ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ

# ਨਿਹਕਲੰਕ ਹਰਿਸ਼ਬਦ ਭੰਡਾਰ



## ਚੌਵੀਆਂ ਭਾਗ











http://nehklankharshabad.com/

## ✪ ਤਤਕਰਾ ✪


ਮਿਤੀ-ਸੰਮਤ ਨਾਮ ਸਥਾਨ ਪੰਨਾ ਨੰ:

੧ ਭਾਦਰੋਂ ਸ਼ ਸੰ ੧੦ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੦੧

੮ ਭਾਦਰੋਂ ਸ਼ ਸੰ ੧੦ ਲਛਮਣ ਸਿੰਘ ਬਲਵੰਤ ਸਿੰਘ ਤਲਵੰਡੀ ਜਲ੍ਹੇ ਖਾਂ
ਜਰਨੈਲ ਸਿੰਘ ਸ਼ਾਹਵਾਲਾ ਨਛਤਰ ਸਿੰਘ ਸ਼ਾਹਵਾਲਾ
ਕਰਤਾਰ ਕੌਰ ਰਟੌਲ ਸੁਰਜੀਤ ਕੌਰ ਮਨਾਵਾਂ
ਮੁਖਤਿਆਰ ਸਿੰਘ ਕਾਮਲ ਵਾਲਾ ਵਾੜਾ ਪਹੂ ਵਿੰਡ ੧੧

੯ ਭਾਦਰੋਂ ਸ਼ ਸੰ ੧੦ ਸਾਧੂ ਸਿੰਘ ਹਰੀ ਸਿੰਘ ਮਹਿੰਦਰ ਸਿੰਘ ਅਰਜਨ ਸਿੰਘ ਬਸਤੀ ਖਲੀਲ
ਤੇਜ ਕੌਰ ਵਲੂਰ ਬਸਤੀ ਤੇਗਾ ਸਿੰਘ ਵਾਲੀ ਫਿਰੋਜ਼ਪੁਰ ੧੩

੯ ਭਾਦਰੋਂ ਸ਼ ਸੰ ੧੦ ਹਰਬੰਸ ਕੌਰ ਦੇ ਅੰਤਮ ਸਸਕਾਰ ਸਮੇਂ ਮੁਗਲਾ ਰੁਕਨਾ ਫਿਰੋਜ਼ਪੁਰ ੧੪

੯ ਭਾਦਰੋਂ ਸ਼ ਸੰ ੧੦ ਰਾਮ ਸਿੰਘ ਗੁਰਚਰਨ ਕੌਰ ਸ਼ਹਿਰ ਸੰਪੂਰਨ ਸਿੰਘ ਫਿਰੋਜ਼ਸ਼ਾਹ
ਸੁਲਖਣ ਸਿੰਘ ਮੁੰਗਲਾ ਰੁਕਨਾ ਗੁਰਦੀਪ ਸਿੰਘ ਤੂਤ ਰਮੇਸ਼ ਚੰਦ
ਫਿਰੋਜ਼ਪੁਰ ਸ਼ਹਿਰ ਜੁਗਿੰਦਰ ਸਿੰਘ ਬਸਤੀ ਖਲੀਲ ਸਰਦੂਲ ਸਿੰਘ
ਬਾਲਸ ਚੰਦਰ ਫਿਰੋਜ਼ਪੁਰ ਛਾਉਣੀ ੧੬

੧੦ ਭਾਦਰੋਂ ਸ਼ ਸੰ ੧੦ ਹਰਜਿੰਦਰ ਕੌਰ ਪਰਮਿੰਨ ਕੌਰ ਧਰਮਜੀਤ ਕੌਰ ਮਾਇਆ ਕੌਰ, ਸ਼ੇਖ ੧੯

੧੦ ਭਾਦਰੋਂ ਸ਼ ਸੰ ੧੦ ਹਰਚੰਦ ਸਿੰਘ ਤਾਰਾ ਸਿੰਘ ਧੰਨ ਕੌਰ ਚਕ ਫਤਹਿ ਸਿੰਘ ਜਗੀਰ ਸਿੰਘ
ਬਰੇ ਬਖਤਾਵਰ ਸਿੰਘ ਖਿਆਲੀ ਵਾਲਾ ਸਾਧੂ ਸਿੰਘ ਗਾਮੀ ਵਾਲਾ
ਪ੍ਰੀਤਮ ਕੌਰ ਰੂਪ ਕੌਰ ਖਿਆਲੀ ਵਾਲਾ ਸਰਦਾਰਾ ਸਿੰਘ ਛਾਜ਼ਲਾ
ਮਲ ਸਿੰਘ ਅਕਾਲ ਗੜ ਕਰਨੈਲ ਸਿੰਘ ਮਲੂਕਾ, ਹਰਿਰਾਏ ਪੁਰ ੨੧

੧੧ ਭਾਦਰੋਂ ਸ਼ ਸੰ ੧੦ ਇਕਬਾਲ ਸਿੰਘ, ਰਾਜ ਸਿੰਘ, ਕਿਰਪਾਲ ਸਿੰਘ, ਗੁਰਦੇਵ ਕੌਰ,
ਜੁਗਿੰਦਰ ਕੌਰ ਗੋਲੇਵਾਲ, ਅਜ਼ੈਬ ਸਿੰਘ ਫਰੀਦਕੋਟ ਫਰੀਦਕੋਟ ੨੩

੧੧ ਭਾਦਰੋਂ ਸ਼ ਸੰ ੧੦ ਖੇਮ ਸਿੰਘ, ਮਾਧੋ ਸਿੰਘ ਬਠਿੰਡਾ ਨਛੱਤਰ ਸਿੰਘ ਸੁਰਜੀਤ ਸਿੰਘ




1 ੨੪

ਇਕਬਾਲ ਸਿੰਘ ਬਠਿੰਡਾ ਕੋਟਕਪੂਰਾ ੨੬

੧੨ ਭਾਦਰੋਂ ਸ਼ ਸੰ ੧੦ ਸੁਹਾਵਾ ਸਿੰਘ ਬਿਸ਼ਨ ਸਿੰਘ ਜਸਵੰਤ ਸਿੰਘ ਰਾਜੇਆਣਾ ਸੁਰਜੀਤ ਕੌਰ<br>
ਚੰਨਣ ਕੌਰ ਮਾੜੀ ਮੁਸਤਫਾ ਗੁਰਨਾਮ ਸਿੰਘ ਗਾਲਬ ਰਣ ਸਿੰਘ<br>
ਬਸੰਤ ਕੌਰ ਸਮਾਲਸਰਪੰਜ ਗਰਾਂਈ ੨੭

੧੨ ਭਾਦਰੋਂ ਸ਼ ਸੰ ੧੦ ਨਾਜ਼ਰ ਸਿੰਘ ਹਰਜੀਤ ਕੌਰ ਪੂਰਨ ਸਿੰਘ ਸੁਦਾਗਰ ਸਿੰਘ<br>
ਮਹਿੰਦਰ ਸਿੰਘ ਪ੍ਰੀਤਮ ਸਿੰਘ ਮਿਸਤਰੀ ਪ੍ਰੀਤਮ ਸਿੰਘ ਇੰਦਰ ਸਿੰਘ<br>
ਨਾਥੇਵਾਲ ਬੰਸਤ ਕੌਰ ਪਤੋਹੀਰਾ ਗੁਲਜ਼ਾਰ ਸਿੰਘ ਸਰੂਪ ਸਿੰਘ ਢੁਡੀ<br>
ਮੁਕੰਦ ਸਿੰਘ ਮਰ੍ਹਾਜ਼ ਨਾਥੇਵਾਲ ੨੯

੧੩ ਭਾਦਰੋਂ ਸ਼ ਸੰ ੧੦ ਕਪੂਰ ਸਿੰਘ ਹਰਦਿਆਲ ਕੌਰ ਰਤਨ ਚੰਦ ਗੁਰਦੀਪ ਸਿੰਘ ਮੋਗਾ<br>
ਗੁਰਤੇਜ਼ ਸਿੰਘ ਘਲ ਕਲਾਂ ਮਲ ਸਿੰਘ ਰਜ਼ੀਵਾਲ ਕੇਹਰ ਸਿੰਘ, ਮੋਗੇ ੩੧



੧੩ ਭਾਦਰੋਂ ਸ਼ ਸੰ ੧੦ ਗੁਰਦਿਆਲ ਸਿੰਘ ਰਾਮੂਵਾਲਾ, ਅਵਤਾਰ ਸਿੰਘ ਰਾਮੂਵਾਲਾ,<br>
ਤਾਰ ਸਿੰਘ ਗਾਜੀਆਣਾ, ਨਰਾਇਣ ਸਿੰਘ, ਨਿਹਾਲ ਸਿੰਘ ਵਾਲਾ<br>
ਕਰਤਾਰ ਸਿੰਘ ਚੜਿਕ, ਮਹਿੰਦਰ ਕੌਰ ਚੜਿਕ,<br>
ਨਰਾਇਣ ਕੌਰ ਦੀਦਾਰੇ ਵਾਲਾ, ਦਲੀਪ ਸਿੰਘ ਬਦਨੀ,<br>
ਬੁਗੜ ਸਿੰਘ ਬਰਗਾੜੀ, ਕਰਤਾਰ ਸਿੰਘ ਰਾਮੂਵਾਲਾ ੩੪



੧੪ ਭਾਦਰੋਂ ਸ਼ ਸੰ ੧੦ ਸੀਤਲ ਸਿੰਘ ਮੇਲਾ ਸਿੰਘ ਧੰਨਾ ਸਿੰਘ ਡਗਰੂ ਹਰਬੰਸ ਸਿੰਘ<br>
ਸੁਰਜੀਤ ਸਿੰਘ ਨਿਧਾਂ ਵਾਲਾ ਗੁਰਬਚਨ ਸਿੰਘ<br>
ਗੁਰਦਿਆਲ ਸਿੰਘ ਸਦਾ ਸਿੰਘ ਵਾਲਾ ਨੰਦ ਸਿੰਘ ਥਮਣ ਵਾਲਾ<br>
ਗਹਿਣਾ ਸਿੰਘ ਕਲਾਸ਼ਡਗਰੂ ੩੫

੧੪ ਭਾਦਰੋਂ ਸ਼ ਸੰ ੧੦ ਬਗੀਚਾ ਸਿੰਘ ਫਤਿਹ ਗੜ੍ਹ ਪੰਜ ਤੂਰ ਇੰਦਰ ਸਿੰਘ ਕਾਦਰ ਵਾਲਾ<br>
ਸੋਹਣ ਸਿੰਘ ਚੰਦ ਸਿੰਘ ਸ਼ਾਹ ਬੁਕਰਸ਼ਾਹ ਬੁਕਰ ੩੭

੨੮ ਭਾਦਰੋਂ ਸ਼ ਸੰ ੧੦ ਦਰਬਾਰ ਨਿਵਾਸੀ ਸੰਗਤ ਨਵਿਤ ਜੇਠੂਵਾਲ ਅੰਮ੍ਰਿਤਸਰ ੩੮

ਪਹਿਲੀ ਅੱਸੂ ਸ਼ ਸੰ ੧੦ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੪੦

੫ ਅੱਸੂ ਸ਼ ਸੰ ੧੦ ਆਤਮਾ ਸਿੰਘ, ਫੌਜਾ ਸਿੰਘ, ਦਰਬਾਰਾ ਸਿੰਘ, ਪਿਆਰਾ ਸਿੰਘ,
ਜੀਵਣ ਸਿੰਘ, ਦਰਸ਼ਨ ਸਿੰਘ, ਕਿਸ਼ਨ ਸਿੰਘ ਮਲੂਵਾਲ,
ਗੁਰਦਿਆਲ ਸਿੰਘ ਮੈਣੀਆ, ਪ੍ਰੀਤਮ ਕੌਰ, ਜਗੀਰ ਕੌਰ ਮੈਣੀਆ,
ਗੁਲਜ਼ਾਰ ਸਿੰਘ ਰੂਪੋਵਾਲ, ਮਲੂਵਾਲ ਅੰਮ੍ਰਿਤਸਰ ੫੪

੬ ਅੱਸੂ ਸ਼ ਸੰ ੧੦ ਸੁਰਜਨ ਸਿੰਘ, ਮਹਿੰਦਰ ਸਿੰਘ, ਪ੍ਰੀਤਮ ਸਿੰਘ, ਅਜੀਤ ਸਿੰਘ,
ਬਚਨ ਸਿੰਘ, ਜਸਵੰਤ ਸਿੰਘ ਕਰਤਾਰ, ਚਰਨ ਸਿੰਘ,
ਚੰਨਣ ਸਿੰਘ ਮਾਂਗਾ ਸਰਾਏ, ਕੇਸਰ ਸਿੰਘ ਮੈਸਮ ਪੁਰਾ,
ਜਗੀਰ ਸਿੰਘ ਮੈਣੀਆ ਮਾਂਗਾ ਸਰਾਏ ਅੰਮ੍ਰਿਤਸਰ ੫੬

੬ ਅੱਸੂ ਸ਼ ਸੰ ੧੦ ਬਖ਼ਸ਼ੀਸ਼ ਸਿੰਘ, ਕਰਨੈਲ ਸਿੰਘ, ਸਵਰਨ ਸਿੰਘ, ਅਜੀਤ ਸਿੰਘ, ਸੰਪੂਰਨ ਕੌਰ,
ਕਰਮ ਸਿੰਘ, ਮਹਿੰਦਰ ਸਿੰਘ ਕਾਦਰਾਬਾਦ,ਗੁਰਬਚਨ ਸਿੰਘ,
ਅਜੀਤ ਕੌਰ ਬਾਬੋਵਾਲ, ਮੱਸਾ ਸਿੰਘ ਬਲ, ਅਮਰਾਓ ਸਿੰਘ ਬਲ,
ਜੁਗਿੰਦਰ ਕੌਰ ਮਲੂਵਾਲ ਕਾਦਰਾਬਾਦ ਗੁਰਦਾਸਪੁਰ ੫੮

੭ ਅੱਸੂ ਸ਼ ਸੰ ੧੦ ਜਸਵੰਤ ਸਿੰਘ, ਪ੍ਰੀਤਮ ਸਿੰਘ ਧੰਨਤੋ, ਬਲਵੰਤ ਸਿੰਘ, ਠਾਕਰ ਸਿੰਘ,
ਗੁਰਦਿਤ ਸਿੰਘ ਨਿਜ਼ਾਮਪੁਰ, ਬਚਨ ਕੌਰ ਮਲਕਪੁਰ, ਇੰਦਰ ਕੌਰ,
ਸਰਮੁਖ ਸਿੰਘ ਤਰਨਤਾਰਨ, ਚਰਨਜੀਤ ਕੌਰ ਦੀਵਾਨਾ ਜ਼ਿਲਾ ਹਿਸਾਰ
ਨਿਜ਼ਾਮਪੁਰ ਅੰਮ੍ਰਿਤਸਰ ੫੯

੦੭ ਅੱਸੂ ਸ਼ ਸੰ ੧੦ ਹਰਜੀਤ ਸਿੰਘ, ਗੁਰਨਾਮ ਸਿੰਘ, ਪਿਸ਼ੌਰਾ ਸਿੰਘ, ਹਰਨਾਮ ਕੌਰ,
ਜੁਗਿੰਦਰ ਕੌਰ, ਨਰਾਇਣ ਸਿੰਘ ਵੇਰਕਾ, ਰਤਨ ਕੌਰ,
ਗੁਰਦਿਆਲ ਸਿੰਘ, ਹਰਬੰਸ ਕੌਰ ਮੂਧਲ, ਕੁੰਦਨ ਸਿੰਘ ਪੰਡੋਰੀ,
ਹਜ਼ਾਰਾ ਸਿੰਘ ਜੇਠੂ ਨੰਗਲ, ਆਸ਼ਾ ਚੰਦ ਕਾਂਗੜਾ,
ਜਗਦੀਸ਼ ਕੌਰ ਅੰਮ੍ਰਿਤਸਰ, ਸੂਰਤ ਸਿੰਘ ਗਿਲਵਾਲੀ, ਵੇਰਕਾ ੬੨


3 ੨੪

੧੨ ਅੱਸੂ ਸ਼ ਸੰ ੧੦ ਸੁਰੈਣ ਸਿੰਘ, ਤੇਜਾ ਸਿੰਘ, ਦਲੀਪ ਸਿੰਘ, ਸੰਤੋਖ ਸਿੰਘ, ਗੁਲਜ਼ਾਰ ਸਿੰਘ,
ਜਰਨੈਲ ਸਿੰਘ, ਸਵਰਨ ਸਿੰਘ, ਸੁਰੈਣ ਸਿੰਘ, ਤ੍ਰਲੋਕ ਸਿੰਘ
ਜੰਡਿਆਲਾ ਗੁਰੂ, ਸ਼ਿੰਗਾਰਾ ਸਿੰਘ ਪਖੋ ਕੇ, ਦਲੀਪ ਸਿੰਘ ਟਾਂਗਰਾ
ਬੰਤੀ ਧਾਰੜ, ਜੁਗਿੰਦਰ ਕੌਰ ਧਾਰੜ, ਹਰਬੰਸ ਕੌਰ ਠਠੀਆਂ,
ਅਮਰ ਕੌਰ ਬੰਡਾਲਾ, ਜੁਗਿੰਦਰ ਕੌਰ ਧੰਨਤੋ ਬੰਡਾਲਾ ਜੰਡਿਆਲਾ ਗੁਰ ੬੬

੧੩ ਅੱਸੂ ਸ਼ ਸੰ ੧੦ ਉਤਮ ਸਿੰਘ ਚੰਨਣ ਸਿੰਘ ਵੈਰੋਵਾਲ ਸੋਹਣ ਸਿੰਘ ਰਾਮਪੁਰ
ਜਰਨੈਲ ਸਿੰਘ ਸਰਲੀਖੁਰਦ ਅਵਤਾਰ ਸਿੰਘ ਐਕਲ ਗੜਾ
ਉਜਾਗਰ ਸਿੰਘ ਖਡੂਰ ਸਾਹਿਬ ਵੈਰੋਵਾਲ ਅੰਮ੍ਰਿਤਸਰ ੬੮

੧੩ ਅੱਸੂ ਸ਼ ਸੰ ੧੦ ਊਧਮ ਸਿੰਘ, ਗੁਲਜ਼ਾਰ ਸਿੰਘ, ਬਲਵੰਤ ਸਿੰਘ, ਮੁਖਤਿਆਰ ਸਿੰਘ,
ਧਰਮਬੀਰ ਜਲਾਲਾਬਾਦ, ਫੌਜਾ ਸਿੰਘ, ਭਜਨ ਸਿੰਘ, ਮਹਿੰਦਰ ਸਿੰਘ,
ਸ਼ਿੰਗਾਰਾ ਸਿੰਘ, ਸੁਚਾ ਸਿੰਘ, ਤਰਸੀਮ ਸਿੰਘ ਭਲਾਈਪੁਰ,
ਮਹਿੰਦਰ ਸਿੰਘ ਲਾਟ, ਤੇਜਾ ਸਿੰਘ, ਰਛਪਾਲ ਸਿੰਘ ਸਠਿਆਲਾ,
ਗੁਰਚਰਨ ਸਿੰਘ, ਦਰਬਾਰਾ ਸਿੰਘ ਫੇਰੂਮਾਨ ਰਾਤ ਨੂੰ ਜਲਾਲਬਾਦ ੭੦

੧੪ ਅੱਸੂ ਸ਼ ਸੰ ੧੦ ਸੁਖਦੇਵ ਰਾਜ ਪ੍ਰੀਤਮ ਸਿੰਘ ਜਗੀਰ ਕੌਰ ਕਰਮ ਸਿੰਘ ਪਿਆਰ ਕੌਰ
ਗੁਰਬਚਨ ਸਿੰਘ ਸਰਦਾਰਾ ਸਿੰਘ ਗੁਰਮੁਖ ਸਿੰਘ ਪੂਰਨ ਸਿੰਘ
ਨਾਜ਼ਰ ਸਿੰਘ ਤਾਰਾ ਸਿੰਘ ਸਵਰਨ ਸਿੰਘ ਪ੍ਰੀਤਮ ਸਿੰਘ ਦਰਸ਼ਨ ਸਿੰਘ
ਸਾਧੂ ਸਿੰਘ ਕਰਨੈਲ ਸਿੰਘ ਬੀਰ ਕੌਰ ਗੇਜ਼ਾ ਸਿੰਘ ਮੰਗਲ ਸਿੰਘ
ਜਿੰਦਰ ਸਿੰਘ ਪ੍ਰੀਤਮ ਸਿੰਘ ਹਰੀ ਸਿੰਘ ਹਰਦੀਪ ਸਿੰਘ ਦਿਆਲ ਸਿੰਘ
ਕੁੰਦਨ ਸਿੰਘ ਈਸ਼ਰ ਕੌਰ ਕੱਲਾ, ਕਸ਼ਮੀਰ ਕੌਰ ਤਖਤ ਚਕ
ਤਸਵੀਰ ਕੌਰ ਸਰਜਾ ਕਰਮ ਸਿੰਘ ਭਲਾਈ ਪੁਰ
ਸਵਰਨ ਸਿੰਘ ਫਤਿਹਬਾਦ ਕੱਲਾ ਅੰਮ੍ਰਿਤਸਰ ੭੩

4
੨੪




੧੪ ਅੱਸੂ ਸ਼ ਸੰ ੧੦ ਨਰੈਣ ਸਿੰਘ ਗੁਰਨਾਮ ਸਿੰਘ ਕੰਗ ਕੁੰਦਨ ਸਿੰਘ ਮਾਲ ਚਕ ਸੋਹਣ ਸਿੰਘ
ਮਾਲ ਚਕ ਮਹਿੰਦਰ ਸਿੰਘ ਸਵਰਨ ਸਿੰਘ ਬਾਠ ਕੰਗ ਅੰਮ੍ਰਿਤਸਰ ੭੫
੧੫ ਅੱਸੂ ਸ਼ ਸੰ ੧੦ ਮੱਸਾ ਸਿੰਘ ਦਾਰਾ ਸਿੰਘ ਕਰਨੈਲ ਸਿੰਘ ਮੱਖਣ ਸਿੰਘ ਨੋਰੰਗਾਬਾਦ
ਕਰਨੈਲ ਕੌਰ ਸ਼ਫੀਪੁਰ ਅਜੈਬ ਕੌਰ ਬਾਠ ਆਤਮਾ ਸਿੰਘ ਪਟੀ
ਹਰਬੰਸ ਕੌਰ ਬਾਠ ਨੌਰੰਗਾਬਾਦ ਅੰਮ੍ਰਿਤਸਰ ੭੭
੧੬ ਅੱਸੂ ਸ਼ ਸੰ ੧੦ ਤ੍ਰਿਪਤ ਸਿੰਘ, ਸੋਹਣ ਸਿੰਘ, ਸੰਤਾ ਸਿੰਘ, ਸਵਰਨ ਸਿੰਘ, ਕਰਤਾਰ ਕੌਰ
ਤਰਨਤਾਰਨ, ਦਲੀਪ ਸਿੰਘ, ਦਿਆਲ ਸਿੰਘ, ਸੰਤ ਕੌਰ ਤਰਨਤਾਰਨ,
ਸੰਤਾ ਸਿੰਘ, ਸਰਮੁਖ ਸਿੰਘ ਬੁਘੇ ਪੰਡੋਰੀ ਗੋਲਾ ੭੯
੧੬ ਅੱਸੂ ਸ਼ ਸੰ ੧੦ ਦੀਦਾਰ ਸਿੰਘ ਭਗਵੰਤ ਸਿੰਘ ਜੁਗਿੰਦਰ ਸਿੰਘ ਜਟਾ ਤੇਜਾ ਸਿੰਘ
ਪੂਰਨ ਸਿੰਘ ਚੰਨਣ ਸਿੰਘ ਨਿਰੰਜਣ ਸਿੰਘ ਅਨੋਖ ਸਿੰਘ ਮੋਹਨ ਸਿੰਘ
ਹੀਰਾ ਨੰਦ ਦਲੀਪ ਸਿੰਘ ਸਜਣ ਸਿੰਘ ਰਤਨ ਸਿੰਘ

5 ੨੪
ਕਰਤਾਰ ਸਿੰਘ ਚੰਬਲ ਜਟਾ ਅੰਮ੍ਰਿਤਸਰ ੮੧
੧੭ ਅੱਸੂ ਸ਼ ਸੰ ੧੦ ਦਰਬਾਰਾ ਸਿੰਘ ਵਰਿਆਂ ਗੁਰਬਚਨ ਸਿੰਘ ਅਰਜਨ ਸਿੰਘ ਪੂਰਨ ਸਿੰਘ
ਉਸਮਾ ਫੌਜਾ ਸਿੰਘ ਸਰਹਾਲੀ ਅਜੀਤ ਸਿੰਘ ਚੋਹਲਾ ਸਾਹਿਬ
ਗੁਪਾਲ ਸਿੰਘ ਮੁੰਡਾ ਪਿੰਡ ਦਰਸ਼ਨ ਸਿੰਘ ਦਰਗਾਹਪੁਰ ਗੁਰਨਾਮ ਕੌਰ
ਛੋਟਾ ਚੋਹਲਾ ਖੁਰਦ ਰੂੜ ਸਿੰਘ ਧੁੰਨ ਵਰਿਆਂ ੮੩
੧੭ ਅਸੂ ਸ਼ ਸੰ ੧੦ ਮੱਖਣ ਸਿੰਘ ਜੌੜਾ ਬਲੀ ਸਿੰਘ ਕੈਰੋ ਦਲੀਪ ਸਿੰਘ ਸੁਰਜਨ ਸਿੰਘ ਨੂਰਪੁਰ
ਕੇਸ਼ੋ ਰਾਮ ਸਰਹਾਲੀ ਕਰਮੀ ਬਰਨਾਲਾ ਜੌੜਾ ਅੰਮ੍ਰਿਤਸਰ ੮੬
੧੮ ਅੱਸੂ ਸ਼ ਸੰ ੧੦ ਮਨੀ ਰਾਮ ਸਿਧਵ, ਮਿਲਖਾ ਸਿੰਘ, ਸਮੁੰਦ ਸਿੰਘ ਮਾੜੀ ਮੇਘਾ,
ਹਰਬੰਸ ਕੌਰ ਨਾਰਲਾ, ਦਰਸ਼ਨ ਸਿੰਘ ਲਾਖਣਾ, ਕਾਬਲ ਸਿੰਘ,
ਜੀਤੋ ਬਾਸਰਕੇ, ਗੁਪਾਲ ਸਿੰਘ, ਲਛਮਣ ਸਿੰਘ ਭੂਰੇ,
ਵੀਰੋ ਮਾੜੀ ਕੰਬੋਕੇ ਸਿਧਵਾਂ ਅੰਮ੍ਰਿਤਸਰ ੮੮




6
੨੪

੧੮ ਅੱਸੂ ਸ਼ ਸੰ ੧੦ ਮੌਤਾ ਸਿੰਘ, ਦਲੀਪ ਸਿੰਘ, ਪਰਤਾਪ ਸਿੰਘ, ਫੁੱਮਣ ਸਿੰਘ, ਸੁਰਜੀਤ ਕੌਰ,
ਸੇਵਾ ਸਿੰਘ, ਬੀਰੋ, ਸ਼ਾਮ ਸਿੰਘ, ਸੱਜਣ ਸਿੰਘ ਕਲਸੀ, ਗੁਲਾਬ ਕੌਰ
ਡਲ, ਗੰਡਾ ਸਿੰਘ ਦਰਾਜ਼ਕੇ, ਅਮਰੀਕ ਕੌਰ ਡਲੀਰੀ, ਗੁਰਮੁਖ ਸਿੰਘ
ਡਲੀਰੀ ਕਲਸੀ ਅੰਮ੍ਰਿਤਸਰ ੯੦

੧੯ ਅੱਸੂ ਸ਼ ਸੰ ੧੦ ਦਲੀਪ ਸਿੰਘ, ਮੁਖਤਿਆਰ ਸਿੰਘ, ਗੁਰਬਖ਼ਸ਼ ਸਿੰਘ, ਕਰਮ ਸਿੰਘ,
ਜਗੀਰ ਸਿੰਘ, ਚੰਨਣ ਸਿੰਘ, ਭਜਨ ਕੌਰ ਗੱਗੋਬੂਆ, ਕਰਤਾਰ ਸਿੰਘ,
ਪਰਤਾਪ ਕੌਰ ਭੇਜੀਆਂ, ਸੇਵੀ ਠਠਾ, ਵੀਰੋ ਬਘਿਆੜੀ,
ਜਗੀਰ ਸਿੰਘ ਸਬਰਾ, ਗਗੋਬੂਆ ਅੰਮ੍ਰਿਤਸਰ ੯੨

੧੯ ਅੱਸੂ ਸ਼ ਸੰ ੧੦ ਪੂਰਨ ਸਿੰਘ, ਹਰੀ ਸਿੰਘ, ਮਹਿੰਦਰ ਸਿੰਘ, ਬਚਨ ਸਿੰਘ, ਗੁਰਦੀਪ ਕੌਰ
ਸੋਹਲ, ਸੁਰਜੀਤ ਕੌਰ, ਗੁਰਦੀਪ ਸਿੰਘ ਭਰੋਭਾਲ, ਚਰਨ ਕੌਰ ਭੁਸੇ,
ਵਰਿਆਮ ਸਿੰਘ ਮਲੀਆਂ, ਵੀਰੋ ਮਾੜੀ ਕੰਬੋਕੀ, ਰਾਜ ਕੌਰ ਖਰ
ਸੋਹਲ ਅੰਮ੍ਰਿਤਸਰ ੯੩

੨੦ ਅੱਸੂ ਸ਼ ਸੰ ੧੦ ਨਰਾਇਣ ਸਿੰਘ, ਅਜੀਤ ਸਿੰਘ, ਸਵਰਨ ਸਿੰਘ, ਹਰਨਾਮ ਸਿੰਘ ਗੁਮਾਨਪੁਰ
ਭਾਗ ਸਿੰਘ ਮਾਹਲ, ਕਰਮ ਸਿੰਘ, ਗੁਰਮੇਜ਼ ਕੌਰ ਮੀਆਪੁਰ,
ਜਗਮੋਹਣ ਸਿੰਘ, ਆਸ ਕੌਰ ਬੋਪਾਰਾਏ, ਅਵਤਾਰ ਸਿੰਘ ਕਾਉਂਕੇ,
ਮਹਿੰਦਰ ਸਿੰਘ ਬੋਪਾਰਾਏ, ਭਾਗ ਸਿੰਘ ਮਹਾਵਾ,
ਸਮਾ ਸਿੰਘ ਮੋਦੇ ਛਿੰਦੋ ਗੁਰਬਚਨ ਕੌਰ ਧਨੋਏ, ਗੁਮਾਨਪੁਰਾ ੯੫

੨੦ ਅੱਸੂ ਸ਼ ਸੰ ੧੦ ਚਰਨ ਸਿੰਘ, ਗੁਰਦਿਤ ਸਿੰਘ, ਦਲੀਪ ਸਿੰਘ, ਤਾਰਾ ਸਿੰਘ ਮਾਨਾਵਾਲਾ,
ਸੁਰਿੰਦਰ ਸਿੰਘ ਭੁਲਰ, ਹਜ਼ਾਰਾ ਸਿੰਘ ਛੀਨੇ ਜਸਤਰਆਲ,
ਮੰਗਲ ਸਿੰਘ, ਤਾਰੂ ਸਿੰਘ ਸਾਂਰਗੜਾ, ਸੰਤਾ ਸਿੰਘ ਜਗੀਰ ਕੌਰ,
ਦਰਸ਼ਨ ਕੌਰ ਲੇਲੀਆਂ ਮਾਨਾਵਾਲਾ ਅੰਮ੍ਰਿਤਸਰ ੯੬

੨੪ ਅੱਸੂ ਸ਼ ਸੰ ੧੦ ਮਿਹਰ ਸਿੰਘ ਭਾਨਸ਼ ਕਿਦਾਰ ਨਾਥ ਦੇ ਨਵਿਤ ਚੰਡੀਗੜ ੯੮

੨੮ ਅੱਸੂ ਸ਼ ਸੰ ੧੦ ਭਗਤ ਸਿੰਘ, ਜੁਗਿੰਦਰ ਸਿੰਘ, ਹਰਦਿਤ ਸਿੰਘ, ਸੁਰਿੰਦਰ ਸਿੰਘ,
ਚਮਨ ਲਾਲ ਇਟਾਰਸੀ, ਮੰਗਲ ਸਿੰਘ ਭੂਪਾਲ, ਇਟਾਰਸੀ ਮਧ ਪ੍ਰਦੇਸ਼ ੯੯

੨੯ ਅੱਸੂ ਸ਼ ਸੰ ੧੦ ਜਸਵੰਤ ਸਿੰਘ ਟੋਪਨ ਰਾਮ ਪਾਰੂਮਲ, ਵਧੀਆ ਮਲ, ਪੂਰਨ ਮਲ
ਕੌੜਾ ਮਲ ਸਦਨ ਮਲ ਇਟਾਰਸੀ, ਮਾਂਹ ਸਿੰਘ ਜਬਲ ਪੁਰ,
ਅਰਜਨ ਸਿੰਘ ਦੁਰਗ, ਗੁਰਮੁਖ ਸਿੰਘ ਭਲਈ ਇਟਾਰਸੀ ਮਧ ਪ੍ਰਦੇਸ਼ ੧੦੩

ਪਹਿਲੀ ਕੱਤਕ ਸ਼ ਸੰ ੧੦ ਹਰਿ ਭਗਤ ਦੁਵਾਰ ਰਾਤ ਨੂੰ ਵਿਹਾਰ ਹੋਇਆ
ਜੇਠੂਵਾਲ ਅੰਮ੍ਰਿਤਸਰ ੧੦੬

੩ ਕੱਤਕ ਸ਼ ਸੰ ੧੦ ਰਣਜੀਤ ਕੌਰ, ਅਮਰਜੀਤ ਸਿੰਘ, ਜਗੀਰ ਕੌਰ, ਸੁਰਜੀਤ ਸਿੰਘ,
ਹਰਭਜਨ ਸਿੰਘ, ਪ੍ਰੀਤਮ ਸਿੰਘ, ਗੁਰਮੀਤ ਸਿੰਘ, ਜਗਜੀਤ ਸਿੰਘ,
ਵਰਿਆਮ ਸਿੰਘ, ਸਤਬੀਰ ਸਿੰਘ, ਜਗਮੇਲ ਸਿੰਘ, ਅਮਰ ਸਿੰਘ,
ਮਿਲਖਾ ਸਿੰਘ, ਦਲੀਪ ਸਿੰਘ, ਸੰਤੋਖ ਸਿੰਘ, ਠਾਕਰ ਸਿੰਘ,
ਕਰਤਾਰ ਸਿੰਘ, ਸਰੂਪ ਸਿੰਘ, ਚੰਨਣ ਸਿੰਘ, ਭਗਵੰਤੀ, ਨੰਤੀ,
ਹਰਜੀਤ ਸਿੰਘ, ਪਾਲ ਸਿੰਘ, ਸਵਰਨ ਕੌਰ, ਤ੍ਰਿਪਤ ਕੌਰ,
ਜੁਗਿੰਦਰ ਕੌਰ ਗਿਰਧਾਰਾ ਸਿੰਘ, ਪ੍ਰੇਮ ਸਿੰਘ, ਕਸ਼ਮੀਰ ਸਿੰਘ,
ਜਗੀਰ ਸਿੰਘ, ਪਿਆਰਾ ਸਿੰਘ, ਰਤਨ ਸਿੰਘ, ਦਲੀਪ ਸਿੰਘ,
ਪ੍ਰੀਤਮ ਸਿੰਘ, ਪ੍ਰੀਤਮ ਸਿੰਘ, ਸੁਲੱਖਣ ਸਿੰਘ, ਭਾਨ ਸਿੰਘ,
ਈਸ਼ਰ ਸਿੰਘ, ਜਰਨੈਲ ਸਿੰਘ, ਹਰਬੰਸ ਸਿੰਘ, ਜੋਗਾ ਸਿੰਘ,
ਵਰਿਆਮ ਕੌਰ, ਕਸ਼ਮੀਰ ਸਿੰਘ, ਆਸਾ ਸਿੰਘ, ਪ੍ਰੀਤੋ,
ਬੰਤੀ ਜੇਠੂਵਾਲ, ਪਰਮਜੀਤ ਕੌਰ ਰਣਜੀਤ ਬਾਗ ਗੁਰਦਾਸਪੁਰ
ਹਰਭਜਨ ਸਿੰਘ ਦਰਬਾਰ ਦਾ ਜੇਠੂਵਾਲ ਅੰਮ੍ਰਿਤਸਰ ੧੧੬

੪ ਕੱਤਕ ਸ਼ ਸੰ ੧੦ ਹਰਜੀਤ ਸਿੰਘ ਦੇ ਸਰੀਰ ਛੁੱਟਣ ਨਵਿਤ ਬਾਲੇਚਕ ਅੰਮ੍ਰਿਤਸਰ ੧੨੨

੧੨ ਕੱਤਕ ਸ਼ ਸੰ ੧੦ ਬਰਾਜ਼ੀਲ ਤੋਂ ਆਏ ਫਾਰਨਰਾਂ ਦੀ ਬੇਨੰਤੀ ਤੇ ਜੇਠੂਵਾਲ ਅੰਮ੍ਰਿਤਸਰ ੧੨੪

੨੭ ਕੱਤਕ ਸ਼ ਸੰ ੧੦ ਦਲੀਪ ਸਿੰਘ, ਪ੍ਰੀਤਮ ਸਿੰਘ, ਰਤਨ ਸਿੰਘ, ਜਰਨੈਲ ਸਿੰਘ,
ਕਸ਼ਮੀਰ ਸਿੰਘ, ਪ੍ਰੀਤਮ ਸਿੰਘ, ਸੁਲੱਖਣ ਸਿੰਘ, ਜਗੀਰ ਸਿੰਘ,
ਆਸਾ ਸਿੰਘ, ਜੋਗਾ ਸਿੰਘ, ਦਰਬਾਰ ਨਿਵਾਸੀ ਸੇਵਾਦਾਰਾਂ ਨਵਿਤ
ਜੇਠੂਵਾਲ ਅੰਮ੍ਰਿਤਸਰ ੧੨੯

ਪਹਿਲੀ ਮੱਘਰ ਸ਼ ਸੰ ੧੦ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੩੦

੭ ਮੱਘਰ ਸ਼ ਸੰ ੧੦ ਪੰਜਵੇਂ ਵਿਸ਼ਵ ਧਰਮ ਸਮੇਲਨ ਸਮੇਂ ਰਾਮ ਲੀਲਾ ਗਰਾਊਂਡ ਦਿੱਲੀ ੧੪੨

੮ ਮੱਘਰ ਸ਼ ਸੰ ੧੦ ਪੰਜਵੇਂ ਵਿਸ਼ਵ ਧਰਮ ਸਮੇਲਨ ਸਮੇਂ ਸਟੇਜ ਤੇ
ਰਾਮਲੀਲਾ ਗਰਾਊਂਡ ਦਿੱਲੀ ੧੪੨

੨੦ ਮੱਘਰ ਸ਼ ਸੰ ੧੦ ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤਸਰ ੧੪੪

੨੧ ਮੱਘਰ ਸ਼ ਸੰ ੧੦ ਜੁਗਿੰਦਰ ਸਿੰਘ ਦੇ ਗ੍ਰਿਹਿ, ਜਗੀਰ ਸਿੰਘ ਸੋਹਲ, ਪਰਸਿੰਨ ਕੌਰ
ਫਤਹਿ ਨੰਗਲ, ਦਰਸ਼ਨ ਸਿੰਘ ਨਯਾਸ਼ਾਲਾ, ਕਰਮ ਸਿੰਘ ਨਯਾਸ਼ਾਲਾ ਡਡਵਾਂ ਗੁਰਦਾਸਪੁਰ ੧੪੬



੨੨ ਮੱਘਰ ਸ਼ ਸੰ ੧੦ ਸੋਹਣ ਗੁਰਦਾਸਪੁਰ ੧੪੮

੨੨ ਮੱਘਰ ਸ਼ ਸੰ ੧੦ ਅੱਲੜਪਿੰਡੀ ਗੁਰਦਾਸਪੁਰ ੧੫੦

੨੩ ਮੱਘਰ ਸ਼ ਸੰ ੧੦ ਮੁਣਸ਼ਾ ਸਿੰਘ ਮੇਲਾ ਸਿੰਘ ਹਜ਼ਾਰਾ ਸਿੰਘ ਦਲੀਪ ਸਿੰਘ ਪਿਆਰੀ
ਦਲੀਪ ਸਿੰਘ ਦੀਦਾਰ ਸਿੰਘ ਸੰਤਾ ਸਿੰਘ ਹਜ਼ਾਰਾ ਸਿੰਘ ਮੁਣਸ਼ਾ ਸਿੰਘ
ਆਸਾ ਸਿੰਘ ਬਲਾਕਾ ਸਿੰਘ ਪਿਆਰਾ ਸਿੰਘ ਰਵੇਲ ਕੌਰ ਕਰਤਾਰ ਕੌਰ
ਮੱਖਣ ਸਿੰਘ ਭਾਗ ਸਿੰਘ ਦਰਸ਼ਨ ਕੌਰ ਵਿਰਸਾ ਸਿੰਘ ਮਹਿੰਦਰ ਕੌਰ
ਹਰਨਾਮ ਕੌਰ ਬਾਬੂਪੁਰ ਗੁਰਦਾਸਪੁਰ ੧੫੩

੨੪ ਮੱਘਰ ਸ਼ ਸੰ ੧੦ ਕਰਮ ਸਿੰਘ ਮਹਿੰਗਾ ਸਿੰਘ ਜਰਨੈਲ ਸਿੰਘ ਬੀਬੀ ਦੇਵਾਂ
ਬੀਬੀ ਗੁਰੋਰਾਮ ਕੌਰ ਚਤੁਰ ਕੌਰ ਗੁਰਮੇਜ ਸਿੰਘ ਸਦਾ ਚਰਨ ਸਿੰਘ
ਦਰਸ਼ਨ ਸਿੰਘ ਅਜੀਤ ਸਿੰਘ ਰਾਜ ਸਿੰਘ ਹਮਰਾਜਪੁਰ ਛਿੰਦੋ ਮਦੇਪੁਰ
ਦੀਪੋ ਉਚਾ ਪਿੰਡ ਗੁਰਮੇਜ਼ ਕੌਰ ਕਠਿਆਲੀ ਸਦਾ ਗੁਰਦਾਸਪੁਰ ੧੫੫

੨੪ ਮੱਘਰ ਸ਼ ਸੰ ੧੦ ਗਿਆਨ ਸਿੰਘ ਚਤੁਰ ਸਿੰਘ ਅਤਰ ਸਿੰਘ ਲੱਖਾ ਸਿੰਘ ਹਰਦੀਪ ਸਿੰਘ
ਤਰਲੋਕ ਸਿੰਘ ਬਿਸ਼ਨ ਸਿੰਘ ਓਗਰਾ ਚਰਨ ਸਿੰਘ ਅੰਤੋਰ ਸੰਸਾਰ ਸਿੰਘ
ਹਮਰਾਜਪੁਰ ਚਰਨ ਸਿੰਘ ਸੰਤੋਖ ਸਿੰਘ ਸੋਹਣ ਸਿੰਘ ਗਿਆਨੋ
ਅਵਤਾਰ ਸਿੰਘ ਸਕੋਲ ਪ੍ਰੀਤੋ ਅੰਤੋਰ ਓਗਰਾ ਗੁਰਦਾਸਪੁਰ ੧੫੭




੨੫ ਮੱਘਰ ਸ਼ ਸੰ ੧੦ ਮੁਖਤਿਆਰ ਸਿੰਘ ਮਮੀਆ ਜਸਵੰਤ ਸਿੰਘ ਚੇਬੇ ਬੂੜ ਸਿੰਘ
ਮਹਿੰਦਰ ਕੌਰ ਵਜ਼ੀਰਪੁਰ ਗੁਰਬਖਸ਼ ਸਿੰਘ ਰਤਨ ਕੌਰ ਨੁਸ਼ਹਿਰਾ
ਮਮੀਆ ਗੁਰਦਾਸਪੁਰ ੧੫੮

੨੫ ਮੱਘਰ ਸ਼ ਸੰ ੧੦ ਲਾਲ ਸਿੰਘ ਸ਼ਾਂਤੀ ਦੇਵੀ ਭੀਮਪੁਰ ਪਰਕਾਸ਼ ਕੌਰ ਪੁਨੀ ਸਾਲੋਵਾਲ
ਬਚਨ ਸਿੰਘ ਭਾੜੇ ਚਕ ਕੁਸ਼ਲਿਆ ਦੇਵੀ ਦੇਵ ਰਾਜ ਭੀਮਪੁਰ
ਭੀਮਪੁਰ ਗੁਰਦਾਸਪੁਰ ੧੬੦

9 9

੨੬ ਮੱਘਰ ਸ਼ ਸੰ ੧੦ ਅਜੀਤ ਸਿੰਘ, ਗੁਰਚਰਨ ਸਿੰਘ ਕਤੋਵਾਲ, ਚਰਨ ਸਿੰਘ,
ਜਵੰਦ ਸਿੰਘ ਦੂਰਗੀ, ਗਿਆਨ ਦੇਈ ਨਵਾਂ ਪਿੰਡ ਕਤੋਵਾਲ ਗੁਰਦਾਸਪੁਰ ੧੬੨

੨੪ ੨੪

੨੬ ਮੱਘਰ ਸ਼ ਸੰ ੧੦ ਲਾਲ ਸਿੰਘ, ਮਹਿੰਦਰ ਸਿੰਘ, ਭਜਨ ਸਿੰਘ, ਸਵਰਨ ਸਿੰਘ,
ਬਲਕਾਰ ਸਿੰਘ, ਸਰੂਪ ਸਿੰਘ, ਬਾਵਾ ਸਿੰਘ ਹਰੀਜਨ ਕਲੋਨੀ ਦੀਨਾਨਗਰ ੧੬੩




੨੭ ਮੱਘਰ ਸ਼ ਸੰ ੧੦ ਮੰਗਲ ਸਿੰਘ, ਗੁਲਜ਼ਾਰ ਸਿੰਘ, ਸਮਾ ਸਿੰਘ ਫਤੂਪੁਰ, ਜੁਗਿੰਦਰ ਸਿੰਘ,
ਦਿਆਲ ਸਿੰਘ, ਸੁਰਿੰਦਰ ਸਿੰਘ ਡੇਢ ਗੁਵਾੜ, ਗੁਰਮੀਤ ਕੌਰ ਰਸੂਲਪੁਰ,
ਜਸਬੀਰ ਸਿੰਘ, ਸੋਹਣ ਸਿੰਘ ਭੋਲੇ ਕੇ, ਤਰਲੋਕ ਸਿੰਘ ਅਠਵਾਲ
ਫਤੂਪੁਰ ਗੁਰਦਾਸਪੁਰ ੧੬੫

੨੭ ਮੱਘਰ ਸ਼ ਸੰ ੧੦ ਸੁਰਜੀਤ ਸਿੰਘ, ਦਲੀਪ ਸਿੰਘ, ਹੁਕਮ ਸਿੰਘ, ਅਜੀਤ ਸਿੰਘ,
ਜਸਵੰਤ ਸਿੰਘ ਫੈਜ਼ਪੁਰ, ਚਰਨ ਸਿੰਘ ਸਨੇਈਆ,
ਕਾਂਸ਼ੀ ਰਾਮ ਸਨੇਈਆ, ਸੁਰਜੀਤ ਕੌਰ ਸ਼ਿਕਾਰ ਮਾਛੀਆ
ਪਿੰਡ ਫੈਜ਼ਪੁਰ ਗੁਰਦਾਸਪੁਰ ੧੬੭

੨੮ ਮੱਘਰ ਸ਼ ਸੰ ੧੦ ਅਜੀਤ ਸਿੰਘ, ਸੀਤਲ ਸਿੰਘ ਹਰਦੋ ਝੰਡੇ, ਹਰਬੰਸ ਸਿੰਘ ਤਾਰਾ ਗੜ੍ਹ,
ਨਵਾਂ ਪਿੰਡ ਕਰਤਾਰ ਕੌਰ ਪੰਜ ਗਰਾਂਈਆ, ਧੰਨ ਕੌਰ, ਤੇਜ ਕੌਰ
ਖਹਿਰੈ, ਬੀਬੀ ਦੀਪੋ ਕੋਟਲੀ, ਭਾਨ ਸਿੰਘ ਬਟਾਲਾ ਸ਼ਹਿਰ ਵਿਖੇ ੧੬੮
੨੮ ਮੱਘਰ ਸ਼ ਸੰ ੧੦ ਵਿਰਸਾ ਸਿੰਘ, ਅਵਤਾਰ ਸਿੰਘ ਮਾੜੀ ਪਨੂਆ, ਮੋਹਣ ਸਿੰਘ ਕਾਦੀਆਂ,
ਚੰਦਨ ਸਿੰਘ ਠੀਕਰੀ ਵਾਲਾ, ਰਾਮ ਲੁਭਾਇਆ ਸ੍ਰੀ ਹਰਿ ਗੋਬਿੰਦ ਪੁਰਾ
ਸ੍ਰੀ ਹਰਿ ਗੋਬਿੰਦ ਪੁਰ ਸ਼ਹਿਰ ਗੁਰਦਾਸਪੁਰ ੧੭੦
ਪਹਿਲੀ ਪੋਹ ਸ਼ ਸੰ ੧੦ ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤਸਰ ੧੭੨
੭ ਪੋਹ ਸ਼ ਸੰ ੧੦ ਇੰਦਰ ਸਿੰਘ ਦੇ ਅੰਤਮ ਸਸਕਾਰ ਸਮੇਂ ਜੇਠੂਵਾਲ ਅੰਮ੍ਰਿਤਸਰ ੧੭੮
੭ ਪੋਹ ਸ਼ ਸੰ ੧੦ ਰਣਜੀਤ ਸਿੰਘ ਕਲਸੀਆਂ ਵਾਲੇ ਦੇ ਨਵਿਤ ਜੇਠੂਵਾਲ ਅੰਮ੍ਰਿਤਸਰ ੧੮੨
੨੧ ਪੋਹ ਸ਼ ਸੰ ੧੦ ੨੫ ਰਤਨ ਸਿੰਘ ਸੁਖਨਿੰਦਰ ਸਿੰਘ ੨੫ ਬੀ੦ ਬੀ੦
ਜਗੀਰ ਸਿੰਘ, ਅਜਮੇਰ ਸਿੰਘ ਸਜਾਵਲ ਪੁਰ,

10

੨੪
ਠਾਕਰ ਸਿੰਘ ਪਦਮ ਪੁਰ ਗੰਗਾ ਨਗਰ ੧੮੩
੨੨ ਪੋਹ ਸ਼ ਸੰ ੧੦ ੨੫ ਬੀ੦ ਬੀ੦ ਮਾਂਹ ਸਿੰਘ, ਤਾਰਾ ਸਿੰਘ, ਤਰਲੋਕ ਸਿੰਘ,
੨੫ ਬੀ੦ ਬੀ੦ ਗੰਗਾ ਨਗਰ ਮਲਕੀਤ ਸਿੰਘ ਬਨਵਾਲੀ ਪਰਕਾਸ਼ ਸਿੰਘ
੨੫ ਬੀ੦ ਬੀ੦ ਮੰਗਤਾ, ੨੧ ਬੀ੦ ਬੀ੦ ਸੁਰਜੀਤ ਸਿੰਘ ਬਨਵਾਲੀ,
ਗੁਰਦਿਆਲ ਸਿੰਘ, ਪ੍ਰੇਮੀ ਕਨੇਡਾ ੨੫ ਬੀ ਬੀ ੧੮੬
੨੬ ਪੋਹ ਸ਼ ਸੰ ੧੦ ਹਰਿ ਭਗਤ ਦੁਵਾਰ ਦੁਪਹਿਰ ਨੂੰ ਛੱਤੀ ਦੇਗਾਂ ਚਾਵਲਾਂ ਦੀਆਂ
ਬਣਾਉਣ ਸਮੇਂ ਜੇਠੂਵਾਲ ਅੰਮ੍ਰਿਤਸਰ ੧੮੮
ਫਿਰ ਸਦੀ ਚੌਧਵੀਂ ਦਾ ਲਿਬਾਸ ਪਾ ਕੇ ਦੁਬਾਰਾ ਵਿਹਾਰ ਹੋਇਆ ੧੮੯
੨੬ ਪੋਹ ਸ਼ ਸੰ ੧੦ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੧੯੧
੨੭ ਪੋਹ ਸ਼ ਸੰ ੧੦ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੨੨੨
੨੮ ਪੋਹ ਸ਼ ਸੰ ੧੦ ਹਰਿ ਭਗਤ ਦੁਵਾਰ ਸਵੇਰੇ ਸ਼ਾਦੀਆਂ ਸਮੇਂ ਜੇਠੂਵਾਲ ਅੰਮ੍ਰਿਤਸਰ ੨੩੩

| | | | |
|---|---|---|---|
| ੩੦ ਪੋਹ ਸ਼ ਸੰ ੧੦ ਲੋਹੜੀ ਵਾਲੀ ਰਾਤ ਦੇ ਸਮੇਂਜੇਠੂਵਾਲ | | ਅੰਮ੍ਰਿਤਸਰ | ੨੩੭ |
| ਪਹਿਲੀ ਮਾਘ ਸ਼ ਸੰ ੧੦ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ | | ਅੰਮ੍ਰਿਤਸਰ | ੨੩੯ |
| ੯ ਮਾਘ ਸ਼ ਸੰ ੧੦ ਹਰਿ ਭਗਤ ਦੁਵਾਰ ਦੀ ਨੀਂਹ ਰੱਖਣ ਸਮੇਂ ਸਵੇਰੇ ਸਾਢੇ ੧੦ ਵਜੇ | ਧੀਰਪੁਰ | ਦਿਲੀ-੯ | ੨੪੪ |
| ੯ ਮਾਘ ਸ਼ ਸੰ ੧੦ ਹਰਿ ਭਗਤ ਦੁਵਾਰ ਰਾਤ ਦੇ ਸਮੇ ਧੀਰਪੁਰ | | ਦਿਲੀ-੯ | ੨੫੮ |
| ੧੨ ਮਾਘ ਸ਼ ਸੰ ੧੦ ਬਲਵਿੰਦਰ ਸਿੰਘ ਦਰਸ਼ਨ ਸਿੰਘ ਅਵਤਾਰ ਸਿੰਘ ਰਤਨ ਸਿੰਘ ਮਾਇਆ ਦੇਵੀ ਸੁਰਿੰਦਰ ਕੌਰ ਦਰਸ਼ਨ ਸਿੰਘ ਹਰਭਜਨ ਸਿੰਘ ਚੰਦਾ ਸਿੰਘ ਪੂਰਨ ਸਿੰਘ ਗੁਰਚਰਨ ਸਿੰਘ ਭਜਨ ਸਿੰਘ ਗੁਰਮੇਜ਼ ਸਿੰਘ ਸੂਰਤ ਸਿੰਘ ਕਰਤਾਰ ਸਿੰਘ ਰੁਲਦਾ ਸਿੰਘ ਸਵਰਨ ਸਿੰਘ ਕਲਵਾਕੜੀ ਗੁਵਾਲੀਅਰ ਰਤਨ ਸਿੰਘਵਨੂਰਪੁਰ ਮੋਹਣ ਸਿੰਘ ਦਿੱਲੀ ਤਰਲੋਕ ਸਿੰਘ ਹਰੀਪੁਰ | ਧੀਰਪੁਰ | ਦਿੱਲੀ ੯ | ੨੬੧ |
| ੧੪ ਮਾਘ ਸ਼ ਸੰ ੧੦ ਹਰਿ ਭਗਤ ਦੁਵਾਰ | ਧੀਰਪੁਰ | ਦਿੱਲੀ ੯ | ੨੬੨ |
| ੧੯ ਮਾਘ ਸ਼ ਸੰ ੧੦ ਸੇਵਾ ਸਿੰਘ ਦਵਿੰਦਰ ਸਿੰਘ ਰਜਿੰਦਰ ਸਿੰਘ ਹਰਬੰਸ ਸਿੰਘ ਗੁੜਗਾਉਂ ਆਸਾ ਸਿੰਘ ਖਾਂਗ | ਗੁੜਗਾਉਂ | | ੨੬੫ |
| ੨੦ ਮਾਘ ਸ਼ ਸੰ ੧੦ ਹਰਿ ਭਗਤ ਦੁਵਾਰ | ਧੀਰਪੁਰ | ਦਿੱਲੀ | ੨੬੭ |
| ੨੧ ਮਾਘ ਸ਼ ਸੰ ੧੦ ਮਹਿੰਦਰ ਸਿੰਘ, ਗੁਰਬਚਨ ਸਿੰਘ ਨਯਾਸ਼ਾਲਾ, ਵਿਸ਼ਵਾ ਮਿੱਤਰ ਗੁਰਦੀਪ ਸਿੰਘ ਪ੍ਰੇਮੀ ਦੇਵੀ ਹੰਸ ਰਾਜ ਮੁਲਖ ਰਾਜ ਮੇਰਠ | ਮੇਰਠ ਛਾਉਣੀ | | ੨੭੬ |
| ੨੩ ਮਾਘ ਸ਼ ਸੰ ੧੦ ਇਕਬਾਲ ਸਿੰਘ, ਸ਼ਕੁੰਤਲਾ ਦੇਵੀ, ਮੰਗਲਾ ਦੇਵੀ | ਨਜ਼ੀਬਾਬਾਦ | ਯੂ੦ ਪੀ੦ | ੨੮੦ |
| ਪਹਿਲੀ ਫੱਗਣ ਸ਼ ਸੰ ੧੦ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੨੮੩ |
| ੨ ਫੱਗਣ ਸ਼ ਸੰ ੧੦ ਕਰਮ ਸਿੰਘ ਦੇ ਸਰੀਰ ਛੱਡਣ ਨਵਿਤ ਨਯਾਸ਼ਾਲ | | ਗੁਰਦਾਸਪੁਰ | ੨੮੭ |


11 ੨੪

੩ ਫੱਗਣ ਸ਼ ਸੰ ੧੦ ਸੁਲੱਖਣੀ ਨਯਾਸ਼ਾਲਾ ਗੁਰਦਾਸਪੁਰ ੨੯੩
੧੦ ਫੱਗਣ ਸ਼ ਸੰ ੧੦ ਅਵਤਾਰ ਸਿੰਘ ਆਹਮਪੁਰ ਵਾਲੇ ਦੀ ਸ਼ਾਦੀ ਨਵਿਤ
ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤਸਰ ੨੯੬
੧੦ ਫੱਗਣ ਸ਼ ਸੰ ੧੦ ਸੇਵਾ ਕਰਨ ਆਈ ਸੰਗਤ ਨਵਿਤ ਜੇਠੂਵਾਲ ਅੰਮ੍ਰਿਤਸਰ ੨੯੯
੧੧ ਫੱਗਣ ਸ਼ ਸੰ ੧੦ ਬਲਕਾਰ ਸਿੰਘ ਤੇ ਬੀਬੀ ਬੀਰੋ ਦੀ ਸ਼ਾਦੀ ਸਮੇਂ
ਹਰਿ ਭਗਤ ਦੁਵਾਰ ਜੇਠੂਵਾਲ ਅੰਮ੍ਰਿਤਸਰ ੩੦੧
੧੭ ਫੱਗਣ ਸ਼ ਸੰ ੧੦ ਅਵਤਾਰ ਸਿੰਘ ਕਿਰਪਾ ਸਿੰਘ ਸਤਵੰਤ ਕੌਰ ਗੁਰਬਚਨ ਸਿੰਘ
ਮਹਿਲ ਸਿੰਘ ਗੁਰਦਿਤ ਸਿੰਘ ਅੰਮ੍ਰਿਤ ਕੌਰ ਮਹੂ
ਸ਼ਾਸ਼ਤਰੀ ਨਗਰ ਕਾਨ੍ਹਪੁਰ ੩੦੬
੧੯ ਫੱਗਣ ਸ਼ ਸੰ ੧੦ ਕਰਨੈਲ ਸਿੰਘ, ਜਰਨੈਲ ਸਿੰਘ, ਮਲੂਕ ਸਿੰਘ ਪੋਖਰਪੁਰ ੩੦੯
੨੭ ਫੱਗਣ ਸ਼ ਸੰ ੧੦ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੩੧੧
੨੮ ਫੱਗਣ ਸ਼ ਸੰ ੧੦ ਹਰਿ ਸੰਗਤ ਨਵਿਤ ਰਾਤ ਸਮੇ ਧੀਰਪੁਰ ਦਿਲੀ ੯ ੩੧੯
੩੦ ਫੱਗਣ ਸ਼ ਸੰ ੧੦ ਸ਼ਾਮ ਪੰਜ ਵਜੇ ਨਿਊਯਾਰਕ ਹਵਾਈ ਅੱਡੇ ਤੇ ਅਮਰੀਕਾ ਵਿਖੇ ੩੨੧
ਪਹਿਲੀ ਚੇਤ ਸ਼ ਸੰ ੧੧ ਰੇਸ਼ਮ ਸਿੰਘ ਦੇ ਗ੍ਰਹਿ ਹਰਿ ਸੰਗਤ ਨਵਿਤ ਰਾਤ ਨੂੰ
ਟਰਾਨਟੋਂ ਆਨਟੇਈਓ ੩੧ ਕੈਨਥ ਐ ਵੀ ਈ ਕਨੇਡਾ ੩੩੦
੩ ਚੇਤ ਸ਼ ਸੰ ੧੧ ਕਨੇਡਾ ਰਜਿੰਦਰ ਸਿੰਘ ਰਾਤ ਨੂੰ ੧੪੦ ਉਨਟੇਵੀਉ ਹਮਿੰਲਟਨ ਸ਼ਹਿਰ ੩੩੪
੯ ਚੇਤ ਸ਼ ਸੰ ੧੧ ਮੁਕੰਦ ਸਿੰਘ, ਜਗਜੀਤ ਸਿੰਘ,
ਗੁਰਦਿਆਲ ਸਿੰਘ, ਲਾਲ ਸਿੰਘ ੩੪੦
ਰੀਵਰਟੋਨ ਏਵੇਨੀਊ ਐਲਮਵੁਡ ਮੈਨੀਟੋਬਾ ਵਿਨੀਪੈਗ ਕਨੇਡਾ ੨੪੫
੧੧ ਚੇਤ ਸ਼ ਸੰ ੧੧ ਤਰਲੋਚਨ ਸਿੰਘ ਦੇ ਗ੍ਰਹਿ ਵਿਨੀਪੈਗ ਕਨੇਡਾ ੩੪੯
੧੩ ਚੇਤ ਸ਼ ਸੰ ੧੧ ਲਾਲ ਸਿੰਘ ਦੇ ਗ੍ਰਹਿ ੪੧੬ ਸ਼ੇਰ ਬਰੁਕ ਸਟਰੀਟ ਵਿਨੀਪੈਗ
ਮੈਨੀਟੋਬਾ ਕਨੇਡਾ ੩੫੪

੧੪ ਚੇਤ ਸ਼ ਸੰ ੧੧ ਗੁਰਦਿਆਲ ਸਿੰਘ ਪ੍ਰੇਮੀ ਦੇ ਗ੍ਰਿਹਿ ੧੫-੪੦ ਕੇਟ ਸਟਰੀਟ ਵਿੰਨੀਪੈਗ ਮੈਨੀਟੋਬਾ ਕਨੇਡਾ ੩੫੯

੧੫ ਚੇਤ ਸ਼ ਸੰ ੧੧ ਮੁਕੰਦ ਸਿੰਘ, ਜਗਜੀਤ ਸਿੰਘ ਦੇ ਗ੍ਰਿਹਿ ੪੯੪ ਰੀਵਰਟਨ ਐਵੇਨੀਉ ਐਲਮਵੁਡ ਮੈਨੀਟੋਬਾ ਵਿੰਨੀਪੈਗ ਕਨੇਡਾ ੩੬੨

੨੧ ਚੇਤ ਸ਼ ਸੰ ੧੧ ਸੁਖਨਿੰਦਰ ਸਿੰਘ ਦੇ ਗ੍ਰਿਹਿ ੧੭੨੫ ਪੈਰਲ ਸਟਰੀਟ ਵਿਕਟੋਰੀਆ ਕਨੇਡਾ ੩੬੬

੨੧ ਚੇਤ ਸ਼ ਸੰ ੧੧ ਹਰਭਜਨ ਸਿੰਘ ਦੇ ਗ੍ਰਿਹਿ ਬੀ੦ ਸੀ੦ ਕਨੇਡਾ ੩੭੦

੨੧ ਚੇਤ ਸ਼ ਸੰ ੧੧ ਦਵਿੰਦਰ ਸਿੰਘ ਚੌਹਾਨ ਦੇ ਗ੍ਰਿਹਿ ੪੦੬੪ ਸੀਡਰ ਹਿਲ ਕਰੌਸ ਰੋਡ ਵਿਕਟੋਰੀਆ ਕਨੇਡਾ ੩੭੨

੨੩ ਚੇਤ ਸ਼ ਸੰ ੧੧ ਬੀਬੀ ਅਮਰ ਕੌਰ ਦੇ ਗ੍ਰਿਹਿਵੈਂਨਕੂਵਰ ਕਨੇਡਾ ੩੮੦

੨੪ ਚੇਤ ਸ਼ ਸੰ ੧੧ ਰਜਿੰਦਰ ਸਿੰਘ ਦੇ ਗ੍ਰਿਹਿ ਵਿਲੀਅਮ ਲੇਕ ਲਿਮਿੰਗਟਨ ਸਬ ਡਵੀਜ਼ਨ ਮਕਾਨ ਨੰਬਰ ੨੪੨੪ ਕਨੇਡਾ ੩੮੩

੨੫ ਚੇਤ ਸ਼ ਸੰ ੧੧ ਸੁਰਜੀਤ ਸਿੰਘ ਦੇ ਗ੍ਰਿਹਿ ਰਾਤ ਨੂੰ ੪੭੧੬ ਸਟਰੋਮ ਟੈਰਸ ਕਨੇਡਾ ੩੯੩

੨੬ ਚੇਤ ਸ਼ ਸੰ ੧੧ ਸੁਰਜੀਤ ਸਿੰਘ ਦੇ ਗ੍ਰਿਹਿ ਰਾਤ ਵੇਲੇ ੪੭੧੬ ਸਟਰੌਮ ਟੈਰਸ ਕਨੇਡਾ ੪੦੦

੨੭ ਚੇਤ ਸ਼ ਸੰ ੧੧ ਗੁਰਬਚਨ ਸਿੰਘ ਧਾਮੀ ਦੇ ਗ੍ਰਿਹਿ ੪੬੧੯ ਸਟਰੌਮ ਟੈਰਸ ਕਨੇਡਾ ੪੦੩

੨੮ ਚੇਤ ਸ਼ ਸੰ ੧੧ ਮਹਿੰਦਰ ਸਿੰਘ ਤੱਖਰ ਦੇ ਗ੍ਰਿਹਿ ੨-੫੦੦੮ ਪਾਰਕ ਐਵੇਨਿਉ ਟੈਰਸ ਕਨੇਡਾ ੪੦੯

ਪਹਿਲੀ ਵਿਸਾਖ ਸ਼ ਸੰ ੧੧ ਮੁਕੰਦ ਸਿੰਘ ਦੇ ਗ੍ਰਿਹਿ ਵਿਨੀਪੈਗ ਕਨੇਡਾ ੪੧੪

੬ ਵਿਸਾਖ ਸ਼ ਸੰ ੧੧ ਅਰਜਨ ਸਿੰਘ ਦੇ ਗ੍ਰਿਹਿ ਡੀਟਰਾਇਟ ੨੨੧ ਫਾਰਚੂਨ ਯੂ੦ ਐਸ੦ ਏ੦ ੪੧੯

੮ ਵਿਸਾਖ ਸ਼ ਸੰ ੧੧ ਭਾਗ ਸਿੰਘ ਦੇ ਗ੍ਰਿਹਿ ੪੦ ਪਰੀਓਰੀ ਏ੦ ਵੀ੦ ਈ੦ ਹੋਰਨਸੇ ਲੰਡਨ ਨੰ੦ ੮ਇੰਗਲੈਂਡ ੪੨੫

14 ੨੪





੯ ਵਿਸਾਖ ਸ਼ ਸੰ ੧੧ ਮਲਕੀਅਤ ਸਿੰਘ ਦੇ ਗ੍ਰਿਹਿ ੩੨ ਕਰਾਨਬੋਰਨ ਰੋਡ ਲੰਡਨ ਨੰ੦ ੧੦ ਮੁਸੁਰਲ ਹਿਲ ੪੨੭

੧੦ ਵਿਸਾਖ ਸ਼ ਸੰ ੧੧ ਰਣਜੀਤ ਸਿੰਘ ਦੇ ਗ੍ਰਿਹਿ ੯ ਗੁਡਵਿੰਨ ਵੇਲ ਰੋਡ ਮੁਸਵਿਲ ਹਿਲ ਨੰ੦ ੧੦ ਲੰਡਨ ੪੩੨

੧੧ ਵਿਸਾਖ ਸ਼ ਸੰ ੧੧ ਨਿਰਭੈ ਸਿੰਘ ਦੇ ਗ੍ਰਿਹਿ ੪੧ ਵੁਡ ਲੈਂਡ ਗਾਰਡਨ ਨੰ ੧੦ ਲੰਡਨ ੪੩੫

੧੧ ਵਿਸਾਖ ਸ਼ ਸੰ ੧੧ ਪਿਆਰਾ ਸਿੰਘ ਦੇ ਗ੍ਰਿਹਿ ੩੦ ਬਲਫੋਰ ਰੋਡ ਸਾਉਥ ਹਾਲ ਮਿਡਲਐਕਸ ਲੰਡਨ ੪੩੭

੧੨ ਵਿਸਾਖ ਸ਼ ਸੰ ੧੧ ਜੁਗਿੰਦਰ ਸਿੰਘ ਦੇ ਗ੍ਰਿਹਿ ੮੨ ਰਨੇਲਾਘ ਰੋਡ ਸਾਊਥ ਹਾਲ ਮਿਡਐਕਸ ਇੰਗਲੈਂਡ ੪੪੦

੧੩ ਵਿਸਾਖ ਸ਼ ਸੰ ੧੧ ਈਸ਼ਰ ਕੌਰ ਦੇ ਗ੍ਰਿਹਿ ੨੩ ਏ ਬੇਲੇ ਵਾਕ ਮੋਸੇਲੀ ਬਿਰਮਿਨਗੋਮ ੧੩ ਲੰਡਨ ੪੪੩

੧੩ ਵਿਸਾਖ ਸ਼ ਸੰ ੧੧ ਸੋਹਣ ਸਿੰਘ ਦੇ ਗ੍ਰਿਹਿ ੬੫ ਕੇਰਨਸ ਸਟਰੀਟ ਵਾਲਸਾਲ ਸਟਾਫ ਲੰਡਨ ੪੪੮

੧੪ ਵਿਸਾਖ ਸ਼ ਸੰ ੧੧ ਪਰਕਾਸ਼ ਰਾਮ ਦੇ ਗ੍ਰਿਹਿ ੧੦੩ ਰਾਲਘ ਸਟਰੀਟ ਵਾਲਸਾਲ ਸਟਾਫ ਲੰਡਨ ੪੫੨

੧੪ ਵਿਸਾਖ ਸ਼ ਸੰ ੧੧ ਕੇਸਰ ਸਿੰਘ ਦੇ ਗ੍ਰਿਹਿ ੬੭ ਕੇਰਨਜ਼ ਸਟਰੀਟ ਵਾਲਸਾਲ ਸਟਾਫ ਇੰਗਲੈਂਡ ੪੫੪

੧੪ ਵਿਸਾਖ ਸ਼ ਸੰ ੧੧ ਤੀਰਥ ਸਿੰਘ ਦੇ ਗ੍ਰਿਹਿ ਨੰ੦ ੧੮ ਪੂਲ ਰੋਡ ਟਰੈਚ ਟੈਲੇਫੋਰਡ ਸ਼ਰੁਪ ਸ਼ਿਰ ਲੰਡਨ ੪੫੬

੧੫ ਵਿਸਾਖ ਸ਼ ਸੰ ੧੧ ਦਰਸ਼ਨ ਸਿੰਘ ਦੇ ਗ੍ਰਿਹਿ ੨੫ ਹੋਲੀ ਰੋਡ ਥੋਰਟਨ ਲੋਝ ਹੁਡੇਰਸ ਫੀਲਡ ਲੰਡਨ ੪੫੦





੧੬ ਵਿਸਾਖ ਸ਼ ਸੰ ੧੧ ਹਰਭਜਨ ਕੌਰ ਦੇ ਗ੍ਰਿਹਿ ਨੰ੦ ੨ ਬਾਸਿਲ ਸਟਰੀਟ ਹੁਡਰਜ ਫੀਲਡ ਲੰਡਨ ੪੬੩

੧੭ ਵਿਸਾਖ ਸ਼ ਸੰ ੧੧ ਜੁਗਿੰਦਰ ਸਿੰਘ ਦੇ ਗ੍ਰਿਹਿ ੧੧੧ ਸਟਰੀਟ ਅਵਡਰੀ ੫ ਰੋਡ ਬਾਰਹਿੰਗ ਐਸਐਕਸ ਲੰਡਨ ੪੬੪

੧੯ ਵਿਸਾਖ ਸ਼ ਸੰ ੧੧ ਰਣਜੀਤ ਸਿੰਘ ਮਨਜੀਤ ਕੌਰ ਦੇ ਗ੍ਰਿਹਿ ਗੁਡ ਵੀਨਜ ਵਲੇ ਨੰ੦ ੧੦ ਇੰਗਲੈਂਡ ੪੬੮

੧੯ ਵਿਸਾਖ ਸ਼ ਸੰ ੧੧ ਭਾਗ ਸਿੰਘ ਦੇ ਗ੍ਰਿਹਿ ੪੦ ਪ੍ਰੀਅਰੀ ਇਵੇਨਿਊ ਹੇਰਨਸੇ ਲੰਡਨ ੮ ੪੬੯

੨੦ ਵਿਸਾਖ ਸ਼ ਸੰ ੧੧ ਹਰਨੇਕ ਸਿੰਘ ਦੇ ਗ੍ਰਿਹਿ ੪੭੨

੨੦ ਵਿਸਾਖ ਸ਼ ਸੰ ੧੧ ਮੁਖਤਿਆਰ ਸਿੰਘ ਦੇ ਗ੍ਰਿਹਿ ੭੮ ਮੁਸਵਿਲ ਹਿਲ ਰੋਡ ਲੰਡਨ ਨੰ੦ ੧੮ ੪੭੩

੨੦ ਵਿਸਾਖ ਸ਼ ਸੰ ੧੧ ਨਿਰਭੈ ਸਿੰਘ ਦੇ ਗ੍ਰਿਹਿ ੪੧ ਵੁਡ ਲੈਂਡ ਗਾਰਡਨ ਨੰ ੧੦ ਲੰਡਨ ੪੭੬

੨੧ ਵਿਸਾਖ ਸ਼ ਸੰ ੧੧ ਹਰਚੰਦ ਸਿੰਘ ਦੇ ਗ੍ਰਿਹਿ ੩੯ ਟੁਡੋਰ ਰੋਡ ਸਾਉਥ ਹਾਲ ਮਿਡਐਕਸ ਲੰਡਨ ੪੭੮

੨੧ ਵਿਸਾਖ ਸ਼ ਸੰ ੧੧ ਪਿਆਰਾ ਸਿੰਘ ਦੇ ਗ੍ਰਿਹਿ ੩੦ ਬਾਲਫੋਰ ਰੋਡ ਸਾਊਥ ਹਾਲ ਲੰਡਨ ੪੮੩

੨੨ ਵਿਸਾਖ ਸ਼ ਸੰ ੧੧ ਜੁਗਿੰਦਰ ਸਿੰਘ ਦੇ ਗ੍ਰਿਹਿ ੩੮ ਰਨਲੇ ਰੋਡ ਸਾਉਥ ਹਾਲ ਲੰਡਨ ੪੮੭

੨੪ ਵਿਸਾਖ ਸ਼ ਸੰ ੧੧ ਹਰਿ ਭਗਤ ਦਵਾਰ ਨੇੜੇ ਨਿਰੰਕਾਰੀ ਕਲੋਨੀ ਵਿਦੇਸ਼ ਯਾਤਰਾ ਤੋ ਵਾਪਸ ਪੁੱਜਣ ਤੇ ਧੀਰ ਪੁਰ ਕਿੰਗਜ਼ਵੇ ਕੈਂਪ ਦਿੱਲੀ ੪੯੬

੨੫ ਵਿਸਾਖ ਸ਼ ਸੰ ੧੧ ਫੂਲਾ ਰਾਣੀ ਦੇ ਗ੍ਰਿਹਿ ਸਾਈਦਾ ਮਹੱਲਾ ਗਲੀ ਨੰਬਰ ੬ ਲੁਧਿਆਣਾ ੫੦੪

੨੬ ਵਿਸਾਖ ਸ਼ ਸੰ ੧੧ ਰੁੜਕਾ ਗੁਰਮੇਜ਼ ਸਿੰਘ ਦੇ ਗ੍ਰਿਹਿ ਜਲੰਧਰ ਦੁਆਬਾ ਸੰਗਤ ਨਵਿਤ ੫੦੮

੨੭ ਵਿਸਾਖ ਸ਼ ਸੰ ੧੧ ਹਰਿ ਭਗਤ ਦੁਵਾਰ ਵਿਦੇਸ਼ ਟੂਰ ਤੋਂ ਵਾਪਸ ਪੁੱਜਣ ਤ ਜੇਠੂਵਾਲ ੫੦੯

੨੮ ਵਿਸਾਖ ਸ਼ ਸੰ ੧੧ ਰਾਮ ਸਿੰਘ ਦੇ ਗ੍ਰਿਹਿ ਗਵਾਲ ਟੋਲੀ ਫਿਰੋਜ਼ਪੁਰ ਛਾਉਣੀ ੫੧੫



15 ੨੪

| | | | |
|---|---|---|---|
| ਪਹਿਲੀ ਜੇਠ ਸ਼ ਸੰ ੧੧ ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੫੧੮ |
| ੧੭ ਜੇਠ ਸ਼ ਸੰ ੧੧ ਹਰਿ ਭਗਤ ਦੁਵਾਰ ਕੱਲਾ ਹਰਿ ਸੰਗਤ ਦੇ ਸੇਵਾ ਕਰਕੇ ਜਾਣ ਸਮੇਂ | ਜੇਠੂਵਾਲ | ਅੰਮ੍ਰਿਤਸਰ | ੫੨੪ |
| ੧੮ ਜੇਠ ਸ਼ ਸੰ ੧੧ ਹਰਿ ਸੰਗਤ ਨਵਿਤ | ਜੰਡਿਆਲਾ ਗੁਰੂ | ਅੰਮ੍ਰਿਤਸਰ | ੫੨੬ |
| ੧੮ ਜੇਠ ਸ਼ ਸੰ ੧੧ ਪਾਲ ਸਿੰਘ ਦੇ ਗ੍ਰਹਿ ਰਾਤ ਨੂੰ | ਭਲਾਈਪੁਰ ਡੋਗਰਾ | ਅੰਮ੍ਰਿਤਸਰ | ੫੨੯ |
| ੧੯ ਜੇਠ ਸ਼ ਸੰ ੧੧ ਭਲਾਈ ਪੁਰ ਡੋਗਰਾ | | ਅੰਮ੍ਰਿਤਸਰ | ੫੩੩ |
| ੧੯ ਜੇਠ ਸ਼ ਸੰ ੧੧ ਲਾਟ ਸਾਹਿਬ ਦੇ ਗ੍ਰਹਿ | ਭਲਾਈਪੁਰ ਡੋਗਰਾ | ਅੰਮ੍ਰਿਤਸਰ | ੫੩੭ |
| ੧੯ ਜੇਠ ਸ਼ ਸੰ ੧੧ ਤਰਸੇਮ ਸਿੰਘ ਦੇ ਗ੍ਰਹਿ | ਭਲਾਈਪੁਰ ਡੋਗਰਾ | ਅੰਮ੍ਰਿਤਸਰ | ੫੪੦ |
| ੧੯ ਜੇਠ ਸ਼ ਸੰ ੧੧ ਫੌਜਾ ਸਿੰਘ ਦੇ ਘਰ ਰਾਤ ਨੂੰ ਖੇਤਾਂ ਵਿਚ | ਭਲਾਈਪੁਰ ਡੋਗਰਾ | ਅੰਮ੍ਰਿਤਸਰ | ੫੪੨ |
| ੨੦ ਜੇਠ ਸ਼ ਸੰ ੧੧ ਊਧਮ ਸਿੰਘ ਦੇ ਗ੍ਰਹਿ | ਜਲਾਲਾਬਾਦ | ਅੰਮ੍ਰਿਤਸਰ | ੫੪੫ |
| ੨੧ ਜੇਠ ਸ਼ ਸੰ ੧੧ ਸੁਖਦੇਵ ਰਾਮ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੫੪੭ |
| ੨੧ ਜੇਠ ਸ਼ ਸੰ ੧੧ ਪ੍ਰੀਤਮ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੫੪੮ |
| ੨੧ ਜੇਠ ਸ਼ ਸੰ ੧੧ ਹਰਦੀਪ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੫੪੯ |
| ੨੧ ਜੇਠ ਸ਼ ਸੰ ੧੧ ਸਰਦਾਰ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੫੫੦ |
| ੨੧ ਜੇਠ ਸ਼ ਸੰ ੧੧ ਮੱਸਾ ਸਿੰਘ ਦੇ ਗ੍ਰਹਿ | ਨੌਰੰਗਾਬਾਦ | ਅੰਮ੍ਰਿਤਸਰ | ੫੫੧ |
| ੨੧ ਜੇਠ ਸ਼ ਸੰ ੧੧ ਦੀਦਾਰ ਸਿੰਘ ਦੇ ਗ੍ਰਹਿ | ਨੌਰੰਗਾਬਾਦ | ਅੰਮ੍ਰਿਤਸਰ | ੫੫੨ |
| ੨੧ ਜੇਠ ਸ਼ ਸੰ ੧੧ ਮੱਖਣ ਸਿੰਘ ਦੇ ਗ੍ਰਹਿ | ਨੌਰੰਗਾਬਾਦ | ਅੰਮ੍ਰਿਤਸਰ | ੫੫੩ |
| ੨੪ ਜੇਠ ਸ਼ ਸੰ ੧੧ ਹੀਰੇ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੫੫੪ |
| ੨੫ ਜੇਠ ਸ਼ ਸੰ ੧੧ ਚੇਲਾ ਸਿੰਘ ਦੇ ਗ੍ਰਹਿ | ਵਜ਼ਾਰਤ ਜੋਡ | ਜੰਮੂ | ੫੫੬ |
| ੨੬ ਜੇਠ ਸ਼ ਸੰ ੧੧ ਸੰਸਾਰ ਸਿੰਘ ਦੇ ਗ੍ਰਹਿ | ਨਾਨਕ ਨਗਰ | ਜੰਮੂ | ੫੫੯ |
| ੨੬ ਜੇਠ ਸ਼ ਸੰ ੧੧ ਅਜੀਤ ਸਿੰਘ ਦੇ ਗ੍ਰਹਿ | ਵਜ਼ਾਰਤ ਰੋਡ | ਜੰਮੂ | ੫੬੦ |

16 ੨੪

17

੨੪

17

੨੪




| | | | | | | | |
|---|---|---|---|---|---|---|---|
| ੨੬ | ਜੇਠ | ਸ਼ ਸੰ | ੧੧ | ਫੁਮਣ ਸਿੰਘ ਦੇ ਗ੍ਰਹਿ | ਵਜ਼ਾਰਤ ਰੋਡ | ਜੰਮੂ | ੫੬੧ |
| ੨੬ | ਜੇਠ | ਸ਼ ਸੰ | ੧੧ | ਬੀਬੀ ਰਾਮ ਕੌਰ ਦੇ ਗ੍ਰਹਿ | ਵਜ਼ਾਰਤ ਰੋਡ | ਜੰਮੂ | ੫੬੧ |
| ੨੬ | ਜੇਠ | ਸ਼ ਸੰ | ੧੧ | ਬਾਜ਼ ਸਿੰਘ ਦੇ ਗ੍ਰਹਿ | ਸ਼ਕਤੀ ਨਗਰ | ਜੰਮੂ | ੫੬੩ |
| ੨੬ | ਜੇਠ | ਸ਼ ਸੰ | ੧੧ | ਸਰਦਾਰਾ ਸਿੰਘ ਦੇ ਗ੍ਰਹਿ | ਸੀੜ | ਜੰਮੂ | ੫੬੫ |
| ੨੬ | ਜੇਠ | ਸ਼ ਸੰ | ੧੧ | ਜੁਗਿੰਦਰ ਸਿੰਘ ਦੇ ਗ੍ਰਹਿ | ਸੀੜ | ਜੰਮੂ | ੫੬੬ |
| ੨੭ | ਜੇਠ | ਸ਼ ਸੰ | ੧੧ | ਗੁਰਨਾਮ ਸਿੰਘ ਦੇ ਗ੍ਰਹਿ | ਸੀੜ | ਜੰਮੂ | ੫੬੮ |
| ੨੭ | ਜੇਠ | ਸ਼ ਸੰ | ੧੧ | ਬੀਬੀ ਲਛਮੀ ਦੇ ਗ੍ਰਹਿ | ਸੀੜ | ਜੰਮੂ | ੫੬੯ |
| ੨੭ | ਜੇਠ | ਸ਼ ਸੰ | ੧੧ | ਹਰਬੰਸ ਕੌਰ ਦੇ ਗ੍ਰਹਿ | ਸੀੜ | ਜੰਮੂ | ੫੭੦ |
| ੨੭ | ਜੇਠ | ਸ਼ ਸੰ | ੧੧ | ਲਛਮੀ ਦੇਵੀ ਦੇ ਗ੍ਰਹਿ | ਸੀੜ | ਜੰਮੂ | ੫੭੧ |
| ੨੭ | ਜੇਠ | ਸ਼ ਸੰ | ੧੧ | ਦੇਵੀ ਸਿੰਘ ਦੇ ਗ੍ਰਹਿ | ਮਘੋਵਾਲੀ | ਜੰਮੂ | ੫੭੨ |
| ੨੭ | ਜੇਠ | ਸ਼ ਸੰ | ੧੧ | ਭਗਤ ਸਿੰਘ ਦੇ ਗ੍ਰਹਿ | ਕੀਰ | ਜੰਮੂ | ੫੭੩ |
| ੨੭ | ਜੇਠ | ਸ਼ ਸੰ | ੧੧ | ਪਰਕਾਸ਼ ਚੰਦ ਦੇ ਗ੍ਰਹਿ | ਮਘੋਵਾਲੀ | ਜੰਮੂ | ੫੭੪ |
| ੨੭ | ਜੇਠ | ਸ਼ ਸੰ | ੧੧ | ਮਾਇਆ ਦੇਵੀ ਦੇ ਗ੍ਰਹਿ | ਮਘੋਵਾਲੀ | ਜੰਮੂ | ੫੭੫ |
| ੨੭ | ਜੇਠ | ਸ਼ ਸੰ | ੧੧ | ਦੌਲਤ ਰਾਮ ਦੇ ਗ੍ਰਹਿ | ਕੋਟਲੀ | ਜੰਮੂ | ੫੭੬ |
| ੨੭ | ਜੇਠ | ਸ਼ ਸੰ | ੧੧ | ਤੇਜਭਾਨ ਦੇ ਗ੍ਰਹਿ | ਸੇਈ ਕਲਾ | ਜੰਮੂ | ੫੭੭ |
| ੨੮ | ਜੇਠ | ਸ਼ ਸੰ | ੧੧ | ਸ਼ਿਵ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੫੮੦ |
| ੨੮ | ਜੇਠ | ਸ਼ ਸੰ | ੧੧ | ਗੁਹੜਾ ਰਾਮ ਦੇ ਗ੍ਰਹਿ | ਸੇਈ ਕਲਾਂ | ਜੰਮੂ | ੫੮੫ |
| ੨੮ | ਜੇਠ | ਸ਼ ਸੰ | ੧੧ | ਫੱਤੂ ਰਾਮ ਦੇ ਗ੍ਰਹਿ | ਸੇਈ ਕਲਾਂ | ਜੰਮੂ | ੫੮੬ |
| ੨੮ | ਜੇਠ | ਸ਼ ਸੰ | ੧੧ | ਚਰਨ ਦਾਸ ਦੇ ਗ੍ਰਹਿ | ਸੇਈ ਕਲਾਂ | ਜੰਮੂ | ੫੮੭ |
| ੨੮ | ਜੇਠ | ਸ਼ ਸੰ | ੧੧ | ਗਿਆਨ ਚੰਦ ਦੇ ਗ੍ਰਹਿ | ਸੇਈ ਕਲਾਂ | ਜੰਮੂ | ੫੮੮ |
| ੨੮ | ਜੇਠ | ਸ਼ ਸੰ | ੧੧ | ਫਕੀਰ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੫੯੦ |
| ੨੮ | ਜੇਠ | ਸ਼ ਸੰ | ੧੧ | ਸਰਦਾਰਾ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੫੯੦ |




18

੨੪





| | | | |
|---|---|---|---|
| ੨੮ ਜੇਠ ਸ਼ ਸੰ ੧੧ ਮੇਵਾ ਰਾਮ ਦੇ ਗ੍ਰਹਿ | ਗੋਕਲੇ ਚੱਕ | ਜੰਮੂ | ੫੯੨ |
| ੨੯ ਜੇਠ ਸ਼ ਸੰ ੧੧ ਜਸਵੰਤ ਕੌਰ ਦੇ ਗ੍ਰਹਿ | ਕੋਠੇ ਨਿਹਾਲਪੁਰ ਸਿੰਬਲ | ਜੰਮੂ | ੫੯੩ |
| ੨੯ ਜੇਠ ਸ਼ ਸੰ ੧੧ ਨਾਨਕ ਚੰਦ ਦੇ ਗ੍ਰਹਿ | ਸੇਈ ਖੁਰਦ | ਜੰਮੂ | ੫੯੪ |
| ੨੯ ਜੇਠ ਸ਼ ਸੰ ੧੧ ਝੰਡੂ ਰਾਮ ਦੇ ਗ੍ਰਹਿ | ਜਿਉੜੀਆਂ | ਜੰਮੂ | ੫੯੬ |
| ੨੯ ਜੇਠ ਸ਼ ਸੰ ੧੧ ਗੁਰਾ ਰਾਮ ਦੇ ਗ੍ਰਹਿ | ਸੇਈ ਖੁਰਦ | ਜੰਮੂ | ੫੯੭ |
| ੨੯ ਜੇਠ ਸ਼ ਸੰ ੧੧ ਚੰਦ ਪਰਕਾਸ਼ ਦੇ ਗ੍ਰਹਿ | ਸੇਈ ਖੁਰਦ | ਜੰਮੂ | ੫੯੮ |
| ੨੯ ਜੇਠ ਸ਼ ਸੰ ੧੧ ਬੇਲੂ ਰਾਮ ਦੇ ਗ੍ਰਹਿ | ਸੇਈ ਖੁਰਦ | ਜੰਮੂ | ੫੯੮ |
| ੨੯ ਜੇਠ ਸ਼ ਸੰ ੧੧ ਸ਼ਾਂਤੀ ਦੇਵੀ ਦੇ ਗ੍ਰਹਿ | ਸੇਈ ਖੁਰਦ | ਜੰਮੂ | ੬੦੦ |
| ੨੯ ਜੇਠ ਸ਼ ਸੰ ੧੧ ਪ੍ਰੇਮ ਸਿੰਘ ਦੇ ਗ੍ਰਹਿ | ਸੇਈ ਖੁਰਦ | ਜੰਮੂ | ੬੦੧ |
| ੨੯ ਜੇਠ ਸ਼ ਸੰ ੧੧ ਹਰੀ ਸਿੰਘ ਦੇ ਗ੍ਰਹਿ | ਸੇਈ ਖੁਰਦ | ਜੰਮੂ | ੬੦੨ |
| ੨੯ ਜੇਠ ਸ਼ ਸੰ ੧੧ ਰਾਮ ਚੰਦ ਦੇ ਗ੍ਰਹਿ | ਨਿਕੋਵਾਲ | ਜੰਮੂ | ੬੦੩ |
| ੨੯ ਜੇਠ ਸ਼ ਸੰ ੧੧ ਕੇਸਰੀ ਦੇਵੀ ਦੇ ਗ੍ਰਹਿ | ਰਾਨੀ ਬਾਗ | ਜੰਮੂ | ੬੦੪ |
| ੨੯ ਜੇਠ ਸ਼ ਸੰ ੧੧ ਸੋਭਾ ਸਿੰਘ ਦੇ ਗ੍ਰਹਿ | ਸੇਈ ਕਲਾ | ਜੰਮੂ | ੬੦੫ |
| ੨੯ ਜੇਠ ਸ਼ ਸੰ ੧੧ ਲਛਮਣ ਸਿੰਘ ਦੇ ਗ੍ਰਹਿ | ਸੇਈ ਖੁਰਦ | ਜੰਮੂ | ੬੦੭ |
| ੨੯ ਜੇਠ ਸ਼ ਸੰ ੧੧ ਲਛਮਣ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੦੯ |
| ੨੯ ਜੇਠ ਸ਼ ਸੰ ੧੧ ਕਰਤਾਰ ਕੌਰ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੧੦ |
| ੨੯ ਜੇਠ ਸ਼ ਸੰ ੧੧ ਪਿਆਰੇ ਲਾਲ ਦੇ ਗ੍ਰਹਿ | ਸੇਈ ਕਲਾਂ ਕਲੋਏ | ਜੰਮੂ | ੬੧੧ |
| ੩੦ ਜੇਠ ਸ਼ ਸੰ ੧੧ ਕੁਲਵੰਤ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੧੨ |
| ੩੦ ਜੇਠ ਸ਼ ਸੰ ੧੧ ਪ੍ਰੇਮੀ ਦੇਵੀ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੧੩ |
| ੩੦ ਜੇਠ ਸ਼ ਸੰ ੧੧ ਜਲੰਧਰ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੧੫ |
| ੩੦ ਜੇਠ ਸ਼ ਸੰ ੧੧ ਪਨੂੰ ਰਾਮ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੧੫ |
| ੩੦ ਜੇਠ ਸ਼ ਸੰ ੧੧ ਰੋਸ਼ਨ ਲਾਲ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੧੬ |





18

੨੪

| | | | |
|---|---|---|---|
| ੩੦ ਜੇਠ ਸ਼ ਸੰ ੧੧ ਪੂਰਨ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੧੭ |
| ੩੦ ਜੇਠ ਸ਼ ਸੰ ੧੧ ਭਗਵਾਨ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੧੮ |
| ੩੦ ਜੇਠ ਸ਼ ਸੰ ੧੧ ਖੇਮ ਕੌਰ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੧੯ |
| ੩੦ ਜੇਠ ਸ਼ ਸੰ ੧੧ ਰਾਜਾ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੧੯ |
| ੩੦ ਜੇਠ ਸ਼ ਸੰ ੧੧ ਬੇਲਾ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੨੦ |
| ੩੦ ਜੇਠ ਸ਼ ਸੰ ੧੧ ਬੰਤੀ ਦੇਵੀ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੨੧ |
| ੩੦ ਜੇਠ ਸ਼ ਸੰ ੧੧ ਸੇਵਾ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੨੨ |
| ੩੦ ਜੇਠ ਸ਼ ਸੰ ੧੧ ਭਾਈਆ ਦੇਵੀ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੨੩ |
| ੩੦ ਜੇਠ ਸ਼ ਸੰ ੧੧ ਦੇਵਾ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੨੪ |
| ੩੦ ਜੇਠ ਸ਼ ਸੰ ੧੧ ਅੰਗ੍ਰੇਜ਼ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੨੫ |
| ੩੦ ਜੇਠ ਸ਼ ਸੰ ੧੧ ਵਕੀਲ ਸਿੰਘ ਦੇ ਗ੍ਰਹਿ | ਹੰਸਾ | ਜੰਮੂ | ੬੨੭ |
| ੩੦ ਜੇਠ ਸ਼ ਸੰ ੧੧ ਵਕੀਲ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੨੮ |
| ੩੦ ਜੇਠ ਸ਼ ਸੰ ੧੧ ਰਮੇਸ਼ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੨੯ |
| ੩੦ ਜੇਠ ਸ਼ ਸੰ ੧੧ ਸੁਰਗਵਾਸੀ ਬਾਊ ਰਾਮ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੩੦ |
| ੩੦ ਜੇਠ ਸ਼ ਸੰ ੧੧ ਇੰਦਰ ਰਾਮ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੩੧ |
| ੩੦ ਜੇਠ ਸ਼ ਸੰ ੧੧ ਬੰਸੋ ਦੇਵੀ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੩੨ |
| ੩੦ ਜੇਠ ਸ਼ ਸੰ ੧੧ ਸੰਤੋਖ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੩੩ |
| ੩੦ ਜੇਠ ਸ਼ ਸੰ ੧੧ ਪਰਕਾਸ਼ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੩੪ |
| ੩੦ ਜੇਠ ਸ਼ ਸੰ ੧੧ ਗੁਰਮੁਖ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੩੫ |
| ੩੦ ਜੇਠ ਸ਼ ਸੰ ੧੧ ਕਿਰਪਾਲ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੩੬ |
| ੩੧ ਜੇਠ ਸ਼ ਸੰ ੧੧ ਕਿਰਪਾਲ ਸਿੰਘ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੩੮ |
| ੩੧ ਜੇਠ ਸ਼ ਸੰ ੧੧ ਸਵਰਨੋ ਦੇਵੀ ਦੇ ਗ੍ਰਹਿ | ਸੇਈ ਕਲਾਂ | ਜੰਮੂ | ੬੪੦ |

19 ੨੪




| | | | |
|---|---|---|---|
| ੩੧ ਜੇਠ ਸ਼ ਸੰ ੧੧ ਬਚਨ ਸਿੰਘ ਦੇ ਗ੍ਰਿਹਿ | ਸੇਈ ਕਲਾਂ | ਜੰਮੂ | ੬੪੦ |
| ੩੧ ਜੇਠ ਸ਼ ਸੰ ੧੧ ਦੇਵਾ ਸਿੰਘ ਦੇ ਗ੍ਰਿਹਿ | ਸੇਈ ਕਲਾਂ | ਜੰਮੂ | ੬੪੧ |
| ੩੧ ਜੇਠ ਸ਼ ਸੰ ੧੧ ਮਾਨ ਕੌਰ ਦੇ ਗ੍ਰਿਹਿ | ਸਤਵਾਰੀ ਅਸ਼ੋਕ ਨਗਰ | ਜੰਮੂ | ੬੪੨ |
| ੩੧ ਜੇਠ ਸ਼ ਸੰ ੧੧ ਬਿਸ਼ਨ ਸਿੰਘ ਦੇ ਗ੍ਰਿਹਿ | ਸੇਈ ਕਲਾਂ | ਜੰਮੂ | ੬੪੩ |
| ੩੧ ਜੇਠ ਸ਼ ਸੰ ੧੧ ਫਰੰਗੀ ਰਾਮ ਦੇ ਗ੍ਰਿਹਿ | ਤ੍ਰੇਵਾ | ਜੰਮੂ | ੬੪੪ |
| ੩੧ ਜੇਠ ਸ਼ ਸੰ ੧੧ ਰਾਜੋ ਦੇਵੀ ਦੇ ਗ੍ਰਿਹਿ | ਸੇਈ ਕਲਾਂ | ਜੰਮੂ | ੬੪੫ |
| ੩੧ ਜੇਠ ਸ਼ ਸੰ ੧੧ ਭਾਗ ਸਿੰਘ ਦੇ ਗ੍ਰਿਹਿ | ਨਾਂਗਾ ਕੈਂਪ | ਜੰਮੂ | ੬੪੬ |
| ੩੧ ਜੇਠ ਸ਼ ਸੰ ੧੧ ਪੂਰਨ ਚੰਦ ਦੇ ਗ੍ਰਿਹਿ | ਨਾਂਗਾ ਕੈਂਪ | ਜੰਮੂ | ੬੪੬ |
| ੩੧ ਜੇਠ ਸ਼ ਸੰ ੧੧ ਭਗਵਾਨ ਚੰਦ ਦੇ ਗ੍ਰਿਹਿ | ਨਾਂਗਾ ਕੈਂਪ | ਜੰਮੂ | ੬੪੭ |
| ੩੨ ਜੇਠ ਸ਼ ਸੰ ੧੧ ਰਸਾਲ ਸਿੰਘ ਦੇ ਗ੍ਰਿਹਿ | ਘਾਹਪੋਤ ਕੈਂਪ | ਜੰਮੂ | ੬੪੯ |
| ੩੨ ਜੇਠ ਸ਼ ਸੰ ੧੧ ਗੁਰਦਿਤ ਸਿੰਘ ਦੇ ਗ੍ਰਿਹਿ | ਕਿਸ਼ਨਪੁਰ ਕੈਂਪ | ਜੰਮੂ | ੬੪੯ |
| ੩੨ ਜੇਠ ਸ਼ ਸੰ ੧੧ ਸਰਦਾਰ ਸਿੰਘ ਦੇ ਗ੍ਰਿਹਿ | ਕਿਸ਼ਨਪੁਰ ਕੈਂਪ | ਜੰਮੂ | ੬੫੦ |
| ੩੨ ਜੇਠ ਸ਼ ਸੰ ੧੧ ਈਸ਼ਰ ਸਿੰਘ ਦੇ ਗ੍ਰਿਹਿ | ਦੜ | ਜੰਮੂ | ੬੫੧ |
| ੩੨ ਜੇਠ ਸ਼ ਸੰ ੧੧ ਹਰਬੰਸ ਸਿੰਘ ਦੇ ਨਿਵਿਤ | ਦੜ | ਜੰਮੂ | ੬੫੧ |
| ੩੨ ਜੇਠ ਸ਼ ਸੰ ੧੧ ਲਾਲ ਸਿੰਘ ਦੇ ਗ੍ਰਿਹਿ | ਮਨਵਾਲ ਕੈਂਪ | ਜੰਮੂ | ੬੫੨ |
| ੩੨ ਜੇਠ ਸ਼ ਸੰ ੧੧ ਸਵਰਨ ਸਿੰਘ ਦੇ ਗ੍ਰਿਹਿ | ਮਨਵਾਲ ਕੈਂਪ | ਜੰਮੂ | ੬੫੩ |
| ੩੨ ਜੇਠ ਸ਼ ਸੰ ੧੧ ਗਿਆਨ ਚੰਦ ਦੇ ਗ੍ਰਿਹਿ | ਮਨਵਾਲ ਕੈਂਪ | ਜੰਮੂ | ੬੫੫ |
| ੩੨ ਜੇਠ ਸ਼ ਸੰ ੧੧ ਖੋਜੂ ਰਾਮ ਦੇ ਗ੍ਰਿਹਿ | ਮਨਵਾਲ ਕੈਂਪ | ਜੰਮੂ | ੬੫੫ |
| ੩੨ ਜੇਠ ਸ਼ ਸੰ ੧੧ ਰੋਲੂ ਰਾਮ ਦੇ ਗ੍ਰਿਹਿ | ਮਨਵਾਲ ਕੈਂਪ | ਜੰਮੂ | ੬੫੬ |
| ੩੨ ਜੇਠ ਸ਼ ਸੰ ੧੧ ਰਣਜੀਤ ਸਿੰਘ ਦੇ ਗ੍ਰਿਹਿ | ਮੂਸੇਚਕ | ਜੰਮੂ | ੬੫੬ |
| ਪਹਿਲੀ ਹਾੜ ਸ਼ ਸੰ ੧੧ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੬੫੮ |




20 ੨੪

੨ ਹਾੜ ਸ਼ ਸੰ ੧੧ ਸੁਰੈਣ ਸਿੰਘ, ਸਵਰਨ ਸਿੰਘ, ਦਲੀਪ ਸਿੰਘ, ਤੇਜਾ ਸਿੰਘ,
ਗੁਲਜ਼ਾਰ ਸਿੰਘ, ਸੰਤੋਖ ਸਿੰਘ, ਜਰਨੈਲ ਸਿੰਘ,
ਸੁਰੈਣ ਸਿੰਘ ਦੇ ਗ੍ਰਿਹਿ ਜੰਡਿਆਲਾ ਗੁਰੂ ਅੰਮ੍ਰਿਤਸਰ ੬੬੬
੧੪ ਹਾੜ ਸ਼ ਸੰ ੧੧ ਦਰਬਾਰ ਨਿਵਾਸੀ ਸੰਗਤ ਨਵਿਤ ਜੇਠੂਵਾਲ ਅੰਮ੍ਰਿਤਸਰ ੬੬੯
੧੭ ਹਾੜ ਸ਼ ਸੰ ੧੧ ਹਰਿ ਭਗਤ ਦੁਵਾਰ ਰਾਤ ਵੇਲੇ ਜੇਠੂਵਾਲ ਅੰਮ੍ਰਿਤਸਰ ੬੭੨
੧੮ ਹਾੜ ਸ਼ ਸੰ ੧੧ ਸ਼ਾਦੀਆਂ ਦੇ ਸਮੇਂ ਸਵੇਰੇ ਜੇਠੂਵਾਲ ਅੰਮ੍ਰਿਤਸਰ ੬੯੭
੧੮ ਹਾੜ ਸ਼ ਸੰ ੧੧ ਹਰਿ ਭਗਤ ਦੁਵਾਰ ਰਾਤ ਵੇਲੇ ਜੇਠੂਵਾਲ ਅੰਮ੍ਰਿਤਸਰ ੭੧੫
੩੧ ਹਾੜ ਸ਼ ਸੰ ੧੧ ਸੁਭਾਗ ਵੰਤੀ ਦੇ ਨਵਿਤ ਜੇਠੂਵਾਲ ਅੰਮ੍ਰਿਤਸਰ ੭੧੯

ਪਹਿਲੀ ਸਾਵਣ ਸ਼ ਸੰ ੧੧ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੭੨੩
੭ ਸਾਵਣ ਸ਼ ਸੰ ੧੧ ਹਰਜੀਤ ਸਿੰਘ ਦੇ ਨਵਿਤ ਜੇਠੂਵਾਲ ਅੰਮ੍ਰਿਤਸਰ ੭੩੧
੧੨ ਸਾਵਣ ਸ਼ ਸੰ ੧੧ ਸੁਰਿੰਦਰ ਸਿੰਘ ਕਰਨਾਲ ਵਾਲੇ ਦੇ ਨਵਿਤ ਜੇਠੂਵਾਲ ਅੰਮ੍ਰਿਤਸਰ ੭੩੩
੨੪ ਸਾਵਣ ਸ਼ ਸੰ ੧੧ ਅਰਜਨ ਸਿੰਘ ਦੇ ਗ੍ਰਿਹਿ ਸਲੀਮ ਪੁਰ ਕਪੂਰਥਲਾ ੭੩੫
੨੫ ਸਾਵਣ ਸ਼ ਸੰ ੧੧ ੭੩੯
੨੫ ਸਾਵਣ ਸ਼ ਸੰ ੧੧ ਪਾਲ ਸਿੰਘ ਦੇ ਗ੍ਰਿਹਿ ਦਾਊਦਪੁਰ ਕਪੂਰਥਲਾ ੭੪੧
੨੬ ਸਾਵਣ ਸ਼ ਸੰ ੧੧ ਚਰਨ ਸਿੰਘ ਦੇ ਗ੍ਰਿਹਿ ਢਿਲਵਾਂ ਕਪੂਰਥਲਾ ੭੪੩
੨੬ ਸਾਵਣ ਸ਼ ਸੰ ੧੧ ਚਰਨ ਕੌਰ ਦੇ ਗ੍ਰਿਹਿ ਢਿਲਵਾਂ ਕਪੂਰਥਲਾ ੭੪੬
੨੬ ਸਾਵਣ ਸ਼ ਸੰ ੧੧ ਪ੍ਰੀਤਮ ਸਿੰਘ ਦੇ ਗ੍ਰਿਹਿ ਢਿਲਵਾਂ ਕਪੂਰਥਲਾ ੭੪੭
੨੬ ਸਾਵਣ ਸ਼ ਸੰ ੧੧ ਹਜ਼ਾਰਾ ਸਿੰਘ ਦੇ ਗ੍ਰਿਹਿ ਢਿਲਵਾਂ ਕਪੂਰਥਲਾ ੭੪੯
੨੬ ਸਾਵਣ ਸ਼ ਸੰ ੧੧ ਹਜ਼ਾਰਾ ਸਿੰਘ ਦੇ ਗ੍ਰਿਹਿ ਫੱਤੂ ਚੱਕ ਕਪੂਰਥਲਾ ੭੫੧
੨੬ ਸਾਵਣ ਸ਼ ਸੰ ੧੧ ਦੌਲਤ ਸਿੰਘ ਦੇ ਗ੍ਰਿਹਿ ਕਪੂਰਥਲਾ ੭੫੨
ਪਹਿਲੀ ਭਾਦਰੋਂ ਸ਼ ਸੰ ੧੧ ਹਰਿ ਭਗਤ ਦੁਵਾਰ ਰਾਤ ਨੂੰ ਜੇਠੂਵਾਲ ਅੰਮ੍ਰਿਤਸਰ ੭੫੫


21 ੨੪

22

੨੪

| | | | | |
|---|---|---|---|---|
| ੦੨ ਭਾਦਰੋਂ ਸ਼ ਸੰ ੧੧ | ਹਰਿ ਭਗਤ ਦੁਵਾਰ ਹਰਿ ਸੰਗਤ ਨਵਿਤ | ਜੇਠੂਵਾਲ | ਅੰਮ੍ਰਿਤਸਰ | ੭੭੦ |
| ੦੪ ਭਾਦਰੋਂ ਸ਼ ਸੰ ੧੧ | ਕੇਹਰ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੭੭੨ |
| ੦੭ ਭਾਦਰੋਂ ਸ਼ ਸੰ ੧੧ | ਭਾਗ ਸਿੰਘ | ਮਾਹਲ | ਅੰਮ੍ਰਿਤਸਰ | ੭੭੩ |
| ੦੮ ਭਾਦਰੋਂ ਸ਼ ਸੰ ੧੧ | ਗੁਰਦਿਤ ਸਿੰਘ ਦੇ ਗ੍ਰਿਹਿ | ਤਲੇ | ਅੰਮ੍ਰਿਤਸਰ | ੭੭੭ |
| ੦੮ ਭਾਦਰੋਂ ਸ਼ ਸੰ ੧੧ | ਚਰਨ ਸਿੰਘ ਦੇ ਗ੍ਰਿਹਿ | ਮਾਨਾਂਵਾਲਾ | ਅੰਮ੍ਰਿਤਸਰ | ੭੭੯ |
| ੦੮ ਭਾਦਰੋਂ ਸ਼ ਸੰ ੧੧ | ਦਲੀਪ ਸਿੰਘ ਦੇ ਗ੍ਰਿਹਿ | ਮਾਨਾਂਵਾਲਾ | ਅੰਮ੍ਰਿਤਸਰ | ੭੮੧ |
| ੦੮ ਭਾਦਰੋਂ ਸ਼ ਸੰ ੧੧ | ਮੰਗਲ ਸਿੰਘ ਦੇ ਗ੍ਰਿਹਿ | ਸਾਰੰਗੜਾ | ਅੰਮ੍ਰਿਤਸਰ | ੭੮੨ |
| ੦੯ ਭਾਦਰੋਂ ਸ਼ ਸੰ ੧੧ | ਕਾਰਜ ਸਿੰਘ ਦੇ ਗ੍ਰਿਹਿ | ਸਾਰੰਗੜਾ | ਅੰਮ੍ਰਿਤਸਰ | ੭੮੪ |
| ੦੯ ਭਾਦਰੋਂ ਸ਼ ਸੰ ੧੧ | ਬੀਬੀ ਗੁਰਬਚਨ ਕੌਰ, ਬੀਬੀ ਛਿੰਦੋ ਦੇ ਗ੍ਰਿਹਿ | ਧਨੋਏ | ਅੰਮ੍ਰਿਤਸਰ | ੭੮੫ |
| ੦੯ ਭਾਦਰੋਂ ਸ਼ ਸੰ ੧੧ | ਅਵਤਾਰ ਸਿੰਘ ਦੇ ਗ੍ਰਿਹਿ | ਕਾਉਂਕੇ | ਅੰਮ੍ਰਿਤਸਰ | ੭੮੭ |
| ੧੦ ਭਾਦਰੋਂ ਸ਼ ਸੰ ੧੧ | ਜਗਮੋਹਣ ਸਿੰਘ ਦੇ ਗ੍ਰਿਹਿ | ਬੋਪਾਰਾਏ | ਅੰਮ੍ਰਿਤਸਰ | ੭੮੯ |
| ੧੦ ਭਾਦਰੋਂ ਸ਼ ਸੰ ੧੧ | ਮਹਿੰਦਰ ਸਿੰਘ ਦੇ ਗ੍ਰਿਹਿ | ਬੋਪਾਰਾਏ | ਅੰਮ੍ਰਿਤਸਰ | ੭੯੧ |
| ੧੦ ਭਾਦਰੋਂ ਸ਼ ਸੰ ੧੧ | ਨਰਾਇਣ ਸਿੰਘ ਦੇ ਗ੍ਰਿਹਿ | ਗੁਮਾਨ ਪੁਰ | ਅੰਮ੍ਰਿਤਸਰ | ੭੯੩ |
| ੧੦ ਭਾਦਰੋਂ ਸ਼ ਸੰ ੧੧ | ਅਜੀਤ ਸਿੰਘ ਦੇ ਗ੍ਰਿਹਿ | ਗੁਮਾਨ ਪੁਰ | ਅੰਮ੍ਰਿਤਸਰ | ੭੯੪ |
| ੧੧ ਭਾਦਰੋਂ ਸ਼ ਸੰ ੧੧ | ਸਵਰਨ ਸਿੰਘ ਦੇ ਗ੍ਰਿਹਿ | ਗੁਮਾਨ ਪੁਰ | ਅੰਮ੍ਰਿਤਸਰ | ੭੯੭ |
| ੧੧ ਭਾਦਰੋਂ ਸ਼ ਸੰ ੧੧ | ਕਰਤਾਰ ਸਿੰਘ ਦੇ ਗ੍ਰਿਹਿ | ਭੋਜੀਆਂ | ਅੰਮ੍ਰਿਤਸਰ | ੭੯੮ |
| ੧੧ ਭਾਦਰੋਂ ਸ਼ ਸੰ ੧੧ | ਮਹਿੰਦਰ ਸਿੰਘ ਦੇ ਗ੍ਰਿਹਿ | ਸੋਹਲ | ਅੰਮ੍ਰਿਤਸਰ | ੮੦੧ |
| ੧੧ ਭਾਦਰੋਂ ਸ਼ ਸੰ ੧੧ | ਵਰਿਆਮ ਸਿੰਘ ਦੇ ਗ੍ਰਿਹਿ | ਮਲੀਆਂ | ਅੰਮ੍ਰਿਤਸਰ | ੮੦੨ |
| ੧੧ ਭਾਦਰੋਂ ਸ਼ ਸੰ ੧੧ | ਚੰਨਣ ਸਿੰਘ ਦੇ ਗ੍ਰਿਹਿ | ਗੱਗੋਬੂਆ | ਅੰਮ੍ਰਿਤਸਰ | ੮੦੩ |
| ੧੨ ਭਾਦਰੋਂ ਸ਼ ਸੰ ੧੧ | ਗੁਰਬਖ਼ਸ਼ ਸਿੰਘ ਦੇ ਗ੍ਰਿਹਿ | ਗਗੋਬੂਆ | ਅੰਮ੍ਰਿਤਸਰ | ੮੦੫ |
| ੧੨ ਭਾਦਰੋਂ ਸ਼ ਸੰ ੧੧ | ਕਰਮ ਸਿੰਘ ਦੇ ਗ੍ਰਿਹਿ | ਗਗੋਬੂਆ | ਅੰਮ੍ਰਿਤਸਰ | ੮੦੬ |
| ੧੨ ਭਾਦਰੋਂ ਸ਼ ਸੰ ੧੧ | ਜਗੀਰ ਸਿੰਘ ਦੇ ਗ੍ਰਿਹਿ | ਗਗੋਬੂਆ | ਅੰਮ੍ਰਿਤਸਰ | ੮੦੭ |

22

੨੪

| | | | |
|---|---|---|---|
| ੧੨ ਭਾਦਰੋਂ ਸ਼ ਸੰ ੧੧ ਦਲੀਪ ਸਿੰਘ ਦੇ ਗ੍ਰਹਿ | ਗੱਗੋਬੂਆ | ਅੰਮ੍ਰਿਤਸਰ | ੯੦੯ |
| ੧੨ ਭਾਦਰੋਂ ਸ਼ ਸੰ ੧੧ ਮੁਖਤਿਆਰ ਸਿੰਘ ਦੇ ਗ੍ਰਹਿ | ਗਗੋਬੂਆ | ਅੰਮ੍ਰਿਤਸਰ | ੯੧੦ |
| ੧੨ ਭਾਦਰੋਂ ਸ਼ ਸੰ ੧੧ ਸਾਧੂ ਸਿੰਘ ਦੇ ਗ੍ਰਹਿ | ਝਾਂਮਕੇ | ਅੰਮ੍ਰਿਤਸਰ | ੯੧੧ |
| ੧੨ ਭਾਦਰੋਂ ਸ਼ ਸੰ ੧੧ ਗੰਡਾ ਸਿੰਘ ਦੇ ਗ੍ਰਹਿ | ਦਰਾਜਕੇ | ਅੰਮ੍ਰਿਤਸਰ | ੯੧੩ |
| ੧੩ ਭਾਦਰੋਂ ਸ਼ ਸੰ ੧੧ ਮਿਲਖਾ ਸਿੰਘ ਸਮੁੰਦ ਸਿੰਘ | ਮਾੜੀ | ਅੰਮ੍ਰਿਤਸਰ | ੯੧੫ |
| ੧੩ ਭਾਦਰੋਂ ਸ਼ ਸੰ ੧੧ ਰਘੁਬੀਰ ਸਿੰਘ ਦੇ ਗ੍ਰਹਿ | ਡਲੀਰੀ | ਅੰਮ੍ਰਿਤਸਰ | ੯੧੭ |
| ੧੩ ਭਾਦਰੋਂ ਸ਼ ਸੰ ੧੧ ਬੀਰ ਸਿੰਘ ਦੇ ਗ੍ਰਹਿ | ਕਲਸੀਆਂ | ਅੰਮ੍ਰਿਤਸਰ | ੯੧੮ |
| ੧੪ ਭਾਦਰੋਂ ਸ਼ ਸੰ ੧੧ ਬੇਬੇ ਮਨੀ ਦੇ ਗ੍ਰਹਿ | ਕਲਸੀਆਂ | ਅੰਮ੍ਰਿਤਸਰ | ੯੨੦ |
| ੧੪ ਭਾਦਰੋਂ ਸ਼ ਸੰ ੧੧ ਮੋਤਾ ਸਿੰਘ, ਦਲੀਪ ਸਿੰਘ, ਰਣਜੀਤ ਸਿੰਘ, ਛੁਮਣ ਸਿੰਘ, ਪਰਤਾਪ ਸਿੰਘ, ਗੁਲਾਬ ਕੌਰ ਡਲ | ਕਲਸੀਆਂ | | ੯੨੧ |
| ੧੪ ਭਾਦਰੋਂ ਸ਼ ਸੰ ੧੧ ਸੱਜਣ ਸਿੰਘ ਦੇ ਗ੍ਰਹਿ | ਕਲਸੀਆਂ | ਅੰਮ੍ਰਿਤਸਰ | ੯੨੩ |
| ੧੪ ਭਾਦਰੋਂ ਸ਼ ਸੰ ੧੧ ਮਨੀ ਰਾਮ ਦੇ ਗ੍ਰਹਿ | ਸਿਧਮ | ਅੰਮ੍ਰਿਤਸਰ | ੯੨੪ |
| ੧੫ ਭਾਦਰੋਂ ਸ਼ ਸੰ ੧੧ ਤੇਜਾ ਸਿੰਘ ਦੇ ਗ੍ਰਹਿ | ਬਾਸਰਕੇ | ਅੰਮ੍ਰਿਤਸਰ | ੯੨੬ |
| ੧੫ ਭਾਦਰੋਂ ਸ਼ ਸੰ ੧੧ ਜੀਤੋ ਦੇ ਗ੍ਰਹਿ | ਬਾਸਰਕੇ | ਅੰਮ੍ਰਿਤਸਰ | ੯੨੭ |
| ੧੫ ਭਾਦਰੋਂ ਸ਼ ਸੰ ੧੧ ਮੱਖਣ ਸਿੰਘ ਦੇ ਗ੍ਰਹਿ | ਸੁਗਾ | ਅੰਮ੍ਰਿਤਸਰ | ੯੨੮ |
| ੧੬ ਭਾਦਰੋਂ ਸ਼ ਸੰ ੧੧ ਕੇਸ਼ੋ ਰਾਮ ਦੇ ਗ੍ਰਹਿ | ਜੰਡੋ ਕੀ ਸਰਹਾਲੀ | ਅੰਮ੍ਰਿਤਸਰ | ੯੩੦ |
| ੧੬ ਭਾਦਰੋਂ ਸ਼ ਸੰ ੧੧ ਪੂਰਨ ਸਿੰਘ ਦੇ ਗ੍ਰਹਿ | ਚੰਬਲ | ਅੰਮ੍ਰਿਤਸਰ | ੯੩੨ |
| ੧੭ ਭਾਦਰੋਂ ਸ਼ ਸੰ ੧੧ ਮੋਹਣ ਸਿੰਘ ਦੇ ਗ੍ਰਹਿ | ਚੰਬਲ | ਅੰਮ੍ਰਿਤਸਰ | ੯੩੪ |
| ੧੭ ਭਾਦਰੋਂ ਸ਼ ਸੰ ੧੧ ਤੇਜਾ ਸਿੰਘ ਦੇ ਗ੍ਰਹਿ | ਚੰਬਲ | ਅੰਮ੍ਰਿਤਸਰ | ੯੩੬ |
| ੧੭ ਭਾਦਰੋਂ ਸ਼ ਸੰ ੧੧ ਨਿਰੰਜਣ ਸਿੰਘ ਦੇ ਗ੍ਰਹਿ | ਚੰਬਲ | ਅੰਮ੍ਰਿਤਸਰ | ੯੩੭ |
| ੧੭ ਭਾਦਰੋਂ ਸ਼ ਸੰ ੧੧ ਅਨੋਖ ਸਿੰਘ ਦੇ ਗ੍ਰਹਿ | ਚੰਬਲ | ਅੰਮ੍ਰਿਤਸਰ | ੯੩੭ |
| ੧੭ ਭਾਦਰੋ ਸ਼ ਸੰ ੧੧ ਚਰਨ ਸਿੰਘ ਦੇ ਗ੍ਰਹਿ | ਚੰਬਲ | ਅੰਮ੍ਰਿਤਸਰ | ੯੩੮ |

23 ੨੪




| | | | |
|---|---|---|---|
| ੧੭ ਭਾਦਰੋਂ ਸ਼ ਸੰ ੧੧ ਦੀਦਾਰ ਸਿੰਘ ਦੇ ਗ੍ਰਹਿ ਰਾਤ ਨੂੰ | ਜੱਟਾ | ਅੰਮ੍ਰਿਤਸਰ | ੮੩੮ |
| ੧੭ ਭਾਦਰੋਂ ਸ਼ ਸੰ ੧੧ ਗੁਰਬਚਨ ਸਿੰਘ ਦੇ ਗ੍ਰਹਿ | ਉਸਮਾ | ਅੰਮ੍ਰਿਤਸਰ | ੮੪੧ |
| ੧੯ ਭਾਦਰੋਂ ਸ਼ ਸੰ ੧੧ ਦਰਬਾਰਾ ਸਿੰਘ ਦੇ ਗ੍ਰਹਿ | ਵਰਿਆਂ | ਅੰਮ੍ਰਿਤਸਰ | ੮੪੩ |
| ੧੯ ਭਾਦਰੋਂ ਸ਼ ਸੰ ੧੧ ਸਵਰਨ ਸਿੰਘ ਦੇ ਗ੍ਰਹਿ | ਤਰਨਤਾਰਨ | ਅੰਮ੍ਰਿਤਸਰ | ੮੪੪ |
| ੧੯ ਭਾਦਰੋਂ ਸ਼ ਸੰ ੧੧ ਤਰਿਪਤ ਸਿੰਘ ਦੇ ਗ੍ਰਹਿ | ਪੰਡੋਰੀ | ਅੰਮ੍ਰਿਤਸਰ | ੮੪੪ |
| ੧੯ ਭਾਦਰੋਂ ਸ਼ ਸੰ ੧੧ ਮੱਖਣ ਸਿੰਘ ਦੇ ਗ੍ਰਹਿ | ਨੌਰੰਗਾਬਾਦ | ਅੰਮ੍ਰਿਤਸਰ | ੮੪੬ |
| ੧੯ ਭਾਦਰੋਂ ਸ਼ ਸੰ ੧੧ ਕਰਨੈਲ ਸਿੰਘ ਦੇ ਗ੍ਰਹਿ | ਨੌਰੰਗਾਬਾਦ | ਅੰਮ੍ਰਿਤਸਰ | ੮੪੭ |
| ੧੯ ਭਾਦਰੋਂ ਸ਼ ਸੰ ੧੧ ਮੱਸਾ ਸਿੰਘ ਦੇ ਗ੍ਰਹਿ | ਨੌਰੰਗਾਬਾਦ | ਅੰਮ੍ਰਿਤਸਰ | ੮੪੮ |
| ੧੯ ਭਾਦਰੋਂ ਸ਼ ਸੰ ੧੧ ਦਾਰਾ ਸਿੰਘ ਦੇ ਗ੍ਰਹਿ | ਨੌਰੰਗਾਬਾਦ | ਅੰਮ੍ਰਿਤਸਰ | ੮੫੦ |
| ੧੯ ਭਾਦਰੋਂ ਸ਼ ਸੰ ੧੧ ਅਜੈਬ ਕੌਰ ਦੇ ਗ੍ਰਹਿ | ਬਾਠ | ਅੰਮ੍ਰਿਤਸਰ | ੮੫੧ |
| ੧੯ ਭਾਦਰੋਂ ਸ਼ ਸੰ ੧੧ ਫਿਨੋ ਦੇ ਗ੍ਰਹਿ | ਬਾਠ | ਅੰਮ੍ਰਿਤਸਰ | ੮੫੨ |
| ੧੯ ਭਾਦਰੋਂ ਸ਼ ਸੰ ੧੧ ਮਹਿੰਦਰ ਸਿੰਘ ਦੇ ਗ੍ਰਹਿ | ਬਾਠ | ਅੰਮ੍ਰਿਤਸਰ | ੮੫੩ |
| ੧੯ ਭਾਦਰੋਂ ਸ਼ ਸੰ ੧੧ ਕੁੰਦਨ ਸਿੰਘ ਦੇ ਗ੍ਰਹਿ | ਮਾਲ ਚੱਕ | ਅੰਮ੍ਰਿਤਸਰ | ੮੫੪ |
| ੧੯ ਭਾਦਰੋਂ ਸ਼ ਸੰ ੧੧ ਗੁਰਨਾਮ ਸਿੰਘ ਦੇ ਗ੍ਰਹਿ | ਕੰਗ | ਅੰਮ੍ਰਿਤਸਰ | ੮੫੫ |
| ੧੯ ਭਾਦਰੋਂ ਸ਼ ਸੰ ੧੧ ਨਰਾਇਣ ਸਿੰਘ ਦੇ ਗ੍ਰਹਿ | ਕੰਗ | ਅੰਮ੍ਰਿਤਸਰ | ੮੫੬ |
| ੨੦ ਭਾਦਰੋਂ ਸ਼ ਸੰ ੧੧ ਸੁਖਦੇਵ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੮੫੮ |
| ੨੦ ਭਾਦਰੋਂ ਸ਼ ਸੰ ੧੧ ਗੁਰਦਿਆਲ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੮੫੮ |
| ੨੦ ਭਾਦਰੋਂ ਸ਼ ਸੰ ੧੧ ਕਰਮ ਸਿੰਘ, ਸਵਰਨ ਸਿੰਘ | ਕੱਲਾ | ਅੰਮ੍ਰਿਤਸਰ | ੮੬੦ |
| ੨੦ ਭਾਦਰੋਂ ਸ਼ ਸੰ ੧੧ ਨਾਜ਼ਰ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੮੬੧ |
| ੨੦ ਭਾਦਰੋਂ ਸ਼ ਸੰ ੧੧ ਸਰਮੁਖ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੮੬੧ |
| ੨੦ ਭਾਦਰੋਂ ਸ਼ ਸੰ ੧੧ ਗੁਰਦਿਆਲ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੮੬੨ |
| ੨੧ ਭਾਦਰੋਂ ਸ਼ ਸੰ ੧੧ ਉਤਮ ਸਿੰਘ ਦੇ ਗ੍ਰਹਿ | ਵੈਰੋਵਾਲ | ਅੰਮ੍ਰਿਤਸਰ | ੮੬੩ |





24 ੨੪

| | | | |
|---|---|---|---|
| ੨੧ ਭਾਦਰੋਂ ਸ਼ ਸੰ ੧੧ ਸੋਹਣ ਸਿੰਘ ਦੇ ਗ੍ਰਿਹਿ | ਰਾਮਪੁਰ | ਅੰਮ੍ਰਿਤਸਰ | ੮੬੫ |
| ੨੧ ਭਾਦਰੋਂ ਸ਼ ਸੰ ੧੧ ਅਵਤਾਰ ਸਿੰਘ ਦੇ ਗ੍ਰਿਹਿ | ਐਕਲਗਡਾ | ਅੰਮ੍ਰਿਤਸਰ | ੮੬੬ |
| ੨੨ ਭਾਦਰੋਂ ਸ਼ ਸੰ ੧੧ ਬੂਟਾ ਸਿੰਘ ਸੁਰਗਵਾਸੀ | ਐਕਲਗਡਾ | ਅੰਮ੍ਰਿਤਸਰ | ੮੬੮ |
| ੨੨ ਭਾਦਰੋਂ ਸ਼ ਸੰ ੧੧ ਬਲਵੰਤ ਕੌਰ ਦੇ ਗ੍ਰਿਹਿ | ਧਾਰੜ | ਅੰਮ੍ਰਿਤਸਰ | ੮੬੯ |
| ੨੨ ਭਾਦਰੋਂ ਸ਼ ਸੰ ੧੧ | ਸ਼ਫੀ ਪੁਰ | ਅੰਮ੍ਰਿਤਸਰ | ੮੭੦ |
| ੨੨ ਭਾਦਰੋਂ ਸ਼ ਸੰ ੧੧ ਕਰਮ ਸਿੰਘ ਦੇ ਗ੍ਰਿਹਿ | ਬੰਡਾਲਾ | ਅੰਮ੍ਰਿਤਸਰ | ੮੭੨ |
| ੨੨ ਭਾਦਰੋਂ ਸ਼ ਸੰ ੧੧ ਬੁਢਾ ਸਿੰਘ ਦੇ ਗ੍ਰਿਹਿ | ਬੰਡਾਲਾ | ਅੰਮ੍ਰਿਤਸਰ | ੮੭੩ |
| ੨੨ ਭਾਦਰੋਂ ਸ਼ ਸੰ ੧੧ ਕਿਰਪਾ ਸਿੰਘ ਦੇ ਗ੍ਰਿਹਿ | ਬੰਡਾਲਾ | ਅੰਮ੍ਰਿਤਸਰ | ੮੭੪ |
| ੨੨ ਭਾਦਰੋਂ ਸ਼ ਸੰ ੧੧ ਜਸਵੰਤ ਸਿੰਘ ਦੇ ਗ੍ਰਿਹਿ | ਬੰਡਾਲਾ | ਅੰਮ੍ਰਿਤਸਰ | ੮੭੫ |
| ੨੨ ਭਾਦਰੋਂ ਸ਼ ਸੰ ੧੧ ਤਰਲੋਕ ਸਿੰਘ ਦੇ ਗ੍ਰਿਹਿ | ਬੰਡਾਲਾ | ਅੰਮ੍ਰਿਤਸਰ | ੮੭੫ |
| ੨੨ ਭਾਦਰੋਂ ਸ਼ ਸੰ ੧੧ ਸੰਤੋ ਦੇ ਗ੍ਰਿਹਿ | ਬੰਡਾਲਾ | ਅੰਮ੍ਰਿਤਸਰ | ੮੭੭ |
| ੨੨ ਭਾਦਰੋਂ ਸ਼ ਸੰ ੧੧ ਸ਼ਿਗਾਰਾ ਸਿੰਘ ਦੇ ਗ੍ਰਿਹਿ | ਪਖੋ ਕੇ | ਅੰਮ੍ਰਿਤਸਰ | ੮੭੭ |
| ੨੨ ਭਾਦਰੋਂ ਸ਼ ਸੰ ੧੧ ਬੰਸੋ ਦੇ ਗ੍ਰਿਹਿ | ਠੱਠੀਆਂ | ਅੰਮ੍ਰਿਤਸਰ | ੮੭੯ |
| ੨੨ ਭਾਦਰੋਂ ਸ਼ ਸੰ ੧੧ ਸਵਰਨ ਸਿੰਘ ਦੇ ਗ੍ਰਿਹਿ | ਜੰਡੀਆਲਾ ਗੁਰੂ | ਅੰਮ੍ਰਿਤਸਰ | ੮੮੦ |
| ੨੨ ਭਾਦਰੋਂ ਸ਼ ਸੰ ੧੧ ਸੁਰੈਣ ਸਿੰਘ ਦੇ ਗ੍ਰਿਹਿ | ਜੰਡੀਆਲਾ ਗੁਰੂ | ਅੰਮ੍ਰਿਤਸਰ | ੮੮੨ |
| ੨੨ ਭਾਦਰੋਂ ਸ਼ ਸੰ ੧੧ ਹਰਿ ਸੰਗਤ ਜੰਡਿਆਲਾ ਨਵਿਤ | ਜੰਡਿਆਲਾ ਗੁਰੂ | ਅੰਮ੍ਰਿਤਸਰ | ੮੮੩ |
| ੨੩ ਭਾਦਰੋਂ ਸ਼ ਸੰ ੧੧ ਸੰਤੋਖ ਸਿੰਘ ਦੇ ਗ੍ਰਿਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੮੮੫ |
| ੨੩ ਭਾਦਰੋਂ ਸ਼ ਸੰ ੧੧ ਦਲੀਪ ਸਿੰਘ ਦੇ ਗ੍ਰਿਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੮੮੬ |
| ੨੩ ਭਾਦਰੋਂ ਸ਼ ਸੰ ੧੧ ਤੇਜਾ ਸਿੰਘ ਦੇ ਗ੍ਰਿਹਿ | ਜੰਡਿਆਲਾ ਗੁਰੂ | ਅੰਮ੍ਰਿਤਸਰ | ੮੮੭ |
| ੨੪ ਭਾਦਰੋਂ ਸ਼ ਸੰ ੧੧ ਗੁਰਦਿਆਲ ਸਿੰਘ ਦੇ ਗ੍ਰਿਹਿ | ਮੂਧਲ | ਅੰਮ੍ਰਿਤਸਰ | ੮੮੮ |
| ੨੪ ਭਾਦਰੋਂ ਸ਼ ਸੰ ੧੧ ਅਜੀਤ ਸਿੰਘ ਦੇ ਗ੍ਰਿਹਿ | ਵੇਰਕਾ | ਅੰਮ੍ਰਿਤਸਰ | ੮੯੦ |
| ੨੪ ਭਾਦਰੋਂ ਸ਼ ਸੰ ੧੧ ਹਰਨਾਮ ਕੌਰ ਦੇ ਗ੍ਰਿਹਿ | ਵੇਰਕਾ | ਅੰਮ੍ਰਿਤਸਰ | ੮੯੨ |


25
੨੪

| | | | |
|---|---|---|---|
| ੨੪ ਭਾਦਰੋਂ ਸ਼ ਸੰ ੧੧ ਕਰਤਾਰ ਸਿੰਘ ਦੇ ਗ੍ਰਹਿ | ਵੇਰਕਾ | ਅੰਮ੍ਰਿਤਸਰ | ੮੯੩ |
| ੨੪ ਭਾਦਰੋਂ ਸ਼ ਸੰ ੧੧ ਗੁਰਨਾਮ ਸਿੰਘ ਦੇ ਗ੍ਰਹਿ | ਵੇਰਕਾ | ਅੰਮ੍ਰਿਤਸਰ | ੮੯੪ |
| ੨੮ ਭਾਦਰੋਂ ਸ਼ ਸੰ ੧੧ ਗੁਲਜ਼ਾਰ ਸਿੰਘ ਦੇ ਗ੍ਰਹਿ | ਰੂਪੋਵਾਲੀ | ਅੰਮ੍ਰਿਤਸਰ | ੮੯੬ |
| ੨੮ ਭਾਦਰੋਂ ਸ਼ ਸੰ ੧੧ ਸੁਰਜਨ ਸਿੰਘ, ਮਹਿੰਦਰ ਸਿੰਘ, ਬਚਨ ਸਿੰਘ ਦੇ ਗ੍ਰਹਿਮਾਂਗਾ | ਸਰਾਏ | ਅੰਮ੍ਰਿਤਸਰ | ੮੯੮ |
| ੨੯ ਭਾਦਰੋਂ ਸ਼ ਸੰ ੧੧ ਚਰਨ ਸਿੰਘ ਦੇ ਗ੍ਰਹਿ | ਮਾਂਗਾ ਸਰਾਏ | ਅੰਮ੍ਰਿਤਸਰ | ੯੦੧ |
| ੨੯ ਭਾਦਰੋਂ ਸ਼ ਸੰ ੧੧ ਅਜੀਤ ਸਿੰਘ ਦੇ ਗ੍ਰਹਿ | ਮਾਂਗਾ ਸਰਾਏ | ਅੰਮ੍ਰਿਤਸਰ | ੯੦੨ |
| ੨੯ ਭਾਦਰੋਂ ਸ਼ ਸੰ ੧੧ ਜਗੀਰ ਸਿੰਘ ਦੇ ਗ੍ਰਹਿ | ਮੈਣੀਆਂ ਕਹਾਰਾਂ | ਅੰਮ੍ਰਿਤਸਰ | ੯੦੩ |
| ੨੯ ਭਾਦਰੋਂ ਸ਼ ਸੰ ੧੧ ਗੁਰਾ ਸਿੰਘ, ਸਰਮੁਖ ਸਿੰਘ | ਨਿਜ਼ਾਮਪੁਰ | ਅੰਮ੍ਰਿਤਸਰ | ੯੦੫ |
| ੨੯ ਭਾਦਰੋਂ ਸ਼ ਸੰ ੧੧ ਪ੍ਰੀਤਮ ਸਿੰਘ ਦੇ ਗ੍ਰਹਿ, ਠਾਕਰ ਸਿੰਘ, ਕਰਤਾਰ ਸਿੰਘ, ਜਸਵੰਤ ਸਿੰਘ, ਬਲਵੰਤ ਸਿੰਘ, ਇੰਦਰ ਕੌਰ ਬੋਹੜ | ਨਿਜ਼ਾਮਪੁਰ | ਅੰਮ੍ਰਿਤਸਰ | ੯੦੬ |
| ੩੦ ਭਾਦਰੋਂ ਸ਼ ਸੰ ੧੧ ਦਰਬਾਰ ਨਿਵਾਸੀ ਦਲੀਪ ਸਿੰਘ, ਰਤਨ ਸਿੰਘ, ਕਸ਼ਮੀਰ ਸਿੰਘ, ਸੁਲੱਖਣ ਸਿੰਘ, ਪ੍ਰੀਤਮ ਸਿੰਘ, ਭਜਨ ਸਿੰਘ, ਈਸ਼ਰ ਸਿੰਘ, ਜੋਗਾ ਸਿੰਘ, ਭਾਨ ਸਿੰਘ | ਜੇਠੂਵਾਲ | ਅੰਮ੍ਰਿਤਸਰ | ੯੦੮ |
| ਪਹਿਲੀ ਅੱਸੂ ਸ਼ ਸੰ ੧੧ ਹਰਿ ਭਗਤ ਦੁਵਾਰ ਰਾਤ | ਜੇਠੂਵਾਲ | ਅੰਮ੍ਰਿਤਸਰ | ੯੦੯ |
| ੨ ਅੱਸੂ ਸ਼ ਸੰ ੧੧ ਕੁਲਵੰਤ ਸਿੰਘ ਦੇ ਗ੍ਰਹਿ | ਹੇਰਾਂ | ਅੰਮ੍ਰਿਤਸਰ | ੯੧੫ |
| ੩ ਅੱਸੂ ਸ਼ ਸੰ ੧੧ ਹਰਿ ਸੰਗਤ ਨਵਿਤ | ਜੇਠੂਵਾਲ | ਅੰਮ੍ਰਿਤਸਰ | ੯੨੦ |
| ੫ ਅੱਸੂ ਸ਼ ਸੰ ੧੧ ਧੁੱਸੀ ਤੇ ਸ਼ਾਮ ਨੂੰ | ਆਦੀ | ਗੁਰਦਾਸਪੁਰ | ੯੨੨ |
| ੫ ਅੱਸੂ ਸ਼ ਸੰ ੧੧ ਹਰਿ ਸੰਗਤ ਨਵਿਤ | ਬਾਬੂਪੁਰ | ਗੁਰਦਾਸਪੁਰ | ੯੨੩ |
| ੬ ਅੱਸੂ ਸ਼ ਸੰ ੧੧ ਹਜ਼ਾਰਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੯੨੭ |
| ੬ ਅੱਸੂ ਸ਼ ਸੰ ੧੧ ਕਿਸ਼ਨ ਸਿੰਘ ਦੇ ਗ੍ਰਹਿ | ਅਲੜ੍ਹ ਪਿੰਡੀ | ਗੁਰਦਾਸਪੁਰ | ੯੨੭ |

26 ੨੪

| | | | |
|---|---|---|---|
| ੬ ਅੱਸੂ ਸ਼ ਸੰ ੧੧ ਸੁਲੱਖਣੀ, ਵੀਰੋ ਦੇ ਗ੍ਰਹਿ | ਅਲੜ੍ਹ ਪਿੰਡੀ | ਗੁਰਦਾਸਪੁਰ | ੯੨੮ |
| ੬ ਅੱਸੂ ਸ਼ ਸੰ ੧੧ ਓਗਰਾ ਹਰਿ ਸੰਗਤ ਨਵਿਤ | ਓਗਰਾ | ਗੁਰਦਾਸਪੁਰ | ੯੩੦ |
| ੬ ਅੱਸੂ ਸ਼ ਸੰ ੧੧ ਸਵਰਗਵਾਸੀ ਕਰਮ ਸਿੰਘ ਦੇ ਨਵਿਤ | ਨਿਆ ਸਾਲਾ | ਗੁਰਦਾਸਪੁਰ | ੯੩੧ |
| ੭ ਅੱਸੂ ਸ਼ ਸੰ ੧੧ ਕਰਤਾਰ ਸਿੰਘ ਦੇ ਗ੍ਰਹਿ | ਭੂਮਲੀ | ਗੁਰਦਾਸਪੁਰ | ੯੩੨ |
| ੯ ਅੱਸੂ ਸ਼ ਸੰ ੧੧ ਗੈਹਿਣਾ ਸਿੰਘ | ਜੇਠੂਵਾਲ | ਅੰਮ੍ਰਿਤਸਰ | ੯੩੩ |
| ੧੬ ਅੱਸੂ ਸ਼ ਸੰ ੧੧ ਸਵਰਗ ਵਾਸੀ ਗੁਰਬਚਨ ਕੌਰ | ਕੱਲਾ ਨਵਿਤ ਜੇਠੂਵਾਲ | ਅੰਮ੍ਰਿਤਸਰ | ੯੩੪ |
| ੨੨ ਅੱਸੂ ਸ਼ ਸੰ ੧੧ ਨਾਜ਼ਰ ਸਿੰਘ ਦੇ ਗ੍ਰਹਿ | ਬੰਗਾ | ਲੁਧਿਆਣਾ | ੯੩੬ |
| ੨੩ ਅੱਸੂ ਸ਼ ਸੰ ੧੧ ਗੁਰਚਰਨ ਸਿੰਘ ਦੇ ਗ੍ਰਹਿ | ਰਜੋਵਾਲ | ਲੁਧਿਆਣਾ | ੯੩੮ |
| ੨੩ ਅੱਸੂ ਸ਼ ਸੰ ੧੧ ਉਜਾਗਰ ਸਿੰਘ ਦੇ ਗ੍ਰਹਿ | ਮਹੌਣ | ਲੁਧਿਆਣਾ | ੯੪੦ |
| ੨੩ ਅੱਸੂ ਸ਼ ਸੰ ੧੧ ਜਰਨੈਲ ਸਿੰਘ ਦੇ ਗ੍ਰਹਿ | ਮਹੌਣ | ਲੁਧਿਆਣਾ | ੯੪੩ |
| ੨੩ ਅੱਸੂ ਸ਼ ਸੰ ੧੧ ਗੁਰਦਰਸ਼ਨ ਸਿੰਘ ਦੇ ਗ੍ਰਹਿ ਰਾਮ ਸਰੂਪ, ਸੁਖਰਾਮ ਦਾਸ, ਕ੍ਰਿਸ਼ਨ ਕੁਮਾਰ, ਦੇਵੀ ਦਿਆਲ | ਸਰਹੰਦ | ਲੁਧਿਆਣਾ | ੯੪੪ |
| ੨੪ ਅੱਸੂ ਸ਼ ਸੰ ੧੧ ਗੁਰਦਰਸ਼ਨ ਸਿੰਘ ਦੇ ਗ੍ਰਹਿ | ਸਰਹੰਦ | ਲੁਧਿਆਣਾ | ੯੪੭ |
| ੨੪ ਅੱਸੂ ਸ਼ ਸੰ ੧੧ ਸਰਦਾਰਾ ਸਿੰਘ ਦੇ ਗ੍ਰਹਿ | ਰੌਣੀ | ਲੁਧਿਆਣਾ | ੯੪੮ |
| ੨੪ ਅੱਸੂ ਸ਼ ਸੰ ੧੧ ਗੁਰਨਾਮ ਸਿੰਘ, ਜਸਵੰਤ ਸਿੰਘ, ਪ੍ਰੇਮ ਸਿੰਘ, ਸ਼ਮਸ਼ੇਰ ਸਿੰਘ, ਰਾਜ ਸਿੰਘ, ਕਰਨੈਲ ਸਿੰਘ, ਇੰਦਰ ਸਿੰਘ | ਹਰਬੰਸ ਪੁਰਾ | ਲੁਧਿਆਣਾ | ੯੫੦ |
| ੨੪ ਅੱਸੂ ਸ਼ ਸੰ ੧੧ ਨਛੱਤਰ ਸਿੰਘ ਦੇ ਗ੍ਰਹਿ | ਦੋਰਾਹਾ | ਲੁਧਿਆਣਾ | ੯੫੨ |
| ੨੫ ਅੱਸੂ ਸ਼ ਸੰ ੧੧ ਗੱਜਣ ਸਿੰਘ ਦੇ ਗ੍ਰਹਿ | ਦੋਰਾਹਾ | ਲੁਧਿਆਣਾ | ੯੫੪ |
| ੨੫ ਅੱਸੂ ਸ਼ ਸੰ ੧੧ ਭਾਗ ਸਿੰਘ ਦੇ ਗ੍ਰਹਿ | ਦੋਰਾਹਾ | ਲੁਧਿਆਣਾ | ੯੫੫ |
| ੨੫ ਅੱਸੂ ਸ਼ ਸੰ ੧੧ ਗੁਰਨਾਮ ਕੌਰ ਦੇ ਗ੍ਰਹਿ | ਦੋਰਾਹਾ | ਲੁਧਿਆਣਾ | ੯੫੬ |
| ੨੫ ਅੱਸੂ ਸ਼ ਸੰ ੧੧ ਸ੍ਰੀ ਰਾਮ ਦੇ ਗ੍ਰਹਿ | ਮਕਸੂਦੜਾ | ਲੁਧਿਆਣਾ | ੯੫੯ |



27 ੨੪

| | | | |
|---|---|---|---|
| ੨੫ ਅੱਸੂ ਸ਼ ਸੰ ੧੧ ਹਰਬੰਸ ਸਿੰਘ, ਜਗਦੀਸ ਸਿੰਘ, ਦਰਸ਼ਨ ਸਿੰਘ ਦੇ ਗ੍ਰਿਹ | ਅਜਨੌਧ | ਲੁਧਿਆਣਾ | ੯੬੦ |
| ੨੫ ਅੱਸੂ ਸ਼ ਸੰ ੧੧ ਗੁਰਵੰਤ ਕੌਰ ਦੇ ਗ੍ਰਿਹ | ਸਾਹਨੇਵਾਲ | ਲੁਧਿਆਣਾ | ੯੬੧ |
| ੨੫ ਅੱਸੂ ਸ਼ ਸੰ ੧੧ ਭਾਗ ਸਿੰਘ ਦੇ ਗ੍ਰਿਹ | ਨੱਤ | ਲੁਧਿਆਣਾ | ੯੬੨ |
| ੨੫ ਅੱਸੂ ਸ਼ ਸੰ ੧੧ ਬੱਗਾ ਸਿੰਘ ਦੇ ਗ੍ਰਿਹ | ਸ਼ਿਮਲਾਪੁਰੀ | ਲੁਧਿਆਣਾ | ੯੬੪ |
| ੨੬ ਅੱਸੂ ਸ਼ ਸੰ ੧੧ ਹਰਭਜਨ ਸਿੰਘ ਦੇ ਗ੍ਰਿਹ | ਲੁਧਿਆਣਾ ਸ਼ਹਿਰ | ਲੁਧਿਆਣਾ | ੯੬੫ |
| ੨੬ ਅੱਸੂ ਸ਼ ਸੰ ੧੧ ਮਹਿੰਦਰ ਸਿੰਘ ਦੇ ਗ੍ਰਿਹ | ਲੁਧਿਆਣਾ ਸ਼ਹਿਰ | ਲੁਧਿਆਣਾ | ੯੬੬ |
| ੨੬ ਅੱਸੂ ਸ਼ ਸੰ ੧੧ ਕੁਲਦੀਪ ਕੌਰ ਦੇ ਗ੍ਰਿਹ | ਲੁਧਿਆਣਾ ਸ਼ਹਿਰ | ਲੁਧਿਆਣਾ | ੯੬੭ |
| ੨੬ ਅੱਸੂ ਸ਼ ਸੰ ੧੧ ਫੂਲਾ ਰਾਣੀ ਦੇ ਗ੍ਰਿਹ | ਲੁਧਿਆਣਾ ਸ਼ਹਿਰ | ਲੁਧਿਆਣਾ | ੯੬੭ |
| ੨੬ ਅੱਸੂ ਸ਼ ਸੰ ੧੧ ਹਰਬੰਸ ਕੌਰ ਦੇ ਗ੍ਰਿਹ | ਲੁਧਿਆਣਾ ਸ਼ਹਿਰ | ਲੁਧਿਆਣਾ | ੯੬੮ |
| ੨੬ ਅੱਸੂ ਸ਼ ਸੰ ੧੧ ਜਸਵੰਤ ਸਿੰਘ ਦੇ ਗ੍ਰਿਹ | ਸ਼ਿਮਲਾ ਪੁਰੀ | ਲੁਧਿਆਣਾ | ੯੬੯ |
| ੨੬ ਅੱਸੂ ਸੰ ੧੧ ਕੌਰ ਦੇ ਗ੍ਰਿਹ | ਮੰਗੋ ਵਾਲ | ਲੁਧਿਆਣਾ | ੯੭੧ |
| ੨੬ ਅੱਸੂ ਸ਼ ਸੰ ੧੧ ਹਰਬੰਸ ਸਿੰਘ ਦੇ ਗ੍ਰਿਹ | ਲੁਧਿਆਣਾ ਸ਼ਹਿਰ | ਲੁਧਿਆਣਾ | ੯੭੩ |
| ੨੭ ਅੱਸੂ ਸ਼ ਸੰ ੧੧ ਮਦਨ ਸਿੰਘ ਦੇ ਗ੍ਰਿਹ | ਲੁਧਿਆਣਾ ਸ਼ਹਿਰ | ਲੁਧਿਆਣਾ | ੯੭੫ |
| ੨੭ ਅੱਸੂ ਸ਼ ਸੰ ੧੧ ਗੁਰਦੇਵ ਸਿੰਘ ਦੇ ਗ੍ਰਿਹ | ਲੁਧਿਆਣਾ ਸ਼ਹਿਰ | ਲੁਧਿਆਣਾ | ੯੭੬ |
| ੨੭ ਅੱਸੂ ਸ਼ ਸੰ ੧੧ ਨਿਰਵੈਰ ਸਿੰਘ ਦੇ ਗ੍ਰਿਹ | ਲੁਧਿਆਣਾ ਸ਼ਹਿਰ | ਲੁਧਿਆਣਾ | ੯੭੭ |
| ੨੭ ਅੱਸੂ ਸ਼ ਸੰ ੧੧ ਲਾਲ ਸਿੰਘ ਦੇ ਗ੍ਰਿਹ | ਜਬੱਦੀ | ਲੁਧਿਆਣਾ | ੯੭੮ |
| ੨੭ ਅੱਸੂ ਸ਼ ਸੰ ੧੧ ਸੁਰਜਨ ਸਿੰਘ ਦੇ ਗ੍ਰਿਹ | ਜ਼ਬੱਦੀ | ਲੁਧਿਆਣਾ | ੯੭੯ |
| ੨੭ ਅੱਸੂ ਸ਼ ਸੰ ੧੧ ਨਿਰੰਜਣ ਸਿੰਘ ਦੇ ਗ੍ਰਿਹ | ਲੁਧਿਆਣਾ ਸ਼ਹਿਰ | ਲੁਧਿਆਣਾ | ੯੮੦ |
| ੨੭ ਅੱਸੂ ਸ਼ ਸੰ ੧੧ ਹਰਚਰਨ ਸਿੰਘ ਦੇ ਗ੍ਰਿਹ | ਸਰਾਭਾ ਨਗਰ | ਲੁਧਿਆਣਾ | ੯੮੨ |
| ੨੭ ਅੱਸੂ ਸ਼ ਸੰ ੧੧ ਅਜ਼ੈਬ ਸਿੰਘ ਦੇ ਗ੍ਰਿਹ | ਗੁੜੇ | ਲੁਧਿਆਣਾ | ੯੮੩ |
| ੨੭ ਅੱਸੂ ਸ਼ ਸੰ ੧੧ ਸਰਦਾਰ ਸਿੰਘ ਦੇ ਗ੍ਰਿਹ | ਮਸਤਾਕ ਗੰਜ | ਲੁਧਿਆਣਾ | ੯੮੪ |


28 ੨੪




| | | | | | | | |
|---|---|---|---|---|---|---|---|
| ੨੮ | ਅੱਸੂ | ਸ਼ | ਸੰ ੧੧ | ਸਵਿਤ੍ਰੀ ਦੇਵੀ ਦੇ ਗ੍ਰਹਿ | ਲੁਧਿਆਣਾ ਸ਼ਹਿਰ | ਲੁਧਿਆਣਾ | ੯੮੫ |
| ੨੮ | ਅੱਸੂ | ਸ਼ | ਸੰ ੧੧ | ਮਲਕੀਅਤ ਸਿੰਘ ਦੇ ਗ੍ਰਹਿ | ਚੰਦਾ ਸਿੰਘ ਕਾਲੋਨੀ | ਲੁਧਿਆਣਾ | ੯੮੬ |
| ੨੮ | ਅੱਸੂ | ਸ਼ | ਸੰ ੧੧ | ਮੱਘਰ ਸਿੰਘ ਦੇ ਗ੍ਰਹਿ | ਲੁਧਿਆਣਾ ਸ਼ਹਿਰ | ਲੁਧਿਆਣਾ | ੯੮੬ |
| ੨੮ | ਅੱਸੂ | ਸ਼ | ਸੰ ੧੧ | ਮਲਕੀਅਤ ਸਿੰਘ ਦੇ ਗ੍ਰਹਿ | ਲੁਧਿਆਣਾ ਸ਼ਹਿਰ | ਲੁਧਿਆਣਾ | ੯੮੭ |
| ੨੮ | ਅੱਸੂ | ਸ਼ | ਸੰ ੧੧ | ਮੋਹਣ ਸਿੰਘ ਦੇ ਗ੍ਰਹਿ | ਸਨੇਤ | ਲੁਧਿਆਣਾ | ੯੮੮ |
| ੨੮ | ਅੱਸੂ | ਸ਼ | ਸੰ ੧੧ | ਮਹਿੰਦਰ ਸਿੰਘ ਦੇ ਗ੍ਰਹਿ | ਝਮਟ | ਲੁਧਿਆਣਾ | ੯੮੯ |
| ੨੮ | ਅੱਸੂ | ਸ਼ | ਸੰ ੧੧ | ਭਗਵਾਨ ਸਿੰਘ ਦੇ ਗ੍ਰਹਿ | ਭਨੋਹੜ | ਲੁਧਿਆਣਾ | ੯੯੧ |
| ੨੮ | ਅੱਸੂ | ਸ਼ | ਸੰ ੧੧ | ਮਹਿੰਦਰ ਸਿੰਘ ਜੁਗਿੰਦਰ ਸਿੰਘ | ਦਾਖਾ | ਲੁਧਿਆਣਾ | ੯੯੨ |
| ੨੮ | ਅੱਸੂ | ਸ਼ | ਸੰ ੧੧ | ਪੂਰਨ ਸਿੰਘ ਦੇ ਗ੍ਰਹਿ | ਮੁੰਡਿਆਣੀ | ਲੁਧਿਆਣਾ | ੯੯੩ |
| ੨੮ | ਅੱਸੂ | ਸ਼ | ਸੰ ੧੧ | ਨਾਹਰ ਸਿੰਘ ਦੇ ਗ੍ਰਹਿ | ਰਕਬਾ | ਲੁਧਿਆਣਾ | ੯੯੪ |
| ੨੮ | ਅੱਸੂ | ਸ਼ | ਸੰ ੧੧ | ਗੁਰਨਾਮ ਸਿੰਘ ਦੇ ਗ੍ਰਹਿ | ਬੁਢੇਲ | ਲੁਧਿਆਣਾ | ੯੯੫ |
| ੨੯ | ਅੱਸੂ | ਸ਼ | ਸੰ ੧੧ | ਗੁਰਦਿਆਲ ਕੌਰ ਦੇ ਗ੍ਰਹਿ | ਬੋਪਾ ਰਾਏ | ਲੁਧਿਆਣਾ | ੯੯੭ |
| ੨੯ | ਅੱਸੂ | ਸ਼ | ਸੰ ੧੧ | ਹਰਚੰਦ ਸਿੰਘ ਦੇ ਗ੍ਰਹਿ | ਮੁਲਾਂ ਪੁਰ | ਲੁਧਿਆਣਾ | ੯੯੯ |
| ੨੯ | ਅੱਸੂ | ਸ਼ | ਸੰ ੧੧ | ਪਾਖਰ ਸਿੰਘ ਦੇ ਗ੍ਰਹਿ | ਮੋਹੀ | ਲੁਧਿਆਣਾ | ੧੦੦੧ |
| ੨੯ | ਅੱਸੂ | ਸ਼ | ਸੰ ੧੧ | ਧੰਨਾ ਸਿੰਘ ਦੇ ਗ੍ਰਹਿ | ਢਹਿ ਪਈ | ਲੁਧਿਆਣਾ | ੧੦੦੩ |
| ੩੦ | ਅੱਸੂ | ਸ਼ | ਸੰ ੧੧ | ਹਰੀ ਸਿੰਘ ਦੇ ਗ੍ਰਹਿ | ਮਹਿੰਮਾ ਸਿੰਘ ਵਾਲਾ | ਲੁਧਿਆਣਾ | ੧੦੦੫ |
| ੩੦ | ਅੱਸੂ | ਸ਼ | ਸੰ ੧੧ | ਬਲਵੰਤ ਸਿੰਘ ਦੇ ਗ੍ਰਹਿ | ਗੁਜ਼ਰਵਾਲ | ਲੁਧਿਆਣਾ | ੧੦੦੮ |
| ੩੦ | ਅੱਸੂ | ਸ਼ | ਸੰ ੧੧ | ਮੰਗਲ ਸਿੰਘ ਦੇ ਗ੍ਰਹਿ | ਪਖੋਵਾਲ | ਲੁਧਿਆਣਾ | ੧੦੦੯ |
| ੩੧ | ਅੱਸੂ | ਸ਼ | ਸੰ ੧੧ | ਕਰਮ ਸਿੰਘ ਦੇ ਗ੍ਰਹਿ | ਪਖੋਵਾਲ | ਲੁਧਿਆਣਾ | ੧੦੧੨ |
| ੩੧ | ਅੱਸੂ | ਸ਼ | ਸੰ ੧੧ | ਸਰਦਾਰਾ ਸਿੰਘ ਦੇ ਗ੍ਰਹਿ | ਪਖੋਵਾਲ | ਲੁਧਿਆਣਾ | ੧੦੧੩ |
| ੩੧ | ਅੱਸੂ | ਸ਼ | ਸੰ ੧੧ | ਸਾਧੂ ਸਿੰਘ ਦੇ ਗ੍ਰਹਿ | ਪਖੋਵਾਲ | ਲੁਧਿਆਣਾ | ੧੦੧੪ |
| ੩੧ | ਅੱਸੂ | ਸ਼ | ਸੰ ੧੧ | ਸਰਵਣ ਸਿੰਘ ਦੇ ਗ੍ਰਹਿ | ਪਖੋਵਾਲ | ਲੁਧਿਆਣਾ | ੧੦੧੬ |





29
੨੪

30
੨੪

| | | | |
|---|---|---|---|
| ੩੧ ਅੱਸੂ ਸ਼ ਸੰ ੧੧ ਜਸਵੰਤ ਸਿੰਘ ਦੇ ਗ੍ਰਿਹ | ਪਖੋਵਾਲ | ਲੁਧਿਆਣਾ | ੧੦੧੭ |
| ੩੧ ਅੱਸੂ ਸ਼ ਸੰ ੧੧ ਨਾਹਰ ਸਿੰਘ ਦੇ ਗ੍ਰਿਹ | ਡਾਂਗੋ | ਲੁਧਿਆਣਾ | ੧੦੧੮ |
| ੩੧ ਅੱਸੂ ਸ਼ ਸੰ ੧੧ ਖ਼ੁਸ਼ੀਆ ਸਿੰਘ ਦੇ ਗ੍ਰਿਹ | ਡਾਂਗੋ | ਲੁਧਿਆਣਾ | ੧੦੧੯ |
| ੩੧ ਅੱਸੂ ਸ਼ ਸੰ ੧੧ ਹਰਚਰਨ ਸਿੰਘ ਦੇ ਗ੍ਰਿਹ | ਡਾਂਗੋ | ਲੁਧਿਆਣਾ | ੧੦੨੦ |
| ੩੧ ਅੱਸੂ ਸ਼ ਸੰ ੧੧ ਲਾਲ ਸਿੰਘ ਦੇ ਗ੍ਰਿਹ | ਸ਼ਾਹ ਪੁਰ | ਲੁਧਿਆਣਾ | ੧੦੨੨ |
| ੩੧ ਅੱਸੂ ਸ਼ ਸੰ ੧੧ ਤੇਜਾ ਸਿੰਘ ਦੇ ਗ੍ਰਿਹ | ਲਤਾਲਾ | ਲੁਧਿਆਣਾ | ੧੦੨੪ |
| ੩੧ ਅੱਸੂ ਸ਼ ਸੰ ੧੧ ਭਾਨ ਸਿੰਘ ਦੇ ਗ੍ਰਿਹ | ਲਤਾਲਾ | ਲੁਧਿਆਣਾ | ੧੦੨੬ |
| ੩੧ ਅੱਸੂ ਸ਼ ਸੰ ੧੧ ਸਰਦਾਰਾ ਸਿੰਘ ਦੇ ਗ੍ਰਿਹ | ਸ਼ਾਹਜ਼ਹਾਨ ਪੁਰ | ਲੁਧਿਆਣਾ | ੧੦੨੭ |
| ੩੧ ਅੱਸੂ ਸ਼ ਸੰ ੧੧ ਜਗਜੀਤ ਸਿੰਘ ਦੇ ਗ੍ਰਿਹ | ਕਾਲਸਾ | ਲੁਧਿਆਣਾ | ੧੦੩੧ |
| ੩੧ ਅੱਸੂ ਸ਼ ਸੰ ੧੧ ਨਿਹਾਲ ਕੌਰ ਦੇ ਗ੍ਰਿਹ | ਕਾਮਲਪੁਰਾ | ਲੁਧਿਆਣਾ | ੧੦੩੩ |
| ਪਹਿਲੀ ਕੱਤਕ ਸ਼ ਸੰ ੧੧ ਮੇਹਰ ਸਿੰਘ ਦੇ ਗ੍ਰਿਹ | ਜਗਰਾਉਂ | ਲੁਧਿਆਣਾ | ੧੦੩੩ |
| ਪਹਿਲੀ ਕੱਤਕ ਸ਼ ਸੰ ੧੧ ਹਰਿ ਭਗਤ ਦੁਵਾਰ ਰਾਤ ਦੇ ਸਮੇਂ | ਜੇਠੂਵਾਲ | ਅੰਮ੍ਰਿਤਸਰ | ੧੦੩੫ |
| ੧੮ ਕੱਤਕ ਸ਼ ਸੰ ੧੧ ਹਰਿ ਭਗਤ ਦੁਵਾਰ ਦੀਵਾਲੀ ਦੀ ਰਾਤ | ਜੇਠੂਵਾਲ | ਅੰਮ੍ਰਿਤਸਰ | ੧੦੪੦ |
| ੧੯ ਕੱਤਕ ਸ਼ ਸੰ ੧੧ ਗੁਰਮੀਤ ਕੌਰ ਦੇ ਗ੍ਰਿਹ | ਪਹੂ ਵਿੰਡ ਵਾੜਾ | ਫਿਰੋਜ਼ਪੁਰ | ੧੦੪੧ |
| ੨੦ ਕੱਤਕ ਸ਼ ਸੰ ੧੧ ਜਰਨੈਲ ਸਿੰਘ ਦੇ ਗ੍ਰਿਹ | ਸ਼ਾਹਵਾਲਾ | ਫਿਰੋਜ਼ਪੁਰ | ੧੦੪੩ |
| ੨੦ ਕੱਤਕ ਸ਼ ਸੰ ੧੧ ਬਲਵੰਤ ਸਿੰਘ ਦੇ ਗ੍ਰਿਹ | ਤਲਵੰਡੀ ਜਲੋ ਕੇ | ਫਿਰੋਜ਼ਪੁਰ | ੧੦੪੬ |
| ੨੧ ਕੱਤਕ ਸ਼ ਸੰ ੧੧ ਮੋਹਣ ਸਿੰਘ ਦੇ ਗ੍ਰਿਹ | ਸ਼ਾਹ ਬੁੱਕਰ | ਫਿਰੋਜ਼ਪੁਰ | ੧੦੪੭ |
| ੨੧ ਕੱਤਕ ਸ਼ ਸੰ ੧੧ ਬਗੀਚਾ ਸਿੰਘ ਦੇ ਗ੍ਰਿਹ | ਫਤਹਿ ਗੜ੍ਹ | ਫਿਰੋਜ਼ਪੁਰ | ੧੦੪੯ |
| ੨੨ ਕੱਤਕ ਸ਼ ਸੰ ੧੧ ਇੰਦਰ ਸਿੰਘ ਦੇ ਗ੍ਰਿਹ | ਕਾਦਰ ਵਾਲਾ | ਫਿਰੋਜ਼ਪੁਰ | ੧੦੫੩ |
| ੨੨ ਕੱਤਕ ਸ਼ ਸੰ ੧੧ ਮਲ ਸਿੰਘ ਦੇ ਗ੍ਰਿਹ | ਰਜੀਵਾਲਾ | ਫਿਰੋਜ਼ਪੁਰ | ੧੦੫੬ |
| ੨੩ ਕੱਤਕ ਸ਼ ਸੰ ੧੧ ਗੁਰਨਾਮ ਸਿੰਘ ਦੇ ਗ੍ਰਿਹ | ਗਾਲਬ ਰਣ ਸਿੰਘ ਵਾਲਾ | ਫਿਰੋਜ਼ਪੁਰ | ੧੦੫੭ |
| ੨੩ ਕੱਤਕ ਸ਼ ਸੰ ੧੧ ਗੁਰਤੇਜ ਸਿੰਘ ਦੇ ਗ੍ਰਿਹ | ਘਲ ਕਲਾ | ਫਿਰੋਜ਼ਪੁਰ | ੧੦੬੦ |




| | | | | | | | |
|---|---|---|---|---|---|---|---|
| ੨੩ | ੱਕਤਕ | ਸ਼ ਸੰ ੧੧ | ਸੀਤਲ ਸਿੰਘ ਦੇ ਗ੍ਰਹਿ | ਡਗਰੂ | ਫਰੀਦਕੋਟ | ੧੦੬੨ |
| ੨੪ | ੱਕਤਕ | ਸ਼ ਸੰ ੧੧ | ਜਗਦੀਸ਼ ਦੇ ਗ੍ਰਹਿ | ਡਗਰੂ | ਫਰੀਦਕੋਟ | ੧੦੬੪ |
| ੨੪ | ੱਕਤਕ | ਸ਼ ਸੰ ੧੧ | ਧੰਨਾ ਸਿੰਘ ਦੇ ਗ੍ਰਹਿ | ਡਗਰੂ | ਫਰੀਦਕੋਟ | ੧੦੬੫ |
| ੨੪ | ੱਕਤਕ | ਸ਼ ਸੰ ੧੧ | ਮੇਲਾ ਸਿੰਘ ਦੇ ਗ੍ਰਹਿ | ਡਗਰੂ | ਫਰੀਦਕੋਟ | ੧੦੬੬ |
| ੨੪ | ੱਕਤਕ | ਸ਼ ਸੰ ੧੧ | ਗਿਆਨ ਸਿੰਘ ਗਹਿਣਾ ਸਿੰਘ ਦੇ ਗ੍ਰਹਿ | ਡਗਰੂ | ਫਰੀਦਕੋਟ | ੧੦੬੬ |
| ੨੪ | ੱਕਤਕ | ਸ਼ ਸੰ ੧੧ | ਸੁੰਦਰ ਸਿੰਘ ਦੇ ਗ੍ਰਹਿ | ਫਿਰੋਜ਼ਸ਼ਾਹ | ਫਿਰੋਜ਼ਪੁਰ | ੧੦੬੭ |
| ੨੪ | ੱਕਤਕ | ਸ਼ ਸੰ ੧੧ | ਸਾਧੂ ਸਿੰਘ ਦੇ ਗ੍ਰਹਿ | ਬਸਤੀ ਤੇਗਾ ਸਿੰਘ ਵਾਲੀ | ਫਿਰੋਜ਼ਪੁਰ | ੧੦੬੮ |
| ੨੫ | ੱਕਤਕ | ਸ਼ ਸੰ ੧੧ | ਰਾਮ ਸਿੰਘ ਦੇ ਗ੍ਰਹਿ | ਗਵਾਲ ਟੋਲੀ | ਫਿਰੋਜ਼ਪੁਰ ਛਾਉਂਣੀ | ੧੦੭੦ |
| ੨੫ | ੱਕਤਕ | ਸ਼ ਸੰ ੧੧ | ਗੁਰਚਰਨ ਕੌਰ ਦੇ ਗ੍ਰਹਿ | ਹੀਰਾ ਮੰਡੀ ਗੇਟ | ਫਿਰੋਜ਼ਪੁਰ | ੧੦੭੨ |
| ੨੫ | ੱਕਤਕ | ਸ਼ ਸੰ ੧੧ | ਸਰਦੂਲ ਸਿੰਘ ਦੇ ਗ੍ਰਹਿ | ਫਿਰੋਜ਼ਪੁਰ ਛਾਉਣੀ | | ੧੦੭੪ |
| ੨੬ | ੱਕਤਕ | ਸ਼ ਸੰ ੧੧ | ਬ੍ਰਹਮ ਕੁਮਾਰੀਆਂ ਦੇ ਆਸ਼ਰਮ ਵਿਚ | | ਫਿਰੋਜ਼ਪੁਰ | ੧੦੭੫ |
| ੨੬ | ੱਕਤਕ | ਸ਼ ਸੰ ੧੧ | ਗੁਰਦੀਪ ਸਿੰਘ ਦੇ ਗ੍ਰਹਿ | ਤੂਤਾਂ ਵਾਲਾ | ਫਿਰੋਜ਼ਪੁਰ | ੧੦੭੯ |
| ੨੬ | ੱਕਤਕ | ਸ਼ ਸੰ ੧੧ | ਸੁਲਖਣ ਸਿੰਘ ਦੇ ਗ੍ਰਹਿ | ਰੁਕਨਾ ਮੁੰਗਲਾ | ਫਿਰੋਜ਼ਪੁਰ | ੧੦੮੦ |
| ੨੬ | ੱਕਤਕ | ਸ਼ ਸੰ ੧੧ | ਸੰਪੂਰਨ ਸਿੰਘ ਦੇ ਗ੍ਰਹਿ | ਚਕ ਨਿਧਾਨਾ | ਫਿਰੋਜ਼ਪੁਰ | ੧੦੮੧ |
| ੨੭ | ੱਕਤਕ | ਸ਼ ਸੰ ੧੧ | ਕਰਨੈਲ ਸਿੰਘ, ਇਕਬਾਲ ਸਿੰਘ, ਰਾਜ ਸਿੰਘ ਅਜੈਬ ਸਿੰਘ, ਨਛੱਤਰ ਸਿੰਘ ਦੇ ਨਵਿਤ | | ਫਰੀਦਕੋਟ | ੧੦੮੩ |
| ੨੭ | ੱਕਤਕ | ਸ਼ ਸੰ ੧੧ | ਖੇਮ ਸਿੰਘ ਦੇ ਗ੍ਰਹਿ | ਕੋਟਕਪੂਰਾ | ਫਰੀਦਕੋਟ | ੧੦੮੫ |
| ੨੮ | ੱਕਤਕ | ਸ਼ ਸੰ ੧੧ | ਮੱਘਰ ਸਿੰਘ ਦੇ ਗ੍ਰਹਿ | ਬਰਗਾੜੀ | ਫਰੀਦਕੋਟ | ੧੦੯੦ |
| ੨੮ | ੱਕਤਕ | ਸ਼ ਸੰ ੧੧ | ਚੰਨਣ ਸਿੰਘ ਦੇ ਗ੍ਰਹਿ | ਵਾਂਦਰ | ਫਰੀਦਕੋਟ | ੧੦੯੨ |
| ੨੮ | ੱਕਤਕ | ਸ਼ ਸੰ ੧੧ | ਸਤਿਨਾਮ ਸਿੰਘ ਦੇ ਗ੍ਰਹਿ | ਦਬੜੀ ਖਾਨਾ | ਫਰੀਦਕੋਟ | ੧੦੯੪ |
| ੨੮ | ੱਕਤਕ | ਸ਼ ਸੰ ੧੧ | ਹਰਚੰਦ ਸਿੰਘ ਦੇ ਗ੍ਰਹਿ | ਹਰਿਰਾਏ ਪੁਰ | ਬਠਿੰਡਾ | ੧੦੯੫ |
| ੨੯ | ੱਕਤਕ | ਸ਼ ਸੰ ੧੧ | ਬਸੰਤ ਕੌਰ ਦੇ ਗ੍ਰਹਿ | ਸਮਾਲਸਰ | ਬਠਿੰਡਾ | ੧੦੯੭ |





31 ੨੪




| | | | |
|---|---|---|---|
| ੨੯ ਕੱਤਕ ਸ਼ ਸੰ ੧੧ ਜਸਵੰਤ ਸਿੰਘ ਦੇ ਗ੍ਰਹਿ | ਰਾਜੇਆਣਾ | ਫਰੀਦਕੋਟ | ੧੦੯੮ |
| ੨੯ ਕੱਤਕ ਸ਼ ਸੰ ੧੧ ਪ੍ਰੀਤਮ ਸਿੰਘ ਦੇ ਗ੍ਰਹਿ | ਨਾਥੇਵਾਲ | ਫਰੀਦਕੋਟ | ੧੧੦੦ |
| ੩੦ ਕੱਤਕ ਸ਼ ਸੰ ੧੧ ਪ੍ਰੀਤਮ ਸਿੰਘ ਦੇ ਗ੍ਰਹਿ | ਨਾਥੇਵਾਲ | ਫਰੀਦਕੋਟ | ੧੧੦੪ |
| ੩੦ ਕੱਤਕ ਸ਼ ਸੰ ੧੧ ਜੁਗਿੰਦਰ ਸਿੰਘ ਦੇ ਗ੍ਰਹਿ | ਨਾਥੇਵਾਲ | ਫਰੀਦਕੋਟ | ੧੧੦੫ |
| ੩੦ ਕੱਤਕ ਸ਼ ਸੰ ੧੧ ਸੁਰਜੀਤ ਕੌਰ ਦੇ ਗ੍ਰਹਿ | ਨਾਥੇਵਾਲ | ਫਰੀਦਕੋਟ | ੧੧੦੬ |
| ੩੦ ਕੱਤਕ ਸ਼ ਸੰ ੧੧ ਗੁਰਦਿਆਲ ਸਿੰਘ ਦੇ ਗ੍ਰਹਿ | ਰਾਮੂਵਾਲਾ | ਫਰੀਦਕੋਟ | ੧੧੦੭ |
| ੩੦ ਕੱਤਕ ਸ਼ ਸੰ ੧੧ ਕਰਤਾਰ ਸਿੰਘ ਦੇ ਗ੍ਰਹਿ | ਚੜਿਕ | ਫਰੀਦਕੋਟ | ੧੧੦੯ |
| ਪਹਿਲੀ ਮੱਘਰ ਸ਼ ਸੰ ੧੧ ਰਣਜੀਤ ਕੌਰ ਦੇ ਗ੍ਰਹਿ | ਚੜਿਕ | ਫਰੀਦਕੋਟ | ੧੧੧੧ |
| ਪਹਿਲੀ ਮੱਘਰ ਸ਼ ਸੰ ੧੧ ਕਪੂਰ ਸਿੰਘ ਦੇ ਗ੍ਰਹਿ | ਮੋਗਾ | ਫਰੀਦਕੋਟ | ੧੧੧੨ |
| ਪਹਿਲੀ ਮੱਘਰ ਸ਼ ਸੰ ੧੧ ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੧੧੭ |
| ੦੨ ਮੱਘਰ ਸ਼ ਸੰ ੧੧ ਆਤਮਾ ਸਿੰਘ ਮਲੂਵਾਲ ਦੇ ਨਵਿਤ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੧੧੨੧ |
| ੦੬ ਮੱਘਰ ਸ਼ ਸੰ ੧੧ ਹਰਿ ਭਗਤ ਦੁਵਾਰ ਪਿਆਰੋ ਜੇਠੂਵਾਲ ਵਾਲੀ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੧੨੩ |
| ੧੪ ਮੱਘਰ ਸ਼ ਸੰ ੧੧ ਸੁਰਗਵਾਸੀ ਨਿਰੰਜਣ ਕੌਰ ਜਲਾਲਾਬਾਦ | ਨੱਥੂ ਵਾਲੀ ਖੂਹੀ | ਅੰਮ੍ਰਿਤਸਰ | ੧੧੨੪ |
| ੧੫ ਮੱਘਰ ਸ਼ ਸੰ ੧੧ ਸੁਰਗਵਾਸੀ ਦਾਤੋ ਦੇ ਨਵਿਤ | ਰਾਮਪੁਰ | ਅੰਮ੍ਰਿਤਸਰ | ੧੧੨੭ |
| ੨੧ ਮੱਘਰ ਸ਼ ਸੰ ੧੧ ਜਗਜੀਤ ਸਿੰਘ ਦੇ ਗ੍ਰਹਿ | ਨਾਨਕ ਨਗਰ | ਜੰਮੂ | ੧੧੨੯ |
| ੨੨ ਮੱਘਰ ਸ਼ ਸੰ ੧੧ ਉਤਮ ਜੀਤ ਸਿੰਘ ਦੇ ਗ੍ਰਹਿ | ਨਾਨਕ ਨਗਰ | ਜੰਮੂ | ੧੧੩੫ |
| ੨੨ ਮੱਘਰ ਸ਼ ਸੰ ੧੧ ਬਾਗੋ ਦੇਵੀ ਦੇ ਨਵਿਤ | ਵਜ਼ਾਰਤ ਰੋਡ | ਜੰਮੂ | ੧੧੩੬ |
| ੨੨ ਮੱਘਰ ਸ਼ ਸੰ ੧੧ ਅਜੀਤ ਸਿੰਘ ਦੇ ਗ੍ਰਹਿ | ਵਜ਼ਾਰਤ ਰੋਡ | ਜੰਮੂ | ੧੧੩੬ |
| ੨੨ ਮੱਘਰ ਸ਼ ਸੰ ੧੧ ਰਾਮ ਕੌਰ ਦੇ ਗ੍ਰਹਿ | ਵਜ਼ਾਰਤ ਰੋਡ | ਜੰਮੂ | ੧੧੩੭ |
| ੨੨ ਮੱਘਰ ਸ਼ ਸੰ ੧੧ ਛੁੱਮਣ ਸਿੰਘ ਦੇ ਗ੍ਰਹਿ | ਵਜ਼ਾਰਤ ਰੋਡ | ਜੰਮੂ | ੧੧੩੭ |





32 ੨੪

33
੨੪

| | | | | | | |
|---|---|---|---|---|---|---|
| ੨੨ | ਮੱਘਰ | ਸ਼ ਸੰ ੧੧ | ਭਾਈਆ ਦੇਵੀ ਦੇ ਗ੍ਰਿਹਿ | | ਜੰਮੂ | ੧੧੩੮ |
| ੨੨ | ਮੱਘਰ | ਸ਼ ਸੰ ੧੧ | ਓਮ ਪਰਕਾਸ਼ | ਅੰਬਾ ਰਾਏ ਅਖਨੂਰ | ਜੰਮੂ | ੧੧੩੯ |
| ੨੩ | ਮੱਘਰ | ਸ਼ ਸੰ ੧੧ | ਸੋਮਨਾਥ ਦੇ ਗ੍ਰਿਹਿ | ਅੰਬਾ ਰਾਏ ਅਖਨੂਰ | ਜੰਮੂ | ੧੧੪੦ |
| ੨੩ | ਮੱਘਰ | ਸ਼ ਸੰ ੧੧ | ਜੀਵਣ ਸਿੰਘ ਦੇ ਗ੍ਰਿਹਿ | ਝਮਾਂ ਅਖਨੂਰ | ਜੰਮੂ | ੧੧੪੨ |
| ੨੩ | ਮੱਘਰ | ਸ਼ ਸੰ ੧੧ | ਕੇਸਰ ਸਿੰਘ ਦੇ ਗ੍ਰਿਹਿ | ਝਮਾਂ ਤਹਿਸੀਲ ਅਖਨੂਰ | ਜੰਮੂ | ੧੧੪੩ |
| ੨੩ | ਮੱਘਰ | ਸ਼ ਸੰ ੧੧ | ਜੀਵਣ ਸਿੰਘ ਦੇ ਨਵਿਤ | ਝਮਾਂ ਤਹਿਸੀਲ ਅਖਨੂਰ | ਜੰਮੂ | ੧੧੪੪ |
| ੨੩ | ਮੱਘਰ | ਸ਼ ਸੰ ੧੧ | ਸ਼ਾਂਤੀ ਦੇਵੀ ਦੇ ਗ੍ਰਿਹਿ | ਅੰਬਾ ਰਾਏ ਤਹਿਸੀਲ ਅਖਨੂਰ | ਜੰਮੂ | ੧੧੪੫ |
| ੨੩ | ਮੱਘਰ | ਸ਼ ਸੰ ੧੧ | ਬੰਤੀ ਦੇਵੀ ਦੇ ਗ੍ਰਿਹਿ | ਅੰਬਾਰਾਏ ਤਹਿਸੀਲ ਅਖਨੂਰ | ਜੰਮੂ | ੧੧੪੬ |
| ੨੩ | ਮੱਘਰ | ਸ਼ ਸੰ ੧੧ | ਕਿਸ਼ਨ ਲਾਲ ਦੇ ਗ੍ਰਿਹਿ | ਬੰਮਭੜਵਾ ਤਹਿਸੀਲ ਅਖਨੂਰ | ਜੰਮੂ | ੧੧੪੬ |
| ੨੪ | ਮੱਘਰ | ਸ਼ ਸੰ ੧੧ | ਸ਼ਿਵ ਰਾਮ ਦੇ ਗ੍ਰਿਹਿ | ਅਖਨੂਰ | ਜੰਮੂ | ੧੧੪੮ |
| ੨੪ | ਮੱਘਰ | ਸ਼ ਸੰ ੧੧ | ਬਾਰੀ ਰਾਮ ਦੇ ਗ੍ਰਿਹਿ | ਦੇਈ ਪੁਰ ਤਹਿਸੀਲ ਅਖਨੂਰ | ਜੰਮੂ | ੧੧੫੧ |
| ੨੪ | ਮੱਘਰ | ਸ਼ ਸੰ ੧੧ | ਕੁਲਦੀਪ ਰਾਜ ਦੇ ਗ੍ਰਿਹਿ | ਮੁਠੀ ਤਹਿਸੀਲ ਅਖਨੂਰ | ਜੰਮੂ | ੧੧੫੩ |
| ੨੫ | ਮੱਘਰ | ਸ਼ ਸੰ ੧੧ | ਝੰਡੂ ਰਾਮ ਦੇ ਗ੍ਰਿਹਿ | ਜਿਉੜੀਆਂ | ਜੰਮੂ | ੧੧੫੬ |
| ੨੫ | ਮੱਘਰ | ਸ਼ ਸੰ ੧੧ | ਸਧਰੋ ਦੇਵੀ ਦਮਾਨਾ ਨਵਿਤ | ਜਿਉੜੀਆਂ | ਜੰਮੂ | ੧੧੫੬ |
| ੨੫ | ਮੱਘਰ | ਸ਼ ਸੰ ੧੧ | ਯਸ਼ਪਾਲ ਰਜਵਾਲ | ਜਿਉੜੀਆਂ | ਜੰਮੂ | ੧੧੫੭ |
| ੨੫ | ਮੱਘਰ | ਸ਼ ਸੰ ੧੧ | ਰਤਨ ਸਿੰਘ ਦੇ ਗ੍ਰਿਹਿ | ਹਮੀਪੁਰ ਕੋਨਾ | ਜੰਮੂ | ੧੧੫੮ |
| ੨੫ | ਮੱਘਰ | ਸ਼ ਸੰ ੧੧ | ਕੇਸਰੀ ਦੇਵੀ ਦੇ ਗ੍ਰਿਹਿ | ਰਾਨੀ ਬਾਗ | ਜੰਮੂ | ੧੧੫੯ |
| ੨੫ | ਮੱਘਰ | ਸ਼ ਸੰ ੧੧ | ਬਚਨੋ ਦੇਵੀ | ਸਰਵਾਲ | ਜੰਮੂ | ੧੧੫੯ |
| ੨੬ | ਮੱਘਰ | ਸ਼ ਸੰ ੧੧ | ਪਰਭਾਤ ਸਿੰਘ ਦੇ ਗ੍ਰਿਹਿ | ਹਮੀਪੁਰ ਕੋਨਾ | ਜੰਮੂ | ੧੧੬੦ |
| ੨੬ | ਮੱਘਰ | ਸ਼ ਸੰ ੧੧ | ਕਰੋੜ ਸਿੰਘ ਦੇ ਗ੍ਰਿਹਿ | ਹਮੀਪੁਰ ਕੋਨਾ | ਜੰਮੂ | ੧੧੬੨ |
| ੨੬ | ਮੱਘਰ | ਸ਼ ਸੰ ੧੧ | ਈਸ਼ਰ ਸਿੰਘ ਦੇ ਗ੍ਰਿਹਿ | ਦੜ | ਜੰਮੂ | ੧੧੬੨ |
| ੨੭ | ਮੱਘਰ | ਸ਼ ਸੰ ੧੧ | ਪਰਕਾਸ਼ ਸਿੰਘ ਦੇ ਗ੍ਰਿਹਿ | ਦੜ | ਜੰਮੂ | ੧੧੬੬ |




| | | | | | | | |
|---|---|---|---|---|---|---|---|
| ੨੭ | ਮੱਘਰ | ਸ਼ ਸੰ | ੧੧ | ਪਰਤਾਪ ਸਿੰਘ ਦੇ ਗ੍ਰਹਿ | ਦੜ | ਜੰਮੂ | ੧੧੬੭ |
| ੨੭ | ਮੱਘਰ | ਸ਼ ਸੰ | ੧੧ | ਹਯਾਤ ਮੁਹੰਮਦ ਦੇ ਗ੍ਰਹਿ ਸਰੋਟ ਤਹਿਸੀਲ ਅਖਨੂਰ | | ਜੰਮੂ | ੧੧੬੯ |
| ੨੮ | ਮੱਘਰ | ਸ਼ ਸੰ | ੧੧ | ਭਗਤ ਸਿੰਘ ਦੇ ਗ੍ਰਹਿ | ਕੀਰ | ਜੰਮੂ | ੧੧੭੧ |
| ੨੮ | ਮੱਘਰ | ਸ਼ ਸੰ | ੧੧ | ਜਸਵੰਤ ਕੌਰ ਦੇ ਗ੍ਰਹਿ ਕੋਠੇ ਨਿਹਾਲ ਸਿੰਘ ਸਿੰਬਲ | | ਜੰਮੂ | ੧੧੭੩ |
| ੨੮ | ਮੱਘਰ | ਸ਼ ਸੰ | ੧੧ | ਸੇਵਾ ਸਿੰਘ ਦੇ ਗ੍ਰਹਿ | ਕੀਰ | ਜੰਮੂ | ੧੧੭੪ |
| ੨੮ | ਮੱਘਰ | ਸ਼ ਸੰ | ੧੧ | ਤੇਜਭਾਨ ਦੇ ਗ੍ਰਹਿ | ਸਈ ਕਲਾਂ | ਜੰਮੂ | ੧੧੭੬ |
| ੨੯ | ਮੱਘਰ | ਸ਼ ਸੰ | ੧੧ | ਸ਼ਿਵ ਸਿੰਘ ਦੇ ਗ੍ਰਹਿ | ਸਈ ਕਲਾਂ | ਜੰਮੂ | ੧੧੮੧ |
| ੨੯ | ਮੱਘਰ | ਸ਼ ਸੰ | ੧੧ | ਭਗਵਾਨ ਸਿੰਘ ਦੇ ਗ੍ਰਹਿ | ਸਈ ਕਲਾ | ਜੰਮੂ | ੧੧੮੧ |
| ੨੯ | ਮੱਘਰ | ਸ਼ ਸੰ | ੧੧ | ਗਿਆਨ ਚੰਦ ਮਨਵਾਲ ਕੈਂਪ | ਸਈ ਕਲਾਂ | ਜੰਮੂ | ੧੧੮੨ |
| ੨੯ | ਮੱਘਰ | ਸ਼ ਸੰ | ੧੧ | ਸੋਭਾ ਸਿੰਘ ਦੇ ਗ੍ਰਹਿ | ਧੰਗਾਲੀ | ਜੰਮੂ | ੧੧੮੩ |
| ੨੯ | ਮੱਘਰ | ਸ਼ ਸੰ | ੧੧ | ਲਛਮਣ ਸਿੰਘ ਦੇ ਗ੍ਰਹਿ ਅੰਦਰ ਵੜਦਿਆਂ ਹੀ | ਧੰਗਾਲੀ ਕੈਂਪ | ਜੰਮੂ | ੧੧੮੪ |
| ੨੯ | ਮੱਘਰ | ਸ਼ ਸੰ | ੧੧ | ਲਛਮਣ ਸਿੰਘ ਦੇ ਗ੍ਰਹਿ ਰਾਤ ਨੂੰ | ਧੰਗਾਲੀ | ਜੰਮੂ | ੧੧੮੫ |
| ੨੯ | ਮੱਘਰ | ਸ਼ ਸੰ | ੧੧ | ਗੂੜ੍ਹਾ ਰਾਮ ਦੇ ਗ੍ਰਹਿ | ਸਈ ਖੁਰਦ | ਜੰਮੂ | ੧੧੮੭ |
| ੨੯ | ਮੱਘਰ | ਸ਼ ਸੰ | ੧੧ | ਰੋਸ਼ਨ ਲਾਲ ਦੇ ਗ੍ਰਹਿ | ਧੰਗਾਲੀ ਕਲਾਂ | ਜੰਮੂ | ੧੧੮੭ |
| ੨੯ | ਮੱਘਰ | ਸ਼ ਸੰ | ੧੧ | ਕ੍ਰਿਸ਼ਨਾ ਦੇਵੀ | ਧੰਗਾਲੀ ਕਲਾਂ | ਜੰਮੂ | ੧੧੮੮ |
| ੩੦ | ਮੱਘਰ | ਸ਼ ਸੰ | ੧੧ | ਖੇਮੋ ਦੇਵੀ ਦੇ ਗ੍ਰਹਿ | ਧੰਗਾਲੀ ਕਲਾਂ | ਜੰਮੂ | ੧੧੮੯ |
| ੩੦ | ਮੱਘਰ | ਸ਼ ਸੰ | ੧੧ | ਕੁਲਵੰਤ ਸਿੰਘ ਦੇ ਗ੍ਰਹਿ | ਧੰਗਾਲੀ ਕਲਾਂ | ਜੰਮੂ | ੧੧੯੦ |
| ੩੦ | ਮੱਘਰ | ਸ਼ ਸੰ | ੧੧ | ਬਿਸ਼ਨ ਸਿੰਘ ਦੇ ਗ੍ਰਹਿ | ਧੰਗਾਲੀ ਕਲਾਂ | ਜੰਮੂ | ੧੧੯੦ |
| ੩੦ | ਮੱਘਰ | ਸ਼ ਸੰ | ੧੧ | ਜਲੰਧਰ ਸਿੰਘ ਦੇ ਗ੍ਰਹਿ | ਧੰਗਾਲੀ ਕਲਾਂ | ਜੰਮੂ | ੧੧੯੧ |
| ੩੦ | ਮੱਘਰ | ਸ਼ ਸੰ | ੧੧ | ਦੇਵਾ ਸਿੰਘ ਦੇ ਗ੍ਰਹਿ | ਧੰਗਾਲੀ ਕਲਾਂ | ਜੰਮੂ | ੧੧੯੧ |
| ੩੦ | ਮੱਘਰ | ਸ਼ ਸੰ | ੧੧ | ਪੂਰਨ ਸਿੰਘ ਦੇ ਗ੍ਰਹਿ | ਧੰਗਾਲੀ ਕਲਾਂ | ਜੰਮੂ | ੧੧੯੧ |
| ੩੦ | ਮੱਘਰ | ਸ਼ ਸੰ | ੧੧ | ਬਚਨੋ ਦੇਵੀ ਦੇ ਗ੍ਰਹਿ | ਧੰਗਾਲੀ ਕਲਾਂ | ਜੰਮੂ | ੧੧੯੨ |





34 ੨੪

| | | | |
|---|---|---|---|
| ੩੦ ਮੱਘਰ ਸ਼ ਸੰ ੧੧ ਸਵਰਨੋ ਦੇਵੀ ਦੇ ਗ੍ਰਿਹ | ਧੰਗਾਲੀ ਕਲਾਂ | ਜੰਮੂ | ੧੧੯੩ |
| ੩੦ ਮੱਘਰ ਸ਼ ਸੰ ੧੧ ਬਲਬੀਰ ਸਿੰਘ ਅੰਗ੍ਰੇਜ਼ ਸਿੰਘ ਦੇ ਗ੍ਰਿਹ | ਧੰਗਾਲੀ ਕਲਾਂ | ਜੰਮੂ | ੧੧੯੩ |
| ੩੦ ਮੱਘਰ ਸ਼ ਸੰ ੧੧ ਵਕੀਲ ਸਿੰਘ ਦੇ ਗ੍ਰਿਹ | ਧੰਗਾਲੀ ਕਲਾਂ | ਜੰਮੂ | ੧੧੯੪ |
| ੩੦ ਮੱਘਰ ਸ਼ ਸੰ ੧੧ ਬਾਬੂ ਰਾਮ ਦੇ ਗ੍ਰਿਹ | ਦੀਵਾਨ ਗੜ੍ਹ | ਜੰਮੂ | ੧੧੯੬ |
| ੩੦ ਮੱਘਰ ਸ਼ ਸੰ ੧੧ ਮਾਇਆ ਦੇਵੀ ਦੇ ਗ੍ਰਿਹ | ਮਘੋਵਾਲੀ | ਜੰਮੂ | ੧੧੯੮ |
| ੩੦ ਮੱਘਰ ਸ਼ ਸੰ ੧੧ ਪਰਕਾਸ਼ ਸਿੰਘ ਦੇ ਗ੍ਰਿਹ | ਮਘੋਵਾਲੀ | ਜੰਮੂ | ੧੧੯੯ |
| ੩੦ ਮੱਘਰ ਸ਼ ਸੰ ੧੧ ਦੇਵੀ ਸਿੰਘ ਦੇ ਗ੍ਰਿਹ | ਮਘੋਵਾਲੀ | ਜੰਮੂ | ੧੨੦੦ |
| ੩੦ ਮੱਘਰ ਸ਼ ਸੰ ੧੧ ਸਰਦਾਰਾ ਸਿੰਘ ਦੇ ਗ੍ਰਿਹ ਦਰਵਾਜ਼ੇ ਅੰਦਰ ਵੜਦਿਆਂ | ਸੀੜ | ਜੰਮੂ | ੧੨੦੧ |
| ੩੦ ਮੱਘਰ ਸ਼ ਸੰ ੧੧ ਸਰਦਾਰਾ ਸਿੰਘ ਦੇ ਗ੍ਰਿਹ | ਸੀੜ | ਜੰਮੂ | ੧੨੦੨ |
| ੩੦ ਮੱਘਰ ਸ਼ ਸੰ ੧੧ ਗੁਰਨਾਮ ਸਿੰਘ ਦੇ ਗ੍ਰਿਹ | ਸੀੜ | ਜੰਮੂ | ੧੨੦੨ |
| ੩੦ ਮੱਘਰ ਸ਼ ਸੰ ੧੧ ਜੁਗਿੰਦਰ ਸਿੰਘ ਦੇ ਗ੍ਰਿਹ | ਸੀੜ | ਜੰਮੂ | ੧੨੦੩ |
| ੩੦ ਮੱਘਰ ਸ਼ ਸੰ ੧੧ ਜੁਗਿੰਦਰ ਸਿੰਘ, ਸੰਤੋਖ ਸਿੰਘ, ਸੋਹਣ ਸਿੰਘ, ਜਗਦੀਸ਼ ਸਿੰਘ ਦੇ ਗ੍ਰਿਹ | ਸੀੜ | ਜੰਮੂ | ੧੨੦੪ |
| ਪਹਿਲੀ ਪੋਹ ਸ਼ ਸੰ ੧੧ ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੨੦੬ |
| ੨ ਪੋਹ ਸ਼ ਸੰ ੧੧ ਦਿਲਬਾਗ ਸਿੰਘ ਦੇ ਨਵਿਤ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੧੨੧੩ |
| ੫ ਪੋਹ ਸ਼ ਸੰ ੧੧ ਹਰਿ ਭਗਤ ਦਵਾਰ ਨਿਹਾਲ ਬਾਈ ਬਟਾਲਾ ਦੇ ਨਵਿਤ ਪਰਲੋਕ ਸਿਧਾਰਨ ਉਪਰਾਂਤ | ਜੇਠੂਵਾਲ | ਅੰਮ੍ਰਿਤਸਰ | ੧੨੧੪ |
| ੨੧ ਪੋਹ ਸ਼ ਸੰ ੧੧ ਦਰਬਾਰ ਨਿਵਾਸੀ ਨਿਹੰਗ ਸਿੰਘ, ਪ੍ਰੀਤਮ ਸਿੰਘ, ਦਲੀਪ ਸਿੰਘ, ਰਤਨ ਸਿੰਘ ਈਸ਼ਰ ਸਿੰਘ, ਭਾਨ ਸਿੰਘ, ਕਸ਼ਮੀਰ ਸਿੰਘ, ਜੋਗਾ ਸਿੰਘ, ਜਗੀਰ ਸਿੰਘ | ਜੇਠੂਵਾਲ | ਅੰਮ੍ਰਿਤਸਰ | ੧੨੧੬ |
| ੨੬ ਪੋਹ ਸ਼ ਸੰ ੧੧ ਰਾਤ ਦੇ ਸਮੇਂ | ਜੇਠੂਵਾਲ | ਅੰਮ੍ਰਿਤਸਰ | ੧੨੧੮ |
| ੨੭ ਪੋਹ ਸ਼ ਸੰ ੧੧ ਰਾਤ ਦੇ ਸਮੇਂ | ਜੇਠੂਵਾਲ | ਅੰਮ੍ਰਿਤਸਰ | ੧੨੩੯ |


35 ੨੪

| | | | |
|---|---|---|---|
| ੨੮ ਪੋਹ ਸ਼ ਸੰ ੧੧ ਸਵੇਰੇ ਸ਼ਾਦੀਆਂ ਦੇ ਸਮੇਂ | ਜੇਠੂਵਾਲ | ਅੰਮ੍ਰਿਤਸਰ | ੧੨੫੨ |
| ੨੯ ਪੋਹ ਸ਼ ਸੰ ੧੧ ਲੋਹੜੀ ਵਾਲੀ ਰਾਤ | ਜੇਠੂਵਾਲ | ਅੰਮ੍ਰਿਤਸਰ | ੧੨੫੫ |
| ਪਹਿਲੀ ਮਾਘ ਸ਼ ਸੰ ੧੧ ਹਰਿ ਭਗਤ ਦੁਵਾਰ ਰਾਤ ਦੇ ਸਮੇਂ | ਜੇਠੂਵਾਲ | ਅੰਮ੍ਰਿਤਸਰ | ੧੨੫੭ |
| ੪ ਮਾਘ ਸ਼ ਸੰ ੧੧ ਪਿਆਰੇ ਲਾਲ ਦਰਸ਼ਨ ਸਿੰਘ | ਦੁਸਾਂਝ | ਜਲੰਧਰ | ੧੨੫੯ |
| ੫ ਮਾਘ ਸ਼ ਸੰ ੧੧ ਸੰਤੋਖ ਸਿੰਘ ਸੋਢੀਆਂ ਦੇ ਨਵਿਤ | ਦੁਸਾਂਝ | ਜਲੰਧਰ | ੧੨੬੨ |
| ੫ ਮਾਘ ਸ਼ ਸੰ ੧੧ | ਬਤਾਲਾ | ਅੰਮ੍ਰਿਤਸਰ | ੧੨੬੩ |
| ੬ ਮਾਘ ਸ਼ ਸੰ ੧੧ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੧੨੬੬ |
| ੬ ਮਾਘ ਸ਼ ਸੰ ੧੧ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੧੨੬੭ |
| ੧੧ ਮਾਘ ਸ਼ ਸੰ ੧੧ ਅਜੀਤ ਸਿੰਘ ਦੇ ਗ੍ਰਿਹਿ | ਬਟਾਲਾ | ਗੁਰਦਾਸਪੁਰ | ੧੨੬੮ |
| ੧੧ ਮਾਘ ਸ਼ ਸੰ ੧੧ ਸੁਰਜੀਤ ਸਿੰਘ ਦੇ ਗ੍ਰਿਹਿ | ਬਟਾਲਾ | ਗੁਰਦਾਸਪੁਰ | ੧੨੬੯ |
| ੧੧ ਮਾਘ ਸ਼ ਸੰ ੧੧ ਮੋਹਣ ਸਿੰਘ ਦੇ ਗ੍ਰਿਹਿ | ਤਾਰਾ ਚਕ | ਗੁਰਦਾਸਪੁਰ | ੧੨੭੦ |
| ੧੧ ਮਾਘ ਸ਼ ਸੰ ੧੧ ਵਿਰਸਾ ਸਿੰਘ ਦੇ ਗ੍ਰਿਹਿ | ਸ੍ਰੀ ਹਰਿ ਗੋਬਿੰਦਪੁਰ | ਗੁਰਦਾਸਪੁਰ | ੧੨੭੧ |
| ੧੧ ਮਾਘ ਸ਼ ਸੰ ੧੧ ਅਵਤਾਰ ਸਿੰਘ ਦੇ ਗ੍ਰਿਹਿ | ਮਾੜੀ ਪਨੂੰਆ | ਗੁਰਦਾਸਪੁਰ | ੧੨੭੨ |
| ੧੧ ਮਾਘ ਸ਼ ਸੰ ੧੧ ਰਣਧੀਰ ਸਿੰਘ ਦੇ ਗ੍ਰਿਹਿ | ਮਾੜੀ ਪਨੂੰਆ | ਗੁਰਦਾਸਪੁਰ | ੧੨੭੩ |
| ੧੨ ਮਾਘ ਸ਼ ਸੰ ੧੧ ਮੋਹਨ ਸਿੰਘ ਦੇ ਗ੍ਰਿਹਿ | ਕਾਦੀਆਂ | ਗੁਰਦਾਸਪੁਰ | ੧੨੭੪ |
| ੧੨ ਮਾਘ ਸ਼ ਸੰ ੧੧ ਚੰਨਣ ਸਿੰਘ ਦੇ ਗ੍ਰਿਹਿ | ਠੀਕਰੀ | ਗੁਰਦਾਸਪੁਰ | ੧੨੭੬ |
| ੧੨ ਮਾਘ ਸ਼ ਸੰ ੧੧ ਕਰਤਾਰ ਸਿੰਘ ਦੇ ਗ੍ਰਿਹਿ | ਭੂਮਲੀ | ਗੁਰਦਾਸਪੁਰ | ੧੨੭੭ |
| ੧੨ ਮਾਘ ਸ਼ ਸੰ ੧੧ ਸੁਖਜਿੰਦਰ ਸਿੰਘ ਦੇ ਗ੍ਰਿਹਿ | ਮਾਨੇ ਪੁਰ | ਗੁਰਦਾਸਪੁਰ | ੧੨੭੮ |
| ੧੨ ਮਾਘ ਸ਼ ਸੰ ੧੧ ਹਰਦੀਪ ਕੌਰ ਦੇ ਗ੍ਰਿਹਿ | ਫਤੂਨੰਗਲ | ਗੁਰਦਾਸਪੁਰ | ੧੨੮੦ |
| ੧੨ ਮਾਘ ਸ਼ ਸੰ ੧੧ ਜੁਗਿੰਦਰ ਸਿੰਘ ਦੇ ਗ੍ਰਿਹਿ | ਡਡਵਾਂ | ਗੁਰਦਾਸਪੁਰ | ੧੨੮੧ |
| ੧੨ ਮਾਘ ਸ਼ ਸੰ ੧੧ ਜਗੀਰ ਸਿੰਘ ਦੇ ਗ੍ਰਿਹਿ | ਸੋਹਲ | ਗੁਰਦਾਸਪੁਰ | ੧੨੮੩ |
| ੧੩ ਮਾਘ ਸ਼ ਸੰ ੧੧ ਦਾਰਾ ਸਿੰਘ ਦੇ ਗ੍ਰਿਹਿ | ਗਜ਼ਨੀਪੁਰ | ਗੁਰਦਾਸਪੁਰ | ੧੨੮੪ |


36
੨੪




| | | | |
|---|---|---|---|
| ੧੩ ਮਾਘ ਸ਼ ਸੰ ੧੧ ਸੁਲਖਣੀ ਦੇ ਗ੍ਰਹਿ | ਗਜ਼ਨੀਪੁਰ | ਗੁਰਦਾਸਪੁਰ | ੧੨੮੬ |
| ੧੩ ਮਾਘ ਸ਼ ਸੰ ੧੧ ਹਰਬੰਸ ਕੌਰ ਦੇ ਗ੍ਰਹਿ | ਗਜ਼ਨੀਪੁਰ | ਗੁਰਦਾਸਪੁਰ | ੧੨੮੭ |
| ੧੩ ਮਾਘ ਸ਼ ਸੰ ੧੧ ਗੁਰਮੁਖ ਸਿੰਘ ਦੇ ਗ੍ਰਹਿ | ਸ਼ੋਹਣ | ਗੁਰਦਾਸਪੁਰ | ੧੨੮੮ |
| ੧੩ ਮਾਘ ਸ਼ ਸੰ ੧੧ ਭਜਨ ਸਿੰਘ ਦੇ ਗ੍ਰਹਿ | ਜੀਉ ਜਲਾਈ | ਗੁਰਦਾਸਪੁਰ | ੧੨੮੯ |
| ੧੩ ਮਾਘ ਸ਼ ਸੰ ੧੧ ਗੁਰਦੇਵ ਸਿੰਘ ਦੇ ਗ੍ਰਹਿ | ਸ਼ੋਹਣ | ਗੁਰਦਾਸਪੁਰ | ੧੨੯੧ |
| ੧੩ ਮਾਘ ਸ਼ ਸੰ ੧੧ ਦੀਪੋ ਦੇ ਗ੍ਰਹਿ | ਦੋਸਤਪੁਰ | ਗੁਰਦਾਸਪੁਰ | ੧੨੯੨ |
| ੧੩ ਮਾਘ ਸ਼ ਸੰ ੧੧ ਕਿਸ਼ਨ ਸਿੰਘ ਦੇ ਗ੍ਰਹਿ | ਅਲੜ੍ਹਪਿੰਡੀ | ਗੁਰਦਾਸਪੁਰ | ੧੨੯੩ |
| ੧੪ ਮਾਘ ਸ਼ ਸੰ ੧੧ ਵਕੀਲ ਸਿੰਘ ਦੇ ਗ੍ਰਹਿ | ਅੱਲੜ੍ਹਪਿੰਡੀ | ਗੁਰਦਾਸਪੁਰ | ੧੨੯੬ |
| ੧੪ ਮਾਘ ਸ਼ ਸੰ ੧੧ ਦਲੀਪ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੨੯੬ |
| ੧੪ ਮਾਘ ਸ਼ ਸੰ ੧੧ ਦਵਿੰਦਰ ਸਿੰਘ ਦੇ ਨਵਿਤ | ਬਾਬੂਪੁਰ | ਗੁਰਦਾਸਪੁਰ | ੧੨੯੭ |
| ੧੪ ਮਾਘ ਸ਼ ਸੰ ੧੧ ਸੰਤਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੨੯੭ |
| ੧੪ ਮਾਘ ਸ਼ ਸੰ ੧੧ ਪਿਆਰਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੨੯੮ |
| ੧੪ ਮਾਘ ਸ਼ ਸੰ ੧੧ ਦਲੀਪ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੨੯੯ |
| ੧੪ ਮਾਘ ਸ਼ ਸੰ ੧੧ ਮੱਖਣ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੩੦੦ |
| ੧੪ ਮਾਘ ਸ਼ ਸੰ ੧੧ ਆਸਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੩੦੧ |
| ੧੪ ਮਾਘ ਸ਼ ਸੰ ੧੧ ਹਜ਼ਾਰਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੩੦੧ |
| ੧੪ ਮਾਘ ਸ਼ ਸੰ ੧੧ ਭਾਗ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੩੦੨ |
| ੧੪ ਮਾਘ ਸ਼ ਸੰ ੧੧ ਦੀਦਾਰ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੩੦੩ |
| ੧੫ ਮਾਘ ਸ਼ ਸੰ ੧੧ ਮੇਲਾ ਸਿੰਘ ਦੇ ਗ੍ਰਹਿ | ਬਾਬੂਪੁਰ | ਗੁਰਦਾਸਪੁਰ | ੧੩੦੮ |
| ੧੫ ਮਾਘ ਸ਼ ਸੰ ੧੧ ਸਵਰਨੀ ਦੇ ਗ੍ਰਹਿ | ਆਂਧੀ | ਗੁਰਦਾਸਪੁਰ | ੧੩੦੯ |
| ੧੫ ਮਾਘ ਸ਼ ਸੰ ੧੧ ਗੁਰਬਖ਼ਸ਼ ਸਿੰਘ ਦੇ ਗ੍ਰਹਿ | ਨੁਸ਼ਹਿਰਾ | ਗੁਰਦਾਸਪੁਰ | ੧੩੧੦ |
| ੧੫ ਮਾਘ ਸ਼ ਸੰ ੧੧ ਅਤਰ ਸਿੰਘ, ਚਤੁਰ ਸਿੰਘ ਦੇ ਗ੍ਰਹਿ | ਓਗਰਾ | ਗੁਰਦਾਸਪੁਰ | ੧੩੧੧ |





37
੨੪

| | | | | |
|---|---|---|---|---|
| ੧੫ ਮਾਘ ਸ਼ ਸੰ ੧੧ | ਗਿਆਨ ਸਿੰਘ, ਤਰਲੋਕ ਸਿੰਘ | ਓਗਰਾ | ਗੁਰਦਾਸਪੁਰ | ੧੩੧੨ |
| ੧੫ ਮਾਘ ਸ਼ ਸੰ ੧੧ | ਤਰਲੋਕ ਸਿੰਘ ਦੇ ਗ੍ਰਹਿ | ਓਗਰਾ | ਗੁਰਦਾਸਪੁਰ | ੧੩੧੩ |
| ੧੫ ਮਾਘ ਸ਼ ਸੰ ੧੧ | ਅਜੀਤ ਸਿੰਘ ਦੇ ਗ੍ਰਹਿ | ਓਗਰਾ | ਗੁਰਦਾਸਪੁਰ | ੧੩੧੪ |
| ੧੫ ਮਾਘ ਸ਼ ਸੰ ੧੧ | ਹਰਦੀਪ ਸਿੰਘ ਦੇ ਗ੍ਰਹਿ | ਓਗਰਾ | ਗੁਰਦਾਸਪੁਰ | ੧੩੧੪ |
| ੧੫ ਮਾਘ ਸ਼ ਸੰ ੧੧ | ਮੁਖਤਿਆਰ ਸਿੰਘ ਦੇ ਗ੍ਰਹਿ | ਮਮੀਆਂ | ਗੁਰਦਾਸਪੁਰ | ੧੩੧੫ |
| ੧੬ ਮਾਘ ਸ਼ ਸੰ ੧੧ | ਸੰਤੋਖ ਸਿੰਘ ਦੇ ਗ੍ਰਹਿ | ਸਿੰਮਲ ਸਕੋਲ | ਗੁਰਦਾਸਪੁਰ | ੧੩੧੬ |
| ੧੭ ਮਾਘ ਸ਼ ਸੰ ੧੧ | ਚਰਨ ਸਿੰਘ ਦੇ ਗ੍ਰਹਿ | ਸਿੰਮਲ ਸਕੋਲ | ਗੁਰਦਾਸਪੁਰ | ੧੩੨੦ |
| ੧੭ ਮਾਘ ਸ਼ ਸੰ ੧੧ | ਤਰਲੋਕ ਸਿੰਘ ਦੇ ਗ੍ਰਹਿ | ਸਿੰਮਲ ਸਕੋਲ | ਗੁਰਦਾਸਪੁਰ | ੧੩੨੨ |
| ੧੭ ਮਾਘ ਸ਼ ਸੰ ੧੧ | ਸੁਰਜਨ ਸਿੰਘ ਦੇ ਗ੍ਰਹਿ | ਸਿੰਮਲ ਸਕੋਲ | ਗੁਰਦਾਸਪੁਰ | ੧੩੨੨ |
| ੧੭ ਮਾਘ ਸ਼ ਸੰ ੧੧ | ਅਵਤਾਰ ਸਿੰਘ ਦੇ ਗ੍ਰਹਿ | ਸਿੰਮਲ ਸਕੋਲ | ਗੁਰਦਾਸਪੁਰ | ੧੩੨੪ |
| ੧੭ ਮਾਘ ਸ਼ ਸੰ ੧੧ | ਗਿਆਨੋ ਦੇ ਗ੍ਰਹਿ | ਸਿੰਮਲ ਸਕੋਲ | ਗੁਰਦਾਸਪੁਰ | ੧੩੨੫ |
| ੧੭ ਮਾਘ ਸ਼ ਸੰ ੧੧ | ਸੋਹਣ ਸਿੰਘ ਦੇ ਗ੍ਰਹਿ | ਸਿੰਮਲ ਸਕੋਲ | ਗੁਰਦਾਸਪੁਰ | ੧੩੨੫ |
| ੧੭ ਮਾਘ ਸ਼ ਸੰ ੧੧ | ਸੰਸਾਰ ਸਿੰਘ | ਮਰਾਹਜ ਪੁਰ ਤਹਿਸੀਲ ਹੀਰਾ ਨਗਰ ਡਾਕਖਾਨਾ ਪੰਨੂ ਕੋਟ ਕਠੂਆ ਜੰਮੂ ਕਸ਼ਮੀਰ | | ੧੩੨੭ |
| ੧੭ ਮਾਘ ਸ਼ ਸੰ ੧੧ | ਚਰਨ ਸਿੰਘ ਦੇ ਗ੍ਰਹਿ | ਅੰਤੋਰ | ਗੁਰਦਾਸਪੁਰ | ੧੩੨੮ |
| ੧੮ ਮਾਘ ਸ਼ ਸੰ ੧੧ | ਬਚਨ ਸਿੰਘ ਦੇ ਗ੍ਰਹਿ | ਪਹਾੜੂ ਚੱਕ | ਗੁਰਦਾਸਪੁਰ | ੧੩੩੧ |
| ੧੮ ਮਾਘ ਸ਼ ਸੰ ੧੧ | ਮਹਿੰਦਰ ਸਿੰਘ, ਸਵਰਨ ਸਿੰਘ, ਭਜਨ ਸਿੰਘ, ਲਾਲ ਸਿੰਘ, ਬਾਵਾ ਸਿੰਘ, ਬਲਕਾਰ ਸਿੰਘ ਦੇ ਗ੍ਰਹਿ | ਦੀਨਾ ਨਗਰ | ਗੁਰਦਾਸਪੁਰ | ੧੩੩੩ |
| ੧੮ ਮਾਘ ਸ਼ ਸੰ ੧੧ | ਬਲਕਾਰ ਸਿੰਘ ਦੇ ਗ੍ਰਹਿ | ਦੀਨਾ ਨਗਰ | ਗੁਰਦਾਸਪੁਰ | ੧੩੩੬ |
| ੧੮ ਮਾਘ ਸ਼ ਸੰ ੧੧ | ਭਜਨ ਸਿੰਘ ਦੇ ਗ੍ਰਹਿ | ਦੀਨਾ ਨਗਰ | ਗੁਰਦਾਸਪੁਰ | ੧੩੩੭ |
| ੧੮ ਮਾਘ ਸ਼ ਸੰ ੧੧ | ਲਾਲ ਚੰਦ ਅਤੇ ਸ਼ਾਂਤੀ ਦੇਵੀ ਦੇ ਗ੍ਰਹਿ | ਭੀਮਪੁਰ | ਗੁਰਦਾਸਪੁਰ | ੧੩੩੭ |
| ੧੯ ਮਾਘ ਸ਼ ਸੰ ੧੧ | ਬਲਦੇਵ ਸਿੰਘ ਕ੍ਰਿਸ਼ਨਾ ਰਾਣੀ | ਭੀਮਪੁਰ | ਗੁਰਦਾਸਪੁਰ | ੧੩੩੮ |


38 ੨੪

| | | | |
|---|---|---|---|
| ੧੯ ਮਾਘ ਸ਼ ਸੰ ੧੧ ਅਜੀਤ ਸਿੰਘ ਦੇ ਗ੍ਰਹਿ | ਕਤੋਵਾਲ | ਗੁਰਦਾਸਪੁਰ | ੧੩੩੯ |
| ੧੯ ਮਾਘ ਸ਼ ਸੰ ੧੧ ਜਵੰਦ ਸਿੰਘ ਦੇ ਗ੍ਰਹਿ | ਨਵਾਂ ਪਿੰਡ | ਗੁਰਦਾਸਪੁਰ | ੧੩੪੧ |
| ੧੯ ਮਾਘ ਸ਼ ਸੰ ੧੧ ਭਗਵਿੰਦਰ ਸਿੰਘ ਦੇ ਗ੍ਰਹਿ | ਰਣਜੀਤ ਬਾਗ | ਗੁਰਦਾਸਪੁਰ | ੧੩੪੨ |
| ੧੯ ਮਾਘ ਸ਼ ਸੰ ੧੧ ਸਰੂਪ ਸਿੰਘ ਦੇ ਗ੍ਰਹਿ ਸੁਖੇ ਸ਼ਾਹ ਫਕੀਰ ਦੇ ਨਾਲ | | ਗੁਰਦਾਸਪੁਰ | ੧੩੪੪ |
| ੧੯ ਮਾਘ ਸ਼ ਸੰ ੧੧ ਕਰਮ ਸਿੰਘ ਦੇ ਨਵਿਤ | ਨਯਾ ਸ਼ਾਲਾ | ਗੁਰਦਾਸਪੁਰ | ੧੩੫੧ |
| ੨੦ ਮਾਘ ਸ਼ ਸੰ ੧੧ ਸੁੰਦਰ ਸਿੰਘ ਦੇ ਗ੍ਰਹਿ | ਰੋਸੇ | ਗੁਰਦਾਸਪੁਰ | ੧੩੫੨ |
| ੨੦ ਮਾਘ ਸ਼ ਸੰ ੧੧ ਪਿਰਤਾ ਸਿੰਘ ਦੇ ਗ੍ਰਹਿ | ਕਲਾਨੌਰ | ਗੁਰਦਾਸਪੁਰ | ੧੩੫੪ |
| ੨੦ ਮਾਘ ਸ਼ ਸੰ ੧੧ ਬਲਕਾਰ ਸਿੰਘ ਦੇ ਗ੍ਰਹਿ | ਰਸੂਲਪੁਰ | ਗੁਰਦਾਸਪੁਰ | ੧੩੫੬ |
| ੨੦ ਮਾਘ ਸ਼ ਸੰ ੧੧ ਮੰਗਲ ਸਿੰਘ ਦੇ ਗ੍ਰਹਿ | ਫਤੂਪੁਰ | ਗੁਰਦਾਸਪੁਰ | ੧੩੫੭ |
| ੨੦ ਮਾਘ ਸ਼ ਸੰ ੧੧ ਗੁਲਜ਼ਾਰ ਸਿੰਘ ਦੇ ਗ੍ਰਹਿ | ਫਤੂਪੁਰ | ਗੁਰਦਾਸਪੁਰ | ੧੩੫੯ |
| ੨੦ ਮਾਘ ਸ਼ ਸੰ ੧੧ | ਅਠਵਾਲ | ਗੁਰਦਾਸਪੁਰ | ੧੩੫੯ |
| ੨੦ ਮਾਘ ਸ਼ ਸੰ ੧੧ ਮਹਿੰਦਰ ਸਿੰਘ ਦੇ ਗ੍ਰਹਿ | ਸ਼ਿਕਾਰ ਮਾਛੀਆਂ | ਗੁਰਦਾਸਪੁਰ | ੧੩੬੦ |
| ੨੦ ਮਾਘ ਸ਼ ਸੰ ੧੧ ਕਾਸ਼ੀ ਰਾਮ ਦੇ ਗ੍ਰਹਿ | ਸਨੱਯੀਆ | ਗੁਰਦਾਸਪੁਰ | ੧੩੬੨ |
| ੩੦ ਮਾਘ ਸ਼ ਸੰ ੧੧ ਮਾਂਗੇ ਸੰਗਤ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੩੬੪ |
| ੦੧ ਫੱਗਣ ਸ਼ ਸੰ ੧੧ ਹਰਿ ਭਗਤ ਦੁਵਾਰ ਰਾਤ ਨੂੰ | ਜੇਠੂਵਾਲ | ਅੰਮ੍ਰਿਤਸਰ | ੧੩੬੬ |
| ੦੨ ਫੱਗਣ ਸ਼ ਸੰ ੧੧ ਸਵਰਗਵਾਸੀ ਦਰਬਾਰਾ ਸਿੰਘ ਦੇ ਸਸਕਾਰ ਸਮੇਂ | ਮਲੂਵਾਲ | ਅੰਮ੍ਰਿਤਸਰ | ੧੩੭੨ |
| ੦੨ ਫੱਗਣ ਸ਼ ਸੰ ੧੧ ਜਸਵੰਤ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੩੭੬ |
| ੦੨ ਫੱਗਣ ਸ਼ ਸੰ ੧੧ ਬਖ਼ਸ਼ੀਸ਼ ਸਿੰਘ ਦੇ ਗ੍ਰਹਿ | ਕਾਦਰਾਬਾਦ | ਗੁਰਦਾਸਪੁਰ | ੧੩੭੭ |
| ੦੩ ਫੱਗਣ ਸ਼ ਸੰ ੧੧ ਚੰਨਣ ਸਿੰਘ ਦੇ ਗ੍ਰਹਿ | ਕਾਦਰਾਬਾਦ | ਗੁਰਦਾਸਪੁਰ | ੧੩੭੯ |
| ੦੩ ਫੱਗਣ ਸ਼ ਸੰ ੧੧ ਕਰਨੈਲ ਸਿੰਘ ਦੇ ਗ੍ਰਹਿ | ਕਾਦਰਾਬਾਦ | ਗੁਰਦਾਸਪੁਰ | ੧੩੭੯ |
| ੦੩ ਫੱਗਣ ਸ਼ ਸੰ ੧੧ ਸਵਰਨ ਸਿੰਘ ਦੇ ਗ੍ਰਹਿ | ਕਾਦਰਾਬਾਦ | ਗੁਰਦਾਸਪੁਰ | ੧੩੮੦ |
| ੦੩ ਫੱਗਣ ਸ਼ ਸੰ ੧੧ ਪ੍ਰੀਤਮ ਸਿੰਘ ਦੇ ਗ੍ਰਹਿ | ਕਾਦਰਾਬਾਦ | ਗੁਰਦਾਸਪੁਰ | ੧੩੮੦ |




| | | | | |
|---|---|---|---|---|
| ੦੩ ਫੱਗਣ ਸ਼ ਸੰ ੧੧ | ਅਜੀਤ ਸਿੰਘ ਦੇ ਗ੍ਰਿਹਿ | ਕਾਦਰਾਬਾਦ | ਗੁਰਦਾਸਪੁਰ | ੧੩੮੧ |
| ੦੩ ਫੱਗਣ ਸ਼ ਸੰ ੧੧ | ਮਹਿੰਦਰ ਸਿੰਘ ਦੇ ਗ੍ਰਿਹਿ | ਕਾਦਰਾਬਾਦ | ਗੁਰਦਾਸਪੁਰ | ੧੩੮੨ |
| ੦੮ ਫੱਗਣ ਸ਼ ਸੰ ੧੧ | ਪਿਆਰੇ ਜੇਠੂਵਾਲ ਨਵਿਤ ਸੰਤੋਖ ਸਿੰਘ, ਅਮਰ ਸਿੰਘ, ਦਲੀਪ ਸਿੰਘ, ਪਿਆਰਾ ਸਿੰਘ, ਜੇਠੂਵਾਲ | ਜੇਠੂਵਾਲ | ਅੰਮ੍ਰਿਤਸਰ | ੧੩੮੨ |
| ੦੯ ਫੱਗਣ ਸ਼ ਸੰ ੧੧ | ਚਰਨ ਸਿੰਘ ਦੇ ਗ੍ਰਿਹਿ, ਹਜ਼ਾਰਾ ਸਿੰਘ ਫੱਤੂ ਚਕ, ਗਿਆਨ ਸਿੰਘ ਸੁਰਖਪੁਰ ਦੇ ਨਵਿਤ | ਢਿਲਵਾਂ | ਕਪੂਰਥਲਾ | ੧੩੮੪ |
| ੧੦ ਫੱਗਣ ਸ਼ ਸੰ ੧੧ | ਪ੍ਰੀਤਮ ਸਿੰਘ ਦੇ ਗ੍ਰਿਹਿ | ਢਿਲਵਾਂ | ਕਪੂਰਥਲਾ | ੧੩੮੭ |
| ੧੦ ਫੱਗਣ ਸ਼ ਸੰ ੧੧ | ਦੌਲਤ ਸਿੰਘ, ਗੁਰਦਿਆਲ ਸਿੰਘ, ਕਰਤਾਰ ਸਿੰਘ, ਅਮਰ ਕੌਰ, ਮਨਜੀਤ ਕੌਰ ਨੂਰ ਪੁਰ, ਕਰਤਾਰ ਕੌਰ ਮਾਹੀ ਜੀਤ ਪੁਰ ਦੇ ਨਵਿਤ | ਕਪੂਰਥਲਾ | | ੧੩੮੮ |
| ੧੦ ਫੱਗਣ ਸ਼ ਸੰ ੧੧ | ਗੁਰਮੀਤ ਸਿੰਘ ਦੇ ਗ੍ਰਿਹਿ | ਫਿਆਲੀ | ਕਪੂਰਥਲਾ | ੧੩੯੦ |
| ੧੦ ਫੱਗਣ ਸ਼ ਸੰ ੧੧ | ਰੇਸ਼ਮ ਸਿੰਘ ਦੇ ਗ੍ਰਿਹਿ | ਖੈਹਿਰਾ | ਕਪੂਰਥਲਾ | ੧੩੯੨ |
| ੧੧ ਫੱਗਣ ਸ਼ ਸੰ ੧੧ | ਗੁਰਬਚਨ ਸਿੰਘ, ਙੁਮਣ ਸਿੰਘ, ਅਜੀਤ ਸਿੰਘ, ਅਵਤਾਰ ਸਿੰਘ | ਅਹਿਮਦਪੁਰ | ਕਪੂਰਥਲਾ | ੧੩੯੪ |
| ੧੧ ਫੱਗਣ ਸ਼ ਸੰ ੧੧ | ਲਾਲਾ ਸਿੰਘ, ਅਜੀਤ ਕੌਰ, ਹਰਦਿਆਲ ਸਿੰਘ, ਨਗੀਨਾ ਸਿੰਘ ਜਲੰਧਰ ਮਲ ਸਿੰਘ, ਪਾਲ ਸਿੰਘ ਲੱਲੀਆਂ, ਸਵਰਨ ਸਿੰਘ ਬਾਮ੍ਹਨੀਆ ਨਵਿਤ | ਹੇਰਾਂ | ਜਲੰਧਰ | ੧੩੯੬ |
| ੧੨ ਫੱਗਣ ਸ਼ ਸੰ ੧੧ | ਗੁਰਚਰਨ ਕੌਰ ਦੇ ਨਵਿਤ | ਹੇਰ | ਜਲੰਧਰ | ੧੩੯੮ |
| ੧੨ ਫੱਗਣ ਸ਼ ਸੰ ੧੧ | ਪਰਕਾਸ਼ ਕੌਰ ਦੇ ਗ੍ਰਿਹਿ | ਸੁਨੜਾ | ਜਲੰਧਰ | ੧੩੯੯ |
| ੧੨ ਫੱਗਣ ਸ਼ ਸੰ ੧੧ | ਸਰਵਣ ਸਿੰਘ ਦੇ ਗ੍ਰਿਹਿ | ਹੇਰ | ਜਲੰਧਰ | ੧੪੦੦ |
| ੧੨ ਫੱਗਣ ਸ਼ ਸੰ ੧੧ | ਪ੍ਰੀਤਮ ਸਿੰਘ, ਗੁਰਨਾਮ ਸਿੰਘ, ਮਹਿੰਦਰ ਕੌਰ ਨਵਿਤ | ਜੰਡਿਆਲਾ | ਜਲੰਧਰ | ੧੪੦੧ |




40
੨੪





੧੨ ਫੱਗਣ ਸ਼ ਸੰ ੧੧ ਗੁਰਦਿਆਲ ਸਿੰਘ ਚੀਮਾਂ ਕਲਾ, ਪ੍ਰੇਮ ਸਿੰਘ ਮਹਿੰਦਰ ਖੇੜਾ ਜਲੰਧਰ ੧੪੦੨
੧੩ ਫੱਗਣ ਸ਼ ਸੰ ੧੧ ਗੁਰਮੇਜ ਸਿੰਘ ਦੇ ਗ੍ਰਹਿ ਰੁੜਕਾ ਜਲੰਧਰ ੧੪੦੪
੧੩ ਫੱਗਣ ਸ਼ ਸੰ ੧੧ ਕਿਹਰ ਸਿੰਘ, ਦਲੀਪ ਕੌਰ, ਦਰਸ਼ਨ ਸਿੰਘ, ਸੁਰਜੀਤ ਸਿੰਘ, ਗੇਜੋ,
ਛਿਬੋ, ਭਜਨ ਕੌਰ, ਗਿਰਦਾਵਰ ਸਿੰਘ, ਜੁਗਿੰਦਰ ਸਿੰਘ, ਊਧਮ ਕੌਰ,
ਹਰੀ ਪੁਰ ਭਜਨ ਕੌਰ ਰੁੜਕਾ ਜਲੰਧਰ ੧੪੦੫
੧੪ ਫੱਗਣ ਸ਼ ਸੰ ੧੧ ਬੰਤ ਸਿੰਘ ਦੇ ਗ੍ਰਹਿ ਰੁੜਕਾ ਜਲੰਧਰ ੧੪੧੦
੧੪ ਫੱਗਣ ਸ਼ ਸੰ ੧੧ ਗੁਰਦੇਵ ਸਿੰਘ ਦੇ ਗ੍ਰਹਿ ਨਵਾਂ ਪਿੰਡ ਜਲੰਧਰ ੧੪੧੧
੧੪ ਫੱਗਣ ਸ਼ ਸੰ ੧੧ ਲਾਲ ਸਿੰਘ ਦੇ ਗ੍ਰਹਿ ਡਲੇਵਾਲ ਜਲੰਧਰ ੧੪੧੩
੧੪ ਫੱਗਣ ਸ਼ ਸੰ ੧੧ ਸੰਸਾਰ ਸਿੰਘ ਦੇ ਗ੍ਰਹਿ ਜਜੇ ਜਲੰਧਰ ੧੪੧੪
੧੪ ਫੱਗਣ ਸ਼ ਸੰ ੧੧ ਹਜ਼ੂਰਾ ਸਿੰਘ, ਨਛਤਰ ਕੌਰ ਗੁਰਾਇਆ ਜਲੰਧਰ ੧੪੧੬
੧੪ ਫੱਗਣ ਸ਼ ਸੰ ੧੧ ਬੰਤੀ ਦੇ ਅੰਤਮ ਸਸਕਾਰ ਸਮੇਂ ਜੇਠੂਵਾਲ ਅੰਮ੍ਰਿਤਸਰ ੧੪੧੭
੧੫ ਫੱਗਣ ਸ਼ ਸੰ ੧੧ ਸੰਤੋਖ ਸਿੰਘ ਦੇ ਗ੍ਰਹਿ ਸੋਢੀਆਂ ਜਲੰਧਰ ੧੪੧੮
੧੫ ਫੱਗਣ ਸ਼ ਸੰ ੧੧ ਮਿਲਖਾ ਸਿੰਘ, ਮਹਿਲ ਗੈਲਾ
ਪ੍ਰੀਤਮ ਕੌਰ ਸੈਲਾ ਖੁਰਦ ਹੁਸ਼ਿਆਰਪੁਰ ੧੪੨੨





੧੬ ਫੱਗਣ ਸ਼ ਸੰ ੧੧ ਗੁਰਪਾਲ ਸਿੰਘ ਦੇ ਗ੍ਰਹਿ ਸਕਰੂਲੀ ਹੁਸ਼ਿਆਰਪੁਰ ੧੪੨੫
੧੬ ਫੱਗਣ ਸ਼ ਸੰ ੧੧ ਜੀਤ ਸਿੰਘ, ਨਸੀਬ ਕੌਰ ਡਵਿੱਡਾ ਰਿਹਾਣਾ ਹੁਸ਼ਿਆਰਪੁਰ ੧੪੨੭
੧੬ ਫੱਗਣ ਸ਼ ਸੰ ੧੧ ਰਾਮ ਸਿੰਘ, ਮੁਣਸ਼ਾ ਸਿੰਘ, ਚਰਨ ਕੌਰ,
ਗੁਰਦੀਪ ਕੌਰ ਫਰਾਲਾ ਜਲੰਧਰ ੧੪੨੮
੧੭ ਫੱਗਣ ਸ਼ ਸੰ ੧੧ ਗੁਰਮੀਤ ਸਿੰਘ ਦੇ ਗ੍ਰਹਿ ਹਰਦੋਫਰਾਲਾ ਜਲੰਧਰ ੧੪੩੨
੧੭ ਫੱਗਣ ਸ਼ ਸੰ ੧੧ ਚਰਨ ਕੌਰ ਦੇ ਗ੍ਰਹਿ ਹਰਦੋਫਰਾਲਾ ਜਲੰਧਰ ੧੪੩੩
੧੭ ਫੱਗਣ ਸ਼ ਸੰ ੧੧ ਜੀਤ ਕੌਰ ਦੇ ਗ੍ਰਹਿ ਆਦਮ ਪੁਰ ਹਰਭਜਨ ਸਿੰਘ,
ਸਗਵਾਲ ਜਰਨੈਲ ਸਿੰਘ ਜਲਪੋਤਾ ਹੁਸ਼ਿਆਰਪੁਰ ੧੪੩੩


41
੨੪

| | | | |
|---|---|---|---|
| ੧੭ ਫੱਗਣ ਸ਼ ਸੰ ੧੧ ਸੁਰਿੰਦਰ ਸਿੰਘ ਸਰਾਈਂ ਅਮਰੀਕ ਸਿੰਘ ਮੇਲਾ ਸਿੰਘ, | | | |
| ਬੈਰਮ ਪੁਰ ਮਲਿਹਾਰ ਸਿੰਘ, ਖੁਰਦਾ ਤਰਸੇਮ ਸਿੰਘ, ਕੰਧਾਲਾ ਸ਼ੇਖ | | | |
| ਗੁਰਦੇਵ ਕੌਰ ਦੇ ਨਵਿਤ | ਰੁਪੋਵਾਲਾ | ਹੁਸ਼ਿਆਰਪੁਰ | ੧੪੩੬ |
| ੧੮ ਫੱਗਣ ਸ਼ ਸੰ ੧੧ ਖਿਆਲ ਸਿੰਘ ਕੁਲੀਆਂ ਧੰਨਾ ਸਿੰਘ ਕਰਾਲਾ | | | |
| ਗੁਰਮੀਤ ਕੌਰ | ਦਸੂਹਾ | ਹੁਸ਼ਿਆਰਪੁਰ | ੧੪੩੮ |
| ੧੮ ਫੱਗਣ ਸ਼ ਸੰ ੧੧ ਵਤਨ ਸਿੰਘ ਦੇ ਗ੍ਰਿਹਿ | ਸ਼ਰੀਹਪੁਰ | ਹੁਸ਼ਿਆਰਪੁਰ | ੧੪੪੦ |
| ੧੮ ਫੱਗਣ ਸ਼ ਸੰ ੧੧ ਲਾਲ ਸਿੰਘ ਦੇ ਗ੍ਰਿਹਿ | ਪੰਜਢੇਰਾ | ਹੁਸ਼ਿਆਰਪੁਰ | ੧੪੪੨ |
| ੧੯ ਫੱਗਣ ਸ਼ ਸੰ ੧੧ ਕਰਤਾਰ ਸਿੰਘ ਦੇ ਗ੍ਰਿਹਿ | ਪੰਜ ਢੇਰਾ | ਹੁਸ਼ਿਆਰਪੁਰ | ੧੪੪੪ |
| ੧੯ ਫੱਗਣ ਸ਼ ਸੰ ੧੧ ਰਾਮ ਸਿੰਘ, ਦਰਬਾਰਾ ਸਿੰਘ, ਮੰਗਲ ਸਿੰਘ, ਗਿਆਨ ਚੰਦ ਤੇ | | | |
| ਆਤਮ ਚੰਦ ਤਲਵਾੜਾ | ਗਾਲੜੀਆਂ | ਹੁਸ਼ਿਆਰਪੁਰ | ੧੪੪੫ |
| ੨੦ ਫੱਗਣ ਸ਼ ਸੰ ੧੧ ਰੇਸ਼ਮ ਸਿੰਘ ਦੇ ਗ੍ਰਿਹਿ ਮਕੇਰੀਆਂ ਮਹੱਲਾ ਬਾਣੀਆਂ | | | |
| ਮਕਾਨ ਨੰਬਰ ੪੪ | ਹੁਸ਼ਿਆਰਪੁਰ | | ੧੪੪੭ |
| ੨੦ ਫੱਗਣ ਸ਼ ਸੰ ੧੧ ਦਿਆਲ ਸਿੰਘ ਦੇ ਗ੍ਰਿਹਿ | ਡਡਵਾਂ | ਹੁਸ਼ਿਆਰਪੁਰ | ੧੪੪੮ |
| ੨੦ ਫੱਗਣ ਸ਼ ਸੰ ੧੧ ਸੋਮਰਾਜ ਸਿੰਘ ਦੇ ਗ੍ਰਿਹਿ | ਕੋਟਲਾ | ਹੁਸ਼ਿਆਰ ਪੁਰ | ੧੪੪੯ |
| ੨੦ ਫੱਗਣ ਸ਼ ਸੰ ੧੧ ਅਰਜਨ ਸਿੰਘ, ਮਿਆਣੀ ਮੁਣਸ਼ੀ ਰਾਮ, ਫਤਿਹ ਗੜ੍ਹ | | | |
| ਜੁਗਿੰਦਰ ਸਿੰਘ ਦੇ ਨਵਿਤ | ਸਲੀਮ ਪੁਰ | ਹੁਸ਼ਿਆਰਪੁਰ | ੧੪੫੧ |
| ੨੧ ਫੱਗਣ ਸ਼ ਸੰ ੧੧ ਸੂਰਤ ਸਿੰਘ, ਸੰਤ ਸਿੰਘ ਦੇ ਗ੍ਰਿਹਿ | ਡਾਲਾ | ਕਪੂਰਥਲਾ | ੧੪੫੩ |
| ੨੧ ਫੱਗਣ ਸ਼ ਸੰ ੧੧ ਪਾਲ ਸਿੰਘ ਦੇ ਗ੍ਰਿਹਿ | ਦਾਊਦਪੁਰ | ਕਪੂਰਥਲਾ | ੧੪੫੬ |
| ੨੧ ਫੱਗਣ ਸ਼ ਸੰ ੧੧ ਸੰਤੋਖ ਸਿੰਘ ਜੰਡਿਆਲਾ ਨਵਿਤ | ਜੇਠੂਵਾਲ | ਅੰਮ੍ਰਿਤਸਰ | ੧੪੫੮ |
| ੨੫ ਫੱਗਣ ਸ਼ ਸੰ ੧੧ ਹਰਿ ਭਗਤ ਦੁਵਾਰ | ਜੇਠੂਵਾਲ | ਅੰਮ੍ਰਿਤਸਰ | ੧੪੫੯ |
| ਪਹਿਲੀ ਚੇਤ ਸ਼ ਸੰ ੧੨ ਦਵਿੰਦਰ ਸਿੰਘ ਦੇ ਗ੍ਰਿਹਿ | ਮਲੂਵਾਲ | ਅੰਮ੍ਰਿਤਸਰ | ੧੪੬੦ |
| ਪਹਿਲੀ ਚੇਤ ਸ਼ ਸੰ ੧੨ ਹਰਿ ਭਗਤ ਦੁਵਾਰ ਰਾਤ ਦੇ ਸਮੇਂ | ਜੇਠੂਵਾਲ | ਅੰਮ੍ਰਿਤਸਰ | ੧੪੬੨ |


42 ੨੪

| | | | |
|---|---|---|---|
| ੫ ਚੇਤ ਸ਼ ਸੰ ੧੨ ਮੋਤਾ ਸਿੰਘ ਸ਼ਾਮ ਸਿੰਘ ਦਲੀਪ ਸਿੰਘ | | | |
| ਪ੍ਰਤਾਪ ਸਿੰਘ ਫੁੱਮਣ ਦੇ ਗ੍ਰਹਿ | ਕਲਸੀਆਂ | ਅੰਮ੍ਰਿਤਸਰ | ੧੪੭੭ |
| ੬ ਚੇਤ ਸ਼ ਸੰ ੧੨ ਰਣਜੀਤ ਸਿੰਘ ਦੇ ਗ੍ਰਹਿ | ਕਲਸੀਆਂ | ਅੰਮ੍ਰਿਤਸਰ | ੧੪੮੨ |
| ੬ ਚੇਤ ਸ਼ ਸੰ ੧੨ ਸੁਰਜੀਤ ਕੌਰ ਦੇ ਨਿਵਿਤ | ਕਲਸੀਆਂ | ਅੰਮ੍ਰਿਤਸਰ | ੧੪੮੨ |
| ੬ ਚੇਤ ਸ਼ ਸੰ ੧੨ ਬੀਰਾ ਸਿੰਘ ਦੇ ਗ੍ਰਹਿ | ਕਲਸੀਆਂ | ਅੰਮ੍ਰਿਤਸਰ | ੧੪੮੪ |
| ੬ ਚੇਤ ਸ਼ ਸੰ ੧੨ ਸੱਜਣ ਸਿੰਘ ਦੇ ਗ੍ਰਹਿ | ਕਲਸੀਆਂ | ਅੰਮ੍ਰਿਤਸਰ | ੧੪੮੫ |
| ੬ ਚੇਤ ਸ਼ ਸੰ ੧੨ ਫੁੱਮਣ ਸਿੰਘ ਦੇ ਗ੍ਰਹਿ | ਕਲਸੀਆਂ | ਅੰਮ੍ਰਿਤਸਰ | ੧੪੮੫ |
| ੬ ਚੇਤ ਸ਼ ਸੰ ੧੨ ਮਨੀ ਰਾਮ ਦੇ ਗ੍ਰਹਿ | ਸਿਧਵਾਂ | ਅੰਮ੍ਰਿਤਸਰ | ੧੪੮੭ |
| ੧੧ ਚੇਤ ਸ਼ ਸੰ ੧੨ ਹਰਿ ਭਗਤ ਦੁਵਾਰ ਰਾਤ ਦੇ ਸਮੇਂ (ਕੋਠੀ ਉਤੇ ਵਿਸਰਾਮ ਧਾਮ ਤੇ)ਜੇਠੂਵਾਲ | | | ੧੪੮੮ |
| ੧੨ ਚੇਤ ਸ਼ ਸੰ ੧੨ ਗੁਰਦੇਵ ਸਿੰਘ ਦੇ ਗ੍ਰਹਿ | ਲੁਧਿਆਣਾ | ਲੁਧਿਆਣਾ | ੧੪੯੨ |
| ੧੨ ਚੇਤ ਸ਼ ਸੰ ੧੨ ਜੁਗਿੰਦਰ ਸਿੰਘ ਬੱਗਾ ਦੇ ਗ੍ਰਹਿ | ਲੁਧਿਆਣਾ | ਲੁਧਿਆਣਾ | ੧੪੯੨ |
| ੧੨ ਚੇਤ ਸ਼ ਸੰ ੧੨ ਗੁਰਭੇਜ ਕੌਰ ਦੇ ਗ੍ਰਹਿ | ਕਹੇਰੂ | ਸੰਗਰੂਰ | ੧੪੯੨ |
| ੧੩ ਚੇਤ ਸ਼ ਸੰ ੧੨ ਮਾਧਾ ਸਿੰਘ, ਅਮਰਜੀਤ ਕੌਰ, ਬਲਜੀਤ ਸਿੰਘ | | | |
| ਦਲਜੀਤ ਸਿੰਘ ਦੇ ਗ੍ਰਹਿ | ਧੂਰੀ ਸ਼ਹਿਰ | ਸੰਗਰੂਰ | ੧੪੯੪ |
| ੧੩ ਚੇਤ ਸ਼ ਸੰ ੧੨ ਸ਼ਾਮ ਸਿੰਘ ਦੇ ਗ੍ਰਹਿ | ਬਰਨਾਲਾ | ਸੰਗਰੂਰ | ੧੪੯੫ |
| ੧੩ ਚੇਤ ਸ਼ ਸੰ ੧੨ ਹਰਬੰਸ ਸਿੰਘ ਦੇ ਗ੍ਰਹਿ | ਸੰਗਰੂਰ ਸ਼ਹਿਰ | ਸੰਗਰੂਰ | ੧੪੯੭ |
| ੧੪ ਚੇਤ ਸ਼ ਸੰ ੧੨ ਸੁਰਿੰਦਰ ਕੌਰ ਦੇ ਗ੍ਰਹਿ | ਛੋਟਾ ਕਮੋ ਮਾਜਰਾ | ਸੰਗਰੂਰ | ੧੪੯੯ |
| ੧੪ ਚੇਤ ਸ਼ ਸੰ ੧੨ ਦਲੀਪ ਕੌਰ ਦੇ ਗ੍ਰਹਿ | ਸੁਨਾਮ | ਸੰਗਰੂਰ | ੧੫੦੦ |
| ੧੪ ਚੇਤ ਸ਼ ਸੰ ੧੨ ਸਰਦਾਰਾ ਸਿੰਘ ਦੇ ਗ੍ਰਹਿ | ਛਾਜਲਾ | ਸੰਗਰੂਰ | ੧੫੦੧ |
| ੧੫ ਚੇਤ ਸ਼ ਸੰ ੧੨ ਸੁਰਜੀਤ ਸਿੰਘ ਦੇ ਗ੍ਰਹਿ | ਛਾਜਲਾ | ਸੰਗਰੂਰ | ੧੫੦੩ |
| ੧੫ ਚੇਤ ਸ਼ ਸੰ ੧੨ ਆਸਾ ਸਿੰਘ ਦੇ ਗ੍ਰਹਿ | ਖਾਂਗ | ਸੰਗਰੂਰ | ੧੫੦੪ |
| ੧੫ ਚੇਤ ਸ਼ ਸੰ ੧੨ ਮੋਹਣ ਸਿੰਘ ਦੇ ਗ੍ਰਹਿ | ਨਾਭਾ ਸ਼ਹਿਰ | | ੧੫੦੬ |


43 ੨੪




੧੫ ਚੇਤ ਸ਼ ਸੰ ੧੨ ਬਲਵੰਤ ਸਿੰਘ ਦੇ ਗ੍ਰਿਹਿ ਪਟਿਆਲਾ ਪਟਿਆਲਾ ੧੫੦੭
੧੬ ਚੇਤ ਸ਼ ਸੰ ੧੨ ਰਾਜ ਸਿੰਘ ਦੇ ਗ੍ਰਿਹਿ ਪਟਿਆਲਾ ਪਟਿਆਲਾ ੧੫੧੦
੧੬ ਚੇਤ ਸ਼ ਸੰ ੧੨ ਸਤਿੰਦਰ ਪਾਲ ਦੇ ਗ੍ਰਿਹਿ ੧੦੧ ਡੀ, ਪਟਿਆਲਾ ਪਟਿਆਲਾ ੧੫੧੨
੧੬ ਚੇਤ ਸ਼ ਸੰ ੧੨ ਸ਼ਾਮ ਕੌਰ ਦੇ ਗ੍ਰਿਹਿ ਪਟਿਆਲਾ ਪਟਿਆਲਾ ੧੫੧੩
੧੬ ਚੇਤ ਸ਼ ਸੰ ੧੨ ਬਿਕਰਮਜੀਤ ਸਿੰਘ ਦੇ ਗ੍ਰਿਹਿ ਪਟਿਆਲਾ ਪਟਿਆਲ ੧੫੧੩
੧੬ ਚੇਤ ਸ਼ ਸੰ ੧੨ ਅਸ਼ੋਕ ਕੁਮਾਰ ਦੇ ਗ੍ਰਿਹਿ ਪਟਿਆਲਾ ਪਟਿਆਲਾ ੧੫੧੫
੧੬ ਚੇਤ ਸ਼ ਸੰ ੧੨ ਪਿਆਰਾ ਸਿੰਘ ਦੇ ਗ੍ਰਿਹਿ ਰਾਜਪੁਰਾ ਪਟਿਆਲਾ ੧੫੧੬
੧੬ ਚੇਤ ਸ਼ ਸੰ ੧੨ ਕਰਤਾਰ ਸਿੰਘ ਦੇ ਗ੍ਰਿਹਿ ਰਾਜਪੁਰਾ ਪਟਿਆਲਾ ੧੫੧੭
੧੬ ਚੇਤ ਸ਼ ਸੰ ੧੨ ਆਸਾ ਸਿੰਘ, ਸਰੈਣ ਸਿੰਘ, ਬੰਤਾ ਸਿੰਘ, ਕਾਲਾ ਸਿੰਘ ਦੇ ਗ੍ਰਿਹਿ
ਕਲਸਾਣੀ ਕੁਰੁਕਸ਼ੇਤਰ ੧੫੧੮



੧੭ ਚੇਤ ਸ਼ ਸੰ ੧੨ ਹਰਬੰਸ ਸਿੰਘ ਦੇ ਗ੍ਰਿਹਿ ਸੰਪੂਰਨ ਸਿੰਘ, ਲੱਖਾ ਸਿੰਘ ਠੀਕਰੀ,
ਸਲਵਿੰਦਰ ਸਿੰਘ ਕੌਮੀ ਫਾਰਮ, ਰਣਧੀਰ ਸਿੰਘ ਹਰਨਾਇਆ,
ਮੋਹਣ ਸਿੰਘ ਗੜ੍ਹੀ ਲਾਂਗਰੀ, ਸੁਦਾਗਰ ਸਿੰਘ ਭੱਠ ਮਾਜਰਾ
ਬੀਰ ਸਿੰਘ ਜੀਤ ਨਗਰ ਦੇ ਨਵਿਤ ਠੀਕਰੀ ਕੁਰਕੁਸ਼ੇਤਰ ੧੫੨੦
੧੮ ਚੇਤ ਸ਼ ਸੰ ੧੨ ਅਰਜਨ ਸਿੰਘ ਦੇ ਗ੍ਰਿਹਿ ਬਲੋਚਪੁਰ ਕੁਰਕੁਸ਼ੇਤਰ ੧੫੨੨




੧੮ ਚੇਤ ਸ਼ ਸੰ ੧੨ ਭਾਨ ਸਿੰਘ ਠਾਕਰ ਸਿੰਘ ਸੋਹਣ ਸਿੰਘ ਪ੍ਰੀਤਮ ਸਿੰਘ
ਜਗਤਾਰ ਸਿੰਘ ਨਾਨਕ ਪੁਰ ਨਿਰੰਜਣ ਸਿੰਘ
ਗੁਰਮੇਜ਼ ਸਿੰਘ ਥਨੇਸਰ ਨਾਨਕ ਪੁਰ ਕਰਨਾਲ ੧੫੨੪
੧੯ ਚੇਤ ਸ਼ ਸੰ ੧੨ ਤਰਲੋਕ ਸਿੰਘ, ਗੁਰਚਰਨ ਸਿੰਘ, ਚੰਦਾ ਸਿੰਘ, ਹਰਭਜਨ ਸਿੰਘ,
ਰੁਲਦਾ ਸਿੰਘ, ਮਹਿੰਦਰ ਸਿੰਘ, ਅਵਤਾਰ ਸਿੰਘ, ਗੁਰਬਲਵਿੰਦਰ ਸਿੰਘ,
ਮਹਿੰਗਾ ਸਿੰਘ, ਭਜਨ ਸਿੰਘ, ਗੁਰਦਰਸ਼ਨ ਸਿੰਘ ਸਰਹੰਦ,
ਮਲ ਸਿੰਘ ਫਰੀਦਾਬਦ ਧੀਰਪੁਰ ਦਿੱਲੀ ੧੫੨੬

44 ੨੪

45 ੨੪

੨੦ ਚੇਤ ਸ਼ ਸੰ ੧੨ ਹਰਿ ਭਗਤ ਦੁਵਾਰ ਪੂਰਨ ਸਿੰਘ, ਸਰੂਪ ਸਿੰਘ, ਸੁਰਿੰਦਰ ਕੌਰ, ਮਹਿੰਦਰ ਕੌਰ,
ਰਤਨ ਸਿੰਘ, ਕਰਤਾਰ ਸਿੰਘ, ਸ੍ਰੀ ਨਾਥ ਦਾਸ ਧੀਰਪੁਰ ਦਿੱਲੀ ੧੫੨੮

੨੧ ਚੇਤ ਸ਼ ਸੰ ੧੨ ਮਹਿੰਦਰ ਸਿੰਘ ਸਵਰਨਜੀਤ ਕੌਰ ਦੇ ਗ੍ਰਹਿ
ਯੂ-੧੫ ਗਰੀਨ ਪਾਰਕ ਐਕਸਟੈਨਸ਼ਨ ਦਿੱਲੀ ੧੫੩੦

੨੧ ਚੇਤ ਸ਼ ਸੰ ੧੨ ਸੇਵਾ ਸਿੰਘ ਦੇ ਗ੍ਰਹਿ ਗੁੜਗਾਉਂ ਗੁੜਗਾਉਂ ੧੫੩੨

੨੨ ਚੇਤ ਸ਼ ਸੰ ੧੨ ਹਰਬੰਸ ਸਿੰਘ ਦੇ ਗ੍ਰਹਿ ਗੁੜਗਾਉਂ ਗੁੜਗਾਉਂ ੧੫੩੭

੨੨ ਚੇਤ ਸ਼ ਸੰ ੧੨ ਗੁਰਦੇਵ ਸਿੰਘ, ਜੇਠਾ ਸਿੰਘ,
ਬੀਰ ਸਿੰਘ ਬਠਲਾਣਾ ਮਾਣਕ ਪੁਰ ਕੱਲਰ ਅੰਬਾਲਾ ੧੫੩੮

੨੩ ਚੇਤ ਸ਼ ਸੰ ੧੨ ਸੰਤ ਸਿੰਘ ਦੇ ਗ੍ਰਹਿ ਮਾਣਕ ਪੁਰ ਕੱਲਰ ਰੋਪੜ ੧੫੪੦

੨੩ ਚੇਤ ਸ਼ ਸੰ ੧੨ ਹਜ਼ਾਰਾ ਸਿੰਘ ਦੇ ਗ੍ਰਹਿ ਚੂਨੀ ਕਲਾ ਰੋਪੜ ੧੫੪੧

੨੩ ਚੇਤ ਸ਼ ਸੰ ੧੨ ਗੁਰਦੇਵ ਸਿੰਘ ਨਿਰਮਲ ਸਿੰਘ ਦੇ ਗ੍ਰਹਿ ਚੰਡੀਗੜ੍ਹ ੧੫੪੨

੨੩ ਚੇਤ ਸ਼ ਸੰ ੧੨ ਹਰਚਰਨ ਸਿੰਘ ਦੇ ਗ੍ਰਹਿ ਚੰਡੀਗੜ੍ਹ ੧੫੪੩

੨੩ ਚੇਤ ਸ਼ ਸੰ ੧੨ ਸੁਵਰਗ ਵਾਸੀ ਕਰਮ ਸਿੰਘ ਦੇ ਨਵਿਤ ਚੰਡੀਗੜ੍ਹ ੧੫੪੪

੨੩ ਚੇਤ ਸ਼ ਸੰ ੧੨ ਅਮਰ ਚੰਦ ਦੇ ਗ੍ਰਹਿ ਚੰਡੀਗੜ੍ਹ ੧੫੪੭

੨੩ ਚੇਤ ਸ਼ ਸੰ ੧੨ ਨੱਥਾ ਸਿੰਘ ਜਗੀਰ ਸਿੰਘ ਬੰਨਾ ਸਿੰਘ ਕਰਨੈਲ ਸਿੰਘ
ਨਸੀਬ ਕੌਰ ਬੜਹੇੜੀ ਚੰਡੀਗੜ੍ਹ ੧੫੪੮

੨੪ ਚੇਤ ਸ਼ ਸੰ ੧੨ ਮਹਿੰਦਰ ਸਿੰਘ ਦੇ ਗ੍ਰਹਿ ਬੜਹੇੜੀ ਚੰਡੀਗੜ੍ਹ ੧੫੪੯

੨੪ ਚੇਤ ਸ਼ ਸੰ ੧੨ ਸੁਰਜੀਤ ਸਿੰਘ ਦੇ ਗ੍ਰਹਿ ਘੜੂਆ ਰੋਪੜ ੧੫੫੦

੨੪ ਚੇਤ ਸ਼ ਸੰ ੧੨ ਗੁਰਦੇਵ ਸਿੰਘ ਦੇ ਗ੍ਰਹਿ ਘੜੂਆਂ ਰੋਪੜ ੧੫੫੧

੨੪ ਚੇਤ ਸ਼ ਸੰ ੧੨ ਸੇਵਾ ਸਿੰਘ ਦੇ ਗ੍ਰਹਿ ਰੁੜਕੀ ਰੋਪੜ ੧੫੫੨

੨੫ ਚੇਤ ਸ਼ ਸੰ ੧੨ ਹਰਭਜਨ ਸਿੰਘ ਦੇ ਗ੍ਰਹਿ ਸ਼ੇਖਪੁਰ ਰੋਪੜ ੧੫੫੪

੨੫ ਚੇਤ ਸ਼ ਸੰ ੧੨ ਮੇਹਰ ਸਿੰਘ ਦੇ ਗ੍ਰਹਿ ਸ਼ੇਖਪੁਰ ਰੋਪੜ ੧੫੫੫

45 ੨੪

| | | | |
|---|---|---|---|
| ੨੫ ਚੇਤ ਸ਼ ਸੰ ੧੨ ਬਚਨ ਸਿੰਘ ਦੇ ਗ੍ਰਹਿ | ਧਿਆਨ ਪੁਰ | ਰੋਪੜ | ੧੫੫੬ |
| ੨੫ ਚੇਤ ਸ਼ ਸੰ ੧੨ ਲਛਮਣ ਸਿੰਘ, ਦੇ ਗ੍ਰਹਿ | ਧਨੌਰੀ | ਰੋਪੜ | ੧੫੫੮ |
| ੨੬ ਚੇਤ ਸ਼ ਸੰ ੧੨ ਦਰਸ਼ਨ ਸਿੰਘ ਦੇ ਗ੍ਰਹਿ | ਧਨੌਰੀ | ਰੋਪੜ | ੧੫੬੦ |
| ੨੬ ਚੇਤ ਸ਼ ਸੰ ੧੨ ਅਜੀਤ ਸਿੰਘ ਦੇ ਗ੍ਰਹਿ | ਗੋਸਲਾਂ | ਰੋਪੜ | ੧੫੬੧ |
| ੨੬ ਚੇਤ ਸ਼ ਸੰ ੧੨ ਜਗੀਰ ਸਿੰਘ ਦੇ ਗ੍ਰਹਿ | ਰੰਗੀਲਪੁਰ | ਰੋਪੜ | ੧੫੬੨ |
| ੨੬ ਚੇਤ ਸ਼ ਸੰ ੧੨ ਪ੍ਰੀਤਮ ਸਿੰਘ ਦੇ ਗ੍ਰਹਿ | ਰਾਜੋ ਮਾਜਰਾ | ਰੋਪੜ | ੧੫੬੬ |
| ੨੭ ਚੇਤ ਸ਼ ਸੰ ੧੨ ਸਰਜੀਤਮ ਸਿੰਘ ਦੇ ਗ੍ਰਹਿ | ਰਾਜੋ ਮਾਜਰਾ | ਰੋਪੜ | ੧੫੬੮ |


46


੨੪



ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ



### ✪ ਪਹਿਲੀ ਭਾਦਰੋਂ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਭਾਦਰੋਂ ਕਹੇ ਨਾਰਦਾ ਬਿਨਾ ਭਾਈ ਤੋਂ ਤੇਰੀ ਆਈ ਭਰਜਾਈ, ਗੰਗਾ ਭੱਜੀ ਵਾਹੋ ਦਾਹੀਆ । ਗੋਦਾਵਰੀ ਦੇਂਦੀ ਫਿਰੇ ਦੁਹਾਈ, ਕੂਕ ਕੂਕ ਸੁਣਾਈਆ । ਸੁਰਸਤੀ ਨੈਣਾਂ ਨੀਰ ਵਹਾਈ, ਨੇਤਰ ਰੋ ਰੋ ਰਹੀ ਵਖਾਈਆ । ਜਮਨਾ ਕਹੇ ਮੇਰਾ ਮਾਹੀ, ਗਲ ਪੱਲੂ ਵਾਸਤਾ ਪਾਈਆ । ਸੁਰਸਤੀ ਕਹੇ ਮੈਂ ਇਸ਼ਾਰਾ ਦੇਵਾਂ ਇਕ ਗੁਸਾਂਈ, ਬਿਨ ਇਸ਼ਾਰੇ ਅੱਖ ਉਠਾਈਆ । ਚਾਰੇ ਇਕੱਠੀਆਂ ਹੋ ਕੇ ਕਹਿਣ ਬਿਨ ਰਸਨਾ ਦੇਈਏ ਸੁਣਾਈ, ਸੋਹਣਾ
੧ ਰੰਗ ਦ੍ਰਿੜਾਈਆ । ਰਾਵੀ ਆਪਣੇ ਚੁਕ ਕੇ ਭੱਜੇ ਬੂਟੇ ਕਾਹੀ, ਕਾਇਨਾਤ ਨੂੰ ਰਹੀ ਵਖਾਈਆ । ਉਠੋ ਵੇਖੋ ਨੇਤਰ ਖੋਲ੍ਹੋ ਕੀ ਰੁਤ ਜਗਤ ਵਿਚ ੧
੨੪ ਆਈ, ਜੁਗਤੀ ਸਮਝ ਕੋਇ ਨਾ ਪਾਈਆ । ਖੁਲ੍ਹੇ ਕੇਸ ਵਖਾਵੇ ਹਵਾ ਮਾਈ, ਆਦਮ ਦੋਵੇਂ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ੨੪
ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਭਾਦਰੋਂ ਕਹੇ ਨਾਰਦਾ ਕੀ ਕਹਿੰਦੀ ਤੇਰੀ ਭਾਬੀ, ਭਾਬੋ ਕੀ ਜਣਾਈਆ । ਕੀ ਧਾਰ ਇਸ ਦੀ ਦੋਆਬੀ, ਦੋਹਰੀ ਖੇਲ ਖਿਲਾਈਆ । ਕੁਛ ਆਵਾਜ਼ ਸੁਣ ਲੈ ਏਸ ਦੀ ਵਿਚੋਂ ਨਾਭੀ, ਕੀ ਧੁਨਾਂ ਨਾਦ ਦ੍ਰਿੜਾਈਆ । ਕੀ ਏਸ ਦਾ ਰੂਪ ਰੰਗ ਰੇਖ ਜਗਤ ਵਾਲਾ ਪੰਜਾਬੀ, ਪੰਜਾਂ ਤਤਾਂ ਨਾਲ ਵਡਿਆਈਆ । ਕੀ ਏਸ ਦੇ ਕੋਲ ਕੋਈ ਲੇਖਾ ਬਗ਼ਦਾਦੀ, ਜੋ ਨਾਨਕ ਆਇਆ ਸਮਝਾਈਆ । ਕੀ ਏਸ ਦਾ ਪਿਆਰ ਹਕੀਕੀ ਤੇ ਮਜਾਜ਼ੀ, ਕੀ ਮੁਹੱਬਤ ਰਹੀ ਦ੍ਰਿੜਾਈਆ । ਜ਼ਰਾ ਨਿਗਾਹ ਮਾਰ ਸ਼ਤਾਬੀ, ਬਿਨ ਨੈਣਾਂ ਨੈਣ ਉਠਾਈਆ । ਉਹ ਵੇਖ ਕੀ ਸਿਤਾਰ ਕਹੇ ਅਗੰਮੀ ਰਬਾਬੀ, ਰਬੀ ਨੂਰ ਨੂਰ ਜਣਾਈਆ । ਜਿਸ ਦੀ ਖੇਲ ਸਭ ਤੋਂ ਸਾਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਭਾਦਰੋਂ ਕਹੇ ਨਾਰਦਾ ਕੀ ਕਹਿੰਦੀ ਤੇਰੀ ਭਾਬੋ, ਭੇਵ ਕੀ ਖੁਲ੍ਹਾਈਆ । ਗੰਗਾ ਕਹੇ ਮੈਂ ਕੂਕ ਕੇ ਕਹਾਂ ਉਹ ਸ਼ੇਰ ਸ਼ੇਰ ਜਿਸ ਨੂੰ ਤਤਾਂ ਵਾਲਾ ਰੂਪ ਦਿਤਾ ਸੀ ਤਾਬੋ, ਜਿਸ ਦੀ ਤਾਬਿਆ ਵਿਚ ਦੋ ਜਹਾਨ ਨਜ਼ਰੀ ਆਈਆ । ਜਿਸ ਦੀ ਖ਼ੁਸ਼ੀ ਵਿਚ ਹੋਈ ਬਾਗ਼ ਬਾਗ਼ੋ, ਖ਼ੁਸ਼ੀਆਂ ਢੋਲੇ ਗਾਈਆ । ਜਿਸ ਦਾ ਘਰ ਘਰ ਜਗਣਾ ਚਰਾਗ਼ੋ, ਚਰਾਗਾਹਾਂ ਕਰੇ ਰੁਸ਼ਨਾਈਆ । ਸੰਦੇਸ਼ਾ ਦੇਵੇ ਦੁਨੀਆਦਾਰੋ ਦੁਨੀਆ ਕੂੜੀ ਤਿਆਗੋ, ਤ੍ਰੈਗੁਣ ਅਤੀਤਾ ਕੀ ਜਣਾਈਆ । ਉਠ ਉਠ ਸਾਰੇ ਸਤਿਗੁਰ ਸ਼ਬਦ ਦੁਆਰੇ ਭਾਗੋ, ਭੱਜੋ ਵਾਹੋ ਦਾਹੀਆ । ਉਹ ਮਾਹੀ ਮਹਿਬੂਬ ਤਕਣਾ ਤਕੋ ਦੇਸ ਮਾਝੇ, ਮਜਲਸ ਭਗਤਾਂ ਨਾਲ ਰਖਾਈਆ । ਜਿਸ ਦਾ

ਇਕ ਇਕ ਰਿਵਾਜੇ, ਰਸਮ ਕ਼ਸਮ ਨਾਲ ਦਏ ਬਦਲਾਈਆ । ਚਰਨੀ ਢਹਿ ਜਾਓ ਸ਼ਾਹ ਨਵਾਬੋ, ਤਖ਼ਤ ਨਿਵਾਸੀਓ ਤਖ਼ਤਾਂ ਦਾ ਲੇਖਾ ਦਿਓ ਮੁਕਾਈਆ । ਆ ਜਾਓ ਵਕਤ ਸੁਹੰਜਣਾ ਬਣ ਜਾਓ ਹੰਸ ਕਾਗੋ, ਕਾਗੋਂ ਹੰਸ ਬਣਾਈਆ । ਦੁਰਮਤ ਮੈਲ ਧੋਵੇ ਦਾਗ਼ੋ, ਪਤਤ ਪੁਨੀਤ ਆਪ ਅਖਵਾਈਆ । ਜਿਸ ਦੀ ਇਕੋ ਇਕ ਇਮਦਾਦੋ, ਦੂਸਰ ਲੋੜ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਭਾਦਰੋਂ ਕਹੇ ਨਾਰਦਾ ਕੀ ਸੰਦੇਸ਼ਾ ਦੇਵੇ ਤੇਰੀ ਭਰਜਾਈ, ਭਾਗਾਂ ਭਰੀ ਕੀ ਦ੍ਰਿੜਾਈਆ । ਗੰਗਾ ਕਹੇ ਮੈਂ ਦੇਣ ਆਈ ਦੁਹਾਈ, ਦੋ ਜਹਾਨਾਂ ਦਿਆਂ ਸੁਣਾਈਆ । ਜਮਨਾ ਸੁਰਸਤੀ ਗੋਦਾਵਰੀ ਨਾਲ ਮਿਲਾਈ, ਗ੍ਰਿਹ ਇਕੋ ਰੰਗ ਰੰਗਾਈਆ । ਇਸ਼ਾਰਾ ਦਿਤਾ ਰਾਵੀ ਤੂੰ ਵੀ ਭੱਜਣਾ ਚਾਈਂ ਚਾਈਂ, ਆਪਣਾ ਪੈਂਡਾ ਪੰਧ ਮੁਕਾਈਆ । ਅਰਜਨ ਦਾ ਲੇਖਾ ਦੱਸਣਾ ਥਾਉਂ ਥਾਈਂ, ਥਾਨ ਥਨੰਤਰ ਮਿਲੇ ਵਡਿਆਈਆ । ਬਹੁੜੀ ਸਾਡੀਆਂ ਪੰਜਾਂ ਦੀਆਂ ਖੜ੍ਹੀਆਂ ਬਾਹੀਂ, ਕੂਕ ਕੂਕ ਸੁਣਾਈਆ । ਸਾਡਾ ਅੰਮ੍ਰਿਤ ਜਲ ਕਿਸੇ ਦੀ ਮੇਟ ਸਕੇ ਨਾ ਛਾਹੀ, ਦੁਰਮਤ ਮੈਲ ਨਾ ਕੋਇ ਧੁਆਈਆ । ਅਠਸਠ ਤੀਰਥ ਰੋਵਣ ਮਾਰਨ ਧਾਹੀ, ਇਕੋ ਤੇਰਾ ਢੋਲਾ ਗਾਈਆ । ਕਿਰਪਾ ਕਰ ਹਰਿ ਗੁਸਾਂਈ, ਮਿਹਰਵਾਨ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਭਾਦਰੋਂ ਮੇਰੀ ਭਾਬੋ ਲੈ ਕੇ ਆ ਗਈ ਪਾਤੀ, ਪਤ੍ਰਕਾ ਸਮਝ ਕਿਸੇ ਨਾ ਆਈਆ । ਨਾ ਲਿਖੀ ਕ਼ਲਮ ਦਵਾਤੀ, ਸ਼ਾਹੀ ਰੰਗ ਨਾ ਕੋਇ ਵਟਾਈਆ । ਇਸ ਦਾ ਝਗੜਾ ਦਿਸੇ ਨਾ ਕਾਗ਼ਜ਼ਾਤੀ, ਅੱਖਰ ਅੱਖਰ ਨਾ ਕੋਇ ਸਮਝਾਈਆ । ਇਹ ਖੇਲ ਬਹੁ ਬਿਧ ਭਾਂਤੀ, ਭੇਵ ਅਭੇਦਾ ਰਹੀ ਜਣਾਈਆ । ਉਠੋ ਵੇਖੋ ਖੇਲ ਕਮਲਾਪਾਤੀ, ਕੀ ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਜਿਸ ਕੂੜ ਨਿਸ਼ਾਨਾ ਮੇਟਣਾ ਕਲਜੁਗ ਕਾਤੀ, ਕਾਲਖ ਟਿੱਕੇ ਦਏ ਧੁਆਈਆ । ਉਹ ਵੇਸ ਵਟਾਏ ਲੋਕਮਾਤੀ, ਧਰਨੀ ਧਰਤ ਧਵਲ ਧੌਲ ਸੁਹਾਈਆ । ਜਿਸ ਦਾ ਝਗੜਾ ਨਹੀਂ ਕੋਈ ਜ਼ਾਤੀ, ਅਜ਼ਾਤੀ ਰੰਗ ਨਾ ਕੋਇ ਰੰਗਾਈਆ । ਸਾਚੀ ਦੇਵੇ ਨਾਮ ਸੌਗ਼ਾਤੀ, ਵਸਤ ਅਮੁਲ ਅਤੁਲ ਵਰਤਾਈਆ । ਮੈਂ ਉਸ ਦੀ ਚਰਨ ਧੂੜ ਨਹਾਤੀ, ਇਸ਼ਨਾਨ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਭੇਵ ਆਪ ਚੁਕਾਈਆ । ਨਾਰਦ ਕਹੇ ਭਾਦਰੋਂ ਮੇਰੀ ਭਾਬੋ ਦਾ ਸੁਣ ਲੈ ਬਚਨ, ਕੀ ਢੋਲੇ ਰਹੀ ਗਾਈਆ । ਇਹ ਕਹਿੰਦੀ ਸਭ ਦਾ ਮਾਹੀ ਇਕੋ ਸੱਜਣ, ਮਹਿਬੂਬ ਨੂਰ ਅਲਾਹੀਆ । ਜਿਸ ਦੇ ਨਾਮ ਨਗਾਰੇ ਘਰ ਘਰ ਅੰਦਰ ਵਜਣ, ਗ੍ਰਿਹ ਗ੍ਰਿਹ ਕਰੇ ਸ਼ਨਵਾਈਆ । ਉਹ ਭਗਤਾਂ ਭਗਤੀ ਧਾਰ ਆਇਆ ਸੱਦਣ, ਸੰਦੇਸੇ ਆਪ ਸੁਣਾਈਆ । ਲੱਖ ਚੁਰਾਸੀ ਵਿਚੋਂ ਆਇਆ ਕਢਣ, ਫੜ ਬਾਹੋਂ ਬਾਹਰ ਕਢਾਈਆ । ਕੂੜ ਕਿਰਿਆ ਮੇਟ ਕੇ ਹੱਦਣ, ਹਦੂਦ ਇਕੋ ਇਕ ਵਖਾਈਆ । ਜਿਥੇ ਦੀਪਕ ਜੋਤੀ ਇਕੋ ਜਗਣ, ਨੂਰ ਨੂਰ ਨੂਰ ਕਰ ਰੁਸ਼ਨਾਈਆ । ਜਨ ਭਗਤ ਸੁਹੇਲੇ ਲੱਭਣ, ਦੂਜਾ ਵੇਖਣ ਕੋਇ ਨਾ ਪਾਈਆ । ਉਥੇ ਤਤ ਸ਼ਰੀਰ ਨਹੀਂ ਕੋਈ ਬਦਨ, ਆਤਮ ਪ੍ਰਮਾਤਮ ਮਿਲਕੇ ਵਜੇ ਵਧਾਈਆ । ਉਹ ਇਕ ਸੰਦੇਸ਼ਾ ਦੇਵੇ ਇਕੋ ਸੁਣਾਵੇ ਬਚਨ, ਸੰਦੇਸ਼ਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਦਾ ਆਪ ਉਠਾਈਆ । ਨਾਰਦ ਕਹੇ ਭਾਦਰੋਂ ਮੇਰੀ ਭਾਬੀ ਦੀ ਸੁਣ ਲੈ ਖ਼ਬਰ, ਬੇਖ਼ਬਰਾਂ ਕੀ ਜਣਾਈਆ । ਪ੍ਰਭ ਦਾ ਹੁਕਮ ਅਗੰਮਾ ਜ਼ਬਰ, ਜ਼ਾਲਮਾਂ ਜ਼ੁਲਮ ਦਏ ਮਿਟਾਈਆ । ਜੋ ਆਸ਼ਾ ਰਖੀ ਮੁਹੰਮਦ

ਨੇ ਵੜਨ ਲੱਗਿਆਂ ਵਿਚ ਕ਼ਬਰ, ਮਕ਼ਬਰਾ ਕੀ ਸੁਣਾਈਆ । ਮੇਰੇ ਪਰਵਰਦਿਗਾਰ ਸਾਂਝੇ ਯਾਰ ਨੇ ਸਭ ਦਾ ਤੋੜਨਾ ਸਬਰ, ਸਬੂਰੀ ਰਹਿਣ ਕੋਇ ਨਾ ਪਾਈਆ । ਜਿਸ ਮਾਨਵ ਜ਼ਾਤੀ ਇਕ ਬਣਾਉਣਾ ਟੱਬਰ, ਕੁਨਬਾ ਇਕੋ ਇਕ ਵਖਾਈਆ । ਮੇਰੀ ਦੁਹਾਈ ਵੇ ਓਹ ਪਾਉਣ ਲੱਗਾ ਗ਼ਦਰ, ਗਦਾਗਰ ਕਰੇ ਲੋਕਾਈਆ । ਸਤਿਗੁਰ ਸ਼ਬਦ ਦੀ ਪੂਰੀ ਹੋਵੇ ਸਧਰ, ਸਦਮੇ ਵਿਚ ਦਿਸੇ ਲੋਕਾਈਆ । ਮੈਂ ਉਸ ਦੀ ਅਵਾਜ਼ ਸੁਣੀ ਜਿਸ ਦਾ ਗੀਤ ਅਨੋਖਾ ਤੇ ਧੁਨ ਸੁਣੀ ਮਧੁਰ, ਖ਼ੁਸ਼ੀ ਖ਼ੁਸ਼ੀ ਨਾਲ ਜਣਾਈਆ । ਜਿਸ ਨੇ ਭਗਤਾਂ ਦਾ ਕਰਨਾ ਕ਼ਦਰ, ਕ਼ੁਦਰਤ ਦਾ ਕ਼ਾਦਰ ਨੂਰ ਅਲਾਹੀਆ । ਮੈਨੂੰ ਇਉਂ ਜਾਪਦਾ ਸਾਲ ਬਸਾਲਾ ਸ੍ਰਿਸ਼ਟੀ ਨੇ ਫਿਰਨਾ ਉਸ ਦੇ ਮਗਰ, ਪਿਛੇ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਭਾਦਰੋਂ ਕਹੇ ਨਾਰਦਾ ਤੇਰੀ ਭਾਬੋ ਬੜੀ ਚਲਾਕ, ਮੇਰੇ ਅੰਤਰ ਆਈ ਹੈਰਾਨੀ । ਨਾਰਦ ਕਹੇ ਭਾਦਰੋਂ ਜ਼ਰਾ ਖੋਲ੍ਹ ਕੇ ਵੇਖ ਲੈ ਤਾਕ, ਹੱਥ ਰਖ ਕੇ ਆਪਣੀ ਉਤੇ ਪੇਸ਼ਾਨੀ । ਇਹ ਰੂਪ ਨਹੀ ਕੋਈ ਮਿੱਟੀ ਖ਼ਾਕ, ਤਤਾਂ ਵਾਲੀ ਨਹੀਂ ਜਵਾਨੀ । ਇਹ ਇਕ ਇਕ ਦੀ ਜ਼ਾਤ, ਇਹਦਾ ਨੂਰ ਨੂਰ ਨੁਰਾਨੀ । ਇਹਦੀ ਅਗਲੀ ਸਮਝਣ ਵਾਲੀ ਬਾਤ, ਅੱਖਰਾਂ ਵਾਲੀ ਨਹੀਂ ਕਹਾਣੀ । ਝਟ ਗੰਗਾ ਬੋਲੀ ਸੁਣੋ ਮੈਥੋਂ ਹਾਲਾਤ, ਹਾਲਤ ਦਿਆਂ ਜਣਾਈਆ । ਜਿਹੜਾ ਲੇਖਾ ਲਿਖਿਆ ਨਹੀਂ ਨਾਲ ਕ਼ਲਮ ਦੁਆਤ, ਜਿਸ ਦੀ ਕਾਗਜ਼ ਦਏ ਨਾ ਕੋਈ ਗਵਾਹੀਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਖੇਲ ਕਰਨਾ ਆਪਣੀ ਭਾਂਤ, ਬਹੁ ਭਾਂਤੀ ਸਮਝ ਕਿਸੇ ਨਾ ਆਈਆ । ਆਹ ਵੇਖੋ ਬਿਨਾ ਅੱਖਰਾਂ ਤੋਂ ਪਤ੍ਰਕਾ ਪਾਤ, ਪੜ੍ਹ ਕੇ ਸਕੇ ਨਾ ਕੋਇ ਸਮਝਾਈਆ । ਉਹ ਆਇਆ ਲੋਕਮਾਤ, ਮਤਾ ਸਤਿਗੁਰ ਸ਼ਬਦ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਰੰਗ ਆਪ ਵਖਾਈਆ । ਗੰਗਾ ਕਹੇ ਨਾਰਦਾ ਤੂੰ ਕਿਉਂ ਮੈਨੂੰ ਕਿਹਾ ਭਾਬੀ, ਸਚ ਦੇ ਸੁਣਾਈਆ । ਮੈਂ ਬਣੀ ਨਹੀਂ ਕਿਸੇ ਦੀ ਬਾਂਦੀ, ਬੰਦਨਾ ਵਿਚ ਸੀਸ ਨਾ ਕਿਸੇ ਨਿਵਾਈਆ । ਮੈਂ ਕਿਸੇ ਦਾ ਕੁਛ ਨਹੀਂ ਪੀਂਦੀ ਖਾਂਦੀ, ਦੂਸਰ ਓਟ ਨਾ ਕੋਇ ਤਕਾਈਆ । ਕਿਸੇ ਦੇ ਗ੍ਰਿਹਿ ਮੰਦਰ ਨਹੀਂ ਜਾਂਦੀ, ਘਰਾਣੇ ਵੰਡ ਨਾ ਕੋਇ ਵੰਡਾਈਆ । ਕਿਸੇ ਦੀ ਰਿਧੀ ਕਦੇ ਨਹੀਂ ਹਾਂਡੀ, ਜਗਤ ਵਾਸਨਾ ਨਾ ਕੋਇ ਜਣਾਈਆ । ਮੈਂ ਵਣਜਾਰਨ ਬਣੀ ਨਹੀਂ ਰੁਪੈ ਸੋਨੇ ਚਾਂਦੀ, ਸੂਰੀਆ ਚੰਦਰਮਾ ਮੇਰੀ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਇਕ ਅਖਵਾਈਆ । ਗੰਗਾ ਕਹੇ ਨਾਰਦਾ ਮੈਨੂੰ ਕਿਉਂ ਕਿਹਾ ਭਰਜਾਈ, ਕੀ ਤੇਰੀ ਵਡਿਆਈਆ । ਮੈਨੂੰ ਭੇਦ ਦੇ ਖੁਲ੍ਹਾਈ, ਤੈਨੂੰ ਸਚ ਰਹੀ ਸੁਣਾਈਆ । ਤੂੰ ਚਾਰ ਜੁਗ ਦਾ ਪਾਂਧੀ ਰਾਹੀ, ਮੈਂ ਵੀ ਜੁਗ ਚੌਕੜੀ ਭੱਜਾਂ ਵਾਹੋ ਦਾਹੀਆ । ਮੈਂ ਇਕੋ ਮੰਗ ਮੰਗਾਈ, ਦੂਸਰੀ ਵੰਡ ਨਾ ਕੋਇ ਵੰਡਾਈਆ । ਜੇ ਮੇਰਾ ਦਿਉਰ ਬਣਨਾ ਮੈਨੂੰ ਦੱਸ ਦੇ ਕਿਉਂ ਗੋਬਿੰਦ ਨੇ ਕਿਹਾ ਲੇਖਾ ਮੁਕੇ ਮੇਰਾ ਢਾਈ, ਢਈਏ ਕੀ ਚਤੁਰਾਈਆ । ਸੋਹਣਿਆ ਅੱਜ ਪਹਿਲੀ ਭਾਦਰੋਂ ਤੋਂ ਦਵਾ ਦੇ ਗਵਾਹੀ, ਸ਼ਹਾਦਤ ਅੱਖਰਾਂ ਨਾਲ ਭੁਗਤਾਈਆ । ਨਹੀਂ ਤੇ ਆਪਣੇ ਮੂੰਹ ਤੇ ਲਾ ਲੈ ਸ਼ਿਆਹੀ, ਲਾਅਨਤ ਦਿਆ ਮਾਰਿਆ ਮੁਖ ਜਾਣਾ ਭੁਆਈਆ । ਮੈਂ ਅਜੇ ਤਕ ਕੋਟਨ ਜੁਗ ਨਾ ਕਿਸੇ ਨਾਲ ਮੰਗੀ ਤੇ ਨਾ ਕਿਸੇ ਨਾਲ ਵਿਆਹੀ, ਨੇਤਰ ਅੱਖ ਨਾ ਕੋਇ ਮਿਲਾਈਆ । ਮੈਨੂੰ ਇਉਂ ਦਿਸਦਾ ਤੈਨੂੰ ਕਲਜੁਗ ਨੇ ਕਰ ਦਿਤਾ ਸ਼ੁਦਾਈ, ਪਿਛਲਿਆਂ ਜੁਗਾਂ ਵਿਚ ਤੂੰ ਇਹ ਬਚਨ ਨਾ ਦਿਤਾ ਸੁਣਾਈਆ । ਹੁਣ ਤੇਰੇ ਗਲ ਵਿਚ ਮੈਂ ਪਾ ਲੈਣੀ ਫਾਹੀ,

੩
੨੪

ਇਹ ਫਾਹੀ ਫਾਸੀ ਯਸੂਹ ਵਾਲੀ ਲੇਖਾ ਰਹੀ ਸਮਝਾਈਆ । ਉਸ ਨੇ ਦੋਵੇਂ ਹੱਥ ਚੁੱਕ ਕੇ ਦਿਤੀ ਦੁਹਾਈ, ਵਾਹਿਦ ਅੱਲਾ ਤੇਰੀ ਓਟ ਤਕਾਈਆ । ਨਾਲੇ ਕਿਹਾ ਮੁਰੀਦੋ ਤੁਹਾਡੇ ਮੁਰਸ਼ਦ ਦਾ ਮੁਰਸ਼ਦ ਜਿਸ ਵੇਲੇ ਆਇਆ ਧੁਰ ਦਾ ਮਾਹੀ, ਮਹਿਬੂਬ ਨੂਰ ਅਲਾਹੀਆ । ਉਹ ਬੜਾ ਹੋਵੇਗਾ ਵੱਡਾ ਦਾਈ, ਆਪਣਾ ਦਾਉ ਨਾ ਕਿਸੇ ਸਮਝਾਈਆ । ਆਪਣੀ ਖੇਲ ਖੇਲੀ ਜਾਏਗਾ ਚਾਈਂ ਚਾਈਂ, ਚਾਓ ਘਨੇਰਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਂਈਆ । ਗੰਗਾ ਕਹੇ ਨਾਰਦਾ ਮੈਂ ਆਦਿ ਜੁਗਾਦਿ ਕੁਆਰੀ, ਕਿਸੇ ਕੰਵਰ ਨਾਲ ਨਾ ਕਦੇ ਪਰਨਾਈਆ । ਮੇਰਾ ਜੁਗ ਚੌਕੜੀ ਇਕੋ ਸ਼ਿੰਗਾਰੀ, ਵੇਸ ਅਵੇਸ ਨਾ ਰੂਪ ਵਖਾਈਆ । ਮੇਰੀ ਧਾਰ ਸਦਾ ਠੰਡੀ ਠਾਰੀ, ਅਗਨੀ ਤਤ ਨਾ ਕੋਇ ਤਪਾਈਆ । ਮੈਂ ਭੱਜੀ ਜਾਵਾਂ ਵਾਰੋ ਵਾਰੀ, ਅਗੇ ਹੋ ਨਾ ਕੋਇ ਅਟਕਾਈਆ । ਨਾ ਮੈਂ ਪੁਰਖ ਨਾ ਮੈਂ ਨਾਰੀ, ਤਨ ਵਜੂਦ ਨਾ ਕੋਇ ਜਣਾਈਆ । ਸ਼ੰਕਰ ਮੇਰੀ ਪਾਵੇ ਸਾਰੀ, ਜਟਾ ਜੂਟ ਜਿਸ ਦੀ ਦਏ ਗਵਾਹੀਆ । ਮੈਂ ਇਕ ਦੀ ਪੂਜਾ ਕਰਾਂ ਤੇ ਬਣਾਂ ਪੁਜਾਰੀ, ਇਕ ਇਕ ਨੂੰ ਸੀਸ ਨਿਵਾਈਆ । ਜੁਗ ਜੁਗ ਜਿਸ ਦੀ ਖੇਲ ਨਿਆਰੀ, ਨਿਤ ਨਿਤ ਵੇਖਾਂ ਚਾਈਂ ਚਾਈਂਆ । ਤੂੰ ਉਠਕੇ ਨਿਗਾਹ ਮਾਰੀ, ਬਿਨ ਨੈਣਾਂ ਨੈਣ ਤਕਾਈਆ । ਉਹ ਕਲ ਕਲਕੀ ਅਵਤਾਰੀ, ਹਰਿ ਕਰਤਾ ਧੁਰਦਰਗਾਹੀਆ । ਜਿਸ ਨੂੰ ਪੈਗ਼ੰਬਰਾਂ ਕਿਹਾ ਅਮਾਮ ਅਮਾਮਾ ਸਭ ਦਾ ਸਿਕਦਾਰੀ, ਮਹਿਬੂਬ ਅਗੰਮ ਅਥਾਹੀਆ । ਮੈਂ ਉਸ ਦੇ ਚਰਨ ਕਵਲ ਪਨਿਹਾਰੀ, ਜੁਗ ਜੁਗ ਸੀਸ ਨਿਵਾਈਆ । ਉਸ ਦੇ ਦਰ ਤੇ ਦੇਵਾਂ ਬਹਾਰੀ, ਧੂੜੀ ਖ਼ਾਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਗੰਗਾ ਬੇਸ਼ਕ ਮੇਰਾ ਨਹੀਂ ਕੋਈ ਭਰਾ, ਭਾਬੀ ਤੈਨੂੰ ਲਿਆ ਬਣਾਈਆ । ਮਸਖ਼ਰੀ ਕਰਨਾ ਮੇਰੀ ਅਦਾ, ਮੇਰੇ ਪ੍ਰਭ ਨੇ ਦਿਤੀ ਵਡਿਆਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਸਾਹਮਣੇ ਲਏ ਬੁਲਾ, ਰਾਵੀ ਆਪਣੇ ਨਾਲ ਰਖਾਈਆ । ਮੈਂ ਇਕ ਸੰਦੇਸ਼ਾ ਦੇਵਾਂ ਸੁਣਾ, ਜੋ ਢੋਲਾ ਧੁਰ ਦਰਗਾਹੀਆ । ਤੁਸਾਂ ਸੁਣਨਾ ਨਾਲ ਚਾਅ, ਚਾਉ ਘਨੇਰਾ ਇਕ ਰਖਾਈਆ । ਨਾਲੇ ਆਪਣੀਆਂ ਉਠਾਵੋ ਬਾਂਹ, ਬਹੀਆਂ ਦਿਉ ਵਖਾਈਆ । ਰਸਨਾ ਬੋਲੋ ਇਕੋ ਨਾਂ, ਜੋ ਨਾਉਂ ਨਿਰੰਕਾਰਾ ਦਿਆਂ ਸੁਣਾਈਆ । ਸਾਰੀਆਂ ਕਹੋ ਸਾਡਾ ਪਿਛੇ ਪਿਛਾ ਰਿਹਾ ਨਾ ਥਾਂ, ਥਾਨ ਥਨੰਤਰ ਨਾ ਕੋਇ ਵਡਿਆਈਆ । ਇਕੋ ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਪਿਤਾ ਮਾਂ, ਮਾਤ ਪਿਤ ਇਕ ਅਖਵਾਈਆ । ਜਿਸ ਦੀ ਚਰਨ ਸਰਨ ਸਰਨਾ, ਚਰਨ ਕਵਲ ਵਡਿਆਈਆ । ਨੀ ਕਮਲੀਓ ਨੈਣ ਖੋਲ੍ਹੋ ਤੁਹਾਨੂੰ ਉਹ ਸਾਹਿਬ ਦਿਆਂ ਵਖਾ, ਜਿਸ ਵਖਰੇ ਵਖਰੇ ਰੂਪ ਧਾਰਨ ਕਰਕੇ ਅਵਤਾਰ ਪੈਗ਼ੰਬਰ ਗੁਰੂ ਦਿਤੇ ਬਣਾਈਆ । ਉਸ ਨੇ ਮੈਨੂੰ ਸਿਖਿਆ ਦਿਤੀ ਸਿਖਾ, ਸਹਿਜ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਗੰਗਾ ਭਾਬੋ ਆਖਿਆ ਹੋਇਆ ਕੀ, ਮੈਨੂੰ ਦੇ ਜਣਾਈਆ । ਤੂੰ ਅਗੋਂ ਕਹਿਣਾ ਸੀ ਜੀ, ਸਤਿ ਸਚ ਨਾਲ ਸੁਣਾਈਆ । ਅਗੇ ਵਾਸਤੇ ਧਰਮ ਦੀ ਬਣਦੀ ਲੀਹ, ਲਾਇਨ ਇਕ ਵਖਾਈਆ । ਸਤਿਜੁਗ ਦੀ ਰਖਦੇ ਨੀਂਹ, ਧਰਮ ਧਾਰ ਵਡਿਆਈਆ । ਝਗੜਾ ਮੁਕਦਾ ਜਗਤ ਸੀਂਅ, ਹਿੱਸੇ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਗੰਗਾ ਕਹੇ ਨਾਰਦਾ ਮੈਂ ਕੀ ਦੱਸਾਂ ਤੇਰਾ ਰਿਸ਼ਤਾ, ਰਿਸ਼ਤੇਦਾਰੀ ਕੀ ਜਣਾਈਆ । ਆਹ ਵੇਖ

੪ ੨੪

ਲੈ ਸੰਦੇਸ਼ਾ ਲੈ ਕੇ ਗਿਆ ਜਬਰਾਈਲ ਫ਼ਰਿਸ਼ਤਾ, ਮੇਕਾਈਲ ਅਸਰਾਈਲ ਅਸਰਾਫ਼ੀਲ ਆਪਣੇ ਨਾਲ ਮਿਲਾਈਆ । ਕੀ ਹਾਲ ਦੱਸੇ ਗੁਜ਼ਸ਼ਤਹ, ਮਾਜ਼ੀ
ਕੀ ਸਮਝਾਈਆ । ਵੇਖ ਲੈ ਕਢ ਕੇ ਬਹਿ ਗਿਆ ਨਕਸ਼ਾ, ਖ਼ਾਕਾ ਜ਼ਿਮੀਂ ਅਸਮਾਨ ਸਮਝਾਈਆ । ਨੀ ਕਮਲੀਓ ਮੇਰੇ ਮਹਿਬੂਬ ਨੇ ਸਭ ਦਾ ਹਾਲ
ਕਰਨਾ ਖ਼ਸਤਾ, ਖ਼ਸਾਰਾ ਤਕਣਾ ਥਾਉਂ ਥਾਈਂਆ । ਵੇ ਮੇਰੀ ਦੁਹਾਈ ਅੰਤ ਇਕੋ ਰਹਿਣਾ ਭਗਤ ਦੁਆਰਾ ਵਸਦਾ, ਦੂਜਾ ਨਜ਼ਰ ਕੋਇ ਨਾ ਆਈਆ ।
ਨੌ ਖੰਡ ਵੇਖਿਓ ਨਸਦਾ, ਭੱਜੇ ਵਾਹੋ ਦਾਹੀਆ । ਅੰਧੇਰਾ ਹੋਣਾ ਰੈਣ ਅੰਧੇਰੀ ਮੱਸ ਦਾ, ਨੂਰੀ ਚੰਦ ਨਾ ਕੋਇ ਚਮਕਾਈਆ । ਝਗੜਾ ਪੈਣਾ ਹੱਥੋ
ਹੱਥ ਦਾ, ਜਗਤ ਖੰਡਿਆਂ ਖ਼ਾਕ ਮਿਲਾਈਆ । ਝਟ ਨਾਰਦ ਬੋਲਿਆ ਗੰਗਾ ਗੰਗੋਤਰੀਏ ਏਹੋ ਲਹਿਣਾ ਸੀ ਜੋ ਗੋਬਿੰਦ ਸੱਥਰ ਯਾਰ ਦਾ ਘਤਦਾ,
ਆਸਣ ਕੰਡਿਆਂ ਉਤੇ ਲਾਈਆ । ਉਸ ਵੇਲੇ ਨੇਤਰ ਵਸਦਾ ਸੀ ਪੱਤ ਦਾ, ਟਹਿਣੀਆਂ ਕੂਕ ਕੂਕ ਸੁਣਾਈਆ । ਕਲਜੁਗ ਖ਼ੁਸ਼ੀਆਂ ਦੇ ਵਿਚ ਹਸਦਾ,
ਤਾਲੀਆਂ ਰਿਹਾ ਵਜਾਈਆ । ਨਾਲੇ ਤੀਰ ਅਣਿਯਾਲੇ ਕਸਦਾ, ਬਿਨਾ ਚਿੱਲ੍ਹੇ ਰਿਹਾ ਉਠਾਈਆ । ਉਹ ਵਕ਼ਤ ਆਉਣਾ ਗੋਬਿੰਦ ਸ਼ਬਦ ਅਗੰਮੇ
ਜੱਟ ਦਾ, ਜੋ ਜਟਾ ਜੂਟਾਂ ਖ਼ਾਕ ਮਿਲਾਈਆ । ਵੇਖਿਓ ਮੇਰਾ ਢਈਆ ਕਿਸ ਬਿਧ ਜਾਂਦਾ ਟਪਦਾ, ਆਪਣਾ ਪੰਧ ਮੁਕਾਈਆ । ਫੇਰ ਵਕ਼ਤ ਸੁਹੰਜਣਾ
ਹੋਣਾ ਪਰਮੇਸ਼ਵਰ ਪਤਿ ਦਾ, ਪਤ੍ਰਿਕਾ ਪਿਛਲੀ ਦਏ ਗਵਾਹੀਆ । ਇਹ ਮਾਨਸ ਪਿਆਸਾ ਹੋਣਾ ਪਿਉ ਪੁਤ ਦੀ ਰਤ ਦਾ, ਰਤਨ ਅਮੋਲਕ ਹੀਰਾ
ਨਜ਼ਰ ਕੋਇ ਨਾ ਆਈਆ । ਸਾਧ ਸੰਤ ਭਰੋਸਾ ਰਖੇ ਕੋਈ ਨਾ ਯਤਿ ਦਾ, ਸਤਿ ਵਿਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
੫ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲਾਈਆ । ਨਾਰਦ ਕਹੇ ਗੰਗਾ ਕੀ ਹੋਇਆ ਜੇ ਭਾਬੀ ਦਿਤਾ ਆਖ, ਅੱਖਰਾਂ ੫
੨੪ ਨਾਲ ਅੱਖਰ ਬਦਲਾਈਆ । ਮੈਨੂੰ ਸ਼ੁਰੂ ਤੋਂ ਪ੍ਰਭੂ ਨੇ ਬਣਾਇਆ ਗੁਸਤਾਖ਼, ਸ਼ਰਾਰਤ ਇਕੋ ਇਕ ਦ੍ਰਿੜਾਈਆ । ਮੈਂ ਇਕ ਗੱਲ ਆਖੀ ਸੀ ਗੋਬਿੰਦ ੨੪
ਨੂੰ ਜਿਸ ਵੇਲੇ ਸਿਖੀ ਬਣਾਈ ਪਹਿਲੀ ਵਿਸਾਖ, ਇਕ ਸੱਤ ਪੰਜ ਛੇ ਨਾਲ ਮਿਲਾਈਆ । ਕਿਉਂ ਖ਼ਬਰ ਅਗੰਮੀ ਗਈ ਭਾਖ, ਕਿਸੇ ਬੇਖ਼ਬਰ ਨੇ
ਦਿਤੀ ਸੁਣਾਈਆ । ਮੈਂ ਸਕਿਆ ਮੂਲ ਨਾ ਵਾਚ, ਮੇਰੀ ਚਲੀ ਨਾ ਕੋਇ ਚਤੁਰਾਈਆ । ਫੇਰ ਸੁਣੀ ਅਗੰਮੀ ਬਾਤ, ਕਿਸੇ ਅੰਦਰੋਂ ਦਿਤੀ ਸੁਣਾਈਆ ।
ਨਾਰਦਾ ਉਠ ਵੇਖ ਲੈ ਕਲਜੁਗ ਅੰਧੇਰੀ ਰਾਤ, ਚਾਰੋ ਕੁੰਟ ਅੰਧੇਰਾ ਛਾਈਆ । ਕਿਸੇ ਮਿਲੇ ਨਾ ਅੰਮ੍ਰਿਤ ਬੂੰਦ ਸਵਾਂਤ, ਗੰਗਾ ਗੋਦਾਵਰੀ ਜਮਨਾ
ਸੁਰਸਤੀ ਖ਼ਾਲੀ ਕਲਸ ਰਹੀਆਂ ਵਖਾਈਆ । ਨਾਲੇ ਸ਼ਬਦੀ ਧਾਰ ਬਿਨ ਅੱਖਰਾਂ ਲਿਖਿਆ ਪਾਤ, ਜਿਸ ਨੂੰ ਪਤ੍ਰਕਾ ਕਹੇ ਲੋਕਾਈਆ । ਉਸ ਵਿਚ
ਏਸ ਵੇਲੇ ਦਾ ਹਾਲਾਤ, ਜੋ ਹਾਲਤ ਦਿਸੇ ਲੋਕਾਈਆ । ਨਾਰਦ ਕਹੇ ਗੰਗਾ ਨਾ ਪਹਿਲੀ ਨਾ ਦੂਜੀ ਨਾ ਤੀਜੀ ਨਾ ਚੌਥੀ ਦਿਸੇ ਜਮਾਤ, ਪੰਜਵੀਂ
ਵੰਡ ਨਾ ਕੋਇ ਵੰਡਾਈਆ । ਨੀ ਤੁਸੀਂ ਪੰਜੇ ਧਾਰਾਂ ਫਿਰੋ ਵਿਚ ਕਾਇਨਾਤ, ਭੱਜੋ ਵਾਹੋ ਦਾਹੀਆ । ਜ਼ਰਾ ਨਿਗਾਹ ਮਾਰੋ ਝਾਤ, ਬਿਨ ਅੱਖਾਂ ਅੱਖ
ਮਿਲਾਈਆ । ਕਿਸ ਦਾ ਕਿਸ ਨਾਲ ਜੁੜਿਆ ਨਾਤ, ਕਵਣ ਕੌਣ ਕਿਸ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਗੰਗਾ ਕਹੇ ਨਾਰਦਾ ਛਡ ਦੇਈਏ ਜਗਤ ਵਾਲੀ ਕਹਾਣੀ, ਦੇਵਰ ਭਾਬੀ ਮਾਤ ਪਿਤ
ਭੈਣ ਭਾਈ ਕੀ ਚਤੁਰਾਈਆ । ਆ ਇਕ ਸ਼ਬਦ ਤੇ ਇਕ ਗਾਈਏ ਬਾਣੀ, ਜੋ ਬਾਣ ਅਣਿਯਾਲਾ ਤੀਰ ਚਲਾਈਆ । ਸਾਨੂੰ ਪਤਾ ਨਹੀਂ ਸਾਡਾ
ਕਿਧਰ ਗਿਆ ਅੰਮ੍ਰਿਤ ਰਸ ਠੰਡਾ ਪਾਣੀ, ਕਲਜੁਗ ਅਗਨੀ ਅੱਗ ਦਿਤੀ ਤਪਾਈਆ । ਸਾਡੇ ਵਿਚ ਨਹਾਉਣ ਵਾਲਿਆਂ ਨੂੰ ਆਤਮਾ ਪਰਮਾਤਮਾ

ਮਿਲੇ ਕਿਸੇ ਨਾ ਹਾਣੀ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਇਹ ਪਿਛਲੀ ਕਥਾ ਪੁਰਾਣੀ, ਪੁਰਾਨ ਅਠਾਰਾਂ ਚਾਰ ਲੱਖ ਸਤਾਰਾਂ ਹਜ਼ਾਰ ਸਲੋਕ ਦੇਣ ਗਵਾਹੀਆ । ਅਗੇ ਖੇਲ ਤਕੀਏ ਮਹਾਨੀ, ਕੀ ਮਹਿੰਮਾ ਬੇਪਰਵਾਹੀਆ । ਜਿਸ ਦਾ ਰੂਪ ਰੰਗ ਰੇਖ ਬੇਪਹਿਚਾਨੀ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਉਸ ਦੀ ਇਕੋ ਸਤਿਗੁਰ ਸ਼ਬਦ ਸ਼ਬਦ ਦਿਸੇ ਨਿਸ਼ਾਨੀ, ਨਿਸ਼ਾਨੇ ਦੀਨ ਦੁਨੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਗੰਗਾ ਛਡ ਦਈਏ ਪਿਛਲੀ ਕਥਾ, ਕਥਨੀ ਦੀ ਲੋੜ ਰਹੇ ਨਾ ਰਾਈਆ । ਇਕੋ ਇਕ ਤੱਕੀਏ ਜਿਸ ਦਾ ਖੇਲ ਯਥਾਰਥ ਯਥਾ, ਯਦੀ ਆਪਣਾ ਹੁਕਮ ਵਰਤਾਈਆ । ਇਕੱਠੇ ਹੋ ਕੇ ਉਸ ਨੂੰ ਟੇਕ ਦੇਈਏ ਮੱਥਾ, ਮਸਤਕ ਧੂੜੀ ਖ਼ਾਕ ਰਮਾਈਆ । ਜਿਹੜਾ ਭਗਤਾਂ ਦੇ ਸੱਥਰ ਲੱਥਾ, ਭਗਤੀ ਆਪਣੀ ਸੇਜ ਬਣਾਈਆ । ਉਹ ਦੇਵੇ ਅਗੰਮੀ ਵਥਾ, ਵਸਤ ਅਮੋਲਕ ਇਕ ਵਰਤਾਈਆ । ਕਿਉਂ ਉਸ ਦੇ ਵਿਚ ਸਰਬ ਸਮਰਥਾ, ਸਮਰਥ ਪੁਰਖ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਗੰਗਾ ਕਿਉਂ ਭਾਦਰੋਂ ਹੋ ਗਿਆ ਚੁਪ, ਖ਼ਾਮੋਸ਼ੀ ਵਿਚ ਸਮਾਈਆ । ਗੰਗਾ ਕਹੇ ਨਾਰਦਾ ਇਹਦੀ ਬੜੀ ਕਰੜੀ ਧੁੱਪ, ਸਭ ਨੂੰ ਰਹੀ ਸਤਾਈਆ । ਭਾਰਦੋਂ ਕਹੇ ਮਿਤਰੋਂ ਮੈਨੂੰ ਦਿਸਦਾ ਜਗਤ ਅੰਧੇਰਾ ਘੁਪ, ਸਾਚਾ ਨੂਰ ਨਾ ਕੋਇ ਚਮਕਾਈਆ । ਸਤਿ ਸਚ ਗਿਆ ਛੁਪ, ਪਰਦਾ ਸਕੇ ਨਾ ਕੋਇ ਉਠਾਈਆ । ਝਗੜਾ ਪਿਆ ਪਿਉ

੬ ਪੁਤ, ਪਿਤਾ ਪੂਤ ਨਾ ਕੋਇ ਵਡਿਆਈਆ । ਅਪਰਾਧੀ ਹੋ ਗਏ ਸੁਤ, ਮਈਆ ਨੈਣ ਨੈਣ ਸ਼ਰਮਾਈਆ । ਕੀ ਖੇਲ ਕਰੇ ਅਬਿਨਾਸ਼ੀ ਅਚੁਤ, ੬

੨੪ ਹਰਿ ਕਰਤਾ ਧੁਰਦਰਗਾਹੀਆ । ਜੋ ਆਪਣੀ ਬਦਲਣ ਵਾਲਾ ਰੁਤ, ਰੁਤੜੀ ਵੇਖ ਕੂੜ ਲੋਕਾਈਆ । ਚਾਰੋਂ ਕੁੰਟ ਦਿਸੇ ਲੁੱਟ, ਲੁਟੇਰਾ ਕਲਜੁਗ ੨੪

ਭੱਜੇ ਵਾਹੋ ਦਾਹੀਆ । ਸਭ ਦਾ ਨਾਤਾ ਰਿਹਾ ਤੁਟ, ਟੁਟਿਆ ਸਕੇ ਨਾ ਕੋਇ ਮਿਲਾਈਆ । ਸ੍ਰਿਸ਼ਟੀ ਭਾਗ ਰਹੇ ਨਿਖੁੱਟ, ਭਾਗਮੰਦ ਦਿਸੇ ਲੋਕਾਈਆ । ਓਹ ਤਕ ਲੈ ਦੋਸਤਾ ਮੂਸਾ ਈਸਾ ਮੁਹੰਮਦ ਦੀ ਧਾਰ ਰਹੀ ਜੁਟ, ਝਗੜਾ ਲਹਿੰਦੀ ਦਿਸ਼ਾ ਵਖਾਈਆ । ਝਟ ਗੰਗਾ ਨੇ ਉਂਗਲ ਰਖ ਲਈ ਆਪਣੇ ਬੁੱਲ੍ਹਾਂ ਉਤੇ ਬੁਟ, ਫਿਰ ਠੋਡੀ ਉਤੇ ਟਿਕਾਈਆ । ਨਾਰਦ ਫੜ ਕੇ ਜ਼ੋਰ ਦੀ ਗੁਟ, ਹਲੂਣਾ ਦਿਤਾ ਵਖਾਈਆ । ਭਾਦਰੋਂ ਹਸ ਕੇ ਕਹੇ ਕੁਛ ਮੈਥੋਂ ਅੱਗਾ ਲਓ ਪੁਛ, ਸਹਿਜ ਨਾਲ ਸਮਝਾਈਆ । ਉਹ ਵੇਖੋ ਸੱਜਣ ਸੱਜਣਾਂ ਨਾਲ ਰਹੇ ਰੁਸ, ਰਸ਼ੀਆ ਇਸ਼ਾਰੇ ਨਾਲ ਦ੍ਰਿੜਾਈਆ । ਮੈਨੂੰ ਇਉਂ ਜਾਪਦਾ ਮੇਰੇ ਅਗਲੇ ਸਮੇਂ ਆਉਣ ਤੋਂ ਪਹਿਲਾਂ ਹੋਣਾ ਕੁਛ ਦਾ ਕੁਛ, ਕ਼ਸਮ ਨਾਲ ਦਿਆਂ ਸਮਝਾਈਆ । ਕਿਸੇ ਦਾ ਹੱਥ ਕਿਸੇ ਦੀ ਦਾਹੜੀ ਤੇ ਕਿਸੇ ਦੀ ਹੋਣੀ ਮੁਛ, ਮੁਸ਼ਕਲ ਸਮਝ ਕਿਸੇ ਨਾ ਆਈਆ । ਇਹ ਪ੍ਰਭ ਦਾ ਹੁਕਮ ਵਰਤਣਾ ਤੁਛ, ਤੁਛ ਮਾਤਰ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਭਾਦਰੋਂ ਕਹੇ ਨਾਰਦਾ ਹੋਰ ਸੁਣ ਲੈ ਪੇਸ਼ੀਨਗੋਈ, ਪੱਛਮ ਵਲ ਧਿਆਨ ਲਗਾਈਆ । ਜਿਸ ਨੂੰ ਦੁਨੀਆਦਾਰ ਸਮਝੇ ਨਾ ਕੋਈ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਫਿਰਨੀ ਫ਼ਰਸ਼ ਉਤੇ ਦਰੋਹੀ, ਅਰਸ਼ ਦਾ ਮਾਲਕ ਵੇਖੇ ਚਾਈਂ ਚਾਈਆ । ਜਗਤ ਜੁਗਤ ਮਿਲੇ ਨਾ ਢੋਈ, ਜਗਿਆਸੂ ਚਲੇ ਨਾ ਕੋਇ ਚਤੁਰਾਈਆ । ਇਹ ਇਸ਼ਾਰਾ ਦਿਤਾ ਕਬੀਰ ਨੇ ਲੋਈ, ਲੋਇਣ ਦੋਹਾਂ ਹੱਥਾਂ ਨਾਲ ਦਬਾਈਆ । ਕਮਲੀਏ ਉਹ ਵੇਖ ਲੈ ਕਲਜੁਗ ਦਾ ਅੰਤ ਸਦੀ ਚੌਧਵੀਂ ਬਿਨਾ ਕਸਾਈ

ਤੋਂ ਕ਼ਸਮ ਨਾਲ ਦੁਨੀਆ ਜਾਣੀ ਕੇਹੀ, ਛਤਰੇ ਬਕਰੇ ਸਾਰੇ ਦੇਣ ਗਵਾਹੀਆ । ਐਹੋ ਜਿਹੀ ਹੋਣੀ ਜਿਹੜੀ ਪਿਛੇ ਕਦੀ ਨਹੀਂ ਹੋਈ, ਹੋਕਾ ਦੇ
ਕੇ ਕਾਹਨ ਕ੍ਰਿਸ਼ਨ ਰਿਹਾ ਸੁਣਾਈਆ । ਕਾਇਨਾਤ ਸ਼ਰਅ ਦੇ ਦੋ ਧੜ ਵਿਚ ਜਾਣੀ ਪਰੋਈ, ਪੰਡਤਾਂ ਦੇ ਥਾਂ ਕਲਜੁਗ ਪ੍ਰੋਹਤ ਬਣ ਕੇ ਸਭ ਨੂੰ ਥਾਂ
ਥਾਂ ਜਗਤ ਗ੍ਰਿਹਿ ਨਛਤ੍ਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ
ਇਕ ਅਖਵਾਈਆ । ਭਾਦਰੋਂ ਕਹੇ ਨਾਰਦਾ ਮੈਨੂੰ ਕਿਹਾ ਭਾਰਦੁਆਜ, ਸਪਤਸ ਰਿਖੀਆਂ ਵਿਚੋਂ ਜਣਾਈਆ । ਸੋ ਮੈਂ ਦੱਸਣ ਲੱਗਾ ਆਜ, ਆਜਜ਼
ਹੋ ਕੇ ਪ੍ਰਭ ਨੂੰ ਸੀਸ ਝੁਕਾਈਆ । ਮੇਰੇ ਸਾਹਿਬ ਤੇਰੀ ਕਰਨੀ ਤੇਰਾ ਕਾਜ, ਕਰਤੇ ਪੁਰਖ ਤੇਰੇ ਹੱਥ ਵਡਿਆਈਆ । ਜਗਤ ਦੀਨ ਦੁਨੀ ਦਾ ਡੁੱਬਣ
ਵਾਲਾ ਜਹਾਜ਼, ਬੇੜਾ ਪਾਰ ਨਾ ਕੋਇ ਕਰਾਈਆ । ਕਿਉਂ ਕਲਜੁਗ ਨੇ ਕੂੜੀ ਕਿਰਿਆ ਦਾ ਚਲਾਇਆ ਰਿਵਾਜ, ਰਸਮ ਮੋਹ ਮਮਤਾ ਵਾਲੀ ਰਖਾਈਆ ।
ਗੋਬਿੰਦ ਦਾ ਉਡਦਾ ਦਿਸੇ ਕਿਸੇ ਨਾ ਬਾਜ਼, ਬਾਜ਼ਾਂ ਵਾਲਾ ਕੀ ਆਪਣਾ ਭੇਵ ਛੁਪਾਈਆ । ਜਿਸ ਨੇ ਸ਼ਬਦੀ ਧਾਰ ਦੀ ਨਵੀਂ ਸਾਜਣਾ ਲਈ ਸਾਜ,
ਸਾਜਣ ਬਣੇ ਧੁਰ ਦਾ ਮਾਹੀਆ । ਉਸ ਦੇ ਹੁਕਮ ਵਿਚ ਹੁਕਮ ਦੀ ਪੈਣੀ ਭਾਜ, ਸ੍ਰਿਸ਼ਟੀ ਦ੍ਰਿਸ਼ਟੀ ਭੱਜੇ ਵਾਹੋ ਦਾਹੀਆ । ਦੀਨ ਦੁਨੀ ਲੰਗੜੀ
ਲੂਲ੍ਹੀ ਦਿਸੇ ਅਪਾਹਜ, ਸਚ ਰੰਗ ਨਾ ਕੋਇ ਸਮਾਈਆ । ਜੋ ਇਸ਼ਾਰਾ ਕੀਤਾ ਹਜ਼ਰਤ ਮੁਹੰਮਦ ਨੇ ਅਲੀ ਆਪਣੇ ਦਾਮਾਦ, ਦਮ ਆਖ਼ਰੀ ਸਵਾਸ
ਨਾਲ ਸੁਣਾਈਆ । ਮੇਰਾ ਅਮਾਮ ਅਮਾਮਾ ਨੂਰ ਅਲਾਹ ਸਦੀ ਚੌਧਵੀਂ ਆਪਣੇ ਹੁਕਮ ਦੀ ਹੁਕਮ ਕਰੇ ਇਮਦਾਦ, ਦੂਸਰ ਲੋੜ ਨਾ ਕੋਇ ਰਖਾਈਆ ।
੭ ਜਿਸ ਆਉਣਾ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਤੋਂ ਬਾਅਦ, ਬਾਂਗ ਅਜ਼ਾਂ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ੭
੨੪ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗੀ ਇਕ ਅਖਵਾਈਆ । ਭਾਦਰੋਂ ਕਹੇ ਮੈਂ ਦੱਸਾਂ ਬਾਤ ਭਲੀ, ਪ੍ਰੇਮ ਨਾਲ ਸਮਝਾਈਆ । ਜਿਸ ੨੪
ਵੇਲੇ ਸਵਾਸੇ ਛਡਣ ਲੱਗਾ ਅਲੀ, ਅਲਾਹ ਇਕ ਧਿਆਨ ਰਖਾਈਆ । ਮੇਰੀ ਸ਼ਹਾਦਤ ਤੇਰੀ ਬਲੀ, ਬਲਧਾਰੀ ਤੇਰੀ ਬੇਪਰਵਾਹੀਆ । ਗੋਬਿੰਦ
ਦੀ ਧਾਰ ਜਿਸ ਸੀਸ ਸੁਹਾਉਣਾ ਤਲੀ, ਜਗਤ ਤਲਬ ਨਾ ਕੋਇ ਰਖਾਈਆ । ਤੂੰ ਸਚ ਦੁਆਰਾ ਪਰਵਰਦਿਗਾਰਾ ਇਕੋ ਬੈਠਾ ਮਲੀ, ਮਾਲਕ ਖ਼ਾਲਕ
ਤੇਰੀ ਵਡ ਵਡਿਆਈਆ । ਉਹ ਵੇਖ ਲੈ ਤੇਰੇ ਹੁਕਮ ਦੀ ਸਦੀ ਚੌਧਵੀਂ ਲੰਘਦੀ ਚਲੀ, ਭੱਜੇ ਵਾਹੋ ਦਾਹੀਆ । ਤੇਰੇ ਹੁਕਮ ਤੋਂ ਬਿਨਾ ਜਾਏ ਨਾ
ਠੱਲ੍ਹੀ, ਅਗੇ ਹੋ ਨਾ ਕੋਇ ਅਟਕਾਈਆ । ਮੈਨੂੰ ਇਉਂ ਦਿਸਦਾ ਜਿਸ ਵੇਲੇ ਹਰਿ ਭਗਤ ਦੁਆਰ ਵਿਚ ਜਨ ਭਗਤਾਂ ਵਜਾਈ ਟੱਲੀ, ਟਾਲ ਮਟੋਲ
ਦੇ ਸਾਰੇ ਲੇਖੇ ਖ਼ਤਮ ਕਰਾਈਆ । ਇਕੋ ਯਾਰ ਰਹਿਣਾ ਤੇ ਇਕੋ ਰਹਿਣੀ ਯਾਰ ਦੀ ਗਲੀ, ਗਲਵਕੜੀ ਇਕੋ ਨਾਲ ਪਾਈਆ । ਉਸ ਵੇਲੇ ਮੁਹੰਮਦ
ਦੀ ਉਮਤ ਹੋਣੀ ਫਲੀ, ਅੰਤਮ ਫਲ ਫੁੱਲ ਤੇਰੀ ਭੇਟ ਕਰਾਈਆ । ਮੇਰਾ ਦੁਲਦੁਲ ਨਹੀਂ ਫਿਰਨਾ ਵਿਚ ਦਲੀ, ਦਿਲਦਾਰ ਤੇਰੀ ਓਟ ਰਖਾਈਆ ।
ਤੂੰ ਵਾਹਿਦ ਮਾਲਕ ਨੂਰ ਨੁਰਾਨਾ ਤੇਰੀ ਧਾਰ ਇਕੱਲੀ, ਕ਼ਲਮਾ ਕਾਇਨਾਤ ਬਦਲਾਈਆ । ਸਭ ਦੀ ਅੰਤਰ ਅੰਤਰ ਜਾਏ ਸਲੀ, ਸਲਲ ਤੇਰਾ ਹੁਕਮ
ਬੇਪਰਵਾਹੀਆ । ਫਿਰਨੀ ਦਰੋਹੀ ਜਲੀ ਥਲੀ, ਮਹੀਅਲ ਦੇਣ ਦੁਹਾਈਆ । ਚਰਾਗਾਂ ਵਿਚ ਰਹਿਣੀ ਨਹੀਂ ਤੇਲ ਦੀ ਪਲੀ, ਸਾਡੇ ਮਕਬਰੇ ਰੋਵਣ
ਮਾਰਨ ਧਾਹੀਆ । ਤੇਰਾ ਵੇਸ ਹੋਣਾ ਅਛਲ ਅਛੱਲੀ, ਵਲ ਛਲਧਾਰੀ ਤੇਰੀ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਅਗੰਮ ਅਥਾਹੀਆ । ਭਾਦਰੋਂ ਕਹੇ ਨਾਰਦਾ ਸਾਰੇ ਮਿਲਕੇ ਕਹੀਏ ਵਾਹ ਵਾਹ, ਵਾਹਵਾ

੮ ੨੪

ਤੇਰੀ ਬੇਪਰਵਾਹੀਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਰਾਵੀ ਦੀ ਲਈਏ ਸਲਾਹ, ਮਸ਼ਵਰਾ ਇਕੋ ਇਕ ਬਣਾਈਆ । ਫੇਰ ਇਕ ਦੂਜੇ ਦੇ ਬਣੀਏ ਗਵਾਹ, ਸ਼ਹਾਦਤ ਦੇਈਏ ਭੁਗਤਾਈਆ । ਫੇਰ ਇਕੋ ਪਿਆਰ ਮੁਹੱਬਤ ਵਿਚ ਬਣਾਈਏ ਮਲਾਹ, ਬੇੜਾ ਇਕੋ ਕੰਧ ਟਿਕਾਈਆ । ਫੇਰ ਭਗਤਾਂ ਨੂੰ ਦੇਈਏ ਸੁਣਾ, ਸੁਨੇਹੜਾ ਚਾਈਂ ਚਾਈਂਆ । ਗੁਰਮੁਖੋ ਸਭ ਦਾ ਇਕੋ ਪਿਤਾ ਇਕੋ ਮਾਂ, ਪੁਰਖ ਅਕਾਲ ਨੂਰ ਅਲਾਹੀਆ । ਇਕੋ ਇਸ਼ਟ ਲੈਣਾ ਮਨਾ, ਸੀਸ ਜਗਦੀਸ ਇਕ ਝੁਕਾਈਆ । ਇਕੋ ਢੋਲਾ ਲੈਣਾ ਗਾ, ਜੋ ਦੱਸਿਆ ਗੋਬਿੰਦ ਮਾਹੀਆ । ਇਕੋ ਮੌਲਾ ਲੈਣਾ ਮਨਾ, ਜੋ ਮਨਸਾ ਪੂਰ ਕਰਾਈਆ । ਇਕੋ ਕੌਲ ਇਕ਼ਰਾਰ ਲੈਣਾ ਨਿਭਾ, ਜੋ ਵਾਅਦੇ ਨਾਲ ਸਮਝਾਈਆ । ਇਕੋ ਸਭ ਨੇ ਕਰਨੀ ਦੁਆ, ਦੋਏ ਜੋੜ ਵਾਸਤਾ ਪਾਈਆ । ਇਕੋ ਸਭ ਦਾ ਹਕ ਖ਼ੁਦਾ, ਖ਼ਾਲਕ ਖ਼ਲਕ ਨੂਰ ਅਲਾਹੀਆ । ਜੋ ਕਦੇ ਨਾ ਹੋਵੇ ਜੁਦਾ, ਜੁਜ਼ ਵਖਰੀ ਵੰਡ ਨਾ ਕੋਇ ਵੰਡਾਈਆ । ਸਾਰੇ ਉਸੇ ਤੋਂ ਹੋਈਏ ਫ਼ਿਦਾ, ਆਪਣਾ ਆਪ ਮਿਟਾਈਆ । ਜਿਸ ਨੇ ਮਾਰਗ ਕਰਨਾ ਸਿਧਾ, ਸਤਿ ਸਚ ਸਮਝਾਈਆ । ਜਨ ਭਗਤਾਂ ਮਿਲਣ ਦੀ ਬਣਾ ਕੇ ਬਿਧਾ, ਮੇਲਾ ਮੇਲੇ ਸਹਿਜ ਸੁਭਾਈਆ । ਭਾਦਰੋਂ ਕਹੇ ਨਾਰਦਾ ਸਾਰੇ ਮਿਲ ਕੇ ਪਾਈਏ ਗਿੱਧਾ, ਤਾੜੀ ਬਿਨ ਹੱਥਾਂ ਹੱਥ ਵਜਾਈਆ । ਆਹ ਵੇਖ ਲੈ ਮੈਂ ਉਸ ਦੀ ਸਰਨੀ ਡਿੱਗਾ, ਨਿਵ ਨਿਵ ਸੀਸ ਝੁਕਾਈਆ । ਪਿਆਰ ਮੁਹੱਬਤ ਦੇ ਵਿਚ ਭਿੱਜਾ, ਪ੍ਰੇਮ ਵਿਚ ਸਮਾਈਆ । ਮੈਂ ਪਿਛਲੇ ਸਤਿਜੁਗ ਦਾ ਗਿੱਝਾ, ਉਸੇ ਦਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਸਤਕ ਲੇਖ ਬਣਾਈਆ । ਨਾਰਦ ਕਹੇ ਭਾਦਰੋਂ ਮਿਤਰਾ ਮੇਰਿਆ, ਸੱਜਣ ਸੁਣ ਲੈ ਮੀਤ । ਮੇਰੇ ਅੰਦਰ ਚਾਉ ਘਨੇਰਿਆ, ਦੱਸਾਂ ਸਾਚੀ ਰੀਤ । ਪਹਿਲੋਂ ਪਿਛਲੀਆਂ ਢਾਹ ਲੈ ਢੇਰੀਆਂ, ਝਗੜਾ ਮੁਕਾ ਦੇ ਮੰਦਰ ਮਸੀਤ । ਸ਼ਰਅ ਦੀਆਂ ਛਡ ਦੇ ਘੁੰਮਣ ਘੇਰੀਆਂ, ਮਸਲਿਆਂ ਵਾਲੀ ਨਹੀਂ ਕੋਈ ਰੀਤ । ਹੁਣ ਕਰਨੀਆਂ ਪੈਣੀਆਂ ਦਲੇਰੀਆਂ, ਹੌਸਲਾ ਕਰਨਾ ਚੀਤ । ਮੈਨੂੰ ਐਂ ਜਾਪਦਾ ਲਹਿੰਦਿਉਂ ਚਲਣੀਆਂ ਹਨੇਰੀਆਂ, ਜਿਸ ਸਭ ਦੀ ਪੁੱਠੀ ਕਰਨੀ ਨੀਤ । ਸਮੁੰਦਰਾਂ ਵਿਚ ਪੈਣੀਆਂ ਘੁੰਮਣ ਘੇਰੀਆਂ, ਸਾਗਰਾਂ ਮਾਰਨੀ ਚੀਕ । ਸ਼ਾਹ ਸੁਲਤਾਨਾ ਢਾਹੁਣੀਆਂ ਢੇਰੀਆਂ, ਕਲਜੁਗ ਅੰਤਮ ਸਮਾਂ ਰਿਹਾ ਉਡੀਕ । ਹਜ਼ਰਤ ਨੂਹ ਨੇ ਡੋਬਣੀਆਂ ਬੇੜੀਆਂ, ਜਿਸ ਨੂੰ ਖ਼ੁਦਾ ਨੇ ਦਿਤੀ ਹਕ ਤੌਫ਼ੀਕ । ਉਹ ਵੇਖ ਸਭ ਦੀਆਂ ਜੜ੍ਹਾਂ ਦਿਸਣ ਉਖੇੜੀਆਂ, ਸਦੀ ਚੌਧਵੀਂ ਵੇਲਾ ਨਜ਼ਦੀਕ । ਪਤਾ ਨਹੀਂ ਬਚਣੀਆਂ ਕਿਹੜੀਆਂ ਕਿਹੜੀਆਂ, ਕਿਸ ਦਾ ਲੇਖਾ ਜਾਣੇ ਲਾਸ਼ਰੀਕ । ਉਠ ਵੇਖ ਲੈ ਤਨ ਵਜੂਦਾਂ ਖੇੜੀਆਂ, ਨਿਗਾਹ ਮਾਰ ਲੈ ਨਾਲ ਬਾਰੀਕ । ਪ੍ਰਭ ਦੀਆਂ ਜੁਗ ਜੁਗ ਧਾਰਾਂ ਕਿਹੜੀਆਂ, ਜੋ ਖੇਲੇ ਖੇਲ ਹਸਤ ਕੀਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਸਾਹਿਬ ਅਨਡੀਠ । ਨਾਰਦ ਕਹੇ ਗੰਗਾ ਮੈਂ ਪਿਛਲਾ ਬੋਲਿਆ ਦਿਤਾ ਛਡ, ਛਡੀ ਜਗਤ ਲੋਕਾਈਆ । ਆਪਾਂ ਹੋ ਜਾਈਏ ਅੱਡ, ਵਖਰਾ ਵਖਰਾ ਗ੍ਰਿਹਿ ਸੁਹਾਈਆ । ਝਟ ਭਾਦਰੋਂ ਲੇਖਾ ਬੈਠਾ ਕਢ, ਪੂਰਬ ਰਿਹਾ ਵਖਾਈਆ । ਨਿਗਾਹ ਮਾਰੋ ਪ੍ਰਭ ਧਰਮ ਨਿਸ਼ਾਨਾ ਰਿਹਾ ਗਡ, ਗਾਡ ਹੋ ਕੇ ਆਪਣੀ ਕਾਰ ਭੁਗਤਾਈਆ । ਖੁਸ਼ੀਆਂ ਵਿਚ ਲਡਾਵੇ ਲਡ, ਮਿਹਰ ਨਜ਼ਰ ਨਜ਼ਰ ਉਠਾਈਆ । ਜਿਸ ਦੇ ਹੁਕਮ ਨਾਲ ਕਲਜੁਗ ਕੂੜ ਕੁੜਿਆਰਾ ਜਾਵੇ ਭੱਜ, ਭੱਜੇ ਵਾਹੋ ਦਾਹੀਆ । ਸਤਿਜੁਗ ਸਾਚਾ ਜਾਵੇ ਸਜ, ਸਾਜਣ ਮਿਲ ਕੇ ਵਜੇ ਵਧਾਈਆ । ਸਾਰੇ ਮਿਲ ਕੇ ਬੇਨੰਤੀ ਕਰੀਏ ਅੱਜ, ਭਾਦਰੋਂ ਰਿਹਾ ਸੁਣਾਈਆ । ਨਾਰਦਾ ਤੂੰ ਬੋਲ ਜੈਕਾਰਾ ਗੱਜ, ਗੰਗਾ ਗੋਦਾਵਰੀ

ਜਮਨਾ ਸੁਰਸਤੀ ਰਾਵੀ ਨਾਲ ਮਿਲਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰੇ ਚਰਨ ਕਵਲ ਬਹੀਏ ਸਜ, ਸੱਜਣਾ ਦੇਣੀ ਮਾਣ ਵਡਿਆਈਆ । ਤੂੰ ਸਾਨੂੰ ਲੋਕਮਾਤ ਲੈਣਾ ਲੱਭ, ਵੇਖਣਾ ਥਾਉਂ ਥਾਈਆ । ਤੂੰ ਨੂਰ ਅਲਾਹੀ ਅਗੰਮਾ ਰੱਬ, ਯਾਮਬੀਨ ਤੇਰੀ ਸਰਨਾਈਆ । ਜਨ ਭਗਤ ਸੁਹੇਲੇ ਆਪਣੇ ਦਰ ਤੇ ਸੱਦ, ਸਦਕੇ ਵਾਰੀ ਘੋਲ ਘੁਮਾਈਆ । ਤੈਨੂੰ ਵੇਖਦੇ ਰਹੇ ਜੁਗ ਚੌਕੜੀ ਕਦ, ਕ਼ਦੀਮ ਦੇ ਮਾਲਕ ਧਿਆਨ ਲਗਾਈਆ । ਆਪਣੀ ਕਲਜੁਗ ਅਗਨੀ ਵੇਖ ਲੈ ਅੱਗ, ਅਗਲਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਨੀ ਗੰਗਾ ਨਾ ਕੋਈ ਦੇਵਰ ਨਾ ਕੋਈ ਭਾਬੀ, ਜਗਤ ਨਾਤਾ ਨਾ ਕੋਇ ਰਖਾਈਆ । ਉਠ ਨਿਗਾਹ ਮਾਰ ਸ਼ਤਾਬੀ, ਸ਼ਰਅ ਤੋਂ ਬਾਹਰ ਵੇਖ ਵਖਾਈਆ । ਇਕ ਜਲਵਾ ਜੋਤ ਨੂਰ ਜਲਵਾਗਰ ਆਫ਼ਤਾਬੀ, ਜਿਸ ਨੂੰ ਰਵ ਸਸ ਸੀਸ ਨਿਵਾਈਆ । ਜਿਹਦੀ ਸੂਰਤ ਸਭ ਤੋਂ ਵਖਰੀ ਸਾਦੀ, ਸਦਕੇ ਵਾਰੀ ਘੋਲ ਘੁਮਾਈਆ । ਜਿਸ ਦਾ ਹੁਕਮ ਪੁਰਾਣਾ ਮਾਜ਼ੀ, ਕ਼ਦੀਮ ਦਾ ਚਲਿਆ ਆਈਆ । ਜਿਸ ਦੇ ਹੁਕਮ ਵਿਚ ਨਾਮ ਕ਼ਲਮੇ ਸ਼ਰਅ ਨਿਮਾਜ਼ੀ, ਜਗਤ ਜੁਗਤ ਵਡਿਆਈਆ । ਜਿਸਨੇ ਗੁਰ ਅਵਤਾਰ ਪੈਗ਼ੰਬਰਾਂ ਦੀਨ ਮਜ਼੍ਹਬ ਦੀ ਦਿਤੀ ਆਰਾਜ਼ੀ, ਰਾਜ਼ਕ ਰਿਜ਼ਕ ਰਹੀਮ ਅਖਵਾਈਆ । ਉਹ ਸ਼ਹਿਨਸ਼ਾਹ ਸ਼ਾਹ ਨਵਾਬੀ, ਪਾਤਸ਼ਾਹ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮੇਲਾ ਆਪ ਮਿਲਾਈਆ । ਗੰਗਾ ਕਹੇ ਨਾਰਦਾ ਸਾਡੀ ਜਗਤ ਵਾਲੀ ਨਹੀ ਗਾਥਾ, ਦੀਨ ਦੁਨੀ ਸਮਝਾਈਆ । ਸਾਡਾ ਸੰਸਾਰੀਆਂ ਵਾਲਾ ਨਹੀਂ ਸਾਥਾ, ਜੰਮੇ ਤੇ ਮਰ ਜਾਈਆ । ਸਾਡਾ ਮਾਲਕ ਇਕ ਰਘੁਨਾਥਾ, ਜਿਸ ਨੂੰ ਰਘੁਪਤ ਸੀਸ ਨਿਵਾਈਆ । ਜੋ ਸਦਾ ਅਨਾਥ ਅਨਾਥਾ, ਨਿਮਾਣਿਆਂ ਦਏ ਵਡਿਆਈਆ । ਉਸ ਦੇ ਚਰਨ ਟੇਕੀਏ ਮਾਥਾ, ਮਸਤਕ ਧੂੜੀ ਖ਼ਾਕ ਰਮਾਈਆ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਚਲਾਇਆ ਰਾਥਾ, ਰਬਵਾਹੀ ਹੋ ਕੇ ਵੇਖ ਵਖਾਈਆ । ਉਸ ਦਾ ਇਕੋ ਸਿਮਰਨ ਇਕੋ ਪੂਜਾ ਇਕੋ ਪਾਠਾ, ਨਾਮ ਕ਼ਲਮਾ ਇਕ ਦ੍ਰਿੜਾਈਆ । ਇਕੋ ਮੰਦਰ ਮਸਜਿਦ ਸ਼ਿਵਦਵਾਲਾ ਮਾਠਾ, ਚਰਚਾਂ ਗੁਰੂਦੁਆਰਿਆਂ ਇਕੋ ਰੰਗ ਵਖਾਈਆ । ਇਕੋ ਸਤਿ ਸਰੂਪ ਦਿਸੇ ਤੀਰਥ ਤਾਟਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਜਿਸ ਦੇ ਨਿਵ ਨਿਵ ਲਾਗੇ ਪਾਈਆ । ਇਕੋ ਅੰਮ੍ਰਿਤ ਰਸ ਨਿਝਰ ਸਰੋਵਰ ਦੇਵੇ ਬਾਟਾ, ਬੂੰਦ ਸਵਾਂਤੀ ਆਪ ਟਪਕਾਈਆ । ਜਿਸ ਜੁਗ ਜੁਗ ਮੇਟਣੀਆਂ ਵਾਟਾਂ, ਕਲਜੁਗ ਅੰਤਮ ਲਹਿਣਾ ਦਏ ਚੁਕਾਈਆ । ਜਨ ਭਗਤਾਂ ਪੂਰਾ ਕਰੇ ਘਾਟਾ, ਵਸਤ ਅਗੰਮ ਨਾਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਆਮੀ ਸਹਿਜ ਸੁਖਦਾਈਆ । ਨਾਰਦ ਕਹੇ ਭਾਦਰੋਂ ਕੁਛ ਭਗਤਾਂ ਦੇਈਏ ਦੱਸ, ਦਹਿ ਦਿਸ਼ਾ ਧਿਆਨ ਲਗਾਈਆ । ਝਟ ਗੰਗਾ ਬੋਲੀ ਹਸ, ਨੇਤਰ ਲੋਚਣ ਨੈਣ ਨੈਣ ਬਿਗਸਾਈਆ । ਗੋਦਾਵਰੀ ਆਈ ਨੱਸ, ਕੂਕ ਕੂਕ ਸੁਣਾਈਆ । ਝਟ ਮੈਂ ਗੋਬਿੰਦ ਦੇ ਲਏ ਚਰਨ ਝਸ, ਹੱਥ ਤਲੀਆਂ ਹੇਠ ਰਖਾਈਆ । ਪਰ ਉਹਨੇ ਮੈਨੂੰ ਨਹੀਂ ਕਿਹਾ ਬਸ, ਮਸਤ ਹੋ ਕੇ ਬੈਠਾ ਸੇਜ ਹੰਢਾਈਆ । ਮੇਰੇ ਅੰਦਰ ਆਇਆ ਰਸ, ਰੋਮ ਰੋਮ ਵਜੀ ਵਧਾਈਆ । ਮੈਂ ਖ਼ੁਸ਼ੀਆਂ ਵਿਚ ਗਾਇਆ ਜਸ, ਢੋਲੇ ਸਿਫ਼ਤ ਸਾਲਾਹੀਆ । ਝਟ ਗੋਬਿੰਦ ਨੇ ਮੇਰੇ ਹੱਥ ਉਤੇ ਹੱਥ ਦਿਤਾ ਰਖ, ਆਪਣੀ ਤਲੀ ਹੇਠ ਟਿਕਾਈਆ । ਨਾਲ ਇਸ਼ਾਰਾ ਦਿਤਾ ਖੇਲ ਵੇਖ ਪੁਰਖ ਸਮਰਥ, ਕੀ ਕਰਨੀ ਕਾਰ ਕਮਾਈਆ । ਜਿਸ ਵੇਲੇ ਸਤਿ ਧਰਮ ਦਾ ਬੁਰਜ ਗਿਆ ਢਠ, ਧਰਨੀ ਧਰਤ ਧਵਲ ਧੌਲ ਰਹਿਣ ਨਾ ਪਾਈਆ । ਮਾਣ ਰਹਿਣਾ

ਨਹੀਂ ਅਠਸਠ, ਤੀਰਥ ਤਟ ਨੇਤਰ ਨੈਣਾਂ ਨੀਰ ਵਹਾਈਆ । ਗੋਦਾਵਰੀ ਉਸ ਵੇਲੇ ਆਉਣਾ ਉਸ ਨਠ, ਜੋ ਮੈਨੂੰ ਆਪਣੀ ਗੋਦ ਟਿਕਾਈਆ ।
ਉਲਟੀ ਗੇੜਨੀ ਲਠ, ਨਵ ਸੱਤ ਭੁਆਈਆ । ਤੁਹਾਡਾ ਸਭ ਦਾ ਕਰਨਾ ਇਕੱਠ, ਇਕੋ ਦਰ ਵਖਾਈਆ । ਜੋਤ ਨੂਰ ਜਗਾਉਣਾ ਲਟ ਲਟ,
ਜ਼ਹੂਰ ਆਪਣਾ ਇਕ ਚਮਕਾਈਆ । ਦੀਨ ਦੁਨੀ ਨੇ ਉਸ ਨੂੰ ਕਹਿਣਾ ਜੱਟ, ਜਟਾ ਜੂਟ ਸਮਝ ਕੋਇ ਨਾ ਪਾਈਆ । ਜਿਸ ਸ਼ਰਅ ਦੀ ਮੇਟਣੀ ਵੱਟ,
ਵਟਣੇ ਭਗਤਾਂ ਨਾਮ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ ।
ਝਟ ਨਾਰਦ ਕਹੇ ਗੰਗਾ ਮੈਨੂੰ ਸਮਝੀਂ ਨਾ ਦੇਵਰ ਛੋਟਾ, ਮੇਰੀ ਆਯੂ ਸਮਝ ਕਿਸੇ ਨਾ ਆਈਆ । ਮੇਰਾ ਪਾਟਾ ਨਾ ਵੇਖੀ ਲੰਗੋਟਾ, ਲੰਗੋਟੀ ਜਗਤ
ਨਾ ਕੋਇ ਬੰਧਾਈਆ । ਮੈਂ ਜੁਗ ਚੌਕੜੀ ਵੇਖੇ ਕੋਟੀ ਕੋਟਾ, ਕੋਟਨ ਕੋਟ ਚੌਕੜੀਆਂ ਖ਼ੁਸ਼ੀ ਬਣਾਈਆ । ਮੈਂ ਕਿਸੇ ਮਾਈ ਨੇ ਜੰਮਿਆ ਨਹੀ ਪੁਤ
ਨਾ ਉਸ ਦਾ ਅਗੇ ਹੋਇਆ ਕੋਈ ਪੋਤਾ, ਪੁਤ ਪੋਤਰੇ ਬਣਤ ਨਾ ਕੋਇ ਬਣਾਈਆ । ਮੈਂ ਸੇਜ ਨਹੀਂ ਕੋਈ ਸੋਤਾ, ਜਗਤ ਸਿੰਘਾਸਣ ਨਾ ਕੋਇ ਵਿਛਾਈਆ ।
ਮੈਂ ਹੱਸਿਆ ਨਹੀਂ ਕਦੇ ਰੋਤਾ, ਨੇਤਰ ਨੈਣਾਂ ਨਾ ਨੀਰ ਵਹਾਈਆ । ਮੈਂ ਹੱਥ ਨਾ ਫੜੀ ਗੜਵੀ ਨਾ ਫੜਿਆ ਲੋਟਾ, ਸ਼ਰਅ ਵਿਚ ਕਦੇ ਨਾ ਆਈਆ ।
ਮੈਂ ਇਕੋ ਨੂਰ ਨੂਰ ਦੀ ਜੋਤਾ, ਜੋਤੀ ਜਾਤੇ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,
ਹਰਿ ਕਰਤਾ ਧੁਰਦਰਗਾਹੀਆ । ਨਾਰਦ ਕਹੇ ਗੰਗਾ ਕੁਝ ਮੈਨੂੰ ਦੱਸ ਗਾਉਣ, ਗਾਵਤ ਗਾਵਤ ਗਾਵਤ ਖ਼ੁਸ਼ੀ ਬਣਾਈਆ । ਨੀ ਤੇਰੀ ਠੰਡੀ
੧੦ ਧਾਰਾ ਪੌਣ, ਪਾਣੀਆਂ ਵਿਚ ਸਮਾਈਆ । ਏਸ ਵੇਲੇ ਉਠ ਕੇ ਨਿਗਾਹ ਮਾਰ ਲੈ ਪ੍ਰਭੂ ਦੇ ਭਗਤ ਕੌਣ, ਅਵਤਾਰ ਪੈਗ਼ੰਬਰਾਂ ਗੁਰੂਆਂ ਨਾਲ ਮਿਲਾਈਆ । ੧੦
੨੪ ਕਿਸ ਨਾਮ ਕਲਮੇ ਦੀ ਉਚੀ ਧੌਣ, ਕਵਣ ਗ੍ਰੰਥ ਸ਼ਾਸਤਰ ਦਏ ਵਡਿਆਈਆ । ਕਵਣ ਜਗਤ ਕੂੜ ਕੁੜਿਆਰ ਦਲਿਦ੍ਰ ਆਵੇ ਲਾਹੁਣ, ਪਤਤ ੨੪
ਪੁਨੀਤ ਬਣਾਈਆ । ਕੌਣ ਨਾਮ ਨਿਧਾਨੇ ਆਵੇ ਪ੍ਰਚਾਉਣ, ਪਰਚਾ ਜ਼ਿਮੀਂ ਅਸਮਾਨ ਵਖਾਈਆ । ਕੌਣ ਸਚਖੰਡ ਦੁਆਰ ਆਏ ਬਹਾਉਣ, ਦਰਗਾਹ
ਸਾਚੀ ਸਚ ਟਿਕਾਈਆ । ਕੌਣ ਵਿਛੜੇ ਆਏ ਮਿਲਾਉਣ, ਮੇਲਾ ਹਰਿ ਜਗਦੀਸ ਕਰਾਈਆ । ਝਟ ਗੰਗਾ ਲਗੀ ਸਮਝਾਉਣ, ਸਮਝ ਸਹਿਜ ਸਹਿਜ
ਸਮਝਾਈਆ । ਨਾਰਦਾ ਉਹ ਪਰਮ ਪੁਰਖ ਪਰਮਾਤਮਾ ਜਿਹੜਾ ਰੁਸਿਆਂ ਨੂੰ ਆਇਆ ਮਨਾਉਣ, ਵਿਛੜਿਆਂ ਜੋੜ ਜੁੜਾਈਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਰੰਗ ਇਕ ਰੰਗਾਈਆ । ਗੰਗਾ ਕਹੇ ਨਾਰਦਾ ਵੇ ਸੁਣ ਲੈ ਮੇਰੀ ਗੱਲ,
ਹੱਥ ਕੰਨਾਂ ਉਤੇ ਟਿਕਾਈਆ । ਤੂੰ ਨੇਤਰ ਮੀਟ ਲੈ ਪਲ, ਪਲਕਾਂ ਦੇ ਪਿਛੇ ਵੇਖ ਧੁਰ ਦਾ ਮਾਹੀਆ । ਫੇਰ ਨਿਗਾਹ ਮਾਰ ਲੈ ਬਲਖ ਦੁਆਰੇ ਰਾਜੇ
ਬਲ, ਬਾਵਨ ਕੀ ਸਮਝਾਈਆ । ਜਿਸ ਦਾ ਹੁਕਮ ਸਦਾ ਅਟਲ, ਨਾ ਕੋਈ ਮੇਟੇ ਮੇਟ ਮਿਟਾਈਆ । ਕੀ ਸੁਨੇਹੜੇ ਦੇਵੇ ਘਲ, ਸ਼ਬਦੀ ਸ਼ਬਦ
ਸ਼ਬਦ ਜਣਾਈਆ । ਜ਼ਰਾ ਉਸ ਦੇ ਵਲ ਚਲ, ਜੋ ਨਿਹਚਲ ਬੈਠਾ ਧੁਰ ਦਾ ਮਾਹੀਆ । ਜਿਸ ਖੇਲ ਖੇਲਣਾ ਕਲਜੁਗ ਕਲ, ਕਲ ਕਲਕੀ ਇਕ
ਅਖਵਾਈਆ । ਉਸ ਦਾ ਦੁਆਰਾ ਲਈਏ ਮੱਲ, ਦਰ ਠਾਂਡੇ ਡੇਰਾ ਲਾਈਆ । ਉਸ ਦਾ ਭਾਣਾ ਲਈਏ ਝਲ, ਜੋ ਆਪਣੀ ਝਲਕ ਰਿਹਾ ਵਖਾਈਆ ।
ਨਾਰਦ ਕਹੇ ਗੰਗਾ ਪਤਾ ਨਹੀਂ ਉਹਦਾ ਕਿਹੜਾ ਹੋਣਾ ਛਲ, ਵਲ ਛਲ ਧਾਰੀ ਆਪਣਾ ਹੁਕਮ ਵਰਤਾਈਆ । ਕੀ ਖੇਲ ਕਰੇ ਜਲ, ਸਮੁੰਦ ਸਾਗਰ
ਵੇਖਣ ਨੈਣ ਉਠਾਈਆ । ਕੀ ਲੇਖਾ ਜਾਣੇ ਥਲ, ਮਾਰੂ ਰੇਤ ਅੱਖ ਖੁਲ੍ਹਾਈਆ । ਕੀ ਧਰਨੀ ਦਾ ਦੇਵੇ ਫਲ, ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਬੇਪਰਵਾਹੀਆ । ਭਾਦਰੋਂ ਕਹੇ ਪ੍ਰਭੂ ਮੇਰੀ ਨਿਮਸਕਾਰ ਤੇਰੇ ਚਰਨ, ਚਰਨੋਦਕ ਦੇਣਾ ਜਾਮ ਪਿਆਈਆ । ਝਗੜਾ ਮੇਟਣਾ ਵਰਨ ਬਰਨ, ਦਰ ਸਾਚੇ ਮੰਗ ਮੰਗਾਈਆ । ਤੂੰ ਮਾਲਕ ਕਰਨੀ ਕਰਨ, ਕਰਤਾ ਪੁਰਖ ਬੇਪਰਵਾਹੀਆ । ਤੇਰਾ ਢੋਲਾ ਸਾਰੇ ਇਕੋ ਪੜ੍ਹਨ, ਦੀਨ ਦੁਨੀ ਦੇਣਾ ਸਮਝਾਈਆ । ਤੇਰੀ ਮੰਜ਼ਲ ਰਹਿਬਰ ਮਹਿਬੂਬ ਤੇਰੇ ਪਿਆਰੇ ਚੜ੍ਹਨ, ਰਾਹ ਵਿਚ ਨਾ ਕੋਇ ਅਟਕਾਈਆ । ਨਿਰਗੁਣ ਧਾਰ ਤੇਰਾ ਦਰਸ਼ਨ ਕਰਨ, ਜੋਤੀ ਜਾਤੇ ਪੁਰਖ ਬਿਧਾਤੇ ਦੇਣੀ ਵਡਿਆਈਆ । ਪੁਰਖ ਅਕਾਲੇ ਬਖ਼ਸ਼ਣੀ ਸਾਚੀ ਸਰਨ, ਸਰਨਗਤ ਰਖਾਈਆ । ਜਨ ਭਗਤਾਂ ਨੇਤਰ ਖੋਲ੍ਹ ਦੇ ਹਰਨ ਫਰਨ, ਨਿਜ ਲੋਚਣ ਨੈਣ ਕਰ ਰੁਸ਼ਨਾਈਆ । ਤੇਰੇ ਸਚ ਦੁਆਰੇ ਵੜਨ, ਪੂਰਬ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਭਾਦਰੋਂ ਕਹੇ ਪ੍ਰਭੂ ਮੈਂ ਮੰਗਤਾ, ਭਾਗਹੀਣ ਜਗ ਮੰਦ । ਮੇਲ ਮਿਲਾ ਦੇ ਸਾਚੀ ਸੰਗਤਾ, ਅਗਿਆਨ ਅੰਧੇਰ ਮਿਟਾ ਦੇ ਅੰਧ । ਗੜ੍ਹ ਤੋੜ ਦੇ ਹਉਮੇ ਹੰਗਤਾ, ਖ਼ੁਸ਼ੀ ਕਰਾ ਦੇ ਬੰਦ ਬੰਦ । ਲੇਖਾ ਚੁਕਾ ਦੇ ਭੁਖ ਨੰਗ ਦਾ, ਹਰਿਜਨ ਚਮਕਾ ਲੈ ਆਪਣੇ ਚੰਦ । ਲਹਿਣਾ ਦੇਣਾ ਪੂਰਾ ਕਰ ਦੇ ਹੰ ਬ੍ਰਹਮ ਦਾ, ਆਵਣ ਜਾਵਣ ਮਿਟਾ ਦੇ ਪੰਧ । ਸਾਡਾ ਨਿਸ਼ਾਨਾ ਤੇਰੇ ਧਰਮ ਦਾ, ਮਿਹਰਵਾਨ ਲਗਾ ਲੈ ਅੰਗ । ਸਾਡਾ ਲੇਖਾ ਰਹੇ ਨਾ ਕਲਜੁਗ ਕਰਮ ਦਾ, ਆਤਮ ਧਾਰ ਬਖ਼ਸ਼ ਅਨੰਦ । ਲਹਿਣਾ ਪੂਰਾ ਕਰ ਦੇ ਜਨਮ ਦਾ, ਜਨ ਭਗਤਾਂ ਤੇਰਾ ਗਾਇਆ ਛੰਦ । ਵਕਤ ਦੁਹੇਲਾ ਰਹੇ ਨਾ ਭਰਮ ਦਾ, ਭਾਂਡਾ ਭਰਮ ਢਾਹ ਦੇ ਕੰਧ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਇਕੋ ਤੇਰਾ ਲਿਆ ਮੰਗ ।



੧੧ ੨੪

੮ ਭਾਦਰੋਂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਵਾੜਾ ਪਹੂਵਿੰਡ, ਲਛਮਣ ਸਿੰਘ ਬਲਵੰਤ ਸਿੰਘ ਤਲਵੰਡੀ ਜਲ੍ਹੇ ਖਾਂ,
ਜਰਨੈਲ ਸਿੰਘ ਸ਼ਾਹਵਾਲਾ, ਨਛਤਰ ਸਿੰਘ ਸ਼ਾਹਵਾਲਾ, ਕਰਤਾਰ ਕੌਰ ਰਟੌਲ,
ਸੁਰਜੀਤ ਕੌਰ ਮਨਾਵਾਂ, ਮੁਖਤਿਆਰ ਸਿੰਘ ਕਾਮਲ ਵਾਲਾ

ਪੰਜ ਤਤ ਕਹਿਣ ਪ੍ਰਭ ਤੇਰੀ ਸਰਨ ਸਰਨਾਈ ਗਏ ਲਾਗ, ਲਗ ਮਾਤਰ ਜਗ ਖੇਤਰ ਡੇਰਾ ਢਾਹੀਆ । ਦੀਨ ਦੁਨੀ ਦੇ ਮਾਲਕ ਸਾਡਾ ਜਗਦਾ ਰਹੇ ਚਰਾਗ਼, ਚਰਾਗਾਹਾਂ ਤੇਰੀ ਹੋਵੇ ਰੁਸ਼ਨਾਈਆ । ਨਿਰਗੁਣ ਦਾਤੇ ਪੁਰਖ ਬਿਧਾਤੇ ਸਾਡੀ ਬੁਝਾ ਆਗ, ਅੰਮ੍ਰਿਤ ਮੇਘ ਇਕ ਬਰਸਾਈਆ । ਨਿਜ ਨੇਤਰ ਲੋਚਣ ਨੈਣ ਖੋਲ੍ਹ ਦੇ ਜਾਗ, ਜਾਗਰਤ ਜੋਤ ਬਿਨ ਵਰਨ ਗੋਤ ਨਜ਼ਰੀ ਆਈਆ । ਹੰਸ ਰੂਪ ਬਣਾ ਦੇ ਕਾਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਦੁਰਮਤ ਮੈਲ ਧੋ ਦੇ ਦਾਗ਼, ਪਤਤ ਪੁਨੀਤ ਤੇਰੇ ਹੱਥ ਵਡਿਆਈਆ । ਅੰਤਰ ਅੰਤਸ਼ਕਰਨ ਉਪਜਾ ਦੇ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਤ੍ਰੈਗੁਣ ਮਾਇਆ ਨਾ ਡੱਸੇ ਨਾਗ, ਤ੍ਰੈਗੁਣ ਅਤੀਤੇ ਹੋਣਾ ਆਪ ਸਹਾਈਆ । ਸਚ ਸੁਆਮੀ ਬਣਨਾ ਧੁਰ ਦਾ ਕੰਤ ਸੁਹਾਗ, ਕੰਤ ਕੰਤੂਹਲ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ ।

ਪੰਜ ਤਤ ਕਹਿਣ ਪ੍ਰਭ ਤੇਰੀ ਸਰਨ ਸਰਨਾਈ ਗਏ ਢਠ, ਜਗਤ ਮਾਣ ਨਾ ਕੋਇ ਵਡਿਆਈਆ । ਸਾਡਾ ਲੇਖਾ ਜਾਣ ਲੈ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤਿ ਬੁਧਿ ਨਾਲ ਮਿਲਾਈਆ । ਇਕ ਦੁਆਰੇ ਹੋਇਆ ਇਕੱਠ, ਗ੍ਰਹਿ ਮੰਦਰ ਵਜੇ ਵਧਾਈਆ । ਪਿਛਲਾ ਪੰਧ ਮੁਕਾਇਆ ਨਠ, ਅਗੇ ਮਾਰਗ ਇਕ ਦ੍ਰਿੜਾਈਆ । ਮਨ ਮਨਸਾ ਉਲਟੀ ਗੇੜ ਦੇ ਲਠ, ਮਨੂਆ ਉਠ ਨਾ ਦਹਿ ਦਿਸ਼ ਧਾਈਆ । ਕੂੜੀ ਕਿਰਿਆ ਕਰ ਦੇ ਭਠ, ਖੇੜਾ ਕਾਇਆ ਗੜ੍ਹ ਸੁਹਾਈਆ । ਝਗੜਾ ਮੁਕਾ ਦੇ ਮੰਦਰ ਮਸਜਿਦ ਸ਼ਿਵਦਵਾਲੇ ਮਠ, ਕਾਇਆ ਕਾਅਬਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤੇਰੇ ਭਗਤ ਸੁਹੇਲੇ, ਜੁਗ ਜੁਗ ਸੇਵ ਕਮਾਈਆ । ਪੁਰਖ ਅਕਾਲੇ ਦੀਨ ਦਿਆਲੇ ਮੇਲੇ ਮੇਲੇ, ਮਿਲਣੀ ਹਰਿ ਜਗਦੀਸ਼ ਕਰਾਈਆ । ਆਪਣੇ ਦਸਣੇ ਖੇਲ ਨਵੇਲੇ, ਨਿਜ ਘਰ ਪਰਦਾ ਦੇਣਾ ਚੁਕਾਈਆ । ਕਿਰਪਾ ਕਰਨੀ ਸਜਣ ਸੁਹੇਲੇ, ਦਰ ਠਾਂਡੇ ਮੰਗ ਮੰਗਾਈਆ । ਦੀਨ ਦੁਨੀ ਤੋਂ ਕਰ ਕੇ ਵਿਹਲੇ, ਰੰਗ ਆਪਣਾ ਦੇਣਾ ਰੰਗਾਈਆ । ਇਕੋ ਘਰ ਸਮਝਾ ਦੇ ਗੁਰੂ ਗੁਰ ਚੇਲੇ, ਚੇਲਾ ਗੁਰ ਇਕ ਵਡਿਆਈਆ । ਦੀਪਕ ਜੋਤ ਜਗਾ ਦੇ ਬਿਨ ਤੇਲੇ, ਬਾਤੀ ਕਮਲਾਪਾਤੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਪ੍ਰਭ ਤੇਰੇ ਚਰਨ ਕਵਲ ਨਮਸਤੇ, ਨਮੋ ਨਮੋ ਸੀਸ ਝੁਕਾਈਆ । ਸਾਨੂੰ ਪਾ ਲੈ ਆਪਣੇ ਰਸਤੇ, ਰਹਿਬਰ ਹੋ ਕੇ ਦਇਆ ਕਮਾਈਆ । ਤੇਰਾ ਖੇਲ ਤਕੀਏ ਹਸਦੇ ਹਸਦੇ, ਹਸਤੀ ਵੇਖੀਏ ਬੇਪਰਵਾਹੀਆ । ਝਗੜੇ ਮੇਟ ਦੇ ਰੈਣ ਅੰਧੇਰੀ ਮਸ ਦੇ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਅੰਮ੍ਰਿਤ ਧਾਰ ਬਖ਼ਸ਼ ਦੇ ਸਾਚੇ ਰਸ ਦੇ, ਅੰਮਿਉਂ ਰਸ ਆਪ ਚੁਆਈਆ । ਮੁਖ ਭਰੇ ਹੋਣ ਸਿਫ਼ਤ ਸਲਾਹੀ ਤੇਰੇ ਜਸ ਦੇ, ਢੋਲੇ ਗਾਈਏ ਚਾਈਂ ਚਾਈਂਆ । ਖੇਲ ਤਕੀਏ ਤੇਰੇ ਰਵ ਸਸ ਦੇ, ਸੂਰੀਆਂ ਚੰਦ ਨਾਲ ਮਿਲਾਈਆ । ਚਰਨ ਕਵਲ ਸਦਾ ਰਹੀਏ ਵਸਦੇ, ਧਰਨੀ ਧੌਲ ਦੇਣੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਵੇਖ ਵਖਾਈਆ । ਪੰਜ ਤਤ ਕਹਿਣ ਪ੍ਰਭ ਕਿਰਪਾ ਕਰ ਪੁਰਖ ਸਮਰਥ, ਹਰਿ ਕਰਤੇ ਓਟ ਤਕਾਈਆ । ਕੂੜੀ ਕਿਰਿਆ ਸਾਡੀ ਮਥ, ਮਸਤਕ ਧੂੜ ਦੇ ਰਮਾਈਆ । ਨਾਮ ਅਗੰਮੀ ਝੋਲੀ ਪਾ ਦੇ ਵਥ, ਅਤੋਟ ਅਤੁਟ ਆਪ ਵਰਤਾਈਆ । ਪਰਮ ਪੁਰਖ ਪਰਮਾਤਮ ਸਭ ਕੁਝ ਤੇਰੇ ਹੱਥ, ਦੂਸਰ ਨਜ਼ਰ ਕੋਇ ਨਾ ਆਈਆ । ਸਗਲ ਵਸੂਰੇ ਜਾਣ ਲਥ, ਨਿਜ ਨੇਤਰ ਲੋਚਨ ਕਰ ਰੁਸ਼ਨਾਈਆ । ਲੇਖਾ ਪੂਰਾ ਕਰ ਦੇ ਜੋ ਆਸ਼ਾ ਰਖੀ ਰਾਮ ਬੇਟੇ ਦਸਰਥ, ਤ੍ਰੇਤਾ ਜੁਗ ਦਏ ਗਵਾਹੀਆ । ਤੂੰ ਗਹਿਰ ਗੰਭੀਰ ਅਲਖਣਾ ਅਲਖ, ਕਥਨੀ ਕਥ ਨਾ ਸਕੇ ਰਾਈਆ । ਕਲਜੁਗ ਕੂੜ ਕੁਕਰਮ ਮੇਟ ਦੇ ਰਥ, ਰਥਵਾਹੀ ਬਣਕੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਸਭ ਕੁਝ ਤੇਰੇ ਹੱਥ, ਹੱਥੋ ਹੱਥ ਲਹਿਣਾ ਦੇਣਾ ਕਲਜੁਗ ਅੰਤ ਕੰਤ ਭਗਵੰਤ ਦੇਣਾ ਚੁਕਾਈਆ ।

✪ ੯ ਭਾਦਰੋਂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਬਸਤੀ ਤੇਗਾ ਸਿੰਘ, ਵਾਲੀ ਸਾਧੂ ਸਿੰਘ ਹਰੀ ਸਿੰਘ
ਮਹਿੰਦਰ ਸਿੰਘ ਅਰਜਨ ਸਿੰਘ ਬਸਤੀ ਖਲੀਲ, ਤੇਜ ਕੌਰ ਵਲੂਰ ✪

ਪੰਜ ਤਤ ਕਹਿਣ ਪ੍ਰਭ ਜੁਗ ਜੁਗ ਹੁੰਦੀ ਰਹੀ ਰਾਖ, ਮਿੱਟੀ ਖ਼ਾਕ ਵਿਚ ਸਮਾਈਆ । ਸਾਡੇ ਅੰਤਸ਼ਕਰਨ ਅੰਦਰ ਆਈ ਅੰਤਮ ਭਾਖ, ਭਾਖਿਆ ਦੇ ਕੇ ਦਈਏ ਜਣਾਈਆ । ਸਚ ਸੁਆਮੀ ਤੇਰਾ ਸਦਾ ਮੰਗੀਏ ਸਾਥ, ਸਗਲਾ ਸੰਗ ਬਣਾਈਆ । ਸਾਨੂੰ ਰਖਣਾ ਦੇ ਕਰ ਹਾਥ, ਸਿਰ ਸਿਰ ਆਪਣਾ ਹੱਥ ਟਿਕਾਈਆ । ਤੂੰ ਮੇਰਾ ਮੈਂ ਤੇਰਾ ਨਿਰਗੁਣ ਤੇਰੀ ਗਾਈਏ ਗਾਥ, ਸੂਖ਼ਮ ਢੋਲਾ ਅਗੰਮ ਅਥਾਹੀਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਸਰਬ ਕਲਾ ਸਮਰਾਥ, ਪਤਿ ਪਤਵੰਤਾ ਨੂਰ ਅਲਾਹੀਆ । ਅਸੀਂ ਗ਼ਰੀਬ ਨਿਮਾਣੇ ਅਨਾਥਾ ਅਨਾਥ, ਦੀਨਨ ਹੋ ਕੇ ਮੰਗ ਮੰਗਾਈਆ । ਸਾਡਾ ਲਹਿਣਾ ਦੇਣਾ ਪੂਰਾ ਕਰ ਦੇ ਮਸਤਕ ਮਾਥ, ਧੂੜੀ ਤੇਰੇ ਚਰਨਾਂ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਦੀਨ ਦੁਨੀ ਉਡਦੀ ਧੂੜ, ਚਾਰੋਂ ਕੁੰਟ ਕੁੰਟ ਦੁਹਾਈਆ । ਸਾਡਾ ਨਾਤਾ ਜੁੜਿਆ ਕੂੜ, ਕੂੜ ਕੁਟੰਬ ਦਿਸੇ ਲੋਕਾਈਆ । ਅਸੀਂ ਮੂਰਖ ਹੋਏ ਮੂੜ੍ਹ, ਤਤਵ ਤਤ ਨਾ ਕੋਇ ਚਤੁਰਾਈਆ । ਕਿਰਪਾ ਨਿਧਾਨ ਸਚ ਬਖ਼ਸ਼ ਦੇ ਆਪਣੀ ਧੂੜ, ਟਿੱਕੇ ਮਸਤਕ ਖ਼ਾਕ ਰਮਾਈਆ । ਧੁਰ ਦਾ ਨਾਮ ਰੰਗ ਚਾੜ੍ਹ ਦੇ ਗੂੜ੍ਹ, ਏਥੇ ਓਥੇ ਉਤਰ ਕਦੇ ਨਾ ਜਾਈਆ ।
੧੩ ਲੱਖ ਚੁਰਾਸੀ ਕੱਟ ਦੇ ਜੂੜ, ਜਨਮ ਜਨਮ ਨਾ ਕੋਇ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ੧੩
੨੪ ਵਰ, ਸਚ ਦਾ ਲੇਖਾ ਆਪ ਮੁਕਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਤੇਰੇ ਅਗੇ ਅਰਜੋਈ, ਬੇਨੰਤੀ ਵਿਚ ਸੀਸ ਨਿਵਾਈਆ । ਸਾਨੂੰ ਮਿਲੇ ੨੪
ਕਿਤੇ ਨਾ ਢੋਈ, ਚਾਰੇ ਖਾਣੀ ਭੱਜੀਏ ਵਾਹੋ ਦਾਹੀਆ । ਸਾਡਾ ਮਿਤਰ ਸੁਹੇਲਾ ਬਣਿਆ ਨਾ ਕੋਈ, ਅਵਤਾਰ ਪੈਗ਼ੰਬਰ ਗੁਰੂ ਪੱਲਾ ਗਏ ਛੁਡਾਈਆ । ਦੁਰਮਤ ਮੈਲ ਕਿਸੇ ਨਾ ਧੋਈ, ਪਾਪਾਂ ਕਰੇ ਨਾ ਕੋਇ ਸਫ਼ਾਈਆ । ਆਤਮ ਪਰਮਾਤਮ ਤੇਰੇ ਨਾਲ ਪ੍ਰੋਈ, ਪਾਰਬ੍ਰਹਮ ਬ੍ਰਹਮ ਤੇਰੇ ਵਿਚ ਸਮਾਈਆ । ਅੰਤ ਤੇਰੇ ਅਗੇ ਸਾਡੀ ਦਰੋਹੀ, ਰੋ ਰੋ ਕੇ ਨੇਤਰ ਨੈਣਾਂ ਨੀਰ ਵਹਾਈਆ, ਸਾਡੀ ਪਤ ਪਤਿਪਰਮੇਸ਼ਵਰ ਗਈ ਖੋਹੀ, ਖ਼ਲਕ ਦੇ ਖ਼ਾਲਕ ਦੇਣੀ ਸਰਨਾਈਆ । ਅਸੀਂ ਪੰਜ ਤਤ ਤੇਰੇ ਹੁਕਮ ਦੇ ਗਰੋਹੀ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਵੇਖ ਲੈ ਅੰਤ ਅਖ਼ੀਰ, ਆਖ਼ਰ ਦੇਈਏ ਜਣਾਈਆ । ਸਾਨੂੰ ਇਸ਼ਾਰਾ ਦੇ ਕੇ ਗਏ ਅਵਤਾਰ ਪੈਗ਼ੰਬਰ ਗੁਰੂ ਪੀਰ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਜਣਾਈਆ । ਤੁਹਾਡਾ ਲਹਿਣਾ ਦੇਣਾ ਪੂਰਾ ਕਰੇ ਬੇਨਜ਼ੀਰ, ਨਿਰਗੁਣ ਨੂਰ ਨੂਰ ਅਲਾਹੀਆ । ਜਿਸ ਦੀ ਨਜ਼ਰ ਨਾ ਆਵੇ ਤਸਵੀਰ, ਤ੍ਰੈਗੁਣ ਅਤੀਤਾ ਧੁਰ ਦਾ ਮਾਹੀਆ । ਸੰਦੇਸਾ ਦੇ ਕੇ ਗਿਆ ਕਬੀਰ, ਕ਼ਬਰਾਂ ਤੋਂ ਬਾਹਰ ਸੁਣਾਈਆ । ਮੇਰਾ ਪੁਰਖ ਅਕਾਲਾ ਦੀਨ ਦਿਆਲਾ ਜਿਸ ਵੇਲੇ ਸ਼ਰਅ ਤੋੜੇ ਜ਼ੰਜੀਰ, ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਤੁਹਾਡੀ ਬਦਲ ਦੇਵੇ ਤਕਦੀਰ, ਤਦਬੀਰ ਆਪਣੀ ਇਕ ਸਮਝਾਈਆ । ਝਗੜਾ ਮੇਟ ਕੇ ਸ਼ਾਹ ਹਕੀਰ, ਦੀਨ ਦੁਨੀ ਇਕੋ ਰੰਗ ਵਖਾਈਆ । ਰਵਦਾਸ ਦਾ ਲੇਖੇ ਲਾ ਕਸੀਰ, ਕੂੜ ਕੁਕਰਮ ਦਾ ਪੰਧ ਮੁਕਾਈਆ । ਮਿਹਰਵਾਨ ਹੋਵੇ ਗੁਣੀ ਗਹੀਰ, ਗਹਿਰ ਗਵਰ ਆਪਣਾ ਭੇਵ ਚੁਕਾਈਆ । ਤੁਹਾਨੂੰ

ਅੰਤਮ ਦੇਵੇ ਧੀਰ, ਧੀਰਜ ਨਾਲ ਸਮਝਾਈਆ । ਜਨਮ ਮਰਨ ਦੀ ਕਟ ਕੇ ਭੀੜ, ਆਪ ਆਪਣੇ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਪੰਜ ਤਤ ਕਹਿਣ ਪ੍ਰਭ ਤੂੰ ਮਾਲਕ ਬੇਪਰਵਾਹ, ਬੇਪਰਵਾਹ ਇਕ ਅਖਵਾਈਆ । ਸਾਡੀ ਮਿੰਨਤ ਇਕ ਦੁਆ, ਦਰ ਠਾਂਡੇ ਮੰਗ ਮੰਗਾਈਆ । ਅੰਤ ਤੇਰੇ ਵਿਚ ਜਾਈਏ ਸਮਾ, ਸਮਾਪਤ ਹੋਵੇ ਖ਼ਲਕ ਖ਼ੁਦਾਈਆ । ਸਤਿਗੁਰ ਸ਼ਬਦ ਸਾਡਾ ਗਵਾਹ, ਸ਼ਹਾਦਤ ਅਵਤਾਰ ਪੈਗ਼ੰਬਰ ਗੁਰੂ ਭੁਗਤਾਈਆ । ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾ, ਸਗਲਾ ਸੰਗ ਸੰਗ ਵਖਾਈਆ । ਫੇਰ ਲੋਕਮਾਤ ਨਾ ਜਾਈਏ ਆ, ਮਾਤ ਗਰਭ ਨਾ ਡੇਰਾ ਲਾਈਆ । ਜੋਤੀ ਜਾਤੇ ਪੁਰਖ ਬਿਧਾਤੇ ਆਪਣੀ ਜੋਤ ਲੈਣਾ ਮਿਲਾ, ਆਤਮ ਸੰਗ ਤਤਾਂ ਪਾਰ ਕਰਾਈਆ । ਬਿਨ ਰਸਨਾ ਤੋਂ ਤੇਰਾ ਢੋਲਾ ਗਾਈਏ ਵਾਹ ਵਾਹ, ਵਹਿਗੁਰੂ ਤੇਰੀ ਵਡ ਵਡਿਆਈਆ । ਤੂੰ ਨੂਰ ਨੁਰਾਨਾ ਇਕ ਅਲਾਹ, ਆਲਮੀਨ ਇਕ ਅਖਵਾਈਆ । ਰਾਮ ਰਾਮਾ ਕਾਹਨ ਕਾਹਨਾ ਰਿਹਾ ਅਖਵਾ, ਆਖ਼ਰ ਤੇਰੀ ਓਟ ਤਕਾਈਆ । ਦਰ ਠਾਂਡੇ ਸੀਸ ਦੇਈਏ ਝੁਕਾ, ਸੀਸ ਜਗਦੀਸ ਤੇਰੇ ਭੇਟ ਕਰਾਈਆ । ਅਸੀਂ ਪੰਜ ਤਤ ਤੇਰੇ ਭਗਤ ਸੁਹੇਲੇ ਤੂੰ ਮਾਲਕ ਅਗੰਮ ਅਥਾਹ, ਅਗੰਮੜੇ ਤੇਰੇ ਹੱਥ ਵਡਿਆਈਆ । ਸਾਡਾ ਹਡ ਮਾਸ ਨਾੜੀ ਚੰਮੜਾ ਆਪਣੇ ਲੇਖੇ ਲਾ, ਚੰਮ ਦ੍ਰਿਸਟੀ ਅਗੇ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਨੂੰ ਤੇਰੇ ਮਿਲਣ ਦਾ ਚਾਅ, ਚਾਓ ਘਨੇਰਾ ਏਕੰਕਾਰ
੧੪ ਇਕੋ ਇਕ ਜਣਾਈਆ । ੧੪

੨੪ ੨੪

✪ ੯ ਭਾਦਰੋਂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਮੁਗਲਾ ਰੁਕਨਾ ਜ਼ਿਲਾ ਫ਼ਿਰੋਜ਼ਪੁਰ
ਹਰਬੰਸ ਕੌਰ ਦੇ ਅੰਤਮ ਸਸਕਾਰ ਸਮੇਂ ✪

ਆਤਮਾ ਕਹੇ ਮੈਂ ਪੁੱਜੀ ਸਚਖੰਡ ਸਚੇ ਦਰਬਾਰ, ਦਰਗਾਹ ਸਾਚੀ ਸੋਭਾ ਪਾਈਆ । ਮੇਰੀ ਸਾਹਿਬ ਨੂੰ ਨਿਮਸਕਾਰ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਜਨ ਭਗਤੋ ਤੁਸੀ ਮੇਰੇ ਧਰਮ ਧਾਰ ਦਾ ਪਰਵਾਰ, ਬੰਸ ਸਰਬੰਸ ਸੋਹਣਾ ਨਜ਼ਰੀ ਆਈਆ । ਕਿਰਪਾ ਕੀਤੀ ਆਪ ਨਿਰੰਕਾਰ, ਨਿਰਵੈਰ ਪੁਰਖ ਦਿਤੀ ਵਡਿਆਈਆ । ਗੋਬਿੰਦ ਦਾ ਲਹਿਣਾ ਦੇਣਾ ਲੇਖਾ ਦਿਤਾ ਨਿਵਾਰ, ਪੂਰਬਲਾ ਪੂਰਬ ਝੋਲੀ ਪਾਈਆ । ਮੈਂ ਛਡ ਜਗਤ ਸੰਸਾਰ, ਭੱਜਿਆ ਵਾਹੋ ਦਾਹੀਆ । ਪੰਜ ਤਤ ਜਗਤ ਦਾ ਅਧਾਰ, ਦੀਨ ਦੁਨੀ ਰੰਗ ਰੰਗਾਈਆ । ਮੇਰੀ ਸਭ ਨੂੰ ਜੈ ਜੈਕਾਰ, ਖ਼ੁਸ਼ੀਆਂ ਢੋਲੇ ਗਾਈਆ । ਸੋਹਣਾ ਦਿਵਸ ਦਿਹਾੜਾ ਦੀਨ ਦੁਨੀ ਜਗਤ ਸ਼ਨਿਚਰਵਾਰ, ਭਾਦਰੋਂ ਨੌ ਨਵ ਰੰਗ ਰੰਗਾਈਆ । ਮੈਂ ਖ਼ੁਸ਼ੀਆਂ ਦੇ ਕਰਾਂ ਇਜ਼ਹਾਰ, ਸਿਫ਼ਤਾਂ ਦੇ ਢੋਲੇ ਗਾਈਆ । ਧੰਨਭਾਗ ਮੇਰਾ ਵਕ਼ਤ ਸੁਹੰਜਣਾ ਕੀਤਾ ਆਪ ਨਿਰੰਕਾਰ, ਕ਼ੁਦਰਤ ਦੇ ਮਾਲਕ ਦਇਆ ਕਮਾਈਆ । ਮੇਰਾ ਲੇਖਾ ਪੂਰਾ ਕੀਤਾ ਨਿਰਧਨ ਪਾਈ ਸਾਰ, ਨਿਰਗੁਣ ਆਪਣਾ ਰੰਗ ਰੰਗਾਈਆ । ਮੇਰਾ ਖ਼ੁਸ਼ੀਆਂ ਵਾਲਾ ਹੋਏ ਸਸਕਾਰ, ਅਗਨੀ ਅੱਗ ਨਾਲ ਵਡਿਆਈਆ । ਮੇਰੀ ਮੜ੍ਹੀ ਦਾ ਪੁਕਾਰੇ ਧੂੰਆਧਾਰ, ਪਵਣ ਪਵਣਾਂ ਵਿਚ ਸਮਾਈਆ । ਸੰਦੇਸ਼ਾ ਦੇਵੇ ਮੇਰਾ ਲੇਖਾ ਜ਼ਿਮੀਂ ਅਸਮਾਨਾ ਬਾਹਰ, ਤ੍ਰੈਗੁਣ ਦਾ ਸੰਗ ਰਿਹਾ

ਨਾ ਰਾਈਆ । ਮੈਨੂੰ ਕੋਈ ਰੋਵੇ ਨਾ ਜ਼ਾਰੋ ਜ਼ਾਰ, ਬੱਚੇ ਬਿਰਧ ਬਾਲ ਨੇਤਰ ਨੈਣਾਂ ਨੀਰ ਵਹਾਈਆ । ਮੈਂ ਖ਼ੁਸ਼ੀ ਨਾਲ ਆਪਣੇ ਘਰ ਦੀ ਮਹਿਕਦੀ ਮਹਿਕਦੀ ਛਡੀ ਗੁਲਜ਼ਾਰ, ਚਿੰਤਾ ਜਗਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਆਤਮਾ ਕਹੇ ਮੈਂ ਦੱਸਾਂ ਆਪਣੀ ਵੰਡ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀਆਂ ਦਿਤੀਆਂ ਤਜਾਈਆ । ਮੈਂ ਤਜ ਕੇ ਖੰਡ ਬ੍ਰਹਿਮੰਡ, ਪੁਰੀਆਂ ਲੋਆਂ ਗਗਨ ਗਗਨੰਤਰਾਂ ਪੰਧ ਮੁਕਾਈਆ । ਮੈਂ ਪੁਜੀ ਦਰਗਾਹ ਸਾਚੀ ਸਚਖੰਡ, ਜਿਥੇ ਸਤਿਗੁਰ ਸ਼ਬਦ ਦਏ ਵਡਿਆਈਆ । ਮੈਂ ਸਦਾ ਸੁਹਾਗਣ ਸੁਲਖਣ ਸਿੰਘ ਨਾ ਸਮਝੇ ਆਪ ਨੂੰ ਰੰਡ, ਜਗਤ ਵਿਛੋੜਾ ਨਜ਼ਰ ਕੋਇ ਨਾ ਆਈਆ । ਮੇਰਾ ਸਾਹਿਬ ਸੁਆਮੀ ਮੇਰੇ ਗ੍ਰਹਿ ਮੇਰੇ ਬੱਚਿਆਂ ਨੂੰ ਪਾਵਣ ਆਇਆ ਠੰਡ, ਸੁਖ ਸਾਗਰ ਵਿਚ ਰਖਾਈਆ । ਜਿਸ ਦੀ ਪਿਆਰ ਮੁਹੱਬਤ ਵਾਲੀ ਧਰਮ ਧਾਰ ਵਾਲੀ ਗੰਢ, ਦੋ ਜਹਾਨ ਨਾ ਕੋਇ ਖੁਲ੍ਹਾਈਆ । ਸਭ ਨੇ ਇਕੋ ਢੋਲਾ ਗਾਉਣਾ ਤੂੰ ਮੇਰਾ ਮੈਂ ਤੇਰਾ ਛੰਦ, ਸੋਹੰ ਰਾਗ ਅਗੰਮ ਅਥਾਹੀਆ । ਜਿਸ ਦੇ ਨਾਲ ਲੱਖ ਚੁਰਾਸੀ ਮੁਕੇ ਪੰਧ, ਜਗਤ ਜਨਮ ਦਾ ਲੇਖਾ ਰਹੇ ਨਾ ਰਾਈਆ । ਮੇਰੇ ਪਿਆਰ ਵਿਚ ਢੋਲੇ ਗਾਵਣ ਮੇਰੇ ਫ਼ਰਜ਼ੰਦ, ਇਕ਼ਬਾਲ ਦਿਲਬਾਗ਼ ਆਪਾ ਸੰਗ ਬਣਾਈਆ । ਮੈਂ ਉਸ ਪ੍ਰਭ ਦਾ ਨੂਰੀ ਬਣਾਂ ਚੰਦ, ਜਿਸ ਦੀ ਦੋ ਜਹਾਨ ਰੁਸ਼ਨਾਈਆ । ਮੇਰਾ ਮੇਲ ਮਿਲਿਆ ਜਿਸ ਦਾ ਖੇਲ ਪੁਰੀ ਅਨੰਦ, ਅਨੰਦ ਆਪਣੇ ਵਿਚੋਂ ਪਰਗਟਾਈਆ । ਮੈਂ ਰੂਪ ਸਤਿ ਸਰੂਪ ਹੋਇਆ ਬ੍ਰਹਮ ਹੰ, ਆਤਮਾ ਪਰਮਾਤਮਾ ਵਿਚ ਮਿਲਕੇ ਵਜੀ ਵਧਾਈਆ । ਜਗਤ ਜਹਾਨ ਦੀ ਮੰਜ਼ਲ ਗਿਆ ਲੰਘ, ਅਗੇ ਹੋ ਨਾ ਕੋਇ ਅਟਕਾਈਆ । ਸਤਿਗੁਰ ਸ਼ਬਦ ਸ਼ਬਦੀ ਧਾਰ ਸੁਆਇਆ ਉਤੇ ਪਲੰਘ, ਜਿਸ ਦਾ ਪਾਵਾ ਚੂਲ ਬਾਡੀ ਬਣਤ ਨਾ ਕੋਇ ਬਣਾਈਆ । ਮੇਰਾ ਲਹਿਣਾ ਦੇਣਾ ਜਗਤ ਦੀਨ ਦੁਨੀ ਦਾ ਮੁਕਾ ਸੰਗ, ਸਗਲੇ ਸੰਗੀ ਮਿਲਕੇ ਵਜੀ ਵਧਾਈਆ । ਸਾਰੇ ਖ਼ੁਸ਼ੀਆਂ ਵਿਚ ਪ੍ਰਭੂ ਕੋਲੋ ਮੰਗੋ ਖੁਸ਼ੀ ਵਾਲੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਸਾਹਿਬ ਸੁਲਤਾਨਾ ਸ੍ਰੀ ਭਗਵਾਨਾ ਜਨ ਭਗਤਾਂ ਏਸੇ ਤਰਹ ਚਾੜ੍ਹੀਂ ਆਪਣਾ ਰੰਗ, ਰੰਗਤ ਆਪਣੀ ਨਾਲ ਰੰਗਾਈਆ । ਜਿਸ ਦੇ ਚਰਨਾਂ ਵਿਚ ਜਮਨਾ ਸੁਰਸਤੀ ਗੋਦਾਵਰੀ ਬਹੈ ਗੰਗ, ਗੰਗੋਤਰੀ ਭੱਜੇ ਵਾਹੋ ਦਾਹੀਆ । ਉਹ ਮੇਰੇ ਲੇਖੇ ਲਾਵੇ ਸਰੀਰ ਦੇ ਤਤ ਪੰਜ, ਪੰਚਮ ਦਾ ਮੇਲਾ ਮੇਲੇ ਸਹਿਜ ਸੁਭਾਈਆ । ਜਨ ਭਗਤੋ ਮੇਰੇ ਵਲੋਂ ਕਰਿਓ ਕੋਈ ਨਾ ਰੰਜ, ਗ਼ਮੀ ਚਿੰਤਾ ਨਾ ਕੋਇ ਰਖਾਈਆ । ਧੰਨਭਾਗ ਗੁਰਮੁਖ ਗੁਰਸਿਖ ਆਤਮਾ ਕਹੇ ਮੇਰੀ ਖ਼ੁਸ਼ੀ ਦੀ ਚੜ੍ਹੇ ਅੱਜ ਜੰਞ, ਲਾੜਾ ਧੁਰ ਦਾ ਲਿਆ ਬਣਾਈਆ । ਨੇਤਰ ਨੀਰ ਵਹਾਵੇ ਕੋਈ ਨਾ ਅੰਝ, ਖ਼ੁਸ਼ੀਆਂ ਢੋਲੇ ਗਾਈਆ । ਮੇਰਾ ਵਕ਼ਤ ਸੁਹੰਜਣਾ ਨਾ ਕੋਈ ਸਵੇਰ ਨਾ ਸੰਝ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਜਿਸ ਵੇਲੇ ਮੇਰਾ ਸਸਕਾਰ ਹੋਵੇ ਅਰੰਭ, ਜੈਕਾਰੇ ਇੱਕੀ ਦੇਣੇ ਲਗਾਈਆ । ਮੇਰਾ ਸਾਹਿਬ ਦੀਨ ਦਿਆਲ ਸਦਾ ਬਖ਼ਸ਼ੰਦ, ਰਹਿਮਤ ਰਹੀਮ ਰਹਿਮਾਨ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਧਾਰ ਸਤਿਗੁਰ ਏਥੇ ਓਥੇ ਦੋ ਜਹਾਨਾ ਸੰਗ, ਸਗਲਾ ਸੰਗੀ ਬਹੁ ਰੰਗੀ ਆਪਣੀ ਦਇਆ ਕਮਾਈਆ ।

✪ ੯ ਭਾਦਰੋਂ ਸ਼ਹਿਨਸ਼ਾਹੀ ਸੰਮਤ ਦਸ ਫ਼ਿਰੋਜ਼ਪੁਰ ਛਾਉਣੀ ਰਾਮ ਸਿੰਘ ਗੁਰਚਰਨ ਕੌਰ ਫ਼ਿਰੋਜ਼ਪੁਰ ਸ਼ਹਿਰ, ਸੰਪੂਰਨ ਸਿੰਘ ਫ਼ਿਰੋਜ਼ਸ਼ਾਹ, ਸੁਲਖਣ ਸਿੰਘ ਮੁਗਲਾ ਰੁਕਨਾ, ਗੁਰਦੀਪ ਸਿੰਘ ਤੂਤ, ਰਮੇਸ਼ ਚੰਦ ਫ਼ਿਰੋਜ਼ਪੁਰ ਸ਼ਹਿਰ, ਜੁਗਿੰਦਰ ਸਿੰਘ ਬਸਤੀ ਖਲੀਲ, ਸਰਦੂਲ ਸਿੰਘ ਬਾਲਸਚੰਦਰ ✪

ਪੰਜ ਤਤ ਕਹਿਣ ਪ੍ਰਭ ਸਾਡੇ ਮੀਤ ਸੱਜਣਾ, ਸੁਆਮੀ ਅੰਤਰਜਾਮੀ ਤੇਰੀ ਓਟ ਤਕਾਈਆ । ਚਰਨ ਧੂੜ ਕਰਾਉਣਾ ਅਗੰਮਾ ਮਜਨਾ, ਦੁਰਮਤ ਮੈਲ ਦੋ ਜਹਾਨ ਰਹਿਣ ਕਿਛ ਨਾ ਪਾਈਆ । ਕਾਇਆ ਮਾਟੀ ਠੀਕਰ ਅੰਤਮ ਸਭ ਦਾ ਭੱਜਣਾ, ਤਨ ਵਜੂਦ ਹਕ ਮਹਿਬੂਬ ਲੋਕਮਾਤ ਰਹਿਣ ਨਾ ਪਾਈਆ । ਤੇਰਾ ਨਾਮ ਨਗਾਰਾ ਏਕੰਕਾਰਾ ਇਕੋ ਵਜਣਾ, ਦੋ ਜਹਾਨਾਂ ਕਰੇ ਸ਼ਨਵਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡਾ ਪੜਦਾ ਕਜਣਾ, ਸਮਰਥ ਸਿਰ ਆਪਣਾ ਹੱਥ ਟਿਕਾਈਆ । ਤੇਰੇ ਪਰਕਾਸ਼ ਦਾ ਇਕੋ ਦੀਪਕ ਜਗਣਾ, ਜੋਤੀ ਜਾਤੇ ਪੁਰਖ ਬਿਧਾਤੇ ਅੰਧ ਅੰਧੇਰ ਦੇਣਾ ਮਿਟਾਈਆ । ਲੋਕਮਾਤ ਮਿਹਰਵਾਨ ਹੋ ਕੇ ਲੱਭਣਾ, ਖੋਜਣਾ ਥਾਉਂ ਥਾਈਂਆ । ਅਸੀਂ ਆਸਾ ਰਖੀ ਸਭਨਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰਹੇ ਸੁਣਾਈਆ । ਸਾਡੇ ਨੂਰ ਅਲਾਹੀ ਰਬਨਾ, ਯਾਮਬੀਨ ਤੇਰੀ ਵਡਿਆਈਆ । ਧੁਰ ਦੇ ਗੁਪਾਲ ਮੂਰਤ ਮਦਨਾ, ਮਦ ਸੂਦਨ ਤੇਰੀ ਸਰਨਾਈਆ । ਸਾਡੀ ਪਿਛਲੀ ਮੇਟ ਦੇ ਹਦਨਾ, ਹਦੂਦ ਨਜ਼ਰ ਕੋਇ ਨਾ ਆਈਆ । ਸਾਡਾ ਲੇਖੇ ਲਾ ਲੈ ਬਦਨਾ, ਬਦੀਆਂ ਦਾ ਪੰਧ ਮੁਕਾਈਆ । ਤੇਰੀ ਸਰਨ ਸਰਨਾਈ ਆਅਲਾ ਅਦਨਾ, ਅਦਲ ਇਨਸਾਫ਼ ਲੈਣਾ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਆਪਣੇ ਲੇਖੇ ਲੈਣਾ ਲਾ, ਵਖਰਾ ਜੁਜ਼ ਨਾ ਕੋਇ ਰਖਾਈਆ । ਨਿਰਗੁਣ ਧਾਰ ਬਣਨਾ ਮਲਾਹ, ਸਰਗੁਣ ਬੇੜਾ ਆਪ ਉਠਾਈਆ । ਸਾਡੇ ਵਾਹਿਗੁਰੂ ਨੂਰੀ ਅੱਲਾ, ਰਾਮ ਰਾਮ ਤੇਰੀ ਦੁਹਾਈਆ । ਨੂਰੀ ਮਾਲਕ ਹਕ ਖ਼ੁਦਾ, ਖ਼ਾਦਮ ਹੋ ਕੇ ਸੀਸ ਝੁਕਾਈਆ । ਭਗਤ ਉਧਾਰਨਾ ਤੇਰੀ ਅਦਾ, ਅਦਬ ਨਾਲ ਮੰਗ ਮੰਗਾਈਆ । ਪੂਰਬ ਵਾਅਦਾ ਪੂਰ ਕਰਾ, ਕਰਨੀ ਦੇ ਕਰਤੇ ਹੋਣਾ ਸਹਾਈਆ । ਤੇਰਾ ਨੂਰ ਜ਼ਹੂਰ ਹੋਵੇ ਰੁਸ਼ਨਾ, ਜੋਤੀ ਜਾਤੇ ਡਗਮਗਾਈਆ । ਅੰਧ ਅੰਧੇਰਾ ਦੇਣਾ ਗੁਆ, ਕੂੜ ਕੂੜਿਆਰ ਦਾ ਲੇਖਾ ਰਹੇ ਨਾ ਰਾਈਆ । ਸਚ ਸੁਆਮੀ ਅੰਤਰਜਾਮੀ ਤੇਰੀ ਓਟ ਲਈ ਤਕਾ, ਆਸਰਾ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭੂ ਅਸੀਂ ਤੇਰੇ ਦਰ ਦੇ ਮੰਗਤੇ, ਮਾਂਗਤ ਹੋ ਕੇ ਝੋਲੀ ਡਾਹੀਆ । ਗੜ੍ਹ ਤੋੜ ਦੇ ਹਉਮੇ ਹੰਗਤੇ, ਹੰ ਬ੍ਰਹਮ ਦੇ ਸਮਝਾਈਆ । ਬੋਧ ਅਗਾਧੀ ਧੁਰ ਦੇ ਪੰਡਤੇ, ਬਿਨ ਅੱਖਰਾਂ ਅੱਖਰ ਦੇ ਦ੍ਰਿੜਾਈਆ । ਝਗੜੇ ਮੇਟ ਦੇ ਕੂੜੇ ਮਨ ਦੇ, ਮਨਸਾ ਆਪਣੇ ਨਾਮ ਵਿਚ ਸਮਾਈਆ । ਪਰਕਾਸ਼ ਦੇਦੇ ਨੂਰੀ ਚੰਦ ਦੇ, ਜੋਤੀ ਜਾਤੇ ਡਗਮਗਾਈਆ । ਖੇਲ ਵੇਖੀਏ ਤੇਰੇ ਅਗੰਮ ਦੇ, ਅਗੰਮ ਅਗੰਮੜੇ ਪੜਦਾ ਦੇਣਾ ਉਠਾਈਆ । ਅਸੀਂ ਪਿਆਰੇ ਪ੍ਰੀਤਮ ਤੇਰੀ ਧਾਰ ਬ੍ਰਹਮ ਦੇ, ਪਾਰਬ੍ਰਹਮ ਮੇਲਾ ਮੇਲਣਾ ਚਾਈਂ ਚਾਈਂਆ । ਸਾਡੇ ਲਹਿਣੇ ਮੁਕਾਉਣੇ ਕਾਇਆ ਮਾਟੀ ਚੰਮ ਦੇ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਵਣਜਾਰੇ ਹੋਈਏ ਤੇਰੇ ਦਮ ਦੇ, ਸਵਾਸ ਸਵਾਸ ਤੇਰਾ ਨਾਮ ਧਿਆਈਆ । ਝਗੜੇ ਮਿਟਾ ਦੇ ਚਿੰਤਾ ਗ਼ਮ ਦੇ, ਗ਼ਮਖ਼੍ਵਾਰ ਹੋਣਾ ਸਹਾਈਆ । ਅਸੀਂ ਫੇਰ ਰਹੀਏ ਨਾ ਜੰਮਦੇ, ਜੰਮਣ ਮਰਨ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ

੧੭
੨੪

ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਤੇਰੇ ਚਰਨ ਕਵਲ ਜਾਏ ਲਗ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਸਾਨੂੰ ਹੰਸ ਬਣਾ ਲੈ ਕਗ, ਦੁਰਮਤ ਮੈਲ ਧੁਆਈਆ । ਤੂੰ ਸਾਹਿਬ ਸੂਰਾ ਸਰਬਗ, ਹਰਿ ਕਰਤਾ ਇਕ ਅਖਵਾਈਆ । ਅਸੀਂ ਕਲਜੁਗ ਜੀਵ ਅਲਪਗ, ਤੇਰੀ ਓਟ ਤਕਾਈਆ । ਸਾਨੂੰ ਦਰਸ਼ਨ ਦੇਣਾ ਉਪਰ ਸ਼ਾਹ ਰਗ, ਨਵ ਦੁਆਰਿਆਂ ਡੇਰਾ ਢਾਹੀਆ । ਤ੍ਰੈਗੁਣ ਮਾਇਆ ਸਾੜੇ ਨਾ ਅੱਗ, ਅਗਨੀ ਅੱਗ ਨਾ ਕੋਇ ਤਪਾਈਆ । ਇਕੋ ਪਰਸੀਏ ਤੇਰੇ ਪਗ, ਦੂਸਰ ਸੀਸ ਨਾ ਕਦੇ ਝੁਕਾਈਆ । ਕਿਰਪਾ ਕਰ ਦੇ ਸੁਆਮੀ ਝਬ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਾਡੇ ਨੂਰ ਅਲਾਹੀ ਰੱਬ, ਯਾਮਬੀਨ ਤੇਰੇ ਹੱਥ ਵਡਿਆਈਆ । ਸਾਨੂੰ ਚੁਰਾਸੀ ਵਿਚੋਂ ਕਢ, ਜਮ ਕੀ ਫਾਸੀ ਦੇ ਤੁੜਾਈਆ । ਸਾਡੇ ਲੇਖੇ ਲਾ ਲੈ ਮਾਸ ਨਾੜੀ ਹਡ, ਰਕਤ ਬੂੰਦ ਤੇਰੀ ਭੇਟ ਚੜ੍ਹਾਈਆ । ਦਰੋਹੀ ਲੋਕਮਾਤ ਜਾਈਂ ਨਾ ਛਡ, ਸਚਖੰਡ ਮੇਲਾ ਮੇਲਣਾ ਚਾਈਂ ਚਾਈਆ । ਤੇਰਾ ਧਰਮ ਦਾ ਧਰਮ ਨਿਸ਼ਾਨਾ ਦੇਈਏ ਗੱਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਪੰਜ ਤਤ ਕਹਿਣ ਸਾਡੀ ਆਸਾ ਕਰਦੇ ਪੂਰੀ, ਪੂਰਨ ਬ੍ਰਹਮ ਦੇ ਜਣਾਈਆ । ਤੇਰਾ ਦਰਸ਼ਨ ਤਕੀਏ ਨੂਰੀ, ਨੂਰ ਨੁਰਾਨਾ ਨਜ਼ਰੀ ਆਈਆ । ਜੋ ਇਸ਼ਾਰਾ ਦਿਤਾ ਮੂਸਾ ਉਤੇ ਕੋਹਤੂਰੀ, ਤੁਰੀਆ ਤੋਂ ਪਰੇ ਪੜਦਾ ਲਾਹੀਆ । ਕਲਜੁਗ ਅੰਤਮ ਸਾਡੀ ਤਕ ਮਜਬੂਰੀ, ਬਿਨ ਨੈਣਾਂ ਨੈਣ ਉਠਾਈਆ । ਤੇਰੀ ਮੰਜ਼ਲ ਹੋਈ ਦੂਰੀ, ਦੂਰ ਦੁਰਾਡਾ ਪੰਧ ਨਾ ਕੋਇ ਮੁਕਾਈਆ । ਅਸੀਂ ਦਰਸ਼ਨ ਕਰਨਾ ਚਾਹੁੰਦੇ ਹਜ਼ੂਰੀ, ਹਜ਼ਰਤਾਂ ਦੇ ਹਜ਼ਰਤ ਤੇਰੀ ਓਟ ਤਕਾਈਆ । ਬਿਨਾ ਭਗਤਾਂ ਤੋਂ ਤੇਰੀ ਕਰੇ ਨਾ ਕੋਇ ਮਸ਼ਹੂਰੀ, ਮਸ਼ਵਰੇ ਵਾਲਾ ਨਜ਼ਰ ਕੋਇ ਨਾ ਆਈਆ । ਸਾਡੀ ਪੂਰਬਲੇ ਜਨਮ ਦੀ ਦੇ ਦੇ ਮਜ਼ਦੂਰੀ, ਦਰ ਤੇਰੇ ਮੰਗ ਮੰਗਾਈਆ । ਸਾਡੀ ਸ਼ਰਅ ਨਹੀਂ ਕੋਈ ਕੂੜੀ, ਕੂੜ ਕੁਟੰਬ ਦਿਤੇ ਤਜਾਈਆ । ਤੇਰੇ ਚਰਨ ਦੀ ਮਸਤਕ ਲਾਈਏ ਧੂੜੀ, ਟਿੱਕੇ ਖ਼ਾਕ ਰਮਾਈਆ । ਆਪਣੀ ਖ਼ੁਮਾਰੀ ਦੇ ਦੇ ਮਸਤੀ ਵਾਲੀ ਗੂੜ੍ਹੀ, ਦੋ ਜਹਾਨ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਇਕ ਰਖਾਈਆ । ਪੰਜ ਤਤ ਕਹਿਣ ਸਾਡੀ ਆਸਾ ਤਕ ਲੈ ਤ੍ਰਿਸ਼ਨਾ, ਤ੍ਰਿਖਾ ਤੇਰੇ ਚਰਨ ਕਵਲ ਟਿਕਾਈਆ । ਸਾਡਾ ਲੇਖਾ ਪੁਛ ਲੈ ਕੋਲੋਂ ਸ਼ਿਵ ਬ੍ਰਹਮਾ ਵਿਸ਼ਨਾ, ਵਿਸ਼ਵ ਦੇ ਮਾਲਕ ਧਿਆਨ ਲਗਾਈਆ । ਲਹਿਣਾ ਤਕ ਲੈ ਜੋ ਸੰਦੇਸ਼ਾ ਦੇ ਕੇ ਗਿਆ ਰਾਮਾ ਕ੍ਰਿਸ਼ਨਾ, ਕਾਹਨ ਘਨਈਆ ਇਕ ਦ੍ਰਿੜਾਈਆ । ਕਲਜੁਗ ਅੰਤ ਤੇਰੀ ਕਿਰਪਾ ਬਿਨ ਮਨੂਆ ਕਿਸੇ ਨਹੀਂ ਟਿਕਣਾ, ਧੀਰਜ ਧੀਰ ਨਾ ਕੋਇ ਰਖਾਈਆ । ਦੀਨ ਦੁਨੀ ਨੇ ਸ਼ਰਅ ਦੇ ਹੱਟ ਵਿਚ ਵਿਕਣਾ, ਅੰਤ ਕ਼ੀਮਤ ਕੋਇ ਨਾ ਪਾਈਆ । ਅੰਤਸ਼ਕਰਨ ਕਿਸੇ ਨਾ ਜਿਤਣਾ, ਮਮਤਾ ਮੋਹ ਲੋਭ ਹਲਕਾਈਆ । ਤਨ ਵਜੂਦ ਅੰਦਰ ਕੂੜੀ ਕਿਰਿਆ ਕਰ ਕਰ ਪਿਟਣਾ, ਸਾਂਤਕ ਸਤਿ ਨਾ ਕੋਇ ਰਖਾਈਆ । ਆਤਮ ਸੇਜ ਸੁਹੰਜਣੀ ਕਿਸੇ ਨਾ ਲਿਟਣਾ, ਧੂਣੀਆਂ ਜਗਤ ਖ਼ਾਕ ਰਮਾਈਆ । ਨੂਰ ਨੁਰਾਨਾ ਸ਼ਾਹ ਸ਼ਹਾਨਾ ਸ੍ਰੀ ਭਗਵਾਨਾ ਕਿਸੇ ਨਾ ਦਿਸਣਾ, ਨਿਜ ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲ੍ਹਾਈਆ । ਮੇਲ ਮਿਲਾ ਧੁਰ ਦੇ ਪਿਤਨਾ, ਪਤਿਪਰਮੇਸ਼ਵਰ ਗੋਦ ਨਾ ਕਿਸੇ ਉਠਾਈਆ । ਬਿਨਾ ਸਾਹਿਬ ਸੁਲਤਾਨ ਭਗਤਾਂ ਕਾਰਜ ਨਾ ਕਿਸੇ ਨਜਿਠਣਾ, ਸਿਰ ਸਿਰ ਹੱਥ ਨਾ ਕੋਇ ਟਿਕਾਈਆ । ਕਰਵਟ ਵਿਚ ਆਪਣੀ ਬਦਲ ਲੈ ਪਿਠਨਾ, ਸਨਮੁਖ ਹੋ ਕੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਇਕੋ ਇਕ ਅਲਖ, ਅਲਖ
ਅਗੋਚਰ ਦੇਈਏ ਸੁਣਾਈਆ । ਸਾਨੂੰ ਦਰਸ਼ਨ ਦੇ ਪ੍ਰਤਖ, ਨੂਰ ਨੁਰਾਨਾ ਡਗਮਗਾਈਆ । ਕਲਜੁਗ ਕੂੜੀ ਕਿਰਿਆ ਵਿਚੋਂ ਰਖ, ਰਖਕ ਹੋਣਾ
ਥਾਉਂ ਥਾਂਈਆ । ਅਸੀਂ ਤੇਰਾ ਵਿਛਾਇਆ ਸਥ, ਸਥਰ ਯਾਰੜੇ ਸੇਜ ਲੈਣੀ ਹੰਢਾਈਆ । ਨਿਜ ਨੇਤਰ ਖੋਲ੍ਹ ਦੇ ਅੱਖ, ਬਿਨ ਅੱਖਰਾਂ ਕਰ ਪੜ੍ਹਾਈਆ ।
ਦੀਨ ਦੁਨੀ ਤੋਂ ਹੋਈਏ ਵਖ, ਵਖਰਾ ਘਰ ਦੇਣਾ ਵਖਾਈਆ । ਜਿਥੇ ਤੇਰੀ ਜੋਤ ਜੋਤੀ ਜਾਤੇ ਜਗੇ ਲਟ ਲਟ, ਨੂਰ ਨੁਰਾਨੇ ਡਗਮਗਾਈਆ ।
ਸ਼ਬਦ ਅਗੰਮੀ ਮਾਰ ਸੱਟ, ਧੁਨ ਅਨਾਦੀ ਨਾਦ ਜਣਾਈਆ । ਸਾਡਾ ਲਹਿਣਾ ਦੇਣਾ ਲੇਖਾ ਪੂਰਾ ਕਰਦੇ ਝਟ, ਮਿਹਰਵਾਨ ਮਿਹਰ ਨਜ਼ਰ ਨਾਲ
ਤਰਾਈਆ । ਤੇਰੀ ਸਰਨ ਸਰਨਾਈ ਬਿਨ ਕ਼ਦਮਾਂ ਤੋਂ ਜਾਈਏ ਢਠ, ਫੜ ਬਾਹੋਂ ਲੈਣਾ ਉਠਾਈਆ । ਨਿਗਾਹ ਮਾਰ ਲੈ ਅਸੀਂ ਸੰਗੀ ਬਣੇ ਅੱਠ,
ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤਿ ਬੁਧਿ ਨਾਲ ਰਲਾਈਆ । ਜਗਤ ਜਹਾਨ ਦੀ ਮੰਜ਼ਲ ਜਾਈਏ ਟਪ, ਟਾਪੂਆਂ ਦਾ ਪੈਂਡਾ ਰਹੇ ਨਾ ਰਾਈਆ ।
ਪਿਛਲਾ ਲੇਖਾ ਪਿਛੇ ਦੇਣਾ ਠਪ, ਅਗੇ ਆਪਣਾ ਹੁਕਮ ਸੁਣਾਈਆ । ਸਾਨੂੰ ਕਰਨਾ ਪਏ ਕੋਈ ਨਾ ਤਪ, ਜਗਤ ਤਪਸਿਆ ਨਾ ਕੋਇ ਰਖਾਈਆ ।
ਤੂੰ ਪਰਮੇਸ਼ਵਰ ਸੁਆਮੀ ਪਤਿ, ਪਾਰਬ੍ਰਹਮ ਪ੍ਰਭ ਦੇਣੀ ਦਇਆ ਕਮਾਈਆ । ਸਾਨੂੰ ਆਉਣਾ ਪਏ ਫੇਰ ਨਾ ਵਤ, ਵਤਨਾਂ ਦੇ ਮਾਲਕ ਬੇਵਤਨਾ ਆਪਣੇ
ਘਰ ਵਸਾਈਆ । ਨਿਰਗੁਣ ਧਾਰ ਜੋੜ ਲੈ ਆਪਣਾ ਨਤ, ਸਰਗੁਣ ਹੋ ਕੇ ਦੇਈਏ ਸੁਣਾਈਆ । ਲੇਖਾ ਰਹੇ ਨਾ ਸਾਡਾ ਰਤ, ਰਤਨ ਅਮੋਲਕ
੧੮ ਹੀਰੇ ਆਪਣੇ ਲੈ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਚ ਦੇਣੀ ਵਡਿਆਈਆ । ੧੮
੨੪ ਪੰਜ ਤਤ ਕਹਿਣ ਸਾਡੇ ਆਦਿ ਨਿਰੰਜਣਾ, ਆਦਿ ਪੁਰਖ ਤੇਰੀ ਸਰਨਾਈਆ । ਧੁਰ ਦਾਤੇ ਦਰਦ ਦੁਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ੨੪
ਨਿਜ ਨੇਤਰ ਨਾਮ ਦਾ ਪਾ ਕੇ ਅੰਜਣਾ, ਲੋਚਨ ਨੈਣ ਦੇਣਾ ਖੁਲ੍ਹਾਈਆ । ਇਕੋ ਤੇਰਾ ਸੁਣੀਏ ਨਦਨਾ, ਨਾਦੀ ਧੁਨ ਦੇਣੀ ਦ੍ਰਿੜਾਈਆ । ਤੂੰ ਗੋਪਾਲ
ਮੂਰਤ ਮਦਨਾ, ਸਤਿ ਸਰੂਪ ਸੋਭਾ ਪਾਈਆ । ਤੇਰਾ ਦੀਪਕ ਜੋਤੀ ਇਕੋ ਜਗਣਾ, ਦੋ ਜਹਾਨਾਂ ਡਗਮਗਾਈਆ । ਸਾਨੂੰ ਆਪਣੇ ਗ੍ਰਿਹ ਵਿਚ ਸੱਦਣਾ,
ਸਦਕੇ ਵਾਰੀ ਘੋਲ ਘੁਮਾਈਆ । ਅਸਾਂ ਤੇਰਾ ਦੁਆਰਾ ਲੰਘਣਾ, ਅਗੇ ਹੋ ਨਾ ਕੋਇ ਅਟਕਾਈਆ । ਸਾਡਾ ਭਾਗ ਹੋਏ ਨਾ ਮੰਦਨਾ, ਮੰਦ ਭਾਗਾਂ
ਦੇਣੀ ਵਡਿਆਈਆ । ਸਾਡਾ ਪੰਧ ਮੁਕਾ ਦੇ ਵਿਚ ਵਰਭੰਡਣਾ, ਬ੍ਰਹਿਮਾਂਡ ਦਾ ਪੰਧ ਚੁਕਾਈਆ । ਝਗੜਾ ਰਹੇ ਨਾ ਜੇਰਜ ਅੰਡਣਾ, ਉਤਭੁਜ ਸੇਤਜ
ਨਾ ਕੋਇ ਵਖਾਈਆ । ਸਚ ਸੁਆਮੀ ਇਕੋ ਬਖ਼ਸ਼ ਅਨੰਦਨਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਅਸੀਂ ਪੰਜ ਤਤ ਤੇਰੇ ਭਗਤ ਸੁਹੇਲੇ ਸਾਡੀ
ਮਨਜ਼ੂਰ ਕਰ ਲੈ ਬੰਦਨਾ, ਬੰਦਗੀ ਵਿਚ ਸਾਰੇ ਸੀਸ ਨਿਵਾਈਆ । ਫੇਰ ਸਮਾਂ ਕਦੇ ਨਹੀਂ ਲੱਭਣਾ, ਜੁਗ ਚੌਕੜੀ ਬੈਠੇ ਰਾਹ ਤਕਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਇਕੋ ਦਰ ਦਵਾਰਾ ਬਖ਼ਸ਼ਣਾ ਪਦਣਾ, ਗ੍ਰਿਹ ਇਕੇ ਵਿਚ ਰਖਾਈਆ ।

## ੧੦ ਭਾਦਰੋਂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਸ਼ੇਖ਼ ਹਰਜਿੰਦਰ ਕੌਰ ਪਰਸਿੰਨ ਕੌਰ ਧਰਮਜੀਤ ਕੌਰ ਮਾਇਆ ਕੌਰ

ਪੰਜ ਤਤ ਕਹਿਣ ਸੋ ਪੁਰਖ ਨਿਰੰਜਣ ਸਾਡੇ ਮਿਹਰਵਾਨ, ਹਰਿ ਪੁਰਖ ਨਿਰੰਜਣ ਤੇਰੀ ਸਰਨਾਈਆ । ਏਕੰਕਾਰ ਦੇਣਾ ਦਾਨ, ਆਦਿ ਨਿਰੰਜਣ ਦਇਆ ਕਮਾਈਆ । ਅਬਿਨਾਸ਼ੀ ਕਰਤੇ ਹੋਣਾ ਮਿਹਰਵਾਨ, ਸ੍ਰੀ ਭਗਵਾਨ ਤੇਰੀ ਓਟ ਤਕਾਈਆ । ਪਾਰਬ੍ਰਹਮ ਬ੍ਰਹਮ ਹੋਣਾ ਨਿਗਹਬਾਨ, ਬਿਨ ਨੈਣਾਂ ਨੈਣ ਤਕਾਈਆ । ਸਤਿਗੁਰ ਸ਼ਬਦ ਆਪਣੇ ਗ੍ਰਿਹ ਕਰੀਂ ਪਰਵਾਨ, ਪਤਿਪਰਮੇਸ਼ਵਰ ਤੇਰੀ ਆਸ ਰਖਾਈਆ । ਅਸੀਂ ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਜਗਤ ਨਿਸ਼ਾਨ, ਦੀਨ ਦੁਨੀ ਰੂਪ ਵਖਾਈਆ । ਤ੍ਰੈਗੁਣ ਮਾਇਆ ਸਾਡਾ ਬਣਿਆ ਵਿਧਾਨ, ਜਗਤ ਤ੍ਰਿਸ਼ਨਾ ਨਾਲ ਰਲਾਈਆ । ਨਵ ਦੁਆਰ ਵੇਖ ਦੁਕਾਨ, ਨਵ ਰਸ ਜਗਤ ਜਗਤ ਹਲਕਾਈਆ । ਆਤਮ ਦਰਸੀ ਨੌਜਵਾਨ, ਗ੍ਰਿਹ ਮੰਦਰ ਪੜਦਾ ਦੇਣਾ ਚੁਕਾਈਆ । ਤੂੰ ਸ਼ਾਹੋ ਭੂਪ ਸੁਲਤਾਨ, ਨਿਰਵੈਰ ਪੁਰਖ ਅਗੰਮ ਅਥਾਹੀਆ । ਅਸੀਂ ਆਜਿਜ਼ ਹੋ ਕੇ ਮੰਗੀਏ ਦਾਨ, ਗ਼ਰੀਬ ਨਿਮਾਣਿਆਂ ਝੋਲੀ ਡਾਹੀਆ । ਤੇਰੇ ਬਾਲਕ ਬਾਲ ਨਾਦਾਨ, ਬਾਲੀ ਬੁਧਿ ਨਾ ਕੋਇ ਚਤੁਰਾਈਆ । ਕਰਤੇ ਪੁਰਖ ਸਾਡੀ ਬੇਨੰਤੀ ਕਰੀਂ ਪਰਵਾਨ, ਪਾਰਬ੍ਰਹਮ ਆਸਾ ਆਸਾ ਪੂਰ ਕਰਾਈਆ । ਜਨ ਭਗਤ ਭਗਤੀ ਧਾਰ ਵਿਚੋਂ ਪਹਿਚਾਨ, ਸਤਿਗੁਰ ਸ਼ਬਦ ਨਾਲ ਵਡਿਆਈਆ । ਬਿਨ ਅੱਖਰਾਂ ਤੋਂ ਨਿਰਅੱਖਰ ਧਾਰ ਦੇ ਗਿਆਨ, ਅਨਬੋਲਤ ਆਪਣਾ ਰਾਗ ਸੁਣਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਦੇ ਪੀਣ ਖਾਣ, ਬੂੰਦ ਸਵਾਂਤੀ ਨਾਭੀ ਕਵਲ ਟਪਕਾਈਆ । ਤੇਰੇ ਸ਼ਬਦ ਦੀ ਸ਼ਬਦ ਸੁਣੀਏ ਧੁਨਕਾਨ, ਅਨਹਦ ਨਾਦੀ ਨਾਦ ਦੇਣਾ ਵਜਾਈਆ । ਜੋਤੀ ਜੋਤ ਤੇਰਾ ਤਕੀਏ ਰੂਪ ਮਹਾਨ, ਬਿਨ ਰੰਗ ਰੇਖ ਸੋਭਾ ਪਾਈਆ । ਸਾਡੇ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸਤਿ ਸਰੂਪੀ ਸਾਚੇ ਕਾਹਨ, ਰਹਿਮਤ ਰਹੀਮ ਰਹਿਮਾਨ ਦੇਣੀ ਕਮਾਈਆ । ਤੇਰੇ ਚਰਨ ਕਵਲ ਤਤ ਨਿਮਾਣੇ ਬਿਨਾ ਸੀਸ ਤੋਂ ਸੀਸ ਝੁਕਾਣ, ਜਗਦੀਸ ਤੇਰੀ ਬੇਪਰਵਾਹੀਆ । ਸਾਡਾ ਕਾਇਆ ਕਾਅਬਾ ਪਵਿਤ੍ਰ ਕਰ ਮਕਾਨ, ਗ੍ਰਿਹ ਮੰਦਰ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸੁਆਮੀ ਹੋਣਾ ਸਹਾਈਆ । ਪੰਜ ਤਤ ਕਹਿਣ ਪ੍ਰਭੂ ਸਾਡਾ ਸੁਹਾ ਦੇ ਮੰਦਰ, ਤਨ ਵਜੂਦ ਮਹਿਬੂਬ ਤੇਰੀ ਵਜੇ ਵਧਾਈਆ । ਭਾਗ ਲਗਾ ਦੇ ਡੂੰਘੀ ਕੰਦਰ, ਕਾਇਆ ਕੁਟੀਆ ਵੇਖ ਵਖਾਈਆ । ਬਜਰ ਕਪਾਟ ਤੋੜ ਦੇ ਜੰਦਰ, ਤ੍ਰੈਗੁਣ ਲੇਖਾ ਰਹੇ ਨਾ ਰਾਈਆ । ਮਨੂਆ ਦਹਿ ਦਿਸ਼ ਉਠ ਨਾ ਧਾਹੇ ਬੰਦਰ, ਨਵ ਨਵ ਦਾ ਪੰਧ ਮੁਕਾਈਆ । ਪਰਕਾਸ਼ ਦੇ ਦੇ ਬਿਨਾ ਸੂਰੀਆ ਚੰਦਰ, ਜੋਤੀ ਜਾਤਾ ਡਗਮਗਾਈਆ । ਭਾਗ ਲਗਾ ਦੇ ਸਾਡੇ ਅੰਗਣ, ਗ੍ਰਿਹ ਮੰਦਰ ਹੋਏ ਰੁਸ਼ਨਾਈਆ । ਅਸੀਂ ਤਤ ਵਿਚਾਰੇ ਏਕੰਕਾਰੇ ਤੇਰਾ ਦਰ ਆਏ ਮੰਗਣ, ਮਾਂਗਤ ਹੋ ਕੇ ਝੋਲੀ ਡਾਹੀਆ । ਤੂੰ ਸਹਿਬ ਸੂਰਾ ਸਰਬੰਗਣ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਅਖਵਾਈਆ । ਪੁਰਖ ਅਕਾਲੇ ਚਾੜ੍ਹ ਦੇ ਰੰਗਣ, ਰੰਗ ਰੰਗੀਲੇ ਆਪਣਾ ਰੰਗ ਰੰਗਾਈਆ । ਲੇਖੇ ਲਾ ਲੈ ਤਤ ਪੰਜਣ, ਪੰਚਮ ਦੇਣੀ ਮਾਣ ਵਡਿਆਈਆ । ਪੰਧ ਰਹੇ ਨਾ ਦੀਨ ਦੁਨੀ ਜਗਤ ਬ੍ਰਹਿਮੰਡਣ, ਬ੍ਰਹਿਮਾਂਡ ਦਾ ਡੇਰਾ ਢਾਹੀਆ । ਲੇਖਾ ਮੁਕਾ ਦੇ ਜੇਰਜ ਅੰਡਣ, ਉਤਭੁਜ ਸੇਤਜ ਰੂਪ ਨਾ ਕੋਇ ਬਣਾਈਆ । ਦੂਈ ਦਵੈਤੀ ਢਾਹ ਦੇ ਕੰਧਨ, ਭਾਂਡਾ ਭਰਮ ਭਉ ਭੰਨਾਈਆ । ਆਪਣੀ ਚਰਨ ਧੂੜ ਬਖ਼ਸ਼ ਦੇ ਚੰਦਨ, ਟਿੱਕੇ ਖ਼ਾਕੀ ਖ਼ਾਕ ਰਮਾਈਆ । ਸਚ ਦੁਆਰ ਬਖ਼ਸ਼ ਅਨੰਦਨ, ਅਨੰਦ ਅਨੰਦ ਵਿਚੋਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਪੰਜ ਤਤ

ਕਹਿਣ ਪ੍ਰਭ ਸਾਡੇ ਅੰਤਸ਼ ਬਖ਼ਸ਼ ਦੇ ਨੂਰ, ਨੂਰ ਨੁਰਾਨੇ ਦਇਆ ਕਮਾਈਆ । ਤੇਰਾ ਵੇਖੀਏ ਸਚ ਜ਼ਹੂਰ, ਜ਼ਾਹਰ ਜ਼ਹੂਰ ਡਗਮਗਾਈਆ । ਸਾਨੂੰ
ਸ਼ਬਦ ਸੁਣਾ ਦੇ ਆਪਣੀ ਅਗੰਮੀ ਤੂਰ, ਤੁਰੀਆ ਦਾ ਭੇਵ ਰਹੇ ਨਾ ਰਾਈਆ । ਸਾਡੀ ਆਸਾ ਮਨਸਾ ਪੂਰ, ਤ੍ਰਿਸ਼ਨਾ ਕੂੜ ਜਗਤ ਚੁਕਾਈਆ ।
ਤੇਰਾ ਦਰਸ਼ਨ ਕਰੀਏ ਹਾਜ਼ਰ ਹਜ਼ੂਰ, ਹਜ਼ਰਤਾਂ ਦਾ ਮਾਲਕ ਇਕੋ ਨਜ਼ਰੀ ਆਈਆ । ਤੇਰੇ ਸ਼ੁਕਰਾਨੇ ਵਿਚ ਹੋਈਏ ਮਸ਼ਕੂਰ, ਸ਼ੁਕਰੀਆ ਕਹਿ ਕੇ
ਸੀਸ ਨਿਵਾਈਆ । ਸਾਡੇ ਅੰਦਰੋਂ ਤੋੜਨਾ ਗੜ੍ਹ ਗ਼ਰੂਰ, ਗ਼ੁਰਬਤ ਦੇਣੀ ਮਿਟਾਈਆ । ਮਨਸਾ ਮਨ ਨਾ ਪਾਏ ਫ਼ਤੂਰ, ਫ਼ਤਵਾ ਪੰਜਾਂ ਦੇਣਾ ਥਾਉਂ
ਥਾਈਂਆ । ਸਾਡੀ ਬੇਨੰਤੀ ਕਰ ਮਨਜ਼ੂਰ, ਦਰ ਤੇਰੇ ਮੰਗ ਮੰਗਾਈਆ । ਪੂਰਬ ਪਿਛਲਾ ਬਖ਼ਸ਼ ਕ਼ਸੂਰ, ਕਸਰ ਇਸ਼ਾਰੀਏ ਨਾਲ ਉਡਾਈਆ ।
ਤੂੰ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਂਈਆ । ਅਸੀਂ ਚਾਕਰ ਤੇਰੇ ਮਜ਼ਦੂਰ, ਜੁਗ ਜੁਗ ਸੇਵ ਕਮਾਈਆ । ਸਾਨੂੰ ਬਖ਼ਸ਼ ਦੇ ਨਾਮ
ਸਰੂਰ, ਸੁਰਤੀ ਸ਼ਬਦ ਨਾਲ ਮਿਲਾਈਆ । ਤੇਰਾ ਪਿਆਰ ਕਰੀਏ ਮਸ਼ਹੂਰ, ਮੁਹੱਬਤਾਂ ਵਿਚ ਵਡਿਆਈਆ । ਤੇਰਾ ਪੰਧ ਰਹੇ ਨਾ ਦੂਰ, ਨੇਰਨ
ਨੇਰਾ ਅੰਦਰੋਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਚ ਮਿਲੇ ਵਡਿਆਈਆ ।
ਪੰਜ ਤਤ ਕਹਿਣ ਪ੍ਰਭ ਸਾਡਾ ਅੰਤਸ਼ਕਰਨ ਖੋਲ੍ਹ ਦੇ ਪੜਦਾ, ਭੇਵ ਅਭੇਦ ਰਹੇ ਨਾ ਰਾਈਆ । ਤੇਰਾ ਗ੍ਰਿਹ ਮੰਦਰ ਤਕੀਏ ਸਾਚੇ ਗੜ੍ਹ ਦਾ, ਸਚ
ਦੁਆਰਾ ਸੋਭਾ ਪਾਈਆ । ਜਿਥੇ ਸੂਰੀਆ ਨਾ ਕਦੇ ਡੁਬਦਾ ਨਾ ਕਦੇ ਚੜ੍ਹਦਾ, ਥਿਤ ਵਾਰ ਵੰਡ ਨਾ ਕੋਇ ਵੰਡਾਈਆ । ਭੈ ਵਿਚ ਕੋਈ ਨਾ ਡਰਦਾ,
੨੦ ਭਾਉ ਸੀਸ ਨਾ ਕੋਇ ਜਣਾਈਆ । ਆਤਮ ਧਾਰ ਨਾ ਜਨਮੇ ਨਾ ਮਰਦਾ, ਮਰ ਜੀਵਤ ਰੂਪ ਨਾ ਕੋਇ ਦਰਸਾਈਆ । ਤੇਰਾ ਖੇਲ ਤਕੀਏ ਨਰਾਇਣ ੨੦
੨੪ ਨਰ ਦਾ, ਨਰ ਹਰਿ ਦੇਣੀ ਮਾਣ ਵਡਿਆਈਆ । ਪੜਦਾ ਲਾਹ ਦੇ ਨਿਹਚਲ ਧਾਮ ਅਟਲ ਦਾ, ਸਚਖੰਡ ਸਾਚਾ ਇਕ ਵਖਾਈਆ । ਲਹਿਣਾ ੨੪
ਰਹੇ ਨਾ ਜਲ ਥਲ ਦਾ, ਮਹੀਅਲ ਪੰਧ ਦੇਣਾ ਮੁਕਾਈਆ । ਲੇਖਾ ਪੂਰਾ ਕਰ ਦੇ ਕਲਜੁਗ ਕਲ ਦਾ, ਕੂੜੀ ਕਿਰਿਆ ਬਾਹਰ ਕਢਾਈਆ । ਤੇਰਾ
ਵਿਛੋੜਾ ਹੋਵੇ ਨਾ ਘੜੀ ਪਲ ਦਾ, ਪਲਕਾਂ ਦੇ ਪਿਛੇ ਮਿਲਣਾ ਸਾਚੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ
ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਪੰਜ ਤਤ ਕਹਿਣ ਪ੍ਰਭ ਸਾਡੇ ਅੰਦਰੋਂ ਖੋਲ੍ਹ ਦੇ ਤਾਕੀ, ਪਰਦਾ ਪਰਦਿਆਂ ਵਿਚੋਂ ਚੁਕਾਈਆ ।
ਲੇਖੇ ਲਾ ਲੈ ਤਨ ਖ਼ਾਕੀ, ਵਜੂਦ ਮਹਿਬੂਬ ਤੇਰੇ ਚਰਨ ਟਿਕਾਈਆ । ਮਨੂਆ ਮਨ ਰਹੇ ਨਾ ਆਕੀ, ਮਨਸਾ ਕੂੜ ਦੇਣੀ ਮਿਟਾਈਆ । ਆਪਣੀ
ਧਾਰ ਬਣਾ ਲੈ ਜਾਤੀ, ਜੋਤੀ ਜਾਤੇ ਵੇਖ ਵਖਾਈਆ । ਨਿਰਗੁਣ ਧਾਰ ਜੋੜ ਲੈ ਨਾਤੀ, ਦਰ ਤੇਰੇ ਪੰਧ ਮੁਕਾਈਆ । ਤੇਰਾ ਖੇਲ ਸਦਾ ਬਹੁ ਭਾਂਤੀ,
ਬਿਧ ਆਪਣੀ ਦੇ ਸਮਝਾਈਆ । ਸਾਡੀ ਰਹੇ ਕੋਈ ਨਾ ਜ਼ਾਤੀ, ਜੋਤੀ ਜਾਤੇ ਤੇਰੇ ਵਿਚ ਸਮਾਈਆ । ਤੇਰਾ ਤਕੀਏ ਖੇਲ ਇਕਾਂਤੀ, ਏਕੰਕਾਰ ਦੇਣਾ
ਵਖਾਈਆ । ਸਾਡਾ ਲਹਿਣਾ ਮੁਕਾ ਦੇ ਲੋਕਮਾਤੀ, ਤਨ ਵਜੂਦ ਰਹੇ ਕੁਰਲਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਦੇ ਦੇ ਅੰਤਮ ਸ਼ਾਂਤੀ, ਸਤਿ
ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਅਲਖ ਜਗਾਈਆ । ਪੰਜ
ਤਤ ਕਹਿਣ ਪ੍ਰਭ ਅਸੀਂ ਭਗਤ ਸੁਹੇਲੇ ਤੇਰੇ ਮਿਤ, ਮਿਤਰ ਪਿਆਰੇ ਦੇਣੀ ਵਡਿਆਈਆ । ਨਿਰਗੁਣ ਸਰਗੁਣ ਕਰਨਾ ਹਿਤ, ਹਿਤਕਾਰੀ ਹੋ ਕੇ
ਵੇਖ ਵਖਾਈਆ । ਠਗੌਰੀ ਰਹੇ ਕੋਈ ਨਾ ਚਿਤ, ਚੇਤਨ ਸੁਰਤੀ ਦੇਣੀ ਕਰਾਈਆ । ਤੇਰਾ ਦਰਸ਼ਨ ਹੋਵੇ ਨਿਤ, ਨਿਰਗੁਣ ਮਿਲਣਾ ਸਾਚੇ ਮਾਹੀਆ ।

ਤੂੰ ਆਦਿ ਜੁਗਾਦੀ ਪਿਤ, ਪਤਿਪਰਮੇਸ਼ਵਰ ਇਕ ਅਖਵਾਈਆ । ਸਾਡੀ ਸੁਹੰਜਣੀ ਕਰ ਦੇ ਥਿਤ, ਘੜੀ ਪਲ ਆਪਣੇ ਰੰਗ ਰੰਗਾਈਆ । ਸਾਡੀ ਪੂਜਾ ਰਹੇ ਨਾ ਪੱਥਰ ਇੱਟ, ਪਾਹਨ ਸੀਸ ਨਾ ਕੋਇ ਨਿਵਾਈਆ । ਸੁਰਤੀ ਸ਼ਬਦ ਵਿਚ ਸਤਿਗੁਰ ਜਾਏ ਟਿਕ, ਟਿਕਟਿਕੀ ਤੇਰੇ ਨਾਲ ਰਖਾਈਆ । ਤੇਰੀ ਸੇਜਾ ਜਾਈਏ ਲਿਟ, ਸਚ ਸਿੰਘਾਸਣ ਲੈਣਾ ਸੁਆਈਆ । ਸਾਡਾ ਲਹਿਣਾ ਦੇਣਾ ਅੰਤਮ ਲੈਣਾ ਨਜਿਠ, ਕੂਕ ਕੂਕ ਸੁਣਾਈਆ । ਕਰਵਟ ਧਾਰ ਬਦਲ ਲੈ ਪਿਠ, ਸਨਮੁਖ ਸਾਚੇ ਸੋਭਾ ਪਾਈਆ । ਸਾਡੀ ਅੰਦਰੋਂ ਮੰਜ਼ਲ ਵੇਖ ਲੈ ਸਵਾ ਗਿਠ, ਧੁਰ ਦਾ ਬਣ ਕੇ ਪਾਂਧੀ ਰਾਹੀਆ । ਤੈਨੂੰ ਖੋਜਦੇ ਕੋਟਨ ਕੋਟੀ ਕਿਤ, ਕੇਤੇ ਧਿਆਨ ਲਗਾਈਆ । ਪੰਜ ਤਤ ਕਹਿਣ ਪ੍ਰਭ ਤੂੰ ਸਦਾ ਵਸਣਾ ਸਾਡੇ ਵਿਚ, ਵਿਚਲਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਵਸਤ ਨਾਮ ਵਰਤਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖੇ ਲਾ ਲੈ ਹਡ ਮਾਸ ਨਾੜੀ ਚਾਮ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਤੂੰ ਮਾਲਕ ਖ਼ਾਲਕ ਅਗੰਮੀ ਰਾਮ, ਰਮਈਆ ਤੇਰੀ ਓਟ ਤਕਾਈਆ । ਅੰਧ ਅੰਧੇਰਾ ਮੇਟ ਦੇ ਸ਼ਾਮ, ਸ਼ਮਅ ਨੂਰ ਜੋਤ ਕਰ ਰੁਸ਼ਨਾਈਆ । ਜਲਵਾਗਰ ਅਗੰਮ ਅਮਾਮ, ਅਮਲਾਂ ਤੋਂ ਰਹਿਤ ਤੇਰੀ ਵਡ ਵਡਿਆਈਆ । ਸਚ ਸੰਦੇਸਾ ਦੇ ਪੈਗ਼ਾਮ, ਪੈਗ਼ੰਬਰਾਂ ਤੋਂ ਬਾਹਰ ਪੜ੍ਹਾਈਆ । ਤੇਰਾ ਨਾਮ ਇਕੋ ਸਤਿਨਾਮ, ਨਾਮ ਸਤਿ ਸਤਿ ਸਮਝਾਈਆ । ਅੰਮ੍ਰਿਤ ਧਾਰ ਤੇਰਾ ਜਾਮ, ਗੋਬਿੰਦ ਦੇਵਣਹਾਰਾ ਮਾਹੀਆ । ਤੂੰ ਆਦਿ ਜੁਗਾਦੀ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਇਕ ਸੁਲਤਾਨ, ਸ੍ਰੀ ਭਗਵਾਨ ਇਕ ਅਖਵਾਈਆ । ਸਾਡੇ ਉਤੇ
੨੧ ਹੋਣਾ ਮਿਹਰਵਾਨ, ਮਿਹਰ ਨਜ਼ਰ ਨਜ਼ਰ ਤਕਾਈਆ । ਸਾਡਾ ਕਰ ਦੇਣਾ ਕਲਿਆਣ, ਕਾਇਨਾਤ ਵਿਚ ਲੇਖਾ ਰਹੇ ਨਾ ਰਾਈਆ । ਪੰਜ ਤਤ ਕਹਿਣ ੨੧
੨੪ ਅਸੀਂ ਨਾ ਜ਼ਿਮੀਂ ਰਹੀਏ ਨਾ ਅਸਮਾਨ, ਇਸਮ ਤੇਰੇ ਵਿਚ ਸਮਾਈਆ । ਜਿਥੇ ਭਗਤ ਆਤਮਾ ਕਰੇਂ ਪਰਵਾਨ, ਉਥੇ ਤਤਾਂ ਲੇਖਾ ਲੈਣਾ ਲਗਾਈਆ । ੨੪
ਸਾਡੀ ਬੰਦਨਾ ਡੰਡਾਵਤ ਸਜਦਿਆਂ ਵਾਲੀ ਪ੍ਰਨਾਮ, ਨਮੋਂ ਨਮੋਂ ਨਮੋਂ ਕਹਿ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਨੌਜੁਆਨ, ਜੋਬਨਵੰਤੇ ਸ੍ਰੀ ਭਗਵੰਤੇ ਧੁਰ ਦੇ ਕੰਤੇ ਤੇਰੇ ਹੱਥ ਵਡਿਆਈਆ ।

✪ ੧੦ ਭਾਦਰੋਂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਹਰਿਰਾਏ ਪੁਰ ਹਰਚੰਦ ਸਿੰਘ ਤਾਰਾ ਸਿੰਘ ਧੰਨ ਕੌਰ ਚਕ ਫ਼ਤਿਹ ਸਿੰਘ, ਜਗੀਰ ਸਿੰਘ ਬਰੇ, ਬਖਤਾਵਰ ਸਿੰਘ ਖਿਆਲੀ ਵਾਲਾ, ਸਾਧੂ ਸਿੰਘ ਗਾਮੀ ਵਾਲਾ, ਪ੍ਰੀਤਮ ਕੌਰ ਰੂਪ ਕੌਰ ਖਿਆਲੀ ਵਾਲਾ, ਸਰਦਾਰਾ ਸਿੰਘ ਛਾਜ਼ਲਾ, ਮਲ ਸਿੰਘ ਅਕਾਲ ਗੜ, ਕਰਨੈਲ ਸਿੰਘ ਮਲੂਕਾ ✪

ਪੰਜ ਤਤ ਕਹਿਣ ਪ੍ਰਭੂ ਸਾਡੀ ਨਮੋਂ ਨਮੋਂ ਨਿਮਸਕਾਰਾ, ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਤੂੰ ਕਿਰਪਾ ਨਿਧਾਨ ਨਿਰਗੁਣ ਨਿਰਵੈਰ ਨਿਰਾਕਾਰਾ, ਜੋਤੀ ਜਾਤਾ ਪੁਰਖ ਬਿਧਾਤਾ ਬੇਪਰਵਾਹੀਆ । ਸਚ ਸੁਆਮੀ ਅੰਤਰਜਾਮੀ ਸਾਡੀ ਪਾ ਸਾਰਾ, ਮਹਾਸਾਰਥੀ ਹੋ ਕੇ ਵੇਖ ਵਖਾਈਆ । ਕਲਜੁਗ ਕੂੜ ਕਿਰਿਆ ਸਾਡੇ ਅੰਦਰੋਂ ਮੇਟ ਅੰਧਿਆਰਾ, ਨੂਰ ਨੁਰਾਨਾ ਕਰ ਰੁਸ਼ਨਾਈਆ । ਸਾਚੇ ਸ਼ਬਦ ਨਾਦ ਦੀ ਦੇ ਧੁਨਕਾਰਾ, ਅਨਹਦ ਨਾਦੀ

ਨਾਦ ਸ਼ਨਵਾਈਆ । ਅੰਮ੍ਰਿਤ ਰਸ ਦੇਦੇ ਠੰਡਾ ਠਾਰਾ, ਬੂੰਦ ਸਵਾਂਤੀ ਆਪ ਟਪਕਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰਾ ਤਕੀਏ ਸਚ ਦੁਆਰਾ, ਸਚਖੰਡ ਨਿਵਾਸੀ ਹੋਣਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਸਚ ਤੇਰੀ ਵਡਿਆਈਆ । ਪੰਜ ਤਤ ਕਹਿਣ ਸਤਿ ਸਚ ਦੀ ਦੇ ਖ਼ੁਮਾਰੀ, ਨਾਮ ਨਿਧਾਨ ਰਸ ਪਿਆਈਆ । ਆਦਿ ਜੁਗਾਦੀ ਤੇਰੇ ਨਾਲ ਰਹੇ ਯਾਰੀ, ਬ੍ਰਹਮ ਬ੍ਰਹਿਮਾਦੀ ਵਿਛੜ ਕਦੇ ਨਾ ਜਾਈਆ । ਸਾਡਾ ਲੇਖ ਰਹੇ ਨਾ ਕੋਇ ਪੁਰਖ ਨਾਰੀ, ਨਰ ਨਰਾਇਣ ਤੇਰੀ ਓਟ ਤਕਾਈਆ । ਤੂੰ ਨਿਰਵੈਰ ਸਾਡਾ ਬਣ ਅਧਾਰੀ, ਉਦਰ ਦਾ ਲੇਖਾ ਦੇ ਮੁਕਾਈਆ । ਸਤਿ ਸਚ ਬਖ਼ਸ਼ ਚਰਨ ਪ੍ਰੀਤੀ ਯਾਰੀ, ਪ੍ਰੀਤਮ ਹੋ ਕੇ ਦਇਆ ਕਮਾਈਆ । ਮਨੂਆ ਮਨ ਨਾ ਕਰੇ ਗ਼ਦਾਰੀ, ਮਨਸਾ ਕੂੜ ਨਾ ਕੋਇ ਹਲਕਾਈਆ । ਸਤਿਗੁਰ ਸ਼ਬਦ ਸ਼ਬਦ ਦੀ ਦੇ ਉਡਾਰੀ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਪੰਧ ਮੁਕਾਈਆ । ਸਚ ਦੁਆਰ ਏਕੰਕਾਰ ਤੇਰਾ ਦਰਸ ਕਰੀਏ ਅਪਾਰੀ, ਅਪਰੰਪਰ ਤੇਰਾ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਇਕੋ ਦੇ ਦੇ ਰਸ, ਰਸਤਾ ਹਰਿ ਜਗਦੀਸ਼ ਜਣਾਈਆ । ਅਸੀਂ ਤੇਰੇ ਹੋਈਏ ਵਸ, ਵਾਸਤਾ ਤੇਰੇ ਨਾਲ ਰਖਾਈਆ । ਅੰਦਰੋਂ ਮੇਟ ਰੈਣ ਅੰਧੇਰੀ ਮਸ, ਜੋਤੀ ਨੂਰ ਕਰ ਰੁਸ਼ਨਾਈਆ । ਸ਼ਬਦੀ ਧਾਰ ਗਾਈਏ ਜਸ, ਰਸਨਾ ਜਿਹਵਾ ਨਾ ਕੋਇ ਵਡਿਆਈਆ । ਜਗਤ ਜਹਾਨ ਪੈਂਡਾ ਮੁਕੇ ਨੱਸ, ਭੱਜੀਏ ਵਾਹੋ ਦਾਹੀਆ । ਤੀਰ ਅਣਿਯਾਲਾ ਮਾਰ ਕਸ, ਅਣਿਯਾਲਾ ਆਪ
੨੨ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਪੰਜ ਤਤ ੨੨
੨੪ ਕਹਿਣ ਪ੍ਰਭ ਅਸੀਂ ਭਗਤ ਸੁਹੇਲੇ ਤੇਰੇ ਮੀਤ, ਮਿਤਰ ਪਿਆਰੇ ਦੇਈਏ ਜਣਾਈਆ । ਤੂੰ ਹਿਰਦੇ ਵਸਣਾ ਚੀਤ, ਚਿਤ ਠਗੌਰੀ ਰਹੇ ਨਾ ਰਾਈਆ । ੨੪
ਕਿਰਪਾ ਕਰ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਤੇਰੀ ਸਰਨਾਈਆ । ਕਾਇਆ ਕਰਦੇ ਠਾਂਢੀ ਸੀਤ, ਅਗਨੀ ਅੱਗ ਅੱਗ ਬੁਝਾਈਆ । ਤੂੰ ਮੇਰਾ ਮੈਂ ਤੇਰਾ ਗਾਈਏ ਗੀਤ, ਗੋਬਿੰਦ ਢੋਲਾ ਇਕ ਸ਼ਨਵਾਈਆ । ਸਾਡਾ ਝਗੜਾ ਮਿਟਾ ਦੇ ਮੰਦਰ ਮਸੀਤ, ਕਾਇਆ ਕਾਅਬਾ ਇਕ ਰੁਸ਼ਨਾਈਆ । ਕੂੜ ਕੁਕਰਮ ਤੇ ਮਾਰ ਦੇ ਲੀਕ, ਲਾਈਨ ਐਨ ਦੇ ਸਮਝਾਈਆ । ਖ਼ਾਲਕ ਮਾਲਕ ਤੇਰੇ ਵਿਚ ਹਕ ਤੌਫ਼ੀਕ਼, ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਨਿਰਗੁਣ ਦਾਤੇ ਪੁਰਖ ਬਿਧਾਤੇ ਤੇਰੀ ਕਰਦੇ ਰਹੇ ਉਡੀਕ, ਪਰਵਰਦਿਗਾਰ ਸਾਂਝੇ ਯਾਰ ਹੋਣਾ ਸਹਾਈਆ । ਸਤਿਗੁਰ ਸ਼ਬਦ ਸ਼ਬਦ ਕਰੇ ਤਸਦੀਕ਼, ਸ਼ਹਾਦਤ ਇਕੋ ਇਕ ਭੁਗਤਾਈਆ । ਸਾਡਾ ਲਹਿਣਾ ਮੁਕਾ ਦੇ ਹਸਤ ਕੀਟ, ਊਚ ਨੀਚ ਨਾ ਵੰਡ ਵੰਡਾਈਆ । ਮਿਠੇ ਕੌੜੇ ਕਰ ਦੇ ਰੀਠ, ਰਸ ਨਾਮ ਰਾਮ ਭਰਾਈਆ । ਕਰਵਟ ਵਿਚ ਬਦਲ ਲੈ ਪੀਠ, ਸਨਮੁਖ ਹੋ ਕੇ ਸੋਭਾ ਪਾਈਆ । ਏਕਾ ਚਾੜ੍ਹ ਦੇ ਰੰਗ ਮਜੀਠ, ਦੂਤੀਆ ਭਾਉ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਸਾ ਪੂਰ ਕਰਾਈਆ । ਪੰਜ ਤਤ ਕਹਿਣ ਪ੍ਰਭ ਪਰਮ ਪੁਰਖ ਸਾਡੇ ਸੱਜਣਾ, ਮਿਤਰਾ ਤੇਰੀ ਬੇਪਰਵਾਹੀਆ । ਤੁਧ ਬਿਨ ਪੜਦਾ ਕਿਸੇ ਨਾ ਕਜਣਾ, ਸਿਰ ਹੱਥ ਨਾ ਕੋਇ ਰਖਾਈਆ । ਚਰਨ ਧੂੜ ਕਰਾ ਦੇ ਮਜਣਾ, ਦੁਰਮਤ ਮੈਲ ਧਵਾਈਆ । ਨਾਮ ਅਨਾਦੀ ਸੁਣਾ ਦੇ ਨਦਨਾ, ਅਨਹਦ ਆਪਣਾ ਰਾਗ ਦ੍ਰਿੜਾਈਆ । ਬਿਨ ਤੇਰੀ ਕਿਰਪਾ ਦੀਪਕ ਜੋਤ ਕਦੇ ਨਾ ਜਗਣਾ, ਜੋਤੀ ਜੋਤ ਨਾ ਡਗਮਗਾਈਆ । ਤੂੰ ਗੁਪਾਲ ਮੂਰਤ ਮਦਨਾ, ਮਧ ਸੂਦਨ ਇਕ ਅਖਵਾਈਆ ।

ਸਤਿ ਸਤਿਵਾਦੀ ਚਾੜ੍ਹ ਦੇ ਰੰਗਣਾ, ਰੰਗਤ ਇਕੋ ਇਕ ਜਣਾਈਆ । ਤੇਰਾ ਦੁਆਰਾ ਇਕੋ ਸਭ ਨੇ ਮੰਗਣਾ, ਮਾਂਗਤ ਹੋ ਕੇ ਝੋਲੀ ਡਾਹੀਆ । ਤੂੰ ਦੀਨ ਦਿਆਲ ਦਰਦ ਦੁਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਨੇਤਰ ਨਾਮ ਨਿਧਾਨ ਪਾ ਦੇ ਅੰਜਣਾ, ਲੋਚਨ ਨੈਣ ਨਿਜ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਰਖ ਲੈ ਆਪਣੇ ਅੰਗਣਾ, ਅੰਗੀਕਾਰ ਇਕ ਅਖਵਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਵੇਖ ਹਿਸਾਬ, ਨਿਰਅੱਖਰ ਧਾਰ ਧਿਆਨ ਲਗਾਈਆ । ਤੂੰ ਮਿਤਰ ਪਿਆਰਾ ਇਕ ਅਹਿਬਾਬ, ਮਹਿਬੂਬ ਨੂਰ ਅਲਾਹੀਆ । ਸਾਡੇ ਮਾਲਕ ਹਕ ਜਨਾਬ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਸਾਡੀ ਸਤਿ ਦੀ ਸਾਜਣਾ ਸਾਜ, ਸਚ ਸਚ ਦੇ ਵਡਿਆਈਆ । ਮਾਨਸ ਜਨਮ ਦਾ ਪੂਰਾ ਕਰਨਾ ਕਾਜ, ਕਰਨੀ ਕਰਤੇ ਆਪਣੇ ਰੰਗ ਰੰਗਾਈਆ । ਤੈਨੂੰ ਕਹੀਏ ਗੁਰੂ ਮਹਾਰਾਜ, ਪਾਰਬ੍ਰਹਮ ਤੇਰੀ ਓਟ ਤਕਾਈਆ । ਸਾਡੀ ਬੇਨੰਤੀ ਸੁਣ ਅਗੰਮੀ ਆਵਾਜ਼, ਦਰ ਤੇਰੇ ਰਹੇ ਸੁਣਾਈਆ । ਸਾਡਾ ਪੂਰਨ ਕਰ ਦੇ ਕਾਜ, ਕਰਤੇ ਪੁਰਖ ਆਪਣੀ ਦਇਆ ਕਮਾਈਆ । ਮਿਹਰਵਾਨਾ ਆਪਣੇ ਸੰਤ ਬਣਾ ਲੈ ਸਾਧ, ਸਾਧਨਾ ਇਕ ਸਮਝਾਈਆ । ਬਿਨਾ ਰਸਨਾ ਤੋਂ ਤੈਨੂੰ ਲਈਏ ਅਰਾਧ, ਪਵਣ ਸਵਾਸ ਨਾ ਕੋਇ ਵਡਿਆਈਆ । ਤੂੰ ਆਦਿ ਜੁਗਾਦੀ ਲੇਖਾ ਜਾਨਣਹਾਰਾ ਵਿਚ ਬ੍ਰਹਿਮਾਦ, ਪਰਮ ਪੁਰਖ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਧੁਰ ਦੇ ਠਾਕਰਾ, ਸੁਆਮੀ ਗਹਿਰ ਗੰਭੀਰ । ਨਿਗਾਹ
੨੩ ਮਾਰ ਲੈ ਕਾਇਆ ਗਾਗਰਾ, ਲੇਖਾ ਤਕ ਲੈ ਸ਼ਾਹ ਫ਼ਕੀਰ । ਸਾਡਾ ਨਿਰਮਲ ਕਰਮ ਕਰ ਉਜਾਗਰਾ, ਲਹਿਣਾ ਰਹੇ ਨਾ ਜਗਤ ਕੀਰ । ਦਰ ੨੩
੨੪ ਆਪਣੇ ਦੇ ਦੇ ਆਦਰਾ, ਪੰਜਾਂ ਤਤਾਂ ਬਖ਼ਸ਼ ਦੇ ਧੀਰ । ਤੂੰ ਸੂਰਬੀਰ ਬਹਾਦਰਾ, ਤੇਰਾ ਲੇਖਾ ਅੰਤ ਅਖ਼ੀਰ । ਤੂੰ ਕਰਤਾ ਕਰੀਮ ਕ਼ਾਦਰਾ, ਕ਼ੁਦਰਤ ੨੪
ਦਾ ਮਾਲਕ ਬੇਨਜ਼ੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਬਦਲ ਦੇ ਤਕ਼ਦੀਰ । ਪੰਜ ਤਤ ਕਹਿਣ ਸਾਡੇ ਮਿਹਰਵਾਨ ਮਹਿਬੂਬਾ, ਮਿਹਬਾਨ ਬੀਦੋ ਤੇਰੀ ਓਟ ਤਕਾਈਆ । ਸਾਨੂੰ ਦੱਸ ਦੇ ਆਪਣੀ ਇਕ ਹਦੂਦਾ, ਹਦ ਜਗਤ ਨਾ ਕੋਇ ਜਣਾਈਆ । ਤੇਰਾ ਤਕੀਏ ਆਲੀਸ਼ਾਨ ਅਰੂਜਾ, ਅਰਸ਼ ਫ਼ਰਸ਼ ਤੇਰੀ ਵਜੇ ਵਧਾਈਆ । ਸਾਨੂੰ ਵਖਾ ਦੇ ਆਪਣੀ ਮੰਜ਼ਲ ਹਕ ਮਕਸੂਦਾ, ਦਰਗਾਹ ਸਾਚੀ ਸਚ ਜਣਾਈਆ । ਕੂੜ ਕਿਰਿਆ ਕਰ ਦੇ ਨੇਸਤੋ ਨਾਬੂਦਾ, ਲੋਕਮਾਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਨਭਵ ਭੇਵ ਖੁਲ੍ਹਾ ਦੇ ਗੂੜ੍ਹਾ, ਪਰਦਾ ਪਰਦਾਨਸ਼ੀਂ ਦੇਣਾ ਉਠਾਈਆ ।

✪ ੧੧ ਭਾਦਰੋਂ ਸ਼ਹਿਨਸ਼ਾਹੀ ਸੰਮਤ ਦਸ ਫ਼ਰੀਦਕੋਟ ਸ਼ਹਿਰ ਇਕਬਾਲ ਸਿੰਘ, ਰਾਜ ਸਿੰਘ, ਕਿਰਪਾਲ ਸਿੰਘ, ਗੁਰਦੇਵ ਕੌਰ, ਜੁਗਿੰਦਰ ਕੌਰ ਗੋਲੇਵਾਲ, ਅਜੈਬ ਸਿੰਘ ਫ਼ਰੀਦਕੋਟ ✪

ਪੰਜ ਤਤ ਕਹਿਣ ਪ੍ਰਭ ਸਾਡੀਆਂ ਆਸਾ ਹੋਣ ਪੁੰਨੀਆਂ, ਪਾਰਬ੍ਰਹਮ ਪਤਿਪਰਮੇਸ਼ਵਰ ਦੇਣੀ ਮਾਣ ਵਡਿਆਈਆ । ਤੂੰ ਮਾਲਕ ਖ਼ਾਲਕ ਆਦਿ

ਜੁਗਾਦੀ ਗੁਣ ਗੁਨੀਆ, ਗਹਿਰ ਗੰਭੀਰ ਬੇਨਜ਼ੀਰ ਇਕ ਅਖਵਾਈਆ । ਜੁਗ ਚੌਕੜੀ ਤੇਰੀਆਂ ਕਥਾ ਕਹਾਣੀਆਂ ਸੁਣੀਆਂ, ਅੱਖਰਾਂ ਨਾਲ ਅੱਖਰ ਵਜਦੀ ਰਹੀ ਵਧਾਈਆ । ਲਹਿਣਾ ਦੇਣਾ ਤਕਿਆ ਰਿਖ਼ੀਆਂ ਮੁੰਨੀਆਂ, ਅਵਤਾਰ ਪੈਗ਼ੰਬਰਾਂ ਗੁਰੂਆਂ ਸੰਗ ਬਣਾਈਆ । ਹੁਣ ਲੇਖੇ ਪੂਰੇ ਕਰ ਦੇ ਜਨ ਭਗਤਾਂ ਜਿਨ੍ਹਾਂ ਸੀਸ ਰਖੀਆਂ ਚੁੰਨੀਆਂ, ਦਸਤਾਰਾਂ ਨਾਲ ਵਡਿਆਈਆ । ਹਰ ਘਟ ਅੰਦਰ ਤੇਰੀਆਂ ਉਪਜਣ ਧੁਨੀਆਂ, ਧੁਨ ਆਤਮਕ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਚਾ ਸੰਗ ਬਣਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਅੰਤਮ ਰਖਣੀ ਲਾਜ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਅਸੀਂ ਲੰਗੜੇ ਲੂਲ੍ਹੇ ਹੋਏ ਅਪਾਹਜ, ਤਨ ਵਜੂਦ ਨਾ ਕੋਇ ਵਡਿਆਈਆ । ਸਾਡੀ ਨਵੀਂ ਸਾਜਣਾ ਲਈਂ ਸਾਜ, ਸਾਜਣ ਮੀਤ ਆਪਣੀ ਦਇਆ ਕਮਾਈਆ । ਮਾਨਸ ਜਨਮ ਦਾ ਪੂਰਾ ਕਰੀਂ ਕਾਜ, ਕਰਨੀ ਕਰਤੇ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਲੇਖਾ ਦੇਣਾ ਸਮਝਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤੇਰੇ ਦਾਸੀ ਦਾਸ, ਨਿਰਗੁਣ ਸਰਗੁਣ ਸੇਵ ਕਮਾਈਆ । ਸਾਡੇ ਗ੍ਰਿਹ ਕਰ ਪਰਕਾਸ਼, ਘਰ ਮੰਦਰ ਹੋਏ ਰੁਸ਼ਨਾਈਆ । ਜਗਤ ਤ੍ਰਿਸ਼ਨਾ ਨਾ ਰਹੇ ਪਿਆਸ, ਮਮਤਾ ਮੋਹ ਦੇਣਾ ਮਿਟਾਈਆ । ਵਿਸ਼ਿਆਂ ਤੋਂ ਬਾਹਰ ਆਪਣਾ ਦੇ ਵਿਸ਼ਵਾਸ਼, ਵਿਸ਼ਵ ਦੇ ਮਾਲਕ ਹੋ ਸਹਾਈਆ । ਸਾਡਾ ਲੇਖਾ ਹੱਥ ਨਾ ਰਹੇ ਸ਼ੰਕਰ ਕੈਲਾਸ਼, ਕਲ ਧਾਰੀ ਸਿਰ ਆਪਣਾ ਹੱਥ ਟਿਕਾਈਆ । ਅਸੀਂ ਆਤਮਾ ਨਾਲ ਸਦਾ ਚਲੀਏ ਤੇਰੇ ਸਾਥ, ਸਗਲਾ ਸੰਗ ਬਣਾਈਆ । ਸਾਡਾ ਰੂਪ ਅਪ ਤੇਜ ਵਾਏ ਰਹੇ ਨਾ ਪ੍ਰਿਥਮੀ ਅਕਾਸ਼, ਅਕਾਸ਼ਾਂ ਤੋਂ ਪਰੇ ਤੇਰੇ ਵਿਚ ਸਮਾਈਆ । ਜੋਤ ਦੀ ਧਾਰ ਵਿਚ ਪਾਈਏ ਅਗੰਮੀ ਰਾਸ, ਰਸਤਾ ਸਾਹਿਬ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਪੰਜ ਤਤ ਕਹਿਣ ਪ੍ਰਭ ਕਿਰਪਾ ਕਰੀਂ ਆਪ ਨਿਰੰਕਾਰ, ਨਿਰਵੈਰ ਦਇਆ ਕਮਾਈਆ । ਸਾਨੂੰ ਲੈ ਕੇ ਜਾਣਾ ਸਚ ਦੁਆਰ, ਸਚਖੰਡ ਸਾਚੇ ਵਿਚ ਟਿਕਾਈਆ । ਜਿਥੇ ਤਤਾਂ ਦਾ ਨਹੀਂ ਕੋਈ ਅਧਾਰ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਚੁਰਾਸੀ ਵੰਡ ਨਾ ਕੋਈ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵੇਖਣ ਕੋਇ ਨਾ ਪਾਈਆ । ਤੇਰਾ ਮੇਲਾ ਹੋਏ ਜਗਦੀਸ ਅਪਰ ਅਪਾਰ, ਅਪਰੰਪਰ ਸੁਆਮੀ ਦੇਣੀ ਵਡਿਆਈਆ । ਦਰ ਠਾਂਡੇ ਭਿਛਿਆ ਦੇਣੀ ਅੰਤ ਹੋਏ ਭਿਖਾਰ, ਭਿਖਕ ਹੋ ਕੇ ਝੋਲੀ ਡਾਹੀਆ । ਕੋਟਾਂ ਵਿਚੋਂ ਤੇਰੇ ਭਗਤ ਸੁਹੇਲੇ ਥੋੜੇ ਦੋ ਚਾਰ, ਚੌਥੇ ਜੁਗ ਆਪਣਾ ਰੰਗ ਰੰਗਾਈਆ । ਲੱਖ ਚੁਰਾਸੀ ਵਿਚੋਂ ਕਰਨਾ ਬਾਹਰ, ਜਮ ਕੀ ਫਾਸੀ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਗ੍ਰਿਹ ਇਕ ਸੁਹਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਜਗਤ ਹੋਵੇ ਨਾ ਵੰਡ, ਹਿੱਸਾ ਦੀਨ ਦੁਨੀ ਨਾ ਕੋਇ ਰਖਾਈਆ । ਫੇਰ ਆਈਏ ਨਾ ਜੇਰਜ ਅੰਡ, ਉਤਭੁਜ ਸੇਤਜ ਨਾ ਬਣਤ ਬਣਾਈਆ । ਨਾਤਾ ਰਹੇ ਨਾ ਨਵਖੰਡ, ਨਵ ਨਵ ਦਾ ਪੰਧ ਮੁਕਾਈਆ । ਤੇਰੇ ਦਰ ਕੂਕ ਕੇ ਪਾਈਏ ਡੰਡ, ਡੰਡਾਵਤ ਵਿਚ ਸੁਣਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਨੂੰ ਪਾਉਣੀ ਠੰਡ, ਅਗਨੀ ਤਤ ਤਤ ਬੁਝਾਈਆ । ਆਤਮ ਧਾਰ ਆਪਣੇ ਨਾਲ ਲੈ ਗੰਢ, ਨਾਤਾ ਸਕੇ ਨਾ ਕੋਇ ਤੁੜਾਈਆ । ਨਿਰਗੁਣ ਧਾਰ ਬਖ਼ਸ਼ਣਾ ਅਨੰਦ, ਅਨੰਦ ਅਨੰਦ ਵਿਚੋਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਮਾਲਕ ਹੋਣਾ ਸਹਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤੇਰਾ ਰੂਪ ਹੋਈਏ ਅਪਾਰ,

ਅਪਰੰਪਰ ਦੇਣੀ ਮਾਣ ਵਡਿਆਈਆ । ਛਡੀਏ ਜਗਤ ਸੰਸਾਰ, ਨਾਤਾ ਦੀਨ ਦੁਨੀ ਤੁੜਾਈਆ । ਤੂੰ ਕਰਨਾ ਹਕ ਪਿਆਰ, ਪ੍ਰੀਤਮ ਪ੍ਰੇਮ ਦੇਣਾ ਸਮਝਾਈਆ । ਫੜ ਬਾਹੋਂ ਕਢਣਾ ਬਾਹਰ, ਬਿਨ ਹੱਥਾਂ ਹੱਥ ਛੁਹਾਈਆ । ਲੈ ਜਾਣਾ ਸਚਖੰਡ ਸਚੇ ਦਰਬਾਰ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਆਤਮਾ ਉਥੇ ਭਗਤਾਂ ਦੇ ਤਤ ਤੇਰਾ ਰੂਪ ਹੋਣ ਨਿਰੰਕਾਰ, ਨਿਰਵੈਰ ਤੇਰੇ ਵਿਚ ਸਮਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਅਰਜ਼ ਦਿਤੀ ਗੁਜ਼ਾਰ, ਨਿਵ ਨਿਵ ਸੀਸ ਝੁਕਾਈਆ । ਪਰਮ ਪੁਰਖ ਪਰਮਾਤਮ ਪਾਉਣੀ ਸਾਰ, ਪਾਰਬ੍ਰਹਮ ਤੇਰੀ ਓਟ ਤਕਾਈਆ । ਤੂੰ ਵਾਹਿਦ ਪਰਵਰਦਿਗਾਰ, ਯਾਮਬੀਨ ਨੂਰ ਅਲਾਹੀਆ । ਤੇਰਾ ਲੇਖਾ ਲਹਿਣਾ ਦੇਣਾ ਹੋਏ ਨਾ ਦੂਜੀ ਵਾਰ, ਦੂਸਰ ਵੰਡ ਨਾ ਕੋਇ ਵੰਡਾਈਆ । ਇਕੋ ਬਖ਼ਸ਼ਣਾ ਸਚਾ ਘਰ ਬਾਹਰ, ਗ੍ਰਿਹ ਮੰਦਰ ਤੇਰੇ ਵਜਦੀ ਰਹੇ ਵਧਾਈਆ । ਇਕੋ ਸੁਣੀਏ ਸ਼ਬਦ ਸਚੀ ਧੁਨਕਾਰ, ਅਨਹਦ ਨਾਦੀ ਨਾਦ ਦੇਣਾ ਸੁਣਾਈਆ । ਇਕੋ ਜੋਤ ਹੋਵੇ ਉਜਿਆਰ, ਨੂਰ ਨੁਰਾਨੇ ਤੇਰਾ ਨੂਰ ਨਜ਼ਰੀ ਆਈਆ । ਪੰਜ ਤਤ ਕਹਿਣ ਪ੍ਰਭ ਸਾਡੀ ਪਾਉਣੀ ਸਾਰ, ਮਹਾਸਾਰਥੀ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਭੇਵ ਆਪ ਚੁਕਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਬਣਨਾ ਆਪ ਮਲਾਹ, ਖੇਵਟ ਖੇਟਾ ਇਕ ਅਖਵਾਈਆ । ਚਾਰ ਜੁਗ ਦੇ ਭਗਤ ਬਣਾਉਣੇ ਗਵਾਹ, ਕਬੀਰ ਰਵਿਦਾਸਾ ਨਾਲ ਮਿਲਾਈਆ । ਜੋ ਦੇਵਣਹਾਰ ਸਚ ਸਲਾਹ, ਸਿਫ਼ਤ ਸਿਫ਼ਤ ਨਾਲ ਵਡਿਆਈਆ । ਜਿਨ੍ਹਾਂ ਦਾ ਭੇਵ ਖੁਲ੍ਹਾਇਆ ਨਾਲ ਕ਼ਲਮ ਸ਼ਾਹ, ਕਾਗ਼ਜ਼ਾਂ
੨੫ ਰੰਗ ਰੰਗਾਈਆ । ਸੂਫ਼ੀ ਮੰਗਦੇ ਰਹੇ ਦੁਆ, ਦੋਏ ਜੋੜ ਵਾਸਤਾ ਪਾਈਆ । ਅੰਤਮ ਕਹਿ ਕੇ ਗਏ ਹਕ ਖ਼ੁਦਾ, ਖ਼ੁਦ ਮਾਲਕ ਖ਼ਾਲਕ ਤੇਰੀ ੨੫
੨੪ ਬੇਪਰਵਾਹੀਆ । ਤੂੰ ਤਤਾਂ ਨਾਲੋਂ ਆਤਮਾ ਰੂਹ ਨਾਲੋਂ ਬੁਤ ਕਰਦਾ ਰਿਹੋਂ ਜੁਦਾ, ਜੁਜ਼ ਵਖਰਾ ਵੰਡ ਵੰਡਾਈਆ । ਮੜ੍ਹੀਆਂ ਗੋਰਾਂ ਵਿਚ ਦਿਤੇ ਦਫ਼ਨਾ, ੨੪
ਮਕ਼ਬਰਿਆਂ ਵਿਚ ਟਿਕਾਈਆ । ਸੜ ਸੜ ਹੁੰਦੇ ਰਹੇ ਸੁਆਹ, ਦੀਨ ਦੁਨੀ ਭੱਜੇ ਵਾਹੋ ਦਾਹੀਆ । ਅੰਤ ਕੰਤ ਭਗਵੰਤ ਵਾਸਤਾ ਰਹੇ ਪਾ, ਨਿਵ ਨਿਵ ਸੀਸ ਰਹੇ ਝੁਕਾਈਆ । ਪੰਜ ਤਤ ਕਹਿਣ ਪ੍ਰਭੂ ਸਾਡਾ ਨਾ ਕੋਈ ਪਿਤਾ ਨਾ ਕੋਈ ਮਾਂ, ਸਾਕ ਸੱਜਣ ਸੈਣ ਨਾ ਕੋਇ ਅਖਵਾਈਆ । ਜੋ ਸਾਢੇ ਤਿੰਨ ਹੱਥ ਸੀਆ ਦਿਤੀ ਥਾਂ, ਥਨੰਤਰ ਜਗਤ ਰੰਗ ਰੰਗਾਈਆ । ਇਹ ਵੀ ਤੇਰੇ ਚਰਨ ਕਵਲ ਦੇਈਏ ਟਿਕਾ, ਆਪਣੀ ਵੰਡ ਨਾ ਕੋਇ ਵੰਡਾਈਆ । ਅਸੀਂ ਚਾਹੁੰਦੇ ਸਚਖੰਡ ਜਾਈਏ ਨਾਲ ਚਾਅ, ਚਾਉ ਘਨੇਰਾ ਦੇਣਾ ਬਣਾਈਆ । ਸਤਿਗੁਰ ਸ਼ਬਦ ਫੜਾ ਦੇ ਬਾਂਹ, ਪਲੂ ਆਪਣੇ ਨਾਲ ਬੰਧਾਈਆ । ਅਸੀਂ ਭਗਤ ਸੁਹੇਲੇ ਪੰਜ ਤਤ ਤੇਰਾ ਢੋਲਾ ਗਾਉਂਦੇ ਨਾਂ, ਨਾਉਂ ਨਿਰੰਕਾਰ ਤੇਰਾ ਵਡਿਆਈਆ । ਸਾਡਾ ਪੈਂਡਾ ਮੁਕਾ ਦੇ ਥਲ ਅਸਗਾਹ, ਦੋ ਜਹਾਨ ਰਹਿਣ ਨਾ ਪਾਈਆ । ਨਿਰਗੁਣ ਧਾਰ ਸਾਨੂੰ ਆਤਮਾ ਪਰਮਾਤਮਾ ਆਪਣੇ ਵਿਚ ਰਲਾ, ਵਖਰਾ ਜੁਜ਼ ਨਾ ਕੋਇ ਰਖਾਈਆ । ਤੂੰ ਨੂਰੀ ਅਲਾਹ ਇਕ ਖ਼ੁਦਾ, ਖ਼ੁਦ ਮਾਲਕ ਬੇਪਰਵਾਹੀਆ । ਸਾਡੀ ਕ਼ਬੂਲ ਕਰ ਦੁਆ, ਦੋਏ ਜੋੜ ਵਾਸਤਾ ਪਾਈਆ । ਲਹਿਣਾ ਦੇਣਾ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਦੇ ਮੁਕਾ, ਮੁਕੰਮਲ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸੁਹੇਲੇ ਇਕ ਇਕੇਲੇ ਏਕੰਕਾਰ ਦੇਣੀ ਠੰਢੀ ਛਾਂ, ਅਗਨੀ ਤਤ ਤਤ ਨਾ ਲਾਗੇ ਰਾਈਆ ।

✪ ੧੧ ਭਾਦਰੋਂ ਸ਼ਹਿਨਸ਼ਾਹੀ ਸੰਮਤ ਦਸ ਕੋਟਕਪੂਰਾ ਸ਼ਹਿਰ ਖੇਮ ਸਿੰਘ ਮਾਧੋ ਸਿੰਘ ਬਠਿੰਡਾ
ਨਛੱਤਰ ਸਿੰਘ ਸੁਰਜੀਤ ਸਿੰਘ ਇਕਬਾਲ ਸਿੰਘ ਬਠਿੰਡਾ ✪

ਪੰਜ ਤਤ ਕਹਿਣ ਪ੍ਰਭ ਖੇਲ ਵੇਖ ਲੈ ਭਗਤਾਂ ਤਨ ਕਾ, ਤਤਵ ਤਤ ਧਿਆਨ ਲਗਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਫੇਰ
ਲੈ ਮਣਕਾ, ਮਨਸਾ ਮਨਸਾ ਵਿਚ ਸਮਾਈਆ । ਹਰਿਜਨ ਮੀਤ ਬਣਾ ਲੈ ਆਪਣੇ ਜਨ ਕਾ, ਆਪੇ ਹੋ ਜਣੇਂਦੀ ਮਾਈਆ । ਨਾਦ ਰਾਗ ਸੁਣਨਾ
ਪਏ ਨਾ ਜਗਤ ਕੰਨ ਕਾ, ਅਨਹਦ ਨਾਦੀ ਧੁਨ ਦੇਣੀ ਉਪਜਾਈਆ । ਲਾਲਚ ਲੋਭ ਰਹੇ ਨਾ ਧਨ ਕਾ, ਨਾਮ ਭੰਡਾਰਾ ਦੇਣਾ ਭਰਾਈਆ । ਝਗੜਾ
ਮੇਟਣਾ ਖ਼ੁਸ਼ੀ ਗ਼ਮ ਕਾ, ਗ੍ਰਹਿ ਮੰਦਰ ਆਪਣਾ ਰੰਗ ਰੰਗਾਈਆ । ਭੇਵ ਖੁਲ੍ਹਾਉਣਾ ਆਪਣੇ ਬ੍ਰਹਮ ਕਾ, ਪਾਰਬ੍ਰਹਮ ਦੇਣੀ ਵਡਿਆਈਆ । ਅੰਤਮ
ਲੇਖਾ ਰਹੇ ਨਾ ਜਮ ਕਾ, ਜਮ ਫਾਸ ਦੇਣੀ ਕਟਾਈਆ । ਤੇਰਾ ਮਾਰਗ ਇਕੋ ਨਜ਼ਰੀ ਆਵੇ ਧਰਮ ਕਾ, ਧਰਮ ਦੀ ਧਾਰ ਦੇਣਾ ਦ੍ਰਿੜਾਈਆ ।
ਸਹਾਰਾ ਬਖ਼ਸ਼ ਦੇ ਆਪਣੀ ਸਰਨ ਕਾ, ਸਰਨਗਤ ਇਕ ਅਖਵਾਈਆ । ਪਤਿਪਰਮੇਸ਼ਵਰ ਕਰਤਾ ਕਰਨੀ ਕਰਨ ਕਾ, ਕ਼ੁਦਰਤ ਕ਼ਾਦਰ ਨੂਰ ਅਲਾਹੀਆ ।
ਮਾਰਗ ਦੱਸ ਦੇ ਕਾਇਆ ਮੰਦਰ ਅੰਦਰ ਆਪਣੇ ਗ੍ਰਹਿ ਵੜਨ ਕਾ, ਨਵ ਦੁਆਰ ਦਾ ਡੇਰਾ ਢਾਹੀਆ । ਢੋਲਾ ਸਮਝਾ ਦੇ ਤੂੰ ਮੇਰਾ ਮੈਂ ਤੇਰਾ ਪੜ੍ਹਨ
ਕਾ, ਨਿਰਅੱਖਰ ਅੱਖਰ ਵਿਚੋਂ ਪਰਗਟਾਈਆ । ਨਾਤਾ ਤੋੜ ਦੇ ਜਗਤ ਵਾਸ਼ਨਾ ਵਰਨ ਬਰਨ ਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
੨੯ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਪੰਜ ਤਤ ਕਹਿਣ ਪ੍ਰਭ ਸਾਡਾ ਵਸਾ ਦੇ ਘਰ, ਗ੍ਰਹਿ ਮੰਦਰ ਮਿਲੇ ਵਡਿਆਈਆ । ੨੯
੨੪ ਇਕੋ ਇਕ ਦਰਸਾ ਦੇ ਦਰ, ਦਹਿ ਦਿਸ਼ਾ ਦਾ ਪੰਧ ਮੁਕਾਈਆ । ਤੇਰਾ ਨੂਰ ਜ਼ਹੂਰ ਤਕੀਏ ਨਰਾਇਣ ਨਰ, ਨਿਰਗੁਣ ਦੇਣੀ ਮਾਣ ਵਡਿਆਈਆ । ੨੪
ਕਿਰਪਾ ਨਿਧਾਨ ਕਿਰਪਾ ਕਰ, ਮਿਹਰਵਾਨ ਮਹਿਬੂਬ ਆਪਣਾ ਪੜਦਾ ਦੇ ਖੁਲ੍ਹਾਈਆ । ਸਚ ਸੁਆਮੀ ਅੰਤਰਜਾਮੀ ਆਪਣੀ ਕਿਰਪਾ ਦਾ ਦੇ ਦੇ
ਵਰ, ਕਿਰਪਾ ਨਿਧ ਹੋਣਾ ਸਹਾਈਆ । ਨਿਰਭਉ ਭੈ ਚੁਕਾ ਦੇ ਡਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਅੰਮ੍ਰਿਤ ਧਾਰ ਨੁਹਾ ਦੇ ਅਗੰਮੇ
ਸਰ, ਦੁਰਮਤ ਮੈਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੇ
ਹੱਥ ਵਡਿਆਈਆ । ਪੰਜ ਤਤ ਕਹਿਣ ਪ੍ਰਭ ਦੇ ਦੇ ਸਾਚਾ ਨਾਮ ਨਿਧਾਨ, ਨਿਰਅੱਖਰ ਅੱਖਰ ਸਮਝਾਈਆ । ਤੂੰ ਮਾਲਕ ਖ਼ਾਲਕ ਸ੍ਰੀ ਭਗਵਾਨ,
ਭਗਵਨ ਤੇਰੀ ਓਟ ਤਕਾਈਆ । ਆਦਿ ਜੁਗਾਦੀ ਨਿਰਗੁਣ ਸਰਗੁਣ ਨਿਗਹਬਾਨ, ਬਿਨ ਨੇਤਰ ਲੋਚਨ ਨੈਣਾਂ ਵੇਖ ਵਖਾਈਆ । ਸਾਡੀ ਬੇਨੰਤੀ
ਕਰ ਪਰਵਾਨ, ਪਰਮ ਪੁਰਖ ਤੇਰੀ ਓਟ ਤਕਾਈਆ । ਸਾਡਾ ਲਹਿਣਾ ਦੇਣਾ ਲੇਖਾ ਲੱਖ ਚੁਰਾਸੀ ਰਹੇ ਨਾ ਵਿਚ ਜਹਾਨ, ਅੰਡਜ ਜੇਰਜ ਉਤਭੁਜ
ਸੇਤਜ ਵੰਡ ਨਾ ਕੋਈ ਵੰਡਾਈਆ । ਤੇਰਾ ਦਰਸ਼ਨ ਕਰੀਏ ਨੌਜੁਆਨ, ਦੂਸਰ ਨਜ਼ਰ ਕੋਇ ਨਾ ਆਈਆ । ਜੇ ਭਗਤਾਂ ਆਤਮਾ ਕਰੀ ਪਰਵਾਨ, ਪਰਮ
ਪੁਰਖ ਆਪਣੇ ਵਿਚ ਸਮਾਈਆ । ਸਾਨੂੰ ਤਤਾਂ ਨੂੰ ਦੇ ਦੇ ਦਾਨ, ਦਾਤੇ ਦਾਨੀ ਖ਼ਾਲੀ ਝੋਲੀ ਦੇ ਭਰਾਈਆ । ਅਸੀਂ ਨੌ ਸੌ ਚੁਰਾਨਵੇ ਚੌਕੜੀ ਜੁਗ
ਪਿਛੋਂ ਤੈਨੂੰ ਲੱਗੇ ਸੁਣਾਉਣ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਸਾਡਾ ਮੇਲਾ ਤੇਰੇ ਨਾਲ ਹੋਵੇ ਭਗਵਾਨ,
ਤਤਾਂ ਵਿਚ ਫੇਰ ਤਤ ਨਾ ਕਦੇ ਮਿਲਾਈਆ । ਸਚਖੰਡ ਦੁਆਰ ਵਸਾਉਣਾ ਹਕ ਮਕਾਨ, ਹਕ਼ੀਕ਼ਤ ਦੇ ਮਾਲਕ ਦੇਣੀ ਵਡਿਆਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੁਆਮੀ ਹੋਣਾ ਸਹਾਈਆ । ਪੰਜ ਤਤ ਕਹਿਣ ਪ੍ਰਭ ਤੇਰੀ ਮੰਜ਼ਲ ਜਾਈਏ ਚੜ੍ਹ, ਜਗਤ ਦੁਆਰ ਨਾ ਕੋਇ ਚਤੁਰਾਈਆ । ਸਾਨੂੰ ਆਪਣੇ ਗ੍ਰਿਹਿ ਖੜ, ਜਗਤ ਜਹਾਨ ਪੰਧ ਮੁਕਾਈਆ । ਤੇਰੇ ਦੁਆਰੇ ਜਾਈਏ ਵੜ, ਅਗੇ ਹੋ ਨਾ ਕੋਇ ਅਟਕਾਈਆ । ਤੇਰਾ ਨਿਰਗੁਣ ਧਾਰ ਫੜਿਆ ਲੜ, ਸਰਗੁਣ ਲੇਖਾ ਦੇਣਾ ਮੁਕਾਈਆ । ਸਾਡਾ ਝਗੜਾ ਫੇਰ ਰਹੇ ਨਾ ਗੋਰ ਮੜ੍ਹ, ਪਵਣ ਮਸਾਣ ਨਾ ਕੋਈ ਚਤੁਰਾਈਆ । ਸਾਡਾ ਨਵਾਂ ਘਾੜਨ ਲੈਣਾ ਘੜ, ਧੁਰ ਦੀ ਬਣਤ ਲੈਣੀ ਬਣਾਈਆ । ਅਸੀਂ ਤੇਰਾ ਪੰਜਾਂ ਤਤਾਂ ਵਾਲਾ ਭਗਤਾਂ ਵਾਲਾ ਧੜ, ਜਿਸ ਵਿਚ ਤੇਰਾ ਆਤਮਾ ਝਟ ਲੰਘਾਈਆ । ਜੇ ਉਸ ਉਤੇ ਕਿਰਪਾ ਦਿਤੀ ਕਰ, ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰ ਇਕ ਵਖਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਮੰਗਦੇ ਤੇਰਾ ਗ੍ਰਿਹਿ, ਅਸਥਾਨ ਭੂਮਿਕਾ ਦੂਜੀ ਨਜ਼ਰ ਕੋਇ ਨਾ ਆਈਆ । ਜਿਥੇ ਆਦਿ ਜੁਗਾਦੀ ਨਿਰਗੁਣ ਧਾਰ ਰਹੇ, ਜੋਤੀ ਜਾਤੇ ਪੁਰਖ ਬਿਧਾਤੇ ਆਸਣ ਲਾਈਆ । ਜਿਥੇ ਇਕੋ ਨਿਰਗੁਣ ਧਾਰ ਦਾ ਇਕੋ ਤੇਰਾ ਅੰਮ੍ਰਿਤ ਧਾਰ ਵਹਿਣ ਵਹੇ, ਜਲ ਪਾਣੀ ਨਜ਼ਰ ਕੋਇ ਨਾ ਆਈਆ । ਜਿਥੇ ਚਰਨ ਕਵਲ ਕੋਟਨ ਕੋਟ ਅਵਤਾਰ ਪੈਗੰਬਰ ਗੁਰੂ ਗਏ ਬਹਿ, ਥਿਰ ਘਰ ਆਪਣਾ ਡੇਰਾ ਲਾਈਆ । ਜਿਥੇ ਏਕੰਕਾਰ ਨਿਰਗੁਣ ਧਾਰ ਤੇਰੀ ਸ਼ਕਤੀ ਸ਼ਵੈ, ਦੂਸਰ ਨਜ਼ਰ ਕੋਇ ਨਾ ਆਈਆ । ਤੂੰ ਬੇਪਰਵਾਹ ਅਗੰਮ ਅਥਾਹ ਇਕ ਇਕੱਲਾ ਨਿਰਭੈ, ਭਾਉ ਸਭ ਨੂੰ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ,
੨੭ ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਘਰ ਦੇਣੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਆਪਣਾ ਘਰ ਵਖਾ ਸੁਹੰਜਣਾ, ੨੭
੨੪ ਸਚਖੰਡ ਸਾਚਾ ਨਜ਼ਰੀ ਆਈਆ । ਤੂੰ ਆਦਿ ਪੁਰਖ ਨਿਰੰਜਣਾ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਜੁਗ ਚੌਕੜੀ ਦਰਦ ਦੁਖ ਭੈ ਭੰਜਣਾ, ਭਵ ੨੪
ਸਾਗਰਾਂ ਪਾਰ ਕਰਾਈਆ । ਤੇਰੇ ਪਿਆਰ ਦਾ ਕਰੀਏ ਮਜਨਾ, ਬਿਨ ਧੂੜੀ ਖ਼ਾਕ ਰਮਾਈਆ । ਜੇ ਤੂੰ ਆਤਮਾ ਦਾ ਬਣੇਂ ਸੱਜਣਾ, ਕਿਉਂ ਭਗਤਾਂ ਦੇ ਤਤਾਂ ਲੋਕਮਾਤ ਰੁਲਾਈਆ । ਹੁਣ ਤੈਨੂੰ ਸਚਖੰਡ ਦੁਆਰ ਪਏਗਾ ਸੱਦਣਾ, ਸੱਦਾ ਧੁਰ ਦਾ ਸ਼ਬਦ ਜਣਾਈਆ । ਲੇਖੇ ਲਾਉਣਾ ਪਏਗਾ ਭਗਤ ਸੁਹੇਲਾ ਆਅਲਾ ਅਦਨਾ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਤੂੰ ਨੂਰ ਅਲਾਹੀ ਰੱਬਨਾ, ਯਾਮਬੀਨ ਬੇਪਰਵਾਹ ਅਖਵਾਈਆ । ਅਸਾਂ ਤੇਰੇ ਦੀਪਕ ਵਿਚ ਦੀਪਕ ਹੋ ਕੇ ਜਗਣਾ, ਜੋਤੀ ਜਾਤੇ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦੁਆਰ ਨਿਰਗੁਣ ਧਾਰ ਆਪੇ ਸੱਦਣਾ, ਬਿਨ ਰਸਨਾ ਜਿਹਵਾ ਬੱਤੀ ਦੰਦ ਧੁਰ ਦਾ ਸ਼ਬਦ ਸ਼ਬਦ ਕਰ ਸ਼ਨਵਾਈਆ ।

✪ ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਪੰਜ ਗਰਾਂਈ ਸੁਹਾਵਾ ਸਿੰਘ ਬਿਸ਼ਨ ਸਿੰਘ ਜਸਵੰਤ ਸਿੰਘ ਰਾਜੇਆਣਾ ਸੁਰਜੀਤ ਕੌਰ ਚੰਨਣ ਕੌਰ ਮਾੜੀ ਮੁਸਤਫ਼ਾ ਗੁਰਨਾਮ ਸਿੰਘ ਗਾਲਬ ਰਣ ਸਿੰਘ ਬਸੰਤ ਕੌਰ ਸਮਾਲਸਰ ✪

ਪੰਜ ਤਤ ਕਹਿਣ ਪ੍ਰਭ ਸਾਡੀ ਧਾਰ ਤਕ ਅਦਮੁਚੀ, ਦੂਰ ਦੁਰਾਡੇ ਧਿਆਨ ਲਗਾਈਆ । ਆਪਣੀ ਮੰਜ਼ਲ ਪੰਧ ਮੁਕਾ ਦੇ ਉਚੀ, ਮੁਸਾਫ਼ਰਾਂ

੨੮
੨੪

ਸਫ਼ਰ ਰਹੇ ਨਾ ਰਾਈਆ । ਆਪਣੀ ਖੇਲ ਪਰਗਟਾ ਦੇ ਸੁਚੀ, ਸੰਜਮ ਸਚ ਧਰਮ ਸਮਝਾਈਆ । ਨਿਰਗੁਣ ਧਾਰ ਤੇਰੇ ਨਾਲ ਰਹੇ ਰੁਚੀ, ਰਚਨਾ ਆਪਣੀ ਦੇਣੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਤੂੰ ਮਾਲਕ ਅਗੰਮ ਅਥਾਹ, ਅਥਾਹ ਦੇਣੀ ਵਡਿਆਈਆ । ਤੂੰ ਸੁਆਮੀ ਬੇਪਰਵਾਹ, ਬੇਪਰਵਾਹ ਇਕ ਅਖਵਾਈਆ । ਸਾਨੂੰ ਮਾਰਗ ਦੇ ਦੇ ਇਕੋ ਰਾਹ, ਰਹਿਬਰ ਹੋ ਕੇ ਭੇਵ ਖੁਲ੍ਹਾਈਆ । ਪੰਜਾਂ ਤਤਾਂ ਬਣ ਮਲਾਹ, ਬੇੜਾ ਆਤਮ ਨਾਲ ਤਰਾਈਆ । ਸਾਨੂੰ ਸਚਖੰਡ ਜਾਣ ਦਾ ਚਾਅ, ਚਾਉ ਘਨੇਰਾ ਇਕ ਦ੍ਰਿੜਾਈਆ । ਅਗੇ ਸਕੇ ਨਾ ਕੋਇ ਅਟਕਾ, ਪਾਂਧੀਆਂ ਪੰਧ ਦੇਣਾ ਮੁਕਾਈਆ । ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ, ਪਰਮ ਪੁਰਖ ਤੇਰੀ ਸਰਨਾਈਆ । ਅਸੀਂ ਇਕੋ ਧਿਆਉਂਦੇ ਤੇਰਾ ਨਾਂ, ਦੂਜਾ ਢੋਲਾ ਗੀਤ ਨਾ ਕੋਇ ਸੁਣਾਈਆ । ਤੂੰ ਆਦਿ ਜੁਗਾਦੀ ਪਿਤਾ ਮਾਂ, ਪਰਮ ਪੁਰਖ ਤੇਰੀ ਸ਼ਰਨਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਕੜੀ ਬਾਂਹ, ਬਿਨ ਹੱਥਾਂ ਹੱਥ ਉਠਾਈਆ । ਸਤਿਗੁਰ ਧਾਰ ਸੀਸ ਦੇਣੀ ਠੰਡੀ ਛਾਂ, ਅਗਨੀ ਅੱਗ ਨਾ ਲਾਗੇ ਰਾਈਆ । ਤੇਰਾ ਸੁਹੰਜਣਾ ਤਕੀਏ ਸਚ ਦੁਆਰ ਗਰਾਂ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਇਕੋ ਦੀਪ ਜੋਤ ਹੋਵੇ ਰੁਸ਼ਨਾ, ਨੂਰ ਨੁਰਾਨਾ ਡਗਮਗਾਈਆ । ਪੁਰਖ ਅਕਾਲੇ ਦੀਨ ਦਿਆਲੇ ਉਸ ਦੇ ਵਿਚ ਜਾਈਏ ਸਮਾ, ਸਮਾਪਤ ਹੋਵੇ ਪਿਛਲੀ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਕਰ ਲੈ ਆਪ ਮਿਲਾਪ, ਤਤਵ ਤਤ ਰਹਿਣ ਕੋਇ ਨਾ ਪਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਧੁਰ ਦਾ ਬਾਪ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਆਤਮ ਧਾਰ ਪਰਮਾਤਮ ਤੇਰਾ ਜਾਪ, ਜਗ ਜੀਵਣ ਦਾਤੇ ਤੇਰਾ ਢੋਲਾ ਗਾਈਆ । ਕੋਟ ਜਨਮ ਦੇ ਦੁਰਮਤ ਮੈਲ ਧੋ ਦੇ ਪਾਪ, ਪਤਤ ਪੁਨੀਤ ਕਰਾਈਆ । ਲਹਿਣਾ ਦੇਣਾ ਰਹੇ ਨਾ ਲੋਕਮਾਤ, ਧਰਨੀ ਧਰਤ ਧਵਲ ਧੌਲ ਲੇਖਾ ਦੇਣਾ ਮੁਕਾਈਆ । ਅਸੀਂ ਪੰਜ ਤਤ ਤੇਰੀ ਬਣੀਏ ਜ਼ਾਤ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਤੇਰੇ ਵਿਚ ਸਮਾਈਆ । ਸਾਡੀ ਮੇਟ ਅੰਧੇਰੀ ਰਾਤ, ਨੂਰ ਨੁਰਾਨੇ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗ੍ਰਿਹ ਵਜਦੀ ਰਹੇ ਵਧਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਸੋਹੀਏ ਤੇਰੇ ਚਰਨ, ਦੂਸਰ ਦਰ ਨਜ਼ਰ ਕੋਇ ਨਾ ਆਈਆ । ਝਗੜਾ ਮੇਟ ਦੇ ਵਰਨ ਬਰਨ, ਜ਼ਾਤ ਅਜ਼ਾਤੀ ਡੇਰਾ ਢਾਹੀਆ । ਤੂੰ ਮਾਲਕ ਕਰਨੀ ਕਰਨ, ਕਰਤਾ ਪੁਰਖ ਇਕ ਅਖਵਾਈਆ । ਸਾਡਾ ਜਗਤ ਜਹਾਨ ਨਾ ਹੋਵੇ ਮਰਨ, ਮਰ ਜੀਵਤ ਤੇਰੇ ਵਿਚ ਸਮਾਈਆ । ਸਾਡਾ ਸ਼ਬਦੀ ਧਾਰ ਹੋਵੇ ਪਰਨ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਦੇਣਾ ਦ੍ਰਿੜਾਈਆ । ਸਾਨੂੰ ਬੰਨ੍ਹਣਾ ਆਪਣੇ ਲੜਨ, ਪੱਲੂ ਗੰਢ ਨਾ ਕੋਇ ਖੁਲ੍ਹਾਈਆ । ਸਾਨੂੰ ਸਚਖੰਡ ਦੁਆਰੇ ਦੱਸਦੇ ਚੜ੍ਹਨ, ਭੱਜੀਏ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਮੇਲ ਮਿਲਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਨਿਰਗੁਣ ਧਾਰ ਕਰ ਲੈ ਮੇਲਾ, ਮਿਲਣੀ ਹਰਿ ਜਗਦੀਸ਼ ਕਰਾਈਆ । ਸਾਡਾ ਲੇਖਾ ਤਕ ਗੁਰੂ ਗੁਰ ਚੇਲਾ, ਸੁਰਤ ਸ਼ਬਦ ਤੋਂ ਬਾਹਰ ਵੰਡ ਵੰਡਾਈਆ । ਤੂੰ ਆਦਿ ਜੁਗਾਦਿ ਮਾਲਕ ਅਕੇਲਾ, ਏਕੰਕਾਰ ਨੂਰ ਅਲਾਹੀਆ । ਨਿਰਗੁਣ ਧਾਰ ਸੱਜਣ ਸੁਹੇਲਾ, ਸਤਿਗੁਰ ਸ਼ਬਦ ਬੇਪਰਵਾਹੀਆ । ਸਾਡਾ ਆਵਣ ਜਾਵਣ ਧਰਮ ਰਾਏ ਕਟ ਦੇ ਜੇਲ੍ਹਾ, ਲੱਖ ਚੁਰਾਸੀ ਨਾ ਕੋਇ ਭੁਆਈਆ । ਸਾਨੂੰ

ਦੱਸਦੇ ਧਾਮ ਨਵੇਲਾ, ਸਚਖੰਡ ਸਾਚਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਦੇ ਦੇ ਅਗੰਮਾ ਮਾਣ, ਨਿਮਾਣਿਆਂ ਦੇ ਵਡਿਆਈਆ । ਬੇਨੰਤੀ ਕਰ ਪਰਵਾਨ, ਪਰਮ ਪੁਰਖ ਤੇਰੀ ਸਰਨਾਈਆ । ਸਾਡਾ ਮੁਕੇ ਆਵਣ ਜਾਣ, ਜੂਨੀ ਗਰਭ ਨਾ ਕੋਇ ਭੁਆਈਆ । ਅਸੀਂ ਵੇਖੀਏ ਤੇਰਾ ਧਰਮ ਨਿਸ਼ਾਨ, ਸਚ ਦੁਆਰ ਦੇਣਾ ਜਣਾਈਆ । ਤੇਰਾ ਨਾਮ ਅੰਮ੍ਰਿਤ ਰਸ ਹੋਵੇ ਪੀਣ ਖਾਣ, ਦੂਜੀ ਤ੍ਰਿਸਨ ਨਾ ਕੋਇ ਰਖਾਈਆ । ਸ਼ਬਦ ਨਾਦ ਦੇਣੀ ਧੁਨਕਾਨ, ਬਿਨ ਕੰਨਾਂ ਰਾਗ ਸੁਣਾਈਆ । ਅੰਤਰ ਜੋਤ ਵੇਖੀਏ ਮਹਾਨ, ਨੂਰ ਨੁਰਾਨੇ ਨਜ਼ਰੀ ਆਈਆ । ਸਾਨੂੰ ਵਸਾਉਣਾ ਸਚਖੰਡ ਸਚ ਮਕਾਨ, ਜਿਥੇ ਮਕਬਰਾ ਮੜ੍ਹੀ ਗੋਰ ਨਜ਼ਰ ਕੋਇ ਨਾ ਆਈਆ । ਸਾਡਾ ਤੇਰੇ ਉਤੇ ਇਕ ਈਮਾਨ, ਦੂਜਾ ਧਰਮ ਇਸ਼ਟ ਦ੍ਰਿਸ਼ਟ ਵਿਚ ਨਾ ਕੋਇ ਸਮਾਈਆ । ਤੂੰ ਕਰਨੀ ਦਾ ਕਰਤਾ ਕਰਤਾ ਪੁਰਖ ਬਲਵਾਨ, ਬਲਧਾਰੀ ਬੇਪਰਵਾਹੀਆ । ਅਸੀਂ ਬਾਲਕ ਤੇਰੇ ਅੰਞਾਣ, ਨੰਨ੍ਹੇ ਹੋ ਕੇ ਸੀਸ ਝੁਕਾਈਆ । ਸਚਖੰਡ ਨਿਵਾਸੀ ਹੁਕਮ ਦੇ ਫ਼ਰਮਾਨ, ਸੰਦੇਸਾ ਧੁਰਦਰਗਾਹੀਆ । ਤੇਰਾ ਸਤਿਗੁਰ ਸ਼ਬਦ ਸਾਨੂੰ ਕਰੇ ਪਰਵਾਨ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਸਾਡਾ ਨਾਤਾ ਤੁਟੇ ਜਗਤ ਜਹਾਨ, ਦੋ ਜਹਾਨਾਂ ਪੰਧ ਮੁਕਾਈਆ । ਸਾਡੇ ਤਤ ਤੇਰੇ ਵਿਚ ਮਿਲ ਜਾਣ, ਜੋਤੀ ਜੋਤ ਵਿਚ ਮਿਲਾਈਆ । ਤੂੰ ਸਮਰਥ ਪੁਰਖ ਸਰਗੁਣ ਨਿਰਗੁਣ ਸ਼ਹਿਨਸ਼ਾਹ ਨੂਰ ਅਲਾਹੀ ਤੈਨੂੰ ਝੁਕਦੇ ਜ਼ਿਮੀਂ ਅਸਮਾਨ, ਪੁਰੀ ਲੋਅ ਬ੍ਰਹਿਮੰਡ ਖੰਡ ਮੰਡਲ ਮੰਡਪ ਨਿਵ ਨਿਵ ਲਾਗਣ ਪਾਈਆ ।
੨੯ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ੨੯
੨੪ ਚਰਨ ਪ੍ਰੀਤੀ ਸਾਚੀ ਰੀਤੀ ਨਿਰਗੁਣ ਧਾਰ ਬਖ਼ਸ਼ ਇਕ ਧਿਆਨ, ਬਿਨ ਨੇਤਰ ਲੋਚਨ ਨੈਣਾਂ ਨੈਣ ਨਾਲ ਮਿਲਾਈਆ । ੨੪

✪ ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਨਾਥੇਵਾਲ ਨਾਜ਼ਰ ਸਿੰਘ ਹਰਜੀਤ ਕੌਰ ਪੂਰਨ ਸਿੰਘ ਸੁਦਾਗਰ ਸਿੰਘ ਮਹਿੰਦਰ ਸਿੰਘ ਪ੍ਰੀਤਮ ਸਿੰਘ ਮਿਸਤਰੀ ਪ੍ਰੀਤਮ ਸਿੰਘ ਇੰਦਰ ਸਿੰਘ ਨਾਥੇਵਾਲ ਬੰਸਤ ਕੌਰ ਪਤੋਹੀਰਾ, ਗੁਲਜ਼ਾਰ ਸਿੰਘ ਸਰੂਪ ਸਿੰਘ ਢੁਡੀ, ਮੁਕੰਦ ਸਿੰਘ ਮਰ੍ਹਾਜ਼ ✪

ਪੰਜ ਤਤ ਕਹਿਣ ਪ੍ਰਭ ਸਾਡਾ ਸਰਗੁਣ ਧਾਰ ਦੇਣਾ ਸੋਧੀ, ਵਦੀ ਸੁਦੀ ਵੰਡ ਨਾ ਕੋਇ ਵੰਡਾਈਆ । ਸਾਨੂੰ ਤੇਰੇ ਪਿਆਰ ਦੀ ਇਕੋ ਮਿਲੇ ਚੋਗੀ, ਦੂਜਾ ਰਸ ਨਾ ਕੋਇ ਵਖਾਈਆ । ਅਸੀਂ ਜਗਤ ਜਗਿਆਸੂ ਨਹੀਂ ਜੋਗੀ, ਤਪੀਸ਼ਰਾਂ ਵੰਡ ਨਾ ਕੋਇ ਵੰਡਾਈਆ । ਤੂੰ ਮਾਲਕ ਖ਼ਾਲਕ ਧੁਰ ਸੰਜੋਗੀ, ਹਰਿ ਕਰਤਾ ਇਕ ਅਖਵਾਈਆ । ਆਤਮ ਰਸ ਤੇਰਾ ਰਹੇ ਭੋਗੀ, ਭਸਮੜ ਤੇਰੇ ਰੰਗ ਸਮਾਈਆ । ਤੂੰ ਤਨ ਸਰੀਰਾ ਹਕ ਹਕੀਕਤ ਨਾਲ ਸੋਧੀ, ਸੋ ਸਾਹਿਬ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਪੰਜ ਤਤ ਕਹਿਣ ਪ੍ਰਭ ਸਾਡਾ ਵੇਖ ਲੈ ਅੰਤਸ਼ਕਰਨ, ਬਿਨ ਨੈਣਾਂ ਨੈਣ ਉਠਾਈਆ । ਤੇਰੀ ਮੰਗਦੇ ਇਕੋ ਧੂੜੀ ਚਰਨ, ਖ਼ਾਕੀ ਖ਼ਾਕ ਦੇਣੀ ਰਮਾਈਆ । ਇਕੋ ਢੋਲਾ ਤੇਰਾ ਚਾਹੁੰਦੇ ਪੜ੍ਹਨ, ਨਿਰਅੱਖਰ ਧਾਰ ਸਿਫ਼ਤ ਸਲਾਹੀਆ । ਅਸੀਂ ਲੱਖ ਚੁਰਾਸੀ ਚਾਹੁੰਦੇ ਨਹੀਂ ਸੜਨ,

ਜਨਮ ਮਰਨ ਰੂਪ ਨਾ ਕੋਇ ਬਦਲਾਈਆ । ਤੂੰ ਆਦਿ ਜੁਗਾਦਿ ਘਾੜਨ ਘੜਨ, ਘੜਨ ਭੰਨਣਹਾਰ ਤੇਰੀ ਵਡਿਆਈਆ । ਸਾਨੂੰ ਆਪਣੇ ਬੰਨ੍ਹ
ਲੈ ਲੜਨ, ਪੱਲੂ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ
ਇਕ ਸਮਝਾਈਆ । ਪੰਜ ਤਤ ਕਹਿਣ ਪ੍ਰਭ ਕਿਰਪਾ ਕਰ ਅਬਿਨਾਸ਼ੀ ਅਚੁਤੇ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਸਰਗੁਣ ਧਾਰ ਤੇਰੇ ਸੁਤੇ,
ਪਤਤ ਪੁਨੀਤ ਦੇਣੇ ਬਣਾਈਆ । ਸਾਡੀ ਸੁਹੰਜਣੀ ਕਰ ਦੇ ਰੁਤੇ, ਰੁਤੜੀ ਆਪਣੇ ਨਾਲ ਮਹਿਕਾਈਆ । ਸਾਨੂੰ ਧਰਤੀ ਉਤੋਂ ਲੈ ਜਾ ਅਸਮਾਨਾਂ ਉਤੇ,
ਸਚਖੰਡ ਆਪਣੇ ਵਿਚ ਸਮਾਈਆ । ਸਾਡੀ ਆਸ਼ਾ ਦੋ ਜਹਾਨ ਕਦੇ ਨਾ ਰੁਕੇ, ਅਗੇ ਹੋ ਨਾ ਕੋਇ ਅਟਕਾਈਆ । ਆਤਮਾ ਨਾਲ ਸਾਡੇ ਪੈਂਡੇ ਜਾਣ
ਮੁਕੇ, ਭਗਤੀ ਧਾਰ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ
ਵੇਖ ਵਖਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਪੁਜੀਏ ਤੇਰੇ ਦਰਬਾਰ, ਤਤਾਂ ਵਿਚ ਤਤ ਨਾ ਕੋਇ ਮਿਲਾਈਆ । ਆਤਮਾ ਨਾਲ ਸਾਨੂੰ ਦੇਣਾ
ਅਧਾਰ, ਉਦਰ ਦਾ ਲੇਖਾ ਦੇਣਾ ਚੁਕਾਈਆ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਦੀ ਪਾਉਣੀ ਸਾਰ, ਮਹਾਸਾਰਥੀ ਹੋ ਕੇ ਵੇਖ ਵਖਾਈਆ । ਕਿਰਪਾ
ਕਰ ਏਕੰਕਾਰ, ਇਕ ਇਕੱਲੇ ਤੇਰੇ ਹੱਥ ਵਡਿਆਈਆ । ਸਾਡਾ ਨਾਤਾ ਰਹੇ ਨਾ ਰੂਪ ਰੰਗ ਰੇਖ ਨਾਲ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸੰਗ
ਨਾ ਕੋਇ ਬਣਾਈਆ । ਅਸੀਂ ਚਾਹੁੰਦੇ ਸਚਖੰਡ ਪੁਜੀਏ ਤੇਰੇ ਦਰਬਾਰ, ਦਰਗਾਹ ਸਾਚੀ ਪੰਧ ਮੁਕਾਈਆ । ਜੋਤੀ ਜਾਤੇ ਪਾਉਣੀ ਸਾਰ, ਪੁਰਖ
੩੦ ਬਿਧਾਤੇ ਵੇਖਣਾ ਚਾਈਂ ਚਾਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਸਿਕਦਾਰ, ਹੁਕਮਰਾਨ ਇਕ ਅਖਵਾਈਆ । ਨੌ ਸੌ ਚੁਰਾਨਮੇ ਚੌਕੜੀ ਜੁਗ ਪਿਛੋਂ ਤਤ ੩੦
੨੪ ਕਹਿਣ ਅਸੀਂ ਹੋਏ ਤੇਰੇ ਭਿਖਾਰ, ਭਿਖਕਾਂ ਝੋਲੀ ਦੇਣੀ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ੨੪
ਦਾ ਵਰ, ਧੁਰ ਦਾ ਰੰਗ ਇਕ ਰੰਗਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤੀ ਧਾਰ ਤੇਰੇ ਸੱਜਣ, ਭਗਵਨ ਦੇਣੀ ਮਾਣ ਵਡਿਆਈਆ ।
ਜਿਸ ਵੇਲੇ ਸਾਡੇ ਕਾਇਆ ਮਾਟੀ ਭਾਂਡੇ ਭੱਜਣ, ਨਾਤਾ ਜਗਤ ਜੁਗ ਤੁੜਾਈਆ । ਤੂੰ ਨਿਰਗੁਣ ਧਾਰ ਆਤਮਾ ਆਵੇਂ ਸਦਣ, ਸਤਿਗੁਰ ਸ਼ਬਦ ਸ਼ਬਦ
ਸੰਗ ਬਣਾਈਆ । ਉਸ ਵੇਲੇ ਸਾਡਾ ਲੇਖੇ ਲਉਣਾ ਬਦਨ, ਬੰਦੀਖ਼ਾਨਿਉਂ ਬਾਹਰ ਕਢਾਈਆ । ਅਸੀਂ ਗੁਰਮੁਖ ਹੀਰੇ ਤੇਰੇ ਰਤਨ, ਅਮੋਲਕ ਆਪਣੇ
ਲੈਣੇ ਬਣਾਈਆ । ਸਾਨੂੰ ਕਰਨਾ ਪਏ ਕੋਈ ਨਾ ਯਤਨ, ਯਥਾਰਥ ਤੇਰੀ ਓਟ ਤਕਾਈਆ । ਆਤਮਾ ਨਾਲ ਸਾਨੂੰ ਲੈ ਕੇ ਜਾਣਾ ਆਪਣੇ ਵਤਨ,
ਮਾਟੀ ਖ਼ਾਕ ਜਗਤ ਨਜ਼ਰ ਕੋਇ ਨਾ ਆਈਆ । ਤੂੰ ਪੁਰਖ ਅਕਾਲ ਸਦਾ ਸਮਰਥਣ, ਹਰਿ ਕਰਤਾ ਇਕ ਅਖਵਾਈਆ । ਸਾਡਾ ਲਹਿਣਾ ਦੇਣਾ
ਦੇਣਾ ਹੱਥੋ ਹੱਥਨ, ਜਗਤ ਉਧਾਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ,
ਧੁਰ ਗ੍ਰਿਹਿ ਇਕ ਵਸਾਈਆ । ਪੰਜ ਤਤ ਕਹਿਣ ਪ੍ਰਭ ਵਸਣਾ ਤੇਰੇ ਘਰ, ਗ੍ਰਿਹਿ ਮੰਦਰ ਖ਼ੁਸ਼ੀ ਬਣਾਈਆ । ਤੂੰ ਮਾਲਕ ਨਰਾਇਣ ਨਰ, ਹਰਿ
ਕਰਤਾ ਇਕ ਅਖਵਾਈਆ । ਆਪਣੀ ਕਿਰਪਾ ਦੇਣੀ ਕਰ, ਕਿਰਪਾ ਨਿਧਾਨ ਹੋ ਕੇ ਵੇਖ ਵਖਾਈਆ । ਤੇਰੀ ਸਰਨ ਸਰਨਾਈ ਗਏ ਪਰ, ਪਰਾ
ਪਸੰਤੀ ਮਧਮ ਬੈਖਰੀ ਦਾ ਪੰਧ ਦੇਣਾ ਮੁਕਾਈਆ । ਤੇਰਾ ਭਾਣਾ ਰਹੇ ਜਰ, ਨਿਵ ਨਿਵ ਸੀਸ ਝੁਕਾਈਆ । ਤੂੰ ਸ਼ਰਅ ਦੀ ਮੇਟਣੀ ਸ਼ਰ, ਸ਼ਰੀਅਤ
ਡੇਰਾ ਢਾਹੀਆ । ਸਚ ਦੁਆਰ ਏਕੰਕਾਰ ਤੇਰੇ ਜਾਈਏ ਤਰ, ਤਾਰਨਹਾਰ ਤੇਰੀ ਬੇਪਰਵਾਹੀਆ । ਜਗਤ ਜਹਾਨ ਵਿਚੋਂ ਜ਼ਿੰਦਗੀ ਧਾਰ ਜਾਈਏ ਮਰ,

ਮਰ ਜੀਵਤ ਰੂਪ ਬਦਲਾਈਆ । ਸਚਖੰਡ ਦੁਆਰ ਖੁਲ੍ਹਾ ਰਖਣਾ ਦਰ, ਦਰ ਦਰਵਾਜ਼ਾ ਬੰਦ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤੇਰਾ ਸ਼ੁਕਰ ਮਨਾਵਾਂਗੇ । ਸਰਗੁਣ ਹੋ ਕੇ ਢੋਲੇ ਗਾਵਾਂਗੇ । ਨਿਰਗੁਣ ਤੇਰਾ ਰੰਗ ਰੰਗਾਵਾਂਗੇ । ਤੇਰੀ ਨਾਦ ਅਨਾਦੀ ਸੁਣ ਧੁਨ, ਧੁਨ ਆਤਮਕ ਰਾਗ ਦ੍ਰਿੜਾਵਾਂਗੇ । ਤੂੰ ਮਾਲਕ ਹੋਣਾ ਕੁੱਲ, ਕੁੱਲ ਮਾਲਕ ਤੇਰਾ ਰਾਹ ਤਕਾਵਾਂਗੇ । ਤੂੰ ਸਚ ਸੁਆਮੀ ਸੁਲਹਕੁਲ, ਸਾਹਿਬ ਇਕੋ ਵੇਖ ਵਖਾਵਾਂਗੇ । ਜੇ ਲੋਕਮਾਤ ਗਏ ਭੁਲ, ਅਭੁਲ ਤੇਰੇ ਅਗੇ ਵਾਸਤਾ ਪਾਵਾਂਗੇ । ਜੇ ਆਤਮਾ ਧਾਰ ਤੇਰੀ ਕੁਲ, ਅਸੀਂ ਪੰਜ ਤਤ ਤੇਰੇ ਰੰਗ ਸਮਾਵਾਂਗੇ । ਸਾਡਾ ਬੂਟਾ ਕਦੇ ਨਾ ਜਾਵੇ ਹੁਲ, ਫਲ ਭਗਤੀ ਵਾਲਾ ਤੇਰੇ ਦਰ ਤੋਂ ਪਾਵਾਂਗੇ । ਸਾਡਾ ਰਸ ਜਾਏ ਨਾ ਡੁਲ੍ਹ, ਅਨਰਸ ਤੇਰਾ ਰਸ ਚਖਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਵਾਂਗੇ । ਜਨ ਭਗਤ ਕਹਿਣ ਪ੍ਰਭ ਸਾਡੀ ਤਨ ਵਜੂਦ ਮਿੱਟੀ, ਜਗਤ ਜਹਾਨ ਜੁਗ ਜੁਗ ਨਜ਼ਰੀ ਆਈਆ । ਸਾਡੇ ਦੁਆਰੇ ਬਣਦੇ ਰਹੇ ਪੱਥਰ ਇੱਟੀਂ, ਜਗਤ ਨਿਸ਼ਾਨ ਵਡਿਆਈਆ । ਸਾਡੀ ਆਸ਼ਾ ਤੇਰੇ ਚਰਨ ਕਵਲ ਲਿਟੀ, ਦੂਸਰ ਸੰਗ ਨਾ ਕੋਇ ਰਖਾਈਆ । ਕਲਜੁਗ ਅੰਤਮ ਸਾਨੂੰ ਧਰਨੀ ਧਰਤ ਧਵਲ ਉਤੇ ਨਾ ਸਿੱਟੀਂ, ਨਿਰਗੁਣ ਧਾਰ ਆਪਣੀ ਗੋਦ ਟਿਕਾਈਆ । ਸਾਡੀ ਜਨਮ ਕਰਮ ਦੀ ਰੇਖ ਕਰਨੀ ਚਿੱਟੀ, ਦੁਰਮਤ ਮੈਲ ਧੁਆਈਆ । ਅਸੀਂ ਕੋਈ ਹਾਹੇ ਵਾਲੀ ਸਦਾ ਨਹੀਂ ਰਹਿਣੀ ਟਿੱਪੀ, ਸੋ ਪੁਰਖ ਨਿਰੰਜਣ
੩੧ ਤੇਰੇ ਵਿਚ ਸਮਾਈਆ । ਸਾਡੀ ਧਾਰ ਦਰਗਾਹ ਸਾਚੀ ਹੋਵੇ ਲਿਟੀ, ਸਚਖੰਡ ਸਾਚੇ ਡੇਰਾ ਲਾਈਆ । ਸਾਡਾ ਲਹਿਣਾ ਦੇਣਾ ਅੰਤ ਨਜਿੱਠੀ, ਡੋਰੀ ੩੧
੨੪ ਤੇਰੇ ਹੱਥ ਫੜਾਈਆ । ਪੁਰਖ ਅਕਾਲੇ ਦੀਨ ਦਿਆਲੇ ਕਦੀ ਨਾ ਦੇਵੀ ਪਿੱਠੀ, ਕਰਵਟ ਲੋਕਮਾਤ ਨਾ ਕਦੇ ਬਦਲਾਈਆ । ਤੇਰੀ ਚਰਨ ਪ੍ਰੀਤੀ ੨੪
ਸਾਨੂੰ ਲੱਗੇ ਮਿਠੀ, ਅਨਰਸ ਦੇਣਾ ਚਖਾਈਆ । ਪੰਜ ਤਤ ਕਹਿਣ ਸਾਡੇ ਕੋਲ ਬਾਵਨ ਧਾਰ ਪੁਰਾਣੀ ਚਿੱਠੀ, ਬਲ ਦੁਆਰਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਠਾਂਡੇ ਤੇਰੇ ਮੰਗਦੇ ਆਣ, ਪੰਜ ਤਤ ਕਰੀਂ ਪਰਵਾਨ, ਦਰਗਾਹ ਸਾਚੀ ਸਚਖੰਡ ਆਤਮ ਧਾਰ ਨਾਲ ਮੇਲਣਾ ਚਾਈਂ ਚਾਈਂਆ ।

✪ ੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ਦਸ ਮੋਗੇ ਸ਼ਹਿਰ ਕਪੂਰ ਸਿੰਘ ਹਰਦਿਆਲ ਕੌਰ ਰਤਨ ਚੰਦ ਗੁਰਦੀਪ ਸਿੰਘ ਮੋਗਾ, ਗੁਰਤੇਜ ਸਿੰਘ ਘਲ ਕਲਾਂ, ਮਲ ਸਿੰਘ ਰਜੀਵਾਲ, ਕੇਹਰ ਸਿੰਘ ✪

ਪੰਜ ਤਤ ਕਹਿਣ ਪ੍ਰਭ ਸਾਚਾ ਚਾੜ੍ਹ ਆਪਣਾ ਰੰਗ, ਜਨ ਭਗਤਾਂ ਮੇਲ ਮਿਲਾਈਆ । ਨਿਰਗੁਣ ਧਾਰ ਬਖ਼ਸ਼ ਦੇ ਸੰਗ, ਸਗਲੇ ਸੰਗੀ ਬਹੁਰੰਗੀ ਆਪਣੀ ਦਇਆ ਕਮਾਈਆ । ਦਰ ਠਾਂਡੇ ਏਕੰਕਾਰ ਮੰਗੀਏ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਜਗਤ ਤ੍ਰਿਸ਼ਨਾ ਮੇਟ ਦੇ ਭੁਖ ਨੰਗ, ਸਾਂਤਕ ਸਤਿ ਸਤਿ ਵਰਤਾਈਆ । ਅੰਮ੍ਰਿਤ ਧਾਰ ਵਹਾ ਦੇ ਨਿਝਰ ਗੰਗ, ਅੰਮਿਉਂ ਰਸ ਆਪਣਾ ਆਪ ਚੁਆਈਆ । ਪੰਚ ਵਿਕਾਰ ਕਰੇ ਨਾ ਜੰਗ, ਕਾਮ ਕਰੋਧ ਲੋਭ ਮੋਹ ਹੰਕਾਰ ਆਪਣੇ ਵਿਚ ਸਮਾਈਆ । ਦਿਵਸ ਰੈਣ ਤੇਰੇ ਨਾਮ ਦਾ ਵਜੇ ਮਰਦੰਗ, ਨਾਦ ਅਨਾਦੀ ਧੁਨ ਦੇਣੀ ਸ਼ਨਵਾਈਆ । ਆਤਮ

ਸੇਜ ਸੁਹਾ ਪਲੰਘ, ਸਚ ਸਿੰਘਾਸਣ ਡੇਰਾ ਲਾਈਆ । ਅਸੀਂ ਤਤ ਵਿਚਾਰੇ ਪੰਜ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਸੀਸ ਨਿਵਾਈਆ । ਤੂੰ ਸਾਡੀ
ਚਿੰਤਾ ਜਗਤ ਮੇਟ ਦੇ ਰੰਜ, ਰੰਜਸ਼ ਅੰਦਰੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ,
ਹਰਿ ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਸੂਰੇ ਸਰਬਗੀ, ਹਰਿ ਕਰਤੇ ਧੁਰਦਰਗਾਹੀਆ । ਸਾਡੇ ਅੰਤਸ਼ਕਰਨ ਬੁਝਾ ਦੇ ਅੱਗੀ,
ਅੰਮ੍ਰਿਤ ਮੇਘ ਨਾਮ ਬਰਸਾਈਆ । ਅਸੀਂ ਤੇਰੀ ਧਾਰ ਬਣੀਏ ਨਾ ਜਗਤ ਅਲਪਗੀ, ਮਿਹਰਵਾਨ ਦੇਣੀ ਵਡਿਆਈਆ । ਸਾਡੇ ਅੰਤਰ ਆਪਣਾ ਦਰਸ
ਦੇਣਾ ਉਪਰ ਸ਼ਾਹ ਰਗੀ, ਨੌ ਦੁਆਰ ਦਾ ਡੇਰਾ ਢਾਹੀਆ । ਤੇਰੀ ਦਸਮ ਦੁਆਰੀ ਦੀ ਧਾਰ ਵੇਖੀਏ ਬੱਗੀ, ਬੱਗੇ ਅਸਵ ਵੇਖਣਾ ਚਾਈਂ ਚਾਈਂਆ ।
ਤੂੰ ਨੂਰ ਅਲਾਹੀ ਰੱਬੀ, ਆਦਿ ਪੁਰਖ ਇਕ ਅਖਵਾਈਆ । ਤੇਰਾ ਮੇਲ ਹੁੰਦਾ ਸਬਬੀ, ਸਾਹਿਬ ਸਤਿਗੁਰ ਤੇਰੇ ਹੱਥ ਵਡਿਆਈਆ । ਤੇਰੇ ਇਸ਼ਾਰੇ
ਦੇ ਕੇ ਗਏ ਪੈਗ਼ੰਬਰ ਰਸੂਲ ਨਬੀ, ਕ਼ਲਮਾ ਕਾਇਨਾਤ ਜਣਾਈਆ । ਤੂੰ ਅਮਾਮ ਅਮਾਮਾ ਖੇਲ ਕਰਾਈ ਚੌਧਵੀਂ ਸਦੀ, ਸਦਕੇ ਵਾਰੀ ਘੋਲ ਘੁਮਾਈਆ ।
ਸਾਡੀ ਆਸ਼ਾ ਤੇਰੇ ਚਰਨਾਂ ਹੇਠਾ ਦੱਬੀ, ਬਾਹਰ ਸਕੇ ਨਾ ਕੋਇ ਕਢਾਈਆ । ਅਸੀਂ ਜਗਤ ਪਿਆਰ ਵਿਚ ਤੇਰੇ ਦਰ ਦੇ ਹੋਏ ਲਬੀ, ਲੋਭ ਮੋਹ
ਵਿਕਾਰ ਹੰਕਾਰ ਦੇਣਾ ਤਜਾਈਆ । ਸਾਡੀ ਧਾਰ ਤੇਰੇ ਨਾਲ ਰਹੇ ਬੱਧੀ, ਬੰਦਨਾ ਵਿਚ ਦਰ ਤੇਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਨੂੰ ਲੋਕਮਾਤ ਵਿਚੋਂ ਕੱਢੀਂ, ਧਰਨੀ ਧਰਤ ਧਵਲ ਧੌਲ ਕਾਇਨਾਤ ਦਾ ਪੰਧ ਮੁਕਾਈਆ ।
੩੨ ਪੰਜ ਤਤ ਕਹਿਣ ਪ੍ਰਭ ਸਾਡਾ ਵੇਖ ਲੈ ਖੇਲ ਅਪਾਰ, ਅਪਰੰਪਰ ਸੁਆਮੀ ਤੇਰੀ ਓਟ ਤਕਾਈਆ । ਜੁਗ ਜੁਗ ਜਨਮੇ ਮਰੇ ਵਿਚ ਸੰਸਾਰ, ਸੰਸਾਰੀ ੩੨
੨੪ ਭੰਡਾਰੀ ਸੰਘਾਰੀ ਵੇਖਦੇ ਰਹੇ ਚਾਈਂ ਚਾਈਆ । ਲਹਿਣਾ ਦੇਣਾ ਤਕਦੇ ਰਹੇ ਨਾਲ ਪੈਗ਼ੰਬਰ ਗੁਰ ਅਵਤਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ੨੪
ਨਿਤ ਨਿਤ ਪੰਧ ਮੁਕਾਈਆ । ਚੁਰਾਸੀ ਵਿਚ ਫਿਰਦੇ ਰਹੇ ਵਾਰੋ ਵਾਰ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਭੱਜੇ ਵਾਹੋ ਦਾਹੀਆ । ਪੁਰਖ
ਅਕਾਲੇ ਦੀਨ ਦਿਆਲੇ ਤੇਰਾ ਸੁਣਦੇ ਰਹੇ ਸ਼ਬਦ ਧੁਨਕਾਰ, ਅੱਖਰ ਅੱਖਰਾਂ ਨਾਲ ਪੜ੍ਹਾਈਆ । ਸੰਦੇਸੇ ਦਿਤੇ ਨਿਰਗੁਣ ਧਾਰ, ਅਵਤਰੀ ਤੇਰਾ ਭੇਵ
ਚੁਕਾਈਆ । ਧੰਨ ਭਾਗ ਤੂੰ ਪਾਈ ਸਾਰ, ਮਹਾਸਾਰਥੀ ਤੇਰੇ ਚਰਨ ਕਵਲ ਸੀਸ ਨਿਵਾਈਆ । ਤੂੰ ਲਹਿਣਾ ਦੇਣਾ ਪੂਰਬ ਕਰਜ਼ ਦੇ ਉਤਾਰ, ਮਕ਼ਰੂਜ਼
ਸਾਡੇ ਹੱਥ ਫੜਾਈਆ । ਅਸੀਂ ਚਾਹੁੰਦੇ ਜਿਥੇ ਆਤਮਾ ਦੀ ਪੈਜ ਦਿਤੀ ਸਵਾਰ, ਦਿਤੀ ਮਾਣ ਵਡਿਆਈਆ । ਪੰਜ ਤਤ ਭਗਤਾਂ ਤਨ ਜਾਈਏ ਤੇਰੇ
ਦਰਬਾਰ, ਦਰਗਾਹ ਸਾਚੀ ਸੋਭਾ ਪਾਈਆ । ਰੂਪ ਹੋਈਏ ਤੇਰਾ ਜੋਤ ਨੂਰ ਉਜਿਆਰ, ਨੂਰ ਨੁਰਾਨੇ ਤੇਰੇ ਵਿਚ ਸਮਾਈਆ । ਇਹ ਬੇਨੰਤੀ ਕੀਤੀ
ਨਵ ਨੌ ਚਾਰ ਪਿਛੋਂ ਪਹਿਲੀ ਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ ।
ਪੰਜ ਤਤ ਕਹਿਣ ਪ੍ਰਭ ਸਾਡੀ ਚੋਲੀ ਤਕ ਸਰੀਰ, ਸਰਗੁਣ ਨਿਰਗੁਣ ਵੇਖ ਵਖਾਈਆ । ਤੂੰ ਸ਼ਹਿਨਸ਼ਾਹ ਗੁਣੀ ਗਹੀਰ, ਗਹਿਰ ਗਵਰ ਤੇਰੀ ਬੇਪਰਵਾਹੀਆ ।
ਸਾਨੂੰ ਦੇਵੇ ਕੋਈ ਨਾ ਧੀਰ, ਧੀਰਜ ਨਜ਼ਰ ਕੋਇ ਨਾ ਆਈਆ । ਸਾਡੇ ਓਢਣ ਬਸਤਰ ਵੇਖ ਚੀਰ, ਚਿਰੀ ਵਿਛੁੰਨੇ ਰਹੇ ਕੁਰਲਾਈਆ । ਸਾਡੀ
ਬਦਲ ਦੇ ਤਕ਼ਦੀਰ, ਤਦਬੀਰ ਆਪਣੀ ਇਕ ਦ੍ਰਿੜ੍ਹਾਈਆ । ਸਾਡਾ ਨੇਤਰ ਵਗੇ ਨੀਰ, ਹੰਝੂ ਹਾਰ ਰਹੇ ਬਣਾਈਆ । ਤੂੰ ਦਾਤਾ ਬੇਨਜ਼ੀਰ, ਮਿਹਰ
ਨਜ਼ਰ ਨਾਲ ਤਰਾਈਆ । ਸਾਡੀ ਮੰਜ਼ਲ ਤਕ ਅਖ਼ੀਰ, ਆਖ਼ਰ ਤੇਰੇ ਅਗੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰਾ ਇਕੋ ਨਜ਼ਰੀ ਆਈਆ । ਪੰਜ ਤਤ ਕਹਿਣ ਪ੍ਰਭ ਸਾਡੇ ਮਾਲਕ ਹਕ ਹਜ਼ੂਰ, ਹਾਜ਼ਰ ਹੋ ਕੇ ਦਇਆ
ਕਮਾਈਆ । ਬੇਨੰਤੀ ਕਰ ਮਨਜ਼ੂਰ, ਦਰ ਠਾਂਡੇ ਸੀਸ ਝੁਕਾਈਆ । ਅਗਲਾ ਪੰਧ ਰਹੇ ਨਾ ਦੂਰ, ਪੈਂਡਾ ਦੀਨ ਦੁਨੀ ਮੁਕਾਈਆ । ਜੋ ਇਸ਼ਾਰਾ
ਕੀਤਾ ਮੂਸਾ ਉਤੇ ਕੋਹਤੂਰ, ਸੋ ਲਹਿਣਾ ਸਾਡੀ ਝੋਲੀ ਪਾਈਆ । ਜੋ ਹਸ ਕੇ ਕਿਹਾ ਮਨਸੂਰ, ਸੂਲੀ ਚੜ੍ਹਦਿਆਂ ਦਿਤਾ ਸੁਣਾਈਆ । ਅਸੀਂ ਮੂਰਖ
ਮੁਗਧ ਮੂੜ੍ਹ, ਮਤਹੀਣ ਦਰ ਠਾਂਡੇ ਮੰਗ ਮੰਗਾਈਆ । ਸਾਡਾ ਤਤ ਰਹੇ ਨਾ ਕੂੜ, ਕੂੜੀ ਕਿਰਿਆ ਡੇਰਾ ਦੇਣਾ ਢਾਹੀਆ । ਅਸੀਂ ਚਾਹੁੰਦੇ ਸਚਖੰਡ
ਅੰਦਰ ਬਿਨਾ ਤੇਰੇ ਚਰਨ ਤੋਂ ਚਰਨਾਂ ਲਾਈਏ ਧੂੜ, ਬਿਨਾ ਮਸਤਕ ਤੋਂ ਮਸਤਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਜਗਤ ਤੁਟੇ ਨਾਤਾ, ਚੁਰਾਸੀ ਬੰਧਨ ਰਹੇ ਨਾ
ਰਾਈਆ । ਤੂੰ ਪਰਮ ਪੁਰਖ ਬਿਧਾਤਾ, ਦੇਵਣਹਾਰ ਗੁਸਾਂਈਆ । ਨਿਰਗੁਣ ਪਿਤਾ ਮਾਤਾ, ਪੁਰਖ ਅਕਾਲ ਅਖਵਾਈਆ । ਜੇ ਆਤਮ ਧਾਰ ਤੇਰੀ
ਜ਼ਾਤਾ, ਜੋਤੀ ਜਾਤੇ ਰੰਗ ਰੰਗਾਈਆ । ਅੰਤਮ ਸਾਡੀ ਪੁਛ ਵਾਤਾ, ਜਨ ਭਗਤਾਂ ਤਨ ਰਹੇ ਕੁਰਲਾਈਆ । ਤੂੰ ਸਭ ਤੋਂ ਵੱਡਾ ਦਾਤਾ, ਦੇਵਣਹਾਰ
ਗੁਸਾਈਆ । ਸਾਡੀ ਮੇਟ ਅੰਧੇਰੀ ਰਾਤਾ, ਸਾਚਾ ਚੰਦ ਨੂਰ ਕਰ ਰੁਸ਼ਨਾਈਆ । ਅਸੀਂ ਵੇਖਣਾ ਚਾਹੁੰਦੇ ਸਚਖੰਡ ਤੇਰਾ ਅਹਾਤਾ, ਜਿਥੇ ਸੂਰੀਆ
ਚੰਦ ਨਾ ਕੋਇ ਰੁਸ਼ਨਾਈਆ । ਬਿਨਾ ਰਸਨਾ ਜਿਹਵਾ ਤੋਂ ਹੋਵੇ ਗਾਥਾ, ਬਿਨਾ ਅੱਖਰਾਂ ਅੱਖਰ ਪੜ੍ਹਾਈਆ । ਤੇਰਾ ਨੂਰ ਜ਼ਹੂਰ ਨਜ਼ਰ ਆਵੇ ਪੁਰਖ
੩੩ ਸਮਰਾਥਾ, ਜੋਤੀ ਜਾਤਾ ਡਗਮਗਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤੇਰਾ ਮੰਗਦੇ ਸਾਥਾ, ਸਗਲਾ ਸੰਗ ਦੇਣਾ ਨਿਭਾਈਆ । ਤੂੰ ਮਾਲਕ ਨਾਥ ੩੩
੨੪ ਅਨਾਥਾ, ਦੀਨਾਂ ਆਪਣੇ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਚਾ ੨੪
ਸੰਗ ਬਣਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤੇਰੇ ਮਿਤਰ ਮੀਤ, ਜਗਤ ਭਗਤ ਕਹੇ ਲੋਕਾਈਆ । ਨਿਰਗੁਣ ਧਾਰ ਬਖ਼ਸ਼ ਦੇ ਪ੍ਰੀਤ, ਪ੍ਰੀਤਮ
ਮੇਲਾ ਮੇਲਣਾ ਸਹਿਜ ਸੁਭਾਈਆ । ਤੇਰਾ ਗਾਈਏ ਗੀਤ, ਗੋਬਿੰਦ ਢੋਲਾ ਧੁਰਦਰਗਾਹੀਆ । ਸਾਡੀ ਪਵਿਤ੍ਰ ਕਰਨੀ ਨੀਤ, ਪਤਤ ਪੁਨੀਤ ਬਣਾਈਆ ।
ਪੁਰਖ ਅਕਾਲੇ ਵਸਣਾ ਚੀਤ, ਚਿਤ ਠਗੌਰੀ ਰਹੇ ਨਾ ਰਾਈਆ । ਕਾਇਆ ਕਾਅਬਾ ਵਖਾਉਣਾ ਹਕ ਮਸੀਤ, ਮੰਦਰ ਇਕੋ ਇਕ ਰੁਸ਼ਨਾਈਆ ।
ਤੇਰਾ ਦਰਸ ਕਰੀਏ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਦੇਣੀ ਵਡਿਆਈਆ । ਅਸੀਂ ਭਗਤ ਸੁਹੇਲੇ ਨਾ ਵੇਖੀ ਹਸਤ ਕੀਟ, ਊਚਾਂ ਨੀਚਾਂ ਇਕੋ ਰੰਗ
ਰੰਗਾਈਆ । ਤੇਰਾ ਭਾਣਾ ਲੱਗੇ ਮੀਠ, ਸਿਰ ਸਿਰ ਹੱਥ ਟਿਕਾਈਆ । ਸਾਡਾ ਤਨ ਕੌੜਾ ਨਾ ਹੋਵੇ ਰੀਠ, ਅੰਮ੍ਰਿਤ ਰਸ ਦੇਣਾ ਭਰਾਈਆ ।
ਤੇਰਾ ਧਾਮ ਸੁਹੰਜਣਾ ਤਕੀਏ ਅਨਡੀਠ, ਸਚਖੰਡ ਵੇਖੀਏ ਚਾਈਂ ਚਾਈਂਆ । ਪਰਮ ਪੁਰਖ ਪਰਮਾਤਮ ਸਾਨੂੰ ਕਦੇ ਨਾ ਦੇਵੀਂ ਪੀਠ, ਕਰਵਟ ਜਗਤ
ਨਾ ਕਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਗ੍ਰਿਹ ਇਕ ਵਸਾਈਆ ।
ਪੰਜ ਤਤ ਕਹਿਣ ਪ੍ਰਭ ਤੂੰ ਦਾਤਾ ਬੇਪਰਵਾਹੋ, ਬੇਪਰਵਾਹੀ ਵਿਚ ਸਮਾਈਆ । ਤੇਰਾ ਖੇਲ ਥਲ ਅਸਗਾਹੋ, ਜਲ ਥਲ ਮਹੀਅਲ ਡੇਰਾ ਲਾਈਆ ।
ਸਾਨੂੰ ਤੇਰੇ ਵੇਖਣ ਦਾ ਚਾਓ, ਚਾਓ ਘਨੇਰਾ ਇਕ ਜਣਾਈਆ । ਸ਼ਬਦੀ ਧਾਰ ਫੜ ਲੈ ਬਾਹੋਂ, ਬਿਨ ਹੱਥਾਂ ਹੱਥ ਉਠਾਈਆ । ਸਾਡਾ ਅੰਤਮ ਕਰੀਂ
ਨਿਆਉਂ, ਅਦਲ ਇਨਸਾਫ਼ ਇਕ ਜਣਾਈਆ । ਫੜ ਕੇ ਹੰਸ ਬਣਾਈਂ ਕਾਉਂ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਤੂੰ ਹੀ ਪਿਤਾ ਤੂੰ ਹੀ

ਮਾਉਂ, ਪਰਮ ਪੁਰਖ ਤੇਰੀ ਗੋਦ ਇਕੋ ਨਜ਼ਰੀ ਆਈਆ । ਤੇਰੇ ਨਾਮ ਦਾ ਲੇਖਾ ਸਭਨੀ ਥਾਉਂ, ਥਾਨ ਥਨੰਤਰ ਦੇਣੀ ਮਾਣ ਵਡਿਆਈਆ । ਇਕੋ ਜਪਾਉਣਾ ਸਾਚਾ ਨਾਉਂ, ਨਰ ਨਿਰੰਕਾਰ ਇਕ ਅਖਵਾਈਆ । ਸਦਾ ਕਹਿੰਦੇ ਰਹੀਏ ਵਾਹੇ ਵਾਹੋ, ਵਾਹਵਾ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮੀਤ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਆਦਿ ਜੁਗਾਦਿ ਥੱਕੇ ਮਾਂਦੇ, ਜੁਗ ਜੁਗ ਭੱਜੇ ਵਾਹੋ ਦਾਹੀਆ । ਮਾਨਸ ਦੇਹੀ ਤੇਰੇ ਢੋਲੇ ਗਾਂਦੇ, ਸ਼ਬਦੀ ਸ਼ਬਦ ਨਾਦ ਸ਼ਨਵਾਈਆ । ਤੇਰਾ ਨੈਣਾਂ ਰਾਹ ਤਕਾਂਦੇ, ਚਾਰੋਂ ਕੁੰਟ ਵੇਖ ਵਖਾਈਆ । ਗਲ ਪੱਲੂ ਵਾਸਤਾ ਪਾਉਂਦੇ, ਨਿਵ ਨਿਵ ਸੀਸ ਝੁਕਾਈਆ । ਕੋਟਨ ਵਾਰ ਘੋਲੀ ਘੋਲ ਆਪਾ ਆਪ ਘੁਮਾਉਂਦੇ, ਘੋਲੀ ਘੋਲ ਘੁਮਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਕੂਕ ਕੂਕ ਸੁਣਾਉਂਦੇ, ਸੋਹਲੇ ਰਾਗ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਭੇਵ ਅਭੇਦ ਖੁਲ੍ਹਾਈਆ । ਪੰਜ ਤਤ ਕਹਿਣ ਪ੍ਰਭ ਖੋਲ੍ਹ ਦੇ ਧੁਰ ਦਾ ਭੇਵ, ਅਭੇਦ ਦੇਣਾ ਜਣਾਈਆ । ਤੂੰ ਸਭ ਦਾ ਦੇਵੀ ਦੇਵ, ਦੇਵਤ ਸੁਰ ਤੇਰੀ ਸਰਨਾਈਆ । ਤੂੰ ਵਸੇਂ ਨਿਹਚਲ ਧਾਮ ਨਿਹਕੇਵ, ਸਚਖੰਡ ਸਾਚੇ ਸੋਭਾ ਪਾਈਆ । ਸਾਚੇ ਨਾਮ ਦਾ ਦੇਵੀਂ ਮੇਵ, ਅੰਮਿਉਂ ਰਸ ਚਖਾਈਆ । ਸਾਡੀ ਮਨਜ਼ੂਰ ਕਰ ਲੈ ਸੇਵ, ਸੇਵਕ ਸੇਵਾ ਚਰਨ ਟਿਕਾਈਆ । ਸਿਫ਼ਤਾਂ ਗਾਏ ਰਸਨਾ ਜਿਹਵ, ਜਿਹਵਾ ਹਰਿ ਗੁਣ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਆਦਿ ਅੰਤ ਪਾਏ ਕੋਇ ਨਾ ਭੇਤ, ਅਭੇਦ ਆਪਣੇ ਵਿਚ ਰਖਾਈਆ ।

੩੪ ੩੪

੨੪ ੨੪

✪ ੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਰਾਮੂਵਾਲਾ ਗੁਰਦਿਆਲ ਸਿੰਘ, ਅਵਤਾਰ ਸਿੰਘ ਰਾਮੂਵਾਲਾ, ਤਾਰਾ ਸਿੰਘ ਗਾਜ਼ੀਆਣਾ, ਨਰਾਇਣ ਸਿੰਘ ਨਿਹਾਲ ਸਿੰਘ ਵਾਲਾ, ਕਰਤਾਰ ਸਿੰਘ ਚੜਿਕ, ਮਹਿੰਦਰ ਕੌਰ ਚੜਿਕ, ਨਰਾਇਣ ਕੌਰ ਦੀਦਾਰੇ ਵਾਲਾ, ਦਲੀਪ ਸਿੰਘ ਬਦਨੀ, ਬੁਗੜ ਸਿੰਘ ਬਰਗਾੜੀ, ਕਰਤਾਰ ਸਿੰਘ ਰਾਮੂਵਾਲਾ ✪

ਪੰਜ ਤਤ ਕਹਿਣ ਪ੍ਰਭ ਜੁਗ ਜੁਗ ਤਕੀਆਂ ਤੇਰੀਆਂ ਖਾਣੀਆਂ, ਅੰਡਜ ਜੇਰਜ ਉਤਭੁਜ ਸੇਤਜ ਭੱਜੇ ਵਾਹੋ ਦਾਹੀਆ । ਪਰਮ ਪੁਰਖ ਪਰਮਾਤਮ ਸ਼ਬਦ ਅਨਾਦੀ ਸੁਣੀਆਂ ਬਾਣੀਆਂ, ਪਰਾ ਪਸੰਤੀ ਮਧਮ ਬੈਖਰੀ ਢੋਲੇ ਰਹੀਆਂ ਗਾਈਆ । ਚਾਰ ਜੁਗ ਦੇ ਸ਼ਾਸਤਰ ਗ੍ਰੰਥ ਤੇਰੀ ਮਹਿੰਮਾ ਵਾਲੀਆਂ ਕਹਾਣੀਆਂ, ਸਤਿਗੁਰ ਸ਼ਬਦ ਸ਼ਬਦ ਸ਼ਨਵਾਈਆ । ਅਠਸਠ ਤੀਰਥ ਨਹਾਤੇ ਪਾਣੀਆਂ, ਗੰਗਾ ਗੋਦਾਵਰੀ ਜਮਨਾ ਸੁਰਸਤੀ ਭੱਜੇ ਵਾਹੋ ਦਾਹੀਆ । ਸੁਖਆਸਣ ਜਗਤ ਸੁਹੰਝਣੀਆ ਸੇਜਾਂ ਮਾਣੀਆਂ, ਮਨ ਮਮਤਾ ਨਾਲ ਮਿਲਾਈਆ । ਖੇਲ ਖੇਲੇ ਬਣ ਬਣ ਰਾਜੇ ਰਾਣੀਆਂ, ਸ਼ਾਹ ਹਕੀਰਾਂ ਰੂਪ ਦਰਸਾਈਆ । ਤੂੰ ਕਿਰਪਾ ਨਿਧ ਸੁਆਮੀ ਸ਼ਾਹ ਪਾਤਸ਼ਾਹ ਸ੍ਰੀ ਭਗਵਾਨੀਆ, ਹਰਿ ਭਗਵਨ ਤੇਰੀ ਬੇਪਰਵਾਹੀਆ । ਸਾਡੀਆਂ ਅੰਤ ਵੇਖ ਨਿਸ਼ਾਨੀਆਂ, ਨਿਸ਼ਾਨੇ ਅਵਤਾਰਾਂ ਪੈਗ਼ੰਬਰਾਂ ਨਾਲ ਮਿਲਾਈਆ । ਬਿਰਹੁ ਦੇ ਤੀਰ ਚਲਦੇ ਰਹੇ ਕਾਨੀਆਂ, ਜੋ ਵਿਛੋੜੇ ਵਿਚ ਘਾਇਲ ਕਰਦੇ ਰਹੇ ਥਾਉਂ ਥਾਈਆ । ਸਾਡੀਆਂ ਮੰਜ਼ਲਾਂ ਅੰਤਮ ਕਰ ਆਸਾਨੀਆਂ, ਅਸਲ ਦੇ ਮਾਲਕ ਵਸਲ ਆਪਣਾ ਇਕ ਜਣਾਈਆ । ਤੂੰ ਆਦਿ ਜੁਗਾਦੀ ਹਰ ਘਟ ਜਾਣ ਜਾਣੀਆਂ, ਜਾਣਨਹਾਰ

ਨੂਰ ਅਲਾਹੀਆ । ਸਾਡੇ ਤਨ ਵਜੂਦ ਵੇਂਹਦੇ ਰਹੇ ਖਾਣੀਆਂ, ਮਿੱਟੀ ਖ਼ਾਕ ਵਿਚ ਮਿਲਾਈਆ । ਤੂੰ ਮਾਲਕ ਖ਼ਾਲਕ ਦੋ ਜਹਾਨੀਆਂ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਤੇਰੇ ਹੱਥ ਵਡਿਆਈਆ । ਸਾਡੀਆਂ ਮੁਸ਼ਕਲਾਂ ਕਰ ਆਸਾਨੀਆਂ, ਅਹਿਸਾਨ ਸਿਰ ਨਾ ਕੋਇ ਰਖਾਈਆ । ਸਾਡੀਆਂ ਮੰਜ਼ਲਾਂ ਤਕ ਰੁਹਾਨੀਆਂ, ਰੂਹ ਬੁਤ ਨਾਲ ਮਿਲਾਈਆ । ਤੂੰ ਮਾਲਕ ਜ਼ਿਮੀਂ ਅਸਮਾਨੀਆਂ, ਲੋਕ ਪਰਲੋਕ ਵਜਦੀ ਰਹੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਲਹਿਣਾ ਤਕ, ਬਿਨ ਨੈਣਾਂ ਨੈਣ ਉਠਾਈਆ । ਹਕ਼ੀਕ਼ਤ ਵੇਖ ਲੈ ਹਕ, ਹਰਿ ਕਰਤੇ ਧੁਰਦਰਗਾਹੀਆ । ਤੂੰ ਮਾਲਕ ਵਾਹਿਦ ਯਕ, ਨੂਰ ਨੁਰਾਨਾ ਨੂਰ ਅਲਾਹੀਆ । ਅਸੀਂ ਤੇਰੇ ਸੱਥਰ ਗਏ ਲਥ, ਯਾਰੜੇ ਸੇਜ ਹੰਢਾਈਆ । ਤੂੰ ਸਰਬ ਕਲਾ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਸਾਨੂੰ ਇਕੋ ਦੇ ਦੇ ਵਥ, ਦੂਜੀ ਮੰਗ ਨਾ ਕੋਇ ਮੰਗਾਈਆ । ਜਿਸ ਵੇਲੇ ਸਾਡਾ ਬੁਰਜ ਜਾਵੇ ਢਠ, ਨਾਤਾ ਆਤਮ ਧਾਰ ਤੁੜਾਈਆ । ਅਸੀਂ ਬੇਨੰਤੀ ਕਰੀਏ ਅੱਠ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤਿ ਬੁਧਿ ਨਾਲ ਮਿਲਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰੇ ਸਚਖੰਡ ਜਾਈਏ ਨਠ, ਰਾਹ ਵਿਚ ਨਾ ਕੋਇ ਅਟਕਾਈਆ । ਥਿਰ ਘਰ ਦੁਆਰ ਏਕੰਕਾਰ ਤੇਰੀ ਸਰਨਾਈ ਜਾਈਏ ਢਠ, ਆਪਣਾ ਆਪ ਤੇਰੀ ਭੇਟ ਕਰਾਈਆ । ਫੇਰ ਨਾ ਆਈਏ ਵਤ, ਬੇਵਤਨਾ ਆਪਣੇ ਵਤਨ ਲੈਣਾ ਟਿਕਾਈਆ । ਸਾਡਾ ਨਾਤਾ ਜੁੜੇ ਨਾ ਬੂੰਦ ਰਕਤ ਨਤ, ਤਨ ਵਜੂਦ ਨਾ ਕੋਇ ਵਖਾਈਆ । ਸਾਡੇ ਲੇਖੇ ਲਾਉਣੇ ਨਿਰਗੁਣ ਧਾਰ ਤਤ, ਤਤਵ ਤਤ ਤੇਰੇ ਵਿਚ ਸਮਾਈਆ । ਤੂੰ ਸਾਹਿਬ ਸੁਆਮੀ ਪਰਮੇਸ਼ਵਰ ਪਤਿ, ਪਾਰਬ੍ਰਹਮ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰਗਾਹ ਸਾਚੀ ਆਸ ਰਖਾਈਆ । ਪੰਜ ਤਤ ਕਹਿਣ ਪ੍ਰਭ ਤੂੰ ਕਰਨੀਆਂ ਆਪਣੀਆਂ ਮਿਹਰਾ, ਮਿਹਰ ਨਜ਼ਰ ਉਠਾਈਆ । ਸਾਡਾ ਮਿਟ ਜਾਏ ਕੂੜ ਅੰਧੇਰਾ, ਅੰਧ ਅਗਿਆਨ ਰਹਿਣ ਨਾ ਪਾਈਆ । ਇਕ ਵਖਾਉਣਾ ਸਾਨੂੰ ਸੰਝ ਸੁਵੇਰਾ, ਬਿਨ ਸ਼ਮਅ ਦੀਪ ਕਰ ਰੁਸ਼ਨਾਈਆ । ਤੇਰਾ ਵੇਖੀਏ ਧਰਮ ਦੁਆਰੇ ਡੇਰਾ, ਦਰਗਾਹ ਸਾਚੀ ਪੜਦਾ ਦੇਣਾ ਲਾਹੀਆ । ਜਿਥੇ ਇਕੋ ਰਾਗ ਤੂੰ ਮੇਰਾ ਮੈਂ ਤੇਰਾ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਨਿਰਗੁਣ ਜੋਤ ਤੇਰਾ ਨੂਰ ਨੁਰਾਨਾ ਕਦੇ ਨਾ ਹੋਏ ਅੰਧੇਰਾ, ਜੋਤੀ ਜਾਤਾ ਪੁਰਖ ਬਿਧਾਤਾ ਇਕੋ ਨਜ਼ਰੀ ਆਈਆ । ਤਤ ਕਹਿਣ ਤੂੰ ਸਤਿਗੁਰ ਸਾਹਿਬ ਅਸੀਂ ਬਿਨਾ ਸਰੀਰ ਤੋਂ ਤੇਰਾ ਚੇਰਾ, ਵਖ ਵਖ ਰੂਪ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਕੰਤ ਭਗਵੰਤ ਸਾਡਾ ਕਰਨਾ ਹਕ ਨਿਬੇੜਾ, ਅਦਲ ਇਨਸਾਫ਼ ਜਗਤ ਜਹਾਨ ਆਪ ਕਮਾਈਆ ।



✪ ੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਡਗਰੂ ਸੀਤਲ ਸਿੰਘ ਮੇਲਾ ਸਿੰਘ ਧੰਨਾ ਸਿੰਘ ਡਗਰੂ, ਹਰਬੰਸ ਸਿੰਘ
ਸੁਰਜੀਤ ਸਿੰਘ ਨਿਧਾਂ ਵਾਲਾ, ਗੁਰਬਚਨ ਸਿੰਘ ਗੁਰਦਿਆਲ ਸਿੰਘ ਸਦਾ ਸਿੰਘ ਵਾਲਾ,
ਨੰਦ ਸਿੰਘ ਥਮਣ ਵਾਲਾ ਗਹਿਣਾ ਸਿੰਘ ਕਲਾਸ਼ ✪

ਪੰਜ ਤਤ ਕਹਿਣ ਪ੍ਰਭ ਸਾਨੂੰ ਆਪਣੇ ਬਣਾ ਲੈ ਪੁਤਰ, ਪਿਤਾ ਪੂਤ ਗੋਦ ਉਠਾਈਆ । ਅਸੀਂ ਤੇਰਾ ਕਰੀਏ ਸ਼ੁਕਰ, ਸ਼ੁਕਰਾਨੇ ਵਿਚ ਸੀਸ

ਨਿਵਾਈਆ । ਨਿਰਗੁਣ ਧਾਰ ਨਿਰਾਕਾਰ ਨਿਰਵੈਰ ਹੋ ਕੇ ਉਤਰ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਮਾਨਵ ਜ਼ਾਤੀ ਤਕ ਲੈ ਤੜਫਦੀ ਬਿਨਾ ਟੁੱਕਰ, ਟੁਕੜੇ ਟੁਕੜੇ ਕਰ ਲੋਕਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਚੁਕ ਲੈ ਕੁੱਛੜ, ਫੜ ਬਾਹੋਂ ਗਲੇ ਲਗਾਈਆ । ਦੀਨ ਦਿਆਲੇ ਅਸੀਂ ਤੇਰੇ ਪਿਆਰ ਦੇ ਭੁਖੜ, ਪਰਮ ਪੁਰਖ ਦੇਣੀ ਮਾਣ ਵਡਿਆਈਆ । ਸਾਡਾ ਦੀਨ ਦੁਨੀ ਦਾ ਤਕ ਲੈ ਦੁਖੜ, ਦੁਖੀ ਹੋ ਕੇ ਰਹੇ ਸੁਣਾਈਆ । ਉਲਟਾ ਫੇਰ ਹੋਈਏ ਨਾ ਰੁੱਖੜ, ਮਾਤ ਗਰਭ ਨਾ ਅਗਨ ਤਪਾਈਆ । ਸਾਡਾ ਭੇਵ ਚੁਕਾ ਦੇ ਦੁੱਤਰ, ਦੁਤੀਆ ਭਾਉ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਪੰਜ ਤਤ ਕਹਿਣ ਸਾਨੂੰ ਬਖ਼ਸ਼ ਦੇ ਚਰਨ ਕਵਲ ਸਹਾਰਾ, ਸਹਾਇਕ ਨਾਇਕ ਤੇਰੀ ਓਟ ਤਕਾਈਆ । ਤੇਰੀ ਧੂੜੀ ਲਾਈਏ ਮਸਤਕ ਛਾਰਾ, ਸ਼ਰਅ ਦਾ ਲੇਖਾ ਦੇਣਾ ਮੁਕਾਈਆ । ਤੇਰਾ ਗਾਈਏ ਨਾਮ ਜੈਕਾਰਾ, ਜੈ ਜੈ ਤੇਰਾ ਨਾਮ ਸੁਣਾਈਆ । ਸਾਚੀ ਸ਼ਬਦ ਦੀ ਦੇ ਧੁਨਕਾਰਾ, ਅਨਹਦ ਨਾਦੀ ਨਾਦ ਦ੍ਰਿੜਾਈਆ । ਅੰਮ੍ਰਿਤ ਰਸ ਬਖ਼ਸ਼ ਦੇ ਠੰਡਾ ਠਾਰਾ, ਬੂੰਦ ਸਵਾਂਤੀ ਆਪ ਟਪਕਾਈਆ । ਜੋਤੀ ਜੋਤ ਕਰ ਉਜਿਆਰਾ, ਕਮਲਾਪਾਤੀ ਡਗਮਗਾਈਆ । ਸਾਡਾ ਤੇਰੇ ਚਰਨ ਕਵਲ ਇਕ ਇਸ਼ਾਰਾ, ਬਿਨ ਨੈਣਾ ਰਹੇ ਲਗਾਈਆ । ਤੂੰ ਸ਼ਾਹੋ ਭੂਪ ਸਿਕਦਾਰਾ, ਪਰਵਰਦਿਗਾਰ ਨੂਰ ਅਲਾਹੀਆ । ਸਾਨੂੰ ਬਖ਼ਸ਼ ਦੇ ਸਚਖੰਡ ਦੁਆਰਾ, ਦਰਗਾਹ ਸਾਚੀ ਦੇ ਵਡਿਆਈਆ । ਲੇਖਾ ਰਹੇ ਨਾ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਲਹਿਣਾ ਦੇਣਾ ਮੁਕਾਈਆ ।
੩੬ ਫੇਰ ਆਈਏ ਨਾ ਦੂਜੀ ਵਾਰਾ, ਜਨਮ ਜਨਮ ਨਾ ਕੋਇ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ੩੬
੨੪ ਵਰ, ਘਰ ਵਜਦੀ ਰਹੇ ਵਧਾਈਆ । ਪੰਜ ਤਤ ਕਹਿਣ ਪ੍ਰਭ ਤੇਰੇ ਚਰਨ ਕਵਲ ਹੋਵੇ ਇਕੋ ਤ੍ਰਿਸ਼ਨਾ, ਦੂਜੀ ਓਟ ਨਾ ਕੋਇ ਤਕਾਈਆ । ਜੋ ੨੪
ਇਸ਼ਾਰਾ ਦਿਤਾ ਬ੍ਰਹਮਾ ਸ਼ਿਵ ਵਿਸ਼ਨਾ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਜੋ ਆਸ਼ਾ ਰਖ ਕੇ ਗਿਆ ਰਾਮਾ ਕ੍ਰਿਸ਼ਨਾ, ਕਾਹਨ ਘਨਈਆ ਨੈਣ ਤਕਾਈਆ । ਜੋ ਨੂਰ ਜ਼ਹੂਰ ਤੇਰਾ ਪੈਗ਼ੰਬਰਾਂ ਦਿਸਣਾ, ਜ਼ਾਹਰ ਜ਼ਹੂਰ ਡਗਮਗਾਈਆ । ਜੋ ਨਾਨਕ ਗੋਬਿੰਦ ਧਾਰ ਲੇਖਾ ਲਿਖਣਾ, ਬਿਨ ਕ਼ਲਮ ਸ਼ਾਹੀ ਦੇਣਾ ਸਮਝਾਈਆ । ਅਸੀਂ ਚਾਹੁੰਦੇ ਪੰਜ ਤਤ ਤੇਰੇ ਸਚਖੰਡ ਦੁਆਰੇ ਲਿਟਣਾ, ਦੂਸਰ ਥਾਨ ਨਾ ਕੋਇ ਵਡਿਆਈਆ । ਦੀਨ ਦੁਨੀ ਵਿਚ ਸਾਡਾ ਕੂੜ ਨਿਸ਼ਾਨਾ ਮਿਟਣਾ, ਦਰਗਾਹ ਸਾਚੀ ਵਜਦੀ ਰਹੇ ਵਧਾਈਆ । ਫੇਰ ਸੰਗ ਰਹੇ ਨਾ ਪੱਥਰ ਇੱਟਨਾ, ਪਾਹਨਾ ਸੀਸ ਨਾ ਕੋਇ ਨਿਵਾਈਆ । ਤੇਰੀ ਧਾਰ ਵਿਚ ਨਿਰੰਕਾਰ ਤੇਰਾ ਰੂਪ ਹੋ ਕੇ ਟਿਕਣਾ, ਦੂਸਰ ਰੂਪ ਨਾ ਕੋਇ ਦਰਸਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡੇ ਲੇਖੇ ਅੰਤਮ ਆਪ ਨਜਿਠਣਾ, ਦਰ ਠਾਂਡੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਉਤੇ ਕਰਨੀ ਕਿਰਪਾ, ਕਿਰਪਾਲ ਦਇਆ ਕਮਾਈਆ । ਦੀਨ ਦੁਨੀ ਦੀ ਰਹੇ ਨਾ ਬਿਪਤਾ, ਵਿਪਰੀਤ ਦਏ ਗਵਾਹੀਆ । ਸਾਨੂੰ ਰੂਪ ਬਣਾਉਣਾ ਸਾਚੇ ਸਿਖ ਦਾ, ਸਤਿ ਸਤਿ ਨਾਲ ਸਮਝਾਈਆ । ਸਾਡਾ ਲੇਖ ਤੁਧ ਬਿਨ ਕੋਇ ਨਾ ਲਿਖਦਾ, ਗਣਤੀ ਗਣਤ ਨਾ ਕੋਇ ਗਿਣਾਈਆ । ਸਾਡਾ ਰੂਪ ਨਹੀਂ ਕਿਸੇ ਮੁਨ ਰਿਖ ਦਾ, ਜਗਤ ਹਿੱਸਾ ਨਾ ਕੋਇ ਰਖਾਈਆ । ਅਸੀਂ ਪਿਆਰ ਚਾਹੁੰਦੇ ਇਕੋ ਹਿਤ ਦਾ, ਹਿਤਕਾਰੀ ਦੇਣੀ ਮਾਣ ਵਡਿਆਈਆ । ਸਾਡਾ ਨਾਤਾ ਜੋੜਨਾ ਹਿਤ ਦਾ, ਹਿਤਕਾਰੀ ਹੋ ਕੇ ਵੇਖ ਵਖਾਈਆ ।

ਝਗੜਾ ਮੇਟਣਾ ਆਵਣ ਜਾਵਣ ਨਿਤ ਦਾ, ਨਵਿਤ ਤੇਰੇ ਵਿਚ ਸਮਾਈਆ । ਸਾਡਾ ਵਕਤ ਸੁਹੰਜਣਾ ਕਰ ਦੇ ਜਿਤ ਦਾ, ਹਾਰ ਦਾ ਲੇਖਾ ਰਹੇ ਨਾ ਰਾਈਆ । ਲਹਿਣਾ ਦੇਣਾ ਤਕ ਲੈ ਆਪਣੀ ਸਾਚੀ ਥਿਤ ਦਾ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਪੰਜ ਤਤ ਕਹਿਣ ਪ੍ਰਭ ਤੁਧ ਬਿਨ ਅਵਰ ਕੋਇ ਨਾ ਦਿਸਦਾ, ਨੇਤਰ ਅੱਖ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਦੁਆਰਾ ਸੁਹੰਜਣਾ ਦਿਸੇ ਇਕ ਦਾ, ਏਕੰਕਾਰ ਦੇਣੀ ਮਾਣ ਵਡਿਆਈਆ ।

✪ ੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਸ਼ਾਹ ਬੁਕਰ ਬਗੀਚਾ ਸਿੰਘ ਫ਼ਤਿਹ ਗੜ੍ਹ ਪੰਜ ਤੂਰ
ਇੰਦਰ ਸਿੰਘ ਕ਼ਾਦਰ ਵਾਲਾ ਸੋਹਣ ਸਿੰਘ ਚੰਦ ਸਿੰਘ ਸ਼ਾਹ ਬੁਕਰ ✪

ਪੰਜ ਤਤ ਕਹਿਣ ਪ੍ਰਭ ਸਾਡੇ ਜਨਮ ਮਰਨ ਮੇਟ ਦੇ ਦੁਖੜੇ, ਚੁਰਾਸੀ ਫਾਸੀ ਗਲ ਨਾ ਕੋਇ ਲਟਕਾਈਆ । ਉਲਟੇ ਮਾਤ ਗਰਭ ਨਾ ਹੋਈਏ ਰੁਖੜੇ, ਅਗਨੀ ਤਤ ਨਾ ਕੋਇ ਤਪਾਈਆ । ਸਾਡੇ ਉਜਲ ਕਰ ਦੇ ਮੁਖੜੇ, ਦੁਰਮਤ ਮੈਲ ਧੁਆਈਆ । ਅਸੀਂ ਤੇਰੇ ਦਰਸ ਦੇ ਭੁਖੜੇ, ਤ੍ਰਿਸ਼ਨਾ ਕੂੜ ਦੈਣੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ ।
੩੭ ਪੰਜ ਤਤ ਕਹਿਣ ਪ੍ਰਭ ਸਾਡਾ ਆਦਿ ਜੁਗਾਦਿ ਮੇਟ ਦੇ ਰੋਗ, ਚਿੰਤਾ ਗ਼ਮ ਰਹਿਣ ਨਾ ਪਾਈਆ । ਕੂੜੀ ਕਿਰਿਆ ਰਹੇ ਨਾ ਸੋਗ, ਸਗਲੇ ਸੰਗੀ ੩੭
੨੪ ਹੋਣਾ ਸਹਾਈਆ । ਨਿਰਗੁਣ ਦੇਣਾ ਦਰਸ ਅਮੋਘ, ਸਰਗੁਣ ਮੇਲਾ ਮੇਲਣਾ ਚਾਈਂ ਚਾਈਆ । ਤੇਰਾ ਚਰਨ ਪ੍ਰੀਤੀ ਹੋਵੇ ਜੋਗ, ਜੁਗਤੀ ਧਰਮ ੨੪
ਧਾਰ ਸਮਝਾਈਆ । ਆਤਮ ਰਸ ਬਖ਼ਸ਼ ਦੇ ਭੋਗ, ਭਸਮੜ ਆਪਣੀ ਦਇਆ ਕਮਾਈਆ । ਜਗਤ ਜਹਾਨ ਨਾ ਹੋਏ ਵਿਜੋਗ, ਵਿਛੋੜਾ ਅੰਤ ਰਹਿਣ ਨਾ ਪਾਈਆ । ਆਪਣੇ ਨਾਲ ਕਰਨਾ ਸੰਜੋਗ, ਧੁਰ ਮੇਲਾ ਲੈਣਾ ਮਿਲਾਈਆ । ਸਦਾ ਮੁਹੱਬਤ ਦੀ ਬਖ਼ਸ਼ਣੀ ਮੌਜ, ਮੇਲਾ ਮੇਲਣਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਖੋਲ੍ਹ ਦੇ ਅੰਤਰ ਪੜਦਾ, ਪਰਦਾਨਸ਼ੀਂ ਦਇਆ ਕਮਾਈਆ । ਇਹ ਖੇਲ ਤੇਰਾ ਅਗੰਮੇ ਘਰ ਦਾ, ਗ੍ਰਿਹਿ ਮੰਦਰ ਦੇਣੀ ਵਡਿਆਈਆ । ਤੂੰ ਰੂਪ ਨਰਾਇਣ ਨਰ ਦਾ, ਨਰ ਹਰਿ ਇਕ ਅਖਵਾਈਆ । ਜੁਗ ਜੁਗ ਭਗਤਾਂ ਕਿਰਪਾ ਕਰਦਾ, ਕਿਰਪਨ ਆਪਣੇ ਗਲੇ ਲਗਾਈਆ । ਧਾਮ ਵਖਾ ਦੇ ਧੁਰ ਦੇ ਸਰ ਦਾ, ਸਰੋਵਰ ਇਕੋ ਇਕ ਜਣਾਈਆ । ਜਿਸ ਵਿਚ ਭਗਤ ਸੁਹੇਲਾ ਤਰਦਾ, ਦੁਰਮਤ ਮੈਲ ਮੈਲ ਧੁਆਈਆ । ਪੁਰਖ ਅਕਾਲੇ ਦੀਨ ਦਿਆਲੇ ਜੋ ਆਤਮ ਧਾਰ ਭਗਤਾਂ ਵਰਦਾ, ਤਤ ਵਜੂਦ ਆਪਣੇ ਰੰਗ ਰੰਗਾਈਆ । ਸਾਡਾ ਖੇਲ ਨਹੀਂ ਕੋਈ ਹੰਕਾਰੀ ਗੜ੍ਹ ਦਾ, ਹਉਮੇ ਹੰਗਤਾ ਨਾ ਕੋਇ ਰਖਾਈਆ । ਤੂੰ ਮਾਲਕ ਚੇਤਨ ਚੋਟੀ ਜੜ੍ਹ ਦਾ, ਲੇਖਾ ਵੇਖਣਾ ਥਾਉਂ ਥਾਈਂਆ । ਤਤ ਕਹਿਣ ਬਿਨਾ ਸਾਥੋਂ ਤੇਰਾ ਨਾਮ ਕੋਇ ਨਾ ਪੜ੍ਹਦਾ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਕਿਉਂ ਨਹੀਂ ਸਾਡੇ ਉਤੇ ਕਿਰਪਾ ਕਰਦਾ, ਦਰੋਹੀ ਤੇਰਾ ਨਾਮ ਦੁਹਾਈਆ । ਪੰਜ ਤਤ ਕਹਿਣ ਜੁਗ ਜੁਗ ਤੇਰਾ ਭਗਤ ਸਰੀਰ ਰਿਹਾ ਛਡਦਾ, ਮੜ੍ਹੀ ਗੋਰਾਂ ਸੰਗ ਬਣਾਈਆ । ਆਤਮਾ ਤੇਰੇ ਸਚਖੰਡ ਦੁਆਰੇ ਰਿਹਾ ਵੜਦਾ, ਜੋਤ ਜੋਤ ਵਿਚ

ਸਮਾਈਆ । ਹੁਣ ਲਹਿਣਾ ਦੇਣਾ ਦੇ ਦੇ ਸਾਡੇ ਦਰ ਦਾ, ਦਰ ਠਾਂਡੇ ਮੰਗ ਮੰਗਾਈਆ । ਸਾਡਾ ਤਤ ਵਣਜਾਰਾ ਹੋਵੇ ਤੇਰੇ ਘਰ ਦਾ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਤੇਰੇ ਵਿਚ ਸਮਾਈਆ । ਤੁਧ ਬਿਨ ਘਾੜਨ ਕੋਇ ਨਾ ਘੜਦਾ, ਘੜਨ ਭੰਨਣਹਾਰ ਨਾ ਕੋਇ ਅਖਵਾਈਆ । ਵਿਛੋੜਾ ਹੋਵੇ ਅਗੇ ਨਾ ਘੜੀ ਪਲ ਦਾ, ਪਲਕਾਂ ਦੇ ਪਿਛੇ ਬਹਿਣ ਵਾਲਿਆ ਦੇਣੀ ਮਾਣ ਵਡਿਆਈਆ । ਸਾਡਾ ਲੇਖਾ ਰਹੇ ਨਾ ਕਲਜੁਗ ਕਲ ਦਾ, ਕਲਕਾਤੀ ਦੇਣਾ ਪੰਧ ਮੁਕਾਈਆ । ਤੂੰ ਸਵਾਮੀ ਜਲ ਥਲ ਦਾ, ਮਹੀਅਲ ਤੇਰੀ ਓਟ ਤਕਾਈਆ । ਸਾਨੂੰ ਵਿਛੋੜਾ ਹੋਏ ਨਾ ਘੜੀ ਪਲ ਦਾ, ਪਾਰਬ੍ਰਹਮ ਬ੍ਰਹਮ ਮੇਲਾ ਮੇਲਣਾ ਚਾਈਂ ਚਾਈਂਆ । ਹੁਣ ਵਿਛੋੜਾ ਦੇਣਾ ਨਹੀਂ ਕਲਜੁਗ ਕਲ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਪੰਜ ਤਤ ਕਹਿਣ ਪ੍ਰਭ ਸਾਡੀ ਮੇਟ ਦੇ ਹਰਸ, ਹਵਸ ਰਹਿਣ ਕੋਇ ਨਾ ਪਾਈਆ । ਸਾਨੂੰ ਚੁਕ ਲੈ ਉਤੋਂ ਫ਼ਰਸ਼, ਜ਼ਿਮੀ ਮਿੱਟੀ ਖ਼ਾਕ ਨਾ ਕੋਇ ਰੁਲਾਈਆ । ਸਾਡੀ ਮੰਜ਼ਲ ਬਣਾ ਦੇ ਉਤੇ ਅਰਸ਼, ਅਰਸ਼ੀ ਪ੍ਰੀਤਮ ਹੋਣਾ ਆਪ ਸਹਾਈਆ । ਨਿਰਗੁਣ ਦਾਤੇ ਪੁਰਖ ਬਿਧਾਤੇ ਤੇਰਾ ਜੋਤੀ ਧਾਰ ਕਰੀਏ ਦਰਸ, ਦੂਸਰ ਨਜ਼ਰ ਕਿਛ ਨਾ ਆਈਆ । ਮਿਹਰਵਾਨਾ ਸ੍ਰੀ ਭਗਵਾਨਾ ਸਾਡੇ ਉਤੇ ਕਰਨਾ ਤਰਸ, ਰਹਿਮਤ ਰਹੀਮ ਦੇਣੀ ਕਮਾਈਆ । ਅੰਮ੍ਰਿਤ ਮੇਘ ਅਗੰਮਾ ਦੇਣਾ ਬਰਸ, ਬੂੰਦਾ ਬਾਂਦੀ ਜਗਤ ਨਜ਼ਰ ਕੋਇ ਨਾ ਆਈਆ । ਸਾਡਾ ਵਾਅਦਾ ਪੂਰਾ ਕਰ ਦੇ ਗੁਰ ਅਵਤਾਰਾਂ ਪੈਗ਼ੰਬਰਾਂ ਵਾਲੀ ਸ਼ਰਤ, ਸ਼ਰਅ ਦੇ ਮਾਲਕ ਦੇਣੀ ਮਾਣ ਵਡਿਆਈਆ । ਤੂੰ ਨਿਰਗੁਣ ਧਾਰ ਨਿਰਵੈਰ ਹੋ ਕੇ ਆਇਉਂ ਪਰਤ, ਪਤਪਰਮੇਸ਼ਵਰ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਆਦਿ ਜੁਗਾਦਿ ਜੁਗ ਚੌਕੜੀ ਖੇਲ ਸਦਾ ਅਸਚਰਜ, ਅਚਰਜ ਲੀਲਾ ਦੇਣੀ ਵਖਾਈਆ ।

੩੮
੨੪

✪ ੨੮ ਭਾਦਰੋਂ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਆਰ ਜੇਠੂਵਾਲ ਦਰਬਾਰ ਨਿਵਾਸੀ ਸੰਗਤ ਨਵਿਤ ✪

ਪੰਜ ਤਤ ਕਹਿਣ ਪ੍ਰਭ ਸਾਡੀ ਪੂਰੀ ਕਰਦੇ ਮਨਸਾ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਬਾਹਰ ਕਢਾਈਆ । ਸਾਡਾ ਰੂਪ ਸਤਿ ਸਰੂਪ ਬਣਾ ਲੈ ਹੰਸਾ, ਪਤਿਪਰਮੇਸ਼ਵਰ ਸ੍ਰੀ ਭਗਵਾਨ ਤੇਰੀ ਓਟ ਤਕਾਈਆ । ਅਸੀਂ ਤਨ ਵਜੂਦ ਮਾਟੀ ਖ਼ਾਕ ਤੇਰਾ ਹੋਈਏ ਬੰਸਾ, ਬੰਸਰੀ ਵਾਲੇ ਕਾਹਨ ਬਿਨ ਨੈਣਾ ਵੇਖਣਾ ਚਾਈਂ ਚਾਈਂਆ । ਤੇਰੇ ਹੁਕਮ ਵਿਚ ਕੋਟਨ ਕੋਟ ਜੁਗ ਬੀਤੇ ਸਹੰਸਾ, ਸਹੰਸਰ ਮੁਖ ਸ਼ੇਸ਼ ਨਾਗ ਦਏ ਗਵਾਹੀਆ । ਕੂੜੀ ਕਿਰਿਆ ਹਉਮੇ ਹੰਗਤਾ ਮਨ ਮਮਤਾ ਮਾਰ ਦੇ ਕੰਸਾ, ਕਾਹਨਾਂ ਦੇ ਕਾਹਨ ਤੇਰੀ ਇਕ ਸਰਨਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਆਦਿ ਜੁਗਾਦੀ ਬੇਅੰਤਾ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਨੂਰ ਅਲਾਹੀਆ । ਸਤਿ ਸਰੂਪ ਸ਼ਾਹੋ ਭੂਪ ਬਣਾ ਲੈ ਸੰਤਾ, ਸਾਜਣ ਮੀਤ ਪਤਤ ਪੁਨੀਤ ਆਪਣੀ ਦਇਆ ਕਮਾਈਆ । ਦੀਨ ਦੁਨੀ ਦੇ ਮਾਲਕ ਸਾਡੇ ਅੰਤਸ਼ਕਰਨ ਵਿਚੋਂ ਮੇਟ ਦੇ ਚਿੰਤਾ, ਗ਼ਮੀ ਗ਼ਮਖ਼੍ਵਾਰ ਦੇਣੀ ਗੁਵਾਈਆ । ਸਤਿ ਧਰਮ ਦੀ ਧਾਰ ਬਣਾ ਬਣਤਾ, ਘੜਨ ਭੰਨਣਹਾਰ ਆਪਣਾ ਰੰਗ ਰੰਗਾਈਆ । ਤੂੰ ਮਾਲਕ ਸੁਆਮੀ ਇਕੋ ਹੋਵੇਂ ਕੰਤਾ, ਕੰਤ ਕੰਤੂਹਲ ਤੇਰੀ ਓਟ ਤਕਾਈਆ । ਤਨ ਵਜੂਦਾਂ ਰੰਗ ਚਾੜ੍ਹ ਬਸੰਤਾ, ਏਥੇ ਉਥੇ ਦੋ ਜਹਾਨ ਉਤਰ ਕਦੇ ਨਾ ਜਾਈਆ । ਜਗਤ ਕੂੜਾ ਮੋਹ ਮੇਟ ਦੇ ਮਮਤਾ, ਮਾਇਆ ਮਨਸਾ ਨਾ

ਕੋਇ ਹਲਕਾਈਆ । ਮੈਂ ਤੇਰੇ ਦਰ ਦਾ ਮੰਗਤਾ, ਭਿਖਕ ਹੋ ਕੇ ਝੋਲੀ ਡਾਹੀਆ । ਮੇਰਾ ਲੇਖਾ ਰਹੇ ਨਾ ਜੀਅ ਜੰਤ ਦਾ, ਜਾਗਰਤ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਸ਼ਾਹੋ ਭੂਪ ਰਾਜਨਾ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਮਿਤਰ ਪਿਆਰੇ ਸਵਾਰਨਾ ਕਾਜਨਾ, ਕਰਤੇ ਪੁਰਖ ਤੇਰੇ ਹੱਥ ਵਡਿਆਈਆ । ਲਹਿਣਾ ਦੇਣਾ ਮੁਕਾਉਣਾ ਕੱਲ ਕਿ ਆਜਨਾ, ਅਗਲਾ ਪੰਧ ਦੇਣਾ ਚੁਕਾਈਆ । ਸ਼ਬਦੀ ਧਾਰ ਮਾਰ ਅਵਾਜ਼ਨਾ, ਸੋਈ ਸੁਰਤ ਸੁਰਤ ਉਠਾਈਆ । ਸਚ ਸਰਨਾਈ ਤੇਰੀ ਲਾਗਨਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਬਿਨ ਤੇਰੀ ਕਿਰਪਾ ਮੂਲ ਨਾ ਜਾਗਣਾ, ਬਿਨ ਨੇਤਰ ਲੋਚਣ ਨੈਣ ਅੱਖ ਦੇ ਖੁਲ੍ਹਾਈਆ । ਮੇਰੇ ਮੋਹਨ ਮਾਧਵ ਮਾਧਨਾ, ਮਧੁਰ ਧੁਨ ਦੇਣੀ ਸੁਣਾਈਆ । ਸਦ ਤੈਨੂੰ ਇਕ ਅਰਾਧਨਾ, ਦੂਜਾ ਇਸ਼ਟ ਨਾ ਕੋਇ ਰਖਾਈਆ । ਅੰਤ ਕੰਤ ਭਗਵੰਤ ਸਾਡਾ ਸਵਾਰ ਕਾਜਨਾ, ਕਰਤਾ ਪੁਰਖ ਹੋਣਾ ਸਹਾਈਆ । ਦੁਰਮਤ ਮੈਲ ਧੋਣਾ ਦਾਗ਼ਣਾ, ਪਤਤ ਪੁਨੀਤ ਆਪ ਕਰਾਈਆ । ਤੇਰਾ ਸੁਣੀਏ ਢੋਲਾ ਅਗੰਮ ਨਾਦਨਾ, ਨਾਦੀ ਧੁਨ ਕਰਨੀ ਸ਼ਨਵਾਈਆ । ਤ੍ਰੈਗੁਣ ਮਾਇਆ ਬੁਝਾਉਣੀ ਆਗਨਾ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਰਖਾਈਆ । ਲੱਖ ਚੁਰਾਸੀ ਵਿਚੋ ਕਾਢਣਾ, ਜਮ ਦੀ ਫਾਸੀ ਦੇਣੀ ਤੁੜਾਈਆ । ਲੇਖੇ ਲਾਉਣਾ ਹਡ ਮਾਸਨਾ, ਨਾੜੀ ਨਾੜੀ ਰਹੀ ਕੁਰਲਾਈਆ । ਤੇਰਾ ਸਚ ਦੁਆਰ ਏਕੰਕਾਰ ਹੋਵੇ ਵਾਸਨਾ, ਵਾਸਾ ਇਕੋ ਇਕ ਸਮਝਾਈਆ । ਤੇਰਾ ਜੋਤ ਨੂਰ ਹੋਵੇ ਪ੍ਰਕਾਸ਼ਨਾ, ਅੰਧ ਅੰਧੇਰ ਮਿਟਾਈਆ । ਤੂੰ ਸ਼ਾਹੋ ਭੂਪ ਸ਼ਾਬਾਸ਼ਨਾ, ਸ਼ਹਿਨਸ਼ਾਹ ਨੂਰ ਅਲਾਹੀਆ । ਪੁਰਖ ਅਕਾਲੇ ਦੀਨ ਦਿਆਲੇ ਅੰਤਮ ਸਾਡੀ ਪਤ ਰਾਖਣਾ, ਪਤਿਪਰਮੇਸ਼ਵਰ ਆਪਣੇ ਰੰਗ ਰੰਗਾਈਆ । ਤੂੰ ਨਿਰਗੁਣ ਧਾਰ ਸਚਾ ਸਾਕਣਾ, ਮਿਤਰ ਪਿਆਰਾ ਅਗੰਮ ਅਥਾਹੀਆ । ਅੰਤ ਜਨ ਭਗਤਾਂ ਪੜਦਾ ਕਾਜਣਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਤੇਰੀ ਡੰਡਾਵਤ ਕਰੀਏ ਬੰਦਨਾ, ਜਗਤ ਜਗਦੀਸ਼ ਸੀਸ ਨਿਵਾਈਆ । ਤੂੰ ਬਖ਼ਸ਼ਣਾ ਇਕ ਅਨੰਦਨਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਤੇਰਾ ਨੂਰ ਨੁਰਾਨਾ ਤਕੀਏ ਚੰਦਨਾ, ਜੋਤੀ ਜਾਤੇ ਵੇਖ ਵਖਾਈਆ । ਇਕੋ ਦਰ ਦੁਆਰ ਤੇਰਾ ਮੰਗਣਾ, ਦੂਸਰ ਅਗੇ ਨਾ ਝੋਲੀ ਵਿਛਾਈਆ । ਤੂੰ ਦੀਨਾ ਨਾਥ ਦਰਦ ਦੁਖ ਭੈ ਭੰਜਣਾ, ਭਵ ਸਾਗਰ ਪਾਰ ਦੇਣਾ ਕਰਾਈਆ । ਨੇਤਰ ਨਾਮ ਨਿਧਾਨ ਪਾਉਣਾ ਅੰਜਨਾ, ਲੋਚਨ ਨੈਣ ਰੁਸ਼ਨਾਈਆ । ਤੁਧ ਬਿਨ ਪੜਦਾ ਕਿਸੇ ਨਾ ਕਜਣਾ, ਸਿਰ ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਤੂੰ ਆਦਿ ਜੁਗਾਦੀ ਏਕਾ ਮਾਲਕ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ । ਦੀਨ ਦੁਨੀ ਦਾ ਸਚਾ ਖ਼ਾਲਕ, ਮਖ਼ਲੂਕ ਤੇਰੀ ਓਟ ਤਕਾਈਆ । ਮੈਂ ਨੰਨ੍ਹਾ ਬੱਚਾ ਤੇਰਾ ਬਾਲਕ, ਪੰਜ ਤਤ ਭਗਤ ਰੂਪ ਦਰਸਾਈਆ । ਤੂੰ ਲਹਿਣਾ ਦੇਣਾ ਪੂਰਾ ਕਰ ਸੰਚਾਲਕ, ਸੰਧਿਆ ਸਰਘੀ ਵੰਡ ਨਾ ਕੋਇ ਵੰਡਾਈਆ । ਤੂੰ ਏਥੇ ਓਥੇ ਦੋ ਜਹਾਨਾ ਪ੍ਰਿਤਪਾਲਕ, ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭ ਆਦਿ ਜੁਗਾਦੀ ਤੇਰੇ ਦਰ ਦੇ ਮੰਗਤੇ, ਮਾਂਗਤ ਹੋ ਕੇ ਝੋਲੀ ਡਾਹੀਆ । ਨਾਮ ਨਿਧਾਨੇ ਚੋਲੀ ਰੰਗ ਦੇ, ਰੰਗਤ ਇਕੋ ਇਕ

੩੯
੨੪

ਸਮਝਾਈਆ । ਅੰਗੀਕਾਰ ਹੋ ਕੇ ਆਪਣਾ ਅੰਗ ਦੇ, ਗ੍ਰਹਿ ਇਕੋ ਮਿਲੇ ਵਡਿਆਈਆ । ਦਰ ਸਵਾਲੀ ਹੋ ਕੇ ਮੰਗਦੇ, ਖ਼ਾਲੀ ਝੋਲੀ ਦੇਣੀ ਭਰਾਈਆ ।
ਅਸੀਂ ਵਣਜਾਰੇ ਰਹੀਏ ਨਾ ਕਾਇਆ ਕਾਚੀ ਵੰਗ ਦੇ, ਤਨ ਵਜੂਦ ਦਾ ਪੰਧ ਮੁਕਾਈਆ । ਵਿਛੋੜੇ ਹੋਣ ਨਾ ਤਤ ਪੰਜ ਦੇ, ਅਪ ਤੇਜ ਵਾਏ ਪ੍ਰਿਥਮੀ
ਆਕਾਸ਼ ਸੀਸ ਨਿਵਾਈਆ । ਕੀ ਤੇਰੇ ਲਹਿਣੇ ਦੇਣੇ ਮਨ ਕਲਪਣਾ ਜੰਗ ਦੇ, ਝਗੜੇ ਵੇਖਣੇ ਥਾਉਂ ਥਾਈਂਆ । ਪਿਛਲੇ ਤੇਰੇ ਜੁਗ ਵੇਖੇ ਲੰਘਦੇ,
ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜੇ ਵਾਹੋ ਦਾਹੀਆ । ਹੁਣ ਖੇਲ ਤਕ ਲੈ ਕਲਜੁਗ ਮਲੰਗ ਦੇ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਸੁਖਆਸਣ
ਮਾਣ ਰਹੇ ਨਾ ਕਿਸੇ ਪਲੰਘ ਦੇ, ਸੇਜ ਸੁਹੰਜਣੀ ਨਾ ਕੋਇ ਵਡਿਆਈਆ । ਭਰਮ ਭੁਲੇਖੇ ਕਢ ਦੇ ਦੁਵੈਤੀ ਕੰਧ ਦੇ, ਭਾਂਡਾ ਭਰਮ ਭਉ ਭੰਨਾਈਆ ।
ਸਾਡੇ ਲਹਿਣੇ ਦੇਣੇ ਪੂਰੇ ਕਰ ਦੇ ਤਤ ਪੰਜ ਦੇ, ਪੰਚਮ ਨਾਦ ਸ਼ਬਦ ਧੁਨ ਕਰ ਸ਼ਨਵਾਈਆ । ਵਿਛੋੜੇ ਰਹਿਣ ਨਾ ਨਾਰ ਦੁਹਾਗਣ ਰੰਡ ਦੇ, ਕੰਤ
ਸੁਹਾਗੀ ਦੇਣੀ ਮਾਣ ਵਡਿਆਈਆ । ਅਸੀਂ ਵਣਜਾਰੇ ਹੋਈਏ ਨਾ ਨਵਖੰਡ ਦੇ, ਸੱਤ ਦੀਪ ਨਾ ਭੱਜੀਏ ਵਾਹੋ ਦਾਹੀਆ । ਇਕੋ ਨਾਮ ਨਿਧਾਨਾ
ਸ੍ਰੀ ਭਗਵਾਨ ਆਪਣਾ ਵੰਡ ਦੇ, ਵਸਤ ਅਮੁਲੀ ਅਮੁਲ ਅਤੁਲ ਆਪ ਵਰਤਾਈਆ । ਜੁਗ ਜਨਮ ਦੀਨ ਦੁਨੀ ਆਪਣੇ ਨਾਲ ਗੰਢ ਦੇ, ਗੰਢਣਹਾਰ
ਗੁਪਾਲ ਸੁਆਮੀ ਆਪਣਾ ਰੰਗ ਚੜ੍ਹਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦੀ ਧਾਰ ਆਪਣੀ ਠੰਡ ਦੇ, ਅਗਨੀ ਤਤ ਨਾ ਕੋਇ ਤਪਾਈਆ ।
ਨਿਰਗੁਣ ਧਾਰ ਸਰਗੁਣ ਆਪਣਾ ਸਚ ਅਨੰਦ ਦੇ, ਅਨੰਦ ਅਨੰਦ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
੪੦ ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਧ ਮੁਕਾ ਦੇ ਮੁਹਾਣੇ ਵੰਝ ਦੇ, ਦੂਸਰ ਓਟ ਨਾ ੪੦
੨੪ ਕੋਇ ਤਕਾਈਆ । ੨੪

### ✪ ਪਹਿਲੀ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਅੱਸੂ ਕਹੇ ਮੈਂ ਜੁਗ ਜੁਗ ਆਸਾ ਰਖੀ, ਬਿਨ ਆਸ ਆਸ ਬਣਾਈਆ । ਜੋ ਸੰਦੇਸਾ ਦਿਤਾ ਕਾਹਨ ਨੇ ਸਖ਼ੀ, ਰਾਧਕਾ ਰਿਧ ਸਿਧ ਤੋਂ ਬਾਹਰ ਸਮਝਾਈਆ । ਕਲਜੁਗ ਖੇਲ ਵੇਖਣਾ ਬਿਨਾ ਨੇਤਰ ਲੋਚਨ ਅੱਖੀ, ਨੈਣ ਨੈਣ ਬਦਲਾਈਆ । ਧਰਮ ਦਾ ਹੋਣਾ ਨਹੀਂ ਕੋਈ ਪੱਖੀ, ਪਸ਼ੂ ਪੰਛੀ ਦੇਣ ਗਵਾਹੀਆ । ਮਿਲਣੇ ਸਾਕ ਕਰੋੜੀ ਲੱਖੀ, ਲਿਖਿਆ ਲੇਖ ਨਾ ਕੋਇ ਮਿਟਾਈਆ । ਕੂੜ ਕੁੜਿਆਰ ਹੋਣਾ ਬਹੁਭਖੀ, ਸਤਿ ਸਚ ਧਰਮ ਨੂੰ ਖਾਈਆ । ਮਨ ਕਲਪਣਾ ਫਿਰਨੀ ਨੱਸੀ, ਭੱਜਣੀ ਵਾਹੋ ਦਾਹੀਆ । ਲਾੜੀ ਮੌਤ ਖਿੜ ਖਿੜਾ ਕੇ ਹੱਸੀ, ਤਾਲੀ ਦੁਹਰੀ ਧਾਰ ਲਗਾਈਆ । ਮੈਨੂੰ ਸਚ ਖ਼ਬਰ ਅਗਲੀ ਦੱਸੀ, ਕਾਹਨਾਂ ਦੇ ਕਾਹਨ ਕੀ ਕਰਨੀ ਖੇਲ ਅਗੰਮ ਅਥਾਹੀਆ । ਕਿਸ ਬਿਧ ਮੇਰਾ ਲੇਖਾ ਹੋਣਾ ਲੱਖ ਚਾਰ ਨਾਲ ਅੱਸੀ, ਚੁਰਾਸੀ ਵੇਖ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਜਗਤ ਵਿਕਾਰ ਵਿਚ ਹੋਣੀ ਫਸੀ, ਫ਼ੈਸਲਾ ਸਕੇ ਨਾ ਕੋਇ ਕਰਾਈਆ । ਦੀਨ ਦੁਨੀਆ ਬੰਧਨ ਹੋਵੇ ਦੀਨ ਮਜ਼੍ਹਬ ਦੀ ਰੱਸੀ, ਰਸਤਾ ਹਕ ਨਾ ਕੋਇ ਜਣਾਈਆ । ਕੂੜ ਕੁੜਿਆਰ ਦੀ ਗੰਢ ਹੋਣੀ ਕਸੀ, ਕ਼ਸਮ ਨਾਲ ਸਕੇ ਨਾ ਕੋਇ ਖੁਲ੍ਹਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਹੁਕਮ ਆਪ ਦ੍ਰਿੜਾਈਆ । ਅੱਸੂ ਕਹੇ ਮੈਂ ਆਸਾਵੰਦ, ਬਿਨ ਜਗਤ ਦਲੀਲ ਬਣਾਈਆ । ਧੁਰ ਦੇ ਹੁਕਮ ਦਾ ਬਣ ਪਾਬੰਦ, ਦਰ ਠਾਂਡੇ ਸੀਸ ਨਿਵਾਈਆ । ਬੋਲ ਸਕਾਂ ਨਾ ਮੁਖ ਦੰਦ, ਰਸਨਾ ਜਿਹਵਾ ਨਾ ਕੋਇ ਚਤੁਰਾਈਆ । ਮੈਂ ਸੰਦੇਸ਼ਾ ਦੇਵਾਂ ਜੋ ਦਿਤਾ ਗੋਬਿੰਦ ਪੁਰੀ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਕਲਜੁਗ ਕੂੜ ਧਾਰ ਦਾ ਹੋਣਾ ਬੰਦ, ਬੰਧਨ ਦੀਨ ਦੁਨੀ ਸਮਝਾਈਆ । ਨੂਰੀ ਦਿਸੇ ਕੋਈ ਨਾ ਚੰਦ, ਚਾਂਦਨੀ ਜਗਤ ਨਾ ਕੋਇ ਰੁਸ਼ਨਾਈਆ । ਭਰਮਾਂ ਢਾਹੇ ਕੋਇ ਨਾ ਕੰਧ, ਭਾਂਡਾ ਭਰਮ ਨਾ ਕੋਇ ਭੰਨਾਈਆ । ਤੂੰ ਮੇਰਾ ਮੈਂ ਤੇਰਾ ਗਾਏ ਕੋਈ ਨਾ ਛੰਦ, ਆਤਮ ਪਰਮਾਤਮ ਵਜੇ ਨਾ ਕੋਇ ਵਧਾਈਆ । ਫਿਰਨੀ ਦਰੋਹੀ ਜੇਰਜ ਅੰਡ, ਉਤਭੁਜ ਸੇਤਜ ਰਹੀ ਕੁਰਲਾਈਆ । ਖੇਲ ਖਿਲਾਉਣਾ ਨਵਖੰਡ, ਬ੍ਰਹਿਮੰਡ ਨਾਲ ਵਡਿਆਈਆ । ਸ਼ਬਦੀ ਧਾਰ ਚੰਡ ਪਰਚੰਡ, ਦੀਨ ਦੁਨੀ ਵੇਖ ਵਖਾਈਆ । ਕਿਸੇ ਅੰਤਰ ਪਏ ਮੂਲ ਨਾ ਠੰਢ, ਸਾਂਤਕ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਅੱਸੂ ਕਹੇ ਮੈਂ ਆਸ਼ਾ ਰਖੀ ਤਮਾਮ, ਬਿਨ ਖ਼ਾਹਿਸ਼ ਖ਼ਾਹਿਸ਼ ਜਣਾਈਆ । ਜੋ ਸੰਦੇਸ਼ਾ ਦਿਤਾ ਸੀਆ ਨੇ ਰਾਮ, ਰਾਮ ਸੀਆ ਗਿਆ ਸਮਝਾਈਆ । ਕਲਜੁਗ ਤਕ ਲੈ ਧੁਰ ਦਾ ਲਏ ਕੋਇ ਨਾ ਨਾਮ, ਨਿਰੰਕਾਰ ਨਰ ਨਾ ਕੋਇ ਦ੍ਰਿੜਾਈਆ । ਸ਼ਰਅ ਦੀ ਸ਼ਰਅ ਹੋਈ ਗ਼ੁਲਾਮ, ਬੰਧਨ ਸਕੇ ਨਾ ਕੋਇ ਤੁੜਾਈਆ । ਅੰਤਰ ਦਿਸੇ ਨਾ ਕੋਇ ਗਿਆਨ, ਅੰਧ ਅੰਧੇਰਾ ਛਾਈਆ । ਧਰਮ ਦਾ ਧਰਮ ਨਾ ਰਹੇ ਨਿਸ਼ਾਨ, ਕਲਜੁਗ ਡੰਕਾ ਕੂੜ ਵਜਾਈਆ । ਰਾਮ ਰਾਮ ਰਸਨਾ ਸਾਰੇ ਗਾਣ, ਹਿਰਦੇ ਰਾਮ ਨਾ ਕੋਇ ਵਸਾਈਆ । ਉਹ ਲੇਖਾ ਤਕ ਲੈ ਸ੍ਰੀ ਭਗਵਾਨ, ਕੀ ਭਗਵਨ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਅੱਸੂ ਕਹੇ ਮੈਂ ਆਸ ਅਗੰਮੀ ਤਕੀ, ਤਕਵਾ ਇਕ ਰਖਾਈਆ । ਮੇਰਾ ਮਾਲਕ ਹਕ਼ੀਕ਼ੀ ਹਕੀ, ਨੂਰ ਨੁਰਾਨਾ ਨੂਰ ਅਲਾਹੀਆ । ਜੋ ਆਦਿ ਜੁਗਾਦਿ ਕਦੇ ਨਾ ਹੋਵੇ ਸ਼ੱਕੀ, ਸ਼ਿਕਵੇ ਸਾਰੇ ਦਏ ਮਿਟਾਈਆ । ਜਿਸ ਅਵਤਾਰ ਪੈਗ਼ੰਬਰ ਗੁਰੂਆਂ ਨਾਲ ਕੀਤੀ ਪੱਕੀ, ਮਸ਼ਵਰਾ, ਸ਼ਬਦ ਗੁਰੂ ਬਣਾਈਆ । ਉਸਦਾ ਖੇਲ ਵੇਖਣਾ ਹੱਥੋ ਹੱਥੀ, ਜਗਤ ਜੁਗਤ ਧਿਆਨ ਰਖਾਈਆ । ਜੋ ਪੁਰਖ ਅਕਾਲਾ ਦੀਨ ਦਿਆਲਾ ਪੁਰਖ ਵਡ ਸਮਰਥੀ, ਗਹਿਰ ਗੰਭੀਰ ਬੇਨਜ਼ੀਰ ਇਕ ਅਖਵਾਈਆ । ਜਿਸ ਦੇ ਸੱਥਰ ਆਦਿ ਜੁਗਾਦਿ ਦੀਨ ਦੁਨੀ ਦੀ ਭਗਤੀ ਲੱਭੀ, ਭਗਵਨ ਦੇਵਣਹਾਰ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਚੁਕਾਈਆ । ਅੱਸੂ ਕਹੇ ਮੇਰੀ ਆਸ ਅਗੰਮੀ, ਅਗੰਮੇ ਦਿਤੀ ਵਡਿਆਈਆ । ਜਗਤ ਧਾਰ ਕਦੇ ਨਾ ਜੰਮੀ, ਜੁਗ ਚੌਕੜੀ ਰੂਪ ਨਾ ਕੋਇ ਵਖਾਈਆ । ਜਿਸ ਦੀ ਹੱਦ ਨਹੀਂ ਕੋਈ ਬੰਨੀ, ਹਦੂਦਾਂ ਵੰਡ ਨਾ ਕੋਇ ਵੰਡਾਈਆ । ਸਰਵਣ ਸੁਣੇ ਕੁਛ ਨਾ ਕੰਨੀ, ਕਾਇਨਾਤ ਦੀ ਕਥਨੀ ਨਾ ਕੋਇ ਚਤੁਰਾਈਆ । ਜਗਤ ਧਨਾਢ ਕੋਇ ਨਾ ਧਨੀ, ਮਮਤਾ ਮੋਹ ਨਾ ਕੋਇ ਹਲਕਾਈਆ । ਵਸੇਰਾ ਕਰੇ ਨਾ ਛੱਪਰ ਛੰਨੀ, ਮਹਲ ਅਟਲ ਨਾ ਕੋਇ ਰਖਾਈਆ । ਜਨਣੀ ਕੁੱਖੋਂ ਕਿਸੇ ਨਾ ਜਣੀ, ਜਣੇਂਦੀ ਬਣੇ ਕੋਇ ਨਾ ਮਾਈਆ । ਕਿਸੇ ਦੀ ਦੁਖ਼ਤਰ ਬਣੀ ਨਾ ਚੰਨੀ, ਨੂਰ ਨੂਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਅੱਸੂ

ਕਹੇ ਮੇਰੀ ਆਸਾ ਆਦਿ ਆਦਿ ਪੁਰਾਣੀ, ਪੁਨਹ ਪੁਨਹ ਸੀਸ ਨਿਵਾਈਆ। ਜਿਸ ਦਾ ਭੇਵ ਖੋਲ੍ਹੇ ਕੋਇ ਨਾ ਬਾਣੀ, ਪਰਦਾ ਅੱਖਰ ਅੱਖਰ ਨਾ ਕੋਇ ਚੁਕਾਈਆ। ਚਾਰ ਜੁਗ ਦੀ ਨਹੀਂ ਕਹਾਣੀ, ਸ਼ਰਅ ਦੀ ਵੰਡ ਨਾ ਕੋਇ ਵੰਡਾਈਆ। ਲੇਖਾ ਨਹੀਂ ਨਾਲ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਸੰਗ ਨਾ ਕੋਇ ਨਿਭਾਈਆ। ਜਿਸ ਦਾ ਆਦਿ ਜੁਗਾਦਿ ਮਿਲਿਆ ਕੋਇ ਨਾ ਹਾਣੀ, ਆਸੂ ਪੂਰ ਨਾ ਕੋਇ ਕਰਾਈਆ। ਮੇਰੀ ਆਸ਼ਾ ਦੀ ਤਰਲ ਜਵਾਨੀ, ਜੋਬਨਵੰਤੀ ਆਪਣਾ ਰੂਪ ਪਰਗਟਾਈਆ। ਬੋਲੇ ਬੋਲ ਬਿਨਾ ਜ਼ਬਾਨੀ, ਰਸਨਾ ਰਸ ਨਾ ਕੋਇ ਚਤੁਰਾਈਆ। ਜਿਸ ਦੀ ਕਥਾ ਅਕਥ ਕਹਾਣੀ, ਕਥਨੀ ਕਥ ਸਕੇ ਨਾ ਰਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ। ਅੱਸੂ ਕਹੇ ਮੇਰੀ ਆਸ਼ਾ ਵਿਚ ਯਾਰ ਮਿਤਰ ਨਾਰਦ ਮੁਨ, ਮੁਨੀਸ਼ਰਾਂ ਬਾਹਰ ਜਣਾਈਆ। ਮੇਰੀ ਆਵਾਜ਼ ਲਏ ਸੁਣ, ਬਿਨ ਰਸਨਾ ਜਿਹਵਾ ਦ੍ਰਿੜਾਈਆ। ਆ ਕੇ ਦੱਸੇ ਆਪਣਾ ਗੁਣ, ਭੇਵ ਅਭੇਦ ਖੁਲ੍ਹਾਈਆ। ਜਗਤ ਮਾਰਗ ਲਵੇ ਚੁਣ, ਰਸਤਾ ਇਕ ਸਮਝਾਈਆ। ਝਟ ਨਾਰਦ ਕਹੇ ਮੈਂ ਪਹੁੰਚ ਗਿਆ ਹੁਣ, ਆਪਣਾ ਪੰਧ ਮੁਕਾਈਆ। ਮੇਰਾ ਮਾਲਕ ਇਕ ਕੁਨ, ਗਹਿਰ ਗੰਭੀਰ ਅਖਵਾਈਆ। ਜਿਸ ਦੀ ਸ਼ਬਦ ਅਗੰਮੀ ਧੁਨ, ਧੁਨ ਆਤਮ ਰਾਗ ਦ੍ਰਿੜਾਈਆ। ਲੱਖ ਚੁਰਾਸੀ ਕਰੇ ਛਾਣ ਪੁਣ, ਮਾਨਸ ਮਾਨਵ ਮਾਨੁਖ ਖੋਜ ਖੁਜਾਈਆ। ਉਸ ਦਾ ਭੇਵ ਜਾਣੇ ਕੌਣ, ਗਤ ਕਹਿਣ ਕਿਛ ਨਾ ਪਾਈਆ। ਜਿਸ ਦੇ ਵਿਛੋੜੇ ਵਿਚ ਸਾਰੇ ਰੋਣ, ਨੇਤਰ ਨੈਣਾਂ ਨੀਰ ਵਹਾਈਆ। ਆਪਣੀ ਪਤ

੪੨ ਆਪੇ ਖੋਹਣ, ਜਗਤ ਮਿਲੇ ਨਾ ਕੋਇ ਵਡਿਆਈਆ। ਜਿਸ ਦਾ ਰਾਹ ਤਕੇ ਪਾਣੀ ਪੌਣ, ਪਵਣ ਪਵਣਾਂ ਰਿਹਾ ਤਕਾਈਆ। ਉਹ ਜੁਗ ਜੁਗ ੪੨

੨੪ ਉਜੜੇ ਆਏ ਵਸਾਉਣ, ਵਸਦਿਆਂ ਲੇਖਾ ਦਏ ਮੁਕਾਈਆ। ਗੜ ਹੰਕਾਰੀ ਆਏ ਢਾਹੁਣ, ਜਗਤ ਜਹਾਨ ਰਹਿਣ ਨਾ ਪਾਈਆ। ਧੁਰ ਦਾ ਨਾਮ ੨੪

ਆਏ ਵਰਤਾਉਣ, ਨਾਮ ਨਿਧਾਨ ਇਕ ਵਰਤਾਈਆ। ਜਨ ਭਗਤ ਸੁਹੇਲੇ ਆਪ ਆਏ ਪਰਚਾਉਣ, ਪਰਮ ਪੁਰਖ ਆਪਣੀ ਦਇਆ ਕਮਾਈਆ। ਜੁਗ ਜਨਮ ਦੇ ਵਿਛੜੇ ਆਏ ਮਿਲਾਉਣ, ਆਤਮ ਪਰਮਾਤਮ ਜੋੜ ਜੁੜਾਈਆ। ਘਰ ਮੰਦਰ ਦੀਪ ਆਏ ਜਗਾਉਣ, ਜੋਤੀ ਜਾਤਾ ਕਰ ਰੁਸ਼ਨਾਈਆ। ਸਚ ਸੰਦੇਸ਼ਾ ਆਏ ਸੁਣਾਉਣ, ਨਾਦ ਅਨਾਦੀ ਧੁਨ ਉਪਜਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ। ਨਾਰਦ ਕਹੇ ਅੱਸੂ ਜੀ ਮੈਂ ਪੁੱਜਾ, ਪੂਜਣ ਯੋਗ ਕਿਸ ਨੂੰ ਸੀਸ ਨਿਵਾਈਆ। ਮੈਂ ਤੇਰਾ ਇਸ਼ਾਰਾ ਬਿਨਾ ਰਮਜ਼ ਤੋਂ ਬੁੱਝਾ, ਸੈਨਤ ਦੀ ਲੋੜ ਰਹੇ ਨਾ ਰਾਈਆ। ਕੁਛ ਭੇਵ ਦੱਸ ਦੇ ਗੁੱਝਾ, ਪਰਦਾ ਪਰਦਿਆਂ ਵਿਚੋਂ ਉਠਾਈਆ। ਦੁਤੀਆ ਭਾਉ ਰਹੇ ਨਾ ਦੂਜਾ, ਦੋਏ ਜੋੜ ਸੀਸ ਨਿਵਾਈਆ। ਕਿਸ ਬਿਧ ਧੁਰ ਦਾ ਹੁਕਮ ਹੋਣਾ ਉਘਾ, ਉਘਣ ਆਥਣ ਮਿਲੇ ਵਡਿਆਈਆ। ਜਿਸ ਦਾ ਲਏ ਕੋਇ ਨਾ ਭੁੱਗਾ, ਹਿੱਸਾ ਵੰਡ ਨਾ ਕੋਇ ਵੰਡਾਈਆ। ਜੋ ਸ਼ਰਅ ਮੇਟੇ ਕਲਜੁਗਾ, ਸਤਿਜੁਗ ਆਪਣਾ ਰੰਗ ਰੰਗਾਈਆ। ਉਹ ਲੇਖਾ ਤਕ ਲੈ ਜੋ ਇਸ਼ਾਰਾ ਦੇ ਕੇ ਬੁੱਧਾ, ਬੁੱਧੀ ਤੋਂ ਪਰੇ ਦ੍ਰਿੜਾਈਆ। ਮਾਲਕ ਖ਼ਾਲਕ ਨਿਰਗੁਣ ਧਾਰ ਨਿਰੰਕਾਰ ਆਉਣਾ ਉਤੇ ਬਸੁਧਾ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ। ਜਿਸ ਦਾ ਸ਼ਬਦੀ ਧਾਰ ਅਗੰਮੀ ਯੁੱਧਾ, ਯੁਧਿਸ਼ਟਰ ਦਾ ਲਹਿਣਾ ਝੋਲੀ ਪਾਈਆ। ਜੋ ਹਨਵੰਤ ਨੂੰ ਰਾਮ ਨੇ ਦਸਿਆ ਮੁੱਦਾ, ਮੁਦਤਾਂ ਦਾ ਭੇਵ ਖੁਲ੍ਹਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ। ਨਾਰਦ ਕਹੇ ਅੱਸੂ ਜੀ

ਮੈਂ ਆ ਗਿਆ ਤੇਰੇ ਕੋਲ, ਕੌਲ ਇਕਰਾਰ ਵੇਖ ਵਖਾਈਆ । ਕੁਛ ਸ਼ਬਦ ਅਗੰਮਾ ਬੋਲ, ਕੀ ਅਨਬੋਲਤ ਰਿਹਾ ਦ੍ਰਿੜਾਈਆ । ਕੀ ਖੇਲ ਹੋਣਾ
ਉਪਰ ਧੌਲ, ਧਰਮ ਨਾਲ ਸਮਝਾਈਆ । ਮੈਂ ਬੈਠਾ ਮਸਤ ਹੋ ਅਡੋਲ, ਡੁਲ ਕਦੇ ਨਾ ਜਾਈਆ । ਮੈਨੂੰ ਸਚ ਦੱਸ ਦੇ ਕਿਸ ਕਿਸ ਦਾ ਹੋਣਾ ਘੋਲ,
ਕਵਣ ਕੂਟੇ ਧਿਆਨ ਲਗਾਈਆ । ਕਵਣ ਮਾਰੇ ਪਹਿਲੋਂ ਢੋਲ, ਕੀ ਮੂਸਾ ਆਪਣੇ ਹੱਥ ਉਠਾਈਆ । ਕਿ ਈਸਾ ਪੜਦਾ ਦੇਵੇ ਖੋਲ੍ਹ, ਖ਼ਾਲਕ
ਖ਼ਲਕ ਜਣਾਈਆ । ਕਿ ਮੁਹੰਮਦ ਆਪਣਾ ਪੂਰਾ ਕਰੇ ਰੋਲ, ਨੰਬਰ ਸਭ ਦਾ ਦਏ ਸਮਝਾਈਆ । ਕਿਉਂ ਨਿਆਜ਼ ਵੰਡੀ ਹਜ਼ਰਤ ਨੇ ਸਵਾ ਪਾ
ਚੌਲ, ਚੁਲੀ ਚੁਲੀ ਪਾਣੀ ਹੱਥ ਕਿਸੇ ਨਾ ਆਈਆ । ਕਿਉ ਗੋਬਿੰਦ ਨੇ ਹੱਥਾਂ ਨਾਲ ਛਕਾਈ ਪਾਹੁਲ, ਪੰਜ ਪੰਜ ਤੁਪਕੇ ਦਿਤੇ ਟਪਕਾਈਆ । ਇਹ
ਵਕ਼ਤ ਹੁਣ ਪੁਜਣਾ ਜਿਸ ਦਾ ਭੇਵ ਖੁਲ੍ਹਾਇਆ ਕ੍ਰਿਸ਼ਨ ਕਲਾ ਸੌਲ, ਬਿਨ ਅੱਖਰਾਂ ਅੱਖਰ ਦ੍ਰਿੜਾਈਆ । ਦੁਨੀਆਦਾਰ ਨੂੰ ਦੁਨੀਆ ਕਰੇ ਮਖ਼ੌਲ, ਮਸਖਰੀ
ਜਗਤ ਉਡਾਈਆ । ਨਾਰਦ ਕਹੇ ਮੈਂ ਸੱਜਣਾ ਸਭ ਦਾ ਕਢਣਾ ਪੋਲ, ਭੁਲੇਖਾ ਭਰਾਂਤ ਰਹੇ ਨਾ ਰਾਈਆ । ਤੈਨੂੰ ਮਿਤਰਾ ਪੂਰਾ ਤੋਲਣਾ ਪੈਣਾ ਤੋਲ,
ਅੱਸੂ ਤੇਰੀ ਆਸ ਨਾਲ ਮਿਲਾਈਆ । ਬਚਨ ਦੱਸ ਇਕ ਨਿਰੋਲ, ਕੀ ਨਿਰਭੈ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਅੱਸੂ ਕਹੇ ਨਾਰਦਾ ਮੈਨੂੰ ਚੜ੍ਹਿਆ ਚਾਉ ਘਨੇਰਾ, ਕੀ ਘਨਈਆ ਗਿਆ
ਸੁਣਾਈਆ । ਕੀ ਬਾਵਨ ਕੀਤੀਆਂ ਮਿਹਰਾਂ, ਬਲ ਦੁਆਰ ਦਏ ਵਡਿਆਈਆ । ਕੀ ਕਾਹਨ ਨੇ ਕਾਹਨ ਦਾ ਵਕ਼ਤ ਦੱਸਿਆ ਨੇਰਾ, ਨੇਰਨ ਨੇਰ
੪੩ ਨੇਰ ਦਰਸਾਈਆ । ਕੀ ਪੈਗ਼ੰਬਰਾਂ ਭੇਵ ਖੁਲ੍ਹਾਇਆ ਸੰਝ ਸਵੇਰਾ, ਸ਼ਬੇ ਰੋਜ਼ ਕੀ ਚਤੁਰਾਈਆ । ਕੀ ਨਾਨਕ ਗੋਬਿੰਦ ਨਾਮ ਦ੍ਰਿੜਾਇਆ ਤੇਰਾ ਮੇਰਾ, ੪੩
੨੪ ਮੇਰਾ ਤੇਰਾ ਖੇਲ ਕੀ ਵਖਾਈਆ । ਕੁਛ ਲਹਿਣਾ ਦੇਣਾ ਦੱਸ ਦੇ ਬਣ ਦਲੇਰਾ, ਹੌਸਲਾ ਹਿੰਮਤ ਆਪਣੀ ਨਾਲ ਰਖਾਈਆ । ਕਿਸ ਬਿਧ ਨੌ ਖੰਡ ੨੪
ਪ੍ਰਿਥਮੀ ਪੈਣਾ ਘੇਰਾ, ਘੁੰਮਣ ਘੇਰੀ ਵਿਚ ਲੋਕਾਈਆ । ਕੌਣ ਚਲਾਏ ਚੁਰਾਸੀ ਵਾਲਾ ਬੇੜਾ, ਕਵਣ ਕੰਧ ਉਠਾਈਆ । ਦੱਸ ਦੇ ਪਹਿਲੋਂ ਕਿਹੜਾ
ਉਜੜਨਾ ਖੇੜਾ, ਸੱਤਾਂ ਦੀਪਾਂ ਦੇਣਾ ਜਣਾਈਆ । ਮੈਂ ਚਾਹੁੰਦਾ ਇਕ ਦੋ ਚਾਰ ਚਾਰ ਦੋ ਤਿੰਨ ਇਕ ਤਿੰਨ ਤੇ ਇਕ ਦੇ ਵਿਚ ਇਕ ਦਾ ਹੋ ਜਾਏ
ਝੇੜਾ, ਝਗੜਾ ਸਕੇ ਨਾ ਕੋਇ ਮਿਟਾਈਆ । ਨਾਰਦ ਕਹੇ ਅੱਸੂ ਜੀ ਮੈਂ ਵੀ ਓਥੇ ਜਾ ਕੇ ਲਾਵਾਂ ਡੇਰਾ, ਵੇਖਾਂ ਨੈਣ ਉਠਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਕਰਤਾ ਬੇਪਰਵਾਹੀਆ । ਅੱਸੂ ਕਹੇ ਨਾਰਦਾ ਤੂੰ ਬਹੁਤ ਪੁਰਾਣਾ
ਮੀਤ, ਮਿਤਰਾ ਦੇ ਜਣਾਈਆ । ਤੂੰ ਜੁਗ ਜੁਗ ਵੇਖੀ ਰੀਤ, ਸਤਿਜੁਗ ਤਰੇਤਾ ਦੁਆਪਰ ਕਲਜੁਗ ਭੱਜਿਆ ਵਾਹੋ ਦਾਹੀਆ । ਕੀ ਲੇਖਾ ਮੰਦਰ ਮਸੀਤ,
ਕਾਅਬੇ ਕੀ ਰਹੇ ਸੁਣਾਈਆ । ਕੀ ਲਹਿਣਾ ਦੇਣਾ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਕੀ ਦ੍ਰਿੜਾਈਆ । ਕਿਸ ਬਿਧ ਲੱਖ ਚੁਰਾਸੀ ਪਰਖੀ ਨੀਤ,
ਘਰ ਘਰ ਅੰਦਰ ਵੇਖ ਵਖਾਈਆ । ਉਹ ਵੇਖ ਲੈ ਸਦੀ ਚੌਧਵੀਂ ਰਹੀ ਬੀਤ, ਆਪ ਆਪਣਾ ਪੰਧ ਮੁਕਾਈਆ । ਕਲਜੁਗ ਸਭ ਨੂੰ ਰਿਹਾ ਜੀਤ,
ਬਲਧਾਰੀ ਆਪਣਾ ਬਲ ਪਰਗਟਾਈਆ । ਸਭ ਦੀ ਨੰਗੀ ਹੋਈ ਪੀਠ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਕਲਜੁਗ ਜੀਵ ਕੌੜਾ ਹੋਇਆ
ਰੀਠ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਕੀ ਸਾਹਿਬ ਦਾ ਖੇਲ ਹੋਣਾ ਅਨਡੀਠ, ਜਗ ਨੇਤਰ ਲੋਚਨ ਨੈਣ ਵੇਖਣ ਕੋਇ ਨਾ ਪਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਅੱਸੂ ਜੀ ਮੈਂ ਪ੍ਰਭ

ਦੀ ਸੁਣਾਵਾਂ ਡੁਗ ਡੁਗੀ, ਬਿਨ ਤਾਲ ਤਾਲ ਬਣਾਈਆ । ਕਲਜੁਗ ਦੀ ਔਧ ਦਿਸਦੀ ਪੁਗੀ, ਵੇਖਾਂ ਨੈਣ ਉਠਾਈਆ । ਮੇਰਾ ਲਹਿਣਾ ਜੁਗ ਜੁਗੀ, ਸਤਿਜੁਗ ਤਰੇਤਾ ਦੁਆਪਰ ਨਾਲ ਮਿਲਾਈਆ । ਜਗਤ ਜਹਾਨ ਦੀ ਪਵਿਤ੍ਰ ਰਹੀ ਨਾ ਬੁੱਧੀ, ਮਤਹੀਣ ਹੋਈ ਲੋਕਾਈਆ । ਲੇਖਾ ਸਮਝ ਨਾ ਆਏ ਵਦੀ ਸੁਦੀ, ਅੰਧ ਅੰਧੇਰ ਨਾ ਕੋਇ ਮਿਟਾਈਆ । ਉਹ ਵੇਖ ਲੈ ਧਰਤੀ ਰੋਂਦੀ ਭੁੱਬੀ ਭੁੱਬੀ, ਬਿਨ ਨੈਣਾਂ ਨੀਰ ਵਹਾਈਆ । ਮੈਂ ਜਗਤ ਵਿਚਾਰ ਦੇ ਕੀਚੜ ਖੁੱਭੀ, ਬਾਹਰ ਨਾ ਸਕੇ ਕੋਇ ਕਢਾਈਆ । ਮੇਰੀ ਧਾਰ ਰਹੀ ਨਾ ਦੁੱਧੀ, ਰਸ ਨਜ਼ਰ ਕੋਇ ਨਾ ਆਈਆ । ਮੇਰੀ ਸੁਰਤੀ ਹੋਈ ਬੇਸੁਧੀ, ਮਤਹੀਣ ਜਗਤ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਦੇਣਾ ਸਾਚਾ ਵਰ, ਸਚ ਆਸਾ ਪੂਰ ਕਰਾਈਆ । ਨਾਰਦ ਕਹੇ ਅੱਸੂ ਮੈਂ ਵਜਾਵਾਂ ਢੋਲ ਢਮੱਕਾ, ਬਿਨ ਜਗਤ ਤਾਲ ਸੁਣਾਈਆ । ਕਿਸੇ ਦਾ ਕੋਈ ਰਹੇ ਨਾ ਸਕਾ, ਸੱਜਣ ਮੀਤ ਨਜ਼ਰ ਕੋਇ ਨਾ ਆਈਆ । ਮੇਰਾ ਪ੍ਰਭ ਨਾਲ ਵਾਅਦਾ ਕੌਲ ਇਕਰਾਰ ਪੱਕਾ, ਪੱਕੀ ਤਰਹ ਸੁਣਾਈਆ । ਦੁਨੀਆਦਾਰੋ ਤੁਹਾਡੇ ਨਾਲ ਪ੍ਰਭ ਨੇ ਕਰਨਾ ਨਹੀਂ ਕੋਈ ਧੱਕਾ, ਜ਼ਬਰਦਸਤੀ ਨਾ ਕੋਇ ਵਖਾਈਆ । ਤੁਹਾਡਾ ਲਾਲਚ ਤਕਣਾ ਪੈਸਾ ਟਕਾ, ਮਾਇਆ ਮਮਤਾ ਮੋਹ ਵੇਖ ਵਖਾਈਆ । ਮੈਨੂੰ ਐਉਂ ਜਾਪਦਾ ਸ੍ਰਿਸ਼ਟੀ ਲੰਘਾਉਣੀ ਵਿਚੋਂ ਸੂਈ ਦੇ ਨੱਕਾ, ਨਾਕਾ ਬੰਦੀ ਕਰੇ ਖ਼ਲਕ ਖ਼ੁਦਾਈਆ । ਨਾਰਦ ਕਹੇ ਜੇ ਮੈਂ ਸਚ ਦੱਸਾਂ ਤੇ ਦੱਸਾਂ ਹਕੀਕਤ ਹਕਾ, ਹਕ ਹਕ ਨਾਲ ਜਣਾਈਆ । ਜ਼ਰੂਰ ਤੀਜੇ ਸਾਲ ਨੂੰ ਖੇਲ ਹੋਣਾ ਮਦੀਨਾ ਮੱਕਾ, ਕਾਅਬਿਆਂ ਪਏ ਦੁਹਾਈਆ । ਨੇਤਰ ਰੋਵੇ ਬੂਰਾ ਕੱਕਾ, ਕ਼ਲਮਾ ਨਜ਼ਰ ਕੋਇ ਨਾ ਆਈਆ । ਇਹ ਇਕੋ ਹੁਕਮ ਯਕਾ, ਵਾਹਿਦ ਅੱਲਾ ਰਿਹਾ ਦ੍ਰਿੜਾਈਆ । ਆਪਣਾ ਆਪਣਾ ਸਭ ਨੇ ਵੇਖਣਾ ਪਟਾ, ਸਦੀ ਸਦੀਵੀਂ ਖੋਜ ਖੁਜਾਈਆ । ਮੈਂ ਚਾਰੋਂ ਕੁੰਟ ਫਿਰਦਾ ਨਠਾ, ਨਾਰਦ ਕਹੇ ਭੱਜਾ ਵਾਹੋ ਦਾਹੀਆ । ਮੇਰੀ ਬੋਦੀ ਨੂੰ ਸਾਰੇ ਕਰਦੇ ਠੱਠਾ, ਮਖ਼ੌਲ ਰਹੇ ਉਡਾਈਆ । ਮੈਂ ਵੀ ਤਾਲੀ ਮਾਰ ਕੇ ਆਖਿਆ ਦੁਨੀਆਦਾਰੋ ਮੈਂ ਵੀਂ ਸਤਿਗੁਰੂ ਸ਼ਬਦ ਦਾ ਪੱਠਾ, ਦੂਜਾ ਮੁਰਸ਼ਦ ਨਾ ਕੋਇ ਮਨਾਈਆ । ਵੇਖਿਓ ਘਰ ਘਰ ਪੁਆਵਾਂਗਾ ਰੱਟਾ, ਰਿਟਨ ਦਾ ਲੇਖਾ ਸਮਝੇ ਕੋਇ ਨਾ ਰਾਈਆ । ਜਿਨ੍ਹਾਂ ਨੇ ਖਾਧਾ ਵੱਛਾ ਕੱਟਾ, ਕਟਾਕਸ਼ ਨਾਮ ਵਾਲਾ ਲਗਾਈਆ । ਮਜ਼੍ਹਬਾਂ ਵਾਲਿਓ ਮਜ਼੍ਹਬਾਂ ਨਾਲ ਹੋਣਾ ਦੀਨ ਦੁਨੀ ਦਾ ਬਟਾ, ਜ਼ੀਰੋ ਜ਼ੀਰੋ ਦਿਸੇ ਖ਼ਲਕ ਖ਼ੁਦਾਈਆ । ਕਿਸੇ ਨੂੰ ਘਰ ਨਹੀਂ ਲੱਭਣਾ ਛਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਅੱਸੂ ਜੀ ਮੈਂ ਵਜਾਵਣ ਆਇਆ ਤਾਲੀਆਂ, ਤਲਬਾਂ ਵਾਲਿਆਂ ਦਿਆਂ ਜਣਾਈਆ । ਮੈਂ ਗੱਲਾਂ ਨਹੀਂ ਕਰਨੀਆਂ ਬਾਹਲੀਆਂ, ਬਹੁਤੀ ਨਾ ਕੋਇ ਚਤੁਰਾਈਆ । ਮੈਂ ਸੰਦੇਸ਼ਾ ਦੇਵਾਂ ਦੀਨ ਮਜ਼੍ਹਬਾਂ ਦੇ ਮਾਲੀਆਂ, ਅਵਤਾਰ ਪੈਗ਼ੰਬਰਾਂ ਗੁਰੂਆਂ ਜਣਾਈਆ । ਆਪਣੀਆਂ ਆਪਣੀਆਂ ਝੋਲੀਆਂ ਵੇਖੋ ਖ਼ਾਲੀਆਂ, ਖ਼ਾਲਕ ਖ਼ਲਕ ਕੀ ਦ੍ਰਿੜਾਈਆ । ਫਲ ਰਿਹਾ ਕਿਸੇ ਨਾ ਡਾਲੀਆਂ, ਪੱਤ ਟਹਿਣੀ ਗਈ ਕੁਮਲਾਈਆ । ਤੁਸਾਂ ਰਸਮਾਂ ਦੱਸੀਆਂ ਸੁਖਾਲੀਆਂ, ਗ੍ਰੰਥ ਸ਼ਾਸਤਰਾਂ ਨਾਲ ਪੜ੍ਹਾਈਆ । ਅੰਦਰੋਂ ਮਿਟੀਆਂ ਨਾ ਸ਼ਾਹੀਆਂ ਕਾਲੀਆਂ, ਕਾਲਖ ਟਿੱਕਾ ਨਾ ਕੋਇ ਗਵਾਈਆ । ਕਲਜੁਗ ਅੰਤਮ ਕਰੇ ਨਾ ਕੋਇ ਦਲਾਲੀਆਂ, ਵਿਚੋਲਾ ਨਜ਼ਰ ਕੋਇ ਨਾ ਆਈਆ । ਆਪਣੀਆਂ ਵੇਖੋ ਹਕ ਹਲਾਲੀਆਂ, ਹਕੀਕਤ ਖੋਜ ਖੁਜਾਈਆ । ਕਿਸੇ ਦੇ ਮਸਤਕ ਚੜ੍ਹੀਆਂ ਦਿਸਣ ਨਾ ਲਾਲੀਆਂ, ਲਾਲ ਗੁਲਾਲਾ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ

ਇਕ ਗੁਸਾਂਈਆ । ਨਾਰਦ ਕਹੇ ਅੱਸੂ ਮੈਂ ਦੱਸਾਂ ਖ਼ਬਰ ਅਣਹੋਣੀ, ਦੋ ਜਹਾਨ ਜਣਾਈਆ । ਪ੍ਰਭ ਦਾ ਰੂਪ ਕੋਈ ਜਗਤ ਦਿਸੇ ਨਾ ਮੋਹਣੀ, ਤਨ ਵਜੂਦ ਨਾ ਕੋਇ ਚਤੁਰਾਈਆ । ਜਿਸ ਦੇ ਹੁਕਮ ਨੇ ਸ੍ਰਿਸ਼ਟੀ ਸਾਰੀ ਕੋਹਣੀ, ਕੋਹ ਕ਼ਾਫ਼ਾਂ ਪਏ ਦੁਹਾਈਆ । ਖੇਲ ਨਜ਼ਰ ਨਾ ਆਏ ਲੋਇਣੀ, ਨੇਤਰ ਅੱਖ ਨਾ ਕੋਇ ਵਡਿਆਈਆ । ਸ੍ਰਿਸ਼ਟੀ ਕਲਜੁਗ ਧਾਰ ਨਾਲ ਪਰੋਣੀ, ਦਿਵਸ ਆਪਣੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਅੱਸੂ ਜੀ ਮੈਂ ਅਵਤਾਰ ਪੈਗ਼ੰਬਰਾਂ ਗੁਰੂਆਂ ਦੇਵਾ ਸੱਦਾ, ਹੱਥ ਪੁੱਠੇ ਸਿੱਧੇ ਕਰਾਈਆ । ਮੈਂ ਧੁਰ ਦੇ ਹੁਕਮ ਦਾ ਬੱਧਾ, ਬੰਦਗੀ ਵਿਚ ਪ੍ਰਭ ਨੂੰ ਸੀਸ ਝੁਕਾਈਆ । ਧੁਰ ਦੇ ਹੁਕਮ ਸੁਣਾ ਕੇ ਨਦਾ, ਅਨਾਦੀ ਨਾਦ ਦ੍ਰਿੜਾਈਆ । ਆਪਣਾ ਲੇਖਾ ਵੇਖੋ ਜੋ ਜਗਤ ਧਾਰ ਦੀ ਅੱਧਾ, ਹਿੱਸਾ ਜਗਤ ਜੁਗ ਵੰਡਾਈਆ । ਨਾਮ ਖ਼ੁਮਾਰੀ ਤਕੋ ਮਧਾ, ਮਧੁਰ ਧੁਨ ਨਾਲ ਮਿਲਾਈਆ । ਮੰਜ਼ਲ ਹਕ ਦਾ ਸਮਝੋ ਪਦਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰੂ ਆਦਿ ਜੁਗਾਦੀ ਮੇਰੇ ਮਿਤਰੋ, ਸੱਜਣੋ ਮੇਰੀ ਦੁਹਾਈਆ । ਨਿਰਗੁਣ ਧਾਰ ਵਿਚੋਂ ਨਿਤਰੋ, ਨਿਰਵੈਰ ਆਪਣਾ ਰੂਪ ਬਦਲਾਈਆ । ਅਗਲਾ ਕਰੋ ਫ਼ਿਕਰੋ, ਪਿਛਲਾ ਲੇਖਾ ਰਹਿਣ ਨਾ ਪਾਈਆ । ਚੋਟੀ ਚੜ੍ਹ ਕੇ ਵੇਖੋ ਸਿਖ਼ਰੋ, ਮੰਜ਼ਲ ਮਜ਼ਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਗੁਰ ਅਵਤਾਰ ਪੈਗ਼ੰਬਰ ਆ ਗਏ ਧਰਮ ਦੁਆਰ, ਸੋਹਣਾ ਪੰਧ ਮੁਕਾਈਆ । ਜੋਤੀ ਦਾ ਚਮਤਕਾਰ, ਨੂਰ ਨੁਰਾਨਾ ਨੂਰ ਅਲਾਹੀਆ । ਬਿਨ ਰਸਨ ਕਰਨ ਗੁਫ਼ਤਾਰ, ਗੁਫ਼ਤ ਸ਼ਨੀਦ ਸ਼ਨਵਾਈਆ । ਚਾਰੋਂ ਕੁੰਟ ਵੇਖਣ ਨੈਣ ਉਘਾੜ, ਬਿਨ ਨੈਣਾਂ ਨੈਣ ਤਕਾਈਆ । ਕੀ ਖੇਲ ਕਰੇ ਕਰਤਾਰ, ਹਰਿ ਕਰਤਾ ਧੁਰਦਰਗਾਹੀਆ । ਜਿਸ ਨੂੰ ਕਿਹਾ ਕਲਕੀ ਅਵਤਾਰ, ਨਿਹਕਲੰਕਾ ਨਾਉਂ ਸਮਝਾਈਆ । ਬ੍ਰਾਹਮਣ ਗੌੜਾ ਹੋ ਤਿਆਰ, ਪੂਤ ਸਪੂਤਾ ਵੇਸ ਵਟਾਈਆ । ਅਮਾਮ ਅਮਾਮਾ ਨੂਰ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਜਿਸ ਦੇ ਚੌਦਾਂ ਲੋਕ ਹੱਟ ਬਾਜ਼ਾਰ, ਚੌਦਾਂ ਤਬਕਾਂ ਵੇਖੇ ਚਾਈਂ ਚਾਈਂਆ । ਜਿਸ ਦੇ ਕਲਮੇ ਨਾਮ ਆਏ ਉਚਾਰ, ਰਸਨਾ ਜਿਹਵਾ ਢੋਲੇ ਬੱਤੀ ਦੰਦ ਗਾਈਆ । ਜਿਸ ਦੇ ਚਰਨ ਕਵਲ ਸਯਦਿਆਂ ਵਿਚ ਕੀਤੀ ਨਿਮਸਕਾਰ, ਨਿਵ ਨਿਵ ਲਾਗੇ ਪਾਈਆ । ਜਿਸ ਦੀ ਮੰਜ਼ਲ ਸਭ ਨੇ ਦੱਸੀ ਦੁਸ਼ਵਾਰ, ਪੌੜੀ ਡੰਡਾ ਚੜ੍ਹਨ ਕੋਇ ਨਾ ਪਾਈਆ । ਸੋ ਜੋਤੀ ਜਾਤਾ ਪੁਰਖ ਬਿਧਾਤਾ ਖੇਲ ਕਰੇ ਅਗੰਮ ਅਪਾਰ, ਅਲਖ ਅਗੋਚਰ ਆਪਣਾ ਖੇਲ ਵਖਾਈਆ । ਉਸ ਦੇ ਨਾਲ ਕਾਹਦਾ ਤਕਰਾਰ, ਨਿਵ ਨਿਵ ਸੀਸ ਜਗਦੀਸ਼ ਝੁਕਾਈਆ । ਜੋ ਬੀਸ ਬੀਸਾ ਹਰਿ ਜਗਦੀਸਾ ਹੋ ਕੇ ਆਇਆ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲਹਿਣਾ ਪੂਰ ਕਰਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰੂ ਵੇਖੋ ਸਤਿਗੁਰ ਆਪਣਾ ਮੀਤ, ਸ਼ਬਦ ਇਕੋ ਨਜ਼ਰੀ ਆਈਆ । ਜਿਸ ਨੇ ਜੁਗ ਜੁਗ ਚਲਾਈ ਰੀਤ, ਰੀਤੀਵਾਨ ਅਗੰਮ ਅਥਾਹੀਆ । ਹੁਣ ਤੁਹਾਡੀ ਬਣਾਵਣ ਆਇਆ ਪ੍ਰੀਤ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਤੁਸੀਂ ਇਕੋ ਕ਼ਲਮਾ ਰਖਣਾ ਚੀਤ, ਚਿਤ ਵਿਤ ਠਗੌਰੀ ਰਹੇ ਕੋਇ ਨਾ ਰਾਈਆ । ਤੁਹਾਡਾ ਲਹਿਣਾ ਦੇਣਾ ਨਾਲ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਮੇਲਾ ਮੇਲੇ ਸਹਿਜ ਸੁਭਾਈਆ । ਝਗੜਾ ਛਡਣਾ

ਮੰਦਰ ਮਸੀਤ, ਕਾਇਆ ਕਾਅਬਾ ਇਕ ਸਮਝਾਈਆ । ਉਹ ਵੇਖ ਲਓ ਸਭ ਦਾ ਵਕ਼ਤ ਸੁਹੰਜਣਾ ਰਿਹਾ ਬੀਤ, ਸਦੀ ਸਦੀਵੀ ਦੇਵੇ ਨਾਲ ਗਵਾਹੀਆ । ਤੁਹਾਡੇ ਧਰਮ ਦੀ ਦੁਖ ਵਿਚ ਨਿਕਲੇ ਚੀਕ, ਚੀਕ ਚਿਹਾੜਾ ਰਿਹਾ ਪਾਈਆ । ਕੀ ਤੁਹਾਡੇ ਵਿਚ ਤੌਫ਼ੀਕ, ਪੁਰਖ ਅਕਾਲ ਕਹੇ ਮੈਨੂੰ ਦਿਉ ਸਮਝਾਈਆ । ਕੀ ਮਾਰਗ ਜਗਤ ਬਾਰੀਕ, ਨੇਤਰ ਨੈਣਾਂ ਵੇਖਣ ਕੋਇ ਨਾ ਪਾਈਆ । ਸਚ ਦੱਸੋ ਕਿਸ ਬਿਧ ਕਰਦੇ ਰਹੇ ਉਡੀਕ, ਬਿਨ ਨੈਣਾਂ ਨੈਣ ਉਠਾਈਆ । ਆਪਣੇ ਭਵਿਖਤ ਦਾ ਵਕ਼ਤ ਤਕੋ ਤਾਰੀਖ, ਤਵਾਰੀਖ ਬਿਨ ਅੱਖਰਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪਣੇ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਤਿਗੁਰ ਸ਼ਬਦ ਤੇਰੇ ਬਰਦੇ, ਬੰਧਨ ਜਗਤ ਜੁਗਤ ਦੀਨ ਦੁਨੀ ਵਡਿਆਈਆ । ਅਸੀਂ ਪ੍ਰੇਮੀ ਤੇਰੇ ਘਰ ਦੇ, ਗ੍ਰਹਿ ਮੰਦਰ ਡੇਰਾ ਲਾਈਆ । ਤੇਰਾ ਨਾਮ ਕ਼ਲਮਾ ਰਹੇ ਪੜ੍ਹਦੇ, ਤੇਰੀ ਸਿਫ਼ਤ ਸਾਲਾਹੀਆ । ਜੁਗ ਜੁਗ ਰਹੇ ਡਰਦੇ, ਆਪ ਆਪਣਾ ਬਲ ਨਾ ਕੋਇ ਪਰਗਟਾਈਆ । ਤਨ ਵਜੂਦ ਸਾਡੇ ਜੰਮ ਕੇ ਰਹੇ ਮਰਦੇ, ਤਤਾਂ ਚਲੀ ਨਾ ਕੋਇ ਚਤੁਰਾਈਆ । ਹੱਥੀਂ ਤੀਰ ਕਮਾਨਾ ਰਹੇ ਫੜਦੇ, ਸ਼ਸਤਰਾਂ ਖੰਡਿਆਂ ਨਾਲ ਲੜਾਈਆ । ਵੰਡਾਂ ਵੰਡਦੇ ਰਹੇ ਸੀਸ ਧੜ ਦੇ, ਹਿੱਸੇ ਦੀਨ ਦੁਨੀ ਸਮਝਾਈਆ । ਭੇਵ ਖੁਲ੍ਹਾਉਂਦੇ ਰਹੇ ਚੋਟੀ ਜੜ੍ਹ ਦੇ, ਜੜ੍ਹ ਚੇਤਨ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੁਆਮੀ ਦਇਆ ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਵਕ਼ਤ ਸੁਹੰਜਣਾ ਹੋਇਆ ਪਹਿਲੀ ਅੱਸੂ, ਆਸਾ ਇਕ ਜਣਾਈਆ । ਸਯਦੇ ਵਿਚ ਕਹੇ ਯਸੂਹ, ਮਸੀਹ ਮਸਲਿਆਂ ਬਾਹਰ ਦ੍ਰਿੜਾਈਆ । ਨਾਰਦ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਹਸੂੰ, ਹਸਤੀ ਤਕਾਂ ਅਗੰਮ ਖ਼ੁਦਾਈਆ । ਨੌ ਖੰਡ ਪ੍ਰਿਥਮੀ ਨਸੂੰ, ਭੱਜਾਂ ਵਾਹੋ ਦਾਹੀਆ । ਕਿਸੇ ਦੇ ਮਜ਼੍ਹਬ ਵਿਚ ਨਾ ਫਸੂੰ, ਸ਼ਰਅ ਰੰਗ ਨਾ ਕੋਇ ਰੰਗਾਈਆ । ਆਪਣਾ ਕਮਰਕਸਾ ਆਪੇ ਕਸੂੰ, ਕ਼ਸਮ ਨਾਲ ਆਪਣਾ ਬਲ ਪਰਗਟਾਈਆ । ਪ੍ਰਭ ਨੂੰ ਕਹਿਣਾ ਜਿਨ੍ਹਾਂ ਨੇ ਖਾਧੇ ਢੋਰ ਪਸ਼ੂ, ਪੰਛੀਆਂ ਖੱਲ ਲੁਹਾਈਆ । ਉਹਨਾਂ ਦਾ ਦੁਆਰਾ ਰਾਏ ਧਰਮ ਦੁਆਰੇ ਵਸੂ, ਦੂਸਰ ਧਾਮ ਨਜ਼ਰ ਕੋਇ ਨਾ ਆਈਆ । ਇਹ ਇਸ਼ਾਰਾ ਦਿਤਾ ਸਮੁੰਦ ਸਾਗਰਾਂ ਵਿਚ ਕਛੂ, ਕਛਪ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਆਮੀ ਵੇਖ ਵਖਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਤੇਰਾ ਖੇਲ ਆਦਿ ਜੁਗਾਦੀ, ਜੁਗ ਜੁਗ ਤੇਰੀ ਸੇਵ ਕਮਾਈਆ । ਤੂੰ ਪਾਰਬ੍ਰਹਮ ਬ੍ਰਹਿਮਾਦੀ, ਬ੍ਰਹਿਮੰਡ ਤੇਰੀ ਵਡਿਆਈਆ । ਤੇਰੀ ਵਸਤ ਅਗੰਮੀ ਤੇਰੇ ਕੋਲੋਂ ਲਾਧੀ, ਅੰਤ ਤੇਰੇ ਵਿਚ ਟਿਕਾਈਆ । ਬਿਸਮਿਲ ਬਿਸਮਿਲ ਹੋਏ ਵਿਸਮਾਦੀ, ਵਿਸ਼ਵ ਦੇ ਮਾਲਕ ਤੇਰੀ ਓਟ ਰਖਾਈਆ । ਤੂੰ ਮਾਲਕ ਖ਼ਾਲਕ ਬੋਧ ਅਗਾਧੀ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਕਰੇਂ ਪੜ੍ਹਾਈਆ । ਤੇਰੀ ਦੀਨ ਦੁਨੀਆ ਜੁਗ ਜੁਗ ਤੇਰੇ ਹੁਕਮ ਨਾਲ ਸਾਧੀ, ਸਦਕੇ ਵਾਰੀ ਘੋਲ ਘੁਮਾਈਆ । ਤੇਰੀ ਸ਼ਰਅ ਨਾਲ ਬਾਂਧੀ, ਬੰਦਨਾ ਸਮਝਾਉਣ ਵਾਲਿਆ ਬੰਦਗੀ ਵਿਚ ਤੈਨੂੰ ਸੀਸ ਨਿਵਾਈਆ । ਏਸ ਵਿਚ ਸਾਡੀ ਵਡਿਆਈ ਕਾਹਦੀ, ਕਲਮੇ ਪੜ੍ਹਾਉਣ ਵਾਲਿਆ ਕਲਮਾ ਤੇਰਾ ਨਾਮ ਜਣਾਈਆ । ਤੈਨੂੰ ਜੁਗ ਬਦਲਣਾ ਆਦਿ ਜੁਗਾਦਿ ਦੀ ਵਾਦੀ, ਵਾਅਦੇ ਸਭ ਦੇ ਵੇਖ ਵਖਾਈਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਬਹੁੜੀ ਤੇਰੇ ਸਤਿਗੁਰ ਸ਼ਬਦ ਨੇ ਧੁਰ ਹੁਕਮ ਨਾਲ ਕਰ ਦੇਣੀ ਬਰਬਾਦੀ, ਆਬਾਦੀ ਰਹਿਣ ਕੋਇ ਨਾ ਪਾਈਆ । ਤੇਰੇ ਅਗੇ ਹੋ ਸਕੇ ਨਾ ਕੋਇ ਬਾਗ਼ੀ, ਬਗ਼ਲਗੀਰ ਵੇਖਣੇ ਚਾਈਂ ਚਾਈਆਂ । ਸਾਡਾ ਨਾ ਕੋਈ ਸਵਾਲ ਨਾ ਜਵਾਬੀ,

ਜਵਾਬ ਤਲਬੀ ਤੇਰੇ ਚਰਨ ਟਿਕਾਈਆ । ਬਿਨ ਤੇਰੇ ਦਿਸੇ ਨਾ ਕੋਇ ਇਮਦਾਦੀ, ਸਗਲਾ ਸੰਗ ਨਾ ਕੋਇ ਬਣਾਈਆ । ਸਾਡੀ ਲੇਖੇ ਲੱਗੀ ਤੇਰੇ ਪਿਛੇ ਮਾਸ ਨਾੜੀ ਹਾਡੀ, ਚੰਮੜੀ ਚੰਮ ਨਾ ਕੋਇ ਵਡਿਆਈਆ । ਕੀ ਸੰਦੇਸਾ ਦਿਤਾ ਬਿਨਾ ਸੁਆਸ ਤੋਂ ਯਸੂਹ ਦੀ ਬਾਡੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੂੰ ਮਾਲਕ ਪੀਰਨ ਪੀਰਾ, ਪਾਰਬ੍ਰਹਮ ਤੇਰੀ ਸਰਨਾਈਆ । ਤੇਰਾ ਲੇਖਾ ਸ਼ਾਹ ਹਕੀਰਾ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਲਹਿਣਾ ਦੇਣਾ ਤਕ ਗ਼ਰੀਬ ਅਮੀਰਾ, ਅਮਰਾਪਦ ਦੇ ਮਾਲਕ ਪੜਦਾ ਆਪ ਉਠਾਈਆ । ਚਾਰ ਜੁਗ ਸਾਡੀਆਂ ਸਿਫ਼ਤਾਂ ਵਾਲੀਆਂ ਤਕਰੀਰਾਂ, ਤੇਰੇ ਨਾਮ ਢੋਲੇ ਸੋਹਲੇ ਗਏ ਗਾਈਆ । ਤੇਰੀਆਂ ਸ਼ਰਅ ਵਾਲੀਆਂ ਸ਼ਮਸ਼ੀਰਾਂ, ਸ਼ਰੀਅਤ ਦੇ ਮਾਲਕ ਜਗਤ ਉਠਾਈਆ । ਤੂੰ ਸੁਆਮੀ ਗਹਿਰ ਗੰਭੀਰਾ, ਗਵਰ ਨੂਰ ਅਲਾਹੀਆ । ਤੇਰਾ ਲਹਿਣਾ ਬੇਨਜ਼ੀਰਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਤੇਰਾ ਰੂਪ ਲਾਤਸਵੀਰਾ, ਤਸੱਵਰ ਕਰ ਨਾ ਕੋਇ ਸਮਝਾਈਆ । ਕੀ ਸੰਦੇਸ਼ਾ ਦਿਤਾ ਕਬੀਰਾ, ਕਹਿਕੇ ਗਿਆ ਦ੍ਰਿੜਾਈਆ । ਕੀ ਹੱਥ ਫੜ ਕੇ ਕੌਡੀ ਰੂਪ ਕਸੀਰਾ, ਰਵੀਦਾਸ ਚਮਾਰ ਜਣਾਈਆ । ਲਹਿਣਾ ਕਿਸ ਬਿਧ ਹੋਣਾ ਅਖ਼ੀਰਾ, ਕਲਜੁਗ ਕੂੜ ਮਿਟਾਈਆ । ਕਿਸ ਬਿਧ ਦੇਵੇ ਧੀਰਾ, ਧੀਰਜ ਧੀਰ ਸਮਝਾਈਆ । ਓਢਣ ਸੀਸ ਦਿਸੇ ਕਿਸੇ ਨਾ ਚੀਰਾ, ਚਿਰੀ ਵਿਛੁੰਨੇ ਨਾ ਕੋਇ ਮਿਲਾਈਆ । ਸਰਗੁਣ ਕਢ ਕੇ ਗਏ ਲਕੀਰਾ, ਲਾਈਨ ਤੇਰੀ ਇਕ ਸਮਝਾਈਆ । ਤੇਰਾ ਲੇਖਾ ਨਾਲ ਫ਼ਕੀਰਾ, ਫ਼ਿਕਰਿਆਂ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਖੇਲ ਖਿਲਾਈਆ । ਅੱਸੂ ਕਹੇ ਮੈਨੂੰ ਚੜ੍ਹਦੀਆਂ ਜਾਂਦੀਆਂ ਮਸਤੀਆਂ, ਮਸਤ ਦੀਵਾਨਾ ਹੋ ਕੇ ਦ੍ਰਿੜਾਈਆ । ਮੈਂ ਤਕ ਕੇ ਗੁਰ ਅਵਤਾਰ ਪੈਗ਼ੰਬਰਾਂ ਹਸਤੀਆਂ, ਹਸ ਕੇ ਦਿਆਂ ਸੁਣਾਈਆ । ਨਾਲੇ ਵੇਖੋ ਮਜ਼੍ਹਬਾਂ ਵਾਲੀਆਂ ਬਸਤੀਆਂ, ਘਰਾਨੇ ਖੋਜ ਖੁਜਾਈਆ । ਜਿਥੇ ਤੁਹਾਡੀਆਂ ਅੱਖਰਾਂ ਵਾਲੀਆਂ ਬਾਣੀਆਂ ਹੋਈਆਂ ਸਸਤੀਆਂ, ਕ਼ੀਮਤ ਸਕੇ ਕੋਇ ਨਾ ਪਾਈਆ । ਤੁਹਾਡੇ ਸਿੱਖਾਂ ਮੁਰੀਦਾਂ ਮਨਸਾ ਵੇਖੋ ਨਸਦੀਆਂ, ਭੱਜਣ ਵਾਹੋ ਦਾਹੀਆ । ਭਰੀਆਂ ਨਹੀਂ ਪ੍ਰੇਮ ਰਸ ਦੀਆਂ, ਰਸਤੇ ਘੁੱਥੀਆਂ ਮਾਰਨ ਧਾਹੀਆਂ । ਨੌਵਾਂ ਦੁਵਾਰਿਆਂ ਦੇ ਵਿਚ ਢਠਦੀਆਂ, ਫੜ ਬਾਹੋਂ ਨਾ ਕੋਇ ਉਠਾਈਆ । ਵਣਜਾਰਨਾਂ ਹੋਈਆਂ ਤਤ ਅੱਠ ਦੀਆਂ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧਿ ਨਾਲ ਮਿਲਾਈਆ । ਕੂੜ ਦੁਆਰਾ ਫਿਰਨ ਟਪਦੀਆਂ, ਕ਼ਦਮ ਕ਼ਦਮ ਨਾਲ ਬਦਲਾਈਆ । ਵਣਜਾਰਨਾਂ ਹੋ ਗਈਆਂ ਕਾਇਆ ਮਟ ਦੀਆਂ, ਮਟਕੇ ਹੱਥ ਕਿਸੇ ਨਾ ਆਈਆ । ਕੂੜ ਵਿਕਾਰ ਰਸ ਚਟਦੀਆਂ, ਰਸਨਾ ਜਿਹਵਾ ਨਾਲ ਹਲਕਾਈਆ । ਆਪਣਾ ਆਪ ਆਪੇ ਫਟਦੀਆਂ, ਪੱਟੀ ਨਾਮ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰੂ ਸਾਹਿਬਾਨੋ ਪੈ ਗਿਆ ਗ਼ਜ਼ਬ, ਮੇਰੀ ਹੌਕੇ ਨਾਲ ਦੁਹਾਈਆ । ਤਕ ਲਉ ਆਪਣਾ ਆਪਣਾ ਮਜ਼੍ਹਬ, ਦੀਨ ਦੁਨੀ ਵੇਖੋ ਚਾਈਂ ਚਾਈਂਆ । ਸ਼ਰਅ ਵਾਲਿਓ ਨਾ ਹੋਇਓ ਤਅੱਜੁਬ, ਹੈਰਾਨੀ ਅੰਦਰ ਨਾ ਕੋਇ ਰਖਾਈਆ । ਮੈਂ ਸਚ ਦੱਸਾਂ ਨਾਰਦ ਕਹਿੰਦਾ ਕੋਈ ਝਗੜਾ ਪੈਣਾ ਵਿਚ ਮਗ਼ਰਬ, ਸੋਹਣੀ ਵੰਡ ਵੰਡਾਈਆ । ਨੌਵਾਂ ਦੇਸ਼ਾਂ ਹਲੂਣਾ ਮਿਲਣਾ ਵਿਚੋਂ ਅਰਬ, ਅਰਬ ਖਰਬ ਦਾ ਲੇਖਾ ਰਹੇ ਨਾ ਰਾਈਆ । ਨੌਵਾਂ ਨੂੰ ਨੌਵਾਂ ਨਾਲ ਫੇਰ ਦੇਣੀ ਜ਼ਰਬ, ਈਸਾ ਮੂਸਾ ਮੁਹੰਮਦ ਦੇਣੇ ਡਿਗਾਈਆ । ਫੇਰ ਮਸ਼ਰਕ ਨੂੰ ਬਦਲ ਲਿਉ ਕਰਬ, ਕ਼ਦਮ ਕ਼ਦਮ ਨਾਲ ਉਲਟਾਈਆ ।

ਧਨ ਦੌਲਤ ਰਹਿਣਾ ਨਹੀਂ ਕਿਸੇ ਦਰਬ, ਮੇਰੀ ਖ਼ੁਸ਼ੀਆਂ ਵਾਲੀ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਆਮੀ ਆਪਣਾ ਹੁਕਮ ਵਰਤਾਈਆ । ਅਵਤਾਰ ਪੈਗ਼ੰਬਰ ਕਹਿਣ ਨਾਰਦਾ ਸਾਡੀ ਸੁਣ ਲੈ ਬਾਤ, ਬਾਤਨ ਦੇਈਏ ਜਣਾਈਆ । ਸਾਡਾ ਲੇਖਾ ਤਕ ਲੈ ਬਿਨਾ ਕ਼ਲਮ ਦੁਆਤ, ਬਿਨ ਕਾਗਦ ਸ਼ਾਹੀ ਜੋ ਲੇਖਾ ਲਿਖਾਇਆ ਧੁਰਦਰਗਾਹੀਆ । ਅਸੀਂ ਖ਼ੁਸ਼ੀਆਂ ਵਿਚ ਝੋਲੀ ਡਾਹ ਕੇ ਮੰਗੀ ਦਾਤ, ਬੇਨੰਤੀ ਕਰ ਕਰ ਸੀਸ ਨਿਵਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਪਾਰਬ੍ਰਹਮ ਪਰਮੇਸ਼ਵਰ ਪਾਤ, ਪਾਰਬ੍ਰਹਮ ਨੂਰ ਅਲਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਮੇਟਣੀ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਝਗੜਾ ਚੁਕਾਉਣਾ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕੋਇ ਵਖਾਈਆ । ਆਤਮ ਪਰਮਾਤਮ ਜੋੜਨਾ ਨਾਤ, ਪਾਰਬ੍ਰਹਮ ਬ੍ਰਹਮ ਮੇਲਾ ਮੇਲਣਾ ਚਾਈਂ ਚਾਈਂਆ । ਏਕਾ ਸ਼ਬਦ ਸਭ ਨੂੰ ਦੇਣੀ ਦਾਤ, ਕਾਇਆ ਮੰਦਰ ਅੰਦਰ ਆਪ ਟਿਕਾਈਆ । ਤੂੰ ਮੇਰਾ ਮੈਂ ਤੇਰਾ ਹੋਵੇ ਜ਼ਾਤ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਧੁਰ ਦੇ ਰਾਮ ਤੇਰਾ ਹੋਵੇ ਵਡ ਪਰਤਾਪ, ਕਾਹਨਾਂ ਦੇ ਕਾਹਨ ਤੈਨੂੰ ਮਿਲੇ ਵਡਿਆਈਆ । ਤੂੰ ਨਜ਼ਰੀ ਆਵੇਂ ਭਗਤਾਂ ਸਾਖਿਆਤ, ਸਨਮੁਖ ਹੋ ਕੇ ਸੋਭਾ ਪਾਈਆ । ਗ਼ਰੀਬ ਨਿਮਾਣੇ ਕੋਝੇ ਕਮਲੇ ਬਣਾਉਣੇ ਪਾਰਜਾਤ, ਮਿਹਰ ਮਿਹਰ ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਲੇਖਾ ਆਪਣੇ ਹੱਥ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਨਾਰਦਾ ਸਾਡੀ ਤਕ ਲੈ ਖ਼ੁਸ਼ਹਾਲੀ, ਖ਼ੁਸ਼ੀਆਂ ਵਿਚ ਢੋਲੇ ਗਾਈਆ । ਸਾਡਾ ਸਭ ਦਾ ਇਕੋ ਮਾਲੀ, ਮਾਲਕ ਖ਼ਾਲਕ ਨੂਰ ਅਲਾਹੀਆ । ਜਿਸ ਦੇ ਦਰ ਦੇ ਸਾਰੇ ਸਵਾਲੀ, ਮਾਂਗਤ ਹੋ ਕੇ ਝੋਲੀਆਂ ਡਾਹੀਆ । ਸਾਡੇ ਪੁਰਖ ਅਕਾਲੇ ਦੀਨ ਦਿਆਲੇ ਅਸੀਂ ਤੇਰੀ ਸੇਵ ਕਮਾ ਲਈ ਬਾਹਲੀ, ਤੇਰੇ ਹੁਕਮ ਵਿਚ ਭੱਜੇ ਵਾਹੋ ਦਾਹੀਆ । ਹੁਣ ਆਪਣਾ ਭੇਵ ਚੁਕਾ ਦੇ ਸ਼ਾਲੀ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਤੇਰੀ ਤਕੀਏ ਚਾਲ ਨਿਰਾਲੀ, ਨਰਾਇਣ ਦੇਣੀ ਦ੍ਰਿੜ੍ਹਾਈਆ । ਨਾਲੇ ਬਿਨ ਹੱਥਾਂ ਮਾਰੀਏ ਤਾਲੀ, ਦੋ ਜਹਾਨਾਂ ਦੇਈਏ ਸੁਣਾਈਆ । ਉਹ ਤਕ ਲਓ ਖ਼ਲਕ ਦਾ ਵਾਲੀ, ਵਾਰਸ ਇਕੋ ਇਕ ਅਖਵਾਈਆ । ਜਿਸ ਨੇ ਘਰ ਘਰ ਅੰਦਰ ਦੀਪਕ ਜੋਤੀ ਬਾਲੀ, ਲੱਖ ਚੁਰਾਸੀ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡੀ ਖ਼ੁਸ਼ੀਆਂ ਹੋਈ ਰੁਤ, ਗੁਰੂ ਗੁਰਦੇਵ ਰੰਗ ਰੰਗਾਈਆ । ਸਤਿਗੁਰ ਸ਼ਬਦ ਇਕੋ ਦੁਲਾਰਾ ਧੁਰ ਦਾ ਸੁਤ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜਿਸ ਦਾ ਪਿਆਰਾ ਅਬਿਨਾਸ਼ੀ ਅਚੁਤ, ਪਾਰਬ੍ਰਹਮ ਇਕ ਅਖਵਾਈਆ । ਜਿਸ ਸੁਹੰਜਣੀ ਕਰਨੀ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਕਲਜੁਗ ਕੂੜੀ ਕਿਰਿਆ ਪੁਟ, ਹਰਿ ਹਿਰਦਿਉਂ ਬਾਹਰ ਕਢਾਈਆ । ਸ਼ੌਹ ਦਰਿਆਏ ਦੇਵੇ ਸੁਟ, ਜਗਤ ਜਹਾਨ ਰਹਿਣ ਨਾ ਪਾਈਆ । ਫੇਰ ਭਾਗ ਲਗਾਏ ਕਾਇਆ ਬੁਤ, ਬੁਤਖ਼ਾਨਿਆਂ ਕਰੇ ਸਫ਼ਾਈਆ । ਅੰਮ੍ਰਿਤ ਜਾਮ ਪਿਆ ਕੇ ਘੁਟ, ਨਿਝਰ ਝਿਰਨਾ ਦਏ ਝਿਰਾਈਆ । ਸੋਈ ਸੁਰਤੀ ਜਾਏ ਉਠ, ਆਪਣੀ ਲਏ ਅੰਗੜਾਈਆ । ਮਨੂਆ ਮਨਸਾ ਵਾਲਾ ਲੁਕ ਕੇ ਗੁਠ, ਆਪਣਾ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਅੱਸੂ ਕਹੇ ਅਵਤਾਰ ਪੈਗ਼ੰਬਰੋ ਮੇਰੇ ਨਾਲ ਪੂਰੀ ਕਰ ਲਓ ਸ਼ਰਤ, ਸ਼ਰਤੀਆ ਦਿਆਂ ਸੁਣਾਈਆ । ਗੁਰੂ ਗੁਰਦੇਵ ਵੇਖੇ ਉਤੇ ਧਰਤ, ਧਰਨੀ ਧਵਲ ਧੌਲ ਧਿਆਨ ਲਗਾਈਆ ।

ਸਭ ਦਾ ਮਾਲਕ ਇਕੋ ਆਇਆ ਪਰਤ, ਪਤਿਪਰਮੇਸ਼ਵਰ ਬੇਪਰਵਾਹੀਆ । ਜਿਸ ਨੂੰ ਕਹਿੰਦੇ ਯੋਧਾ ਸੂਰਬੀਰ ਮਰਦਾਨਾ ਮਰਦ, ਜੋਬਨਵੰਤਾ ਅਗੰਮ ਅਥਾਹੀਆ । ਜੋ ਗ਼ਰੀਬ ਨਿਮਾਣਿਆਂ ਵੰਡੇ ਦਰਦ, ਦੁਖੀਆਂ ਹੋਏ ਸਹਾਈਆ । ਸ਼ਰਅ ਛੁਰੀ ਰਹਿਣ ਨਾ ਦੇਵੇ ਕਰਦ, ਕ਼ਾਤਲ ਮਕਤੂਲ ਦਾ ਡੇਰਾ ਢਾਹੀਆ । ਕਲਜੁਗ ਮੇਟ ਅੰਧੇਰਾ ਗਰਦ, ਸਤਿਜੁਗ ਨੂਰੀ ਚੰਦ ਚਮਕਾਈਆ । ਜਿਸ ਦਾ ਖੇਲ ਹੋਣਾ ਅਸਚਰਜ, ਅਚਰਜ ਲੀਲਾ ਇਕ ਦਰਸਾਈਆ । ਜੋ ਲਹਿਣਾ ਦੇਣਾ ਪੂਰਾ ਕਰੇ ਰਾਮ ਲੇਖਾ ਨਾਲ ਭਰਤ, ਕਕਈ ਕੁਸ਼ਲਿਆ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਆਮੀ ਵਡ ਵਡਿਆਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਹਰਿ ਸਾਚੇ ਸਚ ਸਵਾਮੀਆ, ਪ੍ਰਭ ਤੇਰੀ ਏਕਾ ਓਟ । ਆਦਿ ਜੁਗਾਦੀ ਅੰਤਰਜਾਮੀਆ, ਸ਼ਬਦ ਨਗਾਰੇ ਲਾ ਦੇ ਚੋਟ । ਤੇਰੀਆਂ ਜੁਗ ਜੁਗ ਮਿਹਰਵਾਨੀਆਂ, ਮਿਹਰਵਾਨ ਮਿਹਰ ਕਰੇ ਅਤੋਟ । ਤੇਰੇ ਉਤੋਂ ਦਿਤੀਆਂ ਕੁਰਬਾਨੀਆਂ, ਸ਼ਹਾਦਤਾਂ ਹੋਈਆਂ ਕੋਟੀ ਕੋਟ । ਤੇਰੇ ਲੇਖੇ ਲਾਈਆਂ ਜਵਾਨੀਆਂ, ਮੇਲ ਮਿਲਾਇਆ ਨਿਰਮਲ ਜੋਤ । ਸਾਡੀਆਂ ਮੰਜ਼ਲਾਂ ਕਰ ਆਸਾਨੀਆਂ, ਦੀਨ ਮਜ਼੍ਹਬ ਰਹੇ ਨਾ ਸੋਚ । ਸਭ ਦੀਆਂ ਮੰਜ਼ਲਾਂ ਇਕੋ ਹੋਣ ਰੂਹਾਨੀਆਂ, ਝਗੜਾ ਮੇਟ ਦੇ ਓਤ ਪੋਤ । ਤੂੰ ਆਤਮ ਧਾਰ ਸਭ ਦਾ ਕਾਹਨੀਆਂ, ਕਾਹਨ ਕਾਹਨਾ ਤੇਰਾ ਇਕੋ ਸੁਣੀਏ ਸਲੋਕ । ਲੇਖੇ ਲਾ ਲੈ ਚਾਰੇ ਬਾਣੀਆਂ, ਤੇਰਾ ਨਾਮ ਨਿਧਾਨਾ ਇਕੋ ਬਹੁਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸਚ ਸਚ ਪਰਗਟਾਈਆ । ਅੱਸੂ ਕਹੇ ਪ੍ਰਭ ਤੇਰਾ ਨਾਮ ਨਿਧਾਨਾ ਸਚ, ਹਰਿ ਸਚ ਤੇਰੀ ਵਡਿਆਈਆ । ਜਗਤ ਜਹਾਨਾ ਦਿਸੇ ਕਚ, ਕੰਚਨ ਗੜ੍ਹ ਨਾ ਕੋਇ ਵਖਾਈਆ । ਮਨ ਮਮਤਾ ਵਿਚ ਰਿਹਾ ਨਚ, ਨਟੂਆ ਆਪਣਾ ਸਾਂਗ ਬਣਾਈਆ । ਬਿਨ ਤੇਰੀ ਕਿਰਪਾ ਤੇਰਾ ਨਾਮ ਲੂੰ ਲੂੰ ਜਾਏ ਕਿਸੇ ਨਾ ਰਚ, ਰੋਮ ਰੋਮ ਨਾ ਕੋਇ ਸਮਾਈਆ । ਤੂੰ ਪੁਰਖ ਅਕਾਲਾ ਪਰਮੇਸ਼ਵਰ ਪਤ, ਪਾਰਬ੍ਰਹਮ ਤੇਰੀ ਵਡਿਆਈਆ । ਜਨ ਭਗਤਾਂ ਲੇਖੇ ਲਾ ਲੈ ਹਡ ਮਾਸ ਨਾੜੀ ਰਤ, ਰਤਨ ਅਮੋਲਕ ਹੀਰੇ ਲੈ ਬਣਾਈਆ । ਜਿਹੜੇ ਤੇਰੇ ਚਰਨ ਦੁਆਰੇ ਆਏ ਵਤ, ਬੇਵਤਨਾਂ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਚ ਦੀ ਕਰਨੀ ਕਾਰ ਕਮਾਏਗਾ । ਦੀਨ ਦਿਆਲ ਦਇਆ ਕਮਾਏਗਾ । ਭੇਵ ਅਭੇਦਾ ਆਪ ਖੁਲ੍ਹਾਏਗਾ । ਅਛਲ ਅਛੇਦ ਪੜਦਾ ਲਾਹੇਗਾ । ਵੇਦ ਕਿਤੇਬ ਲੇਖੇ ਪਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਏਗਾ । ਸਚ ਆਪਣਾ ਹੁਕਮ ਵਰਤਾਵੇਗਾ । ਸੋ ਪੁਰਖ ਨਿਰੰਜਣ ਦਇਆ ਕਮਾਵੇਗਾ । ਹਰਿ ਪੁਰਖ ਨਿਰੰਜਣ ਭੇਵ ਚੁਕਾਵੇਗਾ । ਏਕੰਕਾਰਾ ਰੰਗ ਰੰਗਾਵੇਗਾ । ਆਦਿ ਨਿਰੰਜਣ ਜੋਤ ਰੁਸ਼ਨਾਵੇਗਾ । ਅਬਿਨਾਸ਼ੀ ਕਰਤਾ ਡਗਮਗਾਵੇਗਾ । ਸ੍ਰੀ ਭਗਵਾਨ ਆਪਣਾ ਘਰ ਸੁਹਾਵੇਗਾ । ਪਾਰਬ੍ਰਹਮ ਦਰ ਮੰਦਰ ਇਕ ਵਡਿਆਵੇਗਾ । ਸਤਿ ਸਤਿਵਾਦੀ ਸਾਚੀ ਕਾਰ ਕਮਾਵੇਗਾ । ਸ਼ਬਦ ਅਨਾਦੀ ਸੁਤ ਪਰਗਟਾਵੇਗਾ । ਬ੍ਰਹਮ ਬ੍ਰਹਿਮਾਦੀ ਵੇਖ ਵਖਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਵੇਗਾ । ਕਰੋੜ ਤਤੀਸਾ ਗੰਢ ਪੁਆਵੇਗਾ । ਗਣ ਗੰਧਰਵ ਰੰਗ ਚੜ੍ਹਾਵੇਗਾ । ਕਿਨਰ ਯਸ਼ਪ ਰਾਗ ਸੁਣਾਵੇਗਾ । ਸੂਰੀਆ ਚੰਦ ਨੂਰ ਰੁਸ਼ਨਾਵੇਗਾ । ਮੰਡਲ ਮੰਡਪ ਆਪ ਸੁਹਾਵੇਗਾ । ਲੋਕ ਪਰਲੋਕ ਵੇਖ ਵਖਾਵੇਗਾ । ਜ਼ਿਮੀਂ ਅਸਮਾਨਾਂ ਪੜਦਾ ਲਾਹਵੇਗਾ । ਚੌਦਾਂ ਤਬਕ ਆਪ ਦ੍ਰਿੜਾਵੇਗਾ । ਚੌਦਾਂ ਲੋਕ ਪੰਧ ਮੁਕਾਵੇਗਾ । ਸਚ ਸਲੋਕ ਇਕ ਗਾਵੇਗਾ ।

ਪੰਧ ਮੁਕਾ ਕੇ ਜੁਗ ਚੌਕੜੀ ਕੋਟਨ ਕੋਟ, ਅੰਤ ਆਪਣਾ ਹੁਕਮ ਵਰਤਾਵੇਗਾ । ਸ਼ਬਦੀ ਸ਼ਬਦ ਲਗਾ ਕੇ ਚੋਟ, ਚੋਟੀ ਚੜ੍ਹ ਕੇ ਵੇਖ ਵਖਾਵੇਗਾ । ਕਲਜੁਗ ਅੰਤਮ ਅੰਦਰੋਂ ਕੱਢਕੇ ਖੋਟ, ਖੋਟੇ ਖਰੇ ਆਪ ਬਣਾਵੇਗਾ । ਪਰਕਾਸ਼ ਦੇ ਕੇ ਨਿਰਮਲ ਜੋਤ, ਜੋਤੀ ਜਾਤਾ ਡਗਮਗਾਵੇਗਾ । ਆਤਮ ਪਰਮਾਤਮ ਦੱਸਕੇ ਗੋਤ, ਗੋਰ ਮੜ੍ਹੀ ਦਾ ਡੇਰਾ ਢਾਹਵੇਗਾ । ਹਰਿਜਨ ਕਦੇ ਨਾ ਹੋਵੇ ਫ਼ੌਤ, ਪਾਰਬ੍ਰਹਮ ਬ੍ਰਹਮ ਆਪਣੇ ਘਰ ਵਸਾਵੇਗਾ । ਖ਼ਸਮ ਖ਼ਸਮਾਨਾ ਬਣਕੇ ਖ਼ੌਂਤ, ਸ਼ੌਹਰ ਆਪਣਾ ਦਰ ਦ੍ਰਿੜ੍ਹਾਵੇਗਾ । ਭਗਤ ਸੁਹੇਲਾ ਕਦੇ ਨਾ ਜਾਏ ਔਂਤ, ਜੁਗ ਜੁਗ ਬੰਸ ਸਰਬੰਸ ਸੁਹਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਵੇਗਾ । ਸਾਚਾ ਖੇਲ ਆਪ ਖਿਲਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਭਗਤ ਸੁਹੇਲੇ ਆਪ ਉਠਾਵੇਗਾ । ਗੁਰ ਚੇਲੇ ਜੋੜ ਜੁੜਾਵੇਗਾ । ਸੱਜਣ ਸੁਹੇਲੇ ਵੇਖ ਵਖਾਵੇਗਾ । ਧਾਮ ਨਿਵੇਲੇ ਆਪ ਬਹਾਵੇਗਾ । ਅੰਮ੍ਰਿਤ ਰਸ ਨਾਮ ਮੁਖ ਚੁਆਵੇਗਾ । ਜਨ ਭਗਤਾਂ ਪੂਰਨ ਕਰ ਕਾਮ, ਜਨਮ ਮਰਨ ਦਾ ਦੁਖ ਮਿਟਾਵੇਗਾ । ਘਰ ਨਗਰ ਸੁਹਾ ਕੇ ਗ੍ਰਾਮ, ਗ੍ਰਿਹਿ ਮੰਦਰ ਡੇਰਾ ਲਾਵੇਗਾ । ਕੂੜੀ ਕਿਰਿਆ ਮੇਟ ਤਮਾਮ, ਤਮਾ ਲਾਲਚ ਲੋਭ ਚੁਕਾਵੇਗਾ । ਅੰਤਰ ਰਹੇ ਨਾ ਅੰਧੇਰੀ ਸ਼ਾਮ, ਸ਼ਮਅ ਦੀਪ ਜੋਤ ਨੂਰ ਰੁਸ਼ਨਾਵੇਗਾ । ਸਾਚੇ ਨਾਮ ਦਾ ਦੇ ਪੈਗ਼ਾਮ, ਸੰਦੇਸ਼ਾ ਇਕੋ ਇਕ ਸੁਣਾਵੇਗਾ । ਜਨ ਭਗਤੋ ਤੁਹਾਡਾ ਕਰਾ ਆਪ ਇੰਤਜ਼ਾਮ, ਬੰਦੋਬਸਤ ਆਪਣੇ ਹੱਥ ਰਖਾਵੇਗਾ । ਅੰਤਰ ਆਤਮ ਦੇ ਕਲਾਮ, ਕਲਮਾ ਕਇਨਾਤ ਤੋਂ ਬਾਹਰ ਸੁਣਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਵੇਗਾ । ਹਰਿ ਕਰਤਾ ਕਾਰ ਕਮਾਵੇਗਾ । ਦੀਨ ਦਿਆਲ ਆਪਣੇ ਰੰਗ ਰੰਗਾਵੇਗਾ । ਭਗਤ ਸੁਹੇਲੇ ਮੇਲ ਮਿਲਾਵੇਗਾ । ਕਾਲ ਮਹਾਕਾਲ ਪੰਧ ਚੁਕਾਵੇਗਾ । ਚਿਤਰ ਗੁਪਤ ਨਾ ਲੇਖ ਵਖਾਵੇਗਾ । ਰਾਏ ਧਰਮ ਚੁਰਾਸੀ ਵੰਡ ਨਾ ਕੋਇ ਵੰਡਾਵੇਗਾ । ਲਾੜੀ ਮੌਤ ਨਾਲ ਨਾ ਕੋਇ ਪਰਨਾਵੇਗਾ । ਸਤਿਗੁਰ ਸ਼ਬਦ ਸ਼ਬਦ ਉਠਾਵੇਗਾ । ਆਤਮ ਆਪਣੇ ਰੰਗ ਰੰਗਾਵੇਗਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਕਰਾਵੇਗਾ । ਦਰਗਾਹ ਸਾਚੀ ਸਚਖੰਡ ਆਪ ਟਿਕਾਵੇਗਾ । ਜੁਗ ਜਨਮ ਦੀ ਟੁੱਟੀ ਧਾਰ ਗੰਢ, ਗੰਢਣਹਾਰ ਗੁਪਾਲ ਆਪਣੇ ਘਰ ਵਸਾਵੇਗਾ । ਜਿਥੇ ਆਦਿ ਜੁਗਾਦੀ ਠੰਢ, ਜੁਗ ਜੁਗ ਅਗਨ ਨਾ ਕੋਇ ਤਪਾਵੇਗਾ । ਨਾਤਾ ਤੁੱਟੇ ਤਤ ਪੰਜ, ਪੰਚਮ ਮੇਲਾ ਮੇਲ ਮਿਲਾਵੇਗਾ । ਜਿਸ ਦੀ ਹੱਥ ਨਾ ਆਵੇ ਮੁਹਾਣਿਆਂ ਵੰਝ, ਵਹਿਣਾਂ ਤੋਂ ਪਾਰ ਆਪ ਕਰਾਵੇਗਾ । ਜਨ ਭਗਤ ਸੁਹੇਲਾ ਜਗਤ ਦੁਹੇਲਾ ਪੰਧ ਜਾਏ ਲੰਘ, ਫੜ ਬਾਹੋਂ ਪਾਰ ਕਰਾਵੇਗਾ । ਸਾਚੀ ਸੇਜ ਸੁਹੰਜਣੀ ਵਿਖਾ ਪਲੰਘ, ਬਿਨ ਪਾਵਾ ਚੂਲ ਦਰਸਾਵੇਗਾ । ਜਿਥੇ ਇਕੋ ਉਪਜੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਵੇਗਾ । ਜਨ ਭਗਤ ਸੁਹੇਲੇ ਚਾੜ੍ਹ ਕੇ ਆਪਣੇ ਚੰਦ, ਸਚਖੰਡ ਡਗਮਗਾਵੇਗਾ । ਪਹਿਲੀ ਅੱਸੂ ਕਹੇ ਜਨ ਭਗਤੋਂ ਜਿਹੜੇ ਤੁਸੀਂ ਮਾਰ ਕੇ ਆਏ ਪੰਧ, ਪਾਂਧੀਓ ਤੁਹਾਡਾ ਅਗਲਾ ਪੰਧ ਮੁਕਾਵੇਗਾ । ਤੂੰ ਮੇਰਾ ਮੈਂ ਤੇਰਾ ਸੋਹੰ ਗਾਇਆ ਜਿਸ ਨੇ ਛੰਦ, ਸ਼ੰਕਰ ਬ੍ਰਹਮਾ ਵਿਸ਼ਨ ਤਿਸ ਦਾ ਰੰਗ ਰੰਗਾਵੇਗਾ । ਤੁਹਾਡਾ ਲਹਿਣਾ ਦੇਣਾ ਫੇਰ ਨਹੀਂ ਹੋਣਾ ਜੇਰਜ ਅੰਡ, ਉਤਭੁਜ ਸੇਤਜ ਵਿਚੋਂ ਬਾਹਰ ਕਢਾਵੇਗਾ । ਖ਼ੁਸ਼ੀ ਵਿਚ ਕਦੇ ਨਾ ਆਵੇ ਰੰਜ, ਗ਼ਮੀ ਗ਼ਮਖ਼੍ਵਾਰ ਮਿਟਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਵੇਗਾ । ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰੂ ਸਾਹਿਬਾਨੋ ਖੇਲ ਤਕ ਲਓ ਭਗਤ ਭਗਵਾਨ, ਹਰਿ ਕਰਤਾ ਆਪ ਜਣਾਈਆ ।

ਜਿਨ੍ਹਾਂ ਧਰਮ ਦਾ ਧਰਮ ਬਣਾਇਆ ਨਿਸ਼ਾਨ, ਨਿਸ਼ਾਨਾ ਜਗਤ ਨਾ ਕੋਇ ਵਖਾਈਆ । ਇਕੋ ਇਸ਼ਟ ਇਸ਼ਟ ਮਨਾਣ, ਦੂਸਰ ਸੀਸ ਨਾ ਕੋਇ ਝੁਕਾਈਆ । ਇਕੋ ਨਾਮ ਕ਼ਲਮਾ ਗਾਣ, ਢੋਲਾ ਇਕ ਸੁਣਾਈਆ । ਸੋਹੰ ਸ਼ਬਦ ਕਰ ਪਰਵਾਨ, ਅੱਲਾ ਹੂ ਅੱਨਾ ਹੂ ਰੰਗ ਵਖਾਈਆ । ਸਤਿਗੁਰ ਸ਼ਬਦ ਬਣਾ ਕੇ ਰਾਮ, ਸੀਤਾ ਸੁਰਤੀ ਵਿਚ ਟਿਕਾਈਆ । ਨਿਰਗੁਣ ਧਾਰ ਅਗੰਮਾ ਕਾਹਨ, ਰਾਧਾ ਰਿਧ ਸਿਧ ਤੋਂ ਬਾਹਰ ਸੀਸ ਨਿਵਾਈਆ । ਪੈਗ਼ੰਬਰਾਂ ਦਾ ਪੈਗ਼ੰਬਰ ਨੂਰ ਅਮਾਮ, ਅਮਲਾਂ ਤੋਂ ਰਹਿਤ ਇਕ ਅਖਵਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਬਲਧਾਰੀ ਵਡ ਵਡਿਆਈਆ । ਨਿਹਕਲੰਕਾ ਨੌਜਵਾਨ, ਕਲ ਕਲਕੀ ਆਪਣੀ ਕਲ ਵਰਤਾਈਆ । ਭਗਤ ਸੁਹੇਲੇ ਕਰ ਪਹਿਚਾਨ, ਫੜ ਫੜ ਅੰਦਰੋਂ ਮੇਲ ਮਿਲਾਈਆ । ਨਵ ਸੱਤ ਬਣਾ ਵਿਧਾਨ, ਕ਼ਾਇਦਾ ਕ਼ਾਨੂਨ ਇਕ ਜਣਾਈਆ । ਜਿਸ ਨੂੰ ਮੰਨਣ ਰਾਜ ਰਾਜਾਨ, ਸ਼ਾਹ ਸੁਲਤਾਨ ਸੀਸ ਨਿਵਾਈਆ । ਜਿਸ ਦਾ ਲੇਖਾ ਜ਼ਿਮੀਂ ਅਸਮਾਨ, ਦੋ ਜਹਾਨਾਂ ਵੇਖ ਵਖਾਈਆ । ਸੋ ਭਗਤ ਸੁਹੇਲੇ ਕਰ ਪਰਵਾਨ, ਪਰਵਾਨੇ ਧੁਰ ਦੇ ਲਏ ਬਣਾਈਆ । ਜਿਹੜੇ ਚਰਨ ਦੁਆਰੇ ਪਹੁੰਚੇ ਆਣ, ਦੀਨ ਦੁਨੀ ਦਾ ਪੰਧ ਮੁਕਾਈਆ । ਉਨ੍ਹਾਂ ਦੇ ਭਾਗ ਲਗਾਏ ਕਾਇਆ ਮਕਾਨ, ਸਾਢੇ ਤਿੰਨ ਹੱਥ ਅੰਦਰ ਵੇਖ ਵਖਾਈਆ । ਬਿਨਾ ਮੰਗਿਆਂ ਦੇਵੇ ਦਾਨ, ਨਾਮ ਨਿਧਾਨਾ ਭਗਤੋ ਤੁਹਾਡੀ ਝੋਲੀ ਪਾਈਆ । ਤੁਸੀਂ ਅਜੇ ਬਾਲ ਅੰਞਾਣ, ਬਾਲੀ ਬੁਧਿ ਅਖਵਾਈਆ । ਤੁਹਾਡੇ ਲੇਖੇ ਲਾਏ ਸਵਾਸ ਪ੍ਰਾਣ, ਸਾਹ ਸਾਹ ਵਿਚ ਆਪਣਾ ਨਾਮ ਟਿਕਾਈਆ । ਤੁਹਾਡਾ ਪਰਵਾਨ ਕਰੇ ਪੀਣ ਖਾਣ, ਪਵਣ ਪਾਣੀਆਂ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਅੱਸੂ ਕਹੇ ਮੇਰੀ ਆਸ ਅਨੋਖੀ, ਬਿਨ ਅੱਖਰਾਂ ਦਿਆਂ ਜਣਾਈਆ । ਜਨ ਭਗਤੋਂ ਪ੍ਰਭ ਦੀ ਮੰਜ਼ਲ ਤਕ ਲਓ ਸੌਖੀ, ਸਜਣੋ ਸਚ ਨਾਲ ਸਮਝਾਈਆ । ਜਿਹੜੀ ਧਾਰ ਪਹਿਲੀ ਦੂਜੀ ਤੀਜੀ ਨਹੀਂ ਕੋਈ ਚੌਥੀ, ਚੌਥੇ ਪਦ ਦਾ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਘਰ ਵਸਾਈਆ । ਆਪਣੇ ਘਰ ਵਸਾਵਣ ਆਇਆ, ਕਰਤਾ ਧੁਰਦਰਗਾਹੀ । ਪਿਛਲਾ ਪੰਧ ਚੁਕਾਵਣ ਆਇਆ, ਬਣ ਅਗੰਮਾ ਮਾਹੀ । ਜਨਮ ਜਨਮ ਦੇ ਵਿਛੜੇ ਜੋੜ ਜੁੜਾਵਣ ਆਇਆ, ਵੇਖਣਹਾਰਾ ਥਾਉਂ ਥਾਈਂ । ਸਾਚਾ ਨਾਮ ਨਿਧਾਨਾ ਜਾਮ ਪਿਆਵਣ ਆਇਆ, ਜਗਤ ਜਹਾਨ ਤ੍ਰਿਸ਼ਨਾ ਰਿਹਾ ਮਿਟਾਈ । ਇਕੋ ਘਰ ਵਸਾਵਣ ਆਇਆ, ਦੂਸਰ ਕੋਈ ਦਿਸੇ ਨਾਹੀਂ । ਤੂੰ ਮੇਰਾ ਮੈਂ ਤੇਰਾ ਨਾਮ ਜਪਾਵਣ ਆਇਆ, ਢੋਲਾ ਸੋਹੰ ਗਾਉਣਾ ਚਾਂਈ ਚਾਂਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈ । ਨਾਰਦ ਕਹੇ ਜਨ ਭਗਤੋ ਕਿਰਪਾ ਕਰੇ ਹਰਿ ਜਗਦੀਸ਼, ਜਗਦੀਸ਼ਰ ਹੱਥ ਵਡਿਆਈਆ । ਜਿਸ ਦੇ ਛਤਰ ਝੁਲੇ ਸੀਸ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਨੂਰ ਅਲਾਹੀਆ । ਜਿਸ ਲਹਿਣਾ ਦੇਣਾ ਮੁਕਾਉਣਾ ਬੀਸ ਇਕੀਸ, ਇਕੀਸਾ ਇਕੋ ਇਕ ਬੇਪਰਵਾਹੀਆ । ਆਸਾ ਪੂਰੀ ਕਰੇ ਤੀਸ ਬਤੀਸ, ਅੱਖਰ ਅੱਖਰ ਨਾਲ ਵਡਿਆਈਆ । ਜਿਸ ਦਾ ਹਕ ਹਕ ਦਾ ਕਲਮਾ ਸਚ ਸਚ ਹਦੀਸ, ਹਜ਼ਰਤਾਂ ਬਾਹਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਾਚਾ ਰੰਗੇ ਰੰਗ ਪ੍ਰਭ, ਆਪਣੀ ਦਇਆ ਕਮਾਇੰਦਾ । ਭਗਤ ਸੁਹੇਲੇ ਜਗਤ ਲਭ ਲਭ, ਲੋਭ ਮੋਹ ਹੰਕਾਰ ਮਿਟਾਇੰਦਾ । ਅੰਮ੍ਰਿਤ ਰਸ ਚੁਵਾ ਕੇ ਕਵਲ ਨਭ, ਬੂੰਦਾ ਬਾਂਦੀ ਆਪ ਟਪਕਾਇੰਦਾ । ਤ੍ਰਿਸ਼ਨਾ ਹਵਸ ਮੇਟ ਕੇ ਸਭ, ਸਬਬ ਨਾਲ

ਆਪਣਾ ਜੋੜ ਜੁੜਾਇੰਦਾ । ਭਾਵੇਂ ਤਤ ਸਮਝੋ ਭਾਵੇਂ ਜੋਤ ਸਮਝੋ ਅਲਾਹੀ ਰੱਬ, ਨੂਰ ਨੁਰਾਨਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਇੰਦਾ । ਭਿੰਨੜੀ ਰੈਣ ਕਹੇ ਮੈਨੂੰ ਚੜ੍ਹੀ ਖ਼ੁਮਾਰੀ, ਅੱਸੂ ਆਸ ਰਖਾਈਆ ।
ਜਨ ਭਗਤੋ ਭਗਤੀ ਧਾਰ ਲੱਗੇ ਪਿਆਰੀ, ਪ੍ਰੇਮੀਓ ਪ੍ਰੇਮ ਨਾਲ ਜਣਾਈਆ । ਸਭ ਤੋਂ ਸਚੀ ਸਾਹਿਬ ਸਤਿਗੁਰ ਨਾਲ ਯਾਰੀ, ਜਗਤ ਯਰਾਨਾ ਕੰਮ
ਕਿਸੇ ਨਾ ਆਈਆ । ਜੋ ਸ਼ਾਹੋ ਭੂਪ ਸਦਾ ਤੁਹਾਡੀ ਕਰੇ ਵਫ਼ਾਦਾਰੀ, ਸ਼ਹਿਨਸ਼ਾਹ ਹੋ ਕੇ ਸੇਵ ਕਮਾਈਆ । ਤੁਹਾਡੇ ਅੰਦਰੋਂ ਕਢੇ ਗ਼ਦਾਰੀ, ਕੂੜੀ
ਕਿਰਿਆ ਬਾਹਰ ਸੁਟਾਈਆ । ਇਕੋ ਜਿਹਾ ਮਾਣ ਦੇ ਕੇ ਪੁਰਖ ਨਾਰੀ, ਬਿਰਧ ਬਾਲਾਂ ਹੋਏ ਸਹਾਈਆ । ਤੁਹਾਨੂੰ ਧਰਮ ਦੀ ਚਾੜ੍ਹ ਕੇ ਖਾਰੀ,
ਰੰਗ ਇਕੋ ਇਕ ਰੰਗਾਈਆ । ਫਿਰ ਜਨਮ ਲੈਣਾ ਨਾ ਪਏ ਦੁਬਾਰੀ, ਚੁਰਾਸੀ ਵਿਚ ਨਾ ਕੋਇ ਭੁਆਈਆ । ਤੁਹਾਡੇ ਵਾਸਤੇ ਇਕ ਅਟਾਰੀ, ਸਚਖੰਡ
ਦਿਤੀ ਸੁਹਾਈਆ । ਜਿਥੇ ਜਗੇ ਜੋਤ ਨਿਰੰਕਾਰੀ, ਨੂਰ ਨੁਰਾਨਾ ਨਜ਼ਰੀ ਆਈਆ । ਤੁਹਾਡੀ ਖ਼ੁਸ਼ੀਆਂ ਵਾਲੀ ਹੋਵੇ ਬਹਾਰੀ, ਸੋਹਣੀ ਰੁਤ ਸੁਹਾਈਆ ।
ਤੁਹਾਡੀ ਆਤਮਾ ਰਹਿਣ ਨਾ ਦੇਵੇ ਕੁਆਰੀ, ਪਰਮਾਤਮ ਹੋ ਕੇ ਆਪ ਪਰਨਾਈਆ । ਜ਼ਰੂਰ ਦਰਸ ਦਿਆ ਕਰੇਗਾ ਵਾਰੋ ਵਾਰੀ, ਘਰ ਸੁਤਿਆਂ
ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਅੱਸੂ
ਕਹੇ ਜਨ ਭਗਤੋ ਮੇਰੀ ਆਸਾ ਬੜੀ ਲੰਮੀ, ਲਮਹ ਲਮਹ ਦਏ ਗਵਾਹੀਆ । ਮੇਰਾ ਪਿਆਰ ਨਹੀਂ ਕਾਇਆ ਮਾਟੀ ਚੰਮੀ, ਚੰਮ ਦ੍ਰਿਸ਼ਟੀ ਦਿਆਂ
 ਜਣਾਈਆ । ਜੇ ਭਗਤੋ ਜੀਣਾ ਤੇ ਜੀਓ ਪ੍ਰਭੂ ਨਾਮ ਦੇ ਦਮੀ, ਸੁਆਸ ਸੁਆਸ ਉਸੇ ਦਾ ਨਾਮ ਧਿਆਈਆ । ਨਾ ਖ਼ੁਸ਼ੀ ਰਹੇ ਨਾ ਗ਼ਮੀ, ੫੨
 ਚਿੰਤਾ ਚਿਖਾ ਨਾ ਕੋਇ ਜਲਾਈਆ । ਨਾ ਲਾਲਚ ਰਹੇ ਨਾ ਤਮੀ, ਤ੍ਰਿਸ਼ਨਾ ਕੂੜ ਨਾ ਕੋਇ ਹਲਕਾਈਆ । ਤੁਹਾਨੂੰ ਕਦੇ ਯਾਦ ਨਾ ਆਵੇ ਆਪਣੀ ੨੪
ਅੰਮੀ, ਪਿਤਾ ਹੋ ਕੇ ਪੂਤ ਆਪਣੀ ਗੋਦ ਉਠਾਈਆ । ਤੁਹਾਡਾ ਬੇੜਾ ਰਿਹਾ ਬੰਨ੍ਹੀ, ਫੜ ਫੜ ਆਪਣੀ ਗੰਢ ਬੰਧਾਈਆ । ਧੁਰ ਦਾ ਹੁਕਮ ਸੁਣ
ਲਓ ਨਾਲ ਕੰਨੀਂ, ਕਾਇਨਾਤ ਦਾ ਮਾਲਕ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,
ਸਚ ਦੀ ਕਰਨੀ ਕਾਰ ਕਮਾਈਆ । ਅੱਸੂ ਕਹੇ ਜਨ ਭਗਤੋ ਤੁਹਾਡੀ ਲੇਖੇ ਲੱਗੇ ਮਜ਼ਦੂਰੀ, ਜੋ ਸਾਹ ਸਾਹ ਕਮਾਈਆ । ਤੁਹਾਡੇ ਅੰਦਰ ਬਖ਼ਸ਼ੇ
ਚੰਦ ਨੂਰੀ, ਨੂਰ ਨੁਰਾਨਾ ਆਪ ਚਮਕਾਈਆ । ਜੋ ਇਸ਼ਾਰਾ ਦਿਤਾ ਮੂਸੇ ਉਤੇ ਕੋਹਤੂਰੀ, ਤੁਰੀਆ ਤੋਂ ਬਾਹਰ ਵਖਾਈਆ । ਤੁਹਾਡੀ ਸੁਤਿਆਂ ਸੁਤਿਆਂ
ਜ਼ਰੂਰ ਆਸਾ ਕਰੇਗਾ ਪੂਰੀ, ਪੂਰਨ ਸਤਿਗੁਰ ਨੂਰ ਨੁਰਾਨਾ ਨਜ਼ਰੀ ਆਈਆ । ਤੁਹਾਡੀ ਕਾਇਆ ਚੋਲੀ ਰੰਗ ਚਾੜ੍ਹੇਗਾ ਗੂੜ੍ਹੀ, ਦੋ ਜਹਾਨਾਂ ਉਤਰ
ਕਦੇ ਨਾ ਜਾਈਆ । ਹਰਿਜਨ ਕੋਈ ਰਹੇ ਨਾ ਮੂਰਖ ਮੂੜ੍ਹੀ, ਚਤੁਰ ਸੁਘੜ ਦਏ ਬਣਾਈਆ । ਸਾਚੀ ਬਖ਼ਸ਼ ਕੇ ਚਰਨ ਧੂੜੀ, ਟਿੱਕੇ ਖ਼ਾਕ ਰਮਾਈਆ ।
ਤੁਹਾਡੇ ਕੋਟ ਜਨਮ ਦੇ ਮੇਟ ਕਸੂਰੀ, ਕਸਰ ਇਸ਼ਾਰੀਏ ਨਾਲ ਉਡਾਈਆ । ਮਨੂਆ ਮਨ ਨਾ ਪਾਏ ਫ਼ਤੂਰੀ, ਫ਼ਤਵਾ ਦੇ ਕੇ ਦਏ ਸਜ਼ਾਈਆ ।
ਅੰਦਰੋਂ ਕਢ ਮਗ਼ਰੂਰੀ, ਨਿਵਣ ਸੁ ਅੱਖਰ ਇਕ ਪੜ੍ਹਾਈਆ । ਪੰਧ ਮੁਕਾ ਕੇ ਨੇੜੇ ਦੂਰੀ, ਕਾਇਆ ਮੰਦਰ ਇਕ ਸੁਹਾਈਆ । ਤੁਹਾਡੀ ਨੌ ਖੰਡ
ਪ੍ਰਿਥਮੀ ਕਰਨੀ ਮਸ਼ਹੂਰੀ, ਮਸ਼ਵਰਾ ਸ਼ਬਦ ਗੁਰੂ ਰਖਾਈਆ । ਜਿਸ ਕਾਰਨ ਨਾਨਕ ਮੋਢੇ ਤੇ ਚੁੱਕੀ ਭੂਰੀ, ਖੇਸੀ ਤਨ ਉਠਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਆਪ ਜਣਾਈਆ । ਅੱਸੂ ਕਹੇ ਜਨ ਭਗਤੋ ਉਹ ਵੇਖ ਲਓ

ਸੀਤਾ ਆਈ ਭੱਜੀ, ਰਾਮ ਸੰਦੇਸ਼ ਸੁਣਾਈਆ । ਜਿਸ ਦੀ ਅੱਡੀ ਤਕੋ ਸੱਜੀ, ਸਹਿਜ ਨਾਲ ਉਠਾਈਆ । ਖ਼ੁਸ਼ੀਆਂ ਨਾਲ ਰੱਜੀ, ਢੋਲੇ ਰਹੀ
ਗਾਈਆ । ਗ਼ਰੀਬ ਨਿਮਾਣਿਆਂ ਇਕੋ ਦੀ ਤਾਰ ਵੇਖੋ ਵੱਜੀ, ਜੋ ਸਿਤਾਰ ਰਹੀ ਹਿਲਾਈਆ । ਜੋਤ ਨਿਰਾਲੀ ਜਗੀ, ਜੋਗ ਅਭਿਆਸ ਸਮਝਾਈਆ ।
ਜਗਤ ਬੁਝਾਵੇ ਅੱਗੀ, ਤ੍ਰਿਸ਼ਨਾ ਕੂੜ ਮੁਕਾਈਆ । ਦਰਸ ਦੇਵੇ ਸ਼ਾਹ ਰਗੀ, ਨੌ ਦੁਆਰੇ ਡੇਰਾ ਢਾਹੀਆ । ਜੋਤ ਪਰਕਾਸ਼ ਵਖਾਵੇ ਬੱਗੀ, ਬੱਗੇ
ਅਸਵ ਸੋਭਾ ਪਾਈਆ । ਇਹ ਰਾਮ ਰਾਮਾ ਨੂਰ ਅਲਾਹੀ ਰੱਬੀ, ਜਿਸਨੂੰ ਯਾਮਬੀਨ ਕਹਿ ਕੇ ਸਾਰੇ ਸੀਸ ਨਿਵਾਈਆ । ਇਹ ਪਿਆਰ ਮੁਹੱਬਤ
ਦਾ ਬੜਾ ਜੇ ਲਬੀ, ਜਗਤ ਲੋਭ ਵਾਲਿਓ ਆਪਣੇ ਨਾਮ ਦਾ ਲੋਭ ਲਏ ਕਰਾਈਆ । ਪਰ ਇਹ ਆਉਂਦਾ ਕਦੀ ਕਦੀ, ਕ਼ਦੀਮ ਦੇ ਵਿਛੜੇ
ਲਏ ਮਿਲਾਈਆ । ਤੁਹਾਡੀ ਇਕੋ ਪੁਸ਼ਤ ਤੇ ਇਕੋ ਯਦੀ, ਦਸ਼ਰਥ ਦਾ ਬੇਟਾ ਰਾਮ ਦਏ ਗਵਾਹੀਆ । ਇਹ ਕੌਲ ਇਕਰਾਰ ਕੀਤਾ ਸੀ ਵਹਿੰਦੀ
ਧਾਰ ਸੁਰਜੂ ਨਦੀ, ਜਲਾਂ ਥਲਾਂ ਅਸਗਾਹ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਅਪਾਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ
ਮਾਲਕ ਇਕ ਅਖਵਾਈਆ । ਅੱਸੂ ਕਹੇ ਜਨ ਭਗਤੋ ਤੁਹਾਡੀ ਆਸ਼ਾ ਹੋਵੇ ਪੁੰਨੀ, ਪੂਰਨ ਬ੍ਰਹਮ ਦ੍ਰਿੜਾਈਆ । ਬਣਾਵੇ ਵਡ ਗੁਣੀ, ਗਹਿਰ ਗੰਭੀਰ
ਸਮਝਾਈਆ । ਸੁਣਾਵੇ ਨਾਦ ਧੁਨੀ, ਧੁਨ ਆਤਮਕ ਰਾਗ ਪਰਗਟਾਈਆ । ਚੁਰਾਸੀ ਵਿਚੋਂ ਕਰ ਕੇ ਛਾਣ ਪੁਣੀ, ਲੇਖਾ ਆਪਣੇ ਹੱਥ ਰਖਾਈਆ ।
ਯਾਦ ਰਖਿਓ ਜਦੋਂ ਸ਼ਹਿਨਸ਼ਾਹੀ ਸੰਮਤ ਆਇਆ ਉਨ੍ਹੀ, ਇਕ ਨੌ ਲੇਖਾ ਦਏ ਮੁਕਾਈਆ । ਕਿਸੇ ਦੇ ਸੀਸ ਰਹਿਣੀ ਨਹੀਂ ਚੁੰਨੀ, ਓਢਣ ਵੇਖਣ ਕੋਇ
੫੩ ਨਾ ਪਾਈਆ । ਸਭ ਦੀ ਚੋਟੀ ਜਾਣੀ ਮੁੰਨੀ, ਮੌਲਾ ਆਪਣਾ ਹੁਕਮ ਵਰਤਾਈਆ । ਭਾਗ ਲਗਣਾ ਨਹੀਂ ਕਿਸੇ ਦੀ ਕੁੱਲੀ, ਕੁੱਲ ਮਾਲਕ ਖੇਲ ੫੩
੨੪ ਖਿਲਾਈਆ । ਉਮਤ ਵਾਲਿਓ ਕਿਸੇ ਹੱਥ ਨਹੀਂ ਆਉਣੀ ਗੁੱਲੀ, ਸ਼ਰਅ ਦਾ ਗ਼ੁਲਾਮ ਰਹਿਣ ਕੋਇ ਨਾ ਪਾਈਆ । ਜੇ ਤੁਸੀਂ ਨਾਮ ਕਲਮਾ ਪੜ੍ਹਦੇ ੨੪
ਬੁੱਲੀਂ, ਲਬਾਂ ਦੇ ਰਸ ਵਾਲਿਓ ਲਬਾਂ ਤੁਹਾਡੀਆਂ ਦਿਤੀਆਂ ਕਟਾਈਆ । ਬਿਨਾ ਸਤਿਗੁਰ ਸ਼ਬਦ ਤੋਂ ਫੁਲਵਾੜੀ ਕਦੇ ਨਾ ਫੁੱਲੀ, ਪੱਤ ਟਹਿਣੀ ਨਾ
ਕੋਇ ਮਹਿਕਾਈਆ । ਉਹ ਤਕੋ ਅਵਤਾਰ ਪੈਗ਼ੰਬਰੋ ਗੁਰੂਓ ਭਗਤਾਂ ਦੀ ਧਾਰ ਪ੍ਰਭ ਦੇ ਚਰਨ ਘੋਲ ਘੁਲੀ, ਘੋਲੀ ਘੋਲ ਘੁਮਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਅੱਸੂ ਕਹੇ ਪ੍ਰਭ ਤੇਰੇ ਭਗਤ ਨਿਮਾਣੇ ਜਗ,
ਜਗ ਜੀਵਣ ਦਾਤੇ ਤੇਰੀ ਓਟ ਰਖਾਈਆ । ਕਲਜੁਗ ਤ੍ਰਿਸ਼ਨ ਬੁਝਾ ਦੇ ਅੱਗ, ਅਗਨੀ ਤਤ ਨਾ ਲਾਗੇ ਰਾਈਆ । ਫੜ ਫੜ ਹੰਸ ਬਣਾ ਦੇ ਕਗ,
ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਜੇ ਸਤਿਗੁਰ ਸ਼ਬਦ ਤੇ ਦਰਸ਼ਨ ਦੇ ਦੇ ਉਪਰ ਸ਼ਾਹ ਰਗ, ਸ਼ਹਿਨਸ਼ਾਹ ਹੋ ਕੇ ਨਜ਼ਰੀ ਆਈਆ । ਭਗਤਾਂ
ਦੀ ਆਤਮ ਸੇਜਾ ਏਸੇ ਤਰਹ ਜਾਣੀ ਸਜ, ਸੱਜਣ ਹੋ ਕੇ ਮਿਲਣਾ ਚਾਈਂ ਚਾਈਂਆ । ਜਦੋਂ ਅੰਦਰ ਵੜੇਂ ਤੇਰਾ ਨਾਮ ਨਗਾਰਾ ਜਾਵੇ ਵਜ, ਸੋਈ
ਸੁਰਤੀ ਲੈਣੀ ਉਠਾਈਆ । ਫੇਰ ਤੇਰਾ ਘਰ ਬੈਠਿਆਂ ਕਾਅਬੇ ਤੋਂ ਪਰੇ ਹੋ ਜਾਏ ਹੱਜ, ਹਾਜਤ ਅਵਰ ਰਹੇ ਨਾ ਰਾਈਆ । ਵੇਖੀਂ ਭਗਤਾਂ ਨਾਲ ਕਦੀ
ਨਾ ਲਾਵੀਂ ਪੱਜ, ਅਛਲ ਅਛੱਲ ਨਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਏਕਾ ਵਰ, ਦਰ
ਸਾਚੇ ਆਸ ਰਖਾਈਆ । ਅੱਸੂ ਕਹੇ ਪ੍ਰਭ ਮੇਰੀ ਆਸਾ ਤਕ ਲੈ ਆਪ, ਆਪਣੀ ਦਇਆ ਕਮਾਈਆ । ਜੋ ਜਨ ਤੇਰਾ ਕਰਦੇ ਜਾਪ, ਤੂੰ ਮੇਰਾ
ਮੈਂ ਤੇਰਾ ਢੋਲਾ ਗਾਈਆ । ਕੋਟ ਜਨਮ ਦੇ ਮੇਟ ਦੇ ਪਾਪ, ਪਤਤ ਪੁਨੀਤ ਦੇ ਬਣਾਈਆ । ਜਗਤ ਰੋਗ ਨਾ ਰਹੇ ਸੰਤਾਪ, ਸਤਿਗੁਰ ਸ਼ਬਦ

ਹੋਣਾ ਸਹਾਈਆ । ਅੰਤ ਕੰਤ ਭਗਵੰਤ ਪੁਛਣੀ ਵਾਤ, ਸਿਰ ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਵੇਖ ਅੰਧੇਰੀ ਰਾਤ, ਤੁਧ ਬਿਨ ਸਾਚਾ ਚੰਦ ਨਾ ਕੋਇ ਚਮਕਾਈਆ । ਮੇਰੀ ਇਕ ਬੇਨੰਤੀ ਨਿੱਕੀ ਜਿਹੀ ਬਾਤ, ਬਾਤਨ ਭਗਤਾਂ ਪੜਦਾ ਦੇਣਾ ਉਠਾਈਆ । ਤੂੰ ਆਤਮ ਦਾ ਪਰਮਾਤਮ ਆਦਿ ਜੁਗਾਦੀ ਪਿਤਾ ਮਾਤ, ਪਤਿਪਰਮੇਸ਼ਵਰ ਤੇਰੇ ਹੱਥ ਵਡਿਆਈਆ । ਕਿਰਪਾ ਨਿਧਾਨ ਸ੍ਰੀ ਭਗਵਾਨ ਪਹਿਲੀ ਅੱਸੂ ਕਹੇ ਦਰ ਆਇਆ ਨੂੰ ਦੇ ਦੇ ਆਪਣੇ ਪਿਆਰ ਦੀ ਦਾਤ, ਦਾਤਾ ਦਾਨੀ ਹੋ ਕੇ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਾਚਾ ਆਪ ਸੁਹਾਈਆ । ਘਰ ਸੁਹਾ ਸੁਹੰਜਣਾ, ਤਨ ਮੰਦਰ ਇਕ ਵਜੂਦ । ਤੂੰ ਮਾਲਕ ਆਦਿ ਨਿਰੰਜਣਾ, ਨੂਰ ਅਲਾਹੀ ਹਕ ਮਹਿਬੂਬ । ਦੀਨ ਦਿਆਲ ਦਰਦ ਦੁਖ ਭੈ ਭੰਜਣਾ, ਤੇਰਾ ਆਲੀਸ਼ਾਨ ਅਰੂਜ । ਤੇਰਾ ਨਾਮ ਨਗਾਰਾ ਇਕੋ ਵਜਣਾ, ਨਵ ਸੱਤ ਮੇਟਣੀ ਹਦੂਦ । ਤੂੰ ਗੋਪਾਲ ਮੂਰਤ ਮਦਨਾ, ਹਰ ਘਟ ਰਿਹਾ ਮੌਜੂਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਮੰਜ਼ਲ ਬਖ਼ਸ਼ਣੀ ਹਕ ਮਕ਼ਸੂਦ ।

✪ ੫ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਮਲੂਵਾਲ ਜ਼ਿਲਾ ਅੰਮ੍ਰਿਤਸਰ ਆਤਮਾ ਸਿੰਘ ਫ਼ੌਜਾ ਸਿੰਘ ਦਰਬਾਰਾ ਸਿੰਘ
ਪਿਆਰਾ ਸਿੰਘ ਜੀਵਣ ਸਿੰਘ ਦਰਸ਼ਨ ਸਿੰਘ ਕਿਸ਼ਨ ਸਿੰਘ ਮਲੂਵਾਲ ਗੁਰਦਿਆਲ ਸਿੰਘ ਮੈਣੀਆ,
ਪ੍ਰੀਤਮ ਕੌਰ ਜਗੀਰ ਕੌਰ ਮੈਣੀਆ, ਗੁਲਜ਼ਾਰ ਸਿੰਘ ਰੂਪੋਵਾਲ, ✪



ਪੰਜ ਤਤ ਕਹਿਣ ਪ੍ਰਭ ਆਤਮ ਨਾਲ ਸਾਨੂੰ ਤੇਰੀ ਲੋੜ, ਲੁੜੀਂਦੇ ਸਾਜਣ ਦੇਈਏ ਜਣਾਈਆ । ਪਰਮ ਪੁਰਖ ਆਪਣੇ ਨਾਲ ਨਾਤਾ ਜੋੜ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਹੋ ਕੇ ਦੇਈਏ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਆਪੇ ਬਹੁੜ, ਬਹੁੜੀ ਤੇਰਾ ਨਾਮ ਦੁਹਾਈਆ । ਮਿਠੇ ਕਰ ਲੈ ਰੀਠੇ ਕੌੜ, ਅੰਮ੍ਰਿਤ ਰਸ ਨਾਮ ਭਰਾਈਆ । ਸਚ ਦੁਆਰ ਦਾ ਲਾ ਦੇ ਪੌੜ, ਪੌੜੀ ਡੰਡੇ ਦੀਨ ਦੁਨੀ ਪੰਧ ਮੁਕਾਈਆ । ਤੇਰੀ ਦਰਗਾਹ ਸਾਚੀ ਸਚਖੰਡ ਦੁਆਰ ਜਾਈਏ ਦੌੜ, ਅਗੇ ਹੋ ਨਾ ਕੋਇ ਅਟਕਾਈਆ । ਤੂੰ ਪਰਮ ਪੁਰਖ ਪਰਮਾਤਮ ਬ੍ਰਾਹਮਣ ਗੌੜ, ਵੇਦ ਵਿਆਸਾ ਪੁਰਖ ਅਬਿਨਾਸ਼ਾ ਤੇਰੀ ਦਏ ਗਵਾਹੀਆ । ਸਤਿ ਸਚ ਚੜ੍ਹਾ ਲੈ ਆਪਣੇ ਘੋੜ, ਰਾਸਾਂ ਨਿਰਗੁਣ ਆਪਣੇ ਹੱਥ ਰਖਾਈਆ । ਜਗਤ ਜਹਾਨ ਦੇ ਬਾਹਰ ਕਢ ਲੈ ਵਿਚੋਂ ਜੋਹੜ, ਜਲਾਂ ਥਲਾਂ ਵਿਚ ਨਾ ਕੋਇ ਭੁਆਈਆ । ਤੇਰਾ ਭਗਤ ਸੁਹੇਲਾ ਇਕ ਵਿਚੋਂ ਲੱਖ ਕਰੋੜ, ਕੋਟਾਂ ਵਿਚੋਂ ਸੋਭਾ ਪਾਈਆ । ਤੇਰੇ ਨਾਮ ਦਾ ਪਾਈਏ ਸ਼ੋਰ, ਸ਼ੌਹਰ ਬਾਂਕੇ ਵੇਖਣਾ ਚਾਈਂ ਚਾਈਂਆ । ਸਦੀ ਚੌਧਵੀਂ ਅੰਤਮ ਤਕ ਲੈ ਕਰ ਕੇ ਗ਼ੌਰ, ਗਹਿਰ ਗੰਭੀਰ ਦੇਈਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਪੈਂਡੇ ਜਾਣ ਮੁਕ, ਪਾਂਧੀ ਅਗੇ ਰਹੀਏ ਨਾ ਰਾਈਆ । ਅਸੀਂ ਤੂੰ ਮੇਰਾ ਮੈਂ ਤੇਰਾ ਗਾਈ ਤੁਕ, ਸੋਹੰ ਢੋਲਾ ਅਗੰਮ ਅਥਾਹੀਆ । ਸਾਡੀ ਮੰਜ਼ਲ ਜਾਏ ਨਾ ਰੁਕ, ਰੁਕਮਣੀ ਕ੍ਰਿਸ਼ਨ ਦੀ ਧਾਰ ਦਏ ਗਵਾਹੀਆ । ਤੇਰੇ ਨਿਸ਼ਾਨਿਉਂ ਜਾਈਏ ਕਦੀ ਨਾ ਉਕ, ਨਿਰਗੁਣ ਸਰਗੁਣ ਵੇਖਣਾ ਚਾਈਂ ਚਾਈਂਆ ।

ਸਾਡਾ ਪੈਂਡਾ ਜਾਏ ਮੁਕ, ਚੁਰਾਸੀ ਫਾਸੀ ਰਹਿਣ ਕੋਇ ਨਾ ਪਾਈਆ । ਤੇਰੇ ਚਰਨ ਕਵਲ ਏਕਾ ਜਾਈਏ ਝੁਕ, ਨਿਵ ਨਿਵ ਸੀਸ ਨਿਵਾਈਆ ।
ਸਾਡਾ ਅੰਤ ਕੰਤ ਭਗਵੰਤ ਰਿਹਾ ਢੁਕ, ਵੇਲਾ ਵਕ਼ਤ ਦਏ ਗਵਾਹੀਆ । ਦਰੋਹੀ ਅਸੀਂ ਵਣਜਾਰੇ ਬਣਨਾ ਨਹੀਂ ਟੁਕ, ਜਗਤ ਤ੍ਰਿਸ਼ਨਾ ਨਾ ਕੋਇ
ਰਖਾਈਆ । ਫੇਰ ਕਦੇ ਨਾ ਆਈਏ ਜਨਣੀ ਕੁੱਖ, ਅਗਨੀ ਤਤ ਨਾ ਕੋਇ ਤਪਾਈਆ । ਸਾਡਾ ਉਜਲ ਕਰ ਦੇ ਮੁਖ, ਪੰਜ ਤਤ ਭਗਤਾਂ ਰਹੇ
ਕੁਰਲਾਈਆ । ਸਚਖੰਡ ਦੁਆਰ ਏਕੰਕਾਰ ਸਾਨੂੰ ਦੇ ਦੇ ਸੁਖ, ਆਤਮਾ ਨਾਲ ਸਾਡਾ ਪੰਧ ਮੁਕਾਈਆ । ਤੇਰੇ ਲਾਡਲੇ ਜਗਤ ਅਸੀਂ ਸੁਤ, ਦੁਲਾਰੇ
ਸੋਭਾ ਪਾਈਆ । ਤੂੰ ਸੁਆਮੀ ਅਬਿਨਾਸ਼ੀ ਅਚੁਤ, ਕਰਨੀ ਦਾ ਕਰਤਾ ਇਕ ਅਖਵਾਈਆ । ਸਾਡੀ ਸੁਹੰਜਣੀ ਕਰਦੇ ਰੁਤ, ਰੁਤੜੀ ਆਪਣੇ ਨਾਮ
ਨਾਲ ਮਹਿਕਾਈਆ । ਦੀਨ ਦੁਨੀਆ ਨਾਲੋਂ ਸਾਡਾ ਨਾਤਾ ਜਾਏ ਟੁੱਟ, ਰਿਸ਼ਤਾ ਤੇਰੇ ਨਾਲ ਬਣਾਈਆ । ਸਾਨੂੰ ਸੀਨੇ ਲਾਉਣਾ ਘੁੱਟ, ਫੜ ਬਾਹੋਂ
ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਪੰਜ
ਤਤ ਕਹਿਣ ਪ੍ਰਭ ਸਾਡੇ ਉਤੇ ਦਇਆ ਕਮਾ, ਕਰਤੇ ਪੁਰਖ ਤੇਰੀ ਸਰਨਾਈਆ । ਸਾਡੀ ਕ਼ਬੂਲ ਕਰੀਂ ਦੁਆ, ਰਹਿਮਤ ਕਰਨੀ ਧੁਰਦਰਗਾਹੀਆ ।
ਦਰ ਠਾਂਡੇ ਮੰਗ ਰਹੇ ਮੰਗਾ, ਖ਼ਾਲੀ ਝੋਲੀ ਦੇਣੀ ਭਰਾਈਆ । ਤੂੰ ਪਾਤਸ਼ਾਹ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਤੇਰੀ ਬੇਪਰਵਾਹੀਆ । ਤੂੰ ਅਗੰਮ
ਅਗੰਮੜਾ ਇਕ ਖ਼ੁਦਾ, ਖ਼ੁਦ ਮਾਲਕ ਨੂਰ ਅਲਾਹੀਆ । ਅਸੀਂ ਤੇਰੇ ਉਤੋਂ ਹੋਈਏ ਫ਼ਿਦਾ, ਆਪ ਆਪਣਾ ਭੇਟ ਕਰਾਈਆ । ਪੰਜ ਤਤ ਕਹਿਣ
੫੫ ਸਾਨੂੰ ਮਾਰਗ ਦੱਸ ਦੇ ਸਿਧਾ, ਸਿਧ ਸਾਦਕਾਂ ਬਾਹਰ ਪੜ੍ਹਾਈਆ । ਤੇਰੇ ਮਿਲਣ ਦੀ ਤੇਰੇ ਵਿਚੋਂ ਮਿਲੇ ਬਿਧਾ, ਬਿਦਨਾ ਦਾ ਲੇਖਾ ਰਹੇ ਨਾ ਰਾਈਆ । ੫੫
੨੪ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਤੇਰਾ ੨੪
ਵੇਖੀਏ ਦਰ ਸੁਹੰਜਣਾ, ਸੋਭਾਵੰਤ ਬੇਪਰਵਾਹ । ਕਿਰਪਾ ਕਰ ਦੇ ਆਦਿ ਨਿਰੰਜਣਾ, ਨੂਰ ਨੁਰਾਨੇ ਨੂਰ ਰੁਸ਼ਨਾ । ਤੂੰ ਦੀਨ ਦਿਆਲ ਦਰਦ ਦੁਖ
ਭੈ ਭੰਜਣਾ, ਪਾਰਬ੍ਰਹਮ ਪਤਿਪਰਮੇਸ਼ਵਰ ਅਗੰਮ ਅਥਾਹ । ਆਤਮ ਧਾਰ ਸਾਚਾ ਸੱਜਣਾ, ਸਤਿਗੁਰ ਸ਼ਬਦ ਸ਼ਬਦ ਮਲਾਹ । ਤਨ ਕਹਿਣ ਸਾਡਾ
ਅੰਤਮ ਠੀਕਰ ਭੱਜਣਾ, ਥਿਰ ਰਹੇ ਕੋਇ ਨਾ । ਸਾਨੂੰ ਆਪਣੇ ਦੁਆਰੇ ਸਦਣਾ, ਪ੍ਰਭੂ ਤੇਰੇ ਮਿਲਣ ਦਾ ਚਾਅ । ਜਗਤ ਦੀਨ ਦੁਨੀ ਦੁਆਰਾ
ਤਜਣਾ, ਲੱਖ ਚੁਰਾਸੀ ਦੇਣਾ ਪੰਧ ਮੁਕਾ । ਸਚ ਪ੍ਰੀਤੀ ਤੇਰੀ ਵਿਚ ਬੱਝਣਾ, ਨਾਤਾ ਸਕੇ ਨਾ ਕੋਇ ਤੁੜਾ । ਅੰਤ ਤੇਰੇ ਗ੍ਰਿਹ ਵੰਞਣਾ, ਵੰਞ ਮੁਹਾਣਾ
ਦੇ ਦੇ ਨਾਮ ਅਲਾਹ । ਨੇਤਰ ਪਾ ਨਿਧਾਨ ਅੰਜਣਾ, ਨਿਜ ਲੋਚਨ ਕਰ ਰੁਸ਼ਨਾ । ਤੁਧ ਬਿਨ ਪੜਦਾ ਕਿਸੇ ਨਾ ਕਜਣਾ, ਸਿਰ ਸਿਰ ਹੋਏ ਨਾ
ਕੋਇ ਸਹਾ । ਪਰਮ ਪੁਰਖ ਪਰਮਾਤਮ ਸਾਨੂੰ ਪਏ ਕੋਈ ਨਾ ਲਭਣਾ, ਘਰ ਘਰ ਭਗਤਾਂ ਆਪਣਾ ਦਰਸ ਦਿਖਾ । ਲੇਖਾ ਰਹੇ ਨਾ ਆਅਲਾ ਅਦਨਾ,
ਸ਼ਾਹ ਕੰਗਾਲ ਇਕੋ ਰੰਗ ਰੰਗਾ । ਤੇਰਾ ਦੀਪਕ ਜੋਤੀ ਦੋ ਜਹਾਨ ਜਗਣਾ, ਜਾਗਰਤ ਜੋਤ ਕਰ ਰੁਸ਼ਨਾ । ਪੰਜ ਤਤ ਕਹਿਣ ਪ੍ਰਭੂ ਅਸਾਂ ਸਚਖੰਡ
ਦੁਆਰੇ ਵਸਣਾ, ਆਤਮ ਨਾਲ ਲਹਿਣਾ ਦੇਣਾ ਦੇ ਚੁਕਾ । ਤੇਰਾ ਜੋਤੀ ਦਰਸ਼ਨ ਕਰ ਕਰ ਹਸਣਾ, ਬਿਨ ਨੈਣਾਂ ਦਰਸ਼ਨ ਪਾ । ਤੇਰੇ ਚਰਨ ਕਵਲਾਂ
ਝਸਣਾ, ਬਿਨ ਹੱਥਾਂ ਹੱਥ ਟਿਕਾ । ਤੂੰ ਮਾਰਗ ਅਗੰਮਾ ਦੱਸਣਾ, ਪਰਦਾ ਅੰਦਰੋਂ ਦੇਣਾ ਉਠਾ । ਅਸਾਂ ਬਿਨ ਕ਼ਦਮਾਂ ਤੇਰੇ ਸਚਖੰਡ ਦੁਆਰੇ ਵਸਣਾ,
ਮੰਜ਼ਲ ਮੰਜ਼ਲ ਪੰਧ ਚੁਕਾ । ਫੇਰ ਖ਼ੁਸ਼ੀਆਂ ਦੇ ਵਿਚ ਹਸਣਾ, ਹਸਤੀ ਤੇਰੀ ਤਕ ਨੂਰ ਅਲਾਹ । ਪੰਜ ਤਤ ਕਹਿਣ ਪ੍ਰਭ ਜਨ ਭਗਤਾਂ ਤੇਰੇ ਨਾਮ

ਦਾ ਲੈਣਾ ਰਸਨਾ, ਰਸਤਾ ਅਗੰਮ ਦੇਣਾ ਦਰਸਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹੋਣਾ ਅੰਤਮ ਆਪ ਸਹਾ ।

੬ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਮਾਗਾ ਸਰਾਏ ਜ਼ਿਲਾ ਅੰਮ੍ਰਿਤਸਰ ਸੁਰਜਣ ਸਿੰਘ ਮਹਿੰਦਰ ਸਿੰਘ ਪ੍ਰੀਤਮ ਸਿੰਘ ਅਜੀਤ ਸਿੰਘ ਬਚਨ ਸਿੰਘ ਜਸਵੰਤ ਸਿੰਘ ਕਰਤਾਰ ਚਰਨ ਸਿੰਘ ਚੰਨਣ ਸਿੰਘ ਮਾਗਾ ਸਰਾਏ, ਕੇਸਰ ਸਿੰਘ ਮੈਸਮ ਪੂਰਾ, ਜਗੀਰ ਸਿੰਘ ਮੈਣੀਆ,

ਪੰਜ ਤਤ ਕਹਿਣ ਪ੍ਰਭ ਤੂੰ ਦਾਤਾ ਬੇਪਰਵਾਹ, ਆਦਿ ਜੁਗਾਦਿ ਪਰਮ ਪੁਰਖ ਅਖਵਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਅਗੰਮ ਮਲਾਹ, ਬੇੜਾ ਦੋ ਜਹਾਨ ਸ੍ਰੀ ਭਗਵਾਨ ਆਪ ਚਲਾਈਆ । ਦੋਏ ਜੋੜ ਸੀਸ ਜਗਦੀਸ ਦੇਈਏ ਨਿਵਾ, ਚਰਨ ਧੂੜੀ ਖ਼ਾਕ ਖ਼ਾਕ ਰਮਾਈਆ । ਪਤਿਪਰਮੇਸ਼ਵਰ ਪਾਰਬ੍ਰਹਮ ਸਾਡੀ ਆਸ਼ਾ ਪੂਰ ਕਰਾ, ਮਿਹਰਵਾਨ ਮਹਿਬੂਬ ਆਪਣੇ ਰੰਗ ਰੰਗਾਈਆ । ਜੁਗ ਜੁਗ ਸੜ ਸੜ ਹੁੰਦੇ ਰਹੇ ਸੁਆਹ, ਮਿਟੀ ਖ਼ਾਕ ਰੂਪ ਬਦਲਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਨੂੰ ਮਿਲਿਆ ਨਾ ਸਚਖੰਡ ਥਾਂ, ਦਰਗਾਹ ਸਾਚੀ ਨਜ਼ਰ ਕੋਇ ਨਾ ਆਈਆ । ਅੰਤ ਕੰਤ ਭਗਵੰਤ ਪਕੜੇ ਕੋਈ ਨਾ ਬਾਂਹ, ਸਹਾਇਕ ਨਾਇਕ ਤੇਰਾ ਮੇਲ ਨਾ ਕੋਇ ਮਿਲਾਈਆ । ਮਕਬਰਿਆਂ ਵਿਚ ਦਿਤਾ ਦਬਾ, ਕ਼ਬਰਾਂ ਸਾਡੀ ਧਾਰ ਦਬਾਈਆ । ਅਸੀਂ ਭਗਤ ਸੁਹੇਲੇ ਸੂਫ਼ੀ ਤੇਰੇ ਅਗੇ ਕਰੀਏ ਦੁਆ, ਦੋਏ ਜੋੜ ਵਾਸਤਾ ਪਾਈਆ । ਤੂੰ ਮਾਲਕ ਇਕ ਖ਼ੁਦਾ, ਨੂਰ ਨੁਰਾਨਾ ਨੂਰ ਅਲਾਹੀਆ । ਤੇਰਾ ਜ਼ਹੂਰ ਦੋ ਜਹਾਂ, ਜੋਤੀ ਜਾਤੇ ਤੇਰੀ ਬੇਪਰਵਾਹੀਆ । ਸਾਡੀ ਖ਼ਾਲੀ ਝੋਲੀ ਦੇ ਭਰਾ, ਵਸਤ ਅਗੰਮ ਅਥਾਹ ਵਰਤਾਈਆ । ਪੰਜ ਤਤ ਕਹਿਣ ਸਾਨੂੰ ਚੁਰਾਸੀ ਵਾਲੀ ਭੁਗਤਣੀ ਨਾ ਪਏ ਸਜ਼ਾ, ਚਾਰੇ ਖਾਣੀ ਲੇਖਾ ਦੇਣਾ ਮੁਕਾਈਆ । ਅਸੀਂ ਚਲੀਏ ਤੇਰੀ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਤੇਰੀ ਓਟ ਤਕਾਈਆ । ਆਤਮਾ ਮੇਲਣਾ ਤੇਰੀ ਆਦਿ ਆਦਿ ਅਦਾ, ਅਦਲ ਦੇ ਮਾਲਕ ਤੇਰੇ ਹੱਥ ਵਡਿਆਈਆ । ਸਾਨੂੰ ਤੇਰੇ ਸਚਖੰਡ ਦੁਆਰ ਜਾਣ ਦਾ ਚਾਅ, ਚਾਉ ਘਨੇਰਾ ਇਕ ਦਰਸਾਈਆ । ਅਸੀਂ ਕਲਜੁਗ ਅੰਤ ਦੁਖਾਂ ਵਿਚ ਭਰੀਏ ਆਹ, ਹੌਕਿਆਂ ਵਿਚ ਰਹੇ ਸੁਣਾਈਆ । ਬਿਨ ਹੱਥਾਂ ਸਾਡੀ ਪਕੜੀਂ ਬਾਂਹ, ਬਲਧਾਰੀ ਹੋਣਾ ਆਪ ਸਹਾਈਆ । ਇਕੋ ਤੇਰਾ ਨਗਰ ਖੇੜਾ ਇਕੋ ਤੇਰਾ ਤਕੀਏ ਗਰਾਂ, ਜਿਥੇ ਬਿਨ ਸੂਰੀਆ ਚੰਦ ਹੋਵੇ ਰੁਸ਼ਨਾਈਆ । ਸਾਡਾ ਨਾਤਾ ਰਹੇ ਨਾ ਪਿਤਾ ਮਾਂ, ਜਗਤ ਤਤ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਅਸੀਂ ਪ੍ਰਭ ਜੁਗ ਜੁਗ ਰਹੇ ਮਿਟਦੇ, ਤਨ ਵਜੂਦਾਂ ਪੰਧ ਮੁਕਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰਹੇ ਟਿਕਦੇ, ਭੱਜੇ ਵਾਹੋ ਦਾਹੀਆ । ਚੁਰਾਸੀ ਵਿਚ ਰਹੇ ਵਿਕਦੇ, ਕਰਤੇ ਕ਼ੀਮਤ ਕੋਇ ਨਾ ਪਾਈਆ । ਅੰਤ ਸਹਾਰੇ ਤਕੇ ਤੇਰੇ ਇਕ ਦੇ, ਏਕੰਕਾਰ ਤੇਰੀ ਸਰਨਾਈਆ । ਸਾਡੇ ਲੇਖ ਅਨੋਖੇ ਲਿਖ ਦੇ, ਲਿਖਣਹਾਰ ਤੇਰੀ ਬੇਪਰਵਾਹੀਆ । ਸਾਨੂੰ ਪਿਆਰ ਦੇ ਦੇ ਸਾਚੇ ਸਿਖ ਦੇ, ਸਿਖਿਆ ਇਕੋ ਇਕ ਸਮਝਾਈਆ । ਅਸੀਂ ਵਣਜਾਰੇ ਜਗਤ ਨਾ ਹੋਈਏ ਭਿਖ ਦੇ, ਭਿਖਿਆ ਮੰਗਣ ਕਦੇ ਨਾ ਜਾਈਆ ।

ਤੇਰੇ ਚਰਨ ਕਵਲਾਂ ਹੋਈਏ ਲਿਟਦੇ, ਲਿਟ੍ਹਾਂ ਖੋਲ੍ਹ ਕੇ ਸੀਸ ਝੁਕਾਈਆ । ਸਾਡੇ ਲਹਿਣੇ ਦੇਣੇ ਮੁਕ ਜਾਣ ਪੱਥਰ ਇੱਟ ਦੇ, ਪਾਹਨਾਂ ਸੀਸ ਨਾ
ਕੋਇ ਨਿਵਾਈਆ । ਸਾਡੇ ਨਾਤੇ ਟੁਟ ਜਾਣ ਬੂੰਦ ਰਿਤ ਦੇ, ਮਾਤ ਗਰਭ ਨਾ ਅਗਨ ਤਪਾਈਆ । ਅਸੀਂ ਦਰਸ਼ਨ ਮੰਗਦੇ ਨਿਤ ਦੇ, ਨਿਜ ਨੇਤਰ
ਲੋਚਨ ਨੈਣ ਕਰ ਰੁਸ਼ਨਾਈਆ । ਪਿਆਰੇ ਹੋਈਏ ਤੇਰੇ ਹਿਤ ਦੇ, ਹਿਤਕਾਰੀ ਹੋ ਕੇ ਵੇਖਣਾ ਚਾਈਂ ਚਾਈਂਆ । ਹੁਕਮ ਸੰਦੇਸ਼ੇ ਸੁਣੇ ਸ਼ਬਦ ਗੁਰੂ
ਗੁਰ ਮਿਤ ਦੇ, ਮਿਤਰ ਪਿਆਰਾ ਕੀ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਲਹਿਣੇ ਆਪ ਨਜਿਠ ਦੇ, ਸਿਰ ਸਿਰ ਆਪਣਾ
ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਪੰਜ
ਤਤ ਕਹਿਣ ਪ੍ਰਭ ਅਸੀਂ ਭਗਤਾਂ ਤਨ ਸਰੀਰ, ਜਗਤ ਵਜੂਦ ਸੋਭਾ ਪਾਈਆ । ਤੂੰ ਸ਼ਹਿਨਸ਼ਾਹ ਸ਼ਾਹ ਗਹਿਰ ਗੰਭੀਰ, ਗਵਰ ਇਕ ਅਖਵਾਈਆ ।
ਸਾਡੀ ਬਦਲ ਦੇ ਤਕਦੀਰ, ਤਦਬੀਰ ਆਪਣੀ ਇਕ ਜਣਾਈਆ । ਤੂੰ ਬੇਪਰਵਾਹ ਬੇਨਜ਼ੀਰ, ਨਜ਼ਰੀਏ ਨਾਲ ਦੇਣਾ ਬਦਲਾਈਆ । ਸਾਡੇ ਬਸਤਰ
ਵੇਖ ਲੈ ਚੀਰ, ਚਾਰੋਂ ਕੁੰਟ ਧਿਆਨ ਲਗਾਈਆ । ਸਾਡੇ ਓਢਣ ਹੋਏ ਲੀਰੋ ਲੀਰ, ਅਲਫ਼ੀ ਗਲ ਨਾ ਕੋਇ ਚਤੁਰਾਈਆ । ਤੂੰ ਸ਼ਹਿਨਸ਼ਾਹ ਅਸੀਂ
ਹਕੀਰ, ਫ਼ਕੀਰ ਦਰਵੇਸ਼ ਮੰਗ ਮੰਗਾਈਆ । ਤੂੰ ਸ਼ਹਿਨਸ਼ਾਹ ਪੀਰਾਂ ਦਾ ਪੀਰ, ਪੈਗ਼ੰਬਰਾਂ ਦਾ ਪੈਗ਼ੰਬਰ ਨੂਰ ਅਲਾਹੀਆ । ਤੇਰੇ ਕਲਮੇ ਦੀ ਇਕੋ
ਪੜ੍ਹੀਏ ਤਕਬੀਰ, ਢੋਲਾ ਸੋਹਲਾ ਇਕ ਜਣਾਈਆ । ਸਾਡੀ ਮੰਜ਼ਲ ਤਕ ਅਖ਼ੀਰ, ਆਖ਼ਰ ਤੇਰੇ ਅਗੇ ਵਾਸਤਾ ਪਾਈਆ । ਜੋ ਇਸ਼ਾਰਾ ਦੇ ਕੇ
੫੭ ਗਿਆ ਕਬੀਰ, ਕ਼ਬਰਾਂ ਤੋਂ ਬਾਹਰ ਸੁਣਾਈਆ । ਤੇਰੇ ਚਰਨ ਕਵਲ ਸਾਡਾ ਨੇਤਰ ਵਗੇ ਨੀਰ, ਨੈਣ ਰਹੇ ਕੁਰਲਾਈਆ । ਸਾਚੇ ਨਾਮ ਦਾ ਬਖ਼ਸ਼ ੫੭
੨੪ ਦੇ ਧੁਰ ਦਾ ਸੀਰ, ਸੁਰਤੀ ਸ਼ਬਦ ਨਾਲ ਮਿਲਾਈਆ । ਬਜਰ ਕਪਾਟੀ ਪੜਦਾ ਲਾਹ ਚੀਰ, ਚਿਰੀ ਵਿਛੁੰਨੇ ਜੋੜ ਜੁੜਾਈਆ । ਨੌ ਦੁਆਰ ਕਟ ੨੪
ਦੇ ਭੀੜ, ਵਾਸ਼ਨਾ ਕੂੜ ਰਹੇ ਨਾ ਰਾਈਆ । ਦਸਮ ਦੁਆਰੀ ਆਪਣੀ ਵਖਾ ਤਸਵੀਰ, ਜੋਤੀ ਜਾਤਾ ਨਜ਼ਰੀ ਆਈਆ । ਬੂੰਦ ਸਵਾਂਤੀ ਅੰਮ੍ਰਿਤ
ਰਸ ਦੇ ਠਾਂਡਾ ਹਸਤ ਕੀਰ, ਕੀਟ ਕੀਟਾਂ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ
ਵਰ, ਸਚ ਦਾ ਮੇਲਾ ਆਪ ਮਿਲਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਕਾਇਆ ਭਗਤਾਂ ਚੋਲੇ, ਦੀਨ ਦੁਨੀ ਨਜ਼ਰੀ ਆਈਆ । ਤੂੰ ਵਸਣਾ
ਸਾਡੇ ਕੋਲੇ, ਘਰ ਮੰਦਰ ਡੇਰਾ ਲਾਈਆ । ਭੇਵ ਚੁਕਾ ਦੇ ਪੜਦੇ ਉਹਲੇ, ਪਰਦਾ ਪਰਦਿਆਂ ਵਿਚੋਂ ਉਠਾਈਆ । ਅਸੀਂ ਬਿਨਾ ਰਸਨਾ ਤੋਂ ਸੁਣੀਏ
ਤੇਰੇ ਢੋਲੇ, ਗੀਤ ਗੋਬਿੰਦ ਦੇਣਾ ਜਣਾਈਆ । ਸਭ ਦੇ ਪੜਦੇ ਦੇਣੇ ਖੋਲ੍ਹੇ, ਖ਼ਾਲਕ ਖ਼ਲਕ ਆਪਣਾ ਰੰਗ ਰੰਗਾਈਆ । ਅਸੀਂ ਤਤ ਵਿਚਾਰੇ ਆਲੇ
ਭੋਲੇ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਤੇਰੇ ਦਰ ਦੇ ਹੋਏ ਗੋਲੇ, ਸੇਵਕ ਹੋ ਕੇ ਸੇਵ ਕਮਾਈਆ । ਸਾਨੂੰ ਰਾਏ ਧਰਮ ਨਾ ਅੰਤ ਵਿਰੋਲੇ,
ਚਿਤਰ ਗੁਪਤ ਲੇਖ ਨਾ ਕੋਇ ਸਮਝਾਈਆ । ਲਾੜੀ ਮੌਤ ਨਾ ਗਾਵੇ ਢੋਲੇ, ਕ਼ਜ਼ਾ ਕ਼ਜ਼ਾਕ਼ ਨਾਲ ਮਿਲਾਈਆ । ਸਾਡੀ ਸੁਰਤੀ ਤੇਰੇ ਸ਼ਬਦ ਵਿਚ
ਮੌਲੇ, ਮੌਲਾ ਆਪਣਾ ਰੰਗ ਰੰਗਾਈਆ । ਅਸੀਂ ਪੜਦੇ ਤੇਰੇ ਅਗੇ ਖੋਲ੍ਹੇ, ਭੇਵ ਅਭੇਦ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਪੂਰਾ ਤੋਲ ਕੋਈ
ਨਾ ਤੋਲੇ, ਤੋਲਣਹਾਰ ਏਕੰਕਾਰ ਨਿਰਾਕਾਰ ਨਿਰੰਕਾਰ ਨਜ਼ਰ ਕੋਇ ਨਾ ਆਈਆ ।

✪ ੬ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਕ਼ਾਦਰਾਬਾਦ ਜ਼ਿਲਾ ਅੰਮ੍ਰਿਤਸਰ ਬਖ਼ਸ਼ੀਸ਼ ਸਿੰਘ, ਕਰਨੈਲ ਸਿੰਘ, ਸਵਰਨ ਸਿੰਘ, ਅਜੀਤ ਸਿੰਘ, ਸੰਪੂਰਨ ਕੌਰ, ਕਰਮ ਸਿੰਘ, ਮਹਿੰਦਰ ਸਿੰਘ ਕ਼ਾਦਰਾਬਾਦ, ਗੁਰਬਚਨ ਸਿੰਘ, ਅਜੀਤ ਕੌਰ ਬਾਬੋਵਾਲ, ਮੱਸਾ ਸਿੰਘ ਬਲ, ਅਮਰਾਓ ਸਿੰਘ ਬਲ, ਜੁਗਿੰਦਰ ਕੌਰ ਮਲੂਵਾਲ ✪

ਪੰਜ ਤਤ ਕਹਿਣ ਪ੍ਰਭ ਆਪਣਾ ਵੇਖ ਸੁਹੰਜਣਾ ਵਕ਼ਤ, ਜਗਤ ਜਹਾਨ ਸ੍ਰੀ ਭਗਵਾਨ ਧਿਆਨ ਲਗਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡੀ ਲੇਖੇ ਲਾ ਲੈ ਬੂੰਦ ਰਕਤ, ਤਨ ਵਜੂਦ ਹਕ ਮਹਿਬੂਬ ਤੇਰੇ ਚਰਨ ਟਿਕਾਈਆ । ਸ੍ਰੀ ਭਗਵਾਨਾ ਨੌਜਵਾਨਾ ਮਰਦ ਮਰਦਾਨਾ ਆਪਣੀ ਬਖ਼ਸ਼ ਦੇ ਸ਼ਕਤ, ਸ਼ਖ਼ਸ਼ੀਅਤ ਵਲਦੀਅਤ ਆਪਣੀ ਇਕ ਸਮਝਾਈਆ । ਨਿਰਗੁਣ ਧਾਰ ਨਿਰਵੈਰ ਨਿਰੰਕਾਰ ਤੇਰੇ ਹੋਈਏ ਭਗਤ, ਭਾਵਨੀ ਸਭ ਦੀ ਪੂਰ ਕਰਾਈਆ । ਤੇਰਾ ਹੁਕਮ ਨਾਮ ਨਿਧਾਨਾ ਜਗਤ ਨਾ ਹੋਵੇ ਸਖ਼ਤ, ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਤੇਰੀ ਮੰਜ਼ਲ ਵਿਚ ਜਾਏ ਕੋਈ ਨਾ ਅਟਕ, ਰਹਿਬਰ ਰਸਤਾ ਇਕੋ ਦੇਣਾ ਵਖਾਈਆ । ਮਾਨਸ ਜਨਮ ਰਹੇ ਨਾ ਭਟਕ, ਭਾਵਨਾ ਕੂੜ ਰਹੇ ਨਾ ਰਾਈਆ । ਮਾਤ ਗਰਭ ਨਾ ਆਈਏ ਲਟਕ, ਦਸ ਦਸ ਮਾਸ ਨਾ ਅਗਨ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪੰਜ ਤਤ ਕਹਿਣ ਪ੍ਰਭ ਤੇਰੇ ਲੇਖੇ ਜਾਈਏ ਲੱਗ, ਲਗ ਮਾਤਰ ਡੇਰਾ ਢਾਹੀਆ । ਤੂੰ ਸਾਹਿਬ ਸੂਰਾ ਸਰਬਗ, ਹਰਿ ਕਰਤਾ ਅਗੰਮ ਅਥਾਹੀਆ । ਫੜ ਫੜ ਹੰਸ ਬਣਾ ਕਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਦਰਸ਼ਨ ਦੇ ਉਪਰ ਸ਼ਾਹ ਰਗ, ਨੌਂ ਦੁਆਰੇ ਡੇਰਾ ਢਾਹੀਆ । ਕਲਜੁਗ ਕੂੜੀ ਕਿਰਿਆ ਪੋਹ ਸਕੇ ਨਾ ਅੱਗ, ਅਗਨੀ ਤਤ ਨਾ ਕੋਇ ਤਪਾਈਆ । ਦੀਨ ਦੁਨੀ ਦੀ ਪਾਰ ਕਰਾ ਦੇ ਹੱਦ, ਹਦੂਦ ਆਪਣੀ ਦੇ ਵਖਾਈਆ । ਅਸੀਂ ਆਤਮਾ ਨਾਲ ਤੇਰੀ ਹੋਈਏ ਯਦ, ਯਦੀ ਦੇਣੀ ਮਾਣ ਵਡਿਆਈਆ । ਕੀ ਹੋਇਆ ਜੇ ਬਣ ਗਏ ਰੂਪ ਮਾਸ ਨਾੜੀ ਹਡ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਦੀਨ ਦੁਨੀ ਰੰਗ ਰੰਗਾਈਆ । ਸਾਹਿਬ ਸਤਿਗੁਰ ਕਿਰਪਾ ਨਿਧਾਨ ਅੰਤ ਨਾ ਛਡ, ਛੁਟਕਾਰਾ ਏਕੰਕਾਰਾ ਚੁਰਾਸੀ ਵਿਚੋਂ ਦੇਣਾ ਕਰਾਈਆ । ਨਿਰਗੁਣ ਨਿਰਵੈਰ ਤੇਰੇ ਨਾਲੋਂ ਨਾ ਹੋਈਏ ਅੱਡ, ਵਖਰਾ ਗ੍ਰਿਹ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਗ੍ਰਿਹ ਸੁਹਾ ਸੁਹੰਜਣਾ, ਸੋਭਾਵੰਤ ਦੇ ਵਡਿਆਈਆ । ਕਿਰਪਾ ਕਰ ਆਦਿ ਪੁਰਖ ਨਿਰੰਜਣਾ, ਨਰ ਨਰਾਇਣ ਤੇਰੀ ਸਰਨਾਈਆ । ਤੂੰ ਦਾਤਾ ਦਾਨੀ ਦਰਦ ਦੁਖ ਭੈ ਭੰਜਣਾ, ਭਵ ਸਾਗਰ ਪਾਰ ਦੇਣਾ ਕਰਾਈਆ । ਨੇਤਰ ਨਾਮ ਨਿਧਾਨਾ ਪਾ ਦੇ ਅੰਜਣਾ, ਜੋਤੀ ਜਾਤੇ ਕਰ ਰੁਸ਼ਨਾਈਆ । ਸਚ ਸੁਆਮੀ ਦਰ ਤੇਰਾ ਇਕੋ ਮੰਗਣਾ, ਦੂਸਰ ਓਟ ਨਾ ਕੋਇ ਰਖਾਈਆ । ਪਰਵਰਦਿਗਾਰ ਸਾਂਝੇ ਯਾਰ ਚਾੜ੍ਹ ਦੇ ਰੰਗਣਾ, ਦੁਰਮਤ ਮੈਲ ਦੇ ਧਵਾਈਆ । ਦਰ ਠਾਂਡੇ ਸੀਸ ਜਗਦੀਸ ਝੁਕਾਈਏ ਵਿਚ ਬੰਦਨਾ, ਸਯਦਿਆਂ ਵਿਚ ਨਿਵ ਨਿਵ ਲਾਗੀਏ ਪਾਈਆ । ਤੂੰ ਸਭ ਨੂੰ ਲਾਉਣਾ ਆਪਣੇ ਅੰਗਣਾ, ਅੰਗੀਕਾਰ ਇਕ ਅਖਵਾਈਆ । ਨਾਮ ਨਿਧਾਨ ਸ੍ਰੀ ਭਗਵਾਨ ਅਗੰਮਾ ਵੰਡਣਾ, ਕਾਇਆ ਮੰਦਰ ਅੰਦਰ ਟਿਕਾਈਆ । ਸ਼ਬਦੀ ਸ਼ਬਦ ਦੇ ਅਨੰਦਨਾ, ਅੰਮਿਉਂ ਰਸ ਬੂੰਦ ਸਵਾਂਤੀ ਆਪ ਟਪਕਾਈਆ । ਝਗੜਾ ਰਹੇ ਨਾ ਤਤ ਪੰਜਨਾ, ਪੰਚਮ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੫੯
੨੪

ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭੂ ਸਾਡੇ ਲੇਖੇ ਲਾਉਣੇ ਤਤ, ਤਤਵ ਤਤ ਤਤ ਦ੍ਰਿੜਾਈਆ । ਅੰਤਰ ਬਖ਼ਸ਼ ਦੇ ਬ੍ਰਹਮ ਮਤ, ਪਾਰਬ੍ਰਹਮ ਸਮਝਾਈਆ । ਜਿਸ ਨਾਲ ਫੇਰ ਨਾ ਆਈਏ ਵਤ, ਬੇਵਤਨਾ ਵਤਨ ਦੇਣਾ ਵਖਾਈਆ । ਜਿਥੇ ਝਗੜਾ ਹੋਵੇ ਮੂਲ ਨਾ ਰਤ, ਰਤਨ ਅਮੋਲਕ ਹੀਰੇ ਲੈਣੇ ਬਣਾਈਆ । ਇਕੋ ਮਾਰਗ ਹੋਵੇ ਸਤਿ, ਸਚ ਨਾਲ ਵਡਿਆਈਆ । ਅੰਤ ਕੰਤ ਭਗਵੰਤ ਸਾਡੀ ਰਖਣੀ ਪਤ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਤੂੰ ਸਰਬ ਕਲਾ ਸਮਰਥ, ਹਰਿ ਕਰਤਾ ਨੂਰ ਅਲਾਹੀਆ । ਤੇਰੇ ਦੁਆਰ ਬੋਲੀਏ ਅਲੱਖ, ਅਲਖ ਅਗੋਚਰ ਦੇਣੀ ਮਾਣ ਵਡਿਆਈਆ । ਸਤਿਗੁਰ ਧਾਰ ਹੋਣਾ ਪਰਤਖ, ਸਨਮੁਖ ਹੋ ਕੇ ਸੋਭਾ ਪਾਈਆ । ਪੰਜ ਤਤ ਕਹਿਣ ਪ੍ਰਭ ਜਿਉਂ ਭਾਵੇ ਤਿਉਂ ਲੈਣਾ ਰਖ, ਭਗਤ ਸੁਹੇਲੇ ਹੋ ਕੇ ਆਸ ਤਕਾਈਆ । ਬਿਨ ਰਸਨਾ ਜਿਹਵਾ ਤੇਰਾ ਗਾਈਏ ਜਸ, ਬਿਨ ਸਿਫ਼ਤਾਂ ਸਿਫ਼ਤ ਸਾਲਾਹੀਆ । ਸਾਡਾ ਵਸੇਰਾ ਹੋਵੇ ਕਦੇ ਨਾ ਵਖ, ਵਖਰਾ ਗ੍ਰਿਹਿ ਨਾ ਕੋਇ ਜਣਾਈਆ । ਤੇਰੀ ਸਰਨ ਸਰਨਾਈ ਗਏ ਢਠ, ਸਰਨਗਤ ਇਕ ਸਮਝਾਈਆ । ਉਹ ਲੇਖਾ ਤਕ ਲੈ ਪੰਜ ਤਿੰਨ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧਿ ਨਾਲ ਰਲਾਈਆ । ਸਾਡਾ ਲਹਿਣਾ ਦੇਣਾ ਰਹੇ ਨਾ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਲੇਖਾ ਅਵਰ ਨਾ ਕੋਇ ਸਮਝਾਈਆ । ਝਗੜਾ ਮੁਕਾਉਣਾ ਮੰਦਰ ਮਸਜਿਦ ਸ਼ਿਵਦਵਾਲੇ ਮਠ, ਕਾਅਬਿਆਂ ਪੜਦਾ ਦੇਣਾ ਚੁਕਾਈਆ । ਤੂੰ ਸਰਬ ਕਲਾ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਅਸੀਂ ਤਤ ਨਿਮਾਣੇ ਜੋੜੀਏ ਹੱਥ, ਨਿਵ ਨਿਵ ਸੀਸ ਝੁਕਾਈਆ । ਤੂੰ ਸਰਬ ਕਲਾ ਸਮਰਥ, ਪਰਮ ਪੁਰਖ ਇਕ ਅਖਵਾਈਆ । ਤੇਰੇ ਚਰਨ ਕਵਲ ਜਾਈਏ ਢਠ, ਮਮਤਾ ਮੋਹ ਨਾ ਕੋਇ ਜਣਾਈਆ । ਸਚਖੰਡ ਦੁਆਰ ਏਕੰਕਾਰ ਆਤਮਾ ਨਾਲ ਸਾਡਾ ਕਰਨਾ ਇਕੱਠ, ਇਕੋ ਰੰਗ ਦੇਣਾ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦ ਤੇਰਾ ਗਾਈਏ ਜਸ, ਸਿਫ਼ਤਾਂ ਨਾਲ ਸਿਫ਼ਤ ਸਿਫ਼ਤ ਸਲਾਹੀਆ ।

✪ ੭ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਨਿਜ਼ਾਮਪੁਰ ਜ਼ਿਲਾ ਅੰਮ੍ਰਿਤਸਰ ਜਸਵੰਤ ਸਿੰਘ, ਪ੍ਰੀਤਮ ਸਿੰਘ ਧੰਨਤੋ,
ਬਲਵੰਤ ਸਿੰਘ, ਠਾਕਰ ਸਿੰਘ, ਗੁਰਦਿਤ ਸਿੰਘ ਨਿਜ਼ਾਮਪੁਰ, ਬਚਨ ਕੌਰ ਮਲਕਪੁਰ, ਇੰਦਰ ਕੌਰ
ਸਰਮੁਖ ਸਿੰਘ ਤਰਨਤਾਰਨ, ਚਰਨਜੀਤ ਕੌਰ ਦੀਵਾਨਾ ਜ਼ਿਲਾ ਹਿਸਾਰ, ✪

ਪੰਜ ਤਤ ਕਹਿਣ ਪ੍ਰਭ ਸਾਡੇ ਅੰਤਰ ਜਗਾ ਦੇ ਜੋਤੀ, ਜੋਤੀ ਜਾਤੇ ਪੁਰਖ ਬਿਧਾਤੇ ਆਪਣੀ ਦਇਆ ਕਮਾਈਆ । ਸਚ ਸੁਆਮੀ ਸਾਡੀ ਸੁਰਤ ਰਹੇ ਨਾ ਸੋਤੀ, ਸ਼ਬਦੀ ਧਾਰ ਹਰਿ ਨਿਰੰਕਾਰ ਲੈਣੀ ਉਠਾਈਆ । ਪਰਮ ਪੁਰਖ ਪਰਮਾਤਮ ਜੇ ਆਤਮ ਤੇਰਾ ਗੋਤੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣੇ ਰੰਗ ਰੰਗਾਈਆ । ਸਾਡੇ ਅੰਦਰੋਂ ਕਢ ਵਾਸ਼ਨਾ ਖੋਟੀ, ਖੋਟੇ ਖਰੇ ਲੈ ਬਣਾਈਆ । ਮੰਜ਼ਲ ਚਾੜ੍ਹ ਕੇ ਵੇਖ ਚੋਟੀ, ਹਕ਼ੀਕਤ ਦੇ ਮਾਲਕ ਪੜਦਾ ਆਪ ਉਠਾਈਆ । ਅਸੀਂ ਜਨਮ ਭੋਗ ਲਏ ਕੋਟਨ ਕੋਟੀ, ਰਾਏ ਧਰਮ ਦੇਂਦਾ ਰਿਹਾ ਸਜ਼ਾਈਆ । ਸਾਡੀ ਆਸ਼ਾ ਤੇਰੇ ਚਰਨ ਰੋਤੀ, ਬਿਨ ਨੈਣਾਂ ਨੀਰ ਵਹਾਈਆ । ਸਾਡੀ ਆਯੂ ਹੋਰ ਹੋਵੇ ਨਾ ਬਹੁਤੀ, ਚਾਰੇ ਖਾਣੀ ਸੰਗ ਨਾ ਕੋਇ ਬਣਾਈਆ । ਲੇਖਾ ਪੂਰਾ ਕਰ ਦੇ ਜੋ ਇਸ਼ਾਰਾ ਦੇ

ਗਿਆ ਰਵੀਦਾਸ ਚਮਾਰਾ ਮੋਚੀ, ਭਗਤ ਭਗਵਾਨ ਆਪਣੇ ਰੰਗ ਰੰਗਾਈਆ । ਵੇਖੀਂ ਜਗਤ ਧਾਰ ਕਦੇ ਨਾ ਸੋਚੀ, ਸੋਚ ਵਿਚ ਕਦੇ ਨਾ ਆਈਆ । ਸਾਡੀ ਆਸ਼ਾ ਪੂਰੀ ਕਰ ਦੇ ਲੋਚੀ, ਨਿਜ ਲੋਚਨ ਨੈਣ ਤੇਰਾ ਦਰਸ਼ਨ ਪਾਈਆ । ਦੁਰਮਤ ਮੈਲ ਜਾਏ ਧੋਤੀ, ਪਤਤ ਪੁਨੀਤ ਦੇਣਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਅਲਖ ਜਗਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਰੰਗ ਰੰਗ ਦੇ ਆਪ, ਆਪਣੀ ਦਇਆ ਕਮਾਈਆ । ਤੇਰਾ ਅੰਤਰ ਇਕੋ ਹੋਵੇ ਜਾਪ, ਦੂਸਰ ਅਵਰ ਨਾ ਕੋਇ ਵਡਿਆਈਆ । ਤੂੰ ਆਦਿ ਜੁਗਾਦੀ ਮਾਈ ਬਾਪ, ਪਿਤਾ ਪੁਰਖ ਅਕਾਲ ਤੇਰੀ ਸਰਨਾਈਆ । ਕੂੜੀ ਕਿਰਿਆ ਹਉਮੇ ਹੰਗਤਾ ਮੇਟ ਦੇ ਤਾਪ, ਤ੍ਰੈਗੁਣ ਅਤੀਤੇ ਹੋਣਾ ਸਹਾਈਆ । ਅੰਤਰ ਰਹੇ ਨਾ ਅੰਧੇਰੀ ਰਾਤ, ਨੂਰੀ ਚੰਦ ਦੇਣਾ ਚਮਕਾਈਆ । ਜੇ ਆਤਮ ਤੇਰੀ ਜ਼ਾਤ, ਪੰਜ ਤਤ ਕਹਿਣ ਗ੍ਰਿਹ ਆਪਣੇ ਦੇ ਵਡਿਆਈਆ । ਅੰਮ੍ਰਿਤ ਬਖ਼ਸ਼ ਦੇ ਬੂੰਦ ਸਵਾਂਤ, ਨਾਭੀ ਕਵਲ ਕਵਲ ਉਲਟਾਈਆ । ਦਰਸ਼ਨ ਦੇ ਦੇ ਬਹੁ ਬਿਧ ਭਾਂਤ, ਰੂਪ ਅਨੂਪਾ ਆਪ ਜਣਾਈਆ । ਸਦਾ ਰਹੀਏ ਤੇਰੇ ਚਰਨ ਕਵਲ ਇਕਾਂਤ, ਚੁਰਾਸੀ ਵੰਡ ਨਾ ਕੋਇ ਵੰਡਾਈਆ । ਖਾਣੀ ਬਾਣੀ ਮੁਕੇ ਵਾਟ, ਰਸਨਾ ਜਿਹਵਾ ਜਗਤ ਨਾ ਕੋਇ ਪੜ੍ਹਾਈਆ । ਮੰਜ਼ਲ ਹਕੀਕੀ ਦੇ ਦੇ ਸਚਖੰਡ ਦੁਆਰਾ ਘਾਟ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਵੇਖ ਲੈ ਜਗਤ ਜਹਾਨ, ਭਗਤ ਜਨ ਹੋ ਕੇ ਸੀਸ ਨਿਵਾਈਆ । ਤੂੰ ਆਦਿ ਜੁਗਾਦੀ ਏਕਾ ਕਾਹਨ, ਕਾਹਨ ਕਾਹਨਾ ਨੂਰ ਅਲਾਹੀਆ । ਤੇਰਾ ਸਤਿ ਦਾ ਸਤਿ ਨਿਸ਼ਾਨ, ਨਿਸ਼ਾਨੇ ਦੀਨ ਦੁਨੀ ਬਦਲਾਈਆ । ਤੇਰੇ ਧਰਮ ਦਾ ਧਰਮ ਈਮਾਨ, ਅਮਾਨ ਤਕ ਖ਼ਲਕ ਖ਼ੁਦਾਈਆ । ਨਿਰਗੁਣ ਹੋਣਾ ਨਿਗਹਬਾਨ, ਨਿਰਵੈਰ ਆਪਣੀ ਅੱਖ ਉਠਾਈਆ । ਪਤਿਪਰਮੇਸ਼ਵਰ ਦੇਣਾ ਦਾਨ, ਪਰਮ ਪੁਰਖ ਝੋਲੀ ਦੇਣੀ ਭਰਾਈਆ । ਪਰਵਰਦਿਗਾਰ ਸਾਂਝੇ ਯਾਰ ਤੇਰੀ ਮੰਜ਼ਲ ਹੋਵੇ ਆਸਾਨ, ਅਗੇ ਹੋ ਨਾ ਕੋਇ ਅਟਕਾਈਆ । ਦਰ ਠਾਂਡੇ ਦੇਣਾ ਮਾਣ, ਨਿਮਾਣੇ ਹੋ ਕੇ ਸੀਸ ਝੁਕਾਈਆ । ਸਾਡੇ ਅੰਦਰੋਂ ਕਢ ਪੰਜ ਸ਼ੈਤਾਨ, ਸ਼ਰਅ ਕੂੜ ਰਹਿਣ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਤੇਰਾ ਹੋਵੇ ਗਾਨ, ਆਤਮ ਪਰਮਾਤਮ ਮਿਲ ਕੇ ਵਜੇ ਵਧਾਈਆ । ਸਾਡਾ ਬੰਕ ਦੁਆਰ ਸੁਹਾ ਦੇ ਮਕਾਨ, ਕਾਇਆ ਕਾਅਬਾ ਸੋਭਾ ਪਾਈਆ । ਤੂੰ ਯੋਧਾ ਸੂਰਬੀਰ ਜੁਆਨ, ਮਰਦ ਮਰਦਾਨ ਇਕ ਅਖਵਾਈਆ । ਪੰਜ ਤਤ ਕਹਿਣ ਅਸੀਂ ਤੇਰੇ ਬਾਲ ਨਿਧਾਨ, ਬਾਲੀ ਬੁਧ ਨਾ ਕੋਇ ਚਤੁਰਾਈਆ । ਸਾਡੀ ਆਪ ਕਰੀਂ ਪਹਿਚਾਨ, ਬੇਪਹਿਚਾਨ ਵੇਖਣਾ ਚਾਈਂ ਚਾਈਆ । ਸਚਖੰਡ ਦੁਆਰ ਬਖ਼ਸ਼ ਅਸਥਾਨ, ਥਾਨ ਥਨੰਤਰ ਬਹਿ ਕੇ ਵਜੇ ਵਧਾਈਆ । ਜੇ ਭਗਤਾਂ ਆਤਮਾ ਕਰੇਂ ਪਰਵਾਨ, ਪੰਜਾਂ ਤਤਾਂ ਦੇਣੀ ਨਾਲ ਸਰਨਾਈਆ । ਤੂੰ ਸ਼ਾਹੋ ਭੂਪ ਸੁਲਤਾਨ, ਸ਼ਹਿਨਸ਼ਾਹ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਭਗਤ ਸੁਹੇਲੇ ਤੇਰੇ ਮੀਤ, ਸਾਜਣ ਸੱਜਣਾਂ ਵੇਖ ਵਖਾਈਆ । ਤ੍ਰੈਗੁਣ ਨਾਲੋਂ ਕਰ ਅਤੀਤ, ਤ੍ਰੈਭਵਣ ਧਨੀ ਦੇ ਵਡਿਆਈਆ । ਦਿਵਸ ਰੈਣ ਵਸਣਾ ਚੀਤ, ਠਗੌਰੀ ਮਨ ਦੇਣੀ ਗਵਾਈਆ । ਅਸੀਂ ਤੇਰੀ ਚਲਾਈਏ ਰੀਤ, ਰੀਤੀਵਾਨ ਤੇਰੀ ਸਰਨਾਈਆ । ਸਤਿ ਸਚ ਦਾ ਦੱਸਣਾ ਗੀਤ, ਗੋਬਿੰਦ ਢੋਲਾ ਧੁਰਦਰਗਾਹੀਆ । ਝਗੜਾ ਮੇਟਣਾ ਹਸਤ ਕੀਟ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਸਾਡੀ ਨੰਗੀ ਨਾ ਹੋਵੇ ਪੀਠ, ਪੁਸ਼ਤ ਪਨਾਹ ਹੱਥ ਦੇਣਾ ਟਿਕਾਈਆ । ਤੇਰਾ

ਨਾਮ ਰਸ ਸਦਾ ਚਖੀਏ ਮੀਠ, ਕੂੜੀ ਕਿਰਿਆ ਬਾਹਰ ਕਢਾਈਆ । ਤੇਰਾ ਇਕੋ ਕਲਮਾ ਹੋਵੇ ਹਦੀਸ, ਹਜ਼ਰਤਾਂ ਤੋਂ ਬਾਹਰ ਤੇਰੀ ਪੜ੍ਹਾਈਆ । ਛਤਰ ਤਕੀਏ ਤੇਰੇ ਸੀਸ, ਜਗਦੀਸ਼ ਇਕੋ ਨਜ਼ਰੀ ਆਈਆ । ਜੁਗ ਜੁਗ ਲੱਖ ਚੁਰਾਸੀ ਪੀਸਣ ਲਿਆ ਪੀਸ, ਅੰਡਜ ਜੇਰਜ ਉਤਭੁਜ ਸੇਤਜ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਆਪਣਾ ਰੰਗ ਚੜ੍ਹਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਅੰਤ ਅੰਤ ਅਰਜ਼ੋਈ, ਆਰਜ਼ੂ ਤੇਰੇ ਚਰਨ ਟਿਕਾਈਆ । ਤੁਧ ਬਿਨ ਅਵਰ ਨਾ ਦੀਸੇ ਕੋਈ, ਦੂਜਾ ਨਜ਼ਰ ਕੋਇ ਨਾ ਆਈਆ । ਜਗਤ ਜਹਾਨ ਮਿਲੇ ਨਾ ਢੋਈ, ਢੋਲਾ ਗੀਤ ਸੁਹਾਗੀ ਤੇਰਾ ਨਾ ਕੋਇ ਸੁਣਾਈਆ । ਦੁਰਮਤ ਮੈਲ ਜਾਏ ਨਾ ਧੋਈ, ਪਤਤ ਪੁਨੀਤ ਨਾ ਕੋਇ ਬਣਾਈਆ । ਆਤਮ ਪਰਮਾਤਮ ਜਾਏ ਨਾ ਮੋਹੀ, ਮੁਹੱਬਤ ਵਿਚ ਨਾ ਕੋਇ ਸਮਾਈਆ । ਦਰੋਹੀ ਸਾਡੀ ਪਤ ਗਈ ਖੋਹੀ, ਖ਼ਲਕ ਦੇ ਮਾਲਕ ਤੇਰੀ ਓਟ ਤਕਾਈਆ । ਤੇਰਾ ਨਾਮ ਕਲਮਾ ਤੇਰੀ ਕ਼ਦਮਾਂ ਦੀ ਦਰੋਹੀ, ਮਹਿਬਾਨ ਬੀਦੋ ਬੀਖੈਰੀਯਾ ਅੱਲਾ ਤੇਰੀ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਪੰਜ ਤਤ ਕਹਿਣ ਕ਼ਿਬਲੇ ਅੱਜ਼ ਮਬਲੂ ਚਸ਼ਮੇ ਨਵਿਸ਼ ਖ਼ਜ਼ਿਲਤੋ ਜ਼ਵਾ ਅਵਜ਼ੀ ਮਬੂ ਨੂਰੇ ਯਸ਼ਾ ਰਹਿਮਤੇ ਖ਼ੁਦਾ ਖ਼ੁਦ ਵਜ਼ੀ ਵਜ਼ੀਉਲ ਜ਼ਮਾ ਕਾਜ਼ੂਸਤਾ ਮਹਸਤਾ ਅਜ਼ਾ ਨਜ਼ੀਬੇ ਨਗਿਸ ਕੋਸ਼ੇ ਕੁਨਾ ਕੁਨਿੰਦੇ ਗੁਮਾ ਜ਼ਵੀਤੇ ਜ਼ਹਿਬ ਅਦਾਬੇ ਮਹਿਬੂਬ ਆਲੀਸ਼ਾਨ ਅਰਸ਼ੇ ਅਰੂਜ ਮੰਜ਼ਲੇ ਹਕ ਮਕ਼ਸੂਦ ਨੂਰ ਨੁਰਾਨੇ ਨੂਰ ਨੂਰ ਅਲਾਹੀਆ । ਪੰਜ ਤਤ ਕਹਿਣ ਪ੍ਰਭ ਚਰਨ ਕਵਲ ਦੇ ਸਹਾਰਾ, ਸਹਾਇਕ ਨਾਇਕ ਇਕੋ ਨਜ਼ਰੀ ਆਈਆ । ਧਰਮ ਦੀ ਧਾਰ ਮਿਲੇ ਦੁਆਰਾ, ਨਰ ਨਿਰੰਕਾਰਾ ਗ੍ਰਿਹ ਮੰਦਰ ਦੇਣਾ ਸੁਹਾਈਆ । ਤੇਰਾ ਸ਼ਬਦ ਦਾ ਸ਼ਬਦ ਹੋਵੇ ਜੈਕਾਰਾ, ਨਿਰਅੱਖਰ ਧਾਰ ਦੇਣਾ ਪੜ੍ਹਾਈਆ । ਅੰਤਰ ਖੋਲ੍ਹ ਦੇ ਬੰਦ ਕਿਵਾੜਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਅੰਮ੍ਰਿਤ ਬੂੰਦ ਦੇ ਦੇ ਠੰਡੀ ਠਾਰਾ, ਅਗਨੀ ਤਤ ਤਤ ਬੁਝਾਈਆ । ਅਨਾਦੀ ਨਾਦ ਸੁਣੀਏ ਧੁਨਕਾਰਾ, ਧੁਨ ਆਤਮਕ ਰਾਗ ਦ੍ਰਿੜ੍ਹਾਈਆ । ਤੇਰਾ ਨੂਰੀ ਜੋਤ ਹੋਵੇ ਉਜਿਆਰਾ, ਜੋਤੀ ਜਾਤੇ ਡਗਮਗਾਈਆ । ਤੇਰੇ ਚਰਨ ਸਰਨ ਨਿਮਸਕਾਰਾ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਤੂੰ ਮਿਹਰਵਾਨ ਪਰਵਰਦਿਗਾਰਾ, ਸਾਂਝਾ ਯਾਰ ਅਗੰਮ ਅਥਾਹੀਆ । ਪੰਜ ਤਤ ਕਹਿਣ ਪ੍ਰਭ ਸਾਡਾ ਜਨਮ ਨਾ ਹੋਵੇ ਦੁਬਾਰਾ, ਜਨਣੀ ਕੁੱਖ ਨਾ ਕੋਇ ਟਿਕਾਈਆ । ਚੁਰਾਸੀ ਵਿਚੋਂ ਕਢਣਾ ਬਾਹਰਾ, ਫਾਸੀ ਰਾਏ ਧਰਮ ਨਾ ਕੋਇ ਵਖਾਈਆ । ਲਾੜੀ ਮੌਤ ਨਾ ਕਰੇ ਸ਼ਿੰਗਾਰਾ, ਕਾਲ ਰੰਗ ਨਾ ਕੋਇ ਰੰਗਾਈਆ । ਸਤਿਗੁਰ ਸ਼ਬਦ ਦਾ ਦੇਣਾ ਸਹਾਰਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਭਗਵਨ ਬਖ਼ਸ਼ ਆਪਣਾ ਦੁਆਰਾ, ਸਚਖੰਡ ਸਾਚਾ ਦਰਗਾਹ ਸਾਚੀ ਇਕ ਵਖਾਈਆ । ਜਿਥੇ ਨਿਰਗੁਣ ਦੀਪ ਜੋਤ ਹੋਵੇ ਉਜਿਆਰਾ, ਤੇਲ ਬਾਤੀ ਨਜ਼ਰ ਕੋਇ ਨਾ ਆਈਆ । ਤੂੰ ਸ਼ਾਹੋ ਭੂਪ ਹੋਵੇ ਸਿਕਦਾਰਾ, ਸ਼ਹਿਨਸ਼ਾਹ ਤੇਰੀ ਵਡ ਵਡਿਆਈਆ । ਥਿਰ ਘਰ ਬਹਿ ਕੇ ਆਤਮਾ ਨਾਲ ਕਰੀਏ ਨਿਮਸਕਾਰਾ, ਨਿਵ ਨਿਵ ਲਾਗੀਏ ਪਾਈਆ । ਅੰਤ ਕੰਤ ਭਗਵੰਤ ਪੰਜ ਤਤ ਕਹਿਣ ਤੇਰਾ ਦਰਸ ਕਰੀਏ ਅਪਾਰਾ, ਅਪਰੰਪਰ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਦੇਣਾ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਧਾਰ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਦਰ ਠਾਂਡੇ ਬੈਠੇ ਸੀਸ ਨਿਵਾਈਆ ।

✪ ੭ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਵੇਰਕਾ ਜ਼ਿਲਾ ਅੰਮ੍ਰਿਤਸਰ ਹਰਜੀਤ ਸਿੰਘ, ਗੁਰਨਾਮ ਸਿੰਘ, ਪਿਸ਼ੌਰਾ ਸਿੰਘ, ਹਰਨਾਮ ਕੌਰ,
ਜੁਗਿੰਦਰ ਕੌਰ, ਨਰਾਇਣ ਸਿੰਘ ਵੇਰਕਾ, ਰਤਨ ਕੌਰ, ਗੁਰਦਿਆਲ ਸਿੰਘ, ਹਰਬੰਸ ਕੌਰ ਮੂਧਲ,
ਕੁੰਦਨ ਸਿੰਘ ਪੰਡੋਰੀ, ਹਜ਼ਾਰਾ ਸਿੰਘ ਜੇਠੂਨੰਗਲ, ਆਸ਼ਾ ਚੰਦ ਕਾਂਗੜਾ,
ਜਗਦੀਸ਼ ਕੌਰ ਅੰਮ੍ਰਿਤਸਰ, ਸੂਰਤ ਸਿੰਘ ਗਿਲਵਾਲੀ, ✪

ਪੰਜ ਤਤ ਕਹਿਣ ਪ੍ਰਭ ਸਾਡੀ ਪੂਰੀ ਕਰਦੇ ਆਸਾ, ਆਸਾ ਰਾਮ ਦਾ ਤਤ ਜਨ ਭਗਤਾਂ ਨਾਲ ਮਿਲਾਈਆ । ਧੁਰ ਦਾ ਚਰਨ ਕਵਲ ਦੇ ਭਰਵਾਸਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਸਾਚੇ ਮੰਡਲ ਪਾ ਰਾਸਾ, ਸੁਰਤੀ ਸ਼ਬਦੀ ਗੋਪੀ ਕਾਹਨ ਖੇਲ ਖਿਲਾਈਆ । ਸਾਡਾ ਲੇਖੇ ਲਾ ਲੈ ਪਵਣ ਸਵਾਸਾ, ਸਾਹ ਸਾਹ ਤੇਰੇ ਵਿਚ ਸਮਾਈਆ । ਤੂੰ ਪਾਰਬ੍ਰਹਮ ਪਤਿਪਰਮੇਸ਼ਵਰ ਅਲੱਖਣਾ ਅਲਾਖਾ, ਅਲਖ ਅਗੋਚਰ ਅਗੰਮ ਅਥਾਹ ਤੇਰੇ ਹੱਥ ਵਡਿਆਈਆ । ਏਥੇ ਉਥੇ ਦੋ ਜਹਾਨਾਂ ਹੋਣਾ ਰਾਖਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਤੂੰ ਸਾਹਿਬ ਸੁਲਤਾਨ ਆਦਿ ਜੁਗਾਦੀ ਦੇਣਾ ਸਾਥਾ, ਸਗਲਾ ਸੰਗ ਬਣਾਈਆ । ਹਉਂ ਤਤ ਵਿਚਾਰਾ ਅਨਾਥ ਅਨਾਥਾ, ਦੀਨਨ ਦੀਨ ਦੀਨ ਅਖਵਾਈਆ । ਸਰਗੁਣ ਧਾਰ ਹੋ ਕੇ ਨਿਰਗੁਣ ਤੇਰੀ ਗਾਵੇ ਗਾਥਾ, ਗਹਿਰ ਗੰਭੀਰ ਬੇਨਜ਼ੀਰ ਦੱਸਣੀ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
੬੨ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡ ਵਡਿਆਈਆ । ਪੰਜ ਤਤ ਕਹਿਣ ਪ੍ਰਭ ਸਾਡੇ ਅੰਤਰ ਕਰ ਪਰਕਾਸ਼, ਨੂਰ ਨੁਰਾਨੇ ੬੨
੨੪ ਨੂਰ ਕਰ ਰੁਸ਼ਨਾਈਆ । ਤਨ ਵਜੂਦ ਪਵਿੱਤ੍ਰ ਕਰ ਦੇ ਲਾਸ਼, ਪੰਜ ਵਿਕਾਰਾਂ ਲਸ਼ਕਰ ਦੇ ਮਿਟਾਈਆ । ਸਾਡਾ ਲੇਖਾ ਰਹੇ ਨਾ ਨਾਲ ਸ਼ੰਕਰ ਕੈਲਾਸ਼, ੨੪
ਕਲਾਧਾਰੀ ਆਪਣਾ ਰੰਗ ਦੇਣਾ ਰੰਗਾਈਆ । ਕੂੜ ਕੁੜਿਆਰ ਹਉਮੇ ਹੰਕਾਰ ਅੰਤਰ ਨਿਰੰਤਰ ਕਰਨਾ ਵਿਨਾਸ਼, ਵਿਸ਼ਿਆਂ ਤੋਂ ਬਾਹਰ ਦੇਣੀ ਵਡਿਆਈਆ । ਸਾਡਾ ਤੇਰੇ ਉਤੇ ਅਹਿਸਾਸ, ਅਹਿਸਾਨ ਸਿਰ ਨਾ ਕੋਇ ਰਖਾਈਆ । ਲੇਖੇ ਲਾਉਣਾ ਨਾੜੀ ਹਡ ਮਾਸ, ਮਸਤ ਦੀਵਾਨੇ ਦੇਣੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਆਦਿ ਜੁਗਾਦੀ ਕਲਾਧਾਰੀ, ਕਲਜੁਗ ਅੰਤ ਕੰਤ ਭਗਵੰਤ ਵੇਖ ਵਖਾਈਆ । ਅਸੀਂ ਰੋਈਏ ਜ਼ਾਰੋ ਜ਼ਾਰੀ, ਨੇਤਰ ਨੈਣਾਂ ਨੀਰ ਵਹਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਾਵੀਂ ਸਾਰੀ, ਸ੍ਰੀ ਭਗਵਾਨ ਨੌਜੁਆਨ ਮਰਦ ਮਰਦਾਨ ਵੇਖਣਾ ਥਾਉਂ ਥਾਈਆ । ਚਾਰੋਂ ਕੁੰਟ ਰੈਣ ਅੰਧਿਆਰੀ, ਨੂਰੀ ਚੰਦ ਦੇਣਾ ਚਮਕਾਈਆ । ਪਰਦਾ ਉਹਲਾ ਰਹੇ ਨਾ ਨੌਂ ਦੁਆਰੀ, ਦਸਮ ਦੀ ਧਾਰ ਦੇਣੀ ਪਰਗਟਾਈਆ । ਅੰਮ੍ਰਿਤ ਬੂੰਦ ਬਖ਼ਸ਼ਣੀ ਠੰਡੀ ਠਾਰੀ, ਸਾਂਤਕ ਸਤਿ ਸਤਿ ਕਰਾਈਆ । ਤੇਰੇ ਨਾਮ ਸ਼ਬਦ ਦੀ ਸੁਣੀਏ ਅਗੰਮ ਧੁਨਕਾਰੀ, ਅਨਹਦ ਨਾਦੀ ਨਾਦ ਦੇਣਾ ਜਣਾਈਆ । ਨਿਰਗੁਣ ਜੋਤ ਹੋਵੇ ਉਜਿਆਰੀ, ਉਜਾਲਾ ਦੋ ਜਹਾਨ ਵਖਾਈਆ । ਸੁਰਤ ਸ਼ਬਦ ਤੇਰੇ ਦਰ ਹੋਵੇ ਭਿਖਾਰੀ, ਦਰ ਦਰਵੇਸ਼ਾ ਰੂਪ ਅਲਖ ਜਗਾਈਆ । ਤੂੰ ਕਰਤਾ ਪੁਰਖ ਕਰਨੇਹਾਰੀ, ਨਰ ਨਰਾਇਣ ਤੇਰੀ ਬੇਪਰਵਾਹੀਆ । ਜਿਸ ਤਰਹ ਆਤਮਾ ਪਰਮਾਤਮਾ ਕਰੇਂ ਪਿਆਰੀ, ਪਰਮ ਪੁਰਖ ਆਪਣੇ ਰੰਗ ਰੰਗਾਈਆ । ਜਨ ਭਗਤਾਂ ਤਤ ਕਹਿਣ ਸਾਨੂੰ ਲੈ ਜਾ ਸਚਖੰਡ ਦੁਆਰੀ, ਦਰਗਾਹ ਸਾਚੀ ਧਾਮ ਟਿਕਾਈਆ । ਜਿਥੇ ਆਉਣਾ ਪਏ ਨਾ ਫੇਰ ਦੁਬਾਰੀ, ਚੁਰਾਸੀ ਵੰਡ ਨਾ ਕੋਇ ਵੰਡਾਈਆ ।

ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਿਕਦਾਰੀ, ਹਉ ਸੇਵਕ ਜੁਗ ਜੁਗ ਤੇਰੀ ਸੇਵ ਕਮਾਈਆ । ਭਗਤਨ ਤਤ ਕਹਿਣ ਪ੍ਰਭ ਭੇਵ ਨਾ ਜਾਣਨਾ ਨਰ ਨਾਰੀ, ਬਿਰਧ ਬਾਲ ਜੁਆਨ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਘਰ ਸਾਚੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਵੇਖ ਲੈ ਨਿਰਗੁਣ ਧਾਰ, ਸਰਗੁਣਾਂ ਲਹਿਣਾ ਦੇਣਾ ਚੁਕਾਈਆ । ਤੂੰ ਜੋਤੀ ਜਾਤਾ ਪੁਰਖ ਭਤਾਰ, ਕੰਤ ਕੰਤੂਹਲ ਇਕ ਅਖਵਾਈਆ । ਜੋ ਆਤਮਾ ਤੇਰੀ ਨਿਰਵੈਰ ਪੁਰਖ ਨਾਰ, ਨਰ ਨਰਾਇਣ ਆਪਣੇ ਰੰਗ ਰੰਗਾਈਆ । ਸਾਡੀ ਪੈਜ ਦੇ ਸਵਾਰ, ਪੰਚਮ ਰੋ ਰੋ ਮਾਰੀਏ ਧਾਹੀਆ । ਤੂੰ ਸਭ ਕੁਛ ਕਰਨੇਹਾਰ, ਕਰਤੇ ਪੁਰਖ ਤੇਰੀ ਵਡਿਆਈਆ । ਕੋਟਾਂ ਵਿਚੋਂ ਤੇਰੇ ਭਗਤ ਸੁਹੇਲੇ ਦੋ ਚਾਰ, ਚੁਰਾਸੀ ਵਿਚੋਂ ਆਪਣੇ ਰੰਗ ਰੰਗਾਈਆ । ਕਿਰਪਾ ਨਿਧਾਨ ਕਢ ਲੈ ਬਾਹਰ, ਫੜ ਬਾਹੋਂ ਗਲੇ ਲਗਾਈਆ । ਤੇਰੇ ਚਰਨ ਕਵਲ ਹੋਈਏ ਪਨਿਹਾਰ, ਨਿਵ ਨਿਵ ਸੀਸ ਝੁਕਾਈਆ । ਤੂੰ ਸਾਜਣ ਸਾਹਿਬ ਮੀਤ ਮੁਰਾਰ, ਮਿਤਰ ਪਿਆਰਾ ਅਗੰਮ ਅਥਾਹੀਆ । ਸਾਡਾ ਜਨਮ ਮਰਨ ਨਾ ਹੋਵੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਦਾ ਲਹਿਣਾ ਦੇਣਾ ਮੁਕਾਈਆ । ਸਾਡਾ ਮੇਲਾ ਨਾਲ ਹੋਵੇ ਸਤਿਗੁਰ ਸ਼ਬਦ ਸਾਂਝੇ ਯਾਰ, ਯਰਾਨਾ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਪੰਜ ਤਤ ਕਹਿਣ ਪ੍ਰਭ ਸਾਡੀ ਵੇਖ ਲੈ ਅੰਤਮ ਹਾਲਤ, ਬਿਨ ਨੈਣਾਂ ਨੈਣ ਉਠਾਈਆ । ਬੇਨੰਤੀ ਸੁਣ ਵਿਚ ਹਕ ਅਦਾਲਤ, ਅਦਲ ਇਨਸਾਫ਼ ਦੇ ਮਾਲਕ ਦਰ ਤੇਰੇ ਦਈਏ ਜਣਾਈਆ । ਤਨ ਵਜੂਦਾਂ ਅੰਦਰ ਮਨੂਆ ਕਰੇ ਬਗ਼ਾਵਤ, ਬਗ਼ਲਗੀਰ ਸੰਗ ਨਾ ਕੋਇ ਬਣਾਈਆ । ਸਾਚੇ ਨਾਮ ਦੀ ਬਖ਼ਸ਼ ਨਿਆਮਤ, ਨਿਰਗੁਣ ਸਰਗੁਣ ਝੋਲੀ ਦੇ ਭਰਾਈਆ । ਸਾਡਾ ਲਹਿਣਾ ਦੇਣਾ ਲੇਖਾ ਨਾਲ ਕਿਸੇ ਕਿਆਮਤ, ਸਚ ਮੁਕ਼ਾਮ ਦੇਣਾ ਪਹੁੰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਪੰਜ ਤਤ ਕਹਿਣ ਪ੍ਰਭ ਸਾਡੇ ਵੇਖ ਲੈ ਤਨ ਵਜੂਦ ਸ਼ਰੀਰ, ਮਾਟੀ ਖ਼ਾਕ ਖ਼ਾਕ ਵਡਿਆਈਆ । ਤੂੰ ਮਾਲਕ ਗਹਿਰ ਗੰਭੀਰ, ਗਵਰ ਇਕ ਅਗੰਮ ਅਥਾਹੀਆ । ਸਾਡੀ ਬਦਲ ਦੇ ਤਕਦੀਰ, ਤਦਬੀਰ ਆਪਣੀ ਇਕ ਜਣਾਈਆ । ਅਸੀਂ ਜਗਤ ਹੋਏ ਹਕੀਰ, ਵਸਤ ਹੱਥ ਨਾ ਕੋਇ ਉਠਾਈਆ । ਆਪਣੀ ਦੱਸ ਸਚ ਤਸਵੀਰ, ਨੂਰ ਨੁਰਾਨੇ ਨੂਰ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਨਾਮ ਨਾਮ ਸਮਝਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤ ਤੇਰੇ ਨਿੱਕੇ ਬਾਲੇ, ਜਗਤ ਜੁਗਤ ਨਾ ਕੋਇ ਵਡਿਆਈਆ । ਤੁਧ ਬਿਨ ਸਾਰ ਨਾ ਕੋਇ ਸੰਭਾਲੇ, ਸੰਬਲ ਦੇ ਮਾਲਕ ਦੂਜਾ ਨਜ਼ਰ ਕੋਇ ਨਾ ਆਈਆ । ਸਾਡੇ ਲੇਖੇ ਮੁਕਾ ਦੇ ਸ਼ਾਹ ਕੰਗਾਲੇ, ਜਗਤ ਕ਼ੀਮਤ ਨਾ ਕੋਇ ਰਖਾਈਆ । ਸਾਡਾ ਸਭ ਕੁਛ ਤੇਰੇ ਹਵਾਲੇ, ਅਹਿਵਾਲ ਆਪਣਾ ਦੇਣਾ ਦ੍ਰਿੜਾਈਆ । ਫਲ ਰਿਹਾ ਨਾ ਸਾਚੇ ਡਾਲੇ, ਪੱਤ ਟਹਿਣੀ ਗਈ ਕੁਮਲਾਈਆ । ਤੇਰੀ ਘਾਲ ਕੋਈ ਨਾ ਘਾਲੇ, ਘਾਇਲ ਹੁੰਦੀ ਵੇਖ ਲੋਕਾਈਆ । ਪਤਿਪਰਮੇਸ਼ਵਰ ਸਾਡੀ ਕਰੇ ਨਾ ਕੋਇ ਪ੍ਰਿਤਪਾਲੇ, ਪ੍ਰਿਤਪਾਲਕ ਹੋ ਕੇ ਵੇਖਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਮਾਲਕ ਖ਼ਾਲਕ ਖ਼ਲਕ, ਮਖ਼ਲੂਕ ਵੇਖ ਲੋਕਾਈਆ । ਕੀ ਤੇਰਾ ਨਜ਼ਾਰਾ ਤਕੀਏ ਉਤੇ ਫ਼ਲਕ, ਅਰਸ਼ਾਂ ਬਾਹਰ ਵੇਖ ਵਖਾਈਆ ।

ਸਾਡਾ ਵਿਛੋੜਾ ਹੋਵੇ ਨਾ ਪਲਕ, ਪਲਕਾਂ ਦੇ ਉਹਲੇ ਬੈਠਾ ਨਜ਼ਰੀ ਆਈਆ । ਜੋਤੀ ਜਾਤੇ ਪੁਰਖ ਬਿਧਾਤੇ ਤਨ ਮੰਦਰ ਅੰਦਰ ਦੇ ਦੇ ਆਪਣੀ ਝਲਕ, ਨੂਰ ਨੁਰਾਨੇ ਨੌਜੁਆਨੇ ਆਪਣਾ ਰੰਗ ਵਖਾਈਆ । ਸਚ ਪਿਆਰ ਏਕੰਕਾਰ ਵਿਚ ਸੰਸਾਰ ਪਏ ਨਾ ਫ਼ਰਕ, ਹਿੱਸਾ ਵੰਡ ਨਾ ਕੋਇ ਵੰਡਾਈਆ । ਅਸੀਂ ਦੀਨ ਦੁਨੀ ਕਰੀਏ ਤਰਕ, ਤੁਰਤ ਆਪਣੇ ਨਾਲ ਲੈਣਾ ਮਿਲਾਈਆ । ਸਾਡਾ ਵਾਅਦਾ ਪੂਰੀ ਕਰ ਦੇ ਸ਼ਰਤ, ਸ਼ਰਅ ਦੇ ਮਾਲਕ ਤੇਰੇ ਅਗੇ ਮੰਗ ਮੰਗਾਈਆ । ਲਹਿਣਾ ਦੇਣਾ ਲੇਖਾ ਰਹੇ ਨਾ ਉਪਰ ਧਰਤ, ਧਰਨੀ ਧਰਤ ਧਵਲ ਦਾ ਪੰਧ ਦੇਣਾ ਮੁਕਾਈਆ । ਵਾਸਾ ਕਦੇ ਨਾ ਹੋਵੇ ਵਿਚ ਨਰਕ, ਸਵਰਗਾਂ ਦਾ ਲਹਿਣਾ ਦੇਣਾ ਭਗਤਾਂ ਦੇ ਚਰਨਾਂ ਹੇਠ ਰਖਾਈਆ । ਤੂੰ ਯੋਧਾ ਸੂਰਬੀਰ ਮਰਦਾਨਾ ਮਰਦ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਅਗੰਮ ਅਥਾਹੀਆ । ਪੰਜ ਤਤ ਕਹਿਣ ਪ੍ਰਭ ਭਗਤਾਂ ਵੰਡੀਂ ਦਰਦ, ਦੁਖੀਆਂ ਹੋਣਾ ਸਹਾਈਆ । ਬੇਨੰਤੀ ਮਨਜ਼ੂਰ ਕਰੀਂ ਅਰਜ਼, ਆਰਜ਼ੂ ਤੇਰੇ ਚਰਨ ਟਿਕਾਈਆ । ਸਭ ਦੀ ਆਸ਼ਾ ਪੂਰੀ ਕਰਨੀ ਗ਼ਰਜ਼, ਗ਼ਰਜ਼ ਆਪਣੀ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਪੰਜ ਤਤ ਕਹਿਣ ਪ੍ਰਭ ਸਾਚੇ ਧੁਰ ਦੇ ਸੰਗੀ, ਸਗਲਾ ਸੰਗ ਲੈਣਾ ਬਣਾਈਆ । ਲਾਉਣਾ ਆਪਣੇ ਅੰਗੀ, ਅੰਗੀਕਾਰ ਅਖਵਾਈਆ । ਕਾਇਆ ਚੋਲੀ ਜਾਏ ਰੰਗੀ, ਤਨ ਵਜੂਦ ਮਿਲੇ ਵਡਿਆਈਆ । ਦਰ ਵਸਤ ਅਗੰਮੀ ਮੰਗੀ, ਮਾਂਗਤ ਝੋਲੀ ਦੇਣੀ ਭਰਾਈਆ । ਤੇਰੇ ਨਾਮ ਦੀ ਕਦੇ ਨਾ ਆਵੇ ਤੰਗੀ, ਤੰਗ ਦਸਤ ਹੋਵੇ ਲੋਕਾਈਆ । ਸਾਡੀ ਪਿਠ ਕਰੀਂ ਨਾ ਨੰਗੀ, ਪੁਸ਼ਤ ਪਨਾਹ ਹੱਥ ਰਖਾਈਆ । ਲੇਖੇ ਲਾਉਣੀਆਂ ਪ੍ਰਕਿਰਤੀਆਂ ਪੰਝੀ, ਪੰਜਾਂ ਤਤਾਂ ਦੇਣੀ ਵਡਿਆਈਆ । ਤੂੰ ਯੋਧਾ ਸੂਰਬੀਰ ਬਹਾਦਰ ਜੰਗੀ, ਜੰਗਜੂ ਇਕ ਅਖਵਾਈਆ । ਮਨੂਆ ਮਨਸਾ ਵਾਲਾ ਮਾਰਨਾ ਫ਼ਰੰਗੀ, ਫ਼ਾਰਸ ਦਾ ਲੇਖਾ ਦੇਣਾ ਚੁਕਾਈਆ । ਸਾਡੀ ਆਸ਼ਾ ਰਹੇ ਨਾ ਲੰਬੀ, ਲਮਹ ਲਮਹ ਤੇਰਾ ਧਿਆਨ ਲਗਾਈਆ । ਨਾਤਾ ਤੋੜਨਾ ਕਰੀਰ ਜੰਡੀ, ਪਾਹਨਾਂ ਸੀਸ ਨਾ ਕੋਇ ਝੁਕਾਈਆ । ਜਿਥੇ ਲੋੜ ਰਹੇ ਨਾ ਪੰਡਤ ਪੰਡੀ, ਵਿਦਿਆ ਚਲੇ ਨਾ ਕੋਇ ਚਤੁਰਾਈਆ । ਸਚਖੰਡ ਦੁਆਰ ਏਕੰਕਾਰ ਇਕੋ ਦੱਸਣੀ ਡੰਡੀ, ਡੰਡਾਵਤ ਇਕ ਦ੍ਰਿੜਾਈਆ । ਝਗੜਾ ਮੁਕ ਜਾਏ ਜੇਰਜ ਅੰਡੀ, ਉਤਭੁਜ ਸੇਤਜ ਲੇਖਾ ਦੇਣਾ ਮੁਕਾਈਆ । ਤੇਰੇ ਨਾਲ ਨਿਰੰਕਾਰ ਪਾਵੇ ਗੰਢੀ, ਗੰਢ ਸਕੇ ਨਾ ਕੋਇ ਖੁਲ੍ਹਾਈਆ । ਸਾਡੀ ਅਗਨੀ ਤਤ ਤੇਰੀ ਪਵਣ ਵੇਖੇ ਠੰਢੀ, ਜਿਥੇ ਉਨੰਜਾ ਪਵਣ ਸੀਸ ਝੁਕਾਈਆ । ਪਰਵਰਦਿਗਾਰ ਸਾਂਝੇ ਯਾਰ ਸਾਡੀ ਆਸ਼ਾ ਹੋਵੇ ਨਾ ਰੰਡੀ, ਕੰਤ ਸੁਹਾਗ ਦੇਣੀ ਮਾਣ ਵਡਿਆਈਆ । ਅੰਤ ਕਿਨਾਰਾ ਤਕ ਲੈ ਕੰਢੀ, ਕੰਢੀ ਬੈਠੇ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਗ੍ਰਿਹਿ ਇਕ ਵਖਾਈਆ । ਪੰਜ ਤਤ ਕਹਿਣ ਪ੍ਰਭ ਆਪਣਾ ਦੱਸ ਦੇ ਸਚ ਘਰਾਨਾ, ਗਹਿਰ ਗੰਭੀਰ ਭੇਵ ਖੁਲ੍ਹਾਈਆ । ਜਿਥੇ ਦੀਪਕ ਜਗੇ ਨੂਰ ਨੁਰਾਨਾ, ਬਿਨ ਤੇਲ ਬਾਤੀ ਹੋਏ ਰੁਸ਼ਨਾਈਆ । ਬਿਨਾ ਰਸਨਾ ਤੋਂ ਸ਼ਬਦ ਦਾ ਹੋਵੇ ਤਰਾਨਾ, ਤੁਰੀਆ ਤੋਂ ਬਾਹਰ ਦੇਣਾ ਦ੍ਰਿੜਾਈਆ । ਬਿਨਾ ਤਤਾਂ ਤੋਂ ਤੇਰਾ ਹੋਵੇ ਬਾਨਾ, ਜੋਤੀ ਜਾਤਾ ਵੇਖ ਵਖਾਈਆ । ਨਜ਼ਰੀ ਆਵੇ ਇਕੋ ਕਾਹਨਾ, ਰਾਮ ਰਮਈਆ ਏਕਾ ਸੋਭਾ ਪਾਈਆ । ਏਕੋ ਹੋਵੇ ਨੂਰ ਅਮਾਮਾ, ਨੂਰ ਜ਼ਹੂਰ ਤੇਰਾ ਤਕੀਏ ਚਾਈਂ ਚਾਈਂਆ । ਖੇਲ ਵੇਖੀਏ ਸਤਿ ਸਤਿ ਸ੍ਰੀ ਭਗਵਾਨਾ, ਭਗਵਨ ਆਪਣਾ ਪੜਦਾ ਦੇਣਾ ਉਠਾਈਆ । ਅਸੀਂ ਭਗਤ ਸੁਹੇਲੇ ਮੰਗਦੇ ਦਾਨਾ, ਦਰ ਠਾਂਡੇ ਅਲਖ ਜਗਾਈਆ । ਤੇਰਾ ਤਕੀਏ ਸਚਖੰਡ ਮਕਾਨਾ, ਮੁਕ਼ਾਮੇ ਹਕ ਵੇਖ ਵਖਾਈਆ ।

ਜਿਥੇ ਫੇਰ ਨਾ ਹੋਵੇ ਆਵਣ ਜਾਣਾ, ਪਾਧੀਆਂ ਪੰਧ ਰਹੇ ਨਾ ਰਾਈਆ । ਸਾਡੀ ਬੇਨੰਤੀ ਕਰ ਪਰਵਾਨਾ, ਪਰਮ ਪੁਰਖ ਦਿਤੀ ਸੁਣਾਈਆ । ਤੂੰ ਸ਼ਾਹੋ ਭੂਪ ਸੁਲਤਾਨਾ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਏਥੇ ਉਥੇ ਮਾਲਕ ਦੋ ਜਹਾਨਾ, ਨਿਰਗੁਣ ਸਰਗੁਣ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਪੰਜ ਤਤ ਕਹਿਣ ਪ੍ਰਭ ਤੇਰੇ ਕ਼ਦਮਾਂ ਵਿਚ ਸਲਾਮ, ਸਹੀ ਸਲਾਮਤ ਸੀਸ ਨਿਵਾਈਆ । ਸਾਡੇ ਸ਼ਾਹੋ ਭੂਪ ਅਮਾਮ, ਨੂਰ ਨੁਰਾਨੇ ਨੂਰ ਅਲਾਹੀਆ । ਤੇਰੇ ਬਰਦੇ ਹੋਈਏ ਗ਼ੁਲਾਮ, ਗ਼ੁਰਬਤ ਅੰਦਰੋਂ ਦੇਣੀ ਕਢਾਈਆ । ਸ਼ਰਅ ਦਾ ਲੇਖਾ ਮੇਟ ਤਮਾਮ, ਤਮਅ ਲਾਲਚ ਲੋਭ ਰਹਿਣ ਨਾ ਪਾਈਆ । ਨਾਮ ਹਕ਼ੀਕ਼ੀ ਪਿਆ ਦੇ ਜਾਮ, ਰਸ ਅੰਮਿਉਂ ਰਸ ਆਪ ਚਖਾਈਆ । ਧੁਰ ਕਲਮੇ ਦਾ ਦੇ ਪੈਗ਼ਾਮ, ਪੈਗ਼ੰਬਰਾਂ ਤੋਂ ਬਾਹਰ ਕਰ ਪੜ੍ਹਾਈਆ । ਜਿਥੇ ਅੱਖਰਾਂ ਦਾ ਨਹੀਂ ਕੋਈ ਨਿਸ਼ਾਨ, ਨਿਰਅੱਖਰ ਧਾਰ ਦੇ ਜਣਾਈਆ । ਸਾਡਾ ਝਗੜਾ ਰਹੇ ਨਾ ਮਾਟੀ ਚਾਮ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਨਜ਼ਰੀ ਆਏ ਇਕੋ ਰਾਮ, ਕਾਹਨ ਕਾਹਨਾ ਰੂਪ ਦੇਣਾ ਦ੍ਰਿੜਾਈਆ । ਕਲਜੁਗ ਮੇਟ ਅੰਧੇਰੀ ਸ਼ਾਮ, ਸ਼ਮਅ ਨੂਰ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੁਆਮੀ ਅੰਤਰਜਾਮੀ ਆਪਣਾ ਭੇਵ ਖੁਲ੍ਹਾਈਆ । ਪੰਜ ਤਤ ਕਹਿਣ ਪ੍ਰਭ ਆਪਣਾ ਭੇਵ ਖੋਲ੍ਹ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਨਾਮ ਨਿਧਾਨਾ ਦੇ ਅਨਮੋਲ, ਅਨਮੁਲੜੀ ਦਾਤ ਵਰਤਾਈਆ । ਆਪਣਾ ਘਰ ਦਰਸਾ ਦੇ ਕੋਲ, ਗ੍ਰਿਹ ਮੰਦਰ ਇਕ ਜਣਾਈਆ । ਤੇਰੇ ਸ਼ਬਦ ਦਾ ਸੁਣੀਏ ਢੋਲ, ਬਿਨ ਢੋਲਕ ਛੈਣੇ ਦੇ ਖੜਕਾਈਆ । ਤੇਰੀ ਖੇਲ ਤਕੀਏ ਉਪਰ ਧੌਲ, ਧਰਨੀ ਧਰਤ ਧਵਲ ਦੇਣੀ ਮਾਣ ਵਡਿਆਈਆ । ਵੇਖੀਂ ਭਗਤਾਂ ਨਾਲ ਨਾ ਮਾਰੀਂ ਰੋਲ, ਅਛਲ ਅਛੱਲ ਤੇਰੇ ਅਗੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡਾ ਇਕ ਦਰਸਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ਠਾਂਡਾ ਹੋਵੇ ਦਰਬਾਰਾ, ਦਰ ਦਰਵਾਜ਼ਾ ਦੇ ਖੁਲ੍ਹਾਈਆ । ਜਿਥੇ ਬਿਨ ਤੇਲ ਬਾਤੀ ਨੂਰ ਹੋਵੇ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਬਿਨ ਮੰਦਰ ਮਸਜਿਦ ਸ਼ਿਵਦਵਾਲੇ ਠਾਕਰ ਤੇਰਾ ਦਰਸ਼ਨ ਕਰੀਏ ਨਿਰਗੁਣ ਧਾਰਾ, ਜੋਤੀ ਜਾਤਾ ਪੁਰਖ ਬਿਧਾਤਾ ਇਕੋ ਨਜ਼ਰੀ ਆਈਆ । ਬਿਨਾ ਸ਼ਾਸਤਰਾਂ ਤੇਰਾ ਸੁਣੀਏ ਧੁਨਕਾਰਾ, ਸ਼ਬਦ ਅਨਾਦੀ ਨਾਦ ਦੇਣਾ ਦ੍ਰਿੜਾਈਆ । ਬਿਨਾ ਗੰਗਾ ਗੋਦਾਵਰੀ ਜਮਨਾ ਸੁਰਸਤੀ ਅਠਸਠ ਤੀਰਥ ਤੇਰੇ ਨਾਮ ਦਾ ਰਸ ਲਈਏ ਠੰਡਾ ਠਾਰਾ, ਅਗਨੀ ਤਤ ਤਤ ਬੁਝਾਈਆ । ਅੰਤਸ਼ਕਰਨ ਮੇਟ ਦੇ ਕਾਮ ਕਰੋਧ ਲੋਭ ਮੋਹ ਹੰਕਾਰਾ, ਮਨ ਮਤਿ ਬੁਧਿ ਆਪਣੇ ਰੰਗ ਰੰਗਾਈਆ । ਪਰਮ ਪੁਰਖ ਪਰਮਾਤਮ ਸਾਚੇ ਚਰਨ ਕਵਲ ਬਖ਼ਸ਼ ਪਿਆਰਾ, ਪ੍ਰੀਤਮ ਹੋ ਕੇ ਆਪਣਾ ਪ੍ਰੇਮ ਸਮਝਾਈਆ । ਕਲਜੁਗ ਵੇਖ ਲੈ ਧੂੰਆਂਧਾਰਾ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਤੁਧ ਬਿਨ ਸਾਰ ਪਾਏ ਕੋਇ ਨਾ ਮੀਤ ਮੁਰਾਰਾ, ਮਿਤਰ ਪਿਆਰਾ ਨਜ਼ਰ ਕੋਇ ਨਾ ਆਈਆ । ਤੂੰ ਪਾਰਬ੍ਰਹਮ ਪਤਿਪਰਮੇਸ਼ਵਰ ਨਿਹਕਲੰਕੀ ਅਵਤਾਰਾ, ਅਮਾਮ ਅਮਾਮਾ ਨੂਰ ਅਲਾਹੀਆ । ਪੰਜ ਤਤ ਕਹਿਣ ਪ੍ਰਭੂ ਤੇਰੇ ਚਰਨ ਕਵਲ ਉਪਰ ਧਵਲ ਸਾਡੀ ਨਿਮਸਕਾਰਾ, ਡੰਡਾਵਤ ਬੰਦਨਾ ਸਾਹਿਬ ਸੁਲਤਾਨ ਸ੍ਰੀ ਭਗਵਾਨ ਸੀਸ ਜਗਦੀਸ ਨਿਵਾਈਆ ।


੬੫ ੨੪

✪ ੧੨ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਜੰਡਿਆਲਾ ਜ਼ਿਲਾ ਅੰਮ੍ਰਿਤਸਰ ਸੁਰੈਣ ਸਿੰਘ ਤੇਜਾ ਸਿੰਘ ਦਲੀਪ ਸਿੰਘ
ਸੰਤੋਖ ਸਿੰਘ ਗੁਲਜ਼ਾਰ ਸਿੰਘ ਜਰਨੈਲ ਸਿੰਘ ਸਵਰਨ ਸਿੰਘ ਸੁਰੈਣ ਸਿੰਘ ਤ੍ਰਲੋਕ ਸਿੰਘ ਜੰਡਿਆਲਾ ਗੁਰੂ,
ਸ਼ਿੰਗਾਰਾ ਸਿੰਘ ਪਖੋ ਕੇ, ਦਲੀਪ ਸਿੰਘ ਟਾਂਗਰਾ, ਬੰਤੀ ਧਾਰੜ, ਜੁਗਿੰਦਰ ਕੌਰ ਧਾਰੜ,
ਹਰਬੰਸ ਕੌਰ ਠਠੀਆਂ, ਅਮਰ ਕੌਰ ਬੰਡਾਲਾ, ਜੁਗਿੰਦਰ ਕੌਰ ਧੰਨਤੋ ਬੰਡਾਲਾ ✪

ਪੰਜ ਤਤ ਕਹਿਣ ਪ੍ਰਭ ਸਾਡੀ ਜੁਗ ਜਨਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਦਿਆਲ ਆਪਣੀ ਦਇਆ ਕਮਾਈਆ । ਆਤਮਾ ਨਾਲ ਜਨ ਭਗਤਾਂ ਧਾਰ ਲੈ ਜਾ ਸਚਖੰਡ, ਦਰਗਾਹ ਸਾਚੀ ਸਚ ਸਚ ਟਿਕਾਈਆ । ਪੁਰਖ ਅਕਾਲੇ ਦੀਨ ਦਿਆਲੇ ਨਿਰਗੁਣ ਸਾਡੀ ਕਰੀਂ ਫੇਰ ਨਾ ਵੰਡ, ਹਿੱਸਾ ਦੀਨ ਦੁਨੀ ਜਣਾਈਆ । ਲਹਿਣਾ ਦੇਣਾ ਲੇਖਾ ਮੁਕ ਜਾਏ ਜੇਰਜ ਅੰਡ, ਉਤਭੁਜ ਸੇਤਜ ਰੂਪ ਨਾ ਕੋਇ ਦਰਸਾਈਆ । ਤੇਰਾ ਵੇਖੇ ਖੇਲ ਵਿਚ ਬ੍ਰਹਿਮੰਡ, ਬ੍ਰਹਿਮਾਂਡ ਦਾ ਭੇਵ ਦੇਣਾ ਮਿਟਾਈਆ । ਅਸੀਂ ਭਿਖਾਰੀ ਹੋਏ ਪੰਜ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸੰਗ ਬਣਾਈਆ । ਸਾਡਾ ਜਨਮ ਜਨਮ ਦਾ ਮੇਟਣਾ ਰੰਜ, ਕਰਮ ਕਰਮ ਦਾ ਡੇਰਾ ਢਾਹੀਆ । ਨਿਰਗੁਣ ਧਾਰ ਆਪਣੇ ਲਾਉਣਾ ਅੰਗ, ਅੰਗੀਕਾਰ ਇਕ ਅਖਵਾਈਆ । ਸਾਡੀ ਤ੍ਰਿਸ਼ਨਾ ਪੂਰੀ ਕਰ ਦੇ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਤੂੰ ਸਾਹਿਬ ਸੂਰਾ ਸਰਬੰਗ, ਹਰਿ ਕਰਤਾ ਅਗੰਮ ਅਥਾਹੀਆ । ਚੁਰਾਸੀ ਫਾਸੀ ਰਹੇ ਨਾ ਪੰਧ, ਭਟਕਣਾ ਜਗਤ ਨਾ ਕੋਇ ਰਖਾਈਆ । ਸ਼ਬਦੀ ਧਾਰ ਦੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਸਾਚੇ ਨੂਰ ਚਾੜ੍ਹ ਦੇ ਚੰਦ, ਜੋਤੀ ਜਾਤੇ ਆਪਣੇ ਰੰਗ ਰੰਗਾਈਆ । ਦੋ ਜਹਾਨਾ ਮੰਜ਼ਲ ਜਾਈਏ ਲੰਘ, ਅਗੇ ਅਵਰ ਨਾ ਕੋਇ ਅਟਕਾਈਆ । ਸਚਖੰਡ ਦੁਆਰ ਏਕੰਕਾਰ ਸ਼ਬਦ ਸਿੰਘਾਸਣ ਵਖਾ ਪਲੰਘ, ਜਿਸ ਦੀ ਪਾਵਾ ਚੂਲ ਬਾਡੀ ਬਣਤ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਤੇਰੀ ਸਰਨਾਈਆ । ਪੰਜ ਤਤ ਕਹਿਣ ਸਾਡੇ ਵਲ ਤਕ, ਬਿਨ ਨੈਣਾਂ ਨੈਨਣ ਨੈਣ ਉਠਾਈਆ । ਮਾਰਗ ਦੇ ਹਕੀਕਤ ਹਕ, ਹਕ ਹਕ ਨਾਲ ਸਮਝਾਈਆ । ਸਾਨੂੰ ਦੀਨ ਦੁਨੀ ਕਾਇਨਾਤ ਵਿਚੋਂ ਚੱਕ, ਜਗਤ ਜਹਾਨ ਦਾ ਪੰਧ ਮੁਕਾਈਆ । ਚੁਰਾਸੀ ਵਿਚ ਅਸੀਂ ਗਏ ਥਕ, ਥਕਾਵਟ ਵਿਚ ਤੇਰੀ ਦੁਹਾਈਆ । ਤੇਰੇ ਚਰਨ ਕਵਲ ਰਗੜੀਏ ਨਕ, ਧੂੜੀ ਖ਼ਾਕ ਰਮਾਈਆ । ਸਾਡਾ ਵਾਅਦਾ ਪੂਰਾ ਕਰਦੇ ਪੱਕ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਤੂੰ ਮਾਲਕ ਖ਼ਾਲਕ ਵਾਹਿਦ ਯਕ, ਯਕੇ ਬਾਦ ਦੀਗਰੇ ਅਵਤਾਰ ਪੈਗੰਬਰ ਗੁਰ ਤੇਰੀ ਦੇਣ ਦੁਹਾਈਆ । ਪੂਰਬ ਲੇਖਾ ਸਭ ਦਾ ਕਰਦੇ ਪੱਕ, ਹੁਕਮ ਫ਼ਰਮਾਨਾ ਇਕ ਸਮਝਾਈਆ । ਕਿਰਪਾ ਕਰ ਮਿਹਰਵਾਨ ਪਰਮੇਸ਼ਵਰ ਪਤਿ, ਪਰਮ ਪੁਰਖ ਤੇਰੀ ਓਟ ਤਕਾਈਆ । ਸਾਡੀ ਲੇਖੇ ਲਾ ਲੈ ਹਡ ਮਾਸ ਨਾੜੀ ਰਤ, ਰਤਨ ਅਮੋਲਕ ਹੀਰੇ ਲੈ ਬਣਾਈਆ । ਸਾਚਾ ਨਾਮ ਨਿਧਾਨ ਦੇ ਸਤਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਨਾਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਸਾਡੀ ਬੇਨੰਤੀ ਕਰ ਮਨਜ਼ੂਰ, ਦਰ ਤੇਰੇ ਸੀਸ ਝੁਕਾਈਆ । ਤੂੰ ਸ਼ਹਿਨਸ਼ਾਹ ਪਾਤਸ਼ਾਹ ਸ਼ਾਹ ਹਜ਼ੂਰ, ਹਜ਼ਰਤਾਂ ਦਾ ਮਾਲਕ ਨੂਰ ਅਲਾਹੀਆ । ਜੁਗ ਬਦਲਣਾ ਤੇਰਾ ਦਸਤੂਰ, ਜੁਗ ਚੌਕੜੀ ਦਏ ਗਵਾਹੀਆ । ਕੁਛ ਆਸਾ

ਤਕ ਲੈ ਮਨਸੂਰ, ਕੀ ਦੀਨ ਦੁਨੀ ਸਮਝਾਈਆ । ਜਗਤ ਸ਼ਰਅ ਦਾ ਵੇਖ ਕ਼ਸੂਰ, ਨਵ ਸਤ ਖੋਜ ਖੁਜਾਈਆ । ਤੂੰ ਸ਼ਾਹੋ ਭੂਪ ਸਰਬ ਕਲਾ
ਭਰਪੂਰ, ਪਾਰਬ੍ਰਹਮ ਇਕ ਅਖਵਾਈਆ । ਧੁਰ ਦਾ ਜੋਤੀ ਬਖ਼ਸ਼ ਦੇ ਨੂਰ, ਨੂਰ ਨੁਰਾਨਾ ਦੇ ਚਮਕਾਈਆ । ਲਹਿਣਾ ਦੇਣਾ ਲੇਖਾ ਪੂਰਾ ਕਰ ਦੇ
ਜੋ ਵਾਅਦਾ ਕੀਤਾ ਮੂਸਾ ਉਤੇ ਕੋਹਤੂਰ, ਤੁਰੀਆ ਤੋ ਪਰੇ ਆਪਣਾ ਪੜਦਾ ਦੇ ਉਠਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰਾ ਪੰਧ ਰਹੇ ਨਾ
ਨੇੜਾ ਦੂਰ, ਇਕੋ ਰੰਗ ਦੇਣਾ ਰੰਗਾਈਆ । ਹਉਂ ਚਾਕਰ ਸੇਵਕ ਤੇਰਾ ਮਜ਼ਦੂਰ, ਖ਼ਾਕੀ ਖ਼ਾਕ ਤਨ ਰਮਾਈਆ । ਤੇਰਾ ਨਾਮ ਕਲਮਾ ਜੁਗ ਜੁਗ
ਕਰਦੇ ਰਹੇ ਮਸ਼ਹੂਰ, ਢੋਲੇ ਸੋਹਲੇ ਸਿਫ਼ਤਾਂ ਵਾਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ,
ਹਰਿ ਸਚ ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਆਪਣਾ ਸਚਖੰਡ ਵਖਾ ਦੇ ਘਰ, ਗ੍ਰਿਹ ਮੰਦਰ ਇਕ ਜਣਾਈਆ । ਜਿਥੇ ਆਤਮਾ
ਮਿਲੇ ਵਰ, ਪਰਮਾਤਮ ਹੋਏ ਸਹਾਈਆ । ਨਿਰਭਉ ਭੈ ਚੁਕਾ ਦੇ ਡਰ, ਧੀਰਜ ਧੀਰ ਧੀਰ ਧਰਾਈਆ । ਤਤ ਵਜੂਦ ਜਨ ਭਗਤਾਂ ਲਏ ਵਰ,
ਕੰਤ ਕੰਤੂਹਲ ਰੂਪ ਬਦਲਾਈਆ । ਦੀਨ ਦੁਨੀ ਵਿਚ ਕਦੇ ਨਾ ਜਾਵਣ ਮਰ, ਮਰ ਜੀਵਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ਵੇਖੀਏ ਘਰ ਸੁਹੰਜਣਾ, ਸੋਭਾਵੰਤ
ਦੇਣਾ ਵਖਾਈਆ । ਤੂੰ ਮਾਲਕ ਆਦਿ ਜੁਗਾਦਿ ਨਿਰੰਜਣਾ, ਨੂਰ ਨੁਰਾਨਾ ਨੂਰ ਅਲਾਹੀਆ । ਦੀਨ ਦਿਆਲ ਦਰਦ ਦੁਖ ਭੈ ਭੰਜਣਾ, ਭਵ ਸਾਗਰ
੬੭ ਪਾਰ ਕਰਾਈਆ । ਇਕੋ ਨਾਮ ਨਿਧਾਨ ਪਾ ਦੇ ਅੰਜਣਾ, ਨੂਰ ਨੁਰਾਨੇ ਨੂਰ ਕਰ ਰੁਸ਼ਨਾਈਆ । ਘਰ ਮਿਲਾਵਾ ਹੋਵੇ ਧੁਰ ਦੇ ਸੱਜਣਾ, ਗ੍ਰਿਹ ੬੭
੨੪ ਮੰਦਰ ਖ਼ੁਸ਼ੀ ਮਨਾਈਆ । ਇਕੋ ਪ੍ਰੇਮ ਚਾੜ੍ਹ ਦੇ ਰੰਗਣਾ, ਦੂਸਰ ਰੰਗ ਨਾ ਕੋਇ ਵਟਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ੨੪
ਇਕੋ ਤੇਰਾ ਦੁਆਰਾ ਮੰਗਣਾ, ਦੂਜਾ ਇਸ਼ਟ ਨਾ ਕੋਇ ਵਖਾਈਆ । ਸਚ ਦੁਆਰ ਏਕੰਕਾਰ ਤੇਰੇ ਹੁਕਮ ਨਾਲ ਲੰਘਣਾ, ਜਗਤ ਪਾਂਧੀ ਪੰਧ ਨਾ
ਕੋਇ ਸਮਝਾਈਆ । ਸਾਨੂੰ ਲੇਖੇ ਲਾ ਲੈ ਤਤ ਕਹਿਣ ਪੰਜਣਾ, ਪੰਚਮ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰ ਇਕ ਦਰਸਾਈਆ । ਪੰਜ ਤਤ ਕਹਿਣ ਪ੍ਰਭ ਤੇਰੇ ਗ੍ਰਿਹ ਰਹੀਏ ਵਸਦੇ, ਵਸਲ ਯਾਰ ਦੇਣਾ ਦ੍ਰਿੜਾਈਆ ।
ਖ਼ੁਸ਼ੀਆਂ ਵਿਚ ਰਹੀਏ ਹਸਦੇ, ਹਸਤੀ ਤਕੀਏ ਬੇਪਰਵਾਹੀਆ । ਬਿਨ ਕਦਮਾਂ ਰਹੀਏ ਨਸਦੇ, ਭੱਜੀਏ ਵਾਹੋ ਦਾਹੀਆ । ਢੋਲੇ ਗਾਈਏ ਤੇਰੇ ਜਸ
ਦੇ, ਬਿਨ ਰਸਨਾ ਸਿਫ਼ਤ ਸਲਾਹੀਆ । ਇਸ਼ਾਰੇ ਦੇ ਦੇ ਬਿਨਾ ਅੱਖ ਦੇ, ਬਿਨ ਅੱਖਰਾਂ ਕਰ ਪੜ੍ਹਾਈਆ । ਸਾਡੇ ਵਿਛੋੜੇ ਚੰਗੇ ਨਹੀਂ ਤੈਥੋਂ ਵਖ ਦੇ,
ਵਖਰਾ ਗ੍ਰਿਹ ਨਾ ਕੋਇ ਬਣਾਈਆ । ਤੇਰਾ ਖੇਲ ਤਕੀਏ ਅਲਖਣਾ ਅਲਖ ਦੇ, ਅਲਖ ਅਗੋਚਰ ਦੇਣੀ ਵਡਿਆਈਆ । ਤੇਰੇ ਚਰਨ ਕਵਲ ਸੱਥਰ
ਆਪਣਾ ਘਤਦੇ, ਘਾਇਲ ਹੋ ਕੇ ਸੀਸ ਨਿਵਾਈਆ । ਨਜ਼ਾਰੇ ਵੇਖੀਏ ਪਰਮੇਸ਼ਵਰ ਪਤਿ ਦੇ, ਪਤਿ ਪਤਵੰਤੇ ਦੇਣੀ ਵਡਿਆਈਆ । ਪੰਜ ਤਤ ਕਹਿਣ
ਅਸੀਂ ਭਗਤ ਸੁਹੇਲੇ ਤੇਰੀ ਚਰਨ ਪ੍ਰੀਤੀ ਨਤ ਦੇ, ਨਾਤਾ ਬਿਧਾਤਾ ਇਕੋ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਆਦਿ ਜੁਗਾਦਿ ਭੰਡਾਰੇ ਸਤਿ ਦੇ, ਸਤਿ
ਸਤਿਵਾਦੀ ਸ਼ਬਦ ਦੇਣੀ ਵਡਿਆਈਆ ।

✪ ੧੩ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਵੈਰੋਵਾਲ ਜਿਲਾ ਅੰਮ੍ਰਿਤਸਰ, ਉਤਮ ਸਿੰਘ ਚੰਨਣ ਸਿੰਘ ਵੈਰੋਵਾਲ, ਸੋਹਣ ਸਿੰਘ ਰਾਮਪੁਰ ਜਰਨੈਲ ਸਿੰਘ ਸਰਲੀਖੁਰਦ, ਅਵਤਾਰ ਸਿੰਘ ਐਕਲ ਗਡਾ, ਉਜਾਗਰ ਸਿੰਘ ਖਡੂਰ ਸਾਹਿਬ ✪

ਪੰਜ ਤਤ ਕਹਿਣ ਪ੍ਰਭ ਪੁਰਖ ਸਮਰਾਥੀ, ਹਰਿ ਕਰਤੇ ਪੁਰਖ ਤੇਰੀ ਵਡਿਆਈਆ । ਆਤਮਾ ਨਾਲ ਸਾਨੂੰ ਬਣਾ ਲੈ ਸਾਥੀ, ਜਨ ਭਗਤ ਸੰਤ ਸੂਫ਼ੀ ਰਹੇ ਸੁਣਾਈਆ । ਸਾਡਾ ਲਹਿਣਾ ਦੇਣਾ ਵੇਖ ਲੈ ਮਸਤਕ ਮਾਥੀ, ਨਿਗਹਬਾਨ ਬਿਨ ਨੈਣਾਂ ਨੈਣ ਉਠਾਈਆ । ਤੂੰ ਦੀਨ ਦਿਆਲ ਠਾਕਰ ਸੁਆਮੀ ਅਨਾਥ* ਅਨਾਥੀ, ਹਰਿ ਕਰਤਾ ਧੁਰਦਰਗਾਹੀਆ । ਕੂੜੀ ਵਿਸ ਸਾਡੀ ਅੰਤਰ ਜਾਏ ਲਾਥੀ, ਮਮਤਾ ਮੋਹ ਦੇਣੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤਾਂ ਤਨ ਵਜੂਦ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸੀਸ ਨਿਵਾਈਆ । ਤੂੰ ਮਾਲਕ ਖ਼ਾਲਕ ਸਾਡਾ ਹਕ ਮਹਿਬੂਬ, ਮੁਹੱਬਤ ਤੇਰੀ ਵਿਚ ਸਮਾਈਆ । ਸਾਨੂੰ ਬਖ਼ਸ਼ ਦੇ ਆਲੀਸ਼ਾਨ ਅਰਸ਼ ਅਰੂਜ, ਆਲੀਜ਼ਾਹ ਤੇਰੀ ਵਡਿਆਈਆ । ਚੁਰਾਸੀ ਵੰਡ ਨਾ ਰਹੇ ਹਦੂਦ, ਫਾਸੀ ਜਗਤ ਨਾ ਕੋਇ ਲਟਕਾਈਆ । ਜਿਧਰ ਤਕੀਏ ਦਿਸੇ ਮੌਜੂਦ, ਚਾਰੋਂ ਕੁੰਟ ਵੇਖ ਵਖਾਈਆ । ਆਤਮਾ ਨਾਲ ਸਾਨੂੰ ਬਖ਼ਸ਼ ਦੇ ਮੰਜ਼ਲ ਮਕਸੂਦ, ਦਰਗਾਹ ਸਚ ਸਚ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਜਨ ਭਗਤ ਹੋ ਕਰੀਏ ਅਰਦਾਸ, ਨਿਵ ਨਿਵ ਸੀਸ ਝੁਕਾਈਆ । ਨਿਰਗੁਣ ਤੇਰੇ ਵਸੀਏ ਪਾਸ, ਸਰਗੁਣ ਤੇਰੇ ਵਿਚ ਸਮਾਈਆ । ਸਾਡਾ ਲਹਿਣਾ ਦੇਣਾ ਲੇਖੇ ਲਾ ਲੈ ਰਾਸ, ਰਸਤਾ ਬਾਵਸਤਾ ਆਪਣੇ ਨਾਲ ਕਰਾਈਆ । ਝਗੜਾ ਰਹੇ ਨਾ ਦਸ ਦਸ ਮਾਸ, ਅਗਨੀ ਗਰਭ ਨਾ ਕੋਇ ਤਪਾਈਆ । ਤੇਰੀ ਯਾਦ ਵਿਚ ਤੇਰਾ ਨਿਕਲੇ ਸਵਾਸ ਸਵਾਸ, ਸਾਹ ਸਾਹ ਤੇਰਾ ਰੰਗ ਰੰਗਾਈਆ । ਸਾਨੂੰ ਲੇਖਾ ਨਾ ਦੇਣਾ ਪਏ ਸ਼ੰਕਰ ਕੈਲਾਸ਼, ਕਲਾਧਾਰੀ ਮੇਲਾ ਮੇਲਣਾ ਸਹਿਜ ਸੁਭਾਈਆ । ਜਗਤ ਵਿਸ਼ਿਆਂ ਤੋਂ ਬਾਹਰ ਦੇਣਾ ਵਿਸ਼ਵਾਸ਼, ਵਿਸ਼ਵ ਦੇ ਮਾਲਕ ਦਇਆ ਕਮਾਈਆ । ਜੇ ਆਤਮਾ ਤੇਰਾ ਨੂਰ ਜੋਤ ਪਰਕਾਸ਼, ਅੰਤ ਤੇਰੇ ਰੰਗ ਸਮਾਈਆ । ਸਾਡਾ ਲਹਿਣਾ ਦੇਣਾ ਮੁਕਾ ਦੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰਾਂ ਪੰਧ ਮੁਕਾਈਆ । ਤੇਰੇ ਚਰਨ ਕਵਲ ਭਿਖਾਰੀ ਹੋਈਏ ਦਾਸਨ ਦਾਸ, ਸੇਵਕ ਸਾਚੀ ਸੇਵ ਕਮਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਇਕ ਅਬਿਨਾਸ਼, ਅਬਿਨਾਸ਼ੀ ਕਰਤੇ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਅਲਖ ਅਗੋਚਰ ਅਗੰਮ ਅਥਾਹ ਆਪਣੀ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਤੇਰੇ ਦਰ ਦੇ ਹੋਈਏ ਮੰਗਤੇ, ਮਾਂਗਤ ਹੋ ਕੇ ਝੋਲੀ ਡਾਹੀਆ । ਤੂੰ ਲੇਖੇ ਲੇਖੇ ਲਾ ਲੈ ਸਾਡੇ ਅੰਗ ਅੰਗ ਦੇ, ਅੰਗੀਕਾਰ ਆਪ ਹੋ ਜਾਈਆ । ਆਤਮਾ ਨਾਲ ਭਗਤਾਂ ਕਾਇਆ ਚੋਲੀ ਰੰਗ ਦੇ, ਦੁਰਮਤ ਮੈਲ ਰਹੇ ਨਾ ਰਾਈਆ । ਨਾਮ ਮੁਹਾਣਾ ਇਕੋ ਵੰਝ ਦੇ, ਸ਼ੌਹ ਸਾਗਰਾਂ ਪਾਰ ਕਰਾਈਆ । ਤੇਰੇ ਪਿਆਰ ਵਿਚ ਸਾਰੇ ਹੋਈਏ ਲੰਘਦੇ, ਅਗੇ ਹੋ ਨਾ ਕੋਇ ਅਟਕਾਈਆ । ਸੁਖ ਦੇਣੇ ਸਤਿਗੁਰੂ ਅਨੰਦ ਦੇ, ਅਨੰਦਪੁਰ ਵਾਲਾ ਗੋਬਿੰਦ ਗਿਆ ਦ੍ਰਿੜਾਈਆ । ਲੇਖੇ ਵੇਖੀਏ ਤੇਰੇ ਸਚ ਸਿੰਘਾਸਣ ਪਲੰਘ ਦੇ, ਜਿਸ ਦੀ ਬਾਡੀ ਬਣਤ ਨਾ ਕੋਇ ਬਣਾਈਆ । ਸਾਡੇ ਤਤ ਰਹਿਣ ਨਾ ਤਤ ਪੰਜ ਦੇ, ਪੰਚਮ ਦਾ ਮੇਲਾ ਆਪਣੇ ਵਿਚ ਲੈਣਾ ਮਿਲਾਈਆ । ਸਾਡੇ ਝਗੜੇ ਮੇਟ ਦੇ

ਰੰਜ ਦੇ, ਵਿਛੋੜੇ ਵਿਚ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਸਿਰ ਸਿਰ ਆਪਣਾ ਹੱਥ ਟਿਕਾਈਆ । ਪੰਜ ਤਤ ਕਹਿਣ ਪ੍ਰਭ ਸਾਚਾ ਦੇ ਦੇ ਨਾਮ ਉਧਾਰ, ਉਦਰ ਦਾ ਲੇਖਾ ਦੇ ਮੁਕਾਈਆ । ਮੰਗਣ ਆਏ ਤੇਰਾ ਦੁਆਰ, ਦਰ ਠਾਂਢੇ ਸੀਸ ਝੁਕਾਈਆ । ਤੂੰ ਆਦਿ ਜੁਗਾਦੀ ਏਕੰਕਾਰ, ਅਕਲ ਕਲਧਾਰੀ ਇਕ ਅਖਵਾਈਆ । ਸ਼ਾਹ ਸੁਲਤਾਨਾ ਭੂਪ ਸਿਕਦਾਰ, ਸ਼ਹਿਨਸ਼ਾਹ ਸ਼ਾਹ ਨੂਰ ਅਲਾਹੀਆ । ਤੇਰੇ ਅਤੋਟ ਅਤੁਟ ਭਰੇ ਭੰਡਾਰ, ਨਿਖੁੱਟ ਕਦੇ ਨਾ ਜਾਈਆ । ਕਿਰਪਾ ਕਰ ਸਚੀ ਸਰਕਾਰ, ਸਚ ਸਚ ਨਾਲ ਸਮਝਾਈਆ । ਜੇ ਆਤਮਾ ਤੇਰਾ ਨੂਰ ਉਜਿਆਰ, ਅੰਤ ਤੇਰੇ ਵਿਚ ਸਮਾਈਆ । ਅਸੀਂ ਉਸੇ ਦੇ ਮਿਤਰ ਪਿਆਰ, ਨਾਤਾ ਦੀਨ ਦੁਨੀ ਜੁੜਾਈਆ । ਤੂੰ ਭਗਤ ਵਛਲ ਗਿਰਧਾਰ, ਮਿਹਰਵਾਨ ਮਹਿਬਾਨ ਬੀਦੋ ਬੀਸ਼ੈਰ ਯਾ ਅਲਾਹ ਇਕ ਅਖਵਾਈਆ । ਤੇਰੇ ਚਰਨ ਕਵਲ ਬਿਨਾ ਸੀਸ ਜਗਦੀਸ਼ ਨਿਮਸਕਾਰ, ਨਮੋ ਨਮੋ ਕਹਿ ਕੇ ਸੀਸ ਝੁਕਾਈਆ । ਸਾਡਾ ਲਹਿਣਾ ਦੇਣਾ ਪੂਰਾ ਕਰ ਦੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਦੇਣ ਗਵਾਹੀਆ । ਅਸੀਂ ਤਤ ਵਿਚਾਰੇ ਤੇਰੇ ਦਰ ਕਰੀਏ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਤੂੰ ਬਖ਼ਸ਼ਣਹਾਰ ਸਦਾ ਕਰਤਾਰ, ਕਰਨੀ ਦਾ ਕਰਤਾ ਨੂਰ ਅਲਾਹੀਆ । ਸਾਨੂੰ ਬਖ਼ਸ਼ ਦੇ ਸਚਖੰਡ ਦੁਆਰ, ਦਰਗਾਹ ਸਾਚੀ ਸਚ ਦੇ ਵਡਿਆਈਆ । ਥਿਰ ਘਰ ਬਹਿ ਕੇ ਤੇਰਾ ਨੂਰ ਜੋਤ ਕਰੀਏ ਦੀਦਾਰ, ਨੂਰ ਨੁਰਾਨੇ ਤੇਰਾ ਦਰਸ਼ਨ ਪਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਸਾਡਾ ਲਹਿਣਾ ਦੇਣਾ ਕ਼ਰਜ਼ ਦੇ ਉਤਾਰ, ਮਕ਼ਰੂਜ਼
੬੯ ੨੪ ਸਾਡਾ ਲੇਖਾ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ੬੯ ੨੪
ਪੰਜ ਤਤ ਕਹਿਣ ਪ੍ਰਭ ਅਸੀਂ ਜਾਈਏ ਖੰਡ ਸਚ, ਆਤਮਾ ਨਾਲ ਮਿਲਕੇ ਵਜੇ ਵਧਾਈਆ । ਕੀ ਹੋਇਆ ਜੇ ਸਾਡਾ ਮਾਟੀ ਭਾਂਡਾ ਕੱਚ, ਹਡ ਮਾਸ ਨਾੜੀ ਰੰਗ ਰੰਗਾਈਆ । ਸਾਡਾ ਲੂੰ ਲੂੰ ਤੇਰੇ ਪਿਆਰ ਵਿਚ ਗਿਆ ਰਚ, ਰਚਨਾ ਆਪਣੀ ਦਏ ਵਖਾਈਆ । ਅਸੀਂ ਦੀਨ ਦੁਨੀ ਤੋਂ ਗਏ ਬਚ, ਬਚਪਨ ਤੇਰੀ ਝੋਲੀ ਪਾਈਆ । ਜਗਤ ਅਗਨ ਨਾ ਜਾਈਏ ਮਚ, ਤ੍ਰੈਗੁਣ ਤਤ ਨਾ ਲਾਗੇ ਰਾਈਆ । ਸਾਡੀ ਜਗਤ ਨਾ ਉਬਲੇ ਰਤ, ਰਤਨ ਅਮੋਲਕ ਹੀਰੇ ਲੈ ਬਣਾਈਆ । ਤੂੰ ਸੁਆਮੀ ਪਰਮੇਸ਼ਵਰ ਪਤਿ, ਪਾਰਬ੍ਰਹਮ ਅਗੰਮ ਅਥਾਹੀਆ । ਸਾਡਾ ਲਹਿਣਾ ਦੇਣਾ ਪੂਰਾ ਕਰ ਲੈ ਵਤ, ਬੇਵਤਨਾਂ ਆਪਣੇ ਵਤਨ ਲੈਣਾ ਪਹੁੰਚਾਈਆ । ਅਸੀਂ ਸਬਰ ਬੈਠੇ ਘਤ, ਯਾਰੜੇ ਤੇਰੀ ਸੇਜ ਹੰਢਾਈਆ । ਸਾਡੇ ਸਗਲ ਵਸੂਰੇ ਜਾਣ ਲਥ, ਦਰਸ਼ਨ ਦੇਣਾ ਚਾਈਂ ਚਾਈਆ । ਤੂੰ ਅਗੰਮ ਅਥਾਹ ਪੁਰਖ ਸਮਰਥ, ਹਰਿ ਕਰਤਾ ਇਕ ਅਖਵਾਈਆ । ਸਾਡਾ ਲਹਿਣਾ ਦੇਣਾ ਦੇ ਦੇ ਹੱਥੋ ਹੱਥ, ਦੋ ਜਹਾਨ ਨਿਰਗੁਣ ਸਰਗੁਣ ਉਦਾਰ ਨਾ ਕੋਇ ਜਣਾਈਆ । ਤੇਰੇ ਚਰਨ ਕਵਲ ਸਰਨਾਈ ਸਵਾਮੀ ਰਹੇ ਢਠ, ਨਿਵ ਨਿਵ ਸੀਸ ਝੁਕਾਈਆ । ਤੂੰ ਵਸਣਹਾਰਾ ਘਟ ਘਟ, ਵੇਖਣਹਾਰਾ ਥਾਉਂ ਥਾਈਂਆ । ਲੇਖੇ ਲਾ ਲੈ ਕਾਇਆ ਮਾਟੀ ਮਟ, ਮਟਕੀ ਨਾਮ ਰਸ ਭਰਾਈਆ । ਤੁਧ ਬਿਨ ਅਵਰ ਦਾ ਦਿਸੇ ਕੋਇ ਕਿਨਾਰਾ ਤਟ, ਤੀਰਥ ਅਠਸਠ ਰੋਵਣ ਮਾਰਨ ਧਾਹੀਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਖੇੜਾ ਹੋਇਆ ਭਠ, ਭਠਿਆਲਾ ਕਲਜੁਗ ਅਗਨੀ ਨਾਲ ਤਪਾਈਆ । ਅੰਤ ਕੰਤ ਭਗਵੰਤ ਤੇਰੇ ਚਰਨ ਦੁਆਰੇ ਕੀਤਾ ਇਕੱਠ, ਇਕ ਇਕੱਲੇ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੁਆਮੀ ਅੰਤਰਜਾਮੀ ਘਟ ਨਿਵਾਸੀ ਆਪਣਾ ਰੰਗ ਰੰਗਾਈਆ । ਪੰਜ ਤਤ

ਕਹਿਣ ਪ੍ਰਭ ਤੇਰੀ ਮੰਜ਼ਲ ਤਕੀਏ ਅਗੰਮ, ਅਗੰਮੜੇ ਦੇਣੀ ਮਾਣ ਵਡਿਆਈਆ । ਸਾਡਾ ਲੇਖੇ ਲਾ ਲੈ ਮਾਟੀ ਚੰਮ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਅਸੀਂ ਤੇਰੀ ਧਾਰ ਬ੍ਰਹਮ, ਪਾਰਬ੍ਰਹਮ ਵੇਖਣਾ ਚਾਈਂ ਚਾਈਆ । ਸਾਡਾ ਉਜਲ ਕਰ ਦੇ ਕਰਮ, ਕਰਮ ਕਾਂਡ ਦਾ ਡੇਰਾ ਢਾਹੀਆ । ਸਾਡੇ ਅੰਦਰ ਰਹੇ ਨਾ ਭਰਮ, ਭਾਂਡਾ ਭਰਮ ਦੇਣਾ ਭੰਨਾਈਆ । ਲੋਕਮਾਤ ਫਿਰ ਨਾ ਲਈਏ ਜਰਮ, ਜਨਮ ਜਨਮ ਦਾ ਲੇਖਾ ਦੇਣਾ ਚੁਕਾਈਆ । ਤੂੰ ਕਰਨੀ ਦਾ ਕਰਤਾ ਸਭ ਕੁਛ ਕਰਨ, ਹਰਿ ਕਰਤੇ ਤੇਰੇ ਹੱਥ ਵਡਿਆਈਆ । ਸਾਡਾ ਲਹਿਣਾ ਦੇਣਾ ਮੇਟ ਦੇ ਵਰਨ ਬਰਨ, ਜ਼ਾਤ ਅਜ਼ਾਤੀ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲੇ ਸਚਖੰਡ ਤੇਰੀ ਇਕੋ ਹੋਵੇ ਸਰਨ, ਸਰਨਗਤ ਇਕੋ ਅਖਵਾਈਆ । ਤੂੰ ਆਦਿ ਜੁਗਾਦੀ ਤਾਰਨ ਤਰਨ, ਤਾਰਨਹਾਰ ਦੇਣੀ ਮਾਣ ਵਡਿਆਈਆ । ਤੂੰ ਮੇਰਾ ਮੈਂ ਤੇਰਾ ਆਤਮ ਧਾਰ ਭਗਤ ਸੁਹੇਲੇ ਤੇਰਾ ਢੋਲਾ ਪੜ੍ਹਨ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਤੇਰੀ ਮੰਜ਼ਲ ਹਕ਼ੀਕ਼ੀ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਦਰ ਦੁਆਰ ਏਕੰਕਾਰ ਪਰਵਰਦਿਗਾਰ ਸਾਂਝੇ ਯਾਰ ਤੇਰੇ ਖੜਨ, ਦਰਗਾਹ ਸਾਚੀ ਸਚਖੰਡ ਦੁਆਰ ਮੁਕ਼ਾਮੇ ਹਕ ਤੇਰਾ ਨੂਰ ਨਜ਼ਰੀ ਆਈਆ । ਪੰਜ ਤਤ ਕਹਿਣ ਪ੍ਰਭ ਸਾਡੀ ਅੰਤ ਕੰਤ ਪੁਕਾਰ, ਭਗਵਨ ਭਗਵੰਤ ਤੇਰੇ ਚਰਨ ਰਖਾਈਆ । ਲਹਿਣਾ ਦੇਣਾ ਲੇਖਾ ਕਰਨਾ ਸਵੀਕਾਰ, ਸਾਹਿਬ ਸੁਲਤਾਨ ਨੌਜਵਾਨ ਦੇਣੀ ਮਾਣ ਵਡਿਆਈਆ । ਦਰ ਠਾਂਢੇ ਦਰਵੇਸ਼ ਹੋ ਕੇ ਹੋਏ ਭਿਖਾਰ, ਭਿਛਿਆ ਭਿਖਕਾਂ ਦੇਣੀ ਪਾਈਆ । ਜੋਤੀ ਜਾਤੇ ਪੁਰਖ ਬਿਧਾਤੇ ਤੇਰੇ ਨੂਰ ਦਾ ਹੋਵੇ ਦੀਦਾਰ, ਦੀਨ ਦਿਆਲ
੭੦ ਦਰ ਤੇਰੇ ਦਰਸ਼ਨ ਪਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਪੈਜ ਦੇਣੀ ਸਵਾਰ, ਸਿਰ ਸਰ ਆਪਣਾ ਹੱਥ ਟਿਕਾਈਆ । ਅਸੀਂ ਭਗਤ ਸੁਹੇਲੇ ੭੦
੨੪ ਤੇਰੇ ਮੀਤ ਮੁਰਾਰ, ਮਿਤਰ ਪਿਆਰਾ ਏਕੰਕਾਰਾ ਇਕੋ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ੨੪
ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸ਼ਾਹੋ ਭੂਪ ਸਚੀ ਸਰਕਾਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਓਟ ਓਟ ਤਕਾਈਆ ।

✪ ੧੩ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਰਾਤ ਨੂੰ ਪਿੰਡ ਜਲਾਲਬਾਦ ਜ਼ਿਲਾ ਅੰਮ੍ਰਿਤਸਰ ਊਧਮ ਸਿੰਘ, ਗੁਲਜ਼ਾਰ ਸਿੰਘ, ਬਲਵੰਤ ਸਿੰਘ, ਮੁਖ਼ਤਿਆਰ ਸਿੰਘ, ਧਰਮਬੀਰ ਜਲਾਲਾਬਾਦ, ਫੌਜਾ ਸਿੰਘ, ਭਜਨ ਸਿੰਘ, ਮਹਿੰਦਰ ਸਿੰਘ, ਸ਼ਿੰਗਾਰਾ ਸਿੰਘ, ਸੁਚਾ ਸਿੰਘ, ਤਰਸੀਮ ਸਿੰਘ ਭਲਾਈਪੁਰ, ਮਹਿੰਦਰ ਸਿੰਘ ਲਾਟ, ਤੇਜਾ ਸਿੰਘ, ਰਛਪਾਲ ਸਿੰਘ ਸਠਿਆਲਾ, ਗੁਰਚਰਨ ਸਿੰਘ, ਦਰਬਾਰਾ ਸਿੰਘ ਫੇਰੂਮਾਨ ✪

ਪੰਜ ਤਤ ਕਹਿਣ ਪ੍ਰਭ ਸਾਡੀ ਸੁਣ ਫ਼ਰਿਆਦ, ਪੁਰਖ ਅਕਾਲੇ ਦੀਨ ਦਿਆਲੇ ਮਿਹਰਵਾਨ ਮਹਿਬੂਬ ਆਪਣੀ ਨਜ਼ਰ ਉਠਾਈਆ । ਆਦਿ ਪੁਰਖ ਅਪਰੰਪਰ ਸੁਆਮੀ ਸਤਿ ਸਚ ਦੀ ਦੇਦੇ ਦਾਦ, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਈਆ । ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਸੁਣੀਏ ਨਾਦ, ਅਨਹਦ ਨਾਦੀ ਧੁਨ ਦੇਣੀ ਉਪਜਾਈਆ । ਤੇਰਾ ਖੇਲ ਤਕੀਏ ਵਿਚ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਦਾ ਪਰਦਾ ਦੇਣਾ ਉਠਾਈਆ ।

ਜੁਗ ਚੌਕੜੀ ਸਾਡਾ ਲੇਖਾ ਤਕ ਲੈ ਆਦਿ ਦਾ ਆਦਿ, ਜੁਗ ਜਗਾਦਿ ਤੇਰੀ ਸੇਵ ਕਮਾਈਆ । ਰਸਨਾ ਜਿਹਵਾ ਤੇਰਾ ਨਾਮ ਕਲਮਾ ਲਈਏ ਅਰਾਧ, ਰਾਧਾ ਕ੍ਰਿਸ਼ਨ ਸਾਡੀ ਦਏ ਗਵਾਹੀਆ । ਨਿਰਗੁਣ ਧਾਰ ਤੇਰੇ ਵਿਚ ਹੋਈਏ ਵਿਸਮਾਦ, ਬਿਸਮਲ ਹੋ ਕੇ ਤੇਰੀ ਓਟ ਤਕਾਈਆ । ਤੂੰ ਮਾਲਕ ਖ਼ਾਲਕ ਇਕੋ ਵਾਹਿਦ, ਮਹਿਬੂਬ ਤੇਰੀ ਬੇਪ੍ਰਵਾਹੀਆ । ਨਾਮ ਨਿਧਾਨਾ ਦੇ ਬੋਧ ਅਗਾਧ, ਬੁੱਧੀ ਤੋਂ ਪਰੇ ਦੇ ਸਮਝਾਈਆ । ਹਰਿ ਹਿਰਦੇ ਅੰਦਰ ਤੇਰੀ ਹੋਵੇ ਯਾਦ, ਯਾਦਵ ਦਾ ਲਹਿਣਾ ਦੇਣਾ ਲੇਖਾ ਵੇਖਣਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਾਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਪਵਿੱਤ੍ਰ ਕਰ ਬੁਧਿ, ਬੁੱਧ ਦੀ ਆਸਾ ਵੇਖ ਵਖਾਈਆ । ਅੰਤਸ਼ਕਰਨ ਹੋਵੇ ਸ਼ੁਧ, ਹਰਿ ਹਿਰਦੇ ਦੇਣੀ ਮਾਣ ਵਡਿਆਈਆ । ਤੇਰੇ ਪਿਆਰ ਦੀ ਉਪਜੇ ਸੁਧ, ਸੁਦੀ ਵਦੀ ਦਾ ਲੇਖਾ ਦੇਣਾ ਮੁਕਾਈਆ । ਪੰਚ ਵਿਕਾਰ ਕਰੇ ਨਾ ਯੁੱਧ, ਮਨਮਤ ਜਗਤ ਨਾ ਕੋਇ ਹਲਕਾਈਆ । ਤੇਰਾ ਦੁਆਰਾ ਏਕੰਕਾਰਾ ਜਾਵੇ ਸੁਝ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਪੁਰਖ ਅਕਾਲੇ ਦੀਨ ਦਿਆਲੇ ਭਾਗ ਲਗਾਉਣਾ ਕਾਇਆ ਬੁਤ, ਬੁਤਖ਼ਾਨੇ ਵਜਦੀ ਰਹੀ ਵਧਾਈਆ । ਸਚ ਸੁਆਮੀ ਅੰਤਰਜਾਮੀ ਸਾਡੀ ਸੁਹੰਜਣੀ ਕਰ ਦੇ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਜੇ ਆਤਮਾ ਤੇਰਾ ਸੁਤ, ਦੁਲਾਰੇ ਪੰਜ ਤਤ ਲਏ ਬਣਾਈਆ । ਤੂੰ ਠਾਕਰ ਸੁਆਮੀ ਪਾਰਬ੍ਰਹਮ ਅਚੁਤ, ਪਤਿਪਰਮੇਸ਼ਵਰ ਅਗੰਮ ਅਥਾਹੀਆ । ਆਵਣ ਜਾਵਣ ਪਤਤ ਪਾਵਨ ਸਾਡਾ ਮੇਟ ਦੇ ਦੁਖ, ਦੀਨਨ ਹੋ ਕੇ ਦਰ ਤੇਰੇ ਅਲਖ ਜਗਾਈਆ । ਸਚਖੰਡ ਦੁਆਰ ਏਕੰਕਾਰ ਦੇਣਾ ਸੁਖ, ਸੁਖ ਸਾਗਰਾਂ ਵਿਚ ਸਮਾਈਆ । ਜਨਣੀ ਫੇਰ ਆਉਣਾ ਪਏ ਨਾ ਕੁੱਖ, ਅਗਨੀ ਤਤ ਨਾ ਕੋਇ ਤਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਆਪਣੀ ਗੋਦੀ ਚੁਕ, ਚਾਰ ਕੁੰਟ ਵੇਖਣਾ ਥਾਉਂ ਥਾਈਆ । ਦਰਗਾਹ ਸਾਚੀ ਸਚਖੰਡ ਦੁਆਰ ਦਰ ਠਾਂਡੇ ਰਹੇ ਝੁਕ, ਨਿਵ ਨਿਵ ਸੀਸ ਜਗਦੀਸ ਝੁਕਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਈਏ ਤੁਕ, ਸੋਹੰ ਢੋਲਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਆਪਣਾ ਦੇਣਾ ਉਚ, ਦਰਗਾਹ ਸਾਚੀ ਸਚ ਸੁਹਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਵਲ ਕਰ ਨਿਗਾਹ, ਬਿਨ ਨੈਣਾਂ ਨੈਣ ਉਠਾਈਆ । ਅਸੀਂ ਪੁਜੀਏ ਤੇਰੀ ਦਰਗਾਹ, ਸਚਖੰਡ ਸਾਚੇ ਸੋਭਾ ਪਾਈਆ । ਏਕੰਕਾਰੇ ਬਣ ਮਲਾਹ, ਬੇੜਾ ਆਪਣੇ ਕੰਧ ਉਪਰ ਉਠਾਈਆ । ਸਤਿਗੁਰ ਸ਼ਬਦ ਹੋਵੇ ਗਵਾਹ, ਸ਼ਹਾਦਤ ਇਕੋ ਵਾਰ ਭੁਗਤਾਈਆ । ਤੇਰਾ ਧੁਰ ਦਾ ਦਿਸੇ ਰਾਹ, ਰਹਿਬਰ ਇਕੋ ਦੇਣਾ ਵਖਾਈਆ । ਤੂੰ ਆਦਿ ਜੁਗਾਦਿ ਪਿਤਾ ਮਾਂ, ਪੁਰਖ ਅਕਾਲ ਤੇਰੀ ਵਡਿਆਈਆ । ਜਨ ਭਗਤ ਕਹਿਣ ਅਸੀਂ ਨਾ ਸੂਰ ਖਾਧਾ ਨਾ ਗਾਂ, ਪਸ਼ੂ ਪੰਛੀਆਂ ਖੱਲ ਨਾ ਕੋਇ ਲੁਹਾਈਆ । ਸਚਖੰਡ ਦੁਆਰ ਬਖ਼ਸ਼ ਦੇ ਆਪਣਾ ਗਰਾਂ, ਥਿਰ ਘਰ ਵਜਦੀ ਰਹੀ ਵਧਾਈਆ । ਸਦਾ ਸਦ ਤੇਰਾ ਗਾਈਏ ਨਾਂ, ਨਾਂਉ ਨਿਰੰਕਾਰ ਦੇਣਾ ਦ੍ਰਿੜਾਈਆ । ਬਿਨਾ ਹੱਥਾਂ ਤੋਂ ਫੜ ਲੈ ਬਾਂਹ, ਪਾਰਬ੍ਰਹਮ ਪ੍ਰਭ ਆਪਣੇ ਰੰਗ ਰੰਗਾਈਆ । ਧੁਰ ਦੀ ਧਾਰ ਦੇਣੀ ਸਰਨਾ, ਸਰਨਗਤ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਖੋਲ੍ਹ ਦੇ ਆਪਣਾ ਭੇਤ, ਭੇਦ ਅਭੇਦ ਜਣਾਈਆ । ਸੁਆਮੀ ਹੋ ਕੇ ਵਸਣਾ ਨੇਤਨ ਨੇਤ, ਨਿਜ ਨੇਤਰ ਲੋਚਣ ਨੈਣ ਕਰ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਦੱਸ ਦੇ ਹੇਤ, ਹਿਤਕਾਰੀ ਹੋ ਕੇ ਖੋਜ ਖੁਜਾਈਆ । ਸਾਡੀ ਰੁਤ ਬਸੰਤੀ ਕਰ ਦੇ ਚੇਤ, ਚੇਤਨ ਸੁਰਤੀ ਆਪ ਜਗਾਈਆ । ਕੂੜੀ

ਕਿਰਿਆ ਕਾਇਆ ਮਾਟੀ ਅੰਦਰ ਕਰ ਦੇ ਖੇਤ, ਖੰਡਾ ਖੜਗ ਨਾਮ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ
ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ਦਰ ਦਰਵਾਜ਼ਾ ਜਾਏ ਖੁਲ੍ਹ, ਭੀਤਰ ਪਰਦਾ ਰਹੇ ਨਾ ਰਾਈਆ ।
ਭਾਗ ਲਗਾ ਦੇ ਆਪਣੀ ਕੁਲ, ਕੁੱਲ ਮਾਲਕ ਦਇਆ ਕਮਾਈਆ । ਜੇ ਤੇਰੇ ਪਿਆਰੇ ਤੇਰਾ ਪਿਆਰ ਗਏ ਭੁਲ, ਅਭੁਲ ਦੇਣੀ ਮਾਣ ਵਡਿਆਈਆ ।
ਜਨ ਭਗਤਾਂ ਹਿਰਦੇ ਵਸ ਹਲਾਉਣੇ ਪੈਣ ਕਦੇ ਨਾ ਬੁੱਲ, ਰਸਨਾ ਰਸ ਨਾ ਕੋਇ ਵਡਿਆਈਆ । ਸਚ ਪ੍ਰੀਤੀ ਤੇਰੀ ਜਾਣ ਘੁਲ, ਘੋਲੀ ਘੋਲ ਆਪਾ
ਆਪ ਕਰਾਈਆ । ਨਾਮ ਨਿਧਾਨ ਸ੍ਰੀ ਭਗਵਾਨ ਦੇ ਅਨਮੁਲ, ਅਨਮੁਲੜੀ ਦਾਤ ਵਰਤਾਈਆ । ਤੂੰ ਮਾਲਕ ਖ਼ਾਲਕ ਆਦਿ ਜੁਗਾਦੀ ਸੁਲਹਕੁਲ,
ਸਤਿ ਸੁਆਮੀ ਅੰਤਰਜਾਮੀ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਰ ਦਾਤੇ
ਆਪਣੀ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਦੇਦੇ ਵਸਤ ਅਗੰਮੀ, ਅਗੰਮੜੇ ਦਇਆ ਕਮਾਈਆ । ਭਾਗ ਲਗਾ ਦੇ ਕਾਇਆ ਮਾਟੀ
ਚੰਮੀ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਜਨਮ ਜਨਮ ਦੀ ਪੂਰੀ ਕਰ ਦੇ ਕਮੀ, ਵਸਤ ਅਤੋਟ ਅਤੁਟ ਝੋਲੀ ਪਾਈਆ । ਸਾਚੀ ਧਾਰ ਬਖ਼ਸ਼ ਦੇ
ਨਵੀਂ, ਨਵ ਦੁਆਰ ਦਾ ਡੇਰਾ ਢਾਹੀਆ । ਆਤਮ ਸੇਜ ਸੁਹਾਉਣੀ ਸਵੀਂ, ਸੁਖ ਆਸਣ ਡੇਰਾ ਲਾਈਆ । ਤਖ਼ਤ ਨਿਵਾਸੀ ਗ੍ਰਿਹ ਮੰਦਰ ਆਪਣੇ
ਬਹਵੀਂ, ਸਚ ਦੁਆਰ ਡੇਰਾ ਢਾਹੀਆ । ਨਾਮ ਨਿਧਾਨਾ ਸ੍ਰੀ ਭਗਵਾਨਾ ਇਕ ਆਪਣਾ ਕਹਵੀਂ, ਕਹਿ ਕਹਿ ਸਮਝਾਈਆ । ਤੂੰ ਪਤਿਪਰਮੇਸ਼ਵਰ
੭੨ ਅਵਤਾਰ ਚਵੀ, ਚੌਬੀਸਾ ਜਗਦੀਸਾ ਇਕ ਅਖਵਾਈਆ । ਜੋ ਇਸ਼ਾਰਾ ਦੇ ਕੇ ਗਿਆ ਰਵੀਦਾਸ ਚਮਾਰਾ ਰਵੀ, ਬਿਨ ਅੱਖਰਾਂ ਅੱਖਰ ਸਮਝਾਈਆ । ੭੨
੨੪ ਉਸ ਦਾ ਲਹਿਣਾ ਦੇਣਾ ਅੰਤਮ ਦਵੀਂ, ਦੋ ਜਹਾਨਾ ਵੇਖ ਵਖਾਈਆ । ਸੋਹਲਾ ਢੋਲਾ ਗੀਤ ਅਨੋਖਾ ਗਵੀਂ, ਸ਼ਬਦੀ ਸ਼ਬਦ ਸ਼ਬਦ ਪਰਗਟਾਈਆ । ੨੪
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਭੇਵ ਅਭੇਦ ਖੁਲ੍ਹਾਈਆ । ਪੰਜ ਤਤ ਕਹਿਣ ਪ੍ਰਭ ਤੇਰੀ
ਮੰਜ਼ਲ ਤਕੀਏ ਹਦੂਦ, ਮੁਕਾਮੇ ਹਕ ਧਿਆਨ ਲਗਾਈਆ । ਤੇਰਾ ਆਲੀਸ਼ਾਨ ਅਰੂਜ, ਅਰਸ਼ ਫ਼ਰਸ਼ ਦਾ ਪੰਧ ਦੇਣਾ ਮੁਕਾਈਆ । ਤੇਰੀ ਮੰਜ਼ਲ
ਇਕ ਮਕਸੂਦ, ਮਿਹਰਵਾਨ ਦੇਣੀ ਦਰਸਾਈਆ । ਦਰ ਦਰਵਾਜ਼ਾ ਜਾਏ ਬੂਝ, ਸੂਝ ਸੂਝ ਵਿਚੋਂ ਸਮਝਾਈਆ । ਲੇਖਾ ਪੂਰਾ ਕਰ ਦੇ ਜੋ ਹਜ਼ਰਤਾਂ
ਗਾਇਆ ਹਜ਼ਾਰਾ ਦਾਰੂਦ, ਦਰੋਹੀ ਤੇਰਾ ਨਾਮ ਖ਼ੁਦਾਈਆ । ਤੂੰ ਠਾਕਰ ਸੁਆਮੀ ਆਦਿ ਜੁਗਾਦੀ ਸਦ ਮੌਜੂਦ, ਮੁਫ਼ਲਿਸਾਂ ਦੇਣੀ ਮਾਣ ਵਡਿਆਈਆ ।
ਅਸੀਂ ਪੰਜ ਤਤ ਜਗਤ ਵਿਚਾਰੇ ਕਲਬੂਤ, ਪੰਜ ਭੂਤਕ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ
ਧੁਰ ਦਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਪੰਜ ਤਤ ਕਹਿਣ ਪ੍ਰਭ ਦੇ ਦੇ ਵਸਤ ਅਨਮੁੱਲੀ, ਅਨਮੁਲ ਆਪ ਵਰਤਾਈਆ । ਭਾਗ
ਲਗਾ ਦੇ ਕਾਇਆ ਕੁੱਲੀ, ਕੁੱਲ ਮਾਲਕ ਹੋਣਾ ਆਪ ਸਹਾਈਆ । ਤੇਰਾ ਨਾਮ ਜਪਣਾ ਪਏ ਨਾ ਭਗਤਾਂ ਬੁੱਲੀਂ, ਸ਼ਬਦ ਅਨਾਦੀ ਧੁਨ ਕਰ ਸ਼ਨਵਾਈਆ ।
ਤੇਰੀ ਫੁਲਵਾੜੀ ਵੇਖੀਏ ਫੁੱਲੀ, ਪੱਤ ਟਹਿਣੀ ਦੇਣੀ ਮਹਿਕਾਈਆ । ਤੇਰੀ ਅੰਮ੍ਰਿਤ ਧਾਰ ਆਦਿ ਜੁਗਾਦਿ ਕਦੇ ਨਾ ਡੁੱਲ੍ਹੀ, ਬਿਨ ਰਸਨਾ ਰਸ ਦੇਣਾ
ਚਖਾਈਆ । ਤੇਰੇ ਚਰਨ ਕਵਲ ਮਸਤਕ ਲਗੇ ਧੂਲੀ, ਧੂੜ ਟਿੱਕੇ ਖ਼ਾਕ ਰਮਾਈਆ । ਓਹ ਲੇਖਾ ਵੇਖ ਲੈ ਜੋ ਇਸ਼ਾਰਾ ਕੀਤਾ ਈਸਾ ਚੜ੍ਹਦਿਆਂ
ਸੂਲੀ, ਸਲੀਵ ਗਲ ਵਿਚ ਲਟਕਾਈਆ । ਜੁਗ ਬਦਲਣਾ ਤੇਰਾ ਖੇਲ ਮਾਮੂਲੀ, ਲਹਿਣਾ ਦੇਣਾ ਸਭ ਦਾ ਲੇਖੇ ਪਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਤੇਰਾ ਧਰਮ ਧਾਰ ਅਸੂਲੀ, ਅਸਲ ਦੇ ਮਾਲਕ ਵਸਲ ਹਕ ਦੇਣਾ ਜਣਾਈਆ ।

✪ ੧੪ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ਸੁਖਦੇਵ ਰਾਜ ਪ੍ਰੀਤਮ ਸਿੰਘ ਜਗੀਰ ਕੌਰ
ਕਰਮ ਸਿੰਘ ਪਿਆਰ ਕੌਰ ਗੁਰਬਚਨ ਸਿੰਘ ਸਰਦਾਰਾ ਸਿੰਘ ਗੁਰਮੁਖ ਸਿੰਘ ਪੂਰਨ ਸਿੰਘ ਨਾਜ਼ਰ ਸਿੰਘ ਤਾਰਾ ਸਿੰਘ
ਸਵਰਨ ਸਿੰਘ ਪ੍ਰੀਤਮ ਸਿੰਘ ਦਰਸ਼ਨ ਸਿੰਘ ਸਾਧੂ ਸਿੰਘ ਕਰਨੈਲ ਸਿੰਘ ਬੀਰ ਕੌਰ ਗੇਜ਼ਾ ਸਿੰਘ ਮੰਗਲ ਸਿੰਘ
ਜਿੰਦਰ ਸਿੰਘ ਪ੍ਰੀਤਮ ਸਿੰਘ ਹਰੀ ਸਿੰਘ ਹਰਦੀਪ ਸਿੰਘ ਦਿਆਲ ਸਿੰਘ ਕੁੰਦਨ ਸਿੰਘ ਈਸ਼ਰ ਕੌਰ ਕੱਲਾ,
ਕਸ਼ਮੀਰ ਕੌਰ ਤਖਤ ਚਕ, ਤਸਵੀਰ ਕੌਰ ਸਰਜਾ, ਕਰਮ ਸਿੰਘ ਭਲਾਈ ਪੁਰ, ਸਵਰਨ ਸਿੰਘ ਫ਼ਤਿਹਬਾਦ ✪

ਪੰਜ ਤਤ ਕਹਿਣ ਪ੍ਰਭ ਸਾਡੇ ਪੁਰਖ ਸਮਰਥ, ਸਮਰਥ ਅਕਥ ਤੇਰੇ ਹੱਥ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਚਲਾਵਣ ਵਾਲੇ ਰਥ, ਰਥ ਰਥਵਾਹੀ ਅਗੰਮ ਅਥਾਹ ਤੇਰੀ ਬੇਪਰਵਾਹੀਆ । ਸਤਿ ਸਰੂਪ ਸ਼ਾਹੋ ਭੂਪ ਸਾਡਾ ਤਨ ਵਜੂਦ ਤੇਰੇ ਸੱਥਰ ਗਿਆ ਲਥ, ਯਾਰੜੇ ਸੇਜ ਲੈਣੀ ਹੰਢਾਈਆ । ਸਾਡਾ ਲਹਿਣਾ ਦੇਣਾ ਲੇਖਾ ਮੁਕਾ ਦੇ ਹੱਥੋ ਹੱਥ, ਅਗੇ ਉਦਾਰ ਨਾ ਕੋਇ ਜਣਾਈਆ । ਤੇਰੇ ਚਰਨ ਦੁਆਰ ਨਿਰਗੁਣ ਧਾਰ ਟੇਕੀਏ ਮਥ, ਸਰਗੁਣ ਹੋ ਕੇ ਸੀਸ ਨਿਵਾਈਆ । ਸਾਡਾ ਸਗਲ ਵਸੂਰਾ ਜਾਏ ਲਥ, ਵਿਖ ਅੰਦਰ ਰਹਿਣ ਨਾ ਪਾਈਆ । ਨਿਤ ਨਵਿਤ ਤੇਰਾ ਗਵੀਏ ਗਥ, ਰਸਨਾ ਜਿਹਵਾ ਢੋਲੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਪੁਰਖ ਅਕਾਲ ਅਗੰਮੜੇ, ਅਲਖ ਅਗੋਚਰ ਤੇਰੀ ਸਰਨਾਈਆ । ਸਾਡੇ ਲੇਖੇ ਲਾ ਲੈ ਕਾਇਆ ਮਾਟੀ ਚੰਮੜੇ, ਚੰਮ ਦ੍ਰਿਸ਼ਟੀ ਦੇਣੀ ਗਵਾਈਆ । ਸਾਡੀ ਕ਼ੀਮਤ ਰਹੇ ਨਾ ਪੈਸੇ ਧੇਲੇ ਟਕੇ ਦਮੜੇ, ਦਾਮਨਗੀਰ ਦੇਣੀ ਮਾਣ ਵਡਿਆਈਆ । ਨਿਰਵੈਰ ਪੁਰਖ ਆਪਣੇ ਚੁਕ ਲੈ ਕੰਧੜੇ, ਫੜ ਬਾਹੋਂ ਲੈ ਉਠਾਈਆ । ਜਗ ਨੇਤਰਹੀਣ ਰਹੀਏ ਨਾ ਅੰਧੜੇ, ਨਿਜ ਨੇਤਰ ਲੋਚਨ ਨੈਣ ਦੇਣਾ ਖੁਲ੍ਹਾਈਆ । ਤੇਰੇ ਗੀਤ ਗੋਬਿੰਦ ਗਵੀਏ ਚੰਗੜੇ, ਸਿਫ਼ਤਾਂ ਨਾਲ ਸਿਫ਼ਤ ਸਾਲਾਹੀਆ । ਸਾਡੇ ਹਾਲ ਹੋਣ ਨਾ ਮੰਦੜੇ, ਚੁਰਾਸੀ ਵਿਚ ਨਾ ਕੋਇ ਭੁਆਈਆ । ਸਾਨੂੰ ਧਾਮ ਵਖਾ ਦੇ ਠੰਢੜੇ, ਥਿਰ ਘਰ ਦਰਗਾਹ ਸਾਚੀ ਪੜਦਾ ਆਪ ਉਠਾਈਆ । ਏਕੰਕਾਰ ਨਿਰੰਕਾਰ ਲਾਉਣਾ ਆਪਣੇ ਅੰਗੜੇ, ਅੰਗੀਕਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ਘਰ ਮੰਦਰ ਤਕੀਏ ਇਕ, ਏਕੰਕਾਰ ਦੇਣਾ ਦਰਸਾਈਆ । ਦਰਗਾਹ ਸਾਚੀ ਜਾਈਏ ਟਿਕ, ਮਸਤਕ ਟਿੱਕੇ ਧੂੜੀ ਖ਼ਾਕ ਰਮਾਈਆ । ਪਰਮ ਪੁਰਖ ਪਰਮੇਸ਼ਵਰ ਦਰਸ਼ਨ ਕਰੀਏ ਨਿਤ, ਨਿਰਗੁਣ ਨਿਰਵੈਰ ਨਜ਼ਰੀ ਆਈਆ । ਸਾਡੀ ਠਗੌਰੀ ਮੇਟ ਦੇ ਚਿਤ, ਚੇਤਨ ਸੁਰਤੀ ਆਪ ਕਰਾਈਆ । ਸੁਰਤੀ ਸ਼ਬਦ ਕਰਾਵੇ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਬੰਦ ਕਿਵਾੜੀ ਖੋਲ੍ਹ ਦੇ ਭਿੱਤ, ਦਰ ਦਰਵਾਜ਼ਾ

ਗ਼ਰੀਬ ਨਿਵਾਜ਼ਾ ਆਪ ਖੁਲ੍ਹਾਈਆ । ਵਕ਼ਤ ਸੁਹੰਜਣਾ ਕਰ ਦੇ ਥਿਤ, ਘੜੀ ਪਲ ਆਪਣੇ ਰੰਗ ਰੰਗਾਈਆ । ਕਾਇਆ ਮਾਟੀ ਤਨ ਵਜੂਦ ਅੰਮ੍ਰਿਤ ਰਸ ਨਾਲ ਸਿੰਚ, ਸਿੰਜ ਹਰੀ ਕਿਆਰੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤ ਨਿਮਾਣੇ ਜਗ, ਜਗਜੀਵਣ ਦਾਤੇ ਤੇਰੀ ਓਟ ਤਕਾਈਆ । ਕਲਜੁਗ ਕੂੜੀ ਕਿਰਿਆ ਬੁਝਾ ਦੇ ਅੱਗ, ਅੰਮ੍ਰਿਤ ਮੇਘ ਨਾਮ ਬਰਸਾਈਆ । ਦਰਸ ਦਿਖਾ ਦੇ ਉਪਰ ਸ਼ਾਹਰਗ, ਨੌ ਦੁਆਰ ਦਾ ਡੇਰਾ ਢਾਹੀਆ । ਕੂੜੀ ਕਿਰਿਆ ਮੇਟ ਦੇ ਹੱਦ, ਹਦੂਦ ਆਪਣੀ ਇਕ ਸਮਝਾਈਆ । ਤੇਰੇ ਨਾਮ ਨਿਧਾਨ ਦਾ ਸੁਣੀਏ ਨਦ, ਅਨਹਦ ਨਾਦੀ ਨਾਦ ਕਰੇ ਸ਼ਨਵਾਈਆ । ਕਿਰਪਾ ਕਰ ਸੂਰੇ ਸਰਬਗ, ਹਰਿ ਕਰਤੇ ਧੁਰਦਰਗਾਹੀਆ । ਨਿਰਗੁਣ ਧਾਰ ਹੋ ਕੇ ਜਨ ਭਗਤ ਸੁਹੇਲੇ ਗੁਰ ਚੇਲੇ ਆਪ ਲੱਭ, ਨਵ ਸਤ ਖੋਜਣਾ ਚਾਈਂ ਚਾਈਆ । ਸ਼ਬਦੀ ਧਾਰ ਬਣਾਉਣਾ ਸਬਬ, ਮੇਲ ਮਿਲਾਉਣਾ ਥਾਉਂ ਥਾਈਂਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਸਚਖੰਡ ਦੁਆਰ ਏਕੰਕਾਰ ਸੱਦ, ਸਦਕੇ ਵਾਰੀ ਘੋਲ ਘੁਮਾਈਆ । ਤਤ ਕਹਿਣ ਪ੍ਰਭ ਆਤਮਾ ਨਾਲੋਂ ਹੋਈਏ ਜਗਤ ਅਲਗ, ਸਚਖੰਡ ਮਿਲ ਕੇ ਦੋਹਾਂ ਵਜੇ ਵਧਾਈਆ । ਅਸੀਂ ਹੋਈਏ ਗਦ ਗਦ, ਖ਼ੁਸ਼ੀਆਂ ਵਿਚ ਤੇਰੇ ਢੋਲੇ ਗਾਈਆ । ਠਾਕਰ ਸੁਆਮੀ ਅੰਤਰਜਾਮੀ ਇਕੋ ਦੇਣਾ ਪਦ, ਦਰ ਇਕੋ ਇਕ ਸੁਹਾਈਆ । ਜੇ ਨਿਰਗੁਣ ਧਾਰ ਆਤਮਾ ਤੇਰੀ ਯਦ, ਯਦੀ ਪੰਜ ਤਤ ਕਹਿਣ ਸਿਰ ਸਾਡੇ ਹੱਥ ਟਿਕਾਈਆ । ਅਸੀਂ ਤੂੰ ਮੇਰਾ ਮੈਂ ਤੇਰਾ ਗਾਉਂਦੇ ਰਹੇ ਛੰਦ, ਸੋਹੰ



ਢੋਲਾ ਚਾਈਂ ਚਾਈਂਆ । ਸਾਡਾ ਖ਼ੁਸ਼ੀ ਕਰ ਦੇ ਬੰਦ ਬੰਦ, ਬੰਦਨਾ ਵਿਚ ਸੀਸ ਝੁਕਾਈਆ । ਅਸੀਂ ਤੇਰੇ ਪਿਆਰ ਦਾ ਮਾਣੀਏ ਇਕ ਅਨੰਦ, ਅਨੰਦ ਅਨੰਦ ਵਿਚੋਂ ਦਰਸਾਈਆ । ਸਚ ਦੁਆਰ ਦੇ ਬਣਾ ਦੇ ਧੁਰ ਦੇ ਚੰਦ, ਚਾਂਦਨੇ ਆਪਣਾ ਨੂਰ ਨਾਲ ਰਖਾਈਆ । ਅਸੀਂ ਗ਼ਰੀਬ ਨਿਮਾਣੇ ਤਤ ਪੰਜ, ਪੰਚਮ ਮਿਲ ਕੇ ਦੇਈਏ ਦੁਹਾਈਆ । ਤੇਰੇ ਵੈਰਾਗ ਅੰਦਰ ਨੇਤਰ ਵਹਾਈਏ ਅੰਝ, ਹੰਝੂਆਂ ਹਾਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਘਰ ਵਜਦੀ ਰਹੇ ਵਧਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਵਖਾ ਦੇ ਸਚ ਘਰਾਨਾ, ਗ੍ਰਿਹ ਮੰਦਰ ਇਕ ਵਖਾਈਆ । ਜਿਥੇ ਤੇਰਾ ਦੀਪਕ ਜੋਤ ਨੂਰ ਨੁਰਾਨਾ, ਦੂਜਾ ਨਜ਼ਰ ਕੋਇ ਨਾ ਆਈਆ । ਬਿਨ ਰਸਨਾ ਤੋਂ ਸ਼ਬਦ ਤਰਾਨਾ, ਤੁਰੀਆ ਤੋਂ ਬਾਹਰ ਪੜ੍ਹਾਈਆ । ਬਿਨਾ ਮਦਿ ਤੋਂ ਤੇਰਾ ਦਿਸੇ ਮੈਖ਼ਾਨਾ, ਸਚ ਸਰੂਰ ਦੇਣਾ ਚੜ੍ਹਾਈਆ । ਬਿਨਾ ਤਤ ਵਜੂਦ ਤੋਂ ਨਜ਼ਰੀ ਆਵੀਂ ਰਾਮਾ, ਕਾਹਨਾ ਆਪਣਾ ਖੇਲ ਖਿਲਾਈਆ । ਕਿਰਪਾ ਕਰਨੀ ਸਚ ਅਮਾਮਾ, ਅਮਲਾਂ ਤੋ ਰਹਿਤ ਨੂਰ ਅਲਾਹੀਆ । ਤੂੰ ਆਦਿ ਜੁਗਾਦੀ ਜਾਣੀ ਜਾਣਾ, ਜਾਨਣਹਾਰ ਇਕ ਅਖਵਾਈਆ । ਬਿਨ ਸਯਦਿਆਂ ਤੋਂ ਕਰਾਂ ਸਲਾਮਾ, ਨਿਵ ਨਿਵ ਸੀਸ ਝੁਕਾਈਆ । ਕਿਰਪਾ ਕਰੀਂ ਮਿਹਰਵਾਨਾ, ਮਿਹਰ ਮਿਹਰ ਨਜ਼ਰ ਉਠਾਈਆ । ਪੰਜ ਤਤ ਕਹਿਣ ਅਸੀਂ ਸ਼ਰਅ ਦੇ ਰਹੀਏ ਨਾ ਅੰਤ ਗ਼ੁਲਾਮਾ, ਬੰਧਨ ਜਗਤ ਨਾ ਕੋਇ ਬੰਧਾਈਆ । ਤੂੰ ਮੇਰਾ ਮੈਂ ਤੇਰਾ ਗਾਈਏ ਗਾਣਾ, ਆਤਮ ਪਰਮਾਤਮ ਤੇਰੀ ਸਿਫ਼ਤ ਸਲਾਹੀਆ । ਤੂੰ ਅੰਤ ਕੰਤ ਭਗਵੰਤ ਹੋਣਾ ਨਿਗਹਬਾਨਾ, ਬਿਨ ਨੈਣਾ ਨੈਣ ਉਠਾਈਆ । ਸਾਡਾ ਲਹਿਣਾ ਦੇਣਾ ਲੇਖਾ ਤੇਰੇ ਨਾਲ ਪੁਰਾਣਾ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਤੇਰੇ ਗ੍ਰਿਹ ਮੰਦਰ ਜਾਈਏ ਵਸ, ਵਾਸਤਾ ਤੇਰੇ ਨਾਲ ਰਖਾਈਆ । ਸਾਡੀ

ਪੂਰੀ ਕਰ ਦੇ ਅਸ, ਆਸਾ ਤੇਰੇ ਨਾਲ ਮਿਲਾਈਆ । ਮਾਰਗ ਆਪਣਾ ਅਗੰਮ ਦੱਸ, ਦਹਿ ਦਿਸ਼ਾ ਤੋਂ ਬਾਹਰ ਪੜ੍ਹਾਈਆ । ਤੀਰ ਅਣਿਯਾਲਾ ਮਾਰ ਕਸ, ਕ਼ਸਮ ਖਾ ਕੇ ਸੀਸ ਨਿਵਾਈਆ । ਅਸੀਂ ਦੀਨ ਦੁਨੀ ਵਿਚੋਂ ਕਰੀਏ ਬਸ, ਅਗੇ ਸੰਗ ਨਾ ਕੋਇ ਰਖਾਈਆ । ਦਰ ਤੇਰੇ ਜਾਈਏ ਨੱਸ, ਸਚਖੰਡ ਪੁਜੀਏ ਚਾਈਂ ਚਾਈਆ । ਬਿਨ ਰਸਨਾ ਜਿਹਵਾ ਢੋਲਾ ਗਾਈਏ ਜਸ, ਸਿਫ਼ਤੀ ਸਿਫ਼ਤ ਸਲਾਹੀਆ । ਪੁਰਖ ਅਕਾਲੇ ਦੀਨ ਦਿਆਲੇ ਆਪਣੇ ਪਿਆਰ ਦਾ ਦੇਦੇ ਰਸ, ਰਸਤਾ ਇਕੋ ਇਕ ਜਣਾਈਆ । ਜਿਥੇ ਨਾ ਕੋਈ ਰਵ ਹੋਵੇ ਨਾ ਸਸ, ਸੂਰੀਆ ਚੰਦ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡੀ ਪੂਰੀ ਕਰਨੀ ਆਸ, ਤ੍ਰਿਸ਼ਨਾ ਤ੍ਰਿਖਾ ਜਗਤ ਦੀਨ ਦੁਨੀ ਪੂਰ ਕਰਾਈਆ ।

✪ ੧੪ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ, ਨਰੈਣ ਸਿੰਘ ਗੁਰਨਾਮ ਸਿੰਘ ਕੰਗ
ਕੁੰਦਨ ਸਿੰਘ ਮਾਲਚਕ, ਸੋਹਣ ਸਿੰਘ ਮਾਲਚਕ, ਮਹਿੰਦਰ ਸਿੰਘ ਸਵਰਨ ਸਿੰਘ ਬਾਠ ✪



ਪੰਜ ਤਤ ਕਹਿਣ ਪ੍ਰਭ ਸਾਡੀਆਂ ਮੁਸ਼ਕਲਾਂ ਕਰ ਦੇ ਹਲ, ਹਾਲਤ ਜਹਾਲਤ ਵੇਖ ਖ਼ਲਕ ਖ਼ੁਦਾਈਆ । ਲਹਿਣਾ ਦੇਣਾ ਝੋਲੀ ਪਾ ਦੇ ਜੋ ਬਾਵਨ ਇਸ਼ਾਰਾ ਕੀਤਾ ਬਲ, ਭੇਵ ਅਭੇਦ ਅਛਲ ਅਛੇਦ ਆਪਣਾ ਆਪ ਦ੍ਰਿੜਾਈਆ । ਸਚ ਸੁਆਮੀ ਅੰਤਰਜਾਮੀ ਤੇਰੇ ਦੁਆਰੇ ਆਏ ਚਲ, ਨਿਹਚਲ ਧਾਮ ਧੁਰ ਦੇ ਰਾਮ ਦੇਣੀ ਸਰਨਾਈਆ । ਤੇਰਾ ਖੇਲ ਵੇਖੀਏ ਜਲ ਥਲ, ਮਹੀਅਲ ਤੇਰਾ ਧਿਆਨ ਲਗਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਸਾਡੇ ਕਾਇਆ ਮੰਦਰ ਅੰਦਰ ਘਲ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਤੇਰਾ ਵਿਛੋੜਾ ਹੋਏ ਘੜੀ ਨਾ ਪਲ, ਪਲਕਾਂ ਦੇ ਓਹਲੇ ਨਜ਼ਰੀ ਆਉਣਾ ਧੁਰ ਦੇ ਮਾਹੀਆ । ਝਗੜਾ ਮੇਟਣਾ ਅੰਦਰੋਂ ਕਲਜੁਗ ਕਲ, ਕਲ ਕਾਤੀਆਂ ਡੇਰਾ ਢਾਹੀਆ । ਜੇ ਆਤਮਾ ਤੇਰੇ ਨਾਲ ਜਾਏ ਰਲ, ਪੰਜਾਂ ਤਤਾਂ ਆਪਣੀ ਧਾਰ ਵਿਚ ਮਿਲਾਈਆ । ਸਾਡੇ ਅੰਤਰ ਨਿਰੰਤਰ ਦੂਈ ਦੁਵੈਤੀ ਮੇਟਣਾ ਸਲ, ਸਾਹਿਬ ਸੁਲਤਾਨ ਮਿਹਰਵਾਨ ਆਪਣੀ ਦਇਆ ਕਮਾਈਆ । ਮਾਨਵ ਜ਼ਾਤੀ ਲਾਉਣਾ ਧਰਮ ਦਾ ਫਲ, ਫਲ ਫੁੱਲ ਪੱਤ ਟਹਿਣੀ ਆਪ ਮਹਿਕਾਈਆ । ਪੰਜ ਵਿਕਾਰ ਅੰਦਰੋਂ ਮੇਟ ਦੇ ਸਲ, ਦਲਿਦ੍ਰੀਆਂ ਦਲਿਦ੍ਰ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਸਤ ਸਚ ਨਾਮ ਵਰਤਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਜਗਤ ਵਿਛੋੜਾ ਕੱਟ, ਕਟਾਕਸ਼ ਆਪਣਾ ਨਾਮ ਲਗਾਈਆ । ਸਚ ਦੁਆਰ ਦਾ ਖੋਲ੍ਹ ਹੱਟ, ਨਾਮ ਨਿਧਾਨਾ ਦੇ ਵਰਤਾਈਆ । ਭਾਗ ਲਗਾ ਦੇ ਕਾਇਆ ਮਟ, ਨਵ ਨਵ ਦਾ ਡੇਰਾ ਢਾਹੀਆ । ਇਕੋ ਸਤਿ ਸਚ ਤੇਰਾ ਪਿਆਰ ਲਏ ਰਟ, ਰੱਟਾ ਅਵਰ ਨਾ ਕੋਇ ਰਖਾਈਆ । ਤੂੰ ਵਸਣਹਾਰਾ ਘਟ ਘਟ, ਘਟ ਭੀਤਰ ਦੇਣੀ ਮਾਣ ਵਡਿਆਈਆ । ਦੂਈ ਦੁਵੈਤੀ ਸ਼ਰਅ ਸ਼ਰੈਤੀ ਅੰਦਰੋਂ ਕਢ ਦੇ ਵੱਟ, ਭਾਂਡਾ ਭਰਮ ਭਉ ਭੰਨਾਈਆ । ਸਚ ਦੁਆਰ ਏਕੰਕਾਰ ਤੇਰਾ ਹੋਵੇ ਤਟ, ਕਿਨਾਰਾ ਇਕੋ ਇਕ ਵਖਾਈਆ । ਬਿਨਾ ਵਾਸ਼ਨਾ ਸੁਰਤੀ ਸ਼ਬਦੀ ਧਾਰ ਆਵੇ ਨਠ, ਬਿਨ ਕ਼ਦਮਾਂ ਕ਼ਦਮ ਉਠਾਈਆ । ਲੇਖਾ ਰਹੇ ਨਾ ਅਠਸਠ, ਸਰ ਸਰੋਵਰ ਚਰਨ ਧੂੜ ਦੇਣਾ ਨੁਹਾਈਆ । ਸਰਨ ਸਰਨਾਈ ਤੇਰੀ ਜਾਈਏ ਢਠ, ਬਿਨ ਧੂੜੀ ਧੂੜੀ

੭੫
੨੪

ਖ਼ਾਕ ਰਮਾਈਆ । ਜਗਤ ਵਾਸ਼ਨਾ ਕੂੜੀ ਕਿਰਿਆ ਕਰਦੇ ਭਠ, ਅਗਨੀ ਤਤ ਨਾ ਲਾਗੇ ਰਾਈਆ । ਕਾਇਆ ਮੰਦਰ ਅੰਦਰ ਨਿਰਗੁਣ ਨਿਰਵੈਰ ਮਨ ਮਨਸਾ ਭੁਆ ਦੇ ਲਠ, ਗੇੜਾ ਕਰਮ ਕਾਂਡ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਗ੍ਰਿਹ ਇਕ ਵਸਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਅੰਦਰੋਂ ਕੱਟ ਦੇ ਮੈਲ, ਦੁਰਮਤ ਤਨ ਵਜੂਦ ਰਹੇ ਨਾ ਰਾਈਆ । ਨੌ ਦੁਆਰੇ ਰਹੀ ਫੈਲ, ਦਿਵਸ ਰੈਣ ਆਪਣਾ ਰੰਗ ਰੰਗਾਈਆ । ਜਨ ਭਗਤਾਂ ਧਾਰ ਪਹਿਲੋਂ ਕਰ ਲੈ ਵਹਲ, ਪਹਿਲੀ ਆਪਣੀ ਗੰਢ ਪੁਆਈਆ । ਜਗਤ ਜਹਾਨ ਵਿਚ ਹਰਿਜਨ ਕੋਈ ਨਾ ਹੋਵੇ ਫ਼ੇਲ, ਫ਼ੈਸਲਾ ਹੱਕੋ ਹਕ ਸੁਣਾਈਆ । ਆਤਮਾ ਜੇ ਮੇਲਿਆ ਆਪਣਾ ਮੇਲ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਪੰਜਾਂ ਤਤਾਂ ਦੇਣੀ ਮਾਣ ਵਡਿਆਈਆ । ਆਵਣ ਜਾਵਣ ਲੱਖ ਚੁਰਾਸੀ ਰਾਏ ਧਰਮ ਦੀ ਕੱਟ ਜੇਲ, ਲੇਖਾ ਚਿਤਰ ਗੁਪਤ ਨਾ ਕੋਇ ਵਖਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰਾ ਵੇਖੀਏ ਅਚਰਜ ਖੇਲ, ਖ਼ਲਕ ਦੇ ਖ਼ਾਲਕ ਦੇਣਾ ਵਖਾਈਆ । ਤੂੰ ਨਿਰਗੁਣ ਸਰਗੁਣ ਸਦਾ ਸਹਾਈ ਸਖ਼ਾ ਸੁਹੇਲ, ਸਾਜਣ ਮੀਤ ਤੇਰੀ ਵਡਿਆਈਆ । ਭੇਵ ਚੁਕਾ ਦੇ ਗੁਰੂ ਗੁਰ ਚੇਲ, ਚੇਲਾ ਗੁਰ ਆਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਢੇ ਮੰਗ ਮੰਗਾਈਆ । ਪੰਜ ਤਤ ਕਹਿਣ ਪੁਰਖ ਸਮਰਥ, ਦਰ ਤੇਰੇ ਅਲਖ ਜਗਾਈਆ । ਸਗਲ ਵਸੂਰੇ ਸਾਡੇ ਜਾਣ ਲਥ, ਦੁਰਮਤ ਮੈਲ ਰਹੇ ਨਾ ਰਾਈਆ । ਨਾਮ ਨਿਧਾਨ ਦੇ ਦੇ ਵਥ, ਵਸਤ ਅਮੋਲਕ ਆਪ ਵਰਤਾਈਆ । ਲੇਖਾ ਪੂਰਾ ਕਰ ਦੇ ਜੋ ਕੀਤਾ ਕੌਲ ਰਾਮ ਬੇਟੇ ਦਸਰਥ, ਸੀਤਾ ਸਤਿ ਸਤਿਵਾਦ ਦ੍ਰਿੜਾਈਆ । ਲਹਿਣਾ ਰਹੇ ਨਾ ਧਾਰ ਜਗਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤਿ ਬੁਧਿ ਨਾਲ ਰਲਾਈਆ । ਤੇਰੀ ਸਰਨ ਸਰਨਾਈ ਹੋਏ ਇਕੱਠ, ਸਚ ਦੁਆਰ ਦੇਣੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪੰਜ ਤਤ ਕਹਿਣ ਪ੍ਰਭ ਜਗਤ ਵਿਛੋੜਾ ਮੇਟ ਦੇ ਦੁਖ, ਦਰਦੀਆਂ ਦਰਦ ਵੰਡਾਈਆ । ਮਾਇਆ ਮਮਤਾ ਤ੍ਰਿਸ਼ਨਾ ਰਹੇ ਨਾ ਭੁਖ, ਲਾਲਚ ਲੋਭ ਨਾ ਕੋਇ ਹਲਕਾਈਆ । ਜਨਣੀ ਪੈਣਾ ਪਏ ਨਾ ਕੁੱਖ, ਅਗਨੀ ਤਤ ਨਾ ਕੋਇ ਤਪਾਈਆ । ਉਲਟਾ ਲਟਕੀਏ ਫੇਰ ਨਾ ਰੁਖ਼, ਮਿਹਰ ਨਜ਼ਰ ਨਾਲ ਤਰਾਈਆ । ਜੇ ਆਤਮਾ ਤੇਰਾ ਸੁਤ, ਪਰਮਾਤਮ ਜੋਤ ਨੂਰ ਰੁਸ਼ਨਾਈਆ । ਸਾਡੀ ਸੁਹੰਜਣੀ ਕਰ ਦੇ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਕੀ ਹੋਇਆ ਜੇ ਪੰਜ ਤਤ ਕਾਇਆ ਬਣ ਗਏ ਬੁਤ, ਬੁਤਖ਼ਾਨਾ ਰੂਪ ਦਰਸਾਈਆ । ਤੂੰ ਪਾਰਬ੍ਰਹਮ ਅਬਿਨਾਸ਼ੀ ਅਚੁਤ, ਦੇਵਣਹਾਰ ਵਡਿਆਈਆ । ਪੁਰਖ ਅਕਾਲੇ ਦੀਨ ਦਿਆਲੇ ਅੰਤਮ ਸਾਨੂੰ ਦੀਨ ਦੁਨੀ ਵਿਚੋ ਚੁੱਕ, ਸਚਖੰਡ ਦੁਆਰ ਦੇ ਸਰਨਾਈਆ । ਅਧਵਾਟੇ ਕਦੇ ਨਾ ਜਾਈਏ ਰੁਕ, ਅਗੇ ਹੋ ਨਾ ਕੋਇ ਅਟਕਾਈਆ । ਸਾਡੀ ਰਸਨਾ ਜਿਹਵਾ ਬੱਤੀ ਦੰਦ ਪੜ੍ਹਦੀ ਰਹੀ ਤੂੰ ਮੇਰਾ ਮੈਂ ਤੇਰਾ ਤੁਕ, ਸੋਹਲਾ ਢੋਲਾ ਗਾਇਆ ਚਾਈਂ ਚਾਈਂਆ । ਅੰਤ ਕੰਤ ਭਗਵੰਤ ਜਨ ਭਗਤਾਂ ਧਾਰ ਧਾਰ ਪੁਛ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰਗਾਹ ਸਚ ਮਿਲੇ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਮੇਟ ਦੇ ਚਿੰਤਾ ਰੋਗ, ਗ਼ਮੀ ਗ਼ਮਖ਼ਾਰ ਦੇ ਚੁਕਾਈਆ । ਰਹੇ ਹਰਖ ਨਾ ਸੋਗ, ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਚਰਨ ਪ੍ਰੀਤੀ ਬਖ਼ਸ਼ ਦੇ ਯੋਗ, ਜੋਗੀਸ਼ਰਾਂ ਬਾਹਰ ਪੜ੍ਹਾਈਆ । ਜੇ ਆਤਮਾ ਤੇਰੀ ਮਾਣੇ ਮੌਜ, ਤਤਾਂ ਰੰਗ

ਰੰਗਾਈਆ । ਆਪਣਾ ਭੇਵ ਖੋਲ੍ਹਣਾ ਗੋਝ, ਪਰਦਾ ਪਰਦਿਆਂ ਵਿਚੋਂ ਉਠਾਈਆ । ਸਾਡਾ ਜਗਤ ਵਿਕਾਰ ਲੈਣਾ ਸੋਧ, ਸੁਦੀ ਵਦੀ ਸੰਗ ਨਾ ਕੋਇ ਬਣਾਈਆ । ਤੂੰ ਦਾਤਾ ਸੂਰਬੀਰ ਯੋਧਨ ਯੋਧ, ਬਲਧਾਰੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਚਰਨ ਸਰਨ ਬਖ਼ਸ਼ ਸਰਨਾਈਆ । ਪੰਜ ਤਤ ਕਹਿਣ ਪ੍ਰਭ ਕਿਰਪਾ ਕਰਨੀ ਆਪ, ਆਪਣੀ ਦਇਆ ਕਮਾਈਆ । ਸਾਡਾ ਜਨਮ ਕਰਮ ਦਾ ਮੇਟ ਸੰਤਾਪ, ਦੀਨ ਦਿਆਲ ਦਰਦ ਦੁਖ ਨਾ ਲਾਗੇ ਰਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਾਚਾ ਚੰਦ ਕਰ ਰੁਸ਼ਨਾਈਆ । ਏਥੇ ਓਥੇ ਦੋ ਜਹਾਨਾਂ ਬਖ਼ਸ਼ ਨਾਤ, ਨਾਤਾ ਬਿਧਾਤਾ ਲੈਣਾ ਜੁੜਾਈਆ । ਤੂੰ ਸੁਆਮੀ ਅੰਤਰਜਾਮੀ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਜੇ ਆਤਮਾ ਤੇਰੀ ਜ਼ਾਤ, ਪੰਜਾਂ ਤਤਾਂ ਨਾਲ ਦੇਣੀ ਵਡਿਆਈਆ । ਅਸੀਂ ਦਰ ਦੁਆਰੇ ਤੇਰੇ ਕਰੀਏ ਅਰਦਾਸ, ਬੇਨੰਤੀ ਬਿਨ ਸੀਸ ਜਗਦੀਸ ਝੁਕਾਈਆ । ਸਾਡਾ ਲੇਖੇ ਲਾਉਣਾ ਸਵਾਸ ਸਵਾਸ, ਸਾਹ ਸਾਹ ਤੇਰਾ ਨਾਮ ਧਿਆਈਆ । ਸਾਡਾ ਝਗੜਾ ਮੁਕਾ ਦੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰਾਂ ਪੰਧ ਮੁਕਾਈਆ । ਅਸੀਂ ਚਾਹੁੰਦੇ ਤੇਰੀ ਜੋਤ ਦਾ ਨੂਰ ਹੋਵੇ ਪਰਕਾਸ਼, ਅੰਤ ਜੋਤ ਜੋਤ ਵਿਚ ਮਿਲਾਈਆ । ਚੁਰਾਸੀ ਵਾਲਾ ਕੱਟ ਦੇ ਫਾਸ, ਤਤਵ ਤਤ ਦਾ ਡੇਰਾ ਢਾਹੀਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਜਨ ਭਗਤਾਂ ਤਨ ਪੂਰੀ ਕਰ ਦੇ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਪਰਮ ਪੁਰਖ ਪਰਮਾਤਮ ਸਾਨੂੰ ਤੇਰੇ ਵਿਚ ਵਿਸ਼ਵਾਸ਼, ਵਿਸ਼ਿਆਂ ਤੋਂ ਬਾਹਰ ਲਹਿਣਾ ਦੇਣਾ ਦੇਣਾ ਮੁਕਾਈਆ । ਸਾਡਾ ਲੇਖਾ ਰਹੇ ਨਾ ਨਾਲ ਸ਼ੰਕਰ ਕੈਲਾਸ਼,
੭੭ ਕਲਾਧਾਰੀ ਆਪਣੀ ਕਲ ਦੇਣੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ੭੭
੨੪ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨੌਜਵਾਨ ਪੰਜ ਤਤ ਕਹਿਣ ਸਦਾ ਸਦਾ ਸਦ ਵਸੀਏ ਤੇਰੇ ਚਰਨ ਕਵਲ ਪਾਸ, ਪਾਸਾ ੨੪
ਦੀਨ ਦੁਨੀ ਵਿਚੋਂ ਲੈਣਾ ਬਦਲਾਈਆ ।

✪ ੧੫ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ
ਮੱਸਾ ਸਿੰਘ ਦਾਰਾ ਸਿੰਘ ਕਰਨੈਲ ਸਿੰਘ ਮੱਖਣ ਸਿੰਘ ਨੌਰੰਗਾਬਾਦ
ਕਰਨੈਲ ਕੌਰ ਸ਼ਫ਼ੀਪੁਰ, ਅਜੈਬ ਕੌਰ ਬਾਠ,
ਆਤਮਾ ਸਿੰਘ ਪਟੀ, ਹਰਬੰਸ ਕੌਰ ਬਾਠ ✪

ਪੰਜ ਤਤ ਕਹਿਣ ਪ੍ਰਭ ਸਾਡੇ ਕੰਤ ਕੰਤੂਹਲੀ, ਕਰਤਾ ਪੁਰਖ ਹਰਖ ਸੋਗ ਤੋਂ ਬਾਹਰ ਤੇਰੀ ਸਰਨਾਈਆ । ਭਗਤ ਉਧਾਰਨਾ ਤੇਰਾ ਖੇਲ ਮਾਮੂਲੀ, ਮਿਹਰਵਾਨ ਮਹਿਬਾਨ ਸ੍ਰੀ ਭਗਵਾਨ ਤੇਰੀ ਵਡ ਵਡਿਆਈਆ । ਦਰੋਹੀ ਕਲਜੁਗ ਅੰਤ ਕਿਸੇ ਨਾਲ ਕਰੀਂ ਨਾ ਬੇਅਸੂਲੀ, ਅਸਲ ਦੇ ਮਾਲਕ ਵਸਲ ਦੇਣਾ ਯਾਰ ਨੂਰ ਅਲਾਹੀਆ । ਪ੍ਰੇਮ ਦੀ ਧਾਰ ਪਰਮ ਪੁਰਖ ਕਦੇ ਨਾ ਭੂਲੀ, ਹਰਿਜਨ ਭੁਲਿਆਂ ਮਾਰਗ ਲੈਣਾ ਪਾਈਆ । ਸਚ ਸੁਆਮੀ ਅੰਤਰਜਾਮੀ ਚਰਨ ਧੂੜ ਦੀ ਪਾਵੀਂ ਧੂਲੀ, ਬਿਨ ਖ਼ਾਕ ਟਿੱਕੇ ਦੇਣੇ ਰਮਾਈਆ । ਤੇਰੀ ਫੁਲਵਾੜੀ ਦੋ ਜਹਾਨ ਸ੍ਰੀ ਭਗਵਾਨ ਹੋਵੇ ਫੂਲੀ, ਭਗਤ ਭਗਵੰਤ ਆਪਣੇ

ਰੰਗ ਲੈਣਾ ਰੰਗਾਈਆ । ਤੇਰਾ ਜਾਪ ਜਪਿਆ ਜਾਏ ਬਿਨਾ ਹੋਠਾਂ ਬੁੱਲੀਂ, ਬਿਨ ਰਸਨਾ ਰਸ ਦੇਣਾ ਚਖਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਭਾਗ ਲਗਾਉਣਾ ਕਾਇਆ ਕੁੱਲੀ, ਕਾਅਬਾ ਦੋ ਦੋਆਬਾ ਇਕੋ ਘਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਪੰਜ ਤਤ ਕਹਿਣ ਪ੍ਰਭ ਸਾਨੂੰ ਬਖ਼ਸ਼ ਦੇ ਸਚ ਟਿਕਾਣਾ, ਦਰਗਾਹ ਸਚ ਸਚ ਦਰਸਾਈਆ । ਤੂੰ ਆਦਿ ਜੁਗਾਦਿ ਸਦਾ ਮਿਹਰਵਾਨਾ, ਮਹਿਬਾਨ ਬੀਦੋ ਇਕ ਅਖਵਾਈਆ । ਜੇ ਆਤਮਾ ਨਾਲ ਤੇਰਾ ਯਰਾਨਾ, ਵਿਛੜਿਆਂ ਕਲਜੁਗ ਅੰਤ ਮਿਲਾਈਆ । ਕਿਉਂ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸਮਝੇਂ ਬੇਗਾਨਾ, ਦਰ ਠਾਂਢੇ ਦੇਣੀ ਮਾਣ ਵਡਿਆਈਆ । ਅਸੀਂ ਸਰਗੁਣ ਧਾਰ ਤੇਰੇ ਚਰਨ ਕਵਲ ਕਰੀਏ ਧਿਆਨਾ, ਧੂੜੀ ਟਿੱਕੇ ਮਸਤਕ ਖ਼ਾਕ ਰਮਾਈਆ । ਤੂੰ ਸ਼ਾਹੋ ਭੂਪ ਸੁਲਤਾਨਾ, ਸ਼ਹਿਨਸ਼ਾਹ ਅਗੰਮ ਅਥਾਹੀਆ । ਵਸਤ ਅਮੋਲਕ ਦੇ ਦੇ ਦਾਨਾ, ਦਇਆਵਾਨ ਦੇਣੀ ਵਰਤਾਈਆ । ਤੂੰ ਗਹਿਰ ਗੰਭੀਰ ਗੁਣ ਨਿਧਾਨਾ, ਗੁਣਵੰਤ ਕੰਤ ਭਗਵੰਤ ਇਕ ਅਖਵਾਈਆ । ਸਾਡਾ ਲਹਿਣਾ ਦੇਣਾ ਲੇਖਾ ਮੁਕਾ ਦੇ ਦੋ ਜਹਾਨਾ, ਆਵਣ ਜਾਵਣ ਪਤਤ ਪਾਵਨ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਮੰਜ਼ਲ ਦੇ ਦੇ ਹਕ ਹਕ਼ੀਕ਼ੀ, ਹਕ਼ੀਕ਼ਤ ਦੇ ਮਾਲਕ ਦਇਆ ਕਮਾਈਆ । ਤੂੰ ਵਾਹਿਦ ਲਾਸ਼ਰੀਕੀ, ਨੂਰ ਨੁਰਾਨਾ ਨੂਰ ਅਲਾਹੀਆ । ਤੇਰੇ ਵਿਚ ਅਗੰਮ ਤੌਫ਼ੀਕ਼ੀ, ਤੇਰੇ ਦਰ ਮੰਗ ਮੰਗਾਈਆ । ਸਾਡੀ ਪਿਛਲੀ ਆਯੂ ਜੁਗ

੭੮ ਚੌਕੜੀ ਬੀਤੀ, ਚੁਰਾਸੀ ਵਿਚ ਭੱਜੇ ਵਾਹੋ ਦਾਹੀਆ । ਕਲਜੁਗ ਅੰਤ ਸਚ ਦੀ ਤੇਰੀ ਤੱਕੀ ਪ੍ਰੀਤੀ, ਪ੍ਰੀਤਮ ਦਇਆ ਦੇਣੀ ਕਮਾਈਆ । ਆਪਣੇ ੭੮

੨੪ ਰੰਗ ਰੰਗਾਉਣਾ ਜਨ ਭਗਤ ਸੁਹੇਲਾ ਹਸਤ ਕੀਟੀ, ਊਚ ਨੀਚ ਦਾ ਡੇਰਾ ਢਾਹੀਆ । ਸਚ ਦਾ ਰੰਗ ਚੜ੍ਹਾਉਂਣਾ ਮਜੀਠੀ, ਦੋ ਜਹਾਨਾ ਉਤਰ ੨੪

ਕਦੇ ਨਾ ਜਾਈਆ । ਦਰਗਾਹ ਧਾਰ ਦੱਸ ਅਨਡੀਠੀ, ਬਿਨ ਅੱਖਾਂ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਮਿਲਾ ਲੈ ਧਾਰ ਆਪਣੀ ਜੋਤੀ, ਜੋਤੀ ਜਾਤੇ ਦਇਆ ਕਮਾਈਆ । ਸਾਡੀ ਆਸ਼ਾ ਰਹੇ ਨਾ ਰੋਤੀ, ਜਗਤ ਨੈਣਾ ਨੀਰ ਨਾ ਕੋਇ ਵਹਾਈਆ । ਜੇ ਆਤਮਾ ਪਰਮਾਤਮਾ ਤੇਰੀ ਧਾਰ ਗੋਤੀ, ਨਿਰਗੁਣ ਨਿਰਗੁਣ ਵੇਖ ਵਖਾਈਆ । ਅਸੀਂ ਵੀ ਜਨਮ ਭੋਗੇ ਪਿਛੇ ਕੋਟਨ ਕੋਟੀ, ਤੇਰੇ ਅਗੇ ਵਾਸਤਾ ਕਦੇ ਨਾ ਪਾਈਆ । ਪੰਜ ਤਤ ਕਹਿਣ ਜੇ ਸਾਡੀ ਵਾਸ਼ਨਾ ਖੋਟੀ, ਖਰੇ ਸਤਿਗੁਰ ਲੈ ਬਣਾਈਆ । ਸਾਡੀ ਮੰਜ਼ਲ ਤਕ ਲੈ ਚੜ੍ਹ ਕੇ ਆਪਣੀ ਚੋਟੀ, ਚੋਟ ਪ੍ਰੇਮ ਵਾਲੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡਾ ਇਕ ਦਰਸਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਉਤੇ ਕਰ ਦੇ ਤਰਸ, ਰਹਿਮਤ ਹਕ ਹਕ ਕਮਾਈਆ । ਅੰਮ੍ਰਿਤ ਮੇਘ ਅਗੰਮਾ ਬਰਸ, ਜਗਤ ਤ੍ਰਿਸ਼ਨਾ ਭੁਖ ਮਿਟਾਈਆ । ਦੀਨ ਦੁਨੀ ਮੇਟ ਦੇ ਹਰਸ, ਹਵਸ ਕੂੜ ਰਹਿਣ ਨਾ ਪਾਈਆ । ਜੋਤੀ ਜਾਤੇ ਦੇਦੇ ਦਰਸ, ਬਿਨ ਨੇਤਰ ਲੋਚਨ ਨਜ਼ਰੀ ਆਈਆ । ਸਾਡਾ ਸੁਹੰਜਣਾ ਵੇਖ ਲੈ ਬਰਸ, ਨਵ ਨੌ ਚਾਰ ਪਿਛੋਂ ਮਿਲੇ ਵਡਿਆਈਆ । ਨਾ ਸੋਗ ਰਹੇ ਨਾ ਹਰਸ, ਚਿੰਤਾ ਗ਼ਮ ਦੇਣਾ ਗੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਤੇਰੇ ਹੱਥ ਵਡਿਆਈਆ । ਪੰਜ ਤਤ ਕਹਿਣ ਪ੍ਰਭ ਸਾਡਾ ਅੰਤ ਨਹੀਂ ਰਹਿਣਾ ਸ਼ਰੀਰ, ਤਨ ਵਜੂਦ ਨਾ ਨਜ਼ਰੀ ਆਈਆ । ਤੂੰ ਸ਼ਾਹੋ

ਭੂਪ ਸ਼ਹਿਨਸ਼ਾਹ ਗਹਿਰ ਗੰਭੀਰ, ਗਵਰ ਇਕ ਅਖਵਾਈਆ । ਨਿਗਾਹ ਮਾਰ ਲੈ ਬੇਨਜ਼ੀਰ, ਬਿਨ ਨੈਣਾਂ ਨੈਣ ਤਕਾਈਆ । ਤੇਰੇ ਚਰਨ ਕਵਲਾਂ ਭੇਟ ਕਰੀਏ ਆਪਣੀ ਜ਼ਮੀਰ, ਆਸ਼ਾ ਅਵਰ ਨਾ ਕੋਇ ਰਖਾਈਆ । ਅੰਮ੍ਰਿਤ ਧਾਰ ਪਿਆ ਦੇ ਸੀਰ, ਸੋਈ ਸੁਰਤ ਲੈ ਉਠਾਈਆ । ਸੋ ਲਹਿਣਾ ਦੇਣਾ ਪੂਰਾ ਕਰਦੇ ਜੋ ਆਸਾ ਰਖ ਕਰਕੇ ਗਿਆ ਕਬੀਰ, ਕ਼ਬਰਾਂ ਤੋਂ ਬਾਹਰ ਦ੍ਰਿੜਾਈਆ । ਸ਼ਰਅ ਦਾ ਕੱਟ ਜਗਤ ਜ਼ੰਜੀਰ, ਛੁਰੀ ਰਹੇ ਨਾ ਜਗਤ ਕਸਾਈਆ । ਤੇਰੇ ਕਲਮੇ ਦੀ ਇਕੋ ਪੜ੍ਹੀਏ ਤਕਬੀਰ, ਤਦਬੀਰ ਆਪਣੀ ਨਾਲ ਸਮਝਾਈਆ । ਝਗੜਾ ਮੁਕ ਜਾਏ ਸ਼ਾਹ ਹਕੀਰ, ਫ਼ਕੀਰ ਦਰਵੇਸ਼ ਤੇਰਾ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਢੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਤੇਰੀ ਦਰਗਾਹ ਜਾਈਏ ਭੱਜ, ਭਜਨ ਬੰਦਗੀ ਤੇਰੀ ਝੋਲੀ ਪਾਈਆ । ਬਿਨਾ ਕਾਅਬਿਉਂ ਸਾਡਾ ਲੇਖੇ ਲਾ ਲੈ ਹੱਜ, ਹਾਜ਼ਤ ਅਵਰ ਰਹੇ ਨਾ ਰਾਈਆ । ਸਚ ਦੁਆਰੇ ਜਾਈਏ ਸਜ, ਸੱਜਣਾ ਸਾਡੀ ਆਸ਼ਾ ਪੂਰ ਕਰਾਈਆ । ਸਾਡਾ ਪੜਦਾ ਅੰਤਮ ਲੈਣਾ ਕਜ, ਭਗਤਾਂ ਤਤ ਦੇਣ ਦੁਹਾਈਆ । ਲੋਕ ਪਰਲੋਕ ਰਖਣੀ ਲਜ, ਲਾਜਾਵੰਤ ਤੇਰੀ ਸਰਨਾਈਆ । ਨਿਗਾਹ ਮਾਰ ਲੈ ਵਿਚ ਜਗ, ਜਾਗਰਤ ਜੋਤ ਅੱਖ ਖੁਲ੍ਹਾਈਆ । ਦਰਸ਼ਨ ਦੇਣਾ ਉਪਰ ਸ਼ਾਹਰਗ, ਸ਼ਹਿਨਸ਼ਾਹ ਆਪਣਾ ਪੜਦਾ ਲਾਹੀਆ । ਤੂੰ ਨੂਰ ਅਲਾਹੀ ਰੱਬ, ਯਾਮਬੀਨ ਤੇਰੀ ਵਡਿਆਈਆ । ਸਾਡੀ ਦੀਨ ਦੁਨੀ ਮੁਕਾਉਣੀ ਹੱਦ, ਹਦੂਦ ਆਪਣੀ ਦੇਣੀ ਵਖਾਈਆ । ਧੁਰ ਦੇ ਹੁਕਮ ਨਾਲ ਲੈਣਾ ਸੱਦ, ਸਦਕੇ ਵਾਰੀ ਘੋਲ ਘੁਮਾਈਆ । ਪੰਜ ਤਤ
੭੯ ਕਹਿਣ ਪੁਰਖ ਅਕਾਲੇ ਦੀਨ ਦਿਆਲੇ ਅੰਤਮ ਕਰੀਂ ਮੂਲ ਨਾ ਅੱਡ, ਵਖਰਾ ਗ੍ਰਿਹਿ ਨਾ ਕੋਇ ਵਖਾਈਆ । ਭਗਤਨ ਆਤਮਾ ਨਾਲੋਂ ਸਾਨੂੰ ਪਿਛੇ ਨਾ ੭੯
੨੪ ਜਾਈਂ ਛਡ, ਵਿਛੋੜਾ ਜਗਤ ਰਹੇ ਨਾ ਰਾਈਆ । ਸਾਡਾ ਲੇਖੇ ਲਾਉਣਾ ਮਾਸ ਨਾੜੀ ਹਡ, ਰਕਤ ਬੂੰਦ ਤੇਰੇ ਚਰਨਾਂ ਵਿਚ ਟਿਕਾਈਆ । ਜੋਤੀ ੨੪
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਸਚ ਦੁਆਰ ਏਕੰਕਾਰ ਜਾਈਏ ਸਜ, ਸਾਜਣ ਮੀਤ ਤ੍ਰੈਗੁਣ ਅਤੀਤ ਤ੍ਰੈਭਵਣ ਧਨੀ ਦੇਣੀ ਮਾਣ ਵਡਿਆਈਆ ।

✪ ੧੯ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਪੰਡੋਰੀ ਗੋਲਾ ਤ੍ਰਿਪਤ ਸਿੰਘ ਸੋਹਣ ਸਿੰਘ ਸੰਤਾ ਸਿੰਘ
ਸਵਰਨ ਸਿੰਘ ਕਰਤਾਰ ਕੌਰ ਤਰਨਤਾਰਨ, ਦਲੀਪ ਸਿੰਘ ਦਿਆਲ ਸਿੰਘ
ਸੰਤ ਕੌਰ ਤਰਨਤਾਰਨ, ਸੰਤਾ ਸਿੰਘ ਸਰਮੁਖ ਸਿੰਘ ਬੁਘੇ ✪

ਪੰਜ ਤਤ ਕਹਿਣ ਪ੍ਰਭ ਆਦਿ ਜੁਗਾਦੀ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਬੇਪਰਵਾਹ ਤੇਰੇ ਹੱਥ ਵਡਿਆਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਕਰ ਮਿਹਰਵਾਨੀ, ਮਿਹਰ ਨਜ਼ਰ ਬੇਨਜ਼ੀਰ ਉਠਾਈਆ । ਪਰਮ ਪੁਰਖ ਪਰਮਾਤਮ ਨਿਰਗੁਣ ਤਕ ਸਾਡੀ ਕ਼ੁਰਬਾਨੀ, ਸਰਗੁਣ ਹੋ ਕੇ ਮੰਗ ਮੰਗਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਆਤਮਾ ਤੇਰੀ ਨੂਰ ਨੁਰਾਨੀ, ਜੋਤੀ ਜਾਤੇ ਨਜ਼ਰੀ ਆਈਆ । ਅਸੀਂ ਪੰਜ ਤਤ ਤੇਰੀ ਜਗਤ ਵਾਲੀ ਨਿਸ਼ਾਨੀ, ਨਿਸ਼ਾਨਾ ਦੀਨ ਦੁਨੀ ਪਰਗਟਾਈਆ । ਪਰਮ ਪੁਰਖ ਪਰਮਾਤਮ ਅੰਤ ਭਗਤਾਂ ਗ੍ਰਿਹਿ ਖਾਵੀਂ ਮਹਿਮਾਨੀ, ਦਰ ਦਰ ਆਪਣਾ ਖੇਲ ਖਿਲਾਈਆ ।

ਸਾਡੀ ਇਕ ਬੇਨੰਤੀ ਮਾਨੀਂ, ਮਨਸਾ ਤੇਰੇ ਚਰਨ ਟਿਕਾਈਆ । ਤੂੰ ਮਾਲਕ ਖ਼ਾਲਕ ਪਰਵਦਿਗਾਰ ਇਕ ਰੁਹਾਨੀ, ਰੂਹ ਬੁਤ ਤੇਰੀ ਵਜਦੀ ਰਹੇ
ਵਧਾਈਆ । ਸਾਡੀ ਆਸ਼ਾ ਤਕ ਪੁਰਾਣੀ, ਪੁਨਹ ਪੁਨਹ ਸੀਸ ਨਿਵਾਈਆ । ਸਾਡਾ ਲੇਖ ਬਣਾ ਦੇ ਮਸਤਕ ਵਿਚ ਪੇਸ਼ਾਨੀ, ਪੇਸ਼ੀਨਗੋਈਆਂ ਪਿਛਲੀਆਂ
ਨਾਲ ਮਿਲਾਈਆ । ਤੇਰੇ ਚਰਨ ਕਵਲ ਇਕੋ ਹੋਵੇ ਧਿਆਨੀ, ਦੂਜਾ ਇਸ਼ਟ ਨਾ ਕੋਇ ਮਨਾਈਆ । ਬੇਸ਼ਕ ਤਨ ਸਰੀਰ ਅੰਤਮ ਹੋਣਾ ਫ਼ਾਨੀ, ਤਨ
ਵਜੂਦ ਰਹਿਣ ਨਾ ਪਾਈਆ । ਤੇਰੇ ਨਾਮ ਕਲਮੇ ਦੀ ਸਾਡੀ ਹੋਵੇ ਕੁਰਬਾਨੀ, ਸ਼ਹਾਦਤ ਅਬਾਦਤ ਵਾਲੀ ਭੁਗਤਾਈਆ । ਸਾਨੂੰ ਮੰਜ਼ਲ ਦੇਣੀ ਅਸਮਾਨੀ,
ਬ੍ਰਹਿਮੰਡਾਂ ਖੰਡਾਂ ਪਾਰ ਲੰਘਾਈਆ । ਤੇਰੀ ਜੋਤ ਨੂਰ ਸਾਡੀ ਜੋਬਨ ਵਾਲੀ ਹੋਵੇ ਜਵਾਨੀ, ਜੋਤੀ ਜਾਤੇ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਦਾ ਖੇਲ ਆਪ ਖਿਲਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ਮੰਦਰ ਤਕੀਏ
ਮਹਲਾ, ਮਹਿਬੂਬ ਉਚ ਅਰੂਜ ਦੇਣਾ ਵਖਾਈਆ । ਜਿਥੇ ਏਕੰਕਾਰ ਨਿਰਾਕਾਰ ਵਸੇ ਆਪ ਇਕੱਲਾ, ਦੂਸਰ ਨਜ਼ਰ ਕੋਇ ਨਾ ਆਈਆ । ਸਾਡਾ
ਲਹਿਣਾ ਦੇਣਾ ਮੁਕਾ ਦੇ ਜਲਾ ਥਲਾ, ਮਹੀਅਲ ਵੰਡ ਨਾ ਕੋਇ ਵੰਡਾਈਆ । ਵਿਛੋੜਾ ਹੋਵੇ ਨਾ ਘੜੀ ਪਲਾ, ਸਦਾ ਸਦ ਤੇਰਾ ਦਰਸ਼ਨ ਪਾਈਆ ।
ਜੇ ਭਗਤਾਂ ਆਤਮਾ ਤੇਰੇ ਵਿਚ ਰਲਾ, ਪੰਚਮ ਦੇ ਮਾਣ ਵਡਿਆਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਦਰ ਦੁਆਰ ਤੇਰੇ ਹੋਵੇ ਖਲਾ, ਖ਼ਾਲਕ
ਖ਼ਲਕ ਦੇਣੀ ਮਾਣ ਵਡਿਆਈਆ । ਤੂੰ ਨੂਰ ਅਲਾਹੀ ਆਲਮੀਨ ਅੱਲਾ, ਦੂਸਰ ਨਜ਼ਰ ਕੋਇ ਨਾ ਆਈਆ । ਅਸੀਂ ਵੇਖਣਾ ਚਾਹੁੰਦੇ ਤੇਰਾ ਮਹਲ
੮੦ ਅਟਲਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰ ਠਾਂਢੇ ਸੋਭਾ ਪਾਈਆ । ਸ਼ਬਦੀ ਧਾਰ ਏਕੰਕਾਰ ਫੜਾ ਦੇ ਪੱਲਾ, ਬਿਨ ਦਸਤ ਦਸਤ ਉਠਾਈਆ । ੮੦
੨੪ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਸਾ ਪੂਰ ਕਰਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ੨੪
ਵੇਖੀਏ ਗ੍ਰਹਿ ਮੰਦਰ, ਬਿਨ ਭੂਮਿਕਾ ਮਿਲੇ ਵਡਿਆਈਆ । ਜਿਥੇ ਪਰਕਾਸ਼ ਨਹੀਂ ਸੂਰੀਆ ਚੰਦਰ, ਮੰਡਲ ਮੰਡਪ ਨਾ ਕੋਇ ਵਡਿਆਈਆ । ਇਕੋ
ਨੂਰ ਨੁਰਾਨਾ ਸ਼ਾਹ ਸੁਲਤਾਨਾ ਤੇਰਾ ਹੋਵੇ ਅੰਦਰ, ਛੱਪਰ ਛੰਨ ਸ੍ਰੀ ਭਗਵਨ ਸੋਭਾ ਕੋਇ ਨਾ ਪਾਈਆ । ਭਾਗ ਲਗਾ ਦੇ ਅੰਧੇਰੀ ਡੂੰਘੀ ਕੰਦਰ, ਕਾਇਆ
ਪੜਦਾ ਆਪ ਚੁਕਾਈਆ । ਘਰ ਸੁਆਮੀ ਠਾਕਰ ਤੋੜ ਦੇ ਜੰਦਰ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਮਨੂਆ ਦਹਿ ਦਿਸ਼ ਉਠ ਨਾ ਧਾਹੇ
ਬੰਦਰ, ਮਨਸਾ ਮਨ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ
ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ਦੁਆਰਾ ਤਕੀਏ ਬੰਕ, ਬੰਕ ਦੁਆਰੀ ਦੇਣੀ ਵਡਿਆਈਆ । ਝਗੜਾ ਰਹੇ ਨਾ ਰਾਓ ਰੰਕ,
ਊਚ ਨੀਚ ਨਾ ਕੋਇ ਰਖਾਈਆ । ਜੋ ਇਸ਼ਾਰਾ ਦੇ ਕੇ ਗਿਆ ਜਨਕ, ਸ਼ਬਦ ਸੰਦੇਸ਼ੇ ਵਿਚ ਦ੍ਰਿੜਾਈਆ । ਕਲਜੁਗ ਅੰਤਮ ਲੇਖਾ ਵੇਖੇ ਵਾਸੀ
ਪੁਰੀ ਘਨਕ, ਘਨਈਆ ਅਗੰਮ ਅਥਾਹੀਆ । ਨਿਰਗੁਣ ਧਾਰ ਜੋਤੀ ਲਾਵੇ ਤਨਕ, ਇਸ਼ਾਰਾ ਸ਼ਬਦ ਗੁਰੂ ਸਮਝਾਈਆ । ਆਤਮ ਪਰਮਾਤਮ
ਦੱਸੇ ਬਣਤ, ਮੰਤਰ ਨਾਮ ਦ੍ਰਿੜਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਬੋਧ ਅਗਾਧਾ ਬਣਕੇ ਪੰਡਤ, ਬਿਨ
ਅੱਖਰਾਂ ਕਰੇ ਪੜ੍ਹਾਈਆ । ਸਭ ਦਾ ਲੇਖਾ ਜਾਣੇ ਅੰਤ, ਅੰਤਸ਼ਕਰਨ ਵੇਖ ਵਖਾਈਆ । ਜਿਸ ਦੀ ਮਹਿੰਮਾ ਜੁਗ ਜੁਗ ਅਗਣਤ, ਗਿਣਤੀ ਗਿਣ
ਨਾ ਕੋਇ ਸਮਝਾਈਆ । ਉਹ ਖੇਲੇ ਖੇਲ ਵਿਚ ਜੀਵ ਜੰਤ, ਨਿਰਗੁਣ ਧਾਰ ਕਰਨੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਪੰਜ ਤਤ ਕਹਿਣ ਪ੍ਰਭ ਤੇਰਾ ਦੇਸ ਸੁਹਾਵਾ ਲਈਏ ਵੇਖ, ਬਿਨ ਲੋਚਨ ਨੈਣ ਨੈਣ ਉਠਾਈਆ । ਜਿਥੇ ਨਾ ਕੋਈ ਰੰਗ ਰੂਪ ਰੇਖ, ਜੋਤੀ ਜਾਤਾ ਪੁਰਖ ਬਿਧਾਤਾ ਇਕੋ ਡਗਮਗਾਈਆ । ਸਤਿਗੁਰ ਸ਼ਬਦ ਸ਼ਬਦ ਦੇਵੇ ਸ਼ੰਦੇਸ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਇਕੋ ਸ਼ਾਹੋ ਭੂਪ ਸ਼ਹਿਨਸ਼ਾਹ ਹੋਏ ਨਰ ਨਰੇਸ਼, ਨਰ ਨਰਾਇਣ ਇਕੋ ਨਜ਼ਰੀ ਆਈਆ । ਜੋ ਨਿਤ ਨਵਿਤ ਨਿਰਗੁਣ ਸਰਗੁਣ ਧਾਰੇ ਭੇਸ, ਭੇਖ ਅਵਲੜਾ ਆਪਣੇ ਹੱਥ ਰਖਾਈਆ । ਜਿਹਦੀਆਂ ਸਿਫ਼ਤਾਂ ਕਰੇ ਦੋ ਸਹੰਸ੍ਰ ਜਿਹਵਾ ਸ਼ੇਸ਼, ਢੋਲੇ ਸੋਹਲੇ ਰਾਗ ਦ੍ਰਿੜਾਈਆ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਗਣਪਤ ਨਿਵ ਨਿਵ ਲਾਗਣ ਪਾਈਆ । ਤੇਤੀ ਕਰੋੜ ਕਰੇ ਆਦੇਸ, ਧੂੜੀ ਖ਼ਾਕ ਖ਼ਾਕ ਰਮਾਈਆ । ਗੁਰ ਅਵਤਾਰ ਪੈਗ਼ੰਬਰ ਭੇਵ ਖੁਲ੍ਹਾਵਣ ਸੰਖੇਪ, ਸ਼ਬਦੀ ਨਾਦ ਨਾਦ ਕਰ ਸ਼ਨਵਾਈਆ । ਤੇਰਾ ਨਿਤ ਨਵਿਤ ਦਾ ਤਕੀਏ ਲੇਖ, ਲੇਖਣੀ ਦੀਨ ਦੁਨੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜ ਤਤ ਕਹਿਣ ਜਨ ਭਗਤ ਦਰ ਤੇਰੇ ਹੋਏ ਪੇਸ਼, ਪੇਸ਼ਤਰ ਸਭ ਦਾ ਲਹਿਣਾ ਦੇਣਾ ਦੇਣਾ ਮੁਕਾਈਆ ।

੮੧ ੧੯ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਜੱਟਾ ਜ਼ਿਲਾ ਅੰਮ੍ਰਿਤਸਰ ਦੀਦਾਰ ਸਿੰਘ ਭਗਵੰਤ ਸਿੰਘ ਜੁਗਿੰਦਰ ਸਿੰਘ ਜਟਾ ਤੇਜਾ ਸਿੰਘ ਪੂਰਨ ੮੧
੨੪ ਸਿੰਘ ਚੰਨਣ ਸਿੰਘ ਨਿਰੰਜਣ ਸਿੰਘ ਅਨੋਖ ਸਿੰਘ ਮੋਹਨ ਸਿੰਘ ਹੀਰਾ ਨੰਦ ਦਲੀਪ ਸਿੰਘ ੨੪
ਸਜਣ ਸਿੰਘ ਰਤਨ ਸਿੰਘ ਕਰਤਾਰ ਸਿੰਘ ਚੰਬਲ

ਪੰਜ ਤਤ ਕਹਿਣ ਪ੍ਰਭ ਤੇਰੇ ਦਰ ਸਵਾਲੀ, ਖ਼ਾਲੀ ਝੋਲੀ ਖ਼ਲਕ ਦੇ ਖ਼ਾਲਕ ਦੇਣੀ ਭਰਾਈਆ । ਨਿਰਗੁਣ ਧਾਰ ਨਿਰੰਕਾਰ ਨਿਰਾਕਾਰ ਅਸੀਂ ਵਸਤ ਮੰਗੀਏ ਨਾ ਬਾਹਲੀ, ਲਾਲਚ ਲੋਭ ਨਾ ਕੋਇ ਰਖਾਈਆ । ਸਾਡੇ ਅੰਦਰੋਂ ਸਾਹੀ ਮੇਟ ਦੇ ਕਾਲੀ, ਕਲਮਾ ਕਾਇਨਾਤ ਸਮਝਾਈਆ । ਦੀਨ ਦਿਆਲ ਠਾਕਰ ਸਾਚੇ ਨਾਮ ਦੀ ਚਾੜ੍ਹ ਦੇ ਲਾਲੀ, ਲਾਲਨ ਆਪਣਾ ਰੰਗ ਰੰਗਾਈਆ । ਤੇਰੀ ਨਿਤ ਨਵਿਤ ਸੇਵਾ ਦੀ ਘਾਲ ਘਾਲੀ, ਘਾਇਲ ਹੋ ਕੇ ਦਈਏ ਸੁਣਾਈਆ । ਫਲ ਲਗਾ ਦੇ ਸਾਡੀ ਕਾਇਆ ਡਾਲੀ, ਪੱਤ ਟਹਿਣੀ ਦੇ ਮਹਿਕਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਾਡਾ ਵਾਲੀ, ਵਾਰਸ ਏਕੰਕਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੇ ਚਰਨ ਕਵਲ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਮੇਲਾ ਮੇਲਣਾ ਘਰ ਗ੍ਰਿਹਿ, ਦਰ ਤੇਰੇ ਆਸ ਰਖਾਈਆ । ਨਾਤਾ ਰਹੇ ਨਾ ਤ੍ਰੈਗੁਣ ਤ੍ਰੈ, ਤ੍ਰੈਭਵਨ ਧਨੀ ਦੇਣੀ ਮਾਣ ਵਡਿਆਈਆ । ਵਸਤ ਅਮੋਲਕ ਨਾਮ ਨਿਧਾਨ ਬਖ਼ਸ਼ ਦੇ ਸ਼ੈਅ, ਵਸਤ ਸ਼ਹਿਨਸ਼ਾਹ ਅਗੰਮ ਵਰਤਾਈਆ । ਤੁਧ ਬਿਨ ਅਵਰ ਦੂਜਾ ਕੋਈ ਨਾ ਹੈ, ਬੇਨਜ਼ੀਰ ਨਜ਼ਰ ਕੋਇ ਨਾ ਆਈਆ । ਬੇਸ਼ਕ ਤੇਰੀ ਸ੍ਰਿਸ਼ਟੀ ਹੋਵੇ ਲੈਅ, ਜਨ ਭਗਤ ਸੰਤ ਵਜਦੀ ਰਹੇ ਵਧਾਈਆ । ਜੋ ਚਰਨ ਕਵਲ ਉਪਰ ਧਵਲ ਤੇਰੀ ਬਹਿ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਦੇਣੀ ਮਾਣ ਵਡਿਆਈਆ । ਨਿਰਭਉ ਆਪਣਾ ਬਖ਼ਸ਼ਣਾ ਭੈ, ਭੈ

ਭਿਆਨਕ ਵਿਚ ਹੋਣਾ ਸਹਾਈਆ । ਜੋ ਅਵਤਾਰ ਪੈਗ਼ੰਬਰ ਗੁਰੁ ਗਏ ਕਹਿ, ਭਵਿਖਤਾਂ ਵਿਚ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਪੰਜ ਤਤ ਕਹਿਣ ਪ੍ਰਭ ਸਾਡੀ ਪਾਉਣੀ ਸਾਰ, ਮਹਾਸਾਰਥੀ ਆਪਣੀ ਦਇਆ ਕਮਾਈਆ । ਤੂੰ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ, ਦੂਸਰ ਰੂਪ ਨਾ ਕੋਇ ਦਰਸਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡੀ ਪੈਜ ਦੇਣੀ ਸੁਆਰ, ਸਿਰ ਆਪਣਾ ਹੱਥ ਟਿਕਾਈਆ । ਅਸੀਂ ਮਾਂਗਤ ਤੇਰੇ ਦਰ ਭਿਖਾਰ, ਭਿਛਿਆ ਭਿਖਕਾਂ ਦੇਣੀ ਪਾਈਆ । ਸਤਿ ਸਰੂਪੀ ਸ਼ਾਹੋ ਭੂਪੀ ਹੋਣਾ ਸਿਕਦਾਰ, ਤਖ਼ਤ ਨਿਵਾਸੀ ਇਕੋ ਨਜ਼ਰੀ ਆਈਆ । ਤੇਰੇ ਸ਼ਬਦ ਗੁਰੂ ਦਾ ਸ਼ਬਦ ਹੋਵੇ ਜੈਕਾਰ, ਦੋ ਜਹਾਨਾਂ ਜੈ ਜੈਕਾਰ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਦੂਰ ਦੁਰਾਡੇ ਕਰਨ ਨਿਮਸਕਾਰ, ਧੂੜੀ ਖ਼ਾਕ ਖ਼ਾਕ ਰਮਾਈਆ । ਪੰਜ ਤਤ ਕਹਿਣ ਤੇਰੇ ਭਗਤ ਸੁਹੇਲੇ ਜੁਗ ਜੁਗ ਤੇਰਾ ਮੰਗਣ ਦੀਦਾਰ, ਬਿਨ ਨੈਣਾਂ ਨੈਣ ਦੇਣਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਹੋਣਾ ਸਹਾਇਕ, ਦੂਸਰ ਓਟ ਨਾ ਕੋਇ ਤਕਾਈਆ । ਤੂੰ ਆਦਿ ਜੁਗਾਦੀ ਇਕੋ ਨਾਇਕ, ਖ਼ਸਮ ਮੇਰੇ ਬੇਪਰਵਾਹੀਆ । ਤੇਰਾ ਨਾਮ ਨਿਧਾਨਾ ਸਦਾ ਸੁਖਦਾਇਕ, ਗਹਿਰ ਗੰਭੀਰ ਇਕ ਅਖਵਾਈਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਬਣਾਉਣਾ ਲਾਇਕ, ਮਨ ਮਤਿ ਬੁਧਿ ਦੇਣੀ ਸਮਝਾਈਆ । ਤੇਰਾ ਭੇਵ ਅਭੇਦ ਜਾਣੇ ਕੋਇ ਨਾ ਸ਼ਾਇਦ, ਲੇਖ ਲਿਖ ਸਕੇ ਨਾ ਕੋਇ ਰਾਈਆ । ਤੂੰ ਨੂਰ ਨੁਰਾਨਾ ਪਰਵਰਦਿਗਾਰ ਇਕੋ ਵਾਹਿਦ, ਵਾਹਵਾ ਤੇਰੇ ਹੱਥ ਵਡਿਆਈਆ । ਪਰਵਰਦਿਗਾਰ ਸਾਂਝੇ ਯਾਰ ਆਪਣਾ ਤਕ ਲੈ ਕੌਲ ਇਕਰਾਰਾਂ ਵਾਲਾ ਅਹਿਦ, ਬਿਨ ਅਲਿਫ਼ ਯੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਵੇਖਣਾ ਨਾਲ ਚਾਓ, ਖ਼ੁਸ਼ੀਆਂ ਨੈਣ ਉਠਾਈਆ । ਤੂੰ ਮਾਲਕ ਖ਼ਾਲਕ ਬੇਪਰਵਾਹੋ, ਪਾਰਬ੍ਰਹਮ ਨੂਰ ਅਲਾਹੀਆ । ਤੇਰਾ ਲਹਿਣਾ ਦੇਣਾ ਥਾਈਂ ਥਾਉਂ, ਦੋ ਜਹਾਨਾਂ ਤਕਣਾ ਚਾਈਂ ਚਾਈਂਆ । ਤੂੰ ਆਦਿ ਜੁਗਾਦੀ ਪਿਤਾ ਮਾਉਂ, ਪੁਰਖ ਅਕਾਲਾ ਇਕ ਅਖਵਾਈਆ । ਭਗਤ ਸੁਹੇਲੇ ਗੁਰੂ ਗੁਰ ਚੇਲੇ ਸ਼ਬਦੀ ਧਾਰ ਪਕੜ ਲੈ ਬਾਹੋਂ, ਬਿਨ ਹੱਥਾਂ ਹੱਥ ਉਠਾਈਆ । ਫੜ ਫੜ ਹੰਸ ਬਣਾਉਣਾ ਕਾਉਂ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਤੇਰੇ ਹੱਥ ਨਿਆਉਂ, ਅਦਲ ਇਨਸਾਫ਼ ਦੇਣਾ ਕਰਾਈਆ । ਚਾਰ ਜੁਗ ਦੇ ਲਹਿਣੇ ਦੇਣੇ ਤੈਨੂੰ ਕਰਨ ਵਾਹੋ ਵਾਹੋ, ਵਹਿਗੁਰੂ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਭੇਵ ਅਭੇਦ ਆਪ ਖੁਲ੍ਹਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਵੇਖਣਾ ਅੰਤ, ਅੰਤਸ਼ਕਰਣ ਧਿਆਨ ਲਗਾਈਆ । ਤੂੰ ਸਾਹਿਬ ਸ੍ਰੀ ਭਗਵੰਤ, ਭਗਵਨ ਇਕ ਅਖਵਾਈਆ । ਤੇਰਾ ਨਾਤਾ ਲੱਖ ਚੁਰਾਸੀ ਜੀਵ ਜੰਤ, ਚਾਰੇ ਖਾਣੀ ਰਿਹਾ ਸਮਾਈਆ । ਤੇਰਾ ਨਾਮ ਨਿਧਾਨ ਅਗੰਮਾ ਮੰਤ, ਮੰਤਵ ਸਭ ਦੇ ਹਲ ਕਰਾਈਆ । ਤੇਰੀ ਮਹਿੰਮਾ ਸਦਾ ਅਗਣਤ, ਗਤ ਕਹਿਣ ਕਿਛ ਨਾ ਪਾਈਆ । ਤੂੰ ਬੋਧ ਅਗਾਧਾ ਪੰਡਤ, ਬੁੱਧੀ ਤੋਂ ਪਰੇ ਕਰੇਂ ਪੜ੍ਹਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦੇਣਾ ਸਮਝਾਈਆ । ਜਨ ਭਗਤਾਂ ਲੇਖਾ ਰਹੇ ਨਾ ਸਵਰਗ ਬਹਿਸ਼ਤ ਜੱਨਤ, ਸਚਖੰਡ ਸਾਚੇ ਦਰਗਾਹ ਸਾਚੀ ਦੇਣੀ ਮਾਣ ਵਡਿਆਈਆ । ਝਗੜਾ ਰਹੇ ਨਾ ਜੇਰਜ ਅੰਡਜ, ਉਤਭੁਜ ਸੇਤਜ

ਲਹਿਣਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਬਣਨਾ ਸੰਗੀ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਧਿਆਨ ਲਗਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਮੰਗ ਮੰਗੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਸ ਨਾ ਕੋਇ ਰਖਾਈਆ । ਤੂੰ ਸ਼ਾਹੋ ਭੂਪ ਸੂਰਾ ਸਰਬੰਗੀ, ਹਰਿ ਕਰਤਾ ਇਕ ਅਖਵਾਈਆ । ਸਾਨੂੰ ਕਰਨਾ ਆਪਣੇ ਕਾਰ ਅੰਗੀ, ਅੰਗੀਕਾਰ ਇਕ ਅਖਵਾਈਆ । ਜੁਗ ਜਨਮ ਦੀ ਮੇਟਣੀ ਤੰਗੀ, ਦੁਖ ਦਰਦ ਨਾ ਲਾਗੇ ਰਾਈਆ । ਤੇਰੀ ਸਿਫ਼ਤ ਸਲਾਹ ਸਾਨੂੰ ਲਾਗੇ ਚੰਗੀ, ਢੋਲੇ ਸੋਹਲੇ ਤੇਰੇ ਨਾਮ ਗਾਈਆ । ਸਾਡਾ ਲਹਿਣਾ ਦੇਣਾ ਰਹੇ ਨਾ ਪਰਕਿਰਤੀ ਪੰਝੀ, ਪੰਚਮ ਤਤਾਂ ਦੇਣੀ ਮਾਣ ਵਡਿਆਈਆ । ਸਾਡਾ ਨੇਤਰ ਲੋਚਨ ਵੇਖਣਾ ਅੱਖ ਰਹੇ ਨਾ ਅੰਧੀ, ਅੰਧ ਅੰਧਿਆਰ ਦੇਣਾ ਮਿਟਾਈਆ । ਚੁਰਾਸੀ ਵਾਲੀ ਕਟ ਫੰਦੀ, ਰਾਏ ਧਰਮ ਨਾ ਦਏ ਸਜ਼ਾਈਆ । ਅੰਮ੍ਰਿਤ ਧਾਰ ਬਖ਼ਸ਼ ਠੰਡੀ, ਅਗਨੀ ਤਤ ਬੁਝਾਈਆ । ਸਾਡੀ ਪ੍ਰੀਤੀ ਨਿਰਗੁਣ ਧਾਰ ਤੇਰੇ ਨਾਲ ਜਾਏ ਗੰਢੀ, ਗੰਢਣਹਾਰ ਗੋਪਾਲ ਦਿਆਲ ਮੇਲਾ ਮੇਲਣਾ ਚਾਈਂ ਚਾਈਂਆ । ਜੇ ਆਤਮਾ ਤੇਰਾ ਨੂਰ ਧੁਰ ਦਾ ਚੰਦੀ, ਚੰਦ ਚਾਂਦਨੇ ਤੇਰੇ ਵਿਚ ਸਮਾਈਆ । ਪੰਜ ਤਤ ਕਹਿਣ ਪ੍ਰਭ ਕਿਉਂ ਸਾਨੂੰ ਸਚਖੰਡ ਜਾਣ ਦੀ ਲਾਏਂ ਪਾਬੰਦੀ, ਪਾਰਬ੍ਰਹਮ ਦੇਣਾ ਸਮਝਾਈਆ । ਜਨ ਭਗਤਾਂ ਆਸ਼ਾ ਪੁਰਾਤਨ ਵੇਖ ਲੈ ਲੰਬੀ, ਜੁਗ ਚੌਕੜੀ ਵੇਖ ਵਖਾਈਆ । ਹੁਣ ਚੁਕਣਾ ਪੈਣਾ ਆਪਣੀ ਕੰਧੀ, ਲੈਣਾ ਭਾਰ ਉਠਾਈਆ । ਪੰਧ ਮੁਕਾਉਣੀ ਦੋ ਜਹਾਨਾ ਪੰਧੀ, ਬ੍ਰਹਿਮੰਡ ਖੰਡ ਨਾ ਕੋਇ ਅਟਕਾਈਆ । ਸਚ ਦੁਆਰ ਵਸਾਉਣਾ ਜਿਥੇ ਇਕੋ ਹੋਵੇ ਅਨੰਦੀ, ਅਨੰਦਪੁਰ ਵਾਲਾ ਮਿਲੇ ਗੋਬਿੰਦ ਧੁਰ ਦਾ ਮਾਹੀਆ । ਤੇਰੀ ਸ਼ਬਦ ਗੁਰੂ ਗੁਰ ਅਵਤਾਰ ਪੈਗ਼ੰਬਰਾਂ ਨਾਲ ਪਿਛਲੀ ਸੰਧੀ, ਲੇਖਾ ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਅਪਾਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਧਾਰ ਨਿਰਗੁਣ ਆਪਣੇ ਨਾਲ ਗੰਢੀ, ਗੰਢਣਹਾਰ ਗੋਪਾਲ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।



### ✪ ੧੭ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਵਰਿਆਂ ਦਰਬਾਰਾ ਸਿੰਘ ਵਰਿਆਂ ਗੁਰਬਚਨ ਸਿੰਘ ਅਰਜਨ ਸਿੰਘ ਪੂਰਨ ਸਿੰਘ ਉਸਮਾ, ਫੌਜਾ ਸਿੰਘ ਸਰਹਾਲੀ, ਅਜੀਤ ਸਿੰਘ ਚੋਹਲਾ ਸਾਹਿਬ, ਗੁਪਾਲ ਸਿੰਘ ਮੁੰਡਾ ਪਿੰਡ, ਦਰਸ਼ਨ ਸਿੰਘ ਦਰਗਾਹਪੁਰ, ਗੁਰਨਾਮ ਕੌਰ ਚੋਹਲਾ ਖੁਰਦ ਰੂੜ ਸਿੰਘ ਧੁੰਨ ✪

ਪੰਜ ਤਤ ਕਹਿਣ ਪ੍ਰਭ ਸਾਡਾ ਕ਼ਬੂਲ ਕਰੀਂ ਸਯਦਾ, ਬਿਨ ਸੀਸ ਜਗਦੀਸ਼ ਨਿਵਾਈਆ । ਤੇਰੇ ਦਰ ਦਾ ਦਰ ਦਰਵੇਸ਼ ਹੋਵੇ ਬਰਦਾ, ਤਨ ਖ਼ਾਕੀ ਦੇਣੀ ਮਾਣ ਵਡਿਆਈਆ । ਭੇਵ ਖੁਲਾਉਣਾ ਅਗੰਮੇ ਘਰ ਦਾ, ਜਿਸ ਗ੍ਰਿਹ ਮੰਦਰ ਅੰਦਰ ਵਜੇ ਵਧਾਈਆ । ਇਕੋ ਨੂਰ ਜ਼ਹੂਰ ਨਜ਼ਰੀ ਆਏ ਨਰ ਹਰਿ ਦਾ, ਨਰ ਹਰਿ ਪੜਦਾ ਦੇਣਾ ਚੁਕਾਈਆ । ਤੇਰੇ ਹੁਕਮ ਵਿਚ ਮਨੂਆ ਹੋਵੇ ਡਰਦਾ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਡੰਡਾਵਤ ਬੰਦਨਾ ਹੋਵੇ ਕਰਦਾ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ

ਦਾ ਮੇਲਾ ਲੈਣਾ ਮਿਲਾਈਆ । ਪੰਜ ਤਤ ਕਹਿਣ ਪ੍ਰਭ ਤੇਰੇ ਦੁਆਰੇ ਜਗਾਇਆ ਅਲਖ, ਅਲਖ ਅਗੋਚਰ ਦੇਣੀ ਮਾਣ ਵਡਿਆਈਆ । ਜਿਉਂ ਭਾਵੇ ਤਿਉਂ ਲੈਣਾ ਰਖ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਨਾਲੇ ਭੰਡਾਰੇ ਵੇਖ ਲੈ ਸਖ, ਸਚ ਸੁਆਮੀ ਵਸਤ ਦੇਣੀ ਵਰਤਾਈਆ । ਨਿਜ ਨੇਤਰ ਖੋਲ੍ਹਣੀ ਅੱਖ, ਨੂਰ ਨੁਰਾਨੇ ਨੂਰ ਦੇਣਾ ਚਮਕਾਈਆ । ਭੇਵ ਅਭੇਦ ਦੇਣਾ ਦੱਸ, ਪਰਦਾ ਪਰਦਿਆਂ ਵਿਚੋਂ ਉਠਾਈਆ । ਬੂੰਦ ਸਵਾਂਤੀ ਨਿਝਰ ਦੇਣਾ ਰਸ, ਨਾਭੀ ਕਵਲ ਉਲਟਾਈਆ । ਤੇਰੀ ਸਿਫ਼ਤ ਸਲਾਹ ਸ਼ਬਦੀ ਧਾਰ ਹੋਵੇ ਜਸ, ਅਨਬੋਲਤ ਰਾਗ ਦੇਣਾ ਦ੍ਰਿੜਾਈਆ । ਅੰਤ ਕੰਤ ਭਗਵੰਤ ਹੋਈਏ ਕਦੇ ਨਾ ਵਖ, ਗ੍ਰਿਹਿ ਮੰਦਰ ਘਰ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਪੰਜ ਤਤ ਕਹਿਣ ਪ੍ਰਭ ਸਾਚੀ ਬਖਸ਼ ਦੇ ਟੇਕ, ਟਿੱਕੇ ਧੂੜੀ ਖ਼ਾਕ ਰਮਾਈਆ । ਤੂੰ ਆਦਿ ਜੁਗਾਦੀ ਏਕੰਕਾਰਾ ਏਕ, ਅਕਲ ਕਲਧਾਰੀ ਇਕ ਅਖਵਾਈਆ । ਨਿਰਗੁਣ ਸਰਗੁਣ ਬੁੱਧੀ ਕਰ ਬਿਬੇਕ, ਦੂਈ ਦੁਵੈਤੀ ਡੇਰਾ ਢਾਹੀਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤਤ ਨਾ ਕੋਇ ਤਪਾਈਆ । ਤੇਰਾ ਦਰਸ਼ਨ ਲਈਏ ਪੇਖ, ਪੇਖਤ ਪੇਖਤ ਖ਼ੁਸ਼ੀ ਬਣਾਈਆ । ਸਾਡੇ ਜਨਮ ਜਨਮ ਦੀ ਬਦਲ ਦੇ ਰੇਖ, ਰਿਖੀਆਂ ਮੁਨੀਆਂ ਤੋਂ ਬਾਹਰ ਓਟ ਤਕਾਈਆ । ਤੂੰ ਮਾਲਕ ਸੁਆਮੀ ਸਤਿਗੁਰ ਦਰ ਦਰਵੇਸ਼, ਦਹਿ ਦਿਸ਼ਾ ਵੇਖਣਾ ਚਾਈਂ ਚਾਈਂਆ । ਸਦਾ ਸੁਹੇਲਾ ਰਹੇ ਹਮੇਸ਼, ਹਮ ਸਾਜਣ ਇਕ ਅਖਵਾਈਆ । ਕਲਜੁਗ ਕੂੜੀ ਕਿਰਿਆ ਕਢ ਕਲੇਸ਼, ਕੁਦਰਤ ਦੇ ਮਾਲਕ ਦੇਣੀ ਵਡਿਆਈਆ ।
੮੪ ਦਰ ਠਾਂਡੇ ਹੋਈਏ ਪੇਸ਼, ਪੇਸ਼ੀਨਗੋਈਆਂ ਤੇਰੇ ਅਗੇ ਟਿਕਾਈਆ । ਤੂੰ ਸ਼ਾਹ ਸੁਲਤਾਨਾ ਇਕ ਨਰੇਸ਼, ਨੂਰ ਨੁਰਾਨਾ ਨੂਰ ਅਲਾਹੀਆ । ਜੋਤੀ ੮੪
੨੪ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਭੇਵ ਅਭੇਦ ਆਪ ਖੁਲ੍ਹਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ੨੪
ਦੇਣਾ ਆਪਣਾ ਮਾਣ, ਨਿਮਾਣੇ ਹੋ ਕੇ ਮੰਗ ਮੰਗਾਈਆ । ਤੂੰ ਸ਼ਾਹੋ ਭੂਪ ਸੁਲਤਾਨ, ਸ਼ਹਿਨਸ਼ਾਹ ਨੂਰ ਅਲਾਹੀਆ । ਵੇਖਣਹਾਰਾ ਦੋ ਜਹਾਨ, ਜ਼ਿਮੀਂ ਅਸਮਾਨਾਂ ਭੇਵ ਚੁਕਾਈਆ । ਨਿਰਗੁਣ ਧਾਰ ਲੱਖ ਚੁਰਾਸੀ ਕਾਹਨ, ਰਾਮ ਰਹੀਮ ਰਹਿਮਾਨ ਇਕ ਅਖਵਾਈਆ । ਆਦਿ ਜੁਗਾਦੀ ਦੇਵਣਹਾਰਾ ਦਾਨ, ਦਾਤੇ ਦਾਨੀ ਤੇਰੇ ਹੱਥ ਵਡਿਆਈਆ । ਸਾਡੀ ਬੇਨੰਤੀ ਕਰ ਪਰਵਾਨ, ਪਰਮ ਪੁਰਖ ਤੇਰੇ ਅਗੇ ਵਾਸਤਾ ਪਾਈਆ । ਚਰਨ ਕਵਲ ਉਪਰ ਬਖ਼ਸ਼ ਧਿਆਨ, ਧਰਨੀ ਧਰਤ ਧੌਲ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੁਆਮੀ ਆਪਣੇ ਰੰਗ ਰੰਗਾਈਆ । ਪੰਜ ਤਤ ਕਹਿਣ ਪ੍ਰਭ ਤੂੰ ਸਾਨੂੰ ਦੇ ਸਹਾਰਾ, ਸਹਾਇਕ ਨਾਇਕ ਦਇਆ ਕਮਾਈਆ । ਤੇਰਾ ਅੰਤ ਨਾ ਪਾਰਾਵਾਰਾ, ਬੇਅੰਤ ਇਕ ਅਖਵਾਈਆ । ਨੂਰ ਅਲਾਹੀ ਪਰਵਰਦਿਗਾਰਾ, ਸਾਂਝਾ ਯਾਰ ਅਗੰਮ ਅਥਾਹੀਆ । ਸ਼ਬਦੀ ਨਾਦ ਦੇ ਧੁਨਕਾਰਾ, ਅਨਹਦ ਨਾਦੀ ਨਾਦ ਦ੍ਰਿੜਾਈਆ । ਅੰਮ੍ਰਿਤ ਬਖ਼ਸ਼ ਠੰਢੀ ਠਾਰਾ, ਬੂੰਦ ਸਵਾਂਤੀ ਆਪ ਟਪਕਾਈਆ । ਜੋਤੀ ਜਾਤੇ ਹੋ ਉਜਿਆਰਾ, ਅੰਧ ਅੰਧੇਰ ਦੇ ਮਿਟਾਈਆ । ਜੇ ਆਤਮਾ ਤੇਰਾ ਪਿਆਰਾ, ਪਰਮ ਪੁਰਖ ਆਪਣੇ ਰੰਗ ਰੰਗਾਈਆ । ਪੰਜ ਤਤ ਕਹਿਣ ਅਸੀਂ ਮੰਗਦੇ ਤੇਰਾ ਦੁਆਰਾ, ਦਰ ਠਾਂਢੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਗੁਰ ਸਚ ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਚਰਨ ਕਵਲ ਬਖ਼ਸ਼ ਦੇ ਓਟ, ਓੜਕ ਆਪਣੀ ਦਇਆ ਕਮਾਈਆ । ਧੁਰ ਦੇ ਨਾਮ ਦੀ ਲਾ ਦੇ ਚੋਟ, ਚੋਟੀ ਚੜ੍ਹ ਕੇ

ਵੇਖ ਵਖਾਈਆ । ਘਰ ਪਰਕਾਸ਼ ਹੋਵੇ ਨਿਰਮਲ ਜੋਤ, ਜੋਤੀ ਜਾਤਾ ਨਜ਼ਰੀ ਆਈਆ । ਜੇ ਆਤਮਾ ਤੇਰੀ ਗੋਤ, ਕਿਉਂ ਤਤਾਂ ਦਏਂ ਜੁਦਾਈਆ । ਸਾਨੂੰ ਤੇਰੇ ਮਿਲਣ ਦਾ ਸ਼ੌਕ, ਸਚਖੰਡ ਦੁਆਰ ਦੇਣਾ ਪਹੁੰਚਾਈਆ । ਸਾਡਾ ਲੇਖਾ ਰਹੇ ਨਾ ਚੌਦਾਂ ਲੋਕ, ਚੌਦਾਂ ਤਬਕ ਨਾ ਕੋਇ ਵਡਿਆਈਆ । ਤੇਰਾ ਨਾਮ ਗਾਈਏ ਇਕ ਸਲੋਕ, ਸੋਹਲਾ ਧੁਰ ਦਾ ਦੇਣਾ ਸਮਝਾਈਆ । ਤੇਰੀ ਕਿਰਪਾ ਤੇਰੇ ਦੁਆਰੇ ਜਾਈਏ ਪਹੁੰਚ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਲਕ ਇਕ ਸੁਣਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਪਾਉਣੀ ਸਾਰ, ਸਤਿਗੁਰ ਸ਼ਬਦ ਸ਼ਬਦ ਸ਼ਰਨਾਈਆ । ਤੇਰੇ ਚਰਨ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਤੂੰ ਸ਼ਾਹੋ ਭੂਪ ਸਿਕਦਾਰ, ਸ਼ਹਿਨਸ਼ਾਹ ਅਗੰਮ ਅਥਾਹੀਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਦੇਣ ਗਵਾਹੀਆ । ਸਾਡਾ ਲਹਿਣਾ ਦੇਣਾ ਨਾਲ ਪੈਗੰਬਰ ਗੁਰ ਅਵਤਾਰ, ਅਵਤਰੀ ਤੇਰੀ ਜੁਗ ਜੁਗ ਸੇਵ ਕਮਾਈਆ । ਭਗਤ ਸੁਹੇਲੇ ਗੁਰੂ ਗੁਰ ਚੇਲੇ ਹੋ ਕੇ ਮਾਂਗਤ ਬਣੇ ਭਿਖਾਰ, ਦਰ ਠਾਂਢੇ ਅਲਖ ਜਗਾਈਆ । ਦੇਵਣਹਾਰ ਦਾਤਾਰ, ਦਾਤਾ ਦਾਨੀ ਅਗੰਮ ਅਥਾਹੀਆ । ਸਾਡੀ ਪੈਜ ਦੇ ਸਵਾਰ, ਕਲਜੁਗ ਅੰਤ ਸ੍ਰੀ ਭਗਵੰਤ ਹੋਣਾ ਆਪ ਸਹਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੰਜ ਤਤ ਮਾਟੀ ਖ਼ਾਕ ਲੋਕਮਾਤ ਰਹੇ ਨਾ ਛਾਰ, ਧੂੜੀ ਖ਼ਾਕ ਆਪਣੇ ਚਰਨ ਲੈਣਾ ਬਣਾਈਆ । ਤੇਰਾ ਜੋਤ ਦਾ ਜੋਤ ਤਕੀਏ ਉਜਿਆਰ, ਨੂਰ ਨੁਰਾਨੇ ਨੂਰ ਦੇਣਾ ਦਰਸਾਈਆ । ਥਿਰ ਘਰ ਵਾਸੀ ਪੁਰਖ ਅਬਿਨਾਸ਼ੀ ਬਖ਼ਸ਼ਣਾ ਆਪਣਾ ਇਕ ਦੁਆਰ, ਦੇਵਣਹਾਰ ਤੇਰੀ ਬੇਪਰਵਾਹੀਆ । ਅਸੀਂ ਲੋਕਮਾਤ ਆਈਏ ਨਾ ਦੂਜੀ ਵਾਰ, ਜਨਮ ਜਨਮ ਦਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਢੇ ਅਲਖ ਜਗਾਈਆ । ਪੰਜ ਤਤ ਕਹਿਣ ਪ੍ਰਭ ਤੁਧ ਬਿਨ ਅਵਰ ਨਾ ਕੋਅ, ਕੂਕ ਕੂਕ ਸੁਣਾਈਆ । ਸਚ ਮੁਹੱਬਤ ਬਖ਼ਸ਼ ਦੇ ਮੋਹ, ਮਮਤਾ ਮੋਹ ਮਾਤ ਮਿਟਾਈਆ । ਪੰਚ ਵਿਕਾਰ ਰਹੇ ਨਾ ਗਰੋਹ, ਤਨ ਵਜੂਦ ਵਜੇ ਵਧਾਈਆ । ਤੇਰਾ ਹੁਕਮ ਸੰਦੇਸ਼ਾ ਸੁਣੀਏ ਸੋ, ਸੋ ਪੁਰਖ ਨਿਰੰਜਣ ਦੇਣਾ ਸਮਝਾਈਆ । ਆਤਮ ਪਰਮਾਤਮ ਧਾਰ ਰਹੇ ਨਾ ਦੋ, ਹੰ ਬ੍ਰਹਮ ਪ੍ਰਭ ਪੜਦਾ ਦੇਣਾ ਚੁਕਾਈਆ । ਨਿਝਰ ਆਪਣਾ ਅੰਮ੍ਰਿਤ ਰਸ ਚੋ, ਬੂੰਦ ਸਵਾਂਤੀ ਆਪ ਟਪਕਾਈਆ । ਬਿਨ ਨੇਤਰ ਨੈਣਾਂ ਬਖ਼ਸ਼ ਲੋਅ, ਨਿਜ ਲੋਚਨ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਘਰ ਦਾ ਪੜਦਾ ਆਪ ਚੁਕਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਵੇਖਣਾ ਲੇਖਾ ਅੰਤ, ਅੰਤਸ਼ਕਰਨ ਧਿਆਨ ਲਗਾਈਆ । ਤੂੰ ਸਾਹਿਬ ਸ੍ਰੀ ਭਗਵੰਤ, ਭਗਵਨ ਬੇਪਰਵਾਹੀਆ । ਤੇਰਾ ਨਾਮ ਗਾਈਏ ਮੰਤ, ਹਰਿ ਢੋਲਾ ਸਿਫ਼ਤ ਸਲਾਹੀਆ । ਤੇਰੀ ਮਹਿੰਮਾ ਸਦਾ ਅਗਣਤ, ਅਲਖ ਲਖ ਸਕੇ ਕੋਇ ਨਾ ਰਾਈਆ । ਸਾਚਾ ਲਹਿਣਾ ਦੇਣਾ ਮੁਕਾਉਣਾ ਵਿਚੋਂ ਜੀਵ ਜੰਤ, ਲੱਖ ਚੁਰਾਸੀ ਵੰਡ ਨਾ ਕੋਇ ਵੰਡਾਈਆ । ਤੇਰੇ ਦਰ ਤੇ ਹੋਏ ਮੰਗਤ, ਖ਼ਾਲੀ ਝੋਲੀ ਦੇਣੀ ਭਰਾਈਆ । ਸਾਡਾ ਲੇਖਾ ਮੁਕਾ ਦੇ ਤਤ ਪੰਕਜ, ਪੰਜ ਤਤ ਦਰ ਤੇਰੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਨਾਮ ਦੀ ਪਾਉਣੀ ਬੰਦਸ਼, ਬੰਦਗੀ ਬੰਦਨਾ ਆਪਣੇ ਚਰਨ ਕਵਲ ਦਰਸਾਈਆ ।

✪ ੧੭ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਜੌੜਾ ਜ਼ਿਲਾ ਅੰਮ੍ਰਿਤਸਰ ਮੱਖਣ ਸਿੰਘ ਜੌੜਾ, ਬਲੀ ਸਿੰਘ ਕੈਰੋ, ਦਲੀਪ ਸਿੰਘ ਸੁਰਜਨ ਸਿੰਘ ਨੂਰਪੁਰ, ਕੇਸ਼ੋ ਰਾਮ ਸਰਹਾਲੀ, ਕਰਮੀ ਬਰਨਾਲਾ ✪

ਪੰਜ ਤਤ ਕਹਿਣ ਪ੍ਰਭ ਸਾਡੇ ਧੁਰ ਦੇ ਸਈਆ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਧਾਰ ਫੜ ਲੈ ਬਹੀਆ, ਪਰਵਰਦਿਗਾਰ ਸਾਂਝੇ ਯਾਰ ਆਪਣੀ ਦਇਆ ਕਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਾਡੀ ਪਾਰ ਕਰਾ ਦੇ ਨਈਆ, ਨੌਕਾ ਨਰ ਨਰਾਇਣ ਆਪਣੇ ਕੰਧ ਉਠਾਈਆ । ਸਾਡਾ ਨਾਤਾ ਕੂੜਾ ਤੁੱਟਿਆ ਭੈਣਾਂ ਭਈਆ, ਸਾਜਣ ਮੀਤ ਨਾ ਕੋਇ ਵਡਿਆਈਆ । ਲਹਿਣਾ ਦੇਣਾ ਲੇਖਾ ਰਾਏ ਧਰਮ ਹੱਥ ਰਹੇ ਨਾ ਵਹੀਆ, ਚਿਤਰ ਗੁਪਤ ਨਾ ਵੰਡ ਵੰਡਾਈਆ । ਆਸਾ ਪੂਰੀ ਕਰ ਦੇ ਜੋ ਸੁੰਭ ਨਿਸੁੰਭ ਸੰਘਾਰ ਕੇ ਸੰਦੇਸਾ ਦਿਤਾ ਦੁਰਗਾ ਮਈਆ, ਅਸ਼ਟਭੁਜ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੁਆਮੀ ਹੋਣਾ ਸਹਾਈਆ । ਪੰਜ ਤਤ ਕਹਿਣ ਪ੍ਰਭ ਕਿਰਪਾ ਕਰ ਸ੍ਰੀ ਭਗਵਾਨਾ, ਭਗਵਨ ਆਪਣੀ ਦਇਆ ਕਮਾਈਆ । ਸਾਡਾ ਵੇਖ ਲੈ ਅੰਤ ਨਿਸ਼ਾਨਾ, ਨਿਸ਼ਾਨਾ ਦੀਨ ਦੁਨੀ ਬਦਲਾਈਆ । ਜੁਗ ਚੌਕੜੀ ਤੇਰਾ ਬਦਲਦਾ ਰਿਹਾ ਜ਼ਮਾਨਾ, ਜ਼ਿਮੀਂ ਜ਼ਮਾਂ ਦੇ ਮਾਲਕ ਹੋਣਾ ਸਹਾਈਆ । ਲੇਖਾ ਪੂਰਬ ਤਕ ਲੈ ਧੁਰ ਦੇ ਰਾਮਾ, ਕਾਹਨ ਕਾਹਨਾ ਨੈਣ ਉਠਾਈਆ । ਕੀ ਮੁਹੰਮਦ ਪੈਗ਼ੰਬਰਾਂ ਨਾਲ ਤੇਰਾ ਅਮਾਮਾ, ਨੂਰ ਨੁਰਾਨੇ ਨੂਰ ਰੁਸ਼ਨਾਈਆ । ਤੂੰ ਆਦਿ ਪੁਰਖ ਅਪਰੰਪਰ ਸੁਆਮੀ ਅੰਤਰਜਾਮਾ, ਅੰਤਰ ਆਤਮ ਵੇਖ ਵਖਾਈਆ । ਪੰਜ ਤਤ ਤੇਰਾ ਸਦਾ ਸਦਾ ਗ਼ੁਲਾਮਾ, ਨਿਤ ਨਵਿਤ ਸੀਸ ਝੁਕਾਈਆ । ਮੰਨਦੇ ਰਹੇ ਦੀਨ ਦੁਨੀ ਵਿਚ ਭਾਣਾ, ਸਿਰ ਸਕਿਆ ਨਾ ਕੋਇ ਉਠਾਈਆ । ਰਸਨਾ ਜਿਹਵਾ ਬੱਤੀ ਦੰਦ ਤੇਰਾ ਗਾਉਂਦੇ ਰਹੇ ਗਾਣਾ, ਢੋਲਾ ਸੋਹਲਾ ਇਕ ਦ੍ਰਿੜਾਈਆ । ਤੂੰ ਅੰਤ ਸ੍ਰੀ ਭਗਵੰਤ ਹੋਣਾ ਆਪ ਮਿਹਰਵਾਨਾ, ਮਿਹਰਵਾਨ ਮਹਿਬੂਬ ਤੇਰੀ ਓਟ ਤਕਾਈਆ । ਸਾਡੇ ਗੁਣਵੰਤ ਗੁਣ ਨਿਧਾਨਾ, ਗਹਿਰ ਗੰਭੀਰ ਤੇਰੀ ਸਰਨਾਈਆ । ਪੰਜ ਤਤ ਤਤ ਕਰ ਪਰਵਾਨਾ, ਪਰਮ ਪੁਰਖ ਆਪਣੇ ਘਰ ਬਖ਼ਸ਼ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਆਪਣੀ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਲੈ ਤਕ, ਤਕਵਾ ਇਕੋ ਇਕ ਜਣਾਈਆ । ਲਹਿਣਾ ਦੇਦੇ ਹਕ਼ੀਕ਼ਤ ਹਕ, ਹੁਕਮ ਆਪਣਾ ਇਕ ਸੁਣਾਈਆ । ਤੇਰਾ ਫ਼ਰਮਾਨ ਇਕੋ ਹੋਵੇ ਯਕ, ਦੂਜੀ ਅਵਰ ਨਾ ਕੋਇ ਸ਼ਨਵਾਈਆ । ਸਾਡਾ ਪੜਦਾ ਦੀਨ ਦੁਨੀ ਵਿਚ ਢਕ, ਸਿਰ ਆਪਣਾ ਹੱਥ ਟਿਕਾਈਆ । ਤੇਰੀ ਸਰਨ ਸਰਨਾਈ ਏਕੰਕਾਰ ਗਏ ਢਠ, ਨਿਰੰਕਾਰ ਦੇਣੀ ਵਡਿਆਈਆ । ਸਾਡਾ ਝਗੜਾ ਨਹੀਂ ਕੋਈ ਮੰਦਰ ਮਠ, ਸ਼ਿਵਦਵਾਲੇ ਵੰਡ ਨਾ ਕੋਇ ਵੰਡਾਈਆ । ਤੇਰਾ ਨੂਰ ਨੁਰਾਨਾ ਸ਼ਾਹ ਸੁਲਤਾਨਾ ਜੋਤ ਧਾਰ ਤਕੀਏ ਲਟ ਲਟ, ਬਿਨ ਤੇਲ ਬਾਤੀ ਕਰ ਰੁਸ਼ਨਾਈਆ । ਤੂੰ ਵਸਣਹਾਰਾ ਘਟ ਘਟ, ਜਨ ਭਗਤ ਸੁਹੇਲੇ ਤਕਣੇ ਚਾਈਂ ਚਾਈਂਆ । ਭਾਗ ਲਗਾ ਦੇ ਕਾਇਆ ਮਾਟੀ ਮਟ, ਸ਼ਬਦ ਅਨਾਦੀ ਧੁਨ ਕਰ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਲਾ ਮੇਲਣਾ ਸਹਿਜ ਸੁਭਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤੇਰੇ ਭਗਤ ਦੁਲਾਰੇ, ਦੂਲਹਾ ਇਕੋ ਨਜ਼ਰੀ ਆਈਆ । ਭਿਖਿਆ ਮੰਗੀਏ ਬਣਕੇ ਚਰਨ ਭਿਖਾਰੇ, ਦਰ ਠਾਂਢੇ ਸੀਸ ਝੁਕਾਈਆ । ਤੂੰ ਦੇਵਣਹਾਰ ਨਿਰੰਕਾਰੇ, ਨਿਰਵੈਰ ਤੇਰੇ ਹੱਥ ਵਡਿਆਈਆ । ਯਾਦ ਵਿਚ ਜੁਗ

ਲੰਘ ਗਏ ਚਾਰੇ, ਸਤਿਜੁਗ ਤ੍ਰੇਤਾ ਦੁਆਪਰ ਭੱਜੇ ਵਾਹੋ ਦਾਹੀਆ । ਅੰਤ ਆਸਾ ਪੂਰੀ ਕਰ ਦੇ ਧੁਰ ਦੇ ਪਰਵਰਦਿਗਾਰੇ, ਸਾਂਝੇ ਯਾਰ ਤੇਰੀ ਵਡਿਆਈਆ । ਸਾਡੇ ਖ਼ਾਲੀ ਭਰ ਭੰਡਾਰੇ, ਅਤੋਟ ਅਤੁਟ ਨਾਮ ਵਰਤਾਈਆ । ਜਿਸ ਦੇ ਅਵਤਾਰ ਪੈਗ਼ੰਬਰ ਗੁਰ ਦੇ ਕੇ ਗਏ ਇਸ਼ਾਰੇ, ਬਿਨ ਸੈਨਤ ਸੈਨਤ ਲਗਾਈਆ । ਤੇਰਾ ਦਰ ਸੁਹੰਜਣਾ ਏਕਾ ਏਕੰਕਾਰੇ, ਅਕਲ ਕਲ ਧਾਰੀ ਨਜ਼ਰੀ ਆਈਆ । ਸਾਡੀ ਪੈਜ ਦੇ ਸਵਾਰੇ, ਸਵਾਰਥ ਤੇਰੇ ਚਰਨ ਟਿਕਾਈਆ । ਫੇਰ ਜਨਮ ਹੋਏ ਨਾ ਦੂਜੀ ਵਾਰੇ, ਅਗਨੀ ਅੱਗ ਨਾ ਕੋਇ ਤਪਾਈਆ । ਅਸੀਂ ਪਹੁੰਚੀਏ ਸਚਖੰਡ ਸਚੇ ਦਰਬਾਰੇ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਗ੍ਰਿਹਿ ਆਪ ਵਖਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ਵੇਖੀਏ ਅਗੰਮ ਘਰਾਨਾ, ਦਰਗਾਹ ਸਚ ਸਚ ਜਣਾਈਆ । ਜਿਥੇ ਇਕੋ ਨਾਦ ਹੋਵੇ ਤਰਾਨਾ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਇਕੋ ਮੰਦਰ ਹੋਵੇ ਮਕਾਨਾ, ਛੱਪਰ ਛੰਨ ਨਾ ਕੋਇ ਸੁਹਾਈਆ । ਇਕੋ ਦੀਪਕ ਜੋਤ ਜਗੇ ਮਹਾਨਾ, ਬਿਨ ਤੇਲ ਬਾਤੀ ਰੁਸ਼ਨਾਈਆ । ਇਕੋ ਸਿੰਘਾਸਣ ਸੋਹੇ ਕਾਹਨਾ, ਕਾਹਨਾਂ ਦੇ ਕਾਹਨ ਤੇਰੀ ਵਡਿਆਈਆ । ਇਕੋ ਤੇਰਾ ਵਜੇ ਸ਼ਬਦ ਦਮਾਮਾ, ਨਿਰਗੁਣ ਸਰਗੁਣ ਧਾਰ ਦ੍ਰਿੜਾਈਆ । ਪੰਜ ਤਤ ਕਹਿਣ ਪ੍ਰਭ ਜਗਤ ਸ਼ਰਅ ਕਰੇ ਨਾ ਕੋਇ ਗ਼ੁਲਾਮਾ, ਦੀਨ ਦੁਨੀ ਬੰਧਨ ਨਾ ਕੋਇ ਰਖਾਈਆ । ਸਾਡਾ ਲਹਿਣਾ ਦੇਣਾ ਮੇਟ ਤਮਾਮਾ, ਤਮਅ ਲਾਲਚ ਨਾ ਕੋਇ ਰਖਾਈਆ । ਜੋਤੀ ਧਾਰ ਤੇਰਾ ਸਤਿਗੁਰ ਸ਼ਬਦ ਅਗੰਮੀ ਜਾਮਾ, ਰੂਪ ਰੰਗ ਵੇਖਣ ਕੋਇ ਨਾ ਪਾਈਆ । ਪੰਜ ਤਤ ਕਹਿਣ ਸਾਨੂੰ ਬਖ਼ਸ਼
੬੭ ਦੇ ਇਕ ਟਿਕਾਣਾ, ਟਿੱਕੇ ਚਰਨ ਧੂੜੀ ਖ਼ਾਕ ਰਮਾਈਆ । ਤੂੰ ਮਿਹਰਵਾਨ ਹੋਣਾ ਮਿਹਰਵਾਨਾ, ਮਹਿਬਾਨ ਬੀਦੋ ਬੀਖ਼ੈਰ ਯਾ ਅਲਾਹ ਆਲਮੀਨ ੬੭
੨੪ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਵਸਤ ਨਾਮ ਵਰਤਾਈਆ । ਪੰਜ ਤਤ ੨੪
ਕਹਿਣ ਪ੍ਰਭ ਸਾਡਾ ਲਹਿਣਾ ਦੇਣਾ ਦੇ ਦੇ ਮਾਲਕ, ਖ਼ਾਲਕ ਖ਼ਲਕ ਤੇਰੀ ਸਰਨਾਈਆ । ਕਲਜੁਗ ਅੰਤ ਵੇਖ ਲੈ ਹਾਲਤ, ਹਾਲ ਹਾਲ ਸਾਡੀ ਦੁਹਾਈਆ । ਚਾਰੋਂ ਕੁੰਟ ਕੂੜ ਜਹਾਲਤ, ਸਚ ਰੰਗ ਨਾ ਕੋਇ ਸਮਾਈਆ । ਸਭ ਨੂੰ ਅੰਦਰੋਂ ਭੁੱਲੀ ਤੇਰੀ ਅਬਾਦਤ, ਬਾਂਗ ਅਜ਼ਾਂ ਨਾ ਕੋਇ ਸ਼ਨਵਾਈਆ । ਤੂੰ ਮਹਿਬੂਬ ਸਦਾ ਸਹੀ ਸਲਾਮਤ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਸਤਿ ਸਚ ਦੀ ਦੇ ਨਿਆਮਤ, ਰਸ ਆਪਣਾ ਆਪ ਚਖਾਈਆ । ਅਸੀਂ ਮੂਰਖ ਮੁਗਧ ਬਾਲ ਅਣਜਾਣਤ, ਬੁਧਹੀਣ ਮਾਤ ਅਖਵਾਈਆ । ਤੂੰ ਕਰੀ ਆਪ ਪਹਿਚਾਣਤ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਜੇ ਆਤਮਾ ਤੇਰਾ ਸਾਡੇ ਵਿਚ ਅਮਾਨਤ, ਅੰਤ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਚ ਸਚ ਰੰਗ ਰੰਗਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਰੰਗਦੇ ਰੰਗ ਚਲੂਲ, ਚੌਥੇ ਜੁਗ ਦੁਹਾਈਆ । ਸਮਰਥ ਨਾ ਜਾਈਂ ਭੂਲ, ਅਕਥ ਅਕਥ ਤੇਰੀ ਵਡਿਆਈਆ । ਭਗਤ ਉਧਾਰਨਾ ਤੇਰਾ ਰੂਲ, ਨੀਤੀ ਨਿਤ ਨਵਿਤ ਚਲੀ ਆਈਆ । ਤੂੰ ਮਾਲਕ ਕੰਤ ਕੰਤੂਹਲ, ਹਰਿ ਕਰਤਾ ਇਕ ਅਖਵਾਈਆ । ਮਿਹਰਵਾਨ ਜਾਈਂ ਨਾ ਭੂਲ, ਅਭੁਲ ਦੇਣੀ ਵਡਿਆਈਆ । ਤੇਰਾ ਹੁਕਮ ਇਕ ਮਾਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਤੇਰੇ ਚਰਨ ਕਵਲ ਸਦ ਲਾਉਂਦੇ ਰਹੀਏ ਧੂਲ, ਧੂੜੀ ਟਿੱਕੇ ਖ਼ਾਕ ਰਮਾਈਆ । ਤਤ ਉਧਾਰਨਾ ਤੇਰਾ ਕਾਮ ਮਾਮੂਲ, ਆਤਮਾ ਨਾਲ ਭਗਤਾਂ ਤਨ ਦੇਣੀ ਸਰਨਾਈਆ । ਰਾਏ ਧਰਮ ਸਾਥੋਂ ਲਹਿਣਾ ਦੇਣਾ ਨਾ ਕਰੇ ਵਸੂਲ, ਵਸਲ ਯਾਰ ਆਪਣਾ ਦੇਣਾ ਵਖਾਈਆ । ਸਾਡੀ ਬੇਨੰਤੀ ਕਰ ਕ਼ਬੂਲ, ਕਾਅਬਿਆਂ ਤੋਂ ਪਰੇ ਦਿਤੀ ਜਣਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਕੰਤ ਕੰਤੂਹਲ, ਕੁਦਰਤ ਦੇ ਕ਼ਾਦਰ ਕਰਤੇ ਪੁਰਖ ਪੁਰਖ ਪੁਰਖੋਤਮ ਤੇਰੀ ਓਟ ਓੜਕ ਇਕ ਤਕਾਈਆ ।

✪ ੧੮ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਸਿਧਵਾਂ ਜ਼ਿਲਾ ਅੰਮ੍ਰਿਤਸਰ ਮਨੀ ਰਾਮ ਸਿਧਵਾਂ, ਮਿਲਖਾ ਸਿੰਘ ਸਮੁੰਦ ਸਿੰਘ ਮਾੜੀ ਮੇਘਾ, ਹਰਬੰਸ ਕੌਰ ਨਾਰਲਾ, ਦਰਸ਼ਨ ਸਿੰਘ ਲਾਖਣਾ, ਕਾਬਲ ਸਿੰਘ, ਜੀਤੋ ਬਾਸਰਕੇ, ਗੁਪਾਲ ਸਿੰਘ, ਲਛਮਣ ਸਿੰਘ ਭੂਰੇ, ਵੀਰੋ ਮਾੜੀ ਕੰਬੋਕੇ ✪

ਪੰਜ ਤਤ ਕਹਿਣ ਪ੍ਰਭ ਜੁਗ ਚੌਕੜੀਆਂ ਲੰਘੀਆਂ ਬੜੀਆਂ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਦੀਨ ਦਿਆਲ ਠਾਕਰ ਸੁਆਮੀ ਨਿਤ ਨਵਿਤ ਤੇਰੀਆਂ ਵੇਖਦੇ ਰਹੇ ਘੜੀਆਂ, ਪਲਕਾਂ ਦੇ ਪਿਛੇ ਧਿਆਨ ਲਗਾਈਆ । ਤੇਰੇ ਹੁਕਮ ਨਾਲ ਸੜਦੇ ਰਹੇ ਕੱਖਾਂ ਨਾਲ ਵਿਚ ਮੜ੍ਹੀਆਂ, ਜਗਤ ਮਸਾਣਾਂ ਰੂਪ ਵਟਾਈਆ । ਅਨਕ ਬਾਰ ਤੇਰੀਆਂ ਨਾਮ ਬਾਣੀਆਂ ਪੜ੍ਹੀਆਂ, ਰਸਨਾ ਜਿਹਵਾ ਢੋਲੇ ਗਾਈਆ । ਸਾਡੀਆਂ ਧਾਰਾਂ ਤੇਰੀ ਮੰਜ਼ਲ ਮੂਲ ਨਾ ਚੜ੍ਹੀਆਂ, ਦਰਗਾਹ ਸਚ ਨਾ ਕੋਇ ਟਿਕਾਈਆ । ਅੰਤ ਸਰਨ ਸਰਨਾਈ ਤੇਰੇ ਪੜੀਆਂ, ਪਰਮ ਪੁਰਖ ਦੇਣੀ ਮਾਣ ਵਡਿਆਈਆ । ਸਾਡੀਆਂ ਜਗਤ ਜਹਾਨ ਵਾਲੀਆਂ ਤੋੜੀ ਕੜੀਆਂ, ਸ਼ਰਅ ਜ਼ੰਜੀਰ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਵੇਖ ਵਖਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਲਹਿਣੇ ਵੇਖ ਲੈ ਸਭ ਦੇ, ਭਗਵਨ ਭਗਤੀ ਧਾਰ ਰਹੇ ਕੁਰਲਾਈਆ । ਜੁਗ ਜੁਗ ਤੈਨੂੰ ਰਹੇ ਲਭਦੇ, ਖੋਜਿਆ ਥਾਈਂ ਥਾਈਂਆ । ਤੇਰੇ ਦਰਸ ਨਾ ਪਾਏ ਨੂਰੀ ਰੱਬ ਦੇ, ਭੇਵ ਅਭੇਦ ਨਾ ਕੋਇ ਚੁਕਾਈਆ । ਹੁਣ ਲਹਿਣੇ ਦੇਣੇ ਤਕ ਸਭ ਦੇ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਭੇਵ ਚੁਕਾਈਆ । ਸਾਡੇ ਪੰਧ ਮੁਕਾ ਦੇ ਸੜਨੇ ਅੱਗ ਦੇ, ਤਤਵ ਤਤ ਨਾ ਕੋਇ ਤਪਾਈਆ । ਸਾਡੇ ਲੇਖੇ ਪੂਰੇ ਕਰ ਦੇ ਜਗ ਦੇ, ਜਾਗਰਤ ਜੋਤ ਤੇਰੀ ਵਡਿਆਈਆ । ਹੁਕਮ ਸੁਣਾ ਦੇ ਸ਼ਬਦ ਅਨਾਦੀ ਨਦ ਦੇ, ਅਨਹਦ ਨਾਦ ਕਰ ਸ਼ਨਵਾਈਆ । ਪੰਧ ਮੁਕਾ ਦੇ ਦੀਨ ਦੁਨੀ ਦੀ ਹੱਦ ਦੇ, ਹਦੂਦ ਆਪਣੀ ਇਕ ਵਖਾਈਆ । ਝਗੜੇ ਮੇਟ ਦੇ ਰਹਿਣ ਅਲਗ ਦੇ, ਮੇਲ ਮਿਲਾਉਣਾ ਸਹਿਜ ਸੁਭਾਈਆ । ਅਸੀਂ ਝੋਲੀ ਤੇਰੇ ਅਗੇ ਅੱਡਦੇ, ਖ਼ਾਲੀ ਦੇਣੀ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਉਤੇ ਹੋ ਕਿਰਪਾਲ, ਕਿਰਪਾਨਿਧ ਦਇਆ ਕਮਾਈਆ । ਦੀਨਾਂ ਬੰਧਪ ਦੀਨ ਦਿਆਲ, ਠਾਕਰ ਸੁਆਮੀ ਹੋ ਕੇ ਵੇਖ ਵਖਾਈਆ । ਅਸੀਂ ਤੇਰੀ ਘਾਲੀਏ ਘਾਲ, ਜੁਗ ਜੁਗ ਸੇਵ ਕਮਾਈਆ । ਤੂੰ ਸਾਹਿਬ ਬਣ ਪ੍ਰਿਤਪਾਲ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੇ ਆਤਮਾ ਤੇਰਾ ਲਾਲ, ਤਨ ਭਗਤਾਂ ਦੇ ਵਡਿਆਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਕਹੇ ਅਸੀਂ ਵਸੀਏ ਤੇਰੀ ਸਚੀ ਧਰਮਸਾਲ, ਸਚਖੰਡ ਸਾਚੇ ਸੋਭਾ ਪਾਈਆ । ਸਾਡੀ ਸੁਰਤ ਆਪ ਸੰਭਾਲ, ਸੰਬਲ ਦੇ ਮਾਲਕ ਵੇਖ ਵਖਾਈਆ । ਤੇਰੀ ਤਕੀਏ ਅਗੰਮੀ ਚਾਲ, ਚਾਲ ਨਿਰਾਲੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਏਕਾ ਦੇਣਾ ਸਾਚਾ ਵਰ, ਘਰ ਸਚ ਇਕ ਸੁਹਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਸੰਭਾਲ ਸੁਰਤ, ਸ਼ਬਦੀ ਸ਼ਬਦ ਵੇਖ ਵਖਾਈਆ । ਤੇਰਾ ਨੂਰ ਅਕਾਲ ਮੂਰਤ, ਭਗਵਨ ਤੇਰੇ ਹੱਥ ਵਡਿਆਈਆ । ਨਾਦ ਸੁਣਾ ਅਗੰਮੀ ਤੂਰਤ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਸਾਡੀ ਆਸਾ ਮਨਸਾ ਪੂਰਤ, ਪਾਰਬ੍ਰਹਮ ਦੇਣੀ ਮਾਣ ਵਡਿਆਈਆ । ਤੂੰ ਸਰਬ ਕਲਾ ਭਰਪੂਰਤ, ਭਰਪੂਰ ਰਿਹਾ ਸਰਬ ਠਾਂਈਆ । ਤੇਰੇ ਚਰਨ ਲਾਈਏ ਧੂੜਤ, ਧੂੜੀ ਖ਼ਾਕ ਰਮਾਈਆ । ਸਾਡਾ ਲੇਖਾ ਰਹੇ ਨਾ ਮੂਰਖ ਮੂੜ੍ਹਤ, ਮੁਗਧ ਅੰਞਾਣ ਲੈਣੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਉਤੇ ਤਰਸ ਕਮਾਉਣਾ, ਰਹਿਮਤ ਰਹੀਮ ਆਪ ਕਮਾਈਆ । ਜੇ ਭਗਤਾਂ ਆਤਮਾ ਆਪਣੇ ਨਾਲ ਮਿਲਾਉਣਾ, ਮਿਲਣੀ ਹਰਿ ਜਗਦੀਸ਼ ਕਰਾਈਆ । ਭਗਤਾਂ ਤਤ ਸਚਖੰਡ ਆਪਣੇ ਗ੍ਰਿਹਿ ਵਸਾਉਣਾ, ਘਰ ਮੰਦਰ ਦੇਣਾ ਟਿਕਾਈਆ । ਦਰ ਤੇਰੇ ਵਾਸਤਾ ਪਾਉਣਾ, ਨਿਵ ਨਿਵ ਸੀਸ ਝੁਕਾਈਆ । ਅਸੀਂ ਤੇਰੀ ਧਾਰ ਵਿਚ ਗੂੜ੍ਹੀ ਨੀਂਦ ਸੌਣਾ, ਸੁੱਤਿਆਂ ਫੇਰ ਨਾ ਕੋਇ ਉਠਾਈਆ । ਚੁਰਾਸੀ ਵਿਚ ਫੇਰ ਕਦੇ ਨਾ ਆਉਣਾ, ਅੰਡਜ ਜੇਰਜ ਉਤਭੁਜ ਸੇਤਜ ਨਾ ਕੋਇ ਭੁਆਈਆ । ਤੇਰਾ ਰੂਪ ਤੇਰੇ ਵਿਚ ਸਮਾਉਣਾ, ਤੇਰੀ ਧਾਰ ਤੇਰਾ ਰੰਗ ਰੰਗਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡੇ ਉਤੇ ਤਰਸ ਕਮਾਉਣਾ, ਕਰਨੀ ਦੇ ਕਰਤੇ ਦੇਣੀ ਮਾਣ ਵਡਿਆਈਆ । ਸਾਡਾ ਪੰਜ ਤਤ ਦਾ ਬੁਰਜ ਇਕੋ ਵਾਰ ਢਾਹੁਣਾ, ਫੇਰ ਢਾਹੁਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਲੈ ਚਲ ਚਰਨ ਹਜ਼ੂਰ, ਜਨ ਭਗਤ ਸੀਸ ਨਿਵਾਈਆ । ਤੇਰਾ ਤਕੀਏ ਨੂਰ ਨੁਰਾਨਾ ਨੂਰ, ਜਲਵਾਗਰ ਦੇਣਾ ਵਖਾਈਆ । ਤੂੰ ਸਰਬ ਕਲਾ ਭਰਪੂਰ, ਪਾਰਬ੍ਰਹਮ ਅਗੰਮ ਅਥਾਹੀਆ । ਸਾਡਾ ਨਾਤਾ ਜਗਤ ਤੋੜਨਾ ਕੂੜ, ਕੂੜੀ ਕਿਰਿਆ ਵਿਚੋਂ ਬਾਹਰ ਕਢਾਈਆ । ਸਾਡੀ ਮੰਜ਼ਲ ਰਹੇ ਨਾ ਨੇੜੇ ਦੂਰ, ਦੁਤੀਆ ਭਾਓ ਦੇਣਾ ਚੁਕਾਈਆ । ਤੂੰ ਯੋਧਾ ਮਹਾਬਲੀ ਸੂਰ, ਸੂਰਬੀਰ ਇਕ ਅਖਵਾਈਆ । ਹੁਣ ਤੇਰੇ ਨਾਦ ਸ਼ਬਦ ਦੀ ਸੁਣੀਏ ਤੂਰ, ਤੁਰਤ ਦੇਣੀ ਦ੍ਰਿੜਾਈਆ । ਅਸੀਂ ਤੇਰਾ ਸਚਖੰਡ ਵੇਖਣਾ ਚਾਹੁੰਦੇ ਜ਼ਰੂਰ, ਜ਼ਰੂਰਤ ਤੇਰੇ ਅਗੇ ਰਖਾਈਆ । ਤਤ ਕਹਿਣ ਆਸਾ ਤਕ ਲੈ ਜਿਹੜੀ ਰਖੀ ਮਨਸੂਰ, ਮਨਸਾ ਤੇਰੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਖ਼ਾਲਕ ਮਿਹਰਵਾਨ ਮਿਹਰ ਨਜ਼ਰ ਉਠਾਈਆ । ਪੰਜ ਤਤ ਕਹਿਣ ਜੇ ਆਤਮਾ ਤੇਰਾ ਗੋਤੀ, ਗੌਤਮ ਬੁੱਧ ਗਿਆ ਸੁਣਾਈਆ । ਨਿਰਗੁਣ ਧਾਰ ਤੇਰਾ ਜੋਤੀ, ਜੋਤੀ ਜਾਤੇ ਇਕ ਅਖਵਾਈਆ । ਪੰਜ ਤਤ ਕਹਿਣ ਸਾਡੀ ਆਯੂ ਤਕ ਲੈ ਬਹੁਤੀ, ਜੁਗ ਜੁਗ ਤੇਰੀ ਸੇਵ ਕਮਾਈਆ । ਸਾਡੀ ਆਸਾ ਵੇਖ ਲੈ ਰੋਤੀ, ਬਿਨ ਨੈਣਾਂ ਨੀਰ ਵਹਾਈਆ । ਅਸੀਂ ਜਨਮ ਭੋਗ ਲਏ ਕੋਟੀ, ਕੋਟਨ ਕੋਟ ਵੇਸ ਵਟਾਈਆ । ਖੇਲ ਖੇਲਿਆ ਬੂੰਦ ਰਕਤ ਬੋਟੀ, ਤਤਵ ਤਤਾਂ ਸੰਗ ਮਿਲਾਈਆ । ਅੰਤ ਕੰਤ ਭਗਵੰਤ ਤੇਰੀ ਰਖੀ ਓਟੀ, ਸਹਾਰਾ ਇਕੋ ਇਕ ਸੁਣਾਈਆ । ਸਾਡੀ ਬੇਨੰਤੀ ਸੁਣ ਲੈ ਛੋਟੀ, ਬਹੁਤੀ ਵੰਡ ਨਾ ਕੋਇ ਵੰਡਾਈਆ । ਸਾਡਾ ਝਗੜਾ ਮੇਟ ਦੇ ਲੋਕ ਪਰਲੋਕੀ, ਦੋ ਜਹਾਨਾਂ ਪੰਧ ਮੁਕਾਈਆ । ਅਸੀਂ ਤੇਰਾ ਗਾਇਆ ਸਲੋਕੀ, ਰਸਨਾ ਜਿਹਵਾ ਢੋਲੇ ਗਾਈਆ । ਸਚਖੰਡ ਦੁਆਰਿਉਂ ਕਦੇ ਨਾ ਰੋਕੀਂ, ਰੁਕਮਣੀ ਦੀ ਆਸਾ ਤਕ ਜੋ ਕ੍ਰਿਸ਼ਨ ਗਿਆ ਦ੍ਰਿੜਾਈਆ । ਅਸੀਂ ਭਗਤ ਸੁਹੇਲੇ ਤੇਰੇ ਮਾਣਕ ਮੋਤੀ, ਚਰਨ

ਕਵਲ ਲੈਣੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤਾਂ ਤਨ ਵਜੂਦ, ਮਾਟੀ ਖ਼ਾਕ ਵਜੇ ਵਧਾਈਆ । ਤੂੰ ਮਾਲਕ ਇਕ ਮਹਿਬੂਬ, ਮੁਹੱਬਤ ਵਿਚ ਸਮਾਈਆ । ਸਾਡੇ ਨਾਲ ਲੇਖਾ ਨਾ ਕਰੀ ਦੂਜ, ਦੁਤੀਆ ਭਾਓ ਦੇਣਾ ਚੁਕਾਈਆ । ਤੇਰਾ ਸਤਿਗੁਰ ਸ਼ਬਦ ਆਦਿ ਜੁਗਾਦੀ ਦੂਤ, ਦੋ ਜਹਾਨਾਂ ਕਰੇ ਸ਼ਨਵਾਈਆ । ਹਰਿ ਥਾਂ ਤੂੰ ਸਦਾ ਮੌਜੂਦ, ਮੁਫ਼ਲਿਸਾਂ ਵੇਖਣਾ ਥਾਉਂ ਥਾਈਆ । ਸਾਡੀ ਦੀਨ ਦੁਨੀ ਦੀ ਮੇਟ ਹਦੂਦ , ਹੱਦ ਰਹਿਣ ਕੋਇ ਨਾ ਪਾਈਆ । ਸਾਨੂੰ ਬਖ਼ਸ਼ ਦੇ ਆਲੀਸ਼ਾਨ ਅਰੂਜ, ਸ਼ਹਿਨਸ਼ਾਹ ਦਰਗਾਹ ਸਚ ਦੇ ਵਡਿਆਈਆ । ਤੇਰੀ ਇਕੋ ਕੀਤੀ ਪੂਜ, ਦੂਸਰ ਸੀਸ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗ੍ਰਿਹ ਮੰਦਰ ਆਪ ਸੁਹਾਈਆ । ਪੰਜ ਤਤ ਕਹਿਣ ਪ੍ਰਭ ਆਤਮਾ ਨਾਲ ਸਾਨੂੰ ਦੇ ਮਾਣ, ਜਨ ਭਗਤ ਸੁਹੇਲੇ ਹੋ ਕੇ ਸੀਸ ਨਿਵਾਈਆ । ਤੂੰ ਪਤਿਤ ਪਾਵਨ ਭਗਵਾਨ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ । ਕਿਰਪਾ ਕਰ ਦੇ ਧੁਰ ਦੇ ਕਾਹਨ, ਕਾਹਨਾਂ ਦੇ ਕਾਹਨ ਵੇਖ ਵਖਾਈਆ । ਮਿਹਰਵਾਨ ਹੋ ਕੇ ਮਿਹਰ ਕਰ ਦੇ ਅਗੰਮੇ ਰਾਮ, ਰਮਈਆ ਤੇਰੀ ਓਟ ਤਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਾਡਾ ਕਰ ਇੰਤਜ਼ਾਮ, ਬੰਦੋਬਸਤ ਤੇਰੇ ਹੱਥ ਨਜ਼ਰੀ ਆਈਆ । ਅਸੀਂ ਤਤਾਂ ਨੇ ਤਤ ਨਹੀਂ ਰਹਿਣਾ ਗ਼ੁਲਾਮ, ਜਗਤ ਜ਼ੰਜੀਰ ਕਟਾਈਆ । ਤੇਰੇ ਸਚਖੰਡ ਦੁਆਰ ਏਕੰਕਾਰ ਕਰੀਏ ਆਰਾਮ, ਦਰਗਾਹ ਸਾਚੀ ਬਹਿ ਬਹਿ ਖ਼ੁਸ਼ੀ ਬਣਾਈਆ । ਤੇਰੇ
੬੦ ਚਰਨ ਕਵਲ ਇਕੋ ਇਕ ਪਰਨਾਮ, ਨਮਸਤੇ ਕਹਿ ਕੇ ਸਜਦਿਆਂ ਵਿਚ ਸੀਸ ਝੁਕਾਈਆ । ਸਾਡਾ ਲਹਿਣਾ ਦੇਣਾ ਲੇਖਾ ਵੇਖ ਤਮਾਮ, ਤਮਅ ਲਾਲਚ ੬੦
੨੪ ਅਵਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ੨੪
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡਾ ਪਕੜਨਾ ਨਿਰਗੁਣ ਧਾਰ ਅਗੰਮੀ ਦਾਮ, ਦਾਮਨਗੀਰ ਆਪ ਅਖਵਾਈਆ ।

✪ ੧੮ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਕਲਸੀ ਜ਼ਿਲਾ ਅੰਮ੍ਰਿਤਸਰ ਮੌਤਾ ਸਿੰਘ ਦਲੀਪ ਸਿੰਘ ਪਰਤਾਪ ਸਿੰਘ ਫੁੱਮਣ ਸਿੰਘ ਸੁਰਜੀਤ ਕੌਰ ਸੇਵਾ ਸਿੰਘ ਬੀਰੋ ਸ਼ਾਮ ਸਿੰਘ ਸੱਜਣ ਸਿੰਘ ਕਲਸੀ, ਗੁਲਾਬ ਕੌਰ ਡਲ, ਗੰਡਾ ਸਿੰਘ ਦਰਾਜ਼ਕੇ, ਅਮਰੀਕ ਕੌਰ ਡਲੀਰੀ, ਗੁਰਮੁਖ ਸਿੰਘ ਡਲੀਰੀ, ✪

ਪੰਜ ਤਤ ਕਹਿਣ ਪ੍ਰਭ ਸੁਣ ਲੈ ਸਾਡੀ ਗਿਰਿਆਜ਼ਾਰੀ, ਗਹਿਰ ਗੰਭੀਰੇ ਬੇਨਜ਼ੀਰ ਨਜ਼ਰੀਆ ਨਜ਼ਰ ਵਿਚੋਂ ਬਦਲਾਈਆ । ਜੁਗ ਚੌਕੜੀ ਤਨ ਵਜੂਦ ਮਾਟੀ ਖ਼ਾਕ ਸਾਡੀ ਹੁੰਦੀ ਰਹੀ ਖ਼ੁਆਰੀ, ਪਰਮ ਪੁਰਖ ਪਰਮਾਤਮ ਦਰ ਤੇਰੇ ਸੀਸ ਝੁਕਾਈਆ । ਆਦਿ ਜੁਗਾਦਿ ਬ੍ਰਹਮ ਬਹਿਮਾਦ ਤੇਰੀ ਆਤਮਾ ਨਾਲ ਬੱਝਦੀ ਯਾਰੀ, ਯਰਾਨਾ ਨੌਜਵਾਨਾ ਸ੍ਰੀ ਭਗਵਾਨਾ ਇਕ ਜਣਾਈਆ । ਅਸੀਂ ਅਗਨੀ ਸੜ ਕੇ ਬਣਦੇ ਰਹੇ ਛਾਰੀ, ਮਿੱਟੀ ਖ਼ਾਕ ਖ਼ਾਕ ਰੂਪ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਾਡੀ ਆਸ਼ਾ ਕਿਸੇ ਨਾ ਕੀਤੀ ਪਿਆਰੀ, ਅਵਤਾਰ ਪੈਗ਼ੰਬਰ ਗੁਰੂਆਂ ਅਗੇ ਵਾਸਤਾ ਪਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਸੁਣਾ ਕੇ ਗਏ ਅਗੰਮੀ ਧਾਰੀ, ਧਰਨੀ ਧਰਤ ਧਵਲ ਧੌਲ ਤੇਰੀ ਓਟ ਤਕਾਈਆ । ਪੰਜ ਤਤ ਕਹਿਣ ਸਾਡੀ ਨਮੋਂ ਨਮੋਂ

ਨਿਮਸਕਾਰੀ, ਡੰਡਾਵਤ ਬੰਦਨਾ ਸਜਦਿਆਂ ਵਿਚ ਸੀਸ ਝੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਾਨੂੰ ਅੰਤ ਕੰਤ ਭਗਵੰਤ ਪਾਰ ਉਤਾਰੀ, ਉੱਤਰ ਪੂਰਬ ਪੱਛਮ ਦੱਖਣ ਲੇਖਾ ਜਗਤ ਜਹਾਨ ਰਹਿਣ ਨਾ ਪਾਈਆ । ਤੂੰ ਨਿਰਵੈਰ ਨਿਰਾਕਾਰ ਨਿਰੰਕਾਰੀ, ਜੋਤੀ ਜਾਤਾ ਇਕ ਅਖਵਾਈਆ । ਪੰਜ ਤਤ ਕਹਿਣ ਪ੍ਰਭ ਤੇਰੇ ਅਗੇ ਸੁਣਾਈਏ ਬੋਲ, ਕੂਕ ਕੂਕ ਜਣਾਈਆ । ਅੰਤ ਤੋਲਣਾ ਪੂਰਾ ਤੋਲ, ਤਰਾਜ਼ੂ ਨਾਮ ਕੰਡਾ ਹੱਥ ਉਠਾਈਆ । ਸਚ ਦੁਆਰਾ ਏਕੰਕਾਰਾ ਸਾਡਾ ਪੜਦਾ ਦੇਣਾ ਖੋਲ੍ਹ, ਖ਼ਲਕ ਦੇ ਖ਼ਾਲਕ ਦਇਆ ਕਮਾਈਆ । ਜੇ ਨਿਰਗੁਣ ਧਾਰ ਆਤਮਾ ਨਾਲ ਕਰੇ ਚੋਹਲ, ਪਰਮਾਤਮਾ ਆਪਣਾ ਮੇਲ ਮਿਲਾਈਆ । ਕਿਉਂ ਵਿਛੋੜਾ ਜਨ ਭਗਤਾਂ ਤਤਾਂ ਦੇਵੇਂ ਉਪਰ ਧੌਲ, ਧਰਨੀ ਦੇ ਮਾਲਕ ਭੇਵ ਖੁਲ੍ਹਾਈਆ । ਅਗੇ ਰਹੇ ਨਾ ਪੜਦਾ ਉਹਲ, ਭਾਂਡਾ ਭਰਮ ਦੇਣਾ ਭੰਨਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਬੋਲ, ਕੌਲ ਇਕਰਾਰਨਾਮਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਤੇਰੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਸਦ ਤੇਰਾ ਕਰੀਏ ਦਰਸ, ਦਰ ਸਚ ਦੇਣੀ ਸਰਨਾਈਆ । ਸਾਡੀ ਆਦਿ ਆਦਿ ਦੀ ਹਰਸ, ਹਵਸ ਦੇਣੀ ਮਿਟਾਈਆ । ਗ਼ਰੀਬ ਨਿਮਾਣਿਆਂ ਉਤੇ ਕਰਨਾ ਤਰਸ, ਰਹਿਮਤ ਹਕ ਕਮਾਈਆ । ਮਿਹਰ ਦਾ ਅੰਮ੍ਰਿਤ ਬਰਸ, ਮੇਘ ਨਾਮ ਜਣਾਈਆ । ਸਾਡਾ ਖ਼ੁਸ਼ੀਆਂ ਵਾਲਾ ਹੋਵੇ ਬਰਸ, ਮਾਸ ਦਿਵਸ ਦੇਣੀ ਵਡਿਆਈਆ । ਚਿੰਤਾ ਸੋਗ ਮੇਟ ਦੇ ਹਰਖ, ਕਿਰਿਆ ਕੂੜ ਮਿਟਾਈਆ । ਬਹੁੜੀ ਕਲਜੁਗ ਅੰਤ ਕਰੀਂ ਨਾ ਪਰਖ, ਪਾਰਖੂ ਰੂਪ ਨਾ ਕੋਇ ਦਰਸਾਈਆ । ਸਾਡਾ ਵਾਅਦਾ ਪਿਛਲਾ ਤਕ ਲੈ

੬੧ ਸ਼ਰਤ, ਸ਼ਰਅ ਤੋਂ ਬਾਹਰ ਜਣਾਈਆ । ਜੇ ਨਿਰਗੁਣ ਧਾਰ ਆਇਉਂ ਪਰਤ, ਪਤਿਪਰਮੇਸ਼ਵਰ ਆਪਣਾ ਵੇਸ ਵਟਾਈਆ । ਸਾਡਾ ਲਹਿਣਾ ਦੇਣਾ ੬੧

੨੪ ਪੂਰਾ ਕਰ ਦੇ ਉਤੇ ਧਰਤ, ਧਵਲ ਦੇ ਮਾਲਕ ਹੋਣਾ ਸਹਾਈਆ । ਸਾਡਾ ਵਸੇਰਾ ਹੋਵੇ ਤੇਰੇ ਅਰਸ਼, ਅਰਸ਼ੀ ਪ੍ਰੀਤਮ ਦੇਣੀ ਵਡਿਆਈਆ । ਜੋਤੀ ੨੪

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਪੰਜ ਤਤ ਕਹਿਣ ਪ੍ਰਭ ਸਾਨੂੰ ਸਚਖੰਡ ਵਸਾਉਣਾ ਆਪ, ਦਰਗਾਹ ਸਚ ਦੇਣੀ ਵਡਿਆਈਆ । ਤੇਰਾ ਨਿਤ ਨਵਿਤ ਜਪਿਆ ਜਾਪ, ਜਗ ਜੀਵਣ ਦਾਤੇ ਸੇਵ ਕਮਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਕਰ ਦੇ ਪਾਕ, ਤਤਾਂ ਮੈਲ ਰਹੇ ਨਾ ਰਾਈਆ । ਥਿਰ ਘਰ ਦਾ ਖੋਲ੍ਹ ਦੇ ਤਾਕ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੇ ਪਰਮਾਤਮਾ ਆਤਮਾ ਤੇਰਾ ਸਾਥ, ਭਗਤਾਂ ਦੇ ਤਤ ਆਪਣੇ ਰੰਗ ਲੈਣੇ ਰੰਗਾਈਆ । ਮੰਜ਼ਲ ਪੰਧ ਮੁਕਾ ਦੇ ਵਾਟ, ਲੇਖਾ ਅਗੇ ਰਹੇ ਨਾ ਰਾਈਆ । ਅਸੀਂ ਪੁਜੀਏ ਤੇਰੇ ਘਾਟ, ਪਤਣ ਇਕੋ ਸੋਭਾ ਪਾਈਆ । ਜਿਥੇ ਜੋਤੀ ਨੂਰ ਲਲਾਟ, ਮਸਤਕ ਜਗਤ ਨਾ ਕੋਇ ਵਖਾਈਆ । ਸਚ ਦੁਆਰ ਵਖਾਉਣਾ ਹਾਟ, ਹਟਵਾਣੇ ਭੇਵ ਖੁਲ੍ਹਾਈਆ । ਸਾਡਾ ਲਹਿਣਾ ਦੇਣਾ ਆਵਣ ਜਾਵਣ ਦੇਣਾ ਕਾਟ, ਕਟਾਕਸ਼ ਆਪਣਾ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ਵੇਖਣਾ ਘਰ ਅਥਾਹ, ਥਿਰ ਘਰ ਵਾਸੀ ਦੇਣਾ ਵਖਾਈਆ । ਸਾਡਾ ਲੇਖਾ ਰਹੇ ਨਾ ਜਲ ਥਲ ਅਸਗਾਹ, ਮਹੀਅਲ ਪੰਧ ਮੁਕਾਈਆ । ਤੂੰ ਆਦਿ ਜੁਗਾਦੀ ਇਕ ਮਲਾਹ, ਖੇਵਟ ਖੇਟਾ ਨੂਰ ਅਲਾਹੀਆ । ਤੈਨੂੰ ਮੰਨੀਏ ਹਕ ਖ਼ੁਦਾ, ਖ਼ੁਦ ਮਾਲਕ ਦੇਣੀ ਵਡਿਆਈਆ । ਜੋ ਸੂਫ਼ੀ ਆਸਾ ਗਏ ਰਖਾ, ਮਨਸਾ ਤੇਰੇ ਚਰਨ ਟਿਕਾਈਆ । ਸਦੀ ਚੌਧਵੀਂ ਜਨ ਭਗਤਾਂ ਤਤਾਂ ਦੇਣੀ ਸ਼ਫ਼ਾ, ਸ਼ਫ਼ਕਤ ਆਪਣੇ ਹੱਥ ਰਖਾਈਆ । ਤੂੰ ਸੁਆਮੀ ਮਿਹਰਬਾਂ, ਮਹਿਬੂਬ ਨੂਰ ਅਲਾਹੀਆ ।

ਸਾਨੂੰ ਕਦੀ ਨਾ ਕਰੀਂ ਜੁਦਾ, ਜੁਜ਼ ਵਖਰਾ ਵੰਡ ਵੰਡਾਈਆ । ਸਾਡੀ ਬੇਨੰਤੀ ਤੇਰੇ ਅਗੇ ਦੁਆ, ਦੋਏ ਜੋੜ ਵਾਸਤਾ ਪਾਈਆ । ਪੁਰਖ ਅਕਾਲੇ ਦੀਨ ਦਿਆਲੇ ਜਨ ਭਗਤਾਂ ਤਤ ਆਪਣੇ ਚਰਨ ਕਵਲ ਟਿਕਾ, ਦਰਗਾਹ ਸਚ ਦੇ ਸਰਨਾਈਆ । ਵਿਛੋੜੇ ਵਿਚ ਫੇਰ ਭਰੀਏ ਕਦੇ ਨਾ ਆਹ, ਉਫ਼ ਹਾਏ ਨਾ ਕੋਇ ਸੁਣਾਈਆ । ਤੂੰ ਆਦਿ ਜੁਗਾਦਿ ਪਿਤਾ ਮਾਂ, ਮਾਤ ਪਿਤ ਇਕ ਅਖਵਾਈਆ । ਸਚਖੰਡ ਦੁਆਰਾ ਏਕੰਕਾਰਾ ਆਪਣਾ ਦੇਣਾ ਥਾਂ, ਥਾਨ ਥਨੰਤਰ ਇਕ ਸੁਹਾਈਆ । ਸਦਾ ਸੁਹੇਲੇ ਇਕ ਅਕੇਲੇ ਦੇਣੀ ਠੰਢੀ ਛਾਂ, ਅਗਨੀ ਤਤ ਨਾ ਲਾਗੇ ਰਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਰਨਾ ਹਕ ਨਿਆਂ, ਅਦਲ ਇਨਸਾਫ਼ ਆਪ ਕਮਾਈਆ । ਪੰਜ ਤਤ ਕਹਿਣ ਪ੍ਰਭ ਤੇਰੀ ਸਿਫ਼ਤ ਕਰੀਏ ਵਾਹ ਵਾਹ, ਵਾਹਵਾ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਭਗਤਾਂ ਪਕੜਨਹਾਰਾ ਬਾਂਹ, ਤੁਧ ਬਿਨ ਦੂਜਾ ਅਵਰ ਨਜ਼ਰ ਕੋਇ ਨਾ ਆਈਆ ।

✪ ੧੯ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ਦਲੀਪ ਸਿੰਘ ਮੁਖਤਿਆਰ ਸਿੰਘ ਗੁਰਬਖ਼ਸ਼ ਸਿੰਘ ਕਰਮ ਸਿੰਘ ਜਗੀਰ ਸਿੰਘ ਚੰਨਣ ਸਿੰਘ ਭਜਨ ਕੌਰ ਗੱਗੋਬੂਆ, ਕਰਤਾਰ ਸਿੰਘ ਪਰਤਾਪ ਕੌਰ ਭੋਜੀਆਂ, ਸੇਵੀ ਠਠਾ, ਵੀਰੋ ਬਘਿਆੜੀ, ਜਗੀਰ ਸਿੰਘ ਸਬਰਾ, ✪



ਪੰਜ ਤਤ ਕਹਿਣ ਪ੍ਰਭ ਸਾਡਾ ਜੁਗ ਜੁਗ ਮੇਟ ਦੇ ਰੱਟਾ, ਝਗੜਾ ਤਤ ਰਹਿਣ ਨਾ ਪਾਈਆ । ਸਭ ਦਾ ਲੇਖੇ ਲਾ ਲੈ ਲਿਖਤ ਵਾਲਾ ਪਟਾ, ਪਾਟਲ ਹੋ ਕੇ ਧਿਆਨ ਲਗਾਈਆ । ਕਲਜੁਗ ਨਾਲ ਸਤਿਜੁਗ ਕਰ ਦੇ ਵਟਾ, ਵਟਾਂਦਰਾ ਆਪਣੇ ਹੱਥ ਰਖਾਈਆ । ਸਾਡਾ ਚੀਥੜ ਵੇਖ ਲੈ ਫਟਾ, ਜੁਗ ਚੌਕੜੀ ਪੁਰਾਤਨ ਦੇਈਏ ਵਖਾਈਆ । ਸਾਡਾ ਤਨ ਵਜੂਦ ਵੇਖ ਲੈ ਮਟਾ, ਅੰਦਰ ਅੰਦਰ ਧਿਆਨ ਲਗਾਈਆ । ਮਨੂਆ ਮਨਸਾ ਵਾਲਾ ਫਿਰੇ ਨਾ ਨਠਾ, ਭੱਜੇ ਵਾਹੋ ਦਾਹੀਆ । ਲੇਖਾ ਰਹਿਣ ਨਾ ਦੇਣਾ ਅਠਸਠਾ, ਤੀਰਥ ਤੱਟਾਂ ਪੰਧ ਮੁਕਾਈਆ । ਉਲਟੀ ਗੇੜ ਪੁਰਖ ਅਕਾਲੇ ਲਠਾ, ਗੇੜਾ ਗੇੜੇ ਵਿਚੋਂ ਬਦਲਾਈਆ । ਦੀਨ ਮਜ਼੍ਹਬ ਸ਼ਰਅ ਦਾ ਰਹੇ ਕੋਈ ਨਾ ਰੱਟਾ, ਝਗੜਾ ਦਿਸੇ ਨਾ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰ ਇਕ ਵਖਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ਦੇਖੀਏ ਦਰ ਸੁਹਾਵਾ, ਸੋਹਣੀ ਦੇਣੀ ਵਡਿਆਈਆ । ਸਾਡਾ ਤੇਰੇ ਉਤੇ ਦਾਹਵਾ, ਦਾਹਵੇਦਾਰ ਜਗਤ ਅਖਵਾਈਆ । ਦਰਗਾਹ ਸਾਚੀ ਸਾਡਾ ਲਾ ਲੈ ਨਾਵਾਂ, ਨਰ ਨਿਰੰਕਾਰ ਹੋ ਸਹਾਈਆ । ਸਾਡਾ ਰੂਪ ਰਹੇ ਨਾ ਵਾਂਗ ਕਾਵਾਂ, ਹੰਸ ਆਪਣੇ ਰੰਗ ਰੰਗਾਈਆ । ਤੇਰਾ ਭਗਤ ਸੁਹੇਲਾ ਮਾਤ ਰਹੇ ਨਾ ਕੋਇ ਨਿਥਾਵਾਂ, ਸਚਖੰਡ ਦੇਣੀ ਮਾਣ ਵਡਿਆਈਆ । ਪੰਜ ਤਤ ਕਹਿਣ ਆਪਣੀ ਗੋਦੀ ਚਕ ਲੈ ਬਿਨਾ ਬਾਹਵਾਂ, ਪਤਿਪਰਮੇਸ਼ਵਰ ਮਿਹਰ ਨਜ਼ਰ ਉਠਾਈਆ । ਆਤਮਾ ਨਾਲ ਸਾਡਾ ਵਜ਼ਨ ਕਰ ਦੇ ਸਾਵਾਂ, ਇਕੋ ਕੰਡੇ ਤਰਾਜ਼ੂ ਤੋਲ ਤੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧੁਰ ਦੀ ਵਸਤ ਆਪ ਵਰਤਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਪੂਰੀ ਕਰ ਦੇ ਮਨਸਾ, ਮਮਤਾ ਜਗਤ ਨਾ ਕੋਇ ਰਖਾਈਆ । ਜੇ

ਆਤਮਾ ਤੇਰੀ ਅੰਸਾ, ਤੇਰੇ ਰੂਪ ਵਿਚ ਸਮਾਈਆ । ਸਾਨੂੰ ਆਪਣਾ ਬਣਾ ਲੈ ਬੰਸਾ, ਪਰਵਰਦਿਗਾਰ ਤੇਰੀ ਵਡਿਆਈਆ । ਸਾਡਾ ਅੰਤਰ ਰਹੇ ਨਾ ਸੰਸਾ, ਚਿੰਤਾ ਰੋਗ ਨਾ ਕੋਇ ਸਤਾਈਆ । ਧਰਮ ਦੀ ਧਾਰ ਬਣਾ ਲੈ ਬਣਤਾ, ਘੜਨ ਭੰਨਣਹਾਰ ਵੇਖ ਵਖਾਈਆ । ਸਾਡਾ ਝਗੜਾ ਰਹੇ ਨਾ ਮਨ ਦਾ, ਮਮਤਾ ਮੋਹ ਨਾ ਕੋਇ ਹਲਕਾਈਆ । ਜਿਸ ਵੇਲੇ ਨਾਤਾ ਤੁੱਟੇ ਤਨ ਕਾ, ਲੋਕਮਾਤ ਰਹਿਣ ਨਾ ਪਾਈਆ । ਫੇਰ ਲੇਖਾ ਵੇਖਣਾ ਆਪਣੇ ਜਨ ਕਾ, ਬਣ ਜਣੇਂਦੀ ਮਾਈਆ । ਪਰਕਾਸ਼ ਦੇਣਾ ਆਪਣੇ ਨੂਰੀ ਚੰਨ ਕਾ, ਚੰਦ ਚਾਂਦਨੀ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੀ ਖੇਲ ਆਪ ਖਿਲਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਲੱਗੇ ਤੇਰੇ ਕਵਲ ਚਰਨ, ਚਰਨ ਕਵਲ ਦੇਣੀ ਵਡਿਆਈਆ । ਤਕੀ ਤੇਰੀ ਸਰਨ, ਸਰਨਗਤ ਇਕ ਰਖਾਈਆ । ਜੇ ਆਤਮਾ ਮੇਲਣਾ ਤੇਰਾ ਪਰਨ, ਜਨ ਭਗਤਾਂ ਦੇਣੀ ਵਡਿਆਈਆ । ਪੰਜ ਤਤ ਤੇਰਾ ਲੜ ਫੜਨ, ਪੱਲੂ ਇਕੋ ਗੰਢ ਵਖਾਈਆ । ਉਹ ਕਿਉਂ ਨਾ ਤੇਰੀ ਮੰਜ਼ਲ ਚੜ੍ਹਨ, ਸਚਖੰਡ ਪੁੱਜਣ ਚਾਈਂ ਚਾਈਂਆ । ਲੇਖਾ ਮੁਕਾਉਣਾ ਚੋਟੀ ਜੜ੍ਹਨ, ਚੇਤਨ ਆਪਣੇ ਰੰਗ ਰੰਗਾਈਆ । ਜਿਹੜੇ ਜੁਗ ਜੁਗ ਅਗਨੀ ਵਿਚ ਸੜਨ, ਸੜ ਸੜ ਧੂੜੀ ਖ਼ਾਕ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਾਹਿਬ ਤੇਰੀ ਬੇਪਰਵਾਹੀਆ । ਪੰਜ ਤਤ ਕਹਿਣ ਪ੍ਰਭ ਸਾਡਾ ਰਹੇ ਅੰਤ ਨਾ ਲੇਖਾ, ਜਗਤ ਲੇਖ ਦੇਣਾ ਮਿਟਾਈਆ । ਜਗਤ ਭਰਾਂਤ ਨਾ ਰਹੇ ਭੁਲੇਖਾ, ਭਾਂਡਾ ਭਰਮ ਭਓ ਭੰਨਾਈਆ । ਤੇਰਾ ਨਿਰਗੁਣ ਧਾਰ ਤਕਿਆ ਵੇਸਾ, ਜੋਤੀ ਜਾਤੇ ਨਜ਼ਰੀ ਆਈਆ । ਸਾਡਾ ਲਹਿਣਾ ਦੇਣਾ ਮੁਕਾ ਦੇ ਦੇਸ ਪਰਦੇਸ਼ਾ, ਧਰਨੀ ਧਰਤ ਧਵਲ ਪੰਧ ਦੇਣਾ ਚੁਕਾਈਆ । ਤੇਰੇ ਚਰਨ ਕਵਲ ਰਹੀਏ ਹਮੇਸ਼ਾ, ਸਚਖੰਡ ਸਾਚੇ ਸੋਭਾ ਪਾਈਆ । ਆਤਮਾ ਉਧਾਰਨਾ ਜੇ ਤੇਰਾ ਪੇਸ਼ਾ, ਪੰਜਾਂ ਤਤਾਂ ਨਾਲ ਦੇਣੀ ਵਡਿਆਈਆ । ਸਾਡਾ ਇਕੋ ਇਕ ਤੇਰੇ ਦਰ ਸੰਦੇਸ਼ਾ, ਅਣਸੁਣਤ ਦੇਈਏ ਸੁਣਾਈਆ । ਆਵਣ ਜਾਵਣ ਪਤਤ ਪਾਵਨ ਮੇਟ ਕਲੇਸ਼ਾ, ਕਲ ਕਾਤੀ ਬਹੁਭਾਂਤੀ ਆਪਣਾ ਮੇਲਾ ਲੈਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਚਰਨ ਕਵਲ ਇਕ ਆਦੇਸਾ, ਦਹਿ ਦਿਸ਼ਾ ਦੇ ਮਾਲਕ ਦੇਣੀ ਮਾਣ ਵਡਿਆਈਆ ।



✪ ੧੯ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਸੋਹਲ ਜ਼ਿਲਾ ਅੰਮ੍ਰਿਤਸਰ ਪੂਰਨ ਸਿੰਘ, ਹਰੀ ਸਿੰਘ, ਮਹਿੰਦਰ ਸਿੰਘ, ਬਚਨ ਸਿੰਘ, ਗੁਰਦੀਪ ਕੌਰ ਸੋਹਲ, ਸੁਰਜੀਤ ਕੌਰ, ਗੁਰਦੀਪ ਸਿੰਘ ਭਰੋਭਾਲ, ਚਰਨ ਕੌਰ ਭੁਸੇ, ਵਰਿਆਮ ਸਿੰਘ ਮਲੀਆ, ਵੀਰੋ ਮਾੜੀ ਕੰਬੋਕੀ, ਰਾਜ ਕੌਰ ਖਰ ✪

ਪੰਜ ਤਤ ਕਹਿਣ ਪ੍ਰਭ ਸਾਡੀ ਪੂਰੀ ਕਰ ਦੇ ਆਸ, ਤ੍ਰਿਖਾ ਤ੍ਰਿਸ਼ਨਾ ਦੀਨ ਦੁਨੀ ਮਿਟਾਈਆ । ਸਾਡਾ ਲਹਿਣਾ ਦੇਣਾ ਮੁਕਾ ਦੇ ਨਾਲੋਂ ਸ਼ੰਕਰ ਕੈਲਾਸ਼, ਅਕਲ ਕਲਧਾਰੀ ਆਪਣੀ ਦਇਆ ਕਮਾਈਆ । ਗਰਭ ਵਿਚ ਫੇਰ ਨਾ ਹੋਏ ਨਿਵਾਸ, ਜਨਣੀ ਕੁੱਖ ਨਾ ਕੋਇ ਰਖਾਈਆ । ਰਾਏ ਧਰਮ ਨਾ ਦੇਵੇ ਫਾਸ, ਫਾਸੀ ਗਲ ਨਾ ਕੋਇ ਲਟਕਾਈਆ । ਤੂੰ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼, ਹਰਿ ਕਰਤਾ ਇਕ ਅਖਵਾਈਆ । ਜੁਗ ਜੁਗ ਮਾਲਕ

ਪੁਰਖ ਅਬਿਨਾਸ਼, ਪਰਮ ਪੁਰਖ ਨੂਰ ਅਲਾਹੀਆ । ਹਉਂ ਸੇਵਕ ਤੇਰੇ ਦਾਸ, ਸੇਵਾ ਜੁਗ ਜੁਗ ਮਾਤ ਕਮਾਈਆ । ਸਾਡੀ ਅੰਤਰ ਮੇਟ ਉਦਾਸ, ਚਿੰਤਾ ਗ਼ਮ ਨਾ ਕੋਇ ਰਖਾਈਆ । ਸਾਡੀ ਤ੍ਰਿਸ਼ਨਾ ਨਾ ਕਰੀਂ ਨਿਰਾਸ, ਨਿਰਗੁਣ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮੇਲਾ ਆਪ ਮਿਲਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਚੁਰਾਸੀ ਤੋੜ ਜ਼ੰਜੀਰ, ਬੰਧਨ ਬੰਧ ਨਾ ਕੋਇ ਰਖਾਈਆ । ਤੂੰ ਮਾਲਕ ਬੇਨਜ਼ੀਰ, ਨਜ਼ਰੀਆ ਆਪਣਾ ਲੈ ਬਦਲਾਈਆ । ਸਾਡੀ ਲੇਖੇ ਲਾ ਤਕਦੀਰ, ਤਕੱਬਰ ਜਗਤ ਨਾ ਕੋਇ ਜਣਾਈਆ । ਤੇਰੇ ਹੱਥ ਤੇਰੀ ਤਦਬੀਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਅੰਦਰੋਂ ਸਾਡੀ ਬਦਲ ਜ਼ਮੀਰ, ਜ਼ਾਮਨ ਹੋ ਕੇ ਵੇਖ ਵਖਾਈਆ । ਸਾਡੀ ਬੇਨੰਤੀ ਇਕ ਅਖ਼ੀਰ, ਆਖ਼ਰ ਦੇਈਏ ਸੁਣਾਈਆ । ਸਾਡੇ ਨੇਤਰ ਵਗੇ ਨੀਰ, ਹੰਝੂਆਂ ਹਾਰ ਬਣਾਈਆ । ਤੂੰ ਸ਼ਹਿਨਸ਼ਾਹ ਸ਼ਾਹ ਪੀਰਾਂ ਦਾ ਪੀਰ, ਹਰਿ ਕਰਤਾ ਨੂਰ ਅਲਾਹੀਆ । ਆਦਿ ਜੁਗਾਦੀ ਗਹਿਰ ਗੰਭੀਰ, ਗਵਰ ਅਗੰਮ ਅਥਾਹੀਆ । ਪੰਜ ਤਤ ਕਹਿਣ ਜਨ ਭਗਤਾਂ ਲੇਖੇ ਲਾ ਸਰੀਰ, ਤਨ ਵਜੂਦ ਆਪਣੇ ਰੰਗ ਰੰਗਾਈਆ । ਲਹਿਣਾ ਰਹੇ ਨਾ ਹਸਤ ਕੀਰ, ਕੀਟ ਕੀਟਾਂ ਗੋਦ ਉਠਾਈਆ । ਪੁਰਖ ਅਕਾਲੇ ਦੀਨ ਦਿਆਲੇ ਦੇਣੀ ਧੀਰ, ਧੀਰਜ ਧਰਮ ਧਾਰ ਸਮਝਾਈਆ । ਸਚ ਸੁਆਮੀ ਅਗੰਮਾ ਅੰਮ੍ਰਿਤ ਬਖ਼ਸ਼ ਦੇ ਸੀਰ, ਤ੍ਰਿਖਾ ਦੀਨ ਦੁਨੀ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਚ ਦੇਣੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਸਾਡੀ ਚੋਗ ਨਾ ਜਾਏ ਨਿਖੁਟ, ਲੇਖਾ ਆਪਣੇ ਹੱਥ ਰਖਾਈਆ । ਪ੍ਰੀਤਮ ਪ੍ਰੀਤ ਜਾਏ ਨਾ ਟੁਟ, ਗੰਢਣਹਾਰ ਗੋਪਾਲ ਵੇਖਣਾ ਚਾਈਂ ਚਾਈਂਆ । ਤੇਰਾ ਦੁਆਰਾ ਜਾਏ ਨਾ ਛੁਟ, ਛੁਟਕੀ ਲਿਵ ਲੈਣੀ ਲਗਾਈਆ । ਅੰਮ੍ਰਿਤ ਜਾਮ ਪਿਆ ਦੇ ਘੁਟ, ਰਸਨਾ ਰਸ ਰਸ ਚਖਾਈਆ । ਅਸੀਂ ਆਦਿ ਜੁਗਾਦੀ ਤੇਰੇ ਸੁਤ, ਪਿਤਾ ਪੂਤ ਲੈਣੇ ਗਲ ਲਾਈਆ । ਕਲਜੁਗ ਵੇਖ ਅੰਧੇਰਾ ਘੁਪ, ਸਾਚਾ ਚੰਦ ਨਾ ਕੋਇ ਚਮਕਾਈਆ । ਤੇਰੇ ਧਰਮ ਦਾ ਨੂਰ ਗਿਆ ਛੁਪ, ਪੜਦਾ ਸਕੇ ਨਾ ਕੋਇ ਉਠਾਈਆ । ਤੇਰੇ ਅਗੇ ਦਸੀਏ ਦੁਖ, ਦੁਖੀ ਹੋ ਕੇ ਜਗਤ ਜਣਾਈਆ । ਸਾਡੀ ਤ੍ਰਿਸਨਾ ਮੇਟ ਦੇ ਭੁਖ, ਕਾਮਨਾ ਕਾਮ ਨਾ ਕੋਇ ਵਡਿਆਈਆ । ਉਲਟਾ ਫੇਰ ਹੋਈਏ ਨਾ ਰੁਖ਼, ਰੁਖ਼ਸਤ ਦੀਨ ਦੁਨੀ ਵਿਚੋਂ ਕਰਾਈਆ । ਤੇਰੇ ਦੁਆਰੇ ਸਾਡੀ ਸੁਹੰਜਣੀ ਹੋਵੇ ਰੁਤ, ਰੁਤੜੀ ਸਚਖੰਡ ਮਹਿਕਾਈਆ । ਤੂੰ ਪਾਰਬ੍ਰਹਮ ਅਬਿਨਾਸ਼ੀ ਅਚੁਤ, ਪਾਰਬ੍ਰਹਮ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਸੰਗ ਇਕ ਰਖਾਈਆ । ਪੰਜ ਤਤ ਕਹਿਣ ਪ੍ਰਭ ਤੇਰੇ ਲੇਖੇ ਜਾਈਏ ਲੱਗ, ਲਗ ਮਾਤਰ ਡੇਰਾ ਢਾਹੀਆ । ਦੇ ਵਡਿਆਈ ਵਿਚ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਕਲਜੁਗ ਕੂੜ ਬੁਝਾ ਦੇ ਅੱਗ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਤਪਾਈਆ । ਸਾਡੇ ਧੁਰਦਰਗਾਹੀ ਰੱਬ, ਯਾਮਬੀਨ ਤੇਰੀ ਸਰਨਾਈਆ । ਸਾਨੂੰ ਚੁਰਾਸੀ ਵਿਚੋਂ ਲਭ, ਜੇ ਮੇਲਾ ਮੇਲਿਆ ਚਾਈਂ ਚਾਈਂਆ । ਹੁਣ ਕਿਰਪਾ ਕਰ ਦੇ ਝਬ, ਅਗਲਾ ਪੰਧ ਨਾ ਕੋਇ ਵਖਾਈਆ । ਸਚਖੰਡ ਦੁਆਰ ਵਖਾ ਦੇ ਹੱਦ, ਹਦੂਦ ਇਕੋ ਇਕ ਸਮਝਾਈਆ । ਜਿਥੇ ਤੇਰੇ ਨਾਮ ਦਾ ਵਜੇ ਨਦ, ਧੁਨ ਆਵਾਜ਼ ਨਾ ਕੋਇ ਸੁਣਾਈਆ । ਦੀਪਕ ਜੋਤੀ ਦੀਆ ਜਾਏ ਜਗ, ਬਿਨ ਤੇਲ ਬਾਤੀ ਡਗਮਗਾਈਆ । ਸਚ ਦੁਆਰ ਏਕੰਕਾਰ ਧੁਰ ਧਾਮ ਅਵਲੜੇ ਜਾਈਏ ਸਜ, ਸਾਜਣ ਦੇਣੀ ਮਾਣ ਵਡਿਆਈਆ । ਪੰਜ ਤਤ ਕਹਿਣ ਸਾਨੂੰ ਤੇਰੇ ਮਿਲਣ ਦਾ ਲਬ, ਲੋਭ ਲਾਲਚ ਕੂੜ ਦਿਤਾ ਤਜਾਈਆ ।

ਖ਼ੁਸ਼ੀਆਂ ਨਾਲ ਸਾਹਿਬ ਸੁਲਤਾਨੇ ਲੈਣਾ ਸੱਦ, ਸੱਦਾ ਦੇਣਾ ਥਾਉਂ ਥਾਈਂਆ । ਅਸੀਂ ਹੋਈਏ ਗਦ ਗਦ, ਗਦਾਗਰ ਦਾ ਲੇਖਾ ਦੇ ਮੁਕਾਈਆ । ਜੇ ਆਤਮਾ ਤੇਰੀ ਯਦ, ਜਨ ਭਗਤਾਂ ਤਤ ਆਪਣੇ ਨਾਲ ਮਿਲਾਈਆ । ਅਸੀਂ ਤੇਰੀ ਸੇਵਾ ਕੀਤੀ ਵਧ, ਭੱਜੇ ਵਾਹੋ ਦਾਹੀਆ । ਸਾਡਾ ਹਿੱਸਾ ਦੇ ਦੇ ਅਧ, ਅਧਵਿਚਕਾਰ ਨਾ ਕਦੇ ਰਖਾਈਆ । ਆਪਣੇ ਨਾਲੋਂ ਕਰੀਂ ਨਾ ਅੱਡ, ਵਖਰਾ ਗ੍ਰਿਹਿ ਵਖਾਈਆ । ਜਨ ਭਗਤਾਂ ਸਚਖੰਡ ਦੁਆਰੇ ਆਉਣਾ ਛਡ, ਅਗੇ ਹੋ ਨਾ ਕੋਇ ਅਟਕਾਈਆ । ਲੇਖੇ ਲਾਉਣਾ ਨਾੜੀ ਮਾਸ ਹਡ, ਤਤਾਂ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦੁਆਰ ਏਕੰਕਾਰ ਨਿਰਗੁਣ ਧਾਰ ਲੈਣਾ ਸੱਦ, ਸਤਿਗੁਰ ਸ਼ਬਦ ਸ਼ਬਦ ਸ਼ਨਵਾਈਆ ।

२० ਅਸੂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਗੁਮਾਨਪੁਰਾ ਜ਼ਿਲਾ ਅੰਮ੍ਰਿਤਸਰ ਨਰਾਇਣ ਸਿੰਘ ਅਜੀਤ ਸਿੰਘ
ਸਵਰਨ ਸਿੰਘ, ਹਰਨਾਮ ਸਿੰਘ ਗੁਮਾਨਪੁਰਾ, ਭਾਗ ਸਿੰਘ ਮਾਹਲ, ਕਰਮ ਸਿੰਘ ਗੁਰਮੇਜ਼ ਕੌਰ ਮੀਆਪੁਰ,
ਜਗਮੋਹਣ ਸਿੰਘ ਆਸ ਕੌਰ ਬੋਪਾਰਾਏ, ਅਵਤਾਰ ਸਿੰਘ ਕਾਉਂਕੇ, ਮਹਿੰਦਰ ਸਿੰਘ ਬੋਪਾਰਾਏ,
ਭਾਗ ਸਿੰਘ ਮਹਾਵਾ, ਸਮਾ ਸਿੰਘ ਮੋਦੇ, ਛਿੰਦੋ ਗੁਰਬਚਨ ਕੌਰ ਧਨੋਏ



ਪੰਜ ਤਤ ਕਹਿਣ ਪ੍ਰਭ ਸਾਡੀ ਦੁਰਮਤ ਮੈਲ ਧੋ, ਮਾਇਆ ਮਮਤਾ ਮੋਹ ਮਿਟਾਈਆ । ਕੂੜੀ ਕਿਰਿਆ ਸਾਡੇ ਅੰਦਰੋਂ ਖੋਹ, ਹੁਕਮ ਧੁਰ ਦੇ ਨਾਲ ਮਿਟਾਈਆ । ਪੰਜ ਵਿਕਾਰ ਰਹੇ ਨਾ ਗ੍ਰੋਹ, ਗਹਿਰ ਗੰਭੀਰ ਦੇਣੀ ਵਡਿਆਈਆ । ਤੇਰਾ ਨਾਮ ਉਪਜੇ ਸੋ, ਸੋ ਪੁਰਖ ਹੋਣਾ ਆਪ ਸਹਾਈਆ । ਆਤਮ ਧਾਰ ਤੇਰਾ ਗਿਆ ਜੇ ਹੋ, ਪੰਜ ਤਤ ਮੇਲਾ ਮੇਲਣਾ ਚਾਈਂ ਚਾਈਂਆ । ਤੇਰੇ ਚਰਨ ਸਰਗੁਣ ਧਾਰ ਜਾਈਏ ਛੋਹ, ਸ਼ਹਿਨਸ਼ਾਹ ਤੇਰੇ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਸਮਝਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਅੰਦਰ ਸੁਣਾ ਦੇ ਨਾਦ, ਅਨਾਦੀ ਧੁਨ ਉਪਜਾਈਆ । ਭੇਵ ਚੁਕਾ ਦੇ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਵਜੇ ਵਧਾਈਆ । ਤੂੰ ਮਾਲਕ ਖ਼ਾਲਕ ਪੁਰਖ ਅਕਾਲਾ ਆਦਿ, ਅੰਤ ਤੇਰੀ ਓਟ ਤਕਾਈਆ । ਜਨ ਭਗਤਾਂ ਹਿਰਦੇ ਸਦ ਤੇਰੀ ਰਹੇ ਯਾਦ, ਮਨ ਮਨਸਾ ਮੋਹ ਮਿਟਾਈਆ । ਸ਼ਬਦ ਸੰਦੇਸ਼ਾ ਦੇ ਦੇ ਬੋਧ ਅਗਾਧ, ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਜੇ ਆਤਮਾ ਤੇਰਾ ਸਚ ਸਮਾਜ, ਸਚ ਦੇ ਮਾਲਕ ਸਾਡਾ ਮੇਲਾ ਲੈਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਘਰ ਵਜਦੀ ਰਹੇ ਵਧਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਅੰਦਰ ਬਖ਼ਸ਼ ਦੇ ਨਿਰਮਲ ਨੂਰ, ਨੂਰ ਨੁਰਾਨੇ ਨੂਰ ਚਮਕਾਈਆ । ਤੇਰਾ ਤਕੀਏ ਹਕ ਜ਼ਹੂਰ, ਜ਼ਾਹਰ ਭੇਵ ਦੇਣਾ ਚੁਕਾਈਆ । ਪੰਧ ਰਹੇ ਨਾ ਨੇੜਾ ਦੂਰ, ਗ੍ਰਿਹਿ ਮੰਦਰ ਮਿਲਕੇ ਵਜਦੀ ਰਹੇ ਵਧਾਈਆ । ਤੂੰ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਈਂਆ । ਤੇਰੇ ਚਰਨ ਕਵਲ ਸ਼ੁਕਰੀਏ ਵਿਚ ਹੋਈਏ ਮਸ਼ਕੂਰ, ਨਿਵ ਨਿਵ ਸੀਸ ਝੁਕਾਈਆ । ਸਾਡੇ ਜਨਮ ਜਨਮ ਦੇ ਬਖ਼ਸ਼ ਕਸੂਰ, ਮਿਹਰਵਾਨ ਮਿਹਰ ਨਜ਼ਰ ਉਠਾਈਆ ।

ਸਾਡੀ ਆਸਾ ਮਨਸਾ ਅੰਤਮ ਕਰ ਪੂਰ, ਪੂਰਨ ਬ੍ਰਹਮ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਅੰਤਰ ਅੰਮ੍ਰਿਤ ਬਖ਼ਸ਼ ਦੇ ਮਿਉਂ, ਬਰਖਾ ਅਗੰਮ ਅਥਾਹ ਨਿਰਗੁਣ ਧਾਰ ਲਗਾਈਆ । ਜੋਤੀ ਜਾਤੇ ਲਗਾ ਲੈ ਨਿਹੁ, ਨਾਤਾ ਸਕੇ ਨਾ ਕੋਇ ਤੁੜਾਈਆ । ਤੂੰ ਆਦਿ ਜੁਗਾਦੀ ਧੁਰ ਦਾ ਦਿਉ, ਦੇਵਤ ਸੁਰ ਤੇਰੀ ਸਰਨਾਈਆ । ਤੂੰ ਮਾਲਕ ਅਲਖ ਅਭਿਉ, ਭੈ ਭੰਜਣ ਤੇਰੀ ਬੇਪਰਵਾਹੀਆ । ਸਚਖੰਡ ਦੁਆਰਾ ਭਗਤਾਂ ਤਤ ਕਹਿਣ ਸਾਨੂੰ ਬਖ਼ਸ਼ਦਾ ਨਹੀਂ ਕਿਉਂ, ਕਰਮ ਕਾਂਡ ਦਾ ਡੇਰਾ ਢਾਹੀਆ । ਜੁਗ ਜੁਗ ਤੇਰੇ ਚਰਨ ਕਵਲ ਗਏ ਨਿਉਂ, ਨਿਵ ਨਿਵ ਸੀਸ ਝੁਕਾਈਆ । ਸਾਡਾ ਝਗੜਾ ਮੁਕਾ ਦੇ ਸਾਡੇ ਤਿੰਨ ਹੱਥ ਸੀਉਂ, ਸੀਵਾਂ ਜਗਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਅੰਦਰ ਚਾੜ੍ਹ ਦੇ ਰੰਗ, ਰੰਗਤ ਅਗੰਮ ਅਥਾਹੀਆ । ਬਿਰਹੋਂ ਵਿਛੋੜੇ ਵਿਚ ਮੰਗੀਏ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਬੇਸ਼ਕ ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਅਸੀਂ ਤਤ ਪੰਜ, ਪੰਚਮ ਸ਼ਬਦ ਨਾਲ ਸ਼ਨਵਾਈਆ । ਸਾਡਾ ਮੇਟ ਦੇ ਗ਼ਮ ਰੰਜ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਤੇਰੇ ਦੁਆਰੇ ਨੇਤਰ ਵਹਾਈਏ ਹੰਝ, ਹੰਝੂਆਂ ਹਾਰ ਬਣਾਈਆ । ਜਗਤ ਵਿਕਾਰ ਰਹੇ ਨਾ ਜੰਗ, ਲੇਖਾ ਕੂੜ ਦੇਣਾ ਮੁਕਾਈਆ । ਨਿਜ ਘਰ ਵਾਸੀ ਨਿਜ ਘਰ ਦੇਣਾ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਸਾਨੂੰ ਆਪਣੇ ਬਣਾ ਲੈ ਚੰਦ, ਚੰਦ ਚਾਂਦਨੀ ਇਕ ਰੁਸ਼ਨਾਈਆ । ਜੇ ਆਤਮਾ ਆਪਣੇ ਨਾਲ ਲਈ ਗੰਢ, ਜਨ ਭਗਤਾਂ ਤਤ ਸੰਗ ਬਣਾਈਆ । ਸਚਖੰਡ ਦੁਆਰੇ ਸਾਨੂੰ ਪਈ ਠੰਢ, ਥਿਰ ਘਰ ਬਹਿ ਕੇ ਵਜਦੀ ਰਹੇ ਵਧਾਈਆ । ਪੁਰਖ ਅਕਾਲੇ ਦੀਨ ਦਿਆਲੇ ਭਗਤਾਂ ਦੇਵੀਂ ਕਦੇ ਨਾ ਕੰਡ, ਕਰਵਟ ਲੋਕਮਾਤ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਮੇਰਾ ਮੈਂ ਤੇਰਾ ਸਦਾ ਸਦ ਗਾਇਆ ਛੰਦ, ਸੋਹੰ ਢੋਲਾ ਅਗੰਮ ਅਥਾਹੀਆ ।

✪ ੨੦ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਮਾਨਾਵਾਲਾ ਜ਼ਿਲਾ ਅੰਮ੍ਰਿਤਸਰ ਚਰਨ ਸਿੰਘ ਗੁਰਦਿਤ ਸਿੰਘ ਦਲੀਪ ਸਿੰਘ ਤਾਰਾ ਸਿੰਘ ਮਾਨਾਵਾਲਾ, ਸੁਰਿੰਦਰ ਸਿੰਘ ਭੁਲਰ, ਹਜ਼ਾਰਾ ਸਿੰਘ ਛੀਨੇ ਜਸਤਰਆਲ, ਮੰਗਲ ਸਿੰਘ ਤਾਰੂ ਸਿੰਘ ਸਾਂਰਗੜਾ, ਸੰਤਾ ਸਿੰਘ ਜਗੀਰ ਕੌਰ ਦਰਸ਼ਨ ਕੌਰ ਲੇਲੀਆਂ ✪

ਪੰਜ ਤਤ ਕਹਿਣ ਪ੍ਰਭ ਕਿਰਪਾ ਕਰ ਪ੍ਰਭੂ ਕਮਲਾਪਾਤੀ, ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਤੇਰੀ ਸਰਨਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖ ਅੰਧੇਰੀ ਰਾਤੀ, ਨਵ ਸਤ ਤੇਰਾ ਨੂਰ ਨਾ ਕੋਇ ਰੁਸ਼ਨਾਈਆ । ਝਗੜਾ ਤਕ ਲੈ ਕਾਗ਼ਜ਼ਾਤੀ, ਕਲਮਾ ਨਾਮ ਕਾਇਨਾਤ ਵੇਖ ਵਖਾਈਆ । ਕੀ ਖੇਲ ਖਿਲਾਏ ਕਲਜੁਗ ਅੰਤਮ ਕਾਤੀ, ਕੂੜੀ ਕਿਰਿਆ ਨਾਲ ਰਲਾਈਆ । ਅੰਮ੍ਰਿਤ ਬੂੰਦ ਮਿਲੇ ਨਾ ਕਿਸੇ ਸਵਾਂਤੀ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਗ਼ਰੀਬ ਨਿਮਾਣਿਆਂ ਭਗਤਾਂ ਪੁਛੇ ਕੋਇ ਨਾ ਵਾਤੀ, ਸਿਰ ਸਿਰ ਹੱਥ ਨਾ ਕੋਇ ਰਖਾਈਆ । ਫਿਰੀ ਦਰੋਹੀ ਲੋਕਮਾਤੀ, ਧਰਨੀ

ਧਰਤ ਧਵਲ ਧੌਲ ਰਹੀ ਕੁਰਲਾਈਆ । ਝਗੜਾ ਵੇਖ ਲੈ ਜ਼ਾਤ ਪਾਤੀ, ਦੀਨ ਮਜ਼ਬ੍ਹ ਕਰੇ ਲੜਾਈਆ । ਤੇਰੀ ਮੰਜ਼ਲ ਹਕ ਮਹਿਬੂਬ ਚੜ੍ਹੇ ਕੋਇ
ਨਾ ਘਾਟੀ, ਸਚ ਦੁਆਰ ਨਜ਼ਰ ਕੋਇ ਨਾ ਆਈਆ । ਫਿਰੀ ਦਰੋਹੀ ਤੀਰਥ ਅੱਠ ਸਾਠੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ ।
ਨਿਗਾਹ ਮਾਰ ਲੈ ਪੁਰਖ ਅਕਾਲੇ ਦੀਨ ਦਿਆਲੇ ਸਮਰਾਥੀ, ਮਿਹਰਵਾਨ ਮਹਿਬੂਬ ਮਿਹਰ ਨਜ਼ਰ ਉਠਾਈਆ । ਅਸੀਂ ਤਤ ਵਿਚਾਰੇ ਅਨਾਥ ਅਨਾਥੀ,
ਗ਼ਰੀਬ ਨਿਮਾਣੇ ਹੋ ਕੇ ਮੰਗ ਮੰਗਾਈਆ । ਸਤਿਗੁਰ ਸ਼ਬਦ ਦੂਲਹੇ ਬਣਨਾ ਧੁਰ ਦੇ ਸਾਥੀ, ਸਗਲਾ ਸੰਗ ਨਿਭਾਈਆ । ਸਾਡਾ ਲਹਿਣਾ ਦੇਣਾ
ਲੇਖਾ ਪੂਰਾ ਕਰ ਦੇ ਮਸਤਕ ਮਾਥੀ, ਧੂੜੀ ਇਕੋ ਖ਼ਾਕ ਰਮਾਈਆ । ਪਿਛਲਾ ਪੰਧ ਮੁਕਾ ਦੇ ਅਗੇ ਅਵਰ ਰਹੇ ਨਾ ਘਾਟੀ, ਚੁਰਾਸੀ ਵੰਡ ਨਾ
ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਪੰਜ
ਤਤ ਕਹਿਣ ਪ੍ਰਭ ਸਾਡਾ ਲੇਖਾ ਵੇਖ ਲੈ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਬਾਹਰ ਧਿਆਨ ਲਗਾਈਆ । ਜਗਤ ਚਿੰਤਾ ਵੇਖ ਲੈ ਗ਼ਮ, ਗ਼ਮੀ
ਗ਼ਮਖ਼੍ਵਾਰ ਦੇਣੀ ਗੁਆਈਆ । ਸਾਡਾ ਲੇਖੇ ਲਾਉਣਾ ਪਵਣ ਸੁਆਸੀ ਦਮ, ਦਾਮਨਗੀਰ ਆਪ ਹੋ ਜਾਈਆ । ਜੇ ਆਤਮਾ ਤੇਰਾ ਨੂਰ ਮਾਇਆ
ਧਾਰ ਤੇਰਾ ਬ੍ਰਹਮ, ਪਾਰਬ੍ਰਹਮ ਪੜਦਾ ਦੇਣਾ ਉਠਾਈਆ । ਅਸੀਂ ਨੇਤਰ ਰੋਈਏ ਛਮਾਂ ਛਮ, ਛਹਿਬਰ ਨੈਣਾਂ ਵਾਲੀ ਲਾਈਆ । ਪੁਰਖ ਅਕਾਲ
ਸਾਡਾ ਬੇੜਾ ਅੰਤਮ ਬੰਨ੍ਹ, ਬੰਨ੍ਹਣਹਾਰ ਦਇਆ ਕਮਾਈਆ । ਅਸੀਂ ਭਗਤ ਸੁਹੇਲੇ ਤੇਰੇ ਜਨ, ਸੂਫ਼ੀ ਹੋ ਕੇ ਮੰਗ ਮੰਗਾਈਆ । ਜੋਤੀ ਜੋਤ ਸਰੂਪ
੯੭ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਸਤ ਸਚ ਸਚ ਵਰਤਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਲਾ ਲੈ ਲੋਕਮਾਤੀ, ੯੭
੨੪ ਮਨ ਮਤ ਦਾ ਡੇਰਾ ਢਾਹੀਆ । ਧੁਰ ਦੇ ਰਾਮ ਬਣ ਜਾ ਕਮਲਾਪਾਤੀ, ਪਤਿਪਰਮੇਸ਼ਵਰ ਦਇਆ ਕਮਾਈਆ । ਸਾਡੇ ਤਨ ਵਜੂਦਾਂ ਹਕ ਮਹਿਬੂਬਾ ੨੪
ਦੇ ਦੇ ਸ਼ਾਂਤੀ, ਅਗਨੀ ਤਤ ਨਾ ਲਾਗੇ ਰਾਈਆ । ਬੇਸ਼ਕ ਤੇਰੇ ਜਗਤ ਵਿਚ ਆਉਣੀ ਕਰਾਂਤੀ, ਨਵ ਸਤ ਖੇਲ ਕਰਨਾ ਥਾਉਂ ਥਾਈਆ । ਸਾਡੀ
ਮੰਜ਼ਲ ਅੰਤ ਮੁਕਾ ਦੇ ਵਾਟੀ, ਪਾਂਧੀ ਪੰਧ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ
ਵਰ, ਧੁਰ ਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਪ੍ਰਭ ਭਗਤ ਸੁਹੇਲੇ ਤੇਰੇ ਮਿਤ, ਮਿਤਰਾ ਦੇ ਵਡਿਆਈਆ । ਨਿਰਗੁਣ ਧਾਰ ਕਰਨਾ
ਹਿਤ, ਸਰਗੁਣ ਵੇਖਣਾ ਚਾਈਂ ਚਾਈਆ । ਪਰਮ ਪੁਰਖ ਹੋ ਕੇ ਵਸਣਾ ਚਿਤ, ਠਗੌਰੀ ਕੂੜ ਰਹੇ ਨਾ ਰਾਈਆ । ਦਰਸ਼ਨ ਦੇਣਾ ਨਿਤ, ਨਿਜ
ਨੇਤਰ ਅੱਖ ਖੁਲ੍ਹਾਈਆ । ਪਾਰਬ੍ਰਹਮ ਪ੍ਰਭ ਬਣਨਾ ਪਿਤ, ਪਤਿਪਰਮੇਸ਼ਵਰ ਗੋਦ ਉਠਾਈਆ । ਤੇਰੇ ਚਰਨਾਂ ਜਾਈਏ ਟਿਕ, ਟਿੱਕੇ ਧੂੜੀ ਖ਼ਾਕ ਰਮਾਈਆ ।
ਲਹਿਣਾ ਦੇਣਾ ਮੁਕਾਉਣਾ ਪੱਥਰ ਇੱਟ, ਪਾਹਨਾਂ ਸੀਸ ਨਾ ਕੋਇ ਝੁਕਾਈਆ । ਸਾਨੂੰ ਧਾਮ ਵਖਾ ਦੇ ਅਨਡਿਠ, ਸਚਖੰਡ ਸਾਚਾ ਇਕ ਦਰਸਾਈਆ ।
ਕਰਵਟ ਵਿਚ ਬਦਲ ਲੈ ਪਿਠ, ਸਨਮੁਖ ਹੋ ਕੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ
ਵਰ, ਧੁਰ ਦੇ ਮਾਲਕ ਭੇਵ ਚੁਕਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਭੇਵ ਚੁਕਾ ਦੇ ਤਨ, ਵਜੂਦਾਂ ਦੇ ਵਡਿਆਈਆ । ਦੀਨ ਦੁਨੀ ਵਿਚ
ਬੇੜਾ ਦੇ ਬੰਨ੍ਹ, ਬੰਨ੍ਹਣਹਾਰ ਤੇਰੀ ਸਰਨਾਈਆ । ਧੁਰ ਦਾ ਸ਼ਬਦ ਜਣਾ ਦੇ ਬਿਨਾ ਕੰਨ, ਕਾਇਨਾਤ ਤੋਂ ਬਾਹਰ ਕਰ ਪੜ੍ਹਾਈਆ । ਨੂਰੀ ਜੋਤ
ਚਾੜ੍ਹ ਦੇ ਚੰਨ, ਚੰਦ ਚਾਂਦਨੇ ਕਰ ਰੁਸ਼ਨਾਈਆ । ਨਾਮ ਨਿਧਾਨਾ ਦੇ ਦੇ ਧਨ, ਅਤੋਟ ਅਤੁਟ ਆਪ ਵਰਤਾਈਆ । ਜਨ ਭਗਤਾਂ ਸਚ ਬਖ਼ਸ਼

ਦੇ ਸਰਨ, ਸਰਨਗਤ ਇਕ ਦ੍ਰਿੜਾਈਆ । ਲੇਖਾ ਰਹੇ ਨਾ ਮਰਨ ਡਰਨ, ਚੁਰਾਸੀ ਭਉ ਨਾ ਕੋਇ ਜਣਾਈਆ । ਖ਼ੁਸ਼ੀਆਂ ਨਾਲ ਤੇਰੀ ਮੰਜ਼ਲ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਸਚਖੰਡ ਦੁਆਰੇ ਵੜਨ, ਥਿਰ ਘਰ ਆਪਣਾ ਆਸਣ ਲਾਈਆ । ਬਿਨ ਰਸਨਾ ਜਿਹਵਾ ਤੇਰਾ ਨਾਮ ਪੜ੍ਹਨ, ਹਰਿ ਢੋਲਾ ਸਿਫ਼ਤ ਸਲਾਹੀਆ । ਤੂੰ ਕਰਤਾ ਪੁਰਖ ਕਰਨੀ ਕਰਨ, ਕੁਦਰਤ ਦਾ ਕ਼ਾਦਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਨਿਤ ਨਵਿਤ ਜੁਗ ਚੌਕੜੀ ਤੇਰਾ ਭਗਤਾਂ ਨਾਲ ਪਰਣ, ਪਰਮ ਪੁਰਖ ਤੇਰਾ ਰੰਗ ਦੇਣਾ ਰੰਗਾਈਆ ।



## ✪ ੨੪ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਚੰਡੀਗੜ੍ਹ ਸ਼ਹਿਰ ਮਿਹਰ ਸਿੰਘ ਭਾਨਸ਼ੀ ਕਿਦਾਰ ਨਾਥ ਦੇ ਨਵਿਤ ✪

ਪੰਜ ਤਤ ਕਹਿਣ ਪ੍ਰਭ ਸਾਡੀ ਮੰਜ਼ਲ ਕਟ, ਭਗਤ ਸੁਹੇਲੇ ਇਕ ਇਕੇਲੇ ਦਰ ਠਾਂਡੇ ਸੀਸ ਨਿਵਾਈਆ । ਪੁਰਖ ਅਕਾਲੇ ਦੀਨ ਦਿਆਲੇ ਤੂੰ ਵਸਣਹਾਰਾ ਘਟ ਘਟ, ਗ੍ਰਿਹ ਮੰਦਰ ਕਾਇਆ ਅੰਦਰ ਸੋਭਾ ਪਾਈਆ । ਦੁਰਮਤ ਮੈਲ ਨਿਰਗੁਣ ਨਿਰਵੈਰ ਹੋ ਕੇ ਕਟ, ਕਟਾਕਸ਼ ਧੁਰ ਦਾ ਨਾਮ ਲਗਾਈਆ । ਸਚ ਦੁਆਰ ਏਕੰਕਾਰ ਵਖਾ ਦੇ ਆਪਣਾ ਹੱਟ, ਗ੍ਰਿਹ ਮੰਦਰ ਅੰਦਰ ਪੜਦਾ ਆਪ ਚੁਕਾਈਆ । ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਮਾਰਦੇ ਸੱਟ, ਸੋਈ ਸੁਰਤ ਅਕਾਲ ਮੂਰਤ ਦੇ ਜਗਾਈਆ । ਦਰ ਦੁਆਰ ਤੇਰਾ ਦਰਸ਼ਨ ਕਰੀਏ ਝਟ, ਬਿਨ ਜਗਤ ਲੋਚਨ ਵੇਖ ਵਖਾਈਆ । ਪਰਕਾਸ਼ ਦੇਣਾ ਕਾਇਆ ਮਟ, ਅੰਧ ਅੰਧੇਰ ਗਵਾਈਆ । ਮਨੂਆ ਦਹਿ ਦਿਸ਼ਾ ਫਿਰੇ ਨਾ ਨਠ, ਚਾਰ ਕੁੰਟ ਨਾ ਉਠ ਉਠ ਧਾਈਆ । ਦੂਈ ਦੁਵੈਤੀ ਸ਼ਰਅ ਸ਼ਰਾਇਤੀ ਅੰਦਰੋਂ ਮੇਟ ਦੇ ਫਟ, ਭਾਂਡਾ ਭਰਮ ਭਉ ਭਨਾਈਆ । ਇਕੋ ਨਾਮ ਨਿਧਾਨਾ ਸ੍ਰੀ ਭਗਵਾਨਾ ਤੇਰਾ ਲਈਏ ਰਟ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਨਿਝਰ ਝਿਰਨਾ ਬੂੰਦ ਸਵਾਂਤੀ ਤੇਰਾ ਨਾਮ ਲਈਏ ਚਟ, ਜਗਤ ਤ੍ਰਿਸ਼ਨਾ ਭੁਖ ਮਿਟਾਈਆ । ਮਾਨਸ ਦੇਹੀ ਲਾਹ ਲਈਏ ਖਟ, ਸਤਿਗੁਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਪੰਜ ਤਤ ਕਹਿਣ ਸਾਡਾ ਅੰਤਸ਼ਕਰਨ ਕਰ ਦੇ ਸਾਫ਼, ਪਤਤ ਪੁਨੀਤ ਬਣਾਈਆ । ਕੋਟ ਜਨਮ ਦੇ ਕਰਮ ਕਰ ਮੁਆਫ਼, ਕਰਮ ਕਾਂਡ ਦਾ ਡੇਰਾ ਢਾਹੀਆ । ਸਾਡੀ ਦੀਨ ਦੁਨੀ ਵਿਚ ਪੁਛ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਚਾਰੋ ਕੁੰਟ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਜੇ ਪ੍ਰਭੂ ਆਤਮਾ ਤੇਰੀ ਜ਼ਾਤ, ਅੰਤ ਜੋਤ ਜੋਤ ਵਿਚ ਮਿਲਾਈਆ । ਕਿਉਂ ਨਹੀਂ ਪੰਜਾਂ ਤਤਾਂ ਦੇਂਦਾ ਦਾਤ, ਜਨ ਭਗਤ ਸੁਹੇਲੇ ਦਰ ਤੇਰੇ ਵਾਸਤਾ ਪਾਈਆ । ਸਾਡਾ ਲਹਿਣਾ ਦੇਣਾ ਮੁਕਾ ਦੇ ਲੋਕਮਾਤ, ਚੁਰਾਸੀ ਵੰਡ ਰਹੇ ਨਾ ਰਾਈਆ । ਤੇਰਾ ਦਰਸ਼ਨ ਕਰੀਏ ਇਕ ਇਕਾਂਤ, ਅਕਲ ਕਲਧਾਰੀ ਪੜਦਾ ਦੇਣਾ ਚੁਕਾਈਆ । ਅੰਤ ਕੰਤ ਭਗਵੰਤ ਪੁਛ ਲੈ ਵਾਤ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਚਰਨ ਕਵਲ ਉਪਰ ਧਵਲ ਜੇ ਸਾਡਾ ਜੋੜਿਆ ਨਾਤ, ਅੰਤ ਸਚਖੰਡ ਦੇ ਵਡਿਆਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਸਭ ਦਾ ਪਿਤ ਮਾਤ, ਪੁਰਖ ਅਕਾਲ ਬੇਪਰਵਾਹੀਆ । ਸਚ ਪ੍ਰੀਤੀ ਜੋੜ ਲੈ ਨਾਤ, ਨਾਤਾ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਰਹੇ ਨਾ ਅੰਧ ਘੋਰ, ਘੋਰੀ ਹੋ ਕੇ ਸਤਿਗੁਰ ਸ਼ਬਦ ਜਣਾਈਆ । ਸੁਰਤੀ ਨਾਲ ਬੰਨ੍ਹ ਲੈ ਡੋਰ, ਨਾਤਾ ਸਕੇ ਨਾ ਕੋਇ ਤੁੜਾਈਆ । ਲੇਖਾ ਰਹੇ ਨਾ ਪੰਜ ਚੋਰ, ਪੰਚ ਵਿਕਾਰ ਦੇਣਾ ਮਿਟਾਈਆ । ਤੇਰਾ ਪ੍ਰੇਮ ਦਾ ਹੋਵੇ ਘਨਘੋਰ, ਸੋਹਣੀ ਰੁਤ ਦੇਣੀ ਸੁਹਾਈਆ । ਮਨੂਆ ਮਨ ਨਾ ਪਾਵੇ ਸ਼ੋਰ, ਸ਼ੌਹਰ ਬਾਂਕੇ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਢੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਸਚਖੰਡ ਤੇਰਾ ਵਸੇਰਾ, ਵਸਲ ਯਾਰ ਦਰਸਾਈਆ । ਮਿਹਰਵਾਨ ਕਰ ਦੇ ਮਿਹਰਾ, ਮਹਿਬੂਬ ਤੇਰੀ ਵਡਿਆਈਆ । ਦੀਨ ਦੁਨੀ ਨਾ ਰਹੇ ਅੰਧੇਰਾ, ਨੂਰੀ ਚੰਦ ਦੇਣਾ ਚਮਕਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਨਿਰਗੁਣ ਤੇਰਾ ਹੋਵੇ ਫੇਰਾ, ਜੁਗ ਚੌਕੜੀ ਰੂਪ ਨਾ ਕੋਇ ਦਰਸਾਈਆ । ਪਰਮ ਪੁਰਖ ਪਰਮਾਤਮ ਤੇਰਾ ਭੇਵ ਪਾਵੇ ਕਿਹੜਾ, ਅੰਤ ਕਹਿਣ ਕਿਛ ਨਾ ਆਈਆ । ਚੁਰਾਸੀ ਵਾਲਾ ਸਾਡਾ ਮੁਕਾ ਦੇ ਝੇੜਾ, ਜਨ ਭਗਤਾਂ ਦੇ ਤਤ ਦੇਣ ਗਵਾਹੀਆ । ਸਚਖੰਡ ਸੁਹਾ ਦੇ ਆਪਣਾ ਵਿਹੜਾ, ਗ੍ਰਿਹ ਮੰਦਰ ਦੇ ਵਡਿਆਈਆ । ਆਵਣ ਜਾਵਣ ਪਤਿਤ ਪਾਵਨ ਛੁਡਾ ਦੇ ਖਹਿੜਾ, ਜੂਨੀ ਜੂਨ ਨਾ ਕੋਇ ਵਖਾਈਆ । ਨਿਜ ਘਰ ਵਾਸੀ ਨਜ਼ਰੀ ਆਵੇ ਨੇੜਨ ਨੇੜਾ, ਨਿਜ ਘਰ ਮਿਲ ਕੇ ਵਜੇ ਵਧਾਈਆ । ਪਿਛਲਾ ਵਕਤ ਲੰਘ ਗਿਆ ਬਥੇਰਾ, ਨਵ ਨਵ ਚਾਰ ਪੰਧ ਮੁਕਾਈਆ । ਸਾਡਾ ਸਤਿਗੁਰ ਸ਼ਬਦ ਵੇਖ ਲੈ ਜੇਰਾ, ਜੇਰਜ ਅੰਡਜ ਉਤਭੁਜ ਸੇਤਜ ਫਿਰ ਫਿਰ ਆਪਣਾ ਪੰਧ ਮੁਕਾਈਆ । ਜੇ ਕਲਜੁਗ ਅੰਤ

ਆ ਗਿਉਂ ਸਤਿਗੁਰ ਸ਼ਬਦ ਸ਼ਬਦ ਦੀ ਧਾਰ ਸ਼ੇਰਾ, ਸਿੰਘ ਆਪਣਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਦੇਣਾ ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਸੰਝ ਸਵੇਰਾ, ਘੜੀ ਪਲ ਵੰਡ ਨਾ ਕੋਇ ਵੰਡਾਈਆ ।

✪ ੨੮ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਇਟਾਰਸੀ ਮਧ ਪ੍ਰਦੇਸ਼ ਭਗਤ ਸਿੰਘ ਜੁਗਿੰਦਰ ਸਿੰਘ
ਹਰਦਿਤ ਸਿੰਘ ਸੁਰਿੰਦਰ ਸਿੰਘ ਚਮਨ ਲਾਲ ਇਟਾਰਸੀ, ਮੰਗਲ ਸਿੰਘ ਭੂਪਾਲ ✪

ਪੰਜ ਤਤ ਕਹਿਣ ਪ੍ਰਭ ਸਾਡੀ ਨਮੋ ਨਮੋ ਨਿਮਸਕਾਰ, ਡੰਡਾਵਤ ਬੰਦਨਾ ਸਯਦੇ ਵਿਚ ਸੀਸ ਝੁਕਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਕਰਤਾ ਪੁਰਖ ਕਰਨੇਹਾਰ, ਕ਼ੁਦਰਤ ਕ਼ਾਦਰ ਬੇਐਬ ਨੂਰ ਅਲਾਹੀਆ । ਦੀਨ ਦਿਆਲ ਸਾਡੀ ਪਾਉਣੀ ਸਾਰ, ਸਮਰਥ ਸੁਆਮੀ ਅੰਤਰਜਾਮੀ ਆਪਣੀ ਦਇਆ ਕਮਾਈਆ । ਅਸੀਂ ਵੇਸ ਵਟਾਉਂਦੇ ਰਹੇ ਜੁਗ ਚੌਕੜੀ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜੇ ਵਾਹੋ ਦਾਹੀਆ । ਮੇਲਾ ਮਿਲਦਾ ਰਿਹਾ ਨਾਲ ਪੈਗ਼ੰਬਰ ਗੁਰ ਅਵਤਾਰ, ਤਨ ਵਜੂਦਾਂ ਵਜਦੀ ਰਹੀ ਵਧਾਈਆ । ਤੇਰਾ ਨਾਮ ਕਲਮਾ ਸੋਹਲਾ ਢੋਲਾ ਰਸਨਾ ਜਿਹਵਾ ਆਏ ਉਚਾਰ, ਸਿਫ਼ਤਾਂ ਨਾਲ ਸਿਫ਼ਤ ਸਾਲਾਹੀਆ । ਪੁਰਖ ਅਕਾਲੇ ਦੀਨ ਦਿਆਲੇ ਅੰਤ ਕੰਤ ਭਗਵੰਤ ਤੇਰੇ ਅਗੇ ਕਰੀਏ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਤੂੰ ਬਖ਼ਸ਼ਣਹਾਰ ਏਕੰਕਾਰ, ਅਕਲ ਕਲਧਾਰੀ ਤੇਰੀ ਵਡ ਵਡਿਆਈਆ । ਜੰਮਣ ਮਰਨ ਤੇਰਾ ਖੇਲ ਬਣਿਆ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ

ਆਪਣਾ ਹੁਕਮ ਵਰਤਾਈਆ । ਅੰਤ ਰੋ ਰੋ ਦਰ ਠਾਂਢੇ ਕਰੀਏ ਪੁਕਾਰ, ਦਰੋਹੀ ਕੂਕ ਕੂਕ ਸੁਣਾਈਆ । ਜੇ ਭਗਤਾਂ ਆਤਮਾ ਦਏਂ ਅਧਾਰ, ਜੋਤੀ
ਜਾਤੇ ਪੁਰਖ ਬਿਧਾਤੇ ਆਪਣੇ ਨਾਲ ਮਿਲਾਈਆ । ਕਿਉਂ ਪੰਜ ਤਤ ਤਨ ਵਜੂਦ ਹੋਵੇ ਮਾਟੀ ਛਾਰ, ਖ਼ਾਕੀ ਖ਼ਾਕ ਵਿਚ ਮਿਲਾਈਆ । ਅਸੀਂ ਚਾਹੁੰਦੇ
ਸਾਨੂੰ ਬਖ਼ਸ਼ ਦੇ ਸਤਿ ਦਾ ਸਚਖੰਡ ਦੁਆਰ, ਦਰਗਾਹ ਸਚ ਦੇ ਵਡਿਆਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਤੇਰਾ ਰੂਪ ਸਤਿ ਸਰੂਪ ਤਕੀਏ
ਅਪਰ ਅਪਾਰ, ਅਪਰੰਪਰ ਸੁਆਮੀ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ
ਦਾ ਗ੍ਰਿਹ ਆਪ ਸੁਹਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤੇਰੇ ਆਦਿ ਜੁਗਾਦੀ ਮੀਤ, ਜਨ ਭਗਤਾਂ ਸੰਗ ਰਖਾਈਆ । ਆਤਮ ਉਧਾਰਨਾ ਤੇਰੀ
ਰੀਤ, ਜੁਗ ਚੌਕੜੀ ਚਲੀ ਆਈਆ । ਅਸੀਂ ਗਾਉਂਦੇ ਤੇਰੇ ਢੋਲੇ ਗੀਤ, ਸਿਫ਼ਤਾਂ ਨਾਲ ਸਾਲਾਹੀਆ । ਤੂੰ ਸਾਹਿਬ ਇਕ ਅਤੀਤ, ਤ੍ਰੈਭਵਣ
ਧਨੀ ਨੂਰ ਅਲਾਹੀਆ । ਆਪਣਾ ਭੇਵ ਖੋਲ੍ਹ ਅਨਡੀਠ, ਅਨਡਿਠੜਾ ਭੇਵ ਚੁਕਾਈਆ । ਸਾਡਾ ਲੇਖਾ ਰਹੇ ਨਾ ਕੌੜਾ ਰੀਠ, ਅੰਮ੍ਰਿਤ ਰਸ ਦੇਣਾ
ਭਰਾਈਆ । ਕਰਵਟ ਬਦਲ ਆਪਣੀ ਅੰਤਮ ਪੀਠ, ਸਨਮੁਖ ਨੂਰ ਨੁਰਾਨੇ ਨਜ਼ਰੀ ਆਈਆ । ਸਾਡਾ ਤਤ ਵਜੂਦ ਕਰ ਦੇ ਠਾਂਢਾ ਸੀਤ, ਅੰਮ੍ਰਿਤ
ਮੇਘ ਅਗੰਮ ਬਰਸਾਈਆ । ਤੇਰੇ ਚਰਨ ਕਵਲ ਕੀਤੀ ਪ੍ਰੀਤ, ਪ੍ਰੀਤਮ ਪ੍ਰੇਮ ਤੇਰੇ ਨਾਲ ਰਖਾਈਆ । ਤੂੰ ਸਾਹਿਬ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ
ਤੇਰੀ ਵਡਿਆਈਆ । ਜੇ ਆਤਮਾ ਆਪਣੇ ਨਾਲ ਮੇਲਣੀ ਠੀਕ, ਭਗਤਾਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
੧੦੦ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਢੇ ਅਲਖ ਜਗਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਲੈ ਜਾ ਆਪਣੇ ਘਰ, ਆਤਮ ਨਾਲ ਗ੍ਰਿਹਿ ੧੦੦
੨੪ ਮੰਦਰ ਇਕ ਸੁਹਾਈਆ । ਕਿਰਪਾ ਕਰ ਮਿਹਰਵਾਨ ਮਹਿਬੂਬ ਹਰਿ, ਹਰਿ ਕਰਤੇ ਤੇਰੀ ਇਕ ਸਰਨਾਈਆ । ਵਿਛੋੜੇ ਵਿਚ ਵਿਛੜ ਨਾ ਜਾਏ ਤੇਰਾ ੨੪
ਦਰ, ਦਰਗਾਹ ਸਚ ਮਿਲੇ ਵਡਿਆਈਆ । ਤੂੰ ਦੀਨ ਦਿਆਲ ਨਰਾਇਣ ਨਰ, ਨਰ ਹਰਿ ਇਕ ਅਖਵਾਈਆ । ਜੁਗ ਚੌਕੜੀ ਅਵਤਾਰ ਪੈਗ਼ੰਬਰ
ਗੁਰੂ ਸਾਨੂੰ ਦੇ ਕੇ ਗਏ ਵਰ, ਸ਼ਬਦੀ ਧਾਰ ਧਾਰ ਦ੍ਰਿੜਾਈਆ । ਅੰਤ ਕੰਤ ਭਗਵੰਤ ਨਿਰਗੁਣ ਧਾਰ ਫੜਾ ਦੇ ਲੜ, ਪੱਲੂ ਸਕੇ ਨਾ ਕੋਇ ਛੁਡਾਈਆ ।
ਬਿਨ ਪੌੜੀ ਡੰਡੇ ਮੰਜ਼ਲ ਤੇਰੀ ਜਾਈਏ ਚੜ੍ਹ, ਅਗੇ ਹੋ ਨਾ ਕੋਇ ਅਟਕਾਈਆ । ਸਾਡਾ ਤਤਾਂ ਵਾਲਾ ਸਰੀਰ ਜੇ ਲੋਕਮਾਤ ਜਾਏ ਸੜ, ਵਜੂਦ ਰਹਿਣ
ਕੋਇ ਨਾ ਪਾਈਆ । ਸਾਡੀ ਆਸ਼ਾ ਤੇਰੇ ਚਰਨ ਕਵਲ ਅਸੀਂ ਦਿਤੀ ਧਰ, ਧਰਨੀ ਧਰਤ ਧਵਲ ਧੌਲ ਦਾ ਲੇਖਾ ਦੇਣਾ ਮੁਕਾਈਆ । ਸਚ ਨੁਹਾ
ਅਗੰਮੇ ਸਰ, ਸਰੋਵਰ ਇਕੋ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ
ਤੇਰੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਅਸੀਂ ਦੇਖਣਾ ਤੇਰਾ ਘਰ ਸੁਹੰਜਣਾ, ਦਰਗਾਹ ਸਚ ਮਿਲੇ ਵਡਿਆਈਆ । ਜਿਥੇ ਨੂਰ ਅਲਾਹੀ ਆਦਿ
ਨਿਰੰਜਣਾ, ਜੋਤੀ ਜਾਤੇ ਡਗਮਗਾਈਆ । ਤੂੰ ਦਾਤਾ ਦਾਨੀ ਦਰਦ ਦੁਖ ਭੈ ਭੰਜਣਾ, ਪਾਰਬ੍ਰਹਮ ਇਕ ਅਖਵਾਈਆ । ਦੋ ਜਹਾਨਾਂ ਮੀਤ ਸੱਜਣਾ,
ਸਾਹਿਬ ਸਤਿਗੁਰ ਤੇਰੇ ਹੱਥ ਵਡਿਆਈਆ । ਅੰਤ ਸਾਡਾ ਪੜਦਾ ਕਜਣਾ, ਦਰ ਤੇਰੇ ਮੰਗ ਮੰਗਾਈਆ । ਜੇ ਭਗਤਾਂ ਆਤਮਾ ਆਪਣੇ ਦੁਆਰੇ ਸੱਦਣਾ,
ਕਿਉਂ ਤੱਤਾਂ ਕਰੇਂ ਜੁਦਾਈਆ । ਸਾਡੀ ਪਿਛਲੀ ਪਿਛੇ ਮੁਕਾ ਦੇ ਹੱਦਨਾ, ਅਗੇ ਵੰਡ ਨਾ ਕੋਇ ਰਖਾਈਆ । ਸਾਡਾ ਝਗੜਾ ਮੁਕਾ ਦੇ ਤਨ ਬਦਨਾ,
ਵਜੂਦ ਮਹਿਬੂਬ ਆਪਣੇ ਲੇਖੇ ਪਾਈਆ । ਤੂੰ ਨੂਰ ਨੁਰਾਨਾ ਅਲਾਹੀ ਰੂਪ ਰੱਬਨਾ, ਰਹਿਮਤ ਰਹੀਮ ਦੇਣੀ ਕਮਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤਾਂ ਦੀ ਤਨ ਵਜੂਦ ਚੋਲੀ, ਚੋਜੀ ਪ੍ਰੀਤਮ ਦੇਈਏ ਜਣਾਈਆ । ਤੇਰੇ ਉਤੋਂ ਘੋਲ ਘੋਲੀ, ਸਦਕੇ ਵਾਰੀ ਘੋਲ ਘੁਮਾਈਆ । ਤੇਰੇ ਨਾਮ ਕਲਮੇ ਦੀ ਗਾਈ ਬੋਲੀ, ਅਨਬੋਲਤ ਰਾਗ ਦ੍ਰਿੜਾਈਆ । ਅੰਤ ਆਪਣੇ ਗ੍ਰਿਹਿ ਮੰਦਰ ਦਾ ਕੁੰਡਾ ਖੋਲ੍ਹੀਂ, ਖ਼ਾਲਕ ਖ਼ਲਕ ਦਇਆ ਕਮਾਈਆ । ਸਾਨੂੰ ਮਿੱਟੀ ਖ਼ਾਕ ਵਿਚ ਨਾ ਰੋਲੀਂ, ਚੁਰਾਸੀ ਗੇੜਿਆਂ ਵਿਚ ਭੁਆਈਆ । ਸਾਡਾ ਪੂਰਬ ਤਕ ਲੈ ਇਕਰਾਰ ਕੌਲੀ, ਵਾਅਦੇ ਪਿਛਲੇ ਵੇਖ ਵਖਾਈਆ । ਸਭ ਨੇ ਕਿਹਾ ਜਿਸ ਵੇਲੇ ਆਵੇ ਪੁਰਖ ਅਕਾਲਾ ਉਪਰ ਧੌਲੀ, ਧਰਮ ਦੀ ਧਾਰ ਨਾਲ ਵਡਿਆਈਆ । ਉਸ ਵੇਲੇ ਜਨ ਭਗਤਾਂ ਤਨ ਵਜੂਦ ਦੀ ਚੁੱਕੇ ਆਪ ਡੋਲੀ, ਕੁਹਾਰ ਅਵਰ ਨਾ ਕੋਇ ਰਖਾਈਆ । ਜਿਥੇ ਆਤਮਾ ਸਚਖੰਡ ਦੁਆਰ ਦੀ ਹੋਵੇ ਗੋਲੀ, ਦਰ ਠਾਂਢੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦਾ ਅਛਲ ਅਛੇਦਾ ਆਪ ਖੁਲ੍ਹਾਈਆ । ਪੰਜ ਤਤ ਕਹਿਣ ਪ੍ਰਭ ਅਸਾਂ ਤੇਰੇ ਦੁਆਰੇ ਵੰਞਣਾ, ਦੂਸਰ ਗ੍ਰਿਹਿ ਨਾ ਕੋਇ ਵਡਿਆਈਆ । ਚਰਨ ਧੂੜ ਕਰਨਾ ਮਜਨਾ, ਦੁਰਮਤ ਮੈਲ ਰਹੇ ਨਾ ਰਾਈਆ । ਜੇ ਭਗਤਾਂ ਆਤਮਾ ਲਾਇਆ ਆਪਣੇ ਅੰਗਨਾ, ਅੰਗੀਕਾਰ ਸਾਨੂੰ ਲੈ ਬਣਾਈਆ । ਤੇਰੀ ਧੂੜ ਮਸਤਕ ਖ਼ਾਕ ਲਾਈਏ ਚੰਦਨਾ, ਟਿੱਕੇ ਖ਼ਾਕ ਰਮਾਈਆ । ਸਾਡੀ ਮਨਜ਼ੂਰ ਕਰ ਲੈ ਡੰਡਾਵਤ ਬੰਦਨਾ, ਬੰਦਗੀ ਵਿਚ ਮੰਗ ਮੰਗਾਈਆ । ਸਾਡਾ ਲੇਖਾ ਰਹੇ ਨਾ ਤਤ ਪੰਜਨਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਹੋ ਕੇ ਦੇਈਏ ਦੁਹਾਈਆ । ਤੇਰੇ ਦੁਆਰ

੧੦੧ ਦਾ ਸਚ ਮਾਣੀਏ ਅਨੰਦਨਾ, ਅਨੰਦ ਅਨੰਦ ਵਿਚੋਂ ਦੇਣਾ ਪਰਗਟਾਈਆ । ਚੁਰਾਸੀ ਵਿਚੋਂ ਸਾਨੂੰ ਕਢਣਾ, ਤਤਵ ਤਤ ਨਾ ਕੋਇ ਸਮਾਈਆ । ੧੦੧

੨੪ ਦੋ ਜਹਾਨ ਪਾਰ ਕਰਾਉਣੀ ਹੱਦਨਾ, ਹਦੂਦ ਆਪਣੀ ਦੇਣੀ ਵਖਾਈਆ । ਦਰਗਾਹ ਸਾਚੀ ਸਚਖੰਡ ਦੁਆਰ ਏਕੰਕਾਰ ਆਤਮਾ ਨਾਲ ਸਭ ਨੂੰ ਸੱਦਣਾ, ੨੪

ਸੰਦੇਸ਼ਾ ਇਕ ਜਣਾਈਆ । ਤੂੰ ਠਾਕਰ ਗੁਪਾਲ ਮੂਰਤ ਮਦਨਾ, ਮਧਸੂਦਨ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭ ਮੰਗਤੇ ਦਰ ਭਿਖਾਰੀ, ਭਿੱਖਕ ਭਿਛਿਆ ਦੇਣੀ ਪਾਈਆ । ਤੂੰ ਸ਼ਾਹੋ ਭੂਪ ਸਿਕਦਾਰੀ, ਸ਼ਹਿਨਸ਼ਾਹ ਇਕ ਅਖਵਾਈਆ । ਦਾਤਾ ਨੂਰ ਉਜਿਆਰੀ, ਨੂਰ ਨੁਰਾਨਾ ਡਗਮਗਾਈਆ । ਸ਼ਬਦ ਨਾਦ ਧੁਨਕਾਰੀ, ਅਨਹਦ ਨਾਦ ਸ਼ਨਵਾਈਆ । ਅੰਮ੍ਰਿਤ ਰਸ ਠੰਡੀ ਠਾਰੀ, ਸਾਂਤਕ ਸਤਿ ਸਤਿ ਵਰਤਾਈਆ । ਜੇ ਆਤਮਾ ਨਾਲ ਤੇਰੀ ਯਾਰੀ, ਯਰਾਨਾ ਤਤਾਂ ਨਾਲ ਤੋੜ ਨਿਭਾਈਆ । ਅਸੀਂ ਭਗਤਾਂ ਤਤ ਤੇਰੇ ਭਿਖਾਰੀ, ਦੂਸਰ ਨਜ਼ਰ ਕੋਇ ਨਾ ਆਈਆ । ਸਦਾ ਸਦਾ ਸਦ ਤੇਰੇ ਸੇਵਾਦਾਰੀ, ਸੇਵਾ ਸਚ ਕਮਾਈਆ । ਜਗਤ ਕੀਤੀ ਨਹੀਂ ਕੋਈ ਗ਼ਦਾਰੀ, ਗਦਾਗਰਾਂ ਦਾ ਲੇਖਾ ਲੇਖੇ ਲੈਣਾ ਪਾਈਆ । ਸਚਖੰਡ ਦੁਆਰ ਤੇਰੇ ਬਣੀਏ ਪੁਜਾਰੀ, ਪੂਜਾ ਅਵਰ ਨਾ ਕੋਇ ਰਖਾਈਆ । ਤੇਰਾ ਰੂਪ ਅਨੂਪ ਸਤਿ ਸਰੂਪ ਹੋਈਏ ਜੋਤ ਨਿਰੰਕਾਰੀ, ਨਿਰਵੈਰ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਵਸਤ ਬਿਨ ਦਸਤ ਆਪ ਵਰਤਾਈਆ । ਪੰਜ ਤਤ ਕਹਿਣ ਪ੍ਰਭ ਆਤਮਾ ਨਾਲੋਂ ਨਾ ਹੋਏ ਵਿਛੋੜਾ, ਭਗਤੀ ਧਾਰ ਤੇਰੀ ਸਰਨਾਈਆ । ਸਾਡਾ ਤਤਾਂ ਦਾ ਕਰ ਦੇ ਜੋੜਾ, ਜੋੜੀ ਜਗਤ ਜੁਗਤ ਵਡਿਆਈਆ । ਸਤਿਗੁਰ ਸ਼ਬਦ ਚੜ੍ਹਾ ਲੈ ਆਪਣੇ ਘੋੜਾ, ਰਥ ਰਥਵਾਹੀ ਆਪਣੀ ਦਇਆ ਕਮਾਈਆ । ਅੰਤਮ ਕਲਜੁਗ ਤੇਰੀ ਪੈ ਗਈ ਲੋੜਾ, ਲੁੜੀਂਦੇ ਸਾਜਣ ਹੋਣਾ ਸਹਾਈਆ । ਅਗਲਾ ਵਕ਼ਤ

ਦਿਸਦਾ ਥੋੜਾ, ਬਹੁਤੀ ਵੰਡ ਨਾ ਕੋਇ ਵੰਡਾਈਆ । ਚਾਰੋਂ ਕੁੰਟ ਦਿਸੇ ਅੰਧ ਘੋਰਾ, ਘੋਰੀ ਬੈਠੇ ਮੁਖ ਛੁਪਾਈਆ । ਕੂੜ ਕੁਕਰਮ ਫਿਰੇ ਨੌ ਖੰਡ ਪ੍ਰਿਥਮੀ ਵਾਂਗ ਚੋਰਾ, ਭੱਜੇ ਵਾਹੋ ਦਾਹੀਆ । ਕਿਸੇ ਸਮਝ ਨਾ ਆਵੇ ਮੇਰਾ ਤੇਰਾ, ਮੋਹ ਮੁਹੱਬਤ ਨਾ ਕੋਇ ਰਖਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਬਖ਼ਸ਼ ਦੇ ਆਪਣੀ ਦਾਤ ਭੋਰਾ ਭੋਰਾ, ਪੰਜ ਤਤ ਕਾਇਆ ਫੇਰ ਰਹਿਣ ਨਾ ਪਾਈਆ । ਆਪਣੇ ਨਾਲ ਬੰਨ੍ਹ ਲੈ ਡੋਰਾ, ਡੋਰੀ ਸਤਿਗੁਰ ਸ਼ਬਦ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਵਰਤਾਈਆ । ਪੰਜ ਤਤ ਕਹਿਣ ਪ੍ਰਭ ਦਰ ਤੇਰੇ ਤੇ ਮੰਗਦੇ, ਇਕੋ ਰਖੀ ਓਟ । ਖ਼ੁਸ਼ੀਆਂ ਦੇ ਵਿਚ ਰੰਗ ਦੇ, ਲੇਖੇ ਲਾ ਲੈ ਜਨਮ ਕੋਟੀ ਕੋਟ । ਆਦਿ ਜੁਗਾਦੀ ਸਾਚਾ ਸੰਗ ਦੇ, ਮੇਲ ਮਿਲਾ ਲੈ ਵਿਚ ਨਿਰਮਲ ਜੋਤ । ਜੇ ਤੇਰੇ ਲੇਖੇ ਨਾਲ ਹੰ ਬ੍ਰਹਮ ਦੇ, ਕਿਉਂ ਸਾਡੇ ਨਾਲੋਂ ਕਰੇਂ ਛੋਟ । ਤਤਾਂ ਵਿਚ ਤਤ ਰਲਕੇ ਫੇਰ ਨਾ ਫਿਰੀਏ ਜੰਮਦੇ, ਜਨਮ ਭੋਗੀਏ ਕੋਟਨ ਕੋਟ । ਸਾਡੇ ਝਗੜੇ ਮੇਟ ਦੇ ਗ਼ਮ ਦੇ, ਅਗਲੀ ਰਹੇ ਕੋਈ ਨਾ ਸੋਚ । ਅਸੀਂ ਵਣਜਾਰੇ ਬਣਨਾ ਨਾ ਫੇਰ ਹਡ ਮਾਸ ਨਾੜੀ ਚੰਮ ਦੇ, ਪਿਛਲੇ ਜਨਮ ਭੋਗ ਲਏ ਬਹੁਤ । ਸਾਡੇ ਲੇਖੇ ਮੁਕਾ ਦੇ ਕਰਮ ਦੇ, ਲਹਿਣੇ ਦੇਣੇ ਤੇਰੇ ਕੋਲ ਲੇਖਾ ਕੋਟੀ ਕੋਟ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੁਆਮੀ ਅੰਤਰਜਾਮੀ ਦੁਰਮਤ ਮੈਲ ਦੇਣੀ ਧੋਤ । ਪੰਜ ਤਤ ਕਹਿਣ ਤੂੰ ਸਾਹਿਬ ਪੁਰਖ ਸਮਰਾਥੀ, ਹਰਿ ਕਰਤਾ ਧੁਰਦਰਗਾਹੀਆ । ਅਸੀਂ ਆਤਮਾ ਦੇ ਸਾਥੀ, ਭਗਤ ਸੁਹੇਲੇ ਜਗਤ ਜਗਤ ਅਖਵਾਈਆ । ਰਸਨਾ ਜਿਹਵਾ ਬੱਤੀ ਦੰਦ ਗਾਈ ਗਾਥੀ, ਢੋਲੇ ਤੇਰੇ ਸਿਫ਼ਤ ਸਾਲਾਹੀਆ । ਤੂੰ ਸਾਡਾ ਲਹਿਣਾ ਦੇਣਾ ਤਕ ਲੈ ਮਸਤਕ ਮਾਥੀ, ਤਿਲਕ ਲਲਾਟੀ ਵੇਖ ਵਖਾਈਆ । ਹਉਂ ਗ਼ਰੀਬ ਨਿਮਾਣੇ ਸਾਹਿਬ ਅਨਾਥ ਅਨਾਥੀ, ਦੀਨਨ ਤੇਰੀ ਓਟ ਰਖਾਈਆ । ਤੂੰ ਪਾਰਬ੍ਰਹਮ ਪਤਿਪਰਮੇਸ਼ਵਰ ਅਲਖਣਾ ਅਲਾਖੀ, ਅਲਖ ਅਗੋਚਰ ਅਗੰਮ ਅਥਾਹੀਆ । ਜੇ ਨੂਰ ਨੁਰਾਨਾ ਸ਼ਾਹ ਸੁਲਤਾਨਾ ਆਤਮਾ ਤੇਰੇ ਸਾਥੀ, ਸਗਲਾ ਸਾਥੀ ਸੰਗ ਬਣਾਈਆ । ਕਿਉਂ ਨਾ ਸਾਡੀ ਮੁਕੇ ਵਾਟੀ, ਆਵਣ ਜਾਵਣ ਗੇੜ ਕਟਾਈਆ । ਅਸੀਂ ਅਗੇ ਵਿਕਣਾ ਨਹੀਂ ਜਗਤ ਜੁਗਤ ਦੀ ਹਾਟੀ, ਕ਼ੀਮਤ ਤਤ ਨਾ ਕੋਇ ਰਖਾਈਆ । ਸਾਡਾ ਪੂਰਬ ਲਹਿਣਾ ਕਾਟੀ, ਕਟਾਕਸ਼ ਆਪਣਾ ਨਾਮ ਲਗਾਈਆ । ਸਾਡੀ ਮੰਜ਼ਲ ਮੁਕੇ ਵਾਟੀ, ਪੰਧ ਰਹੇ ਨਾ ਰਾਈਆ । ਦਰਗਾਹ ਸਚ ਚੜ੍ਹਾਉਣਾ ਘਾਟੀ, ਸਚਖੰਡ ਦੁਆਰ ਦੇਣੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮਹਲ ਇਕ ਸੁਹਾਈਆ । ਪੰਚ ਤਤ ਕਹਿਣ ਅਸੀਂ ਪ੍ਰਭ ਭਗਤਾਂ ਦੇ ਵਜੂਦ, ਖ਼ਾਕੀ ਖ਼ਾਕ ਨਜ਼ਰੀ ਆਈਆ । ਤੂੰ ਮਾਲਕ ਹਕ ਮਹਿਬੂਬ, ਨੂਰ ਨੁਰਾਨਾ ਨੂਰ ਅਲਾਹੀਆ । ਸਾਨੂੰ ਆਪਣਾ ਦੇ ਸਬੂਤ, ਸਬਰ ਨਾਲ ਬੈਠੇ ਰਾਹ ਤਕਾਈਆ । ਸਾਡੀ ਮੰਜ਼ਲ ਵੇਖ ਹਦੂਦ, ਹੱਦ ਜਗਤ ਨਾ ਕੋਇ ਰਖਾਈਆ । ਜੇ ਤੂੰ ਵਸੇਂ ਆਲੀਸ਼ਾਨ ਉਚ ਅਰੂਜ, ਦਰਗਾਹ ਸਾਚੀ ਸੋਭਾ ਪਾਈਆ । ਕਿਉਂ ਸਾਡੇ ਨਾਲ ਕਰੇਂ ਦੂਜ, ਦੁਤੀਆ ਭਾਓ ਵਖਾਈਆ । ਸਾਡੀ ਅੰਤਮ ਆਸ਼ਾ ਬੂਝ, ਅੰਤਰਜਾਮੀ ਤੇਰੇ ਹੱਥ ਵਡਿਆਈਆ । ਕਿਉਂ ਨਹੀਂ ਭੇਵ ਖੋਲ੍ਹਦਾ ਗੂਝ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਅਸੀਂ ਤਤ ਨਹੀਂ ਰਹਿਣਾ ਪੰਜ ਭੂਤ, ਭੂਤਕ ਨੂਰ ਨੂਰ ਤੇਰਾ ਨੂਰ ਨਜ਼ਰੀ ਆਈਆ । ਸਾਡਾ ਲੇਖਾ ਮੁਕਾ ਦੇ ਚਾਰੇ ਕੂਟ, ਦਹਿ ਦਿਸ਼ਾ ਨਾ ਕੋਇ ਵਡਿਆਈਆ । ਭਗਤਾਂ ਆਤਮਾ ਤਤ ਕਹਿਣ ਸਾਡੇ ਦੋਹਾਂ ਦਾ ਤਾਣਾ ਪੇਟਾ ਇਕੋ ਕਰ ਲੈ ਸੂਤ, ਦੂਸਰ ਰੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਪਾਏ ਕੋਈ ਨਾ ਸੂਝ, ਸਿਰ ਸਿਰ ਹੱਥ ਨਾ ਕੋਇ ਰਖਾਈਆ ।

✪ ੨੯ ਅੱਸੂ ਸ਼ਹਿਨਸ਼ਾਹੀ ਸੰਮਤ ਦਸ ਇਟਾਰਸੀ ਮਧ ਪ੍ਰਦੇਸ਼ ਜਸਵੰਤ ਸਿੰਘ ਟੋਪਨ ਰਾਮ ਪਾਰੂਮਲ ਵਧੀਆ ਮਲ ਪੂਰਨ ਮਲ ਕੌੜਾ ਮਲ ਸਦਨ ਮਲ ਇਟਾਰਸੀ, ਮਾਂਹ ਸਿੰਘ ਜਬਲ ਪੁਰ, ਅਰਜਨ ਸਿੰਘ ਦੁਰਗ, ਗੁਰਮੁਖ ਸਿੰਘ ਭਲਈ ✪

ਪੰਜ ਤਤ ਕਹਿਣ ਪ੍ਰਭ ਖੇਲ ਤਕੀਏ ਤੇਰੀ ਸਰਬਗ ਦੀ, ਸੂਰਬੀਰ ਸੁਲਤਾਨ ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਸਾਡੀ ਖੇਲ ਮਿਟਾਉਣੀ ਕੂੜ ਕੁੜਿਆਰੇ ਜਗ ਦੀ, ਜਾਗਰਤ ਜੋਤ ਬਿਨ ਵਰਨ ਗੋਤ ਆਪਣਾ ਰੰਗ ਰੰਗਾਈਆ । ਕਲਪਣਾ ਰਹੇ ਨਾ ਤ੍ਰਿਸ਼ਨਾ ਅੱਗ ਦੀ, ਕਾਮ ਕਰੋਧ ਲੋਭ ਮੋਹ ਹੰਕਾਰ ਦੇਣਾ ਮਿਟਾਈਆ । ਪਿਆਸ ਰਹੇ ਨਾ ਜਗਤ ਤ੍ਰਿਸ਼ਨਾ ਮਦਿ ਦੀ, ਮਾਇਆ ਮਮਤਾ ਮੋਹ ਵਿਚੋਂ ਬਾਹਰ ਕਢਾਈਆ । ਆਵਾਜ਼ ਸੁਣੀਏ ਤੇਰੇ ਸ਼ਬਦ ਅਨਾਦੀ ਨਦ ਦੀ, ਅਨਹਦ ਕਰਨੀ ਆਪ ਸ਼ਨਵਾਈਆ । ਮੰਜ਼ਲ ਪਾਰ ਕਰਾਉਣੀ ਸ਼ਾਹ ਰਗ ਦੀ, ਨਵ ਦੁਆਰਿਆਂ ਡੇਰਾ ਢਾਹੀਆ । ਧਾਰ ਮੇਟਣੀ ਵਿਛੋੜੇ ਵਾਲੇ ਅੱਡ ਦੀ, ਗ੍ਰਿਹ ਮੰਦਰ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ਤਕੀਏ ਜੋਤੀ ਨੂਰ, ਨੂਰ ਨੁਰਾਨਾ ਨਜ਼ਰੀ ਆਈਆ । ਤੇਰਾ ਵੇਖੀਏ ਹਕ ਜ਼ਹੂਰ, ਜ਼ਾਹਰ ਜ਼ਹੂਰ ਡਗਮਗਾਈਆ । ਕੋਟੀ ਕੋਟ ਜਨਮ ਬਖ਼ਸ਼ ਕਸੂਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੂੰ ਸਰਬ ਕਲਾ ਭਰਪੂਰ, ਪਾਰਬ੍ਰਹਮ ਪਤਿਪਰਮੇਸ਼ਵਰ ਅਗੰਮ ਅਥਾਹੀਆ । ਸਾਡੀ ਮੰਜ਼ਲ ਮੁਕਾ ਦੇ ਨੇੜੇ ਦੂਰ, ਪਾਂਧੀਆਂ ਪੰਧ ਦੇ ਚੁਕਾਈਆ । ਅੰਤਸ਼ਕਰਨ ਨਾ ਰਹੇ ਗ਼ਰੂਰ, ਗ਼ੁਰਬਤ ਅੰਦਰੋਂ ਬਾਹਰ ਕਢਾਈਆ । ਸਚ ਖ਼ੁਮਾਰੀ ਦੇ ਸਰੂਰ, ਮਸਤੀ ਨਾਮ ਵਾਲੀ ਚੜ੍ਹਾਈਆ । ਤੇਰਾ ਦਰਸ਼ਨ ਕਰੀਏ ਹਾਜ਼ਰ ਹਜ਼ੂਰ, ਹਜ਼ਰਤਾਂ ਤੋਂ ਪਰੇ ਪੜਦਾ ਦੇਣਾ ਉਠਾਈਆ । ਸੋ ਆਸ਼ਾ ਪੂਰੀ ਕਰ ਦੇ ਜੋ ਮੂਸਾ ਦੱਸਿਆ ਉਤੇ ਕੋਹਤੂਰ, ਤੁਰੀਆ ਤੋਂ ਬਾਹਰ ਭੇਵ ਜਣਾਈਆ । ਜੋ ਆਵਾਜ਼ ਦਿਤੀ ਜਗਤ ਜੁਗਤ ਮਨਸੂਰ, ਮਨਸਾ ਤੇਰੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰੇ ਆਪ ਰਖਾਈਆ । ਪੰਜ ਤਤ ਕਹਿਣ ਪ੍ਰਭ ਸੁਣਾ ਅਗੰਮੀ ਨਾਦ, ਅਨਾਦੀ ਧੁਨ ਉਪਜਾਈਆ । ਤੂੰ ਮਾਲਕ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਤੇਰੀ ਵਡਿਆਈਆ । ਤੂੰ ਬਿਸਮਲ ਰੂਪ ਵਿਸਮਾਦ, ਖੇਲੇ ਖੇਲ ਥਾਉਂ ਥਾਈਂਆ । ਤੇਰਾ ਜਲਵਾ ਆਦਿ ਜੁਗਾਦਿ, ਜੁਗ ਚੌਕੜੀ ਤੇਰੀ ਵਜਦੀ ਰਹੇ ਵਧਾਈਆ । ਤੇਰਾ ਨਾਮ ਕਲਮਾ ਸੰਦੇਸ਼ਾ ਬੋਧ ਅਗਾਧ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਪੰਜ ਕਹਿਣ ਪ੍ਰਭ ਦੀਨ ਦੁਨੀ ਨਾਲੋਂ ਸਾਡਾ ਬਦਲ ਦੇ ਸਮਾਜ, ਸਮਗਰੀ ਜਗਤ ਨਾ ਕੋਇ ਵਖਾਈਆ । ਅੰਤ ਕੰਤ ਭਗਵੰਤ ਸਾਡਾ ਪੂਰਨ ਕਰ ਦੇ ਕਾਜ, ਕਰਤਾ ਪੁਰਖ ਆਪਣੇ ਰੰਗ ਰੰਗਾਈਆ । ਤੂੰ ਮਾਲਕ ਖ਼ਾਲਕ ਇਕੋ ਵਾਹਿਦ, ਵਾਹਿਗੁਰੂ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਅੰਤਰ ਬਖ਼ਸ਼ ਦੇ ਜੋਤੀ, ਜੋਤੀ ਜਾਤੇ ਦਇਆ

ਕਮਾਈਆ । ਜੇ ਆਤਮਾ ਤੇਰਾ ਗੋਤੀ, ਨੂਰ ਨੁਰਾਨਾ ਨੂਰ ਡਗਮਗਾਈਆ । ਸਾਡੀ ਸੁਰਤ ਰਹੇ ਨਾ ਸੋਤੀ, ਸੁਤਿਆਂ ਲਏ ਉਠਾਈਆ । ਸਾਡੀ ਆਯੂ ਬੀਤੀ ਚੋਖੀ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਚੁਰਾਸੀ ਵਾਲੀ ਖੇਲ ਬੜੀ ਔਖੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਤੇਰੇ ਅਗੇ ਵਾਸਤਾ ਪਾਈਆ । ਸਾਡਾ ਨਾ ਕੋਈ ਹਰਖ ਨਾ ਕੋਈ ਸੋਗੀ, ਚਿੰਤਾ ਗ਼ਮ ਨਾ ਕੋਇ ਜਣਾਈਆ । ਤੂੰ ਠਾਕਰ ਆਦਿ ਜੁਗਾਦੀ ਮੌਜੀ, ਮਜਲਸ ਭਗਤਾਂ ਨਾਲ ਰਖਾਈਆ । ਤੂੰ ਪ੍ਰੀਤਮ ਪਿਆਰਾ ਚੋਜੀ, ਚੋਜ ਨਿਰਾਲੇ ਆਪਣੇ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਵਖਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਅੰਦਰ ਮਾਰ ਲੈ ਝਾਕੀ, ਬਿਨ ਨੈਣਾਂ ਨੈਣ ਉਠਾਈਆ । ਪੜਦਾ ਅੰਦਰੋਂ ਖੋਲ੍ਹ ਦੇ ਤਾਕੀ, ਬਜਰ ਕਪਾਟੀ ਆਪਣੀ ਦੇ ਮਿਟਾਈਆ । ਧੁਰ ਦਾ ਜਾਮ ਪਿਆ ਦੇ ਬਣ ਕੇ ਸਾਕੀ, ਨਾਮ ਪਿਆਲਾ ਇਕ ਵਖਾਈਆ । ਸਾਚੇ ਘੋੜ ਚੜ੍ਹਾ ਦੇ ਰਾਕੀ, ਸ਼ਾਹ ਸਵਾਰਾ ਆਪਣੀ ਦਇਆ ਕਮਾਈਆ । ਬੇਸ਼ਕ ਅਸੀਂ ਤਨ ਵਜੂਦ ਖ਼ਾਕੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਜੋੜ ਜੁੜਾਈਆ । ਨਿਰਗੁਣ ਧਾਰ ਸਰਗੁਣ ਹੋ ਕੇ ਤੇਰੇ ਨਾਲ ਜੋੜਿਆ ਨਾਤੀ, ਰਿਸ਼ਤਾ ਜਗਤ ਜਹਾਨ ਵਖਾਈਆ । ਤੂੰ ਭੇਵ ਖੋਲ੍ਹਣਾ ਬਾਤਨ ਬਾਤੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਸਾਡੀ ਆਸ਼ਾ ਪੂਰੀ ਕਰਨੀ ਲੋਕਮਾਤੀ, ਧਰਨੀ ਧਰਤ ਧਵਲ ਧੌਲ ਸਾਡੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਰੰਗ ਸੂਰੇ ਸਰਬਗ ਹਰਿ ਕਰਤੇ ਦੇਣਾ ਰੰਗਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਅੰਤਰ ਜਾਣਾ ਵਸ, ਵਾਸਤਾ ਆਪਣੇ ਨਾਲ ਰਖਾਈਆ । ਬਿਨਾ ਰਸਨਾ ਦੇਣਾ ਰਸ, ਨਿਝਰ ਝਿਰਨਾ ਬੂੰਦ ਸਵਾਂਤ ਚੁਆਈਆ । ਤੀਰ ਅਣਿਆਲਾ ਮਾਰਨਾ ਕਸ, ਕਮਾਨ ਵੇਖਣ ਕੋਇ ਨਾ ਪਾਈਆ । ਅੰਧ ਅੰਧੇਰ ਮੇਟਣਾ ਮਸ, ਨੂਰ ਨੁਰਾਨਾ ਡਗਮਗਾਈਆ । ਮਨੂਆ ਮਨ ਕਰਨਾ ਵਸ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਸ਼ਬਦੀ ਧਾਰ ਮਾਰਗ ਦੇਣਾ ਦੱਸ, ਮਨ ਮਤਿ ਬੁਧਿ ਨਾ ਕੋਇ ਚਤੁਰਾਈਆ । ਬਿਨ ਰਸਨਾ ਜਿਹਵਾ ਤੇਰਾ ਹੋਵੇ ਜਸ, ਸ਼ਬਦੀ ਸ਼ਬਦ ਸ਼ਬਦ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਚ ਦੇਣੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਅੰਤਸ਼ਕਰਨ ਕਰ ਪਵਿਤ, ਪਤਤ ਪੁਨੀਤ ਦੇ ਬਣਾਈਆ । ਅਬਿਨਾਸ਼ੀ ਕਰਤੇ ਵਸਣਾ ਚਿਤ, ਠਗੌਰੀ ਚਿਤ ਰਹੇ ਨਾ ਰਾਈਆ । ਤੇਰਾ ਦਰਸ਼ਨ ਹੋਵੇ ਨਿਤ, ਨਿਜ ਲੋਚਨ ਨੈਣ ਕਰ ਰੁਸ਼ਨਾਈਆ । ਠਾਕਰ ਬਣਨਾ ਅਬਿਨਾਸ਼ੀ ਪਿਤ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਗ੍ਰਿਹਿ ਮੰਦਰ ਅੰਦਰ ਕਰਨਾ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਸਾਡਾ ਝਗੜਾ ਮੇਟਣਾ ਬੂੰਦ ਰਿਤ, ਰਕਤ ਬੂੰਦ ਨਾ ਕੋਇ ਚਤੁਰਾਈਆ । ਧਾਮ ਵਖਾਉਣਾ ਇਕ ਅਨਡਿਠ, ਦਰਗਾਹ ਸਚ ਦੇਣੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗ੍ਰਿਹਿ ਮੰਦਰ ਇਕ ਸੁਹਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਗ੍ਰਿਹਿ ਕਰ ਸੁਹੰਜਣਾ, ਦਰ ਘਰ ਦੇਣੀ ਮਾਣ ਵਡਿਆਈਆ । ਤੂੰ ਆਦਿ ਪੁਰਖ ਨਿਰੰਜਣਾ, ਨੂਰ ਨੁਰਾਨਾ ਨੂਰ ਅਲਾਹੀਆ । ਸਚ ਸਤਿ ਕਰਾ ਦੇ ਮਜਨਾ, ਦੁਰਮਤ ਮੈਲ ਧੁਆਈਆ । ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਨੌਜੁਆਨਾ ਇਕੋ ਵਜਣਾ, ਦੂਜੀ ਅਵਰ ਨਾ ਕੋਇ ਸ਼ਨਵਾਈਆ । ਸਚ ਸਤਿ ਚਾੜ੍ਹ ਦੇ ਰੰਗਣਾ, ਰੰਗਤ ਇਕੋ ਵੇਖ ਵਖਾਈਆ । ਦਰ ਠਾਂਢਾ ਤੇਰਾ ਮੰਗਣਾ, ਖ਼ਾਲੀ ਝੋਲੀ ਦੇਣੀ ਭਰਾਈਆ । ਪੰਜ ਤਤ ਕਹਿਣ ਪ੍ਰਭ ਸਤਿਗੁਰ

ਸਾਡੇ ਸੱਜਣਾ, ਮਿਤਰਾ ਮਿਹਰ ਨਜ਼ਰ ਇਕ ਉਠਾਈਆ । ਅੰਤਮ ਤੈਨੂੰ ਰਖਣੀ ਪੈਣੀ ਲਜਣਾ, ਲਾਜਵੰਤ ਤੇਰੀ ਵਡਿਆਈਆ । ਤੂੰ ਭਗਤਾਂ ਤਨ
ਲੇਖੇ ਲਾਉਣਾ ਆਅਲਾ ਅਦਨਾ, ਊਚ ਨੀਚ ਨਾ ਕੋਇ ਰਖਾਈਆ । ਦਰਗਾਹ ਸਾਚੀ ਸਚਖੰਡ ਦੁਆਰੇ ਸੱਦਣਾ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ
ਸਾਡਾ ਅੰਦਰ ਤਕ ਲੈ ਆਪ, ਅੰਤਸ਼ਕਰਨ ਧਿਆਨ ਲਗਾਈਆ । ਤੂੰ ਨਿਰਗੁਣ ਧਾਰ ਮਾਈ ਬਾਪ, ਪਿਤਾ ਪੁਰਖ ਅਖਵਾਈਆ । ਅਸੀਂ ਤੇਰਾ
ਜਪਿਆ ਜਾਪ, ਦੂਸਰ ਸਿਫ਼ਤ ਨਾ ਕੋਇ ਸਲਾਹੀਆ । ਸਾਡਾ ਤ੍ਰੈਗੁਣ ਮੇਟ ਦੇ ਤਾਪ, ਤ੍ਰੈਭਵਣ ਤੇਰੀ ਸਰਨਾਈਆ । ਤ੍ਰੈਗੁਣ ਕੂੜ ਰਹੇ ਨਾ ਰਾਤ,
ਨੂਰੀ ਚੰਦ ਕਰ ਰੁਸ਼ਨਾਈਆ । ਜੇ ਆਤਮਾ ਤੇਰੀ ਜ਼ਾਤ, ਅੰਤ ਤੇਰੇ ਵਿਚ ਸਮਾਈਆ । ਕਿਉਂ ਨਹੀਂ ਸਾਨੂੰ ਕਰਦਾ ਪਾਕ, ਪਤਤ ਪੁਨੀਤ ਬਣਾਈਆ ।
ਪੁਰਖ ਅਕਾਲੇ ਦੀਨ ਦਿਆਲੇ ਦਰਗਾਹ ਸਚ ਖੋਲ੍ਹ ਦੇ ਤਾਕ, ਕੁੰਡਾ ਖਿੜਕੀ ਆਪ ਖੁਲ੍ਹਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰ ਦੇ ਵਾਕ,
ਜੋ ਭਵਿਖਤਾਂ ਵਿਚ ਗਏ ਸੁਣਾਈਆ । ਚਰਨ ਪ੍ਰੀਤੀ ਅਗਲੀ ਰੀਤੀ ਬਖ਼ਸ਼ ਦੇ ਨਾਤ, ਨਾਤਾ ਬਿਧਾਤਾ ਆਪਣੇ ਸੰਗ ਰਖਾਈਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤ ਸੁਹੇਲੇ ਤੇਰੇ
ਮਾਤਲੋਕ, ਮਤਾ ਤੇਰੇ ਨਾਲ ਰਖਾਈਆ । ਨਿਰਗੁਣ ਧਾਰ ਤੇਰਾ ਪੜ੍ਹੀਏ ਸਲੋਕ, ਸੋਹਲਾ ਅਵਰ ਨਾ ਕੋਇ ਜਣਾਈਆ । ਸਚਖੰਡ ਦੁਆਰਿਉਂ
੧੦੫ ਸਾਨੂੰ ਸਕੇ ਕੋਈ ਨਾ ਰੋਕ, ਅਗੇ ਹੋ ਨਾ ਕੋਇ ਅਟਕਾਈਆ । ਅਸੀਂ ਅੰਤਮ ਮਿਲੀਏ ਤੇਰੀ ਵਿਚ ਜੋਤ, ਜੋਤੀ ਜੋਤ ਵਿਚ ਸਮਾਈਆ । ਅਸਾਂ ੧੦੫
੨੪ ਜਨਮ ਭੋਗ ਲਏ ਬਹੁਤ, ਅਗੇ ਲੋੜ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ੨੪
ਸਚ ਦੇ ਮਾਲਕ ਸਾਡੀ ਦੁਰਮਤ ਮੈਲ ਧੋਤ । ਪੰਜ ਤਤ ਕਹਿਣ ਪ੍ਰਭ ਤੇਰੇ ਦਰ ਆਵਾਂਗੇ । ਤਨ ਵਜੂਦ ਮਾਤ ਤਜਾਵਾਂਗੇ । ਅਗਨੀ ਅੱਗ ਰੰਗ
ਰੰਗਾਵਾਂਗੇ । ਧੁਰ ਦੇ ਸੰਗੀ ਸਗਲਾ ਸੰਗ ਬਣਾਵਾਂਗੇ । ਨਿਰਗੁਣ ਧਾਰ ਤੇਰਾ ਮਾਣ ਅਨੰਦ, ਅਨੰਦ ਅਨੰਦ ਵਿਚ ਸਮਾਵਾਂਗੇ । ਜੇ ਆਤਮਾ
ਤੇਰਾ ਚੰਦ, ਨੂਰ ਨੂਰ ਨਾਲ ਰੁਸ਼ਨਾਵਾਂਗੇ । ਤੇਰੀ ਸੇਜਾ ਸੌਂ ਪਲੰਘ, ਸੁਖ ਆਸਣ ਇਕ ਵਡਿਆਵਾਂਗੇ । ਜਿਥੇ ਸ਼ਬਦ ਵਜੇ ਮਰਦੰਗ, ਦੂਸਰ
ਨਾਦ ਨਾ ਕੋਇ ਦਰਸਾਵਾਂਗੇ । ਫੇਰ ਰਹਿਣਾ ਨਹੀਂ ਰੂਪ ਸਾਡਾ ਤਤ ਪੰਜ, ਪੰਚਮ ਦੇ ਮਾਲਕ ਇਕੋ ਤੇਰਾ ਰੂਪ ਅਖਵਾਵਾਂਗੇ । ਜੋਤੀ ਜਾਤੇ ਪੁਰਖ
ਬਿਧਾਤੇ ਪਾਉਣੀ ਠੰਢ, ਅਗਨੀ ਅੱਗ ਤੇਰੇ ਚਰਨ ਭੇਟ ਕਰਾਵਾਂਗੇ । ਜੁਗ ਜਨਮ ਦੇ ਵਿਛੜਿਆਂ ਪਾਉਣੀ ਗੰਢ, ਪਲੂ ਤੇਰੇ ਨਾਲ ਬੰਧਾਵਾਂਗੇ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਾਚਾ ਇਕ ਵਡਿਆਵਾਂਗੇ । ਪੰਜ ਤਤ ਕਹਿਣ ਘਰ
ਸਾਚਾ ਇਕ ਸੁਹਾਏਗਾ । ਦੀਨ ਦਿਆਲ ਦਇਆ ਕਮਾਏਗਾ । ਜੋਤੀ ਜਾਤਾ ਵੇਖ ਵਖਾਵੇਗਾ । ਪੁਰਖ ਬਿਧਾਤਾ ਰੰਗ ਰੰਗਾਏਗਾ । ਪਿਤਾ ਮਾਤਾ
ਗੋਦ ਉਠਾਏਗਾ । ਜੋਤੀ ਜਾਤਾ ਡਗਮਗਾਏਗਾ । ਮਾਣਕ ਮੋਤੀ ਆਪਣੇ ਆਪ ਪਰਗਟਾਏਗਾ । ਜਨ ਭਗਤਾਂ ਵਾਸ਼ਨਾ ਰਹਿਣ ਨਾ ਦੇਵੇ ਖੋਟੀ,
ਖੋਟੇ ਖਰੇ ਆਪ ਬਣਾਏਗਾ । ਅੰਤਮ ਚਾੜ੍ਹ ਕੇ ਆਪਣੀ ਚੋਟੀ, ਚੋਟਾ ਹੋ ਕੇ ਵੇਖ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਏਗਾ । ਸਾਚਾ ਭੇਵ ਅੰਤਮ ਚੁਕੇਗਾ । ਆਵਣ ਜਾਵਣ ਪੈਂਡਾ ਮੁਕੇਗਾ । ਪੁਰਖ ਅਕਾਲ

ਮੂਲ ਨਾ ਲੁਕੇਗਾ । ਜਨ ਭਗਤਾਂ ਦਰਗਾਹ ਸਾਚੀ ਸਾਚਾ ਬੁੱਕੇਗਾ । ਤਨ ਵਜੂਦ ਕਾਇਆ ਮਾਟੀ ਲੋਕਮਾਤੀ ਬੂਟਾ ਸੁੱਕੇਗਾ । ਜੀਵਣ ਜ਼ਿੰਦਗੀ ਬਦਲ ਹਯਾਤੀ, ਦੀਨ ਦਿਆਲ ਤਤਵ ਧਾਰ ਤਤ ਆਪਣੀ ਗੋਦੀ ਚੁੱਕੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਇਕੋ ਇਕ ਰਖੇਗਾ । ਹਰਿ ਲੇਖਾ ਸਚ ਰਖਾਏਗਾ । ਦੀਨ ਦਿਆਲ ਦਇਆ ਕਮਾਏਗਾ । ਭਗਤ ਵਛਲ ਪੜਦਾ ਉਠਾਏਗਾ । ਅਛਲ ਅਛੱਲ ਮੇਲ ਮਿਲਾਏਗਾ । ਜਲ ਥਲ ਮਹੀਅਲ ਪਾਰ ਕਰਾਏਗਾ । ਬਲਧਾਰੀ ਆਪਣਾ ਬਲ ਪਰਗਟਾਏਗਾ । ਜਨ ਭਗਤਾਂ ਕਾਇਆ ਮਾਟੀ ਲਾ ਕੇ ਫਲ, ਪੱਤ ਟਹਿਣੀ ਆਪ ਮਹਿਕਾਏਗਾ । ਅੰਤਮ ਲਹਿਣਾ ਦੇਣਾ ਮੁਕਾ ਕੇ ਕਲਜੁਗ ਕਲ, ਕਲਾ ਆਪਣੀ ਇਕ ਦਰਸਾਏਗਾ । ਧਾਮ ਵਸਾ ਕੇ ਨਿਹਚਲ ਅਟਲ, ਪਦ ਇਕੋ ਇਕ ਜਣਾਏਗਾ । ਜਿਥੇ ਦੀਪਕ ਜੋਤੀ ਰਿਹਾ ਬਲ, ਬਿਨ ਤੇਲ ਬਾਤੀ ਨਜ਼ਰੀ ਆਏਗਾ । ਆਤਮ ਧਾਰ ਤਤ ਸਾਰ ਜਾਏ ਰਲ, ਪਰਮਾਤਮ ਆਪਣੇ ਵਿਚ ਟਿਕਾਏਗਾ । ਸਚ ਸਿੰਘਾਸਣ ਹਰਿਜਨ ਲੈਣ ਮੱਲ, ਫੜ ਬਾਹੋਂ ਆਪ ਟਿਕਾਏਗਾ । ਅਗੇ ਵਿਛੋੜਾ ਹੋਏ ਨਾ ਘੜੀ ਪਲ, ਪਾਰਬ੍ਰਹਮ ਪ੍ਰਭ ਇਕੋ ਰੰਗ ਰੰਗਾਏਗਾ । ਆਸ਼ਾ ਪੂਰੀ ਕਰੇ ਬਾਵਨ ਧਾਰ ਬਲ, ਪੂਰਬ ਲਹਿਣਾ ਝੋਲੀ ਪਾਏਗਾ । ਜੋ ਜੋਤੀ ਜਾਤਾ ਪੁਰਖ ਬਿਧਾਤਾ ਆਇਆ ਚਲ, ਨਿਰਗੁਣ ਆਪਣਾ ਸੰਗ ਨਿਭਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਸਦਾ ਸਦਾ ਅਟਲ, ਅਟਲ ਪਦਵੀ ਇਕ ਰਖਾਏਗਾ ।



੧੦੬

੨੪

੨੪

### ਪਹਿਲੀ ਕੱਤਕ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ਵਿਹਾਰ ਹੋਇਆ

ਕੱਤਕ ਕਹੇ ਕਲਜੁਗ ਵੇਖ ਲੈ ਆਪਣਾ ਕਰਮ, ਨਿਹਕਰਮੀ ਰਿਹਾ ਜਣਾਈਆ । ਧਰਮ ਦਾ ਰਿਹਾ ਕੋਈ ਨਾ ਧਰਮ, ਧਰਨੀ ਧਰਤ ਧਵਲ ਧੌਲ ਦੁਹਾਈਆ । ਨੇਤਰ ਲੋਚਨ ਨੈਣ ਲੱਜਿਆ ਰਹੀ ਨਾ ਸ਼ਰਮ, ਸ਼ਰਅ ਰੰਗ ਨਾ ਕੋਇ ਰੰਗਾਈਆ । ਹਉਮੇ ਗੜ੍ਹ ਤੋੜੇ ਕੋਈ ਨਾ ਭਰਮ, ਭਾਂਡਾ ਕੂੜ ਨਾ ਕੋਇ ਭੰਨਾਈਆ । ਮਾਇਆ ਮਮਤਾ ਘਰ ਘਰ ਹੋਇਆ ਜਰਮ, ਨਵ ਸਤ ਲਈ ਅੰਗੜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋ ਗਈ ਚਰਮ, ਚੰਮ ਦ੍ਰਿਸ਼ਟੀ ਵਿਚ ਹਲਕਾਈਆ । ਭੇਵ ਖੋਲ੍ਹੇ ਕੋਈ ਨਾ ਬ੍ਰਹਮ, ਬ੍ਰਹਮ ਪੜਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਇਕ ਵਖਾਈਆ । ਕਲਜੁਗ ਕਹੇ ਕੱਤਕਾ ਮੇਰਾ ਵਕ਼ਤ ਸੁਹਾਵਾ, ਸੋਹਣੀ ਖ਼ੁਸ਼ੀ ਬਣਾਈਆ । ਮੈਂ ਇਕ ਪ੍ਰਭੂ ਨੂੰ ਰਾਵਾਂ, ਜੋ ਮਾਲਕ ਹਕ ਗੁਸਾਈਂਆ । ਇਕੋ ਦਾ ਨਾਮ ਧਿਆਵਾਂ, ਇਕੋ ਨੂੰ ਸੀਸ ਝੁਕਾਈਆ । ਇਕੋ ਦਾ ਦਰਸ਼ਨ ਪਾਵਾਂ, ਜੋ ਜੋਤ ਨੂਰ ਅਲਾਹੀਆ । ਉਸੇ ਦਾ ਹੁਕਮ ਸੁਣਾਵਾਂ, ਸਹਿਜ ਸਹਿਜ ਦ੍ਰਿੜਾਈਆ । ਮੈਂ ਫਿਰਨਾਂ ਨਾਲ ਚਾਵਾਂ, ਨਵ ਸਤ ਵੇਖ ਵਖਾਈਆ । ਸ਼ਾਹ ਸੁਲਤਾਨ ਕਰਾਂ ਨਿਥਾਵਾਂ, ਸੀਸ ਤਾਜ ਨਾ ਕੋਇ ਟਿਕਾਈਆ । ਵਿਛੋੜਾ ਪਾ ਕੇ ਪੁਤਰਾਂ ਮਾਵਾਂ, ਕਲਜੁਗ ਆਪਣਾ ਨਾਉਂ ਪਰਗਟਾਈਆ । ਧਰਮ ਦਾ ਰਹੇ ਕੋਈ ਨਾ ਸਾਵਾਂ, ਸਚ ਵਿਚ ਨਾ ਕੋਇ ਸਮਾਈਆ । ਮੈਂ ਮਿਤਰਾ ਆਪਣੀਆਂ ਉਠਾਵਾਂ ਬਾਹਵਾਂ, ਬਲਧਾਰੀ ਹੋ ਕੇ ਆਪ ਸੁਣਾਈਆ ।

ਦੀਨ ਦੁਨੀ ਦੀ ਬੁਧੀ ਕਰਨੀ ਵਾਂਗ ਕਾਵਾਂ, ਕਾਗ ਰੂਪ ਦਿਸੇ ਲੋਕਾਈਆ । ਇਕੋ ਪੁਰਖ ਅਕਾਲ ਅਗੇ ਵਾਸਤਾ ਪਾਵਾਂ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਕੱਤਕ ਕਹੇ ਕਲਜੁਗਾ ਤੇਰਾ ਵੇਖਿਆ ਖੇਲ ਅਨਹੋਣਾ, ਅਨਡਿਠੜੀ ਕਾਰ ਕਮਾਈਆ । ਅੰਤਮ ਤੈਨੂੰ ਪੈਣਾ ਰੋਣਾ, ਬਿਨ ਨੈਣਾਂ ਨੀਰ ਵਹਾਈਆ । ਖ਼ਾਲੀ ਹੱਥ ਪੈਣਾ ਧੋਣਾ, ਜਗਤ ਵਸਤ ਰਹਿਣ ਕਿਛ ਨਾ ਪਾਈਆ । ਜਗਤ ਜਹਾਨ ਚਾਰ ਦਿਨ ਦਾ ਪਰਾਹੁਣਾ, ਚੌਥੇ ਜੁਗ ਸੁਣਨਾ ਚਾਈਂ ਚਾਈਂਆ । ਤੇਰਾ ਬੁਰਜ ਹੰਕਾਰੀ ਜੋਤ ਨਿਰੰਕਾਰੀ ਢਾਹੁਣਾ, ਢਈਆ ਗੋਬਿੰਦ ਵਾਲਾ ਨਾਲ ਮਿਲਾਈਆ । ਮਾਣ ਤਾਣ ਆਪਣਾ ਖੋਹਣਾ, ਖ਼ਲਕ ਮਿਲੇ ਨਾ ਕੋਇ ਵਡਿਆਈਆ । ਅੰਮ੍ਰਿਤ ਰਸ ਕਿਸੇ ਨਾ ਚੋਣਾ, ਸਾਂਤਕ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਕੱਤਕਾ ਮੇਰਾ ਸਾਹਿਬ ਸੁਆਮੀ ਏਕ, ਏਕੰਕਾਰ ਅਖਵਾਈਆ । ਜਿਸ ਦੀ ਪਕੜੀ ਟੇਕ, ਟਿੱਕੇ ਧੂੜੀ ਖ਼ਾਕ ਰਮਾਈਆ । ਜੋ ਮੇਰੇ ਵਸੇ ਨੇਤਨ ਨੇਤ, ਨਿਜ ਘਰ ਬੈਠਾ ਸੋਭਾ ਪਾਈਆ । ਮੈਂ ਕਰਾਂ ਉਸ ਨਾਲ ਹੇਤ, ਜੋ ਆਦਿ ਜੁਗਾਦਿ ਦਾ ਪਿਤਾ ਮਾਈਆ । ਜਿਸ ਦੇ ਹੁਕਮ ਨਾਲ ਕਰਨੀ ਦੀਨ ਦੁਨੀ ਖੇਤ, ਖ਼ਾਤਰ ਆਪਣੀ ਨਾ ਕੋਇ ਰਖਾਈਆ । ਮੇਰਾ ਕੋਈ ਪਾ ਸਕੇ ਨਾ ਭੇਤ, ਪੜਦਾ ਸਕੇ ਨਾ ਕੋਇ ਚੁਕਾਈਆ । ਮੇਰੀ ਮੌਲਣ ਵਾਲੀ ਰੁਤ ਬਸੰਤੀ ਚੇਤ, ਚੇਤਨ ਸਭ ਨੂੰ ਦਿਆਂ ਕਰਾਈਆ । ਬੇਸ਼ਕ ਜੁਗ ਚੌਕੜੀ ਅਗੇ ਲੰਘ ਗਏ ਕੇਤੀ ਕੇਤ, ਆਪਣਾ ਪੰਧ ਮੁਕਾਈਆ । ਮੇਰਾ ਵਕਤ ਸੁਹੰਜਣਾ ਸਭ ਨੇ ਵੇਖਣਾ ਛੇਤੀ ਛੇਤ, ਛਤਰ ਧਾਰੀਆਂ ਖ਼ਾਕ ਮਿਲਾਈਆ । ਮੈਂ ਕੂੜ ਦਾ ਬਣ ਕੇ ਖੇਵਟ ਖੇਟ, ਬੇੜਾ ਜਗਤ ਜਹਾਨ ਚਲਾਈਆ । ਬੁਧੀ ਕਿਸੇ ਦੀ ਪਵਿਤ੍ਰ ਰਹਿਣ ਨਹੀਂ ਦੇਣੀ ਵਿਚ ਮਾਤਾ ਦੇ ਪੇਟ, ਵਾਸ਼ਨਾ ਕੂੜ ਨਾਲ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਕਰਾਈਆ । ਕੱਤਕ ਕਹੇ ਕਲਜੁਗਾ ਮੈਂ ਸੁਣੀ ਅਗੰਮੀ ਖ਼ਬਰ, ਬੇਖ਼ਬਰਾਂ ਦਿਆਂ ਜਣਾਈਆ । ਸਤਿਗੁਰ ਸ਼ਬਦ ਨਿਰਾਲਾ ਬੱਬਰ, ਬੇਨਜ਼ੀਰ ਨੂਰ ਅਲਾਹੀਆ । ਜਿਸ ਦਾ ਧੁਰ ਫ਼ਰਮਾਨਾ ਜਬਰ, ਜਬਰਾਈਲ ਸੀਸ ਨਿਵਾਈਆ । ਜਿਸ ਦਾ ਰਾਹ ਤਕੇ ਮੁਹੰਮਦ ਵਿਚ ਕ਼ਬਰ, ਮਕ਼ਬਰੇ ਦੇਣ ਗਵਾਹੀਆ । ਉਸ ਦੀ ਜਾਣੇ ਕੌਣ ਕ਼ੀਮਤ ਕ਼ਦਰ, ਕ਼ੁਦਰਤ ਕ਼ਾਦਰ ਇਕ ਅਖਵਾਈਆ । ਜਿਸ ਸਭ ਦੀ ਪੂਰੀ ਕਰਨੀ ਸੱਧਰ, ਗੁਰ ਅਵਤਾਰ ਪੈਗ਼ੰਬਰਾਂ ਨਾਲ ਮਿਲਾਈਆ । ਦੀਨ ਦੁਨੀ ਨੂੰ ਕਰਨਾ ਪੱਧਰ, ਪਾਰਬ੍ਰਹਮ ਬ੍ਰਹਮ ਭੇਵ ਚੁਕਾਈਆ । ਨਿਰਗੁਣ ਧਾਰ ਮਿਹਰ ਕਰਕੇ ਨਦਰ, ਨਦਰੀ ਨਦਰ ਉਠਾਈਆ । ਤੇਰੀ ਧਾਰ ਨਾਲ ਕੂੜ ਦਾ ਪੌਣਾ ਗ਼ਦਰ, ਗਦਾਗਰ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦ ਆਪ ਚੁਕਾਈਆ । ਕਲਜੁਗ ਕਹੇ ਨਾਰਦਾ ਮੇਰੀ ਕੱਤਕ ਧਾਰ ਦੀ ਸੁਣ ਲੈ ਬਾਤ, ਮਿਤਰਾ ਕੱਤਕ ਨਾਲ ਮਿਲਾਈਆ । ਪ੍ਰਭੂ ਦੇ ਹੁਕਮ ਦੀ ਮੇਰੀ ਰਾਤ, ਰੈਣ ਅੰਧੇਰਾ ਆਪਣਾ ਰਹੀ ਪਰਗਟਾਈਆ । ਜੁਗ ਚੌਕੜੀ ਮੇਰਾ ਵੇਖ ਲੈ ਖਾਤ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੈਂ ਇਕੋ ਕਰਨੀ ਬਾਤ, ਬਾਤਨ ਭੇਵ ਰਹੇ ਨਾ ਰਾਈਆ । ਪੁਰਖ ਅਕਾਲੇ ਦੀਨ ਦਿਆਲੇ ਜਿਸ ਮੈਨੂੰ ਦਿਤੀ ਦਾਤ, ਵਸਤ ਅਮੁਲ ਅਤੁਲ ਮੇਰੀ ਝੋਲੀ ਪਾਈਆ । ਮੈਂ ਉਸ ਨੂੰ ਬਣਾਇਆ ਕਮਲਾਪਾਤ, ਪਤਿਪਰਮੇਸ਼ਵਰ ਕਹਿਕੇ ਸੀਸ ਨਿਵਾਈਆ । ਬਣ ਕੇ ਦਾਸੀ ਦਾਸ ਅਨਾਥੀ ਅਨਾਥ, ਨਿਰਧਨ

ਹੋ ਕੇ ਸੀਸ ਝੁਕਾਈਆ । ਪੁਰਖ ਅਕਾਲੇ ਦੀਨ ਦਿਆਲੇ ਮੇਰਾ ਦੇਣਾ ਸਾਥ, ਸਾਂਝੇ ਯਾਰ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਅਗੰਮ ਅਥਾਹੀਆ । ਕਲਜੁਗ ਕਹੇ ਕੱਤਕਾ ਤੂੰ ਕਰਮ ਕਮਾਉਂਦਾ ਕੀ, ਕ਼ੁਦਰਤ ਦਾ ਕ਼ਾਦਰ ਕੀ ਜਣਾਈਆ । ਕੀ ਲਹਿਣਾ ਦੇਣਾ ਤੇਰਾ ਧਰਨੀ ਉਤੇ ਸਾਢੇ ਤਿੰਨ ਹੱਥ ਸੀਂਅ, ਰਵੀਦਾਸ ਚਮਾਰਾ ਕੀ ਗਿਆ ਸਮਝਾਈਆ । ਕੀ ਗੁਰਦਾਸ ਸਮਝਾਇਆ ਵੀਹ ਇਕੀਹ, ਏਕੰਕਾਰ ਕੀ ਹੁਕਮ ਸੁਣਾਈਆ । ਜਿਸ ਦੀ ਸਭ ਨੇ ਦਿਤੀ ਤਰਜੀਹ, ਪ੍ਰੇਮ ਨਾਲ ਸੁਣਾਈਆ । ਉਸ ਦਾ ਲੇਖਾ ਕਿਸ ਬਿਧ ਮੁਕਣਾ ਵੀਹ ਇਕੀਹ, ਇਕੀਸਾ ਜਗਦੀਸਾ ਕੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਕਲਜੁਗ ਕਹੇ ਕੱਤਕਾ ਮੈਂ ਕਰਮ ਕੀ ਦੱਸਾਂ, ਦਹਿ ਦਿਸ਼ਾ ਧਿਆਨ ਲਗਾਈਆ । ਮੈਂ ਖ਼ੁਸ਼ੀਆਂ ਦੇ ਵਿਚ ਹੱਸਾਂ, ਹਸਤੀ ਤਕ ਬੇਪਰਵਾਹੀਆ । ਮੈਨੂੰ ਮਿਲਿਆ ਵਕ਼ਤ ਮਸਾਂ, ਮਸਿਆ ਰੈਣ ਅੰਧੇਰੀ ਛਾਈਆ । ਚਾਰੋਂ ਕੁੰਟ ਬਿਨ ਕ਼ਦਮਾਂ ਤੋਂ ਨੱਸਾਂ, ਭੱਜਾਂ ਵਾਹੋ ਦਾਹੀਆ । ਖ਼ੁਸ਼ੀਆਂ ਦੇ ਵਿਚ ਮਾਰਾਂ ਕੱਛਾਂ, ਬਾਜ਼ੂ ਬਲ ਉਠਾਈਆ । ਜੋ ਇਸ਼ਾਰਾ ਕੀਤਾ ਮੱਛਾਂ ਕੱਛਾਂ, ਜਲ ਧਾਰਾ ਗਏ ਦ੍ਰਿੜਾਈਆ । ਜਿਸ ਨੂੰ ਗੋਬਿੰਦ ਧਾਰ ਕਿਹਾ ਅੱਛਾ, ਅੱਛੀ ਤਰਹ ਸਮਝਾਈਆ । ਜਿਸ ਦਾ ਨਾਮ ਨਿਧਾਨਾ ਦੋ ਜਹਾਨਾਂ ਬਾਹਰ ਰਸਾ, ਬਿਨ ਰਸਨਾ ਰਸ ਚਖਾਈਆ । ਉਸ ਦੇ ਹੁਕਮ ਨਾਲ ਹੋੜਾ ਪ੍ਰਸਿੱਧ ਹੋਣਾ ਉਪਰ ਸੱਸਾ, ਸਾਹਿਬ ਨਾਲ ਚਤੁਰਾਈਆ । ਹੰ ਬ੍ਰਹਮ ਹੋ ਕੇ ਨਿਰਗੁਣ ਧਾਰ ਤਤਾਂ ਅੰਦਰ ਵਸਾ, ਵਾਸਤਾ ਆਪਣੇ ਨਾਲ ਰਖਾਈਆ । ਉਸ ਦੀ ਵਡਿਆਈ ਕਾਹਦੀ ਸਿਫ਼ਤ ਸਲਾਹ ਜਸਾ, ਧੁਰ ਦੇ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਕੱਤਕ ਕਹੇ ਕਲਜੁਗ ਵੇਖ ਲੈ ਧੁਰ ਦੀਆਂ ਤਾਰਾਂ, ਤ੍ਰੈਗੁਣ ਅਤੀਤਾ ਕੀ ਜਣਾਈਆ । ਜਿਸ ਦਾ ਖੇਲ ਸਦਾ ਜੁਗ ਚਾਰਾ, ਚਾਰੋਂ ਕੁੰਟ ਵੇਖ ਵਖਾਈਆ । ਜਿਸ ਦੀਆਂ ਆਦਿ ਜੁਗਾਦਿ ਜੁਗ ਚੌਕੜੀ ਨਵੀਆਂ ਨਿਤ ਬਹਾਰਾਂ, ਰੁਤੜੀ ਰੁਤ ਆਪਣੇ ਨਾਲ ਮਹਿਕਾਈਆ । ਜਿਸ ਦੀਆਂ ਸ਼ਬਦੀ ਧਾਰ ਧੁਨਕਾਰਾਂ, ਅਨਹਦ ਨਾਦੀ ਨਾਦ ਕਰੇ ਸ਼ਨਵਾਈਆ । ਜਿਸ ਦੀਆਂ ਜੋਤੀ ਨਾਲ ਜੋਤ ਚਮਤਕਾਰਾਂ, ਜੋਤੀ ਜਾਤਾ ਇਕ ਅਖਵਾਈਆ । ਜਿਸ ਦੀਆਂ ਲੱਖ ਚੁਰਾਸੀ ਚਾਰੇ ਖਾਣੀਆਂ ਨਾਰਾਂ, ਨਰ ਨਰਾਇਣ ਕੰਤ ਅਗੰਮ ਅਥਾਹੀਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਾਵਣ ਆਇਆ ਸਾਰਾ, ਮਹਾਸਾਰਥੀ ਆਪਣਾ ਫੇਰਾ ਪਾਈਆ । ਮੈਂ ਉਸ ਨੂੰ ਕਰਾਂ ਨਿਮਸਕਾਰਾ, ਨਿਵ ਨਿਵ ਲਾਗਾਂ ਪਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਪੈਗ਼ੰਬਰ ਗੁਰ ਅਵਤਾਰਾ, ਅਵਤਰ ਆਪਣਾ ਹੁਕਮ ਵਰਤਾਈਆ । ਜਿਸ ਕਲਜੁਗ ਤੇਰਾ ਮੇਟਣਾ ਧੂੰਆਂਧਾਰਾ, ਧਰਨੀ ਧਰਤ ਧਵਲ ਧੌਲ ਕਰੇ ਰੁਸ਼ਨਾਈਆ । ਉਸ ਦਾ ਨੂਰ ਨੁਰਾਨਾ ਦੋ ਜਹਾਨਾ ਹੋਏ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਉਹ ਤਕ ਲੈ ਜਿਸ ਦਾ ਸਤਿਗੁਰ ਸ਼ਬਦ ਦਏ ਇਸ਼ਾਰਾ, ਬਿਨ ਸੈਨਤ ਸੈਨਤ ਲਗਾਈਆ । ਕਲਜੁਗ ਤੇਰਾ ਅੰਤ ਦਾ ਅੰਤ ਕਿਨਾਰਾ, ਨਈਆ ਨੌਕਾ ਕੂੜ ਵੇਖਣੀ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਕਲਜੁਗ ਕਹੇ ਕੱਤਕਾ ਮੈਨੂੰ ਨਹੀਂ ਭੁਲੇਖਾ, ਭਰਮ ਨਾ ਕੋਇ ਭੁਲਾਈਆ । ਮੇਰਾ ਸਾਹਿਬ ਦੇ ਨਾਲ ਲੇਖਾ, ਲਿਖਿਆ ਲੇਖ ਨਾ ਕੋਇ ਮਿਟਾਈਆ । ਮੇਰੀ ਬਦਲਣ ਵਾਲੀ ਰੇਖਾ, ਰਿਖੀਆਂ ਮੁੰਨੀਆਂ ਤੋਂ ਬਾਹਰ ਦਿਆਂ ਜਣਾਈਆ ।

ਮੇਰਾ ਲਹਿਣਾ ਦੇਣਾ ਨਾਲ ਦਸ ਦਸਮੇਸਾ, ਦਹਿ ਦਿਸ਼ਾ ਦਿਆਂ ਜਣਾਈਆ । ਉਹ ਵੇਖ ਲੈ ਮੈਨੂੰ ਸਾਹਿਬ ਦਾ ਦਿਸਦਾ ਵੇਸਾ, ਜੋ ਆਪਣਾ ਰੂਪ
ਵਟਾਈਆ । ਜਿਸ ਨੂੰ ਕਹਿੰਦੇ ਨਰ ਨਰੇਸ਼ਾ, ਨਰਾਇਣ ਅਗੰਮ ਅਥਾਹੀਆ । ਜੁਗ ਬਦਲਣਾ ਜਿਸ ਦਾ ਪੇਸ਼ਾ, ਸਰਗੁਣ ਨਿਰਗੁਣ ਨਿਰਗੁਣ
ਸਰਗੁਣ ਖੇਲ ਖਿਲਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਮੇਰੇ ਕੋਲ ਰਹੇ ਹਮੇਸ਼ਾ, ਹਮ ਸਾਜਣ ਇਕ ਅਖਵਾਈਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਦਾ ਆਪ ਚੁਕਾਈਆ । ਕਲਜੁਗ ਕਹੇ ਕੱਤਕ ਪ੍ਰਭ ਦੋਸਤ ਹਮਾਰੇ ਮੀਤ,
ਮਿਤਰ ਇਕ ਅਖਵਾਈਆ । ਜਗਤ ਨੀਥਾਰੋ ਪ੍ਰੀਤ, ਪ੍ਰੀਤਮ ਬੇਪਰਵਾਹੀਆ । ਜਿਸ ਦੀ ਧਾਰ ਬਦਲਣੀ ਰੀਤ, ਰੀਤੀਵਾਨ ਅਖਵਾਈਆ । ਠਗੌਰੀ
ਪਾਵੇ ਚੀਤ, ਚਿਤ ਵਿਤ ਨਾਲ ਮਿਲਾਈਆ । ਸਭ ਦੀ ਪਰਖਣਹਾਰਾ ਨੀਤ, ਨਿਰਗੁਣ ਨਿਰਵੈਰ ਨੂਰ ਅਲਾਹੀਆ । ਮੈਂ ਉਸੇ ਦੇ ਢੋਲੇ ਗਾਵਾਂ
ਗੀਤ, ਜੋ ਸਤਿਗੁਰ ਸ਼ਬਦ ਗੋਬਿੰਦ ਧੁਰ ਦਾ ਮਾਹੀਆ । ਜੋ ਤੇਰੇ ਮੇਰੇ ਵਸਿਆ ਚੀਤ, ਭੀਤਰ ਡੇਰਾ ਢਾਹੀਆ । ਜੋ ਸਦਾ ਤ੍ਰੈਗੁਣ ਅਤੀਤ,
ਤ੍ਰੈਭਵਣ ਧਨੀ ਅਖਵਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਗਏ ਬੀਤ, ਕਲਜੁਗ ਕਹੇ ਅੰਤਮ ਮੇਰਾ ਲੇਖਾ ਆਪਣੇ ਹੱਥ ਰਖਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਕੱਤਕ ਕਹੇ ਕਲਜੁਗਾ ਮੈਨੂੰ ਆਉਂਦਾ
ਡਰ, ਮਿਤਰਾ ਦਿਆਂ ਸੁਣਾਈਆ । ਤੈਨੂੰ ਛਡਣਾ ਪੈਣਾ ਘਰ, ਘਰਾਨਾ ਲੋਕਮਾਤ ਤਜਾਈਆ । ਤੇਰਾ ਪੂਰਾ ਹੋਣਾ ਵਰ, ਗੁਰ ਅਵਤਾਰ ਪੈਗ਼ੰਬਰ
੧੦੯ ਦੇਣ ਗਵਾਹੀਆ । ਹੁਣ ਅਗਲਾ ਫ਼ਿਕਰ ਕਰ, ਬਿਨ ਨੈਣਾਂ ਨੈਣ ਉਠਾਈਆ । ਤੇਰੇ ਕੋਲ ਰਹਿਣਾ ਨਹੀਂ ਧਨ ਜ਼ਰ, ਦੌਲਤ ਕੰਮ ਕਿਸੇ ਨਾ ਆਈਆ । ੧੦੯
੨੪ ਤੇਰੀ ਬੁਧੀ ਹੋਈ ਵਾਂਗ ਖਰ, ਬਿਬੇਕੀ ਰੂਪ ਨਾ ਕੋਇ ਦਰਸਾਈਆ । ਹੁਣ ਮਿਤਰਾ ਆਪਣਾ ਭਾਣਾ ਸਿਰ ਤੇ ਜਰ, ਸਿਰ ਸਕੇ ਨਾ ਕੋਇ ਉਠਾਈਆ । ੨੪
ਉਹ ਤਕ ਲੈ ਕੀ ਕਰਤਾ ਪੁਰਖ ਰਿਹਾ ਕਰ, ਕਰਨੀ ਦਾ ਕਰਤਾ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ
ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਕਲਜੁਗ ਕਹੇ ਕੱਤਕਾ ਮੈਂ ਅੱਜ ਕਰਨ ਲੱਗਾ ਅਰਦਾਸ, ਬੇਨੰਤੀ ਬਿਨਾ ਜ਼ਬਾਨ ਸੁਣਾਈਆ ।
ਕਿਰਪਾ ਨਿਧਾਨ ਮੇਰੇ ਆ ਪਾਸ, ਮੇਰੀ ਆਸਾ ਪੂਰ ਕਰਾਈਆ । ਪਹਿਲੋਂ ਮੈਨੂੰ ਦੇ ਸ਼ਾਬਾਸ਼, ਸਿਰ ਮੇਰੇ ਹੱਥ ਟਿਕਾਈਆ । ਜਿਸ ਸਤਿ ਧਰਮ
ਦਾ ਕੀਤਾ ਨਾਸ, ਕੂੜੀ ਕਿਰਿਆ ਦਿਤੀ ਪਰਗਟਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰੇ ਉਤੇ ਕਿਸੇ ਦਾ ਰਹਿਣ ਨਹੀਂ ਦਿਤਾ ਵਿਸ਼ਵਾਸ਼,
ਵਿਸ਼ਿਆਂ ਵਿਚ ਕੂੜ ਲੋਕਾਈਆ । ਸ਼ੰਕਰ ਵੇਖ ਲੈ ਰੋਂਦਾ ਉਤੇ ਕੈਲਾਸ਼, ਬਹੁੜੀ ਬਹੁੜੀ ਕਰ ਸੁਣਾਈਆ । ਬ੍ਰਹਮਾ ਬ੍ਰਹਮ ਨੂੰ ਕਰੇ ਤਲਾਸ਼, ਭੱਜੇ
ਵਾਹੋ ਦਾਹੀਆ । ਵਿਸ਼ਨ ਵਿਸ਼ਵ ਦੀ ਪੂਰੀ ਕਰੇ ਨਾ ਆਸ, ਘਰ ਘਰ ਰਿਜ਼ਕ ਨਾ ਕੋਇ ਸਬਾਈਆ । ਕਲਜੁਗ ਕਹੇ ਮੈਂ ਪ੍ਰਭੂ ਦਾ ਬਣ ਕੇ ਦਾਸੀ
ਦਾਸ, ਸੇਵਾ ਸਚ ਸਚ ਕਮਾਈਆ । ਸੁਰਤ ਸ਼ਬਦ ਦੀ ਪੈਣ ਨਹੀਂ ਦਿਤੀ ਰਾਸ, ਗੋਪੀ ਕਾਹਨ ਸੰਗ ਨਾ ਕੋਇ ਨਿਭਾਈਆ । ਮਿਲਿਆ ਮੇਲ
ਨਾ ਕਿਸੇ ਸਰਬ ਗੁਣਤਾਸ, ਗੁਣਵੰਤਾ ਘਰ ਨਾ ਕੋਇ ਵਸਾਈਆ । ਜਿਧਰ ਵੇਖੋ ਕਲਜੁਗ ਕਹੇ ਮੈਂ ਦੁਨੀਆ ਕੀਤੀ ਉਦਾਸ, ਸਾਂਤਕ ਸਤਿ ਨਾ
ਕੋਇ ਕਰਾਈਆ । ਹਰਿ ਹਿਰਦਾ ਕੀਤਾ ਪਰਭਾਸ, ਜੰਗਲ ਜੂਹ ਦਿਸੇ ਲੋਕਾਈਆ । ਮੈਂ ਪ੍ਰਭ ਨੂੰ ਇਕੋ ਵਾਰ ਦੇਣਾ ਆਖ, ਬਿਨ ਅੱਖਰਾਂ ਦੇਣਾ
ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਾਚੀ ਕਾਰ ਕਮਾਈਆ । ਕਲਜੁਗ ਕਹੇ

ਕੱਤਕਾ ਪ੍ਰਭ ਮੈਨੂੰ ਦਏ ਦਲੇਰੀ, ਸਿਰ ਮੇਰੇ ਹੱਥ ਟਿਕਾਈਆ । ਮਿਹਰਵਾਨ ਕਰੇ ਮਿਹਰੀ, ਮਿਹਰ ਨਜ਼ਰ ਨਾਲ ਤਰਾਈਆ । ਚਾਰੋਂ ਕੁੰਟ ਕਰ ਰੈਣ ਅੰਧੇਰੀ, ਸਾਚਾ ਚੰਦ ਨਾ ਕੋਇ ਚਮਕਾਈਆ । ਦੀਨ ਦੁਨੀ ਲਏ ਘੇਰੀ, ਚਾਰੋਂ ਕੁੰਟ ਪੰਧ ਮੁਕਾਈਆ । ਸਾਡੇ ਅੰਦਰ ਦੇ ਦੇ ਗੇੜੀ, ਮਨ ਮਨੂਆ ਮਨ ਭੁਆਈਆ । ਧਰਮ ਦੀ ਜੜ੍ਹ ਦੇ ਉਖੇੜੀ, ਤਨ ਵਜੂਦਾ ਰਹਿਣ ਕੋਇ ਨਾ ਪਾਈਆ । ਕਲਜੁਗ ਬੱਚੂ ਸਚ ਦੀ ਚੜ੍ਹੇ ਕੋਇ ਨਾ ਬੇੜੀ, ਨੌਕਾ ਨਾਮ ਹੱਥ ਕਿਸੇ ਨਾ ਆਈਆ । ਚਾਰੋ ਕੁੰਟ ਵਖਾ ਦੇ ਝੇੜੀ, ਝਗੜਾ ਜਗਤ ਲੋਕਾਈਆ । ਅਗੇ ਕਰੇ ਮੂਲ ਨਾ ਦੇਰੀ, ਦੋਹਰਾ ਤਾਲ ਬਣਾਈਆ । ਤੇਰੇ ਪਿਛੇ ਪੁਰਖ ਅਕਾਲ ਨੇ ਮਾਰੀ ਫੇਰੀ, ਨਿਰਗੁਣ ਆਪਣਾ ਵੇਸ ਵਟਾਈਆ । ਤੇਰੇ ਅੰਤਰ ਖ਼ੁਸ਼ੀ ਹੋਵੇ ਬਥੇਰੀ, ਚਾਓ ਘਨੇਰਾ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਕਲਜੁਗ ਕਹੇ ਕੱਤਕਾ ਮੇਰੀ ਬੇਨੰਤੀ ਕਰੇ ਮਨਜ਼ੂਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਦਰਸ਼ਨ ਦੇਵੇ ਹਾਜ਼ਰ ਹਜ਼ੂਰ, ਹਜ਼ਰਤਾਂ ਦਾ ਮਾਲਕ ਨੂਰ ਅਲਾਹੀਆ । ਜਿਸ ਦਾ ਹੁਕਮ ਇਕ ਦਸਤੂਰ, ਦਸਤ ਬੰਨ੍ਹ ਕੇ ਸੀਸ ਝੁਕਾਈਆ । ਜਿਸ ਨੇ ਮੇਰੇ ਮੁਆਫ਼ ਕਰਨੇ ਕ਼ਸੂਰ, ਕਸਰ ਇਸ਼ਾਰੀਏ ਨਾਲ ਉਡਾਈਆ । ਮੈਨੂੰ ਵਡਿਆਈ ਦੇਵੇ ਜ਼ਰੂਰ, ਸਿਰ ਮੇਰੇ ਹੱਥ ਟਿਕਾਈਆ । ਮੈਂ ਦੀਨ ਦੁਨੀਆ ਵਿਚ ਪਾਉਣਾ ਫ਼ਤੂਰ, ਫ਼ਤਵਾ ਸਭ ਦੇ ਉਤੇ ਲਗਾਈਆ । ਮਨੂਆ ਮਨ ਕਰ ਮਗ਼ਰੂਰ, ਗ਼ੁਰਬਤ ਭਰਨੀ ਕੂੜ ਲੋਕਾਈਆ । ਜੋ ਆਸਾ ਰਖੀ ਮੂਸਾ ਉਤੇ ਕੋਹਤੂਰ, ਸੋ ਲਹਿਣਾ ਦੇਣਾ ਜਣਾਈਆ । ਜਿਸ ਕਾਰਨ ਈਸਾ ਈਸਵੀ ਕੀਤੀ ਮਸ਼ਹੂਰ, ਮਸ਼ਵਰਾ ਖ਼ੁਦਾ ਨਾਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਕੱਤਕ ਕਹੇ ਕਲਜੁਗਾ, ਸੁਣ ਲੈ ਮੀਤ । ਅਗੰਮ ਵਕਤ ਸੁਹੰਜਣਾ ਤੇਰਾ ਪੁੱਗਾ, ਵੇਖਣੀ ਅਗਲੀ ਰੀਤ । ਸਤਿ ਧਰਮ ਹੋਣਾ ਉਘਾ, ਦੇਵੇ ਵਡਿਆਈ ਪਤਤ ਪੁਨੀਤ । ਤੇਰਾ ਮਿਤਰਾ ਉਜੜਨਾ ਝੁੱਗਾ, ਝਗੜਾ ਮਿਟਣਾ ਮੰਦਰ ਮਸੀਤ । ਦੁਤੀਆ ਭਾਓ ਰਹੇ ਨਾ ਦੁੱਜਾ, ਏਕਾ ਗਾਉਣਾ ਸਭ ਨੇ ਗੀਤ । ਧੁਰ ਦਾ ਹੁਕਮ ਅਗੰਮੀ ਸੁਝਾ, ਜੋ ਕਰੇ ਪਤਤ ਪੁਨੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰੇ ਬਖ਼ਸ਼ੀਸ਼ । ਕਲਜੁਗ ਕਹੇ ਕੱਤਕਾ ਐਂਵੇ ਨਾ ਕਰ ਵਿਚਾਰਾਂ, ਦਲੀਲਾਂ ਜਗਤ ਬਣਾਈਆ । ਮੇਰੀਆਂ ਖੇਲਾਂ ਤਕੀਂ ਬਹਾਰਾਂ, ਨਵ ਸਤ ਧਿਆਨ ਲਗਾਈਆ । ਜੋ ਸਲਾਹ ਕੀਤੀਆਂ ਮੁਹੰਮਦ ਨਾਲ ਚਾਰ ਯਾਰਾਂ, ਮਸ਼ਵਰੇ ਕਾਅਬਿਆਂ ਵਿਚ ਬਣਾਈਆ । ਜੋ ਜਬਰਾਈਲ ਖੜਕਾਈਆਂ ਸਿਤਾਰਾਂ, ਵਹੀ ਨਾਜ਼ਲ ਰੂਪ ਦਰਸਾਈਆ । ਅਗਲਾ ਭੇਵ ਦੱਸਣਾ ਜ਼ਾਹਿਰਾ, ਸਹਿਜ ਨਾਲ ਸੁਣਾਈਆ । ਮੁਹੰਮਦ ਅੱਲਾ ਹੂ ਦਾ ਲਾ ਕੇ ਨਾਅਰਾ, ਨੈਣਾਂ ਨੀਰ ਵਹਾਈਆ । ਤੇਰਾ ਖੇਲ ਬੇਐਬ ਪਰਵਰਦਿਗਾਰਾ, ਤੇਰੀ ਬੇਪਰਵਾਹੀਆ । ਸਦੀ ਚੌਧਵੀਂ ਅੰਧ ਅੰਧਿਆਰਾ, ਚੌਦਸ ਚੰਦ ਨਾ ਕੋਇ ਰੁਸ਼ਨਾਈਆ । ਜ਼ਿਮੀਂ ਅਸਮਾਨਾਂ ਧੁੰਦੂਕਾਰਾ, ਧਰਤ ਧਵਲ ਦੁਹਾਈਆ । ਮੇਰਾ ਇਕੋ ਹਕ ਹਕ ਦਾ ਨਾਅਰਾ, ਲਾਸ਼ਰੀਕ ਦੇਣਾ ਸੁਣਾਈਆ । ਅਮਾਮ ਅਮਾਮਾ ਹੋਣਾ ਜ਼ਾਹਰਾ, ਜ਼ਾਹਰ ਜ਼ਹੂਰ* ਡਗਮਗਾਈਆ । ਫੇਰ ਝਗੜਾ ਛੇੜਨਾ ਵਿਚ ਕਾਹਿਰਾ, ਕ਼ਦਮ ਕ਼ਦਮ ਨਾਲ ਬਦਲਾਈਆ । ਤੇਰਾ ਸਮਝੇ ਕੋਇ ਨਾ ਦਾਇਰਾ, ਹਦੂਦ ਵੇਖਣ ਕੋਇ ਨਾ ਪਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਹੋਏ ਮੁਸ਼ਾਹਿਰਾ, ਢੋਲੇ ਸੋਹਲੇ ਰਾਗ ਸੁਣਾਈਆ । ਕਲਜੁਗਾ ਕਿਤੇ ਹੋ ਨਾ ਰਹੀਂ ਬਹਿਰਾ, ਸੁਣਨਾ ਥਾਉਂ ਥਾਈਂਆ । ਲੇਖਾ ਮੁਕਣਾ ਸਵਾ ਪਹਿਰਾ, ਪਾਰਬ੍ਰਹਮ ਕੀ ਦ੍ਰਿੜਾਈਆ ।

੧੧੦
੨੪

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਹੁਕਮ ਸੁਣਾਈਆ । ਕਲਜੁਗ ਕਹੇ ਕੱਤਕਾ ਮੈਂ ਕੋਈ ਬੱਚਾ ਨਹੀਂ ਨੰਨ੍ਹਾ, ਜੋਬਨਵੰਤ ਅਖਵਾਈਆ । ਮੈਂ ਕੋਈ ਸੁਣਦਾ ਨਹੀਂ ਨਾਲ ਕੰਨਾਂ, ਅਣਸੁਣਤ ਕੀ ਸਮਝਾਈਆ । ਮੈਂ ਜਗਤ ਵਾਲਾ ਨਹੀਂ ਕੋਈ ਚੰਨਾ, ਆਪਣਾ ਪੱਖ ਬਦਲਾਈਆ । ਮੈਂ ਕੋਈ ਅੱਖਰਾਂ ਵਾਲਾ ਨਹੀਂ ਮੰਮਾ, ਪੜ੍ਹ ਪੜ੍ਹ ਦੀਨ ਦੁਨੀ ਦ੍ਰਿੜਾਈਆ । ਮੈਂ ਕੋਈ ਹਿੱਸਾ ਨਹੀਂ ਖੰਨਾ, ਜਗਤ ਵੰਡ ਨਾ ਕੋਈ ਵੰਡਾਈਆ । ਮੈਂ ਕੋਈ ਕਾਂਡ ਨਹੀਂ ਕਰਮਾ, ਜਗਤ ਜੁਗ ਸ਼ਨਵਾਈਆ । ਮੈਂ ਕੋਈ ਦੀਨ ਦੁਨੀ ਨਹੀਂ ਧਰਮਾ, ਧੀਰਜ ਰੰਗ ਨਾ ਕੋਇ ਰੰਗਾਈਆ । ਮੈਨੂੰ ਨਹੀਂ ਹਯਾ ਕੋਈ ਸ਼ਰਮਾ, ਸ਼ਹਿਨਸ਼ਾਹ ਦਿਤੀ ਵਡਿਆਈਆ । ਮੈਂ ਝਗੜਾ ਮੇਟਣਾ ਵਰਨਾ ਬਰਨਾ, ਸ਼ਤਰੀ ਬ੍ਰਾਹਮਣ ਸ਼ੂਦਰ ਵੈਸ਼ ਰਹਿਣ ਕੋਇ ਨਾ ਪਾਈਆ । ਮੈਂ ਲੇਖਾ ਤਕਣਾ ਉਤੇ ਧਰਨੀ ਧਰਨਾ, ਧਵਲ ਧਿਆਨ ਰਖਾਈਆ । ਕਲਜੁਗ ਕਹੇ ਕੱਤਕਾ ਮੈਂ ਅੱਜ ਤੋਂ ਲਹਿੰਦੀ ਕੂਟੇ ਚੜ੍ਹਨਾ, ਖ਼ੁਸ਼ੀਆਂ ਨਾਲ ਪੰਧ ਮੁਕਾਈਆ । ਮੁਹੰਮਦੀਆਂ ਦੇ ਅੰਦਰ ਵੜਨਾ, ਆਸਣ ਲਵਾਂ ਜਮਾਈਆ । ਅੱਲਾ ਹੂ ਅੰਨਾ ਹੂ ਦਾ ਨਾਅਰਾ ਪੜ੍ਹਨਾ, ਬਿਨ ਅੱਖਰਾਂ ਅੱਖਰ ਸੁਣਾਈਆ । ਜੋ ਮੁਹੰਮਦ ਵਜ਼ੀਉਲ ਤਾ ਅਮ ਬਾਦਿਲ ਤਾ ਖੇਲ ਬੂ ਚਸ਼ਮੇ ਰਛਸ ਜਦੀਮੇ ਅਵਦ ਰਜ਼ੀਓਮ ਮਾਓਲ ਜਹੰਮਬਾ ਤਾਜ਼ੂ ਵਹੁਬਲ ਜ਼ਾਵੀਜ਼ਮ ਮਸਤਾਏ ਵਾਏ ਜ਼ੁਲ ਜਮੂਦਾ ਹਮਲ ਜ਼ੁਮਾ ਤੇਰਾ ਨੂਰ ਨੂਰ ਨੂਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਕੱਤਕ ਕਹੇ ਕਲਜੁਗਾ ਤੂੰ ਬੜਾ ਚਲਾਕ, ਸੂਰਬੀਰ ਨਜ਼ਰੀ ਆਈਆ । ਕਲਜੁਗ ਕਹੇ ਮਿਤਰਾ ਪ੍ਰਭ ਨੇ ਮੇਰਾ ਖੋਲ੍ਹਿਆ ਤਾਕ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੇ ਮੈਂ ਕਲਜੁਗ ਨਾ ਹੋਵਾਂ ਕਿਥੋਂ ਅਵਤਾਰ ਪੈਗ਼ੰਬਰਾਂ ਗੁਰੂਆਂ ਦਾ ਪੂਰਾ ਹੋਵੇ ਵਾਕ, ਪੁਰਖ ਅਕਾਲ ਦੀ ਕੀ ਵਡਿਆਈਆ । ਸਤਿਗੁਰ ਸ਼ਬਦ ਫਿਰ ਕਿਸ ਨੂੰ ਦੇਵੇ ਸ਼ਬਦ ਦੀ ਦਾਤ, ਕਵਣ ਹੁਕਮ ਹੁਕਮ ਸੁਣਾਈਆ । ਅਵਤਾਰ ਪੈਗ਼ੰਬਰਾਂ ਦਾ ਬਣੇ ਕਵਣ ਸਾਕ, ਗੁਰੂਆਂ ਦਾ ਸੱਜਣ ਕਵਣ ਅਖਵਾਈਆ । ਕੱਤਕਾ ਪੁਰਖ ਅਕਾਲ ਮੇਰੇ ਵੱਲ ਰਿਹਾ ਝਾਕ, ਬਿਨ ਨੈਣਾਂ ਨੈਣ ਉਠਾਈਆ । ਪਰ ਮੈਂ ਵੀ ਛੇਤੀ ਮੁਕਾਉਣੀ ਆਪਣੀ ਵਾਟ, ਵਟਣਾ ਦੀਨ ਦੁਨੀ ਲਗਾਈਆ । ਸਭ ਨੂੰ ਲਿਆਉਣਾ ਆਪਣੇ ਘਾਟ, ਪਤਣ ਇਕੋ ਇਕ ਅਖਵਾਈਆ । ਸਭ ਤੋਂ ਪਹਿਲੋਂ ਮੁਕਾਉਣੀ ਆਪਣੀ ਵਾਟ, ਪ੍ਰਭ ਦੀ ਸਾਚੀ ਸੇਵ ਕਮਾਈਆ । ਪਰ ਇਕ ਵੇਰਾਂ ਸਾਹਿਬ ਸਤਿਗੁਰ ਨਾਲੋਂ ਦੀਨ ਦੁਨੀਆ ਦੇਣੀ ਕਾਟ, ਸੁਰਤ ਸ਼ਬਦ ਨਾ ਕੋਇ ਜਣਾਈਆ । ਬੇਸ਼ਕ ਸਤਿਗੁਰ ਸ਼ਬਦ ਮੈਨੂੰ ਰਿਹਾ ਡਾਂਟ, ਭੈ ਰਿਹਾ ਵਖਾਈਆ । ਮੈਂ ਵੀ ਬੜਾ ਨਟੂਆ ਨਾਟ, ਆਪਣਾ ਸਾਂਗ ਪਰਗਟਾਈਆ । ਨਾਲੇ ਹਸ ਕੇ ਕਹਿਵਾਂ ਮੇਰੇ ਸਾਹਿਬ ਸਤਿਗੁਰ ਮੈਂ ਵੇਖ ਲੈ ਦੀਨ ਦੁਨੀਆ ਦੀ ਸੁੱਤਾ ਕਾਇਆ ਅੰਦਰ ਵਾਲੀ ਖਾਟ, ਬਾਹਰ ਸਿੰਘਾਸਣ ਨਜ਼ਰ ਕੋਇ ਨਾ ਆਈਆ । ਮੈਂ ਕੋਈ ਜਗਤ ਗਵਈਆ ਨਹੀਂ ਭਾਟ, ਜਗਤ ਸੋਹਲੇ ਢੋਲੇ ਦਿਆਂ ਸੁਣਾਈਆ । ਮੇਰੀ ਇਕ ਛੋਟੀ ਜਿਹੀ ਬਾਤ, ਬਾਤਨ ਦਿਆਂ ਸੁਣਾਈਆ । ਮੈਂ ਵੰਗਾਰ ਕੇ ਕਹਵਾਂ ਓ ਪ੍ਰਭੂ ਜੇ ਮੈਂ ਕਲਜੁਗ ਨਾ ਹੋਵਾਂ ਤੂੰ ਕਿਸ ਤਰਹ ਆਵੇਂ ਲੋਕਮਾਤ, ਨਿਰਗੁਣ ਹੋ ਕੇ ਆਪਣਾ ਖੇਲ ਖਿਲਾਈਆ । ਤੇ ਫੇਰ ਮੈਂ ਕਲਜੁਗ ਵੀ ਤੇਰੀ ਜ਼ਾਤ, ਮੈਨੂੰ ਜਨਮਿਆ ਕਿਸੇ ਨਹੀਂ ਮਾਈਆ । ਨਾ ਕੋਈ ਮੇਰੀ ਭੈਣ ਤੇ ਨਾ ਕੋਈ ਭਰਾਤ, ਪਤਨੀ ਸੰਗ ਨਾ ਕੋਇ ਰਖਾਈਆ । ਤੂੰ ਮੇਰਾ ਮੈਂ ਤੇਰਾ ਏਸੇ ਕਰਕੇ ਤੂੰ ਪੁਛੀ ਮੇਰੀ ਵਾਤ, ਮੇਰੇ ਪਿਛੇ ਆਇਓਂ ਚਲ ਕੇ ਪਾਂਧੀ ਰਾਹੀਆ । ਪਰ ਮੇਰੇ ਕੋਲ ਇਕ ਪਤ੍ਰਕਾ ਬਿਨਾ ਅੱਖਰਾਂ ਤੋਂ ਪਾਤ,

ਜਿਸ ਦਾ ਜਗਤ ਵਿਦਿਆ ਲੇਖ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰਾਹ ਇਕ ਦਰਸਾਈਆ । ਕੱਤਕ ਕਹੇ ਕਲਜੁਗਾ ਕਿਉਂ ਪ੍ਰਭੂ ਨੂੰ ਰਿਹਾ ਵਡਿਆ, ਵੱਡੇ ਦੀ ਕੀ ਵਡਿਆਈਆ । ਕੋਟਨ ਕੋਟ ਕਲਜੁਗ ਵਹਿ ਗਏ ਉਹਦੇ ਵਿਚ ਵਹਿਣਾ ਵਾਲੇ ਦਰਿਆ, ਤੇਰੀ ਕੀ ਵਡਿਆਈਆ । ਉਹ ਬੇਪਰਵਾਹ ਅਗੰਮ ਅਥਾਹ, ਨਿਰਗੁਣ ਨੂਰ ਨੂਰ ਅਲਾਹੀਆ । ਜਿਸ ਨੇ ਪਤਾ ਨਹੀਂ ਕਿਤਨੇ ਵਿਸ਼ਨ ਬ੍ਰਹਮਾ ਸ਼ਿਵ ਦਿਤੇ ਉਪਾ, ਕੋਟਨ ਕੋਟ ਅਵਤਾਰ ਪੈਗ਼ੰਬਰ ਗੁਰੂ ਆਪਣੇ ਵਿਚ ਸਮਾਈਆ । ਕਿਤਨੇ ਜੁਗ ਚੌਕੜੀਆਂ ਦਿਤੇ ਬਦਲਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜੇ ਵਾਹੋ ਦਾਹੀਆ । ਝਟ ਕਲਜੁਗ ਮੁੱਛਾਂ ਨੂੰ ਦੇ ਕੇ ਤਾਅ, ਕੱਤਕ ਨੂੰ ਰਿਹਾ ਸੁਣਾਈਆ । ਉਹ ਮਿਤਰਾ ਮੈਂ ਸਭੇ ਛਡੇ ਥਾਂ, ਜਗਤ ਨਿਸ਼ਾਨੇ ਦਿਤੇ ਗਵਾਈਆ । ਇਕੋ ਇਸ਼ਟ ਲਿਆ ਮਨਾ, ਜੋ ਮਾਲਕ ਧੁਰਦਰਗਾਹੀਆ । ਜਿਸ ਦੇ ਢੋਲੇ ਅਵਤਾਰ ਪੈਗ਼ੰਬਰਾਂ ਗੁਰੂਆਂ ਦਿਤੇ ਸੁਣਾ, ਸਿਫ਼ਤਾਂ ਨਾਲ ਸਿਫ਼ਤ ਸਲਾਹੀਆ । ਪੈਗ਼ੰਬਰਾਂ ਕਹਿ ਕੇ ਹਕ ਖ਼ੁਦਾ, ਖ਼ੁਦ ਮਾਲਕ ਦਿਤਾ ਦ੍ਰਿੜਾਈਆ । ਗੁਰੂਆਂ ਕਹਿ ਕੇ ਵਾਹ ਵਾਹ, ਵਾਹਿਗੁਰੂ ਢੋਲਾ ਲਿਆ ਗਾਈਆ । ਅਵਤਰਾ ਰੂਪ ਅਨੂਪ ਦਰਸਾ, ਭੇਵ ਅਭੇਦਾ ਦਿਤਾ ਜਣਾਈਆ । ਸ਼ਾਹਾਂ ਦਾ ਸ਼ਾਹ, ਸ਼ਹਿਨਸ਼ਾਹ ਇਕ ਅਖਵਾਈਆ । ਕਲਜੁਗ ਕਹੇ ਸੋ ਮੇਰੀ ਪਕੜੇ ਬਾਂਹ, ਸਿਰ ਮੇਰੇ ਹੱਥ ਟਿਕਾਈਆ । ਜਿਸ ਨੇ ਮੇਰੇ ਬਦਲੇ ਸਾਰੀ ਸ੍ਰਿਸ਼ਟੀ ਨੂੰ ਜਪਾਉਣਾ ਇਕ ਨਾਂ, ਮਾਰਗ ਇਕੋ ਇਕ ਦ੍ਰਿੜਾਈਆ । ਸਭ ਦਾ ਬਣ ਕੇ ਪਿਤਾ ਮਾਂ, ਗੋਦੀ ਆਪਣੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖ਼ੁਸ਼ੀ ਆਪ ਪਰਗਟਾਈਆ । ਕਲਜੁਗ ਕਹੇ ਮੇਰੇ ਸਤਿਗੁਰ ਸੱਜਣ ਸੁਹੇਲੇ, ਸਾਹਿਬ ਤੇਰੀ ਸਰਨਾਈਆ । ਨਿਰਗੁਣ ਧਾਰ ਕਰ ਲੈ ਮੇਲੇ, ਮਿਲਣੀ ਹਰਿ ਜਗਦੀਸ਼ ਜਣਾਈਆ । ਤੁਧ ਬਿਨ ਖੇਲ ਕੋਈ ਨਾ ਖੇਲੇ, ਖ਼ਾਲਕ ਖ਼ਲਕ ਨਾ ਵੇਖ ਵਖਾਈਆ । ਆਪਣੇ ਗ੍ਰਿਹਿ ਵਖਾ ਨਵੇਲੇ, ਜਿਥੇ ਵਜਦੀ ਰਹੇ ਵਧਾਈਆ । ਪਰਮ ਪੁਰਖ ਨਾ ਗੁਰੂ ਰਹੇ ਨਾ ਚੇਲੇ, ਕਲਜੁਗ ਕਹੇ ਇਹ ਮੇਰੀ ਬੇਪਰਵਾਹੀਆ । ਧਰਮ ਦੀ ਧਾਰ ਨਾਲੋਂ ਸਾਰੇ ਕੀਤੇ ਵਿਹਲੇ, ਕੂੜੀ ਕਿਰਿਆ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰੇ ਕੋਲੋਂ ਮੰਗਾਂ ਮੰਗੀਆਂ, ਮਾਂਗਤ ਹੋ ਕੇ ਝੋਲੀ ਡਾਹੀਆ । ਜੋ ਮੈਨੂੰ ਲੱਗੀਆਂ ਚੰਗੀਆਂ, ਦਰ ਤੇਰੇ ਭੇਟ ਕਰਾਈਆ । ਤੂੰ ਮੈਨੂੰ ਕਰਨਾ ਕਾਰ ਅੰਗੀਆਂ, ਅੰਗੀਕਾਰ ਅਖਵਾਈਆ । ਮੈਂ ਚਾਹੁੰਦਾ ਦੀਨ ਦੁਨੀ ਦੀਆਂ ਚੋਟੀਆਂ ਹੋਵਣ ਨੰਗੀਆਂ, ਓਢਣ ਸੀਸ ਨਾ ਕੋਇ ਟਿਕਾਈਆ । ਸਭ ਦਾ ਲੇਖਾ ਹੋਵੇ ਮੇਰੇ ਕੰਢੀਆਂ, ਘਾਟ ਪਤਣ ਰੋਵਣ ਮਾਰਨ ਧਾਹੀਆ । ਜਗਤ ਦੁਹਾਗਣ ਦਿਸਣ ਰੰਡੀਆਂ, ਕੰਤ ਸੁਹਾਗ ਨਾ ਕੋਇ ਹੰਢਾਈਆ । ਕਲਜੁਗ ਕਹੇ ਮੇਰੀ ਧਾਰ ਫਿਰੇ ਵਾਂਗ ਪਖੰਡੀਆਂ, ਭੱਜੇ ਵਾਹੋ ਦਾਹੀਆ । ਦੀਨਾਂ ਮਜ਼੍ਹਬਾਂ ਵੇਖੇ ਡੰਡੀਆਂ, ਸ਼ਰਅ ਸ਼ਰੀਅਤ ਫੋਲ ਫੁਲਾਈਆ । ਨੇਤਰਹੀਣ ਵੇਖੇ ਅੰਧੀਆਂ, ਜਿਨ੍ਹਾਂ ਭੁੱਲਿਆ ਨੂਰ ਅਲਾਹੀਆ । ਕੂੜ ਕੁੜਿਆਰ ਦੀਆਂ ਮੇਰੀਆਂ ਹੋਵਣ ਪਾਬੰਦੀਆਂ, ਹੁਕਮ ਤੇਰਾ ਇਕ ਸੁਣਾਈਆ । ਜਿਸ ਤਰਹ ਪਿਛਲੀਆਂ ਜੁਗ ਚੌਕੜੀਆਂ ਲੰਘੀਆਂ, ਆਪਣਾ ਪੰਧ ਮੁਕਾਈਆ । ਹੁਣ ਖੇਲ ਖਿਲਾ ਦੇ ਦਇਆ ਕਮਾ ਦੇ ਵੇਖ ਲੈ ਸੂਰਬੀਰਾਂ ਜੰਗੀਆਂ, ਜੰਗਜੂ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਸਾ ਪੂਰ ਕਰਾਈਆ । ਕਲਜੁਗ ਕਹੇ ਪ੍ਰਭੂ ਮੇਰਾ ਚਰਨ ਕਵਲ ਵਿਚ ਸਜਦਾ,

ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਮੈਂ ਤੇਰੇ ਦਰ ਦਾ ਬਰਦਾ, ਮਾਂਗਤ ਹੋ ਕੇ ਝੋਲੀ ਡਾਹੀਆ । ਮੈਂ ਭੇਵ ਖੁਲ੍ਹਾਉਣਾ ਆਪਣੇ ਘਰ ਦਾ, ਗ੍ਰਿਹਿ ਪੜਦਾ ਦੇਣਾ ਉਠਾਈਆ । ਮੈਂ ਦਰਸ਼ਨ ਕਰਾਂ ਨਰਾਇਣ ਨਰ ਦਾ, ਨੂਰ ਨੁਰਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਮੰਗ ਮੰਗਾਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰੀ ਕਰਾਂ ਤਾਬਿਆਦਾਰੀ, ਤਲਬ ਅਵਰ ਨਾ ਕੋਇ ਰਖਾਈਆ । ਚਾਰੋਂ ਕੁੰਟ ਨਿਗਾਹ ਮਾਰੀ, ਬਿਨ ਨੈਣਾਂ ਨੈਣ ਤਕਾਈਆ । ਸਤਿ ਸਚ ਦੀ ਰਹਿਣ ਦਿਤੀ ਨਹੀਂ ਕੋਈ ਯਾਰੀ, ਯਰਾਨਾ ਤੋੜ ਨਾ ਕੋਇ ਨਿਭਾਈਆ । ਨਾਮ ਦੀ ਦਿਸੇ ਨਾ ਕਿਸੇ ਖ਼ੁਮਾਰੀ, ਮਦਿ ਮੱਤੀ ਕੀਤੀ ਲੋਕਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰੇ ਨਾਲ ਸਾਰੇ ਕਰਨ ਗ਼ਦਾਰੀ, ਸਤਿ ਵਿਚ ਨਾ ਕੋਇ ਸਮਾਈਆ । ਤੇਰਾ ਧਰਮ ਉਡਿਆ ਮਾਰ ਉਡਾਰੀ, ਧਰਨੀ ਧਰਤ ਧਵਲ ਨਜ਼ਰ ਕੋਇ ਨਾ ਆਈਆ । ਤੇਰੇ ਕੂੜ ਦੀ ਤੇਰੇ ਪਿਆਰ ਨਾਲੋਂ ਸਭ ਨੂੰ ਚੰਗੀ ਲਗੇ ਯਾਰੀ, ਯਾਰ ਪਿਆਰੇ ਮਿਤਰ ਲਏ ਬਣਾਈਆ । ਨੌਂ ਖੰਡ ਪ੍ਰਿਥਮੀ ਮੇਰੀ ਪਨਿਹਾਰੀ, ਪ੍ਰਭੂ ਤੇਰੀ ਸੇਵ ਨਾ ਕੋਇ ਕਮਾਈਆ । ਤੂੰ ਵੇਖਣਾ ਆਪਣੀ ਧਾਰੀ, ਜੋਤੀ ਜਾਤੇ ਧਿਆਨ ਲਗਾਈਆ । ਗੁਰ ਅਵਤਾਰ ਪੈਗ਼ੰਬਰ ਤੇਰਾ ਦੇਣ ਉਧਾਰੀ, ਭਵਿਖਤਾਂ ਵਿਚ ਸੁਣਾਈਆ । ਅੰਤ ਕੰਤ ਭਗਵੰਤ ਆਵੇ ਕਲ ਕਲਕੀ ਅਵਤਾਰੀ, ਨਿਹਕਲੰਕਾ ਨੂਰ ਅਲਾਹੀਆ । ਅਮਾਮ ਅਮਾਮੇ ਤੇਰੀ ਹੋਵੇ ਸਿਕਦਾਰੀ, ਸਿਰ ਸਿਰ ਹੁਕਮ ਮਨਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਪਾ ਸਾਰੀ, ਪਾਰਬ੍ਰਹਮ ਪ੍ਰਭ ਆਪਣਾ ਭੇਵ ਚੁਕਾਈਆ ।
੧੧੩ ਤੂੰ ਨਿਰਗੁਣ ਨੂਰ ਜੋਤ ਉਜਿਆਰੀ, ਨੂਰ ਨੁਰਾਨਾ ਨਜ਼ਰੀ ਆਈਆ । ਤੇਰਾ ਖੇਲ ਸਦਾ ਜੁਗ ਚਾਰੀ, ਜੁਗ ਚੌਕੜੀ ਦਏ ਗਵਾਹੀਆ । ਕਲਜੁਗ ੧੧੩
੨੪ ਕਹੇ ਮੈਂ ਤੇਰਾ ਸੁਤ ਸੂਰਬੀਰ ਬਲਕਾਰੀ, ਬਲ ਆਪਣਾ ਦਿਤਾ ਪਰਗਟਾਈਆ । ਧਰਮ ਦਾ ਮਹਲ ਰਹਿਣ ਦੇਣਾ ਨਹੀਂ ਕੋਈ ਅਟਾਰੀ, ਅਟਲ ੨੪
ਪਦਵੀ ਹੱਥ ਕਿਸੇ ਨਾ ਆਈਆ । ਦੋ ਚਾਰ ਸਾਲਾਂ ਵਿਚ ਸਭ ਨੂੰ ਕਰਾ ਖ਼ੁਆਰੀ, ਖ਼ਾਤਰ ਤੇਰੀ ਪ੍ਰਭੂ ਸੇਵ ਕਮਾਈਆ । ਬਚਿਆ ਰਹੇ ਨਾ ਕੋਈ ਨਰ ਨਾਰੀ, ਇਸਤਰੀ ਮਰਦ ਵੰਡ ਨਾ ਕੋਇ ਵੰਡਾਈਆ । ਮੈਂ ਸੰਦੇਸ਼ੇ ਦੇਵਾਂ ਸਮੁੰਦ ਸਾਗਰਾਂ ਜੰਗਲਾਂ ਜੂਹਾਂ ਪਹਾੜੀ, ਟਿਲਿਆਂ ਪਰਬਤਾਂ ਦੇਣਾ ਸੁਣਾਈਆ । ਸਾਰੇ ਖ਼ਬਰਦਾਰ ਹੋ ਜਾਓ ਸ਼ੰਕਰ ਨੇ ਹੁਕਮ ਦੇ ਦਿਤਾ ਮੌਤ ਲਾੜੀ, ਰਾਏ ਧਰਮ ਚਿਤਰ ਗੁਪਤ ਲੇਖੇ ਨਾਲ ਮਿਲਾਈਆ । ਜਿਸ ਨੇ ਫਿਰਨਾ ਘਰ ਘਰ ਝਾੜੀ ਝਾੜੀ, ਕੋਨੇ ਕੋਨੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਸੱਜਣੋ ਮੇਰੀ ਕਰਨੀ ਇਮਦਾਦ, ਖ਼ੁਸ਼ੀਆਂ ਨਾਲ ਜਣਾਈਆ । ਰਾਏ ਧਰਮ ਪਿਛਲਾ ਲਹਿਣਾ ਰਖਣਾ ਯਾਦ, ਚਿਤਰ ਗੁਪਤ ਭੁਲ ਕਦੇ ਨਾ ਜਾਈਆ । ਲਾੜੀ ਮੌਤ ਤੂੰ ਵੀ ਚਖਣਾ ਸੁਆਦ, ਲੱਖ ਚੁਰਾਸੀ ਖਾ ਖਾ ਖ਼ੁਸ਼ੀ ਮਨਾਈਆ । ਮੈਂ ਫੇਰ ਆਉਣਾ ਸਤਿਜੁਗ ਤ੍ਰੇਤਾ ਦੁਆਪਰ ਤੋਂ ਬਾਦ, ਤਿੰਨ ਜੁਗ ਤੁਹਾਨੂੰ ਫੇਰ ਸਕੇ ਨਾ ਕੋਇ ਰਜਾਈਆ । ਸਾਥੀਓ ਸੱਜਣੋ ਸਾਰੇ ਖੋਲ੍ਹੋ ਜਾਗ, ਕਲਜੁਗ ਕਹੇ ਆਪਣੀ ਲਓ ਅੰਗੜਾਈਆ । ਤੁਹਾਡੇ ਵੱਡੇ ਹੋਣ ਵਾਲੇ ਭਾਗ, ਭਾਗਾਂ ਭਰਿਓ ਤੁਹਾਨੂੰ ਮਿਲੇ ਵਡਿਆਈਆ । ਵਾਅਦਾ ਕਰੀਏ ਦੀਨ ਦੁਨੀ ਉਤੇ ਜਗਦਾ ਰਹਿਣ ਨਹੀਂ ਦੇਣਾ ਕੋਈ ਚਰਾਗ਼, ਚਰਾਗਾਹਾਂ ਫਿਰੇ ਦੁਹਾਈਆ । ਹੰਸ ਬੁਧੀ ਵਾਲੇ ਬਣਾ ਦੇਣੇ ਕਾਗ, ਕਾਗ ਰੂਪ ਦਿਸੇ ਲੋਕਾਈਆ । ਕਿਸੇ ਤਖ਼ਤ ਨਿਵਾਸੀ ਦਾ ਰਹਿਣ ਨਹੀਂ ਦੇਣਾ ਰਾਜ, ਸ਼ਾਹ ਪਾਤਸ਼ਾਹ ਖ਼ਾਕ ਵਿਚ ਮਿਲਾਈਆ । ਰਾਏ ਧਰਮ ਚਿਤਰ ਗੁਪਤ ਲਾੜੀ ਮੌਤ ਕਲਜੁਗ ਕਹੇ

ਅੱਜ ਸਾਡੀ ਸਾਰਿਆਂ ਦੀ ਹੋ ਜਾਏ ਇਕ ਅਵਾਜ਼, ਇਕੋ ਸੁਖ਼ਨ ਦੇਈਏ ਸੁਣਾਈਆ । ਫਿਰ ਪ੍ਰਭੂ ਨੂੰ ਕਹੀਏ ਸਾਡੀ ਰਖਣੀ ਲਾਜ, ਤੇਰੇ ਚਰਨ ਸੀਸ ਨਿਵਾਈਆ । ਸਤਿਗੁਰ ਸ਼ਬਦ ਨੂੰ ਕਹੀਏ ਸਾਡਾ ਪੂਰਾ ਕਰਨਾ ਕਾਜ, ਦੇਣੀ ਮਾਣ ਵਡਿਆਈਆ । ਕਿਉਂ ਅੰਤ ਸਭ ਨੂੰ ਦੇਣਾ ਪੈਣਾ ਜਵਾਬ, ਜਵਾਬ ਤਲਬੀ ਕਰੇ ਬੇਪਰਵਾਹੀਆ । ਪੈਗ਼ੰਬਰਾਂ ਦੇ ਸੁਪਨੇ ਨਹੀਂ ਕੋਈ ਖ਼ੁਆਬ, ਖ਼ੁਦ ਮਾਲਕ ਦਾ ਹੁਕਮ ਤੇ ਖ਼ੁਦ ਮਾਲਕ ਆਪ ਵਰਤਾਈਆ । ਮੁਹੰਮਦ ਨੇ ਲਬਾਂ ਕਟਾਉਣ ਲੱਗਿਆਂ ਕਿਹਾ ਸੀ ਜੇ ਆਇਆ ਤੇ ਆਏਗਾ ਵਿਚ ਪੰਜਾਬ, ਪੰਜੇ ਦੋਵੇਂ ਮਿਲਾ ਕੇ ਦੁਆ ਖ਼ੁਦਾ ਅਗੇ ਕਰਕੇ ਵਜ਼ਿਹਮ ਵਜ਼ਿਹਮ ਵਜ਼ਿਹਮ ਕਹਿ ਕੇ ਸੀਸ ਦਿਤਾ ਝੁਕਾਈਆ । ਉਹ ਮੇਰਾ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਨਵਾਬਾਂ ਦਾ ਨਵਾਬ, ਬੇਮੁਹਤਾਜ ਮੁਹਤਾਜਾਂ ਆਪਣੇ ਗਲੇ ਲਗਾਈਆ । ਜਿਸ ਦਿਨ ਨਾਨਕ ਨੇ ਪਹਿਲੇ ਦਿਨ ਵਜਾਈ ਰਬਾਬ, ਮਰਦਾਨੇ ਦਿਤੀ ਸੁਣਾਈਆ । ਓ ਮਰਦਾਨਿਆ ਜੋ ਆਉਣਾ ਦਸਾਂ ਤੋਂ ਬਾਦ, ਧੁਰ ਦਾ ਮਾਲਕ ਅਗੰਮ ਅਥਾਹੀਆ । ਉਹ ਜੋਤ ਰੂਪ ਜਿਸਨੇ ਰਚਨਾ ਰਚੀ ਆਦਿ, ਆਦਿ ਦਾ ਮਾਲਕ ਇਕ ਅਖਵਾਈਆ । ਉਹਦਾ ਹੁਕਮ ਉਸ ਦਾ ਸ਼ਬਦ ਸ਼ਬਦ ਬੋਧ ਅਗਾਧ, ਬੁਧੀ ਤੋਂ ਪਰੇ ਕਰੇ ਪੜ੍ਹਾਈਆ । ਉਹਦਾ ਪ੍ਰੇਮ ਠੱਗਾਂ ਚੋਰਾਂ ਨੂੰ ਬਣਾ ਦਏ ਸੰਤ ਸਾਧ, ਭਗਤ ਬਣਾ ਕੇ ਭਗਵਨ ਦੇਵੇ ਮਾਣ ਵਡਿਆਈਆ । ਐਸੀ ਆਪਣੇ ਪਿਆਰ ਦੀ ਲਾਵੇ ਲਾਗ, ਦੋ ਜਹਾਨ ਉਤਰ ਕਦੇ ਨਾ ਜਾਈਆ । ਰਾਤੀ ਸੁਤਿਆਂ ਦਿਨੇ ਜਾਗਦਿਆਂ ਦਾ ਬਣ ਜਾਏ ਕੰਤ ਸੁਹਾਗ, ਆਤਮਾ ਦਾ ਪਰਮਾਤਮਾ ਹੋ ਕੇ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੁਆਮੀ ਧੁਰਦਰਗਾਹੀਆ । ਕਲਜੁਗ ਕਹੇ ਪ੍ਰਭੂ ਇਹ ਮੇਰੀ ਕੋਈ ਨਹੀਂ ਜੁੰਮੇਵਾਰੀ, ਓਹ ਧੁਰ ਦਿਆ ਜ਼ਾਮਨਾ ਤੈਨੂੰ ਦਿਆਂ ਸੁਣਾਈਆ । ਤੇਰੇ ਹੁਕਮ ਦੀ ਮੇਰੇ ਸੀਸ ਉਤੇ ਖਾਰੀ, ਖ਼ੈਰਖ਼੍ਵਾਹ ਤੇਰੀ ਸੇਵ ਕਮਾਈਆ । ਤੇਰੇ ਚਰਨ ਕਵਲਾਂ ਵਿਚ ਕਦੇ ਨਾ ਕਰਾਂ ਗ਼ਦਾਰੀ, ਗਦਾਗਰ ਹੋ ਕੇ ਹੋਕਾ ਦੇਵਾਂ ਥਾਉਂ ਥਾਈਂਆ । ਪ੍ਰਭੂ ਜੇ ਸਚ ਪੁਛੇਂ ਕਲਜੁਗ ਆਖੇ ਮੇਰੇ ਤੋਂ ਬਿਨਾ ਦੁਨੀਆ ਵਿਚ ਕੋਈ ਨਹੀਂ ਤੇਰਾ ਪੁਜਾਰੀ, ਅੱਖਰਾਂ ਨੂੰ ਪੜ੍ਹ ਪੜ੍ਹ ਕੇ ਤੇਰਾ ਨਾਮ ਗਏ ਭੁਲਾਈਆ । ਐਵੇਂ ਮਾਰਦੇ ਲੰਮੀਆਂ ਉਡਾਰੀ, ਅੰਦਰ ਵੜ ਵੜ ਬੈਠੇ ਧਿਆਨ ਲਗਾਈਆ । ਕਲਜੁਗ ਕਹੇ ਮੇਰੇ ਸਾਹਿਬਾ ਜੇ ਸਚ ਪੁਛੇਂ ਬਿਨਾ ਤੇਰੀ ਕਿਰਪਾ ਤੋਂ ਸਭ ਦੀ ਆਤਮਾ ਕੁਆਰੀ, ਕੰਤ ਸੁਹਾਗ ਨਜ਼ਰ ਕਿਸੇ ਨਾ ਆਈਆ । ਮੈਂ ਜਦੋਂ ਤਕਾਂ ਤੇ ਰੋਵਣ ਜ਼ਾਰੋ ਜ਼ਾਰੀ, ਹੰਝੂਆਂ ਹਾਰ ਬਣਾਈਆ । ਉਹ ਵੇਖ ਲੈ ਹਸਦੀ ਮੌਤ ਲਾੜੀ, ਖ਼ੁਸ਼ੀਆਂ ਦੇ ਢੋਲੇ ਗਾਈਆ । ਵਾਹ ਕਲਜੁਗਾ ਤੇਰੀ ਕਿਹੋ ਜਿਹੀ ਫੁਲਵਾੜੀ, ਪੱਤ ਟਹਿਣੀ ਦਿਤੀ ਮਹਿਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖੀ ਝੂਠ ਭਰਿਆ ਨਾੜੀ ਨਾੜੀ, ਬਹੱਤਰ ਨਾੜੀ ਦਏ ਗਵਾਹੀਆ । ਕਲਜੁਗ ਕਹੇ ਮੈਂ ਵੀ ਸਭ ਦੇ ਫਿਰਾਂ ਪਿਛੇ ਅਗਾੜੀ, ਸਤਿਗੁਰ ਸ਼ਬਦ ਦੇ ਅਗੇ ਵਾਸਤਾ ਪਾਈਆ । ਮੇਰੇ ਸਾਹਿਬਾ ਇਹਨਾਂ ਨੂੰ ਆਪਣੇ ਘਰ ਨਾ ਵਾੜੀਂ, ਜਿਹੜੇ ਪ੍ਰਭੂ ਨੂੰ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਮੇਰਾ ਸਾਹਿਬ ਸਚਾ ਮੀਤ ਜੋ, ਨਜ਼ਰ ਕਿਸੇ ਨਾ ਆਇੰਦਾ । ਮੇਰੇ ਨਾਲ ਕਰੇ ਮੁਹੱਬਤ ਮੋਹ, ਪਿਆਰ ਨਾਲ ਸਮਝਾਇੰਦਾ । ਸਭ ਦਾ ਕਰਮ ਧਰਮ ਲੈਣਾ ਖੋਹ, ਆਪਣਾ ਬਲ ਪਰਗਟਾਇੰਦਾ । ਇਕ ਗੱਲ ਯਾਦ ਰਖੀਂ ਕਲਜੁਗ ਜਿਥੇ ਅਵਾਜ਼ ਨਿਕਲੇ ਸੋਹੰ ਸੋ, ਸੋ ਪੁਰਖ ਆਦਿ ਨਿਰੰਜਣ ਆਪ ਸੁਣਾਇੰਦਾ । ਉਥੇ ਆਤਮਾ ਪਰਮਾਤਮਾ ਨਹੀਂ ਦੋ, ਦੋਹਾਂ ਦਾ ਇਕੋ ਰੂਪ ਨਜ਼ਰੀ ਆਇੰਦਾ । ਕਲਜੁਗ

ਕਹੇ ਪ੍ਰਭੂ ਜੇ ਉਹਨਾਂ ਦੇ ਅੰਦਰੋਂ ਤੇਰੇ ਨੂਰ ਦਾ ਨੂਰ ਤੇ ਨਜ਼ਰ ਆਈ ਲੋ, ਲੋਇਣ ਤੀਜਾ ਵੇਖ ਵਖਾਇੰਦਾ । ਫੇਰ ਉਥੇ ਕਦੇ ਨਾ ਸਕਾਂ ਛੋਹ, ਦੂਰ
ਦੁਰਾਡਾ ਸੀਸ ਝੁਕਾਇੰਦਾ । ਕਿਉਂ ਉਹ ਭਗਤ ਤੇਰੇ ਤੇਰੇ ਜੋਗੇ ਗਏ ਹੋ, ਉਥੇ ਕਲਜੁਗ ਕੀ ਕਰਮ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਇੰਦਾ । ਕਲਜੁਗ ਕਹੇ ਮੈਂ ਬੜਾ ਸੂਰਬੀਰ ਬਹਾਦਰ, ਅਣਖੀਲਾ
ਜਗਤ ਅਖਵਾਈਆ । ਜਿਸ ਨੇ ਕਰਨਾ ਹਕ ਆਦਲ, ਇਨਸਾਫ਼ ਆਪਣੇ ਹੱਥ ਰਖਾਈਆ । ਮੇਰੇ ਨਾਲ ਸਤਿਜੁਗ ਦਾ ਕਰਨਾ ਤਬਾਦਲ, ਤਬਦੀਲੀ
ਭਗਤਾਂ ਦਿਤੀ ਜਣਾਈਆ । ਦੁਨੀਆ ਸ੍ਰਿਸ਼ਟੀ ਕਾਇਨਾਤ ਮੈਨੂੰ ਇਉਂ ਦਿਸਦੀ ਕੋਈ ਮਕ਼ਤੂਲ ਕੋਈ ਕ਼ਾਤਲ, ਕ਼ਤਲਗਾਹ ਧਰਨੀ ਧਰਤ ਧਵਲ ਧੌਲ
ਸੋਭਾ ਪਾਈਆ । ਜੇ ਮੁਕ਼ੱਦਸ ਦਿਸੇ ਬਾਤਲ, ਬੈਤਲ ਪਵਿਤ ਪਾਕ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਕੱਤਕ ਕਹੇ ਕਲਜੁਗਾ ਅੰਤ ਕਰੀਏ ਸਲਾਹ, ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ
ਵਕ਼ਤ ਗਿਆ ਆਈਆ । ਦੱਸ ਕਿਹੜਾ ਲੱਭੀਏ ਮਲਾਹ, ਬੇੜਾ ਜਗਤ ਕਵਣ ਉਠਾਈਆ । ਕਲਜੁਗ ਕਹਿੰਦਾ ਕੱਤਕਾ ਵਾਹ ਵਾ, ਇਹ ਕੀ ਦਿਤਾ
ਸੁਣਾਈਆ । ਮੇਰਾ ਮਾਲਕ ਅਗੰਮ ਅਥਾਹ, ਬੇਅੰਤ ਨੂਰ ਅਲਾਹੀਆ । ਜਿਸ ਧੁਰ ਫ਼ਰਮਾਨਾ ਮੈਨੂੰ ਦਿਤਾ ਜਣਾ, ਬਿਨ ਅੱਖਰਾਂ ਅੱਖਰ ਪੜ੍ਹਾਈਆ ।
ਅਵਤਾਰ ਪੈਗ਼ੰਬਰਾਂ ਗੁਰੂਆਂ ਨਾਲ ਦਿਤਾ ਮਿਲਾ, ਸਹਿਜ ਸਹਿਜ ਪੜਦਾ ਵਿਚੋਂ ਉਠਾਈਆ । ਕਲਜੁਗਾ ਤੂੰ ਨੌਂ ਖੰਡ ਪ੍ਰਿਥਮੀ ਲਾਉਣਾ ਆਪਣਾ ਦਾਅ,
੧੧੫ ਦਾਓ ਸਮਝ ਕਿਛ ਨਾ ਪਾਈਆ । ਹਰਿ ਹਿਰਦਿਉਂ ਪ੍ਰਭੂ ਦਾ ਕਢਣਾ ਨਾਂ, ਤਨ ਵਜੂਦਾਂ ਕਰਨੀ ਸਫ਼ਾਈਆ । ਪਿਆਰ ਤੋੜ ਕੇ ਪੁਤਰਾਂ ਮਾਂ, ਪਿਤਾ ੧੧੫
੨੪ ਪੂਤ ਦੇਣਾ ਲੜਾਈਆ । ਬੁਧੀ ਕੂੜ ਬਣਾਉਣੀ ਖ਼ਾਹਿਸ਼ ਰਲਾਉਣੀ ਨਾਲ ਕਾਂ, ਚਾਰੋਂ ਕੁੰਟ ਕੂਕ ਸੁਣਾਈਆ । ਫੇਰ ਕਲਜੁਗ ਖੇਲ ਬੱਚੂ ਐਂ ਕਰੀਂ ੨੪
ਜਿਸ ਤਰਹ ਹੁਕਮ ਦੇਵਾਂ ਜਣਾ, ਬਣ ਜਣੇਂਦੀ ਮਾਈਆ । ਜਿਨ੍ਹਾਂ ਨੇ ਸੂਰ ਖਾਧਾ ਜਿਨ੍ਹਾਂ ਨੇ ਖਾਧੀ ਗਾਂ, ਦੋਹਾਂ ਨੂੰ ਦੇਣਾ ਟਕਰਾਈਆ । ਫੇਰ ਦੋਵੇਂ
ਖੜ੍ਹੀਆਂ ਕਰਨੀਆਂ ਬਾਂਹ, ਚੜ੍ਹਦੀ ਲਹਿੰਦੀ ਦਿਸ਼ਾ ਦੇਣੀਆਂ ਹਿਲਾਈਆ । ਨਾਲੇ ਕਹੀਂ ਪ੍ਰਭੂ ਕਿਸੇ ਨੂੰ ਦੇਵੀਂ ਨਾ ਠੰਢੀ ਛਾਂ, ਅਗਨੀ ਤਪਦੀ ਦਿਸੇ
ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਚ ਆਪ ਪਰਗਟਾਈਆ । ਕਲਜੁਗ
ਕਹੇ ਕੱਤਕਾ ਤੂੰ ਕੀ ਕਰਮ ਕਮਾਉਣਾ, ਕਮਲਿਆ ਮੈਨੂੰ ਦੇ ਜਣਾਈਆ । ਕੱਤਕ ਕਹੇ ਕਲਜੁਗਾ ਮੈਂ ਪ੍ਰਭ ਨੂੰ ਸੀਸ ਨਿਵਾਉਣਾ, ਨਿਵ ਨਿਵ ਲਾਗਾਂ
ਪਾਈਆ । ਮਸਤਕ ਧੂੜੀ ਖ਼ਾਕ ਰਮਾਉਣਾ, ਟਿੱਕੇ ਜੋਤ ਲਲਾਟੀ ਨਾਲ ਚਮਕਾਈਆ । ਗਲ ਪਲੂ ਵਾਸਤਾ ਪਾਉਣਾ, ਨੇਤਰ ਨੈਣਾਂ ਨੀਰ ਵਹਾਈਆ ।
ਇਕ ਸੰਦੇਸ਼ ਸੁਣਾਉਣਾ, ਆਪਣੀ ਇਛਿਆ ਨਾ ਕੋਇ ਪਰਗਟਾਈਆ । ਪੁਰਖ ਅਕਾਲੇ ਦੀਨ ਦਿਆਲੇ ਜਨ ਭਗਤਾਂ ਆਪ ਤਰਾਉਣਾ, ਦੂਜੀ ਓਟ
ਨਾ ਕੋਇ ਤਕਾਈਆ । ਜਿਥੇ ਹੋਣ ਉਥੇ ਦਰਸ ਦਿਖਾਉਣਾ, ਇਹ ਤੇਰੀ ਬੇਪਰਵਾਹੀਆ । ਸੁੱਤਿਆਂ ਆਪ ਉਠਾਉਣਾ, ਫੜ ਬਾਹੋਂ ਗਲੇ ਲਗਾਈਆ ।
ਜਨਮ ਮਰਨ ਦਾ ਰੋਗ ਮਿਟਾਉਣਾ, ਚੁਰਾਸੀ ਵੰਡ ਨਾ ਕੋਇ ਵੰਡਾਈਆ । ਰਾਏ ਧਰਮ ਦਾ ਲੇਖ ਮੁਕਾਉਣਾ, ਚਿਤਰ ਗੁਪਤ ਨਾ ਹਿਸਾਬ ਰਖਾਈਆ ।
ਲਾੜੀ ਮੌਤ ਨਾ ਪਏ ਅੰਤ ਪਰਨਾਉਣਾ, ਪਰਮ ਪੁਰਖ ਤੇਰੀ ਇਕ ਸਰਨਾਈਆ । ਸਤਿਗੁਰ ਸ਼ਬਦ ਨਾਲ ਜਨ ਭਗਤਾਂ ਸਚਖੰਡ ਟਿਕਾਉਣਾ, ਅਗੇ
ਹੋ ਨਾ ਕੋਇ ਅਟਕਾਈਆ । ਜਿਨ੍ਹਾਂ ਤੇਰਾ ਦਰਸ ਕਰਨਾ ਤਿਨ੍ਹਾਂ ਦਾ ਕਰਮ ਕਾਂਡ ਲੇਖੇ ਲਾਉਣਾ, ਕੱਤਕ ਕਹੇ ਇਸ ਤੋਂ ਪਰੇ ਕਰਮ ਨਜ਼ਰ ਕੋਇ

ਨਾ ਆਈਆ । ਮੇਰਾ ਦਿਵਸ ਸੁਹੰਜਣਾ ਮੈਂ ਜਨ ਭਗਤਾਂ ਸੀਸ ਝੁਕਾਉਣਾ, ਦਰ ਸਾਚੀ ਮੰਗ ਮੰਗਾਈਆ । ਜਨ ਭਗਤੋਂ ਬਿਨਾ ਪ੍ਰਭੂ ਤੋਂ ਅੰਤ ਕੋਈ ਕੰਮ ਨਹੀਂ ਆਉਣਾ, ਜਗਤ ਕਾਮਨਾ ਨਾ ਕੋਇ ਚਤੁਰਾਈਆ । ਇਹ ਸਰੀਰ ਚਾਰ ਦਿਨ ਦਾ ਪਰਾਹੁਣਾ, ਜੋ ਆਇਆ ਸੋ ਉਠ ਜਾਈਆ । ਮੈਂ ਇਕ ਗੱਲ ਦੱਸਾਂ ਜਿਨ੍ਹਾਂ ਸੋਹੰ ਢੋਲਾ ਗਾਉਣਾ, ਤਿਨ੍ਹਾਂ ਮਿਲੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਕੱਤਕ ਕਹੇ ਕਰਮ ਕਾਂਡ ਦਾ ਲੇਖਾ ਜਾਏ ਮੁਕ, ਮੁਕੰਮਲ ਦਿਆਂ ਦ੍ਰਿੜਾਈਆ । ਜੋ ਜਨ ਤੂੰ ਮੇਰਾ ਮੈਂ ਤੇਰਾ ਪੜ੍ਹੇ ਤੁਕ, ਤੁਖ਼ਮ ਤਾਅਸੀਰ ਜਾਏ ਬਦਲਾਈਆ । ਮੰਜ਼ਲ ਚੜ੍ਹਦਿਆਂ ਕਦੇ ਨਾ ਜਾਵੇ ਰੁਕ, ਅਗੇ ਹੋ ਨਾ ਕੋਇ ਅਟਕਾਈਆ । ਸਤਿਗੁਰ ਸ਼ਬਦ ਜਨ ਭਗਤ ਦੁਲਾਰੇ ਗੋਦੀ ਲਏ ਚੁੱਕ, ਫੜ ਬਾਹੋਂ ਗਲੇ ਲਏ ਲਗਾਈਆ । ਸਚਖੰਡ ਦੁਆਰੇ ਧੁਰ ਦਰਬਾਰੇ ਦਰਗਾਹ ਸਾਚੀ ਮੁਕ਼ਾਮੇ ਹਕ ਦੇਵੇ ਸੁੱਟ, ਸਚ ਟਿਕਾਣੇ ਆਪ ਟਿਕਾਈਆ । ਕੱਤਕ ਕਹੇ ਕਰਮਾਂ ਵਾਲਿਓ ਨਿਹਕਰਮੀ ਦੀ ਪਈ ਲੁੱਟ, ਲੁਟੇਰਿਓ ਲੁੱਟ ਲਓ ਚਾਈਂ ਚਾਈਆ । ਬਿਨਾ ਪੁਰਖ ਅਕਾਲੇ ਤੋਂ ਭਗਤਾਂ ਨੂੰ ਕਿਸੇ ਬਣਾਇਆ ਨਹੀਂ ਕਦੇ ਪੁਤ, ਗੋਦੀ ਗੋਦ ਨਾ ਕੋਇ ਟਿਕਾਈਆ । ਸਦਾ ਸਦਾ ਸਦਾ ਤੁਹਾਡੀ ਸੁੰਹਜਣੀ ਰਹੇ ਰੁਤ, ਰੁਤੜੀ ਸਤਿਗੁਰ ਸ਼ਬਦ ਨਾਲ ਮਹਿਕਾਈਆ । ਕੱਤਕ ਕਹੇ ਮੈਂ ਸਚ ਦੱਸਾਂ ਦਰ ਆਇਆ ਦੇ ਸਭ ਦੇ ਮਿਟ ਜਾਣੇ ਦੁਖ, ਏਥੇ ਦੁਖੀਓ ਦੁਖ ਜਾਣੇ ਤਜਾਈਆ । ਘਰ ਜਾ ਕੇ ਖ਼ੁਸ਼ੀਆਂ ਦਾ ਮਾਨਣਾ ਸੁਖ, ਸੁਖ ਸਾਹਿਬ ਸਤਿਗੁਰ ਝੋਲੀ ਵਿਚ ਰਖਾਈਆ । ਸਭ ਦਾ ਉਜਲ ਹੋਵੇ ਮੁਖ, ਦੁਰਮਤ ਮੈਲ ਨਾ ਲਾਗੇ ਰਾਈਆ । ਫੇਰ ਆਉਣਾ ਪਏ ਨਾ ਜਨਣੀ ਕੁੱਖ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਟਣਹਾਰਾ ਕਲਜੁਗ ਅੰਧੇਰਾ ਘੁੱਪ, ਸਤਿਜੁਗ ਸਤਿ ਸਚ ਚੰਦ ਚਮਕਾਈਆ ।



✪ ੩ ਕੱਤਕ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਆਰ ਜੇਠੂਵਾਲ ਅੰਮ੍ਰਿਤਸਰ ਰਣਜੀਤ ਕੌਰ, ਅਮਰਜੀਤ ਸਿੰਘ, ਜਗੀਰ ਕੌਰ, ਸੁਰਜੀਤ ਸਿੰਘ, ਹਰਭਜਨ ਸਿੰਘ, ਪ੍ਰੀਤਮ ਸਿੰਘ, ਗੁਰਮੀਤ ਸਿੰਘ, ਜਗਜੀਤ ਸਿੰਘ, ਵਰਿਆਮ ਸਿੰਘ, ਸਤਬੀਰ ਸਿੰਘ, ਜਗਮੇਲ ਸਿੰਘ, ਅਮਰ ਸਿੰਘ, ਮਿਲਖਾ ਸਿੰਘ, ਦਲੀਪ ਸਿੰਘ, ਸੰਤੋਖ ਸਿੰਘ, ਠਾਕਰ ਸਿੰਘ, ਕਰਤਾਰ ਸਿੰਘ, ਸਰੂਪ ਸਿੰਘ, ਚੰਨਣ ਸਿੰਘ, ਭਗਵੰਤੀ, ਨੰਤੀ, ਹਰਜੀਤ ਸਿੰਘ, ਪਾਲ ਸਿੰਘ, ਸਵਰਨ ਕੌਰ, ਤ੍ਰਿਪਤ ਕੌਰ, ਜੁਗਿੰਦਰ ਕੌਰ, ਗਿਰਧਾਰਾ ਸਿੰਘ, ਪ੍ਰੇਮ ਸਿੰਘ, ਕਸ਼ਮੀਰ ਸਿੰਘ, ਜਗੀਰ ਸਿੰਘ, ਪਿਆਰਾ ਸਿੰਘ, ਰਤਨ ਸਿੰਘ, ਦਲੀਪ ਸਿੰਘ, ਪ੍ਰੀਤਮ ਸਿੰਘ, ਪ੍ਰੀਤਮ ਸਿੰਘ, ਸੁਲੱਖਣ ਸਿੰਘ, ਭਾਨ ਸਿੰਘ, ਈਸ਼ਰ ਸਿੰਘ, ਜਰਨੈਲ ਸਿੰਘ, ਹਰਬੰਸ ਸਿੰਘ, ਜੋਗਾ ਸਿੰਘ, ਵਰਿਆਮ ਕੌਰ,

ਕਸ਼ਮੀਰ ਸਿੰਘ, ਆਸਾ ਸਿੰਘ, ਪ੍ਰੀਤੋ, ਬੰਨੀ ਜੇਠੂਵਾਲ, ਪਰਮਜੀਤ ਕੌਰ ਰਣਜੀਤ ਬਾਗ਼
ਗੁਰਦਾਸਪੁਰ ਹਰਭਜਨ ਸਿੰਘ ਦਰਬਾਰ ਦਾ,

ਪੰਜ ਤਤ ਕਹਿਣ ਕੀਨਾ ਕਮਜ਼ੀ ਕੋਮਿਸਤ ਮਬੀ ਤਲਵਜ਼ੂ ਚਨ ਹਫ਼ਤਲ ਬਖ਼ਮਲ ਮਜ਼ਬਲ ਬਾਹਮ ਵਾ ਕੋਜ਼ੂ ਤਵਸਤੁਲ ਤਖ਼ਮਵਾ ਓਸਲ ਖ਼ਜ਼ੀਓਲ ਨੂਰੇ ਨਿਸ਼ਾ ਮੁਹੰਮਦੇ ਦੁਆ ਰਹਿਮਤੇ ਖ਼ੁਦਾ ਅਲ ਗਵਿਮ ਅਲ ਗਜ਼ਿਮ ਜ਼ਵੀਨੋ ਜ਼ਬੀ ਜ਼ਬੀਓਲ ਮੁਫ਼ਾ ਕ਼ੁਦਰਤੇ ਨਿਜਾ ਚਸ਼ਮੇ ਚੰਨੀਦ ਅਰਸ਼ੇ ਵਜ਼ੀਦ ਨੂਰੇ ਨਿਗਾਹਬਾਨ ਨੌਜੁਆਨ ਅਗੰਮ ਅਥਾਹੀਆ । ਸਕਲੋ ਮਜਿਸ ਦੀਵਾਨਾ ਬਵਜ਼ੀ ਜ਼ਮਕਾ ਅਲ ਵਹਮ ਮਹੰਬਮ ਵਲਜ਼ੰਕਾ ਜੁਨੇ ਜਗੁਸਤੇ ਅਲਵੀਜ਼ੋ ਯਕਸਮਮ ਮੋਵਿਵਜ਼ੇ ਰੂਹਾ ਮੁਹੰਮਬਾ ਜ਼ੋਊ ਕ਼ਾਦਰੇ ਕੁਨਿੰਦ ਸ਼ਵਲ ਤੁਮਾਏਸਾਊ ਵਜ਼ੂ ਅਰਸ਼ੇ ਨਖ਼ੁ ਫ਼ਰਸ਼ੇ ਮਫ਼ੀ ਅਸਮਾਨੇ ਜ਼ਵਗ ਜ਼ਫ਼ਲਾਊ ਕੇਵਲ ਕੋਜ਼ੀ ਕਮਬਲ ਪਿਸਤੇ ਦੁਆਏ ਖ਼ੁਦਾ ਵਲਜ਼ਮੂਓਲ ਨਜ਼ੀਤੇ ਜ਼ਵਦ ਸ਼ਾਹੋ ਮਿਹਰੋ ਜ਼ੂਏ ਜ਼ਮੀ ਸ਼ਾਹੇਨਜ਼ੀ ਕੁਲਿਲਦਾ ਦਊ ਖ਼ਾਕੇ ਜ਼ਮੀਂ ਬੰਦਾ ਏ ਨਵੀਂ ਕਾਬਲੇ ਜ਼ੰਬਲ ਅਵੀ ਕੋਨਾ ਸ਼ਰਅ ਸ਼ਾਹੇ ਨਫ਼ਲੂ ਨੂਰੇ ਤਲੂ ਅਸਮਾਨੇ ਵਜ਼ੂ ਮੋਵੀਓਲ ਮੁਬਾ ਮੁਹੰਮਦੇ ਅਦਾ ਕਾਹਬੇ ਦੁਆ ਜੁਸਤਜੂ ਜ਼ਖ਼ਦਮ ਮਹਲਾ ਵਜ਼ੀ ਵਜ਼ੀਹਤੇ ਨਸੀਹਤੇ ਨਸੀਹਤੇ ਨਸੀਹਤੇ ਜੋਹਮਲਾ ਮੁਹੰਮਦੇ ਖ਼ੁਦਾਏ ਖ਼ੁਦਾਏ ਖ਼ੁਦਾ ਪੰਜ ਤਤ ਨਬੀਉੱਲਾ ਦਾਮਿਸਤੋ ਦਾਮਿਸਤੋ ਕ਼ਜ਼ੀਨੇ ਕਵੱਖ ਰਸੂਲੇ ਜ਼ਵੱਖ ਨਬੀਏ ਪਰਤਖ ਪਰਵਰਦਿਗਾਰੇ ਯਖ਼ੂ ਵਾਹਿਦੇ ਮਬੀ ਨੂਰੇ ਅਜ਼ੀ ਨੂਰ ਨੁਰਾਨਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਰੰਗ ਇਕ ਰੰਗਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ਹਕ ਕਲਬੂਤ, ਕਾਇਆ ਕਾਅਬਾ ਨਜ਼ਰੀ ਆਈਆ । ਤੇਰਾ ਕਲਮਾ ਦਏ ਸਬੂਤ, ਸਬਰ ਸਬੂਰੀ ਨਾਲ ਸਮਝਾਈਆ । ਨੂਰੀ ਨੂਰ ਰੂਹੇ ਰਵਾਂ ਤੇਰਾ ਦੂਤ, ਜਗਤ ਜਹਾਨ ਖੇਲ ਖਿਲਾਈਆ । ਹਕ਼ੀਕ਼ਤ ਹਕ ਦਏ ਸਬੂਤ, ਸਤਿ ਸਚ ਨਾਲ ਸੁਣਾਈਆ । ਮੇਰੇ ਮਿਹਰਵਾਨ ਮਹਿਬੂਬ, ਤੇਰੀ ਮੁਹੱਬਤ ਵਿਚ ਵਡਿਆਈਆ । ਸਦਾ ਸਦਾ ਰਹਿਣਾ ਮੌਜੂਦ, ਵਿਛੋੜੇ ਵਿਚ ਵਿਛੜ ਨਾ ਜਾਈਆ । ਅੰਦਰੋਂ ਕਢ ਕੇ ਕੂੜੀ ਕਿਰਿਆ ਕਰ ਨੇਸਤੋ ਨਾਬੂਦ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਦੁਤੀਆ ਰਹੇ ਨਾ ਕੋਇ ਹਦੂਦ, ਗ੍ਰਹਿ ਇਕੋ ਦੇਣਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤਨ ਵਜੂਦ ਬਣੇ ਪੈਗ਼ੰਬਰ, ਕਾਅਬਿਆਂ ਖ਼ੁਸ਼ੀ ਬਣਾਈਆ । ਜਗਤ ਧਾਰ ਵੇਖੇ ਸੁਵੰਬਰ, ਸੋਹਣਾ ਖੇਲ ਖਿਲਾਈਆ । ਜਗਤ ਵਜੂਦ ਸੁਹਾ ਕੇ ਮੰਦਰ, ਤੇਰੀ ਬਣਤ ਬਣਾਈਆ । ਤੂੰ ਨਿਰਗੁਣ ਧਾਰ ਵਸ ਕੇ ਅੰਦਰ, ਭੇਵ ਅਭੇਦ ਦਿਤਾ ਸਮਝਾਈਆ । ਕਰ ਪਰਕਾਸ਼ ਅੰਧੇਰੇ ਖੰਡਰ, ਨੂਰ ਨੁਰਾਨਾ ਡਗਮਗਾਈਆ । ਭੇਵ ਚੁਕਾ ਕੇ ਸੂਰੀਆ ਚੰਦਰ, ਦੀਪਕ ਜੋਤੀ ਜੋਤ ਵਖਾਈਆ । ਨਿਰਗੁਣ ਧਾਰ ਲਾ ਕੇ ਆਪਣੇ ਅੰਗਣ, ਅੰਗੀਕਾਰ ਆਪ ਹੋ ਜਾਈਆ । ਸਾਨੂੰ ਪੂਰਬ ਚੇਤਾ ਜਿਸ ਵੇਲੇ ਮੁਹੰਮਦ ਲੱਗਾ ਮੰਗਣ, ਦਰ ਤੇਰੇ ਝੋਲੀ ਡਾਹੀਆ । ਨੂਰ ਅਲਾਹ ਚਾੜ੍ਹਨੀ ਰੰਗਣ, ਰੰਗਤ ਇਕ ਦਰਸਾਈਆ । ਤੇਰਾ ਤਨ ਵਜੂਦ ਮੇਰੇ ਮਹਿਬੂਬ ਨਾ ਹੋਵੇ ਬਦਨ, ਜਗਤ ਵੰਡ ਨਾ ਕੋਇ ਵੰਡਾਈਆ । ਧੁਰ ਦੇ ਹੁਕਮ ਨਾਲ ਤੇਰਾ ਹੁਕਮ ਆਵੇ ਸੱਦਣ, ਸੱਦਾ ਇਕੋ ਇਕ ਸੁਣਾਈਆ । ਤੇਰੇ ਦੀਪਕ ਜੋਤੀ ਜਗਣ, ਨੂਰ ਨੁਰਾਨਾ ਡਗਮਗਾਈਆ । ਪਿਆਰ ਵਿਚ ਹੋਵਣ ਮਗਨ, ਦੂਸਰ ਓਟ ਨਾ ਕੋਇ ਰਖਾਈਆ । ਮੇਰੇ ਮਾਲਕਾ ਖ਼ਲਕ ਦੇ ਖ਼ਾਲਕਾ ਤੂੰ ਆਪ ਮਨਾਉਣਾ ਸਗਨ, ਮੌਲੀ ਤੰਦ ਨਾ ਕੋਇ ਚਤੁਰਾਈਆ ।

ਮੇਰੀ ਆਸ਼ਾ ਤਕ ਲੈ ਤਤ ਪੰਜਣ, ਪੰਚਮ ਦੇ ਮਾਲਕ ਤੇਰਾ ਧਿਆਨ ਲਗਾਈਆ । ਮੇਰਾ ਗ਼ਮ ਮੇਟਣਾ ਰੰਜਨ, ਰੰਜਸ ਦੇਣੀ ਗਵਾਈਆ । ਇਕੋ
ਆਪਣਾ ਪਾ ਕੇ ਅੰਜਣ, ਦੋ ਜਹਾਨ ਦੇਣਾ ਚਮਕਾਈਆ । ਤੈਨੂੰ ਪੈਗ਼ੰਬਰਾਂ ਕਿਹਾ ਦੁਖ ਭੰਜਨ, ਭਵ ਸਾਗਰ ਪਾਰ ਕਰਾਈਆ । ਬੇੜਾ ਚੁਕਣਾ
ਕੰਧਨ, ਖੇਵਟ ਖੇਟਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ
ਕਮਾਈਆ । ਪੰਜ ਤਤ ਕਹਿਣ ਪ੍ਰਭ ਮੁਹੰਮਦ ਹੱਥ ਰਖ ਕੇ ਉਤੇ ਛਾਤੀ, ਸੀਨਾ ਖ਼ੁਸ਼ੀਆਂ ਨਾਲ ਦਬਾਈਆ । ਦੁਆ ਕੀਤੀ ਅਗੇ ਕਮਲਾਪਾਤੀ,
ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ । ਮੇਰੀ ਜ਼ਿੰਦਗੀ ਤੇਰੀ ਹਯਾਤੀ, ਜੀਵਨ ਤੇਰੇ ਕ਼ਦਮ ਟਿਕਾਈਆ । ਅੰਤਮ ਮੇਰੀ ਪੁਛਣੀ ਵਾਤੀ, ਵਾਤਾਵਰਨ
ਤਕਣਾ ਖ਼ਲਕ ਖ਼ੁਦਾਈਆ । ਸਦੀ ਚੌਧਵੀਂ ਹੋਣੀ ਅੰਧੇਰੀ ਰਾਤੀ, ਤੇਰਾ ਨੂਰੀ ਚੰਦ ਨਾ ਕੋਇ ਚਮਕਾਈਆ । ਤੇਰੀ ਹਕ ਦੀ ਦਿਸੇ ਨਾ ਕੋਇ ਪ੍ਰਭਾਤੀ,
ਸਾਂਤਕ ਸਤਿ ਨਾ ਕੋਇ ਜਣਾਈਆ । ਮੇਰੇ ਮਾਲਕਾ ਮੈਨੂੰ ਬਖ਼ਸ਼ ਅਗੰਮੀ ਦਾਤੀ, ਵਸਤ ਅਤੁਲ ਵਰਤਾਈਆ । ਮੇਰੇ ਅਮਾਮਾ ਆਉਣਾ ਲੋਕਮਾਤੀ,
ਨਿਰਗੁਣ ਆਪਣਾ ਵੇਸ ਵਟਾਈਆ । ਮੇਰੀ ਪੁਛਣੀ ਵਾਤੀ, ਲਹਿਣਾ ਲਹਣਿਆਂ ਵਿਚੋਂ ਕਢਾਈਆ । ਸਤਿ ਸਚ ਜੋੜਨਾ ਨਾਤੀ, ਰਿਸ਼ਤਾ ਫ਼ਰਿਸ਼ਤਿਆਂ
ਬਾਹਰ ਸਮਝਾਈਆ । ਮੇਰਾ ਲੇਖਾ ਨਹੀਂ ਕ਼ਾਗਜ਼ਾਤੀ, ਅਲਿਫ਼ ਯੇ ਨਾ ਕੋਇ ਵਡਿਆਈਆ । ਤੂੰ ਮਾਲਕ ਨੂਰ ਅਲਾਹੀ ਸਫ਼ਾਤੀ, ਹਸਤੀ ਤੇਰੀ
ਵੇਖ ਵਖਾਈਆ । ਤੈਨੂੰ ਕਿਹਾ ਸਭ ਨੇ ਕਮਲਾਪਾਤੀ, ਪਤਿਪਰਮੇਸ਼ਵਰ ਤੇਰੀ ਵਡਿਆਈਆ । ਮੇਰੀ ਅੰਤ ਮੁਕਾਉਣੀ ਵਾਟੀ, ਪੰਧ ਜਗਤ ਰਹੇ ਨਾ
 ਰਾਈਆ । ਮੰਜ਼ਲ ਚੜ੍ਹਾਉਣਾ ਘਾਟੀ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ੧੧੮
 ਵਰ, ਸਚ ਕਰਨੀ ਕਾਰ ਕਮਾਈਆ । ਮੁਹੰਮਦ ਕਹੇ ਮੇਰੀ ਦੋ ਹੱਥਾਂ ਵਾਲੀ ਦੁਆ, ਦਸਤ ਦਸਤ ਨਾਲ ਮਿਲਾਈਆ । ਪਰਵਰਦਿਗਾਰ ਬੇਪਰਵਾਹ, ੨੪
ਬੇਪਰਵਾਹੀ ਤੇਰੀ ਵੇਖ ਵਖਾਈਆ । ਸਚ ਸੰਦੇਸ਼ਾ ਦੇ ਸੁਣਾ, ਹੁਕਮ ਇਕੋ ਇਕ ਦ੍ਰਿੜਾਈਆ । ਕਿਸ ਬਿਧ ਨੂਰ ਨੁਰਾਨਾ ਕਰੇਂ ਰੁਸ਼ਨਾ, ਜੋਤੀ
ਜਾਤਾ ਸੋਭਾ ਪਾਈਆ । ਝਟ ਖ਼ਬਰ ਅਗੰਮੀ ਗਈ ਆ, ਬਿਨ ਆਹਟ ਦਿਤੀ ਦ੍ਰਿੜਾਈਆ । ਮੇਰੇ ਨਬੀ ਕਰ ਧਿਆਂ, ਰਸੂਲ ਸਹਿਜ ਨਾਲ ਜਣਾਈਆ ।
ਅੰਤਮ ਕਰਾਂ ਹਕ ਨਿਆਂ, ਇਨਸਾਫ਼ ਵਿਚ ਵਡਿਆਈਆ । ਅਮਾਮ ਅਮਾਮਾ ਵੇਸ ਵਟਾ, ਨੂਰ ਨੁਰਾਨਾ ਡਗਮਗਾਈਆ । ਲਹਿੰਦਿਉਂ ਚੜ੍ਹਦੇ ਨੈਣ
ਉਠਾ, ਨੇਤਰ ਲੈ ਬਦਲਾਈਆ । ਕੀ ਖੇਲ ਕਰੇ ਤੇਰਾ ਖ਼ੁਦਾ, ਖ਼ੁਦ ਮਾਲਕ ਨੂਰ ਅਲਾਹੀਆ । ਜੋ ਹਕ ਦਾ ਦਿਲ ਰੁਬਾ, ਮੁਹੱਬਤ ਵਿਚ ਸਮਾਈਆ ।
ਜਿਸ ਅਵਤਾਰਾਂ ਆਪਣਾ ਭੇਵ ਦਿਤਾ ਸਮਝਾ, ਭੁਲ ਰਹੇ ਨਾ ਰਾਈਆ । ਪੈਗ਼ੰਬਰਾਂ ਦਿਤਾ ਦ੍ਰਿੜਾ, ਸਹਿਜ ਨਾਲ ਸਮਝਾਈਆ । ਜਿਸ ਵੇਲੇ ਵਕਤ
ਸੁਹੰਜਣਾ ਗਿਆ ਆ, ਲੋਕਮਾਤ ਖ਼ੁਸ਼ੀ ਬਣਾਈਆ । ਨਿਰਗੁਣ ਨੂਰ ਜੋਤ ਕਰ ਰੁਸ਼ਨਾ, ਜੋਤੀ ਜਾਤਾ ਸੋਭਾ ਪਾਈਆ । ਸਾਢੇ ਤਿੰਨ ਹੱਥ ਡੇਰਾ
ਲਾ, ਸੰਬਲ ਇਕੋ ਰੰਗ ਰੰਗਾਈਆ । ਸਾਚਾ ਮਾਰਗ ਇਕ ਵਖਾ, ਨਵ ਸੱਤ ਦਏ ਸਮਝਾਈਆ । ਮੁਹੰਮਦਾ ਤੇਰੀ ਕ਼ਬੂਲ ਕਰਾਂ ਦੁਆ, ਦੋ
ਜਹਾਨਾਂ ਮਾਲਕ ਹੋਏ ਸਹਾਈਆ । ਕਾਅਬਿਆਂ ਤੋਂ ਪਰੇ ਆਪਣਾ ਭੇਵ ਦਏ ਖੁਲ੍ਹਾ, ਪਰਦਾਨਸ਼ੀਂ ਨਜ਼ਰੀ ਆਈਆ । ਜਿਹੜਾ ਸਭ ਤੋਂ ਰਹੇ ਜੁਦਾ,
ਜੁਜ਼ ਵਖਰਾ ਵੰਡ ਵੰਡਾਈਆ । ਨੂਰ ਨੁਰਾਨਾ ਕਰ ਰੁਸ਼ਨਾ, ਜ਼ਹੂਰ ਆਪਣਾ ਦਏ ਚਮਕਾਈਆ । ਸਤਿ ਸੁਹੰਜਣਾ ਥਾਂ ਦਏ ਸੁਹਾ, ਸੋਹਣੀ ਬਣਤ
ਬਣਾਈਆ । ਚਾਰ ਜੁਗ ਦੇ ਮਾਨਸ ਮਾਨਵ ਮਾਨੁਖ ਇਨਸਾਨ ਇਨਸਾਨਾਂ ਨਾਲ ਦਏ ਮਿਲਾ, ਆਪਣੀ ਗੰਢ ਪੁਆਈਆ । ਮੰਦਰ ਮਸਜਿਦ ਸ਼ਿਵਦਵਾਲੇ

ਮਠਾਂ ਪੰਧ ਦਏ ਮੁਕਾ, ਭੇਵ ਅਭੇਦਾ ਆਪ ਖੁਲ੍ਹਾਈਆ । ਝਟ ਜਬਰਾਈਲ ਨੇ ਰੌਲਾ ਦਿਤਾ ਪਾ, ਜ਼ੋਰ ਜ਼ੋਰ ਸੁਣਾਈਆ । ਹਜ਼ਰਤ ਹਜ਼ਰਤ ਮੁਹੰਮਦ ਕੀ ਖੇਲ ਕਰੇ ਮਿਹਰਵਾਂ, ਮਹਿਬੂਬ ਨੂਰ ਅਲਾਹੀਆ । ਜਿਸ ਇਕੋ ਗ੍ਰਿਹਿ ਦੇਣਾ ਵਸਾ, ਦੂਸਰ ਵੰਡ ਨਾ ਕੋਇ ਵੰਡਾਈਆ । ਮੈਨੂੰ ਇਉਂ ਦਿਸਿਆ ਜਬਰਾਈਲ ਕਹੇ ਉਸ ਮਾਲਕ ਖ਼ਾਲਕ ਇਕ ਭਗਤ ਦੁਆਰ ਦੇਣਾ ਬਣਾ, ਜਿਸ ਦੀ ਵੰਡ ਨਾ ਕੋਇ ਵੰਡਾਈਆ । ਭਗਤ ਸੁਹੇਲੇ ਸੂਫ਼ੀਆਂ ਇਕੋ ਘਰ ਦੇਣਾ ਵਸਾ, ਵਾਸਤਾ ਆਪਣੇ ਨਾਲ ਬਣਾਈਆ । ਜਿਥੇ ਤੇਰੀ ਆਸ਼ਾ ਫਿਰਦੀ ਵਾਹੋ ਦਾਹ, ਭੱਜੇ ਚਾਈ ਚਾਈਆ । ਉਸ ਧਵਲ ਨੂੰ ਭਾਗ ਦੇਣਾ ਲਗਾ, ਲਗ ਮਾਤਰ ਦਾ ਡੇਰਾ ਢਾਹੀਆ । ਜਿਥੇ ਬਿਨਾ ਸਯਦਿਆਂ ਸਭ ਨੇ ਸੀਸ ਦੇਣਾ ਝੁਕਾ, ਕ਼ਦਮ ਬੋਸੀਆਂ ਵਿਚ ਖ਼ਲਕ ਖ਼ੁਦਾਈਆ । ਨਿਗਾਹ ਮਾਰ ਲੈ ਬਿਨ ਨੈਣਾ ਨੈਣ ਤਕਾ, ਤਕਵਾ ਇਕੇ ਉਤੇ ਜਣਾਈਆ । ਅੰਤਮ ਲਹਿਣਾ ਮਦੀਨਾ ਮੱਕਾ ਦਏ ਮੁਕਾ, ਮੁਕੰਮਲ ਆਪਣਾ ਹੁਕਮ ਸੁਣਾਈਆ । ਦੀਨ ਦੁਨੀ ਮਾਨਵ ਇਕੋ ਰੰਗ ਦਏ ਰੰਗਾ, ਸ਼ਰਅ ਜ਼ੰਜੀਰ ਬੇਨਜ਼ੀਰ ਦਏ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਪੰਜ ਤਤ ਕਹਿਣ ਮੁਹੰਮਦ ਨੇ ਮਾਰੀ ਆਹ, ਹੌਕਿਆਂ ਨਾਲ ਸੁਣਾਈਆ । ਮੇਰੇ ਮੌਲਾ ਬੇਪਰਵਾਹ, ਬੇਪਰਵਾਹ ਤੇਰੀ ਵਡਿਆਈਆ । ਮੇਰੇ ਅਗੰਮ ਅਥਾਹ ਆਲੀਜਾਹ, ਸ਼ਹਿਨਸ਼ਾਹ ਤੇਰੀ ਸਰਨਾਈਆ । ਤੇਰਾ ਹੁਕਮ ਲਿਆ ਪੂਨਾ, ਸੇਵਕ ਹੋ ਕੇ ਸੇਵ ਕਮਾਈਆ । ਚਲਿਆ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਤੇਰੀ ਵਡਿਆਈਆ । ਤੇਰੇ ਕਲਮੇ ਦਾ ਕਾਅਬੇ ਵਿਚ ਤੱਕਿਆ ਮਜ਼ਾ, ਮਜ਼ਾਕ ਵੇਖਿਆ ਖ਼ਲਕ ਖ਼ੁਦਾਈਆ । ਮੇਰੇ ਮਹਿਬੂਬਾ ਕਿਉਂ ਸਦੀ ਚੌਧਵੀਂ ਅੰਤ ਸਭ ਨੂੰ ਦੇਵੇਂ ਸਜ਼ਾ, ਸਜ਼ਾਯਾਫ਼ਤਾ ਦੀਨ ਦੁਨੀ ਨਜ਼ਰੀ ਆਈਆ । ਕਿਉਂ ਸਭ ਦੇ ਸਿਰ ਤੇ ਕੂਕਦੀ ਕ਼ਜ਼ਾ, ਕ਼ੱਜ਼ਾਕ਼ ਕਲਜੁਗ ਆਪਣਾ ਖੇਲ ਖਿਲਾਈਆ । ਕਿਉਂ ਨਹੀਂ ਇਨਸਾਨਾਂ ਹੈਵਾਨਾਂ ਹੱਥ ਔਣੀ ਗ਼ਜ਼ਾ, ਗ਼ਜ਼ਬ ਨਾਲ ਤੇਰੀ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਪੰਜ ਤਤ ਕਹਿਣ ਜਿਸ ਵੇਲੇ ਮੁਹੰਮਦ ਨੂੰ ਰੱਖਿਆ ਬਣਾ ਕੇ ਲਾਸ਼, ਮਕ਼ਬਰੇ ਵਿਚ ਟਿਕਾਈਆ । ਸ਼ੰਕਰ ਤਕ ਕੇ ਉਤੋਂ ਕੈਲਾਸ਼, ਨੇਤਰ ਨੈਣ ਬਿਘਸਾਈਆ । ਮਿੱਟੀ ਖ਼ਾਕ ਨੇ ਕਿਹਾ ਸ਼ਾਬਾਸ਼, ਪਰਵਰਦਿਗਾਰ ਤੇਰੀ ਬੇਪਰਵਾਹੀਆ । ਕਿਸ ਬਿਧ ਤੈਨੂੰ ਕਰਨ ਤਲਾਸ਼, ਖੋਜਣ ਥਾਉਂ ਥਾਈਂਆ । ਕਵਣ ਪੂਰੀ ਕਰੇ ਆਸ, ਤ੍ਰਿਸ਼ਨਾ ਜਗਤ ਮਿਟਾਈਆ । ਕਵਣ ਦੇਵੇ ਧਰਵਾਸ, ਧਰਮ ਧਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੰਜ ਤਤ ਕਹਿਣ ਅਸੀਂ ਮਕ਼ਬਰੇ ਵਿਚ ਗਏ ਲੁਕ, ਮੁਹੰਮਦ ਨਜ਼ਰ ਕੋਇ ਨਾ ਆਈਆ । ਫੇਰ ਬਿਨ ਅੱਖਰਾਂ ਪੜ੍ਹੀ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਨੂਰੀ ਧਾਰ ਬਿਨ ਨੇਤਰਾਂ ਨੇਤਰ ਲਏ ਚੁਕ, ਵੇਖਿਆ ਚਾਈਂ ਚਾਈਂਆ । ਜਿਹੜਾ ਮਾਤ ਗਰਭ ਦਾ ਉਲਟਾ ਰੁਖ਼, ਧਰਨੀ ਅੰਦਰ ਬੈਠਾ ਡੇਰਾ ਲਾਈਆ । ਜੋ ਦੋ ਜਹਾਨਾਂ ਦੇਵਣਹਾਰਾ ਸਾਚਾ ਸੁਖ, ਜੋਤੀ ਜਾਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪੰਜ ਤਤ ਕਹਿਣ ਅਸੀਂ ਬਣ ਗਏ ਮਿੱਟੀ, ਤਨ ਵਜੂਦ ਨਜ਼ਰ ਕੋਇ ਨਾ ਆਈਆ । ਸਾਡੇ ਮਕ਼ਬਰੇ ਸੋਹੇ ਪੱਥਰ ਇੱਟੀਂ, ਪਾਹਨਾਂ ਨਾਲ ਵਡਿਆਈਆ । ਇਕ ਅਵਾਜ਼ ਅਗੰਮੀ ਆਈ ਜਿਸ ਸੰਦੇਸ਼ਾ ਦਿਤਾ ਮੁਹੰਮਦਾ ਤੈਨੂੰ ਫੇਰ ਮਿਲਾਂਗਾ ਜਿਸ ਵੇਲੇ ਹਾਹੇ ਤੇ ਲਾਈ ਟਿੱਪੀ, ਆਪਣਾ ਰੂਪ ਬਦਲਾਈਆ ।

ਉਸ ਵੇਲੇ ਸਦੀ ਚੌਧਵੀਂ ਜਾਣੀ ਛਿਪੀ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਫੇਰ ਨਾਮ ਕਲਮਿਆਂ ਦੀ ਸਾਂਝੀ ਕਰਾਂਗਾ ਲਿਪੀ, ਹੋਟਾਂ ਲਿਪਾਂ ਵਿਚੋਂ ਇਕੋ ਵਾਰ ਕਢਾਈਆ । ਤੇਰਾ ਲਹਿਣਾ ਦੇਣਾ ਚੁਕਾਵਾਂਗਾ ਜਿਸ ਵੇਲੇ ਸ਼ਹਿਨਸ਼ਾਹੀ ਦਸ ਦੀ ਆਈ ਮਿਤੀ, ਮਿਤਰਾ ਦਿਆਂ ਦ੍ਰਿੜਾਈਆ । ਦੀਨ ਦੁਨੀਆ ਕੂੜ ਦੀ ਸੇਜਾ ਹੋਵੇ ਲਿਟੀ, ਟਿੱਕੇ ਮਸਤਕ ਖ਼ਾਕ ਨਾ ਕੋਇ ਰਮਾਈਆ । ਜਗਤ ਰਸਨਾ ਹੌਣੀ ਮਿਠੀ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਆਪਣੀ ਖੇਲ ਕਰਾਂ ਅਨਡਿੱਠੀ, ਨੂਰ ਨੁਰਾਨਾ ਡਗਮਗਾਈਆ । ਪਿਛਲੀ ਧਾਰਾ ਸਭ ਦੀ ਕਰਾਂ ਚਿੱਟੀ, ਕਾਲਖ ਮੂਲ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਪੰਜ ਤਤ ਕਹਿਣ ਅਸੀਂ ਮਕ਼ਬਰੇ ਵਿਚ ਗਏ ਛੁਪ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਅਸਾਂ ਵੇਖ ਅੰਧੇਰਾ ਘੁੱਪ, ਕੂਕ ਕੂਕ ਦਿਤੀ ਦੁਹਾਈਆ । ਪਰਵਰਦਿਗਾਰਾ ਸਾਂਝੇ ਯਾਰਾ ਜੇ ਪੈਗ਼ੰਬਰਾਂ ਬਣਾਇਆ ਆਪਣਾ ਸੁਤ, ਦੁਲਾਰਾ ਆਪਣਾ ਰੰਗ ਰੰਗਾਈਆ । ਅੰਤਮ ਵਾਤ ਸਾਡੀ ਪੁਛ, ਪੁਸ਼ਤ ਪਨਾਹ ਹੱਥ ਟਿਕਾਈਆ । ਤੇਰਾ ਲਹਿਣਾ ਕੀ ਕੁਛ, ਕਰਨੀ ਦੇ ਕਰਤੇ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਪਰਦਾ ਆਪ ਉਠਾਈਆ । ਪੰਜ ਤਤ ਕਹਿਣ ਮਕ਼ਬਰੇ ਵਿਚੋਂ ਆਈ ਅਵਾਜ਼, ਨਾਦ ਬਾਂਗ ਅਜ਼ਾਂ ਦਿਤੀ ਜਣਾਈਆ । ਨਾਲੇ ਤੈਨੂੰ ਖੋਲ੍ਹ ਕੇ ਬਾਤਨ ਬਾਤ, ਰਾਜ਼ਕ ਰਿਜ਼ਕ ਰਹੀਮ ਦਿਤਾ ਸਮਝਾਈਆ । ਮੁਹੰਮਦ ਮੇਰਾ ਲਹਿਣਾ ਨਹੀਂ ਨਾਲ ਵੁਜ਼ੂ ਨਿਮਾਜ਼, ਸ਼ਰਅ ਵੰਡ ਨਾ ਕੋਇ
 ਵੰਡਾਈਆ । ਮੇਰਾ ਖੇਲ ਵੇਖਣਾ ਅੰਤ ਹੋਣਾ ਨਹੀਂ ਕਿਸੇ ਨਰਾਜ਼, ਦੁਤੀਆ ਭਾਉ ਨਾ ਕੋਇ ਜਣਾਈਆ । ਪਰ ਯਾਦ ਕਰ ਤੇਰੇ ਤੋਂ ਬਾਦ ਗੋਬਿੰਦ ੧੨੦
 ਦਾ ਉਡਣਾ ਬਾਜ਼, ਬਾਜ਼ੀ ਦੀਨ ਦੁਨੀ ਉਲਟਾਈਆ । ਫੇਰ ਸਦੀ ਚੌਧਵੀਂ ਧੁਰ ਕਲਮੇ ਦਾ ਚਲਣਾ ਜਹਾਜ਼, ਨੌਕਾ ਨਜ਼ਰ ਕੋਇ ਨਾ ਆਈਆ । ੨੪
ਇਕੋ ਹੁਕਮ ਸੰਦੇਸ ਸੁਣਨਾ ਵਾਹਿਦ, ਵਾਜ਼ਿਆ ਕਰਕੇ ਦਿਤਾ ਜਣਾਈਆ । ਨੂਰ ਅਲਾਹੀ ਬੇਪਰਵਾਹੀ ਦਾ ਵਖਰਾ ਹੋਣਾ ਮਿਜ਼ਾਜ, ਤਬੀਅਤ ਤਬੀਬ ਸਮਝੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਮਕ਼ਬਰਾ ਕਹੇ ਜਿਸ ਵੇਲੇ ਪੰਜ ਤਤ ਨਿਗਾਹ ਮਾਰੀ ਚੜਦਾ, ਬਿਨ ਨੈਣਾਂ ਨੈਣ ਉਠਾਈਆ । ਲੇਖਾ ਤੱਕਿਆ ਗੋਰ ਮੜ੍ਹ ਦਾ, ਧਰਨੀ ਧਵਲ ਖੋਜ ਖੁਜਾਈਆ । ਝਗੜਾ ਤੱਕਿਆ ਸੀਸ ਧੜ ਦਾ, ਦੀਨ ਦੁਨੀ ਲੜਾਈਆ । ਹੰਕਾਰ ਵੇਖਿਓ ਹਉਮੇ ਗੜ੍ਹ ਦਾ, ਹੰਗਤਾ ਦਏ ਤੁੜਾਈਆ । ਉਸ ਵੇਲੇ ਪਰਵਰਦਿਗਾਰ ਸਾਂਝਾ ਯਾਰ ਘਾੜਨ ਹੋਵੇ ਘੜਦਾ, ਘੜਨ ਭੰਨਣਹਾਰ ਆਪਣਾ ਖੇਲ ਖਿਲਾਈਆ । ਉਹ ਨੂਰ ਅਲਾਹੀ ਅਮਾਮ ਅਮਾਮਾ ਸੰਬਲ ਦੇ ਅੰਦਰ ਵੇਖਿਆ ਵੜਦਾ, ਆਪਣਾ ਨੂਰ ਆਪਣੇ ਵਿਚ ਛੁਪਾਈਆ । ਫੇਰ ਸੰਦੇਸ਼ਾ ਦਿਤਾ ਧੁਰ ਦੇ ਘਰ ਦਾ, ਮੁਕ਼ਾਮੇ ਹਕ ਹਕ ਸਮਝਾਈਆ । ਜਿਸ ਖੇਲ ਖੇਲਣਾ ਵਲ ਛਲ ਦਾ, ਅਛਲ ਛਲਧਾਰੀ ਇਕ ਅਖਵਾਈਆ । ਉਹ ਰਲਾਇਆਂ ਕਿਸੇ ਨਾਲ ਨਹੀਂ ਰਲਦਾ, ਵਖਰਾ ਆਪਣਾ ਘਰ ਬਣਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਬਲ ਦਾ, ਬਾਵਨ ਨਾਲ ਵਡਿਆਈਆ । ਜਿਸ ਦੇ ਸੰਦੇਸ਼ੇ ਰਾਮਾ ਰਿਹਾ ਘਲਦਾ, ਸੀਤਾ ਸਤਿ ਸਮਝਾਈਆ । ਜਿਸ ਨੂੰ ਕਾਹਨ ਘਨਈਆ ਆਪਣਾ ਕਾਹਨ ਰਿਹਾ ਮੰਨਦਾ, ਮਨਸਾ ਤੋ ਬਾਹਰ ਇਕ ਅਖਵਾਈਆ । ਜਿਸ ਨੂੰ ਮੂਸੇ ਮਾਲਕ ਮੰਨਿਆ ਸਾਰੇ ਤਨ ਦਾ, ਵਜੂਦਾਂ ਰੰਗ ਰੰਗਾਈਆ । ਈਸਾ ਖ਼ੁਸ਼ੀਆਂ ਨਾਲ ਉਸ ਦੇ ਪਿਆਰ ਵਿਚ ਫਲਦਾ, ਪੱਤ ਟਹਿਣੀਆਂ ਨਾਲ ਮਹਿਕਾਈਆ । ਨਾਨਕ

ਲੇਖ ਜਣਾਇਆ ਕਲਜੁਗ ਕਲ ਦਾ, ਭੇਵ ਅਭੇਦ ਆਪ ਖੁਲ੍ਹਾਈਆ । ਗੋਬਿੰਦ ਖੇਲ ਖੇਲਿਆ ਉਸ ਦੇ ਬਲ ਦਾ, ਖੰਡਾ ਖੜਗ ਨਾਲ ਚਮਕਾਈਆ । ਅੰਤ ਇਸ਼ਾਰਾ ਦਿਤਾ ਜੋ ਮਾਲਕ ਮਹੀਅਲ ਜਲ ਥਲ ਦਾ, ਹਰ ਘਟ ਰਿਹਾ ਸਮਾਈਆ । ਉਸ ਦਾ ਭੇਵ ਨਹੀਂ ਆਉਣਾ ਪਲ ਦਾ, ਪਲਕਾਂ ਦੇ ਉਹਲੇ ਬਹਿ ਕੇ ਕੀ ਆਪਣਾ ਹੁਕਮ ਵਰਤਾਈਆ । ਜਿਸ ਦਾ ਜੋਬਨ ਕਦੇ ਨਾ ਢਲਦਾ, ਜਵਾਨੀ ਬਦਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਮਾਟੀ ਬਿਨ ਸਵਾਸ, ਕੰਮ ਕਿਸੇ ਨਾ ਆਈਆ । ਸਾਡੀ ਅੰਤਮ ਇਕੋ ਆਸ, ਆਸ਼ਾ ਨਾਲ ਜਣਾਈਆ । ਬਣ ਕੇ ਦਾਸੀ ਦਾਸ, ਪ੍ਰਭ ਚਰਨ ਸੀਸ ਝੁਕਾਈਆ । ਪੁਰਖ ਅਕਾਲੇ ਦੀਨ ਦਿਆਲੇ ਅੰਤ ਵਸਣਾ ਸਾਡੇ ਪਾਸ, ਸਗਲਾ ਸੰਗ ਬਣਾਈਆ । ਤੂੰ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼, ਸਤਿਗੁਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਇਕ ਵਰਤਾਈਆ । ਪੰਜ ਤਤ ਕਹਿਣ ਸਾਡਾ ਸਾਹਿਬ ਮੰਨਣਾ ਕਹਿਣਾ, ਕਹਿ ਕੇ ਦਈਏ ਜਣਾਈਆ । ਅਸਾਂ ਮਕ਼ਬਰਿਆਂ ਵਿਚ ਨਹੀਂ ਰਹਿਣਾ, ਕ਼ਬਰਾਂ ਵਿਚ ਨਾ ਕੋਇ ਦਫ਼ਨਾਈਆ । ਅਸਾਂ ਤੇਰਾ ਭਾਣਾ ਸਹਿਣਾ, ਨਿਵ ਨਿਵ ਸੀਸ ਝੁਕਾਈਆ । ਸਦਾ ਸਦਾ ਸਦ ਤੇਰੇ ਚਰਨ ਕਵਲ ਵਿਚ ਬਹਿਣਾ, ਦੂਸਰ ਧਾਮ ਨਾ ਕੋਇ ਵਡਿਆਈਆ । ਤੇਰਾ ਦਰਸ਼ਨ ਕਰੀਏ ਸਦਾ ਨੈਣਾਂ, ਬਿਨ ਨੈਣਾਂ ਨੈਣ ਲੈਣਾ ਮਿਲਾਈਆ । ਸਾਨੂੰ ਕਦੀ ਨਾ ਕਰੀਂ ਤ੍ਰਫ਼ੈਣਾ, ਤਰਫ਼ਦਾਰੀ ਆਪਣੀ ਇਕ ਸਮਝਾਈਆ । ਤੂੰ ਮਾਤ ਪਿਤ ਸਾਕ ਸੱਜਣ ਸਾਡਾ ਭਾਈ ਭੈਣਾ, ਨਾਰ ਕੰਤ ਭਗਵੰਤ ਇਕੋ ਨਜ਼ਰੀ ਆਈਆ । ਅਸੀਂ ਤੇਰੇ ਧਾਮ ਅਵੱਲੇ ਤੇਰੇ ਚਰਨ ਢਹਿਣਾ, ਧੂੜੀ ਖ਼ਾਕ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਮੁਹੰਮਦ ਦੇ ਮਕ਼ਬਰੇ ਕੀਤੀ ਪੁਕਾਰ, ਤੂੰ ਹੀ ਤੂੰ ਹੀ ਸੁਣਾਈਆ । ਵਾਹ ਮੇਰੇ ਪਰਵਰਦਿਗਾਰ, ਨੂਰ ਨੁਰਾਨੇ ਨੂਰ ਅਲਾਹੀਆ । ਮੈਂ ਤੇਰਾ ਖ਼ਿਦਮਤਗਾਰ, ਖ਼ਾਦਮ ਹੋ ਕੇ ਸੀਸ ਨਿਵਾਈਆ । ਤੇਰੇ ਚਰਨ ਕਵਲ ਨਿਮਸਕਾਰ, ਕ਼ਦਮ ਬੋਸੀ ਵਿਚ ਸੀਸ ਝੁਕਾਈਆ । ਮੇਰੀ ਬੇਨੰਤੀ ਸੁਣ ਪੁਕਾਰ, ਕੂਕ ਕੂਕ ਦ੍ਰਿੜਾਈਆ । ਸਚ ਦੱਸ ਕੀ ਖੇਲ ਕਰੇ ਅਮਾਮ ਅਮਾਮਾ ਬਣ ਸਿਕਦਾਰ, ਸਿਰ ਸਿਰ ਆਪਣਾ ਹੁਕਮ ਵਰਤਾਈਆ । ਤੇਰੇ ਨਾਲ ਕਾਹਦਾ ਤਕਰਾਰ, ਝਗੜਾ ਦੂਨੀ ਨਾ ਕੋਇ ਰਖਾਈਆ । ਮੇਰੇ ਨਾਲ ਵਾਅਦਾ ਕਰ ਇਕ਼ਰਾਰ, ਕੌਲ ਦੇਣਾ ਸਮਝਾਈਆ । ਝਟ ਹੁਕਮ ਦਿਤਾ ਸਚੀ ਸਰਕਾਰ, ਖ਼ੁਦ ਮਾਲਕ ਆਪ ਸੁਣਾਈਆ । ਮੁਹੰਮਦ ਸੁਣ ਲੈ ਨਾਲ ਪਿਆਰ, ਆਸ਼ਾ ਤੇਰੀ ਨਾਲ ਰਖਾਈਆ । ਸਦੀ ਚੌਧਵੀਂ ਲਏ ਵਿਚਾਰ, ਵਿਚਰ ਕੇ ਸਕੇ ਨਾ ਕੋਇ ਸਮਝਾਈਆ । ਜਿਸ ਵੇਲੇ ਹੋਇਆ ਅੰਧ ਅੰਧਿਆਰ, ਨੂਰੀ ਚੰਦ ਨਾ ਕੋਇ ਚਮਕਾਈਆ । ਮਿਤਰਾਂ ਦਾ ਮਿਤਰ ਰਹੇ ਕੋਈ ਨਾ ਯਾਰ, ਯਰਾਨਾ ਤੋੜ ਨਾ ਕੋਇ ਨਿਭਾਈਆ । ਦੀਨਾਂ ਮਜ਼੍ਹਬਾਂ ਹੋਣੀ ਖਾਰ, ਨਾਮ ਕਲਮਾ ਕਰੇ ਲੜਾਈਆ । ਖੰਡਾ ਖੜਗ ਚਲੇ ਤਲਵਾਰ, ਆਪਣੀ ਲੈ ਅੰਗੜਾਈਆ । ਚਾਰੋਂ ਕੁੰਟ ਹਾਹਾਕਾਰ, ਅਗਨੀ ਤਤ ਬੁਝਾਈਆ । ਸਚ ਈਮਾਨ ਰਹੇ ਨਾ ਵਿਚ ਸੰਸਾਰ, ਸਚ ਵਿਚ ਨਾ ਕੋਇ ਸਮਾਈਆ । ਮੰਦਰ ਮਸਜਿਦ ਰੋ ਰੋ ਕਰਨ ਪੁਕਾਰ, ਬਿਨ ਨੈਣਾਂ ਨੀਰ ਵਹਾਈਆ । ਉਸ ਵੇਲੇ ਪਰਵਰਦਿਗਾਰ ਪਾਵੇ ਸਾਰ, ਸਾਂਝਾ ਯਾਰ ਨੂਰ ਅਲਾਹੀਆ । ਜਿਸ ਦਾ ਖੇਲ ਸਦਾ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਵੇਖ ਵਖਾਈਆ । ਉਹ ਕਲਜੁਗ ਅੰਤਮ ਲਹਿਣਾ ਦੇਣਾ ਦੇਵੇ ਕ਼ਰਜ਼ ਉਤਾਰ, ਮਕ਼ਰੂਜ਼

੧੨੧
੨੪

ਆਪਣਾ ਹੁਕਮ ਵਰਤਾਈਆ । ਜਿਸ ਵੇਲੇ ਮੰਦਰ ਮਸਜਿਦ ਸ਼ਿਵਦਵਾਲੇ ਮਠ ਹੋਣ ਖ਼ੁਆਰ, ਪੱਥਰ ਇੱਟ ਨਾਲ ਟਕਰਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾ ਨੀਰ ਵਹਾਈਆ । ਧਰਨੀ ਕਰੇ ਹਾਹਾਕਾਰ, ਹੌਕਿਆ ਵਿਚ ਸੁਣਾਈਆ । ਕਿਰਪਾ ਕਰ ਆਪ ਨਿਰੰਕਾਰ, ਨਿਰਵੈਰ ਤੇਰੀ ਵਡਿਆਈਆ । ਉਸ ਵੇਲੇ ਅਮਾਮ ਅਮਾਮਾ ਬਣ ਕੇ ਹੋਵਾਂ ਜ਼ਾਹਿਰ, ਜ਼ਾਹਿਰ ਜ਼ਹੂਰ ਕਰਾਂ ਰੁਸ਼ਨਾਈਆ । ਸਾਂਝਾ ਬਣਾ ਕੇ ਭਗਤ ਦੁਆਰ, ਭਗਵਨ ਹੋ ਕੇ ਵੇਖ ਵਖਾਈਆ । ਸੰਮਤ ਸ਼ਹਿਨਸ਼ਾਹੀ ਦਸ ਲੈਣਾ ਵਿਚਾਰ, ਥਿਤ ਵਾਰ ਨਾ ਕੋਇ ਜਣਾਈਆ । ਜਿਸ ਵੇਲੇ ਭਗਤਾਂ ਨੇ ਭਗਤ ਦੁਆਰੇ ਵਿਚ ਭਗਤਾਂ ਦਾ ਕੀਤਾ ਭੰਡਾਰ, ਸੋਹਣੀ ਖ਼ੁਸ਼ੀ ਬਣਾਈਆ । ਵਿਸ਼ਨੂੰ ਵੇਖੇ ਨੈਣ ਉਘਾੜ, ਆਪਣਾ ਧਿਆਨ ਲਗਾਈਆ । ਬ੍ਰਹਮਾ ਕਰੇ ਵਿਚਾਰ, ਪਾਰਬ੍ਰਹਮ ਤੇਰੀ ਬੇਪਰਵਾਹੀਆ । ਸ਼ੰਕਰ ਤਕੇ ਅਗੰਮ ਨਜ਼ਾਰ, ਨਜ਼ਰੀਆ ਲਏ ਬਦਲਾਈਆ । ਉਸ ਵੇਲੇ ਖੇਲ ਹੋਣਾ ਅਪਰ ਅਪਾਰ, ਅਪਰੰਪਰ ਹੋ ਕੇ ਦਿਆਂ ਜਣਾਈਆ । ਭਗਤ ਸੁਹੇਲਾ ਬਣੇ ਆਪ ਨਿਰੰਕਾਰ, ਕੁਦਰਤ ਦਾ ਕਾਦਰ ਅਗੰਮ ਅਥਾਹੀਆ । ਗ਼ਰੀਬ ਨਿਮਾਣਿਆਂ ਪਾਵੇ ਸਾਰ, ਕੋਝਿਆਂ ਕਮਲਿਆਂ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਮ ਪੁਰਖ ਆਪ ਕਰਤਾਰ, ਕੁਦਰਤ ਦਾ ਕਾਦਰ ਕਰਨੀ ਦਾ ਕਰਤਾ ਕਰਨਹਾਰ ਏਕੰਕਾਰ ਆਪ ਅਖਵਾਈਆ ।





## ✪ ੪ ਕੱਤਕ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਬਾਲੇਚਕ ਜ਼ਿਲਾ ਅੰਮ੍ਰਿਤਸਰ ਹਰਜੀਤ ਸਿੰਘ ਦੇ ਸਰੀਰ ਛੁੱਟਣ ਨਵਿਤ ✪

ਪੰਜ ਤਤ ਕਹਿਣ ਪ੍ਰਭ ਮੇਰਾ ਨਾਉਂ ਰੱਖਿਆ ਹਰਜੀਤ, ਹਰਿ ਦਿਤੀ ਮਾਣ ਵਡਿਆਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰੇ ਚਰਨ ਪ੍ਰੀਤ, ਪ੍ਰੀਤਮ ਮੇਲ ਮਿਲਾਇਆ ਸਹਿਜ ਸੁਭਾਈਆ । ਤ੍ਰੈਗੁਣ ਨਾਲੋਂ ਕਰ ਅਤੀਤ, ਤ੍ਰੈਭਵਨ ਧਨੀ ਦਿਤੀ ਵਡਿਆਈਆ । ਛੋਟੇ ਬਾਲੇ ਦੀ ਪਰਖ ਕੇ ਨੀਤ, ਨੀਤੀਵਾਨ ਹੋਇਆ ਸਹਾਈਆ । ਤੂੰ ਮੇਰਾ ਮੈਂ ਤੇਰਾ ਗਾਇਆ ਗੀਤ, ਸੋਹੰ ਢੋਲਾ ਅਗੰਮ ਅਥਾਹੀਆ । ਪਿਛਲਾ ਲੇਖਾ ਮੇਰਾ ਮਾਤਲੋਕ ਗਿਆ ਬੀਤ, ਅਗੇ ਸਚਖੰਡ ਮਿਲੀ ਵਡਿਆਈਆ । ਮੇਰਾ ਆਤਮਾ ਹੋਇਆ ਠਾਂਢਾ ਸੀਤ, ਅਗਨੀ ਤਤ ਨਾ ਕੋਇ ਜਲਾਈਆ । ਤੂੰ ਸਾਹਿਬ ਸੁਆਮੀ ਮੇਰੇ ਵਸਿਆ ਚੀਤ, ਚੇਤਨ ਧਾਰ ਲਿਆ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪੰਜ ਤਤ ਕਹਿਣ ਪ੍ਰਭ ਅਸਾਂ ਛੱਡਿਆ ਜਗਤ ਨਾਤਾ, ਦੀਨ ਦੁਨੀ ਦੀ ਲੋੜ ਰਹੀ ਨਾ ਰਾਈਆ । ਤੂੰ ਮਾਲਕ ਖ਼ਾਲਕ ਮਿਲਿਆ ਪੁਰਖ ਬਿਧਾਤਾ, ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਨਜ਼ਰੀ ਆਈਆ । ਜਿਸ ਕੂੜੀ ਕਿਰਿਆ ਮੇਟਣੀ ਅੰਧੇਰੀ ਰਾਤਾ, ਨੂਰੀ ਚੰਦ ਚੰਦ ਚਮਕਾਈਆ । ਅੰਤ ਕੰਤ ਭਗਵੰਤ ਮੇਰੀ ਪੁਛੀ ਵਾਤਾ, ਸਿਰ ਮੇਰੇ ਹੱਥ ਟਿਕਾਈਆ । ਧੀਰਜ ਦੇਣੀ ਮੇਰੇ ਪਿਤਾ ਮਾਤਾ, ਨੇਤਰ ਨੈਣਾਂ ਨੀਰ ਨਾ ਕੋਇ ਵਹਾਈਆ । ਤੂੰ ਸਭ ਦਾ ਜੋਤੀ ਜਾਤਾ, ਨੂਰ ਨੁਰਾਨਾ ਅਗੰਮ ਅਥਾਹੀਆ । ਤੇਰਾ ਖੇਲ ਬਹੁ ਬਿਧ ਭਾਂਤਾ, ਭੇਵ ਸਕੇ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਪੰਜ ਤਤ ਕਹਿਣ ਨਾਤਾ ਸਾਡਾ

ਛੁੱਟਿਆ ਜਗ, ਜਗ ਜੀਵਣ ਦਾਤੇ ਦਿਤੀ ਵਡਿਆਈਆ । ਤਨ ਵਜੂਦ ਸੜਿਆ ਅਗਨੀ ਅੱਗ, ਧੂੰਆਂਧਾਰ ਜਗਤ ਵਖਾਈਆ । ਕਿਰਪਾ ਕਰ
ਸੂਰੇ ਸਰਬਗ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਮੈਨੂੰ ਸਭ ਦੇ ਨਾਲੋਂ ਕਰ ਅਲਗ, ਆਤਮਾ ਪਰਮਾਤਮਾ ਆਪਣੇ ਰੰਗ ਰੰਗਾਈਆ ।
ਮੈਂ ਜਗਤ ਜਹਾਨ ਦੀ ਮੰਜ਼ਲ ਗਿਆ ਲੰਘ, ਅਗੇ ਹੋ ਨਾ ਕੋਇ ਅਟਕਾਈਆ । ਸਚ ਧਾਰ ਦਾ ਵੇਖ ਪਲੰਘ, ਸੁਖਆਸਣ ਡੇਰਾ ਲਾਈਆ । ਜਿਥੇ
ਸ਼ਬਦ ਦਾ ਸ਼ਬਦ ਅਨੰਦ, ਦੂਸਰ ਅਵਰ ਨਾ ਕੋਇ ਸ਼ਨਵਾਈਆ । ਪ੍ਰਕਾਸ਼ ਤਕਿਆ ਬਿਨਾ ਸੂਰੀਆ ਚੰਦ, ਜੋਤੀ ਜਾਤਾ ਡਗਮਗਾਈਆ । ਪੁਰਖ
ਅਕਾਲਾ ਦੀਨ ਦਿਆਲਾ ਮੇਰੇ ਵਸਿਆ ਸੰਗ, ਸਗਲਾ ਸੰਗ ਰਖਾਈਆ । ਮਾਨਸ ਜਨਮ ਮੇਰਾ ਨਹੀਂ ਹੋਇਆ ਭੰਗ, ਪ੍ਰਭ ਦਿਤੀ ਮਾਣ ਵਡਿਆਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਪੰਜ ਤਤ ਕਹਿਣ ਪ੍ਰਭ
ਸਾਡਾ ਜਗਤ ਛੁੱਟਿਆ ਲੜ, ਦੀਨ ਦੁਨੀ ਮੇਲ ਨਾ ਕੋਇ ਵਖਾਈਆ । ਛਡੇ ਕਿਲੇ ਕੋਟ ਗੜ੍ਹ, ਛੱਪਰ ਛੰਨ ਦੀਨ ਦੁਨੀ ਤਜਾਈਆ । ਤੇਰੀ
ਮੰਜ਼ਲ ਮਹਿਬੂਬ ਗਿਆ ਚੜ੍ਹ, ਅਗੇ ਹੋ ਨਾ ਕੋਇ ਅਟਕਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹ, ਆਤਮਾ ਪਰਮਾਤਮਾ ਵਿਚ ਮਿਲਾਈਆ । ਸਚ
ਸੁਹੰਜਣਾ ਆਦਿ ਨਿਰੰਜਣਾ ਤੇਰਾ ਵੇਖਿਆ ਗੜ੍ਹ, ਸਚਖੰਡ ਦੁਆਰ ਇਕੋ ਸੋਭਾ ਪਾਈਆ । ਜਿਥੇ ਨਾ ਕੋਈ ਭੈ ਨਾ ਕੋਈ ਡਰ, ਭਿਆਨਕ ਰੂਪ
ਨਾ ਕੋਇ ਦਰਸਾਈਆ । ਇਕੋ ਪਤਿਪਰਮੇਸ਼ਵਰ ਤੇਰਾ ਮਿਲਿਆ ਘਰ, ਗ੍ਰਿਹ ਮੰਦਰ ਖ਼ੁਸ਼ੀ ਬਣਾਈਆ । ਬੇਸ਼ਕ ਦੁਨੀਆ ਕਹਿੰਦੀ ਹਰਜੀਤ ਸਿੰਘ
੧੨੩ ਗਿਆ ਮਰ, ਮਰ ਜੀਵਤ ਆਪਣਾ ਆਪ ਲਿਆ ਬਦਲਾਈਆ । ਤੇਰੇ ਚਰਨ ਕਵਲ ਆਪਣਾ ਆਪ ਧਰ, ਬਿਨ ਸੀਸ ਸੀਸ ਝੁਕਾਈਆ । ਤੂੰ ੧੨੩
੨੪ ਸਾਹਿਬ ਸੁਲਤਾਨ ਨਰਾਇਣ ਨਰ, ਨਰ ਹਰਿ ਵੱਡਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ੨੪
ਸਾਚਾ ਵਰ, ਸਚ ਦਰ ਇਕ ਸੁਹਾਈਆ । ਤੇਰਾ ਸਚ ਦਰ ਸੁਹੰਜਣਾ, ਪ੍ਰਭ ਏਕੰਕਾਰੇ ਏਕ । ਮਿਲੀ ਵਡਿਆਈ ਆਦਿ ਨਿਰੰਜਣਾ, ਸਤਿਗੁਰ
ਬਖ਼ਸ਼ੀ ਸਾਚੀ ਟੇਕ । ਤੂੰ ਮਾਲਕ ਦਰਦ ਦੁਖ ਭੈ ਭੰਜਣਾ, ਤ੍ਰੈਗੁਣ ਮਾਇਆ ਨਾ ਲਾਏ ਸੇਕ । ਜੋਤੀ ਧਾਰ ਪਾ ਕੇ ਅੰਜਣਾ, ਬੁੱਧੀ ਕੀਤੀ ਹਕ
ਬਿਬੇਕ । ਤੇਰੇ ਚਰਨ ਕਵਲ ਕਰਾਂ ਮਜਨਾ, ਬਖ਼ਸ਼ੀ ਸਾਚੀ ਟੇਕ । ਮੇਰੇ ਪੁਰਖ ਅਕਾਲੇ ਸੱਜਣਾ, ਦਰਸ਼ਨ ਹੋਵੇ ਨੇਤਨ ਨੇਤ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚਾ ਕਰੇ ਹੇਤ । ਪੰਜ ਤਤ ਕਹਿਣ ਪ੍ਰਭ ਅਸੀਂ ਬਾਲ ਨਾਦਾਨੇ, ਬੇਅੰਤ
ਤੇਰੀ ਸਰਨਾਈਆ । ਸ਼ਾਹੋ ਭੂਪ ਵਡ ਸੁਲਤਾਨੇ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਆਦਿ ਜੁਗਾਦਿ ਧੁਰ ਦੇ ਕਾਹਨੇ, ਨੌਜਵਾਨੇ ਨੂਰ ਅਲਾਹੀਆ ।
ਸਾਚਾ ਬਖ਼ਸ਼ਿਆ ਇਕ ਗਿਆਨੇ, ਬਿਨ ਅੱਖਰਾਂ ਅੱਖਰ ਪੜ੍ਹਾਈਆ । ਆਤਮ ਮਿਲਿਆ ਨਾਲ ਭਗਵਾਨੇ, ਪਰਮਾਤਮ ਤੇਰੇ ਵਿਚ ਸਮਾਈਆ ।
ਨਾਤਾ ਛੁੱਟਿਆ ਕੂੜ ਜਹਾਨੇ, ਮਾਤਲੋਕ ਨਾ ਕੋਇ ਵਡਿਆਈਆ । ਮਾਤ ਪਿਤ ਭੈਣ ਭਰਾ ਮੇਰੇ ਸਮਝਾਣੇ, ਨੇਤਰ ਨੀਰ ਨਾ ਕੋਇ ਵਹਾਈਆ ।
ਮੈਂ ਪੁੱਜਿਆ ਸਚਖੰਡ ਟਿਕਾਣੇ, ਦਰਗਾਹ ਸਾਚੀ ਆਸਣ ਲਾਈਆ । ਜਿਥੇ ਵਿਸ਼ਨ ਬ੍ਰਹਮਾ ਸ਼ਿਵ ਅਵਤਾਰ ਪੈਗੰਬਰ ਗੁਰ ਗਾਵਣ ਗਾਣੇ, ਭਗਤ
ਸੰਤ ਢੋਲੇ ਰਹੇ ਸੁਣਾਈਆ । ਇਕੋ ਸ਼ਬਦ ਨਾਦ ਤਰਾਨੇ, ਤੁਰੀਆ ਬਾਹਰ ਸ਼ਨਵਾਈਆ । ਇਕੋ ਨੂਰ ਜੋਤ ਮਹਾਨੇ, ਜੋਤੀ ਜੋਤਾ ਡਗਮਗਾਈਆ ।
ਮੇਰਾ ਪਰਮ ਪੁਰਖ ਜਿਸ ਮੇਰੀ ਕੀਤੀ ਪਹਿਚਾਨੇ, ਬਿਨ ਨੈਣਾਂ ਨੈਣ ਮਿਲਾਈਆ । ਮੈਂ ਆਪਣੇ ਘਰ ਆਇਆ ਛਡ ਕੇ ਘਰ ਬੇਗਾਨੇ, ਗ੍ਰਿਹ ਮੰਦਰ

ਕੂੜ ਦਿਤੇ ਤਜਾਈਆ । ਹੁਣ ਸੁੱਤਾ ਦੇ ਕਰ ਬਾਂਹ ਸਰਹਾਣੇ, ਜੁਗ ਚੌਕੜੀ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨੇ, ਨਿਰਗੁਣ ਧਾਰ ਏਕੰਕਾਰ ਕਲ ਆਪਣੇ ਰੰਗ ਰੰਗਾਈਆ ।

## ✪ ੧੨ ਕੱਤਕ ਸ਼ਹਿਨਸ਼ਾਹੀ ਸੰਮਤ ਦਸ ਬਰਾਜ਼ੀਲ ਤੋਂ ਆਏ ਫ਼ਾਰਨਰਾਂ ਦੀ ਬੇਨੰਤੀ ਤੇ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਪੰਜ ਤਤ ਕਹਿਣ ਸਾਡਾ ਲੇਖਾ ਨਾਲ ਤੇਈ ਅਵਤਾਰਾ, ਅਵਤਰੀ ਧਾਰ ਨਿਰਗੁਣ ਨਿਰੰਕਾਰ ਨਿਰਾਕਾਰ ਆਪ ਜਣਾਈਆ । ਪੈਗ਼ੰਬਰਾਂ ਸੁਲਹਕੁਲ ਦਾ ਕੀਤਾ ਇਸ਼ਾਰਾ, ਬਿਨ ਸੈਨਤ ਜਗਤ ਜੁਗਤ ਬਾਹਰ ਜਣਾਈਆ । ਗੁਰੂਆਂ ਦਿਤਾ ਧਰਮ ਅਧਾਰਾ, ਉਦਰ ਦਾ ਲੇਖਾ ਕਵਣ ਮੁਕਾਈਆ । ਭਗਤਾਂ ਸੂਫ਼ੀਆਂ ਕਰੀਆਂ ਨਿਮਸਕਾਰਾਂ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਸਾਡੇ ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਜ਼ਾਹਰਾ, ਜ਼ਹੂਰ ਤੇਰੀ ਵਡ ਵਡਿਆਈਆ । ਕਵਣ ਵਕਤ ਸ੍ਰੀ ਭਗਵੰਤ ਸਾਡਾ ਲੇਖਾ ਮੇਟੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਲੋੜ ਰਹੇ
੧੨੪ ਨਾ ਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੁਕਮ ਫ਼ਰਮਾਨ ਸਤਿਗੁਰ ਸ਼ਬਦ ਦਿਤਾ ਅਪਾਰਾ, ਅਪਰੰਪਰ ਸੁਆਮੀ ਅੰਤਰਜਾਮੀ ਆਪ ਜਣਾਈਆ । ੧੨੪
੨੪ ਤਤ ਵਜੂਦ ਹਕ ਮਹਿਬੂਬ ਧੁਰ ਦਾ ਗੌਡ ਪਾਵੇ ਸਾਰਾ, ਮਿਹਰਵਾਨ ਮਿਹਬਾਨ ਮਿਹਰ ਨਜ਼ਰ ਉਠਾਈਆ । ਜਿਸ ਨੂੰ ਨਿਰਗੁਣ ਧਾਰ ਸਭ ਨੇ ਕਹਿਣਾ ੨੪
ਚਵੀਆਂ ਅਵਤਾਰਾ, ਜੋਤੀ ਜਾਤਾ ਪੁਰਖ ਬਿਧਾਤਾ ਇਕ ਅਖਵਾਈਆ । ਅਮਾਮ ਅਮਾਮਾ ਨੂਰ ਨੁਰਾਨਾ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਸੋ ਲਹਿਣਾ ਦੇਣਾ ਅੰਤ ਕੰਤ ਭਗਵੰਤ ਪੂਰਾ ਕਰੇ ਆਪ ਕਰਤਾਰਾ, ਕੁਦਰਤ ਕ਼ਾਦਰ ਵੇਖ ਵਖਾਈਆ । ਜਿਸ ਨੂੰ ਸਰਗੁਣ ਧਾਰ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਰੇ ਨਿਮਸਕਾਰਾ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਸੋ ਸਾਹਿਬ ਸੁਆਮੀ ਅੰਤਰਜਾਮੀ ਘਟ ਨਿਵਾਸੀ ਅੰਤ ਲਹਿਣਾ ਦੇਣਾ ਵੇਖੇ ਵੇਖਣਹਾਰਾ, ਦੂਸਰ ਅਵਰ ਨਾ ਕੋਇ ਵਡਿਆਈਆ । ਜਿਸ ਨੂੰ ਸਭ ਨੇ ਕਹਿਣਾ ਚਵੀਆਂ ਅਵਤਾਰਾ, ਅਵਤਰੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਭੇਵ ਆਪ ਚੁਕਾਈਆ । ਪੰਜ ਤਤ ਕਹਿਣ ਗੁਰ ਅਵਤਾਰ ਪੈਗ਼ੰਬਰਾਂ ਦਿਤਾ ਸੰਦੇਸ਼ਾ ਸੱਦਾ, ਸ਼ਬਦ ਕਲਮਾ ਨਾਮ ਦ੍ਰਿੜਾਈਆ । ਪਰਵਰਦਿਗਾਰ ਸਾਂਝਾ ਯਾਰ ਹਕ ਮਹਿਬੂਬ ਆਪਣਾ ਹੁਕਮ ਵਜਾਏ ਨਦਾ, ਦੋ ਜਹਾਨ ਨੌਜਵਾਨ ਕਰੇ ਸ਼ਨਵਾਈਆ । ਜਿਸ ਦੀ ਸ਼ਬਦੀ ਧਾਰ ਅਨੋਖੀ ਹੋਵੇ ਗਦਾ, ਗਦਾਗਰ ਕਰੇ ਲੋਕਾਈਆ । ਭੈ ਭਾਉ ਭਿਆਨਕ ਵਾਲਾ ਦੇਵੇ ਦੱਬਾ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਨੂੰ ਸਭ ਨੇ ਕਹਿਣਾ ਅੱਬਾ, ਪਿਤ ਮਾਤ ਨੂਰ ਅਲਾਹੀਆ । ਉਸ ਦਾ ਦੀਪਕ ਨੂਰ ਜੋਤ ਪਰਕਾਸ਼ ਇਕੋ ਹੋਵੇ ਜਗਾ, ਜਾਗਰਤ ਜੋਤ ਬਿਨ ਵਰਨ ਗੋਤ ਕਰੇ ਰੁਸ਼ਨਾਈਆ । ਜਨ ਭਗਤਾਂ ਮੇਲ ਮਿਲਾਏ ਉਪਰ ਸ਼ਾਹ ਰਗਾ, ਸ਼ਹਿਨਸ਼ਾਹ ਪਰਦਾ ਆਪ ਉਠਾਈਆ । ਕਲਜੁਗ ਕੂੜ ਕੁੜਿਆਰ ਮਿਟਾ ਕੇ ਅੱਗਾ, ਅੰਮ੍ਰਿਤ ਮੇਘ ਨਾਮ ਬਰਸਾਈਆ । ਖ਼ਤਮ ਕਰਾਏ ਕੂੜ ਮਲੇਛ ਸਭਾ, ਸਭਾਪਤੀ ਆਪਣਾ

ਹੁਕਮ ਵਰਤਾਈਆ । ਜਿਸ ਦੇ ਹੁਕਮ ਵਿਚ ਦੋ ਜਹਾਨ ਜ਼ਿਮੀਂ ਅਸਮਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਹੋਵੇ ਬੱਧਾ, ਬੰਦਨਾ ਵਿਚ ਸਾਰੇ ਸੀਸ ਨਿਵਾਈਆ । ਉਹ ਕੂੜ ਕੁੜਿਆਰ ਵਿਚ ਸੰਸਾਰ ਮੇਟ ਕੇ ਹੱਦਾ, ਹੱਦ ਹਦੂਦ ਆਪਣੀ ਇਕ ਜਣਾਈਆ । ਜਿਸ ਦਾ ਦੀਪਕ ਜੋਤ ਅਗੰਮਾ ਹੋਵੇ ਜਗਾ, ਨਵ ਸਤ ਕਰੇ ਰੁਸ਼ਨਾਈਆ । ਜਿਸ ਸ਼ਰਅ ਮੇਟਣੀ ਮੁਹੰਮਦ ਕੱਟੀਆਂ ਲਬਾਂ, ਲਬਰੇਜ਼ ਕਰੇ ਖ਼ਲਕ ਖ਼ੁਦਾਈਆ । ਉਸ ਦੀ ਆਦਿ ਆਦਿ ਦੀ ਇਕੋ ਹੋਵੇ ਯਦਾ, ਯਦੀ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਪਰਦਾ ਆਪ ਚੁਕਾਈਆ । ਪੰਜ ਤਤ ਕਹਿਣ ਸਾਨੂੰ ਅਵਤਾਰਾਂ ਦਿਤਾ ਲਾਰਾ, ਸਹਿਜ ਸਹਿਜ ਜਣਾਈਆ । ਪੈਗ਼ੰਬਰਾਂ ਕੀਤਾ ਇਸ਼ਾਰਾ, ਹਜ਼ਰਤ ਈਸਾ ਮੂਸਾ ਮੁਹੰਮਦ ਦਏ ਗਵਾਹੀਆ । ਗੁਰੂਆਂ ਗੋਬਿੰਦ ਧਾਰ ਦੱਸ ਦੁਆਰਾ, ਭੇਵ ਅਭੇਦ ਦਿਤਾ ਦ੍ਰਿੜਾਈਆ । ਜਿਸ ਦਾ ਲਹਿਣਾ ਦੇਣਾ ਗ੍ਰੰਥ ਸ਼ਾਸਤਰਾਂ ਬਾਹਰਾ, ਬਿਨ ਅੱਖਰਾਂ ਅੱਖਰ ਪੜ੍ਹਾਈਆ । ਸੋ ਨਿਰਗੁਣ ਧਾਰ ਨਿਰਵੈਰ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਅੰਤ ਨਾ ਪਾਰਾਵਾਰਾ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ । ਸੋ ਜੋਤੀ ਜਾਤਾ ਪੁਰਖ ਬਿਧਾਤਾ ਏਕਾ ਸ਼ਬਦੀ ਸ਼ਬਦ ਦਾ ਲਾਏ ਨਾਅਰਾ, ਆਤਮ ਪਰਮਾਤਮ ਭੇਵ ਚੁਕਾਈਆ । ਜਿਸ ਦਾ ਨਵ ਸੱਤ ਦਾ ਹੋਵੇ ਦਾਇਰਾ, ਦਾਮਨਗੀਰ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਹਰਿ ਵੱਡਾ ਵਡ ਵਡਿਆਈਆ । ਪੰਜ ਤਤ ਕਹਿਣ ਸਾਨੂੰ ਅਵਤਾਰਾਂ ਦਿਤੀ ਤਸੱਲੀ, ਪਿਆਰ ਮੁਹੱਬਤ ਵਿਚ ਜਣਾਈਆ । ਪੈਗ਼ੰਬਰਾਂ ਦੱਸੀ ਮਹਿਬੂਬ ਦੀ ਗਲੀ, ਗਲਵਕੜੀ ਇਕੋ ਪਾਈਆ । ਗੋਬਿੰਦ ਆਖਿਆ ਸੀਸ ਰਖ ਕੇ ਆਪਣੀ ਤਲੀ, ਮੇਲ ਮਿਲਣਾ ਧੁਰ ਦੇ ਮਾਹੀਆ । ਜਨ ਭਗਤੋ ਜਗਤ ਵਿਕਾਰ ਦੀ ਦੇਣੀ ਪੈਣੀ ਬਲੀ, ਬਲ ਦੀ ਆਸਾ ਪੂਰਬ ਚਲੀ ਆਈਆ । ਧੁਰ ਦੀ ਖੇਲ ਆਦਿ ਜੁਗਾਦਿ ਕਦੇ ਨਾ ਟਲੀ, ਟਾਲ ਮਟੋਲ ਨਾ ਕੋਇ ਵਖਾਈਆ । ਸਚ ਦੁਆਰ ਦੀ ਧਾਰ ਧਰਮ ਦੇ ਪਿਆਰ ਨਾਲ ਜਾਏ ਮੱਲੀ, ਮਾਲਕ ਇਕੋ ਇਕ ਨਜ਼ਰੀ ਆਈਆ । ਜੋ ਆਦਿ ਜੁਗਾਦੀ ਵਲੀ ਛਲੀ, ਅਛਲ ਛਲ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਹੁਕਮ ਇਕ ਵਰਤਾਈਆ । ਪੈਗ਼ੰਬਰ ਕਹਿਣ ਪੰਜ ਤਤ ਵਖਾ ਕੇ ਹੈਂਡ, ਜ਼ਿਮੀਂ ਅਸਮਾਨ ਹਿਲਾਈਆ । ਭਾਗ ਲਗਣਾ ਸੰਬਲ ਵਾਲੀ ਲੈਂਡ, ਲੈਂਡ ਮਾਰਕ ਬਾਡੀ ਤਨ ਵਜੂਦ ਜਣਾਈਆ । ਜਿਸ ਦੇ ਥਰੂ ਹੁਕਮ ਹੋਣਾ ਸੈਂਡ, ਦੀਨ ਦੁਨੀ ਸ਼ਨਵਾਈਆ । ਜਿਸ ਕਲਜੁਗ ਕੂੜੀ ਕਿਰਿਆ ਕਰਨਾ ਐਂਡ, ਇੰਨਡੈਕਸ ਵੇਖੇ ਖ਼ਲਕ ਖ਼ੁਦਾਈਆ । ਜਿਸ ਦੀਨ ਮਜ਼੍ਹਬ ਕਰਨਾ ਜਾਂਈਡ, ਸ਼ਰਅ ਵੰਡ ਨਾ ਕੋਇ ਵੰਡਾਈਆ । ਜਿਸ ਦਾ ਲਹਿਣਾ ਦੇਣਾ ਲੇਖਾ ਸਭ ਤੋਂ ਦਿਸੇ ਬੀਹਾਈਂਡ, ਬੀਫ਼ੋਰ ਆਪਣਾ ਹੁਕਮ ਵਰਤਾਈਆ । ਜਿਸ ਨੂੰ ਸਮਝੇ ਕੋਈ ਨਾ ਮਾਈਂਡ, ਮਾਈਨਸ ਹੋਵੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਪੰਜ ਤਤ ਕਹਿਣ ਮੁਹੰਮਦ ਸਾਨੂੰ ਕਿਹਾ ਬਿਨਾ ਵਵੂ ਜ਼ਆ ਜੰਬਾ ਜਾਗੂ ਉਲੂ ਅਲੰਬਾਏ ਅਨਜ਼ਾ ਅੰਬਾਏ ਤਵਜ਼ੀ ਜ਼ੋਖੂ ਜ਼ੰਬਲ ਹਫ਼ਤੀ ਤਖ਼ਸਤਲ ਬੇਵਜ਼ੂ ਨੂਰੇ ਜ਼ੁਮਾ ਵਾਹਿਦੇ ਖ਼ੁਦਾ, ਖ਼ੁਦ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਪੰਜ ਤਤ ਕਹਿਣ ਸਾਨੂੰ ਗੁਰੂ ਗੁਰਦੇਵ ਗਏ ਦੱਸ, ਦਹਿ ਦਿਸ਼ਾ ਧਿਆਨ


੧੨੫
੨੪

ਲਗਾਈਆ । ਤੁਸਾਂ ਰਾਹ ਤਕਣਾ ਹਸ ਹਸ, ਬਿਨ ਨੈਨਾਂ ਨੈਣ ਉਠਾਈਆ । ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤੋ ਤੁਹਾਡੇ ਅੰਤਰ ਜਾਏ ਵਸ, ਵਾਸਤਾ ਆਪਣੇ ਨਾਲ ਰਖਾਈਆ । ਨਿਝਰ ਝਿਰਨਾ ਅੰਮ੍ਰਿਤ ਦੇ ਕੇ ਰਸ, ਬਿਨ ਰਸਨਾ ਰਸ ਸਮਝਾਈਆ । ਨਾਮ ਨਿਧਾਨਾ ਤੀਰ ਅਣਿਆਲਾ ਮਾਰੇ ਕਸ, ਬਿਨ ਚਿੱਲੇ ਜਗਤ ਜੁਗਤ ਉਠਾਈਆ । ਤੁਹਾਡਾ ਅੰਤਰ ਮੇਲ ਮਿਲਾਵਾ ਹੋਵੇ ਆਤਮ ਧਾਰ ਨੱਸ, ਮਨਸਾ ਮਨ ਨਾ ਕੋਇ ਵਡਿਆਈਆ । ਤ੍ਰੈਗੁਣ ਤਤ ਨਾ ਸਕੇ ਡਸ, ਮਮਤਾ ਮੋਹ ਨਾ ਕੋਇ ਹਲਕਾਈਆ । ਲੇਖਾ ਰਹੇ ਨਾ ਰਵ ਸਸ, ਸੂਰੀਆ ਚੰਦ ਨਾ ਕੋਇ ਚਮਕਾਈਆ । ਅੰਤਰ ਮੇਟ ਰੈਣ ਅੰਧੇਰੀ ਮਸ, ਨੂਰ ਨੁਰਾਨਾ ਚੰਦ ਦਏ ਚਮਕਾਈਆ । ਤੂੰ ਮੇਰਾ ਮੈਂ ਤੇਰਾ ਸਭ ਨੇ ਗਾਉਣਾ ਜਸ, ਸਿਫ਼ਤੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਸਾਨੂੰ ਅਵਤਾਰ ਪੈਗ਼ੰਬਰਾਂ ਗੁਰੂਆਂ ਦਿਤੀਆਂ ਤਾਰੀਖ਼ਾਂ, ਸਦੀ ਚੌਧਵੀਂ ਬੀਸਵੀਂ ਢਈਆ ਨਾਲ ਵਡਿਆਈਆ । ਖੇਲੇ ਖੇਲ ਜਗਤ ਜਗਦੀਸਾ, ਜਗਦੀਸ਼ਰ ਧੁਰ ਦਾ ਮਾਹੀਆ । ਜਿਸ ਦੀ ਕਰੇ ਕੋਈ ਨਾ ਰੀਸਾ, ਦੂਸਰ ਰੂਪ ਨਾ ਕੋਇ ਦਰਸਾਈਆ । ਉਹ ਸ਼ਹਿਨਸ਼ਾਹ ਸ਼ਾਹੋ ਸ਼ਾਬੀਸਾ, ਹਰਿ ਕਰਤਾ ਇਕ ਅਖਵਾਈਆ । ਜਿਸ ਦਾ ਇਕੋ ਕਲਮਾ ਹੁਕਮ ਨਾਮ ਹੋਵੇ ਹਦੀਸਾ, ਹਜ਼ਰਤਾਂ ਤੋਂ ਬਾਹਰ ਕਰੇ ਪੜ੍ਹਾਈਆ । ਜਿਸ ਵੇਖਣਾ ਲਹਿਣਾ ਦੇਣਾ ਪੂਰਬ ਲੇਖਾ ਬੀਤਾ, ਬਾਤਨ ਪੜਦਾ ਦਏ ਉਠਾਈਆ । ਸਤਿ ਸਚ ਚਲਾ ਕੇ ਰੀਤਾ, ਕਲਜੁਗ ਕਿਰਿਆ ਕੂੜ ਮਿਟਾਈਆ । ਆਤਮ ਧਾਰ ਪਰਮਾਤਮ ਹੋਵੇ ਮੀਤਾ, ਮਿਤਰ ਪਿਆਰਾ ਨੂਰ ਅਲਾਹੀਆ । ਤ੍ਰੈਗੁਣ ਧਾਰ ਵਸ ਅਤੀਤਾ, ਤ੍ਰੈਭਵਣ ਧਨੀ ਖੇਲ ਖਿਲਾਈਆ । ਲਹਿਣਾ ਦੇਣਾ ਜਾਣੇ ਰਾਮ ਸੀਤਾ, ਰਾਧਾ ਕ੍ਰਿਸ਼ਨ ਮੂਲ ਰਹੇ ਨਾ ਰਾਈਆ । ਪੈਗ਼ੰਬਰਾਂ ਵੇਖੇ ਕੌਲ ਇਕਰਾਰ ਕੀਤਾ, ਵਾਅਦਾ ਵਾਅਦਿਆਂ ਵਿਚੋਂ ਪੂਰ ਕਰਾਈਆ । ਜੋ ਗੋਬਿੰਦ ਅੰਤ ਅਖ਼ੀਰ ਆਸਾ ਰਖੀ ਬੈਠਣ ਲੱਗਿਆਂ ਵਿਚ ਅੰਗੀਠਾ, ਸ਼ਬਦੀ ਸ਼ਬਦ ਨਾਲ ਵਡਿਆਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਤੇਰਾ ਖੇਲ ਹੋਵੇ ਅਨਡੀਠਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਤੇਰਾ ਭਾਣਾ ਸਭ ਨੂੰ ਮੰਨਣਾ ਪਏ ਕਰਕੇ ਮੀਠਾ, ਕਲਜੁਗ ਅਗਨੀ ਅੱਗ ਨਾ ਲਾਗੇ ਰਾਈਆ । ਤੂੰ ਲੇਖਾ ਮੁਕਾਉਣਾ ਹਸਤ ਕੀਟਾ, ਊਚਾਂ ਨੀਚਾਂ ਵੇਖ ਵਖਾਈਆ । ਆਪਣਾ ਭੇਵ ਖੁਲ੍ਹਾਉਣਾ ਭੀਤਰ ਭੀਤਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਲੱਖ ਚੁਰਾਸੀ ਜੀਵ ਜੰਤ ਪਰਖਣੀਆਂ ਨੀਤਾਂ, ਨੀਤੀਵਾਨ ਤੇਰੀ ਬੇਪਰਵਾਹੀਆ । ਝਗੜਾ ਰਹੇ ਨਾ ਮੰਦਰ ਮਸੀਤਾ, ਕਾਅਬਿਆਂ ਚਰਚਾਂ ਨਾ ਕੋਇ ਚਤੁਰਾਈਆ । ਤੇਰੇ ਨਾਮ ਕਲਮੇ ਵਿਚ ਹੋਵਣ ਹਕ ਤੌਫ਼ੀਕਾਂ, ਤੋਫ਼ਾ ਦੀਨ ਦੁਨੀ ਵਰਤਾਈਆ । ਦੀਨ ਮਜ਼੍ਹਬ ਸ਼ਰਅ ਦਾ ਮੇਟਣਾ ਸ਼ਰੀਕਾ, ਸ਼ਰੀਅਤ ਵਲਦੀਅਤ ਇਕੋ ਇਕ ਜਣਾਈਆ । ਤੇਰੇ ਨਾਮ ਦੀਆਂ ਸਾਰੇ ਕਰਨ ਤਮਹੀਦਾ, ਸਿਫ਼ਤਾਂ ਵਿਚ ਸਾਲਾਹੀਆ । ਸਾਡੀਆਂ ਪੂਰੀਆਂ ਕਰਨੀਆਂ ਉਮੀਦਾਂ, ਆਸ਼ਾ ਤੇਰੇ ਉਤੇ ਰਖਾਈਆ । ਚਾਰ ਜੁਗ ਦੇ ਸ਼ਾਸਤਰ ਤੇਰੇ ਸੰਦੇਸ਼ੇ ਦੀਆਂ ਰਸੀਦਾਂ, ਯਾਦਾਸ਼ਤ ਦੀਨ ਦੁਨੀ ਜਣਾਈਆ । ਤੇਰਾ ਖੇਲ ਦੀਨ ਦੁਨੀ ਹੋਵੇ ਪੇਚੀਦਾ, ਪੇਸ਼ੀਨਗੋਈਆਂ ਸਮਝ ਕਿਛ ਨਾ ਪਾਈਆ । ਵਡਿਆਈ ਕਰ ਸਕੇ ਕੋਈ ਨਾ ਜੀਭਾ, ਜਿਹਵਾ ਗੁਣ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਗ੍ਰਿਹਿ ਆਪ ਦਰਸਾਈਆ । ਪੰਜ ਤਤ ਕਹਿਣ ਪ੍ਰਭ ਗੁਰ ਅਵਤਾਰਾਂ ਕੌਲ ਇਕਰਾਰ ਕੀਤਾ ਸਚਾ, ਸਚ ਸਚ ਨਾਲ ਦ੍ਰਿੜਾਈਆ । ਪੁਰਖ ਅਕਾਲ ਦੀਨ ਦਿਆਲ ਪਰਵਰਦਿਗਾਰ ਜਨ ਭਗਤ ਤੇਰਾ ਬੱਚਾ, ਬਚਪਨ ਆਪਣੇ ਨਾਲ ਮਿਲਾਈਆ ।



੧੨੬
੨੪

ਲੇਖੇ ਲਾਵੇ ਤਨ ਵਜੂਦ ਮਾਟੀ ਭਾਂਡਾ ਕੱਚਾ, ਕੰਚਨ ਗੜ੍ਹ ਬਣਾਈਆ । ਲੂੰ ਲੂੰ ਅੰਦਰ ਹੋਵੇ ਰਚਾ, ਰਚਨਾ ਆਪਣੀ ਦਏ ਸਮਝਾਈਆ । ਮਨੂਆ ਦਹਿ ਦਿਸ਼ ਫਿਰੇ ਨਾ ਨੱਚਾ, ਸ਼ਬਦੀ ਡੋਰ ਤੰਦ ਬੰਧਾਈਆ । ਆਤਮ ਪਰਮਾਤਮ ਦੱਸ ਕੇ ਪਤਾ, ਪਤਿਪਰਮੇਸ਼ਵਰ ਮੇਲ ਮਿਲਾਈਆ । ਭਗਤ ਭਗਵਾਨ ਫ਼ਰਕ ਰਹੇ ਨਾ ਰਤਾ, ਰਤਨ ਅਮੋਲਕ ਗੁਰਮੁਖ ਹੀਰੇ ਲਏ ਪਰਗਟਾਈਆ । ਲੇਖਾ ਜਾਣੇ ਪੰਜ ਤਤਾ, ਤਤਵ ਤਤ ਖੋਜ ਖੁਜਾਈਆ । ਅੰਤਮ ਜੋੜੇ ਸਾਚਾ ਨੱਤਾ, ਰਿਸ਼ਤਾ ਆਪਣੇ ਨਾਲ ਰਖਾਈਆ । ਜਿਥੇ ਆਤਮਾ ਹੋਵੇ ਸੱਤਾ, ਨਾਲ ਤਤਾਂ ਰੰਗ ਰੰਗਾਈਆ । ਏਸੇ ਕਾਰਨ ਗੋਬਿੰਦ ਜੈਕਾਰਾ ਬੋਲਿਆ ਫ਼ਤਿਹ, ਫ਼ਾਤਿਆ ਪੜ੍ਹੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲ ਆਪ ਮਿਲਾਈਆ । ਪੰਜ ਤਤ ਕਹਿਣ ਸਾਨੂੰ ਅਵਤਾਰ ਪੈਗ਼ੰਬਰਾਂ ਗੁਰੂਆਂ ਦਿਤਾ ਦਿਲਾਸਾ, ਸ਼ਬਦੀ ਸ਼ਬਦ ਸ਼ਬਦ ਧਾਰ ਜਣਾਈਆ । ਕਲਜੁਗ ਅੰਤ ਅੰਤ ਰਖੋ ਭਰਵਾਸਾ, ਭਗਵਨ ਦੇਵੇ ਮਾਣ ਵਡਿਆਈਆ । ਜਿਸ ਦੇ ਹੁਕਮ ਵਿਚ ਪਾਈਆਂ ਰਾਸਾ, ਰਸਤੇ ਦੀਨ ਦੁਨੀ ਸਮਝਾਈਆ । ਉਹ ਸਭ ਦੀਆਂ ਪੂਰੀਆਂ ਕਰੇ ਆਸਾ, ਤ੍ਰਿਸ਼ਨਾ ਵੇਖੇ ਥਾਉਂ ਥਾਈਂਆ । ਜਿਨ੍ਹ ਲਹਿਣਾ ਦੇਣਾ ਤਕਣਾ ਸ਼ੰਕਰ ਉਤੇ ਕੈਲਾਸ਼ਾ, ਕਲਾਧਾਰੀ ਖੋਜ ਖੁਜਾਈਆ । ਬ੍ਰਹਮਾ ਵੇਖੇ ਧਾਮ ਨਿਵਾਸਾ, ਵਿਸ਼ਨ ਵਿਸ਼ਵ ਦਾ ਪੜਦਾ ਆਪ ਚੁਕਾਈਆ । ਤਿਸ ਦਾ ਨੂਰ ਜ਼ਹੂਰ ਹੋਵੇ ਪਰਕਾਸ਼ਾ, ਜੋਤੀ ਜਾਤਾ ਡਗਮਗਾਈਆ । ਹਰਿਜਨ ਹੋਣ ਦੇਵੇ ਨਾ ਕਦੇ ਉਦਾਸਾ, ਚਿੰਤਾ ਗ਼ਮ ਦਏ ਕਢਾਈਆ । ਨਿਜ ਘਰ ਅੰਤਰ ਰਖੇ ਵਾਸਾ, ਗ੍ਰਿਹਿ ਮੰਦਰ ਸੋਭਾ ਪਾਈਆ । ਲੇਖੇ
੧੨੭ ਲਾਏ ਸਵਾਸ ਸਵਾਸਾ, ਸਾਹ ਸਾਹ ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ੧੨੭
੨੪ ਸਚ ਦਾ ਹੁਕਮ ਇਕ ਵਰਤਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਹੋਵੇ ਸਹਾਇਕ, ਸਿਰ ਸਿਰ ਹੱਥ ਟਿਕਾਈਆ । ਇਕੋ ਮਾਲਕ ਮੰਨੀਏ ਨਾਇਕ, ੨੪
ਖ਼ਸਮ ਖ਼ਸਮਾਨਾ ਨੂਰ ਅਲਾਹੀਆ । ਜਿਸ ਨੂੰ ਪੈਗ਼ੰਬਰਾਂ ਕਿਹਾ ਵਾਹਿਦ, ਲਾਸ਼ਰੀਕ ਅਗੰਮ ਅਥਾਹੀਆ । ਜਿਸ ਦਾ ਹੁਕਮ ਦੋ ਜਹਾਨਾਂ ਹੋਣਾ ਰਾਇਜ਼, ਅਗੇ ਹੋ ਨਾ ਕੋਇ ਅਟਕਾਈਆ । ਉਹ ਖੇਲ ਖਿਲਾਵੇ ਦਇਆ ਕਮਾਵੇ ਨਿਰਗੁਣ ਧਾਰ ਅਗੰਮੀ ਸ਼ਾਇਦ, ਸ਼ਹਿਨਸ਼ਾਹ ਭੇਵ ਕੋਇ ਨਾ ਪਾਈਆ । ਕੌਲ ਇਕਰਾਰਾ ਪੂਰਾ ਕਰੇ ਵਾਹਿਦ, ਗੁਰ ਅਵਤਾਰ ਪੈਗ਼ੰਬਰਾਂ ਨਾਲ ਮਿਲਾਈਆ । ਜਿਸ ਦਾ ਸੰਦੇਸ਼ਾ ਫ਼ਰਮਾਨਾ ਹੋਵੇ ਜਾਇਜ਼, ਜਾਇਜ਼ਾ ਤਕੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਪੰਜ ਤਤ ਕਹਿਣ ਅਸੀਂ ਵਿਕਦੇ ਰਹੇ ਅਵਤਾਰ ਪੈਗ਼ੰਬਰਾਂ ਗੁਰੂਆਂ ਹਾਟ, ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਸਾਡਾ ਪੰਧ ਨਾ ਮੁਕਿਆ ਵਾਟ, ਤਨ ਵਜੂਦ ਲੇਖ ਨਾ ਕੋਇ ਮੁਕਾਈਆ । ਅਸੀਂ ਆਉਂਦੇ ਰਹੇ ਆਨ ਬਾਟ, ਜਨਮ ਜਨਮ ਨਾਲ ਬਦਲਾਈਆ । ਸਾਡਾ ਪੂਰਾ ਹੋਇਆ ਮੂਲ ਨਾ ਘਾਟ, ਘਾਟ ਪਤਣ ਬਹਿ ਕੇ ਧਿਆਨ ਲਗਾਈਆ । ਖੇਲ ਵੇਖਦੇ ਰਹੇ ਬਣ ਕੇ ਨਟੂਆ ਨਾਟ, ਕੀ ਸਵਾਂਗੀ ਆਪਣਾ ਸਵਾਂਗ ਵਖਾਈਆ । ਬਿਨ ਅੱਖਰਾਂ ਵਾਲੀ ਤਕਦੇ ਰਹੇ ਪਾਤ, ਜੋ ਪਤ੍ਰਕਾ ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਕਵਣ ਵੇਲਾ ਪ੍ਰਭੂ ਕਲਜੁਗ ਅੰਤ ਮੇਟੇ ਅੰਧੇਰੀ ਰਾਤ, ਰੁਤੜੀ ਨਿਰਗੁਣ ਧਾਰ ਆਪਣੇ ਨਾਲ ਮਹਿਕਾਈਆ । ਝਗੜਾ ਮੁਕਾਵੇ ਜ਼ਾਤ ਪਾਤ, ਦੀਨ ਦੁਨੀ ਕਰੇ ਸਫ਼ਾਈਆ । ਲੇਖਾ ਵੇਖੇ ਕਾਗ਼ਜ਼ਾਤ, ਕਲਮ ਸ਼ਾਹੀਆਂ ਖੋਜ ਖੁਜਾਈਆ । ਲਹਿਣਾ ਰਹਿਣ ਨਾ ਦੇਵੇ ਵਿਚ ਨਿਬਾਤਾਤ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋ ਭੇਵ ਖੁਲ੍ਹਾਵੇ

ਬਾਤਨ ਬਾਤ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਸਾਡਾ ਲੇਖਾ ਵੇਖੇ ਲੋਕਮਾਤ, ਬਿਨ ਨੈਣਾਂ ਨੈਣ ਉਠਾਈਆ । ਤੂੰ ਮੇਰਾ ਮੈਂ ਤੇਰਾ ਆਤਮ ਬਖ਼ਸ਼ੇ ਸਚੀ ਦਾਤ, ਵਸਤ ਅਮੋਲ ਅਮੁਲ ਵਰਤਾਈਆ । ਜਿਸ ਦੇ ਨਾਮ ਕਲਮੇ ਪੜ੍ਹਦੇ ਰਹੇ ਬਹੁ ਬਿਧ ਭਾਂਤ, ਅੱਖਰਾਂ ਨਾਲ ਅੱਖਰ ਬਦਲਾਈਆ । ਸੋ ਪੁਰਖ ਅਗੰਮਾ ਅੰਤਮ ਪੁਛੇ ਵਾਤ, ਵੇਖਣਹਾਰਾ ਥਾਉਂ ਥਾਈਂਆ । ਸਚ ਦੀ ਸਚ ਬਣਾ ਕੇ ਸੌਗਾਤ, ਸਗਲਾ ਸੰਗ ਜਣਾਈਆ । ਆਤਮ ਪਰਮਾਤਮ ਜੋੜੇ ਨਾਤ, ਮੇਲ ਮਿਲਾਏ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਉਠਾਈਆ । ਪੰਜ ਤਤ ਕਹਿਣ ਗੁਰ ਅਵਤਾਰ ਪੈਗ਼ੰਬਰਾਂ ਕੀਤੀਆਂ ਮਿਹਰਾ, ਮਿਹਰ ਨਜ਼ਰ ਨਾਲ ਜਣਾਈਆ । ਅੰਤ ਸਤਿਗੁਰ ਸ਼ਬਦ ਪਰਗਟ ਹੋਵੇ ਇਕ ਦਲੇਰਾ, ਦਲੇਰੀ ਨਾਲ ਜਣਾਈਆ । ਜੋ ਇਕੋ ਰੰਗ ਰੰਗਾਏ ਸੰਝ ਸਵੇਰਾ, ਸ਼ਬੇ ਰੋਜ਼ ਆਪਣਾ ਖੇਲ ਖਿਲਾਈਆ । ਉਸ ਦੇ ਮਿਲਣ ਦਾ ਜਨ ਭਗਤਾਂ ਚਾਓ ਘਨੇਰਾ, ਘਨਈਆ ਆਸਾ ਗਿਆ ਤਕਾਈਆ । ਜਿਸ ਦਾ ਸੰਬਲ ਹੋਵੇ ਡੇਰਾ, ਦਰ ਘਰ ਸਾਚਾ ਇਕ ਵਡਿਆਈਆ । ਜੋ ਜੋਤੀ ਜਾਤਾ ਹੋ ਕੇ ਦੇਵੇ ਗੇੜਾ, ਜਗਤ ਜੁਗਤ ਨਾਲ ਭਵਾਈਆ । ਉਹਦਾ ਧਰਮ ਦਾ ਧਰਮ ਵਸਣਾ ਖੇੜਾ, ਖੰਡਾ ਨਾ ਕੋਇ ਉਠਾਈਆ । ਅੰਤਮ ਭਗਤਾਂ ਤਤਾਂ ਬੰਨ੍ਹੇ ਬੇੜਾ, ਬੇੜੀ ਨਈਆ ਨੌਕਾ ਆਪਣਾ ਨਾਮ ਬਣਾਈਆ । ਚਰਨ ਛੋਹ ਗਿਆ ਜਿਹੜਾ ਜਿਹੜਾ, ਜਿਉੜਾ ਜਮਾਂ ਵਾਲਾ ਕਟਾਈਆ । ਅਗਲਾ ਪੰਧ ਮੁਕਾ ਕੇ ਨੇੜਾ, ਨੇਰਨ ਨੇਰਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੀ ਆਸਾ ਮੰਗ ਮੰਗਾਈਆ । ਪੰਜ ਤਤ ਕਹਿਣ ਅਸੀਂ ਉਡੀਕਦੇ ਰਹੇ ਵਕਤ, ਬਿਨ ਨੈਣਾਂ ਨੈਣ ਉਠਾਈਆ । ਕਵਣ ਵੇਲਾ ਆਵੇ ਵਿਚ ਜਗਤ, ਮਿਲੇ ਮੇਲ ਸਹਿਜ ਸੁਭਾਈਆ । ਲੇਖਾ ਚੁੱਕੇ ਭਗਵਾਨ ਭਗਤ, ਭਗਵਨ ਦੇਵੇ ਮਾਣ ਵਡਿਆਈਆ । ਨਾਤਾ ਫੇਰ ਨਾ ਹੋਏ ਬੂੰਦ ਰਕਤ, ਅਗਨੀ ਅੱਗ ਨਾ ਕੋਇ ਤਪਾਈਆ । ਮੇਲਾ ਮਿਲੇ ਅਗੰਮੀ ਸ਼ਕਤ, ਸ਼ਖ਼ਸ਼ੀਅਤ ਜਗਤ ਨਾ ਕੋਇ ਵਡਿਆਈਆ । ਫੇਰ ਆਈਏ ਮੂਲ ਨਾ ਉਤੇ ਧਰਤ, ਧਵਲ ਨਾ ਵਜੇ ਵਧਾਈਆ । ਮੇਲ ਮਿਲੇ ਅਗੰਮੇ ਮਾਲਕ ਨਾਲ ਉਪਰ ਅਰਸ਼, ਅਰਸ਼ੀ ਪ੍ਰੀਤਮ ਹੋਵੇ ਸਹਾਈਆ । ਬਿਨ ਨੈਣਾਂ ਪਾਈਏ ਦਰਸ, ਬਿਨ ਨੇਤਰ ਲੋਚਨ ਲਈਏ ਬਿਘਸਾਈਆ । ਅਗਲੀ ਰਹੇ ਕੋਈ ਨਾ ਹਰਸ, ਹਵਸ ਦਏ ਬੁਝਾਈਆ । ਮਿਹਰਵਾਨ ਹੋ ਕੇ ਨੌਜਵਾਨ ਹੋ ਕੇ ਸ੍ਰੀ ਭਗਵਾਨ ਕਰੇ ਤਰਸ, ਰਹਿਮਤ ਸਚ ਸਚ ਸਮਝਾਈਆ । ਜਿਸ ਭਗਤਾਂ ਤਤਾਂ ਲੇਖਾ ਲਾਉਣਾ ਵਿਚ ਸ਼ਹਿਨਸ਼ਾਹੀ ਬਰਸ, ਦਸਵਾਂ ਦਸ ਦਸ ਮਾਸ ਦਾ ਪੰਧ ਮੁਕਾਈਆ । ਉਹ ਨਿਰਗੁਣ ਧਾਰ ਏਕੰਕਾਰ ਆਏ ਪਰਤ, ਪਤਿਪਰਮੇਸ਼ਵਰ ਫੇਰਾ ਪਾਈਆ । ਜਿਸ ਸਭ ਦਾ ਲਹਿਣਾ ਦੇਣਾ ਪੂਰਾ ਕਰਨਾ ਗੁਰ ਅਵਤਾਰ ਪੈਗ਼ੰਬਰਾਂ ਵਾਲੀ ਸ਼ਰਤ, ਸ਼ਰਅ ਦਾ ਡੇਰਾ ਢਾਹੀਆ । ਸਭ ਦੀ ਮਨਜ਼ੂਰ ਕਰੇ ਅਰਜ਼, ਬੇਨੰਤੀ ਆਪਣੇ ਰੰਗ ਰੰਗਾਈਆ । ਇਕੋ ਮਾਣ ਦੇ ਕੇ ਜਨੋ ਮਰਦ, ਬਾਲ ਬਿਰਧ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜ ਤਤ ਕਹਿਣ ਅੰਤ ਸਾਡੀ ਵੰਡੇ ਦਰਦ, ਦੁਖੀਆਂ ਦੁਖ ਵਿਛੋੜੇ ਵਾਲਾ ਮਿਟਾਈਆ ।

✪ ੨੭ ਕੱਤਕ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਦਰਬਾਰ ਨਿਵਾਸੀ
ਸੇਵਾਦਾਰਾਂ ਨਵਿਤ ਦਲੀਪ ਸਿੰਘ, ਪ੍ਰੀਤਮ ਸਿੰਘ, ਰਤਨ ਸਿੰਘ, ਜਰਨੈਲ ਸਿੰਘ, ਕਸ਼ਮੀਰ ਸਿੰਘ,
ਪ੍ਰੀਤਮ ਸਿੰਘ, ਸੁਲੱਖਣ ਸਿੰਘ, ਜਗੀਰ ਸਿੰਘ, ਆਸਾ ਸਿੰਘ, ਜੋਗਾ ਸਿੰਘ ✪

ਪੰਜ ਤਤ ਕਹਿਣ ਪ੍ਰਭ ਤੇਰੇ ਬਰਖ਼ੁਰਦਾਰ, ਸੇਵਕ ਹੋ ਕੇ ਸੇਵ ਕਮਾਈਆ । ਤੂੰ ਆਦਿ ਜੁਗਾਦੀ ਧੁਰ ਦਾ ਮੀਤ ਮੁਰਾਰ, ਮਿਤਰ ਪਿਆਰਾ ਏਕੰਕਾਰਾ ਇਕ ਅਖਵਾਈਆ । ਤੇਰੇ ਚਰਨ ਕਵਲ ਉਪਰ ਧਵਲ ਨਿਮਸਕਾਰ, ਨਮੋ ਨਮੋ ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਤੂੰ ਕ਼ੁਦਰਤ ਕ਼ਾਦਰ ਕਰਨੇਹਾਰ, ਕਰਤਾ ਪੁਰਖ ਇਕ ਅਖਵਾਈਆ । ਅਗੰਮ ਅਥਾਹ ਤੇਰੇ ਭਰੇ ਭੰਡਾਰ, ਅਤੋਟ ਅਤੁਟ ਤੇਰੀ ਬੇਪਰਵਾਹੀਆ । ਅਸੀਂ ਯਾਚਕ ਮੰਗਤੇ ਤੇਰੇ ਭਿਖਾਰ, ਭਿੱਖਕ ਹੋ ਕੇ ਝੋਲੀ ਡਾਹੀਆ । ਵਸਤ ਅਮੋਲਕ ਕਾਇਆ ਗੋਲਕ ਦੇਣੀ ਡਾਰ, ਨਿਰਵੈਰ ਆਪਣਾ ਰੰਗ ਰੰਗਾਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਸਿਕਦਾਰ, ਸਿਰ ਸਿਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਸੇਵਕ ਤੇਰੇ ਗੋਲੇ, ਗੋਲਕ ਕਾਇਆ ਦੇ ਭਰਾਈਆ । ਸਾਚੇ ਨਾਮ ਦੇ ਬਖ਼ਸ਼ ਦੇ ਢੋਲੇ, ਗੀਤ ਗੋਬਿੰਦ ਦੇਈਏ ਸੁਣਾਈਆ । ਭੇਵ ਚੁਕਾ ਦੇ ਪੜਦੇ ਉਹਲੇ, ਸਨਮੁਖ ਹੋ ਕੇ ਨਜ਼ਰੀ ਆਈਆ । ਕਿਰਪਾ ਨਿਧਾਨ
੧੨੯ ਵਸਣਾ ਕੋਲੇ, ਦੂਰ ਦੁਰਾਡਾ ਪੰਧ ਮੁਕਾਈਆ । ਤੇਰੇ ਪਿਆਰ ਵਿਚ ਜਨ ਭਗਤਾਂ ਰੁਤੜੀ ਮੌਲੇ, ਪਤ ਟਹਿਣੀ ਆਪ ਮਹਿਕਾਈਆ । ਪਿਛਲੇ ਪੂਰੇ ੧੨੯
੨੪ ਕਰ ਦੇ ਇਕ਼ਰਾਰ ਕੌਲੇ, ਕੌਲ ਧਵਲ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ੨੪
ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਤੇਰੀ ਸੇਵਾ ਕਰੀਏ ਦਿਨ ਰਾਤ, ਰੈਣ ਭਿੰਨੜੀ ਨਾਲ ਮਿਲਾਈਆ । ਪੁਰਖ ਅਕਾਲੇ ਦੀਨ ਦਿਆਲੇ ਦੇਣੀ ਦਾਤ, ਪਰਵਰਦਿਗਾਰ ਸਾਂਝੇ ਯਾਰ ਚਰਨ ਕਵਲ ਦੇਣੀ ਸਰਨਾਈਆ । ਤੂੰ ਨਿਰਵੈਰ ਪੁਰਖ ਪਿਤਾ ਮਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਅਸੀਂ ਆਤਮ ਤੇਰੀ ਜ਼ਾਤ, ਦੂਸਰ ਵੰਡ ਨਾ ਕੋਇ ਵੰਡਾਈਆ । ਜੋਤੀ ਜਾਤੇ ਜੋੜ ਲੈ ਨਾਤ, ਨੂਰ ਨੁਰਾਨੇ ਕਰ ਰੁਸ਼ਨਾਈਆ । ਅੰਤ ਸਾਡੀ ਪੁਛ ਵਾਤ, ਵਾਤਾਵਰਨ ਵੇਖ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤੇਰੇ ਸੁਹੇਲੇ ਭਗਤ, ਭਗਵਨ ਦੇ ਵਡਿਆਈਆ । ਸਾਡੀ ਲੇਖੇ ਲਾ ਲੈ ਬੂੰਦ ਰਕਤ, ਤਨ ਵਜੂਦ ਤੇਰੇ ਚਰਨ ਟਿਕਾਈਆ । ਨਿਰਗੁਣ ਧਾਰ ਆਪਣੀ ਬਖ਼ਸ਼ ਸ਼ਕਤ, ਸ਼ਖ਼ਸ਼ੀਅਤ ਆਪਣੀ ਇਕ ਸਮਝਾਈਆ । ਸਾਡਾ ਸੁਹੰਜਣਾ ਹੋਵੇ ਵਕ਼ਤ, ਘੜੀ ਪਲ ਤੇਰੇ ਨਾਲ ਮਿਲਾਈਆ । ਜਗਤ ਜਹਾਨ ਅਸੀਂ ਫਿਰੀਏ ਵਿਚ ਮਟਕ, ਕਾਇਆ ਮਟਕੇ ਕਰ ਸਫ਼ਾਈਆ । ਚੁਰਾਸੀ ਵਿਚ ਨਾ ਜਾਈਏ ਭਟਕ, ਚਾਰੇ ਖਾਣੀ ਨਾ ਵੰਡ ਵੰਡਾਈਆ । ਗਰਭ ਜੂਨ ਨਾ ਜਾਈਏ ਲਟਕ, ਦਸ ਦਸ ਮਾਸ ਨਾ ਅਗਨ ਤਪਾਈਆ । ਸਾਡਾ ਲਹਿਣਾ ਦੇਣਾ ਪੂਰਾ ਕਰ ਦੇ ਉਪਰ ਧਰਤ, ਧਵਲ ਦੇ ਮਾਲਕ ਹੋਣਾ ਸਹਾਈਆ । ਜੇ ਨਿਰਗੁਣ ਧਾਰ ਆਇਉਂ ਪਰਤ, ਪਤਿਪਰਮੇਸ਼ਵਰ ਵੇਖ ਵਖਾਈਆ । ਤੇਰਾ ਲਹਿਣਾ ਦੇਣਾ ਉਤੇ ਅਰਸ਼, ਅਰਸ਼ੀ ਪ੍ਰੀਤਮ ਮੇਲ ਮਿਲਾਉਣਾ ਚਾਈਂ ਚਾਈਆ । ਸਾਡੀ ਜਨਮ ਜਨਮ ਦੀ ਪੂਰੀ ਕਰ ਦੇ ਹਰਸ, ਹਵਸ ਰਾਮ ਨਾਲ ਰਖਾਈਆ ।

ਸਾਡਾ ਖ਼ੁਸ਼ੀਆਂ ਵਾਲਾ ਹੋਵੇ ਬਰਸ, ਗ੍ਰਿਹਿ ਮੰਦਰ ਅੰਦਰ ਵਜਦੀ ਰਹੇ ਵਧਾਈਆ । ਨਿਜ ਨੇਤਰ ਨਿਰਗੁਣ ਧਾਰ ਦੇਣਾ ਦਰਸ, ਬਿਨ ਲੋਚਨ ਲੋਚਨ ਲੈਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਪੰਜ ਤਤ ਕਹਿਣ ਪ੍ਰਭ ਤੇਰੇ ਦਰ ਦੇ ਦਰਵੇਸ਼ ਪੁਜਾਰੀ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਤੂੰ ਸਾਹਿਬ ਸੁਲਤਾਨ ਸ਼ਾਹੋ ਭੂਪ ਸਿਕਦਾਰੀ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ । ਤੇਰੇ ਚਰਨ ਕਵਲ ਸਦਾ ਨਿਮਸਕਾਰੀ, ਨਿਵ ਨਿਵ ਲਗੀਏ ਪਾਈਆ । ਜਿਸ ਕਲਜੁਗ ਅੰਤ ਜਨ ਭਗਤਾਂ ਪੈਜ ਸਵਾਰੀ, ਸਿਰ ਸਿਰ ਹੱਥ ਟਿਕਾਈਆ । ਅਸੀਂ ਬਰਦੇ ਤੇਰੇ ਤੂੰ ਮਾਲਕ ਧੁਰਦਰਬਾਰੀ, ਦਰਗਾਹ ਸਾਚੀ ਸਚ ਤੇਰੀ ਸਰਨਾਈਆ । ਸਾਡੀ ਕੱਤਕ ਵਾਲੀ ਤੂੰ ਲੇਖੇ ਲਾਉਣੀ ਦਿਹਾੜੀ, ਲੇਖੇ ਆਪਣੇ ਵਿਚ ਪਾਈਆ । ਦਰਗਾਹ ਸਾਚੀ ਸਚਖੰਡ ਪੁਰਖ ਅਕਾਲੇ ਅੰਤਮ ਵਾੜੀਂ, ਦੂਜਾ ਗ੍ਰਿਹਿ ਨਜ਼ਰ ਕੋਇ ਨਾ ਆਈਆ । ਪੰਜ ਤਤ ਕਹਿਣ ਸਾਡਾ ਲੇਖਾ ਰਹੇ ਨਾ ਨਾਲ ਮੌਤ ਲਾੜੀ, ਲਾੜੇ ਧੁਰ ਦੇ ਲੈਣਾ ਆਪ ਪਰਨਾਈਆ । ਸ਼ਬਦ ਅਗੰਮੇ ਘੋੜੇ ਚਾੜ੍ਹੀਂ, ਵਾਗਾਂ ਆਪਣੇ ਹੱਥ ਰਖਾਈਆ । ਦੋ ਜਹਾਨਾਂ ਪਾਰ ਕਰਾਉਣੀ ਖਾੜੀ, ਪੁਰੀ ਲੋਅ ਬ੍ਰਹਿਮੰਡ ਖੰਡ ਅਗੇ ਹੋ ਨਾ ਕੋਇ ਅਟਕਾਈਆ । ਜਨ ਭਗਤ ਕਹਿਣ ਤੇਰੇ ਦਰ ਆਪਣੀ ਭੇਟਾ ਦਿਤੀ ਚਾੜ੍ਹੀ, ਚਾਰ ਜੁਗ ਦਾ ਲੇਖਾ ਦੇਣਾ ਮੁਕਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਸਾਡੀ ਬਣੀ ਰਹੇ ਸਾਉਣੀ ਹਾੜੀ, ਰੁਤੜੀ ਆਪਣੇ ਰੰਗ ਰੰਗਾਈਆ । ਪੰਜ ਤਤ ਕਹਿਣ ਅਸੀਂ ਭਗਤ ਸੁਹੇਲੇ ਦਰ ਤੇਰੇ ਸਦਾ ਫਿਰਨਾ ਪਿਛੇ ਅਗਾੜੀ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਹਾਇਕ ਹੋਣਾ ਜੰਗਲ ਜੂਹ ਉਜਾੜ ਪਹਾੜੀ, ਟਿਲੇ ਪਰਬਤ ਸਮੁੰਦ ਸਾਗਰ ਕਾਇਆ ਗਾਗਰ ਤੇਰੀ ਓਟ ਤਕਾਈਆ ।



### ✪ ਪਹਿਲੀ ਮੱਘਰ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਮੱਘਰ ਕਹੇ ਜਨ ਭਗਤੋ ਪ੍ਰਭ ਦੀ ਧਾਰ ਵਿਚ ਹੋਵੋ ਮਗਨ, ਮਸਤੀ ਨਾਮ ਖ਼ੁਮਾਰੀ ਏਕੰਕਾਰ ਇਕ ਚੜ੍ਹਾਈਆ । ਸੁਰਤ ਰਹੇ ਨਾ ਤਨ ਵਜੂਦ ਬਦਨ, ਪੰਜ ਤਤ ਬ੍ਰਹਮ ਮਤ ਨਾੜੀ ਰਤ ਇਕੋ ਰੰਗ ਰੰਗਾਈਆ । ਜਿਸ ਦੇ ਦੀਪ ਜੋਤੀ ਗ੍ਰਿਹਿ ਗ੍ਰਿਹਿ ਕਾਇਆ ਮੰਦਰ ਅੰਦਰ ਜਗਣ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ । ਜੋ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸੱਜਣ, ਸਚ ਸੁਆਮੀ ਅੰਤਰਜਾਮੀ ਨਿਹਕਾਮੀ ਇਕ ਅਖਵਾਈਆ । ਜੋ ਦੀਨ ਦੁਨੀ ਜਗਤ ਜਹਾਨ ਨੌਜਵਾਨ ਸ੍ਰੀ ਭਗਵਾਨ ਬੁਝਾਵਣ ਆਇਆ ਅਗਨ, ਤ੍ਰੈਗੁਣ ਅਤੀਤਾ ਠਾਂਢਾ ਸੀਤਾ ਆਪਣਾ ਹੁਕਮ ਵਰਤਾਈਆ । ਜਿਸ ਨੂੰ ਨਿਰਾਕਾਰ ਨਿਰਵੈਰ ਕਿਹਾ ਮੋਹਣ ਮਾਧਵ ਮਦਨ, ਮੂਰਤ ਅਕਾਲ ਦਿਆਲ ਨੂਰ ਅਲਾਹੀਆ । ਜੋ ਏਥੇ ਉਥੇ ਦੋ ਜਹਾਨਾ ਸਾਹਿਬ ਸੁਲਤਾਨਾ ਹੋਵੇ ਸੱਜਣ, ਮੀਤ ਮੁਰਾਰਾ ਪਰਵਰਦਿਗਾਰਾ ਸਾਂਝਾ ਯਾਰ ਇਕ ਅਖਵਾਈਆ । ਜਿਸ ਨੂੰ ਜੁਗ ਚੌਕੜੀ ਸਾਰੇ ਖੋਜ ਖੋਜ ਲੱਭਣ, ਨਵ ਸੱਤ ਧਿਆਨ ਲਗਾਈਆ । ਜਿਸ ਦਾ ਚਾਰ ਜੁਗ ਦੇ ਸ਼ਾਸਤਰ ਕਰਦੇ ਭਜਨ, ਬੰਦਗੀ ਸਿਫ਼ਤਾਂ ਵਾਲੀ ਸਿਫ਼ਤ ਸਲਾਹੀਆ । ਜੋ

ਸਾਹਿਬ ਸੁਆਮੀ ਅੰਤਰਜਾਮੀ ਕੱਟਣਹਾਰਾ ਬੰਧਨ, ਬੰਦਗੀ ਬਿਨਾ ਮੁਸ਼ੰਦਗੀ ਇਕ ਸਮਝਾਈਆ । ਆਤਮ ਧਾਰ ਦੇਵੇ ਸਚ ਅਨੰਦਨ, ਅਨੰਦ ਅਨੰਦ ਵਿਚੋਂ ਪਰਗਟਾਈਆ । ਤਨ ਵਜੂਦ ਮਾਟੀ ਖ਼ਾਕ ਚਾੜ੍ਹੇ ਰੰਗਣ, ਦੁਰਮਤ ਮੈਲ ਅੰਦਰ ਬਾਹਰ ਧਵਾਈਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਲਾਵੇ ਅੰਗਣ, ਅੰਗੀਕਾਰ ਇਕ ਅਖਵਾਈਆ । ਜਿਸ ਦੇ ਦਵਾਰਿਉਂ ਅਵਤਾਰ ਪੈਗ਼ੰਬਰ ਗੁਰੂ ਮੰਗਣ, ਜੁਗ ਚੌਕੜੀ ਝੋਲੀ ਡਾਹੀਆ । ਉਹ ਸਾਹਿਬ ਸੂਰਾ ਸਰਬੰਗਣ, ਹਰਿ ਕਰਤਾ ਇਕ ਅਖਵਾਈਆ । ਜਿਸ ਨੂੰ ਨੂਰ ਅਲਾਹੀ ਸਭ ਨੇ ਕਿਹਾ ਰੱਬਣ, ਯਾਮਬੀਨ ਤੇਰੀ ਵਡਿਆਈਆ । ਉਹ ਲੱਖ ਚੁਰਾਸੀ ਵਿਚੋਂ ਆਇਆ ਕਢਣ, ਸ਼ਬਦੀ ਧਾਰ ਪਾਰ ਕਰਾਈਆ । ਦੂਈ ਦੁਵੈਤੀ ਸ਼ਰਅ ਸ਼ਰਾਇਤੀ ਧਾਰ ਆਇਆ ਵਢਣ, ਨਾਮ ਖੰਡਾ ਖੰਡਾਂ ਬ੍ਰਹਿਮੰਡਾਂ ਇਕ ਚਮਕਾਈਆ । ਆਤਮ ਪਰਮਾਤਮ ਨਿਰਗੁਣ ਧਾਰ ਆਇਆ ਗੰਢਣ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਜਿਸ ਦਾ ਪਰਕਾਸ਼ ਦਿਸਦਾ ਸੂਰੀਆ ਚੰਦਨ, ਰਵ ਸਸ ਆਪਣਾ ਰੰਗ ਰੰਗਾਈਆ । ਉਹ ਕੂੜ ਕੁੜਿਆਰਾ ਕਲਜੁਗ ਆਇਆ ਖੰਡਣ, ਸਤਿਜੁਗ ਸਤਿ ਧਰਮ ਪਰਗਟਾਈਆ । ਨਾਮ ਨਿਧਾਨਾ ਨਿਰਗੁਣ ਧਾਰ ਆਇਆ ਵੰਡਣ, ਜਨ ਭਗਤਾਂ ਅੰਤਰ ਨਿਰੰਤਰ ਆਪ ਟਿਕਾਈਆ । ਭੇਵ ਖੁਲ੍ਹਾਏ ਬ੍ਰਹਮ ਬ੍ਰਹਿਮੰਡਣ, ਪਾਰਬ੍ਰਹਮ ਪ੍ਰਭ ਪੜਦਾ ਆਪ ਚੁਕਾਈਆ । ਹਿਰਦੇ ਅੰਦਰ ਪਾਵੇ ਆਪਣੀ ਠੰਢਣ, ਬੂੰਦ ਸਵਾਂਤੀ ਨਿਝਰ ਝਿਰਨਿਉਂ ਆਪ ਟਪਕਾਈਆ । ਆਤਮ ਹੋਣ ਦੇਵੇ ਕਦੇ ਨਾ ਰੰਡਣ, ਕੰਤ ਸੁਹਾਗੀ ਲਏ ਪਰਨਾਈਆ । ਤੂੰ ਮੇਰਾ ਮੈਂ ਤੇਰਾ ਗਾਉਣਾ ਸਭ ਨੇ ਛੰਦਣ, ਸੋਹੰ ਢੋਲਾ ਧੁਰਦਰਗਾਹੀਆ । ਜਨ ਭਗਤ ਸੁਹੇਲੇ ਦੋ ਜਹਾਨ ਸ਼ੌਹ ਦਰਿਆ ਲੰਘਣ, ਅਗੇ ਹੋ ਨਾ ਕੋਇ ਅਟਕਾਈਆ । ਬੇੜਾ ਚਲਾਏ ਬਿਨਾ ਮੁਹਾਣਿਉਂ ਵੰਝਣ, ਥਲ ਅਸਗਾਹਾਂ ਪਾਰ ਕਰਾਈਆ । ਲੇਖਾ ਪੂਰਾ ਕਰੇ ਤਤ ਪੰਜਣ, ਪੰਚਮ ਦੇਵੇ ਮਾਣ ਵਡਿਆਈਆ । ਨੇਤਰ ਨਾਮ ਨਿਧਾਨਾ ਪਾਵੇ ਅੰਜਣ, ਲੋਚਨ ਨੈਣ ਅੱਖ ਖੁਲ੍ਹਾਈਆ । ਸ਼ਬਦੀ ਧਾਰ ਚੁਕ ਕੇ ਕੰਧਨ, ਜਗਤ ਜਹਾਨਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਕਲਜੁਗ ਕਹੇ ਮੱਘਰਾ ਕੀ ਭਗਤਾਂ ਦਏ ਸਲਾਹ, ਮਸ਼ਵਰਾ ਕੀ ਜਣਾਈਆ । ਉਠ ਖੇਲ ਵੇਖ ਲੈ ਬੇਪਰਵਾਹ, ਜੋ ਬੇਪਰਵਾਹੀ ਵਿਚ ਸਮਾਈਆ । ਜਿਸ ਮੇਰੀ ਪਕੜੀ ਬਾਂਹ, ਸਿਰ ਸਿਰ ਹੱਥ ਟਿਕਾਈਆ । ਇਕੋ ਦੱਸ ਅਗੰਮਾ ਨਾਂ, ਨਾਉਂ ਨਿਰੰਕਾਰਾ ਦਿਤਾ ਜਣਾਈਆ । ਮੇਰਾ ਖੇਲ ਤਕ ਲੈ ਮੈਂ ਸਚ ਦਿਤਾ ਸੁਣਾ, ਅਣਸੁਣਤ ਰਹਿਣ ਕੋਇ ਨਾ ਪਾਈਆ । ਉਚੀ ਕੂਕ ਸੁਣਾਵਾਂ ਕੱਢਕੇ ਬਾਂਹ, ਧਰਨੀ ਧਰਤ ਧਵਲ ਧੌਲ ਦੁਹਾਈਆ । ਮੈਂ ਖੇਲ ਖਿਲਾਉਣਾ ਦੀਨ ਦੁਨੀ ਆਪਣੇ ਥਾਂ, ਥਾਨ ਥਨੰਤਰ ਇਕ ਜਣਾਈਆ । ਝਗੜਾ ਪਾ ਕੇ ਸੂਰ ਗਾਂ, ਗ਼ਰੀਬ ਨਿਮਾਣਿਆਂ ਖੇਲ ਦੇਣਾ ਵਖਾਈਆ । ਜਨ ਭਗਤਾਂ ਸੰਦੇਸ਼ਾ ਦੇਵਾਂ ਅਗੰਮ ਅਥਾਹ, ਇਕੋ ਵਾਰ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਜਿਨ੍ਹਾਂ ਦਾ ਹੋਏ ਸਹਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਮੱਘਰ ਕਹੇ ਕਲਜੁਗਾ ਤੂੰ ਲੈ ਕੇ ਆਇਉਂ ਕੀ ਸੰਦੇਸ਼, ਸੱਜਣਾ ਦੇ ਜਣਾਈਆ । ਕਲਜੁਗ ਕਹੇ ਮੇਰਾ ਮਾਲਕ ਇਕ ਨਰੇਸ਼, ਨਰ ਨਰਾਇਣ ਨੂਰ ਅਲਾਹੀਆ । ਜਿਸ ਦਾ ਸਤਿਗੁਰ ਸ਼ਬਦ ਦਸ ਦਸਮੇਸ਼, ਦਹਿ ਦਿਸ਼ਾ ਰਿਹਾ ਸਮਾਈਆ । ਉਹ ਹਰ ਘਟ ਵਸੇ ਸਦਾ ਹਮੇਸ਼, ਹਮ ਸਾਜਣ ਇਕ ਅਖਾਈਆ । ਜਿਸ ਦਾ ਲਹਿਣਾ ਦੇਣਾ ਦੀਨ ਦੁਨੀ ਦੇ ਦੇਸ, ਧਰਨੀ ਧਰਤ ਧਵਲ ਧੌਲ ਖੋਜ ਖੁਜਾਈਆ । ਉਸ

ਦਾ ਵੇਸ ਅਵਲੜਾ ਭੇਸ, ਭੇਖਾਧਾਰੀ ਰੂਪ ਬਦਲਾਈਆ । ਜਿਸ ਦੇ ਅਗੇ ਸਾਰੇ ਹੋਏ ਪੇਸ਼, ਪੇਸ਼ੀਨਗੋਈਆਂ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਇਕ ਅਖਵਾਈਆ । ਕਲਜੁਗ ਕਹੇ ਮੱਘਰਾ ਉਹ ਤਕ ਲੈ ਗੋਈ ਪੇਸ਼ੀਨ, ਪੇਸ਼ਤਰ ਸਭ ਨੂੰ ਦਿਆਂ ਜਣਾਈਆ । ਜੋ ਲੇਖਾ ਮੇਰਾ ਹੋਣਾ ਉਤੇ ਜ਼ਮੀਨ, ਧਰਨੀ ਧਰਤ ਨਾਲ ਵਡਿਆਈਆ । ਮੈਨੂੰ ਇਸ਼ਾਰਾ ਦੇਵੇ ਮੇਰਾ ਮਾਲਕ ਖ਼ਾਲਕ ਇਕ ਆਮੀਨ, ਆਲਮੀਨ ਨੂਰ ਅਲਾਹੀਆ । ਜਿਸ ਦੇ ਹੁਕਮ ਅੰਦਰ ਸਾਰੇ ਅਧੀਨ, ਸਿਰ ਸਕੇ ਨਾ ਕੋਇ ਉਠਾਈਆ । ਉਸ ਦਾ ਹੁਕਮ ਸਾਰੇ ਰਹੇ ਚੀਨ, ਬਿਨ ਰਸਨਾ ਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਕਲਜੁਗ ਕਹੇ ਮੇਰਾ ਲੇਖਾ ਨਾਲ ਮੁਹੰਮਦ ਮਹਿਬੂ, ਮਹਿਬੂਬ ਰਿਹਾ ਜਣਾਈਆ । ਮੈਂ ਵੇਖਣੀ ਕਾਅਬਿਆਂ ਵਾਲੀ ਜੂਹ, ਜੋ ਹਜ਼ਰਤਾਂ ਦਿਤੀ ਜਣਾਈਆ । ਮੈਂ ਤਕਣੇ ਬੁਤਖ਼ਾਨਿਆਂ ਵਿਚ ਰੂਹ, ਰਹਿਮਤ ਤਕਣੀ ਬੇਪਰਵਾਹੀਆ । ਮੇਰਾ ਸ਼ਹਿਨਸ਼ਾਹ ਸ਼ਾਹੇ ਅਜ਼ਮੂ, ਨਾਵਿਜ਼ਲੇ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਮੱਘਰ ਕਹੇ ਕਲਜੁਗਾ ਮੁਹੰਮਦ ਮਜ਼ਵਲੀ ਲਬੇ ਹਿਜ਼ ਕੁਜ਼ਾ ਚਾਵਿਸਤੇ ਨਜ਼ੀ ਮਬੀ ਜ਼ਵਾ ਮੁਜ਼ੱਫ਼ਤਲ ਕੁਜਿਸ਼ਤੀ ਪੌਮਲ ਜਉਲ ਜ਼ਵੀ ਜ਼ਾਕਹਮ ਬਾਏ ਕੁਲਿਸਤਮ ਮਦੋ ਹਸਤੀ ਤੁਖ਼ੰਬਾਏ ਵਜ਼ੀਹੁਮ ਅਲ ਤਾਵੂਲ ਜ਼ੂ ਕੋਮਲ ਕਜ਼ੀ ਕੁਮਸ਼ਤਾ ਅਜ਼ੂ ਜ਼ੰਬਾ ਜੰਬਾ ਦਵਖਤੰਬਾਏ ਕੁਮਸਤੀ ਸ਼ੋਵਲ ਖਾਹੰਬਾ ਸਹੰਦੀ ਤੋਰੂ ਜ਼ਮੀ ਨੂਰੇ ਨੁਰਾਂ ਅਲਾਹ ਬੇਪਰਵਾਹ, ਬੇਪਰਵਾਹ ਇਕ ਅਖਵਾਈਆ । ਕਲਜੁਗ ਕਹੇ ਮੱਘਰਾ ਕਲਮਾ ਕੁਫ਼ਰ ਨਜ਼ੂਲ ਨਜ਼ ਹਿਮ ਜ਼ੋਕੋ ਮਬੀਂ ਸੁਨਿਸ਼ਤੇ ਸੁਨੀ ਦਾਨਿਸਤੇ ਜ਼ਵੀ ਨੂਰੇ ਨਿਜ਼ਾ ਅਰਸ਼ੇ ਮਿਜ਼ਾ ਕੁਲ ਹਸਤੀ ਬੇਅਜ਼ਮ ਚਵੀਜ਼ੁਲ ਜਾਕੁਮਹਾ ਜ਼ਾਵਿਸਤੋ ਤਖ਼ਮੀਨੇ ਤਮਹਾ ਦਾਵੀਚਾ ਦਾਵਿਸਤੀ ਦਜ਼ੂਨਾ ਮੁਰਸ਼ਦੇ ਮੁਹੰਮਦ ਦੀਦੇ ਨਜ਼ੂ ਵੁਜ਼ੂ ਵਾਕਲਸੀ ਹੰਬਾ ਬੇਜ਼ਵਾਲੇ ਵਜ਼ੀ ਵਜ਼ੀਉਲ ਰੁਮਾ ਨੂਰੇ ਰਹਿਨੁਮਾ, ਰਹਿਬਰ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਮੱਘਰ ਆਹ ਵੇਖ ਲੈ ਮੇਰੀਆਂ ਅਗੰਮੀ ਕਿਤਾਬਾਂ, ਕੁਤਬਖ਼ਾਨਿਆਂ ਹੱਥ ਕਿਸੇ ਨਾ ਆਈਆ । ਜਿਸ ਵਿਚ ਸ਼ਰਅ ਦੀਆਂ ਦਿਸਣ ਮਹਿਰਾਬਾਂ, ਮਹਿਬੂਬ ਰਿਹਾ ਸਮਝਾਈਆ । ਤਨ ਵਜੂਦਾ ਦਿਸਣ ਅਦਾਬਾਂ, ਸਯਦਿਆਂ ਵਿਚ ਸੀਸ ਝੁਕਾਈਆ । ਇਸ ਤੋਂ ਪਰੇ ਤਕ ਲੈ ਇਕ ਹੁਕਮ ਬੋਧ ਅਗਾਧਾ, ਬੁੱਧੀ ਤੋਂ ਪਰੇ ਦ੍ਰਿੜਾਈਆ । ਜੋ ਸੰਦੇਸ਼ਾ ਬਿਨਾ ਕੰਨਾਂ ਤੋਂ ਕ੍ਰਿਸ਼ਨ ਨੇ ਦਿਤਾ ਰਾਧਾ, ਬਿਨ ਰਸਨਾ ਅੱਖਰ ਜਣਾਈਆ । ਰਾਮ ਸੀਤਾ ਨੂੰ ਕਿਹਾ ਰਾਮ ਰਾਮਾ ਮੋਹਣ ਮਾਧਵ ਮਾਧਾ, ਮਧੁਰ ਧੁਨ ਤੋਂ ਬਾਹਰ ਜਿਸ ਦੀ ਸ਼ਨਵਾਈਆ । ਜੋ ਆਦਿ ਜੁਗਾਦੀ ਸੋਇਆ ਸਦਾ ਜਾਗਾ, ਆਪਣੀ ਸਮਝ ਨਾ ਕਿਸੇ ਸਮਝਾਈਆ । ਉਸ ਦਾ ਲੇਖਾ ਅੰਤ ਨਿਰਗੁਣ ਧਾਰ ਨਿਰਵੈਰ ਹੋ ਕੇ ਹੋਣਾ ਵਿਚ ਪੰਜ ਆਬਾ, ਪੰਚਮ ਦਾ ਮੇਲਾ ਮੇਲੇ ਸਹਿਜ ਸੁਭਾਈਆ । ਬਿਨ ਤੰਦ ਸਿਤਾਰ ਵਜਾਏ ਰਬਾਬਾ, ਰਬੀਉਲ ਸਾਨੀ ਜਿਸ ਦੀ ਦਏ ਗਵਾਹੀਆ । ਉਸ ਦਾ ਲਹਿਣਾ ਦੇਣਾ ਨਿਰਗੁਣ ਧਾਰ ਸਤਿਗੁਰ ਸ਼ਬਦ ਹੋਵੇ ਨਾਲ ਵਾਲੇ ਬਾਜ਼ਾ, ਬਾਜ਼ੀ ਸਮਝ ਕਿਸੇ ਨਾ ਆਈਆ । ਨਾਦਾਂ ਤੋਂ ਬਾਹਰ ਵਜਾਏ ਆਪਣਾ ਅਗੰਮੀ ਵਾਜਾ, ਜਿਸ ਦੀ ਸੁਰ ਤਾਲ ਵੇਖਣ ਕੋਇ ਨਾ ਪਾਈਆ । ਸ਼ਾਹੋ ਭੂਪ ਬਣੇ ਅਗੰਮੀ ਰਾਜਾ, ਸ਼ਹਿਨਸ਼ਾਹ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ

੧੩੨
੨੪

ਚੁਕਾਈਆ । ਮੱਘਰ ਕਹੇ ਨਾਰਦਾ ਤੂੰ ਕਿਧਰੋਂ ਆਇਆ ਗੌਂਦਾ, ਸਤਿ ਸਚ ਦੇ ਜਣਾਈਆ । ਨਾਰਦ ਕਹੇ ਮੈਂ ਨਵੀਂ ਬਣਤ ਆਇਆ ਬਣਾਉਂਦਾ, ਜਿਸ ਦੀ ਸਮਝ ਕੋਇ ਨਾ ਪਾਈਆ । ਬਿਨਾ ਅੱਖਰਾਂ ਤੋਂ ਅੱਖਰ ਆਇਆ ਦ੍ਰਿੜਾਉਂਦਾ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਗੁਸਾਂਈਆ । ਨਾਰਦ ਕਹੇ ਮਿਤਰਾ ਮੈਂ ਲੈ ਕੇ ਆਇਆ ਖ਼ਬਰ ਅਗੰਮੀ, ਅਗੰਮੜੇ ਦਿਤੀ ਜਣਾਈਆ । ਜਿਹੜੀ ਸੁਣੀ ਨਹੀਂ ਕਿਸੇ ਕਾਇਆ ਮਾਟੀ ਚੰਮੀ, ਸਰਵਣਾਂ ਮਿਲੀ ਨਾ ਕੋਇ ਵਡਿਆਈਆ । ਗਾਈ ਨਹੀਂ ਕਿਸੇ ਬੁੱਲ ਨਾਲ ਦਮੀ, ਮੁਖ ਬਣਤ ਨਾ ਕੋਇ ਬਣਾਈਆ । ਤਨ ਵਜੂਦ ਮਾਟੀ ਖ਼ਾਕ ਕਿਸੇ ਨਹੀਂ ਜੰਮੀ, ਜਣੇਂਦੀ ਬਣੀ ਕੋਈ ਨਾ ਮਾਈਆ । ਜਿਸ ਦੀ ਅਵਾਜ਼ ਆਈ ਨਹੀਂ ਸਰਵਣ ਕੰਨੀ, ਕਾਇਨਾਤ ਵਿਚ ਭੇਵ ਨਾ ਕੋਇ ਖੁਲ੍ਹਾਈਆ । ਬ੍ਰਹਮ ਧਾਰ ਉਹਨੂੰ ਕੋਈ ਨਹੀਂ ਕਹਿ ਸਕਦਾ ਬ੍ਰਹਮੀ, ਰੂਪ ਰੰਗ ਨਾ ਕੋਇ ਵਖਾਈਆ । ਉਹਦੀ ਜ਼ਾਤ ਨਹੀਂ ਕੋਈ ਵਰਨੀ ਬਰਨੀ, ਸ਼ਰਅ ਵੰਡ ਨਾ ਕੋਇ ਵੰਡਾਈਆ । ਮੈਂ ਇਕ ਗੱਲ ਸਤਿ ਸਚ ਦੀ ਕਰਨੀ, ਜੋ ਕੁਦਰਤ ਦੇ ਕਰਤੇ ਦਿਤੀ ਦ੍ਰਿੜਾਈਆ । ਮੈਨੂੰ ਐਉਂ ਜਾਪਦਾ ਸਭ ਨੇ ਅੰਤਮ ਇਕੋ ਤੁਕ ਪੜ੍ਹਨੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਇਕੋ ਮੰਜ਼ਲ ਚੜ੍ਹਨੀ, ਜਿਥੇ ਮਿਲੇ ਧੁਰ ਦਾ ਮਾਹੀਆ । ਇਕੋ ਡੋਰੀ ਫੜਨੀ, ਜਿਸ ਦਾ ਪੱਲੂ ਨਾ ਕੋਇ ਛੁਡਾਈਆ । ਜਿਥੇ ਵੰਡ ਨਹੀਂ ਕੋਈ ਸੀਸ ਧੜਨੀ, ਤਤ ਵਜੂਦ ਨਾ ਕੋਇ ਚਤੁਰਾਈਆ । ਘਾੜਤ ਨਵੀਂ ਪਏ ਨਾ ਘੜਨੀ, ਮਾਰਗ ਰਾਹ ਨਾ ਕੋਇ ਦਰਸਾਈਆ । ਸ਼ਰਅ ਲੜਾਈ
੧੩੩ ਪਏ ਨਾ ਲੜਨੀ, ਕਲਮਾ ਨਾਮ ਰੰਗ ਰੰਗਾਈਆ । ਇਕੋ ਪੁਰਖ ਅਕਾਲ ਦੀ ਸਭ ਨੇ ਪੈਣਾ ਚਰਨੀ, ਸਰਨਗਤ ਇਕ ਸਮਝਾਈਆ । ਇਕੋ ੧੩੩
੨੪ ਧਾਰ ਹੋਣੀ ਉਤੇ ਧਰਨੀ, ਧਰਤ ਧਵਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ੨੪
ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਮੈਂ ਲੈ ਕੇ ਆਇਆ ਧੁਰ ਫ਼ਰਮਾਨਾ ਅਨੋਖਾ, ਸਚ ਦਿਆਂ ਸੁਣਾਈਆ । ਦੁਨੀਆ ਨਾਲ ਹੋਣ ਵਾਲਾ ਧੋਖਾ, ਧਰਮ ਨਾਲ ਧਰਮ ਦਿਆਂ ਸਮਝਾਈਆ । ਮੇਰੇ ਕੋਲ ਬਿਨਾ ਅੱਖਰਾਂ ਤੋਂ ਨਿਰਅੱਖਰ ਧਾਰ ਦਾ ਪੋਥਾ, ਪੁਸਤਕ ਵੰਡ ਨਾ ਕੋਇ ਵੰਡਾਈਆ । ਮੈਨੂੰ ਇਉਂ ਦਿਸਦਾ ਇਕ ਦੋ ਤਿੰਨ ਸਾਲ ਵਿਚ ਨੌ ਖੰਡ ਪ੍ਰਿਥਮੀ ਚੜ੍ਹਨੀ ਲੋਥ ਉਤੇ ਲੋਥਾ, ਤਨ ਮਾਟੀ ਖ਼ਾਕ ਰੁਲਾਈਆ । ਉਹ ਵੇਖ ਲੈ ਖ਼ੁਸ਼ੀਆਂ ਵਿਚ ਹਸਦਾ ਜੁਗ ਚੌਥਾ, ਕਲਜੁਗ ਤਾਲੀਆਂ ਰਿਹਾ ਵਜਾਈਆ । ਨਾਲੇ ਕਹੇ ਮੈਂ ਦੀਨ ਦੁਨੀ ਦਾ ਅੰਦਰ ਕੀਤਾ ਖੋਟਾ, ਖੋਟੇ ਖਰੇ ਨਾ ਕੋਇ ਬਣਾਈਆ । ਜਿਸ ਦੀਨ ਦੁਨੀ ਮਜ਼੍ਹਬਾਂ ਵਿਚ ਕਰਾਈ ਟੋਟਾ ਟੋਟਾ, ਪੈਗ਼ੰਬਰ ਗੁਰੂਆਂ ਸੰਗ ਬਣਾਈਆ । ਅੰਤਮ ਸਭ ਦਾ ਖ਼ਾਲੀ ਕਰਨਾ ਸ਼ਰਅ ਵਾਲਾ ਲੋਟਾ, ਲੁਟੀਆ ਕੰਮ ਕਿਸੇ ਨਾ ਆਈਆ । ਧਰਨੀ ਵੇਖਣੀ ਪੋਟਾ ਪੋਟਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਬੇਸ਼ਕ ਕਲਜੁਗ ਬੜਾ ਚੋਟਾ, ਚੋਟੀ ਸਭ ਦੀ ਰਿਹਾ ਮੁੰਨਾਈਆ । ਨਾਰਦ ਕਹੇ ਮੇਰੇ ਕੋਲ ਲੇਖਾ ਇਸ ਦਾ ਵਕ਼ਤ ਨਹੀਂ ਹੁਣ ਬਹੁਤਾ, ਸਦੀ ਚੌਧਵੀਂ ਦਏ ਦੁਹਾਈਆ । ਉਹ ਲੇਖਾ ਤਕ ਲੈ ਜਿਸ ਕਾਰਨ ਨਾਨਕ ਮਾਰਿਆ ਗੋਤਾ, ਜਲਧਾਰ ਦਏ ਸਮਝਾਈਆ । ਜਿਸ ਗਨਕਾ ਨੂੰ ਦੇ ਕੇ ਤੋਤਾ, ਬ੍ਰਹਮ ਵਿਦਿਆ ਦਿਤੀ ਸਮਝਾਈਆ । ਉਹ ਪੁਰਖ ਅਕਾਲਾ ਨਿਰਗੁਣ ਧਾਰ ਜੋਤੀ ਜਾਤਾ, ਜਾਗਰਤ ਜੋਤ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੱਘਰਾ ਸੁਣ ਲੈ ਮੇਰੇ ਯਾਰ, ਕੀ ਯਾਰੜਾ ਰਿਹਾ ਜਣਾਈਆ । ਮੈਂ ਪਹੁੰਚਿਆ

ਭਗਤ ਦੁਆਰ, ਦੂਰ ਦੁਰਾਡਾ ਪੰਧ ਮੁਕਾਈਆ । ਮੈਨੂੰ ਸੰਦੇਸ਼ਾ ਦਿਤਾ ਤੇਈ ਅਵਤਾਰ, ਰਾਮ ਕ੍ਰਿਸ਼ਨ ਕ੍ਰਿਸ਼ਨ ਸਮਝਾਈਆ । ਈਸਾ ਮੂਸਾ ਮੁਹੰਮਦ ਕੀਤਾ ਇਜ਼ਹਾਰ, ਸਿਫ਼ਤ ਸਿਫ਼ਤ ਸਿਫ਼ਤ ਵਡਿਆਈਆ । ਨਾਨਕ ਗੋਬਿੰਦ ਕਿਹਾ ਪੁਕਾਰ, ਸ਼ਬਦੀ ਸ਼ਬਦ ਨਾਲ ਜਣਾਈਆ । ਨਾਰਦਾ ਤੂੰ ਹੋਣਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਕਲਜੁਗ ਨੂੰ ਕਹਿਣਾ ਨਾਲ ਲਲਕਾਰ, ਭੁਲ ਰਹੇ ਨਾ ਰਾਈਆ । ਅੰਤਮ ਲੇਖਾ ਏਕਾ ਕਲ ਕਲਕੀ ਅਵਤਾਰ, ਦੂਜਾ ਨਜ਼ਰ ਕੋਇ ਨਾ ਆਈਆ । ਅਮਾਮ ਅਮਾਮਾ ਨੂਰ ਅਲਾਹੀ ਪਰਵਰਦਿਗਾਰ, ਸ਼ਾਹ ਸੁਲਤਾਨ ਇਕ ਅਖਵਾਈਆ । ਜਿਸ ਦਾ ਲਹਿਣਾ ਦੇਣਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਰਖਣ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਅਗੰਮ ਅਥਾਹੀਆ । ਨਾਰਦ ਕਹੇ ਮੈਂ ਲੈ ਕੇ ਆਇਆ ਸਚ ਧਾਰ ਦੀਆਂ ਧਾਰਾਂ, ਸਚਖੰਡ ਨਿਵਾਸੀ ਦਿਤੀ ਵਡਿਆਈਆ । ਜਿਥੇ ਦੀਨ ਦੁਨੀ ਦੀ ਦਿਸੇ ਨਾ ਕੋਇ ਵਿਚਾਰਾ, ਵਿਚਰ ਕੇ ਦੱਸੇ ਨਾ ਕੋਇ ਜਣਾਈਆ । ਮਨ ਮਤਿ ਬੁਧਿ ਪਾਵੇ ਕੋਇ ਨਾ ਸਾਰਾ, ਅਕਲ ਆਕਲਾ ਨਾ ਕੋਇ ਵਡਿਆਈਆ । ਜਿਸ ਦਾ ਖੇਲ ਦੀਨ ਮਜ਼੍ਹਬ ਤੋਂ ਬਾਹਰਾ, ਜ਼ਾਤ ਪਾਤ ਨਾ ਰੰਗ ਰੰਗਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਧਾਰ ਹੋਣਾ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਦੁਨਿਆਦਾਰੋ ਜਿਸ ਦਾ ਇਕੋ ਹੋਣਾ ਨਾਅਰਾ, ਕਲਮਾ ਨਾਮ ਇਕ ਸਮਝਾਈਆ । ਇਕੋ ਹੋਣਾ ਦੁਆਰਾ, ਦੂਜਾ ਗ੍ਰਿਹ ਨਾ ਕੋਇ ਜਣਾਈਆ । ਇਕੋ ਹੋਣਾ ਪਿਆਰਾ, ਦੂਸਰ ਵੰਡ ਨਾ ਕੋਇ ਵੰਡਾਈਆ । ਇਕੋ ਹੋਵੇ ਨਿਮਸਕਾਰਾ, ਸੀਸ ਜਗਦੀਸ਼ ਇਕ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਬੇਪਰਵਾਹੀਆ । ਨਾਰਦ ਕਹੇ ਮੈਂ ਕੀ ਦੱਸਾਂ ਕੀ ਕੁਛ ਮੇਰੇ ਕੋਲ, ਕਮਲਾਪਤ ਕੀ ਦਿਤੀ ਵਡਿਆਈਆ । ਮੈਂ ਉਹਦੇ ਹੁਕਮ ਦਾ ਵਜਾਵਣ ਆਇਆ ਢੋਲ, ਡੰਕਾ ਇਕੋ ਨਾਮ ਕਰਾਂ ਸ਼ਨਵਾਈਆ । ਜਿਸ ਸਚ ਦੁਆਰਾ ਦਿਤਾ ਖੋਲ੍ਹ, ਖ਼ਾਲਕ ਖ਼ਲਕ ਰਿਹਾ ਸਮਝਾਈਆ । ਨਿਰਗੁਣ ਧਾਰ ਪੂਰਾ ਤੋਲੇ ਤੋਲ, ਤੋਲਣਹਾਰਾ ਅਗੰਮ ਅਥਾਹੀਆ । ਜੋ ਹਰ ਘਟ ਅੰਦਰ ਰਿਹਾ ਮੌਲ, ਮੌਲਾ ਰੂਪ ਨੂਰ ਅਲਾਹੀਆ । ਜੋ ਸਭ ਦਾ ਪੂਰਾ ਕਰੇ ਕੌਲ, ਇਕਰਾਰਨਾਮੇ ਵੇਖ ਵਖਾਈਆ । ਲਹਿਣਾ ਦੇਣਾ ਜਾਣੇ ਧਰਨੀ ਧਰਤ ਧਵਲ ਧੌਲ, ਧਰਮ ਦੀ ਧਾਰ ਨਾਲ ਮਿਲਾਈਆ । ਜਿਸ ਦਾ ਸੰਦੇਸ਼ਾ ਦਿਤਾ ਕਾਹਨ ਸਵਲ ਸੌਲ, ਸਾਵਲ ਸੁੰਦਰੀਆ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਮੈਂ ਲੈ ਕੇ ਆ ਗਿਆ ਧੁਰ ਦਰਗਾਹ ਦੀਆਂ ਚਿੱਠੀਆਂ, ਜਿੰਨ੍ਹਾਂ ਦਾ ਅੱਖਰ ਵੇਖਣ ਕੋਇ ਨਾ ਪਾਈਆ । ਉਨ੍ਹਾਂ ਵਿਚ ਖ਼ਬਰਾਂ ਅਗੰਮੀ ਮਿਠੀਆਂ, ਰਸ ਰਸਨਾ ਨਾ ਕੋਇ ਚਖਾਈਆ । ਜਿਸ ਵਿਚ ਖੇਲਾਂ ਜਗਤ ਅਨਡਿੱਠੀਆਂ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੈਂ ਹੈਰਾਨ ਹੋ ਕੇ ਗਿਣਦਾ ਰਿਹਾ ਗਿੱਟੀਆਂ, ਹੱਥ ਮਸਤਕ ਉਤੇ ਟਿਕਾਈਆ । ਕਿਸ ਬਿਧ ਕਲਜੁਗ ਅੰਦਰ ਮੈਨੂੰ ਧਾਰਾ ਦਿਸਣ ਚਿੱਟੀਆਂ, ਆਪਣਾ ਰੂਪ ਬਦਲਾਈਆ । ਜਨ ਭਗਤਾਂ ਰੂਹਾਂ ਦਿਸਣ ਲਿਟੀਆਂ, ਆਤਮ ਸੇਜਾ ਸਚ ਹੰਢਾਈਆ । ਜੋ ਇਕੋ ਸਾਹਿਬ ਦੇ ਹੱਟ ਵਿਕੀਆਂ, ਕ਼ੀਮਤ ਅਵਰ ਨਾ ਕੋਇ ਰਖਾਈਆ । ਜਿਨ੍ਹਾਂ ਦੀਆਂ ਉਮਰਾਂ ਨਹੀਂ ਵੱਡੀਆਂ ਨਿੱਕੀਆਂ, ਨੂਰ ਨੂਰ ਵਿਚੋਂ ਪਰਗਟਾਈਆ । ਉਨ੍ਹਾਂ ਦਾ ਲਹਿਣਾ ਦੇਣਾ ਨਾਲ ਸੱਸਾ ਹੋੜਾ ਹਾਹੇ ਦੀਆਂ ਟਿੱਪੀਆਂ, ਸੋਹੰ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ

੧੩੪ ੨੪

ਅਭੇਦਾ ਆਪ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਦਿਵਸ ਸੁਹੰਜਣਾ ਚੜ੍ਹਿਆ, ਚੜ੍ਹਦਾ ਲਹਿੰਦਾ ਵੇਖ ਵਖਾਈਆ । ਜਿਸ ਸਾਹਿਬ ਨੇ ਘਾੜਨ ਘੜਿਆ, ਦੋ ਜਹਾਨਾਂ ਬਣਤ ਬਣਾਈਆ । ਸੋ ਸਚ ਦੁਆਰ ਏਕੰਕਾਰ ਖੜਿਆ, ਸਚਖੰਡ ਸਾਚੇ ਸੋਭਾ ਪਾਈਆ । ਜਿਸ ਦਾ ਧੁਰ ਫ਼ਰਮਾਣਾ ਆਦਿ ਜੁਗਾਦਿ ਜੁਗ ਚੌਕੜੀ ਸਭ ਨੇ ਪੜ੍ਹਿਆ, ਅਵਤਾਰ ਪੈਗ਼ੰਬਰ ਗੁਰੂ ਗਏ ਜਣਾਈਆ । ਸੋ ਲੇਖਾ ਜਾਣੇ ਸੀਸ ਧੜਿਆ, ਤਨ ਵਜੂਦਾਂ ਫੋਲ ਫੁਲਾਈਆ । ਨਿਰਗੁਣ ਧਾਰ ਹੋ ਕੇ ਵੇਖੇ ਹੰਕਾਰੀ ਗੜ੍ਹਿਆ, ਮਨ ਮਤਿ ਬੁਧਿ ਖੋਜ ਖੁਜਾਈਆ । ਲੇਖਾ ਜਾਣੇ ਚੇਤਨ ਜੜ੍ਹਿਆ, ਮਿਹਰਵਾਨ ਆਪਣੇ ਹੱਥ ਰਖੇ ਵਡਿਆਈਆ । ਜੋ ਨਿਰਭਉ ਭੈ ਵਿਚ ਕਦੇ ਨਾ ਡਰਿਆ, ਭੈ ਸਭ ਨੂੰ ਰਿਹਾ ਵਖਾਈਆ । ਅਗਨੀ ਅੱਗ ਕਦੇ ਨਾ ਸੜਿਆ, ਜਲਧਾਰ ਨਾ ਕੋਇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਭੇਵ ਆਪ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਮੈਂ ਸ਼ਾਹੋ ਭੂਪ ਸੁਲਤਾਨਾ, ਸਤਿਗੁਰ ਇਕ ਅਖਵਾਈਆ । ਆਦਿ ਜੁਗਾਦਿ ਮਿਹਰਵਾਨਾ, ਮਹਿਬੂਬ ਨੂਰ ਅਲਾਹੀਆ । ਚਾਰ ਜੁਗ ਕਲਮਾ ਹਕ ਕਲਾਮਾ, ਨਾਮ ਨਿਧਾਨਾ ਸਿਫ਼ਤ ਸਾਲਾਹੀਆ । ਸ਼ਬਦ ਨਾਦ ਤਰਾਨਾ, ਤੁਰੀਆ ਬਾਹਰ ਸ਼ਨਵਾਈਆ । ਜੋਤ ਨੂਰ ਮਹਾਨਾ, ਨੂਰ ਨੁਰਾਨਾ ਡਗਮਗਾਈਆ । ਖੇਲ ਖੇਲ ਮਹਾਨਾ, ਮਹਿੰਮਾ ਅਗੰਮ ਅਥਾਹੀਆ । ਜੁਗ ਜੁਗ ਬਦਲ ਜ਼ਮਾਨਾ, ਆਪਣਾ ਹੁਕਮ ਵਰਤਾਈਆ । ਅਵਤਰ ਰੂਪ ਪਹਿਰ ਕੇ ਜਾਮਾ, ਸਰਗੁਣ ਖੇਲਾਂ ਖੇਲ ਚਾਈਂ ਚਾਈਂਆ । ਨਿਰਵੈਰ ਹੋ ਕੇ ਨੌਜਵਾਨਾ, ਮਰਦ ਮਰਦਾਨਾ ਇਕ ਅਖਵਾਈਆ । ਦੀਨ ਦੁਨੀ ਚਲਾ ਨਿਸ਼ਾਨਾ, ਜਗਤ ਸ਼ਰਅ ਸੰਗ ਬਣਾਈਆ । ਜੁਗ ਚੌਕੜੀ ਖੇਲ ਖੇਲਾ ਸ੍ਰੀ ਭਗਵਾਨਾ, ਭਗਵਨ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਗਹਿਰ ਗੰਭੀਰਾ, ਗੁਣਵੰਤ ਇਕ ਅਖਵਾਈਆ । ਮੇਰਾ ਰੂਪ ਬੇਨਜ਼ੀਰਾ, ਜਗਤ ਨੇਤਰ ਵੇਖਣ ਕੋਇ ਨਾ ਆਈਆ । ਮੇਰਾ ਤਨ ਵਜੂਦ ਨਹੀਂ ਸਰੀਰਾ, ਮਾਟੀ ਖ਼ਾਕ ਨਾ ਕੋਇ ਵਡਿਆਈਆ । ਮੈਂ ਸ਼ਾਹੋ ਭੂਪ ਪੀਰਨ ਪੀਰਾ, ਪਾਰਬ੍ਰਹਮ ਦਿਤੀ ਵਡਿਆਈਆ । ਮੇਰਾ ਖੇਲ ਗਹਿਰ ਗੰਭੀਰਾ, ਗਵਰ ਦਿਤਾ ਦ੍ਰਿੜਾਈਆ । ਮੈਂ ਵੇਖਣਹਾਰਾ ਦੀਨ ਦੁਨੀ ਤਕ਼ਦੀਰਾ, ਲੱਖ ਚੁਰਾਸੀ ਫੋਲ ਫੁਲਾਈਆ । ਮੇਰਾ ਨਾਮ ਸ਼ਬਦ ਸ਼ਮਸ਼ੀਰਾ, ਖੰਡਾ ਖੜਗ ਖੜਗ ਚਮਕਾਈਆ । ਮੇਰੇ ਕੋਲ ਅਗੰਮ ਤਦਬੀਰਾ, ਤਰੀਕਾ ਹੱਥ ਨਾ ਕਿਸੇ ਫੜਾਈਆ । ਅੰਤਮ ਮੇਰਾ ਖੇਲ ਕਲਜੁਗ ਨਾਲ ਜਿਸ ਦਾ ਕਾਲਾ ਚੀਰਾ, ਚਾਰੋਂ ਕੁੰਟ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਕਲਜੁਗ ਕਹੇ ਸਤਿਗੁਰ ਸ਼ਬਦ ਜੇ ਤੇਰਾ ਮੇਰੇ ਨਾਲ ਤਅੱਲੁਕ, ਤਲਬ ਅਵਰ ਨਾ ਕੋਇ ਰਖਾਈਆ । ਮੇਰੀ ਖੇਲ ਵੇਖ ਲੈ ਪਲਕ, ਪਲਕਾਂ ਦੇ ਉਹਲੇ ਬਹਿ ਕੇ ਧਿਆਨ ਲਗਾਈਆ । ਮੈਂ ਨਿਰਾਲੀ ਵਖਾਵਾਂ ਝਲਕ, ਝੱਲੀ ਕਰਾਂ ਖ਼ੁਦਾਈਆ । ਫਿਰੇ ਦਰੋਹੀ ਉਤੇ ਫ਼ਲਕ, ਜ਼ਿਮੀਂ ਅਸਮਾਨ ਕੁਰਲਾਈਆ । ਸੰਦੇਸ਼ਾ ਦੇਵਾਂ ਮੌਤ ਮਲਕ, ਮਲਕੁਲ ਮੌਤ ਨਾਲ ਮਿਲਾਈਆ । ਜ਼ਰਾ ਨਿਗਾਹ ਮਾਰ ਲੈ ਅੱਜ ਕਿ ਭਲਕ, ਬਹੁਤੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਕਲਜੁਗ ਕਹੇ ਸਤਿਗੁਰ ਸ਼ਬਦ ਜੇ ਤੂੰ ਮੇਰਾ ਸਾਥੀ, ਸਗਲਾ ਸੰਗ ਬਣਾਈਆ । ਮੈਂ ਚਲਾਵਾਂ ਕੂੜ ਦਾ ਰਾਥੀ, ਭੱਜਾਂ ਵਾਹੋ ਦਾਹੀਆ । ਸਭ ਦਾ ਲੇਖ ਬਦਲਾਵਾਂ ਮਸਤਕ ਮਾਥੀ, ਬਿਦਨਾ ਲੇਖ ਮਿਟਾਈਆ । ਤੂੰ ਸਰਬ ਕਲਾ ਸਮਰਾਥੀ, ਮਾਲਕ ਇਕ ਅਖਵਾਈਆ । ਮੇਰਾ ਲਹਿਣਾ ਦੇਣਾ


੧੩੫
੨੪

ਪੂਰਾ ਕਰਨਾ ਹਾਥੋ ਹਾਥੀ, ਬਹੁਤੀ ਦੇਰ ਨਾ ਕੋਇ ਕਰਾਈਆ । ਦੀਨ ਦੁਨੀ ਦੀ ਉਲਟੀ ਗੇੜ ਦੇ ਲਾਠੀ, ਚਾਰੋਂ ਕੁੰਟ ਭਵਾਈਆ । ਪੂਜਾ ਵਾਲਾ ਰਹੇ ਕੋਇ ਨਾ ਪਾਠੀ, ਪੁਸਤਕ ਕੰਮ ਕਿਸੇ ਨਾ ਆਈਆ । ਦੁਹਾਈ ਫੇਰ ਦੇ ਤੀਰਥ ਅੱਠ ਸਾਠੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਹੀਆ । ਜੋਤ ਜਗੇ ਨਾ ਕਿਸੇ ਲਲਾਟੀ, ਨੂਰ ਜ਼ਹੂਰ ਨਾ ਕੋਇ ਚਮਕਾਈਆ । ਬਜਰ ਸਕੇ ਨਾ ਕਿਸੇ ਦੀ ਪਾਟੀ, ਬਜਰ ਕਪਾਟ ਨਾ ਕੋਇ ਖੁਲ੍ਹਾਈਆ । ਸਤਿਗੁਰ ਸ਼ਬਦ ਦੀਨ ਦੁਨੀ ਸਾਰੀ ਭੇਜ ਦੇ ਮੇਰੀ ਹਾਟੀ, ਮੈਂ ਹਟਵਾਣਾ ਇਕ ਅਖਵਾਈਆ । ਕੀ ਹੋਇਆ ਜੇ ਗੋਬਿੰਦ ਧਾਰ ਅੰਮ੍ਰਿਤ ਰਸ ਚਖਾਇਆ ਵਿਚ ਬਾਟੀ, ਪੰਜਾਂ ਨਾਲ ਮਿਲੀ ਵਡਿਆਈਆ । ਪੁਰਖ ਅਕਾਲੇ ਦੀਨ ਦਿਆਲੇ ਕਿਸੇ ਦੀ ਮੰਜ਼ਲ ਪੂਰੀ ਹੋਣ ਨਾ ਦੇਵੀਂ ਘਾਟੀ, ਸਚ ਦਰ ਚੜ੍ਹਨ ਕੋਇ ਨਾ ਪਾਈਆ । ਮੇਰੀ ਚਾਰ ਕੁੰਟ ਦਹਿ ਦਿਸ਼ਾ ਕਰ ਅੰਧੇਰੀ ਰਾਤੀ, ਰੁਤੜੀ ਮੇਰੇ ਨਾਲ ਮਹਿਕਾਈਆ । ਆਹ ਤਕ ਲੈ ਸਤਿਗੁਰ ਸ਼ਬਦ ਮੇਰੇ ਕੋਲ ਚਾਰ ਜੁਗ ਦੀ ਤੇਰੀ ਪਾਤੀ, ਜੋ ਗੁਰ ਅਵਤਾਰ ਪੈਗ਼ੰਬਰ ਗਏ ਲਿਖਾਈਆ । ਮੇਰਾ ਸੀਨਾ ਪਾੜ ਕੇ ਵੇਖ ਲੈ ਛਾਤੀ, ਸਹਿਜ ਨਾਲ ਸੀਸ ਝੁਕਾਈਆ । ਬਿਨਾ ਸਤਿਗੁਰ ਸ਼ਬਦ ਮੇਰੀ ਪੁਛੇ ਕੋਇ ਨਾ ਬਾਤੀ, ਸਿਰ ਹੱਥ ਨਾ ਕੋਇ ਟਿਕਾਈਆ । ਤੇਰੇ ਚਰਨ ਕਵਲ ਮੇਰਾ ਜੁੜਿਆ ਰਹੇ ਨਾਤੀ, ਨਾਤਾ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਕਲਜੁਗ ਨਿਰਗੁਣ ਧਾਰ ਦਇਆ ਕਮਾਵਾਂਗਾ । ਧੁਰ ਦਾ ਹੁਕਮ ਸੰਦੇਸ਼ ਸੁਣਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਗਣੇਸ਼ ਨਾਲ ਰਲਾਵਾਂਗਾ । ਤੂੰ ਸੰਦੇਸ਼ਾ ਦੇਣਾ ਦੇਸ ਪਰਦੇਸ, ਦੋ ਜਹਾਨਾਂ ਆਪ ਦ੍ਰਿੜਾਵਾਂਗਾ । ਅੰਤਮ ਝਗੜਾ ਮੇਟ ਦੇ ਮੁੱਲਾ ਸ਼ੇਖ਼, ਮੁਸਾਇਕਾਂ ਪੰਧ ਮੁਕਾਵਾਂਗਾ । ਦੀਨ ਦੁਨੀ ਦੀ ਬਦਲ ਕੇ ਰੇਖ, ਰਿਖੀਆਂ ਮੁਨੀਆਂ ਆਪ ਪੜ੍ਹਾਵਾਂਗਾ । ਆਤਮ ਧਾਰ ਦੱਸ ਕੇ ਭੇਖ, ਪਰਮਾਤਮ ਵੰਡ ਵੰਡਾਵਾਂਗਾ । ਧਰਮ ਦੁਆਰਾ ਪਰਸਿਧ ਕਰਕੇ ਮਾਝੇ ਦੇਸ, ਮਜਲਸ ਭਗਤਾਂ ਨਾਲ ਰਖਾਵਾਂਗਾ । ਜਿਥੇ ਸਭ ਨੇ ਹੋਣਾ ਪੇਸ਼, ਪੇਸ਼ਤਰ ਆਪਣਾ ਹੁਕਮ ਵਰਤਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਵਾਂਗਾ । ਸਤਿਗੁਰ ਸ਼ਬਦ ਕਹੇ ਕਲਜੁਗ ਜਿਸ ਵੇਲੇ ਮਹੀਨਾ ਆਇਆ ਮੱਘਰ, ਸੰਮਤ ਸ਼ਹਿਨਸ਼ਾਹੀ ਦਸ ਨਾਲ ਮਿਲਾਈਆ । ਤੇਰੀ ਪੂਰੀ ਕਰਾਂ ਸੱਧਰ, ਆਸ਼ਾ ਵੇਖਾਂ ਚਾਈਂ ਚਾਈਆ । ਤੇਰਾ ਪਿਆਰ ਵਿਚ ਕਰਾਂ ਕ਼ਦਰ, ਕ਼ੁਦਰਤ ਦੇ ਕ਼ਾਦਰ ਨਾਲ ਮਿਲਾਈਆ । ਸਚ ਧਰਮ ਦਾ ਕਰਕੇ ਅਦਲ, ਇਨਸਾਫ਼ ਦਿਆਂ ਸਮਝਾਈਆ । ਦੀਨ ਦੁਨੀ ਦੀ ਧਾਰਾ ਦੇਵਾਂ ਬਦਲ, ਬਦਲਾ ਚੁੱਕੇ ਥਾਉਂ ਥਾਈਂਆ । ਸਭ ਦੀ ਲੇਖੇ ਲਾਵਾਂ ਮਜ਼ਲ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਉਸ ਵੇਲੇ ਕਲਜੁਗ ਅਵਤਾਰ ਪੈਗ਼ੰਬਰਾਂ ਗੁਰੂਆਂ ਨਾਮ ਕਲਮੇ ਦੀ ਇਕੋ ਸਾਂਝੀ ਗਾਉਣੀ ਗ਼ਜ਼ਲ, ਜਿਸ ਦੀ ਗ਼ਰਜ਼ ਨਾ ਕੋਇ ਰਖਾਈਆ । ਫੇਰ ਦੀਨ ਦੁਨੀ ਦਾ ਨਾਤਾ ਜੁੜਨਾ ਨਾਲ ਅਜ਼ਲ, ਲੇਖਾ ਸਕੇ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਕਲਜੁਗ ਸਚ ਸੁਹੰਜਣਾ ਵਕ਼ਤ ਸੁਹਾਉਣਾ, ਸੋਹਣੀ ਮਿਲੇ ਵਡਿਆਈਆ । ਸੰਮਤ ਸ਼ਹਿਨਸ਼ਾਹੀ ਨਾਲ ਮਿਲਾਉਣਾ, ਮਿਲਣੀ ਹਰਿ ਜਗਦੀਸ਼ ਕਰਾਈਆ । ਮੱਘਰ ਮਹੀਨਾ ਵੰਡ ਵੰਡਾਉਣਾ, ਥਿਤ ਵਾਰ ਪਹਿਲਾ ਪਰਵਿਸ਼ਟਾ ਦਿਆਂ ਜਣਾਈਆ । ਢੋਲਾ ਗੀਤ ਇਕੋ ਗਾਉਣਾ, ਗੋਬਿੰਦ ਸ਼ਬਦ ਸ਼ਬਦ ਸ਼ਨਵਾਈਆ । ਸੀਸ ਜਗਦੀਸ਼ ਇਕ ਨਿਵਾਉਣਾ, ਦੂਸਰ ਇਸ਼ਟ ਨਾ


੧੩੬
੨੪

ਕੋਇ ਮਨਾਈਆ । ਘਰ ਸੁਆਮੀ ਦਰਸ਼ਨ ਪਾਉਣਾ, ਜੋਤੀ ਜਾਤਾ ਡਗਮਗਾਈਆ । ਜਿਸ ਨੇ ਹੁਕਮ ਸੰਦੇਸ਼ਾ ਇਕ ਦ੍ਰਿੜਾਉਣਾ, ਬੁੱਧੀ ਤੋਂ ਪਰੇ ਪਰੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਕਲਜੁਗ ਨਿਗਾਹ ਮਾਰ ਲੈ ਰਤੀ, ਰਤਨ ਅਮੋਲਕ ਹੀਰੇ ਜਨ ਭਗਤ ਦਿਆਂ ਵਖਾਈਆ । ਜਿਨ੍ਹਾਂ ਦੇ ਅੰਦਰ ਇਕੋ ਨਾਮ ਦੀ ਸਿਫ਼ਤ ਰਾਗ ਛਤੀ, ਛਤੀਸੇ ਨਾਲ ਚਤੁਰਾਈਆ । ਉਨ੍ਹਾਂ ਦਾ ਮਾਲਕ ਕਮਲਾਪਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਜਿਨ੍ਹਾਂ ਦਾ ਨਿਰਗੁਣ ਧਾਰ ਜੁੜਿਆ ਨਤੀ, ਆਤਮ ਪਰਮਾਤਮ ਮਿਲ ਕੇ ਵਜਦੀ ਰਹੇ ਵਧਾਈਆ । ਉਨ੍ਹਾਂ ਦਾ ਅੰਤਰ ਅਗਨੀ ਜਗਤ ਕਦੇ ਨਾ ਤਪੀ, ਤਪੀਸ਼ਰਾਂ ਤੋਂ ਬਾਹਰ ਦਏ ਵਡਿਆਈਆ । ਭਾਗ ਲਗਾ ਕੇ ਕਾਇਆ ਮਟੀ, ਤਨ ਵਜੂਦ ਕਰੇ ਸਫ਼ਾਈਆ । ਤੂੰ ਮੇਰਾ ਮੈਂ ਤੇਰਾ ਪੜ੍ਹਾ ਕੇ ਪੱਟੀ, ਪਟਨੇ ਵਾਲੇ ਨਾਲ ਮੇਲਾ ਮੇਲੇ ਸਹਿਜ ਸੁਭਾਈਆ । ਫੇਰ ਭਰਨੀ ਪਏ ਨਾ ਚੱਟੀ, ਲੱਖ ਚੁਰਾਸੀ ਵਿਚ ਕਦੇ ਨਾ ਆਈਆ । ਜਮ ਕੀ ਫਾਸੀ ਜਾਏ ਕੱਟੀ, ਕਟਾਕਸ਼ ਆਪਣਾ ਨਾਮ ਲਗਾਈਆ । ਝਗੜਾ ਮੁਕ ਜਾਏ ਅੱਠ ਸੱਠੀ, ਤੀਰਥ ਤਟ ਨਾ ਕੋਇ ਨਹਾਈਆ । ਜੋਤ ਜਗਾਏ ਲਟ ਲਟੀ, ਨੂਰ ਨੁਰਾਨਾ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਕਲਜੁਗ ਕਹੇ ਸਤਿਗੁਰ ਸ਼ਬਦ ਤੂੰ ਆਦਿ ਜੁਗਾਦਿ ਲਿਖਾਰੀ, ਜੁਗ ਜੁਗ ਤੇਰੀ ਸਿਫ਼ਤ ਸਲਾਹੀਆ । ਤੇਰੇ ਨਾਮ ਦੀ ਮਹਿੰਮਾ ਨਿਆਰੀ, ਤੇਰੀ ਵਡ ਵਡਿਆਈਆ । ਝਟ ਨਾਰਦ ਪੁੱਜ ਗਿਆ ਹਸ ਕੇ ਕਹੇ ਸੁਣੋ ਮੇਰੀ ਸਚੀ ਸਰਕਾਰੀ, ਸਤਿਗੁਰ ਸ਼ਬਦ ਸੀਸ ਨਿਵਾਈਆ । ਤੂੰ ਪੁਰਖ ਕਿ ਨਾਰੀ, ਨਰ ਨਰਾਇਣ ਦੇ ਦ੍ਰਿੜਾਈਆ । ਤੂੰ ਇਸ਼ਟ ਦੋ ਕਿ ਚਾਰੀ, ਚਾਰ ਜੁਗ ਕੀ ਤੇਰੀ ਬੇਪਰਵਾਹੀਆ । ਤੂੰ ਸ਼ਰਅ ਕਿ ਪੁਜਾਰੀ, ਕਿ ਇਸ਼ਟ ਦੇਵ ਅਖਵਾਈਆ । ਤੂੰ ਜੋਤ ਨੂਰ ਕਿ ਨੂਰ ਨਿਰੰਕਾਰੀ, ਨਿਰਗੁਣ ਡਗਮਗਾਈਆ । ਕਿ ਤਤ ਸਰੀਰ ਅਹਾਰੀ, ਪੰਚਮ ਸੰਗ ਬਣਾਈਆ । ਮੇਰੀ ਤੇਰੇ ਅਗੇ ਨਿਮਸਕਾਰੀ, ਨਿਵ ਨਿਵ ਸੀਸ ਨਿਵਾਈਆ । ਸਚ ਦੱਸ ਕਿਸ ਬਿਧ ਕਲਜੁਗ ਅੰਤਮ ਹੋਵੇ ਖ਼ੁਆਰੀ, ਸਹਿਜ ਨਾਲ ਦ੍ਰਿੜਾਈਆ । ਸਤਿਗੁਰ ਸ਼ਬਦ ਕਹੇ ਮੇਰਾ ਹੁਕਮ ਇਕ ਜੈਕਾਰੀ, ਜੈ ਜੈਕਾਰ ਕਰਾਈਆ । ਕਲਜੁਗ ਕਹੇ ਮੈਂ ਜਾਵਾਂ ਬਲਹਾਰੀ, ਬਲ ਬਲ ਆਪਣਾ ਆਪ ਕਰਾਈਆ । ਨਾਰਦ ਕਹੇ ਇਕ ਸੁਣੋ ਬਾਤ ਹਮਾਰੀ, ਹਮ ਸਾਜਣ ਹੋ ਕੇ ਦਿਆਂ ਜਣਾਈਆ । ਨਿਗਾਹ ਮਾਰੋ ਵਿਸ਼ਨ ਬ੍ਰਹਮਾ ਸ਼ਿਵ ਸੰਸਾਰੀ ਭੰਡਾਰੀ ਸੰਘਾਰੀ, ਲੋਕਮਾਤ ਨੈਣ ਉਠਾਈਆ । ਪੁਰਖ ਅਕਾਲਾ ਦੀਨ ਦਿਆਲਾ ਕੀ ਖੇਲ ਕਰੇ ਅਪਰ ਅਪਾਰੀ, ਅਪਰੰਪਰ ਆਪਣੀ ਕਾਰ ਭੁਗਤਾਈਆ । ਜੋ ਹੁਕਮ ਸੰਦੇਸ਼ਾ ਦੇ ਕੇ ਆਏ ਵਾਰੋ ਵਾਰੀ, ਸਤਿਜੁਗ ਤ੍ਰੇਤਾ ਦੁਆਪਰ ਲੋਕਮਾਤ ਦ੍ਰਿੜਾਈਆ । ਅੰਤਮ ਆਵੇ ਕਲ ਕਲਕੀ ਅਵਤਾਰੀ, ਨਿਹਕਲੰਕਾ ਰੂਪ ਬਦਲਾਈਆ । ਅਮਾਮ ਅਮਾਮਾ ਵਡ ਸਿਕਦਾਰੀ, ਸ਼ਹਿਨਸ਼ਾਹ ਇਕ ਅਖਵਾਈਆ । ਸੋ ਜਨ ਭਗਤਾਂ ਦੇਵੇ ਨਾਮ ਖ਼ੁਮਾਰੀ, ਮਸਤੀ ਮਸਤੀਉਂ ਬਾਹਰ ਜਣਾਈਆ । ਆਤਮ ਧਾਰ ਲਗਾ ਕੇ ਯਾਰੀ, ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਜਿਸ ਦਾ ਵਕਤ ਸੁਹੰਜਣਾ ਹੋਣਾ ਜਗਤ ਤਿਉਹਾਰੀ, ਲੋਕਮਾਤ ਮਿਲੇ ਵਡਿਆਈਆ । ਜਿਸ ਫਿਰਨਾ ਜੰਗਲ ਜੂਹ ਉਜਾੜ ਪਹਾੜੀ, ਟਿੱਲੇ ਪਰਬਤਾਂ ਸੋਭਾ ਪਾਈਆ । ਉਹਦਾ ਲੇਖਾ ਦੋ ਜਹਾਨਾਂ ਪਿਛਾੜ ਅਗਾੜੀ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਨਾਰਦ



੧੩੭ ੨੪

ਤੂੰ ਕਿਉਂ ਪਿਆ ਹਸ, ਹਸ ਕੇ ਦੇ ਜਣਾਈਆ । ਨਾਰਦ ਕਹੇ ਪ੍ਰਭੂ ਤੇਰਾ ਭੇਵ ਨਾ ਸਕਾਂ ਦੱਸ, ਦਹਿ ਦਿਸ਼ਾ ਵੇਖ ਵਖਾਈਆ । ਉਧਰੋਂ ਕਲਜੁਗ
ਆਇਆ ਨਸ, ਆਪਣਾ ਪੰਧ ਮੁਕਾਈਆ । ਨੇਤਰ ਖੋਲ੍ਹੇ ਰਵ ਸਸ, ਸੂਰੀਆ ਚੰਨ ਅੱਖ ਉਠਾਈਆ । ਪ੍ਰਿਥਮੀ ਆਕਾਸ਼ ਗਾਵੇ ਜਸ, ਮੰਡਲ
ਮੰਡਪ ਢੋਲੇ ਰਹੇ ਸੁਣਾਈਆ । ਸਭ ਦਾ ਏਕਾ ਗ੍ਰਿਹ ਹੋਇਆ ਇਕੱਠ, ਮਿਲ ਕੇ ਵਜੇ ਵਧਾਈਆ । ਕਰੋੜ ਤੇਤੀਸਾ ਸਰਨ ਸਰਨਾਈ ਰਿਹਾ ਢਠ,
ਨਿਵ ਨਿਵ ਲਾਗੇ ਪਾਈਆਂ । ਗੁਰ ਅਵਤਾਰ ਪੈਗ਼ੰਬਰ ਜੋਤੀ ਨੂਰ ਤਕਣ ਲਟ ਲਟ, ਨੂਰ ਨੂਰ ਵਿਚੋਂ ਪਰਗਟਾਈਆ । ਸਤਿਗੁਰ ਸ਼ਬਦ ਹੁਕਮ
ਦਿਤਾ ਝਟ, ਸਹਿਜ ਨਾਲ ਸੁਣਾਈਆ । ਕਲਜੁਗ ਆਪਣੀ ਕਰਵਟ ਵਟ, ਪਾਸਾ ਲੈ ਬਦਲਾਈਆ । ਨਾਰਦਾ ਤੂੰ ਨਹੀਂ ਰਹਿਣਾ ਵਖ, ਵਖਰੀ
ਵੰਡ ਨਾ ਕੋਇ ਵੰਡਾਈਆ । ਉਹ ਵੇਖ ਲੈ ਦੀਨ ਦੁਨੀ ਦੇ ਭਾਂਡੇ ਹੁੰਦੇ ਸਖ, ਵਸਤ ਨਾਮ ਸਚ ਨਾ ਕੋਇ ਵਰਤਾਈਆ । ਅਵਤਾਰ ਪੈਗ਼ੰਬਰ ਗੁਰੂ
ਕਰੇ ਕੋਈ ਨਾ ਕਿਸੇ ਦਾ ਪੱਖ, ਪਾਰਖੂ ਨਜ਼ਰ ਕੋਇ ਨਾ ਆਈਆ । ਬਿਨਾ ਪੁਰਖ ਅਕਾਲ ਤੋਂ ਜੈਕਾਰਾ ਬੋਲੇ ਨਾ ਕੋਇ ਅਲੱਖ, ਅਲਖ ਅਗੋਚਰ
ਸੀਸ ਨਾ ਕੋਇ ਨਿਵਾਈਆ । ਜਿਸ ਦੇ ਗੋਬਿੰਦ ਸੱਥਰ ਗਿਆ ਲਥ, ਯਾਰੜਾ ਸੇਜ ਹੰਢਾਈਆ । ਸੋ ਸਾਹਿਬ ਸੁਆਮੀ ਅੰਤਰਜਾਮੀ ਜਨ ਭਗਤਾਂ
ਦੇਵੇ ਨਾਮ ਅਗੰਮੀ ਵਥ, ਵਸਤ ਅਮੋਲਕ ਆਪ ਵਰਤਾਈਆ । ਜਿਸ ਦੀ ਸਿਫ਼ਤ ਸਲਾਹ ਵਡਿਆਈ ਅਕਥ, ਕਥਨੀ ਕਥ ਨਾ ਸਕੇ ਰਾਈਆ ।
ਅੰਤ ਉਸ ਦੇ ਸਭ ਕਿਛ ਹੱਥ, ਜੋ ਆਦਿ ਜੁਗਾਦੀ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ
 ਵਰ, ਸਚ ਦਾ ਹੁਕਮ ਸਚ ਸੁਣਾਈਆ । ਨਾਰਦ ਕਹੇ ਸਤਿਗੁਰ ਸ਼ਬਦ ਸ਼ਹਿਨਸ਼ਾਹੀ ਸੰਮਤ ਜਾਏ ਲੰਘਦਾ, ਕਲਜੁਗ ਆਪਣਾ ਪੰਧ ਮੁਕਾਈਆ । ੧੩੮
 ਕੀ ਕੁਛ ਅੰਤਮ ਮੰਗਦਾ, ਸਤਿਗੁਰ ਦੇ ਸਮਝਾਈਆ । ਜਿਸ ਵਿਹਾਰ ਕੀਤਾ ਜਨ ਭਗਤਾਂ ਪੰਜ ਪੰਜ ਦਾ, ਪੰਚਮ ਬਖ਼ਸ਼ੀ ਮਾਣ ਵਡਿਆਈਆ । ੨੪
ਝਗੜਾ ਮੇਟ ਕੇ ਗ਼ਮ ਰੰਜ ਦਾ, ਖ਼ੁਸ਼ੀ ਖ਼ੁਸ਼ੀ ਵਿਚੋਂ ਸਮਝਾਈਆ । ਭੇਵ ਚੁਕਾ ਕੇ ਸਵੇਰ ਸੰਝ ਦਾ, ਇਕੋ ਗ੍ਰਿਹ ਵਡਿਆਈਆ । ਪੜਦਾ ਲਾਹ
ਕੇ ਆਪਣੇ ਅਨੰਦ ਦਾ, ਅਨੰਦ ਅਨੰਦ ਵਿਚੋਂ ਦਰਸਾਈਆ । ਸੱਜਣ ਬਣਾ ਕੇ ਆਪਣੇ ਅੰਗ ਦਾ, ਅੰਗੀਕਾਰ ਆਪ ਹੋ ਜਾਈਆ । ਢੋਲਾ ਜਣਾ
ਕੇ ਸੋਹੰ ਛੰਦ ਦਾ, ਆਤਮ ਪਰਮਾਤਮ ਜੋੜ ਜੁੜਾਈਆ । ਪੰਧ ਮੁਕਾ ਕੇ ਮੁਹਾਣੇ ਵੰਝ ਦਾ, ਦੋ ਜਹਾਨਾਂ ਪਾਰ ਕਰਾਈਆ । ਲੇਖਾ ਰਹੇ ਨਾ ਨਵ
ਖੰਡ ਦਾ, ਬ੍ਰਹਿਮੰਡ ਦਾ ਡੇਰਾ ਢਾਹੀਆ । ਅਗਲਾ ਹੁਕਮ ਸੰਦੇਸ਼ਾ ਸੂਰੇ ਸਰਬਗ ਦਾ, ਸਹਿਜ ਨਾਲ ਸੁਣਾਈਆ । ਜਿਸ ਨਿਸ਼ਾਨਾ ਮੇਟਣਾ ਤਾਰੇ
ਚੰਨ ਦਾ, ਆਸ਼ਾ ਮੁਹੰਮਦ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ
ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਨਾਰਦ ਜਨ ਭਗਤ ਸੁਹੇਲੇ ਢੋਲੇ ਗਾਉਣਗੇ । ਗੁਰ ਚੇਲੇ ਖ਼ੁਸ਼ੀ ਮਨਾਉਣਗੇ । ਛੱਬੀ ਪੋਹ ਦਾ ਵਕ਼ਤ
ਸੁਹਾਉਣਗੇ । ਦੋ ਇਕ ਦਾ ਰੂਪ ਵਟਾਉਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ
ਕਾਰ ਕਮਾਉਣਗੇ । ਛੱਬੀ ਪੋਹ ਕਹੇ ਜਨ ਭਗਤੋ ਮੇਰਾ ਵਕ਼ਤ ਹੋਣਾ ਸੁਹੰਜਣਾ, ਪ੍ਰਭ ਦੇਵੇ ਮਾਣ ਵਡਿਆਈਆ । ਜੋਤ ਜਗਾਏ ਆਦਿ ਨਿਰੰਜਣਾ,
ਨੂਰ ਨੁਰਾਨਾ ਅਗੰਮ ਅਥਾਹੀਆ । ਜਿਸ ਗ਼ਰੀਬ ਨਿਮਾਣਿਆਂ ਲਾਉਣਾ ਅੰਗਣਾ, ਆਪਣੀ ਗੋਦ ਟਿਕਾਈਆ । ਨੂਰੀ ਨੂਰ ਚਮਕਾ ਕੇ ਚੰਦਨਾ, ਜੋਤੀ
ਜਾਤਾ ਡਗਮਗਾਈਆ । ਜਨ ਭਗਤੋ ਘਰੋਂ ਸਭ ਨੇ ਕਰਕੇ ਚਲਣਾ ਬੰਦਨਾ, ਧੂੜੀ ਮਸਤਕ ਖ਼ਾਕ ਰਮਾਈਆ । ਪ੍ਰੇਮ ਪਿਆਰ ਦਾ ਪਰਸਾਦਿ ਛਕਣਾ,

ਗ੍ਰਿਹਿ ਗ੍ਰਿਹਿ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤ ਬਾਵਨ ਧਾਰ ਸੁਹਾਉਣਗੇ । ਬਵੰਜਾ ਬਵੰਜਾ ਰੰਗ ਰੰਗਾਉਣਗੇ । ਪੀਲੇ ਟਿੱਕੇ ਮਸਤਕ ਵਿਚ ਲਗਾਉਣਗੇ । ਵੱਡੇ ਨਿੱਕੇ ਰੰਗ ਨਾ ਕੋਇ ਰੰਗਾਉਣਗੇ । ਚਿੱਟੇ ਬਸਤਰ ਸਾਰੇ ਪਾਉਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਉਣਗੇ । ਬਵੰਜਾ ਹੋਣਗੇ ਸ਼ਸਤਰਧਾਰੀ, ਖੰਡੇ ਖੜਗ ਨਾਲ ਵਡਿਆਈਆ । ਬਵੰਜਾ ਰੂਪ ਬਦਲ ਕੇ ਨਾਰੀ, ਖੁਲ੍ਹੀ ਮੇਂਢੀ ਦੇਣ ਵਖਾਈਆ । ਬਵੰਜਾ ਬਣ ਕੇ ਸ਼ਾਹ ਸਿਕਦਾਰੀ, ਕਲਗੀ ਸੀਸ ਲਗਾਈਆ । ਬਵੰਜਾ ਨੇਤਰ ਰੋਵਣ ਜ਼ਾਰੋ ਜ਼ਾਰੀ, ਹੰਝੂਆਂ ਹਾਰ ਬਣਾਈਆ । ਬਵੰਜਾ ਬਣੇ ਹੋਣ ਪੁਜਾਰੀ, ਤਸਬੀ ਮਾਲਾ ਹੱਥ ਉਠਾਈਆ । ਬਵੰਜਾ ਚੜ੍ਹੀ ਹੋਵੇ ਖ਼ੁਮਾਰੀ, ਮਸਤੀ ਵੰਡ ਵੰਡਾਈਆ । ਬਵੰਜਾ ਬਣੇ ਹੋਣ ਭੰਡਾਰੀ, ਫੁਲਕੇ ਪੰਜ ਪੰਜ ਹੱਥ ਉਠਾਈਆ । ਬਵੰਜਾ ਬਣੇ ਹੋਣ ਪੁਜਾਰੀ, ਸੋਹਣਾ ਰੂਪ ਬਦਲਾਈਆ । ਪੰਜਾਂ ਦੀ ਬਵੰਜਾ ਨਾਲ ਹੋਵੇ ਯਾਰੀ, ਪੰਜ ਪਿਆਰੇ ਜੋੜ ਜੁੜਾਈਆ । ਪੰਜ ਦਰਬਾਰੀ ਮਸਤਕ ਲਿਖ ਕੇ ਲਾਈ ਹੋਵੇ ਮੌਤ ਲਾੜੀ, ਨੀਲੇ ਰੰਗ ਨਾਲ ਲਿਖਾਈਆ । ਪੰਜਾਂ ਲਿਖਾਰੀਆਂ ਬਿਨਾ ਮੁੱਛ ਤੋਂ ਰਖੀ ਹੋਵੇ ਦਾਹੜੀ, ਆਪਣਾ ਰੂਪ ਜਣਾਈਆ । ਬਵੰਜਾ ਮਾਰਦੇ ਆਉਣ ਤਾੜੀ, ਤੂੰ ਹੀ ਪਿਤਾ ਤੂੰ ਹੀ ਮਾਈਆ । ਬਵੰਜਾ ਫਿਰਨ ਪਿਛੇ ਅਗਾੜੀ, ਭੱਜਣ ਵਾਹੋ ਦਾਹੀਆ । ਬਵੰਜਾ ਬੀਬੀਆਂ ਗੀਤ ਗਾਉਣਗੀਆਂ ਪਹਾੜੀ, ਸੋਹਣਾ ਰਾਗ ਸੁਣਾਈਆ । ਬਵੰਜਾ ਫੜੀ ਹੋਵੇ ਹੱਥ ਪਟਾਰੀ, ਪਟਨੇ ਵਾਲਾ ਲਿਖਣਾ ਚਾਈਂ ਚਾਈਂਆ । ਬਵੰਜਾ ਕੱਜਲ ਨੈਣ ਹੋਵੇ ਧਾਰੀ, ਕਾਲਾ ਰੰਗ ਸੁਹਾਈਆ । ਬਵੰਜਾ ਰੂਪ ਬਣਿਆ ਹੋਵੇ ਪਨਿਹਾਰੀ, ਪਨਘਟ ਆਪਣਾ ਆਪ ਬਣਾਈਆ । ਬਵੰਜਾ ਕੀਤਾ ਹੋਵੇ ਸ਼ਿੰਗਾਰੀ, ਸੀਸ ਸੱਗੀ ਨਾਲ ਵਡਿਆਈਆ । ਬਵੰਜਾ ਗੁਰਮੁਖ ਚਰਨ ਚਰਨ ਨਾਲ ਆਉਣਗੇ ਝਾੜੀ, ਪੈਰ ਪੈਰ ਨਾਲ ਬਦਲਾਈਆ । ਬਵੰਜਾ ਬਾਵਨ ਧਾਰ ਨਾਲ ਦੋਹਾਂ ਹੱਥਾਂ ਦੀ ਮਾਰਨ ਉਡਾਰੀ, ਸੋਹਣਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਛੱਬੀ ਪੋਹ ਕਹੇ ਮੇਰਾ ਦਿਵਸ ਸੁਹੰਜਣਾ ਆਉਣਾ, ਮੈਂ ਸਚ ਦਿਆਂ ਸੁਣਾਈਆ । ਸਭ ਨੇ ਇਕੋ ਗੀਤ ਗਾਉਣਾ, ਦੂਜਾ ਰਾਗ ਨਾ ਕੋਇ ਸੁਣਾਈਆ । ਇਕੋ ਇਸ਼ਟ ਮਨਾਉਣਾ, ਪੁਰਖ ਅਕਾਲ ਸੀਸ ਝੁਕਾਈਆ । ਇਕੋ ਘਰ ਵਸਾਉਣਾ, ਗ੍ਰਿਹਿ ਮੰਦਰ ਮਿਲੇ ਵਡਿਆਈਆ । ਬਾਵਨ ਧਾਰ ਬਵੰਜਾ ਰੰਗ ਰੰਗਾਉਣਾ, ਰੰਗਤ ਪੀਲੀ ਪਗੜੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਨਵ ਨਵ ਦੀ ਧਾਰ, ਪ੍ਰਭ ਸੋਹਣੀ ਵੰਡ ਵੰਡਾਈਆ । ਹਰਿ ਸੰਗਤ ਸੰਗਤ ਪਿਆਰ, ਹਰਿ ਮੇਲਾ ਸਹਿਜ ਸੁਭਾਈਆ । ਹਰਿ ਸੰਗਤ ਸੰਗਤ ਦੀਦਾਰ, ਦਰਸ਼ਨ ਧੁਰਦਰਗਾਹੀਆ । ਹਰਿ ਸੰਗਤ ਗੁਲਸ਼ਨ ਧਰਮ ਦੀ ਮੌਲੇ ਬਹਾਰ, ਰੁੱਤ ਬਸੰਤ ਵਡਿਆਈਆ । ਸਭ ਨੇ ਬੋਲਣਾ ਇਕ ਜੈਕਾਰ, ਇਕ ਅਵਾਜ਼ ਉਠਾਈਆ । ਬਵੰਜਾ ਵਾਰ ਸਭ ਕਰਨਗੇ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਬਵੰਜਾ ਭੇਟਾ ਕਰਨਗੇ ਅਪਰ ਅਪਾਰ, ਜਿਸ ਦਾ ਭੇਵ ਨਾ ਕੋਇ ਜਣਾਈਆ । ਬਵੰਜਾ ਪ੍ਰੇਮ ਦੀ ਵਜਾਉਂਦੇ ਆਉਣ ਸਿਤਾਰ, ਸੋਈ ਸੁਰਤ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਛੱਬੀ ਪੋਹ ਕਹੇ ਜਨ ਭਗਤੋਂ ਤੁਹਾਡੀ ਮੇਰੇ ਨਾਲ ਹਿੱਸਾ

੧੩੯
੨੪

ਪੱਤੀ, ਸੱਜਣੋ ਦਿਆਂ ਜਣਾਈਆ । ਤੁਸਾਂ ਫ਼ਿਕਰ ਨਾ ਕਰਨਾ ਰਤੀ, ਰਤਨ ਅਮੋਲਕ ਹੀਰਿਓ ਮਿਲੇ ਵਡਿਆਈਆ । ਤੁਹਾਡਾ ਮਾਲਕ ਕਮਲਾਪਤੀ,
ਪਤਿਪਰਮੇਸ਼ਵਰ ਇਕ ਅਖਵਾਈਆ । ਤੁਸਾਂ ਖ਼ੁਸ਼ੀਆਂ ਵਿਚ ਦੇਗਾਂ ਚਾੜ੍ਹਨੀਆਂ ਛੱਤੀ, ਚਾਵਲ ਰਾਵਲ ਨਾਲ ਵਡਿਆਈਆ । ਬਾਰਾਂ ਨੌ ਅੱਠ ਸੱਤ
ਮਾਝਾ ਮਾਲਵਾ ਦੁਆਬਾ ਜੰਮੂ ਖ਼ੁਸ਼ੀਆਂ ਨਾਲ ਹਿੱਸਾ ਦੇਵਣ ਘੱਤੀ, ਆਪਣੀ ਖ਼ੁਸ਼ੀ ਬਣਾਈਆ । ਇਹ ਮੰਗ ਮੰਗੀ ਸੀ ਸਪਤਸ ਰਿਖੀਆਂ ਜਿਸ ਵੇਲੇ
ਬਣੇ ਜਗਤ ਦੇ ਤਪੀ, ਤਪੀਸ਼ਰ ਰੂਪ ਬਦਲਾਈਆ । ਰਾਮ ਨੇ ਸੀਤਾ ਨੂੰ ਕੀਤੀ ਪੱਕੀ, ਸਹਿਜ ਨਾਲ ਦ੍ਰਿੜਾਈਆ । ਕ੍ਰਿਸ਼ਨ ਨੇ ਰਾਧਾ ਨੂੰ ਇਸ਼ਾਰਾ
ਕੀਤਾ ਨਾਲ ਅੱਖੀ, ਅੱਖੀਆਂ ਮਾਰ ਜਣਾਈਆ । ਜਿਸ ਵੇਲੇ ਆਤਮਾ ਪਰਮਾਤਮਾ ਦੀ ਬਣੀ ਸਖ਼ੀ, ਸੁਖ਼ਨ ਸਭ ਦੇ ਪੂਰ ਕਰਾਈਆ । ਉਹ ਦਾਤਾ
ਗਹਿਰ ਗੰਭੀਰ ਜਿਹੜਾ ਕੱਖੋਂ ਕਰੇ ਲੱਖੀ, ਅਲਖ ਅਗੋਚਰ ਇਕ ਅਖਵਾਈਆ । ਜਿਸ ਨੇ ਚੌਥੇ ਜੁਗ ਦੀ ਤਪਾਉਣੀ ਭੱਠੀ, ਭਠਿਆਲਾ ਕਲਜੁਗ
ਨਾਲ ਮਿਲਾਈਆ । ਬਵੰਜਾ ਗੁਰਮੁਖ ਅੱਗ ਡਾਹੁਣਗੇ ਇਕੱਠੀ, ਮਾਚਸ ਇਕੋ ਵਾਰ ਲਗਾਈਆ । ਮੁਹੰਮਦ ਕੂਕੇਗਾ ਮੇਰੀ ਸਦੀ ਚੌਧਵੀਂ ਜਾਂਦੀ
ਨਠੀ, ਭੱਜੇ ਵਾਹੋ ਦਾਹੀਆ । ਈਸਾ ਅੱਖ ਖੋਲ੍ਹੇ ਆਪਣੀ ਪੱਟੀ, ਪਟਨੇ ਵਾਲੇ ਨਾਲ ਮਿਲਾਈਆ । ਉਠ ਵੇਖ ਲੈ ਗੋਬਿੰਦਾ ਨਿਰਗੁਣ ਜੋਤ ਇਕ
ਜੱਟ ਦੀ ਬਣ ਗਈ ਜੱਟੀ, ਜੋਬਨ ਆਪਣਾ ਗਈ ਹੰਢਾਈਆ । ਨਾ ਕੋਈ ਅੱਖਰ ਪੜ੍ਹਦੀ ਨਾ ਕੋਈ ਲਿਖਦੀ ਪੱਟੀ, ਹਰਫ਼ਾਂ ਵੰਡ ਨਾ ਕੋਇ ਵੰਡਾਈਆ ।
ਮੂਸਾ ਕਹੇ ਉਸੇ ਦੇ ਹੁਕਮ ਵਿਚ ਸਾਨੂੰ ਭਰਨੀ ਪੈਣੀ ਚੱਟੀ, ਚੇਟਕ ਅਵਰ ਨਾ ਕੋਇ ਰਖਾਈਆ । ਕਲਜੁਗ ਕਹੇ ਮੇਰੀ ਡੋਰੀ ਜਾਣੀ ਕੱਟੀ, ਕਟਾਕਸ਼
੧੪੦ ਆਪਣਾ ਨਾਮ ਲਗਾਈਆ । ਨਾਰਦ ਕਹੇ ਮੈਂ ਵੀ ਛੱਬੀ ਪੋਹ ਨੂੰ ਬਿਨਾ ਤੇਲ ਤੋਂ ਜਗਾਵਾਂਗਾ ਵੱਟੀ, ਸਭ ਨੂੰ ਦਿਆਂ ਵਖਾਈਆ । ਸਤਿਗੁਰ ਸ਼ਬਦ ੧੪੦
੨੪ ਕਹੇ ਮੈਂ ਵੀ ਵਸਾਂਗਾ ਘਟ ਘਟੀ, ਜਨ ਭਗਤੋ ਤੁਹਾਡੇ ਅੰਦਰ ਡੇਰਾ ਲਾਈਆ । ਜੋਤ ਜਗਾਵਾਂ ਲਟ ਲਟੀ, ਨੂਰ ਨੂਰ ਕਰ ਰੁਸ਼ਨਾਈਆ । ਜੋਤੀ ੨੪
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਛੱਬੀ ਪੋਹ ਕਹੇ ਮੇਰਾ ਵਕ਼ਤ ਸੁਹਾਵਾ,
ਜਨ ਭਗਤੋ ਮਿਲੇ ਵਡਿਆਈਆ । ਮੇਰਾ ਪ੍ਰਭੂ ਦੇ ਨਾਲ ਦਾਅਵਾ, ਦਾਅਵੇਦਾਰ ਹੋ ਕੇ ਦਿਆਂ ਸੁਣਾਈਆ । ਸਭ ਦਾ ਸਚਖੰਡ ਵਿਚ ਲੱਗਣਾ ਨਾਵਾਂ,
ਨਿਰੰਕਾਰ ਬਿਨ ਅੱਖਰਾਂ ਦਏ ਲਿਖਾਈਆ । ਅੰਤ ਛਡਣਾ ਜਗਤ ਗਰਾਵਾਂ, ਗ੍ਰਿਹਿ ਮੰਦਰ ਸੰਗ ਨਾ ਕੋਇ ਨਿਭਾਈਆ । ਜਨ ਭਗਤੋ ਭਗਤ ਰਹੇ
ਨਾ ਕੋਇ ਨਿਥਾਵਾਂ, ਸਚਖੰਡ ਮੇਲਾ ਮਿਲੇ ਸਹਿਜ ਸੁਭਾਈਆ । ਤੁਸਾਂ ਆਉਣਾ ਨਾਲ ਚਾਵਾਂ, ਚਾਉ ਘਨੇਰਾ ਇਕ ਬਣਾਈਆ । ਸਤਿਗੁਰ ਮਿਲੇ
ਅੱਗੋਂ ਦੋਵੇਂ ਚੁਕ ਕੇ ਬਾਹਵਾਂ, ਬਿਨਾ ਤਨ ਵਜੂਦ ਤੋਂ ਗਲਵਕੜੀ ਲਏ ਪਾਈਆ । ਤੁਹਾਡਾ ਨਾਤਾ ਜੋੜਨਾ ਬਿਨਾ ਭਰਾਵਾਂ ਤੋਂ ਵਾਂਗ ਭਰਾਵਾਂ, ਜਿਹੜੇ
ਵੀਰ ਵਿਛੜ ਕਦੇ ਨਾ ਜਾਈਆ । ਕਿਸੇ ਨੇ ਹੌਕਾ ਭਰਨਾ ਨਹੀਂ ਹਾਵਾ, ਹਾਏ ਉਫ਼ ਨਾ ਕੋਇ ਸੁਣਾਈਆ । ਯਾਦ ਰਖਿਓ ਛੱਬੀ ਪੋਹ ਕਹੇ ਤੁਸਾਂ
ਸਤਿਗੁਰ ਸ਼ਬਦ ਨਾਲ ਲੈਣੀਆਂ ਲਾਵਾਂ, ਲਾਇਨ ਸਤਿਜੁਗ ਵਾਲੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ
ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਜੁਗ ਕਹੇ ਮੈਂ ਛੱਬੀ ਪੋਹ ਤੇ ਆਵਾਂਗਾ । ਜੋਤੀ ਜਾਤੇ ਪੁਰਖ ਬਿਧਾਤੇ ਵਿਚ ਸਮਾਵਾਂਗਾ ।
ਨਿਰਗੁਣ ਧਾਰ ਜੋੜ ਕੇ ਨਾਤੇ, ਰਿਸ਼ਤਾ ਆਪਣਾ ਇਕ ਵਖਾਵਾਂਗਾ । ਜਨ ਭਗਤੋ ਤੁਹਾਡੇ ਨਾਲ ਕਰਕੇ ਦੋ ਚਾਰ ਬਾਤੇਂ, ਬਾਤਨ ਆਪਣਾ ਭੇਵ
ਖੁਲ੍ਹਾਵਾਂਗਾ । ਮੇਰੇ ਵਿਚ ਝਗੜਾ ਰਹਿਣਾ ਨਹੀਂ ਜ਼ਾਤ ਪਾਤੇ, ਦੀਨ ਮਜ਼੍ਹਬ ਨਾ ਵੰਡ ਵੰਡਾਵਾਂਗਾ । ਕਲਜੁਗ ਦੇ ਪੇਟੇ ਪਾ ਕੇ ਦੀਨ ਮਜ਼੍ਹਬ ਦੇ ਖਾਤੇ,

ਖ਼ਤਰਾ ਸ਼ਰਅ ਵਾਲਾ ਚੁਕਾਵਾਂਗਾ । ਇਕੋ ਦੱਸਕੇ ਪ੍ਰਭੂ ਦੀ ਗਾਥੇ, ਢੋਲਾ ਸੋਹਲਾ ਰਾਗ ਸੁਣਾਵਾਂਗਾ । ਜੋ ਹੋਏ ਸਹਾਈ ਅਨਾਥ ਅਨਾਥੇ, ਦੀਨ ਦਿਆਲ ਇਕ ਦ੍ਰਿੜਾਵਾਂਗਾ । ਜੋ ਲਹਿਣਾ ਦੇਣਾ ਬਦਲੇ ਮਸਤਕ ਮਾਥੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਵਾਂਗਾ । ਸਤਿਗੁਰ ਸ਼ਬਦ ਕਹੇ ਛੱਬੀ ਪੋਹ ਦਿਵਸ ਦਿਹਾੜਾ ਹੋਣਾ ਚੰਗਾ, ਸਚ ਦਿਆਂ ਸੁਣਾਈਆ । ਕੁਛ ਹਿੱਸਾ ਲੈ ਕੇ ਜਮਨਾ ਸੁਰਸਤੀ ਗੋਦਾਵਰੀ ਗੰਗਾ, ਆਪਣਾ ਪੰਧ ਮੁਕਾਈਆ । ਭੱਜਾ ਆਵੇ ਨਾਲ ਨਾਰਦ ਪੰਡਾ, ਬੋਦੀ ਖ਼ੁਸ਼ੀਆਂ ਵਾਲੀ ਹਿਲਾਈਆ । ਨਾਲੇ ਕਲਜੁਗ ਦਾ ਦੱਸਦਾ ਆਵੇ ਕੰਢਾ, ਕੰਢੀ ਘਾਟ ਦੁਹਾਈਆ । ਕਲਜੁਗ ਫੜ ਕੇ ਹੱਥ ਵਿਚ ਵਿੰਗਾ ਟੇਢਾ ਡੰਡਾ, ਭੱਜੇ ਵਾਹੋ ਦਾਹੀਆ । ਨਾਲੇ ਧਰਮ ਆਵੇ ਕਹੇ ਮੈਂ ਹੋ ਗਿਆ ਰੰਡਾ, ਮੇਰੀ ਜਗਤ ਦੁਹਾਈਆ । ਉਧਰੋਂ ਚਮਕ ਕੇ ਕਹੇ ਗੋਬਿੰਦ ਦਾ ਖੰਡਾ, ਖੜਗਾਂ ਦਏ ਹਿਲਾਈਆ । ਵੇਖੇ ਨੌ ਖੰਡ ਪ੍ਰਿਥਮੀ ਵੰਡਾ, ਹਿੱਸੇ ਦੀਨ ਦੁਨੀ ਜਣਾਈਆ । ਕੀ ਲਹਿਣਾ ਦੇਣਾ ਚੰਡ ਪਰਚੰਡਾ, ਤੀਰ ਤਰਕਸ਼ਾਂ ਨਾਲ ਕੀ ਖੇਲ ਖਿਲਾਈਆ । ਕੀ ਇਸ਼ਾਰਾ ਦੇਵੇ ਤਾਰਾ ਚੰਦਾ, ਬਿਨ ਸੈਨਤ ਸੈਨਤ ਲਗਾਈਆ । ਦੋ ਜਹਾਨ ਕਹਿਣ ਵੇਖੋ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਜੋਤੀ ਧਾਰ ਬਣ ਗਿਆ ਬੰਦਾ, ਬੰਦਗੀ ਤੋਂ ਰਹਿਤ ਆਪਣਾ ਖੇਲ ਖਿਲਾਈਆ । ਜਿਸ ਨਾਮ ਕਲਮੇ ਦਾ ਕਿਸੇ ਨੂੰ ਲੈਣ ਦੇਣਾ ਨਹੀਂ ਚੰਦਾ, ਮਾਇਆ ਮਮਤਾ ਵੰਡ ਨਾ ਕੋਇ ਵੰਡਾਈਆ । ਬਿਨਾ ਅਨੁਭਵ ਦ੍ਰਿਸ਼ਟੀ ਤੋਂ ਰਹਿਣ ਦੇਵੇ ਕੋਈ ਨਾ ਪੰਡਾ, ਜਗਤ ਵਿਦਿਆ ਲੇਖਾ ਢਾਹੀਆ । ਲਹਿਣਾ ਦੇਣਾ
੧੪੧ ਜਾਣੇ ਜੇਰਜ ਅੰਡਾ, ਉਤਭੁਜ ਸੇਤਜ ਵੇਖ ਵਖਾਈਆ । ਜੋ ਮੁਹੰਮਦ ਇਸ਼ਾਰਾ ਦਿਤਾ ਮੇਰਾ ਮਿਹਰਵਾਨ ਖੇਲ ਕਰੇਗਾ ਯਕ ਸ਼ੰਭਾ, ਮਹਿਬਾਨ ਬੀਦੋ ੧੪੧
੨੪ ਨੂਰ ਅਲਾਹੀਆ । ਉਸ ਦਾ ਹੁਕਮ ਵਰਤਣਾ ਅਚੰਭਾ, ਅਚਰਜ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ੨੪
ਕਰ, ਸਦ ਆਪਣਾ ਸੰਗ ਬਣਾਈਆ । ਸਤਿਗੁਰ ਸ਼ਬਦ ਕਹੇ ਮੱਘਰਾ ਕੁਛ ਕਰ ਲੈ ਬਾਤ, ਆਪਣਾ ਹਾਲ ਜਣਾਈਆ । ਤੇਰੀ ਖ਼ੁਸ਼ੀਆਂ ਵਾਲੀ ਰਾਤ, ਭਿੰਨੜੀ ਵਜੇ ਵਧਾਈਆ । ਭਗਤਾਂ ਤਕ ਜਮਾਤ, ਬੈਠੇ ਆਸਣ ਲਾਈਆ । ਜਿਨ੍ਹਾਂ ਦਾ ਮਾਲਕ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਅੰਤਮ ਪੁਛੇ ਵਾਤ, ਵੇਖਣਹਾਰਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਸੰਗ ਆਪ ਰਖਾਈਆ । ਮੱਘਰ ਕਹੇ ਸਤਿਗੁਰ ਸ਼ਬਦ ਮੈਂ ਦੱਸਾਂ ਨਾਲ ਪਿਆਰ, ਪ੍ਰੇਮ ਵਿਚ ਜਣਾਈਆ । ਮੇਰੀ ਨਮੋ ਨਮੋ ਨਿਮਸਕਾਰ, ਜਨ ਭਗਤਾਂ ਸੀਸ ਨਿਵਾਈਆ । ਜੋ ਆਏ ਭਗਤ ਦੁਆਰ, ਬਣ ਕੇ ਪਾਂਧੀ ਰਾਹੀਆ । ਸਭ ਦੀ ਪੈਜ ਦੇਣੀ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਰਾਤੀ ਸੁਤਿਆਂ ਸਭ ਨੂੰ ਦੇਣਾ ਦੀਦਾਰ, ਛੱਬੀ ਪੋਹ ਤਕ ਖ਼ਾਲੀ ਰਹਿਣ ਕੋਇ ਨਾ ਪਾਈਆ । ਯਾਰਾਂ ਨੂੰ ਮਿਲਣਾ ਬਣ ਕੇ ਧੁਰ ਦਾ ਯਾਰ, ਯਰਾਨਾ ਸਕੇ ਨਾ ਕੋਇ ਤੁੜਾਈਆ । ਤੂੰ ਜੋਤੀ ਜਾਤਾ ਕੰਤ ਭਤਾਰ, ਕੰਤ ਕੰਤੂਹਲ ਇਕ ਅਖਵਾਈਆ । ਸ਼ਬਦੀ ਸ਼ਬਦ ਸ਼ਬਦ ਅਸਵਾਰ, ਸ਼ਾਹ ਅਸਵਾਰਾ ਇਕ ਅਖਵਾਈਆ । ਸਭ ਦਾ ਲਹਿਣਾ ਦੇਣਾ ਦੇਣਾ ਕ਼ਰਜ਼ ਉਤਾਰ, ਪੂਰਬ ਲੇਖਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਮੱਘਰ ਕਹੇ ਕਲਜੁਗ ਪ੍ਰਭੂ ਦੇ ਵੇਖ ਲੈ ਭਗਤ, ਭਗਵਨ ਦਿਤੀ ਵਡਿਆਈਆ । ਨਾਰਦਾ ਤਕ ਲੈ ਜਗਤ, ਦੀਨ ਦੁਨੀ ਪੜਦਾ ਆਪ ਉਠਾਈਆ । ਸਚ ਸਾਹਿਬ ਦਾ ਸੋਹਣਾ ਵਕ਼ਤ, ਰੁਤੜੀ ਆਪਣੇ ਨਾਲ ਮਹਿਕਾਈਆ । ਨਿਰਗੁਣ

ਧਾਰ ਬਦਲ ਕੇ ਸ਼ਕਤ, ਸ਼ਖ਼ਸੀਅਤ ਇਕ ਸਮਝਾਈਆ । ਜਨ ਭਗਤ ਸੁਹੇਲੇ ਬਣਾ ਕੇ ਉਪਰ ਧਰਤ, ਧਵਲ ਧੌਲ ਸੁਹਾਈਆ । ਜਿਨ੍ਹਾਂ ਕਾਰਨ ਆਇਆ ਪਰਤ, ਪਤਿਪਰਮੇਸ਼ਵਰ ਬੇਪਰਵਾਹੀਆ । ਕੌਲ ਇਕਰਾਰ ਪੂਰੀ ਕਰੇ ਸ਼ਰਤ, ਸ਼ਰਅ ਤੋਂ ਬਾਹਰ ਕਢਾਈਆ । ਘਰ ਸੁਹਾ ਕੇ ਉਪਰ ਅਰਸ਼, ਅਰਸ਼ੀ ਪ੍ਰੀਤਮ ਦਏ ਵਡਿਆਈਆ । ਜਨਮ ਜਨਮ ਦੀ ਮੇਟ ਕੇ ਹਰਸ, ਹਵਸ ਦਏ ਗਵਾਈਆ । ਜਨ ਭਗਤੇ ਸੰਮਤ ਸ਼ਹਿਨਸ਼ਾਹੀ ਦਾ ਸ਼ਹਾਨਾ ਜਾਵੇ ਬਰਸ, ਬਰਸੀ ਖ਼ੁਸ਼ੀਆਂ ਨਾਲ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਚੀ ਸਰਕਾਰਾ ।

### ੭ ਮੱਘਰ ਸ਼ਹਿਨਸ਼ਾਹੀ ਸੰਮਤ ਦਸ ਰਾਮ ਲੀਲਾ ਗਰਾਉਂਡ ਦਿੱਲੀ ਵਿਖੇ ਪੰਜਵੇਂ ਵਿਸ਼ਵ ਧਰਮ ਸਮੇਲਨ ਸਮੇਂ

ਸਚ ਪ੍ਰਾਰਥਨਾ ਉਪ ਰਾਸ਼ਟਰਪਤੀ ਜੋਤੀ, ਜੋਤੀ ਹਰਿ ਜਣਾਈਆ । ਮਾਨਵ ਜ਼ਾਤੀ ਸਾਰੀ ਸਮਝਣੀ ਇਕੋ ਗੋਤੀ, ਮਾਨਸ ਮਾਨੁਖ ਮਾਨਵ ਵੰਡ ਨਾ ਕੋਇ ਵੰਡਾਈਆ । ਸਭ ਦੀ ਸੁਰਤ ਉਠਾਉਣੀ ਸੋਤੀ, ਸ਼ਬਦੀ ਡੰਡਾ ਹੱਥ ਉਠਾਈਆ । ਮੁਨੀ ਸੁਸ਼ੀਲ ਕੁਮਾਰ ਬਤਰਾ ਇਕੋ ਇਕ ਤੇ ਇਕੋ ਯਾਰ ਤੇ ਇਕੋ ਲੰਗੋਟੀ, ਦੂਜਾ ਨਜ਼ਰ ਕੋਇ ਨਾ ਆਈਆ । ਆਤਮਾ ਪਰਮਾਤਮਾ ਸਿਖਿਆ ਸਾਰਿਆਂ ਸਾਧੂਆਂ ਸੰਤਾਂ ਮਹਾਤਮਾ ਸੂਫ਼ੀ ਫ਼ਕੀਰਾਂ ਦਰਵੇਸ਼ਾਂ ਜਗਿਆਸੂਆਂ ਸਿਆਸਤਦਾਨਾਂ ਰਾਸ਼ਟਰਪਤੀ ਉਪਰਾਸ਼ਟਰਪਤੀ ਪਰਧਾਨ ਮੰਤਰੀਆਂ ਬਹੁਤੀ, ਬਹੁਤੀ ਸਿਖਿਆ ਕੰਮ ਕਿਸੇ ਨਾ ਆਈਆ । ਵੇਖੋ ਖੇਲ ਇਕ ਮੰਚ ਇਕ ਸਟੇਜ ਸਾਰੇ ਪਿਆਰ ਮੁਹੱਬਤ ਵਿਚ ਇਕ ਦੂਜੇ ਦੇ ਸਾਥੀ ਬਣ ਜਾਓ ਕਿਸੇ ਦੀ ਮਤਿ ਰਹੇ ਨਾ ਥੋਥੀ, ਆਤਮ ਪਰਮਾਤਮ ਨੂਰ ਨੁਰਾਨਾ ਪਾਰਬ੍ਰਹਮ ਬ੍ਰਹਮ ਇਕ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਦੇਵਣਹਾਰਾ ਏਕਾ ਵਰ, ਏਕਾ ਰੰਗ ਰੰਗਾਏ ਖ਼ਾਲਕ ਖ਼ਲਕ ਖ਼ੁਦਾਈਆ ।

### ੮ ਮੱਘਰ ਸ਼ਹਿਨਸ਼ਾਹੀ ਸੰਮਤ ਦਸ ਰਾਮ ਲੀਲਾ ਗਰਾਉਂਡ ਦਿੱਲੀ ਸ਼ਹਿਰ ਪੰਜਵੀਂ ਵਿਸ਼ਵ ਧਰਮ ਸਮੇਲਨ ਸਮੇਂ ਸਟੇਜ ਤੇ

ਸੁਣੋ ਸੰਤੋ ਸੂਫ਼ੀ ਫ਼ਕੀਰੋ ਦਰਵੇਸ਼ੋ ਜਗਿਆਸੂਓ ਪ੍ਰਭੂ ਦੇ ਪ੍ਰੇਮੀਓ ਪਿਆਰਿਓ ਭਗਤੋ ਵਰਡ ਕਾਨਫ਼ਰੰਸ ਦਾ ਕਰਨਾ ਹਿਤਾ ਨਵੰਬਰ ਦਿਵਸ ਬਾਈ, ਬਾਈਬਲ ਦਾ ਲੇਖਾ ਸਭ ਦੇ ਅੰਦਰੋਂ ਰਿਹਾ ਜਣਾਈਆ । ਸਾਰੇ ਨਿਗਾਹ ਮਾਰ ਲਉ ਮਹਾਰਾਜ ਸੰਤ ਕਿਰਪਾਲ ਸਿੰਘ ਦੀ ਧਾਰ ਦੀ ਧਾਰ ਵਿਚੋਂ ਸਾਡੇ ਸਾਹਮਣੇ ਬੈਠੀ ਐਹ ਤਾਈ, ਉਹ ਤਖ਼ਤਾਂ ਦਾ ਮਾਲਕ ਤਖ਼ਤ ਨਿਵਾਸੀ ਤਖ਼ਤ ਮਾਨਵ ਏਕਤਾ ਦਾ ਰਿਹਾ ਸੁਹਾਈਆ । ਅੱਜ ਉਸ ਦੇ ਪਿਆਰ ਦੀ ਹਰ ਹਿਰਦੇ ਵਿਚ ਦੇ ਦਿਓ ਦੁਹਾਈ, ਢੋਲਾ ਸੋਹਲਾ ਇਕੋ ਇਕ ਨਾਮ ਦਾ ਗਾਈਆ । ਮਿਤਰੋ ਸੱਜਣੋ ਪ੍ਰੇਮੀਓ ਪਿਆਰਿਓ ਅੱਜ ਉਸ ਕਿਰਪਾਲ ਦੀ ਜੁਦਾਈ, ਜਿਸ ਦੇ ਵਿਛੋੜੇ ਵਿਚ ਰੌਣਕ ਨਜ਼ਰ ਕੋਇ ਨਾ ਆਈਆ । ਸਾਰੇ ਸਾਵਧਾਨ ਹੋ ਜਾਓ ਹਿੰਦੂ ਮੁਸਲਿਮ ਸਿੱਖ ਈਸਾਈ, ਬੋਧੀ ਜੈਨੀ

ਆਪਣਾ ਅੰਤਰ ਲਓ ਟਿਕਾਈਆ । ਮਾਨਵ ਏਕਤਾ ਜਗਤ ਕਥਾ ਕਹਾਣੀ ਨਹੀਂ ਰਸਨਾ ਕਹਿਣਾ ਭਾਈ ਭਾਈ, ਅੰਤਰ ਅੰਤਰ ਨਿਰੰਤਰ ਆਤਮ ਪਰਮਾਤਮ ਦਰਸ਼ਨ ਦੇਣਾ ਥਾਉਂ ਥਾਈਆ । ਵਾਅਦਾ ਕਰ ਲਓ ਇਕ ਖ਼ੁਦਾ ਇਕ ਪਰਮਾਤਮਾ ਇਕ ਅੱਲਾ ਵਾਹਿਗੁਰੂ ਗਾਡ ਉਸ ਦੇ ਨਾਮ ਕਲਮਿਆਂ ਦੀ ਅੱਜ ਹੱਥੋ ਹੱਥ ਇਕ ਦੂਜੇ ਨਾਲ ਕਰ ਲਈਏ ਸਾਈ, ਸਭ ਦਾ ਮਾਲਕ ਤੇ ਸਾਂਈ ਗੁਸਾਂਈ ਇਕੋ ਨਜ਼ਰੀ ਆਈਆ । ਜਿਸ ਦੀ ਯਾਦ ਵਿਚ ਦੀਨ ਮਜ਼੍ਹਬ ਰੀਤੀ ਤਤਾਂ ਵਾਲੀ ਦੁਨੀਆ ਵਿਚ ਚਲਾਈ, ਤੇਈ ਅਵਤਾਰ ਹਜ਼ਰਤ ਈਸਾ ਮੂਸਾ ਮੁਹੰਮਦ ਨਾਨਕ ਧਾਰ ਗੋਬਿੰਦ ਸੰਗ ਬਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਬਾਈਬਲ ਤੁਰੈਤ ਗੁਰੂ ਗ੍ਰੰਥ ਸਾਹਿਬ ਜਿਸ ਦੀ ਅੱਖਰ ਅੱਖਰ ਸਿਫ਼ਤਾਂ ਵਾਲੀ ਸਲਾਹੀ, ਵਾਹਵਾ ਕਹਿ ਕੇ ਸਾਰੇ ਢੋਲੇ ਗਾਈਆ । ਉਸ ਦਾ ਇਕ ਨਾਮ ਇਕ ਪੈਗ਼ਾਮ ਇਕ ਸੰਦੇਸ਼ਾ ਇਕੋ ਰਾਮ ਇਕੋ ਰਹਿਬਰ ਜਿਸ ਨੂੰ ਸਾਰੇ ਸਯਦਿਆਂ ਵਿਚ ਕਰਨ ਸਲਾਮ, ਸਲਾਮਾਲੈਕਮ ਕਹਿ ਕੇ ਸਾਰੇ ਸੀਸ ਨਿਵਾਈਆ । ਤੁਸੀਂ ਸਾਰੇ ਮੁਸਾਫ਼ਰ ਆਤਮ ਧਾਰ ਪਰਮਾਤਮ ਦੇ ਮਿਲਣ ਵਾਲੇ ਰਾਹੀ, ਰਹਿਬਰ ਧੁਰ ਦਾ ਇਕੋ ਸ਼ਬਦ ਸਤਿਗੁਰ ਲੈਣਾ ਬਣਾਈਆ । ਜੋ ਤੁਹਾਨੂੰ ਸਦਾ ਨਾਲ ਲੈ ਕੇ ਚਲੇ ਚਾਈਂ ਚਾਈਂ, ਦੂਈ ਦੁਵੈਤ ਦਾ ਲੇਖਾ ਦਏ ਮੁਕਾਈਆ । ਤੁਹਾਡਾ ਕੋਈ ਲਹਿਣਾ ਦੇਣਾ ਜਗਤ ਜ਼ਿਮੀਂ ਧਰਨੀ ਧਰਤ ਧਵਲ ਧੌਲ ਕਾਇਨਾਤ ਵਿਚ ਵਖ ਵਖ ਨਹੀਂ ਕੋਈ ਥਾਈਂ, ਇਕ ਤੁਹਾਡਾ ਟਿਕਾਣਾ ਸਚਖੰਡ ਦਰਗਾਹ ਸਾਚੀ ਮੁਕ਼ਾਮੇ ਹਕ ਜਿਥੇ ਇਕੋ ਨੂਰ ਅਲਾਹੀਆ । ਇਹ ਜ਼ਿੰਦਗੀ ਜ਼ਿੰਦਗਾਨੀ ਮਾਤਲੋਕ ਵਿਚ ਭਾਵੇਂ ਇਸ ਨੂੰ ਸੈਂਕੜੇ ਬਰਸ ਸਮਝ ਲਓ ਤੇ ਭਾਵੇਂ
੧੪੩ ਸਮਝ ਲਓ ਦਿਨ ਢਾਈ, ਢਈਆ ਗੋਬਿੰਦ ਵਾਲਾ ਦਏ ਗਵਾਹੀਆ । ਜੋ ਇਲਹਾਮ ਦਿਤਾ ਜੋ ਪੈਗ਼ਾਮ ਦਿਤਾ ਜਬਰਾਈਲ ਵਹੀ ਨਾਜ਼ਲ ਹੋ ਕੇ ੧੪੩
੨੪ ਹਜ਼ਰਤ ਮੁਹੰਮਦ ਸਾਹਿਬ ਨੂੰ ਸੰਦੇਸ਼ਾ ਇਕ ਅਲਾਹੀ, ਸਦੀ ਚੌਧਵੀਂ ਕੂਕ ਕੂਕ ਰਹੀ ਸੁਣਾਈਆ । ਆਉ ਹਜ਼ਰਤ ਮੂਸਾ ਮੁਸਲਸਲ ਰਿਹਾ ਜਣਾਈ, ੨੪
ਈਸਾ ਵੀਹਵੀਂ ਸਦੀ ਆਪਣੀ ਨਾਲ ਮਿਲਾਈਆ । ਨਾਨਕ ਗੋਬਿੰਦ ਗਿਆ ਸਮਝਾਈ, ਏਕਾ ਰੂਪ ਸਤਿ ਸਰੂਪ ਪਾਰਬ੍ਰਹਮ ਪਤਿਪਰਮੇਸ਼ਵਰ ਇਕ ਇਕੱਲਾ ਜਿਸ ਨੂੰ ਸਾਰੇ ਸੱਯਦਿਆਂ ਵਿਚ ਸੀਸ ਨਿਵਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਦੇਵਣਹਾਰਾ ਜਿਸ ਨੂੰ ਕਹਿੰਦੇ ਅਗੰਮ ਅਥਾਹੀ, ਅਲਖ ਅਗੋਚਰ ਘਟ ਘਟ ਅੰਤਰ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਬਾਈ ਨਵੰਬਰ ਕਹੇ ਮਿਤਰੋ ਮੈਂ ਆ ਗਿਆ ਆਜ, ਜੁਗ ਚੌਕੜੀ ਤੋਂ ਬਦਲ ਬਦਲ ਕੇ ਆਪਣਾ ਪੰਧ ਮੁਕਾਈਆ । ਵਿਸ਼ਵ ਧਰਮ ਵਾਲਿਓ ਮੈਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਬੜੇ ਧਰਮ ਸਮਾਜ, ਰੀਤੀ ਨੀਤੀ ਮਾਨਵ ਮਾਨੁਖ ਮਾਨੁਸ਼ ਵਿਚ ਜੁਗ ਜੁਗ ਬਦਲਦੀ ਆਈਆ । ਹੁਣ ਸਾਰੇ ਇਕੱਠੇ ਹੋ ਕੇ ਇਕ ਦਿਉ ਆਵਾਜ਼, ਪਰਮ ਪੁਰਖ ਪਰਮਾਤਮ ਅਸੀਂ ਤੇਰੇ ਆਤਮ ਤੂੰ ਸਭ ਦਾ ਪਿਤਾ ਮਾਈਆ । ਆਪਣੀ ਸੁਰਤੀ ਅੰਦਰ ਮਨ ਦੀ ਕਲਪਣਾ ਵਿਚੋਂ ਜਾਏ ਜਾਗ, ਸ਼ਰਅ ਸ਼ਰੀਅਤ ਜਗਤ ਵਾਲਾ ਪੰਧ ਮੁਕਾਈਆ । ਇਕ ਸਾਹਿਬ ਦਾ ਪਰਮ ਪੁਰਖ ਦਾ ਵਾਹਿਦ ਖ਼ੁਦਾ ਦੇ ਹੁਕਮ ਦਾ ਚਲਣਾ ਰਾਜ, ਰਈਅਤ ਸਾਰੇ ਇਕੋ ਵਾਰ ਹੋ ਕੇ ਦਿਉ ਵਖਾਈਆ । ਤੁਹਾਡੀ ਇਕੋ ਦੇ ਹੱਥ ਵਿਚ ਹੋਵੇ ਵਾਗ, ਇਕੋ ਹੁਕਮ ਦੇਣ ਵਾਲਾ ਹੋਵੇ ਧੁਰ ਦਾ ਮਾਹੀਆ । ਇਕੋ ਸ਼ਬਦ ਇਕੋ ਧੁਨ ਇਕੋ ਨਾਦ ਇਕ ਅਵਾਜ਼ ਪਾਰਜ਼ਾਤ, ਜਿਸ ਨੂੰ ਸਾਰੇ ਆਦਿ ਜੁਗਾਦਿ ਜੁਗ ਚੌਕੜੀ ਨਿਰਅੱਖਰ ਧਾਰ ਅੱਖਰਾਂ ਵਿਚ ਗਾਈਆ । ਸਭ ਦੇ ਉੱਤਮ ਤੇ ਵੱਡੇ ਸ੍ਰੇਸ਼ਟ ਹੋਣ ਭਾਗ, ਜੋ ਇਕ ਮੰਚ ਉਤੇ ਇਕ ਸਟੇਜ ਉਤੇ ਇਕ ਧਰਮ ਦੀ ਧਾਰ ਤੇ ਮੁਹੱਬਤ

ਦੇ ਪਿਆਰ ਵਿਚ ਬੈਠੇ ਇਕੱਠੇ ਹੋ ਕੇ ਵੱਡੇ ਛੋਟੇ ਸਭੇ ਭਾਈ ਭਾਈਆ । ਅਗੇ ਦਾ ਸਮਾਂ ਵੇਖਿਓ ਇਕ ਦੋ ਚਾਰ ਪੰਜ ਛੇ ਸਤਵੇਂ ਸਾਲ ਤੋਂ ਬਾਦ ਕੀ ਖੇਲ ਖੇਲਣਾ ਉਸ ਪਰਵਰਦਿਗਾਰ ਸਾਂਝੇ ਯਾਰ, ਜਿਸ ਨੂੰ ਕਹਿੰਦੇ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਦਾਤਾ ਬੇਪਰਵਾਹੀਆ । ਬਾਈ ਨਵੰਬਰ ਕਹੇ ਮੈਂ ਸਾਰੇ ਵੇਖੇ ਮੁਨੀਸ਼ਰ ਜੁਗੀਸ਼ਰ ਤਪੀਸ਼ਰ ਫ਼ਕੀਰ ਸਾਧੂ ਸੰਤ, ਸੱਜੇ ਖੱਬੇ ਅਗੇ ਪਿਛੇ ਧਿਆਨ ਲਗਾਈਆ । ਸਭ ਦਾ ਸੁਆਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਇਕੋ ਕੰਤ, ਕੰਤ ਕੰਤੂਹਲ ਕਹਿ ਕੇ ਜਿਸ ਨੂੰ ਸਾਰੇ ਗਾਈਆ । ਉਸੇ ਦੇ ਨਾਮ ਉਸੇ ਦੇ ਕਲਮੇ ਉਸੇ ਦੀ ਬਾਣੀ ਉਸੇ ਦੀ ਸਿਫ਼ਤ ਉਸੇ ਦੀ ਸਲਾਹ ਉਸੇ ਦੇ ਮੰਤ, ਰਸਨਾ ਜਿਹਵਾ ਢੋਲੇ ਗਾ ਗਾ ਦੀਨ ਦੁਨੀ ਆਪਣਾ ਝਟ ਲੰਘਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਅਗੇ ਲੰਘ ਗਏ ਅਣਗਣਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਅਗੇ ਸਾਰੇ ਮਾਨਵ ਇਕ ਪਿਆਰ ਵਿਚ ਇਕੱਠੇ ਹੋ ਜਾਓ ਏਸ ਧਰਤੀ ਉਤੇ ਰੁਤ ਬਣਾ ਦਿਉ ਬਸੰਤ, ਪੱਤ ਟਹਿਣੀ ਫਲ ਫੁਲਵਾੜੀ ਦੀਨ ਮਜ਼੍ਹਬਾਂ ਵਾਲੀ ਦਿਉ ਮਹਿਕਾਈਆ । ਯਾਦ ਰਖ ਲਉ ਸਦੀ ਚੌਧਵੀਂ ਦਾ ਹੋਣ ਵਾਲਾ ਅੰਤ, ਬੀਸਵੀਂ ਦਾ ਸੰਦੇਸ਼ਾ ਦਿਤਾ ਉਸ ਨੂਰ ਅਲਾਹੀਆ । ਨਾਨਕ ਦੀ ਧਾਰ ਨੇ ਗੋਬਿੰਦ ਉਪਜਾਏ ਸੰਤ, ਢਈਏ ਦਾ ਲੇਖਾ ਜਣਾਏ ਬੇਪਰਵਾਹੀਆ । ਸੋਏ ਨਹੀਂ ਰਹਿਣਾ ਸਭ ਜੀਵ ਜੰਤ, ਨੌ ਖੰਡ ਪ੍ਰਿਥਮੀ ਸੱਤ ਦੀਪ ਬੱਚਾ ਬੱਚਾ ਸਾਰੇ ਅੰਤਰ ਨਿਰੰਤਰ ਆਪਣੀ ਅੱਖ
੧੪੪ ਲਓ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪਣੇ ਹੱਥ ਰਖਾਈਆ । ੧੪੪
੨੪ ਬਾਈ ਨਵੰਬਰ ਕਹੇ ਮੇਰਾ ਇਕੱਠ ਕੀਤਾ ਮੁਨੀ ਸੁਸ਼ੀਲ, ਸੁਸ਼ੀਲਤਾ ਵਿਚ ਜਣਾਈਆ । ਪਰ ਮੈਂ ਇਕ ਦਿਵਸ ਦਿਹਾੜਾ ਮੇਰੀ ਮਾਨਵਤਾ ਅਗੇ ਅਪੀਲ, ੨੪
ਬਿਨ ਹੱਥਾਂ ਤੋਂ ਹੱਥ ਬੰਨ੍ਹ ਕੇ ਦਿਆਂ ਸੁਣਾਈਆ । ਜਗਿਆਸੂਓ ਸੰਸਾਰੀਓ ਧਰਮ ਦੇ ਪਿਆਰ ਵਿਚ ਅੰਦਰੋਂ ਬਦਲ ਲਓ ਆਪਣੀ ਦਲੀਲ, ਮਨ ਦੇ ਵਿਚਾਰ ਮਨ ਵਿਚ ਲਓ ਦਬਾਈਆ । ਤੁਹਾਡਾ ਲਹਿਣਾ ਦੇਣਾ ਉਸ ਦਰਗਾਹ ਤੇ ਸਚੇ ਘਰ ਵਿਚ ਜਿਥੇ ਇਕੋ ਮਾਲਕ ਸਾਰਿਆਂ ਦਾ ਛੈਲ ਛਬੀਲ, ਜਿਸ ਦੀਨ ਮਜ਼੍ਹਬ ਦਾ ਲੇਖਾ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ।

## ੨੦ ਮੱਘਰ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ

ਪੰਜ ਤਤ ਕਹਿਣ ਪ੍ਰਭ ਆਦਿ ਜੁਗਾਦੀ ਨਿਹਕੇਵਾ, ਨਿਹਚਲ ਧਾਮ ਧੁਰ ਦੇ ਰਾਮ ਤੇਰੀ ਵਡਿਆਈਆ । ਨਾਮ ਨਿਧਾਨ ਸ੍ਰੀ ਭਗਵਾਨ ਤੇਰਾ ਅਗੰਮ ਮੇਵਾ, ਪਾਰਬ੍ਰਹਮ ਪਤਿਪਰਮੇਸ਼ਵਰ ਬਿਨ ਰਸਨਾ ਜਿਹਵਾ ਚਖਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਨਿਰਗੁਣ ਧਾਰ ਦੇਵੀ ਦੇਵਾ, ਦੇਵ ਆਤਮਾ ਪਰਮਾਤਮਾ ਤੇਰੀ ਓਟ ਤਕਾਈਆ । ਸਤਿ ਸਰੂਪ ਸ਼ਾਹੋ ਭੂਪ ਪੰਜ ਤਤ ਕਹਿਣ ਸਾਡੀ ਲੇਖੇ ਲਾਉਣੀ ਸੇਵਾ, ਭਗਤ ਸੁਹੇਲੇ ਦਰ ਤੇਰੇ ਸੇਵ ਕਮਾਈਆ । ਨਾਮ ਨਿਧਾਨ ਨੌਜਵਾਨ ਕੌਸਤਕ ਮਨੀਆ ਮਸਤਕ ਲਾ ਦੇ ਥੇਵਾ, ਦੋ ਜਹਾਨ ਤੇਰੀ ਓਟ ਰਖਾਈਆ । ਤੇਰੀ ਸਿਫ਼ਤ ਸਲਾਹ ਬੇਪਰਵਾਹ

ਕਰੀਏ ਨਾਲ ਜਿਹਵਾ, ਮੁਖ ਰਸਨਾ ਨਾਲ ਵਡਿਆਈਆ । ਪੁਰਖ ਅਕਾਲੇ ਦੀਨ ਦਿਆਲੇ ਤੂੰ ਅਲਖ ਅਗੋਚਰ ਅਗੰਮ ਅਥਾਹ ਅਭੇਵਾ, ਭੇਵ ਆਪਣਾ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਬਖ਼ਸ਼ਣੀ ਚਰਨ ਧੂੜ, ਧੂੜੀ ਟਿੱਕੇ ਖ਼ਾਕ ਰਮਾਈਆ । ਦੀਨ ਦਿਆਲ ਜਾਏ ਨਾ ਭੂਲ, ਅਭੁਲ ਦੇਣੀ ਮਾਣ ਵਡਿਆਈਆ । ਸਾਡਾ ਲੇਖਾ ਰਹੇ ਨਾ ਸ਼ੰਕਰ ਨਾਲ ਤਰਸੂਲ, ਤ੍ਰੈਲੋਕੀ ਦਾ ਪੰਧ ਦੇਣਾ ਮੁਕਾਈਆ । ਤੇਰਾ ਸਚ ਸਿੰਘਾਸਣ ਸ਼ਬਦ ਭੰਘੂੜਾ ਲਈਏ ਝੂਲ, ਹੁਲਾਰਾ ਦੋ ਜਹਾਨ ਜਣਾਈਆ । ਤੂੰ ਮਾਲਕ ਖ਼ਾਲਕ ਸੁਆਮੀ ਕੰਤ ਕੰਤੂਹਲ, ਹਰਿ ਕਰਤਾ ਇਕ ਅਖਵਾਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰੇ ਹੱਥ ਸਾਡਾ ਮੂਲ, ਆਦਿ ਅੰਤ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਢੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਸੇਵਕ ਤੇਰੇ ਬਰਦੇ, ਦਰ ਠਾਂਢੇ ਸੇਵ ਕਮਾਈਆ । ਬੱਚੇ ਤੇਰੇ ਘਰ ਦੇ, ਗ੍ਰਿਹਿ ਦੇਣੀ ਮਾਣ ਵਡਿਆਈਆ । ਦੀਨ ਦੁਨੀ ਨਾ ਰਹੀਏ ਸੜਦੇ, ਅਗਨੀ ਤਤ ਦੇਣੀ ਬੁਝਾਈਆ । ਚੁਰਾਸੀ ਵਿਚ ਨਾ ਰਹੀਏ ਲੜਦੇ, ਅੰਡਜ ਜੇਰਜ ਉਤਭੁਜ ਸੇਤਜ ਪੰਧ ਦੇਣਾ ਮੁਕਾਈਆ । ਰਾਏ ਧਰਮ ਕੋਲੋਂ ਨਾ ਰਹੀਏ ਡਰਦੇ, ਚਿਤਰ ਗੁਪਤ ਨਾ ਲੇਖ ਬਣਾਈਆ । ਸਦਾ ਸਦਾ ਸਦ ਤੇਰਾ ਦਰਸ਼ਨ ਰਹੀਏ ਕਰਦੇ, ਬਿਨ ਨੈਣਾਂ ਨੈਣ ਬਿਘਸਾਈਆ । ਸਾਡਾ ਨਵਾਂ ਘਾੜਨ ਘੜ ਦੇ, ਜੀਵਣ ਜਗਤ ਜੁਗਤ ਬਦਲਾਈਆ । ਤੇਰੀ ਮੰਜ਼ਲ ਜਾਈਏ ਚੜ੍ਹਦੇ, ਸਚਖੰਡ ਸਾਚੇ ਸੋਭਾ ਪਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਨੂੰ ਸ਼ਬਦੀ ਆਪਣਾ ਵਰ ਦੇ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਅਸੀਂ ਸੇਵਕ ਭਗਤ ਦੁਆਰ, ਨੰਨ੍ਹੇ ਬੱਚੇ ਰੂਪ ਵਟਾਈਆ । ਤੂੰ ਸਾਡਾ ਪਾਲਣਹਾਰ, ਸਿਰ ਸਿਰ ਹੱਥ ਰਖਾਈਆ । ਸਾਡਾ ਲਹਿਣਾ ਸਦਾ ਰਹੇ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਜਦੀ ਰਹੇ ਵਧਾਈਆ । ਭੇਵ ਰਹੇ ਨਾ ਪੁਰਖ ਨਾਰ, ਬਿਰਧ ਬਾਲਾਂ ਨੌਜਵਾਨਾਂ ਮੇਲ ਮਿਲਾਈਆ । ਆਪਣੇ ਰੰਗ ਰੰਗਣਾ ਕਰਤਾਰ, ਕ਼ੁਦਰਤ ਦੇ ਮਾਲਕ ਦੇਣੀ ਵਡਿਆਈਆ । ਸਾਡੀ ਕ਼ਬੂਲ ਕਰਨੀ ਨਿਮਸਕਾਰ, ਡੰਡਾਵਤ ਬੰਦਨਾ ਵਿਚ ਦਰ ਤੇਰੇ ਸੀਸ ਨਿਵਾਈਆ । ਤੂੰ ਬਖ਼ਸ਼ਣਹਾਰ ਇਕ ਨਿਰੰਕਾਰ, ਨਿਰਵੈਰ ਤੇਰੀ ਵਡਿਆਈਆ । ਕਲਜੁਗ ਕੂੜੀ ਕਿਰਿਆ ਵਿਚੋਂ ਕੱਢਣਾ ਬਾਹਰ, ਦੁਰਮਤ ਮੈਲ ਦੇਣੀ ਧੁਆਈਆ । ਅੰਮ੍ਰਿਤ ਰਸ ਦੇਣਾ ਠੰਢਾ ਠਾਰ, ਅਗਨੀ ਤਤ ਤਤ ਗਵਾਈਆ । ਮਸਤਕ ਧੂੜ ਬਖ਼ਸ਼ਣੀ ਛਾਰ, ਟਿੱਕੇ ਖ਼ਾਕ ਰਮਾਈਆ । ਤੂੰ ਸਾਚਾ ਪਰਵਰਦਿਗਾਰ, ਸਾਂਝਾ ਯਾਰ ਇਕ ਅਖਵਾਈਆ । ਦਰ ਤੇਰੇ ਕਰੀਏ ਪੁਕਾਰ, ਕੂਕ ਕੂਕ ਸੁਣਾਈਆ । ਤੂੰ ਦੇਣਾ ਇਕ ਅਧਾਰ, ਹਰ ਹਿਰਦਾ ਵੇਖ ਵਖਾਈਆ । ਭਗਤਾਂ ਬਣਨਾ ਮੀਤ ਮੁਰਾਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਅਸੀਂ ਸੇਵਕ ਦਰ ਤੇਰੇ ਭਿਖਾਰ, ਭਿੱਖਕਾਂ ਭਿਛਿਆ ਦੇਣੀ ਪਾਈਆ । ਸਦਾ ਸਦਾ ਸਦ ਤੇਰਾ ਕਰਦੇ ਰਹੀਏ ਦੀਦਾਰ, ਦੀਨ ਦਿਆਲ ਦਰਸ਼ਨ ਅਗੰਮ ਅਥਾਹੀਆ । ਸਾਚੀ ਮੌਲੀ ਰਹੇ ਬਹਾਰ, ਰੁਤੜੀ ਤੇਰੇ ਨਾਲ ਮਹਿਕਾਈਆ । ਭਗਤ ਸੁਹੇਲੇ ਤੇਰਾ ਗੁਲਸ਼ਨ ਤੇਰੀ ਅਗੰਮ ਗੁਲਜ਼ਾਰ, ਬਿਨ ਤੇਰੇ ਸਮਝ ਕੋਇ ਨਾ ਪਾਈਆ । ਸਾਡਾ ਲਹਿਣਾ ਦੇਣਾ ਤੇਰੇ ਹੱਥ ਕਰਤਾਰ, ਕ਼ੁਦਰਤ ਕ਼ਾਦਰ ਤੇਰੀ ਸ਼ਰਨਾਈਆ । ਲੱਖ ਚੁਰਾਸੀ ਵਿਚੋਂ ਤੇਰੇ ਭਗਤ ਸੁਹੇਲੇ ਥੋੜ੍ਹੇ ਦੋ ਚਾਰ, ਬਹੁਤੀ

੧੪੫ ੨੪

ਗਣਤ ਨਾ ਕੋਇ ਗਿਣਾਈਆ । ਸਾਡੀ ਆਸ਼ਾ ਮਨਸਾ ਪੂਰੀ ਕਰਨੀ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਵੇਖਣ ਚਾਈਂ ਚਾਈਆ । ਤੇਈ ਅਵਤਾਰ ਜਾਣ ਬਲਿਹਾਰ, ਖ਼ੁਸ਼ੀਆਂ ਢੋਲੇ ਗਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਕਹੇ ਪੁਕਾਰ, ਵਾਹਵਾ ਤੇਰੀ ਬੇਪਰਵਾਹੀਆ । ਨਾਨਕ ਗੋਬਿੰਦ ਬੋਲੇ ਜੈਕਾਰ, ਤੂੰ ਹੀ ਤੂੰ ਹੀ ਰਾਗ ਅਲਾਹੀਆ । ਤੇਰਾ ਖੇਲ ਅਗੰਮ ਅਪਾਰ, ਅਲਖ ਅਗੋਚਰ ਕਿਛ ਕਹਿਣ ਕੋਇ ਨਾ ਪਾਈਆ । ਭਗਤ ਸੁਹੇਲੇ ਦੇਣੇ ਤਾਰ, ਦਰ ਤੇਰੇ ਆਸ ਰਖਾਈਆ । ਪੰਜ ਤਤ ਤਨ ਸੇਵਕ ਸੇਵਾਦਾਰ, ਸਾਚੀ ਸੇਵ ਕਮਾਈਆ । ਵੀਹ ਮੱਘਰ ਕਹੇ ਮੈਂ ਖ਼ੁਸ਼ੀਆਂ ਦਾ ਕਰਾਂ ਇਜ਼ਹਾਰ, ਸਿਫ਼ਤੀ ਢੋਲੇ ਗਾਈਆ । ਮੰਜ਼ਲ ਕਿਸੇ ਨਾ ਰਹੇ ਕੋਈ ਦੁਸ਼ਵਾਰ, ਪਾਂਧੀਆਂ ਪੰਧ ਦੇਣਾ ਮੁਕਾਈਆ । ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤ ਤੇਰਾ ਪਰਿਵਾਰ, ਪਰਮ ਪੁਰਖ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਚਰਨ ਕਵਲ ਉਪਰ ਧਵਲ ਇਕ ਉਧਾਰ, ਉਦਰ ਦਾ ਲੇਖਾ ਦੇਣਾ ਮੁਕਾਈਆ ।

✪ ੨੧ ਮੱਘਰ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਡਡਵਾਂ ਜ਼ਿਲਾ ਗੁਰਦਾਸਪੁਰ ਜੁਗਿੰਦਰ ਸਿੰਘ ਦੇ ਗ੍ਰਹਿ,
ਜਗੀਰ ਸਿੰਘ ਸੋਹਲ, ਪਰਸਿੰਨ ਕੌਰ ਫ਼ਤਿਹ ਨੰਗਲ, ਦਰਸ਼ਨ ਸਿੰਘ ਨਯਾਸ਼ਾਲਾ,
ਕਰਮ ਸਿੰਘ ਨਯਾਸ਼ਾਲਾ ✪



ਪੰਜ ਤਤ ਕਹਿਣ ਪ੍ਰਭ ਆਦਿ ਜੁਗਾਦਿ ਤੇਰੇ ਮੀਤ, ਮਿਤਰ ਪਿਆਰੇ ਏਕੰਕਾਰੇ ਦਈਏ ਦ੍ਰਿੜਾਈਆ । ਨਿਤ ਨਵਿਤ ਜੁਗ ਚੌਕੜੀ ਤੇਰੀ ਵੇਖੀ ਨੀਤ, ਪਤਤ ਪੁਨੀਤ ਬੇਪਰਵਾਹੀਆ । ਸਾਡਾ ਲਹਿਣਾ ਦੇਣਾ ਲੇਖਾ ਜੁੜਿਆ ਰਿਹਾ ਨਾਲ ਮੰਦਰ ਮਸੀਤ, ਤਤਾਂ ਵੰਡਣ ਵੰਡ ਵੰਡਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਤੇਰੀ ਸਰਨਾਈਆ । ਮਿਹਰਵਾਨਾ ਸ੍ਰੀ ਭਗਵਾਨਾ ਸਾਨੂੰ ਕਰ ਦੇ ਠਾਂਡੇ ਸੀਤ, ਅਗਨੀ ਤਤ ਤਤ ਬੁਝਾਈਆ । ਆਤਮ ਪਰਮਾਤਮ ਤੇਰਾ ਗਾਈਏ ਗੀਤ, ਗੋਬਿੰਦ ਮੇਲਾ ਹੋਵੇ ਸਹਿਜ ਸੁਭਾਈਆ । ਨਵ ਸਤ ਪਵਿਤ੍ਰ ਕਰ ਦੇ ਨੀਤ, ਨੀਤੀਵਾਨ ਤੇਰੀ ਵਡਿਆਈਆ । ਮਾਨਸ ਦੇਹੀ ਦੀਨ ਦੁਨੀ ਲਈਏ ਜੀਤ, ਜਗ ਜੀਵਣ ਦਾਤੇ ਤੇਰੀ ਓਟ ਤਕਾਈਆ । ਮਨੂਆ ਮਨ ਤੇਰੇ ਹੁਕਮ ਵਿਚ ਹੋਵੇ ਭੈ ਭੀਤ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਸਤਿ ਸਚ ਬਖ਼ਸ਼ ਚਰਨ ਪ੍ਰੀਤ, ਪ੍ਰੀਤਮ ਇਕੋ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਜਾਵੇ ਲੱਗ, ਲਗ ਮਾਤਰ ਡੇਰਾ ਢਾਹੀਆ । ਤ੍ਰੈਗੁਣ ਮੂਲ ਨਾ ਸਾੜੇ ਅੱਗ, ਅਗਨੀ ਤਤ ਨਾ ਕੋਇ ਤਪਾਈਆ । ਦਰਸ਼ਨ ਦੇਣਾ ਨਿਰਗੁਣ ਧਾਰ ਉਪਰ ਸ਼ਾਹਰਗ, ਸ਼ਹਿਨਸ਼ਾਹ ਆਪਣਾ ਪੜਦਾ ਲਾਹੀਆ । ਤੇਰਾ ਦੀਪਕ ਜੋਤੀ ਨੂਰ ਨੁਰਾਨੇ ਜਾਏ ਜਗ, ਅੰਧ ਅੰਧੇਰ ਦੇਣਾ ਮਿਟਾਈਆ । ਆਤਮ ਧਾਰ ਪਰਮਾਤਮ ਮੂਲ ਨਾ ਰਹੇ ਅਲਗ, ਵਖਰੀ ਵੰਡ ਨਾ ਕੋਇ ਵੰਡਾਈਆ । ਤੂੰ ਸਾਹਿਬ ਸੂਰਾ ਸਰਬਗ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਢੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਮਾਂਗਤ ਦਰ ਭਿਖਾਰੀ, ਭਿਛਿਆ ਨਾਮ ਦੇਣੀ ਵਰਤਾਈਆ । ਤੂੰ ਸ਼ਾਹੋ ਭੂਪ ਸਿਕਦਾਰੀ, ਹਰਿ ਕਰਤਾ ਇਕ ਅਖਵਾਈਆ । ਸਾਡੀ ਪੈਜ ਦੇਣੀ ਸਵਾਰੀ, ਸਿਰ ਸਿਰ ਆਪਣਾ ਹੱਥ ਟਿਕਾਈਆ । ਵੰਡ ਰਹੇ ਨਾ ਪੁਰਖ ਨਾਰੀ, ਨਰ ਨਰਾਇਣ ਤੇਰੀ ਬੇਪਰਵਾਹੀਆ । ਜਨ ਭਗਤਾਂ ਆਤਮਾ ਰਹੇ ਨਾ ਕੁਆਰੀ, ਕੰਤ ਕੰਤੂਹਲ ਲੈਣੀ ਪਰਨਾਈਆ । ਏਥੇ ਉਥੇ ਦੋ ਜਹਾਨ ਦੇਣਾ ਉਧਾਰੀ, ਉਦਰ ਦਾ ਲਹਿਣਾ ਦੇਣਾ ਦੇਣਾ ਮੁਕਾਈਆ । ਸਚ ਨਾਮ ਦੀ ਬਖ਼ਸ਼ ਖ਼ੁਮਾਰੀ, ਖ਼ਾਲਸ ਆਪਣਾ ਰੰਗ ਰੰਗਾਈਆ । ਗ੍ਰਹਿ ਮੰਦਰ ਵਖਾ ਦੇ ਆਪਣੀ ਅਟਾਰੀ, ਸਚਖੰਡ ਸਾਚਾ ਇਕ ਜਣਾਈਆ । ਜਿਥੇ ਜਗੇ ਜੋਤ ਨਿਰੰਕਾਰੀ, ਬਿਨ ਤੇਲ ਬਾਤੀ ਡਗਮਗਾਈਆ । ਬਿਨ ਸ਼ਬਦ ਨਾਦ ਹੋਵੇ ਧੁਨਕਾਰੀ, ਅਨਰਾਗੀ ਰਾਗ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮੇਲਾ ਲੈਣਾ ਮਿਲਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਪੂਰੀ ਕਰਨੀ ਆਸ, ਤ੍ਰਿਸ਼ਨਾ ਕੂੜ ਜਗਤ ਮਿਟਾਈਆ । ਸਾਡੇ ਅੰਤਰ ਦੇ ਪਰਕਾਸ਼, ਅੰਧ ਅੰਧੇਰਾ ਅੰਤਸ਼ਕਰਨ ਰਹੇ ਨਾ ਰਾਈਆ । ਬਿਨ ਗੋਪੀ ਕਾਹਨ ਪਾ ਦੇ ਰਾਸ, ਮੰਡਲ ਮੰਡਪ ਵਜਦੀ ਰਹੇ ਵਧਾਈਆ । ਤੇਰਾ ਨਾਮ ਜਪੀਏ ਬਿਨਾ ਰਸਨ ਸਵਾਸ, ਅਜਪਾ ਜਾਪ ਦੇਣੀ ਵਡਿਆਈਆ । ਪੰਧ ਮੁਕਾਉਣਾ ਪ੍ਰਿਥਮੀ ਆਕਾਸ਼, ਗਗਨ ਗਗਨੰਤਰਾਂ ਡੇਰਾ ਢਾਈਆ । ਤੂੰ ਪਰਮਾਤਮਾ ਵਸਣਾ ਸਾਡੇ ਪਾਸ, ਪਾਸਾ ਦੀਨ ਦੁਨੀ ਬਦਲਾਈਆ । ਮਾਨਵ ਮਾਨਸ ਮਾਨੁਖ ਜਨਮ ਕਰਨਾ ਰਹਿਰਾਸ, ਰਸਤਾ ਇਕੋ ਇਕ ਦਰਸਾਈਆ । ਮਨੂਆ ਮਨ ਨਾ ਰਹੇ ਉਦਾਸ, ਮਤਿ ਬੁਧਿ ਨਾ ਕੋਇ ਹਲਕਾਈਆ । ਸਾਡਾ ਲਹਿਣਾ ਮੁਕਾ ਦੇ ਨਾਲੋਂ ਸ਼ੰਕਰ ਕੈਲਾਸ਼, ਸਿਰ ਸਿਰ ਆਪਣਾ ਹੱਥ ਟਿਕਾਈਆ । ਸਚਖੰਡ ਦੁਆਰ ਏਕੰਕਾਰ ਕਰਾਉਣਾ ਵਾਸ, ਵਾਸਤਾ ਆਪਣੇ ਨਾਲ ਰਖਾਈਆ । ਮੜ੍ਹੀ ਗੋਰ ਦਾ ਲੇਖਾ ਰਹੇ ਨਾ ਵਿਚ ਪਰਭਾਸ, ਜੰਗਲ ਜੂਹ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਦਰ ਤੇਰੇ ਹੋਏ ਮੰਗਤੇ, ਮਾਂਗਤ ਹੋ ਕੇ ਝੋਲੀ ਡਾਹੀਆ । ਗੜ੍ਹ ਤੋੜ ਦੇ ਹਉਮੇ ਹੰਗਤੇ, ਹੰ ਬ੍ਰਹਮ ਦੇ ਸਮਝਾਈਆ । ਮੇਲ ਮਿਲਾ ਦੇ ਸਾਚੀ ਸੰਗਤੇ, ਸਤਿਗੁਰ ਸ਼ਬਦ ਨਾਲ ਕੁੜਮਾਈਆ । ਜਗਤ ਜਹਾਨ ਮੰਜ਼ਲ ਜਾਈਏ ਲੰਘਦੇ, ਅਗੇ ਹੋ ਨਾ ਕੋਇ ਅਟਕਾਈਆ । ਲੇਖੇ ਮੁਕਾ ਦੇ ਗ਼ਮੀ ਰੰਜ ਦੇ, ਖ਼ੁਸ਼ੀਆਂ ਰੰਗ ਚੜ੍ਹਾਈਆ । ਅਸੀਂ ਦੁਆਰਾ ਤੇਰਾ ਪੰਜ ਤਤ ਮੰਗਦੇ, ਦਰ ਠਾਂਡੇ ਸੀਸ ਨਿਵਾਈਆ । ਪੁਰਖ ਅਕਾਲੇ ਦੀਨ ਦਿਆਲੇ ਦੋ ਜਹਾਨਾਂ ਸਾਡਾ ਸੰਗ ਦੇ, ਸਗਲਾ ਸਾਥ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਬਖ਼ਸ਼ ਦੇ ਚਰਨ ਧੂੜ, ਟਿੱਕੇ ਧੂੜੀ ਖ਼ਾਕ ਰਮਾਈਆ । ਨਾਤਾ ਤੁੱਟੇ ਕੂੜੋ ਕੂੜ, ਸਤਿ ਸਚ ਵਿਚ ਸਮਾਈਆ । ਚਤੁਰ ਸੁਘੜ ਬਣਾ ਲੈ ਮੂਰਖ ਮੂੜ, ਮੁਗਧਾਂ ਆਪਣਾ ਰੰਗ ਚੜ੍ਹਾਈਆ । ਸ਼ਰਅ ਦਾ ਰਹੇ ਕੋਈ ਨਾ ਜੂੜ, ਜਗਤ ਜ਼ੰਜੀਰ ਦੇਣਾ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਪੰਜ ਤਤ ਕਹਿਣ ਪ੍ਰਭ ਭਗਤ ਸੁਹੇਲੇ ਤੇਰੇ ਲੋਕਮਾਤ, ਧਰਨੀ ਧਰਤ ਧਵਲ ਸੁਹਾਈਆ । ਕਿਰਪਾ ਕਰ ਦੇ ਕਮਲਾਪਾਤ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਸਾਡਾ ਝਗੜਾ ਮੇਟ ਦੇ ਜ਼ਾਤ ਪਾਤ,

ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਚ ਚੰਦ ਚਮਕਾਈਆ । ਚਰਨ ਕਵਲ ਜੋੜ ਦੇ ਨਾਤ, ਕੂੜੀ ਕਿਰਿਆ ਰਹੇ ਨਾ ਰਾਈਆ । ਅੱਠੇ ਪਹਿਰ ਕਰੀਏ ਪਰਭਾਤ, ਦਿਵਸ ਰੈਣ ਨਾ ਵੰਡ ਵੰਡਾਈਆ । ਕਿਰਪਾ ਕਰਨੀ ਪ੍ਰਭੂ ਪ੍ਰਭ ਆਪ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਾਡਾ ਲੇਖਾ ਰਹੇ ਨਾ ਰੋਗ ਸੰਤਾਪ, ਸਚ ਜਾਪ ਦੇਣਾ ਸਮਝਾਈਆ । ਜਨਮ ਕਰਮ ਦੇ ਮੇਟਣੇ ਪਾਪ, ਪਤਿਤ ਪੁਨੀਤ ਬਣਾਈਆ । ਤੂੰ ਜੋਤੀ ਜਾਤਾ ਸਾਡਾ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਸਾਡੀ ਸਚੀ ਥਾਪਣਾ ਥਾਪ, ਸਤਿਜੁਗ ਸਚ ਦੇ ਵਡਿਆਈਆ । ਕਲਜੁਗ ਪਿਛਲੀ ਪਿਛੇ ਰਹਿ ਜਾਏ ਵਾਟ, ਅਗਲਾ ਪੰਧ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਚ ਦੇਣੀ ਅਗੰਮੀ ਦਾਤ, ਦਾਤੇ ਦਾਨੀ ਮਿਹਰਵਾਨ ਮਿਹਰ ਨਜ਼ਰ ਉਠਾਈਆ ।

### ✪ ੨੨ ਮੱਘਰ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਸ਼ੋਹਣ ਜ਼ਿਲਾ ਗੁਰਦਾਸ ਪੁਰ ✪

ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਮੁਕਾ ਦੇ ਉਲਟਾ ਰੁੱਖ, ਗਰਭਵਾਸ ਫੰਦ ਰਹਿਣ ਨਾ ਪਾਈਆ । ਨਿਰਗੁਣ ਧਾਰ ਬਖ਼ਸ਼ ਦੇ ਸਾਚਾ ਸੁਖ, ਸਤਿਗੁਰ ਸ਼ਬਦ ਹੋਣਾ ਸਹਾਈਆ । ਉਜਲ ਕਰਦੇ ਦੀਨ ਦੁਨੀ ਵਿਚ ਮੁਖ, ਦੁਰਮਤ ਮੈਲ ਰਹੇ ਨਾ ਛਾਹੀਆ । ਜਗਤ ਤ੍ਰਿਸ਼ਨਾ ਮੇਟ ਦੇ ਭੁਖ, ਮਾਇਆ ਮਮਤਾ ਮੋਹ ਮਿਟਾਈਆ । ਕੂੜ ਕਿਰਿਆ ਵਿਚੋਂ ਬਦਲ ਦੇ ਰੁਖ਼, ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਮੇਟ ਦੇ ਦੀਨ ਦੁਨੀ, ਲੋਕਮਾਤ ਰਹਿਣ ਨਾ ਪਾਈਆ । ਸਚ ਪੁਕਾਰ ਏਕੰਕਾਰ ਆਪ ਸੁਣੀ, ਬਿਨ ਰਸਨਾ ਜਿਹਵਾ ਢੋਲੇ ਦਈਏ ਜਣਾਈਆ । ਤੂੰ ਸ਼ਾਹੋ ਭੂਪ ਵਡ ਗੁਣ ਗੁਣੀ, ਗਹਿਰ ਗੰਭੀਰ ਬੇਨਜ਼ੀਰ ਇਕ ਅਖਵਾਈਆ । ਤੇਰੇ ਨਾਮ ਦੀ ਸਦਾ ਅੰਤਰ ਉਪਜਦੀ ਰਹੇ ਧੁਨੀ, ਧੁਨ ਆਤਮਕ ਰਾਗ ਦੇਣਾ ਦ੍ਰਿੜ੍ਹਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਸ਼ਾਹੋ ਭੂਪ ਕੁੰਨੀ, ਗਹਿਰ ਗੰਭੀਰ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਰਹੇ ਨਾ ਲੋਕਮਾਤ, ਤਨ ਵਜੂਦ ਤੇਰੀ ਭੇਟ ਚੜ੍ਹਾਈਆ । ਤੂੰ ਆਦਿ ਜੁਗਾਦੀ ਪਿਤ ਮਾਤ, ਪੁਰਖ ਅਕਾਲ ਤੇਰੀ ਸਰਨਾਈਆ । ਨਿਰਵੈਰ ਨਿਰਾਕਾਰ ਨਿਰੰਕਾਰ ਜੋੜ ਲੈ ਨਾਤ, ਸਾਕ ਸੱਜਣ ਇਕ ਅਖਵਾਈਆ । ਜੇ ਆਤਮਾ ਜੋਤੀ ਜਾਤੇ ਤੇਰੀ ਜ਼ਾਤ, ਪੰਜਾਂ ਤਤਾਂ ਹੋ ਸਹਾਈਆ । ਅੰਤ ਕੰਤ ਭਗਵੰਤ ਸਾਡੀ ਪੁਛਣੀ ਵਾਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਇਕੱਠੇ ਹੋ ਕੇ ਸੀਸ ਨਿਵਾਈਆ । ਸਤਿ ਸਚ ਤੇਰੇ ਨਾਮ ਦੀ ਮਿਲੇ ਦਾਤ, ਦਾਤੇ ਦਾਨੀ ਦੇਣੀ ਵਰਤਾਈਆ । ਤੇਰਾ ਖੇਲ ਤਕੀਏ ਬਹੁ ਬਿਧ ਭਾਂਤ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਅੰਮ੍ਰਿਤ ਰਸ ਦੇਣਾ ਅਗੰਮੀ ਬੂੰਦ ਸਵਾਂਤ, ਬਿਨ ਰਸਨਾ ਜਿਹਵਾ ਚਖਾਈਆ । ਤੇਰਾ ਦਰਸ਼ਨ ਹੋਵੇ ਇਕ ਇਕਾਂਤ, ਨੂਰ ਨੁਰਾਨੇ ਸਾਚਾ ਨੂਰ ਦੇਣਾ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਖ਼ਾਲੀ ਝੋਲੀ

ਦੇਣੀ ਭਰਾਈਆ । ਪੰਜ ਤਤ ਕਹਿਣ ਪ੍ਰਭ ਤੇਰੇ ਭਗਤ ਸੁਹੇਲੇ, ਦਰ ਤੇਰੇ ਆਸ ਤਕਾਈਆ । ਨਿਰਗੁਣ ਧਾਰ ਸਰਗੁਣ ਕਰਨੇ ਮੇਲੇ, ਮੇਲ ਮਿਲਾਉਣਾ ਚਾਈਂ ਚਾਈਂਆ । ਏਕਾ ਰੰਗ ਰੰਗਾਉਣੇ ਗੁਰੂ ਗੁਰ ਚੇਲੇ, ਗੁਰ ਸ਼ਬਦ ਤੇਰੇ ਹੱਥ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਤੂੰ ਅਚਰਜ ਖੇਲ ਖੇਲੇ, ਅਲਖ ਅਗੋਚਰ ਅਗੰਮ ਅਥਾਹ ਇਕ ਅਖਵਾਈਆ । ਸਾਡਾ ਆਵਣ ਜਾਵਣ ਪਤਿਤ ਪਾਵਨ ਕਟ ਦੇ ਰਾਏ ਧਰਮ ਦੀ ਜੇਲੇ, ਚੁਰਾਸੀ ਫਾਸੀ ਗਲ ਨਾ ਕੋਇ ਲਟਕਾਈਆ । ਸਦਾ ਵਸੀਏ ਤੇਰੇ ਧਾਮ ਨਵੇਲੇ, ਸਚਖੰਡ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੀ ਧਾਰ ਇਕ ਜਣਾਈਆ । ਪੰਜ ਤਤ ਕਹਿਣ ਪ੍ਰਭ ਕਿਰਪਾ ਕਰ ਨਿਰੰਕਾਰ, ਨਿਰਵੈਰ ਤੇਰੀ ਸਰਨਾਈਆ । ਅਸੀਂ ਮੰਗਤੇ ਬਣੇ ਭਿਖਾਰ, ਭਿਖਕ ਹੋ ਕੇ ਝੋਲੀ ਡਾਹੀਆ । ਵਸਤ ਅਮੋਲਕ ਦੇਣੀ ਡਾਰ, ਕਰਤੇ ਕ਼ੀਮਤ ਨਾ ਕੋਇ ਜਣਾਈਆ । ਮਿਹਰ ਨਜ਼ਰ ਨਾਲ ਦੇਣਾ ਤਾਰ, ਤੁਰਤ ਆਪਣਾ ਰੰਗ ਰੰਗਾਈਆ । ਸ਼ਬਦੀ ਸ਼ਬਦ ਬਖ਼ਸ਼ ਪਿਆਰ, ਪ੍ਰੀਤਮ ਮੇਲਾ ਮੇਲਣਾ ਚਾਈਂ ਚਾਈਂਆ । ਸਾਨੂੰ ਵਖਾਉਣਾ ਸਚਖੰਡ ਦੁਆਰ, ਦਰਗਾਹ ਸਾਚੀ ਇਕ ਜਣਾਈਆ । ਜਿਥੇ ਦੀਪਕ ਜੋਤ ਜਗੇ ਅਪਾਰ, ਅਪਰੰਪਰ ਸੁਆਮੀ ਤੇਰਾ ਨਜ਼ਰੀ ਆਏ ਨੂਰ ਅਲਾਹੀਆ । ਆਵਣ ਜਾਵਣ ਰਹੇ ਨਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਦਾ ਲੇਖਾ ਦੇਣਾ ਮੁਕਾਈਆ । ਮਾਲਕ ਖ਼ਾਲਕ ਪ੍ਰਿਤਪਾਲਕ ਸਾਡਾ ਬਣਨਾ ਕੰਤ ਭਤਾਰ, ਕੰਤੂਹਲ ਤੇਰੀ ਇਕੋ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਪਰਦਾ ਆਪ ਉਠਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤੇਰੇ ਗ੍ਰਿਹਿ ਮੰਦਰ, ਦੂਸਰ ਦਰ ਨਾ ਕੋਇ ਵਡਿਆਈਆ । ਸਾਡਾ ਲੇਖਾ ਰਹੇ ਨਾ ਅੰਧੇਰੀ ਕੰਦਰ, ਅੰਧ ਅਗਿਆਨ ਦੇਣਾ ਮਿਟਾਈਆ । ਬਜਰ ਕਪਾਟ ਤੋੜ ਦੇ ਜੰਦਰ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਮਨੂਆ ਦਹਿ ਦਿਸ਼ ਉਠ ਨਾ ਧਾਏ ਬੰਦਰ, ਬੰਦਗੀ ਸਚ ਦੇਣੀ ਸਮਝਾਈਆ । ਪਰਕਾਸ਼ ਦੇਣਾ ਬਿਨਾ ਸੂਰੀਆ ਚੰਦਰ, ਜੋਤੀ ਜਾਤੇ ਇਕੋ ਨੂਰ ਦੇਣਾ ਚਮਕਾਈਆ । ਸਾਡੀ ਮਨਜ਼ੂਰ ਕਰਨੀ ਬੰਦਨ, ਬੰਦਗੀ ਵਿਚ ਸੀਸ ਨਿਵਾਈਆ । ਜੇ ਤੂੰ ਆਤਮਾ ਪਰਮਾਤਮਾ ਦੇਵੇ ਅਨੰਦਨ, ਅਨੰਦ ਅਨੰਦ ਵਿਚੋਂ ਵਖਾਈਆ । ਤੂੰ ਸਾਹਿਬ ਸੁਲਤਾਨਾ ਆਦਿ ਜੁਗਾਦਿ ਹਾਰਾ ਟੁੱਟੀ ਗੰਢਣ, ਸਤਿ ਸਚ ਗੰਢ ਪੁਆਈਆ । ਅਸੀਂ ਤਨ ਵਜੂਦ ਰਸਨਾ ਜਿਹਵਾ ਬੱਤੀ ਦੰਦ ਤੇਰਾ ਗਾਉਂਦੇ ਛੰਦਨ, ਢੋਲੇ ਸਿਫ਼ਤ ਸਲਾਹੀਆ । ਅੰਤ ਸਾਨੂੰ ਲਾਉਣਾ ਅੰਗਣ, ਅੰਗੀਕਾਰ ਇਕ ਅਖਵਾਈਆ । ਸਾਡਾ ਪੰਧ ਮੁਕਾਉਣਾ ਧਰਨੀ ਧਵਲ ਅਕਾਸ਼ ਬ੍ਰਹਿਮੰਡਣ, ਬ੍ਰਹਿਮਾਂਡ ਦਾ ਡੇਰਾ ਢਾਹੀਆ । ਲੇਖਾ ਰਹੇ ਨਾ ਜੇਰਜ ਅੰਡਜ, ਉਤਭੁਜ ਸੇਤਜ ਵੰਡ ਨਾ ਕੋਇ ਵੰਡਾਈਆ । ਨਿਰਗੁਣ ਧਾਰ ਆਪਣੇ ਚੁਕਣਾ ਕੰਧਨ, ਦੂਸਰ ਹੱਥ ਨਾ ਕਦੇ ਫੜਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਪਿਆਰ ਵਿਚ ਕਰਨ ਬੰਦਨ, ਬੰਦਗੀ ਵਿਚ ਸੀਸ ਝੁਕਾਈਆ । ਸਾਨੂੰ ਪਾਰ ਕਰਾਉਣਾ ਬਿਨਾ ਮੁਹਾਣੇ ਵੰਝਣ, ਦੋ ਜਹਾਨਾਂ ਪੰਧ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਭੇਵ ਆਪ ਰਖਾਈਆ । ਪੰਜ ਤਤ ਕਹਿਣ ਪ੍ਰਭ ਨਿਰਗੁਣ ਤੇਰੀ ਕੀਤੀ ਸੇਵ, ਸਰਗੁਣ ਸਚ ਸਚ ਸਰਨਾਈਆ । ਤੂੰ ਦਾਤਾ ਅਲਖ ਅਭੇਵ, ਅਗੋਚਰ ਅਗੰਮ ਇਕ ਅਖਵਾਈਆ । ਸਦਾ ਸਦਾ ਨਿਹਕੇਵ, ਨਿਹਚਲ ਬੈਠਾ ਆਸਣ ਲਾਈਆ । ਤੇਰੀ ਸਿਫ਼ਤ ਕਰੇ ਕੀ ਜਿਹਵ, ਰਸਨਾ ਢੋਲਾ ਕੀ ਵਡਿਆਈਆ । ਤੂੰ ਆਦਿ ਜੁਗਾਦਿ ਬ੍ਰਹਮ

ਬ੍ਰਹਿਮਾਦ ਵਡ ਵੱਡਾ ਦੇਵੀ ਦੇਵ, ਦੇਵਤ ਸੁਰ ਸਭ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਬਣਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਭਗਤੀ ਧਾਰ ਮੰਗ, ਭਗਵਨ ਆਸਾ ਇਕ ਜਣਾਈਆ । ਜੋਤੀ ਜਾਤੇ ਚਾੜ੍ਹ ਦੇ ਰੰਗ, ਦੋ ਜਹਾਨ ਉਤਰ ਕਦੇ ਨਾ ਜਾਈਆ । ਆਤਮ ਸੇਜ ਸੁਹਾ ਪਲੰਘ, ਸੁਖਆਸਣ ਡੇਰਾ ਲਾਈਆ । ਨਿਝਰ ਝਿਰਨਿਉਂ ਬਖ਼ਸ਼ ਅਨੰਦ, ਬੂੰਦ ਸਵਾਂਤੀ ਇਕ ਟਪਕਾਈਆ । ਨਾਭੀ ਕਵਲ ਸੁਣਾ ਛੰਦ, ਅਨਰਾਗੀ ਰਾਗ ਦ੍ਰਿੜਾਈਆ । ਸਾਡੀ ਖ਼ੁਸ਼ੀ ਕਰ ਦੇ ਬੰਦ ਬੰਦ, ਬੰਦਗੀ ਤੇਰੇ ਚਰਨ ਕਵਲ ਸ਼ਰਨਾਈਆ । ਜੇ ਆਤਮਾ ਭਗਤਾਂ ਹੋਵੇ ਕਦੇ ਨਾ ਰੰਡ, ਕੰਤ ਸੁਹਾਗ ਇਕ ਹੰਢਾਈਆ । ਕਿਉਂ ਨਹੀਂ ਪੰਜਾਂ ਤਤਾਂ ਪਾਉਂਦਾ ਠੰਢ, ਅਗਨੀ ਅੱਗ ਬੁਝਾਈਆ । ਸਾਡਾ ਝਗੜਾ ਮੁਕਾ ਦੇ ਜੇਰਜ ਅੰਡ, ਉਤਭੁਜ ਸੇਤਜ ਜੂਨੀ ਜੂਨ ਨਾ ਕੋਇ ਭੁਆਈਆ । ਤੇਰੀ ਮੰਜ਼ਲ ਮਹਿਬੂਬ ਜਾਈਏ ਲੰਘ, ਅਗੇ ਸਕੇ ਨਾ ਕੋਇ ਅਟਕਾਈਆ । ਸਚਖੰਡ ਦੁਆਰ ਏਕੰਕਾਰ ਪਰਵਰਦਿਗਾਰ ਤੇਰਾ ਮਾਣੀਏ ਅਨੰਦ, ਸਾਂਝੇ ਯਾਰ ਮਿਲਕੇ ਵਜੇ ਵਧਾਈਆ । ਅਸੀਂ ਬੇਨੰਤੀ ਕਰੀਏ ਭਗਤਾਂ ਤਤ ਪੰਜ, ਪੰਚਮ ਦੇ ਮਾਲਕ ਮੇਲਾ ਮੇਲਣਾ ਸਹਿਜ ਸੁਭਾਈਆ । ਨਾ ਖ਼ੁਸ਼ੀ ਰਹੇ ਨਾ ਰੰਜ, ਗ਼ਮੀ ਗ਼ਮਖ਼ਾਰ ਦੇਣੀ ਮਿਟਾਈਆ । ਸਾਡਾ ਲੇਖਾ ਰਹੇ ਨਾ ਜਗਤ ਅੰਧੇਰਾ ਅੰਧ, ਸਚ ਪਰਕਾਸ਼ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ
੧੫੦ ਧਾਰ ਸਦਾ ਜੁਆਨ ਜੋਬਨਵੰਤੇ ਸ੍ਰੀ ਭਗਵੰਤੇ ਇਕ ਤੇਰੀ ਓਟ ਤਕਾਈਆ । ੧੫੦

੨੪ ੨੪

★ ੨੨ ਮੱਘਰ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਅਲੱੜਪਿੰਡੀ ਜ਼ਿਲਾ ਗੁਰਦਾਸ ਪੁਰ ★

ਪੰਜ ਤਤ ਕਹਿਣ ਪ੍ਰਭ ਅਸੀਂ ਭਗਤ ਸੁਹੇਲੇ ਤੇਰਾ ਅੰਗ, ਅੰਗੀਕਾਰ ਇਕ ਅਖਵਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡੀ ਅਗੰਮੀ ਮੰਗ, ਅਗੰਮ ਅਥਾਹ ਬੇਪਰਵਾਹ ਦਈਏ ਜਣਾਈਆ । ਨਿਰਗੁਣ ਧਾਰ ਸਰਗੁਣ ਚੋਲੀ ਰੰਗ, ਰੰਗ ਮਜੀਠ ਅਨਡੀਠ ਆਪ ਚੜ੍ਹਾਈਆ । ਏਥੇ ਓਥੇ ਦੋ ਜਹਾਨ ਸ੍ਰੀ ਭਗਵਾਨ ਹੋਣਾ ਸੰਗ, ਸਗਲਾ ਸਾਥੀ ਪੁਰਖ ਸਮਰਾਥੀ ਆਪ ਰੰਗਾਈਆ । ਨਾਮ ਨਿਧਾਨ ਨਾਲ ਕਟ ਭੁਖ ਨੰਗ, ਤ੍ਰਿਸ਼ਨਾ ਤ੍ਰਿਖਾ ਜਗਤ ਜੁਗਤ ਦੂਰ ਕਰਾਈਆ । ਦੀਨ ਦਿਆਲ ਤੇਰੀ ਮੰਜ਼ਲ ਹਕ ਮਹਿਬੂਬ ਜਾਈਏ ਲੰਘ, ਅਗੇ ਹੋ ਨਾ ਕੋਇ ਅਟਕਾਈਆ । ਸਚ ਪਿਆਰ ਦੀ ਵਖਾ ਗੰਗ, ਗੰਗਾ ਗੋਦਾਵਰੀ ਜਮਨਾ ਸੁਰਸਤੀ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਆਪ ਵਰਤਾਈਆ । ਪੰਜ ਤਤ ਕਹਿਣ ਪ੍ਰਭ ਭਗਤਾਂ ਦੇ ਦੇ ਸਚ ਦਾ ਨਾਮ, ਨਾਉਂ ਨਿਰੰਕਾਰ ਦੇ ਵਰਤਾਈਆ । ਭਾਗ ਲਗਾ ਦੇ ਕਾਇਆ ਮਾਟੀ ਚਾਮ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਪਰਕਾਸ਼ ਕਰਦੇ ਨਗਰ ਖੇੜੇ ਗਰਾਮ, ਤਨ ਵਜੂਦ ਡਗਮਗਾਈਆ । ਮੇਲਾ ਮੇਲ ਸੁਆਮੀ ਆਪਣਾ ਆਤਮਾ ਰਾਮ, ਰਾਮ ਰਹੀਮ ਰਹਿਮਤ ਦੇਣੀ ਕਮਾਈਆ । ਅੰਤਰ ਰਹੇ ਨਾ ਅੰਧੇਰਾ ਸ਼ਾਮ, ਸ਼ਮਅ ਨੂਰ ਜੋਤ ਕਰ ਰੁਸ਼ਨਾਈਆ । ਬਿਨਾ ਜ਼ਬਾਨ ਪਿਆ ਦੇ ਜਾਮ, ਹਕ਼ੀਕ਼ੀ ਹਕ ਹਕ ਪਿਆਈਆ । ਮਨੂਏ ਮਨ ਦਾ , ਹੁਕਮ ਧੁਰ ਦਾ ਇਕ ਸਮਝਾਈਆ । ਬਿਨਾ

ਅੱਖਰਾਂ ਨਿਰਗੁਣ ਧਾਰ ਦੇ ਕਲਾਮ, ਕਲਮਿਆਂ ਬਾਹਰ ਸ਼ਨਵਾਈਆ । ਤੇਰੇ ਚਰਨ ਕਵਲ ਹੋਏ ਪਰਨਾਮ, ਨਿਮਸਕਾਰ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਗ੍ਰਿਹਿ ਇਕ ਸੁਹਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤ ਸੁਹੇਲੇ ਤਨ ਵਜੂਦ ਸਰੀਰ, ਮਾਟੀ ਖ਼ਾਕ ਖ਼ਾਕ ਨਜ਼ਰੀ ਆਈਆ । ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਬੇਨਜ਼ੀਰ, ਨੂਰ ਨੁਰਾਨਾ ਨੂਰ ਅਲਾਹੀਆ । ਸਾਡੀ ਆਸ਼ਾ ਪੂਰੀ ਕਰ ਦੇ ਜੋ ਸੰਦੇਸ਼ਾ ਦੇ ਕੇ ਗਿਆ ਕਬੀਰ, ਕ਼ਬਰਾਂ ਤੋਂ ਬਾਹਰ ਗਿਆ ਸ਼ਨਵਾਈਆ । ਸਤਿ ਸੁਆਮੀ ਅੰਤਰਜਾਮੀ ਸਾਡੀ ਬਿਨਾ ਤਤਾਂ ਤੋਂ ਕਰ ਤਾਮੀਰ, ਬਾਡੀ ਆਪਣੀ ਘਾੜਤ ਘੜਾਈਆ । ਸਾਡੀ ਆਸ਼ਾ ਮਨਸਾ ਨਾ ਹੋਏ ਦਿਲਗੀਰ, ਮਨ ਕਾ ਮਣਕਾ ਦੇ ਬਦਲਾਈਆ । ਤੇਰੇ ਕੋਲ ਹਕ ਹਕੀਕ਼ਤ ਦੀ ਤਦਬੀਰ, ਤਰੀਕਾ ਨੀਕਨ ਨੀਕਾ ਇਕ ਸਮਝਾਈਆ । ਸਾਡਾ ਲੇਖਾ ਵੇਖ ਅੰਤ ਅਖ਼ੀਰ, ਆਖ਼ਰ ਦਈਏ ਸਮਝਾਈਆ । ਜੇ ਭਗਤਾਂ ਆਤਮਾ ਤੇਰਾ ਵਜ਼ੀਰ, ਤੂੰ ਪੀਰਨ ਪੀਰ ਨੂਰ ਅਲਾਹੀਆ । ਅਸੀਂ ਤਨ ਵਜੂਦ ਜਗਤ ਬਸਤਰ ਚੀਰ, ਚਿਰੀ ਵਿਛੁੰਨੇ ਵੇਖ ਵਖਾਈਆ । ਕਿਰਪਾ ਕਰ ਦੇ ਮਾਲਕ ਗਹਿਰ ਗੰਭੀਰ, ਗਵਰ ਤੇਰੀ ਓਟ ਤਕਾਈਆ । ਨੇਤਰ ਸਾਡੇ ਵਿਰੋਲਣ ਨੀਰ, ਨੈਣਾਂ ਛਹਿਬਰ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਵੇਖ ਲੈ ਅੰਤਸ਼ਕਰਨ, ਬਿਨ ਨੈਣਾਂ ਨੈਣ ਉਠਾਈਆ । ਸਹਾਰਾ ਦੇ ਦੇ ਅਗੰਮੇ ਚਰਨ, ਬਿਨਾ ਤਨ ਵਜੂਦ ਨਜ਼ਰੀ ਆਈਆ । ਤੂੰ ਆਦਿ ਜੁਗਾਦੀ ਕਰਨੀ
੧੫੧ ਕਰਨ, ਕਰਤਾ ਪੁਰਖ ਬੇਪਰਵਾਹੀਆ । ਸਾਡਾ ਲਹਿਣਾ ਦੇਣਾ ਮੁਕਾ ਦੇ ਉਤੇ ਧਰਨ, ਧਰਨੀ ਧਵਲ ਧੌਲ ਨਾਲ ਰਲਾਈਆ । ਸਾਡਾ ਅੰਤਰ ਆਤਮਾ ੧੫੧
੨੪ ਤੇਰੀ ਪਿਆ ਸ਼ਰਨ, ਸਰਨਗਤ ਇਕ ਅਖਵਾਈਆ । ਸਾਡਾ ਝਗੜਾ ਮਿਟਿਆ ਵਰਨ ਬਰਨ, ਜ਼ਾਤ ਪਾਤ ਨਾ ਕੋਇ ਜਣਾਈਆ । ਪੰਜ ਤਤ ਕਹਿਣ ੨੪
ਅਸੀਂ ਤੇਰੀ ਚਾਹੁੰਦੇ ਮੰਜ਼ਲ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਸਾਨੂੰ ਸਚਖੰਡ ਦੇਣਾ ਵੜਨ, ਪਿਛਲੇ ਜੁਗਾਂ ਦਾ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਅੰਤਰ ਚਾਓ ਘਨੇਰਾ, ਖ਼ੁਸ਼ੀਆਂ ਢੋਲੇ ਗਾਈਆ । ਜੇ ਭਗਤਾਂ ਆਤਮਾ ਰੂਪ ਤੇਰਾ, ਕਿਉਂ ਪੰਜਾਂ ਤਤਾਂ ਦਏਂ ਜੁਦਾਈਆ । ਸਾਡੇ ਉਤੇ ਕਰ ਦੇ ਮਿਹਰਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਇਕੋ ਰੰਗ ਰੰਗਾ ਦੇ ਸੰਝ ਸਵੇਰਾ, ਅੰਧ ਅੰਧੇਰਾ ਦੇ ਮਿਟਾਈਆ । ਸਾਡਾ ਆਪਣੇ ਗ੍ਰਿਹਿ ਬਣਾ ਦੇ ਖੇੜਾ, ਕੁੰਡੀ ਖਿੜਕੀ ਆਪ ਖੁਲ੍ਹਾਈਆ । ਚੁਰਾਸੀ ਵਿਚ ਰਹੇ ਨਾ ਗੇੜਾ, ਜਮ ਕੀ ਫਾਸੀ ਦੇ ਕਟਾਈਆ । ਸਾਡਾ ਪੰਧ ਕਰ ਦੇ ਨੇਰਨ ਨੇਰਾ, ਦੂਰ ਦੁਰਾਡਾ ਰਾਹ ਨਾ ਕੋਇ ਵਖਾਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਸਤਿਗੁਰ ਸ਼ਬਦ ਸ਼ੇਰਾ, ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਇਕ ਅਖਵਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤ ਸੁਹੇਲੇ ਤੇਰਾ ਰੂਪ, ਤੁਧ ਬਿਨ ਅਵਰ ਨਾ ਕੋਇ ਧਿਆਈਆ । ਤੂੰ ਸ਼ਹਿਨਸ਼ਾਹ ਸਾਡਾ ਭੂਪ, ਪਾਤਸ਼ਾਹ ਬੇਪਰਵਾਹੀਆ । ਸਾਡਾ ਲੇਖਾ ਮੁਕਾ ਦੇ ਅੰਧ ਕੂਪ, ਜੋਤੀ ਜਾਤੇ ਕਰ ਰੁਸ਼ਨਾਈਆ । ਤੇਰਾ ਸਤਿਗੁਰ ਸ਼ਬਦ ਆਦਿ ਜੁਗਾਦੀ ਧੁਰ ਦਾ ਦੂਤ, ਦੋ ਜਹਾਨਾਂ ਵੇਖ ਵਖਾਈਆ । ਸਾਨੂੰ ਲੈ ਜਾਏ ਤੇਰੀ ਕੂਟ, ਕਾਇਆ ਕੁਟੀਆ ਫੇਰ ਨਾ ਕਦੇ ਵਸਾਈਆ । ਨਾਤਾ ਤੁਟ ਜਾਏ ਜੂਠ ਝੂਠ, ਮਾਇਆ ਮਮਤਾ ਮੋਹ ਨਾ ਕੋਇ ਹਲਕਾਈਆ । ਸਾਡੇ ਉਤੇ ਸਾਹਿਬ ਸੁਲਤਾਨੇ

ਤੁਠ, ਦਰ ਤੇਰੇ ਵਾਸਤਾ ਪਾਈਆ । ਸਾਡੀ ਸੁੰਹਜਣੀ ਕਰ ਦੇ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਤੂੰ ਪਤਿਪਰਮੇਸ਼ਵਰ ਪਾਰਬ੍ਰਹਮ ਅਬਿਨਾਸ਼ੀ ਅਚੁਤ, ਚਾਰੋਂ ਕੁੰਟ ਤੇਰੀ ਦੁਹਾਈਆ । ਸਾਨੂੰ ਆਪਣੇ ਬਣਾ ਲੈ ਸੁਤ, ਅਪ ਤੇਜ ਵਾਏ ਪ੍ਰਿਥਮੀ, ਅਕਾਸ਼ ਤੇਰੇ ਅਗੇ ਵਾਸਤਾ ਪਾਈਆ । ਅਸੀਂ ਤੇਰਿਆਂ ਭਗਤਾਂ ਦਾ ਜਗਤ ਸੁਹਾਇਆ ਬੁਤ, ਜਿਸ ਬੁਤਖ਼ਾਨੇ ਵਿਚ ਆਤਮਾ ਦਿਤਾ ਟਿਕਾਈਆ । ਜੇ ਆਤਮਾ ਸਾਡੇ ਵਿਚੋਂ ਲਿਆ ਚੁਕ, ਸਚਖੰਡ ਖੰਡ ਕੀਤੀ ਰੁਸ਼ਨਾਈਆ । ਕਿਉਂ ਸਾਡੇ ਕਾਰਨ ਗਿਉਂ ਰੁਕ, ਰੁੱਕਾ ਗੋਬਿੰਦ ਦਾ ਦਏ ਗਵਾਹੀਆ । ਅਸੀਂ ਤੇਰੀ ਗਾਈ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਧੁਰਦਰਗਾਹੀਆ । ਅੰਤ ਸਾਡੀ ਵਾਤ ਪੁਛ, ਪੁਸ਼ਤ ਪਨਾਹ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਸ਼ਾ ਪੂਰ ਕਰਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਸਾਚਾ ਘਾੜਨ ਘੜ ਦੇ, ਘੜਨ ਭੰਡਣਹਾਰ ਤੇਰੀ ਵਡਿਆਈਆ । ਲਹਿਣੇ ਦੇਣੇ ਚੁਕਾ ਦੇ ਚੇਤਨ ਜੜ੍ਹ ਦੇ, ਚੋਟੀ ਜੜ੍ਹ ਨਾ ਵੰਡ ਵੰਡਾਈਆ । ਤੇਰਾ ਢੋਲਾ ਗੀਤ ਰਹੀਏ ਪੜ੍ਹਦੇ, ਸੋਹਲਾ ਬਿਨ ਅੱਖਰ ਧਾਰ ਸਮਝਾਈਆ । ਸਚਖੰਡ ਦੁਆਰ ਜਾਈਏ ਵੜਦੇ, ਅਗੇ ਹੋ ਨਾ ਕੋਇ ਅਟਕਾਈਆ । ਬਰਦੇ ਬਣੀਏ ਤੇਰੇ ਦਰ ਦੇ, ਦਰ ਠਾਂਢੇ ਸੇਵ ਕਮਾਈਆ । ਕ਼ੁਫ਼ਲ ਖੋਲ੍ਹ ਦੇ ਆਪਣੇ ਘਰ ਦੇ, ਗ੍ਰਿਹ ਮੰਦਰ ਦੇ ਵਖਾਈਆ । ਜਿਥੇ ਦਰਸ਼ਨ ਹੋਣ ਨਰਾਇਣ ਨਰ ਦੇ, ਇਕੋ ਜੋਤ ਨੂਰ ਰੁਸ਼ਨਾਈਆ । ਲੇਖੇ ਪੂਰੇ ਕਰ ਦੇ ਕਲਜੁਗ ਕਲ ਦੇ, ਕਲ ਕਾਤੀਆ ਡੇਰਾ ਢਾਹੀਆ । ਸਾਡੇ ਵਾਅਦੇ ਵੇਖ ਲੈ ਰਾਜੇ ਬਲ ਦੇ, ਬਾਵਨ ਦਏ ਗਵਾਹੀਆ । ਤਰੇਤੇ ਜੁਗ ਵਿਚ ਸੰਦੇਸ਼ੇ ਰਹੇ ਘਲਦੇ, ਰਾਮ ਸੀਤਾ ਨਾਲ ਵਡਿਆਈਆ । ਦੁਆਪਰ ਆਸ਼ਾ ਵਿਚ ਰਹੇ ਫਲਦੇ, ਕਾਹਨ ਕ੍ਰਿਸ਼ਨ ਗਿਆ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਾਡੇ ਵਿਛੋੜੇ ਮੇਟ ਦੇ ਘੜੀ ਪਲ ਦੇ, ਸਦ ਆਪਣੇ ਰੰਗ ਰੰਗਾਈਆ । ਅਸੀਂ ਵਣਜਾਰੇ ਨਹੀਂ ਜਲ ਥਲ ਦੇ, ਮਹੀਅਲ ਵੰਡ ਨਾ ਕੋਇ ਵੰਡਾਈਆ । ਜੇ ਭਗਤਾਂ ਆਤਮਾ ਪਰਮਾਤਮਾ ਤੇਰੇ ਵਿਚ ਰਲਦੇ, ਕਿਉਂ ਪੰਜਾਂ ਤਤਾਂ ਦਏਂ ਜੁਦਾਈਆ । ਪਿਛੇ ਕੇਤੇ ਜੁਗ ਤੇਰਾ ਵਿਛੋੜਾ ਆਏ ਝਲਦੇ, ਅਗੇ ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਵਰ ਦਾਤੇ ਤੇਰੇ ਹੱਥ ਵਡਿਆਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤਾਂ ਦੀ ਭਗਤੀ ਤੇਰੀ ਧਾਰ, ਧਰਮ ਧਰਮ ਨਾਲ ਜਣਾਈਆ । ਸਾਡਾ ਲਹਿਣਾ ਦੇਣਾ ਵੇਖ ਵਿਚ ਸੰਸਾਰ, ਦੀਨ ਦੁਨੀ ਦੇ ਮਾਲਕ ਖ਼ਾਲਕ ਪੜਦਾ ਆਪ ਉਠਾਈਆ । ਦਰ ਦਰਵੇਸ਼ ਨਰ ਨਰੇਸ਼ ਤੇਰੇ ਹੋਏ ਭਿਖਾਰ, ਭਿਖਕ ਹੋ ਕੇ ਝੋਲੀ ਡਾਹੀਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਜੋਤੀ ਜਾਤਾ ਪੁਰਖ ਬਿਧਾਤਾ ਕਲ ਕਲਕੀ ਅਵਤਾਰ, ਅਕਲ ਕਲਧਾਰੀ ਇਕ ਅਖਵਾਈਆ । ਨਿਰਗੁਣ ਨਿਰਵੈਰ ਨਿਰੰਕਾਰ ਨਿਰਾਕਾਰ ਸਾਡੀ ਪੈਜ ਸਵਾਰ, ਮਹਿਬਾਨ ਬੀਦੋ ਬੀ ਖ਼ੈਰਯਾ ਤੇਰੀ ਓਟ ਤਕਾਈਆ । ਤੂੰ ਨੂਰ ਨੁਰਾਨਾ ਸ਼ਾਹੋ ਭੂਪ ਸਿਕਦਾਰ, ਪਰਵਰਦਿਗਾਰ ਯਾਂਝਾ ਯਾਰ ਅਗੰਮ ਅਥਾਹੀਆ । ਅਸੀਂ ਬੁਤਖ਼ਾਨਿਆਂ ਵਿਚ ਹੋਏ ਬੇਜ਼ਾਰ, ਬੰਦੀਖ਼ਾਨੇ ਦੇ ਤੁੜਾਈਆ । ਸਾਨੂੰ ਸ਼ਰਅ ਦੇ ਵਿਚੋਂ ਕਰ ਫ਼ਰਾਰ, ਫ਼ੁਰਸਤ ਦੀਨ ਦੁਨੀ ਵਿਚੋਂ ਦਵਾਈਆ । ਸਾਡਾ ਤੇਰੇ ਨਾਲ ਨਹੀਂ ਕੋਈ ਤਕਰਾਰ, ਝਗੜਾ ਜਗਤ ਨਾ ਕੋਇ ਜਣਾਈਆ । ਵਾਅਦਾ ਵੇਖ ਲੈ ਜੋ ਕੀਤਾ ਕੌਲ ਇਕਰਾਰ, ਇਕਰਾਰਨਾਮੇ ਫੋਲ ਫੁਲਾਈਆ । ਤੂੰ ਮਾਹੀ ਮਹਿਬੂਬ ਮੁਹੱਬਤ ਨਾਲ ਬਖ਼ਸ਼ ਪਿਆਰ, ਆਸ਼ਾ ਆਪਣੇ ਰੰਗ ਰੰਗਾਈਆ । ਝਗੜਾ ਮੁਕਾ ਦੇ ਪੁਰਖ ਨਾਰ, ਨਰ ਨਰਾਇਣ ਤੇਰੀ ਸਰਨਾਈਆ । ਜੇ ਆਤਮਾ ਦਿਤਾ ਅਧਾਰ, ਭਗਤਾਂ ਹੋਇਆ

ਸਹਾਈਆ । ਕਿਉਂ ਭਗਤਾਂ ਦੇ ਤਤ ਸਰੀਰ ਤੇਰੇ ਸਚਖੰਡ ਦੁਆਰੇ ਵਿਚੋਂ ਰਹਿਣ ਬਾਹਰ, ਅਗਨੀ ਖ਼ਾਕ ਖ਼ਾਕ ਮਿਲਾਈਆ । ਅਸੀਂ ਜਾਣਾ ਤੇਰੇ ਉਸ ਦੁਆਰ, ਜਿਥੇ ਦਵਾਰਕਾ ਵਾਸੀ ਬੈਠੇ ਸੀਸ ਨਿਵਾਈਆ । ਇਕੋ ਸ਼ਬਦ ਹੋਵੇ ਧੁਨਕਾਰ, ਨਾਦੀ ਧੁਨ ਸੁਣੀਏ ਚਾਈਂ ਚਾਈਆ । ਇਕੋ ਦੀਪਕ ਜੋਤ ਹੋਵੇ ਉਜਿਆਰ, ਬਿਨ ਤੇਲ ਬਾਤੀ ਡਗਮਗਾਈਆ । ਇਕੋ ਸ਼ਾਹੋ ਭੂਪ ਹੋਵੇ ਸਿਕਦਾਰ, ਸ਼ਹਿਨਸ਼ਾਹ ਇਕ ਅਖਵਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲਹਿਣਾ ਦੇਣਾ ਤੇਰੇ ਹੋਵੇ ਵਿਚ ਦਰਬਾਰ, ਦਰਗਾਹ ਸਾਚੀ ਵਜੇ ਵਧਾਈਆ । ਜਨ ਭਗਤਾਂ ਆਤਮਾ ਨਾਲ ਕੀਤਾ ਜਗਤ ਵਿਵਹਾਰ, ਵਿਵਹਾਰੀ ਦੇਈਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅਵਰ ਦੂਸਰ ਪਾਏ ਕੋਈ ਨਾ ਸਾਰ, ਮਹਾਸਾਰਥੀ ਨਜ਼ਰ ਕੋਇ ਨਾ ਆਈਆ ।

✪ ੨੩ ਮੱਘਰ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਬਾਬੂਪੁਰ ਜ਼ਿਲਾ ਗੁਰਦਾਸ ਮੁਣਸ਼ਾ ਸਿੰਘ ਮੇਲਾ ਸਿੰਘ ਹਜ਼ਾਰਾ ਸਿੰਘ
ਦਲੀਪ ਸਿੰਘ ਪਿਆਰੀ ਦਲੀਪ ਸਿੰਘ ਦੀਦਾਰ ਸਿੰਘ ਸੰਤਾ ਸਿੰਘ ਹਜ਼ਾਰਾ ਸਿੰਘ ਮੁਣਸ਼ਾ ਸਿੰਘ
ਆਸਾ ਸਿੰਘ ਬਲਾਕਾ ਸਿੰਘ ਪਿਆਰਾ ਸਿੰਘ ਰਵੇਲ ਕੌਰ ਕਰਤਾਰ ਕੌਰ ਮੱਖਣ ਸਿੰਘ ਭਾਗ ਸਿੰਘ
ਦਰਸ਼ਨ ਕੌਰ ਵਿਰਸਾ ਸਿੰਘ ਮਹਿੰਦਰ ਕੌਰ ਹਰਨਾਮ ਕੌਰ ✪



ਪੰਜ ਤਤ ਕਹਿਣ ਪ੍ਰਭ ਸਾਡਾ ਰੂਪ ਬਣਦਾ ਰਿਹਾ ਲੱਖ ਚੁਰਾਸੀ, ਚੁਰਾਹਾ ਜਗਤ ਜਹਾਨ ਵੇਖ ਵਖਾਈਆ । ਆਤਮ ਧਾਰ ਪਰਮਾਤਮ ਤੂੰ ਸਾਡੇ ਅੰਦਰ ਕਰਦਾ ਰਿਹੋਂ ਵਾਸੀ, ਵਾਸਤਾ ਤਨ ਵਜੂਦ ਵਖਾਈਆ । ਖੇਲ ਖੇਲਦਾ ਰਿਹੋਂ ਕਰ ਕਰ ਹਾਸੀ, ਹਸਤੀ ਵਿਚ ਮਸਤੀ ਆਪ ਜਣਾਈਆ । ਆਦਿ ਜੁਗਾਦਿ ਜੁਗ ਚੌਕੜੀ ਹੋਈ ਨਾ ਬੰਦਖ਼ੁਲਾਸੀ, ਬੰਧਨ ਸਕਿਆ ਨਾ ਕੋਇ ਤੁੜਾਈਆ । ਅਸੀਂ ਬਣਦੇ ਰਹੇ ਤਨ ਵਜੂਦ ਮਦਿਰਾ ਮਾਸੀ, ਖੂੰਖਾਰ ਰੂਪ ਬਦਲਾਈਆ । ਤੇਰਾ ਨਾਮ ਜਪਦੇ ਰਹੇ ਸਵਾਸ ਸਵਾਸੀ, ਸਾਹ ਸਾਹ ਧਿਆਈਆ । ਸਾਡੀ ਕੱਟੀ ਨਾ ਗਲੋਂ ਸਿਲਕ ਜਮ ਫਾਸੀ, ਫ਼ੈਸਲਾ ਹਕ ਨਾ ਕੋਇ ਸੁਣਾਈਆ । ਸੁਣ ਸ਼ਾਹੋ ਭੂਪ ਪੁਰਖ ਅਬਿਨਾਸ਼ੀ, ਹਰਿ ਕਰਤੇ ਦਈਏ ਦ੍ਰਿੜਾਈਆ । ਸਾਡੇ ਅੰਤਰ ਨਿਰੰਤਰ ਆਈ ਉਦਾਸੀ, ਦਰੋਹੀ ਤੇਰਾ ਨਾਮ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਪੰਜ ਤਤ ਕਹਿਣ ਅਸੀਂ ਫਿਰਦੇ ਰਹੇ ਵਿਚ ਚੁਰਾਸੀ ਲੱਖ, ਅਲਖ ਅਲਖਣੇ ਤੇਰਾ ਖੇਲ ਵੇਖ ਵਖਾਈਆ । ਸਾਡੇ ਤਨ ਵਜੂਦ ਭਾਂਡੇ ਰਹੇ ਸਖ, ਸਚ ਵਸਤ ਨਾ ਕੋਇ ਵਰਤਾਈਆ । ਸਾਡੀ ਦੀਨ ਦੁਨੀ ਕ਼ੀਮਤ ਰਹੀ ਕੋਈ ਨਾ ਕੌਡੀ ਕੱਖ, ਦਰ ਤੇਰੇ ਅਗੇ ਇਕ ਦੁਹਾਈਆ । ਅਸੀਂ ਜੂਨੀ ਭੋਗੀ ਵਖ ਵਖ, ਅੰਡਜ ਜੇਰਜ ਉਤਭੁਜ ਸੇਤਜ ਭੱਜੇ ਵਾਹੋ ਦਾਹੀਆ । ਅੰਤ ਜਿਉਂ ਭਾਵੇ ਤਿਉਂ ਲੈਣਾ ਰਖ, ਦਰ ਤੇਰੇ ਸੀਸ ਨਿਵਾਈਆ । ਤੂੰ ਪੁਰਖ ਅਕਾਲੇ ਦੀਨ ਦਿਆਲੇ ਹੋਇਆ ਪ੍ਰਤਖ, ਸਾਹਿਬ ਸਤਿਗੁਰ ਤੇਰੇ ਹੱਥ ਵਡਿਆਈਆ । ਤੇਰਾ ਨਾਮ ਜੈਕਾਰਾ ਬੋਲੀਏ ਇਕ ਅਲੱਖ, ਅਲਖ ਅਗੋਚਰ ਤੇਰੀ ਇਕ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਪੰਜ

ਤਤ ਕਹਿਣ ਪ੍ਰਭ ਅਸੀਂ ਫਿਰ ਫਿਰ ਵੇਖੀ ਲੱਖ ਚੁਰਾਸੀ ਜੂਨੀ, ਅਜੂਨੀ ਰਹਿਤ ਤੇਰੀ ਸਰਨਾਈਆ । ਤੂੰ ਹੁਕਮ ਦਾ ਮਾਲਕ ਹਾਕਮ ਇਕ ਕ਼ਾਨੂੰਨੀ, ਕ਼ਾਇਦਾ ਬਾਕ਼ਾਇਦਾ ਆਪਣਾ ਲਿਆ ਬਣਾਈਆ । ਤੇਰਾ ਨੂਰ ਜ਼ਹੂਰ ਵਡ ਜਨੂਨੀ, ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਤੇਰਾ ਹੁਕਮ ਫ਼ਰਮਾਨ ਸੰਦੇਸ਼ ਨਹੀਂ ਕੋਈ ਮਾਮੂਲੀ, ਮਾਲਕ ਖ਼ਾਲਕ ਤੇਰੇ ਹੱਥ ਵਡਿਆਈਆ । ਤੂੰ ਸਾਂਝਾ ਯਾਰ ਕੰਤੂਹਲੀ, ਨਿਰਵੈਰ ਇਕ ਅਖਵਾਈਆ । ਪੰਜ ਤਤ ਕਹਿਣ ਸਾਡੀ ਧਾਰ ਰਹੇ ਨਾ ਭੂਲੀ, ਅਭੁਲ ਦੇਣੀ ਵਡਿਆਈਆ । ਕੋਟਨ ਵਾਰ ਰਾਏ ਧਰਮ ਦੀ ਚੜ੍ਹੇ ਸੂਲੀ, ਫਾਸੀ ਗਲ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਪੰਜ ਤਤ ਕਹਿਣ ਪ੍ਰਭ ਲੱਖ ਚੁਰਾਸੀ ਭੋਗਿਆ ਭੋਗ, ਭਸਮੜ ਰੂਪ ਨਾ ਕੋਇ ਦਰਸਾਈਆ । ਸਾਡਾ ਕਰਮ ਕਰਮ ਦਾ ਮਿਟਿਆ ਨਾ ਰੋਗ, ਦੁਖੀ ਹੋ ਕੇ ਦੇਈਏ ਦੁਹਾਈਆ । ਚਿੰਤਾ ਚਿਖਾ ਖਾ ਗਿਆ ਸੋਗ, ਗ਼ਮੀ ਗ਼ਮਖਾਰ ਨਾ ਕੋਇ ਗਵਾਈਆ । ਪੁਰਖ ਅਕਾਲੇ ਪ੍ਰਿਤਪਾਲੇ ਤੇਰੇ ਨਾਲ ਹੋਇਆ ਨਾ ਕੋਇ ਸੰਜੋਗ, ਮਿਲਣੀ ਹਰਿ ਜਗਦੀਸ਼ ਨਾ ਕੋਇ ਕਰਾਈਆ । ਕ਼ੁਦਰਤ ਦੇ ਕ਼ਾਦਰ ਆਪਣੀ ਵਖਾ ਮੌਜ, ਮਜਲਸ ਆਪਣੇ ਨਾਲ ਰਖਾਈਆ । ਸਾਡੀ ਬੁਧੀ ਬਸੁਧੀ ਵਿਚ ਕਰ ਸਕੇ ਨਾ ਖੋਜ, ਖੋਜਿਆਂ ਹੱਥ ਕਿਸੇ ਨਾ ਆਈਆ । ਚਰਨ ਪ੍ਰੀਤੀ ਬਖ਼ਸ਼ ਦੇ ਇਕੋ ਜੋਗ, ਜੁਗਤੀ ਨਾਮ ਵਾਲੀ ਦ੍ਰਿੜਾਈਆ । ਤੇਰਾ ਦਰਸ਼ਨ ਕਰੀਏ ਸੁਆਮੀ ਰੋਜ਼, ਬਿਨ ਨੈਣਾਂ ਨੈਣ ਬਿਘਸਾਈਆ । ਪ੍ਰੀਤਮ ਪ੍ਰੇਮ ਵਾਲਾ ਕਰਨਾ ਚੋਜ, ਪਿਆਰ ਮੁਹੱਬਤ ਇਕ ਰਖਾਈਆ । ਆਪਣਾ ਭੇਵ ਖੁਲਾਉਣਾ ਗੋਝ, ਪਰਦਾ ਪਰਦਿਆਂ ਵਿਚੋਂ ਖੁਲ੍ਹਾਈਆ । ਸਾਡਾ ਜਨਮ ਦੇ ਸੋਧ, ਸੁਦੀ ਵਦੀ ਨਾ ਵੰਡ ਵੰਡਾਈਆ । ਹੁਕਮ ਸੰਦੇਸ਼ਾ ਦੱਸ ਦੇ ਅਗਾਧ ਬੋਧ, ਬੁਧੀ ਤੋਂ ਪਰੇ ਤੇਰੀ ਪੜ੍ਹਾਈਆ । ਤ੍ਰਿਸ਼ਨਾ ਤ੍ਰਿਖਾ ਰਹੇ ਨਾ ਲੋਭ, ਲਾਲਚ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ਚੁਰਾਸੀ ਵਾਲਾ ਚਕਰ, ਚਕਰਵਰਤੀਆ ਕੀ ਖੇਲ ਖਿਲਾਈਆ । ਤੇਰਾ ਖੇਲ ਅਗੰਮਾ ਕੋਈ ਵਾਚ ਨਾ ਸਕੇ ਪੱਤਰ, ਨਿਰਅੱਖਰ ਧਾਰ ਸਮਝਾਈਆ । ਸਮਝ ਆਵੇ ਨਾ ਕੋਈ ਸਤਰ, ਸਤ੍ਹਾ ਬੁਲੰਦੀ ਵੇਖਣ ਕੋਇ ਨਾ ਪਾਈਆ । ਤੇਰਾ ਸਤਿਗੁਰ ਸ਼ਬਦ ਨਿਰਾਲਾ ਫ਼ੱਕਰ, ਫਿਕਰੇ ਗੁਰ ਅਵਤਾਰ ਪੈਗ਼ੰਬਰਾਂ ਗਿਆ ਪੜ੍ਹਾਈਆ । ਨਿਰਗੁਣ ਧਾਰ ਏਕੰਕਾਰ ਜਿਵੇਂ ਪੰਜਾਂ ਤਤਾਂ ਕੀਤਾ ਇਕੱਤਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਜੋੜ ਜੁੜਾਈਆ । ਸਾਡਾ ਗ੍ਰਹਿ ਬਖ਼ਸ਼ ਦੇ ਸਚ ਨਛੱਤਰ, ਨਿਰਗੁਣ ਆਪਣੇ ਰੰਗ ਰੰਗਾਈਆ । ਜੋਤੀ ਜਾਤੇ ਪੁਰਖ ਬਿਧਾਤੇ ਆਪਣਾ ਵਖਾ ਦੇ ਵਤਨ, ਬੇਵਤਨਾਂ ਪੜਦਾ ਲਾਹੀਆ । ਸਾਡਾ ਕੰਮ ਨਾ ਆਵੇ ਕੋਈ ਯਤਨ, ਯਥਾਰਥ ਦਈਏ ਦ੍ਰਿੜਾਈਆ । ਅਸੀਂ ਗ਼ਰੀਬ ਨਿਮਾਣੇ ਤੂੰ ਹੀਰੇ ਬਣਾ ਲੈ ਰਤਨ, ਅਮੋਲਕ ਰੂਪ ਦਰਸਾਈਆ । ਚਰਨ ਪ੍ਰੀਤ ਜੋੜ ਲੈ ਨਤਨ, ਨਾਤਾ ਬਿਧਾਤਾ ਇਕ ਰਖਾਈਆ । ਲਹਿਣਾ ਦੇਣਾ ਦੇ ਦੇ ਹੱਥੋ ਹੱਥਨ, ਅਗੇ ਉਧਾਰ ਨਾ ਕੋਇ ਵਖਾਈਆ । ਤੇਰੀ ਸਰਨ ਸਰਨਾਈ ਇਕੋ ਵਾਰ ਸਾਰੇ ਢੱਠਣ, ਨਿਵ ਨਿਵ ਲਾਗਣ ਪਾਈਆ । ਤੂੰ ਸਾਹਿਬ ਪੁਰਖ ਸਮਰਥਣ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਲੱਖ ਚੁਰਾਸੀ ਲਿਆ ਭਰਮ, ਜੁਗ ਜੁਗ ਫੇਰਾ ਪਾਈਆ । ਤਨ ਵਜੂਦ ਹੰਢਾਏ ਮਾਟੀ ਚਰਮ, ਜਗਤ ਜੁਗਤ ਜਣਾਈਆ । ਦੀਨ ਮਜ਼੍ਹਬ ਜ਼ਾਤ ਪਾਤ ਵੇਖੇ ਧਰਮ, ਧਰਨੀ ਧਰਤ


੧੫੪ ੨੪

ਧੌਲ ਸੁਹਾਈਆ । ਨਿਰਗੁਣ ਸਰਗੁਣ ਤੇਰਾ ਖੇਲ ਅਗੰਮ ਆਪਣਾ ਵੇਖ ਲੈ ਬ੍ਰਹਮ, ਬ੍ਰਹਮ ਪੜਦਾ ਆਪ ਉਠਾਈਆ । ਨੂਰ ਨੁਰਾਨੇ ਸ਼ਾਹ ਸੁਲਤਾਨੇ ਸਾਡਾ ਮੇਟ ਦੇ ਭਰਮ, ਭਾਂਡਾ ਭਰਮ ਭਉ ਭੰਨਾਈਆ । ਸਾਡਾ ਲੇਖਾ ਰਹੇ ਨਾ ਵਰਨ ਬਰਨ, ਜ਼ਾਤ ਪਾਤ ਨਾ ਰੰਗ ਰੰਗਾਈਆ । ਦਰੋਹੀ ਤੇਰਾ ਸਚ ਦੁਆਰਾ ਤੇ ਇਕੋ ਮੰਗਦੇ ਸ਼ਰਨ, ਦੂਸਰ ਓਟ ਨਾ ਕੋਇ ਰਖਾਈਆ । ਤੂੰ ਕਰਤਾ ਪੁਰਖ ਕਰਨੀ ਕਰਨ, ਕੁਦਰਤ ਕ਼ਾਦਰ ਨੂਰ ਅਲਾਹੀਆ । ਤੇਰਾ ਪੱਲੂ ਗਹਿਰ ਗੰਭੀਰ ਆਏ ਫੜਨ, ਆਤਮ ਪਰਮਾਤਮ ਦੇਣਾ ਫੜਾਈਆ । ਤੇਰੀ ਮੰਜ਼ਲ ਹਕ ਮਹਿਬੂਬ ਆਏ ਚੜ੍ਹਨ, ਬਿਨ ਕ਼ਦਮਾਂ ਕ਼ਦਮ ਟਿਕਾਈਆ । ਤੂੰ ਖ਼ੁਸ਼ੀਆਂ ਨਾਲ ਆਪਣੇ ਗ੍ਰਿਹ ਮੰਦਰ ਸਚਖੰਡ ਦੁਆਰ ਦੇਣਾ ਵੜਨ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਬੇਪਰਵਾਹੀਆ । ਪੰਜ ਤਤ ਕਹਿਣ ਪ੍ਰਭ ਤੇਰੀ ਲੱਖ ਚੁਰਾਸੀ ਤੱਕੀ, ਤਕਵਾ ਤੇਰੇ ਉਤੇ ਰਖਾਈਆ । ਤੂੰ ਮਾਲਕ ਖ਼ਾਲਕ ਨੂਰ ਅਲਾਹੀ ਹਕੀ, ਹਕੀਕ਼ਤ ਆਪਣੀ ਇਕ ਸਮਝਾਈਆ । ਮਿਹਰਵਾਨਾ ਮਹਿਬੂਬਾ ਸਾਡਾ ਪੜਦਾ ਅੰਤਮ ਢੱਕੀਂ, ਓਢਣ ਨਾਮ ਸੀਸ ਟਿਕਾਈਆ । ਸਾਡੀ ਧਾਰ ਫਿਰ ਫਿਰ ਥੱਕੀ, ਥਕਾਵਟ ਵਿਚ ਦੁਹਾਈਆ । ਇਕ ਵਾਰ ਨਿਰੰਕਾਰ ਸਾਡੇ ਵਲ ਤੱਕੀਂ, ਬਿਨ ਨੈਣਾ ਨੈਣ ਉਠਾਈਆ । ਕੌਲ ਇਕ਼ਰਾਰ ਵਾਅਦੇ ਵੇਖ ਲੈ ਜੋ ਗੁਰ ਅਵਤਾਰ ਪੈਗ਼ੰਬਰਾਂ ਨਾਲ ਕੀਤੀ ਪੱਕੀ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਸਾਡਾ ਵਕ਼ਤ ਸੁਹੰਜਣਾ ਹੋਵੇ ਲੱਕੀ, ਖ਼ੁਸ਼ੀਆਂ ਨਾਲ ਢੋਲੇ ਗਾਈਆ । ਲੱਖ ਚੁਰਾਸੀ ਪੀਸਣੀ ਪਏ ਫੇਰ ਨਾ ਚੱਕੀ, ਚਾਰ ਜੁਗ ਦਾ ਲਹਿਣਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਧਾਰ ਪਿਆਰ ਵਾਲੀ ਸਦਾ ਸਦਾ ਸਦ ਸਾਜਣ ਮੀਤ ਹੋਵੇ ਸਕੀ, ਦੂਸਰ ਵੰਡ ਨਾ ਕੋਇ ਵੰਡਾਈਆ ।


੧੫੫
੨੪

✪ ੨੪ ਮੱਘਰ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਸੱਦਾ ਜ਼ਿਲਾ ਗੁਰਦਾਸਪੁਰ ਕਰਮ ਸਿੰਘ ਮਹਿੰਗਾ ਸਿੰਘ ਜਰਨੈਲ ਸਿੰਘ ਬੀਬੀ ਦੇਵਾਂ ਬੀਬੀ ਗੁਰੋ ਰਾਮ ਕੌਰ ਚਤੁਰ ਕੌਰ ਗੁਰਮੇਜ ਸਿੰਘ ਸਦਾ ਚਰਨ ਸਿੰਘ ਦਰਸ਼ਨ ਸਿੰਘ ਅਜੀਤ ਸਿੰਘ ਰਾਜ ਸਿੰਘ ਹਮਰਾਜਪੁਰ ਛਿੰਦੋ ਮਦੇਪੁਰ ਦੀਪੋ ਉਚਾ ਪਿੰਡ ਗੁਰਮੇਜ ਕੌਰ ਕਠਿਆਲੀ ✪

ਪੰਜ ਤਤ ਕਹਿਣ ਪ੍ਰਭ ਤੇਰੇ ਚਰਨ ਕਵਲ ਨਿਮਸਕਾਰੀ, ਨਮੋ ਨਮੋ ਸੀਸ ਜਗਦੀਸ ਝੁਕਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡੇ ਵੱਲ ਨਿਗਾਹ ਮਾਰੀਂ, ਬਿਨ ਨੇਤਰ ਨੈਣਾਂ ਨੈਣ ਉਠਾਈਆ । ਜੁਗ ਚੌਕੜੀ ਸਾਨੂੰ ਹੁੰਦੀ ਰਹੀ ਖ਼ੁਆਰੀ, ਸਤਿਜੁਗ ਤਰੇਤਾ ਦੁਆਪਰ ਕਲਜੁਗ ਦੇਂਦੇ ਰਹੇ ਦੁਹਾਈਆ । ਅੰਡਜ ਜੇਰਜ ਉਤਭੁਜ ਸੇਤਜ ਫਿਰਦੇ ਰਹੇ ਵਾਰੋ ਵਾਰੀ, ਆਪ ਆਪਣਾ ਰੂਪ ਬਦਲਾਈਆ । ਤੇਰਾ ਲਹਿਣਾ ਦੇਣਾ ਤੇਰੇ ਹੱਥ ਜੋਤ ਨਿਰੰਕਾਰੀ, ਨਿਰਵੈਰ ਤੇਰੀ ਸਰਨਾਈਆ । ਕਲਜੁਗ ਅੰਤ ਪੈਜ ਦੇ ਸਵਾਰੀ, ਸੁਆਰਥ ਅਵਰ ਨਾ ਕੋਇ ਰਖਾਈਆ । ਸਾਨੂੰ ਲੈ ਜਾ ਸਚਖੰਡ ਦੁਆਰੀ, ਦਰਗਾਹ ਸਾਚੀ ਸਚ ਟਿਕਾਈਆ । ਜਿਥੇ ਦੀਪਕ ਜੋਤ ਹੋਵੇ ਉਜਿਆਰੀ, ਨੂਰ ਨੁਰਾਨਾ ਡਗਮਗਾਈਆ । ਸ਼ਬਦ ਨਾਦ ਹੋਵੇ ਧੁਨਕਾਰੀ,

ਅਨਰਾਗੀ ਰਾਗ ਸ਼ਨਵਾਈਆ । ਤੇਰੇ ਚਰਨ ਕਵਲ ਜਾਈਏ ਬਲਿਹਾਰੀ, ਬਲ ਬਲ ਆਪਣਾ ਆਪ ਕਰਾਈਆ । ਜੇ ਆਤਮਾ ਤੈਨੂੰ ਲੱਗੇ ਪਿਆਰੀ, ਪ੍ਰੀਤਮ ਸਾਡਾ ਮੇਲਾ ਮੇਲਣਾ ਸਹਿਜ ਸੁਭਾਈਆ । ਸਾਡੀ ਮੰਜ਼ਲ ਕਟ ਦੁਸ਼ਵਾਰੀ, ਦਰ ਤੇਰੇ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਤਨ ਵਜੂਦ ਲੇਖੇ ਲਾਉਣਾ, ਲਗਮਾਤਰ ਡੇਰਾ ਢਾਹੀਆ । ਸੀਸ ਹੱਥ ਟਿਕਾਉਣਾ, ਮਿਹਰ ਨਜ਼ਰ ਇਕ ਉਠਾਈਆ । ਪੂਰਬ ਲੇਖਾ ਮਾਤ ਚੁਕਾਉਣਾ, ਧਰਨੀ ਧਰਤ ਧਵਲ ਧੌਲ ਰਹਿਣ ਨਾ ਪਾਈਆ । ਸਾਨੂੰ ਆਪਣੇ ਘਰ ਵਸਾਉਣਾ, ਦਰਗਾਹ ਸਾਚੀ ਸਚ ਮਿਲੇ ਵਡਿਆਈਆ । ਨਾਤਾ ਦੀਨ ਦੁਨੀ ਤੁੜਾਉਣਾ, ਜਗਤ ਵੰਡ ਨਾ ਕੋਇ ਵਖਾਈਆ । ਅਸਾਂ ਤੇਰਾ ਦਰਸ਼ਨ ਪਾਉਣਾ, ਦੂਜਾ ਇਸ਼ਟ ਨਾ ਕੋਇ ਜਣਾਈਆ । ਜੋਤੀ ਜਾਤੇ ਆਪਣੀ ਜੋਤ ਮਿਲਾਉਣਾ, ਜਾਗਰਤ ਜੋਤ ਵਿਚ ਸਮਾਈਆ । ਆਦਿ ਜੁਗਾਦੀ ਪੰਧ ਮੁਕਾਉਣਾ, ਚੁਰਾਸੀ ਵੰਡ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸ਼ਰਨਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਬਖ਼ਸ਼ ਦੇ ਅਗੰਮਾ ਦਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਾਡਾ ਪੂਰਾ ਹੋਵੇ ਵਰ, ਪੂਰਬ ਲੇਖਾ ਰਹੇ ਨਾ ਰਾਈਆ । ਤੇਰੇ ਚਰਨ ਕਵਲ ਨਹਾਉਣਾ ਸਾਚੇ ਸਰ, ਸਰੋਵਰ ਇਕੋ ਇਕ ਵਡਿਆਈਆ । ਦੋ ਜਹਾਨਾਂ ਜਾਈਏ ਤਰ, ਤਾਰਨਹਾਰ ਤੇਰੀ ਬੇਪਰਵਾਹੀਆ । ਮਿਹਰਵਾਨ ਹੋ ਕੇ ਕਿਰਪਾ ਕਰ, ਕਰਤਾ ਪੁਰਖ ਅਗੰਮ ਅਥਾਹੀਆ । ਤੂੰ ਆਦਿ ਜੁਗਾਦੀ ਨਰਾਇਣ ਨਰ, ਨਰ ਨਰਾਇਣ ਅਗੰਮ ਅਥਾਹੀਆ । ਜੁਗ ਚੌਕੜੀ ਦੁਖੜੇ ਲੋਕਮਾਤ ਲਏ ਭਰ, ਭਰਮਾਂ ਵਿਚ ਭਰਮ ਭੁਲਾਈਆ । ਸਾਡਾ ਰਾਏ ਧਰਮ ਚੁਕਾ ਦੇ ਡਰ, ਲੇਖਾ ਅਵਰ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਆਸ ਰਖਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਤੇਰੇ ਨਾਲ ਹੋਵੇ ਜੋੜ, ਜੋੜੀ ਹਰਿ ਜਗਦੀਸ਼ ਬਣਾਈਆ । ਪੁਰਖ ਅਕਾਲੇ ਅੰਤਰ ਬਹੁੜ, ਬਹੁੜੀ ਤੇਰਾ ਨਾਮ ਦੁਹਾਈਆ । ਸ਼ਬਦ ਅਗੰਮੀ ਚਾੜ੍ਹਨਾ ਘੋੜ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਪਾਰ ਲੰਘਾਈਆ । ਤੂੰ ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਲੇਖਾ ਨਾਲ ਬ੍ਰਾਹਮਣ ਗੌੜ, ਗੋਬਿੰਦ ਧਾਰ ਤੇਰੀ ਸਰਨਾਈਆ । ਸਾਡੀ ਆਵਣ ਜਾਵਣ ਮੁਕਾ ਦੇ ਦੌੜ, ਲੱਖ ਚੁਰਾਸੀ ਪੰਧ ਰਹੇ ਨਾ ਰਾਈਆ । ਸਾਡਾ ਰਸ ਨਾ ਵੇਖੀਂ ਮਿਠਾ ਕੌੜ, ਅੰਮ੍ਰਿਤ ਧਾਰ ਲੈਣੀ ਪਰਗਟਾਈਆ । ਪੰਧ ਰਹੇ ਨਾ ਲੰਮਾ ਚੌੜ, ਮੰਜ਼ਲ ਮੰਜ਼ਲ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਤੇਰੀ ਵਡਿਆਈਆ । ਪੰਜ ਤਤ ਕਹਿਣ ਸਚ ਵਖਾ ਦੇ ਆਪਣਾ ਮਹਲ, ਮਿਹਰਵਾਨ ਦਇਆ ਕਮਾਈਆ । ਗ੍ਰਿਹਿ ਵੇਖੀਏ ਇਕ ਅਟਲ, ਜਿਥੇ ਵਜੇ ਨਾਮ ਵਧਾਈਆ । ਜਿਸ ਨੂੰ ਕਹਿੰਦੇ ਸਦਾ ਨਿਹਚਲ, ਨਿਹਕਾਮੀ ਦੇਣਾ ਦਰਸਾਈਆ । ਤਨ ਵਜੂਦਾਂ ਲਾ ਦੇ ਫਲ, ਪੱਤ ਟਹਿਣੀ ਆਪ ਮਹਿਕਾਈਆ । ਕੂੜ ਵਿਕਾਰਾ ਮੇਟ ਦੇ ਦਲ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਅੰਮ੍ਰਿਤ ਧਾਰ ਬਖ਼ਸ਼ ਦੇ ਜਲ, ਬੂੰਦ ਸਵਾਂਤੀ ਇਕ ਟਪਕਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਕਲ, ਕਲਕਾਤੀ ਰਹਿਣ ਕੋਇ ਨਾ ਪਾਈਆ । ਸਾਡੀ ਮੁਸ਼ਕਲ ਕਰ ਹਲ, ਸਿਰ ਸਿਰ ਆਪਣਾ ਹੱਥ ਰਖਾਈਆ । ਸਾਡੇ ਨਾਲ ਕਰੇ ਨਾ ਕਪਟ ਛਲ, ਵਲ ਛਲ ਧਾਰੀ ਹੋਣਾ ਆਪ ਸਹਾਈਆ । ਤੇਰੇ ਚਰਨ ਕਵਲ ਜਾਈਏ ਬਲ ਬਲ, ਬਲ ਬਲ ਆਪਣਾ ਆਪ ਕਰਾਈਆ । ਸਾਡਾ ਵਿਛੋੜਾ ਹੋਵੇ ਘੜੀ ਨਾ ਪਲ, ਪਲਕਾਂ ਦੇ ਪਿਛੇ ਬਹਿ ਕੇ ਦਰਸ਼ਨ

ਦੇਣਾ ਚਾਈਂ ਚਾਈਆ । ਅੰਤਮ ਤੇਰੀ ਜੋਤ ਧਾਰ ਜਾਈਏ ਰਲ, ਤਨ ਵੰਡ ਨਾ ਕੋਇ ਵੰਡਾਈਆ । ਦੀਪਕ ਦੀਪ ਹੋ ਕੇ ਜਾਈਏ ਬਲ, ਨੂਰ ਨੁਰਾਨੇ ਨਜ਼ਰੀ ਆਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਲਈਏ ਮੱਲ, ਸੋਭਾਵੰਤ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡਾ ਲੇਖਾ ਮੇਟਣਾ ਜਲ ਥਲ, ਮਹੀਅਲ ਵੰਡ ਰਹਿਣ ਕੋਇ ਨਾ ਪਾਈਆ ।

✪ ੨੪ ਮੱਘਰ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਓਗਰਾ ਜ਼ਿਲਾ ਗੁਰਦਾਸ ਪੁਰ ਗਿਆਨ ਸਿੰਘ ਚਤੁਰ ਸਿੰਘ ਅਤਰ ਸਿੰਘ ਲੱਖਾ ਸਿੰਘ ਹਰਦੀਪ ਸਿੰਘ ਤਰਲੋਕ ਸਿੰਘ ਬਿਸ਼ਨ ਸਿੰਘ ਓਗਰਾ ਚਰਨ ਸਿੰਘ ਅੰਤੋਰ ਸੰਸਾਰ ਹਮਰਾਜਪੁਰ ਚਰਨ ਸਿੰਘ ਸੰਤੋਖ ਸਿੰਘ ਸੋਹਣ ਸਿੰਘ ਗਿਆਨੋ ਅਵਤਾਰ ਸਿੰਘ ਸਕੋਲ ਪ੍ਰੀਤੋ ਅੰਤੋਰ ✪

ਪੰਜ ਤਤ ਕਹਿਣ ਪ੍ਰਭ ਤੇਰਾ ਖੇਲ ਨਿਤ ਨਵਿਤਾ, ਆਦਿ ਜੁਗਾਦਿ ਜੁਗ ਚੌਕੜੀ ਵੇਖ ਵਖਾਈਆ । ਤਨ ਵਜੂਦ ਮਾਟੀ ਖ਼ਾਕ ਤੇਰਾ ਹੁੰਦਾ ਰਿਹਾ ਹਿਤਾ, ਹਿਤਕਾਰੀ ਨਿਰੰਕਾਰੀ ਇਕੋ ਨਜ਼ਰੀ ਆਈਆ । ਪਰਮ ਪੁਰਖ ਪਰਮਾਤਮ ਵਸਦਾ ਰਿਹੋਂ ਨਿਰਗੁਣ ਧਾਰ ਸਾਡੇ ਚਿੱਤਾ, ਠਗੌਰੀ ਜਗਤ ਨਾ ਕੋਇ ਜਣਾਈਆ । ਸਾਨੂੰ ਬਾਲਾਂ ਤੋਂ ਬਣਾ ਕੇ ਅੰਤ ਮਾਤਾ ਪਿਤਾ, ਪਤ ਪਤਨੀਆਂ ਗੰਢ ਪਵਾਈਆ । ਤੇਰੀ ਸਮਝ ਨਾ ਆਵੇ ਕਿਹੜੀ ਸੁਹੰਜਣੀ ਵਾਰ ਥਿਤਾ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਦੋ ਜਹਾਨ ਸ੍ਰੀ ਭਗਵਾਨ ਨੌ ਖੰਡ ਤੇਰਾ ਖ਼ਿਤਾ, ਮੰਡਲ ਮੰਡਪ ਵਜਦੀ ਰਹੇ ਵਧਾਈਆ । ਤਨ ਵਜੂਦ ਸਰੀਰ ਮਾਟੀ ਖ਼ਾਕ ਪੁਰਖ ਅਕਾਲੇ ਦਿਤਾ, ਦੇਵਣਹਾਰ ਤੇਰੀ ਇਕ ਸਰਨਾਈਆ । ਅੰਤ ਕੰਤ ਭਗਵੰਤ ਚੜ੍ਹਦੇ ਰਹੇ ਅਗਨੀ ਧਾਰ ਦੀ ਚਿਤਾ, ਚਿਖਾ ਮੜ੍ਹੀ ਗੋਰ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਗ੍ਰਿਹਿ ਇਕ ਸੁਹਾਈਆ । ਪੰਜ ਤਤ ਕਹਿਣ ਪ੍ਰਭ ਜੁਗ ਚੌਕੜੀ ਸਾਡਾ ਗਵਾਹ, ਸ਼ਹਾਦਤ ਸਤਿਜੁਗ ਤਰੇਤਾ ਦੁਆਪਰ ਕਲਜੁਗ ਰਹੇ ਭੁਗਤਾਈਆ । ਲੇਖਾ ਤਕ ਲੈ ਅਗੰਮ ਅਥਾਹ, ਬੇਪਰਵਾਹ ਤੇਰੀ ਓਟ ਤਕਾਈਆ । ਜੂਨੀਆਂ ਵਿਚ ਸਾਨੂੰ ਦਿਤਾ ਭੁਆ, ਲੱਖ ਚੁਰਾਸੀ ਭੱਜੇ ਵਾਹੋ ਦਾਹੀਆ । ਰਸਨਾ ਜਿਹਵਾ ਮਾਨਵ ਧਾਰ ਤੇਰਾ ਗਾਉਂਦੇ ਰਹੇ ਨਾਂ, ਢੋਲੇ ਸਿਫ਼ਤਾਂ ਵਾਲੇ ਗਾਈਆ । ਥਾਨ ਥਨੰਤਰ ਵੇਖਦੇ ਰਹੇ ਤੇਰੇ ਥਾਂ, ਭੱਜਦੇ ਰਹੇ ਵਾਹੋ ਦਾਹੀਆ । ਸਾਡਾ ਲਹਿਣਾ ਦੇਣਾ ਜੁੜਿਆ ਨਾਲ ਸੂਰ ਗਾਂ, ਦੀਨ ਮਜ਼੍ਹਬ ਤੇਰੇ ਹੁਕਮ ਰੰਗ ਰੰਗਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡੀ ਫੜੀ ਕਿਸੇ ਨਾ ਬਾਂਹ, ਸਿਰ ਹੱਥ ਨਾ ਕਿਸੇ ਟਿਕਾਈਆ । ਅੰਤ ਤੂੰ ਹੀ ਪਿਤਾ ਤੂੰ ਹੀ ਮਾਂ, ਦੂਜਾ ਨਜ਼ਰ ਕੋਏ ਨਾ ਆਈਆ । ਸਚ ਸੁਆਮੀ ਅੰਤਰਜਾਮੀ ਸਿਰ ਦੇ ਠੰਡੀ ਛਾਂ, ਕਲਜੁਗ ਅਗਨੀ ਅੱਗ ਬੁਝਾਈਆ । ਸਾਡੀ ਬੁੱਧੀ ਰਹੇ ਵਾਂਗ ਨਾ ਕਾਂ, ਹੰਸ ਰੂਪ ਲੈਣੇ ਬਦਲਾਈਆ । ਤੇਰੀ ਵਡਿਆਈ ਵਿਚ ਕਰੀਏ ਵਾਹ ਵਾਹ, ਵਾਹਵਾ ਤੇਰੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਵਸਤ ਨਾਮ ਵਰਤਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ਵੇਖੀਏ ਥਾਨ ਥਨੰਤਰ, ਗ੍ਰਿਹਿ ਮੰਦਰ ਦੇ ਵਡਿਆਈਆ । ਸਚ ਦੱਸ ਨਾਮ ਅਗੰਮਾ


੧੫੭ ੨੪

ਮੰਤਰ, ਮੰਤਵ ਸਾਰੇ ਹਲ ਕਰਾਈਆ । ਸਾਡੀ ਨਵੀਂ ਬਣਾ ਦੇ ਬਣਤਰ, ਘੜਨ ਭੰਨਣਹਾਰ ਤੇਰੇ ਹੱਥ ਵਡਿਆਈਆ । ਤੇਰਾ ਸਤਿ ਸਰੂਪ ਤਕੀਏ ਨਿਰੰਤਰ, ਨਿਰਵੈਰ ਤੇਰੀ ਓਟ ਤਕਾਈਆ । ਤੇਰਾ ਦਰਸ਼ਨ ਤਕੀਏ ਉਤੇ ਗਗਨ ਗਗਨੰਤਰ, ਜ਼ਿਮੀਂ ਅਸਮਾਨਾਂ ਪੰਧ ਮੁਕਾਈਆ । ਜੋ ਆਸ਼ਾ ਰਖ ਕੇ ਗਿਆ ਧਨੰਤਰ, ਧਨਵੰਤਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚਾ ਰੰਗ ਨਾਮ ਰੰਗਾਈਆ । ਪੰਜ ਤਤ ਕਹਿਣ ਪ੍ਰਭ ਜੁਗ ਜੁਗ ਤੇਰੀ ਆਸ਼ਾ ਰਖੀ, ਆਸ ਆਸ ਵਿਚੋਂ ਪਰਗਟਾਈਆ । ਸਾਨੂੰ ਖ਼ਬਰ ਅਗੰਮੀ ਦੱਸੀ, ਦਹਿ ਦਿਸ਼ਾ ਤੋਂ ਬਾਹਰ ਕਰ ਪੜ੍ਹਾਈਆ । ਜਿਸ ਧਾਰ ਵਿਚ ਭਗਤਾਂ ਆਤਮਾ ਵਸੀ, ਵਸਲ ਯਾਰ ਤੇਰਾ ਵੇਖ ਵਖਾਈਆ । ਇਕੋ ਗ੍ਰਿਹ ਮਾਣੇ ਸੁਖ ਰਸੀ, ਰਸਤਾ ਇਕੋ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਸਾਡੇ ਸ੍ਰੀ ਭਗਵਾਨਾ, ਭਗਵਨ ਦੇ ਵਡਿਆਈਆ । ਤੂੰ ਸ਼ਾਹੋ ਭੂਪ ਸੁਲਤਾਨਾ, ਸ਼ਹਿਨਸ਼ਾਹ ਇਕ ਅਖਵਾਈਆ । ਆਦਿ ਜੁਗਾਦੀ ਰਾਮਾ, ਰਮਈਆ ਹੋ ਕੇ ਵੇਖ ਵਖਾਈਆ । ਸਾਡੇ ਸਚਖੰਡ ਦੇ ਕਾਹਨਾ, ਤੇਰੀ ਓਟ ਤਕਾਈਆ । ਜੋਤੀ ਨੂਰ ਅਗੰਮ ਅਮਾਮਾ, ਅਮਲਾਂ ਤੋਂ ਬਾਹਰ ਵੇਖ ਵਖਾਈਆ । ਸਚ ਦੇ ਮੰਤਰ ਸਤਿਨਾਮਾ, ਸਤਿ ਸਤਿਵਾਦੀ ਦੇਣੀ ਦਇਆ ਕਮਾਈਆ । ਤੂੰ ਮਾਲਕ ਖ਼ਾਲਕ ਵਾਲੀ ਦੋ ਜਹਾਨਾ, ਦੋਹਰਾ ਆਪਣਾ ਰੂਪ ਬਦਲਾਈਆ । ਜੇ ਭਗਤਾਂ ਅੰਤਰ ਜਾਣੀ ਜਾਣਾ, ਆਤਮ ਮੇਲਾ ਮੇਲੇਂ ਸਹਿਜ ਸੁਭਾਈਆ । ਕਿਉਂ ਤਤਾਂ ਤਤ ਕਰੇ ਬੇਗਾਨਾ, ਪੰਜ ਤਤ ਰੋ ਕੇ ਦੇਣ ਦੁਹਾਈਆ । ਸਾਨੂੰ ਬਖ਼ਸ਼ ਦੇ ਸਚਖੰਡ ਸਚਾ ਮਕਾਨਾ, ਜਿਥੇ ਤੇਰਾ ਨੂਰ ਜੋਤ ਅਲਾਹੀਆ । ਬਿਨਾ ਤਨ ਵਜੂਦ ਤੋਂ ਕਰੀਏ ਬਿਸਰਾਮਾ, ਬਿਸਮਿਲ ਹੋ ਕੇ ਤੇਰੇ ਵਿਚ ਸਮਾਈਆ । ਨਾ ਦਿਵਸ ਰਹੇ ਨਾ ਰੈਣ ਰਹੇ ਕੋਈ ਸ਼ਾਮਾ, ਸ਼ਮਅ ਜੋਤ ਤੇਰਾ ਨੂਰ ਦਿਸੇ ਅਲਾਹੀਆ । ਤੇਰੇ ਦਰ ਦੇ ਹੋਈਏ ਗ਼ੁਲਾਮਾ, ਨਿਤ ਨਵਿਤ ਸੇਵ ਕਮਾਈਆ । ਮਿਹਰਵਾਨ ਹੋਣਾ ਮਿਹਰਵਾਨਾ, ਮਿਹਰ ਨਜ਼ਰ ਉਠਾਈਆ । ਤੇਰੇ ਚਰਨ ਕਵਲ ਕਰੀਏ ਬਿਸਰਾਮਾ, ਦੂਜਾ ਦਰ ਨਾ ਕੋਇ ਵਖਾਈਆ । ਸਾਡੀ ਡੰਡਾਵਤ ਬੰਦਨਾ ਸਯਦਿਆਂ ਤੇ ਬਾਹਰ ਸਲਾਮਾ, ਸੀਸ ਜਗਦੀਸ ਇਕ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਨਾਮ ਦਾ ਸਦ ਵਜਦਾ ਰਹੇ ਦਮਾਮਾ, ਦਾਮਨਗੀਰ ਬੇਨਜ਼ੀਰ ਇਕੋ ਨਜ਼ਰੀ ਆਈਆ ।



✪ ੨੫ ਮੱਘਰ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਮਮੀਆ ਜ਼ਿਲਾ ਗੁਰਦਾਸਪੁਰ ਮੁਖਤਿਆਰ ਸਿੰਘ ਮਮੀਆ
ਜਸਵੰਤ ਸਿੰਘ ਚੇਬੇ ਬੂੜ ਸਿੰਘ ਮਹਿੰਦਰ ਕੌਰ ਵਜ਼ੀਰਪੁਰ
ਗੁਰਬਖ਼ਸ਼ ਸਿੰਘ ਰਤਨ ਕੌਰ ਨੁਸ਼ਹਿਰਾ ✪

ਪੰਜ ਤਤ ਕਹਿਣ ਪ੍ਰਭ ਧੁਰ ਦੇ ਸ੍ਰੀ ਭਗਵਾਨਾ, ਭਗਵਨ ਭਗਵਾਨ ਤੇਰੀ ਓਟ ਤਕਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਸ਼ਾਹੋਭੂਪ ਸੁਲਤਾਨਾ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਨੌਜਵਾਨ ਬੇਪਰਵਾਹੀਆ । ਸ਼ਬਦੀ ਧਾਰ ਏਕੰਕਾਰ ਤੇਰਾ ਬਿਨਾ ਅੱਖਰਾਂ ਤੋਂ ਗਿਆਨਾ, ਬਿਨ ਰਸਨਾ ਜਿਹਵਾ ਹਕ ਪੜ੍ਹਾਈਆ ।

ਸਚ ਦੁਆਰ ਸੁਹੰਜਣਾ ਦਿਸੇ ਮਕਾਨਾ, ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਨਜ਼ਰੀ ਆਈਆ । ਜਿਥੇ ਦੀਪਕ ਜੋਤ ਜਗੇ ਅਗੰਮ ਅਸਥਾਨਾ, ਜਗ ਨੇਤਰ
ਨਜ਼ਰ ਕਿਸੇ ਨਾ ਆਈਆ । ਸੋ ਪੁਰਖ ਅਕਾਲੇ ਦੀਨ ਦਿਆਲੇ ਸਾਡੀ ਬੇਨੰਤੀ ਕਰੀਂ ਪਰਵਾਨਾ, ਪਰਮ ਪੁਰਖ ਦਰ ਤੇਰੇ ਮੰਗ ਮੰਗਾਈਆ । ਜੇ
ਭਗਤਾਂ ਆਤਮਾ ਨਾਲ ਤੇਰਾ ਯਰਾਨਾ, ਮੀਤ ਮੁਰਾਰੇ ਆਪਣਾ ਰੰਗ ਰੰਗਾਈਆ । ਕਿਉਂ ਭਗਤਾਂ ਤਤ ਕਰੇਂ ਬੇਗਾਨਾ, ਅਪ ਤੇਜ ਵਾਏ ਪ੍ਰਿਥਮੀ
ਆਕਾਸ਼ ਕੂਕ ਕੇ ਦਈਏ ਦੁਹਾਈਆ । ਸਚਖੰਡ ਦੁਆਰ ਸਾਨੂੰ ਬਖ਼ਸ਼ ਅਸਥਾਨਾ, ਮੜ੍ਹੀ ਗੋਰ ਦਾ ਪੰਧ ਮੁਕਾਈਆ । ਤੂੰ ਰਹਿਮਤਾਂ ਵਾਲਾ ਰਹੀਮ
ਰਹਿਮਾਨਾ, ਰਾਮ ਰਾਮੇ ਤੇਰੇ ਹੱਥ ਵਡਿਆਈਆ । ਜੋਤੀ ਧਾਰ ਧੁਰ ਦੇ ਕਾਹਨਾ, ਕਾਹਨ ਕਾਹਨਾ ਤੇਰੀ ਸਰਨਾਈਆ । ਜਲਵਾਗਰ ਨੂਰ ਅਮਾਮਾ,
ਅਮਲਾਂ ਤੋਂ ਰਹਿਤ ਵੇਖ ਵਖਾਈਆ । ਤੇਰੇ ਕ਼ਦਮ ਕ਼ਦੀਮ ਦੇ ਮਾਲਕ ਸਾਡੀ ਸਲਾਮਾ, ਸਿਰ ਸਿਰ ਤੇਰੇ ਚਰਨ ਟਿਕਾਈਆ । ਤੂੰ ਸ਼ਾਹੋ ਭੂਪ
ਮਰਦ ਮਰਦਾਨਾ, ਨੌਜਵਾਨ ਇਕ ਅਖਵਾਈਆ । ਦੀਨ ਦਿਆਲ ਸਾਡੀ ਝੋਲੀ ਪਾ ਦੇ ਦਾਨਾ, ਦਇਆਨਿਧ ਠਾਕਰ ਆਸ਼ਾ ਪੂਰ ਕਰਾਈਆ । ਪੰਜ
ਤਤ ਕਹਿਣ ਤੇਰਾ ਦਰਸ਼ਨ ਬਿਨ ਨੇਤਰ ਹੋਵੇ ਰੋਜ਼ਾਨਾ, ਬਿਨ ਨੈਣਾਂ ਨੈਣ ਬਿਘਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਪੰਜ ਤਤ ਕਹਿਣ ਸਾਨੂੰ ਬਖ਼ਸ਼ ਦੇ ਆਪਣਾ ਨੂਰ, ਨੂਰ ਨੁਰਾਨੇ ਨੂਰ ਦੇ ਚਮਕਾਈਆ ।
ਸਾਨੂੰ ਬਖ਼ਸ਼ ਦੇ ਆਪਣੀ ਤੂਰ, ਤੁਰੀਆ ਤੋਂ ਬਾਹਰ ਸ਼ਨਵਾਈਆ । ਤੂੰ ਸਰਬ ਕਲਾ ਭਰਪੂਰ, ਪਤਿਪਰਮੇਸ਼ਵਰ ਅਗੰਮ ਅਥਾਹੀਆ । ਸਾਡਾ
੧੫੯ ਪੰਧ ਮੁਕਾ ਦੇ ਨੇੜੇ ਦੂਰ, ਨਿਜ ਘਰ ਮੇਲਾ ਲੈਣਾ ਮਿਲਾਈਆ । ਹਰ ਘਟ ਥਾਂ ਵਸਣਾ ਹਾਜ਼ਰ ਹਜ਼ੂਰ, ਹਜ਼ਰਤਾਂ ਦੇ ਮਾਲਕ ਹੋਣਾ ਸਹਾਈਆ । ੧੫੯
੨੪ ਜੋ ਆਸ਼ਾ ਰਖੀ ਮੂਸਾ ਉਤੇ ਕੋਹਤੂਰ, ਕ਼ੁਦਰਤ ਦੇ ਮਾਲਕ ਲਹਿਣਾ ਦੇਣਾ ਚੁਕਾਈਆ । ਲੇਖਾ ਮੁਕਾਉਣਾ ਅੰਤ ਜ਼ਰੂਰ, ਜ਼ਾਹਰ ਜ਼ਹੂਰ ਤੇਰੀ ਸਰਨਾਈਆ । ੨੪
ਅਸੀਂ ਜੁਗ ਚੌਕੜੀ ਤੇਰੇ ਸੇਵਕ ਰਹੇ ਮਜ਼ਦੂਰ, ਜਨ ਭਗਤਾਂ ਤਤ ਦੇਣ ਗਵਾਹੀਆ । ਤੇਰਾ ਨਾਮ ਕਲਮਾ ਕੀਤਾ ਮਸ਼ਹੂਰ, ਰਸਨਾ ਜਿਹਵਾ ਢੋਲੇ
ਸੋਹਲੇ ਸਿਫ਼ਤੀ ਗਾਈਆ । ਮਨੂਆ ਮਨ ਨਾ ਪਾਏ ਫ਼ਤੂਰ, ਮਨਸਾ ਕੂੜ ਦੇਣੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਏਕਾ ਦੇਣਾ ਸਾਚਾ ਵਰ, ਘਰ ਸਚ ਇਕ ਸੁਹਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਗ੍ਰਿਹ ਕਰ ਸੁਹੰਜਣਾ, ਤਨ ਮਾਟੀ ਖ਼ਾਕ ਦੇ ਵਡਿਆਈਆ ।
ਜੋਤੀ ਧਾਰ ਸਾਹਿਬ ਆਦਿ ਨਿਰੰਜਣਾ, ਪੁਰਖ ਪੁਰਖੋਤਮ ਤੇਰੀ ਓਟ ਤਕਾਈਆ । ਆਦਿ ਜੁਗਾਦੀ ਦਰਦ ਦੁਖ ਭੈ ਭੰਜਣਾ, ਭਵ ਸਾਗਰ ਪਾਰ ਦੇਣਾ
ਕਰਾਈਆ । ਨਾਮ ਨਿਧਾਨਾ ਨਿਜ ਨੇਤਰ ਪਾ ਦੇ ਅੰਜਣਾ, ਦੋਏ ਲੋਚਨ ਲੋੜ ਰਹੇ ਨਾ ਰਾਈਆ । ਨਿਰਗੁਣ ਨਿਰਗੁਣ ਬਣਨਾ ਸਾਕ ਸੈਣ ਸੱਜਣਾ,
ਆਤਮ ਪਰਮਾਤਮ ਮਿਲ ਕੇ ਵਜੇ ਵਧਾਈਆ । ਸਾਡੀ ਕ਼ਬੂਲ ਕਰਨੀ ਬੰਦਨਾ, ਸੀਸ ਜਗਦੀਸ ਤੇਰੇ ਚਰਨ ਟਿਕਾਈਆ । ਬਿਨਾ ਰਸਨਾ ਦੇਣਾ
ਅਨੰਦਨਾ, ਰਸ ਰਸ ਵਿਚੋਂ ਪਰਗਟਾਈਆ । ਦਰ ਠਾਂਢਾ ਇਕੋ ਤੇਰਾ ਮੰਗਣਾ, ਮਾਂਗਤ ਹੋ ਕੇ ਝੋਲੀ ਡਾਹੀਆ । ਪੰਜਾਂ ਤਤਾਂ ਚਾੜ੍ਹ ਦੇ ਰੰਗਣਾ,
ਭਗਤ ਕਲਬੂਤ ਰਹੇ ਕੁਰਲਾਈਆ । ਰਾਏ ਧਰਮ ਅੰਤ ਨਾ ਦੇਵੇ ਦੰਡਣਾ, ਚਿਤਰ ਗੁਪਤ ਨਾ ਲੇਖ ਵਖਾਈਆ । ਸਾਨੂੰ ਲੋਕਮਾਤ ਕੂੜ ਕੁੜਿਆਰਾ
ਦੇਸ ਚੰਗਾ ਛਡਣਾ, ਥਿਰ ਘਰ ਤੇਰੇ ਓਟ ਤਕਾਈਆ । ਸਚਖੰਡ ਦੁਆਰੇ ਆਪਣਾ ਪਿਆਰ ਵੰਡਣਾ, ਦੇਣਾ ਚਾਈਂ ਚਾਈਆ । ਜੇ ਤੂੰ ਭਗਤਾਂ ਆਤਮ
ਆਪਣੇ ਨਾਲ ਗੰਢਣਾ, ਕਿਉਂ ਤਤਾਂ ਦਏਂ ਜੁਦਾਈਆ । ਨਿਰਗੁਣ ਧਾਰ ਸਰਗੁਣ ਹੋਣਾ ਸੱਜਣਾ, ਸਾਜਣ ਮੀਤ ਇਕ ਅਖਵਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਲੇਖੇ ਲਾਉਣੇ ਤਨ ਵਜੂਦ, ਮਾਟੀ ਖ਼ਾਕ ਤੇਰੀ ਸਰਨਾਈਆ । ਤੂੰ ਮਾਲਕ ਖ਼ਾਲਕ ਹਕ ਮਹਿਬੂਬ, ਮਿਹਰਵਾਨ ਨੂਰ ਅਲਾਹੀਆ । ਸਾਡੇ ਅੰਤਰ ਸ਼ਰਅ ਦੀ ਰਹੇ ਕੋਈ ਨਾ ਦੂਜ, ਦੁਤੀਆ ਭਾਓ ਦੇਣਾ ਮਿਟਾਈਆ । ਸਾਡਾ ਅੰਤਸ਼ਕਰਨ ਕਰਨਾ ਸੁਧ, ਪਤਤ ਪੁਨੀਤ ਦੇਣੇ ਬਣਾਈਆ । ਪੰਚ ਵਿਕਾਰ ਕਰੇ ਨਾ ਯੁੱਧ, ਕਾਮ ਕਰੋਧ ਲੋਭ ਮੋਹ ਹੰਕਾਰ ਦੇਣਾ ਮਿਟਾਈਆ । ਸਾਡੀ ਪਵਿਤ੍ਰ ਕਰਨੀ ਬੁਧਿ, ਦੁਰਮਤ ਮੈਲ ਮੈਲ ਧੁਆਈਆ । ਸਚ ਦੁਆਰ ਏਕੰਕਾਰ ਤੇਰਾ ਜਾਵੇ ਸੁਝ, ਦੂਸਰ ਓਟ ਨਾ ਕੋਇ ਰਖਾਈਆ । ਅੰਤ ਕੰਤ ਭਗਵੰਤ ਸਾਡਾ ਵਕ਼ਤ ਸੁਹੰਜਣਾ ਰਿਹਾ ਪੁਜ, ਪੂਜਣ ਯੋਗ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਭੇਵ ਖੁਲ੍ਹਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤ ਸੁਹੇਲੇ ਤੇਰੇ ਸਾਥੀ, ਜੁਗ ਜੁਗ ਤੇਰੀ ਸੇਵ ਕਮਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਸਰਬ ਕਲਾ ਸਮਰਾਥੀ, ਸਮਰਥ ਅਕਥ ਤੇਰੀ ਵਡਿਆਈਆ । ਹਉ ਸੇਵਕ ਅਨਾਥ ਅਨਾਥੀ, ਦੀਨ ਦਿਆਲ ਦੀਨਨ ਤੇਰੀ ਓਟ ਤਕਾਈਆ । ਲਹਿਣਾ ਦੇਣਾ ਪੂਰਾ ਕਰ ਦੇ ਮਸਤਕ ਮਾਥੀ, ਜੋਤ ਲਲਾਟੀ ਨਾਲ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਅਗੰਮ ਅਥਾਹ ਬੇਪਰਵਾਹ ਲਹਿਣਾ ਦੇਣਾ ਮੁਕਾਉਣਾ ਹਾਥੋ ਹਾਥੀ, ਜਗਤ ਉਧਾਰ ਏਕੰਕਾਰ
੧੯੦ ਨਿਰਾਕਾਰ ਨਜ਼ਰ ਕੋਇ ਨਾ ਆਈਆ । ੧੯੦

੨੪ ੨੪

## ੨੫ ਮੱਘਰ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਭੀਮਪੁਰ ਜ਼ਿਲਾ ਗੁਰਦਾਸਪੁਰ ਲਾਲ ਸਿੰਘ ਸ਼ਾਂਤੀ ਦੇਵੀ ਭੀਮਪੁਰ ਪਰਕਾਸ਼ ਕੌਰ ਪੁਨੀ ਸਾਲੋਵਾਲ ਬਚਨ ਸਿੰਘ ਭਾੜੇ ਚਕ ਕੁਸ਼ਲਿਆ ਦੇਵੀ ਦੇਵ ਰਾਜ ਭੀਮਪੁਰ

ਪੰਜ ਤਤ ਕਹਿਣ ਪ੍ਰਭ ਸਾਡੀ ਮਨਜ਼ੂਰ ਕਰ ਬੇਨੰਤੀ, ਬੰਦਨਾ ਵਿਚ ਸੀਸ ਜਗਦੀਸ਼ ਝੁਕਾਈਆ । ਸਾਡਾ ਗੜ੍ਹ ਤੋੜ ਦੇ ਹਉਮੇ ਹੰਗਤੀ, ਹੰ ਬ੍ਰਹਮ ਦੇ ਸਮਝਾਈਆ । ਤੂੰ ਬੋਧ ਅਗਾਧਾ ਆਦਿ ਦਾ ਪੰਡਤੀ, ਨਿਰਅੱਖਰ ਕਰ ਪੜ੍ਹਾਈਆ । ਤੇਰੇ ਨਾਮ ਦੀ ਧਾਰ ਹੋਵੇ ਸਾਡੀ ਪੰਗਤੀ, ਪੰਚਮ ਦਾ ਲੇਖਾ ਦੇਣਾ ਚੁਕਾਈਆ । ਸਾਡੀ ਆਸ਼ਾ ਤੇਰੇ ਦਰ ਮੰਗਤੀ, ਮਾਂਗਤ ਹੋ ਕੇ ਝੋਲੀ ਡਾਹੀਆ । ਸਾਡਾ ਲੇਖਾ ਤੇਰੇ ਚਰਨ ਕਵਲ ਹੋਵੇ ਸੰਗਤੀ, ਸਤਿਗੁਰ ਸ਼ਬਦ ਦੇਣੀ ਸਰਨਾਈਆ । ਮਨਸਾ ਕੂੜ ਰਹੇ ਨਾ ਮਨ ਦੀ, ਮਮਤਾ ਮੋਹ ਦੇਣਾ ਮਿਟਾਈਆ । ਖੇਲ ਤਕ ਲੈ ਸਾਡੇ ਤਨ ਦੀ, ਪੰਜ ਤਤ ਰਹੇ ਕੁਰਲਾਈਆ । ਸਾਡੀ ਸਿਖਿਆ ਵੇਖ ਲੈ ਮਨ ਦੀ, ਕਾਇਨਾਤ ਦੇ ਮਾਲਕ ਹੋਣਾ ਸਹਾਈਆ । ਸਾਡੀ ਧਾਰ ਤਕ ਲੈ ਬ੍ਰਹਮ ਦੀ, ਪਾਰਬ੍ਰਹਮ ਆਪਣਾ ਭੇਵ ਚੁਕਾਈਆ । ਜੇ ਆਤਮਾ ਤੇਰੀ ਧਾਰੋਂ ਜੰਮਦੀ, ਤਨ ਵਜੂਦ ਕਹੇ ਸਾਡੀ ਤੇਰੇ ਚਰਨ ਸਰਨਾਈਆ । ਸਾਡੀ ਖੇਲ ਮੁਕਾ ਦੇ ਗ਼ਮ ਦੀ, ਗ਼ਮਖ਼ਾਰ ਦੇਣੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ ।

ਪੰਜ ਤਤ ਕਹਿਣ ਪ੍ਰਭ ਸਾਡਾ ਲੇਖੇ ਲਾ ਲੈ ਤਨ ਮਾਟੀ ਖ਼ਾਕ, ਤੇਰੇ ਚਰਨ ਸਰਨ ਸਰਨਾਈਆ । ਮਨੂਆ ਮਨ ਰਹੇ ਨਾ ਆਕ, ਮਮਤਾ ਮੋਹ ਦੇਣਾ ਚੁਕਾਈਆ । ਬਜਰ ਕਪਾਟ ਖੋਲ੍ਹ ਦੇ ਤਾਕ, ਨੌਂ ਦੁਆਰ ਦਾ ਡੇਰਾ ਢਾਹੀਆ । ਆਤਮ ਪਰਮਾਤਮ ਬਣ ਸਾਕ, ਸੱਜਣ ਸੈਣ ਇਕ ਅਖਵਾਈਆ । ਮਿਹਰਵਾਨਾ ਸ੍ਰੀ ਭਗਵਾਨਾ ਸਾਡੇ ਵਲ ਝਾਕ, ਬਿਨ ਨੈਣਾ ਨੈਣ ਉਠਾਈਆ । ਚਾਰ ਜੁਗ ਦਾ ਪੂਰਬ ਪੂਰਾ ਕਰ ਵਾਕ, ਅਵਤਾਰ ਪੈਗ਼ੰਬਰ ਗੁਰ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਤੇਰੇ ਹੱਥ ਵਡਿਆਈਆ । ਪੰਜ ਤਤ ਕਹਿਣ ਪ੍ਰਭ ਸਾਡਾ ਭੇਵ ਖੋਲ੍ਹ ਦੇ ਆਪ, ਪਰਦਾ ਜਗਤ ਰਹਿਣ ਨਾ ਪਾਈਆ । ਨਿਰਗੁਣ ਧਾਰ ਤੇਰਾ ਹੋਵੇ ਜਾਪ, ਜਗ ਜੀਵਣ ਦਾਤੇ ਦੇਣੀ ਮਾਣ ਵਡਿਆਈਆ । ਅੰਤਸ਼ਕਰਨ ਮੇਟ ਅੰਧੇਰੀ ਰਾਤ, ਨੂਰੀ ਚੰਦ ਚੰਦ ਚਮਕਾਈਆ । ਬ੍ਰਹਮ ਧਾਰ ਵੇਖ ਲੈ ਜ਼ਾਤ, ਪਰਮਾਤਮ ਆਤਮ ਸੰਗ ਬਣਾਈਆ । ਚੁਰਾਸੀ ਵਾਲਾ ਤਕ ਲੈ ਖਾਤ, ਚਾਰੇ ਖਾਣੀ ਫੋਲ ਫੁਲਾਈਆ । ਅਸੀਂ ਮੰਗਤੇ ਹੋਏ ਲੋਕਮਾਤ, ਸਚਖੰਡ ਨਿਵਾਸੀ ਦੇਣੀ ਮਾਣ ਵਡਿਆਈਆ । ਸਾਡੀ ਇਕੋ ਸੁਣ ਲੈ ਬਾਤ, ਬਾਤਨ ਭੇਵ ਦੇਣਾ ਖੁਲ੍ਹਾਈਆ । ਤੂੰ ਮਾਲਕ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਸੋ ਪੁਰਖ ਨਿਰੰਜਣ ਦੇ ਦੇ ਦਾਤ, ਦਾਤੇ ਦਾਨੀ ਆਪ ਵਰਤਾਈਆ । ਤੇਰਾ ਖੇਲ ਬਹੁ ਬਿਧ ਭਾਂਤ, ਕਲਜੁਗ ਅੰਤਮ ਵੇਖ ਵਖਾਈਆ । ਸਚਖੰਡ ਦੁਆਰ ਜੋੜ ਲੈ ਨਾਤ, ਏਕੰਕਾਰ ਆਪਣੀ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਵਸਤ ਨਾਮ ਵਰਤਾਈਆ । ਪੰਜ ਤਤ ਕਹਿਣ ਪ੍ਰਭ ਸਚਖੰਡ ਦੁਆਰ ਬਖ਼ਸ਼ ਦੇ ਏਕ, ਉਤੇ ਸਾਡੇ ਦਇਆ ਕਮਾਈਆ । ਅਸੀਂ ਤੇਰੀ ਰਖੀ ਟੇਕ, ਟਿੱਕੇ ਧੂੜੀ ਖ਼ਾਕ ਰਮਾਈਆ । ਤੂੰ ਕਰਨਾ ਸਾਨੂੰ ਬਿਬੇਕ, ਪਤਤ ਪੁਨੀਤ ਕਰਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤਤ ਨਾ ਕੋਇ ਤਪਾਈਆ । ਨਿਰਗੁਣ ਧਾਰ ਹੋ ਕੇ ਵੇਖ, ਨਿਰਵੈਰ ਅੱਖ ਖੁਲ੍ਹਾਈਆ । ਸਾਡੀ ਪੂਰਬ ਪਿਛਲੀ ਬਦਲ ਦੇ ਰੇਖ, ਲੇਖਾ ਅਵਰ ਰਹੇ ਨਾ ਰਾਈਆ । ਸਾਨੂੰ ਲੈ ਜਾ ਸਚਖੰਡ ਦੇਸ, ਦਰਗਾਹ ਸਾਚੀ ਆਪ ਟਿਕਾਈਆ । ਜਿਥੇ ਵਸੇ ਨਰ ਨਰੇਸ਼, ਨਰ ਨਰਾਇਣ ਸੋਭਾ ਪਾਈਆ । ਸਾਡਾ ਤੇਰੇ ਚਰਨ ਕਵਲ ਆਦੇਸ, ਨਿਵ ਨਿਵ ਸੀਸ ਝੁਕਾਈਆ । ਤੂੰ ਮਾਲਕ ਰਹੇਂ ਹਮੇਸ਼, ਹਮ ਸਾਜਣ ਇਕ ਅਖਵਾਈਆ । ਤੇਰੇ ਦਰ ਤੇ ਹੋਏ ਪੇਸ਼, ਦਰ ਠਾਂਢੇ ਦੇਣੀ ਵਡਿਆਈਆ । ਸਾਡਾ ਅੰਤ ਅਖ਼ੀਰ ਸੰਦੇਸ਼, ਸੰਧਿਆ ਸਰਘੀ ਵੰਡ ਨਾ ਕੋਇ ਵੰਡਾਈਆ । ਚੁਰਾਸੀ ਵਾਲਾ ਕਟ ਕਲੇਸ਼, ਕਾਇਨਾਤ ਦਾ ਪੰਧ ਮੁਕਾਈਆ । ਤੇਰੇ ਚਰਨ ਕਵਲ ਦਰਗਾਹ ਸਾਚੀ ਰਹੀਏ ਹਮੇਸ਼, ਹਮ ਸਾਜਣ ਹੋਣਾ ਸਹਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਨਰ ਨਰੇਸ਼, ਪਰਵਰਦਿਗਾਰ ਨੂਰ ਅਲਾਹੀਆ । ਸਾਡਾ ਪੰਧ ਮੁਕਾ ਦੇ ਲੋਕਮਾਤ ਪਰਦੇਸ, ਘਰ ਆਪਣੇ ਇਕ ਟਿਕਾਈਆ । ਜਿਥੇ ਦਰਸ਼ਨ ਹੋਵੇ ਨੇਤਨ ਨੇਤ, ਜੋਤੀ ਜੋਤ ਜੋਤ ਰੁਸ਼ਨਾਈਆ । ਅੰਤ ਅਖ਼ੀਰ ਬੇਨਜ਼ੀਰ ਕਰ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡੀ ਰੁਤ ਬਸੰਤੀ ਖ਼ੁਸ਼ੀਆਂ ਵਾਲੀ ਕਰਨੀ ਚੇਤ, ਚੇਤਨ ਹੋ ਕੇ ਪੰਜ ਤਤ ਵਾਸਤਾ ਪਾਈਆ ।

✪ ੨੯ ਮੱਘਰ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਕਤੋਵਾਲ ਜ਼ਿਲਾ ਗੁਰਦਾਸਪੁਰ ਅਜੀਤ ਸਿੰਘ ਗੁਰਚਰਨ ਸਿੰਘ ਕਤੋਵਾਲ, ਚਰਨ ਸਿੰਘ ਜਵੰਦ ਸਿੰਘ ਦੁਰਗੀ, ਗਿਆਨ ਦੇਈ ਨਵਾਂ ਪਿੰਡ ✪

ਪੰਜ ਤਤ ਕਹਿਣ ਪ੍ਰਭ ਅਸੀਂ ਜੁਗ ਜੁਗ ਰਹੇ ਭਰਮਦੇ, ਜਨਮ ਜਨਮ ਨਾਲ ਬਦਲਾਈਆ । ਵਣਜਾਰੇ ਰਹੇ ਮਾਟੀ ਚਰਮ ਦੇ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਿਲ ਕੇ ਖ਼ੁਸ਼ੀ ਬਣਾਈਆ । ਚਾਰੇ ਖਾਣੀਆਂ ਰਹੇ ਭਰਮਦੇ, ਅੰਡਜ ਜੇਰਜ ਉਤਭੁਜ ਸੇਤਜ ਭੱਜੇ ਵਾਹੋ ਦਾਹੀਆ । ਪਿਆਸੇ ਰਹੇ ਤੇਰੇ ਨਿਰਗੁਣ ਰੂਪ ਬ੍ਰਹਮ ਦੇ, ਪਾਰਬ੍ਰਹਮ ਤੇਰੀ ਆਸ ਰਖਾਈਆ । ਵਣਜਾਰੇ ਰਹੇ ਕਾਂਡ ਕਰਮ ਦੇ, ਕਾਇਆ ਮਾਟੀ ਰੰਗ ਰੰਗਾਈਆ । ਸ਼ਬਦ ਸੰਦੇਸ਼ੇ ਸੁਣਦੇ ਰਹੇ ਤੇਰੇ ਧਰਮ ਦੇ, ਅੱਖਰ ਅੱਖਰਾਂ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੁਆਮੀ ਹੋਣਾ ਆਪ ਸਹਾਈਆ । ਪੰਜ ਤਤ ਕਹਿਣ ਪ੍ਰਭ ਜੁਗ ਚੌਕੜੀ ਸਰਗੁਣ ਧਾਰ ਰਹੇ ਤਰਸਦੇ, ਤਤ ਤਤਾਂ ਧਿਆਨ ਲਗਾਈਆ । ਅੰਮ੍ਰਿਤ ਮੇਘ ਅਗੰਮਾ ਕਲਜੁਗ ਅੰਤਮ ਬਰਸ ਦੇ, ਬਰਸ ਸ਼ਹਿਨਸ਼ਾਹੀ ਨਾਲ ਮਿਲਾਈਆ । ਸਾਡੇ ਲੇਖੇ ਮੇਟ ਦੇ ਹਵਸ ਹਰਸ ਦੇ, ਹਉਮੇ ਹੰਗਤਾ ਗੜ੍ਹ ਤੁੜਾਈਆ । ਤੇਰੀ ਯਾਦ ਵਿਚ ਜਨ ਭਗਤ ਸੁਹੇਲੇ ਤੜਫਦੇ, ਦਿਵਸ ਰੈਣ ਨੇਤਰ ਨੈਣ ਉਠਾਈਆ । ਆਤਮ ਧਾਰ ਫਿਰਨ ਭਟਕਦੇ, ਮਨੂਆ ਮਨ ਨਾ ਕੋਇ ਚਤੁਰਾਈਆ । ਸ਼ਬਦ ਡੋਰੀ ਨਾਲ ਲਟਕਦੇ, ਫਾਸੀ ਅਵਰ ਨਾ ਕੋਇ ਰਖਾਈਆ । ਬੇਸ਼ਕ ਅਸੀਂ ਰੂਪ ਬਣੇ ਬੂੰਦ ਰਕਤ ਦੇ, ਤਨ ਵਜੂਦ ਵਜੂਦ ਦਰਸਾਈਆ । ਸਾਨੂੰ ਮਾਣ ਦੇ ਦੇ ਸਾਚੇ ਭਗਤ ਦੇ, ਭਗਵਨ ਹੋਣਾ ਆਪ ਸਹਾਈਆ । ਪੰਧ ਮੁਕਾ ਦੇ ਆਵਣ ਜਾਵਣ ਜਗਤ ਦੇ, ਦੀਨ ਦੁਨੀ ਵਿਚੋਂ ਬਾਹਰ ਕਢਾਈਆ । ਸਾਡੇ ਲੇਖੇ ਲਾ ਲੈ ਸਵਾਸ ਸਵਾਸ ਆਪਣੇ ਚਰਨ ਵਕਤ ਦੇ, ਦਰ ਠਾਂਢੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਗਲੋਂ ਕਟ ਜਮ ਫਾਸੀ, ਰਾਏ ਧਰਮ ਨਾ ਦਏ ਸਜ਼ਾਈਆ । ਸਾਡੀ ਜ਼ਿੰਦਗੀ ਹੋਵੇ ਰਹਿਰਾਸੀ, ਜੀਵਣ ਤੇਰੇ ਚਰਨ ਟਿਕਾਈਆ । ਸਾਡਾ ਲੇਖਾ ਮੁਕਾ ਦੇ ਸ਼ੰਕਰ ਕੈਲਾਸ਼ੀ, ਸਰਗੁਣ ਵੰਡ ਨਾ ਕੋਇ ਵੰਡਾਈਆ । ਪਰਮ ਪੁਰਖ ਮੇਟ ਉਦਾਸੀ, ਚਿੰਤਾ ਚਿਖਾ ਬਾਹਰ ਕਢਾਈਆ । ਨਾਮ ਜਪਾ ਸਵਾਸ ਸਵਾਸੀ, ਸਾਹ ਸਾਹ ਤੇਰੀ ਵਡਿਆਈਆ । ਤੇਰਾ ਨੂਰ ਜੋਤ ਹੋਵੇ ਪਰਕਾਸ਼ੀ, ਜੋਤੀ ਜਾਤਾ ਨਜ਼ਰੀ ਆਈਆ । ਤੂੰ ਪਰਮ ਪੁਰਖ ਪਰਮਾਤਮ ਇਕ ਅਬਿਨਾਸ਼ੀ, ਹਰਿ ਕਰਤਾ ਧੁਰਦਰਗਾਹੀਆ । ਅਸੀਂ ਪੰਜ ਤਤ ਤੇਰੇ ਦਾਸ ਦਾਸੀ, ਸੇਵਕ ਹੋ ਕੇ ਸੇਵ ਕਮਾਈਆ । ਪੰਧ ਮੁਕਾ ਦੇ ਦਸ ਦਸ ਮਾਸੀ, ਮਾਤ ਗਰਭ ਫੇਰ ਨਾ ਆਈਆ । ਤੇਰੇ ਚਰਨ ਕਵਲ ਸਚਖੰਡ ਦੁਆਰ ਹੋਵੇ ਵਾਸੀ, ਦਰਗਾਹ ਸਾਚੀ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਤੇਰੇ ਚਰਨ ਕਵਲ ਅਰਜ਼ੋਈ, ਬਿਨ ਨੈਣਾਂ ਨੀਰ ਵਹਾਈਆ । ਸਾਡੀ ਮਾਤਲੋਕ ਦਰੋਹੀ, ਦਰੋਹੀ ਤੇਰਾ ਨਾਮ ਦੁਹਾਈਆ । ਸਾਡਾ ਮੀਤ ਮੁਰਾਰ ਦਿਸੇ ਨਾ ਕੋਈ, ਸਾਜਣ ਸੰਗ ਨਾ ਕੋਇ ਨਿਭਾਈਆ । ਜੋਤੀ ਜਾਤੇ ਧਰਨੀ ਧਰਤ ਧਵਲ ਧੌਲ ਮਿਲੇ ਨਾ ਢੋਈ, ਸਿਰ ਹੱਥ ਨਾ ਕੋਇ ਟਿਕਾਈਆ । ਸੁਰਤ ਉਠਾਏ ਕੋਈ ਨਾ ਸੋਈ, ਸ਼ਬਦੀ ਨਾਦ ਨਾ ਕੋਇ ਸ਼ਨਵਾਈਆ । ਆਤਮ ਧਾਰ ਜਾਏ ਨਾ ਮੋਹੀ, ਮੁਹੱਬਤ ਹਕ ਨਾ ਕੋਇ ਕਮਾਈਆ । ਸਾਡੇ

ਕੋਲ ਤੇਰੀ ਪੇਸ਼ੀਨਗੋਈ, ਜੋ ਅਵਤਾਰ ਪੈਗ਼ੰਬਰ ਗੁਰ ਗਏ ਦਰਸਾਈਆ । ਜੋ ਸੰਦੇਸ਼ਾ ਦਿਤਾ ਕਬੀਰ ਲੋਈ, ਲੋਇਣਾ ਤੋਂ ਬਾਹਰ ਜਣਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡੀ ਪਤ ਗਈ ਖੋਹੀ, ਮਿਹਰਵਾਨ ਮਹਿਬੂਬ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਸਚ ਅੰਮ੍ਰਿਤ ਰਸ ਧਾਰ ਅਗੰਮੀ ਦੇ ਚੋਈ, ਨਿਝਰ ਝਿਰਨਾ ਆਪ ਝਿਰਾਈਆ । ਪੰਚ ਵਿਕਾਰ ਮੇਟਣਾ ਗਰੋਹੀ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਕਰਤਾ ਪੁਰਖ ਜੋ ਕਰੇ ਸੋ ਹੋਈ, ਕਰਨ ਕਰਾਵਣਹਾਰ ਕਰਤਾਰ ਤੇਰੇ ਹੱਥ ਵਡਿਆਈਆ ।

✪ ੨੬ ਮੱਘਰ ਸ਼ਹਿਨਸ਼ਾਹੀ ਸੰਮਤ ਦਸ ਦੀਨਾਨਗਰ ਸ਼ਹਿਰ ਹਰੀਜਨ ਕਲੋਨੀ ਲਾਲ ਸਿੰਘ ਮਹਿੰਦਰ ਸਿੰਘ ਭਜਨ ਸਿੰਘ ਸਵਰਨ ਸਿੰਘ ਬਲਕਾਰ ਸਿੰਘ ਸਰੂਪ ਸਿੰਘ ਬਾਵਾ ਸਿੰਘ ✪

ਪੰਜ ਤਤ ਕਹਿਣ ਪ੍ਰਭ ਜੁਗ ਜੁਗ ਫਿਰਦੇ ਰਹੇ ਚਾਰੇ ਖਾਣੀਆਂ, ਅੰਡਜ ਜੇਰਜ ਉਤਭੁਜ ਸੇਤਜ ਭੱਜਦੇ ਰਹੇ ਵਾਹੋ ਦਾਹੀਆ । ਨਿਰਗੁਣ ਸਰਗੁਣ ਤੇਰੀਆਂ ਸੁਣਦੇ ਰਹੇ ਬਾਣੀਆਂ, ਅੱਖਰਾਂ ਨਾਲ ਅੱਖਰ ਸਿਫ਼ਤ ਸਾਲਾਹੀਆ । ਤੂੰ ਸ਼ਾਹੋ ਭੂਪ ਸੁਲਤਾਨੀਆ, ਗਹਿਰ ਗੰਭੀਰ ਬੇਨਜ਼ੀਰ ਨੂਰ
੧੬੩ ਅਲਾਹੀਆ । ਸਾਡੇ ਉਤੇ ਕਰ ਮਿਹਰਵਾਨੀਆਂ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਤੂੰ ਆਦਿ ਜੁਗਾਦੀ ਜਾਣ ਜਾਣੀਆ, ਜਾਨਣਹਾਰ ੧੬੩
੨੪ ਇਕ ਅਖਵਾਈਆ । ਪੁਰਖ ਅਕਾਲੇ ਦੀਨ ਦਿਆਲੇ ਆਤਮ ਧਾਰ ਸਚ ਦੱਸ ਦੇ ਨਿਸ਼ਾਨੀਆਂ, ਨਿਸ਼ਾਨਾ ਸ੍ਰੀ ਭਗਵਾਨਾ ਆਪਣਾ ਇਕ ਜਣਾਈਆ । ੨੪
ਤੇਰੇ ਹੁਕਮ ਵਿਚ ਲੱਖ ਚੁਰਾਸੀ ਜੂਨੀ ਮੌਜਾਂ ਮਾਣੀਆਂ, ਤਨ ਵਜੂਦਾਂ ਵਜਦੀ ਰਹੀ ਵਧਾਈਆ । ਤੇਰੇ ਖੇਲ ਵੇਖੇ ਅਠਸਠ ਤੀਰਥ ਪਾਣੀਆਂ, ਸਮੁੰਦ ਸਾਗਰਾਂ ਵਿਚ ਆਪਣਾ ਰੂਪ ਬਦਲਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਦੱਸੀਆਂ ਤੇਰੇ ਹੁਕਮ ਦੀਆਂ ਕਹਾਣੀਆਂ, ਕਥਨੀ ਕਥ ਕਥ ਦ੍ਰਿੜਾਈਆ । ਸਚ ਸੁਆਮੀ ਅੰਤਰਜਾਮੀ ਜੇ ਭਗਤਾਂ ਆਤਮਾ ਤੇਰੀਆਂ ਸੁਵਾਣੀਆਂ, ਸਿਰ ਸਿਰ ਆਪਣਾ ਹੱਥ ਟਿਕਾਈਆ । ਪੰਜ ਤਤ ਕਹਿਣ ਕਿਉਂ ਨਾ ਸਾਨੂੰ ਕਰੇ ਪਰਵਾਨੀਆਂ, ਪਰਮ ਪੁਰਖ ਆਪਣੇ ਅੰਗ ਲਗਾਈਆ । ਹਉਂ ਜਗਤ ਵਿਛੁੰਨੀਆਂ ਨਿਮਾਣੀਆਂ, ਜੁਗ ਚੌਕੜੀ ਤੇਰੀ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਅਗੰਮ ਅਥਾਹੀਆ । ਪੰਜ ਤਤ ਕਹਿਣ ਪ੍ਰਭ ਜੁਗ ਚੌਕੜੀ ਤੇਰਾ ਧਰਦੇ ਰਹੇ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਕਿਰਪਾ ਕਰ ਸ੍ਰੀ ਭਗਵਾਨ, ਹਰਿ ਕਰਤੇ ਹੋ ਸਹਾਈਆ । ਨਿਗਾਹ ਮਾਰ ਲੈ ਵਿਚ ਜਹਾਨ, ਧਰਨੀ ਧਰਤ ਧਵਲ ਧੌਲ ਖੋਜ ਖੁਜਾਈਆ । ਹਉਂ ਬਾਲਕ ਤੇਰੇ ਅੰਞਾਣ, ਬਾਲੀ ਬੁਧਿ ਨਾ ਕੋਇ ਵਡਿਆਈਆ । ਸਚ ਪ੍ਰੀਤੀ ਬਖ਼ਸ਼ ਦੇ ਚਰਨ ਕਵਲ ਕਰ ਪਰਵਾਨ, ਪਰਮ ਪੁਰਖ ਤੇਰੀ ਓਟ ਤਕਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਬੀਤੇ ਵਿਚ ਜਗਤ ਜਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਅਵਤਾਰ ਪੈਗ਼ੰਬਰ ਗੁਰ ਨਾਮ ਕਲਮੇ ਦੇਂਦੇ ਗਏ ਦਾਨ, ਢੋਲੇ ਸੋਹਲੇ ਸਿਫ਼ਤ ਸਿਫ਼ਤੀ ਰਾਗ ਦ੍ਰਿੜਾਈਆ । ਬਿਨ ਤੇਰੀ ਕਿਰਪਾ ਸਚਖੰਡ ਮਿਲੇ ਨਾ ਕਿਸੇ ਅਸਥਾਨ, ਦਰਗਾਹ ਸਾਚੀ ਭੂਮਿਕਾ ਸਚ ਨਾ ਕੋਇ ਟਿਕਾਈਆ । ਤੂੰ ਆਦਿ ਜੁਗਾਦੀ

ਬ੍ਰਹਮ ਬ੍ਰਹਿਮਾਦੀ ਧੁਰ ਦਾ ਕਾਹਨ, ਰਾਮ ਰਮਈਆ ਤੇਰੀ ਓਟ ਤਕਾਈਆ । ਸਚ ਸੁਆਮੀ ਅੰਤਰਜਾਮੀ ਪੰਜ ਤਤ ਕਹਿਣ ਅੰਤ ਸਾਨੂੰ ਕਰ ਪਰਵਾਨ, ਪਰਮ ਪੁਰਖ ਤੇਰੀ ਸ਼ਰਨਾਈਆ । ਭਗਤ ਸੁਹੇਲੇ ਤੇਰੇ ਬਾਲ ਅੰਞਾਣ, ਮਨ ਮਤਿ ਬੁਧਿ ਨਾ ਕੋਇ ਵਡਿਆਈਆ । ਤੂੰ ਸ਼ਾਹੋ ਭੂਪ ਸੁਲਤਾਨ, ਸ਼ਹਿਨਸ਼ਾਹ ਅਗੰਮ ਅਥਾਹੀਆ । ਸਾਡੀ ਬੇਨੰਤੀ ਕਰ ਪਰਵਾਨ, ਪੁਨਹ ਪੁਨਹ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੀ ਵਸਤ ਇਕ ਵਰਤਾਈਆ । ਪੰਜ ਤਤ ਕਹਿਣ ਪ੍ਰਭ ਜੁਗ ਜੁਗ ਤੇਰੀਆਂ ਆਸਾਂ ਤਕੀਆਂ, ਨਿਰਗੁਣ ਸਰਗੁਣ ਧਿਆਨ ਲਗਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਕੀਤੀਆਂ ਪੱਕੀਆਂ, ਪਾਰਬ੍ਰਹਮ ਪ੍ਰਭ ਤੇਰਾ ਭੇਵ ਖੁਲ੍ਹਾਈਆ । ਪੁਰਖ ਅਕਾਲਾ ਦੀਨ ਦਿਆਲਾ ਆਤਮ ਧਾਰ ਜੋੜੇ ਨਤੀਆਂ, ਪਰਮਾਤਮ ਆਪਣੀ ਗੰਢ ਪਵਾਈਆ । ਕੂੜ ਕੁੜਿਆਰ ਦੀਆਂ ਮੇਟੇ ਮੱਤੀਆਂ, ਸਤਿ ਸਤਿਵਾਦੀ ਸ਼ਬਦ ਕਰੇ ਸ਼ਨਵਾਈਆ । ਜਨ ਭਗਤਾਂ ਕਾਇਆ ਜਾਣ ਰਤੀਆਂ, ਰਤਨ ਅਮੋਲਕ ਹੀਰੇ ਲਏ ਬਣਾਈਆ । ਲੇਖਾ ਚੁਕਾਵੇ ਜਗਤ ਤਪਸਿਆ ਵਾਲੀ ਤਪੀਆਂ, ਤਪੀਸ਼ਰਾਂ ਤੋਂ ਬਾਹਰ ਦਏ ਵਡਿਆਈਆ । ਆਵਣ ਜਾਵਣ ਲੱਖ ਚੁਰਾਸੀ ਮੰਜ਼ਲਾਂ ਜਾਣ ਕੱਟੀਆਂ, ਕਟਾਕਸ਼ ਆਪਣਾ ਨਾਮ ਲਗਾਈਆ । ਵਿਕਣਾ ਪਏ ਨਾ ਦੀਨ ਦੁਨੀ ਦੀ ਧਾਰ ਵਿਚ ਹੱਟੀਆਂ, ਦੀਨਾਂ ਮਜ਼੍ਹਬਾਂ ਨਾ ਵੰਡ ਵੰਡਾਈਆ । ਨਿਰਅੱਖਰ ਧਾਰ ਪੜ੍ਹਾਵੇ ਪੱਟੀਆਂ, ਪਟਨੇ ਵਾਲਾ ਨਾਲ ਮਿਲਾਈਆ । ਰਾਏ ਧਰਮ ਦੀਆਂ ਭਰਨੀਆਂ ਪੈਣ ਨਾ ਚੱਟੀਆਂ, ਚੇਟਕ ਆਪਣਾ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਅਗੰਮ ਅਥਾਹੀਆ । ਪੰਜ ਤਤ ਕਹਿਣ ਪ੍ਰਭ ਤੇਰੇ ਘਰ ਦੇ ਰਹੇ ਵਣਜਾਰੇ, ਜੁਗ ਜੁਗ ਭੱਜੇ ਵਾਹੋ ਦਾਹੀਆ । ਸਚ ਵਸਤ ਬਖ਼ਸ਼ ਦੇ ਥਾਰੇ, ਥਿਰ ਘਰ ਦੇਣੀ ਮਾਣ ਵਡਿਆਈਆ । ਗ੍ਰਿਹ ਬਖ਼ਸ਼ਣਾ ਸਚਖੰਡ ਦੁਆਰੇ, ਦਰਗਾਹ ਸਾਚੀ ਆਸ ਰਖਾਈਆ । ਤੇਰਾ ਤਕੀਏ ਨੂਰ ਉਜਿਆਰੇ, ਜੋਤੀ ਜੋਤ ਜੋਤ ਰੁਸ਼ਨਾਈਆ । ਸਦ ਵਸੀਏ ਤੇਰੇ ਚਰਨ ਕਵਲ ਸਹਾਰੇ, ਧਵਲ ਲੇਖਾ ਦੇਣਾ ਮੁਕਾਈਆ । ਤੁਧ ਬਿਨ ਪਾਰ ਨਾ ਕੋਇ ਉਤਾਰੇ, ਪਤਤ ਪੁਨੀਤ ਨਾ ਕੋਇ ਬਣਾਈਆ । ਸਤਿਗੁਰ ਸ਼ਬਦ ਜਣਾ ਜੈਕਾਰੇ, ਤੂੰ ਹੀ ਤੂੰ ਹੀ ਰਾਗ ਦ੍ਰਿੜਾਈਆ । ਤੇਰੇ ਖੇਲ ਤਕੇ ਜੁਗ ਚਾਰੇ, ਜੁਗ ਚੌਕੜੀ ਭੱਜੇ ਵਾਹੋ ਦਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਪਾ ਸਾਰੇ, ਪਾਰਬ੍ਰਹਮ ਪ੍ਰਭ ਤੇਰੀ ਓਟ ਤਕਾਈਆ । ਅਸੀਂ ਭਗਤ ਸੁਹੇਲੇ ਤੇਰੇ ਦੋ ਚਾਰੇ, ਬਹੁਤੀ ਗਣਤ ਨਾ ਕੋਇ ਗਿਣਾਈਆ । ਸਾਡਾ ਆਵਣ ਜਾਵਣ ਗੇੜ ਦੇ ਨਿਵਾਰੇ, ਜਨਮ ਜਨਮ ਰਹੇ ਨਾ ਰਾਈਆ । ਜੋ ਭਗਤਾਂ ਆਤਮਾ ਤੇਰਾ ਰੂਪ ਅਪਾਰੇ, ਅਪਰੰਪਰ ਤੇਰੇ ਵਿਚ ਸਮਾਈਆ । ਕਿਉਂ ਪੰਜ ਤਤ ਹੋਣ ਖ਼ੁਆਰੇ, ਖ਼ੈਰਖ਼ਾਹ ਹੋ ਕੇ ਦੇਣੀ ਮਾਣ ਵਡਿਆਈਆ । ਤੁਧ ਬਿਨ ਪੈਜ ਨਾ ਕੋਇ ਸਵਾਰੇ, ਸਿਰ ਹੱਥ ਨਾ ਕੋਇ ਟਿਕਾਈਆ । ਸਾਡੀ ਮਨਜ਼ੂਰ ਕਰੀਂ ਨਿਮਸਕਾਰੇ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਤੇਰਾ ਖੇਲ ਅਪਾਰੇ, ਅਪਰੰਪਰ ਸੁਆਮੀ ਅੰਤਰਜਾਮੀ ਨਿਹਕਾਮੀ ਤੇਰੀ ਓਟ ਤਕਾਈਆ ।

੧੬੫
੨੪

✪ ੨੭ ਮੱਘਰ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਫ਼ਤੂਪੁਰ ਜ਼ਿਲਾ ਗੁਰਦਾਸ ਪੁਰ ਮੰਗਲ ਸਿੰਘ ਗੁਲਜ਼ਾਰ ਸਿੰਘ ਸਮਾ ਸਿੰਘ ਫ਼ਤੂਪੁਰ
ਜੁਗਿੰਦਰ ਸਿੰਘ ਦਿਆਲ ਸਿੰਘ ਸੁਰਿੰਦਰ ਸਿੰਘ ਡੇਢ ਗੁਵਾੜ, ਗੁਰਮੀਤ ਕੌਰ ਰਸੂਲਪੁਰ,
ਜਸਬੀਰ ਸਿੰਘ ਸੋਹਣ ਸਿੰਘ ਭੋਲੇ ਕੇ, ਤਰਲੋਕ ਸਿੰਘ ਅਠਵਾਲ ✪

ਪੰਜ ਤਤ ਕਹਿਣ ਪ੍ਰਭ ਸਾਡਾ ਵਕ਼ਤ ਸੁਹੰਜਣਾ ਕਰ, ਕਰਨੀ ਦੇ ਕਰਤੇ ਦਇਆ ਕਮਾਈਆ । ਪੁਰਖ ਅਕਾਲੇ ਦੀਨ ਦਿਆਲੇ ਮੰਗੀਏ ਤੇਰਾ ਦਰ, ਦਰ ਦਰਵੇਸ਼ ਨਰ ਨਰੇਸ਼ ਤੇਰੇ ਅਗੇ ਸੀਸ ਝੁਕਾਈਆ । ਪਰਮ ਪੁਰਖ ਪਰਮਾਤਮ ਤੇਰੀ ਸਰਨੀ ਰਹੇ ਪਰ, ਪਾਰਬ੍ਰਹਮ ਪਤਿਪਰਮੇਸ਼ਵਰ ਹੋਣਾ ਆਪ ਸਹਾਈਆ । ਤੂੰ ਸ਼ਾਹੋ ਭੂਪ ਨਰਾਇਣ ਨਰ, ਸੁਲਤਾਨ ਨੌਜੁਆਨ ਇਕ ਅਖਵਾਈਆ । ਚੁਰਾਸੀ ਫਾਸੀ ਜਮ ਕਾ ਮੇਟ ਦੇ ਡਰ, ਰਾਏ ਧਰਮ ਨਾ ਦਏ ਸਜ਼ਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਲੈ ਜਾਣਾ ਆਪਣੇ ਘਰ, ਗ੍ਰਿਹਿ ਮੰਦਰ ਇਕੋ ਇਕ ਵਖਾਈਆ । ਚਰਨ ਧੂੜ ਸਚ ਸਰੋਵਰ ਨੁਹਾਉਣਾ ਸਰ, ਦੁਰਮਤ ਮੈਲ ਰਹੇ ਨਾ ਰਾਈਆ । ਆਤਮ ਧਾਰ ਪਰਮਾਤਮ ਤੈਨੂੰ ਲਈਏ ਵਰ, ਪਤਿਪਰਮੇਸ਼ਵਰ ਤੇਰੇ ਰੰਗ ਸਮਾਈਆ । ਮਿਹਰਵਾਨ ਹੋ ਕੇ ਪੰਜ ਤਤ ਜਨ ਭਗਤਾਂ ਆਪਣੇ ਗ੍ਰਿਹਿ ਖੜ, ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਸਾਡਾ ਲੇਖੇ ਲਾ ਲੈ ਤਨ ਵਜੂਦ ਧੜ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤਿ ਬੁਧਿ ਦਈਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਧੁਰ ਦਾ ਇਕ ਸੁਆਮੀ, ਕਰਨੀ ਕਰਤਾ ਇਕ ਅਖਵਾਈਆ । ਨਿਰਗੁਣ ਧਾਰ ਅੰਤਰਜਾਮੀ, ਬੇਪਰਵਾਹ ਤੇਰੀ ਵਡਿਆਈਆ । ਜਗਤ ਅੰਧੇਰਾ ਮੇਟ ਦੇ ਸ਼ਾਮੀ, ਸ਼ਮਅ ਨੂਰ ਜੋਤ ਕਰ ਰੁਸ਼ਨਾਈਆ । ਸਾਨੂੰ ਵਖਾ ਦੇ ਦੇਸ਼ ਅਨਾਮੀ, ਜਿਥੇ ਤੇਰੀ ਵਜਦੀ ਰਹੇ ਵਧਾਈਆ । ਮਿਹਰਵਾਨ ਹੋ ਕੇ ਭਗਤ ਸੁਹੇਲੇ ਆਪ ਪਹਿਚਾਨੀ, ਬੇਪਹਿਚਾਨ ਪੜਦਾ ਮਾਤ ਉਠਾਈਆ । ਤੂੰ ਨਿਰਵੈਰ ਪੁਰਖ ਸੁਲਤਾਨੀ, ਸ਼ਹਿਨਸ਼ਾਹ ਨੂਰ ਅਲਾਹੀਆ । ਸਾਡੇ ਉਤੇ ਕਰੀਂ ਮਿਹਰਵਾਨੀ, ਮਿਹਰਵਾਨ ਤੇਰੀ ਓਟ ਤਕਾਈਆ । ਆਵਣ ਜਾਵਣ ਸਾਡਾ ਲੇਖਾ ਮੁਕਾ ਦੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੰਡ ਨਾ ਕੋਇ ਵੰਡਾਈਆ । ਸਾਡੀ ਆਸ਼ਾ ਤਕ ਲੈ ਜੁਗ ਚੌਕੜੀ ਪੁਰਾਣੀ, ਪੁਨਹ ਪੁਨਹ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਚ ਰੰਗ ਰੰਗਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਰੰਗ ਰੰਗਾ ਅਗੰਮੜਾ, ਅਲਖ ਅਗੋਚਰ ਦਇਆ ਕਮਾਈਆ । ਲੇਖੇ ਲਾ ਲੈ ਕਾਇਆ ਮਾਟੀ ਚੰਮੜਾ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਲੋਕਮਾਤ ਸਾਡਾ ਹਾਲ ਹੋਵੇ ਨਾ ਮੰਦੜਾ, ਮੰਦ ਭਾਗ ਲੈ ਤਰਾਈਆ । ਸਾਡੀ ਕ਼ੀਮਤ ਰਹੀ ਨਾ ਕੌਡੀ ਦਮੜਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਮਨੂਆ ਮਨ ਨਾ ਰਹੇ ਨਿਕੰਮੜਾ, ਬੁਧਿ ਬਿਬੇਕ ਦੇਣੀ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰਗਾਹ ਸਚ ਮਿਲੇ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਬਖ਼ਸ਼ ਦੇ ਸਚ ਦਰਗਾਹ, ਸਚਖੰਡ ਨਿਵਾਸੀ ਦਇਆ ਕਮਾਈਆ । ਸਤਿਗੁਰ ਸ਼ਬਦ ਬਣਾ ਮਲਾਹ, ਬੇੜਾ ਧੁਰ ਦੇ ਕੰਧ ਉਠਾਈਆ । ਤੇਰਾ ਪਿਆਰ ਹੋਵੇ ਗਵਾਹ, ਸ਼ਹਾਦਤ ਭਗਤੀ ਵਾਲੀ ਰਖਾਈਆ । ਤੇਰਾ ਜਗਤ ਕਰੇ ਵਾਹ ਵਾਹ, ਵਾਹਵਾ ਵਜਦੀ ਰਹੇ ਵਧਾਈਆ । ਇਕੋ ਚਰਨ ਤੇਰੀ ਮਿਲੇ ਸਰਨਾ, ਸਰਨਗਤ ਇਕ ਅਖਵਾਈਆ ।

ਤੂੰ ਆਦਿ ਜੁਗਾਦੀ ਪਿਤਾ ਮਾਂ, ਪੁਰਖ ਅਕਾਲ ਤੇਰੀ ਬੇਪਰਵਾਹੀਆ । ਸਾਡਾ ਪੰਧ ਮੁਕਾ ਦੇ ਥਲ ਅਸਗਾਹ, ਜਲ ਥਲ ਨਾ ਕੋਇ ਭੁਆਈਆ । ਸਾਨੂੰ ਤੇਰੇ ਚਰਨ ਕਵਲ ਰਹਿਣ ਦਾ ਚਾਅ, ਚਾਉ ਘਨੇਰਾ ਇਕ ਬਣਾਈਆ । ਨਿਥਾਵਿਆਂ ਦਰਗਾਹ ਸਾਚੀ ਦੇਣਾ ਥਾਂ, ਥਾਨ ਥਨੰਤਰ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਤੇਰਾ ਮਿਲੇ ਅਨੋਖਾ ਧਾਮ, ਗ੍ਰਿਹ ਮੰਦਰ ਵਜੇ ਵਧਾਈਆ । ਜਿਥੇ ਇਕੋ ਹੋਵੇ ਤੇਰਾ ਅਗੰਮਾ ਨਾਮ, ਰਸਨਾ ਰਸ ਨਾ ਕੋਇ ਵਡਿਆਈਆ । ਇਕੋ ਨੂਰ ਅਲਾਹੀ ਹੋਵੇ ਰਾਮ, ਜੋਤੀ ਜਾਤਾ ਨਜ਼ਰੀ ਆਈਆ । ਸਾਡਾ ਲਹਿਣਾ ਦੇਣਾ ਲੇਖਾ ਮੁਕਾ ਤਮਾਮ, ਤਮਅ ਲਾਲਚ ਅਵਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜ ਤਤ ਕਹਿਣ ਚਾਰੇ ਖਾਣੀ ਵਿਚ ਨਾ ਰਹੀਏ ਗ਼ੁਲਾਮ, ਸ਼ਰਅ ਜ਼ੰਜੀਰ ਬੇਨਜ਼ੀਰ ਦੇਣੀ ਕਟਾਈਆ ।

## ✪ ੨੭ ਮੱਘਰ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਫ਼ੈਜ਼ਪੁਰ ਜ਼ਿਲਾ ਗੁਰਦਾਸ ਪੁਰ ਸੁਰਜੀਤ ਸਿੰਘ ਦਲੀਪ ਸਿੰਘ ਹੁਕਮ ਸਿੰਘ ਅਜੀਤ ਸਿੰਘ ਜਸਵੰਤ ਸਿੰਘ ਫ਼ੈਜ਼ਪੁਰ, ਚਰਨ ਸਿੰਘ ਸਨੇਈਆ, ਕਾਸ਼ੀ ਰਾਮ ਸਨੇਈਆ, ਸੁਰਜੀਤ ਕੌਰ ਸ਼ਿਕਾਰ ਮਾਛੀਆ ✪



ਪੰਜ ਤਤ ਕਹਿਣ ਪ੍ਰਭ ਦੀਨ ਦਿਆਲ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਮਿਹਰਵਾਨ ਮਹਿਬਾਨ ਬੀਦੋ ਦੇਣੀ ਕਮਾਈਆ । ਜੋਤੀ ਜਾਤੇ ਪੁਰਖ ਬਿਧਾਤੇ ਨਿਰਗੁਣ ਨੂਰ ਚਾੜ੍ਹ ਚੰਦ, ਬਿਨ ਤੇਲ ਬਾਤੀ ਕਾਇਆ ਮਾਟੀ ਕਰ ਰੁਸ਼ਨਾਈਆ । ਸਚ ਸੁਆਮੀ ਅੰਤਰਜਾਮੀ ਘਟ ਨਿਵਾਸੀ ਦੇ ਅਨੰਦ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਖ਼ੁਸ਼ੀ ਕਰ ਦੇ ਬੰਦ ਬੰਦ, ਬੰਦਗੀ ਬਿਨਾ ਮੁਸ਼ੰਦਗੀ ਇਕ ਦ੍ਰਿੜਾਈਆ । ਕੂੜ ਵਿਕਾਰਾ ਵਿਚ ਸੰਸਾਰ ਕਰ ਦੇ ਖੰਡ ਖੰਡ, ਖੰਡਾ ਖੜਗ ਨਾਮ ਚਮਕਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਵਿਛੜੀ ਧਾਰ ਆਪਣੇ ਨਾਲ ਗੰਢ, ਗੰਢਣਹਾਰ ਗੋਪਾਲ ਸੁਆਮੀ ਦਿਆਲ ਤੇਰੇ ਅਗੇ ਵਾਸਤਾ ਪਾਈਆ । ਤੂੰ ਮੇਰਾ ਮੈਂ ਤੇਰਾ ਬਿਨ ਰਸਨਾ ਜਿਹਵਾ ਅੰਤਰ ਨਿਰੰਤਰ ਉਪਜੇ ਛੰਦ, ਅੱਖਰ ਨਿਰਅੱਖਰ ਧਾਰ ਦੇਣਾ ਸਮਝਾਈਆ । ਸਤਿਗੁਰ ਸ਼ਬਦ ਸਾਡੇ ਭਾਗ ਹੋਣ ਨਾ ਦੇਵੀਂ ਮੰਦ, ਮਧੁਰ ਧੁਨ ਕਰਨੀ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਭੇਵ ਅਭੇਦਾ ਆਪ ਚੁਕਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਦੇਣਾ ਅਨੰਦ ਸਚ, ਹਰਿ ਸਚ ਤੇਰੀ ਸਰਨਾਈਆ । ਭਾਗ ਲਗਾ ਦੇ ਕਾਇਆ ਮਾਟੀ ਕੱਚ, ਕੰਚਨ ਦੇਹ ਦੇ ਵਡਿਆਈਆ । ਮਨੂਆ ਦਹਿ ਦਿਸ਼ਾ ਨਾ ਜਾਵੇ ਨਚ, ਮਨਸਾ ਮਨ ਨਾ ਕੋਇ ਹਲਕਾਈਆ । ਲੂੰ ਲੂੰ ਅੰਦਰ ਜਾ ਰਚ, ਰਚਨਾ ਆਪਣੀ ਦੇ ਵਖਾਈਆ । ਤੂੰ ਪਾਰਬ੍ਰਹਮ ਪਰਮੇਸ਼ਵਰ ਪਤਿ, ਪਰਮ ਪੁਰਖ ਤੇਰੀ ਸਰਨਾਈਆ । ਲੇਖੇ ਲਾ ਲੈ ਪੰਜ ਤਤ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਤੇਰੇ ਅਗੇ ਵਾਸਤਾ ਪਾਈਆ । ਝਗੜਾ ਮੇਟ ਦੇ ਕੂੜ ਕੁੜਿਆਰੀ ਰਤ, ਰਕਤ ਬੂੰਦ ਦਾ ਡੇਰਾ ਢਾਹੀਆ । ਸਤਿ ਸਚ ਨਾਮ ਨਾਲ ਜੋੜ ਲੈ ਨਤ, ਮੇਲਾ ਮੇਲਣਾ

ਸਹਿਜ ਸੁਭਾਈਆ । ਸਾਚਾ ਬੀਜ ਬੀਜ ਦੇ ਨਾਮ ਅਗੰਮੇ ਵਤ, ਤਨ ਕਾਇਆ ਮਾਟੀ ਦੇ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਦਇਆ ਕਮਾ ਦੇ ਆਪ, ਮਿਹਰਵਾਨ ਮਹਿਬਾਨ ਬੀਦੋ ਬੀਖ਼ੈਰ ਯਾ ਅਲਾਹ ਤੇਰੀ ਇਕ ਸਰਨਾਈਆ । ਤੇਰਾ ਕਲਮਿਆਂ ਤੋਂ ਬਾਹਰ ਦਾ ਹੋਵੇ ਜਾਪ, ਅਜਪਾ ਜਾਪ ਦੇਣਾ ਦ੍ਰਿੜਾਈਆ । ਤ੍ਰੈਗੁਣ ਤੀਨੋ ਮੇਟ ਦੇ ਤਾਪ, ਤ੍ਰਿਸ਼ਨਾ ਕੂੜ ਦੇ ਬੁਝਾਈਆ । ਜਗਤ ਰਹੇ ਨਾ ਕੋਇ ਸੰਤਾਪ, ਸਤਿ ਸਤਿਵਾਦੀ ਦਰਸ਼ਨ ਦੇਣਾ ਥਾਉਂ ਥਾਈਂਆ । ਤੇਰਾ ਸੁਣੀਏ ਸ਼ਬਦ ਅਗੰਮੀ ਨਾਦ, ਧੁਨ ਆਤਮਕ ਰਾਗ ਦੇਣਾ ਦ੍ਰਿੜਾਈਆ । ਤੇਰਾ ਨੂਰ ਤਕੀਏ ਇਕੋ ਵਾਹਿਦ, ਵਾਹਵਾ ਵਾਹਿਗੁਰੂ ਤੇਰਾ ਮੇਲ ਮਿਲੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰ ਇਕ ਦਰਸਾਈਆ । ਪੰਜ ਤਤ ਕਹਿਣ ਪ੍ਰਭ ਤੇਰੇ ਅਗੇ ਨਿਮਸਕਾਰ ਡੰਡਾਵਤ, ਨਮੋ ਨਮੋ ਸੀਸ ਨਿਵਾਈਆ । ਕਲਜੁਗ ਕੂੜੀ ਕਿਰਿਆ ਮੇਟ ਬਗ਼ਾਵਤ, ਬਗ਼ਲਗੀਰ ਕਰ ਖ਼ਲਕ ਖ਼ੁਦਾਈਆ । ਧੁਰ ਦਾ ਨਾਮ ਕਲਮਾ ਕਰ ਸਖ਼ਾਵਤ, ਸੁਖ਼ਨ ਆਪਣੇ ਪੂਰ ਕਰਾਈਆ । ਦੀਨ ਦੁਨੀ ਨਾ ਰਹੇ ਅਦਾਵਤ, ਅਦਲ ਇਨਸਾਫ਼ ਇਕ ਜਣਾਈਆ । ਮਨੂਆ ਮਨ ਕਰ ਮਮਾਨਤ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਆਦਿ ਜੁਗਾਦੀ ਆਤਮਾ ਤੇਰੀ ਅਮਾਨਤ, ਤਨ ਮੰਦਰ ਵੇਖਣੀ ਚਾਈਂ ਚਾਈਂਆ । ਜਿਸ ਨੂੰ ਰਖਣਾ ਸਦਾ ਸਹੀ ਸਲਾਮਤ, ਬੇਐਬ ਪਰਵਰਦਿਗਾਰ ਹੋਣਾ ਸਹਾਈਆ । ਸਾਡਾ ਲੇਖਾ ਰਹੇ ਨਾ ਨਾਲ ਕਿਆਮਤ, ਕੁਦਰਤ ਦੇ ਕ਼ਾਦਰ ਦੇਣੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਪ੍ਰਭ ਸਾਚਾ ਦੇ ਹਕ਼ੀਕ਼ੀ ਜਾਮ, ਬਿਨ ਰਸਨਾ ਰਸ ਚਖਾਈਆ । ਕਿਰਪਾ ਕਰ ਦੇ ਧੁਰ ਦੇ ਰਾਮ, ਰਾਮ ਰਹੀਮ ਤੇਰੀ ਸਰਨਾਈਆ । ਕਲਜੁਗ ਮੇਟ ਅੰਧੇਰੀ ਸ਼ਾਮ, ਸ਼ਾਮ ਸੁੰਦਰ ਸ਼ਮਅ ਨੂਰ ਕਰ ਰੁਸ਼ਨਾਈਆ । ਚੁਰਾਸੀ ਰਹੇ ਨਾ ਕੋਇ ਗ਼ੁਲਾਮ, ਜ਼ੰਜੀਰ ਬੇਨਜ਼ੀਰ ਦੇਣੇ ਕਟਾਈਆ । ਸਾਡਾ ਲੇਖਾ ਮੇਟ ਤਮਾਮ, ਦਰ ਤੇਰੇ ਮੰਗ ਮੰਗਾਈਆ । ਬਿਨਾ ਕਲਮਿਆਂ ਸਯਦਿਆਂ ਤੈਨੂੰ ਕਰੀਏ ਪਰਨਾਮ, ਬਿਨ ਸੀਸ ਜਗਦੀਸ ਧੂੜੀ ਮਸਤਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤ ਨਿਮਾਣੇ ਜਗ, ਜਗ ਜੀਵਣ ਦਾਤੇ ਤੇਰੀ ਓਟ ਤਕਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਅੱਗ, ਅੰਮ੍ਰਿਤ ਮੇਘ ਆਪ ਬਰਸਾਈਆ । ਸਾਚਾ ਮਾਰਗ ਦੇ ਦੇ ਪਗ, ਭੇਵ ਅਭੇਦ ਆਪ ਖੁਲ੍ਹਾਈਆ । ਦਰਸ਼ਨ ਬਖ਼ਸ਼ ਦੇ ਉਪਰ ਸ਼ਾਹਰਗ, ਨਵ ਦਰ ਦਾ ਡੇਰਾ ਢਾਹੀਆ । ਸਾਡੀ ਮਨਸਾ ਰਹੇ ਨਾ ਵਾਂਗ ਕਗ, ਹੰਸ ਰੂਪ ਲੈਣੇ ਬਣਾਈਆ । ਘਰ ਸੁਆਮੀ ਆਪਣੇ ਸੱਦ, ਹੋਕਾ ਸ਼ਬਦ ਵਾਲਾ ਕਰ ਸ਼ਨਵਾਈਆ । ਤੂੰ ਨੂਰ ਅਲਾਹੀ ਰੱਬ, ਯਾਮਬੀਨ ਤੇਰੀ ਸਰਨਾਈਆ । ਬਿਨਾ ਕਾਅਬਿਆਂ ਕਰਾ ਦੇ ਹੱਜ, ਹੁਜਰਾ ਇਕ ਵਖਾਈਆ । ਤੇਰੇ ਚਰਨ ਕਵਲ ਸ੍ਰੀ ਭਗਵਾਨ ਜਾਈਏ ਸਜ, ਥਿਰ ਘਰ ਸਚ ਦੇਣੀ ਵਡਿਆਈਆ । ਸਚਖੰਡ ਦੁਆਰ ਏਕੰਕਾਰ ਵੇਖੀਏ ਭੱਜ, ਪਾਰਬ੍ਰਹਮ ਪਤਿਪਰਮੇਸ਼ਵਰ ਸਾਚਾ ਪੰਧ ਦੇਣਾ ਮੁਕਾਈਆ । ਕਿਰਪਾ ਕਰਨੀ ਪਰਵਰਦਿਗਾਰ ਨੂਰ ਅਲਾਹੀ ਰੱਬ, ਰਹਿਮਤ ਆਪਣੀ ਆਪ ਕਮਾਈਆ । ਅਸੀਂ ਪੰਜ ਤਤ ਵਿਚਾਰੇ ਭਗਤ ਸੁਹੇਲੇ ਲੋਕਮਾਤ ਸਭ, ਸਾਰੇ ਦੇਈਏ ਸੁਣਾਈਆ । ਸਾਨੂੰ ਜਗਤ ਜੀਵਣ ਦਾ ਲਾਲਚ ਨਹੀਂ ਕੋਈ

ਲਬ, ਮੋਹ ਵਿਚ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਗ੍ਰਿਹ ਆਪ ਵਖਾਈਆ । ਪੰਜ ਤਤ ਕਹਿਣ ਪ੍ਰਭ ਆਪਣਾ ਘਰ ਵਖਾ ਸੁਹੰਜਣਾ, ਧੁਰ ਦਾ ਭੇਵ ਚੁਕਾਈਆ । ਪਰਦਾ ਲਾਹ ਦੇ ਗੋਪਾਲ ਮੂਰਤ ਮਦਨਾ, ਮਧ ਸੂਦਨ ਤੇਰੀ ਸਰਨਾਈਆ । ਜਨ ਭਗਤ ਸੁਹੇਲੇ ਲੇਖੇ ਲਾ ਲੈ ਆਅਲਾ ਅਦਨਾ, ਨਿਰਗੁਣ ਦੇਣੀ ਮਾਣ ਵਡਿਆਈਆ । ਕਲਜੁਗ ਅੰਤਮ ਪੜਦਾ ਕਜਣਾ, ਸਿਰ ਸਿਰ ਹੱਥ ਟਿਕਾਈਆ । ਸਚਖੰਡ ਦੁਆਰ ਏਕੰਕਾਰ ਗ਼ਰੀਬ ਨਿਮਾਣਿਆਂ ਸੱਦਣਾ, ਸੱਦਾ ਸਤਿਗੁਰ ਸ਼ਬਦ ਵਾਲਾ ਜਣਾਈਆ । ਸਾਡਾ ਪਿਆਰ ਨਗਾਰਾ ਤੇਰੇ ਦੁਆਰੇ ਵਜਣਾ, ਦੂਸਰ ਤਾਲ ਸੁਣਨ ਕੋਇ ਨਾ ਪਾਈਆ । ਮੇਰੇ ਪਰਮ ਪੁਰਖ ਪਰਮਾਤਮ ਪ੍ਰੀਤਮ ਹੋ ਕੇ ਭਗਤ ਸੁਹੇਲਾ ਸਾਚਾ ਲਭਣਾ, ਖੋਜਣਾ ਚਾਈਂ ਚਾਈਂਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਚਾੜ੍ਹ ਦੇ ਰੰਗਣਾ, ਰੰਗਤ ਅਗੰਮ ਰੰਗਾਈਆ । ਇਕੋ ਤੇਰਾ ਦੁਆਰਾ ਮੰਗਣਾ, ਦੂਜਾ ਦਰ ਵੇਖਣ ਕਦੇ ਨਾ ਪਾਈਆ । ਜਨ ਭਗਤ ਸੁਹੇਲੇ ਗੁਰੂ ਗੁਰ ਚੇਲੇ ਤੇਰਾ ਸੁਣਦੇ ਨਾਮ ਨਿਧਾਨਾ ਨਦਨਾ, ਬਿਨ ਸੁਰ ਤਾਲ ਜਗਤ ਦ੍ਰਿੜਾਈਆ । ਸਾਨੂੰ ਅੰਤ ਕੰਤ ਭਗਵੰਤ ਲੱਖ ਚੁਰਾਸੀ ਵਿਚੋਂ ਕਢਣਾ, ਜਮ ਕੀ ਫਾਸੀ ਨਾ ਕੋਇ ਲਟਕਾਈਆ । ਅਸੀਂ ਖ਼ੁਸ਼ੀਆਂ ਨਾਲ ਇਸ ਲੋਕਮਾਤ ਨੂੰ ਛਡਣਾ, ਮਾਇਆ ਮਮਤਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਨਿਰਵੈਰ ਤੇਰਾ
੧੬੮ ਡੰਕਾ ਸਦਾ ਸਦ ਵਜਣਾ, ਵਜੂਹਾਤ ਸਮਝ ਕਿਸੇ ਨਾ ਆਈਆ । ੧੬੮

੨੪ ੨੪

✪ ੨੮ ਮੱਘਰ ਸ਼ਹਿਨਸ਼ਾਹੀ ਸੰਮਤ ਦਸ ਬਟਾਲਾ ਸ਼ਹਿਰ ਵਿਖੇ ਅਜੀਤ ਸਿੰਘ, ਸੀਤਲ ਸਿੰਘ ਹਰਦੋਝੰਡੇ,
ਹਰਬੰਸ ਸਿੰਘ ਤਾਰਾ ਗੜ੍ਹ, ਨਵਾਂ ਪਿੰਡ ਕਰਤਾਰ ਕੌਰ ਪੰਜ ਗਰਾਂਈਆ,
ਧੰਨ ਕੌਰ ਤੇਜ਼ ਕੌਰ ਖਹਿਰੈ, ਬੀਬੀ ਦੀਪੋ ਕੋਟਲੀ, ਭਾਨ ਸਿੰਘ ✪

ਪੰਜ ਤਤ ਕਹਿਣ ਪ੍ਰਭ ਅਵਤਾਰ ਪੈਗ਼ੰਬਰ ਗੁਰ ਤੇਰੇ ਦੁਲਾਰੇ ਧੁਰ ਦੇ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਬਣਤ ਬਣਾਈਆ । ਤਨ ਵਜੂਦ ਮਾਟੀ ਖ਼ਾਕ ਨਾਲ ਰਹੇ ਫਿਰਦੇ ਤੁਰਦੇ, ਜਗਤ ਜਹਾਨ ਨੌਜੁਆਨ ਸ੍ਰੀ ਭਗਵਾਨ ਭੱਜੇ ਵਾਹੋ ਦਾਹੀਆ । ਵਣਜਾਰੇ ਬਣੇ ਰਹੇ ਤੇਰੇ ਨਾਦ ਸ਼ਬਦ ਧੁਨ ਧੁਰ ਦੇ, ਸਚਖੰਡ ਨਿਵਾਸੀ ਤੇਰੀ ਓਟ ਤਕਾਈਆ । ਅੰਧੇਰੇ ਦੂਰ ਕਰਦੇ ਰਹੇ ਅੰਧਘੋਰ ਦੇ, ਸਚ ਸਤਿ ਬ੍ਰਹਮ ਮਤ ਦ੍ਰਿੜਾਈਆ । ਪਰਮ ਪੁਰਖ ਪਰਮਾਤਮ ਅੰਤਮ ਲੋਕਮਾਤ ਬਣੇ ਮੁਰਦੇ, ਮੁਰੀਦਾਂ ਛਡ ਵਿਛੋੜਾ ਗਏ ਪਾਈਆ । ਸਚ ਦਸ ਕਿਸ ਬਿਧ ਤੇਰੇ ਨਾਲ ਹੋਵਣ ਜੁੜਦੇ, ਜੋੜੀ ਹਰਿ ਜਗਦੀਸ਼ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਪੰਜ ਤਤ ਕਹਿਣ ਪ੍ਰਭ ਗੁਰ ਅਵਤਾਰ ਪੈਗ਼ੰਬਰ ਤੇਰੀ ਧਾਰ, ਧਰਨੀ ਧਰਤ ਧਵਲ ਵਡਿਆਈਆ । ਨਿਰਗੁਣ ਸਰਗੁਣ ਖੇਲ ਤੇਰਾ ਅਪਰ ਅਪਾਰ, ਅਗੰਮ ਸੁਆਮੀ ਅੰਤਰਜਾਮੀ ਦਿਤੀ ਮਾਣ ਵਡਿਆਈਆ । ਤੇਰਾ ਨਾਮ ਸੰਦੇਸ਼ਾ ਦੀਨ ਦੁਨੀ ਗਏ ਉਚਾਰ, ਰਸਨਾ ਜਿਹਵਾ ਸਿਫ਼ਤਾਂ ਨਾਲ ਸਲਾਹੀਆ । ਤੂੰ

ਮਿਹਰਵਾਨ ਹੋ ਕੇ ਮਹਿਬੂਬ ਦੇਂਦਾ ਰਿਹੋਂ ਦੀਦਾਰ, ਹਰ ਘਟ ਅੰਤਰ ਨਿਰੰਤਰ ਆਪਣਾ ਡੇਰਾ ਲਾਈਆ । ਤੇਰੀ ਧਾਰ ਨਾਲ ਹੁੰਦੀ ਰਹੀ ਨਿਮਸਕਾਰ, ਨਿਵ ਨਿਵ ਸਾਰੇ ਸੀਸ ਝੁਕਾਈਆ । ਅੰਤ ਸ੍ਰੀ ਭਗਵੰਤ ਹੁੰਦੇ ਵੇਖੇ ਛਾਰ, ਮਿੱਟੀ ਖ਼ਾਕ ਵਿਚ ਸਮਾਈਆ । ਲਹਿਣਾ ਦੇਣਾ ਤਤਾਂ ਚੁਕਿਆ ਨਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਤਾ ਆਪਣੇ ਨਾਲ ਰਖਾਈਆ । ਆਤਮਾ ਪੁਜਦੀ ਰਹੀ ਤੇਰੇ ਦੁਆਰ, ਸਚਖੰਡ ਸਾਚੇ ਸੋਭਾ ਪਾਈਆ । ਤੂੰ ਦੇਂਦਾ ਰਿਹੋਂ ਅਧਾਰ, ਉਦਰ ਦਾ ਲੇਖਾ ਲਹਿਣਾ ਮੂਲ ਚੁਕਾਈਆ । ਕੀ ਖੇਲ ਤੇਰਾ ਸਚੀ ਸਰਕਾਰ, ਹਰਿ ਕਰਤੇ ਦੇਣਾ ਦ੍ਰਿੜਾਈਆ । ਪੰਜ ਤਤ ਕਹਿਣ ਅਸੀਂ ਰੋਈਏ ਜ਼ਾਰੋ ਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਪੰਜ ਤਤ ਕਹਿਣ ਪ੍ਰਭ ਗੁਰ ਅਵਤਾਰ ਪੈਗ਼ੰਬਰ ਤੇਰੇ ਗਾਉਂਦੇ ਰਹੇ ਢੋਲੇ, ਸ਼ਬਦ ਅਨਾਦੀ ਨਾਦ ਗੀਤ ਦ੍ਰਿੜਾਈਆ । ਸਚ ਸੰਦੇਸ਼ੇ ਦੱਸਦੇ ਰਹੇ ਸੋਹਲੇ, ਸੋ ਪੁਰਖ ਨਿਰੰਜਣ ਤੇਰੀ ਸਿਫ਼ਤ ਸਲਾਹੀਆ । ਤੂੰ ਘਟ ਨਿਵਾਸੀ ਪੁਰਖ ਅਬਿਨਾਸ਼ੀ ਜੁਗ ਚੌਕੜੀ ਸਾਚੇ ਤੋਲ ਤੋਲੇ, ਤੋਲਣਹਾਰ ਇਕ ਅਖਵਾਈਆ । ਮਿਹਰਵਾਨ ਮਹਿਬੂਬ ਹੋ ਕੇ ਮੁਹੱਬਤ ਵਿਚ ਪੜਦੇ ਖੋਲ੍ਹੇ, ਪਰਦਾਨਸ਼ੀਂ ਪਰਦਾ ਦਿਤਾ ਚੁਕਾਈਆ । ਤੇਰੇ ਹੁਕਮ ਵਿਚ ਨਿਰਗੁਣ ਧਾਰ ਰੂਪ ਮੌਲੇ, ਮੌਲਾ ਤੇਰੇ ਹੱਥ ਵਡਿਆਈਆ । ਅੰਤ ਤੇਰੇ ਨਾਲੋਂ ਤੇਰੀ ਧਾਰ ਹੋਈ ਕਦੇ ਨਾ ਉਹਲੇ, ਆਤਮ ਪਰਮਾਤਮ ਵਿਚ ਸਮਾਈਆ । ਕਿਉਂ ਸਾਡੇ ਪੰਜ ਤਤ ਕਾਇਆ ਖ਼ਾਲੀ ਕੀਤੇ ਚੋਲੇ, ਨਾਤਾ ਦੀਨ ਦੁਨੀ ਤੁੜਾਈਆ । ਬਿਨ ਤੇਰੇ ਪੁਰਖ ਅਬਿਨਾਸ਼ ਸਾਡੀ ਲਾਸ਼ ਮੂਲ ਨਾ ਬੋਲੇ, ਪਵਣ ਸੁਆਸ ਨਾ ਕੋਇ ਚਲਾਈਆ । ਅਸੀਂ ਅਗਨੀ ਮਾਟੀ ਖ਼ਾਕ ਦੇ ਬਣ ਗਏ ਗੋਲੇ, ਤਤਾਂ ਤਤ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਚ ਦੇ ਸਰਨਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤ ਸੰਤ ਬਣ ਗਏ ਫ਼ਕੀਰ, ਫ਼ਿਕਰੇ ਤੇਰੇ ਢੋਲੇ ਗਾਈਆ । ਤੇਰਾ ਨਾਮ ਦੇਂਦਾ ਰਿਹਾ ਧੀਰ, ਧੀਰਜ ਧਰਮ ਧਾਰ ਜਣਾਈਆ । ਅੰਮ੍ਰਿਤ ਬਖ਼ਸ਼ਦਾ ਰਿਹਾ ਨੀਰ, ਨਿਝਰ ਬੂੰਦ ਸਵਾਂਤੀ ਅਗੰਮ ਟਪਕਾਈਆ । ਸ਼ਰਅ ਦੀ ਕਟਦਾ ਰਿਹਾ ਜ਼ੰਜੀਰ, ਸ਼ਰੀਅਤ ਇਕ ਦਰਸਾਈਆ । ਲੇਖਾ ਬੱਝਦਾ ਰਿਹਾ ਨਾਲ ਸਰੀਰ, ਤਨ ਵਜੂਦ ਵਜੀ ਵਧਾਈਆ । ਅੰਤ ਹੁੰਦਾ ਰਿਹਾ ਅਖ਼ੀਰ, ਆਖ਼ਰ ਭੇਵ ਚੁਕਾਈਆ । ਦੀਨ ਦੁਨੀ ਕਿਸੇ ਨਾ ਦਿਤੀ ਧੀਰ, ਧੀਰਜ ਧਰਮ ਨਾ ਕੋਇ ਜਣਾਈਆ । ਘਤਦੇ ਰਹੇ ਆਦਿ ਜੁਗਾਦਿ ਵਹੀਰ, ਭੱਜੇ ਵਾਹੋ ਦਾਹੀਆ । ਸਾਡੇ ਨਜ਼ਰ ਨਾ ਆਵਣ ਬਸਤਰ ਚੀਰ, ਜੋ ਕੋਟੀ ਕੋਟ ਜਨਮ ਭੁਗਤਾਈਆ । ਜੁਗ ਜੁਗ ਤਤ ਹੋਏ ਦਿਲਗੀਰ, ਬਹੁੜੀ ਤੇਰਾ ਨਾਮ ਦੁਹਾਈਆ । ਸਾਡੀ ਬਦਲ ਦੇ ਤਕਦੀਰ, ਤਦਬੀਰ ਆਪਣੀ ਇਕ ਸਮਝਾਈਆ । ਤੂੰ ਮਾਲਕ ਬੇਨਜ਼ੀਰ, ਸਾਡਾ ਨਜ਼ਰੀਆ ਦੇ ਬਦਲਾਈਆ । ਲੇਖਾ ਰਹੇ ਨਾ ਸ਼ਾਹ ਹਕੀਰ, ਗ਼ਰੀਬ ਨਿਮਾਣਿਆਂ ਦੇ ਵਡਿਆਈਆ । ਅੰਮ੍ਰਿਤ ਧਾਰ ਬਖ਼ਸ਼ ਦੇ ਸੀਰ, ਸੁਰਤੀ ਸ਼ਬਦ ਨਾਲ ਜੁੜਾਈਆ । ਜੇ ਸਚਖੰਡ ਧਾਰ ਤੇਰਾ ਭਗਤ ਸੁਹੇਲਾ ਪੁੱਜਾ ਕਬੀਰ, ਕੀ ਕ਼ਬਰਾਂ ਵਿਚ ਲਾਸ਼ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਪੰਜ ਤਤ ਕਹਿਣ ਅਸੀਂ ਬਣਦੇ ਰਹੇ ਸੂਫ਼ੀ ਸੰਤ, ਸਤਿਗੁਰ ਤੇਰੀ ਓਟ ਤਕਾਈਆ । ਗਾਉਂਦੇ ਰਹੇ ਤੇਰੇ ਨਾਮ ਦਾ ਮੰਤ, ਅੱਖਰ ਅੱਖਰਾਂ ਸਿਫ਼ਤ ਸਲਾਹੀਆ । ਖੇਲ ਖੇਲਦੇ ਰਹੇ ਵਿਚ ਜੀਵ ਜੰਤ, ਜਾਗਰਤ ਜੋਤ ਵਿਚ ਸਮਾਈਆ । ਤੂੰ ਬੋਧ ਅਗਾਧਾ ਪੰਡਤ, ਪਾਰਬ੍ਰਹਮ ਇਕ ਅਖਵਾਈਆ । ਸਾਡੀ ਮੰਨ

੧੬੯
੨੪

ਲੈ ਅੰਤਮ ਮਿੰਨਤ, ਮਨਸਾ ਤੇਰੇ ਚਰਨ ਰਖਾਈਆ । ਤੂੰ ਆਜਾ ਭਗਤਾਂ ਦੀ ਸਿੰਮਤ, ਦਿਸ਼ਾ ਵੰਡ ਨਾ ਕੋਇ ਵੰਡਾਈਆ । ਸਾਡੀ ਰਹੀ ਕੋਈ ਨਾ ਹਿੰਮਤ, ਹੌਸਲੇ ਗਏ ਢਾਹੀਆ । ਕਲਜੁਗ ਅੰਤ ਮੇਟ ਦੇ ਚਿੰਤ, ਚਿੰਤਾ ਚਿਖਾ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਭੇਵ ਖੁਲ੍ਹਾਈਆ । ਪੰਜ ਤਤ ਕਹਿਣ ਅਸੀਂ ਭਗਤ ਸੰਤ ਤੇਰੇ ਸੂਫ਼ੀ, ਸਿਫ਼ਤਾਂ ਨਾਲ ਸਿਫ਼ਤ ਸਲਾਹੀਆ । ਸਾਡਾ ਹਕ ਜਗਤ ਨਾ ਰਹੇ ਮਰੂਸੀ, ਮਿਹਰਵਾਨ ਮਿਹਰ ਨਜ਼ਰ ਦੇਣੀ ਕਰਾਈਆ । ਸਾਡੀ ਤਕ ਲੈ ਹਕ ਖ਼ਸੂਸੀ, ਖ਼ਸੂਸੀਅਤ ਸਮਝ ਕਿਸੇ ਨਾ ਆਈਆ । ਸਾਡੇ ਅੰਤਰ ਨਿਰੰਤਰ ਜਗਤ ਵਾਸ਼ਨਾ ਫਿਰੇ ਨਾ ਕੋਇ ਜਸੂਸੀ, ਮਨੂਆ ਮਨ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪੜਦਾ ਆਪ ਚੁਕਾਈਆ । ਪੰਜ ਤਤ ਕਹਿਣ ਪ੍ਰਭ ਤੇਰੇ ਹੋਏ ਸੰਤ ਫ਼ੱਕਰ ਸਾਧ, ਜਗਤ ਜੁਗਤ ਵਡਿਆਈਆ । ਤਤ ਹੋ ਕੇ ਤੈਨੂੰ ਲਿਆ ਅਰਾਧ, ਰਸਨਾ ਢੋਲੇ ਗਾਈਆ । ਤੇਰੇ ਪਿਆਰ ਵਿਚ ਹੋਏ ਵਿਸਮਾਦ, ਬਿਸਮਲ ਧਾਰ ਬਣਾਈਆ । ਸੁਣੀਏ ਤੇਰਾ ਅਗੰਮੀ ਨਾਦ, ਧੁਨ ਆਤਮਕ ਨਾਦ ਸ਼ਨਵਾਈਆ । ਸਾਨੂੰ ਚਾਰ ਜੁਗ ਦਾ ਲੇਖਾ ਯਾਦ, ਭੁਲ ਵਿਚ ਅਭੁਲ ਭੁਲ ਕਦੇ ਨਾ ਜਾਈਆ । ਸਾਡੀ ਦੇਦੇ ਸਾਨੂੰ ਦਾਦ, ਦਰ ਤੇਰੇ ਮੰਗ ਮੰਗਾਈਆ । ਲੇਖਾ ਰਹੇ ਨਾ ਨਾਲ ਵਾਦ ਵਿਵਾਦ, ਵਿਖ ਅੰਦਰੋਂ ਦੇਣੀ ਕਢਾਈਆ । ਤੇਰਾ ਗ੍ਰਿਹਿ ਵੇਖੀਏ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਦੇਣਾ ਜਣਾਈਆ । ਤੂੰ ਸੁਆਮੀ ਆਦਿ ਦਾ ਆਦਿ, ਅੰਤ ਆਪਣੇ ਘਰ ਲੈ ਕੇ ਜਾਣਾ ਚਾਈਂ ਚਾਈਆ । ਸਤਿਜੁਗ ਦਾ ਕਲਜੁਗ ਵਿਚੋਂ ਚਲਾ ਦੇ ਰਿਵਾਜ, ਰਸਤਾ ਮਾਰਗ ਇਕ ਸਮਝਾਈਆ । ਭਗਤ ਸੁਹੇਲੇ ਗੁਰੂ ਗੁਰ ਚੇਲੇ ਆਪਣੇ ਲੈ ਲਾਧ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਤੇਰੀ ਇਕ ਇਮਦਾਦ, ਦੂਸਰ ਅਵਰ ਲੋੜ ਨਾ ਕੋਇ ਰਖਾਈਆ ।

### ੨੮ ਮੱਘਰ ਸ਼ਹਿਨਸ਼ਾਹੀ ਸੰਮਤ ਦਸ ਸ੍ਰੀ ਹਰਿ ਗੋਬਿੰਦ ਪੁਰ ਸ਼ਹਿਰ ਜ਼ਿਲਾ ਗੁਰਦਾਸ ਪੁਰ ਵਿਰਸਾ ਸਿੰਘ ਅਵਤਾਰ ਸਿੰਘ ਮਾੜੀ ਪਨੂਆ, ਮੋਹਣ ਸਿੰਘ ਕਾਦੀਆਂ, ਚੰਦਨ ਸਿੰਘ ਠੀਕਰੀ ਵਾਲਾ, ਰਾਮ ਲੁਭਾਇਆ ਸ੍ਰੀ ਹਰਿ ਗੋਬਿੰਦ ਪੁਰਾ

ਪੰਜ ਤਤ ਕਹਿਣ ਪ੍ਰਭ ਸਾਡੀ ਧਾਰ ਕਰ ਦੇ ਚਿੱਟੀ, ਕਲਜੁਗ ਕੂੜ ਕੁੜਿਆਰ ਕਾਲਖ ਟਿੱਕਾ ਦੇ ਮਿਟਾਈਆ । ਦੀਨ ਦੁਨੀ ਜਗਤ ਜਹਾਨ ਸਾਡੀ ਉਡੇ ਖ਼ਾਕ ਨਾ ਮਿੱਟੀ, ਚਰਨ ਧੂੜ ਤੇਰੇ ਚਰਨ ਕਵਲ ਮਸਤਕ ਲਈਏ ਰਮਾਈਆ । ਸਾਡਾ ਲਹਿਣਾ ਦੇਣਾ ਮੁਕਾਉਣਾ ਪੱਥਰ ਇੱਟੀ, ਨਿਰਗੁਣ ਧਾਰ ਏਕੰਕਾਰ ਦਰਸ਼ਨ ਦੇਣਾ ਚਾਈਂ ਚਾਈਆ । ਸਾਡੀ ਖ਼ਾਹਿਸ਼ ਤਮੰਨਾ ਤੇਰੇ ਚਰਨ ਕਵਲ ਹੋਵੇ ਲਿਟੀ, ਲਿਟਾਂ ਖੋਲ੍ਹ ਕੇ ਦਈਏ ਦੁਹਾਈਆ । ਸੁਰਤੀ ਸ਼ਬਦ ਨਾਲ ਹੋਵੇ ਟਿਕੀ, ਟਿਕਟਿਕੀ ਲੋਚਨ ਨੈਣ ਨਾਲ ਰਖਾਈਆ । ਪਾਰਬ੍ਰਹਮ ਬ੍ਰਹਮ ਧਾਰ ਕਰਨੀ ਹਿਤੀ, ਹਿਤਕਾਰੀ ਹੋ ਕੇ ਵੇਖ ਵਖਾਈਆ ।

ਸਾਡੀ ਯਾਦ ਰਖਣੀ ਵਾਰ ਥਿਤੀ ਅੱਜ ਦੀ ਮਿਤੀ, ਮਿਤਰ ਪਿਆਰੇ ਦਈਏ ਸੁਣਾਈਆ । ਸਾਡੀ ਕਲਪਣਾ ਕਦੇ ਨਾ ਹੋਵੇ ਦੋ ਚਿਤੀ, ਦੂਸਰ ਵੰਡ
ਨਾ ਕੋਇ ਵੰਡਾਈਆ । ਤੇਰਾ ਦਰਸ਼ਨ ਕਰੀਏ ਨਿਤ ਨਵਿਤੀ, ਨਿਜ ਘਰ ਮਿਲਣਾ ਚਾਈਂ ਚਾਈਆ । ਸਾਡੀ ਚੁਰਾਸੀ ਵਾਲੀ ਧਾਰ ਜਾਏ ਜਿੱਤੀ,
ਹਾਰ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ ।
ਪੰਜ ਤਤ ਕਹਿਣ ਪ੍ਰਭ ਸਾਨੂੰ ਗ੍ਰਿਹਿ ਕਰੀਂ ਮਨਜ਼ੂਰ, ਮਨਸਾ ਤੇਰੇ ਚਰਨ ਟਿਕਾਈਆ । ਤੂੰ ਸਾਹਿਬ ਹਾਜ਼ਰ ਹਜ਼ੂਰ, ਹਜ਼ਰਤਾਂ ਦਾ ਮਾਲਕ ਨੂਰ ਅਲਾਹੀਆ ।
ਕੋਟ ਜਨਮ ਦੇ ਸਾਡੇ ਮੁਆਫ਼ ਕਰੀਂ ਕ਼ਸੂਰ, ਕਸਰ ਇਸ਼ਾਰੀਏ ਨਾਲ ਉਡਾਈਆ । ਤੂੰ ਸਰਬ ਕਲਾ ਭਰਪੂਰ, ਮਿਹਰਵਾਨ ਤੇਰੇ ਹੱਥ ਵਡਿਆਈਆ ।
ਸਾਡਾ ਪੰਧ ਮੁਕਾ ਦੇ ਨੇੜਾ ਦੂਰ, ਜਗਤ ਜਹਾਨ ਨਾ ਕੋਇ ਭੁਆਈਆ । ਸਚ ਨਾਮ ਦਾ ਦੇ ਸਰੂਰ, ਸੁਰਤੀ ਸ਼ਬਦ ਨਾਮ ਵਿਚ ਸਮਾਈਆ । ਬਿਨਾ
ਨਾਦ ਵਜਾ ਦੇ ਤੂਰ, ਤੁਰੀਆ ਦੇ ਮਾਲਕ ਭੇਵ ਚੁਕਾਈਆ । ਮਨ ਮਨਸਾ ਨਾ ਰਹੇ ਗ਼ਰੂਰ, ਗ਼ੁਰਬਤ ਅੰਦਰੋਂ ਬਾਹਰ ਕਢਾਈਆ । ਤੇਰੇ ਚਾਕਰ
ਸੇਵਕ ਰਹੀਏ ਮਜ਼ਦੂਰ, ਸਚ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ
ਦੇ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਕਟ ਚੁਰਾਸੀ ਗੇੜੇ, ਜਮ ਫਾਸੀ ਰਾਏ ਧਰਮ ਨਜ਼ਰ ਨਾ ਆਈਆ । ਨਿਰਗੁਣ
ਧਾਰ ਆਪਣੇ ਚਾੜ੍ਹ ਲੈ ਬੇੜੇ, ਬੇਪਰਵਾਹ ਮਲਾਹ ਇਕੋ ਇਕ ਅਖਵਾਈਆ । ਦੀਨ ਦੁਨੀ ਜਗਤ ਜਹਾਨ ਮੇਟ ਦੇ ਝੇੜੇ, ਝਗੜਾ ਮਾਤ ਰਹੇ ਨਾ
੧੭੧ ਰਾਈਆ । ਪਰਮ ਪੁਰਖ ਪਰਮਾਤਮ ਲੈ ਜਾ ਆਪਣੇ ਖੇੜੇ, ਸਚਖੰਡ ਸਾਚੇ ਆਪ ਟਿਕਾਈਆ । ਜਿਥੇ ਆਦਿ ਜੁਗਾਦਿ ਜੁਗ ਚੌਕੜੀ ਭਗਤਾਂ ਦੇ ੧੭੧
੨੪ ਖੁਲ੍ਹੇ ਵਿਹੜੇ, ਬੰਦ ਕਵਾੜ ਨਾ ਕੋਇ ਕਰਾਈਆ । ਸਤਿ ਸੁਆਮੀ ਕਲਜੁਗ ਅੰਤ ਨਾ ਲਾਈਂ ਦੇਰੇ, ਚਿਰੀਂ ਵਿਛੁੰਨੇ ਲੈਣੇ ਮਿਲਾਈਆ । ਸਤਿਗੁਰ ੨੪
ਸ਼ਬਦ ਪੰਜ ਤਤ ਤੇਰੇ ਚੇਰੇ, ਚੇਲੇ ਗੁਰੂ ਦੇਣੀ ਵਡਿਆਈਆ । ਅਸਾਂ ਅੰਡਜ ਜੇਰਜ ਉਤਭੁਜ ਸੇਤਜ ਜਨਮ ਭੋਗੇ ਬਥੇਰੇ, ਚਾਰੇ ਖਾਣੀ ਭੱਜੇ ਵਾਹੋ
ਦਾਹੀਆ । ਅੰਤ ਕੰਤ ਭਗਵੰਤ ਸਾਡੇ ਕਟ ਅੰਧੇਰੇ, ਜੋਤੀ ਨੂਰ ਚੰਦ ਦੇ ਚਮਕਾਈਆ । ਮਿਹਰਵਾਨ ਕਰਨੀ ਆਪਣੀ ਮਿਹਰੇ, ਮਿਹਰ ਨਜ਼ਰ
ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਘਰ ਇਕ ਸੁਹਾਈਆ । ਪੰਜ ਤਤ
ਕਹਿਣ ਪ੍ਰਭ ਸਾਡਾ ਵੇਖ ਲੈ ਜਗਤ ਜਹਾਨ ਅੰਤ, ਅੰਤਸ਼ਕਰਨ ਧਿਆਨ ਲਗਾਈਆ । ਤੇਰਾ ਰਸਨਾ ਜਿਹਵਾ ਗਾਈਏ ਮੰਤ, ਮੰਤਵ ਹੱਲ ਦੇਣਾ
ਕਰਾਈਆ । ਠਾਕਰ ਸੁਆਮੀ ਅੰਤਰਜਾਮੀ ਸਾਚੀ ਬਣਾ ਦੇ ਬਣਤ, ਘੜਨ ਭੰਨਣਹਾਰ ਤੇਰੀ ਬੇਪਰਵਾਹੀਆ । ਦੀਨ ਦਿਆਲ ਬਣ ਧੁਰ ਦਾ ਕੰਤ,
ਕੰਤ ਕੰਤੂਹਲ ਤੇਰੀ ਓਟ ਤਕਾਈਆ । ਤੇਰੇ ਚਰਨ ਕਵਲ ਉਪਰ ਧਵਲ ਸਾਡੀ ਮੌਲੇ ਰੁਤ ਬਸੰਤ, ਪੱਤ ਟਹਿਣੀ ਤਨ ਵਜੂਦ ਦੇਣੀ ਮਹਿਕਾਈਆ ।
ਸਤਿਗੁਰ ਸ਼ਬਦ ਧਾਰ ਬਣਾ ਦੇ ਬਣਤ, ਆਪ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ
ਧੁਰ ਦਾ ਵਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤ ਸੁਹੇਲੇ ਨਿਮਾਣੇ, ਨਿਵ ਨਿਵ ਸੀਸ ਝੁਕਾਈਆ । ਸਦ
ਚਲੀਏ ਤੇਰੇ ਭਾਣੇ, ਸੀਸ ਨਾ ਕੋਇ ਉਠਾਈਆ । ਤੂੰ ਸ਼ਾਹੋ ਭੂਪ ਸੁਲਤਾਨੇ, ਗਹਿਰ ਗੰਭੀਰ ਅਖਵਾਈਆ । ਸਾਡੇ ਵਲ ਕਰ ਧਿਆਨੇ, ਬਿਨ
ਨੈਣਾਂ ਨੈਣ ਉਠਾਈਆ । ਬੇਸ਼ਕ ਸਾਡੇ ਜਿਸਮ ਜੁਗ ਚੌਕੜੀ ਪੁਰਾਣੇ, ਤਨ ਵਜੂਦ ਨਜ਼ਰੀ ਆਈਆ । ਸਾਨੂੰ ਕਰੀਂ ਨਾ ਮਾਤਲੋਕ ਬੇਗਾਨੇ, ਦਰ

ਤੇਰੇ ਮੰਗ ਮੰਗਾਈਆ । ਜੇ ਭਗਤਾਂ ਆਤਮਾ ਕਰੀ ਪਰਵਾਨੇ, ਪਰਮ ਪੁਰਖ ਦਿਤੀ ਵਡਿਆਈਆ । ਕਿਉਂ ਨਾ ਤਤਾਂ ਬਖ਼ਸ਼ੇਂ ਸਚ ਮਕਾਨੇ, ਦਰਗਾਹ ਸਚ ਸਚ ਟਿਕਾਈਆ । ਸਚਖੰਡ ਤੇਰਾ ਘਰ ਮਕਾਨੇ, ਮਹਿੰਮਾ ਕਥ ਕਥ ਜਣਾਈਆ । ਅਸੀਂ ਪੰਜ ਤਤ ਤੇਰੇ ਬਾਲ ਅੰਞਾਣੇ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸੀਸ ਨਿਵਾਈਆ । ਸਾਡਾ ਲਹਿਣਾ ਦੇਣਾ ਪੂਰਾ ਕਰ ਦੇ ਲੇਖਾ ਲੇਖ ਆਪ ਮਹਾਨੇ, ਬਿਨ ਅੱਖਰਾਂ ਅੱਖਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤ ਸੁਹੇਲੇ ਤੇਰੇ, ਜੁਗ ਜੁਗ ਤੇਰੀ ਸੇਵ ਕਮਾਈਆ । ਸਾਡੇ ਅੰਤਰ ਚਾਓ ਘਨੇਰੇ, ਸਦ ਵਜਦੀ ਰਹੇ ਵਧਾਈਆ । ਜਿਨ੍ਹਾਂ ਖ਼ਾਤਰ ਨਿਰਗੁਣ ਮਾਰੇ ਫੇਰੇ, ਸਰਗੁਣ ਮੇਲਾ ਲੈਣਾ ਮਿਲਾਈਆ । ਜੇ ਭਗਤਾਂ ਆਤਮਾ ਤੇਰੇ ਵਸੇ ਸਚਖੰਡ ਡੇਰੇ, ਦਰਗਾਹ ਸਾਚੀ ਜੋਤ ਵਿਚ ਸਮਾਈਆ । ਕਿਉਂ ਸਾਨੂੰ ਲੋਕਮਾਤ ਨਿਖੇੜੇਂ, ਵਿਛੋੜੇ ਵਿਚ ਰਖੇਂ ਜੁਦਾਈਆ । ਕਲਜੁਗ ਅੰਤਮ ਬੰਨ੍ਹ ਬੇੜੇ, ਧੁਰ ਦੇ ਕੰਧ ਲੈ ਟਿਕਾਈਆ । ਫੇਰ ਪਈਏ ਨਾ ਚੁਰਾਸੀ ਵਿਚ ਗੇੜੇ, ਲੇਖਾ ਸ਼ੰਕਰ ਨਾਲੋਂ ਚੁਕਾਈਆ । ਅਸੀਂ ਜੁਗ ਵੇਖ ਲਏ ਬਥੇਰੇ, ਨੌਂ ਸੌ ਚੁਰਾਨਵੇ ਚੌਕੜੀ ਭੱਜੇ ਵਾਹੋ ਦਾਹੀਆ । ਸਾਨੂੰ ਕਢਣਾ ਵਿਚੋਂ ਲੋਕਮਾਤ ਅੰਧੇਰੇ, ਸਚ ਪਰਕਾਸ਼ ਵਿਚ ਮਿਲਾਈਆ । ਮਿਹਰਵਾਨ ਮਹਿਬੂਬ ਹੋ ਕੇ ਕਰੀਂ ਮਿਹਰੇ, ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਹੋਣਾ ਸਹਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤ ਨਿਮਾਣੇ ਵਿਚ ਦੀਨ ਦੁਨੀ, ਜਗਤ ਜੁਗਤ ਜਣਾਈਆ । ਨਿਰਗੁਣ ਸਾਡੀ ਪੁਕਾਰ ਸੁਣੀਂ, ਅਣਸੁਣਤ ਹੋਣਾ ਸਹਾਈਆ । ਤੂੰ ਸ਼ਾਹੋ ਭੂਪ ਗੁਣ ਗੁਣੀ, ਗਹਿਰ ਗੰਭੀਰ ਨੂਰ ਅਲਾਹੀਆ । ਆਪਣੇ ਨਾਮ ਨਾਦ ਦੀ ਦੇਣੀ ਧੁਨੀ, ਧੁਨ ਆਤਮਕ ਰਾਗ ਸਮਝਾਈਆ । ਤੂੰ ਮਾਲਕ ਖ਼ਾਲਕ ਕੁੰਨ ਕੁੰਨੀ, ਕਾਇਨਾਤ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡਾ ਲੇਖਾ ਰਹੇ ਨਾ ਨਾਲ ਕਿਸੇ ਜੂਨੀ, ਅਜੂਨੀ ਰਹਿਤ ਹੋਣਾ ਆਪ ਸਹਾਈਆ ।



## ✪ ਪਹਿਲੀ ਪੋਹ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਪਹਿਲੀ ਪੋਹ ਕਹੇ ਕਿਉਂ ਨਾਰਦ ਪਾਉਂਦਾ ਆਇਆ ਡੰਡ, ਬਿਨਾ ਡੰਡਾਵਤ ਭੱਜਿਆ ਵਾਹੋ ਦਾਹੀਆ । ਨਾਰਦ ਕਹੇ ਮਿਤਰਾ ਮੈਂ ਕਲਜੁਗ ਦਾ ਵੇਖ ਘਮੰਡ, ਚਾਰੋਂ ਕੁੰਟ ਦਿਤੀ ਦੁਹਾਈਆ । ਜਿਸ ਫੇਰੀ ਦਰੋਹੀ ਵਿਚ ਜੇਰਜ ਅੰਡ, ਉਤਭੁਜ ਸੇਤਜ ਰਹੀ ਕੁਰਲਾਈਆ । ਦੀਨ ਦੁਨੀ ਕੀਤੀ ਖੰਡ ਖੰਡ, ਖੰਡਾ ਕੂੜ ਵਾਲਾ ਚਮਕਾਈਆ । ਪੰਚ ਵਿਕਾਰਾ ਘਰ ਘਰ ਵੰਡ, ਨਾਮ ਨਿਧਾਨ ਦਿਤਾ ਭੁਲਾਈਆ । ਟੁੱਟੀ ਸਕੇ ਕੋਈ ਨਾ ਗੰਢ, ਕੂੜ ਕਿਰਿਆ ਕੀਤੀ ਜੁਦਾਈਆ । ਫਿਰੀ ਦਰੋਹੀ ਵਿਚ ਬ੍ਰਹਿਮੰਡ, ਮਾਤਲੋਕ ਲੋਕ ਦੁਹਾਈਆ । ਨਾਰਦ ਕਹੇ ਪੋਹ ਜੀ ਆਪਣੇ ਪ੍ਰਭ ਨੂੰ ਕਹੋ ਕੁਛ ਪਾਵੇ ਸਭ ਨੂੰ ਠੰਢ, ਅਗਨੀ ਤਤ ਬੁਝਾਈਆ । ਕੂੜ ਦੀ ਚੁੱਕ ਸਕੇ ਕੋਇ ਨਾ ਪੰਡ, ਭਾਰ ਹੇਠ ਸਰਬ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਸੁਣ ਲੈ ਮੇਰੀ ਆਸ਼ਾ ਪਹਿਲੀ ਪੋਹ,

੧੭੩
੨੪

ਵਦੀ ਸੁਦੀ ਤੋਂ ਬਾਹਰ ਜਣਾਈਆ । ਬਿਨਾ ਅੱਖਾਂ ਤੋਂ ਪਹਿਲਾਂ ਲਵਾਂ ਰੋ, ਬਿਨ ਨੈਣਾਂ ਨੀਰ ਵਹਾਈਆ । ਮਿਤਰਾ ਅਸੀਂ ਜਗਤ ਵਿਚ ਇਕੱਠੇ ਹੋਏ ਦੋ, ਅਵਰ ਨਜ਼ਰ ਕੋਇ ਨਾ ਆਈਆ । ਨਿਗਾਹ ਮਾਰੀਏ ਕਲਜੁਗ ਨੇ ਸਤਿ ਧਰਮ ਲਿਆ ਖੋਹ, ਸਚ ਵਸਤ ਰਹਿਣ ਕੋਇ ਨਾ ਪਾਈਆ । ਨਵ ਸੱਤ ਦਿਸੇ ਕੋਈ ਨਾ ਲੋ, ਲੋਚਨ ਲੋਇਣ ਨਾ ਕੋਇ ਖੁਲ੍ਹਾਈਆ । ਜਿਧਰ ਤਕੀਏ ਪੰਚ ਵਿਕਾਰਾ ਗਰੋਹ, ਇਕੱਠੇ ਬੈਠੇ ਸੋਭਾ ਪਾਈਆ । ਮਾਇਆ ਮਮਤਾ ਵਧਿਆ ਮੋਹ, ਮੁਹੱਬਤ ਸਚ ਨਾ ਕੋਇ ਰਖਾਈਆ । ਆਤਮ ਪਰਮਾਤਮ ਸਕੇ ਕੋਈ ਨਾ ਛੋਹ, ਸੁਰਤ ਸ਼ਬਦ ਨਾ ਕੋਇ ਮਿਲਾਈਆ । ਬਿਨ ਭਗਤਾਂ ਸ਼ਬਦ ਗਾਏ ਕੋਈ ਨਾ ਸੋ, ਹੰ ਬ੍ਰਹਮ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਪੋਹ ਕਹੇ ਨਾਰਦਾ ਇਹ ਖੇਲ ਨਹੀਂ ਅਨਡਿੱਠਾ, ਮਿਤਰਾ ਦਿਆਂ ਜਣਾਈਆ । ਪ੍ਰਭ ਦਾ ਭਾਣਾ ਮੰਨ ਲੈ ਮਿਠਾ, ਸਿਰ ਸਕੇ ਨਾ ਕੋਇ ਉਠਾਈਆ । ਅੰਤਮ ਕਲਜੁਗ ਨੰਗੀ ਹੋਣੀ ਪਿੱਠਾ, ਸਿਰ ਹੱਥ ਨਾ ਕੋਇ ਰਖਾਈਆ । ਉਹ ਤਕ ਲੈ ਸਤਿਗੁਰ ਸ਼ਬਦ ਵਾਚਦਾ ਚਿੱਠਾ, ਅੱਖਰ ਅੱਖਰਾਂ ਨਾਲ ਜੁੜਾਈਆ । ਜਿਸ ਦਾ ਅੰਤਮ ਨਿਕਲਣਾ ਸਿੱਟਾ, ਸਿੱਟੇਬਾਜ਼ੀ ਤਕੇ ਖ਼ਲਕ ਖ਼ੁਦਾਈਆ । ਫੇਰ ਨਿਗਾਹ ਮਾਰ ਲੈ ਭਗਤਾਂ ਲੇਖਾ ਚਿੱਟਾ, ਕਾਲਾ ਰੰਗ ਨਾ ਕੋਇ ਰੰਗਾਈਆ । ਝਟ ਕਲਜੁਗ ਆ ਕੇ ਮਾਰ ਦੁਹੱਥੜ ਪਿੱਟਾ, ਬਹੁੜੀ ਮੇਰੀ ਦੁਹਾਈਆ । ਮਿਤਰੋ ਮੇਰੇ ਅੰਦਰ ਮੇਰਾ ਪ੍ਰਭੂ ਲਿਟਾ, ਸੁਖਆਸਣ ਸੋਭਾ ਪਾਈਆ । ਜੋ ਆਦਿ ਜੁਗਾਦੀ ਮੇਰਾ ਪਿਤਾ, ਪਤਿਪਰਮੇਸ਼ਵਰ ਨੂਰ ਅਲਾਹੀਆ । ਸਦ ਮੈਨੂੰ ਕਰੇ ਹਿਤਾ, ਸਿਰ ਸਿਰ ਹੱਥ ਰਖਾਈਆ । ਵਸੇ ਮੇਰੇ ਚਿਤਾ, ਜਗਤ ਠਗੌਰ ਜਣਾਈਆ । ਜਿਸ ਦੀ ਸਮਝੇ ਕੋਈ ਨਾ ਥਿਤਾ, ਵਾਰ ਭੇਵ ਨਾ ਰਾਈਆ । ਉਹ ਖੇਲੇ ਖੇਲ ਨਿਤ ਨਵਿਤਾ, ਜੁਗ ਜੁਗ ਅਗੰਮ ਅਥਾਹੀਆ । ਜਿਸ ਨੇ ਮੈਨੂੰ ਮਾਣ ਦਿਤਾ, ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪੜਦਾ ਆਪ ਉਠਾਈਆ । ਕਲਜੁਗ ਕਹੇ ਨਾਰਦ ਮਿਤਰ ਮੀਤ, ਸੱਜਣਾ ਦਿਆਂ ਜਣਾਈਆ । ਉਠ ਵੇਖ ਲੈ ਮੇਰੀ ਰੀਤ, ਜਗਤ ਜੁਗਤ ਤੋਂ ਬਾਹਰ ਸਮਝਾਈਆ । ਮੈਂ ਝਗੜੇ ਪਾਏ ਮੰਦਰ ਮਸੀਤ, ਕਾਅਬਿਆਂ ਵਿਚ ਦੁਹਾਈਆ । ਪਵਿਤ੍ਰ ਰਹਿਣ ਦਿਤੀ ਨਹੀਂ ਕਿਸੇ ਦੀ ਨੀਤ, ਨੀਤੀਵਾਨ ਨਾ ਕੋਇ ਅਖਵਾਈਆ । ਮੇਰਾ ਅੰਤਮ ਸਮਾਂ ਸੁਹੰਜਣਾ ਰਿਹਾ ਬੀਤ, ਭੱਜੇ ਵਾਹੋ ਦਾਹੀਆ । ਮੈਂ ਪ੍ਰਭੂ ਵਸਿਆ ਰਹਿਣ ਦਿਤਾ ਨਹੀਂ ਕਿਸੇ ਚੀਤ, ਤਨ ਵਜੂਦ ਨਾ ਕੋਇ ਚਤੁਰਾਈਆ । ਮੇਰਾ ਵਸੇਰਾ ਹਰ ਘਟ ਅੰਦਰ ਭੀਤ, ਬੈਠਾ ਸੋਭਾ ਪਾਈਆ । ਮੇਰਾ ਵਕਤ ਸੁਹੰਜਣਾ ਠਾਂਡਾ ਸੀਤ, ਧਰਮ ਦੀ ਅਗਨੀ ਦਿਤੀ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਕਲਜੁਗ ਕਹੇ ਨਾਰਦਾ ਮਿਤਰਾ ਕਰ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਮੈਂ ਸੂਰਬੀਰ ਬਲਵਾਨ, ਬਲਧਾਰੀ ਇਕ ਅਖਵਾਈਆ । ਮੈਨੂੰ ਪ੍ਰਭ ਨੇ ਦਿਤਾ ਗਿਆਨ, ਪੱਟੀ ਸਚ ਪੜ੍ਹਾਈਆ । ਨਾਲ ਸ਼ਰਅ ਦਾ ਜੋੜ ਸ਼ੈਤਾਨ, ਸ਼ਰੀਅਤ ਦਿਤੀ ਜਣਾਈਆ । ਨਿਰਗੁਣ ਹੋ ਕੇ ਨਿਗਹਬਾਨ, ਵੇਖੇ ਚਾਈਂ ਚਾਈਂਆ । ਮੈਂ ਧਰਮ ਦਾ ਧਰਮ ਰਹਿਣ ਨਹੀਂ ਦਿਤਾ ਕੋਈ ਨਿਸ਼ਾਨ, ਨਿਸ਼ਾਨੇ ਦੀਨ ਦੁਨੀ ਬਦਲਾਈਆ । ਨਾ ਕੋਈ ਸੀਆ ਸੀਤਾ ਰਾਮ, ਘਨਈਆ ਸੰਗ ਨਾ ਕੋਇ ਨਿਭਾਈਆ । ਨਾ ਪੈਗ਼ੰਬਰਾਂ ਰਹਿਣ ਦਿਤਾ ਈਮਾਨ, ਅਮਲਾਂ ਵਿਚ ਨਾ ਕੋਇ ਲੋਕਾਈਆ । ਸਤਿ ਨਾਮ ਹੋਣ ਨਹੀਂ ਦਿਤਾ ਪਰਧਾਨ, ਇਹ ਮੇਰੀ ਬੇਪਰਵਾਹੀਆ । ਮੇਰੇ ਉਤੇ ਕਿਰਪਾ

ਕੀਤੀ ਸ੍ਰੀ ਭਗਵਾਨ, ਸਿਰ ਸਿਰ ਹੱਥ ਰਖਾਈਆ । ਮੈਂ ਜੋਬਨਵੰਤਾ ਨੌਜਵਾਨ, ਬਲਧਾਰੀ ਇਕ ਅਖਵਾਈਆ । ਮੇਰੇ ਢੋਲੇ ਸਾਰੇ ਗਾਣ, ਘਰ ਘਰ ਵਜੇ ਵਧਾਈਆ । ਮੈਂ ਇਕ ਨਵੀਂ ਖ਼ਬਰ ਆਇਆ ਸੁਨਾਉਣ, ਸਭ ਨੂੰ ਦਿਆਂ ਸੁਣਾਈਆ । ਮੈਂ ਹੁਣ ਵੇਖਣਾ ਦੀਨ ਦੁਨੀ ਦਾ ਮੈਦਾਨ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਪੋਹ ਕਹੇ ਕਲਜੁਗਾ ਤੂੰ ਬੜਾ ਬਰਖ਼ੁਰਦਾਰ, ਬਰਖ਼ੁਰਦਾਰੀ ਤੇਰੀ ਨਜ਼ਰੀ ਆਈਆ । ਤੇਰਾ ਕਿਸ ਦੇ ਨਾਲ ਪਿਆਰ, ਸਤਿ ਸਚ ਦੇ ਸਮਝਾਈਆ । ਕਵਣ ਸੁਹੰਜਣਾ ਵੇਖੇਂ ਦੁਆਰ, ਕਵਣ ਦਰ ਸੋਭਾ ਪਾਈਆ । ਕਵਣ ਤੇਰਾ ਮੀਤ ਮੁਰਾਰ, ਕਵਣ ਰੰਗ ਰੰਗਾਈਆ । ਕਵਣ ਗ੍ਰਿਹਿ ਵਸੇਂ ਘਰ ਬਾਹਰ, ਮੰਦਰ ਕਵਣ ਸੁਹਾਈਆ । ਕਲਜੁਗ ਹਸ ਕੇ ਕਿਹਾ ਵਾਹ ਮੇਰੇ ਮਿਤਰ ਮੁਰਾਰ, ਸੱਜਣਾ ਦਿਆਂ ਸੁਣਾਈਆ । ਮੈਂ ਸਭ ਨੂੰ ਕਰਾਂ ਖ਼ੁਆਰ, ਇਹ ਮੇਰੀ ਬੇਪਰਵਾਹੀਆ । ਮੇਰੀ ਸਭ ਤੋਂ ਵਖਰੀ ਧਾਰ, ਧਰਨੀ ਉਤੇ ਦ੍ਰਿੜਾਈਆ । ਮੇਰੀ ਇਹ ਮੁਹੱਬਤ ਨਾਲ ਕਲ ਕਲਕੀ ਅਵਤਾਰ, ਦੂਜਾ ਮਿਤਰ ਨਜ਼ਰ ਕੋਇ ਨਾ ਆਈਆ । ਮੈਂ ਅੱਜ ਉਸ ਨੂੰ ਕਰਨ ਆਇਆ ਨਿਮਸਕਾਰ, ਨਿਵ ਨਿਵ ਸੀਸ ਨਿਵਾਈਆ । ਮੇਰੇ ਉਤੇ ਕਿਰਪਾ ਕਰ ਦੇ ਕਰਨੇਹਾਰ, ਕ਼ੁਦਰਤ ਦੇ ਕ਼ਾਦਰ ਤੇਰੀ ਸਰਨਾਈਆ । ਕੀ ਹੋਇਆ ਜੇ ਤੂੰ ਭਗਤ ਤਾਰਨੇ ਆਪ ਕਰਤਾਰ, ਕ਼ੁਦਰਤ ਦੇ ਕ਼ਾਦਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਨਾਰਦ ਕਹੇ ਪੋਹ ਜੀ ਕਲਜੁਗ
੧੭੪ ਦੀ ਅਭਿਲਾਸ਼ਾ, ਮੈਨੂੰ ਦੇ ਸਮਝਾਈਆ । ਕਲਜੁਗ ਕਹੇ ਮਿਤਰਾ ਮੇਰਾ ਵੇਖ ਤਮਾਸ਼ਾ, ਸੋਹਣਾ ਰੰਗ ਰੰਗਾਈਆ । ਭਾਵੇਂ ਖ਼ੁਸ਼ੀ ਕਰੀਂ ਭਾਵੇਂ ਕਰੀਂ ੧੭੪
੨੪ ਹਾਸਾ, ਭਾਵੇਂ ਨੇਤਰ ਨੈਣਾਂ ਨੀਰ ਵਹਾਈਆ । ਮੈਂ ਜ਼ਰੂਰ ਦੀਨ ਦੁਨੀ ਦੀ ਚਾੜ੍ਹਨੀ ਲਾਸ਼ ਉਤੇ ਲਾਸ਼ਾ, ਲਸ਼ਕਰ ਸ਼ਾਹੀ ਖ਼ਾਕ ਮਿਲਾਈਆ । ਮੈਂ ੨੪
ਪੁਰਖ ਅਕਾਲ ਦੇ ਹੁਕਮ ਨਾਲ ਦੀਨ ਦੁਨੀ ਦਾ ਉਲਟਾਉਣਾ ਪਾਸਾ, ਆਪਣੀ ਖੇਲ ਖਿਲਾਈਆ । ਮੇਰਾ ਪ੍ਰਭੂ ਦੇ ਚਰਨ ਵਿਚ ਵਾਸਾ, ਦੂਸਰ ਧਾਮ ਨਾ ਕੋਇ ਰਖਾਈਆ । ਓਹ ਤਕ ਲੈ ਮੇਰਾ ਸਾਥੀ ਸ਼ੰਕਰ ਕੈਲਾਸ਼ਾ, ਚੋਟੀ ਚੜ੍ਹ ਕੇ ਧਿਆਨ ਲਗਾਈਆ । ਸਤਿਗੁਰ ਸ਼ਬਦ ਮੈਨੂੰ ਦਏ ਦਿਲਾਸਾ, ਮਿਹਰ ਨਜ਼ਰ ਉਠਾਈਆ । ਅਗੇ ਮਿਲਣ ਵਾਲੀ ਸ਼ਾਬਾਸ਼ਾ, ਮਿਹਰਵਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਸਚ ਖੇਲ ਖਿਲਾਈਆ । ਨਾਰਦ ਕਹੇ ਕਲਜੁਗਾ ਮਿਤਰਾ ਨਾ ਕਰ ਦਲੇਰੀ, ਦਿਲਬਰ ਹੋ ਕੇ ਦਿਆਂ ਸੁਣਾਈਆ । ਜਿਸ ਪੁਰਖ ਅਕਾਲ ਨੇ ਨਿਰਗੁਣ ਧਾਰ ਮਾਰੀ ਫੇਰੀ, ਜੋਤੀ ਜਾਤਾ ਵੇਸ ਵਟਾਈਆ । ਉਹ ਮਿਹਰਵਾਨ ਮਹਿਬੂਬ ਕਰੇ ਮਿਹਰੀ, ਮਿਹਰ ਨਜ਼ਰ ਇਕ ਉਠਾਈਆ । ਅੰਤ ਅਗੇ ਕਰੇ ਨਾ ਦੇਰੀ, ਬਹੁਤੀ ਵੰਡ ਨਾ ਕੋਇ ਵੰਡਾਈਆ । ਜਿਸ ਮਿਤਰਾ ਤੇਰੀ ਖ਼ਾਕ ਕਰਨੀ ਢੇਰੀ, ਮਿੱਟੀ ਮਟੀ ਰਹਿਣ ਕੋਇ ਨਾ ਪਾਈਆ । ਤੇਰੀ ਆਯੂ ਜਿਤਨੀ ਭੋਗ ਲਈ ਬਥੇਰੀ, ਬਹੁਤੀ ਅਵਰ ਨਾ ਕੋਇ ਵਧਾਈਆ । ਤੇਰੇ ਕੂੜ ਦੀ ਵੇਖੇ ਚਾਰੋਂ ਕੁੰਟ ਅੰਧੇਰੀ, ਚੌਥੇ ਜੁਗ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਪੋਹ ਕਹੇ ਕਲਜੁਗ ਸੁਣ ਲੈ ਹੋਰ ਇਸ਼ਾਰਾ, ਸਚ ਨਾਲ ਸੁਣਾਈਆ । ਨਿਗਾਹ ਮਾਰ ਲੈ ਭਗਤ ਦੁਆਰਾ, ਬਿਨ ਨੈਣਾਂ ਨੈਣ ਉਠਾਈਆ । ਜਿਥੇ ਕਲ ਕਲਕੀ ਅਵਤਾਰਾ, ਨਿਹਕਲੰਕਾ ਨੂਰ ਅਲਾਹੀਆ । ਅਮਾਮ ਅਮਾਮਾ ਪਵਰਦਿਗਾਰਾ, ਸਾਂਝਾ ਯਾਰ ਅਗੰਮ ਅਥਾਹੀਆ ।

ਜਿਸ ਦਾ ਖੇਲ ਸਦਾ ਜੁਗ ਚਾਰਾ, ਸਤਿਜੁਗ ਤਰੇਤਾ ਦੁਆਪਰ ਪੰਧ ਮੁਕਾਈਆ । ਅੰਤਮ ਤੇਰਾ ਵੇਖੇ ਕਿਨਾਰਾ, ਪਤਣ ਘਾਟ ਫੋਲ ਫੁਲਾਈਆ । ਜੋ ਰੂਪ ਬਦਲ ਕੇ ਆਇਆ ਦੁਬਾਰਾ, ਸੋਹਣਾ ਵੇਸ ਵਟਾਈਆ । ਦੋ ਜਹਾਨਾਂ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਡਗਮਗਾਈਆ । ਅਵਤਾਰ ਪੈਗੰਬਰ ਗੁਰੂ ਜਿਸ ਦਾ ਲੈਂਦੇ ਰਹੇ ਸਹਾਰਾ, ਨਿਵ ਨਿਵ ਸੀਸ ਝੁਕਾਈਆ । ਉਹ ਖੇਲੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਇਕ ਅਖਵਾਈਆ । ਨੂਰ ਨੁਰਾਨਾ ਨੂਰ ਹੋ ਉਜਿਆਰਾ, ਦੋ ਜਹਾਨਾ ਕਰੇ ਰੁਸ਼ਨਾਈਆ । ਕਲਜੁਗ ਕਹੇ ਮੈਂ ਵੀ ਉਸ ਨੂੰ ਕਰਾਂ ਨਿਮਸਕਾਰਾ, ਨਿਵ ਨਿਵ ਸੀਸ ਝੁਕਾਈਆ । ਜਿਸ ਦੇ ਹੁਕਮ ਤੋਂ ਕੋਈ ਦਿਸੇ ਨਾ ਬਾਹਰਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਭੇਵ ਆਪ ਚੁਕਾਈਆ । ਪੋਹ ਕਹੇ ਕਲਜੁਗ ਉਹ ਮੀਤ ਮੁਰਾਰਾ ਆਇਆ, ਨਿਰਗੁਣ ਨੂਰ ਅਲਾਹੀਆ । ਜਿਸ ਜੁਗ ਜੁਗ ਖੇਲ ਖਿਲਾਇਆ, ਜੁਗ ਚੌਕੜੀ ਪੰਧ ਮੁਕਾਈਆ । ਸੋ ਵੇਖਣਹਾਰਾ ਸ੍ਰਿਸ਼ਟ ਸਬਾਇਆ, ਖੋਜੇ ਥਾਉਂ ਥਾਈਆ । ਜਿਸ ਦਾ ਸਤਿਗੁਰ ਸ਼ਬਦ ਬੇਪਰਵਾਹਿਆ, ਬੇਪਰਵਾਹੀ ਵਿਚ ਸਮਾਈਆ । ਜੋ ਸਭ ਦਾ ਦਾਈ ਦਾਇਆ, ਨੂਰ ਨੁਰਾਨਾ ਅਗੰਮ ਅਥਾਹੀਆ । ਉਹ ਵੇਖੇ ਕਲਜੁਗ ਤੇਰੀ ਕੂੜ ਦੀ ਕਾਇਆ, ਕਾਇਆ ਕੱਪੜ ਫੋਲ ਫੁਲਾਈਆ । ਜਿਸ ਨੂੰ ਆਦਿ ਜੁਗਾਦਿ ਕਿਸੇ ਜਨਣੀ ਮੂਲ ਨਾ ਜਾਇਆ, ਜਨਣੀ ਬਣੇ ਮੂਲ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਪੋਹ ਜੀ ਮੇਰਾ ਸੁਆਮੀ
੧੭੫ ਉਹ, ਜੋ ਮਾਲਕ ਇਕ ਅਖਵਾਈਆ । ਜੋ ਆਦਿ ਜੁਗਾਦਿ ਸਦਾ ਨਿਰਮੋਹ, ਕੂੜ ਮੁਹੱਬਤ ਨਾ ਕੋਇ ਰਖਾਈਆ । ਜਿਸ ਦੇ ਰੂਪ ਅਨੂਪ ਨਿਰਗੁਣ ੧੭੫
੨੪ ਸਰਗੁਣ ਦੋ, ਦੋ ਜਹਾਨਾਂ ਵੇਖ ਵਖਾਈਆ । ਉਸੇ ਨੇ ਮੈਨੂੰ ਬਖ਼ਸ਼ੀ ਲੋ, ਲੋਇਣ ਦਿਤਾ ਖੁਲ੍ਹਾਈਆ । ਮੈਂ ਵੀ ਸੁਣਦਾ ਸ਼ਬਦ ਅਗੰਮਾ ਸੋ, ਜੋ ੨੪
ਹੰ ਬ੍ਰਹਮ ਤਰਾਈਆ । ਜਿਸ ਮੇਰਾ ਸਭ ਕੁਝ ਲੈਣਾ ਖੋਹ, ਖ਼ਾਲਕ ਖ਼ਲਕ ਵਿਚ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਕਲਜੁਗ ਕਹੇ ਮੈਂ ਆਪਣੇ ਵਕ਼ਤ ਦਾ ਕਲਾਕਾਰ, ਸੋਹਣਾ ਰੂਪ ਵਖਾਈਆ । ਦੀਨ ਦੁਨੀ ਨਾਲ ਕਰਾਂ ਪਿਆਰ, ਅੰਦਰ ਵੜ ਕੇ ਵੇਖ ਵਖਾਈਆ । ਮੇਰਾ ਨਾਚ ਗਾਣਾ ਝੂਠ ਦੀ ਧਾਰ, ਸਚ ਨਜ਼ਰ ਕੋਇ ਨਾ ਆਇਆ । ਮੇਰਾ ਕੂੜ ਵਿਕਾਰ ਦਾ ਸ਼ਿੰਗਾਰ, ਮਾਇਆ ਮਮਤਾ ਕੱਜਲ ਨੈਣਾਂ ਪਾਈਆ । ਮੈਂ ਵੇਖਾਂ ਦੀਨ ਦੁਨੀ ਵਿਚ ਸੰਸਾਰ, ਚਾਰੋਂ ਕੁੰਟ ਧਿਆਨ ਲਗਾਈਆ । ਮੈਂ ਹਰ ਘਟ ਅੰਦਰ ਬਣ ਕੇ ਸ਼ਰਅ ਦਾ ਨਚਾਰ, ਨੱਚਾਂ ਟੱਪਾਂ ਚਾਈਂ ਚਾਈਆ । ਮੇਰੇ ਸਾਥੀ ਬੇਸ਼ੁਮਾਰ, ਗਣਤੀ ਗਣਤ ਨਾ ਕੋਇ ਗਿਣਾਈਆ । ਪੋਹ ਜੀ ਕੀ ਹੋ ਗਿਆ ਜੇ ਪ੍ਰਭੂ ਨੇ ਭਗਤ ਬਣਾ ਲਏ ਦੋ ਚਾਰ, ਚੌਥਾ ਜੁਗ ਕਹੇ ਇਹ ਮੇਰੀ ਬੇਪਰਵਾਹੀਆ । ਮੈਂ ਆਪਣੇ ਨਾਲ ਮਿਲਾ ਲਏ ਪੁਰਖ ਨਾਰ, ਜੀਵਾਂ ਜੰਤਾਂ ਸੰਗ ਰਖਾਈਆ । ਉਠ ਵੇਖ ਲੈ ਮਿਤਰਾ ਪੋਹ ਕਿਹੜੀ ਗਿਣਤੀ ਪ੍ਰਭੂ ਦੇ ਵਿਚ ਭਗਤ ਦੁਆਰ, ਜਨਸੰਖਿਆ ਜਗਤ ਦੀ ਗਿਣਨ ਕੋਇ ਨਾ ਪਾਈਆ । ਮੈਂ ਸਤਿਗੁਰ ਦਾ ਬੱਚਾ ਹੋਣਹਾਰ, ਜਿਸ ਆਪਣੀ ਕਲਾ ਦਿਤੀ ਵਖਾਈਆ । ਅਗਲਾ ਖੇਲ ਕਰਾਂ ਅਪਰ ਅਪਾਰ, ਜੋ ਅਪਰੰਪਰ ਸੁਆਮੀ ਰਿਹਾ ਦ੍ਰਿੜਾਈਆ । ਸ਼ਾਹ ਸੁਲਤਾਨਾਂ ਕਰਾਂ ਛਾਰ, ਮਿੱਟੀ ਖ਼ਾਕ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਪੋਹ ਕਹੇ ਕਲਜੁਗਾ ਪ੍ਰਭ ਦੇ ਭਗਤ ਬੜੇ ਰੰਗੀਲੇ, ਰੰਗਤ

ਜਗਤ ਨਾ ਕੋਇ ਜਣਾਈਆ । ਇਹਨਾਂ ਦੇ ਵੇਖ ਲੈ ਉਦਮ ਵਾਲੇ ਹੀਲੇ, ਸੋਹਣੀ ਵੰਡ ਵੰਡਾਈਆ । ਆਤਮ ਧਾਰ ਬਣ ਕੇ ਛੈਲ ਛਬੀਲੇ, ਸਚ ਸਿੰਘਾਸਣ ਸੋਭਾ ਪਾਈਆ । ਛਡ ਕੇ ਬਸਤਰ ਕਾਲੇ ਪੀਲੇ ਨੀਲੇ, ਨੀਲੀ ਧਾਰੋਂ ਬਾਹਰ ਬਹਿ ਕੇ ਵੇਖਣ ਚਾਈਂ ਚਾਈਆ । ਜਿਨ੍ਹਾਂ ਦੇ ਸਤਿਗੁਰ ਸ਼ਬਦ ਬਣਾਏ ਵਸੀਲੇ, ਵਸਲ ਯਾਰ ਰਹੇ ਹੰਢਾਈਆ । ਇਹ ਇਕੋ ਪਿਤਾ ਪੁਰਖ ਅਕਾਲ ਦੇ ਬਣ ਗਏ ਕ਼ਬੀਲੇ, ਕ਼ਿਬਲੇ ਅਜ਼ ਜਿਸ ਨੂੰ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪੋਹ ਕਹੇ ਮੇਰਾ ਵਕ਼ਤ ਸੁਹਾਵਾ ਮਾਤ, ਦੋ ਜਹਾਨ ਜਣਾਈਆ । ਮੇਰੀ ਭਿੰਨੜੀ ਵੇਖੋ ਰਾਤ, ਰੈਣ ਵਜੇ ਵਧਾਈਆ । ਮੇਰਾ ਮੇਲਾ ਨਾਲ ਕਮਲਾਪਾਤ, ਪਤਿਪਰਮੇਸ਼ਵਰ ਜੋ ਅਖਵਾਈਆ । ਜਿਸ ਭਗਤਾਂ ਦਿਤੀ ਦਾਤ, ਵਸਤ ਅਨਮੁਲ ਵਰਤਾਈਆ । ਉਹ ਰਖਣਹਾਰਾ ਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਜਿਸ ਦਾ ਸਭ ਤੋਂ ਵੱਡਾ ਖਾਤ, ਗਣਤੀ ਗਣਤ ਨਾ ਕੋਇ ਗਿਣਾਈਆ । ਅੰਤਮ ਪੁਛਣ ਆਇਆ ਬਾਤ, ਨਿਰਗੁਣ ਹੋ ਕੇ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਪੋਹ ਕਹੇ ਮੇਰਾ ਸਾਹਿਬ ਸਤਿਗੁਰੂ ਸਤਿਵੰਤ, ਪੁਰਖ ਅਕਾਲ ਇਕ ਅਖਵਾਈਆ । ਜਿਸ ਦਾ ਇਕੋ ਹੋਣਾ ਮੰਤ, ਇਕੋ ਨਾਮ ਦਰਸਾਈਆ । ਜਿਸ ਨੇ ਭਗਤ ਉਧਾਰਨੇ ਸੰਤ, ਸਾਜਣ ਮੀਤ ਦਏ ਵਡਿਆਈਆ । ਸਤਿਜੁਗ ਸਚ ਬਣਾਉਣੀ ਬਣਤ, ਘੜਨ ਭੰਨਣਹਾਰ ਆਪ ਅਖਵਾਈਆ । ਆਤਮ ਧਾਰ
੧੭੬ ਬਣਨਾ ਕੰਤ, ਕੰਤੂਹਲ ਨੂਰ ਅਲਾਹੀਆ । ਮਹਿੰਮਾ ਦਰਸਾਉਣੀ ਅਗਣਤ, ਕਥਨੀ ਕਥ ਨਾ ਸਕੇ ਰਾਈਆ । ਬੋਧ ਅਗਾਧਾ ਬਣ ਕੇ ਪੰਡਤ, ੧੭੬
੨੪ ਬੁਧੀ ਤੋਂ ਪਰੇ ਕਰੇ ਪੜ੍ਹਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਚਾਰ ਵਰਨ ਬਣਾ ਕੇ ਸੰਗਤ, ਦੇਵਣਹਾਰ ਸਰਬ ੨੪
ਸਰਨਾਈਆ । ਜਿਸ ਦਾ ਖੇਲ ਜੁਗ ਚੌਕੜੀ ਅਗਣਤ, ਲੇਖਾ ਲੇਖ ਨਾ ਕੋਇ ਦ੍ਰਿੜਾਈਆ । ਉਹ ਲਹਿਣਾ ਦੇਣਾ ਜਾਣੇ ਸ਼ਹਿਨਸ਼ਾਹੀ ਦਸ ਸੰਮਤ, ਸਮਾਂ ਸਮੇਂ ਨਾਲ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਪੋਹ ਕਹੇ ਮੈਂ ਭੱਜਾ ਆਇਆ ਨਠਾ, ਸਾਲ ਬਸਾਲਾ ਪੰਧ ਮੁਕਾਈਆ । ਮੈਨੂੰ ਸਾਰੇ ਕਰਦੇ ਠੱਠਾ, ਮਖ਼ੌਲ ਰਹੇ ਉਡਾਈਆ । ਕਲਜੁਗ ਬਣਕੇ ਪਰਮ ਪੁਰਖ ਦਾ ਪੱਠਾ, ਵੇਖੇ ਚਾਈਂ ਚਾਈਂਆ । ਗੁਰ ਅਵਤਾਰ ਪੈਗ਼ੰਬਰ ਹੋ ਕੇ ਇਕੱਠਾ, ਸ਼ਬਦ ਰਹੇ ਸੁਣਾਈਆ । ਦੁਹਾਈ ਦੇਵੇ ਅੱਠ ਸੱਠਾ, ਤੀਰਥ ਤਟ ਰਿਹਾ ਕੁਰਲਾਈਆ । ਦਰੋਹੀ ਦਿਸੇ ਮੰਦਰ ਮਸਜਿਦ ਸ਼ਿਵਦਵਾਲੇ ਮਠਾ, ਹਾਹਾਕਾਰ ਖ਼ਲਕ ਖ਼ੁਦਾਈਆ । ਸਾਂਤਕ ਰਹੀ ਨਾ ਅੱਠ ਸੱਠਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧਿ ਨਾਲ ਰਲਾਈਆ । ਕਲਜੁਗ ਚੁਕੇ ਆਪਣੇ ਆਪ ਗੱਠਾ, ਭਾਰ ਰਿਹਾ ਦਰਸਾਈਆ । ਨਾਰਦ ਕਹੇ ਮੈਂ ਪੰਡਤ ਹੋ ਕੇ ਕਿਹੜੀ ਗੇੜਾਂ ਲਠਾ, ਉਲਟਾ ਗੇੜ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਦਾ ਆਪ ਚੁਕਾਈਆ । ਪੋਹ ਕਹੇ ਮੇਰਾ ਲੇਖਾ ਨਾਲ ਧਰਨੀ, ਧਰਮ ਦੁਆਰ ਜਣਾਈਆ । ਪਰਮ ਪੁਰਖ ਦੀ ਇਕੋ ਸਰਨੀ, ਸਰਨਗਤ ਇਕੋ ਨਜ਼ਰੀ ਆਈਆ । ਜਿਸ ਭੇਵ ਚੁਕਾਉਣਾ ਵਰਨੀ ਬਰਨੀ, ਜ਼ਾਤ ਪਾਤ ਨਾ ਕੋਇ ਰਖਾਈਆ । ਜਿਸ ਦੀ ਇਕੋ ਤੁਕ ਸਭ ਨੇ ਪੜ੍ਹਨੀ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਇਕੋ ਮੰਜ਼ਲ ਚੜ੍ਹਨੀ, ਬਿਨ ਪੌੜੀ ਡੰਡੇ ਦਏ ਵਖਾਈਆ । ਇਕੋ ਘਾੜਨ ਘੜਨੀ, ਸਤਿ ਸਤਿ ਨਾਲ ਮਿਲਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਪਹਿਲੀ ਪੋਹ ਕਹੇ ਜਨ ਭਗਤੋ
ਮੀਤ ਮੁਰਾਰ ਇਕੱਲਾ, ਅਕਲ ਕਲਧਾਰ ਇਕ ਅਖਵਾਈਆ । ਜਿਸ ਨਾਮ ਫੜਾਇਆ ਪੱਲਾ, ਪੱਲੂ ਗੰਢ ਨਾ ਕੋਇ ਛੁਡਾਈਆ । ਦੂਈ ਦੁਵੈਤੀ ਮੇਟੇ
ਸਲਾ, ਦੁਖੀਆਂ ਦਰਦ ਵੰਡਾਈਆ । ਹੋ ਕੇ ਨੂਰ ਅਲਾਹੀ ਅੱਲਾ, ਆਲਮੀਨ ਦਇਆ ਕਮਾਈਆ । ਜੋ ਵਸੇ ਜਲਾਂ ਥਲਾਂ, ਮਹੀਅਲ ਡੇਰਾ
ਲਾਈਆ । ਜੋ ਆਤਮਾ ਨਾਲ ਪਰਮਾਤਮਾ ਹੋ ਕੇ ਰਲਾ, ਇਕੋ ਰੰਗ ਵਖਾਈਆ । ਉਹ ਆ ਗਿਆ ਭਗਤ ਦੁਆਰੇ ਭਗਤੋ ਤੁਹਾਡੇ ਮਹਲਾ, ਮਹਲ
ਅਵਰ ਨਾ ਕੋਇ ਰਖਾਈਆ । ਭਾਵੇਂ ਉਸ ਨੂੰ ਸਤਿਗੁਰ ਸ਼ਬਦ ਕਹੋ ਭਾਵੇਂ ਕਹਿ ਦਿਓ ਜੱਟ ਝੱਲਾ, ਝਲਕ ਆਪਣੀ ਇਕ ਰਖਾਈਆ । ਉਹਦਾ
ਵਕ਼ਤ ਅਗੇ ਕਿਸੇ ਤੋਂ ਜਾਣਾ ਨਹੀਂ ਠੱਲਾ, ਅਗੇ ਹੋ ਨਾ ਕੋਇ ਅਟਕਾਈਆ । ਜੋ ਗੋਬਿੰਦ ਇਸ਼ਾਰਾ ਕੀਤਾ ਡੱਲਾ, ਕਲਜੁਗ ਵਿਛੋੜੇ ਵਾਲੀ ਜਗਤ
ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਪੋਹ ਕਹੇ
ਜਨ ਭਗਤੋ ਦਿਵਸ ਸੁਹੰਜਣਾ ਅੱਜ, ਸਭ ਨੂੰ ਮਿਲੇ ਵਡਿਆਈਆ । ਦਰਸ਼ਨ ਕਰੋ ਰੱਜ, ਨੈਣ ਨੈਣ ਬਿਘਸਾਈਆ । ਇਸ ਤੋਂ ਪਰੇ ਨਹੀਂ ਕੋਈ
ਹੱਜ, ਜੋ ਮੁਹੰਮਦ ਚਾਰ ਯਾਰਾਂ ਗਿਆ ਸਮਝਾਈਆ । ਜਿਸ ਸਭ ਦੇ ਪੜਦੇ ਲੈਣੇ ਕੱਜ, ਸਿਰ ਸਿਰ ਹੱਥ ਟਿਕਾਈਆ । ਉਸ ਵਕ਼ਤ ਲੰਘਾਇਆ
ਦੀਨ ਦੁਨੀ ਵਿਚ ਲਾ ਕੇ ਆਪਣਾ ਪੱਜ, ਭੇਵ ਅਭੇਦ ਛੁਪਾਈਆ । ਓਹਦਾ ਨਾਮ ਨਿਧਾਨਾ ਚਾਰੋਂ ਕੁੰਟ ਜਾਣਾ ਗੱਜ, ਗਜ ਦਾ ਲੇਖਾ ਨਾਲ ਰਖਾਈਆ ।
੧੭੭ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਪੋਹ ਕਹੇ ਜਨ ਭਗਤੋ ਕਲਜੁਗ ੧੭੭
੨੪ ਵੇਖੋ ਝੁਕਦਾ, ਖ਼ੁਸ਼ੀਆਂ ਸੀਸ ਨਿਵਾਈਆ । ਨਾਰਦ ਭੇਵ ਖੋਲ੍ਹੇ ਇਕ ਤੁਕ ਦਾ, ਜੋ ਨਿਰਗੁਣ ਧਾਰ ਸਮਾਈਆ । ਕੂੜ ਕੁੜਿਆਰਾ ਫਿਰੇ ਲੁਕਦਾ, ੨੪
ਜਗਤ ਨੈਣ ਸ਼ਰਮਾਈਆ । ਜਨ ਭਗਤਾਂ ਪ੍ਰਭੂ ਗੋਦੀ ਚੁਕਦਾ, ਬਿਨ ਹੱਥਾਂ ਆਪ ਉਠਾਈਆ । ਲੇਖਾ ਜਾਣੇ ਧਰਮ ਦੀ ਧਾਰ ਸੁਤ ਦਾ, ਪੁਰਖ
ਅਕਾਲ ਨੂਰ ਅਲਾਹੀਆ । ਜਿਸ ਵਕ਼ਤ ਸੁਹਾਉਣਾ ਆਪਣੀ ਰੁਤ ਦਾ, ਸਦੀ ਚੌਧਵੀਂ ਸੀਸ ਨਿਵਾਈਆ । ਉਹਦਾ ਖੇਲ ਹੋਣਾ ਸਭ ਕੁਛ ਦਾ,
ਕਿਛ ਸਮਝ ਨਾ ਆਵੇ ਜਗਤ ਲੋਕਾਈਆ । ਉਹ ਪਿਆਸਾ ਜਨ ਭਗਤਾਂ ਵਾਲੀ ਭੁਖ ਦਾ, ਪ੍ਰੇਮ ਵਿਚ ਸਮਾਈਆ । ਉਹ ਭੰਡਾਰਾ ਆਦਿ ਜੁਗਾਦੀ
ਸੁਖ ਦਾ, ਸੁਖ ਸਾਗਰ ਰੂਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ
ਆਪ ਚੁਕਾਈਆ । ਪੋਹ ਕਹੇ ਮੇਰਾ ਚੜ੍ਹ ਗਿਆ ਸੁਹੰਜਣਾ ਮਹੀਨਾ, ਮਾਹ ਰੁਤੜੀ ਨਾਲ ਵਡਿਆਈਆ । ਜਨ ਭਗਤਾਂ ਠਾਂਢਾ ਹੋਇਆ ਸੀਨਾ,
ਅੰਮ੍ਰਿਤ ਮੇਘ ਪ੍ਰਭੂ ਬਰਸਾਈਆ । ਜਿਹਨੂੰ ਵੇਖਦੇ ਲੋਕ ਤੀਨਾ, ਬਿਨ ਨੈਣਾਂ ਨੈਣ ਤਕਾਈਆ । ਜਿਸ ਦਾ ਹੁਕਮ ਸਭ ਨੇ ਚੀਨਾ, ਬਿਨ ਅੱਖਰਾਂ
ਅੱਖਰ ਪੜ੍ਹਾਈਆ । ਉਹ ਜਨ ਭਗਤ ਸੁਹੇਲੇ ਵੇਖੇ ਜਿਉਂ ਜਲ ਮੀਨਾ, ਜਲ ਥਲ ਦਾ ਮਾਲਕ ਦਇਆ ਕਮਾਈਆ । ਜਿਸ ਦੇ ਕਲਜੁਗ ਚਰਨ
ਕਵਲ ਬੈਠਾ ਅਧੀਨਾ, ਨਿਵ ਨਿਵ ਲਾਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ
ਸੰਗ ਆਪ ਨਿਭਾਈਆ । ਪੋਹ ਕਹੇ ਜਨ ਭਗਤੋ ਬੇਨੰਤੀ ਵਿਚ ਕਰੋ ਪਰਨਾਮ, ਆਸ਼ਾ ਜਗਤ ਨਾ ਕੋਇ ਰਖਾਈਆ । ਘਰ ਮਿਲੇ ਸੁਆਮੀ ਰਾਮ,
ਰਮਈਆ ਅਗੰਮ ਅਥਾਹੀਆ । ਕਾਹਨ ਦਾ ਸਚ ਵੇਖੋ ਬਿਸਰਾਮ, ਸਤਿ ਦੁਆਰੇ ਸੋਭਾ ਪਾਈਆ । ਨੂਰ ਜ਼ਹੂਰ ਤਕੋ ਅਮਾਮ, ਅਮਲਾਂ ਤੋਂ ਰਹਿਤ

ਨੂਰ ਖ਼ੁਦਾਈਆ । ਜਿਸ ਦਾ ਸਭ ਤੋਂ ਵਖਰਾ ਪੈਗ਼ਾਮ, ਕਲਮਿਆਂ ਬਾਹਰ ਪੜ੍ਹਾਈਆ । ਜਿਸ ਦਾ ਇਕੋ ਹੋਣਾ ਇਸਲਾਮ, ਇਸਮ ਆਜ਼ਮ ਇਕ ਜਣਾਈਆ । ਜਿਸ ਦਾ ਇਕੋ ਹੋਣਾ ਸਤਿਨਾਮ, ਨਾਮ ਨਾਮਾ ਸਿਫ਼ਤ ਸਾਲਾਹੀਆ । ਸੋ ਕਰਨ ਆਇਆ ਇੰਤਜਾਮ, ਬੰਦੋਬਸਤ ਆਪਣੇ ਹੱਥ ਰਖਾਈਆ । ਉਹ ਖੇਲ ਕਰੇ ਤਮਾਮ, ਤਮਅ ਲਾਲਚ ਨਾ ਕੋਇ ਜਣਾਈਆ । ਕਲਜੁਗ ਮੇਟੇ ਅੰਧੇਰੀ ਸ਼ਾਮ, ਨੂਰ ਚੰਦ ਕਰੇ ਰੁਸ਼ਨਾਈਆ । ਉਹ ਵਸੇ ਸੰਬਲ ਖੇੜੇ ਹਕ ਗਰਾਮ, ਗ੍ਰਿਹਿ ਮੰਦਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਭੇਵ ਆਪ ਚੁਕਾਈਆ । ਪੋਹ ਕਹੇ ਭਗਤੋ ਮੈਂ ਖਿੜ ਖਿੜਾ ਕੇ ਹੱਸਿਆ, ਖ਼ੁਸ਼ੀਆਂ ਢੋਲੇ ਗਾਈਆ । ਨੌ ਖੰਡ ਪ੍ਰਿਥਮੀ ਫਿਰਾਂ ਨੱਸਿਆ, ਭੱਜਾਂ ਵਾਹੋ ਦਾਹੀਆ । ਨਾਲੇ ਤਕਾਂ ਕਲਜੁਗ ਰੈਣ ਅੰਧੇਰੀ ਮੱਸਿਆ, ਬਿਨ ਨੈਣਾਂ ਨੈਣ ਉਠਾਈਆ । ਜਾਂ ਨਿਗਾਹ ਮਾਰੀ ਨਜ਼ਰ ਆਇਆ ਹੋੜਾ ਉਤੇ ਸੱਸਿਆ, ਸਤਿ ਪੁਰਖ ਨਿਰੰਜਣ ਦਿਤਾ ਸਮਝਾਈਆ । ਮੈਂ ਆਪਣਾ ਕਮਰਕਸਾ ਕਸਿਆ, ਕ਼ਸਮ ਖਾ ਕੇ ਦਿਆਂ ਸੁਣਾਈਆ । ਜਾਂ ਫੇਰ ਵੇਖਿਆ ਹੰ ਬ੍ਰਹਮ ਦੀ ਧਾਰ ਨਾਲ ਮੇਰਾ ਪਰਮਾਤਮ ਵਸਿਆ, ਘਰ ਭਗਤਾਂ ਡੇਰਾ ਲਾਈਆ । ਭਗਤਾਂ ਨੂੰ ਪਤਾ ਨਹੀਂ ਉਹ ਉਹਨਾਂ ਦਾ ਕਰੇ ਜਸਿਆ, ਸਿਫ਼ਤੀ ਸਿਫ਼ਤ ਸਲਾਹੀਆ । ਬਿਨਾ ਰਸਨਾ ਤੋਂ ਦੇਵੇ ਰਸਿਆ, ਰਸਕ ਰਸਕ ਆਪਣਾ ਨਾਮ ਚੁਆਈਆ । ਮੈਂ ਹੈਰਾਨ ਹੋ ਗਿਆ ਕਿਉਂ ਕਲਜੁਗ ਅੰਤ ਭਗਤਾਂ ਦੇ ਪਿਆਰ ਵਿਚ ਫਸਿਆ, ਤਨ ਜ਼ੰਜੀਰ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਗ੍ਰਿਹਿ ਜਨ ਭਗਤਾਂ ਮੰਦਰ ਵਸਿਆ, ਡੇਰਾ ਆਪਣੇ ਘਰ ਸੁਹਾਈਆ ।



## ੭ ਪੋਹ ਸ਼ਹਿਨਸ਼ਾਹੀ ਸੰਮਤ ਦਸ ਇੰਦਰ ਸਿੰਘ ਦੇ ਅੰਤਮ ਸਸਕਾਰ ਸਮੇਂ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ

ਸਤ ਪੋਹ ਕਹੇ ਮੇਰੀ ਸੁਹੰਜਣੀ ਹੋਈ ਘੜੀ, ਜਗਤ ਵਕਤ ਭਗਤ ਨਾਲ ਵਡਿਆਈਆ । ਜਨ ਭਗਤ ਕਹੇ ਮੈਂ ਇਕੋ ਤੁਕ ਪੜ੍ਹੀ, ਦੂਸਰ ਅੱਖਰ ਨਾ ਕੋਇ ਰਖਾਈਆ । ਆਤਮਾ ਕਹੇ ਮੈਂ ਸਚਖੰਡ ਦੁਆਰ ਵੜੀ, ਪ੍ਰਭ ਜੋਤ ਜੋਤ ਸਮਾਈਆ । ਆਸ਼ਾ ਕਹੇ ਮੇਰਾ ਲੇਖਾ ਮੁਕਿਆ ਚਮਕੌਰ ਗੜ੍ਹੀ, ਗੋਬਿੰਦ ਦਿਤੀ ਮਾਣ ਵਡਿਆਈਆ । ਜਗਤ ਜਹਾਨ ਨਾਲੋਂ ਟੁੱਟੀ ਕੜੀ, ਨਾਤਾ ਮੋਹ ਨਾ ਕੋਇ ਰਖਾਈਆ । ਲੇਖਾ ਰਿਹਾ ਨਾ ਹਡ ਮਾਸ ਨੜੀ, ਪੰਜ ਤਤ ਪੰਧ ਮੁਕਾਈਆ । ਨਿਰਗੁਣ ਧਾਰ ਜੋਤ ਨਿਰੰਕਾਰ ਜਿਸ ਦੇ ਪਿਆਰ ਵਿਚ ਆਦਿ ਜੁਗਾਦਿ ਕਦੇ ਨਾ ਸੜੀ, ਮਰਨ ਰੂਪ ਨਾ ਕੋਇ ਵਖਾਈਆ । ਸਚ ਦੁਆਰ ਜਨ ਭਗਤਾਂ ਨਾਲ ਜੁੜ ਗਈ ਲੜੀ, ਕੰਨੀ ਕੰਨੀ ਗੰਢ ਪੁਆਈਆ । ਜਿਸ ਦਾ ਲੇਖਾ ਦੋ ਜਹਾਨ ਤੋਲ ਵਿਚ ਨਹੀਂ ਸੇਰ ਧੜੀ, ਵੰਡਣ ਵੰਡ ਨਾ ਕੋਇ ਰਖਾਈਆ । ਉਸੇ ਪਿਆਰ ਮੁਹੱਬਤ ਵਿਚ ਮੇਰੀ ਬਾਂਹ ਫੜੀ, ਮਿਹਰਵਾਨ ਹੋ ਕੇ ਮਿਹਰ ਨਜ਼ਰ ਉਠਾਈਆ । ਮੇਰੀ ਤ੍ਰਿਸ਼ਨਾ ਜਗਤ ਜਹਾਨ ਸਮਝੇ ਕੋਇ ਨਾ ਛੜੀ, ਸਤਿਗੁਰ ਸ਼ਬਦ ਧੁਰ ਦਾ ਸਾਥੀ ਮੇਰਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਜਨ ਭਗਤ ਖ਼ੁਸ਼ੀਆਂ ਕਰੇ ਤਨ ਵਜੂਦ, ਸਚ ਮਿਲੀ ਸਰਨਾਈਆ । ਘਰ ਮਿਲਿਆ ਇਕ ਮਹਿਬੂਬ, ਦੂਸਰ ਨਜ਼ਰ ਕੋਇ ਨਾ ਆਈਆ । ਜਿਸ ਮੇਰਾ ਲੇਖਾ ਪੂਰਾ ਕੀਤਾ ਅਸਲ ਨਾਲ ਸੂਦ, ਸ਼ਰਅ ਸ਼ਰਅ ਰੰਗ ਰੰਗਾਈਆ । ਮੰਜ਼ਲ ਦੇ ਕੇ ਇਕ ਮਕਸੂਦ, ਲਹਿਣਾ ਦੇਣਾ ਲੇਖਾ ਝੋਲੀ ਪਾਈਆ । ਮੇਰਾ ਤਨ ਵਜੂਦ ਗਿਆ ਝੂਜ, ਸ਼ਹਾਦਤ ਸਤਿਗੁਰ ਚਰਨ ਚਰਨ ਰਖਾਈਆ । ਜੋ ਆਸ਼ਾ ਰਖੀ ਪੈਗ਼ੰਬਰਾਂ ਵਿਚ ਹਜ਼ਾਰਾ ਦਰੂਦ, ਦਾਊਦ ਦੀ ਆਸ਼ਾ ਨਾਲ ਮਿਲਾਈਆ । ਸੋ ਪੁਰਖ ਅਕਾਲੇ ਦੀਨ ਦਿਆਲੇ ਮੇਰੀ ਕੀਤੀ ਸੂਝ, ਸਮਝ ਜਗਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਆਤਮਾ ਕਹੇ ਮੇਰਾ ਲਹਿਣਾ ਸ਼ਰੀਰ ਨਾਲ ਸਿੰਘ ਇੰਦਰ, ਇੰਦ ਇੰਦਰਾਸਣ ਧਿਆਨ ਲਗਾਈਆ । ਜਿਸ ਦਾ ਧਰਮ ਦੁਆਰ ਖੁਲ੍ਹਿਆ ਜਿੰਦਰ, ਕੁੰਡੀ ਖਿੜਕੀ ਬੰਦ ਨਾ ਕੋਇ ਵਖਾਈਆ । ਜਿਥੇ ਆਲਸ ਨਹੀਂ ਕੋਈ ਨਿੰਦਰ, ਤ੍ਰਿਸ਼ਨਾ ਜਗਤ ਨਾ ਕੋਇ ਜਣਾਈਆ । ਮਮਤਾ ਭੈ ਨਹੀਂ ਕੋਈ ਚਿੰਦਨ, ਸਤਿ ਸਤਿ ਵਿਚ ਵਡਿਆਈਆ । ਭਗਤ ਭਗਤਾਂ ਮੂਲ ਨਾ ਨਿੰਦਨ, ਮਿਲ ਮਿਲ ਖ਼ੁਸ਼ੀ ਬਣਾਈਆ । ਮੇਰਾ ਲੇਖਾ ਸਰੀਰ ਲੱਗਾ ਵਿਚ ਹਿੰਦਨ, ਕਾਅਬਿਆਂ ਪਏ ਦੁਹਾਈਆ । ਪੁਰਖ ਅਕਾਲਾ ਦੀਨ ਦਿਆਲਾ ਦੀਨ ਦੁਨੀ ਲੱਗਾ ਪਿੰਜਣ, ਪੇਂਜਾ ਮੇਰਾ ਸਰੀਰ ਜਣਾਈਆ । ਮੈਨੂੰ ਖ਼ੁਸ਼ੀ ਹੋਈ ਕਿਸੇ ਭਗਤ ਸੰਤ ਭਗਤ ਦੁਆਰ ਵਹਾਈ ਨਹੀਂ ਹਿੰਝਣ, ਹੰਝੂ ਨਜ਼ਰ ਕੋਇ ਨਾ ਆਈਆ । ਮੇਰੇ ਮਸਤਕ ਸੋਹੇ ਸੋਹਣੀ ਬਿੰਦਨ, ਆਪਣਾ ਰੰਗ ਵਖਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਆਤਮਾ ਕਹੇ ਮੈਂ ਤਨ ਦਾ ਦੱਸਾਂ ਹਿਸਾਬ, ਲੇਖਾ ਧੁਰਦਰਗਾਹੀਆ । ਜਿਹੜਾ ਵਜੂਦ ਮਿਤਰ ਬਣਿਆ ਅਹਿਬਾਬ, ਸਤਿਗੁਰ ਸੰਗ ਨਿਭਾਈਆ । ਜਿਸ ਦੇ ਅੰਤਰ ਸ਼ੇਰ ਸਿੰਘ ਪਿਆਰ ਦੀ ਅਗੰਮੀ ਕਿਤਾਬ, ਬਿਨ ਰਸਨਾ ਜਿਹਵਾ ਪੜ੍ਹਾਈਆ । ਉਸ ਦੀ ਆਕੜ ਜਗਤ ਮਿਜਾਜ਼, ਦੁਨੀਆ ਬਾਹਰ ਰਖਾਈਆ । ਇੰਦਰ ਸਿੰਘ ਕਹੇ ਮੈਂ ਮਾਰ ਕੇ ਕਹਾਂ ਅਵਾਜ਼, ਸਚ ਨਾਲ ਸੁਣਾਈਆ । ਜਿਸ ਸਾਹਿਬ ਨੇ ਸੀਸ ਉਤੇ ਪਹਿਨ ਕੇ ਤਾਜ, ਸਿਰ ਮੇਰੇ ਹੱਥ ਟਿਕਾਈਆ । ਦੀਨ ਦੁਨੀ ਦਾ ਬਦਲ ਰਿਵਾਜ, ਭਗਤ ਦੁਆਰ ਦਿਤੀ ਵਡਿਆਈਆ । ਮੇਰਾ ਸੋਹਣਾ ਕਰਕੇ ਕਾਜ, ਘੋੜੇ ਉਤੇ ਲਿਆ ਟਿਕਾਈਆ । ਹਰਿ ਸੰਗਤ ਸਾਰੀ ਗਈ ਜਾਗ, ਸਵਾਧਾਨ ਕਰਾਈਆ । ਆਪਣੇ ਹੱਥ ਵਿਚ ਫੜ ਕੇ ਵਾਗ, ਭਗਤ ਦੁਆਰ ਵਿਚ ਭੁਆਈਆ । ਮੇਰਾ ਵੱਡਾ ਹੋਇਆ ਭਾਗ, ਖ਼ੁਸ਼ੀਆਂ ਢੋਲੇ ਗਾਈਆ । ਮਾਤਲੋਕ ਬੁਝਿਆ ਚਿਰਾਗ਼, ਸਚਖੰਡ ਹੋਈ ਰੁਸ਼ਨਾਈਆ । ਦੀਨ ਦੁਨੀ ਦਿਤੀ ਤਿਆਗ, ਭਗਤਾਂ ਮਿਲ ਕੇ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਰੀਰ ਕਹੇ ਜਿਸ ਵੇਲੇ ਮੈਂ ਘੋੜੇ ਉਤੇ ਚੜ੍ਹਿਆ ਪਿਛਾੜੀ, ਸਤਿਗੁਰ ਅਗੇ ਸੋਭਾ ਪਾਈਆ । ਲਾੜੇ ਦੇ ਨਾਲ ਬਣ ਗਈ ਸੋਹਣੀ ਲਾੜੀ, ਸੋਹਣਾ ਸਗਨ ਜਣਾਈਆ । ਮੇਰੀ ਖ਼ੁਸ਼ੀਆਂ ਨਾਲ ਹਿੱਲੀ ਦਾਹੜੀ, ਬਿਨ ਰਸਨਾ ਬੁੱਲ ਫਰਕਣ ਚਾਈਂ ਚਾਈਂਆ । ਮੇਰਾ ਖੇਲ ਸੋਹਣਾ ਹੋਇਆ ਹਾੜੀ, ਇਕ ਸਤ ਸਤ ਰਲਾਈਆ । ਭਗਤ ਦੁਆਰ ਮੈਂ ਸੋਹਣਾ ਵੇਖਿਆ ਅਖਾੜੀ, ਹਰਿ ਸੰਗਤ ਢੋਲੇ ਗਾਈਆ । ਨੇਤਰ ਰੋਵੇ ਮੌਤ ਲਾੜੀ, ਹਾਏ ਉਫ਼ ਦੁਹਾਈਆ । ਧਰਨੀ ਕਹੇ ਇਹ ਗੁਰਮੁਖ ਆਉਣਾ ਨਹੀਂ ਵਿਚ ਜੰਗਲ ਝਾੜੀ, ਮਸਾਣਾ ਨਜ਼ਰ ਕੋਇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਤਨ ਕਹੇ ਮੈਂ ਦੱਸਾਂ ਨਾਲ ਪਿਆਰ, ਕੀ ਪ੍ਰੀਤਮ ਦਿਤੀ ਵਡਿਆਈਆ । ਜਿਥੇ ਮੇਰੀ ਸੀੜ੍ਹੀ ਹੋਈ ਤਿਆਰ, ਸੋਹਣੀ ਸੇਜ ਸੁਹਾਈਆ । ਏਥੇ ਆ ਕੇ ਮੈਨੂੰ ਅਸਵ ਉਤੋਂ ਦਿਤਾ ਸੀ ਉਤਾਰ, ਹੱਥ ਮਸਤਕ ਉਤੇ ਛੁਹਾਈਆ । ਤੇਰਾ ਲੇਖਾ ਸਦਾ ਰਹੇ ਭਗਤ ਦੁਆਰ, ਭਗਵਨ ਆਪਣਾ ਘਰ ਸੁਹਾਈਆ । ਦਰਸ਼ਨ ਹੁੰਦਾ ਰਹੇ ਦੀਦਾਰ, ਨੇਤਰ ਨੈਣਾਂ ਨੈਣ ਰਲਾਈਆ । ਖ਼ੁਸ਼ੀਆਂ ਵਾਲੀ ਵੇਖਣੀ ਖ਼ੁਸ਼ੀ ਬਹਾਰ, ਸਚਖੰਡ ਸਾਚੇ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਆਤਮਾ ਕਹੇ ਮੈਂ ਜਾਵਾਂ ਬਲਿਹਾਰ, ਬਲ ਬਲ ਸੀਸ ਨਿਵਾਈਆ । ਮੈਨੂੰ ਚਰਨੀ ਵਾਜਾਂ ਰਹੀ ਮਾਰ, ਦੋਵੇਂ ਹੱਥ ਉਠਾਈਆ । ਆਜਾ ਛੜਿਆਂ ਦੇ ਸਰਦਾਰ, ਸਚ ਥਾਨ ਸੁਹਾਈਆ । ਜਿਥੇ ਖੇਲ ਸਚੀ ਸਰਕਾਰ, ਦੂਜਾ ਨਜ਼ਰ ਕੋਇ ਨਾ ਆਈਆ । ਨਾ ਕੋਈ ਪੁਰਖ ਨਾ ਕੋਈ ਨਾਰ, ਇਕੋ ਨੂਰ ਜੋਤ ਰੁਸ਼ਨਾਈਆ । ਅਸੀਂ ਢੋਲੇ ਗਾਈਏ ਦੋ ਚਾਰ, ਬਿਨ ਰਸਨਾ ਰਸ ਬਣਾਈਆ । ਫੇਰ ਹੋਈਏ ਖ਼ਬਰਦਾਰ, ਭਗਤਾਂ ਦਈਏ ਜਣਾਈਆ । ਸਾਡਾ ਲਹਿਣਾ ਦੇਣਾ ਜੁਗ ਚੌਕੜੀ ਬਣਿਆ ਨਾਲ ਨਿਰੰਕਾਰ, ਕੁਦਰਤ ਕ਼ਾਦਰ ਦਿਤਾ ਬਣਾਈਆ । ਅਸੀਂ ਸਚਖੰਡ ਪੁੱਜੇ ਆਪਣੀ ਵਾਰ, ਵਾਰਤਾ ਅਗਲੀ ਦਈਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਚਰਨੀ ਆਤਮਾ ਕਹੇ ਸੁਣ ਵੇ ਮੇਰਿਆ ਭਾਈਆ, ਭੈਣ ਭਾਈ ਨਜ਼ਰ ਕੋਇ ਨਾ ਆਈਆ । ਆਜਾ ਦੋ ਜਹਾਨ ਦਿਆ ਰਾਹੀਆ, ਪੰਧ ਮੁਕਿਆ ਚਾਈਂ ਚਾਈਆ । ਜਗਤ ਜਹਾਨ ਦੀਆਂ ਲੱਭੀਆਂ ਸਾਹੀਆਂ, ਸ਼ਹਿਨਸ਼ਾਹ ਦਿਤੀ ਵਡਿਆਈਆ । ਸਾਡਾ ਲੇਖਾ ਹੋਇਆ ਨਹੀਂ ਵਿਚ ਬੇਲੇ ਕਾਹੀਆਂ, ਜੰਗਲਾਂ ਵਿਚ ਨਾ ਕੋਇ ਭੁਆਈਆ । ਬੇਸ਼ਕ ਤੇਰਾ ਗੋਬਿੰਦ ਦਾ ਲਹਿਣਾ ਛੀਂਬੇ ਝੀਵਰ ਨਾਈਆਂ, ਜੱਟਾਂ ਵੰਡ ਵੰਡਾਈਆ । ਤੇਰੀਆਂ ਸ਼ਬਦ ਸ਼ਹਾਦਤ ਸ਼ਹਾਦਤ ਗਵਾਹੀਆਂ, ਸਦਾ ਸਦਾ ਕਰਨ ਸ਼ਨਵਾਈਆ । ਮੈਨੂੰ ਯਾਦ ਆਉਂਦੀਆਂ ਤੇਰੀਆਂ ਪ੍ਰੀਤਾਂ ਲਾਈਆਂ, ਪ੍ਰੇਮ ਸਕਿਆ ਨਾ ਕੋਇ ਤੁੜਾਈਆ । ਜਿਸ ਦਾ ਲੇਖਾ ਹਿੰਦਸਿਆਂ ਵਾਲੀਆਂ ਨਹੀਂ ਵਿਚ ਇਕਾਈਆਂ, ਦਹਾਈਆਂ ਵੰਡ ਨਾ ਕੋਇ ਵੰਡਾਈਆ । ਮੇਲਾ ਮਿਲਿਆ ਨਾਲ ਭਗਤਾਂ ਭਾਈਆਂ, ਭੈਣ ਭੈਣਾਂ ਨਾਲ ਮਿਲਾਈਆ । ਬਸੰਤ ਕੌਰ ਕਹੇ ਮੈਂ ਖ਼ੁਸ਼ੀਆਂ ਵਿਚ ਦੇਵਾਂ ਵਧਾਈਆਂ, ਬਿਸ਼ਨ ਕੌਰ ਨਾਲ ਮਿਲਾਈਆ । ਪਾਲ ਸਿੰਘ ਕਹੇ ਮੈਂ ਸਿਧੀਆਂ ਕਰ ਕਲਾਈਆਂ, ਹੱਥਾਂ ਹੱਥ ਮਿਲਾਈਆ । ਸਾਡੀ ਪੰਜਾਂ ਦੀ ਇਕ ਸਲਾਹੀਆ, ਸਹਿਜ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਪੰਜੇ ਕਹਿਣ ਇਕੋ ਗਾਈਏ ਸਚਾ ਰਾਗ, ਪੁਰਖ ਅਕਾਲ ਤੇਰੀ ਸਰਨਾਈਆ । ਪੂਰਨ ਸਤਿਗੁਰ ਪਕੜੀ ਵਾਗ, ਡੋਰੀ ਆਪਣੇ ਹੱਥ ਰਖਾਈਆ । ਪ੍ਰੇਮ ਪਿਆਰ ਦਾ ਬਖ਼ਸ਼ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਧਰਮ ਦਾ ਦੇ ਤਿਆਗ, ਤ੍ਰੈਗੁਣ ਅਗਨ ਬੁਝਾਈਆ । ਹੰਸ ਬਣਾ ਕੇ ਕਾਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਲੇਖਾ ਰਹੇ ਨਾ ਕੋਈ ਜਗਤ ਰਬਾਬ, ਸੁਰ ਤਾਲ ਤੋਂ ਬਾਹਰ ਸ਼ਨਵਾਈਆ । ਸਾਡਾ ਖ਼ੁਸ਼ੀਆਂ ਵਾਲਾ ਮਹਿਕਿਆ ਬਾਗ਼, ਪੱਤ ਟਹਿਣੀ ਆਪ ਮਹਿਕਾਈਆ । ਸਾਡਾ ਦੀਪਕ ਜੋਤੀ ਜਗਦਾ ਰਹੇ ਚਿਰਾਗ਼, ਤੇਰੇ ਘਰ ਰੁਸ਼ਨਾਈਆ । ਤ੍ਰਿਸ਼ਨਾ ਮੇਟਣੀ ਆਗ, ਹਵਸ ਨਾ ਕੋਇ ਵਖਾਈਆ । ਅਸੀਂ ਪੰਜੇ ਬੇਨੰਤੀ ਕਰਦੇ ਤੇਰੇ ਚਰਨ ਕਵਲ ਲਾਗ, ਨਿਉਂ ਨਿਉਂ ਸੀਸ ਨਿਵਾਈਆ । ਦਿੱਲੀ ਦਰਬਾਰ ਦੀ ਨੀਂਹ ਰਖਣੀ ਨੌ ਮਾਘ,

ਅਗੇ ਪਿਛੇ ਥਿਤ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮੇਲਾ ਲੈਣਾ
ਮਿਲਾਈਆ । ਪੰਜ ਤਤ ਕਹੇ ਮੈਂ ਸ਼ਰੀਰ ਜਗਤ ਇਕ, ਇੰਦਰ ਸਿੰਘ ਵਡਿਆਈਆ । ਮੈਂ ਚਾਹੁੰਦਾ ਭਗਤ ਦੁਆਰੇ ਜਾਵਾਂ ਟਿਕ, ਗ੍ਰਿਹ ਅਵਰ
ਨਾ ਕੋਇ ਰਖਾਈਆ । ਮੇਰਾ ਧੁਰ ਦਾ ਲੇਖ ਲਿਖ, ਪੂਰਬ ਪੰਧ ਮੁਕਾਈਆ । ਬਾਲ ਬਾਲਾ ਤੇਰਾ ਸਿਖ, ਤੇਰੇ ਵਿਚ ਸਮਾਈਆ । ਮੇਰਾ ਨਾਤਾ
ਨਹੀਂ ਕੋਈ ਕਿਸੇ ਨਾਲ ਮੁਨ ਰਿਖ, ਤਪੀਆਂ ਵੰਡ ਨਾ ਕੋਇ ਵੰਡਾਈਆ । ਸਚ ਦੁਆਰ ਪਾ ਦੇ ਭਿਖ, ਦੇਵਣਹਾਰ ਤੇਰੀ ਸਰਨਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਭਸਮ ਕਹੇ ਮੈਂ ਮੜ੍ਹੀ ਗੋਰ ਹੋਣਾ
ਸੁਆਹ, ਅਗਨੀ ਤਤ ਜਲਾਈਆ । ਮੇਰਾ ਮਾਲਕ ਬੇਪਰਵਾਹ, ਜਿਸ ਅਗੇ ਵਾਸਤਾ ਪਾਈਆ । ਮੇਰੀ ਕ਼ਬੂਲ ਕਰੀਂ ਦੁਆ, ਰਹਿਮਤ ਕਰਨੀ
ਧੁਰ ਦੇ ਮਾਹੀਆ । ਪੰਚ ਮੇਰੇ ਹੋਣ ਗਵਾਹ, ਪੰਚਮ ਦੇਣੀ ਮਾਣ ਵਡਿਆਈਆ । ਸਚ ਸਿੰਘਾਸਣ ਮਿਲੇ ਸਚਾ ਥਾਂ, ਸੋਹਣਾ ਸੰਗ ਬਣਾਈਆ ।
ਦਿਲੀ ਦਰਬਾਰ ਫੇਰ ਖੜਨਾ ਨਾਲ ਚਾਅ, ਚਾਉ ਘਨੇਰਾ ਇਕ ਜਣਾਈਆ । ਮੈਂ ਭਗਤਾਂ ਦਿਆਂ ਸੁਣਾ, ਸਹਿਜ ਨਾਲ ਸਮਝਾਈਆ । ਜਨ ਭਗਤੋ
ਭਗਤ ਪਿਆਰ ਦੀ ਫੜਨੀ ਬਾਂਹ, ਬਿਨ ਹੱਥਾਂ ਹੱਥ ਮਿਲਾਈਆ । ਜੁਗ ਚੌਕੜੀ ਨਾਲੋਂ ਨਵਾਂ ਚਲਣਾ ਰਾਹ, ਰਹਿਬਰ ਬੇਪਰਵਾਹੀਆ । ਸਚ
ਦੁਆਰ ਦੇਣਾ ਸੁਹਾ, ਸੋਹਣਾ ਰੰਗ ਰੰਗਾਈਆ । ਹਰ ਇਕ ਗੁਰਸਿਖ ਜਨਭਗਤ ਮੇਰੇ ਪਿਆਰ ਵਿਚ ਸੇਵਾ ਲਏ ਕਮਾ, ਛੋਟਾ ਵੱਡਾ ਬੁੱਢਾ ਬਾਲ
੧੮੧ ਨੌਜੁਆਨ ਰਹਿਣ ਕੋਇ ਨਾ ਪਾਈਆ । ਇੰਦਰ ਸਿੰਘ ਕਹੇ ਮੈਂ ਖ਼ੁਸ਼ੀਆਂ ਨਾਲ ਸੇਵਕ ਹੋ ਕੇ ਸਭ ਨੂੰ ਦਿਆਂ ਸੁਣਾ, ਬਿਨ ਰਸਨਾ ਬੋਲ ਜਣਾਈਆ । ੧੮੧
੨੪ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਗ੍ਰਿਹਿ ਦਏ ਵਡਿਆਈਆ । ਇੰਦਰ ਸਿੰਘ ਕਹੇ ਸਤਿਗੁਰ ੨੪
ਸ਼ਬਦ ਨੇ ਦਿਤੀਆਂ ਮੌਜਾਂ, ਮਜਲਸ ਭਗਤਾਂ ਨਾਲ ਬਣਾਈਆ । ਮੈਂ ਬੇਨੰਤੀ ਕਰਾਂ ਮੇਰੇ ਥਾਂ ਪਿਆਰਾ ਹੋਵੇ ਸਿੰਘ ਫ਼ੌਜਾ, ਬਸੰਤ ਕੌਰ ਖ਼ੁਸ਼ੀਆਂ ਨਾਲ
ਜਣਾਈਆ । ਇਹਦਾ ਲੇਖਾ ਪੂਰਬ ਜੋ ਗੋਬਿੰਦ ਨਾਲ ਸਿੰਘ ਜੋਗਾ, ਜੁਗਤੀ ਜਗਤ ਨਾਲ ਦ੍ਰਿੜਾਈਆ । ਸਾਚਾ ਸੁਖ ਆਤਮ ਧਾਰ ਸਚ ਦੁਆਰ
ਭੋਗਾ, ਭਗਵਨ ਦਿਤੀ ਮਾਣ ਵਡਿਆਈਆ । ਕੋਈ ਲਾਲਚ ਨਹੀਂ ਲੋਭਾ, ਮਮਤਾ ਮੋਹ ਨਾ ਕੋਇ ਰਖਾਈਆ । ਮੇਰੇ ਥਾਂ ਗੁਰਮੁਖ ਤੇਰੇ ਦਰ
ਤੇ ਪਾਵੇ ਸੋਭਾ, ਸੋਹਣੀ ਖ਼ੁਸ਼ੀ ਬਣਾਈਆ । ਸਦ ਆਪਣੀ ਰਖਣਾ ਗੋਦਾ, ਗੋਦੀ ਗੋਦ ਵਿਚ ਟਿਕਾਈਆ । ਉਹ ਲੇਖਾ ਯਾਦ ਕਰ ਲੈ ਜਿਸ
ਵੇਲੇ ਗੋਦਾਵਰੀ ਉਤੇ ਅਰਦਾਸਾ ਸੋਧਾ, ਨੈਣ ਜ਼ਿਮੀਂ ਅਸਮਾਨ ਤੋਂ ਬਾਹਰ ਰਖਾਈਆ । ਪੁਰਖ ਅਕਾਲ ਦੀਨ ਦਿਆਲ ਸਤਿਗੁਰ ਸ਼ਬਦ ਮੇਰਾ ਰੂਪ
ਹੋਵੇ ਯੋਧਾ, ਬਲਧਾਰੀ ਬਲ ਪਰਗਟਾਈਆ । ਬੁੱਧੀ ਤੋਂ ਪਰੇ ਹੋਵੇ ਬੋਧਾ, ਅਕਲ ਨਾ ਕੋਇ ਚਤੁਰਾਈਆ । ਜਿਸ ਦੋ ਜਹਾਨ ਹੋਵੇ ਸੋਧਾ, ਸੁਦੀ
ਵਦੀ ਤੋਂ ਬਾਹਰ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਗ੍ਰਿਹਿ ਇਕ
ਸੁਹਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਕਰਨਾ ਅਗਨੀ ਭੇਟ, ਰੀਤੀ ਜਗਤ ਜਣਾਈਆ । ਆਤਮਾ ਕਹੇ ਮੇਰਾ ਬਣ ਕੇ ਖੇਵਟ ਖੇਟ, ਸਚਖੰਡ
ਸਚ ਧਾਰ ਸੁਹਾਈਆ । ਪੰਜ ਤਤ ਕਹਿਣ ਫੇਰ ਅਸੀਂ ਤੇਰੀ ਦਰਗਾਹ ਜਾਈਏ ਲੇਟ, ਧਰਨੀ ਧਵਲ ਧੌਲ ਨਾ ਕੋਇ ਚਤੁਰਾਈਆ । ਫੇਰ ਜਨਮ
ਲਈਏ ਨਾ ਕਦੀ ਮਾਤਾ ਦੇ ਪੇਟ, ਜੂਨੀ ਜੂਨ ਨਾ ਕੋਇ ਭੁਆਈਆ । ਅਗੇ ਜੁਗ ਲੰਘ ਗਏ ਕੇਤੀ ਕੇਤ, ਕੇਤੜੇ ਪੰਧ ਮੁਕਾਈਆ । ਤੁਧ ਬਿਨ

ਕਰੇ ਕੋਈ ਨਾ ਹੇਤ, ਹਿਤਕਾਰੀ ਸੰਗ ਨਾ ਕੋਇ ਨਿਭਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰੀ ਰੁਤ ਮੌਲੇ ਬਸੰਤੀ ਚੇਤ, ਚੇਤਨ ਸਭ ਨੂੰ ਆਪ ਕਰਾਈਆ । ਜਨ ਭਗਤਾਂ ਵਸਣਾ ਨੇਤਨ ਨੇਤ, ਨੇਰਨ ਨੇਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲੇ ਤੇਰੇ ਪਿਆਰ ਵਿਚ ਹੋਵਣ ਖੇਤ, ਮੁਹੱਬਤ ਤੇਰੀ ਵਿਚ ਸਮਾਈਆ ।

✪ ੭ ਪੋਹ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਣਜੀਤ ਸਿੰਘ ਕਲਸੀਆਂ ਵਾਲੇ ਦੇ ਨਵਿਤ ✪

ਪੰਜ ਤਤ ਕਹਿਣ ਪ੍ਰਭ ਰੂਪ ਬਣਾ ਲੈ ਜਨ ਕਾ, ਨਿਰਗੁਣ ਧਾਰ ਏਕੰਕਾਰ ਬਣ ਜਣੇਂਦੀ ਮਾਈਆ । ਸਾਡਾ ਲਹਿਣਾ ਦੇਣਾ ਲੇਖਾ ਰਹੇ ਨਾ ਵਜੂਦ ਮਾਟੀ ਖ਼ਾਕ ਤਨ ਕਾ, ਤਤਵ ਦੇ ਮਾਲਕ ਦੇਣੀ ਮਾਣ ਵਡਿਆਈਆ । ਝਗੜਾ ਰਹੇ ਨਾ ਮਨਸਾ ਵਾਲਾ ਮਨ ਕਾ, ਮਮਤਾ ਮੋਹ ਵਿਕਾਰ ਦੇਣਾ ਗਵਾਈਆ । ਵਸੇਰਾ ਦਿਸੇ ਕੋਇ ਨਾ ਛੱਪਰ ਛੰਨ ਕਾ, ਚਰਨ ਕਵਲ ਤੇਰੀ ਸਰਨਾਈਆ । ਭੰਡਾਰਾ ਦੇਣਾ ਨਾਮ ਵਾਲੇ ਧਨ ਕਾ, ਜਗਤ
੧੮੨ ਦੌਲਤ ਕੰਮ ਕਿਸੇ ਨਾ ਆਈਆ । ਮਾਰਗ ਦੱਸਣਾ ਇਕ ਧਰਮ ਦਾ, ਧਰਨੀ ਧਰਤ ਧਵਲ ਧੌਲ ਮਿਲੇ ਵਡਿਆਈਆ । ਰੂਪ ਦਰਸਾ ਦੇ ਆਪਣੇ ੧੮੨
੨੪ ਬ੍ਰਹਮ ਕਾ, ਪਾਰਬ੍ਰਹਮ ਪੜਦਾ ਆਪ ਚੁਕਾਈਆ । ਭੇਵ ਖੁਲ੍ਹਾ ਦੇ ਆਪਣੇ ਗ੍ਰਿਹਿ ਖੜਨ ਦਾ, ਸਚਖੰਡ ਸਾਚੇ ਵਜੇ ਵਧਾਈਆ । ਮਾਰਗ ਦੱਸ ੨੪
ਦੇ ਆਪਣੇ ਮੰਦਰ ਚੜ੍ਹਨ ਕਾ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੀਤ ਬੇਪਰਵਾਹੀਆ । ਪੰਜ ਤਤ ਕਹਿਣ ਪ੍ਰਭ ਸਾਡੀ ਜੁਗ ਜਨਮ ਦੀ ਮੇਟ ਦੇ ਤਪਸ, ਤਪਸਿਆ ਦੀ ਲੋੜ ਰਹੇ ਨਾ ਰਾਈਆ । ਜਗਤ ਤ੍ਰਿਸ਼ਨਾ ਰਹੇ ਨਾ ਹਵਸ, ਹਮ ਸਾਜਣ ਦੇਣੀ ਮਾਣ ਵਡਿਆਈਆ । ਕਿਰਪਾ ਨਿਧਾਨ ਕਰਨਾ ਤਰਸ, ਮਿਹਰਵਾਨ ਮਹਿਬੂਬ ਆਪਣਾ ਰੰਗ ਰੰਗਾਈਆ । ਅੰਮ੍ਰਿਤ ਮੇਘ ਦੇਣਾ ਬਰਸ, ਬੂੰਦ ਸਵਾਂਤੀ ਇਕ ਟਪਕਾਈਆ । ਮੇਲ ਮਿਲਾਉਣਾ ਉਤੇ ਫ਼ਰਸ਼, ਅਰਸ਼ੀ ਪ੍ਰੀਤਮ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਆਦਿ ਜੁਗਾਦਿ ਵੇਖ ਲੈ ਗੇੜ, ਜੁਗ ਚੌਕੜੀ ਭੱਜੇ ਵਾਹੋ ਦਾਹੀਆ । ਸਾਡਾ ਅੰਤਮ ਕਰ ਨਿਬੇੜ, ਲੇਖਾ ਤੇਰੇ ਹੱਥ ਫੜਾਈਆ । ਚੁਰਾਸੀ ਵਾਲਾ ਕਟ ਦੇ ਗੇੜ, ਜਮ ਕੀ ਫਾਸੀ ਨਾ ਕੋਇ ਭਵਾਈਆ । ਲਹਿਣਾ ਦੇਣਾ ਦੇ ਨਿਬੇੜ, ਘਰ ਮੰਦਰ ਵਜੇ ਵਧਾਈਆ । ਪੁਰਖ ਅਕਾਲੇ ਦੀਨ ਦਿਆਲੇ ਕਰੀਂ ਨਾ ਦੇਰ, ਬਹੁਤੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤੇਰਾ ਤਤ ਸਰੂਪ, ਸਰਗੁਣ ਧਾਰ ਸੋਭਾ ਪਾਈਆ । ਤੂੰ ਸ਼ਹਿਨਸ਼ਾਹ ਸ਼ਾਹੋ ਭੂਪ, ਅਕਲ ਕਲਧਾਰੀ ਇਕ ਅਖਵਾਈਆ । ਤੇਰਾ ਲਹਿਣਾ ਦੇਣਾ ਚਾਰੇ ਕੂਟ, ਦਹਿ ਦਿਸ਼ਾ ਤੇਰੀ ਵਡਿਆਈਆ । ਕਲਜੁਗ ਅੰਤਮ ਮੇਟ ਦੇ ਝੂਠ, ਕੂੜ ਕੁਕਰਮ

ਦੇਣਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਮੁਕਾਉਣਾ ਜਗ, ਜਗ ਜੀਵਣ ਦਾਤੇ ਦੇਣੀ ਵਡਿਆਈਆ । ਤੂੰ ਸਾਹਿਬ ਸੂਰਾ ਸਰਬਗ, ਹਰਿ ਕਰਤਾ ਨੂਰ ਅਲਾਹੀਆ । ਧਰਮ ਦੀ ਧਾਰ ਬਖ਼ਸ਼ ਦੇ ਅਧ, ਅਗਲਾ ਪੈਂਡਾ ਦੇ ਮੁਕਾਈਆ । ਤੇਰਾ ਨਾਮ ਸੰਦੇਸ਼ਾ ਧੁਰ ਦਾ ਸ਼ਬਦ ਸੁਣੀਏ ਨਦ, ਅਨਹਦ ਨਾਦੀ ਨਾਦ ਦ੍ਰਿੜਾਈਆ । ਪੁਰਖ ਅਕਾਲੇ ਦੀਨ ਦਿਆਲੇ ਸਚ ਦੁਆਰ ਏਕੰਕਾਰ ਨਿਰਗੁਣ ਧਾਰ ਮੇਲ ਲੈ ਝਬ, ਬਹੁਤੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੱਥ ਕੁਝ ਸਭ, ਕੂੜ ਦੇ ਮਾਲਕ ਸਤਿ ਸਚ ਦੇਣਾ ਪਰਗਟਾਈਆ ।

✪ ੨੧ ਪੋਹ ਸ਼ਹਿਨਸ਼ਾਹੀ ਸੰਮਤ ਦਸ ੨੫ ਬੀ੦ ਬੀ੦ ਗੰਗਾ ਨਗਰ ਜ਼ਿਲਾ ਬੀਕਾਨੇਰ, ਰਤਨ ਸਿੰਘ ਸੁਖਿੰਦਰ ਸਿੰਘ,
੨੫ ਬੀ੦ ਬੀ੦ ਰਤੇਵਾਲ ਜਗੀਰ ਸਿੰਘ, ਅਜਮੇਰ ਸਿੰਘ ਸਜਾਵਲ ਪੁਰ, ਠਾਕਰ ਸਿੰਘ ਪਦਮ ਪੁਰ ✪

ਪੰਜ ਤਤ ਕਹਿਣ ਪ੍ਰਭ ਭਗਤਨ ਨਾਮ ਕਰ ਉਘਾ, ਉਗਣ ਆਥਣ ਪੁਰਖ ਸਮਰਾਥਣ ਦੇ ਵਡਿਆਈਆ । ਦੀਪਕ ਜਗਤ ਜਹਾਨ ਦੁਨੀ ਵਿਚ ਹੋਵੇ ਨਾ ਬੁਝਾ, ਜੋਤ ਚਰਾਗ਼ ਚਰਾਗਾਹਾਂ ਕਰ ਰੁਸ਼ਨਾਈਆ । ਸਚ ਦੁਆਰ ਏਕੰਕਾਰ ਤੇਰਾ ਹੋਵੇ ਸੁਝਾ, ਸਚ ਸੁਆਮੀ ਅੰਤਰਜਾਮੀ ਦੇਣੀ ਮਾਣ ਵਡਿਆਈਆ । ਪੁਰਖ ਅਕਾਲੇ ਦੀਨ ਦਿਆਲੇ ਸਚਖੰਡ ਵਖਾਉਣਾ ਝੁੱਗਾ, ਗ੍ਰਿਹ ਮੰਦਰ ਇਕੋ ਇਕ ਸੁਹਾਈਆ । ਸਾਡਾ ਲਹਿਣਾ ਦੇਣਾ ਰਹੇ ਨਾ ਉਤੇ ਬਸੁਧਾ, ਧਰਨੀ ਧਰਤ ਧਵਲ ਧੌਲ ਦਾ ਪੰਧ ਮੁਕਾਈਆ । ਅੰਤ ਅਖ਼ੀਰ ਬੇਨਜ਼ੀਰ ਸਾਡਾ ਲੇਖਾ ਮਾਤ ਪੁੱਜਾ, ਪਵਣ ਪਾਣੀ ਤੇਰੀ ਓਟ ਤਕਾਈਆ । ਜੋਤੀ ਜਾਤੇ ਪੁਰਖ ਬਿਧਾਤੇ ਸਾਡਾ ਆਦਿ ਜੁਗਾਦੀ ਵੇਖ ਲੈ ਮੁੱਦਾ, ਮੁਦਤਾਂ ਦੇ ਮਾਲਕ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਜਨ ਭਗਤਾਂ ਪਾਉਣੀ ਸਾਰ, ਮਹਾਸਾਰਥੀ ਦਇਆ ਕਮਾਈਆ । ਕਲਜੁਗ ਕੂੜ ਕੁਕਰਮ ਵੇਖ ਅੰਧਿਆਰ, ਅੰਧ ਅਗਿਆਨ ਖੋਜ ਖੁਜਾਈਆ । ਕਾਇਆ ਮੰਦਰ ਅੰਦਰ ਬਿਨ ਨੇਤਰ ਨਿਗਾਹ ਲੈਣੀ ਮਾਰ, ਬਿਨ ਲੋਚਨ ਨੈਣ ਅੱਖ ਖੁਲ੍ਹਾਈਆ । ਤੂੰ ਸ਼ਾਹੋ ਭੂਪ ਸਿਕਦਾਰ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਅਸੀਂ ਜੁਗ ਚੌਕੜੀ ਮਿੱਟੀ ਖ਼ਾਕ ਹੁੰਦੇ ਛਾਰ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਫਿਰਦੇ ਰਹੇ ਵਾਹੋ ਦਾਹੀਆ । ਤੇਰਾ ਕਰਦੇ ਰਹੇ ਇੰਤਜ਼ਾਰ, ਨੌਂ ਸੌ ਚੁਰਾਨਵੇ ਚੌਕੜੀ ਜੁਗ ਧਿਆਨ ਲਗਾਈਆ । ਧੰਨਭਾਗ ਜੇ ਹੋਇਆ ਤੇਰਾ ਦੀਦਾਰ, ਬਿਨ ਨੈਣਾਂ ਨੈਣ ਮਿਲਾਈਆ । ਜੋਤੀ ਜਾਤੇ ਪੁਰਖ ਬਿਧਾਤੇ ਇਕ ਇਕੱਲੇ ਪਾਉਣੀ ਸਾਰ, ਸਮਰਥ ਸੁਆਮੀ ਅੰਤਰਜਾਮੀ ਆਪਣੀ ਦਇਆ ਕਮਾਈਆ । ਬਿਨ ਧੂੜ ਤੋਂ ਚਰਨ ਕਵਲ ਬਖ਼ਸ਼ਣੀ ਛਾਰ, ਮਸਤਕ ਟਿੱਕੇ ਬਿਨ ਖ਼ਾਕ ਖ਼ਾਕ ਰਮਾਈਆ । ਸਾਡਾ ਆਵਣ ਜਾਵਣ ਪਤਤ ਪਾਵਣ ਗੇੜ ਨਿਵਾਰ, ਚੁਰਾਸੀ ਵੰਡ ਨਾ ਕੋਇ ਵੰਡਾਈਆ । ਅਸੀਂ ਪਹੁੰਚੀਏ ਸਚਖੰਡ ਸਚੇ ਦੁਆਰ, ਦਰਗਾਹ ਸਾਚੀ ਮੁਕ਼ਾਮੇ ਹਕ ਹਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ

ਵਰ, ਘਰ ਸਚ ਦੇਣੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਤੇਰੇ ਭਗਤ ਸੁਹੇਲੇ ਲੋਕਮਾਤੀ, ਗ਼ਰੀਬ ਨਿਮਾਣੇ ਵੇਖ ਵਖਾਈਆ । ਸਾਡੀ ਕੂੜੀ ਕਿਰਿਆ ਮੇਟ ਅੰਧੇਰੀ ਰਾਤੀ, ਰੁਤੜੀ ਆਪਣੇ ਨਾਮ ਨਾਲ ਮਹਿਕਾਈਆ । ਝਗੜਾ ਰਹੇ ਨਾ ਜ਼ਾਤ ਪਾਤੀ, ਸ਼ਰਅ ਸ਼ਰੀਅਤ ਅੰਦਰੋਂ ਦੇਣੀ ਮਿਟਾਈਆ । ਸਾਡਾ ਲਹਿਣਾ ਦੇਣਾ ਦੀਨ ਦੁਨੀ ਰਹੇ ਨਾ ਕਾਗ਼ਜ਼ਾਤੀ, ਕਲਮੇ ਦੇ ਮਾਲਕ ਕਾਇਨਾਤ ਦੇਣੀ ਵਡਿਆਈਆ । ਸਾਡੀ ਜ਼ਿੰਦਗੀ ਤੇਰੇ ਚਰਨ ਕਵਲ ਹਯਾਤੀ, ਜੀਵਣ ਤੇਰੇ ਕ਼ਦਮਾਂ ਵਿਚ ਰਖਾਈਆ । ਤੂੰ ਸ਼ਾਹੋ ਭੂਪ ਮਿਹਰਵਾਨ ਕਮਲਾਪਾਤੀ, ਪਤਿਪਰਮੇਸ਼ਵਰ ਅਗੰਮ ਅਥਾਹੀਆ । ਸਾਡੀ ਅੰਤਮ ਮੁਕਾ ਦੇ ਵਾਟੀ, ਪਾਂਧੀ ਪੰਧ ਨਾ ਕੋਇ ਰਖਾਈਆ । ਸਾਡੀ ਮੰਜ਼ਲ ਚੜ੍ਹਾ ਦੇ ਘਾਟੀ, ਅਗੇ ਹੋ ਨਾ ਕੋਇ ਅਟਕਾਈਆ । ਸਾਡਾ ਲੇਖੇ ਲਾ ਲੈ ਤਨ ਵਜੂਦ ਮਾਟੀ, ਪੰਜ ਤਤ ਵਾਸਤਾ ਪਾਈਆ । ਸਾਚੀ ਬਖ਼ਸ਼ ਦੇ ਇਕੋ ਖਾਟੀ, ਸਿੰਘਾਸਣ ਆਸਣ ਇਕ ਦ੍ਰਿੜਾਈਆ । ਤੇਰਾ ਤਕੀਏ ਨੂਰ ਜੋਤ ਲਲਾਟੀ, ਨੂਰ ਨੁਰਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਪਰਦਾ ਆਪ ਖੁਲ੍ਹਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤ ਸੁਹੇਲੇ ਤੇਰੇ, ਤੁਰੀਆ ਤੋਂ ਬਾਹਰ ਦੇ ਵਡਿਆਈਆ । ਨਿਰਗੁਣ ਧਾਰ ਵਸ ਜਾ ਨੇਰੇ, ਦੂਰ ਦੁਰਾਡਾ ਪੰਧ ਮੁਕਾਈਆ । ਸਾਡੇ ਅੰਤਰ ਬਖ਼ਸ਼ ਦੇ ਚਾਓ ਘਨੇਰੇ, ਮਾਇਆ ਮਮਤਾ ਨਾ ਕੋਇ ਹਲਕਾਈਆ । ਅਸੀਂ ਅਗੇ ਜਨਮ ਭੋਗ ਲਏ ਬਥੇਰੇ, ਜੰਮੇ ਜੰਮੇ ਮਰ ਮਰ ਜਾਈਆ । ਖੇਲ ਤਕ ਲੈ ਗੁਰੂ ਗੁਰ ਚੇਰੇ, ਚੇਲੇ ਗੁਰੂ ਰੂਪ ਦਰਸਾਈਆ । ਅੰਤਮ ਕਢ ਲੈ ਵਿਚੋਂ ਕਲਜੁਗ ਅੰਧੇਰੇ,

੧੮੪ ਅੰਧ ਅੰਧੇਰ ਦੇ ਮਿਟਾਈਆ । ਇਕੋ ਰੰਗ ਵਖਾ ਦੇ ਸੰਝ ਸਵੇਰੇ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਅਸੀਂ ਗ੍ਰਿਹ ਮੰਦਰ ਸਚਖੰਡ ਵਸੀਏ ੧੮੪

੨੪ ਤੇਰੇ, ਦੂਜਾ ਦਰ ਨਜ਼ਰ ਕੋਇ ਨਾ ਆਈਆ । ਮਿਹਰਵਾਨਾ ਸ੍ਰੀ ਭਗਵਾਨਾ ਨੌਜਵਾਨਾ ਕਰ ਦੇ ਮਿਹਰੇ, ਮਿਹਰਵਾਨਾ ਮਿਹਰ ਨਜ਼ਰ ਨਾਲ ਤਰਾਈਆ । ੨੪

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤ ਸੁਹੇਲੇ ਤੁਧ, ਦੂਸਰ ਇਸ਼ਟ ਨਾ ਕੋਇ ਮਨਾਈਆ । ਸਾਡੀ ਨਿਰਮਲ ਕਰ ਦੇ ਬੁਧਿ, ਪਤਤ ਪੁਨੀਤ ਬਣਾਈਆ । ਪੰਜ ਵਿਕਾਰ ਕਰਨਾ ਪਏ ਨਾ ਯੁੱਧ, ਖੰਡਾ ਕੂੜ ਨਾ ਕੋਇ ਖੜਕਾਈਆ । ਤੇਰਾ ਭੇਵ ਅਵਲੜਾ ਲਈਏ ਬੁੱਝ, ਪਰਦਾ ਓਹਲਾ ਦੇਣਾ ਚੁਕਾਈਆ । ਤੇਰਾ ਦੁਆਰਾ ਜਾਏ ਸੁਝ, ਗ੍ਰਿਹ ਮੰਦਰ ਇਕ ਵਖਾਈਆ । ਸਾਡਾ ਲੋਕਮਾਤ ਲਹਿਣਾ ਦੇਣਾ ਗਿਆ ਪੁਗ, ਅਗੇ ਆਸ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤ ਸੁਹੇਲੇ ਮੰਗੀਏ ਤੇਰਾ ਦੁਆਰ, ਦਰ ਠਾਂਡੇ ਸੀਸ ਨਿਵਾਈਆ । ਤੂੰ ਸ਼ਾਹੋ ਭੂਪ ਸਿਕਦਾਰ, ਸ਼ਹਿਨਸ਼ਾਹ ਇਕ ਅਖਵਾਈਆ । ਮੇਲਾ ਮੇਲਣਾ ਆਪਣੀ ਧਾਰ, ਸਾਡੀ ਧਰਨੀ ਧਰਤ ਧਵਲ ਧੌਲ ਤੇਰੀ ਦੁਹਾਈਆ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਰੋਈਏ ਜ਼ਾਰੋ ਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਸਾਡਾ ਲੇਖਾ ਮੁਕਾ ਦੇ ਮੜ੍ਹੀ ਗੋਰ ਨਾਲੋਂ ਵਿਚੋਂ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸਾਡੀ ਦੇਣ ਗਵਾਹੀਆ । ਉਹ ਲੇਖਾ ਪੂਰਾ ਕਰਦੇ ਜੋ ਆਸ਼ਾ ਰਖ ਕੇ ਗਏ ਤੇਈ ਅਵਤਾਰ, ਅਵਤਰੀ ਤੇਰੀ ਓਟ ਰਖਾਈਆ । ਪੈਗ਼ੰਬਰਾਂ ਪੈਗ਼ਾਮ ਵਾਲੀ ਸੁਣ ਪੁਕਾਰ, ਜੋ ਬਿਨਾ ਅਲਿਫ਼ ਯੇ ਸੁਣਾਈਆ । ਜੋ ਗੁਰੂਆਂ ਬੋਲਿਆ ਜੈਕਾਰ, ਬਿਨ ਰਸਨਾ ਢੋਲੇ ਗਾਈਆ । ਲਹਿਣਾ ਦੇਣਾ ਤਕ ਲੈ ਆਪ ਆਪਣੀ ਅੰਤਮ ਵਾਰ, ਵਾਰਸ ਹੋ ਕੇ ਵੇਖ ਵਖਾਈਆ ।

ਪੰਜ ਤਤ ਕਹਿਣ ਸਾਡੀ ਬਿਨ ਨੇਤਰਾਂ ਗਿਰਿਆਜ਼ਾਰ, ਬਿਨ ਹੰਝੂਆਂ ਹਾਰ ਬਣਾਈਆ । ਤੂੰ ਬਖ਼ਸ਼ ਲੈ ਬਖ਼ਸ਼ਣ ਯੋਗ ਨਿਰੰਕਾਰ, ਨਿਰਵੈਰ ਤੇਰੀ ਸਰਨਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਦ ਵਸੀਏ ਤੇਰੇ ਸਚ ਦੁਆਰ, ਦਰਗਾਹ ਸਾਚੀ ਆਸਣ ਲਾਈਆ । ਜੇ ਆਤਮਾ ਤੇਰਾ ਰੂਪ ਨੂਰ ਉਜਿਆਰ, ਜੋਤੀ ਜਾਤੇ ਤੇਰੇ ਵਿਚ ਸਮਾਈਆ । ਕਿਉਂ ਭਗਤਾਂ ਤਤ ਹੋਣ ਖ਼ੁਆਰ, ਤਤਵ ਤਤ ਰੰਗ ਨਾ ਕੋਇ ਰੰਗਾਈਆ । ਸਾਡੀ ਨਮੋ ਨਮੋ ਨਿਮਸਕਾਰ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਸਾਡਾ ਲਹਿਣਾ ਦੇਣਾ ਲੇਖਾ ਪੂਰਾ ਕਰ ਦੇ ਕਲ ਕਲਕੀ ਅਵਤਾਰ, ਕਲਜੁਗ ਕਲ ਕਾਤੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਭੇਵ ਅਭੇਦ ਆਪ ਖੁਲ੍ਹਾਈਆ । ਪੰਜ ਤਤ ਕਹਿਣ ਪ੍ਰਭ ਜਨ ਭਗਤਾਂ ਦੀਨ ਦੁਨੀ ਰਹੇ ਨਾ ਭਰਮ, ਭਾਂਡਾ ਭਰਮ ਭਓ ਭੰਨਾਈਆ । ਸਾਡਾ ਲੇਖਾ ਮੁਕਾ ਦੇ ਕਾਂਡ ਕਰਮ, ਨਿਹਕਰਮੀ ਦਇਆ ਕਮਾਈਆ । ਤੇਰੀ ਇਕੋ ਆਵੇ ਸਰਨ, ਸਰਨਗਤ ਇਕ ਰਖਾਈਆ । ਲੇਖਾ ਮੁਕਾ ਦੇ ਜਨਮ ਮਰਨ, ਮਰ ਜੀਵਤ ਤੇਰਾ ਰੂਪ ਦਰਸਾਈਆ । ਤੂੰ ਆਦਿ ਜੁਗਾਦੀ ਕਰਨੀ ਕਰਨ, ਕਰਤਾ ਪੁਰਖ ਇਕ ਅਖਵਾਈਆ । ਸਾਡੀ ਘਾੜਨ ਆਇਉਂ ਘੜਨ, ਘੜਨ ਭੰਨਣਹਾਰ ਇਕ ਅਖਵਾਈਆ । ਭਗਤ ਸੁਹੇਲੇ ਆਇਉਂ ਫੜਨ, ਫੜ ਬਾਹੋਂ ਬਾਹਰ ਕਢਾਈਆ । ਲੇਖਾ ਮੁਕਾ ਦੇ ਸੀਸ ਧੜਨ, ਚੋਟੀ ਜੜ੍ਹ ਆਪਣੇ ਰੰਗ ਰੰਗਾਈਆ । ਜੋ ਤੇਰੀ ਧਾਰ ਤੇਰਾ ਨਾਮ ਢੋਲਾ ਪੜ੍ਹਨ, ਤੇਰੇ ਤੇਰੇ ਵਿਚ ਸਮਾਈਆ । ਅੰਤਮ ਤੇਰੀ ਮੰਜ਼ਲ ਚੜ੍ਹਨ, ਸਚਖੰਡ ਸਾਚੇ ਪੁਜਣ ਚਾਈਂ ਚਾਈਂਆ । ਤੂੰ ਨਿਰਗੁਣ ਧਾਰ ਆਪਣੇ ਲਾਉਣਾ ਲੜਨ, ਅੰਗੀਕਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਗ੍ਰਿਹਿ ਇਕ ਸੁਹਾਈਆ । ਜਨ ਭਗਤ ਕਹਿਣ ਪ੍ਰਭ ਤੇਰਾ ਗ੍ਰਿਹਿ ਵੇਖੀਏ ਸੁਹੰਜਣਾ, ਸੋਭਾਵੰਤ ਅਗੰਮ । ਜਿਥੇ ਦੀਪਕ ਜਗੇ ਆਦਿ ਨਿਰੰਜਣਾ, ਨੂਰ ਨੁਰਾਨਾ ਸ਼ਾਹ ਸੁਲਤਾਨਾ ਇਕੋ ਅਲਾਹੀ ਖੇਲ ਹੋਵੇ ਪਾਰਬ੍ਰਹਮ । ਦਰਸ਼ਨ ਕਰੀਏ ਦਰਦ ਦੁਖ ਭੈ ਭੰਜਣਾ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਮੇਟਣਾ ਭਰਮ । ਬਿਨ ਧੂੜੀ ਖ਼ਾਕ ਤੇਰੇ ਚਰਨ ਕਵਲ ਹੋਵੇ ਮਜਨਾ, ਸਤਿ ਸਚ ਸਾਹਿਬ ਸੁਆਮੀ ਅੰਤਰਜਾਮੀ ਦੇਣਾ ਸਰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਜਨ ਭਗਤ ਸੁਹੇਲੇ ਮੰਗਣ ਤੇਰਾ ਦਰਨ । ਪੰਜ ਤਤ ਕਹਿਣ ਪ੍ਰਭ ਤੇਰੇ ਦਰ ਭਿਖਾਰੀ, ਭਗਤਨ ਦੇਣੀ ਮਾਣ ਵਡਿਆਈਆ । ਤੂੰ ਨਿਰਗੁਣ ਜੋਤ ਨਿਰੰਕਾਰੀ, ਤਤ ਸੁਹੇਲੇ ਲੈਣੇ ਮਨਾਈਆ । ਜੇ ਆਤਮਾ ਦਏਂ ਅਧਾਰੀ, ਭਗਵਨ ਆਪਣਾ ਰੰਗ ਰੰਗਾਈਆ । ਕਿਉਂ ਨਾ ਪੰਜਾਂ ਤਤਾਂ ਕਰੇਂ ਉਧਾਰੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੁਗ ਚੌਕੜੀ ਪਿਛੋਂ ਤੇਰੇ ਦਰ ਕੀਤੀ ਪੁਕਾਰੀ, ਦੋਏ ਜੋੜ ਵਾਸਤਾ ਪਾਈਆ । ਪੰਜਾਂ ਤਤਾਂ ਅੰਤਮ ਪਾਰ ਉਤਾਰੀ, ਪਰਮ ਪੁਰਖ ਦੇਣੀ ਸਰਨਾਈਆ । ਦਰਗਾਹ ਸਾਚੀ ਸਚਖੰਡ ਮੁਕਾਮੇ ਹਕ ਤੇਰੀ ਕਰੀਏ ਤਾਬਿਆਦਾਰੀ, ਬਿਨ ਸੀਸ ਸੀਸ ਜਗਦੀਸ ਝੁਕਾਈਆ । ਤੇਰਾ ਖੇਲ ਤਕੀਏ ਨੂਰ ਉਜਿਆਰੀ, ਜੋਤੀ ਜਾਤੇ ਧਿਆਨ ਲਗਾਈਆ । ਸਤਿ ਦੀ ਸਚ ਬਖ਼ਸ਼ ਦੇ ਦਾਤ ਅਪਾਰੀ, ਅਪਰੰਪਰ ਸੁਆਮੀ ਦਇਆ ਕਮਾਈਆ । ਨਿਰਗੁਣ ਨਿਰੰਕਾਰ ਦਾਤਾ ਸਾਡੀ ਅੰਤਮ ਪੈਜ ਸਵਾਰੀ, ਅੰਤਮ ਮੇਲਾ ਮੇਲਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਚਰਨ ਕਵਲ ਬਲਿਹਾਰੀ, ਬਲ ਬਲ ਆਪਣਾ ਆਪ ਕਰਾਈਆ ।

✪ ੨੨ ਪੋਹ ਸ਼ਹਿਨਸ਼ਾਹੀ ਸੰਮਤ ਦਸ ੨੫ ਬੀ੦ ਬੀ੦ ਮਾਹ ਸਿੰਘ, ਤਾਰਾ ਸਿੰਘ, ਤਰਲੋਕ ਸਿੰਘ, ੨੫ ਬੀ੦ ਬੀ੦ ਗੰਗਾ ਨਗਰ
ਮਲਕੀਤ ਸਿੰਘ ਬਲਵਾਲੀ ਪਰਕਾਸ਼ ਸਿੰਘ ੨੫ ਬੀ੦ ਬੀ੦, ਮੰਗਤਾ ੨੧ ਬੀ੦ ਬੀ੦
ਸੁਰਜੀਤ ਸਿੰਘ ਬਨਵਾਲੀ, ਗੁਰਦਿਆਲ ਸਿੰਘ, ਪ੍ਰੇਮੀ ਕਨੇਡਾ ✪

ਪੰਜ ਤਤ ਕਹਿਣ ਪ੍ਰਭ ਸਾਡੀ ਤੇਰੇ ਚਰਨ ਕਵਲ ਅਰਜ਼ੋਈ, ਆਰਜ਼ੂ ਆਦਿ ਜੁਗਾਦਿ ਦੇ ਮਾਲਕ ਪੂਰ ਦੇਣੀ ਕਰਾਈਆ । ਪਰਵਰਦਿਗਾਰ ਸਾਂਝੇ ਯਾਰ ਤੇਰੇ ਦਰ ਦਰੋਹੀ, ਹਉਕਾ ਦੇ ਦੇ ਕੂਕ ਕੂਕ ਸੁਣਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡਾ ਸਾਥ ਦੇਵੇ ਨਾ ਕੋਈ, ਸਗਲਾ ਸੰਗ ਨਾ ਕੋਇ ਬਣਾਈਆ । ਪਤਿਪਰਮੇਸ਼ਵਰ ਸਾਡੀ ਪਤ ਗਈ ਖੋਹੀ, ਖ਼ਲਕ ਦੇ ਖ਼ਾਲਕ ਦੇਣੀ ਵਡਿਆਈਆ । ਸਾਡੀ ਆਸ਼ਾ ਬਿਨਾ ਹੰਝੂਆਂ ਧਾਰ ਰੋਈ, ਬਿਨ ਨੈਣਾਂ ਨੀਰ ਵਹਾਈਆ । ਸਾਡੇ ਅੰਤਰ ਨਿਰੰਤਰ ਜਨ ਭਗਤਾਂ ਸੁਰਤ ਉਠਾ ਦੇ ਸੋਈ, ਸੋਵਤ ਜਾਗਤ ਰੂਪ ਦਰਸਾਈਆ । ਸੋ ਆਸਾ ਪੂਰੀ ਕਰ ਦੇ ਜੋ ਵਾਅਦਾ ਕੀਤਾ ਕਬੀਰ ਨਾਲ ਲੋਈ, ਲੋਇਣ ਅੰਦਰੋਂ ਅੱਖ ਖੁਲ੍ਹਾਈਆ । ਝਗੜਾ ਮੇਟ ਦੇ ਪੰਜ ਗਰੋਹੀ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਆਤਮਾ ਪਰਮਾਤਮਾ ਤੇਰੇ ਨਾਲ ਜਾਏ ਛੋਹੀ, ਸ਼ੌਹਰ ਬਾਂਕੇ ਆਪਣਾ ਰੰਗ ਦੇਣਾ ਰੰਗਾਈਆ । ਸਾਡੀ ਦੁਰਮਤ ਮੈਲ ਬਿਨ ਅਠਸਠ ਤੀਰਥ ਜਾਏ ਧੋਈ, ਪਤਤ ਪੁਨੀਤ ਦੇ ਕਰਾਈਆ । ਸਾਡੀ ਲੇਖੇ ਲਾ ਲੈ ਅਵਤਾਰ ਪੈਗ਼ੰਬਰਾਂ ਵਾਲੀ ਪੇਸ਼ੀਨਗੋਈ, ਦਰ ਤੇਰੇ ਮੰਗ
੧੮੬ ਮੰਗਾਈਆ । ਕਲਜੁਗ ਤਕ ਲੈ ਰੈਣ ਅੰਧੇਰੀ ਹੋਈ, ਸਾਚਾ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ੧੮੬
੨੪ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਤਕ ਲੈ ਆਪ, ਆਪਣੀ ਦਇਆ ੨੪
ਕਮਾਈਆ । ਤੂੰ ਆਦਿ ਜੁਗਾਦੀ ਮਾਈ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਸਾਡੇ ਮੇਟ ਰੋਗ ਸੰਤਾਪ, ਸੰਸਾ ਅਵਰ ਰਹੇ ਨਾ ਰਾਈਆ । ਇਕੋ ਤੇਰਾ ਜਪੀਏ ਜਾਪ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਤੂੰ ਸ਼ਹਿਨਸ਼ਾਹ ਕਮਲਾਪਾਤ, ਪਤਿਪਰਮੇਸ਼ਵਰ ਅਗੰਮ ਅਥਾਹੀਆ । ਜੇ ਆਤਮਾ ਤੇਰੀ ਜ਼ਾਤ, ਕਿਉਂ ਤਤਾਂ ਕਰੇਂ ਜੁਦਾਈਆ । ਸਾਡਾ ਜੋੜ ਲੈ ਨਿਰਗੁਣ ਧਾਰ ਨਾਤ, ਮੇਲਾ ਮੇਲਣਾ ਸਹਿਜ ਸੁਭਾਈਆ । ਸਾਡੀ ਅੰਤਮ ਪੁਛੀਂ ਵਾਤ, ਵਕ਼ਤ ਸੁਹੰਜਣਾ ਗਿਆ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਪੰਜ ਤਤ ਕਹਿਣ ਪ੍ਰਭ ਸਚ ਪਿਆਰ ਦੀ ਪਾ ਦੇ ਭਿਖਿਆ, ਭਿਖਕ ਭਿਖਾਰੀ ਮੰਗ ਮੰਗਾਈਆ । ਗੁਣ ਨਿਧਾਨੇ ਦੇ ਦੇ ਸਿਖਿਆ, ਸਾਚੀ ਸਚ ਸਚ ਦ੍ਰਿੜਾਈਆ । ਵਾਅਦਾ ਪੂਰਾ ਕਰ ਦੇ ਜੋ ਕੌਲ ਇਕ਼ਰਾਰ ਨਿਰਅੱਖਰ ਧਾਰ ਲਿਖਿਆ, ਧੁਰ ਦਾ ਹੁਕਮ ਹੁਕਮ ਜਣਾਈਆ । ਬੇਸ਼ਕ ਤੇਰੀ ਸ੍ਰਿਸ਼ਟੀ ਦਿਸੇ ਮਿਥਿਆ, ਦੀਨ ਦੁਨੀ ਰਹਿਣ ਨਾ ਪਾਈਆ । ਤੂੰ ਪਰਮ ਪੁਰਖ ਅਬਿਨਾਸ਼ੀ ਅਚੁਤਿਆ, ਚੇਤਨ ਸਭ ਨੂੰ ਦੇਣਾ ਕਰਾਈਆ । ਸਾਡਾ ਵਕ਼ਤ ਸੁਹਾ ਦੇ ਸੁਹੰਜਣੀ ਕਰ ਦੇ ਰੁਤਿਆ, ਰੁਤੜੀ ਆਪਣੇ ਨਾਲ ਮਹਿਕਾਈਆ । ਤੇਰਾ ਭਗਤ ਸੁਹੇਲਾ ਤੇਰੇ ਰਾਹੋਂ ਜਾਏ ਨਾ ਘੁਥਿਆ, ਫੜ ਬਾਹੋਂ ਲੈਣਾ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਬਖ਼ਸ਼ਣਾ ਧੁਰ ਸੰਜੋਗ, ਵਿਛੋੜਾ ਜਗਤ ਨਾ ਕੋਇ ਰਖਾਈਆ । ਭਸਮੜ ਭੋਗੀਏ ਤੇਰਾ ਭੋਗ, ਭਰਮ ਵਿਚ ਨਾ ਕੋਇ ਭੁਲਾਈਆ ।

ਇਕੋ ਨਾਮ ਨਿਧਾਨ ਦਾ ਬਖ਼ਸ਼ਣਾ ਜੋਗ, ਜੁਗਤੀ ਦੀਨ ਦੁਨੀ ਬਾਹਰ ਸਮਝਾਈਆ । ਸਚਖੰਡ ਨਿਵਾਸੀ ਤੇਰੇ ਦਰ ਤੇ ਮਾਣੀਏ ਮੌਜ, ਮਜਲਸ ਸ਼ਬਦ ਗੁਰੂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਤੇਰੇ ਦਰ ਠਾਂਡੇ ਹੋਏ ਪੇਸ਼, ਪੇਸ਼ੀਨਗੋਈਆਂ ਹੱਥ ਉਠਾਈਆ । ਤੂੰ ਮਾਲਕ ਨਰ ਨਰੇਸ਼, ਨਰਾਇਣ ਨੂਰ ਅਲਾਹੀਆ । ਸਾਡਾ ਸੁਣ ਲੈ ਇਕ ਸੰਦੇਸ਼, ਬਿਨ ਖ਼ਬਰਾਂ ਖ਼ਬਰ ਜਣਾਈਆ । ਜੋ ਸੰਦੇਸ਼ਾ ਦਿਤਾ ਗੋਬਿੰਦ ਦਸ ਦਸਮੇਸ, ਦਹਿ ਦਿਸ਼ਾ ਬਾਹਰ ਸਮਝਾਈਆ । ਪੁਰਖ ਅਕਾਲਾ ਦੀਨ ਦਿਆਲਾ ਜੋਤੀ ਜਾਮਾ ਧਾਰੇ ਭੇਖ, ਭੇਖਾਧਾਰੀ ਆਪਣਾ ਭੇਖ ਵਟਾਈਆ । ਜਿਸ ਦੀ ਨਜ਼ਰ ਨਾ ਆਏ ਮੁੱਛ ਦਾਹੜੀ ਕੋਈ ਕੇਸ, ਮੂੰਡ ਮੁੰਡਾਇਆ ਰੰਗ ਨਾ ਕੋਇ ਵਖਾਈਆ । ਉਹ ਮਾਲਕ ਖ਼ਾਲਕ ਰਹੇ ਸਦਾ ਹਮੇਸ਼, ਹਮਸਾਜਣ ਬੇਪਰਵਾਹੀਆ । ਜੋ ਏਥੇ ਉਥੇ ਨਰ ਨਰੇਸ਼, ਦੋ ਜਹਾਨਾਂ ਹੁਕਮ ਵਰਤਾਈਆ । ਜਿਸ ਦੇ ਮੰਗਤੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਗਣੇਸ਼, ਦਰ ਠਾਂਢੇ ਖ਼ਾਲੀ ਝੋਲੀਆਂ ਬੈਠੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਤੇਰੇ ਅਗੇ ਵਾਸਤਾ, ਵਾਸਤਕ ਭੇਵ ਦੇਣਾ ਖੁਲ੍ਹਾਈਆ । ਇਕੋ ਦੱਸ ਦੇ ਰਾਸਤਾ, ਰਹਿਬਰ ਧੁਰ ਦੇ ਨੂਰ ਅਲਾਹੀਆ । ਖੇਲ ਤਕੀਏ ਤੇਰਾ ਆਤਮਾ ਪਰਮਾਤਮਾ ਵਾਲੀ ਰਾਸ ਦਾ, ਗੋਪੀ ਕਾਹਨ ਨਾਚ ਦੇਣਾ ਜਣਾਈਆ । ਸਾਡਾ ਲਹਿਣਾ ਰਹੇ ਨਾ ਪੂਰਬ ਆਸ ਦਾ, ਤ੍ਰਿਸ਼ਨਾ ਦੇਣੀ ਮਿਟਾਈਆ । ਤੇਰਾ ਰੂਪ
੧੮੭ ਪੁਰਖ ਅਬਿਨਾਸ਼ ਦਾ, ਅਬਿਨਾਸ਼ੀ ਕਰਤਾ ਇਕ ਅਖਵਾਈਆ । ਤੇਰਾ ਖੇਲ ਸਚਖੰਡ ਨਿਵਾਸ ਦਾ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਇਕੋ ੧੮੭
੨੪ ਨੂਰ ਜ਼ਹੂਰ ਤੇਰੀ ਜੋਤ ਪਰਕਾਸ਼ ਦਾ, ਦੀਵਾ ਬਾਤੀ ਅਵਰ ਨਾ ਕੋਇ ਰੁਸ਼ਨਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤ ਸੁਹੇਲੇ ਤੇਰੇ ਵਿਚ ਸੰਸਾਰ, ੨੪
ਸਤਿਗੁਰ ਤੇਰੀ ਓਟ ਤਕਾਈਆ । ਨਿਰਗੁਣ ਹੋ ਕੇ ਨਿਗਾਹ ਮਾਰ, ਬਿਨ ਨੈਣਾਂ ਨੈਣ ਉਠਾਈਆ । ਅਸੀਂ ਕੂਕ ਕੂਕ ਕਰੀਏ ਪੁਕਾਰ, ਪੁਨਹ ਪੁਨਹ ਸੀਸ ਝੁਕਾਈਆ । ਸਾਡਾ ਲਹਿਣਾ ਦੇਣਾ ਕ਼ਰਜ਼ ਉਤਾਰ, ਮਕ਼ਰੂਜ਼ ਤੇਰੇ ਹੱਥ ਵਡਿਆਈਆ । ਤੂੰ ਸ਼ਾਹੋ ਭੂਪ ਸਿਕਦਾਰ, ਸ਼ਹਿਨਸ਼ਾਹ ਅਗੰਮ ਅਥਾਹੀਆ । ਸਾਡੀ ਪੈਜ ਦੇ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਤੂੰ ਕਲ ਕਲਕੀ ਅਵਤਾਰ, ਨਿਹਕਲੰਕ ਤੇਰੀ ਸਰਨਾਈਆ । ਅਮਾਮ ਅਮਾਮਾ ਕਰ ਉਧਾਰ, ਉਦਰ ਦਾ ਲੇਖਾ ਰਹੇ ਨਾ ਰਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵਿਚੋਂ ਕਰ ਲੈ ਬਾਹਰ, ਦਰਗਾਹ ਸਚ ਸਚ ਟਿਕਾਈਆ । ਜਿਥੇ ਤੇਰਾ ਇਕੋ ਹੋਵੇ ਦੀਦਾਰ, ਦਰਸ਼ਨ ਦੀਦ ਦੀਦ ਕਰ ਖ਼ੁਸ਼ੀ ਮਨਾਈਆ । ਇਕੋ ਗ੍ਰਿਹਿ ਹੋਵੇ ਘਰ ਬਾਹਰ, ਦੂਜਾ ਨਜ਼ਰ ਕੋਇ ਨਾ ਆਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤ ਸੁਹੇਲੇ ਤੇਰੇ ਮਿਤਰ ਮੁਰਾਰ, ਸਾਜਣ ਮੀਤ ਤੇਰੀ ਬੇਪਰਵਾਹੀਆ । ਸਾਡੀ ਕਲਜੁਗ ਅੰਤ ਦੀਨ ਦੁਨੀ ਵਿਚੋਂ ਪੈਜ ਸਵਾਰ, ਭਵਜਲ ਲੇਖਾ ਰਹੇ ਨਾ ਰਾਈਆ । ਪਰਮ ਪੁਰਖ ਪਰਮਾਤਮ ਸਾਡੀ ਮਨਜ਼ੂਰ ਕਰੀਂ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹੋ ਭੂਪ ਸਚੀ ਸਰਕਾਰ, ਸ਼ਹਿਨਸ਼ਾਹ ਸ਼ਾਹ ਤੇਰੀ ਸਰਨਾਈਆ ।

## ✪ ੨੬ ਪੋਹ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਦੁਪਹਿਰ ਨੂੰ ਛੱਤੀ ਦੇਗਾਂ ਚਾਵਲਾਂ ਦੀਆਂ ਬਣਾਉਣ ਸਮੇਂ ✪

ਛੱਬੀ ਪੋਹ ਕਹੇ ਮੇਰਾ ਮਾਲਕ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਅਗੰਮ ਅਥਾਹੀਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅਸੀਂ ਵੇਖਣਾ ਖੇਲ ਤਮਾਸ਼, ਚਾਰ ਜੁਗ ਦਾ ਪੂਰਬ ਲੇਖਾ ਨਾਲ ਮਿਲਾਈਆ । ਸਦੀ ਚੌਧਵੀਂ ਕਹੇ ਮੇਰੇ ਅੰਤਰ ਅਗੰਮੀ ਆਸ, ਬਿਨ ਸ਼ਰਅ ਜਗਤ ਸ਼ਨਵਾਈਆ । ਮੈਂ ਦੀਨ ਦੁਨੀ ਤਕੀ ਉਦਾਸ, ਸਾਂਤਕ ਸਤਿ ਨਾ ਕੋਇ ਵਰਤਾਈਆ । ਮੈਨੂੰ ਸੰਦੇਸ਼ਾ ਦੇਵੇ ਸ਼ੰਕਰ ਉਤੋਂ ਕੈਲਾਸ਼, ਜਟਾ ਜੂਟ ਰਿਹਾ ਸੁਣਾਈਆ । ਕਲਜੁਗ ਵਕ਼ਤ ਸੁਹੰਜਣਾ ਨੌ ਖੰਡ ਪ੍ਰਿਥਮੀ ਬੁਤਖ਼ਾਨਿਆਂ ਵਾਲੀ ਤਕ ਲੈ ਲਾਸ਼, ਮੁਹੰਮਦ ਮਕ਼ਬਰਾ ਨਾਲ ਮਿਲਾਈਆ । ਜਿਸ ਦੇ ਅੰਤਰ ਨਿਰੰਤਰ ਇਕੋ ਨੂਰ ਨੂਰ ਪਰਕਾਸ਼, ਜੋਤੀ ਜਾਤਾ ਰਿਹਾ ਦਰਸਾਈਆ । ਸਾਰੇ ਇਕੱਠੇ ਹੋ ਕੇ ਕਹਿਣ ਸਤਿਗੁਰ ਸ਼ਬਦ ਦਾ ਸਦੀ ਚੌਧਵੀਂ ਦਾ ਬਣਿਆ ਹੋਵੇ ਲਿਬਾਸ, ਸੋਹਣਾ ਰੂਪ ਦਰਸਾਈਆ । ਇਹ ਵਕ਼ਤ ਸੁਹੰਜਣਾ ਜੁਗ ਚੌਕੜੀ ਪਿਛੋਂ ਖ਼ਾਸ, ਖ਼ਾਲਸ ਆਪਣਾ ਭੇਵ ਚੁਕਾਈਆ । ਬ੍ਰਹਿਮੰਡ ਖੰਡ ਪ੍ਰਿਥਮੀ ਆਕਾਸ਼ ਪਾਤਾਲ ਗਗਨ ਗਗਨੰਤਰ ਪਾਵਣ ਰਾਸ, ਦੋ ਜਹਾਨ ਖ਼ੁਸ਼ੀਆਂ ਨਾਚ ਨਚਾਈਆ । ਜਿਸ ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਸਭ ਨੂੰ ਦੇਣੀ ਸ਼ਾਬਾਸ਼, ਸ਼ਹਿਨਸ਼ਾਹ ਹੋ ਕੇ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਚੁਕਾਈਆ । ਛੱਬੀ ਪੋਹ ਕਹੇ ਮੇਰੀ ਆਸਾ ਅਗੰਮੀ, ਨਿਰਅੱਖਰ ਧਾਰ ਜਣਾਈਆ । ਜਿਹੜੀ ਖ਼ਾਹਿਸ਼ ਚਾਰ ਜੁਗ ਕਿਸੇ ਅੰਤਰ ਮੂਲ ਨਾ ਜੰਮੀ, ਰਸਨਾ ਜਿਹਵਾ ਨਾ ਕੋਇ ਵਡਿਆਈਆ । ਮੇਰੀ ਬਿਰਹੁ ਵੈਰਾਗ ਤੋਂ ਬਾਹਰ ਇਕ ਤਮੀ, ਲਾਲਚ ਨਿਰਗੁਣ ਧਾਰ ਜਣਾਈਆ । ਜੋ ਨਾਨਕ ਧਾਰ ਛੱਤੀਵੇਂ ਜੁਗ ਦੀ ਵੇਖੀ ਕਮੀ, ਅੱਖਰ ਵਾਹਿਗੁਰੂ ਸ਼ਬਦ ਸ਼ਹਾਦਤ ਇਕ ਭੁਗਤਾਈਆ । ਜਿਸ ਨੂੰ ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਗਾਇਆ ਮੂਲ ਨਾ ਦਮੀ, ਦਾਮਨਗੀਰ ਨਾ ਕੋਇ ਅਖਵਾਈਆ । ਉਸ ਦੀ ਦੂਰ ਕਰਨੀ ਦਰਦ ਧਾਰ ਦੀ ਗ਼ਮੀ, ਗ਼ਮਖ਼ਾਰ ਹੋ ਕੇ ਵੇਖ ਵਖਾਈਆ । ਇਹ ਰਸਮ ਜਗਤ ਜਹਾਨ ਤੋਂ ਨਵੀਂ, ਨੌ ਖੰਡ ਪ੍ਰਿਥਮੀ ਸਤ ਦੀਪ ਦੀਪ ਸਮਝਾਈਆ । ਜਿਸ ਦਾ ਲਹਿਣਾ ਦੇਣਾ ਨਾਲ ਅਵਤਾਰ ਚਵੀ, ਚੌਬੀਸਾ ਹਰਿ ਜਗਦੀਸਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੇਰੀ ਕ਼ਦਮ ਬੋਸੀ ਜ਼ਲ ਬਵਮ ਤੂਜ਼ੇ ਜ਼ਵੀ ਅਰਸ਼ੋ ਨੁਜ਼ਾ ਕੂਜ਼ੇ ਖ਼ੁਦਾ ਲਾਵਲਜ਼ਲੀ ਜਾਬਵਮਾਏ ਤੋਊ ਤੋਜ਼ੂ ਜ਼ਵਿਕਤੀ ਜਾਹਿਦਾਉਲਸ਼ੀ ਨੂਰੇ ਖ਼ੁਦਾ ਮਿਹਰਵਾਨ ਮਹਿਬਾਨ ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਮੁਹੱਬਤੇ ਵਜ਼ੂ ਖ਼ੁਦਾਏ ਰਵੂ ਦੁਆਏ ਅਜ਼ੂ ਬਿਨ ਰਸਨਾ ਜ਼ਬਾਂ ਜਬਰਾਈਲ ਬਾਵਗਲ ਜ਼ਵਲੀ ਜਾਮਸਤੋ ਤਾਨੀਜ਼ੇ ਜ਼ਹਮ ਮੁਹੰਮਦ ਜ਼ੁਵਾਏ ਅਰਸ਼ੇ ਨੁਰਾਏ ਫ਼ਰਸ਼ੇ ਖ਼ੁਦਾਏ ਖ਼ੁਦ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਹੁਕਮ ਇਕ ਵਰਤਾਈਆ । ਸਦੀ ਚੌਧਵੀਂ ਕਹੇ ਮੇਰੇ ਧੁਰ ਦੇ ਪਰਵਰਦਿਗਾਰਾ, ਯਾਮਬੀਨ ਤੇਰੀ ਸਰਨਾਈਆ । ਜੇ ਨਿਰਗੁਣ ਧਾਰ ਨਾਨਕ ਤੇਰਾ ਪਿਆਰਾ, ਸਰਗੁਣ ਤਤ ਵਜੇ ਵਧਾਈਆ । ਜਿਸ ਦਾ ਖੇਲ ਸਦਾ ਜੁਗ ਚਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਈਆ । ਮੇਰੀ ਨਮੋ ਨਮੋ ਨਿਮਸਕਾਰਾ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ

ਝੁਕਾਈਆ । ਮੈਂ ਚਾਹੁੰਦੀ ਮੇਰੇ ਲਿਬਾਸ ਵਿਚ ਅੱਜ ਤੋਂ ਹੋ ਜ਼ਾਹਰਾ, ਜ਼ਾਹਰ ਜ਼ਹੂਰ ਦੇ ਕਰ ਰੁਸ਼ਨਾਈਆ । ਫੇਰ ਵੇਖਣਾ ਖੇਲ ਵਿਚ ਕਾਹਿਰਾ, ਕਾਅਬਿਆਂ ਪਰੇ ਕੀ ਤੇਰਾ ਲੇਖਾ ਧੁਰ ਦੇ ਮਾਹੀਆ । ਮੈਂ ਚਾਹੁੰਦੀ ਹਜ਼ਰਤ ਦੀ ਆਸਾ ਮੁਤਾਬਿਕ ਗੋਬਿੰਦ ਦੀ ਧਾਰ ਜੇ ਖੇਲਿਆ ਖੇਲ ਦੁਬਾਰਾ, ਦੋਹਰਾ ਰੰਗ ਰੰਗਾਈਆ । ਮੈਂ ਤੇਰੇ ਲਿਬਾਸ ਵਿਚ ਸ਼ਾਹੋ ਸ਼ਾਬਾਸ਼ ਸਜਦਾ ਕਰਾਂ ਇਕ ਵਾਰਾ, ਏਕੰਕਾਰ ਤੇਰੀ ਓਟ ਰਖਾਈਆ । ਜਨ ਭਗਤਾਂ ਅਗੇ ਕਰਾਂ ਪੁਕਾਰਾ, ਨਿਵ ਨਿਵ ਸੀਸ ਝੁਕਾਈਆ । ਮੇਰੇ ਮਾਲਕ ਸਭ ਦਾ ਲੇਖਾ ਤਕ ਤਕ ਆਪਣੇ ਕਿਨਾਰਾ, ਕੰਢਾ ਘਾਟ ਜਗਤ ਨਾ ਕੋਇ ਰਖਾਈਆ । ਤੇਰਾ ਲਿਬਾਸ ਸ਼ਾਹੋ ਸ਼ਾਬਾਸ਼ ਚੌਦਾਂ ਤਬਕ ਬਿਨਾ ਅਲਿਫ਼ ਯੇ ਤੋਂ ਹੋਵੇ ਜ਼ਾਹਿਰਾ, ਬਿਨ ਅੱਖਰਾਂ ਅੱਖਰ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਪਰਦਾ ਧੁਰ ਦੇ ਮਾਲਕ ਦੇਣਾ ਉਠਾਈਆ ।

## ✪ ਫਿਰ ਸਦੀ ਚੌਧਵੀਂ ਦਾ ਲਿਬਾਸ ਪਾ ਕੇ ਦੁਬਾਰਾ ਵਿਹਾਰ ਹੋਇਆ ✪

੧੮੯
੨੪
੧੮੯
੨੪

ਧਰਨੀ ਕਹੇ ਮੈਂ ਜੁਗ ਜੁਗ ਰਖਦੀ ਰਹੀ ਉਡੀਕਾਂ, ਬਿਨ ਆਸਾ ਜਗਤ ਰਖਾਈਆ । ਛੱਬੀ ਪੋਹ ਸੁਹੰਜਣੀ ਹੋਵੇ ਤਾਰੀਖ਼ਾ, ਸੰਮਤ ਸ਼ਹਿਨਸ਼ਾਹੀ ਨਾਲ ਮਿਲਾਈਆ । ਉਠ ਨਿਗਾਹ ਮਾਰ ਲੈ ਬਾਲਮੀਕਾ, ਬਟਵਾਰਿਆ ਧਿਆਨ ਲਗਾਈਆ । ਆਹ ਜ਼ਿਮੀਂ ਵੇਖ ਲੈ ਜਿਥੇ ਮਾਰੀਆਂ ਲੀਕਾਂ, ਬਿਨਾ ਰਾਮ ਤੋਂ ਦਿਤੀ ਰਾਮ ਦੁਹਾਈਆ । ਜਿਸ ਮਾਲਕ ਵਿਚ ਹਕ ਤੌਫ਼ੀਕਾ, ਨੂਰ ਨੁਰਾਨਾ ਨੂਰ ਅਲਾਹੀਆ । ਉਹ ਤੇਰੀਆਂ ਕਰਨ ਆਇਆ ਤਸਦੀਕਾਂ, ਸ਼ਹਾਦਤ ਭਗਤਾਂ ਵਾਲੀ ਭੁਗਤਾਈਆ । ਚੜ੍ਹਦਾ ਲਹਿੰਦਾ ਦੱਖਣ ਪਹਾੜ ਵੇਖ ਲੈ ਚਾਰੋਂ ਕੁੰਟ ਨਿਕਲਣੀਆਂ ਚੀਕਾਂ, ਚੀਕ ਚਿਹਾੜਾ ਜਗਤ ਲੋਕਾਈਆ । ਉਹ ਵਕਤ ਸੁਹੰਜਣਾ ਹੋ ਗਿਆ ਠੀਕਾ, ਜੋ ਠਾਕਰ ਬ੍ਰਾਹਮਣ ਗੌੜੇ ਨਾਲ ਵਡਿਆਈਆ । ਬਾਵਨ ਖੇਲ ਖੇਲਿਆ ਬਣ ਕੇ ਨੀਕਨ ਨੀਕਾ, ਬਲ ਦੇਵਣਹਾਰ ਗਵਾਹੀਆ । ਜੋ ਮਾਲਕ ਖ਼ਾਲਕ ਲੱਖ ਚੁਰਾਸੀ ਜੀਵ ਜੀਅ ਕਾ, ਚਾਰੇ ਖਾਣੀ ਚਾਰੇ ਬਾਣੀ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਬਾਲਮੀਕੀ ਵੇਖ ਲੈ ਆਪਣਾ ਬੁਢੇਪਾ, ਨੱਢਿਆ ਰੂਪ ਜਣਾਈਆ । ਧੁਰ ਦੇ ਰਾਮ ਦਾ ਤਕ ਲੈ ਪੇਚਾ, ਪੇਸ਼ੀਨਗੋਈ ਨਾਲ ਰਖਾਈਆ । ਜੋ ਤੇਰੇ ਪਿਆਰ ਵਿਚ ਮਿਤਰਾ ਆਇਆ ਉਚੇਚਾ, ਨਿਰਗੁਣ ਆਪਣਾ ਰੂਪ ਬਦਲਾਈਆ । ਉਹ ਸਮਾਂ ਰਖ ਲੈ ਚੇਤਾ, ਚੇਤਨ ਹੋ ਕੇ ਰਿਹਾ ਦ੍ਰਿੜਾਈਆ । ਜਿਸ ਵੇਲੇ ਮੂਧਾ ਪੈ ਕੇ ਵਿਚ ਖੇਤਾ, ਖਤਰੀ ਬ੍ਰਾਹਮਣ ਸ਼ੂਦਰ ਵੈਸ਼ ਤੋਂ ਬਾਹਰ ਧਿਆਨ ਲਗਾਈਆ । ਨਾਲੇ ਇਕੋ ਮੰਨਿਆ ਨੇਤਾ, ਨਰ ਨਿਰੰਕਾਰ ਸੀਸ ਝੁਕਾਈਆ । ਜਿਸ ਹਸ ਕੇ ਕਿਹਾ ਬਟਵਾਰਿਆ ਨੀਚਾ ਮੇਰਾ ਨੀਚੀ ਜ਼ਾਤ ਨਾਲ ਠੇਕਾ, ਰਵੀਦਾਸ ਫਿਰ ਤੇਰੇ ਨਾਲ ਮਿਲਾਈਆ । ਜਿਨ੍ਹਾਂ ਪਿਛੇ ਗੋਬਿੰਦ ਨੇ ਬੱਚੇ ਕਰਨੇ ਭੇਟਾ, ਸੁਤ ਨੀਹਾਂ ਹੇਠ ਦਬਾਈਆ । ਫਿਰ ਪੁਰਖ ਅਕਾਲਾ ਦੀਨ ਦਿਆਲਾ ਬਣ ਕੇ ਆਵੇ ਖੇਵਟ ਖੇਟਾ, ਧੁਰ ਮਲਾਹ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਬਾਲਮੀਕ ਨੇ ਮੰਨ ਕੇ ਇਕੋ ਪਤੀ, ਪੱਤ ਟਹਿਣੀ ਜੰਗਲਾਂ ਵਾਲੀ ਮੁਖ ਵਿਚ ਪਾਈਆ । ਆਪਣੀ ਹਵਸ ਰਖੀ ਨਾ ਰਤੀ, ਤਮੰਨਾ ਜਗਤ ਨਾ ਕੋਇ ਜਣਾਈਆ । ਫੇਰ

ਨੈਣ ਮੂੰਦ ਕੇ ਚਾਰੋਂ ਕੁੰਟ ਤਕਿਆ ਸਭ ਦਾ ਮਾਲਕ ਕਮਲਾਪਤੀ, ਪਤਿਪਰਮੇਸ਼ਵਰ ਅਗੰਮ ਅਥਾਹੀਆ । ਉਸ ਵੇਲੇ ਏਸ ਧਰਤੀ ਵਿਚੋਂ ਆਵਾਜ਼ ਆਈ
ਨਾਨਕ ਨਿਰਗੁਣ ਧਾਰ ਆਉਣਾ ਜਿਸ ਨੇ ਭੇਵ ਖੁਲ੍ਹਾਉਣਾ ਜੁਗ ਛੱਤੀ, ਛਤੀਸਾ ਧਾਰ ਵਡਿਆਈਆ । ਜਿਸ ਦੀ ਜੋਤ ਗੋਬਿੰਦ ਧਾਰ ਹੋਣੀ ਬੱਤੀ,
ਦੋ ਜਹਾਨ ਕਰੇ ਰੁਸ਼ਨਾਈਆ । ਜਿਸ ਵਿਚ ਫ਼ਰਕ ਹੋਣਾ ਨਹੀਂ ਰਤੀ, ਭੇਵ ਅਭੇਦਾ ਦਿਤਾ ਸਮਝਾਈਆ । ਬਾਲਮੀਕ ਫੇਰ ਮੀਟ ਕੇ ਅੱਖੀ, ਬਿਨ
ਅੱਖੀਆਂ ਅੱਖ ਖੁਲ੍ਹਾਈਆ । ਰਾਮ ਸੀਆ ਤੋਂ ਬਾਦ ਤਕ ਲਈ ਕਾਹਨ ਦੀ ਸਖ਼ੀ, ਸਖ਼ਾਵਤ ਵਿਚ ਬਖ਼ਸ਼ੀ ਧੁਰਦਰਗਾਹੀਆ । ਕਲਮੇ ਧਾਰ ਸੁਣੀ
ਸੁਮਤੀ, ਅੱਖਰ ਅੱਖਰਾਂ ਵਿਚੋਂ ਬਦਲਾਈਆ । ਕਲਜੁਗ ਦੀ ਖੇਲ ਵੇਖੀ ਦੀਨ ਦੁਨੀਆ ਅਗਨੀ ਤਪੀ, ਸਾਂਤਕ ਸਤਿ ਨਾ ਕੋਇ ਕਰਾਈਆ । ਜਾਂ
ਨਿਗਾਹ ਮਾਰੀ ਸਦੀ ਚੌਧਵੀਂ ਫਿਰੇ ਭਜਦੀ ਟੱਪੀ, ਆਪਣਾ ਪੰਧ ਮੁਕਾਈਆ । ਸਤਿ ਧਰਮ ਦੀ ਧਾਰ ਵੇਖੀ ਛਪੀ, ਨੂਰੀ ਚੰਦ ਨਾ ਕੋਇ ਰੁਸ਼ਨਾਈਆ ।
ਉਸ ਵਕਤ ਧੁਰ ਦੇ ਰਾਮ ਖ਼ਬਰ ਅਗੰਮੀ ਦੱਸੀ, ਦਹਿ ਦਿਸ਼ਾ ਤੋਂ ਬਾਹਰ ਦਿਤਾ ਦ੍ਰਿੜਾਈਆ । ਭਗਤਾਂ ਅੰਦਰ ਮੇਰੀ ਧਾਰ ਭਗਤਾਂ ਦੇ ਪਿਆਰ
ਵਿਚ ਹੋਵੇ ਵਸੀ, ਦੂਜਾ ਘਰ ਨਜ਼ਰ ਕੋਇ ਨਾ ਆਈਆ । ਸ਼ਬਦ ਦੀ ਡੋਰੀ ਹੋਵੇ ਰੱਸੀ, ਬੰਧਨ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਦਾ ਆਪ ਚੁਕਾਈਆ । ਬਾਲਮੀਕ ਨੇ ਮੱਥੇ ਨੂੰ ਲਾਈ ਧਰਤੀ ਐਸ ਦੀ
ਧੂੜੀ, ਖ਼ੁਸ਼ੀਆਂ ਖ਼ਾਕ ਰਮਾਈਆ । ਮੁਖ ਪੱਲਾ ਪਾ ਕੇ ਕਿਹਾ ਮੇਰੀ ਤ੍ਰਿਸ਼ਨਾ ਅੰਦਰੋਂ ਰਹੇ ਨਾ ਕੂੜੀ, ਕੂੜੀ ਕਿਰਿਆ ਨਾ ਕੋਇ ਵਡਿਆਈਆ ।
੧੯੦ ਮੈਂ ਮੂਰਖ ਤੇਰਾ ਮੂੜ੍ਹੀ, ਦੇਣੀ ਮਾਣ ਵਡਿਆਈਆ । ਮੈਨੂੰ ਰੰਗਣ ਚਾੜ੍ਹਨੀ ਬਿਨਾ ਰੰਗ ਤੋਂ ਗੂੜ੍ਹੀ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਉਸ ੧੯੦
੨੪ ਵੇਲੇ ਮੈਨੂੰ ਭਗਤ ਬਣਾਵੀਂ ਸੰਤ ਬਣਾਵੀਂ ਮੈਂ ਤੇਰੀ ਕਰਾਂ ਮਸ਼ਹੂਰੀ, ਪੜਦਾ ਅੱਖੀਆਂ ਉਤੇ ਰਖਾਈਆ । ਨਾਤਾ ਵੇਖੀਂ ਦੀਨ ਦੁਨੀ ਕੂੜੀ, ਕੂੜ ਕੁਟੰਬ ੨੪
ਬਣੇ ਜਗਤ ਲੋਕਾਈਆ । ਮੇਰੇ ਰਾਮ ਰਾਮਾ ਤੇਰਾ ਪੰਧ ਰਹੇ ਨਾ ਦੂਰੀ, ਦੂਰ ਦੁਰਾਡੇ ਮਿਲਣਾ ਧੁਰ ਦੇ ਮਾਹੀਆ । ਮੇਰਾ ਲੇਖਾ ਤੇਰੇ ਨਾਲ ਹੋਵੇ
ਜ਼ਰੂਰੀ, ਜ਼ਰੂਰਤ ਅਗਲੀ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ
ਹੋਣਾ ਸਹਾਈਆ । ਬਾਲਮੀਕ ਬਿਨ ਹੱਥਾਂ ਕੀਤੀ ਨਿਮਸਕਾਰ, ਬਿਨ ਡੰਡਾਵਤ ਡੰਡਾਵਤ ਜਣਾਈਆ । ਵਾਹ ਮੇਰੇ ਧੁਰ ਦੇ ਮਿਤਰ ਮੁਰਾਰ, ਤੇਰੀ
ਬੇਪਰਵਾਹੀਆ । ਮੈਂ ਕਲਜੁਗ ਵੇਖਣਾ ਚਾਹੁੰਦਾ ਤੇਰੀ ਬਹਾਰ, ਰੁਤੜੀ ਤੇਰੇ ਨਾਲ ਮਹਿਕਾਈਆ । ਤੇਰੀ ਗੁਲਸ਼ਨ ਵੇਖਾਂ ਗੁਲਜ਼ਾਰ, ਧਰਨੀ ਉਤੇ
ਧਿਆਨ ਲਗਾਈਆ । ਉਸ ਵੇਲੇ ਬੇਸ਼ਕ ਤੇਈ ਹੋ ਜਾਣ ਅਵਤਾਰ, ਪੈਗੰਬਰ ਗੁਰੂ ਆਪਣਾ ਪੰਧ ਮੁਕਾਈਆ । ਸਾਰਿਆਂ ਸੰਦੇਸ਼ਾ ਦੇਣਾ ਵਾਰੋ ਵਾਰ,
ਪੇਸ਼ੀਨਗੋਈਆਂ ਭਵਿਖਤਾਂ ਨਾਲ ਜਣਾਈਆ । ਨਾਲੇ ਬਾਲਮੀਕ ਨੇ ਤਾੜੀ ਮਾਰੀ ਜੇ ਆਵੇਂ ਤੇ ਆਵੀਂ ਬਣ ਕਲ ਕਲਕੀ ਅਵਤਾਰ, ਕਲਾ ਦਿਆ
ਮਾਲਕਾ ਸੋਲਾਂ ਕਲਾ ਤੇਰੀਆਂ ਕੰਮ ਕਿਸੇ ਨਾ ਆਈਆ । ਨੌਂ ਖੰਡ ਪ੍ਰਿਥਮੀ ਸਤ ਦੀਪ ਬਣੀਂ ਸਭ ਦਾ ਸਾਂਝਾ ਯਾਰ, ਮਿਤਰ ਪਿਆਰਾ ਇਕ ਅਖਵਾਈਆ ।
ਸਾਂਝਾ ਬਣਾਈਂ ਇਕ ਦੁਆਰ, ਜਿਥੇ ਦੁਆਰਕਾ ਵਾਸੀ ਬੈਠੇ ਸੀਸ ਨਿਵਾਈਆ । ਇਕੋ ਨਾਮ ਕਰੀਂ ਜੈਕਾਰ, ਇਕੋ ਸ਼ਬਦ ਸ਼ਬਦ ਸ਼ਨਵਾਈਆ ।
ਨਾਲੇ ਰੋ ਕੇ ਹਸ ਕੇ ਦੋਹਾਂ ਦੀ ਧਾਰ ਵਿਚ ਬਾਲਮੀਕ ਨੇ ਕਿਹਾ ਜਿੰਨਾਂ ਚਿਰ ਪ੍ਰਭੂ ਮੇਰਿਆ ਸਾਂਝਾ ਕਰੇਂ ਨਾ ਜਗਤ ਵਾਲਾ ਆਹਾਰ, ਖਾਣਾ ਪੀਣਾ
ਜਗਤ ਨਾ ਰੰਗ ਰੰਗਾਈਆ । ਤੇਰਾ ਖੇਲ ਉਸ ਵੇਲੇ ਤਕਾਂ ਜਿਸ ਵੇਲੇ ਛੱਤੀ ਰਾਗ ਸੰਦੇਸ਼ਾ ਦੇ ਚੁਕਣ ਤੇ ਕੂਕਣ ਕੂਕ ਪੁਕਾਰ, ਦਰੋਹੀ ਦਰੋਹੀ

ਦਰੋਹੀ ਤੇਰੀ ਦੁਹਾਈਆ । ਤੇਰਾ ਖੇਲ ਹੋਵੇ ਇਸ ਧਰਨੀ ਉਤੇ ਜਿਥੇ ਮੈਂ ਕੀਤੀ ਗਿਰਿਆਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਧੁਰ ਦਾ ਹੁਕਮ ਹੋਇਆ ਸ਼ਬਦ ਸੰਦੇਸ਼ਾ ਦਿਤਾ ਸਚੀ ਸਰਕਾਰ, ਸਤਿ ਸਤਿ ਸਤਿ ਨਾਲ ਸਮਝਾਈਆ । ਮੈਂ ਆਵਾਂ ਨਿਰਗੁਣ ਸਰਗੁਣ ਨਾਨਕ ਧਾਰ ਤੋਂ ਬਾਹਰ, ਬੇਐਬ ਨੂਰ ਨੁਰਾਨਾ ਨੂਰ ਅਲਾਹੀਆ । ਸਭ ਦਾ ਲਹਿਣਾ ਦੇਣਾ ਕ਼ਰਜ਼ਾ ਦਿਆਂ ਉਤਾਰ, ਮੁਹੰਮਦ ਦੀ ਆਸ਼ਾ ਨਾਲ ਜੁੜਾਈਆ । ਸਦੀ ਚੌਧਵੀਂ ਤੇਰੇ ਕ਼ਦਮਾਂ ਵਿਚ ਰੋਵੇ ਹੋਵੇ ਬੇਜ਼ਾਰ, ਗਿਰਿਆਜ਼ਾਰੀ ਵਿਚ ਦੁਹਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਵਰਨ ਅਠਾਰਾਂ ਬਰਨ ਚਾਰੇ ਖਾਣੀ ਚਾਰੇ ਬਾਣੀ ਨਾਮ ਕਲਮਿਆਂ ਦੇਣਾ ਉਧਾਰ, ਭਗਤਾਂ ਉਦਰ ਦਾ ਲੇਖਾ ਦੇਣਾ ਮੁਕਾਈਆ । ਉਸ ਵੇਲੇ ਤੇਰਾ ਰੂਪ ਅਗੰਮਾ ਹੋਵੇ ਨਰ ਨਿਰੰਕਾਰ, ਨਰ ਨਰਾਇਣ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਸੰਗ ਆਪ ਰਖਾਈਆ । ਧਰਨੀ ਕਹੇ ਮੇਰਾ ਅੰਤ ਅਖ਼ੀਰੀ ਇਕ ਸੁਆਲ, ਮੈਂ ਨੈਣਾਂ ਨੀਰ ਵਹਾ ਕੇ ਦਿਆਂ ਸੁਣਾਈਆ । ਮੇਰੇ ਸ਼ਹਿਨਸ਼ਾਹ ਮੈਂ ਹੋਈ ਕੰਗਾਲ, ਕਮਲੀ ਕੋਝੀ ਰੋਵਾਂ ਮਾਰਾਂ ਧਾਹੀਆ । ਮੇਰੇ ਉਤੇ ਧਰਮ ਦਾ ਰਿਹਾ ਨਾ ਕੋਇ ਦਲਾਲ, ਵਿਚੋਲਾ ਸਚ ਮਿਲਣ ਕੋਇ ਨਾ ਪਾਈਆ । ਹਕ਼ੀਕ਼ਤ ਦਿਸੇ ਨਾ ਹਕ ਹਲਾਲ, ਅਮਲਾਂ ਵਿਚ ਨਾ ਦਿਸੇ ਲੋਕਾਈਆ । ਪਵਿਤ੍ਰ ਦਿਸੇ ਨਾ ਕੋਈ ਧਰਮਸਾਲ, ਕਾਅਬੇ ਕੂਕ ਕੂਕ ਦੇਣ ਦੁਹਾਈਆ । ਮੇਰੀ ਬੇਨੰਤੀ ਇਕੋ ਇਕ ਤੇਰਾ ਤਕਾਂ ਜਲਵਾਗਰ ਨੂਰ ਜਲਾਲ, ਜ਼ਹੂਰ ਤੇਰਾ ਵੇਖ ਵਖਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਆਸਾ ਨਾਲ ਤੂੰ ਖੇਲ ਕਰ ਕਮਾਲ, ਕਮਲਾਪਾਤੀ ਆਪਣਾ ਰੰਗ ਰੰਗਾਈਆ । ਮੈਂ ਚਾਹੁੰਦੀ ਜਨ ਭਗਤਾਂ ਸੰਤਾਂ ਸੂਫ਼ੀ ਫ਼ਕੀਰਾਂ ਦਰਵੇਸ਼ਾਂ ਜਗਿਆਸੂਆਂ ਸੰਸਾਰੀਆਂ ਇਕੋ ਭੋਜਨ ਦੇਣਾ ਖੁਆਲ, ਖ਼ਾਲਕ ਆਪਣਾ ਰੰਗ ਚੜ੍ਹਾਈਆ । ਜੋ ਚਾਰ ਜੁਗ ਦੇ ਵਿਛੜੇ ਲਏ ਭਾਲ, ਮੇਲ ਮੇਲਿਆ ਸਹਿਜ ਸੁਭਾਈਆ । ਛਤੀ ਦੇਗਾਂ ਨਹੀਂ ਜਨ ਭਗਤਾਂ ਦਾ ਮਹਿਕਿਆ ਪੱਤ ਟਹਿਣੀ ਡਾਲ੍ਹ, ਮਹਿਕ ਦੋ ਜਹਾਨ ਵਖਾਈਆ । ਇਸ ਦਾ ਲੇਖਾ ਬੇਮਿਸਾਲ, ਛੱਬੀ ਪੋਹ ਦੀ ਰੈਣ ਕਹੇ ਮੈਂ ਗਾਵਾਂ ਚਾਈਂ ਚਾਈਂਆ । ਬਾਲਮੀਕ ਬਟਵਾਰਿਆ ਪਾਲ ਸਿੰਘਾ ਉਠ ਕੇ ਸਭ ਨੂੰ ਕਹਿ ਦੇ ਜਨ ਭਗਤੋ ਦੇਗਾਂ ਥੱਲੇ ਅੱਗ ਦਿਉ ਬਾਲ, ਮਾਚਸ ਖ਼ੁਸ਼ੀਆਂ ਨਾਲ ਲਗਾਈਆ । ਅਗੇ ਵਾਸਤੇ ਜਨਮ ਮਰਨ ਦਾ ਖਾਣ ਪੀਣ ਦਾ ਸਭ ਦਾ ਹਲ ਹੋਇਆ ਸਵਾਲ, ਤ੍ਰਿਸ਼ਨਾ ਕੂੜ ਨਾ ਕੋਇ ਰਖਾਈਆ । ਜੈਕਾਰੇ ਬੋਲੋ ਇੱਕੀ ਬਣ ਕੇ ਧੁਰ ਦੇ ਲਾਲ, ਲਾਲਨ ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤੋ ਤੁਹਾਡੀ ਲੇਖੇ ਲਾਵੇ ਘਾਲ, ਅਗੇ ਘਾਲ ਘਾਲਣ ਦੀ ਲੋੜ ਰਹੇ ਨਾ ਰਾਈਆ ।

## ✪ ੨੬ ਪੋਹ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਛੱਬੀ ਪੋਹ ਕਹੇ ਜਨ ਭਗਤੋ ਸਤਿਗੁਰ ਸ਼ਬਦ ਦਾ ਹੁਕਮ ਕਹਿਣਾ, ਜੋ ਪੁਰਖ ਅਕਾਲਾ ਦੀਨ ਦਿਆਲਾ ਰਿਹਾ ਜਣਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਸਭ ਨੇ ਖ਼ੁਸ਼ੀਆਂ ਨਾਲ ਬਹਿਣਾ, ਅੰਤਰ ਨਿਰੰਤਰ ਇਕ ਧਿਆਨ ਲਗਾਈਆ । ਹੱਥ ਜੋੜ ਕੇ ਦਰਸ਼ਨ ਕਰ ਲਓ ਆਪਣੇ ਨੈਣਾਂ, ਨੇਤਰ ਸਤਿਗੁਰ ਅੱਖ ਮਿਲਾਈਆ । ਫੇਰ ਤਕ ਲਓ ਹਰਿ ਸੰਗਤ ਭਾਈ ਭੈਣਾਂ, ਦੂਜਾ ਨਜ਼ਰ ਕੋਇ ਨਾ ਆਈਆ । ਚਾਰ ਜੁਗ ਦੇ ਮਿਤਰੋ ਅੱਜ ਲੈ

ਲਓ ਆਪਣਾ ਲਹਿਣਾ, ਲੇਖਾ ਪੂਰਬ ਝੋਲੀ ਪਾਈਆ । ਸਤਿ ਧਰਮ ਦਾ ਤਨ ਵਜੂਦ ਸੁਹਾਵੇ ਗਹਿਣਾ, ਤਨ ਮਾਟੀ ਦਏ ਵਡਿਆਈਆ । ਜੋ ਆਸ਼ਾ ਰਖੀ ਬਾਲਮੀਕ ਵਿਚ ਰਮਾਇਣਾ, ਰਾਮ ਰਾਮਾ ਰੰਗ ਰੰਗਾਈਆ । ਤੁਹਾਡਾ ਮਿਲਿਆ ਧੁਰ ਦਾ ਸਾਕ ਸੈਣਾ, ਸੱਜਣ ਨੂਰ ਅਲਾਹੀਆ । ਜਿਸ ਦੇ ਕੋਲ ਰਹੇ ਨਾ ਕੋਇ ਤੁਫ਼ੈਣਾ, ਦੂਸਰ ਵੰਡ ਨਾ ਕੋਇ ਵੰਡਾਈਆ । ਕੂੜ ਵਿਕਾਰ ਵਹਿਣ ਨਾ ਵਹਿਣਾ, ਸਤਿ ਸਚ ਨਾਲ ਜੁੜਾਈਆ । ਨਾਤਾ ਤੋੜੇ ਲਾੜੀ ਮੌਤ ਡੈਣਾ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮੇਲਾ ਲਏ ਮਿਲਾਈਆ । ਸੰਮਤ ਸ਼ਹਿਨਸ਼ਾਹੀ ਦਸ ਕਹੇ ਜਨ ਭਗਤੋ ਬਾਹਰੋਂ ਹੋਣਾ ਚੁਪ, ਅੰਤਰ ਸੁਰਤੀ ਸ਼ਬਦ ਨਾਲ ਜੁੜਾਈਆ । ਪਰਕਾਸ਼ ਤਕਣਾ ਅੰਧੇਰਾ ਘੁਪ, ਲੋਇਣ ਲੋਚਨ ਨਾਲ ਮਿਲਾਈਆ । ਜਿਹੜਾ ਪਰਮਾਤਮਾ ਤੁਹਾਥੋਂ ਬੈਠਾ ਛੁਪ, ਸੋ ਪਰਦਾ ਦਏ ਉਠਾਈਆ । ਤੁਸੀਂ ਭਗਤ ਸੁਹੇਲੇ ਉਸ ਦੇ ਲਾਡਲੇ ਪੁਤ, ਪਿਤਾ ਪੂਤ ਗੋਦ ਟਿਕਾਈਆ । ਅੱਜ ਸੁਹੰਜਣੀ ਹੋਈ ਰੁਤ, ਖ਼ੁਸ਼ੀਆਂ ਢੋਲੇ ਗਾਈਆ । ਲੇਖਾ ਵੇਖੇ ਅਬਿਨਾਸ਼ੀ ਅਚੁਤ, ਜੋ ਚੇਤਨ ਸਭ ਨੂੰ ਰਿਹਾ ਕਰਾਈਆ । ਜਿਸ ਧੁਰ ਦੇ ਨਾਮ ਦੀ ਬਿਨਾ ਕ਼ੀਮਤ ਪਾਈ ਲੁੱਟ, ਲੁਟੇਰਿਓ ਲੁਟਣਾ ਥਾਉਂ ਥਾਈਆ । ਅੱਜ ਨਾਮ ਨਿਧਾਨਾ ਅੰਮ੍ਰਿਤ ਪੀਣਾ ਘੁਟ, ਅੰਮਿਉਂ ਰਸ ਨਿਝਰੋਂ ਦਏ ਝਿਰਾਈਆ । ਕੂੜ ਦੀ ਲਿਵ ਲੱਗੀ ਜਾਏ ਛੁਟ, ਸਤਿ ਨਾਲ ਮਿਲਾਈਆ । ਤੁਹਾਡਾ ਨਾਤਾ ਜਾਏ ਨਾ ਟੁੱਟ, ਟੁਟਿਆਂ ਜੋੜੇ ਚਾਈਂ ਚਾਈਆ । ਕਿਸੇ ਦਾ ਭਾਗ ਨਾ ਜਾਏ ਨਿਖੁਟ, ਖੋਟੇ ਖਰੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਛੱਬੀ ਪੋਹ ਕਹੇ ਜਨ ਭਗਤੋ ਧਰਤੀ ਦਾ ਵੇਖੇ ਭਾਗ, ਭਗਵਨ ਕੀ ਦਏ ਵਡਿਆਈਆ । ਜਿਥੇ ਦੀਪਕ ਜੋਤ ਜਗਾ ਚਿਰਾਗ਼, ਨੂਰ ਨੁਰਾਨਾ ਕਰੇ ਰੁਸ਼ਨਾਈਆ । ਕੂੜ ਕਿਰਿਆ ਜਗਤ ਅਗਨ ਬੁਝਾ ਕੇ ਆਗ, ਅੰਮ੍ਰਿਤ ਮੇਘ ਬਰਸਾਈਆ । ਤੁਹਾਡਾ ਸਚ ਦਾ ਵੇਖ ਤਿਆਗ, ਤ੍ਰੈਗੁਣ ਅਤੀਤਾ ਦਏ ਵਡਿਆਈਆ । ਕਿਸੇ ਹਰਿਜਨ ਰੂਪ ਨਹੀਂ ਬਣਨਾ ਕਾਗ, ਹੰਸ ਗੁਰਮੁਖ ਆਪ ਬਣਾਈਆ । ਅੰਤਰ ਨਿਰੰਤਰ ਦੇ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਸਾਵਧਾਨੀ ਵਿਚ ਸਭ ਨੇ ਜਾਣਾ ਜਾਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਭਗਤ ਸੁਹੇਲੇ ਧਰਮ ਦੇ ਬਣਨਾ ਸਾਧ, ਸਾਧਨਾ ਸਤਿਗੁਰ ਚਰਨ ਸਰਨਾਈਆ । ਜਿਸ ਨੂੰ ਆਦਿ ਜੁਗਾਦਿ ਸਾਰੇ ਰਹੇ ਅਰਾਧ, ਰਸਨਾ ਜਿਹਵਾ ਢੋਲੇ ਗਾਈਆ । ਉਹ ਆਇਆ ਗੁਰ ਅਵਤਾਰ ਪੈਗ਼ੰਬਰਾਂ ਬਾਦ, ਨਿਰਗੁਣ ਨਿਰਵੈਰ ਆਪਣਾ ਫੇਰਾ ਪਾਈਆ । ਜਿਸ ਦਾ ਰਸਨਾ ਵਾਲਾ ਨਹੀਂ ਸੁਆਦ, ਮੁਖ ਦੰਦ ਨਾ ਕੋਇ ਚਤੁਰਾਈਆ । ਅੰਤਰ ਆਤਮ ਹੋਏ ਵਿਸਮਾਦ, ਬਿਸਮਲ ਆਪਣਾ ਖੇਲ ਖਿਲਾਈਆ । ਜਿਸ ਦਾ ਸ਼ਬਦ ਬੋਧ ਅਗਾਧ, ਬੁੱਧੀ ਤੋਂ ਪਰੇ ਪੜ੍ਹਾਈਆ । ਨਾਮ ਨਿਧਾਨਾ ਸੁਣਾਏ ਨਾਦ, ਅਨਹਦ ਨਾਦੀ ਨਾਦ ਜਣਾਈਆ । ਸੋ ਲਹਿਣਾ ਦੇਣਾ ਸਭ ਦਾ ਦੇਵੇ ਆਜ, ਅਜ਼ਲ ਦਾ ਲੇਖਾ ਰਹੇ ਨਾ ਰਾਈਆ । ਜਨਮ ਜਨਮ ਸਵਾਰ ਕੇ ਕਾਜ, ਕਰਨੀ ਦਾ ਕਰਤਾ ਹੋਏ ਸਹਾਈਆ । ਆਤਮਾ ਅੰਦਰ ਬਿਨ ਰਸਨਾ ਸਾਰੇ ਮਾਰੋ ਆਵਾਜ਼, ਸੁਰਤੀ ਸ਼ਬਦ ਨਾਲ ਜੁੜਾਈਆ । ਸਤਿਗੁਰ ਪ੍ਰੇਮ ਦਾ ਦਏ ਜਵਾਬ, ਅੱਖਰ ਅੱਖਰ ਨਾ ਕੋਇ ਚਤੁਰਾਈਆ । ਨਿਰਗੁਣ ਧਾਰ ਵਜਾਏ ਰਬਾਬ, ਜਗਤ ਸਾਜ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮੇਲਾ ਲਏ ਮਿਲਾਈਆ । ਧਰਨੀ ਕਹੇ ਜਨ ਭਗਤੋ ਪਹਿਲੋਂ ਮੇਰਾ ਲਓ ਪਿਆਰ, ਸਦਕੇ ਵਾਰੀ ਘੋਲ ਘੁਮਾਈਆ । ਜਿਨ੍ਹਾਂ ਮਿਲਿਆ

੧੯੨
੨੪

ਧੁਰ ਦਾ ਯਾਰ, ਮਿਤਰ ਪਿਆਰਾ ਨੂਰ ਅਲਾਹੀਆ । ਜਿਸ ਪੈਗ਼ੰਬਰ ਬਣਾਏ ਬਰਖ਼ੁਰਦਾਰ, ਅਜ਼ੀਜ਼ ਅਜ਼ੀਜ਼ਾਂ ਰੰਗ ਚੜ੍ਹਾਈਆ । ਕਲਮਾ ਕਾਇਨਾਤ ਦੇ ਅਧਾਰ, ਸੰਦੇਸ਼ਾ ਦਿਤਾ ਧੁਰਦਰਗਾਹੀਆ । ਸੋ ਖੇਲ ਕਰੇ ਅਪਰ ਅਪਾਰ, ਅਪਰੰਪਰ ਸੁਆਮੀ ਵੇਸ ਵਟਾਈਆ । ਜਿਸ ਦਾ ਲੇਖਾ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਏ ਗਵਾਹੀਆ । ਜਿਸ ਨੂੰ ਭਗਤਾਂ ਕੀਤਾ ਜੈ ਜੈਕਾਰ, ਬਾਲਮੀਕ ਸੀਸ ਨਿਵਾਈਆ । ਚਰਨ ਕਵਲ ਬੇਨੰਤੀ ਦਿਤੀ ਗੁਜ਼ਾਰ, ਗੁਜ਼ਾਰਸ਼ ਵਿਚ ਮੰਗ ਮੰਗਾਈਆ । ਤੂੰ ਸ਼ਾਹੋ ਭੂਪ ਸਿਕਦਾਰ, ਸ਼ਹਿਨਸ਼ਾਹ ਅਗੰਮ ਅਥਾਹੀਆ । ਨਿਰਗੁਣ ਸਰਗੁਣ ਖੇਲ ਅਪਾਰ, ਅਪਰੰਪਰ ਸੁਆਮੀ ਆਪ ਕਰਾਈਆ । ਤ੍ਰੇਤਾ ਦੁਆਪਰ ਤੇਰੀ ਧਾਰ, ਧਰਮ ਦੀ ਧਾਰ ਨਾਲ ਵਡਿਆਈਆ । ਕਲਜੁਗ ਖੇਲ ਅੰਧ ਅੰਧਿਆਰ, ਸਾਚਾ ਚੰਦ ਨਾ ਕੋਇ ਚਮਕਾਈਆ । ਨਵ ਸਤ ਧੂੰਆਂਧਾਰ, ਕਿਰਿਆ ਕੂੜ ਅੰਧੇਰਾ ਛਾਈਆ । ਤੇਰਾ ਦਰਸ ਨਾ ਹੋਏ ਦੀਦਾਰ, ਨੇਤਰ ਨੈਣ ਨਾ ਕੋਇ ਬਿਘਸਾਈਆ । ਮੈਂ ਕੂਕ ਕਰਾਂ ਪੁਕਾਰ, ਦਰੋਹੀ ਨਾਮ ਤੇਰਾ ਖ਼ੁਦਾਈਆ । ਖ਼ਲਕ ਦੇ ਖ਼ਾਲਕ ਹੋਣਾ ਮਦਦਗਾਰ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਛੱਬੀ ਪੋਹ ਕਹੇ ਜਨ ਭਗਤੋ ਮੇਰਾ ਸਭ ਨੂੰ ਇਕੋ ਇਕ ਸੰਦੇਸ਼, ਸੱਜਣੋ ਦਿਆਂ ਸੁਣਾਈਆ । ਜੋ ਮਾਲਕ ਰਹੇ ਹਮੇਸ਼, ਨਿਰਗੁਣ ਦਾਤਾ ਨੂਰ ਅਲਾਹੀਆ । ਉਹ ਤੁਹਾਡੇ ਦੁਆਰ ਬਣਿਆ ਦਰਵੇਸ਼, ਵੇਸ ਅਗੰਮ ਪਰਗਟਾਈਆ । ਜਿਸ ਦਾ ਨਾ ਕੋਈ ਮੁੱਛ ਦਾਹੜੀ ਕੇਸ, ਮੂੰਡ ਮੁੰਡਾਇਆ ਵੰਡ ਨਾ ਕੋਇ

੧੯੩ ਵੰਡਾਈਆ । ਜਿਸ ਦਾ ਲਹਿਣਾ ਦੇਣਾ ਨਾਲ ਦਸ ਦਸਮੇਸ, ਗੋਬਿੰਦ ਧਾਰਾ ਨਾਲ ਮਿਲਾਈਆ । ਓਹ ਜਾਨਣਹਾਰਾ ਆਦਿ ਜੁਗਾਦੀ ਲੇਖ, ਲੇਖਾ ੧੯੩

੨੪ ਜਾਣੇ ਥਾਉਂ ਥਾਈਂਆ । ਜਿਸ ਆਸਾ ਪੂਰੀ ਕਰਨੀ ਮੁਸਾਇਕ ਮੁੱਲਾ ਸ਼ੇਖ਼, ਪੈਗ਼ੰਬਰਾਂ ਰੰਗ ਰੰਗਾਈਆ । ਤਿਸ ਸਾਹਿਬ ਨੂੰ ਇਕ ਆਦੇਸ, ਨਿਵ ੨੪

ਨਿਵ ਸਯਦਿਆਂ ਵਿਚ ਸੀਸ ਝੁਕਾਈਆ । ਜਿਸ ਕਲਜੁਗ ਮੇਟਣਾ ਕਲੇਸ਼, ਕਲ ਕਾਤੀਆਂ ਕਰੇ ਸਫ਼ਾਈਆ । ਸੋ ਸਾਹਿਬ ਸੁਲਤਾਨਾ ਨੌਜੁਆਨਾ ਆਦਿ ਅੰਤ ਦਾ ਇਕ ਨਰੇਸ਼, ਨਰ ਨਰਾਇਣ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਛੱਬੀ ਪੋਹ ਕਹੇ ਜਨ ਭਗਤੋ ਮੇਰੀ ਸਭ ਨੂੰ ਅੰਤ ਪ੍ਰੇਮ ਵਾਲੀ ਸਲਾਮ, ਸਯਦਾ ਸੀਸ ਨਿਵਾਈਆ । ਮੇਰੇ ਅਮਾਮ ਦੀ ਸੁਣੋ ਕਲਾਮ, ਕਲਮਾ ਕਾਇਨਾਤ ਦ੍ਰਿੜਾਈਆ । ਜੋ ਹਜ਼ਰਤ ਮੁਹੰਮਦ ਹੋਇਆ ਇਲਹਾਮ, ਜਬਰਾਈਲ ਸਿਫ਼ਤ ਸਲਾਹੀਆ । ਸੋ ਸਦੀ ਚੌਧਵੀਂ ਦੇਵੇ ਪੈਗ਼ਾਮ, ਪੈਗ਼ੰਬਰਾਂ ਬਾਹਰ ਸ਼ਨਵਾਈਆ । ਜਿਸ ਸਭ ਦਾ ਕਰਨਾ ਇੰਤਜ਼ਾਮ, ਬੰਦੋਬਸਤ ਆਪਣੇ ਹੱਥ ਰਖਾਈਆ । ਜਨ ਭਗਤਾਂ ਦੇਵੇ ਹਕੀਕੀ ਜਾਮ, ਸੂਫ਼ੀਆਂ ਆਪਣਾ ਰੰਗ ਰੰਗਾਈਆ । ਕਲਜੁਗ ਕੂੜੀ ਕਿਰਿਆ ਮੇਟੇ ਤਮਾਮ, ਤ੍ਰਿਸ਼ਨਾ ਦਏ ਖਪਾਈਆ । ਉਹ ਲੇਖਾ ਜਾਣੇ ਜੀਵ ਜੰਤ ਅਵਾਮ, ਆਲਮ ਫ਼ਾਜ਼ਲ ਜਾਣੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਛੱਬੀ ਪੋਹ ਕਹੇ ਜਨ ਭਗਤੋ ਮੇਰੇ ਕੋਲ ਪੇਸ਼ੀਨਗੋਈਆਂ, ਪੇਸ਼ਤਰ ਦਿਆਂ ਜਣਾਈਆ । ਜੋ ਅਵਤਾਰ ਪੈਗ਼ੰਬਰ ਗੁਰੂਆਂ ਨਾਲ ਸਲਾਹਾਂ ਹੋਈਆਂ, ਮਸ਼ਵਰੇ ਸ਼ਬਦ ਗੁਰੂ ਜਣਾਈਆ । ਜਿਸ ਦੇ ਹੁਕਮ ਵਿਚ ਪੈਣੀਆਂ ਦਰੋਹੀਆਂ, ਹਾਹਾਕਾਰ ਖ਼ਲਕ ਖ਼ੁਦਾਈਆ । ਉਸ ਦੀਆਂ ਧਾਰਾਂ ਧਰਮ ਧਾਰ ਕਿਸੇ ਨਾ ਢੋਈਆਂ, ਨੇਤਰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਛੱਬੀ ਪੋਹ ਕਹੇ ਜਨ ਭਗਤੋ ਅੱਜ ਵਕ਼ਤ ਸੁਹੰਜਣਾ ਆਇਆ, ਪ੍ਰਭ ਸੋਹਣੀ ਦਏ ਵਡਿਆਈਆ । ਜਿਸ ਅਵਤਾਰ ਪੈਗ਼ੰਬਰ ਗੁਰੂਆਂ ਹੁਕਮ ਸੁਣਾਇਆ, ਬਿਨ ਅੱਖਰਾਂ ਅੱਖਰ ਦ੍ਰਿੜਾਈਆ । ਮੁਨ ਨਾਰਦ ਨਾਲ ਮਿਲਾਇਆ, ਬਿਨ ਰੂਪ ਰੰਗ ਵਖਾਈਆ । ਚਾਰ ਜੁਗ ਦਾ ਲੇਖਾ ਹੱਥ ਫੜਾਇਆ, ਬਿਨ ਅੱਖਰ ਧਾਰ ਸਮਝਾਈਆ । ਤ੍ਰੈਗੁਣ ਲੇਖਾ ਵੇਖੇ ਦੀਨ ਦੁਨੀ ਦੀ ਮਾਇਆ, ਮਮਤਾ ਮੋਹ ਨਾਲ ਵਡਿਆਈਆ । ਕਿਉਂ ਚਾਰੋਂ ਕੁੰਟ ਅੰਧੇਰਾ ਛਾਇਆ, ਸਾਚਾ ਚੰਦ ਨਾ ਕੋਇ ਚਮਕਾਈਆ । ਜਿਨ੍ਹਾਂ ਨੇ ਨਾਮ ਕਲਮਾ ਰਸਨਾ ਗਾਇਆ, ਗਾ ਗਾ ਨਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਛੱਬੀ ਪੋਹ ਕਹੇ ਜਨ ਭਗਤੋ ਮੇਰੇ ਕੋਲ ਚਾਰ ਜੁਗ ਦੀ ਪਿਛਲੀ ਪੁਰਾਣੀ ਪੋਥੀ, ਅੱਖਰ ਜਗਤ ਨਾ ਵੰਡ ਵੰਡਾਈਆ । ਜਿਸ ਦੀ ਧਾਰ ਕਦੇ ਨਾ ਥੋਥੀ, ਬਦਲੀ ਵਿਚ ਬਦਲ ਕਦੇ ਨਾ ਜਾਈਆ । ਮਨਸਾ ਕਦੇ ਨਾ ਹੋਵੇ ਹੋਛੀ, ਨਫ਼ਰਤ ਨਾ ਵੰਡ ਵੰਡਾਈਆ । ਉਹਦਾ ਭੇਵ ਖੁਲ੍ਹੇ ਕਿਸੇ ਨਾ ਕੋਸ਼ੀ, ਜਗਤ ਅੱਖਰ ਨਾ ਕੋਇ ਚਤੁਰਾਈਆ । ਬੁਧੀ ਸੋਚ ਸਕੇ ਨਾ ਸੋਚੀ, ਅਕਲ ਨਾ ਕੋਇ ਵਡਿਆਈਆ । ਉਹਦੀ ਸਾਰ ਪਾਈ ਰਵੀਦਾਸ ਚਮਾਰੇ ਮੋਚੀ, ਬਾਲਮੀਕ ਬਟਵਾਰੇ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਰੰਗ ਆਪ ਰੰਗਾਈਆ । ਛੱਬੀ ਪੋਹ ਕਹੇ ਜਨ ਭਗਤੋ ਮੇਰੀ ਪੋਥੀ ਦਾ ਲੇਖਾ ਚੰਗਾ, ਚੰਗੀ ਤਰਹ ਜਣਾਈਆ । ਜੋ ਪੂਰਬ ਪਿਛਲਾ ਵਕਤ ਲੰਘਾ, ਆਪਣਾ ਪੰਧ ਮੁਕਾਈਆ । ਅਗਲਾ ਹੁਕਮ ਸੁਣੇ ਸੂਰਾ ਸਰਬੰਗਾ, ਕੀ ਕਰਤਾ ਰਿਹਾ ਦ੍ਰਿੜਾਈਆ । ਅਵਤਾਰ ਪੈਗ਼ੰਬਰ ਗੁਰ ਜਿਸ ਦਾ ਮਾਨਣ ਸੰਗਾ, ਸੰਗੀ ਸੰਗ ਰਖਾਈਆ । ਜਮਨਾ ਸੁਰਸਤੀ ਗੋਦਾਵਰੀ ਜਿਸ ਦੀ ਧਾਰ ਗੰਗਾ, ਗੰਗੋਤਰੀ ਰੰਗ ਰੰਗਾਈਆ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਨਵ ਧਾਰ ਕਰਾਇਆ ਜੰਗਾ, ਖੰਡੇ ਖੜਗਾਂ ਨਾਲ ਖੜਕਾਈਆ । ਉਹ ਸਾਹਿਬ ਸੁਲਤਾਨ ਸੂਰਾ ਸਰਬੰਗਾ, ਹਰਿ ਕਰਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪੜਦਾ ਆਪ ਉਠਾਈਆ । ਛੱਬੀ ਪੋਹ ਕਹੇ ਮੇਰਾ ਦਿਵਸ ਸੁਹੰਜਣਾ ਲੋਕਮਾਤ, ਮਾਤਰ ਭੂਮੀ ਨਾਲ ਮਿਲਾਈਆ । ਪਿਛਲਾ ਵਾਅਦਾ ਤਕਾਂ ਜੋ ਲੇਖਾ ਅੱਜ ਦੀ ਰਾਤ, ਰੁਤੜੀ ਰੈਣ ਪ੍ਰਭ ਦੇ ਨਾਮ ਨਾਲ ਵਡਿਆਈਆ । ਜੋ ਸੰਦੇਸ਼ਾ ਦਿਤਾ ਕਮਲਾਪਾਤ, ਪਤਿਪਰਮੇਸ਼ਵਰ ਹੁਕਮ ਜਣਾਈਆ । ਅੰਤ ਪੁਛਾਂ ਤੇਰੀ ਬਾਤ, ਲੇਖਾ ਜਾਣਾ ਥਾਉਂ ਥਾਈਂਆ । ਜਿਸ ਵੇਲੇ ਆਤਮ ਪਰਮਾਤਮ ਟੁਟਿਆ ਨਾਤ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਝਗੜਾ ਪੈਣਾ ਜ਼ਾਤ ਪਾਤ, ਦੀਨ ਮਜ਼੍ਹਬ ਕਰੇ ਲੜਾਈਆ । ਸਤਿ ਧਰਮ ਦੀ ਹੋਣੀ ਵਫ਼ਾਤ, ਕਿਰਿਆ ਕੂੜ ਕੂੜ ਚਮਕਾਈਆ । ਗੁਰੂ ਚੇਲੇ ਕਰਨ ਇਕ ਦੂਜੇ ਦਾ ਘਾਤ, ਸਤਿ ਵਿਚ ਨਾ ਕੋਇ ਸਮਾਈਆ । ਉਸ ਵੇਲੇ ਲੇਖਾ ਜਾਣੇ ਕਮਲਾਪਾਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਨ ਭਗਤਾਂ ਪੁਛੇ ਵਾਤ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਖੁਲ੍ਹਾਈਆ । ਛੱਬੀ ਪੋਹ ਕਹੇ ਜਨ ਭਗਤੋ ਆਪਣੇ ਵਾਅਦੇ ਨਾਲ ਉਹ ਤਕ ਲਓ ਆਉਂਦਾ ਨਾਰਦ ਗੰਜਾ, ਥੋਦੀ ਧਰਮ ਧਾਰ ਹਿਲਾਈਆ । ਜਗਤ ਸਿੰਘਾਸਣ ਵੇਖੇ ਮੰਜਾ, ਪਾਵਾ ਚੂਲ ਧਿਆਨ ਲਗਾਈਆ । ਦੀਨ ਦੁਨੀ ਨੂੰ ਵੇਖ ਕੇ ਉਸ ਦੇ ਅੰਤਰ ਆਵੇ ਰੰਜਾ, ਰੰਜਸ਼ ਵਿਚ ਕੁਰਲਾਈਆ । ਬਹੁੜੀ ਦੁਨੀਆ ਵਿਚ ਕਿਸ ਤਰਹ ਕੂੜ ਦਾ ਸਮਾਂ ਲੰਘਾ, ਜਗਤ ਮਿਲ ਕੇ

ਖ਼ੁਸ਼ੀ ਬਣਾਈਆ । ਫੇਰ ਯਾਦ ਆ ਗਿਆ ਜੋ ਸੰਦੇਸ਼ਾ ਦਿਤਾ ਗੋਬਿੰਦ ਪੁਰੀ ਅਨੰਦਾ, ਅਨੰਦ ਨਾਲ ਸਮਝਾਈਆ । ਮੇਰੇ ਢਈਏ ਤੋਂ ਬਾਦ ਪਵਿਤ੍ਰ ਰਹੇ ਕੋਈ ਨਾ ਬੰਦਾ, ਬੰਦਗੀ ਵਿਚ ਨਾ ਕੋਇ ਸਮਾਈਆ । ਅੰਤਰ ਸਭ ਦਾ ਹੋਵੇ ਗੰਦਾ, ਕੂੜੀ ਕਿਰਿਆ ਨਾਲ ਹਲਕਾਈਆ । ਪਰਕਾਸ਼ ਹੋਏ ਨਾ ਅੰਧੇਰੀ ਖੱਡਾ, ਖੰਡਰ ਦਿਸੇ ਖ਼ਲਕ ਖ਼ੁਦਾਈਆ । ਭਾਰ ਚੁਕੇ ਕੋਇ ਨਾ ਕੰਧਾ, ਗੁਰ ਅਵਤਾਰ ਪੈਗ਼ੰਬਰ ਸੰਗ ਨਾ ਕੋਇ ਨਿਭਾਈਆ । ਜਗਤ ਜਗਿਆਸੂ ਹੋਵੇ ਅੰਧਾ, ਨਿਜ ਨੇਤਰ ਲੋਚਨ ਨੈਣ ਨਾ ਕੋਇ ਖੁਲ੍ਹਾਈਆ । ਮਾਣ ਰਹੇ ਨਾ ਸਰਘੀ ਸੰਧਾ, ਘੜੀ ਪਲ ਨਾ ਕੋਇ ਚਤੁਰਾਈਆ । ਮੋਹ ਵਿਕਾਰਾ ਕਲਜੁਗ ਹੋਵੇ ਧੰਦਾ, ਧਰਮ ਦੀ ਧਾਰ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਵਖਾਈਆ । ਨਾਰਦ ਕਹੇ ਮੇਰੇ ਕੋਲ ਪਿਛਲਾ ਕੌਲ ਇਕਰਾਰ, ਲੇਖਾ ਧਰਮ ਧਾਰ ਜਣਾਈਆ । ਉਹ ਤਕ ਲਓ ਆਉਂਦੇ ਤੇਈ ਅਵਤਾਰ, ਆਪਣਾ ਪੰਧ ਮੁਕਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਨੂਰੀ ਨੂਰ ਹੋ ਕੇ ਖ਼ਬਰਦਾਰ, ਭੱਜਣ ਵਾਹੋ ਦਾਹੀਆ । ਗੁਰੂ ਗੁਰਦੇਵ ਬੋਲ ਜੈਕਾਰ, ਬੈਠਣ ਪੰਧ ਮੁਕਾਈਆ । ਅੰਮ੍ਰਿਤ ਧਾਰ ਵਿਚ ਸੰਸਾਰ, ਨਦੀਆਂ ਵਹਿਣ ਸੰਗ ਮਿਲਾਈਆ । ਨਾਰਦ ਕਹੇ ਮੈਂ ਖੇਲ ਤਕਾਂ ਅਪਾਰ, ਅਪਰੰਪਰ ਸੁਆਮੀ ਰਿਹਾ ਵਖਾਈਆ । ਨਾਲੇ ਤਾਲੀਆਂ ਰਿਹਾ ਮਾਰ, ਦੋ ਹੱਥਾਂ ਤਾਲ ਮਿਲਾਈਆ । ਵੇਖੋ ਦੀਨ ਦੁਨੀ ਆਪਣਾ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਚਾਰੋਂ ਕੁੰਟ ਹੋਇਆ ਧੂੰਆਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ ।
ਮੰਦਰ ਮਸਜਿਦ ਸ਼ਿਵਦੁਆਲੇ ਮਠ ਤਕੋ ਗੁਰੂਦੁਆਰ, ਚਰਚਾਂ ਫੋਲ ਫੁਲਾਈਆ । ਕਾਇਆ ਮੰਦਰ ਅੰਦਰ ਕਾਅਬੇ ਨਿਗਾਹ ਲਓ ਮਾਰ, ਹਕੀਕਤ ਹਕ ਖੋਜ ਖੁਜਾਈਆ । ਸਾਚਾ ਮਿਲੇ ਕਿਸੇ ਨਾ ਯਾਰ, ਮੁਹੱਬਤ ਵਿਚ ਨਾ ਕੋਇ ਸਮਾਈਆ । ਆਤਮ ਪਰਮਾਤਮ ਜੋੜ ਜੁੜੇ ਨਾ ਪੁਰਖ ਨਾਰ, ਨਰ ਨਰਾਇਣ ਨਾ ਰੰਗ ਰੰਗਾਈਆ । ਕੀ ਹੋਇਆ ਜੇ ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਬਣਾ ਲਏ ਦੋ ਚਾਰ, ਮਿਹਰ ਨਜ਼ਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਮੈਂ ਪੁਜਿਆ ਛੱਬੀ ਪੋਹ ਤੇਰੇ ਦਰਬਾਰ, ਦਰਗਾਹ ਸਾਚੀ ਵੇਖ ਵਖਾਈਆ । ਅੱਜ ਮਿਤਰਾ ਕੁਛ ਕਰ ਲਈਏ ਤਕਰਾਰ, ਝਗੜਾ ਦੱਸੀਏ ਖ਼ਲਕ ਖ਼ੁਦਾਈਆ । ਕਿਧਰ ਜਿੱਤ ਤੇ ਕਿਧਰ ਹੋਵੇ ਹਾਰ, ਕਵਣ ਦਰ ਮਿਲੇ ਵਡਿਆਈਆ । ਮੈਨੂੰ ਪ੍ਰੇਮ ਨਾਲ ਪੁਛ ਲੈਣ ਦੇ ਕੀ ਸੰਦੇਸ਼ਾ ਦੇਣ ਤੇਈ ਅਵਤਾਰ, ਵੇਦ ਵਿਆਸਾ ਕੀ ਸਮਝਾਈਆ । ਕੀ ਪੈਗ਼ੰਬਰ ਕਰਨ ਇਜ਼ਹਾਰ, ਹਜ਼ਰਤ ਮੁਹੰਮਦ ਕਵਣ ਕਲਮਾ ਦਏ ਸੁਣਾਈਆ । ਸਦੀ ਚੌਧਵੀਂ ਕਿਸ ਦੀ ਕਰੇ ਪੁਕਾਰ, ਕੂਕ ਕੂਕ ਸੁਣਾਈਆ । ਨਾਨਕ ਗੋਬਿੰਦ ਕਿਹੜੀ ਦੱਸੇ ਧਾਰ, ਧਰਮ ਦੁਆਰਾ ਕੀ ਜਣਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਕਿਹੜੀ ਬਖ਼ਸ਼ੇ ਰਸ ਠੰਡੀ ਠਾਰ, ਅਗਨੀ ਤਤ ਬੁਝਾਈਆ । ਮੈਂ ਵੇਖੇ ਸਦਾ ਜੁਗ ਚਾਰ, ਚੌਕੜੀਆਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਆਮੀ ਇਕ ਅਖਵਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅਸੀਂ ਪੁੱਜੇ ਸਚ ਅਸਥਾਨ, ਅਸਥਲ ਗ੍ਰਹਿ ਵੇਖ ਵਖਾਈਆ । ਜਿਥੇ ਇਕੋ ਨੂਰ ਜੋਤ ਮਹਾਨ, ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਸ਼ਬਦ ਨਾਮ ਗਿਆਨ, ਇਕੋ ਸਿਫ਼ਤ ਸਲਾਹੀਆ । ਇਕੋ ਮੰਦਰ ਹਕ ਮਕਾਨ, ਕਾਅਬਾ ਇਕੋ ਨਜ਼ਰੀ ਆਈਆ । ਇਕੋ ਸ਼ਾਹੋ ਭੂਪ ਸੁਲਤਾਨ, ਸ਼ਹਿਨਸ਼ਾਹ ਇਕ ਅਖਵਾਈਆ । ਇਕੋ

ਨੂਰ ਦਿਸੇ ਜ਼ਿਮੀਂ ਅਸਮਾਨ, ਚੌਦਾਂ ਲੋਕ ਚੌਦਾਂ ਤਬਕ ਦੇਣ ਗਵਾਹੀਆ । ਇਕੋ ਨੂਰ ਨੁਰਾਨਾ ਖੇਲੇ ਖੇਲ ਦੋ ਜਹਾਨ, ਪੁਰੀਆਂ ਲੋਆਂ ਬ੍ਰਹਿਮੰਡਾਂ
ਖੰਡਾਂ ਇਕ ਸਮਾਈਆ । ਇਕੋ ਦਿਸੇ ਧਰਮ ਨਿਸ਼ਾਨ, ਨਿਸ਼ਾਨਾ ਅਵਰ ਨਾ ਕੋਇ ਜਣਾਈਆ । ਇਕੋ ਸੁਆਮੀ ਮਿਹਰਵਾਨ, ਮਹਿਬੂਬ ਇਕ ਅਖਵਾਈਆ ।
ਇਕੋ ਦੇਵਣਹਾਰਾ ਦਾਨ, ਜੋ ਅਵਤਾਰ ਪੈਗ਼ੰਬਰਾਂ ਗੁਰੂਆਂ ਝੋਲੀ ਕਲਮੇ ਨਾਮ ਭਰਾਈਆ । ਇਕੋ ਪੁਰਖ ਅਕਾਲਾ ਪਰਵਰਦਿਗਾਰਾ ਜੋਤੀ ਜਾਤਾ ਨੌਜੁਆਨ,
ਬਿਰਧ ਬਾਲ ਨਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹ ਇਕ ਸੁਹਾਈਆ ।
ਨਾਰਦ ਕਹੇ ਮੇਰੇ ਸੱਜਣ ਮੀਤ ਮੁਰਾਰੇ, ਗੁਰੂ ਗੁਰਦੇਵ ਦਿਓ ਜਣਾਈਆ । ਪੈਗ਼ੰਬਰ ਦੱਸੋ ਇਜ਼ਹਾਰੋ, ਬਿਨ ਸਿਫ਼ਤਾਂ ਸਿਫ਼ਤ ਸਲਾਹੀਆ । ਅਵਤਾਰ
ਮੇਰਾ ਸੰਸਾ ਰੋਗ ਨਿਵਾਰੇ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਆਪਣਾ ਭਵਿਖਤ ਆਪ ਵਿਚਾਰੇ, ਪੇਸ਼ੀਨਗੋਈਆਂ ਨਾਲ ਮਿਲਾਈਆ । ਲੇਖਾ
ਦੱਸੋ ਕਲ ਕਲਕੀ ਅਵਤਾਰੇ, ਕੀ ਅਵਤਰ ਹੁਕਮ ਵਰਤਾਈਆ । ਨਿਹਕਲੰਕਾ ਕਵਣ ਸਚੀ ਸਰਕਾਰੇ, ਹਰਿ ਕਰਤਾ ਅਗੰਮ ਅਥਾਹੀਆ । ਅਲਾਹੀ
ਨੂਰ ਅਮਾਮ ਪਰਵਰਦਿਗਾਰੇ, ਸਾਂਝਾ ਯਾਰ ਕਵਣ ਖ਼ੁਦਾਈਆ । ਜਿਸ ਦੇ ਗ੍ਰਿਹ ਨਹੀਂ ਤਕਰਾਰੋ, ਝਗੜਾ ਨਜ਼ਰ ਕੋਇ ਨਾ ਆਈਆ । ਉਸ ਦਾ
ਗੁਣ ਸਰਬ ਵਿਚਾਰੇ, ਅਵਗੁਣ ਨਜ਼ਰ ਕੋਇ ਨਾ ਆਈਆ । ਜਿਸ ਨੇ ਆਦਿ ਕੀਤਾ ਪਸਾਰੇ, ਅਪਰੰਪਰ ਸੁਆਮੀ ਧੁਰਦਰਗਾਹੀਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਨਿਰਗੁਣ ਸਰਗੁਣ ਧਾਰ ਜਣਾਈਆ । ਨਾਰਦ ਕਹੇ ਮੇਰੇ
੧੯੬ ਸੁਆਮੀਓ, ਸਤਿਗੁਰ ਸਾਹਿਬ ਸਚ । ਚਾਰ ਜੁਗ ਦੇ ਅੰਤਰਜਾਮੀਓ, ਕਾਇਆ ਮਾਟੀ ਵੇਖੋ ਕਚ । ਨਿਰਅੱਖਰ ਧਾਰ ਉਚਾਰਨਹਾਰ ਬਾਣੀਓ, ਪੜਦਾ ੧੯੬
੨੪ ਖੋਲ੍ਹੋ ਪੰਜ ਤਤ । ਪੁਰਖ ਅਕਾਲ ਦੀ ਸਚ ਸਵਾਣੀਓ, ਆਤਮ ਧਾਰ ਜੋੜੋ ਨਤ । ਕੀ ਲਹਿਣਾ ਦੇਣਾ ਨਾਲ ਲੇਖਾ ਜਗਤ ਪ੍ਰਾਣੀਓ, ਕਿਸ ਕਾਰਨ ੨੪
ਆਏ ਵਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ
ਕਹੇ ਮੈਂ ਪੰਡਤ ਬਿਨ ਵਿਦਿਆ ਜਾਣਾਂ ਅੱਖਰ, ਜਗਤ ਕਿਤਾਬ ਨਾ ਕੋਇ ਰਖਾਈਆ । ਮੇਰਾ ਇਸ਼ਟ ਨਹੀਂ ਕੋਈ ਇਟ ਪੱਥਰ, ਪਾਹਨ ਰੂਪ ਨਾ
ਕੋਇ ਦਰਸਾਈਆ । ਮੈਂ ਇਕੋ ਯਾਰ ਦੇ ਲੱਥਾ ਸਥਰ, ਸਾਚੀ ਸੇਜ ਸੁਹਾਈਆ । ਜਿਸ ਦੇ ਵੈਰਾਗ ਵਿਚ ਮੇਰੀ ਵਹਿੰਦੀ ਅੱਥਰ, ਨੈਣਾਂ ਨੀਰ
ਵਹਾਈਆ । ਉਸ ਦਾ ਹੁਕਮ ਸੰਦੇਸ਼ਾ ਆਇਆ ਦੱਸਣ, ਖੁਸ਼ੀਆਂ ਨਾਲ ਸਮਝਾਈਆ । ਜਿਸ ਦਾ ਬਿਨਾ ਜ਼ਬਾਨ ਤੋਂ ਰਸਨ, ਅੰਮਿਉਂ ਰਸ ਅੰਤਰ
ਦਏ ਚੁਆਈਆ । ਜਿਸ ਦੀ ਮਹਿੰਮਾ ਚਾਰ ਜੁਗ ਦੇ ਸ਼ਾਸਤਰ ਲਖਣ, ਕਾਗ਼ਜ਼ ਕ਼ਲਮ ਸ਼ਾਹੀ ਨਾਲ ਵਡਿਆਈਆ । ਉਹ ਸਾਹਿਬ ਸਚਾ ਸਮਰਥਣ,
ਹਰਿ ਕਰਤਾ ਇਕ ਅਖਵਾਈਆ । ਜਿਸ ਦੀ ਕਥਨੀ ਕਰੇ ਕੋਇ ਨਾ ਕਥਨ, ਕਹਿ ਕਹਿ ਨਾ ਕੁਛ ਜਣਾਈਆ । ਉਹ ਕੂੜ ਕੁੜਿਆਰ ਆਇਆ
ਮਥਣ, ਮਥਨ ਕਰੇ ਲੋਕਾਈਆ । ਜਿਸ ਕਲਜੁਗ ਧਾਰ ਤਕਣਾ ਰਥਣ, ਚਾਰੋਂ ਕੁੰਟ ਧਿਆਨ ਲਗਾਈਆ । ਜਿਸ ਦਾ ਲੇਖਾ ਨਾ ਕੋਇ ਸਮਝੇ
ਅਸੰਖ ਅਸੰਖਨ, ਗਣਤੀ ਗਣਤ ਨਾ ਕੋਇ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ
ਦਾ ਵਕ਼ਤ ਆਪ ਸੁਹਾਈਆ । ਧਰਨੀ ਕਹੇ ਨਾਰਦਾ ਕੁਛ ਮੇਰਾ ਦੱਸ ਦੇ ਲੇਖਾ, ਪੰਡਤਾ ਭੇਵ ਚੁਕਾਈਆ । ਜੇ ਤੂੰ ਆ ਗਿਉਂ ਮਾਝੇ ਦੇਸਾ, ਆਪਣਾ
ਪੰਧ ਮੁਕਾਈਆ । ਕੀ ਲਹਿਣਾ ਨਰ ਨਰੇਸ਼ਾ, ਨਰ ਨਰਾਇਣ ਕੀ ਸਮਝਾਈਆ । ਜਿਸ ਦਾ ਜਗ ਤੋਂ ਅਵਲੜਾ ਵੇਸਾ, ਜਗਤ ਸਮਝ ਕਿਛ ਨਾ

ਪਾਈਆ । ਜੋ ਆਇਆ ਮਾਤਲੋਕ ਵਿਚ ਪਰਦੇਸਾ, ਸਚਖੰਡ ਆਪਣਾ ਰੰਗ ਰੰਗਾਈਆ । ਜਿਸ ਦਾ ਰਾਹ ਤਕਣਾ ਸ਼ੇਸ਼ਾ, ਬਾਸ਼ਕ ਨੈਣ ਅੱਖ ਉਠਾਈਆ । ਉਸ ਦਾ ਆਦਿ ਜੁਗਾਦਿ ਅਗੰਮਾ ਪੇਸ਼ਾ, ਪੇਸ਼ੀਨਗੋਈਆਂ ਸਭ ਨੂੰ ਗਿਆ ਸੁਣਾਈਆ । ਜੋ ਸਦਾ ਰਹੇ ਹਮੇਸ਼ਾ, ਹਮ ਸਾਜਣ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਂਈਆ । ਧਰਨੀ ਕਹੇ ਅਵਤਾਰ ਪੈਗ਼ੰਬਰੋ ਮੇਰੇ ਉਤੇ ਮਾਰ ਲਓ ਝਾਕੀ, ਗੁਰੂ ਗੁਰਦੇਵ ਦਇਆ ਕਮਾਈਆ । ਮੇਰੀ ਨੌਂ ਖੰਡ ਦੀ ਖੋਲ੍ਹ ਕੇ ਵੇਖੋ ਤਾਕੀ, ਪੜਦਾ ਸੱਤ ਦੀਪ ਉਠਾਈਆ । ਫੇਰ ਮਾਨਸ ਵੇਖੋ ਖ਼ਾਕੀ, ਤਨ ਵਜੂਦਾਂ ਫੋਲ ਫੁਲਾਈਆ । ਜਿਨ੍ਹਾਂ ਨੂੰ ਨਾਮ ਪਿਆਲਾ ਜਾਮ ਪਿਆ ਕੇ ਗਏ ਸਾਕੀ, ਆਬੇਹਯਾਤ ਨਾਲ ਚਤੁਰਾਈਆ । ਉਹ ਮੰਜ਼ਲ ਚੜ੍ਹੇ ਕੋਇ ਨਾ ਘਾਟੀ, ਸਚ ਦਰ ਨਜ਼ਰ ਕੋਇ ਨਾ ਆਈਆ । ਚੁਰਾਸੀ ਮੁਕੇ ਕਿਸੇ ਨਾ ਵਾਟੀ, ਜਮ ਕੀ ਫਾਸੀ ਫੰਦ ਨਾ ਕੋਇ ਤੁੜਾਈਆ । ਵੇਖੋ ਕਲਜੁਗ ਕੂੜ ਦੀ ਵਿਕ ਗਏ ਹਾਟੀ, ਧਰਮ ਦੀ ਕ਼ੀਮਤ ਰਹੀ ਨਾ ਰਾਈਆ । ਮਨੂਆ ਹੋ ਗਿਆ ਜਗਤ ਨਟੂਆ ਨਾਟੀ, ਆਪਣਾ ਨਾਚ ਵਖਾਈਆ । ਆਤਮ ਪਰਮਾਤਮ ਪ੍ਰੀਤੀ ਗਈ ਕਾਟੀ, ਕਟਾਕਸ਼ ਲੱਗਾ ਥਾਉਂ ਥਾਈਂਆ । ਕਿਸੇ ਹੱਥ ਨਾ ਆਇਆ ਗੋਬਿੰਦ ਧਾਰ ਅੰਮ੍ਰਿਤ ਬਾਟੀ, ਅੰਮਿਉਂ ਰਸ ਨਾ ਕੋਇ ਚੁਆਈਆ । ਆਤਮ ਸੇਜਾ ਸੋਏ ਕੋਇ ਨਾ ਖਾਟੀ, ਸਚ ਸਿੰਘਾਸਣ ਨਾ ਕੋਇ ਵਡਿਆਈਆ । ਜੋਤ ਨੂਰ ਜਗੇ ਨਾ ਕੋਇ ਲਲਾਟੀ, ਅੰਧ ਅੰਧੇਰ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਚ
੧੬੭ ਆਪ ਸਮਝਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸੁਣ ਨੀ ਧਰਨੀ ਧਰਤ, ਧਵਲ ਧੌਲ ਧਿਆਨ ਲਗਾਈਆ । ਸਾਡੀ ਸਾਹਿਬ ਦੇ ਨਾਲ ਸ਼ਰਤ, ੧੬੭
੨੪ ਸ਼ਰਤੀਆ ਦਈਏ ਸਮਝਾਈਆ । ਤੂੰ ਕਲਜੁਗ ਅੰਤਮ ਆਉਣਾ ਪਰਤ, ਪਤਿਪਰਮੇਸ਼ਵਰ ਰੂਪ ਬਦਲਾਈਆ । ਤੇਰਾ ਲੇਖਾ ਜਾਣੇ ਕੋਇ ਨਾ ਉਤੇ ੨੪
ਅਰਸ਼, ਫ਼ਰਸ਼ ਤੇਰੀ ਬੇਪਰਵਾਹੀਆ । ਗ਼ਰੀਬ ਨਿਮਾਣਿਆਂ ਉਤੇ ਕਰਨਾ ਤਰਸ, ਰਹਿਮਤ ਸਚ ਕਮਾਈਆ । ਕਿਰਿਆ ਕੂੜ ਦੀ ਮੇਟਣੀ ਹਰਸ, ਹਵਸ ਮੋਹ ਦੇਣੀ ਮਿਟਾਈਆ । ਜਨ ਭਗਤਾਂ ਦੇਣਾ ਦਰਸ, ਪਰਦਾ ਕਾਇਆ ਅੰਦਰ ਚੁਕਾਈਆ । ਅੰਮ੍ਰਿਤ ਮੇਘ ਦੇਣਾ ਬਰਸ, ਬੂੰਦ ਸਵਾਂਤੀ ਆਪ ਟਪਕਾਈਆ । ਸਭ ਦੀ ਮਨਜ਼ੂਰ ਕਰਨੀ ਅਰਜ਼, ਆਰਜ਼ੂ ਤੇਰੇ ਚਰਨ ਰਖਾਈਆ । ਜੁਗ ਬਦਲਣਾ ਤੇਰਾ ਫ਼ਰਜ਼, ਤੇਰੀ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹਿ ਇਕ ਸੁਹਾਈਆ । ਧਰਨੀ ਕਹੇ ਮੇਰਾ ਹੋਇਆ ਗ੍ਰਿਹਿ ਸੁਹੰਜਣਾ, ਸੋਹਣੀ ਮਿਲੀ ਵਡਿਆਈਆ । ਜਨ ਭਗਤਾਂ ਨੇਤਰ ਨਾਮ ਪਾਉਣਾ ਅੰਜਣਾ, ਅੰਧ ਅਗਿਆਨ ਗੁਆਈਆ । ਚਰਨ ਧੂੜ ਕਰਨਾ ਮਜਨਾ, ਦੁਰਮਤ ਮੈਲ ਮਿਟਾਈਆ । ਘਰ ਸੁਆਮੀ ਤਕਣਾ ਸੱਜਣਾ, ਗ੍ਰਿਹਿ ਮੰਦਰ ਖ਼ੁਸ਼ੀ ਵਖਾਈਆ । ਜਿਸ ਦਾ ਦੀਪਕ ਜੋਤੀ ਜਗਣਾ, ਨੂਰ ਨੂਰ ਚਮਕਾਈਆ । ਉਹ ਦਰਸ਼ਨ ਦੇਵੇ ਉਪਰ ਸ਼ਾਹ ਰਗਨਾ, ਨੌਂ ਦੁਆਰੇ ਡੇਰਾ ਢਾਹੀਆ । ਜਿਸ ਦਾ ਸ਼ਬਦ ਅਨਾਦੀ ਨਦਨਾ, ਬਿਨ ਰਸਨਾ ਦਏ ਸਮਝਾਈਆ । ਉਹ ਗੋਪਾਲ ਮੂਰਤ ਮਦਨਾ, ਜੋਤੀ ਜਾਤਾ ਇਕ ਅਖਵਾਈਆ । ਜਿਹੜਾ ਲਭਿਆਂ ਕਿਸੇ ਨਹੀਂ ਲਭਣਾ, ਖੋਜਿਆਂ ਹੱਥ ਕਿਸੇ ਨਾ ਆਈਆ । ਉਹਦਾ ਲੇਖਾ ਨਾਲ ਆਅਲਾ ਅਦਨਾ, ਸ਼ਾਹ ਸੁਲਤਾਨਾਂ ਵੇਖ ਵਖਾਈਆ । ਜਿਸ ਦਾ ਡੰਕਾ ਨਾਮ ਵਜਣਾ, ਦੋ ਜਹਾਨਾਂ ਕਰੇ ਸ਼ਨਵਾਈਆ । ਉਹ ਭਗਤਾਂ ਰਖੇ ਲਜਣਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਸਚ ਦਾ ਪ੍ਰੇਮ ਆਪ ਸਮਝਾਈਆ । ਧਰਨੀ ਕਹੇ ਜਨ ਭਗਤੋਂ ਮੇਰੀ ਅੱਜ ਦੀ ਖ਼ੁਸ਼ੀਆਂ ਵਾਲੀ ਦਿਹਾੜੀ, ਦਿਉਹਾੜੀ ਖ਼ੁਸ਼ੀ ਬਣਾਈਆ ।
ਉਹ ਵੇਖ ਲਓ ਰੋਂਦੀ ਫਿਰਦੀ ਮੌਤ ਲਾੜੀ, ਨੇਤਰ ਨੈਣਾ ਨੀਰ ਵਹਾਈਆ । ਲੇਖਾ ਤਕਦੀ ਅਸ਼ਟਭੁਜ ਦਾ ਝਾੜ ਨਾਲ ਝਾੜੀ, ਬਨ ਖੋਜੇ ਚਾਈਂ
ਚਾਈਆ । ਜਿਸ ਦਾ ਲਹਿਣਾ ਦੇਣਾ ਨਾਲ ਬਹੱਤਰ ਨਾੜੀ, ਤਨ ਵਜੂਦਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਗੁਰ ਅਵਤਾਰ ਪੈਗ਼ੰਬਰੋ ਆਓ ਮਿਲਕੇ ਕਰੀਏ ਸਲਾਹ,
ਮਸ਼ਵਰਾ ਹਕ ਹਕ ਸੁਣਾਈਆ । ਇਕੋ ਸਾਰੇ ਲੱਭੀਏ ਮਲਾਹ, ਬੇੜਾ ਇਕੋ ਕੰਧ ਟਿਕਾਈਆ । ਇਕੋ ਸਭ ਦਾ ਸਾਂਝਾ ਹੋਵੇ ਰਾਹ, ਰਹਿਬਰ ਹੋਵੇ
ਨੂਰ ਅਲਾਹੀਆ । ਇਕੋ ਕਲਮਾ ਦਏ ਸਮਝਾ, ਇਕੋ ਨਾਮ ਕਰੇ ਸ਼ਨਵਾਈਆ । ਜਿਸ ਨੂੰ ਸਭ ਨੇ ਕਿਹਾ ਵਾਹ ਵਾਹ, ਵਾਹਿਗੁਰੂ ਅੱਲਾ ਰਾਮ
ਤੇਰੀ ਬੇਪਰਵਾਹੀਆ । ਜੋ ਮਾਲਕ ਖ਼ਾਲਕ ਕਦੇ ਨਾ ਹੋਵੇ ਜੁਦਾ, ਜੁਜ਼ ਵਖਰਾ ਵੰਡ ਨਾ ਕੋਇ ਵੰਡਾਈਆ । ਜੁਗ ਬਦਲਣਾ ਜਿਸ ਦੀ ਅਦਾ, ਆਦਤ
ਵਿਚ ਅਬਾਦਤ ਸਭ ਨੂੰ ਦਏ ਸਮਝਾਈਆ । ਕਵਣ ਸਭ ਦਾ ਹੋਵੇ ਦਿਲਰੁਬਾ, ਮਹਿਬੂਬ ਕਵਣ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰੂ ਗੁਰਦੇਵਾ ਗੁਰ ਗੁਰ
ਸੇਵ ਕਮਾਈਆ । ਮੇਰੇ ਕੋਲ ਲੇਖਾ ਜੋ ਲਿਖਾਏ ਅਲਖ ਅਭੇਵਾ, ਅਗੰਮ ਅਗੋਚਰ ਆਪ ਦ੍ਰਿੜਾਈਆ । ਜਿਸ ਨੂੰ ਸਾਰੇ ਮੰਨਦੇ ਦੇਵੀ ਦੇਵਾ, ਦੇਵ
੧੯੮ ਆਤਮਾ ਸੰਗ ਬਣਾਈਆ । ਜੋ ਵਸੇ ਧਾਮ ਨਿਹਚਲ ਨਿਹਕੇਵਾ, ਸਚਖੰਡ ਸਾਚੇ ਸੋਭਾ ਪਾਈਆ । ਜਿਸ ਦੀ ਸਿਫ਼ਤ ਕਰ ਨਾ ਸਕੇ ਜਿਹਵਾ, ਅੱਖਰ ੧੯੮
੨੪ ਨਾ ਕੋਇ ਚਤੁਰਾਈਆ । ਉਹ ਦੇਵਣਹਾਰਾ ਸਭ ਨੂੰ ਮੇਵਾ, ਨਾਮ ਅਗੰਮਾ ਆਪ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ੨੪
ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਅਸੀਂ ਵੇਖੀ ਆਪਣੀ ਕਿਤਾਬ, ਕੁਤਬਖ਼ਾਨਿਆਂ
ਬਾਹਰ ਧਿਆਨ ਲਗਾਈਆ । ਜਿਸ ਵਿਚ ਸਾਡਾ ਜਗਤ ਹਿਸਾਬ, ਲੇਖਾ ਦੀਨ ਦੁਨੀ ਦ੍ਰਿੜਾਈਆ । ਜੋ ਹੁਕਮ ਸੰਦੇਸ਼ੇ ਦਿਤੇ ਮਿਤਰ ਅਹਿਬਾਬ, ਹਰਿ
ਕਰਤੇ ਆਪ ਜਣਾਈਆ । ਜਿਸ ਦੀ ਅੰਤਰ ਨਿਰੰਤਰ ਵਜੀ ਰਬਾਬ, ਸੁਰ ਤਾਲ ਸ਼ਬਦ ਸ਼ਨਵਾਈਆ । ਜਿਸ ਦਾ ਹੁਕਮ ਬੋਧ ਅਗਾਧ, ਬੁਧੀ ਤੋਂ
ਬਾਹਰ ਦ੍ਰਿੜਾਈਆ । ਉਹ ਮੰਗਣਹਾਰਾ ਅੰਤ ਜਵਾਬ, ਜਵਾਬ ਤਲਬੀ ਵਿਚ ਰਖਾਈਆ । ਜਿਸ ਦਾ ਦੀਨ ਦੁਨੀ ਲੈਂਦੀ ਰਹੀ ਖ਼ੁਆਬ, ਬਿਨ
ਆਸਾ ਜਗਤ ਜਣਾਈਆ । ਜਿਸ ਦਾ ਜਲਵਾ ਨੂਰ ਮਹਿਤਾਬ, ਦੋ ਜਹਾਨਾ ਕਰੇ ਰੁਸ਼ਨਾਈਆ । ਜੋ ਦੇਵਣਹਾਰਾ ਹਯਾਤੇ ਆਬ, ਅੰਮ੍ਰਿਤ ਰਸ
ਚਖਾਈਆ । ਜੋ ਆਇਆ ਅਵਤਾਰ ਪੈਗ਼ੰਬਰਾਂ ਗੁਰੂਆਂ ਬਾਅਦ, ਜਗਤ ਜਹਾਨ ਲੇਖਾ ਦਏ ਚੁਕਾਈਆ । ਜਿਸ ਦੀਨ ਦੁਨੀ ਦੀਨ ਮਜ਼੍ਹਬ ਤੋਂ ਕਰਨੀ
ਆਜ਼ਾਦ, ਜ਼ਾਤ ਪਾਤ ਦਾ ਪੰਧ ਮੁਕਾਈਆ । ਜਿਸ ਨੇ ਰਚਨਾ ਰਚੀ ਆਦਿ, ਅੰਤ ਦਾ ਲੇਖਾ ਦਏ ਸਮਝਾਈਆ । ਸੋ ਮੋਹਣ ਮਾਧਵ ਮਾਧ, ਮਧੁਰ
ਧੁਨ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹ ਇਕ ਦਰਸਾਈਆ ।
ਨਾਰਦ ਕਹੇ ਮੇਰੇ ਸਾਹਿਬ ਸ੍ਰੀ ਸਿਰਤਾਜੇ, ਤਖ਼ਤ ਨਿਵਾਸੀਓ ਦਿਉ ਜਣਾਈਆ । ਦੀਨ ਦੁਨੀ ਵਿਚ ਖ਼ੁਸ਼ੀਆਂ ਨਾਲ ਭਾਜੇ, ਨੌਂ ਖੰਡ ਪ੍ਰਿਥਮੀ ਵੇਖੇ
ਚਾਈਂ ਚਾਈਆ । ਦੀਨ ਮਜ਼੍ਹਬ ਆਪਣਾ ਤਕੇ ਸਮਾਜੇ, ਅਵਤਾਰ ਪੈਗ਼ੰਬਰ ਗੁਰੂ ਧਿਆਨ ਲਗਾਈਆ । ਜੋ ਦੱਸ ਕੇ ਆਏ ਰਿਵਾਜੇ, ਸ਼ਰਅ ਸ਼ਰਅ

ਨਾਲ ਸਮਝਾਈਆ । ਉਸ ਦਾ ਕਿਉਂ ਮਿਲਿਆ ਜਵਾਬੋ, ਭੁੱਲੀ ਖ਼ਲਕ ਖ਼ੁਦਾਈਆ । ਤੁਹਾਡਾ ਸਭ ਦਾ ਇਸ਼ਾਰਾ ਸਰਗੁਣ ਧਾਰ ਘਰ ਆਵੇ ਤਾਬੋ, ਤਾਬਿਆਦਾਰੀ ਨਜ਼ਰ ਕੋਇ ਨਾ ਆਈਆ । ਜਿਸਦਾ ਖੇਲ ਦੀਨ ਦੁਨੀ ਵੇਖੇ ਅਜ਼ਾਬੋ, ਅਜ਼ਲ ਦਾ ਲੇਖਾ ਆਪਣੇ ਹੱਥ ਰਖਾਈਆ । ਸਾਰੇ ਉਠ ਉਠ ਬਿਨ ਕ਼ਦਮ ਤੋਂ ਭਾਗੋ, ਭੱਜੇ ਵਾਹੋ ਦਾਹੀਆ । ਕਿਉਂ ਸਤਿ ਧਰਮ ਦਾ ਬੁਝਿਆ ਚਰਾਗ਼ੋ, ਦੀਪਕ ਜੋਤ ਨਾ ਕੋਇ ਰੁਸ਼ਨਾਈਆ । ਕਿਉਂ ਹਿੰਦੂ ਮੁਸਲਿਮ ਸਿੱਖ ਈਸਾਈ ਬਣ ਗਏ ਹੰਸ ਕਾਗੋ, ਬੁਧੀ ਕਾਗ ਵਾਂਗ ਕੁਰਲਾਈਆ । ਤ੍ਰੈਗੁਣ ਮਾਇਆ ਲੱਗੀ ਆਗੋ, ਜਗਤ ਸਕੇ ਨਾ ਕੋਇ ਬੁਝਾਈਆ । ਦੀਨ ਦੁਨੀ ਦੇ ਸ਼ਾਹ ਨਵਾਬੋ, ਆਪਣੀ ਲਉ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਹੁਕਮ ਸੰਦੇਸ਼ਾ ਹਕਾ, ਹਕੀਕ਼ਤ ਨਾਲ ਜਣਾਈਆ । ਅਸਾਂ ਦੀਨ ਮਜ਼੍ਹਬ ਆਪਣਾ ਤਕਾ, ਬਿਨ ਨੈਣਾ ਨੈਣ ਉਠਾਈਆ । ਕਿਸੇ ਦਾ ਅੰਤਸ਼ਕਰਨ ਰਿਹਾ ਨਾ ਪੱਕਾ, ਸਚ ਵਿਚ ਨਾ ਕੋਇ ਸਮਾਈਆ । ਫਿਰੀ ਦਰੋਹੀ ਮਦੀਨਾ ਮੱਕਾ, ਕਾਅਬੇ ਕਰਨ ਸ਼ਨਵਾਈਆ । ਲਹਿਣਾ ਤਕਿਆ ਬੂਰਾ ਕੱਕਾ, ਹਜ਼ਰਤ ਈਸਾ ਰਿਹਾ ਦ੍ਰਿੜਾਈਆ । ਮੂਸਾ ਕਹੇ ਮੇਰੀ ਕ਼ੀਮਤ ਰਹੀ ਨਾ ਟਕਾ, ਹੱਟੋ ਹੱਟ ਵਿਕਾਈਆ । ਅਵਤਾਰ ਕਹਿਣ ਜਗਤ ਦਾ ਖੇਲ ਬਾਜ਼ੀਗਰ ਨਟਾ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਸ੍ਰਿਸ਼ਟੀ ਸ੍ਰਿਸ਼ਟੀ ਨਾਲ ਹੋਣੀ ਵਟਾ, ਜ਼ੀਰੋ ਰੂਪ ਦਿਸੇ ਖ਼ਲਕ ਖ਼ੁਦਾਈਆ । ਨਾਲੇ ਆਪਣਾ ਆਪਣਾ ਕੱਢਕੇ ਵੇਖਣ ਪੱਟਾ, ਪਟਨੇ ਵਾਲਾ ਨਾਲ ਮਿਲਾਈਆ । ਵੇਖੋ ਸਭ ਦਾ ਵਕ਼ਤ ਜਾਂਦਾ ਟੱਪਾ, ਸਦੀ ਬੀਸਵੀਂ ਚੌਧਵੀਂ ਨਾਲ ਮਿਲਾਈਆ । ਦੀਨ ਮਜ਼੍ਹਬ ਦਾ ਜ਼ਰੂਰ ਪਵੇਗਾ ਰੱਟਾ, ਝਗੜਾ ਸਕੇ ਨਾ ਕੋਇ ਚੁਕਾਈਆ । ਸਭ ਤੋਂ ਛੇਤੀ ਸਭ ਤੋਂ ਜਲਦੀ ਸ੍ਰਿਸ਼ਟੀ ਅੰਦਰ ਉਡਣਾ ਘੱਟਾ, ਧੂੜੀ ਖ਼ਾਕ ਨਾ ਕੋਇ ਰਮਾਈਆ । ਸਭ ਦਾ ਲੇਖਾ ਮੁਕਣਾ ਇਕੱਠਾ, ਵਖਰੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰੂ ਕਲਜੁਗ ਨੂੰ ਲਓ ਸਦ, ਸੱਦਾ ਨਾਮ ਜਣਾਈਆ । ਹਦੂਦਾਂ ਖੋਜ ਖੁਜਾਈਆ । ਕਿਹੜੀ ਪਵਿਤ੍ਰ ਰਹਿਣ ਦਿਤੀ ਯਦ, ਯਾਦਵ ਬੰਸੀ ਗਿਆ ਸਮਝਾਈਆ । ਪਿਛਲੇ ਜੁਗ ਕੇਤੇ ਗਏ ਲਦ, ਆਪ ਆਪਣਾ ਪੰਧ ਮੁਕਾਈਆ । ਸਾਰੇ ਖ਼ੁਸ਼ੀਆਂ ਵਿਚ ਹੋਵੋ ਗਦ ਗਦ, ਸੋਹਣੇ ਢੋਲੇ ਗਾਈਆ । ਜਗਤ ਖ਼ੁਮਾਰੀ ਵੇਖੋ ਮਦਿ, ਮਧੁਰ ਧੁਨ ਗਏ ਭੁਲਾਈਆ । ਆਪਣੇ ਮੁਰੀਦ ਸਿੱਖ ਮੁਰਸ਼ਦ ਲਓ ਲਭ, ਖੋਜੋ ਥਾਉਂ ਥਾਈਂਆ । ਉਲਟੀ ਦਿਸੇ ਕਿਸੇ ਨਾ ਕਵਲ ਨਭ, ਅੰਮਿਉਂ ਰਸ ਨਾ ਕੋਇ ਚੁਆਈਆ । ਪੰਚ ਵਿਕਾਰੇ ਸਭ ਨੂੰ ਲਿਆ ਦਬ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਆਤਮ ਪਰਮਾਤਮ ਧਾਰ ਹੋਈ ਅੱਡ, ਸਗਲਾ ਸੰਗ ਨਾ ਕੋਇ ਰਖਾਈਆ । ਪਰਕਾਸ਼ ਦਿਸੇ ਨਾ ਅੰਧੇਰੀ ਖੱਡ, ਨੂਰੀ ਚੰਦ ਨਾ ਕੋਇ ਚਮਕਾਈਆ । ਸਚ ਲਡਾਏ ਕੋਈ ਨਾ ਲਡ, ਗੋਦੀ ਗੋਦ ਨਾ ਕੋਇ ਉਠਾਈਆ । ਤੁਹਾਡੇ ਸਿੱਖ ਮੁਰੀਦ ਤੁਹਾਨੂੰ ਗਏ ਛਡ, ਨਾਤਾ ਦੀਨ ਦੁਨੀ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਚਾ ਆਪ ਦਰਸਾਈਆ । ਧਰਨੀ ਕਹੇ ਪਹਿਲੇ ਮੇਰੀ ਸੁਣੋ ਪੁਕਾਰ, ਕੂਕ ਕੂਕ ਸੁਣਾਈਆ । ਜੇ ਨਿਰਗੁਣ ਸਰਗੁਣ ਧਾਰ ਤੁਸੀਂ ਅਵਤਾਰ, ਤੇਈ ਆਪਣਾ ਸੰਗ ਬਣਾਈਆ । ਜੇ ਹਜ਼ਰਤ ਈਸਾ ਮੂਸਾ ਮੁਹੰਮਦ ਬਣ ਗਏ ਯਾਰ, ਯਰਾਨਾ ਜਗਤ ਜੁਗਤ ਜਣਾਈਆ । ਜੇ ਨਾਨਕ ਗੋਬਿੰਦ

੧੯੯
੨੪

ਏਕ ਜੋਤ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਜੇ ਸਤਿਗੁਰ ਸ਼ਬਦ ਸਭ ਦਾ ਮੀਤ ਮੁਰਾਰ, ਸਾਜਣ ਇਕ ਅਖਵਾਈਆ । ਸਾਰੇ ਉਸ ਦਾ ਬੋਲੋ ਜੈਕਾਰ, ਤੂੰ ਹੀ ਪਿਤਾ ਤੂੰ ਹੀ ਮਾਈਆ । ਤੂੰ ਹੀ ਖ਼ਾਲਕ ਪਰਵਰਦਿਗਾਰ, ਨੂਰ ਨੁਰਾਨਾ ਨੂਰ ਅਲਾਹੀਆ । ਤੂੰ ਹੀ ਸਾਹਿਬ ਨਰ ਨਿਰੰਕਾਰ, ਨਿਰਗੁਣ ਨਿਰਵੈਰ ਇਕ ਅਖਵਾਈਆ । ਅਸੀਂ ਤੇਰੇ ਬਰਖ਼ੁਰਦਾਰ, ਸਤਿਜੁਗ ਤਰੇਤਾ ਦੁਆਪਰ ਸੇਵ ਕਮਾਈਆ । ਤੇਰੇ ਨਾਮ ਕਲਮੇ ਦਿਤੇ ਉਚਾਰ, ਸ਼ਾਸਤਰ ਹੁਕਮ ਨਾਲ ਸਮਝਾਈਆ । ਤੂੰ ਪਾਵਣਹਾਰਾ ਸਾਰ, ਵੇਖਣਹਾਰਾ ਥਾਉਂ ਥਾਈਂਆ । ਕੀ ਹੋਇਆ ਜੇ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋ ਗਈ ਗੁਨਾਹਗਾਰ, ਐਬਾਂ ਭਰੀ ਲੋਕਾਈਆ । ਤੂੰ ਵੇਖੇ ਵਿਗਸੇ ਪਾਵੇਂ ਸਾਰ, ਵੇਖਣਹਾਰ ਤੇਰੀ ਵਡਿਆਈਆ । ਅਸੀਂ ਭਵਿਖਤਾਂ ਵਿਚ ਲਿਖਤਾਂ ਵਿਚ ਤੇਰਾ ਹੁਕਮ ਸੰਦੇਸਾ ਆਏ ਉਚਾਰ, ਪੇਸ਼ੀਨਗੋਈਆਂ ਨਾਲ ਸ਼ਨਵਾਈਆ । ਕਲਜੁਗ ਅੰਤ ਆਏ ਕਲ ਕਲਕੀ ਅਵਤਾਰ, ਨਿਹਕਲੰਕਾ ਰੂਪ ਵਟਾਈਆ । ਅਮਾਮ ਅਮਾਮਾ ਹੋਏ ਜ਼ਾਹਰ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਅਸੀਂ ਸਾਰੇ ਤੇਰੇ ਤਾਬਿਆਦਾਰ, ਖ਼ਾਦਮ ਹੋ ਕੇ ਖ਼ਿਦਮਤ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਸਮਝਾਈਆ । ਨਾਰਦ ਕਹੇ ਮੈਂ ਲਿਆਇਆ ਖ਼ਬਰਾਂ ਅਗੰਮੀਆਂ, ਅਗੰਮੜੇ ਦਿਤੀ ਵਡਿਆਈਆ । ਜਿਹੜੀਆਂ ਧਾਰਾਂ ਧਾਰ ਵਿਚੋਂ ਕਿਸੇ ਨਾ ਜੰਮੀਆਂ, ਜਗਤ ਨਿਸ਼ਾਨ ਨਾ ਕੋਇ ਵਖਾਈਆ । ਉਸ ਵਿਚ ਖੇਲਾਂ ਦਿਸਣ ਨਵੀਆਂ, ਨੌਵਾਂ ਖੰਡਾਂ ਖੰਡਾਂ ਦ੍ਰਿੜਾਈਆ । ਜਿਹੜੀ ਸਾਰ ਪਾਈ ਨਹੀਂ ਚਾਰ ਜੁਗ ਦੇ ਕਵੀਆਂ, ਅੱਖਰਾਂ ਨਾਲ ਅੱਖਰ
੨੦੦ ਸਲਾਹੀਆ । ਉਹ ਲੇਖਾ ਜਾਣੇ ਨਿਰਗੁਣ ਧਾਰ ਅਵਤਾਰ ਚਵੀਆਂ, ਚੌਬੀਸਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ੨੦੦
੨੪ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰੋ ਆਓ ਤਕੀਏ ਨਵੀਂ ਰੀਤੀ, ਰੀਤੀਵਾਨ ਕੀ ੨੪
ਸਮਝਾਈਆ । ਜਿਸ ਦਾ ਲੇਖਾ ਮੰਦਰ ਮਸੀਤੀ, ਮੰਦਰ ਮਠਾਂ ਸੰਗ ਬਣਾਈਆ । ਜਿਸ ਦਾ ਖੇਲ ਤ੍ਰੈਗੁਣ ਅਤੀਤੀ, ਤ੍ਰੈਭਵਣ ਕੀ ਆਪਣਾ ਹੁਕਮ ਸਮਝਾਈਆ । ਜਿਸ ਲੱਖ ਚੁਰਾਸੀ ਪਰਖਣੀ ਨੀਤੀ, ਨੀਤੀਵਾਨ ਇਕ ਅਖਵਾਈਆ । ਜਿਸ ਦੀ ਯਾਦ ਵਿਚ ਯਾਦ ਪੁਰਾਣੀ ਬੀਤੀ, ਜੁਗ ਚੌਕੜੀ ਦੇਣ ਗਵਾਹੀਆ । ਜਿਸ ਦੇ ਪਿਆਰ ਵਿਚ ਅੱਖੀ ਮੀਟੀ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਸੋ ਖੇਲ ਕਰੇ ਅਨਡੀਠੀ, ਅਨਡਿਠੜਾ ਹੁਕਮ ਵਰਤਾਈਆ । ਜਿਸ ਦੀ ਧਾਰ ਸਭ ਨੇ ਮੰਨੀ ਮੀਠੀ, ਹੁਕਮ ਵਿਚ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰੋ ਓ ਗੁਰੂ ਸਾਹਿਬਾਨੋ ਮੇਰੀ ਇਕੋ ਇਕ ਅਵਾਜ਼, ਬਿਨ ਰਸਨਾ ਜਿਹਵਾ ਦਿਆਂ ਸੁਣਾਈਆ । ਆਪਣੇ ਸਾਹਿਬ ਦਾ ਵੇਖੋ ਰਾਜ਼, ਕੀ ਰਾਜ਼ਕ ਰਿਜ਼ਕ ਰਹੀਮ ਰਿਹਾ ਖੁਲ੍ਹਾਈਆ । ਜਿਸ ਦੇ ਉਤੇ ਤੁਹਾਨੂੰ ਸਭ ਨੂੰ ਨਾਜ਼, ਸੱਯਦਿਆਂ ਵਿਚ ਸੀਸ ਝੁਕਾਈਆ । ਉਸ ਦਾ ਨਵਾਂ ਤਕ ਲਓ ਰਿਵਾਜ, ਕੀ ਆਪਣੀ ਬਣਤ ਬਣਾਈਆ । ਕੀ ਕਰੇ ਅਗੰਮਾ ਕਾਜ, ਹਰਿ ਕਰਤਾ ਧੁਰਦਰਗਾਹੀਆ । ਜਿਸ ਨੂੰ ਸਭ ਨੇ ਮੰਨਿਆ ਗੁਰੂ ਮਹਾਰਾਜ, ਮਹਿਬੂਬ ਨੂਰ ਅਲਾਹੀਆ । ਉਹ ਜੋਤੀ ਜਾਤਾ ਪੁਰਖ ਬਿਧਾਤਾ ਸੀਸ ਜਗਦੀਸ ਰਖ ਕੇ ਤਾਜ, ਤਾਜਾਂ ਵਾਲਿਆਂ ਕਰੇ ਸਫ਼ਾਈਆ । ਨਿਗਾਹ ਮਾਰ ਲਓ ਬਿਨ ਨੇਤਰਾਂ ਤਨ ਵਜੂਦ ਦੇਸ ਮਾਝ, ਬਿਨ ਅੱਖੀਆਂ ਅੱਖ ਖੁਲ੍ਹਾਈਆ । ਬਿਨ ਰਸਨਾ ਗਾਵੇ ਰਾਗ, ਢੋਲੇ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ, ਸਚ ਦਾ ਸਾਹਿਬ ਅਗੰਮ ਅਥਾਹੀਆ । ਗੁਰ ਅਵਤਾਰ ਪੈਗ਼ੰਬਰੋ ਵੇਖੋ ਸਾਹਿਬ ਦਾ ਕੰਮ, ਕਰਮ ਕਾਂਡ ਦੀ ਲੋੜ ਨਾ ਕੋਇ ਰਖਾਈਆ ।
ਜੋ ਲੇਖਾ ਜਾਣੇ ਆਤਮ ਧਾਰ ਬ੍ਰਹਮ, ਪਾਰਬ੍ਰਹਮ ਨੂਰ ਅਲਾਹੀਆ । ਜਨ ਭਗਤਾਂ ਲੇਖੇ ਲਾਏ ਬਿਨਾ ਸਵਾਸ ਤੋਂ ਦਮ, ਦਾਮਨਗੀਰ ਆਪ ਹੋ
ਜਾਈਆ । ਲਹਿਣਾ ਦੇਣਾ ਚੁਕਾਏ ਕਾਇਆ ਮਾਟੀ ਚੰਮੜੀ ਚੰਮ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਰੈਣ ਅੰਧੇਰੀ ਰਹਿਣ ਨਾ ਦੇਵੇ ਸ਼ਮ, ਸ਼ਮਅ
ਨੂਰ ਜੋਤ ਕਰੇ ਰੁਸ਼ਨਾਈਆ । ਅੰਦਰੋਂ ਕੱਢਕੇ ਕੂੜ ਕੂੜਿਆਰ ਦਾ ਗ਼ਮ, ਗ਼ਮਖ਼ਾਰ ਹੋਏ ਸਹਾਈਆ । ਸਾਰੀ ਮਾਨਵ ਜ਼ਾਤੀ ਇਕੋ ਸਮਝਾ ਕੇ ਧਰਮ,
ਦੀਨ ਮਜ਼੍ਹਬ ਦਾ ਪੰਧ ਮੁਕਾਈਆ । ਸਤਿਗੁਰ ਸ਼ਬਦ ਸ਼ਬਦ ਦੇ ਘਰ ਦੇ ਕੇ ਜਰਮ, ਆਪ ਬਣੇ ਜਣੇਂਦੀ ਮਾਈਆ । ਜਿਸ ਨੂੰ ਸਭ ਨੇ ਮੰਨਿਆ
ਪੁਰਖ ਪਰਮ, ਪਤਿਪਰਮੇਸ਼ਵਰ ਇਕ ਅਖਵਾਈਆ । ਦੀਨਾਂ ਮਜ਼੍ਹਬਾਂ ਦੇ ਕੱਢਕੇ ਵਿਚੋਂ ਭਰਮ, ਭਾਂਡੇ ਕੂੜ ਰਿਹਾ ਭੰਨਾਈਆ । ਇਕੋ ਪ੍ਰੀਤਮ ਦੱਸ
ਕੇ ਪ੍ਰੀਤ ਚਰਨ, ਚਰਨੋਦਕ ਜਾਮ ਪਿਆਈਆ । ਨੇਤਰ ਖੋਲ੍ਹ ਕੇ ਹਰਨ ਫਰਨ ਨਿਜ ਲੋਚਨ ਕਰੇ ਰੁਸ਼ਨਾਈਆ । ਜੋ ਆਤਮ ਪਰਮਾਤਮ ਤੂੰ ਮੇਰਾ
ਮੈਂ ਤੇਰਾ ਢੋਲਾ ਪੜ੍ਹਨ, ਪਾਰਬ੍ਰਹਮ ਬ੍ਰਹਮ ਨਾਲ ਮਿਲਾਈਆ । ਬਿਨ ਪੌੜੀ ਡੰਡੇ ਮੰਜ਼ਲ ਚੜ੍ਹਨ, ਦਰਗਾਹ ਸਾਚੀ ਸਚਖੰਡ ਦਏ ਵਡਿਆਈਆ ।
ਉਹ ਆ ਗਿਆ ਨਵਾਂ ਘਾੜਨ ਘੜਨ, ਘੜਨ ਭੰਨਣਹਾਰ ਆਪਣਾ ਹੁਕਮ ਵਰਤਾਈਆ । ਜਿਸ ਝਗੜਾ ਮੁਕਾਉਣਾ ਸੀਸ ਧੜਨ, ਵਜੂਦਾਂ ਵੰਡ
ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਨਾਰਦ
੨੦੧ ਕਹੇ ਗੁਰ ਅਵਤਾਰ ਪੈਗ਼ੰਬਰੋ ਮੈਨੂੰ ਖ਼ੁਸ਼ੀਆਂ ਵਿਚ ਆਉਂਦਾ ਹਾਸਾ, ਹਸ ਕੇ ਦਿਆਂ ਜਣਾਈਆ । ਆਓ ਰਲ ਮਿਲ ਕੇ ਜਗਤ ਵੇਖੀਏ ਤਮਾਸ਼ਾ, ੨੦੧
੨੪ ਚਾਰੋਂ ਕੁੰਟ ਧਿਆਨ ਲਗਾਈਆ । ਫੇਰ ਵੇਖੋ ਕਿਸ ਦੇ ਅੰਦਰ ਪੁਰਖ ਅਬਿਨਾਸ਼ ਦਾ ਵਾਸਾ, ਘਰ ਮੰਦਰ ਬੈਠਾ ਡੇਰਾ ਲਾਈਆ । ਕਿਸ ਗ੍ਰਿਹਿ ੨੪
ਪਾਵੇ ਆਪਣੀ ਰਾਸਾ, ਬਿਨ ਗੋਪੀ ਕਾਹਨ ਨਾਚ ਨਚਾਈਆ । ਕਿਸ ਤਰਹ ਨਾਮ ਜਪਾਏ ਸਵਾਸ ਸਵਾਸਾ, ਸਾਹ ਸਾਹ ਵਿਚ ਸਮਾਈਆ । ਨਾਲੇ
ਨਿਗਾਹ ਮਾਰੋ ਧਰਤੀ ਉਤੇ ਆਕਾਸ਼ਾ, ਗਗਨ ਗਗਨੰਤਰ ਖੋਜ ਖੁਜਾਈਆ । ਜਿਸ ਨੂੰ ਕਹਿੰਦੇ ਪੁਰਖ ਅਬਿਨਾਸ਼ਾ, ਪੁਰਖ ਅਕਾਲ ਅਗੰਮ ਅਥਾਹੀਆ ।
ਜੋ ਆਦਿ ਜੁਗਾਦੀ ਦਾਸੀ ਦਾਸਾ, ਨਿਤ ਨਵਿਤ ਸੇਵ ਕਮਾਈਆ । ਕਵਣ ਧਾਮ ਗ੍ਰਿਹਿ ਕੂਟ ਉਸ ਦਾ ਪਰਕਾਸ਼ਾ, ਕਵਣ ਮੰਦਰ ਕਰੇ ਰੁਸ਼ਨਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਚ ਆਪ ਸਮਝਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰ
ਗੁਰੂ ਸਾਹਿਬਾਨੋ ਇਕ ਨਵੀਂ ਸੁਣੋ ਕਹਾਣੀ, ਕਹਾਵਤ ਗ੍ਰੰਥ ਨਾ ਕੋਇ ਜਣਾਈਆ । ਇਹ ਕੋਈ ਸ਼ਾਸਤਰਾਂ ਵਾਲੀ ਨਹੀਂ ਬਾਣੀ, ਸਿਫ਼ਤਾਂ ਨਾਲ ਨਾ
ਸਿਫ਼ਤ ਸਲਾਹੀਆ । ਇਹ ਕੋਈ ਤੀਰਥਾਂ ਵਾਲਾ ਨਹੀਂ ਪਾਣੀ, ਅੱਠਾਂ ਸੱਠਾਂ ਸੋਭਾ ਪਾਈਆ । ਇਹ ਕੋਈ ਜਗਤ ਜਹਾਨ ਦਾ ਨਹੀਂ ਹਾਣੀ, ਜੋਬਨਵੰਤਾ
ਰੂਪ ਅਨੂਪ ਚਮਕਾਈਆ । ਇਹਦਾ ਲੇਖਾ ਨਹੀਂ ਕੋਈ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੰਡ ਨਾ ਕੋਇ ਵੰਡਾਈਆ । ਇਹਦਾ ਨਾਤਾ
ਨਹੀਂ ਚਾਰ ਬਾਣੀ, ਪਰਾ ਪਸੰਤੀ ਮਧਮ ਬੈਖਰੀ ਰਾਗ ਨਾ ਕੋਇ ਸੁਣਾਈਆ । ਇਹਦਾ ਪਿਆਰ ਨਹੀਂ ਨਾਲ ਕਿਸੇ ਸੁਆਣੀ, ਮਿਤਰ ਪਿਆਰਾ ਨਾ
ਕੋਇ ਅਖਵਾਈਆ । ਇਹਦਾ ਲਹਿਣਾ ਦੇਣਾ ਨਾਲ ਮੰਜ਼ਲ ਰੂਹਾਨੀ, ਰੂਹ ਬੁਤ ਨਾਲ ਮਿਲਾਈਆ । ਇਹ ਮਿਤਰਾਂ ਦਾ ਮਿਤਰ ਤੇ ਸਭ ਦਾ ਜਾਣ
ਜਾਣੀ, ਜਾਣਨਹਾਰ ਇਕ ਅਖਵਾਈਆ । ਆਪਣੇ ਭਵਿਖਤ ਵੇਖੋ ਤੇ ਨਾਲੇ ਵੇਖੋ ਇਸਦੀ ਨਵੀਂ ਨਿਸ਼ਾਨੀ, ਜੋ ਨਿਸ਼ਾਨੇ ਦੀਨ ਦੁਨੀ ਬਦਲਾਈਆ ।

ਇਹਦੀ ਮੰਜ਼ਲ ਤਕੇ ਆਸਾਨੀ, ਅਹਿਸਾਨ ਸਿਰ ਨਾ ਕੋਇ ਚੜ੍ਹਾਈਆ । ਜਿਸ ਦੇ ਪਿਛੇ ਦੇ ਕੇ ਆਏ ਕ਼ੁਰਬਾਨੀ, ਕਰਬਲਿਆਂ ਦਾ ਮਾਲਕ ਲੇਖਾ ਜਾਣੇ ਥਾਉਂ ਥਾਈਂਆ । ਜਿਸ ਨੂੰ ਨੂਰੀ ਅਲਾਹ ਕਹਿੰਦੇ ਅਸਮਾਨੀ, ਇਸਮ ਆਜ਼ਮ ਮੰਨ ਕੇ ਸੀਸ ਨਿਵਾਈਆ । ਉਸ ਦਾ ਇਕੋ ਹੁਕਮ ਕਲਮਾ ਮਜ਼ੀਉਲ ਦੁਜ਼ਾਉ ਕੌਜ਼ੀ ਸ਼ੰਬਾਏ ਮੁਫ਼ਲਜ਼ਾ ਹੰਬਾ ਦਵੀ ਕੋਤਲ ਕੰਮਬਾ ਵਿਸਤਲ ਤੁਜ਼ਾ ਮਾਜ਼ੀ ਚਸ਼ਮੇ ਨਜ਼ੂ ਨੂਰੇ ਖ਼ੁਦਾ ਅਮੀਵਲ ਦੁਆ ਮੁਹੰਮਦੇ ਰਜ਼ਾ ਰਸੂਲਾਏ ਵਹੀ ਵਹੀ ਵਜ਼ਲਦਾ ਜਸਤਮਲ ਮੁਹੰਮਦੇ ਬੇਐਬ ਬੇਐਬ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਚ ਸਚ ਸਮਝਾਈਆ । ਗੁਰੂ ਅਵਤਾਰ ਪੈਗ਼ੰਬਰ ਕਹਿਣ ਸਾਡਾ ਇਕੋ ਇਕ ਵਿਚਾਰ, ਵਿਚਰ ਕੇ ਦਈਏ ਜਣਾਈਆ । ਨਾਰਦਾ ਜਿਸ ਦੀ ਕਰਦੇ ਆਏ ਗੁਫ਼ਤਾਰ, ਗੁਫ਼ਤ ਸ਼ਨੀਦ ਸ਼ਨਵਾਈਆ । ਜਿਸ ਦੀ ਜੁਗ ਚੌਕੜੀ ਦੱਸਦੇ ਆਏ ਰਫ਼ਤਾਰ, ਭੱਜੇ ਵਾਹੋ ਦਾਹੀਆ । ਜੋ ਮਿਤਰ ਪਿਆਰਾ ਸਭ ਦਾ ਸਾਂਝਾ ਯਾਰ, ਯਾਰੜਾ ਇਕ ਅਖਵਾਈਆ । ਉਸੇ ਦੇ ਨਾਮ ਦੱਸੇ ਵਿਚ ਸੰਸਾਰ, ਢੋਲੇ ਸਿਫ਼ਤਾਂ ਵਿਚ ਗਾਈਆ । ਉਸੇ ਦੇ ਹੁਕਮ ਵਿਚ ਖੰਡੇ ਖੜਗ ਚਮਕਾਏ ਹੱਥ ਪਕੜੀ ਤਲਵਾਰ, ਤੀਰ ਤਰਕਸ਼ਾਂ ਨਾਲ ਸੁਹਾਈਆ । ਅਸੀਂ ਜੁਗ ਜੁਗ ਦੇ ਸੇਵਾਦਾਰ, ਸੇਵਾ ਕੀਤੀ ਚਾਈਂ ਚਾਈਂਆ । ਸਾਡਾ ਵਕਤ ਸੁਹੰਜਣਾ ਹੋਣਾ ਪਾਰ, ਸਦੀ ਚੌਧਵੀਂ ਪੰਧ ਮੁਕਾਈਆ । ਬੀਸਵੀਂ ਰੋਵੇ ਜ਼ਾਰੋ ਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਮੂਸਾ ਕਹੇ ਕਿਸੇ ਦਾ ਨਹੀਂ ਕੋਈ ਅਖਤਿਆਰ, ਮੁਖਤਾਰੇ ਸਾਰੇ ਦਈਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਛੱਬੀ ਪੋਹ ਕਹੇ ਅਵਤਾਰ ਪੈਗ਼ੰਬਰ ਗੁਰੂ ਨਾਰਦ ਮੁਨ ਮੇਰੀ ਇਕ ਦਲੀਲ, ਦੂਸਰ ਸੰਗ ਨਾ ਕੋਇ ਬਣਾਈਆ । ਸਾਰੇ ਆਪਣੇ ਪਿਆਰ ਦੀ ਕਰੋ ਅਪੀਲ, ਬਿਨ ਅੱਖਰਾਂ ਅੱਖਰਾਂ ਲੇਖ ਲਿਖਾਈਆ । ਸਤਿਗੁਰ ਸ਼ਬਦ ਬਣਾਓ ਵਕੀਲ, ਵੁਕਲਿਆਂ ਲੋੜ ਰਹੇ ਨਾ ਰਾਈਆ । ਨਾਲੇ ਲੇਖਾ ਯਾਦ ਕਰ ਲਓ ਜੋ ਸੰਦੇਸ਼ਾ ਦਿਤਾ ਅਰਜਨ ਨੂੰ ਸਨਮੁਖ ਰਖਾ ਕੇ ਭੀਲ, ਭੀਲਨੀ ਰਾਮ ਗਿਆ ਸਮਝਾਈਆ । ਜੋ ਇਸ਼ਾਰਾ ਕੀਤਾ ਹਜ਼ਰਤ ਮੁਹੰਮਦ ਮਾਰ ਕੇ ਕੀਲ, ਖੰਡੇ ਖੜਗ ਨਾਲ ਵਡਿਆਈਆ । ਕੀ ਖੇਲ ਕਰੇ ਮੇਰਾ ਮਾਲਕ ਅਮੀਨ, ਕਾਮਲ ਮੁਰਸ਼ਦ ਧੁਰਦਰਗਾਹੀਆ । ਜਿਸ ਆਉਣਾ ਉਤੇ ਜ਼ਮੀਨ, ਅਮਾਮ ਅਮਾਮਾ ਫੇਰਾ ਪਾਈਆ । ਸਭ ਦਾ ਹਕ ਹਕ਼ੂਕ ਲੈਣਾ ਛੀਨ, ਖ਼ਾਲੀ ਹੱਥ ਦਏ ਵਖਾਈਆ । ਜਿਸ ਦੇ ਚਰਨਾਂ ਹੇਠ ਝੁਕਣੇ ਲੋਕ ਤੀਨ, ਚੌਦਾਂ ਤਬਕ ਸਿਰ ਨਾ ਕੋਇ ਉਠਾਈਆ । ਉਸ ਦੇ ਉਤੇ ਕਰਨਾ ਇਕ ਯਕੀਨ, ਜੋ ਵਾਹਿਦ ਅੱਲਾ ਨੂਰ ਅਲਾਹੀਆ । ਅਸੀਂ ਓਸ ਦੇ ਮਸਕੀਨ, ਨਿਵ ਨਿਵ ਸੀਸ ਨਿਵਾਈਆ । ਓਸ ਦੀ ਸਭ ਤੋਂ ਵਖਰੀ ਹੋਣੀ ਤਾਲੀਮ, ਤੁਲਬੇ ਸੂਫ਼ੀ ਫ਼ਕੀਰ ਭਗਤ ਲਏ ਬਣਾਈਆ । ਜਿਸ ਮਜ਼੍ਹਬਾਂ ਦੀ ਰਹਿਣ ਨਹੀਂ ਦੇਣੀ ਤਕ਼ਸੀਮ, ਜੁਜ਼ ਵੰਡ ਨਾ ਕੋਇ ਵੰਡਾਈਆ । ਨਾਲੇ ਇਸ਼ਾਰਾ ਕੀਤਾ ਡੰਡਾ ਵੇਖ ਕੇ ਮੀਮ, ਨੁਕਤਾ ਮੀਮ ਨਾਲ ਸਮਝਾਈਆ । ਜਿਸ ਦੇ ਸਾਰੇ ਅਧੀਨ, ਸਿਰ ਸਕੇ ਨਾ ਕੋਇ ਉਠਾਈਆ । ਉਹ ਪਰਮ ਪੁਰਖ ਪਰਵਰਦਿਗਾਰ ਨਾ ਨਰ ਨਾ ਮਦੀਨ, ਤਨ ਵਜੂਦ ਨਾ ਕੋਇ ਰਖਾਈਆ । ਜਿਸ ਨੇ ਸਭ ਦੀ ਬੁੱਧੀ ਕਰਨੀ ਮਲੀਨ, ਅਕਲ ਆਕਲਾਂ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਅਖਵਾਈਆ । ਛੱਬੀ ਪੋਹ ਕਹੇ ਗੁਰੂ ਅਵਤਾਰ ਪੈਗ਼ੰਬਰੋ ਮੇਰੇ ਬਣੋ ਸਾਥੀ, ਸਗਲਾ ਸੰਗ ਬਣਾਈਆ । ਵੇਖੋ ਖੇਲ ਪੁਰਖ ਸਮਰਾਥੀ, ਕੀ ਕਰਤਾ ਕਾਰ ਕਮਾਈਆ ।

ਜਿਸ ਦਾ ਲੇਖਾ ਅਨਾਥ ਅਨਾਥੀ, ਵੇਖਣਹਾਰਾ ਥਾਉਂ ਥਾਈਂਆ । ਲਹਿਣਾ ਦੇਣਾ ਚੁਕਾ ਦਏ ਮਸਤਕ ਮਾਥੀ, ਪੂਰਬ ਸਭ ਦੀ ਝੋਲੀ ਪਾਈਆ । ਜਿਸ ਦੀ ਮਹਿੰਮਾ ਜਗਤ ਅਕਾਥੀ, ਕਥਨੀ ਕਥ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਆਮੀ ਬੇਪਰਵਾਹੀਆ । ਸਚ ਸੁਆਮੀ ਸਾਹਿਬ ਸੁਲਤਾਨਾ, ਹਰਿ ਕਰਤਾ ਅਗੰਮ ਅਥਾਹ । ਸ਼ਾਹੋ ਭੂਪ ਨੌਜਵਾਨਾ, ਪਰਮ ਪੁਰਖ ਬੇਪਰਵਾਹ । ਦੇਵਣਹਾਰਾ ਸਾਚਾ ਦਾਨਾ, ਨਾਮ ਕਲਮੇ ਜਗਤ ਸੁਣਾ । ਧਰਮ ਝੁਲਾਵਣਹਾਰ ਨਿਸ਼ਾਨਾ, ਲੇਖਾ ਜਾਣੇ ਦੋ ਜਹਾਂ । ਆਦਿ ਜੁਗਾਦੀ ਮਿਹਰਵਾਨਾ, ਮਹਿਬੂਬ ਨੂਰ ਅਲਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਹੋਏ ਸਹਾ । ਸਹਾਇਕ ਨਾਇਕ ਇਕੋ ਖ਼ਾਲਕ, ਹਰਿ ਕਰਤਾ ਧੁਰਦਰਗਾਹੀ । ਆਦਿ ਜੁਗਾਦਿ ਸਦਾ ਪ੍ਰਿਤਪਾਲਕ, ਮਿਹਰਵਾਨ ਨੂਰ ਅਲਾਹੀ । ਏਥੇ ਉਥੇ ਸਾਚਾ ਮਾਲਕ, ਲਹਿਣਾ ਦੇਣਾ ਜਾਣੇ ਥਾਉਂ ਥਾਈਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈ । ਸਚ ਕਰਨੀ ਕਾਰ ਕਮਾਉਂਦਾ ਏ । ਸੋ ਪੁਰਖ ਨਿਰੰਜਣ ਖੇਲ ਖਿਲਾਉਂਦਾ ਏ । ਹਰਿ ਪੁਰਖ ਨਿਰੰਜਣ ਵੇਖ ਵਖਾਉਂਦਾ ਏ । ਆਦਿ ਨਿਰੰਜਣ ਨੂਰ ਰੁਸ਼ਨਾਉਂਦਾ ਏ । ਅਬਿਨਾਸ਼ੀ ਕਰਤਾ ਵੰਡ ਵੰਡਾਉਂਦਾ ਏ । ਏਕੰਕਾਰਾ ਚੰਦ ਚਮਕਾਉਂਦਾ ਏ । ਸ੍ਰੀ ਭਗਵਾਨ ਰੂਪ ਦਰਸਾਉਂਦਾ ਏ । ਪਾਰਬ੍ਰਹਮ ਖੇਲ ਖਿਲਾਉਂਦਾ ਏ । ਸ਼ਬਦੀ ਧਾਰ ਸੁਤ ਉਪਜਾਉਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਆਪਣਾ ਰੂਪ ਸਮਝਾਉਂਦਾ ਏ ।
੨੦੩ ਤ੍ਰੈਗੁਣ ਮਾਇਆ ਪੰਜ ਤਤ ਵੰਡ ਵੰਡਾਉਂਦਾ ਏ । ਲੱਖ ਚੁਰਾਸੀ ਪਾ ਕੇ ਗੰਢ, ਅੰਡਜ ਜੇਰਜ ਉਤਭੁਜ ਸੇਤਜ ਜੋੜ ਜੁੜਾਉਂਦਾ ਏ । ਨਿਰਗੁਣ ਨੂਰੀ ੨੦੩
੨੪ ਜੋਤ ਚਾੜ੍ਹ ਕੇ ਚੰਦ, ਆਤਮ ਪਰਮਾਤਮ ਵੇਸ ਵਟਾਉਂਦਾ ਏ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਗਏ ਲੰਘ, ਸਮੇਂ ਸਮੇਂ ਨਾਲ ਬਦਲਾਉਂਦਾ ਏ । ੨੪
ਸੋ ਪੁਰਖ ਅਕਾਲਾ ਦੀਨ ਦਿਆਲਾ ਜੋਤੀ ਧਾਰ ਏਕੰਕਾਰ ਪਰਵਰਦਿਗਾਰ ਬੈਠ ਧਰਮ ਪਲੰਘ, ਸਚ ਸਿੰਘਾਸਣ ਇਕ ਸੁਹਾਉਂਦਾ ਏ । ਗੁਰ ਅਵਤਾਰ ਪੈਗ਼ੰਬਰੋ ਤੁਹਾਡੀ ਪੂਰੀ ਹੋਣੀ ਮੰਗ, ਤ੍ਰਿਸ਼ਨਾ ਸਭ ਦੀ ਵੇਖ ਵਖਾਉਂਦਾ ਏ । ਉਹ ਨਿਗਾਹ ਮਾਰ ਲਓ ਸਦੀ ਅੰਤਮ ਚੌਧਵੀਂ ਹੋਣਾ ਜੰਗ, ਜੰਗ ਜੂ ਬਹਾਦਰ ਆਪ ਅਖਵਾਉਂਦਾ ਏ । ਜਿਸ ਨੇ ਸਭ ਦੀ ਤੁਹਾਥੋਂ ਕਰਾਈ ਵੰਡ, ਹਿੱਸੇ ਮਜ਼੍ਹਬਾਂ ਵਾਲੇ ਬਣਾਉਂਦਾ ਏ । ਅੰਤਮ ਇਕੋ ਦੇਵੇ ਗੰਢ, ਆਤਮ ਪਰਮਾਤਮ ਜੋੜ ਜੁੜਾਉਂਦਾ ਏ । ਪਹਿਲੋਂ ਭਗਤਾਂ ਪਾ ਕੇ ਠੰਢ, ਸਾਂਤਕ ਸਤਿ ਕਰਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦ ਆਪ ਖੁਲ੍ਹਾਉਂਦਾ ਏ । ਭੇਵ ਅਭੇਦਾ ਆਪ ਖੁਲ੍ਹਾਏਗਾ । ਦੀਨ ਦਿਆਲ ਦਇਆ ਕਮਾਏਗਾ । ਜਨ ਭਗਤਾਂ ਭਾਗ ਲੇਖੇ ਲਾਏਗਾ । ਕਾਲ ਮਹਾਕਾਲ ਨੇੜ ਨਾ ਆਏਗਾ । ਸਤਿਗੁਰ ਸ਼ਬਦ ਦਲਾਲ ਰਖਾਏਗਾ । ਸਚ ਵਸਾਲ ਵਸਲ ਇਕੋ ਯਾਰ ਜਣਾਏਗਾ । ਹਰਿਜਨ ਪ੍ਰੀਤਮ ਪਿਆਰਾ ਆਪੇ ਭਾਲ, ਗੁਰਮੁਖ ਗੁਰ ਗੁਰ ਗੋਦ ਉਠਾਏਗਾ । ਸੰਬਲ ਬੈਠ ਕੇ ਕਰੇ ਸੰਭਾਲ, ਸਾਚਾ ਨਗਰ ਇਕ ਵਡਿਆਏਗਾ । ਤ੍ਰੈਗੁਣ ਮਾਇਆ ਤੋੜ ਕੇ ਜੰਜਾਲ, ਜਾਗਰਤ ਜੋਤ ਜੋਤ ਰੁਸ਼ਨਾਏਗਾ । ਲੇਖੇ ਲਾ ਕੇ ਸ਼ਾਹ ਕੰਗਾਲ, ਗ਼ਰੀਬ ਨਿਮਾਣੇ ਗੋਦ ਟਿਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰਾ ਇਕ ਦਰਸਾਏਗਾ । ਛੱਬੀ ਪੋਹ ਕਹੇ ਮੇਰਾ ਵਕ਼ਤ ਸੁਹਾਇਆ ਆਪ, ਪ੍ਰਭ ਦਿਤੀ ਮਾਣ ਵਡਿਆਈਆ । ਤ੍ਰੈਗੁਣ ਮਾਇਆ ਮੇਟ ਕੇ ਤਾਪ, ਅਗਨੀ ਤਤ ਬੁਝਾਈਆ । ਸੋਹੰ ਸ਼ਬਦ

ਦੱਸ ਕੇ ਜਾਪ, ਆਤਮ ਪਰਮਾਤਮ ਰੰਗ ਰੰਗਾਈਆ । ਜਨਮ ਜਨਮ ਦੇ ਮੇਟ ਕੇ ਪਾਪ, ਦੁਰਮਤ ਮੈਲ ਧਵਾਈਆ । ਮਾਇਆ ਡੱਸੇ ਨਾ ਡਸਣੀ ਸਾਂਪ, ਕੂੜ ਕਿਰਿਆ ਨਾ ਹੋਏ ਹਲਕਾਈਆ । ਕਿਰਪਾ ਕਰੇ ਕਮਲਾਪਾਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਛੱਬੀ ਪੋਹ ਜਨ ਭਗਤੋ ਕਹੇ ਮੇਰੇ ਨਾਲ ਕਰੋ ਮੇਲਾ, ਮਿਲਣੀ ਹਰਿ ਜਗਦੀਸ਼ ਜਣਾਈਆ । ਸਤਿਗੁਰ ਸ਼ਬਦ ਜਿਸ ਦਾ ਆਦਿ ਜੁਗਾਦੀ ਚੇਲਾ, ਚੇਲੇ ਦੀ ਸੇਵਕ ਖ਼ਲਕ ਖ਼ੁਦਾਈਆ । ਜਿਹੜਾ ਲੱਖ ਚੁਰਾਸੀ ਨਾਲੋਂ ਹੋ ਕੇ ਵਿਹਲਾ, ਸਚਖੰਡ ਬੈਠਾ ਡੇਰਾ ਲਾਈਆ । ਉਹ ਵਸੇ ਧਾਮ ਨਵੇਲਾ, ਨਿਰਗੁਣ ਦਾਤਾ ਨੂਰ ਅਲਾਹੀਆ । ਉਹ ਅਚਰਜ ਖੇਲ ਕਲਜੁਗ ਅੰਤਮ ਖੇਲਾ, ਖ਼ਾਲਕ ਖ਼ਲਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਰਗ ਇਕ ਪਰਗਟਾਈਆ । ਮਾਰਗ ਕਹੇ ਮੈਨੂੰ ਆ ਗਿਆ ਧੁਰ ਦਾ ਹੋਰ ਪੈਗ਼ਾਮ, ਪੈਗ਼ੰਬਰੋ ਦਿਆਂ ਸੁਣਾਈਆ । ਕੀ ਸੰਦੇਸ਼ਾ ਦੇਵੇ ਧੁਰ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜਿਸ ਦੀ ਸਤਿ ਸਚ ਕਲਾਮ, ਕਲਮਾ ਕਾਇਨਾਤ ਦ੍ਰਿੜਾਈਆ । ਜਿਸ ਨੇ ਸਭ ਦਾ ਲੈਣਾ ਅੰਜਾਮ, ਅੰਜਮਲ ਦਾ ਲੇਖਾ ਵੇਖੇ ਚਾਈਂ ਚਾਈਂਆ । ਜਿਨ੍ਹ ਮਾਟੀ ਖ਼ਾਕ ਤਕਣੀ ਚਾਮ, ਚੰਮ ਦ੍ਰਿਸ਼ਟੀ ਫੋਲ ਫੁਲਾਈਆ । ਜਿਸ ਦੀ ਆਸਾ ਰਖ ਕੇ ਗਿਆ ਸ਼ਾਮ, ਕਾਹਨ ਘਨਈਆ ਅੱਖ ਉਠਾਈਆ । ਜਿਸ ਦਾ ਸੰਦੇਸਾ ਦਿਤਾ ਸੀਆ ਨੇ ਰਾਮ, ਰਾਮ ਸੀਆ ਗਿਆ ਸਮਝਾਈਆ । ਜਿਸ ਨੂੰ ਬਾਵਨ ਹਸ ਕੇ ਕਿਹਾ ਮੇਰਾ ਮਿਹਰਵਾਨ, ਭਗਵਨ ਭਾਗਵਾਨ ਅਖਵਾਈਆ । ਉਹ ਨੂਰ ਨੁਰਾਨਾ ਸ਼ਾਹ ਸੁਲਤਾਨਾ ਖੇਲ ਖੇਲੇ ਦੋ ਜਹਾਨ, ਦੋਹਰੀ ਆਪਣੀ ਕਲ ਵਰਤਾਈਆ । ਜੋਤੀ ਜਾਤਾ ਪੁਰਖ ਬਿਧਾਤਾ ਪਹਿਰ ਕੇ ਜਾਮਾ, ਜਨ ਭਗਤਾਂ ਜ਼ਾਮਨ ਹੋਵੇ ਥਾਉਂ ਥਾਈਆ । ਸਾਚੇ ਗ੍ਰਿਹਿ ਕਰੇ ਬਿਸਰਾਮਾ, ਆਸਣ ਸਿੰਘਾਸਣ ਇਕ ਸੁਹਾਈਆ । ਜਿਥੇ ਸ਼ਬਦੀ ਸ਼ਬਦ ਦਾ ਵਜੇ ਦਮਾਮਾ, ਜਗਤ ਤਾਲ ਨਾ ਕੋਇ ਰਖਾਈਆ । ਜਿਥੇ ਨਾ ਕੋਈ ਸਯਦਾ ਡੰਡਾਵਤ ਬੰਦਨਾ ਨਾ ਕੋਈ ਸਲਾਮਾ, ਸਿਰ ਸਰ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਰਗ ਇਕ ਰਖਾਈਆ । ਨਾਰਦ ਕਹੇ ਭਗਤੋ ਛੱਬੀ ਪੋਹ ਓਹ ਸਭ ਦਾ ਸਾਂਝਾ ਮੀਤ, ਮਿਤਰੋ ਦਿਆਂ ਜਣਾਈਆ । ਜਿਸ ਵਿਚ ਦੀਨ ਦੁਨੀ ਦੀ ਬਦਲਣੀ ਰੀਤ, ਰੀਤੀਵਾਨ ਇਕ ਹੋ ਆਈਆ । ਝਗੜਾ ਰਹੇ ਨਾ ਮੰਦਰ ਮਸੀਤ, ਮਸਲੇ ਸਭ ਦੇ ਹੱਲ ਕਰਾਈਆ । ਆਤਮ ਧਾਰ ਸਭ ਨੇ ਗਾਉਂਣਾ ਗੀਤ, ਗੋਬਿੰਦ ਦੇਵਣਹਾਰ ਵਡਿਆਈਆ । ਸਭ ਨੇ ਪਵਿਤ੍ਰ ਕਰਨੀ ਆਪਣੀ ਅੰਦਰੋਂ ਨੀਤ, ਮਨ ਕਲਪਣਾ ਦੇਣੀ ਗੁਆਈਆ । ਇਕੋ ਪੁਰਖ ਅਕਾਲਾ ਵਸਣਾ ਚੀਤ, ਮਨ ਚਿਤ ਠਗੌਰੀ ਕੋਇ ਨਾ ਪਾਈਆ । ਪਰਦਾ ਰਹਿਣਾ ਨਹੀਂ ਭੀਤਰ ਭੀਤ, ਉਹਲਾ ਅੰਤਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਵਖਾਈਆ । ਜਨ ਭਗਤ ਕਹਿਣ ਕੀ ਸੰਦੇਸਾ ਦੇਵੇਂ ਮਿਤਰਾ ਪੋਹ, ਸੱਜਣਾ ਦੇ ਸੁਣਾਈਆ । ਕਿਸ ਬਿਧ ਸਾਨੂੰ ਕਰੇ ਨਿਰਮੋਹ, ਨਾਤਾ ਦੀਨ ਦੁਨੀ ਤੁੜਾਈਆ । ਕਿਸ ਬਿਧ ਲੇਖਾ ਮੁਕਾਏ ਪੰਜ ਗ੍ਰੋਹ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਹੋਏ ਹਲਕਾਈਆ । ਕਵਣ ਧਾਰ ਦੱਸੇ ਅੰਦਰ ਲੋ, ਲੋਇਣ ਅੰਤਰ ਦਏ ਖੁਲ੍ਹਾਈਆ । ਆਤਮ ਪਰਮਾਤਮ ਜਾਏ ਛੋਹ, ਮੇਲਾ ਮਿਲੇ ਸਹਿਜ ਸੁਖਦਾਈਆ । ਅੰਦਰੋਂ ਅਵਾਜ਼ ਨਿਕਲੇ ਸੋ, ਹੰ ਬ੍ਰਹਮ ਮਿਲ ਕੇ ਵਜੇ ਵਧਾਈਆ । ਆਤਮ ਪਰਮਾਤਮ ਰਹੇ ਨਾ

ਦੋ, ਦੂਆ ਏਕੇ ਵਿਚ ਮਿਲਾਈਆ । ਕੂੜੀ ਕਿਰਿਆ ਸਭ ਕਿਛ ਲਏ ਖੋਹ, ਅੰਤਰ ਸਚ ਸਚ ਸਮਝਾਈਆ । ਨਿਝਰ ਝਿਰਨਿਉਂ ਅੰਮ੍ਰਿਤ ਦੇਵੇ ਚੋ, ਬੂੰਦ ਸਵਾਂਤੀ ਇਕ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਮੈਂ ਇਕ ਹੋਰ ਵੇਖਿਆ ਰੁੱਕਾ, ਜੋ ਬਿਨ ਅੱਖਰਾਂ ਨਜ਼ਰੀ ਆਈਆ । ਜਿਸ ਵਿਚ ਇਕੋ ਅਗੰਮੀ ਤੁਕਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਜਿਸ ਵਿਚ ਸਭ ਦਾ ਪੈਂਡਾ ਮੁਕਾ, ਅਗੇ ਕ਼ਦਮ ਨਾ ਕੋਇ ਉਠਾਈਆ । ਇਹ ਭੇਤ ਰਹਿਣਾ ਨਹੀਂ ਲੁਕਾ, ਪੋਸ਼ੀਦਾ ਰਾਜ਼ ਨਾ ਕੋਇ ਰਖਾਈਆ । ਇਕ ਮਹਿਬੂਬ ਦੇ ਕ਼ਦਮਾਂ ਉਤੇ ਸਿਰ ਸਭ ਦਾ ਹੋਣਾ ਝੁਕਾ, ਡੰਡਾਵਤ ਬੰਦਨਾ ਇਕੋ ਨੂੰ ਸੀਸ ਨਿਵਾਈਆ । ਜਿਸ ਦਾ ਲੇਖਾ ਦੀਨ ਦੁਨੀ ਵਿਚ ਕਦੇ ਨਾ ਸੁਕਾ, ਅੰਤ ਕਹਿਣ ਕਿਛ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਸੰਗ ਆਪ ਬਣਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਨਾਲ ਘੁੰਮਦੀ, ਆਦਿ ਜੁਗਾਦਿ ਭੱਜਾਂ ਵਾਹੋ ਦਾਹੀਆ । ਜਨ ਭਗਤੋ ਅੱਜ ਤੁਹਾਡੇ ਚਰਨ ਚੁੰਮਦੀ, ਬਿਨ ਰਸਨਾ ਜਿਹਵਾ ਰਸ ਚਖਾਈਆ । ਕਿਉਂ ਤੁਹਾਡੀ ਆਸ਼ਾ ਨਹੀਂ ਕਿਸੇ ਰਿਖ ਮੁਨ ਦੀ, ਤੁਹਾਡਾ ਮੇਲਾ ਨਾਲ ਧੁਰਦਰਗਾਹੀਆ । ਮੈਂ ਹਸਤੀ ਤਕੀ ਤੁਹਾਡੇ ਦੁਆਰੇ ਕੁੰਨ ਦੀ, ਕੁੱਲ ਮਾਲਕ ਨਜ਼ਰੀ ਆਈਆ । ਜਿਸ ਦੀ ਖੇਲ ਸਦਾ ਜਗ ਫੁੰਨ ਦੀ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਮੈਂ ਉਸ ਦਾ ਅਹਿਸਾਨ ਕਦੇ ਨਹੀਂ ਭੁਲਦੀ, ਜੋ ਇਨਸਾਨਾਂ ਦਏ ਵਡਿਆਈਆ । ਮੈਂ ਵਣਜਾਰਨ ਪੁਜਾਰਨ
੨੦੫ ਓਸ ਦੀ ਕੁਲ ਦੀ, ਜੋ ਸਤਿਗੁਰ ਸ਼ਬਦ ਸ਼ਬਦ ਅਖਵਾਈਆ । ਮੇਰੀ ਪਿਆਰ ਵਿਚ ਹੰਝੂ ਨੇਤਰ ਡੁਲ੍ਹਦੀ, ਨੈਣਾਂ ਨੀਰ ਵਹਾਈਆ । ਉਹਦੀ ੨੦੫
੨੪ ਵਡਿਆਈ ਨਹੀਂ ਕਿਸੇ ਬੁੱਲ ਦੀ, ਰਸਨਾ ਜਿਹਵਾ ਨਾ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ੨੪
ਸਾਚਾ ਹਰਿ, ਸਚ ਦਰ ਦਏ ਵਡਿਆਈਆ । ਧਰਨੀ ਕਹੇ ਜਨ ਭਗਤੋ ਮੇਰਾ ਬਾਲਮੀਕ ਨਾਲ ਪੁਰਾਣਾ ਤਅਲੁਕ, ਪਰਾਨੀਓ ਦਿਆਂ ਜਣਾਈਆ । ਜਿਹਦਾ ਲੇਖਾ ਉਤੇ ਫ਼ਲਕ, ਜ਼ਿਮੀਂ ਜ਼ਮਾਂ ਵੇਖ ਵਖਾਈਆ । ਜਿਸ ਦਾ ਖੇਲ ਕਲ ਕਿ ਭਲਕ, ਭੇਵ ਨਾ ਕੋਇ ਦ੍ਰਿੜਾਈਆ । ਮੈਂ ਸੰਦੇਸ਼ਾ ਦੇਵਾਂ ਖ਼ਲਕ, ਦੀਨ ਦੁਨੀ ਜਣਾਈਆ । ਮੇਰੇ ਸੁਆਮੀ ਦੀ ਵੇਖੋ ਝਲਕ, ਝੱਲਿਓ ਤਕੋ ਨੂਰ ਅਲਾਹੀਆ । ਜਿਸ ਦੀ ਸਭ ਤੋਂ ਵਖਰੀ ਡਲਕ, ਦੋ ਜਹਾਨਾ ਸੋਭਾ ਪਾਈਆ । ਜਿਸ ਦੇ ਹੁਕਮ ਵਿਚ ਉਠਣ ਵਾਲੀ ਮੌਤ ਮਲਕ, ਆਪਣੀ ਲਏ ਅੰਗੜਾਈਆ । ਚੌਦਾਂ ਤਬਕਾਂ ਨਿਕਲੇ ਕਲਕ, ਚੌਦਾਂ ਲੋਕ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਧਾਰ ਇਕ ਸਮਝਾਈਆ । ਧਰਨੀ ਕਹੇ ਭਗਤੋ ਮੈਂ ਪ੍ਰਭ ਨੂੰ ਸਭ ਕਿਛ ਦੱਸਦੀ, ਦਹਿ ਦਿਸ਼ਾ ਧਿਆਨ ਲਗਾਈਆ । ਤੁਹਾਨੂੰ ਵੇਖ ਵੇਖ ਕੇ ਹਸਦੀ, ਖ਼ੁਸ਼ੀਆਂ ਢੋਲੇ ਗਾਈਆ । ਮੈਂ ਵਣਜਾਰਨ ਸਦਾ ਜਸ ਦੀ, ਰਸਨਾ ਬਿਨ ਸਿਫ਼ਤ ਸਲਾਹੀਆ । ਮੈਂ ਭਰੀ ਪ੍ਰੇਮ ਰਸ ਦੀ, ਰਸਤਿਉਂ ਘੁੱਥਿਆਂ ਦਿਆਂ ਸਮਝਾਈਆ । ਕਲਜੁਗ ਕੂੜੀ ਆਸਾ ਸਭ ਦੀ ਨਸਦੀ, ਭੱਜੇ ਵਾਹੋ ਦਾਹੀਆ । ਜਗਤ ਧਾਰ ਰੈਣ ਅੰਧੇਰੀ ਮਸ ਦੀ, ਸਾਚਾ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਧਰਮ ਇਕ ਸਮਝਾਈਆ । ਧਰਨੀ ਕਹੇ ਭਗਤੋ ਮੈਂ ਅਰਜ਼ ਕਰਾਂ ਅਗੇ ਹਜ਼ੂਰ, ਚਰਨ ਬੰਦਨ ਕਰਕੇ ਸੀਸ ਨਿਵਾਈਆ । ਮੇਰੀ ਬੇਨੰਤੀ ਕਰ ਮਨਜ਼ੂਰ, ਮਿਹਰਵਾਨ ਦਇਆ ਕਮਾਈਆ । ਜੋ ਆਸ਼ਾ ਰਖੀ ਮਨਸੂਰ,

ਸੋ ਲੇਖਾ ਦੇਣਾ ਚੁਕਾਈਆ । ਜੋ ਮੂਸਾ ਕਿਹਾ ਉਤੇ ਕੋਹਤੂਰ, ਤੁਰੀਆ ਤੋ ਬਾਹਰ ਸਮਝਾਈਆ । ਜੋ ਈਸਾ ਕੀਤਾ ਮਸ਼ਹੂਰ, ਮਸ਼ਵਰਾ ਤੇਰਾ ਕਲਮਾ ਬਣਾਈਆ । ਜੋ ਮੁਹੰਮਦ ਦੱਸਿਆ ਦਸਤੂਰ, ਚਾਰ ਯਾਰੀ ਗੰਢ ਪੁਆਈਆ । ਜੋ ਨਾਨਕ ਕਿਹਾ ਭਰਪੂਰ, ਭਰਪੂਰ ਰਿਹਾ ਸਰਬ ਠਾਈਆ । ਜੋ ਗੋਬਿੰਦ ਦਰਸਾਇਆ ਨੂਰ, ਨੂਰ ਨੁਰਾਨਾ ਇਕ ਚਮਕਾਈਆ । ਅੰਤ ਭਗਤਾਂ ਦਾ ਲੇਖਾ ਵੇਖਣਾ ਪੰਧ ਮੁਕਾ ਕੇ ਦੂਰ, ਨੇਰਨ ਨੇਰੇ ਧਿਆਨ ਲਗਾਈਆ । ਗੜ੍ਹ ਤੋੜਨਾ ਗ਼ਰੂਰ, ਹੰਗਤਾ ਦੇਣੀ ਮਿਟਾਈਆ । ਨਾਮ ਦੇਣਾ ਸਰੂਰ, ਸੁਰਤ ਸ਼ਬਦ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਜੇ ਤੂੰ ਆਇਆ ਮੇਰੇ ਦੁਆਰੇ, ਸੋਹਣਿਆਂ ਫੇਰਾ ਪਾਈਆ । ਕਿਰਪਾ ਕਰ ਮੇਰੇ ਨਿਰੰਕਾਰੇ, ਨਿਰਵੈਰ ਤੇਰੀ ਸਰਨਾਈਆ । ਮੇਰੇ ਸਾਂਝੇ ਪਰਵਰਦਿਗਾਰੇ, ਜਲਵਾਗਰ ਨੂਰ ਅਲਾਈਆ । ਮੇਰੇ ਲੇਖੇ ਤਕ ਲੈ ਜੁਗ ਚਾਰੇ, ਸਤਿਜੁਗ ਤਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਸੰਦੇਸ਼ੇ ਸੁਣ ਲੈ ਤੇਈ ਅਵਤਾਰੇ, ਅਵਤਰੀ ਆਪਣੀ ਕਾਰ ਕਮਾਈਆ । ਕੀ ਪੈਗ਼ੰਬਰ ਗਏ ਪੁਕਾਰੇ, ਕੂਕ ਕੂਕ ਸੁਣਾਈਆ । ਜੋ ਗੁਰੂਆਂ ਦਿਤੇ ਇਸ਼ਾਰੇ, ਬਿਨ ਸੈਨਤ ਸੈਨਤ ਦਰਸਾਈਆ । ਜਦ ਆਵੇ ਤੇ ਆਵੇਗਾ ਕਲ ਕਲਕੀ ਅਵਤਾਰੇ, ਨੇਹਕਲੰਕ ਰੂਪ ਵਟਾਈਆ । ਅਮਾਮ ਅਮਾਮਾ ਹੋਵੇ ਜ਼ਾਹਰੇ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਆਪਣੇ ਚਾਰ ਜੁਗ ਦੇ ਪੂਰੇ ਕਰ ਦਏ ਲਾਰੇ, ਲੇਖੇ ਪਿਛਲੇ ਵੇਖ ਵਖਾਈਆ । ਧਰਨੀ ਕਹੇ ਮੇਰੀ ਬੇਨੰਤੀ ਮੇਰੇ ਪ੍ਰਭੂ ਤੇਰੇ ਭਗਤ ਹੁਣ ਮੂਲ ਨਾ ਰਹਿਣ ਕੁਆਰੇ, ਅੱਜ ਦੀ ਰੈਣ ਆਪਣੇ ਨਾਲ ਲੈਣੇ ਪਰਨਾਈਆ । ਜੋ ਆ ਗਏ ਤੇਰੇ ਦੁਆਰੇ, ਜਗਤ ਦਾ ਪੰਧ ਦੇਣਾ ਚੁਕਾਈਆ । ਵੇਖ ਲਓ ਖ਼ੁਸ਼ੀਆਂ ਨਾਲ ਸਾਰੇ ਮਾਰਦੇ ਨਾਅਰੇ, ਤੇਰੇ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਧਰਨੀ ਕਹੇ ਮੈਂ ਤੇਰੇ ਗੁਣ ਗਾਵਾਂ, ਗਾ ਗਾ ਸ਼ੁਕਰ ਮਨਾਈਆ । ਤੇਰਾ ਨਾਮ ਧਿਆਵਾਂ, ਤੂੰ ਹੀ ਧੁਰ ਦਾ ਮਾਹੀਆ । ਮੈਂ ਫਿਰਾਂ ਨਾਲ ਚਾਵਾਂ, ਭੱਜਾਂ ਵਾਹੋ ਦਾਹੀਆ । ਮੇਰਾ ਪਿਆਰ ਜਿਉਂ ਪੁਤਰਾਂ ਨਾਲ ਮਾਵਾਂ, ਸੋਹਣੀ ਗੋਦ ਸੁਹਾਈਆ । ਤੇਰਾ ਭਗਤ ਨਾ ਰਹਵੇ ਕੋਈ ਨਿਥਾਵਾਂ, ਦਰਗਾਹ ਸਚ ਦੇ ਸਰਨਾਈਆ । ਮੈਂ ਕੂਕ ਕੂਕ ਕੇ ਵਾਸਤਾ ਪਾਵਾਂ, ਗਲ ਪੱਲੂ ਖ਼ਾਕ ਰਮਾਈਆ । ਤੇਰੇ ਕ਼ਦਮਾਂ ਬਲ ਬਲ ਜਾਵਾਂ, ਆਪਣਾ ਆਪ ਮਿਟਾਈਆ । ਸਚ ਸੁਆਮੀਆ ਅੰਤਰਜਾਮੀਆ ਆਤਮ ਪਿਆਰਿਆ ਪਰਮਾਤਮਾ ਆਪਣਿਆਂ ਭਗਤਾਂ ਨਾਲ ਲੈ ਲੈ ਲਾਵਾਂ, ਇਕੋ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਤੇਰਾ ਹੋਵੇ ਸੁਹੰਜਣਾ ਵਿਵਾਹ, ਵਾਹਵਾ ਤੇਰੀ ਬੇਪਰਵਾਹੀਆ । ਆਤਮ ਪਰਮਾਤਮ ਦਾ ਇਕੋ ਹੋਵੇ ਰਾਹ, ਰਹਿਬਰ ਬਣਨਾ ਨੂਰ ਅਲਾਹੀਆ । ਮੇਰੀ ਤੇਰੇ ਨਾਲ ਸਲਾਹ, ਮਸ਼ਵਰਾ ਅਵਰ ਨਾ ਕੋਇ ਜਣਾਈਆ । ਭਗਤੋ ਅੱਜ ਭਗਤਾਂ ਦੇ ਬਣਿਓ ਸਾਰੇ ਗਵਾਹ, ਸ਼ਹਾਦਤ ਸਤਿਗੁਰ ਸ਼ਬਦ ਵਾਲੀ ਭੁਗਤਾਈਆ । ਪ੍ਰਭੂ ਦੇ ਪਿਆਰ ਵਿਚ ਸਾਰੇ ਖੜ੍ਹੀਆਂ ਕਰੋ ਬਾਂਹ, ਇਕੋ ਵਾਰ ਉਠਾਈਆ । ਮੁਖੋਂ ਕਹੋ ਸਾਨੂੰ ਸਚਖੰਡ ਜਾਣ ਦਾ ਚਾਅ, ਅਗੇ ਸਕੇ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਪ੍ਰਭੂ ਤੇਰੀ ਆਤਮ ਪਰਮਾਤਮ ਨਿਰਗੁਣ ਨਿਰਗੁਣ ਹੋਵੇ ਸ਼ਾਦੀ, ਸ਼ਾਦਿਆਨੇ ਅਵਤਾਰ ਪੈਗ਼ੰਬਰ ਗੁਰੂ ਗੁਰੂ ਵਜਾਈਆ । ਜੋਤੀ ਜਾਤੇ

ਪੁਰਖ ਬਿਧਾਤੇ ਤੇਰੀ ਧਰਮ ਧਾਰ ਦੀ ਵਧੇ ਆਬਾਦੀ, ਬਰਬਾਦੀ ਹੋਵੇ ਕੂੜੀ ਖ਼ਲਕ ਖ਼ੁਦਾਈਆ । ਤੇਰਾ ਨਾਮ ਹੋਵੇ ਸ਼ਬਦ ਅਨਾਦੀ, ਧੁਨ ਆਤਮਕ ਰਾਗ ਦਏ ਸੁਣਾਈਆ । ਤੇਰਾ ਲੇਖਾ ਤਕਾਂ ਬ੍ਰਹਮ ਬ੍ਰਹਿਮਾਦੀ, ਬ੍ਰਹਿਮੰਡ ਦਾ ਪੜਦਾ ਉਠਾਈਆ । ਤੂੰ ਪੁਰਖ ਆਦਿ ਦਾ ਆਦੀ, ਅੰਤ ਤੇਰੀ ਸਰਨਾਈਆ । ਧਰਨੀ ਕਹੇ ਹੁਣ ਸ਼ਰਮ ਹਯਾ ਕਾਹਦੀ, ਜਦ ਮਿਲਿਆ ਧੁਰ ਦਾ ਮਾਹੀਆ । ਜੋ ਸੰਦੇਸ਼ਾ ਦਿਤਾ ਸੀ ਗੋਬਿੰਦ ਬੱਚਿਆਂ ਗੁਜ਼ਰੀ ਦਾਦੀ, ਸਹਿਜ ਨਾਲ ਸੁਣਾਈਆ । ਜੋ ਇਸ਼ਾਰਾ ਕੀਤਾ ਮਰਦਾਨੇ ਨਾਨਕ ਰਬਾਬੀ, ਬਿਨ ਤੰਦ ਸਿਤਾਰ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਧਰਨੀ ਕਹੇ ਪ੍ਰਭੂ ਆਪੇ ਵੇਖ ਲੈ ਪਿਆਰੇ ਸੱਜਣ, ਸੱਜਣਾ ਧਿਆਨ ਲਗਾਈਆ । ਨਾਲੇ ਭਗਤਾਂ ਦੀ ਚਰਨ ਧੂੜ ਦਾ ਕਰ ਲੈ ਮਜਨ, ਸੋਹਣੀ ਖ਼ੁਸ਼ੀ ਬਣਾਈਆ । ਜਿਹੜੇ ਤੈਨੂੰ ਸਚਖੰਡ ਵਿਚੋਂ ਸੱਦਣ, ਲੋਕਮਾਤ ਮਾਤ ਟਿਕਾਈਆ । ਤੂੰ ਉਨ੍ਹਾਂ ਦੇ ਪਵਿਤ੍ਰ ਕਰਨੇ ਬਦਨ, ਤਨ ਵਜੂਦਾਂ ਕਰ ਸਫ਼ਾਈਆ । ਤੇਰਾ ਦਰਸ਼ਨ ਕਰ ਕਰ ਰੱਜਣ, ਤ੍ਰਿਸ਼ਨਾ ਭੁਖ ਮਿਟਾਈਆ । ਜੇ ਆਇਉਂ ਪੜਦੇ ਕੱਜਣ, ਹੋਣਾ ਆਪ ਸਹਾਈਆ । ਤੈਨੂੰ ਜੰਗਲਾਂ ਵਿਚ ਮੂਲ ਨਾ ਲੱਭਣ, ਰਾਤੀਂ ਸੁੱਤਿਆਂ ਘਰ ਘਰ ਮਿਲਣਾ ਚਾਈਂ ਚਾਈਂਆ । ਜੇ ਕੋਈ ਆਸਾ ਰਖੇ ਆਵੇ ਕ੍ਰਿਸ਼ਨ ਕਾਹਨ ਮੂਰਤ ਮਦਨ, ਰਾਮ ਰਾਮਾ ਰੂਪ ਲੈਣਾ ਬਦਲਾਈਆ । ਜੇ ਪੈਗ਼ੰਬਰ ਦੀ ਧਾਰ ਮਾਰੇ ਅਵਾਜ਼ਣ, ਨੂਰ ਨੁਰਾਨਾ ਦੇਣਾ ਚਮਕਾਈਆ । ਨਾਨਕ ਗੋਬਿੰਦ ਤੇਰਾ ਖੇਲ ਰਹੇ ਨਾ ਅੱਡਣ, ਸਾਚਾ ਸਰੂਪ ਦੇਣਾ ਵਖਾਈਆ । ਵੇਖੀਂ ਅਗੇ ਕਰੀਂ ਨਾ ਅੱਜਣ ਪੱਜਣ, ਪਿਛਲੀ ਰੀਤੀ ਦੇਣੀ ਬਦਲਾਈਆ । ਸਭ ਦੇ ਅੰਦਰੋਂ ਹੰਕਾਰੀ ਭਾਂਡੇ ਭੱਜਣ, ਮਾਇਆ ਮਮਤਾ ਮੋਹ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਪ੍ਰਭੂ ਮੈਂ ਵੇਖਾਂ ਤੇਰੀ ਆਸ, ਸੋਹਣਿਆਂ ਦੇਣੀ ਵਖਾਈਆ । ਨਾਲੇ ਮੈਨੂੰ ਦਈਂ ਸ਼ਾਬਾਸ਼, ਸਿਰ ਮੇਰੇ ਹੱਥ ਟਿਕਾਈਆ । ਮੈਂ ਤੇਰੀ ਦਾਸੀ ਦਾਸ, ਜੁਗ ਜੁਗ ਸੇਵ ਕਮਾਈਆ । ਉਹ ਇਸ਼ਾਰੇ ਦੇਂਦਾ ਸ਼ੰਕਰ ਉਤੋਂ ਕੈਲਾਸ਼, ਬਿਨ ਸੈਨਤ ਸੈਨਤ ਲਗਾਈਆ । ਧਰਨੀਏ ਨੀ ਤੇਰਾ ਬੜਾ ਲੰਮਾ ਵਿਸ਼ਵਾਸ਼, ਪ੍ਰਭ ਤੇਰੀ ਆਸ਼ਾ ਕਲਜੁਗ ਅੰਤਮ ਪੂਰ ਕਰਾਈਆ । ਨਾਲੇ ਨੂਰ ਤਕ ਲੈ ਨਾਲੇ ਜੋਤ ਵੇਖ ਪਰਕਾਸ਼, ਅੰਧ ਅੰਧੇਰਾ ਰਿਹਾ ਮਿਟਾਈਆ । ਨੀ ਬਾਹਰੋਂ ਨਾ ਤਕੀਂ ਤੇ ਬਾਹਰੋਂ ਦਿਸੇ ਪੂਰਨ ਦੀ ਲਾਸ਼, ਪੂਰਨ ਸਤਿਗੁਰ ਅੰਦਰ ਨਜ਼ਰੀ ਆਈਆ । ਜਿਸ ਨੇ ਭਗਤਾਂ ਦਾ ਖੋਲ੍ਹਣਾ ਤਾਕ, ਕੁੰਡੀਆਂ ਦਏ ਖੁਲ੍ਹਾਈਆ । ਰਾਤੀਂ ਸੁੱਤਿਆਂ ਨੂੰ ਦਿਨੇ ਜਾਗਦਿਆਂ ਆਪਨੇ ਨਾਮ ਦੀ ਦੇਵੇ ਦਾਤ, ਸੰਦੇਸ਼ੇ ਚਾਈਂ ਚਾਈਂਆ । ਆਹ ਵੇਖੋ ਇਸ਼ਾਰਾ ਦੇਂਦਾ ਹਜ਼ਰਤ ਈਸਾ ਵਾਲਾ ਕਲਾਕ, ਕੀ ਕੁੱਲ ਮਾਲਕ ਹੁਕਮ ਵਰਤਾਈਆ । ਪੈਗ਼ੰਬਰ ਹੋ ਰਹੇ ਬੇਤਾਬ, ਆਪਨੀ ਲਏ ਅੰਗੜਾਈਆ । ਨਾਲੇ ਕਹਿਣ ਸਾਡਾ ਵਾਹਿਦ ਅੱਲਾ ਜਨਾਬ, ਨੂਰ ਨੁਰਾਨਾ ਨੂਰ ਅਲਾਹੀਆ । ਨਾਲੇ ਹਸਦੇ ਨਚਦੇ ਟਪਦੇ ਉਹ ਮੀਤ ਮੁਰਾਰਾ ਨੂਰ ਨੁਰਾਨਾ ਆ ਗਿਆ ਵਿਚ ਪੰਜਾਬ, ਪੰਜਾਂ ਦਾ ਮਾਲਕ ਪੰਜਾ ਆਪਨਾ ਦਏ ਲਗਾਈਆ । ਜਿਸ ਨੂੰ ਇਕੋ ਇਕ ਅਦਾਬ, ਸਯਦਿਆਂ ਵਿਚ ਸਾਰੇ ਸੀਸ ਝੁਕਾਈਆ । ਉਥੇ ਨਾ ਕੋਈ ਪੁੰਨ ਨਾ ਕੋਈ ਸੁਆਬ, ਸ਼ਰਅ ਦੀ ਵੰਡ ਨਾ ਕੋਇ ਵੰਡਾਈਆ । ਇਹ ਆਵਾਜ਼ ਦਿਤੀ ਸੀ ਨਾਨਕ ਦੀ ਰਬਾਬ, ਰਬੀਉਲ ਸਾਨੀ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪਨੇ ਹੱਥ ਰਖਾਈਆ । ਧਰਨੀ ਕਹੇ ਉਹ ਮੇਰਿਆ ਮਾਲਕਾ, ਮੇਰੀ ਇਕ ਦੁਹਾਈ । ਉਹ


੨੦੭
੨੪

ਮੇਰਿਆ ਧਰਮ ਦਿਆ ਸੰਚਾਲਕਾ, ਤੇਰੀ ਕੀ ਵਡਿਆਈ । ਕੀ ਹੋਇਆ ਜੇ ਤੇਰਾ ਭਗਤ ਸੁਹੇਲਾ ਨਿੱਕਾ ਜਿਹਾ ਬਾਲਕਾ, ਕਿਉਂ ਦੇਵੇਂ ਲੋਕਮਾਤ ਜੁਦਾਈ । ਤੇਰਾ ਸਤਿਗੁਰ ਸ਼ਬਦ ਸਚਾ ਸਾਲਸਾ, ਫੜ ਫੜ ਬਾਹੋਂ ਲਏ ਮਿਲਾਈ । ਗੋਬਿੰਦ ਨੇ ਕਿਹਾ ਮੇਰਾ ਪੁਰਖ ਅਕਾਲ ਕਰੇਗਾ ਸਚਾ ਖ਼ਾਲਸਾ, ਰਹਿਬਰ ਹੋਵੇ ਨੂਰ ਅਲਾਹੀ । ਜਿਸ ਨੂੰ ਮਜ਼੍ਹਬ ਦੀ ਨਹੀਂ ਕੋਈ ਲਾਲਸਾ, ਤਨ ਵਜੂਦ ਨਾ ਵੰਡ ਵੰਡਾਈ । ਉਹ ਲੇਖਾ ਜਾਣੇ ਪਤ ਡਾਲ੍ਹ ਕਾ, ਵੇਖਣਹਾਰਾ ਥਾਉਂ ਥਾਈਂ । ਉਹ ਲੇਖਾ ਜਾਣੇ ਸ਼ਾਹ ਕੰਗਾਲ ਕਾ, ਗ਼ਰੀਬ ਨਿਮਾਣੇ ਹੋਏ ਸਹਾਈ । ਜਿਸ ਦਾ ਇਸ਼ਾਰਾ ਕੀਤਾ ਗਗਨ ਥਾਲ ਕਾ, ਮੰਡਲ ਮੰਡਪ ਸੋਭਾ ਪਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਛੱਬੀ ਪੋਹ ਕਹੇ ਮੈਂ ਵੀ ਵਕ਼ਤ ਸਿਆਲ ਕਾ, ਠੰਢ ਰਿਹਾ ਵਰਤਾਈ । ਭਗਤੋ ਅੱਜ ਤੁਹਾਡਾ ਲੇਖਾ ਨਹੀਂ ਸੀ ਰੋਟੀ ਦਾਲ ਦਾ, ਤਰੇਤਾ ਜੁਗ ਦਏ ਗਵਾਹੀ । ਬਾਲਮੀਕ ਨੂੰ ਰਾਮ ਅੰਦਰ ਵੜ ਵੜ ਸਿਖਾਲਦਾ, ਬਿਨ ਰਸਨਾ ਜਿਹਵਾ ਕਰ ਪੜ੍ਹਾਈ । ਉਹ ਬੇਪਰਵਾਹ ਸਭ ਨੂੰ ਸੰਭਾਲਦਾ, ਜੋ ਮਾਲਕ ਸ੍ਰਿਸ਼ਟ ਸਬਾਈ । ਭਗਤੋ ਅੱਜ ਉਹ ਬਣਿਆ ਤੁਹਾਡੇ ਨਾਲ ਦਾ, ਜਿਸ ਦਾ ਹਿੰਦਸਾ ਇਕ ਇਕਾਈ । ਜੋ ਲੱਖ ਚੁਰਾਸੀ ਕਦੇ ਮਾਰਦਾ ਕਦੇ ਜਵਾਲਦਾ, ਇਹ ਉਹਦੀ ਬੇਪਰਵਾਹੀ । ਉਥੇ ਕੋਈ ਹੁਕਮ ਨਹੀਂ ਜਵਾਬ ਸੁਆਲ ਦਾ, ਨਾ ਕੋਈ ਪੁਛਣ ਵਾਲਾ ਸ਼ਹਿਨਸ਼ਾਹੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਬਣ ਇਕ ਰਖਵਾਹੀ । ਧਰਨੀ ਕਹੇ ਵੇਖੋ ਆ ਗਿਆ ਅਵਤਾਰ ਕਲਕੀ, ਕਿਕਲੀ ਦੋ ਜਹਾਨ ਪਵਾਈਆ । ਇਹ ਆਸ਼ਾ ਪੂਰੀ ਕਰੇ ਬਲ ਕੀ, ਬਾਵਨ ਦੇਵਣਹਾਰ ਵਡਿਆਈਆ । ਜਿਸ ਖੇਲ ਖੇਲਣੀ ਜਲ ਥਲ ਕੀ, ਮਹੀਅਲ ਆਪਣਾ ਰੰਗ ਰੰਗਾਈਆ । ਕਿਸੇ ਨੂੰ ਸਮਝ ਨਹੀਂ ਘੜੀ ਪਲ ਕੀ, ਪਲਕਾਂ ਦੇ ਉਹਲੇ ਬੈਠਾ ਧੁਰ ਦਾ ਮਾਹੀਆ । ਜਨ ਭਗਤੋ ਤੁਹਾਡੀ ਧਾਰ ਦੁਨੀਆ ਨੂੰ ਛਲਦੀ, ਅਛਲ ਛਲ ਤੁਹਾਡਾ ਲੇਖਾ ਵੇਖ ਵਖਾਈਆ । ਤੁਹਾਨੂੰ ਪਤਾ ਨਹੀਂ ਕਿਉਂ ਤੁਹਾਡੀ ਆਤਮਾ ਪਰਮਾਤਮਾ ਨਾਲ ਰਲਦੀ, ਰਲ ਮਿਲ ਕੇ ਆਪਣਾ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਮੇਰਿਆ ਭਗਵਾਨਾ, ਓਏ ਭਗਵਨਾ ਦੇ ਵਡਿਆਈਆ । ਮੇਰਾ ਉਜੜਿਆ ਘਰ ਹੋਇਆ ਵੈਰਾਨਾ, ਵੈਰੀ ਘਰ ਘਰ ਨਜ਼ਰੀ ਆਈਆ । ਧਰਮ ਦਾ ਰਿਹਾ ਨਾ ਕੋਇ ਨਿਸ਼ਾਨਾ, ਨਿਸ਼ਾਨੇ ਸਾਰੇ ਗਏ ਬਦਲਾਈਆ । ਆਪਣਾ ਵੇਖ ਲੈ ਨਾਮ ਵਾਲਾ ਪੈਮਾਨਾ, ਬਿਨ ਹੱਥਾਂ ਹੱਥ ਟਿਕਾਈਆ । ਸਭ ਨੂੰ ਭੁਲ ਗਈਆਂ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੀਆਂ ਕਲਾਮਾਂ, ਕਲਮਿਆਂ ਤੋਂ ਖ਼ਾਲੀ ਦਿਸੇ ਲੋਕਾਈਆ । ਦੁਹਾਈ ਤੇਰੇ ਪਿਆਰ ਦੀ ਕਿਉਂ ਬਿਨਾ ਸ਼ਮਅ ਤੋਂ ਪੈ ਗਈਆਂ ਸ਼ਾਮਾਂ, ਸ਼ਾਮ ਸੁੰਦਰ ਘਨਈਆ ਕੀ ਗਿਆ ਸਮਝਾਈਆ । ਕੀ ਗੋਬਿੰਦ ਦਾ ਕਹੇ ਦਮਾਮਾ, ਅਨੰਦਪੁਰੀ ਖੜਕਾਈਆ । ਕੀ ਹਜ਼ਰਤ ਮੁਹੰਮਦ ਦਾ ਕਹੇ ਇਲਹਾਮਾ, ਅਸਮਾਈਲ ਪੈਗ਼ੰਬਰ ਕੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਚ ਭੇਵ ਖੁਲ੍ਹਾਈਆ । ਧਰਨੀ ਕਹੇ ਵੇ ਨਾਰਦਾ ਆ ਜਾ ਛੇਤੀ, ਪੰਡਤਾ ਆਪਣਾ ਪੰਧ ਮੁਕਾਈਆ । ਤੂੰ ਪੁਰਾਣਾ ਪ੍ਰਭੂ ਦਾ ਭੇਤੀ, ਕੁਛ ਪਿਛਲਾ ਹਾਲ ਦੇ ਸਮਝਾਈਆ । ਨਾਰਦ ਕਹਿੰਦਾ ਇਹਦਾ ਹੁਕਮ ਕਦੇ ਨਹੀਂ ਹੁੰਦਾ ਬੱਤੀਆਂ ਤੋਂ ਤੇਤੀ, ਤਤੀ ਵਾਅ ਭਗਤਾਂ ਨਾ ਲਾਗੇ ਰਾਈਆ । ਤੂੰ ਤੇ ਧਰਨੀਏ ਖ਼ੁਸ਼ੀਆਂ ਨਾਲ ਇਹਦੇ ਚਰਨਾਂ ਵਿਚ ਲੇਟੀ, ਆਪਣਾ ਆਸਣ ਲਾਈਆ । ਤੇ ਨਾਲੇ ਇਹਨੂੰ ਪਿਤਾ ਕਹਿ ਕੇ ਬਣ ਜਾ ਇਹਦੀ ਬੇਟੀ, ਆਪਣੀ ਖ਼ੁਸ਼ੀ ਵਖਾਈਆ । ਨੀ ਉਠ ਵੇਖ ਲੈ ਕੀ ਰੰਗ ਚੜ੍ਹਿਆ

ਅਸਮਾਨਾਂ ਉਤੇ ਸਲੇਟੀ, ਰੂਪ ਰੂਪ ਲੈਣਾ ਬਦਲਾਈਆ । ਤੇ ਨਾਰਦ ਕਹੇ ਧਰਨੀਏ ਮੈਂ ਤੇਰੇ ਨਾਲ ਇਕ ਹੋਰ ਕਰਨ ਆਇਆ ਨੇਕੀ, ਨਿੱਕੀਏ
ਬਾਲੀਏ ਤੈਨੂੰ ਦਿਆਂ ਸਮਝਾਈਆ । ਓਹ ਇਹ ਪ੍ਰਭੂ ਪੁਰਾਣਾ ਜੁਗਾਂ ਦਾ ਬੜਾ ਵੱਡਾ ਧਾਰੀ ਭੇਖੀ, ਭੇਖ ਜੁਗ ਜੁਗ ਲਏ ਬਦਲਾਈਆ । ਇਹਦੀ
ਖੇਲ ਪਿਛਲੀ ਸਾਰੀ ਦੇਖੀ, ਅੱਗਾ ਫੇਰ ਬੈਠਾ ਛੁਪਾਈਆ । ਏਸੇ ਦੇ ਪਿਆਰ ਵਿਚ ਨਾਨਕ ਨੇ ਧਰ ਕੇ ਮੋਢੇ ਤੇ ਖੇਸੀ, ਦੀਨ ਦੁਨੀ ਵਿਚ ਹੁਕਮ
ਦਿਤਾ ਸੁਣਾਈਆ । ਉਹ ਮਾਲਕ ਸ਼ਾਹ ਨਰੇਸ਼ੀ, ਨਰਾਇਣ ਨੂਰ ਅਲਾਹੀਆ । ਉਸ ਦੇ ਅਗੇ ਸਾਰਿਆਂ ਦੀ ਅੰਤਮ ਹੋਣੀ ਪੇਸ਼ੀ, ਪੇਸ਼ੀਨਗੋਈਆਂ
ਆਪਣੇ ਹੱਥ ਫੜਾਈਆ । ਤੇਰਾ ਮਾਲਕ ਬਣ ਜਾਣਾ ਪਰਦੇਸੀ, ਦੋ ਜਹਾਨਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਸੰਗੀ ਇਕੋ ਇਕ ਅਖਵਾਈਆ । ਨਾਰਦ ਕਹੇ ਨੀ ਧਰਨੀਏ ਤੈਨੂੰ ਸਾਰੇ ਕਹਿੰਦੇ ਮਾਤਾ, ਓ ਅੰਮੀਏ
ਕੀ ਤੈਨੂੰ ਦਿਆਂ ਜਣਾਈਆ । ਉਠ ਵੇਖ ਲੈ ਆਪਣਾ ਪੁਰਖ ਬਿਧਾਤਾ, ਜੋ ਬਿਧਨਾ ਦੇ ਲੇਖੇ ਰਿਹਾ ਮਿਟਾਈਆ । ਜਿਸ ਝਗੜਾ ਮੇਟਣਾ ਤੇਰੇ ਉਤੇ
ਜ਼ਾਤਾ ਪਾਤਾ, ਦੀਨ ਮਜ਼੍ਹਬ ਦੀ ਕਰੇ ਸਫ਼ਾਈਆ । ਨੀ ਮੈਨੂੰ ਐਂ ਦਿਸਦਾ ਉਹਦਾ ਇਕੋ ਨਾਮ ਤੇ ਇਕੋ ਕਲਮਾ ਇਕੋ ਹੋਣੀ ਗਾਥਾ, ਇਕੋ ਸਿਖਿਆ
ਦਏ ਸਮਝਾਈਆ । ਫੇਰ ਮੈਂ ਵੇਖਿਆ ਤੇ ਉਹ ਭਗਤਾਂ ਦਾ ਦੇਵੇ ਸਾਥਾ, ਸਗਲਾ ਸੰਗੀ ਧੁਰਦਰਗਾਹੀਆ । ਨਾਰਦ ਕਹੇ ਮੈਨੂੰ ਵੀ ਟੇਕ ਲੈਣ
ਦਿਉ ਮਾਥਾ, ਮਸਤਕ ਧੂੜੀ ਖ਼ਾਕ ਰਮਾਈਆ । ਨਾਲੇ ਮਸਖ਼ਰੀ ਕਰਕੇ ਕਹੇ ਨੀ ਧਰਨੀਏ ਨੀ ਧਵਲੇ ਨੀ ਧਰਤ ਨੀ ਉਸ ਨੇ ਤੇਰੇ ਉਤੇ ਕਮਲੀਏ
੨੦੯ ਬਦਲ ਦੇਣਾ ਪਾਸਾ, ਪੇਸ਼ੀਨਗੋਈਆਂ ਪੈਗ਼ੰਬਰਾਂ ਵਾਲੀਆਂ ਨਾਲ ਮਿਲਾਈਆ । ਨੀ ਉਹ ਆ ਗਿਆ ਉਤੋਂ ਆਕਾਸ਼ਾ, ਆਕਾਸ਼ ਬਾਣੀ ਸੁਣਨ ਵਾਲਿਆਂ ੨੦੯
੨੪ ਸਾਰਿਆਂ ਨੂੰ ਦਏ ਸਮਝਾਈਆ । ਜਿਹੜੀਆਂ ਤੁਸਾਂ ਪਾਈਆਂ ਰਾਸਾ, ਨਾਚ ਗੋਪੀਆਂ ਨਾਲ ਨਚਾਈਆ । ਵੇ ਰਾਮਾ ਜਿਸ ਤੈਨੂੰ ਫਿਰਾਇਆ ਵਿਚ ੨੪
ਪਰਭਾਸਾ, ਸੀਤਾ ਸਤਿ ਸਤਿ ਸੰਗ ਬਣਾਈਆ । ਉਹਦੀ ਹੁਣ ਵੇਖ ਲਓ ਸਾਰਿਆਂ ਤੋਂ ਵਖਰੀ ਭਾਸ਼ਾ, ਨਵੀਂ ਸਿਖਿਆ ਰਿਹਾ ਸਮਝਾਈਆ । ਫੇਰ
ਧਰਨੀਏ ਮੈਂ ਹੋਰ ਤਕ ਲਿਆ ਨਾਰਦ ਕਹਿੰਦਾ ਓਹ ਵੇਖ ਲੈ ਤੀਜੇ ਚੌਥੇ ਸਾਲ ਨੂੰ ਉਸ ਚਾੜ੍ਹਨੀ ਲਾਸ਼ ਉਤੇ ਲਾਸ਼ਾ, ਦੁਹਾਈ ਦੁਹਾਈ ਕਰੇ ਲੋਕਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਵੇ ਨਾਰਦ
ਵੀਰਾ, ਭਈਆ ਕੁਝ ਹੋਰ ਦੇ ਸੁਣਾਈਆ । ਨਾਰਦ ਕਹੇ ਧਰਨੀਏ ਮੈਨੂੰ ਐਂ ਜਾਪਦਾ ਕਿਸੇ ਦੇ ਸਿਰ ਤੇ ਸ਼ਹਿਨਸ਼ਾਹੀ ਤਾਜ ਦਾ ਰਹਿਣਾ ਨਹੀਂ ਚੀਰਾ,
ਚਿਰੀ ਵਿਛੁੰਨੀਏ ਤੈਨੂੰ ਦਿਆਂ ਸਮਝਾਈਆ । ਜੋ ਆਸਾ ਰਖੀ ਪੈਗ਼ੰਬਰਾਂ ਪੀਰਾਂ, ਦੀਨ ਦੁਨੀ ਤੋਂ ਬਾਹਰ ਅੱਖ ਉਠਾਈਆ । ਨੀ ਉਸ ਪ੍ਰਭੂ ਨੇ ਸਭ
ਦੀਆਂ ਬਦਲ ਦੇਣੀਆਂ ਤਕ਼ਦੀਰਾਂ, ਤਕੱਬਰ ਵਾਲਿਆਂ ਨੂੰ ਦਏ ਖਪਾਈਆ । ਜਿਸ ਨੂੰ ਅੱਜ ਕੋਈ ਯਾਦ ਨਹੀਂ ਕਰਦਾ ਤੇ ਅੱਠਾਂ ਸਾਲਾਂ ਤਕ ਲਭਣੀਆਂ
ਇਹਦੀਆਂ ਤਸਵੀਰਾਂ, ਨੌਂ ਖੰਡ ਪ੍ਰਿਥਮੀ ਹੱਥ ਮੱਥੇ ਉਤੇ ਮਾਰ ਮਾਰ ਕੇ ਦਏ ਦੁਹਾਈਆ । ਜਿਸ ਦੀਆਂ ਦੋ ਜਹਾਨ ਜਗੀਰਾਂ, ਉਹ ਮਾਲਕ ਖ਼ਲਕ
ਖ਼ੁਦਾਈਆ । ਜਿਸ ਦੀ ਆਸ਼ਾ ਰਖ ਕੇ ਗਿਆ ਕਬੀਰਾ, ਸ਼ਰਅ ਤੋਂ ਬਾਹਰ ਸੁਣਾਈਆ । ਪੈਗ਼ੰਬਰਾਂ ਕਿਹਾ ਬੇਨਜ਼ੀਰਾ, ਨਜ਼ਰਾਂ ਤੋਂ ਓਹਲੇ ਨੂਰ
ਅਲਾਹੀਆ । ਗੋਬਿੰਦ ਨੇ ਕਿਹਾ ਉਹਨੇ ਮਾਣ ਦੇਣਾ ਛੀਬਿਆਂ ਤੇ ਝੀਰਾਂ, ਜੱਟਾਂ ਵਿਚ ਜੱਟ ਹੋ ਕੇ ਸੋਭਾ ਪਾਈਆ । ਓ ਜੇ ਜੱਟ ਨਾ ਹੋਵੇ ਤੇ
ਕਿਸ ਤਰਹ ਕੱਟੇ ਗ਼ਰੀਬਾਂ ਦੀਆਂ ਪੀੜਾਂ, ਮਜ਼ਲੂਮਾਂ ਹੋਵੇ ਕਵਣ ਸਹਾਈਆ । ਓ ਭਗਤੋ ਤੁਹਾਡੀਆਂ ਜ਼ਰੂਰ ਬੰਨ੍ਹੇਗਾ ਬੀੜਾਂ, ਬੇੜਾ ਆਪਣੇ ਕੰਧ

ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਨਾਰਦਾ ਮੇਰੇ ਵੱਲ ਕਰ ਲੈ ਅੱਖ, ਅੱਖੀ ਲੈ ਬਦਲਾਈਆ । ਨਾਰਦ ਕਹੇ ਧਰਨੀਏ ਆਪਣੇ ਉਤੇ ਵੇਖ ਪਰਤਖ, ਪਰਮ ਪੁਰਖ ਬੇਪਰਵਾਹੀਆ । ਜਿਸ ਸਭ ਦੇ ਭਾਂਡੇ ਕੀਤੇ ਸਖ, ਸਚ ਵਸਤ ਨਜ਼ਰ ਕੋਇ ਨਾ ਆਈਆ । ਜਿਸ ਨੂੰ ਕਹਿੰਦੇ ਅਲਖਣਾ ਅਲੱਖ, ਅਲਖ ਅਗੋਚਰ ਇਕ ਅਖਵਾਈਆ । ਜਿਸ ਦੀਨ ਦੁਨੀ ਜੁਗ ਜੁਗ ਕੀਤੀ ਵਖ, ਵਖਰੀ ਵੰਡ ਵੰਡਾਈਆ । ਨਾਮ ਕਲਮੇ ਅੱਖਰਾਂ ਵਾਲੇ ਜਸ, ਦਹਿ ਦਿਸ਼ਾ ਕਰੇ ਪੜ੍ਹਾਈਆ । ਉਠ ਦੋਵੇਂ ਲਈਏ ਹਸ, ਖ਼ੁਸ਼ੀਆਂ ਦੇ ਢੋਲੇ ਗਾਈਆ । ਨੌ ਖੰਡ ਪ੍ਰਿਥਮੀ ਆਈਏ ਨੱਸ, ਭੱਜੀਏ ਵਾਹੋ ਦਾਹੀਆ । ਧਰਨੀ ਕਹੇ ਓ ਨਾਰਦਾ ਮੈਂ ਕਿਥੇ ਜਾਵਾਂ ਤੇ ਮੈਂ ਅੱਜ ਭਗਤਾਂ ਦੇ ਨਾਲ ਇਹਦੇ ਪਿਆਰ ਵਿਚ ਗਈ ਫਸ, ਪੱਲੂ ਮੂਲ ਨਾ ਸਕਾਂ ਛੁਡਾਈਆ । ਮੈਨੂੰ ਤੇ ਡਰ ਲਗਦਾ ਕਿਤੇ ਮੇਰੀ ਉਲਟੀ ਕਰ ਨਾ ਦੇਵੇ ਸਫ਼, ਸਫ਼ਾ ਦੀਨ ਦੁਨੀ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਆਂ । ਨਾਰਦ ਕਹੇ ਧਰਨੀਏ ਇਹ ਮੇਰਾ ਸਾਹਿਬ ਸਚਾ ਸੁਲਤਾਨਾ, ਬੇਪਰਵਾਹ ਅਖਵਾਈਆ । ਨੀ ਇਹ ਬੜਾ ਮਿਹਰਵਾਨਾ, ਮਿਹਰ ਨਜ਼ਰ ਨਾਲ ਤਰਾਈਆ । ਮੈਂ ਤੈਨੂੰ ਇਕ ਗੱਲ ਦੱਸਾਂ ਜਿਹੜੀ ਕਹਿ ਗਿਆ ਸੀ ਰਾਮਾ, ਰਾਮ ਰਾਮ ਰਾਮ ਕਹਿ ਕੇ ਦਿਤੀ ਦੁਹਾਈਆ । ਨਾਲੇ ਇਸ਼ਾਰਾ ਦਿਤਾ ਕਾਹਨਾ, ਘਨਈਆ ਕੀ ਵਡਿਆਈਆ । ਨਾਲੇ ਪੈਗ਼ੰਬਰਾਂ ਦਾ ਦੱਸਿਆ ਪੈਗ਼ਾਮਾ, ਬਿਨ ਅੱਖਰਾਂ ਅੱਖਰ ਵਖਾਈਆ । ਨਾਲੇ ਨਾਨਕ ਦਾ ਦੱਸਿਆ ਸਤਿਨਾਮਾ, ਸਚ ਸਚ ਸਮਝਾਈਆ । ਫੇਰ ਸਾਰਿਆਂ ਤੋਂ ਬਾਦ ਦੱਸਿਆ ਉਹ ਪ੍ਰਭੂ ਬੇਅੰਤ ਸਭ ਦਾ ਕੰਤ ਜਿਸ ਦਾ ਜਾਣੇ ਨਾ ਕੋਇ ਨਿਸ਼ਾਨਾ, ਨਿਸ਼ਾਨੇ ਸਭ ਦੇ ਦਏ ਬਦਲਾਈਆ । ਉਨ ਆਉਣਾ ਉਸ ਵੇਲੇ ਜਿਸ ਵੇਲੇ ਲੇਖਾ ਜਾਣੇ ਜ਼ਿਮੀਂ ਅਸਮਾਨਾ, ਧਰਨੀ ਧਰਤੀ ਧਵਲ ਧੌਲ ਤੇਰੇ ਧੌਲੇ ਝਾਟੇ ਦੀ ਖੇਲ ਤੈਨੂੰ ਦਏ ਵਖਾਈਆ । ਉਸ ਵੇਲੇ ਤੇਰੇ ਉਤੇ ਵਸਣ ਵਾਲਾ ਇਨਸਾਨ ਪਰਮਾਤਮਾ ਨਾਲ ਹੋਣਾ ਬੇਗਾਨਾ, ਪ੍ਰਭੂ ਦਾ ਪਿਆਰਾ ਨਜ਼ਰ ਕੋਇ ਨਾ ਆਈਆ । ਬੇਸ਼ਕ ਕੋਈ ਹਿੰਦੂ ਹੋਵੇ ਕੋਈ ਮੁਸਲਮਾਨਾ, ਈਸਾਈ ਸਿਖ ਜਗਤ ਵੰਡ ਵੰਡਾਈਆ । ਸਭ ਦੇ ਹੱਥੀਂ ਲਾੜੀ ਮੌਤ ਨੇ ਬੰਨ੍ਹਣਾ ਗਾਨਾ, ਸਦੀ ਚੌਧਵੀਂ ਮੁਹੰਮਦ ਦੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਚ ਹੁਕਮ ਵਰਤਾਈਆ । ਛੱਬੀ ਪੋਹ ਕਹੇ ਪ੍ਰਭੂ ਮੈਂ ਤੇ ਬੜਾ ਠੰਢਾ, ਸੀਤਲ ਧਾਰ ਨਜ਼ਰੀ ਆਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਮੇਰੀ ਪਈ ਵੰਡਾ, ਦੂਰ ਦੁਰਾਡਾ ਵੇਖਾਂ ਅੱਖ ਉਠਾਈਆ । ਪਰ ਮੈਨੂੰ ਪਤਾ ਨਹੀਂ ਇਹ ਅੱਜ ਕਿਧਰੋਂ ਆ ਗਿਆ ਨਾਰਦ ਪੰਡਾ, ਆਪਣਾ ਫੇਰਾ ਪਾਈਆ । ਪਰ ਇਕ ਖ਼ੁਸ਼ੀ ਤੇਰੇ ਹੱਥ ਵਿਚ ਸੱਤ ਰੰਗ ਦਾ ਡੰਡਾ, ਡੰਡਾਵਤ ਸਭ ਦੀ ਦਏ ਬਦਲਾਈਆ । ਇਹ ਕੋਈ ਲੁਹਾਰ ਤਰਖਾਣ ਦਾ ਘੜਿਆ ਹੋਇਆ ਨਹੀਂ ਖੰਡਾ, ਜੋ ਅਗਨੀ ਤਤ ਜਲਾਈਆ । ਤੇਰੇ ਸ਼ਬਦ ਦੀ ਧਾਰ ਨੇ ਸਭ ਦਾ ਤੋੜਨਾ ਘਮੰਡਾ, ਮਨ ਤਨ ਦੀ ਕਰੇ ਸਫ਼ਾਈਆ । ਨੂਰੀ ਜੋਤ ਦਾ ਚਾੜ੍ਹਨਾ ਚੰਦਾ, ਦੋ ਜਹਾਨਾਂ ਡਗਮਗਾਈਆ । ਜੋ ਮੁਹੰਮਦ ਨੇ ਆਸ਼ਾ ਰਖੀ ਮੇਰਾ ਲੇਖ ਹੋਵੇ ਯਕ ਸ਼ੰਭਾ, ਯਕੇ ਬਾਦ ਦੀਗਰੇ ਆਪਣਾ ਹੁਕਮ ਵਰਤਾਈਆ । ਮੈਨੂੰ ਇਉਂ ਜਾਪਦਾ ਤੇਰਾ ਹੁਕਮ ਨਹੀਂ ਹੋਣਾ ਲੰਬਾ, ਲਮਹ ਲਮਹ ਦਏ ਗਵਾਹੀਆ । ਨਾਰਦ ਕਹੇ ਧਰਨੀਏ ਨੀ ਏਸ ਦਾ ਖੇਲ ਹੋਣਾ ਅਚੰਭਾ, ਹੈਰਾਨੀ ਵਿਚ ਸਾਰੇ ਰਹੇ ਕੁਰਲਾਈਆ । ਧਰਨੀ ਕਹੇ ਵੇ ਨਾਰਦਾ ਮੇਰਾ ਸੀਨਾ ਕੰਬਾ, ਕੰਬ ਕੰਬ ਕੇ

੨੧੦
੨੪

ਦਿਆਂ ਵਖਾਈਆ । ਨਾਰਦ ਕਹੇ ਧਰਨੀਏ ਤੂੰ ਨਹੀਂ ਵੇਖੇ ਭਗਤ ਸੁਹੇਲੇ ਰਾਜੇ ਬਣ ਗਏ ਤੇ ਸਿਰ ਤੇ ਰਖ ਕੇ ਮੋਰ ਦੇ ਖੰਭਾ, ਖੰਭ ਮੋਰ ਦਾ ਲੇਖਾ ਨਾਲ ਅਸ਼ਟਭੁਜ ਦੁਰਗਾ ਦਏ ਮਿਲਾਈਆ । ਜਿਸ ਨੇ ਸੁੰਭ ਨਿਸੁੰਭ ਤੇ ਦੈਂਤਾਂ ਦਾ ਲੇਖਾ ਤੇ ਹਾਲ ਕੀਤਾ ਮੰਦਾ, ਧਰਨੀ ਕਹੇ ਉਸ ਵੇਲੇ ਮੇਰੇ ਉਤੇ ਪਈ ਦੁਹਾਈਆ । ਇਸ ਸਮੇਂ ਵਾਸਤੇ ਧਰਤੀ ਕਹੇ ਗੋਬਿੰਦ ਨੇ ਪੁਰੀ ਅਨੰਦ ਵਿਚੋਂ ਨਿਕਲਣ ਲੱਗਿਆਂ ਸੱਜੇ ਹੱਥ ਦਾ ਲਾਇਆ ਸੀ ਪੰਜਾ, ਪੰਜਾ ਲਾ ਕੇ ਮੁਖ ਨਾਲ ਚੁੰਮ ਕੇ ਪੁਰਖ ਅਕਾਲ ਦੇ ਅਗੇ ਵਾਸਤਾ ਪਾਈਆ । ਨਾਲੇ ਜ਼ੋਰ ਦੀ ਹਲੂਣ ਕੇ ਕੰਧਾ, ਖੜਗ ਖਿਚ ਕੇ ਸੱਜੇ ਹੱਥ ਨਾਲ ਹਿਲਾਈਆ । ਮੇਰੇ ਦੀਨ ਦਿਆਲਾ ਜੇ ਗੋਬਿੰਦ ਧਾਰ ਹੋਏ ਤੇ ਤੇਰਾ ਨੂਰ ਹੋਵੇ ਸ਼ਬਦ ਸੂਰਬੀਰ ਹੋਵੇ ਚੰਗਾ, ਚੰਗੀ ਤਰਹ ਦ੍ਰਿੜਾਈਆ । ਤੇ ਤੇਰਾ ਜੇ ਨਿਸ਼ਾਨ ਹੋਵੇ ਤੇ ਨਿਸ਼ਾਨ ਹੋਵੇ ਜੋਤ ਦੀ ਧਾਰ ਮੇਰਾ ਹੋਵੇ ਰੰਗਾ, ਦੂਜਾ ਰੰਗ ਨਜ਼ਰ ਕੋਇ ਨਾ ਆਈਆ । ਤੇਰਾ ਪ੍ਰੇਮ ਹੋਵੇ ਮੇਰਾ ਅਨੰਦਾ, ਸੁਖ ਭਗਤਾਂ ਅੰਦਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਨਾਰਦ ਕਹੇ ਧਰਨੀਏ ਤੇਰੇ ਉਤੇ ਬਹਿ ਗਏ ਭਗਤ ਪਿਆਰੇ, ਨੈਣਾਂ ਵਾਲੀਏ ਨੈਣੀਂ ਧਿਆਨ ਲੈ ਲਗਾਈਆ । ਧਰਨੀ ਕਹਿੰਦੀ ਨਾਰਦਾ ਹੁਣ ਮੈਂ ਇਹਨਾਂ ਦੇ ਸਹਾਰੇ, ਬਿਨਾ ਭਗਤਾਂ ਤੋਂ ਮੇਰਾ ਮਿਤਰ ਨਜ਼ਰ ਕੋਇ ਨਾ ਆਈਆ । ਮੇਰੀ ਆਸ਼ਾ ਕੂਕ ਕੂਕ ਪੁਕਾਰੇ, ਦੋ ਜਹਾਨਾਂ ਰਹੀ ਸੁਣਾਈਆ । ਆਜਾ ਆਜਾ ਆਜਾ ਕਲ ਕਲਕੀ ਅਵਤਾਰੇ, ਕਾਇਨਾਤ ਦਿਆ ਮਾਲਕਾ ਮੇਰਾ ਹੋ ਸਹਾਈਆ । ਮੈਨੂੰ ਤੇਰੇ ਸਾਰੇ ਦੇ ਕੇ ਗਏ ਲਾਰੇ, ਅਵਤਾਰ ਪੈਗ਼ੰਬਰ ਗੁਰੂ ਖ਼ਬਰਾਂ ਵਿਚ ਸੁਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਇਹ ਜੁਗ ਕਿਹੜੇ ਵਿਚਾਰੇ, ਤੇਰੇ ਹੁਕਮ ਵਿਚ ਭੱਜਣ ਵਾਹੋ ਦਾਹੀਆ । ਤੇ ਬਿਨ ਤੇਰੇ ਮੇਰੀ ਪੈਜ ਨਾ ਕੋਇ ਸਵਾਰੇ, ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਮੇਰੇ ਪ੍ਰਭੂ ਸਤਿਗੁਰ ਸਾਹਿਬ ਇਕ, ਏਕੰਕਾਰ ਤੇਰੀ ਸਰਨਾਈਆ । ਜਿਹੜੇ ਤੇਰੇ ਭਗਤ ਮੇਰੇ ਉਤੇ ਗਏ ਟਿਕ, ਟਿੱਕੇ ਮਸਤਕ ਖ਼ੁਸ਼ੀਆਂ ਵਾਲੇ ਲਗਾਈਆ । ਇਹਨਾਂ ਦੇ ਅੱਜ ਨਵੇਂ ਲੇਖ ਲਿਖ, ਪਿਛਲੇ ਲੇਖੇ ਦੇ ਮਿਟਾਈਆ । ਜੇ ਤੈਥੋਂ ਮੰਗ ਨਹੀਂ ਸਕੇ ਭਿਖ, ਬਿਨ ਮੰਗਿਆਂ ਝੋਲੀ ਦੇ ਭਰਾਈਆ । ਇਹ ਹਿੰਦੂ ਨਹੀਂ ਇਹ ਸਿੱਖ ਨਹੀਂ ਇਹ ਈਸਾਈ ਨਹੀਂ ਇਹ ਮੁਸਲਮਾਨ ਨਹੀਂ ਇਹ ਗੋਬਿੰਦ ਦੇ ਪਿਆਰੇ ਉਹ ਸਿੱਖ, ਜਿਨ੍ਹਾਂ ਦੀ ਸਿਖਿਆ ਗੋਬਿੰਦ ਨੇ ਆਪਣੇ ਵਿਚ ਟਿਕਾਈਆ । ਇਹ ਕਿਸੇ ਨੂੰ ਨੇਤਰਾਂ ਨਾਲ ਨਹੀਂ ਪੈਂਦੇ ਦਿਸ, ਦਹਿ ਦਿਸ਼ਾ ਰਹੀ ਕੁਰਲਾਈਆ । ਅੱਜ ਇਨ੍ਹਾਂ ਦਾ ਦੇ ਦੇ ਹਿਸ, ਹਿੱਸਾ ਇਨ੍ਹਾਂ ਦੇ ਅੰਦਰ ਦੇ ਟਿਕਾਈਆ । ਪਤਾ ਨਹੀਂ ਤੇਰੇ ਪਿਆਰ ਵਿਚ ਰਹਿਣਾ ਕਿਸ ਕਿਸ, ਕ਼ਿਸਮਤ ਸਭ ਦੀ ਦੇ ਬਦਲਾਈਆ । ਵੇਖੀਂ ਤੇਰਾ ਨਿਸ਼ਾਨਾ ਕਦੇ ਨਾ ਜਾਵੇ ਮਿੱਸ, ਉਹ ਮਿਸਤਰੀਆ ਅੱਜ ਇਨ੍ਹਾਂ ਨੂੰ ਬਣਾ ਦੇ ਇਸਤਰੀਆਂ ਇਸਮ ਆਜ਼ਮ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਵਖਾਈਆ । ਆਹ ! ਧਰਨੀ ਕਹੇ ਮੇਰੀ ਛਾਤੀ ਵਿਚ ਵਜਾ ਸਤਰੰਗਾ, ਉਫ਼ ਮੇਰੀ ਦੁਹਾਈਆ । ਉਹ ਰੋਂਦੀ ਆ ਗਈ ਗੰਗਾ, ਨੈਣਾਂ ਨੀਰ ਵਹਾਈਆ । ਭੱਜਾ ਆ ਗਿਆ ਤਾਰਾ ਚੰਦਾ, ਸਦੀ ਚੌਧਵੀਂ ਆਪਣਾ ਪੰਧ ਮੁਕਾਈਆ । ਸਭ ਦੇ ਅੰਦਰ ਖ਼ੁਸ਼ੀ ਨਾਲ ਗ਼ਮਾ, ਖ਼ੁਸ਼ੀ ਗ਼ਮੀ ਆਪਣੀ ਵੰਡ ਵੰਡਾਈਆ । ਤੇ ਸਭ ਨੂੰ ਆਪਣਾ ਆਪਣਾ ਤਮਅ, ਲਾਲਚ ਰਹੇ ਵਖਾਈਆ । ਉਧਰੋਂ ਨਾਰਦ ਕਹਿੰਦਾ ਪਿਆਰਿਓ ਮਿਤਰੋ


੨੧੧
੨੪

ਏਥੇ ਤੇ ਮਾਰਗ ਚਲਣਾ ਨਵਾਂ, ਤੁਹਾਡੀ ਕੀ ਚਤੁਰਾਈਆ । ਉਹ ਵੇਖੋ ਸਾਰੇ ਭਗਤ ਸੁਹੇਲੇ ਹੋ ਗਏ ਜਮ੍ਹਾਂ, ਜਵਾਂ ਆਪਣਾ ਲੇਖਾ ਗਏ ਮੁਕਾਈਆ ।
ਇਹ ਤੇ ਨਵੀਂ ਜਗਣ ਵਾਲੀ ਸ਼ਮਅ, ਨੂਰ ਜੋਤ ਕਰੇ ਰੁਸ਼ਨਾਈਆ । ਕਿਸੇ ਨੂੰ ਹੁਣ ਭਰੋਸਾ ਨਹੀਂ ਆਪਣਿਆਂ ਦਮਾਂ, ਸਵਾਸਾਂ ਕੀ ਵਡਿਆਈਆ ।
ਭਗਤ ਬਣ ਨਹੀਂ ਸਕਦਾ ਹਮਾਂ ਤਮਾਂ, ਬਿਨਾ ਸਤਿਗੁਰ ਕਿਰਪਾ ਤੋਂ ਭਗਵਨ ਦੇਵੇ ਨਾ ਮਾਣ ਵਡਿਆਈਆ । ਤੁਹਾਨੂੰ ਪਤਾ ਨਹੀਂ ਉਹ ਜਿਨ੍ਹ ਰੋਟੀ
ਖਾਧੀ ਜਵਾਂ, ਤਤੇ ਪਾਣੀ ਨਾਲ ਆਪਣਾ ਝਟ ਲੰਘਾਈਆ । ਹੁਣ ਬਦਲ ਕੇ ਦੀਨ ਦੁਨੀ ਦਾ ਸਮਾਂ, ਭਗਤਾਂ ਨੂੰ ਮਿਠੇ ਚਾਵਲ ਰਿਹਾ ਖੁਆਈਆ ।
ਛੱਤੀ ਦੇਗਾਂ ਨੇ ਆਪਣਾ ਗੀਤ ਗਵਾਂ, ਅਵਾਜ਼ ਸੂਅ ਸੂਅ ਸੂਅ ਕਰਕੇ ਦਿਤੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਸਚ ਦੀ ਧਾਰ ਇਕ ਪਰਗਟਾਈਆ । ਦੇਗਾਂ ਕਹਿਣ ਅਸੀਂ ਕੋਈ ਜਗਤ ਵਾਲਾ ਨਹੀਂ ਬਣਾਇਆ ਪਲਾਅ,
ਪਲਾਲੀਆਂ ਦਾ ਲੇਖਾ ਦਿਤਾ ਮੁਕਾਈਆ । ਆਪਣੇ ਥੱਲੇ ਕਰਕੇ ਸੁਵਾਹ, ਖ਼ਾਕ ਜਗਤ ਵਾਲੀ ਉਡਾਈਆ । ਜਨ ਭਗਤਾਂ ਦੀਆਂ ਬਣਕੇ ਗਵਾਹ,
ਸ਼ਹਾਦਤ ਸ਼ਹੀਦੀ ਵਾਲੀ ਰਖਾਈਆ । ਭਗਤੋਂ ਤੁਹਾਨੂੰ ਪਤਾ ਨਹੀਂ ਉਹ ਮਿਤਰੋ ਤੁਸਾਂ ਸਾਨੂੰ ਹੱਥਾਂ ਨਾਲ ਦਿਤਾ ਤਾਅ, ਮਾਚਸ ਜ਼ੋਰ ਜ਼ੋਰ ਨਾਲ ਘਸਾਈਆ ।
ਪਰ ਫਿਰ ਵੀ ਅਸੀਂ ਠੰਢੀਆਂ ਕਿ ਪੁਰਖ ਅਕਾਲ ਨੇ ਸਾਡੀ ਪਕੜੀ ਬਾਂਹ, ਹੋਇਆ ਆਪ ਸਹਾਈਆ । ਜਬ ਤਕ ਤੁਸੀਂ ਰਹੋਂਗੇ ਜੁਗ ਚੌਕੜੀ ਸਾਡਾ
ਵੀ ਤੁਹਾਡੇ ਨਾਲ ਰਹੇਗਾ ਨਾਂ, ਉਹ ਪ੍ਰਭ ਨੇ ਦਿਤੀ ਵਡਿਆਈਆ । ਭਾਵੇਂ ਸਾਨੂੰ ਜੰਮਿਆਂ ਨਹੀਂ ਕਿਸੇ ਮਾਂ, ਨਾ ਕੋਈ ਬਣੀ ਜਣੇਂਦੀ ਮਾਈਆ ।
੨੧੨ ਪਰ ਅਸੀਂ ਉਸ ਧਰਤੀ ਉਤੇ ਗਈਆਂ ਆ, ਜਿਥੇ ਬਾਲਮੀਕ ਲੇਖਾ ਗਿਆ ਲਿਖਾਈਆ । ਜੇ ਤੁਸਾਂ ਹੁਣ ਖ਼ੁਸ਼ੀਆਂ ਨਾਲ ਲਿਆ ਖਾ, ਖਾ ਕੇ ਬੈਠੇ ੨੧੨
੨੪ ਸੋਹਣੇ ਸੋਭਾ ਪਾਈਆ । ਤੇ ਸਾਨੂੰ ਯਾਦ ਆਉਂਦੀ ਮੁਹੰਮਦ ਵਾਲੀ ਨਿਆਜ਼ ਇਕ ਪਾ, ਚਾਵਲ ਦਾ ਦਾਣਾ ਇਕ ਇਕ ਸਮਝਾਈਆ । ਜਿਸ ਕਾਰਨ ੨੪
ਗੋਬਿੰਦ ਨੇ ਅੰਮ੍ਰਿਤ ਰਸ ਦਿਤਾ ਪਿਆ, ਚੂਲੀਆਂ ਹੱਥਾਂ ਨਾਲ ਵਰਤਾਈਆ । ਅੱਜ ਉਸ ਦਾ ਲਹਿਣਾ ਦੇਣਾ ਪੂਰਾ ਕੀਤਾ ਉਸ ਖ਼ੁਦਾ, ਜੋ ਰਹਿਬਰ
ਨੂਰ ਅਲਾਹੀਆ । ਜਿਸ ਦੀ ਖ਼ੁਸ਼ੀ ਵਿਚ ਗਾਇਆ ਵਾਹ ਵਾਹ, ਵਾਹਿਗੁਰੂ ਤੇਰੀ ਬੇਪਰਵਾਹੀਆ । ਇਹੋ ਰਾਮ ਗਿਆ ਸੀ ਸਮਝਾ, ਹਨਵੰਤ
ਨੂੰ ਅੰਦਰ ਵੜ ਕੇ ਆਪ ਉਠਾਈਆ । ਬਿਦਰ ਦੇ ਅਲੂਣੇ ਸਾਗ ਨੂੰ ਭੋਗ ਲਗਾ, ਕ੍ਰਿਸ਼ਨ ਨੇ ਕਲਜੁਗ ਦਾ ਸਮਾਂ ਦਿਤਾ ਦਰਸਾਈਆ । ਜਦੋਂ
ਆਇਆ ਕਾਹਨਾ ਦਾ ਕਾਹਨ ਧਰਨੀ ਉਤੇ ਨਵਾਂ ਰੰਗ ਦਏ ਰੰਗਾ, ਰੰਗਤ ਇਕੋ ਇਕ ਸਮਝਾਈਆ । ਜਨ ਭਗਤੋ ਫ਼ਿਕਰ ਨਾ ਕਰਿਓ ਦੇਗਾਂ ਕਹਿਣ
ਜੋ ਤੁਹਾਡੇ ਘਰ ਘਰ ਦੇ ਵਿਚੋਂ ਚੌਲ ਲਏ ਮੰਗਾ, ਤੁਹਾਡਾ ਇਕ ਇਕ ਦਾ ਦਾਣਾ ਦੋ ਜਹਾਨਾਂ ਦਾ ਲੇਖਾ ਵੇਖ ਵਖਾਈਆ । ਪੈਸਾ ਟਕਾ ਕਿਸੇ ਦਾ
ਬਣਿਆ ਨਹੀਂ ਕੋਈ ਸਹਾ, ਸਹਾਈ ਨਜ਼ਰ ਕੋਇ ਨਾ ਆਈਆ । ਅੱਜ ਤੇ ਤੁਹਾਡਾ ਪਤਾ ਨਹੀਂ ਕਿਸ ਤਰਹ ਲੱਗ ਗਿਆ ਦਾਅ, ਪੇਚਾ ਸਤਿਗੁਰ
ਲਿਆ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਚ ਆਪ ਸਮਝਾਈਆ । ਚਾਵਲ
ਕਹੇ ਜਨ ਭਗਤੋ ਮੈਂ ਇਕ ਇਕ ਦਾਣਾ ਰਿਝਦਾ, ਤੁਸੀਂ ਅਗਨੀ ਖ਼ੁਸ਼ੀਆਂ ਨਾਲ ਡਾਹੀਆ । ਮੈਂ ਫੇਰ ਪਿਆਰਾ ਬਣਿਆ ਤੁਹਾਡੇ ਲਹੂ ਮਿਝ ਦਾ,
ਖ਼ੁਸ਼ੀਆਂ ਵਿਚ ਸਮਾਈਆ । ਤੁਸਾਂ ਮੇਰਾ ਵਹਿਣ ਨਹੀਂ ਵੇਖਿਆ ਹਿੰਝ ਦਾ, ਕੀ ਨੈਣਾਂ ਨੀਰ ਵਹਾਈਆ । ਪਰ ਮੈਨੂੰ ਆਸ ਮੈਂ ਭਗਤਾਂ ਦੇ ਨਾਲ
ਪ੍ਰਭੂ ਮਿਲਣ ਨੂੰ ਗਿਝਦਾ, ਰੀਤੀ ਭਗਤਾਂ ਦਿਤੀ ਸਮਝਾਈਆ । ਜਿਨ੍ਹਾਂ ਦਾ ਪਿਆਰ ਪਰਮ ਪੁਰਖ ਨਾਲ ਭਿਜਦਾ, ਮਿਲ ਕੇ ਵਜੇ ਵਧਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਈਆ । ਨਾਰਦ ਕਹੇ ਓ ਚਾਵਲੋ ਨਾ ਕਰੋ ਆਪਣੀ ਵਡਿਆਈ, ਐਵੇਂ ਨਾ ਸਿਫ਼ਤ ਸਲਾਹੀਆ । ਨਿਮਾਣੇ ਹੋ ਕੇ ਦਿਓ ਦੁਹਾਈ, ਕੂਕ ਕੂਕ ਸੁਣਾਈਆ । ਗਲ ਪੱਲੂ ਲਓ ਪਾਈ, ਹੱਥ ਬੰਨ੍ਹ ਕੇ ਸੀਸ ਝੁਕਾਈਆ । ਛੱਤੀ ਦੇਗਾਂ ਦਾ ਇਕ ਇਕ ਦਾਣਾ ਕਹੇ ਸਾਨੂੰ ਖਾ ਕੇ ਬਣ ਜਾਓ ਭਾਈ ਭਾਈ, ਭੈਣ ਭਈਆ ਇਕੋ ਰੂਪ ਨਜ਼ਰੀ ਆਈਆ । ਵੇਖਿਓ ਗੁਰਸਿਖ ਗੁਰਸਿਖ ਦਾ ਬਣਿਉ ਨਾ ਕਦੇ ਕਸਾਈ, ਇਹ ਗੋਬਿੰਦ ਦੀ ਰੀਤੀ ਪੁਰਾਣੀ ਚਲੀ ਆਈਆ । ਤੁਹਾਡਾ ਇਕੋ ਗ੍ਰਿਹਿ ਇਕੋ ਦੁਆਰਾ ਇਕੋ ਥਾਈਂ, ਥਾਨ ਥਨੰਤਰ ਇਕੋ ਇਕ ਸਮਝਾਈਆ । ਸਤਿਗੁਰ ਪਿਆਰ ਵਿਚ ਕਿਤੇ ਮਸਤਕ ਲਾ ਨਾ ਲਿਓ ਕੂੜ ਦੀ ਸ਼ਾਹੀ, ਸ਼ਹਿਨਸ਼ਾਹ ਆਪਣਾ ਹੁਕਮ ਸੁਣਾਈਆ । ਤੁਹਾਡਾ ਮੇਲਾ ਮੇਲਿਆ ਚਾਈਂ ਚਾਈਂ, ਚਾਓ ਘਨੇਰਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਂਈਆ । ਛੱਬੀ ਪੋਹ ਕਹੇ ਧਰਨੀਏ ਮੇਰੀ ਵੀ ਆ ਲੈਣ ਦੇ ਵਾਰੀ, ਮੈਂ ਵੀ ਪੁਰਾਣਾ ਬੈਠਾ ਆਸ ਰਖਾਈਆ । ਨਾਰਦ ਕਹੇ ਇਕ ਸਾਡੀ ਵੀ ਪਿਛਲੀ ਯਾਰੀ, ਯਾਰਾਂ ਨੂੰ ਯਾਰ ਮਿਲ ਕੇ ਖ਼ੁਸ਼ੀ ਬਣਾਈਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਸਾਡਾ ਵੀ ਪਿਛਲਾ ਉਧਾਰੀ, ਲੇਖਾ ਵੇਖੀਏ ਚਾਈਂ ਚਾਈਂਆ । ਸਤਿਗੁਰ ਸ਼ਬਦ ਕਹੇ ਇਹ ਖੇਲ ਅਪਰ ਅਪਾਰੀ, ਜਗਤ ਸਮਝ ਕਿਛ ਨਾ ਪਾਈਆ । ਨਿਰਗੁਣ ਜੋਤ ਕਹੇ ਨੂਰ ਨੂਰ ਉਜਿਆਰੀ, ਦੋ ਜਹਾਨਾਂ ਡਗਮਗਾਈਆ । ਮੈਂ ਲਹਿਣਾ ਦੇਣਾ ਪੂਰਾ ਕਰਨਾ ਜੋ ਧਰਤੀ ਰਹੀ ਪੁਕਾਰੀ, ਪੁਨਹ ਪੁਨਹ ਸੀਸ ਨਿਵਾਈਆ । ਚਾਰੋਂ ਕੁੰਟ ਵੇਖਾਂ ਕਰਾਂ ਖ਼ਬਰਦਾਰੀ, ਬੇਖ਼ਬਰਾਂ ਖ਼ਬਰ ਸੁਣਾਈਆ । ਸਭ ਤੋਂ ਉੱਤਮ ਸ੍ਰੇਸ਼ਟ ਵਿਚਾਰ ਜੋ ਸਭ ਤੋਂ ਵਸੇ ਬਾਹਰੀ, ਸਚਖੰਡ ਸਾਚੇ ਸੋਭਾ ਪਾਈਆ । ਉਹ ਭਗਤ ਸੁਹੇਲਾ ਇਕ ਇਕੇਲਾ ਜੁਗ ਜੁਗ ਆਏ ਵਾਰੋ ਵਾਰੀ, ਵਾਰਸ ਹੋ ਕੇ ਫੇਰਾ ਪਾਈਆ । ਜੋ ਸਾਚੀ ਦਏ ਬਹਾਰੀ, ਰੁਤੜੀ ਆਪਣੇ ਨਾਲ ਮਹਿਕਾਈਆ । ਜਗਤ ਮਹਿਕਾਏ ਫੁਲਵਾੜੀ, ਪੱਤ ਟਹਿਣੀ ਧੁਰ ਦੇ ਹੁਕਮ ਵਿਚ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਰਖਾਈਆ । ਧਰਨੀ ਕਹੇ ਮੇਰੇ ਪੁਰਖ ਅਕਾਲ, ਅਕਲ ਕਲਧਾਰੀ ਤੇਰੀ ਸਰਨਾਈਆ । ਤੂੰ ਮੇਰੇ ਉਤੇ ਹੋਇਓਂ ਦਿਆਲ, ਦੀਨਨ ਦਿਤੀ ਵਡਿਆਈਆ । ਸਚ ਬਣਾ ਕੇ ਸਚੀ ਧਰਮਸਾਲ, ਭਗਤ ਦੁਆਰਾ ਦਿਤਾ ਸੁਹਾਈਆ । ਜਿਥੇ ਇਕੱਠੇ ਹੋਏ ਬਿਰਧ ਬਾਲ, ਨੌਜਵਾਨ ਮਿਲ ਕੇ ਵਜੇ ਵਧਾਈਆ । ਏਥੇ ਲੇਖਾ ਨਹੀਂ ਸ਼ਾਹ ਕੰਗਾਲ, ਵੱਡਾ ਛੋਟਾ ਨਾ ਕੋਇ ਵਖਾਈਆ । ਤੇਰੀ ਸਚ ਪ੍ਰੀਤੀ ਤੇ ਪ੍ਰੀਤੀ ਆਤਮਾ ਨਾਲ, ਆਤਮਾ ਪਰਮਾਤਮਾ ਇਹ ਤੇਰੀ ਬੇਪਰਵਾਹੀਆ । ਮੇਰੀ ਇਕ ਬੇਨੰਤੀ ਤੇ ਇਕ ਸੁਆਲ, ਇਕ ਆਰਜ਼ੂ ਅਰਜ਼ ਤੇਰੇ ਚਰਨ ਕਵਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸਚ ਰੂਪ ਦਰਸਾਈਆ । ਧਰਨੀ ਕਹੇ ਜੇ ਮੇਰੇ ਦੁਆਰੇ ਲਾਇਆ ਭਾਗ, ਦਿਤੀ ਮਾਣ ਵਡਿਆਈਆ । ਮੇਰੀ ਆਸ਼ਾ ਦੇ ਅੰਦਰ ਇਕ ਚਰਾਗ਼, ਨੂਰੀ ਜੋਤ ਜੋਤ ਡਗਮਗਾਈਆ । ਜਿਸ ਦੇ ਨਾਲ ਮੈਨੂੰ ਉਪਜਿਆ ਵੈਰਾਗ, ਮੇਰਾ ਅੰਤਰ ਰਿਹਾ ਕੁਰਲਾਈਆ । ਜੇ ਮੇਰਾ ਧੋਣਾ ਦਾਗ਼, ਦੁਰਮਤ ਮੈਲ ਕਰਨੀ ਸਫ਼ਾਈਆ । ਭਗਤਾਂ ਦਾ ਭਗਤ ਬਣਾਉਣਾ ਸਮਾਜ, ਸਮਗਰੀ ਆਪਣਾ ਨਾਮ ਵਰਤਾਈਆ । ਕਲਜੁਗ ਕੂੜੀ ਕਿਰਿਆ ਦਾ ਮੇਟਣਾ ਰਾਜ, ਸਤਿ ਧਰਮ ਸਚ ਨਾਲ ਵਡਿਆਈਆ । ਕੁਝ ਲੇਖਾ ਲਿਖ ਦੇ ਆਜ, ਅਗਲਾ

ਹੁਕਮ ਹੁਕਮ ਨਾਲ ਸੁਣਾਈਆ । ਸਾਰੀ ਸ੍ਰਿਸ਼ਟੀ ਜਾਵੇ ਜਾਗ, ਆਲਸ ਨਿੰਦਰਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਸਾਹਿਬ ਤੇਰੇ ਚਰਨ ਕਵਲ ਸੀਸ ਨਿਵਾਈਆ । ਧਰਤੀ ਕਹੇ ਮੇਰੇ ਨਿਰੰਕਾਰਾ, ਨਿਰਵੈਰ ਤੇਰੀ ਸਰਨਾਈਆ । ਮੈਂ ਕੂਕ ਕਰਾਂ ਪੁਕਾਰਾ, ਦਰ ਤੇਰੇ ਵਾਸਤਾ ਪਾਈਆ । ਤੂੰ ਸ਼ਾਹੋ ਭੂਪ ਸਿਕਦਾਰਾ, ਸ਼ਹਿਨਸ਼ਾਹ ਇਕ ਅਖਵਾਈਆ । ਜੇ ਭਗਤਾਂ ਦਿਤਾ ਸਹਾਰਾ, ਸਿਰ ਆਪਣਾ ਹੱਥ ਰਖਾਈਆ । ਅਗਲਾ ਖੇਲ ਕਰਨਾ ਅਪਾਰਾ, ਅਪਰੰਪਰ ਸੁਆਮੀ ਹੋਣਾ ਸਹਾਈਆ । ਸੁਹਾਉਣਾ ਜਮਨਾ ਦਾ ਕਿਨਾਰਾ, ਪੂਰਬ ਲੇਖਾ ਕਾਹਨ ਵਾਲਾ ਮੁਕਾਈਆ । ਬਣਾਉਣਾ ਦਿੱਲੀ ਦਰਬਾਰਾ, ਦਿਲ ਦਿਆਂ ਪਿਆਰਿਆਂ ਲੈਣਾ ਮਿਲਾਈਆ । ਉਹ ਤਿੰਨਾਂ ਸਾਲਾਂ ਵਿਚ ਪ੍ਰਸਿੱਧ ਕਰ ਦੇਣਾ ਸੰਸਾਰਾ, ਚਾਰੇ ਕੁੰਟਾਂ ਵਜੇ ਵਧਾਈਆ । ਉਹਦਾ ਅੱਖਰ ਛਾਪ ਨਾ ਸਕਣ ਇਲਮਾਂ ਵਾਲੀ ਅਖ਼ਬਾਰਾ, ਉਹ ਧੁਰ ਦੇ ਸ਼ਬਦ ਨਾਲ ਕਰਨੀ ਜਣਾਈਆ । ਵੇਖੀਂ ਕਿਤੇ ਹੋ ਨਾ ਜਾਈਂ ਬੇਇਤਬਾਰਾ, ਇਤਬਾਰ ਆਪਣਾ ਲੈਣਾ ਜਮਾਈਆ । ਧਰਨੀ ਕਹੇ ਮੇਰੀ ਪੁਨਹ ਪੁਨਹ ਪੁਨਹ ਨਿਮਸਕਾਰਾ, ਡੰਡਾਵਤ ਬੰਦਨਾ ਸਜਦਿਆਂ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਸਮਗ੍ਰੀ ਸਚ ਵਰਤਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂਓ ਮੈਂ ਤੁਹਾਡਾ ਕਰਾਂ ਧੰਨਵਾਦ, ਦਰ ਆਇਆ ਖ਼ੁਸ਼ੀ ਬਣਾਈਆ । ਮੈਨੂੰ ਖੇਲ ਤੁਹਾਡਾ ਪੁਰਾਣਾ ਯਾਦ, ਯਾਦਾਸ਼ਤ ਨਾ ਕਦੇ ਭੁਲਾਈਆ । ਜਿਸ ਕਾਰਨ ਸਾਰੇ ਰਹੇ ਅਰਾਧ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਸੋ ਸੁਆਮੀ ਮੈਨੂੰ ਗਿਆ ਲਾਧ, ਖੋਜਣ ਦੀ ਲੋੜ ਰਹੀ ਨਾ ਰਾਈਆ । ਜਿਸ ਮੇਰੇ ਉਤੇ ਸਭ ਦਾ ਸਾਂਝਾ ਭਗਤ ਦੁਆਰਾ ਕੀਤਾ ਆਬਾਦ, ਸੋਹਣੀ ਦਿਤੀ ਵਡਿਆਈਆ । ਇਹ ਲੇਖਾ ਬੋਧ ਅਗਾਧ, ਵਦੀ ਸੁਦੀ ਤੋਂ ਪਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਗ੍ਰਿਹਿ ਇਕ ਵਖਾਈਆ । ਸਚ ਗ੍ਰਿਹਿ ਤਕ ਲਓ ਹਕ਼ੀਕ਼ੀ, ਹਿਕਮਤ ਨਾਲ ਸਮਝਾਈਆ । ਜਿਥੇ ਮਿਟਦੀ ਦੀਨ ਦੁਨੀ ਦੀ ਤਾਰੀਕੀ, ਅੰਧ ਅਗਿਆਨ ਰਹੇ ਨਾ ਰਾਈਆ । ਸ਼ਰਅ ਦੀ ਰਹੇ ਨਾ ਕੋਇ ਸ਼ਰੀਕੀ, ਸ਼ਰਕਤ ਅੰਦਰੋਂ ਬਾਹਰ ਕਢਾਈਆ । ਜਿਸ ਦੇ ਵਿਚ ਹਕ ਤੌਫ਼ੀਕ਼ੀ, ਤੋਫ਼ਾ ਨਾਮ ਦੇਵੇ ਥਾਉਂ ਥਾਈਂਆ । ਜਿਸ ਦੀ ਧਾਰ ਤ੍ਰੈਗੁਣ ਅਤੀਤੀ, ਤ੍ਰੈਭਵਣ ਧਨੀ ਇਕ ਅਖਵਾਈਆ । ਏਥੇ ਝਗੜਾ ਨਹੀਂ ਮੰਦਰ ਮਸੀਤੀ, ਸਾਚਾ ਘਰ ਇਕ ਸੁਹਾਈਆ । ਜਿਥੇ ਹੁੰਦੇ ਪਤਤ ਪੁਨੀਤੀ, ਪਤਤ ਪਾਵਨ ਆਪਣਾ ਰੰਗ ਰੰਗਾਈਆ । ਇਹ ਕੋਈ ਪਿਛਲੀ ਕਹਾਣੀ ਨਹੀਂ ਬੀਤੀ, ਨਵਾਂ ਮਾਰਗ ਦਿਤਾ ਚਲਾਈਆ । ਜਨ ਭਗਤੋ ਇਕ ਪ੍ਰਭੂ ਦੇ ਨਾਲ ਹੋਵੇ ਪ੍ਰੀਤੀ, ਪ੍ਰੀਤਮ ਇਕੋ ਇਕ ਵਖਾਈਆ । ਜਿਸ ਦੀ ਤੁਸੀਂ ਫੁਲਵਾੜੀ ਬਗ਼ੀਚੀ, ਬੂਟੇ ਜਗਤ ਜਹਾਨ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਜਨ ਭਗਤੋ ਉਸ ਪ੍ਰਭੂ ਦੇ ਪਿਆਰ ਦਾ ਬਣ ਜਾਓ ਬੂਟਾ, ਬੂਟੇ ਨਾਮ ਵਾਲੇ ਲਗਾਈਆ । ਉਸ ਦਾ ਅਗਲਾ ਅਗੇ ਲੈ ਕੇ ਵੇਖਿਓ ਹੂਟਾ, ਬਿਨਾ ਹੁਲਾਰਿਉਂ ਦਏ ਝੁਲਾਈਆ । ਤੁਹਾਡਾ ਜਸ ਕਰਾਂਗਾ ਚਾਰੇ ਕੂਟਾਂ, ਇਹ ਮੇਰੀ ਬੇਪਰਵਾਹੀਆ । ਇਹ ਕੋਈ ਭੱਜਣ ਵਾਲਾ ਨਹੀਂ ਠੂਠਾ, ਇਹ ਮਾਲਕ ਨੂਰ ਅਲਾਹੀਆ । ਇਹ ਰੁੱਸਣ ਵਾਲਾ ਨਹੀਂ ਰੂਠਾ, ਸਗੋਂ ਰੁਸਿਆਂ ਲਏ ਮਿਲਾਈਆ । ਤੁਹਾਡਾ ਪਿਆਰ ਮੁਹੱਬਤ ਵਾਲਾ ਸਤਿਗੁਰ ਚਰਨ ਦਾ ਜੂਤਾ, ਜੋਤਾਂ ਜਗਦੀਆਂ ਘਰ ਘਰ ਦਏ ਵਖਾਈਆ । ਤੁਹਾਡਾ ਆਵਾ ਕਦੇ ਨਾ ਜਾਏ ਊਤਾ, ਸੌਂਤਰੇ

ਜਗਤ ਵਿਚ ਬਣਾਈਆ । ਏਥੇ ਕੋਈ ਨਹੀਂ ਰਹੇਗਾ ਅਛੂਤਾ, ਖਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕੋ ਘਰ ਵਸਾਈਆ । ਓ ਤੁਹਾਡਾ ਲੇਖੇ ਲਾਇਆ ਸ਼ਰੀਰ ਪੰਜ ਭੂਤਾ, ਪੰਜਾਂ ਦਾ ਲੇਖਾ ਗਿਣ ਗਿਣ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹਿ ਇਕ ਸੁਹਾਈਆ । ਧਰਨੀ ਕਹੇ ਉਹ ਪ੍ਰਭੂ ਸੁਹਾ ਦੇ ਘਰ, ਗ੍ਰਿਹਿ ਮੰਦਰ ਦੇ ਵਡਿਆਈਆ । ਦੇ ਦੇ ਆਪਣਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੇ ਆ ਗਏ ਤੇਰੇ ਦਰ, ਦਰਵੇਸ਼ਾਂ ਆਪਣੇ ਗਲੇ ਲਗਾਈਆ । ਤੇਰੇ ਪਿਆਰ ਵਿਚ ਜਾਣ ਮਰ, ਮਰ ਕੇ ਫਿਰ ਜੰਮਣ ਦੀ ਲੋੜ ਰਹੇ ਨਾ ਰਾਈਆ । ਨੁਹਾ ਦੇ ਉਸ ਸਰ, ਦੁਰਮਤ ਮੈਲ ਦੇ ਧੁਆਈਆ । ਇਨ੍ਹਾਂ ਉਤੇ ਕਿਰਪਾ ਉਹ ਕਰ, ਜਿਸ ਦੀ ਧਰੂ ਪ੍ਰਹਿਲਾਦ ਆਸਾ ਗਏ ਰਖਾਈਆ । ਰਵੀਦਾਸ ਨੇ ਸੁੱਟ ਕੇ ਜੋਰੂ ਜ਼ਰ, ਤੇਰੇ ਚਰਨ ਸਰਨ ਲਈ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸਚ ਆਪਣਾ ਦਰ ਵਖਾਈਆ । ਪੁਰਖ ਅਕਾਲ ਕਹੇ ਨੀ ਧਰਤੀਏ ਤੂੰ ਕੀ ਦਏਂ ਇਸ਼ਾਰੇ, ਆਪਣੀ ਦਲੀਲ ਜਣਾਈਆ । ਇਹ ਭਗਤ ਪ੍ਰਭੂ ਦੇ ਪਿਆਰੇ, ਜੁਗ ਜੁਗ ਸੰਗ ਰਖਾਈਆ । ਕੋਟਨ ਵਾਰ ਲੋਕਮਾਤ ਵਿਚ ਤਾਰੇ, ਜੁਗ ਚੌਕੜੀ ਗਣਤ ਨਾ ਕੋਇ ਗਿਣਾਈਆ । ਇਹ ਖੇਲ ਕਰੇ ਅਪਰ ਅਪਾਰੇ, ਅਪਰੰਪਰ ਹੋ ਕੇ ਵੇਖ ਵਖਾਈਆ । ਜਿਨ੍ਹਾਂ ਇਕ ਵਾਰੀ ਮੇਰੇ ਨਾਮ ਦੇ ਲਾ ਲਏ ਨਾਅਰੇ, ਸਤਿ ਸਚ ਵਿਚ ਸਮਾਈਆ । ਅੱਜ ਫ਼ੈਸਲਾ ਦਿਤਾ ਭਗਤ ਰਹਿਣ ਨਾ ਮੂਲ ਕੁਆਰੇ, ਨਾਤਾ ਆਪਣੇ ਨਾਲ ਜੁੜਾਈਆ । ਜੋ ਸ਼ਰੀਰ ਛਡ ਕੇ


ਆ ਗਿਆ ਦੁਬਾਰੇ, ਦੋਹਰਾ ਵੇਸ ਵਟਾਈਆ । ਲੈ ਕੇ ਜਾਵਾਂਗਾ ਸਚਖੰਡ ਦੁਆਰੇ, ਚੋਬਦਾਰ ਹੋ ਕੇ ਸੇਵ ਕਮਾਈਆ । ਇਹ ਪਿਛਲੇ ਪਿਛਲੇ ੨੧੫


ਪਿਛਲੇ ਹੁਦਾਰੇ, ਕ਼ਰਜ਼ੇ ਸਭ ਦੇ ਦਿਆਂ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ੨੪

ਦੇ ਲੇਖੇ ਆਪਣੇ ਹੱਥ ਰਖਾਈਆ । ਨਾਰਦ ਕਹੇ ਜਨ ਭਗਤੋ ਕਿਤੇ ਆਉਂਦੀ ਨਹੀਂ ਜਾਂਦੀ ਥਕਾਵਟ, ਸਹਿਜ ਨਾਲ ਮੈਨੂੰ ਦਿਉ ਜਣਾਈਆ । ਮੈਂ ਤੁਹਾਡੀ ਬਣਾਵਾਂ ਬਨਾਵਟ, ਸੋਹਣਾ ਢੰਗ ਸਮਝਾਈਆ । ਮੇਰੀ ਤੇ ਪੁਰਾਣਿਆਂ ਜੁਗਾਂ ਦੀ ਕਹਾਵਤ, ਕਹਿ ਕਹਿ ਸੁਣਾਈਆ । ਇਕ ਗੱਲ ਯਾਦ ਰਖਿਓ ਪ੍ਰਭੂ ਦੇ ਪਿਆਰ ਵਿਚ ਅੱਜ ਜਨ ਭਗਤੋ ਆਪਣੇ ਅੰਦਰੋਂ ਕਢ ਕੇ ਜਾਣਾ ਅਦਾਵਤ, ਦੁਵੈਤ ਰਹਿਣ ਕੋਇ ਨਾ ਪਾਈਆ । ਇਹ ਕਲਜੁਗ ਦੀ ਕੂੜੀ ਕਿਆਮਤ, ਕਲਜੁਗ ਦੀ ਝੋਲੀ ਦੇਣੀ ਟਿਕਾਈਆ । ਬਾਕੀ ਤੇ ਸਾਰੀ ਦੁਨੀਆ ਤੇ ਆਉਣੀ ਸ਼ਾਮਤ, ਸ਼ਮਅ ਨੂਰ ਜੋਤ ਨਾ ਕੋਇ ਰੁਸ਼ਨਾਈਆ । ਕਿਉਂ ਮੁਹੰਮਦ ਕਹੇ ਮੇਰੇ ਅਮਾਮਾ ਮੇਰੀ ਛੇਤੀ ਲਿਆ ਕਿਆਮਤ, ਸਦੀ ਚੌਧਵੀਂ ਭੱਜੇ ਵਾਹੋ ਦਾਹੀਆ । ਤੇ ਭਗਤੋ ਤੁਹਾਨੂੰ ਨਵੀਂ ਮਿਲੀ ਨਿਆਮਤ, ਨਾਮ ਅਨਰਸ ਦਿਤਾ ਚਖਾਈਆ । ਤੁਹਾਨੂੰ ਪਤਾ ਨਹੀਂ ਨੌ ਸੌ ਚੁਰਾਨਵੇ ਚੌਕੜੀ ਜੁਗ ਤੋਂ ਤੁਹਾਡੀ ਸਾਂਭ ਕੇ ਰਖੀ ਅਮਾਨਤ, ਸਹਿਜ ਸਹਿਜ ਤੁਹਾਡੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਅਖਵਾਈਆ । ਨਾਰਦ ਕਹੇ ਭਗਤੋ ਸੌਣਾ ਚੰਗਾ ਕਿ ਜਾਗਣਾ, ਛੇਤੀ ਦਿਉ ਬਤਲਾਈਆ । ਪ੍ਰਭੂ ਦੇ ਪਿਆਰ ਵਿਚ ਰਹਿਣਾ ਚੰਗਾ ਕਿ ਛਡ ਕੇ ਭਾਗਣਾ, ਖ਼ੁਸ਼ੀਆਂ ਨਾਲ ਦ੍ਰਿੜਾਈਆ । ਨਾਲ ਰਹਿਣਾ ਕਿ ਅਲਾਗਣਾ, ਐਵੇਂ ਈ ਦਿਉ ਦਰਸਾਈਆ । ਕਿਉਂ ਪ੍ਰੇਮੀਓ ਤੁਹਾਡੀ ਨਵੀਂ ਸਾਜੀ ਸਾਜਣਾ, ਨਵਾਂ ਰਾਗ ਅਲਾਈਆ । ਤੁਹਾਨੂੰ ਪਤਾ ਨਹੀਂ ਕਿੱਥੋਂ ਮਾਰ ਮਾਰ ਕੇ ਅਵਾਜ਼ਣਾ, ਤੇ ਇਕੱਠੇ ਕੀਤੇ ਥਾਉਂ ਥਾਈਆ । ਇਹ ਕੋਈ ਭਗਤ ਦੁਆਰਾ ਹਿੱਸੇ ਨਹੀਂ ਆਇਆ ਮਾਝਨਾ,

ਮਾਝੇ ਵਾਲਿਆਂ ਨਾ ਕੋਇ ਵਡਿਆਈਆ । ਇਸ ਦੀ ਤੇ ਨਾਨਕ ਨੇ ਵਜਾਈ ਰਬਾਬਨਾ, ਸਿਤਾਰ ਸਿਤਾਰ ਸਿਤਾਰ ਵਿਚੋਂ ਹਿਲਾਈਆ । ਗੋਬਿੰਦ ਨੇ ਉਡਾਇਆ ਬਾਜ਼ਨਾ, ਖ਼ੁਸ਼ੀਆਂ ਰੰਗ ਚੜ੍ਹਾਈਆ । ਸ਼ਬਦ ਸਤਿਗੁਰ ਦਾ ਨਾਦਨਾ, ਜਿਹੜਾ ਤੁਹਾਨੂੰ ਕਰੇ ਸ਼ਨਵਾਈਆ । ਤੁਹਾਡਾ ਭਗਤੀ ਦਾ ਇਕ ਸਮਾਜਨਾ, ਭਗਵਨ ਦਏ ਵਡਿਆਈਆ । ਤੁਹਾਡਾ ਮੇਲਾ ਨਾਲ ਮਾਧਵ ਮਾਧਨਾ, ਜੋ ਮਧੁਰ ਧੁਨ ਦੇ ਰਾਗ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਇਕ ਵਖਾਈਆ । ਨਾਰਦ ਕਹੇ ਐਵੇਂ ਨਾ ਮਿਲਾਇਓ ਹਾਂ ਵਿਚ ਹਾਂ, ਮਿਤਰੋ ਮੈਂ ਸਚ ਵਿਚ ਦਿਆਂ ਸੁਣਾਈਆ । ਅੱਜ ਵਕ਼ਤ ਭਾਵੇਂ ਹੰਸ ਬਣ ਜਾਓ ਭਾਵੇਂ ਬਣ ਜਾਓ ਕਾਂ, ਦੋਵੇਂ ਰਾਹ ਸਮਝਾਈਆ । ਥੱਲਿਉਂ ਕੂਕ ਕੇ ਕਹੇ ਧਰਨੀ ਮਾਂ, ਬੱਚਿਓ ਮੇਰੀ ਦੁਹਾਈਆ । ਇਹ ਸਤਿਗੁਰ ਨੇ ਪਕੜੀ ਤੁਹਾਡੀ ਬਾਂਹ, ਨਾਲ ਮੈਨੂੰ ਵੀ ਬਾਹਰ ਲਏ ਕਢਾਈਆ । ਉਹ ਤੁਸੀਂ ਨਾ ਸੂਰ ਖਾਣਾ ਤੇ ਨਾ ਗਾਂ, ਦੋਹਾਂ ਦਾ ਲੇਖਾ ਦਿਤਾ ਮੁਕਾਈਆ । ਤੁਸੀਂ ਨਾ ਜ਼ਿਮੀਂ ਰਹਿਣਾ ਨਾ ਅਸਮਾਂ, ਸਚਖੰਡ ਬੈਠਣਾ ਚਾਈਂ ਚਾਈਆ । ਤੁਹਾਡੀ ਅੱਜ ਦੀ ਪਹਿਲੀ ਤੇ ਅੱਜ ਦੀ ਅਖ਼ੀਰੀ ਲਾਂਅ, ਲਾਂਵਾਂ ਚਾਰ ਜੁਗ ਦੀਆਂ ਚਾਰੇ ਕੁੰਟਾਂ ਦੇਣ ਗਵਾਹੀਆ । ਤੁਹਾਡੇ ਸਿਰ ਤੇ ਸਦਾ ਰਖੇ ਠੰਢੀ ਛਾਂ, ਮਿਹਰਵਾਨ ਹੋ ਕੇ ਆਪਣਾ ਹੱਥ ਟਿਕਾਈਆ । ਤੁਹਾਡੇ ਸਰੀਰ ਦਾ ਸਾਢੇ ਤਿੰਨ ਹੱਥ ਦਾ ਸੁਹਾ ਕੇ ਗਰਾਂ, ਘਰ ਘਰ ਦਰਸ਼ਨ ਦੇਵੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਂਈਆ । ਧਰਨੀ ਕਹੇ ਮੈਂ ਵੀ ਅੱਜ ਪੁਕਾਰਦੀ, ਖ਼ੁਸ਼ੀਆਂ ਦੇ ਢੋਲੇ ਗਾਈਆ । ਭਗਤੋਂ ਯਾਰੀ ਲਭਣੀ ਨਹੀਂ ਏਸ ਯਾਰ ਦੀ, ਯਰਾਨੇ ਕੋਟਨ ਕੋਟ ਗਏ ਤੁੜਾਈਆ । ਉਹ ਤੁਹਾਡੀ ਮਿਲਣੀ ਅੰਤਮ ਵਾਰ ਦੀ, ਜਿਹੜੀ ਅੰਤਸ਼ਕਰਨ ਦੀ ਕਰੇ ਸਫ਼ਾਈਆ । ਇਹਦੀ ਕੋਈ ਧਾਰਾ ਨਹੀਂ ਨਰ ਨਾਰ ਦੀ, ਨਰ ਨਰਾਇਣ ਨੂਰ ਅਲਾਹੀਆ । ਇਹ ਖੇਲ ਇਕ ਕਰਤਾਰ ਦੀ, ਜੋ ਕ਼ੁਦਰਤ ਦਾ ਕ਼ਾਦਰ ਹੋ ਕੇ ਰਿਹਾ ਵਖਾਈਆ । ਇਹ ਆਸ਼ਾ ਪੈਗ਼ੰਬਰ ਗੁਰ ਅਵਤਾਰ ਦੀ, ਲੇਖੇ ਸਭ ਦੇ ਝੋਲੀ ਪਾਈਆ । ਇਹਦੀ ਮਿਹਰ ਦੀ ਨਿਗਾਹ ਬਿਨਾ ਭਗਤੀ ਤੋਂ ਤਾਰਦੀ, ਜਿਸ ਨੂੰ ਚਾਹੇ ਫੜ ਬਾਂਹੋ ਪਾਰ ਕਰਾਈਆ । ਇਹਦੀ ਕੋਈ ਬੇੜੀ ਨਹੀਂ ਉਰਾਰ ਦੀ, ਬੇੜੀ ਸ਼ੌਹ ਦਰਿਆ ਨਾ ਕੋਇ ਡੁਬਾਈਆ । ਇਹ ਖੇਲ ਏਸ ਸਚੀ ਸਰਕਾਰ ਦੀ, ਜੋ ਸਰਕਾਰੇ ਆਅਲਾ ਆਦਿ ਜੁਗਾਦਿ ਇਕ ਇਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਧਰਨੀ ਕਹੇ ਜਨ ਭਗਤੋ ਅੱਜ ਦੀ ਘੜੀ ਬੜੀ ਸੁਲਖਣੀ, ਸੋਹਣੇ ਸਮੇਂ ਨਾਲ ਵਡਿਆਈਆ । ਮੈਂ ਚਾਹੁੰਦੀ ਕਿਸੇ ਦੇ ਪਿਆਰ ਵਾਲੀ ਗੋਦੀ ਰਹੇ ਨਾ ਸਖਣੀ, ਖ਼ਾਲੀ ਸਭ ਦੀ ਦਏ ਭਰਾਈਆ । ਪਰ ਇਹ ਦੁਨੀਆ ਵਿਚੋਂ ਸਾਂਭ ਕੇ ਰਖਣੀ, ਆਪਣੇ ਕਾਇਆ ਮੰਦਰ ਅੰਦਰ ਟਿਕਾਈਆ । ਕਦੀ ਸਮਾਂ ਸੀ ਕਾਹਨ ਨੇ ਸਖ਼ੀਆਂ ਤੋਂ ਖਾਧੀ ਮਖਣੀ, ਹੁਣ ਤੁਹਾਡੇ ਪ੍ਰੇਮ ਰਸ ਨਾਲ ਆਪਣਾ ਝਟ ਲੰਘਾਈਆ । ਤੁਹਾਨੂੰ ਅਗਲੀ ਇਕੋ ਖ਼ਬਰ ਦੱਸਣੀ, ਦਹਿ ਦਿਸ਼ਾ ਤੋਂ ਬਾਹਰ ਸਮਝਾਈਆ । ਭਗਤੋਂ ਹੁਣ ਭਗਤਾਂ ਦੀ ਬਸਤੀ ਵਸਣੀ, ਬਾਕੀ ਹੋਵੇ ਸਰਬ ਸਫ਼ਾਈਆ । ਤੁਸਾਂ ਵੇਖਣਾ ਤੁਹਾਡੇ ਪਿਛੇ ਦੁਨੀਆ ਨੱਸਣੀ, ਆਖਣਾ ਸਾਨੂੰ ਧੁਰ ਦਾ ਮਾਹੀ ਦਿਓ ਮਿਲਾਈਆ । ਅਸੀਂ ਸੁਣੀਏ ਉਸ ਦੇ ਬਚਨੀ, ਜੋ ਅਣਮੁੱਲੇ ਬਚਨ ਸੁਣਾਈਆ । ਜਿਸ ਦੀ ਪਿਆਰ ਦੀ ਧਾਰ ਸਾਡੇ ਲੂੰ ਲੂੰ ਵਿਚ ਰਚਣੀ, ਸਾਢੇ ਤਿੰਨ ਕਰੋੜ ਖ਼ੁਸ਼ੀ ਬਣਾਈਆ । ਜਿਸ ਭਾਗ ਲਗਾਉਣਾ ਕਾਇਆ ਗੜ੍ਹ ਕੰਚਨੀ,

ਸੋਹਣਾ ਰੰਗ ਰੰਗਾਈਆ । ਏਸ ਪ੍ਰਭੂ ਦੇ ਵੈਰਾਗ ਵਿਚ ਸਾਰੀ ਸ੍ਰਿਸ਼ਟੀ ਦੀ ਆਸ਼ਾ ਮਚਣੀ, ਛੱਤੀਆਂ ਜੁਗਾਂ ਦੀ ਧਾਰ ਦਾ ਲੇਖਾ ਛੱਤੀ ਮਾਚਸਾਂ ਦੇਣ ਸਮਝਾਈਆ । ਇਹ ਕੋਈ ਜਗਤ ਵਣਜਾਰਿਆਂ ਦੀ ਨਹੀਂ ਹੱਟਣੀ, ਸੌਦਾ ਕੂੜ ਵਾਲਾ ਰਖਾਈਆ । ਇਸ ਪ੍ਰਭੂ ਨੇ ਪਹਿਲੋਂ ਕੂੜ ਕੁੜਿਆਰ ਦੀ ਜੜ੍ਹ ਪੱਟਣੀ, ਪਟਨੇ ਵਾਲੇ ਦਾ ਲੇਖਾ ਆਪਣੇ ਨਾਲ ਰਖਾਈਆ । ਤੁਸੀਂ ਵੇਖਿਓ ਜਿਸ ਵੇਲੇ ਸਦੀ ਚੌਧਵੀਂ ਟਪਣੀ, ਦੀਨ ਦੁਨੀ ਦਾ ਨਕਸ਼ਾ ਦੇਵੇ ਬਦਲਾਈਆ । ਬਿਨਾ ਪਿਆਰ ਤੋਂ ਵਸਤ ਕਿਸੇ ਨਹੀਂ ਖਟਣੀ, ਖਟਕੇ ਵਿਚ ਦਿਸੇ ਲੋਕਾਈਆ । ਵਕ਼ਤ ਆਵੇਗਾ ਤੂੰ ਮੇਰਾ ਮੈਂ ਤੇਰਾ ਸਭ ਨੇ ਤੁਕ ਰਟਣੀ, ਰੱਟਾ ਮੁਕਣਾ ਜਗਤ ਖ਼ਲਕ ਖ਼ੁਦਾਈਆ । ਇਕੋ ਜੋਤ ਜਗੇ ਲਟ ਲਟਣੀ, ਨੂਰ ਨੁਰਾਨਾ ਡਗਮਗਾਈਆ । ਜਿਸ ਨੇ ਪਿਛਲੀ ਡੋਰੀ ਕਟਣੀ, ਅਗੇ ਇਕੋ ਗੰਢ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਚ ਦਾ ਲੇਖਾ ਦਏ ਮੁਕਾਈਆ । ਧਰਨੀ ਕਹੇ ਜਨ ਭਗਤੋ ਮੈਨੂੰ ਕਹਿੰਦੇ ਧੌਲ, ਧਰਮ ਨਾਲ ਸੁਣਾਈਆ । ਮੈਨੂੰ ਉਸ ਵੇਲੇ ਖ਼ੁਸ਼ੀ ਹੋਈ ਜਿਸ ਵੇਲੇ ਗੋਬਿੰਦ ਨੇ ਛਕਾਈ ਪੌਲ, ਅੰਮ੍ਰਿਤ ਰਸ ਬਣਾਈਆ । ਉਸ ਵੇਲੇ ਸ਼ਰਅ ਦੀ ਸ਼ਰੀਅਤ ਨੇ ਕੀਤਾ ਮਖ਼ੌਲ, ਹਾਸੀਆਂ ਦਿਤੀਆਂ ਉਡਾਈਆ । ਪਰ ਉਸ ਨੇ ਕੀਤਾ ਇਕ ਕੌਲ, ਇਕਰਾਰ ਗਿਆ ਦਰਸਾਈਆ । ਜਿਸਨੂੰ ਸਮਝੇ ਕੋਈ ਨਾ ਪੰਡਤ ਪਾਂਧਾ ਰੌਲ, ਵਿਦਿਆਵਾਨ ਨਾ ਕੋਇ ਸਮਝਾਈਆ । ਧਰਨੀ ਕਹੇ ਜੇ ਕੋਈ ਮੇਰਾ ਸੀਨਾ ਵੇਖੇ ਫੋਲ, ਮੇਰੀ ਛਾਤੀ ਦਏ ਦੁਹਾਈਆ । ਮੈਨੂੰ ਯਾਦ ਗੋਬਿੰਦ ਦੇ ਬੋਲ, ਮੇਰੇ ਅੰਦਰੋਂ ਅਵਾਜ਼ ਆਏ ਚਾਈਂ ਚਾਈਂਆ । ਮੈਨੂੰ ਦੱਸਣ ਲੱਗੀ ਨੂੰ ਪੈਂਦਾ ਹੌਲ, ਹਾਏ ਮੇਰੀ ਦੁਹਾਈਆ । ਉਹ ਵਕ਼ਤ ਉਦੋਂ ਆਉਣਾ ਜਿਸ ਵੇਲੇ ਮੇਰਾ ਫਈਆ ਲੰਘਿਆ ਤੇ ਮੇਰੇ ਸਿੱਖ ਜਾਣਗੇ ਡੋਲ, ਮੁਰੀਦ ਮੁਰਸ਼ਦ ਨਜ਼ਰ ਕੋਇ ਨਾ ਆਈਆ । ਫੇਰ ਧਰਵਾਸ ਬੰਨ੍ਹਾਂਗਾ ਨਾਨਕ ਦੀ ਧਾਰ ਦੇਗਾਂ ਚਾੜ੍ਹ ਕੇ ਛਤੀਵੇਂ ਜੁਗ ਦੇ ਖਵਾ ਕੇ ਚੌਲ, ਸਾਂਤਕ ਸਤਿ ਸਤਿ ਵਰਤਾਈਆ । ਬਾਕੀ ਸਭ ਕੁਛ ਮੇਰੇ ਕੋਲ, ਜਦੋਂ ਚਾਹਵਾਂ ਦਿਆਂ ਵਰਤਾਈਆ । ਤੁਹਾਡਾ ਪ੍ਰੇਮ ਪਿਆਰ ਵਿਚ ਦੇਵਾਂ ਘੋਲ, ਘੋਲੀ ਆਪਣਾ ਆਪ ਘੁਮਾਈਆ । ਬਿਨਾ ਤਰਾਜ਼ੂ ਤੋਂ ਦੇਵਾਂ ਤੋਲ, ਤੋਲਣਹਾਰਾ ਇਕ ਅਖਵਾਈਆ । ਏਥੇ ਉਥੇ ਰਖਾਂ ਅਡੋਲ, ਦੋ ਜਹਾਨਾਂ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਜਨ ਭਗਤੋ ਕੀ ਤੁਸੀਂ ਹੁਣ ਥੱਕੇ, ਪ੍ਰੇਮ ਨਾਲ ਸੁਣਾਈਆ । ਉਹ ਵੇਖੋ ਕੀ ਅਵਾਜ਼ ਆਉਂਦੀ ਮਦੀਨੇ ਮੱਕੇ, ਕਾਅਬੇ ਕੀ ਸੁਣਾਈਆ । ਦਰੋਹੀ ਸਭ ਨੂੰ ਪੈਣੇ ਧੱਕੇ, ਹਾਏ ਹਾਏ ਕਰ ਕੁਰਲਾਈਆ । ਇਹ ਹੁਕਮ ਮਿਲਣਾ ਦੀਗਰੇ ਬਾਦ ਯਕੇ, ਯਕ ਹੁਕਮ ਇਕ ਸੁਣਾਈਆ । ਹਲੂਣਾ ਮਿਲਣਾ ਬੂਰੇ ਕੱਕੇ, ਸਾਬਤ ਰਹਿਣ ਕੋਇ ਨਾ ਪਾਈਆ । ਕਿਸੇ ਦੇ ਕੰਮ ਨਹੀਂ ਆਉਣੇ ਟਕੇ, ਦੀਨ ਦੁਨੀ ਟਕਿਆਂ ਹੱਟ ਵਿਕਾਈਆ । ਸਭ ਦੇ ਕੂੜ ਕੁੜਿਆਰ ਦੇ ਲੇਖੇ ਜਾਣੇ ਕਟੇ, ਕਟਾਕਸ਼ ਲੱਗੇ ਥਾਉਂ ਥਾਈਂਆ । ਉਚੇ ਮੰਦਰ ਜਾਣੇ ਢੱਠੇ, ਮਹਲ ਵੇਖਣ ਵਿਚ ਖ਼ੁਸ਼ੀ ਨਾ ਕੋਇ ਬਣਾਈਆ । ਉਹ ਰਹਿਣੇ ਜਿਹੜੇ ਪ੍ਰਭੂ ਦੇ ਪੱਠੇ, ਭਗਤ ਜਨ ਬੈਠੇ ਸੋਭਾ ਪਾਈਆ । ਸਚ ਪਿਆਰ ਦੇ ਬਣਨਾ ਬੱਚੇ, ਬਚਪਨ ਸਤਿਗੁਰ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਕਲਜੁਗ ਬੜਾ ਜ਼ਬਰ, ਜ਼ਬਰਦਸਤੀ ਸਭ ਦੇ ਨਾਲ ਕਰਾਈਆ । ਕਿਸੇ ਦਾ ਰਹਿਣ ਨਹੀਂ ਦੇਣਾ ਸਬਰ, ਸਬੂਰੀ ਅੰਦਰ ਨਾ ਕੋਇ ਰਖਾਈਆ । ਮੈਂ ਨਿਗਾਹ ਮਾਰਦੀ ਤੇ ਮੇਰੇ ਉਤੇ

੨੧੭
੨੪

ਏਸ ਗਾਲ ਦਿਤੇ ਟੱਬਰਾਂ ਦੇ ਟੱਬਰ, ਕੁੰਨਬੇ ਦੀਨਾਂ ਮਜ਼੍ਹਬਾਂ ਵਾਲੇ ਆਪਣੇ ਵਿਚ ਰੁੜ੍ਹਾਈਆ । ਇਹ ਬੜਾ ਸੂਰਬੀਰ ਬਹਾਦਰ ਜ਼ਬਰ, ਭੈ ਸਭ ਨੂੰ ਰਿਹਾ ਵਖਾਈਆ । ਪਰ ਇਕ ਅਵਾਜ਼ ਆਉਂਦੀ ਵਿਚੋਂ ਮੁਹੰਮਦ ਦੀ ਕ਼ਬਰ, ਉਚੀ ਕੂਕ ਕੂਕ ਸੁਣਾਈਆ । ਅਲਾਹੀ ਨੂਰ ਆ ਗਿਆ ਅਮਾਮ ਅਮਾਮਾ ਉਤੋਂ ਅੰਬਰ, ਜ਼ਿਮੀਂ ਅਸਮਾਨਾਂ ਖੇਲ ਖਿਲਾਈਆ । ਜਿਸ ਨੇ ਨਵਾਂ ਰਚਣਾ ਸੁਵੰਬਰ, ਸੋਹਣੀ ਬਣਤ ਬਣਾਈਆ । ਜਿਸ ਨੇ ਲੇਖਾ ਵੇਖਣਾ ਤਾਰਾ ਸੂਰੀਆ ਚੰਦਰ, ਆਪਣਾ ਚੰਦ ਚਮਕਾਈਆ । ਜਗਤ ਧਾਰ ਵੇਖਣੀ ਡੂੰਘੀ ਕੰਦਰ, ਕੋਨਾ ਕੋਨਾ ਫੋਲ ਫੁਲਾਈਆ । ਝਗੜਾ ਮੇਟਣਾ ਮਸੀਤਾਂ ਮੰਦਰ, ਮੰਦ ਭਾਗ ਤਕੇ ਖ਼ਲਕ ਖ਼ੁਦਾਈਆ । ਫੇਰ ਵੜਨਾ ਭਗਤਾਂ ਦੇ ਅੰਦਰ, ਆਪਣਾ ਡੇਰਾ ਲਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦਨ, ਸਾਚੀ ਕਰੇ ਪੜ੍ਹਾਈਆ । ਦੀਨਾਂ ਮਜ਼੍ਹਬਾਂ ਦੇ ਤੋੜ ਕੇ ਬੰਧਨ, ਬੰਦਗੀ ਅਗਲੀ ਦਏ ਸਮਝਾਈਆ । ਜਨ ਭਗਤੋ ਪ੍ਰਭੂ ਦੇ ਪਿਆਰ ਦੀ ਚਾੜ੍ਹੇ ਰੰਗਣ, ਰੰਗਤ ਆਪਣੀ ਦਏ ਵਖਾਈਆ । ਕਿਉਂ ਸਤਿਗੁਰ ਸ਼ਬਦ ਕਦੇ ਜਾਂਦਾ ਨਾ ਕਿਸੇ ਤੋਂ ਮੰਗਣ, ਅੰਗੀਕਾਰ ਆਪ ਅਖਵਾਈਆ । ਜਦੋਂ ਚੁੱਕੇ ਤੇ ਚੁੱਕੇ ਆਪਣੇ ਕੰਧਨ, ਦੋ ਜਹਾਨਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪਣੇ ਆਪ ਸਮਝਾਈਆ । ਧਰਨੀ ਕਹੇ ਜਨ ਭਗਤੋਂ ਮੈਂ ਬੜੇ ਦੇਖੇ ਜੁਗ, ਆਪਣਾ ਪੰਧ ਮੁਕਾਈਆ । ਸਭ ਦੇ ਸਮੇਂ ਗਏ ਪੁਗ, ਭੱਜੇ ਵਾਹੋ ਦਾਹੀਆ । ਜੇ ਕੋਈ ਹੋਰ ਪੁਛੇ ਮੁਝ, ਮੈਂ ਦਿਆਂ ਸਮਝਾਈਆ । ਮੈਂ ਕੀ ਆਖਾਂ ਮੇਰਾ ਪ੍ਰਭੂ ਕਦੇ ਕੁਝ ਤੇ ਕਦੇ ਕੁਝ, ਪਤਾ ਨਹੀਂ ਕੀ ਇਹਦੀ
੨੧੮ ਬੇਪਰਵਾਹੀਆ । ਮੈਨੂੰ ਕੁਛ ਨਹੀਂ ਆਉਂਦਾ ਸੁਝ, ਕਿਤਨੇ ਰੂਪ ਜੁਗ ਚੌਕੜੀਆਂ ਆਪਣੇ ਲਏ ਵਟਾਈਆ । ਇਹਦਾ ਭੇਵ ਨਹੀਂ ਖੁਲ੍ਹਦਾ ਗੁਝ, ਗੁੱਝੀ ੨੧੮
੨੪ ਰਮਜ਼ ਆਪਣੀ ਆਪੇ ਰਿਹਾ ਲਗਾਈਆ । ਕਦੇ ਪਿਆਰ ਕਰੇ ਤੇ ਕਦੇ ਦੁਨੀਆ ਵਿਚ ਦੁਜ, ਦੁਵੈਤ ਦਾ ਲੇਖਾ ਆਪਣੇ ਹੱਥ ਰਖਾਈਆ । ਝਟ ੨੪
ਨਾਰਦ ਮਾਰ ਕੇ ਹੁਝ, ਧਰਤੀ ਨੂੰ ਰਿਹਾ ਹਿਲਾਈਆ । ਨਾਲੇ ਪਿਆ ਕੁੱਦ, ਟੱਪੇ ਚਾਈਂ ਚਾਈਂਆ । ਨੀ ਤੈਨੂੰ ਬਸੁਧਾ ਅਜੇ ਨਹੀਂ ਆਈ ਸੁਧ, ਸੁਦੀ ਵਦੀ ਦਾ ਲੇਖਾ ਵੇਖੇ ਥਾਉਂ ਥਾਈਂਆ । ਉਹ ਵੇਖ ਕੀ ਕਹਿ ਕੇ ਗਿਆ ਬੁੱਧ, ਤੇਈਵਾਂ ਅਵਤਾਰ ਬਿਨ ਅੱਖਰਾਂ ਅੱਖਰ ਸਮਝਾਈਆ । ਜਿਸ ਵੇਲੇ ਸਤਿ ਦੀ ਧਾਰ ਦਾ ਦੀਪਕ ਗਿਆ ਬੁਝ, ਪ੍ਰਭੂ ਫੇਰ ਆਪਣੀ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਮਾਂ ਆਪ ਸੁਹਾਈਆ । ਛੱਬੀ ਪੋਹ ਕਹੇ ਮੇਰੀ ਭਿੰਨੜੀ ਰੈਣ ਸੁਹਾਵੀ, ਸੋਹਣੀ ਮਿਲੀ ਵਡਿਆਈਆ । ਉਹ ਭੱਜੀ ਨਠੀ ਆ ਗਈ ਰਾਵੀ, ਆਪਣਾ ਪੰਧ ਮੁਕਾਈਆ । ਬੇਲਿਆਂ ਕਾਹੀਆਂ ਵਿਚ ਬਣ ਗਈ ਬਾਵੀ, ਬੌਰਾ ਰੂਪ ਦਰਸਾਈਆ । ਨਾਲੇ ਭਰੇ ਹਾਵੀ, ਹੌਕਿਆਂ ਨਾਲ ਢੋਲੇ ਗਾਈਆ । ਮੇਰੇ ਪ੍ਰਭੂ ਮੇਰੇ ਘਰ ਵੀ ਆਵੀਂ, ਆਪਣੀ ਦਇਆ ਕਮਾਈਆ । ਆਪਣੇ ਸੱਜੇ ਚਰਨ ਨਾਲ ਮੇਰਾ ਤਨ ਛੁਹਾਵੀਂ, ਸੋਹਣੀ ਦੇਵੀਂ ਵਡਿਆਈਆ । ਮੈਂ ਚਾਵਾਂ ਨਾਲ ਉਡਾਂ ਤੇ ਤੇਰਾ ਰਾਹ ਤਕਾਂ ਤੇ ਤੂੰ ਮੇਰੇ ਵਲ ਤਕਾਵੀਂ, ਇਹ ਤੇਰੀ ਬੇਪਰਵਾਹੀਆ । ਵੇਖੀਂ ਕਿਤੇ ਮੈਨੂੰ ਕਰ ਨਾ ਦੇਵੀਂ ਨਿਥਾਵੀਂ, ਗੁਰ ਅਰਜਨ ਮੇਰੀ ਦਏ ਗਵਾਹੀਆ । ਮੇਰੀ ਤੱਕੜ ਤੋਲ ਦੇਵੀਂ ਸਾਂਵੀਂ, ਸਾਵਲ ਸੁੰਦਰ ਤੇਰੇ ਹੱਥ ਵਡਿਆਈਆ । ਮੇਰੀ ਸਾਰ ਪਾਵੀਂ, ਪੰਜਾਬ ਵਿਚ ਮੇਰੇ ਆਉਣ ਦਾ ਲੇਖਾ ਦਈਂ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਅਖਵਾਈਆ । ਧਰਨੀ ਕਹੇ ਮੇਰਾ ਧੌਲਾ ਹੋ ਗਿਆ ਝਾਟਾ, ਜੁਗ ਚੌਕੜੀ ਮੇਰੇ ਉਤੇ ਬੀਤੇ ਮੈਨੂੰ ਸਮਝ ਕਿਛ

ਨਾ ਆਈਆ । ਪਤਾ ਨਹੀਂ ਹੁਣ ਮੈਨੂੰ ਕਿਧਰੋਂ ਆ ਗਿਆ ਘਾਟਾ, ਮੇਰੀ ਤੇਰਾ ਨਾਮ ਦੁਹਾਈਆ । ਮੇਰਾ ਚੀਥੜ ਵੇਖ ਲੈ ਪਾਟਾ, ਓਢਣ ਨਜ਼ਰ
ਕੋਇ ਨਾ ਆਈਆ । ਮੇਰੇ ਹੱਥੋਂ ਛੁਟ ਗਿਆ ਗੋਬਿੰਦ ਵਾਲਾ ਬਾਟਾ, ਅੰਮ੍ਰਿਤ ਰਸ ਨਾ ਕੋਇ ਛਕਾਈਆ । ਮੇਰਾ ਮੁਹੱਬਤ ਵਾਲਾ ਰਿਹਾ ਨਾ ਹਾਟਾ,
ਕੂੜ ਵਣਜ ਕਰੇ ਲੋਕਾਈਆ । ਮੇਰੀ ਪਵਿਤ੍ਰ ਰਹੀ ਨਾ ਖਾਟਾ, ਸਾਧਾਂ ਸੰਤਾਂ ਦੇ ਨੇਤਰ ਨੈਣ ਸ਼ਰਮ ਹਯਾ ਗਵਾਈਆ । ਉਹ ਕਿਸੇ ਨੂੰ ਯਾਦ ਨਹੀਂ
ਦੇਵੀ ਵਾਲੀ ਲਾਟਾ, ਦੁਰਗਾ ਅਸ਼ਟਭੁਜ ਵੇਖੇ ਨੈਣ ਉਠਾਈਆ । ਪੈਗ਼ੰਬਰ ਕਹਿਣ ਸਾਡਾ ਰਿਹਾ ਕੋਈ ਨਾ ਸਾਤਾ, ਸੱਤ ਜ਼ਿਮੀਂ ਅਸਮਾਨ ਦੇਣ ਗਵਾਹੀਆ ।
ਅਵਤਾਰ ਇਕ ਦੂਜੇ ਨਾਲ ਕਰਨ ਬਾਤਾਂ, ਖ਼ੁਸ਼ੀਆਂ ਦੇ ਢੋਲੇ ਗਾਈਆ । ਨਾਲੇ ਕਹਿਣ ਰਾਮ ਕ੍ਰਿਸ਼ਨ ਜੀ ਸਾਡਾ ਜਗਤ ਨਾਲੋਂ ਤੁਟ ਗਿਆ ਨਾਤਾ,
ਨਾਤਵਾਂ ਹੋ ਕੇ ਆਪਣਾ ਪੰਧ ਮੁਕਾਈਆ । ਨਾਲੇ ਸਾਡਾ ਪਿਛਲਾ ਹਿਸਾਬ ਮੁਕਿਆ ਖਾਤਾ, ਲਹਿਣਾ ਜਗਤ ਨਾ ਕੋਇ ਰਖਾਈਆ । ਅਸੀਂ ਪਹਿਲੋਂ
ਦੀਨ ਦੁਨੀ ਅਖਵਾਉਂਦੇ ਰਹੇ ਚਾਚਾ, ਹੁਣ ਪਿਤਾ ਪੁਰਖ ਅਕਾਲ ਆਪਣਾ ਹੁਕਮ ਵਰਤਾਈਆ । ਜਿਹੜਾ ਲੂੰ ਲੂੰ ਅੰਦਰ ਰਾਚਾ, ਰਚਨਾ ਆਪਣੀ
ਦਏ ਸਮਝਾਈਆ । ਜਿਸ ਭਾਗ ਲਗਾਇਆ ਕਾਇਆ ਮਾਟੀ ਕਾਚਾ, ਪੰਜਾਂ ਤਤਾਂ ਸੋਭਾ ਪਾਈਆ । ਉਸ ਦਾ ਹੁਕਮ ਚਾਰ ਜੁਗ ਦੇ ਸ਼ਾਸਤਰਾਂ ਵਾਚਾ,
ਵਾਚਕ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ ।
ਧਰਨੀ ਕਹੇ ਮੇਰਾ ਧਰਮ ਦੁਆਰਾ ਸੁਹੰਜਣਾ, ਪ੍ਰਭ ਦਿਤੀ ਮਾਣ ਵਡਿਆਈਆ । ਕਿਰਪਾ ਕੀਤੀ ਆਦਿ ਨਿਰੰਜਣਾ, ਮਿਹਰਵਾਨ ਹੋਇਆ ਸਹਾਈਆ ।
੨੧੯ ਮੈਂ ਚਾਹੁੰਦੀ ਜਨ ਭਗਤੋ ਤੁਹਾਡਾ ਮਿਤਰ ਹੋਵੇ ਦਰਦ ਦੁਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਤੁਹਾਡੇ ਅੰਦਰ ਨੇਤਰ ਨਾਮ ਪਾ ਕੇ ਅੰਜਣਾ, ੨੧੯
੨੪ ਨੂਰ ਜੋਤ ਕਰੇ ਰੁਸ਼ਨਾਈਆ । ਜਿਸ ਨੇ ਤੁਹਾਡਾ ਪੜਦਾ ਕਜਣਾ, ਸਿਰ ਆਪਣਾ ਹੱਥ ਟਿਕਾਈਆ । ਜਿਸ ਦਾ ਡੰਕਾ ਦੋ ਜਹਾਨਾ ਵਜਣਾ, ਚਾਰ ੨੪
ਕੁੰਟ ਸ਼ਨਵਾਈਆ । ਉਹ ਤੁਹਾਡੇ ਪ੍ਰੇਮ ਪਿਆਰ ਦਾ ਪਿਆਰਾ ਹੋ ਕੇ ਤੁਹਾਡੇ ਵਿਚ ਸਜਣਾ, ਸੱਜਣੋ ਸੱਜਣ ਬਣ ਕੇ ਦੇਣਾ ਵਖਾਈਆ । ਵੇਖਿਓ
ਜਗਤ ਵਿਹਾਰ ਵਿਚ ਕਦੇ ਨਾ ਛਡ ਕੇ ਭੱਜਣਾ, ਭੱਜਿਆਂ ਹੱਥ ਕੁਛ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ
ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਛੱਬੀ ਪੋਹ ਕਹੇ ਮੇਰਾ ਪਿਆਰ ਮੁਹੱਬਤ ਦਾ ਸੋਹਣਾ ਸਮਾਂ ਸੁਹਾਇਆ, ਮਿਲੀ ਮਾਣ ਵਡਿਆਈਆ ।
ਮੈਂ ਪ੍ਰਭ ਦਾ ਦਰਸ਼ਨ ਪਾਇਆ, ਨੇਤਰ ਨੈਣ ਬਿਘਸਾਈਆ । ਭਗਤੋ ਤੁਹਾਨੂੰ ਦਿਆਂ ਸੁਣਾਇਆ, ਖ਼ੁਸ਼ੀਆਂ ਢੋਲੇ ਗਾਈਆ । ਤੁਸਾਂ ਆਪਣਾ ਆਪਣਾ
ਕ਼ਦਮ ਜੋ ਮੇਰੇ ਵਾਸਤੇ ਉਠਾਇਆ, ਭੱਜ ਕੇ ਆਏ ਵਾਹੋ ਦਾਹੀਆ । ਮੈਂ ਤੁਹਾਡਾ ਸ਼ੁਕਰ ਮਨਾਇਆ, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਛੱਬੀ ਪੋਹ ਕਹੇ ਪ੍ਰਭੂ ਮੇਰੀ ਖ਼ੁਸ਼ੀਆਂ
ਵਾਲੀ ਕਰ ਦੇ ਰਾਤ, ਰੁਤੜੀ ਆਪਣੇ ਨਾਲ ਮਹਿਕਾਈਆ । ਇਨ੍ਹਾਂ ਬੱਚਿਆਂ ਨੂੰ ਦੇ ਦੇ ਦਾਤ, ਪ੍ਰੀਤਮ ਹੋ ਕੇ ਪਿਆਰ ਦੀ ਵਸਤ ਝੋਲੀ ਦੇ ਭਰਾਈਆ ।
ਤੇਰੇ ਨਾਲੋਂ ਟੁੱਟੇ ਨਾ ਨਾਤ, ਵਿਛੋੜਾ ਅਗੇ ਰਹੇ ਨਾ ਰਾਈਆ । ਤੂੰ ਆਦਿ ਜੁਗਾਦੀ ਪਿਤਾ ਮਾਤ, ਮਾਤ ਪਿਤ ਇਕ ਅਖਵਾਈਆ । ਤੇਰਾ ਖੇਲ
ਸਦਾ ਬਹੁ ਭਾਂਤ, ਜੁਗ ਚੌਕੜੀ ਰੀਤੀ ਚਲੀ ਆਈਆ । ਦਰ ਆਇਆਂ ਦੇ ਹਿਰਦੇ ਦੇ ਦੇ ਸਾਂਤ, ਅਗਨੀ ਤਤ ਬੁਝਾਈਆ । ਇਨ੍ਹਾਂ ਦਰਸ਼ਨ
ਦਿਆ ਕਰ ਇਕਾਂਤ, ਰਾਤੀ ਸੁਤਿਆਂ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

ਸਚ ਦਾ ਖੇਲ ਇਕ ਵਖਾਈਆ । ਛੱਬੀ ਪੋਹ ਕਹੇ ਜਨ ਭਗਤੋ ਮੇਰੇ ਹੱਥ ਜੋੜੇ, ਮੈਂ ਸਚ ਸਚ ਸੁਣਾਈਆ । ਅੱਜ ਚੜ੍ਹ ਕੇ ਜਾਇਉ ਸਤਿਗੁਰ ਸ਼ਬਦ ਦੇ ਘੋੜੇ, ਵਾਗਾਂ ਆਪਣੇ ਹੱਥ ਰਖਾਈਆ । ਸਚਖੰਡ ਨੂੰ ਜਾਇਉ ਦੌੜੇ, ਅਗੇ ਹੋ ਨਾ ਕੋਇ ਅਟਕਾਈਆ । ਚੜ੍ਹਨਾ ਉਸ ਪ੍ਰਭੂ ਦੇ ਪੌੜੇ, ਜਿਥੇ ਪੌੜੀ ਡੰਡਾ ਨਜ਼ਰ ਕੋਇ ਨਾ ਆਈਆ । ਬੇਸ਼ਕ ਉਥੇ ਮਾਰਗ ਬੜੇ ਸੌੜੇ, ਫੜ ਬਾਹੋਂ ਪਾਰ ਕਰਾਈਆ । ਤੁਹਾਨੂੰ ਨਹੀਂ ਪਤਾ ਸੱਸੇ ਉਤੇ ਲਾ ਕੇ ਹੋੜੇ, ਨਿਰਗੁਣ ਸਰਗੁਣ ਜੋੜ ਜੁੜਾਈਆ । ਹੰ ਬ੍ਰਹਮ ਆਪੇ ਬਹੁੜੇ, ਪਾਰਬ੍ਰਹਮ ਹੋ ਕੇ ਵੇਖ ਵਖਾਈਆ । ਤੁਹਾਡੇ ਫਲ ਮਿਠੇ ਕਰੇ ਕੌੜੇ, ਕੂੜੀ ਕਿਰਿਆ ਬਾਹਰ ਕਢਾਈਆ । ਬੇਸ਼ਕ ਤੁਸਾਂ ਆਪਣੇ ਸਿਰ ਤੇ ਚੁਕੇ ਤੌੜੇ, ਘੜਿਆਂ ਸੀਸ ਉਠਾਈਆ । ਇਹ ਲੇਖਾ ਬ੍ਰਾਹਮਣ ਗੌੜੇ, ਜੋ ਵੇਦ ਵਿਆਸਾ ਗਿਆ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪ ਮੁਕਾਈਆ । ਛੱਬੀ ਪੋਹ ਕਹੇ ਅੱਜ ਕੋਈ ਮੈਨੂੰ ਪੁਛੇ, ਮੈਂ ਕੀ ਦਿਆਂ ਸੁਣਾਈਆ । ਮੈਂ ਇਹੋ ਦੱਸਾਂ ਇਹ ਭਗਤ ਪ੍ਰਭੂ ਦੇ ਸੁੱਚੇ, ਜੋ ਸਚ ਵਿਚ ਸਮਾਈਆ । ਬੇਸ਼ਕ ਦੁਨੀਆ ਇਨ੍ਹਾਂ ਨਾਲੋਂ ਰੁੱਸੇ, ਰੁੱਸੇ ਨਾ ਧੁਰ ਦਾ ਮਾਹੀਆ । ਜੇ ਭਗਤੋ ਤੁਸੀਂ ਹੋ ਜਾਓ ਗ਼ੁੱਸੇ, ਫੇਰ ਵੀ ਗਲਵਕੜੀ ਪਾ ਕੇ ਲਵਾਂ ਮਨਾਈਆ । ਤੁਹਾਡੇ ਪਿਆਰ ਦੇ ਖ਼ਜ਼ਾਨੇ ਕਦੇ ਨਾ ਜਾਵਣ ਖੁੱਸੇ, ਖ਼ਾਲੀ ਝੋਲੀ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਸਮਝਾਈਆ । ਛੱਬੀ ਪੋਹ ਕਹੇ ਪ੍ਰਭੂ ਆਪਣਾ ਬਣ ਜਾ ਸੰਗੀ, ਸੰਗੀ ਭਗਤ ਲੈ ਬਣਾਈਆ ।
੨੨੦ ਇਨ੍ਹਾਂ ਦੀ ਹੁਣ ਕਟ ਦੇ ਤੰਗੀ, ਕਿਉਂ ਭੁਖੇ ਰਿਹਾ ਮਰਾਈਆ । ਤੇਰੇ ਕੋਲ ਬਥੇਰੇ ਢੰਗੀ, ਲਹਿਣੇ ਦੇਣੇ ਸਭ ਦੇ ਝੋਲੀ ਪਾਈਆ । ਕੀ ਹੋ ਗਿਆ ੨੨੦
੨੪ ਜੇ ਸਰੀਰ ਵਿਚ ਪ੍ਰਕਿਰਤੀਆਂ ਪੰਝੀ, ਪੰਜਾਂ ਦਿਆ ਮਾਲਕਾ ਪੰਜਾਂ ਲੇਖਾ ਅੰਦਰ ਦੇ ਬਣਾਈਆ । ਤੂੰ ਸੂਰਬੀਰ ਬਹਾਦਰ ਜੰਗੀ, ਛਤਰਧਾਰੀ ਇਕ ੨੪
ਅਖਵਾਈਆ । ਭਗਤਾਂ ਦੀ ਪਿਠ ਹੋਣ ਨਾ ਦੇਵੀਂ ਨੰਗੀ, ਸਿਰ ਆਪਣਾ ਹੱਥ ਟਿਕਾਈਆ । ਜੇ ਇਨ੍ਹਾਂ ਤੋਂ ਵਸਤ ਨਹੀਂ ਗਈ ਮੰਗੀ, ਅਣਮੰਗੀ ਦੌਲਤ ਝੋਲੀ ਦੇ ਪਾਈਆ । ਪਤਾ ਨਹੀਂ ਤੇਰੀ ਕਿੰਨੀ ਆਯੂ ਲੰਬੀ, ਕਿਤਨੇ ਜੁਗ ਤੇਰੀ ਸੇਵ ਕਮਾਈਆ । ਝਟ ਨਾਰਦ ਟਿੰਡ ਕੱਢਕੇ ਗੰਜੀ, ਸਿਰ ਉਤੇ ਹੱਥ ਘਸਾਈਆ । ਨਾਲੇ ਕਹੇ ਪ੍ਰਭੂ ਮੇਰੀਆਂ ਤੇਰੇ ਅਗੇ ਮਿੰਨਤਾਂ ਕਰਦੇ ਦੀਆਂ ਘਸ ਗਈਆਂ ਦੰਦੀ, ਜੁਗ ਜੁਗ ਤੇਰੇ ਅਗੇ ਵਾਸਤਾ ਪਾਈਆ । ਜੇ ਤੂੰ ਸ੍ਰਿਸ਼ਟੀ ਕੀਤੀ ਅੰਧੀ, ਅਗਿਆਨ ਅੰਧੇਰੇ ਵਿਚ ਰਖਾਈਆ । ਭਗਤਾਂ ਦੇ ਅੰਦਰੋਂ ਜ਼ਰੂਰ ਵਾਸਨਾ ਕਢ ਦੇ ਗੰਦੀ, ਪਤਤ ਪੁਨੀਤ ਆਪ ਕਰਾਈਆ । ਕਿਸੇ ਦੀ ਰਹਿਣ ਨਾ ਦੇ ਪਾਬੰਦੀ, ਸ਼ਰਅ ਦੇ ਤੰਦ ਦੇਣੇ ਕਟਾਈਆ । ਆਪਣੇ ਕਰ ਲੈ ਕਾਰ ਅੰਗੀ, ਅੰਗੀਕਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਛੱਬੀ ਪੋਹ ਕਹੇ ਜਨ ਭਗਤੋ ਮੇਰਾ ਤੁਹਾਨੂੰ ਪਿਆਰ ਵਿਚ ਨਿਮਸਕਾਰ, ਨਮਸਤੇ ਵਿਚ ਸੀਸ ਝੁਕਾਈਆ । ਆਓ ਅੱਜ ਸਾਰੇ ਇਕ ਤੇ ਇਕ ਦਾ ਕਰੀਏ ਦੀਦਾਰ, ਦੀਦਾ ਦਾਨਿਸਤਾ ਨਜ਼ਰੀ ਆਈਆ । ਜਿਸ ਦੀ ਫੁਲਵਾੜੀ ਗੁਲਸ਼ਨ ਬਣੀ ਗੁਲਜ਼ਾਰ, ਸੋਹਣੀ ਮਹਿਕ ਵਿਚ ਮਹਿਕਾਈਆ । ਓ ਜਿਸ ਦਾ ਅਵਤਾਰ ਪੈਗ਼ੰਬਰਾਂ ਗੁਰੂਆਂ ਕੀਤਾ ਇੰਤਜ਼ਾਰ, ਲੇਖੇ ਲੇਖਣੀ ਨਾਲ ਲਿਖਾਈਆ । ਉਹ ਅੱਜ ਬਣਾ ਕੇ ਤੁਹਾਡਾ ਪਰਿਵਾਰ, ਵਿਚ ਬੈਠਾ ਧੁਰ ਦਾ ਮਾਹੀਆ । ਜਿਸ ਦੀ ਯਾਦ ਵਿਚ ਸਾਰੇ ਕਰਨ ਪੁਕਾਰ, ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ

ਸਚ ਸਚ ਵਿਚੋਂ ਪਰਗਟਾਈਆ । ਛੱਬੀ ਪੋਹ ਕਹੇ ਜਨ ਭਗਤੋ ਸਾਰੇ ਖੋਲ੍ਹੋ ਅੱਖਾਂ, ਅੱਖੀਆਂ ਵਾਲਿਓ ਧਿਆਨ ਲਗਾਈਆ । ਬੇਸ਼ਕ ਸ੍ਰਿਸ਼ਟੀ ਅਸੰਖ ਅਸੰਖ ਤੇ ਕਰੋੜਾਂ ਲੱਖਾਂ, ਗਿਣਤੀ ਗਣਤ ਨਾ ਕੋਇ ਗਿਣਾਈਆ । ਪਰ ਮੈਨੂੰ ਇਉਂ ਜਾਪਦਾ ਥੋੜਿਆਂ ਉਤੇ ਸਾਹਿਬ ਦੀਆਂ ਰੱਖਾਂ, ਜਿਨ੍ਹਾਂ ਅੰਤਰ ਆਪਣਾ ਪਰਦਾ ਲਾਹੀਆ । ਲਹਿਣਾ ਦੇਣਾ ਦੇ ਦੇ ਹੱਥੋ ਹੱਥਾ, ਜਗਤ ਉਧਾਰ ਨਾ ਕੋਇ ਬਣਾਈਆ । ਮੈਂ ਵਾਅਦੇ ਨਾਲ ਕਹਿਵਾਂ ਛੱਬੀ ਪੋਹ ਕਹੇ ਜਿਸ ਇਕ ਵਾਰ ਟੇਕ ਲਿਆ ਮੱਥਾ, ਮਥਰਾ ਦੇ ਕਾਹਨ ਕੋਲ ਸਚਖੰਡ ਦਏ ਪਹੁੰਚਾਈਆ । ਇਹ ਹੁਕਮ ਯਥਾਰਥ ਯਥਾ, ਯਦਪ ਯਦੀ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਛੱਬੀ ਪੋਹ ਕਹੇ ਇਹ ਮੇਰਾ ਧੁਰ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜਿਸ ਨੇ ਇਕ ਵੇਰਾਂ ਕਰ ਲਿਆ ਸਲਾਮ, ਸਯਦਿਆਂ ਵਿਚ ਸੀਸ ਝੁਕਾਈਆ । ਉਹਦਾ ਝਗੜਾ ਮੇਟਿਆ ਤਮਾਮ, ਤਮਅ ਲਾਲਚ ਨਾ ਕੋਇ ਵਖਾਈਆ । ਸ਼ਰਅ ਦਾ ਰਹਿਣ ਨਾ ਦੇਵੇ ਗ਼ੁਲਾਮ, ਜ਼ੰਜੀਰਾਂ ਦਏ ਕਟਾਈਆ । ਸਚ ਮੁਹੱਬਤ ਦਾ ਦੇਵੇ ਇਨਾਮ, ਦਰਗਾਹ ਸਾਚੀ ਵਿਚ ਟਿਕਾਈਆ । ਜਿਥੇ ਨਾ ਕਦੀ ਸੁਬ੍ਹਾ ਤੇ ਨਾ ਕੋਈ ਸ਼ਾਮ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਘਰ ਇਕ ਵਖਾਈਆ । ਛੱਬੀ ਪੋਹ ਕਹੇ ਮੈਂ ਖ਼ੁਸ਼ੀਆਂ ਵਿਚ ਸਭ ਦਾ ਹੋਵਾਂ ਬਗ਼ਲਗੀਰ, ਦਸਤਗੀਰ ਦਿਤੀ ਵਡਿਆਈਆ । ਏਸ ਦਰ ਉਤੇ ਨਾ ਕੋਈ ਗ਼ਰੀਬ ਤੇ ਨਾ ਅਮੀਰ, ਸਾਰੇ ਇਕੋ ਰੰਗ ਵੇਖ ਵਖਾਈਆ । ਜਿਨ੍ਹਾਂ ਅੰਦਰ ਮੇਰੇ ਸਾਹਿਬ ਦੀ ਤਸਵੀਰ, ਤਿਨ੍ਹਾਂ ਤਸੱਵਰ ਕਰਾਂ ਤੇ ਨਿਵ ਨਿਵ ਲਾਗਾ ਪਾਈਆ । ਇਹੋ ਕਹਿ ਕੇ ਗਿਆ ਸੀ ਕਬੀਰ, ਜਦੋਂ ਆਇਆ ਤੇ ਆਏਗਾ ਸਭਨਾ ਦਾ ਸਾਂਝਾ ਪੀਰ, ਪੀਰਾਂ ਦਾ ਪੀਰ ਨੂਰ ਅਲਾਹੀਆ । ਜਿਸ ਨੇ ਸਾਰਿਆਂ ਦੀ ਬਦਲ ਦੇਣੀ ਜ਼ਮੀਰ, ਜ਼ਿਮੀਂ ਅਸਮਾਨ ਦਾ ਪੰਧ ਚੁਕਾਈਆ । ਉਹਦੇ ਕੋਲ ਸ਼ਬਦ ਦੀ ਸ਼ਮਸ਼ੀਰ, ਖੰਡਾ ਖੜਗ ਨਾਮ ਵਾਲਾ ਉਠਾਈਆ । ਨੌ ਖੰਡ ਪ੍ਰਿਥਮੀ ਦੀ ਬਦਲ ਦੇਵੇ ਤਕ਼ਦੀਰ, ਤਕੱਬਰ ਦਾ ਡੇਰਾ ਢਾਹੀਆ । ਜੇ ਕੋਈ ਉਹਨੂੰ ਪਾਤਸ਼ਾਹ ਕਹੇ ਜੇ ਕੋਈ ਉਹਨੂੰ ਕਹੇ ਫ਼ਕੀਰ, ਓਹ ਫ਼ਕੀਰਾਂ ਦਾ ਫ਼ਕੀਰ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਛੱਬੀ ਪੋਹ ਕਹੇ ਜਨ ਭਗਤੋ ਸਚ ਦਾ ਖੇਲ ਖਿਲਾਉਣਾ, ਸਚ ਖ਼ੁਸ਼ੀ ਬਣਾਈਆ । ਮਾਰਗ ਸਤਿ ਚਲਾਉਣਾ, ਚਾਰ ਕੁੰਟ ਵਡਿਆਈਆ । ਸਚ ਰੰਗ ਰੰਗਾਉਣਾ, ਉਤਰ ਕਦੇ ਨਾ ਜਾਈਆ । ਸਚ ਸ਼ਬਦ ਦ੍ਰਿੜਾਉਣਾ, ਸਚ ਵਿਚ ਸਮਝਾਈਆ । ਕਲਜੁਗ ਚਾਰ ਦਿਨ ਦਾ ਪਰਾਹੁਣਾ, ਅੰਤ ਰਹਿਣ ਨਾ ਪਾਈਆ । ਤੁਸਾਂ ਹੁਣ ਖ਼ੁਸ਼ੀਆਂ ਦੇ ਨਾਲ ਸੌਣਾ, ਆਪਣੀ ਖ਼ੁਸ਼ੀ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਗ੍ਰਿਹਿ ਇਕ ਵਸਾਉਣਾ, ਜਿਸ ਘਰ ਸਦ ਮਿਲਦੀ ਰਹੇ ਮਾਣ ਵਡਿਆਈਆ ।

## ✪ ੨੭ ਪੋਹ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਸਮੇਂ ✪

ਸਤਾਈ ਪੋਹ ਕਹੇ ਸੁਣ ਦੂਏ ਸਾਤੇ, ਸਤਿ ਸਤਿਵਾਦੀ ਧਿਆਨ ਲਗਾਈਆ । ਸਰਗੁਣ ਨਿਰਗੁਣ ਨਾਲ ਜੁੜ ਗਏ ਨਾਤੇ, ਰਿਸ਼ਤਾ ਸਮਝ ਕੋਇ ਨਾ ਪਾਈਆ । ਕੀਤੇ ਖੇਲ ਪੁਰਖ ਬਿਧਾਤੇ, ਬਿਧ ਆਪਣੇ ਹੱਥ ਵਖਾਈਆ । ਕਲਜੁਗ ਵੇਖ ਅੰਧੇਰੀ ਰਾਤੇ, ਚਾਰੋਂ ਕੁੰਟ ਧਿਆਨ ਲਗਾਈਆ । ਦੀਨ ਦੁਨੀਆ ਦੇ ਤਕ ਖਾਤੇ, ਫੋਲ ਫੁਲਾਏ ਥਾਉਂ ਥਾਈਂਆ । ਸਚ ਵਸਤ ਦਿਸੇ ਕਿਤੇ ਨਾ ਦਾਤੇ, ਸਤਿ ਸਚ ਨਾ ਕੋਇ ਸਮਾਈਆ । ਝਗੜਾ ਤਕੇ ਜ਼ਾਤ ਪਾਤੇ, ਦੀਨ ਮਜ਼੍ਹਬ ਕਰੇ ਲੜਾਈਆ । ਪ੍ਰਭ ਦੀ ਬਾਤਨ ਸੁਣੇ ਕੋਇ ਨਾ ਬਾਤੇ, ਰਸਨਾ ਜਿਹਵਾ ਢੋਲੇ ਸਾਰੇ ਗਾਈਆ । ਸਚ ਦੇ ਵੜੇ ਕੋਈ ਨਾ ਹਾਤੇ, ਦੁਆਰਾ ਸਚ ਨਾ ਕੋਇ ਸੁਹਾਈਆ । ਦਰੋਹੀ ਫਿਰ ਗਈ ਲੋਕਮਾਤੇ, ਮਾਤਰ ਭੂਮੀ ਰਹੀ ਕੁਰਲਾਈਆ । ਮੇਰੇ ਉਤੇ ਅੰਤਰ ਸਭ ਦੀ ਹੋਣੀ ਵਫ਼ਾਤੇ, ਸੰਗੀ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਸਮਝਾਈਆ । ਪੋਹ ਕਹੇ ਮੇਰਾ ਦਿਵਸ ਦੋ ਸੱਤ, ਅੰਕ ਅੰਕ ਨਾਲ ਮਿਲਾਈਆ । ਮੇਰਾ ਲਹਿਣਾ ਦੇਣਾ ਬਿਨਾ ਹਡ ਮਾਸ ਨਾੜੀ ਰਤ, ਤਤਵ ਤਤ ਨਾ ਕੋਇ ਜਣਾਈਆ । ਮੈਂ ਕੀ ਖੇਲ ਦੱਸਾਂ ਪਰਮੇਸ਼ਵਰ ਪਤਿ, ਪਾਰਬ੍ਰਹਮ ਕੀ ਹੁਕਮ ਵਰਤਾਈਆ । ਜਿਹੜਾ ਨਿਰਗੁਣ ਧਾਰ ਆਇਆ ਵਤ, ਵਤਨਾਂ ਦਾ ਮਾਲਕ ਧੁਰਦਰਗਾਹੀਆ । ਜਿਸ ਦੀਨ ਦੁਨੀ ਦਾ ਤਕਣਾ ਸਤਿ, ਸਤਿ ਸਤਿਵਾਦੀ ਧਿਆਨ ਲਗਾਈਆ । ਸਾਧਾਂ ਸੰਤਾਂ ਵੇਖਣਾ ਯਤ, ਧੀਰਜ ਧਰਮ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਪੋਹ ਕਹੇ ਮੇਰਾ ਦੋ ਸੱਤ ਦਾ ਜੋੜਾ, ਸੋਹਣੀ ਬਣਤ ਬਣਾਈਆ । ਸੱਸੇ ਉਤੇ ਵੇਖਿਆ ਹੋੜਾ, ਹੰ ਬ੍ਰਹਮ ਨਾਲ ਵਡਿਆਈਆ । ਸ਼ਬਦੀ ਧਾਰ ਤਕਿਆ ਘੋੜਾ, ਦੋ ਜਹਾਨਾਂ ਭੱਜੇ ਵਾਹੋ ਦਾਹੀਆ । ਮੈਂ ਨਿਰਗੁਣ ਹੋ ਕੇ ਹੱਥ ਜੋੜਾ, ਸੀਸ ਜਗਦੀਸ ਝੁਕਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰੀ ਅੰਤਮ ਲੋੜਾ, ਲੁੜੀਂਦੇ ਸਾਜਣ ਦੇਣੀ ਮਾਣ ਵਡਿਆਈਆ । ਮੈਂ ਭਗਤਾਂ ਕਹਾਂ ਭਗਤੋ ਜੋ ਮੰਗਿਆ ਸੋ ਥੋੜਾ, ਮੰਗਣ ਦੀ ਜਾਚ ਸਿਖਣੀ ਚਾਈਂ ਚਾਈਂਆ । ਜਿਸ ਵਿਚ ਕੋਈ ਅਟਕਾ ਨਾ ਸਕੇ ਰੋੜਾ, ਲੇਖਾ ਜਗਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਪੋਹ ਕਹੇ ਜਨ ਭਗਤੋ ਦੋ ਸੱਤ ਲੇਖਾ ਨਾਲ ਜਗਤ, ਜਗਜੀਵਣ ਦਾਤਾ ਦਏ ਵਡਿਆਈਆ । ਜੋ ਲੇਖਾ ਜਾਣੇ ਬੂੰਦ ਰਕਤ, ਤਤਵ ਤਤ ਆਪਣਾ ਭੇਵ ਚੁਕਾਈਆ । ਜਿਸ ਦੀ ਆਦਿ ਜੁਗਾਦੀ ਇਕੋ ਸ਼ਕਤ, ਸ਼ਖ਼ਸੀਅਤ ਵੰਡ ਨਾ ਕੋਇ ਵੰਡਾਈਆ । ਪੋਹ ਕਹੇ ਉਹ ਦੇਵਣਹਾਰਾ ਇਕੋ ਵਸਤ, ਵਸਤੂ ਆਪਣੀ ਆਪ ਵਰਤਾਈਆ । ਜਿਸ ਦੇ ਨਾਲ ਕਰੇ ਕੋਈ ਨਾ ਹਸਦ, ਦੁਤੀਆ ਭਾਉ ਨਾ ਕੋਇ ਦ੍ਰਿੜਾਈਆ । ਜੋ ਸਦਾ ਖ਼ੁਮਾਰੀ ਦੇਵੇ ਮਸਤ, ਮਸਤੀ ਵਿਚ ਰਖਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਪੁਰਖ ਅਕਾਲ ਦਾ ਆਇਆ ਵਕ਼ਤ, ਪਰਵਰਦਿਗਾਰ ਹੋਏ ਸਹਾਈਆ । ਜਿਸ ਬਿਨ ਮੰਗਿਆਂ ਤੋਂ ਗ਼ਰੀਬ ਨਿਮਾਣਿਓ ਤੁਹਾਨੂੰ ਬਣਾ ਦਿਤਾ ਭਗਤ, ਭਗਤ ਤੋਂ ਪਰੇ ਦਰਜਾ ਨਜ਼ਰ ਕੋਇ ਨਾ ਆਈਆ । ਤੁਹਾਡੀ ਖ਼ਾਤਰ ਆਇਆ ਪਰਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਫੇਰ ਗੋਬਿੰਦ ਦੀ ਵੇਖੋ ਸ਼ਰਤ, ਜੋ ਸ਼ਰਅ ਤੋਂ ਬਾਹਰ ਸਮਝਾਈਆ । ਜਿਸ ਭਾਗ ਲਗਾਇਆ ਉਤੇ ਧਰਤ, ਧਵਲ ਖ਼ੁਸ਼ੀਆਂ ਢੋਲੇ ਗਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪੋਹ ਕਹੇ ਮੇਰਾ ਦੋ ਸੱਤ ਦਾ ਮੇਲਾ, ਮਿਲਣੀ ਹਰਿ ਜਗਦੀਸ਼ ਕਰਾਈਆ । ਚਾਰ ਜੁਗ ਅਗੰਮਾ ਖੇਲਾ, ਅਵਤਾਰ ਪੈਗ਼ੰਬਰ ਗੁਰ ਗੁਰ ਆਪਣਾ ਰੂਪ ਦਰਸਾਈਆ । ਸੰਗ ਬਣਾ ਕੇ ਗੁਰੂ ਗੁਰ ਚੇਲਾ, ਮੁਰੀਦ ਮੁਰਸ਼ਦਾਂ ਨਾਲ ਰਲਾਈਆ । ਆਪ ਵਸ ਕੇ ਧਾਮ ਨਵੇਲਾ, ਵੇਖਣਹਾਰਾ ਚਾਈਂ ਚਾਈਂਆ । ਅਚਰਜ ਖੇਲ ਜੁਗ ਜੁਗ ਖੇਲਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਦੋ ਸੱਤ ਕਹੇ ਮੇਰਾ ਆਦਿ ਜੁਗਾਦਿ ਇਕੋ ਨਾਮ ਸਵਾਸਾ, ਜਗਤ ਅੱਖਰ ਨਾ ਕੋਇ ਵਡਿਆਈਆ । ਮੇਰੇ ਗ੍ਰਿਹ ਅਗੰਮੀ ਆਸਾ, ਤ੍ਰਿਸ਼ਨਾ ਜਗਤ ਨਾ ਕੋਇ ਜਣਾਈਆ । ਪ੍ਰਭ ਦਾ ਬਣ ਕੇ ਦਾਸੀ ਦਾਸਾ, ਜੁਗ ਜੁਗ ਸੇਵ ਕਮਾਈਆ । ਅੰਤਰ ਹੋਇਆ ਨਾ ਕਦੇ ਨਿਰਾਸਾ, ਚਿੰਤਾ ਗ਼ਮ ਨਾ ਕੋਇ ਰਖਾਈਆ । ਮੈਂ ਵੇਖਾਂ ਪ੍ਰਿਥਮੀ ਅਕਾਸ਼ਾ, ਗਗਨ ਗਗਨੰਤਰਾਂ ਧਿਆਨ ਲਗਾਈਆ । ਮੰਡਲਾਂ ਵੇਖਾਂ ਰਾਸਾ, ਗੋਪੀ ਕਾਹਨ ਨੱਚਣ ਟੱਪਣ ਚਾਈਂ ਚਾਈਂਆ । ਮੇਰਾ ਖ਼ੁਸ਼ੀਆਂ ਵਿਚ ਨਿਕਲੇ ਹਾਸਾ, ਹਸਤੀ ਤਕ ਬੇਪਰਵਾਹੀਆ । ਜਿਸ ਨੇ ਕਰਨਾ ਬੰਦ ਖ਼ੁਲਾਸਾ, ਖ਼ੁਲਾਸੀ ਦੋ ਜਹਾਨ ਕਰਾਈਆ । ਉਸ ਉਤੇ ਭਗਤੋ ਸਭ ਨੂੰ ਰਖਣਾ ਪੈਣਾ ਭਰਵਾਸਾ, ਭਾਂਡਾ ਭਰਮ ਭਰਮ ਦਏ ਭੰਨਾਈਆ । ਸਭ ਦਾ ਪੂਰਾ ਕਰੇ ਕਾਇਆ ਕਾਸਾ, ਤ੍ਰਿਸ਼ਨਾ ਜਗਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਂਈਆ । ਦੋ ਸਤ ਕਹਿਣ ਸਾਡਾ ਲੇਖਾ ਨਾਲ ਪੋਹ ਸਤਾਈ, ਸਤਿ ਸਤਿਵਾਦੀ ਦਇਆ ਕਮਾਈਆ । ਜਨ ਭਗਤੋ ਤੁਸੀਂ ਬਣ ਜਾਓ ਵੱਡੇ ਦਾਈ, ਦਾਓ ਆਪਣਾ ਲਓ ਲਗਾਈਆ । ਸਚ ਮਾਰਗ ਦੇ ਬਣ ਜਾਓ ਰਾਹੀ, ਭੱਜੇ ਚਾਈਂ ਚਾਈਂਆ । ਨਾਤਾ ਜੋੜੇ ਭਾਈ ਭਾਈ, ਜਗਤ ਵੰਡ ਨਾ ਕੋਇ ਵਖਾਈਆ । ਇਕੱਠੇ ਹੋਵੇ ਝੀਵਰ ਨਾਈ, ਜੱਟਾਂ ਗੰਢ ਪੁਆਈਆ । ਸ਼ਰਅ ਦਾ ਰਹੇ ਨਾ ਕੋਇ ਕਸਾਈ, ਛੁਰੀ ਕੂੜ ਨਾ ਕੋਇ ਉਠਾਈਆ । ਮੇਲ ਮੇਲੋ ਆਪਣੇ ਮਾਹੀ, ਮੁਹੱਬਤ ਵਿਚ ਸਮਾਈਆ । ਬਿਨਾ ਹੱਥਾਂ ਤੋਂ ਕਰੋ ਦੁਆਈ, ਅੰਤਰ ਅੰਤਰ ਧਿਆਨ ਲਗਾਈਆ । ਤੂੰ ਮਾਲਕ ਧੁਰਦਰਗਾਹੀ, ਸਚ ਤੇਰੀ ਵਡਿਆਈਆ । ਸੋ ਦੇਵੇ ਠੰਢੀਆਂ ਛਾਈਂ, ਸਿਰ ਆਪਣਾ ਹੱਥ ਰਖਾਈਆ । ਕਿਤੇ ਭੁਲ ਨਾ ਜਾਇਓ ਜੱਟ ਕਰਦਾ ਫਿਰਦਾ ਵਾਹੀ, ਭੱਜੇ ਵਾਹੋ ਦਾਹੀਆ । ਉਹ ਸਭ ਦਾ ਮਾਲਕ ਤੇ ਸਭ ਦਾ ਬਣ ਗੁਸਾਂਈ, ਗਹਿਰ ਗੰਭੀਰ ਇਕ ਅਖਵਾਈਆ । ਲਹਿਣਾ ਦੇਣਾ ਦੇਵੇ ਥਾਉਂ ਥਾਈਂ, ਥਾਨ ਥਨੰਤਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਦੋ ਸਤ ਕਹੇ ਸਾਡਾ ਪੋਹ ਨਾਲ ਪਿਆਰ, ਸਚ ਸਚ ਸੁਣਾਈਆ । ਮਿਲ ਕੇ ਇਕ ਅਲਾਹੀ ਯਾਰ, ਮੁਹੱਬਤ ਵਿਚ ਸਮਾਈਆ । ਫੇਰ ਕੀਤੀ ਪੁਕਾਰ, ਤੇਰਾ ਨਾਮ ਦੁਹਾਈਆ । ਉਠ ਵੇਖ ਆਪਣਾ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਲੇਖਾ ਤਕ ਤੇਈ ਅਵਤਾਰ, ਨਿਰਗੁਣ ਨਿਰਵੈਰ ਪੜਦਾ ਆਪ ਚੁਕਾਈਆ । ਪੈਗ਼ੰਬਰ ਤਕ ਧਾਰ, ਈਸਾ ਮੂਸਾ ਮੁਹੰਮਦ ਸੰਗ ਜਣਾਈਆ । ਗੁਰੂ ਗੁਰਦੇਵਾ ਤਕ ਕਿਨਾਰ, ਕੰਢੀ ਘਾਟ ਧਿਆਨ ਲਗਾਈਆ । ਜੀਵ ਜੰਤ ਵੇਖ ਦੀਨ ਦੁਨੀ ਗਵਾਰ, ਗਹਿਰ ਗੰਭੀਰ ਆਪਣਾ ਭੇਵ ਚੁਕਾਈਆ । ਭਗਤ ਸੁਹੇਲੇ ਤਕ ਜੋ ਰੋਵਣ ਜ਼ਾਰੋ ਜ਼ਾਰ, ਵਿਛੋੜੇ ਵਿਚ ਕੁਰਲਾਈਆ । ਸਾਡਾ ਪਿਛਲਾ ਕ਼ਰਜ਼ ਉਤਾਰ, ਮਕ਼ਰੂਜ਼ ਲੇਖਾ ਦੇ ਚੁਕਾਈਆ । ਅਗੇ

ਕਰਨਾ ਨਹੀਂ ਉਧਾਰ, ਲਹਿਣਾ ਹੱਥੋ ਹੱਥ ਫੜਾਈਆ । ਸਾਡੀ ਖ਼ੁਸ਼ੀਆਂ ਮੌਲੇ ਬਹਾਰ, ਰੁਤੜੀ ਤੇਰੇ ਨਾਲ ਮਹਿਕਾਈਆ । ਮਜ਼੍ਹਬਾਂ ਵਿਚ ਨਾ ਰਹੀਏ ਗ੍ਰਿਫ਼ਤਾਰ, ਸ਼ਰਅ ਜ਼ੰਜੀਰ ਦੇਣੇ ਕਟਾਈਆ । ਇਕੋ ਮਾਣ ਦੇਣਾ ਪੁਰਖ ਨਾਰ, ਇਸਤਰੀ ਮਰਦ ਨਾ ਵੰਡ ਵੰਡਾਈਆ । ਸਭ ਦੀ ਪੈਜ ਦੇਣੀ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਤੂੰ ਆਦਿ ਜੁਗਾਦੀ ਧੁਰ ਦਾ ਯਾਰ, ਯਰਾਨਾ ਆਪਣਾ ਦੇਣਾ ਜਣਾਈਆ । ਤੇਰੇ ਸਭ ਕੁਛ ਅਖਤਿਆਰ, ਖ਼ੁਦ ਮਾਲਕ ਹੋਣਾ ਸਹਾਈਆ । ਤੂੰ ਦੇਵਣਹਾਰ ਦਾਤਾਰ, ਦਇਆਵਾਨ ਤੇਰੀ ਵਡਿਆਈਆ । ਅਸੀਂ ਮੰਗਤੇ ਤੇਰੇ ਭਿਖਾਰ, ਭਿਖਕ ਹੋ ਕੇ ਝੋਲੀ ਡਾਹੀਆ । ਨਾਮ ਨਿਧਾਨਾ ਬਖ਼ਸ਼ ਦੇ ਸਚੇ ਸਚ ਵਿਚੋਂ ਦਰਬਾਰ, ਵਸਤ ਅਗੰਮ ਅਥਾਹ ਵਰਤਾਈਆ । ਚਰਨ ਧੂੜ ਬਖ਼ਸ਼ ਦੇ ਛਾਰ, ਮਸਤਕ ਟਿੱਕੇ ਖ਼ਾਕ ਰਮਾਈਆ । ਪੂਰਬ ਲਹਿਣਾ ਤਕ ਲੈ ਰਵੀਦਾਸ ਚਮਾਰ, ਕੀ ਚਮਰੇਟਾ ਗਿਆ ਜਣਾਈਆ । ਬਾਲਮੀਕ ਤਕ ਇਸ਼ਾਰ, ਸ਼ਬਦ ਸ਼ੈਨਤ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਾਈ ਪੋਹ ਕਹੇ ਜਨ ਭਗਤੋ ਬਣ ਜਾਓ ਸਾਚੇ ਰਿੰਦ, ਜਾਮ ਹਕ਼ੀਕ਼ੀ ਦਏ ਵਖਾਈਆ । ਇਕ ਪ੍ਰਭੂ ਦੀ ਹੋ ਜਾਓ ਬਿੰਦ, ਬਿੰਦਰਾਬਨ ਦਾ ਕਾਹਨ ਜਿਸ ਨੂੰ ਸੀਸ ਨਿਵਾਈਆ । ਤੁਹਾਨੂੰ ਪਹਿਲੋਂ ਮਾਣ ਦਿਤਾ ਵਿਚ ਹਿੰਦ, ਅਗੇ ਨੌ ਖੰਡ ਪ੍ਰਿਥਮੀ ਆਪਣਾ ਰੰਗ ਰੰਗਾਈਆ । ਤੁਹਾਡੀ ਜਨਮ ਮਰਨ ਦੀ ਮੇਟ ਕੇ ਚਿੰਦ, ਚਿੰਤਾ ਚਿਖਾ ਵਿਚੋਂ ਬਾਹਰ ਕਢਾਈਆ । ਪੂਜਾ ਕਰਨ ਨਹੀਂ ਦਿਤੀ ਕਿਸੇ ਪੱਥਰ ਪਾਹਨ ਲਿੰਗ, ਪੱਥਰਾਂ ਸੀਸ ਨਾ ਕਿਸੇ ਨਿਵਾਈਆ । ਝਗੜਾ ਰਿਹਾ ਨਹੀਂ ਕਰੋੜ ਤੇਤੀਸਾ ਸੁਰਪਤ ਇੰਦ, ਇੰਦ ਇੰਦਰਾਸਣ ਪੰਧ ਮੁਕਾਈਆ । ਤੁਹਾਡਾ ਮਾਲਕ ਹੋ ਕੇ ਗੁਣੀ ਗਹਿੰਦ, ਗਹਿਰ ਗੰਭੀਰ ਦਏ ਵਡਿਆਈਆ । ਅੰਮ੍ਰਿਤ ਧਾਰਾ ਬਖ਼ਸ਼ ਕੇ ਸਾਗਰ ਸਿੰਧ, ਅੰਮਿਉਂ ਰਸ ਜਾਮ ਆਪ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਦੂਆ ਸਾਤਾ ਕਹੇ ਜੇ ਪੀਣਾ ਜਾਮ ਹਕ਼ੀਕ਼ੀ, ਹੁਕਮ ਮੰਨੋ ਚਾਈਂ ਚਾਈਂਆ । ਤੁਹਾਡੇ ਅੰਦਰੋਂ ਮਿਟੇ ਤਾਰੀਕੀ, ਅੰਧ ਅੰਧੇਰਾ ਦਏ ਗਵਾਈਆ । ਸਤਿਗੁਰ ਵੇਖੋ ਲਾਸ਼ਰੀਕੀ, ਜਿਸ ਦੀ ਸ਼ਰਅ ਤੋਂ ਬਾਹਰ ਪੜ੍ਹਾਈਆ । ਜਿਸ ਦੇ ਕੋਲ ਹਕ ਤੌਫ਼ੀਕ਼ੀ, ਤੋਫ਼ੇ ਘਰ ਘਰ ਦੇਵੇ ਚਾਈਂ ਚਾਈਂਆ । ਤੁਹਾਡਾ ਲਹਿਣਾ ਦੇਣਾ ਜਗਤ ਅੱਖਰਾਂ ਵਾਲਾ ਨਹੀਂ ਰਸੀਦੀ, ਸਿਫ਼ਤਾਂ ਵਾਲੀ ਨਾ ਕੋਇ ਵਡਿਆਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਸਭ ਦੀ ਪੂਰੀ ਕੀਤੀ ਉਮੀਦੀ, ਆਸ਼ਾ ਆਪਣੇ ਨਾਲ ਮਿਲਾਈਆ । ਤੁਹਾਡੀ ਅੰਦਰੋਂ ਖੋਲ੍ਹ ਕੇ ਨੀਂਦੀ, ਆਲਸ ਦੀਨ ਦੁਨੀ ਵਾਲਾ ਚੁਕਾਈਆ । ਤੁਹਾਡੀ ਪਗਡੰਡੀ ਕਰਕੇ ਸੀਧੀ, ਰਸਤਾ ਸਚ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਸਮਝਾਈਆ । ਸਤਾਈ ਪੋਹ ਕਹੇ ਜਨ ਭਗਤੋ ਮੰਗਤਿਓ ਹੋਵੋ ਤਿਆਰ, ਤ੍ਰੈਗੁਣ ਅਤੀਤਾ ਦਇਆ ਕਮਾਈਆ । ਸਚ ਪਿਆਰ ਵਿਚ ਕਰੋ ਨਿਮਸਕਾਰ, ਜਗਤ ਤ੍ਰਿਸ਼ਨਾ ਨਾ ਕੋਇ ਵਖਾਈਆ । ਕਿਰਪਾ ਕਰੇ ਆਪ ਨਿਰੰਕਾਰ, ਨਿਰਵੈਰ ਹੋਏ ਸਹਾਈਆ । ਨਾਤਾ ਤੋੜ ਕੇ ਨੌ ਦੁਆਰ, ਜਗਤ ਵਾਸਨਾ ਡੇਰਾ ਢਾਹੀਆ । ਅੰਮ੍ਰਿਤ ਬੂੰਦ ਬਖ਼ਸ਼ੇ ਠੰਢੀ ਠਾਰ, ਨਾਭੀ ਕਵਲ ਕਵਲ ਉਲਟਾਈਆ । ਸ਼ਬਦ ਅਨਾਦੀ ਦੇ ਧੁਨਕਾਰ, ਅਨਹਦ ਨਾਦੀ ਨਾਦ ਦ੍ਰਿੜਾਈਆ । ਅੰਦਰ ਮੇਟ ਕੇ ਧੂੰਆਂਧਾਰ, ਅੰਧ ਅਗਿਆਨ ਦਏ ਚੁਕਾਈਆ । ਜੋਤੀ ਨੂਰ ਕਰ ਉਜਿਆਰ, ਜੋਤੀ ਜਾਤਾ ਡਗਮਗਾਈਆ । ਜਗਤ ਮੰਗਾਂ ਕੋਟਨ ਕੋਟ ਅਗਣਤੀ ਗਣਤ ਨਾ ਲੱਖ

ਹਜ਼ਾਰ, ਮਨ ਤ੍ਰਿਸ਼ਨਾ ਵਿਚ ਲਿਪਟਾਈਆ । ਇਕੋ ਮੰਗ ਜੇ ਪੂਰੀ ਕਰੇ ਆਪ ਕਰਤਾਰ, ਕ਼ੁਦਰਤ ਦਾ ਕ਼ਾਦਰ ਦਇਆ ਕਮਾਈਆ । ਫੜ ਬਾਹੋਂ ਚੁਰਾਸੀ ਵਿਚੋਂ ਕੱਢੇ ਬਾਹਰ, ਚਰਨ ਕਵਲ ਦਏ ਸਰਨਾਈਆ । ਅੰਦਰ ਵੜ ਕੇ ਦਏ ਉਧਾਰ, ਉਦਰ ਦਾ ਲੇਖਾ ਦਏ ਮੁਕਾਈਆ । ਰਾਤੀ ਸੁੱਤਿਆਂ ਦਏ ਦੀਦਾਰ, ਆਪ ਆਪਣੀ ਅੱਖ ਖੁਲ੍ਹਾਈਆ । ਮੰਗਤਿਆਂ ਦੇ ਘਰ ਮੰਗਤਾ ਬਣੇ ਨਿਰੰਕਾਰ, ਪ੍ਰੇਮ ਪ੍ਰੀਤੀ ਮੰਗੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਸਮਝਾਈਆ । ਪੋਹ ਕਹੇ ਜਨ ਭਗਤੋ ਮੰਗਣਾ ਆਦਿ ਜੁਗਾਦਿ ਚੰਗਾ, ਚੰਗੀ ਤਰਹ ਜਣਾਈਆ । ਸਦਾ ਮੰਗੋ ਪ੍ਰਭੂ ਦਾ ਸੰਗਾ, ਜੋ ਸਗਲਾ ਸੰਗ ਦਏ ਨਿਭਾਈਆ । ਜੋ ਨਿਰਗੁਣ ਹੋ ਕੇ ਲਾਵੇ ਅੰਗਾ, ਅੰਗੀਕਾਰ ਆਪ ਅਖਵਾਈਆ । ਸੀਸ ਹੋਣ ਨਾ ਦੇਵੇ ਨੰਗਾ, ਸਿਰ ਆਪਣਾ ਹੱਥ ਟਿਕਾਈਆ । ਦੀਨ ਮਜ਼੍ਹਬ ਦਾ ਭਰਨ ਨਾ ਦੇਵੇ ਚੰਦਾ, ਸ਼ਰਅ ਵੰਡ ਨਾ ਕੋਇ ਵੰਡਾਈਆ । ਜਿਸ ਦਾ ਲੇਖਾ ਨਹੀਂ ਪੰਜ ਤਤ ਦਾ ਬੰਦਾ, ਬੰਦਗੀ ਆਪਣੀ ਦਏ ਸਮਝਾਈਆ । ਬਿਨਾ ਰਸ ਤੋਂ ਦਏ ਅਨੰਦਾ, ਅਨੰਦਪੁਰ ਵਾਸੀ ਜਿਸ ਦੀ ਦਏ ਗਵਾਹੀਆ । ਜਿਸ ਆਤਮ ਪਰਮਾਤਮ ਸਮਝਾਇਆ ਆਪਣਾ ਛੰਦਾ, ਢੋਲਾ ਸੋਹਲਾ ਇਕ ਸਮਝਾਈਆ । ਸੋ ਆਪ ਸੁਹਾਏ ਇਕ ਪਲੰਘਾ, ਆਸਣ ਸਿੰਘਾਸਣ ਇਕ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਤਾਈ ਪੋਹ ਕਹੇ ਮੈਂ ਵੇਖ ਕੇ ਜਗਤ ਜੁਗ ਦੀ ਧਾਰ, ਧਰਮ ਵਾਲਿਓ ਦਿਆਂ ਸੁਣਾਈਆ । ਮੈਂ ਵੇਖੇ ਜੁਗ ਚੌਕੜੀ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜੇ ਵਾਹੋ ਦਾਹੀਆ । ਲੇਖੇ ਤਕੇ ਪੈਗ਼ੰਬਰ ਗੁਰ ਅਵਤਾਰ, ਦੀਨ ਦੁਨੀ ਧਿਆਨ ਲਗਾਈਆ । ਸਭ ਨੇ ਪ੍ਰਭੂ ਦੇ ਨਾਮ ਕਲਮੇ ਹੁਕਮ ਵਿਚ ਦਿਤੇ ਉਚਾਰ, ਸਿਫ਼ਤ ਸਿਫ਼ਤੀ ਢੋਲੇ ਗਾਈਆ । ਡੰਡਾਵਤ ਬੰਦਨਾ ਸੱਯਦਿਆਂ ਵਿਚ ਕਰਦੇ ਗਏ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਖ਼ਾਲੀ ਝੋਲੀ ਡਾਹੁੰਦੇ ਗਏ ਬਣ ਭਿਖਾਰ, ਭਿਖਕ ਹੋ ਕੇ ਮੰਗ ਮੰਗਾਈਆ । ਕਿਰਪਾ ਕਰ ਸਚੀ ਸਰਕਾਰ, ਦਰ ਤੇਰੇ ਅਲੱਖ ਜਗਾਈਆ । ਪੁਰਖ ਅਕਾਲੇ ਦੀਨ ਦਿਆਲੇ ਥੋੜਾ ਥੋੜਾ ਆਪਣੇ ਨਾਮ ਦਾ ਹਿੱਸਾ ਝੋਲੀ ਦਿਤਾ ਡਾਰ, ਵੰਡ ਹਿੱਸਿਆਂ ਵਾਲੀ ਰਖਾਈਆ । ਪੋਹ ਕਹੇ ਮੈਂ ਸਚ ਕਰਾਂ ਪੁਕਾਰ, ਕੂਕ ਕੂਕ ਸੁਣਾਈਆ । ਮੇਰੇ ਸਾਹਿਬ ਦਾ ਖੇਲ ਅਪਾਰ, ਜੋ ਅਪਰੰਪਰ ਸੁਆਮੀ ਆਪ ਕਰਾਈਆ । ਮੈਂ ਜੁਗ ਜੁਗ ਵੇਖਣਹਾਰ, ਨਿਤ ਨਿਤ ਧਿਆਨ ਲਗਾਈਆ । ਪੁਰਖ ਅਕਾਲਾ ਦੀਨ ਦਿਆਲਾ ਜਦ ਕਿਰਪਾ ਕਰੇ ਭਗਤਾਂ ਨੂੰ ਦੇਵੇ ਆਪ ਦੀਦਾਰ, ਧਰਨੀ ਧਰਤ ਧਵਲ ਧੌਲ ਦਏ ਵਡਿਆਈਆ । ਫੜ ਬਾਹੋਂ ਪੈਜ ਦਏ ਸਵਾਰ, ਸਿਰ ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਾਈ ਪੋਹ ਕਹੇ ਓ ਵੇਖੋ ਨਾਰਦ ਆਉਂਦਾ ਲੇਟਦਾ, ਪਾਸਾ ਕੰਧ ਨਾਲ ਬਦਲਾਈਆ । ਨਾਲੇ ਇਸ਼ਾਰਾ ਦੱਸੇ ਪੇਟ ਦਾ, ਹੱਥ ਹੱਥਾਂ ਨਾਲ ਛੁਹਾਈਆ । ਕੀ ਲਹਿਣਾ ਦੇਣਾ ਹੋਣਾ ਖੇਵਟ ਖੇਟ ਦਾ, ਜੋ ਮਾਲਕ ਧੁਰ ਦਰਗਾਹੀਆ । ਜਿਸ ਦਾ ਸਹਾਰਾ ਇਕੋ ਟੇਕ ਦਾ, ਟਿੱਕੇ ਮਸਤਕ ਧੂੜੀ ਖ਼ਾਕ ਸਾਰੇ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਇਕ ਅਖਵਾਈਆ । ਨਾਰਦ ਕਹੇ ਜਨ ਭਗਤੋ ਆਉ ਮਿਲ ਕੇ ਮੰਗੀਏ, ਮੰਗਣਾ ਦਿਆਂ ਜਣਾਈਆ । ਪਹਿਲੋਂ ਕੂੜ ਕੁਕਰਮ ਦੀ ਲੀਕ ਲੰਘੀਏ, ਬਿਨ ਕ਼ਦਮ ਕ਼ਦਮ ਬਦਲਾਈਆ । ਦੀਨ ਦੁਨੀਆ

ਕੋਲੋਂ ਨਾ ਸੰਗੀਏ, ਨਾਤਾ ਜਗਤ ਜਹਾਨ ਤੁੜਾਈਆ । ਭਾਰ ਚੁੱਕੀਏ ਆਪਣੇ ਕੰਧੀਏ, ਆਪਣਾ ਬਲ ਪਰਗਟਾਈਆ । ਸਤਿ ਧਰਮ ਦੀ ਕਰੀਏ ਸੰਧੀਏ, ਲੇਖਾ ਬਿਨ ਕ਼ਲਮ ਦਵਾਤ ਲਿਖਾਈਆ । ਦੀਨ ਮਜ਼੍ਹਬ ਸ਼ਰਅ ਦੀ ਤੋੜੀਏ ਪਾਬੰਦੀਏ, ਬੰਦੀਖ਼ਾਨਾ ਨਾ ਕੋਇ ਜਣਾਈਆ । ਫੇਰ ਖ਼ੁਸ਼ੀਆਂ ਪਰਸ਼ਾਦਿ ਵੰਡੀਏ, ਜੋ ਗੁਰਮੁਖ ਗੁਰਸਿਖ ਕੂੜੀ ਕਿਰਿਆ ਕਢ ਘੁਮੰਡੀਏ, ਨਿਵ ਨਿਵ ਸੀਸ ਝੁਕਾਈਆ । ਝਗੜਾ ਰਹੇ ਨਾ ਜੇਰਜ ਅੰਡੀਏ, ਉਤਭੁਜ ਸੇਤਜ ਡੇਰਾ ਢਾਹੀਆ । ਪ੍ਰੀਤੀ ਵਿਚ ਪ੍ਰਭੂ ਦੇ ਨਾਲ ਹੰਡੀਏ, ਜਗਤ ਨਾਤਾ ਨਾ ਕੋਇ ਰਖਾਈਆ । ਨਾਰਦ ਕਹੇ ਜਨ ਭਗਤੋ ਅੱਜ ਤੋਂ ਕ਼ਸਮ ਖਾ ਲਓ ਆਤਮਾ ਪਰਮਾਤਮਾ ਏਸ ਨਾਲ ਗੰਢੀਏ, ਜੋ ਗੰਢੇ ਖਾ ਕੇ ਆਪਣਾ ਝਟ ਲੰਘਾਈਆ । ਸਾਨੂੰ ਫੇਰ ਕੋਈ ਕਹੇ ਨਾ ਰੰਡੀਏ, ਰੰਡੇਪਾ ਜਗਤ ਰਹਿਣ ਨਾ ਪਾਈਆ । ਸਤਿਗੁਰ ਪਿਆਰ ਦੀ ਪਵਣ ਲਈਏ ਠੰਢੀਏ, ਅਗਨੀ ਤਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਸਮਝਾਈਆ । ਨਾਰਦ ਜਨ ਭਗਤਾਂ ਹਿਲਾ ਕੇ ਮੋਢੇ, ਮੰਗਣ ਦੀ ਜਾਚ ਰਿਹਾ ਸਿਖਾਈਆ । ਨਾਲੇ ਹਸ ਕੇ ਕਿਹਾ ਕਿਉਂ ਮੁਹੰਮਦ ਸ਼ਰਅ ਵਿਚੋਂ ਕੀਤੇ ਕੋਡੇ, ਨਿਗਾਹ ਧਰਤੀ ਉਤੇ ਟਿਕਾਈਆ । ਕਿਉਂ ਮੂਧੇ ਮਾਰ ਕੇ ਗੋਡੇ, ਹੱਥ ਜ਼ਿਮੀ ਅਸਮਾਨ ਉਠਾਈਆ । ਕਿਉਂ ਗੁਰੂਆਂ ਅਰਦਾਸੇ ਸੋਧੇ, ਨਿਵ ਨਿਵ ਸੀਸ ਝੁਕਾਈਆ । ਕਿਉਂ ਅਵਤਾਰਾਂ ਰਖਾਏ ਬੋਦੇ, ਸੀਸ ਜਗਦੀਸ ਵਡਿਆਈਆ । ਕਿਉਂ ਦੀਨ ਦੁਨੀ ਵਿਚ ਪ੍ਰਭ ਨੇ ਦਿਤੇ ਔਹਦੇ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਆਓ ਕੁਝ ਭੇਵ ਦੱਸਾਂ ਗੋਝੇ, ਗੁੰਝਲਾਂ ਵਿਚ ਲੁਕਾਈਆ । ਜੋ ਇਸ਼ਾਰਾ ਕੀਤਾ ਗੋਬਿੰਦ ਸਿੰਘ ਜੋਗੇ, ਜੁਗਤੀ ਨਾਲ ਜਣਾਈਆ । ਗੁਰਸਿਖਾ ਜੇ ਤੂੰ ਮੇਰੇ ਨਾਲ ਭੋਗ ਭੋਗੇ, ਮੇਰੇ ਵਿਚ ਸਮਾਈਆ । ਤੇਰੇ ਅੰਦਰ ਨਾ ਲਾਲਚ ਰਹੇ ਨਾ ਲੋਭੇ, ਮਮਤਾ ਮੋਹ ਨਾ ਕੋਇ ਰਖਾਈਆ । ਮੇਰੇ ਨਾਮ ਦੇ ਤੇਰੇ ਭਰੇ ਰਹਿਣ ਬੋਝੇ, ਖ਼ਾਲੀ ਹੱਥ ਦੁਨੀਆ ਦੇਣੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਜਨ ਭਗਤੋ ਮੰਗਣਾ ਔਖਾ, ਮੈਂ ਸਚ ਸਚ ਸੁਣਾਈਆ । ਪ੍ਰਭੂ ਨੂੰ ਮਿਲਣਾ ਨਹੀਂ ਕੋਈ ਸੌਖਾ, ਸੁੱਖੀਂ ਸਾਂਦੀ ਹੱਥ ਕਿਸੇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਸਭ ਨਾਲ ਕਰੇ ਧੋਖਾ, ਧੋਖੇਬਾਜ਼ ਆਪਣੀ ਰਚਨ ਰਚਾਈਆ । ਗੁਰ ਅਵਤਾਰ ਪੈਗ਼ੰਬਰਾਂ ਕੋਲੋਂ ਆਪਣੀਆਂ ਸਿਫ਼ਤਾਂ ਦਾ ਬਣਾ ਕੇ ਪੋਥਾ, ਗ੍ਰੰਥ ਸ਼ਾਸਤਰਾਂ ਨਾਲ ਵਡਿਆਈਆ । ਨਾਮ ਕਲਮਿਆਂ ਬਣਾ ਕੇ ਹੋਕਾ, ਹੁਕਮ ਧੁਰ ਦਾ ਇਕ ਦਰਸਾਈਆ । ਭੇਵ ਖੁਲ੍ਹਾ ਕੇ ਲੋਕ ਪਰਲੋਕਾ, ਬ੍ਰਹਿਮੰਡਾਂ ਖੰਡਾਂ ਸੰਗ ਬਣਾਈਆ । ਆਪਣੇ ਵਿਚੋਂ ਥੋੜੀ ਥੋੜੀ ਸਭ ਦੇ ਅੰਦਰ ਰਖ ਕੇ ਜੋਤਾ, ਜੋਤੀ ਜਾਤੇ ਦਿਤੀ ਚਮਕਾਈਆ । ਜਿਸ ਨਾਲ ਸਰੀਰ ਗਿਆ ਧੋਤਾ, ਕਿਰਪਾ ਨਿਧਾਨ ਕਰੀ ਸਫ਼ਾਈਆ । ਫੇਰ ਨਿਗਾਹ ਮਾਰ ਲਓ ਗੁਰ ਅਵਤਾਰ ਪੈਗ਼ੰਬਰ ਜੋ ਆਇਆ ਸੋ ਗਿਆ ਰੋਤਾ, ਹੰਝੂਆਂ ਹਾਰ ਬਣਾਈਆ । ਜਨ ਭਗਤਾਂ ਉਤੇ ਪ੍ਰਭ ਹੋਇਆ ਆਪ ਮੋਹਤਾ, ਮੁਹੱਬਤ ਆਪਣੇ ਨਾਲ ਰਖਾਈਆ । ਦੁਨੀਆ ਵਿਚੋਂ ਫੜ ਉਠਾਇਆ ਸੋਤਾ, ਸੁੱਤਿਆਂ ਲਿਆ ਜਗਾਈਆ । ਕਾਇਆ ਮੰਦਰ ਅੰਦਰ ਮਾਰ ਕੇ ਗੋਤਾ, ਸਮੁੰਦ ਸਾਗਰਾਂ ਵਿਚੋਂ ਬਾਹਰ ਕਢਾਈਆ । ਜਨ ਭਗਤੋ ਤੁਹਾਨੂੰ ਸ਼ਰਅ ਦਾ ਕੋਈ ਹੱਥ ਫੜਾਇਆ ਨਹੀਂ ਲੋਟਾ, ਤਸਬੀ ਮਾਲਾ ਨਾ ਕੋਇ ਭਵਾਈਆ । ਸੌਦਾ ਕੀਤਾ ਨਹੀਂ ਕੋਈ ਖੋਟਾ, ਸਾਈ ਕੂੜ ਨਾ ਕੋਇ ਜਣਾਈਆ । ਤੁਹਾਡੀ ਭਗਤੀ ਵਾਸਤੇ ਤੁਹਾਡੇ ਪਰਵਾਰ ਦੀ ਲਈ ਕੋਈ ਨਾ ਵੋਟਾ, ਵੀਟੋ ਆਪਣਾ ਹੁਕਮ ਸੁਣਾਈਆ । ਫੇਰ ਨਹੀਂ ਸਮਝਿਆ ਵੱਡਾ ਛੋਟਾ, ਬਿਰਧ

ਬਾਲਾਂ ਨੌਜਵਾਨਾਂ ਇਕੋ ਰੰਗ ਰੰਗਾਈਆ । ਤੁਹਾਡੇ ਪਰਵਾਰ ਨੂੰ ਕੋਈ ਕਰ ਨਾ ਸਕੇ ਟੋਟਾ, ਖੰਡੇ ਖੜਗ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਨਾਰਦ ਕਹੇ ਭਗਤੋ ਬੇਸ਼ਕ ਮਹਿਫ਼ਲ ਚੰਗੀ ਮਹਿਬੂਬ, ਜਾਮ ਹਕ਼ੀਕ਼ੀ ਦਏ ਪਿਆਈਆ । ਉਸ ਦੀ ਮੰਜ਼ਲ ਹੱਕ ਮਕਸੂਦ, ਦਰਗਾਹ ਸਾਚੀ ਸੋਭਾ ਪਾਈਆ । ਉਹਦੀ ਸਭ ਤੋਂ ਵਖਰੀ ਹਦੂਦ, ਹੱਦਾਂ ਵੰਡ ਨਾ ਕੋਇ ਵੰਡਾਈਆ । ਜਿਧਰ ਤਕੋ ਬਿਨ ਸ਼ਰਅ ਤੋਂ ਤੁਹਾਡੇ ਅੰਦਰ ਬਾਹਰ ਮੌਜੂਦ, ਆਪ ਆਪਣਾ ਮੇਲ ਮਿਲਾਈਆ । ਜੇ ਤੁਸੀਂ ਨਹੀਂ ਸੀ ਆਪਣਾ ਆਪ ਦੇ ਸਕਦੇ ਇਹ ਸ਼ਰੀਰ ਸ਼ੇਰ ਸਿੰਘ ਦਾ ਤੁਹਾਡੇ ਪਿਛੇ ਗਿਆ ਜੂਝ, ਹਸਤੀ ਹਸਤੀ ਹਸਤੀ ਜਗਤ ਵਿਚੋਂ ਫੇਰ ਪਰਗਟਾਈਆ । ਹੁਣ ਨਾ ਕੋਈ ਮਜ਼੍ਹਬ ਨਾ ਕੋਈ ਦੂਜ, ਜੋਤੀ ਜਾਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਜਨ ਭਗਤੋ ਮੰਗਣ ਵਾਸਤੇ ਬਣੀਏ ਨਿੱਕੇ ਨਿੱਕੇ ਕਾਕੇ, ਕੁਕੂ ਪੱਪੂ ਆਪਣਾ ਨਾਮ ਰਖਾਈਆ । ਪਿਆਰ ਮੁਹੱਬਤ ਵਿਚ ਬਣੀਏ ਲੜਾਕੇ, ਸੁਖ਼ਨ ਸੁਣੀਏ ਚਾਈਂ ਚਾਈਂਆ । ਨਾਲੇ ਤਕੀਏ ਪਿਛਲੇ ਭਵਿਖਤ ਵਾਕੇ, ਕੀ ਵਾਕਿਆ ਭੇਵ ਖੁਲ੍ਹਾਈਆ । ਨਾਰਦ ਕਹੇ ਭਗਤੋਂ ਤੁਹਾਨੂੰ ਪਤਾ ਨਹੀਂ ਕੀ ਨਾਨਕ ਕਿਹਾ ਵਿਚ ਢਾਕੇ, ਢਾਕਾਂ ਉਤੇ ਹੱਥ ਰਖਾਈਆ । ਨਾਲੇ ਹਸ ਕੇ ਕਿਹਾ ਓ ਵਕ਼ਤ ਆਉਣਾ ਜਿਸ ਵੇਲੇ ਗੋਬਿੰਦ ਦਿਆਂ ਸਿੱਖਾਂ ਨੇ ਸਿੱਖਾਂ ਨੂੰ ਮਾਰਨੇ ਡਾਕੇ, ਡਾਕੂ ਘਰ ਘਰ ਨਜ਼ਰੀ ਆਈਆ । ਉਸ ਦਾ ਅੰਮ੍ਰਿਤ ਰਸ ਕੋਈ
੨੨੭ ਨਾ ਚਾਟੇ, ਰਸਨਾ ਕੂੜ ਨਾਲ ਹੋਵੇ ਹਲਕਾਈਆ । ਪਰਦਾ ਕਿਸੇ ਦਾ ਕਿਸੇ ਦੇ ਹੋਣੇ ਸਾਕੇ, ਜਗਤ ਜਹਾਨ ਜੁਗਤ ਨਾ ਕੋਇ ਵਖਾਈਆ । ਉਸ ੨੨੭
੨੪ ਵੇਲੇ ਪਰਮ ਪੁਰਖ ਪਰਮਾਤਮ ਆਪਣਾ ਖੋਲ੍ਹੇ ਤਾਕੇ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਪਰਗਟ ਹੋ ਕੇ ਲੋਕਮਾਤੇ, ਨਿਰਗੁਣ ਨੂਰ ਜੋਤ ਕਰੇ ੨੪
ਰੁਸ਼ਨਾਈਆ । ਜਨ ਭਗਤਾਂ ਪੁਛੇ ਵਾਤੇ, ਵੇਖੇ ਵਿਚੋਂ ਖ਼ਲਕ ਖ਼ੁਦਾਈਆ । ਕਾਇਆ ਦੇ ਅੰਦਰ ਮੰਦਰ ਵੜ ਕੇ ਝਾਕੇ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਉਹ ਜਿਸ ਨੇ ਗੁਰਮੁਖਾਂ ਦੇ ਖੁਲ੍ਹੇ ਕਰਾ ਕੇ ਝਾਟੇ, ਰੂਪ ਅਨੂਪ ਦਿਤਾ ਬਦਲਾਈਆ । ਪਿਛਲੇ ਪੰਧ ਮੁਕਾ ਕੇ ਵਾਟੇ, ਅਗੇ ਆਪਣਾ ਰੰਗ ਰੰਗਾਈਆ । ਭਗਤੋ ਭਗਤ ਵਿਕੇ ਨਾ ਕਦੇ ਕਿਸੇ ਦੇ ਹਾਟੇ, ਜਗਤ ਕ਼ੀਮਤ ਨਾ ਕੋਇ ਰਖਾਈਆ । ਨਾਰਦ ਕਹੇ ਤੁਹਾਡੇ ਪ੍ਰੇਮ ਦੇ ਪ੍ਰੇਮ ਵਿਚ ਚਲੇ ਪਟਾਕੇ, ਪਟਨੇ ਵਾਲਾ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਵਖਾਈਆ । ਨਾਰਦ ਕਹੇ ਜਨ ਭਗਤੋ ਰਲ ਮਿਲ ਗਾਈਏ ਤਰਾਨਾ, ਤੁਰੀਆ ਤੋਂ ਬਾਹਰ ਜਣਾਈਆ । ਸਾਡਾ ਸ਼ਹਿਨਸ਼ਾਹੀ ਸੰਮਤ ਦਸ ਸਾਲਾਨਾ, ਏਕਾ ਸਿਫ਼ਰੇ ਨਾਲ ਵਡਿਆਈਆ । ਸ਼ਾਹੋ ਭੂਪ ਤਕੀਏ ਸੁਲਤਾਨਾ, ਕਰਤਾ ਧੁਰਦਰਗਾਹੀਆ । ਜਲਵਾਗਰ ਵੇਖੀਏ ਨੂਰ ਨੁਰਾਨਾ, ਨੂਰ ਜੋਤ ਰੁਸ਼ਨਾਈਆ । ਗਲ ਪੱਲੂ ਪਾ ਕੇ ਕਹੀਏ ਸਾਡਾ ਤੇਰੇ ਨਾਲ ਯਰਾਨਾ, ਯਾਰੀ ਸਕੇ ਨਾ ਕੋਇ ਤੁੜਾਈਆ । ਨਾਤਾ ਛੁਟ ਜਾਏ ਦੀਨ ਦੁਨੀ ਜਹਾਨਾ, ਤਤਵ ਵੰਡ ਨਾ ਕੋਇ ਵੰਡਾਈਆ । ਸਾਨੂੰ ਮੇਲਿਆ ਪਤਾ ਨਹੀਂ ਕਿਸ ਬਹਾਨਾ, ਕਿਹੜੀ ਵੰਡ ਵੰਡਾਈਆ । ਸਾਡਾ ਲੇਖਾ ਬਣ ਗਿਆ ਰਵੀਦਾਸ ਦਾ ਸਾਢੇ ਤਿੰਨ ਹੱਥ ਦਾ ਕਾਨਾ, ਕਬੀਰਾ ਕੌਡੀ ਗੰਢ ਵਖਾਈਆ । ਨਾਰਦ ਕਹੇ ਮੈਨੂੰ ਯਾਦ ਆ ਗਿਆ ਜੋ ਨਾਨਕ ਹੁਕਮ ਦਿਤਾ ਮਰਦਾਨਾ, ਬਿਨ ਅੱਖਰਾਂ ਅੱਖਰ ਸਮਝਾਈਆ । ਉਹ ਨਿਗਾਹ ਮਾਰ ਲੈ ਕੀ ਖੇਲ ਦੱਸੇ ਭਗਵਾਨਾ, ਹਰਿ ਕਰਤਾ ਧੁਰਦਰਗਾਹੀਆ । ਕਲਜੁਗ

ਵਕ਼ਤ ਆਉਣਾ ਜਿਸ ਵੇਲੇ ਮੇਰੇ ਨਾਲੋਂ ਮੇਰਾ ਹੋਣਾ ਬੇਗਾਨਾ, ਪ੍ਰੇਮ ਵਿਚ ਨਾ ਕੋਇ ਸਮਾਈਆ । ਮਾਨਸਾਂ ਪੰਛੀਆਂ ਪੰਖੀਆਂ ਖਾਣਾ, ਪਸ਼ੂਆਂ ਖੱਲ ਲੁਹਾਈਆ । ਸਾਚਾ ਮੰਦਰ ਕਿਸੇ ਨਾ ਪਾਣਾ, ਗ੍ਰਿਹ ਵੇਖਣ ਕੋਇ ਨਾ ਆਈਆ । ਮਸਤੀ ਵਿਚ ਨਾ ਹੋਏ ਕੋਈ ਮਸਤਾਨਾ, ਨਾਮ ਖ਼ੁਮਾਰੀ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਜਨ ਭਗਤੋ ਮੰਗਣ ਲਈ ਹੋਈਏ ਇਕੱਠੇ, ਏਕਤਾ ਲਈਏ ਬਣਾਈਆ । ਪਹਿਲੋਂ ਫ਼ੈਸਲਾ ਕਰੀਏ ਸਾਡਾ ਲੇਖਾ ਕਢਿਆ ਤੀਰਥ ਅਠਸਠੇ, ਗੰਗਾ ਗੋਦਾਵਰੀ ਜਮਨਾ ਸੁਰਸਤੀ ਸੰਗ ਨਾ ਕੋਇ ਬਣਾਈਆ । ਸਾਡਾ ਲਹਿਣਾ ਦੇਣਾ ਨਾਲ ਨਹੀਂ ਮੰਦਰ ਮਸਜਿਦ ਮਠੇ, ਸ਼ਿਵਦਵਾਲਿਆਂ ਰੰਗ ਨਾ ਕੋਇ ਰੰਗਾਈਆ । ਅਸੀਂ ਇਕ ਸਾਹਿਬ ਦੇ ਪੱਠੇ, ਜੋ ਸਭ ਦਾ ਪਿਤਾ ਮਾਈਆ । ਜਿਸ ਨੇ ਸਤਿਗੁਰ ਸ਼ਬਦ ਭੇਜਿਆ ਗੁਰ ਅਵਤਾਰ ਪੈਗ਼ੰਬਰਾਂ ਦੇ ਵੱਟੇ, ਵਟਣਾ ਆਪਣੇ ਨਾਲ ਲਗਾਈਆ । ਜਿਸ ਦੇ ਚਰਨ ਵਿਸ਼ਨ ਬ੍ਰਹਮਾ ਸ਼ਿਵ ਚੱਟੇ, ਰਸ ਰਸਨਾ ਬਿਨ ਰਸਨਾ ਮੁਖ ਲਗਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਟੱਪੇ, ਭੱਜੇ ਵਾਹੋ ਦਾਹੀਆ । ਜਿਸ ਦੇ ਸਿਫ਼ਤੀ ਗ੍ਰੰਥ ਸ਼ਾਸਤਰ ਛਪੇ, ਅੱਖਰ ਅੱਖਰਾਂ ਨਾਲ ਜੁੜਾਈਆ । ਨਾਰਦ ਕਹੇ ਜਨ ਭਗਤੋ ਉਸ ਨੇ ਮਾਣ ਦਿਤਾ ਕਲਜੁਗ ਅੰਤਮ ਇਕੋ ਪੱਪੇ, ਪੂਰਨ ਪਤਿਪਰਮੇਸ਼ਵਰ ਰੂਪ ਸਮਾਈਆ । ਜਿਸ ਦਾ ਸਥਰ ਸਤਿਗੁਰ ਗੋਬਿੰਦ ਘੱਤੇ, ਸੋਹਣੀ ਸੇਜ ਹੰਢਾਈਆ । ਉਹ ਭਗਤਾਂ ਤਨ ਵਜੂਦ ਰੱਤੇ, ਧੁਰ ਦਾ ਆਪਣਾ ਰੰਗ ਚੜ੍ਹਾਈਆ । ਜਿਸ ਨੇ ਇਕ ਜੈਕਾਰਾ ਬੁਲਾਇਆ ਫ਼ਤਿਹ, ਫ਼ਾਤਿਆ ਕਰੇ ਸਰਬ ਲੋਕਾਈਆ । ਜੋ ਚਾਰ ਜੁਗ ਅਵਤਾਰ ਪੈਗ਼ੰਬਰ ਗੁਰ ਨਾਮ ਕਲਮੇ ਦੇ ਸਿਰ ਤੇ ਚੁੱਕਕੇ ਭੱਤੇ, ਦੀਨ ਦੁਨੀ ਗਏ ਵਰਤਾਈਆ । ਅੰਤਮ ਸਭ ਦੇ ਭਾਰ ਲੱਥੇ, ਖ਼ਾਲੀ ਹੱਥ ਦੁਹਾਈਆ । ਲੇਖਾ ਰਿਹਾ ਨਾ ਕਿਸੇ ਮੱਥੇ, ਮਸਤਕ ਦੇਣ ਦੁਹਾਈਆ । ਉਹ ਖੇਲ ਵੇਖੀਏ ਪੁਰਖ ਸਮਰਥੇ, ਕੀ ਕਰਤਾ ਕਾਰ ਕਮਾਈਆ । ਜਿਸ ਕਲਜੁਗ ਵਿਚ ਸਤਿਜੁਗ ਚਲਾਉਣਾ ਰਥੇ, ਰਥ ਰਥਵਾਹੀ ਇਕ ਅਖਵਾਈਆ । ਜਿਸ ਲੇਖੇ ਲਾਉਣੇ ਖੰਡੇ ਖੜਗ ਤਲਵਾਰਾਂ ਨਾਲ ਭੱਥੇ, ਤੀਰ ਕਮਾਨਾਂ ਜੋੜ ਜੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਜਨ ਭਗਤੋ ਮੰਗਣ ਲਈ ਹੋਵੋ ਦਲੇਰ, ਆਪ ਆਪਣਾ ਬਲ ਪਰਗਟਾਈਆ । ਸਤਿਗੁਰ ਸ਼ਬਦ ਵੇਖ ਲਓ ਸ਼ੇਰ, ਭੈ ਭਾਉ ਸਭ ਨੂੰ ਰਿਹਾ ਵਖਾਈਆ । ਆਪਣੀ ਮੁਹੱਬਤ ਵਿਚ ਮਿਹਰਵਾਨ ਲਓ ਘੇਰ, ਘੇਰਾ ਪ੍ਰੇਮ ਵਾਲਾ ਪਾਈਆ । ਸੱਜਣੋ ਮੂਲ ਨਾ ਕਰਿਓ ਦੇਰ, ਭੱਜੋ ਚਾਈਂ ਚਾਈਆ । ਜਿਸ ਦੀਨ ਦੁਨੀਆ ਕਰਨੀ ਜ਼ਬਰ ਤੋਂ ਜ਼ੇਰ, ਜ਼ੇਰ ਜ਼ਬਰ ਦੀ ਸਮਝ ਕੋਇ ਨਾ ਆਈਆ । ਉਹ ਵੇਖਣਹਾਰਾ ਕਲਜੁਗ ਅੰਧ ਅੰਧੇਰ, ਸੂਰੀਆ ਚੰਦ ਤੋਂ ਬਾਹਰ ਖੋਜ ਖੁਜਾਈਆ । ਪਤਾ ਨਹੀਂ ਉਸ ਦਾ ਕਿਹੋ ਜਿਹਾ ਹੇਰ ਫੇਰ, ਕੀ ਹੇਰਾ ਫੇਰੀ ਕਰੇ ਖ਼ਲਕ ਖ਼ੁਦਾਈਆ । ਮੈਨੂੰ ਯਾਦ ਆਉਂਦੀ ਨਾਰਦ ਕਹੇ ਗੋਬਿੰਦ ਇਕ ਸੰਦੇਸ਼ਾ ਦਿਤਾ ਨੰਦੇੜ, ਨੇੜੇ ਹੋ ਕੇ ਗਿਆ ਸੁਣਾਈਆ । ਆਪਣੇ ਢਈਏ ਤੋਂ ਬਾਦ ਦੀਨ ਦੁਨੀ ਨੂੰ ਲਵਾਂ ਘੇਰ, ਝਗੜਾ ਸਕੇ ਨਾ ਕੋਇ ਮਿਟਾਈਆ । ਉਮਤ ਉਮਤੀ ਝਗੜਾ ਦੇਵੇ ਛੇੜ, ਸੋਹਣੀ ਖੇਲ ਖਿਲਾਈਆ । ਜਨ ਭਗਤੋ ਜਿਸ ਤੁਹਾਡੇ ਸ਼ਰਅ ਦੇ ਕਟੇ ਜੇੜ, ਬੰਧਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਜਨ ਭਗਤੋ ਪ੍ਰਭ ਤੋਂ ਮੰਗੀਏ ਮਾਲ ਧਨ, ਮਾਇਆ ਮਮਤਾ ਜਗਤ ਸੰਗ ਰਲਾਈਆ ।

ਆਸ਼ਾ ਪੂਰੀ ਕਰਾਈਏ ਮਨ, ਜੋ ਮਨਸਾ ਵਿਚ ਹਲਕਾਈਆ । ਸੁਣੀਏ ਹੁਕਮ ਕੰਨ, ਜੋ ਕਾਇਨਾਤ ਦ੍ਰਿੜਾਈਆ । ਆਪਣਾ ਖ਼ੁਸ਼ੀ ਕਰੀਏ ਤਨ, ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਜਨ ਭਗਤੋ ਤੁਹਾਡੀਆਂ ਮੰਗਾਂ ਅਜੇ ਪੁਰਾਣੀਆਂ, ਪ੍ਰੇਮੀਉ ਦਿਆਂ ਜਣਾਈਆ । ਤੁਹਾਡਾ ਪ੍ਰੇਮ ਜਗਤ ਸਵਾਣੀਆਂ, ਤ੍ਰਿਸ਼ਨਾ ਮਮਤਾ ਨਾਲ ਵਧਾਈਆ । ਤੁਹਾਡਾ ਨਾਤਾ ਨਾਲ ਖਾਣੀਆਂ, ਚਾਰੇ ਖਾਣੀ ਭੱਜੋ ਵਾਹੋ ਦਾਹੀਆ । ਤੁਹਾਡਾ ਤਅੱਲੁਕ ਨਾਲ ਬਾਣੀਆਂ, ਪੜ੍ਹ ਪੜ੍ਹ ਢੋਲੇ ਗਾਈਆ । ਸੱਜਣੋ ਜਬ ਤਕ ਆਤਮਾ ਪਰਮਾਤਮਾ ਮਿਲੇ ਨਾ ਮੇਲ ਹਾਣ ਹਾਣੀਆਂ, ਸੇਜ ਸੁਹੰਜਣੀ ਵਜੇ ਨਾ ਕਦੇ ਵਧਾਈਆ । ਉਠ ਕੇ ਵੇਖੋ ਹੁਣ ਰੋਣੇ ਰਾਜੇ ਰਾਣੀਆਂ, ਮਹਲ ਅਟਲ ਨਾ ਕੋਇ ਵਡਿਆਈਆ । ਫਿਰਨੀ ਦਰੋਹੀ ਅਠਸਠ ਤੀਰਥ ਪਾਣੀਆਂ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਜਿਸ ਕਲਜੁਗ ਦੀ ਧਾਰ ਪਿਛੇ ਗੋਬਿੰਦ ਨੇ ਦਿਤੀਆਂ ਕ਼ੁਰਬਾਨੀਆਂ, ਕ਼ਰਬਲੇ ਦਾ ਲੇਖਾ ਦਏ ਚੁਕਾਈਆ । ਹਜ਼ਰਤ ਮੁਹੰਮਦ ਦੀਆਂ ਸਦੀ ਚੌਧਵੀਂ ਦੀਆਂ ਤਕੋ ਨਿਸ਼ਾਨੀਆਂ, ਨਿਸ਼ਾਨੇ ਦੋ ਜਹਾਨ ਪਰਗਟਾਈਆ । ਉਹ ਤੁਸੀਂ ਹੁਣ ਭਗਤੀ ਨਹੀਂ ਕਰਦੇ ਸਗੋਂ ਪਰਮਾਤਮਾ ਦੀਆਂ ਖਾਣ ਆਉਂਦੇ ਮਹਿਮਾਨੀਆਂ, ਇਸ ਤੋਂ ਵੱਡੀ ਕੀ ਵਡਿਆਈਆ । ਸਤਿਗੁਰ ਜਾਗੇ ਤੇ ਤੁਸੀਂ ਉਤੇ ਚਾਦਰਾਂ ਹੁੰਦੀਆਂ ਤਾਣੀਆਂ, ਸੁਤੇ ਚਾਈਂ ਚਾਈਂਆ । ਜਿਸ ਨੇ ਤੁਹਾਡੀਆਂ ਰੂਹਾਂ ਪਛਾਣੀਆਂ, ਉਹ ਦੇਵਣਹਾਰ ਗੁਸਾਂਈਆ । ਉਹਦਾ ਲੇਖਾ ਕਲਮਾਂ ਕੀ ਲਿਖਣ ਨਿਮਾਣੀਆਂ, ਕਾਗ਼ਜ਼ ਸ਼ਾਹੀ ਕੀ ਚਤੁਰਾਈਆ । ਉਹ ਜਦੋਂ ਆਇਆ ਤੇ ਉਦੋਂ ਭਗਤਾਂ ਉਤੇ ਕਰੇ ਮਿਹਰਵਾਨੀਆਂ, ਮਿਹਰ ਨਜ਼ਰ ਨਾਲ ਤਰਾਈਆ । ਤੁਹਾਡਾ ਝਗੜਾ ਨਹੀਂ ਕੋਈ ਅਦਾਲਤਾਂ ਦੀਵਾਨੀਆਂ, ਜਗਤ ਸ਼ਹਾਦਤ ਸੰਗ ਨਾ ਕੋਇ ਰਖਾਈਆ । ਬਿਨਾ ਤੁਹਾਡੇ ਮੰਗਿਆਂ ਤੋਂ ਤੁਹਾਡੇ ਅੰਦਰ ਮਾਰੇ ਧਿਆਨੀਆ, ਸੁੱਤਿਓ ਤੁਹਾਨੂੰ ਸੁੱਤਿਆਂ ਲਿਆ ਜਗਾਈਆ । ਉਹ ਤੁਸੀਂ ਆਤਮਾ ਪਰਮਾਤਮਾ ਦੀਆਂ ਸ਼ਾਹਣੀਆਂ, ਸ਼ੌਹਰ ਦੇ ਨਾਲ ਮਿਲ ਕੇ ਤੁਹਾਡੀ ਵਜੇ ਵਧਾਈਆ । ਤੁਹਾਨੂੰ ਬਖ਼ਸ਼ ਦਿਤਾ ਬਖ਼ਸ਼ੀਸ਼ ਵਿਚੋਂ ਪਦ ਨਿਰਬਾਨੀਆਂ, ਗ੍ਰਿਹਿ ਇਕੋ ਇਕ ਵਖਾਈਆ । ਜਿਸ ਦੀ ਸਿਫ਼ਤ ਕਰਦੇ ਰਾਗ ਨਾਲ ਮਧਾਣੀਆਂ, ਢੋਲੇ ਸੋਹਲੇ ਜਗਤ ਜੁਗਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਦਇਆ ਕਮਾਈਆ । ਨਾਰਦ ਕਹੇ ਭਗਤੋ ਮੰਗਣ ਲਈ ਤਿਆਰ ਕਰੋ ਆਪਣੀ ਕਾਇਆ ਚੋਲੀ, ਚਾਰੇ ਕੰਨੀਆਂ ਲਉ ਉਠਾਈਆ । ਪਹਿਲੋਂ ਸਾਰੇ ਮਿਲ ਕੇ ਆਪਣੀ ਇਕ ਕਰੋ ਬੋਲੀ, ਜੋ ਅਨਬੋਲਤ ਦਿਤੀ ਸਮਝਾਈਆ । ਕਿਸੇ ਦੀ ਅੰਦਰੋਂ ਸੁਰਤ ਰਹੇ ਨਾ ਭੋਲੀ, ਭੋਲੇ ਭਾਲਿਓ ਆਪਣੀ ਲਓ ਅੰਗੜਾਈਆ । ਫੇਰ ਓ ਪ੍ਰਭੂ ਦੀ ਬਣ ਜਾਓ ਗੋਲੀ, ਜੋ ਤੁਹਾਡੀ ਕਾਇਆ ਗੋਲਕ ਦਏ ਭਰਾਈਆ । ਜਿਸ ਨੇ ਸਚ ਦੀ ਹੱਟੀ ਖੋਲ੍ਹੀ, ਹਟਵਾਣਾ ਬਣਿਆ ਧੁਰ ਦਾ ਮਾਹੀਆ । ਨਾਰਦ ਕਹੇ ਉਹ ਬੜਾ ਪੱਕਾ ਉਸ ਨੇ ਛੇਤੀ ਆਪਣੀ ਗੰਢ ਕਦੇ ਨਹੀਂ ਖੋਲ੍ਹੀ, ਸ਼ੂਮਾਂ ਦਾ ਸ਼ੂਮ ਨਜ਼ਰੀ ਆਈਆ । ਉਹ ਠੂੰਗੇ ਮਾਰ ਕੇ ਤੋਲਦਾ ਰਿਹਾ ਤੋਲੀ, ਇਸ ਕਰਕੇ ਕੋਟਾਂ ਵਿਚੋਂ ਕੋਈ ਵਿਰਲਾ ਭਗਤ ਸੁਹੇਲਾ ਮਿਲਣ ਆਈਆ । ਪਰ ਨਾਰਦ ਕਹੇ ਮੈਂ ਸਚ ਦੱਸਾਂ ਜਦੋਂ ਕਿਰਪਾ ਕਰੇ ਭਗਤਾਂ ਨਾਲ ਪ੍ਰੇਮ ਦੀ ਖੇਲੇ ਹੋਲੀ, ਰੰਗ ਗੁਲਾਲਾ ਆਪ ਚੜ੍ਹਾਈਆ । ਮੈਂ ਜਦੋਂ ਜਦੋਂ ਜਦ ਤਕਾਂ ਆਪਣਿਆਂ ਪਿਆਰਿਆਂ ਦੀ ਚੁੱਕ ਕੇ ਡੋਲੀ, ਬਣ ਕ਼ੁਹਾਰ ਧੁਰ ਦਾ ਯਾਰ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਂਈਆ । ਨਾਰਦ


੨੨੯
੨੪

੨੩੦ ੨੪

ਕਹੇ ਜਨ ਭਗਤੋ ਸਭ ਤੋਂ ਪਹਿਲਾਂ ਮੰਗੀਏ ਦਾਲ ਰੋਟੀ, ਦਰ ਠਾਂਢੇ ਮੰਗ ਮੰਗਾਈਆ । ਜਿਸ ਖਾਧਿਆਂ ਅੰਦਰੋਂ ਨੀਤ ਰਹੇ ਨਾ ਖੋਟੀ, ਦੁਰਮਤ ਮੈਲ ਧੁਆਈਆ । ਝਟ ਆਪਣੀ ਮੰਜ਼ਲ ਚੜ੍ਹਾ ਲੈ ਚੋਟੀ, ਚੋਟੇ ਮਨ ਦਾ ਡੇਰਾ ਢਾਹੀਆ । ਫੇਰ ਦਰਸ਼ਨ ਕਰਾ ਦੇ ਆਪਣੀ ਜੋਤੀ, ਜੋਤੀ ਦਾ ਜਾਤਾ ਨਜ਼ਰੀ ਆਈਆ । ਭਗਤ ਕਹਿਣ ਪ੍ਰਭ ਅਸੀਂ ਤੇਰੇ ਗੋਤੀ, ਗੌਤਮ ਦਾ ਲਿਖਿਆ ਦੇਣ ਵਖਾਈਆ । ਜਿਸ ਨੇ ਕਿਹਾ ਸੀ ਨਰ ਨਿਰੰਕਾਰਾ ਜਦੋਂ ਚਾਹਵੇ ਮਿੱਟੀ ਖ਼ਾਕ ਤੋਂ ਬਣਾ ਦੇਵੇ ਮਾਣਕ ਮੋਤੀ, ਅਨਮੁਲੜੇ ਹੀਰੇ ਆਪਣੇ ਵਿਚੋਂ ਪਰਗਟਾਈਆ । ਬੇਸ਼ਕ ਉਸ ਨੂੰ ਯਾਦ ਕਰਦੇ ਕੋਟਨ ਕੋਟੀ, ਅਣਗਿਣਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਖਿਲਾਈਆ । ਨਾਰਦ ਕਹੇ ਜਨ ਭਗਤੋ ਮੈਂ ਤੁਹਾਨੂੰ ਪੁਰਾਣੀ ਸੁਣਾਵਾਂ ਕਥਾ, ਕਹਾਣੀ ਜਗਤ ਵਾਲੀ ਜਣਾਈਆ । ਪ੍ਰਭ ਨੂੰ ਮਿਲਣ ਵਾਸਤੇ ਧਰਤੀ ਤੇ ਰਗੜਦੇ ਮੱਥਾ, ਪੱਥਰਾਂ ਨੂੰ ਸੀਸ ਨਿਵਾਈਆ । ਜਲ ਧਾਰਾਂ ਕਰਦੇ ਨਾਲ ਹੱਥਾਂ, ਨੇਤਰ ਨੈਣਾਂ ਅੱਖ ਛੁਹਾਈਆ । ਵਾਚਕ ਬਣ ਕੇ ਸੁਣਾਉਂਦੇ ਕਥਾ, ਸਿਫ਼ਤਾਂ ਨਾਲ ਸਿਫ਼ਤ ਸਾਲਾਹੀਆ । ਪਰ ਸਚ ਪੁਛੋ ਜਿੰਨਾਂ ਚਿਰ ਪ੍ਰਭੂ ਦੇ ਪਿਆਰ ਵਿਚ ਸੱਥਰ ਨਾ ਹੋਵੇ ਲੱਥਾ, ਯਾਰੜਾ ਸੇਜ ਨਾ ਰੰਗ ਰੰਗਾਈਆ । ਓਨਾਂ ਚਿਰ ਉਹ ਬੇਪਰਵਾਹ ਨਹੀਂ ਆਉਂਦਾ ਨਠਾ, ਭੱਜੇ ਵਾਹੋ ਦਾਹੀਆ । ਨਾਰਦ ਕਹੇ ਭਗਤੋ ਸ਼ੁਕਰ ਕਰੋ ਤੁਹਾਡਾ ਲੇਖਾ ਮੁਕਾਇਆ ਇਕੱਠਾ, ਦੂਰ ਦੁਰਾਡਿਉਂ ਇਕੋ ਵਾਰ ਤਰਾਈਆ । ਉਸ ਦਾ ਪਿਛਲਾ ਹਿਸਾਬ ਬੜਾ ਮਠਾ, ਹੌਲੀ ਹੌਲੀ ਜੁਗ ਜੁਗ ਭਗਤਾਂ ਨਾਲ ਕਰੇ ਸਲਾਹੀਆ । ਪਰ ਯਾਦ ਰਖਿਓ ਭਗਤਾਂ ਨੂੰ ਸਦਾ ਜਗਤ ਜਹਾਨ ਨੇ ਕੀਤਾ ਠੱਠਾ, ਮਖ਼ੌਲ ਸਾਰੇ ਰਹੇ ਉਡਾਈਆ । ਨੌ ਵਾਰ ਕਬੀਰ ਨੇ ਸਿਰ ਵਿਚ ਪਾਇਆ ਘੱਟਾ, ਚਮਿਆਰ ਨੂੰ ਠੋਕਰਾਂ ਨਾਲ ਉਠਾਈਆ । ਲੈ ਓਏ ਰਵੀਦਾਸਿਆ ਟਕਾ, ਪਾਨਹੇ ਗੰਢਣ ਵਾਲਿਆ ਤੇਰੀ ਕੀ ਵਡਿਆਈਆ । ਉਸ ਇਕ ਦਿਨ ਹਸ ਕੇ ਆਪਣੀ ਰੰਬੀ ਨਾਲ ਤਿੰਨ ਲਾਏ ਟੱਪਾ, ਚੰਮ ਚੀਰ ਚੀਰ ਚੀਰ ਕੇ ਦਿਤਾ ਵਖਾਈਆ । ਓਸ ਚਾਰੋਂ ਤਰਫ਼ ਫੇਰ ਵੇਖਿਆ ਉਫ਼ ਉਫ਼ ਮੇਰੇ ਪ੍ਰਭੂ ਨੇ ਦੁਨੀਆ ਨੂੰ ਦੁਨੀਆ ਨਾਲ ਕਰ ਦੇਣਾ ਬਟਾ, ਜ਼ੀਰੋ ਦਾ ਜ਼ੀਰੋ ਅੰਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਭਗਤੋ ਮੰਗਣ ਲਈ ਭੱਜੋ, ਭਜਨ ਬੰਦਗੀ ਵਾਲਿਆਂ ਦਿਆਂ ਸੁਣਾਈਆ । ਪ੍ਰਭ ਦਾ ਲੇਖਾ ਵੇਖੋ ਕਿਸ ਬਿਧ ਮੁਕਦਾ ਅੱਜੋ, ਅਜ਼ਲ ਤੋਂ ਸਾਰੇ ਲਏ ਬਚਾਈਆ । ਨਾਰਦ ਕਹੇ ਹਿਰਦੇ ਪਿਆਰ ਵਿਚ ਸੱਜੋ, ਸੱਜਣੋ ਮੇਲ ਮਿਲਿਆ ਧੁਰ ਦੇ ਮਾਹੀਆ । ਬਿਨਾ ਅੱਖੀਆਂ ਤੋਂ ਅੱਖੀਆਂ ਵਾਲਿਓ ਦਰਸ਼ਨ ਕਰ ਕਰ ਰੱਜੋ, ਨੇਤਰ ਨੈਣ ਨੈਣ ਬਿਘਸਾਈਆ । ਆਪਣੇ ਕੂੜ ਵਿਕਾਰ ਦਾ ਪੜਦਾ ਕੱਜੋ, ਸੀਸ ਚਰਨਾਂ ਉਤੇ ਟਿਕਾਈਆ । ਨਾ ਕੋਈ ਜਗਤ ਸ਼ਰਅ ਰਹੇ ਨਾ ਲੱਜੋ, ਮਿਹਰਵਾਨ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਨੂੰ ਐਂ ਦਿਸਿਆ ਮੰਗਣ ਵਾਸਤੇ ਇਕੱਠਾ ਹੋਇਆ ਜੰਮੂ ਮਾਲਵਾ ਮਾਝਾ ਨਾਲ ਦੁਆਬਾ, ਸੋਹਣਾ ਜੋੜ ਜੁੜਾਈਆ । ਸਲਾਹ ਕੀਤੀ ਅੱਜ ਸਤਿਗੁਰ ਨੂੰ ਮਾਰੋ ਦਾਬਾ, ਦਬ ਦਬਾ ਆਪਣਾ ਰਹੇ ਵਖਾਈਆ । ਜਿਵੇਂ ਰਾਮ ਕ੍ਰਿਸ਼ਨ ਤੋਂ ਫੇਰ ਭਾਗ ਲੱਗਾ ਵਿਚ ਕਾਅਬਾ, ਕਾਅਬਿਆਂ ਤੋਂ ਪਰੇ ਸਤਿਗੁਰ ਨਾਨਕ ਦਿਤਾ ਪ੍ਰਗਟਾਈਆ । ਨਾਨਕ ਤੋਂ ਬਾਦ ਬਣ ਕੇ ਗੋਬਿੰਦ ਵਾਲਾ ਬਾਜ਼ਾ, ਬਾਜ਼ੀ ਦੀਨ ਦੁਨੀ ਉਲਟਾਈਆ । ਨਾਰਦ ਕਹੇ ਭਗਤੋਂ ਇਹਦਾ ਇਹੋ ਰਿਵਾਜਾ, ਜੁਗ ਜੁਗ ਆਪਣੀ

ਖੇਲ ਖਿਲਾਈਆ । ਜਦੋਂ ਦਿਲ ਚਾਹੇ ਭਗਤਾਂ ਦਾ ਉਹਨਾਂ ਦੇ ਅੰਦਰੋਂ ਆਪਣਾ ਵਜਾ ਦੇਵੇ ਵਾਜਾ, ਵਜਹ ਸਮਝ ਕੋਇ ਨਾ ਪਾਈਆ । ਏਸੇ ਕਰਕੇ ਸਤਿਗੁਰ ਨਾਨਕ ਤੰਦ ਸਿਤਾਰ ਹਿਲਾਈ ਰਬਾਬਾ, ਦੀਨ ਦੁਨੀ ਤੋਂ ਬਾਹਰ ਪੜ੍ਹਾਈਆ । ਉਹ ਮਿਤਰਾਂ ਦਾ ਮਿਤਰ ਪਿਆਰਾ ਅਹਿਬਾਬਾ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਅੰਤਮ ਆਉਣਾ ਵਿਚ ਪੰਜ ਆਬਾ, ਪੰਜਾਂ ਤਤਾਂ ਦਾ ਲੇਖਾ ਦਏ ਚੁਕਾਈਆ । ਜਿਸ ਦਾ ਲੇਖਾ ਲਿਖਿਆ ਨਾਲ ਮਾਈ ਹਵਾ ਤੇ ਆਦਮ ਬਾਬਾ, ਉਹ ਬਾਬਲ ਬੇਪਰਵਾਹੀਆ । ਜਿਸ ਨੂੰ ਹਜ਼ਰਤਾਂ ਮੰਨਿਆ ਅਮਾਮ ਧੁਰ ਦਾ ਨਵਾਬਾ, ਉਹ ਨੂਰ ਨੁਰਾਨਾ ਨੂਰ ਅਲਾਹੀਆ । ਉਸ ਵਿਚ ਇਕ ਨਵਾਂ ਹੋਣਾ ਵਾਧਾ, ਵਦੀ ਸੁਦੀ ਤੋਂ ਬਾਹਰ ਦੇਣਾ ਵਖਾਈਆ । ਇਕ ਨਵਾਂ ਬਗ਼ੀਚਾ ਲਗਾਉਣਾ ਬਾਗ਼ਾ, ਬਾਗ਼ਬਾਨ ਆਪ ਹੋ ਜਾਈਆ । ਫੇਰ ਦੀਪਕ ਜੋਤ ਜਗਾ ਚਰਾਗ਼ਾ, ਬੂਟੇ ਬੂਟੇ ਕਰੇ ਰੁਸ਼ਨਾਈਆ । ਦੁਨੀਆ ਤੋਂ ਹੋ ਕੇ ਅਲਹਿਦਾ, ਵਖਰੀ ਵੰਡ ਵੰਡਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਦਾ ਪੂਰਾ ਕਰੇ ਮੁਆਹਦਾ, ਪੇਸ਼ੀਨਗੋਈਆਂ ਸੰਗ ਰਖਾਈਆ । ਨਾਰਦ ਕਹੇ ਸਭ ਨੂੰ ਕਿਹਾ ਉਸ ਕੋਲੋਂ ਬਿਨਾ ਭਗਤਾਂ ਤੋਂ ਹੋਣਾ ਨਹੀਂ ਕਿਸੇ ਨੂੰ ਫ਼ਾਇਦਾ, ਨੁਕ਼ਸਾਨ ਦੀਨ ਦੁਨੀ ਨਜ਼ਰੀ ਆਈਆ । ਨਾਰਦ ਕਹੇ ਉਹ ਸਭ ਦਾ ਲੈਣ ਵਾਲਾ ਜਾਇਜ਼ਾ, ਜਾਇਜ਼ ਆਪਣਾ ਹੁਕਮ ਸੁਣਾਈਆ । ਪਰ ਮੈਨੂੰ ਇਕ ਗੱਲ ਯਾਦ ਆਈ ਬਾਵਨ ਆਖਿਆ ਜਿਸ ਵੇਲੇ ਕਲਜੁਗ ਅੰਤ ਹੋਣਾ ਦੀਨ ਦੁਨੀਆ ਵਿਚ ਕੂੜ ਕਿਰਿਆ ਦਾ ਫੈਲੇਗਾ ਹੈਜ਼ਾ, ਘਰ ਘਰ ਘਰ ਕੁਰਲਾਈਆ । ਫੇਰ ਮੇਰਾ ਮਿਹਰਵਾਨ ਬਿਨਾ ਜਨਣੀ ਤੋਂ ਹੋਵੇਗਾ ਪੈਦਾ, ਜਿਸ ਦੀ ਪੈਦਾਇਸ਼ ਸਮਝ ਕੋਇ ਨਾ ਪਾਈਆ ।

ਉਸ ਦਾ ਨਵਾਂ ਕਾਨੂਨ ਨਵਾਂ ਹੋਵੇਗਾ ਕ਼ਾਇਦਾ, ਨਵੀਂ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ
੨੩੧

ਸਾਚਾ ਵਰ, ਸਚ ਦਾ ਸੰਗੀ ਇਕ ਅਖਵਾਈਆ । ਨਾਰਦ ਕਹੇ ਭਗਤੋ ਮੰਗਣ ਨੂੰ ਦੱਸੋ ਕੀ ਜੀਅ ਕਰਦਾ, ਕ਼ਸਮ ਨਾਲ ਇਕੋ ਵਾਰ ਸੁਣਾਈਆ ।
੨੪
ਮੈਂ ਤੇ ਉਸ ਪ੍ਰਭੂ ਦਾ ਬਰਦਾ, ਜੋ ਬੰਦੀਖ਼ਾਨਿਉਂ ਬਾਹਰ ਕਢਾਈਆ । ਜੋ ਮਾਲਕ ਸਾਚੇ ਘਰ ਦਾ, ਘਰ ਘਰ ਅੰਦਰ ਬੈਠਾ ਡੇਰਾ ਲਾਈਆ । ਜਿਸ ਦਾ ਲਹਿਣਾ ਦੇਣਾ ਚੋਟੀ ਜੜ੍ਹ ਦਾ, ਅਸਬੂਲ ਦਾ ਮੂਲ ਮੁਕਾਈਆ । ਹਿਸਾਬ ਜਾਣੇ ਹੰਕਾਰੀ ਗੜ੍ਹ ਦਾ, ਗ੍ਰਹਿ ਮੰਦਰਾਂ ਫੋਲ ਫੁਲਾਈਆ । ਭੈ ਵਿਚ ਕਦੇ ਨਹੀਂ ਡਰਦਾ, ਭਉ ਸਭ ਦੇ ਸਿਰ ਰਖਾਈਆ । ਮੈਂ ਉਸ ਦਾ ਲੜ ਫੜਦਾ, ਜੋ ਕੰਨੀ ਜਗਤ ਜੁਗ ਨਾ ਕਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਦਇਆ ਕਮਾਈਆ । ਨਾਰਦ ਕਹੇ ਭਗਤੋ ਪ੍ਰਭ ਨੂੰ ਆਖੀਏ ਸਾਡੇ ਨਾ ਕਢਾ ਤਰਲੇ, ਤ੍ਰੈਲੋਕੀ ਨਾਥਾਂ ਦਿਆਂ ਮਾਲਕਾ ਤ੍ਰੈਗੁਣ ਦਾ ਲੇਖਾ ਦੇ ਮੁਕਾਈਆ । ਅਸੀਂ ਤੇਰੇ ਤੂੰ ਸਾਨੂੰ ਹੁਣ ਵਰ ਲੈ, ਵਰਲਾਪ ਕਰਕੇ ਤੈਨੂੰ ਦੇਈਏ ਸੁਣਾਈਆ । ਸਖ਼ੀਆਂ ਦੇ ਮਾਲਕ ਸਾਡਾ ਅੰਤਰ ਹਰ ਲੈ, ਆਪ ਆਪਣਾ ਜੋੜ ਜੁੜਾਈਆ । ਦੀਨ ਦੁਨੀ ਦਾ ਸਾਡਾ ਲਾਹ ਡਰ ਲੈ, ਭੈ ਸਿਰ ਨਾ ਕੋਇ ਜਣਾਈਆ । ਜੋ ਕਰਨੀ ਸਾਡੇ ਨਾਲ ਕਰ ਲੈ, ਭਾਵੇਂ ਦੁਖ ਭੁਖ ਨਾਲ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਨਾਰਦ ਕਹੇ ਭਗਤੋ ਮੇਰੇ ਅੰਦਰ ਆ ਗਈ ਅਵਾਜ਼, ਸਭ ਨੂੰ ਦਿਆਂ ਸੁਣਾਈਆ । ਪਰਮ ਪੁਰਖ ਖੋਲ੍ਹ ਕੇ ਰਾਜ਼, ਪਰਦਾ ਦਿਤਾ ਉਠਾਈਆ । ਤੁਹਾਡਾ ਲੇਖਾ ਰਿਹਾ ਨਾ ਨਾਲ ਰੋਜ਼ਾ ਨਿਮਾਜ਼, ਗਾਇਤਰੀ ਮੰਤਰ ਨਾ ਕੋਇ ਪੜ੍ਹਾਈਆ । ਨਵੀਂ ਸਾਜਣਾ ਦਿਤੀ ਸਾਜ, ਸਾਜਣ ਹੋ ਕੇ ਵੇਖ ਵਖਾਈਆ । ਕਿਰਪਾ ਕਰੇ ਗ਼ਰੀਬ ਨਿਵਾਜ਼, ਮਿਹਰਵਾਨ ਸਿਰ ਆਪਣਾ

ਹੱਥ ਟਿਕਾਈਆ । ਤੁਹਾਡੀਆਂ ਮੰਗਾਂ ਪੂਰੀਆਂ ਕਰੇ ਜੋ ਮੰਗੀਆਂ ਆਜ, ਆਜਜ਼ ਹੋ ਕੇ ਤੁਹਾਡੀ ਸੇਵ ਕਮਾਈਆ । ਤੁਹਾਡਾ ਸਭ ਤੋਂ ਉਤਮ ਬਣਾਏ ਸਮਾਜ, ਸਮਗਰੀ ਨਾਮ ਵਾਲੀ ਵਰਤਾਈਆ । ਤੁਹਾਨੂੰ ਉਡ ਉਡ ਵੇਖੇ ਸਤਿਗੁਰ ਸ਼ਬਦ ਗੋਬਿੰਦ ਦਾ ਬਾਜ਼, ਬਾਜ਼ਾਂ ਵਾਲਾ ਖੇਲ ਖਿਲਾਈਆ । ਜਿਸ ਦਾ ਇਸ਼ਾਰਾ ਦਿਤਾ ਵੇਦ ਵਿਆਸੇ ਬ੍ਰਾਹਮਣ ਗੌੜਾ ਸੰਬਲ ਨਗਰੀ ਸੁਹਾਏ ਦੇਸ ਮਾਝ, ਮਜਲਸ ਭਗਤਾਂ ਨਾਲ ਰਖਾਈਆ । ਬ੍ਰਹਮੇ ਨੂੰ ਨਾਭੀ ਵਿਚੋਂ ਆਈ ਆਵਾਜ਼, ਕਵਲ ਕਵਲ ਕਵਲ ਉਲਟਾਈਆ । ਸ਼ੰਕਰ ਦੀ ਖੁਲ੍ਹ ਗਈ ਜਾਗ, ਨੇਤਰ ਨੈਣ ਰਿਹਾ ਉਠਾਈਆ । ਵਿਸ਼ਨੂੰ ਰਿਹਾ ਭਾਜ, ਭੱਜੇ ਵਾਹੋ ਦਾਹੀਆ । ਜਦੋਂ ਤਕੀਏ ਅਵਤਾਰ ਪੈਗ਼ੰਬਰ ਗੁਰ ਕਹਿਣ ਕੌਣ ਭਗਤਾਂ ਦੀ ਰਖੇ ਲਾਜ, ਸਿਰ ਸਿਰ ਆਪਣਾ ਹੱਥ ਟਿਕਾਈਆ । ਦੀਨ ਦੁਨੀ ਵਿਚ ਸਵਾਰੇ ਕਾਜ, ਕਰਨੀ ਦਾ ਕਰਤਾ ਹੋਏ ਸਹਾਈਆ । ਜੋ ਆਤਮ ਸੇਜਾ ਜਾਏ ਬਿਰਾਜ, ਸੁਖਆਸਣ ਸੋਭਾ ਪਾਈਆ । ਨਾਰਦ ਕਹੇ ਜਨ ਭਗਤੋ ਤੁਸੀਂ ਏਥੇ ਓਥੇ ਦੋ ਜਹਾਨਾਂ ਵਿਚ ਫਿਰਨਾ ਨਾਲ ਮਜਾਜ਼, ਆਕੜ ਨਾਲ ਚਲਣਾ ਚਾਈਂ ਚਾਈਂਆ । ਛਾਤੀ ਤੇ ਹੱਥ ਮਾਰ ਕੇ ਕਹਿਣਾ ਸਾਡੇ ਸਾਹਿਬ ਦੇ ਸੀਸ ਤੇ ਤਾਜ, ਜਿਸ ਤਾਜਾਂ ਵਾਲੇ ਦੇਣੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਜਨ ਭਗਤੋ ਪ੍ਰਭ ਤੋਂ ਲਈਏ ਛੁੱਟੀਆਂ, ਛੁੱਟੀ ਪ੍ਰੇਮ ਵਿਚ ਸਮਾਈਆ । ਸਾਡੀਆਂ ਪੂਰੀਆਂ ਕਰੇ ਤਰੁਟੀਆਂ, ਤ੍ਰੈਗੁਣ ਅਤੀਤਾ ਦਇਆ ਕਮਾਈਆ । ਸਾਡੇ ਅੰਦਰ ਅਗਲੇ ਛੱਬੀ ਪੋਹ ਨੂੰ ਸ਼ਾਖ਼ਾਂ ਨਵੀਆਂ ਹੋਣ ਫੁਟੀਆਂ, ਨਵੇਂ ਤੋਂ ਨਵਾਂ ਰੂਪ ਬਦਲਾਈਆ । ਸਾਡੀਆਂ ਖ਼ਾਹਿਸ਼ਾਂ ਜਗਤ ਜਹਾਨ ਨਾਲੋਂ ਹੋਣ ਟੁੱਟੀਆਂ, ਪ੍ਰਭ ਦੀ ਸਰਨ ਮਿਲੇ ਸਰਨਾਈਆ । ਨਾਲੇ ਖ਼ੁਸ਼ੀਆਂ ਮਨਾਈਆਂ ਜਦੋਂ ਸਤਿਗੁਰ ਮਿਲੇ ਸਾਨੂੰ ਸਾਡੀ ਕਾਇਆ ਵਿਚ ਕੁਟੀਆ, ਕੁਟਲਤਾ ਅੰਦਰੋਂ ਬਾਹਰ ਕਢਾਈਆ । ਫੇਰ ਅਸੀਂ ਕਹਾਵਾਂਗੀਆਂ ਅਸੀਂ ਨਹੀਂ ਜਾਣਾ ਲੁੱਟੀਆਂ, ਲੋਟੇ ਫੜਨ ਵਾਲਿਓ ਤੁਹਾਡੇ ਘਰ ਘਰ ਪਏ ਦੁਹਾਈਆ । ਨਾਲੇ ਹਸ ਕੇ ਕਹੋ ਵੇਖੋ ਸਾਡਾ ਸਾਹਿਬ ਸਾਡੀਆਂ ਕਰਨ ਆਇਆ ਬੁਤੀਆਂ, ਬੁਤਖ਼ਾਨਿਆਂ ਕਰੇ ਸਫ਼ਾਈਆ । ਜਿਸ ਦੀਆਂ ਘਰ ਘਰ ਫਿਰਦੇ ਦੀਆਂ ਘਸ ਗਈਆਂ ਜੁੱਤੀਆਂ, ਜੋਤੀ ਦਾ ਜਾਤਾ ਆਪਣਾ ਰੰਗ ਰੰਗਾਈਆ । ਭਗਤਾਂ ਦੀਆਂ ਰੂਹਾਂ ਰਹਿਣ ਨਾ ਸੁਤੀਆਂ, ਸੁੱਤਿਆਂ ਲਏ ਉਠਾਈਆ । ਨਾਰਦ ਕਹੇ ਜਨ ਭਗਤੋ ਤੁਹਾਨੂੰ ਮਿਲ ਗਈਆਂ ਮੰਜ਼ਲਾਂ ਉਚੀਆਂ, ਥਿਰ ਘਰ ਬਹਿ ਕੇ ਸਚਖੰਡ ਨਿਵਾਸੀ ਦਾ ਦਰਸ਼ਨ ਪਾਈਆ । ਤੁਹਾਡੀਆਂ ਅੰਦਰੋਂ ਧਾਰਾਂ ਹੋ ਗਈਆਂ ਸੁੱਚੀਆਂ, ਸੰਜਮ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਨਾਰਦ ਕਹੇ ਜਨ ਭਗਤੋ ਸਾਰੇ ਹੋ ਗਏ ਮੰਗਤੇ, ਮੰਗਣ ਦੀ ਖ਼ੁਸ਼ੀ ਬਣਾਈਆ । ਇਕ ਬਚਨ ਸੁਣ ਲਉ ਸੰਗਤੇ, ਸਹਿਜ ਨਾਲ ਨਾਰਦ ਸਮਝਾਈਆ । ਅਸੀਂ ਰੂਪ ਹਾਂ ਬ੍ਰਹਮ ਦੇ, ਪਾਰਬ੍ਰਹਮ ਵਡਿਆਈਆ । ਅਸੀਂ ਪਿਆਰੇ ਇਕੋ ਧਰਮ ਦੇ, ਦੂਸਰ ਵੰਡ ਨਾ ਕੋਇ ਵੰਡਾਈਆ । ਅਸੀਂ ਸਦਾ ਸਦਾ ਸਦਾ ਪ੍ਰਭੂ ਦੇ ਘਰ ਜਨਮਦੇ, ਫੇਰ ਆਤਮਾ ਪ੍ਰਭ ਦੇ ਵਿਚ ਮਿਲਾਈਆ । ਚੁਰਾਸੀ ਵਿਚ ਕਦੇ ਨਹੀਂ ਭਰਮਦੇ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਨਾ ਸੰਗ ਰਖਾਈਆ । ਅਸੀਂ ਰੂਪ ਅਗੰਮੇ ਬ੍ਰਹਮ ਦੇ, ਪਾਰਬ੍ਰਹਮ ਰੰਗ ਰੰਗਾਈਆ । ਸਾਡੇ ਲੇਖੇ ਮੁਕ ਗਏ ਪਿਛਲੇ ਕਰਮ ਦੇ, ਕਰਮ ਕਾਂਡ ਦਾ ਡੇਰਾ ਢਾਹੀਆ । ਵਣਜਾਰੇ ਰਹੇ ਨਹੀਂ ਜ਼ਾਤ ਪਾਤ ਵਰਨ ਦੇ, ਬਰਨਾਂ ਦਾ ਪੰਧ ਦਿਤਾ ਮੁਕਾਈਆ । ਅਸੀਂ ਸਹਾਰੇ ਤਕ ਲਏ ਇਕੋ ਪੂਰਨ ਦੀ ਸਰਨ ਦੇ, ਸਰਨਗਤ ਇਕੋ ਇਕ ਜਣਾਈਆ ।


੨੩੨
੨੪

ਸਾਨੂੰ ਮਾਰਗ ਮਿਲ ਗਏ ਸਚਖੰਡ ਮੰਜ਼ਲ ਚੜ੍ਹਨ ਦੇ, ਦਰਗਾਹ ਸਾਚੀ ਜਾਈਏ ਚਾਈਂ ਚਾਈਂਆ । ਸਾਡੇ ਕੋਲ ਹੁਕਮਨਾਮੇ ਥਿਰ ਘਰ ਵੜਨ ਦੇ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਮੇਰਾ ਸ਼ਬਦੀ ਧਾਰ ਪਿਆਰ, ਪ੍ਰੇਮ ਵਿਚ ਸਰਨਾਈਆ । ਭਗਤ ਵਛਲ ਬਣ ਗਿਰਧਾਰ, ਦੇਵਾਂ ਮਾਣ ਵਡਿਆਈਆ । ਜੋ ਜਨ ਆਏ ਭਗਤ ਦੁਆਰ, ਆਪਣਾ ਪੰਧ ਮੁਕਾਈਆ । ਉਸ ਬੰਸ ਸਰਬੰਸ ਸਾਰੇ ਦਿਤੇ ਤਾਰ, ਅਧਵਿਚਕਾਰ ਨਾ ਕੋਇ ਅਟਕਾਈਆ । ਖ਼ੁਸ਼ੀਆਂ ਨਾਲ ਜਾਣਗੇ ਸਚਖੰਡ ਸਚੇ ਦਰਬਾਰ, ਜਿਥੇ ਮਿਲੇ ਧੁਰ ਦਾ ਮਾਹੀਆ । ਉਸ ਨੂੰ ਜਨ ਭਗਤੋ ਸਾਰੇ ਇਕੋ ਵਾਰ ਕਰ ਦਿਉ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਫੇਰ ਬੋਲਣਗੇ ਇੱਕੀ ਜੈਕਾਰ, ਖ਼ੁਸ਼ੀਆਂ ਢੋਲੇ ਗਾਈਆ । ਸਤਾਈ ਪੋਹ ਕਹੇ ਮੇਰਾ ਪੂਰਾ ਹੋਇਆ ਵਿਹਾਰ, ਵਿਵਹਾਰੀ ਦਿਤੀ ਵਡਿਆਈਆ । ਭਗਤੋ ਤੁਹਾਥੋਂ ਜਾਣਾ ਬਲਿਹਾਰ, ਬਲ ਬਲ ਆਪਣਾ ਆਪ ਕਰਾਈਆ । ਵੇਖਿਓ ਬਣਿਉ ਨਾ ਕੋਇ ਗ਼ਦਾਰ, ਪੱਲੂ ਜਗਤ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹੋ ਭੂਪ ਸਚੀ ਸਰਕਾਰ, ਸਰਕਾਰੇ ਆਅਲਾ ਖ਼ੁਦਾ ਤੁਆਲਾ ਇਕੋ ਇਕ ਨੂਰ ਅਲਾਹੀਆ ।



## ੨੮ ਪੋਹ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਸਵੇਰੇ ਸ਼ਾਦੀਆਂ ਸਮੇਂ

੨੩੩ ੨੪

ਧਰਨੀ ਕਹੇ ਮੇਰੇ ਪੁਰਖ ਅਕਾਲੇ ਰੱਬਾ, ਪਾਰਬ੍ਰਹਮ ਤੇਰੀ ਸਰਨਾਈਆ । ਤੇਰਾ ਨੂਰ ਜ਼ਹੂਰ ਇਕੋ ਲੱਭਾ, ਲੋਭ ਲਾਲਚ ਤੋਂ ਬਾਹਰ ਤੇਰੀ ਸਰਨਾਈਆ । ਮੇਰੀ ਆਸ਼ਾ ਪੂਰੀ ਕਰ ਦੇ ਹੱਬਾ, ਪੂਰਨ ਸਤਿਗੁਰ ਤੇਰੀ ਓਟ ਤਕਾਈਆ । ਸਚ ਧਰਮ ਦੀ ਸਚ ਪਰਗਟਾ ਦੇ ਸਭਾ, ਸੋਭਾਵੰਤ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਮਾਨਵ ਜ਼ਾਤੀ ਬਦਲ ਦੇ ਸ਼ਰਅ, ਅਸੂਲ ਆਪਣਾ ਇਕ ਸਮਝਾਈਆ । ਮੇਰੇ ਉਤੇ ਖ਼ੁਸ਼ੀਆਂ ਵਾਲਾ ਸ਼ਹਿਨਸ਼ਾਹੀ ਦਸਵਾਂ ਵਰ੍ਹਾ, ਵਾਰਸ ਹੋ ਕੇ ਵੇਖ ਵਖਾਈਆ । ਨੌ ਖੰਡ ਪ੍ਰਿਥਮੀ ਇਕ ਖੁਲ੍ਹਾਏ ਦਰਾ, ਦਰਵਾਜ਼ਾ ਗ਼ਰੀਬ ਨਿਵਾਜ਼ਾ ਇਕ ਸਮਝਾਈਆ । ਮੇਰੇ ਉਤੇ ਧਰਮ ਕਰ ਦੇ ਹਰਾ, ਕੂੜੀ ਕਿਰਿਆ ਪੰਧ ਮੁਕਾਈਆ । ਸਭ ਨੂੰ ਇਕ ਵਖਾ ਦੇ ਘਰਾ, ਮਾਨਵ ਜ਼ਾਤੀ ਇਕੋ ਰੰਗ ਰੰਗਾਈਆ । ਮੈਂ ਤੇਰੀ ਸਰਨ ਸਰਨਾਈ ਪਰਾ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਸਮਝਾਈਆ । ਗੁਰ ਅਵਤਾਰ ਪੈਗ਼ੰਬਰਾਂ ਸ਼ਬਦ ਸੁਣਾ ਦੇ ਖਰਾ, ਖਾਲਸ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਕਿਸੇ ਦਾ ਰਹੇ ਮੂਲ ਨਾ ਡਰਾ, ਭੈ ਜਗਤ ਨਾ ਕੋਇ ਜਣਾਈਆ । ਜੋ ਖੇਲ ਅਨੋਖਾ ਦੀਨ ਦੁਨੀ ਵਿਚ ਕਰਾ, ਕਰਾਮਾਤ ਤੋਂ ਬਾਹਰ ਤੇਰੀ ਬੇਪਰਵਾਹੀਆ । ਨਿਗਾਹ ਮਾਰ ਲੈ ਜਗਤ ਜਹਾਨ ਜ਼ਰਾ, ਜ਼ੱਰਾ ਜ਼ੱਰਾ ਵੇਖ ਵਖਾਈਆ । ਜੁਗ ਬਦਲਨਾ ਜਿਸ ਤਰਹ, ਤਰੀਕਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰੇ ਉਤੇ ਬਦਲ ਸਮਾਜ, ਸਮਗਰੀ ਸਚ ਸਚ ਵਰਤਾਈਆ । ਮੇਰੀ ਆਸ਼ਾ ਭਰੀ ਆਵਾਜ਼, ਪ੍ਰੇਮ ਵਿਚ ਸੁਣਾਈਆ । ਤੇਰਾ ਧਰਮ ਦਾ ਤਕਾਂ

ਰਾਜ, ਰਈਅਤ ਦੀਨ ਦੁਨੀ ਤਕਾਂ ਚਾਈਂ ਚਾਈਂਆ । ਕੁਛ ਲੇਖਾ ਲਿਖ ਦੇ ਆਜ, ਆਜਜ਼ ਹੋ ਕੇ ਸੀਸ ਨਿਵਾਈਆ । ਤੇਰੇ ਧਰਮ ਦਾ ਚਲੇ ਜਹਾਜ਼, ਬੇੜਾ ਇਕੋ ਇਕ ਪਰਗਟਾਈਆ । ਜਨ ਭਗਤਾਂ ਰਖੀ ਲਾਜ, ਸਿਰ ਆਪਣਾ ਹੱਥ ਰਖਾਈਆ । ਦੀਨ ਦੁਨੀ ਦੀ ਅੰਦਰੋਂ ਬਦਲ ਮਿਜ਼ਾਜ, ਨਿਰੰਕਾਰ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਲੇਖਾ ਆਪ ਸਮਝਾਈਆ । ਧਰਨੀ ਕਹੇ ਪ੍ਰਭੂ ਮੇਰਾ ਧੌਲਾ ਹੋ ਗਿਆ ਝਾਟਾ, ਜੁਗ ਚੌਕੜੀ ਪੰਧ ਮੁਕਾਈਆ । ਮੇਰੀ ਮੁਕੀ ਅਜੇ ਨਾ ਵਾਟਾ, ਦੀਨਾਂ ਮਜ਼੍ਹਬਾਂ ਵੇਖਾਂ ਥਾਉਂ ਥਾਈਂਆ । ਮੇਰਾ ਕਾਇਆ ਚੀਥੜ ਪਾਟਾ, ਲੀਰੋ ਲੀਰ ਵੇਖਾਂ ਖ਼ਲਕ ਖ਼ੁਦਾਈਆ । ਕਿਸੇ ਹੱਥ ਨਾ ਆਵੇ ਗੋਬਿੰਦ ਅੰਮ੍ਰਿਤ ਬਾਟਾ, ਅੰਮਿਉਂ ਰਸ ਨਾ ਕੋਇ ਚੁਆਈਆ । ਸੁਹੰਜਣੀ ਹੋਏ ਕੋਇ ਨਾ ਖਾਟਾ, ਖਟੀਆ ਰੰਗ ਨਾ ਕੋਇ ਰੰਗਾਈਆ । ਖ਼ਾਲੀ ਦਿਸੇ ਕਾਇਆ ਮਾਟਾ, ਵਸਤ ਨਾਮ ਨਾ ਕੋਇ ਜਣਾਈਆ । ਲੇਖਾ ਦਿਸੇ ਨਾ ਦੇਵੀ ਵਾਲੀ ਲਾਟਾ, ਨੂਰ ਜੋਤ ਨਾ ਕੋਇ ਰੁਸ਼ਨਾਈਆ । ਗੁਰ ਅਵਤਾਰ ਪੈਗ਼ੰਬਰਾਂ ਜੋ ਸ਼ਬਦ ਗਾਇਆ ਬਣ ਕੇ ਭਾਟਾ, ਢੋਲੇ ਸੋਹਲੇ ਰਾਗਾਂ ਨਾਦਾਂ ਵਿਚ ਸੁਣਾਈਆ । ਮੇਰੇ ਪਰਮ ਪੁਰਖ ਪਰਮਾਤਮ ਮੇਰਾ ਪਿਛਲਾ ਲੇਖਾ ਦੇਣਾ ਕਾਟਾ, ਕਟਾਕਸ਼ ਆਪਣਾ ਨਾਮ ਦੇਣਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਧਰਨੀ ਕਹੇ ਪ੍ਰਭੂ ਮੇਰਾ ਲੇਖਾ ਤਕ ਲੋਕਮਾਤੀ, ਮਿਤਰ ਪਿਆਰੇ ਧਿਆਨ ਲਗਾਈਆ । ਝਗੜਾ ਵੇਖ ਲੈ ਜ਼ਾਤ ਪਾਤੀ, ਦੀਨ ਮਜ਼੍ਹਬ ਕਰੇ ਲੜਾਈਆ । ਸਚ ਸੰਦੇਸ਼ਾ ਦੇ ਦੇ ਧੁਰ ਦੀ ਪਾਤੀ, ਪਤ੍ਰਕਾ ਨਾਮ ਵਾਲੀ ਸਮਝਾਈਆ । ਜਿਹੜਾ ਸਮਾਜ ਵੰਡਿਆ ਬਹੁ ਬਿਧ ਭਾਂਤੀ, ਹਿੱਸੇ ਮਾਨਵ ਮਾਨਵ ਪਾਈਆ । ਅੰਤਮ ਉਨ੍ਹਾਂ ਪੁਛ ਬਾਤੀ, ਵਾਰਸ ਹੋ ਕੇ ਵੇਖ ਵਖਾਈਆ । ਆਸ਼ਾ ਕਿਸੇ ਦੀ ਰਹੇ ਨਾ ਨਾਰ ਕਮਜ਼ਾਤੀ, ਕੁਲਖਣੀ ਰੂਪ ਨਾ ਕੋਈ ਦਰਸਾਈਆ । ਸਭ ਦਾ ਸਮਾਂ ਕਰ ਪਰਭਾਤੀ, ਸੰਧਿਆ ਪੰਧ ਮੁਕਾਈਆ । ਮੇਰਾ ਸੀਨਾ ਠਾਂਢਾ ਕਰਦੇ ਛਾਤੀ, ਖਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਤੇਰੇ ਚਰਨ ਕਵਲ ਸ੍ਰਿਸ਼ਟੀ ਦ੍ਰਿਸ਼ਟੀ ਹੋਵੇ ਨਹਾਤੀ, ਜਲ ਧਾਰ ਨਾ ਕੋਇ ਚਤੁਰਾਈਆ । ਬਿਰਹੁ ਨਿਸ਼ਾਨੇ ਤੀਰ ਦੀ ਮਾਰ ਕਾਤੀ, ਕੁਦਰਤ ਦੇ ਕ਼ਾਦਰ ਦਇਆ ਕਮਾਈਆ । ਸਭ ਨੂੰ ਬਣਾ ਲੈ ਇਕ ਜਮਾਤੀ, ਇਕੋ ਅੱਖਰ ਪੜ੍ਹਾਈਆ । ਤੇਰਾ ਨਾਉਂ ਸ਼ਬਦ ਸਫ਼ਾਤੀ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਤੇਰਾ ਆਉਣਾ ਹੋਇਆ ਇਤਫ਼ਾਕੀ, ਭੇਵ ਕੋਇ ਨਾ ਪਾਈਆ । ਮੇਰੀ ਅੰਤਮ ਪੁਛ ਵਾਤੀ, ਵਤਨਾਂ ਦੇ ਮਾਲਕ ਦਇਆ ਕਮਾਈਆ । ਮੈਂ ਮਿੰਨਤਾਂ ਕਰਾਂ ਇਕਾਂਤੀ, ਇਕ ਇਕੱਲੀ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਧਰਨੀ ਕਹੇ ਪ੍ਰਭ ਮੈਂ ਖਾ ਕੇ ਕਹਾਂ ਕ਼ਸਮ, ਸੁਗੰਦੀਆਂ ਨਾਲ ਜਣਾਈਆ । ਮੇਰੀ ਲੇਖੇ ਲਾ ਲੈ ਭਸਮ, ਤਨ ਵਜੂਦ ਤੇਰੀ ਭੇਟ ਚੜ੍ਹਾਈਆ । ਮੇਰਾ ਲਹਿਣਾ ਤਕ ਲੈ ਨੂਰੀ ਚਸ਼ਮ, ਚਸ਼ਮੇ ਦੀਦ ਵੇਖ ਵਖਾਈਆ । ਸਭ ਨੂੰ ਇਕ ਜਣਾ ਦੇ ਇਸਮ, ਇਸਮ ਆਜ਼ਮ ਇਕ ਦਰਸਾਈਆ । ਤੂੰ ਹੀ ਰਾਮ ਤੂੰ ਹੀ ਕ੍ਰਿਸ਼ਨ, ਪੈਗ਼ੰਬਰ ਨਿਰਗੁਣ ਨੂਰ ਅਲਾਹੀਆ । ਗੁਰੂ ਗੁਰ ਧਾਰ ਤੇਰੀ ਦਿਸਣ, ਦੂਸਰ ਨਜ਼ਰ ਕੋਇ ਨਾ ਆਈਆ । ਨੌ ਖੰਡ ਪ੍ਰਿਥਮੀ ਬਣਾ ਲੈ ਸਿੱਖਣ, ਸਿਖਿਆ ਇਕ ਸਮਝਾਈਆ । ਪੰਜ ਪਿਆਰੇ ਪੰਜ ਲਿਖਾਰੇ ਧੁਰ ਦਾ ਲੇਖਾ ਲਿਖਣ, ਪੰਚ ਦਰਬਾਰੀ ਨਾਲ ਵਡਿਆਈਆ । ਲਹਿਣਾ ਰਹੇ ਨਾ ਪੱਥਰ ਇੱਟਣ, ਪਾਹਨਾਂ ਕਰ ਸਫ਼ਾਈਆ । ਸਭ ਦੇ ਮਨੂਏ ਤੇਰੇ ਚਰਨ ਟਿਕਣ, ਸੁਰਤੀ ਸ਼ਬਦ

ਨਾਲ ਮਿਲਾਈਆ । ਅੰਮ੍ਰਿਤ ਮੇਘ ਬਰਸ ਦੇ ਛਿੱਟਣ, ਬੂੰਦੀ ਬੂੰਦ ਆਪ ਟਪਕਾਈਆ । ਕੂੜੀ ਕਿਰਿਆ ਮੂਲ ਨਾ ਵਿਕਣ, ਵਿਕਾਰੇ ਹੱਟ ਕੋਇ
ਨਾ ਜਾਈਆ । ਤੂੰ ਸਾਹਿਬ ਸੁਆਮੀ ਨੀਕਨ ਨੀਕਨ, ਘਰ ਘਰ ਵੇਖਣਾ ਚਾਈ ਚਾਈਆ । ਮੇਰੀ ਛਾਤੀ ਫਾੜ ਕੇ ਵੇਖ ਲੈ ਹਿਕਣ, ਪਰਦਾ
ਪਰਦਿਆਂ ਵਿਚੋਂ ਉਠਾਈਆ । ਤੂੰ ਸੁਆਮੀ ਤੂੰ ਹੀ ਪਿਤਣ, ਪਿਤਾ ਪੁਰਖ ਅਕਾਲ ਅਖਵਾਈਆ । ਮੇਰੇ ਨਾਲ ਕਰ ਹਿੱਤਨ, ਪ੍ਰੇਮੀਓ ਪ੍ਰੇਮ ਲੈਣਾ
ਬਣਾਈਆ । ਜੇ ਜਗਤ ਜਹਾਨ ਦੀ ਧਾਰ ਆਇਉਂ ਜਿੱਤਣ, ਹਾਰ ਦਾ ਲੇਖਾ ਦੇਣਾ ਮੁਕਾਈਆ । ਜੀਵ ਜਹਾਨ ਤੇਰੀ ਚਰਨੀ ਲਿਟਣ, ਲਿਟਾਂ
ਵਾਲੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਇਕੋ ਮੰਗ ਮੰਗਾਈਆ ।
ਧਰਨੀ ਕਹੇ ਪ੍ਰਭੂ ਮੇਰਾ ਘਾੜਨ ਘੜ ਦੇ, ਘੜਨ ਭੰਨਣਹਾਰ ਤੇਰੀ ਸਰਨਾਈਆ । ਹੁਕਮ ਸੁਣਾ ਦੇ ਲਹਿੰਦੇ ਚੜ੍ਹਦੇ, ਦੱਖਣ ਪਹਾੜ ਵਜੇ ਵਧਾਈਆ ।
ਮੈਂ ਚਾਹੁੰਦੀ ਤੂੰ ਮੇਰਾ ਮੈਂ ਤੇਰਾ ਢੋਲਾ ਸਾਰੇ ਹੋਣ ਪੜ੍ਹਦੇ, ਸਿਫ਼ਤ ਸਿਫ਼ਤ ਸਲਾਹੀਆ । ਤੇਰੇ ਮੰਦਰ ਹੋਣ ਵੜਦੇ, ਦੂਜਾ ਘਰ ਨਾ ਕੋਇ ਰਖਾਈਆ ।
ਝਗੜੇ ਮੁਕਾ ਦੇ ਚੋਟੀ ਜੜ੍ਹ ਦੇ, ਜੜ੍ਹ ਚੇਤਨ ਦੇ ਸਮਝਾਈਆ । ਤੇਰੇ ਅਗੇ ਕੋਈ ਨਾ ਦਿਸਣ ਅੜਦੇ, ਸੀਸ ਜਗਦੀਸ਼ ਦੇਣਾ ਨਿਵਾਈਆ । ਤੇਰਾ
ਪੱਲੂ ਹੋਣ ਫੜਦੇ, ਲਾੜੀ ਰੂਪ ਦਿਸੇ ਖ਼ਲਕ ਖ਼ੁਦਾਈਆ । ਉਹ ਆਸ਼ਾ ਪੂਰੀ ਕਰ ਦੇ ਜੋ ਬੁੱਧ ਨੇ ਰਖੀ ਹੇਠਾਂ ਬੜ੍ਹ ਦੇ, ਬੁੱਧੀ ਤੋਂ ਬਾਹਰ ਧਿਆਨ
ਲਗਾਈਆ । ਨਾਤੇ ਤਕ ਲੈ ਸੀਸ ਧੜ ਦੇ, ਧੜੇ ਬਾਜ਼ਾ ਆਪਣਾ ਰੂਪ ਲੈ ਬਦਲਾਈਆ । ਦੁਨੀਦਾਰ ਵੇਖ ਲੈ ਹੜ੍ਹਦੇ, ਰੁੜ੍ਹਦੇ ਜਾਂਦੇ ਥਾਉਂ
੨੩੫ ਥਾਈਆ । ਹੁਣ ਮਿਹਰਵਾਨ ਹੋ ਕੇ ਕਢ ਦੇ, ਫੜ ਬਾਹੋਂ ਗਲੇ ਲਗਾਈਆ । ਦੀਨਾਂ ਮਜ਼੍ਹਬਾਂ ਬਣਾਉਣ ਵਾਲਿਆ ਆਪਣੀ ਆਦਤ ਛਡ ਦੇ, ਅਗੇ ੨੩੫
੨੪ ਵੰਡ ਨਾ ਕੋਇ ਵੰਡਾਈਆ । ਸਭ ਦੇ ਅੰਦਰੋਂ ਸ਼ਰਅ ਦੀ ਡੋਰੀ ਵਢ ਦੇ, ਵਢੀਖੋਰ ਰਹਿਣ ਕੋਇ ਨਾ ਪਾਈਆ । ਕਿਉਂ ਝਗੜੇ ਪਾਏ ਮਾਸ ਨਾੜੀ ੨੪
ਹਡ ਦੇ, ਤਤਾਂ ਰਿਹਾ ਲੜਾਈਆ । ਹੁਣ ਮੇਰੇ ਉਤੇ ਧਰਮ ਨਿਸ਼ਾਨਾ ਗੱਡ ਦੇ, ਸੋ ਪੁਰਖ ਨਿਰੰਜਣ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਪ੍ਰਭੂ ਮੈਨੂੰ ਦੇ ਦੇ ਆਪਣੇ ਹੁਕਮ ਦੀ
ਇਤਲਾਹ, ਸੰਦੇਸ਼ਾ ਸਚ ਜਣਾਈਆ । ਬਣ ਜਾ ਇਕ ਮਲਾਹ, ਬੇੜਾ ਲੈ ਉਠਾਈਆ । ਮੈਂ ਕਰਾਂ ਵਾਹ ਵਾਹ, ਵਾਹਵਾ ਤੇਰੇ ਹੱਥ ਵਡਿਆਈਆ ।
ਲਹਿਣਾ ਤਕ ਲੈ ਥਲ ਅਸਗਾਹ, ਜਲ ਥਲ ਮਹੀਅਲ ਖੋਜ ਖੁਜਾਈਆ । ਦੀਨ ਦੁਨੀ ਨਵਾਂ ਦੱਸ ਦੇ ਰਾਹ, ਮੇਰੇ ਰਹਿਬਰ ਬੇਪਰਵਾਹੀਆ । ਝਗੜਾ
ਮੁਕਾ ਦੇ ਸੂਰ ਗਾਂ, ਝਟਕਾ ਹਲਾਲੀ ਵੰਡ ਨਾ ਕੋਇ ਵੰਡਾਈਆ । ਹੰਸ ਬੁਧੀ ਬਣਾ ਲੈ ਕਾਂ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਮੈਨੂੰ ਧਰਮ
ਦੀ ਫੇਰ ਬਣਾ ਲੈ ਮਾਂ, ਨਿਮਾਣੀ ਹੋ ਕੇ ਵਾਸਤਾ ਪਾਈਆ । ਚਰਨ ਕਵਲ ਬਣਾ ਲੈ ਥਾਂ, ਥਾਨ ਥਨੰਤਰ ਇਕ ਸੁਹਾਈਆ । ਮੈਂ ਤੇਰਾ ਜਪਾਂ
ਨਾਂ, ਨਾਉਂ ਨਿਰੰਕਾਰ ਤੇਰੀ ਵਡਿਆਈਆ । ਸਚ ਸੁਹੰਜਣਾ ਕਰੀਂ ਗਰਾਂ, ਗ੍ਰਿਹਿ ਮੰਦਰ ਵੇਖ ਵਖਾਈਆ । ਕੋਝੀ ਕਮਲੀ ਪਕੜੀਂ ਬਾਂਹ, ਫੜ
ਬਾਹੋਂ ਆਪ ਉਠਾਈਆ । ਸਿਰ ਰਖੀਂ ਸਦਾ ਛਾਂ, ਅਗਨੀ ਤਤ ਨਾ ਕੋਇ ਤਪਾਈਆ । ਸਭ ਦੀ ਇਕੋ ਨਾਮ ਨਾਲ ਪੂਰੀ ਕਰ ਲੈ ਲਾਂ, ਗਣਤੀ
ਗਣਤ ਨਾ ਕੋਇ ਗਿਣਾਈਆ । ਮੇਰੇ ਮਾਲਕਾ ਖ਼ੁਸ਼ੀਆਂ ਵਿਚ ਕਰ ਦੇ ਹਾਂ, ਮਿਹਰ ਨਜ਼ਰ ਉਠਾਈਆ । ਮੈਂ ਭੱਜਾਂ ਨਾਲ ਚਾਅ, ਚਾਓ ਘਨੇਰਾ
ਇਕ ਰਖਾਈਆ । ਖ਼ੁਸ਼ੀਆਂ ਦੇ ਢੋਲੇ ਲਵਾਂ ਗਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੇਰੀਆਂ ਬਹੁਤੀਆਂ ਨਹੀਂ ਬੇਨੰਤੀਆਂ, ਬਿਨੈ ਇਕੋ ਇਕ ਰਖਾਈਆ । ਅੱਖਰਾਂ ਵਾਲੀਆਂ ਨਹੀਂ ਪੰਗਤੀਆਂ, ਅੱਖਰਾਂ ਵਾਲੀ ਨਾ ਕੋਇ ਲਿਖਾਈਆ । ਤੂੰ ਮਾਲਕ ਧੁਰ ਦਾ ਕੰਤੀਆ, ਕੰਤੂਹਲ ਇਕ ਗੁਸਾਂਈਆ । ਮੈਨੂੰ ਚਾੜ੍ਹ ਦੇ ਰੰਗ ਬਸੰਤੀਆ, ਦੋ ਜਹਾਨ ਉਤਰ ਕਦੇ ਨਾ ਜਾਈਆ । ਮੈਂ ਤੇਰੇ ਦਰ ਦੀ ਮੰਗਤੀਆ, ਖ਼ਾਲੀ ਝੋਲੀ ਜਗਤ ਭਰਾਈਆ । ਦੀਨ ਦੁਨੀ ਦਾ ਮੇਲਾ ਕਰ ਲੈ ਆਪਣੀ ਸੰਗਤੀਆ, ਸਤਿਗੁਰ ਆਪਣਾ ਰੰਗ ਰੰਗਾਈਆ । ਅੰਦਰੋਂ ਗੜ੍ਹ ਤੋੜ ਦੇ ਹਉਮੇ ਹੰਗਤੀਆ, ਹੰ ਬ੍ਰਹਮ ਜਣਾਈਆ । ਤੂੰ ਸਭ ਤੋਂ ਵੱਡਾ ਪੰਡਤੀਆ, ਬ੍ਰਾਹਮਣ ਬ੍ਰਹਮ ਦੇਣਾ ਦ੍ਰਿੜਾਈਆ । ਲੇਖਾ ਮੁਕਾ ਦੇ ਨਵ ਖੰਡਤੀਆ, ਨਵ ਨਵ ਦਾ ਲੇਖ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਧਰਮ ਦੀ ਕਰ ਆਬਾਦੀ, ਆਬਾਦਕਾਰੀ ਇਕ ਜਣਾਈਆ । ਮੈਂ ਨਿਰਗੁਣ ਧਾਰ ਤੈਨੂੰ ਰਹੀ ਅਰਾਧੀ, ਰਾਧਕਾ ਤੋਂ ਪਰੇ ਆਪਣਾ ਰੂਪ ਬਣਾਈਆ । ਜੁਗ ਚੌਕੜੀ ਲਾ ਕੇ ਬੈਠੀ ਸਮਾਧੀ, ਜਲਾਂ ਤੇ ਆਪਣਾ ਆਪ ਟਿਕਾਈਆ । ਤੈਨੂੰ ਸਮਝ ਕੇ ਇਕ ਅਮਦਾਦੀ, ਦਰ ਤੇਰੇ ਵਾਸਤਾ ਪਾਈਆ । ਜਗਤ ਸ਼ਰਅ ਦੀ ਮੇਟ ਦੇ ਹਾਦੀ, ਹਦੂਦ ਇਕੋ ਇਕ ਸਮਝਾਈਆ । ਸਾਚਾ ਸ਼ਬਦ ਸੁਣਾ ਦੇ ਨਾਦੀ, ਨਾਦ ਧੁਨ ਕਰ ਸ਼ਨਵਾਈਆ । ਤੂੰ ਮੋਹਣ ਮਾਧਵ ਮਾਧੀ, ਮਿਹਰਵਾਨ ਇਕ ਅਖਵਾਈਆ । ਲੇਖਾ ਪੂਰਾ ਕਰ ਦੇ ਨਾਨਕ ਧਾਰ ਬਗ਼ਦਾਦੀ, ਬਗ਼ਲਗੀਰ ਸਾਰੇ ਲੈ ਬਣਾਈਆ ।

੨੩੬ ਹਿੰਦੂ ਮੁਸਲਿਮ ਸਿਖ ਈਸਾਈ ਸਭ ਦੀ ਸਾਂਝੀ ਕਰੇ ਸ਼ਾਦੀ, ਸ਼ਾਦਿਆਨੇ ਮੇਰੇ ਉਤੇ ਵਜਾਈਆ । ਮੈਨੂੰ ਇਉਂ ਦਿਸਦਾ ਦੀਨ ਦੁਨੀਆ ਦੀ ਹੋ ਜਾਣੀ ੨੩੬

੨੪ ਬਰਬਾਦੀ, ਬਦਲਾ ਚੁਕੇ ਥਾਉਂ ਥਾਈਂਆ । ਜਿਨ੍ਹਾਂ ਨੇ ਕੂੜ ਕਿਰਿਆ ਰਸਨਾ ਧਾਰ ਖਾਧੀ, ਖਾ ਖਾ ਆਪਣਾ ਝਟ ਲੰਘਾਈਆ । ਜੋਤੀ ਜੋਤ ਸਰੂਪ ੨੪

ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਤੇਰਾ ਇਕੋ ਹੋਵੇ ਰਾਹ, ਰਹਿਬਰ ਇਕ ਅਖਵਾਈਆ । ਧਰਮ ਦਾ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਅਵਤਾਰ ਪੈਗ਼ੰਬਰ ਗੁਰੂ ਬਣਾ ਗਵਾਹ, ਸ਼ਹਾਦਤ ਨਾਮ ਕਲਮਿਆਂ ਵਾਲੀ ਭੁਗਤਾਈਆ । ਸਭ ਨੂੰ ਸੰਦੇਸ਼ਾ ਦੇ ਦੇ ਵਕ਼ਤ ਸੁਹੰਜਣਾ ਗਿਆ ਆ, ਸੋਹਣੀ ਵਜੇ ਵਧਾਈਆ । ਪੁਰਖ ਅਕਾਲੇ ਦੀਨ ਦਿਆਲੇ ਦਇਆ ਦੇ ਕਮਾ, ਕਾਮਲ ਮੁਰਸ਼ਦ ਤੇਰੀ ਓਟ ਤਕਾਈਆ । ਸਭ ਥਾਈਂ ਹੋ ਸਹਾ, ਸਹਾਇਤਾ ਇਕੋ ਇਕ ਜਣਾਈਆ । ਸਾਚੀ ਬਖ਼ਸ਼ ਚਰਨ ਸਰਨਾ, ਚਰਨੋਦਕ ਜਾਮ ਦੇਣਾ ਪਿਆਈਆ । ਵਰਨਾਂ ਬਰਨਾਂ ਦੀਨਾਂ ਮਜ਼੍ਹਬਾਂ ਫੜ ਬਾਂਹ, ਫੜ ਬਾਹੋਂ ਆਪ ਉਠਾਈਆ । ਤੂੰ ਹੀ ਪਿਤਾ ਤੂੰ ਹੀ ਮਾਂ, ਦੂਜਾ ਨਜ਼ਰ ਕੋਇ ਨਾ ਆਈਆ । ਇਕ ਜਣਾ ਦੇ ਆਪਣਾ ਨਾਂ, ਨਾਉਂ ਨਿਰੰਕਾਰਾ ਇਕ ਸਮਝਾਈਆ । ਆਤਮ ਧਾਰ ਪਰਮਾਤਮ ਬਖ਼ਸ਼ ਦੇ ਸਾਚਾ ਥਾਂ, ਥਨੰਤਰ ਇਕ ਸੁਹਾਈਆ । ਬਿਨਾ ਦੀਨ ਮਜ਼੍ਹਬ ਜ਼ਾਤ ਪਾਤ ਤੋਂ ਬਿਨਾ ਜਨ ਭਗਤਾਂ ਭਗਤੀ ਧਾਰ ਹੋਵੇ ਵਿਵਾਹ, ਵੱਡਾ ਛੋਟਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਧਰਨੀ ਕਹੇ ਪ੍ਰਭੂ ਮੈਨੂੰ ਖ਼ੁਸ਼ੀਆਂ ਹੋਵਣ ਅਨੋਖੀਆਂ, ਮੈਂ ਗਾਵਾਂ ਢੋਲੇ ਗੀਤ । ਤੇਰੀਆਂ ਮੰਜ਼ਲਾਂ ਹੋਵਣ ਸੌਖੀਆਂ, ਝਗੜਾ ਮਿਟੇ ਮੰਦਰ ਮਸੀਤ । ਜਨ ਭਗਤਾਂ ਪੜ੍ਹਨੀਆਂ ਪੈਣ ਨਾ ਪੋਥੀਆਂ, ਲਹਿਣਾ ਦੇਣਾ ਤ੍ਰੈਗੁਣ ਅਤੀਤ । ਸਭ ਦੀਆਂ ਅੰਦਰੋਂ ਵਾਸ਼ਨਾ ਜਾਣ ਧੋਤੀਆਂ, ਕਰਨਾ ਪਤਤ ਪੁਨੀਤ । ਸ਼ਬਦੀ ਧਾਰ ਪਰੋਣਾ

ਮੋਤੀਆਂ, ਕਾਇਆ ਕਰਨੀ ਠਾਂਢੀ ਸੀਤ । ਗੁਰਮੁਖਾਂ ਰੂਹਾਂ ਰਹਿਣ ਨਾ ਸੋਤੀਆਂ । ਚਰਨ ਕਵਲ ਬਖ਼ਸ਼ਣੀ ਪ੍ਰੀਤ । ਲਹਿਣਾ ਮੁਕਾਉਣਾ ਜੰਞੂ ਧੋਤੀਆਂ, ਕਿਰਪਾ ਕਰਨੀ ਧੁਰ ਦੇ ਮੀਤ । ਕਿਸੇ ਆਸ਼ਾ ਰਹੇ ਨਾ ਲੋਟੀਆਂ, ਝਗੜਾ ਰਹੇ ਨਾ ਊਚ ਨੀਚ । ਅੰਦਰੋਂ ਦਲੀਲਾਂ ਕਢ ਦੇ ਖੋਟੀਆਂ, ਹਿਰਦੇ ਵਸਣਾ ਬੀਚ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਸਭ ਦੀ ਪਵਿਤ੍ਰ ਕਰਨੀ ਨੀਤ । ਧਰਨੀ ਕਹੇ ਪ੍ਰਭੂ ਮੈਂ ਖੁਸ਼ੀਆਂ ਅਰਜ਼ ਗੁਜ਼ਾਰਦੀ, ਗੁਜ਼ਰਿਆ ਹਾਲ ਜਣਾਈਆ । ਰਸਮ ਤਕੀ ਪੈਗ਼ੰਬਰ ਗੁਰ ਅਵਤਾਰ ਦੀ, ਜੁਗ ਜੁਗ ਧਿਆਨ ਲਗਾਈਆ । ਆਖ਼ਰੀ ਖੇਲ ਵੇਖਣੀ ਧੁਰ ਦੇ ਯਾਰ ਦੀ, ਯਰਾਨੇ ਤੇਰੇ ਨਾਲ ਰਖਾਈਆ । ਆਵਾਜ਼ ਸੁਣੀ ਦੀਨ ਦੁਨੀ ਸਿਤਾਰ ਦੀ, ਸਤਿ ਸਤਿਵਾਦੀ ਵੇਖ ਵਖਾਈਆ । ਮੈਂ ਸਿਖਿਆ ਸੁਣੀ ਗ੍ਰੰਥ ਸ਼ਾਸਤਰ ਧਰਮ ਦਰਬਾਰ ਦੀ, ਅੱਖਰ ਅੱਖਰਾਂ ਸੰਗ ਬਣਾਈਆ । ਜਾਂ ਨਿਗਾਹ ਮਾਰੀ ਮੰਜ਼ਲ ਮਿਲੀ ਪਰਵਰਦਿਗਾਰ ਦੀ, ਜੋ ਆਤਮ ਪਰਮਾਤਮ ਰੂਪ ਸਮਾਈਆ । ਤਨ ਮਾਟੀ ਢੇਰੀ ਵੇਖੀ ਛਾਰ ਦੀ, ਸ਼ਰਅ ਸੰਗ ਕਿਸੇ ਨਾ ਜਾਈਆ । ਖੇਲ ਤਕੀ ਮੜ੍ਹੀ ਗੋਰ ਬਾਹਰ ਦੀ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਦੀਨ ਦੁਨੀ ਵੇਖੀ ਤਨ ਵਜੂਦ ਸ਼ਿੰਗਾਰਦੀ, ਲਾੜੀ ਲਾੜਾ ਰੂਪ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸਾ ਹੋਵੇ ਪੂਰੀ, ਪੂਰਨ ਬ੍ਰਹਮ ਦੇਣਾ ਸਮਝਾਈਆ । ਤੂੰ ਦਾਤਾ ਅਗੰਮ ਨੂਰੀ, ਨੂਰ ਨੁਰਾਨੇ ਤੇਰੀ ਸਰਨਾਈਆ । ਜਨ ਭਗਤਾਂ ਕਾਰਜ ਹੋਣ ਤੇਰੇ ਹਜ਼ੂਰੀ,
੨੩੭ ਹਜ਼ਰਤਾਂ ਤੋਂ ਬਾਹਰ ਤੇਰੀ ਵਡਿਆਈਆ । ਇਕ ਮੇਰੀ ਮੰਗ ਜ਼ਰੂਰੀ, ਪੂਰੀ ਕਰਨੀ ਧੁਰ ਦੇ ਮਾਹੀਆ । ਜੋ ਮੂਸਾ ਕਹਿਣ ਗਿਆ ਉਤੇ ਕੋਹਤੂਰੀ, ੨੩੭
੨੪ ਕ਼ੁਦਰਤ ਦੇ ਕ਼ਾਦਰ ਤੇਰੀ ਓਟ ਰਖਾਈਆ । ਜਿਸ ਕਾਰਨ ਗੁਰ ਅਵਤਾਰਾਂ ਤੇਰੀ ਕੀਤੀ ਮਜ਼ਦੂਰੀ, ਨਾਮ ਵਾਲੀ ਸੇਵ ਕਮਾਈਆ । ਸੋ ਪੰਧ ਰਿਹਾ ੨੪
ਨਾ ਦੂਰੀ, ਨੇਰਨ ਨੇਰ ਗਿਆ ਆਈਆ । ਜਨ ਭਗਤਾਂ ਸਭ ਨੂੰ ਬਖ਼ਸ਼ ਦੇ ਚਰਨ ਧੂੜੀ, ਧੂੜੀ ਟਿੱਕੇ ਖ਼ਾਕ ਰਮਾਈਆ । ਮੈਂ ਤੇਰਾ ਖ਼ੁਸ਼ੀਆਂ ਵਿਚ ਕਰਾਂ ਮਸ਼ਕੂਰੀ, ਮੁਸਕਰਾ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਸਾਹਿਬ ਸਰਬ ਕਲਾ ਭਰਪੂਰ, ਭਰਪੂਰ ਹੋ ਕੇ ਦੇਣਾ ਵਖਾਈਆ ।

### ✪ ੩੦ ਪੋਹ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਲੋਹੜੀ ਵਾਲੀ ਰਾਤ ਦੇ ਸਮੇਂ ✪

ਲੋਹੜੀ ਕਹੇ ਜਨ ਭਗਤੋ ਸਚ ਪਿਆਰ ਦਾ ਲਓ ਰੁਪਈਆ, ਰੂਪਾ ਸੋਨਾ ਚਾਂਦੀ ਜਗਤ ਕੰਮ ਕਿਛ ਨਾ ਆਈਆ । ਪੁਰਖ ਅਕਾਲਾ ਦੀਨ ਦਿਆਲਾ ਬਣਾਓ ਧੁਰ ਦਾ ਸਈਯਾ, ਮਾਲਕ ਮਿਤਰ ਪਿਆਰਾ ਏਕੰਕਾਰਾ ਸੰਗ ਨਿਭਾਈਆ । ਸਾਜਣ ਮੀਤ ਇਕ ਦੂਜੇ ਦੇ ਬਣੋ ਸਈਯਾ, ਸਗਲੇ ਸੰਗੀ ਬਹੁ ਰੰਗੀ ਆਪਣੀ ਖ਼ੁਸ਼ੀ ਬਣਾਈਆ । ਧੁਰ ਦੇ ਰਾਮ ਦੀ ਚੜ੍ਹੋ ਅਗੰਮੀ ਨਈਆ, ਨੌਕਾ ਸਤਿਗੁਰ ਸ਼ਬਦ ਆਪ ਵਖਾਈਆ । ਰਾਏ ਧਰਮ ਲੇਖਾ ਕਢ ਨਾ ਸਕੇ ਵਹੀਆ, ਵਾਅਦੇ ਸਭ ਦੇ ਪੂਰ ਕਰਾਈਆ । ਜਿਸ ਕਾਰਨ ਬੁਲ੍ਹੇ ਗਾਇਆ ਥਈਆ, ਥਈਆ ਥਈਆ ਕਹਿ ਕਹਿ ਖ਼ੁਸ਼ੀ

ਬਣਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਤੁਹਾਡਾ ਇਕ ਰਮਈਆ, ਰਾਮ ਰਹੀਮ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਲੋਹੜੀ ਕਹੇ ਭਗਤੋ ਧਰਮ ਧਾਰ ਦੇ ਚੱਬੋ ਦਾਣੇ ਮੱਕੀ, ਮੁਕੰਮਲ ਦਿਆਂ ਦ੍ਰਿੜਾਈਆ । ਪ੍ਰਭੂ ਦਾ ਪਿਆਰ ਵੇਖੋ ਹਕੀ, ਹਕ਼ੀਕਤ ਨਾਲ ਸੁਣਾਈਆ । ਜਿਸ ਦੀ ਧਾਰ ਜੀਵ ਜਹਾਨ ਕਿਸੇ ਨਾ ਤਕੀ, ਜਗਤ ਨੇਤਰ ਦਰਸ਼ਨ ਕੋਇ ਨਾ ਪਾਈਆ । ਉਸ ਦੇ ਨਾਲ ਪ੍ਰੀਤੀ ਜੋੜੋ ਪੱਕੀ, ਪਾਰਬ੍ਰਹਮ ਪ੍ਰਭ ਆਪਣੇ ਰੰਗ ਰੰਗਾਈਆ । ਨਿਗਾਹ ਮਾਰ ਕੇ ਵੇਖੋ ਅੱਖੀ, ਬਿਨ ਨੈਣ ਨੈਣ ਉਠਾਈਆ । ਜਿਸ ਦਾ ਲੇਖਾ ਦੀਗਰੇ ਬਾਦ ਯਕੀ, ਯਕੀ ਇਕੋ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਵਖਾਈਆ । ਲੋਹੜੀ ਕਹੇ ਜਨ ਭਗਤੋ ਸਚ ਪਿਆਰ ਦਾ ਲਓ ਰਸ, ਮਿਠਾ ਇਕੋ ਨਾਮ ਦ੍ਰਿੜਾਈਆ । ਹਿਰਦੇ ਹਰਿਜੂ ਜਾਏ ਵਸ, ਅਨਡਿਠੜਾ ਖੇਲ ਵਖਾਈਆ । ਪੰਧ ਮਾਰਨਾ ਪਏ ਨਾ ਨੱਸ ਨੱਸ, ਭੱਜਣ ਦੀ ਲੋੜ ਰਹੇ ਨਾ ਰਾਈਆ । ਜਿਸ ਦਾ ਲੇਖਾ ਬਾਹਰ ਰਵ ਸਸ, ਸੂਰੀਆ ਚੰਦ ਨਾ ਕੋਇ ਚਤੁਰਾਈਆ । ਉਹ ਮੇਟਣਹਾਰ ਅੰਧੇਰੀ ਮਸ, ਚੰਦ ਚਾਂਦਨਾ ਕਰੇ ਰੁਸ਼ਨਾਈਆ । ਸੋ ਪੁਰਖ ਅਕਾਲਾ ਤੁਹਾਡਾ ਗਾਵੇ ਜਸ, ਸਿਫਤਾਂ ਨਾਲ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੀ ਕਰਨੀ ਕਾਰ ਕਮਾਈਆ । ਲੋਹੜੀ ਕਹੇ ਜਨ ਭਗਤੋ ਸਚ ਪਿਆਰ ਦੀ ਪੀਵੋ ਮਦਿ, ਮਧੁਰ ਧੁਨ ਨਾਮ ਸ਼ਨਵਾਈਆ । ਸਤਿਗੁਰੂ ਦੁਆਰ ਸੁਹੰਜਣੀ ਹੱਦ, ਹਦੂਦਾਂ ਡੇਰਾ ਢਾਹੀਆ । ਤੁਸੀਂ ਉਸ ਪ੍ਰਭ ਦੀ ਯਦ, ਜੋ ਯਦੀ ਆਪਣਾ ਖੇਲ ਵਰਤਾਈਆ । ਸਚ ਪ੍ਰੀਤ ਵਿਚ ਜਾਓ ਲੱਗ, ਲਗ ਮਾਤਰ ਡੇਰਾ ਢਾਹੀਆ । ਤੁਹਾਡੇ ਅੰਦਰੋਂ ਬੁਝਾਵੇ ਅੱਗ, ਅੰਮ੍ਰਿਤ ਮੇਘ ਬਰਸਾਈਆ । ਕੂੜੀ ਕਿਰਿਆ ਮਿਟੇ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਭੇਵ ਆਪ ਖੁਲ੍ਹਾਈਆ । ਲੋਹੜੀ ਕਹੇ ਜਨ ਭਗਤੋ ਆਪਣੀ ਆਸ਼ਾ ਲੈਣੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਪਰਮ ਪੁਰਖ ਚਾੜ੍ਹ ਦੇ ਰੰਗ, ਦੋ ਜਹਾਨਾ ਉਤਰ ਨਾ ਜਾਈਆ । ਨਿਰਗੁਣ ਧਾਰ ਹੋਣਾ ਸੰਗ, ਸਗਲੇ ਸੰਗੀ ਬਹੁਰੰਗੀ ਭੇਵ ਦੇਣਾ ਚੁਕਾਈਆ । ਪਰਮ ਪੁਰਖ ਪਰਮਾਤਮ ਤੇਰਾ ਸਚ ਦੁਆਰਾ ਜਾਈਏ ਲੰਘ, ਅਗੇ ਹੋ ਨਾ ਕੋਇ ਅਟਕਾਈਆ । ਮਾਨਸ ਜਨਮ ਨਾ ਹੋਏ ਭੰਗ, ਦੇਣੀ ਸਚ ਸਚ ਸਰਨਾਈਆ । ਆਤਮ ਸੇਜ ਸੁਹਾਉਣੀ ਪਲੰਘ, ਦਰ ਠਾਂਢੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਲੋਹੜੀ ਕਹੇ ਜਨ ਭਗਤੋ ਅਜ ਖ਼ੁਸ਼ੀਆਂ ਦਿਵਸ ਧਰਨੀ ਵੇਖੋ ਦੱਸਦੀ, ਦਹਿ ਦਿਸ਼ਾ ਰਹੀ ਜਣਾਈਆ । ਮਸਤੀ ਦੇ ਵਿਚ ਹਸਦੀ, ਖ਼ੁਸ਼ੀਆਂ ਢੋਲੇ ਗਾਈਆ । ਪਿਆਸੀ ਪ੍ਰੇਮ ਰਸ ਦੀ, ਚਾਰੋਂ ਕੁੰਟ ਵੇਖ ਵਖਾਈਆ । ਆਪਣੀ ਬਿਰਹੁ ਕਹਾਣੀ ਦੱਸਦੀ, ਕੂਕ ਕੂਕ ਜਣਾਈਆ । ਮੇਰੇ ਉਤੇ ਧਾਰ ਰਹੀ ਨਹੀਂ ਸਚ ਦੀ, ਕਲਜੁਗ ਕੂੜ ਕੁਟੰਬ ਵਧਾਈਆ । ਮੇਰੀ ਛਾਤੀ ਵੇਖੋ ਮਚਦੀ, ਅਗਨੀ ਤਤ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਸਮਝਾਈਆ । ਲੋਹੜੀ ਕਹੇ ਜਨ ਭਗਤੋ ਸਤਿਗੁਰ ਸ਼ਬਦ ਦਾ ਲਓ ਪਿਆਰ, ਜੋਤੀ ਜਾਤਾ ਸਿਰ ਹੱਥ ਟਿਕਾਈਆ । ਮੇਰਾ ਖ਼ੁਸ਼ੀਆਂ ਦਾ ਵਿਵਹਾਰ, ਦਿਵਸ ਰੈਣ ਢੋਲੇ ਗਾਈਆ । ਧੰਨ ਭਾਗ ਜੇ ਤੁਹਾਨੂੰ ਹੋਇਆ ਦੀਦਾਰ, ਨਿਰਗੁਣ ਨੂਰ ਜੋਤ ਅਲਾਹੀਆ । ਤੁਹਾਡੀ ਪੈਜ ਜਾਏ

ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਵੇਖੇ ਵਿਗਸੇ ਪਾਵੇ ਸਾਰ, ਵੇਖਣਹਾਰਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਲੋਹੜੀ ਕਹੇ ਜਨ ਭਗਤੋ ਪ੍ਰਭ ਦੀਆਂ ਲੋੜਾਂ, ਲੁੜੀਂਦਾ ਸਾਜਣ ਦਏ ਵਡਿਆਈਆ । ਆਦਿ ਜੁਗਾਦਿ ਭਗਤ ਭਗਵਾਨ ਦਾ ਜੋੜਾ, ਜੁਗ ਚੌਕੜੀ ਰੀਤੀ ਚਲੀ ਆਈਆ । ਜਨ ਭਗਤਾਂ ਪ੍ਰਭ ਸਦਾ ਹੋਵੇ ਬਹੁੜਾ, ਬਾਹੋਂ ਫੜ ਫੜ ਬਾਹਰ ਕਢਾਈਆ । ਤੁਹਾਡਾ ਅੰਤਰ ਰਹੇ ਨਾ ਕੌੜਾ, ਸਤਿਗੁਰ ਮਿਠਾ ਰਸ ਦਏ ਪਿਆਈਆ । ਜਿਸ ਦਾ ਸ਼ਬਦ ਅਗੰਮੀ ਘੋੜਾ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਉਸ ਦੀ ਸਦਾ ਸਦਾ ਸਦ ਲੋੜਾ, ਲੁੜੀਂਦਾ ਸੱਜਣ ਧੁਰਦਰਗਾਹੀਆ । ਜਿਸ ਸੱਸੇ ਉਪਰ ਲਾ ਕੇ ਹੋੜਾ, ਹੰ ਬ੍ਰਹਮ ਦਿਤੀ ਵਡਿਆਈਆ । ਜਿਸ ਦਾ ਵਕਤ ਅਗੇ ਥੋੜਾ, ਬਹੁਤੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪ੍ਰੇਮ ਦਾ ਬਖ਼ਸ਼ਣਹਾਰਾ ਘੋੜਾ, ਬਿਨ ਰਾਸਾਂ ਚਾਰ ਕੁੰਟ ਦੌੜਾਈਆ ।

### ✪ ਪਹਿਲੀ ਮਾਘ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪



ਪਹਿਲੀ ਮਾਘ ਕਹੇ ਜਨ ਭਗਤੋ ਪ੍ਰਭ ਚਰਨ ਧੂੜ ਕਰੋ ਇਸ਼ਨਾਨਾ, ਜਗਤ ਤੀਰਥ ਦੀ ਲੋੜ ਰਹੀ ਨਾ ਰਾਈਆ । ਅੰਤਰ ਆਤਮ ਧਰੋ ਧਿਆਨਾ, ਜਗਤ ਅੱਖ ਨਾ ਕੋਇ ਚਤੁਰਾਈਆ । ਮਿਲੇ ਮੇਲ ਸ੍ਰੀ ਭਗਵਾਨਾ, ਹਰਿ ਕਰਤਾ ਧੁਰਦਰਗਾਹੀਆ । ਜੋ ਆਦਿ ਜੁਗਾਦੀ ਕਾਹਨਾ, ਸ਼ਾਹੋ ਭੂਪ ਨੂਰ ਅਲਾਹੀਆ । ਜੋ ਦੇਵੇ ਨਾਮ ਨਿਧਾਨਾ, ਵਸਤ ਅਮੁਲ ਅਤੁਲ ਵਰਤਾਈਆ । ਚਰਨ ਪ੍ਰੀਤੀ ਬਖ਼ਸ਼ੇ ਵਿਚ ਜਹਾਨਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋ ਜੁਗ ਜੁਗ ਖੇਲ ਖਿਲਾਨਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਮੇਲਾ ਮੇਲੇ ਚਾਈਂ ਚਾਈਂਆ । ਆਦਿ ਜੁਗਾਦੀ ਸ਼ਾਹੋ ਭੂਪ ਸੁਲਤਾਨਾ, ਹਰਿ ਕਰਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਵੱਡਾ ਵਡ ਵਡਿਆਈਆ । ਮਾਘ ਕਹੇ ਜਨ ਭਗਤੋ ਪ੍ਰਭ ਚਰਨ ਧੂੜੀ ਕਰੋ ਮਜਨ, ਦੁਰਮਤ ਮੈਲ ਗਵਾਈਆ । ਘਰ ਸੁਆਮੀ ਵੇਖੇ ਸੱਜਣ, ਹਰਿ ਕਰਤਾ ਅਗੰਮ ਅਥਾਹੀਆ । ਜਿਸ ਦੇ ਪਿਆਰ ਵਿਚ ਸ਼ਬਦ ਅਨਾਦੀ ਨਾਦ ਵਜਣ, ਅਨਰਾਗੀ ਰਾਗ ਸੁਣਾਈਆ । ਕੂੜ ਵਿਕਾਰੇ ਭਾਂਡੇ ਭੱਜਣ, ਭਰਮ ਭਰਾਂਤ ਰਹੇ ਨਾ ਰਾਈਆ । ਉਹ ਸਭ ਦਾ ਪੜਦੇ ਕੱਜਣ, ਸਿਰ ਸਿਰ ਹੱਥ ਟਿਕਾਈਆ । ਜਿਸ ਦੇ ਆਤਮ ਦੀਪਕ ਜੋਤੀ ਜਗਣ, ਲੱਖ ਚੁਰਾਸੀ ਡਗਮਗਾਈਆ । ਉਹ ਨਾਉਂ ਨਿਰੰਕਾਰਾ ਦੇਵਣਹਾਰਾ ਸਗਨ, ਵਸਤ ਸਚ ਵਰਤਾਈਆ । ਧੁਰ ਪ੍ਰੇਮ ਵਿਚ ਕਰੇ ਮਗਨ, ਆਲਸ ਨਿੰਦਰਾ ਰਹੇ ਨਾ ਰਾਈਆ । ਲੇਖੇ ਲਾਵੇ ਜਨ ਭਗਤਾਂ ਬਦਨ, ਤਨ ਵਜੂਦ ਦਏ ਵਡਿਆਈਆ । ਕਲਜੁਗ ਕੂੜ ਬੁਝਾ ਕੇ ਅਗਨ, ਅੰਮ੍ਰਿਤ ਮੇਘ ਇਕ ਬਰਸਾਈਆ । ਕੂੜੀ ਕਿਰਿਆ ਪਾਰ ਕਰਾ ਕੇ ਹੱਦਨ, ਹਦੂਦ ਆਪਣੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪਹਿਲੀ ਮਾਘ ਕਹੇ ਜਨ ਭਗਤੋ ਪ੍ਰਭ ਨੂੰ ਕਰੋ ਨਿਮਸਕਾਰ, ਡੰਡਾਵਤ ਬੰਦਨਾ ਵਿਚ ਸੀਸ

੨੪੦ ੨੪

ਨਿਵਾਈਆ । ਜਿਸ ਦਾ ਲਹਿਣਾ ਨਾਲ ਪੈਗੰਬਰ ਗੁਰ ਅਵਤਾਰ, ਭਗਤਾਂ ਭਗਤੀ ਨਾਲ ਵਡਿਆਈਆ । ਜਿਸ ਦਾ ਖੇਲ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਰੰਗ ਰੰਗਾਈਆ । ਸ਼ਾਹੋ ਭੂਪ ਬਣ ਸਿਕਦਾਰ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜਿਸ ਦਾ ਵਕਤ ਸੁਹੰਜਣਾ ਸੋਹਣਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵੇਖਣ ਨੈਣ ਉਠਾਈਆ । ਉਸ ਦਾ ਲੇਖਾ ਅਪਰ ਅਪਾਰ, ਅਪਰੰਪਰ ਸੁਆਮੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਪਹਿਲੀ ਮਾਘ ਕਹੇ ਸਭ ਦਾ ਮਿਤਰ ਪਿਆਰਾ ਇਕੋ ਤਨੀ, ਜੋ ਤਨ ਵਜੂਦਾਂ ਕਰੇ ਸਫ਼ਾਈਆ । ਜਿਸ ਸੰਦੇਸ਼ਾ ਦਿਤਾ ਸਿੰਘ ਮਨੀ, ਮਨ ਮਨਸਾ ਬਾਹਰ ਦ੍ਰਿੜਾਈਆ । ਉਹ ਪੁਰਖ ਅਕਾਲਾ ਵਡ ਧਨ ਧਨੀ, ਧਨਾਢ ਇਕ ਅਖਵਾਈਆ । ਜੋ ਵਸੇ ਬਿਨਾ ਛੱਪਰ ਛੰਨੀ, ਮਹਲ ਅਟਲ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਮਨੀ ਸਿੰਘ ਕਹੇ ਮੇਰਾ ਪਿਛਲਾ ਸ਼ਬਦ ਬਿਆਨਾ, ਸ਼ਬਦੀ ਧਾਰ ਜਣਾਈਆ । ਨਾ ਜਿਸਮ ਰਿਹਾ ਨਾ ਜਗਤ ਜਿਸਮਾਨਾ, ਤਨ ਵਜੂਦ ਨਾ ਕੋਇ ਵਡਿਆਈਆ । ਨਾ ਰਸਨਾ ਰਸ ਰਿਹਾ ਤਰਾਨਾ, ਜਿਹਵਾ ਗੁਣ ਨਾ ਕੋਇ ਸ਼ਨਵਾਈਆ । ਸ਼ਬਦੀ ਹੁਕਮ ਸ੍ਰੀ ਭਗਵਾਨਾ, ਹਰਿ ਭਗਵਨ ਰਿਹਾ ਦ੍ਰਿੜਾਈਆ । ਜੋ ਨਿਰਗੁਣ ਧਾਰ ਪਹਿਰ ਕੇ ਬਾਣਾ, ਖੇਲ ਖੇਲੇ ਚਾਈਂ ਚਾਈਂਆ । ਸੰਤ ਮਨੀ ਸਿੰਘ ਕਹੇ ਮੈਂ ਪ੍ਰੇਮ ਦਾ ਬਚਨ ਸੁਣਾਉਣਾ, ਖ਼ੁਸ਼ੀਆਂ ਰਾਗ ਦ੍ਰਿੜਾਈਆ । ਨੌ ਮਾਘ ਦਾ ਵਕਤ ਹੋਏ ਸੁਹਾਉਣਾ, ਸੋਹਣੀ ਵਜੇ ਵਧਾਈਆ । ਕ੍ਰਿਸ਼ਨ ਦਾ ਲੇਖਾ ਪੂਰ ਕਰਾਉਣਾ, ਜੋ ਕਾਹਨ ਗਿਆਂ ਦ੍ਰਿੜਾਈਆ । ਜਮਨਾ ਕਹੇ ਮੇਰਾ ਲਹਿਣਾ ਪੁਰਾਨਾ, ਪੂਰਬ ਆਸ ਰਖਾਈਆ । ਮੈਂ ਰਾਹ ਤਕਾਂ ਕਵਣ ਵੇਲੇ ਆਏ ਜਵਾਨਾ, ਜੋਬਨਵੰਤਾ ਧੁਰਦਰਗਾਹੀਆ । ਜਿਸ ਦੀ ਖ਼ਾਤਰ ਧਰਨੀ ਉਤੇ ਲਾਇਆ ਨਿਸ਼ਾਨਾ, ਨਿਸ਼ਾਨ ਵੇਖਣ ਕੋਇ ਨਾ ਪਾਈਆ । ਜੋ ਮਾਲਕ ਖ਼ਾਲਕ ਦੋ ਜਹਾਨਾ, ਹਰਿ ਕਰਤਾ ਧੁਰਦਰਗਾਹੀਆ । ਮਨੀ ਸਿੰਘ ਕਹੇ ਮੈਂ ਉਸ ਨੂੰ ਸੀਸ ਝੁਕਾਉਣਾ, ਨਿਵ ਨਿਵ ਲਾਗਾ ਪਾਈਆ । ਮੈਂ ਤਕਾਂ ਜ਼ਿਮੀਂ ਅਸਮਾਨਾ, ਬ੍ਰਹਿਮੰਡਾਂ ਖੰਡਾਂ ਅੱਖ ਉਠਾਈਆ । ਸਾਰੇ ਕਹਿਣ ਅਸੀਂ ਜੁਗ ਬਦਲਦਾ ਵੇਖਣਾ ਜ਼ਮਾਨਾ, ਜ਼ਿਮੀਂ ਅਸਮਾਨ ਨੈਣ ਉਠਾਈਆ । ਅਗੋਂ ਨਾਰਦ ਕਹੇ ਪੰਜ ਲਿਖਾਰੀਆਂ ਬੱਧਾ ਹੋਏ ਗਾਨਾ, ਮੌਲੀ ਤੰਦ ਮੁਹੰਮਦ ਵਾਲੀ ਸਤ ਰੰਗ ਵਖਾਈਆ । ਕੋਲ ਲਿਖ ਕੇ ਰੱਖਿਆ ਹੋਵੇ ਹਰਿਜਨ ਹੋਏ ਨਾ ਕਦੇ ਬੇਗਾਨਾ, ਸਤਿਗੁਰ ਇਕੋ ਰੰਗ ਰੰਗਾਈਆ । ਕੋਲ ਫੋਟੂ ਹੋਏ ਨਾਨਕ ਤੇ ਮਰਦਾਨਾ, ਸਿਤਾਰ ਹੱਥ ਵਿਚ ਸੁਹਾਈਆ । ਗੋਪਾਲ ਰੂਪ ਹੋਵੇ ਕ੍ਰਿਸ਼ਨਾ ਕਾਹਨਾ, ਸੋਹਣਾ ਰੰਗ ਰੰਗਾਈਆ । ਰਾਮ ਰਾਮਾ ਨਾਲ ਕਰੇ ਧਿਆਨਾ, ਆਪਣਾ ਨੈਣ ਉਠਾਈਆ । ਮਸੀਹ ਦਾ ਸਾਚਾ ਸੰਗ ਬਣਾਨਾ, ਵਿਛੜ ਕੋਇ ਨਾ ਜਾਈਆ । ਚਰਨੀ ਦਾ ਲੇਖਾ ਸਾਥ ਰਲਾਨਾ, ਸੋਹਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਮਨੀ ਸਿੰਘ ਕਹੇ ਲਿਖਾਰੀਓ ਸੁਣਨੀ ਮੇਰੀ ਗੱਲ, ਜਗਤ ਜੁਗਤ ਨਾ ਕੋਇ ਜਣਾਈਆ । ਮੇਰੀ ਇਛਿਆ ਦਾ ਪ੍ਰਭ ਨੇ ਤੁਹਾਨੂੰ ਲਾਇਆ ਫਲ, ਸੋਹਣਾ ਰੰਗ ਰੰਗਾਈਆ । ਵਿਛੜੇ ਘੜੀ ਨਾ ਪਲ, ਲੇਖਾ ਬਲ ਦਾ ਪੂਰ ਕਰਾਈਆ । ਸਭ ਨੇ ਸਵਾ ਸਵਾ ਸੇਰ ਕੋਲ ਰਖਣਾ ਜਲ, ਜਿਸ ਵੇਲੇ ਨਿਸ਼ਾਨ ਲਗਾਈਆ । ਨਾਲ ਰੇਤਾ ਰਖਣੀ ਮਾਰੂਥਲ, ਥਲ ਅਸਗਾਹਾਂ ਨਾਲ ਮਿਲਾਈਆ । ਨੀਲਾ ਲਿਖਿਆ ਹੋਏ ਕਲਜੁਗ

ਕਲ, ਸੋਹਣਾ ਰੰਗ ਰੰਗਾਈਆ । ਹਿਰਨ ਦੀ ਲੱਭੀ ਹੋਏ ਖੱਲ, ਸਤਿਗੁਰ ਚਰਨਾਂ ਹੇਠ ਸੁਹਾਈਆ । ਗੁਰਮੁਖ ਸਿੰਘ ਵਜਾਉਂਦਾ ਹੋਵੇ ਟੱਲ, ਸੋਹਣਾ ਤਾਲ ਬਣਾਈਆ । ਚੇਲਾ ਸਿੰਘ ਲੂਣ ਦਾ ਲੈ ਕੇ ਡਲ, ਦੋਂਹ ਹੱਥਾਂ ਉਤੇ ਟਿਕਾਈਆ । ਪ੍ਰੀਤਮ ਸਿੰਘ ਖ਼ੁਸ਼ੀ ਦੇ ਲੈ ਕੇ ਫਲ, ਚਰਨ ਕਵਲ ਕਵਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਰਖਾਈਆ । ਮਨੀ ਸਿੰਘ ਕਹੇ ਲਿਖਾਰੀਓ ਮੇਰਾ ਇਕ ਪਰਵਾਨਾ, ਸਚ ਨਾਲ ਜਣਾਈਆ । ਪੰਜ ਪੰਜ ਕਲਮਾਂ ਨਾਲ ਰਖਣੀਆਂ ਕਾਨਾ, ਆਪਣੀ ਘੜਤ ਘੜਾਈਆ । ਇਹ ਮੇਰਾ ਪਿਛਲਾ ਨਿਸ਼ਾਨਾ, ਜੋ ਅਗੇ ਦਏ ਗਵਾਹੀਆ । ਪਹਿਲਾ ਲੇਖ ਲਿਖਣਾ ਨਾਲ ਸ਼ਹਾਨਾ, ਸੋਹਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸੰਤ ਮਨੀ ਸਿੰਘ ਕਹੇ ਮੈਂ ਆਖਾਂ ਨਾਲ ਪਿਆਰ, ਪ੍ਰੇਮੀਉਂ ਪ੍ਰੇਮ ਨਾਲ ਜਣਾਈਆ । ਲਿਖਾਰੀਆਂ ਕੋਲ ਇਕ ਰੰਬੀ ਹੋਵੇ ਆਰ, ਰਵੀਦਾਸ ਦੀ ਧਾਰ ਨਾਲ ਮਿਲਾਈਆ । ਪਾਲ ਸਿੰਘ ਕੋਲ ਸਾਢੇ ਤਿੰਨ ਹੋਣਗੇ ਹਾਰ, ਬਾਲਮੀਕ ਦਾ ਲੇਖਾ ਨਾਲ ਮਿਲਾਈਆ । ਦਰਸ਼ਨ ਸਿੰਘ ਪੁੱਠੀ ਕਰ ਤਲਵਾਰ, ਜ਼ਿਮੀਂ ਅਸਮਾਨ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਮਨੀ ਸਿੰਘ ਕਹੇ ਮੈਂ ਖ਼ੁਸ਼ੀਆਂ ਨਾਲ ਆਖਾਂ ਹਸ, ਸੋਹਣਾ ਢੋਲਾ ਗਾਈਆ । ਜਨ ਭਗਤੋ ਕਿਸੇ ਦਾ ਚਲੇ ਨਹੀਂ ਕੋਈ ਵਸ, ਵਾਸਤਾ ਜਗਤ ਨਾ ਕੋਇ ਰਖਾਈਆ । ਦਿੱਲੀ ਦਰਬਾਰ ਦੀ ਨੀਂਹ ਰਖਣੀ ਸਾਢੇ ਦਸ, ਵਕਤ ਅਵਰ ਨਾ ਕੋਇ ਜਣਾਈਆ । ਸਭ ਨੇ ਅੰਤਰ ਲੈਣਾ ਰਸ, ਪ੍ਰੇਮ ਪਿਆਰ ਵਿਚ ਸਮਾਈਆ । ਬਿਨ ਰਸਨਾ ਲੈਣਾ *ਚਖ*, ਸਿਫ਼ਤੀ ਢੋਲੇ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸੰਤ ਮਨੀ ਸਿੰਘ ਕਹੇ ਚਾਰ ਲਿਖਾਰੀ ਬਹਿਣਗੇ ਚਾਰੇ ਕੁੰਟ, ਮੁਖ ਚਾਰ ਕੁੰਟ ਭਵਾਈਆ । ਕਿਸੇ ਦੇ ਪੈਰ ਜੋੜਾ ਜਗਤ ਜੁੱਤੀ ਨਾ ਹੋਵੇ ਬੂਟ, ਖ਼ਾਲੀ ਪੈਰ ਸੋਭਾ ਪਾਈਆ । ਅੰਤਰ ਪਿਆਰ ਹੋਵੇ ਅਤੁਟ, ਤੁਟ ਕਦੇ ਨਾ ਜਾਈਆ । ਸਭ ਨੇ ਲਿਖਣ ਤੋਂ ਪਹਿਲਾਂ ਅੰਮ੍ਰਿਤ ਪੀਣਾ ਘੁਟ, ਰਸ ਬੁੱਲਾਂ ਨਾਲ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸੰਤ ਮਨੀ ਸਿੰਘ ਕਹੇ ਜਨ ਭਗਤੋ ਲੇਖ ਲਿਖਣਾ ਅਗੇ ਰਖ ਕੇ ਸੱਜਾ ਚਰਨ, ਲੱਤ ਸਿੱਧੀ ਦੇਣੀ ਕਰਾਈਆ । ਇਹ ਆਸ਼ਾ ਰਖੀ ਜਿਸ ਵੇਲੇ ਮੈਂ ਅੰਤਮ ਲੱਗਾ ਮਰਨ, ਸਵਾਸ ਤਨ ਵਜੂਦੋਂ ਬਾਹਰ ਕਢਾਈਆ । ਪ੍ਰਭੂ ਦਾ ਲੜ ਲੱਗਾ ਫੜਨ, ਫੜ ਪੱਲੂ ਬਾਹਰ ਕਢਾਈਆ । ਦਰਗਾਹ ਸਾਚੀ ਮੰਜ਼ਲ ਲੱਗਾ ਚੜ੍ਹਨ, ਜਗਤ ਜਹਾਨ ਪੰਧ ਮੁਕਾਈਆ । ਜਿਸ ਵੇਲੇ ਸਚਖੰਡ ਲੱਗਾ ਵੜਨ, ਥਿਰ ਘਰ ਆਪਣੀ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸਮਝਾਈਆ । ਸੰਤ ਮਨੀ ਸਿੰਘ ਕਹੇ ਜਨ ਭਗਤੋ ਤੁਹਾਡੀਆਂ ਤਿੰਨ ਹੋਣਗੀਆਂ ਅੱਖਾਂ, ਨਿਜ ਨੇਤਰ ਨਾਲ ਵਡਿਆਈਆ । ਸਤਿਗੁਰ ਸੱਜਣ ਮਿਲੇ ਸਖ਼ਾ, ਸਗਲਾ ਸੰਗ ਬਣਾਈਆ । ਜਿਸ ਨੂੰ ਲਭਦੇ ਕਰੋੜੀ ਲੱਖਾਂ, ਕੋਟਨ ਕੋਟ ਧਿਆਨ ਲਗਾਈਆ । ਉਹ ਆਉਂਦਾ ਕਿਸੇ ਨਹੀਂ ਹੱਥਾ, ਨੇਤਰ ਰੋਵਣ ਮਾਰਨ ਧਾਹੀਆ । ਜਿਸ ਤੁਹਾਡਾ ਲੇਖੇ ਲਾਉਣਾ ਮਸਤਕ ਮੱਥਾ, ਧੂੜੀ ਖ਼ਾਕ ਰਮਾਈਆ । ਜਿਸ ਦੇ ਗੋਬਿੰਦ ਸਥਰ ਲਥਾ, ਉਹ ਯਾਰੜਾ ਨੂਰ ਅਲਾਹੀਆ । ਉਸ ਦੀ

ਸ਼ਬਦ ਕਹਾਣੀ ਅਗੰਮੀ ਕਥਾ, ਕਥਨੀ ਕਥ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਆਪ ਬਣਾਈਆ । ਮਨੀ ਸਿੰਘ ਕਹੇ ਮੈਂ ਲਿਖਾਰੀਆਂ ਦੱਸਾਂ ਬਾਤ, ਖ਼ੁਸ਼ੀਆਂ ਨਾਲ ਜਣਾਈਆ । ਪ੍ਰਭੂ ਦਾ ਨਾ ਕੋਈ ਦਿਵਸ ਨਾ ਕੋਈ ਰਾਤ, ਅੱਠੇ ਪਹਿਰ ਇਕੋ ਰੰਗ ਵਖਾਈਆ । ਧੰਨ ਭਾਗ ਜੇ ਤੁਹਾਨੂੰ ਮਿਲੀ ਦਾਤ, ਵਸਤ ਅਮੁਲ ਦਿਤੀ ਵਰਤਾਈਆ । ਅੰਮ੍ਰਿਤ ਬਖ਼ਸ਼ੇ ਬੂੰਦ ਸਵਾਂਤ, ਰਸ ਨਿਝਰ ਇਕ ਝਿਰਾਈਆ । ਤੁਸਾਂ ਬੈਠਣਾਂ ਹੋ ਇਕਾਂਤ, ਬਿਨ ਜਗਤ ਨੇਤਰ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਮਨੀ ਸਿੰਘ ਕਹੇ ਜਨ ਭਗਤੋ ਤੁਹਾਡੇ ਕੋਲ ਸ਼ਾਹੀ ਜ਼ਰੂਰ ਹੋਵੇ ਲਾਲ, ਨੀਲੀ ਧਾਰ ਨਾਲ ਵਡਿਆਈਆ । ਕੁਛ ਸੰਦੇਸ਼ਾ ਦੇਵੇ ਸਿੰਘ ਪਾਲ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਇਕ ਚੇਤ ਸਿੰਘ ਦਾ ਸਵਾਲ, ਜੋ ਸਹਿਜ ਨਾਲ ਸਮਝਾਈਆ । ਤੇਜਾ ਸਿੰਘ ਜ਼ਰੂਰ ਕੱਢੇਗਾ ਗਾਲ, ਪੂਰਬ ਆਸ਼ਾ ਨਾਲ ਮਿਲਾਈਆ । ਠਾਕਰ ਸਿੰਘ ਕਰੇ ਖ਼ਿਆਲ, ਸਿੰਘ ਇੰਦਰ ਨੈਣ ਤਕਾਈਆ । ਇਹ ਖੇਲ ਹੋਵੇ ਕਮਾਲ, ਹਰਿ ਕਰਤਾ ਆਪ ਕਰਾਈਆ । ਸੇਵਾ ਸਿੰਘ ਦੇ ਕੋਲ ਹੋਵੇਗੀ ਢਾਲ, ਜਗਤ ਰੰਗ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸੰਤ ਮਨੀ ਸਿੰਘ ਕਹੇ ਮੈਂ ਪੁੱਜਾਂ ਜ਼ਰੂਰ, ਜਮਨ ਕਿਨਾਰਾ ਵੇਖ ਵਖਾਈਆ । ਜਿਥੇ ਮੇਰਾ ਸਾਹਿਬ ਆਵੇ ਹਜ਼ੂਰ, ਹਰਿ ਕਰਤਾ ਧੁਰਦਰਗਾਹੀਆ । ਜੋ ਜੋਤੀ ਬਖ਼ਸ਼ੇ ਨੂਰ, ਨੂਰ ਨੁਰਾਨਾ ਡਗਮਗਾਈਆ । ਜਿਸ ਦਾ ਸਭ ਤੋਂ ਵਖਰਾ ਦਸਤੂਰ, ਦੋ ਜਹਾਨਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸੰਤ ਮਨੀ ਸਿੰਘ ਕਹੇ ਹਰਿ ਭਗਤ ਦੁਆਰਾ ਬਣੇ ਆਪਣੇ ਧਾਮ, ਧਰਨੀ ਧਰਤ ਮਿਲੇ ਵਡਿਆਈਆ । ਜੋ ਇਸ਼ਾਰਾ ਦਿਤਾ ਸੀਆ ਨੂੰ ਰਾਮ, ਬਿਨ ਅੱਖਰਾਂ ਅੱਖਰ ਲਿਖਾਈਆ । ਜਿਸਦਾ ਲੇਖਾ ਨਾਲ ਘਨਈਏ ਕਾਹਨ, ਕਾਹਨ ਕਾਹਨਾ ਵਡ ਵਡਿਆਈਆ । ਸੋ ਲਹਿਣਾ ਦੇਣਾ ਪੂਰਾ ਕਰੇ ਆਣ, ਆਪ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਪਹਿਲੀ ਮਾਘ ਕਹੇ ਮੈਂ ਰਖਦਾ ਰਿਹਾ ਉਡੀਕਾਂ, ਜੁਗ ਜੁਗ ਧਿਆਨ ਲਗਾਈਆ । ਮੈਨੂੰ ਅਵਤਾਰ ਪੈਗ਼ੰਬਰਾਂ ਦੱਸੀਆਂ ਤਾਰੀਖ਼ਾਂ, ਤਵਾਰੀਖ਼ਾਂ ਗਏ ਜਣਾਈਆ । ਸਾਡੇ ਸਾਹਿਬ ਨੇ ਪੂਰਬ ਲੇਖੇ ਤੇ ਮਾਰਨੀਆਂ ਲੀਕਾਂ, ਲਾਈਨ ਐਨ ਇਕ ਸਮਝਾਈਆ । ਸ਼ਹਾਦਤ ਕਰੇ ਤਸਦੀਕਾਂ, ਸ਼ਹਾਦਤ ਕਲਮਿਆਂ ਵਾਲੀ ਭੁਗਤਾਈਆ । ਦੀਨ ਦੁਨੀ ਦੀਆਂ ਬਦਲ ਦਏ ਰੀਤਾਂ, ਮਾਰਗ ਇਕ ਦਰਸਾਈਆ । ਝਗੜਾ ਮੇਟੇ ਮੰਦਰ ਮਸੀਤਾਂ, ਕਾਅਬਿਆਂ ਦਏ ਵਡਿਆਈਆ । ਖੇਲੇ ਖੇਲ ਤ੍ਰੈਗੁਣ ਅਤੀਤਾ, ਤ੍ਰੈਭਵਣ ਧਨੀ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਮੈਂ ਜੁਗ ਜੁਗ ਲੇਖੇ ਰਿਹਾ ਤਕਦਾ, ਬਿਨ ਅੱਖਰਾਂ ਖੋਜ ਖੁਜਾਈਆ । ਇਹ ਲਹਿਣਾ ਦੇਣਾ ਹਕ਼ੀਕੀ ਹਕ ਦਾ, ਸਚ ਸਚ ਸਮਝਾਈਆ । ਕੀ ਹੁਕਮ ਵਰਤਣਾ ਅਲਖਣਾ ਅਲਖ ਦਾ, ਅਗੋਚਰ ਕੀ ਆਪਣਾ ਭੇਵ ਚੁਕਾਈਆ । ਕਿਸ ਬਿਧ ਭਗਤ ਦੁਆਰੇ ਨੀਂਹ ਹੋਵੇ ਰਖਦਾ, ਇਟਾਂ ਪਾਹਨਾਂ ਨਾਲ ਵਡਿਆਈਆ । ਉਸ ਵੇਲੇ ਲਿਖਾਰੀਆਂ ਕੋਲ ਹੋਵੇ ਪੁਤਲਾ ਇਕ ਕੱਖ ਦਾ, ਕੱਖਾਂ ਕਸੀਰੇ ਰਵੀਦਾਸ ਨਾਲ ਵਡਿਆਈਆ । ਜਿਸ ਦਾ ਲਹਿਣਾ

ਨਹੀਂ ਕਿਸੇ ਪੱਖ ਦਾ, ਸ਼ਰਅ ਵੰਡ ਨਾ ਕੋਇ ਵੰਡਾਈਆ । ਉਹ ਪਿਆਸਾ ਦੀਨ ਦੁਨੀ ਦੀ ਰਤ ਦਾ, ਜੋ ਰਤਨ ਅਮੋਲਕ ਹੀਰੇ ਗੁਰਮੁਖ ਲਏ
ਪਰਗਟਾਈਆ । ਅਗਲਾ ਹੁਕਮ ਸਤਿਗੁਰ ਸਾਹਿਬ ਸੁਆਮੀ ਸਚ ਦਾ, ਸਚ ਨਾਲ ਵਡਿਆਈਆ । ਫੌਜਾ ਸਿੰਘ ਕੋਲ ਗਲਾਸ ਹੋਵੇ ਇਕ ਕਚ
ਦਾ, ਦੂਸਰ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ
ਕਮਾਈਆ । ਮਨੀ ਸਿੰਘ ਕਹੇ ਮੇਰੇ ਅੰਦਰ ਵੱਡੀਆਂ ਆਸਾ, ਸਚ ਸਚ ਨਾਲ ਜਣਾਈਆ । ਜਨ ਭਗਤੋ ਸਭ ਨੂੰ ਮਿਲੇ ਭਰਵਾਸਾ, ਭਾਂਡਾ ਭਰਮ
ਭਰਮ ਭੰਨਾਈਆ । ਵਕ਼ਤ ਸੁਹੰਜਣਾ ਹੋਵੇ ਪ੍ਰਿਥਮੀ ਅਕਾਸ਼ਾ, ਗਗਨ ਗਗਨੰਤਰ ਸੋਭਾ ਪਾਈਆ । ਸ਼ੰਕਰ ਵੇਖੇ ਉਤੋਂ ਕੈਲਾਸ਼ਾ, ਬ੍ਰਹਮਾ ਬ੍ਰਹਮਲੋਕ
ਨੈਣ ਉਠਾਈਆ । ਵਿਸ਼ਨੂੰ ਵਿਸ਼ਵ ਦਾ ਖੋਲ੍ਹੇ ਖੁਲਾਸਾ, ਭੇਵ ਅਭੇਦ ਸਮਝਾਈਆ । ਕੀ ਲਹਿਣਾ ਸ਼ਾਹੋ ਸ਼ਾਬਾਸਾ, ਸ਼ਹਿਨਸ਼ਾਹ ਕੀ ਚਤੁਰਾਈਆ ।
ਜਿਸ ਦੇ ਅਵਤਾਰ ਪੈਗ਼ੰਬਰ ਗੁਰ ਦਾਸੀ ਦਾਸਾ, ਜੁਗ ਚੌਕੜੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ
ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸੰਤ ਮਨੀ ਸਿੰਘ ਕਹੇ ਮੈਂ ਖ਼ੁਸ਼ੀਆਂ ਨਾਲ ਜਾਵਾਂ ਲਿਟ, ਸਚ ਸਿੰਘਾਸਣ ਇਕ ਸੁਹਾਈਆ ।
ਮੇਰੇ ਕੋਲ ਬਿਨ ਅੱਖਰਾਂ ਵਾਲੀ ਚਿਟ, ਜਿਸ ਦਾ ਅੱਖਰ ਨਜ਼ਰ ਕੋਇ ਨਾ ਆਈਆ । ਵੇਖੋ ਧਰਤੀ ਰਹੀ ਪਿੱਟ, ਰੋ ਰੋ ਦਏ ਦੁਹਾਈਆ । ਝਗੜਾ
ਪਿਆ ਪੱਥਰ ਇੱਟ, ਪਾਹਨ ਰਹੇ ਕੁਰਲਾਈਆ । ਕਿਸੇ ਦਾ ਮਨੂਆ ਜਾਏ ਨਾ ਟਿਕ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ
੨੪੩ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਮਨੀ ਸਿੰਘ ਕਹੇ ਮੇਰਾ ਲੇਖਾ ਮੈਂ ਧੁਰ ਦੀ ੨੪੩
੨੪ ਬਣਾਂ ਬਾਂਦੀ, ਬੰਦਨਾ ਵਿਚ ਸੀਸ ਨਿਵਾਈਆ । ਮੇਰੀ ਆਸ਼ਾ ਹੋਵੇ ਗਾਂਦੀ, ਤੂੰ ਹੀ ਤੂੰ ਹੀ ਰਾਗ ਅਲਾਹੀਆ । ਜਗਤ ਤ੍ਰਿਸ਼ਨਾ ਵੇਖਾਂ ਥੱਕੀ ਮਾਂਦੀ, ੨੪
ਆਲਸ ਨਿੰਦਰਾ ਨਾ ਕੋਇ ਮਿਟਾਈਆ । ਜਗਤ ਵਾਸ਼ਨਾ ਇਕ ਦੂਜੇ ਨੂੰ ਹੋਵੇ ਖਾਂਦੀ, ਧੀਰਜ ਧੀਰ ਨਾ ਕੋਇ ਧਰਾਈਆ । ਧਰਮ ਦਾ ਬਣੇ ਕੋਇ
ਨਾ ਪਾਂਧੀ, ਮੰਜ਼ਲ ਚੜ੍ਹਨ ਕੋਇ ਨਾ ਆਈਆ । ਸੀਸ ਦਿਸੇ ਨਾ ਕੋਇ ਪਰਾਂਦੀ, ਜਗਤ ਦੁਹਾਗਣ ਰੋਵੇ ਮਾਰੇ ਧਾਹੀਆ । ਸਚ ਸਰੋਵਰ ਕੋਈ
ਆਤਮਾ ਦਿਸੇ ਨਾ ਨਹਾਂਦੀ, ਸਤਿਗੁਰ ਧੂੜ ਚਰਨ ਮਜਨ ਨਾ ਕੋਇ ਕਰਾਈਆ । ਸੰਤ ਮਨੀ ਸਿੰਘ ਕਹੇ ਹਰਿ ਭਗਤ ਦੁਆਰ ਸੁਗੰਦ ਸਭ ਨੂੰ ਸੂਰ
ਗਾਂ ਦੀ, ਹਿੰਦੂ ਮੁਸਲਿਮ ਸਿੱਖ ਈਸਾਈ ਇਕੋ ਰੰਗ ਰੰਗਾਈਆ । ਇਹ ਆਸ਼ਾ ਬਿਸ਼ਨ ਕੌਰ ਬੁਢੇਪੇ ਵਾਲੀ ਮਾਂ ਦੀ, ਮਮਤਾ ਜਗਤ ਵਾਲੀ ਤਜਾਈਆ ।
ਧਰਨੀ ਸੁਹੰਜਣੀ ਹੋ ਕੇ ਕਹੇ ਮੈਨੂੰ ਖ਼ੁਸ਼ੀ ਮਿਲਣੀ ਸਾਚੇ ਥਾਂ ਦੀ, ਸੋਹਣੀ ਰੰਗਤ ਮੇਰੇ ਉਤੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰੇ ਉਤੇ ਵਿਵਹਾਰ ਹੋਣਾ ਨਵਾਂ, ਪ੍ਰਭ ਦੇਵੇ ਮਾਣ
ਵਡਿਆਈਆ । ਮੈਂ ਖ਼ੁਸ਼ੀਆਂ ਦੇ ਵਿਚ ਭਵਾਂ, ਭੱਜਾਂ ਵਾਹੋ ਦਾਹੀਆ । ਮੇਰੇ ਉਤੇ ਧਰਮ ਦਾ ਜੁਗ ਹੋਣਾ ਰਵਾਂ, ਚਾਰੋਂ ਕੁੰਟ ਵੇਖ ਵਖਾਈਆ ।
ਮੈਂ ਨੌ ਖੰਡ ਪ੍ਰਿਥਮੀ ਭਵਾਂ, ਭੱਜਾਂ ਵਾਹੋ ਦਾਹੀਆ । ਪਰਮ ਪੁਰਖ ਦੀ ਸਰਨੀ ਪਰਾਂ, ਨਿਵ ਨਿਵ ਲਾਗਾਂ ਪਾਈਆ । ਤੂੰ ਮੇਰਾ ਮੈਂ ਤੇਰਾ ਢੋਲਾ
ਪੜ੍ਹਾਂ, ਗਾ ਗਾ ਖ਼ੁਸ਼ੀ ਬਣਾਈਆ । ਮੈਨੂੰ ਲਾਲਚ ਨਹੀਂ ਕੋਈ ਤਮਅ, ਲੋਭ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਮਨੀ ਸਿੰਘ ਕਹੇ ਜਨ ਭਗਤੋ ਸੁਹੰਜਣੀ ਹੋਣੀ ਰੁਤ, ਨਵ ਮਾਘ

ਵਡਿਆਈਆ । ਹਰਿਜਨ ਪ੍ਰਭ ਦੇ ਸੋਹਣੇ ਸੁਹੰਜਣੇ ਹੋਣੇ ਸੁਤ, ਜਗਤ ਮਿਲੇ ਵਡਿਆਈਆ । ਨੀਂਹ ਥੱਲੇ ਸਭ ਤੋਂ ਪਹਿਲਾਂ ਸਵਾ ਤੋਲਾ ਚਾਂਦੀ ਦਾ ਰਖਿਆ ਜਾਏਗਾ ਬੁਤ, ਅਮਰਜੀਤ ਸਿੰਘ ਦਏ ਟਿਕਾਈਆ । ਉਤੇ ਅੰਮ੍ਰਿਤ ਪਾਇਆ ਜਾਏਗਾ ਘੁਟ, ਸੋਹਣਾ ਸਗਨ ਮਨਾਈਆ । ਫੇਰ ਰੁਪੈ ਸੋਨੇ ਚਾਂਦੀ ਪਿਛੇ ਦੀਨ ਦੁਨੀ ਚ ਪੈਣੀ ਲੁਟ, ਕਲਜੁਗ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਹੁਕਮ ਅਬਿਨਾਸ਼ੀ ਅਚੁਤ, ਗੁਰਦਰਸ਼ਨ ਦੇ ਲਾਲ ਰੰਗ ਨਾਲ ਰੰਗੇ ਹੋਣਗੇ ਗੁੱਟ, ਨਿਸ਼ਾਨ ਗੋਡਿਆਂ ਉਤੇ ਰਖਾਈਆ ।

✪ ੯ ਮਾਘ ਸ਼ਹਿਨਸ਼ਾਹੀ ਸੰਮਤ ਦਸ ਦਿਲੀ ਧੀਰਪੁਰ ਹਰਿ ਭਗਤ ਦੁਆਰ ਦੀ ਨੀਂਹ ਰਖਣ ਸਮੇਂ ਸਵੇਰੇ ਸਾਢੇ ਦਸ ਵਜੇ ✪

ਸੋ ਪੁਰਖ ਨਿਰੰਜਣ ਸਾਚਾ ਮੀਤ, ਮਿਤਰ ਪਿਆਰਾ ਇਕ ਅਖਵਾਈਆ । ਹਰਿ ਪੁਰਖ ਨਿਰੰਜਣ ਠਾਂਢਾ ਸੀਤ, ਸਤਿ ਸਤਿਵਾਦੀ ਅਗੰਮ ਅਥਾਹੀਆ । ਏਕੰਕਾਰਾ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਇਕ ਅਖਵਾਈਆ । ਆਦਿ ਨਿਰੰਜਣ ਸਦਾ ਜਗਜੀਤ, ਨਿਰਗੁਣ ਨਿਰਵੈਰ ਇਕ ਅਖਵਾਈਆ । ਅਬਿਨਾਸ਼ੀ
੨੪੪ ਕਰਤਾ ਪਤਤ ਪੁਨੀਤ, ਪਤਤ ਪਾਵਨ ਧੁਰਦਰਗਾਹੀਆ । ਸ੍ਰੀ ਭਗਵਾਨ ਧਰਮ ਦੀ ਧਾਰ ਚਲਾਏ ਰੀਤ, ਸਤਿ ਸਤਿਵਾਦੀ ਇਕ ਅਖਵਾਈਆ । ੨੪੪
੨੪ ਪਾਰਬ੍ਰਹਮ ਖੇਲ ਕਰੇ ਆਦਿ ਜੁਗਾਦੀ ਠੀਕ, ਠਾਕਰ ਸੁਆਮੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ੨੪
ਧੁਰ ਦਾ ਵਰ, ਧੁਰ ਰੰਗ ਇਕ ਰੰਗਾਈਆ । ਸਤਿਗੁਰ ਸ਼ਬਦ ਆਦਿ ਆਦਿ ਦੀ ਧਾਰ, ਨਿਰਗੁਣ ਨਿਰਵੈਰ ਨਿਰੰਕਾਰ ਖੇਲ ਖਿਲਾਈਆ । ਜਿਸ ਦਾ ਰੂਪ ਅਨੂਪ ਅਗੰਮ ਅਪਾਰ, ਅਲਖ ਅਗੋਚਰ ਸਤਿ ਸਤਿਵਾਦੀ ਵਡ ਵਡਿਆਈਆ । ਜੋ ਖੇਲੇ ਖੇਲ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਵੰਡ ਵੰਡਾਈਆ । ਜਿਸ ਦਾ ਲਹਿਣਾ ਦੇਣਾ ਦੀਨ ਦੁਨੀ ਨਾਲ ਤੇਈ ਅਵਤਾਰ, ਰਾਮਾ ਕ੍ਰਿਸ਼ਨਾ ਨੂਰ ਨੁਰਾਨਾ ਨੂਰ ਨੂਰ ਰੁਸ਼ਨਾਈਆ । ਹਜ਼ਰਤ ਮੂਸਾ ਈਸਾ ਮੁਹੰਮਦ ਦੇਵਣਹਾਰਾ ਅਧਾਰ, ਜੋਤੀ ਜਾਤਾ ਪੁਰਖ ਬਿਧਾਤਾ ਇਕ ਅਖਵਾਈਆ । ਨਾਨਕ ਨਿਰਗੁਣ ਸਰਗੁਣ ਗੋਬਿੰਦ ਸ਼ਬਦ ਜੈਕਾਰ, ਸਿੰਘ ਸਿੰਘ ਇਕ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਧੁਰ ਦਾ ਹੁਕਮ ਸਦਾ ਜੁਗ ਚਾਰ, ਜੁਗ ਚੌਕੜੀ ਆਪ ਵਰਤਾਈਆ । ਜਿਸ ਦੇ ਹੁਕਮੇ ਅੰਦਰ ਤੇਈ ਅਵਤਾਰ, ਅਵਤਰ ਆਪਣੀ ਖੇਲ ਖਿਲਾਈਆ । ਜਿਸ ਦਾ ਲਹਿਣਾ ਦੇਣਾ ਨਾਲ ਧਰਨੀ ਧਰਤ ਧਵਲ ਧੌਲ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਦੇਣ ਗਵਾਹੀਆ । ਭਗਤ ਸੁਹੇਲੇ ਵੇਖੇ ਵਿਗਸੇ ਵੇਖਣਹਾਰ, ਗੁਰ ਚੇਲੇ ਖੋਜ ਖੁਜਾਈਆ । ਜਿਸ ਦਾ ਰਸਨਾ ਜਿਹਵਾ ਜਗਤ ਵਿਦਿਆ ਬਾਹਰ ਇਜ਼ਹਾਰ, ਸਿਫ਼ਤਾਂ ਵੰਡ ਨਾ ਕੋਇ ਵੰਡਾਈਆ । ਚਾਰ ਜੁਗ ਦੇ ਸ਼ਾਸਤਰ ਅੱਖਰਾਂ ਨਾਲ ਕਰਨ ਪੁਕਾਰ, ਨਿਰਅੱਖਰ ਧਾਰ ਧਾਰ ਸ਼ਨਵਾਈਆ । ਸੋ ਪਰਮ ਪੁਰਖ ਧੁਰ ਦਾ ਰਾਮ ਕਰਨੀ ਦਾ ਕਰਤਾ ਏਕੰਕਾਰ, ਅਕਲ ਕਲਧਾਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਪੈਗ਼ੰਬਰਾਂ ਅਜ਼ਮਜ਼ੀ ਵਜ਼ੂਉਲ ਜ਼ਮੀਉਲ ਜ਼ਕੂਤੇ ਆਯਸ਼ਹੇਜਮਾ ਨੂਰੇ ਰੁਸ਼ਨਾ ਮੁਹੰਮਦੇ ਦੁਆ ਜ਼ਬੀਉਲ ਜ਼ਮਾ ਮੁਵਿਵਜ਼ੀ ਨਵਿਸਤੁਲ ਜ਼ੰਬਾਏ ਖ਼ੁਦਾ ਖ਼ੁਦ ਮਾਲਕ ਇਕ ਅਖਵਾਈਆ । ਕੋਨਾ ਕੁਨਿਜ਼ ਸ਼ਾਹੇ ਜ਼ਵਿਜ਼ ਰੋਜ਼ਮ ਮਬੀ ਮੁਵਸਤੀ ਤੁਵਲਾ ਜੰਬਾਏ ਜੁਕੰਨਨਿਸਤਾ ਜਬਰਾਈਲੇ ਜ਼ਮੂ ਰੂਹੇ ਨਵਾਸਤੇ ਮਜ਼ਾ ਅਸਤੇਮਜ਼ਾ ਮੁਵਜ਼ਲ ਤੁਵਜ਼ਲ ਮਜ਼ੀਉਲ ਕਮੋਜ਼ੇ ਜਾਮਿਸਤੀ ਦੰਬਾਏ ਖ਼ੁਦਾ ਕਾਅਬਾਏ ਕੁਵਿਦ ਸ਼ਰਅ ਏ ਜ਼ੁਵਿਦ ਨੂਰੇ ਚਸ਼ਮ ਅਰਸ਼ੇ ਵਜ਼ੀ ਨਵੀਜ਼ੇ ਤਰਜੀਹ ਜ਼ਮੀਉਲ ਜ਼ਮਾ ਰਹਿਨੁਮਾ ਇਕ ਨੂਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਸਤਿਗੁਰ ਸ਼ਬਦ ਅਗੰਮੀ ਧਾਰ, ਧਰਤ ਧਵਲ ਵਡਿਆਈਆ । ਨਾਨਕ ਨਿਰਗੁਣ ਸਰਗੁਣ ਖੇਲ ਅਪਾਰ, ਗੋਬਿੰਦ ਮੇਲਾ ਸਹਿਜ ਸੁਭਾਈਆ । ਚਾਰ ਵਰਨ ਇਕ ਅਧਾਰ, ਛਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਲੇਖਾ ਜਾਣੇ ਆਪ ਨਿਰੰਕਾਰ, ਨਿਰਵੈਰ ਇਕ ਅਖਵਾਈਆ । ਜਿਸ ਦੇ ਸ਼ਬਦ ਸੰਦੇਸ਼ੇ ਭਵਿਖਤਾਂ ਵਿਚ ਗੁਰ ਅਵਤਾਰ ਪੈਗ਼ੰਬਰ ਗਏ ਉਚਾਰ, ਪੇਸ਼ੀਨਗੋਈਆਂ ਨਾਲ ਮਿਲਾਈਆ । ਸੋ ਖੇਲੇ ਖੇਲ ਆਪਣੀ ਵਾਰ, ਵਾਰਸ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਸ਼ਬਦ ਦੀ ਧਾਰ ਆਦਿ ਜੁਗਾਦੀ ਭਗਤ, ਭਗਵਨ ਦੇਵਣਹਾਰ ਵਡਿਆਈਆ । ਜਿਨ੍ਹਾਂ ਦੇ ਅੰਤਰ ਨਾਮ ਦੀ ਸ਼ਕਤ, ਸ਼ਖ਼ਸ਼ੀਅਤ ਜਗਤ ਵਿਚ ਪਰਗਟਾਈਆ । ਓਸ ਦਾ ਸਦਾ ਸੁਹੰਜਣਾ ਹੋਵੇ ਵਕਤ, ਵੇਲਾ ਆਪਣੇ ਰੰਗ ਰੰਗਾਈਆ । ਜਿਸ ਦਾ ਲਹਿਣਾ ਦੇਣਾ ਨਾਲ ਦੀਨ ਦੁਨੀ ਫ਼ਕਤ, ਫ਼ਿਕਰੇ ਢੋਲੇ ਸੋਹਲੇ ਰਾਗ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਵਕ਼ਤ ਸੁਹੰਜਣਾ ਆਇਆ, ਸੋਹਣੀ ਮਿਲੇ ਵਡਿਆਈਆ । ਪ੍ਰਭ ਜੋਤੀ ਜੋਤ ਰੁਸ਼ਨਾਇਆ, ਦੋ ਜਹਾਨਾਂ ਡਗਮਗਾਈਆ । ਅਵਤਰ ਆਪਣਾ ਖੇਲ ਖਿਲਾਇਆ, ਖੇਲਣਹਾਰ ਅਗੰਮ ਅਥਾਹੀਆ । ਅਵਤਾਰ ਪੈਗ਼ੰਬਰ ਗੁਰ ਸੰਗ ਮਿਲਾਇਆ, ਏਕਾ ਗੰਢ ਪੁਆਈਆ । ਧੁਰ ਦਾ ਪਰਦਾ ਆਪ *ਖੁਲ੍ਹਾਇਆ, ਭੇਵ ਰਹੇ ਨਾ ਰਾਈਆ । ਰਵੀਦਾਸ ਦਏ ਗਵਾਹਿਆ, ਸ਼ਹਾਦਤ ਨਾਮ ਵਾਲੀ ਭੁਗਤਾਈਆ । ਬਾਲਮੀਕ ਵੇਖ ਵਖਾਇਆ, ਤ੍ਰੇਤਾ ਜੁਗ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਰਵੀਦਾਸ ਕਹੇ ਜਨ ਭਗਤੋ ਮੈਂ ਭਗਤ ਪਿਆਰਾ ਮੀਤ, ਮਿਤਰਾਂ ਦਿਆਂ ਸੁਣਾਈਆ । ਗ਼ਰੀਬਾਂ ਵਿਚ ਗ਼ਰੀਬੀ ਵਾਲੀ ਰੀਤ, ਜੁਗ ਚੌਕੜੀ ਚਲੀ ਆਈਆ । ਅੰਦਰੋਂ ਕਾਇਆ ਸਭ ਨੇ ਕਰਨੀ ਠੰਢੀ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਮਨ ਮਨੂਆ ਲੈਣਾ ਜੀਤ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਤੂੰ ਮੇਰਾ ਮੈਂ ਤੇਰਾ ਗਾਉਣਾ ਗੀਤ, ਸੋਹੰ ਸਚ ਪੜ੍ਹਾਈਆ । ਸਾਚਾ ਦਿਉਹਰਾ ਮੰਦਰ ਮਸੀਤ, ਕਾਇਆ ਕਾਅਬਾ ਨਜ਼ਰੀ ਆਈਆ । ਮੇਲਾ ਹੋਣਾ ਨਾਲ ਹਸਤ ਕੀਟ, ਸ਼ਾਹ ਸੁਲਤਾਨ ਨਾ ਕੋਇ ਵਡਿਆਈਆ । ਪਿਛਲਾ ਲੇਖਾ ਪਿਛੇ ਗਿਆ ਬੀਤ, ਅਗਲਾ ਹੁਕਮ ਚਲੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਬਾਲਮੀਕ ਕਹੇ ਮੈਂ ਬਟਵਾਰਾ, ਤ੍ਰੇਤਾ ਮੇਰੀ ਦਏ ਗਵਾਹੀਆ । ਮੈਂ ਲੇਖਾ ਲਿਖਿਆ ਗੁਪਤ ਜ਼ਾਹਰਾ, ਬਿਨ ਅੱਖਰਾਂ ਅੱਖਰ ਦ੍ਰਿੜਾਈਆ ।

ਸੰਦੇਸ਼ਾ ਸੁਣਦਾ ਰਿਹਾ ਬਿਨ ਸਰਵਣਾਂ ਆਪਣੇ ਅੰਤਰ ਅੰਤਰ ਕਰਦਾ ਰਿਹਾ ਵਿਚਾਰਾ, ਜਗਤ ਅਕਲ ਬੁਧੀ ਨਾ ਕੋਇ ਰਖਾਈਆ । ਧਰਨੀ ਧਰਤ ਧਵਲ ਧੌਲ ਰਾਮ ਰਾਮਾ ਹੋਏ ਉਜਿਆਰਾ, ਰਾਮ ਰਮਈਆ ਰਾਮ ਰਾਮ ਰੂਪ ਪਰਗਟਾਈਆ । ਜਿਸ ਦਾ ਖੇਲ ਚਾਰੇ ਕੁੰਟ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਡਗਮਗਾਈਆ । ਅੰਤ ਕੰਤ ਦੇ ਕੇ ਸਚ ਇਸ਼ਾਰਾ, ਭਗਵੰਤ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦੀ ਧਾਰ ਆਪ ਸਮਝਾਈਆ । ਧੁਰ ਦੀ ਧਾਰ ਕਹੇ ਮੈਂ ਆਦਿ ਜੁਗਾਦੀ ਸਚ, ਪ੍ਰਭ ਦੀ ਸਚ ਵਡਿਆਈਆ । ਲੂੰ ਲੂੰ ਅੰਦਰ ਸਭ ਦੇ ਜਾਵਾਂ ਰਚ, ਰਚਨਾ ਪ੍ਰਭ ਦੀ ਦਿਆਂ ਵਖਾਈਆ । ਮੇਰਾ ਨਾਤਾ ਨਹੀਂ ਨਾਲ ਕਾਇਆ ਮਾਟੀ ਕੱਚ, ਕੰਚਨ ਗੜ੍ਹ ਨਾ ਕੋਇ ਚਤੁਰਾਈਆ । ਸਭ ਦਾ ਸੁਆਮੀ ਮਾਲਕ ਇਕੋ ਪਰਮੇਸ਼ਵਰ ਪਤਿ, ਪਾਰਬ੍ਰਹਮ ਅਖਵਾਈਆ । ਜਿਸ ਭਗਤਾਂ ਲੇਖੇ ਲਾਉਣੀ ਰਤ, ਰਤਨ ਅਮੋਲਕ ਹੀਰੇ ਆਪ ਪਰਗਟਾਈਆ । ਧਰਮ ਦਾ ਧਰਮ ਦਵਾਰ ਖੋਲ੍ਹਣਾ ਹੱਟ, ਵਸਤ ਸਚ ਨਾਮ ਟਿਕਾਈਆ । ਸ਼ਰਅ ਜ਼ੰਜੀਰ ਦੇਣੀ ਕਟ, ਕਟਾਕਸ਼ ਇਕੋ ਇਕ ਵਖਾਈਆ । ਦੂਈ ਦੁਵੈਤ ਮੇਟਣਾ ਫੱਟ, ਪੱਟੀ ਨਾਮ ਵਾਲੀ ਬੰਧਾਈਆ । ਸ਼ਰਅ ਦੀ ਰਹੇ ਕੋਈ ਨਾ ਵਟ, ਵਟਣਾ ਨਾਮ ਵਾਲਾ ਮਲਣਾ ਚਾਈਂ ਚਾਈਂਆ । ਸੋ ਖੇਲ ਕਰੇ ਪ੍ਰਭ ਜੋ ਵਸੇ ਘਟ ਘਟ, ਘਟ ਘਟ ਬੈਠਾ ਸੋਭਾ ਪਾਈਆ । ਜਿਸ ਦੇ ਨਾਮ ਕਲਮੇ ਰਹੇ ਰਟ, ਰਸਨਾ ਜਿਹਵਾ ਸੁਰਤੀ ਸੋਹਲੇ ਢੋਲੇ ਗਾਈਆ । ਉਹ ਆਤਮ ਸੇਜ ਸੁਹੰਜਣਾ ਸੁਹਾਏ ਖਟ, ਖਟੀਆ ਇਕ ਵਡਿਆਈਆ । ਜੋਤ ਜਗਾਏ ਲਟ ਲਟ, ਅੰਧ ਅੰਧੇਰਾ ਦਏ ਮਿਟਾਈਆ । ਸ਼ਬਦੀ ਸੁਰਤ ਮਾਰ ਕੇ ਸੱਟ, ਸੋਈ ਸਵਾਣੀ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਕਰਨੀ ਕਹੇ ਮੈਂ ਆਦਿ ਜੁਗਾਦਿ ਦੀ ਕਰਨੀ, ਕੁਦਰਤ ਕਾਦਰ ਦਿਤੀ ਵਡਿਆਈਆ । ਮੈਂ ਵੇਖਣਾ ਖੇਲ ਪ੍ਰਭੂ ਦੀ ਚਰਨੀ, ਚਰਨੀ ਦੀ ਧਾਰ ਸ਼ਹਾਦਤ ਫੋਟੋ ਦਏ ਗਵਾਹੀਆ । ਮੇਰਾ ਝਗੜਾ ਨਹੀਂ ਵਰਨੀ ਬਰਨੀ, ਜ਼ਾਤ ਪਾਤ ਨਾ ਵੰਡ ਵੰਡਾਈਆ । ਮੈਂ ਚਾਹੁੰਦੀ ਇਕੋ ਮਾਰਗ ਹੋਵੇ ਉਤੇ ਧਰਨੀ, ਧਰਨੀ ਧਰਤ ਧਵਲ ਧੌਲ ਸੋਭਾ ਪਾਈਆ । ਪੁਰਖ ਅਕਾਲ ਦੀ ਪੌੜੀ ਸਭ ਨੇ ਚੜ੍ਹਨੀ, ਰਾਮ ਰਾਮਾ ਰੰਗ ਰੰਗਾਈਆ । ਕੂੜੀ ਕਿਰਿਆ ਜਗਤ ਜਹਾਨ ਵਿਚੋਂ ਹੜ੍ਹਨੀ, ਦੀਨ ਦੁਨੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪਣੇ ਹੱਥ ਰਖਾਈਆ । ਕੂੜੀ ਕਿਰਿਆ ਕਹੇ ਮੇਰਾ ਕਲਜੁਗ ਨਾਤਾ, ਸਚ ਸਚ ਸੁਣਾਈਆ । ਕਲਜੁਗ ਕਹੇ ਮੇਰਾ ਖੇਲ ਨਾਲ ਪੁਰਖ ਬਿਧਾਤਾ, ਜੋ ਬਿਧਨਾ ਦਾ ਮਾਲਕ ਅਗੰਮ ਅਥਾਹੀਆ । ਜਿਸ ਮੇਰਾ ਵਕ਼ਤ ਸੁਹੰਜਣਾ ਦੀਨ ਦੁਨੀ ਕੀਤਾ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚਮਕਾਈਆ । ਝਗੜਾ ਪਾ ਕੇ ਦੀਨ ਮਜ਼੍ਹਬ ਜ਼ਾਤਾ ਪਾਤਾ, ਮਾਣਸ ਮਾਨਵ ਦਿਤੇ ਟਕਰਾਈਆ । ਆਪਣੇ ਹੁਕਮ ਦਾ ਰਖ ਕੇ ਡੂੰਘਾ ਖਾਤਾ, ਭੇਵ ਅਭੇਦ ਲਿਆ ਛੁਪਾਈਆ । ਮੈਂ ਸਚ ਸੰਦੇਸ਼ਾ ਦੇਵਾਂ ਦੀਪ ਸਾਤਾ, ਨਵ ਖੰਡ ਖੰਡ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਨਵ ਸੱਤ ਕਹਿਣ ਸਾਡਾ ਰੂਪ ਅਨੂਪ ਅਪਾਰਾ, ਪ੍ਰਭ ਦਿਤੀ ਮਾਣ ਵਡਿਆਈਆ । ਸਾਡੀ ਨਮੋ ਨਮੋ ਨਿਮਸਕਾਰਾ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਸਾਡਾ ਲਹਿਣਾ ਦੇਣਾ ਨਾਲ ਤੇਈ ਅਵਤਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੰਢ ਪਵਾਈਆ । ਸਾਡਾ ਖੇਲ ਸੰਗ ਹਜ਼ਰਤ ਈਸਾ ਮੂਸਾ ਮੁਹੰਮਦ ਯਾਰਾ,

੨੪੭
੨੪

ਮਿਹਰਵਾਨ ਮਹਿਬਾਨ ਬੀਦੋ ਆਪਣਾ ਖੇਲ ਸਮਝਾਈਆ । ਸਾਡਾ ਲਹਿਣਾ ਦੇਣਾ ਨਾਨਕ ਨਿਰਗੁਣ ਧਾਰ ਗੋਬਿੰਦ ਧਾਰ ਅਪਾਰਾ, ਅਪਰੰਪਰ ਦਏ ਵਡਿਆਈਆ । ਸਾਡਾ ਮੀਤ ਸਾਜਣ ਭਗਤ ਸੁਹੇਲਾ ਜੋ ਭਗਵਨ ਹੋਏ ਪਿਆਰਾ, ਧਰਮ ਦੀ ਧਾਰ ਵਿਚ ਸਮਾਈਆ । ਨੌ ਖੰਡ ਕਹਿਣ ਸੱਤ ਦੀਪ ਅਸੀਂ ਓਸ ਪ੍ਰਭੂ ਦਾ ਬੋਲੀਏ ਜੈਕਾਰਾ, ਜੋ ਆਦਿ ਜੁਗਾਦਿ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸੱਤ ਦੀਪ ਕਹਿਣ ਸਾਡੀ ਧਰਨੀ ਧਰਤ ਧਵਲ ਅਪਾਰ, ਅਪਰੰਪਰ ਦਏ ਵਡਿਆਈਆ । ਸਾਡੀ ਨਮੋ ਨਮੋ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਧੰਨਭਾਗ ਜੇ ਧੁਰ ਦਾ ਹੁਕਮ ਚਲੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਖ਼ੁਸ਼ੀ ਮਨਾਈਆ । ਮਾਨਵ ਜ਼ਾਤੀ ਇਕ ਹੋਏ ਪਿਆਰ, ਆਤਮ ਪਰਮਾਤਮ ਮਿਲਕੇ ਵਜੇ ਵਧਾਈਆ । ਜੋ ਭਗਤ ਸੰਤ ਸੂਫ਼ੀ ਸੰਦੇਸ਼ਾ ਦੇ ਕੇ ਗਏ ਆਪਣੀ ਵਾਰ, ਪੂਰਬ ਲੇਖੇ ਨਾਲ ਮਿਲਾਈਆ । ਭਗਤਾਂ ਦਾ ਗ੍ਰਹਿ ਹੋਵੇ ਭਗਤ ਦੁਆਰ, ਭਗਵਨ ਮਿਲ ਕੇ ਵਜੇ ਵਧਾਈਆ । ਸ਼ਰਅ ਦਾ ਹੋਵੇ ਨਾ ਕੋਇ ਸਿਕਦਾਰ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਇਕੋ ਨੂਰ ਜੋਤ ਉਜਿਆਰ, ਨੂਰ ਨੁਰਾਨਾ ਨਜ਼ਰੀ ਆਈਆ । ਇਕੋ ਸ਼ਬਦ ਹੋਵੇ ਧੁਨਕਾਰ, ਅਨਹਦ ਨਾਦੀ ਨਾਦ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਆਪ ਖਿਲਾਈਆ । ਧਰਨੀ ਕਹੇ ਮੈਂ ਆਦਿ ਜੁਗਾਦਿ ਦੀ ਧਵਲ, ਧਰਮ ਨਾਲ ਸਮਝਾਈਆ । ਮੇਰਾ ਮਾਲਕ ਪੁਰਖ ਅਕਾਲਾ ਨੂਰ ਅਲਾਹੀ ਇਕੋ ਅਵਲ, ਆਲਮੀਨ ਇਕ ਅਖਵਾਈਆ । ਜਿਸ ਦਾ ਲੇਖਾ ਲਹਿਣਾ ਦੇਣਾ ਰਾਮ ਰਾਮਾ ਨਾਲ ਕ੍ਰਿਸ਼ਨ ਕਾਹਨ ਸਵਲ, ਸਾਂਵਰੀਆ ਆਪਣਾ ਰੰਗ ਰੰਗਾਈਆ । ਜਿਸ ਗੋਬਿੰਦ ਧਾਰ ਛਕਾਈ ਪਵਲ, ਅੰਮ੍ਰਿਤ ਰਸ ਬਿਨ ਰਸਨਾ ਰਸ ਚਖਾਈਆ । ਓਹ ਭਗਤ ਸੁਹੇਲੇ ਪਰਗਟਾਏ ਆਪਣੇ ਕਵਲ, ਕਮਲਾਪਾਤੀ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਵਕ਼ਤ ਸੁਹੰਜਣਾ ਆਇਆ ਨੌ ਮਾਘ, ਖ਼ੁਸ਼ੀਆਂ ਢੋਲੇ ਗਾਈਆ । ਮੇਰੇ ਅੰਤਰ ਉਪਜਿਆ ਇਕ ਵੈਰਾਗ, ਵੈਰੀ ਕੂੜੇ ਬਾਹਰ ਕਢਾਈਆ । ਜਨ ਭਗਤੋ ਦੁਰਮਤ ਮੈਲ ਧੋਣਾ ਦਾਗ਼, ਪਾਪ ਰਹੇ ਨਾ ਰਾਈਆ । ਕਾਇਆ ਮੰਦਰ ਦੀਪਕ ਜੋਤ ਵੇਖਣਾ ਚਰਾਗ਼, ਜੋਤੀ ਜਾਤਾ ਕਰੇ ਰੁਸ਼ਨਾਈਆ । ਨੌ ਖੰਡ ਪ੍ਰਿਥਮੀ ਚਾਰ ਕੁੰਟ ਦਹਿ ਦਿਸ਼ਾ ਚਾਰੇ ਲਿਖਾਰੀਓ ਲਿਖੋ ਲਗਣੀ ਆਗ, ਅਗਨੀ ਸਕੇ ਨਾ ਕੋਇ ਬੁਝਾਈਆ । ਸ਼ਾਹ ਸੁਲਤਾਨਾਂ ਰਈਅਤ ਹਕੂਮਤਾਂ ਜਾਣੀਆਂ ਤਿਆਗ, ਤ੍ਰੈਗੁਣ ਅਤੀਤਾ ਆਪਣਾ ਖੇਲ ਸਮਝਾਈਆ । ਕਿਸੇ ਦੀ ਪੁਛੇ ਕੋਈ ਨਾ ਵਾਤ, ਸੰਗੀ ਸੰਗ ਨਾ ਕੋਇ ਨਿਭਾਈਆ । ਸੱਤਾਂ ਦੀਪਾਂ ਹੋਵੇ ਅੰਧੇਰੀ ਰਾਤ, ਚਾਰੇ ਕੁੰਟ ਅੰਧੇਰਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਸਮਝਾਈਆ । ਧਰਨੀ ਕਹੇ ਲਿਖਾਰੀਓ ਤੁਹਾਡਾ ਦਿਸੇ ਗਾਨਾ ਬੱਧਾ ਮਹਿੰਦੀ ਤੰਦਾ, ਸੰਗ ਮੁਹੰਮਦ ਚਾਰ ਯਾਰ ਰਲਾਈਆ । ਇਹ ਲੇਖਾ ਕਿਸੇ ਨਹੀਂ ਸੰਧਾ, ਅਕਲ ਬੁਧੀ ਸਮਝ ਕਿਸੇ ਨਾ ਆਈਆ । ਜਗਤ ਜਹਾਨ ਨੌਜਵਾਨ ਕਰਮ ਕਾਂਡ ਵਿਚ ਅੰਧਾ, ਨਿਜ ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲ੍ਹਾਈਆ । ਕਲਜੁਗ ਆਪਣੀ ਧਾਰ ਵਿਚੋਂ ਲੰਘਾ, ਭੱਜਾ ਜਾਏ ਚਾਈਂ ਚਾਈਂਆ । ਅੰਤਮ ਸਭ ਦਾ ਹਾਲ ਹੋਣਾ ਮੰਦਾ, ਮੰਦਭਾਗ ਦਿਸੇ ਲੋਕਾਈਆ । ਸਦੀ ਚੌਧਵੀਂ ਅੰਤਮ ਹੋਇਆ ਕੰਢਾ, ਕੰਢੀ ਘਾਟ ਸਾਰੇ ਬੈਠੇ ਧਿਆਨ ਲਗਾਈਆ । ਜੋ ਵੇਦ ਵਿਆਸੇ ਪਾਈਆਂ ਵੰਡਾਂ, ਚਾਰ

ਲੱਖ ਸਤਾਰਾਂ ਹਜ਼ਾਰ ਸਲੋਕ ਅਠਾਰਾਂ ਪਰਾਣ ਦੇਣ ਗਵਾਹੀਆ । ਕਿਹੜੀ ਖੇਲ ਖੇਲੇ ਗੌੜ ਬ੍ਰਾਹਮਣ ਨੂਰੀ ਧਾਰ ਹੋ ਕੇ ਪੰਡਾ, ਪਾਰਬ੍ਰਹਮ ਬ੍ਰਹਮ ਭੇਵ ਆਪ ਖੁਲਾਈਆ । ਸ਼ਬਦੀ ਧਾਰ ਚਮਕੇ ਚੰਡ ਪਰਚੰਡਾ, ਜਗਤ ਜਹਾਨ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਗਾਵਾਂ ਢੋਲੇ, ਪ੍ਰਭ ਨੂੰ ਸੀਸ ਨਿਵਾਈਆ । ਸ਼ਬਦੀ ਧਾਰ ਜੋ ਸ਼ਬਦ ਅਗੰਮਾ ਬੋਲੇ, ਅਨਬੋਲਤ ਰਾਗ ਸੁਣਾਈਆ । ਜਿਸ ਦੇ ਅਵਤਾਰ ਪੈਗ਼ੰਬਰ ਗੁਰੂ ਧਰਮ ਧਾਰ ਦੇ ਤੋਲੇ, ਨਾਮ ਕੰਡੇ ਹੱਥ ਉਠਾਈਆ । ਜਿਸ ਨੂੰ ਦੀਨਾਂ ਮਜ਼੍ਹਬਾਂ ਵਾਲੇ ਹੱਟ ਖੋਲ੍ਹੇ, ਚਾਰ ਕੁੰਟ ਦਿਤੀ ਵਡਿਆਈਆ । ਜਿਸ ਦੇ ਲੇਖੇ ਵਿਚ ਲਹਿਣੇ ਦੇਣੇ ਸਭ ਦੇ ਕੋਲੇ, ਕੌਲ ਇਕਰਾਰ ਨਾਲ ਬਣਾਈਆ । ਉਹ ਵੇਖੇ ਧਾਰ ਉਪਰ ਧੌਲੇ, ਧਰਮ ਧਾਰ ਨਾਲ ਜਣਾਈਆ । ਜਿਸ ਨੇ ਸਚ ਦੁਆਰੇ ਖੋਲ੍ਹੇ, ਖ਼ਾਲਕ ਖ਼ਲਕ ਖ਼ਲਕ ਸਮਝਾਈਆ । ਨਵ ਸੱਤ ਤਕਣੇ ਰੌਲੇ, ਸਾਂਤਕ ਸਤਿ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਂ ਚਾਰੋਂ ਕੁੰਟ ਮਾਰਾਂ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਔਹ ਵੇਖੋ ਪੰਡਤ ਨਾਰਦ ਆਉਂਦਾ ਬਿਨਾ ਰਸਨਾ ਤੋਂ ਦਏ ਗਿਆਨ, ਬਿਨ ਜਿਹਵਾ ਜਿਹਵਾ ਰਿਹਾ ਹਿਲਾਈਆ । ਉਠ ਵੇਖ ਲਾ ਕੀ ਖੇਲ ਕਰੇ ਸ੍ਰੀ ਭਗਵਾਨ, ਹਰਿ ਕਰਤਾ ਧੁਰਦਰਗਾਹੀਆ । ਜਿਸ ਸੱਤ ਦੀਪ ਹੁਕਮ ਚਲਾਇਆ ਤੇ ਵਰਤਣਾ ਵਿਚ ਜਹਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਲਹਿੰਦੀ ਦਿਸ਼ਾ ਅੱਖ ਪੁੱਟ ਲਾ ਤੇ ਨਾਲ ਸੁਣ ਲੈ ਕਾਨ, ਬਿਨ ਕੰਨਾਂ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਮੈਂ ਨਾਰਦ ਕੀ ਦੱਸਾਂ, ਸਚ ਸਚ ਜਣਾਈਆ । ਮੈਂ ਦੀਨ ਦੁਨੀ ਨੂੰ ਵੇਖ ਵੇਖ ਹੱਸਾਂ, ਜੋ ਮੇਰੇ ਉਤੇ ਸੋਭਾ ਪਾਈਆ । ਕਿਸੇ ਅੰਦਰ ਪ੍ਰਭੂ ਦੇ ਪਿਆਰ ਦਾ ਰਿਹਾ ਨਹੀਂ ਰਸਾ, ਰਸਨਾ ਜਿਹਵਾ ਢੋਲੇ ਸਾਰੇ ਗਾਈਆ । ਮੈਂ ਦੂਰ ਦੁਰਾਡੀ ਜਗਤ ਜਗਿਆਸੂਆਂ ਕੋਲੋਂ ਨੱਸਾਂ, ਭੱਜਾਂ ਵਾਹੋ ਦਾਹੀਆ । ਮੈਨੂੰ ਐਂ ਜਾਪਦਾ ਪ੍ਰਭੂ ਦਾ ਭਗਤ ਕੋਈ ਵਿਰਲਾ ਕੋਟਾਂ ਵਿਚੋਂ ਲੱਖਾਂ, ਗਣਤੀ ਗਣਤ ਨਾ ਕੋਇ ਗਿਣਾਈਆ । ਪਰ ਯਾਦ ਕਰ ਲੈ ਨਾਰਦਾ ਸ੍ਰਿਸ਼ਟੀ ਐਂ ਸੜਨੀ ਜਿਵੇਂ ਸੜਦਾ ਪੁਤਲਾ ਕੱਖਾਂ, ਚਾਰੋਂ ਕੁੰਟ ਵੇਖਣਾ ਥਾਉਂ ਥਾਈਂਆ । ਕਲਜੁਗ ਖੇਲ ਹੋਣਾ ਵਾਂਗ ਬਾਜ਼ੀਗਰ ਨਟਾਂ, ਨਟੂਆ ਹੋ ਕੇ ਆਪਣਾ ਸਵਾਂਗ ਵਰਤਾਈਆ । ਮੈਂ ਅੰਤ ਇਕ ਪ੍ਰਭੂ ਤੇ ਆਪਣੀ ਆਸਾ ਸੁੱਟਾਂ, ਦੂਸਰ ਓਟ ਨਾ ਕੋਇ ਤਕਾਈਆ । ਜਿਸ ਦੀਨ ਮਜ਼੍ਹਬ ਦੀਆਂ ਮੇਟਣੀਆਂ ਵੱਟਾਂ, ਝਗੜੇ ਨਾਮ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਮੈਂ ਵੀ ਹੋਇਆ ਹੈਰਾਨ, ਹੈਰਾਨੀ ਮੇਰੇ ਅੰਦਰ ਛਾਈਆ । ਕਲਜੁਗ ਕੂੜ ਦਿਸੇ ਪ੍ਰਧਾਨ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਸ਼ਰਅ ਰੂਪ ਬਣੀ ਸ਼ੈਤਾਨ, ਸ਼ਰੀਅਤ ਕਰੇ ਲੜਾਈਆ । ਇਨਸਾਨ ਦਾ ਵੈਰੀ ਬਣਿਆ ਇਨਸਾਨ, ਇਨਸਾਨੀਅਤ ਹੱਥ ਕਿਸੇ ਨਾ ਆਈਆ । ਪਰ ਯਾਦ ਕਰ ਲੈ ਜੋ ਸੀਆ ਨੂੰ ਸੰਦੇਸ਼ਾ ਦਿਤਾ ਰਾਮ, ਬਨਵਾਸੀ ਆਪਣਾ ਹੁਕਮ ਸੁਣਾਈਆ । ਕਲਜੁਗ ਕੂੜ ਕੂੜਿਆਰ ਹੋਣਾ ਜਗਤ ਜਹਾਨ, ਨਵ ਸੱਤ ਆਪਣਾ ਰੰਗ ਰੰਗਾਈਆ । ਜੋ ਅਰਜਨ ਨੂੰ ਗੀਤਾ ਲਿਖਣ ਲੱਗਿਆਂ ਦੱਸਿਆ ਕਾਹਨ, ਘਨਈਆ ਧੁਰ ਦਾ ਹੁਕਮ ਦ੍ਰਿੜਾਈਆ । ਕਲਜੁਗ ਅੰਤ ਪ੍ਰਭੂ ਦੀ ਕਰੇ ਨਾ ਕੋਇ ਪਹਿਚਾਨ, ਭਗਵਨ ਰੰਗ ਨਾ ਕੋਇ

ਸਮਾਈਆ । ਨੌ ਖੰਡ ਪ੍ਰਿਥਮੀ ਹੋਵੇ ਪਰੇਸ਼ਾਨ, ਪਰੇਸ਼ਾਨੀ ਵਿਚ ਦੁਹਾਈਆ । ਅੰਤਰ ਆਤਮ ਉਪਜੇ ਨਾ ਕੋਇ ਬ੍ਰਹਮ ਗਿਆਨ, ਬ੍ਰਹਮ ਵਿਦਿਆ ਨਾ ਕੋਇ ਪੜ੍ਹਾਈਆ । ਅੰਮ੍ਰਿਤ ਰਸ ਮਿਲੇ ਨਾ ਪੀਣ ਖਾਣ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਘਰ ਸੁਆਮੀ ਠਾਕਰ ਮਿਲੇ ਕਿਸੇ ਨਾ ਆਣ, ਤਨ ਮੰਦਰ ਨਾ ਵਜੇ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਸੰਗ ਆਪ ਬਣਾਈਆ । ਨਾਰਦ ਕਹੇ ਧਰਨੀਏ ਮੈਂ ਹੋਰ ਕੁਛ ਤੱਕਾਂ, ਚਾਰੋਂ ਕੁੰਟ ਧਿਆਨ ਲਗਾਈਆ । ਉਹ ਵੇਖ ਲੈ ਤੀਜੇ ਸਾਲ ਨੂੰ ਝਗੜਾ ਪੈਣਾ ਵਿਚ ਮਦੀਨਾ ਮੱਕਾ, ਕਾਅਬੇ ਆਪਣਾ ਹਾਲ ਦ੍ਰਿੜਾਈਆ । ਫੇਰ ਲਹਿਣਾ ਦੇਣਾ ਹੋਣਾ ਨਾਲ ਬੂਰਾ ਕੱਕਾ, ਹਜ਼ਰਤ ਈਸਾ ਦੇਵਣਹਾਰ ਸ਼ਹਾਦਤ ਨਾਲ ਗਵਾਹੀਆ । ਨੌ ਖੰਡ ਪ੍ਰਿਥਮੀ ਰਸ਼ੀਆ ਨਾਲ ਅਮਰੀਕਾ ਲਗਣਾ ਧੱਕਾ, ਅਗੇ ਹੋ ਨਾ ਕੋਇ ਅਟਕਾਈਆ । ਦੀਨ ਦੁਨੀ ਦੀ ਕ਼ੀਮਤ ਰਹਿਣੀ ਨਹੀਂ ਕੋਈ ਟਕਾ, ਸ਼ਾਹ ਸੁਲਤਾਨ ਰਾਜ ਰਾਜਾਨ ਮਾਇਆਧਾਰੀ ਮਿੱਟੀ ਖ਼ਾਕ ਵਿਚ ਰੁਲਾਈਆ । ਇਕੋ ਧਰਮ ਦੀ ਧਾਰ ਪ੍ਰਭੂ ਦੇ ਨਾਮ ਦੀ ਹੋਣੀ ਸੱਤਾ, ਜਿਸਨੂੰ ਸਤਿਗੁਰ ਸ਼ਬਦ ਮੰਨੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਸੰਗ ਆਪ ਬਣਾਈਆ । ਧਰਨੀ ਕਹੇ ਨਾਰਦ ਜੀ ਮੈਂ ਵੀ ਚੁੱਕਿਆ ਭਾਰ, ਨਵ ਖੰਡ ਚੁਰਾਸੀ ਲੱਖ ਆਪਣੇ ਉਤੇ ਉਠਾਈਆ । ਮੇਰੀ ਦਿਵਸ ਰੈਣ ਪੁਕਾਰ, ਕੂਕ ਕੂਕ ਸੁਣਾਈਆ । ਮੇਰੇ ਪ੍ਰੀਤਮ ਪਿਆਰੇ ਮੇਰੀ ਪਾ ਸਾਰ, ਪਰਮ ਪੁਰਖ ਹੋਣਾ ਆਪ ਸਹਾਈਆ । ਚਾਰੋ ਕੁੰਟ ਹੋਇਆ ਧੂਆਂਧਾਰ, ਤੇਰਾ ਨੂਰੀ ਚੰਦ ਨਾ ਕੋਇ ਚਮਕਾਈਆ । ਤੇਰੇ ਨਾਮ ਕਲਮਿਆਂ ਵਾਲੀ ਖਾਰ, ਦੀਨ ਮਜ਼੍ਹਬ ਕਰੇ ਲੜਾਈਆ । ਤੂੰ ਆਤਮ ਪਰਮਾਤਮ ਨੂਰ ਉਜਿਆਰ, ਨੂਰ ਨੁਰਾਨਾ ਇਕ ਅਖਵਾਈਆ । ਕਲਜੁਗ ਮੇਟ ਦੇ ਧੂੰਆਂਧਾਰ, ਧਰਮ ਦੀ ਧਾਰ ਇਕ ਸਮਝਾਈਆ । ਇਕੋ ਤੇਰਾ ਨਾਮ ਹੋਵੇ ਜੈਕਾਰ, ਇਕੋ ਤੇਰੀ ਸਿਫ਼ਤ ਸਲਾਹੀਆ । ਇਕੋ ਤੇਰਾ ਮੰਦਰ ਹੋਵੇ ਦੁਆਰ, ਸ਼ਿਵਦੁਵਾਲਾ ਮਠ ਗੁਰੂਦੁਆਰ ਇਕ ਵਖਾਈਆ । ਇਕੋ ਸ਼ਬਦ ਹੋਵੇ ਧੁਨਕਾਰ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਵਜਦੀ ਰਹੇ ਵਧਾਈਆ । ਇਕੋ ਤੇਰੀ ਹੋਵੇ ਨਿਮਸਕਾਰ, ਡੰਡਾਵਤ ਬੰਦਨਾ ਸਯਦਿਆਂ ਵਿਚ ਸਾਰੇ ਸੀਸ ਝੁਕਾਈਆ । ਤੂੰ ਸ਼ਾਹੋ ਭੂਪ ਹੋਵੇਂ ਸਿਕਦਾਰ, ਬ੍ਰਹਿਮੰਡ ਖੰਡ ਪੁਰੀ ਲੋਅ ਤੇਰੀ ਵਜੇ ਵਧਾਈਆ । ਧਰਨੀ ਕਹੇ ਮੇਰੀ ਨਮੋਂ ਨਮੋਂ ਨਿਮਸਕਾਰ, ਨਿਵ ਨਿਵ ਤੇਰੇ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਨਾਰਦ ਕਹੇ ਧਰਨੀਏ ਪਰਮ ਪੁਰਖ ਬੜਾ ਚਾਲਾਕ, ਮੈਂ ਜੁਗ ਚੌਕੜੀ ਵੇਖ ਵਖਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਬੀਤੇ ਸਭ ਨੂੰ ਕਰਦਾ ਰਿਹਾ ਖ਼ਾਕ, ਮਾਟੀ ਖ਼ਾਕ ਵਿਚ ਮਿਲਾਈਆ । ਕੋਟਾਂ ਵਿਚੋਂ ਜਨ ਭਗਤਾਂ ਖੋਲ੍ਹਦਾ ਰਿਹਾ ਤਾਕ, ਬਜਰ ਕਪਾਟੀ ਪੜਦਾ ਆਪ ਚੁਕਾਈਆ । ਆਪਣਾ ਦੱਸਦਾ ਰਿਹਾ ਸ਼ਬਦ ਅਗੰਮੀ ਵਾਕ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਸਚ ਪ੍ਰੀਤੀ ਜੋੜਦਾ ਰਿਹਾ ਨਾਤ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਸੋ ਅੰਤ ਪੁਛਣਹਾਰਾ ਵਾਤ, ਜੁਗ ਚੌਕੜੀ ਜਿਸ ਦੇ ਹੁਕਮ ਅੰਦਰ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਧਰਨੀ ਕਹੇ ਨਾਰਦ ਜੀ ਮੈਂ ਉਸੇ ਨੂੰ ਟੇਕਾਂ ਮੱਥਾ, ਜੋ ਮਾਲਕ ਧੁਰਦਰਗਾਹੀਆ । ਜਿਸ ਦੇ ਗੁਰ ਅਵਤਾਰ ਪੈਗੰਬਰ ਸਬਰ ਲੱਥਾ, ਯਾਰੜਾ ਸੇਜ ਹੰਢਾਈਆ । ਜਿਸ ਦੀ ਚਾਰ ਜੁਗ ਦੇ ਸ਼ਾਸ਼ਤਰ ਕਰਦੇ ਕਥਾ,

ਵੇਦ ਪੁਰਾਨ ਅੰਜੀਲ ਕ਼ੁਰਾਨ ਬਾਈਬਲ ਤੁਰੈਤ ਗੀਤਾ ਗੁਰੂ ਗ੍ਰੰਥ ਢੋਲੇ ਸੋਹਲੇ ਰਾਗ ਸੁਣਾਈਆ । ਉਸ ਦਾ ਖੇਲ ਵੇਖਣਾ ਯਥਾਰਥ ਯਥਾ, ਜੋ ਯਦੀ ਆਪਣਾ ਹੁਕਮ ਵਰਤਾਈਆ । ਜਿਸ ਦੇ ਸ਼ਬਦੀ ਧਾਰ ਦਾ ਅਗੰਮੀ ਇਕੋ ਭੱਥਾ, ਤੀਰ ਤਰਕਸ਼ ਕਮਾਨ ਹੱਥ ਨਾ ਕੋਇ ਰਖਾਈਆ । ਉਹਦਾ ਯੁੱਧ ਬਿਨਾ ਤਨ ਵਜੂਦ ਹੱਥਾਂ, ਹੁਕਮੀ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਨੂਰ ਅਲਾਹੀਆ । ਨਾਰਦ ਕਹੇ ਧਰਨੀਏ ਉਹ ਮਾਲਕ ਪਰਮ ਪੁਰਖ ਅਪਾਰ, ਪਰਮਾਤਮ ਇਕ ਅਖਵਾਈਆ । ਜਿਸ ਜੁਗ ਚੌਕੜੀ ਖੇਲਿਆ ਖੇਲ ਵਿਚ ਸੰਸਾਰ, ਸਤਿਗੁਰ ਸ਼ਬਦ ਨਾਲ ਵਡਿਆਈਆ । ਅਵਤਾਰ ਪੈਗ਼ੰਬਰ ਗੁਰੂਆਂ ਦਿਤਾ ਅਧਾਰ, ਉਦਰ ਦਾ ਲੇਖਾ ਦਿਤਾ ਮੁਕਾਈਆ । ਨਿਰਅਖਰ ਧਾਰ ਵਿਚੋਂ ਅੱਖਰ ਦਿਤੇ ਉਚਾਰ, ਜਗਤ ਸ਼ਾਸਤਰ ਦੇਣ ਗਵਾਹੀਆ । ਜਿਸ ਨੇ ਮੰਦਰ ਮਸਜਿਦ ਸ਼ਿਵਦਵਾਰੇ ਮਠ ਬਣਾਏ ਗੁਰੂਦੁਆਰ, ਚਰਚਾਂ ਦਿਤੀ ਮਾਣ ਵਡਿਆਈਆ । ਦੀਨਾਂ ਮਜ਼੍ਹਬਾਂ ਦੱਸ ਨਾਮ ਜੈਕਾਰ, ਸ਼ਰਅ ਦਾ ਰੰਗ ਦਿਤਾ ਰੰਗਾਈਆ । ਝਗੜਿਆਂ ਵਿਚ ਖੇਲ ਕੀਤਾ ਵਾਰੋ ਵਾਰ, ਵਾਰਤਾ ਪਿਛਲੀ ਦਏ ਗਵਾਹੀਆ । ਸੋ ਪੁਰਖ ਅਕਾਲਾ ਦੀਨ ਦਿਆਲਾ ਆਦਿ ਜੁਗਾਦੀ ਪਰਮ ਪੁਰਖ ਪਰਵਰਦਿਗਾਰ, ਰਾਮ ਰਾਮਾ ਕਾਹਨ ਕਾਹਨਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਸਮਝਾਈਆ । ਧਰਨੀ ਕਹੇ ਮੇਰਾ ਵਕ਼ਤ ਹੋਇਆ ਸੁਹੰਜਣਾ, ਸੋਹਣੀ ਮਿਲੇ ਵਡਿਆਈਆ । ਕਿਰਪਾ ਕਰੇ ਆਦਿ ਨਿਰੰਜਣਾ, ਆਦਿ ਪੁਰਖ ਦਇਆ ਕਮਾਈਆ । ਜਿਸ ਨੂੰ ਕਹਿੰਦੇ ਦਰਦ ਦੁਖ ਭੈ ਭੰਜਣਾ, ਭਵ ਸਾਗਰ ਪਾਰ ਲੰਘਾਈਆ । ਉਹ ਭਗਤਾਂ ਪਾਵੇ ਨਾਮ ਦਾ ਅੰਜਣਾ, ਨਿਜ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਜਿਸ ਦੇ ਹੁਕਮ ਵਿਚ ਜਗਤ ਜਹਾਨ ਵੰਞਣਾ, ਭੱਜੇ ਵਾਹੋ ਦਾਹੀਆ । ਜਿਸ ਸਭ ਦਾ ਪੜਦਾ ਕੱਜਣਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਿਸ ਦਾ ਨਾਮ ਡੰਕਾ ਵਜਣਾ, ਚਾਰੋ ਕੁੰਟ ਕਰੇ ਸ਼ਨਵਾਈਆ । ਉਹ ਝਗੜਾ ਮੇਟੇ ਦੀਨ ਦੁਨੀ ਕਾਇਆ ਮਾਟੀ ਬਦਨਾ, ਜਿਸਮ ਜਿਸਮ ਜ਼ਮੀਰ ਵਿਚੋਂ ਆਪ ਸਮਝਾਈਆ । ਸੋ ਸਾਹਿਬ ਸੂਰਾ ਸਰਬਗਣਾ, ਹਰਿ ਕਰਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਆਪ ਕਮਾਈਆ । ਧਰਨੀ ਕਹੇ ਮੇਰੇ ਵਕ਼ਤ ਕਵਣ ਸੰਭਾਲੇ, ਸੰਬਲ ਬੈਠਾ ਨਜ਼ਰ ਕਿਸੇ ਨਾ ਆਈਆ । ਜੋ ਲੇਖਾ ਜਾਣੇ ਸ਼ਾਹ ਕੰਗਾਲੇ, ਗ਼ਰੀਬ ਗ਼ਰੀਬਾਂ ਵੇਖ ਵਖਾਈਆ । ਜਿਸ ਦਾ ਨਾਮ ਸਚਾ ਧਨ ਮਾਲੇ, ਧਨ ਦੌਲਤ ਕੰਮ ਕਿਸੇ ਨਾ ਆਈਆ । ਜੋ ਭਾਗ ਲਗਾਏ ਸਾਚੇ ਡਾਲੇ, ਪੱਤ ਟਹਿਣੀ ਆਪ ਮਹਿਕਾਈਆ । ਮੇਰੇ ਧੋਏ ਦਾਗ਼ ਕਾਲੇ, ਦੁਰਮਤ ਰਹੇ ਨਾ ਰਾਈਆ । ਅੰਮ੍ਰਿਤ ਧਾਰ ਅੰਦਰੋਂ ਉਛਾਲੇ, ਸਵਾ ਸੇਰ ਪਾਣੀ ਲਿਖਾਰੀਆਂ ਦਏ ਗਵਾਹੀਆ । ਪੰਜ ਪੰਜ ਭਗਤਾਂ ਦੇ ਸ਼ਹਾਦਤ ਦੇਣ ਭਾਲੇ, ਭਾਂਡਾ ਭਰਮ ਭੰਨਾਈਆ । ਆਤਮ ਧਾਰ ਵਸੇ ਨਾਲੇ, ਪਰਮਾਤਮ ਵਿਛੜ ਕਦੇ ਨਾ ਜਾਈਆ । ਜਿਸ ਦੇ ਪਿਛੇ ਭਗਤ ਸੁਹੇਲੇ ਜੁਗ ਜੁਗ ਘਾਲਣਾ ਰਹੇ ਘਾਲੇ, ਰਵਦਾਸ ਰਵੀਦਾਸ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪ ਦਰਸਾਈਆ । ਧਰਨੀ ਕਹੇ ਮੈਂ ਕੂਕ ਕਹਾਂ ਪੁਕਾਰ, ਦੋ ਜਹਾਨਾਂ ਦਿਆਂ ਸੁਣਾਈਆ । ਸਭ ਦਾ ਇਕੋ ਮਿਤਰ ਮੁਰਾਰ, ਪਰਮ ਪੁਰਖ ਇਕ ਅਖਵਾਈਆ । ਜਿਸ ਨੇ ਬਾਲਮੀਕ ਦਿਤਾ ਤਾਰ, ਬਟਵਾਰਾ ਆਪਣੇ ਰੰਗ ਰੰਗਾਈਆ । ਡਾਕੇ ਮਾਰਦਾ ਵਿਚ ਸੰਸਾਰ, ਸਚ ਲੁਟੇਰਾ

ਇਕ ਅਖਵਾਈਆ । ਜਿਸ ਦੀ ਦੱਛਣਾ ਰਾਮ ਦੇ ਲੇਖੇ ਸਾਢੇ ਤਿੰਨ ਹਾਰ, ਕਲਜੁਗ ਲਹਿਣਾ ਪੂਰ ਕਰਾਈਆ । ਗਊ ਪਾਲ ਗੋਪਾਲ ਕਾਹਨ ਕ੍ਰਿਸ਼ਨ ਵੇਖੇ ਨੈਣ ਮੁੰਧਾਰ, ਨੈਣ ਮੂੰਦ ਦਇਆ ਕਮਾਈਆ । ਈਸਾ ਕਹੇ ਮੇਰਾ ਲੇਖਾ ਨਾਲ ਪਰਵਰਦਿਗਾਰ, ਜੋ ਯਾਰ ਯਾਰਾ ਅਗੰਮ ਅਥਾਹੀਆ । ਮੁਹੰਮਦ ਕਹੇ ਮੈਂ ਓਸ ਦਾ ਕਰਾਂ ਇਜ਼ਹਾਰ, ਜੋ ਸਿਫ਼ਤਾਂ ਦਾ ਮਾਲਕ ਸਿਫ਼ਤ ਸਲਾਹੀਆ । ਨਾਨਕ ਕਹੇ ਮੈਂ ਉਸ ਦੀ ਵਜਾਵਾਂ ਸਿਤਾਰ, ਜੋ ਸੁੱਤਿਆਂ ਲਏ ਜਗਾਈਆ । ਜਨ ਭਗਤੋ ਇਹ ਸਾਰੀ ਸ੍ਰਿਸ਼ਟੀ ਦਾ ਸਤਿਜੁਗ ਵਿਚ ਹੋਵੇਗਾ ਭਗਤ ਦੁਆਰ, ਅੱਜ ਦਾ ਲੇਖਾ ਇਸ ਦੀ ਦਏ ਗਵਾਹੀਆ । ਦਰਸ਼ਨ ਸਿੰਘ ਦੀ ਪੁੱਠੀ ਦਿਸੇ ਤਲਵਾਰ, ਢਾਲ ਆਪਣਾ ਰੂਪ ਦਰਸਾਈਆ । ਖ਼ਾਲੀ ਗਲਾਸ ਕਹੇ ਚਾਰੋਂ ਕੁੰਟ ਹੋਣੀ ਹਾਹਾਕਾਰ, ਫਲ ਕਹਿਣ ਫਲ ਕਿਸੇ ਹੱਥ ਨਾ ਆਈਆ । ਨੇਤਰ ਰੋਵੇ ਨਾਰੀ ਨਾਰ, ਬਿਨ ਹੰਝੂਆਂ ਹੰਝੂ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਨਾਰਦ ਕਹੇ ਧਰਨੀਏ ਵੇਖ ਲੈ ਭਗਤਾਂ ਨੇ ਦੋਵੇਂ ਰੰਗੇ ਹੋਏ ਗੁਟ, ਲਾਲ ਆਪਣਾ ਰੰਗ ਵਖਾਈਆ । ਇਕ ਵਾਰ ਪ੍ਰਭ ਨਾਲੋਂ ਸਭ ਦੀ ਪ੍ਰੀਤੀ ਜਾਣੀ ਤੁਟ, ਟੁਟਿਆਂ ਫੇਰ ਪ੍ਰਭੂ ਜੁੜਾਈਆ । ਨੌਂ ਖੰਡ ਪ੍ਰਿਥਮੀ ਪੈਣੀ ਲੁਟ, ਕਲਜੁਗ ਲੁਟੇਰਾ ਫਿਰੇ ਚਾਈਂ ਚਾਈਂਆ । ਦੀਨਾਂ ਮਜ਼੍ਹਬਾਂ ਹੋਣੀ ਫੁਟ, ਮੇਲਾ ਸਕੇ ਨਾ ਕੋਇ ਮਿਲਾਈਆ । ਬੇਸ਼ਕ ਸ੍ਰਿਸਟੀ ਪ੍ਰਭੂ ਦਾ ਨਾਮ ਜਪਦੀ ਰਸਨਾ ਜਿਹਵਾ ਬੁੱਲਾਂ ਨਾਲ ਬੁਟ, ਹਿਰਦੇ ਰਾਮ ਨਾ ਕੋਇ ਵਸਾਈਆ । ਸਭ ਦਾ ਭਾਗ ਜਾਣਾ ਨਿਖੁਟ, ਖੋਟੇ ਖਰੇ ਰੂਪ ਨਾ ਕੋਇ ਦਰਸਾਈਆ । ਫੇਰ ਸਤਿ ਸਚ ਦੀ ਮੌਲਣੀ

੨੫੧ ਰੁਤ, ਰੁਤੜੀ ਆਪਣਾ ਰੰਗ ਰੰਗਾਈਆ । ਭਗਤ ਦੁਆਰ ਦੀ ਨੀਂਹ ਥੱਲੇ ਚਾਂਦੀ ਦਾ ਦੱਬਣਾ ਬੁਤ, ਬੁਤਖ਼ਾਨੇ ਵੇਖਣ ਥਾਉਂ ਥਾਈਂਆ । ਇਹ ੨੫੧

੨੪ ਵਿਹਾਰ ਓਸ ਸਾਹਿਬ ਦਾ ਜਿਸ ਦਾ ਸ਼ਬਦ ਦੁਲਾਰਾ ਸੁਤ, ਦੋ ਜਹਾਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ੨੪

ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਮੈਂ ਕੀ ਵੇਖਾਂ ਹੁੰਦਾ ਸਗਨ, ਸਗਲਾ ਧਿਆਨ ਲਗਾਈਆ । ਭਗਤਾਂ ਅੰਤਰ ਆਤਮਾ ਹੋਵੇ ਮਗਨ, ਜਗਤ ਵਾਸ਼ਨਾ ਬਾਹਰ ਕਢਾਈਆ । ਓਢਣ ਦਿਸੇ ਕਿਸੇ ਨਾ ਸੀਸ ਸ੍ਰਿਸ਼ਟੀ ਹੋਈ ਨਗਨ, ਸਿਰ ਹੱਥ ਨਾ ਕੋਇ ਟਿਕਾਈਆ । ਬਿਨਾ ਭਗਤਾਂ ਤੋਂ ਕਾਇਆ ਮੰਦਰ ਅੰਦਰ ਦੀਪਕ ਕਿਸੇ ਨਾ ਜਗਣ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਕੀ ਹੋਇਆ ਜੇ ਭਗਤ ਦੁਆਰ ਦੀ ਧਾਰ ਨਾਲ ਲੱਗੀ ਅਗਨ, ਅਗਨ ਜਗਤ ਵਾਲੀ ਸਮਝਾਈਆ । ਕਿਸੇ ਦਾ ਰਹਿਣਾ ਨਹੀਂ ਕੋਈ ਸੱਜਣ, ਮਿਤਰ ਮੀਤ ਨਾ ਕੋਇ ਅਖਵਾਈਆ । ਅੰਤ ਗੜ੍ਹ ਹੰਕਾਰੀ ਭਾਂਡੇ ਭੱਜਣ, ਮਨ ਮਮਤਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਧਰਨੀ ਕਹੇ ਨਾਰਦਾ ਮੈਂ ਅਵਤਾਰ ਪੈਗ਼ੰਬਰ ਗੁਰੂ ਤਕਾਂ ਸਾਖ਼ਿਆਤ, ਬਿਨ ਅੱਖੀਆਂ ਅੱਖ ਉਠਾਈਆ । ਜਿਨ੍ਹਾਂ ਚਾਰ ਜੁਗ ਦੀ ਪਿਛਲੀ ਲਿਖੀ ਗਾਥ, ਅੱਖਰ ਅੱਖਰਾਂ ਨਾਲ ਮਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਦਾ ਵੇਖਿਆ ਰਾਥ, ਨਿਰਗੁਣ ਸਰਗੁਣ ਹੋ ਕੇ ਭੱਜੇ ਚਾਈਂ ਚਾਈਂਆ । ਅੰਤ ਲਹਿਣਾ ਦੇਣਾ ਉਸ ਹੱਥ ਪੁਰਖ ਸਮਰਾਥ, ਜੋ ਕਰਤਾ ਧੁਰਦਰਗਾਹੀਆ । ਜੋ ਹੋਏ ਸਹਾਈ ਅਨਾਥਾਂ ਅਨਾਥ, ਦੀਨਨ ਆਪਣੇ ਗਲੇ ਲਗਾਈਆ । ਸੋ ਸਭ ਦਾ ਲਹਿਣਾ ਦੇਣਾ ਦੇਵੇ ਮਸਤਕ ਮਾਥ, ਪੂਰਬ ਲੇਖਾ ਬਿਧਨਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ

ਕਹੇ ਮੇਰਾ ਲੇਖਾ ਬਹੁਤ ਪੁਰਾਣਾ, ਪੁਰਾਨ ਅਠਾਰਾਂ ਦੇਣ ਗਵਾਹੀਆ । ਮੇਰਾ ਕਾਹਨ ਨਾਲ ਯਰਾਨਾ, ਜੋ ਸਖ਼ੀਆਂ ਸੁਖ਼ਨ ਗਿਆ ਸਮਝਾਈਆ ।
ਦੁਨੀਆ ਦੀਨ ਵਿਚ ਬਦਲ ਜਾਣਾ ਜ਼ਮਾਨਾ, ਜਮਨ ਕਿਨਾਰਾ ਸੰਗ ਰਖਾਈਆ । ਕਲਜੁਗ ਕੂੜ ਹੋਣਾ ਪਰਧਾਨਾ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ ।
ਧਰਮ ਦਾ ਰਹਿਣਾ ਨਹੀਂ ਕੋਈ ਨਿਸ਼ਾਨਾ, ਧਰਮ ਦੀ ਧਾਰ ਨਾ ਕੋਇ ਰਖਾਈਆ । ਦੀਨ ਮਜ਼੍ਹਬ ਹੋਣਾ ਬੇਗਾਨਾ, ਨਾਮ ਕਲਮਾ ਕਰੇ ਲੜਾਈਆ ।
ਅੰਤਰ ਗਾਏ ਨਾ ਕੋਇ ਤਰਾਨਾ, ਤੁਰੀਆ ਵੇਖਣ ਕੋਇ ਨਾ ਪਾਈਆ । ਓਸ ਸਮੇਂ ਖੇਲ ਕਰੇ ਧੁਰ ਦਾ ਕਾਹਨਾ, ਕਾਹਨ ਕਾਹਨ ਨਾਲ ਵਡਿਆਈਆ ।
ਜਿਸ ਦਾ ਲਹਿਣਾ ਦੇਣਾ ਦੋ ਜਹਾਨਾ, ਜ਼ਿਮੀਂ ਅਸਮਾਨ ਵੇਖ ਵਖਾਈਆ । ਸਤਿਗੁਰ ਸ਼ਬਦ ਕਰੇ ਪਰਧਾਨਾ, ਦੂਸਰ ਨਜ਼ਰ ਕੋਇ ਨਾ ਆਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ । ਨਾਰਦ ਕਹੇ ਧਰਨੀਏ
ਮੈਂ ਵੀ ਸੁਣੀ ਬਾਤ, ਪਿਛੇ ਹੋ ਕੇ ਧਿਆਨ ਲਗਾਈਆ । ਜੋ ਖੇਲ ਹੋਣਾ ਲੋਕਮਾਤ, ਕਾਹਨ ਘਨਈਆ ਗਿਆ ਦ੍ਰਿੜਾਈਆ । ਕਿਸੇ ਦੀ ਪੁਛਣੀ
ਨਹੀਂ ਕਿਸੇ ਨੇ ਵਾਤ, ਸੰਗੀ ਸੰਗ ਨਾ ਕੋਇ ਬਣਾਈਆ । ਕੀ ਹੋਇਆ ਜੇ ਅਠਾਰਾਂ ਕਸ਼ੂਣੀਆਂ ਹੋਈਆਂ ਖਾਤ, ਧਰਮ ਯੁੱਧ ਯੁੱਧ ਸਮਝਾਈਆ ।
ਕਲਜੁਗ ਅੰਤਮ ਹੁਕਮ ਵਰਤੇ ਕਮਲਾਪਾਤ, ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਬੇਪਰਵਾਹੀਆ । ਧਰਨੀ ਕਹੇ ਮੈਂ ਕਰਦੀ ਰਹੀ ਕਾਹਨ ਨੂੰ ਯਾਦ, ਗੋਪਾਲ ਸੀਸ ਨਿਵਾਈਆ । ਜੋ ਮੈਨੂੰ
੨੫੨ ਦੇ ਕੇ ਗਿਆ ਦਾਦ, ਵਸਤ ਅਮੁਲ ਨਾਮ ਵਰਤਾਈਆ । ਤੇਰਾ ਖੇੜਾ ਹੋਏ ਆਬਾਦ, ਹਰਿ ਭਗਤ ਦੁਆਰ ਸੋਭਾ ਪਾਈਆ । ਜਿਥੇ ਸਾਰੇ ਇਕੱਠੇ ੨੫੨
੨੪ ਹੋਣਗੇ ਸੰਤ ਸਾਧ, ਸੂਫ਼ੀਆਂ ਰੰਗ ਰੰਗਾਈਆ । ਅੰਤਰ ਰਹੇ ਨਾ ਵਾਦ ਵਿਵਾਦ, ਵਿਖ ਅੰਦਰੋਂ ਬਾਹਰ ਕਢਾਈਆ । ਸ਼ਰਅ ਦੀ ਦਿਸੇ ਕੋਈ ੨੪
ਨਾ ਹਾਦ, ਮਜ਼੍ਹਬਾਂ ਰੰਗ ਨਾ ਕੋਇ ਰੰਗਾਈਆ । ਇਕੋ ਮਾਲਕ ਨਜ਼ਰੀ ਆਏ ਵਾਹਿਦ, ਗਾਡ ਇਕੋ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਧਰਨੀ ਮੈਂ ਵੀ ਸੁਣਿਆ ਸੰਦੇਸ਼, ਜੋ
ਕ੍ਰਿਸ਼ਨ ਘਨਈਆ ਕਾਹਨ ਕਾਹਨ ਗਿਆ ਦ੍ਰਿੜਾਈਆ । ਮੈਂ ਦੂਰੋਂ ਹੋ ਕੇ ਪੇਸ਼, ਪੇਸ਼ੀਨਗੋਈ ਪੁਛੀ ਚਾਈਂ ਚਾਈਂਆ । ਸਚ ਦੱਸ ਇਹ ਧਾਮ ਸੁਹੰਜਣਾ
ਕੌਣ ਕਰੇ ਤੇ ਕਿਹੜਾ ਹੋਵੇ ਨਰੇਸ਼, ਕਵਣ ਹੁਕਮ ਹੁਕਮ ਵਰਤਾਈਆ । ਓਸ ਹਸ ਕੇ ਕਿਹਾ ਮੇਰਾ ਬਿਨਾ ਅੱਖਰਾਂ ਤੋਂ ਲੇਖ, ਕ਼ਲਮ ਸ਼ਾਹੀ ਨਾ
ਕੋਇ ਵਡਿਆਈਆ । ਜੋਤੀ ਜਾਤਾ ਧਾਰੇ ਭੇਖ, ਅਵੱਲੜਾ ਰੂਪ ਪਰਗਟਾਈਆ । ਜਿਸ ਕੂੜ ਕੂੜਿਆਰ ਦੀ ਮੇਟਣੀ ਰੇਖ, ਰਿਖੀਆਂ ਮੁੰਨੀਆਂ ਦਏ
ਸਮਝਾਈਆ । ਉਹ ਆਵੇ ਜਮਨ ਕਨਾਰਾ ਏਸ ਦੇਸ, ਦੇਸ ਦਸੰਤਰ ਵੇਖ ਵਖਾਈਆ । ਜਿਸ ਜਗਤ ਜਹਾਨ ਦਾ ਤਕਣਾ ਕਲੇਸ਼, ਕਲ ਕਾਤੀਆਂ
ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ
ਕਹੇ ਮੈਂ ਖੁਸ਼ੀਆਂ ਵਿਚ ਦੱਸਾਂ ਆਜ, ਹਕ਼ੀਕ਼ਤ ਸਚ ਦ੍ਰਿੜਾਈਆ । ਸਾਰੀ ਸ੍ਰਿਸ਼ਟੀ ਦਾ ਭਗਤ ਧਾਰ ਹੋਣਾ ਸਮਾਜ, ਸਮਗਰੀ ਪ੍ਰਭੂ ਨਾਮ ਵਰਤਾਈਆ ।
ਮੇਰੇ ਉਤੇ ਮੇਰਾ ਬੰਕ ਦੁਆਰ ਸੁਹਾਏ ਸੇਵਾ ਕਰਨਗੇ ਰਾਜਨ ਰਾਜ, ਰਈਅਤ ਆਪਣਾ ਸੰਗ ਬਣਾਈਆ । ਇਹ ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ
ਹੋਣਾ ਕਾਜ, ਕਰਨੀ ਦਾ ਕਰਤਾ ਆਪ ਸਮਝਾਈਆ । ਮੇਰਾ ਮਾਲਕ ਖ਼ਾਲਕ ਇਕੋ ਮਹਾਰਾਜ, ਪਰਮ ਪੁਰਖ ਇਕ ਅਖਵਾਈਆ । ਜਿਸ ਨੇ ਧਰਮ

ਚਲਾਇਆ ਜਹਾਜ਼, ਨਈਆ ਨੌਕਾ ਨਾਮ ਦ੍ਰਿੜਾਈਆ । ਚਾਰੇ ਕੁੰਟ ਮਾਰਨੀ ਅਵਾਜ਼, ਚਾਰੇ ਵਰਨਾਂ ਲਏ ਉਠਾਈਆ । ਸਭ ਦਾ ਸਾਂਝਾ ਹੋਵੇ ਸਮਾਜ, ਵਖਰੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਮੇਰੀ ਆਸਾ ਮਨਸਾ ਹੋਵੇ ਪੂਰ, ਪੂਰਬ ਬੈਠੀ ਧਿਆਨ ਲਗਾਈਆ । ਮੇਰੇ ਰਾਮ ਦਾ ਸਚ ਦਸਤੂਰ, ਜੁਗ ਚੌਕੜੀ ਚਲਿਆ ਆਈਆ । ਜੋ ਕਾਹਨਾਂ ਦਾ ਕਾਹਨ ਹਾਜ਼ਰ ਹਜ਼ੂਰ, ਹਜ਼ਰਤਾਂ ਦਾ ਮਾਲਕ ਨੂਰ ਅਲਾਹੀਆ । ਜਿਨ੍ਹ ਸ਼ਬਦੀ ਧਾਰ ਦਿਤਾ ਸਰੂਰ, ਗੁਰੂ ਗੁਰਦੇਵ ਦੇ ਵਡਿਆਈਆ । ਜਿਸ ਦੀ ਮੰਜ਼ਲ ਨਾ ਨੇੜੇ ਨਾ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਜਨ ਭਗਤੋ ਤੁਹਾਡੀ ਭਗਤੀ ਕਰੇ ਮਨਜ਼ੂਰ, ਦਰ ਆਇਆਂ ਲੇਖੇ ਲਾਈਆ । ਤੁਸਾਂ ਸਭ ਨੇ ਆਤਮਾ ਧਾਰ ਹੋਣਾ ਮਸ਼ਕੂਰ, ਸ਼ੁਕਰੀਆ ਕਹਿ ਕੇ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਬੇਪਰਵਾਹੀਆ । ਧਰਨੀ ਕਹੇ ਮੇਰੀ ਆਸਾ ਪੂਰੀ ਹੋਵੇ ਮਨਸਾ, ਖ਼ੁਸ਼ੀਆਂ ਰਾਗ ਜਣਾਈਆ । ਮੇਰਾ ਮਾਲਕ ਮਿਲੇ ਮੈਨੂੰ ਕਾਹਨਾ ਜਿਸ ਹੰਕਾਰ ਮੇਟਿਆ ਕੰਸਾ, ਦਿਤੀ ਮਾਣ ਵਡਿਆਈਆ । ਜਿਸ ਦਾ ਖੇਲ ਸਹੰਸ ਸਹੰਸਾ, ਗਣਤੀ ਗਣਤ ਨਾ ਕੋਇ ਗਿਣਾਈਆ । ਜਿਸ ਸਤਿਜੁਗ ਵਿਚ ਮਾਨਵ ਜ਼ਾਤੀ ਇਕ ਬਣਾਉਣਾ ਬੰਸਾ, ਦੂਸਰ ਵੰਡ ਨਾ ਕੋਇ ਵੰਡਾਈਆ । ਗੜ੍ਹ ਤੋੜਨਾ ਹਉਮੇ ਹੰਗਤਾ, ਹੰ ਬ੍ਰਹਮ ਦਏ ਸਮਝਾਈਆ । ਜੋ ਲੇਖਾ ਲਿਖਿਆ ਵੇਦ ਵਿਆਸੇ ਗੌੜ ਬ੍ਰਾਹਮਣ ਪ੍ਰਥਾਏ ਪੰਡਤਾ, ਭਵਿਖਤ ਪੁਰਾਣ ਨੌ ਹਜ਼ਾਰ
੨੫੩ ਸਲੋਕ ਦੇਣ ਗਵਾਹੀਆ । ਉਹ ਖੇਲ ਖੇਲੇ ਧਰਤੀ ਉਤੇ ਨਵ ਖੰਡਤਾ, ਸਤਿ ਸਤਿ ਵੇਖੇ ਚਾਈਂ ਚਾਈਆ । ਜਿਸ ਦਾ ਝਗੜਾ ਨਹੀਂ ਮਨ ਮਤ ੨੫੩
੨੪ ਦਾ, ਮਮਤਾ ਮੋਹ ਨਾ ਕੋਇ ਰਖਾਈਆ । ਉਹਦਾ ਖੇਲ ਪਰਮੇਸ਼ਵਰ ਪਤਿ ਦਾ, ਪਤਤ ਪਾਵਨ ਵਡ ਵਡਿਆਈਆ । ਜੋ ਲੇਖਾ ਜਾਣੇ ਮਿਤ ਗਤ ੨੪
ਦਾ, ਅੰਤਰ ਨਿਰੰਤਰ ਬੈਠਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਸਾਰੇ ਕਰੋ ਮਿਲਾਪ, ਮਿਲਣੀ ਹਰਿ ਜਗਦੀਸ਼ ਕਰਾਈਆ । ਕਲਜੁਗ ਅੰਤ ਮਿਟੇ ਤੀਨੋ ਤਾਪ, ਤ੍ਰੈਗੁਣ ਅਗਨ ਨਾ ਕੋਇ ਤਪਾਈਆ । ਸਭ ਦਾ ਇਕੋ ਨਾਮ ਹੋਵੇ ਜਾਪ, ਇਕੋ ਸੋਹਲਾ ਢੋਲਾ ਕਲਮਾ ਸਿਫ਼ਤ ਸਲਾਹੀਆ । ਇਕੋ ਮਾਲਕ ਹੋਵੇ ਕਮਲਾਪਾਤ, ਪਤਿਪਰਮੇਸ਼ਵਰ ਇਕ ਮਨਾਈਆ । ਝਗੜਾ ਰਹੇ ਨਾ ਜ਼ਾਤ ਪਾਤ, ਦੀਨਾਂ ਮਜ਼੍ਹਬ ਨਾ ਕਰੇ ਲੜਾਈਆ । ਆਪਣਾ ਭਵਿਖਤਾਂ ਵਾਲਾ ਵੇਖੇ ਖਾਤ, ਸਦੀ ਚੌਧਵੀਂ ਬੀਸਵੀਂ ਨਾਲ ਮਿਲਾਈਆ । ਢਈਆ ਗੋਬਿੰਦ ਵਾਲਾ ਪੁਛਣਵਾਲਾ ਵਾਤ, ਵਾਤਾਵਰਨ ਤਕੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਸਾਹਿਬਾਨ ਕਰੋ ਖ਼ਿਆਲ, ਬਿਨ ਨੈਣਾਂ ਨੈਣ ਉਠਾਈਆ । ਧਰਮ ਦੁਆਰ ਦਾ ਧਰਮ ਹੋਵੇ ਦਲਾਲ, ਵਿਚੋਲਾ ਅਵਰ ਨਾ ਕੋਇ ਬਣਾਈਆ । ਜਿਸ ਦੀ ਸਾਹਿਬ ਸਤਿਗੁਰ ਸ਼ਬਦ ਕਰੇ ਸੰਭਾਲ, ਸੰਬਲ ਦਾ ਮਾਲਕ ਦਇਆ ਕਮਾਈਆ । ਜਿਥੇ ਸੋਹਣੇ ਸ਼ਾਹ ਕੰਗਾਲ, ਗ਼ਰੀਬ ਗ਼ਰੀਬਾਂ ਦਏ ਵਡਿਆਈਆ । ਦੀਨ ਦੁਨੀ ਦਾ ਹੋਵੇ ਨਾ ਕੋਇ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਿਸ ਦੀ ਆਸ਼ਾ ਰਖੀ ਸਿੰਘ ਪਾਲ, ਮਿਹਰਵਾਨ ਮਿਹਰਵਾਨ ਮਿਹਰਵਾਨ ਵੇਖ ਵਖਾਈਆ । ਜਿਸ ਦਾ ਠਾਕਰ ਸੁਆਮੀ ਦਿਤਾ ਗਿਆਨ, ਇੰਦਰ ਸਿੰਘ ਸਿੰਘ ਸੋਭਾ ਪਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੰਦਰ ਇਕ ਸੁਹਾਈਆ । ਧਰਨੀ ਕਹੇ ਗੁਰ ਅਵਤਾਰ ਪੈਗ਼ੰਬਰ ਮੇਰਾ ਵੇਖੋ ਮੀਤ, ਮਿਤਰੋ ਸਚ ਜਣਾਈਆ । ਜਿਸ ਨੂੰ ਜੁਗ ਚੌਕੜੀ ਸਭ ਨੇ ਰਖਿਆ ਚੀਤ, ਚਿਤਰ ਕੇ ਸਕਿਆ ਨਾ ਕੋਇ ਵਖਾਈਆ । ਜੋ ਜੁਗ ਜੁਗ ਬਦਲਦਾ ਰਿਹਾ ਰੀਤ, ਰੀਤੀਵਾਨ ਅਗੰਮ ਅਥਾਹੀਆ । ਸੋ ਸਭ ਦੀ ਅੰਤਰ ਮਨ ਕਲਪਣਾ ਕਰੇ ਪਤਤ ਪੁਨੀਤ, ਪਤਤ ਪਾਵਨ ਦਇਆ ਕਮਾਈਆ । ਜਿਸ ਨੂੰ ਕਹਿੰਦੇ ਸਦਾ ਜਗਜੀਤ, ਜਗ ਜੀਵਣ ਦਾਤਾ ਇਕ ਅਖਵਾਈਆ । ਜਿਸ ਦਾ ਲੇਖਾ ਨਾਲ ਮੰਦਰ ਮਸੀਤ, ਕਾਅਬਿਆਂ ਫੋਲ ਫੁਲਾਈਆ । ਉਹ ਆਤਮ ਪਰਮਾਤਮ ਬੰਧਾਏ ਸਭ ਦੀ ਪ੍ਰੀਤ, ਪ੍ਰੀਤਮ ਹੋ ਕੇ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਧਰਨੀਏ ਤੇਰੇ ਉਤੇ ਹੋਣਾ ਵਕਤ ਸੁਹੰਜਣਾ, ਸੋਹਣੀ ਮਿਲੇ ਵਡਿਆਈਆ । ਘਰ ਸੁਹਾਏ ਆਦਿ ਨਿਰੰਜਣਾ, ਬੰਕ ਦੁਆਰਾ ਵੇਖ ਵਖਾਈਆ । ਜਿਥੇ ਇਕੋ ਦੀਪਕ ਜਗਣਾ, ਜੋਤੀ ਜੋਤ ਡਗਮਗਾਈਆ । ਜੋ ਸਭ ਦਾ ਹੋਵੇ ਸੱਜਣਾ, ਮੀਤ ਮੁਰਾਰਾ ਅਗੰਮ ਅਥਾਹੀਆ । ਜੋ ਨਾਮ ਨਿਧਾਨ ਦੀ ਚਾੜ੍ਹੇ ਰੰਗਣਾ, ਰੰਗਤ ਆਪਣੀ ਆਪ ਪਰਗਟਾਈਆ । ਉਹ ਭਗਤੋ ਤੁਹਾਡੀ ਭਗਤੀ ਦਾ ਮਨਾਵੇ ਸਗਨਾ, ਸਗਲੇ ਸੰਗੀ ਆਪ ਰਖਾਈਆ । ਨਿਰਗੁਣ ਧਾਰ ਲਾਵੇ ਅੰਗਣਾ, ਅੰਗੀਕਾਰ ਆਪ ਹੋ ਜਾਈਆ । ਅੰਤਰ ਨਿਰੰਤਰ ਦੇ ਅਨੰਦਨਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਲੇਖੇ ਲੱਗੇ ਪੰਜ ਤਤ ਸਰੀਰ ਪੰਜਨਾ, ਪੰਜਮ ਤਤ ਮਿਲੇ ਮਾਣ ਵਡਿਆਈਆ । ਸੰਮਤ ਸ਼ਹਿਨਸ਼ਾਹੀ ਦਸ ਕਹੇ ਦੀਨ ਦੁਨੀ ਦਾ ਲੇਖਾ ਜਿਸ ਹੱਥ ਮੁਕੰਦ ਮਨੋਹਰ ਮੁਕੰਦਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪਣੇ ਹੱਥ ਰਖਾਈਆ । ਧਰਨੀ ਕਹੇ ਮੇਰੀ ਪਿਆਰ ਮੁਹੱਬਤ ਵਾਲੀ ਤਸ਼ਰੀਹ, ਖ਼ੁਸ਼ੀਆਂ ਨਾਲ ਜਣਾਈਆ । ਭਗਤਾਂ ਦੀ ਭਸਮ ਚਰਨੀ ਦੀ ਧਾਰ ਗੁਰਮੁਖ ਇਕ ਇਕ ਚੂੰਢੀ ਭਰਨਗੇ ਵੀਹ, ਮਾਝਾ ਮਾਲਵਾ ਦੁਆਬਾ ਜੰਮੂ ਵੰਡ ਵੰਡਾਈਆ । ਟਿਕਾਉਣਗੇ ਚੜ੍ਹਦੇ ਵਾਲੀ ਕੂਟ ਵਿਚ ਨੀਂਹ, ਖ਼ੁਸ਼ੀਆਂ ਨਾਲ ਰਖਾਈਆ । ਧਰਮ ਦਾ ਬੀਜ ਦੇਣਾ ਬੀਅ, ਸਤਿਜੁਗ ਫਲ ਨਾਲ ਫੁੱਲ ਲਏ ਮਹਿਕਾਈਆ । ਰਵੀਦਾਸ ਦਾ ਲੇਖਾ ਜੋ ਲਿਖਿਆ ਸਾਢੇ ਤਿੰਨ ਹੱਥ ਸੀਂਅ, ਧਰਨੀ ਧਰਤ ਧਵਲ ਖ਼ੁਸ਼ੀ ਬਣਾਈਆ । ਅਗੇ ਪਤਾ ਨਹੀਂ ਹੋਣਾ ਕੀ, ਧਰਨੀ ਨਿਵ ਨਿਵ ਸੀਸ ਨਿਵਾਈਆ । ਲੱਖ ਚੁਰਾਸੀ ਪ੍ਰਭ ਦੇ ਜੀ, ਜੀਵ ਜੰਤਾਂ ਵਿਚ ਸਮਾਈਆ । ਤੁਹਾਡੇ ਉਤੋਂ ਬਲ ਬਲ ਜਾਵਾਂ ਬੀਂ, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਧਰਨੀ ਕਹੇ ਮਿੱਟੀ ਖ਼ਾਕ ਭਸਮ ਰਖਣੀ ਨੀਂਹ ਥੱਲੇ ਇਕ ਇਕ ਚੂੰਡੀ, ਬੀਸ ਬੀਸਾ ਰੰਗ ਰੰਗਾਈਆ । ਉਤੇ ਧਰਮ ਧਾਰ ਦੀ ਹੋਵੇ ਖ਼ੂੰਡੀ, ਖੜਗਾਂ ਖੰਡਿਆਂ ਬਾਹਰ ਸਮਝਾਈਆ । ਧਰਨੀ ਕਹੇ ਮੈਂ ਬਿਨਾ ਜ਼ਬਾਨ ਤੋਂ ਕੂੰਦੀ, ਕੂਕ ਕੂਕ ਸੁਣਾਈਆ । ਮੈਨੂੰ ਸਾਰ ਸਾਰਿਆਂ ਬੁਤ ਰੂਹ ਦੀ, ਰੂਹ ਬੁਤਾਂ ਵੇਖ ਵਖਾਈਆ । ਮੈਂ ਖ਼ਬਰ ਸੁਣਾਵਾਂ ਉਸ ਸ਼ਬਦ ਗੁਰੂ ਦੀ, ਜੋ ਗੁਰ ਅਵਤਾਰ ਪੈਗ਼ੰਬਰਾਂ ਦਏ ਵਡਿਆਈਆ । ਜਨ ਭਗਤੋ ਅੱਜ ਦੀ ਮਨਿਆਦ ਸਤਿਜੁਗ ਧਾਰ ਸ਼ੁਰੂ ਦੀ, ਸਤਿ ਧਰਮ ਸਾਚਾ ਰੰਗ ਰੰਗਾਈਆ । ਅਜੇ ਤੇ ਖੇਲ ਹੋਣੀ ਦੂਡੂ ਦੂਡੂ ਦੀ, ਸੱਤਾਂ ਸਾਲਾਂ ਤੋਂ ਬਾਦ ਏਥੇ ਧਰਮ ਦੇ ਝੰਡੇ ਝੁਲਣੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਮੇਰੇ ਉਤੇ ਬਣਨਾ

ਗ੍ਰਿਹਿ ਮੰਦਰ, ਸੋਹਣੀ ਮਿਲੇ ਵਡਿਆਈਆ । ਜਿਥੇ ਭਗਤਾਂ ਦਾ ਭਗਤੀ ਧਾਰ ਤੁਟਣਾ ਬਜਰ ਕਪਾਟੀ ਜੰਦਰ, ਜ਼ਿੰਦਗੀ ਵਿਚੋਂ ਜ਼ਿੰਦਗੀ ਦਏ ਬਦਲਾਈਆ । ਪਰਕਾਸ਼ ਹੋਵੇ ਅੰਧੇਰੀ ਕੰਦਰ, ਤਨ ਵਜੂਦ ਨੂਰ ਨੁਰਾਨਾ ਡਗਮਗਾਈਆ । ਮਨੂਆ ਦਹਿ ਦਿਸ਼ਾ ਨਾ ਉਠ ਉਠ ਧਾਵੇ ਬੰਦਰ, ਮਨ ਮਨਸਾ ਨਾ ਕੋਇ ਹਲਕਾਈਆ । ਜਨ ਭਗਤਾਂ ਹਰਿਜਨਾਂ ਸੂਫ਼ੀਆਂ ਸੰਤਾਂ ਲੇਖੇ ਲਗੇ ਤਤ ਪੰਜਣ, ਪੰਚਮ ਦਾ ਮੇਲਾ ਮਿਲੇ ਸਹਿਜ ਸੁਭਾਈਆ । ਕਿਸੇ ਦੇ ਅੰਤਸ਼ਕਰਨ ਵਿਚ ਨਾ ਹੋਵੇ ਰੰਜਣ, ਰੰਜਸ਼ ਅੰਦਰੋਂ ਬਾਹਰ ਕਢਾਈਆ । ਧਰਨੀ ਕਹੇ ਮੇਰੇ ਉਤੇ ਕੇਤੇ ਜੁਗ ਚੌਕੜੀਆਂ ਲੰਘਣ, ਸਤਿਜੁਗ ਤਰੇਤਾ ਦੁਆਪਰ ਕਲਜੁਗ ਭੱਜੇ ਵਾਹੋ ਦਾਹੀਆ । ਕੋਟਨ ਵਾਰ ਦੀਨ ਦੁਨੀ ਸ਼ਰਅ ਦੀ ਲੱਗੀ ਅਗਨ, ਭਸਮ ਹੋ ਕੇ ਮਿੱਟੀ ਖ਼ਾਕ ਵਿਚ ਮਿਲਾਈਆ । ਕੋਟਨ ਵਾਰ ਮੇਰੇ ਉਤੇ ਸ਼ਾਦਿਆਨੇ ਵਜਣ, ਗੁਰ ਅਵਤਾਰ ਪੈਗ਼ੰਬਰ ਧੁਰ ਦੇ ਰਾਗ ਨਾਦ ਗਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਮੇਰਾ ਜੀਅ ਕਰਦਾ ਮੈਂ ਤੈਨੂੰ ਕਰਾਂ ਇਕ ਮਖ਼ੌਲ, ਮਸਖ਼ਰਾ ਹੋ ਕੇ ਦਿਆਂ ਸੁਣਾਈਆ । ਤੈਨੂੰ ਧਰਨੀ ਕਹਾਂ ਧਰਤ ਕਹਾਂ ਧਵਲ ਕਹਾਂ ਕਿ ਕਹਾਂ ਧੌਲ, ਧਰਮ ਨਾਲ ਦੇ ਜਣਾਈਆ । ਸਚ ਦੱਸ ਤੇਰਾ ਅਵਤਾਰ ਪੈਗ਼ੰਬਰਾਂ ਨਾਲ ਕੀ ਕੌਲ, ਵਾਇਦਾ ਗੁਰੂ ਦੁਰਦੇਵ ਕੀ ਜਣਾਈਆ । ਮੇਰਾ ਜੀਅ ਕਰਦਾ ਕੂੜ ਕੁੜਿਆਰ ਦਾ ਵਜਾ ਦੇਵਾਂ ਢੋਲ, ਡੰਕਾ ਸੁਣਾਵਾਂ ਥਾਉਂ ਥਾਈਂਆ । ਸਾਰੀ ਸ੍ਰਿਸ਼ਟੀ ਦੀ ਦ੍ਰਿਸ਼ਟੀ ਜਾਵੇ ਡੋਲ, ਸਾਬਤ ਰਹਿਣ ਕੋਇ ਨਾ ਪਾਈਆ । ਤੇਰਾ ਧਰਮ ਦਾ ਦੁਆਰ ਧਰਮ ਦਾ ਮਾਲਕ

੨੫੫ ਦੇਵੇ ਖੋਲ੍ਹ, ਖ਼ਲਕ ਦਾ ਖ਼ਾਲਕ ਵੇਖ ਵਖਾਈਆ । ਜਿਸ ਦਾ ਭੇਵ ਜਾਣੇ ਨਾ ਕੋਈ ਪੰਡਤ ਪਾਂਧਾ ਰੌਲ, ਥਿਤਾਂ ਵੰਡ ਨਾ ਕੋਇ ਵੰਡਾਈਆ । ਇਹ ੨੫੫

੨੪ ਲੇਖਾ ਉਸ ਦਾ ਜਿਸ ਨੂੰ ਤ੍ਰੈਲੋਕੀ ਨਾਥ ਕਹਿੰਦੇ ਸਾਵਲ ਸੌਲ, ਸਾਂਵਰੀਆ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੨੪

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਨਾਰਦਾ ਕੁਛ ਮੈਂ ਵੀ ਦੱਸਣਾ ਜ਼ਰੂਰ, ਜ਼ਰੂਰਤ ਆਪਣੀ ਦਿਆਂ ਜਣਾਈਆ । ਮੈਨੂੰ ਦਿਸਦਾ ਮੇਰੇ ਉਤੇ ਪਿਆ ਫ਼ਤੂਰ, ਧਰਮ ਨੂੰ ਫ਼ਤਵਾ ਲੱਗਾ ਥਾਉਂ ਥਾਈਂਆ । ਸਚ ਦਾ ਸਚ ਦਿਸੇ ਨਾ ਨੂਰ, ਨੂਰ ਨੁਰਾਨਾ ਚੰਦ ਨਾ ਕੋਇ ਚਮਕਾਈਆ । ਸਾਚੇ ਨਾਮ ਦੀ ਸੁਣੇ ਕੋਇ ਨਾ ਤੂਰ, ਤੁਰੀਆ ਪਦ ਦੀ ਮੰਜ਼ਲ ਹੱਥ ਕਿਸੇ ਨਾ ਆਈਆ । ਮੈਨੂੰ ਕਲਜੁਗ ਕੂੜ ਕੀਤਾ ਮਸ਼ਹੂਰ, ਚਾਰੋਂ ਕੁੰਟ ਝੂਠ ਦੇ ਡੰਕੇ ਰਿਹਾ ਵਜਾਈਆ । ਮੈਂ ਆਸਾ ਰਖੀ ਮੇਰਾ ਸਾਹਿਬ ਮੈਨੂੰ ਕਦੋਂ ਬਖ਼ਸ਼ੇਗਾ ਚਰਨ ਧੂੜ, ਧੂੜੀ ਟਿੱਕੇ ਖ਼ਾਕ ਰਮਾਈਆ । ਜਗਤ ਦਾ ਵਕ਼ਤ ਮਿਟੇ ਹਰਿਜਨ ਰਹੇ ਨਾ ਕੋਇ ਮੂਰਖ ਮੂੜ੍ਹ, ਗੁਰਮੁਖ ਹਰਿਜਨ ਭਗਤ ਸੁਹੇਲੇ ਲਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਧਰਨੀਏ ਓਹ ਵੇਖ ਲੈ ਕਲਜੁਗ ਕਾਲਾ ਮਲੰਗ, ਨਵ ਖੰਡ ਪ੍ਰਿਥਮੀ ਸੱਤ ਦੀਪ ਭੱਜੇ ਵਾਹੋ ਦਾਹੀਆ । ਜੋ ਵਜਾਵੇ ਮੋਹ ਮਮਤਾ ਦਾ ਮਰਦੰਗ, ਮਮਤਾ ਮਾਇਆ ਵਾਲੀ ਨਾਲ ਰਲਾਈਆ । ਜਿਸ ਘਰ ਘਰ ਛੇੜਿਆ ਜੰਗ, ਮਨ ਕਾ ਮਣਕਾ ਦਿਤਾ ਭੁਆਈਆ । ਦੀਨ ਦੁਨੀ ਨੂੰ ਕੀਤਾ ਤੰਗ, ਤੰਗ ਦਸਤ ਹੋਈ ਲੋਕਾਈਆ । ਜਿਧਰ ਵੇਖੋਂ ਕਲਜੁਗ ਨੇ ਕੀਤੀ ਭੁਖ ਨੰਗ, ਭੁੱਖਿਆਂ ਸਕੇ ਨਾ ਕੋਇ ਰਜਾਈਆ । ਅੰਤਰ ਆਤਮ ਮਿਲੇ ਨਾ ਕਿਸੇ ਅਨੰਦ, ਅਨੰਦ ਵਿਚੋਂ ਅਨੰਦ ਨਾ ਕੋਇ ਪਰਗਟਾਈਆ । ਤੂੰ ਮੇਰਾ ਮੈਂ ਤੇਰਾ ਆਤਮਾ ਪਰਮਾਤਮਾ ਗਾਏ ਕੋਈ ਨਾ ਛੰਦ, ਪਾਰਬ੍ਰਹਮ ਬ੍ਰਹਮ ਸੰਗ ਨਾ ਕੋਇ ਰਖਾਈਆ ।

ਆਤਮ ਸੇਜ ਸੁਹੰਜਣੀ ਦਿਸੇ ਨਾ ਕਿਸੇ ਪਲੰਘ, ਸਥਰ ਯਾਰ ਨਾ ਕੋਇ ਹੰਢਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਤਸ਼ਕਰਨ ਵਿਚ ਹੋਈ ਰੰਡ, ਪਤੀ ਪਤ ਪਤਵੰਤਾ ਹਰਿ ਕੰਤ ਨਜ਼ਰ ਕਿਸੇ ਨਾ ਆਈਆ । ਨਿਗਾਹ ਮਾਰ ਲੈ ਵਿਚ ਨਵਖੰਡ, ਸੱਤਾਂ ਦੀਪਾਂ ਧਿਆਨ ਲਗਾਈਆ । ਜਿਧਰ ਵੇਖੇਂ ਓਧਰ ਸ਼ਰਅ ਦੀ ਪਵੇ ਡੰਡ, ਡੰਡਾਵਤ ਵਿਚ ਪ੍ਰਭ ਨੂੰ ਸੀਸ ਨਾ ਕੋਇ ਨਿਵਾਈਆ । ਦਰੋਹੀ ਮਚੀ ਜੇਰਜ ਅੰਡ, ਉਤਭੁਜ ਸੇਤਜ ਰਹੀ ਕੁਰਲਾਈਆ । ਸ੍ਰਿਸ਼ਟੀ ਦੀ ਧਾਰ ਹੋਈ ਭੇਖ ਪਖੰਡ, ਸਤਿ ਸਚ ਵੇਖਣ ਕੋਇ ਨਾ ਪਾਈਆ । ਮੇਰੀ ਇਕੋ ਆਸ਼ਾ ਇਕੋ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰੇ ਸਾਹਿਬ ਸੂਰੇ ਸਰਬੰਗ, ਹਰਿ ਕਰਤੇ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਸੁਣ ਨਾਰਦ ਮੁਨੀ, ਮੁਨੀਸ਼ਰਾਂ ਬਾਹਰ ਜਣਾਈਆ । ਮੇਰੀ ਪੁਕਾਰ ਅਵਤਾਰ ਪੈਗ਼ੰਬਰਾਂ ਗੁਰੂਆਂ ਸੁਣੀ, ਅਣਸੁਣਤ ਨਜ਼ਰ ਕੋਇ ਨਾ ਆਈਆ । ਜੋ ਜੁਗ ਚੌਕੜੀ ਧਰਮ ਦੇ ਧਾਰ ਬਣੇ ਵਡ ਗੁਣੀ, ਗੁਣਵੰਤ ਜਗਤ ਅਖਵਾਈਆ । ਸ਼ਬਦ ਨਾਮ ਦੀ ਜਣਾਈ ਧੁਨੀ, ਧੁਨ ਆਤਮਕ ਰਾਗ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਸਮਝਾਈਆ । ਧਰਨੀ ਕਹੇ ਮੇਰੀ ਨੀਂਹ ਰਖਣੀ ਨਾਲ ਜਗਤ ਦੀ ਇੱਟ, ਮਾਟੀ ਕੱਚ ਰੰਗ ਰੰਗਾਈਆ । ਪ੍ਰਭੂ ਵਿਚ ਰਖੇ ਬਿਨ ਅੱਖਰਾਂ ਤੋਂ ਚਿਟ, ਚਿੱਟੇ ਉਤੇ ਕਾਲਾ ਰੰਗ ਨਾ ਕੋਇ ਰੰਗਾਈਆ । ਨੀਲੀ ਲਾਲ ਸ਼ਾਹੀ ਦੋਵੇਂ ਰਹੀਆਂ ਪਿਟ, ਦਰੋਹੀ ਤੇਰਾ ਨਾਮ ਦੁਹਾਈਆ ।
੨੫੬ ਕਲਮਾਂ ਕਾਨਿਆਂ ਕਹਿਣ ਅਸੀਂ ਕਿਥੇ ਜਾਈਏ ਟਿਕ, ਕਵਣ ਧਾਮ ਮਿਲੇ ਵਡਿਆਈਆ । ਕਿਸ ਦੇ ਉਤੇ ਆਸ਼ਾ ਦਈਏ ਸਿੱਟ, ਸਿੱਟਾਬਾਜ਼ੀ ਵੇਖੀ ੨੫੬
੨੪ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਲੂ ਆਪ ਫੜਾਈਆ । ਧਰਨੀ ੨੪
ਕਹੇ ਮੇਰੇ ਵੇਖ ਲੈ ਪਿਛਲੇ ਕਰਮ, ਕਾਂਡਾਂ ਬਾਹਰ ਜਣਾਈਆ । ਜੁਗ ਜੁਗ ਦਾ ਤਕ ਲੈ ਧਰਮ, ਨਾਰਦਾ ਬਿਨ ਅੱਖਾਂ ਅੱਖ ਖੁਲਾਈਆ । ਕਲਜੁਗ ਤਕ ਲੈ ਕੀ ਝਗੜਾ ਵਰਨ ਬਰਨ, ਜ਼ਾਤ ਜ਼ਾਤੀ ਕੀ ਚਤੁਰਾਈਆ । ਮੇਰੇ ਨੇਤਰ ਨੈਣਾਂ ਆਵੇ ਸ਼ਰਮ, ਪ੍ਰਭ ਨੂੰ ਭੁਲੀ ਸਰਬ ਲੋਕਾਈਆ । ਮੇਰਾ ਲੇਖਾ ਨਾਲ ਉਸ ਕਰਨੀ ਕਰਨ, ਜੋ ਕਰਨੀ ਕਰਤਾ ਧੁਰਦਰਗਾਹੀਆ । ਮੈਂ ਉਸ ਦਾ ਪੱਲੂ ਲੱਗੀ ਫੜਨ, ਬਿਨ ਹੱਥਾਂ ਹੱਥ ਉਠਾਈਆ । ਓਸ ਦੀ ਮੰਜ਼ਲ ਲੱਗੀ ਚੜ੍ਹਨ, ਬਿਨ ਕ਼ਦਮਾਂ ਕ਼ਦਮ ਟਿਕਾਈਆ । ਓਸੇ ਦਾ ਨਾਮ ਲੱਗੀ ਪੜ੍ਹਨ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਓਸੇ ਦੇ ਫ਼ਰਾਕ਼ ਵਿਚ ਵੈਰਾਗ ਵਿਚ ਲੱਗੀ ਸੜਨ, ਬਿਰਹੁ ਅੰਦਰੋਂ ਰਹੀ ਕੁਰਲਾਈਆ । ਮੇਰੇ ਪ੍ਰਭੂ ਝਗੜਾ ਮੇਟ ਦੇ ਪੰਜ ਤਤ ਧੜਨ, ਸੀਸ ਜਗਦੀਸ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਗ੍ਰਹਿ ਆਪ ਸੁਹਾਈਆ । ਧਰਨੀ ਕਹੇ ਜਨ ਭਗਤੋ ਮੇਰੀ ਇਕ ਬੇਨੰਤੀ, ਖ਼ੁਸ਼ੀਆਂ ਵਿਚ ਸੁਣਾਈਆ । ਇਹ ਲੇਖਾ ਨਹੀਂ ਕਿਸੇ ਪੰਡਤੀ, ਅਕਲ ਬੁਧੀ ਨਾ ਕੋਇ ਵਡਿਆਈਆ । ਆਸਾ ਨਹੀਂ ਕਿਸੇ ਮਨ ਦੀ, ਕਲਪਣਾ ਤ੍ਰਿਸ਼ਨਾ ਨਾ ਕੋਇ ਰਲਾਈਆ । ਇਹ ਖੇਲ ਅਗੰਮੇ ਚੰਨ ਦੀ, ਜੋ ਨੂਰ ਨੁਰਾਨਾ ਆਦਿ ਜੁਗਾਦੀ ਨੂਰ ਅਲਾਹੀਆ । ਇਹ ਅਵਾਜ਼ ਨਹੀਂ ਕਿਸੇ ਕੰਨ ਦੀ, ਸਰਵਣਾਂ ਬਾਹਰ ਸ਼ਨਵਾਈਆ । ਇਹ ਵਡਿਆਈ ਨਹੀਂ ਕਿਸੇ ਧਨ ਦੀ, ਲੋਭ ਲਾਲਚ ਨਾ ਕੋਇ ਵਡਿਆਈਆ । ਇਕ ਪ੍ਰੀਤੀ ਪ੍ਰੀਤਮ ਹੋਵੇ ਜਨ ਦੀ, ਜਨ ਭਗਤੋ ਮਿਲ ਕੇ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਧਰਨੀ ਕਹੇ ਜਨ ਭਗਤੋ ਮੇਰਾ ਲੇਖਾ ਪ੍ਰਭੂ ਨਾਲ ਆਦਿ, ਜੁਗ ਚੌਕੜੀ ਰੀਤੀ ਚਲੀ ਆਈਆ । ਮੇਰੇ ਉਤੇ ਦੀਨ ਦੁਨੀ ਹੁੰਦੀ ਰਹੀ ਬਰਬਾਦ, ਸਤਿਜੁਗ ਤਰੇਤਾ ਦੁਆਪਰ ਕਲਜੁਗ ਮੇਰੀ ਦਏ ਗਵਾਹੀਆ । ਪਿਆਰ ਮੁਹੱਬਤ ਵਿਚ ਹੁੰਦੇ ਰਹੇ ਵਿਸਮਾਦ, ਬਿਸਮਲ ਹੋ ਕੇ ਆਪਣਾ ਖੇਲ ਖਿਲਾਈਆ । ਮੈਂ ਜੁਗ ਜੁਗ ਸੁਣਦੀ ਰਹੀ ਨਾਦ, ਸ਼ਬਦੀ ਧਾਰ ਬਿਨ ਅੱਖਰਾਂ ਅੱਖਰ ਹੁੰਦੀ ਰਹੀ ਸ਼ਨਵਾਈਆ । ਮੇਰਾ ਲਹਿਣਾ ਦੇਣਾ ਅੰਤ ਕਲਜੁਗ ਸਭ ਤੋਂ ਬਾਦ, ਆਖ਼ਰ ਆਖ਼ਰ ਦਿਆਂ ਦ੍ਰਿੜਾਈਆ । ਜਿਸ ਕਾਰਨ ਨਾਨਕ ਵਜਾਈ ਰਬਾਬ, ਸਿਤਾਰ ਦੀਨ ਦੁਨੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹ ਇਕ ਵਖਾਈਆ । ਧਰਨੀ ਕਹੇ ਜਨ ਭਗਤੋ ਧਰਮ ਦੁਆਰਾ ਵਸਣਾ, ਸਤਿਜੁਗ ਮਿਲੇ ਮਾਣ ਵਡਿਆਈਆ । ਦੀਨਾਂ ਮਜ਼੍ਹਬਾਂ ਬਹਿ ਬਹਿ ਹੱਸਣਾ, ਏਕੋ ਖ਼ੁਸ਼ੀ ਬਣਾਈਆ । ਨੌ ਖੰਡ ਪ੍ਰਿਥਮੀ ਨੱਸਣਾ, ਭੱਜੇ ਵਾਹੋ ਦਾਹੀਆ । ਨਾਮ ਅੰਮਿਉਂ ਰਸ ਚਖਣਾ, ਬਿਨ ਰਸਨਾ ਰਸ ਚਖਾਈਆ । ਤੁਹਾਡੀ ਪਿਆਰ ਮੁਹੱਬਤ ਵਾਲੀ ਦੱਛਣਾ, ਪ੍ਰਭ ਲੇਖੇ ਲਏ ਲਗਾਈਆ । ਸਚ ਪ੍ਰੇਮ ਵਿਚੋਂ ਰਹੇ ਕੋਈ ਨਾ ਸਖਣਾ, ਕਾਇਆ ਚੋਲੀ ਦਏ ਟਿਕਾਈਆ । ਇਹ ਲਹਿਣਾ ਦੇਣਾ ਹੱਥੋ ਹੱਥਣਾ, ਅਗੇ ਉਧਾਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਜਨ ਭਗਤੋ ਮੇਰਾ ਪ੍ਰੇਮ ਦਾ ਸਾਚਾ ਦਰਸ, ਨੈਣ ਦੀਦ ਖ਼ੁਸ਼ੀ ਬਣਾਈਆ । ਮੇਰੀ ਪੂਰੀ ਹੋਈ ਹਰਸ, ਹਵਸ ਦਿਤੀ ਮਿਟਾਈਆ ।

੨੫੭ ਨਿਰਗੁਣ ਧਾਰ ਕੀਤਾ ਤਰਸ, ਜੋਤ ਨੂਰ ਨੂਰ ਰੁਸ਼ਨਾਈਆ । ਮੇਰਾ ਸੁਹੰਜਣਾ ਹੋਇਆ ਫ਼ਰਸ਼, ਮਿੱਟੀ ਖ਼ਾਕ ਖ਼ੁਸ਼ੀ ਬਣਾਈਆ । ਅੰਬਰਾਂ ਤੋਂ ਵੇਖਣ ੨੫੭

੨੪ ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਨਾਲ ਅਰਸ਼, ਅਰਸ਼ੀ ਪ੍ਰੀਤਮ ਸੋਭਾ ਪਾਈਆ । ਨਾ ਸੋਗ ਰਿਹਾ ਨਾ ਹਰਖ, ਚਿੰਤਾ ਗ਼ਮ ਨਾ ਕੋਇ ਜਣਾਈਆ । ੨੪

ਇਸ ਭਗਤ ਦੁਆਰ ਤੇ ਸਾਰੀ ਸ੍ਰਿਸ਼ਟੀ ਦੀ ਹੋਣੀ ਪਰਖ, ਪਰਖਣਹਾਰਾ ਇਕੋ ਧੁਰ ਦਾ ਮਾਹੀਆ । ਇਹਦਾ ਲੇਖਾ ਸਤਿਜੁਗ ਧਾਰ ਦੇ ਸਤਿਜੁਗ ਵਾਲੇ ਬਰਖ, ਬਰਸ ਆਪਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਮੇਰੇ ਉਤੇ ਵੇਖੋ ਸੋਭਦੀ ਪਰਾਂਦੀ ਲਾਲ, ਲਾੜੀ ਮੌਤ ਖ਼ੁਸ਼ੀ ਬਣਾਈਆ । ਨਾਰੀਅਲ ਕਹਿਣ ਅਸੀਂ ਵੀ ਬਣਨਾ ਵਿਚ ਦਲਾਲ, ਵਿਚੋਲੇ ਜਗਤ ਜਗਤ ਜਣਾਈਆ । ਕੂੜ ਕੁੜਿਆਰਾਂ ਕਰਨੀ ਭਾਲ, ਖੋਜਣਾ ਥਾਉਂ ਥਾਈਂਆ । ਸਾਡਾ ਲੇਖਾ ਨਹੀਂ ਸ਼ਾਹ ਕੰਗਾਲ, ਊਚਾਂ ਨੀਚਾਂ ਵੰਡ ਨਾ ਕੋਇ ਵੰਡਾਈਆ । ਸਾਡੀ ਇਕ ਬੇਨੰਤੀ ਤੇ ਇਕ ਸਵਾਲ, ਦੂਜੀ ਆਸ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਚ ਸਚ ਪਰਗਟਾਈਆ । ਧਰਨੀ ਕਹੇ ਮੇਰਾ ਅੰਤ ਅਖ਼ੀਰੀ ਸੰਦੇਸ਼, ਸੰਧਿਆ ਸਰਘੀ ਬਾਹਰ ਜਣਾਈਆ । ਜਨ ਭਗਤੋ ਤੁਹਾਡੀ ਭਗਤੀ ਰਹੇ ਹਮੇਸ਼, ਭਗਵਨ ਦੇਵੇ ਮਾਣ ਵਡਿਆਈਆ । ਤੁਹਾਡਾ ਲੇਖਾ ਤਕੇ ਬਾਸ਼ਕ ਸੁਹੰਜਣਾ ਸ਼ੇਸ਼, ਵਿਸ਼ਨੂੰ ਰੰਗ ਰੰਗਾਈਆ । ਬ੍ਰਹਮਾ ਦਏ ਆਦੇਸ਼, ਸੁਖ਼ਨ ਸੋਹਲੇ ਆਪ ਜਣਾਈਆ । ਸ਼ੰਕਰ ਹੋਵੇ ਪੇਸ਼, ਧਰਮ ਧਾਰ ਦ੍ਰਿੜਾਈਆ । ਅਵਾਜ਼ ਦੇਵੇ ਆਪ ਗਣੇਸ਼, ਗਣਪਤ ਕੀ ਸੁਣਾਈਆ । ਤੇਈ ਅਵਤਾਰ ਕਹਿਣ ਜਗਤ ਬੁਧੀ ਨਾ ਰਹੇ ਮਲੇਛ, ਕੂੜੀ ਕਿਰਿਆ ਡੇਰਾ ਢਾਹੀਆ । ਪੈਗ਼ੰਬਰ ਕਹਿਣ ਝਗੜਾ ਮੁਕੇ ਮੁਲਾਂ ਸ਼ੇਖ਼, ਮੁਸਾਇਕਾਂ ਰੰਗ ਰੰਗਾਈਆ । ਜੋ ਸੰਦੇਸ਼ ਦਿਤਾ ਨਾਨਕ ਨਿਰਗੁਣ ਗੋਬਿੰਦ ਦਸ ਦਸਮੇਸ਼, ਦੀਨ ਮਜ਼੍ਹਬ ਵੰਡ

ਨਾ ਕੋਇ ਵੰਡਾਈਆ । ਸਭ ਦਾ ਪਰਮਾਤਮ ਆਤਮ ਧਾਰ ਏਕ, ਦੂਜਾ ਨਜ਼ਰ ਕੋਇ ਨਾ ਆਈਆ । ਜਨ ਭਗਤੋ ਭਗਤਾਂ ਦੀ ਸਾਹਿਬ ਉਤੇ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਜਨ ਭਗਤੋ ਖ਼ੁਸ਼ੀਆਂ ਨਾਲ ਪਰਸ਼ਾਦ ਵੰਡਣਾ, ਮੇਰੀ ਖ਼ੁਸ਼ੀ ਬਣਾਈਆ । ਨਾਤਾ ਸਭ ਦੇ ਨਾਲ ਗੰਢਣਾ, ਮੁਹੱਬਤ ਮੁਹੱਬਤ ਵਿਚੋਂ ਰਖਾਈਆ । ਪੱਲੂ ਸਤਿਗੁਰ ਸ਼ਬਦ ਕਦੇ ਨਾ ਛਡਣਾ, ਨਾਤਾ ਤੁੱਟੇ ਜਗਤ ਲੋਕਾਈਆ । ਤੁਹਾਡਾ ਲੇਖੇ ਲੱਗੇ ਨਾੜੀ ਮਾਸ ਹਡਣਾ, ਬੂੰਦ ਰਕਤ ਆਪਣੇ ਰੰਗ ਰੰਗਾਈਆ । ਭਰਮ ਭੁਲੇਖਾ ਦੂਈ ਦਵੈਤ ਵਾਲਾ ਕਢਣਾ, ਸ਼ਰਅ ਸ਼ਰੀਅਤ ਦੇਣੀ ਤਜਾਈਆ । ਤੁਸੀਂ ਇਕੋ ਪਰਮ ਪੁਰਖ ਦੀ ਯਦਣਾ, ਆਤਮ ਪਰਮਾਤਮ ਖੇਲ ਤਕਣਾ ਥਾਉਂ ਥਾਈਂਆ । ਮੇਰੀ ਧਰਮ ਦੀ ਧਾਰ ਹਦਣਾ, ਹਦ ਹਦੂਦ ਇਕ ਰਖਾਈਆ । ਸਚ ਪਰਕਾਸ਼ ਦਾ ਦੀਪਕ ਜਗਣਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸੂਰਾ ਸਰਬੰਗਣਾ, ਸੂਰਬੀਰ ਨੂਰੀ ਨੂਰ ਇਕ ਅਖਵਾਈਆ ।



## ✪ ੯ ਮਾਘ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਆਰ ਧੀਰ ਪੁਰ ਕਿੰਗਜ਼ਵੇ ਕੈਂਪ ਦਿਲੀ-੯ ਰਾਤ ਦੇ ਸਮੇਂ ✪



ਨੌ ਮਾਘ ਕਹੇ ਮੇਰੀ ਨਮੋ ਨਮੋ ਨਿਮਸਕਾਰਾ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਬਿਨ ਰਸਨਾ ਜਿਹਵਾ ਸ਼ਬਦੀ ਧਾਰ ਬੋਲ ਜੈਕਾਰਾ, ਢੋਲਾ ਸੋਹਲਾ ਇਕੋ ਇਕ ਸੁਣਾਈਆ । ਨਿਰਗੁਣ ਸਰਗੁਣ ਵੇਖਾਂ ਖੇਲ ਅਪਾਰਾ, ਜੋ ਅਪਰੰਪਰ ਸੁਆਮੀ ਵੇਖ ਵਖਾਈਆ । ਸ਼ਾਹੋ ਭੂਪ ਵੇਖਾਂ ਸਿਕਦਾਰਾ, ਸ਼ਹਿਨਸ਼ਾਹ ਨੂਰ ਅਲਾਹੀਆ । ਜਿਸ ਦਾ ਖੇਲ ਸਦਾ ਜੁਗ ਚਾਰਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਉਹ ਜੋਤੀ ਜਾਤਾ ਪੁਰਖ ਬਿਧਾਤਾ ਦੇਵਣਹਾਰ ਸਹਾਰਾ, ਸਿਰ ਸਿਰ ਹੱਥ ਟਿਕਾਈਆ । ਜਿਸ ਦਾ ਲਹਿਣਾ ਦੇਣਾ ਨਾਲ ਜਮਨ ਕਿਨਾਰਾ, ਘਾਟ ਕੰਢਾ ਖੋਜ ਖੁਜਾਈਆ । ਜਿਸ ਦੀ ਆਸ਼ਾ ਰਖ ਕੇ ਗਿਆ ਕ੍ਰਿਸ਼ਨ ਮੁਰਾਰਾ, ਮੋਹਣ ਮਾਧਵ ਆਪਣਾ ਭੇਵ ਚੁਕਾਈਆ । ਜਿਸ ਪੈਗ਼ੰਬਰਾਂ ਨੂਰ ਕੀਤਾ ਜ਼ਾਹਰਾ, ਜ਼ਾਹਰ ਜ਼ਹੂਰ ਡਗਮਗਾਈਆ । ਜਿਸ ਸਤਿ ਧਰਮ ਚਲਾਇਆ ਨਾਅਰਾ, ਗੁਰੂ ਗੁਰਦੇਵ ਦੇਵ ਦ੍ਰਿੜਾਈਆ । ਸੋ ਪਾਰਬ੍ਰਹਮ ਪਤਿਪਰਮੇਸ਼ਵਰ ਆਦਿ ਜੁਗਾਦੀ ਪਰਵਰਦਿਗਾਰਾ, ਸਾਂਝਾ ਯਾਰ ਨੂਰ ਅਲਾਹੀਆ । ਜਿਸ ਲਹਿਣਾ ਦੇਣਾ ਪੂਰਬ ਕ਼ਰਜ਼ ਦੇਣਾ ਉਤਾਰਾ, ਮਕ਼ਰੂਜ਼ ਆਪਣਾ ਲੇਖ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨੌ ਮਾਘ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਹੱਸਾਂ, ਮੁਸਕਰਾਹਟ ਨਜ਼ਰ ਕਿਸੇ ਨਾ ਆਈਆ । ਮੈਂ ਗੁਰ ਅਵਤਾਰ ਪੈਗ਼ੰਬਰਾਂ ਦੱਸਾਂ, ਬਿਨ ਢੋਲੇ ਸੋਹਲੇ ਰਾਗ ਦ੍ਰਿੜਾਈਆ । ਬਿਨ ਕ਼ਦਮਾਂ ਜਗਤ ਜਹਾਨ ਨੱਸਾਂ, ਨਵ ਸੱਤ ਭੱਜਾਂ ਵਾਹੋ ਦਾਹੀਆ । ਬਿਨ ਨੇਤਰਾਂ ਵੇਖਾਂ ਰੈਣ ਅੰਧੇਰੀ ਮੱਸਾ, ਸਾਚਾ ਚੰਦ ਨਾ ਕੋਇ ਚਮਕਾਈਆ । ਅੰਮ੍ਰਿਤ ਧਾਰ ਮਿਲੇ ਕਿਸੇ ਨਾ ਰਸਾ, ਰਸਨਾ ਜਿਹਵਾ ਦੀਨ ਦੁਨੀ ਨਾ ਕੋਇ ਹਲਕਾਈਆ । ਕਿਸੇ ਨਜ਼ਰ ਨਾ ਆਵੇ ਹੋੜਾ ਉਪਰ ਸੱਸਾ, ਹਾਹੇ

ਟਿੱਪੀ ਹੰ ਬ੍ਰਹਮ ਭੇਵ ਨਾ ਕੋਇ ਚੁਕਾਈਆ । ਪ੍ਰਭੂ ਅੰਤਰ ਨਿਰੰਤਰ ਦਿਸੇ ਕਿਸੇ ਨਾ ਵਸਾ, ਵਾਸਤਵਕ ਰੰਗ ਸਾਚਾ ਨਾ ਕੋਇ ਚੜ੍ਹਾਈਆ । ਸਚ ਪ੍ਰੇਮ ਦਾ ਕਰੇ ਕੋਈ ਨਾ ਜਸਾ, ਸਿਫ਼ਤੀ ਸਿਫ਼ਤ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਨੌ ਮਾਘ ਕਹੇ ਮੇਰਾ ਖ਼ੁਸ਼ੀਆਂ ਵਾਲਾ ਵਕ਼ਤ, ਪ੍ਰਭ ਦੇਵੇ ਮਾਣ ਵਡਿਆਈਆ । ਮੈਂ ਪ੍ਰਸਿੱਧ ਹੋਵਾਂ ਵਿਚ ਜਗਤ, ਦੀਨ ਦੁਨੀ ਨਾਲ ਮਿਲ ਕੇ ਵਜੇ ਵਧਾਈਆ । ਮੇਰੇ ਸਾਹਿਬ ਸੁਆਮੀ ਮਾਣ ਦੇਣਾ ਆਪਣੇ ਭਗਤ, ਭਗਵਨ ਆਪਣੇ ਰੰਗ ਰੰਗਾਈਆ । ਆਤਮ ਧਾਰ ਬਖ਼ਸ਼ਣੀ ਸ਼ਕਤ, ਜੋਤੀ ਜਾਤਾ ਡਗਮਗਾਈਆ । ਲੇਖੇ ਲਾਉਣਾ ਬੂੰਦ ਰਕਤ, ਹਡ ਮਾਸ ਨਾੜੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਪਰਦਾ ਆਪ ਉਠਾਈਆ । ਨਵ ਮਾਘ ਕਹੇ ਮੇਰਾ ਲੇਖਾ ਨਾਲ ਅਮਾਮ, ਜੋ ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜਿਸ ਦੀ ਵਖਰੀ ਸਦਾ ਕਲਾਮ, ਕਲਮਿਆਂ ਬਾਹਰ ਪੜ੍ਹਾਈਆ । ਉਹ ਦੇਵਣਹਾਰਾ ਪੈਗ਼ਾਮ, ਬਿਨ ਅੱਖਰਾਂ ਅੱਖਰ ਸ਼ਨਵਾਈਆ । ਸੋ ਪੂਰਾ ਕਰੇ ਆਪਣਾ ਕਾਮ, ਕਾਮਨਾ ਜਗਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਟਣਹਾਰਾ ਅੰਧੇਰੀ ਸ਼ਾਮ, ਸ਼ਮਅ ਨੂਰ ਜੋਤ ਕਰੇ ਰੁਸ਼ਨਾਈਆ । ਨਵ ਮਾਘ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਝੁਕਦਾ, ਬਿਨ ਸੀਸ ਸੀਸ ਜਗਦੀਸ ਨਿਵਾਈਆ । ਜਿਸ ਭੇਵ ਖੁਲ੍ਹਾਉਣਾ ਇਕ ਤੁਕ ਦਾ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪੜਦਾ ਦਏ ਉਠਾਈਆ । ਭਗਤਾਂ ਕੋਲੋਂ ਕਦੇ ਨਾ ਹੋਵੇ ਲੁਕਦਾ, ਸਨਮੁਖ ਹੋ ਕੇ ਸੋਭਾ ਪਾਈਆ । ਨਾਤਾ ਜੋੜੇ ਪਿਤਾ ਪੁਤ ਦਾ, ਪੂਤ ਸਪੂਤੇ ਗੋਦ ਉਠਾਈਆ । ਜਿਸ ਦਾ ਵਕਤ ਸੁਹੰਜਣਾ ਹੋਣਾ ਆਪਣੀ ਰੁਤ ਦਾ, ਰੁਤੜੀ ਭਗਤਾਂ ਨਾਲ ਮਹਿਕਾਈਆ । ਮੈਂ ਚਾਕਰ ਉਸ ਅਬਿਨਾਸ਼ੀ ਅਚੁਤ ਦਾ, ਜੋ ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਹੋਏ ਸਹਾਈਆ । ਨਵ ਮਾਘ ਕਹੇ ਮੇਰਾ ਝੁਕੇ ਇਕੋ ਸੀਸ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਮੇਰਾ ਮਾਲਕ ਇਕ ਜਗਦੀਸ਼, ਜਗਦੀਸ਼ਰ ਨੂਰ ਅਲਾਹੀਆ । ਜਿਸ ਦਾ ਪੀਸਣ ਰਿਹਾ ਪੀਸ, ਕਲਜੁਗ ਚੱਕੀ ਕੂੜ ਚਲਾਈਆ । ਉਹ ਵੇਖਣਹਾਰਾ ਕਲਮੇ ਨਾਮ ਹਦੀਸ, ਹਜ਼ਰਤਾਂ ਦੀ ਧਾਰ ਖੋਜ ਖੁਜਾਈਆ । ਜਿਸ ਨੂੰ ਕਿਹਾ ਬੀਸ ਇਕੀਸ, ਵੀਹ ਇਕੀਹ ਗੁਰਦਾਸ ਨਾਲ ਵਡਿਆਈਆ । ਜੋ ਲੇਖਾ ਜਾਣੇ ਰਾਗ ਛੱਤੀਸ, ਬੱਤੀਸਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਆਪਣਾ ਰੰਗ ਰੰਗਾਈਆ । ਨਵ ਮਾਘ ਕਹੇ ਮੇਰਾ ਖ਼ੁਸ਼ੀਆਂ ਵਾਲਾ ਮਹੀਨਾ, ਪ੍ਰਭ ਦੇਵੇ ਮਾਣ ਵਡਿਆਈਆ । ਜਨ ਭਗਤਾਂ ਠਾਂਢਾ ਹੋਵੇ ਸੀਨਾ, ਅਗਨੀ ਤਤ ਨਾ ਕੋਇ ਤਪਾਈਆ । ਕਿਉਂ ਪ੍ਰਭੂ ਪ੍ਰੇਮ ਪਿਆਰ ਵਿਚ ਜਿਸ ਨੇ ਜੀਣਾ, ਜਨ ਰਸਨਾ ਸਿਫ਼ਤ ਸਲਾਹੀਆ । ਉਹ ਲੇਖ ਚੁਕਾਏ ਲੋਕ ਤੀਨਾ, ਤ੍ਰੈਗੁਣ ਦਾ ਡੇਰਾ ਢਾਹੀਆ । ਨਾਮ ਰੰਗ ਚੜ੍ਹਾਏ ਭੀਨਾ, ਭਿੰਨੜੀ ਰੈਣ ਨਾਲ ਮਿਲਾਈਆ । ਲੇਖੇ ਲਾਵੇ ਜਨ ਭਗਤਾਂ ਜਗਤ ਜੁਗਤ ਦਾ ਜੀਣਾ, ਜ਼ਿੰਦਗੀ ਆਪਣੇ ਕ਼ਦਮ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਉਠਾਈਆ । ਨਵ ਮਾਘ ਕਹੇ ਮੇਰਾ ਵਕਤ ਸੁਹੰਜਣਾ ਆਇਆ, ਪ੍ਰਭ ਦੇਵੇ ਮਾਣ ਵਡਿਆਈਆ । ਮੈਂ ਨਿਵ ਨਿਵ ਸੀਸ ਝੁਕਾਇਆ, ਬਿਨ ਕ਼ਦਮਾਂ ਲਾਗਾ ਪਾਈਆ । ਬਿਨ ਰਸਨਾ ਜਿਹਵਾ

ਗਾਇਆ, ਬਿਨ ਸਿਫ਼ਤੀ ਸਿਫ਼ਤ ਸਲਾਹੀਆ । ਤੂੰ ਸ਼ਾਹੋ ਭੂਪ ਬੇਪਰਵਾਹਿਆ, ਪਾਰਬ੍ਰਹਮ ਤੇਰੀ ਵਡਿਆਈਆ । ਜਿਸ ਭਗਤਾਂ ਭਾਗ ਲਗਾਇਆ, ਕਾਇਆ ਮਾਟੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਨਵ ਮਾਘ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਨਚਦਾ, ਟੱਪਾਂ ਕੁੱਦਾਂ ਚਾਈਂ ਚਾਈਂਆ । ਮੈਂ ਬਚਨ ਦੱਸਾਂ ਸਚ ਦਾ, ਸਚ ਸਚ ਸਮਝਾਈਆ । ਜਨ ਭਗਤੋ ਕਾਇਆ ਮਾਟੀ ਭਾਂਡਾ ਕੱਚ ਦਾ, ਅੰਤ ਰਹਿਣ ਕੋਇ ਨਾ ਪਾਈਆ । ਆਤਮਾ ਪਿਆਰਾ ਕਰੋ ਪਰਮੇਸ਼ਵਰ ਪਤਿ ਦਾ, ਬ੍ਰਹਮ ਮੇਲਾ ਮੇਲਣਾ ਸਹਿਜ ਸੁਭਾਈਆ । ਤੁਹਾਡਾ ਲੇਖਾ ਮੁਕੇ ਹਡ ਮਾਸ ਨਾੜੀ ਰਤ ਦਾ, ਰਤਨ ਅਮੋਲਕ ਹੀਰੇ ਲਏ ਬਣਾਈਆ । ਮਾਰਗ ਦੱਸੇ ਇਕੋ ਸਤਿ ਦਾ, ਸਤਿ ਸਤਿਵਾਦੀ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਵ ਮਾਘ ਕਹੇ ਮੇਰਾ ਵਕਤ ਸੁਹੰਜਣਾ, ਪ੍ਰਭ ਦੇਵੇ ਮਾਣ ਵਡਿਆਈਆ । ਮੈਂ ਧੂੜੀ ਕਰਾਂ ਮਜਨਾ, ਦੁਰਮਤ ਮੈਲ ਧਵਾਈਆ । ਘਰ ਸੁਆਮੀ ਮਿਲੇ ਸੱਜਣਾ, ਖੋਜਣ ਦੀ ਲੋੜ ਰਹੇ ਨਾ ਰਾਈਆ । ਜਿਸ ਦਾ ਨਾਮ ਨਗਾਰਾ ਡੰਕਾ ਵਜਣਾ, ਦੋ ਜਹਾਨ ਕਰੇ ਸ਼ਨਵਾਈਆ । ਮੈਂ ਉਸ ਨੂੰ ਕਰਾਂ ਬੰਦਨਾ, ਨਿਵ ਨਿਵ ਲਾਗਾਂ ਪਾਈਆ । ਜੋ ਗ਼ਮੀ ਮੇਟੇ ਰੰਜਣਾ, ਰੰਜਸ਼ ਅੰਦਰੋਂ ਬਾਹਰ ਕਢਾਈਆ । ਜੋ ਝਗੜਾ ਮੁਕਾਏ ਤਤ ਪੰਜਣਾ, ਪੰਚਮ ਦੇਵੇ ਮਾਣ ਵਡਿਆਈਆ । ਜਿਸ ਨੂੰ ਕਹਿੰਦੇ ਦਰਦ ਦੁਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਉਹ ਲੇਖਾ ਜਾਣੇ ਆਅਲਾ ਅਦਨਾ, ਸ਼ਾਹ ਸੁਲਤਾਨਾਂ ਖੋਜ ਖੁਜਾਈਆ । ਜੋ ਸ਼ਰਅ ਦੀ ਮੇਟੇ ਹਦਨਾ, ਹਦੂਦ ਇਕੋ ਇਕ ਰਖਾਈਆ । ਜੋ ਮਾਲਕ ਸੂਰਾ ਸਰਬਗਣਾ, ਸਚ ਸੁਆਮੀ ਨੂਰ ਅਲਾਹੀਆ । ਜਿਸ ਦਾ ਦੀਪਕ ਜੋਤੀ ਜਗਣਾ, ਦੋ ਜਹਾਨਾ ਡਗਮਗਾਈਆ । ਉਹ ਝਗੜਾ ਮੇਟੇ ਕਾਇਆ ਮਾਟੀ ਬਦਨਾ, ਤਨ ਵਜੂਦਾਂ ਪੰਧ ਮੁਕਾਈਆ । ਜਨ ਭਗਤਾਂ ਕਰੇ ਕਾਰ ਅੰਗਣਾ, ਅੰਗੀਕਾਰ ਆਪ ਹੋ ਜਾਈਆ । ਸਚ ਪ੍ਰੇਮ ਦੀ ਚਾੜ੍ਹੇ ਰੰਗਣਾ, ਨਿਰਗੁਣ ਦੇਵੇ ਮਾਣ ਵਡਿਆਈਆ । ਮਾਨਸ ਜਨਮ ਨਾ ਹੋਵੇ ਭੰਗਣਾ, ਜੋ ਚਲ ਆਏ ਸਰਨਾਈਆ । ਸਤਿਗੁਰ ਚੁੱਕੇ ਆਪਣੇ ਕੰਧਣਾ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਨਾਮ ਮੁਹਾਣਾ ਦੇਵੇ ਵੰਝਣਾ, ਬੇੜਾ ਇਕੋ ਇਕ ਵਖਾਈਆ । ਜਿਸ ਦੀ ਜਗਤ ਹੋਵੇ ਨਾ ਵੰਡਣਾ, ਹਿੱਸਾ ਦੀਨ ਦੁਨੀ ਨਾ ਪਾਈਆ । ਉਹ ਪੰਧ ਮੁਕਾਏ ਧਰਨੀ ਧਰਤ ਧਵਲ ਧੌਲ ਬ੍ਰਹਿਮੰਡਣਾ, ਪਾਰਬ੍ਰਹਮ ਪ੍ਰਭ ਆਪਣਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੁਆਮੀ ਬੇਪਰਵਾਹੀਆ । ਨਵ ਮਾਘ ਕਹੇ ਪ੍ਰਭੂ ਮੇਰੀ ਇਕ ਅਰਜ਼ੋਈ, ਆਰਜ਼ੂ ਤੇਰੇ ਚਰਨ ਟਿਕਾਈਆ । ਜਨ ਭਗਤਾਂ ਮਿਲੇ ਕਿਤੇ ਨਾ ਢੋਈ, ਸਿਰ ਸਿਰ ਹੱਥ ਨਾ ਕੋਇ ਟਿਕਾਈਆ । ਨਵ ਸੱਤ ਪਈ ਦਰੋਹੀ, ਹਾਹਾਕਾਰ ਵਿਚ ਲੋਕਾਈਆ । ਕਲਜੁਗ ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਮੋਹੀ, ਮੁਹੱਬਤ ਸਚ ਨਾਮ ਤੁੜਾਈਆ । ਕੀ ਹੋਇਆ ਜੇ ਤੇਰਾ ਭਗਤ ਕੋਈ ਕੋਈ, ਕੋਟਾਂ ਵਿਚੋਂ ਵਿਰਲਾ ਨਜ਼ਰੀ ਆਈਆ । ਨਿਝਰ ਧਾਰ ਬੂੰਦ ਸਵਾਂਤੀ ਕਵਲ ਨਾਭੀ ਵਿਚੋਂ ਚੋਈ, ਬਿਨ ਰਸਨਾ ਰਸ ਚਖਾਈਆ । ਉਨ੍ਹਾਂ ਸੁਰਤ ਉਠਾਈ ਸੋਈ, ਸੁੱਤਿਆਂ ਲਿਆ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਨਵ ਮਾਘ ਕਹੇ ਮੈਂ ਨਿਮਸਕਾਰ ਕਰਾਂ ਡੰਡਾਵਤ, ਸਾਹਿਬ ਸਤਿਗੁਰ ਸੀਸ ਨਿਵਾਈਆ । ਮੇਰੇ ਪਰਮ ਪੁਰਖ ਦੀਨ ਦੁਨੀ ਦੀ ਤਕ ਅਦਾਵਤ, ਚਾਰੇ ਕੁੰਟ ਧਿਆਨ ਲਗਾਈਆ । ਸ਼ਰਅ

ਦੀ ਸ਼ਰਅ ਤੋਂ ਹੋਈ ਬਗ਼ਾਵਤ, ਬਗ਼ਲਗੀਰ ਰਹਿਣ ਕੋਇ ਨਾ ਪਾਈਆ । ਤੂੰ ਮਾਲਕ ਸਹੀ ਸਲਾਮਤ, ਵਾਹਿਦ ਮੁਰਸ਼ਦ ਨੂਰ ਅਲਾਹੀਆ । ਕਿਸ ਬਿਧ ਦੀਨ ਦੁਨੀ ਦੇ ਉਤੇ ਆਉਣੀ ਕ਼ਿਆਮਤ, ਕਲਮਿਆਂ ਦਿਆ ਮਾਲਕਾ ਦੇਣਾ ਸਮਝਾਈਆ । ਕਿਸ ਬਿਧ ਮੇਟੇ ਅੰਧੇਰੀ ਸ਼ਾਮਤ, ਸ਼ਮਅ ਨੂਰ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਨਾਮ ਦੀ ਦੇ ਨਿਆਮਤ, ਵਸਤ ਅਤੋਲ ਅਤੁਲ ਆਪ ਵਰਤਾਈਆ ।

✪ ੧੨ ਮਾਘ ਸ਼ਹਿਨਸ਼ਾਹੀ ਸੰਮਤ ਦਸ ਦਿੱਲੀ ਹਰਿ ਭਗਤ ਦੁਆਰ ਬਲਵਿੰਦਰ ਸਿੰਘ ਦਰਸ਼ਨ ਸਿੰਘ
ਅਵਤਾਰ ਸਿੰਘ ਰਤਨ ਸਿੰਘ ਮਾਇਆ ਦੇਵੀ ਸੁਰਿੰਦਰ ਕੌਰ ਦਰਸ਼ਨ ਸਿੰਘ ਹਰਭਜਨ ਸਿੰਘ
ਚੰਦਾ ਸਿੰਘ ਪੂਰਨ ਸਿੰਘ ਗੁਰਚਰਨ ਸਿੰਘ ਭਜਨ ਸਿੰਘ ਗੁਰਮੇਜ਼ ਸਿੰਘ ਸੂਰਤ ਸਿੰਘ
ਕਰਤਾਰ ਸਿੰਘ ਰੁਲਦਾ ਸਿੰਘ ਸਵਰਨ ਸਿੰਘ ਕਲਵਾਕੜੀ ਗੁਵਾਲੀਅਰ
ਰਤਨ ਸਿੰਘ ਨੂਰਪੁਰ ਮੋਹਣ ਸਿੰਘ ਦਿੱਲੀ ਤਰਲੋਕ ਸਿੰਘ ਹਰੀਪੁਰ ✪



ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਜਾਵੇ ਮੁਕ, ਤਨ ਮਾਟੀ ਖ਼ਾਕ ਅਵਰ ਰਹੇ ਨਾ ਰਾਈਆ । ਪਰਦਾ ਉਹਲਾ ਭੇਵ ਚਕਾਉਣਾ ਲੁਕ, ਅੰਧ ਅੰਧੇਰ ਦੇਣਾ ਮਿਟਾਈਆ । ਤੂੰ ਮੇਰਾ ਮੈਂ ਤੇਰਾ ਗਾਈਏ ਤੁਕ, ਸੋਹੰ ਢੋਲਾ ਸਿਫ਼ਤ ਸਲਾਹੀਆ । ਸਾਡੀ ਮੰਜ਼ਲ ਜਾਏ ਨਾ ਰੁਕ, ਸੁਰਤੀ ਸ਼ਬਦ ਨਾਲ ਮਿਲਾਈਆ । ਦੋ ਜਹਾਨਾ ਗੋਦੀ ਲੈਣਾ ਚੁਕ, ਫੜ ਬਾਹੋਂ ਆਪ ਉਠਾਈਆ । ਕਲਜੁਗ ਵਕ਼ਤ ਸੁਹੰਜਣਾ ਰਿਹਾ ਢੁਕ, ਘੜੀ ਪਲ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਤੇਰੇ ਹੱਥ, ਦੂਜਾ ਨਜ਼ਰ ਕੋਇ ਨਾ ਆਈਆ । ਵਸਤ ਅਗੰਮੀ ਦੇ ਦੇ ਵਥ, ਨਾਮ ਅਮੋਲਕ ਆਪ ਵਰਤਾਈਆ । ਤੂੰ ਸਰਬ ਕਲਾ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਸਤਿ ਸਚ ਚਲਾਉਣਾ ਰਥ, ਰਥਵਾਹੀ ਹੋ ਕੇ ਵੇਖ ਵਖਾਈਆ । ਸਾਡਾ ਭਾਗ ਨਾ ਨਿਖੁੱਟੇ ਮਥ, ਮਸਤਕ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਬੇਨੰਤੀ ਕਰ ਮਨਜ਼ੂਰ, ਦਰ ਤੇਰੇ ਮੰਗ ਮੰਗਾਈਆ । ਤੂੰ ਸ਼ਾਹੋ ਭੂਪ ਹਜ਼ੂਰ, ਸ਼ਹਿਨਸ਼ਾਹ ਇਕ ਅਖਵਾਈਆ । ਪੰਧ ਮੁਕਾ ਕੇ ਨੇੜਾ ਦੂਰ, ਗ੍ਰਿਹ ਮੰਦਰ ਇਕ ਸੁਹਾਈਆ । ਤੇਰਾ ਜੋਤੀ ਹੋਵੇ ਨੂਰ, ਨੂਰ ਨੁਰਾਨਾ ਨਜ਼ਰੀਂ ਆਈਆ । ਸ਼ਬਦ ਅਨਾਦੀ ਬਖ਼ਸ਼ ਦੇ ਤੂਰ, ਤੁਰੀਆ ਬਾਹਰ ਕਰ ਸ਼ਨਵਾਈਆ । ਤੂੰ ਸਰਬ ਕਲਾ ਭਰਪੂਰ, ਹਰਿ ਪੂਰ ਰਿਹਾ ਸਰਬ ਥਾਈਂਆ । ਅਸੀਂ ਸੇਵਕ ਤੇਰੇ ਮਜ਼ਦੂਰ, ਚਾਕਰ ਜਗਤ ਵਿਚ ਅਖਵਾਈਆ । ਸਾਡਾ ਲਹਿਣਾ ਪੂਰਾ ਕਰ ਦੇ ਜੋ ਆਸਾ ਰਖੀ ਮੂਸਾ ਉਤੇ ਕੋਹਤੂਰ, ਕਾਇਆ ਕਾਅਬਿਆਂ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਤੇਰੇ ਅਗੇ

ਇਕੋ ਵਾਸਤਾ, ਵਸਲ ਯਾਰ ਦੇਣਾ ਸਮਝਾਈਆ । ਤੇਰੇ ਗ੍ਰਿਹਿ ਦਾ ਮਿਲੇ ਰਾਸਤਾ, ਮੰਜ਼ਲ ਅਵਰ ਨਾ ਕੋਇ ਜਣਾਈਆ । ਨੂਰ ਮਿਲੇ ਸਚ ਪਰਕਾਸ਼ ਦਾ, ਜੋਤੀ ਜਾਤਾ ਡਗਮਗਾਈਆ । ਮੰਡਲ ਵਖਾ ਦੇ ਆਪਣੀ ਰਾਸ ਦਾ, ਭੇਵ ਅਭੇਦਾ ਆਪ ਖੁਲ੍ਹਾਈਆ । ਸਾਡਾ ਲਹਿਣਾ ਮੁਕੇ ਦਸ ਦਸ ਮਾਸ ਦਾ, ਜਨਣੀ ਕੁੱਖ ਫੇਰ ਨਾ ਆਈਆ । ਗ੍ਰਿਹਿ ਸੁਹਾ ਦੇ ਉਤੇ ਅਕਾਸ਼ ਦਾ, ਗਗਨ ਗਗਨੰਤਰਾਂ ਪੰਧ ਮੁਕਾਈਆ । ਲਹਿਣਾ ਫੇਰ ਨਾ ਰਹੇ ਸ਼ੰਕਰ ਕੈਲਾਸ਼ ਦਾ, ਪਰਬਤ ਪਾਹਿਨ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਆਸਾ ਅੰਤ ਅਖ਼ੀਰ, ਆਖ਼ਰ ਇਕ ਜਣਾਈਆ । ਤੇਰੇ ਹੱਥ ਧਰਮ ਧਾਰ ਤਦਬੀਰ, ਤਰੀਕਾ ਤੇਰੇ ਚਰਨ ਕਵਲ ਸਰਨਾਈਆ । ਸਾਡਾ ਸ਼ਰਅ ਦਾ ਤੋੜ ਜ਼ੰਜੀਰ, ਬੰਧਨ ਤਨ ਰਹੇ ਨਾ ਰਾਈਆ । ਮਨੂਆ ਮਨ ਨਾ ਹੋਏ ਦਿਲਗੀਰ, ਮਨੂਆ ਮਨ ਨਾ ਕੋਇ ਹਲਕਾਈਆ । ਸੋ ਆਸਾ ਪੂਰੀ ਕਰ ਜੋ ਰਖ ਕੇ ਗਿਆ ਕਬੀਰ, ਕ਼ਬਰਾਂ ਬਾਹਰ ਦਰਸਾਈਆ । ਤੂੰ ਦਾਤਾ ਗੁਣੀ ਗਹੀਰ, ਗਹਿਰ ਗਵਰ ਇਕ ਅਖਵਾਈਆ । ਅੰਮ੍ਰਿਤ ਆਤਮ ਬਖ਼ਸ਼ ਦੇ ਸੀਰ, ਜਗਤ ਤ੍ਰਿਸ਼ਨਾ ਰਹੇ ਨਾ ਰਾਈਆ । ਸਚ ਸੁਆਮੀ ਦੇਵੇ ਧੀਰ, ਧਰਨੀ ਧਰਤ ਧਵਲ ਮਿਲੇ ਵਡਿਆਈਆ । ਤੂੰ ਸਾਹਿਬ ਬੇਨਜ਼ੀਰ, ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਅੰਤਮ ਵੇਖੋ ਖ਼ਾਹਿਸ਼, ਸਚ ਸਚ ਜਣਾਈਆ । ਸਾਡੀ
੨੬੨ ਲੇਖੇ ਲਾਉਣੀ ਮਾਟੀ ਵਾਲੀ ਲਾਸ਼, ਤਨ ਵਜੂਦ ਦੇਣੀ ਵਡਿਆਈਆ । ਸਦਾ ਸਦਾ ਸਦ ਤੇਰੇ ਰਹੀਏ ਦਾਸ, ਦਾਸੀ ਦਾਸ ਸੇਵ ਕਮਾਈਆ । ਤੂੰ ੨੬੨
੨੪ ਵਸਣਾ ਅੰਤਰ ਨਿਰੰਤਰ ਸਾਡੇ ਪਾਸ, ਪਰਮ ਪੁਰਖ ਪਰਮਾਤਮ ਆਪਣਾ ਰੰਗ ਰੰਗਾਈਆ । ਸਾਡਾ ਲੇਖੇ ਲਾਉਣਾ ਸਵਾਸ ਸਵਾਸ, ਸਾਹ ਸਾਹ ਤੇਰਾ ੨੪
ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਰਹੇ ਨਾ ਮਾਤ, ਮਤਾ ਤੇਰੇ ਨਾਲ ਪਕਾਈਆ । ਸਚ ਵਸਤ ਦੇਣੀ ਦਾਤ, ਦੀਨ ਦਿਆਲ ਦਇਆ ਕਮਾਈਆ । ਕਲਜੁਗ ਕੂੜ ਮੇਟ ਅੰਧੇਰੀ ਰਾਤ, ਸਚ ਚੰਦ ਕਰ ਰੁਸ਼ਨਾਈਆ । ਆਤਮ ਪਰਮਾਤਮ ਜੋੜਨਾ ਨਾਤ, ਵਿਛੋੜਾ ਜਗਤ ਦੇਣਾ ਕਟਾਈਆ । ਬਾਤਨ ਦੱਸਣੀ ਆਪਣੀ ਬਾਤ, ਪਰਦਾ ਪਰਦਿਆਂ ਵਿਚੋਂ ਉਠਾਈਆ । ਸਚ ਪ੍ਰੀਤੀ ਜੁੜਿਆ ਰਹੇ ਨਾਤ, ਚਰਨ ਕਵਲ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਬੁਹਭਾਂਤ, ਭੇਵ ਅਭੇਦ ਆਪਣਾ ਦੇਣਾ ਖੁਲ੍ਹਾਈਆ ।

### ੧੪ ਮਾਘ ਸ਼ਹਿਨਸ਼ਾਹੀ ਸੰਮਤ ਦਸ ਦਿੱਲੀ ਹਰਿ ਭਗਤ ਦੁਆਰ

ਉਨੀਂ ਸੌ ਪਚੱਤਰ ਜਨਵਰੀ ਕਹੇ ਮੇਰਾ ਦਿਵਸ ਸਤਾਈ, ਦੋ ਸਤ ਆਤਮ ਪਰਮਾਤਮ ਨਿਰਗੁਣ ਸਰਗੁਣ ਧਾਰ ਮਿਲ ਕੇ ਵਜੇ ਵਧਾਈਆ । ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤਰੇਤਾ ਦੁਆਪਰ ਕਲਜੁਗ ਦੀਨ ਦੁਨੀ ਸਤਿ ਧਰਮ ਦੇ ਹਰਿਜਨ ਸਾਚੇ ਰਾਹੀ, ਰਹਿਬਰ ਮਾਲਕ ਖ਼ਾਲਕ ਇਕੋ

ਨੂਰ ਅਲਾਹੀਆ । ਜਿਸ ਦਾ ਸੰਦੇਸ਼ਾ ਦੇ ਕੇ ਗਏ ਚਾਈਂ ਚਾਈਂ, ਰਾਮਾ ਕ੍ਰਿਸ਼ਨਾ ਰਮਾਇਣ ਗੀਤਾ ਗੰਢ ਪਵਾਈਆ । ਹਜ਼ਰਤ ਮੂਸਾ ਈਸਾ ਮੁਹੰਮਦ ਜਿਸ ਨੂਰ ਅਲਾਹ ਦੀ ਦਿਤੀ ਦੁਹਾਈ, ਮਬੀਉਲ ਜ਼ਮਾ ਜ਼ੁਕਸਤੇ ਨਜ਼ੂਆ ਨੂਰੇ ਖ਼ੁਦਾ ਮਹਿਬਾਨ ਬੀਦੋ ਬੇਪਰਵਾਹੀਆ । ਗੁਰੂਆਂ ਜਿਸ ਦਾ ਸੰਦੇਸ਼ਾ ਦਿਤਾ ਸੋ ਪੁਰਖ ਅਕਾਲਾ ਲੱਖ ਚੁਰਾਸੀ ਸਰਬ ਮਲਾਹੀ, ਨਵ ਸੱਤ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਨੌਜਵਾਨ ਸ੍ਰੀ ਭਗਵਾਨ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਸਤਾਈ ਜਨਵਰੀ ਕਹੇ ਮੇਰੀ ਨਮੋ ਨਮੋ ਨਿਮਸਕਾਰ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਜੋ ਪਰਮ ਪੁਰਖ ਪਰਮਾਤਮ ਮੇਲਾ ਮੇਲੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਜਿਸ ਦੀ ਦੇਣ ਗਵਾਹੀਆ । ਚਾਰ ਜੁਗ ਦੇ ਸ਼ਾਸਤਰ ਕਰਨ ਪੁਕਾਰ, ਨਿਰਅੱਖਰ ਧਾਰ ਅੱਖਰਾਂ ਵਿਚ ਪਰਗਟਾਈਆ । ਜਿਸ ਦਾ ਲਹਿਣਾ ਦੇਣਾ ਲੇਖਾ ਤਨ ਵਜੂਦ ਮਾਟੀ ਖ਼ਾਕ ਪਾਵਣਹਾਰਾ ਸਾਰ, ਲੱਖ ਚੁਰਾਸੀ ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਵੇਖ ਵਖਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ, ਰਾਮ ਰਹੀਮਾ ਕ੍ਰਿਸ਼ਨਾ ਕਾਹਨਾ ਮਰਦ ਮਰਦਾਨਾ ਇਕ ਅਖਵਾਈਆ । ਜੋ ਭਗਤਾਂ ਸੰਤਾਂ ਸੂਫ਼ੀਆਂ ਅੰਤਰ ਨਿਰੰਤਰ ਨਿਜ ਨੇਤਰ ਦੇਵਣਹਾਰ ਦੀਦਾਰ, ਜੋਤੀ ਜਾਤਾ ਪੁਰਖ ਬਿਧਾਤਾ ਇਕੋ ਨਜ਼ਰੀ ਆਈਆ । ਜਿਸ ਦਾ ਨਾਦ ਸ਼ਬਦ ਧੁਨ ਤਨ ਮੰਦਰ ਅੰਦਰ ਸਚੀ ਧੁਨਕਾਰ, ਬਿਨ ਰਸਨਾ ਜਿਹਵਾ ਬੱਤੀ ਦੰਦ ਸਿਫ਼ਤੀ ਢੋਲੇ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਤਾਈ ਜਨਵਰੀ ਕਹੇ ਮੇਰੀ ਨਮੋਂ ਨਮੋ ਡੰਡਾਵਤ, ਪਰਮ ਪੁਰਖ ਪਰਮਾਤਮ ਸੀਸ ਨਿਵਾਈਆ । ਜੋ ਏਥੇ ਓਥੇ ਦੋ ਜਹਾਨਾਂ ਸਹੀ ਸਲਾਮਤ, ਨੂਰ ਅਲਾਹ ਬੇਪਰਵਾਹ ਇਕ ਅਖਵਾਈਆ । ਜਿਸ ਦੀਨ ਦੁਨੀ ਜ਼ਾਤ ਪਾਤ ਦੀਨ ਮਜ਼੍ਹਬ ਮੇਟਣੀ ਬਗ਼ਾਵਤ, ਬਗ਼ਲਗੀਰ ਚਾਰ ਵਰਨ ਅਠਾਰਾਂ ਬਰਨ ਦੇਣ ਗਵਾਹੀਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਜੋਤੀ ਧਾਰ ਸਭ ਨੂੰ ਸਾਚੇ ਨਾਮ ਦੀ ਦੇਵੇਂ ਦਾਅਵਤ, ਬਿਨ ਰਸਨਾ ਜਿਹਵਾ ਅੰਮ੍ਰਿਤ ਰਸ ਨਿਝਰ ਦਏ ਝਿਰਾਈਆ । ਜਿਸ ਦਾ ਨਾਮ ਕਲਮਾ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਅਗੰਮੀ ਅਮਾਨਤ, ਨਿਆਮਤ ਸਤਿ ਸਚ ਜਗਤ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਸਤਾਈ ਜਨਵਰੀ ਕਹੇ ਮੇਰਾ ਦਿਵਸ ਦਿਹਾੜਾ ਚੰਗਾ, ਪ੍ਰਭ ਦੇਵੇ ਮਾਣ ਵਡਿਆਈਆ । ਜਨ ਭਗਤਾਂ ਅੰਤਰ ਨਿਰੰਤਰ ਵਹਾਏ ਹਿਰਦੇ ਧਾਰ ਜਲ ਗੰਗਾ, ਗੋਦਾਵਰੀ ਜਮਨਾ ਸੁਰਸਤੀ ਨਾਲ ਮਿਲਾਈਆ । ਹਰਿਜਨ ਪ੍ਰਭੂ ਭਗਤ ਨਿਜ ਨੇਤਰ ਰਹੇ ਕੋਇ ਨਾ ਅੰਧਾ, ਅੰਧ ਅਗਿਆਨ ਦਏ ਮਿਟਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਈਸ਼ ਜੀਵ ਜਗਦੀਸ਼ਰ ਲਾਏ ਆਪਣੇ ਅੰਗਾ, ਅੰਗੀਕਾਰ ਇਕ ਅਖਵਾਈਆ । ਜਿਸ ਦੇ ਹੁਕਮ ਵਿਚ ਸਤਿਜੁਗ ਤਰੇਤਾ ਦੁਆਪਰ ਲੰਘਾ, ਕਲਜੁਗ ਵੇਖਣਹਾਰਾ ਥਾਉਂ ਥਾਈਂਆ । ਨੌ ਖੰਡ ਪ੍ਰਿਥਮੀ ਸੱਤ ਦੀਪ ਕੂੜੀ ਕਿਰਿਆ ਕਰੇ ਦੰਗਾ, ਮਨ ਕਲਪਣਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰਾ ਏਕੰਕਾਰਾ ਇਕ ਇਕੱਲਾ ਇਕ ਪਰਗਟਾਈਆ । ਸਤਾਈ ਜਨਵਰੀ ਕਹੇ ਮੇਰੀ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਮੈਂ ਚਾਹੁੰਦੀ ਸਾਰੀ ਸ੍ਰਿਸ਼ਟੀ ਦਾ ਇਕ ਹੋਵੇ ਜੈਕਾਰ, ਨਾਮ ਢੋਲਾ ਸੋਹਲਾ ਇਕੋ ਰਾਗ ਜਣਾਈਆ । ਇਕੋ ਮੰਦਰ

ਹੋਵੇ ਦੁਆਰ, ਗੁਰੁਦੁਆਰਾ ਸ਼ਿਵਦਵਾਲੇ ਮਠ ਚਰਚਾਂ ਵੰਡ ਨਾ ਕੋਇ ਵੰਡਾਈਆ । ਇਕੋ ਸ਼ਬਦ ਹੋਵੇ ਧੁਨਕਾਰ, ਨਾਮ ਨਿਧਾਨਾ ਵਜੇ ਵਧਾਈਆ । ਇਕੋ ਨੂਰ ਹੋਵੇ ਉਜਿਆਰ, ਜੋਤੀ ਜਾਤਾ ਹਰ ਘਟ ਅੰਦਰ ਬੈਠਾ ਨਜ਼ਰੀ ਆਈਆ । ਇਕੋ ਸ਼ਾਹੋ ਭੂਪ ਹੋਵੇ ਸਿਕਦਾਰ, ਸ਼ਾਹ ਸੁਲਤਾਨਾ ਇਕ ਅਖਵਾਈਆ । ਇਕੋ ਹੁਕਮ ਸੰਦੇਸਾ ਦੇਵੇ ਧੁਰ ਦੀ ਧਾਰ, ਧਰਮ ਦਾ ਮਾਰਗ ਇਕ ਸਮਝਾਈਆ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਰਾਓ ਰੰਕ ਵਖਾਏ ਘਰ ਬਾਰ, ਜਿਸ ਘਰ ਵਸੇ ਧੁਰ ਦਾ ਮਾਹੀਆ । ਜਗਤ ਧਰਨੀ ਧਰਤ ਧਵਲ ਧੌਲ ਉਤੇ ਵੇਖੇ ਵਿਗਸੇ ਪਾਵੇ ਸਾਰ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਖੇਲ ਖਿਲਾਈਆ । ਸਤਾਈ ਜਨਵਰੀ ਕਹੇ ਜਿਸ ਧਰਤੀ ਉਤੇ ਧੀਰ ਪੁਰ ਬਣਨਾ ਭਗਤ ਦੁਆਰ, ਇਹ ਨਿਸ਼ਾਨਾ ਕ੍ਰਿਸ਼ਨਾ ਕਾਹਨਾ ਜਮਨ ਕਿਨਾਰੇ ਗੋਪਾਲ ਹੋ ਕੇ ਬੰਸਰੀ ਧੁਨ ਨਾਲ ਗਿਆ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗੀ ਇਕ ਅਖਵਾਈਆ । ਧਰਨੀ ਕਹੇ ਮੈਂ ਜੁਗ ਜੁਗ ਰਹੀ ਘੁੰਮਦੀ, ਭੱਜੀ ਵਾਹੋ ਦਾਹੀਆ । ਸ੍ਰੀ ਭਗਵਾਨ ਦੇ ਚਰਨ ਰਹੀ ਚੁੰਮਦੀ, ਬਿਨ ਬੁੱਲਾਂ ਰਸ ਚਖਾਈਆ । ਉਸ ਦੀ ਮਧੁਰ ਧੁਨ ਰਹੀ ਸੁਣਦੀ, ਜੋ ਬਿਨ ਕੰਨਾਂ ਕਰੀ ਸ਼ਨਵਾਈਆ । ਮੇਰੀ ਖੇਲ ਆਦਿ ਜੁਗਾਦਿ ਮਾਲਕ ਕੁਨ ਦੀ, ਦੋ ਜਹਾਨਾ ਵੇਖ ਵਖਾਈਆ । ਖ਼ਬਰ ਯਾਦ ਰਖਣੀ ਹੁਣ ਦੀ, ਸਹਿਜ ਨਾਲ ਰਹੀ ਦ੍ਰਿੜਾਈਆ । ਜਿਸ ਵੇਲੇ ਕਲਜੁਗ ਵਿਚਾਰ ਰਹੀ ਨਾ ਪਾਪ ਪੁੰਨ ਦੀ, ਕੂੜ ਚਾਰੋਂ ਕੁੰਟ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੈਂ ਕਾਹਨ ਦੇ ਛੋਹੇ ਚਰਨ, ਮੇਰੇ ਅੰਤਰ ਖ਼ੁਸ਼ੀ ਆਈਆ । ਮੇਰਾ ਖੁਲ੍ਹਿਆ ਹਰਨ ਫਰਨ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੈਂ ਭੈ ਵਿਚ ਲਗੀ ਡਰਨ, ਨਿਊਂ ਨਿਊਂ ਸੀਸ ਨਿਵਾਈਆ । ਪੱਲੂ ਲਗੀ ਫੜਨ, ਆਪਣੀ ਗੰਢ ਪਵਾਈਆ । ਧਰਨੀ ਕਹੇ ਮੈਨੂੰ ਇਸ਼ਾਰਾ ਦਿਤਾ ਧਰਤੀ ਕਲਜੁਗ ਅੰਤ ਜਿਸ ਵੇਲੇ ਸ੍ਰਿਸ਼ਟੀ ਮਨ ਕਲਪਣਾ ਵਿਚ ਲਗੀ ਸੜਨ, ਚਾਰੋਂ ਕੁੰਟ ਅਗਨ ਨਾ ਕੋਇ ਬੁਝਾਈਆ । ਕੂੜੀ ਵਿਦਿਆ ਲਗੀ ਪੜ੍ਹਨ, ਆਤਮ ਵਿਦਿਆ ਜਾਣ ਭੁਲਾਈਆ । ਘਰ ਘਰ ਸ਼ਰੀਰ ਹੰਕਾਰੀ ਬਣੇ ਗੜ੍ਹਨ, ਹਉਮੇ ਹੰਗਤਾ ਨਾ ਕੋਇ ਮਿਟਾਈਆ । ਸਾਚੇ ਮੰਦਰ ਸਚ ਦੁਆਰ ਜਗਿਆਸੂ ਮੂਲ ਨਾ ਵੜਨ, ਜਗਤ ਵਾਸਨਾ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਸਾਚੇ ਭਗਤਾਂ ਦੇ ਅਧਾਰ, ਸਿਰ ਸਿਰ ਹੱਥ ਟਿਕਾਈਆ । ਚਾਰ ਵਰਨਾਂ ਦੇ ਪਿਆਰ, ਖਤਰੀ ਬ੍ਰਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਦੀਨਾਂ ਮਜ਼੍ਹਬਾਂ ਇਕ ਵਖਾ ਸਚਾ ਘਰ ਬਾਰ, ਦਰਗਾਹ ਸਾਚੀ ਸਚਖੰਡ ਮੁਕਾਮੇ ਹਕ ਹਕ ਸਮਝਾਈਆ । ਮੇਰੀ ਅੰਤ ਕੰਤ ਭਗਵੰਤ ਸਦੀ ਚੌਧਵੀਂ ਪੈਜ ਸਵਾਰ, ਤੇਰੇ ਅਗੇ ਮੰਗ ਮੰਗਾਈਆ । ਮੇਰੀ ਆਸ਼ਾ ਪੁਰਾਣੀ ਸਾਰੀ ਦੁਨੀਆ ਉਤੇ ਸਾਰੀ ਸ੍ਰਿਸ਼ਟੀ ਮਾਨਵਤਾ ਦਾ ਇਕੋ ਤੇਰੇ ਪਿਆਰ ਦਾ ਹੋਵੇ ਭਗਤ ਦੁਆਰ, ਭਗਵਨ ਸਭ ਨੂੰ ਮਿਲਕੇ ਵਜੇ ਵਧਾਈਆ । ਦੂਈ ਦੁਵੈਤ ਸ਼ਰਅ ਸ਼ਰਾਇਤ ਅੰਦਰੋਂ ਕਢਣੀ ਬਾਹਰ, ਮਨ ਕਲਪਣਾ ਕੂੜ ਕਿਰਿਆ ਕਰਨੀ ਆਪ ਸਫ਼ਾਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਸਿਕਦਾਰ, ਤੇਰੇ ਹੱਥ ਵਡਿਆਈਆ । ਧਰਨੀ ਕਹੇ ਏਸ ਧਾਮ ਦਾ ਲੇਖ ਲਿਖਣ ਲਈ ਆ ਗਏ ਇਨਸਪੈਕਟਰ ਸਾਹਿਬ ਤੇ ਨਾਲ ਤਹਸੀਲਦਾਰ, ਤਸੱਲੀ ਕਰਕੇ ਜਾਣ ਚਾਈਂ ਚਾਈਆ । ਇਹ ਕੋਈ ਠੱਗਾਂ ਚੋਰਾਂ ਦਾ ਨਹੀਂ ਬਾਜ਼ਾਰ, ਮਜ਼੍ਹਬੀ ਵੰਡ ਨਾ ਕੋਇ ਵੰਡਾਈਆ । ਏਥੇ ਇਕੋ ਪਰਮ ਪੁਰਖ ਪਰਮਾਤਮ ਨੂੰ ਹੋਣੀ ਨਿਮਸਕਾਰ, ਦੂਜਾ

ਇਸ਼ਟ ਨਾ ਕੋਇ ਮਨਾਈਆ । ਆਤਮਾ ਪਰਮਾਤਮਾ ਪਰਮਾਤਮਾ ਆਤਮਾ ਹੋਵੇ ਜੈ ਜੈਕਾਰ, ਤੂੰ ਮੇਰਾ ਮੈਂ ਤੇਰਾ ਸਾਚਾ ਮੇਲਾ ਮਿਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਖੇਲੇ ਖੇਲ ਅਗੰਮ ਅਪਾਰ, ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਪਰਵਰਦਿਗਾਰ ਸਾਂਝਾ ਯਾਰ ਨੂਰ ਅਲਾਹ ਇਕ ਅਖਵਾਈਆ ।



✪ ੧੯ ਮਾਘ ਸ਼ਹਿਨਸ਼ਾਹੀ ਸੰਮਤ ਦਸ ਗੁੜਗਾਉਂ ਸ਼ਹਿਰ ਸੇਵਾ ਸਿੰਘ ਦਵਿੰਦਰ ਸਿੰਘ
ਰਜਿੰਦਰ ਸਿੰਘ ਹਰਬੰਸ ਸਿੰਘ ਗੁੜਗਾਉਂ ਆਸਾ ਸਿੰਘ ਖਾਂਗ ✪

ਪੰਜ ਤਤ ਕਹਿਣ ਪ੍ਰਭ ਕਿਰਪਾ ਕਰ ਅਪਾਰੀ, ਅਰੰਪਰ ਸੁਆਮੀ ਤੇਰੀ ਓਟ ਤਕਾਈਆ । ਤੂੰ ਆਦਿ ਜੁਗਾਦਿ ਸ਼ਾਹੋ ਭੂਪ ਵਡ ਸਿਕਦਾਰੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਨਿਰਗੁਣ ਸਰਗੁਣ ਨਿਰਵੈਰ ਹੋ ਕੇ ਪੈਜ ਸਵਾਰੀ, ਮਿਹਰਵਾਨ ਮਹਿਬੂਬ ਸਿਰ ਆਪਣਾ ਹੱਥ ਟਿਕਾਈਆ । ਨਵ ਨੌਂ ਚਾਰ ਪਿਛੋਂ ਆਈ ਤੇਰੀ ਵਾਰੀ, ਵਾਰਸ ਹੋ ਕੇ ਵੇਖਣਾ ਥਾਉਂ ਥਾਈਂਆ । ਜਨ ਭਗਤਾਂ ਆਤਮਾ ਪ੍ਰਭੂ ਨਾ ਰਹੇ ਕੁਆਰੀ, ਕਾਇਨਾਤ ਦੇ ਮਾਲਕ ਲੈਣੀ ਅੰਤ ਕੰਤ ਪਰਨਾਈਆ । ਸਚ ਦੁਆਰ ਏਕੰਕਾਰ ਚਰਨ ਧੂੜ ਬਖ਼ਸ਼ਣੀ ਛਾਰੀ, ਟਿੱਕੇ ਪ੍ਰੇਮ ਪਿਆਰ ਲਗਾਈਆ । ਸਾਡੀ ਆਸਾ ਤੇਰੇ ਚਰਨ ਕਵਲ ਹੋਵੇ ਵਣਜਾਰੀ, ਦੂਸਰ ਹੱਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਲਾਉਣਾ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਕੂੜ ਤ੍ਰਿਸਨਾ ਮੇਟ ਦੇ ਅੱਗ, ਅੰਮ੍ਰਿਤ ਮੇਘ ਨਾਮ ਬਰਸਾਈਆ । ਹੰਸ ਬੁਧੀ ਬਣਾ ਲੈ ਕਗ, ਕਾਗ ਹੰਸ ਰੂਪ ਵਖਾਈਆ । ਤੇਰੀ ਧਾਰੋਂ ਰਹੇ ਨਾ ਕੋਈ ਅਲਗ, ਵਖਰੀ ਵੰਡ ਨਾ ਕੋਇ ਵੰਡਾਈਆ । ਜਨ ਭਗਤ ਸੁਹੇਲਾ ਦਿਸੇ ਨਾ ਕੋਇ ਅਲਪਗ, ਸਰਬਗ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਸਾਡਾ ਤਕ ਲੈ ਅੰਤ ਕਿਨਾਰਾ, ਜੁਗ ਚੌਕੜੀ ਪੂਰਬ ਧਿਆਨ ਲਗਾਈਆ । ਸਾਡੀ ਨਮੋ ਨਮੋ ਨਿਮਸਕਾਰਾ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਨਿਵਾਈਆ । ਤੂੰ ਸ਼ਾਹੋ ਭੂਪ ਸਿਕਦਾਰਾ, ਸ਼ਹਿਨਸ਼ਾਹ ਅਗੰਮ ਅਥਾਹੀਆ । ਤੇਰਾ ਲਹਿਣਾ ਦੇਣਾ ਨਾਲ ਪੈਗ਼ੰਬਰ ਗੁਰ ਅਵਤਾਰਾ, ਅਵਤਰੀ ਤੇਰਾ ਭੇਵ ਕੋਇ ਨਾ ਪਾਈਆ । ਨਿਗਾਹ ਮਾਰ ਲੈ ਜੁਗ ਚੌਕੜੀ ਚਾਰਾ, ਚਾਰੇ ਖਾਣੀ ਖੋਜ ਖੁਜਾਈਆ । ਸਾਡਾ ਆਵਣ ਜਾਵਣ ਬਣਿਆ ਰਿਹਾ ਦੁਬਾਰਾ, ਤਨ ਵਜੂਦਾਂ ਰੰਗ ਰੰਗਾਈਆ । ਜੇ ਆਤਮਾ ਤੇਰੇ ਸੋਹੇ ਬੰਕ ਦੁਆਰਾ, ਸਚਖੰਡ ਸਾਚੇ ਡੇਰਾ ਲਾਈਆ । ਕਿਉਂ ਤਤਾਂ ਲੋਕਮਾਤ ਦੁਰਕਾਰਾ, ਭਗਤਾਂ ਤਤ ਮਿਲੇ ਨਾ ਕੋਇ ਵਡਿਆਈਆ । ਅੰਤ ਵੇਖ ਸੁਣ ਸਾਡੀ ਪੁਕਾਰਾ, ਪੁਨਹ ਪੁਨਹ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਜੁਗ ਜੁਗ ਰਹੇ ਸੜਦੇ, ਅਗਨੀ ਤਤ

ਨਾ ਕੋਇ ਬੁਝਾਈਆ । ਵਣਜਾਰੇ ਬਣੇ ਰਹੇ ਗੋਰ ਮੜ੍ਹ ਦੇ, ਮਾਟੀ ਖ਼ਾਕ ਨਾਲ ਵਡਿਆਈਆ । ਕਲਜੁਗ ਅੰਤ ਸਾਡਾ ਨਵਾਂ ਘਾੜਨ ਘੜ ਦੇ, ਘੜਨ ਭੰਨਣਹਾਰ ਤੇਰੀ ਸਰਨਾਈਆ । ਆਵਣ ਜਾਵਣ ਲੱਖ ਚੁਰਾਸੀ ਵਿਚੋਂ ਕਢ ਦੇ, ਨਾਤਾ ਲੋਕਮਾਤ ਰਹੇ ਨਾ ਰਾਈਆ । ਪੂਰਬ ਲਹਿਣਾ ਦੇਣਾ ਪੁਰਖ ਬਿਧਾਤੇ ਸਾਡਾ ਛਡ ਦੇ, ਅਗੇ ਆਪਣਾ ਰੰਗ ਰੰਗਾਈਆ । ਅਸੀਂ ਚਾਹੁੰਦੇ ਆਤਮਾ ਨਾਲ ਸਚਖੰਡ ਦਾ ਸਾਨੂੰ ਪਦ ਦੇ, ਦਰਗਾਹ ਸਾਚੀ ਸਚ ਤੇਰੇ ਵਿਚ ਸਮਾਈਆ । ਹੁਕਮ ਨਾਲ ਸਾਡਾ ਹਿੱਸੇ ਨਾਲ ਅਧ ਦੇ, ਬਿਨ ਤਨ ਵਜੂਦ ਆਤਮ ਭਗਤਾਂ ਨਾਲ ਲੋਕਮਾਤ ਨਜ਼ਰ ਕੋਇ ਨਾ ਆਈਆ । ਅੰਤ ਅਖ਼ੀਰ ਬੇਨਜ਼ੀਰ ਸਾਨੂੰ ਪਿਛੇ ਨਾਲੋਂ ਲੇਖਾ ਵੱਧ ਦੇ, ਵਾਅਦੇ ਗੁਰ ਅਵਤਾਰ ਪੈਗ਼ੰਬਰਾਂ ਪੂਰ ਕਰਾਈਆ । ਅਸੀਂ ਪਿਆਰੇ ਆਦਿ ਜੁਗਾਦਿ ਤੇਰੀ ਯਦ ਦੇ, ਬਿਨ ਭਗਤਾਂ ਤੇਰਾ ਬੰਸ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਜਗਤ ਨਹੀਂ ਕੋਈ ਵੰਡ, ਹਿੱਸਾ ਨਜ਼ਰ ਕੋਇ ਨਾ ਆਈਆ । ਅਸੀਂ ਜਾਣਾ ਆਤਮਾ ਨਾਲ ਤੇਰੇ ਸਚਖੰਡ, ਸਚ ਦੁਆਰੇ ਸੋਭਾ ਪਾਈਆ । ਫੇਰ ਆਉਣਾ ਨਹੀਂ ਜੇਰਜ ਅੰਡ, ਉਤਭੁਜ ਸੇਤਜ ਵੰਡ ਨਾ ਕੋਇ ਵੰਡਾਈਆ । ਸਾਡਾ ਨਾਤਾ ਨਹੀਂ ਕੋਈ ਨਵ ਖੰਡ, ਦੀਪ ਸੱਤ ਨਾ ਰੰਗ ਰੰਗਾਈਆ । ਜੇ ਆਤਮਾ ਆਪਣੇ ਨਾਲ ਲਈ ਗੰਢ, ਕਿਉਂ ਜਨ ਭਗਤਾਂ ਤਤਾਂ ਕਰੇਂ ਜੁਦਾਈਆ । ਅਸੀਂ ਕੋਈ ਪੂਜਾ ਕੀਤੀ ਨਹੀਂ ਕਰੀਰ ਜੰਡ, ਪਾਹਨ ਪੱਥਰ ਨਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਗ੍ਰਿਹਿ ਦੇਣੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਜਗਤ ਨਾ ਹੋਵੇ ਮਰਨਾ, ਮਰ ਜੀਵਤ ਰੂਪ ਬਣਾਈਆ । ਨਿਵਾਸ ਦੇਣਾ ਆਪਣੇ ਚਰਨਾਂ, ਸਚਖੰਡ ਮਿਲੇ ਸਰਨਾਈਆ । ਤੇਰੀ ਕਿਰਪਾ ਨਾਲ ਤਰਨਾ, ਤਾਰਨਹਾਰ ਵੇਖਣਾ ਚਾਈਂ ਚਾਈਂਆ । ਸਚ ਸੁਹਾਉਣਾ ਆਪਣਾ ਘਰਨਾ, ਗ੍ਰਿਹਿ ਮੰਦਰ ਦੇਣੀ ਮਾਣ ਵਡਿਆਈਆ । ਅਸਾਂ ਤੇਰੀ ਮੰਜ਼ਲ ਚੜ੍ਹਨਾ, ਅਗੇ ਹੋ ਨਾ ਕੋਇ ਅਟਕਾਈਆ । ਤੇਰਾ ਢੋਲਾ ਪੜ੍ਹਨਾ, ਤੇਰੀ ਸਿਫ਼ਤ ਸਲਾਹੀਆ । ਤੇਰਾ ਪੱਲੂ ਫੜਨਾ, ਦੂਸਰ ਕੰਤ ਨਾ ਕੋਇ ਹੰਢਾਈਆ । ਅੰਤ ਸਾਚਾ ਘਾੜਨ ਘੜਨਾ, ਘੜਨ ਭੰਨਣਹਾਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਪੂਰੀ ਕਰਨੀ ਆਸ, ਤ੍ਰਿਸ਼ਨਾ ਜਗਤ ਨਾ ਕੋਇ ਰਖਾਈਆ । ਤੇਰੇ ਗ੍ਰਿਹਿ ਹੋਵੇ ਨਿਵਾਸ, ਘਰ ਸਚ ਮਿਲੇ ਵਡਿਆਈਆ । ਸਾਡਾ ਲੇਖਾ ਰਹੇ ਨਾ ਵਿਚ ਭਰਵਾਸ, ਮਾਟੀ ਖ਼ਾਕ ਨਾ ਕੋਇ ਚਤੁਰਾਈਆ । ਜੇ ਆਤਮਾ ਤੇਰਾ ਨੂਰ ਤੇਰਾ ਸਤਿ ਪਰਕਾਸ਼, ਭਗਤਾਂ ਤਤ ਤੇਰਾ ਰੰਗ ਸਮਾਈਆ । ਜੁਗ ਚੌਕੜੀ ਅਸੀਂ ਹੁੰਦੇ ਰਹੇ ਉਦਾਸ, ਗੁਰ ਅਵਤਾਰ ਪੈਗ਼ੰਬਰਾਂ ਅਗੇ ਵਾਸਤਾ ਪਾਈਆ । ਸਾਡਾ ਪੰਧ ਮੁਕਾਉਣਾ ਦਸ ਦਸ ਮਾਸ, ਮਾਤ ਗਰਭ ਨਾ ਅਗਨ ਤਪਾਈਆ । ਸਾਡੀ ਕਰਨੀ ਬੰਦ ਖ਼ੁਲਾਸ, ਬੰਦੀਖ਼ਾਨਿਆਂ ਵਿਚੋਂ ਬਾਹਰ ਕਢਾਈਆ । ਸਾਰੇ ਦੇਂਦੇ ਗਏ ਸ਼ਾਬਾਸ਼, ਖ਼ੁਸ਼ੀਆਂ ਢੋਲੇ ਸੋਹਲੇ ਨਾਲ ਜਣਾਈਆ । ਜਿਸ ਵੇਲੇ ਆਵੇ ਪੁਰਖ ਅਬਿਨਾਸ਼, ਹਰਿ ਕਰਤਾ ਧੁਰਦਰਗਾਹੀਆ । ਉਹ ਲੇਖਾ ਮੁਕਾਵੇ ਸ਼ੰਕਰ ਉਤੇ ਕੈਲਾਸ਼, ਰਾਏ ਧਰਮ ਦਾ ਪੰਧ ਮੁਕਾਈਆ । ਤੁਹਾਡੀ ਪੂਰੀ ਕਰੇ ਆਸ, ਤ੍ਰਿਸ਼ਨਾ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਂਆ । ਪੰਜ ਤਤ ਕਹਿਣ ਪ੍ਰਭ ਅਸੀਂ ਤੇਰੇ ਭਗਤ ਮੀਤ, ਮਿਤਰਾ ਤੇਰੀ

ਸਰਨਾਈਆ । ਬਿਨ ਤੇਰੇ ਸਾਡੀ ਚਲੇ ਕੋਈ ਨਾ ਰੀਤ, ਰੀਤੀਵਾਨ ਨਜ਼ਰ ਕੋਇ ਨਾ ਆਈਆ । ਕਿਸ ਦੇ ਨਾਲ ਕਰੇਂ ਪ੍ਰੀਤ, ਪ੍ਰੀਤਮ ਕਹਿ ਨਾ ਤੈਨੂੰ ਕੋਇ ਬੁਲਾਈਆ । ਬੇਸ਼ਕ ਤੂੰ ਮਾਲਕ ਤ੍ਰੈਗੁਣ ਅਤੀਤ, ਤ੍ਰੈਭਵਨ ਧਨੀ ਅਖਵਾਈਆ । ਬਿਨ ਭਗਤਾਂ ਤੂੰ ਮੇਰਾ ਮੈਂ ਤੇਰਾ ਗਾਏ ਕੋਈ ਨਾ ਗੀਤ, ਗਹਿਰ ਗੰਭੀਰ ਤੇਰੇ ਰੰਗ ਨਾ ਕੋਇ ਸਮਾਈਆ । ਨਾ ਕੋਈ ਤੈਨੂੰ ਵਸਣ ਦੇਵੇ ਚੀਤ, ਗ੍ਰਿਹ ਮੰਦਰ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਾਂਗਤ ਹੋ ਕੇ ਝੋਲੀ ਢਾਹੀਆ । ਜਨ ਭਗਤ ਤਤ ਤੇਰੇ ਬਰਦੇ, ਜੁਗ ਜੁਗ ਸੇਵ ਕਮਾਈਆ । ਸਰਗੁਣ ਧਾਰ ਨਿਰਗੁਣ ਤੈਥੋਂ ਰਹੇ ਡਰਦੇ, ਨਿਤ ਨਵਿਤ ਸੀਸ ਝੁਕਾਈਆ । ਦੁਖ ਕਸ਼ਟ ਤੇਰੇ ਪਿਛੇ ਰਹੇ ਝਲਦੇ, ਸਿਰ ਸਕਿਆ ਨਾ ਕੋਇ ਉਠਾਈਆ । ਭਿਖਾਰੀ ਬਣੇ ਰਹੇ ਤੇਰੇ ਦਰ ਦੇ, ਕਾਇਆ ਮੰਦਰ ਅੰਦਰ ਅਲਖ ਜਗਾਈਆ । ਆਤਮ ਧਾਰ ਪਰਮਾਤਮ ਤੈਨੂੰ ਰਹੇ ਵਰਦੇ, ਜਗਤ ਰੰਗ ਨਾ ਕੋਇ ਰੰਗਾਈਆ । ਹੁਣ ਮਿਹਰਵਾਨ ਹੋ ਕੇ ਕਿਰਪਾ ਕਰ ਦੇ, ਮਿਹਰ ਨਜ਼ਰ ਨਜ਼ਰ ਉਠਾਈਆ । ਇਸ਼ਨਾਨ ਕਰਵਾ ਦੇ ਆਪਣੇ ਸਰ ਦੇ, ਦੁਰਮਤ ਮੈਲ ਮੈਲ ਧਵਾਈਆ । ਨਜ਼ਾਰੇ ਤਕੀਏ ਤੇਰੇ ਨਰਾਇਣ ਨਰ ਦੇ, ਨਰ ਹਰਿ ਪੜਦਾ ਦੇਣਾ ਚੁਕਾਈਆ । ਮਾਲਕ ਬਣੀਏ ਤੇਰੇ ਸਚਖੰਡ ਘਰ ਦੇ, ਪਰਦਾ ਅੰਦਰੋਂ ਦੇਣਾ ਉਠਾਈਆ । ਫੇਰ ਜੰਮ ਕੇ ਰਹੀਏ ਨਾ ਮਰਦੇ, ਜਨਮ ਮਰਨ ਰਹੇ ਨਾ ਰਾਈਆ । ਇਕੋ ਵਾਰ ਕਿਰਪਾ ਕਰ ਦੇ, ਕਿਰਪਾਲ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜ ਤਤ ਕਹਿਣ ਤੇਰੇ ਨੂਰ ਵਿਚ ਜਾਈਏ ਰਲਦੇ, ਅਗੇ ਲੇਖੇ ਰਹਿਣ ਨਾ ਕਲਜੁਗ ਕਲ ਦੇ, ਕਲ ਕਲੇਸ਼ ਲਹਿਣਾ ਦੇਣਾ ਦੇਣਾ ਮੁਕਾਈਆ ।

### ✪ ੨੦ ਮਾਘ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਆਰ ਦਿਲੀ ਧੀਰ ਪੁਰ ਵਿਖੇ ✪

ਧਰਨੀ ਕਹੇ ਪ੍ਰਭ ਮੇਰੇ ਉਤੇ ਰੋਵੇ ਧਰਮ, ਧਰਮ ਦੀ ਧਾਰ ਦਏ ਦੁਹਾਈਆ । ਸਾਚੀ ਕਰਨੀ ਦਾ ਕਰੇ ਕੋਈ ਨਾ ਕਰਮ, ਕਰਮ ਕਾਂਡ ਕਿਰਿਆ ਕੂੜ ਜਗਤ ਹਲਕਾਈਆ । ਮਾਇਆ ਮਮਤਾ ਮੋਹ ਦਾ ਘਰ ਘਰ ਹੋਇਆ ਜਰਮ, ਜਗਤ ਵਾਸਨਾ ਬਣੀ ਜਣੇਂਦੀ ਮਾਈਆ । ਦੀਨ ਦੁਨੀ ਦ੍ਰਿਸ਼ਟੀ ਹੋ ਗਈ ਚਰਮ, ਚੰਮ ਦ੍ਰਿਸ਼ਟੀ ਵਿਚ ਸਰਬ ਹਲਕਾਈਆ । ਕਾਇਆ ਮੰਦਰ ਅੰਦਰ ਸਭ ਨੂੰ ਹੋਇਆ ਭਰਮ, ਭਾਂਡਾ ਭਰਮ ਨਾ ਕੋਇ ਭੰਨਾਈਆ । ਤੇਰਾ ਪਿਆਰ ਰਿਹਾ ਨਾ ਵਰਨ ਬਰਨ, ਪਾਰਬ੍ਰਹਮ ਬ੍ਰਹਮ ਪ੍ਰਭ ਮਿਲਣ ਕੋਇ ਨਾ ਪਾਈਆ । ਮੇਰੇ ਨੇਤਰ ਲੋਚਨ ਨਵ ਖੰਡ ਸਤ ਦੀਪ ਖਾਂਦੇ ਸ਼ਰਮ, ਨੈਣ ਅੱਖ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਧਰਨੀ ਕਹੇ ਪ੍ਰਭ ਮੇਰੇ ਉਤੇ ਧਰਮ ਮਾਰਦਾ ਚੀਕਾਂ, ਚਾਰੋਂ ਕੁੰਟ ਦੁਹਾਈਆ । ਨਵ ਸੱਤ ਵੇਖ ਸ਼ਰੀਕਾ, ਸਗਲਾ ਸੰਗ ਨਾ ਕੋਇ ਨਿਭਾਈਆ । ਝਗੜਾ ਪਿਆ ਜੀਵ ਜੀਅ ਕਾ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਤੇਰਾ ਭੇਵ ਜਾਣੇ ਕੋਇ ਨਾ ਨੀਕਨ ਨੀਕਾ, ਨਰ ਨਰਾਇਣ ਨਜ਼ਰ ਕਿਸੇ ਨਾ ਆਈਆ । ਮੇਰਾ ਅੰਤਰ ਪੁਰਖ ਅਕਾਲੇ ਹੋਇਆ ਫੀਕਾ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਕੂੜ ਕੁੜਿਆਰੇ

ਸਭ ਨੂੰ ਲਾਈਆਂ ਲੀਕਾਂ, ਦੁਰਮਤ ਮੈਲ ਨਾ ਕੋਇ ਧਵਾਈਆ । ਗ੍ਰੰਥ ਸ਼ਾਸਤਰਾਂ ਸਮਝੇ ਕੋਇ ਨਾ ਟੀਕਾ, ਟੀਕਾ ਟਿਪਣੀ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਧਰਮ ਰਿਹਾ ਪੁਕਾਰ, ਬਿਨ ਰਸਨਾ ਜਿਹਵਾ ਸੁਣਾਈਆ । ਨੇਤਰ ਨੈਣਾਂ ਰੋਵੇ ਜ਼ਾਰੋ ਜ਼ਾਰ, ਹੰਝੂਆਂ ਹਾਰ ਬਣਾਈਆ । ਬਿਨਾ ਜ਼ਬਾਨ ਕਰੇ ਗੁਫ਼ਤਾਰ, ਗੁਫ਼ਤ ਸ਼ਨੀਦ ਭੇਵ ਚੁਕਾਈਆ । ਚਾਰੋਂ ਕੁੰਟ ਹੋਇਆ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਕੂੜੀ ਕਿਰਿਆ ਵੇਖ ਪੁਰਖ ਨਾਰ, ਨਰ ਨਰਾਇਣ ਤੇਰੇ ਰੰਗ ਨਾ ਕੋਇ ਸਮਾਈਆ । ਵਰਨ ਬਰਨ ਧਾਹਾਂ ਰਹੇ ਮਾਰ, ਸਾਂਤਕ ਸਤਿ ਨਾ ਕੋਇ ਵਰਤਾਈਆ । ਲੇਖਾ ਰਿਹਾ ਨਾ ਤੇਈ ਅਵਤਾਰ, ਪੈਗ਼ੰਬਰ ਰੰਗ ਨਾ ਕੋਇ ਰੰਗਾਈਆ । ਗੁਰੂ ਗੁਰਦੇਵ ਨਾ ਕੋਇ ਅਧਾਰ, ਕੁਦਰਤ ਦਾ ਲੇਖ ਨਾ ਕੋਇ ਮਿਟਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਕਰਨ ਵਿਚਾਰ, ਸੋਚ ਸਮਝ ਕੋਇ ਨਾ ਆਈਆ । ਅਠਸਠ ਤੀਰਥ ਭੱਜਣ ਵਾਰੋ ਵਾਰ, ਦਿਵਸ ਰੈਣ ਪੰਧ ਮੁਕਾਈਆ । ਸਾਚਾ ਮਿਲੇ ਨਾ ਕਿਸੇ ਦੁਆਰ, ਦਰਗਾਹ ਸਚ ਨਾ ਕੋਇ ਵਡਿਆਈਆ । ਦੀਨਾਂ ਮਜ਼੍ਹਬਾਂ ਵੇਖ ਖਾਰ, ਖ਼ਾਲਸ ਰੰਗ ਨਾ ਕੋਇ ਰੰਗਾਈਆ । ਤੇਰੇ ਨਾਮ ਦੇ ਖੰਡੇ ਖੜਕਦੇ ਨਾਲ ਤਲਵਾਰ, ਤਰਕਸ਼ ਤੀਰ ਕਮਾਨਾਂ ਜੋੜ ਜੁੜਾਈਆ । ਮੈਂ ਵੇਖ ਹੋਈ ਬੇਜ਼ਾਰ, ਹੈਰਾਨੀ ਵਿਚ ਦੁਹਾਈਆ । ਅੰਤਰ ਨਿਰੰਤਰ ਰਿਹਾ ਨਾ ਕਿਸੇ ਪਿਆਰ, ਮੁਹੱਬਤ ਵਿਚ ਨਾ ਕੋਇ ਸਮਾਈਆ । ਧਰਨੀ ਕਹੇ ਮੇਰੇ ਪ੍ਰਭੂ ਮੇਰੀ ਨਮੋਂ ਨਮੋਂ ਨਿਮਸਕਾਰ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਸਾਚਾ ਮਾਰਗ ਦੇ ਇਕ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸੰਗ ਰਖਾਈਆ । ਇਕੋ ਨਾਮ ਦੇ ਜੈਕਾਰ, ਜੈ ਜੈਕਾਰ ਕਰੇ ਲੋਕਾਈਆ । ਦੁਵੈਤ ਲੇਖਾ ਰਹੇ ਨਾ ਕਿਸੇ ਦੁਆਰ, ਗ੍ਰਿਹਿ ਮੰਦਰ ਕਰ ਸਫ਼ਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਨਿਰਗੁਣ ਧਾਰ ਕਰ ਉਜਿਆਰ, ਅੰਧ ਅੰਧੇਰਾ ਦੇ ਮਿਟਾਈਆ । ਦਿਲਾਂ ਦੇ ਮਾਲਕ ਦਿਲਾਂ ਦੀ ਪਾਉਣੀ ਸਾਰ, ਦਿਲਬਰ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਧਰਮ ਵੇਖ ਲੈ ਰੋਂਦਾ, ਬਿਨ ਨੈਣਾਂ ਨੀਰ ਵਹਾਈਆ । ਨਵ ਸੱਤ ਫਿਰੇ ਭੌਂਦਾ, ਸਚ ਦੁਆਰ ਨਾ ਕੋਇ ਟਿਕਾਈਆ । ਤੇਰਾ ਢੋਲਾ ਫਿਰੇ ਗਾਉਂਦਾ, ਭੱਜੇ ਵਾਹੋ ਦਾਹੀਆ । ਬਲ ਤਕੇ ਕਲਜੁਗ ਕਾਉਂ ਦਾ, ਜੋ ਚਾਰ ਕੁੰਟ ਅਪਣਾ ਖੇਲ ਖਿਲਾਈਆ । ਪਿਆਰ ਰਿਹਾ ਨਾ ਕਿਸੇ ਧਰਤੀ ਮਾਉਂ ਦਾ, ਮਮਤਾ ਕੂੜ ਜਗਤ ਹਲਕਾਈਆ । ਇਨਸਾਫ਼ ਰਿਹਾ ਨਾ ਕਿਸੇ ਨਿਆਉਂ ਦਾ, ਅਦਲ ਸਚ ਨਾ ਕੋਇ ਕਮਾਈਆ । ਸ਼ਬਦ ਰਿਹਾ ਨਾ ਵਾਹੋ ਵਾਹੋ ਦਾ, ਵਾਹਿਗੁਰੂ ਤੇਰੇ ਵਿਚ ਨਾ ਕੋਇ ਸਮਾਈਆ । ਸਤਿਕਾਰ ਰਿਹਾ ਨਾ ਕਿਸੇ ਪਾਉਂ ਦਾ, ਚਰਨ ਕਵਲ ਨਾ ਕੋਇ ਸਰਨਾਈਆ । ਮਾਣ ਰਿਹਾ ਨਾ ਕਿਸੇ ਰਾਓ ਦਾ, ਰਹਿਬਰ ਗੁਰ ਅਵਤਾਰ ਦੇਣ ਗਵਾਹੀਆ । ਵਣਜ ਦਿਸੇ ਨਾ ਕਿਸੇ ਸ਼ਾਹੋ ਦਾ, ਸਾਚੀ ਵਸਤ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਧਰਨੀ ਕਹੇ ਪ੍ਰਭੂ ਧਰਮ ਮੇਰੇ ਵਿਚ ਛੁਪਦਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਰੂਪ ਧਰਿਆ ਚੁਪ ਦਾ, ਰਸਨਾ ਜਿਹਵਾ ਮੁਖ ਨਾ ਸਿਫ਼ਤ ਸਾਲਾਹੀਆ । ਤੂੰ ਖੇਲ ਵੇਖ ਲੈ ਕਲਜੁਗ ਅੰਧੇਰੇ ਘੁੱਪ ਦਾ, ਕੂੜ ਕਿਰਿਆ ਨਾਲ ਹਲਕਾਈਆ । ਪਿਆਰ ਰਿਹਾ ਨਾ ਪਿਤਾ ਪੁਤ ਦਾ, ਮਾਤ ਪਿਤ ਰੋਵਣ ਮਾਰਨ ਧਾਹੀਆ । ਵਕ਼ਤ ਸੁਹੰਜਣਾ ਦਿਸੇ ਕਿਸੇ ਨਾ ਰੁਤ ਦਾ, ਰੁਤੜੀ ਸਚ ਨਾ ਕੋਇ


੨੬੮
੨੪

ਮਹਿਕਾਈਆ । ਝਗੜਾ ਤਕ ਲੈ ਕਾਇਆ ਪੰਜ ਭੁਤ ਦਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਵੇਖਣਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਆਸ ਨਾ ਕੋਇ ਰਖਾਈਆ । ਝਟ ਨਾਰਦ ਆਇਆ ਨੀ ਧਰਨੀਏ ਤੂੰ ਕਿਉਂ ਕੁਰਲਾਉਂਦੀ, ਕੀ ਤੇਰੀ ਵਡਿਆਈਆ । ਕਿਸ ਸਾਹਿਬ ਨੂੰ ਸੁਣਾਉਂਦੀ, ਦੁਖਾਂ ਭਰੀ ਦਏਂ ਦੁਹਾਈਆ । ਕੀ ਵਡਿਆਈ ਤੇਰੇ ਥਾਉਂ ਦੀ, ਥਨੰਤਰ ਦੇ ਸੁਣਾਈਆ । ਕੀ ਖੇਲ ਅਗੰਮ ਅਥਾਹੋ ਦੀ, ਬੇਪਰਵਾਹ ਕੀ ਜਣਾਈਆ । ਕੀ ਆਸ਼ਾ ਰਖੀ ਸਚੇ ਸ਼ਾਹੋ ਦੀ, ਸ਼ਹਿਨਸ਼ਾਹ ਅਗੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਨਾਰਦ ਕਹੇ ਧਰਨੀ ਮੈਂ ਸੁਣੀਆਂ ਤੇਰੀਆਂ ਗੱਲਾਂ, ਜੋ ਪ੍ਰੇਮ ਨਾਲ ਸੁਣਾਈਆ । ਜਿਸ ਨੇ ਸਚ ਸਿੰਘਾਸਣ ਮੱਲਾ, ਸੁਖਆਸਣ ਬੈਠਾ ਧੁਰਦਰਗਾਹੀਆ । ਜਿਸ ਨੂੰ ਪੈਗ਼ੰਬਰਾਂ ਕਿਹਾ ਅੱਲਾ, ਅਲਾਹੀ ਨੂਰ ਇਕ ਅਖਵਾਈਆ । ਉਹ ਆਦਿ ਜੁਗਾਦੀ ਇਕੱਲਾ, ਸਚ ਸਿੰਘਾਸਣ ਸੋਭਾ ਪਾਈਆ । ਜਿਸ ਦਾ ਲਹਿਣਾ ਦੇਣਾ ਜਲਾਂ ਥਲਾਂ, ਮਹੀਅਲ ਵੇਖੇ ਧੁਰਦਰਗਾਹੀਆ । ਉਹਦਾ ਸਭ ਤੋਂ ਵਖਰਾ ਹੱਲਾ, ਹੁਲੜਬਾਜ਼ੀ ਸਮਝ ਕਿਸੇ ਨਾ ਆਈਆ । ਜੋ ਕਰਦਾ ਵਲਾ ਛਲਾ, ਅਛਲ ਛਲ ਆਪਣੀ ਖੇਲ ਖਿਲਾਈਆ । ਜਿਸ ਨੇ ਸਤਿਗੁਰ ਸ਼ਬਦ ਸੰਦੇਸ਼ਾ ਘੱਲਾ, ਪੈਗ਼ਾਮ ਨੂਰ ਅਲਾਹੀਆ । ਉਹ ਵੇਖਣਹਾਰਾ ਕਾਇਆ ਮਾਟੀ ਖੱਲਾ, ਖ਼ਾਲਕ ਖ਼ਲਕ ਖੋਜ ਖੁਜਾਈਆ । ਉਹ ਵਸੇ ਨਿਹਚਲ ਧਾਮ ਅਟਲਾ, ਸਚਖੰਡ ਸਾਚੇ ਸੋਭਾ ਪਾਈਆ । ਜਿਸ ਨੇ ਕਮਲੀਏ ਤੇਰੇ ਉਤੇ ਭਗਤ ਦੁਆਰ ਵਸਾਉਣਾ

ਮਹੱਲਾ, ਮਹਲ ਧੁਰ ਦਾ ਆਪ ਪਰਗਟਾਈਆ । ਸਤਿ ਧਰਮ ਨੂੰ ਸਤਿ ਦਾ ਦੇਵੇ ਫਲਾ, ਸਤਿਜੁਗ ਸਚ ਰੰਗ ਰੰਗਾਈਆ । ਜਿਥੇ ਕ੍ਰਿਸ਼ਨ ਕਾਹਨ
੨੬੯

ਨੇ ਬੰਸਰੀ ਨਾਲ ਹੱਥ ਫੜ ਵਜਾਇਆ ਟੱਲਾ, ਸੰਖ ਨਾਦ ਧੁਨ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ
੨੪
ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਧਰਨੀਏ ਤੂੰ ਕੀ ਪ੍ਰਭੂ ਨੂੰ ਦੱਸਦੀ, ਕਮਲੀਏ ਦੇ ਜਣਾਈਆ । ਤੂੰ ਜੁਗ ਚੌਕੜੀ ਉਹਦੇ ਚਰਨਾਂ ਹੇਠ ਵਸਦੀ, ਨਿਤ ਨਵਿਤ ਸੇਵ ਕਮਾਈਆ । ਤੂੰ ਭਰੀ ਪ੍ਰੇਮ ਰਸ ਦੀ, ਸੁਖ ਸਾਂਤਕ ਰੂਪ ਸਮਾਈਆ । ਤੇਰੀ ਸਿਫ਼ਤ ਵਡਿਆਈ ਜਸ ਦੀ, ਢੋਲੇ ਸੋਹਲੇ ਰਾਗ ਦ੍ਰਿੜਾਈਆ । ਤੂੰ ਬਿਨ ਕ਼ਦਮਾਂ ਤੋਂ ਨਸਦੀ, ਭੱਜੇਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਰਿਹਾ ਖਿਲਾਈਆ । ਨਾਰਦ ਕਹੇ ਧਰਨੀਏ ਮੈਂ ਫੜ ਕੇ ਹਲੂਣਾ ਦੇਵਾਂ ਤੈਨੂੰ ਗੁੱਟ, ਪੋਟੇ ਸਹਿਜ ਨਾਲ ਦਬਾਈਆ । ਤੂੰ ਮੇਰੀ ਬੋਦੀ ਵਿਚੋਂ ਇਕ ਵਾਲ ਪੁੱਟ, ਦੁਖ ਦਰਦ ਨਾ ਲਾਗੇ ਰਾਈਆ । ਫੇਰ ਉਸ ਨੂੰ ਪ੍ਰਭ ਦੇ ਚਰਨਾਂ ਵਿਚ ਸੁਟ, ਸੋਹਣੀ ਗਣਤ ਗਣਾਈਆ । ਜਿਹੜੀ ਪ੍ਰੀਤੀ ਧਰਮ ਦੀ ਦੀਨ ਦੁਨੀ ਨਾਲੋਂ ਗਈ ਛੁਟ, ਛੁਟਕੀ ਲਿਵ ਦਏ ਲਗਾਈਆ । ਫੇਰ ਆਪਣੇ ਸਵਾਰ ਬੁਟ, ਬੁੱਲਾਂ ਨਾਮ ਰੰਗ ਰੰਗਾਈਆ । ਫੇਰ ਆਪਣੀ ਆਸ਼ਾ ਅੰਦਰੋਂ ਕਢ ਫੁਟ, ਬਿਨ ਰਸਨਾ ਢੋਲੇ ਗਾਈਆ । ਤੇਰਾ ਭਾਗ ਨਾ ਜਾਏ ਨਿਖੁਟ, ਪ੍ਰਭ ਦੇਵਣਹਾਰ ਵਡਿਆਈਆ । ਔਹ ਤਕ ਲੈ ਕਲਜੁਗ ਕੂੜ ਕੁੜਿਆਰ ਦੀ ਚਾਰੋਂ ਕੁੰਟ ਲੁਟ, ਸਾਂਤਕ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਧਰਨੀਏ ਤੇਰੇ ਉਤੇ ਧਰਮ ਹੋਣਾ ਉੱਘਾ, ਉਗਣ ਆਥਣ ਮਿਲੇ ਵਡਿਆਈਆ । ਤੇਰਾ ਵਕ਼ਤ ਸੁਹੰਜਣਾ ਪੁੱਗਾ, ਪੂਰਬ ਲੇਖਾ ਵੇਖਣ ਪਾਈਆ । ਤੇਰਾ ਕਰਮ ਕਾਂਡ ਦਾ ਲਹਿਣਾ ਬੁੱਝਾ, ਪਰਦਾ

ਪਰਦਿਆਂ ਵਿਚੋਂ ਉਠਾਈਆ । ਤੂੰ ਕਿਉਂ ਨੇਤਰ ਰੋਵੇਂ ਨੈਣ ਮੂੰਦ ਬਸੁਧਾ, ਸੁਧ ਸਾਚੀ ਸਚ ਲੈ ਅੰਗੜਾਈਆ । ਤੇਰੇ ਉਤੇ ਹੋਣਾ ਯੁੱਧਾ, ਚਾਰੋਂ ਕੁੰਟ ਦੁਹਾਈਆ । ਫੇਰ ਭਗਤ ਦੁਆਰ ਦਾ ਸਮਝਣਾ ਮੁੱਦਾ, ਮੁਦਤਾਂ ਦਾ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਧਰਨੀਏ ਤੇਰਾ ਧਰਮ ਜਾਵੇ ਉਠ, ਆਪਣੀ ਲਏ ਅੰਗੜਾਈਆ । ਤੂੰ ਵੇਖ ਲੈ ਚਾਰੇ ਗੁਠ, ਚਾਰੇ ਕੁੰਟਾਂ ਫੇਲ ਫੁਲਾਈਆ । ਪਵਿਤ੍ਰ ਦਿਸੇ ਨਾ ਕੋਈ ਮਿੱਟੀ ਖ਼ਾਕ ਮੁਠ, ਚਾਰੋਂ ਕੁੰਟ ਕੂੜ ਹਲਕਾਈਆ । ਤੇਰੇ ਤੇਰੇ ਨਾਲੋਂ ਰਹੇ ਰੁਠ, ਰੁਠਿਆਂ ਸਕੇ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਧਰਨੀ ਕਹੇ ਨਾਰਦ ਮੈਂ ਵੇਖ ਕੇ ਹੋਵਾਂ ਦੁਖੀ, ਚਾਰੋਂ ਕੁੰਟ ਧਿਆਨ ਲਗਾਈਆ । ਪ੍ਰਭੂ ਪਿਆਰ ਵਿਚ ਦਿਸੇ ਕੋਈ ਨਾ ਸੁਖੀ, ਸਤਿ ਵਿਚ ਨਾ ਕੋਇ ਸਮਾਈਆ । ਧਰਮ ਦੀ ਧਾਰ ਰਹੀ ਨਾ ਮੁਖੀ, ਦੀਪਕ ਜੋਤ ਨਾ ਕੋਇ ਰੁਸ਼ਨਾਈਆ । ਜਗਤ ਅੰਧੇਰਾ ਹੋਇਆ ਕੁੱਖੀ, ਸਤਿ ਸਚ ਨਾ ਕੋਇ ਰੁਸ਼ਨਾਈਆ । ਮੇਰੀ ਆਸ਼ਾ ਧਰਮ ਧਾਰ ਦੀ ਭੁੱਖੀ, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਗ੍ਰਿਹਿ ਇਕ ਵਖਾਈਆ । ਨਾਰਦ ਕਹੇ ਧਰਨੀਏ ਮੈਂ ਤੇਰੇ ਦੁਖਾਂ ਵੇਖ ਹਸਣਾ, ਤਾਲੀਆਂ ਰਿਹਾ ਵਜਾਈਆ । ਚਾਰੋਂ ਕੁੰਟ ਨਸਣਾ, ਭੱਜਾਂ ਵਾਹੋ ਦਾਹੀਆ । ਤਕਾਂ ਰੈਣ ਹਨੇਰੀ ਮੱਸਣਾ, ਜੋ ਚਾਰੋਂ ਕੁੰਟ ਆਪਣਾ ਰੰਗ ਰੰਗਾਈਆ । ਵੇਖਾਂ ਖੇਲ ਅਲਖ ਅਲਖਣਾ, ਜੋ ਕਰਤਾ ਰਿਹਾ ਕਰਾਈਆ । ਮੇਰਾ ਹੁਕਮ ਧੁਰ ਦਾ ਇਕੋ ਜੋ ਪ੍ਰਭ ਦਾ ਭੇਵ ਖੋਲ੍ਹੇ ਜਿਸ ਰਚਾਈ ਰਚਨਾ, ਜਗਤ ਜੁਗਤ ਵੰਡ ਵੰਡਾਈਆ । ਜਿਸ ਦਾ ਅਵਤਾਰ ਪੈਗ਼ੰਬਰਾਂ ਗੁਰੂਆਂ ਮੰਨਿਆਂ ਬਚਨਾ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਨਾਰਦ ਮੈਂ ਇਕ ਦੀ ਰਖਾਂ ਟੇਕ, ਟਿੱਕੇ ਧੂੜੀ ਖ਼ਾਕ ਰਮਾਈਆ । ਜੋ ਬੁੱਧੀ ਕਰੇ ਬਿਬੇਕ, ਪਤਤ ਪੁਨੀਤ ਬਣਾਈਆ । ਅਗਨੀ ਤਨ ਨਾ ਲਾਏ ਸੇਕ, ਤਤਵ ਤਤ ਨਾ ਕੋਇ ਜਲਾਈਆ । ਚਰਨ ਕਵਲ ਬਖ਼ਸ਼ੇ ਆਪਣੀ ਏਕ, ਏਕੰਕਾਰ ਦਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਆਪ ਵਰਤਾਈਆ । ਨਾਰਦ ਕਹੇ ਧਰਨੀਏ ਮੈਂ ਤੈਨੂੰ ਕਰਾਂ ਖ਼ਬਰਦਾਰ, ਬੇਖ਼ਬਰੇ ਖ਼ਬਰ ਜਣਾਈਆ । ਉਠ ਵੇਖ ਅਗੰਮਾ ਯਾਰ, ਜੋ ਮਿਤਰ ਪਿਆਰਾ ਨੂਰ ਅਲਾਹੀਆ । ਜਿਸ ਦਾ ਖੇਲ ਸਦਾ ਜੁਗ ਚਾਰ, ਜੁਗ ਚੌਕੜੀਆਂ ਆਪਣਾ ਹੁਕਮ ਵਰਤਾਈਆ । ਸੋ ਲਹਿਣਾ ਦੇਣਾ ਪੂਰਬ ਲੇਖੇ ਲਾਏ ਸਰਬ ਸੰਸਾਰ, ਸੰਸਾ ਜਗਤ ਰਹੇ ਨਾ ਰਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਕ਼ਰਜ਼ਾ ਦਏ ਉਤਾਰ, ਮਕ਼ਰੂਜ਼ ਆਪਣਾ ਹੁਕਮ ਵਰਤਾਈਆ । ਸੋ ਤੇਰੇ ਉਤੇ ਧਰਮ ਦਾ ਕਰ ਪਸਾਰ, ਧਰਮ ਦੁਆਰਾ ਇਕ ਪਰਗਟਾਈਆ । ਪਹਿਲੋਂ ਉਸ ਨੂੰ ਡੰਡਾਵਤ ਬੰਦਨਾ ਧੂੜੀ ਵਿਚ ਕਰ ਨਿਮਸਕਾਰ, ਧੂੜੀ ਟਿੱਕੇ ਖ਼ਾਕ ਰਮਾਈਆ । ਜਿਸ ਨੇ ਸਚ ਦੁਆਰ ਖੋਲ੍ਹਿਆ ਆਪਣੀ ਧਾਰ, ਦੂਸਰ ਵੰਡ ਨਾ ਕੋਇ ਵੰਡਾਈਆ । ਭਗਤਾਂ ਦਾ ਬਣ ਆਪ ਸਿਕਦਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਵੇਖਣਹਾਰਾ ਪਾਵੇ ਸਾਰ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਤੇਰੇ ਉਤੇ ਸੁਹੰਜਣਾ ਕਰਨਾ ਦਿੱਲੀ ਦਰਬਾਰ, ਦਰਗਾਹ ਸਚ ਦਾ ਸਚ ਰੂਪ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ

ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਤੇਰੇ ਉਤੇ ਭਗਤ ਦੁਆਰ ਦੀ ਰਖੀ ਨੀਂਹ, ਨੇਹੋਂ ਭਗਤਾਂ ਨਾਲ ਰਖਾਈਆ । ਸਤਿ ਸਚ ਦਾ ਬੀਜ ਕੇ ਬੀਅ, ਪੱਤ ਟਹਿਣੀ ਆਪ ਪਰਗਟਾਈਆ । ਰਵੀਦਾਸ ਦਾ ਲਹਿਣਾ ਸਾਢੇ ਤਿੰਨ ਹੱਥ ਸੀਂਅ, ਦੀਨ ਦੁਨੀ ਵੰਡ ਵੰਡਾਈਆ । ਜੋ ਲੇਖਾ ਜਾਣੇ ਲੱਖ ਚੁਰਾਸੀ ਜੰਤ ਜੀਅ, ਜਗ ਜੀਵਣ ਦਾਤਾ ਇਕ ਅਖਵਾਈਆ । ਉਹਦਾ ਲੇਖਾ ਜਾਣੇ ਕੋਈ ਕੀ, ਕਾਤਬ ਲਿਖਣ ਕੋਇ ਨਾ ਪਾਈਆ । ਜਿਸ ਦਾ ਇਸ਼ਾਰਾ ਗੁਰਦਾਸ ਨੇ ਕੀਤਾ ਵੀਹ ਇਕੀਹ, ਬੀਸ ਬੀਸਾ ਅਗੰਮ ਅਥਾਹੀਆ । ਜਿਸ ਦੀ ਸਭ ਤੋਂ ਵਖਰੀ ਲੀਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਧਰਨੀਏ ਗੁਰ ਅਵਤਾਰ ਪੈਗ਼ੰਬਰਾਂ ਵੇਖ ਲੈ ਹਸਤੀਆਂ, ਜੋ ਨੂਰ ਜੋਤ ਰੁਸ਼ਨਾਈਆ । ਭਗਤਾਂ ਚੜ੍ਹਦੀਆਂ ਵੇਖ ਲੈ ਮਸਤੀਆਂ, ਮਸਤ ਖ਼ੁਮਾਰੀ ਇਕ ਰਖਾਈਆ । ਤੇਰੇ ਗ੍ਰਹਿ ਅੰਦਰ ਪ੍ਰਭੂ ਪਿਆਰਿਆਂ ਦੀਆਂ ਰਖੀਆਂ ਗਈਆਂ ਅਸਤੀਆਂ, ਅਰਥੀ ਜਗਤ ਨਾ ਕੋਇ ਉਠਾਈਆ । ਇਨ੍ਹਾਂ ਦੀਆਂ ਕ਼ੀਮਤਾਂ ਨਹੀਂ ਕੋਈ ਸਸਤੀਆਂ, ਜਗਤ ਕ਼ੀਮਤ ਨਾ ਕੋਇ ਰਖਾਈਆ । ਇਹ ਚਾਰੋਂ ਕੁੰਟ ਤੀਰ ਅਣਿਆਲੇ ਕਸਦੀਆਂ, ਬਿਨ ਤਰਕਸ਼ ਹੱਥ ਉਠਾਈਆ । ਨੌਂ ਖੰਡ ਪ੍ਰਿਥਮੀ ਡਸਦੀਆਂ, ਵਿਖ ਨਵ ਸੱਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਧਰਨੀ ਤੂੰ ਲੇਖਾ ਤਕ ਪੁਰਾਣਾ, ਤੈਨੂੰ ਦਿਆਂ ਸੁਣਾਈਆ । ਜੋ ਮਨੀ ਸਿੰਘ ਦਿਤਾ ਬਿਆਨਾ, ਉਗਲਾਂ ਦਸ ਮੁਖ ਵਿਚ ਟਿਕਾਈਆ । ਤੇਰੀ ਖੇਲ ਸ੍ਰੀ ਭਗਵਾਨਾ, ਮੇਰੀ ਕ਼ਲਮ ਨਾ ਸਕੇ ਸਮਝਾਈਆ । ਤੂੰ ਸ਼ਾਹੋ ਭੂਪ ਸੁਲਤਾਨਾ, ਸ਼ਹਿਨਸ਼ਾਹ ਅਗੰਮ ਅਥਾਹੀਆ । ਮੈਂ ਸੇਵਕ ਤੇਰਾ ਨਿਮਾਣਾ, ਨਿਵ ਨਿਵ ਲਾਗਾਂ ਪਾਈਆ । ਤੇਰੇ ਹੱਥ ਵਿਚ ਕਲਮ ਕਾਨਾ, ਕਾਇਨਾਤ ਦਾ ਤੇਰਾ ਰੰਗ ਚੜ੍ਹਾਈਆ । ਤੂੰ ਯੋਧਾ ਸੂਰਬੀਰ ਮਰਦਾਨਾ, ਬਲਧਾਰੀ ਇਕ ਅਖਵਾਈਆ । ਉਹ ਵੇਖ ਲੈ ਮੈਂ ਵੀ ਜਮਨ ਕਿਨਾਰੇ ਲਾਇਆ ਨਿਸ਼ਾਨਾ, ਨਿਸ਼ਾਨਾ ਤੇਰੇ ਨਾਲ ਬਣਾਈਆ । ਜਿਸ ਕਾਰਨ ਤੇਰਾ ਲਹਿਣਾ ਦੇਣਾ ਹੋਣਾ ਜਗਤ ਜਹਾਨਾ, ਸਹਿਜ ਨਾਲ ਦਿਆਂ ਦ੍ਰਿੜਾਈਆ । ਤੇਰੇ ਲਿਖਾਰੀਆਂ ਬੱਧਾ ਹੋਣਾ ਗਾਨਾ, ਸ਼ਹਾਦਤ ਸ਼ਹੀਦੀ ਜਗਤ ਵਾਲੀ ਸਮਝਾਈਆ । ਇਹ ਕੋਈ ਕੌਮ ਮਜ਼੍ਹਬ ਦਾ ਬਣਨਾ ਨਹੀਂ ਮਕਾਨਾ, ਹੱਦਾਂ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਮਨੀ ਸਿੰਘ ਕਹੇ ਮੈਂ ਮਾਰੀਆਂ ਨੌ ਨੌ ਲਕੀਰਾਂ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਵੇਲੇ ਭਗਤ ਦੁਆਰਾ ਕਰੇ ਤਾਮੀਰਾ, ਤਰਹ ਤਰਹ ਦਾ ਖੇਲ ਖਿਲਾਈਆ । ਫੇਰ ਝਗੜਾ ਪੈਣਾ ਗ਼ਰੀਬਾਂ ਅਮੀਰਾਂ, ਨੌ ਖੰਡ ਪ੍ਰਿਥਮੀ ਪਏ ਦੁਹਾਈਆ । ਕਿਸੇ ਨੂੰ ਸਾਰ ਨਾ ਆਏ ਆਪਣੇ ਸਰੀਰਾ, ਤਨ ਵਜੂਦ ਨਾ ਕੋਇ ਚਤੁਰਾਈਆ । ਸਭ ਦੀਆਂ ਬਦਲ ਜਾਣ ਜ਼ਮੀਰਾਂ, ਭੇਵ ਸਕੇ ਨਾ ਕੋਇ ਖੁਲ੍ਹਾਈਆ । ਇਹੋ ਆਸ਼ਾ ਰਖ ਕੇ ਗਿਆ ਕਬੀਰਾ, ਹੱਥ ਮਸਤਕ ਉਤੇ ਟਿਕਾਈਆ । ਰਵੀਦਾਸ ਨੇ ਹੱਥ ਫੜ ਕਸੀਰਾ, ਕ਼ਸਮ ਖਾ ਕੇ ਤੇਰੇ ਚਰਨਾਂ ਵਿਚ ਟਿਕਾਈਆ । ਤੇਰਾ ਭਗਤ ਦੁਆਰਾ ਨੌ ਖੰਡ ਪ੍ਰਿਥਮੀ ਦੀ ਹੋਣੀ ਇਕ ਜਾਗੀਰਾ, ਦੂਜਾ ਵਾਰਸ ਨਜ਼ਰ ਕੋਇ ਨਾ ਆਈਆ । ਜਿਥੇ ਬਦਲਣੀਆਂ ਸਭ ਦੀਆਂ ਤਕਦੀਰਾਂ, ਤਦਬੀਰ ਸਮਝ ਕੋਇ ਨਾ ਪਾਈਆ । ਜਿਸ ਦੇ ਲੇਖੇ ਵਿਚ ਲੇਖੇ ਲੱਗਣਾ ਗੁਰਮੁਖ ਹੀਰਾ, ਹਰਿਜਨ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਆਹ ਵੇਖ ਮੈਂ ਤੈਨੂੰ ਪੱਤਰਾ ਵਖਾਵਾਂ ਪਾੜ, ਜੋ ਬਿਨ ਅੱਖਰਾਂ ਲੇਖ ਲਿਖਾਈਆ । ਜਿਸ ਦਾ ਨਾ ਕੋਈ ਪਿੱਛਾ ਨਾ ਅਗਾੜ, ਅਗੇ ਸਮਝ ਨਾ ਕੋਇ ਸਮਝਾਈਆ । ਜਿਸ ਨੇ ਨੀਹਾਂ ਰਖਣ ਕਾਰਨ ਤੇਰਾ ਸੀਨਾ ਦਿਤਾ ਪਾੜ, ਸੋਹਣੀ ਵੰਡ ਵੰਡਾਈਆ । ਉਸ ਦਾ ਲੇਖਾ ਫੇਰ ਸਮਝਾਵਾਂਗਾ ਸਤਾਰਾਂ ਹਾੜ, ਹਾੜੇ ਕਢਣ ਵਾਲੀਏ ਤੈਨੂੰ ਦਿਆਂ ਦ੍ਰਿੜਾਈਆ । ਜਿਸ ਦਾ ਪਰਕਾਸ਼ ਹੋਣਾ ਜੰਗਲ ਜੂਹ ਉਜਾੜ, ਪਹਾੜਾਂ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਧਰਨੀ ਕਹੇ ਨਾਰਦਾ ਮੈਂ ਵਿਚਾਰੀ ਭੋਲੀ, ਭੁਲ ਵਿਚ ਆਪਣਾ ਝਟ ਲੰਘਾਈਆ । ਮੈਂ ਆਦਿ ਜੁਗਾਦਿ ਗੋਲੀ, ਜੁਗ ਜੁਗ ਸੇਵ ਕਮਾਈਆ । ਮੈਂ ਸੁਣਨਹਾਰ ਗੁਰ ਅਵਤਾਰ ਪੈਗੰਬਰਾਂ ਬੋਲੀ, ਜੋ ਮੇਰੇ ਉਤੇ ਗਏ ਸੁਣਾਈਆ । ਮੈਂ ਕਲਜੁਗ ਅੰਤ ਕੂੜ ਕੁੜਿਆਰ ਵੇਖ ਕੇ ਡੋਲੀ, ਧੀਰਜ ਧਰਮ ਨਾ ਕੋਇ ਰਖਾਈਆ । ਧੰਨ ਭਾਗ ਜੇ ਤੂੰ ਭੇਤ ਰਿਹਾ ਖੋਲ੍ਹੀ, ਪਰਦਾ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਿਆ ਮਿਲਾਈਆ । ਨਾਰਦ ਕਹੇ ਧਰਨੀਏ ਆ ਇਕ ਦੂਜੇ ਨਾਲ ਗੱਲ ਕਰੀਏ ਗੁੱਝੀ, ਜਗਤ ਸਮਝ ਨਾ ਕੋਇ ਸਮਝਾਈਆ । ਧਰਨੀ ਕਹੇ ਨਾਰਦਾ ਮੈਨੂੰ ਇਕ ਗੱਲ ਸੁਝੀ, ਸਹਿਜ ਨਾਲ ਦ੍ਰਿੜਾਈਆ । ਨਾਰਦ ਕਹੇ ਧਰਨੀਏ ਹੁਣ ਤੇ ਵੇਲਾ ਕਲਜੁਗੀ, ਚਾਰੋਂ ਕੁੰਟ ਅੰਧੇਰਾ ਛਾਈਆ । ਧਰਨੀ ਕਹੇ ਨਾਰਦਾ ਕਿਸੇ ਦੀ ਪਵਿਤ੍ਰ ਰਹੀ ਨਾ ਬੁੱਧੀ, ਬੁੱਧਹੀਣ ਦਿਸੇ ਲੋਕਾਈਆ । ਨਾਰਦ ਕਹੇ ਧਰਨੀਏ, ਮੇਰੇ ਅੰਦਰ ਹੁੰਦੀ ਗੁਦਗੁਦੀ, ਮੈਨੂੰ ਹਾਸਾ ਰਿਹਾ ਆਈਆ । ਉਹ ਨਿਗਾਹ ਮਾਰ ਲੈ ਪਿਛਲੀ ਔਧ ਸਭ ਦੀ ਪੁੱਗੀ, ਅਗੇ ਪੰਧ ਨਾ ਕੋਇ ਵਧਾਈਆ । ਦੀਨ ਦੁਨੀਆ ਕੂੜ ਦੇ ਕੀਚੜ ਖੁਭੀ, ਬਾਹਰ ਸਕੇ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਧਰਨੀਏ ਮੈਂ ਤੈਨੂੰ ਹੌਲੀ ਜਿਹੀ ਮਾਰਾਂ ਨਿੱਕਾ ਜਿਹਾ ਧੱਕਾ, ਧਕੇਲ ਕੇ ਦਿਆਂ ਜਣਾਈਆ । ਤੂੰ ਨਹੀਂ ਵੇਖਦੀ ਕੀ ਤੇਰੇ ਨਾਲ ਵਾਅਦਾ ਪੱਕਾ, ਕੌਲ ਇਕਰਾਰ ਕੀ ਨਜ਼ਰੀ ਆਈਆ । ਨਾਲੇ ਲੇਖਾ ਤਕ ਲੈ ਕੀ ਲਹਿਣਾ ਪੈਸਾ ਟਕਾ, ਦੀਨ ਦੁਨੀ ਵੰਡ ਵੰਡਾਈਆ । ਫੇਰ ਨਿਗਾਹ ਮਾਰ ਲੈ ਜੋ ਮਾਲਕ ਹਕ਼ੀਕੀ ਹਕਾ, ਸਾਹਿਬ ਇਕ ਗੁਸਾਈਆ । ਜੋ ਤੇਰਾ ਬਣਿਆ ਸਕਾ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸੰਗ ਇਕ ਰਖਾਈਆ । ਨਾਰਦ ਕਹੇ ਧਰਨੀਏ ਮੈਂ ਤੇਰੇ ਉਤੇ ਕਿੱਡਾ ਲਾਇਆ ਭਾਗ, ਭਾਗਵਾਨੇ ਤੈਨੂੰ ਦਿਆਂ ਜਣਾਈਆ । ਜਗਤ ਦੀਏ ਸੁਤੀਏ ਜਗ ਵਿਚੋਂ ਜਾਗ, ਜਾਗਰਤ ਜੋਤ ਨੇਤਰ ਨੈਣ ਵੇਖ ਚਾਈਂ ਚਾਈਂਆ । ਤੇਰੇ ਉਤੇ ਸਤਿ ਦਾ ਸਚ ਜਗਿਆ ਚਰਾਗ਼, ਬਿਨ ਤੇਲ ਬਾਤੀ ਡਗਮਗਾਈਆ । ਤੇਰੀ ਬੁਝਾਵਣਹਾਰਾ ਆਗ, ਅਗਨੀ ਤਤ ਗਵਾਈਆ । ਉਸ ਸਾਹਿਬ ਦੀ ਸਰਨ ਲਾਗ, ਜੋ ਸਿਰ ਸਿਰ ਰਿਜ਼ਕ ਸਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਧਰਨੀ ਕਹੇ ਨਾਰਦਾ ਮੈਂ ਉਸ ਦਾ ਕਰਾਂ ਸ਼ੁਕਰਾਨਾ, ਨਿਵ ਨਿਵ ਸੀਸ ਝੁਕਾਈਆ । ਜੋ ਪਹਿਰ ਕੇ ਅਗੰਮੀ ਬਾਣਾ, ਬਾਣ ਅਣਿਆਲੇ ਤੀਰ ਚਲਾਈਆ । ਜਿਸ ਦੁਆਪਰ ਦਾ ਬਦਲ ਦਿਤਾ ਜ਼ਮਾਨਾ, ਕਲਜੁਗ ਅੰਤਮ ਵੇਖੇ ਚਾਈਂ ਚਾਈਂਆ । ਤੇਰਾ ਪਵਿਤ੍ਰ ਕਰਾਇਆ ਅਸਥਾਨਾ, ਸੋਹਣੀ ਦਿਤੀ ਵਡਿਆਈਆ । ਭਗਤਾਂ ਨਾਲ ਜੁੜਾਇਆ ਯਰਾਨਾ,

ਪ੍ਰੀਤੀ ਸਕੇ ਨਾ ਕੋਇ ਤੁੜਾਈਆ । ਧਰਨੀ ਕਹੇ ਨਾਰਦਾ ਮੈਨੂੰ ਪਤਾ ਨਹੀਂ ਹਰਿਜਨ ਲਿਆਇਆ ਕਿਸ ਬਹਾਨਾ, ਬਾਹੋਂ ਫੜ ਫੜ ਆਪਣਾ ਸੰਗ ਬਣਾਈਆ । ਜਿਨ੍ਹਾਂ ਦਿਵਸ ਰੈਣ ਸੇਵਾ ਕਰਦਿਆਂ ਖ਼ੁਸ਼ੀਆਂ ਦਾ ਗਾਇਆ ਤਰਾਨਾ, ਤਰਹ ਤਰਹ ਦੇ ਗੀਤ ਦਿਤੇ ਦ੍ਰਿੜਾਈਆ । ਮੇਰੇ ਉਤੇ ਸਤਿ ਦਾ ਸਚ ਦਾ ਝੁਲਾ ਕੇ ਨਿਸ਼ਾਨਾ, ਨਿਸ਼ਾਨ ਦੀਨ ਦੁਨੀ ਦਿਤੇ ਬਦਲਾਈਆ । ਮੈਂ ਇਨ੍ਹਾਂ ਦਾ ਕਰਾਂ ਮਾਣਾ, ਨਿਮਾਣੀ ਹੋ ਕੇ ਸੀਸ ਝੁਕਾਈਆ । ਜਿਨ੍ਹਾਂ ਮੇਰੇ ਸੀਨੇ ਉਤੇ ਬਹਿ ਕੇ ਖਾਧਾ ਖਾਣਾ, ਖ਼ੁਸ਼ੀਆਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਸਚ ਆਪ ਪਰਗਟਾਈਆ । ਧਰਨੀ ਕਹੇ ਮੈਂ ਭਗਤਾਂ ਕਰਾਂ ਧੰਨਵਾਦ, ਖ਼ੁਸ਼ੀਆਂ ਵਿਚ ਸੀਸ ਨਿਵਾਈਆ । ਭਗਤੋ ਤੁਸਾਂ ਮੇਰਾ ਖੇੜਾ ਕਰਨਾ ਆਬਾਦ, ਜਿਥੇ ਦੀਨ ਦੁਨੀ ਮਿਲੇ ਵਡਿਆਈਆ । ਜਿਸ ਦਾ ਨਾਮ ਰਹੇ ਆਦਿ ਜੁਗਾਦਿ, ਜੁਗ ਚੌਕੜੀ ਵਜੇ ਵਧਾਈਆ । ਮੇਰਾ ਅਸਲੀ ਰੂਪ ਫੇਰ ਬਣੇਗਾ ਕਲਜੁਗ ਦੀ ਧਾਰ ਤੋਂ ਬਾਦ, ਸਤਿਜੁਗ ਆਪਣਾ ਰੰਗ ਪਰਗਟਾਈਆ । ਜਿਸ ਵੇਲੇ ਸਾਰੀ ਸ੍ਰਿਸ਼ਟੀ ਦਾ ਹੋਇਆ ਇਕ ਰਿਵਾਜ, ਇਕੋ ਮਾਰਗ ਦੀਨ ਦੁਨੀ ਚਲੇ ਚਾਈਂ ਚਾਈਂਆ । ਇਕੋ ਨਾਮ ਸ਼ਬਦ ਦੀ ਆਵੇਗੀ ਆਵਾਜ਼, ਇਕੋ ਸਰੋਤਾ ਹੋਵੇ ਧੁਰ ਦਾ ਮਾਹੀਆ । ਇਕੋ ਸ਼ਬਦ ਗੋਬਿੰਦ ਦਾ ਹੋਵੇ ਬਾਜ਼, ਬਾਜ਼ੀ ਦੀਨ ਦੁਨੀ ਉਲਟਾਈਆ । ਮੈਂ ਤੁਹਾਡਾ ਸ਼ੁਕਰ ਕਰਾਂ ਜਿਨ੍ਹਾਂ ਨੇ ਭਗਤ ਦੁਆਰ ਸੁਹਾਇਆ ਪਹਿਲੋਂ ਵਿਚ ਪੰਜਾਬ, ਫੇਰ ਦਿੱਲੀ ਦੁਆਰ ਦਿਤੀ ਵਡਿਆਈਆ । ਜਿਥੇ ਸਾਹਿਬ ਸਤਿਗੁਰ ਦੇ ਸ਼ਬਦ ਦਾ ਹੋਣਾ ਰਾਜ, ਰਈਅਤ ਨੌਂ ਖੰਡ ਪ੍ਰਿਥਮੀ ਬੈਠੇ ਸੀਸ ਨਿਵਾਈਆ । ਜਿਸ
੨੭੩ ਦਾ ਸ਼ਾਹ ਸੁਲਤਾਨ ਕਰਨਗੇ ਕਾਜ, ਕਰਨੀ ਦਾ ਕਰਤਾ ਆਪਣੇ ਹੁਕਮ ਵਿਚ ਭੁਆਈਆ । ਤੁਸੀਂ ਪ੍ਰਭੂ ਦੇ ਭਗਤੋ ਮੇਰੇ ਵੱਡੇ ਮੈਂ ਤੁਹਾਨੂੰ ਕਰਾਂ ਆਦਾਬ, ੨੭੩
੨੪ ਧਰਨੀ ਕਹੇ ਮੈਂ ਨਿਵ ਨਿਵ ਲਾਗਾਂ ਪਾਈਆ । ਜਿਨ੍ਹਾਂ ਨੇ ਮੇਰਾ ਪੂਰਾ ਕੀਤਾ ਖ਼ੁਆਬ, ਮਾਝਾ ਮਾਲਵਾ ਦੁਆਬਾ ਜੰਮੂ ਆਇਆ ਚਾਈਂ ਚਾਈਂਆ । ੨੪
ਪਰ ਯਾਦ ਰਖਿਓ ਏਥੇ ਸਾਰੀ ਸ੍ਰਿਸ਼ਟੀ ਵਾਸਤੇ ਧਰਮ ਦੀ ਖੁਲ੍ਹੇਗੀ ਕਿਤਾਬ, ਜਿਸ ਦਾ ਮਜ਼ਮੂਨ ਜਗਤ ਕ਼ਾਨੂੰਨ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਹੁਕਮ ਇਕ ਵਰਤਾਈਆ । ਧਰਨੀ ਕਹੇ ਭਗਤੋ ਤੁਸਾਂ ਮੇਰੇ ਉਤੇ ਕੋਈ ਸੁੱਟੀ ਨਹੀਂ ਮਿੱਟੀ, ਜਗਤ ਘੱਟਾ ਨਾ ਵੰਡ ਵੰਡਾਈਆ । ਮੈਂ ਇਥੇ ਸੁਖ ਦੇ ਆਸਣ ਉਤੇ ਲਿਟੀ, ਸੋਹਣੀ ਸੇਜ ਸੁਹਾਈਆ । ਕਿਉਂ ਤੁਹਾਡੇ ਅੰਦਰ ਪ੍ਰਭੂ ਦੇ ਪਿਆਰ ਦੀ ਧਾਰ ਵੇਖੀ ਚਿੱਟੀ, ਜੋ ਚਿੱਟੇ ਉਤੇ ਕਾਲੇ ਅੱਖਰ ਰਿਹਾ ਲਿਖਾਈਆ । ਜਿਸ ਦੇ ਕੋਲ ਦੋਹੱਥੜਾ ਮਾਰ ਕੇ ਪਿੱਟੀ, ਪਟਨੇ ਵਾਲਾ ਨਾਲ ਮਿਲਾਈਆ । ਉਨ੍ਹ ਮੈਨੂੰ ਇਸ਼ਾਰਾ ਦਿਤਾ ਜਾ ਭਗਤਾਂ ਕੋਲੋਂ ਵੇਖ ਲੈ ਹਾਹੇ ਉਤੇ ਲੱਗੀ ਟਿੱਪੀ, ਹੋੜਾ ਸੱਸੇ ਵਾਲਾ ਨਾਲ ਮਿਲਾਈਆ । ਮੈਂ ਜਾਂ ਨਿਗਾਹ ਮਾਰੀ ਉਨ੍ਹਾਂ ਦੇ ਅੰਦਰੋਂ ਆਵਾਜ਼ ਆਈ ਮਿਠੀ, ਤੂੰ ਮੇਰਾ ਮੈਂ ਤੇਰਾ ਦੂਜਾ ਢੋਲਾ ਕੋਇ ਨਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਨਵਾਂ ਖੰਡਾਂ ਦੇ ਲੇਖ ਲਿਖਾਉਣੇ ਵਖ ਵਖ, ਨੌਂ ਦਰਵਾਜ਼ੇ ਨਵਾਂ ਖੰਡਾਂ ਦਾ ਰਾਹ ਤਕਾਈਆ । ਸੱਤਾਂ ਦੀਪਾਂ ਨੇ ਸਤਿ ਦਾ ਕਰਨਾ ਪੱਖ, ਸਤ ਰੰਗ ਦਾ ਨਿਸ਼ਾਨਾ ਦਏ ਗਵਾਹੀਆ । ਬਾਕੀ ਸ੍ਰਿਸ਼ਟੀ ਦੇ ਲਾਉਣੇ ਭੱਖ, ਚਾਰੋਂ ਕੁੰਟ ਅੰਧੇਰਾ ਛਾਈਆ । ਮੇਰੇ ਧਰਮ ਦੁਆਰ ਦੀ ਗਿਣਤੀ ਕੋਈ ਕਰ ਨਹੀਂ ਸਕੇਗਾ ਕਰੋੜੀ ਲੱਖ, ਟਕਿਆਂ ਵੰਡ ਨਾ ਕੋਇ ਵੰਡਾਈਆ । ਜਗਤ ਦੀਆਂ ਧਾਰਾਂ ਦਾ ਹੋਵੇਗਾ ਇਕੱਠ, ਭੱਜਣ ਸਾਰੇ ਵਾਹੋ ਦਾਹੀਆ । ਕੋਈ ਸਮਾਂ ਨਹੀਂ ਬਹੁਤਾਂ ਤੇ ਸਾਲ ਸਾਰੇ ਅੱਠ,

ਖੇਲ ਵੇਖਣਾ ਚਾਈਂ ਚਾਈਂਆ । ਸ਼ੁਕਰ ਤੁਹਾਡਾ ਤੁਸਾਂ ਮੇਰੀ ਕੀਤੀ ਚੱਠ, ਜਗਤ ਦੀ ਰੀਤੀ ਧੁਰ ਦੀ ਚਲੀ ਆਈਆ । ਇਹ ਕੋਈ ਜਗਤ ਵਾਲਾ ਨਹੀਂ ਮਠ, ਦਿਉਰਿਆਂ ਵੰਡ ਨਾ ਕੋਇ ਵੰਡਾਈਆ । ਜਿਸ ਨੇ ਸਭ ਦੀ ਗੇੜ ਦੇਣੀ ਉਲਟੀ ਲਠ, ਗੇੜਾ ਆਪਣੇ ਘਰੋਂ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦਰ ਇਕ ਵਡਿਆਈਆ । ਧਰਨੀ ਕਹੇ ਜਨ ਭਗਤੋ ਮੇਰੀ ਇਕ ਇਕ ਚੂੰਢੀ ਮੱਥੇ ਨੂੰ ਲਾ ਕੇ ਜਾਇਓ ਖ਼ਾਕ, ਜਿਥੇ ਗੁਰਮੁਖਾਂ ਦੀਆਂ ਅਸਥੀਆਂ ਦਿਤੀਆਂ ਦਬਾਈਆ । ਫੇਰ ਸੁੰਘ ਕੇ ਜਾਇਓ ਨਾਲ ਨਾਕ, ਮਹਿਕ ਅੰਦਰੇ ਅੰਦਰ ਟਿਕਾਈਆ । ਨਾਲੇ ਕਹਿੰਦੇ ਜਾਇਓ ਪ੍ਰਭੂ ਨੇ ਪੂਰਾ ਕੀਤਾ ਵਾਕ, ਜੋ ਕ੍ਰਿਸ਼ਨ ਆਸਾ ਗਿਆ ਰਖਾਈਆ । ਹਸ ਕੇ ਕਹਿੰਦੇ ਜਾਇਓ ਸਾਰੀ ਸ੍ਰਿਸ਼ਟੀ ਦਾ ਖੁਲ੍ਹਿਆ ਤਾਕ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਭਗਤਾਂ ਨੂੰ ਮਾਰਦੇ ਜਾਇਓ ਹਾਕ, ਮੇਲਾ ਮਿਲਿਆ ਚਾਈਂ ਚਾਈਆ । ਸਭ ਤੋਂ ਬਣ ਕੇ ਜਾਇਓ ਚਾਲਾਕ, ਚਿੰਤਾ ਗ਼ਮ ਨਾ ਕੋਇ ਰਖਾਈਆ । ਜੋ ਦਰ ਆਏ ਸਭ ਦੇ ਰੂਹ ਬੁਤ ਹੋ ਗਏ ਪਾਕ, ਪ੍ਰਭੂ ਦੇਵੇ ਮਾਣ ਵਡਿਆਈਆ । ਸਤਿਜੁਗ ਵਿਚ ਸਚ ਸਮਝਿਓ ਇਹਦੇ ਵਿਚੋਂ ਅਗੰਮੀ ਨਿਕਲਦੀ ਰਹੇਗੀ ਲਾਟ, ਨੂਰ ਜੋਤ ਜੋਤ ਰੁਸ਼ਨਾਈਆ । ਭਗਤਾਂ ਦੀ ਧਾਰ ਵਿਚੋਂ ਨਿਕਲੇਗੀ ਪਾਟ, ਪਟਨੇ ਵਾਲਾ ਵੇਖੇ ਚਾਈਂ ਚਾਈਂਆ । ਇਹ ਹੋਵੇਗਾ ਦੀਨ ਦੁਨੀ ਦਾ ਘਾਟ, ਪਤਣ ਇਕੋ ਇਕ ਸੋਭਾ ਪਾਈਆ । ਸਭ ਨੇ ਧੀਰਜ ਰਖਣਾ ਹਾਠ, ਮੇਰੀ ਧਰਮ ਨਾਲ ਦੁਹਾਈਆ । ਧਰਨੀ ਕਹੇ ਭਗਤੋ ਮੇਰੇ ਪਿਆਰ ਦੇ ਬਚਨਾਂ ਦੀ ਘੁੱਟ ਕੇ ਬੰਨ੍ਹਣੀ ਗਾਠ, ਰਾਹ ਵਿਚ ਜਾਂਦਿਆਂ ਵਿਸਰ
੨੭੪ ਕੋਇ ਨਾ ਜਾਈਆ । ਕਦੇ ਖ਼ਿਆਲ ਨਹੀਂ ਕਰਨਾ ਭਗਤ ਦੁਆਰੇ ਆ ਕੇ ਅਸੀਂ ਸੁਤੇ ਨਹੀਂ ਉਤੇ ਖਾਟ, ਸੋਹਣਾ ਆਸਣ ਨਾ ਕੋਇ ਲਗਾਈਆ । ੨੭੪
੨੪ ਜੇ ਕੋਈ ਮੈਨੂੰ ਪੁਛੇ ਧਰਨੀ ਕਹੇ ਮੈਂ ਖ਼ੁਸ਼ੀਆਂ ਵਿਚ ਦੱਸਾਂ ਬਾਤ, ਬਾਤਨ ਭੇਵ ਖੁਲ੍ਹਾਈਆ । ਜਿਸ ਵੇਲੇ ਮੇਰੇ ਉਤੇ ਭਗਤ ਸੌਂਦੇ ਮੇਰੀ ਕਾਲੀ ਤੋਂ ਚਿੱਟੀ ੨੪
ਹੋ ਜਾਂਦੀ ਰਾਤ, ਬਿਨ ਸੂਰੀਆ ਚੰਦ ਰੁਸ਼ਨਾਈਆ । ਤੁਸਾਂ ਮੈਨੂੰ ਦਿੱਲੀ ਦੁਆਰ ਆ ਕੇ ਪਿਆਰ ਦੀ ਦਿਤੀ ਦਾਤ, ਮੈਂ ਆਪਣੀ ਖ਼ਾਲੀ ਝੋਲੀ ਲਈ ਟਿਕਾਈਆ । ਕਿਉਂ ਤੁਹਾਡਾ ਨਾ ਕੋਈ ਮਜ਼੍ਹਬ ਨਾ ਕੋਈ ਜ਼ਾਤ, ਆਤਮਾ ਪਰਮਾਤਮਾ ਮਿਲ ਕੇ ਖ਼ੁਸ਼ੀ ਬਣਾਈਆ । ਮੈਂ ਸਚ ਦੱਸਾਂ ਜਿਸ ਵੇਲੇ ਤੁਹਾਡੇ ਆਟੇ ਵਾਲੀ ਮੇਰੇ ਸੀਨੇ ਉਤੇ ਹਿਲਦੀ ਪਰਾਤ, ਪੁਰਾਤਨ ਲੇਖੇ ਯਾਦ ਕਰਾਈਆ । ਕਿਉਂ ਬਾਵਨ ਨੇ ਬਲ ਨੂੰ ਸਹਿਜ ਨਾਲ ਦਿਤਾ ਸੀ ਆਖ, ਸ਼ਬਦੀ ਸ਼ਬਦ ਸ਼ਬਦ ਕੀਤੀ ਸ਼ਨਵਾਈਆ । ਜਿਸ ਵੇਲੇ ਕਲਜੁਗ ਅੰਧੇਰੀ ਹੋਈ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਧਰਮ ਦਾ ਧਰਮ ਨਾਲੋਂ ਟੁੱਟਿਆ ਨਾਤ, ਨਾਤਾ ਸਕੇ ਨਾ ਕੋਇ ਜੁੜਾਈਆ । ਫੇਰ ਆਵੇਗਾ ਕਮਲਾਪਾਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਖੇਲ ਕਰੇਗਾ ਵਿਚ ਲੋਕਮਾਤ, ਜੋਤੀ ਜਾਤਾ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇਵਣਹਾਰ ਸਰਨਾਈਆ । ਧਰਨੀ ਕਹੇ ਜਨ ਭਗਤੋ ਮੈਂ ਮਿੰਨਤਾਂ ਕਰਾਂ ਅਗੇ ਹਜ਼ੂਰ, ਨਿਵ ਨਿਵ ਸੀਸ ਝੁਕਾਈਆ । ਮੇਰੇ ਸਾਹਿਬ ਇਨ੍ਹਾਂ ਦੀ ਸੇਵਾ ਕਰੀਂ ਮਨਜ਼ੂਰ, ਜੋ ਚਲ ਕੇ ਆਏ ਪਾਂਧੀ ਰਾਹੀਆ । ਜਿਨ੍ਹਾਂ ਪੈਂਡੇ ਮਾਰੇ ਦੂਰ, ਭੱਜੇ ਵਾਹੋ ਦਾਹੀਆ । ਕੋਟਨ ਕੋਟ ਜਨਮ ਦੇ ਪਿਛਲੇ ਬਖ਼ਸ਼ ਦੇਣੇ ਕੁਸੂਰ, ਅਗੇ ਆਪਣਾ ਰੰਗ ਰੰਗਾਈਆ । ਇਹ ਕੋਈ ਜਗਤ ਚਾਕਰ ਨਹੀਂ ਮਜ਼ਦੂਰ, ਭਗਤ ਸੁਹੇਲੇ ਤੇਰੇ ਸੋਭਾ ਪਾਈਆ । ਏਸ ਭਗਤ ਦੁਆਰ ਪਿਛੇ ਜਗਤ ਜਹਾਨ ਉਤੇ ਕਰ ਦੇਣੇ ਮਸ਼ਹੂਰ, ਦੇਸ਼ ਪਰਦੇਸ਼ਾਂ ਵਿਚ ਨਾਮ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਭਗਤੋ ਤੁਹਾਨੂੰ ਨਹੀਂ ਪਤਾ ਰੋਜ਼ ਸਤਿਗੁਰ ਤੁਹਾਡੇ ਨਾਮ ਰਿਹਾ ਲਿਖਦਾ, ਦਿਵਸ
ਰੈਣ ਹਿਸਾਬ ਲਗਾਈਆ । ਸਿਦਕ ਪਰਖਿਆ ਸਾਚੇ ਸਿਖ ਦਾ, ਜੋ ਗੋਬਿੰਦ ਗਿਆ ਸਮਝਾਈਆ । ਨਾਲੇ ਕੌਲ ਪੂਰਾ ਕੀਤਾ ਭਵਿਖ ਦਾ, ਅਵਤਾਰ
ਪੈਗ਼ੰਬਰਾਂ ਬਾਰਾਂ ਦਿਨ ਨਾਲ ਰਖਾਈਆ । ਤੁਹਾਥੋਂ ਸਹਾਰਾ ਲਿਆ ਨੀਂਹ ਵਾਲੀ ਇੱਟ ਦਾ, ਜਗਤ ਰੀਤੀ ਜੁਗਤ ਨਾਲ ਚਲਾਈਆ । ਜਿਸ ਦਾ
ਖੇਲ ਸ਼ਬਦੀ ਧਾਰ ਅਗੰਮੀ ਚਿਟ ਦਾ, ਜਗਤ ਜਹਾਨ ਸ਼ਾਸਤਰ ਭੇਵ ਨਾ ਕੋਇ ਸਮਝਾਈਆ । ਉਹ ਆਪਣਾ ਖੇਲ ਆਪੇ ਨਜਿੱਠਦਾ, ਦੂਸਰ ਹੱਥ
ਨਾ ਕਦੇ ਫੜਾਈਆ । ਸਦਾ ਸਹਾਰਾ ਬਣਿਆ ਰਹੇ ਤੁਹਾਡੀ ਪਿਠ ਦਾ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਤੁਹਾਡੇ ਅੰਦਰ ਪੈਂਡਾ ਸਿਰਫ਼
ਸਵਾ ਗਿਠ ਦਾ, ਦੋ ਜਹਾਨਾਂ ਪੰਧ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ
ਦਾ ਮਾਲਕ ਇਕ ਗੁਸਾਈਆ । ਧਰਨੀ ਕਹੇ ਜਨ ਭਗਤੋ ਤੁਹਾਡੇ ਚਰਨ ਬੜੇ ਪਵਿਤ੍ਰ, ਜੋ ਮੇਰੇ ਉਤੇ ਟਿਕਾਈਆ । ਕਿਉਂ ਪ੍ਰਭੂ ਤੁਹਾਡੇ ਪਿਛੇ
ਆਇਆ ਮੇਰਾ ਮਿਤਰ, ਤੁਹਾਡੇ ਪਿਛੇ ਆਪਣਾ ਫੇਰਾ ਪਾਈਆ । ਜਿਸ ਨੇ ਭਗਤ ਦੁਆਰੇ ਦਾ ਬਣਾ ਦੇਣਾ ਸੋਹਣਾ ਚਿਤ੍ਰ, ਚਾਤ੍ਰਿਕਾਂ ਦੀ ਤ੍ਰਿਖਾ
ਦਏ ਬੁਝਾਈਆ । ਤੁਹਾਡੇ ਪ੍ਰੇਮ ਵਿਚੋਂ ਆਏ ਨਿਕਲ, ਬਾਹਰੋਂ ਲੱਭਣ ਦੀ ਲੋੜ ਰਹੇ ਨਾ ਰਾਈਆ । ਜਿਸ ਨੂੰ ਝੁਕਣੇ ਲੋਕ ਸਿਤਲ ਵਿਤਲ ਇਤਲ,
ਬੈਠਣ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਆ ।
 ਧਰਨੀ ਕਹੇ ਭਗਤੋ ਬਣੀਏ ਭਾਈ ਭੈਣ, ਪ੍ਰੇਮ ਨਾਲ ਜਣਾਈਆ । ਤੁਹਾਡਾ ਮੇਰਾ ਸਾਂਝਾ ਹੋਵੇ ਨੈਣ, ਅੱਖ ਅੱਖ ਵਿਚ ਰਖਾਈਆ । ਮੁਹੱਬਤ ਵਿਚ ੨੭੫
 ਰਹੇ ਨਾ ਕੋਇ ਤੂਫੈਣ, ਦੁਤੀਆ ਵੰਡ ਨਾ ਕੋਇ ਵੰਡਾਈਆ । ਜੋ ਇਸ਼ਾਰਾ ਦਿਤਾ ਬਾਲਮੀਕ ਵਿਚ ਰਮਾਇਣ, ਮੇਰੇ ਮਹਿਬੂਬ ਨੇ ਪੂਰਾ ਦਿਤਾ ਕਰਾਈਆ । ੨੪
ਜੋ ਆਖਿਆ ਨਾਈ ਸੈਣ, ਸੈਨਤ ਨਾਲ ਸਮਝਾਈਆ । ਜੋ ਰਵੀਦਾਸ ਦੱਸਿਆ ਗਹਿਣ, ਰਸਤਾ ਰਸਤਿਆਂ ਵਿਚੋਂ ਪ੍ਰਗਟਾਈਆ । ਅਗੇ ਦਿਸੇ ਨਾ
ਕੋਈ ਪਰਾਇਣ, ਦੂਜੀ ਵੰਡ ਨਾ ਕੋਇ ਵੰਡਾਈਆ । ਮੈਂ ਕੋਝੀ ਕਮਲੀ ਸ਼ੁਦੈਣ, ਧਰਨੀ ਹਸ ਕੇ ਰਹੀ ਸੁਣਾਈਆ । ਮੇਰੇ ਉਤੇ ਪਤਾ ਨਹੀਂ ਕਿੰਨੀ
ਕੁ ਸ੍ਰਿਸ਼ਟੀ ਨੂੰ ਖਾ ਗਈ ਮੌਤ ਲਾੜੀ ਡੈਣ, ਸ਼ਾਹ ਸੁਲਤਾਨ ਬਚਿਆ ਰਹਿਣ ਕੋਇ ਨਾ ਪਾਈਆ । ਮੈਂ ਕਹਾਂ ਭਗਤੋ ਤੁਹਾਡੇ ਧੰਨ ਭਾਗ ਜਿਨ੍ਹਾਂ ਨੂੰ
ਆਪ ਆਇਆ ਲੈਣ, ਆਪ ਆਪਣਾ ਫੇਰਾ ਪਾਈਆ । ਤੁਹਾਡੇ ਪਿਛੇ ਵੀਰੋ ਉਹਨੂੰ ਕਦੇ ਨਹੀਂ ਆਉਂਦਾ ਚੈਣ, ਦਿਵਸ ਰੈਣ ਭੱਜੇ ਵਾਹੋ ਦਾਹੀਆ ।
ਕਿਉਂ ਉਸ ਆਪਣੀ ਕਿਰਪਾ ਨਾਲ ਤੁਹਾਨੂੰ ਤਾਰਨਾ ਵਿਚੋਂ ਕਾਲੀ ਰੈਣ, ਭਗਤੀ ਚਰਨ ਪ੍ਰੀਤੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦੁਆਰ ਇਕ ਸੁਹਾਈਆ । ਧਰਨੀ ਕਹੇ ਭਗਤੋ ਮੈਂ ਤੁਹਾਡਾ ਜ਼ਰੂਰ ਕਰਾਂਗੀ ਦਰਸ,
ਦਰਸ ਪਿਆਸੀ ਨਾਉਂ ਧਰਾਈਆ । ਕਿਉਂ ਇਹ ਮੇਰੇ ਸ਼ਹਿਨਸ਼ਾਹ ਦਾ ਖ਼ੁਸ਼ੀਆਂ ਵਾਲਾ ਬਰਸ, ਦਹਿ ਦਿਸ਼ਾ ਗੰਢ ਪਵਾਇੰਦਾ । ਮੇਰੀ ਭਟਕਣਾ
ਮਿਟੇ ਹਰਸ, ਹਵਸ ਅਵਰ ਨਾ ਕੋਇ ਜਣਾਇੰਦਾ । ਤੁਸਾਂ ਮੇਰੇ ਉਤੇ ਕਰਕੇ ਜਾਣਾ ਤਰਸ, ਤੁਹਾਡੀ ਰਹਿਮਤ ਪ੍ਰਭ ਦਾ ਨੂਰ ਨਜ਼ਰੀ ਆਇੰਦਾ ।
ਬੇਸ਼ਕ ਦੁਨੀਆ ਕਹਿੰਦੀ ਉਹ ਦਿਸੇ ਉਤੇ ਅਰਸ਼, ਮੈਨੂੰ ਤੁਹਾਡੇ ਅੰਦਰ ਦਿਸੇ ਸੋਭਾ ਪਾਇੰਦਾ । ਵੇਖਿਓ ਮਾਤ ਪਿਤ ਭੈਣ ਭਰਾ ਨਾਰ ਕੰਤ ਪਿਤਾ
ਪੂਤ ਕਦੇ ਨਾ ਕਹਿ ਦਿਉ ਸਾਡਾ ਹੋਇਆ ਖਰਚ, ਗਿਣਤੀ ਗਣਤ ਨਾ ਕੋਇ ਗਣਾਇੰਦਾ । ਇਹ ਆਸ਼ਾ ਰਖੀ ਸੀ ਯਸੂਹ ਨੇ ਜਿਸ ਵੇਲੇ ਮੇਰਾ

ਲੇਖਾ ਲਗਣਾ ਨਾਲੋਂ ਚਰਚ, ਚਾਰ ਜੁਗ ਦੇ ਅੰਤ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਇੰਦਾ । ਧਰਨੀ ਕਹੇ ਜਨ ਭਗਤੋ ਮੇਰੀ ਨਿੱਕੀ ਜਿਹੀ ਅਰਜ਼ੋਈ, ਅਰਜ਼ਾਂ ਕਰਨ ਵਾਲਿਉ ਦਿਆਂ ਜਣਾਈਆ । ਜੁਗਾਂ ਵਿਚੋਂ ਭਗਤੀ ਕਰਕੇ ਪ੍ਰਭੂ ਦਾ ਭਗਤ ਬਣਿਆ ਕੋਈ ਕੋਈ, ਕੋਟਾਂ ਵਿਚੋਂ ਕੋਈ ਨਜ਼ਰੀ ਆਈਆ । ਹੁਣ ਤੁਹਾਡੀ ਆਪੇ ਸੁਰਤ ਉਠਾ ਲਈ ਸੋਈ, ਸੁੱਤਿਓ ਤੁਹਾਨੂੰ ਆਪ ਜਗਾਈਆ । ਤੁਹਾਡੀ ਆਤਮਾ ਆਪ ਮੋਹੀ, ਮੁਹੱਬਤ ਆਪਣੇ ਨਾਲ ਜਣਾਈਆ । ਜਿਨ੍ਹਾਂ ਨਾਲ ਜਾਏ ਛੋਹੀ, ਸ਼ੌਹਰ ਬਾਂਕਾ ਆਪਣੇ ਰੰਗ ਰੰਗਾਈਆ । ਤੁਹਾਡੀ ਦੁਰਮਤ ਮੈਲ ਜਾਏ ਧੋਈ, ਧੋਬੀ ਹੋ ਕੇ ਖ਼ੂਬ ਪਟਕਾ ਨਾਮ ਵਾਲਾ ਲਗਾਈਆ । ਅੰਮ੍ਰਿਤ ਰਸ ਜਾਏ ਚੋਈ, ਜਗਤ ਤ੍ਰਿਸ਼ਨਾ ਭੁਖ ਮਿਟਾਈਆ । ਲੇਖੇ ਲਾਉਂਦਾ ਜਾਏ ਪੇਸ਼ੀਨਗੋਈ, ਗੁਰ ਅਵਤਾਰ ਪੈਗ਼ੰਬਰਾਂ ਮੇਲ ਮਿਲਾਈਆ । ਸਚ ਪੁਛੋ ਧਰਨੀ ਕਹੇ ਇਹੋ ਜਿਹੀ ਅਗੇ ਕਦੀ ਨਹੀਂ ਹੋਈ, ਅਣਹੋਣੀ ਆਪਣੀ ਖੇਲ ਖਿਲਾਈਆ । ਜਿਸ ਦੀ ਯਾਦ ਵਿਚ ਸਾਰੇ ਕਰਦੇ ਗਏ ਦਰੋਹੀ, ਦੋ ਜਹਾਨਾਂ ਦਾ ਮਾਲਕ ਆਪਣਾ ਵੇਸ ਵਟਾਈਆ । ਤੁਸੀਂ ਭਗਤ ਸੁਹੇਲੇ ਤੁਹਾਡੀ ਆਸ਼ਾ ਸਦਾ ਰਹੇ ਨਵੀਂ ਨਰੋਈ, ਨਿਰਗੁਣ ਆਸ਼ਾ ਆਪਣੇ ਨਾਲ ਮਿਲਾਈਆ । ਕਿਸੇ ਦੀ ਪਤ ਜਾਏ ਨਾ ਖੋਹੀ, ਪਤ ਪਤਵੰਤਾ ਹੋ ਕੇ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਗ੍ਰਿਹ ਇਕ ਸੁਹਾਈਆ । ਜਨ ਭਗਤੋ ਤੁਹਾਡਾ ਪਿਆਰ ਗਹਿਰਾ ਸਾਗਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋ ਰੱਖਿਆ ਵਿਚ ਕਾਇਆ ਗਾਗਰ, ਸਾਢੇ ਤਿੰਨ ਹੱਥ ਆਪ ਟਿਕਾਈਆ । ਦਰ ਆਇਆਂ ਨੂੰ ਦੇਵੇ ਪ੍ਰਭੂ ਆਪ ਆਦਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਤੁਹਾਡਾ ਨਿਰਮਲ ਕਰਮ ਕਰੇ ਉਜਾਗਰ, ਤੁਹਾਡੀ ਉਜਰਤ ਆਪਣੇ ਲੇਖੇ ਪਾਈਆ । ਤੁਸੀਂ ਸਚ ਦੇ ਬਣੇ ਸੌਦਾਗਰ, ਵਸਤ ਨਾਮ ਤੁਹਾਡੇ ਹਟ ਵਿਕਾਈਆ । ਬੜੇ ਸੂਰਬੀਰ ਬਣੇ ਬਹਾਦਰ, ਯੋਧੇ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਮ ਦੀ ਧਾਰ ਕਰੇ ਆਦਲ, ਇਨਸਾਫ਼ ਵਿਚ ਪਿਛਲੇ ਕਰਮ ਕੁਕਰਮ ਮਾਫ਼ ਸਰਬ ਕਰਾਈਆ ।

✪ ੨੧ ਮਾਘ ਸ਼ਹਿਨਸ਼ਾਹੀ ਸੰਮਤ ਦਸ ਮੇਰਠ ਛਾਉਣੀ ਮਹਿੰਦਰ ਸਿੰਘ, ਗੁਰਬਚਨ ਸਿੰਘ ਨਯਾਸ਼ਾਲਾ, ਵਿਸ਼ਵਾ ਮਿਤਰ ਗੁਰਦੀਪ ਸਿੰਘ ਪ੍ਰੇਮੀ ਦੇਵੀ ਹੰਸ ਰਾਜ ਮੁਲਖ ਰਾਜ ਮੇਰਠ ✪

ਪੰਜ ਤਤ ਕਹਿਣ ਪ੍ਰਭ ਧੁਰ ਦੇ ਕਮਲਾਪਾਤੀ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਦੀਨ ਦਿਆਲ ਕਲਜੁਗ ਵੇਖ ਅੰਧੇਰੀ ਰਾਤੀ, ਨਵ ਖੰਡ ਵਿਚ ਵਰਭੰਡ, ਧਿਆਨ ਲਗਾਈਆ । ਧਰਮ ਰਿਹਾ ਨਾ ਨਵ ਸਾਤੀ, ਚਾਰ ਵਰਨ ਅਠਾਰਾਂ ਬਰਨ ਰਹੇ ਕੁਰਲਾਈਆ । ਆਤਮ ਪਰਮਾਤਮ ਬਣੇ ਨਾ ਕੋਇ ਜਮਾਤੀ, ਵਿਦਿਆ ਨਿਰਅੱਖਰ ਧਾਰ ਨਾ ਕੋਇ ਸਮਝਾਈਆ । ਅੰਮ੍ਰਿਤ ਮਿਲੇ ਨਾ ਬੂੰਦ ਸਵਾਂਤੀ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਚਾਰੋਂ


੨੭੬ ੨੪

ਕੁੰਟ ਅੰਧੇਰਾ ਜਗ, ਸਾਚਾ ਚੰਦ ਨਾ ਕੋਇ ਚਮਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਤੇਰੀ
ਧਾਰ ਤੈਥੋਂ ਹੋਈ ਅਲਗ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਤੂੰ ਸਾਹਿਬ ਸੁਲਤਾਨ ਨੌਜਵਾਨ ਸੂਰਾ ਸਰਬਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ
ਇਕ ਅਖਵਾਈਆ । ਸ੍ਰਿਸ਼ਟੀ ਦੀਨ ਦੁਨੀ ਵਖਾਵੇ ਇਕੋ ਪਗ, ਮਾਰਗ ਰਾਹ ਰਹਿਬਰ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਨੇਤਰ ਵਗੇ ਨੀਰ, ਚਾਰ ਕੁੰਟ ਕੁੰਟ
ਦੁਹਾਈਆ । ਵਜੂਦ ਧਰੇ ਨਾ ਕੋਈ ਧੀਰ, ਧਰਮ ਧਾਰ ਨਾ ਕੋਇ ਪਰਗਟਾਈਆ । ਅਸੀਂ ਕੋਝੇ ਕਮਲੇ ਹੋਏ ਹਕੀਰ, ਸ਼ਾਹ ਫ਼ਕੀਰ ਸਾਰ ਕੋਇ
ਨਾ ਪਾਈਆ । ਤੇਰਾ ਨੂਰ ਨਜ਼ਰ ਨਾ ਆਏ ਬੇਨਜ਼ੀਰ, ਨਿਜ ਲੋਚਨ ਨੈਣ ਨਾ ਕੋਇ ਰੁਸ਼ਨਾਈਆ । ਜੋ ਸੰਦੇਸ਼ਾ ਦੇ ਕੇ ਗਿਆ ਭਗਤ ਸੁਹੇਲਾ
ਜਗਤ ਕਬੀਰ, ਸਦੀ ਚੌਧਵੀਂ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ
ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਧੁਰ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਤੇਰਾ ਸੰਦੇਸ਼ਾ ਸੁਣੀਏ ਪੈਗ਼ਾਮ, ਪੈਗ਼ੰਬਰਾਂ
ਤੋਂ ਬਾਹਰ ਕਰ ਸ਼ਨਵਾਈਆ । ਭੇਵ ਖੁਲ੍ਹਾ ਦੇ ਜਗਤ ਅੰਧੇਰਾ ਸ਼ਾਮ, ਸ਼ਮਅ ਨੂਰ ਕਰ ਰੁਸ਼ਨਾਈਆ । ਸਾਡਾ ਲੇਖਾ ਪੂਰਾ ਕਰ ਤਮਾਮ, ਤਾਮਸ
ਤ੍ਰਿਸ਼ਨਾ ਮੇਟ ਮਿਟਾਈਆ । ਸਾਡਾ ਇਕੋ ਕਲਮਾ ਹੋਏ ਕਲਾਮ, ਕਾਇਨਾਤ ਇਕ ਪੜ੍ਹਾਈਆ । ਇਕੋ ਸੰਦੇਸ਼ਾ ਦੇਣਾ ਅਗੰਮੇ ਨਾਮ, ਨਾਉਂ ਨਿਰੰਕਾਰ
੨੧੧ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਪੰਜ ੨੧੧
੨੪ ਤਤ ਕਹਿਣ ਪ੍ਰਭ ਝਗੜਾ ਮੇਟ ਵਿਚ ਦੀਨ ਦੁਨੀ, ਨਿਰਗੁਣ ਸਰਗੁਣ ਹੋ ਸਹਾਈਆ । ਤੂੰ ਮਾਲਕ ਕੁਨ ਕੁਨੀ, ਖ਼ਾਲਕ ਖ਼ਲਕ ਇਕ ਅਖਵਾਈਆ । ੨੪
ਸਾਡੀ ਪੁਕਾਰ ਨਿਰਗੁਣ ਧਾਰ ਸੁਣੀਂ, ਅਣਸੁਣਤ ਤੇਰੀ ਸਰਨਾਈਆ । ਹਰਿ ਹਿਰਦੇ ਅੰਤਰ ਤੇਰੇ ਨਾਮ ਦੀ ਵਜੇ ਧੁਨੀ, ਧੁਨ ਆਤਮਕ ਰਾਗ ਦੇਣਾ
ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਭੇਵ ਆਪ ਚੁਕਾਈਆ । ਪੰਜ ਤਤ
ਕਹਿਣ ਪ੍ਰਭ ਤੇਰੀ ਇਕੋ ਹੋਵੇ ਤਬਲੀਕ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਮਾਨਸ ਮਾਨਵ ਕਰ ਕ਼ਰੀਬ, ਕਰਬਲੇ ਦਾ ਲੇਖਾ ਰਹੇ ਨਾ ਰਾਈਆ ।
ਨੌਂ ਸੱਤ ਦੇ ਤਰਤੀਬ, ਤਰੀਕ਼ਾ ਧੁਰ ਦਾ ਇਕ ਦ੍ਰਿੜਾਈਆ । ਝਗੜਾ ਰਹੇ ਨਾ ਅਮੀਰ ਗ਼ਰੀਬ, ਗ਼ੁਰਬਤ ਸਭ ਦੇ ਅੰਦਰੋਂ ਬਾਹਰ ਕਰਾਈਆ ।
ਲੇਖਾ ਵੇਖ ਲੈ ਕ਼ੁਰਾਨ ਮਜੀਦ, ਜੋ ਤੀਸ ਬਤੀਸੇ ਨਾਲ ਸਮਝਾਈਆ । ਪੰਜ ਤਤ ਕਹਿਣ ਤੇਰੇ ਪਿਆਰ ਵਿਚ ਹੁੰਦੇ ਰਹੇ ਸ਼ਹੀਦ, ਸ਼ਹਾਦਤ ਜਗਤ
ਵਾਲੀ ਰਖਾਈਆ । ਸਾਡੀ ਆਸਾ ਮਨਸਾ ਪੂਰੀ ਕਰ ਉਮੀਦ, ਤ੍ਰਿਸ਼ਨਾ ਤੇਰੇ ਅਗੇ ਟਿਕਾਈਆ । ਅਸੀਂ ਤਨ ਵਜੂਦ ਤੇਰੇ ਅਜ਼ੀਜ਼, ਆਲੀਜ਼ਾਹ
ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੰਜ
ਤਤ ਕਹਿਣ ਜੇ ਭਗਤਾਂ ਆਤਮਾ ਦਏਂ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਕਿਉਂ ਨਹੀਂ ਸਾਡਾ ਖ਼ੁਸ਼ੀ ਕਰਦਾ ਬੰਦ ਬੰਦ, ਜੋ ਬੰਦਗੀ
ਤੇਰੀ ਵਿਚ ਸਮਾਈਆ । ਅਸੀਂ ਵਜੂਦ ਮਾਟੀ ਖ਼ਾਕ ਤੇਰੇ ਸੋਹਣੇ ਚੰਦ, ਜੋਤੀ ਜਾਤੇ ਪੁਰਖ ਬਿਧਾਤੇ ਤੇਰਾ ਦਰਸ਼ਨ ਪਾਈਆ । ਸਚਖੰਡ ਦੁਆਰ ਏਕੰਕਾਰ
ਦਰਗਾਹ ਸਾਚੀ ਸਾਡੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਸਚ ਦੁਆਰ ਤੇਰਾ ਆਤਮਾ ਨਾਲ ਆਈਏ ਲੰਘ, ਅਗੇ ਹੋ ਨਾ ਕੋਇ ਅਟਕਾਈਆ ।

ਤੂੰ ਸਾਹਿਬ ਸੂਰਾ ਸਰਬੰਗ, ਹਰਿ ਕਰਤਾ ਧੁਰਦਰਗਾਹੀਆ । ਸਾਡੀ ਗ਼ਮੀ ਮੇਟ ਦੇ ਰੰਜ, ਰੰਜਸ਼ ਅੰਦਰੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਜੁਗ ਜੁਗ ਰਖੀਆਂ ਆਸ਼ਾ, ਅਵਤਾਰ ਪੈਗ਼ੰਬਰ ਗੁਰ ਨਾਲ ਮਿਲਾਈਆ । ਜੋ ਸ਼ਬਦੀ ਧਾਰ ਦੇਂਦੇ ਗਏ ਦਿਲਾਸਾ, ਕਲਮਾ ਕਲਮਿਆਂ ਵਿਚੋਂ ਸਮਝਾਈਆ । ਕ਼ੁਦਰਤ ਦਾ ਕ਼ਾਦਰ ਤੁਹਾਡੀਆਂ ਪੂਰੀਆਂ ਕਰੇ ਆਸਾਂ, ਖ਼ੁਸ਼ੀਆਂ ਆਪਣਾ ਰੰਗ ਰੰਗਾਈਆ । ਮਕ਼ਬਰਿਆਂ ਵਿਚ ਤਕ ਲੈ ਲਾਸ਼ਾਂ, ਲਾਸ਼ਰੀਕ ਪਰਦਾ ਆਪ ਉਠਾਈਆ । ਸਾਡਾ ਵੇਖ ਖੇਲ ਵਿਚ ਭਰਵਾਸਾ, ਮੜ੍ਹੀ ਗੋਰਾਂ ਨਾਲ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਪੰਜ ਤਤ ਕਹਿਣ ਪ੍ਰਭ ਕਲਜੁਗ ਵੇਖ ਲੈ ਅੰਤ ਕਿਨਾਰਾ, ਨਵ ਸੱਤ ਧਿਆਨ ਲਗਾਈਆ । ਸਾਡਾ ਦਿਸੇ ਨਾ ਕੋਇ ਪਿਆਰਾ, ਮੁਹੱਬਤ ਵਿਚ ਨਾ ਕੋਇ ਸਮਾਈਆ । ਚਾਰੋਂ ਕੁੰਟ ਅੰਧ ਅੰਧਿਆਰਾ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਲਹਿਣਾ ਪੂਰਾ ਕਰ ਦੇ ਪੈਗ਼ੰਬਰ ਗੁਰ ਅਵਤਾਰਾ, ਜੋ ਭਵਿਖਤਾਂ ਵਿਚ ਆਸਾਂ ਧੁਰ ਦੀਆਂ ਗਏ ਰਖਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰਾ ਤਕੀਏ ਇਕ ਦੁਆਰਾ, ਗ੍ਰਹਿ ਮੰਦਰ ਅੰਦਰ ਇਕੋ ਸੋਭਾ ਪਾਈਆ । ਜਿਥੇ ਨੂਰ ਜੋਤ ਹੋਵੇ ਉਜਿਆਰਾ, ਬਿਨ ਤੇਲ ਬਾਤੀ ਦੀਪਕ ਦੀਆ ਡਗਮਗਾਈਆ । ਤੂੰ ਸ਼ਾਹੋ ਭੂਪ ਨਜ਼ਰੀ ਆਏਂ ਸਿਕਦਾਰਾ, ਸ਼ਹਿਨਸ਼ਾਹ ਅਗੰਮ ਅਥਾਹੀਆ । ਸਾਡੀ ਨਮੋ ਨਮੋ ਨਿਮਸਕਾਰਾ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਸਾਡਾ ਲਹਿਣਾ ਦੇਣਾ ਪੂਰਾ ਕਰ ਦੇ ਅੰਤ ਕੰਤ ਭਗਵੰਤ ਆਪਣੀ ਧਾਰਾ, ਧਰਨੀ ਧਰਤ ਧਵਲ ਧੌਲ ਲੇਖਾ ਰਹੇ ਨਾ ਰਾਈਆ । ਸਤਿਗੁਰ ਸ਼ਬਦ ਦਾ ਸ਼ਬਦੀ ਦੇ ਇਸ਼ਾਰਾ, ਸੈਨਤ ਅਵਰ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਵਜ਼ੀਉਲ ਜ਼ਬਾ ਜ਼ੁਈ ਨਵਲ ਅੱਲਾ ਮਵਲ ਮਹੁੰਮਦੇ ਦੁਆ ਨੂਰੇ ਖ਼ੁਦਾ ਖ਼ੁਦ ਮਾਲਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਪਰਦਾ ਆਪ ਉਠਾਈਆ । ਪੰਜ ਤਤ ਕਹਿਣ ਪ੍ਰਭ ਨਿਗਾਹ ਮਾਰ ਲੈ ਚੌਦਾਂ ਲੋਕ, ਚੌਦਾਂ ਤਬਕ ਧਿਆਨ ਲਗਾਈਆ । ਤੇਰਾ ਸੁਣੀਏ ਇਕ ਸਲੋਕ, ਸੋਹਲਾ ਢੋਲਾ ਅਨਬੋਲਤ ਬੋਲਾ ਦੇਣਾ ਜਣਾਈਆ । ਜਿਸ ਦਾ ਹੁਕਮ ਸਕੇ ਕੋਈ ਨਾ ਰੋਕ, ਅਗੇ ਹੋ ਨਾ ਕੋਇ ਅਟਕਾਈਆ । ਤੇਰਾ ਪਰਕਾਸ਼ ਤਕੀਏ ਦੋ ਜਹਾਨਾਂ ਨਿਰਮਲ ਜੋਤ, ਜੋਤੀ ਜਾਤਾ ਪੁਰਖ ਬਿਧਾਤਾ ਇਕੋ ਨਜ਼ਰੀ ਆਈਆ । ਆਤਮ ਪਰਮਾਤਮ ਪਰਮਾਤਮ ਆਤਮ ਸਭ ਨੂੰ ਆਪਣੀ ਬਣਾ ਲੈ ਗੋਤ, ਗੌਤਮ ਦਾ ਲੇਖਾ ਪੂਰਾ ਦੇਣਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਗ੍ਰਹਿ ਇਕ ਸੁਹਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਪੁਤਲੇ ਮਾਟੀ ਖ਼ਾਕ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਜੋੜ ਜੁੜਾਈਆ । ਸਾਡਾ ਅੰਤਰ ਖੋਲ੍ਹ ਦੇ ਤਾਕ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਤਨ ਵਜੂਦ ਕਰ ਦੇ ਪਾਕ, ਪਤਤ ਪੁਨੀਤ ਦਇਆ ਕਮਾਈਆ । ਤੇਰੇ ਸੇਵਕ ਬਣੀਏ ਚਾਕ, ਚਾਕਰ ਹੋ ਕੇ ਸੇਵ ਕਮਾਈਆ । ਮਨੂਆ ਮਨ ਰਹੇ ਨਾ ਆਕ, ਤ੍ਰਿਸ਼ਨਾ ਕੂੜ ਨਾ ਕੋਇ ਹਲਕਾਈਆ । ਸ਼ਬਦ ਘੋੜ ਚੜ੍ਹਾਉਣਾ ਰਾਕ, ਸ਼ਾਹ ਅਸਵਾਰੇ ਦਇਆ ਕਮਾਈਆ । ਸਾਡਾ ਪੰਧ ਮੁਕਾਉਣਾ ਵਾਟ, ਲੇਖਾ ਅਗੇ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ

ਦਾ ਮੇਲਾ ਲੈਣਾ ਮਿਲਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਕਰਨਾ ਆਪ ਮਿਲਾਪ, ਮਿਲਣੀ ਹਰਿ ਜਗਦੀਸ਼ ਕਰਾਈਆ । ਤੂੰ ਮੇਰਾ ਮੈਂ ਤੇਰਾ ਸਭ ਦਾ ਹੋਵੇ ਜਾਪ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਤ੍ਰੈਗੁਣ ਅਤੀਤੇ ਮੇਟਣਾ ਤਾਪ, ਤ੍ਰੈਗੁਣ ਦਾ ਲੇਖਾ ਦੇਣਾ ਚੁਕਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰਾ ਕਰਨਾ ਵਾਕ, ਵਾਕਿਆ ਵੇਖਣਾ ਚਾਈਂ ਚਾਈਂਆ । ਤੇਰੇ ਦਰਸ ਦਾ ਮੇਲਾ ਹੋਵੇ ਨਾਲ ਇਤਫ਼ਾਕ, ਇਤਫ਼ਾਕੀਆ ਆਉਣਾ ਵਾਹੋ ਦਾਹੀਆ । ਜਗਤ ਜਹਾਨ ਮੁਕਾਉਣੀ ਵਾਟ, ਬਿਨ ਕ਼ਦਮਾਂ ਕ਼ਦਮ ਟਿਕਾਈਆ । ਤੇਰਾ ਦਰਸ਼ਨ ਤਕੀਏ ਨੂਰ ਜੋਤ ਲਲਾਟ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮੇਲਾ ਆਪ ਮਿਲਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਕਰਨਾ ਘਰ ਸੁਹੰਜਣਾ, ਸਾਢੇ ਤਿੰਨ ਹੱਥ ਦੇਣੀ ਵਡਿਆਈਆ । ਤੂੰ ਆਦਿ ਪੁਰਖ ਨਿਰੰਜਣਾ, ਅਪਰੰਪਰ ਬੇਪਰਵਾਹੀਆ । ਸਦਾ ਸੁਹੇਲਾ ਦਰਦ ਦੁਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਕਲਜੁਗ ਨੇਤਰ ਨਾਮ ਦਾ ਪਾ ਦੇ ਅੰਜਣਾ, ਅੰਧ ਅੰਧੇਰਾ ਰਹੇ ਨਾ ਰਾਈਆ । ਠਾਕਰ ਸੁਆਮੀ ਬਣਨਾ ਸੱਜਣਾ, ਮੀਤ ਹੋ ਕੇ ਵੇਖ ਵਖਾਈਆ । ਅੰਤ ਕੰਤ ਜਗਤ ਜਹਾਨ ਰਖਣੀ ਲਜਣਾ, ਸਿਰ ਸਿਰ ਹੱਥ ਟਿਕਾਈਆ । ਜਨ ਭਗਤਾਂ ਪੜਦਾ ਕਜਣਾ, ਮਿਹਰਵਾਨ ਦਇਆ ਕਮਾਈਆ । ਤੇਰਾ ਦੀਪਕ ਜੋਤੀ ਇਕੋ ਜਗਣਾ, ਚਾਰ ਕੁੰਟ ਕਰੇ ਰੁਸ਼ਨਾਈਆ । ਭਗਤਾਂ ਕੂੜ ਬੁਝਾਉਣੀ ਅਗਣਾ, ਅੰਮ੍ਰਿਤ ਮੇਘ ਨਾਮ ਬਰਸਾਈਆ । ਚਰਨ ਪ੍ਰੀਤੀ ਵਿਚ ਕਰਨਾ ਮਗਨਾ, ਚਰਨੋਦਕ ਨਾਮ ਮੁਖ ਦੇਣਾ ਚਵਾਈਆ । ਤੂੰ ਨੂਰ ਅਲਾਹੀ ਸਭ ਦਾ ਰੱਬਨਾ, ਯਾਮਬੀਨ ਤੇਰੀ ਵਡਿਆਈਆ । ਤੂੰ ਗੋਪਾਲ ਮੂਰਤ ਮਦਨਾ, ਸੁਆਮੀ ਇਕ ਅਖਵਾਈਆ । ਲੇਖੇ ਲਾਉਣਾ ਆਅਲਾ ਅਦਨਾ, ਸ਼ਾਹ ਹਕੀਰਾਂ ਇਕੋ ਘਰ ਵਸਾਈਆ । ਜਨ ਭਗਤਾਂ ਖ਼ੁਸ਼ੀਆਂ ਨਾਲ ਤੈਨੂੰ ਸੱਦਣਾ, ਹੋਕਾ ਦੇਣ ਥਾਉਂ ਥਾਈਂਆ । ਸਾਡਾ ਲਹਿਣਾ ਦੇਣਾ ਚੁਕਾਉਣਾ ਕਾਇਆ ਮਾਟੀ ਪੰਜ ਤਤ ਬਦਨਾ, ਬਦੀ ਦਾ ਡੇਰਾ ਢਾਈਆ । ਤੂੰ ਨਿਰਗੁਣ ਨਿਰਵੈਰ ਨੂਰ ਅਲਾਹੀ ਰੱਬਨਾ, ਯਾਮਬੀਨ ਤੇਰੀ ਸਰਨਾਈਆ । ਸਾਡੀ ਆਵਣ ਜਾਵਣ ਲੱਖ ਚੁਰਾਸੀ ਮੇਟਣੀ ਹੱਦਨਾ, ਹਦੂਦ ਆਪਣੀ ਦੇਣੀ ਵਖਾਈਆ । ਜਿਥੇ ਇਕੋ ਡੰਕਾ ਵਜਣਾ, ਦੂਸਰ ਅਵਰ ਨਾ ਕੋਇ ਸ਼ਨਵਾਈਆ । ਇਕੋ ਦੀਪਕ ਜੋਤ ਜਗਣਾ, ਦੋ ਜਹਾਨ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਤੇਰੇ ਅਗੇ ਅਰਦਾਸ, ਬੇਨੰਤੀ ਚਰਨ ਕਵਲ ਟਿਕਾਈਆ । ਸਾਡਾ ਜਨਮ ਕਰਨਾ ਰਾਸ, ਰਸਤਾ ਰਹਿਬਰ ਦੇਣਾ ਵਖਾਈਆ । ਨਿਰਗੁਣ ਧਾਰ ਵਸਣਾ ਪਾਸ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਜੋਤੀ ਜਾਤੇ ਦੇਣਾ ਪਰਕਾਸ਼, ਅੰਧ ਅੰਧੇਰਾ ਦੇਣਾ ਮਿਟਾਈਆ । ਸਾਡਾ ਲੇਖੇ ਲਾਉਣਾ ਸਵਾਸ ਸਵਾਸ, ਪਵਣ ਪਵਣਾਂ ਰੰਗ ਰੰਗਾਈਆ । ਤੂੰ ਸ਼ਾਹੋ ਭੂਪ ਅਬਿਨਾਸ਼, ਕਰਨੀ ਦਾ ਕਰਤਾ ਇਕ ਅਖਵਾਈਆ । ਸਾਡਾ ਲੇਖਾ ਮੁਕਾਉਣਾ ਦਸ ਦਸ ਮਾਸ, ਮਾਤ ਗਰਭ ਨਾ ਅਗਨ ਤਪਾਈਆ । ਝਗੜਾ ਰਹੇ ਨਾ ਨਾਲ ਸ਼ੰਕਰ ਕੈਲਾਸ਼, ਲਾੜੀ ਮੌਤ ਨਾ ਕੋਇ ਚਤੁਰਾਈਆ । ਰਾਏ ਧਰਮ ਨਾ ਕਰੇ ਉਦਾਸ, ਚਿਤਰ ਗੁਪਤ ਨਾ ਲੇਖ ਵਖਾਈਆ । ਸਤਿਗੁਰ ਸ਼ਬਦ ਸ਼ਬਦ ਸਤਿਗੁਰੂ ਸਾਡੇ ਹੋਣਾ ਸਾਥ, ਸਗਲਾ ਸੰਗ ਬਣਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲ ਆਦਿ ਜੁਗਾਦਿ ਸਮਰਾਥ, ਸਮਰਥ ਤੇਰੀ ਵਡਿਆਈਆ । ਪੰਜ ਤਤ ਕਹਿਣ ਤੇਰੇ ਅਗੇ ਪ੍ਰਭੂ ਜੋੜੀਏ ਹਾਥ, ਨਿਵ ਨਿਵ ਸੀਸ ਝੁਕਾਈਆ । ਅਸੀਂ ਗ਼ਰੀਬ ਨਿਮਾਣੇ ਅਨਾਥਾਂ ਅਨਾਥ, ਦੀਨਨ ਤੇਰੀ ਓਟ

੨੧੯
੨੪

ਤਕਾਈਆ । ਤੂੰ ਗਹਿਰ ਗਵਰ ਰਘੁਪਤ ਰਘੁਨਾਥ, ਰਹਿਬਰ ਤੇਰੀ ਇਕ ਸਰਨਾਈਆ । ਸਾਡਾ ਲੇਖ ਬਦਲ ਦੇ ਮਸਤਕ ਵਿਚੋਂ ਮਾਥ, ਮਥਨ ਦੇ ਕਰਾਈਆ । ਸੋ ਲਹਿਣਾ ਤਕ ਲੈ ਜੋ ਆਸ਼ਾ ਰਖ ਕੇ ਗਿਆ ਰਾਮ ਬੇਟਾ ਦਸਰਾਥ, ਬਨਵਾਸੀ ਆਪਣਾ ਧਿਆਨ ਲਗਾਈਆ । ਜੋ ਕ੍ਰਿਸ਼ਨ ਸੰਦੇਸ਼ਾ ਅਰਜਨ ਦਿਤਾ ਸਾਖਿਆਤ, ਸਹਿਜ ਨਾਲ ਦ੍ਰਿੜਾਈਆ । ਜਿਸ ਵੇਲੇ ਕਲਜੁਗ ਹੋਵੇ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਆਤਮ ਪਰਮਾਤਮ ਟੁੱਟੇ ਨਾਤ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਧਰਮ ਦਾ ਧਰਮ ਪਾਏ ਵਫ਼ਾਤ, ਕੂੜ ਕੁੜਿਆਰਾ ਭੱਜੇ ਵਾਹੋ ਦਾਹੀਆ । ਉਸ ਵੇਲੇ ਬਿਨਾ ਪ੍ਰਭੂ ਤੋਂ ਪੰਜਾਂ ਤਤਾਂ ਲੇਖਾ ਚੁਕੇ ਨਾ ਕੋਈ ਲੋਕਮਾਤ, ਮਾਤਰ ਭੂਮੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਨਿਰਗੁਣ ਧਾਰ ਏਕੰਕਾਰ ਪਰਵਰਦਿਗਾਰ ਸਾਂਝੇ ਯਾਰ ਪੁਛ ਵਾਤ, ਵਤਨਾਂ ਦੇ ਮਾਲਕ ਬੇਵਤਨਾਂ ਪਾਰ ਕਰਾਈਆ ।

✪ ੨੩ ਮਾਘ ਸ਼ਹਿਨਸ਼ਾਹੀ ਸੰਮਤ ਦਸ ਇਕ਼ਬਾਲ ਸਿੰਘ, ਸ਼ਕੁੰਤਲਾ ਦੇਵੀ, ਮੰਗਲਾ ਦੇਵੀ ਨਜ਼ੀਬਾਬਾਦ ਯੂ੦ ਪੀ੦ ✪



ਪੰਜ ਤਤ ਕਹਿਣ ਪ੍ਰਭ ਅੰਤਰ ਨਿਰੰਤਰ ਦੇ ਵੈਰਾਗ, ਵੈਰੀ ਅੰਦਰੋਂ ਕਾਇਆ ਮੰਦਰੋਂ ਬਾਹਰ ਕਢਾਈਆ । ਸੁਰਤੀ ਸ਼ਬਦ ਖੁਲ੍ਹਾ ਜਾਗ, ਅਨਰਾਗੀ ਆਪਣਾ ਰਾਗ ਨਾਦ ਧੁਨ ਕਰ ਸ਼ਨਵਾਈਆ । ਦੁਰਮਤ ਮੈਲ ਧੋ ਦਾਗ਼, ਪਤਿਤ ਪੁਨੀਤ ਕਰਨਾ ਚਾਈਂ ਚਾਈਆ । ਫੜ ਫੜ ਹੰਸ ਬਣਾ ਕਾਗ, ਕਾਗ ਹੰਸ ਰੂਪ ਬਦਲਾਈਆ । ਸਾਡੇ ਉੱਤਮ ਕਰ ਭਾਗ, ਭਗਵਨ ਦੇਣੀ ਮਾਣ ਵਡਿਆਈਆ । ਅੰਤਰ ਨਿਰੰਤਰ ਦੀਪਕ ਜੋਤ ਜਗਾ ਚਰਾਗ਼, ਅੰਧ ਅਗਿਆਨ ਦੂਰ ਕਰਾਈਆ । ਸਚ ਸਰਨਾਈ ਜਾਈਏ ਲਾਗ, ਲਗ ਮਾਤਰ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਪਰਦਾ ਆਪ ਉਠਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਅੰਤਰ ਮੇਟ ਅੰਧੇਰਾ, ਅੰਧ ਅਗਿਆਨ ਰਹਿਣ ਨਾ ਪਾਈਆ । ਇਕੋ ਰੂਪ ਦਰਸਾ ਦੇ ਸੰਞ ਸਵੇਰਾ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਭੇਵ ਖੁਲ੍ਹਾ ਦੇ ਤੇਰਾ ਮੇਰਾ, ਪਾਰਬ੍ਰਹਮ ਬ੍ਰਹਮ ਪੜਦਾ ਆਪ ਉਠਾਈਆ । ਆਤਮਾ ਬਖ਼ਸ਼ ਦੇ ਚਾਓ ਘਨੇਰਾ, ਪਰਮਾਤਮਾ ਮਿਲ ਕੇ ਵਜੇ ਵਧਾਈਆ । ਭੇਵ ਰਹੇ ਨਾ ਗੁਰੂ ਚੇਰਾ, ਚੇਲਾ ਗੁਰ ਰੂਪ ਦਰਸਾਈਆ । ਦਰ ਵਖਾ ਦੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਪੁਰਖ ਅਕਾਲੇ ਦੀਨ ਦਿਆਲੇ ਪੰਜ ਤਤ ਕਹਿਣ ਸਾਡੇ ਉਤੇ ਕਰ ਦੇ ਮਿਹਰਾ, ਮਿਹਰਵਾਨ ਮਹਿਬੂਬ ਹੋਣਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਕਮਲਾਪਾਤੀ, ਪਤਿਪਰਮੇਸ਼ਵਰ ਤੇਰੀ ਸਰਨਾਈਆ । ਵਸਤ ਅਮੋਲਕ ਦੇ ਦਾਤੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਘਰ ਦੀਪਕ ਜੋਤ ਜਗਾ ਬਾਤੀ, ਬਿਨ ਤੇਲ ਬਾਤੀ ਡਗਮਗਾਈਆ । ਅੰਮ੍ਰਿਤ ਬੂੰਦ ਬਖ਼ਸ਼ ਸਵਾਂਤੀ, ਨਿਝਰ ਝਿਰਨਾ ਕਵਲ ਨਾਭ ਝਿਰਾਈਆ । ਸ਼ਬਦ ਸੰਦੇਸ਼ਾ ਦੇ ਦੇ ਪਾਤੀ, ਪਤ੍ਰਕਾ ਨਿਰਅੱਖਰ ਧਾਰ ਦ੍ਰਿੜਾਈਆ । ਤੂੰ ਮਿਹਰਵਾਨ ਮਹਿਬੂਬ ਕਮਲਾਪਾਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਸਾਡੇ ਅੰਤਰ ਮੇਟ ਅੰਧੇਰੀ ਰਾਤੀ, ਨੂਰੀ ਚੰਦ ਕਰ ਰੁਸ਼ਨਾਈਆ । ਕਲਜੁਗ ਅੰਤ ਸ੍ਰੀ ਭਗਵੰਤ ਬਿਨ ਤਨ

ਵਜੂਦ ਸਾਨੂੰ ਲਾ ਲਾ ਸੀਨੇ ਨਾਲ ਛਾਤੀ, ਛਤਰਧਾਰੀਆਂ ਪੰਧ ਮੁਕਾਈਆ । ਤੇਰੇ ਚਰਨ ਕਵਲ ਜ਼ਿੰਦਗੀ ਨਾਲ ਹਯਾਤੀ, ਜੀਵਨ ਤੇਰੀ ਝੋਲੀ ਪਾਈਆ । ਇਕੋ ਵਕਤ ਸੁਹਾ ਦੇ ਗ੍ਰਿਹ ਮੰਦਰ ਪਰਭਾਤੀ, ਸੰਧਿਆ ਲੋੜ ਰਹੇ ਨਾ ਰਾਈਆ । ਆਤਮ ਧਾਰ ਜੋੜ ਲੈ ਨਾਤੀ, ਬ੍ਰਹਮ ਮੇਲਾ ਲੈਣਾ ਮਿਲਾਈਆ । ਤੂੰ ਪਰਮ ਪੁਰਖ ਬਿਧਾਤੀ, ਬਿਧ ਆਪਣੀ ਦੇਣੀ ਸਮਝਾਈਆ । ਦਰਸ਼ਨ ਬਖ਼ਸ਼ਣਾ ਇਕ ਇਕਾਂਤੀ, ਏਕੰਕਾਰ ਤੇਰੀ ਓਟ ਤਕਾਈਆ । ਅੰਤ ਕਾਲ ਪੁਛਣੀ ਸਾਡੀ ਵਾਤੀ, ਬੇਵਤਨ ਹੋ ਕੇ ਦਈਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਤੂੰ ਮਾਲਕ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਇਕ ਅਖਵਾਈਆ । ਸਾਡੀ ਪੂਰੀ ਕਰਨੀ ਆਸ, ਤ੍ਰਿਸ਼ਨਾ ਤੇਰੇ ਚਰਨ ਟਿਕਾਈਆ । ਸਾਡਾ ਲਹਿਣਾ ਦੇਣਾ ਤਕ ਲੈ ਜੰਗਲ ਜੂਹ ਵਿਚ ਭਰਵਾਸ, ਟਿਲੇ ਪਰਬਤਾਂ ਧਿਆਨ ਲਗਾਈਆ । ਸਾਡਾ ਲਹਿਣਾ ਨਾਲ ਪ੍ਰਿਥਮੀ ਆਕਾਸ਼, ਅਪ ਤੇਜ ਵਾਏ ਮਿਲ ਕੇ ਦਈਏ ਦੁਹਾਈਆ । ਅੰਤਰ ਨਿਰੰਤਰ ਸਾਡਾ ਲੇਖੇ ਲਾਉਣਾ ਸਵਾਸ ਸਵਾਸ, ਸਾਹ ਸਾਹ ਤੇਰੇ ਵਿਚ ਸਮਾਈਆ । ਝਗੜਾ ਰਹੇ ਨਾ ਦਸ ਦਸ ਮਾਸ, ਅਗਨੀ ਤਤ ਨਾ ਕੋਇ ਤਪਾਈਆ । ਘਰ ਠਾਕਰ ਵਖਾਉਣੀ ਆਪਣੀ ਰਾਸ, ਬਿਨ ਗੋਪੀ ਕਾਹਨ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਅੰਤਰ ਤੇਰੀ ਆਸ਼ਾ ਆਦਿ ਜੁਗਾਦਿ, ਜੁਗ ਚੌਕੜੀ ਧਿਆਨ ਲਗਾਈਆ । ਭੇਵ ਖੁਲ੍ਹਾਉਣਾ ਬੋਧ ਅਗਾਧ, ਪਰਦਾ ਪਰਦਿਆਂ
੨੮੧ ਵਿਚੋਂ ਚੁਕਾਈਆ । ਸ਼ਬਦੀ ਸ਼ਬਦ ਸੁਣਾਉਣਾ ਨਾਦ, ਅਨਹਦ ਨਾਦੀ ਧੁਨ ਪਰਗਟਾਈਆ । ਕੂੜਾ ਕਢਣਾ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ੨੮੧
੨੪ ਮਹਿਕਾਈਆ । ਬਿਨ ਰਸਨਾ ਜਿਹਵਾ ਬਖ਼ਸ਼ਣਾ ਸਵਾਦ, ਬੂੰਦ ਸਵਾਂਤੀ ਅੰਮ੍ਰਿਤ ਰਸ ਟਪਕਾਈਆ । ਤੇਰਾ ਲਹਿਣਾ ਦੇਣਾ ਅਵਤਾਰ ਪੈਗ਼ੰਬਰਾਂ ੨੪
ਗੁਰੂਆਂ ਬਾਅਦ, ਬਾਦੇਸਹਰ ਤੇਰੀ ਓਟ ਤਕਾਈਆ । ਸਾਡਾ ਕਾਇਆ ਕੱਪੜ ਕਰਨਾ ਆਬਾਦ, ਅੰਤਰ ਵਸਣਾ ਚਾਈਂ ਚਾਈਂਆ । ਧੁਰ ਦਾ ਸ਼ਬਦ ਕਰਨਾ ਅਹਿਲਾਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਮੰਗ ਇਕ ਮੰਗਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਮਾਰ ਕੇ ਤਕ ਲੈ ਅੰਤਰ ਝਾਤੀ, ਬਿਨ ਨੈਣਾਂ ਨੈਣ ਉਠਾਈਆ । ਮਨੂਆ ਮਨ ਹੋਇਆ ਆਕੀ, ਭੈ ਭਾਉ ਨਾ ਕੋਇ ਰਖਾਈਆ । ਮਿਹਰਵਾਨ ਮਹਿਬੂਬ ਹੋ ਕੇ ਖੋਲ੍ਹ ਦੇ ਅੰਦਰੋਂ ਤਾਕੀ, ਤਕਵਾ ਤੇਰੇ ਉਤੇ ਰਖਾਈਆ । ਜਾਮ ਹਕ਼ੀਕ਼ੀ ਬਖ਼ਸ਼ ਦੇ ਮਹਿਬੂਬ ਸਾਕੀ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਲਹਿਣਾ ਦੇਣਾ ਦੀਨ ਦੁਨੀ ਵਿਚ ਰਹੇ ਨਾ ਬਾਕੀ, ਬਾਕ਼ਾਇਦਾ ਮੰਗ ਮੰਗਾਈਆ । ਫਿਰ ਤਨ ਵਜੂਦ ਨਾ ਪਾਈਏ ਖ਼ਾਕੀ, ਖ਼ਲਕ ਦੇ ਖ਼ਾਲਕ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਪੰਜ ਤਤ ਕਹਿਣ ਤਲਜ਼ੇ ਜ਼ਜਬੰਮ ਨਜ਼ੀਉਲ ਜਖ਼ਮਾ ਜ਼ੰਮਬੀ ਜ਼ਊ ਨੂਰੇ ਨਜ਼ੀ ਅਰਸ਼ੇ ਮਜ਼ੀ ਮੁਹੰਮਦੇ ਦੁਆ ਰਹਿਮਤੇ ਰਹਿਨੁਮਾ ਨੂਰ ਨੁਰਾਨੇ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਵੇਖ ਲੈ ਪੁੰਨ ਸਵਾਬਾ, ਸ਼ਰਅ ਤੋਂ ਬਾਹਰ ਜਣਾਈਆ । ਤੇਰੀ ਕ਼ਦਮ ਬੋਸੀ ਵਿਚ ਅਦਾਬਾ, ਨਿਵ ਨਿਵ ਸੀਸ ਝੁਕਾਈਆ । ਭੇਵ ਖੁਲ੍ਹਾ ਦੇ ਨੂਰ ਨੂਰੇ ਅਗੰਮੇ ਕਾਅਬਾ, ਕ਼ਿਬਲੇ ਅਜ਼ ਤੇਰੀ ਸਰਨਾਈਆ । ਪਰਦਾ ਰਹੇ ਨਾ ਦੋ ਦੋ ਆਬਾ, ਆਬੇ ਹਯਾਤ ਦੇਣਾ ਚਾਈਂ ਚਾਈਆ । ਸਾਡਾ

ਲੇਖਾ ਰਹੇ ਨਾ ਇਸ਼ਕ ਹਕੀਕੀ ਨਾਲ ਮਜਾਜ਼ਾ, ਦੋਹਾਂ ਦਾ ਪੰਧ ਦੇਣਾ ਚੁਕਾਈਆ । ਅੰਤ ਕੰਤ ਭਗਵੰਤ ਨਿਰਗੁਣ ਰਖਣੀ ਆਪਣੀ ਲਾਜਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋ ਇਸ਼ਾਰਾ ਦੇ ਕੇ ਗਿਆ ਖਿਜ਼ਰ ਖਵਾਜਾ, ਜਲ ਪੀਰ ਨੀਰ ਨੀਰ ਨੈਣਾਂ ਵਿਚੋਂ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਗ੍ਰਿਹ ਇਕ ਵਖਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਆਸਾ ਬਹੁ ਪੁਰਾਣੀ, ਜੁਗ ਚੌਕੜੀ ਧਿਆਨ ਲਗਾਈਆ । ਸਾਡਾ ਲੇਖਾ ਨਾਲ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਭੱਜੇ ਵਾਹੋ ਦਾਹੀਆ । ਸਾਡਾ ਨਾਤਾ ਨਾਲ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਢੋਲੇ ਗਾਈਆ । ਤੂੰ ਮਾਲਕ ਖ਼ਾਲਕ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ । ਸਾਡੀ ਕਰੀਂ ਆਪ ਪਛਾਣੀ, ਬੇਪਹਿਚਾਨ ਹੋਣਾ ਸਹਾਈਆ । ਜੁਗ ਚੌਕੜੀ ਤੇਰਾ ਖੇਲ ਜਗਤ ਮਹਾਨੀ, ਧਰਤੀ ਧਰਤ ਧਵਲ ਧੌਲ ਵੇਖ ਵਖਾਈਆ । ਅੰਤ ਦੇਣਾ ਸਾਚਾ ਮਾਣੀ, ਨਿਮਾਣਿਆਂ ਹੋਣਾ ਸਹਾਈਆ । ਜੇ ਭਗਤਾਂ ਆਤਮਾ ਤੇਰਾ ਹਾਣੀ, ਮਿਲ ਕੇ ਵਜੇ ਵਧਾਈਆ । ਕਿਉਂ ਤਤਾਂ ਧਾਰ ਸਮਝੇਂ ਬੇਗਾਨੀ, ਬੇਘਰ ਕੀਤਾ ਵਿਚ ਖ਼ਲਕ ਖ਼ੁਦਾਈਆ । ਸਾਡਾ ਲੇਖਾ ਤੇਰੇ ਨਾਲ ਸ੍ਰੀ ਭਗਵਾਨੀ, ਭਗਵਨ ਸਚ ਦੇਈਏ ਦ੍ਰਿੜਾਈਆ । ਬੇਸ਼ਕ ਪੰਜ ਤਤ ਅਸੀਂ ਹੁੰਦੇ ਰਹੇ ਫ਼ਾਨੀ, ਅੰਤ ਮਿੱਟੀ ਗੋਰ ਮੜ੍ਹੀ ਨਾਲ ਵਜਦੀ ਰਹੀ ਸਾਡੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਪੰਜ ਤਤ ਕਹਿਣ ਤੂੰ ਸਾਹਿਬ ਇਕ ਮਲਾਹ, ਖੇਵਟ ਖੇਟਾ ਇਕ ਅਖਵਾਈਆ । ਮਾਲਕ ਖ਼ਾਲਕ ਬੇਪਰਵਾਹ, ਬੇਅੰਤ ਨੂਰ ਅਲਾਹੀਆ । ਸਾਡੀ ਕ਼ਬੂਲ ਕਰੀਂ ਦੁਆ, ਦੋਏ ਜੋੜ ਵਾਸਤਾ ਪਾਈਆ । ਤੂੰ ਰਹਿਬਰ ਨੂਰ ਅਲਾਹ, ਆਲਮੀਨ ਤੇਰੀ ਸਰਨਾਈਆ । ਤੂੰ ਹਕੀਕਤ ਹਕ ਖ਼ੁਦਾ, ਖ਼ੁਦ ਵੇਖਣਾ ਚਾਈਂ ਚਾਈਂਆ । ਤੇਰੇ ਨਾਲੋਂ ਨਾ ਹੋਈਏ ਜੁਦਾ, ਜੁਜ਼ ਵਖਰਾ ਵੰਡ ਵੰਡਾਈਆ । ਤੇਰੀ ਰਹਿਮਤ ਸਾਨੂੰ ਕਰੇ ਫ਼ਿਦਾ, ਫ਼ਿਤਰਤ ਤੇਰੇ ਚਰਨਾਂ ਵਿਚ ਟਿਕਾਈਆ । ਸਦ ਚਲੀਏ ਤੇਰੀ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਦੇਣੀ ਵਡਿਆਈਆ । ਬੇਸ਼ਕ ਸ੍ਰਿਸ਼ਟੀ ਉਤੇ ਕੂਕਦੀ ਕ਼ਜ਼ਾ, ਕ਼ੱਜ਼ਾਕ਼ ਕਲਜੁਗ ਨਾਲ ਮਿਲਾਈਆ । ਭਗਤਾਂ ਤਤ ਕਹਿਣ ਤੇਰੇ ਪਿਆਰ ਦਾ ਚੱਖਣਾ ਮਜ਼ਾ, ਬੇਸ਼ਕ ਸਾਨੂੰ ਮਜ਼ਾਕ਼ ਕਰੇ ਲੋਕਾਈਆ । ਸਾਡਾ ਲਹਿਣਾ ਮੁਕਾਉਣਾ ਜਗਹ ਬਜਗਹ, ਥਾਨ ਥਨੰਤਰ ਦੇਣੀ ਵਡਿਆਈਆ । ਤੂੰ ਆਦਿ ਜੁਗਾਦੀ ਧੁਰ ਦਾ ਅੱਬਾ, ਪਿਤਾ ਪੁਰਖ ਅਕਾਲ ਅਖਵਾਈਆ । ਮੇਲਾ ਹੋਇਆ ਨਾਲ ਸਬਬਾ, ਕਲਜੁਗ ਅੰਤ ਜਗਤ ਦਏ ਗਵਾਹੀਆ । ਲੋਕਮਾਤ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨਾਂ ਸਾਡੀਆਂ ਪਾਰ ਕਰਨੀਆਂ ਹੱਦਾਂ, ਹਦੂਦ ਮਹਿਦੂਦ ਇਕੋ ਦੇਣੀ ਵਖਾਈਆ । ਜੇ ਆਤਮਾ ਤੇਰੀ ਯਦਾ, ਪਰਮਾਤਮਾ ਤੇਰੇ ਵਿਚ ਸਮਾਈਆ । ਕਿਉਂ ਪੰਜਾਂ ਤਤਾਂ ਭਗਤਾਂ ਦੇਵੇਂ ਦਗ਼ਾ, ਨਾਤਾ ਦੀਨ ਦੁਨੀ ਤੁੜਾਈਆ । ਸਾਡਾ ਲੇਖਾ ਵੇਖ ਲੈ ਅਗਾ, ਪਿਛਲਾ ਪਿਛੇ ਪੰਧ ਮੁਕਾਈਆ । ਤੇਰੀ ਮੁਹੱਬਤ ਵਿਚ ਸਾਡਾ ਰਿਸ਼ਤਾ ਹੋਵੇ ਬੱਧਾ, ਫ਼ਰਿਸ਼ਤਾ ਜਬਰਾਈਲ ਅਸਰਾਈਲ ਅਸਰਾਫ਼ੀਲ ਮੇਕਾਈਲ ਨਾ ਸਕੇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਤੇਰੀ ਓਟ ਤਕਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਫੇਰ ਨਾ ਰਹੀਏ ਜੰਮਦੇ, ਚੁਰਾਸੀ ਵੰਡ ਨਾ ਕੋਇ ਵੰਡਾਈਆ । ਸਾਡੇ ਝਗੜੇ ਮੇਟਣੇ ਗ਼ਮ ਦੇ, ਗ਼ਮਖ਼ਾਰ ਹੋਣਾ ਸਹਾਈਆ । ਅਸੀਂ ਸੁਖਨ ਕਰਨੇ ਧਰਮ ਦੇ, ਧਰਮ ਨਾਲ ਦ੍ਰਿੜਾਈਆ । ਅਸੀਂ ਵਣਜਾਰੇ ਰਹਿਣਾ ਨਹੀਂ ਕਾਇਆ ਮਾਟੀ ਚਰਮ ਦੇ, ਚੰਮ

ਦ੍ਰਿਸ਼ਟੀ ਦੇਣੀ ਬਦਲਾਈਆ । ਸਾਡੇ ਹਿੱਸੇ ਨਹੀਂ ਵਰਨ ਬਰਨ ਦੇ, ਜ਼ਾਤ ਪਾਤ ਨਾ ਵੰਡ ਵੰਡਾਈਆ । ਅਸੀਂ ਅੰਤ ਪਿਆਸੇ ਹੋ ਗਏ ਤੇਰੇ ਚਰਨ ਦੇ, ਚਰਨ ਕਵਲ ਦੇ ਸਰਨਾਈਆ । ਸਾਨੂੰ ਮਾਰਗ ਦੱਸ ਦੇ ਸਚਖੰਡ ਮੰਜ਼ਲ ਚੜ੍ਹਨ ਦੇ, ਅਗੇ ਹੋ ਨਾ ਕੋਇ ਅਟਕਾਈਆ । ਮਿਹਰਵਾਨ ਮਹਿਬੂਬ ਸਾਨੂੰ ਹੁਕਮ ਦੇ ਦੇ ਦਰਗਾਹ ਸਾਚੀ ਵੜਨ ਦੇ, ਮੁਕ਼ਾਮੇ ਹਕ ਪੁਜੀਏ ਚਾਈਂ ਚਾਈਂਆ । ਸਾਡੇ ਲੇਖੇ ਲਗਣ ਸੜਨ ਦੇ, ਝਗੜਾ ਜਗਤ ਨਾ ਕੋਇ ਰਖਾਈਆ । ਭਾਂਡੇ ਫੇਰ ਨਾ ਬਣੀਏ ਠਠਿਆਰ ਤੇਰੇ ਘੜਨ ਦੇ, ਘੜਨ ਭੰਨਣਹਾਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚਖੰਡ ਮਿਲੇ ਸਚੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਬੁਝਾਉਣੀ ਪਿਆਸ, ਤ੍ਰਿਸ਼ਨਾ ਜਗਤ ਮਿਟਾਈਆ । ਸਚਖੰਡ ਬਖ਼ਸ਼ਣਾ ਨਿਵਾਸ, ਥਿਰ ਘਰ ਮਿਲਕੇ ਵਜੇ ਵਧਾਈਆ । ਤੇਰਾ ਤਕੀਏ ਨੂਰ ਜੋਤ ਪਰਕਾਸ਼, ਬਿਨ ਤੇਲ ਬਾਤੀ ਡਗਮਗਾਈਆ । ਤੂੰ ਸ਼ਾਹੋ ਭੂਪ ਅਬਿਨਾਸ਼, ਹਰਿ ਕਰਤਾ ਇਕ ਅਖਵਾਈਆ । ਸਾਡਾ ਅੰਤਰ ਨਾ ਹੋਏ ਉਦਾਸ, ਅੰਤ ਤੇਰੇ ਵਿਚ ਸਮਾਈਆ । ਅਸੀਂ ਬੇਸ਼ਕ ਪੰਜ ਤਤ ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਪੰਚਮ ਮਿਲਕੇ ਵਜਦੀ ਰਹੇ ਵਧਾਈਆ । ਅੰਤ ਪੁਜੀਏ ਤੇਰੇ ਪਾਸ, ਸਚਖੰਡ ਬਖ਼ਸ਼ਣੀ ਸਚ ਸਰਨਾਈਆ । ਸਾਡਾ ਲਹਿਣਾ ਦੇਣਾ ਰਹੇ ਨਾ ਨਾਲ ਸ਼ੰਕਰ ਕੈਲਾਸ਼, ਕਲਧਾਰੀ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦੁਆਰ ਏਕੰਕਾਰ ਨਿਰਗੁਣ ਧਾਰ ਆਪਣੀ
੨੮੩ ਵਖਾਉਣੀ ਰਾਸ, ਦੂਸਰ ਨਜ਼ਰ ਕੋਇ ਨਾ ਆਈਆ । ੨੮੩

੨੪ ੨੪

## ✪ ਪਹਿਲੀ ਫੱਗਣ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਕਲਜੁਗ ਕਹੇ ਫਲਗੁਣਾ ਮੇਰੀ ਵੇਖ ਫੁਲਵਾੜੀ, ਚਾਰ ਕੁੰਟ ਦਹਿ ਦਿਸ਼ਾ ਨਵਖੰਡ ਧਿਆਨ ਲਗਾਈਆ । ਖ਼ੁਸ਼ੀਆਂ ਨਾਲ ਮਿਤਰਾ ਮਾਰ ਦੇ ਤਾੜੀ, ਹੱਥ ਹੱਥਾਂ ਨਾਲ ਮਿਲਾਈਆ । ਫੇਰ ਨਿਗਾਹ ਮਾਰ ਲੈ ਕੀ ਖੇਲ ਹੋਣਾ ਅਗਾੜੀ, ਬਿਨ ਨੈਣਾਂ ਨੈਣ ਉਠਾਈਆ । ਉਹ ਵੇਖ ਸੰਦੇਸ਼ਾ ਦਿੰਦਾ ਖ਼ਵਾਜਾ ਫੇਰ ਕੇ ਹੱਥ ਉਤੇ ਦਾਹੜੀ, ਲਬਾਂ ਰੰਗ ਨਾ ਕੋਇ ਰੰਗਾਈਆ । ਨਵ ਸਤ ਅਗਨੀ ਤਪਦੀ ਦਿਸੇ ਹਾੜੀ, ਹਾੜਾ ਤਕ ਖ਼ਲਕ ਖ਼ੁਦਾਈਆ । ਦਰੋਹੀ ਫਿਰਨੀ ਜੰਗਲ ਜੂਹ ਉਜਾੜ ਪਹਾੜੀ, ਟਿੱਲੇ ਪਰਬਤ ਸਮੁੰਦ ਸਾਗਰ ਰਹੇ ਕੁਰਲਾਈਆ । ਸਗਲਾ ਸੰਗੀ ਨਜ਼ਰ ਆਏ ਨਾ ਕੋਇ ਪਿਛੇ ਅਗਾੜੀ, ਏਥੇ ਓਥੇ ਨਾ ਕੋਇ ਸਹਾਈਆ । ਉਹ ਤਕ ਲੈ ਨਚਦੀ ਟਪਦੀ ਫਿਰੇ ਮੌਤ ਲਾੜੀ, ਸੋਹਣਾ ਅਣਹੋਣਾ ਵੇਸ ਵਟਾਈਆ । ਕਲਜੁਗਾ ਤੇਰੀ ਡੂੰਘੀ ਦਿਸੇ ਅਖਾੜੀ, ਕੰਢਾ ਘਾਟ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਕਲਜੁਗ ਕਹੇ ਫਲਗੁਣਾ ਸੱਜਣਾ ਮੇਰੀ ਵੇਖ ਲੈ ਰੁਤ, ਰੁਤੜੀ ਤੇਰੇ ਨਾਲ ਮਹਿਕਾਈਆ । ਮੈਂ ਪ੍ਰਭੂ ਦਾ ਲਾਡਲਾ ਬਣ ਕੇ ਪੁਤ, ਪਿਤਾ ਪੂਤ ਖੇਲ ਖਿਲਾਈਆ । ਸ੍ਰਿਸ਼ਟੀ ਦਾ ਖੇਲ ਤਕ ਲੈ ਜੋ ਖਿਲਾਏ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪ੍ਰਭ ਹੁਕਮ ਵਰਤਾਈਆ । ਖ਼ਾਲੀ ਦਿਸਣ ਕਾਇਆ ਮਾਟੀ ਬੁਤ, ਬੁਤਖ਼ਾਨੇ ਦੇਣ ਦੁਹਾਈਆ । ਅਪਰਾਧੀ ਹੋਈ ਦੀਨ ਦੁਨੀ ਦੀ ਧਾਰ ਸੁਤ, ਸੁੱਤਿਆਂ ਸਕੇ

ਨਾ ਕੋਇ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਕਲਜੁਗ ਕਹੇ ਫਲਗੁਣਾ ਮੇਰਾ ਵੇਖ ਲੈ ਵਕ਼ਤ ਸੁਹਾਵਾ, ਪ੍ਰਭ ਸੋਹਣੀ ਦਏ ਵਡਿਆਈਆ । ਮੇਰਾ ਕੂੜ ਕੂੜ ਦਾ ਦਾਅਵਾ, ਦਾਅਵੇਦਾਰ ਅਖਵਾਈਆ । ਦੀਨ ਦੁਨੀ ਬੁਧੀ ਕੀਤੀ ਵਾਂਗ ਕਾਵਾਂ, ਕਾਇਨਾਤ ਵੇਖ ਵਖਾਈਆ । ਪ੍ਰੇਮ ਰਹਿਣ ਦਿਤਾ ਨਹੀਂ ਵਿਚ ਭਰਾਵਾਂ, ਪਿਤਾ ਪੂਤ ਨਾ ਕੋਇ ਚਤੁਰਾਈਆ । ਫਿਰੀ ਦਰੋਹੀ ਵਿਚ ਪੰਜ ਤਤ ਗਰਾਵਾਂ, ਸਾਢੇ ਤਿੰਨ ਹੱਥ ਹਾਲ ਦੁਹਾਈਆ । ਸੀਸ ਦੇਵੇ ਕੋਈ ਨਾ ਠੰਢੀਆਂ ਛਾਵਾਂ, ਅਗਨੀ ਤਤ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਕਲਜੁਗ ਕਹੇ ਫਲਗੁਣਾ ਮੇਰੇ ਪੰਚ ਵਿਕਾਰ ਦਾ ਤਕ ਲੈ ਦਲ, ਸੂਰਬੀਰ ਜਗਤ ਅਖਵਾਈਆ । ਜਿਹੜਾ ਟਿਕੇ ਘੜੀ ਨਾ ਪਲ, ਪਲਕਾਂ ਵੰਡ ਨਾ ਕੋਇ ਵੰਡਾਈਆ । ਜੋ ਸਭ ਨਾਲ ਕਰਦਾ ਛਲ, ਵਲ ਛਲ ਆਪਣੀ ਖੇਲ ਖਿਲਾਈਆ । ਤ੍ਰੈਗੁਣ ਮਾਇਆ ਗਿਆ ਰਲ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਦੂਈ ਦਵੈਤੀ ਲਾਇਆ ਸਲ, ਤੀਰ ਅਣਿਆਲਾ ਇਕ ਚਲਾਈਆ । ਪਵਿਤ੍ਰ ਰਹਿਣ ਦਿਤਾ ਨਹੀਂ ਕੋਈ ਜਲ, ਅਠਸਠ ਰੋਵਣ ਮਾਰਨ ਧਾਹੀਆ । ਦੀਪਕ ਜੋਤ ਕਿਸੇ ਗ੍ਰਿਹਿ ਜਾਏ ਨਾ ਬਲ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਅਗਨੀ ਤਨ ਤਪਾਇਆ ਖੱਲ, ਖ਼ਾਲਕ ਖ਼ਲਕ ਦਿਤੀ ਵਡਿਆਈਆ । ਮੇਰਾ ਕੂੜ ਕੁੜਿਆਰਾ ਜਗਤ ਸਿੰਘਾਸਣ ਬੈਠਾ ਮੱਲ, ਆਸਣ ਸਕੇ ਨਾ ਕੋਇ ਉਲਟਾਈਆ । ਮੇਰਾ ਲਹਿਣਾ ਦੇਣਾ ਸਚ ਧਾਮ ਜਿਥੇ ਦੀਪਕ ਜੋਤੀ ਬਿਨ ਤੇਲ ਬਾਤੀ ਰਿਹਾ ਬਲ, ਨੂਰ ਨੁਰਾਨਾ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਫਲਗੁਣ ਕਹੇ ਕਲਜੁਗਾ ਮੈਂ ਸੁਣੀ ਤੇਰੀ ਅਗੰਮੀ ਬਾਤ, ਜੋ ਬਾਤਨ ਭੇਵ ਖੁਲ੍ਹਾਈਆ । ਬੇਸ਼ਕ ਚਾਰੋਂ ਕੁੰਟ ਤੇਰੀ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਮਨ ਕਲਪਣਾ ਕੂੜ ਦਿਸੇ ਕਮਜ਼ਾਤ, ਕੁਲਖਣੀ ਆਪਣਾ ਰੂਪ ਬਦਲਾਈਆ । ਸਤਿ ਸਚ ਦਾ ਜੋੜੇ ਕੋਈ ਨਾ ਨਾਤ, ਪ੍ਰੀਤਮ ਪ੍ਰੇਮ ਵਿਚ ਨਾ ਕੋਇ ਸਮਾਈਆ । ਉਠ ਖੇਲ ਤਕ ਲੈ ਜਨ ਭਗਤਾਂ ਪ੍ਰਭ ਦੇਵੇ ਆਪਣੀ ਦਾਤ, ਦਇਆਵਾਨ ਦਇਆ ਕਮਾਈਆ । ਸ਼ਬਦ ਸੰਦੇਸ਼ ਸੁਣਾਏ ਪਾਤ, ਬਿਨ ਪਤ੍ਰਕਾ ਆਪ ਦ੍ਰਿੜਾਈਆ । ਤੇਰੇ ਵਿਚ ਪੁਛੇ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਫਲਗੁਣ ਕਹੇ ਕਲਜੁਗਾ ਪ੍ਰਭ ਦਾ ਤਕ ਅਗੰਮੀ ਨੂਰ, ਅੰਧ ਅੰਧੇਰਾ ਰਿਹਾ ਮਿਟਾਈਆ । ਜਿਸ ਦਾ ਨਾਮ ਕਲਮਾ ਜਗਤ ਜਹਾਨ ਮਸ਼ਹੂਰ, ਮਸ਼ਵਰੇ ਜੁਗ ਚੌਕੜੀ ਗਿਆ ਸਮਝਾਈਆ । ਜੋ ਨਾਮ ਮਸਤੀ ਦੇਵੇ ਸਰੂਰ, ਸੁਰਤ ਸ਼ਬਦ ਨਾਲ ਮਿਲਾਈਆ । ਜਿਸ ਦੀ ਅਨਾਦੀ ਇਕੋ ਤੂਰ, ਤੁਰਤ ਕਰੇ ਸ਼ਨਵਾਈਆ । ਉਹ ਸਾਹਿਬ ਹਾਜ਼ਰ ਹਜ਼ੂਰ, ਹਜ਼ਰਤਾਂ ਦਾ ਮਾਲਕ ਨੂਰ ਅਲਾਹੀਆ । ਭਗਤ ਉਧਾਰਨਾ ਜਿਸ ਦਾ ਦਸਤੂਰ, ਰੀਤੀ ਜੁਗ ਚੌਕੜੀ ਚਲੀ ਆਈਆ । ਉਹ ਹਰਿਜਨ ਪਾਰ ਕਰਾਏ ਜ਼ਰੂਰ, ਜ਼ਰੂਰਤ ਸਭ ਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਫਲਗੁਣ ਕਹੇ ਕਲਜੁਗਾ ਮੇਰੀ ਰੁਤੜੀ ਤਕ ਬਸੰਤ, ਪ੍ਰੇਮੀਆਂ ਪ੍ਰਭੂ ਪ੍ਰੇਮ ਨਾਲ ਮਹਿਕਾਈਆ । ਜੋ ਆਦਿ ਜੁਗਾਦੀ ਧੁਰ ਦਾ ਕੰਤ, ਕੰਤੂਹਲ ਇਕ ਅਖਵਾਈਆ । ਜਿਸ ਗੜ੍ਹ ਤੋੜਿਆ ਹਉਮੇ ਹੰਗਤ, ਹੰ ਬ੍ਰਹਮ ਆਪ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ,

੨੮੪
੨੪

੨੮੫
੨੪

ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਉਸ ਦਾ ਲਹਿਣਾ ਦੇਣਾ ਵੇਖ ਅੰਤ, ਅਨਕ ਕਲਧਾਰੀ ਖੇਲ ਖਿਲਾਈਆ । ਜਿਸ ਨੂੰ ਖੋਜਦੇ ਜੁਗ ਚੌਕੜੀ ਸੰਤ, ਸਾਧਨਾ ਵਿਚ ਸਮਾਈਆ । ਉਹ ਮਾਲਕ ਖ਼ਾਲਕ ਬੇਅੰਤ, ਬੇਐਬ ਨੂਰ ਅਲਾਹੀਆ । ਜਿਸ ਤੇਰੇ ਵਿਚ ਆਤਮ ਪਰਮਾਤਮ ਦੱਸ ਕੇ ਛੰਤ, ਸੋਹੰ ਢੋਲਾ ਦਿਤਾ ਦ੍ਰਿੜਾਈਆ । ਜੋ ਪਾਰ ਉਤਾਰੇ ਜੀਵ ਜੰਤ, ਸਾਧ ਸੰਤ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਦਰਸਾਈਆ । ਫਲਗੁਣ ਕਹੇ ਕਲਜੁਗ ਖੇਲ ਵੇਖ ਸੂਰੇ ਸਰਬੰਗ ਦਾ, ਕੀ ਕਰਤਾ ਹੁਕਮ ਵਰਤਾਈਆ । ਜਿਸ ਕੋਲੋਂ ਅਵਤਾਰ ਪੈਗ਼ੰਬਰ ਗੁਰੂ ਮੰਗਦਾ, ਭਗਤਾਂ ਝੋਲੀ ਦਏ ਭਰਾਈਆ । ਉਸ ਦਾ ਲਹਿਣਾ ਦੇਣਾ ਇਕੋ ਅੰਗ ਦਾ, ਅੰਗੀਕਾਰ ਆਪ ਅਖਵਾਈਆ । ਜੋ ਆਦਿ ਜੁਗਾਦੀ ਕਦੇ ਨਹੀਂ ਮੰਗਦਾ, ਦੇਵਣਹਾਰ ਸਾਹਿਬ ਸੁਖਦਾਈਆ । ਜਿਸ ਭਗਤਾਂ ਖੇਲ ਖਿਲਾਇਆ ਕਾਰਜ ਅਨੰਦ ਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਭੇਵ ਚੁਕਾਇਆ ਸੋਹੰ ਛੰਦ ਦਾ, ਪਾਰਬ੍ਰਹਮ ਬ੍ਰਹਮ ਮੇਲਾ ਮੇਲਿਆ ਚਾਈਂ ਚਾਈਂਆ । ਸਫ਼ਰ ਰਿਹਾ ਨਾ ਅਗਲੇ ਪੰਧ ਦਾ, ਮੁਸਾਫ਼ਰ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਫਲਗੁਣ ਕਹੇ ਕਲਜੁਗਾ ਮਿਤਰਾ ਚਾਰੋਂ ਕੁੰਟ ਨੱਸ, ਦਿਵਸ ਰੈਣ ਪੰਧ ਮੁਕਾਈਆ । ਫੇਰ ਖ਼ੁਸ਼ੀਆਂ ਵਿਚ ਪਿਆ ਹਸ, ਢੋਲੇ ਸੋਹਲੇ ਰਾਗ ਦ੍ਰਿੜਾਈਆ । ਕਵਣ ਕੂਟੇ ਮਿਲੇ ਰਸ, ਅਨੰਦ ਅਨੰਦ ਵਿਚੋਂ ਸਮਝਾਈਆ । ਕਿਹੜਾ ਸੁਣਨਾ ਜਸ, ਸਿਫ਼ਤੀ ਢੋਲੇ ਰਾਗ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਫਲਗੁਣ ਕਹੇ ਕਲਜੁਗ ਉਠ ਲੇਖਾ ਤਕ ਲੈ ਹਰਿ ਕਰਤਾਰ, ਕੀ ਕਰਤਾ ਕਾਰ ਕਮਾਈਆ । ਜੋ ਬਣ ਕੇ ਸਾਂਝਾ ਯਾਰ, ਮਿਤਰ ਪਿਆਰਾ ਰੂਪ ਬਦਲਾਈਆ । ਸਦ ਦੇਂਦਾ ਰਹੇ ਅਧਾਰ, ਸਿਰ ਸਿਰ ਹੱਥ ਟਿਕਾਈਆ । ਭਗਤਾਂ ਪੈਜ ਰਿਹਾ ਸਵਾਰ, ਦੇਵਣਹਾਰ ਮਾਣ ਵਡਿਆਈਆ । ਗ੍ਰਿਹਿ ਮੰਦਰ ਵਖਾਏ ਘਰਬਾਰ, ਸੁਹੰਜਣਾ ਇਕ ਜਣਾਈਆ । ਜਗਤ ਵਿਦਿਆ ਵਸੇ ਬਾਹਰ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਤਿਸ ਵਿਚ ਮੇਰੀ ਮੌਲੇ ਰੁਤਿ ਬਹਾਰ, ਪੱਤ ਟਹਿਣੀ ਫਲ ਫੁਲ ਆਪ ਮਹਿਕਾਈਆ । ਮੈਂ ਵੇਖਾਂ ਭਗਤਾਂ ਗੁਲਜ਼ਾਰ, ਗੁਲਸ਼ਨ ਸੋਹਣਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਈਆ । ਫਲਗੁਣ ਕਹੇ ਕਲਜੁਗਾ ਬਿਨ ਹੱਥਾਂ ਕਰ ਸਲਾਮ, ਸੀਸ ਜਗਦੀਸ਼ ਝੁਕਾਈਆ । ਤਕ ਲੈ ਨੂਰ ਅਲਾਹੀ ਅਮਾਮ, ਅਮਲਾਂ ਤੋਂ ਰਹਿਤ ਬੇਪਰਵਾਹੀਆ । ਜਿਸ ਦਾ ਇਕੋ ਇਕ ਹਕੀਕੀ ਜਾਮ, ਜਗਤ ਤ੍ਰਿਸ਼ਨਾ ਕੂੜ ਮਿਟਾਈਆ । ਸ਼ਰਅ ਦਾ ਲੇਖਾ ਨਾ ਰਹੇ ਤਮਾਮ, ਤਮਅ ਲਾਲਚ ਲੋਭ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਫਲਗੁਣ ਕਹੇ ਕਲਜੁਗਾ ਪੁਰਖ ਅਕਾਲ ਤਕ ਲੈ ਅਦਲੀ, ਇਨਸਾਫ਼ ਸਚ ਕਮਾਈਆ । ਤੇਰੀ ਹੋਣ ਵਾਲੀ ਬਦਲੀ, ਬਦਲਾ ਚੁਕੇ ਥਾਉਂ ਥਾਈਂਆ । ਹੁਣ ਆਪਣੇ ਸੰਗੀ ਸਾਥੀ ਸੱਦ ਲਈਂ, ਸੱਦਾ ਦੇਣਾ ਚਾਈਂ ਚਾਈਂਆ । ਤੇਰੀ ਕੂੜ ਕਿਰਿਆ ਵਧ ਗਈ, ਵਾਧਾ ਦਿਸੇ ਖ਼ਲਕ ਖ਼ੁਦਾਈਆ । ਹੁਣ ਨਿਗਾਹ ਮਾਰ ਲੈ ਆਪਣੀ ਹੱਦ ਲਈ, ਬਿਨ ਹਦੂਦਾਂ ਵੇਖ ਵਖਾਈਆ । ਤੇਰੀ ਖੇਲ ਦੀਨ ਦੁਨੀਆ ਜਗ ਲਈ, ਜਾਗਰਤ ਜੋਤ ਬਿਨ ਵਰਨ ਗੋਤ ਪ੍ਰਭ ਭਗਤਾਂ ਦਿਤੀ ਵਡਿਆਈਆ । ਜਿਨ੍ਹਾਂ ਨਵ ਸਤ ਫਿਰ ਫਿਰ ਹਕੀਕੀ ਧਾਰ ਲਭ ਲਈ, ਲੋਭ ਲਾਲਚ ਨਜ਼ਰ

ਕੋਇ ਨਾ ਆਈਆ । ਉਹਦੀ ਮੁਹੱਬਤ ਮਿਤਰਾ ਸਭ ਲਈ, ਦੀਨ ਮਜ਼੍ਹਬ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਫਲਗੁਣ ਕਹੇ ਕਲਜੁਗਾ ਭਗਤਾਂ ਵੇਖ ਲੈ ਰੂਪ ਰੰਗ, ਰੇਖ ਰੇਖਣੀ ਨਾਲ ਮਿਲਾਈਆ । ਜੋ ਪ੍ਰਭ ਦੀ ਸੇਜਾ ਸੁਤੇ ਪਲੰਘ, ਆਸਣ ਅਵਰ ਨਾ ਕੋਇ ਚਤੁਰਾਈਆ । ਨਿਰਗੁਣ ਧਾਰ ਲੱਗੇ ਅੰਗ, ਅੰਗੀਕਾਰ ਇਕ ਅਖਵਾਈਆ । ਜਿਸ ਦਾ ਅੰਮ੍ਰਿਤ ਧਾਰ ਸੋਮਾ ਵਹੇ ਗੰਗ, ਗੰਗੋਤਰੀ ਆਪਣਾ ਮਾਣ ਗੁਆਈਆ । ਉਹ ਸਾਹਿਬ ਸੂਰਾ ਸਰਬਗ, ਹਰਿ ਕਰਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਫਲਗੁਣ ਕਹੇ ਕਲਜੁਗਾ ਭਗਤਾਂ ਤਕ ਲੈ ਮੀਤ, ਮਿਤਰ ਪਿਆਰਾ ਨਜ਼ਰੀ ਆਈਆ । ਜਿਸ ਦੀ ਸਭ ਤੋਂ ਵਖਰੀ ਨੀਤ, ਨੀਤੀਵਾਨ ਧੁਰਦਰਗਾਹੀਆ । ਜਿਸ ਝਗੜਾ ਮੇਟਣਾ ਮੰਦਰ ਮਸੀਤ, ਕਾਅਬਿਆਂ ਰੰਗ ਰੰਗਾਈਆ । ਉਹ ਮਾਲਕ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਨੂਰ ਅਲਾਹੀਆ । ਜੋ ਸਭ ਨੂੰ ਰਿਹਾ ਜੀਤ, ਜਿੱਤ ਹਾਰ ਵੰਡ ਨਾ ਕੋਇ ਵਖਾਈਆ । ਜਿਸ ਤੇਰੇ ਅੰਦਰ ਸੋਹੰ ਸ਼ਬਦ ਸੁਣਾ ਕੇ ਗੀਤ, ਗਹਿਰ ਗੰਭੀਰ ਕੀਤੀ ਪੜ੍ਹਾਈਆ । ਉਹ ਵੇਖ ਲੈ ਚਾਰ ਜੁਗ ਦੀ ਰੀਤ, ਰੀਤੀਵਾਨ ਦਿਤੀ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਫਲਗੁਣ ਕਹੇ ਕਲਜੁਗਾ ਮੇਰੀ ਰੁਤ ਮੌਲੀ ਵੇਖ ਬਹਾਰ, ਪੱਤ ਟਹਿਣੀ ਦਏ ਗਵਾਹੀਆ । ਤੇਰਾ ਲੇਖਾ ਲਹਿਣਾ ਕੂੜ ਹੋਇਆ ਕੁੜਿਆਰ, ਕਲਜੁਗ ਗੰਢ ਪੁਆਈਆ । ਮੇਰਾ ਸ਼ਾਹੋ ਭੂਪ ਸਿਕਦਾਰ, ਸ਼ਹਿਨਸ਼ਾਹ ਇਕ ਅਖਵਾਈਆ । ਜਿਸ ਭਗਤ ਸੁਹੇਲੇ ਦਿਤੇ ਤਾਰ, ਫੜ ਫੜ ਬਾਹੋਂ ਪਾਰ ਕਰਾਈਆ । ਉਸ ਨੂੰ ਕਹਿੰਦੇ ਕਲ ਕਲਕੀ ਅਵਤਾਰ, ਨਿਹਕਲੰਕਾ ਨੂਰ ਅਲਾਹੀਆ । ਜਿਸ ਦਾ ਲਹਿਣਾ ਦੇਣਾ ਸਦਾ ਜੁਗ ਚਾਰ, ਜੁਗ ਚੌਕੜੀ ਵੇਖਣ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਫਲਗੁਣਾ ਜੋ ਭਗਤ ਸੁਹੇਲੇ ਦੱਸਦਾ, ਖ਼ੁਸ਼ੀਆਂ ਨਾਲ ਜਣਾਈਆ । ਵੇਖ ਵੇਖ ਕੇ ਹਸਦਾ, ਬਿਨ ਨੈਣਾਂ ਨੈਣ ਤਕਾਈਆ । ਚਾਰੋਂ ਕੁੰਟ ?ਦੱਸਦਾ?, ਸੋਹਲੇ ਢੋਲੇ ਰਾਗਾਂ ਨਾਲ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਫਲਗੁਣ ਕਹੇ ਕਲਜੁਗ ਜਨ ਭਗਤਾਂ ਵੇਖ ਘਰਾਣਾ, ਗ੍ਰਿਹ ਮੰਦਰ ਧਿਆਨ ਲਗਾਈਆ । ਜਿਥੇ ਧਰਮ ਧਾਰ ਨਿਸ਼ਾਨਾ, ਦੂਜਾ ਨਜ਼ਰ ਕੋਇ ਨਾ ਆਈਆ । ਉਸ ਦਾ ਭਗਤਾਂ ਨਾਲ ਯਰਾਨਾ, ਯਾਰੀ ਸਕੇ ਨਾ ਕੋਇ ਤੁੜਾਈਆ । ਜਿਸ ਦਾ ਸ਼ਹਿਨਸ਼ਾਹੀ ਸੰਮਤ ਦਸ ਮਹਾਨਾ, ਮਹਿੰਮਾ ਗਣਤ ਨਾ ਕੋਇ ਗਿਣਾਈਆ । ਉਸ ਦਾ ਹੁਕਮ ਕਰਨਾ ਪਏ ਪਰਵਾਨਾ, ਸਿਰ ਸਕੇ ਨਾ ਕੋਇ ਉਠਾਈਆ । ਉਹ ਨਿਰਗੁਣ ਧਾਰ ਕਾਹਨਾ ਦਾ ਕਾਹਨਾ, ਕਾਹਨ ਇਕ ਅਖਵਾਈਆ । ਜਿਸ ਨੂੰ ਸਭ ਨੇ ਮੰਨਿਆ ਰਾਮਾ, ਰਾਮ ਰਾਮਾ ਵੇਸ ਵਟਾਈਆ । ਜਿਸ ਦਾ ਸ਼ਬਦ ਧਾਰ ਦਮਾਮਾ, ਦੋ ਜਹਾਨਾਂ ਲੇਖਾ ਜਾਣੇ ਥਾਉਂ ਥਾਈਂਆ । ਉਸ ਦਾ ਖੇਲ ਤਕਣਾ ਜ਼ਿਮੀਂ ਅਸਮਾਨਾ, ਚਾਰੋਂ ਕੁੰਟ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਫਲਗੁਣ ਕਹੇ ਜਨ ਭਗਤੋ ਸਚ ਧਰਮ ਦਾ ਤਕੋ ਰਾਹ, ਪੁਰਖ ਅਕਾਲ ਦਏ ਵਡਿਆਈਆ । ਕਲਜੁਗ ਕੂੜ ਦਾ ਦਿਸੇ ਮਲਾਹ, ਬੇੜਾ ਪਾਰ ਨਾ ਕੋਇ ਕਰਾਈਆ । ਤੁਸੀਂ

ਫਿਰੋ ਥਲ ਅਸਗਾਹ, ਭੱਜੇ ਵਾਹੋ ਦਾਹੀਆ । ਗ੍ਰਿਹਿ ਗ੍ਰਿਹਿ ਖ਼ੁਸ਼ੀ ਲੈਣੀ ਮਨਾ, ਮਿਲ ਸਖ਼ੀਆਂ ਢੋਲੇ ਗਾਈਆ । ਹਰਿਜਨ ਕਹਿਣਾ ਵਾਹ ਵਾਹ, ਵਾਹਵਾ ਵਜਦੀ ਰਹੇ ਵਧਾਈਆ । ਤੂੰ ਪਰਮ ਪੁਰਖ ਪਰਮਾਤਮ ਸਭ ਦੇ ਕੱਟਣਹਾਰ ਗੁਨਾਹ, ਮੁਸ਼ਕਲ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਫਲਗੁਣ ਕਹੇ ਕਲਜੁਗਾ ਤੇਰਾ ਪੈਂਡਾ ਜਾਂਦਾ ਮੁਕਦਾ, ਅੰਤ ਨਜ਼ਰ ਕਿਛ ਨਾ ਆਈਆ । ਹੁਣ ਵੇਲਾ ਰਿਹਾ ਨਹੀਂ ਲੁਕ ਦਾ, ਤਨ ਵਜੂਦ ਨਾ ਕੋਇ ਛੁਪਾਈਆ । ਪ੍ਰਭ ਨੇ ਭੇਵ ਖੋਲ੍ਹਿਆ ਇਕ ਤੁਕ ਦਾ, ਤੁਖ਼ਮ ਤਾਸੀਰ ਸਭ ਦੀ ਦਿਤੀ ਬਦਲਾਈਆ । ਜਿਹੜਾ ਮਨੂਆ ਕਿਸੇ ਨਹੀਂ ਝੁਕਦਾ, ਉਹ ਪ੍ਰਭ ਸਰਨ ਲਾਗੇ ਪਾਈਆ । ਸਾਚਾ ਵਕ਼ਤ ਸੁਹੰਜਣਾ ਹੋਵੇ ਸੁਖ ਦਾ, ਸੁਖ ਸਾਗਰ ਰੂਪ ਬਦਲਾਈਆ । ਵਕ਼ਤ ਦੁਹੇਲਾ ਨਾ ਹੋਵੇ ਦੁਖ ਦਾ, ਦਰਦੀਆਂ ਦਰਦ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਫਲਗੁਣ ਕਹੇ ਜਨ ਭਗਤਾਂ ਘਰ ਘਰ ਫਿਰਦਾ ਪੁਛਦਾ, ਬਚਿਆ ਜਗਤ ਜ਼ਿਮੀਂ ਅਸਮਾਨ ਰਹਿਣ ਕੋਇ ਨਾ ਪਾਈਆ ।

### ੨ ਫੱਗਣ ਸ਼ਹਿਨਸ਼ਾਹੀ ਸੰਮਤ ਦਸ ਕਰਮ ਸਿੰਘ ਦੇ ਸਰੀਰ ਛਡਣ ਨਵਿਤ ਪਿੰਡ ਨਯਾਸ਼ਾਲਾ ਜ਼ਿਲਾ ਗੁਰਦਾਸਪੁਰ

ਦੋ ਫਲਗੁਣ ਕਹੇ ਮੇਰਾ ਧਰਮ ਧਾਰ ਦਾ ਫਲ, ਪਰਵਿਸ਼ਟਾ ਇਸ਼ਟ ਇਕ ਜਣਾਈਆ । ਮੇਰਾ ਲਹਿਣਾ ਦੇਣਾ ਲੇਖਾ ਨਾਲ ਰਾਜੇ ਬਲ , ਬਾਵਨ ਧਾਰ ਮਿਲੀ ਵਡਿਆਈਆ । ਜਿਸ ਸਚ ਦੁਆਰਾ ਧਰਮ ਦੀ ਧਾਰ ਲਿਆ ਮੱਲ, ਸਿੰਘਾਸਣ ਇਕੋ ਇਕ ਸੁਹਾਈਆ । ਜੋ ਦੇਵਣਹਾਰਾ ਅੰਮ੍ਰਿਤ ਜਲ, ਜਲ ਧਾਰਾ ਵਿਚ ਸਮਾਈਆ । ਜਿਸ ਦਾ ਲੇਖਾ ਮਹੀਅਲ ਥਲ, ਅਸਗਾਹਾਂ ਖੋਜ ਖੁਜਾਈਆ । ਸੋ ਲਹਿਣਾ ਦੇਣਾ ਜਾਣੇ ਘੜੀ ਘੜੀ ਪਲ ਪਲ, ਪਲਕਾਂ ਦਾ ਮਾਲਕ ਨੂਰ ਅਲਾਹੀਆ । ਵਸਣਹਾਰਾ ਨਿਹਚਲ ਧਾਮ ਅਟਲ, ਸਚਖੰਡ ਦੁਆਰਾ ਇਕ ਸੁਹਾਈਆ । ਜੋ ਸਤਿ ਸਚ ਸੰਦੇਸ਼ਾ ਨਿਰਗੁਣ ਸਰਗੁਣ ਦੇਵੇ ਘਲ, ਬਿਨ ਅੱਖਰਾਂ ਅੱਖਰ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਫਲਗੁਣ ਕਹੇ ਮੇਰਾ ਲੇਖਾ ਬਲ ਦੁਆਰ, ਬਾਵਨ ਨਾਲ ਮਿਲੀ ਵਡਿਆਈਆ । ਸਤਿਜੁਗ ਕੂਕ ਕਹੇ ਪੁਕਾਰ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਮੇਰਾ ਵਕਤ ਸੁਹੰਜਣਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵੇਖ ਵਖਾਈਆ । ਜਿਸ ਦਾ ਲੇਖਾ ਜਗਤ ਅੱਖਰ ਨਹੀਂ ਇਜ਼ਹਾਰ, ਸਿਫ਼ਤਾਂ ਵਿਚ ਨਾ ਸਿਫ਼ਤ ਸਲਾਹੀਆ । ਜੋ ਬਿਨਾ ਜ਼ਬਾਨ ਤੋਂ ਕੂਕ ਕਰੇ ਪੁਕਾਰ, ਦੋ ਜਹਾਨ ਸ਼ਨਵਾਈਆ । ਸੋ ਪਤਤ ਪਾਵਨ ਪਾਵਣਹਾਰਾ ਸਾਰ, ਵੇਖਣਹਾਰ ਅਗੰਮ ਅਥਾਹੀਆ । ਜਿਸ ਦਾ ਲਹਿਣਾ ਦੇਣਾ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਫਲਗੁਣ ਕਹੇ ਮੇਰਾ ਪਰਵਿਸ਼ਟਾ ਦੋ, ਦੋ ਜਹਾਨ ਖ਼ੁਸ਼ੀ ਮਨਾਈਆ । ਮੇਰੇ ਅੰਤਰ ਆਈ ਲੋ, ਲੋਇਣ ਪ੍ਰਭ ਨੇ ਦਿਤਾ ਖੁਲ੍ਹਾਈਆ । ਮੈਂ ਸੁਣ ਕੇ ਸ਼ਬਦ ਅਗੰਮੀ ਸੋ, ਸੋ ਪੁਰਖ ਨਿਰੰਜਣ ਸੀਸ ਨਿਵਾਈਆ । ਜੋ ਆਤਮ ਧਾਰ ਆਪੇ ਹੋ, ਨਿਰਗੁਣ ਖੇਲ ਖੇਲੇ ਚਾਈਂ ਚਾਈਆ । ਜਿਸ ਦਾ ਭੇਵ ਜਾਣੇ

੨੮੭
੨੪

ਨਾ ਕੋ, ਪਰਦਾ ਸਕੇ ਨਾ ਕੋਇ ਖੁਲ੍ਹਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਦੀਨ ਦੁਨੀ ਨਾਲੋਂ ਹੋ ਨਿਰਮੋਹ, ਮੁਹੱਬਤ ਭਗਤਾਂ ਨਾਲ ਰਖਾਈਆ । ਸਚ ਸੁਆਮੀ ਅੰਤਰਜਾਮੀ ਅੰਮ੍ਰਿਤ ਰਸ ਨਿਝਰ ਦੇਵੇ ਚੋ, ਬਿਨ ਰਸਨਾ ਜਿਹਵਾ ਆਪ ਚਖਾਈਆ । ਪੰਚ ਵਿਕਾਰ ਮੇਟ ਕੇ ਗਰੋਹ, ਘਰ ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਫਲਗੁਣ ਕਹੇ ਮੇਰੀ ਰੁਤ ਸੁਹੰਜਣੀ ਦਿਸੇ ਜਗਤ, ਪ੍ਰਭ ਦੇਵੇ ਮਾਣ ਵਡਿਆਈਆ । ਮੇਰਾ ਕੋਈ ਨਾ ਜਾਣੇ ਵਕਤ, ਘੜੀ ਪਲ ਥਿਤ ਵਾਰ ਨਾ ਕੋਈ ਚਤੁਰਾਈਆ । ਮੇਰਾ ਨਾਤਾ ਨਹੀਂ ਨਾਲ ਬੂੰਦ ਰਕਤ, ਤਤਵ ਤਤ ਨਾ ਰੰਗ ਰੰਗਾਈਆ । ਮੇਰੇ ਅੰਤਰ ਇਕੋ ਪ੍ਰਭੂ ਦੀ ਸ਼ਕਤ, ਜੋ ਸਾਖਿਆਤ ਆਪਣਾ ਦਰਸ ਦਿਖਾਈਆ । ਮੈਂ ਲੇਖਾ ਜਾਣਾ ਬਲ ਦੁਆਰੇ ਭਗਤ, ਕੀ ਭਗਵਨ ਦਏ ਵਡਿਆਈਆ । ਖੁਸ਼ੀਆਂ ਵਿਚ ਮੌਲੇ ਧਰਤ, ਧਵਲ ਧੌਲ ਆਪਣਾ ਰੰਗ ਰੰਗਾਈਆ । ਜਿਸ ਦੀ ਸਤਿਗੁਰ ਸ਼ਬਦ ਧਾਰ ਸ਼ਰਤ, ਸ਼ਰਅ ਤੋਂ ਬਾਹਰ ਸਮਝਾਈਆ । ਆਦਿ ਜੁਗਾਦੀ ਆਵੇ ਪਰਤ, ਪਤਿਪਰਮੇਸ਼ਵਰ ਨੂਰ ਅਲਾਹੀਆ । ਜੋ ਮਾਲਕ ਖ਼ਾਲਕ ਵਾਲੀ ਅਰਸ਼, ਨੂਰ ਨੁਰਾਨਾ ਇਕ ਅਖਵਾਈਆ । ਨਿਰਗੁਣ ਸਰਗੁਣ ਦੇਵੇ ਦਰਸ, ਬਿਨ ਨੇਤਰ ਲੋਚਣ ਨੈਣਾਂ ਪਰਦਾ ਦਏ ਚੁਕਾਈਆ । ਜੁਗ ਜੁਗ ਦੀ ਮੇਟੇ ਹਰਸ, ਹਵਸ ਕੂੜ ਦਏ ਮਿਟਾਈਆ । ਜਨ ਭਗਤਾਂ ਉਤੇ ਕਰੇ ਤਰਸ, ਮਿਹਰਵਾਨ ਮਹਿਬਾਨ ਮਿਹਰ ਨਜ਼ਰ ਇਕ ਉਠਾਈਆ । ਅੰਮ੍ਰਿਤ ਮੇਘ ਦੇਵੇ ਬਰਸ, ਅਗਨੀ ਤਤ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
੨੮੮ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਫਲਗੁਣ ਕਹੇ ਮੈਂ ਕਥਾ ਦੱਸਾਂ ਪੁਰਾਣੀ, ਪਰਵਿਸ਼ਟਾ ਦੋ ਨਾਲ ਮਿਲਾਈਆ । ੨੮੮
੨੪ ਜਿਸ ਦਾ ਲੇਖਾ ਨਾਲ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਸੰਗ ਮਿਲਾਈਆ । ਚਾਰ ਜੁਗ ਦੇ ਸ਼ਾਸਤਰ ਜਿਸ ਦੀ ਅਗੰਮੀ ਬਾਣੀ, ਨਾਮ ੨੪
ਅਣਿਆਲੇ ਤੀਰ ਚਲਾਈਆ । ਉਹ ਆਦਿ ਜੁਗਾਦੀ ਸਭ ਦਾ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ । ਜਿਸ ਦੇ ਚਰਨ ਕਵਲ ਵਿਟੋਂ ਕੁਰਬਾਨੀ, ਆਪ ਆਪਣਾ ਭੇਟ ਕਰਾਈਆ । ਸੋ ਆਦਿ ਅੰਤ ਸਭ ਦੀ ਕਰੇ ਪਛਾਣੀ, ਬੇਪਹਿਚਾਨ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਦੋ ਫਲਗੁਣ ਕਹੇ ਉਹ ਤਕ ਲਓ ਨਾਰਦ ਆਇਆ ਦੌੜਾ, ਆਪਣਾ ਪੰਧ ਮੁਕਾਈਆ । ਨਾਲੇ ਚੜ੍ਹ ਕੇ ਅਗੰਮੀ ਪੌੜ੍ਹਾ, ਪੌੜ੍ਹੀ ਡੰਡੇ ਪੰਧ ਮੁਕਾਈਆ । ਸੰਦੇਸ਼ਾ ਦੇਵੇ ਤਕ ਲਓ ਬ੍ਰਾਹਮਣ ਗੌੜਾ, ਗਹਿਰ ਗੰਭੀਰ ਬੇਪਰਵਾਹੀਆ । ਜਿਸ ਦਾ ਮਾਰਗ ਸਭ ਤੋਂ ਲੰਮਾਂ ਚੌੜਾ, ਚਾਰ ਜੁਗ ਸਮਝ ਕਿਸੇ ਨਾ ਆਈਆ । ਜੋ ਮਿਠਾ ਕਰਨਹਾਰਾ ਰੀਠਾ ਕੌੜਾ, ਕੂੜੀ ਕਿਰਿਆ ਵੇਖ ਵਖਾਈਆ । ਜੋ ਆਤਮ ਪਰਮਾਤਮ ਜੁਗ ਜੁਗ ਬਣਾਏ ਜੋੜਾ, ਭਗਤ ਭਗਵਾਨ ਰੰਗ ਰੰਗਾਈਆ । ਜਿਸ ਦਾ ਲੇਖਾ ਕਲਜੁਗ ਅੰਤਮ ਨਾਲ ਥੋੜਾ, ਬਹੁਤੀ ਸਤਿਜੁਗ ਦਏ ਵਡਿਆਈਆ । ਉਹ ਵੇਖਣਹਾਰਾ ਸੱਸੇ ਉਤੇ ਹੋੜਾ, ਹਾਹੇ ਟਿੱਪੀ ਨਾਲ ਮਿਲਾਈਆ । ਜਿਸ ਦਾ ਸ਼ਬਦ ਅਗੰਮੀ ਘੋੜਾ, ਦੋ ਜਹਾਨ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਮੈਂ ਦੱਸਾਂ ਪੁਰਾਣੀ ਕਥਾ, ਬਿਨ ਕਥਨੀ ਦਿਆਂ ਦ੍ਰਿੜਾਈਆ । ਜੋ ਪ੍ਰਭ ਦਾ ਖੇਲ ਯਥਾਰਥ ਯਥਾ, ਯਦਪ ਯਦੀ ਦਿਆਂ ਸਮਝਾਈਆ । ਪਹਿਲੋਂ ਬਿਨਾ ਹੱਥਾਂ ਤੋਂ ਟੇਕ ਕੇ ਮੱਥਾ, ਸੀਸ ਜਗਦੀਸ਼ ਝੁਕਾਈਆ । ਫੇਰ ਕਹਾਂ ਪੁਰਖ ਸਮਰਥਾ, ਤੇਰੀ ਵਡ ਵਡਿਆਈਆ ।

ਜਿਸ ਦਾ ਗੋਬਿੰਦ ਸਬਰ ਲੱਬਾ, ਯਾਰੜਾ ਸੇਜ ਹੰਢਾਈਆ । ਉਸ ਦਾ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਦਾ ਰਥਾ, ਰਥ ਰਥਵਾਹੀ ਵੇਖ ਵਖਾਈਆ । ਜਿਸ ਦਾ ਸ਼ਬਦੀ ਤੀਰ ਕਮਾਨ ਭੱਥਾ, ਜਗਤ ਖੰਡੇ ਨਾ ਕੋਇ ਖੜਕਾਈਆ । ਜੋ ਲੱਖ ਚੁਰਾਸੀ ਆਤਮ ਧਾਰ ਪਾਵੇ ਨੱਥਾ, ਸ਼ਬਦੀ ਡੋਰੀ ਤੰਦ ਬੰਧਾਈਆ । ਸੋ ਲਹਿਣਾ ਦੇਣਾ ਦੇਵੇ ਜੁਗ ਜੁਗ ਹੱਥੋ ਹੱਥਾ, ਉਧਾਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਉਠਾਈਆ । ਨਾਰਦ ਕਹੇ ਮੈਂ ਦੱਸਾਂ ਪਿਛਲੀ ਪੁਰਾਣੀ ਬਾਤ, ਬਾਤਨ ਭੇਵ ਖੁਲ੍ਹਾਈਆ । ਨੀਜ਼ੂ ਨਾਮ ਬ੍ਰਾਹਮਣ ਜ਼ਾਤ, ਖੱਤਰੀ ਵੰਡ ਨਾ ਕੋਇ ਵੰਡਾਈਆ । ਖ਼ੁਸ਼ੀਆਂ ਨਾਲ ਗੁਣ ਗਾਵੇ ਪ੍ਰਭੂ ਦੇ ਰਾਤ, ਰੈਣ ਭਿੰਨੜੀ ਨਾਲ ਮਿਲਾਈਆ । ਅੰਤਰ ਆਤਮ ਜੋੜ ਕੇ ਨਾਤ, ਖੇਲ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਨਾਈਆ । ਨਾਰਦ ਕਹੇ ਮੇਰੀ ਕਥਾ ਬਹੁਤ ਅਨਮੁਲੀ, ਜਗ ਕ਼ੀਮਤ ਕੋਇ ਨਾ ਪਾਈਆ । ਮੈਂ ਸੁਣਾਈ ਕਦੇ ਨਹੀਂ ਬੁੱਲੀਂ, ਰਸਨਾ ਰਸ ਨਾ ਕੋਇ ਚਤੁਰਾਈਆ । ਮੇਰੀ ਧਾਰ ਕਦੇ ਨਾ ਭੁੱਲੀ, ਅਭੁਲ ਦਿਤੀ ਵਡਿਆਈਆ । ਮੇਰਾ ਲੇਖਾ ਨਾਲ ਕਾਇਆ ਕੁੱਲੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਮੇਰਾ ਮਾਲਕ ਸੁਲਹਕੁਲੀ, ਕੁਲ ਮਾਲਕ ਇਕ ਅਖਵਾਈਆ । ਮੇਰੀ ਬਾਤ ਜੁਗ ਚੌਕੜੀ ਕਦੇ ਨਾ ਰੁਲੀ, ਕ਼ੀਮਤ ਜਗਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਜਿਸ ਵੇਲੇ ਬਾਵਨ ਆਇਆ ਬਲ ਦੁਆਰ, ਆਪਣਾ ਰੂਪ ਬਦਲਾਈਆ । ਅਸਵਮੇਧ ਯਗ ਦਾ ਖੇਲ ਅਪਾਰ, ਅਪਰੰਪਰ ਰਚਨਾ ਦਿਤੀ ਰਚਾਈਆ । ਤੇਰਾਂ ਸੌ ਸਤਾਸੀ ਰਿਸ਼ੀਆਂ ਦਾ ਲੇਖਾ ਨਾਲ ਅਧਾਰ, ਮੇਲਾ ਮਿਲਿਆ ਚਾਈਂ ਚਾਈਂਆ । ਜੋ ਇਕੋ ਵਾਰ ਕਰਨ ਪੁਕਾਰ, ਤੂੰ ਹੀ ਤੂੰ ਹੀ ਰਾਗ ਸੁਣਾਈਆ । ਉਹ ਵੇਖਣ ਨੈਣ ਉਘਾੜ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਧਰਮ ਦੀ ਧਾਰ ਭਰੇ ਭੰਡਾਰ, ਅਤੋਟ ਅਤੁਟ ਤੋਟ ਨਜ਼ਰ ਕੋਇ ਨਾ ਆਈਆ । ਸਾਰੇ ਕਰਦੇ ਜੈ ਜੈਕਾਰ, ਖ਼ੁਸ਼ੀਆਂ ਢੋਲੇ ਗਾਈਆ । ਬਲ ਬੈਠ ਆਪਣੇ ਦੁਆਰ, ਮਜਲਸ ਆਪਣੀ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਨਾਰਦ ਕਹੇ ਮੈਂ ਕੂਕ ਕਰਾਂ ਪੁਕਾਰ, ਸਚ ਸਚ ਸੁਣਾਈਆ । ਜਿਸ ਵੇਲੇ ਬਾਵਨ ਤੇਰੀ ਧਾਰ, ਧਰਨੀ ਧਰਤ ਧਵਲ ਵਜੇ ਵਧਾਈਆ । ਬ੍ਰਾਹਮਣ ਹੋ ਕੇ ਖ਼ਬਰਦਾਰ, ਪਰੋਹਿਤ ਆਪਣੀ ਲਈ ਅੰਗੜਾਈਆ । ਬਲ ਕਰਕੇ ਨਿਮਸਕਾਰ, ਸੰਦੇਸ਼ਾ ਦਿਤਾ ਚਾਈਂ ਚਾਈਆ । ਤੇਰੇ ਦਰਵੇਸ਼ ਆਇਆ ਕੋਈ ਭਿਖਾਰ, ਖ਼ਾਲੀ ਝੋਲੀ ਰਿਹਾ ਵਖਾਈਆ । ਚਾਰੇ ਵੇਦਾਂ ਰਿਹਾ ਉਚਾਰ, ਨੇਤਰ ਅੱਖ ਨਾ ਕਦੇ ਉਠਾਈਆ । ਬਲ ਹਸ ਕੇ ਕਿਹਾ ਮੇਰੇ ਯਾਰ, ਮਿਤਰਾ ਦਿਆਂ ਸੁਣਾਈਆ । ਕੁਛ ਪ੍ਰੇਮ ਪ੍ਰੀਤੀ ਘਾਲ, ਘਾਲ ਘਾਲਣਾ ਤੇਰੀ ਤੇਰੀ ਝੋਲੀ ਪਾਈਆ । ਉਸ ਨੂੰ ਪਿਆਰ ਮੁਹੱਬਤ ਵਿਚ ਭੋਜਨ ਆਪ ਖੁਵਾਲ, ਖ਼ੁਸ਼ੀਆਂ ਰੰਗ ਰੰਗਾਈਆ । ਸਚ ਦੁਆਰ ਲੈਣਾ ਬਹਾਲ, ਦਰ ਇਕੋ ਇਕ ਵਖਾਈਆ । ਪਤਾ ਨਹੀਂ ਉਹ ਸ਼ਾਹ ਕਿ ਕੰਗਾਲ, ਕਵਣ ਜ਼ਾਤੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਨਾਰਦ ਕਹੇ ਝਟ ਬ੍ਰਾਹਮਣ ਸੀਸ ਦਿਤਾ ਝੁਕਾ, ਨਮੋਂ ਨਮੋਂ ਕਹਿ ਕੇ ਖ਼ੁਸ਼ੀ ਬਣਾਈਆ । ਬਿਨਾ ਅੱਖਾਂ ਤੋਂ ਧਰਮ ਦੀ ਧਾਰ ਲੈ ਕੇ ਰੁੱਕਾ, ਭੱਜਿਆ ਵਾਹੋ ਦਾਹੀਆ । ਨਾਲੇ ਭੋਜਨ ਦਾ

ਥਾਲ ਚੁੱਕਾ, ਦੋ ਹੱਥਾਂ ਉਤੇ ਉਠਾਈਆ । ਫੇਰ ਮੀਟ ਕੇ ਦੋਵੇਂ ਮੁੱਠਾਂ, ਭੱਜਿਆ ਵਾਹੋ ਦਾਹੀਆ । ਸੱਜਾ ਕ਼ਦਮ ਪਹਿਲੇ ਪੁੱਟਾ, ਸੋਹਣੀ ਆਪਣੀ ਗਣਤ ਗਣਾਈਆ । ਫੇਰ ਹਲੂਣ ਕੇ ਆਪਣੇ ਗੁੱਟਾ, ਸਾਵਧਾਨ ਲਿਆ ਕਰਾਈਆ । ਅੰਦਰ ਯਾਦ ਕੀਤਾ ਅਬਿਨਾਸ਼ੀ ਅਚੁਤਾ, ਚੇਤਨ ਸੁਰਤੀ ਲਈ ਕਰਾਈਆ । ਕਿੱਡੀ ਸੁਹਾਵੀ ਹੋਈ ਰੁਤਾ, ਰੁਤੜੀ ਪ੍ਰਭ ਨੇ ਦਿਤੀ ਮਹਿਕਾਈਆ । ਬ੍ਰਾਹਮਣ ਨੇ ਬ੍ਰਹਮ ਰੂਪ ਤਕਿਆ ਇਕ ਗਿਠ ਤੇ ਇਕ ਮੁੱਠਾ, ਬਾਵਨ ਸੋਭਾ ਪਾਈਆ । ਜੋ ਅਗੇ ਹੱਥ ਕਰਕੇ ਪੁੱਠਾ, ਇਸ਼ਾਰਿਆਂ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਪੰਡਤ ਨੇ ਥਾਲ ਲਿਆਂਦਾ ਪਰੋਸ, ਸੋਹਣੀ ਖ਼ੁਸ਼ੀ ਬਣਾਈਆ । ਹੱਥ ਜੋੜ ਕੇ ਕਿਹਾ ਮੈਂ ਨਿਰਦੋਸ਼, ਦੋਸ਼ ਨਜ਼ਰ ਕੋਇ ਨਾ ਆਈਆ । ਤੁਸੀਂ ਪੰਧ ਮਾਰਿਆ ਕੋਟਨ ਕੋਟ, ਆਏ ਚਾਈਂ ਚਾਈਂਆ । ਮੇਰੀ ਆਸ਼ਾ ਇਕੋ ਲੋਚ, ਮਨਸਾ ਦਿਆਂ ਸੁਣਾਈਆ । ਤੁਸੀਂ ਕਰੋ ਕੋਈ ਨਾ ਸੋਚ, ਭੋਜਨ ਛਕੋ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਝਟ ਬਾਵਨ ਇਕ ਸੰਦੇਸ਼ਾ ਦਿਤਾ ਆਪ, ਆਪਣੀ ਖ਼ੁਸ਼ੀ ਬਣਾਈਆ । ਪੰਡਤਾ ਪਹਿਲੋਂ ਸੁਣਾ ਜਾਪ, ਕੀ ਮੰਤਰ ਰਿਹਾ ਧਿਆਈਆ । ਕਿਸ ਬਿਧ ਤਨ ਸਰੀਰ ਉਤਰੇ ਪਾਪ, ਪਤਿਤ ਪੁਨੀਤ ਬਣਾਈਆ । ਲੇਖਾ ਮੁਕੇ ਲੋਕਮਾਤ, ਜਨਮ ਜਨਮ ਰਹੇ ਨਾ ਰਾਈਆ । ਸਚ ਪ੍ਰੀਤੀ ਜੁੜੇ ਨਾਤ, ਨਾਤਾ ਸਕੇ ਨਾ ਕੋਇ ਤੁੜਾਈਆ । ਤੂੰ ਕਿਸ ਦੁਆਰਿਉ ਲਿਆਇਆ ਦਾਤ, ਜੋ ਮੇਰੇ ਅਗੇ ਟਿਕਾਈਆ । ਨਾ ਇਹ ਚਾਵਲ ਨਾ ਇਹ ਭਾਤ, ਪਦਾਰਥ ਬ੍ਰਹਮ ਨਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਰੰਗ ਆਪ ਰੰਗਾਈਆ । ਬ੍ਰਾਹਮਣ ਕਿਹਾ ਮੈਨੂੰ ਰਾਜੇ ਬਲ ਦਿਤਾ ਭੇਜ, ਹੁਕਮ ਹੁਕਮ ਨਾਲ ਜਣਾਈਆ । ਮੈਂ ਵੇਖ ਕੇ ਤੇਰਾ ਤੇਜ, ਹੈਰਾਨੀ ਵਿਚ ਬਿਘਸਾਈਆ । ਤੇਰਾ ਸਿੰਘਾਸਣ ਅਗੰਮੀ ਸੇਜ, ਸੁਖ ਆਸਣ ਸੋਭਾ ਪਾਈਆ । ਮੈਨੂੰ ਪਤਾ ਨਹੀਂ ਇਹ ਭਖ ਕੇ ਭੋਜ ਲੇਹਜ ਫੇਹਜ, ਚਾਰੇ ਖਾਣੀ ਚਾਰੇ ਬਾਣੀ ਕੀ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਬਾਵਨ ਕਿਹਾ ਪੰਡਤਾ ਮੈਂ ਖਾਣਾ ਨਹੀਂ ਆਹਾਰ, ਰਸਨਾ ਰਸ ਨਾ ਮੂਲ ਲਗਾਈਆ । ਜਾ ਕੇ ਕਹਿ ਦੇ ਬਲ ਦੁਆਰ, ਪ੍ਰੇਮ ਪ੍ਰੇਮ ਨਾਲ ਜਣਾਈਆ । ਬੁੱਢਾ ਪੰਡਤ ਪੁਰਾਣਾ ਆਇਆ ਦਰ ਭਿਖਾਰ, ਮਾਂਗਤ ਹੋ ਕੇ ਮੰਗ ਮੰਗਾਈਆ । ਢਾਈ ਕਰਮਾਂ ਦਾ ਅਧਾਰ, ਧਰਨੀ ਦੇਣੀ ਚਾਈਂ ਚਾਈਂਆ । ਜਿਥੇ ਛੱਪਰ ਛੰਨ ਲਵਾਂ ਉਸਾਰ, ਆਪਣਾ ਸੀਸ ਲੁਕਾਈਆ । ਨਾਤਾ ਤੋੜ ਜਗਤ ਸੰਸਾਰ, ਸੰਸਾ ਦੀਨ ਦੁਨੀ ਮੁਕਾਈਆ । ਇਕੋ ਮੇਲ ਮਿਲੇ ਧੁਰ ਦੇ ਯਾਰ, ਮਿਤਰ ਪਿਆਰਾ ਵੇਖ ਵਖਾਈਆ । ਜੋ ਸਦਾ ਦੇਵੇ ਆਹਾਰ, ਜੁਗ ਜੁਗ ਤ੍ਰਿਸ਼ਨਾ ਭੁਖ ਮਿਟਾਈਆ । ਪੰਡਤ ਰੋ ਕੇ ਕਿਹਾ ਪੁਕਾਰ, ਕੂਕ ਕੂਕ ਸੁਣਾਈਆ । ਤੁਸੀਂ ਖਾਓ ਮੇਰੀ ਸਰਕਾਰ, ਤੁਹਾਡੇ ਅਗੇ ਭੇਟ ਕਰਾਈਆ । ਬਾਵਨ ਕਿਹਾ ਸੁਣ ਸ਼ਬਦ ਅਗੰਮ ਵਿਚਾਰ, ਵਿਚਰ ਕੇ ਦਿਆਂ ਸੁਣਾਈਆ । ਤੂੰ ਪੰਡਤਾ ਹੋਣਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਦ੍ਰਿੜਾਈਆ । ਤੇਰਾ ਮੇਰਾ ਹੋਇਆ ਉਧਾਰ, ਲੇਖਾ ਤੇਰੇ ਨਾਲ ਰਖਾਈਆ । ਉਹ ਵੇਖ ਲੈ ਸਤਿਜੁਗ ਤ੍ਰੇਤਾ ਦੁਆਪਰ ਜੁਗ ਹੁੰਦੇ ਪਾਰ, ਆਪਣਾ ਪੰਧ ਮੁਕਾਈਆ । ਕਲਜੁਗ ਨਿਗਾਹ ਮਾਰ ਲੈ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਚਾਰੋਂ ਕੁੰਟ ਹੋਣਾ ਅੰਧ ਅੰਧਿਆਰ, ਸਾਚਾ ਚੰਦ ਨਾ ਕੋਇ ਚਮਕਾਈਆ ।

ਜਿਸ ਵੇਲੇ ਦੁਖ ਭੁਖ ਨਾਲ ਸ੍ਰਿਸ਼ਟੀ ਵਿਚ ਹੋਵੇ ਹਾਹਾਕਾਰ, ਧੀਰਜ ਧੀਰ ਨਾ ਕੋਇ ਧਰਾਈਆ । ਮੇਰਾ ਰੂਪ ਹੋਵੇ ਨਰ ਅਵਤਾਰ, ਕਲ ਕਲਕੀ ਵੇਸ ਵਟਾਈਆ । ਤੇਰਾ ਜਨਮ ਫੇਰ ਹੋਵੇ ਅਪਾਰ, ਅਪਰੰਪਰ ਆਪ ਕਰਾਈਆ । ਮਾਨਸ ਤੋਂ ਮਾਨਸ ਚੁਰਾਸੀ ਨਾਲ ਨਹੀਂ ਤਕਰਾਰ, ਝਗੜਾ ਜੂਨ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਬਾਵਨ ਕਿਹਾ ਬ੍ਰਾਹਮਣਾ ਬ੍ਰਹਮ ਦ੍ਰਿੜਾਵਾਂਗਾ । ਨਿਰਗੁਣ ਨੂਰ ਜੋਤ ਰੁਸ਼ਨਾਵਾਂਗਾ । ਸਤਿਗੁਰ ਸ਼ਬਦ ਨਾਲ ਮਿਲਾਵਾਂਗਾ । ਜੋਤੀ ਜਾਤਾ ਇਕ ਅਖਵਾਵਾਂਗਾ । ਪੁਰਖ ਬਿਧਾਤਾ ਨਾਉਂ ਪਰਗਟਾਵਾਂਗਾ । ਕਲਜੁਗ ਅੰਤਮ ਵੇਸ ਵਟਾਵਾਂਗਾ । ਸੰਬਲ ਵਸ ਕੇ ਸਾਚੇ ਦੇਸ, ਸਾਢੇ ਤਿੰਨ ਹੱਥ ਰੰਗ ਰੰਗਾਵਾਂਗਾ । ਧੁਰ ਦਾ ਮਾਲਕ ਬਣ ਨਰੇਸ਼, ਨਰ ਨਰਾਇਣ ਇਕ ਅਖਵਾਵਾਂਗਾ । ਗੋਬਿੰਦ ਸ਼ਬਦ ਦਸ ਦਸਮੇਸ਼, ਦਹਿ ਦਿਸ਼ਾ ਸੰਗ ਨਿਭਾਵਾਂਗਾ । ਕਲਜੁਗ ਕੂੜੀ ਕਿਰਿਆ ਮੇਟ ਕਲੇਸ਼, ਕਲ ਕਾਤੀਆਂ ਪੰਧ ਮੁਕਾਵਾਂਗਾ । ਆਤਮ ਪਰਮਾਤਮ ਦੇ ਕੇ ਸਚ ਸੰਦੇਸ਼, ਸਿਖਿਆ ਸਤਿਗੁਰ ਇਕ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਵਾਂਗਾ । ਬਾਵਨ ਕਿਹਾ ਪੰਡਤ ਸ਼ਬਦੀ ਧਾਰ ਹੋਇਆ ਧਰਮ, ਸਚ ਨਾਲ ਜਣਾਈਆ । ਕਲਜੁਗ ਫੇਰ ਦੇਵਾਂ ਜਰਮ, ਜਨਮ ਜਨਮ ਵਿਚੋਂ ਬਦਲਾਈਆ । ਦੀਨ ਦੁਨੀ ਵਿਚੋਂ ਮੇਟ ਕੇ ਭਰਮ, ਭਾਂਡਾ ਭਰਮ ਭਉ ਭੰਨਾਈਆ । ਤੇਰਾ ਨਾਉਂ ਰਖ ਕੇ ਸਿੰਘ ਕਰਮ, ਗੋਬਿੰਦ ਗੋਦੀ ਗੋਦ ਉਠਾਈਆ । ਲੇਖੇ ਲਾ ਕੇ ਕਾਇਆ ਮਾਟੀ ਚਰਮ, ਚੰਮ ਦ੍ਰਿਸ਼ਟੀ ਜਗਤ ਬਦਲਾਈਆ । ਸਚਖੰਡ ਦਵਾ ਕੇ ਸਾਚੀ ਸਰਨ, ਸਰਨਗਤ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਬਾਵਨ ਕਿਹਾ ਮੇਰਾ ਤੇਰਾ ਹੋਇਆ ਕੌਲ ਇਕਰਾਰ, ਵਾਅਦਾ ਸਚ ਸਚ ਸਮਝਾਈਆ । ਜਿਸ ਵੇਲੇ ਆਵਾਂ ਬਣ ਕਲ ਕਲਕੀ ਅਵਤਾਰ, ਨਿਹਕਲੰਕ ਰੂਪ ਬਦਲਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਇਕੋ ਸ਼ਬਦ ਹੋਵੇ ਜੈਕਾਰ, ਦੋ ਜਹਾਨ ਵਜੇ ਵਧਾਈਆ । ਕਲਜੁਗ ਕੂੜ ਵੇਖਾਂ ਅੰਧਿਆਰ, ਅੰਧ ਆਤਮ ਖੋਜ ਖੁਜਾਈਆ । ਨਵ ਸੱਤ ਪਾਵਾਂ ਸਾਰ, ਬ੍ਰਹਮ ਮਤ ਭੇਵ ਚੁਕਾਈਆ । ਤਤਵ ਤਤ ਦਿਆਂ ਅਧਾਰ, ਤ੍ਰੈਗੁਣ ਅਤੀਤਾ ਹੋ ਕੇ ਬਣਾਂ ਗੁਸਾਈਆ । ਤੇਰਾ ਲਹਿਣਾ ਦੇਣਾ ਦੇਵਾਂ ਕ਼ਰਜ਼ ਉਤਾਰ, ਮਕਰੂਜ਼ ਹੋ ਕੇ ਤੇਰੀ ਝੋਲੀ ਪਾਈਆ । ਮਾਨਸ ਜਨਮ ਦਿਆਂ ਸੁਆਰ, ਸਿਰ ਆਪਣਾ ਹੱਥ ਟਿਕਾਈਆ । ਤੇਰੇ ਧਰਮ ਦਾ ਧਰਮ ਹੋਵੇ ਜੈਕਾਰ, ਜੈ ਜੈਕਾਰ ਕਰੇ ਲੋਕਾਈਆ । ਤੇਰੇ ਪ੍ਰੇਮ ਵਿਚ ਤੇਰਾ ਤਾਰ ਦੇਵਾਂ ਪਰਵਾਰ, ਬੰਸ ਸਰਬੰਸਾ ਰੰਗ ਰੰਗਾਈਆ । ਤੇਰੀ ਖ਼ੁਸ਼ੀਆਂ ਵਾਲੀ ਮਹਿਕੀ ਰਹੇ ਗੁਲਜ਼ਾਰ, ਗੁਲਸ਼ਨ ਆਪਣਾ ਇਕ ਵਖਾਈਆ । ਤੇਰਾ ਅੰਤ ਲਹਿਣਾ ਦੇਣਾ ਲੇਖਾ ਅੰਤ ਹੋਣਾ ਸਚਖੰਡ ਦੁਆਰ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਭਗਤ ਸੁਹੇਲੇ ਕਰਨ ਇੰਤਜ਼ਾਰ, ਗੁਰੂ ਗੁਰਦੇਵ ਬੈਠੇ ਰਾਹ ਤਕਾਈਆ । ਜੋਤੀ ਜੋਤ ਹੋਵੇ ਚਮਤਕਾਰ, ਬਿਨ ਤੇਲ ਬਾਤੀ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਬ੍ਰਾਹਮਣ ਕਹੇ ਮੇਰਾ ਉੱਤਮ ਸ੍ਰੇਸ਼ਟ ਹੋਵੇ ਜਰਮ, ਮਿਲੇ ਮਾਣ ਵਡਿਆਈਆ । ਮਨਸਾ ਮਨ ਰਹੇ ਨਾ ਭਰਮ, ਭਾਂਡਾ ਭਰਮ ਭਉ ਭੰਨਾਈਆ । ਲੋਕਮਾਤੀ ਨਾਂ ਰਖਿਆ ਸਿੰਘ ਕਰਮ, ਕਰਮ ਕਾਂਡ ਦਾ ਡੇਰਾ ਢਾਹੀਆ । ਝਗੜਾ ਰਿਹਾ ਨਾ ਨਾਲ ਕਿਸੇ ਵਰਨ, ਵਰਨ ਬਰਨ ਨਾ ਕੋਇ ਜਣਾਈਆ । ਇਕੋ

੨੯੧
੨੪

੨੯੨
੨੪

ਪੁਰਖ ਅਕਾਲ ਦੀ ਮਿਲੀ ਸਰਨ, ਸਚਖੰਡ ਸਾਚੀ ਵਜੀ ਵਧਾਈਆ । ਜੋ ਮਾਲਕ ਖ਼ਾਲਕ ਆਦਿ ਜੁਗਾਦੀ ਤਾਰਨ ਤਰਨ, ਤਾਰਨਹਾਰ ਇਕ ਅਖਵਾਈਆ । ਜਿਸ ਦੇ ਢੋਲੇ ਗੀਤ ਨਾਮ ਕਲਮੇ ਸਾਰੇ ਪੜ੍ਹਨ, ਬਿਨ ਅੱਖਰਾਂ ਅੱਖਰ ਪੜ੍ਹਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਮੇਰਾ ਪੱਲੂ ਆਇਆ ਫੜਨ, ਫੜ ਬਾਹੋਂ ਗਲੇ ਲਗਾਈਆ । ਧੰਨ ਭਾਗ ਮੇਰਾ ਲੋਕਮਾਤ ਵਿਚੋਂ ਛੁਟਿਆ ਲੜਨ, ਕੰਨੀ ਗੰਢ ਨਾ ਕੋਇ ਰਖਾਈਆ । ਜਿਸ ਵੇਲੇ ਮੇਰਾ ਤਨ ਵਜੂਦ ਲੱਗਾ ਸੜਨ, ਅਗਨੀ ਅੱਗ ਖ਼ੁਸ਼ੀ ਮਨਾਈਆ । ਮੇਰਾ ਆਤਮਾ ਸਚ ਦੁਆਰ ਲੱਗਾ ਚੜ੍ਹਨ, ਭੱਜਿਆ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹ ਇਕ ਸੁਹਾਈਆ । ਕਰਮ ਸਿੰਘ ਕਹੇ ਮੈਂ ਜਗਤ ਨਹੀਂ ਕੋਈ ਮਰਿਆ, ਮਰ ਜੀਵਤ ਰੂਪ ਵਟਾਈਆ । ਲੱਖ ਚੁਰਾਸੀ ਵਿਚੋਂ ਤਰਿਆ, ਆਵਣ ਜਾਵਣ ਪੰਧ ਰਿਹਾ ਨਾ ਰਾਈਆ । ਮੈਂ ਪੁੱਜਿਆ ਆਪਣੇ ਘਰਿਆ, ਜਿਸ ਗ੍ਰਿਹ ਮੰਦਰ ਵਜੇ ਵਧਾਈਆ । ਜਿਥੇ ਇਕੋ ਨਰਾਇਣ ਨਰਿਆ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਜੁਗ ਜੁਗ ਖੇਲ ਕਰਿਆ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਮੈਂ ਉਸ ਦੀ ਸਰਨੀ ਪਰਿਆ, ਜੋ ਸਾਹਿਬ ਸੁਲਤਾਨ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਕਰਮ ਸਿੰਘ ਕਹੇ ਮੇਰਾ ਸੋਹਣਾ ਘਰ ਸੁਹੰਜਣਾ, ਪ੍ਰਭ ਦਿਤੀ ਮਾਣ ਵਡਿਆਈਆ । ਜਿਥੇ ਦੀਪਕ ਜੋਤ ਜਗੇ ਆਦਿ ਨਿਰੰਜਣਾ, ਨੂਰ ਨੁਰਾਨਾ ਡਗਮਗਾਈਆ । ਮੇਰਾ ਮਾਲਕ ਗੁਸਾਂਈ ਦਰਦ ਦੁਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਜਿਸ ਨੇਤਰ ਨਾਮ ਨਿਧਾਨਾ ਪਾ ਕੇ ਅੰਜਣਾ, ਦੋ ਜਹਾਨ ਦਾ ਅੰਧੇਰਾ ਦਿਤਾ ਮਿਟਾਈਆ । ਸੋ ਸਾਹਿਬ ਸੁਲਤਾਨਾ ਸੱਜਣਾ, ਸਚਖੰਡ ਮੇਲਾ ਮੇਲੇ ਚਾਈਂ ਚਾਈਂਆ । ਜਿਥੇ ਭਗਤੋ ਅੰਤ ਸਭ ਨੇ ਵੰਜਣਾ, ਜਗਤ ਸਕੇ ਨਾ ਕੋਇ ਅਟਕਾਈਆ । ਮੇਰੀ ਮੌਤ ਦਾ ਨਾ ਕੋਈ ਦੁਖ ਕਰੇ ਨਾ ਰੰਜਣਾ, ਬੰਸ ਸਰਬੰਸ ਦਿਤਾ ਸੁਣਾਈਆ । ਜੋ ਘੜਿਆ ਸੋ ਠੀਕਰ ਭੱਜਣਾ, ਪੰਜ ਤਤ ਨਾ ਕੋਇ ਚਤੁਰਾਈਆ । ਧੰਨ ਭਾਗ ਜੇ ਪ੍ਰਭ ਦੇ ਚਰਨ ਮਿਲੇ ਮਜਨਾ, ਧੂੜੀ ਖ਼ਾਕ ਖ਼ਾਕ ਰਮਾਈਆ । ਜਿਸ ਨੇ ਅੰਤਮ ਪੜਦਾ ਕੱਜਣਾ, ਸਿਰ ਸਿਰ ਹੱਥ ਟਿਕਾਈਆ । ਸੋ ਰਖਣਹਾਰਾ ਲਜਣਾ, ਜੁਗ ਜੁਗ ਹੋਏ ਸਹਾਈਆ । ਉਹ ਮੇਰਾ ਗੋਪਾਲ ਮੂਰਤ ਮਦਨਾ, ਮਧਸੂਦਨ ਇਕ ਅਖਵਾਈਆ । ਜਿਸ ਨੇ ਭਗਤਾਂ ਵਾਰੋ ਵਾਰੀ ਸੱਦਣਾ, ਹੁਕਮ ਸੰਦੇਸ਼ੇ ਸ਼ਬਦ ਸ਼ਬਦ ਨਾਲ ਸ਼ਨਵਾਈਆ । ਜਿਥੇ ਲੇਖਾ ਨਹੀਂ ਆਅਲਾ ਅਦਨਾ, ਵੱਡਾ ਛੋਟਾ ਨਾ ਕੋਇ ਅਖਵਾਈਆ । ਉਸ ਲੇਖਾ ਮੁਕਾਇਆ ਮੇਰਾ ਤਤ ਪੰਜਨਾ, ਪੰਚਮ ਦਿਤੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹ ਇਕ ਸੁਹਾਈਆ । ਕਰਮ ਸਿੰਘ ਕਹੇ ਮੇਰਾ ਨਾਤਾ ਛੁੱਟਿਆ ਜਗ, ਜਗ ਜੀਵਣ ਦਾਤੇ ਦਿਤੀ ਵਡਿਆਈਆ । ਬੇਸ਼ਕ ਮੇਰਾ ਸਰੀਰ ਸੜਿਆ ਵਿਚ ਅੱਗ, ਤਤਾਂ ਤਨ ਤਪਾਈਆ । ਮੈਂ ਦੀਨ ਦੁਨੀ ਤੋਂ ਹੋ ਕੇ ਅਲਗ, ਵਖਰਾ ਗ੍ਰਿਹ ਇਕ ਸੁਹਾਈਆ । ਜਿਥੇ ਮੇਰਾ ਸ਼ਹਿਨਸ਼ਾਹ ਸੂਰਾ ਸਰਬਗ, ਹਰਿ ਕਰਤਾ ਧੁਰਦਰਗਾਹੀਆ । ਮੈਂ ਪੰਧ ਮੁਕਾਇਆ ਭੱਜ ਭੱਜ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਕਰਾਈਆ । ਸਚ ਦੁਆਰ ਏਕੰਕਾਰ ਨਿਰਗੁਣ ਧਾਰ ਦਰਸ ਕਰਾਂ ਰਜ ਰਜ, ਜਗਤ ਤ੍ਰਿਸ਼ਨਾ ਰਹੀ ਨਾ ਰਾਈਆ । ਮੇਰਾ ਸਚ ਸੰਦੇਸ਼ਾ ਸ਼ਬਦੀ ਧਾਰ ਖ਼ੁਸ਼ੀਆਂ ਨਾਲ ਸੁਣਾਵਾਂ ਅੱਜ, ਧੁਰ ਦੇ ਹੁਕਮ ਨਾਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ

੨੯੩
੨੪

ਦਾ ਹੁਕਮ ਇਕ ਵਰਤਾਈਆ । ਦੋ ਫੱਗਣ ਕਹੇ ਮੇਰੀ ਸਾਚੀ ਬੰਦਨਾ, ਬੰਦਗੀ ਵਿਚ ਸੀਸ ਨਿਵਾਈਆ । ਭਗਤ ਸੁਹੇਲਾ ਮਾਣੇ ਅਨੰਦਨਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਿਸ ਢੋਲਾ ਗਾਇਆ ਸੋਹੰ ਛੰਦਨਾ, ਸੋ ਸਤਿਗੁਰ ਸ਼ਬਦ ਵਿਚ ਸਮਾਈਆ । ਨਾਤਾ ਤੋੜ ਕੇ ਤਤ ਪੰਜਨਾ, ਪੰਚਮ ਮੇਲਾ ਮਿਲਿਆ ਸਹਿਜ ਸੁਭਾਈਆ । ਨਾ ਕੋਈ ਗ਼ਮ ਰਿਹਾ ਨਾ ਰੰਜਣਾ, ਚਿੰਤਾ ਚਿਖਾ ਨਾ ਕੋਇ ਤਪਾਈਆ । ਘਰ ਠਾਕਰ ਸੁਆਮੀ ਮਿਲਿਆ ਸੱਜਣਾ, ਜੋ ਛਿੰਨ ਵਿਚ ਆਪਣੇ ਕੰਧ ਉਠਾਈਆ । ਨਾ ਕੋਈ ਨੇਤਰ ਨੀਰ ਵਹਾਇਆ ਹੰਝਣਾ, ਉਫ਼ ਹਾਏ ਨਾ ਕੋਇ ਸੁਣਾਈਆ । ਮੇਰਾ ਲੇਖੇ ਲੱਗਾ ਬਦਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਰੰਗ ਆਪ ਰੰਗਾਈਆ । ਜਨ ਭਗਤ ਕਹੇ ਮੈਂ ਘਰ ਸੁਹੰਜਣਾ ਪਾਇਆ, ਪਾਰਬ੍ਰਹਮ ਦਿਤੀ ਸਰਨਾਈਆ । ਬਿਨ ਰਸਨਾ ਜਿਹਵਾ ਸ਼ੁਕਰ ਮਨਾਇਆ, ਬਿਨ ਸੀਸ ਸੀਸ ਜਗਦੀਸ ਝੁਕਾਈਆ । ਤੂੰ ਮਾਲਕ ਖਾਲਕ ਸਰਬ ਸੁਖਦਾਇਆ, ਸਚ ਸੁਆਮੀ ਤੇਰੀ ਵਡ ਵਡਿਆਈਆ । ਜਿਸ ਪੂਰਬ ਲਹਿਣਾ ਝੋਲੀ ਪਾਇਆ, ਬਾਵਨ ਦਾ ਪਿਛਲਾ ਲਹਿਣਾ ਝੋਲੀ ਪਾਈਆ । ਮੇਰੇ ਗ੍ਰਿਹਿ ਸਚ ਪਕਵਾਨ ਭੋਗ ਲਗਾਇਆ, ਭਗਵਨ ਦਿਤੀ ਵਡਿਆਈਆ । ਮੈਂ ਸਚਖੰਡ ਵਿਚ ਤੇਰਾ ਸ਼ੁਕਰ ਮਨਾਇਆ, ਤੇਰੇ ਢੋਲੇ ਗਾਵਾਂ ਸਿਫ਼ਤ ਸਲਾਹੀਆ । ਜਿਸ ਲਹਿਣਾ ਦੇਣਾ ਪੂਰਬ ਮੇਰੇ ਲੇਖੇ ਲਾਇਆ, ਸਿਰ ਸਿਰ ਆਪਣਾ ਹੱਥ ਟਿਕਾਈਆ । ਮੈਂ ਖ਼ੁਸ਼ੀਆਂ ਮੰਗਲ ਗਾਇਆ, ਢੋਲਾ ਤੇਰਾ ਧੁਰਦਰਗਾਹੀਆ । ਹਰਿ ਸੰਗਤ ਦਿਆਂ ਸੁਣਾਇਆ, ਅਨਬੋਲਤ ਰੂਪ ਜਣਾਈਆ । ਪ੍ਰਭ ਮਾਲਕ ਖ਼ਾਲਕ ਬੇਪਰਵਾਹਿਆ, ਬੇਪਰਵਾਹੀ ਵਿਚ ਸਮਾਈਆ । ਜਿਸ ਮੈਨੂੰ ਸਚਖੰਡ ਦੁਆਰ ਭਗਤਾਂ ਵਿਚ ਰਲਾਇਆ, ਭਗਵਨ ਦਿਤੀ ਵਡਿਆਈਆ । ਮੈਂ ਜੋਤੀ ਨੂਰ ਨੂਰ ਵਿਚ ਸਮਾਇਆ, ਜੋਤ ਰੂਪ ਰੂਪ ਅਖਵਾਈਆ । ਚੁਰਾਸੀ ਗੇੜਾ ਪੰਧ ਮੁਕਾਇਆ, ਜਮ ਕੀ ਫਾਸੀ ਰਹੀ ਨਾ ਰਾਈਆ । ਰਸਨ ਸਵਾਸੀ ਸੋਹੰ ਢੋਲਾ ਗਾਇਆ, ਅੰਤਰ ਵਜਦੀ ਰਹੀ ਵਧਾਈਆ । ਤ੍ਰੈਗੁਣ ਮਾਇਆ ਲੇਖ ਮੁਕਾਇਆ, ਮਮਤਾ ਮੋਹ ਨਾ ਕੋਇ ਹਲਕਾਈਆ । ਮੇਰੇ ਸਤਿਗੁਰ ਸ਼ਬਦ ਮੇਰਾ ਪੰਧ ਚੁਕਾਇਆ, ਆਪਣੇ ਕੰਧ ਉਠਾਈਆ । ਦਰਗਾਹ ਸਾਚੀ ਸਚ ਥਾਨ ਪਹੁੰਚਾਇਆ, ਥਿਰ ਘਰ ਦਿਤਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਕਰਨੀ ਕਰਮ ਕਮਾਇਆ, ਕਰਮ ਸਿੰਘ ਕਰਮ ਕਾਂਡ ਦਾ ਲੇਖਾ ਰਿਹਾ ਨਾ ਰਾਈਆ ।

### ✪ ੩ ਫੱਗਣ ਸ਼ਹਿਨਸ਼ਾਹੀ ਸੰਮਤ ਦਸ ਪਿੰਡ ਨਯਾਸ਼ਾਲਾ ਜ਼ਿਲਾ ਗੁਰਦਾਸ ਪੁਰ ਸੁਲੱਖਣੀ ✪

ਪੰਜ ਤਤ ਕਹਿਣ ਪ੍ਰਭ ਸਾਡੇ ਅਲਖ ਅਭੇਵਾ, ਪਾਰਬ੍ਰਹਮ ਪ੍ਰਭ ਤੇਰੀ ਇਕ ਸਰਨਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਦੇਵੀ ਦੇਵਾ, ਦੇਵ ਆਤਮਾ ਪਰਮਾਤਮਾ ਤੇਰੀ ਓਟ ਰਖਾਈਆ । ਸਦਾ ਸਦਾ ਸਦ ਤੇਰੇ ਗੁਣ ਗਾਈਏ ਨਾਲ ਜਿਹਵਾ, ਤੀਸ ਬਤੀਸਾ ਤੇਰੀ ਸਿਫ਼ਤ ਸਾਲਾਹੀਆ । ਤੂੰ ਵਸਣਹਾਰਾ ਸਚਖੰਡ ਧਾਮ ਨਿਹਕੇਵਾ, ਨਿਹਚਲ ਬੈਠਾ ਆਸਣ ਲਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡੀ ਲੇਖੇ ਲਾਈਂ ਸੇਵਾ, ਸੇਵਾ ਸਤਿਗੁਰ ਸਰਨ ਸਰਨ ਦੇਣੀ ਸਰਨਾਈਆ । ਨਾਮ ਭੰਡਾਰਾ ਅੰਮ੍ਰਿਤ ਰਸ ਬਖ਼ਸ਼ਣਾ ਅਗੰਮੀ ਮੇਵਾ, ਫਲ ਆਪਣਾ ਆਪ ਖਵਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਸੇਵਾ ਕਰਨੀ ਕ਼ਬੂਲ, ਕ਼ੁਦਰਤ ਦੇ ਕ਼ਾਦਰ ਦਇਆ ਕਮਾਈਆ । ਆਪਣੇ ਚਰਨ ਬਖ਼ਸ਼ਣੀ ਧੂਲ, ਧੂੜੀ ਟਿੱਕੇ ਖ਼ਾਕ ਰਮਾਈਆ । ਜੋ ਆਸਾ ਰਖ ਕੇ ਗਏ ਅਵਤਾਰ ਪੈਗ਼ੰਬਰ ਰਸੂਲ, ਗੁਰੂ ਗੁਰਦੇਵ ਧਿਆਨ ਲਗਾਈਆ । ਸੋ ਸਾਹਿਬ ਸੁਆਮੀ ਆਦਿ ਜੁਗਾਦੀ ਨਾ ਜਾਣਾ ਭੂਲ, ਭੁੱਲਿਆਂ ਮਾਰਗ ਆਪ ਲਗਾਈਆ । ਤੂੰ ਮਾਲਕ ਕੰਤ ਕੰਤੂਹਲ, ਹਰਿ ਕਰਤਾ ਇਕ ਅਖਵਾਈਆ । ਤੇਰਾ ਸ਼ਬਦ ਪੰਘੂੜਾ ਲਈਏ ਝੂਲ, ਹੁਲਾਰਾ ਦੋ ਜਹਾਨ ਵਖਾਈਆ । ਭਗਤ ਉਧਾਰਨਾ ਤੇਰਾ ਅਸੂਲ, ਅਸਲ ਦੇ ਮਾਲਕ ਵਸਲ ਦੇਣਾ ਯਾਰ ਖ਼ੁਦਾਈਆ । ਤੇਰਾ ਹੁਕਮ ਮੰਨੀਏ ਮਾਕੂਲ, ਮਿਹਰਵਾਨ ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਕ਼ਬੂਲ ਕਰੀਂ ਆਪਣੇ ਦਰ, ਗ੍ਰਿਹਿ ਮਿਲੇ ਮਾਣ ਵਡਿਆਈਆ । ਚਰਨ ਕਵਲ ਬਖ਼ਸ਼ਣਾ ਘਰ, ਘਰ ਮੰਦਰ ਸੋਭਾ ਪਾਈਆ । ਆਤਮ ਪਰਮਾਤਮ ਲੈਣਾ ਵਰ, ਮੇਲ ਮੇਲਣਾ ਸਹਿਜ ਸੁਭਾਈਆ । ਤੂੰ ਕਿਰਪਾ ਨਿਧਾਨ ਏਕੰਕਾਰ ਹਰਿ, ਹਰਿ ਕਰਤਾ ਇਕ ਅਖਵਾਈਆ । ਸਾਡੇ ਉਤੇ ਕਿਰਪਾ ਕਰ, ਕਿਰਪਾ ਨਿਧਾਨ ਤੇਰੀ ਵਡਿਆਈਆ । ਸਾਡਾ ਲੇਖਾ ਰਿਹਾ ਨਾ ਜੋਰੂ ਜ਼ਰ, ਜ਼ੇਰ ਜ਼ਬਰ ਦਾ ਰੂਪ ਨਾ ਕੋਇ ਦਰਸਾਈਆ । ਅੰਮ੍ਰਿਤ ਸਰੋਵਰ ਨੁਹਾ ਦੇ ਸਰ, ਦੁਰਮਤ ਮੈਲ ਮੈਲ ਧੁਆਈਆ । ਖਾਲੀ ਭੰਡਾਰੇ ਦੇਣੇ ਭਰ, ਵਸਤ ਅਗੰਮ ਅਥਾਹ ਵਰਤਾਈਆ । ਤੂੰ ਮਾਲਕ ਖ਼ਾਲਕ ਨਰਾਇਣ ਨਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਸੰਗ ਨਿਭਾਈਆ । ਪੰਜ ਤਤ ਕਹਿਣ ਸਾਡਾ ਲੇਖੇ ਲਾਉਣਾ ਜਨਮ, ਜਨਮ ਜਨਮ ਦਾ ਲੇਖ ਚੁਕਾਈਆ । ਮਾਟੀ ਖ਼ਾਕ ਵੇਖਣਾ ਚਰਮ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਅੰਤਸ਼ਕਰਨ ਮੇਟਣਾ ਭਰਮ, ਭਾਂਡਾ ਕੂੜ ਦੇਣਾ ਭੰਨਾਈਆ । ਝਗੜਾ ਮੁਕਾ ਕੇ ਜ਼ਾਤ ਪਾਤ ਵਰਨ, ਆਤਮ ਬ੍ਰਹਮ ਦੇਣਾ ਸਮਝਾਈਆ । ਸ਼ਬਦੀ ਧਾਰ ਲਾਉਣਾ ਲੜਨ, ਅੰਗੀਕਾਰ ਇਕ ਅਖਵਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੂੰ ਆਦਿ ਜੁਗਾਦੀ ਭੰਨਣਹਾਰਾ ਘੜਨ, ਸਮਰਥ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰ ਇਕ ਸੁਹਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਤੇਰੇ ਚਰਨ ਜਾਵੇ ਲੱਗ, ਚਰਨੋਦਕ ਜਾਮ ਦੇਣਾ ਪਿਆਈਆ । ਤੇਰੇ ਨਾਲੋਂ ਨਾ ਹੋਈਏ ਅਲਗ, ਵਖਰਾ ਗ੍ਰਿਹਿ ਨਾ ਕੋਇ ਵਖਾਈਆ । ਤੂੰ ਸੂਰਬੀਰ ਸਰਬਗ, ਸ਼ਾਹੋ ਭੂਪ ਇਕ ਅਖਵਾਈਆ । ਬੇਸ਼ਕ ਸਾਡਾ ਨਾਤਾ ਤੁਟੇ ਨਾਲੋਂ ਜਗ, ਜਗ ਜੀਵਣ ਦਾਤੇ ਦੇਣੀ ਵਡਿਆਈਆ । ਅਸੀਂ ਭਸਮ ਹੋਈਏ ਨਾ ਨਾਲ ਅੱਗ, ਮਾਟੀ ਖ਼ਾਕ ਖ਼ਾਕ ਰੁਲਾਈਆ । ਸਾਡੀ ਧਾਰ ਹੋਵਣ ਨਾ ਦੇਵੀਂ ਕਗ, ਕਾਗੋਂ ਹੰਸ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਗ੍ਰਿਹਿ ਦੇਣਾ ਵਖਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਤਨ ਵਜੂਦ ਜਾਏ ਸੜ, ਮਾਟੀ ਗੋਰਾਂ ਵਿਚ ਦਬਾਈਆ । ਨਿਰਗੁਣ ਤੇਰਾ ਫੜੀਏ ਲੜ, ਪੱਲੂ ਨਾਮ ਗੰਢ ਬੰਧਾਈਆ । ਤੂੰ ਲੇਖਾ ਜਾਣੇਂ ਚੇਤਨ ਜੜ੍ਹ, ਵੇਖਣਾ ਥਾਉਂ ਥਾਈਂਆ । ਅੰਤ ਤੇਰੀ ਮੰਜ਼ਲ ਜਾਈਏ ਚੜ੍ਹ, ਰਾਹ ਵਿਚ ਨਾ ਕੋਇ ਅਟਕਾਈਆ । ਰਾਏ ਧਰਮ ਨਾ ਸਕੇ ਫੜ, ਚੁਰਾਸੀ ਵੰਡ ਨਾ ਕੋਇ ਵੰਡਾਈਆ । ਪੁਰੀ ਲੋਅ ਕਿਲਾ ਰਹੇ ਨਾ ਗੜ੍ਹ, ਚਾਰ ਦੀਵਾਰ ਨਾ ਕੋਇ ਵਡਿਆਈਆ । ਸਾਡਾ ਲੇਖੇ

ਲਾਉਣਾ ਪੰਜਾਂ ਤਤਾਂ ਵਾਲਾ ਧੜ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸਾਰੇ ਮਿਲ ਕੇ ਮੰਗ ਮੰਗਾਈਆ । ਸਚਖੰਡ ਦੁਆਰ ਏਕੰਕਾਰ ਤੇਰੇ ਜਾਈਏ ਵੜ, ਥਿਰ ਘਰ ਬਹਿ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਾਚੇ ਮੇਲ ਮਿਲਾਈਆ । ਪੰਜ ਤਤ ਕਹਿਣ ਪ੍ਰਭ ਸਾਡੇ ਬੇਪਰਵਾਹ, ਬੇਪਰਵਾਹ ਤੇਰੀ ਬੇਪਰਵਾਹੀਆ । ਸਾਡਾ ਸਤਿਗੁਰ ਸ਼ਬਦ ਸ਼ਬਦ ਗਵਾਹ, ਸ਼ਹਾਦਤ ਦੋ ਜਹਾਨ ਭੁਗਤਾਈਆ । ਬੇਸ਼ਕ ਅਸੀਂ ਸੜ ਕੇ ਹੋਈਏ ਸੁਆਹ, ਜਗਤ ਮਾਟੀ ਖ਼ਾਕੀ ਰੂਪ ਦਰਸਾਈਆ । ਤੂੰ ਪੰਜਾਂ ਤਤਾਂ ਪਕੜਨੀ ਬਾਂਹ, ਫੜ ਬਾਹੋਂ ਗਲੇ ਲਗਾਈਆ । ਦੋ ਜਹਾਨਾਂ ਬਣਨਾ ਇਕ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਸਚਖੰਡ ਵਖਾਉਣਾ ਸਾਚਾ ਰਾਹ, ਰਹਿਬਰ ਹੋ ਕੇ ਭੇਵ ਖੁਲ੍ਹਾਈਆ । ਸਾਡਾ ਨਾਤਾ ਤੁਟੇ ਜਗਤ ਜਹਾਂ, ਦੀਨ ਦੁਨੀ ਸੰਗ ਨਾ ਕੋਇ ਰਖਾਈਆ । ਲੇਖਾ ਰਹੇ ਨਾ ਪਿਤਾ ਮਾਂ, ਪੂਤ ਗੋਦ ਨਾ ਕੋਇ ਵਖਾਈਆ । ਧਰਨੀ ਧਰਤ ਧਵਲ ਧੌਲ ਛਡੀਏ ਝੂਠ ਗਰਾਂ, ਘਰ ਮੰਦਰ ਨਾ ਕੋਇ ਸੁਹਾਈਆ । ਸਚ ਦੁਆਰ ਦਰਗਾਹ ਸਾਚੀ ਦੇਣਾ ਥਾਂ, ਥਾਨ ਥਨੰਤਰ ਬਹਿ ਕੇ ਵਜੇ ਵਧਾਈਆ । ਇਕੋ ਸੁਣੀਏ ਤੇਰਾ ਨਾਂ, ਦੂਸਰ ਅਵਰ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰ ਇਕ ਸੁਹਾਈਆ । ਪੰਜ ਤਤ ਕਹਿਣ ਪ੍ਰਭ ਦਰ ਤੇਰੇ ਵਾਸਤਾ ਪਾਉਣਾ, ਨਿਵ ਨਿਵ ਸੀਸ ਝੁਕਾਈਆ । ਸਾਡਾ ਲੇਖਾ ਅੰਤ ਮੁਕਾਉਣਾ, ਲੋਕਮਾਤ ਰਹਿਣ ਨਾ ਪਾਈਆ । ਚਾਰ ਜੁਗ ਦਾ ਪੰਧ ਚੁਕਾਉਣਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜੇ ਵਾਹੋ ਦਾਹੀਆ । ਮਿਹਰਵਾਨ ਮਿਹਰ ਨਜ਼ਰ ਨਾਲ ਤਰਾਉਣਾ, ਤਾਰਨਹਾਰ ਤੇਰੀ ਸਰਨਾਈਆ । ਪੰਜ ਤਤ ਸਾਡਾ ਲੇਖੇ ਲਾਉਣਾ, ਲਿਖਿਆ ਲੇਖ ਨਾ ਕੋਇ ਮਿਟਾਈਆ । ਜੇ ਆਤਮਾ ਤੇਰੇ ਵਿਚ ਸਮਾਉਣਾ, ਭਗਤਾਂ ਦੇਵੇਂ ਮਾਣ ਵਡਿਆਈਆ । ਪੰਜ ਤਤ ਕਹਿਣ ਅਸੀਂ ਸਚਖੰਡ ਦੁਆਰ ਤੇਰਾ ਦਰਸ਼ਨ ਪਾਉਣਾ, ਪਵਣ ਪਾਣੀ ਸਾਰੇ ਮਿਲ ਕੇ ਸੀਸ ਨਿਵਾਈਆ । ਤੂੰ ਨਿਰਗੁਣ ਧਾਰ ਸਾਡਾ ਮਾਣ ਰਖਾਉਣਾ, ਨਿਮਾਣੇ ਹੋ ਕੇ ਮੰਗ ਮੰਗਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਤੇਰਾ ਹੋਵੇ ਆਉਣਾ, ਆਵਣ ਜਾਵਣ ਤੇਰੀ ਖੇਲ ਬੇਪਰਵਾਹੀਆ । ਪਰਮ ਪੁਰਖ ਸਾਨੂੰ ਚੁਰਾਸੀ ਵਿਚ ਪਏ ਨਾ ਭੌਣਾ, ਤ੍ਰੈਭਵਣ ਧਨੀ ਦੇਣੀ ਵਡਿਆਈਆ । ਸਚਖੰਡ ਨਿਵਾਸੀ ਦਰਗਾਹ ਸਾਚੀ ਆਪ ਵਸਾਉਣਾ, ਗ੍ਰਿਹ ਮੰਦਰ ਇਕ ਵਖਾਈਆ । ਇਕੋ ਦੀਪਕ ਜੋਤ ਜਗਾਉਣਾ, ਜੋਤੀ ਜਾਤੇ ਤੇਰਾ ਨੂਰ ਨਜ਼ਰੀ ਆਈਆ । ਤੂੰ ਸ਼ਾਹੋ ਭੂਪ ਸੁਲਤਾਨ ਇਕ ਅਖਵਾਉਣਾ, ਆਖ਼ਰ ਬਿਨ ਅੱਖਰਾਂ ਕਰਨੀ ਪੜ੍ਹਾਈਆ । ਸ਼ਬਦ ਅਨਾਦੀ ਨਾਦ ਦ੍ਰਿੜਾਉਣਾ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਪੰਜ ਤਤ ਕਹਿਣ ਪ੍ਰਭ ਭਗਤਾਂ ਆਪਣੇ ਦਰ ਬਹਾਉਣਾ, ਚਰਨ ਕਵਲ ਕਵਲ ਚਰਨ ਦੇਣੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡਾ ਆਵਣ ਜਾਵਣ ਪਤਿਤ ਪਾਵਣ ਸਰਗੁਣ ਧਾਰ ਪੰਧ ਮੁਕਾਉਣਾ, ਨਿਰਗੁਣ ਨਿਰਾਕਾਰ ਆਪਣੇ ਵਿਚ ਸਮਾਈਆ ।

੨੯੫ ੨੪

✪ ੧੦ ਫੱਗਣ ਸ਼ਹਿਨਸ਼ਾਹੀ ਸੰਮਤ ਦਸ ਅਵਤਾਰ ਸਿੰਘ ਆਹਮਪੁਰ ਵਾਲੇ ਦੀ ਸ਼ਾਦੀ ਨਵਿਤ
ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਕਹੇ ਜਨ ਭਗਤੋ ਮੌਲੇ ਰੁਤ, ਰੁਤੜੀ ਪਰਮ ਪੁਰਖ ਪਰਮਾਤਮ ਆਤਮ ਨਾਲ ਮਹਿਕਾਈਆ । ਕਿਰਪਾ ਕਰੇ ਮਿਹਰਵਾਨ ਮਹਿਬੂਬ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸੰਤ ਸੁਹੇਲੇ ਤਾਰੇ ਸੁਤ, ਸ੍ਰੀ ਭਗਵਾਨ ਨੌਜੁਆਨ ਮਰਦ ਮਰਦਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਗ੍ਰਿਹਿ ਇਕ ਸੁਹਾਈਆ । ਸਤਿਗੁਰ ਸ਼ਬਦ ਕਹੇ ਮੇਰੀ ਸੁਹੰਜਣੀ ਹੋਏ ਬਹਾਰ, ਭਗਵਨ ਦੇਵੇ ਮਾਣ ਵਡਿਆਈਆ । ਆਦਿ ਜੁਗਾਦੀ ਏਕੰਕਾਰ, ਇਕ ਇਕੱਲਾ ਨੂਰ ਅਲਾਹੀਆ । ਜਿਸ ਦਾ ਖੇਲ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਜਿਸ ਦਾ ਨਾਮ ਨਿਧਾਨਾ ਵਿਚ ਜਹਾਨਾ ਦੇਵਣ ਵਾਰੋ ਵਾਰ, ਅਵਤਾਰ ਪੈਗ਼ੰਬਰ ਗੁਰ ਢੋਲੇ ਸੋਹਲੇ ਰਾਗ ਜਣਾਈਆ । ਸੋ ਸ਼ਾਹੋ ਭੂਪ ਸ਼ਹਿਨਸ਼ਾਹ ਸਚੀ ਸਰਕਾਰ, ਹਰਿ ਕਰਤਾ ਇਕ ਅਖਵਾਈਆ । ਜਿਸ ਦਾ ਚਾਰ ਜੁਗ ਦੇ ਸ਼ਾਸਤਰ ਕਰਨ ਇਜ਼ਹਾਰ, ਅੱਖਰ ਸਿਫ਼ਤੀ ਸਿਫ਼ਤ ਸਾਲਾਹੀਆ । ਸੋ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ, ਨੂਰ ਨੁਰਾਨਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਗ੍ਰਿਹਿ ਇਕ ਵਡਿਆਈਆ । ਸਤਿਗੁਰ ਸ਼ਬਦ ਕਹੇ ਮੇਰਾ ਸੁਹੰਜਣਾ ਹੋਇਆ ਵਕਤ, ਥਿਤ ਵਾਰ ਘੜੀ ਪਲ ਆਪਣੀ ਖ਼ੁਸ਼ੀ ਬਣਾਈਆ । ਮੇਰਾ ਲਹਿਣਾ ਦੇਣਾ ਜੁਗ ਚੌਕੜੀ ਨਾਲ ਜਗਤ, ਜਾਗਰਤ ਜੋਤ ਬਿਨ ਵਰਨ ਗੋਤ ਪ੍ਰਭ ਨਾਲ ਮਿਲ ਕੇ ਵਜੇ ਵਧਾਈਆ । ਮੇਰਾ ਲੇਖਾ ਹਰਿਜਨ ਸਾਚੇ ਨਾਲ ਭਗਤ, ਭਗਵਨ ਭਾਵਨਾ ਧੁਰ ਦੀ ਨਾਲ ਦ੍ਰਿੜ੍ਹਾਈਆ । ਜਿਸ ਆਦਿ ਪੁਰਖ ਅਪਰੰਪਰ ਸੁਆਮੀ ਨਿਰਗੁਣ ਧਾਰ ਬਖ਼ਸ਼ਣੀ ਸ਼ਕਤ, ਸਤਿ ਸਤਿਵਾਦੀ ਦਇਆ ਕਮਾਈਆ । ਜੋ ਲੇਖਾ ਜਾਣੇ ਬੂੰਦ ਰਕਤ, ਤਨ ਵਜੂਦਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਮਾਲਕ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਮੇਰਾ ਹੋਇਆ ਵਕਤ ਸੁਹੰਜਣਾ, ਲੋਕਮਾਤ ਵਜੇ ਵਧਾਈਆ । ਕਿਰਪਾ ਕਰੇ ਆਦਿ ਨਿਰੰਜਣਾ, ਪੁਰਖ ਪੁਰਖੋਤਮ ਧੁਰਦਰਗਾਹੀਆ । ਜੋ ਨਿਰਗੁਣ ਸਾਚਾ ਸਾਕ ਸੱਜਣਾ, ਸਰਗੁਣ ਮੇਲਾ ਮੇਲੇ ਸਹਿਜ ਸੁਭਾਈਆ । ਏਥੇ ਓਥੇ ਦੋ ਜਹਾਨਾਂ ਹੋਵੇ ਦਰਦ ਦੁਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਜੋ ਨੇਤਰ ਨਾਮ ਨਿਧਾਨਾ ਪਾਵੇ ਅੰਜਣਾ, ਅੰਧ ਅਗਿਆਨ ਦਏ ਮਿਟਾਈਆ । ਚਿੰਤਾ ਗ਼ਮ ਮਿਟਾਏ ਰੰਜਣਾ, ਸੁਰਤੀ ਸ਼ਬਦ ਸ਼ਬਦ ਸਮਾਈਆ । ਤਨ ਵਜੂਦ ਮਾਟੀ ਖ਼ਾਕ ਚਾੜ੍ਹੇ ਰੰਗਣਾ, ਏਥੇ ਓਥੇ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਮੇਰੀ ਆਦਿ ਜੁਗਾਦੀ ਧਾਰ, ਨਿਰਗੁਣ ਸਰਗੁਣ ਖੇਲ ਖਿਲਾਈਆ । ਮੇਰਾ ਰੂਪ ਪੈਗ਼ੰਬਰ ਗੁਰ ਅਵਤਾਰ, ਅਵਤਰੀ ਹੋ ਕੇ ਵੇਖ ਵਖਾਈਆ । ਸਚ ਸੰਦੇਸ਼ੇ ਦੇ ਕੇ ਵਾਰੋ ਵਾਰ, ਸ਼ਬਦੀ ਸ਼ਬਦ ਕਰੀ ਪੜ੍ਹਾਈਆ । ਲੇਖ ਲਿਖਾ ਕੇ ਅੱਖਰਾਂ ਨਾਲ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸੰਗ ਮਿਲਾਈਆ । ਬੋਧ ਅਗਾਧਾ ਖੇਲ ਕਰਾ ਅਪਰ ਅਪਾਰ, ਅਪਰੰਪਰ ਸੁਆਮੀ ਹੋ ਕੇ ਵੇਖ ਵਖਾਈਆ । ਪੁਰਖ ਅਕਾਲਾ ਦੀਨ ਦਿਆਲਾ ਮੇਰੀ ਪਾਵਣਹਾਰਾ ਸਾਰ,

੨੯੭
੨੪

ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਨੂੰ ਝੁਕਦੇ ਪੈਗ਼ੰਬਰ ਗੁਰ ਅਵਤਾਰ, ਡੰਡਾਵਤ ਬੰਦਨਾ ਸਜਦਿਆਂ ਵਿਚ ਸੀਸ ਝੁਕਾਈਆ । ਸੋ ਵੇਖੇ ਵਿਗਸੇ ਵੇਖਣਹਾਰ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਜੋ ਲਹਿਣਾ ਦੇਣਾ ਪੂਰਬ ਕਰਜ਼ਾ ਦਏ ਉਤਾਰ, ਉੱਤਰ ਪੂਰਬ ਪੱਛਮ ਦੱਖਣ ਹੋਏ ਆਪ ਸਹਾਈਆ । ਜੋ ਭਵਿਖਤਾਂ ਵਿਚ ਆਸ਼ਾ ਰਖ ਕੇ ਗਏ ਨਿਰਗੁਣ ਨੂਰ ਜੋਤ ਉਜਿਆਰ, ਜੋਤੀ ਜਾਤਾ ਪੁਰਖ ਬਿਧਾਤਾ ਲੇਖਾ ਜਾਣੇ ਥਾਉਂ ਥਾਈਂਆ । ਜਿਸ ਆਤਮ ਪਰਮਾਤਮ ਪਰਮਾਤਮ ਆਤਮ ਭੇਵ ਦੱਸਣਾ ਆਪ ਕਰਤਾਰ, ਕਰਨੀ ਦਾ ਕਰਤਾ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਮੇਰਾ ਆਤਮ ਪਰਮਾਤਮ ਸਾਚਾ ਸੰਗ, ਸਗਲਾ ਸੰਗੀ ਇਕ ਅਖਵਾਈਆ । ਜਨ ਭਗਤਾਂ ਕਾਇਆ ਮਾਟੀ ਚਾੜ੍ਹ ਕੇ ਰੰਗ, ਰੰਗਤ ਇਕੋ ਇਕ ਸਮਝਾਈਆ । ਆਤਮ ਸੇਜ ਸੁਹਾ ਪਲੰਘ, ਸਚ ਸਿੰਘਾਸਣ ਸੋਭਾ ਪਾਈਆ । ਨਾਮ ਨਿਧਾਨ ਵਜਾ ਮਰਦੰਗ, ਧੁਨ ਆਤਮਕ ਰਾਗ ਦ੍ਰਿੜਾਈਆ । ਗ੍ਰਿਹਿ ਮੰਦਰ ਆਪਣੇ ਲੰਘ, ਨਵ ਦੁਆਰ ਦਾ ਡੇਰਾ ਢਾਹੀਆ । ਭੇਵ ਖੁਲ੍ਹਾ ਕੇ ਬ੍ਰਹਮ ਹੰ, ਹੰ ਬ੍ਰਹਮ ਇਕ ਸਮਝਾਈਆ । ਨਿਰਗੁਣ ਨੂਰ ਚਾੜ੍ਹ ਕੇ ਚੰਦ, ਜੋਤੀ ਜਾਤਾ ਨਜ਼ਰੀ ਆਈਆ । ਮਨ ਮਨਸਾ ਮੇਟ ਕੇ ਮਨ, ਮਨਸਾ ਕੂੜ ਵਿਕਾਰ ਚੁਕਾਈਆ । ਜਨ ਭਗਤਾਂ ਭੇਵ ਖੁਲ੍ਹਾ ਕੇ ਬ੍ਰਹਮ, ਪਾਰਬ੍ਰਹਮ ਦਿਆਂ ਮਿਲਾਈਆ । ਜਗਤ ਤ੍ਰਿਸ਼ਨਾ ਰਹੇ ਨਾ ਤਮ, ਅਗਨੀ ਤਤ ਨਾ ਕੋਇ ਤਪਾਈਆ । ਪਵਣ ਸਵਾਸੀ ਲੇਖੇ ਲਾ ਕੇ ਦਮ, ਦਾਮਨਗੀਰ ਆਪ ਹੋ ਜਾਈਆ । ਲਹਿਣਾ ਦੇਣਾ ਵੇਖਾਂ ਕਾਇਆ ਮਾਟੀ ਚੰਮ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਤਤਵ ਤਤ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ ਮੇਰਾ ਆਦਿ ਜੁਗਾਦੀ ਖੇਲ ਤਮਾਸ਼ਾ, ਨਿਤ ਨਵਿਤ ਵੇਖ ਵਖਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਦਿਤਾ ਭਰਵਾਸਾ, ਧੀਰਜ ਧੀਰ ਸਤਿ ਧਰਮ ਸਮਝਾਈਆ । ਸਾਚੇ ਮੰਡਲ ਬਿਨ ਗੋਪੀ ਕਾਹਨ ਪਾ ਕੇ ਰਾਸਾ, ਸਚਖੰਡ ਦੁਆਰ ਏਕੰਕਾਰ ਦਰਗਾਹ ਸਾਚੀ ਆਪ ਸੁਹਾਈਆ । ਨਿਰਗੁਣ ਨੂਰ ਜੋਤ ਕਰ ਪਰਕਾਸ਼ਾ, ਅੰਧ ਅਗਿਆਨ ਦਏ ਮਿਟਾਈਆ । ਲਹਿਣਾ ਮੁਕਾ ਕੇ ਸ਼ੰਕਰ ਧਾਰ ਕੈਲਾਸ਼ਾ, ਵਿਸ਼ਨ ਵਿਸ਼ਵ ਦਾ ਮੇਲਾ ਦਏ ਮਿਲਾਈਆ । ਬ੍ਰਹਮਾ ਪੂਰੀ ਕਰੇ ਆਸਾ, ਜਗਤ ਤ੍ਰਿਸ਼ਨਾ ਦੂਰ ਕਰਾਈਆ । ਖੇਲੇ ਖੇਲ ਸ਼ਾਹੋ ਸ਼ਾਬਾਸ਼ਾ, ਸ਼ਹਿਨਸ਼ਾਹ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਗ੍ਰਿਹਿ ਇਕ ਵਖਾਈਆ । ਸਤਿਗੁਰ ਸ਼ਬਦ ਕਹੇ ਭਗਤਨ ਸਾਚਾ ਹੋਏ ਮਿਲਾਪ, ਮਿਲਣੀ ਹਰਿ ਜਗਦੀਸ਼ ਕਰਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਹੋਵੇ ਜਾਪ, ਸੋਹੰ ਢੋਲਾ ਸ਼ਬਦ ਅਗੰਮ ਅਥਾਹੀਆ । ਤ੍ਰੈਗੁਣ ਤ੍ਰੈਭਵਣ ਧਨੀ ਮੇਟੇ ਤਾਪ, ਤ੍ਰੈਗੁਣ ਅਤੀਤਾ ਦਇਆ ਕਮਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਜਨ ਭਗਤਾਂ ਨਾਮ ਨਿਧਾਨਾ ਦੇ ਕੇ ਦਾਤ, ਜਗਤ ਤ੍ਰਿਸ਼ਨਾ ਕੂੜ ਮਿਟਾਈਆ । ਅੰਮ੍ਰਿਤ ਬੂੰਦ ਪਿਆ ਸਵਾਂਤ, ਹਉਮੇ ਹੰਗਤਾ ਗੜ੍ਹ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਚਾ ਰੰਗ ਰੰਗਾਈਆ । ਸਤਿਗੁਰ ਸ਼ਬਦ ਕਹੇ ਮੇਰਾ ਆਦਿ ਜੁਗਾਦੀ ਵਖਰਾ ਰਾਹ, ਜੁਗ ਜੁਗ ਭੇਵ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰ ਬਣਾ ਮਲਾਹ, ਬੇੜੇ ਦੀਨ ਦੁਨੀ ਕੰਧ ਉਠਾਈਆ । ਨਾਮ ਸੰਦੇਸ਼ਾ ਨਿਰਗੁਣ ਸਰਗੁਣ ਧਾਰ ਸੁਣਾ, ਸ਼ਬਦੀ ਅੱਖਰਾਂ ਜੋੜ ਜੁੜਾਈਆ ।

ਜਗਤ ਰੀਤੀ ਦੀਨਾਂ ਮਜ਼੍ਹਬਾਂ ਵੰਡ ਵੰਡਾ, ਤਨ ਵਜੂਦਾਂ ਸੋਭਾ ਪਾਈਆ । ਭੇਵ ਅਭੇਦਾ ਆਪਣਾ ਆਪ ਖੁਲ੍ਹਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਹੋ ਕੇ ਦਿਤਾ ਸੁਣਾ, ਅਣਸੁਣਤ ਦਿਤਾ ਸਮਝਾਈਆ । ਸਭ ਨੇ ਨਿਰਗੁਣ ਧਾਰ ਨਿਰਵੈਰ ਅਗੇ ਕੀਤੀ ਦੁਆ, ਦੋਏ ਜੋੜ ਵਾਸਤਾ ਪਾਈਆ । ਤੂੰ ਮਾਲਕ ਖ਼ਾਲਕ ਬੇਐਬ ਨੂਰੀ ਨੂਰ ਖ਼ੁਦਾ, ਖ਼ੁਦ ਮਾਲਕ ਇਕ ਅਖਵਾਈਆ । ਜੋ ਵਖਰਾ ਵਖਰਾ ਮਾਰਗ ਜਗਤ ਜੁਗਤ ਦਿਆਂ ਚਲਾ, ਚਾਰੋਂ ਕੁੰਟ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਹੋਣਾ ਸਹਾਈਆ । ਸਤਿਗੁਰ ਸ਼ਬਦ ਕਹੇ ਮੇਰਾ ਆਦਿ ਜੁਗਾਦਿ ਜੁਗ ਚੌਕੜੀ ਧਰਮ ਸਮਾਜ, ਸਮਗਰੀ ਆਪਣੇ ਹੱਥ ਰਖਾਈਆ । ਮੇਰੀ ਸਤਿ ਸਚ ਨਿਰਗੁਣ ਸਰਗੁਣ ਧਾਰ ਆਵਾਜ਼, ਬਿਨ ਅੱਖਰਾਂ ਅੱਖਰ ਪੜ੍ਹਾਈਆ । ਆਤਮ ਪਰਮਾਤਮ ਭਗਤ ਭਗਵੰਤ ਕਾਜ, ਕਰਨੀ ਦਾ ਕਰਤਾ ਹੋ ਕੇ ਆਪ ਕਰਾਈਆ । ਕਲਜੁਗ ਅੰਤਮ ਜਨ ਭਗਤਾਂ ਰਖਾਂ ਲਾਜ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਿਸ ਕਾਰਨ ਗੋਬਿੰਦ ਉਡਾਇਆ ਬਾਜ਼, ਬਾਜ਼ੀ ਦੀਨ ਦੁਨੀ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਭਗਤਾਂ ਦਾ ਭਗਤੀ ਧਾਰ ਜੋੜਾ, ਤਨ ਵਜੂਦ ਮੇਲ ਮਿਲਾਈਆ । ਆਤਮ ਪਰਮਾਤਮ ਸ਼ਬਦੀ ਧਾਰ ਅਗੰਮਾ ਘੋੜਾ, ਸ਼ਾਹ ਅਸਵਾਰਾ ਇਕ ਅਖਵਾਈਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਸਭ ਨੇ ਰਖੀ ਲੋੜਾ, ਲੋੜੀਂਦਾ ਸੱਜਣ ਇਕ ਅਖਵਾਈਆ । ਜਿਸ ਸੱਸੇ ਉਪਰ ਲਾਇਆ ਹੋੜਾ, ਹਾਹੇ ਟਿੱਪੀ ਨਾਲ ਮਿਲਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਧਾਰ ਆਪੇ ਬਹੁੜਾ, ਸਰਗੁਣ ਵੇਖਣਹਾਰਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਮੇਰਾ ਵਕ਼ਤ ਸੁਹੰਜਣਾ ਫਲਗੁਣ ਹੋਇਆ ਦਸ, ਦਹਿ ਦਿਸ਼ਾ ਧਿਆਨ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਹਸ, ਅਵਤਾਰ ਪੈਗ਼ੰਬਰ ਗੁਰ ਗੁਰਦੇਵ ਢੋਲੇ ਗਾਈਆ । ਦੋ ਜਹਾਨ ਪੀਵਣ ਅੰਮ੍ਰਿਤ ਰਸ, ਕਰੋੜ ਤੇਤੀਸਾ ਸੀਸ ਝੁਕਾਈਆ । ਪੁਰੀ ਲੋਅ ਬ੍ਰਹਿਮੰਡ ਖੰਡ ਗਗਨ ਗਗਨੰਤਰ ਰਹੇ ਨੱਸ, ਜ਼ਿਮੀਂ ਅਸਮਾਨ ਭੱਜਣ ਵਾਹੋ ਦਾਹੀਆ । ਖ਼ੁਸ਼ੀ ਮਨਾਵਣ ਰਵ ਸਸ, ਬਿਨ ਨੇਤਰ ਲੋਚਨ ਨੈਣ ਅੱਖ ਉਠਾਈਆ । ਗਣ ਗੰਧਰਵ ਗਾਵਣ ਜਸ, ਬਿਨ ਰਸਨਾ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਦਸ ਫੱਗਣ ਕਹੇ ਮੇਰੀ ਨਮੋ ਨਮੋ ਨਿਮਸਕਾਰ, ਦਰ ਠਾਂਢੇ ਸੀਸ ਨਿਵਾਈਆ । ਮੇਰਾ ਸ਼ਾਹੋ ਭੂਪ ਸਚੀ ਸਰਕਾਰ, ਹਰਿ ਕਰਤਾ ਅਗੰਮ ਅਥਾਹੀਆ । ਜਿਸ ਦਾ ਖੇਲ ਸਦਾ ਜੁਗ ਚਾਰ, ਨਿਰਗੁਣ ਸਰਗੁਣ ਵੇਸ ਵਟਾਈਆ । ਜੋ ਲਹਿਣਾ ਦੇਣਾ ਪੂਰਾ ਕਰੇ ਪੈਗ਼ੰਬਰ ਗੁਰ ਅਵਤਾਰ, ਅਵਤਰੀ ਹੋ ਕੇ ਵੇਖ ਵਖਾਈਆ । ਜਿਸ ਚਾਰ ਵਰਨ ਅਠਾਰਾਂ ਬਰਨ ਦੇਣਾ ਇਕ ਅਧਾਰ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਦੀਨਾਂ ਮਜ਼੍ਹਬਾਂ ਅੰਤਰ ਨਿਰੰਤਰ ਮੇਟਣੀ ਖਾਰ, ਖਰੇ ਖੋਟੇ ਆਪ ਬਣਾਈਆ । ਆਤਮ ਪਰਮਾਤਮ ਦੇ ਪਿਆਰ, ਅੰਤਰ ਦ੍ਰਿਸ਼ਟੀ ਸ੍ਰਿਸ਼ਟੀ ਇਕ ਸਮਝਾਈਆ । ਤਨ ਵਜੂਦਾਂ ਲੇਖਾ ਜਾਣੇ ਆਪ ਕਰਤਾਰ, ਕ਼ੁਦਰਤ ਦਾ ਕ਼ਾਦਰ ਹੋਏ ਸਹਾਈਆ । ਮੇਲ ਮਿਲਾ ਕੇ ਨਾਰੀ ਨਾਰ, ਨਰ ਨਰਾਇਣ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਆਪ

੨੯੮
੨੪

ਵਡਿਆਈਆ । ਦਸ ਫਲਗੁਣ ਕਹੇ ਮੇਰਾ ਮਾਲਕ ਅਗੰਮ ਅਥਾਹ, ਅਗੰਮੜਾ ਇਕ ਅਖਵਾਈਆ । ਜੋ ਆਦਿ ਜੁਗਾਦੀ ਬਣ ਮਲਾਹ, ਬੇੜਾ ਦੋ ਜਹਾਨ ਚਲਾਈਆ । ਜਿਸ ਦੀ ਚਾਰ ਜੁਗ ਦੇ ਸ਼ਾਸਤਰ ਮਹਿੰਮਾ ਰਹੇ ਗਾ, ਅੱਖਰ ਅੱਖਰ ਢੋਲੇ ਸਿਫ਼ਤ ਸਲਾਹੀਆ । ਸੋ ਸਤਿਜੁਗ ਸਤਿ ਦਾ ਮਾਰਗ ਰਿਹਾ ਲਗਾ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਜੁਗ ਬਦਲਣਾ ਜਿਸ ਦੀ ਸਦਾ ਅਦਾ, ਅਦਾਲਤ ਦਾ ਮਾਲਕ ਨੂਰ ਅਲਾਹੀਆ । ਜਿਸ ਨੂੰ ਪੈਗ਼ੰਬਰਾਂ ਮੰਨਿਆ ਹਕ ਖ਼ੁਦਾ, ਵਾਹਿਗੁਰੂ ਕਹਿ ਕੇ ਗੁਰ ਗੁਰ ਸੀਸ ਨਿਵਾਈਆ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਫਲਗੁਣ ਕਹੇ ਸਤਿਗੁਰ ਸ਼ਬਦ ਸਦਾ ਅਨਾਦੀ, ਆਦਿ ਜੁਗਾਦਿ ਇਕ ਅਖਵਾਈਆ । ਜਿਸ ਦਾ ਖੇਲ ਬ੍ਰਹਮ ਬ੍ਰਹਿਮਾਦੀ, ਬ੍ਰਹਮ ਬ੍ਰਹਿਮਾਂਡ ਆਪਣੀ ਰਚਨ ਰਚਾਈਆ । ਜਿਸ ਦਾ ਹੁਕਮ ਸਦਾ ਅਹਿਲਾਦੀ, ਨਾ ਕੋਈ ਮੇਟੇ ਮੇਟੇ ਮਿਟਾਈਆ । ਜੋ ਭਗਤਾਂ ਬਣੇ ਇਮਦਾਦੀ, ਸਿਰ ਸਿਰ ਹੱਥ ਟਿਕਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਹਰਿਜਨ ਜਨ ਹਰਿ ਧਰਮ ਦੀ ਧਾਰ ਕਰੇ ਸ਼ਾਦੀ, ਸ਼ਾਦਿਆਨੇ ਦੋ ਜਹਾਨ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਸਦਾ ਸਤਿਗੁਰ ਸ਼ਬਦ ਸ਼ਬਦ ਦੀ ਧਾਰ ਬਣੇ ਸਮਾਜੀ, ਸਮਗਰੀ ਆਪਣਾ ਹੁਕਮ ਸਚ ਵਰਤਾਈਆ ।



## ✪ ੧੦ ਫੱਗਣ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਆਰ ਜੇਠੂਵਾਲ ਸੇਵਾ ਕਰਨ ਆਈ ਸੰਗਤ ਨਵਿਤ ✪

ਨਾਰਦ ਕਹੇ ਸੁਣ ਬਸੁੱਧੇ, ਸੁਧ ਆਪਣੀ ਲੈ ਅੰਗੜਾਈਆ । ਤੇਰਾ ਭਾਗ ਹੋਣ ਵਾਲਾ ਉਦੇ, ਉਗਨ ਆਥਣ ਮਿਲੇ ਵਡਿਆਈਆ । ਲੇਖਾ ਤਕ ਲੈ ਜੋ ਇਸ਼ਾਰਾ ਦਿਤਾ ਬੁੱਧੇ, ਬੁੱਧੀ ਤੋਂ ਬਾਹਰ ਗਿਆ ਸਮਝਾਈਆ । ਨਵ ਸੱਤ ਜਗਤ ਧਾਰ ਹੋਣਾ ਯੁੱਧੇ, ਯੁਧਿਸ਼ਟਰ ਦਾ ਲੇਖਾ ਕ੍ਰਿਸ਼ਨ ਨਾਲ ਮਿਲਾਈਆ । ਸੀਰ ਰਹਿਣਾ ਨਹੀਂ ਕਿਸੇ ਅੰਮ੍ਰਿਤ ਰਸ ਦੁੱਧੇ, ਸਤਿ ਸਚ ਸ਼ਾਂਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਧਰਨੀਏ ਧਵਲੇ ਤੈਨੂੰ ਕਹਿਣ ਬਸੁਧਾ, ਬੇਸੁਧ ਹੋ ਕੇ ਧਿਆਨ ਲਗਾਈਆ । ਕਲਜੁਗ ਅੰਤਮ ਤਕ ਲੈ ਮੁੱਦਾ, ਮੁਦਤਾਂ ਤੋਂ ਰਹਿਣ ਵਾਲੀਏ ਆਪਣੀ ਅੱਖ ਖੁਲ੍ਹਾਈਆ । ਨਵ ਸੱਤ ਕੂੜ ਕਿਰਿਆ ਤਕ ਲੈ ਯੁੱਧਾ, ਪੰਚ ਵਿਕਾਰ ਕਰੇ ਲੜਾਈਆ । ਸਤਿ ਧਰਮ ਰਿਹਾ ਕੋਇ ਨਾ ਹੁੱਦਾ, ਜਗਤ ਜੁਗਤ ਨਾ ਕੋਇ ਚਤੁਰਾਈਆ । ਕਲਜੁਗ ਕੂੜ ਵਿਕਾਰ ਤੇਰੇ ਉਤੇ ਕੁੱਦਾ, ਚਾਰ ਕੁੰਟ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਬਸੁਧਾ ਤਕ ਲੈ ਆਪਣੀ ਅੱਖ, ਬਿਨ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਸਭ ਦੇ ਕਾਇਆ ਮਾਟੀ ਭਾਂਡੇ ਹੋਏ ਸਖ, ਸਚ ਵਸਤ ਵਿਚ ਨਾ ਕੋਇ ਟਿਕਾਈਆ । ਪ੍ਰਭ ਦਾ ਦਰਸ਼ਨ ਸਨਮੁਖ ਕਰੇ ਨਾ ਕੋਇ ਪਰਤਖ, ਸਾਖਿਆਤ ਨਜ਼ਰ ਕੋਇ ਨਾ ਆਈਆ । ਕਲਜੁਗ ਜੀਵ ਅਣਗਿਣਤ ਕਰੋੜੀ ਲੱਖ, ਗਣਤੀ ਗਣਤ ਨਾ ਕੋਇ ਸਮਝਾਈਆ । ਚਾਰ ਕੁੰਟ ਦਹਿ ਦਿਸ਼ਾ ਪਾਉਣਾ ਭੱਖ, ਨਵ

ਸੱਤ ਰੰਗ ਨਾ ਕੋਇ ਰੰਗਾਈਆ । ਪ੍ਰਭ ਦਾ ਖੇਲ ਤਕ ਅਲਖਣਾ ਅਲਖ, ਅਲਖ ਅਗੋਚਰ ਕੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਨਾਰਦ ਕਹੇ ਧਰਨੀਏ ਤੇਰੇ ਉਤੇ ਹੋਇਆ ਅੰਧੇਰਾ, ਅੰਧ ਆਤਮ ਦਿਸੇ ਲੋਕਾਈਆ । ਨਜ਼ਰ ਆਏ ਨਾ ਸੰਝ ਸਵੇਰਾ, ਚਾਰੋਂ ਕੁੰਟ ਅੰਧੇਰਾ ਛਾਈਆ । ਭਰਮਾਂ ਢਾਹੇ ਕੋਇ ਨਾ ਡੇਰਾ, ਹਉਮੇ ਗੜ੍ਹ ਨਾ ਕੋਇ ਤੁੜਾਈਆ । ਆਤਮ ਪਰਮਾਤਮ ਸ਼ਬਦ ਗਾਏ ਨਾ ਕੋਈ ਤੇਰਾ ਮੇਰਾ, ਸਚ ਸਰੂਪ ਨਾ ਕੋਇ ਸਮਾਈਆ । ਕਲਜੁਗ ਵਕ਼ਤ ਗੁਜ਼ਰਿਆ ਬਥੇਰਾ, ਪਾਂਧੀ ਬਣ ਕੇ ਭੱਜਿਆ ਵਾਹੋ ਦਾਹੀਆ । ਪਿਆਰ ਰਿਹਾ ਨਾ ਗੁਰੂ ਚੇਰਾ, ਚੇਲਾ ਗੁਰ ਨਾ ਕੋਇ ਚਤੁਰਾਈਆ । ਸਚਖੰਡ ਦੁਆਰ ਏਕੰਕਾਰ ਦਿਸੇ ਨਾ ਨੇਰਾ, ਨਿਜ ਘਰ ਨਾ ਕੋਇ ਮਿਲਾਈਆ । ਉਹ ਤਕ ਲੈ ਕਮਲੀਏ ਤੇਰੇ ਪਿਛੇ ਪਰਮ ਪੁਰਖ ਮਾਰਿਆ ਫੇਰਾ, ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਵੇਸ ਵਟਾਈਆ । ਜੋ ਜਨ ਭਗਤਾਂ ਉਤੇ ਕਰੇ ਮਿਹਰਾ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਨਾਰਦਾ ਮੈਂ ਤਕਾਂ ਕਿਹੜਾ ਰਾਹ, ਕਵਣ ਕੂਟੇ ਧਿਆਨ ਲਗਾਈਆ । ਨਾਰਦ ਕਹੇ ਤੂੰ ਲੇਖਾ ਛਡ ਥਲ ਅਸਗਾਹ, ਜੂਹਾਂ ਜੰਗਲਾਂ ਪੰਧ ਮੁਕਾਈਆ । ਇਕੋ ਨੈਣ ਲਏ ਉਠਾ, ਬਿਨ ਲੋਚਨ ਆਪਣੀ ਅੱਖ ਖੁਲ੍ਹਾਈਆ । ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਜੋਤ ਕਰੇ ਰੁਸ਼ਨਾ, ਜੋਤੀ ਜਾਤਾ ਡਗਮਗਾਈਆ । ਜਿਸ ਦਾ ਲਹਿਣਾ ਦੇਣਾ ਦੋ ਜਹਾਂ, ਨਿਰਗੁਣ ਨਿਰਵੈਰ ਹੋ ਕੇ ਵੇਖ ਵਖਾਈਆ । ਉਹ ਖੇਲ ਕਰੇ ਅਗੰਮ ਅਥਾਹ, ਅਲਖ ਅਗੋਚਰ ਬੇਪਰਵਾਹੀਆ । ਜਨ ਭਗਤਾਂ ਬਣ ਕੇ ਪਿਤਾ ਮਾਂ, ਸਤਿਗੁਰ ਹੋ ਕੇ ਗੋਦ ਟਿਕਾਈਆ । ਸਦਾ ਸੁਹੇਲਾ ਦੇਵੇ ਠੰਢੀ ਛਾਂ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਿਸ ਨੂੰ ਸਾਰੇ ਕਹਿੰਦੇ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ । ਉਹ ਕਲਜੁਗ ਅੰਤ ਕਰੇ ਹਕ ਨਿਆਂ, ਨਿਰਗੁਣ ਹੋ ਕੇ ਖੋਜ ਖੁਜਾਈਆ । ਜਨ ਭਗਤਾਂ ਸਾਢੇ ਤਿੰਨ ਹੱਥ ਤਕੇ ਨਗਰ ਗਰਾਂ, ਕਾਇਆ ਖੇੜਾ ਧਿਆਨ ਲਗਾਈਆ । ਨਾਤਾ ਜੋੜ ਕੇ ਪੁਤਰਾਂ ਮਾਂ, ਪਿਤਾ ਹੋ ਕੇ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਨਾਰਦ ਕਹੇ ਧਰਨੀਏ ਆਪਣੇ ਉਤੇ ਮਾਰ ਲੈ ਝਾਤੀ, ਬਿਨ ਨੈਣਾਂ ਨੈਣ ਉਠਾਈਆ । ਪੁਰਖ ਅਕਾਲਾ ਤਕ ਲੈ ਕਮਲਾਪਾਤੀ, ਪਤਿਪਰਮੇਸ਼ਵਰ ਨੂਰ ਅਲਾਹੀਆ । ਜੋ ਮੇਟਣਹਾਰਾ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਚਮਕਾਈਆ । ਜਨ ਭਗਤਾਂ ਜੋੜ ਕੇ ਸਾਚਾ ਨਾਤੀ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਦਰਸ਼ਨ ਦੇਵੇ ਇਕ ਇਕਾਂਤੀ, ਇਕ ਇਕੱਲਾ ਸੋਭਾ ਪਾਈਆ । ਸੋ ਹਰਿਜਨ ਸਾਚੇ ਪੁਛੇ ਵਾਤੀ, ਮਿਹਰਵਾਨ ਹੋ ਕੇ ਵੇਖ ਵਖਾਈਆ । ਲੇਖਾ ਜਾਣੇ ਨਾਲ ਕ਼ਲਮ ਦਵਾਤੀ, ਸ਼ਾਹੀ ਕਾਗ਼ਜ਼ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਨਾਰਦਾ ਮੈਂ ਤਕਾਂ ਧੁਰ ਦਾ ਸੁਆਮੀ, ਨਿਰਗੁਣ ਧਾਰ ਨੂਰ ਅਲਾਹੀਆ । ਜੋ ਆਦਿ ਜੁਗਾਦੀ ਅੰਤਰਜਾਮੀ, ਘਟ ਘਟ ਅੰਤਰ ਵੇਖ ਵਖਾਈਆ । ਤਿਸ ਦੀ ਬਿਨਾ ਬੁਧੀ ਤੋਂ ਕਰ ਪਹਿਚਾਨੀ, ਜਗਤ ਅਕਲ ਨਾ ਕੋਇ ਚਤੁਰਾਈਆ । ਜੋ ਸ਼ਾਹੋ ਭੂਪ ਸੁਲਤਾਨੀ, ਸ਼ਹਿਨਸ਼ਾਹ ਨੂਰ ਅਲਾਹੀਆ । ਜਿਸ ਝਗੜਾ ਮੇਟਣਾ ਦੀਨ ਦੁਨੀ ਜਿਸਮਾਨੀ, ਜਿਸਮ ਜ਼ਮੀਰ ਦਏ ਬਦਲਾਈਆ । ਸੋ ਮਾਲਕ ਖ਼ਾਲਕ ਬਣ ਅਸਮਾਨੀ, ਇਸਮ

੩੦੧
੨੪

ਆਜ਼ਮ ਇਕ ਜਣਾਈਆ । ਜਨ ਭਗਤਾਂ ਮੰਜ਼ਲ ਬਖ਼ਸ਼ੇ ਰੁਹਾਨੀ, ਰੂਹ ਬੁਤ ਵਜਦੀ ਰਹੇ ਵਧਾਈਆ । ਝਗੜਾ ਮੁਕਾਵੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਪੰਧ ਰਹੇ ਨਾ ਰਾਈਆ । ਦਰਗਾਹ ਸਾਚੀ ਦੇਵੇ ਸਚ ਮੁਕਾਮੀ, ਸਚ ਦੁਆਰਾ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਨਾਰਦਾ ਸ਼ਾਹੋ ਭੂਪ ਤਕ ਸੁਲਤਾਨਾ, ਮੈਂ ਵੇਖ ਵੇਖ ਬਿਗਸਾਈਆ । ਮੇਰਾ ਮਾਲਕ ਧੁਰ ਦਾ ਰਾਮਾ, ਮਿਹਰਵਾਨ ਇਕ ਅਖਵਾਈਆ । ਨਿਰਗੁਣ ਧਾਰ ਅਗੰਮੀ ਕਾਹਨਾ, ਜੋ ਲੱਖ ਚੁਰਾਸੀ ਸਖ਼ੀ ਰਿਹਾ ਪਰਨਾਈਆ । ਜਿਸ ਦਾ ਧਰਮ ਧਾਰ ਇਸਲਾਮਾ, ਸ਼ਰਅ ਆਪਣੀ ਗੰਢ ਪੁਆਈਆ । ਜਿਸ ਦਾ ਮੰਤਰ ਸਤਿਨਾਮਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਬੇਪਰਵਾਹੀਆ । ਉਹ ਖੇਲ ਕਰੇ ਵਿਚ ਦੋ ਜਹਾਨਾਂ, ਦੋਹਰੀ ਆਪਣੀ ਕਲ ਵਰਤਾਈਆ । ਜਨ ਭਗਤਾਂ ਦੇ ਕੇ ਨਾਮ ਨਿਧਾਨਾ, ਨਿਰਅੱਖਰ ਧਾਰ ਵਿਚੋਂ ਸਮਝਾਈਆ । ਸਚ ਪ੍ਰੇਮ ਦਾ ਬਖ਼ਸ਼ ਹਕੀਕੀ ਜਾਮਾ, ਅੰਮ੍ਰਿਤ ਰਸ ਰਸ ਚੁਆਈਆ । ਅੰਦਰੋਂ ਮੇਟ ਅੰਧੇਰੀ ਸ਼ਾਮਾ, ਸ਼ਮਅ ਨੂਰ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਚਰਨ ਪ੍ਰੀਤੀ ਦੇਵੇ ਦਾਨਾ, ਦਇਆਵਾਨ ਹੋਏ ਸਹਾਈਆ । ਸਭ ਦਾ ਲੇਖੇ ਲਾਏ ਆਣਾ, ਜੋ ਆਏ ਚਲ ਸਰਨਾਈਆ । ਨਾਰਦ ਕਹੇ ਧਰਨੀਏ ਮੈਂ ਖ਼ੁਸ਼ੀਆਂ ਵਿਚ ਬੋਦੀ ਖ਼ੂਬ ਹਲਾਨਾ, ਤ੍ਰੈਲੋਕੀ ਰੰਗ ਰੰਗਾਈਆ । ਜਨ ਭਗਤੋ ਜਗਤ ਵਿਹਾਰ ਦੁਨੀਆ ਦਾ ਬਹਾਨਾ, ਮੇਲ ਮਿਲਾਏ ਸਹਿਜ ਸੁਭਾਈਆ । ਤੁਹਾਡਾ ਬਲ ਦੁਆਰ ਦਾ ਲੇਖਾ ਤੇ ਸੰਮਤ ਸ਼ਹਿਨਸ਼ਾਹੀ ਦਸ ਦਾ ਅੰਤਮ ਖਾਣਾ, ਪਿਆਰ ਮੁਹੱਬਤ ਵਿਚ ਤੁਹਾਡੇ ਰਸਨਾ ਮੁਖ ਨਾਲ ਲਗਾਈਆ । ਲਹਿਣਾ ਦੇਣਾ ਜੁਗ ਚੌਕੜੀ ਪੁਰਾਣਾ, ਪੁਰਾਣ ਅਠਾਰਾਂ ਜਿਸ ਦੀ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਚਰਨ ਧੂੜ ਕਰਾਏ ਇਸ਼ਨਾਨਾ, ਜਨਮ ਜਨਮ ਦੀ ਦੁਰਮਤ ਮੈਲ ਰਹੇ ਨਾ ਰਾਈਆ ।

### ✪ ੧੧ ਫੱਗਣ ਸ਼ਹਿਨਸ਼ਾਹੀ ਸੰਮਤ ਦਸ ਬਲਕਾਰ ਸਿੰਘ ਤੇ ਬੀਬੀ ਬੀਰੋ ਦੀ ਸ਼ਾਦੀ ਸਮੇਂ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਪੁਰਖ ਅਕਾਲੇ ਧੁਰ ਦੇ ਮੀਤ, ਸੋ ਪੁਰਖ ਨਿਰੰਜਣ ਤੇਰੀ ਇਕ ਸਰਨਾਈਆ । ਹਰਿ ਪੁਰਖ ਨਿਰੰਜਣ ਆਦਿ ਜੁਗਾਦੀ ਠਾਂਢੇ ਸੀਤ, ਏਕੰਕਾਰ ਅਗੰਮ ਅਥਾਹੀਆ । ਆਦਿ ਨਿਰੰਜਣ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਤੇਰੇ ਹੱਥ ਵਡਿਆਈਆ । ਅਬਿਨਾਸ਼ੀ ਕਰਤੇ ਸਤਿ ਸਚ ਤੇਰਾ ਲੇਖਾ ਠੀਕ, ਠਾਕਰ ਸੁਆਮੀ ਅੰਤਰਜਾਮੀ ਬੇਨਜ਼ੀਰ ਤੇਰੀ ਤੇਰੇ ਰੰਗ ਵਿਚ ਸਮਾਈਆ । ਸ੍ਰੀ ਭਗਵਾਨ ਨੌਜਵਾਨ ਮਰਦ ਮਰਦਾਨ ਆਤਮ ਪਰਮਾਤਮ ਸਚ ਪ੍ਰੀਤ, ਪ੍ਰੀਤਮ ਦੇਣੀ ਮਾਣ ਵਡਿਆਈਆ । ਪਾਰਬ੍ਰਹਮ ਬ੍ਰਹਮ ਕਰਨੀ ਆਪ ਤਸਦੀਕ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਜੁਗ ਚੌਕੜੀ ਤੇਰੇ ਵਿਚ ਨਿਰਗੁਣ ਸਰਗੁਣ ਧਾਰ ਤੌਫ਼ੀਕ, ਤਤਵ ਤਤ ਰੰਗ ਦੇਣਾ ਰੰਗਾਈਆ । ਆਤਮ ਪਰਮਾਤਮ ਨਿਰਗੁਣ ਨਿਰਗੁਣ ਸਭ ਨੂੰ ਦੱਸਣਾ ਗੀਤ, ਗੋਬਿੰਦ ਮੇਲਾ ਹੋਵੇ ਸਹਿਜ ਸੁਭਾਈਆ । ਕਲਜੁਗ ਵਿਚੋਂ ਸਤਿਜੁਗ ਸਤਿ ਧਾਰ ਬਦਲ ਦੇ ਰੀਤ, ਰੀਤੀਵਾਨ ਤੇਰੇ ਹੱਥ ਵਡਿਆਈਆ ।

੩੦੨
੨੪

ਲਹਿਣਾ ਦੇਣਾ ਵੇਖ ਮੰਦਰ ਮਸੀਤ, ਕਾਇਆ ਕਾਅਬਿਆਂ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਅਵਤਾਰ ਪੈਗ਼ੰਬਰ ਕਹਿਣ ਸ੍ਰੀ ਭਗਵਾਨ, ਹਰਿ ਕਰਤੇ ਤੇਰੀ ਇਕ ਸ਼ਰਨਾਈ । ਸਤਿਜੁਗ ਤਰੇਤਾ ਦੁਆਪਰ ਕਲਜੁਗ ਬੀਤਿਆ ਵਿਚ ਜਹਾਨ, ਚੌਥਾ ਜੁਗ ਭੱਜੇ ਵਾਹੋ ਦਾਹੀ । ਸ਼ਾਹੋ ਭੂਪ ਸ਼ਹਿਨਸ਼ਾਹ ਅਗੰਮ ਸੁਲਤਾਨ, ਬੇਐਬ ਪਰਵਰਦਿਗਾਰ ਨੂਰ ਅਲਾਹੀ । ਦਰ ਦਰਵੇਸ਼ ਮੰਗੀਏ ਤੇਰਾ ਇਕੋ ਦਾਨ, ਦਾਤੇ ਦਾਨੀ ਦੇਣੀ ਮਾਣ ਵਡਿਆਈ । ਸ਼੍ਰਿਸ਼ਟੀ ਦ੍ਰਿਸ਼ਟੀ ਅੰਤਰ ਨਿਰੰਤਰ ਵੇਖ ਮਾਰ ਧਿਆਨ, ਸੱਤ ਦੀਪ ਪਰਦਾ ਉਹਲਾ ਰਹੇ ਨਾ ਰਾਈ । ਮਾਨਵ ਮਾਨਸ ਮਾਨੁਖ ਤੇਰੇ ਜੀਵ ਦਿਸਣ ਜਗਤ ਜਹਾਨ, ਚਾਰੋਂ ਕੁੰਟ ਸੋਭਾ ਪਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਸੰਗ ਆਪ ਬਣਾਈ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਤੇਰਾ ਧਰਮ ਦਾ ਹੋਵੇ ਸਮਾਜ, ਸਮਗਰੀ ਇਕੋ ਨਾਮ ਵਰਤਾਈਆ । ਤਨ ਵਜੂਦਾਂ ਸੋਹੇ ਕਾਜ, ਆਤਮ ਪਰਮਾਤਮ ਮਿਲ ਕੇ ਵਜੇ ਵਧਾਈਆ । ਸੋਈ ਸੁਰਤੀ ਜਾਏ ਜਾਗ, ਨਿਜ ਨੇਤਰ ਲੋਚਨ ਨੈਣ ਕਰ ਰੁਸ਼ਨਾਈਆ । ਤ੍ਰੈਗੁਣ ਮਾਇਆ ਬੁਝਾ ਆਗ, ਤਤਵ ਤਤ ਨਾ ਕੋਇ ਤਪਾਈਆ । ਘਰ ਸੁਹੰਜਣਾ ਬਖ਼ਸ਼ ਕੰਤ ਸੁਹਾਗ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਸਚ ਪ੍ਰੀਤੀ ਦੇ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਕੂੜੀ ਕਿਰਿਆ ਹੋਵੇ ਤਿਆਗ, ਤ੍ਰੈਗੁਣ ਅਤੀਤੇ ਹੋਣਾ ਆਪ ਸਹਾਈਆ । ਹੰਸ ਗੁਰਮੁਖ ਬਣਾ ਕਾਗ, ਮਾਣਕ ਮੋਤੀ ਚੋਗ ਚੁਗਾਈਆ । ਸਚ ਵਸਤ ਸਚ ਦੀ ਦੇ ਦੇ ਦਾਦ, ਅਮੁਲ ਅਤੁਲ ਆਪ ਵਰਤਾਈਆ । ਤੇਰਾ ਖੇਲ ਹੋਵੇ ਵਿਚ ਬ੍ਰਹਿਮਾਦ, ਬ੍ਰਹਿਮਾਂਡ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਇਕੋ ਤੇਰੀ ਹੋਵੇ ਰੰਗਤ, ਰੰਗਤ ਸਚ ਦੇਣੀ ਰੰਗਾਈਆ । ਮਾਨਵ ਜ਼ਾਤੀ ਆਤਮ ਧਾਰ ਹੋਵੇ ਸੰਗਤ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਵਰਨ ਬਰਨ ਤੋਂ ਬਾਹਰ ਹੋਵੇ ਪੰਗਤ, ਚਾਰੇ ਬਾਣੀ ਅੰਤਰ ਨਿਰੰਤਰ ਭੇਵ ਦੇਣਾ ਖੁਲ੍ਹਾਈਆ । ਦਰ ਤੇਰੇ ਸਾਰੇ ਹੋਵਣ ਮੰਗਤ, ਭਿਖਾਰੀ ਹੋ ਕੇ ਝੋਲੀ ਡਾਹੀਆ । ਤੂੰ ਦੇਵਣਹਾਰਾ ਜੇਰਜ ਅੰਡਜ, ਉਤਭੁਜ ਸੇਤਜ ਖੋਜ ਖੁਜਾਈਆ । ਬੋਧ ਅਗਾਧਾ ਧੁਰ ਦਾ ਪੰਡਤ, ਅਕਲ ਬੁੱਧੀ ਤੋਂ ਬਾਹਰ ਤੇਰੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਭੇਵ ਆਪ ਚੁਕਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਸਤਿਜੁਗ ਸਚ ਬਣਾ ਦੇ ਧਰਮ, ਧਰਨੀ ਧਰਤ ਧਵਲ ਧੌਲ ਵਜੇ ਵਧਾਈਆ । ਭੇਵ ਖੁਲ੍ਹਾ ਦੇ ਆਤਮ ਧਾਰ ਬ੍ਰਹਮ, ਪਾਰਬ੍ਰਹਮ ਪਰਦਾ ਆਪ ਉਠਾਈਆ । ਨਿਸ਼ਕਰਮੀ ਸਚ ਕਮਾ ਦੇ ਕਰਮ, ਕਰਮ ਕਾਂਡ ਦਾ ਡੇਰਾ ਢਾਹੀਆ । ਮਾਨਵ ਜ਼ਾਤੀ ਤੇਰੇ ਘਰੋਂ ਲਏ ਜਰਮ, ਮਾਤ ਤੇਰਾ ਨੂਰ ਨਜ਼ਰੀ ਆਈਆ । ਜਗਤ ਸ਼ਰਅ ਮੇਟ ਦੇ ਭਰਮ, ਭਾਂਡਾ ਭਰਮ ਭਉ ਭੰਨਾਈਆ । ਲੇਖਾ ਰਹੇ ਨਾ ਵਰਨ ਬਰਨ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਤੂੰ ਕਰਨੀ ਦਾ ਕਰਤਾ ਸਭ ਕੁਛ ਹਾਰਾ ਕਰਨ, ਕਰਤਾ ਪੁਰਖ ਇਕ ਅਖਵਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਸਾਰੇ ਤੇਰੀ ਹੋਵਣ ਸਰਨ, ਸਰਨਗਤ ਇਕ ਜਣਾਈਆ । ਤੂੰ ਮੇਰਾ ਮੈਂ ਤੇਰਾ ਆਤਮ ਢੋਲਾ ਪਰਮਾਤਮ ਸਾਰੇ ਪੜ੍ਹਨ, ਸਤਿ ਸਚ ਦੇਣਾ ਸਮਝਾਈਆ । ਨਿਰਗੁਣ ਧਾਰ ਤੇਰੀ ਮੰਜ਼ਲ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ

ਵਰ, ਸਚ ਦਾ ਮਾਰਗ ਇਕ ਦਰਸਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੁਰਖ ਅਕਾਲ ਦੀਨ ਦਿਆਲ, ਪਰਵਰਦਿਗਾਰ ਤੇਰੀ ਬੇਪਰਵਾਹੀਆ । ਧਰਨੀ ਉਤੇ ਬਣਾ ਦੇ ਸਚੀ ਧਰਮਸਾਲ, ਸਚ ਦੁਆਰ ਇਕ ਪਰਗਟਾਈਆ । ਜਗਤ ਅਵਲੜੀ ਨਿਰਗੁਣ ਸਰਗੁਣ ਤੇਰੀ ਹੋਵੇ ਚਾਲ, ਚਾਲ ਨਿਰਾਲੀ ਇਕ ਜਣਾਈਆ । ਮਾਨਸ ਮਾਨਵ ਮਾਨੁਖ ਤੇਰੇ ਹੋਵਣ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਜੋਤੀ ਨੂਰ ਦੇ ਜਮਾਲ, ਅੰਤਸ਼ਕਰਨ ਕਰ ਰੁਸ਼ਨਾਈਆ । ਭਾਗ ਲਗਾ ਦੇ ਕਾਇਆ ਮਾਟੀ ਖਾਲ, ਪੰਚਮ ਤਤ ਤਤ ਪੜ੍ਹਾਈਆ । ਤੇਰੇ ਅਗੇ ਧੁਰ ਦਾ ਇਕ ਸਵਾਲ, ਸਵਾਲੀ ਹੋ ਕੇ ਮੰਗ ਮੰਗਾਈਆ । ਝਗੜਾ ਮੁਕਾ ਦੇ ਸ਼ਾਹ ਕੰਗਾਲ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਆ ਕੇ ਵੇਖ ਮੁਰੀਦਾਂ ਹਾਲ, ਸਾਚੇ ਮੁਰਸ਼ਦ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਗ੍ਰਿਹ ਵਜਦੀ ਰਹੇ ਵਧਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਦੀਨ ਦੁਨੀ ਕਾਰਜ ਹੋਵੇ ਸਾਚਾ ਅਨੰਦ, ਮੇਲ ਮਿਲਾਉਣਾ ਥਾਉਂ ਥਈਆ । ਜਨ ਭਗਤਾਂ ਖ਼ੁਸ਼ੀ ਕਰਨਾ ਬੰਦ ਬੰਦ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਸਤਿ ਸਚ ਦਰਸਾਉਣਾ ਇਕ ਛੰਦ, ਸੰਸਾ ਮਨ ਰਹੇ ਨਾ ਰਾਈਆ । ਭਰਮਾਂ ਢਾਹੁਣੀ ਅੰਦਰੋਂ ਕੰਧ, ਦੂਈ ਦੁਵੈਤ ਦਾ ਡੇਰਾ ਢਾਹੀਆ । ਨਿਰਗੁਣ ਨੂਰ ਚਾੜ੍ਹ ਕੇ ਚੰਦ, ਜੋਤੀ ਜਾਤੇ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਘਰ ਆਪਣੇ ਲੈਣਾ ਮਿਲਾਈਆ । ਅਵਤਾਰ ਪੈਗ਼ੰਬਰ ਕਹਿਣ ਸਾਡੀ ਇਕ ਅਰਜ਼ੋਈ, ਆਰਜ਼ੂ ਤੇਰੇ ਕ਼ਦਮ ਰਖਾਈਆ । ਆਦਿ ਪੁਰਖ ਅਪਰੰਪਰ ਸੁਆਮੀ ਸਚ ਸੁਣ ਸਾਡੀ ਦਰੋਹੀ, ਬਿਨ ਰਸਨਾ ਜਿਹਵਾ ਦਈਏ ਸੁਣਾਈਆ । ਜੋ ਇਸ਼ਾਰਾ ਦਿਤਾ ਕਬੀਰ ਨੂੰ ਲੋਈ, ਲੋਇਣਾਂ ਤੋਂ ਬਾਹਰ ਬਾਹਰ ਦਰਸਾਈਆ । ਜ਼ਾਤ ਪਾਤ ਦੀਨ ਮਜ਼੍ਹਬ ਦਾ ਲੇਖਾ ਮੇਟ ਸਕੇ ਨਾ ਕੋਈ, ਜਗਤ ਬੰਧਨ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਤਿਗੁਰ ਧਾਰ ਅਗੰਮੀ ਸ਼ਬਦ, ਬਿਨ ਤਨ ਵਜੂਦ ਤੇਰੀ ਸਰਨਾਈਆ । ਦੋ ਜਹਾਨ ਤੇਰਾ ਕਰਨ ਅਦਬ, ਬ੍ਰਹਿਮੰਡ ਖੰਡ ਪੁਰੀ ਲੋਅ ਅਕਾਸ਼ ਪਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਢੋਲੇ ਗਾਈਆ । ਕਲਜੁਗ ਅੰਤਮ ਲੇਖਾ ਤਕ ਲੈ ਦੀਨ ਮਜ਼੍ਹਬ, ਜ਼ਾਤ ਪਾਤ ਖੋਜ ਖੁਜਾਈਆ । ਚਾਰੋਂ ਕੁੰਟ ਜਗਤ ਸ਼ਰਅ ਨੇ ਕੀਤਾ ਗ਼ਜ਼ਬ, ਹੈਰਾਨੀ ਵਿਚ ਦੀਨ ਦੁਨੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਰਗ ਇਕ ਦਰਸਾਈਆ । ਧੁਰ ਦਾ ਸ਼ਬਦ ਹੁਕਮ ਦ੍ਰਿੜਾਉਂਦਾ ਏ । ਨਿਰਅੱਖਰ ਧਾਰ ਵਿਚੋਂ ਅੱਖਰ ਪਰਗਟਾਉਂਦਾ ਏ । ਅਵਤਾਰ ਪੈਗ਼ੰਬਰ ਗੁਰ ਗੁਰ ਸਤਿਗੁਰ ਰੰਗ ਰੰਗਾਉਂਦਾ ਏ । ਨਾਨਕ ਗੋਬਿੰਦ ਧਾਰ ਜੋ ਨਿਰਗੁਣ ਨਿਰਗੁਣ ਨਾਲ ਗਈ ਜੁਰ, ਜੋੜੀ ਜਗਤ ਜਹਾਨ ਵਖਾਉਂਦਾ ਏ । ਜਿਸ ਨੂੰ ਵੇਖਣ ਦੇਵਤ ਸੁਰ, ਵਿਸ਼ਨ ਬ੍ਰਹਮਾ ਸ਼ਿਵ ਨੈਣ ਉਠਾਉਂਦਾ ਏ । ਜੋ ਸੰਦੇਸ਼ਾ ਦੇ ਕੇ ਗਿਆ ਅਨੰਦਪੁਰ, ਪੁਰੀਆਂ ਲੋਆਂ ਬਾਹਰ ਦਰਸਾਉਂਦਾ ਏ । ਜਿਸ ਵੇਲੇ ਕਲਜੁਗ ਹੋਇਆ ਘੋਰ, ਢਈਆ ਗੋਬਿੰਦ ਪੰਧ ਮੁਕਾਉਂਦਾ ਏ । ਕਲਜੁਗ ਜੀਵ ਹੋਏ ਠਗ ਚੋਰ, ਯਾਰੀ ਹਕ ਨਾ ਕੋਇ ਨਿਭਾਉਂਦਾ ਏ । ਮਾਇਆ ਮਮਤਾ ਪਾਵੇ ਸ਼ੋਰ, ਸ਼ਰਅ ਦੀਨ ਦੁਨੀ ਵੰਡ ਵੰਡਾਉਂਦਾ ਏ । ਪੁਰਖ ਅਕਾਲਾ ਦੀਨ ਦਿਆਲਾ ਸਦੀ ਚੌਧਵੀਂ ਅੰਤਮ ਕਰੇ ਗ਼ੌਰ, ਗੋਰ ਮੜ੍ਹੀ ਮੁਹੰਮਦ ਨਾਲ ਰਾਹ ਤਕਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ

ਵਰ, ਸਚ ਦੀ ਕਰਨੀ ਕਾਰ ਕਮਾਉਂਦਾ ਏ । ਮੜ੍ਹੀ ਕਹੇ ਮੁਹੰਮਦ ਮੇਰੀ ਇਕ ਸਲਾਮ, ਬਿਨ ਸਜਦਿਆਂ ਸੀਸ ਝੁਕਾਈਆ । ਮੇਰਾ ਮਾਲਕ ਨੂਰ ਅਲਾਹੀ ਇਕ ਅਮਾਮ, ਬੇਐਬ ਅਗੰਮ ਅਥਾਹੀਆ । ਜਿਸ ਸ਼ਰਅ ਦਾ ਝਗੜਾ ਮੇਟਣਾ ਤਮਾਮ, ਤਮਅ ਸਦੀ ਚੌਧਵੀਂ ਨਾਲ ਮਿਲਾਈਆ । ਮਾਨਵ ਜ਼ਾਤੀ ਬਦਲਣਾ ਨਿਜ਼ਾਮ, ਨਿਯਮ ਕਲਜੁਗ ਧੁਰ ਦਾ ਇਕੋ ਦਏ ਦ੍ਰਿੜਾਈਆ । ਜਿਸ ਰਿਸ਼ਤਾ ਜੋੜਨਾ ਕਾਇਨਾਤ ਅਵਾਮ, ਮੇਲ ਮਿਲਾਉਣਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਪੈਗ਼ੰਬਰ ਕਹਿਣ ਹਰਿ ਵਜ਼ੀਉਲ ਜ਼ਮਾ ਅਫ਼ਤੀ ਤਵੀਜ਼ੇ ਅਜ਼ਮ ਚਾਕੁਤੂਨੂੰ ਤੌਫ਼ੀਕੇ ਖ਼ੁਦਾ ਰਹਿਨੁਮਾ ਨੂਰੇ ਅਲਾਹ, ਅਲਾਹ ਇਕ ਅਖਵਾਈਆ । ਜਿਸ ਸ੍ਰਿਸ਼ਟੀ ਨਵ ਸੱਤ ਤਨ ਵਜੂਦ ਹਕ ਮਹਿਬੂਬ ਧੁਰ ਦੇ ਕਲਮੇ ਨਾਲ ਕਰਨਾ ਨਿਕਾਹ, ਨਕ਼ਾਬ ਪਰਦੇ ਸਾਰੇ ਦਏ ਉਠਾਈਆ । ਜਿਸ ਦੇ ਅਗੇ ਮੁਹੰਮਦ ਕੀਤੀ ਦੁਆ, ਈਸਾ ਸਲੀਵ ਲੈਂਦਿਆਂ ਵਾਸਤਾ ਗਿਆ ਪਾਈਆ । ਤੂੰ ਮਾਲਕ ਮੈਂ ਸਦਾ ਚਲਾਂ ਤੇਰੀ ਵਿਚ ਰਜ਼ਾ, ਰਾਜ਼ਕ ਰਹੀਮ ਤੇਰੀ ਓਟ ਤਕਾਈਆ । ਮੂਸਾ ਕੋਹਤੂਰ ਉਤੇ ਕੂਕ ਕੇ ਦਿਤਾ ਸੁਣਾ, ਜਲ ਵਾਂਗ ਤੇਰੀ ਧਾਰ ਇਕੋ ਨਜ਼ਰੀ ਆਈਆ । ਕਿਉਂ ਜਗਤ ਸ਼ਰਅ ਵੰਡ ਰਿਹਾ ਵੰਡਾ, ਮਾਨਵ ਮਾਨਸ ਮਾਨੁਖ ਆਪਣਾ ਹੁਕਮ ਵਰਤਾਈਆ । ਸਾਡੀ ਆਸ਼ਾ ਪੂਰੀ ਕਰੀਂ ਮੇਰੇ ਮਹਿਬੂਬ ਰੱਬੇ ਖ਼ੁਦਾ, ਖ਼ੁਦ ਮਾਲਕ ਤੇਰੀ ਓਟ ਤਕਾਈਆ । ਉਹ ਤਕ ਲੈ ਨਾਨਕ ਨਿਰਗੁਣ ਧਾਰ ਖੰਡਾ ਰਿਹਾ ਚਮਕਾ, ਦੋ ਜਹਾਨਾਂ ਰਿਹਾ ਜਣਾਈਆ । ਜਿਸ ਸੰਦੇਸਾ ਦੇਣਾ ਥਾਉਂ ਥਾਂ, ਥਾਨ ਥਨੰਤਰ ਵੇਖ ਵਖਾਈਆ । ਕਲਜੁਗ ਅੰਤਮ ਕੂੜ ਕਿਰਿਆ ਲੇਖਾ ਦਏ ਮੁਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਦੀਨਾਂ ਮਜ਼੍ਹਬਾਂ ਸ਼ਰਅ ਜ਼ੰਜੀਰ ਦਏ ਕਟਾ, ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਇਕੋ ਮਾਰਗ ਦਏ ਸਮਝਾ, ਰਸਤਾ ਬਾਵਸਤਾ ਆਪਣੇ ਨਾਲ ਕਰਾਈਆ । ਜਿਸ ਦਾ ਲੇਖਾ ਨਾਲ ਹੋਵੇ ਹਕ਼ੀਕ਼ੀ ਖ਼ੁਦਾ, ਖ਼ੁਦ ਮਾਲਕ ਸੰਗ ਨਿਭਾਈਆ । ਦੀਨਾਂ ਮਜ਼੍ਹਬਾਂ ਤੋਂ ਬਾਹਰ ਕਲਮਾ ਦਏ ਸੁਣਾ, ਜਬਰਾਈਲ ਦੀ ਲੋੜ ਰਹੇ ਨਾ ਰਾਈਆ । ਧੁਰ ਦਾ ਸ਼ਬਦ ਪੈਗ਼ਾਮ ਬਿਨ ਰਸਨਾ ਜਿਹਵਾ ਦੇਵੇ ਆ, ਕਾਇਨਾਤ ਦਾ ਕੰਨਾ ਗੋਬਿੰਦ ਵਾਲਾ ਇਕ ਸਮਝਾਈਆ । ਜਿਸ ਨੂੰ ਸਾਰਿਆਂ ਕਹਿਣਾ ਵਾਹ ਵਾਹ, ਵਾਹਵਾ ਪ੍ਰਭੂ ਤੇਰੀ ਬੇਪਰਵਾਹੀਆ । ਮਾਨਵ ਜ਼ਾਤੀ ਤਨ ਵਜੂਦ ਪਿਆਰ ਮੁਹੱਬਤ ਇਕੋ ਹੋਵੇ ਰਾਹ, ਜੋੜਾ ਜੁੜੇ ਥਾਉਂ ਥਾਂਈਆ । ਗ਼ਰੀਬ ਨਿਮਾਣਿਆਂ ਨਿਥਾਵਿਆਂ ਪਰਮ ਪੁਰਖ ਚਰਨ ਕਵਲ ਦੇਣਾ ਥਾਂ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਭਾਗ ਲਗਾਉਣਾ ਸਾਢੇ ਤਿੰਨ ਹੱਥ ਗਰਾਂ, ਸਚ ਦੁਆਰ ਵਜਦੀ ਰਹੇ ਵਧਾਈਆ । ਗੁਰ ਅਵਤਾਰ ਪੈਗ਼ੰਬਰ ਸਚਖੰਡ ਦੁਆਰ ਤੇਰਾ ਖੇਲ ਵੇਖਣ ਨਾਲ ਚਾਅ, ਚਾਓ ਘਨੇਰਾ ਇਕ ਜਣਾਈਆ । ਸਤਿਗੁਰ ਸ਼ਬਦ ਸਭ ਦਾ ਹੋਵੇ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਜਗਤ ਰੀਤੀ ਬਗ਼ੈਰ ਮੰਦਰ ਮਸੀਤੀ ਸਭ ਦਾ ਹਕ਼ੀਕ਼ੀ ਹੋਵੇ ਨਿਕਾਹ, ਸ਼ਾਦੀ ਦੇ ਸ਼ਾਦਿਆਨੇ ਖ਼ੁਸ਼ੀਆਂ ਨਾਲ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਫਲਗੁਣ ਕਹੇ ਮੈਂ ਇਕ ਇਕ ਗਿਆਰਾਂ, ਨਿਰਗੁਣ ਨਿਰਗੁਣ ਨਾਲ ਮਿਲ ਕੇ ਵਜੇ ਵਧਾਈਆ । ਮੇਰੀਆਂ ਖ਼ੁਸ਼ੀਆਂ ਵਾਲੀਆਂ ਬਹਾਰਾਂ, ਬਹਿਸ਼ਤਾਂ ਜੱਨਤਾਂ ਸਵਰਗਾਂ ਤੋਂ ਬਾਹਰ ਦਿਆਂ ਸਮਝਾਈਆ । ਮੇਰੀਆਂ ਦੀਨ ਦੁਨੀਆ ਤੋਂ ਵਖਰੀਆਂ ਸਰਕਾਰਾਂ, ਸ਼ਾਹ ਸੁਲਤਾਨ ਸ੍ਰੀ ਭਗਵਾਨ ਇਕੋ ਨਜ਼ਰੀ ਆਈਆ । ਜਿਸ ਦੀਆਂ ਲੱਖ ਚੁਰਾਸੀ ਚਾਰੇ ਖਾਣੀਆਂ ਨਾਰਾਂ, ਅੰਡਜ ਜੇਰਜ ਉਤਭੁਜ ਸੇਤਜ ਆਦਿ ਜੁਗਾਦਿ ਪਰਨਾਈਆ । ਜਿਸ ਸੰਦੇਸ਼ਾ

ਦਿਤਾ ਪੈਗ਼ੰਬਰ ਗੁਰ ਅਵਤਾਰਾ, ਅਵਤਰੀ ਹੋ ਕੇ ਆਪਣਾ ਹੁਕਮ ਵਰਤਾਈਆ । ਜਿਸ ਸਤਿਜੁਗ ਤਰੇਤਾ ਦੁਆਪਰ ਕਲਜੁਗ ਖੇਲ ਖੇਲਿਆ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਹੁਕਮ ਹੁਕਮ ਵਿਚ ਚਲਾਈਆ । ਸ਼ਰਅ ਦੀਆਂ ਚਾਰ ਕੁੰਟ ਸ਼ਰੀਅਤ ਵਾਲੀਆਂ ਖੜ੍ਹੀਆਂ ਕਰ ਦੀਵਾਰਾਂ, ਹਦ ਹਦੂਦਾਂ ਵੰਡ ਵੰਡਾਈਆ । ਅੰਤ ਖੇਲ ਕਰੇ ਅਪਰ ਅਪਾਰਾ, ਅਪਰੰਪਰ ਸੁਆਮੀ ਧੁਰਦਰਗਾਹੀਆ । ਮਾਨਵ ਜ਼ਾਤੀ ਏਕਾ ਦਰ ਇਕ ਦੁਆਰਾ, ਘਰ ਇਕੋ ਇਕ ਸੁਹਾਈਆ । ਸ਼ਬਦ ਅਨਾਦੀ ਇਕ ਧੁਨਕਾਰਾ, ਧੁਨ ਆਤਮਕ ਦਏ ਦ੍ਰਿੜਾਈਆ । ਪੁਰਖ ਅਕਾਲਾ ਮੀਤ ਮੁਰਾਰਾ, ਘਰ ਬੈਠਾ ਸੱਜਣ ਸੋਭਾ ਪਾਈਆ । ਜਿਸ ਦਾ ਖੇਲ ਸਦਾ ਸਦ ਨਿਆਰਾ, ਨਿਰਗੁਣ ਹੋ ਕੇ ਸਰਗੁਣ ਦਏ ਜਗਾਈਆ । ਸੋ ਕਲਜੁਗ ਅੰਤਮ ਕੂੜ ਕਿਰਿਆ ਕਰੇ ਪਾਰ ਕਿਨਾਰਾ, ਮਿਹਰਵਾਨ ਮਹਿਬੂਬ ਆਪਣੇ ਰੰਗ ਰੰਗਾਈਆ । ਚਾਰ ਵਰਨ ਅਠਾਰਾਂ ਬਰਨ ਹਿੰਦੂ ਮੁਸਲਿਮ ਸਿਖ ਈਸਾਈ ਦੇਵੇ ਇਕ ਅਧਾਰਾ, ਮਾਰਗ ਇਕੋ ਇਕ ਸਮਝਾਈਆ । ਤਨ ਵਜੂਦ ਨਾਤਾ ਮਾਨਸ ਜੁੜੇ ਪੁਰਖ ਨਾਰਾ, ਜੋੜੀ ਜਗਤ ਜਹਾਨ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਗ੍ਰਿਹਿ ਇਕ ਵਖਾਈਆ । ਫਲਗੁਣ ਕਹੇ ਮੈਂ ਖ਼ੁਸ਼ੀਆਂ ਗਾਵਾਂ ਗੀਤ ਗੋਬਿੰਦ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਜੋ ਸਭ ਦੀ ਮੇਟਣਹਾਰਾ ਚਿੰਦ, ਚਿੰਤਾ ਚਿਖਾ ਵਿਚੋਂ ਬਾਹਰ ਰਖਾਈਆ । ਜੋ ਭਗਤ ਸੁਹੇਲੇ ਗੁਰਮੁਖ ਗੁਰਸਿਖ ਆਤਮ ਧਾਰ ਬਣਾ ਕੇ ਆਪਣੀ ਬਿੰਦ, ਨੂਰ ਨੁਰਾਨਾ ਸ਼ਾਹ ਸੁਲਤਾਨਾ ਆਪਣਾ ਭੇਵ ਚੁਕਾਈਆ । ਦੇਵੇ ਮਾਣ ਵਡ ਜੋਧਾ
੩੦੫ ਸੂਰਬੀਰ ਮਰਗਿੰਦ, ਸ਼ਹਿਨਸ਼ਾਹ ਅਗੰਮ ਅਥਾਹੀਆ । ਜਿਸ ਦਾ ਲਹਿਣਾ ਭਾਰਤ ਨਾਲ ਹਿੰਦ, ਨਵ ਸੱਤ ਆਪਣਾ ਹੁਕਮ ਵਰਤਾਈਆ । ਉਹ ੩੦੫
੨੪ ਵੇਖਣਹਾਰਾ ਜੀਉ ਪਿੰਡ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ੨੪
ਦਾ ਪਰਦਾ ਆਪ ਉਠਾਈਆ । ਫਲਗੁਣ ਕਹੇ ਮੇਰਾ ਵਕ਼ਤ ਸੁਹਾਵਣਾ, ਇਕ ਇਕ ਨਾਲ ਵਡਿਆਈਆ । ਮੈਂ ਇਕੋ ਢੋਲਾ ਗਾਵਣਾ, ਗੋਬਿੰਦ ਗੋਬਿੰਦ ਧੁਰ ਦਾ ਮਾਹੀਆ । ਜਿਸ ਸਚ ਮਾਰਗ ਚਲਾਵਣਾ, ਨਵ ਸੱਤ ਸਤਿ ਸਮਝਾਈਆ । ਇਕੋ ਇਸ਼ਟ ਦਰਸਾਵਣਾ, ਪੁਰਖ ਅਕਾਲਾ ਨੂਰ ਅਲਾਹੀਆ । ਜਿਸ ਕਲਜੁਗ ਪਾਰ ਕਰਾਵਣਾ, ਸਤਿਜੁਗ ਸਚ ਸਚ ਦਰਸਾਈਆ । ਗ੍ਰਿਹਿ ਮੰਦਰ ਇਕ ਸੁਹਾਵਣਾ, ਸਾਢੇ ਤਿੰਨ ਹੱਥ ਰੰਗ ਰੰਗਾਈਆ । ਸ਼ਬਦ ਅਨਾਦੀ ਇਕ ਦ੍ਰਿੜਾਵਣਾ, ਬਿਨ ਰਸਨਾ ਜਿਹਵਾ ਦਏ ਸੁਣਾਈਆ । ਦੀਪਕ ਜੋਤੀ ਇਕ ਜਗਾਵਣਾ, ਨੂਰ ਨੁਰਾਨਾ ਕਰ ਰੁਸ਼ਨਾਈਆ । ਅੰਤਰ ਆਤਮ ਮੇਲ ਮਿਲਾਵਣਾ, ਪਰਮਾਤਮ ਹੋ ਕੇ ਸੰਗ ਨਿਭਾਈਆ । ਅਨੰਦ ਕਾਰਜ ਤਨ ਵਜੂਦ ਜਗਤ ਸੁਹਾਵਣਾ, ਜੁਗਤ ਦੀਨ ਦੁਨੀ ਨਾਲ ਵਡਿਆਈਆ । ਗਿਆਰਾਂ ਫਲਗੁਣ ਕਹੇ ਮੈਂ ਨਿਵ ਨਿਵ ਸੀਸ ਝੁਕਾਵਣਾ, ਬਿਨ ਚਰਨਾਂ ਚਰਨ ਧੂੜੀ ਖ਼ਾਕ ਰਮਾਈਆ । ਦੋਹਾਂ ਮੇਲ ਮਿਲਿਆ ਪਰਮਾਤਮਾ ਪ੍ਰਭ ਪੂਰੀ ਕਰੇ ਭਾਵਨਾ, ਆਸ਼ਾ ਮਨਸਾ ਮਨਸਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਧਾਰ ਨਿਰੰਕਾਰ ਨਿਰਾਕਾਰ ਨਿਰਵੈਰ ਸਭ ਦਾ ਪਕੜੇ ਦਾਮਨਾ, ਦਾਮਨਗੀਰ ਬੇਨਜ਼ੀਰ ਲਾਸ਼ਰੀਕ ਇਕ ਅਖਵਾਈਆ ।

✪ ੧੭ ਫੱਗਣ ਸ਼ਹਿਨਸ਼ਾਹੀ ਸੰਮਤ ਦਸ ਕਾਨ੍ਹਪੁਰ ਸ਼ਾਸ਼ਤਰੀ ਨਗਰ ਅਵਤਾਰ ਸਿੰਘ ਕਿਰਪਾ ਸਿੰਘ ਸਤਵੰਤ ਕੌਰ ਗੁਰਬਚਨ ਸਿੰਘ ਮਹਿਲ ਸਿੰਘ ਗੁਰਦਿਤ ਸਿੰਘ ਅੰਮ੍ਰਿਤ ਕੌਰ ਮਹੂ ✪

ਪੰਜ ਤਤ ਕਹਿਣ ਪ੍ਰਭ ਸਾਚੇ ਕਮਲਾਪਤ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡੇ ਲੇਖੇ ਲਾ ਲੈ ਹਡ ਮਾਸ ਨਾੜੀ ਰਤ, ਰਤਨ ਅਮੋਲਕ ਹੀਰੇ ਲੈ ਬਣਾਈਆ । ਚਰਨ ਕਵਲ ?ਉਪਰ? ਜੋੜ ਲੈ ਨਤ, ਨਰ ਨਿਰੰਕਾਰ ਪ੍ਰਭ ਆਪਣੇ ਰੰਗ ਰੰਗਾਈਆ । ਸਤਿ ਸਚ ਦੀ ਦੇ ਦੇ ਬੁਧਿ ਮਤਿ, ਮਨ ਮਨਸਾ ਕੂੜ ਵਿਕਾਰ ਦੇ ਮਿਟਾਈਆ । ਆਤਮ ਧਾਰ ਬਖ਼ਸ਼ ਦੇ ਸਤਿ, ਪਾਰਬ੍ਰਹਮ ਪ੍ਰਭ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਪ੍ਰਭ ਸਦ ਆਪਣਾ ਬਣਾ ਲੈ ਦਾਸ, ਦਾਸੀ ਦਾਸ ਸੇਵ ਕਮਾਈਆ । ਮਾਨਸ ਜਨਮ ਕਰ ਦੇ ਰਾਸ, ਰਸਤਾ ਆਪਣਾ ਇਕ ਦਰਸਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸਾਡੀ ਪੂਰੀ ਕਰ ਦੇ ਆਸ, ਤ੍ਰਿਸ਼ਨਾ ਕੂੜ ਜਗਤ ਮਿਟਾਈਆ । ਤੂੰ ਮਾਲਕ ਖ਼ਾਲਕ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਅਗੰਮ ਅਥਾਹੀਆ । ਤਨ ਵਜੂਦਾਂ ਸਾਡੀ ਲੇਖੇ ਲਾਉਣੀ ਲਾਸ਼, ਲਖਮੀ ਨਰਾਇਣ ਤੇਰੀ ਓਟ ਤਕਾਈਆ । ਸਾਡਾ ਲੇਖਾ ਰਹੇ ਨਾ ਨਾਲ ਸ਼ੰਕਰ ਕੈਲਾਸ਼, ਕਲਾਧਾਰੀ ਦੇਣੀ ਮਾਣ ਵਡਿਆਈਆ । ਨਾਮ ਨਿਧਾਨਾ ਬਖ਼ਸ਼ ਪਵਣ ਸਵਾਸ, ਸਾਹ ਸਾਹ ਤੇਰੇ ਵਿਚ ਸਮਾਈਆ । ਨਿਰਗੁਣ ਨੂਰ ਜੋਤ ਕਰ ਜਗਤ ਪਰਕਾਸ਼, ਅੰਧ ਅਗਿਆਨ ਦੇ ਮਿਟਾਈਆ । ਨਿਜ ਘਰ ਸੁਆਮੀ ਕਰਨਾ ਵਾਸ, ਵਾਸਤਾ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭ ਸਾਚੇ ਸੂਰੇ ਸਰਬੰਗ, ਹਰਿ ਕਰਤੇ ਤੇਰੀ ਸਰਨਾਈਆ । ਨਿਰਗੁਣ ਧਾਰ ਲਗਾ ਲੈ ਅੰਗ, ਅੰਗੀਕਾਰ ਇਕ ਅਖਵਾਈਆ । ਸਚ ਪ੍ਰੇਮ ਚਾੜ੍ਹ ਦੇ ਰੰਗ, ਰੰਗਤ ਇਕੋ ਇਕ ਦਰਸਾਈਆ । ਘਟ ਨਿਵਾਸੀ ਸਾਡੀ ਪੂਰੀ ਕਰਨੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਜੇ ਆਤਮਾ ਸੇਜ ਸੁਹਾਏਂ ਪਲੰਘ, ਗ੍ਰਿਹ ਮੰਦਰ ਅੰਦਰ ਡੇਰਾ ਲਾਈਆ । ਸਾਡਾ ਖ਼ੁਸ਼ੀ ਕਰਨਾ ਬੰਦ ਬੰਦ, ਬੰਦਗੀ ਵਿਚ ਸੀਸ ਝੁਕਾਈਆ । ਜੁਗ ਚੌਕੜੀ ਕੇਤੇ ਗਏ ਲੰਘ, ਦਰ ਤੇਰੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਗਾਉਂਦੇ ਤੇਰਾ ਗੀਤ, ਆਦਿ ਜੁਗਾਦਿ ਤੇਰੀ ਸਰਨਾਈਆ । ਜੁਗ ਜੁਗ ਤੇਰੀ ਵੇਖੀ ਰੀਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾਈਆ । ਤੂੰ ਮਾਲਕ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਨੂਰ ਅਲਾਹੀਆ । ਸਾਰੇ ਝਗੜੇ ਮੇਟ ਦੇ ਮੰਦਰ ਮਸੀਤ, ਕਾਇਆ ਕਾਅਬਾ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਗਾਈਏ ਇਕ ਗੀਤ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਝਗੜਾ ਰਹੇ ਨਾ ਹਸਤ ਕੀਟ, ਊਚ ਨੀਚ ਇਕੋ ਰੰਗ ਰੰਗਾਈਆ । ਸਾਚਾ ਕਲਮਾ ਇਕ ਦੇਣਾ ਹਦੀਸ, ਹਜ਼ਰਤਾਂ ਤੋਂ ਬਾਹਰ ਕਰਨੀ ਪੜ੍ਹਾਈਆ । ਤੇਰੇ ਕ਼ਦਮਾਂ ਝੁਕੇ ਸੀਸ, ਜਗਦੀਸ਼ ਤੇਰੀ ਸਰਨਾਈਆ । ਲੇਖਾ ਵੇਖ ਲੈ ਬੀਸ ਇਕੀਸ, ਸਰਗੁਣ ਨਿਰਗੁਣ ਮੇਲ ਮਿਲਾਈਆ । ਲੇਖਾ ਤਕ ਲੈ ਰਾਗ ਛਤੀਸ, ਤੀਸ ਬਤੀਸਾ ਕੀ ਆਪਣੀ ਵੰਡ ਵੰਡਾਈਆ । ਸਾਡਾ ਲੇਖਾ ਲਹਿਣਾ ਰਹੇ ਨਾ ਪਰਕਿਰਤੀ ਪਚੀਸ, ਦਰ ਤੇਰੇ ਮੰਗ ਮੰਗਾਈਆ । ਇਕੋ ਛਤਰ ਸੋਹੇ ਅਗੰਮੇ ਸੀਸ, ਦੂਜਾ ਨਜ਼ਰ ਕੋਇ ਨਾ ਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਭਗਤ ਬਣਾ ਲੈ ਜਗ, ਜਗ ਜੀਵਣ ਦਾਤੇ ਦੇ ਵਡਿਆਈਆ । ਕਲਜੁਗ ਕਿਰਿਆ ਕੂੜ ਬੁਝਾ ਦੇ ਅੱਗ, ਅਗਨੀ ਤਤ ਨਾ ਕੋਇ ਤਪਾਈਆ । ਦਰਸ਼ਨ ਦੇ ਉਪਰ ਸ਼ਾਹਰਗ, ਸ਼ਹਿਨਸ਼ਾਹ ਪਰਦਾ ਆਪ ਉਠਾਈਆ । ਤੇਰੇ ਨਾਲੋਂ ਨਾ ਹੋਈਏ ਅਲਗ, ਵਖਰਾ ਜੁਜ਼ ਨਾ ਕੋਇ ਵੰਡਾਈਆ । ਤੂੰ ਸਾਹਿਬ ਸੂਰਾ ਸਰਬਗ, ਹਰਿ ਕਰਤਾ ਨੂਰ ਖ਼ੁਦਾਈਆ । ਸਾਡੀ ਸ਼ਰਅ ਦੀ ਮੇਟ ਦੇ ਹੱਦ, ਹਦੂਦ ਆਪਣੀ ਦੇ ਸਮਝਾਈਆ । ਜੇ ਆਤਮਾ ਤੇਰੀ ਯਦ, ਕਿਉਂ ਤਤਾਂ ਦਏਂ ਜੁਦਾਈਆ । ਤੇਰਾ ਨਾਮ ਇਕੋ ਸੁਣੀਏ ਨਦ, ਅਨਹਦ ਕਰਨੀ ਆਪ ਸ਼ਨਵਾਈਆ । ਸਾਨੂੰ ਹੰਸ ਬਣਾ ਦੇ ਕਗ, ਕਾਗੋਂ ਹੰਸ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਬਖ਼ਸ਼ ਦੇ ਚਰਨ ਧੂੜ, ਟਿੱਕੇ ਧੂੜੀ ਮਸਤਕ ਖ਼ਾਕ ਰਮਾਈਆ । ਨਾਤਾ ਤੋੜ ਦੇ ਕਿਰਿਆ ਕੂੜ, ਮਾਇਆ ਮਮਤਾ ਮੋਹ ਗਵਾਈਆ । ਚਤੁਰ ਸੁਘੜ ਬਣਾ ਲੈ ਮੂਰਖ ਮੂੜ੍ਹ, ਅਵਗੁਣ ਰਹਿਣ ਕੋਇ ਨਾ ਪਾਈਆ । ਸਚ ਪ੍ਰੀਤੀ ਰੰਗ ਚਾੜ੍ਹ ਦੇ ਗੂੜ੍ਹ, ਦੁਰਮਤ ਮੈਲ ਦੇ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਨਾਮ ਵਰਤਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਮੇਟਣਾ ਭਰਮ, ਭਾਂਡਾ ਭਰਮ ਭਉ ਭੰਨਾਈਆ । ਲੇਖੇ ਲਾਉਣਾ ਕਾਇਆ ਮਾਟੀ ਚਰਮ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ ।
੩੦੭ ਕਲਜੁਗ ਕੂੜ ਰਹੇ ਨਾ ਕਰਮ, ਕਰਮ ਕਾਂਡ ਦਾ ਡੇਰਾ ਢਾਹੀਆ । ਜੇ ਤੇਰਾ ਸਤਿ ਸਰੂਪ ਬ੍ਰਹਮ, ਪਾਰਬ੍ਰਹਮ ਆਪਣਾ ਭੇਵ ਚੁਕਾਈਆ । ਸਾਡਾ ੩੦੭
੨੪ ਇਕੋ ਹੋਵੇ ਧਰਮ, ਦੂਜੀ ਵੰਡ ਨਾ ਕੋਇ ਵੰਡਾਈਆ । ਸਾਚੀ ਬਖ਼ਸ਼ਣੀ ਸਰਨ, ਸਰਨਗਤ ਇਕੋ ਇਕ ਤਕਾਈਆ । ਸਾਡਾ ਅੰਤ ਨਾ ਹੋਵੇ ਮਰਨ, ੨੪
ਮਰ ਜੀਵਤ ਤੇਰਾ ਰੂਪ ਨਜ਼ਰੀ ਆਈਆ । ਤੂੰ ਆਦਿ ਜੁਗਾਦਿ ਕਰਨੀ ਕਰਨ, ਕਰਤਾ ਪੁਰਖ ਅਗੰਮ ਅਥਾਹੀਆ । ਜੇ ਭਗਤਾਂ ਆਤਮਾ ਤੇਰੀ ਮੰਜ਼ਲ ਚੜ੍ਹਨ, ਕਿਉਂ ਤਤਾਂ ਕਰੇਂ ਜੁਦਾਈਆ । ਅਸੀਂ ਤੇਰਾ ਲੜ ਆਏ ਫੜਨ, ਪੱਲੂ ਆਪਣੀ ਗੰਢ ਪੁਆਈਆ । ਸਾਡਾ ਲੇਖੇ ਲਾਉਣਾ ਸੀਸ ਧੜਨ, ਤਤਵ ਤਤ ਦੇਣੀ ਵਡਿਆਈਆ । ਤੂੰ ਆਦਿ ਜੁਗਾਦੀ ਘਾੜਨ ਘੜਨ, ਭੰਨਣਹਾਰ ਨੂਰ ਅਲਾਹੀਆ । ਬੇਸ਼ਕ ਤਨ ਵਜੂਦ ਜਨ ਭਗਤਾਂ ਅੰਤਮ ਸੜਨ, ਸੜ ਕੇ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਗ੍ਰਿਹਿ ਇਕ ਸੁਹਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਜਨਮ ਭੋਗੇ ਕੋਟਨ ਕੋਟੀ, ਚਾਰੇ ਖਾਣੀ ਭੱਜੇ ਵਾਹੋ ਦਾਹੀਆ । ਅੰਤਮ ਰਖੀ ਤੇਰੀ ਓਟੀ, ਓੜਕ ਤੇਰਾ ਧਿਆਨ ਲਗਾਈਆ । ਸਾਡੀ ਵਾਸ਼ਨਾ ਕਢ ਦੇ ਖੋਟੀ, ਖੋਟੇ ਖਰੇ ਲੈ ਬਣਾਈਆ । ਸਾਡੀ ਤਕੀਂ ਨਾ ਜਗਤ ਧਾਰ ਲੰਗੋਟੀ, ਕੱਪੜ ਵੰਡ ਨਾ ਕੋਇ ਵੰਡਾਈਆ । ਸਾਨੂੰ ਚਾੜ੍ਹ ਲੈ ਦਰਗਾਹ ਸਾਚੀ ਆਪਣੀ ਚੋਟੀ, ਮੰਜ਼ਲ ਹਕ ਹਕ ਵਖਾਈਆ । ਸਾਡੀ ਖ਼ਾਹਿਸ਼ ਰਹੇ ਨਾ ਇਕਲੋਤੀ, ਇਕ ਇਕੱਲੇ ਤੇਰੇ ਵਿਚ ਸਮਾਈਆ । ਜੇ ਆਤਮਾ ਤੇਰੀ ਜੋਤੀ, ਜੋਤ ਤੇਰੇ ਵਿਚ ਮਿਲ ਕੇ ਤੇਰਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਬਖ਼ਸ਼ ਸਚ ਦੁਆਰ, ਦਰਗਾਹ ਸਾਚੀ ਸਚ ਸਚ ਸਰਨਾਈਆ । ਜਿਥੇ ਨਿਰਗੁਣ ਨੂਰ ਤੇਰਾ ਉਜਿਆਰ, ਜੋਤੀ ਜਾਤੇ ਡਗਮਗਾਈਆ । ਜਿਥੇ ਭਗਤਾਂ ਆਤਮਾ ਮਿਲੇ

ਅਧਾਰ, ਉਦਰ ਦਾ ਲੇਖਾ ਰਹੇ ਨਾ ਰਾਈਆ । ਸਾਡੀ ਪੈਜ ਦੇਣੀ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਾਡੀ ਮੰਜ਼ਲ ਮੂਲ ਨਾ ਰਹੇ ਦੁਸ਼ਵਾਰ, ਦੋ ਜਹਾਨਾਂ ਪੰਧ ਮੁਕਾਈਆ । ਤੇਰੇ ਗ੍ਰਿਹ ਜਾਈਏ ਏਕੰਕਾਰ, ਇਕ ਇਕੱਲੇ ਤੇਰੀ ਸਰਨਾਈਆ । ਤੂੰ ਸਾਡਾ ਪਰਵਰਦਿਗਾਰ, ਬੇਐਬ ਨੂਰ ਅਲਾਹੀਆ । ਤੇਰਾ ਵੇਖੀਏ ਹਕ ਹਕ਼ੀਕ਼ੀ ਦਰਬਾਰ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦਾ ਨੌਂ ਸੌ ਚੁਰਾਨਵੇ ਚੌਕੜੀ ਜੁਗ ਕਰਦੇ ਰਹੇ ਇੰਤਜ਼ਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੈਣ ਉਠਾਈਆ । ਜੋ ਸੰਦੇਸ਼ਾ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰ, ਰਸਨਾ ਜਿਹਵਾ ਢੋਲੇ ਸਿਫ਼ਤ ਸਲਾਹੀਆ । ਸੋ ਵਕਤ ਸੁਹੰਜਣਾ ਕਰ ਦੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵੇਖਣ ਚਾਈਂ ਚਾਈਂਆ । ਤੂੰ ਕਰਨੀ ਦਾ ਕਰਤਾ ਕ਼ੁਦਰਤ ਦਾ ਕ਼ਾਦਰ ਸਾਡਾ ਬਣ ਮੀਤ ਮੁਰਾਰ, ਮਿਤਰ ਪਿਆਰਾ ਇਕ ਅਖਵਾਈਆ । ਅਸੀਂ ਡੰਡਾਵਤ ਬੰਦਨਾ ਸਯਦਿਆਂ ਵਿਚ ਕਰੀਏ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਸ਼ਬਦ ਅਨਾਦੀ ਸਾਡਾ ਬੇੜਾ ਕਰ ਦੇ ਪਾਰ, ਕਿਨਾਰਾ ਜਗਤ ਰਹਿਣ ਕੋਇ ਨਾ ਪਾਈਆ । ਪੰਜ ਤਤ ਕਹਿਣ ਅਸੀਂ ਅੰਤਮ ਮਿੱਟੀ ਖ਼ਾਕ ਹੋਣਾ ਛਾਰ, ਮੜ੍ਹੀ ਗੋਰਾਂ ਖੇਲ ਖਿਲਾਈਆ । ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੰਜਾਂ ਆਪਣੇ ਗ੍ਰਿਹਿ ਦੇਣਾ ਅਧਾਰ, ਸਚਖੰਡ ਸਚ ਮਿਲੇ ਸਰਨਾਈਆ । ਜੋਤੀ ਜਾਤੇ ਪੁਰਖ ਬਿਧਾਤੇ ਪਾਉਣੀ ਸਾਰ, ਪਰਮ ਪੁਰਖ ਪਰਮਾਤਮ ਆਪਣਾ ਰੰਗ ਰੰਗਾਈਆ । ਸੋ ਪੁਰਖ ਨਿਰੰਜਣ ਤੁਧ ਬਿਨ ਦਿਸੇ ਨਾ ਕੋਇ ਸਹਾਰ, ਹਰਿ ਪੁਰਖ ਨਿਰੰਜਣ ਤੇਰੀ ਓਟ ਤਕਾਈਆ । ਏਕੰਕਾਰੇ ਸਾਡਾ ਲਹਿਣਾ ਦੇਣਾ ਦੇਣਾ ਕ਼ਰਜ਼

੩੦੮ ਉਤਾਰ, ਆਦਿ ਨਿਰੰਜਣ ਆਪਣਾ ਰੰਗ ਰੰਗਾਈਆ । ਅਬਿਨਾਸ਼ੀ ਕਰਤੇ ਚਰਨ ਪ੍ਰੀਤੀ ਬਖ਼ਸ਼ਣਾ ਪਿਆਰ, ਸ੍ਰੀ ਭਗਵਾਨ ਹੋਣਾ ਆਪ ਸਹਾਈਆ । ੩੦੮

੨੪ ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਦਰਸ ਹੋਵੇ ਦੀਦਾਰ, ਬਿਨ ਨੇਤਰ ਲੋਚਨ ਨੈਣ ਨੈਣ ਬਿਗਸਾਈਆ । ਸਤਿਗੁਰ ਸ਼ਬਦ ਤੂੰ ਸ਼ਾਹੋ ਭੂਪ ਸਿਕਦਾਰ, ੨੪

ਦੋ ਜਹਾਨਾਂ ਇਕ ਅਖਵਾਈਆ । ਤ੍ਰੈਗੁਣ ਮਾਇਆ ਦੇਣਾ ਕ਼ਰਜ਼ ਉਤਾਰ, ਪੰਜ ਤਤ ਮੰਗ ਮੰਗਾਈਆ । ਅਸੀਂ ਭਗਤ ਸੁਹੇਲੇ ਤੇਰੇ ਮੀਤ ਮੁਰਾਰ, ਮਿਤਰ ਪਿਆਰੇ ਤੇਰੇ ਨਾਲ ਮਿਲਕੇ ਵਜਦੀ ਰਹੇ ਵਧਾਈਆ । ਜੇ ਭਗਤਾਂ ਆਤਮਾ ਜਾਏ ਸਚਖੰਡ ਸਚੇ ਦਰਬਾਰ, ਦਰਗਾਹ ਸਾਚੀ ਤੇਰੇ ਨੂਰ ਵਿਚ ਸਮਾਈਆ । ਤੂੰ ਭਗਤ ਵਛਲ ਗਿਰਵਰ ਗਿਰਧਾਰ, ਗਹਿਰ ਗੰਭੀਰ ਬੇਨਜ਼ੀਰ ਇਕ ਅਖਵਾਈਆ । ਸਾਡੀ ਨਮੋਂ ਨਮੋਂ ਨਮੋਂ ਨਿਮਸਕਾਰ, ਡੰਡਾਵਤ ਵਿਚ ਸੀਸ ਝੁਕਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡਾ ਗ੍ਰਿਹ ਸੁਹੰਜਣਾ ਕਰਨਾ ਆਪ ਕਰਤਾਰ, ਕ਼ੁਦਰਤ ਦੇ ਕ਼ਾਦਰ ਦੇਣੀ ਵਡਿਆਈਆ । ਦਰ ਭਿਖਕ ਹੋ ਕੇ ਮੰਗਦੇ ਭਿਖਾਰ, ਝੋਲੀ ਧੁਰ ਦੇ ਮਾਲਕ ਦੇਣੀ ਭਰਾਈਆ । ਸਾਡਾ ਲਹਿਣਾ ਦੇਣਾ ਆਵਣ ਜਾਵਣ ਲੱਖ ਚੁਰਾਸੀ ਨਾਤਾ ਤੁੱਟੇ ਵਿਚ ਸੰਸਾਰ, ਚਾਰੇ ਖਾਣੀ ਅੰਡਜ ਜੇਰਜ ਉਤਭੁਜ ਸੇਤਜ ਭਰਮ ਨਾ ਕੋਇ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅਵਰ ਨਾ ਕੋਇ ਸਿਕਦਾਰ, ਮਾਲਕ ਖ਼ਾਲਕ ਪ੍ਰਿਤਪਾਲਕ ਨਿਰਗੁਣ ਸਰਗੁਣ ਨਜ਼ਰ ਕੋਇ ਨਾ ਆਈਆ ।

## ੧੯ ਫੱਗਣ ਸ਼ਹਿਨਸ਼ਾਹੀ ਸੰਮਤ ਦਸ ਕਰਨੈਲ ਸਿੰਘ ਜਰਨੈਲ ਸਿੰਘ ਮਲੂਕ ਸਿੰਘ ਪਿੰਡ ਪੋਖਰਪੁਰ (ਉਤਰ ਪ੍ਰਦੇਸ)

ਪੰਜ ਤਤ ਕਹਿਣ ਪ੍ਰਭ ਸਚਖੰਡ ਨਿਵਾਸੀ ਸੋ ਪੁਰਖ ਨਿਰੰਜਣ, ਹਰਿ ਪੁਰਖ ਨਿਰੰਜਣ ਤੇਰੀ ਇਕ ਸਰਨਾਈਆ । ਏਕੰਕਾਰਾ ਆਦਿ ਜੁਗਾਦਿ ਦਰਦ ਦੁਖ ਭੈ ਭੰਜਣ, ਆਦਿ ਨਿਰੰਜਣ ਨੂਰ ਨੁਰਾਨੇ ਤੇਰੀ ਜੋਤ ਰੁਸ਼ਨਾਈਆ । ਸ੍ਰੀ ਭਗਵਾਨ ਨਿਰਗੁਣ ਸਰਗੁਣ ਧਾਰ ਸਾਚੇ ਸੱਜਣ, ਅਬਿਨਾਸ਼ੀ ਕਰਤੇ ਪਰਮ ਪੁਰਖ ਪਰਮਾਤਮ ਤੇਰੇ ਹੱਥ ਵਡਿਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਚ ਸਤਿ ਦਾ ਪਾ ਦੇ ਅੰਜਣ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਸਤਿਗੁਰ ਸ਼ਬਦ ਸ਼ਬਦ ਅਨਾਦੀ ਤੇਰੇ ਨਾਦ ਵੱਜਣ, ਅਨਹਦ ਕਰਨੀ ਆਪ ਸ਼ਨਵਾਈਆ । ਸਚ ਦੁਆਰ ਕਰਾ ਦੇ ਆਪਣਾ ਮਜਨ, ਦੁਰਮਤ ਮੈਲ ਰਹੇ ਨਾ ਰਾਈਆ । ਰਸਨਾ ਜਿਹਵਾ ਤੇਰਾ ਗਾਈਏ ਭਜਨ, ਬੰਦਗੀ ਬਿਨਾ ਮੁਸ਼ੰਦਗੀ ਦੇਣੀ ਸਮਝਾਈਆ । ਗੜ੍ਹ ਹੰਕਾਰੀ ਵਿਕਾਰੀ ਭਾਂਡੇ ਭੱਜਣ, ਮਾਇਆ ਮਮਤਾ ਮੋਹ ਨਾ ਕੋਇ ਹਲਕਾਈਆ । ਅੰਤਰ ਆਤਮ ਪਰਮਾਤਮ ਤੇਰਾ ਦੀਪਕ ਜੋਤ ਜਗਣ, ਜਾਗਰਤ ਜੋਤ ਬਿਨ ਵਰਨ ਗੋਤ ਡਗਮਗਾਈਆ । ਤੂੰ ਸਾਹਿਬ ਸੁਆਮੀ ਅੰਤਰਜਾਮੀ ਅਕਾਲ ਮੂਰਤ ਮਦਨ, ਮਧ ਸੂਧਨ ਤੇਰੇ ਹੱਥ ਵਡਿਆਈਆ । ਦੀਨ ਦੁਨੀ ਸ਼ਰਅ ਸ਼ਰੀਅਤ ਮੇਟ ਕੇ ਹੱਦਨ, ਹਦੂਦ ਮਹਿਬੂਬ ਇਕ ਵਖਾਈਆ । ਸਾਡਾ ਲੇਖੇ ਲਾਉਣਾ ਤਨ ਵਜੂਦ ਬਦਨ, ਤਤਵ ਤਤ ਆਪਣੇ ਰੰਗ ਰੰਗਾਈਆ । ਤੁਧ ਬਿਨ ਅਵਰ ਕੋਈ ਦਿਸੇ ਨਾ ਪੜਦੇ ਕਜਣ, ਸਿਰ ਸਿਰ ਹੱਥ ਨਾ ਕੋਇ ਟਿਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਵ ਸੱਤ ਹੋਏ ਨਗਨ, ਓਢਣ ਸੀਸ ਜਗਦੀਸ਼ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡੀ ਤੇਰੇ ਅਗੇ ਅਰਜ਼ੋਈ, ਸਚਖੰਡ ਨਿਵਾਸੀ ਦਰ ਠਾਂਢੇ ਸੀਸ ਨਿਵਾਈਆ । ਨਿਰਗੁਣ ਧਾਰ ਸਾਡੀ ਸੁਰਤ ਜਗਾ ਦੇ ਸੋਈ, ਸ਼ਬਦੀ ਸ਼ਬਦ ਨਾਲ ਮਿਲਾਈਆ । ਸਾਡੀ ਤੇਰੇ ਚਰਨ ਕਵਲ ਦਰੋਹੀ, ਦੋਏ ਜੋੜ ਵਾਸਤਾ ਪਾਈਆ । ਤੇਰੀ ਵਸਤ ਸਾਡੇ ਅੰਦਰੋਂ ਗਈ ਖੋਹੀ, ਸਾਚਾ ਨਾਮ ਨਾ ਕੋਇ ਵਰਤਾਈਆ । ਪੂਰਬ ਲੇਖਾ ਤਕ ਲੈ ਜੋ ਇਸ਼ਾਰਾ ਦਿਤਾ ਕਬੀਰ ਨੂੰ ਲੋਈ, ਜਗਤ ਲੋਇਣਾਂ ਤੋਂ ਬਾਹਰ ਜਣਾਈਆ । ਕਲਜੁਗ ਅੰਤ ਮਿਲੇ ਕਿਤੇ ਨਾ ਢੋਈ, ਸਚ ਦਰ ਨਾ ਕੋਇ ਸਰਨਾਈਆ । ਨਿਝਰ ਝਿਰਨਾ ਬੂੰਦ ਸਵਾਂਤੀ ਕਵਲ ਨਾਭ ਦੇਵੇ ਕੋਇ ਨਾ ਚੋਈ, ਰਸਨਾ ਰਸ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਪ੍ਰਭ ਸਾਨੂੰ ਜੁਗ ਜੁਗ ਮਿਲਿਆ ਇਸ਼ਾਰਾ, ਸਤਿਜੁਗ ਤ੍ਰੇਤਾ ਦੁਆਪਰ ਦਏ ਗਵਾਹੀਆ । ਅਵਤਾਰ ਪੈਗ਼ੰਬਰਾਂ ਗੁਰੂਆਂ ਦਿਤਾ ਅਧਾਰਾ, ਮਿਹਰਵਾਨ ਹੋ ਕੇ ਮਿਹਰ ਨਜ਼ਰ ਉਠਾਈਆ । ਸ਼ਾਸਤਰਾਂ ਲਿਖਿਆ ਲੇਖ ਅਪਾਰਾ, ਕ਼ਲਮ ਸ਼ਾਹੀ ਕਾਗ਼ਜ਼ ਜੋੜ ਜੁੜਾਈਆ । ਜਨ ਭਗਤਾਂ ਕੀਤੀ ਕੂਕ ਪੁਕਾਰਾ, ਅੰਤਸ਼ਕਰਨ ਤੇਰੀ ਦੁਹਾਈਆ । ਸਾਡਾ ਲਹਿਣਾ ਦੇਣਾ ਪੂਰਾ ਕਰ ਦੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਦਾ ਲੇਖਾ ਦੇ ਮੁਕਾਈਆ । ਜੋਤੀ ਜਾਤੇ ਪੁਰਖ ਬਿਧਾਤੇ ਤੁਧ ਬਿਨ ਅਵਰ ਨਾ ਕੋਇ ਸਹਾਰਾ, ਖ਼ਸਮ ਨਾਇਕ ਗੁਸਾਈਂ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡੀ ਪਾ ਸਾਰਾ, ਪਰਵਰਦਿਗਾਰ ਸਾਂਝੇ ਯਾਰ ਤੇਰੀ ਓਟ ਤਕਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧਿਆਰਾ, ਸਤਿ ਸਚ ਕਰ ਰੁਸ਼ਨਾਈਆ । ਅੰਤਰ ਨਿਰੰਤਰ ਤੇਰੇ ਪ੍ਰੇਮ ਦੀ ਹੋਵੇ ਜੈ ਜੈਕਾਰਾ, ਬਿਨ ਰਸਨਾ ਜਿਹਵਾ ਢੋਲੇ ਸਿਫ਼ਤ ਸਲਾਹੀਆ । ਸਾਡੀ ਨਮੋ

੩੧੦
੨੪

ਨਮੋ ਨਿਮਸਕਾਰਾ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਤੇਰਾ ਚਰਨ ਕਵਲ ਇਕ ਦੁਆਰਾ, ਦੁਆਰਕਾ ਵਾਸੀ ਜਿਸ ਦਾ ਭੇਵ ਗਿਆ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੰਜ ਤਤ ਕਹਿਣ ਪ੍ਰਭ ਜਨ ਭਗਤਾਂ ਪਾਉਣੀ ਸਾਰ, ਮਹਾਸਾਰਥੀ ਦਇਆ ਕਮਾਈਆ । ਲੇਖਾ ਤਕਣਾ ਤੇਈ ਅਵਤਾਰ, ਤ੍ਰੈਗੁਣ ਅਤੀਤੇ ਧਿਆਨ ਲਗਾਈਆ । ਪੈਗ਼ੰਬਰ ਗੁਰ ਰਹੇ ਨਾ ਕੋਇ ਉਧਾਰ, ਲਹਿਣਾ ਸਭ ਦਾ ਝੋਲੀ ਪਾਈਆ । ਗੁਰੂ ਗੁਰਦੇਵ ਕ਼ਰਜ਼ਾ ਦੇਣਾ ਉਤਾਰ, ਮਕਰੂਜ਼ ਆਪਣੀ ਦਇਆ ਕਮਾਈਆ । ਜੁਗ ਚੌਕੜੀ ਮੰਗਦੇ ਰਹੇ ਤੇਰੇ ਦੁਆਰ, ਦਰ ਦੁਆਰ ਲੇਖ ਅਲਖ ?ਜਗਾਈਆ? । ਸਾਡਾ ਜਨਮ ਮਰਨ ਲੇਖਾ ਦੇ ਸਵਾਰ, ਦਰ ਤੇਰੇ ਆਸ ਰਖਾਈਆ । ਜੇ ਭਗਤਾਂ ਆਤਮਾ ਦਏਂ ਅਧਾਰ, ਉਦਰ ਦਾ ਲੇਖਾ ਮਾਤ ਮੁਕਾਈਆ । ਕਿਉਂ ਤਤਾਂ ਕਰੇਂ ਖ਼ੁਆਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੰਜ ਤਤ ਰੋਈਏ ਮਾਰੀਏ ਧਾਂਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਪੰਜ ਤਤ ਕਹਿਣ ਪ੍ਰਭ ਤੂੰ ਸ਼ਹਿਨਸ਼ਾਹ ਸ਼ਾਹੋ ਭੂਪ, ਧੁਰ ਮਾਲਕ ਇਕ ਅਖਵਾਈਆ । ਅਸੀਂ ਭਗਤ ਸੁਹੇਲੇ ਤੇਰੇ ਰੂਪ, ਬਿਨ ਰੂਪ ਰੰਗ ਰੇਖ ਵੇਖਣਾ ਚਾਈਂ ਚਾਈਂਆ । ਜੇ ਆਤਮਾ ਤੇਰਾ ਪੂਤ, ਸੁਤ ਦੁਲਾਰਾ ਇਕ ਅਖਵਾਈਆ । ਉਸ ਦੀ ਸੁਹੰਜਣੀ ਕਰ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਕਿਉਂ ਨਾ ਲੇਖੇ ਲਾਏਂ ਕਾਇਆ ਮਾਟੀ ਬੁਤ, ਬੁਤਖ਼ਾਨਿਆਂ ਦਏਂ ਵਡਿਆਈਆ । ਤੂੰ ਪਾਰਬ੍ਰਹਮ ਅਬਿਨਾਸ਼ੀ ਅਚੁਤ, ਚਾਤਰਕ ਹੋ ਕੇ ਰਹੇ ਬਿਲਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਲੇਖਾ ਆਪ ਮੁਕਾਈਆ । ਪੰਜ ਤਤ ਕਹਿਣ ਪ੍ਰਭ ਅਸੀਂ ਭਗਤ ਤੇਰੇ ਦੁਲਾਰੇ, ਨੰਨ੍ਹੇ ਬੱਚੇ ਨਜ਼ਰੀ ਆਈਆ । ਸਾਡੀ ਪੈਜ ਦੇ ਸਵਾਰੇ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਨਮ ਲੈਣਾ ਨਾ ਪਏ ਦੁਬਾਰੇ, ਮਾਤ ਗਰਭ ਨਾ ਅਗਨ ਤਪਾਈਆ । ਬੇਸ਼ਕ ਸਾਡੀ ਖ਼ਾਕ ਦਿਸੇ ਵਿਚ ਸੰਸਾਰੇ, ਅਗਨੀ ਤਤ ਤਤ ਜਲਾਈਆ । ਸਾਡੀ ਆਸ਼ਾ ਪੁੱਜੀਏ ਤੇਰੇ ਚੁਬਾਰੇ, ਸਚਖੰਡ ਸਾਚੇ ਸੋਭਾ ਪਾਈਆ । ਜਿਥੇ ਤੇਰਾ ਨੂਰ ਉਜਿਆਰੇ, ਜੋਤੀ ਜਾਤੇ ਡਗਮਗਾਈਆ । ਰੂਪ ਬਣੀਏ ਤੇਈ ਅਵਤਾਰੇ, ਪੈਗ਼ੰਬਰਾਂ ਵਿਚ ਸਮਾਈਆ । ਗੁਰੂ ਗੁਰਦੇਵ ਖੇਲ ਅਪਾਰੇ, ਅਪਰੰਪਰ ਸੁਆਮੀ ਦੇਣਾ ਵਖਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਦੇ ਤੇਰੇ ਲਾਰੇ, ਅੰਤਮ ਪੂਰੇ ਦੇ ਕਰਾਈਆ । ਕਲਜੁਗ ਵਿਚੋਂ ਕਢ ਅੰਧਿਆਰੇ, ਸਤਿ ਸਚ ਵਿਚ ਟਿਕਾਈਆ । ਤੇਰਾ ਸੁਣੀਏ ਸ਼ਬਦ ਨਾਦ ਧੁਨਕਾਰੇ, ਬਿਨ ਕੰਨਾਂ ਹੋਏ ਸ਼ਨਵਾਈਆ । ਤਕੀਏ ਨੂਰ ਜੋਤ ਚਮਤਕਾਰੇ, ਬਿਨ ਤੇਲ ਬਾਤੀ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਪੰਜ ਤਤ ਕਹਿਣ ਪ੍ਰਭ ਸਚਖੰਡ ਵਖਾਉਣਾ ਘਰ, ਗ੍ਰਹਿ ਮੰਦਰ ਮਿਲੇ ਵਡਿਆਈਆ । ਇਕੋ ਸੁਹੰਜਣਾ ਹੋਵੇ ਦਰ, ਦੂਸਰ ਨਜ਼ਰ ਕੋਇ ਨਾ ਆਈਆ । ਦਰਸ਼ਨ ਪਾਈਏ ਤੇਰਾ ਹਰਿ, ਅੰਤ ਤੇਰੇ ਵਿਚ ਸਮਾਈਆ । ਲੇਖਾ ਰਹੇ ਨਾ ਜੋਰੂ ਜ਼ਰ, ਤ੍ਰਿਸ਼ਨਾ ਹਵਸ ਦੇਣੀ ਮਿਟਾਈਆ । ਤੂੰ ਮਾਲਕ ਨਰਾਇਣ ਨਰ, ਨਰ ਹਰਿ ਤੇਰੀ ਵਡ ਵਡਿਆਈਆ । ਆਪਣੀ ਕਿਰਪਾ ਦੇਣੀ ਕਰ, ਕਰਨੀ ਦੇ ਕਰਤੇ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਰ ਦੇਣੀ ਸਰਨਾਈਆ । ਪੰਜ ਤਤ ਕਹਿਣ ਪ੍ਰਭ ਸਾਡਾ ਲੇਖਾ ਰਹੇ ਨਾ ਲੋਕਮਾਤ, ਭਗਵਨ ਤੇਰੇ ਵਿਚ

ਸਮਾਈਆ । ਸਾਡੀ ਲੇਖੇ ਲਾਉਣੀ ਅੱਜ ਦੀ ਰਾਤ, ਰੁਤੜੀ ਆਪਣੇ ਨਾਲ ਮਹਿਕਾਈਆ । ਬਾਤਨ ਦੱਸਣੀ ਅਗੰਮੀ ਬਾਤ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਦਰ ਘਰ ਸਾਚੇ ਪੁਛਣੀ ਵਾਤ, ਸਿਰ ਸਿਰ ਆਪਣਾ ਹੱਥ ਰਖਾਈਆ । ਸਾਡਾ ਲੇਖਾ ਨਹੀਂ ਕਾਗ਼ਜ਼ਾਤ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਚਰਨ ਕਵਲ ਜੁੜੇ ਨਾਤ, ਰਿਸ਼ਤਾ ਅਵਰ ਨਾ ਕੋਇ ਰਖਾਈਆ । ਤੂੰ ਸੁਆਮੀ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਮਿਹਰਵਾਨ ਹੋ ਕੇ ਦੇਣੀ ਧੁਰ ਦੀ ਦਾਤ, ਦਾਤੇ ਦਾਨੀ ਦਇਆ ਕਮਾਈਆ । ਜਨ ਭਗਤਾਂ ਹਿਰਦਾ ਕਰਨਾ ਸ਼ਾਂਤ, ਅਗਨੀ ਤਤ ਨਾ ਕੋਇ ਤਪਾਈਆ । ਤੇਰਾ ਦਰਸ ਹੋਏ ਇਕਾਂਤ, ਇਕ ਇਕੱਲੇ ਮਿਲਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਤੇਰਾ ਖੇਲ ਬਹੁ ਬਿਧ ਭਾਂਤ, ਭੇਵ ਅਭੇਦ ਅਛਲ ਅਛੇਦ ਛਲ ਤੇਰਾ ਸਮਝ ਕੋਇ ਨਾ ਪਾਈਆ ।

✪ ੨੭ ਫੱਗਣ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਬੇਨੰਤੀ ਕਰੇ ਤੇਰੇ ਅਗੇ ਹਜ਼ਰਤ ਈਸਾ, ਮਾਲਕ ਮਖ਼ਲੂਕ ਤੇਰੀ ਸਰਨਾਈਆ । ਮੇਰਾ ਲੇਖਾ ਤਕ ਲੈ ਸ਼ਾਹੋ ਸ਼ਾਬਾਸ਼ ਬੀਸਾ, ਬੇਪਰਵਾਹ ਅਗੰਮ ਅਥਾਹ ਦਇਆ ਕਮਾਈਆ । ਤੇਰਾ ਨੂਰ ਜ਼ਹੂਰ ਨਜ਼ਰੀ ਆਏ ਏਕਾ ਇਕ ਇਕੀਸਾ, ਅਕਲ ਕਲਧਾਰੀ ਤੇਰੀ ਵਡ ਵਡਿਆਈਆ । ਸ਼ਾਹ ਸੁਲਤਾਨ ਨੌਜੁਆਨ ਤੇਰਾ ਨੂਰ ਜ਼ਹੂਰ ਅਗੰਮੀ ਸੀਸਾ, ਤਨ ਵਜੂਦ ਸਰੀਰ ਵੰਡ ਨਾ ਕੋਇ ਵੰਡਾਈਆ । ਮੈਨੂੰ ਯਾਦ ਆਉਂਦੀ ਤੇਰੀ ਸਾਹਿਬ ਸਚ ਹਦੀਸਾ, ਜੋ ਹੁਕਮ ਹੁਕਮ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਹਜ਼ਰਤ ਕਹੇ ਮੇਰੇ ਨੂਰ ਨੁਰਾਨੇ ਪਰਵਰਦਿਗਾਰ, ਸਤਿ ਸਚ ਤੇਰੀ ਸਰਨਾਈਆ । ਦੋ ਜਹਾਨਾਂ ਮਾਲਕ ਨਿਰਗੁਣ ਮੀਤ ਮੁਰਾਰ, ਮਿਤਰਾ ਤੇਰੀ ਬੇਪਰਵਾਹੀਆ । ਸਦੀ ਸਦੀਵੀ ਤੇਰਾ ਕਰਦਾ ਰਿਹਾ ਇੰਤਜ਼ਾਰ, ਜਗਤ ਦਿਵਸ ਵੰਡ ਨਾ ਕੋਇ ਵੰਡਾਈਆ । ਖ਼ਾਦਮ ਹੋ ਕੇ ਬਣਿਆ ਰਿਹਾ ਖ਼ਿਦਮਤਗਾਰ, ਖ਼ੁਦ ਮਾਲਕ ਤੇਰੀ ਓਟ ਤਕਾਈਆ । ਮਿਹਰਵਾਨ ਮਹਿਬੂਬ ਬਿਨ ਨੇਤਰਾਂ ਨਿਗਾਹ ਮਾਰ, ਬਿਨ ਨੈਣਾਂ ਨੈਣ ਤਕਾਈਆ । ਮੇਰੀ ਬੰਦਨਾ ਕ਼ਦਮਬੋਸੀ ਤੇਰੇ ਚਰਨ ਦੁਆਰ, ਧੂੜੀ ਖ਼ਾਕ ਮਸਤਕ ਟਿੱਕੇ ਜਗਤ ਰਮਾਈਆ । ਤੂੰ ਨਿਰਗੁਣ ਨਿਰਵੈਰ ਨਿਰਾਕਾਰ, ਨਿਰੰਕਾਰ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਓਟ ਤਕਾਈਆ । ਹਜ਼ਰਤ ਈਸਾ ਕਹੇ ਮੇਰੇ ਨਵਾਬ, ਨਿਰਗੁਣ ਧਾਰ ਤੇਰੀ ਸਰਨਾਈਆ । ਮੈਥੋਂ ਪਿਛਲਾ ਲੈ ਹਿਸਾਬ, ਲੇਖਾ ਤੇਰੇ ਅਗੇ ਟਿਕਾਈਆ । ਬਿਨ ਅੱਖਰਾਂ ਖੋਲ੍ਹ ਕਿਤਾਬ, ਬਿਨ ਨੇਤਰਾਂ ਕਰ ਪੜ੍ਹਾਈਆ । ਮੇਰੇ ਨੂਰ ਨੁਰਾਨੇ ਹਕ ਅਹਿਬਾਬ, ਸਾਜਣ ਤੇਰੇ ਹੱਥ ਵਡਿਆਈਆ । ਮੈਂ ਝੁਕ ਕੇ ਕਰਾਂ ਅਦਾਬ, ਨਿਵ ਨਿਵ ਲਾਗਾਂ ਪਾਈਆ । ਤੇਰੀ ਮੰਜ਼ਲ ਹਕ ਮਹਿਰਾਬ, ਮਹਿਬੂਬ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਦੇ ਰੰਗ ਰੰਗਾਈਆ । ਈਸਾ ਕਹੇ ਮੇਰੇ ਨੂਰ ਨੁਰਾਨੇ ਗਾਡ, ਗੁਡ ਈਵਨਿੰਗ ਕਹਿ ਕੇ ਸੀਸ ਨਿਵਾਈਆ । ਤੇਰਾ ਸ਼ਬਦ ਨੁਰਾਨਾ ਅਗੰਮਾ ਰਾਡ,

ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਵੇਲੇ ਤੇਰੇ ਕਲਮੇ ਨੇ ਮੈਨੂੰ ਦਿਤਾ ਅਜ਼ਾਬ, ਅਜ਼ਲ ਦਾ ਰੂਪ ਬਦਲਾਈਆ । ਮੈਂ ਨਿਗਾਹ ਮਾਰੀ ਰਵ ਸਸ ਤਕਿਆ ਮਹਿਤਾਬ, ਬਿਨ ਨੇਤਰ ਨੈਣ ਅੱਖ ਉਠਾਈਆ । ਇਕੋ ਨਜ਼ਰ ਆਇਆ ਜਨਾਬ, ਜਨਾਬੇਆਲੀ ਧੁਰਦਰਗਾਹੀਆ । ਮੈਨੂੰ ਇਸ਼ਾਰਾ ਕੀਤਾ ਈਸਾ ਆਵਾਂਗਾ ਤੇ ਆਵਾਂਗਾ ਵਿਚ ਪੰਜਾਬ, ਪੰਚਮ ਦੀ ਧਾਰ ਰੰਗ ਰੰਗਾਈਆ । ਨਾਲ ਨਾਨਕ ਦੀ ਵਖਾਈ ਰਬਾਬ, ਜੋ ਰੱਬੀ ਹੁਕਮ ਰਿਹਾ ਸੁਣਾਈਆ । ਫੇਰ ਇਸ਼ਾਰਾ ਦਿਤਾ ਲੇਖਾ ਮੁਕਾ ਕੇ ਬਗ਼ਦਾਦ, ਬਗ਼ਲਗੀਰ ਕਰਾਂ ਖ਼ਲਕ ਖ਼ੁਦਾਈਆ । ਨਿਰਗੁਣ ਧਾਰ ਹੋ ਸਭ ਦੀ ਕਰਾਂ ਇਮਦਾਦ, ਬਚਿਆ ਰਹਿਣ ਕੋਇ ਨਾ ਪਾਈਆ । ਅੱਜ ਸਲੀਬ ਲੈਣੀ ਤੇ ਫੇਰ ਮਗ਼ਰਬ ਵਿਚ ਹੋਵੇਗੀ ਤੇਰੀ ਸਾਰੀ ਜਾਇਦਾਦ, ਦੂਜਾ ਵਾਰਸ ਨਜ਼ਰ ਕੋਇ ਨਾ ਆਈਆ । ਈਸਾ ਹੱਥ ਉਠਾ ਕੇ ਲਿਆ ਅਰਾਧ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਫੇਰ ਹੁਕਮ ਹੋਇਆ ਮੈਂ ਆਵਾਂਗਾ ਪੈਗ਼ੰਬਰਾਂ ਗੁਰੂਆਂ ਤੋਂ ਬਾਦ, ਆਪ ਆਪਣਾ ਫੇਰਾ ਪਾਈਆ । ਮੇਰੇ ਹੁਕਮ ਨੂੰ ਰਖਣਾ ਯਾਦ, ਭੁਲ ਵਿਚ ਨਾ ਕਦੇ ਭੁਲਾਈਆ । ਖੇਲ ਹੋਵੇ ਵਿਚ ਬ੍ਰਹਿਮਾਦ, ਬ੍ਰਹਿਮੰਡ ਦਿਆਂ ਸਮਝਾਈਆ । ਨਿਰਗੁਣ ਧਾਰ ਬਦਲ ਕੇ ਸਵਾਂਗ, ਸਵਾਂਗੀ ਹੋ ਕੇ ਖੇਲ ਖਿਲਾਈਆ । ਤੇਰਾ ਲਹਿਣਾ ਦੇਣਾ ਜਲਧਾਰਾ ਦੀ ਪਾਰ ਕਰਕੇ ਕਾਂਗ, ਸਮੁੰਦ ਸਾਗਰਾਂ ਪੰਧ ਮੁਕਾਈਆ । ਜਿਥੇ ਬਾਵਨ ਦੀ ਦੂਜੀ ਗਈ ਸੀ ਪਲਾਂਘ, ਫੇਰ ਮੁਖ ਲਿਆ ਭਵਾਈਆ । ਨਾਲੇ ਹੁਕਮ ਦਿਤਾ ਉਹ ਲੈਂਡ ਜਿਸ ਨੂੰ ਟਰਨ-ਟੂ-ਮੇ ਕਹਿ ਕੇ ਬੀਲਾਂਗ, ਆਪ ਆਪਣਾ ਰੂਪ ਦਰਸਾਈਆ । ਅੰਤ ਜਿਸ ਵੇਲੇ ਸ਼ਰਅ ਦੀ ਸ਼ਰਅ ਤੋਂ ਪਰੇ ਲਗੀ ਛਲਾਂਗ,
੩੧੨ ਕ਼ਦਮ ਕ਼ਦਮ ਨਾਲ ਬਦਲਾਈਆ । ਉਸ ਵੇਲੇ ਮੇਰੀ ਰਖੀਂ ਤਾਂਘ, ਤਰਹ ਤਰਹ ਨਾਲ ਦਿਤਾ ਦ੍ਰਿੜਾਈਆ । ਈਸਾ ਦੀ ਜ਼ੋਰ ਨਾਲ ਨਿਕਲੀ ਚਾਂਘ, ੩੧੨
੨੪ ਕੂਕ ਕੂਕ ਦਿਤਾ ਸੁਣਾਈਆ । ਕੀ ਪਰਗਟ ਹੋਵੇ ਅਵਤਾਰਾਂ ਪੈਗ਼ੰਬਰਾਂ ਵਾਂਗ, ਤਨ ਵਜੂਦ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ੨੪
ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਈਸਾ ਕਹੇ ਮੇਰੇ ਮਾਲਕ ਹਕ, ਹਕ ਤੇਰੀ ਸਰਨਾਈਆ । ਮੈਂ ਖ਼ੁਸ਼ੀ ਵਿਚ ਖ਼ੁਸ਼ਹਾਲ ਲੱਕ, ਐਲ-ਯੂ-ਸੀ-ਕੇ ਜਿਸ ਦਾ ਭੇਵ ਸਕੇ ਨਾ ਕੋਇ ਸਮਝਾਈਆ । ਤੇਰੇ ਹੁਕਮ ਦਾ ਦੋ ਜਹਾਨ ਦਾ ਕਲਕ, ਵੈਲ ਬਿਗਿਨ ਵਨ ਟੂ ਕਹਿ ਕੇ ਤੇਰੇ ਦਰ ਤੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਈਸਾ ਕਹੇ ਝਟ ਮੇਰੀਆਂ ਅੱਖਾਂ ਅਗੇ ਆ ਗਿਆ ਮਾਟੋ, ਮਿੱਟੀ ਖ਼ਾਕ ਤਨ ਵਜੂਦ ਨਜ਼ਰ ਕੋਇ ਨਾ ਆਈਆ । ਨਾਲ ਇਸ਼ਾਰਾ ਦਿਤਾ ਜਿਥੋਂ ਟਰਨ ਕੀਤਾ ਉਸ ਦਾ ਨਾਮ ਹੋਵੇ ਟਰਾਨਟੋ, ਟਰਨ ਟੂ ਦੂਸਰਾ ਆਪਣਾ ਰੂਪ ਬਦਲਾਈਆ । ਕੋਈ ਭੇਵ ਨਾ ਜਾਣੇ ਵਟ ਯੂ ਵਾਨਟੋ, ਵਟ ਯੂ ਵਾਂਟ ਦੈਟ ਦੋਜ਼ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਈਸਾ ਕਹੇ ਮੈਂ ਨਿਗਾਹ ਮਾਰੀ ਉਤੇ ਲੈਂਡ, ਫਿਰ ਨੇਤਰ ਨੈਣ ਉਠਾਈਆ । ਫਿਰ ਝੁਕਾ ਕੇ ਆਰਮਜ਼ ਆਪਣੇ ਹੈਂਡ, ਹੈਂਡਜ਼ ਅਪ ਕਰਕੇ ਦਿਤੀ ਦੁਹਾਈਆ । ਕੀ ਹੁਕਮ ਸੰਦੇਸ਼ਾ ਕਰੇ ਸੈਂਡ, ਸਟੈਂਡ ਸਟਾਰਮਾਂ ਵਿਚ ਪਏ ਦੁਹਾਈਆ । ਪਤਾ ਨਹੀਂ ਤੇਰਾ ਕਿੱਥੇ ਬਿਗਿਨ ਤੇ ਕਿੱਥੇ ਐਂਡ, ਇੰਡੈਕਸ ਸਮਝ ਕੋਇ ਨਾ ਪਾਈਆ । ਸਭ ਨੂੰ ਆਪਣੇ ਨਾਲ ਕਰ ਕੇ ਜਾਂਇਡ, ਮੇਲਾ ਮੇਲੇ ਸਹਿਜ ਸੁਭਾਈਆ । ਖੇਲੇ ਖੇਲ ਬੀਹਾਈਂਡ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਤੇਰਾ ਪਹਿਲਾ ਹੁਕਮ ਤੇ ਪਹਿਲਾ ਹੋਵੇ ਸਟੈਂਡ, ਤੇਰੀ ਸਿਟ ਸਿਟਿੰਗ ਨਜ਼ਰ ਕਿਸੇ ਨਾ

ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਈਸਾ ਕਿਹਾ ਮੇਰੇ ਸ਼ਹਿਨਸ਼ਾਹ ਮੇਰੀ ਅਰਜ਼ੋਈ, ਬਿਨ ਸੀਸ ਸੀਸ ਨਿਵਾਈਆ । ਤੁਧ ਬਿਨ ਅਵਰ ਨਾ ਦੀਸੇ ਕੋਈ, ਦੂਜਾ ਨਜ਼ਰ ਕੋਇ ਨਾ ਆਈਆ । ਪੰਜ ਤਤ ਫਿਰੇ ਦਰੋਹੀ, ਦੋ ਜਹਾਨ ਦੇਣ ਦੁਹਾਈਆ । ਨਿਰਗੁਣ ਧਾਰ ਨਿਰਗੁਣ ਨਾਲ ਜਾਏ ਨਾ ਛੋਹੀ, ਸਾਚਾ ਮੇਲ ਨਾ ਕੋਇ ਮਿਲਾਈਆ । ਸਭ ਦੀ ਪਤ ਜਾਏ ਖੋਹੀ, ਸਿਰ ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਝਟ ਨਾਰਦ ਆ ਗਿਆ ਆ ਕੇ ਕੀਤਾ ਸਲਾਮ, ਸੀਸ ਦਿਤਾ ਨਿਵਾਈਆ । ਮਿਤਰਾ ਕਿਸ ਨਾਲ ਕਰੇਂ ਕਲਾਮ, ਕਿਸ ਰਿਹਾ ਸਮਝਾਈਆ । ਕਿ ਹੁਕਮ ਸੰਦੇਸ਼ੇ ਸੁਣੇਂ ਬਨਾਮ, ਸੁਣ ਸੁਣ ਖ਼ੁਸ਼ੀ ਬਣਾਈਆ । ਈਸਾ ਕਿਹਾ ਇਹ ਖੇਲ ਨਹੀਂ ਅਵਾਮ, ਸਮਝ ਕੋਇ ਨਾ ਪਾਈਆ । ਮੈਂ ਧੁਰ ਦਾ ਸੁਣ ਪੈਗ਼ਾਮ, ਜੋ ਹੁਕਮ ਰਿਹਾ ਜਣਾਈਆ । ਜਿਸ ਅੰਤ ਅਖ਼ੀਰ ਕਰਨਾ ਇੰਤਜ਼ਾਮ, ਇੰਤਕ਼ਾਮ ਲਏ ਲੋਕਾਈਆ । ਸ਼ਰਅ ਜ਼ੰਜੀਰ ਕਟਣੇ ਗ਼ੁਲਾਮ, ਗ਼ੁਰਬਤ ਦੂਰ ਕਰਾਈਆ । ਲੇਖੇ ਲਾਉਣੇ ਮਾਟੀ ਚਾਮ, ਚੰਮ ਦ੍ਰਿਸ਼ਟੀ ਦਏ ਗੁਆਈਆ । ਜਿਸ ਝਗੜਾ ਮਿਟਾਉਣਾ ਸ਼ਰਅ ਹੰਜ਼ਾਮ, ਦੂਸਰ ਵੰਡ ਨਾ ਕੋਇ ਵੰਡਾਈਆ । ਉਹ ਮੇਰਾ ਮਾਲਕ ਜਿਸ ਨੂੰ ਕਰਾਂ ਸਲਾਮ, ਨਿਵ ਨਿਵ ਲਾਗਾਂ ਪਾਈਆ । ਜੋ ਸਚਖੰਡ ਦੁਆਰ ਕਰੇ ਆਰਾਮ, ਆਰਾਮਗਾਹ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸਮਝਾਈਆ । ਹਜ਼ਰਤ ਕਿਹਾ ਨਾਰਦਾ ਮੈਨੂੰ ਦੀਨ ਦੁਨੀ ਦਿਸਦੀ ਵਾਂਗ ਭੇਡਾਂ, ?ਭੰਡਾਰੀ? ਸਭ ਦਾ ਇਕੋ ਨਜ਼ਰੀ ਆਈਆ । ਮੇਰੀ ਅੱਜ ਦੀ ਵਿਚਾਰ ਤੇ ਬੀਸਵੀਂ ਸਦੀ ਦੀਆਂ ਖੇਡਾਂ, ਤੈਨੂੰ ਸਚ ਦਿਆਂ ਸਮਝਾਈਆ । ਨਾਲੇ ਜ਼ੋਰ ਦੀ ਧਰਨੀ ਤੇ ਮਾਰ ਕੇ ਠੇਡਾ, ਧੂੜ ਵਿਚੋਂ ਧੂੜ ਦਿਤੀ ਉਡਾਈਆ । ਨਾਲੇ ਨਕ ਦੀ ਰਖ ਕੇ ਸੇਧਾ, ਹੱਥ ਮਸਤਕ ਉਤੇ ਛੁਹਾਈਆ । ਕੀ ਲੇਖਾ ਲਿਖਿਆ ਬ੍ਰਹਮਾ ਨੇ ਵਿਚ ਚਾਰੇ ਵੇਦਾ, ਜ਼ਰਾ ਮੈਨੂੰ ਦੇ ਦ੍ਰਿੜਾਈਆ । ਅੰਤਰ ਨਿਰੰਤਰ ਖੁਲ੍ਹੇ ਭੇਦਾ, ਭੇਵ ਨਾ ਕੋਇ ਰਖਾਈਆ । ਨਾਰਦ ਕਿਹਾ ਉਹ ਮਾਲਕ ਅਛਲ ਅਛੇਦਾ, ਬਲ ਧਾਰੀ ਅਗੰਮ ਅਥਾਹੀਆ । ਉਹ ਆਪਣੇ ਵਰਗਾ ਤੇ ਆਪਣੇ ਜੇਡਾ, ਦੂਜਾ ਸੰਗ ਨਾ ਕੋਇ ਰਖਾਈਆ । ਹਜ਼ਰਤ ਈਸਾ ਨਿਗਾਹ ਮਾਰ ਲੈ ਜਿਸ ਵੇਲੇ ਉਸ ਨੂਰੀ ਦੀਪਕ ਜੋਤ ਜਗਾਇਆ ਵਿਚ ਕਨੇਡਾ, ਕੰਢੀ ਘਾਟ ਸਾਰੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਈਸਾ ਕਿਹਾ ਨਾਰਦਾ ਕਨੇਡਾ ਕਿਹੜੀ ਹੋਵੇ ਧਰਤੀ, ਧਰਮ ਧਾਰ ਜਣਾਈਆ । ਉਥੇ ਕਵਣ ਹੋਵੇ ਨਿਧ ਪਰਤੀ, ਕਵਣ ਕਰੇ ਸ਼ਨਵਾਈਆ । ਨਾਰਦ ਹਸ ਕੇ ਕਿਹਾ ਉਹ ਸਾਹਿਬ ਸੁਆਮੀ ਇਹ ਖੇਲ ਉਸ ਦੇ ਘਰ ਦੀ, ਘਰਾਨਾ ਦੋ ਜਹਾਨ ਜਣਾਈਆ । ਮੇਰੀ ਆਸ਼ਾ ਤੇਰੀ ਮਨਸਾ ਖੇਲ ਜਣਾਏ ਵਰ ਦੀ, ਸਹਿਜ ਸਹਿਜ ਨਾਲ ਦ੍ਰਿੜਾਈਆ । ਉਹਦੀ ਜੋਤ ਨੁਰਾਨੀ ਰੂਪ ਧਰੇ ਨਰਾਇਣ ਨਰ ਦੀ, ਨਰ ਮਾਦੀ ਸਮਝ ਕੋਇ ਨਾ ਪਾਈਆ । ਜਿਸ ਖੇਲ ਖੇਲ ਕੇ ਦਿਸ਼ਾ ਚੜ੍ਹਦੀ, ਆਪਣਾ ਹੁਕਮ ਦਰਸਾਈਆ । ਜਿਸ ਨੂੰ ਆਦਿ ਜੁਗਾਦਿ ਜਗਤ ਪਿਆਰ ਤ੍ਰਿਸ਼ਨਾ ਪੜ੍ਹਦੀ, ਅੰਤਰ ਨਿਰੰਤਰ ਧਿਆਨ ਲਗਾਈਆ । ਉਹ ਖੇਲ ਜਾਣੇ ਚੋਟੀ ਜੜ੍ਹ ਦੀ, ਵੇਖਣਹਾਰਾ ਥਾਉਂ ਥਾਈਆ । ਉਸ ਵੇਲੇ ਉਸ ਨੇ ਸੇਵਾ ਲੈਣੀ ਤੇਰੇ ਬਾਰਾਂ ਚੇਲਿਆਂ ਵਿਚੋਂ ਇਕ ਧੜ ਦੀ, ਤੈਨੂੰ ਸਹਿਜ ਨਾਲ ਸਮਝਾਈਆ । ਜਿਸ ਲੁਬਾਂਗ ਦੀ

੩੧੩
੨੪

ਕਥਾ ਤੈਨੂੰ ਹੋਵੇ ਫੜਦੀ, ਬੰਧਨ ਜਗਤ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਈਸਾ ਕਿਹਾ ਨਾਰਦਾ ਉਹ ਕਿਹੜੀ ਹੋਵੇ ਧਾਰ, ਸਚ ਦੇ ਸਮਝਾਈਆ । ਨਾਰਦ ਕਿਹਾ ਪਹਿਲੋਂ ਕਹਿ ਤੂੰ ਸ਼ਬਦ ਗੁਰੂ ਸਭ ਕੁਛ ਕਰਨੇਹਾਰ, ਸ਼ਰਾਰਤੀ ਅਬਾਰਤੀ ਜੁਗ ਜੁਗ ਇਕ ਅਖਵਾਈਆ । ਤੇਰਾ ਖੇਲ ਅਗੰਮ ਅਪਾਰ, ਅਥਾਹ ਤੇਰੀ ਬੇਪਰਵਾਹੀਆ । ਮੈਂ ਸੰਦੇਸ਼ਾ ਦੱਸਾਂ ਸਾਚੇ ਯਾਰ, ਸਚ ਦਿਆਂ ਜਣਾਈਆ । ਉਹ ਮਾਲਕ ਨੂਰ ਨੁਰਾਨਾ ਹੋਵੇ ਨਿਰਗੁਣ ਨੂਰ ਜੋਤ ਉਜਿਆਰ, ਤਤਾਂ ਵੰਡ ਨਾ ਕੋਇ ਵੰਡਾਈਆ । ਤੇਰਾ ਧਰਨੀ ਉਤੇ ਹੋਵੇ ਘਰਬਾਰ, ਗ੍ਰਿਹ ਮੰਦਰਾਂ ਧਿਆਨ ਲਗਾਈਆ । ਤੂੰ ਰਹਿਣਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਿਹਾ ਸਤਿਗੁਰ ਸ਼ਬਦ ਹੋ ਸੁਣਾਵਾਂਗਾ । ਹਜ਼ਰਤ ਈਸਾ ਭੇਵ ਚੁਕਾਵਾਂਗਾ । ਧੁਰ ਦੀ ਹਦੀਸਾ ਇਕ ਸੁਣਾਵਾਂਗਾ । ਬੀਸ ਬੀਸਾ ਨਾਲ ਮਿਲਾਵਾਂਗਾ । ਉਨੀਸਾ ਤੇਰੀ ਗੰਢ ਪੁਆਵਾਂਗਾ । ਖ਼ਾਲੀ ਖ਼ੀਸਾ ਸਰਬ ਵਖਾਵਾਂਗਾ । ਜਗਤ ਸੀਸ ਤਾਜ ਦਰਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਚੁਕਾਵਾਂਗਾ । ਨਾਰਦ ਕਿਹਾ ਹਜ਼ਰਤ ਧੁਰ ਦੀ ਸੁਣ ਲੈ ਬਾਤ, ਬਾਤਨ ਦਿਆਂ ਜਣਾਈਆ । ਅੰਤ ਖ਼ੁਸ਼ੀਆਂ ਵਾਲੀ ਮੋਹਣੀ ਰਾਤ, ਜੰਗਲਾਂ ਵੰਡ ਵੰਡਾਈਆ । ਤੇਰਾ ਸਾਥੀ ਸੰਦੇਸ਼ਾ ਲੈ ਕੇ ਜਾਵੇ ਪਾਤ, ਸੁਨੇਹੜਾ ਇਕ ਸੁਣਾਈਆ । ਆਉ ਵੇਖੋ
੩੧੪ ਮਾਰੋ ਝਾਤ, ਈਸਾ ਬੈਠਾ ਸੋਭਾ ਪਾਈਆ । ਤੇਰਾ ਲੇਖਾ ਉਸ ਦੇ ਨਾਲ ਹੋਵੇ ਨਾਤ, ਸੋਹਣਾ ਜੋੜ ਜੁੜਾਈਆ । ਤੁਹਾਨੂੰ ਫੜਾਵੇ ਵੇਲੇ ਵਿਚ ਪਰਭਾਤ, ੩੧੪
੨੪ ਤੇਰਾ ਕਲਾਕ ਦੇਵੇ ਗਵਾਹੀਆ । ਜਿਸ ਕਾਰਨ ਤੇਰਾ ਵਜੂਦ ਪਾਏ ਵਫ਼ਾਤ, ਬਾਡੀ ਨਜ਼ਰ ਕੋਇ ਨਾ ਆਈਆ । ਈਸਾ ਲਿਖਣ ਲੱਗਾ ਨਾਲ ਕਲਮ ਦਵਾਤ, ਨਾਰਦ ਹੱਥ ਦਿਤਾ ਉਠਾਈਆ । ਮੇਰੇ ਨਾਲ ਕਰ ਟਾਕ, ਜਿਸ ਲੈਂਗੁਵੇਜ ਦੀ ਸਮਝ ਕੋਇ ਨਾ ਪਾਈਆ । ਦੋ ਜਹਾਨਾਂ ਵੇਖ ਪਲਾਟ, ਜਗਤ ਵੰਡ ਨਾ ਕੋਇ ਰਖਾਈਆ । ਨਾਲੇ ਇਸ਼ਾਰਾ ਕੀਤਾ ਤੇਰਾ ਅੰਤ ਅਖ਼ੀਰ ਟਰਾਨਟੋ ਵਿਚੋਂ ਹੋਣਾ ਸਟਾਰਟ, ਲਾਈਨ ਐਨ ਐਨ ਸਮਝਾਈਆ । ਆਪਣੀ ਸ਼ਰਅ ਦਾ ਫੜ ਲੈ ਪਾਟ, ਕਾਸਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਿਹਾ ਹਜ਼ਰਤਾ ਪ੍ਰਭ ਸਾਚਾ ਖੇਲ ਖਿਲਾਵੇਗਾ । ਨਿਰਗੁਣ ਨੂਰ ਜੋਤ ਰੁਸ਼ਨਾਵੇਗਾ । ਸਚ ਸਰੂਰ ਇਕ ਚੜ੍ਹਾਵੇਗਾ । ਨਾਮ ਕਲਮਾ ਕਰ ਮਸ਼ਹੂਰ, ਮਸ਼ਵਰਾ ਆਪਣੇ ਨਾਲ ਰਖਾਵੇਗਾ । ਦੀਨ ਦੁਨੀ ਦਾ ਕਰੇ ਇਕ ਦਸਤੂਰ, ਦਸਤ ਸਭ ਦੇ ਬੰਨ੍ਹ ਵਖਾਵੇਗਾ । ਜਿਸ ਦੀ ਆਸ਼ਾ ਰਖੀ ਮੂਸਾ ਉਤੇ ਕੋਹਤੂਰ, ਉਹ ਕਰਤਾ ਕਰਨੀ ਕਾਰ ਕਮਾਵੇਗਾ । ਈਸਾ ਕਿਹਾ ਉਹ ਮੇਰਾ ਮਾਲਕ ਇਕ ਹਜ਼ੂਰ, ਜੋ ਨੂਰ ਨੂਰ ਪਰਗਟਾਵੇਗਾ । ਨਾਰਦ ਕਿਹਾ ਉਹ ਆਵੇ ਜ਼ਰੂਰ, ਜ਼ਰੂਰਤ ਸਭ ਦੀ ਵੇਖ ਵਖਾਵੇਗਾ । ਈਸਾ ਕਿਹਾ ਮੈਂ ਹੋਣਾ ਮਸ਼ਕੂਰ, ਸ਼ੁਕਰੀਏ ਵਿਚ ਸੀਸ ਨਿਵਾਵੇਗਾ । ਨਾਰਦ ਕਿਹਾ ਉਹ ਵਸੇ ਨੇੜੇ ਦੂਰ, ਦੋਹਰੀ ਵੰਡ ਵੰਡਾਵੇਗਾ । ਜਿਸ ਦੀ ਨਾਮ ਸਿਤਾਰ ਤੁਰੀਆ ਵਾਲੀ ਤੂਰ, ਤੁਰਤ ਆਪਣਾ ਰੂਪ ਵਟਾਵੇਗਾ । ਪਰਗਟ ਹੋ ਕੇ ਨੂਰੋ ਨੂਰ, ਨੂਰ ਨੁਰਾਨਾ ਇਕ ਚਮਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਵੇਗਾ । ਨਾਰਦ ਕਹੇ ਹਜ਼ਰਤਾ ਉਸ ਦਾ ਹੁਕਮ ਸ਼ਬਦ ਦੀ ਧਾਰ, ਜਗਤ ਅੱਖਰ ਨਾ ਵੰਡ ਵੰਡਾਈਆ । ੨੪

ਅਕਲ ਬੁਧੀ ਨਾ ਕੋਇ ਵਿਚਾਰ, ਮਨਮਤ ਨਾ ਕੋਇ ਰਖਾਈਆ । ਉਹ ਸਭ ਤੋਂ ਵਸੇ ਬਾਹਰ, ਦੋ ਜਹਾਨਾਂ ਵੇਖਣ ਕੋਇ ਨਾ ਆਈਆ । ਨਿਰਗੁਣ ਨੂਰ ਜੋਤ ਉਜਿਆਰ, ਜੋਤੀ ਜਾਤਾ ਡਗਮਗਾਈਆ । ਵਸੇ ਸਚਖੰਡ ਦੁਆਰ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਭੇਜੇ ਤੇਈ ਅਵਤਾਰ, ਅਵਤਰੀ ਆਪਣੀ ਕਲ ਵਰਤਾਈਆ । ਜਿਸ ਮੂਸਾ ਬਣਾਇਆ ਸਿਕਦਾਰ, ਸਿਰ ਆਪਣਾ ਹੱਥ ਰਖਾਈਆ । ਈਸਾ ਕਰੇ ਖ਼ਬਰਦਾਰ, ਧੁਰ ਦੀ ਖ਼ਬਰ ਦਿਤੀ ਜਣਾਈਆ । ਉਸ ਦਾ ਕਰਨਾ ਇੰਤਜ਼ਾਰ, ਨੇਤਰ ਲੋਚਨ ਨੈਣ ਉਠਾਈਆ । ਉਹ ਆਵੇ ਕਲ ਕਲਕੀ ਅਵਤਾਰ, ਅਮਾਮ ਅਮਾਮਾ ਧੁਰਦਰਗਾਹੀਆ । ਹੁਕਮ ਸੰਦੇਸ਼ਾ ਦੇਵੇ ਆਪਣੀ ਵਾਰ, ਵਾਰਸ ਹੋ ਕੇ ਆਪ ਜਣਾਈਆ । ਈਸਾ ਕੂਕ ਕੇ ਕਿਹਾ ਪੁਕਾਰ, ਦਰੋਹੀ ਨਾਮ ਖ਼ੁਦਾਈਆ । ਮੈਂ ਉਸ ਦਾ ਦੁਲਾਰਾ ਵਿਚ ਸੰਸਾਰ, ਪਿਤਾ ਪੂਤ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਈਸਾ ਕਿਹਾ ਨਾਰਦਾ ਕੀ ਉਸ ਦੀ ਹੋਵੇ ਧਰਮ ਨਿਸ਼ਾਨੀ, ਸਚ ਨਾਲ ਜਣਾਈਆ । ਕਿਸ ਬਿਧ ਮੇਰੀ ਕਰੇ ਪਹਿਚਾਨੀ, ਵੇਖੇ ਥਾਉਂ ਥਾਈਂਆ । ਕਵਣ ਜੂਹ ਹੋਵੇ ਬੇਗਾਨੀ, ਜਗਤ ਵੰਡ ਨਾ ਕੋਇ ਵੰਡਾਈਆ । ਮੇਰੇ ਅੰਦਰ ਆਵੇ ਹੈਰਾਨੀ, ਮੈਨੂੰ ਦੇ ਸਮਝਾਈਆ । ਪਸੀਨਾ ਆਵੇ ਪੇਸ਼ਾਨੀ, ਮਸਤਕ ਦਏ ਦੁਹਾਈਆ । ਕੀ ਖੇਲ ਕਰੇ ਨੁਰਾਨੀ, ਨੂਰ ਨੁਰਾਨਾ ਧੁਰਦਰਗਾਹੀਆ । ਨਾਰਦ ਕਿਹਾ ਹਜ਼ਰਤਾ ਨਿਗਾਹ ਮਾਰ ਦੋ ਜਹਾਨੀ, ਤੈਨੂੰ ਦਿਆਂ ਸਮਝਾਈਆ । ਜਿਸ ਵੇਲੇ ਤੇਰੇ ਗ੍ਰਿਹਿ ਖਾਣ ਆਵੇ ਮਹਿਮਾਨੀ, ਆਪਣਾ ਵੇਸ ਵਟਾਈਆ । ਉਸ ਦੀ ਸਧਰਾਂ ਭਰੀ ਹੋਵੇ ਜਵਾਨੀ, ਜੋਬਨ ਅੰਤਰ ਨਿਰੰਤਰ ਰਖਾਈਆ । ਜਿਸ ਦਾ ਲੇਖਾ ਲਿਖ ਨਾ ਸਕੇ ਕਾਨੀ, ਕਾਇਨਾਤ ਨਾ ਕੋਇ ਵਡਿਆਈਆ । ਜਿਸ ਨੇ ਪਾਰ ਕਰਨੇ ਸਮੁੰਦ ਸਾਗਰ ਪਾਣੀ, ਉਸ ਨੇ ਚਰਨਾਂ ਹੇਠ ਦਬਾਈਆ । ਜ਼ਰਾ ਨਿਗਾਹ ਮਾਰ ਧਿਆਨੀ, ਵੇਖਣਾ ਚਾਈਂ ਚਾਈਂਆ । ਉਹ ਸ਼ਹਿਨਸ਼ਾਹ ਹੋਵੇ ਸ਼ਹਾਨੀ, ਸ਼ਾਹੋ ਭੂਪ ਬੇਪਰਵਾਹੀਆ । ਰੂਹ ਬੁਤ ਤੋਂ ਬਾਹਰ ਉਸ ਦੀ ਮੰਜ਼ਲ ਹੋਵੇ ਰੁਹਾਨੀ, ਰੌਣਕ ਜਗਤ ਜਹਾਨ ਕਰਾਈਆ । ਉਸ ਵੇਲੇ ਹਰਿਜਨ ਸਾਚੇ ਭਗਤ ਦੀ ਪ੍ਰੇਮ ਦੀ ਲਏ ਕੁਰਬਾਨੀ, ਲਹਿਣਾ ਆਪਣੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਿਹਾ ਈਸਾ ਕਿਉਂ ਸੁਣ ਕੇ ਹੋਏਂ ਹੈਰਾਨ, ਹੈਰਾਨੀ ਕਿਉਂ ਆਈਆ । ਉਹ ਸੂਰਬੀਰ ਬਲਵਾਨ, ਬਲਧਾਰੀ ਇਕ ਅਖਵਾਈਆ । ਜੋ ਸਭ ਦੀ ਕਰੇ ਪਹਿਚਾਨ, ਬੇਪਹਿਚਾਨ ਨੂਰ ਅਲਾਹੀਆ । ਝਟ ਈਸਾ ਨੇ ਫੜ ਕੇ ਆਪਣੀ ਜ਼ਬਾਨ, ਜ਼ੋਰ ਨਾਲ ਦਿਤੀ ਖਿਚਾਈਆ । ਧੰਨ ਭਾਗ ਜੇ ਮੇਰੇ ਘਰ ਬਣ ਕੇ ਆਵੇ ਮਹਿਮਾਨ, ਮਿਹਰਵਾਨ ਨੂਰ ਅਲਾਹੀਆ । ਫੇਰ ਭਾਵੇਂ ਸਾਰੀ ਧਰਤੀ ਹੋਵੇ ਭੂਮੀ ਸ਼ਮਸ਼ਾਨ, ਸ਼ਮਅ ਨੂਰ ਨਜ਼ਰ ਕੋਇ ਨਾ ਆਈਆ । ਨਾਲੇ ਹੱਥ ਦੋਵੇਂ ਕਰਕੇ ਵੱਲ ਅਸਮਾਨ, ਇਸਮ ਆਜ਼ਮ ਆਪਣਾ ਵੇਖ ਵਖਾਈਆ । ਮੈਂ ਬਾਲਕ ਤੇਰਾ ਨਿਧਾਨ, ਤੂੰ ਬਾਪ ਵਡ ਵਡਿਆਈਆ । ਮੈਨੂੰ ਹਕ ਦਾ ਦੇ ਦੇ ਦਾਨ, ਹਕ਼ੀਕਤ ਦੇ ਵਰਤਾਈਆ । ਮੈਂ ਵੇਖਾਂ ਸੁੰਞ ਮਸਾਣ, ਚਾਰੋਂ ਕੁੰਟ ਧਿਆਨ ਲਗਾਈਆ । ਮੇਰੇ ਸੁਆਮੀ ਹੋਣਾ ਨਿਗਹਬਾਨ, ਨੈਣ ਨੈਣ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਈਸਾ ਉਸ ਵੇਲੇ ਝਲਣਾ ਪਏ ਦੁਖ, ਸਚ ਨਾਲ ਸੁਣਾਈਆ । ਚਾਰੋਂ ਕੁੰਟ ਵਰਤਣੀ ਭੁਖ, ਸਾਂਤਕ ਸਤਿ ਨਾ ਕੋਇ ਕਰਾਈਆ । ਦਰੋਹੀ ਫਿਰਨੀ ਵਿਚ ਮਨੁੱਖ, ਮਾਨਸਾਂ ਧੀਰ ਨਾ ਕੋਇ ਧਰਾਈਆ । ਧਰਮ

ਦਾ ਰਹਿਣਾ ਨਹੀਂ ਕੋਈ ਰੁੱਖ, ਸਾਇਆ ਸਚ ਨਾ ਕੋਇ ਜਣਾਈਆ । ਜੇ ਤੂੰ ਪਰਵਰਦਿਗਾਰ ਦਾ ਬਣਿਆ ਪੁਤ, ਸੁਤ ਦੁਲਾਰਾ ਇਕ ਅਖਵਾਈਆ । ਕਿਸ ਕਿਸ ਦਾ ਭਾਰ ਲਏਂ ਚੁਕ, ਮੈਨੂੰ ਦੇ ਦ੍ਰਿੜਾਈਆ । ਉਧਰੋਂ ਇਕ ਬਿਰਧ ਆ ਗਿਆ ਜਿਸ ਨੇ ਈਸਾ ਨੂੰ ਜੱਫੀ ਪਾਈ ਘੁੱਟ, ਗਲ ਨਾਲ ਲਿਆ ਲਗਾਈਆ । ਪੈਗ਼ੰਬਰਾ ਉਹ ਤਕ ਲੈ ਤੇਰੀ ਵੀਹਵੀਂ ਸਦੀ ਦਾ ਤਾਰਾ ਰਿਹਾ ਟੁਟ, ਅਸਮਾਨ ਰਹੇ ਕੁਰਲਾਈਆ । ਮੈਨੂੰ ਆਪਣਾ ਬਣਾ ਲੈ ਜੁਟ, ਜੋੜੀਦਾਰ ਅਖਵਾਈਆ । ਬਾਂਹ ਫੜਾ ਲੈ ਗੁਟ, ਹੱਥਾਂ ਹੱਥ ਮਿਲਾਈਆ । ਮੁਖ ਹਿਲਾ ਲੈ ਬੁਟ, ਬੁੱਲਾਂ ਨਾਲ ਸੁਣਾਈਆ । ਤੇਰੀ ਮੇਰੀ ਪ੍ਰੀਤ ਨਾ ਜਾਏ ਟੁਟ, ਸਕੇ ਨਾ ਕੋਇ ਤੁੜਾਈਆ । ਮੇਰਾ ਭਾਗ ਨਾ ਜਾਏ ਨਿਖੁਟ, ਕਰਮ ਨਾ ਰੂਪ ਦਰਸਾਈਆ । ਇਕੋ ਧਾਰ ਪਈਏ ਉਠ, ਦੂਜਾ ਨਜ਼ਰ ਕੋਇ ਨਾ ਆਈਆ । ਭਾਵੇਂ ਮੈਨੂੰ ਦੋਜ਼ਕਾਂ ਵਿਚ ਸੁਟ, ਭਾਵੇਂ ਬਹਿਸ਼ਤਾਂ ਵਿਚ ਟਿਕਾਈਆ । ਭਾਵੇਂ ਸੁੱਕਾ ਦੇ ਦੇ ਟੁਕ, ਖਾ ਕੇ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਈਸਾ ਫੜ ਕੇ ਲਾਇਆ ਨਾਲ ਛਾਤੀ, ਪ੍ਰੇਮ ਨਾਲ ਰਖਾਈਆ । ਝਟ ਸੰਦੇਸ਼ਾ ਸੁਣਿਆ ਕਮਲਾਪਾਤੀ, ਅੰਤਰ ਅੰਤਰ ਦਿਤਾ ਜਣਾਈਆ । ਬਿਨਾ ਨਿਗਾਹ ਤੋਂ ਨਿਗਾਹ ਮਾਰ ਕੇ ਝਾਕੀ, ਬਿਨਾ ਨੈਣ ਨੈਣ ਉਠਾਈਆ । ਉਹ ਲੇਖਾ ਤਕ ਲੈ ਬਾਕੀ, ਤੈਨੂੰ ਦਿਆਂ ਸਮਝਾਈਆ । ਤੇਰੀ ਛੇਤੀ ਮੁਕਣੀ ਹਯਾਤੀ, ਬਹੁਤੀ ਵੰਡ ਨਾ ਕੋਇ ਵੰਡਾਈਆ । ਤੇਰੀ ਸਿਫ਼ਤ ਕਾਗ਼ਜ਼ਾਤੀ, ਅੱਖਰਾਂ ਨਾਲ ਸਲਾਹੀਆ । ਇਹ ਜੋ ਤੇਰਾ ਬਣਿਆ ਸਾਥੀ, ਸੋਹਣਾ ਸੰਗ ਰਖਾਈਆ । ਇਹਦੇ ਹੱਥ ਵਿਚ ਵੇਖ ਲੈ ਲਾਠੀ, ਲੂਲ੍ਹਾ ਲੰਗੜਾ ਹੇਠੋਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਈਸਾ ਨਿਗਾਹ ਮਾਰੀ ਮੁਸਕਰਾਇਆ ਵਿਚੋਂ ਬੁੱਲਾਂ ਬੁੱਟੀਆਂ, ਹੱਥ ਹੱਥਾਂ ਉਤੇ ਟਿਕਾਈਆ । ਸਾਨੂੰ ਖੁਲ੍ਹੀਆਂ ਮਿਲੀਆਂ ਛੁੱਟੀਆਂ, ਮਿਲ ਮਿਲ ਕੇ ਨਿਗਾਹ ਮਿਲਾਈਆ । ਜਾਂ ਨਿਗਾਹ ਮਾਰੀ ਮਿਤਰ ਦੀਆਂ ਲੱਤਾਂ ਵੇਖੀਆਂ ਟੁੱਟੀਆਂ, ਦੋਵੇਂ ਧਿਆਨ ਜਣਾਈਆ । ਫੇਰ ਮੀਟ ਕੇ ਆਪਣੀਆਂ ਮੁੱਠੀਆਂ, ਜ਼ੋਰ ਨਾਲ ਦਬਾਈਆ । ਮੈਂ ਤੇਰਾ ਪੁਤ ਤੇਰੀਆਂ ਕਰਨਹਾਰਾ ਬੁਤੀਆਂ, ਬੁਤਖ਼ਾਨਿਆਂ ਅੰਦਰ ਡੇਰਾ ਲਾਈਆ । ਮੇਰੇ ਮਾਲਕਾ ਮੇਰੀਆਂ ਸੁਹਾਉਣੀਆਂ ਰੁਤੀਆਂ, ਰੁਤੜੀ ਆਪਣੇ ਨਾਲ ਮਹਿਕਾਈਆ । ਝਟ ਹੁਕਮ ਹੋਇਆ ਜਿਸ ਵੇਲੇ ਤੁਹਾਡੀਆਂ ਅੰਤਮ ਆਸ਼ਾ ਮੁਕੀਆਂ, ਜਗਤ ਲਹਿਣਾ ਰਹਿਣ ਕੋਇ ਨਾ ਪਾਈਆ । ਸਭ ਦੀਆਂ ਖ਼ਾਲੀ ਹੋਵਣ ਹੁੱਕੀਆਂ, ਹੁਕਮ ਮਿਲੇ ਧੁਰਦਰਗਾਹੀਆ । ਇਕੋ ਪੜ੍ਹਨੀ ਸਭ ਨੇ ਤੁਕੀਆ, ਤੁਖ਼ਮ ਤਾਸੀਰ ਦਏ ਬਦਲਾਈਆ । ਜਿਸ ਮਿਤਰ ਪਿਆਰੇ ਤੇਰੇ ਤੇਰੀਆਂ ਬਾਹਵਾਂ ਚੁੱਕੀਆਂ, ਸੀਨੇ ਨਾਲ ਲਗਾਈਆ । ਇਹ ਪ੍ਰੀਤਾਂ ਰਹਿਣ ਨਾ ਲੁਕੀਆਂ, ਪਰਦਾ ਪਰਦਿਆਂ ਵਿਚੋਂ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਈਸਾ ਕਿਹਾ ਮੇਰਾ ਮਿਤਰ ਜਿਸ ਦਾ ਨਾਮ ਸੀ ਜਾਨਸਨ, ਅੱਖਰਾਂ ਚੌਹ ਨਾਲ ਵਡਿਆਈਆ । ਮੇਰਾ ਮਹਿਬੂਬ ਵਿਚੋਂ ਦਿਸਿਆ ਖ਼ਾਲਸ, ਨੂਰ ਨੂਰ ਅਲਾਹੀਆ । ਮੈਂ ਵਿਚੋਲਾ ਬਣ ਕੇ ਸਾਲਸ, ਸਹਿਜ ਨਾਲ ਸੀਸ ਝੁਕਾਈਆ । ਇਸ ਦਾ ਦਲਿਦ੍ਰ ਕੱਟ ਕੇ ਆਲਸ, ਜਗਤ ਰੋਗ ਗਵਾਈਆ । ਸਚ ਜੀਵਣ ਦਾ ਦੇ ਚਾਨਸ, ਚਰਨ ਤੇਰੇ ਸਰਨਾਈਆ । ਫੇਰ ਬਣਾਉਣਾ ਮਾਨਸ ਤੋਂ ਮਾਨਸ, ਮਾਨਵਤਾ ਆਪਣੀ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਦਰਸਾਈਆ ।

ਪਰਵਰਦਿਗਾਰ ਕਿਹਾ ਸੁਣ ਮੇਰੇ ਮਸੀਹ, ਮਸਲਾ ਦਿਆਂ ਸਮਝਾਈਆ । ਮੇਰਾ ਲੇਖਾ ਬੜਾ ਵਸੀਹ, ਆਦਿ ਅੰਤ ਨਾ ਕੋਇ ਸਮਝਾਈਆ । ਜਿਸ ਮਿਤਰ ਦੀ ਕੀਤੀ ਤਸ਼ਰੀਹ, ਸਹਿਜ ਨਾਲ ਸੁਣਾਈਆ । ਇਹਦਾ ਅਗੇ ਕਰਨਾ ਕੀ, ਮੰਗ ਮੰਗ ਲੈ ਚਾਈਂ ਚਾਈਂਆ । ਇਹ ਮਾਨਵ ਹੋਵੇ ਕਿ ਜੀਅ, ਜੀਵ ਆਤਮਾ ਵੰਡ ਵੰਡਾਈਆ । ਕਿ ਵਸੇ ਸਾਢੇ ਤਿੰਨ ਹੱਥ ਦੀ ਸੀਅ, ਸੀਨੇ ਅੰਦਰ ਮੇਰਾ ਨਾਮ ਰਖਾਈਆ । ਝਟ ਈਸਾ ਨੇ ਮਾਰੀ ਲੀਹ, ਲੀਕ ਦਿਤੀ ਲਗਾਈਆ । ਜਿਸ ਵੇਲੇ ਮੇਰੇ ਮਾਲਕਾ ਮੇਰੇ ਅੰਤ ਦੀ ਰਖੇਂ ਨੀਂਹ, ਜੜ੍ਹ ਜਗਤ ਜੁਗਤ ਉਖੜਾਈਆ । ਉਸ ਵੇਲੇ ਮੇਰਾ ਲੇਖਾ ਹੋਵੇ ਉਨੀਂ ਨਾਲ ਵੀਹ, ਬੀਸਵੀਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਝਟ ਨਾਰਦ ਦਾ ਮਿਤਰ ਨਾਲ ਹੋਇਆ ਵਿਚਾਰ, ਜਾਨਸਨ ਨੂੰ ਰਿਹਾ ਸੁਣਾਈਆ । ਕੀ ਤੂੰ ਕੀਤਾ ਦੀਦਾਰ, ਮੈਨੂੰ ਦੇ ਦ੍ਰਿੜਾਈਆ । ਉਸ ਹਸ ਕੇ ਕਿਹਾ ਮੈਂ ਗੁੱਝੀ ਸੁਣੀ ਗੁਫ਼ਤਾਰ, ਭੇਵ ਨਾ ਕੋਇ ਖੁਲ੍ਹਾਈਆ । ਪਤਾ ਨਹੀਂ ਈਸਾ ਦਾ ਕਿਹੜਾ ਯਾਰ, ਅੰਦਰ ਵੜ ਕੇ ਯਰਾਨੇ ਰਿਹਾ ਨਿਭਾਈਆ । ਬਿਨਾ ਰਸਨਾ ਤੋਂ ਬੋਲੇ ਜੈਕਾਰ, ਸੰਦੇਸੇ ਦੇਵੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਈਸਾ ਕਿਹਾ ਮੇਰਾ ਲੇਖਾ ਅੰਤ ਹਿਸਾਬ, ਸਚ ਸਚ ਦ੍ਰਿੜਾਈਆ । ਮੇਰਾ ਮਾਲਕ ਹਕ ਜਨਾਬ, ਪਰਦਾ ਦੇਣਾ ਉਠਾਈਆ । ਤੈਨੂੰ ਕਰਾਂ ਅਦਾਬ, ਨਿਵ ਨਿਵ ਸੀਸ ਝੁਕਾਈਆ । ਧੁਰ ਹੁਕਮ ਕੀਤਾ ਮਹਾਰਾਜ, ਸਹਿਜ ਨਾਲ ਸੁਣਾਈਆ । ਈਸਾ ਨਿਰਗੁਣ ਧਾਰ ਤਕ ਲੈ ਤਾਜ, ਤਖ਼ਤ ਨਿਵਾਸੀ ਇਕ ਅਖਵਾਈਆ । ਜਿਸ ਵੇਲੇ ਚਾਰੋਂ ਕੁੰਟ ਪੈਣੀ ਭਾਜ, ਦੀਨ ਦੁਨੀ ਦੁਹਾਈਆ । ਧਰਮ ਦਾ ਰਹੇ ਨਾ ਕੋਇ ਸਮਾਜ, ਸਮਗਰੀ ਸਚ ਨਾ ਕੋਇ ਵਰਤਾਈਆ । ਝਟ ਉਸ ਵੇਲੇ ਉਠ ਕੇ ਲੂਲ੍ਹੇ ਲੰਗੜੇ ਅਪਾਹਜ, ਪ੍ਰਭ ਅਗੇ ਵਾਸਤਾ ਪਾਈਆ । ਜੇ ਉਸ ਵੇਲੇ ਮੇਰੇ ਨਾਲ ਸਵਰੇ ਤੁਹਾਡਾ ਕਾਜ, ਫੇਰ ਵੀ ਆਪਣਾ ਮੈਂ ਤਨ ਭੇਟਾ ਦਿਆਂ ਕਰਾਈਆ । ਝਟ ਈਸਾ ਦੇ ਮੁਖ ਵਿਚੋਂ ਨਿਕਲੀ ਅਵਾਜ਼, ਖ਼ੁਸ਼ੀਆਂ ਨਾਲ ਸੁਣਾਈਆ । ਹੁਣ ਤੂੰ ਮੇਰਾ ਮਿਤਰ ਫੇਰ ਤੇਰਾ ਸਾਥੀ ਹੋਵੇਗਾ ਜਿਸ ਦੇ ਹੱਥ ਉਤੇ ਹੋਵੇਗਾ ਬਾਜ਼, ਬਾਜ਼ਾਂ ਵਾਲਾ ਰੂਪ ਪਰਗਟਾਈਆ । ਫੇਰ ਉਸ ਤੋਂ ਨਿਰਗੁਣ ਨੂਰ ਹੋ ਕੇ ਆਵੇਗਾ ਬਾਦ, ਜੋਤੀ ਜਾਤਾ ਇਕ ਅਖਵਾਈਆ । ਤੈਨੂੰ ਜਨਮ ਵਿਚੋਂ ਜਨਮ ਦੇ ਕੇ ਫੇਰ ਲਏਗਾ ਲਾਧ, ਹੋਣਾ ਆਪ ਸਹਾਈਆ । ਬੇਸ਼ਕ ਤੂੰ ਲੰਗੜਾ ਲੂਲ੍ਹਾ ਅਪਾਹਜ, ਦੋਵੇਂ ਲੱਤਾਂ ਨਜ਼ਰ ਕੋਇ ਨਾ ਆਈਆ । ਉਸ ਹਸ ਕੇ ਕਿਹਾ ਜੇ ਮੇਰਾ ਮਾਲਕ ਮੇਰੇ ਸਰੀਰ ਬੇਨਜ਼ੀਰ ਦੀਨ ਦੁਨੀ ਦਾ ਬਦਲ ਦੇਵੇ ਰਾਜ, ਰਈਅਤ ਹੋ ਕੇ ਆਪਣਾ ਆਪ ਭੇਟ ਕਰਾਈਆ । ਝਟ ਹੁਕਮ ਹੋਇਆ ਈਸਾ ਇਹ ਖੇਲ ਬੋਧ ਅਗਾਧ, ਬੁਧੀ ਤੋਂ ਪਰੇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਝਟ ਈਸਾ ਨੇ ਮੀਟੀਆਂ ਅੱਖਾਂ, ਪੁੱਠੇ ਹੱਥ ਲਏ ਕਰਾਈਆ । ਤੇਰਾ ਰੂਪ ਕਰੋੜ ਕਰੋੜੀ ਲੱਖਾਂ, ਗਣਤੀ ਗਣਤ ਨਾ ਕੋਇ ਗਿਣਾਈਆ । ਜਿਧਰ ਵੇਖਾਂ ਦੀਨ ਦੁਨੀ ਰੂਪ ਕੱਖਾਂ, ਸੜਦੀ ਦਿਸੇ ਲੋਕਾਈਆ । ਕਿਹੜੀ ਕੂਟੇ ਨੱਸਾਂ, ਜਾਵਾਂ ਚਾਈਂ ਚਾਈਂਆ । ਅਗੋਂ ਅਵਾਜ਼ ਆਈ ਜ਼ਰਾ ਨਿਗਾਹ ਮਾਰ ਲੈ ਹੋੜਾ ਉਤੇ ਸੱਸਾ, ਸਤਿਜੁਗ ਦਏ ਵਡਿਆਈਆ । ਜਿਸ ਵੇਲੇ ਕਲਜੁਗ ਰੈਣ ਅੰਧੇਰੀ ਹੋਈ ਮੱਸਾ, ਹੰ ਰੂਪ ਨਾ ਕੋਇ ਦਰਸਾਈਆ । ਸਭ ਦੇ ਗਲ ਵਿਚ ਤੇਰੀ ਫਾਂਸੀ ਦੇ ਥਾਂ ਸ਼ਰਅ ਦਾ ਹੋਣਾ ਰੱਸਾ, ਜ਼ੰਜੀਰ ਬੇਨਜ਼ੀਰ ਸਕੇ ਨਾ ਕੋਇ ਕਟਾਈਆ ।

੩੧੭
੨੪

ਇਹ ਖੇਲ ਅਨੋਖਾ ਦੱਸਾਂ, ਦਹਿ ਦਿਸ਼ਾ ਤੋਂ ਬਾਹਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਈਸਾ ਕਿਹਾ ਮੇਰੀ ਇਕੋ ਇਕ ਖ਼ਾਹਿਸ਼, ਧੁਰ ਦੇ ਮਾਲਕ ਦਿਆਂ ਦ੍ਰਿੜਾਈਆ । ਮੇਰੀ ਇਕੋ ਇਕ ਆਸ, ਸਚ ਦਿਆਂ ਸਮਝਾਈਆ । ਝਟ ਲੰਗੜੇ ਲੂਲ੍ਹੇ ਨੇ ਕਿਹਾ ਮੇਰੀ ਜ਼ਰੂਰ ਲੇਖੇ ਲਾਇਓ ਲਾਸ਼, ਕਿਸੇ ਲਸ਼ਕਰ ਦੀ ਲੋੜ ਰਹੇ ਨਾ ਰਾਈਆ । ਪਰ ਇਕ ਗੱਲ ਮੇਰੇ ਸਾਹਿਬ ਮੈਨੂੰ ਆਪ ਕਰੀਂ ਤਲਾਸ਼, ਤਸਬੀ ਮਾਲਾ ਹੱਥ ਨਾ ਕੋਇ ਰਖਾਈਆ । ਮੇਰੇ ਅੰਤਰ ਦਈਂ ਵਿਸ਼ਵਾਸ਼, ਵਿਸ਼ਿਆਂ ਤੋਂ ਬਾਹਰ ਰਖਾਈਆ । ਝਟ ਈਸਾ ਨੇ ਕਿਹਾ ਸ਼ਾਬਾਸ਼, ਮਿਤਰਾ ਤੇਰੇ ਹੱਥ ਵਡਿਆਈਆ । ਤੈਨੂੰ ਮਾਰ ਨਹੀਂ ਸਕਦਾ ਸ਼ੰਕਰ ਬੈਠਾ ਉਤੇ ਕੈਲਾਸ਼, ਕਲਾਧਾਰੀ ਤੇਰਾ ਹੋਏ ਸਹਾਈਆ । ਮੇਰੀ ਵੀਹਵੀਂ ਸਦੀ ਤੇ ਮੈਂ ਵੀ ਹੋਣਾ ਨਹੀਂ ਨਿਰਾਸ਼, ਮਾਲਕ ਅਗੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਚੁਕਾਈਆ । ਧੁਰ ਹੁਕਮ ਹੋਇਆ ਸੁਣ ਈਸਾ ਮੇਰੇ ਸੁਤ, ਸਚ ਦਿਆਂ ਸੁਣਾਈਆ । ਮੇਰਾ ਨੂਰ ਅਬਿਨਾਸ਼ੀ ਅਚੁਤ, ਆਦਿ ਜੁਗਾਦਿ ਅਗੰਮ ਅਥਾਹੀਆ । ਜਿਸ ਵੇਲੇ ਮੇਰੀ ਮੌਲੀ ਰੁਤ, ਰੁਤੜੀ ਜਗਤ ਭਗਤ ਮਹਿਕਾਈਆ । ਤੂੰ ਵੀ ਪੈਣਾ ਉਠ, ਲੈਣੀ ਸਚ ਅੰਗੜਾਈਆ । ਮੈਂ ਸਾਹਿਬ ਹੋ ਕੇ ਜਾਵਾਂ ਤੁਠ, ਦੇਵਾਂ ਮਾਣ ਵਡਿਆਈਆ । ਜਿਸ ਵੇਲੇ ਆਵਾਂ ਤੇਰੀ ਨਿਗਾਹ ਪਾਰ ਦੀ ਗੁੱਠ, ਤਨ ਵਜੂਦ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ

੩੧੮ ਦੀ ਕਰਨੀ ਕਾਰ ਕਮਾਈਆ । ਈਸਾ ਕਿਹਾ ਉਸ ਵੇਲੇ ਪ੍ਰਭੂ ਤੇਰੀ ਕੀ ਹੋਵੇ ਨਿਸ਼ਾਨੀ, ਭੇਵ ਦੇਣਾ ਖੁਲ੍ਹਾਈਆ । ਹੁਕਮ ਹੋਇਆ ਬਿਨਾ ਜ਼ਬਾਨੀ, ੩੧੮

੨੪ ਧੁਰ ਦਾ ਕਲਮਾ ਦਿਤਾ ਸੁਣਾਈਆ । ਉਠ ਵੇਖ ਖੇਲ ਜਹਾਨੀ, ਦੋ ਜਹਾਨਾਂ ਬਾਹਰ ਦਿਆਂ ਵਖਾਈਆ । ਤੇਰੀ ਮੁਹੱਬਤ ਪਿਛਲੀ ਪੁਰਾਣੀ, ਪ੍ਰੇਮੀਆ ੨੪

ਵੇਖਣੀ ਚਾਈਂ ਚਾਈਂਆ । ਜਾਨਸਨ ਦਾ ਜਾਮਾ ਫੇਰ ਹੋਵੇ ਇਨਸਾਨੀ, ਇਨਸਾਨ ਇਨਸਾਨਾਂ ਵਰਗਾ ਸੋਭਾ ਪਾਈਆ । ਇਹ ਖੇਲ ਬੜਾ ਮਹਾਨੀ, ਮੁਹੱਬਤ ਵਿਚ ਦਿਆਂ ਦ੍ਰਿੜਾਈਆ । ਸਭ ਦਾ ਬਣਕੇ ਬਾਨੀ, ਬਾਣ ਅਣਿਆਲਾ ਤੀਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਈਸਾ ਕਿਹਾ ਮੇਰਾ ਅੰਤ ਦੇਣਾ ਸੁਧਾਰ, ਤੇਰੀ ਇਕ ਸਰਨਾਈਆ । ਕੂਕ ਕੀਤੀ ਪੁਕਾਰ, ਦਰੋਹੀ ਨਾਮ ਖ਼ੁਦਾਈਆ । ਹੁਕਮ ਮਿਲਿਆ ਅਪਾਰ, ਅਪਰੰਪਰ ਦਿਤੀ ਵਡਿਆਈਆ । ਉਸ ਵੇਲੇ ਕਲ ਕਲਕੀ ਹੋਣਾ ਅਵਤਾਰ, ਨੂਰ ਨੁਰਾਨਾ ਡਗਮਗਾਈਆ । ਪੂਰਬ ਲਹਿਣਾ ਦੇਣਾ ਕਰਜ਼ ਦੇਵਾਂ ਉਤਾਰ, ਕੌਲ ਇਕਰਾਰ ਵੇਖ ਵਖਾਈਆ । ਤੇਰੇ ਮਿਤਰ ਨੂੰ ਜਨਮ ਦੂਆ ਕੇ ਵਿਚ ਸੰਸਾਰ, ਨਾਮ ਊਧਮ ਸਿੰਘ ਧਰਾਈਆ । ਕਲਜੁਗ ਨੂੰ ਉਲਟਾਉਣ ਬਦਲੇ ਉਹਦਾ ਲੇਖਾ ਲੱਗੇ ਅਪਾਰ, ਅਪਰੰਪਰ ਸੁਆਮੀ ਰਿਹਾ ਸਮਝਾਈਆ । ਉਹ ਏਸੇ ਤਰਹ ਚਲ ਨਾ ਸਕੇ ਲੱਤਾਂ ਭਾਰ, ਈਸਾ ਤੇਰੀ ਯਾਦ ਫੇਰ ਦਿਆਂ ਰਖਾਈਆ । ਚਾਰੋਂ ਕੁੰਟ ਹੋਵੇ ਹਾਹਾਕਾਰ, ਹਾਹਾਕਾਰ ਕਰੇ ਲੋਕਾਈਆ । ਫੇਰ ਦੇ ਕੇ ਦੋਂਹ ਹੱਥਾਂ ਦਾ ਪਿਆਰ, ਪ੍ਰੇਮੀ ਪਿਆਰਾ ਆਪਣਾ ਲਵਾਂ ਬਣਾਈਆ । ਓਨਾਂ ਚਿਰ ਸੰਮਤ ਸ਼ਹਿਨਸ਼ਾਹੀ ਦਸ ਵਿਚ ਜਾ ਨਾ ਸਕਾਂ ਸਮੁੰਦਰੋਂ ਪਾਰ, ਪੂਰਬ ਲੇਖਾ ਵਾਅਦੇ ਵਾਲਾ ਨਾਲ ਮਿਲਾਈਆ । ਉਹ ਈਸਾ ਅੱਜ ਉਸ ਦਾ ਕਰ ਸ਼ੁਕਰ ਗੁਜ਼ਾਰ, ਜੋ ਭਗਤ ਦੁਆਰ ਬੈਠਾ ਸੋਭਾ ਪਾਈਆ । ਇਹ ਸ਼ਬਦ ਦੀ ਖੇਲ ਜੋ ਜੁਗੋ ਜੁਗ ਪੂਰੀ ਕਰੇ ਤੇ ਵੇਖੇ ਵਾਰੋ ਵਾਰ, ਜੋ ਅਭੁਲ ਹੋ ਕੇ ਭੁਲ ਕਦੇ ਨਾ ਜਾਈਆ । ਹੁਣ ਨਵਾਂ ਜੀਵਨ ਦੇਵੇ ਤੇ

ਨਵਾਂ ਦੇਵੇ ਪਿਆਰ, ਖ਼ੁਸ਼ੀਆਂ ਰੰਗ ਰੰਗਾਈਆ । ਜਿਸ ਦੀ ਵੀਹਵੀਂ ਸਦੀ ਕਰਦੀ ਇੰਤਜ਼ਾਰ, ਬੈਠੀ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਭਗਤਾਂ ਦਾ ਭਗਤੀ ਦਾ ਲੇਖਾ ਭਗਤਨ ਪੂਰਾ ਕੀਤਾ ਉਧਾਰ, ਅਦਲ ਦਾ ਅਦਲ ਇਨਸਾਫ਼ ਸਤਿ ਸਚ ਵਾਲਾ ਕਰਾਈਆ ।

✪ ੨੮ ਫੱਗਣ ਸ਼ਹਿਨਸ਼ਾਹੀ ਸੰਮਤ ਦਸ ਹਰਿ ਭਗਤ ਦੁਆਰ ਦਿਲੀ-੯ ਧੀਰ ਪੁਰ ਹਰਿ ਸੰਗਤ ਨਵਿਤ ਰਾਤ ਸਮੇਂ ✪

ਯਸੂਹ ਕਹੇ ਸ਼ੇਰ ਸਯਦਾ ਬੀਸ ਬੀਸੇ ਵਿਚ ਭਾਰਤ, ਭਗਤ ਦੁਆਰ ਦਿੱਲੀ ਸੀਸ ਨਿਵਾਈਆ । ਜਿਸ ਦਾ ਹੁਕਮ ਫ਼ਰਮਾਨ ਸੰਦੇਸ਼ਾ ਹੋਣਾ ਸਟਾਰਟ, ਸ਼ੁਰੂ ਵਿਚ ਆਪਣਾ ਹੁਕਮ ਕਰਾਈਆ । ਜੋ ਚਾਰ ਜੁਗ ਦੇ ਅਵਤਾਰ ਪੈਗ਼ੰਬਰਾਂ ਗੁਰੂਆਂ ਦਾ ਵੇਖਣਹਾਰਾ ਆਰਟ, ਗ੍ਰੰਥ ਸ਼ਾਸਤਰਾਂ ਫੋਲ ਫੁਲਾਈਆ । ਮਿਹਰਵਾਨ ਮਹਿਬੂਬ ਨਵ ਸੱਤ ਤਕੇ ਅੰਧੇਰਾ ਡਾਰਕ, ਨੂਰ ਮੂਨਲਾਈਟ ਨਜ਼ਰ ਕੋਇ ਨਾ ਆਈਆ । ਮੈਂ ਚਰਨ ਛੂਹਾਂ ਬਿਨ ਤਨ ਵਜੂਦ ਜਿਸ ਵੇਲੇ ਪਹੁੰਚੇ ਵਿਚ ਨਿਊਯਾਰਕ, ਯਕ ਮਾਲਕ ਵੇਖ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਹਜ਼ਰਤ ਈਸਾ ਕਹੇ ਮੈਂ ਕ਼ਦਮਬੋਸੀ ਕਰਾਂ ਫੁਟ ਫ਼ੀਟ, ਸਿਫ਼ਤਾਂ ਦਾ ਮਾਲਕ ਵੇਖ ਖ਼ੁਸ਼ੀ ਮਨਾਈਆ ।

੩੧੯ ਜਿਸ ਮੇਰੀ ਧਾਰ ਦੀ ਵੇਖਣੀ ਸਟਰੀਟ, ਸਟੈਂਡ ਸਿਟ ਨਜ਼ਰ ਕਿਸੇ ਨਾ ਆਈਆ । ਜਿਸ ਦੀ ਸਮਝ ਸਕੇ ਨਾ ਕੋਈ ਬੀਟ, ਬਿਟਵੀਨ ਦਾ ਲੇਖਾ ੩੧੯

੨੪ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ੨੪

ਈਸਾ ਕਹੇ ਮੇਰਾ ਖ਼ੁਸ਼ੀਆਂ ਨਾਲ ਝੁਕੇ ਹੈਡ, ਗਾਡ ਕਹਿ ਕੇ ਸੀਸ ਨਿਵਾਈਆ । ਮੇਰੇ ਅੰਤਰ ਨਿਰੰਤਰ ਪੜਦਾ ਖੋਲ੍ਹੇ ਲਿਡ, ਲੈਂਡ ਦਾ ਮਾਲਕ ਨੂਰ ਅਲਾਹੀਆ । ਸਚ ਸੁਹੰਜਣਾ ਗ੍ਰਹਿ ਵੇਖੇ ਆਪਣਾ ਬੈਡ, ਜ਼ਿਮੀਂ ਅਸਮਾਨ ਵੇਖਣ ਕੋਇ ਨਾ ਪਾਈਆ । ਜਿਸ ਦੇ ਹੁਕਮ ਵਿਚ ਮੇਰੀ ਆਸ਼ਾ ਹੋਣੀ ਡੈਡ, ਡਿਡ ਡੂ ਡਜ਼ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਈਸਾ ਕਹੇ ਮੇਰੀ ਸੁਹੰਜਣੀ ਹੋਵੇ ਲੈਂਡ, ਲੈਂਡਮਾਰਕ ਵੇਖ ਵਖਾਈਆ । ਮੇਰੇ ਬੱਧੇ ਹੋਣ ਹੈਂਡ, ਹਿੰਦ ਦਾ ਮਾਲਕ ਵੇਖਾਂ ਚਾਈਂ ਚਾਈਆ । ਜਿਸ ਦੇ ਹੁਕਮ ਵਿਚ ਵੀਹਵੀਂ ਸਦੀ ਕਰ ਸਟੈਂਡ, ਕ਼ਦਮ ਕ਼ਦਮ ਨਾ ਕੋਇ ਉਠਾਈਆ । ਜਿਸ ਦਾ ਲੇਖਾ ਲਹਿਣਾ ਦੇਣਾ ਹੋਣਾ ਐਂਡ, ਇੰਨਡੈਕਸ ਆਪਣੇ ਵਿਚ ਛੁਪਾਈਆ । ਜੋ ਆਦਿ ਜੁਗਾਦਿ ਨਿਰਗੁਣ ਧਾਰ ਸਭ ਦਾ ਫ਼ਰੈਂਡ, ਪਰਵਰਦਿਗਾਰ ਅਗੰਮ ਅਥਾਹੀਆ । ਸੋ ਧੁਰ ਫ਼ਰਮਾਲ ਹੁਕਮ ਸੰਦੇਸ਼ਾ ਕਰੇ ਸੇਂਡ, ਸੈਂਡ ਸਟਾਰਮਾਂ ਉਸ ਨੂੰ ਪਾਰ ਕਰਾਈਆ । ਜਿਸ ਦੀਨ ਦੁਨੀ ਆਤਮ ਧਾਰ ਕਰਨੀ ਜਾਈਂਡ, ਆਦਿ ਦਾ ਮਾਲਕ ਅੰਤ ਆਪਣਾ ਹੁਕਮ ਵਰਤਾਈਆ । ਜਿਸ ਦਾ ਭੇਵ ਅਭੇਦਾ ਸਦਾ ਸਦਾ ਬੀਹਾਈਂਡ, ਨੇਤਰ ਲੋਚਨ ਨੈਣ ਅੱਖ ਵੇਖਣ ਕੋਇ ਨਾ ਪਾਈਆ । ਜਿਸ ਨੂੰ ਸਮਝ ਸਕੇ ਕੋਈ ਨਾ ਮਾਂਈਡ, ਮਾਂਈਨਸ ਕਰੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਝਟ ਨਾਰਦ ਕਹੇ ਸੁਣ ਹਜ਼ਰਤ ਈਸਾ ਮਸੀਹ, ਕੀ ਮਸਲਾ ਤੇਰੇ ਅਗੇ ਪ੍ਰਭੂ ਰਿਹਾ ਰਖਾਈਆ ।

ਤੂੰ ਇਖ਼ਲਾਕ ਵਿਚ ਕਰ ਤਸ਼ਰੀਹ, ਬੇਨਕ਼ਾਬ ਪਰਦਾ ਦਏ ਉਠਾਈਆ । ਜਿਸ ਦਾ ਲੇਖਾ ਆਦਿ ਜੁਗਾਦਿ ਵਸੀਹ, ਵਸੀਅਤਾਂ ਦਾ ਮਾਲਕ ਸਭ
ਨੂੰ ਗਿਆ ਬਣਾਈਆ । ਕਿਸ ਬਿਧ ਉਸ ਤੇਰੀ ਲੈਂਡ ਉਤੇ ਕਰਨ ਆਉਣਾ ਤਫ਼ਰੀ, ਤਫ਼ਸੀਲ ਨਾਲ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪਰਦਾ ਆਪ ਉਠਾਈਆ । ਹਜ਼ਰਤ ਕਹੇ ਨਾਰਦਾ ਮੇਰੇ ਕੋਲ ਅਗੰਮਾ ਕਾਰਡ, ਜਿਸ
ਦਾ ਅੱਖਰ ਨਜ਼ਰ ਕਿਸੇ ਨਾ ਆਈਆ । ਉਸ ਦੇ ਉਤੇ ਹੁਕਮ ਸੰਦੇਸ਼ਾ ਹਾਰਡ, ਭੈ ਵਿਚ ਦਿਸੇ ਖ਼ਲਕ ਖ਼ੁਦਾਈਆ । ਉਹ ਸਭ ਦਾ ਮਾਲਕ ਖ਼ਾਲਕ
ਲਾਰਡ, ਦੋ ਜਹਾਨਾ ਨਜ਼ਰੀ ਆਈਆ । ਦੀਨ ਦੁਨੀ ਜਿਸ ਦਾ ਇਕੋ ਵਾਰਡ, ਹਿੱਸੇ ਵੰਡ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਨਾਰਦ ਕਹੇ ਈਸਾ ਕੀ ਹੁਕਮ ਸੰਦੇਸਾ ਦੇਵੇ ਮੀਤ, ਮਿਤਰਾ
ਦੇ ਜਣਾਈਆ । ਕੀ ਤੇਰੇ ਵਸਿਆ ਚੀਤ, ਪੜਦਾ ਪੜਦਿਆਂ ਵਿਚੋਂ ਉਠਾਈਆ । ਹਜ਼ਰਤ ਕਹੇ ਜਿਸ ਬਦਲ ਦੇਣੀ ਦੀਨ ਦੁਨੀ ਦੀ ਰੀਤ, ਰੀਤੀਵਾਨ
ਅਗੰਮ ਅਥਾਹੀਆ । ਨਿਰਗੁਣ ਧਾਰ ਦੱਸਣੀ ਆਪਣੀ ਪ੍ਰੀਤ, ਪ੍ਰੀਤਮ ਹੋ ਕੇ ਵੇਖ ਵਖਾਈਆ । ਮੇਰੀ ਸਦੀ ਗਈ ਬੀਤ, ਉਨੀਸਾ ਬੀਸਾ ਆਪਣਾ
ਪੰਧ ਮੁਕਾਈਆ । ਮੈਂ ਗਾਵਾਂ ਉਸੇ ਦੇ ਗੀਤ, ਜੋ ਗਹਿਰ ਗੰਭੀਰ ਨੂਰ ਅਲਾਹੀਆ । ਜਿਸ ਲਹਿਣਾ ਦੇਣਾ ਵੇਖਣਾ ਹਸਤ ਕੀਟ, ਲੱਖ ਚੁਰਾਸੀ
ਫੋਲ ਫੁਲਾਈਆ । ਉਹ ਸਾਹਿਬ ਬੀਠਲੋ ਬੀਠ, ਪਾਰਬ੍ਰਹਮ ਧੁਰਦਰਗਾਹੀਆ । ਜਿਸ ਮਿਠਾ ਕੌੜਾ ਕਰਨਾ ਰੀਠ, ਅੰਮ੍ਰਿਤ ਰਸ ਰਸ ਭਰਾਈਆ ।
੩੨੦ ਉਹ ਪੁਸ਼ਤ ਪਨਾਹ ਹੱਥ ਰਖੇ ਮੇਰੀ ਪੀਠ, ਲੇਖਾ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ੩੨੦
੨੪ ਹਰਿ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਹਜ਼ਰਤ ਉਸ ਦੇ ਕੋਲ ਕੀ ਤਰੀਕਾ, ਜੁਗ ਜੁਗ ਕੀ ਸਮਝਾਈਆ । ਕੀ ਹਕ ਹਕ ੨੪
ਤੌਫ਼ੀਕ਼ਾ, ਤੋਫ਼ੇ ਦੇਵੇ ਨਾਮ ਖ਼ਲਕ ਖ਼ੁਦਾਈਆ । ਕਿਉਂ ਪਿਛਲੀਆਂ ਉਤੇ ਮਾਰੇ ਲੀਕਾਂ, ਲਾਇਨ ਅਗਲੀ ਦਏ ਵਖਾਈਆ । ਹਜ਼ਰਤ ਕਿਹਾ ਮੇਰਾ
ਪੂਰਬ ਲਹਿਣਾ ਜਿਸ ਵਿਚ ਚਰਨ ਛੁਹਾਏ ਵਿਚ ਅਮਰੀਕਾ, ਅਮਰਾਪਦ ਦਾ ਮਾਲਕ ਅਗੰਮ ਅਥਾਹੀਆ । ਉਹ ਲਹਿਣਾ ਦੇਣਾ ਜਾਣੇ ਜੀਵ ਜੀਅ
ਕਾ, ਜਾਗਰਤ ਜੋਤ ਡਗਮਗਾਈਆ । ਜਿਸ ਦੇ ਛਤਰ ਝੁਲੇ ਇਕੋ ਸੀਸਾ, ਸੀਸ ਜਗਦੀਸ਼ ਸੋਭਾ ਪਾਈਆ । ਮੈਂ ਉਸ ਦੀ ਸੁਣਾਂ ਹਕ ਹਦੀਸਾ,
ਜੋ ਪਿਤਾ ਪੂਤ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ ।
ਹਜ਼ਰਤ ਕਰੇ ਮੈਂ ਕੀ ਖੇਲ ਦੱਸਾਂ ਬਹੁਤੀ, ਜਗਤ ਜਹਾਨ ਨਾ ਕੋਇ ਵਡਿਆਈਆ । ਜਿਸ ਦਾ ਇਕੋ ਹੁਕਮ ਧਾਰ ਸਲੋਕੀ, ਸੋਹਲੇ ਢੋਲੇ ਰਾਗ
ਦ੍ਰਿੜਾਈਆ । ਜਿਸ ਦੀਨ ਦੁਨੀ ਉਠਾਉਣੀ ਸੋਤੀ, ਸਵਾਧਾਨ ਧਾਰ ਲੋਕਾਈਆ । ਜਨ ਭਗਤ ਸੁਹੇਲੇ ਬਣਾਏ ਮਾਣਕ ਮੋਤੀ, ਕੀਮਤ ਦੀਨ ਦੁਨੀ
ਨਾ ਕੋਇ ਚੁਕਾਈਆ । ਸੋ ਮਿਹਰਵਾਨ ਮਹਿਬੂਬ ਅਮਰੀਕਾ ਵਿਚ ਪਹਿਨ ਕੇ ਸੱਤ ਰੰਗ ਦੀ ਟੋਪੀ, ਸਤਿ ਦਾ ਸਤਿ ਨਿਸ਼ਾਨ ਵਖਾਈਆ । ਲਹਿਣਾ
ਦੇਣਾ ਜਾਣੇ ਕੋਟਨ ਕੋਟੀ, ਵੇਖਣਹਾਰਾ ਥਾਉਂ ਥਾਈਂਆ । ਜਿਸ ਦੀਨ ਦੁਨੀ ਕਰਾਉਣੀ ਬੋਟੀ ਬੋਟੀ, ਨਵ ਸੱਤ ਸਤ ਕੁਰਲਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਅਗੰਮ ਅਥਾਹੀਆ । ਨਾਰਦ ਕਹੇ ਹਜ਼ਰਤਾ ਤੇਰਾ ਕਿਹੜਾ
ਸੋਹਣਾ ਪਾਰਕ, ਪ੍ਰੇਮ ਨਾਲ ਦੇ ਜਣਾਈਆ । ਕਿਹੜਾ ਤਨ ਵਜੂਦ ਅਗੰਮ ਬਾਰਕ, ਵੇਖੇਂ ਅੱਖ ਉਠਾਈਆ । ਹਜ਼ਰਤ ਕਿਹਾ ਮੇਰੀ ਆਸ਼ਾ ਪੁਰਾਣੀ

ਯੇਰੋਸ਼ਲਮ ਦਾ ਲੇਖਾ ਨੇਤਰ ਨਿਸ਼ਾਨੀ ਨਿਊਯਾਰਕ, ਜੂਹ ਬੇਗਾਨੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਗਲੀ ਅਗੇ ਮੇਰੀ ਵੀਹਵੀਂ ਸਦੀ ਦੀ ਦਿਸੇ ਆਖ਼ਰ ਅੱਖਰਾਂ ਵਾਲੀ ਅਬਾਰਤ, ਇਬਰਤ ਦਾ ਲੇਖਾ ਅੱਬੂ ਆਪਣੇ ਹੱਥ ਰਖਾਈਆ ।

### ✪ ੩੦ ਫੱਗਣ ਸ਼ਹਿਨਸ਼ਾਹੀ ਸੰਮਤ ਦਸ ਸ਼ਾਮ ਪੰਜ ਵਜੇ ਨਿਊਯਾਰਕ ਹਵਾਈ ਅੱਡੇ ਤੇ ਅਮਕੀਰਾ ਵਿਖੇ ✪

ਫਲਗੁਣ ਕਹੇ ਮੇਰਾ ਦਿਵਸ ਦਿਹਾੜਾ ਤੀਸ, ਤੀਸ ਬਤੀਸਾ ਹਰਿ ਜਗਦੀਸਾ ਦਇਆ ਕਮਾਈਆ । ਪੁਰਖ ਅਕਾਲਾ ਦੀਨ ਦਿਆਲਾ ਛਤਰ ਝੁੱਲੇ ਜਿਸ ਦੇ ਅਗੰਮੀ ਸੀਸ, ਬਿਨ ਤਨ ਵਜੂਦ ਮਾਟੀ ਖ਼ਾਕ ਪੰਜ ਤਤ ਸੋਭਾ ਪਾਈਆ । ਆਦਿ ਜੁਗਾਦਿ ਜੁਗ ਚੌਕੜੀ ਨਾਮ ਕਲਮੇ ਸਿਫ਼ਤਾਂ ਵਾਲੀ ਹਦੀਸ, ਅਵਤਾਰ ਪੈਗ਼ੰਬਰ ਗੁਰ ਨਿਰਗੁਣ ਸਰਗੁਣ ਢੋਲੇ ਗਾਈਆ । ਜੋ ਲੇਖਾ ਜਾਣੇ ਬੀਸ ਬੀਸਾ ਹਰਿ ਜਗਦੀਸ, ਜਾਗਰਤ ਜੋਤ ਬਿਨ ਵਰਨ ਗੋਤ ਡਗਮਗਾਈਆ । ਜਿਸ ਆਸ਼ਾ ਪੂਰੀ ਕਰਨੀ ਨਿਰਗੁਣ ਸਰਗੁਣ ਧਾਰ ਹਾਵਗਰੀਵ, ਏਕੰਕਾਰ ਅਕਲ ਕਲਧਾਰੀ ਅਗੰਮ ਅਥਾਹੀਆ । ਜੋ ਕਲਜੁਗ ਵਿਚ ਬਦਲਣਹਾਰਾ ਸਤਿਜੁਗ ਸਾਚੀ ਰੀਤ, ਰੀਤੀਵਾਨ ਸ੍ਰੀ ਭਗਵਾਨ ਨੌਜਵਾਨ ਮਰਦ ਮਰਦਾਨ ਇਕ ਅਖਵਾਈਆ । ਪਰਵਰਦਿਗਾਰ ਸਾਂਝਾ ਯਾਰ ਜਿਸ ਵਿਚ ਹਕ ਤੌਫ਼ੀਕ, ਮਿਹਰਵਾਨ ਮਹਿਬੂਬ ਆਪਣਾ ਹੁਕਮ ਵਰਤਾਈਆ । ਜਿਸ ਦਾ ਵਕਤ ਸੁਹੰਜਣਾ ਧਰਨੀ ਧਰਤ ਧਵਲ ਧੌਲ ਉਤੇ ਦਿਸੇ ਨਜ਼ਦੀਕ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਜਿਸ ਦਾ ਧਿਆਨ ਲਗਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਬਦਲਣਹਾਰ ਤਾਰੀਖ਼, ਤਵਾਰੀਖ਼ਾਂ ਆਪਣੇ ਵਿਚ ਸਮਾਈਆ । ਫਲਗੁਣ ਕਹੇ ਮੈਂ ਅੰਤ ਦਰ ਠਾਂਢੇ ਮੰਗਾਂ ਭੀਖ, ਭਿਖਕ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਫਲਗੁਣ ਕਹੇ ਮੇਰਾ ਤੀਸ ਜਗਤ ਦਿਹਾੜਾ, ਸੰਮਤ ਸ਼ਹਿਨਸ਼ਾਹੀ ਦਸ ਨਾਲ ਵਡਿਆਈਆ । ਪਰਮ ਪੁਰਖ ਪਰਮਾਤਮ ਦੋ ਜਹਾਨ ਤਕਿਆ ਇਕੋ ਅਗੰਮੀ ਲਾੜਾ, ਸਤਿ ਸਰੂਪ ਸ਼ਾਹੋ ਭੂਪ ਬਿਨ ਰੰਗ ਰੂਪ ਨਜ਼ਰੀ ਆਈਆ । ਥਿਰ ਘਰ ਦੁਆਰ ਅਵਤਾਰ ਪੈਗ਼ੰਬਰਾਂ ਗੁਰੂਆਂ ਨਾਲ ਜਿਸ ਦਾ ਲੱਗਾ ਅਖਾੜਾ, ਸਤਿ ਸਤਿਵਾਦੀ ਸ਼ਬਦ ਅਨਾਦੀ ਆਪਣਾ ਹੁਕਮ ਵਰਤਾਈਆ । ਨਵ ਸੱਤ ਕੂੜੀ ਕਿਰਿਆ ਜਗਤ ਵੇਖੇ ਸ੍ਰਿਸ਼ਟੀ ਅਗਨੀ ਲੱਗੀ ਬਹੱਤਰ ਨਾੜਾ, ਤਤਵ ਤਤ ਸ਼ਾਂਤ ਨਾ ਕੋਇ ਕਰਾਈਆ । ਪੰਚ ਵਿਕਾਰ ਵਿਚ ਸੰਸਾਰ ਕੂੜੀ ਕਿਰਿਆ ਰੰਗ ਚਾੜ੍ਹਿਆ ਗਾੜ੍ਹਾ, ਦੁਰਮਤ ਮੈਲ ਸਕੇ ਨਾ ਕੋਇ ਧੁਆਈਆ । ਫਿਰੀ ਦਰੋਹੀ ਜੰਗਲ ਜੂਹ ਉਜਾੜ ਵਿਚ ਪਹਾੜਾ, ਟਿੱਲੇ ਪਰਬਤ ਸਮੁੰਦ ਸਾਗਰ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਫਲਗੁਣ ਕਹੇ ਸੁਣ ਸ਼ਬਦ ਸੰਦੇਸ਼ਾ ਧਵਲ ਧੌਲ ਧਰਤੀ, ਧਰਨੀ ਦਿਆਂ ਜਣਾਈਆ । ਪਰਮ ਪੁਰਖ ਪਰਮਾਤਮ ਆਤਮ ਧਾਰ ਬਣ ਕੇ ਨਿਧ ਪਰਤੀ, ਪ੍ਰੀਤਮ ਆਪਣਾ ਖੇਲ ਖਿਲਾਈਆ । ਜਿਸ ਅਵਤਾਰ ਪੈਗ਼ੰਬਰਾਂ ਗੁਰੂਆਂ ਲਹਿਣਾ ਦੇਣਾ ਪੂਰਾ ਕਰਨਾ ਸ਼ਰਤੀ, ਸ਼ਰੀਅਤ ਦਾ ਲੇਖਾ ਵੇਖੇ ਥਾਉਂ ਥਾਈਂਆ । ਉਹ ਖੇਲ ਕਰੇ ਅਗੰਮੀ ਨਰਾਇਣ ਨਰ ਦੀ, ਨਰ ਹਰਿ

ਆਪਣਾ ਹੁਕਮ ਵਰਤਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਰਹੀ ਮਰਦੀ, ਮਰ ਜੀਵਤ ਆਪਣਾ ਰੂਪ ਬਦਲਾਈਆ । ਉਹ ਅੰਤਮ ਧਾਰ ਤਕੇ ਆਪਣੇ ਘਰ ਦੀ, ਗ੍ਰਿਹ ਮੰਦਰ ਅੰਦਰ ਨਵ ਖੰਡ ਸੱਤ ਦੀਪ ਫੋਲ ਫੁਲਾਈਆ । ਜਿਸ ਦੇ ਨਾਮ ਕਲਮੇ ਢੋਲੇ ਦੀਨ ਦੁਨੀ ਰਹੀ ਰਸਨਾ ਜਿਹਵਾ ਪੜ੍ਹਦੀ, ਸਿਫ਼ਤਾਂ ਵਾਲੀ ਸਿਫ਼ਤ ਸਲਾਹੀਆ । ਉਹ ਖੇਲ ਵੇਖੇ ਸੀਸ ਧੜ ਦੀ, ਦੀਨ ਦੁਨੀ ਪੜਦਾ ਪੜਦਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਮਾਲਕ ਬੇਪਰਵਾਹੀਆ । ਧਰਨੀ ਕਹੇ ਫਲਗੁਣਾ ਮੈਂ ਨਿਗਾਹ ਮਾਰੀ ਬਿਨਾ ਨੈਣ, ਲੋਚਨ ਨਜ਼ਰ ਕੋਇ ਨਾ ਆਈਆ । ਜੋਤ ਧਾਰੀ ਤਕਿਆ ਸਾਕ ਸੱਜਣ ਸੈਣ, ਪੁਰਖ ਅਕਾਲਾ ਦੀਨ ਦਿਆਲਾ ਤਕਿਆ ਧੁਰ ਦਾ ਮਾਹੀਆ । ਚਾਰ ਜੁਗ ਦੇ ਸ਼ਾਸਤਰ ਜਿਸ ਦੀ ਸਿਫ਼ਤ ਕਹਿਣ, ਅੱਖਰ ਅੱਖਰਾਂ ਨਾਲ ਮਿਲਾਈਆ । ਜਿਸ ਦਾ ਇਸ਼ਾਰਾ ਦਿਤਾ ਬਾਲਮੀਕ ਵਿਚ ਰਮਾਇਣ, ਰਾਮ ਰਮਈਆ ਧੁਰ ਦਾ ਮਾਲਕ ਇਕ ਅਖਵਾਈਆ । ਸੋ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸਭ ਦਾ ਬਣ ਸਾਕ ਸੱਜਣ ਸੈਣ, ਸਤਿ ਸੁਆਮੀ ਅੰਤਰਜਾਮੀ ਆਪਣਾ ਖੇਲ ਖਿਲਾਈਆ । ਉਸ ਨੇ ਪੂਰਾ ਕਰਨਾ ਬਾਵਨ ਵਾਲਾ ਲਹਿਣ ਦੇਣ, ਸਤਿਜੁਗ ਸਚ ਸਚ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੈਂ ਤਕਦੀ ਰਹੀ ਮੇਰੇ ਨਿਜ ਨੇਤਰ ਲੋਚਨ ਨੈਣ ਅੱਖ, ਅੱਖਰਾਂ ਤੋਂ ਬਾਹਰ ਦਿਆਂ ਸਮਝਾਈਆ । ਮੇਰਾ ਪਰਵਰਦਿਗਾਰ ਸਾਂਝਾ ਯਾਰ ਨੂਰ ਅਲਾਹ ਦਿਸਿਆ ਪਰਤਖ, ਪਾਰਬ੍ਰਹਮ ਪਤਿਪਰਮੇਸ਼ਵਰ



ਨਜ਼ਰੀ ਆਈਆ । ਮੈਂ ਬੋਲ ਜੈਕਾਰ ਅਲੱਖ, ਅਲਖ ਅਗੋਚਰ ਦਿਤਾ ਸੁਣਾਈਆ । ਮੇਰੇ ਨੌਜਵਾਨਾ ਸ੍ਰੀ ਭਗਵਾਨਾ ਕਿਉਂ ਦੀਨ ਦੁਨੀ ਦੀਨ ਮਜ਼੍ਹਬ ਵਿਚ ਕੀਤੀ ਵਖ ਵਖ, ਵਖਰੀ ਵੰਡ ਵੰਡਾਈਆ । ਸਭ ਦੇ ਕਾਇਆ ਮਾਟੀ ਭਾਂਡੇ ਹੋਏ ਸਖ, ਨਾਮ ਸਚ ਨਜ਼ਰ ਕੋਇ ਨਾ ਆਈਆ । ਤਨ ਵਜੂਦ ਤਕ ਲੈ ਕੰਚਨ ਹੋਏ ਕੱਚ, ਕਾਮ ਕਰੋਧ ਲੋਭ ਮੋਹ ਹੰਕਾਰ ਵਿਕਾਰ ਨਾਲ ਲੜਾਈਆ । ਸਾਹਿਬ ਸਤਿਗੁਰ ਤੇਰਾ ਨਾਮ ਨਿਧਾਨਾ ਲੂੰ ਲੂੰ ਅੰਦਰ ਸਕੇ ਕੋਈ ਨਾ ਰਚ, ਰਚਨਾ ਤੇਰੀ ਵੇਖਣ ਕੋਇ ਨਾ ਪਾਈਆ । ਝਗੜਾ ਪਿਆ ਬੁਧਿ ਮਨ ਮਤਿ, ਮਾਤਰ ਭੂਮੀ ਹੋ ਕੇ ਦਿਆਂ ਦੁਹਾਈਆ । ਮੇਰੀ ਆਸ਼ਾ ਪਿਆਸੀ ਹੋਈ ਮਾਨਸ ਰਤ, ਰੁਤੜੀ ਕਲਜੁਗ ਨਾਲ ਮਹਿਕਾਈਆ । ਪੁਰਖ ਅਕਾਲੇ ਦੀਨ ਦਿਆਲੇ ਸਚ ਵਸਤ ਮੇਰੀ ਝੋਲੀ ਘਤ, ਖ਼ਾਲੀ ਹੱਥ ਦਿਆਂ ਦੁਹਾਈਆ । ਮਿਹਰਵਾਨ ਮਹਿਬੂਬ ਨਿਰਗੁਣ ਧਾਰ ਆਇਉਂ ਵਤ, ਬੇਵਤਨਾਂ ਦੇ ਮਾਲਕ ਮੇਰਾ ਵਤਨ ਦੇ ਸੁਹਾਈਆ । ਸਚ ਦੁਵਾਰਿਉਂ ਨੂਰ ਅਲਾਹ ਜੋੜਾਂ ਹੱਥ, ਸਮਰਥ ਤੇਰੀ ਓਟ ਤਕਾਈਆ । ਬਿਨ ਕ਼ਦਮਾਂ ਤੇਰੇ ਚਰਨ ਜਾਵਾਂ ਢਠ, ਨਿਮਾਣੀ ਹੋ ਕੇ ਸੀਸ ਨਿਵਾਈਆ । ਤੂੰ ਵਸਣਹਾਰਾ ਘਟ ਘਟ, ਲੱਖ ਚੁਰਾਸੀ ਸੋਭਾ ਪਾਈਆ । ਤੇਰੀ ਜੋਤ ਨੂਰ ਜਗੇ ਲਟ ਲਟ, ਦੋ ਜਹਾਨਾਂ ਡਗਮਗਾਈਆ । ਸਤਿ ਦੁਆਰ ਖੋਲ੍ਹ ਦੇ ਹੱਟ, ਹਟਵਾਣੇ ਇਕੋ ਨਾਮ ਵਸਤ ਦੇ ਵਰਤਾਈਆ । ਝਗੜਾ ਰਹੇ ਨਾ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਭੇਵ ਚੁਕਾ ਦੇ ਮੰਦਰ ਮਸਜਿਦ ਸ਼ਿਵਦਵਾਲੇ ਮਠ, ਕਾਇਆ ਕਾਅਬਾ ਇਕ ਸਮਝਾਈਆ । ਸ਼ਬਦ ਅਨਾਦੀ ਮਾਰ ਦੇ ਸੱਟ, ਸੋਈ ਸੁਰਤੀ ਦੀਨ ਦੁਨੀ ਜਗਾਈਆ । ਇਕੋ ਨਾਉਂ ਨਿਰੰਕਾਰ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤੇਰਾ ਲਈਏ ਰਟ, ਰੱਟਾ ਮੁਕੇ ਖ਼ਲਕ ਖ਼ੁਦਾਈਆ । ਮੈਂ ਦਿਵਸ ਰੈਣ ਰਹੀ ਨਠ, ਧਰਨੀ ਕਹੇ ਭੱਜਾਂ ਵਾਹੋ ਦਾਹੀਆ । ਮੇਰੇ ਉਤੇ ਵਿਛੋੜੇ ਵਾਲਾ ਮੇਟ ਦੇ ਫੱਟ, ਪੱਟੀ ਨਾਮ ਵਾਲੀ ਬੰਧਾਈਆ । ਮੈਂ ਸੰਦੇਸ਼ਾ ਦੇਵਾਂ ਝਟ, ਸਹਿਜ ਸਹਿਜ ਨਾਲ ਦ੍ਰਿੜਾਈਆ । ਕਲਜੁਗ

ਅੰਤਮ ਕਰਵਟ ਵਟ, ਪਾਸਾ ਦੀਨ ਦੁਨੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਪੂਰ ਕਰਾਈਆ । ਧਰਨੀ ਕਹੇ ਮੈਨੂੰ ਯਾਦ ਆਉਂਦੀ ਤੇਰੀ ਖ਼ੁਸ਼ੀਆਂ ਵਾਲੀ ਰਾਤ, ਭਿੰਨੜੀ ਰੈਣ ਖ਼ੁਸ਼ੀ ਬਣਾਈਆ । ਮੇਰੀ ਝੋਲੀ ਪਾ ਦੇ ਦਾਤ, ਦਾਤੇ ਦਾਨੀ ਦਇਆ ਕਮਾਈਆ । ਅੰਤ ਕੰਤ ਭਗਵੰਤ ਪੁਛ ਵਾਤ, ਵਾਤਾਵਰਨ ਵੇਖ ਖ਼ਲਕ ਖ਼ੁਦਾਈਆ । ਤੇਰਾ ਲੇਖਾ ਨਵ ਸਾਤ, ਨੌ ਖੰਡ ਪ੍ਰਿਥਮੀ ਤੇਰੀ ਓਟ ਤਕਾਈਆ । ਮੈਨੂੰ ਸਾਰੀ ਸ੍ਰਿਸ਼ਟੀ ਕਹਿੰਦੀ ਮਾਤ, ਨਿਵ ਨਿਵ ਸੀਸ ਝੁਕਾਈਆ । ਅੰਤ ਮੇਰਾ ਵੇਖ ਹਾਲਾਤ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਪਰਮ ਪੁਰਖ ਪਰਮਾਤਮ ਮੇਰਾ ਅੰਤਸ਼ਕਰਨ ਕਰ ਸ਼ਾਂਤ, ਅਗਨੀ ਤਤ ਤਤ ਗਵਾਈਆ । ਦਰਸ਼ਨ ਦੇ ਇਕ ਇਕਾਂਤ, ਏਕੰਕਾਰ ਮੇਰੀ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਫਲਗੁਣ ਕਹੇ ਧਰਨੀਏ ਨਿਗਾਹ ਮਾਰ ਲੈ ਪਲਕ, ਬਿਨ ਲੋਚਨ ਅੱਖ ਖੁਲ੍ਹਾਈਆ । ਨਿਰਗੁਣ ਧਾਰ ਤਕ ਲੈ ਝਲਕ, ਝੱਲੀਏ ਤੈਨੂੰ ਦਿਆਂ ਸਮਝਾਈਆ । ਜੋ ਮਾਲਕ ਦੀਨ ਦੁਨੀ ਸ੍ਰਿਸ਼ਟੀ ਖ਼ਾਲਕ ਖ਼ਲਕ, ਮਖ਼ਲੂਕ ਇਕ ਗੁਸਾਈਆ । ਉਸ ਦਾ ਲਹਿਣਾ ਤਕ ਲੈ ਪਿਛਲਾ ਭਲਕ, ਭੇਵ ਭਾਵ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੇਰੇ ਸਾਹਿਬ ਸੁਲਤਾਨਾ, ਹਰਿ ਸਚ ਤੇਰੀ ਸਰਨਾਈਆ । ਤੂੰ ਮਾਲਕ ਦੋ ਜਹਾਨਾਂ, ਬੇਪਰਵਾਹ ਨੂਰ ਅਲਾਹੀਆ । ਤੇਰਾ ਵੇਖਾਂ ਸਚ ਨਿਸ਼ਾਨਾ, ਨਿਸ਼ਾਨ ਨਿਸ਼ਾਨਿਆਂ ਵਿਚੋਂ ਬਦਲਾਈਆ । ਮੇਰੇ ਆਦਿ ਜੁਗਾਦੀ ਕਾਹਨਾ, ਤੇਰੇ ਹੱਥ ਵਡਿਆਈਆ । ਤੂੰ ਮਹਿਬੂਬ ਮੇਰਾ ਮਿਹਰਵਾਨਾ, ਮੁਹੱਬਤ ਵਿਚ ਸੀਸ ਨਿਵਾਈਆ । ਤੇਰੀ ਅੰਬਰਾਂ ਵਿਚ ਉਡਾਨਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਮੇਰੇ ਰਹੀਮ ਰਹਿਮਾਨਾ, ਰਹਿਮਤ ਤੇਰੀ ਵਿਚ ਸਰਨਾਈਆ । ਮੇਰਾ ਚੁਰਾਸੀ ਵਾਲਾ ਨਿਸ਼ਾਨਾ, ਨਵ ਸੱਤ ਰੰਗ ਰੰਗਾਈਆ । ਮੈਂ ਨਿਗਾਹ ਮਾਰੀ ਵੇਖਾਂ ਨਾਲ ਧਿਆਨਾ, ਧਰਮ ਨਾਲ ਸਮਝਾਈਆ । ਸਮੁੰਦ ਸਾਗਰ ਤੇਰਾ ਖੇਲ ਮਹਾਨਾ, ਮਹਾਸਾਰਥੀ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਪੂਰ ਕਰਾਈਆ । ਧਰਨੀ ਕਹੇ ਮੇਰੀ ਆਸ਼ਾ ਬਹੁ ਪੁਰਾਣੀ, ਜੁਗ ਚੌਕੜੀ ਧਿਆਨ ਲਗਾਈਆ । ਤੂੰ ਮਾਲਕ ਖ਼ਾਲਕ ਦੋ ਜਹਾਨੀ, ਨਿਰਵੈਰ ਨੂਰ ਅਲਾਹੀਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਤੇਰੀ ਕਹਾਣੀ, ਜਗਤ ਵਿਦਿਆ ਅੱਖਰ ਨਾ ਕੋਇ ਚਤੁਰਾਈਆ । ਗੁਰ ਅਵਤਾਰ ਪੈਗ਼ੰਬਰ ਤੇਰੀ ਦੇਂਦੇ ਗਏ ਨਿਸ਼ਾਨੀ, ਨਿਸ਼ਾਨਾ ਦੀਨ ਦੁਨੀ ਦ੍ਰਿੜਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸ਼ਾਹੋ ਭੂਪ ਹੋਏ ਸੁਲਤਾਨੀ, ਸ਼ਹਿਨਸ਼ਾਹ ਇਕ ਅਖਵਾਈਆ । ਮੇਰੀ ਜੂਹ ਨਾ ਕਰੀਂ ਪੁਰਾਨੀ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਗਾਵਾਂ ਗੀਤ, ਤੀਸ ਫੱਗਣ ਨਾਲ ਮਿਲਾਈਆ । ਮੇਰਾ ਪੂਰਬ ਗਿਆ ਬੀਤ, ਅੱਗਾ ਵੇਖਾਂ ਚਾਈਂ ਚਾਈਂਆ । ਤੂੰ ਸਾਹਿਬ ਇਕ ਜਗਦੀਸ਼, ਜਗਦੀਸ਼ਰ ਧੁਰਦਰਗਾਹੀਆ । ਲੇਖਾ ਤਕ ਲੈ ਬੀਸ ਇਕੀਸ, ਇਕੀਸੇ ਤੇਰੇ ਹੱਥ ਵਡਿਆਈਆ । ਤੇਰੀ ਸਚ ਸੁਹੰਜਣੀ ਹੋਵੇ ਹਦੀਸ, ਹਜ਼ਰਤਾਂ ਬਾਹਰ ਪੜ੍ਹਾਈਆ । ਤੇਰੇ ਵਿਚ ਅਗੰਮ ਤੌਫ਼ੀਕ, ਤੋਹਫ਼ੇ ਦੇਵੇ ਖ਼ਲਕ ਖ਼ੁਦਾਈਆ । ਮੇਰੇ ਉਤੋਂ ਮੇਟ ਅੰਧੇਰਾ ਤਾਰੀਕ, ਨਿਰਗੁਣ ਨੂਰ ਜੋਤ

ਕਰ ਰੁਸ਼ਨਾਈਆ । ਉਸ ਵੇਲੇ ਤੇਰਾ ਜ਼ਹੂਰ ਤਕਾਂ ਠੀਕ, ਠਾਕਰ ਤੈਨੂੰ ਸੀਸ ਨਿਵਾਈਆ । ਜੋ ਪੈਗ਼ੰਬਰ ਕਰ ਕੇ ਗਏ ਤਬਲੀਕ, ਅਲਿਫ਼ ਯੇ ਨਾਲ ਸਮਝਾਈਆ । ਤੂੰ ਸਭ ਦਾ ਬਣਨਾ ਰਫ਼ੀਕ, ਫ਼ਰੀਕ ਨਜ਼ਰ ਕੋਇ ਨਾ ਆਈਆ । ਮੈਂ ਵੇਖਾਂ ਤੇਰੀ ਅਸਲੀਅਤ ਵਲਦੀਤ, ਵਲਦੀਅਤ ਦੇਣੀ ਸਮਝਾਈਆ । ਸਚ ਚਰਨ ਬਖ਼ਸ਼ਣੀ ਪ੍ਰੀਤ, ਪ੍ਰੀਤਮ ਮੇਰੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਮੇਰੀ ਨਮੋ ਨਮੋ ਸਲਾਮ, ਸਜਦਿਆਂ ਵਿਚ ਸੀਸ ਝੁਕਾਈਆ । ਮੇਰੇ ਨੂਰ ਅਲਾਹੀ ਅਮਾਮ, ਅਮਲਾਂ ਤੋਂ ਰਹਿਤ ਤੇਰੀ ਵਡਿਆਈਆ । ਤੇਰੀ ਸੁਣ ਅਗੰਮੀ ਕਲਾਮ, ਕਾਇਨਾਤ ਦੇਣੀ ਦ੍ਰਿੜਾਈਆ । ਮੈਨੂੰ ਯਾਦ ਆਉਂਦੀ ਜਿਸ ਵੇਲੇ ਮੇਰੇ ਉਤੇ ਨਿਗਾਹ ਮਾਰੀ ਨਾ ਸੁਬਾ ਨਾ ਸ਼ਾਮ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਤੀਸ ਫੱਗਣ ਦੀ ਹੋਈ ਅਲਲ ਸੁਬਹ, ਸੁਬਾਨ ਅੱਲਾ ਕਹਿ ਕੇ ਕ਼ਦਮ ਬੋਸੀ ਵਿਚ ਸੀਸ ਨਿਵਾਈਆ । ਬਿਨਾ ਰਸਨਾ ਤੋਂ ਕਿਹਾ ਬਿਸਮਿਲਾ, ਬਿਸਮਿਲ ਦੇ ਮਾਲਕ ਤੇਰੀ ਵਡ ਵਡਿਆਈਆ । ਤੂੰ ਨੂਰ ਅਲਾਹ ਯਕ ਸੱਜ ਜੁਫ਼ਤੇ ਜ਼ਵੀ ਸ਼ਮਅ ਉਲ ਜ਼ਵੀ ਤਾਨਿਖ਼ਤੇ ਜ਼ਵਿਦ ਅਰਬੇ ਸ਼ਵਿਦ ਮੁਹੰਮਦੇ ਰੋਜ਼ੂ ਨੂਰੇ ਨਵਿਸ ਸ਼ਾਹੋ ਸ਼ਵਿਜ਼ ਮੁਖ਼ਤੁਲ ਜ਼ਵੀ ਜ਼ੁਵਮੰਬਾ ਜ਼ਵੀ ਜ਼ੋਨੂੰ ਜ਼ਵਿਖ ਅਰਸ਼ੇ ਕਵਿਸ਼ ਜ਼ਮੀਉਲ ਜ਼ੁਮਾ ਮੇਰੇ ਰਹਿਨੁਮਾ ਨੂਰੇ ਨੂਰ ਨੂਰ ਨੂਰ ਅਲਾਹੀਆ । ਧਰਨੀ ਕਹੇ ਮੇਰੇ ਛਖ਼ਮਾਏ ਬਾਏ ਜ਼ਵਿਦ ਚੌਦਾਂ ਤਬਕੇ ਨਵਿਦ ਸੋਹੰ ਬੀਜ਼ਾ
੩੨੪ ੨੪ ਨਿਲਦੀ ਜ਼ੋਕੱਸ਼ਮ ਸ਼ਬੇ ਰੋਜ਼ ਜ਼ਵੀਅਤ ਜ਼ਵਾ ਮੇਰੇ ਖ਼ੁਦਾ ਮੁਹੰਮਦੇ ਦੁਆ ਰਹਿਮਤੇ ਰਹਿਨੁਮਾ ਰਹਿਬਰ ਧੁਰਦਰਗਾਹੀਆ । ਧਰਨੀ ਕਹੇ ਮੇਰੀ ਮਿੱਟੀ ਖ਼ਾਕ, ੩੨੪ ੨੪
ਕ਼ਦਮ ਬੋਸੀ ਵਿਚ ਧਿਆਨ ਲਗਾਈਆ । ਨਿਗਹਬਾਨ ਮੈਨੂੰ ਕਰਨਾ ਪਾਕ, ਪਤਤ ਪੁਨੀਤ ਬਣਾਈਆ । ਸਦੀ ਚੌਧਵੀਂ ਚੌਦਾਂ ਤਬਕਾਂ ਖੋਲ੍ਹਦੇ ਤਾਕ, ਪੜਦਾ ਰਹਿਣ ਕੋਇ ਨਾ ਪਾਈਆ । ਅਵਤਾਰਾਂ ਪੈਗ਼ੰਬਰਾਂ ਪੂਰਾ ਕਰ ਦੇ ਵਾਕ, ਵਾਕਿਆਤ ਵੇਖ ਖ਼ਲਕ ਖ਼ੁਦਾਈਆ । ਜੋ ਹਜ਼ਰਤ ਈਸਾ ਤੇਰੇ ਨਾਲ ਕੀਤੀ ਟਾਕ, ਬਿਨ ਟੰਗ ਜਿਹਵਾ ਜ਼ਬਾਨ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪੜਦਾ ਦੇ ਚੁਕਾਈਆ । ਧਰਨੀ ਕਹੇ ਮੈਂ ਤੇਰਾ ਨਿਰਗੁਣ ਨੂਰ ਤਕਿਆ ਅਗੰਮੀ ਜੋਤੀ, ਜੋਤੀ ਜਾਤੇ ਨਜ਼ਰੀ ਆਈਆ । ਮੇਰੀ ਆਸ਼ਾ ਉਠੀ ਸੋਤੀ, ਸੁਤੀ ਲਈ ਅੰਗੜਾਈਆ । ਮੇਰੀ ਮੰਜ਼ਲ ਵੇਖੀ ਚੜ੍ਹ ਕੇ ਚੋਟੀ, ਦੋ ਜਹਾਨਾਂ ਪੰਧ ਮੁਕਾਈਆ । ਮੈਨੂੰ ਨਜ਼ਰ ਆਈ ਸੱਤ ਰੰਗ ਦੀ ਟੋਪੀ, ਟੋਪਾਂ ਵਾਲਿਆਂ ਕਰਨੀ ਸਫ਼ਾਈਆ । ਨਾਲ ਮੁਹੰਮਦ ਦੀ ਵੇਖਣੀ ਲੋਟੀ, ਪੜਦਾ ਉਹਲਾ ਦੇਣਾ ਚੁਕਾਈਆ । ਤੈਨੂੰ ਖੋਜਦੇ ਕੋਟਨ ਕੋਟੀ, ਅਣਗਿਣਤ ਬੈਠੇ ਧਿਆਨ ਲਗਾਈਆ । ਬਿਨ ਤੇਰੀ ਕਿਰਪਾ ਧਰਨੀ ਕਹੇ ਮੇਰੀ ਮੈਲ ਨਾ ਜਾਏ ਧੋਤੀ, ਦੁਰਮਤ ਦੂਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਧਰਨੀ ਕਹੇ ਮੈਂ ਟੋਪੀ ਦੇ ਤਕੇ ਰੰਗ ਸੱਤ, ਸਤਿ ਸਤਿਵਾਦੀ ਧਿਆਨ ਲਗਾਈਆ । ਮੇਰੀ ਕ਼ਾਇਮ ਰਹੀ ਨਾ ਮਤਿ, ਬੁੱਧਹੀਨ ਹੋ ਕੇ ਦਿਆਂ ਦੁਹਾਈਆ । ਚਾਰੋਂ ਕੁੰਟ ਰਿਹਾ ਨਾ ਧੀਰਜ ਯਤ, ਸਚ ਵਿਚ ਨਾ ਕੋਇ ਸਮਾਈਆ । ਆਤਮ ਪਰਮਾਤਮ ਜੁੜਿਆ ਕਿਸੇ ਨਾ ਨਤ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਕਰਾਈਆ । ਨੌ ਖੰਡ ਪ੍ਰਿਥਮੀ ਉਬਲੇ ਰਤ, ਰਤਨ ਅਮੋਲਕ ਹੀਰਾ ਗੁਰਮੁਖ ਹਰਿਜਨ ਸੋਭਾ ਕੋਇ ਨਾ ਪਾਈਆ । ਤੇਰੇ ਲੱਭਾ ਕੋਇ ਨਾ ਸਥ, ਸਥਰ ਯਾਰੜੇ

੩੨੫
੨੪

ਸੇਜ ਨਾ ਕੋਇ ਹੰਢਾਈਆ । ਮੈਂ ਨੇਤਰ ਰੋਵਾਂ ਬਿਨ ਅੱਖੀਆਂ ਅੱਖ, ਹੰਝੂਆਂ ਹਾਰ ਬਣਾਈਆ । ਤੂੰ ਪਰਮ ਪੁਰਖ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਤੇਰੇ ਚਰਨ ਕਵਲ ਧਵਲ ਕਹੇ ਮੈਂ ਜਾਣਾ ਢਠ, ਨਿਵ ਨਿਵ ਲਾਗਾਂ ਪਾਈਆ । ਮੇਰੇ ਉਤੇ ਆਪਣੇ ਹੁਕਮ ਦੀ ਗੇੜ ਦੇ ਲਠ, ਦੋ ਜਹਾਨਾਂ ਦੇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸੱਤ ਰੰਗ ਕਹਿਣ ਧਰਨੀਏ ਅਸੀਂ ਦੱਸੀਏ ਹਾਲਤ, ਭੇਵ ਅਭੇਦ ਖੁਲ੍ਹਾਈਆ । ਤੇਰੇ ਉਤੇ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਜਹਾਲਤ, ਦੁਰਮਤ ਮੈਲ ਨਾ ਕੋਇ ਧਵਾਈਆ । ਉਠ ਖੇਲ ਤਕ ਖ਼ਲਕ ਦੇ ਖ਼ਾਲਕ, ਕਰਨੀ ਦਾ ਕਰਤਾ ਕੀ ਆਪਣਾ ਹੁਕਮ ਵਰਤਾਈਆ । ਕਿਸ ਬਿਧ ਧੁਰ ਸ਼ਬਦ ਦੀ ਕਰੇ ਅਦਾਲਤ, ਇਨਸਾਫ਼ ਆਪਣਾ ਦਏ ਦ੍ਰਿੜਾਈਆ । ਜਿਸ ਵਿਚ ਵੁਕਲਾ ਕਰੇ ਨਾ ਕੋਇ ਵਕਾਲਤ, ਅਕਲ ਬੁੱਧੀ ਨਾ ਕੋਇ ਚਤੁਰਾਈਆ । ਸੋ ਤੇਰਾ ਲਹਿਣਾ ਦੇਣਾ ਵੇਖੇ ਸਹੀ ਸਲਾਮਤ, ਜਿਸ ਨੂੰ ਕਹਿੰਦੇ ਨੂਰ ਅਲਾਹੀਆ । ਆਪਣਾ ਪੂਰਬ ਲੇਖਾ ਤਕ ਲੈ ਬਾਵਨ ਵਾਲੀ ਅਮਾਨਤ, ਰਾਜਾ ਬਲ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਗੁਸਾਈਂਆ । ਟੋਪੀ ਕਹੇ ਮੇਰਾ ਸੱਤ ਰੰਗ ਆਦਿ ਜੁਗਾਦਿ ਨੂਰ, ਨੂਰ ਨੁਰਾਨੇ ਦਿਤੀ ਵਡਿਆਈਆ । ਮੇਰਾ ਮਾਲਕ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਈਂਆ । ਜੋ ਦੋ ਜਹਾਨਾਂ ਹਾਜ਼ਰ ਹਜ਼ੂਰ, ਹਜ਼ਰਤਾਂ ਦਾ ਮਾਲਕ ਇਕ ਅਖਵਾਈਆ । ਜੁਗ ਬਦਲਣਾ ਜਿਸ ਦਾ ਦਸਤੂਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾਈਆ । ਤੇਰੀ ਆਸ਼ਾ ਮਨਸਾ ਪੂਰੀ ਕਰੇ ਜ਼ਰੂਰ, ਜ਼ਰੂਰਤ ਸਭ ਦੀ ਵੇਖੇ ਥਾਈਂ ਥਾਈਂਆ । ਜੋ ਮੂਸਾ ਇਸ਼ਾਰਾ ਦਿਤਾ ਉਤੇ ਕੋਹਤੂਰ, ਤੁਰੀਆ ਪਰੇ ਦ੍ਰਿੜਾਈਆ । ਜਿਸ ਕਾਰਨ ਈਸਾ ਕੀਤਾ ਮਸ਼ਹੂਰ, ਮਸੀਹ ਮਸਲਾ ਇਕ ਪੜ੍ਹਾਈਆ । ਜੋ ਮੁਹੰਮਦ ਜ਼ਗਮੰਮ ਜ਼ਮਦ ਨਵੀਉਲ ਜ਼ਮੁਕ ਜ਼ਵੀ ਤੋਸ਼ੇਉਲ ਵਜ਼ੀ ਮੰਮਬਾਏ ਨਵਲ ਜੋਖ਼ੂ ਮੰਮਬਾਏ ਚਾਵਵਲ ਜ਼ਵਦੀ ਜ਼ੁੰਬਾ ਜ਼ੁੰਬਾ ਨੂਰੇ ਅਸ਼ਦ ਸ਼ਮਅ ਉਲ ਜ਼ਮਾਂ ਮੇਰਾ ਮਿਹਰਵਾਂ ਮਹਿਬੂਬ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਆਸਣ ਤੇਰੇ ਚਰਨ ਟਿਕਾਈਆ । ਸੱਤ ਰੰਗ ਕਹਿਣ ਧਰਨੀ ਜਿਸ ਵੇਲੇ ਤੇਰਾ ਦੁਆਰਾ ਤਕਿਆ ਨਿਊਯਾਰਕ, ਯਕੇ ਬਾਦ ਦੀਗਰੇ ਧਿਆਨ ਲਗਾਈਆ । ਜ਼ਰਾ ਹਜ਼ਰਤ ਮਸੀਹ ਕਰਦਾ ਮਾਰਚ, ਹੈਂਡ ਦੋਵੇਂ ਰਿਹਾ ਵਖਾਈਆ । ਜਿਸ ਦੇ ਕੋਲੋਂ ਖ਼ੁਦਾ ਨੇ ਖ਼ੁਦ ਲੈਣਾ ਚਾਰਜ, ਜਾਰਜ ਖ਼ੁਦ ਬੈਠਾ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਉਸ ਦਾ ਲਹਿਣਾ ਦੇਣਾ ਨਾਲ ਭਾਰਤ, ਭਾਵਨਾ ਪੂਰਨ ਦਿਆਂ ਸਮਝਾਈਆ । ਨਿਊਯਾਰਕ ਕਹੇ ਮੇਰੀ ਧਰਤੀ ਦੱਸੇ ਯਾਦ ਪੁਰਾਣੀ, ਪੁਰਾਨ ਅਠਾਰਾਂ ਧਿਆਨ ਲਗਾਈਆ । ਜਿਸ ਦੀ ਚਾਰ ਲੱਖ ਸਤਾਰਾਂ ਹਜ਼ਾਰ ਸਲੋਕ ਕਹੇ ਕਹਾਣੀ, ਨੌਂ ਹਜ਼ਾਰ ਸਲੋਕ ਭਵਿਖਤ ਪੁਰਾਨ ਰਿਹਾ ਦ੍ਰਿੜਾਈਆ । ਲੇਖ ਲਿਖਿਆ ਵੇਦ ਵਿਆਸ ਆਪਣੀ ਕ਼ਲਮ ਕਾਨੀ, ਕਾਇਨਾਤ ਭੇਵ ਚੁਕਾਈਆ । ਜਿਸ ਵੇਲੇ ਮੰਜ਼ਲ ਰਹੀ ਨਾ ਕੋਇ ਰੁਹਾਨੀ, ਰੂਹ ਬੁਤ ਰੋਵਣ ਮਾਰਨ ਧਾਹੀਆ । ਈਸਾ ਕਿਹਾ ਮੇਰਾ ਬਾਪ ਆਵੇ ਅਸਮਾਨੀ, ਇਸਮ ਆਜ਼ਮ ਇਕ ਅਖਵਾਈਆ । ਮੁਹੰਮਦ ਸੁਣ ਕੇ ਹਕ ਪੈਗ਼ਾਮੀ, ਕੂਕ ਕੂਕ ਦਿਤਾ ਜਣਾਈਆ । ਜੋ ਮਾਲਕ ਆਲਮੇ ਜਾਬਦਾਨੀ, ਦੋ ਜਹਾਨਾਂ ਫੋਲ ਫੁਲਾਈਆ । ਜਿਸ ਦੀ ਨਿਰਗੁਣ ਨਾਨਕ ਦਿਤੀ ਸਚ ਨਿਸ਼ਾਨੀ, ਜੋਤੀ ਜਾਤਾ ਡਗਮਗਾਈਆ । ਗੋਬਿੰਦ ਕਿਹਾ ਉਹ ਸ਼ਾਹੋ ਭੂਪ ਸੁਲਤਾਨੀ, ਸ਼ਹਿਨਸ਼ਾਹ ਇਕ ਅਖਵਾਈਆ । ਜੋ

ਝਗੜਾ ਮੇਟੇ ਜ਼ਿਮੀਂ ਅਸਮਾਨੀ, ਅਰਸ਼ ਫ਼ਰਸ਼ ਫ਼ਲਕ ਪੰਧ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਧਰਨੀ ਕਹੇ ਮੇਰਾ ਨਿਊਯਾਰਕ ਵਾਲਾ ਪਿਛਲਾ ਟਿਕਾਣਾ, ਬਿਨਾ ਟਕਿਆਂ ਤੋਂ ਦਿਆਂ ਜਣਾਈਆ । ਸੁਕੰਦ ਪੁਰਾਣ ਵਿਚ ਲਿਖਿਆ ਲੇਖ ਮਹਾਨਾ, ਨੌਂ ਸੌ ਨੜਿਨਵੇ ਸਲੋਕ ਦੀ ਧਾਰ ਦਏ ਗਵਾਹੀਆ । ਕਲਜੁਗ ਅੰਤ ਸਦੀ ਚੌਧਵੀਂ ਵੀਹਵੀਂ ਖੇਲ ਹੋਏ ਮਹਾਨਾ, ਮਹਿੰਮਾ ਗਣਤ ਨਾ ਕੋਇ ਗਿਣਾਈਆ । ਜੋਤੀ ਜਾਤਾ ਪੁਰਖ ਬਿਧਾਤਾ ਪਹਿਰੇ ਬਾਣਾ, ਨੂਰ ਨੁਰਾਨਾ ਡਗਮਗਾਈਆ । ਜੋ ਅਵਤਾਰ ਪੈਗ਼ੰਬਰਾਂ ਗੁਰੂਆਂ ਲੇਖਾ ਪੂਰਾ ਕਰੇ ਵਿਚ ਜਹਾਨਾ, ਧਰਨੀ ਧਰਤ ਧਵਲ ਧੌਲ ਖੋਜ ਖੁਜਾਈਆ । ਸੰਮਤ ਸ਼ਹਿਨਸ਼ਾਹੀ ਦਸ ਅੰਤਮ ਉਸ ਦਾ ਖ਼ੁਸ਼ੀਆਂ ਵਾਲਾ ਹੋਣਾ ਨਜ਼ਰਾਨਾ, ਨਜ਼ਰ ਬੇਨਜ਼ੀਰ ਲਏ ਬਦਲਾਈਆ । ਜਿਸ ਤਨ ਵਜੂਦ ਸ਼ਬਦੀ ਧਾਰ ਮੇਲ ਮੇਲ ਕੇ ਆਤਮ ਪਰਮਾਤਮ ਖੇਲ ਖਿਲਾਨਾ, ਸਤਿ ਸਚ ਦਾ ਚਰਨ ਟਿਕਾ ਕੇ ਚਰਨੋਦਕ ਧਰਨੀ ਧਰਤ ਧਵਲ ਤੇਰੀ ਧਾਰ ਰਖਾਈਆ । ਬਾਵਨ ਜਿਸ ਦਾ ਦੇ ਕੇ ਗਿਆ ਬਿਆਨਾ, ਬਲ ਰਾਜੇ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਧਰਨੀ ਕਹੇ ਚਰਨ ਛੋਹਿਆ ਮੇਰੀ ਉਤੇ ਛਾਤੀ, ਛਤਰਧਾਰੀਆਂ ਦਿਆਂ ਜਣਾਈਆ । ਵੇਖੋ ਜਗਤ ਅੰਧੇਰਾ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਧਰਮ ਦੀ ਦਿਸੇ ਨਾ ਕੋਇ ਪਰਭਾਤੀ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਹਕੀਕੀ ਮੰਜ਼ਲ ਪੰਧ ਮੁਕੇ ਕਿਸੇ ਨਾ ਵਾਟੀ, ਦਰਗਾਹ ਸਚ ਨਾ ਕੋਇ ਸੁਹਾਈਆ । ਕਲਜੁਗ ਖੇਲ ਬਾਜ਼ੀਗਰ ਨਾਟੀ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਭਾਗ ਲਗੇ ਨਾ ਕਾਇਆ ਮਾਟੀ, ਸਾਢੇ ਤਿੰਨ ਹੱਥ ਨਾ ਕੋਇ ਵਡਿਆਈਆ । ਆਤਮ ਸੇਜਾ ਸੋਏ ਕੋਇ ਨਾ ਖਾਟੀ, ਆਸਣ ਸਿੰਘਾਸਣ ਨਾ ਕੋਇ ਚਤੁਰਾਈਆ । ਝਗੜਾ ਮੁਕੇ ਨਾ ਜ਼ਾਤ ਪਾਤੀ, ਦੀਨ ਮਜ਼੍ਹਬ ਨਾ ਸੰਗ ਨਿਭਾਈਆ । ਕੀ ਖੇਲ ਕਰੇ ਕਮਲਾਪਾਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਅੰਤਮ ਮੇਰੀ ਪੁਛਣੀ ਵਾਤੀ, ਜੋ ਜੁਗ ਜੁਗ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਮੇਰੀ ਇਕੋ ਇਕ ਅਵਾਜ਼, ਬਿਨ ਰਸਨਾ ਦਿਆਂ ਜਣਾਈਆ । ਨਿਊਯਾਰਕ ਦਾ ਖੋਲ੍ਹ ਦੇਵਾਂ ਰਾਜ਼, ਪੜਦਾ ਪੜਦਿਆਂ ਵਿਚੋਂ ਉਠਾਈਆ । ਕੀ ਹੁਕਮ ਵਰਤੇ ਪਰਮ ਪੁਰਖ ਮਹਾਰਾਜ, ਹਰਿ ਕਰਤਾ ਕੀ ਵਰਤਾਈਆ । ਸ਼ਾਹੋ ਭੂਪ ਸੁਲਤਾਨ ਕਾਇਮ ਰਹੇ ਕੋਈ ਨਾ ਰਾਜ, ਰਈਅਤ ਰੋਵੇ ਮਾਰੇ ਧਾਹੀਆ । ਚੌਥੇ ਸਾਲ ਨੂੰ ਚਾਰੋਂ ਕੁੰਟ ਪੈਣੀ ਭਾਜ, ਸਾਰੇ ਭੱਜਣੇ ਵਾਹੋ ਦਾਹੀਆ । ਮੈਨੂੰ ਚੇਤਾ ਆ ਗਿਆ ਜਿਸ ਵੇਲੇ ਗੋਬਿੰਦ ਨੇ ਪਹਿਲੇ ਦਿਨ ਉਡਾਇਆ ਬਾਜ਼, ਬਾਜ਼ਾਂ ਵਾਲਾ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧੁਰ ਖੇਲ ਆਪ ਖਿਲਾਵੇਗਾ । ਸੋ ਪੁਰਖ ਨਿਰੰਜਣ ਦਇਆ ਕਮਾਵੇਗਾ । ਹਰਿ ਪੁਰਖ ਨਿਰੰਜਣ ਪੜਦਾ ਲਾਹਵੇਗਾ । ਏਕੰਕਾਰਾ ਵੇਖ ਵਖਾਵੇਗਾ । ਆਦਿ ਨਿਰੰਜਣ ਡਗਮਗਾਵੇਗਾ । ਅਬਿਨਾਸ਼ੀ ਕਰਤਾ ਰੰਗ ਚੜ੍ਹਾਵੇਗਾ । ਸ੍ਰੀ ਭਗਵਾਨ ਸੋਭਾ ਪਾਵੇਗਾ । ਪਾਰਬ੍ਰਹਮ ਬ੍ਰਹਮ ਵੇਸ ਵਟਾਵੇਗਾ । ਜੋਤੀ ਜਾਤਾ ਡਗਮਗਾਵੇਗਾ । ਸਤਿਗੁਰ ਸ਼ਬਦ ਸ਼ਬਦ ਪਰਗਟਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਸ਼ਿਵ ਉਠਾਵੇਗਾ । ਧੁਰ ਸੰਦੇਸ਼ਾ ਬਿਨ ਸੰਧਿਉਂ ਸਰਘੀ ਆਪ ਸਮਝਾਵੇਗਾ । ਨਰ ਨਰੇਸ਼ਾ ਹੁਕਮ ਵਰਤਾਵੇਗਾ । ਅਵਤਾਰ ਪੈਗ਼ੰਬਰ ਗੁਰੂ ਜੋ ਜੋਤੀ ਧਾਰ ਰਹੇ ਹਮੇਸ਼ਾ, ਹਮ

ਸਾਜਣ ਨਾਲ ਮਿਲਾਵੇਗਾ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਸੰਦੇਸ਼ਾ ਦੇਵੇ ਦੇਸ਼ ਪ੍ਰਦੇਸ਼ਾ, ਦੋ ਜਹਾਨਾਂ ਆਪ ਜਣਾਵੇਗਾ । ਜੁਗ ਬਦਲਣਾ ਜਿਸ ਦਾ ਆਦਿ ਜੁਗਾਦੀ ਪੇਸ਼ਾ, ਪੇਸ਼ੀਨਗੋਈਆਂ ਸਭ ਦੀਆਂ ਵੇਖ ਵਖਾਵੇਗਾ । ਜਿਸ ਕਲਜੁਗ ਕੂੜੀ ਕਿਰਿਆ ਮੇਟਣਾ ਕਲੇਸ਼ਾ, ਕਲ ਕਲਕੀ ਨਾਉਂ ਪਰਗਟਾਵੇਗਾ । ਜਿਸ ਦਾ ਲਹਿਣਾ ਦੇਣਾ ਨਾਲ ਬਦੇਸ਼ਾ, ਸੱਤਾਂ ਦੀਪਾਂ ਸੋਭਾ ਪਾਵੇਗਾ । ਜਿਸ ਪੜਦਾ ਲਾਹੁਣਾ ਮੁਲਾਂ ਸ਼ੇਖ਼ਾਂ, ਭੇਵ ਅਭੇਦਾ ਆਪ ਖੁਲ੍ਹਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਵੇਗਾ । ਸਚ ਕਰਨੀ ਕਾਰ ਕਮਾਏਗਾ । ਦੀਨ ਦਿਆਲ ਦਇਆ ਕਮਾਏਗਾ । ਬਾਵਨ ਆਸ਼ਾ ਵੇਖ ਵਖਾਏਗਾ । ਰਾਮ ਰਾਮਾ ਆਪ ਸਮਝਾਏਗਾ । ਕ੍ਰਿਸ਼ਨ ਕਾਹਨਾ ਵੰਡ ਵੰਡਾਏਗਾ । ਪੈਗ਼ੰਬਰਾਂ ਸਾਚਾ ਸੰਗ ਨਿਭਾਏਗਾ । ਨਾਨਕ ਗੋਬਿੰਦ ਅੰਗ ਲਗਾਏਗਾ । ਸਤਿਗੁਰ ਸ਼ਬਦ ਡੰਕ ਵਜਾਏਗਾ । ਰਾਓ ਰੰਕ ਆਪ ਉਠਾਏਗਾ । ਸਚ ਦੁਆਰ ਬੰਕ ਸੋਭਾ ਪਾਏਗਾ । ਦੀਨ ਦੁਨੀ ਫੇਰ ਮਨ ਕਾ ਮਨਕ, ਮਨਸਾ ਕੂੜ ਵੇਖ ਵਖਾਏਗਾ । ਜੋ ਆਸ਼ਾ ਰਖੀ ਭਗਤ ਜਨਕ, ਜਨਕ ਇਸ਼ਾਰਾ ਨਿਊਯਾਰਕ ਇਕ ਦਰਸਾਏਗਾ । ਜੋ ਲੇਖ ਲਿਖਿਆ ਬ੍ਰਹਮੇ ਸੁਤ ਸਨਕ, ਸੰਤ ਕੁਮਾਰ ਵੇਖ ਵਖਾਏਗਾ । ਜੋ ਬਰਾਹ ਵਜਾਇਆ ਡੰਕ, ਦੋ ਜਹਾਨਾਂ ਆਪ ਸੁਣਾਏਗਾ । ਯਗਅ ਪੁਰਸ਼ ਮੇਟ ਕੇ ਸ਼ੰਕ, ਹਾਵਗਰੀਵ ਵੰਡ ਨਾ ਕੋਇ ਵੰਡਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਏਗਾ । ਧਰਨੀ ਕਹੇ ਮੇਰਾ ਪੁਰਾਤਨ ਲੇਖਾ

੩੨੭ ਅਮਰੀਕਾ, ਅਮਰ ਨਾਉਂ ਧਰਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਸਮਝਾਇਆ ਇਕ ਤਰੀਕਾ, ਜਿਸ ਦੀ ਸਮਝ ਅਕਲ ਬੁੱਧੀ ਜਗਤ ਕੋਇ ਨਾ ੩੨੭

੨੪ ਪਾਈਆ । ਪ੍ਰਭ ਦਾ ਖੇਲ ਨੀਕਨ ਨੀਕਾ, ਨੇਤਰ ਲੋਚਨ ਅੱਖ ਨਜ਼ਰ ਕਿਸੇ ਨਾ ਆਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਲੱਖ ਚੁਰਾਸੀ ਜੀਵ ੨੪

ਜੀ ਕਾ, ਜਾਗਰਤ ਜੋਤ ਡਗਮਗਾਈਆ । ਕਲਜੁਗ ਅੰਤਮ ਵੇਖ ਫਲ ਫ਼ੀਕਾ, ਚਾਰੋਂ ਕੁੰਟ ਖੋਜ ਖੁਜਾਈਆ । ਨਰ ਨਰਾਇਣ ਜਿਸ ਦੀ ਸਮਝਾਈ ਰੀਤਾ, ਰੀਤੀਵਾਨ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸਮਝਾਈਆ । ਉਠ ਵੇਖ ਪ੍ਰਭੂ ਦੀ ਸ਼ਕਤ, ਜੋ ਸ਼ਖ਼ਸੀਅਤ ਸਭ ਦੀ ਦਏ ਬਦਲਾਈਆ । ਅੰਤ ਅਖ਼ੀਰੀ ਵੇਖ ਲੈ ਵਕ਼ਤ, ਵਾਕਿਫ਼ਕਾਰ ਹੋ ਕੇ ਦਿਆਂ ਸੁਣਾਈਆ । ਦੀਨ ਦੁਨੀ ਝਗੜਾ ਮੇਟਣਾ ਬੂੰਦ ਰਕਤ, ਨਾ ਕੋਈ ਮੇਟੇ ਮੇਟੇ ਮਿਟਾਈਆ । ਏਸੇ ਕਰਕੇ ਚਰਨ ਛੁਹਾਇਆ ਨਿਊਯਾਰਕ ਫ਼ਕ਼ਤ, ਫ਼ਿਕਰੇ ਅੱਖਰਾਂ ਵਾਲੇ ਬਣਾਈਆ । ਉਹ ਵਾਅਦਾ ਵੇਖ ਲੈ ਕ੍ਰਿਸ਼ਨ ਨੇ ਕੀਤਾ ਨਾਲ ਬੱਧਕ, ਤੀਰ ਕਮਾਨ ਵਿਚੋਂ ਖਿਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪੜਦਾ ਆਪ ਉਠਾਈਆ । ਨਾਰਦ ਕਹੇ ਧਰਨੀਏ ਮੇਰੇ ਕੋਲ ਪੁਰਾਣੀਆਂ ਧਾਰਾਂ, ਜਗਤ ਸ਼ਾਸਤਰਾਂ ਤੋਂ ਬਾਹਰ ਸਮਝਾਈਆ । ਮੈਨੂੰ ਲਹਿਣੇ ਯਾਦ ਜੋ ਆਸ਼ਾਂ ਰਖੀਆਂ ਤੇਈ ਅਵਤਾਰਾਂ, ਅਵਤਰ ਹੋ ਕੇ ਵੇਖ ਵਖਾਈਆ । ਜੋ ਪੈਗ਼ੰਬਰਾਂ ਕੀਤਾ ਇਸ਼ਾਰਾ, ਹਜ਼ਰਤ ਹਜ਼ੂਰ ਦਾ ਭੇਵ ਗਏ ਖੁਲ੍ਹਾਈਆ । ਜੋ ਗੁਰੂਆਂ ਗੁਰਦੇਵ ਦਾ ਲਾਇਆ ਨਾਅਰਾ, ਤੂੰ ਹੀ ਤੂੰ ਹੀ ਦਿਤਾ ਸਮਝਾਈਆ । ਜਿਸ ਨੂੰ ਮੰਨਿਆ ਸਭ ਨੇ ਨਿਹਕਲੰਕ ਕਲਕੀ ਚੌਵੀਆ ਅਵਤਾਰਾ, ਅਮਾਮ ਅਮਾਮਾ ਅਗੰਮ ਅਥਾਹੀਆ । ਜਿਸ ਵੇਲੇ ਉਹ ਆਏ ਤੇਰੇ ਦੁਆਰਾ, ਦੁਆਰਕਾ ਵਾਸੀ ਦੀ ਆਸ਼ਾ ਪੂਰ ਕਰਾਈਆ । ਜੋ ਅਰਜਨ ਨੂੰ ਅਠਾਰਾਂ ਧਿਆਏ ਦੱਸਦਿਆਂ ਬਾਹਰ ਦਾ ਦਿਤਾ ਇਸ਼ਾਰਾ, ਸੈਨਤ

ਸ਼ਬਦ ਵਾਲੀ ਲਗਾਈਆ । ਉਹ ਤਕ ਲੈ ਕਲਜੁਗ ਧੁੰਆਂਧਾਰਾ, ਨੂਰੀ ਚੰਦ ਨਾ ਕੋਇ ਚਮਕਾਈਆ । ਪ੍ਰਭ ਦਾ ਖੇਲ ਹੋਣਾ ਅਪਾਰਾ, ਅਪਰੰਪਰ ਸੁਆਮੀ ਆਪਣਾ ਹੁਕਮ ਵਰਤਾਈਆ । ਜਿਸ ਨੂੰ ਸਮਝੇ ਕੋਇ ਨਾ ਪੁਰਖ ਨਾਰਾ, ਅਕਲ ਬੁੱਧੀ ਚਲੇ ਨਾ ਕੋਇ ਚਤੁਰਾਈਆ । ਉਹ ਸਮੁੰਦ ਸਾਗਰਾਂ ਵੇਖੇ ਪਾਰ ਕਿਨਾਰਾ, ਨਈਆ ਨੌਕਾ ਜਾਣੇ ਬੇਪਰਵਾਹੀਆ । ਸੋ ਰੂਪ ਅਨੂਪਾ ਸ਼ਾਹੋ ਭੂਪਾ ਜੋਤੀ ਜਾਤਾ ਪੁਰਖ ਬਿਧਾਤਾ ਹੋਵੇ ਜ਼ਾਹਿਰਾ, ਜ਼ਾਹਿਰ ਜ਼ਹੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਗੋਬਿੰਦ ਨੇ ਤੀਰ ਦੀ ਮੁਖੀ ਨਾਲ ਤੈਨੂੰ ਦਿਤਾ ਚੀਰ, ਚਿਰੀ ਵਿਛੁੰਨੀਏ ਦਿਆਂ ਜਣਾਈਆ । ਜੋ ਮਾਲਕ ਪੀਰਾਂ ਦਾ ਪੀਰ, ਪੈਗ਼ੰਬਰ ਨੂਰ ਅਲਾਹੀਆ । ਜਿਸ ਨੂੰ ਸਭ ਨੇ ਕਹਿਣਾ ਗਹਿਰ ਗੰਭੀਰ, ਗਵਰ ਇਕ ਅਖਵਾਈਆ । ਜਿਸ ਤੇਰੇ ਉਤੋਂ ਦੀਨ ਦੁਨੀ ਦੀ ਬਦਲ ਦੇਣੀ ਤਕਦੀਰ, ਤਦਬੀਰ ਆਪਣੇ ਹੱਥ ਰਖਾਈਆ । ਉਸ ਦਾ ਨੂਰ ਹੋਣਾ ਬੇਨਜ਼ੀਰ, ਜਗ ਨੇਤਰ ਨਜ਼ਰ ਕੋਇ ਨਾ ਪਾਈਆ । ਪਰ ਯਾਦ ਰਖੀਂ ਜਿਸ ਵੇਲੇ ਚਰਨ ਛੁਹਾਇਆ ਤੇ ਆਪਣੇ ਖੇਲ ਦਾ ਸਮਝੀਂ ਅਖ਼ੀਰ, ਆਖ਼ਰ ਕੰਨਾ ਗੋਬਿੰਦ ਵਾਲਾ ਦਏ ਗਵਾਹੀਆ । ਇਹੋ ਆਸ਼ਾ ਰਖੀ ਬਿਨ ਮਕਬਰਿਆਂ ਤੋਂ ਕਬੀਰ, ਬਿਨਾ ਸਰੀਰ ਧਿਆਨ ਲਗਾਈਆ । ਰਵੀਦਾਸ ਨੇ ਹੱਥ ਵਿਚ ਫੜ ਕੇ ਕੌਡੀ ਕਸੀਰ, ਸੌਗੰਦ ਖਾ ਕੇ ਦਿਤਾ ਜਣਾਈਆ । ਮੇਰਾ ਮਾਲਕ ਸੁਆਮੀ ਨਿਰਗੁਣ ਧਾਰ ਘਤ ਕੇ ਆਵੇ ਵਹੀਰ, ਵਹਿਣਾਂ ਪਾਰ ਕਰਾਈਆ । ਸਮੁੰਦ ਸਾਗਰ ਜਿਸ ਦੀ ਚਰਨ ਛੋਹ ਨੂੰ ਤੜਫਣ ਸਾਰੇ ਨੀਰ, ਓਸ਼ਨ ਆਪਣਾ ਮੋਸ਼ਨ ਲੈਣ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸੱਤ ਰੰਗ ਕਹਿਣ ਅਸੀਂ ਟੋਪੀ ਬਣ ਕੇ ਸਚਖੰਡ ਚੜ੍ਹ ਗਏ ਉਤੇ ਚੋਟੀ, ਸੋਹਣਾ ਰੰਗ ਸਮਾਈਆ । ਸਾਡਾ ਹਡ ਮਾਸ ਨਾੜੀ ਦਿਸੇ ਕੋਇ ਨਾ ਬੋਟੀ, ਤਨ ਵਜੂਦ ਨਜ਼ਰ ਕੋਇ ਨਾ ਆਈਆ । ਸਾਡਾ ਰੂਪ ਅਨੂਪ ਸਤਿ ਸਰੂਪ ਇਕੋ ਜੋਤੀ, ਜੋਤੀ ਜਾਤੇ ਨਾਲ ਮਿਲਕੇ ਵਜੇ ਵਧਾਈਆ । ਸਾਡੇ ਅੰਤਸ਼ਕਰਨ ਅੰਤਰ ਆਸ਼ਾ ਆਈ ਬਹੁਤੀ, ਬਹਿ ਕੇ ਦਈਏ ਸਮਝਾਈਆ । ਪਰਮ ਪੁਰਖ ਪਰਮਾਤਮ ਤੇਰੀ ਦੀਨ ਦੁਨੀ ਵੇਖੀ ਰੋਤੀ, ਨੇਤਰ ਨੈਣਾਂ ਨੀਰ ਵਹਾਈਆ । ਆਤਮ ਧਾਰ ਬਣੇ ਕੋਇ ਨਾ ਗੋਤੀ, ਗੌਤਮ ਦਾ ਲਹਿਣਾ ਤਕ ਲੈ ਜੋ ਤੇਈਵਾਂ ਅਵਤਾਰ ਹੋ ਕੇ ਗਿਆ ਸਮਝਾਈਆ । ਸ੍ਰਿਸ਼ਟੀ ਅੰਦਰੋਂ ਵਾਸਨਾ ਕੱਢੇ ਕੋਇ ਨਾ ਖੋਟੀ, ਖੋਟੇ ਖਰੇ ਨਾ ਕੋਇ ਬਣਾਈਆ । ਤੇਰੇ ਨਾਲੋਂ ਪਿਆਰੀ ਹੋ ਗਈ ਜਗਤ ਵਾਲੀ ਰੋਟੀ, ਰੁਟੀਨ ਵਿਚ ਯਾਮਬੀਨ ਤੇਰਾ ਨਾਮ ਨਾ ਕੋਇ ਧਿਆਈਆ । ਜ਼ਰਾ ਨਿਗਾਹ ਮਾਰ ਲੈ ਚੌਦਾਂ ਲੋਕੀ, ਚੌਦਾਂ ਤਬਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਨਿਊਯਾਰਕ ਕਹੇ ਮੇਰੇ ਸਾਹਿਬ ਸ੍ਰੀ ਭਗਵਾਨਾ, ਨਿਵ ਨਿਵ ਸੀਸ ਝੁਕਾਈਆ । ਤੂੰ ਮਾਲਕ ਰਹੀਮ ਰਹਿਮਾਨਾ, ਮਹਿਬਾਨ ਇਕ ਅਖਵਾਈਆ । ਮੇਰੀ ਆਸ਼ਾ ਪੂਰਬ ਲਿਖੀ ਜੋ ਵਿਚ ਪੁਰਾਨਾ, ਵੇਦ ਵਿਆਸ ਗਿਆ ਸਮਝਾਈਆ । ਬਾਵਨ ਨੇ ਮੈਨੂੰ ਦਿਤਾ ਦਾਨਾ, ਝੋਲੀ ਗਿਆ ਟਿਕਾਈਆ । ਗੋਬਿੰਦ ਕਸ ਕੇ ਤੀਰ ਕਮਾਨਾ, ਨਿਸ਼ਾਨ ਦੀਨ ਦੁਨੀ ਵਖਾਈਆ । ਅਰਜਨ ਭੇਵ ਖੁਲ੍ਹਾ ਕੇ ਕਾਹਨਾ, ਘਨਈਆ ਨਈਆ ਇਕ ਚੜ੍ਹਾਈਆ । ਮਸੀਹ ਨੇ ਮੁਸਲਸਲ ਤੇਰੇ ਨਾਲ ਲਗਾਇਆ ਯਰਾਨਾ, ਯਾਮਬੀਨ ਤੇਰੀ ਓਟ ਤਕਾਈਆ । ਗਾਡ ਗੁੱਡ ਕਹਿ ਕੇ ਕੀਤੀ ਸਲਾਮਾ, ਸਯਦੇ ਵਿਚ ਸੀਸ ਝੁਕਾਈਆ । ਸਦੀ ਵੀਹਵੀਂ ਮੇਰਾ ਬਾਪ ਐਹਬਾਬ ਖੇਲ ਕਰੇ ਨੌਜਵਾਨਾ, ਬਾਲ ਬਿਰਧ

ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਵਸਤ ਵਰਤਾਈਆ । ਧਰਤੀ ਕਹੇ ਮੈਂ ਬੇਸ਼ਕ ਆਦਿ ਜੁਗਾਦਿ ਘੁੰਮਦੀ, ਭੱਜਾਂ ਵਾਹੋ ਦਾਹੀਆ । ਪਰਮ ਪੁਰਖ ਦੇ ਚਰਨ ਚੁੰਮਦੀ, ਬਿਨ ਰਸਨਾ ਜਿਹਵਾ ਬੁੱਲਾਂ ਰਸ ਆਪਣੇ ਵਿਚੋਂ ਪਰਗਟਾਈਆ । ਮੈਂ ਵਣਜਾਰਨ ਮਾਲਕ ਕੁੰਨ ਦੀ, ਦੂਜੀ ਓਟ ਨਾ ਕੋਇ ਤਕਾਈਆ । ਮੈਂ ਅਰਾਧਨ ਗੁਣ ਅਵਗੁਣ ਦੀ, ਵੇਖਣਹਾਰੀ ਚਾਈਂ ਚਾਈਂਆ । ਮੇਰੇ ਸਾਹਿਬ ਦੀ ਖੇਲ ਫੁੰਨ ਦੀ, ਜਿਸ ਦਾ ਮੰਤਰ ਇਕੋ ਇਕ ਸੋਭਾ ਪਾਈਆ । ਹੁਣ ਕਥਾ ਕਹਾਣੀ ਦੱਸਾਂ ਹੁਣ ਦੀ, ਫਲਗੁਣ ਤੀਹ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਧਰਨੀ ਕਹੇ ਮੈਨੂੰ ਹੁਕਮ ਆਇਆ ਫ਼ਰਮਾਨ, ਬਿਨ ਕੰਨਾਂ ਦਿਆਂ ਸੁਣਾਈਆ । ਉਠ ਖੇਲ ਤਕ ਸ੍ਰੀ ਭਗਵਾਨ, ਕੀ ਕਰਤਾ ਕਾਰ ਕਮਾਈਆ । ਕਲਜੁਗ ਕੂੜ ਮੇਟਣਾ ਨਿਸ਼ਾਨ, ਨਿਸ਼ਾਨਾ ਧਰਮ ਧਾਰ ਪਰਗਟਾਈਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਮੰਡਲ ਮੰਡਪ ਬੈਠਣ ਸੀਸ ਨਿਵਾਈਆ । ਜਿਸ ਸ੍ਰਿਸ਼ਟੀ ਉਤੇ ਬਦਲ ਦੇਣਾ ਵਿਧਾਨ, ਵਿਦਿਆ ਦਾ ਵਿਦਤ ਇਕੋ ਹੁਕਮ ਵਰਤਾਈਆ । ਜੋ ਨੌ ਖੰਡ ਪ੍ਰਿਥਮੀ ਸਤਿਗੁਰ ਸੁਬਾਹ ਬਣਾਏ ਪਰਧਾਨ, ਪਰਧਾਨਗੀ ਇਕੋ ਹੱਥ ਰਖਾਈਆ । ਜਿਸ ਉੱਤਰ ਪੂਰਬ ਪੱਛਮ ਦੱਖਣ ਇਕੋ ਕਲਮਾ ਸਮਝਾਉਣਾ ਨਾਲ ਜ਼ਬਾਨ, ਇਕੋ ਢੋਲਾ ਗਾਈਆ । ਇਕੋ ਸਤਿ ਦਾ ਧਰਮ ਹੋਵੇ ਈਮਾਨ, ਇਕੋ ਇਸ਼ਟ ਸ੍ਰਿਸ਼ਟ ਦਏ ਸਮਝਾਈਆ । ਇਕੋ ਮੰਦਰ ਮਸਜਿਦ ਸ਼ਿਵਦਵਾਲੇ ਮਠ ਧਰਮ ਦਾ ਹੋਵੇ ਮਕਾਨ, ਕਾਅਬਾ

ਦੁਆਬਾ ਇਕ ਸਮਝਾਈਆ । ਇਕੋ ਪਾਰਬ੍ਰਹਮ ਪਤਿਪਰਮੇਸ਼ਵਰ ਹੋਵੇ ਜਾਣੀ ਜਾਣ, ਜਾਨਣਹਾਰ ਇਕ ਅਖਵਾਈਆ । ਧਰਨੀਏ ਸੁਣਨਾ ਬਿਨਾ ਕਾਨ, ਬਿਨਾ ਸਰਵਣਾਂ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਮੈਨੂੰ ਚਾਰ ਜੁਗ ਦੀ ਉਡੀਕ, ਬੈਠੀ ਧਿਆਨ ਲਗਾਈਆ । ਕਵਣ ਵੇਲਾ ਸੁਹੰਜਣੀ ਹੋਵੇ ਤਰੀਕ, ਤਵਾਰੀਖ ਨਾਲ ਮਿਲਾਈਆ । ਮੈਂ ਸਚ ਦੱਸਾਂ ਮੇਰਾ ਲੇਖਾ ਲਿਖ ਕੇ ਗਿਆ ਬਾਲਮੀਕ, ਬਾਲੀ ਬੁਧ ਬੁਧ ਵਡਿਆਈਆ । ਮੇਰਾ ਰਾਮ ਰਾਮਾ ਮੇਰੀ ਪੂਰੀ ਕਰੇ ਉਮੀਦ, ਆਸ਼ਾ ਆਸ਼ਾ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਮੈਨੂੰ ਇਸ਼ਾਰਾ ਦਿਤਾ ਦੱਤਾ ਤ੍ਰੈਅ, ਸਹਿਜ ਨਾਲ ਸੁਣਾਈਆ । ਕਪਲ ਮੁਨ ਗਿਆ ਕਹਿ, ਪ੍ਰੇਮ ਵਿਚ ਵਡਿਆਈਆ । ਰਿਖਵ ਦਿਤੀ ਸ਼ਹਿ, ਸ਼ਹਿਨਸ਼ਾਹ ਆਵੇ ਧੁਰਦਰਗਾਹੀਆ । ਪ੍ਰਿਥੁ ਮੇਰੇ ਉਤੇ ਬਹਿ, ਨੌਵਾਂ ਅਵਤਾਰ ਅੱਖਰਾਂ ਧਿਆਨ ਲਗਾਈਆ । ਮਤਸਯ ਜਲਧਾਰਾ ਵਹਿਣ ਵਹਿ, ਸਮੁੰਦ ਸਾਗਰਾਂ ਦਿਤੀ ਵਡਿਆਈਆ । ਕਛਪ ਇਕੋ ਨੂਰ ਦੀ ਬੋਲ ਕੇ ਜੈ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਧਨੰਤਰ ਬਿਨਾ ਸ਼ਰੀਰ ਤੋਂ ਪ੍ਰਭ ਦੇ ਚਰਨੀ ਢਹਿ, ਧੂੜੀ ਖ਼ਾਕ ਖ਼ਾਕ ਰਮਾਈਆ । ਨਰ ਸਿੰਘ ਨਰ ਨਰਾਇਣ ਹੋ ਕੇ ਮੇਟੇ ਦਵੈ, ਦਵੈਸ਼ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਧਰਨੀ ਕਹੇ ਮੇਰਾ ਲੇਖਾ ਨਹੀਂ ਕੋਈ ਆਮ, ਨਿਊਯਾਰਕ ਦੀ ਧਰਤੀ ਦਏ ਗਵਾਹੀਆ । ਮੇਰੇ ਵੱਲ ਇਸ਼ਾਰਾ ਕੀਤਾ ਪਰਸ ਰਾਮ, ਜਗਤ ਸ਼ਾਸਤਰ ਹੱਥ ਉਠਾਈਆ । ਧੁਰ ਦਾ ਰਾਮ ਕਲਜੁਗ ਵੇਖੇ ਸ਼ਰਅ ਦੇ ਗ਼ੁਲਾਮ, ਸ਼ਰੀਅਤ ਦੀਨ ਦੁਨੀ ਖੋਜ ਖੁਜਾਈਆ । ਜਿਸ ਨੂੰ ਪੈਗ਼ੰਬਰਾਂ ਕਿਹਾ ਅਮਾਮ, ਨੂਰ ਨੁਰਾਨਾ ਨੂਰ ਅਲਾਹੀਆ ।

੩੩੦
੨੪

ਜਿਸ ਨੂੰ ਸਯਦਿਆਂ ਵਿਚ ਕਰਨ ਸਲਾਮ, ਕ਼ਦਮ ਬੋਸੀਆਂ ਵਿਚ ਝਟ ਲੰਘਾਈਆ । ਉਹ ਆਵੇ ਅਮਰੀਕਾ ਵਾਲੇ ਗਰਾਮ, ਗ੍ਰਿਹ ਪੂਰਬ ਵੇਖ ਵਖਾਈਆ । ਜਿਥੇਂ ਬਲ ਦੁਆਰੇ ਰਿਸ਼ੀਆਂ ਦਾ ਗਿਆ ਸੀ ਤਵਾਮ, ਤਮਅ ਜਗਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਮੇਟਣਹਾਰਾ ਆਦਿ ਜੁਗਾਦਿ ਜੁਗ ਚੌਕੜੀ ਅੰਧੇਰੀ ਸ਼ਾਮ, ਸ਼ਮਅ ਨੂਰ ਜੋਤ ਜੋਤੀ ਜਾਤਾ ਕਰੇ ਰੁਸ਼ਨਾਈਆ ।

## ✪ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੧੧ ਰੇਸ਼ਮ ਸਿੰਘ ਦੇ ਗ੍ਰਿਹ ਟਰਾਨਟੋਂ ਆਨਟੇਈਓ ੩੧ ਕੈਨਥ ਐ ਵੀ ਈ ਕਨੇਡਾ ਹਰਿ ਸੰਗਤ ਨਵਿਤ ਰਾਤ ਨੂੰ ✪

ਪਹਿਲੀ ਚੇਤ ਕਹੇ ਸੰਮਤ ਇਕ ਇਕ ਗਿਆਰਾਂ, ਇਕ ਨਾਲ ਇਕ ਮਿਲ ਕੇ ਆਤਮ ਪਰਮਾਤਮ ਵਜੇ ਵਧਾਈਆ । ਮੇਰੀਆਂ ਖ਼ੁਸ਼ੀਆਂ ਵਾਲੀਆਂ ਬਹਾਰਾਂ, ਪੱਤ ਟਹਿਣੀ ਫਲ ਫੁੱਲ ਪਿਆਰ ਵਾਲੀ ਮਹਿਕਾਈਆ । ਮੇਰੀ ਆਸ਼ਾ ਨਾਲ ਤੇਈ ਅਵਤਾਰਾਂ, ਤ੍ਰੈਗੁਣ ਅਤੀਤਾ ਗਿਆ ਸਮਝਾਈਆ । ਮੇਰੀਆਂ ਪੈਗ਼ੰਬਰਾਂ ਨਾਲ ਚਲਦੀਆਂ ਰਹੀਆਂ ਵਿਚਾਰਾਂ, ਵਿਚਰਕੇ ਦਿਆਂ ਦ੍ਰਿੜਾਈਆ । ਗੁਰੂਆਂ ਨਾਲ ਖੇਲ ਹੋਇਆ ਦਸ ਦਸ ਵਾਰਾਂ, ਦਹਿ ਦਿਸ਼ਾ ਤੋਂ ਬਾਹਰ ਭੇਵ ਅਭੇਦ ਖੁਲ੍ਹਾਈਆ । ਸਤਿਗੁਰ ਸ਼ਬਦ ਸ਼ਬਦ ਸਤਿਗੁਰ ਆਦਿ ਜੁਗਾਦਿ ਹੋਵੇ ਜ਼ਾਹਿਰਾ, ਜ਼ਾਹਰ ਜ਼ਹੂਰ ਡਗਮਗਾਈਆ । ਪਹਿਲੀ ਚੇਤ ਕਹੇ ਮੈਂ ਇਸ਼ਾਰਾ ਦੇਵਾਂ ਵਿਚ ਕਾਹਿਰਾ, ਕਹਿਰ ਵਰਤੇ ਖ਼ਲਕ ਖ਼ੁਦਾਈਆ । ਸਤਾਰਾਂ ਸੌ ਸੱਠ ਮੀਲ ਦਾ ਹੋਵੇ ਦਾਇਰਾ, ਚਾਰੋਂ ਕੁੰਟ ਇਕੋ ਰੰਗ ਰੰਗਾਈਆ । ਦੀਨ ਦੁਨੀ ਕੋਈ ਹੋ ਰਹੇ ਨਾ ਬਾਹਿਰਾ, ਬੈਹਰੇਹਾਲ ਗਿਆ ਸਮਝਾਈਆ । ਦੀਨਾਂ ਮਜ਼੍ਹਬਾਂ ਹੋਣ ਵਾਲਾ ਮੁਸ਼ਾਹਿਰਾ, ਮੁਸ਼ਕਿਲ ਹਲ ਨਾ ਕੋਇ ਕਰਾਈਆ । ਹੁਕਮ ਵਰਤੇ ਗੰਭੀਰ ਗਹਿਰਾ, ਨਾ ਕੋਇ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਆਮੀ ਇਕ ਗੁਸਾਈਆ । ਪਹਿਲੀ ਚੇਤ ਕਹੇ ਮੈਂ ਜਗਤ ਜਹਾਨ ਚੜ੍ਹਿਆ, ਚੜ੍ਹਦਿਉਂ ਲਹਿੰਦੇ ਵੇਖ ਵਖਾਈਆ । ਮੈਂ ਨਿਰ ਅੱਖਰ ਧਾਰ ਵਿਚੋਂ ਬਿਨਾ ਅਲਿਫ਼ ਯੇ ਹੋ ਅੱਖਰ ਪੜ੍ਹਿਆ, ਜਿਸ ਦੀ ਏ ਬੀ ਸੀ ਵੰਡ ਨਾ ਕੋਇ ਵੰਡਾਈਆ । ਜਿਸ ਦਾ ਨਾ ਕੋਈ ਲੇਖ ਸੀਸ ਧੜਿਆ, ਤਨ ਵਜੂਦ ਨਾ ਕੋਇ ਚਤੁਰਾਈਆ । ਮੈਂ ਤਕਿਆ ਸਤਿਗੁਰ ਸ਼ਬਦ ਸਾਚੀ ਮੰਜ਼ਲ ਖੜਿਆ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦਾ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਲੜ ਫੜਿਆ, ਆਦਿ ਜੁਗਾਦਿ ਸਕੇ ਨਾ ਕੋਇ ਛੁਡਾਈਆ । ਜਿਸ ਨੇ ਲੱਖ ਚੁਰਾਸੀ ਚਾਰੇ ਖਾਣੀ ਜੀਵ ਜੰਤ ਘਾੜਨ ਘੜਿਆ, ਘੜਨ ਭੰਨਣਹਾਰ ਬੇਪਰਵਾਹੀਆ । ਜਿਸ ਦੇ ਭੈ ਵਿਚ ਬ੍ਰਹਮਾ ਵਿਸ਼ਨ ਸ਼ਿਵ ਡਰਿਆ, ਕਰੋੜ ਤੇਤੀਸਾ ਸਿਰ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਚੇਤ ਕਹੇ ਸ਼ਹਿਨਸ਼ਾਹੀ ਸੰਮਤ ਮੇਰਾ ਜਗ, ਇਕ ਇਕ ਨਾਲ ਮਿਲਾਈਆ । ਨੌ ਖੰਡ ਪ੍ਰਿਥਮੀ ਲੱਗੀ ਦਿਸੇ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕਲਜੁਗ ਜੀਵ ਹੰਸ ਬੁੱਧੀ ਹੋਈ ਕਗ, ਸੋਹੰ ਮਾਣਕ ਮੋਤੀ ਚੋਗ ਨਾ ਕੋਇ ਚੁਗਾਈਆ । ਪ੍ਰਭ ਦਾ ਦਰਸ ਕਰੇ ਕੋਈ ਨਾ ਉਪਰ ਸ਼ਾਹਰਗ, ਨੌ ਦੁਆਰੇ

ਪੰਧ ਨਾ ਕੋਇ ਮੁਕਾਈਆ । ਕੂੜੀ ਕਿਰਿਆ ਮਿਟੇ ਕੋਈ ਨਾ ਹੱਦ, ਹਦੂਦ ਸਚ ਨਾ ਕੋਇ ਵਖਾਈਆ । ਆਤਮ ਪਰਮਾਤਮ ਬਣੇ ਕੋਈ ਨਾ ਯਦ, ਯੁਧਿਸ਼ਟਰ ਦਾ ਲੇਖ ਕ੍ਰਿਸ਼ਨ ਵਾਲਾ ਸਾਰੇ ਗਏ ਭੁਲਾਈਆ । ਕਲਜੁਗ ਕੂੜੀ ਕਿਰਿਆ ਜਗਤ ਵਾਸ਼ਨਾ ਵੇਖੀ ਮਦਿ, ਮਧੁਰ ਧੁਨ ਨਾ ਕੋਇ ਸੁਣਾਈਆ । ਹੁਣ ਲੇਖਾ ਮੁਕਣਾ ਝਬ, ਬਹੁਤੀ ਵੰਡ ਨਾ ਕੋਇ ਵੰਡਾਈਆ । ਨਵ ਸੱਤ ਲਗਣੀ ਅੱਗ, ਅਗਨੀ ਤਤ ਤਤ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਚੁਕਾਈਆ । ਧਰਨੀ ਕਹੇ ਮੇਰਾ ਖੁਲ੍ਹਿਆ ਹਰਨ ਫਰਨ, ਸਚ ਸਚ ਜਣਾਈਆ । ਪੁਰਖ ਅਕਾਲਾ ਖੇਲ ਲੱਗਾ ਕਰਨ, ਕਰਨੀ ਦਾ ਕਰਤਾ ਧੁਰਦਰਗਾਹੀਆ । ਜਿਸ ਨੇ ਝਗੜਾ ਮੇਟਣਾ ਜ਼ਾਤ ਪਾਤ ਵਰਨ ਬਰਨ, ਸ਼ਰਅ ਵੰਡ ਨਾ ਕੋਇ ਵੰਡਾਈਆ । ਜੋ ਲੇਖਾ ਜਾਣੇ ਬਾਵਨ ਧਾਰ ਜਿਸ ਦੂਜੇ ਕ਼ਦਮ ਨਾਲ ਟਰਾਨਟੋ ਤੋਂ ਕੀਤਾ ਟਰਨ, ਆਪਣਾ ਆਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਟਰਾਨਟੋ ਕਹੇ ਮੇਰੀ ਧਰਤੀ ਸੁਹੰਜਣੀ, ਸੋਹਣੀ ਮਿਲੇ ਵਡਿਆਈਆ । ਮੇਰੇ ਨੇਤਰ ਪਿਆ ਅੰਜਨੀ, ਅੰਧਕਾਰ ਦਿਤਾ ਗਵਾਈਆ । ਕਿਰਪਾ ਕੀਤੀ ਦਰਦ ਦੁਖ ਭੈ ਭੰਜਣੀ, ਸਾਗਰਾਂ ਪਾਰ ਕਰਾਈਆ । ਜਿਸ ਦੀ ਹਾਥ ਨਾ ਆਵੇ ਵੰਝਨੀ, ਗਹਿਰ ਗੰਭੀਰ ਗੁਸਾਈਂਆ । ਜਿਸ ਦੀ ਜੋਤੀ ਇਕੋ ਜਗਣੀ, ਦੋ ਜਹਾਨਾਂ ਡਗਮਗਾਈਆ । ਜਿਸ ਨੇ ਮੈਨੂੰ ਲਾਇਆ ਅੰਗਣੀ, ਅੰਗੀਕਾਰ ਅਖਵਾਈਆ । ਮੈਂ ਸਚ ਕਹਿਣਾ ਮੇਰੀ ਆਸ਼ਾ ਮੂਲ ਨਾ ਸੰਗਣੀ, ਧਰਨੀ ਰਹੀ ਜਣਾਈਆ । ਪ੍ਰਭ ਨੇ ਦੀਨ ਦੁਨੀ ਲਾੜੀ ਮੌਤ ਨਾਲ ਕੀਤੀ ਮੰਗਣੀ, ਜਗਤ ਗੰਢ ਪੁਆਈਆ । ਜਿਸ ਖੇਲ ਵੇਖਣੀ ਤਤ ਪੰਜਣੀ, ਪੰਚਮ ਗੁਰ ਦੇਵਣਹਾਰ ਗਵਾਹੀਆ । ਜਿਸ ਖੇਲ ਖਿਲਾਉਣੀ ਜੇਰਜ ਅੰਡਣੀ, ਉਤਭੁਜ ਸੇਤਜ ਫੋਲ ਫੁਲਾਈਆ । ਉਹ ਧਾਰ ਜਾਣੇ ਵਿਚ ਬ੍ਰਹਿਮੰਡਣੀ, ਬ੍ਰਹਿਮੰਡ ਦਾ ਪੜਦਾ ਆਪ ਉਠਾਈਆ । ਫਿਰੇ ਦਰੋਹੀ ਵਿਚ ਵਰਭੰਡਣੀ, ਭੰਡ ਹੋ ਕੇ ਸਤਿਗੁਰ ਸ਼ਬਦ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਧਰਨੀ ਕਹੇ ਜਿਸ ਵੇਲੇ ਬਾਵਨ ਟਰਾਨਟੋ ਉਤੋਂ ਪਾਇਆ ਮੋੜ, ਬਲਖ ਵਲ ਧਿਆਨ ਲਗਾਈਆ । ਮੈਂ ਆਸ਼ਾ ਕੀਤੀ ਮੈਨੂੰ ਫੇਰ ਤੇਰੀ ਲੋੜ, ਲੁੜੀਂਦੇ ਸਾਜਣ ਦਿਆਂ ਸੁਣਾਈਆ । ਕਿਉਂ ਮੈਨੂੰ ਚਲਿਆ ਵਿਛੋੜ, ਵਿਛੋੜੇ ਵਿਚ ਦੁਹਾਈਆ । ਮੇਰੇ ਸੁਆਮੀ ਮੈਨੂੰ ਬਹੁੜ, ਬਹੁੜੀ ਬਹੁੜੀ ਕਹਿ ਕੇ ਦਿਆਂ ਜਣਾਈਆ । ਉਸ ਹਸ ਕੇ ਕਿਹਾ ਧਰਨੀਏ ਕਲਜੁਗ ਅੰਤਮ ਸਤਿਗੁਰ ਧਾਰ ਸ਼ਬਦ ਚੜ੍ਹ ਅਗੰਮੇ ਘੋੜ, ਆਪਣਾ ਪੰਧ ਮੁਕਾਈਆ । ਤੇਰੇ ਨਾਲ ਪ੍ਰੀਤੀ ਨਿਭਾਵਾਂ ਤੋੜ, ਅਧਵਿਚਕਾਰ ਨਾ ਕੋਇ ਰਖਾਈਆ । ਉਸ ਵੇਲੇ ਮੈਨੂੰ ਕਿਸੇ ਕਹਿਣਾ ਬ੍ਰਹਮਣ ਗੌੜ, ਲੇਖਾ ਵੇਦ ਵਿਆਸ ਸਮਝ ਕੋਇ ਨਾ ਪਾਇਆ । ਮੇਰੇ ਹੁਕਮ ਦਾ ਫਿਰ ਪਹਿਲਾ ਵਜਣਾ ਪੌੜ, ਪੌੜੀ ਡੰਡੇ ਸਭ ਦਏ ਹਿਲਾਈਆ । ਕਲਜੁਗ ਜੀਵਾਂ ਵੇਖਣਾ ਮਿਠਾ ਕੌੜ, ਭੇਵ ਅਭੇਦ ਰਹੇ ਨਾ ਰਾਈਆ । ਉਸ ਵੇਲੇ ਸੱਸੇ ਉਪਰ ਹੋਵੇ ਮੇਰਾ ਹੋੜ, ਹਾਹੇ ਟਿੱਪੀ ਦਿਆਂ ਸਮਝਾਈਆ । ਕਿਸੇ ਦਾ ਚਲੇ ਕੋਈ ਨਾ ਜ਼ੋਰ, ਜੋਰੂ ਜ਼ਰ ਰੋਵੇ ਮਾਰੇ ਧਾਈਂਆ । ਜਿਸ ਵੇਲੇ ਚਾਰੋਂ ਕੁੰਟ ਪਿਆ ਸ਼ੋਰ, ਸ਼ੌਹਰ ਬਾਂਕਾ ਨਜ਼ਰ ਕਿਸੇ ਨਾ ਆਈਆ । ਕਲਜੁਗ ਹੋਇਆ ਘੋਰ, ਘੋਰੀ ਬੈਠਣ ਮੁਖ ਛੁਪਾਈਆ । ਕਲਜੁਗ ਸਾਧ ਸੰਤ ਜੀਵ ਜੰਤ ਹੋਵਣ ਚੋਰ, ਠੱਗੀ ਪ੍ਰਭੂ ਦੇ ਨਾਲ ਕਮਾਈਆ । ਉਸ ਵੇਲੇ ਬਾਵਨ ਕਿਹਾ ਮੇਰਾ ਰੂਪ ਹੋਵੇ ਹੋਰ ਦਾ ਹੋਰ, ਅਵਰ ਦਾ ਅਵਰ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਿਹਾ ਬਾਵਨ ਮੇਰੇ ਸ਼ਾਹ, ਸ਼ਹਿਨਸ਼ਾਹ ਤੇਰੀ ਸਰਨਾਈਆ । ਅੰਤ ਬਣੀਂ ਆਪ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਬਾਵਨ ਹਸ ਕੇ ਕਿਹਾ ਆਪਣੀ ਮਿੱਟੀ ਮੇਰੇ ਚਰਨਾਂ ਦੇ ਛੁਹਾ, ਉਡ ਉਡ ਖ਼ੁਸ਼ੀ ਬਣਾਈਆ । ਮੈਂ ਲੈ ਕੇ ਜਾਣਾ ਨਾਲ ਚਾਅ, ਬਲ ਦੁਆਰ ਦਿਆਂ ਟਿਕਾਈਆ । ਜਿਥੇ ਰਿਸ਼ੀ ਮੇਰਾ ਉਡੀਕਣ ਰਾਹ, ਬੈਠੇ ਨੈਣ ਉਠਾਈਆ । ਤੂੰ ਕਰਨਾ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ । ਧਰਨੀ ਚੁੱਕ ਉੱਚੀ ਬਾਂਹ, ਬਿਨ ਹੱਥਾਂ ਹੱਥ ਹਿਲਾਈਆ । ਕਲਜੁਗ ਅੰਤ ਮੈਂ ਭਰੀ ਹੋਣਾ ਨਾਲ ਗੁਨਾਹ, ਮੇਰਾ ਦਾਮਨ ਸਾਫ਼ ਨਾ ਕੋਇ ਕਰਾਈਆ । ਧਰਮ ਦੀ ਬਣਾਏ ਕੋਈ ਨਾ ਮਾਂ, ਪਿਤਾ ਸੰਗ ਨਾ ਕੋਇ ਰਖਾਈਆ । ਕਲਜੁਗ ਬੁੱਧੀ ਹੋਈ ਵਾਂਗ ਕਾਂ, ਸ੍ਰਿਸ਼ਟੀ ਕਾਗ ਵਾਂਗ ਕੁਰਲਾਈਆ । ਹਿਰਦੇ ਵਸੇ ਕਿਸੇ ਨਾ ਨਾਂ, ਨਾਉਂ ਨਿਰੰਕਾਰ ਨਾ ਕੋਇ ਜਣਾਈਆ । ਸਿਰ ਦੇਵੇ ਕੋਈ ਨਾ ਠੰਢੀ ਛਾਂ, ਛਤਰਧਾਰੀ ਸੀਸ ਤਾਜ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਬਾਵਨ ਕਿਹਾ ਧਰਨੀਏ ਮੇਰੇ ਕ਼ਦਮ ਤੇਰੇ ਉਤੇ ਉਹ ਢਾਈ, ਸਚ ਸਚ ਸਮਝਾਈਆ । ਬਲ ਦੀ ਬਾਕੀ ਰਹੇ ਕੋਈ ਨਾ ਸ਼ਾਹੀ, ਸ਼ਹਿਨਸ਼ਾਹ ਨਜ਼ਰ ਕੋਇ ਨਾ ਆਇਆ । ਮੇਰਾ ਰੂਪ ਅਗੰਮ ਅਥਾਹੀ, ਭੇਵ ਸਕੇ ਨਾ ਕੋਇ ਖੁਲ੍ਹਾਈਆ । ਸਾਰੇ ਮੈਨੂੰ ਰਹੇ ਧਿਆਈ, ਅੰਤਰ ਅੰਤਰ ਧਿਆਨ ਲਗਾਈਆ । ਮੈਂ ਆਦਿ ਜੁਗਾਦਿ ਵੱਡਾ ਦਾਈ, ਅਛਲ ਛਲ ਇਕ ਅਖਵਾਈਆ । ਉਨੇ ਚਿਰ ਨੂੰ ਆ ਗਿਆ ਇਕ ਰਾਹੀ, ਜੋ ਨਿਉਂ ਕੇ ਸੀਸ ਨਿਵਾਈਆ । ਕਿਹੜਾ ਮੇਰਾ ਭਾਈ, ਕੀ ਤੇਰੀ ਚਤੁਰਾਈਆ । ਬਾਵਨ ਹਸ ਕੇ ਕਿਹਾ ਭੁਲ ਨਾ ਜਾਈਂ, ਜਾਂਦਾ ਜਾਂਦਾ ਤੈਨੂੰ ਦਿਆਂ ਸਮਝਾਈਆ । ਜਿਸ ਵੇਲੇ ਕਲਜੁਗ ਅੰਧੇਰਾ ਗਿਆ ਛਾਈ, ਚਾਰੋ ਕੁੰਟ ਸਾਚਾ ਚੰਦ ਨਾ ਕੋਇ ਚਮਕਾਈਆ । ਫੇਰ ਬਣ ਕੇ ਆਵਾਂ ਨੂਰ ਅਲਾਹੀ, ਭੇਵ ਅਭੇਦ ਆਪਣੇ ਵਿਚ ਸਮਾਈਆ । ਜਨਮ ਤੈਨੂੰ ਦੇਵਾਂ ਦਵਾਈ, ਮਾਨਸ ਮਾਨਸ ਰੂਪ ਪਰਗਟਾਈਆ । ਫੇਰ ਮੋੜਾਂ ਏਸੇ ਥਾਈਂ, ਥਾਨ ਥਨੰਤਰ ਸੋਭਾ ਪਾਈਆ । ਪ੍ਰੀਤਮ ਸਿੰਘ ਦਾ ਲਹਿਣਾ ਫਿਰ ਚੁਕਾਈ, ਪ੍ਰਭ ਦੀ ਪ੍ਰਭ ਦੇ ਹੱਥ ਵਡਿਆਈਆ । ਰਿਸ਼ੀਆਂ ਦਾ ਰੂਪ ਚੇਲਾ ਸਿੰਘ ਜਿਹੜਾ ਇਥੇ ਰਹਿ ਕੇ ਗਿਆ ਸੀ ਸਾਲ ਢਾਈ, ਬਲ ਦੁਆਰ ਆਪਣਾ ਪੰਧ ਮੁਕਾਈਆ । ਸੁਰਜੀਤ ਸਿੰਘ ਇਕ ਨਿੱਕਾ ਜਿਹਾ ਹੁੰਦਾ ਸੀ ਘਾਈ, ਜੋ ਜਗਤ ਜਗਿਆਸੂਆਂ ਵਾਲੀ ਵੰਡ ਵੰਡਾਈਆ । ਬਾਵਨ ਧਾਰ ਤਕ ਥੱਲੇ ਆਪਣਾ ਓਢਣ ਦਿਤਾ ਵਿਛਾਈ, ਖ਼ੁਸ਼ੀ ਵਿਚ ਵਿਛਾਈਆ । ਸਾਨੂੰ ਆਪਣੇ ਨਾਲ ਲੈ ਰਲਾਈ, ਰਲ ਮਿਲ ਕੇ ਆਪਣਾ ਝਟ ਲੰਘਾਈਆ । ਝਟ ਬਾਵਨ ਨੇ ਬਿਨਾ ਕ਼ਲਮ ਸ਼ਾਹੀ ਤੋਂ ਕੀਤੀ ਲਿਖਾਈ, ਬਿਨ ਅੱਖਰਾਂ ਅੱਖਰ ਪਵਾਈਆ । ਜਿਸ ਵੇਲੇ ਨਿਰਗੁਣ ਜੋਤ ਬਣ ਕੇ ਆਵੇ ਧੁਰ ਦਾ ਮਾਹੀ, ਮਾਲਕ ਮਹਿਬੂਬ ਇਕ ਅਖਵਾਈਆ । ਤੇਰਾ ਲੇਖ ਆਪਣੇ ਨਾਲ ਲਏ ਮਿਲਾਈ, ਮਿਲਿਆ ਮੇਲ ਵਿਛੜ ਕਦੇ ਨਾ ਜਾਈਆ । ਉਠ ਨਿਗਾਹ ਮਾਰ ਲੈ ਨਾਲੇ ਤਕ ਲੈ ਕਲਜੁਗ ਅੰਧ ਅੰਧੇਰਾ ਨਾ ਹੋਵੇ ਸਚ ਰੁਸ਼ਨਾਈ, ਸਾਚਾ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਬਾਵਨ ਕਿਹਾ ਧਰਨੀਏ ਤੂੰ ਰਖਣਾ ਧਰਵਾਸਾ, ਧਰਮ ਦੀ ਧਾਰ ਧਾਰ ਦ੍ਰਿੜਾਈਆ । ਤੇਰਾ ਅੰਤਰ ਨਾ ਹੋਏ ਉਦਾਸਾ, ਤ੍ਰੇਤਾ ਦੁਆਪਰ ਕਲਜੁਗ ਵੇਖਣੇ ਚਾਈਂ ਚਾਈਂਆ । ਉਹ ਤਕ ਲੈ ਕੀ ਇਸ਼ਾਰਾ ਦੇਵੇ ਸ਼ੰਕਰ ਉਤੋਂ ਕੈਲਾਸ਼ਾ, ਨਿਵ ਨਿਵ ਸੀਸ ਨਿਵਾਈਆ । ਕਿਉਂ ਬ੍ਰਹਮਾ ਕਰੇ ਹਾਸਾ,

ਹਸ ਹਸ ਰਿਹਾ ਵਖਾਈਆ । ਵਿਸ਼ਨੂੰ ਕਿਹੜੀ ਧਾਰ ਪਾਵੇ ਰਾਸਾ, ਰੂਪ ਅਨੂਪ ਸਮਝਾਈਆ । ਧਰਨੀ ਕਿਹਾ ਬਾਵਨ ਤੇਰੀ ਚਰਨ ਛੋਹ ਮੇਰਾ ਬਦਲ ਜਾਣਾ ਪਾਸਾ, ਪਾਸਾ ਦੀਨ ਦੁਨੀ ਉਲਟਾਈਆ । ਮੈਂ ਫੇਰ ਖ਼ੁਸ਼ ਹੋਵਾਂ ਕਲਜੁਗ ਅੰਤ ਮੇਰੀ ਧਾਰ ਉਤੇ ਆ ਕੇ ਤੇਰੀ ਬਦਲ ਜਾਵੇ ਭਾਸ਼ਾ, ਲਿਪੀ ਨਵੀਂ ਨਵੀਂ ਦੇਣੀ ਉਲਟਾਈਆ । ਝਟ ਜੋਤੀ ਨੂਰ ਹੋਇਆ ਪ੍ਰਕਾਸ਼ਾ, ਪ੍ਰਕਾਸ਼ ਪ੍ਰਕਾਸ਼ ਵਿਚੋਂ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲ ਆਪ ਮਿਲਾਈਆ । ਧਰਨੀ ਕਹੇ ਮੇਰੇ ਭਗਵੰਤ, ਮੇਰੀ ਤੇਰੇ ਤੇਰੇ ਅਗੇ ਦੁਹਾਈਆ । ਮੇਰੇ ਸੁਆਮੀ ਧੁਰ ਦੇ ਕੰਤ, ਕੀ ਵੇਸ ਲਿਆ ਵਟਾਈਆ । ਤੇਰਾ ਕਿਹੜਾ ਮੰਤ, ਕੀ ਕਰੇਂ ਪੜ੍ਹਾਈਆ । ਤੇਰੀ ਮਹਿੰਮਾ ਸਦਾ ਅਗਣਤ, ਗਣਤੀ ਗਣਤ ਨਾ ਕੋਇ ਰਖਾਈਆ । ਤੂੰ ਮਾਲਕ ਲੱਖ ਚੁਰਾਸੀ ਜੀਵ ਜੰਤ, ਜਾਗਰਤ ਜੋਤ ਤੇਰੀ ਨਜ਼ਰੀ ਆਈਆ । ਤੂੰ ਬੋਧ ਅਗਾਧਾ ਪੰਡਤ, ਬੁੱਧੀ ਤੋਂ ਪਰੇ ਪੜ੍ਹਾਈਆ । ਕੀ ਲੇਖਾ ਦੱਸੇਂ ਕਲਜੁਗ ਅੰਤ, ਅੰਤਸ਼ਕਰਨ ਵੇਖ ਖ਼ਲਕ ਖ਼ੁਦਾਈਆ । ਤੂੰ ਤੋੜਨਹਾਰਾ ਗੜ੍ਹ ਹਉਮੇ ਹੰਗਤ, ਹੰ ਬ੍ਰਹਮ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਧਰਨੀ ਕਿਹਾ ਬਾਵਨ ਮੈਂ ਤੇਰਾ ਰੂਪ ਤੱਕਾਂ ਕੀ ਬਾਵਨ, ਸਭ ਤੋਂ ਨਿੱਕਾ ਨਜ਼ਰੀ ਆਈਆ । ਬਾਵਨ ਹਸ ਕੇ ਕਿਹਾ ਜਿਸ ਵੇਲੇ ਰਾਮ ਰੂਪ ਹੋ ਕੇ ਸੰਘਾਰਾਂ ਰਾਵਨ, ਆਪਣਾ ਆਪ ਬਦਲਾਈਆ । ਜਿਸ ਵੇਲੇ ਖੇਲ ਕਰਾਂ ਬਣ ਕਾਹਨਣ, ਦੁਆਪਰ ਜੁਗ ਦਿਆਂ ਉਲਟਾਈਆ । ਫੇਰ ਬਣਾਂ ਨੌਜਵਾਨਣ, ਨੂਰ ਨੁਰਾਨਾ ਇਕ ਅਖਵਾਈਆ । ਕਲਜੁਗ ਅੰਤ ਤੇਰੀ ਕਰਾਂ ਪਹਿਚਾਨਣ, ਬੇਪਹਿਚਾਨ ਆਪਣੀ ਖੇਲ ਖਿਲਾਈਆ । ਧਰਨੀ ਖ਼ੁਸ਼ੀ ਵਿਚ ਖ਼ੁਸ਼ੀ ਲੱਗੀ ਮਨਾਵਣ, ਅੰਤਰ ਅੰਤਰ ਲਈ ਅੰਗੜਾਈਆ । ਮੇਰੇ ਸੁਆਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਮੈਂ ਧਰਨੀ ਤੇਰੀ ਕੋਝੀ ਕਮਲੀ ਸਮੁੰਦ ਸਾਗਰਾਂ ਪਾਰ ਮੇਰਾ ਪਕੜੀਂ ਦਾਮਨ, ਦਾਮਨਗੀਰ ਇਕ ਅਖਵਾਈਆ । ਝਟ ਇਕ ਪਾਸਿਉਂ ਰਾਹੀ ਆ ਗਏ ਤਿੰਨ ਤਿੰਨੇ ਕਹਿਣ ਸਾਨੂੰ ਬਣਾ ਲੈ ਆਪਣਾ ਜ਼ਾਮਨ, ਅੰਤ ਸ਼ਾਹਦਤ ਦਈਏ ਪਾਈਆ । ਧਰਨੀ ਕਿਹਾ ਹੁਣ ਬਚਨ ਆਪਣਾ ਮਾਨਣ, ਪੜਦਾ ਉਹਲਾ ਨਾ ਕੋਇ ਰਖਾਈਆ । ਮੈਨੂੰ ਨਹੀਂ ਪਤਾ ਉਸ ਵੇਲੇ ਬਿਰਧ ਰੂਪ ਹੋਵੇ ਕੀ ਗੌੜ ਬ੍ਰਾਹਮਣ, ਬ੍ਰਹਮ ਵਿਦਿਆ ਦੀ ਬ੍ਰਹਮ ਵਿਦਿਆ ਵਿਚੋਂ ਪੜ੍ਹਾਈਆ । ਨਾ ਕੋਈ ਤ੍ਰਿਸ਼ਨਾ ਹੋਵੇ ਤਾਮਨ, ਜਗਤ ਤ੍ਰਿਖਾ ਨਾ ਕੋਇ ਰਖਾਈਆ । ਬਾਵਨ ਹਸ ਕੇ ਕਿਹਾ ਜੋ ਤੁਹਾਡੀ ਆਸ਼ਾ ਭਾਵਨ, ਭਾਵਨਾ ਪੂਰ ਕਰਾਈਆ । ਏਸੇ ਕਾਰਨ ਮੇਲ ਮਿਲਿਆ ਰਜਿੰਦਰ ਸਿੰਘ ਬਲਦੇਵ ਸਿੰਘ ਗੁਰਚਰਨ ਸਿੰਘ ਵਕਤ ਸੁਹੰਜਣਾ ਆਪ ਕਰੀ ਪਹਿਚਾਨਣ, ਆਪਣਾ ਰੰਗ ਰੰਗਾਈਆ । ਫੇਰ ਬਾਵਨ ਨੇ ਨਿਗਾਹ ਮਾਰੀ ਬਿਨ ਨੇਤਰ ਲੋਚਨ ਨੈਣ ਅੱਖ ਉਠਾਨਣ, ਨੇਤਰ ਜਗਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਿਹਾ ਬਾਵਨ ਨੇ ਇਥੋਂ ਕੀਤਾ ਧਿਆਨ, ਟਰਾਨਟੋ ਦੀ ਧਰਤੀ ਦਏ ਗਵਾਹੀਆ । ਮੈਨੂੰ ਪਤਾ ਨਹੀਂ ਕਿਹੜੇ ਚੜ੍ਹਿਆ ਵਿਚ ਬਬਾਣ, ਕਵਣ ਰੂਪ ਲਿਆ ਬਦਲਾਈਆ । ਨਾਲੇ ਮੈਨੂੰ ਇਸ਼ਾਰਾ ਕੀਤਾ ਧਰਨੀਏ ਉਠ ਉਹ ਵੇਖ ਰਾਜੇ ਬਲ ਦਾ ਦਰਬਾਨ, ਜੋ ਮੈਨੂੰ ਪਹਿਲੋਂ ਨਜ਼ਰੀ ਆਈਆ । ਧਰਨੀ ਕਿਹਾ ਮੇਰੇ ਭਗਵਾਨ, ਇਹ ਤੇਰੀ ਤੇਰੇ ਹੱਥ ਵਡਿਆਈਆ । ਮੈਂ ਚਾਹੁੰਦੀ ਜਿਸ ਵੇਲੇ ਕਲਜੁਗ ਅੰਤ ਤੂੰ ਮੈਨੂੰ ਦੇਵਣ ਆਵੇਂ ਦਾਨ, ਆਪਣੀ ਦਇਆ ਕਮਾਈਆ । ਉਹ ਜ਼ਰੂਰ ਪੁਜਿਆ ਹੋਵੇ ਧਰਤੀ ਉਤੇ ਨੌਜਵਾਨ, ਆਪਣਾ ਪੰਧ



੩੩੩
੨੪

ਮੁਕਾਈਆ । ਏਸੇ ਕਾਰਨ ਜਗਜੀਤ ਆਇਆ ਵਿਚ ਮੈਦਾਨ, ਭੱਜਿਆ ਵਾਹੋ ਦਾਹੀਆ । ਰੇਸ਼ਮ ਸਿੰਘ ਇਸ ਦਾ ਪਿਛਲਾ ਸੀ ਜਾਣੀਜਾਨ, ਬਲ ਦੁਆਰੇ ਤੇ ਆਪਣੀ ਸੇਵ ਕਮਾਈਆ । ਇਸ ਦੇ ਅੰਦਰ ਇਕੋ ਯਾਦ ਹੁੰਦੀ ਸੀ ਭਗਵਾਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਜਿਸ ਵੇਲੇ ਬਲ ਦੁਆਰੇ ਪਹੁੰਚਿਆ ਇਹਨਾਂ ਇਕੱਠੀ ਕੀਤੀ ਸੀ ਪਰਨਾਮ, ਦੂਰੋਂ ਵੇਖ ਸੀਸ ਝੁਕਾਈਆ । ਅੰਤਰ ਆਸ਼ਾ ਰਖੀ ਅਸਵਮੇਧ ਯਗ ਵਿਚੋਂ ਇਹਨੂੰ ਖੁਵਾਈਏ ਪਕਵਾਨ, ਬੁੱਢਾ ਬ੍ਰਾਹਮਣ ਨਜ਼ਰੀ ਆਈਆ । ਝਟ ਬਾਵਨ ਨੇ ਹੁਕਮ ਦਿਤਾ ਫ਼ਰਮਾਨ, ਪਿਆਰ ਨਾਲ ਸਮਝਾਈਆ । ਮੈਂ ਕੁਝ ਨਹੀਂ ਆਇਆ ਪੀਣ ਖਾਣ, ਚਾਰੇ ਵੇਦ ਮੇਰੀ ਸ਼ਨਵਾਈਆ । ਪਰ ਤੁਹਾਡਾ ਉਧਾਰ ਪੂਰਾ ਕਰਾਣਾ ਵਿਚ ਜਹਾਨ, ਮਨੁਸ਼ਾ ਜਨਮ ਵਿਚੋਂ ਮਨੁਸ਼ਾ ਜਨਮ ਫੇਰ ਦਿਆਂ ਪਰਗਟਾਈਆ । ਝਟ ਟਰਾਨਟੋ ਦੀ ਧਰਤੀ ਨੇ ਕਿਹਾ ਜੇ ਮੇਰੀ ਕਰਨੀ ਕਲਿਆਣ, ਕਲਧਾਰੀ ਆਪਣਾ ਰੰਗ ਰੰਗਾਈਆ । ਮੇਰੀ ਸੁਹੰਜਣੀ ਖ਼ਾਕ ਉਤੇ ਭਗਤਾਂ ਦੀ ਧਾਰ ਬਣੀਂ ਮਹਿਮਾਨ, ਮਿਹਰਵਾਨ ਆਪਣਾ ਸੰਗ ਬਣਾਈਆ । ਭਗਤਾਂ ਨੂੰ ਭਗਤੀ ਦਾ ਦੇਵੀਂ ਦਾਨ, ਭਗਤ ਵਛਲ ਬਖ਼ਸ਼ਣੀ ਸਚ ਸਰਨਾਈਆ । ਵੇਖੀਂ ਪ੍ਰਭੂ ਨਾ ਜਾਣੀਂ ਇਹ ਬੱਚੇ ਨਾਦਾਨ, ਜੁਗ ਜੁਗ ਆਪਣਾ ਸੰਗ ਰਖਾਈਆ । ਤੂੰ ਸਦਾ ਸਦਾ ਸਦ ਮਿਹਰਵਾਨ, ਮਹਿਬੂਬ ਨੂਰ ਅਲਾਹੀਆ । ਟਰਾਨਟੋ ਦੀ ਧਰਤੀ ਕਹੇ ਮੇਰਾ ਪੂਰਬ ਲੇਖਾ ਪਹਿਲੀ ਚੇਤ ਹੋਵੇ ਪਰਵਾਨ, ਸੰਮਤ ਸ਼ਹਿਨਸ਼ਾਹੀ ਗਿਆਰਾਂ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਦਿ ਜੁਗਾਦਿ ਇਕ ਅਖਵਾਈਆ ।



✪ ੩ ਚੇਤ ਸ਼ਹਿਨਸ਼ਾਹੀ ਸੰਮਤ ੧੧ ਕਨੇਡਾ ਰਜਿੰਦਰ ਸਿੰਘ ੧੪੦ ਉਨਟੇਵੀਉ ਹਮਿਲਟਨ ਸ਼ਹਿਰ ਵਿਖੇ ਰਾਤ ਨੂੰ ✪

ਧਰਨੀ ਕਹੇ ਮੇਰੇ ਧੁਰਦਰਗਾਹੀ ਅੱਬਾ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਜੋਤ ਧਾਰ ਨੂਰ ਅਲਾਹੀ ਰੱਬਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮੇਰਾ ਕੂੜ ਦਾ ਮੇਟ ਦੇ ਧੱਬਾ, ਦੁਰਮਤ ਮੈਲ ਅੰਤਰ ਨਿਰੰਤਰ ਰਹਿਣ ਕੋਇ ਨਾ ਪਾਈਆ । ਮੋਹ ਵਿਕਾਰ ਜਗਤ ਉਠਾ ਦੇ ਸਭਾ, ਸਹੀ ਸਲਾਮਤ ਆਪਣੀ ਦਇਆ ਕਮਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਜਗਤ ਤ੍ਰਿਸ਼ਨਾ ਵੇਖ ਲੈ ਮਧਾ, ਮਧੁਰ ਧੁਨ ਸੁਣਨ ਕੋਇ ਨਾ ਪਾਈਆ । ਸਚ ਸੁਆਮੀਆ ਅੰਤਰਜਾਮੀਆ ਘਟ ਨਿਵਾਸੀਆ ਪੁਰਖ ਅਬਿਨਾਸ਼ੀਆ ਮੈਂ ਤੈਨੂੰ ਦੇਵਾਂ ਸੱਦਾ, ਮਰਦ ਮਰਦਾਨ ਨੌਜਵਾਨ ਸ੍ਰੀ ਭਗਵਾਨ ਆਉਣਾ ਚਾਈਂ ਚਾਈਂਆ । ਮਾਲਕ ਖ਼ਾਲਕ ਮੇਰੇ ਉਤੋਂ ਸ਼ਰਅ ਦੀ ਮੇਟਣੀ ਹੱਦਾ, ਦੀਨ ਮਜ਼ਬ ਵੰਡ ਨਾ ਕੋਇ ਵੰਡਾਈਆ । ਸਤਿ ਦੁਆਰ ਏਕੰਕਾਰ ਜਨ ਭਗਤਾਂ ਦਰਸ਼ਨ ਦੇਣਾ ਉਪਰ ਸ਼ਾਹਰਗਾ, ਨਵ ਸੱਤ ਨਵ ਦਰ ਦਾ ਪੰਧ ਮੁਕਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਆਪਣਾ ਦੇਣਾ ਮਜ਼ਾ, ਮਿਹਰਵਾਨ ਮਹਿਬੂਬ ਆਪਣੇ ਰੰਗ ਰੰਗਾਈਆ । ਤੇਰਾ ਦੀਪਕ ਨੂਰੀ ਜੋਤ ਇਕੋ ਹੋਵੇ ਜਗਾ, ਜਾਗਰਤ ਜੋਤ ਬਿਨ ਵਰਨ ਗੋਤ ਡਗਮਗਾਈਆ । ਤੂੰ ਸਾਹਿਬ ਸੁਲਤਾਨ ਪੁਰਖ ਅਕਾਲ ਸੂਰਾ ਸਰਬਗਾ, ਬਲਧਾਰੀ ਅਗੰਮ ਅਥਾਹੀਆ । ਮੈਂ ਤੇਰੇ ਚਰਨ ਕਵਲ ਆਪਣਾ ਹਸਤ ਬੱਧਾ, ਨਿਵ ਨਿਵ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ

ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਪ੍ਰਭੂ ਮੇਰੀ ਨਮੋ ਨਮੋ ਨਿਮਸਕਾਰ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਨਿਵਾਈਆ । ਪਰਮ ਪੁਰਖ ਪਰਮਾਤਮ ਮੇਰੀ ਪਾਉਣੀ ਸਾਰ, ਮਹਾਸਾਰਥੀ ਆਪਣੀ ਦਇਆ ਕਮਾਈਆ । ਨਵ ਸੱਤ ਮੇਰੇ ਉਤੇ ਵਧਿਆ ਵਿਭਚਾਰ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਕਲਜੁਗ ਜੀਵ ਹੋਵਣੇ ਗਵਾਰ, ਮਾਨਸ ਮਾਨਵ ਮਨੁਖ ਰੰਗ ਨਾ ਕੋਇ ਰੰਗਾਈਆ । ਜਿਧਰ ਤੱਕਾਂ ਹਾਹਾਕਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਕਲਜੁਗ ਕੀਤਾ ਧੂੰਆਂਧਾਰ, ਦੀਪਕ ਜੋਤ ਨਾ ਕੋਇ ਰੁਸ਼ਨਾਈਆ । ਲਹਿਣਾ ਪੂਰਾ ਕਰ ਦੇ ਜੋ ਆਸ਼ਾ ਰਖ ਕੇ ਗਏ ਪੈਗ਼ੰਬਰ ਗੁਰ ਅਵਤਾਰ, ਅਵਤਰੀ ਆਪਣਾ ਧਿਆਨ ਲਗਾਈਆ । ਤੂੰ ਸ਼ਾਹੋ ਭੂਪ ਸਿਕਦਾਰ, ਸ਼ਹਿਨਸ਼ਾਹ ਇਕ ਅਖਵਾਈਆ । ਜਿਸ ਸਤਿਜੁਗ ਤਰੇਤਾ ਦੁਆਪਰ ਕੀਤਾ ਪਾਰ, ਕਲਜੁਗ ਲਹਿਣਾ ਅੰਤ ਦੇ ਮੁਕਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਮੈਂ ਤੇਰੀ ਸੇਵਾਦਾਰ, ਜੁਗ ਚੌਕੜੀ ਯਾਚਕ ਖ਼ਾਦਮ ਹੋ ਕੇ ਸੇਵ ਕਮਾਈਆ । ਤੇਰੇ ਚਰਨਾਂ ਉਤੋਂ ਮੇਰੀ ਲਗਦੀ ਰਹੇ ਧੂੜੀ ਛਾਰ, ਮਿੱਟੀ ਖ਼ਾਕ ਖ਼ਾਕ ਸ਼ਰਨਾਈਆ । ਅੰਤ ਕੰਤ ਭਗਵੰਤ ਮੇਰੀ ਪੈਜ ਸਵਾਰ, ਸਿਰ ਮੇਰੇ ਹੱਥ ਟਿਕਾਈਆ । ਧਰਨੀ ਕਹੇ ਮੈਂ ਰੋਵਾਂ ਜ਼ਾਰੋ ਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰਾ ਧੁਰ ਦਾ ਬਣਨਾ ਸੰਗੀ, ਸਗਲਾ ਸੰਗ ਨਿਭਾਈਆ । ਮੇਰੇ ਉਤੇ ਆਪਣੀ ਦੀਨ ਦੁਨੀ ਵੇਖ ਬਹੁਰੰਗੀ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਦਰੋਹੀ ਮੇਰੀ ਪਿਠ ਹੋਈ ਨੰਗੀ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਉਹ ਤਕ ਲੈ ਸਦੀ ਬੀਸਵੀਂ ਜਾਂਦੀ ਲੰਘੀ, ਚੌਧਵੀਂ ਆਪਣਾ ਪੰਧ ਮੁਕਾਈਆ । ਮੇਰੇ ਉਤੇ ਝਗੜਾ ਪੈਣ ਵਾਲਾ ਮੁਹੰਮਦ ਧਾਰ ਨਾਲ ਫ਼ਰੰਗੀ, ਫ਼ਾਰਸ ਦਾ ਲੇਖਾ ਸਮਝ ਕੋਇ ਨਾ ਪਾਈਆ । ਮੈਂ ਨੇਤਰ ਧਾਰ ਵਹਾਵਾਂ ਅੰਞੀ, ਹੰਝੂਆਂ ਵਹਿਣ ਵਹਾਈਆ । ਝਗੜਾ ਹੋਣ ਵਾਲਾ ਪਰਕਿਰਤੀ ਪੰਞੀ, ਪੰਜ ਤਤ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮਾਲਕ ਦਇਆ ਕਮਾਈਆ । ਧਰਨੀ ਕਹੇ ਮੇਰੇ ਸ਼ਹਿਨਸ਼ਾਹ ਸੁਲਤਾਨੀ, ਹਰਿ ਕਰਤੇ ਧੁਰਦਰਗਾਹੀਆ । ਮੇਰੀ ਆਸ਼ਾ ਤਕ ਪੁਰਾਣੀ, ਪੁਨਹ ਪੁਨਹ ਸੀਸ ਨਿਵਾਈਆ । ਮੇਰੇ ਅੰਤਰ ਆਏ ਹੈਰਾਨੀ, ਹੈਰਤ ਵਿਚ ਦੁਹਾਈਆ । ਜਿਧਰ ਤੱਕਾਂ ਨਵਖੰਡ ਦਿਸੇ ਬੇਈਮਾਨੀ, ਬੇਵਾ ਰੂਪ ਹੋਈ ਖ਼ਲਕ ਖ਼ੁਦਾਈਆ । ਝਗੜਾ ਪਿਆ ਜਿਸਮ ਜਿਸਮਾਨੀ, ਜ਼ਮੀਰ ਸਕੇ ਨਾ ਕੋਇ ਬਦਲਾਈਆ । ਮੰਜ਼ਲ ਰਹੀ ਨਾ ਕੋਇ ਰੁਹਾਨੀ, ਰੂਹ ਬੁਤ ਰਹੇ ਕੁਰਲਾਈਆ । ਈਸਾ ਕਹੇ ਮੇਰਾ ਆਵੇ ਬਾਪ ਅਸਮਾਨੀ, ਇਸਮ ਆਜ਼ਮ ਇਕ ਜਣਾਈਆ । ਮੁਹੰਮਦ ਤਕੇ ਨੂਰ ਨੁਰਾਨੀ, ਜਲਵਾ ਤੇਰਾ ਦਿਤਾ ਸਮਝਾਈਆ । ਤੂੰ ਮਾਲਕ ਖ਼ਾਲਕ ਦੋ ਜਹਾਨੀ, ਸ਼ਹਿਨਸ਼ਾਹ ਅਗੰਮ ਅਥਾਹੀਆ । ਤੈਨੂੰ ਸਭ ਨੇ ਮੰਨਿਆ ਬਾਨੀ, ਬਾਣ ਅਣਿਆਲਾ ਤੀਰ ਚਲਾਈਆ । ਧਰਨੀ ਕਹੇ ਮੈਂ ਕੋਝੀ ਕਮਲੀ ਨਿਮਾਣੀ, ਨਿਵ ਨਿਵ ਲਾਗਾਂ ਪਾਈਆ । ਆ ਕੇ ਲੇਖਾ ਤਕ ਲੈ ਆਪਣੀ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਭੇਵ ਰਹੇ ਨਾ ਰਾਈਆ । ਮੇਰੇ ਉਤੇ ਝਗੜਾ ਤਕਣਾ ਜਿਸ ਦਾ ਲੇਖਾ ਨਾਲ ਸ਼ਾਹ ਇਰਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਭੇਵ ਖੁਲ੍ਹਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਲਾਇਆ ਨਿਸ਼ਾਨਾ, ਅਵਤਾਰ ਤੇਰੇ ਗਏ ਸਮਝਾਈਆ । ਪੈਗ਼ੰਬਰਾਂ ਕਲਮੇ ਧਾਰ ਦਿਤਾ ਬਿਆਨਾ, ਅੱਖਰ ਅੱਖਰਾਂ ਨਾਲ ਰਲਾਈਆ । ਗੁਰੂਆਂ ਕਹਿ ਕੇ

੩੩੬
੨੪

ਸਚ ਫ਼ਰਮਾਨਾ, ਫ਼ਰਮਾਬਰਦਾਰ ਹੋ ਕੇ ਗਏ ਦ੍ਰਿੜਾਈਆ । ਕਲਜੁਗ ਅੰਤ ਖੇਲ ਕਰੇ ਸ੍ਰੀ ਭਗਵਾਨਾ, ਭਗਵਨ ਆਪਣਾ ਵੇਸ ਵਟਾਈਆ । ਜੋ ਆਦਿ ਜੁਗਾਦਿ ਧੁਰ ਦਾ ਕਾਹਨਾ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਜੋ ਲੇਖਾ ਜਾਣੇ ਦੋ ਜਹਾਨਾਂ, ਬ੍ਰਹਿਮੰਡਾਂ ਖੰਡਾਂ ਜ਼ਮੀਨ ਅਸਮਾਨ ਵੇਖ ਵਖਾਈਆ । ਉਸ ਦਾ ਇਕੋ ਸ਼ਬਦ ਇਕ ਨਾਮ ਕਲਮਾ ਹੋਵੇ ਤਰਾਨਾ, ਤੁਰੀਆ ਤੁਰੀਆ ਤੋਂ ਬਾਹਰ ਦਏ ਸਮਝਾਈਆ । ਇਕੋ ਨੂਰ ਜੋਤ ਹੋਏ ਅਮਾਮਾ, ਅਮਲਾਂ ਤੋਂ ਰਹਿਤ ਅਗੰਮ ਅਥਾਹੀਆ । ਜਿਸ ਦਾ ਹਕ਼ੀਕ਼ਤ ਵਾਲਾ ਹਕ ਹਕ ਹੋਏ ਪੈਗ਼ਾਮਾ, ਪੈਗ਼ੰਬਰਾਂ ਤੋਂ ਬਾਹਰ ਹੋਏ ਪੜ੍ਹਾਈਆ । ਨੌਂ ਖੰਡ ਪ੍ਰਿਥਮੀ ਵੇਖੇ ਜਗਤ ਮੈਦਾਨਾ, ਦੀਪਾਂ ਸੱਤਾਂ ਫੋਲ ਫੁਲਾਈਆ । ਸਤਿ ਸਚ ਧਰਮ ਦੀ ਧਾਰ ਬਣ ਹੁਕਮਰਾਨਾ, ਹੁਕਮ ਇਕੋ ਇਕ ਸਮਝਾਈਆ । ਜਿਸ ਕਲਜੁਗ ਕੂੜੀ ਕਿਰਿਆ ਮੇਟਣਾ ਨਿਸ਼ਾਨਾ, ਨਿਸ਼ਾਨਾ ਸਤਿ ਧਰਮ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਝਟ ਨਾਰਦ ਖ਼ੁਸ਼ੀਆਂ ਦੇ ਨਾਲ ਹੱਸਿਆ, ਧਰਨੀ ਰਿਹਾ ਦ੍ਰਿੜਾਈਆ । ਕੀ ਗੁਰ ਅਵਤਾਰ ਪੈਗ਼ੰਬਰਾਂ ਭੇਵ ਦੱਸਿਆ, ਦਹਿ ਦਿਸ਼ਾ ਕੀ ਸਮਝਾਈਆ । ਝਟ ਕਲਜੁਗ ਆਇਆ ਨੱਸਿਆ, ਆਪਣਾ ਪੰਧ ਮੁਕਾਈਆ । ਮੇਰਾ ਲੇਖਾ ਚਾਰੋਂ ਕੁੰਟ ਰੈਣ ਅੰਧੇਰੀ ਕੀਤੀ ਮੱਸਿਆ, ਮਸਲਾ ਹੱਲ ਨਾ ਕੋਇ ਕਰਾਈਆ । ਨਾਰਦ ਕਹੇ ਉਹ ਤਕ ਹੋੜਾ ਉਪਰ ਸੱਸਿਆ, ਸੋ ਪੁਰਖ ਨਿਰੰਜਣ ਖੇਲ ਖਿਲਾਈਆ । ਜਿਸ ਨੇ ਸ਼ਬਦ ਅਣਿਆਲਾ ਤੀਰ ਕਸਿਆ, ਹੰ ਬ੍ਰਹਮ ਹੋਏ ਸਹਾਈਆ । ਤੇਰਾ ਅੰਤ ਹੰਕਾਰੀ ਬੁਰਜ ਢਠਿਆ, ਲੋਕਮਾਤ ਰਹਿਣ ਨਾ ਪਾਈਆ । ਝਗੜਾ ਮੁਕਣਾ ਤਤ ਅੱਠਿਆ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤਿ ਬੁਧਿ ਨਾ ਕੋਇ ਚਤੁਰਾਈਆ । ਪੰਧ ਰਹੇ ਨਾ ਅੱਠ ਸੱਠਿਆ, ਤੀਰਥ ਤਟ ਗੰਗਾ ਗੋਦਾਵਰੀ ਜਮਨਾ ਸੁਰਸਤੀ ਵੇਖੇ ਨੈਣ ਉਠਾਈਆ । ਫਿਰੇ ਦਰੋਹੀ ਮੰਦਰ ਮਸਜਿਦ ਸ਼ਿਵਦਵਾਲੇ ਮੱਠਿਆ, ਗੁਰੂਦੁਆਰ ਚਰਚਾਂ ਸਾਰ ਕੋਇ ਨਾ ਪਾਈਆ । ਮਾਨਸ ਕ਼ੀਮਤ ਰਹੀ ਕੋਇ ਨਾ ਟਕਿਆ, ਕੰਚਨਗੜ੍ਹ ਨਾ ਕੋਇ ਸਹਾਈਆ । ਕਲਜੁਗ ਖ਼ੁਸ਼ੀਆਂ ਦੇ ਵਿਚ ਟੱਪਿਆ, ਕ਼ਦਮ ਕ਼ਦਮ ਨਾਲ ਬਦਲਾਈਆ । ਨਾਰਦਾ ਮੇਰੇ ਕੋਲ ਪਰਮ ਪੁਰਖ ਦਾ ਵੇਖ ਲੈ ਪਟਿਆ, ਜੋ ਪਟਨੇ ਵਾਲਾ ਗਿਆ ਦ੍ਰਿੜਾਈਆ । ਅੰਤ ਸ੍ਰਿਸ਼ਟੀ ਜ਼ੀਰੋ ਨਾਲ ਜ਼ੀਰੋ ਕਰਨੀ ਬਟਿਆ, ਅੰਤ ਨਜ਼ਰ ਕੋਇ ਨਾ ਆਈਆ । ਇਕੋ ਜੋਤ ਪਰਕਾਸ਼ ਪ੍ਰਭ ਨੂਰ ਹੋਏ ਲਟ ਲਟਿਆ, ਦੋ ਜਹਾਨਾਂ ਡਗਮਗਾਈਆ । ਦੀਨ ਦੁਨੀ ਦਾ ਚੀਥੜ ਵੇਖ ਫਟਿਆ, ਓਢਣ ਸੀਸ ਨਾ ਕੋਇ ਟਿਕਾਈਆ । ਜਿਧਰ ਤਕੋ ਉਧਰ ਹੋਵੇ ਰੱਟਿਆ, ਰੱਟਾ ਸਕੇ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪਣੇ ਹੱਥ ਰਖਾਈਆ । ਧਰਨੀ ਕਹੇ ਨਾਰਦ ਮੇਰੀ ਵੇਖ ਤਕ਼ਦੀਰ, ਬਿਨ ਨੇਤਰ ਅੱਖ ਉਠਾਈਆ । ਗੁਰ ਅਵਤਾਰ ਪੈਗ਼ੰਬਰਾਂ ਮਾਰੀ ਲਕੀਰ, ਲਿਖਿਆ ਲੇਖ ਨਾ ਕੋਇ ਮਿਟਾਈਆ । ਧੁਰ ਦੇ ਸਾਹਿਬ ਦੇ ਹੱਥ ਤਦਬੀਰ, ਤਰੀਕ਼ਾ ਜਗਤ ਨਾ ਕੋਇ ਜਣਾਈਆ । ਜਿਸ ਨੇ ਮੇਰੇ ਉਤੋਂ ਸ਼ਰਅ ਦੇ ਕੱਟਣੇ ਜ਼ੰਜੀਰ, ਛੁਰੀ ਮਜ਼੍ਹਬ ਨਾ ਕੋਇ ਕਸਾਈਆ । ਉਹ ਮਾਲਕ ਗਹਿਰ ਗੰਭੀਰ, ਗਵਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਧਰਨੀਏ ਕੀ ਤੇਰਾ ਲਹਿਣਾ ਦਿਸ਼ਾ ਲਹਿੰਦੀ, ਭੇਵ ਅਭੇਦ ਦੇਣਾ ਖੁਲ੍ਹਾਈਆ । ਕੀ ਸਗਨਾਂ ਵਾਲੀ ਲਾਵੇਂ ਮਹਿੰਦੀ, ਬਿਨ ਹੱਥਾਂ ਹੱਥ ਰੰਗਾਈਆ । ਧਰਨੀ ਖ਼ੁਸ਼ੀਆਂ ਨਾਲ ਕਹਿੰਦੀ, ਕਹਿ ਕਹਿ ਰਹੀ ਦ੍ਰਿੜਾਈਆ । ਮੇਰੀ ਅੰਤਮ

ਧਾਰ ਹੋਵੇ ਢਹਿੰਦੀ, ਢਈਆ ਗੋਬਿੰਦ ਵਾਲਾ ਨਾਲ ਮਿਲਾਈਆ । ਸਮੁੰਦ ਸਾਗਰਾਂ ਧਾਰ ਵੇਖ ਨੈਂ ਦੀ, ਨੇਤਰ ਲੋਚਨ ਅੱਖ ਖੁਲ੍ਹਾਈਆ । ਨਿਸ਼ਾਨੀ
ਦਿਸੇ ਕਿਸੇ ਨਾ ਸ਼ੈ ਦੀ, ਸ਼ਹਿਨਸ਼ਾਹ ਲੇਖੇ ਪੂਰ ਕਰਾਈਆ । ਵਡਿਆਈ ਰਹਿਣੀ ਨਹੀਂ ਹਉਮੇ ਹੈਂ ਦੀ, ਹੰਗਤਾ ਗੜ੍ਹ ਰਿਹਾ ਤੁੜਾਈਆ । ਆਸ਼ਾ
ਤਕ ਮੁਹੰਮਦ ਵਾਲੀ ਲੈ ਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ ।
ਨਾਰਦ ਕਹੇ ਧਰਨੀਏ ਮੇਰੇ ਕੋਲ ਪੁਰਾਣੀ ਕਿਤਾਬ, ਕੁਤਬਖ਼ਾਨਿਆਂ ਹੱਥ ਕਿਸੇ ਨਾ ਆਈਆ । ਲੇਖਾ ਲਿਖਿਆ ਧੁਰ ਅਹਿਬਾਬ, ਮਿਤਰ ਗਿਆ
ਜਣਾਈਆ । ਜਿਸ ਵਿਚ ਅੱਖਰ ਹਿੰਦਸਿਆਂ ਦਾ ਨਹੀਂ ਹਿਸਾਬ, ਸਤਰਾਂ ਵੰਡ ਨਾ ਕੋਇ ਵੰਡਾਈਆ । ਗਿਣਤੀ ਨਹੀਂ ਕੋਈ ਤਾਦਾਦ, ਅੰਕ ਅੰਕ
ਨਾ ਕੋਇ ਮਿਲਾਈਆ । ਜੋ ਆਸ਼ਾ ਦੇ ਕੇ ਆਇਆ ਨਾਨਕ ਵਿਚ ਬਗ਼ਦਾਦ, ਬਗ਼ਲਗੀਰ ਇਕੋ ਇਕ ਰਖਾਈਆ । ਜਿਸ ਤੋਂ ਪੈਗ਼ੰਬਰਾਂ ਮੰਗੀ
ਇਮਦਾਦ, ਦੁਆ ਵਿਚ ਸੀਸ ਜਗਦੀਸ਼ ਨਿਵਾਈਆ । ਉਹ ਸਭ ਦੇ ਪੂਰੇ ਕਰੇ ਖ਼ੁਆਬ, ਖੰਮਜ਼ੇ ਵਲੀ ਲਾਵੀਜ਼ਾ ਅਲੀ ਨਾਨਕੇ ਤਾਮਲੀ ਚਸ਼ਮੇ ਚਾਵਿਜ਼
ਅਰਸ਼ੇ ਨਵਿਜ਼ ਫ਼ਰਸ਼ੇ ਮਜ਼ੂਆ ਮਜ਼ੀਉਲ ਮੁਬਾ ਨੂਰੇ ਖ਼ੁਦਾ ਖ਼ੁਦ ਮਾਲਕ ਦਇਆ ਕਮਾਈਆ । ਨਾਨਕ ਕਿਹਾ ਆਜ਼ਵਅਲੀ ਪਰਦਾਨਸ਼ੀਂ ਨਕ਼ਾਬੇ ਜ਼ਵੂਆ
ਨਾਜ਼ੁਕਤੇ ਖ਼ੁਦਾ ਅਰਸ਼ੇ ਜ਼ੁਬਾਅ ਸ਼ਹਿਨਸ਼ਾਹ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ
ਧੁਰ ਮਾਲਕ ਅਗੰਮ ਅਥਾਹੀਆ । ਨਾਰਦ ਕਹੇ ਧਰਨੀਏ ਮੇਰੀ ਕਿਤਾਬ ਲੇਖਾ ਵੇਖ ਜਗ, ਜਗ ਜੀਵਨ ਦਾਤਾ ਕੀ ਜਣਾਈਆ । ਜਿਸ ਦਾ ਸਮਝੇ
੩੩੭ ਨਾ ਕੋਇ ਸਬਬ, ਭੇਦ ਅਭੇਦ ਨਾ ਕੋਇ ਖੁਲ੍ਹਾਈਆ । ਖੋਜਿਆਂ ਪਏ ਕਿਸੇ ਨਾ ਲੱਭ, ਲਬਾਂ ਨਾਲ ਗਾਵਣ ਵਾਲੇ ਰੋਵਣ ਮਾਰਨ ਧਾਹੀਆ । ਜਿਸ ੩੩੭
੨੪ ਦੀ ਸ਼ਰਅ ਤੋਂ ਬਾਹਰ ਹੱਦ, ਹਦੂਦਾਂ ਵੰਡ ਨਾ ਕੋਇ ਵੰਡਾਈਆ । ਜਿਸ ਨੇ ਅੰਤਮ ਆਤਮ ਪਰਮਾਤਮ ਬਣਾਉਣੀ ਯਦ, ਯਦੀ ਯਦਪ ਆਪਣਾ ੨੪
ਖੇਲ ਖਿਲਾਈਆ । ਕਲਜੁਗ ਕੂੜ ਕਿਰਿਆ ਧਾਰ ਕਰਨੀ ਅਲਗ, ਗ੍ਰਹਿ ਮੰਦਰ ਇਕ ਸੁਹਾਈਆ । ਤੂੰ ਪਰਸੀਂ ਉਸ ਦੇ ਪਗ, ਧੂੜੀ ਚਰਨ
ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਧਰਨੀ
ਕਹੇ ਨਾਰਦ ਮੁਨੀਆ ਗੁਰ ਅਵਤਾਰ ਪੈਗ਼ੰਬਰਾਂ ਦਿਤੀਆਂ ਥਾਪੀਆਂ, ਥਪਕ ਥਪਕ ਗਏ ਜਣਾਈਆ । ਭਵਿਖਤਾਂ ਵਾਲੀਆਂ ਲਿਖੀਆਂ ਕਾਪੀਆਂ, ਪੇਸ਼ੀਨਗੋਈਆਂ
ਨਾਲ ਵਡਿਆਈਆ । ਕਲਜੁਗ ਆਉਣੀ ਅੰਧੇਰੀ ਰਾਤੀਆ, ਰੁਤੜੀ ਜਗਤ ਨਾ ਕੋਇ ਸੁਹਾਈਆ । ਝਗੜਾ ਪੈਣਾ ਸ਼ਰਅ ਜਮਾਤੀਆਂ, ਮੇਟ ਸਕੇ
ਕੋਇ ਨਾ ਰਾਈਆ । ਪਵਿਤ੍ਰ ਰਹਿਣੀਆਂ ਨਹੀਂ ਹਯਾਤੀਆਂ, ਜੀਵਨ ਸਚ ਨਾ ਕੋਇ ਵਖਾਈਆ । ਕਲਜੁਗ ਕੂੜਾ ਮਾਰੇ ਕਾਤੀਆਂ, ਕ਼ਤਲਗਾਹ
ਬਣੇ ਲੋਕਾਈਆ । ਅੰਤ ਸਭ ਨੇ ਪਾਉਣੀ ਵਫ਼ਾਤੀਆ, ਬਚਿਆ ਨਜ਼ਰ ਕੋਇ ਨਾ ਆਈਆ । ਲੇਖਾ ਰਹੇ ਨਾ ਜ਼ਾਤ ਪਾਤੀਆ, ਦੀਨ ਮਜ਼੍ਹਬ ਨਾ
ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ
ਕਹੇ ਧਰਨੀਏ ਤੇਰੇ ਉਤੇ ਲੱਖ ਚੁਰਾਸੀ ਵਸਦੀ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਖ਼ੁਸ਼ੀ ਬਣਾਈਆ । ਤੇਰੀ ਸਿਫ਼ਤ ਵਡਿਆਈ ਜਸ ਦੀ,
ਮਹਿੰਮਾ ਅਗੰਮ ਅਥਾਹੀਆ । ਤੂੰ ਆਦਿ ਜੁਗਾਦੀ ਰਹੀ ਨਸਦੀ, ਭੱਜੇਂ ਵਾਹੋ ਦਾਹੀਆ । ਮੇਰੀ ਕਿਤਾਬ ਬਿਨ ਅੱਖਰਾਂ ਤੋਂ ਕੁਝ ਦਸਦੀ, ਨਿਰਅੱਖਰ
ਧਾਰ ਦ੍ਰਿੜਾਈਆ । ਅਗੇ ਖੇਲ ਵਰਤਣੀ ਅਲਖਣਾ ਅਲਖ ਦੀ, ਅਲਖ ਅਗੋਚਰ ਆਪ ਵਰਤਾਈਆ । ਤੇਰੀ ਝੋਲੀ ਖ਼ਾਲੀ ਦਿਸੇ ਸਖ ਦੀ,

ਝੋਲੀ ਵਸਤ ਨਾ ਕੋਇ ਟਿਕਾਈਆ । ਤੂੰ ਪਿਆਸੀ ਹੋਣਾ ਮਾਨਵ ਰਤ ਦੀ, ਮਾਨਸ ਸਾਰੇ ਜਾਣੇ ਖਾਈਆ । ਨਿਸ਼ਾਨੀ ਰਹੇ ਨਾ ਕੂੜੇ ਤਤ ਦੀ, ਤਤਵ ਤਤ ਦਏ ਜਣਾਈਆ । ਝਟ ਧਰਨੀ ਵਾਸਤਾ ਘਤਦੀ, ਦੋਏ ਜੋੜ ਸੀਸ ਨਿਵਾਈਆ । ਮੈਂ ਆਸ਼ਾ ਰਖੀ ਉਸ ਪਰਮੇਸ਼ਵਰ ਪਤਿ ਦੀ, ਜੋ ਪਤਿਤ ਪਾਵਨ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਕੀ ਲਹਿਣਾ ਤਿੰਨ ਚੇਤਰ ਦੀ ਧਾਰ, ਤ੍ਰੈਗੁਣ ਅਤੀਤਾ ਕੀ ਜਣਾਈਆ । ਬੇਖ਼ਬਰੇ ਜ਼ਰਾ ਆਪਣੀ ਨਿਗਾਹ ਮਾਰ, ਨੇਤਰ ਲੋਚਨ ਨੈਣ ਅੱਖ ਉਠਾਈਆ । ਕੀ ਸੰਦੇਸ਼ਾ ਦੇਵੇ ਆਪਣੀ ਵਾਰ, ਵਾਰਸ ਹੋ ਕੇ ਕੀ ਸਮਝਾਈਆ । ਹਮਿੰਲਟਨ ਦਾ ਲੇਖਾ ਕੀ ਨਾਲ ਕਰਤਾਰ, ਕੁਦਰਤ ਦਾ ਕ਼ਾਦਰ ਕੀ ਵਖਾਈਆ । ਏਥੇ ਸਪਤ ਰਿਖੀਆਂ ਮੁਖ ਨੂੰ ਲਾ ਕੇ ਛਾਰ, ਆਪਣਾ ਰੂਪ ਲਿਆ ਬਦਲਾਈਆ । ਮੰਗੀ ਮੰਗ ਬਣ ਭਿਖਾਰ, ਪ੍ਰਭ ਅਗੇ ਝੋਲੀ ਡਾਹੀਆ । ਅਤਰੀ ਕੂਕ ਕਿਹਾ ਪੁਕਾਰ, ਦਰਸ ਦੇਣਾਂ ਚਾਈਂ ਚਾਈਆ । ਤੇਰਾ ਤਕੀਏ ਨੂਰ ਜੋਤ ਉਜਿਆਰ, ਉਜਾਲਾ ਹੋਵੇ ਥਾਉਂ ਥਾਈਂਆ । ਸਤਿਗੁਰ ਸ਼ਬਦ ਸੰਦੇਸ਼ਾ ਦਿਤਾ ਤੁਸੀਂ ਸਾਰੇ ਕਰੋ ਦੀਦਾਰ, ਬਿਨ ਨੇਤਰਾਂ ਦਰਸ਼ਨ ਪਾਈਆ । ਅਗੇ ਨਿਗਾਹ ਲਓ ਮਾਰ, ਲੋਚਨ ਅੱਖ ਖੁਲ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਰਹੇ ਨਾ ਵਿਚ ਸੰਸਾਰ, ਵਿਸ਼ਨ ਬ੍ਰਹਮਾ ਸ਼ਿਵ ਦਏ ਗਵਾਹੀਆ । ਕਲਜੁਗ ਅੰਤਮ ਹੋਏ ਧੂੰਆਂਧਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਸਾਚਾ ਮੀਤ ਨਜ਼ਰ ਨਾ ਆਏ ਕੋਇ ਮੁਰਾਰ, ਸੰਗੀ ਸੰਗ ਨਾ ਕੋਇ ਨਿਭਾਈਆ । ਇਹ ਧਾਮ ਧਰਨੀਏ ਤੇਰਾ ਰਹੇ

੩੩੮ ਬਰਕਰਾਰ, ਇਕਰਾਰ ਭੁਲ ਕਦੇ ਨਾ ਜਾਈਆ । ਭਗਤਾਂ ਸੰਗ ਹੋਵੇ ਭਗਤ ਦੁਆਰ, ਭਗਵਨ ਰੰਗ ਰੰਗਾਈਆ । ਚਰਨ ਧੂੜੀ ਤੈਨੂੰ ਬਖ਼ਸ਼ੇ ੩੩੮

੨੪ ਛਾਰ, ਸ਼ਹਿਨਸ਼ਾਹ ਆਪਣਾ ਰੂਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ੨੪

ਰੰਗ ਚੜ੍ਹਾਈਆ । ਧਰਨੀ ਕਹੇ ਮੈਂ ਖ਼ੁਸ਼ੀ ਵਿਚ ਹੋਈ ਚੁੱਪ, ਰਸਨਾ ਕਹਿਣ ਕਿਛ ਨਾ ਪਾਈਆ । ਧੁਰ ਸ਼ਬਦ ਸੰਦੇਸ਼ਾ ਦਿਤਾ ਜਿਸ ਵੇਲੇ ਅੰਧੇਰਾ ਹੋਇਆ ਘੁੱਪ, ਕਲਜੁਗ ਨਾਲ ਮਿਲਾਈਆ । ਤੇਰੇ ਉਤੇ ਧਰਮ ਦਾ ਰਿਹਾ ਕੋਈ ਨਾ ਪੁਤ, ਪਿਤਾ ਪੂਤ ਗੋਦ ਨਾ ਕੋਇ ਸੁਹਾਈਆ । ਸੁਹੰਜਣੀ ਦਿਸੇ ਕੋਈ ਨਾ ਰੁਤ, ਰੁਤੜੀ ਪ੍ਰਭ ਨਾਮ ਨਾਲ ਨਾ ਕੋਇ ਮਹਿਕਾਈਆ । ਉਸ ਵੇਲੇ ਤੇਰੇ ਦਰ ਆਵੇ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਜਿਸ ਦਾ ਖੇਲ ਹੋਵੇ ਪੰਜ ਭੁਤ, ਪੰਚਮ ਆਪਣੀ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਲੇਖਾ ਪੂਰ ਕਰਾਈਆ । ਧਰਨੀ ਕਹੇ ਹਮਿੰਲਟਨ ਦੇ ਥਾਂ ਇਹਦਾ ਨਾਂ ਹੁੰਦਾ ਸੀ ਹਿੰਮ, ਸਪਤਸ ਰਿਖੀ ਦੇਣ ਗਵਾਹੀਆ । ਜਿਥੇ ਕੌੜੀ ਧਾਰ ਬੂਟਾ ਸੀ ਇਕ ਨਿੰਮ, ਪੱਤ ਟਹਿਣੀ ਨਾਲ ਮਹਿਕਾਈਆ । ਜਲ ਧਾਰਾ ਥੱਲੇ ਰਿਹਾ ਸੀ ਸਿੰਮ, ਆਪਣਾ ਵਹਿਣ ਬਣਾਈਆ । ਜਿਸ ਦਾ ਲੇਖਾ ਨਾਲ ਪਰਬਤ ਹਿੰਮ, ਹੇਮ ਕੁੰਡ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਮੇਰਾ ਲੇਖਾ ਲਿਖਿਆ ਵਿਚ ਗਰੜ ਪੁਰਾਣ, ਹਿੰਮਾ ਕਹਿ ਕੇ ਹਮਿਲਟਨ ਨਾਉਂ ਜਣਾਈਆ । ਵੇਦ ਵਿਆਸ ਨੌਂ ਵਾਰ ਕੀਤਾ ਧਿਆਨ, ਹੱਥ ਮਸਤਕ ਉਤੇ ਟਿਕਾਈਆ । ਬਿਨਾ ਅੱਖਰਾਂ ਤੋਂ ਬੋਲ ਗਿਆਨ, ਨਿਰਅੱਖਰ ਧਾਰ ਦ੍ਰਿੜਾਈਆ । ਕਲਜੁਗ ਅੰਤ ਤੇਰੀ ਹੋਵੇ ਪਹਿਚਾਨ, ਬੇਪਹਿਚਾਨ ਵੇਖ ਵਖਾਈਆ । ਕਿਰਪਾ ਕਰੇ ਸ੍ਰੀ ਭਗਵਾਨ, ਹਰਿ ਕਰਤਾ ਧੁਰਦਰਗਾਹੀਆ । ਬਾਹਰੋਂ ਤਤਾਂ ਵਾਲਾ

ਹੋਏ ਇਨਸਾਨ, ਅੰਤਰ ਨਿਰਗੁਣ ਜੋਤ ਜੋਤ ਰੁਸ਼ਨਾਈਆ । ਜਿਸ ਦੀ ਆਸ਼ਾ ਰਖੀ ਕ੍ਰਿਸ਼ਨ ਕਾਹਨ, ਘਨਈਆ ਮੁਕੰਦ ਮਨੋਹਰ ਲਖਮੀ ਨਰਾਇਣ ਗਿਆ ਦ੍ਰਿੜਾਈਆ । ਈਸਾ ਦੋਹਾਂ ਹੱਥਾਂ ਮੰਗਿਆ ਦਾਨ, ਸਲੀਬ ਲੈਂਦਿਆਂ ਆਸ ਰਖਾਈਆ । ਮੁਹੰਮਦ ਇਸ਼ਾਰਾ ਕੀਤਾ ਮਜੀਦ ਕ਼ੁਰਾਨ, ਕ਼ੁਰਾਨ ਸ਼ਰੀਫ਼ ਦਏ ਗਵਾਹੀਆ । ਨਾਨਕ ਨਿਰਗੁਣ ਸਰਗੁਣ ਲਾਇਆ ਨਿਸ਼ਾਨ, ਨਿਸ਼ਾਨਾ ਜ਼ਿਮੀਂ ਅਸਮਾਨ ਨਜ਼ਰ ਕਿਸੇ ਨਾ ਆਈਆ । ਗੋਬਿੰਦ ਸ਼ਬਦੀ ਖਿਚ ਕਮਾਨ, ਚਿੱਲਾ ਤੀਰ ਕਮਾਨ ਅਗੰਮ ਅਥਾਹ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਵਕ਼ਤ ਆਪ ਸੁਹਾਈਆ । ਧਰਨੀ ਕਹੇ ਮੇਰਾ ਵਕ਼ਤ ਸੁਹੰਜਣਾ ਪੁਜਾ, ਪੂਜਣਯੋਗ ਦਿਤੀ ਵਡਿਆਈਆ । ਮੇਰਾ ਭੇਵ ਖੁਲ੍ਹਾਇਆ ਗੁੱਝਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਬੇਸ਼ਕ ਦੁਨੀਆ ਮੈਨੂੰ ਅੱਖਰੀ ਧਾਰ ਕਹੇ ਬਸੁੰਧਾ, ਧਵਲ ਧੌਲ ਕਹਿ ਕੇ ਢੋਲੇ ਗਾਈਆ । ਕੁਝ ਆਸਾ ਰਖ ਕੇ ਗਿਆ ਬੁੱਧਾ, ਬੁੱਧੀ ਤੋਂ ਬਾਹਰ ਗਿਆ ਜਣਾਈਆ । ਕਲਜੁਗ ਅੰਤਮ ਨਵ ਸੱਤ ਦਾ ਹੋਵੇ ਯੁੱਧਾ, ਯੁਧਿਸ਼ਟਰ ਦੀ ਆਸ਼ਾ ਕ੍ਰਿਸ਼ਨ ਕਾਹਨ ਨਾਲ ਮਿਲਾਈਆ । ਸੋ ਵਕ਼ਤ ਸੁਹੰਜਣਾ ਮੇਰਾ ਪੁੱਗਾ, ਪਰਮ ਪੁਰਖ ਦਿਤੀ ਵਡਿਆਈਆ । ਮੇਰਾ ਭਾਗ ਹੋਵੇ ਉਦਾ, ਉਦੇ ਅਸਤ ਮੇਰੀ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਧਰਨੀ ਕਹੇ ਮੇਰੇ ਉਤੇ ਸਪਤਸ ਰਿਸ਼ੀਆਂ ਲਾਇਆ ਅੰਗੂਠਾ, ਪੰਜਾ ਜ਼ਿਮੀਂ ਨਾਲ ਛੁਹਾਈਆ । ਫਿਰ ਕਰਕੇ ਖ਼ਾਲੀ ਠੂਠਾ, ਕਾਸਾ ਚਾਰੋਂ ਕੁੰਟ ਭੁਆਈਆ ।



ਫਿਰ ਆਪਣਾ ਆਪ ਬਣਾਇਆ ਰੂਠਾ, ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਫਿਰ ਦੀਨ ਦੁਨੀ ਜਗਤ ਨੂੰ ਦੱਸਿਆ ਝੂਠਾ, ਸਦ ਰਹਿਣ ਕੋਇ ਪਾਈਆ । ਫਿਰ ਫੜ ਕੇ ਕਾਹੀ ਕਾਨੇ ਦਾ ਬੂਟਾ, ਜੜ੍ਹ ਤੋਂ ਦਿਤਾ ਹਿਲਾਈਆ । ਫਿਰ ਦੋ ਹੱਥਾਂ ਦਾ ਲੈ ਕੇ ਝੂਟਾ, ਜ਼ਿਮੀਂ ਅਸਮਾਨ ਵੇਖ ਵਖਾਈਆ । ਫਿਰ ਪੈਰਾਂ ਤੋਂ ਲਾਹ ਕੇ ਜੁਤਾ, ਨੰਗੇ ਹੋ ਕੇ ਮੇਰੇ ਉਤੇ ਚਰਨ ਛੁਹਾਈਆ । ਫੇਰ ਧਾਰ ਰੂਪ ਅਵਦੂਤਾ, ਕਲਜੁਗ ਕੂੜ ਦਿਤਾ ਵਖਾਈਆ । ਮੈਂ ਹਸ ਕੇ ਸਪਤਸ ਰਿਸ਼ੀਆਂ ਪੂਛਾ, ਬੇਨੰਤੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸਮਝਾਈਆ । ਸਪਤਸ ਰਿਖ ਸਚ ਦ੍ਰਿੜਾਇਆ ਏ । ਧਰਨੀਏ ਤੇਰੇ ਉਤੇ ਲੇਖਾ ਦਿਤਾ ਲਿਖ, ਅਗੇ ਸਕੇ ਨਾ ਕੋਇ ਮਿਟਾਇਆ ਏ । ਸਚ ਦੀ ਧਾਰ ਪਾਏ ਭਿੱਖ, ਖ਼ਾਲੀ ਝੋਲੀ ਜਗਤ ਭਰਾਇਆ ਏ । ਜੋ ਕੁਝ ਸਾਨੂੰ ਰਿਹਾ ਦਿਖ, ਤੈਨੂੰ ਦਿਤਾ ਦ੍ਰਿੜਾਇਆ ਏ । ਇਹ ਦੁਨੀਆ ਸ੍ਰਿਸ਼ਟੀ ਸਾਰੀ ਦਿਸੇ ਮਿਥ, ਅੰਤ ਰਹਿਣ ਕੋਇ ਨਾ ਪਾਇਆ ਏ । ਸਾਚਾ ਦਿਸੇ ਕੋਇ ਨਾ ਮਿਤ, ਮਿਤਰ ਪਿਆਰਾ ਨਾ ਕੋਇ ਅਖਵਾਇਆ ਏ । ਪ੍ਰਭ ਦਾ ਖੇਲ ਤੇਰੇ ਉਤੇ ਹੋਵੇ ਨਿਤ, ਨਵਿਤ ਵੰਡ ਵੰਡਾਇਆ ਏ । ਕਲਜੁਗ ਅੰਤਮ ਕਰੇ ਹਿਤ, ਹਿਤਕਾਰੀ ਹੋ ਕੇ ਵੇਖ ਵਖਾਇਆ ਏ । ਤਿੰਨ ਚੇਤਰ ਹੋਵੇ ਥਿਤ, ਸੰਮਤ ਸ਼ਹਿਨਸ਼ਾਹੀ ਗਿਆਰਾਂ ਸੰਗ ਨਿਭਾਇਆ ਏ । ਤੂੰ ਯਾਦ ਰਖਣੀ ਆਪਣੀ ਚਿਤ, ਠਗੌਰੀ ਚਿਤ ਨਾ ਕੋਇ ਜਣਾਇਆ ਏ । ਝਟ ਧਰਨੀ ਚਰਨਾਂ ਉਤੇ ਗਈ ਲਿਟ, ਲਿਟਾਂ ਖੋਲ੍ਹ ਕੇ ਸੀਸ ਨਿਵਾਇਆ ਏ । ਫਿਰ ਦੋਹੱਥੜ ਮਾਰ ਕੇ ਲਿਆ ਪਿਟ, ਦਰੋਹੀ ਤੇਰਾ ਨਾਮ ਖ਼ੁਦਾਇਆ ਏ । ਸਪਤਸ ਰਿਖੀ ਫੜ ਕੇ ਇਕ ਇੱਟ, ਪਾਹਨ ਨਾਲ ਜੁੜਾਇਆ ਏ । ਬਿਨ ਕਾਗ਼ਜ਼ ਦੇ ਕੇ ਚਿਟ, ਚਿੱਟੇ ਉਤੇ ਚਿੱਟਾ ਲੇਖ ਲਿਖਾਇਆ ਏ । ਤੇਰੀ ਆਸ਼ਾ ਇਥੇ ਜਾਵੇ ਟਿਕ, ਟਿਕਟਿਕੀ ਇਕੋ ਨਾਮ ਜਣਾਇਆ ਏ । ਪੁਰਖ ਅਕਾਲਾ ਦੀਨ ਦਿਆਲਾ ਜੋ ਆਦਿ ਜੁਗਾਦਿ ਇਕ, ਏਕੰਕਾਰ

ਇਕ ਅਖਵਾਇਆ ਏ । ਕਲਜੁਗ ਤੇਰੀ ਅੰਤਮ ਪੂਰੀ ਕਰੇ ਸਿੱਕ, ਆਸ਼ਾ ਤੇਰੀ ਤੇਰੇ ਨਾਲ ਮਿਲਾਇਆ ਏ । ਜਨ ਭਗਤਾਂ ਬਣਕੇ ਧੁਰ ਦਾ ਪਿਤ, ਪਤਿਪਰਮੇਸ਼ਵਰ ਵੇਖ ਵਖਾਇਆ ਏ । ਤੇਰਾ ਲਹਿਣਾ ਦੇਣਾ ਲੇਖਾ ਲਏ ਨਜਿੱਠ, ਅਵਤਾਰ ਪੈਗੰਬਰਾਂ ਗੁਰੂਆਂ ਆਸ਼ਾ ਆਪਣੇ ਵਿਚ ਸਮਾਇਆ ਏ । ਕਮਲੀਏ ਖੇਲ ਹੋਣਾ ਅਨਡਿੱਠ, ਜਗ ਨੇਤਰ ਵੇਖਣ ਕੋਇ ਨਾ ਆਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਮੇਲ ਮਿਲਾਇਆ ਏ । ਹਮਿਲਟਨ ਕਹੇ ਮੈਂ ਪੁਰਾਣਾ ਵਸਨੀਕ, ਚਾਰ ਜੁਗ ਦੀ ਆਸ਼ਾ ਨਾਲ ਮਿਲਾਈਆ । ਮੇਰੀ ਸਪਤਸ ਰਿਖੀਆਂ ਕਰਨੀ ਤਸਦੀਕ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਮੇਰੀ ਆਸ਼ਾ ਮਨਸਾ ਪੂਰੀ ਕਰ ਉਮੀਦ, ਤ੍ਰਿਸ਼ਨਾ ਜਗਤ ਰਹੀ ਨਾ ਰਾਈਆ । ਮੇਰੀ ਪੁਰਾਤਨ ਬਿਨ ਹਿੰਦਸਿਆਂ ਵਾਲੀ ਤਰੀਕ, ਤਵਾਰੀਖ ਨਵੀਂ ਨਾਲ ਜਣਾਈਆ । ਮੈਂ ਸਤਿ ਸਚ ਚਲਾਵਾਂ ਰੀਤ, ਰੀਤੀ ਪ੍ਰਭ ਨੇ ਦਿਤੀ ਸਮਝਾਈਆ । ਮੇਰੇ ਉਤੇ ਸਪਤਸ ਰਿਖੀਆਂ ਢੋਲਾ ਗਾਇਆ ਸੀ ਗੀਤ, ਤੂੰ ਮੇਰਾ ਮੈਂ ਤੇਰਾ ਸੋਹੰ ਸ਼ਬਦ ਪੜ੍ਹਾਈਆ । ਅੱਜ ਮੇਰੀ ਕਾਇਆ ਹੋਈ ਠਾਂਢੀ ਸੀਤ, ਅਗਨੀ ਤਤ ਤਤ ਗਵਾਈਆ । ਮੇਰੀ ਖ਼ਾਕ ਹੋਈ ਪੁਨੀਤ, ਪਤਿਤ ਦਾ ਲੇਖਾ ਦਿਤਾ ਮੁਕਾਈਆ । ਕਿਰਪਾ ਕੀਤੀ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਬਖ਼ਸ਼ੀ ਸਰਨਾਈਆ । ਰਾਜਿੰਦਰ ਸਿੰਘ ਤੇਰੀ ਸਤਿ ਦੀ ਸਚ ਪ੍ਰੀਤ, ਪ੍ਰੀਤਮ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਇਕ ਅਖਵਾਈਆ । ੩੪੦

੨੪

✪ ੯ ਚੇਤ ਸ਼ਹਿਨਸ਼ਾਹੀ ਸੰਮਤ ੧੧ ਮੁਕੰਦ ਸਿੰਘ, ਜਗਜੀਤ ਸਿੰਘ, ਗੁਰਦਿਆਲ ਸਿੰਘ, ਲਾਲ ਸਿੰਘ
੪੯੪ ਰੀਵਰਟੋਨ ਏਵੇਨੀਊ ਐਲਮਵੁਡ ਮੈਨੀਟੋਬਾ ਵਿਨੀਪੈਗ ਕਨੇਡਾ ✪

ਨਵ ਚੇਤ ਕਹੇ ਮੇਰੀ ਨਮੋਂ ਨਮੋਂ ਨਿਮਸਕਾਰਾ, ਡੰਡਾਵਤ ਬੰਦਨਾ ਸੀਸ ਜਗਦੀਸ ਝੁਕਾਈਆ । ਸੋ ਪੁਰਖ ਨਿਰੰਜਣ ਤੇਰਾ ਖੇਲ ਅਗੰਮ ਅਪਾਰਾ, ਹਰਿ ਪੁਰਖ ਨਿਰੰਜਣ ਤੇਰੀ ਬੇਪਰਵਾਹੀਆ । ਏਕੰਕਾਰਾ ਸ਼ਾਹੋ ਭੂਪ ਸਿਕਦਾਰਾ, ਆਦਿ ਨਿਰੰਜਣ ਨੂਰ ਅਲਾਹੀਆ । ਅਬਿਨਾਸ਼ੀ ਕਰਤੇ ਤੇਰਾ ਅੰਤ ਨਾ ਪਾਰਾਵਾਰਾ, ਸ੍ਰੀ ਭਗਵਾਨ ਸ਼ਾਹ ਸੁਲਤਾਨ ਤੇਰੇ ਹੱਥ ਵਡਿਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਸਚ ਦੁਆਰਾ, ਨਿਰਗੁਣ ਨਿਰਵੈਰ ਨਿਰਾਕਾਰ ਸੋਭਾ ਪਾਈਆ । ਸ਼ਬਦ ਅਨਾਦੀ ਤੇਰਾ ਇਕ ਦੁਲਾਰਾ, ਦੋ ਜਹਾਨ ਨਵ ਜਵਾਨ ਨਜ਼ਰੀ ਆਈਆ । ਆਦਿ ਅੰਤ ਤੇਰਾ ਲੇਖ ਸਭ ਤੋਂ ਬਾਹਰਾ, ਭੇਵ ਅਭੇਦ ਸਮਝ ਕੋਇ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਸੇਵਾਦਾਰਾ, ਜੁਗ ਚੌਕੜੀ ਧੁਰ ਦੀ ਸੇਵ ਕਮਾਈਆ । ਤ੍ਰੈਗੁਣ ਮਾਇਆ ਪੰਜ ਤਤ ਤੇਰਾ ਪਸਾਰਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਤੇਰੀ ਤੇਰੇ ਹੱਥ ਵਡਿਆਈਆ । ਤੇਰਾ ਹੁਕਮ ਸੰਦੇਸ਼ਾ ਉਪਜੇ ਤੇਰੀ ਵਿਚੋਂ ਧਾਰਾ, ਦੂਸਰ ਸੁਣਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਨਵ ਚੇਤ ਕਹੇ ਤੇਰਾ ਖੇਲ ਨਵ ਖੰਡ, ਨਵ ਨਵ ਧਿਆਨ ਲਗਾਈਆ । ਤੇਰਾ ਲੇਖਾ ਕੋਟਨ ਕੋਟ ਬ੍ਰਹਿਮੰਡ, ਬ੍ਰਹਿਮਾਂਡ ਤੇਰੇ ਵਿਚ ਸਮਾਈਆ ।

ਤੇਰੀ ਧਾਰਾ ਜੇਰਜ ਅੰਡ, ਉਤਭੁਜ ਸੇਤਜ ਵਜਦੀ ਰਹੇ ਵਧਾਈਆ । ਤੇਰਾ ਪਰਕਾਸ਼ ਸੂਰੀਆ ਚੰਦ, ਨੂਰ ਨੁਰਾਨੇ ਨਜ਼ਰੀ ਆਈਆ । ਤੂੰ ਸ਼ਾਹੋ ਭੂਪ ਸੂਰਾ ਸਰਬੰਗ, ਸ਼ਹਿਨਸ਼ਾਹ ਅਗੰਮ ਅਥਾਹੀਆ । ਨਿਰਗੁਣ ਤੇਰਾ ਸਰਗੁਣ ਚੜ੍ਹਿਆ ਰੰਗ, ਤਤਵ ਤਤ ਖੇਲ ਖਿਲਾਈਆ । ਸ਼ਬਦੀ ਧਾਰ ਅਗੰਮੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਵ ਚੇਤ ਕਹੇ ਮੇਰੀ ਆਸ਼ਾ ਆਦਿ ਜੁਗਾਦਿ ਪੁਰਾਣੀ, ਪੁਨਹ ਪੁਨਹ ਸੀਸ ਨਿਵਾਈਆ । ਤੂੰ ਸ਼ਾਹੋ ਭੂਪ ਸੁਲਤਾਨੀ, ਸ਼ਹਿਨਸ਼ਾਹ ਅਗੰਮ ਅਥਾਹੀਆ । ਤੇਰਾ ਜਲਵਾ ਨੂਰ ਨੁਰਾਨੀ, ਜੋਤੀ ਜਾਤਾ ਸੋਭਾ ਪਾਈਆ । ਤੇਰੀ ਮਹਿੰਮਾ ਅਕਥ ਕਹਾਣੀ, ਸਿਫ਼ਤੀ ਸਿਫ਼ਤ ਨਾ ਕੋਇ ਵਡਿਆਈਆ । ਤੂੰ ਸਚਖੰਡ ਨਿਵਾਸੀ ਆਦਿ ਜੁਗਾਦਿ ਹੁਕਮਰਾਨੀ, ਤਖ਼ਤ ਨਿਵਾਸੀ ਇਕ ਅਖਵਾਈਆ । ਮਿਹਰਵਾਨ ਮਹਿਬੂਬ ਤੇਰੀ ਇਕੋ ਦਿਸੇ ਮਿਹਰਵਾਨੀ, ਮਹਿਬਾਨ ਬੀਦੋ ਤੇਰੀ ਓਟ ਤਕਾਈਆ । ਸਤਿ ਸਚ ਤੇਰੀ ਇਕ ਨਿਸ਼ਾਨੀ, ਸਤਿ ਸਤਿਵਾਦੀ ਸੋਭਾ ਪਾਈਆ । ਤੇਰਾ ਹੁਕਮ ਸੰਦੇਸ਼ਾ ਤੇਰਾ ਧੁਰ ਫ਼ਰਮਾਨੀ, ਜਗਤ ਅੱਖਰ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਨਵ ਚੇਤ ਕਹੇ ਮੇਰੇ ਪਰਮ ਪੁਰਖ ਸੁਲਤਾਨ, ਹਰਿ ਕਰਤੇ ਧੁਰਦਰਗਾਹੀਆ । ਸਚਖੰਡ ਨਿਵਾਸੀ ਨੌਜਵਾਨ, ਮਰਦ ਮਰਦਾਨ ਤੇਰੀ ਬੇਪਰਵਾਹੀਆ । ਥਿਰ ਘਰ ਤੇਰਾ ਨਿਸ਼ਾਨ, ਨਿਸ਼ਾਨਾ ਤੇਰੇ ਵਿਚ ਸਮਾਈਆ । ਤੇਰਾ ਲੇਖਾ ਦੋ ਜਹਾਨ, ਨਿਰਗੁਣ ਸਰਗੁਣ ਵਜਦੀ ਰਹੇ ਵਧਾਈਆ । ਮੇਰੀ ਬੇਨੰਤੀ ਦਰ ਭਿਖਾਰੀ ਹੋ ਕੇ ਮੰਗਾਂ ਦਾਨ, ਦਾਤੇ ਦੇਣੀ ਦਇਆ ਕਮਾਈਆ । ਆਸ਼ਾ ਰਖਾਂ ਬਿਨਾ ਜ਼ਬਾਨ, ਜਿਹਵਾ ਰਸਨ ਨਾ ਕੋਇ ਹਿਲਾਈਆ । ਅੱਖਰਾਂ ਵਾਲੀ ਨਹੀਂ ਕਲਾਮ, ਕਾਇਨਾਤ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਵ ਚੇਤ ਕਹੇ ਪ੍ਰਭੂ ਤੇਰੀ ਆਦਿ ਜੁਗਾਦਿ ਧਾਰਾ, ਧੁਰ ਮਾਲਕ ਵੇਖ ਵਖਾਈਆ । ਤੇਰਾ ਨੂਰ ਜੋਤ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਤੇਰਾ ਸ਼ਬਦ ਸੁਤ ਦੁਲਾਰਾ, ਦੂਲਹਾ ਇਕੋ ਸੋਭਾ ਪਾਈਆ । ਤੇਰਾ ਵਿਸ਼ਨ ਬ੍ਰਹਮਾ ਸ਼ਿਵ ਪਸਾਰਾ, ਵਿਸ਼ਵ ਦੇ ਮਾਲਕ ਤੇਰੇ ਹੱਥ ਵਡਿਆਈਆ । ਤ੍ਰੈਗੁਣ ਤੇਰਾ ਖੇਲ ਨਿਆਰਾ, ਪੰਚਮ ਮੇਲਾ ਸਹਿਜ ਸੁਭਾਈਆ । ਚੁਰਾਸੀ ਤੇਰਾ ਲੱਖ ਅਖਾੜਾ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਮੇਰੀ ਨਮੋ ਨਮੋ ਨਿਮਸਕਾਰਾ, ਨਿਵ ਨਿਵ ਸੀਸ ਝੁਕਾਈਆ । ਮੇਰਾ ਪੂਰਬ ਲੇਖਾ ਤਕ ਉਧਾਰਾ, ਲਹਿਣਾ ਤੇਰੇ ਅਗੇ ਟਿਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਪਸਾਰਾ, ਪਸਰ ਪਸਾਰੀ ਤੇਰਾ ਖੇਲ ਵੇਖ ਵਖਾਈਆ । ਤੇਈ ਅਵਤਾਰ ਤੇਰਾ ਨੂਰ ਉਜਿਆਰਾ, ਜੋਤੀ ਜਾਤੇ ਸੋਭਾ ਪਾਈਆ । ਪੈਗ਼ੰਬਰ ਤੇਰਾ ਹਕੀਕ਼ਤ ਵਾਲਾ ਨਾਅਰਾ, ਹਕ ਹਕ ਦ੍ਰਿੜਾਈਆ । ਗੁਰੂ ਗੁਰਦੇਵ ਤੇਰਾ ਬੋਲ ਜੈਕਾਰਾ, ਤੂੰ ਹੀ ਤੂੰ ਹੀ ਢੋਲੇ ਗਾਈਆ । ਚਾਰ ਜੁਗ ਦੇ ਸ਼ਾਸਤਰ ਤੇਰਾ ਦੇਣ ਇਸ਼ਾਰਾ, ਸੈਨਤ ਨਾਮ ਵਾਲੀ ਲਗਾਈਆ । ਤੂੰ ਸਭ ਤੋਂ ਵਸੇਂ ਬਾਹਰਾ, ਪਾਰਬ੍ਰਹਮ ਬ੍ਰਹਮ ਬੇਪਰਵਾਹੀਆ । ਨਿਗਾਹ ਮਾਰ ਮੇਰੇ ਏਕੰਕਾਰਾ, ਅਕਲ ਕਲਧਾਰੀ ਤੇਰੇ ਹੱਥ ਵਡਿਆਈਆ । ਧਰਨੀ ਧਰਤ ਧਵਲ ਧੌਲ ਤੇਰਾ ਰੂਪ ਅਪਾਰਾ, ਅਪਰੰਪਰ ਦਿਤੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਸਮਝਾਈਆ । ਨਵ ਚੇਤ ਕਹੇ ਪ੍ਰਭੂ ਮੇਰਾ ਲੇਖਾ ਤਕ ਪੂਰਬ ਕੌਲ ਇਕਰਾਰ, ਵਾਹਿਦਾ ਸ਼ਬਦ ਗੁਰ ਸਮਝਾਈਆ ।

੩੪੧
੨੪

ਜਿਸ ਦੀ ਜਗਤ ਅੱਖਰ ਕਰ ਨਾ ਸਕਣ ਵਿਚਾਰ, ਕ਼ਲਮ ਸ਼ਾਹੀ ਲੇਖ ਨਾ ਕੋਇ ਬਣਾਈਆ । ਰਸਨਾ ਵਾਲਾ ਨਹੀਂ ਕੋਈ ਤਕਰਾਰ, ਝਗੜਾ ਬੁੱਧੀ ਨਾ ਕੋਇ ਸਮਝਾਈਆ । ਰਸਨਾ ਬੋਲ ਸਕੇ ਨਾ ਕੋਇ ਜੈਕਾਰ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਦਰ ਤੇਰੇ ਭਿਖਾਰ, ਭਿਖਕ ਹੋ ਕੇ ਝੋਲੀ ਡਾਹੀਆ । ਤੂੰ ਦੇਵਣਹਾਰ ਦਾਤਾਰ, ਦਾਤਾ ਦਾਨੀ ਇਕ ਅਖਵਾਈਆ । ਮੇਰਾ ਲਹਿਣਾ ਦੇਣਾ ਪੂਰਬ ਵੇਖ ਵਿਚਾਰ, ਮਿਹਰਵਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ । ਨਵ ਚੇਤ ਕਹੇ ਪ੍ਰਭੂ ਮੇਰਾ ਧੁਰ ਦਾ ਇਕੋ ਬੋਲਾ, ਅਣਬੋਲਤ ਦਿਆਂ ਜਣਾਈਆ । ਸਤਿਗੁਰ ਸ਼ਬਦ ਮੇਰਾ ਵਿਚੋਲਾ, ਆਦਿ ਜੁਗਾਦਿ ਜੋ ਇਕ ਅਖਵਾਈਆ । ਜਿਸ ਦਾ ਸਭ ਤੋਂ ਵਖਰਾ ਇਕੋ ਢੋਲਾ, ਸਰਵਣ ਸੁਣਨ ਕੋਇ ਨਾ ਪਾਈਆ । ਜਿਸ ਨੇ ਤੇਰਾ ਨਾਮ ਨਿਧਾਨ ਦੁਬਾਰਾ ਖੋਲ੍ਹਾ, ਲੋਕਮਾਤ ਖ਼ੁਸ਼ੀ ਬਣਾਈਆ । ਭਾਗ ਲਗਾ ਕੇ ਕਾਇਆ ਮਾਟੀ ਚੋਲਾ, ਤਤਵ ਤਤ ਦਿਤੀ ਵਡਿਆਈਆ । ਤੇਰੇ ਹੁਕਮ ਦਾ ਬਣ ਕੇ ਗੋਲਾ, ਸੇਵਕ ਹੋ ਕੇ ਸੇਵ ਕਮਾਈਆ । ਨਾ ਕੋਈ ਪੜਦਾ ਰਖਿਆ ਉਹਲਾ, ਭੇਵ ਅਭੇਦ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ । ਨਵ ਚੇਤ ਕਹੇ ਪ੍ਰਭੂ ਮੇਰਾ ਧਰਨੀ ਨਾਲ ਇਸ਼ਾਰਾ, ਧਰਤ ਧਵਲ ਧੌਲ ਨਾਲ ਮਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਕੇ ਗਿਆ ਅਧਾਰਾ, ਤ੍ਰੈਗੁਣ ਅਤੀਤੇ ਤੇਰਾ ਭੇਵ ਖੁਲ੍ਹਾਈਆ । ਬ੍ਰਹਮਾ ਸੁਤ ਬੋਲ ਕੇ ਅਗੰਮ ਜੈਕਾਰਾ, ਸੰਤ ਕੁਮਾਰ ਗਿਆ ਜਣਾਈਆ । ਬਰਾਹ ਕੂਕ ਕੂਕ ਪੁਕਾਰਾ, ਤੇਰਾ ਨਾਮ ਦੁਹਾਈਆ । ਯਗਹ ਪੁਰਸ਼ ਇਕੋ ਨਾਮ ਉਚਾਰਾ, ਉਚਰ ਕੇ ਦਿਤਾ ਦ੍ਰਿੜਾਈਆ । ਹਾਵਗਰੀਵ ਲਏ ਸਹਾਰਾ, ਸਿਰ ਸਿਰ ਤੇਰੇ ਕ਼ਦਮ ਟਿਕਾਈਆ । ਨਰ ਨਰਾਇਣ ਤੇਰਾ ਖੇਲ ਅਪਾਰਾ, ਅਪਰੰਪਰ ਸੁਆਮੀ ਸਮਝ ਕੋਇ ਨਾ ਪਾਈਆ । ਕਪਲ ਮੁਨ ਲਾ ਕੇ ਸਚ ਅਖਾੜਾ, ਦੋ ਜਹਾਨ ਗਿਆ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਵ ਚੇਤ ਕਹੇ ਧਰਨੀਏ ਤੂੰ ਵੀ ਉਠ ਕੇ ਜਾਗ, ਸੁਤੀਏ ਲੈ ਅੰਗੜਾਈਆ । ਆਪਣੇ ਅੰਤਰ ਕਰ ਵੈਰਾਗ, ਬਿਰਹੁ ਚੋਟ ਲਗਾਈਆ । ਪੁਰਖ ਅਕਾਲੇ ਸਰਨੀ ਲਾਗ, ਜੋ ਆਦਿ ਜੁਗਾਦਿ ਧੁਰ ਦਾ ਮਾਹੀਆ । ਜਿਸ ਦੇ ਜਹਾਨਾਂ ਪਕੜੀ ਵਾਗ, ਡੋਰੀ ਨਜ਼ਰ ਕੋਇ ਨਾ ਆਈਆ । ਜੋ ਵੇਖਣਹਾਰਾ ਹੰਸ ਕਾਗ, ਲੱਖ ਚੁਰਾਸੀ ਫੋਲ ਫੁਲਾਈਆ । ਤੇਰੇ ਉਤੇ ਜਗਾਏ ਚਰਾਗ਼, ਚਰਾਗਾਹਾਂ ਕਰੇ ਰੁਸ਼ਨਾਈਆ । ਸ਼ਬਦੀ ਸ਼ਬਦ ਸੁਣਾਏ ਆਵਾਜ਼, ਬਿਨ ਰਸਨਾ ਰਸਨ ਦ੍ਰਿੜਾਈਆ । ਅਗਲਾ ਖੋਲ੍ਹੇ ਰਾਜ਼, ਰਾਜ਼ਕ ਰਿਜ਼ਕ ਰਹੀਮ ਦਏ ਗਵਾਹੀਆ । ਸੁਹੰਜਣੀ ਰੁਤ ਨਵ ਚੇਤ ਕਹੇ ਹੋਈ ਆਜ, ਆਜਿਜ਼ ਹੋ ਕੇ ਸੀਸ ਨਿਵਾਈਆ । ਜੋ ਸਤਿਜੁਗ ਤ੍ਰੇਤਾ ਦੁਆਪਰ ਬਦਲਦਾ ਆਇਆ ਸਮਾਜ, ਕਲਜੁਗ ਲਹਿਣਾ ਦਏ ਚੁਕਾਈਆ । ਕੂੜੀ ਕਿਰਿਆ ਮੇਟਣਹਾਰਾ ਰਾਜ, ਰਈਅਤ ਸਚ ਵਿਚ ਸਮਾਈਆ । ਉਸ ਦੇ ਕੋਲੋਂ ਲੈ ਲੈ ਲਾਭ, ਹਿੱਸਾ ਆਪਣੀ ਝੋਲੀ ਪਾਈਆ । ਜੋ ਸਭ ਦਾ ਸ਼ਹਿਨਸ਼ਾਹ ਨਵਾਬ, ਮਹਿਬੂਬ ਨੂਰ ਅਲਾਹੀਆ । ਜਿਸ ਦਾ ਨੂਰ ਜੋਤ ਮਹਿਤਾਬ, ਰੋਸ਼ਨ ਦੀਨ ਦੁਨੀ ਕਰਾਈਆ । ਉਸ ਨੂੰ ਬਿਨਾ ਕ਼ਦਮਾਂ ਕਰ ਅਦਾਬ, ਨਿਵ ਨਿਵ ਧੂੜੀ ਖ਼ਾਕ ਰਮਾਈਆ । ਜਿਸ ਦੇ ਹੁਕਮ ਦੀ ਸਦ ਵਜਦੀ ਰਹੇ ਰਬਾਬ, ਜਗਤ ਸਿਤਾਰ ਨਜ਼ਰ ਕੋਇ ਨਾ ਆਈਆ । ਉਹ ਸਭ ਦਾ ਮਿਤਰ ਅਹਿਬਾਬ, ਮਿਹਰਵਾਨ ਇਕ ਅਖਵਾਈਆ । ਜਿਸ ਦੀ ਬਿਨਾ ਅੱਖਰਾਂ ਤੋਂ ਕਿਤਾਬ, ਨਿਰਅੱਖਰ ਧਾਰ ਦ੍ਰਿੜਾਈਆ । ਜੋਤੀ

੩੪੨
੨੪

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਚੁਕਾਈਆ । ਧਰਨੀ ਕਹੇ ਨਵ ਚੇਤ ਮੇਰਾ
ਮਿੰਨਤਾਂ ਨਾਲ ਹਾੜਾ, ਨਿਵ ਨਿਵ ਸੀਸ ਝੁਕਾਈਆ । ਮੈਨੂੰ ਯਾਦ ਆ ਗਿਆ ਅੱਜ ਦਾ ਦਿਹਾੜਾ, ਜੋ ਦਤਾ ਤ੍ਰੈਅ ਗਿਆ ਦ੍ਰਿੜਾਈਆ । ਰਿਖਪ
ਏਸੇ ਦਾ ਕੀਤਾ ਇਸ਼ਾਰਾ, ਬਿਨ ਸੈਨਤ ਸੈਨਤ ਲਗਾਈਆ । ਪ੍ਰਿਥੁ ਬੋਲ ਇਕ ਜੈਕਾਰਾ, ਬਿਨ ਰਸਨਾ ਢੋਲੇ ਗਾਈਆ । ਮਤਸਯ ਵੜ ਜਲ ਧਾਰਾ,
ਰੂਪ ਅਨੂਪ ਦਿਤਾ ਸਮਝਾਈਆ । ਕਛਪ ਖੇਲ ਕਰ ਨਿਆਰਾ, ਸਮੁੰਦ ਸਾਗਰਾਂ ਫੋਲ ਫੁਲਾਈਆ । ਧਨੰਤਰ ਧੂੜੀ ਮਸਤਕ ਲਾ ਕੇ ਛਾਰਾ, ਖ਼ਾਕੀ
ਖ਼ਾਕ ਖ਼ਾਕ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪਰਵਾਹੀਆ । ਨਵ
ਚੇਤ ਕਹੇ ਧਰਨੀਏ ਪਿਛਲਾ ਲੇਖਾ ਆਪ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰਾ ਸਾਹਿਬ ਸੂਰਾ ਸਰਬੰਗ, ਹਰਿ ਕਰਤਾ ਧੁਰਦਰਗਾਹੀਆ ।
ਜਿਸ ਦੇ ਹੁਕਮ ਵਿਚ ਕੋਟਨ ਕੋਟ ਜੁਗ ਚੌਕੜੀ ਗਏ ਲੰਘ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਜੋ ਸਚ ਸਿੰਘਾਸਣ
ਸਚਖੰਡ ਸੁੱਤਾ ਅਗੰਮ ਪਲੰਘ, ਜਿਸ ਦੀ ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਸੋ ਦੇਵਣਹਾਰ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ ।
ਜਿਸ ਨਿਸ਼ਾਨੇ ਮੇਟਣੇ ਤਾਰਾ ਚੰਦ, ਸੂਰੀਆ ਵੇਖੇ ਨੈਣ ਉਠਾਈਆ । ਉਹ ਮੁਕਾਵਣਹਾਰਾ ਤੇਰਾ ਪੰਧ, ਜੋ ਪਾਂਧੀ ਹੋ ਕੇ ਭੱਜੇ ਵਾਹੋ ਦਾਹੀਆ । ਨਿਗਾਹ
ਮਾਰ ਲੈ ਕਿਉਂ ਹੋਇਆ ਅੰਧੇਰਾ ਅੰਧ, ਚਾਰੋਂ ਕੁੰਟ ਰੈਣ ਅੰਧੇਰੀ ਛਾਈਆ । ਸਾਚਾ ਕਰੇ ਨਾ ਕੋਇ ਕਿਸੇ ਕਾਰ ਅੰਗ, ਅੰਗੀਕਾਰ ਨਾ ਕੋਇ ਅਖਵਾਈਆ ।
੩੪੩ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਧਰਨੀ ਕਹੇ ਨਵ ਚੇਤ ੩੪੩
੨੪ ਮੇਰੀ ਨਮੋ ਨਮੋ ਨਿਮਸਕਾਰ ਮਸਤਕ ਟੇਕਾਂ ਮੱਥਾ, ਬਿਨ ਧੂੜੀ ਖ਼ਾਕ ਰਮਾਈਆ । ਮੈਂ ਭੇਦ ਅਭੇਦ ਦੱਸਾਂ ਯਥਾਰਥ ਯਥਾ, ਯਦੀ ਦਿਆਂ ਸਮਝਾਈਆ । ੨੪
ਮੇਰਾ ਸਾਹਿਬ ਪੁਰਖ ਸਮਰਥਾ, ਹਰਿ ਕਰਤਾ ਇਕ ਅਖਵਾਈਆ । ਜੋ ਲਹਿਣਾ ਦੇਣਾ ਦੇਵੇ ਹੱਥੋ ਹੱਥਾ, ਜੁਗ ਚੌਕੜੀ ਵੇਖ ਵਖਾਈਆ । ਜਿਸ
ਦੇ ਸਥਰ ਦੋ ਜਹਾਨ ਲੱਥਾ, ਯਾਰੜਾ ਸੇਜ ਨਜ਼ਰ ਕਿਸੇ ਨਾ ਆਈਆ । ਉਹ ਲੱਖ ਚੁਰਾਸੀ ਚਲਾਵਣਹਾਰਾ ਰਥਾ, ਰਥਵਾਹੀ ਬੇਪਰਵਾਹੀਆ ।
ਮੈਂ ਖ਼ੁਸ਼ੀਆਂ ਵਿਚ ਵੇਖ ਕੇ ਹੱਸਾ, ਹਸਤੀ ਤਕ ਨੂਰ ਅਲਾਹੀਆ । ਜੋ ਲੱਖ ਚੁਰਾਸੀ ਅੰਤਰ ਨਿਰੰਤਰ ਵੇਖਣਹਾਰਾ ਧਰਮ ਦਾ ਰਸਾ, ਰਸ ਰਸਨਾ
ਬਾਹਰ ਰਖਾਈਆ । ਉਹ ਜਾਣੇ ਮੇਰੀ ਰੈਣ ਅੰਧੇਰੀ ਮੱਸਾ, ਮਤਸ ਦਾ ਲੇਖਾ ਨਾਲ ਮਿਲਾਈਆ । ਮੈਨੂੰ ਬਰਾਹ ਸ਼ਬਦ ਸੰਦੇਸ਼ਾ ਇਕ ਦੱਸਾ, ਦਹਿ
ਦਿਸ਼ਾ ਤੋਂ ਬਾਹਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਭੇਵ ਆਪ ਚੁਕਾਈਆ ।
ਧਰਨੀ ਕਹੇ ਮੈਨੂੰ ਬਰਾਹ ਨੇ ਦਿਤਾ ਆਖ, ਬਿਨ ਅੱਖਰਾਂ ਅੱਖਰ ਦ੍ਰਿੜਾਈਆ । ਖੇਲ ਤਕ ਅਲਖਣਾ ਅਲਾਖ, ਜੋ ਅਲਖ ਅਗੋਚਰ ਇਕ ਅਖਵਾਈਆ ।
ਜੋ ਜੁਗ ਜੁਗ ਤੇਰੀ ਮਸਤਕ ਲਾਏ ਰਾਖ, ਸਿਰ ਸਰ ਤੇਰੇ ਹੱਥ ਟਿਕਾਈਆ । ਤੂੰ ਉਸ ਦੀ ਆਸ਼ਾ ਲੈਣੀ ਭਾਖ, ਅੰਤਰ ਨਿਰੰਤਰ ਧਿਆਨ ਲਗਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਨੂੰ ਬਰਾਹ
ਨੇ ਦਿਤਾ ਇਸ਼ਾਰਾ, ਖ਼ੁਸ਼ੀਆਂ ਨਾਲ ਜਣਾਈਆ । ਤੇਰੇ ਨਾਲ ਕੌਲ ਇਕਰਾਰਾ, ਵਾਅਦਾ ਸਚ ਸਚ ਸਮਝਾਈਆ । ਖੇਲ ਖੇਲੇ ਹਰਿ ਨਿਰੰਕਾਰਾ,
ਕਰਤਾ ਪੁਰਖ ਅਗੰਮ ਅਥਾਹੀਆ । ਜਿਸ ਦਾ ਨੂਰ ਜ਼ਹੂਰ ਹੋਵੇ ਜ਼ਾਹਿਰਾ, ਜ਼ਾਹਰ ਜ਼ਹੂਰ ਡਗਮਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ

ਕਰੇ ਪਸਾਰਾ, ਪਸਰ ਪਸਾਰੀ ਦਇਆ ਕਮਾਈਆ । ਤੇਰਾ ਲਹਿਣਾ ਦੇਣਾ ਲੇਖਾ ਹੋਵੇ ਨਾਲ ਤੇਈ ਅਵਤਾਰਾ, ਤ੍ਰੈਗੁਣ ਅਤੀਤਾ ਰੰਗ ਰੰਗਾਈਆ । ਪੈਗੰਬਰਾਂ ਦੇਣਾ ਸਚ ਸਹਾਰਾ, ਮਿਹਰਵਾਨ ਮਹਿਬੂਬ ਮਿਹਰ ਨਜ਼ਰ ਟਿਕਾਈਆ । ਗੁਰੂ ਗੁਰਦੇਵ ਬੋਲ ਜੈਕਾਰਾ, ਨਾਦ ਧੁਨ ਸ਼ਨਵਾਈਆ । ਚਾਰ ਜੁਗ ਦੇ ਸ਼ਾਸਤਰ ਸਿਫ਼ਤੀ ਸਿਫ਼ਤ ਕਰਨ ਇਜ਼ਹਾਰਾ, ਅੱਖਰ ਅੱਖਰਾਂ ਨਾਲ ਮਿਲਾਈਆ । ਨਵ ਨਵ ਚਾਰ ਦਾ ਫੇਰ ਵੇਖਣਾ ਅੰਤ ਕਿਨਾਰਾ, ਨਵ ਸੱਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਵਰਤਾਈਆ । ਨਵ ਚੇਤ ਕਹੇ ਧਰਨੀਏ ਪੂਰਬ ਲੇਖਾ ਗਿਆ ਬੀਤ, ਬੇਵਤਨੇ ਤੈਨੂੰ ਦਿਆਂ ਸਮਝਾਈਆ । ਲੇਖਾ ਤਕ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਕੀ ਵਡਿਆਈਆ । ਜੋ ਸਭ ਦਾ ਆਦਿ ਜੁਗਾਦੀ ਮੀਤ, ਮਿਤਰ ਪਿਆਰਾ ਅਗੰਮ ਅਥਾਹੀਆ । ਜੁਗ ਚੌਕੜੀ ਬਦਲਣਹਾਰਾ ਨੀਤ, ਨੀਤੀਵਾਨ ਇਕ ਅਖਵਾਈਆ । ਜਿਸ ਅਵਤਾਰ ਪੈਗੰਬਰਾਂ ਗੁਰੂਆਂ ਦੱਸਿਆ ਗੀਤ, ਕਲਮਾ ਨਾਮ ਸ਼ਬਦ ਦਿਤਾ ਸਮਝਾਈਆ । ਜੋ ਵਸਣਹਾਰਾ ਹਰ ਘਟ ਚੀਤ, ਗ੍ਰਿਹ ਗ੍ਰਿਹ ਅੰਦਰ ਆਪਣਾ ਡੇਰਾ ਲਾਈਆ । ਜਿਸ ਖੇਲ ਖਿਲਾਇਆ ਮੰਦਰ ਮਸੀਤ, ਕਾਅਬਿਆਂ ਨਾਲ ਸ਼ਨਵਾਈਆ । ਹੁਕਮ ਸੰਦੇਸ਼ਾ ਦੇ ਹਦੀਸ, ਹਜ਼ਰਤਾਂ ਕੀਤੀ ਪੜ੍ਹਾਈਆ । ਜਿਸ ਦਾ ਲਹਿਣਾ ਦੇਣਾ ਬੀਸ ਇਕੀਸ, ਇਕੀਸਾ ਜਗਦੀਸਾ ਇਕ ਅਖਵਾਈਆ । ਜਿਸ ਦੀ ਸਿਫ਼ਤ ਕਰੇ ਰਾਗ ਛਤੀਸ, ਢੋਲੇ ਅੱਖਰਾਂ ਨਾਲ ਸੁਣਾਈਆ । ਉਹ ਸਤਿ ਦਾ ਸਚ ਮਾਲਕ ਕਰਨਹਾਰ ਪ੍ਰੀਤ, ਪ੍ਰੀਤਮ ਵਡ ਵਡਿਆਈਆ । ਜਿਸ ਦੀ ਸਭ ਨੇ ਰਖੀ ਉਡੀਕ, ਬਿਨ ਨੈਣਾਂ ਨੈਣ ਉਠਾਈਆ । ਉਸ ਦੇ ਵਿਚ ਹਕ ਤੌਫ਼ੀਕ, ਤੋਫ਼ੇ ਦੇਵੇ ਥਾਉਂ ਥਾਈਆ । ਉਹ ਜੁਗ ਜੁਗ ਮੇਟਣਹਾਰਾ ਤਾਰੀਕ, ਅੰਧ ਅੰਧੇਰਾ ਦਏ ਗਵਾਈਆ । ਜਿਸ ਦੀ ਸਤਿਗੁਰ ਸ਼ਬਦ ਕਰੇ ਤਸਦੀਕ, ਸ਼ਹਾਦਤ ਅਵਤਾਰ ਪੈਗੰਬਰ ਗੁਰ ਭੁਗਤਾਈਆ । ਜਿਸ ਦੀ ਆਸ਼ਾ ਮਨਸਾ ਰਖੀ ਉਮੀਦ, ਬੈਠੇ ਧਿਆਨ ਲਗਾਈਆ । ਉਹ ਸਭ ਦੀ ਖੋਲ੍ਹਣਹਾਰਾ ਨੀਂਦ, ਆਲਸ ਨਿੰਦਰਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਚੇਤ ਕਹੇ ਧਰਨੀਏ ਅੱਜ ਦਾ ਦਿਵਸ ਲੈ ਵਿਚਾਰ, ਵਿਚਰ ਕੇ ਦਿਆਂ ਜਣਾਈਆ । ਨਿਗਾਹ ਮਾਰ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਲੇਖਾ ਤਕ ਪੈਗੰਬਰ ਗੁਰ ਅਵਤਾਰ, ਕੀ ਅਵਤਰੀ ਰਿਹਾ ਜਣਾਈਆ । ਭੇਵ ਖੋਲ੍ਹ ਆਪਣੀ ਵਿਚੋਂ ਧਾਰ, ਧਰਮ ਦੀ ਧਾਰ ਨਾਲ ਸਮਝਾਈਆ । ਜਿਸ ਦਾ ਲੇਖਾ ਨਾਲ ਵੇਦ ਚਾਰ, ਚਾਰੇ ਖਾਣੀ ਚਾਰੇ ਬਾਣੀ ਜਿਸ ਦੀ ਸਿਫ਼ਤ ਸਲਾਹੀਆ । ਸੋ ਪਰਮ ਪੁਰਖ ਪਰਮਾਤਮ ਕੀ ਕਰੇ ਵਿਵਹਾਰ, ਵਿਵਹਾਰੀ ਕੀ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਨਾਰਦ ਕਹੇ ਮੈਂ ਝਟ ਧਰਨੀ ਤੇਰੇ ਕੋਲ ਪੁੱਜਾ, ਸਤਿਗੁਰ ਸ਼ਬਦ ਰੂਪ ਦਰਸਾਈਆ । ਨਿਰਗੁਣ ਧਾਰ ਭੇਵ ਖੁਲ੍ਹਾਵਾਂ ਗੁੱਝਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਨਿਗਾਹ ਮਾਰ ਲੈ ਆਪਣੇ ਉਤੇ ਬਸੁੱਧਾ, ਸੁਧ ਆਪਣੀ ਵਿਚ ਲੈ ਅੰਗੜਾਈਆ । ਤੇਰੇ ਉਤੇ ਹੋਣ ਵਾਲਾ ਯੁੱਧਾ, ਯੁਧਿਸ਼ਟਰ ਦਾ ਲੇਖਾ ਕ੍ਰਿਸ਼ਨ ਨਾਲ ਸਮਝਾਈਆ । ਜੋ ਇਸ਼ਾਰਾ ਦੇ ਕੇ ਗਿਆ ਬੁੱਧਾ, ਬੁੱਧੀ ਤੋਂ ਬਾਹਰ ਆਪਣੇ ਵਿਚੋਂ ਕਢਾਈਆ । ਸੋ ਵਕਤ ਸੁਹੰਜਣਾ ਪੁੱਜਾ, ਪੂਜਣਯੋਗ ਦਿਤਾ ਸੁਣਾਈਆ । ਝਗੜਾ ਵੇਖਣਾ ਆਥਣ ਉਦਾ, ਉਦੈ ਅਸਤ ਤੇਰੀ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੩੪੪
੨੪

ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰੇ ਕੋਲ ਪੁਰਾਣਾ ਹਿਸਾਬ, ਹਿੰਦਸਾ ਨਜ਼ਰ ਕੋਇ ਨਾ ਆਈਆ । ਮੈਂ ਵੇਖੀ ਅਗੰਮ ਕਿਤਾਬ, ਜਿਸ ਦਾ ਅੱਖਰ ਨਾ ਕੋਇ ਦਰਸਾਈਆ । ਜਿਸ ਦਾ ਇਸ਼ਾਰਾ ਦੇ ਕੇ ਆਇਆ ਵਿਚ ਬਗ਼ਦਾਦ, ਬਗ਼ਲਗੀਰ ਕਰ ਖ਼ਲਕ ਖ਼ੁਦਾਈਆ । ਸਜਦੇ ਵਿਚ ਕਰ ਅਦਾਬ, ਨਮੋ ਕਹਿ ਕੇ ਸੀਸ ਨਿਵਾਈਆ । ਸੋ ਸਾਹਿਬ ਇਕ ਮਹਾਰਾਜ, ਮਹਿਬੂਬ ਨੂਰ ਅਲਾਹੀਆ । ਜਿਸ ਦਾ ਇਕੋ ਬਿਨਾ ਸੀਸ ਤੋਂ ਸੋਹੇ ਤਾਜ, ਤਖ਼ਤ ਨਿਵਾਸੀ ਇਕ ਅਖਵਾਈਆ । ਜੋ ਆਦਿ ਜੁਗਾਦਿ ਬੁਝਾਵਣਹਾਰਾ ਆਗ, ਅਗਨੀ ਤਤ ਤਤ ਗੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਸੰਗ ਆਪ ਸਮਝਾਈਆ । ਧਰਨੀ ਕਹੇ ਮੈਨੂੰ ਬਾਵਨ ਕੀਤਾ ਇਸ਼ਾਰਾ, ਬਿਨਾ ਸੈਨਤ ਜਗਤ ਲਗਾਈਆ । ਚਰਨ ਛੁਹਾ ਟਰਾਨਟੋ ਦੁਆਰਾ, ਬਲ ਦਾ ਲਹਿਣਾ ਨਾਲ ਮਿਲਾਈਆ । ਬਿਨਾ ਕਲਮ ਸ਼ਾਹੀ ਤੋਂ ਮਾਰੀ ਲਕਾਰਾ, ਲਾਇਨ ਐਨ ਦਿਤੀ ਦ੍ਰਿੜਾਈਆ । ਧੁਰ ਦਾ ਹੁਕਮ ਸੰਦੇਸ਼ਾ ਦਿਤਾ ਅਗੰਮੀ ਧਾਰਾ, ਧਰਨੀ ਧਰਤ ਧਵਲ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਹੋਵੇ ਪਾਰ ਕਿਨਾਰਾ, ਕਲਜੁਗ ਅੰਤਮ ਖੇਲ ਖਿਲਾਈਆ । ਨੌ ਖੰਡ ਪ੍ਰਿਥਮੀ ਹੋਵੇ ਧੁੰਆਂਧਾਰਾ, ਸੱਤ ਦੀਪ ਨਾ ਕੋਇ ਰੁਸ਼ਨਾਈਆ । ਮਾਣ ਰਹੇ ਨਾ ਪੈਗ਼ੰਬਰ ਗੁਰ ਅਵਤਾਰਾ, ਸੀਸ ਜਗਦੀਸ ਨਾ ਕੋਇ ਨਿਵਾਈਆ । ਤਨ ਵਜੂਦ ਮਾਟੀ ਖ਼ਾਕ ਗੜ੍ਹ ਬਣੇ ਹੰਕਾਰਾ, ਹਉਮੇ ਹੰਗਤਾ ਨਾਲ ਮਿਲਾਈਆ । ਪੰਜ ਤਤ ਹੋਏ ਵਿਕਾਰਾ, ਕਾਮ ਕਰੋਧ ਮੋਹ ਲੋਭ ਹੰਕਾਰ ਹਲਕਾਈਆ । ਸ਼ਾਸਤਰ ਸਿਮਰਤ ਪਾਵੇ ਕੋਈ ਨਾ ਸਾਰਾ, ਖਾਣੀ ਬਾਣੀ ਰੰਗ ਨਾ ਕੋਇ ਰੰਗਾਈਆ । ਜਗਤ ਵਿਦਿਆ ਕਰੇ ਹਾਹਾਕਾਰਾ, ਸਾਂਤਕ ਸਤਿ ਨਾ ਕੋਇ ਕਰਾਈਆ । ਇਸਤਰੀ ਪੁਰਸ਼ ਕਰੇ ਵਿਭਚਾਰਾ, ਪਿਤਾ ਪੂਤ ਨਾ ਕੋਇ ਵਡਿਆਈਆ । ਪਿਆਰ ਰਹੇ ਨਾ ਨਾਰੀ ਨਾਰਾ, ਨਾਰ ਕੰਤ ਨਾ ਕੋਇ ਹੰਢਾਈਆ । ਦਰੋਹੀ ਫਿਰੇ ਵਿਚ ਸੰਸਾਰਾ, ਵਿਸ਼ਨ ਬ੍ਰਹਮਾ ਸ਼ਿਵ ਰੋਵਣ ਮਾਰਨ ਧਾਹੀਆ । ਧਵਲੇ ਤੈਥੋਂ ਚੁੱਕਿਆ ਜਾਏ ਨਾ ਭਾਰਾ, ਧਵਲੇ ਵੇਖਣਾ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਅਗੰਮ ਅਥਾਹੀਆ । ਧਰਨੀ ਕਹੇ ਜਿਸ ਵੇਲੇ ਬਾਵਨ ਟਰਾਨਟੋ ਤੋਂ ਕੀਤਾ ਟਰਨ, ਬਿਨ ਕ਼ਦਮਾਂ ਕ਼ਦਮ ਬਦਲਾਈਆ । ਮੇਰੇ ਨਾਲ ਕੀਤਾ ਪ੍ਰਣ, ਵਾਅਦਾ ਵਾਅਦਿਆਂ ਵਿਚੋਂ ਜਣਾਈਆ । ਨਾਲ ਖੁਲ੍ਹਾ ਕੇ ਹਰਨ ਫਰਨ, ਨੇਤਰ ਲੋਚਨ ਬਿਨਾ ਅੱਖ ਅੱਖ ਵਖਾਈਆ । ਛੁਹਾ ਕੇ ਮੇਰੇ ਸੀਨੇ ਉਤੇ ਚਰਨ, ਚਰਨੋਦਕ ਜਾਮ ਪਿਆਈਆ । ਨਵੀਂ ਘਾੜਤ ਲੱਗਾ ਘੜਨ, ਘੜਨ ਭੰਨਣਹਾਰ ਦਏ ਵਡਿਆਈਆ । ਬਿਨਾ ਅੱਖਰਾਂ ਲੱਗਾ ਪੜ੍ਹਨ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਧਰਨੀਏ ਕਲਜੁਗ ਅੰਤਮ ਜਿਸ ਵੇਲੇ ਨੌ ਖੰਡ ਪ੍ਰਿਥਮੀ ਲੱਗੀ ਲੜਨ, ਮਿਤਰ ਪਿਆਰਾ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਲੱਗੀ ਸੜਨ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕੂੜੀ ਕਿਰਿਆ ਵਿਚ ਲੱਗੀ ਹੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਅਵਤਾਰ ਪੈਗ਼ੰਬਰ ਗੁਰੂ ਪੱਲੂ ਕਿਸੇ ਨਾ ਫੜਨ, ਸਾਚਾ ਸੰਗ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਆਮੀ ਇਕ ਅਖਵਾਈਆ । ਧਰਨੀ ਕਹੇ ਮੈਨੂੰ ਬਾਵਨ ਦੱਸੀ ਅਗੰਮੀ ਬਾਤ, ਬਾਤਨ ਭੇਵ ਖੁਲ੍ਹਾਈਆ । ਕਲਜੁਗ ਹੋਣੀ ਅੰਤ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਚਮਕਾਈਆ । ਧਰਮ ਦੀ ਰਹੇ ਨਾ ਕੋਇ ਜਮਾਤ, ਸਚ ਵਿਚ ਨਾ ਕੋਇ ਸਮਾਈਆ । ਝਗੜਾ ਪੈਣਾ ਜ਼ਾਤ ਪਾਤ, ਦੀਨ ਦੁਨੀ ਦੁਨੀ ਦੁਹਾਈਆ । ਪਿਤਾ ਪੂਤ

ਕਰੇ ਘਾਤ, ਦੀਨ ਮਜ਼੍ਹਬ ਬਣੇ ਰੂਪ ਕਸਾਈਆ । ਝਗੜਾ ਪੈਣਾ ਕਾਗ਼ਜ਼ਾਤ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਕਿਸੇ ਦੀ ਪੁਛੇ ਕੋਈ ਨਾ ਵਾਤ, ਵਾਤਾਵਰਨ ਵਿਗੜੇ ਖ਼ਲਕ ਖ਼ੁਦਾਈਆ । ਦਰੋਹੀ ਫਿਰਨੀ ਲੋਕਮਾਤ, ਮਾਤਰ ਭੂਮੀਏ ਤੇਰੀ ਸਾਰ ਕੋਇ ਨਾ ਪਾਈਆ । ਕਲਜੁਗ ਅੰਤਮ ਮਾਰਨੀ ਝਾਤ, ਝਾਕੀ ਲੈਣੀ ਚਾਈਂ ਚਾਈਂਆ । ਪੁਰਖ ਅਕਾਲਾ ਦੀਨ ਦਿਆਲਾ ਜਿਸ ਦੇ ਕੋਲ ਡੂੰਘਾ ਖਾਤ, ਖਾਤੇ ਆਪਣੇ ਵਿਚ ਸਮਾਈਆ । ਉਹ ਲੇਖਾ ਜਾਣੇ ਕਮਲਾਪਾਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਬਾਵਨ ਨੇ ਇਸ਼ਾਰਾ ਕੀਤਾ ਭੇਵ ਦਰਸਾਇਆ ਵੇਦ ਰਿਗ, ਖ਼ੁਸ਼ੀਆਂ ਨਾਲ ਦ੍ਰਿੜਾਈਆ । ਪਰਮ ਪੁਰਖ ਪਰਮਾਤਮ ਜਿਸ ਦਾ ਲਹਿਣਾ ਸਭ ਤੋਂ ਬਿਗ, ਬਿਗਿਨ ਸਮਝ ਕੋਇ ਨਾ ਪਾਈਆ । ਕਲਜੁਗ ਅੰਤ ਟਰਾਨਟੋ ਦੀ ਧਾਰ ਤੇਰਾ ਲੇਖਾ ਜਾਣੇ ਵਿਨੀਪੈਗ, ਪੈਗ਼ਾਮ ਸ਼ਬਦ ਸ਼ਬਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਵਿਨੀਪੈਗ ਜਗਤ ਵਾਲਾ ਨਹੀਂ ਗਰਾਮ, ਦੀਨ ਦੁਨੀ ਨਾ ਵੰਡ ਵੰਡਾਈਆ । ਮਸੀਹ ਨੇ ਇਸ਼ਾਰਾ ਕੀਤਾ ਸਲੀਬ ਲੈਂਦਿਆਂ ਵਿਚ ਅਵਾਮ, ਨੂਰੀ ਅਲਾਹ ਵੇਖ ਵਖਾਈਆ । ਮੂਸਾ ਕਹਿ ਕੇ ਇਕ ਕਲਾਮ, ਕਲਮਿਆਂ ਬਾਹਰ ਦ੍ਰਿੜਾਈਆ । ਸੰਦੇਸ਼ਾ ਦਿਤਾ ਕ੍ਰਿਸ਼ਨ ਕਾਹਨ, ਘਨਈਆ ਸਾਂਵਰੀਆ ਇਕ ਸਮਝਾਈਆ । ਬਨਬਾਸੀ ਹੋ ਕੇ ਸੀਤਾ ਨੂੰ ਕਿਹਾ ਰਾਮ, ਰਮਈਏ ਮੇਰਾ ਇਕ ਗੁਸਾਈਆ । ਬਾਵਨ ਨੇ ਆਪਣਾ ਪੱਲੂ ਜਣਾ ਕੇ ਦਾਮਨ, ਦਾਮਨਗੀਰ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਨੂਰ ਇਕ ਚਮਕਾਈਆ । ਧਰਨੀ ਕਹੇ ਨਵ ਚੇਤ ਦਿਹਾੜਾ ਹੋਵੇ ਚੰਗਾ, ਬਾਵਨ ਦਾ ਲੇਖਾ ਪੂਰਬ ਦਿਆਂ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਹੋਵੇ ਲੰਘਾ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਮੇਰਾ ਸੀਸ ਧਰਮ ਦੀ ਧਾਰ ਹੋਵੇ ਨੰਗਾ, ਓਢਣ ਉਪਰ ਨਾ ਕੋਇ ਟਿਕਾਈਆ । ਦੀਨ ਦੁਨੀ ਦਾ ਅੰਤ ਅੰਤਰ ਗੰਦਾ, ਪਤਿਤ ਪੁਨੀਤ ਨਾ ਕੋਇ ਬਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਨਿਰੰਤਰ ਹੋਵੇ ਗੰਦਾ, ਸਚ ਵਿਚ ਨਾ ਕੋਇ ਸਮਾਈਆ । ਉਸ ਵੇਲੇ ਮੇਰਾ ਮਹਿਬੂਬ ਅੰਧੇਰਾ ਵੇਖੇ ਅੰਧਾ, ਅੰਧ ਅਗਿਆਨ ਖੋਜ ਖੁਜਾਈਆ । ਜੋ ਇਸ਼ਾਰਾ ਕੀਤਾ ਗੋਬਿੰਦ ਨੇ ਕਵੀ ਧਾਰ ਬਵੰਜਾ, ਬਾਵਨ ਆਪਣਾ ਰੰਗ ਰੰਗਾਈਆ । ਹਰਿਜਨ ਮੇਰੀ ਧਰਨੀ ਉਤੇ ਸੁਹਾਵੇ ਆਪਣੇ ਨਾਲ ਪੰਜਾ, ਪੰਚਮ ਮੇਲਾ ਮੇਲੇ ਚਾਈਂ ਚਾਈਆ । ਮੇਰੇ ਨੇਤਰ ਲੋਚਨ ਨੈਣ ਬਿਨਾ ਅੱਖੀਆਂ ਵਗੇ ਹੰਝਾ, ਹੰਝੂਆਂ ਹਾਰ ਬਣਾਈਆ । ਮੈਨੂੰ ਦਰੋਹੀ ਆਵੇ ਰੰਜਾ, ਰੰਜਸ਼ ਵਿਚ ਦੁਹਾਈਆ । ਦਰੋਹੀ ਮੇਰੇ ਉਤੇ ਹੋਣਾ ਦੰਗਾ, ਨਵ ਖੰਡ ਖੰਡ ਕੁਰਲਾਈਆ । ਅੰਤ ਅਖ਼ੀਰੀ ਬੇਨਜ਼ੀਰੀ ਮੇਰਾ ਵੇਖੇ ਕੰਢਾ, ਕੰਢੀ ਘਾਟ ਖੋਜ ਖੁਜਾਈਆ । ਜਿਸ ਦਾ ਸ਼ਬਦੀ ਹੋਵੇ ਡੰਡਾ, ਡੰਡਾਵਤ ਸਭ ਦੀ ਦਏ ਬਦਲਾਈਆ । ਹੁਕਮ ਵਰਤਾਵੇ ਵਿਚ ਬ੍ਰਹਿਮੰਡਾ, ਬ੍ਰਹਿਮਾਂਡ ਦਏ ਸਮਝਾਈਆ । ਜਿਸ ਦਾ ਭੇਵ ਪਾਏ ਕੋਈ ਨਾ ਪੰਡਾ, ਵਿਦਿਆ ਵਿਦਿਕ ਨਾ ਕੋਇ ਚਤੁਰਾਈਆ । ਜਿਸ ਦਾ ਸ਼ਬਦ ਅਗੰਮੀ ਖੰਡਾ, ਖੰਡਾ ਖੜਗਾ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਵਿਨੀਪੈਗ ਕਹੇ ਮੇਰੀ ਧਰਨੀ ਧਰਤ ਧਵਲ, ਧੌਲ ਜਗਤ ਸਮਝਾਈਆ । ਮੇਰਾ ਲਹਿਣਾ ਨਾਲ ਨੂਰੀ ਅਲਾਹੀ ਅਵਲ, ਜੋ ਆਲਮੀਨ ਅਖਵਾਈਆ । ਮੈਨੂੰ ਯਾਦ ਆਉਂਦਾ ਜਦੋਂ ਗੋਬਿੰਦ ਛਕਾਇਆ

ਪਵਲ, ਅੰਮ੍ਰਿਤ ਰਸ ਰਸ ਪਰਗਟਾਈਆ । ਮੇਰੇ ਨਾਲ ਕੀਤਾ ਕਵਲ, ਇਕਰਾਰ ਬਿਨਾ ਅੱਖਰਾਂ ਦਿਤਾ ਲਿਖਾਈਆ । ਤੇਰੇ ਉਤੇ ਖੇਲ ਕਰੇ
ਸਾਵਲ ਸਵਲ, ਸੁੰਦਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦੀ ਕਰਨੀ
ਆਪਣੇ ਹੱਥ ਰਖਾਈਆ । ਵਿਨੀਪੈਗ ਕਹੇ ਮੇਰਾ ਡੰਡਾਵਤ ਬੰਦਨਾ ਵਿਚ ਸਯਦਾ, ਗਾਡ ਕਹਿ ਕੇ ਸੀਸ ਨਿਵਾਈਆ । ਮੈਂ ਅੰਦਰੋਂ ਚੁਕ ਕੇ ਵੇਖਿਆ
ਪਰਦਾ, ਪਰਦਾਨਸ਼ੀਨ ਦਿਤੀ ਵਡਿਆਈਆ । ਜਿਸ ਦਾ ਦੋ ਜਹਾਨ ਬਰਦਾ, ਬੰਦੀਖ਼ਾਨੇ ਵਿਚ ਬੈਠੇ ਸੀਸ ਨਿਵਾਈਆ । ਉਹ ਲੇਖਾ ਜਾਣੇ ਨੌ ਖੰਡ
ਪ੍ਰਿਥਵੀ ਘਰ ਦਾ, ਗ੍ਰਿਹਿ ਗ੍ਰਿਹਿ ਫੋਲ ਫੁਲਾਈਆ । ਜਿਸ ਦਾ ਅਗੰਮਾ ਰੂਪ ਨਰਾਇਣ ਨਰ ਦਾ, ਨਰ ਹਰਿ ਇਕ ਗੁਸਾਈਆ । ਜੋ ਆਤਮ
ਧਾਰ ਲੱਖ ਚੁਰਾਸੀ ਵਰਦਾ, ਮੇਲਾ ਮੇਲੇ ਸਹਿਜ ਸੁਭਾਈਆ । ਜਿਸ ਖੇਲ ਖੇਲਣਾ ਲਹਿੰਦਾ ਚੜ੍ਹਦਾ, ਦੱਖਣ ਪਹਾੜ ਪਰਦਾ ਦਏ ਉਠਾਈਆ । ਜੁਗ
ਜੁਗ ਨਵੀਂ ਘਾੜਨ ਘੜਦਾ, ਘੜਨ ਭੰਨਣਹਾਰ ਇਕ ਅਖਵਾਈਆ । ਉਸ ਦੇ ਹੁਕਮ ਵਿਚ ਕਲਜੁਗ ਵਹਿਣ ਵੇਖਿਆ ਹੜ੍ਹਦਾ, ਅਗੇ ਹੋ ਨਾ ਕੋਇ
ਅਟਕਾਈਆ । ਕਿਲਾ ਤਕਿਆ ਹੰਕਾਰੀ ਗੜ੍ਹ ਦਾ, ਹਉਮੇ ਹੰਗਤਾ ਨਾਲ ਮਿਲਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਕੋਇ ਨਾ
ਪੜ੍ਹਦਾ, ਸੋਹਲਾ ਸਚ ਨਾ ਕੋਇ ਸਮਝਾਈਆ । ਦੀਨ ਮਜ਼੍ਹਬ ਸ਼ਰਅ ਦੀ ਧਾਰ ਵਿਚ ਵੇਖਿਆ ਲੜਦਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਚ ਰੰਗ ਆਪ ਰੰਗਾਵੇਗਾ ।
੩੪੭ ਸੋ ਪੁਰਖ ਨਿਰੰਜਣ ਦਇਆ ਕਮਾਵੇਗਾ । ਹਰਿ ਪੁਰਖ ਨਿਰੰਜਣ ਭੇਵ ਖੁਲ੍ਹਾਵੇਗਾ । ਏਕੰਕਾਰਾ ਪੜਦਾ ਲਾਹਵੇਗਾ । ਆਦਿ ਨਿਰੰਜਣ ਨੂਰ ਰੁਸ਼ਨਾਵੇਗਾ । ੩੪੭
੨੪ ਅਬਿਨਾਸ਼ੀ ਕਰਤਾ ਵੇਖ ਵਖਾਵੇਗਾ । ਸ੍ਰੀ ਭਗਵਾਨ ਡਗਮਗਾਵੇਗਾ । ਪਾਰਬ੍ਰਹਮ ਪਤਿਪਰਮੇਸ਼ਵਰ ਸੋਭਾ ਪਾਵੇਗਾ । ਸਤਿਗੁਰ ਸ਼ਬਦ ਹੁਕਮ ਵਰਤਾਵੇਗਾ । ੨੪
ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਵੇਗਾ । ਅਵਤਾਰ ਪੈਗ਼ੰਬਰ ਗੁਰ ਭੇਵ ਚੁਕਾਵੇਗਾ । ਲੱਖ ਚੁਰਾਸੀ ਜੀਵ ਜੰਤ, ਚਾਰੇ ਖਾਣੀ ਫੋਲ ਫੁਲਾਵੇਗਾ ।
ਨਾਮ ਕਲਮੇ ਜਣਾ ਕੇ ਮੰਤ, ਮੰਤਵ ਸਭ ਦੇ ਹੱਲ ਕਰਾਵੇਗਾ । ਕਲਜੁਗ ਲਹਿਣਾ ਮੇਟ ਕੇ ਅੰਤ, ਅੰਤਸ਼ਕਰਨ ਸਭ ਦਾ ਆਪ ਬਦਲਾਵੇਗਾ ।
ਸਤਿਜੁਗ ਰੁਤਿ ਬਸੰਤ, ਪੱਤ ਟਹਿਣੀ ਫੁੱਲ ਆਪ ਮਹਿਕਾਵੇਗਾ । ਮਹਿੰਮਾ ਦੱਸ ਅਗਣਤ, ਬੇਅੰਤ ਆਪਣੀ ਖੇਲ ਖਿਲਾਵੇਗਾ । ਬੋਧ ਅਗਾਧਾ
ਬਣ ਪੰਡਤ, ਬੁੱਧੀ ਤੋਂ ਪਰੇ ਆਪ ਸਮਝਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ
ਗ੍ਰਿਹਿ ਇਕ ਵਖਾਵੇਗਾ । ਧੁਰ ਗ੍ਰਿਹਿ ਇਕ ਦਰਸਾਏਗਾ । ਦੀਨ ਦਿਆਲ ਦਇਆ ਕਮਾਏਗਾ । ਹਰਿਜਨ ਸੰਤ ਸੁਹੇਲੇ ਲਾਲ ਉਠਾਏਗਾ । ਗੁਰੂ
ਗੁਰ ਚੇਲੇ ਮੇਲ ਮਿਲਾਏਗਾ । ਸੱਜਣ ਸੁਹੇਲੇ ਵੇਖ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,
ਸਚ ਦਾ ਪਰਦਾ ਆਪ ਚੁਕਾਏਗਾ । ਧਰਨੀ ਕਹੇ ਮੇਰਾ ਵਕ਼ਤ ਸੁਹੰਜਣਾ, ਪ੍ਰਭ ਸੋਹਣੀ ਦਏ ਵਡਿਆਈਆ । ਮੈਂ ਨੇਤਰ ਚਰਨ ਧੂੜ ਪਾਵਾਂ ਅੰਜਨਾ,
ਲੋਚਨ ਅੱਖ ਅੱਖ ਚਮਕਾਈਆ । ਘਰ ਸੁਆਮੀ ਮਿਲੇ ਸੱਜਣਾ, ਗਹਿਰ ਗੰਭੀਰ ਇਕ ਗੁਸਾਈਆਂ । ਜਿਸ ਦੇ ਹੁਕਮ ਵਿਚ ਕਲਜੁਗ ਲੰਘਣਾ,
ਪਾਂਧੀ ਆਪਣਾ ਪੰਧ ਮੁਕਾਈਆ । ਉਸ ਦੇ ਦਵਾਰਿਉਂ ਹਭ ਕੁਛ ਮੰਗਣਾ, ਮਾਂਗਤ ਹੋ ਕੇ ਝੋਲੀ ਡਾਹੀਆ । ਮੈਨੂੰ ਨਵੀਂ ਚਾੜ੍ਹ ਦੇ ਰੰਗਣਾ, ਦੁਰਮਤ
ਮੈਲ ਦੇ ਧਵਾਈਆ । ਪਵਿਤ੍ਰ ਕਰਦੇ ਤਤ ਪੰਜਣਾ, ਪਤਿਤ ਪੁਨੀਤ ਤੇਰੀ ਸਰਨਾਈਆ । ਤੇਰਾ ਇਕੋ ਦੀਪਕ ਜੋਤੀ ਦੋ ਜਹਾਨ ਜਗਣਾ, ਜਾਗਰਤ

ਜੋਤ ਡਗਮਗਾਈਆ । ਸਤਿ ਸਚ ਦਾ ਪਾ ਦੇ ਸਗਨਾ, ਸਗਲ ਮਨੋਰਥ ਮੇਰੇ ਪੂਰ ਕਰਾਈਆ । ਕਲਜੁਗ ਜੀਵ ਬੁੱਧੀ ਰਹੇ ਨਾ ਕਗਨਾ, ਹੰਸ ਗੁਰਮੁਖ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੁਆਮੀ ਹੋ ਸਹਾਈਆ । ਧਰਨੀ ਕਹੇ ਮੇਰਾ ਵਿਨੀਪੈਗ ਬਿਨਾ ਅੱਖਰਾਂ ਤੋਂ ਸੰਦੇਸ਼, ਵਿਦਿਆ ਜਗਤ ਨਾ ਕੋਇ ਚਤੁਰਾਈਆ । ਮੇਰਾ ਮਾਲਕ ਇਕ ਨਰੇਸ਼, ਨਰ ਨਰਾਇਣ ਨੂਰ ਅਲਾਹੀਆ । ਜੋ ਸਦਾ ਰਹੇ ਹਮੇਸ਼, ਆਦਿ ਜੁਗਾਦਿ ਅਗੰਮ ਅਥਾਹੀਆ । ਜੋ ਮੇਰੇ ਉਤੋਂ ਮੇਟੇ ਕਲੇਸ਼, ਕਲਧਾਰੀ ਇਕ ਅਖਵਾਈਆ । ਲਹਿਣਾ ਜਾਣੇ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਫੇਲ ਫੁਲਾਈਆ । ਮੈਂ ਉਸ ਦੇ ਅਗੇ ਹੋਈ ਪੇਸ਼, ਪੇਸ਼ਤਰ ਪੇਸ਼ੀਨਗੋਈਆਂ ਹੱਥ ਉਠਾਈਆ । ਜ਼ਰਾ ਨਿਗਾਹ ਮਾਰ ਲੈ ਵਸ ਕੇ ਆਪਣੇ ਸੰਬਲ ਦੇਸ਼, ਦੇਸ ਦੇਸਾਂਤਰਾਂ ਖੋਜ ਖੁਜਾਈਆ । ਨੌ ਖੰਡ ਪ੍ਰਿਥਮੀ ਤੇਰਾ ਨਹੀਂ ਕੋਈ ਪਰਦੇਸ਼, ਪਰਦੇਸ਼ਾਂ ਦੇ ਮਾਲਕ ਹੋਣਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੀ ਮੰਗ ਇਕ ਮੰਗਾਈਆ । ਧਰਨੀ ਕਹੇ ਮੇਰੀ ਡੰਡਾਵਤ ਬੰਦਨਾ, ਬਾਂਦੀ ਹੋ ਕੇ ਸੀਸ ਨਿਵਾਈਆ । ਮੈਂ ਤੇਰਾ ਸੁਣਾਂ ਇਕੋ ਛੰਦਨਾ, ਸ਼ਹਿਨਸ਼ਾਹ ਦੇਣਾ ਦ੍ਰਿੜਾਈਆ । ਸਾਚਾ ਬਖ਼ਸ਼ਣਾ ਇਕ ਅਨੰਦਨਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਧਰਮ ਦੀ ਧਾਰ ਚਾੜ੍ਹ ਦੇ ਰੰਗਣਾ, ਕਲਜੁਗ ਕਿਰਿਆ ਕੂੜ ਮਿਟਾਈਆ । ਤੇਰੇ ਹੁਕਮ ਨਾਲ ਕੂੜ ਵਿਕਾਰ ਵੰਞਣਾ, ਸ਼ੌਹ ਦਰਿਆਏ ਦੇਣਾ ਰੁੜ੍ਹਾਈਆ । ਤੂੰ ਸਾਹਿਬ ਸੁਆਮੀ ਇਕ ਸਰਬੰਗਣਾ, ਸਤਿਗੁਰ ਸ਼ਬਦ ਤੇਰੀ ਇਕ ਬੇਪਰਵਾਹੀਆ । ਦੀਨ ਦੁਨੀ ਤੇਰਾ ਢੋਲਾ ਇਕੋ ਸੁਣੇ ਛੰਦਨਾ, ਇਕੋ ਨਾਮ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਸਮਝਾਈਆ । ਧਰਨੀ ਕਹੇ ਪ੍ਰਭੂ ਮੇਰਾ ਸੁਹੰਜਣਾ ਹੋਇਆ ਵਕਤ, ਘੜੀ ਪਲ ਥਿਤ ਪਿਛਲੀ ਨਾਲ ਮਿਲਾਈਆ । ਮੇਰਾ ਲਹਿਣਾ ਦੇਣਾ ਨਾਲ ਜਗਤ, ਦੀਨ ਦੁਨੀ ਖੋਜ ਖੁਜਾਈਆ । ਧੰਨ ਭਾਗ ਜੇ ਮੇਰੇ ਉਤੇ ਸੋਂਹਦੇ ਤੇਰੇ ਭਗਤ, ਭਗਵਨ ਦੇਣੀ ਇਕ ਸਰਨਾਈਆ । ਇਨ੍ਹਾਂ ਦੀ ਲੇਖੇ ਲਾਉਣੀ ਬੂੰਦ ਰਕਤ, ਤਤਵ ਤਤ ਆਪਣੇ ਵਿਚ ਸਮਾਈਆ । ਜਿਨ੍ਹਾਂ ਦੇ ਕਾਰਨ ਆਇਉਂ ਫ਼ਕਤ, ਫ਼ਿਕਰੇ ਸਤਿਗੁਰ ਸ਼ਬਦ ਸ਼ਬਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਗ੍ਰਿਹ ਇਕ ਸੁਹਾਈਆ । ਧਰਨੀ ਕਹੇ ਪ੍ਰਭੂ ਚਰਨ ਧੂੜੀ ਲਾਵਾਂ ਖ਼ਾਕ, ਮਸਤਕ ਆਪ ਰਮਾਈਆ । ਮੇਰਾ ਦਰ ਦੁਆਰ ਕਰਨਾ ਪਾਕ, ਪਤਿਤ ਪੁਨੀਤ ਤੇਰੀ ਸਰਨਾਈਆ । ਸਚ ਸਚ ਖੋਲ੍ਹਣਾ ਤਾਕ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋ ਪੇਸ਼ੀਨਗੋਈਆਂ ਵਿਚ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਕੀਤਾ ਵਾਕ, ਪੂਰਾ ਸਭ ਦਾ ਦੇਣਾ ਕਰਾਈਆ । ਕਲਜੁਗ ਮੇਟਣੀ ਅੰਧੇਰੀ ਰਾਤ, ਸਤਿਜੁਗ ਸਚ ਚੰਦ ਚਮਕਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਕਾਇਨਾਤ, ਮਖ਼ਲੂਕ ਤੇਰਾ ਨੂਰ ਨਜ਼ਰੀ ਆਈਆ । ਆਤਮ ਪਰਮਾਤਮ ਸਭ ਨੂੰ ਦੇ ਇਤਫ਼ਾਕ, ਇਤਫ਼ਾਕੀਆਂ ਆਪਣਾ ਮੇਲ ਕਰਾਈਆ । ਲੱਖ ਚੁਰਾਸੀ ਤੇਰੀ ਜ਼ਾਤ, ਅਜ਼ਾਤੀ ਵੰਡ ਨਾ ਕੋਇ ਵੰਡਾਈਆ । ਪਾਰਬ੍ਰਹਮ ਬ੍ਰਹਮ ਮੇਲਣਾ ਨਾਤ, ਸੁਰਤ ਸ਼ਬਦ ਸ਼ਬਦ ਜਣਾਈਆ । ਤੇਰਾ ਹੁਕਮ ਸੰਦੇਸ਼ਾ ਸੁਣੇ ਦੀਪ ਸਾਤ, ਸਤਿ ਸਤਿਵਾਦੀ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਦਰ ਆਪ ਵਖਾਈਆ । ਧਰਨੀ ਕਹੇ ਮੇਰੇ ਭਾਗ ਹੋਏ ਚੰਗੇ, ਚੰਗੀ ਤਰਹ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਮੇਰੇ ਉਤੇ ਲੰਘੇ, ਆਪਣਾ ਪੰਧ ਮੁਕਾਈਆ । ਮੈਨੂੰ

ਖ਼ੁਸ਼ੀ ਹੋਈ ਨਿਰਗੁਣ ਧਾਰ ਲਗਾਇਆ ਅੰਗੇ, ਅੰਗੀਕਾਰ ਆਪ ਹੋ ਜਾਈਆ । ਮੇਰੇ ਲੇਖ ਨਾ ਹੋਵਣ ਮੰਦੇ, ਮੰਦਹੀਣ ਦਿਆਂ ਦੁਹਾਈਆ । ਜ਼ਰਾ ਨਿਗਾਹ ਮਾਰ ਲੈ ਕਿਸ ਬਿਧ ਨਿਸ਼ਾਨ ਮੇਟਣੇ ਤਾਰਾ ਚੰਦੇ, ਮੁਹੰਮਦ ਦੀ ਆਸਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਵੇਖ ਵਖਾਈਆ । ਮੁਹੰਮਦ ਆਸ਼ਾ ਸਦੀ ਚੌਧਵੀਂ ਮਜ਼ਲੂਵੱਲ ਜ਼ਵਾ ਨਾਵੋਫ਼ਤੇ ਜ਼ਵੀ ਗੋਲੂਸ਼ਤੋ ਖ਼ੁਦਾ ਬਵਿਸ਼ਤੇ ਮੁਬਾ ਰਹੀਮੇ ਜ਼ੁਵਾ ਜ਼ਕਵਿਲ ਜ਼ੋਓਮੰਮ ਚਾਕਿਸਤਲ ਜ਼ਵੀ ਮਾਵਿਲ ਮਜ਼ੀ ਆਸਤੇ ਨਰੂਅ ਨੂਰੇ ਨੁਜ਼ਾ ਹਕ਼ੀਕੇ ਖ਼ੁਦਾ ਖ਼ੁਦ ਮਾਲਕ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਸੰਗ ਆਪਣਾ ਆਪ ਬਣਾਈਆ । ਧਰਨੀ ਕਹੇ ਮੇਰੀ ਆਸ਼ਾ ਪੁੰਨੀ, ਪ੍ਰਭ ਦਿਤੀ ਮਾਣ ਵਡਿਆਈਆ । ਨੂਰ ਅਲਾਹੀ ਮਾਲਕ ਤਕਿਆ ਕੁੰਨੀ, ਅਗੰਮ ਅਗੰਮੜਾ ਧੁਰਦਰਗਾਹੀਆ । ਜਿਸ ਲੇਖ ਮੁਕਾਉਣਾ ਲੱਖ ਚੁਰਾਸੀ ਜੂਨੀ, ਜੂਨੀ ਰਹਿਤ ਇਕ ਅਖਵਾਈਆ । ਝਗੜਾ ਮੇਟਣਾ ਦੀਨ ਦੁਨੀ, ਦੋਹਰੀ ਆਪਣੀ ਕਲ ਵਰਤਾਈਆ । ਮੈਂ ਚਰਨ ਪ੍ਰੀਤੀ ਘੋਲ ਘੁਲੀ, ਆਪਣਾ ਆਪ ਘੁਮਾਈਆ । ਜਿਸ ਲੇਖ ਮੁਕਾਉਣਾ ਰਸਨਾ ਜਿਹਵਾ ਜਾਪ ਬੁੱਲੀਂ, ਆਤਮ ਪਰਮਾਤਮ ਸੁਰਤ ਸ਼ਬਦ ਪਾਰਬ੍ਰਹਮ ਬ੍ਰਹਮ ਪ੍ਰਭ ਮੇਲਾ ਮੇਲੇ ਸਹਿਜ ਸੁਭਾਈਆ । ਜਨ ਭਗਤਾਂ ਭਾਗ ਲਗਾਇਆ ਕਾਇਆ ਮਾਟੀ ਕੁੱਲੀ, ਸਾਢੇ ਤਿੰਨ ਹੱਥ ਸਮਰਥ ਦਏ ਸੁਹਾਈਆ । ਜਿਸ ਨੂੰ ਪੈਗ਼ੰਬਰਾਂ ਕਿਹਾ ਸੁਲਹਕੁਲੀ, ਕੁਲ ਮਾਲਕ ਨੂਰ ਅਲਾਹੀਆ । ਧਰਨੀ ਕਹੇ ਮੈਂ ਉਸ ਦੇ ਤੋਲ ਤੁਲੀ, ਜੋ ਤੋਲਣਹਾਰ ਇਕ ਅਖਵਾਈਆ ।
੩੪੯ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ੩੪੯
੨੪ ਮੈਨੂੰ ਕ਼ੀਮਤ ਦਿਤੀ ਬਹੁਮੁਲੀ, ਗਣਤੀ ਗਣਤ ਨਾ ਕੋਇ ਗਿਣਾਈਆ । ੨੪

## ੧੧ ਚੇਤ ਸ਼ਹਿਨਸ਼ਾਹੀ ਸੰਮਤ ੧੧ ਵਿਨੀਪੈਗ ਤਰਲੋਚਨ ਸਿੰਘ ਦੇ ਗ੍ਰਹਿ

ਧਰਨੀ ਕਹੇ ਮੇਰੇ ਭਗਵੰਤ, ਹਰਿ ਭਗਵਨ ਤੇਰੀ ਬੇਪਰਵਾਹੀਆ । ਮੇਰੇ ਆਦਿ ਜੁਗਾਦਿ ਸਚਖੰਡ ਨਿਵਾਸੀ ਕੰਤ, ਮਾਲਕ ਖ਼ਾਲਕ ਅਗੰਮ ਅਥਾਹੀਆ । ਦੀਨ ਦੁਨੀ ਆਪਣੇ ਨਾਮ ਕਲਮੇ ਤਕ ਲੈ ਮੰਤ, ਅੱਖਰ ਅੱਖਰਾਂ ਫੋਲ ਫੁਲਾਈਆ । ਨਿਰਗੁਣ ਧਾਰ ਦਿਸੇ ਕੋਈ ਨਾ ਸੰਤ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਨੌ ਖੰਡ ਪ੍ਰਿਥਮੀ ਗੜ੍ਹ ਬਣਿਆ ਹਉਮੇ ਹੰਗਤ, ਹੰ ਬ੍ਰਹਮ ਭੇਵ ਕੋਇ ਨਾ ਪਾਈਆ । ਬੋਧ ਅਗਾਧਾ ਦਿਸੇ ਕੋਈ ਨਾ ਪੰਡਤ, ਜਗਤ ਵਿਦਿਆ ਹੋਈ ਹਲਕਾਈਆ । ਧਰਮ ਦੀ ਧਾਰ ਰੁਤ ਮੌਲੇ ਨਾ ਕੋਈ ਬਸੰਤ, ਸਤਿ ਸਚ ਪੱਤ ਟਹਿਣੀ ਨਾ ਕੋਇ ਮਹਿਕਾਈਆ । ਦਰੋਹੀ ਫਿਰੀ ਵਿਚ ਜੀਵ ਜੰਤ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਵਰਨ ਬਰਨ ਬਣੇ ਕੋਈ ਨਾ ਸੰਗਤ, ਸਗਲਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਮੇਰੇ ਭਗਵਾਨਾ, ਭਗਵਨ ਤੇਰੀ ਓਟ ਤਕਾਈਆ । ਤੂੰ ਸ਼ਾਹੋ ਭੂਪ ਸੁਲਤਾਨਾ, ਸ਼ਹਿਨਸ਼ਾਹ ਨੂਰ ਅਲਾਹੀਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸਚਖੰਡ ਨਿਵਾਸੀ ਪਰਧਾਨਾ, ਪਰਮ ਪੁਰਖ ਤੇਰੇ ਹੱਥ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਮੇਰੇ ਉਤੇ ਗੁਜ਼ਰਿਆ ਜ਼ਮਾਨਾ, ਕਲਜੁਗ

ਆਪਣਾ ਰੰਗ ਰੰਗਾਈਆ । ਚਾਰ ਜੁਗ ਦੇ ਸ਼ਾਸਤਰ ਤੇਰਾ ਦੇਣ ਬਿਆਨਾ, ਅੱਖਰ ਅੱਖਰਾਂ ਨਾਲ ਮਿਲਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਸ਼ਬਦ ਸੰਦੇਸ਼ਾ ਦਿਤਾ ਵਿਚ ਜਹਾਨਾ, ਦੀਨ ਦੁਨੀ ਦੁਨੀ ਸਮਝਾਈਆ । ਪਰਮ ਪੁਰਖ ਪਰਮਾਤਮ ਕਲਜੁਗ ਅੰਤਮ ਖੇਲ ਮਹਾਨਾ, ਨਿਰਗੁਣ ਨਿਰਵੈਰ ਆਪਣਾ ਭੇਵ ਦਰਸਾਈਆ । ਨੌ ਖੰਡ ਪ੍ਰਿਥਮੀ ਧਰਨੀ ਕਹੇ ਤੇਰਾ ਮਾਨਵ ਹੋਇਆ ਬੇਗਾਨਾ, ਸਗਲਾ ਸੰਗ ਨਾ ਕੋਇ ਰਖਾਈਆ । ਸ਼ਬਦ ਅਨਾਦੀ ਧੁਨ ਆਤਮਕ ਸੁਣੇ ਨਾ ਕੋਇ ਤਰਾਨਾ, ਤੁਰੀਆ ਦੀ ਧਾਰ ਮੰਜ਼ਲ ਹੱਥ ਕਿਸੇ ਨਾ ਆਈਆ । ਅੰਮ੍ਰਿਤ ਰਸ ਨਿਝਰ ਮਿਲੇ ਨਾ ਪੀਣਾ ਖਾਣਾ, ਤ੍ਰਿਸ਼ਨਾ ਕੂੜ ਨਾ ਕੋਇ ਮਿਟਾਈਆ । ਮੇਰੇ ਪਰਮ ਪੁਰਖ ਪਰਮਾਤਮ ਮੈਂ ਸਦੀ ਚੌਧਵੀਂ ਹੋਈ ਹੈਰਾਨਾ, ਹੈਰਤ ਵਿਚ ਮੇਰੀ ਦੁਹਾਈਆ । ਨਿਰਾਧਾਰ ਨਿਰੰਕਾਰ ਨਿਰਵੈਰ ਮੇਰੇ ਉਤੋਂ ਕਲ ਕਲੇਸ਼ ਮੇਟ ਜ਼ਮਾਨਾ, ਜ਼ਮੀਂ ਦੇ ਮਾਲਕ ਖ਼ਾਲਕ ਆਪਣੀ ਦਇਆ ਕਮਾਈਆ । ਉਹ ਲੇਖਾ ਤਕ ਲੈ ਜੋ ਕਹਿ ਕੇ ਗਿਆ ਰਾਮਾ, ਦਸਰਥ ਸੁਤ ਸੁਤ ਸਮਝਾਈਆ । ਜੋ ਇਸ਼ਾਰਾ ਕੀਤਾ ਕ੍ਰਿਸ਼ਨਾ ਕਾਹਨਾ, ਘਨਈਆ ਹੋ ਕੇ ਭੇਵ ਖੁਲ੍ਹਾਈਆ । ਮੂਸਾ ਗਾ ਕੇ ਤੇਰਾ ਤਰਾਨਾ, ਤ੍ਰੈਗੁਣ ਅਤੀਤੇ ਦਿਤਾ ਦ੍ਰਿੜਾਈਆ । ਈਸਾ ਬੋਲ ਕੇ ਬਿਨਾ ਜ਼ਬਾਨਾ, ਹੁਕਮ ਹੁਕਮ ਵਿਚੋਂ ਸਮਝਾਈਆ । ਮੁਹੰਮਦ ਚਾਰ ਯਾਰੀ ਲਾ ਯਰਾਨਾ, ਚੌਥੇ ਜੁਗ ਗਿਆ ਦ੍ਰਿੜਾਈਆ । ਨਾਨਕ ਬਿਨਾ ਅੱਖਾਂ ਦੇ ਧਿਆਨਾ, ਬਿਨ ਤਤ ਤਤ ਦਰਸਾਈਆ । ਗੋਬਿੰਦ ਖਿੱਚ ਕੇ ਚਿੱਲਾ ਤੀਰ ਕਮਾਨਾ, ਕਮਲਾਪਤ ਗਿਆ ਸਮਝਾਈਆ । ਧਰਨੀ ਧਰਤ ਧੌਲ ਕਹੇ ਮੇਰਾ ਲੇਖਾ ਅੰਤ ਅੰਤ ਮੁਕਾਉਣਾ, ਮੁਕੰਮਲ ਤੇਰੇ ਚਰਨਾਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੈਂ ਚਾਰ ਜੁਗ ਦੀ ਮੰਗਤੀ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰੀ ਚੌਕੜੀ ਸਦਾ ਸਦਾ ਸਦ ਰਹੇ ਲੰਘਦੀ, ਸਤਿਜੁਗ ਤ੍ਰੇਤਾ ਦੁਆਪਰ ਸੰਗ ਮਿਲਾਈਆ । ਮੇਰੀ ਧਾਰ ਵੇਖ ਲੈ ਆਪਣੇ ਅੰਗ ਦੀ, ਅੰਗੀਕਾਰ ਇਕ ਬਣਾਈਆ । ਮੇਰੇ ਉਤੋਂ ਖੇਲ ਮੇਟ ਦੇ ਵਿਕਾਰੇ ਪੰਜ ਦੀ, ਪੰਚਮ ਧਾਰ ਸ਼ਬਦੀ ਨਾਦ ਨਾਦ ਕਰ ਸ਼ਨਵਾਈਆ । ਮੇਰੀ ਗ਼ਮੀ ਵੇਖ ਲੈ ਰੰਜ ਦੀ, ਚਿੰਤਾ ਚਿਖਾ ਵਿਚ ਜਲਾਈਆ । ਮੇਰੀ ਧਾਰ ਵੇਖ ਲੈ ਨੇਤਰ ਅੰਝ ਦੀ, ਨੈਣਾਂ ਨੀਰ ਵਹਾਈਆ । ਉਹ ਆਸਾ ਵੇਖ ਲੈ ਜਮਨਾ ਸੁਰਸਤੀ ਗੋਦਾਵਰੀ ਗੰਗ ਦੀ, ਕੀ ਰੋ ਰੋ ਰਹੀ ਮਨਾਈਆ । ਸ਼ਰਅ ਮੇਟ ਦੇ ਦੂਈ ਦੁਵੇਤੀ ਕੰਧ ਦੀ, ਕੰਢੀ ਦੇ ਮਾਲਕ ਧਿਆਨ ਲਗਾਈਆ । ਰੈਣ ਅੰਧੇਰ ਰਹੇ ਨਾ ਅੰਧ ਦੀ, ਅਗਿਆਨ ਦੇਣਾ ਚੁਕਾਈਆ । ਮੈਨੂੰ ਖੇਲ ਨਜ਼ਰ ਆਉਂਦੀ ਮੇਰੇ ਉਤੇ ਧਾਰ ਹੋਣੀ ਤੇਰੇ ਜੰਗ ਦੀ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਸਮੁੰਦ ਸਾਗਰ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੇਰੀ ਅੰਤਸ਼ਕਰਨ ਵੇਖ, ਬਿਨ ਨੇਤਰ ਲੋਚਨ ਨੈਣ ਅੱਖ ਉਠਾਈਆ । ਮੇਰੀ ਕਲਜੁਗ ਕੂੜੀ ਕਿਰਿਆ ਬਦਲ ਦੇ ਰੇਖ, ਰਿਖੀ ਰਿਖੀਸ਼ਰ ਜਿਸ ਦਾ ਭੇਵ ਕੋਇ ਨਾ ਪਾਈਆ । ਤੇਰਾ ਅਵਲੜਾ ਦੋ ਜਹਾਨਾਂ ਹੋਵੇ ਭੇਖ, ਭੇਖਾਧਾਰੀ ਆਪਣਾ ਰੂਪ ਬਦਲਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਝਗੜਾ ਰਹੇ ਨਾ ਮੁਲਾਂ ਸ਼ੇਖ਼, ਮੁਸਾਇਕ ਆਪਣੇ ਰੰਗ ਰੰਗਾਈਆ । ਮੈਂ ਤੇਰੀ ਏਕੰਕਾਰ ਇਕੋ ਰਖੀ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਖ਼ਾਕ ਰਮਾਈਆ । ਮੇਰੇ ਉਤੇ ਮਾਨਵ ਜ਼ਾਤੀ ਬੁੱਧੀ ਕਰ ਬਿਬੇਕ, ਮਾਨਸ ਮਾਨਵ ਇਕੋ ਘਰ ਵਸਾਈਆ । ਪਰਮ ਪੁਰਖ ਪਰਮਾਤਮ ਨਿਰਗੁਣ ਧਾਰ ਆਪਣਾ ਖੋਲ੍ਹ ਭੇਤ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਿਸ ਕਾਰਨ ਗੁਰ

੩੫੦ ੨੪

ਅਰਜਨ ਸੀਸ ਪੁਆਈ ਤਤੀ ਰੇਤ, ਅਗਨੀ ਤਤ ਜਲਾਈਆ । ਤਿਸ ਦਾ ਵਕਤ ਸੁਹੰਜਣਾ ਹੋਵੇ ਤੇ ਮੌਲੇ ਰੁਤ ਚੇਤ, ਚੇਤਨ ਸਭ ਨੂੰ ਦਏ ਕਰਾਈਆ । ਆਤਮ ਪਰਮਾਤਮ ਦੱਸ ਹੇਤ, ਪਾਰਬ੍ਰਹਮ ਬ੍ਰਹਮ ਪ੍ਰਭ ਮੇਲਾ ਮੇਲਣਾ ਸਹਿਜ ਸੁਭਾਈਆ । ਨਿਜ ਘਰ ਨਿਜ ਗ੍ਰਿਹਿ ਦਿਸਣਾ ਨੇਤਨ ਨੇਤ, ਨਿਜ ਨੇਤਰ ਲੋਚਨ ਨੈਣ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਪ੍ਰਭੂ ਮੇਰੀਆਂ ਜੁਗ ਪੁਰਾਣੀਆਂ ਆਸ਼ਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਧਿਆਨ ਲਗਾਈਆ । ਤੇਰਾ ਨੂਰ ਤਕਾਂ ਪ੍ਰਕਾਸ਼ਾ, ਪ੍ਰਕਾਸ਼ ਪ੍ਰਕਾਸ਼ ਵਿਚੋਂ ਪਰਗਟਾਈਆ । ਮੈਨੂੰ ਯਾਦ ਆਵਣ ਕਾਹਨ ਵਾਲੀਆਂ ਰਾਸਾਂ, ਗੋਪੀਆਂ ਆਪਣਾ ਸੰਗ ਨਿਭਾਈਆ । ਤੇਰਾ ਲਹਿਣਾ ਦੇਣਾ ਤੂੰ ਦੇਵਣਹਾਰਾ ਸ਼ਾਹੋ ਸ਼ਾਬਾਸ਼ਾ, ਸ਼ਹਿਨਸ਼ਾਹ ਇਕ ਅਖਵਾਈਆ । ਮੈਨੂੰ ਯਾਦ ਆਉਂਦਾ ਤੇਰਾ ਅੰਤਮ ਸੰਬਲ ਹੋਣਾ ਵਾਸਾ, ਸਾਢੇ ਤਿੰਨ ਹੱਥ ਵਜੇ ਵਧਾਈਆ । ਤੈਨੂੰ ਝੁਕਦੇ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਸੀਸ ਨਿਵਾਈਆ । ਦੋ ਜਹਾਨਾਂ ਕਰਨਾ ਹਾਸਾ, ਵਿਸ਼ਨ ਬ੍ਰਹਮਾ ਸ਼ਿਵ ਅਵਤਾਰ ਪੈਗ਼ੰਬਰ ਗੁਰ ਢੋਲੇ ਗਾਈਆ । ਤੂੰ ਸਭ ਦਾ ਭੇਵ ਖੋਲ੍ਹਣਾ ਖ਼ੁਲਾਸਾ, ਖ਼ਲਕ ਦੇ ਖ਼ਾਲਕ ਆਪਣਾ ਰੰਗ ਰੰਗਾਈਆ । ਮੇਰੇ ਉਤੇ ਦੀਨ ਦੁਨੀ ਸਦੀ ਚੌਧਵੀਂ ਅੰਤਮ ਵੇਖਣਾ ਤਮਾਸ਼ਾ, ਤਮਾਸ਼ਬੀਨ ਹੋ ਕੇ ਆਪਣਾ ਹੁਕਮ ਵਰਤਾਈਆ । ਮੈਨੂੰ ਇਉਂ ਜਾਪਦਾ ਨਵ ਸੱਤ ਚੜ੍ਹਨੀ ਲਾਸ਼ ਤੇ ਲਾਸ਼ਾ, ਲਸ਼ਕਰ ਨੇਤਰ ਨਜ਼ਰ ਕੋਇ ਨਾ ਆਈਆ । ਹੁਕਮ ਮਿਲਣਾ ਸ਼ੰਕਰ ਉਤੇ ਕੈਲਾਸ਼ਾ, ਕਲਾਧਾਰੀ ਤੇਰੇ ਹੱਥ ਵਡਿਆਈਆ । ਲਾੜੀ ਮੌਤ ਬਦਲ ਲਏ ਪਾਸਾ, ਰਾਏ ਧਰਮ ਅੱਖ ਉਠਾਈਆ । ਕਲਜੁਗ ਅੰਤਮ ਜਾਏ ਨਾਸਾ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਮੇਰੇ ਵਲ ਮਾਰ ਝਾਤੀ, ਬਿਨ ਨੇਤਰ ਅੱਖ ਉਠਾਈਆ । ਚਾਰੋਂ ਕੁੰਟ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਝਗੜਾ ਵੇਖ ਲੈ ਜ਼ਾਤ ਪਾਤੀ, ਦੀਨ ਦੁਨੀ ਕੁਰਲਾਈਆ । ਆਹ ਵੇਖ ਸੀਨੇ ਅੰਤਰ ਅਵਤਾਰ ਪੈਗ਼ੰਬਰਾਂ ਗੁਰੂਆਂ ਵਾਲੀ ਪਾਤੀ, ਜੋ ਨਿਰਅੱਖਰ ਧਾਰ ਦ੍ਰਿੜਾਈਆ । ਜਿਸ ਦੀ ਜ਼ਿੰਦਗੀ ਸਮਝੇ ਨਾ ਕੋਇ ਹਯਾਤੀ, ਆਯੂ ਵੰਡ ਨਾ ਕੋਇ ਵੰਡਾਈਆ । ਮੇਰੀ ਆਸ਼ਾ ਤਕੇ ਇਕ ਇਕਾਂਤੀ, ਅਕਲ ਕਲਧਾਰੀ ਧਿਆਨ ਲਗਾਈਆ । ਜਿਸ ਦਾ ਲੇਖ ਲਿਖਿਆ ਨਹੀਂ ਕ਼ਲਮ ਦਵਾਤੀ, ਜਗਤ ਸ਼ਾਹੀ ਨਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੈਂ ਸੁਣਦੀ ਰਹੀ ਸੰਦੇਸ਼ੇ, ਬਿਨ ਸਰਵਣਾਂ ਧਿਆਨ ਲਗਾਈਆ । ਮੈਨੂੰ ਇਸ਼ਾਰੇ ਦਿਤੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼ੇ, ਗਣਪਤ ਆਪਣੀ ਅੱਖ ਖੁਲ੍ਹਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਲਿਖੇ ਲੇਖੇ, ਧੁਰ ਸ਼ਬਦ ਨਾਲ ਵਡਿਆਈਆ । ਮੈਨੂੰ ਨੌਂ ਸੌ ਚੁਰਾਨਵੇ ਚੌਕੜੀ ਜੁਗ ਦੇ ਪਿਛਲੇ ਚੇਤੇ, ਚੇਤਨ ਹੋ ਕੇ ਦਿਆਂ ਸੁਣਾਈਆ । ਕੋਟਨ ਕੋਟ ਜੁਗ ਬੀਤੇ ਕੇਤੇ, ਆਪ ਆਪਣਾ ਪੰਧ ਮੁਕਾਈਆ । ਸ਼ਾਹ ਸੁਲਤਾਨ ਬਣੇ ਨੇਤੇ, ਨਰ ਨਿਰੰਕਾਰ ਤੇਰੇ ਹੁਕਮ ਵਿਚ ਖੇਲ ਖਿਲਾਈਆ । ਤੇਰਾ ਕੋਈ ਪਾ ਨਾ ਸਕੇ ਭੇਤੇ, ਭੇਵ ਸਮਝ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਝਟ ਨਾਰਦ ਆ ਗਿਆ ਕਹੇ ਧਰਨੀਏ ਬਿਨ ਅੱਖਰਾਂ ਤੋਂ ਲੈ ਚਿੱਠੀ, ਕੋਝੀ ਕਮਲੀਏ ਤੇਰੇ ਹੱਥ ਫੜਾਈਆ । ਉਠ ਨਿਗਾਹ ਮਾਰ ਲੈ ਚਾਰ ਕੁੰਟ ਦਹਿ ਦਿਸ਼ਾ ਖੇਲ ਹੋਣ ਵਾਲੀ ਅਣਡਿੱਠੀ, ਜਗ ਨੇਤਰ

੩੫੧
੨੪

ਵੇਖਣ ਕੋਇ ਨਾ ਪਾਈਆ । ਜਿਸ ਦੇ ਹੁਕਮ ਦੀ ਧਾਰ ਪੈਗ਼ੰਬਰਾਂ ਗੁਰੂਆਂ ਮੰਨੀ ਮਿਠੀ, ਅਵਤਰ ਗਏ ਸੀਸ ਨਿਵਾਈਆ । ਉਸ ਦਾ ਹੁਕਮ ਸੰਦੇਸ਼ਾ ਫ਼ਰਮਾਨ ਇਕ ਨਿੱਕੀ ਜਿਹੀ ਚਿੱਠੀ, ਅੱਖਰ ਸਮਝ ਕੋਈ ਨਾ ਪਾਈਆ । ਤੇਰੇ ਉਤੇ ਖ਼ਾਕ ਓਡਣ ਵਾਲੀ ਮਿੱਟੀ, ਚਾਰ ਕੁੰਟ ਕੁੰਟ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਧਰਨੀਏ ਸਚਖੰਡ ਨਿਵਾਸੀ ਕੀ ਕੁਝ ਕਹਿੰਦਾ, ਬਿਨ ਅੱਖਰਾਂ ਹੁਕਮ ਜਣਾਈਆ । ਜਿਸ ਦਾ ਭਾਣਾ ਜੁਗ ਚੌਕੜੀ ਲੱਖ ਚੁਰਾਸੀ ਜੀਵ ਜੰਤ ਸਹਿੰਦਾ, ਸਾਧ ਸੰਤ ਸੀਸ ਨਾ ਕੋਇ ਉਠਾਈਆ । ਜੋ ਨਿਰਗੁਣ ਨਿਰਾਕਾਰ ਨਿਰੰਕਾਰ ਸਾਚੇ ਤਖ਼ਤ ਤਖ਼ਤ ਨਿਵਾਸੀ ਬਹਿੰਦਾ, ਜਿਸ ਦੀ ਬਾਡੀ ਘੜਤ ਨਾ ਕੋਇ ਘੜਾਈਆ । ਕੀ ਖੇਲ ਉਸ ਦਾ ਹੋਣਾ ਦਿਸ਼ਾ ਲਹਿੰਦਾ, ਦਹਿ ਦਿਸ਼ਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਕਾਰ ਕਮਾਈਆ । ਧਰਨੀ ਕਹੇ ਨਾਰਦਾ ਮੈਂ ਕੀ ਦੱਸਾਂ ਹਾਲ, ਹਾਲਤ ਕੀ ਜਣਾਈਆ । ਮੈਂ ਬੇਸੁਧ ਹੋਈ ਬੇਹਾਲ, ਬਹਿਬਲ ਹੋ ਕੇ ਰੋਵਾਂ ਮਾਰਾਂ ਧਾਹੀਆ । ਮੇਰਾ ਧਰਮ ਦਾ ਲੁੱਟਿਆ ਗਿਆ ਧਨ ਮਾਲ, ਸਚ ਵਸਤ ਰਹਿਣ ਨਾ ਪਾਈਆ । ਮੇਰੇ ਉਤੇ ਕੂਕਦਾ ਕਾਲ, ਕਲਜੁਗ ਨਗਾਰਾ ਡੰਕ ਵਜਾਈਆ । ਮੇਰਾ ਪਰਮ ਪੁਰਖ ਪਰਮਾਤਮ ਜੋ ਵੇਖਣਹਾਰਾ ਮੁਰੀਦਾਂ ਹਾਲ, ਮੁਰਸ਼ਦ ਇਕੋ ਧੁਰਦਰਗਾਹੀਆ । ਜੋ ਮੇਰੀ ਸੁਰਤ ਲਏ ਸੰਭਾਲ, ਸੰਬਲ ਵਿਚ ਆਪਣਾ ਨੂਰ ਕਰ ਰੁਸ਼ਨਾਈਆ । ਜਿਸ ਦੀ ਅਵਤਾਰ ਪੈਗ਼ੰਬਰ ਗੁਰੂ ਘਾਲਣਾ ਗਏ ਘਾਲ, ਹੁਕਮੇ ਵਿਚ ਹੁਕਮੀ ਸੇਵ ਕਮਾਈਆ ।
੩੫੨ ਉਹ ਵਖਰੀ ਚਲਣਵਾਲਾ ਚਾਲ, ਜਿਸ ਦਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ੩੫੨
੨੪ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਧਰਨੀਏ ਮੈਂ ਸੁਣੀਆਂ ਅਗੰਮੀ ਖ਼ਬਰਾਂ, ਬੇਖ਼ਬਰੇ ਦਿਆਂ ਜਣਾਈਆ । ਕੀ ਸੰਦੇਸ਼ਾ ਆਵੇ ੨੪
ਉਤੋਂ ਅੰਬਰਾ, ਬਿਨ ਰਸਨਾ ਜਿਹਵਾ ਹੁਕਮ ਕੀ ਦ੍ਰਿੜਾਈਆ । ਜਿਸ ਨੇ ਨਵਾਂ ਰਚਣਾ ਸੁਵੰਬਰਾ, ਨਵ ਸੱਤ ਜੋੜ ਜੁੜਾਈਆ । ਲੇਖਾ ਮੁਕਾਉਣਾ ਮਸਜਿਦਾਂ ਮੰਦਰਾਂ, ਕਾਅਬਿਆਂ ਪੜਦਾ ਰਹੇ ਨਾ ਰਾਈਆ । ਜਗਤ ਜਹਾਨ ਵੇਖਣਾ ਡੂੰਘੀ ਕੰਦਰਾਂ, ਟਿੱਲੇ ਪਰਬਤ ਫੋਲ ਫੁਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਈ ਵਾਂਗ ਖੰਡਰਾ, ਮਹਲ ਅਟਲ ਨਾ ਕੋਇ ਸੁਹਾਈਆ । ਲਹਿਣਾ ਮੁਕਣਾ ਸੂਰੀਆ ਚੰਦਨਾ, ਮੰਡਲ ਮੰਡਪ ਵੇਖ ਵਖਾਈਆ । ਜਿਸ ਦਾ ਹੁਕਮ ਵਰਤਣਾ ਤੇ ਵਰਤਣਾ ਸਦੀ ਚੌਧਵੀਂ ਅੰਤਮ ਕੱਤਕ ਪੰਦਰਾਂ, ਥਿਤ ਵਾਰ ਜਗਤ ਜੁਗਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਨਾਰਦਾ ਮੇਰੇ ਅੰਦਰ ਆਵੇ ਡਰ, ਭੈ ਵਿਚ ਕੀ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਕੀ ਰਿਹਾ ਕਰ, ਕਰਤਾ ਪੁਰਖ ਧੁਰ ਦਾ ਮਾਹੀਆ । ਜਿਸ ਨੇ ਕਲਜੁਗ ਕੂੜ ਦਾ ਦਿਤਾ ਵਰ, ਮਮਤਾ ਮੋਹ ਵਿਕਾਰ ਨਾਲ ਮਿਲਾਈਆ । ਧਰਮ ਦਾ ਦਿਸੇ ਕੋਈ ਨਾ ਸਰ, ਸਰੋਵਰ ਨਜ਼ਰ ਕੋਇ ਨਾ ਆਈਆ । ਸਤਿ ਸਚ ਧਰਮ ਮੇਰੇ ਉਤੋਂ ਗਿਆ ਖਰ, ਜਗਤ ਜੁਗਤ ਵੇਖਣ ਕੋਇ ਨਾ ਪਾਈਆ । ਨਜ਼ਰੀ ਆਏ ਕਿਸੇ ਨਾ ਹਰਿ, ਹਿਰਦੇ ਹਰਿ ਨਾ ਕੋਇ ਵਸਾਈਆ । ਦੀਨ ਦੁਨੀ ਜਗਤ ਵਿਕਾਰ ਵਿਭਚਾਰ ਵਿਚ ਰਹੀ ਸੜ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਝਗੜਾ ਪਿਆ ਸੀਸ ਧੜ, ਤਨ ਵਜੂਦ ਨਾ ਕੋਇ ਸਫ਼ਾਈਆ । ਪੁਰਖ ਅਕਾਲਾ ਦੀਨ ਦਿਆਲਾ ਮੇਰੇ ਉਤੇ ਨਵਾਂ ਘਾੜਨ ਲਏ ਘੜ, ਘੜਨ ਭੰਨਣਹਾਰ ਆਪਣਾ ਹੁਕਮ ਵਰਤਾਈਆ । ਕਲਜੁਗ ਤੋੜੇ ਕਿਲਾ ਹੰਕਾਰੀ

ਗੜ੍ਹ, ਸੰਤ ਸੁਹੇਲੇ ਗੁਰੂ ਗੁਰ ਚੇਲੇ ਆਤਮ ਧਾਰ ਲਏ ਫੜ, ਅੰਤਰ ਅੰਤਰ ਨਿਰੰਤਰ ਆਪਣਾ ਮੇਲ ਮਿਲਾਈਆ । ਲੇਖਾ ਜਾਣੇ ਚੋਟੀ ਜੜ੍ਹ, ਚੇਤਨ ਆਪਣਾ ਖੇਲ ਖਿਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤੂੰ ਮੇਰਾ ਮੈਂ ਤੇਰਾ ਇਕੋ ਅੱਖਰ ਜਾਏ ਪੜ੍ਹ, ਆਖ਼ਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਂਆ । ਨਾਰਦ ਕਹੇ ਧਰਨੀਏ ਮੇਰੇ ਕੋਲ ਚਾਰ ਜੁਗ ਦੀ ਕਥਾ ਕਹਾਣੀ, ਜਗਤ ਸ਼ਾਸਤਰ ਸਮਝ ਕੋਇ ਨਾ ਪਾਈਆ । ਪਰਾ ਪਸੰਤੀ ਮਧਮ ਬੈਖਰੀ ਸਮਝੇ ਕੋਇ ਨਾ ਬਾਣੀ, ਅਣਿਆਲਾ ਤੀਰ ਨਾ ਕੋਇ ਚਲਾਈਆ । ਮੈਂ ਲੇਖਾ ਜਾਣਾਂ ਨੌ ਖੰਡ ਪ੍ਰਿਥਮੀ ਸੱਤ ਦੀਪ ਏਥੇ ਓਥੇ ਦੋ ਜਹਾਨੀ, ਪ੍ਰਿਥਮੀ ਆਕਾਸ਼ ਗਗਨ ਗਗਨੰਤਰ ਫੋਲ ਫੁਲਾਈਆ । ਮੇਰਾ ਸਾਹਿਬ ਸੁਲਤਾਨ ਸ੍ਰੀ ਭਗਵਾਨ ਨੌਜਵਾਨੀ, ਜੋਬਨਵੰਤਾ ਹਰਿ ਭਗਵੰਤਾ ਇਕ ਅਖਵਾਈਆ । ਜਿਸ ਨੇ ਕਲਜੁਗ ਕੂੜੀ ਕਿਰਿਆ ਮੇਟਣੀ ਨਿਸ਼ਾਨੀ, ਨਿਸ਼ਾਨਾ ਧਰਮ ਧਾਰ ਪਰਗਟਾਈਆ । ਲਹਿਣਾ ਦੇਣਾ ਮੁਕਾਉਣਾ ਅਠਸਠ ਤੀਰਥ ਪਾਣੀ, ਸਮੁੰਦ ਸਾਗਰਾਂ ਖੋਜ ਖੁਜਾਈਆ । ਜੋ ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਸ਼ਬਦ ਅਨਾਦ ਸਭ ਦਾ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਨਾਰਦਾ ਮੈਂ ਬਿਨਾ ਅੱਖਰਾਂ ਤੋਂ ਅੱਖਰ ਉਲੀਕਦੀ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਮੈਂ ਉਸ ਪ੍ਰਭੂ ਨੂੰ ਉਡੀਕਦੀ, ਜਿਸ ਦੇ ਅਵਤਾਰ ਪੈਗ਼ੰਬਰ ਗੁਰੂ ਢੋਲੇ ਗਾਈਆ । ਜਿਸ ਦੀ ਖੇਲ ਹਕ ਤੌਫ਼ੀਕ਼ ਦੀ, ਤੋਫ਼ੇ
੩੫੩ ਨਾਮ ਦੇਵੇ ਥਾਉਂ ਥਾਈਂਆ । ਜਿਸ ਦੀ ਸਤਿ ਸਚ ਰੀਤੀ ਪ੍ਰੀਤ ਦੀ, ਪ੍ਰੀਤਮ ਹੋਵੇ ਧੁਰਦਰਗਾਹੀਆ । ਮੈਂ ਬਿਨਾ ਅੱਖੀਆਂ ਤੋਂ ਅੱਖਾਂ ਮੀਟਦੀ, ਨਿਜ ੩੫੩
੨੪ ਨੇਤਰ ਧਿਆਨ ਲਗਾਈਆ । ਜਿਸ ਖੇਲ ਮਿਟਾਉਣੀ ਹਸਤ ਕੀਟ ਦੀ, ਊਚਾਂ ਨੀਚਾਂ ਇਕੋ ਘਰ ਵਸਾਈਆ । ਉਹ ਤਕ ਲੈ ਮੁਹੰਮਦ ਦੀ ਸਦੀ ੨੪
ਚੌਧਵੀਂ ਬੀਤਦੀ, ਭੱਜੇ ਵਾਹੋ ਦਾਹੀਆ । ਸਦੀ ਬੀਸਵੀਂ ਈਸਾ ਵਾਲੀ ਤਸਦੀਕ਼ ਦੀ, ਸ਼ਹਾਦਤ ਕਲਮੇ ਵਾਲੀ ਭੁਗਤਾਈਆ । ਖੇਲ ਹੋਣੀ ਇਕ ਭੈ ਭੀਤ ਦੀ, ਜੋ ਸਭ ਦੇ ਭੀਤਰ ਵਸਿਆ ਧੁਰਦਰਗਾਹੀਆ । ਵੰਡ ਰਹੇ ਨਾ ਮੰਦਰ ਮਸੀਤ ਦੀ, ਕਾਇਆ ਕਾਅਬਾ ਇਕੋ ਇਕ ਸਮਝਾਈਆ । ਜਿਸ ਦੀ ਸ਼ਰਅ ਹੋਣੀ ਹਦੀਸ ਦੀ, ਹਜ਼ਰਤਾਂ ਤੋਂ ਬਾਹਰ ਪੜ੍ਹਾਈਆ । ਉਹ ਆਸ਼ਾ ਵੇਖੇ ਬੀਸ ਇਕੀਸ ਦੀ, ਜੋ ਗੁਰਦਾਸ ਗਿਆ ਸਮਝਾਈਆ । ਜਿਸ ਦੀ ਧਾਰ ਹੋਣੀ ਇਕੋ ਛਤਰ ਸੀਸ ਦੀ, ਜਗਦੀਸ਼ ਨੂਰ ਅਲਾਹੀਆ । ਜਿਸ ਦੇ ਹੁਕਮ ਨਾਲ ਸਤਿਜੁਗ ਤ੍ਰੇਤਾ ਦੁਆਪਰ ਦੁਨੀਆ ਆਈ ਪੀਸਦੀ, ਜੁਗ ਜੁਗ ਆਪਣਾ ਖੇਲ ਵਖਾਈਆ । ਉਹਦੀ ਧਾਰ ਤਕ ਲੈ ਪਤਿਤ ਪੁਨੀਤ ਦੀ, ਪਾਵਨ ਅਗੰਮ ਅਥਾਹੀਆ । ਜਿਸ ਦੀ ਅਵਾਜ਼ ਹੋਈ ਤੂੰ ਮੇਰਾ ਮੈਂ ਤੇਰਾ ਇਕੋ ਗੀਤ ਦੀ, ਸੋਹੰ ਧਾਰ ਧਾਰ ਪਰਗਟਾਈਆ । ਮੈਂ ਉਸੇ ਦੀ ਧਾਰ ਵਿਚ ਚੀਕਦੀ, ਚੀਕ ਚਿਹਾੜਾ ਰਹੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲ ਆਪ ਮਿਲਾਈਆ । ਨਾਰਦ ਕਹੇ ਧਰਨੀਏ ਸੋ ਪੁਰਖ ਨਿਰੰਜਣ ਆਵੇਗਾ । ਹਰਿ ਪੁਰਖ ਨਿਰੰਜਣ ਖੇਲ ਖਿਲਾਵੇਗਾ । ਏਕੰਕਾਰ ਵੇਸ ਵਟਾਵੇਗਾ । ਆਦਿ ਨਿਰੰਜਣ ਡਗਮਗਾਵੇਗਾ । ਅਬਿਨਾਸ਼ੀ ਕਰਤਾ ਸੋਭਾ ਪਾਵੇਗਾ । ਸ੍ਰੀ ਭਗਵਾਨ ਵੇਖ ਵਖਾਵੇਗਾ । ਪਾਰਬ੍ਰਹਮ ਰੂਪ ਦਰਸਾਵੇਗਾ । ਸ਼ਬਦ ਅਨਾਦੀ ਸੁਤ ਪਰਗਟਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਉਠਾਵੇਗਾ । ਤ੍ਰੈਗੁਣ ਲੇਖਾ ਮੂਲ ਚੁਕਾਵੇਗਾ । ਪੰਜ ਤਤ ਤਤ ਮੂਲ ਸਮਝਾਵੇਗਾ । ਲੱਖ ਚੁਰਾਸੀ ਵੇਖ ਵਖਾਵੇਗਾ । ਜੋਤੀ ਪਰਕਾਸ਼ੀ ਨੂਰ ਡਗਮਗਾਵੇਗਾ ।

ਤੇਰੀ ਪੂਰਬ ਪੂਰੀ ਕਰੇ ਆਸੀ, ਤ੍ਰਿਸ਼ਨਾ ਤ੍ਰਿਖਾ ਤੇਰੀ ਬੁਝਾਵੇਗਾ । ਝਗੜਾ ਮੇਟ ਪ੍ਰਿਥਮੀ ਅਕਾਸ਼ੀ, ਗਗਨ ਗਗਨੰਤਰ ਸੰਗ ਨਿਭਾਵੇਗਾ । ਕਲਜੁਗ ਮੇਟੇ ਤੇਰੀ ਉਦਾਸੀ, ਚਿੰਤਾ ਗ਼ਮੀ ਬਾਹਰ ਕਢਾਵੇਗਾ । ਜਿਸ ਕਾਰਨ ਈਸੇ ਗਲ ਵਿਚ ਪਾਈ ਫਾਸੀ, ਸਲੀਵ ਦਾ ਲਹਿਣਾ ਸਭ ਦੀ ਝੋਲੀ ਟਿਕਾਵੇਗਾ । ਤੂੰ ਖ਼ੁਸ਼ੀਆਂ ਨਾਲ ਕਰ ਹਾਸੀ, ਹਸਤੀ ਦਾ ਮਾਲਕ ਇਕੋ ਨਜ਼ਰੀ ਆਵੇਗਾ । ਜਿਸ ਦਾ ਲਹਿਣਾ ਦੇਣਾ ਸ਼ੰਕਰ ਨਾਲ ਕੈਲਾਸ਼ੀ, ਕਲਾਧਾਰੀ ਹੁਕਮ ਵਰਤਾਵੇਗਾ । ਕਲਜੁਗ ਮੇਟੇ ਕੂੜ ਕਿਰਿਆ ਬਦਮਾਸ਼ੀ, ਬਦੀ ਦਾ ਲੇਖਾ ਉਸ ਦੇ ਹੱਥ ਫੜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਅਖਵਾਵੇਗਾ । ਧਰਨੀ ਕਹੇ ਨਾਰਦਾ ਮੇਰੇ ਬੰਨ੍ਹੇ ਵੇਖ ਲੈ ਹੱਥ, ਬਿਨ ਹੱਥਾਂ ਹੱਥ ਮਿਲਾਈਆ । ਜਿਸ ਦੀ ਮਹਿੰਮਾ ਸਦਾ ਅਕਥ, ਕਥਨੀ ਕਥ ਸਕੇ ਨਾ ਰਾਈਆ । ਮਿਲੇ ਸਾਹਿਬ ਮੇਰਾ ਸਮਰਥ, ਜਿਸ ਦੇ ਗੋਬਿੰਦ ਸਥਰ ਗਿਆ ਲਥ, ਯਾਰੜਾ ਸੇਜ ਹੰਢਾਈਆ । ਮੇਰੀ ਬਿਰਹੁ ਵਿਛੋੜੇ ਵਿਚ ਹੰਝੂ ਨੇਤਰ ਵਗੇ ਅੱਥ, ਜਲ ਧਾਰ ਨਾਲ ਮਿਲਾਈਆ । ਜਿਸ ਕਲਜੁਗ ਚਲਾਇਆ ਰਥ, ਰਥ ਰਥਵਾਹੀ ਹੋ ਕੇ ਵੇਖ ਵਖਾਈਆ । ਜੋ ਅੰਤ ਸ੍ਰੀ ਭਗਵੰਤ ਕੂੜੀ ਕਿਰਿਆ ਦੇਵੇ ਮਥ, ਸਚ ਸਚ ਸਚ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਪੁਰਖ ਅਕਾਲ ਦਇਆ ਕਮਾਵੇਗਾ । ਮਿਹਰਵਾਨ ਮਿਹਰ ਨਜ਼ਰ ਉਠਾਵੇਗਾ । ਕਲਜੁਗ ਅੰਤ ਦੇਰ ਨਾ ਲਾਵੇਗਾ । ਭਗਤ ਸੁਹੇਲੇ ਜਗਤ ਸੰਤ ਜਗਾਵੇਗਾ । ਜਿਸ ਦੀ ਮਹਿੰਮਾ ਸਦਾ ਅਗਣਤ, ਗਿਣਤੀ ਗਣਤ ਨਾ ਕੋਇ ਰਖਾਵੇਗਾ । ਤੂੰ ਮੇਰਾ ਮੈਂ ਤੇਰਾ ਦਸ ਕੇ ਮੰਤ, ਮੰਤਵ ਤੇਰਾ ਹੱਲ ਕਰਾਵੇਗਾ । ਲੇਖਾ ਦੇਵੇ ਜੀਵ ਜੰਤ, ਜਾਗਰਤ ਜੋਤ ਡਗਮਗਾਵੇਗਾ । ਸਤਿ ਧਰਮ ਦੀ ਨਵੀਂ ਬਣਾ ਕੇ ਬਣਤ, ਘੜਨ ਭੰਨਣਹਾਰ ਵੇਖ ਵਖਾਵੇਗਾ । ਉਸੇ ਦਰ ਦੀ ਹੋਣਾ ਮੰਗਤ, ਜੋ ਭਿਖਕ ਭਿਖਾਰਨ ਤੇਰੀ ਝੋਲੀ ਭਰਾਵੇਗਾ । ਚਾਰ ਵਰਨ ਅਠਾਰਾਂ ਬਰਨ ਬਣਾ ਕੇ ਸੰਗਤ, ਹਿੰਦੂ ਮੁਸਲਿਮ ਸਿੱਖ ਈਸਾਈ ਜੋੜ ਜੁੜਾਵੇਗਾ । ਕਲਜੁਗ ਕੂੜ ਕੁੜਿਆਰ ਦਾ ਕਰਕੇ ਅੰਤ, ਅੰਤਸ਼ਕਰਨ ਤੇਰਾ ਵੇਖ ਵਖਾਵੇਗਾ । ਸੋ ਸਾਹਿਬ ਸੁਆਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰ ਸਾਂਝਾ ਯਾਰ ਨੂਰ ਅਲਾਹ ਸ੍ਰੀ ਭਗਵੰਤ, ਭਗਵਨ ਆਪਣਾ ਸੰਗ ਨਿਭਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਬਣਾਈ ਬਣਤ, ਸੋ ਵੇਖਣਹਾਰਾ ਏਕੰਕਾਰ ਆਪਣੀ ਕਲ ਵਰਤਾਵੇਗਾ ।

✪ ੧੩ ਚੇਤ ਸ਼ਹਿਨਸ਼ਾਹੀ ਸੰਮਤ ੧੧ ਲਾਲ ਸਿੰਘ ਦੇ ਗ੍ਰਿਹਿ ੪੧੯ ਸ਼ੇਰ ਬਰੁਕ ਸਟਰੀਟ ਵਿਨੀਪੈਗ ਮੈਨੀਟੋਬਾ ਕਨੇਡਾ ✪

ਬਾਵਨ ਕਹੇ ਮੇਰਾ ਲੇਖਾ ਨਾਲ ਬਲ, ਸਤਿਜੁਗ ਸਤਿ ਸਤਿ ਵਜੀ ਵਧਾਈਆ । ਖੇਲ ਖੇਲਿਆ ਬਣਕੇ ਅਛਲ ਅਛੱਲ, ਵਲ ਛਲਧਾਰੀ ਹੋ ਕੇ ਆਪਣਾ ਆਪ ਛੁਪਾਈਆ । ਲੇਖਾ ਜਾਣ ਕੇ ਸਮੁੰਦ ਸਾਗਰਾਂ ਜਲ, ਮਹੀਅਲ ਥਲ ਵੇਖ ਵਖਾਈਆ । ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਆਕਾਸ਼ਾਂ

ਪਾਤਾਲਾਂ ਧਾਮ ਅਟਲ, ਆਸਣ ਸਿੰਘਾਸਣ ਇਕ ਸੁਹਾਈਆ । ਨਿਰਗੁਣ ਧਾਰ ਸਰਗੁਣ ਤਤ ਰਲ, ਜਗਤ ਜੁਗਤ ਆਪਣਾ ਖੇਲ ਖਿਲਾਈਆ । ਧੁਰ ਸੰਦੇਸ਼ਾ ਨਾਮ ਨਿਧਾਨਾ ਅਗੰਮਾ ਘਲ, ਭੇਦ ਅਭੇਦ ਦਿਤਾ ਸਮਝਾਈਆ । ਨਿਗਾਹ ਮਾਰੀ ਅੰਤਮ ਵੇਖਿਆ ਕਲਜੁਗ ਕਲ, ਕਲਕਾਤੀ ਧਿਆਨ ਲਗਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਰਹੀ ਹੱਲ, ਸਾਂਤਕ ਸਤਿ ਨਾ ਕੋਇ ਕਰਾਈਆ । ਭਾਗ ਲੱਗਾ ਨਾ ਕਿਸੇ ਕਾਇਆ ਮਾਟੀ ਖੱਲ, ਖ਼ਲਕ ਖ਼ਾਲਕ ਰੰਗ ਨਾ ਕੋਇ ਸਮਾਈਆ । ਧੁਰ ਦਾ ਨਾਮ ਤਨ ਦਿਸੇ ਕਿਸੇ ਨਾ ਫਲ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਕੂੜ ਵਿਕਾਰ ਸਕੇ ਕੋਈ ਨਾ ਠੱਲ, ਕਲਜੁਗ ਆਪਣਾ ਵਹਿਣ ਵਹਾਈਆ । ਦੂਈ ਦੁਵੈਤੀ ਮੇਟੇ ਕੋਈ ਨਾ ਸਲ, ਸਲਲ ਵਿਚ ਨਾ ਕੋਇ ਸਮਾਈਆ । ਮਾਇਆ ਮਮਤਾ ਹੋਈ ਪਰਬਲ, ਪਰਬਤ ਟਿੱਲੇ ਰੋਵਣ ਮਾਰਨ ਧਾਹੀਆ । ਫਿਰੀ ਦਰੋਹੀ ਵਿਚ ਅਸਗਾਹਾਂ ਥਲ, ਚਾਰ ਕੁੰਟ ਕੁੰਟ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਭੇਵ ਆਪ ਸਮਝਾਈਆ । ਬਾਵਨ ਕਹੇ ਮੇਰਾ ਖੇਲ ਨਿਆਰਾ, ਅਕਲ ਬੁੱਧੀ ਜਗਤ ਨਾ ਕੋਇ ਵਡਿਆਈਆ । ਨਿਰਗੁਣ ਸਰਗੁਣ ਲਏ ਅਵਤਾਰਾ, ਅਵਤਰੀ ਹੋ ਕੇ ਵੇਖ ਵਖਾਈਆ । ਨਵ ਖੰਡ ਪ੍ਰਿਥਮੀ ਪਾਈ ਸਾਰਾ, ਸੱਤਾਂ ਦੀਪਾਂ ਚਰਨਾਂ ਹੇਠ ਦਬਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨਾ ਹੁਕਮ ਦੱਸਿਆ ਬਾਹਰਾ, ਜਗਤ ਵਿਦਿਆ ਵੰਡ ਨਾ ਕੋਇ ਵੰਡਾਈਆ । ਆਤਮ ਪਰਮਾਤਮ ਤੂੰ ਮੇਰਾ ਮੈਂ ਤੇਰਾ ਬੋਲ ਨਾਅਰਾ, ਨਰ ਨਰਾਇਣ ਰੰਗ ਰਿਹਾ ਰੰਗਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੀ ਪਾ ਸਕਣ ਨਾ ਸਾਰਾ, ਅੰਤ ਕਹਿਣ ਕਿਛ ਨਾ ਪਾਈਆ । ਜਿਸ ਦਾ ਲਹਿਣਾ ਦੇਣਾ ਆਦਿ ਜੁਗਾਦਿ ਵਿਚ ਸੰਸਾਰਾ, ਅਲਖ ਅਗੋਚਰ ਆਪਣੇ ਹੱਥ ਰਖਾਈਆ । ਝਟ ਸੰਦੇਸ਼ਾ ਦਿਤਾ ਕਲਜੁਗ ਅੰਤ ਸ੍ਰੀ ਭਗਵੰਤ ਕਲ ਕਲਕੀ ਲਏ ਅਵਤਾਰਾ, ਚੌਬੀਸਾ ਜਗਦੀਸ਼ਾ ਇਕ ਅਖਵਾਈਆ । ਜਿਸ ਦਾ ਲਹਿਣਾ ਦੇਣਾ ਜਗਤ ਸ਼ਰਅ ਤੋਂ ਹੋਵੇ ਬਾਹਰਾ, ਬੰਧਨ ਦੀਨ ਦੁਨੀ ਨਾ ਕੋਇ ਰਖਾਈਆ । ਮਾਨਸ ਮਾਨੁਖ ਤਨ ਵਜੂਦ ਦਏ ਅਧਾਰਾ, ਮਾਟੀ ਖ਼ਾਕ ਪਤਿਤ ਪੁਨੀਤ ਆਪਣੇ ਰੰਗ ਰੰਗਾਈਆ । ਜੋ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲੇ ਖੇਲ ਦੁਬਾਰਾ, ਦੋਹਰੀ ਆਪਣੀ ਕਲ ਵਰਤਾਈਆ । ਧਰਨੀ ਧਰਤ ਧਵਲ ਧੌਲ ਨਵ ਸੱਤ ਪਾਏ ਸਾਰਾ, ਨਵ ਨਵ ਚਾਰ ਦਾ ਪੰਧ ਮੁਕਾਈਆ । ਜਿਸ ਦਾ ਨਰ ਸਿੰਘ ਦੇ ਕੇ ਗਿਆ ਇਸ਼ਾਰਾ, ਬਿਨ ਸੈਨਤ ਸੈਨਤ ਆਪ ਸਮਝਾਈਆ । ਪ੍ਰਹਿਲਾਦ ਖੋਲ੍ਹ ਕੇ ਬੰਦ ਕਿਵਾੜਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਉਹ ਤਕ ਕਲਜੁਗ ਅੰਤ ਸ੍ਰੀ ਭਗਵੰਤ ਚੌਬੀਸਾ ਅਵਤਾਰਾ, ਜੋਤੀ ਜਾਤਾ ਪੁਰਖ ਬਿਧਾਤਾ ਇਕ ਅਖਵਾਈਆ । ਜਿਸ ਦਾ ਰੂਪ ਰੰਗ ਰੇਖ ਨਾ ਨਾਰੀ ਨਾ ਨਾਰਾ, ਤਤਵ ਤਤ ਤਨ ਵਜੂਦ ਨਜ਼ਰ ਕੋਇ ਨਾ ਆਈਆ । ਸੋ ਸਾਹਿਬ ਸੁਆਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਕੁਦਰਤ ਕ਼ਾਦਰ ਕਰਨੀ ਦਾ ਕਰਤਾ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਨੂਰ ਆਪਣਾ ਦਏ ਚਮਕਾਈਆ । ਜਿਸ ਨੂੰ ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਅਵਤਾਰ ਪੈਗ਼ੰਬਰ ਗੁਰ ਨਿਰਗੁਣ ਧਾਰ ਕਰਨ ਨਿਮਸਕਾਰਾ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਸੋ ਵੇਖੇ ਵਿਗਸੇ ਪਾਵੇ ਸਾਰਾ, ਮਹਾਸਾਰਥੀ ਹੋ ਕੇ ਭੱਜੇ ਵਾਹੋ ਦਾਹੀਆ । ਜਿਸ ਦਾ ਆਦਿ ਅੰਤ ਜੁਗਾ ਜੁਗੰਤ ਅੰਤ ਨਾ ਪਾਰਾਵਾਰਾ, ਪਤਿਪਰਮੇਸ਼ਵਰ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਬਾਵਨ ਕਹੇ ਮੈਂ ਨਿਗਾਹ ਚੋਂ ਨਿਗਾਹ ਬਦਲੀ, ਲੋਚਨ ਨੈਣ

ਅੱਖ ਉਠਾਈਆ । ਸਚਖੰਡ ਦੁਆਰ ਦਾ ਬਣ ਕੇ ਅਦਲੀ, ਅਦਲ ਇਨਸਾਫ਼ ਦਿਤਾ ਜਣਾਈਆ । ਕਲਜੁਗ ਸਤਿਜੁਗ ਖੇਲ ਵੇਖਣਾ ਮਧ ਲਈ, ਤ੍ਰੇਤਾ ਦੁਆਪਰ ਨਾਲ ਮਿਲਾਈਆ । ਨਾਲ ਇਸ਼ਾਰਾ ਦਿਤਾ ਲੋਕਮਾਤ ਅੱਜ ਲਈ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਧਰਨੀਏ ਅੰਤ ਕੰਤ ਭਗਵੰਤ ਕਲਜੁਗ ਆਪਣੇ ਉਤੇ ਸੱਦ ਲਈਂ, ਸੱਦਾ ਦੇਣਾ ਸੀਸ ਨਿਵਾਈਆ । ਪੂਰਬ ਮੇਰਾ ਲੇਖਾ ਕਢ ਲਈਂ, ਬਿਨ ਕਾਗ਼ਜ਼ ਬਿਨ ਸ਼ਾਹੀ ਲਿਖਾਈਆ । ਉਹ ਤਕ ਇਸ਼ਾਰਾ ਸਦੀ ਚੌਧਵੀਂ ਹੱਦ ਲਈ, ਹਦੂਦ ਅਵਰ ਨਾ ਕੋਇ ਰਖਾਈਆ । ਸਦੀ ਬੀਸਵੀਂ ਧਾਰ ਤੇਰੀ ਜਗ ਲਈ, ਈਸਾ ਆਪਣੀ ਅੱਖ ਉਠਾਈਆ । ਤੂੰ ਤਰਸਣਾ ਪਰਮ ਪੁਰਖ ਦੇ ਪਗ ਲਈ, ਚਰਨ ਕਵਲਾਂ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਮੇਰੇ ਬਾਵਨ, ਬਿਨਾ ਭੁਜਾਂ ਤੋਂ ਸੀਸ ਨਿਵਾਈਆ । ਮੇਰਾ ਪਕੜੀਂ ਦਾਮਨ, ਦਾਮਨਗੀਰ ਇਕ ਅਖਵਾਈਆ । ਅਗੋਂ ਹਸ ਕੇ ਕਿਹਾ ਤੇਰਾ ਲੇਖਾ ਨਾਲ ਰਾਮਾ ਰਾਮਨ, ਰਮਈਆ ਆਪਣਾ ਭੇਵ ਚੁਕਾਈਆ । ਨਿਗਾਹ ਮਾਰ ਲੈ ਕ੍ਰਿਸ਼ਨਾ ਕਾਹਨ, ਘਨਈਆ ਸਈਆ ਸੋਭਾ ਪਾਈਆ । ਪੈਗ਼ੰਬਰਾਂ ਤੇਰਾ ਬਣਾਉਣਾ ਜ਼ਾਮਨ, ਮੂਸਾ ਈਸਾ ਮੁਹੰਮਦ ਨਾਲ ਮਿਲਾਈਆ । ਨਾਨਕ ਗੋਬਿੰਦ ਤੇਰੀ ਧਾਰ ਪਹਿਚਾਨਣ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਫਿਰ ਅੰਧੇਰਾ ਹੋਣਾ ਅੰਧੇਰੀ ਸ਼ਾਮਨ, ਕਲਜੁਗ ਆਪਣਾ ਰੰਗ ਰੰਗਾਈਆ । ਕੂੜ ਕਿਰਿਆ ਵੇਖ ਕਲੇਸ਼ ਕਾਮਨੀ ਕਾਮਨ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਮਿਲਾਈਆ । ਸਾਚਾ ਅੰਮ੍ਰਿਤ ਮੇਘ ਬਰਸੇ ਕੋਈ ਨਾ ਸਾਵਣ,
੩੫੯ ਦੁਰਮਤ ਮੈਲ ਨਾ ਕੋਇ ਧਵਾਈਆ । ਬੇਸ਼ਕ ਦੁਨੀਆ ਸ੍ਰਿਸ਼ਟੀ ਕਾਇਨਾਤ ਮਾਨਸ ਅਠਸਠ ਤੀਰਥ ਨਹਾਵਨ, ਗੰਗਾ ਗੋਦਾਵਰੀ ਜਮਨਾ ਸੁਰਸਤੀ ੩੫੯
੨੪ ਭੱਜਣ ਵਾਹੋ ਦਾਹੀਆ । ਪਰਮ ਪੁਰਖ ਪਰਮਾਤਮ ਮਿਲੇ ਨਾ ਕਿਸੇ ਪਤਿਤ ਪਾਵਨ, ਪਾਰਬ੍ਰਹਮ ਬ੍ਰਹਮ ਰੰਗ ਨਾ ਕੋਇ ਸਮਾਈਆ । ਸਤਿ ਸਚ ੨੪
ਗਾਏ ਕੋਈ ਨਾ ਗਾਵਨ, ਜਗਤ ਵਿਦਿਆ ਹੋਏ ਹਲਕਾਈਆ । ਧਰਨੀ ਉਸ ਵੇਲੇ ਖੇਲ ਕਰੇ ਸ੍ਰੀ ਭਗਵਾਨਨ, ਹਰਿ ਭਗਵਨ ਧੁਰਦਰਗਾਹੀਆ । ਜਨ ਭਗਤਾਂ ਦੇ ਕੇ ਨਾਮ ਨਿਧਾਨਨ, ਨਿਜ ਆਤਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪਣੇ ਹੱਥ ਰਖਾਈਆ । ਧਰਨੀ ਕਹੇ ਬਾਵਨ ਮੇਰੀ ਨਮੋ ਨਮੋ ਨਿਮਸਕਾਰ, ਤੇਰੇ ਚਰਨਾਂ ਧੂੜ ਰਮਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੋਹਣੀ ਸਰਕਾਰ, ਸਤਿ ਸਤਿਵਾਦੀ ਇਕ ਅਖਵਾਈਆ । ਮੇਰੀ ਬਿਨ ਆਸ਼ਾ ਤੋਂ ਸੁਣ ਪੁਕਾਰ, ਬਿਨ ਤ੍ਰਿਸ਼ਨਾ ਤੇਰੇ ਅਗੇ ਟਿਕਾਈਆ । ਜੇ ਤੂੰ ਪਰਗਟ ਹੋਇਆ ਬਲ ਦੇ ਦੁਆਰ, ਆਪ ਆਪਣਾ ਰੂਪ ਬਦਲਾਈਆ । ਭਿਖਾਰੀ ਹੋ ਕੇ ਬਣਿਉਂ ਭਿਖਾਰ, ਮਾਂਗਤ ਹੋ ਕੇ ਝੋਲੀ ਡਾਹੀਆ । ਆਪ ਆਪਣਾ ਕਰ ਆਕਾਰ, ਅਕਲ ਕਲਧਾਰੀ ਕੀ ਆਪਣੀ ਖੇਲ ਖਿਲਾਈਆ । ਕੀ ਢਾਈ ਕਰਮਾਂ ਦਾ ਵਿਵਹਾਰ, ਮੈਨੂੰ ਦੇ ਸਮਝਾਈਆ । ਕਿਉਂ ਚਰਨ ਟਿਕਾਇਆ ਮੇਰੇ ਉਤੇ ਦੂਜੀ ਵਾਰ, ਚਰਨ ਚਰਨ ਨਾਲ ਬਦਲਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਸਭ ਕੁਝ ਜਾਨਣਹਾਰ, ਤੇਰੇ ਹੱਥ ਮੇਰੀ ਵਡਿਆਈਆ । ਬਾਵਨ ਹਸ ਕੇ ਕਿਹਾ ਸੁਣ ਹੁਕਮ ਮੇਰਾ ਜੋ ਦੇਵਾਂ ਆਪਣੀ ਧਾਰ, ਬਿਨ ਅੱਖਰਾਂ ਅੱਖਰ ਲਿਖਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਤੇਰੇ ਉਤੇ ਬੀਤੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸੇਵ ਕਮਾਈਆ । ਆਉਂਦੇ ਰਹੇ ਪੈਗ਼ੰਬਰ ਗੁਰ ਅਵਤਾਰ, ਤਨ ਵਜੂਦਾਂ ਜਗਤ ਹੰਢਾਈਆ । ਨਾਮ ਕਲਮੇ ਗਏ ਉਚਾਰ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਦੀਨਾਂ ਮਜ਼੍ਹਬਾਂ ਕਰ ਪਸਾਰ, ਮਾਨਵ ਜ਼ਾਤੀ ਵੰਡ

ਵੰਡਾਈਆ । ਸ਼ਰਅ ਦੀ ਖੜੀ ਕਰ ਦੀਵਾਰ, ਹਿੱਸੇ ਦੀਨ ਦੁਨੀ ਪਾਈਆ । ਕ਼ਾਤਲ ਮਕ਼ਤੂਲ ਦਾ ਖੇਲ ਕੀਤਾ ਅਪਾਰ, ਸ਼ਸਤਰ ਖੰਡੇ ਤੀਰ ਕਮਾਨਾਂ ਹੱਥ ਉਠਾਈਆ । ਨਾਲੇ ਕੂਕ ਕੂਕ ਕਰਦੇ ਗਏ ਪੁਕਾਰ, ਪਰਮ ਪੁਰਖ ਤੇਰੀ ਬੇਪਰਵਾਹੀਆ । ਤੂੰ ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਇਕ ਏਕੰਕਾਰ, ਅਕਲ ਕਲਧਾਰੀ ਤੇਰੇ ਹੱਥ ਵਡਿਆਈਆ । ਸੰਦੇਸ਼ਾ ਦੇਂਦੇ ਗਏ ਵਾਰੋ ਵਾਰ, ਭਵਿਖਤ ਪੇਸ਼ੀਨਗੋਈਆਂ ਪੇਸ਼ਤਰ ਜਗਤ ਜਣਾਈਆ । ਕਲਜੁਗ ਅੰਤ ਆਵੇ ਕਲ ਕਲਕੀ ਅਵਤਾਰ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਵਸੇ ਸਾਢੇ ਤਿੰਨ ਹੱਥ ਸੰਬਲ ਨਗਰ ਅਪਾਰ, ਜਿਸ ਦੀ ਬਾਡੀ ਬਣਤ ਨਾ ਕੋਇ ਬਣਾਈਆ । ਲੱਖ ਚੁਰਾਸੀ ਪਾਵੇ ਸਾਰ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਲੇਖਾ ਜਾਣੇ ਆਪ ਕਰਤਾਰ, ਕ਼ੁਦਰਤ ਦਾ ਕ਼ਾਦਰ ਨੂਰ ਅਲਾਹੀਆ । ਸਭ ਦਾ ਲਹਿਣਾ ਦੇਣਾ ਪੂਰਬ ਕ਼ਰਜ਼ਾ ਦਏ ਉਤਾਰ, ਮਕ਼ਰੂਜ਼ ਆਪਣਾ ਲੇਖਾ ਦਏ ਮੁਕਾਈਆ । ਧਰਨੀਏ ਤੇਰੇ ਉਤੇ ਕਿਰਪਾ ਕਰੇ ਆਪ ਦਾਤਾਰ, ਦਾਤਾ ਦਾਨੀ ਹੋ ਕੇ ਵੇਖ ਵਖਾਈਆ । ਜਨ ਭਗਤ ਸੁਹੇਲੇ ਕਰ ਤਿਆਰ, ਤ੍ਰੈਗੁਣ ਅਤੀਤਾ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਮੈਂ ਖੁਸ਼ੀਆਂ ਵਿਚ ਹੋਈ ਬੇਹਾਲ, ਬਹਿਬਲ ਹੋ ਕੇ ਸੀਸ ਨਿਵਾਈਆ । ਬਾਵਨ ਮੈਂ ਕਿਸ ਬਿਧ ਕਰਾਂ ਭਾਲ, ਖੋਜਾਂ ਕਿਹੜੀ ਥਾਈਆ । ਕਵਣ ਬਣਾਵਾਂ ਦਲਾਲ, ਵਿਚੋਲਾ ਕਵਣ ਅਖਵਾਈਆ । ਕਿਸ ਬਿਧ ਫਲ ਲੱਗੇ ਮੇਰੇ ਡਾਲ੍ਹ, ਪੱਤ ਟਹਿਣੀ ਨਾਲ ਮਹਿਕਾਈਆ । ਆ ਕੇ ਪੁਛੇ ਮੇਰਾ ਹਾਲ, ਮੁਰਸ਼ਦ ਧੁਰਦਰਗਾਹੀਆ । ਬਾਵਨ ਕਹੇ ਕਮਲੀਏ ਉਹ ਆਦਿ ਜੁਗਾਦਿ ਤੇਰਾ ਹੱਲ ਕਰੇ ਸਵਾਲ, ਜੁਗ ਜੁਗ ਆਪਣਾ ਖੇਲ ਖਿਲਾਈਆ । ਸਾਚਾ ਦੇਵੇ ਤੈਨੂੰ ਧਨ ਮਾਲ, ਨਾਮ ਨਿਧਾਨਾ ਤੇਰੀ ਝੋਲੀ ਪਾਈਆ । ਉਹਦਾ ਭਗਤ ਸੁਹੇਲਾ ਤੇਰੇ ਉਤੇ ਆਏ ਅਨੋਖਾ ਲਾਲ, ਲਾਲ ਆਪਣੇ ਰੰਗ ਰੰਗਾਈਆ । ਤੇਰੀ ਲੇਖੇ ਲਾਵੇ ਘਾਲ, ਘਾਲਣਾ ਅਵਰ ਰਹੇ ਨਾ ਰਾਈਆ । ਬੇਸ਼ਕ ਉਹ ਬਾਲ ਹੋਏ ਅੰਞਾਣਾ ਬਾਲ, ਬਾਲੀ ਬੁਧਿ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਬਾਵਨ ਕਿਹਾ ਧਰਨੀ ਤਕ ਲੈ ਧਰਮ ਦਵਾਰ, ਧਵਲੇ ਤੈਨੂੰ ਦਿਆਂ ਦ੍ਰਿੜਾਈਆ । ਤੇਰਾ ਸ਼ਾਹੋ ਭੂਪ ਸਿਕਦਾਰ, ਹਰਿ ਕਰਤਾ ਇਕ ਅਖਵਾਈਆ । ਜਿਸ ਦਾ ਖੇਲ ਸਦਾ ਜੁਗ ਚਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਖ ਵਖਾਈਆ । ਜਿਸ ਮੇਰਾ ਰੂਪ ਬਣਾਇਆ ਪਾਵੇ ਕੋਈ ਨਾ ਸਾਰ, ਅੰਤ ਕਹਿਣ ਕੁਛ ਨਾ ਆਈਆ । ਚਾਰ ਜੁਗ ਦੇ ਸ਼ਾਸਤਰ ਜਿਸ ਦੇ ਪਨਹਾਰ, ਨਿਤ ਨਵਿਤ ਸੇਵ ਕਮਾਈਆ । ਜੋ ਅਵਤਾਰ ਪੈਗ਼ੰਬਰਾਂ ਗੁਰੂਆਂ ਦਏ ਅਧਾਰ, ਉਦਰ ਦੇ ਲੇਖੇ ਨਾਲ ਮਿਲਾਈਆ । ਅੰਤ ਕਲਜੁਗ ਜੋਤੀ ਜਾਤਾ ਪੁਰਖ ਬਿਧਾਤਾ ਤੇਰੀ ਪਾਵੇ ਸਾਰ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਆਪਣੀ ਦਇਆ ਕਮਾਈਆ । ਤੇਰਾ ਲਹਿਣਾ ਦੇਣਾ ਲੇਖਾ ਤੇਰੀ ਝੋਲੀ ਦੇਵੇ ਡਾਰ, ਬਚਿਆ ਰਹਿਣ ਕਿਛ ਨਾ ਪਾਈਆ । ਫਿਰ ਹੋ ਜਾਵੀਂ ਖ਼ਬਰਦਾਰ, ਬੇਖ਼ਬਰੇ ਖ਼ਬਰ ਸੁਣਾਈਆ । ਨਵ ਖੰਡ ਪ੍ਰਿਥਮੀ ਤੇਰੇ ਉਤੇ ਹੋਣੀ ਹਾਹਾਕਰ, ਹੌਕਿਆਂ ਵਿਚ ਦਿਸੇ ਲੋਕਾਈਆ । ਕਲਜੁਗ ਕੂੜ ਕੁੜਿਆਰਾ ਤੇਰੇ ਉਤੋਂ ਕੱਢੇ ਬਾਹਰ, ਅੰਤਰ ਨਿਰੰਤਰ ਰਹਿਣ ਮੂਲ ਨਾ ਪਾਈਆ । ਸਤਿਜੁਗ ਸਤਿ ਸਚ ਦਾ ਕਰ ਉਜਿਆਰ, ਉਜਾਲਾ ਆਪਣਾ ਨਾਮ ਰਖਾਈਆ । ਰਵ ਸਸ ਸੂਰੀਆ ਚੰਦ ਮੰਡਲ ਮੰਡਪ ਕਰਨ ਨਿਮਸਕਾਰ, ਨਿਵ ਨਿਵ ਲਾਗਣ ਪਾਈਆ । ਤੂੰ ਉਸ ਦੀ ਕਰੀਂ ਇੰਤਜ਼ਾਰ, ਉਡੀਕ

ਵਿਚ ਆਪਣੇ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਮੇਰੇ ਵੱਡੇ ਹੋਵਣ ਭਾਗ, ਖ਼ੁਸ਼ੀਆਂ ਢੋਲੇ ਗਾਈਆ । ਸਰਨ ਸਰਨਾਈ ਜਾਵਾਂ ਲਾਗ, ਲਗ ਮਾਤਰ ਡੇਰਾ ਢਾਹੀਆ । ਜਿਸ ਵੇਲੇ ਮੇਰੇ ਉਤੇ ਜਗੇ ਚਰਾਗ਼, ਜੋਤੀ ਜਾਤਾ ਨਜ਼ਰੀ ਆਈਆ । ਮੇਰੀ ਹੰਸ ਬੁੱਧੀ ਬਣੇ ਕਾਗ, ਦੁਰਮਤ ਮੈਲ ਧੁਆਈਆ । ਮੇਰੇ ਅੰਦਰ ਉਪਜੇ ਵੈਰਾਗ, ਵੈਰੀ ਰਹਿਣ ਕੋਇ ਨਾ ਪਾਈਆ । ਜਗਤ ਤ੍ਰਿਸ਼ਨਾ ਬੁਝਾਏ ਆਗ, ਅੰਮ੍ਰਿਤ ਮੇਘ ਬਰਸਾਈਆ । ਮਾਨਵ ਜ਼ਾਤੀ ਬਦਲ ਸਮਾਜ, ਆਤਮ ਪਰਮਾਤਮ ਮੇਲ ਮਿਲਾਈਆ । ਜਿਥੇ ਸੁਆਲ ਰਹੇ ਨਾ ਜੁਆਬ, ਜੁਆਬ ਤਲਬੀ ਵਿਚ ਸਾਰੇ ਸੀਸ ਨਿਵਾਈਆ । ਜਿਸ ਦਾ ਅਵਤਾਰ ਪੈਗ਼ੰਬਰਾਂ ਗੁਰੂਆਂ ਲਿਆ ਖ਼ੁਆਬ, ਪੇਸ਼ੀਨਗੋਈਆਂ ਵਿਚ ਜਣਾਈਆ । ਜਿਸ ਦੇ ਹੁਕਮ ਵਿਚ ਸੂਰੀਆ ਦਿਸੇ ਮਹਿਤਾਬ, ਮਹਿਬੂਬ ਅਗੰਮ ਅਥਾਹੀਆ । ਜਿਸ ਨੂੰ ਪੈਗ਼ੰਬਰਾਂ ਕਿਹਾ ਵਾਹਿਦ, ਲਾਸ਼ਰੀਕ ਇਕ ਅਖਵਾਈਆ । ਜਿਸ ਦਾ ਇਕੋ ਕ਼ਾਨੂੰਨ ਹੋਵੇ ਕਵਿਜ਼ ਕਾਇਦ, ਤਰੀਕ਼ਾ ਆਪਣੇ ਹੱਥ ਰਖਾਈਆ । ਸਾਚਾ ਹੁਕਮ ਕਰ ਆਇਦ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਵਿਚ ਨੱਚਦੀ, ਬਿਨ ਕ਼ਦਮਾਂ ਕ਼ਦਮ ਉਠਾਈਆ । ਮੇਰੇ ਅੰਦਰੋਂ ਬਿਰਹੁ ਪ੍ਰੇਮ ਦੀ ਅਗਨੀ ਮਚਦੀ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਮੇਰੀ ਆਸ਼ਾ ਭਰੀ ਸਚ ਦੀ, ਸਚ ਨਾਲ ਮਿਲੇ ਵਡਿਆਈਆ । ਮੈਂ ਨਿਗਾਹ ਮਾਰੀ ਲੱਖ ਚੁਰਾਸੀ ਜੀਵ ਜੰਤ ਕਾਇਆ ਮਾਟੀ ਕੱਚ ਦੀ, ਕੰਚਨ ਗੜ੍ਹ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤ ਅਖੀਰ ਦੀਨ ਦੁਨੀ ਦੀ ਖ਼ਾਹਿਸ਼ ਵੇਖੀ ਢਠਦੀ, ਆਸ਼ਾ ਪੂਰ ਨਾ ਕੋਇ ਕਰਾਈਆ । ਵਡਿਆਈ ਰਹਿਣੀ ਨਹੀਂ ਕਿਸੇ ਮੰਦਰ ਮਸਜਿਦ ਸ਼ਿਵਦਵਾਲੇ ਮਠ ਦੀ, ਗੁਰੂਦੁਆਰ ਰੰਗ ਨਾ ਕੋਇ ਰੰਗਾਈਆ । ਨਿਸ਼ਾਨੀ ਰਹੇ ਨਾ ਤੀਰਥ ਅਠਸਠ ਦੀ, ਜਲ ਧਾਰ ਨਾ ਕੋਇ ਸਮਾਈਆ । ਕਲਜੁਗ ਅੰਤਮ ਖੇਲ ਹੋਣੀ ਭਠ ਦੀ, ਨੌਂ ਖੰਡ ਪ੍ਰਿਥਮੀ ਸੱਤ ਦੀਪ ਸਾਚਾ ਸੰਗ ਨਾ ਕੋਇ ਬਣਾਈਆ । ਮੈਂ ਚਾਰੋਂ ਕੁੰਟ ਖ਼ੁਸ਼ੀਆਂ ਦੇ ਵਿਚ ਨਠਦੀ, ਭੱਜਾਂ ਵਾਹੋ ਦਾਹੀਆ । ਮੈਂ ਸੋਚ ਸੁੱਟੀ ਪੁਰਖ ਸਮਰਥ ਦੀ, ਜੋ ਕਰਤਾ ਪੁਰਖ ਇਕ ਅਖਵਾਈਆ । ਜਿਸ ਖੇਲ ਮੁਕਾਉਣੀ ਕਲਜੁਗ ਕੂੜੇ ਰਥ ਦੀ, ਸਤਿਜੁਗ ਸਚ ਸਚ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਮੇਰੇ ਉਤੇ ਬਾਵਨ ਕੀਤਾ ਧਿਆਨ, ਮੇਰਾ ਅੰਤਸ਼ਕਰਨ ਜਣਾਈਆ । ਮੈਨੂੰ ਬਿਨਾ ਵਿਦਿਆ ਤੋਂ ਆਇਆ ਗਿਆਨ, ਬਿਨ ਅੱਖਰਾਂ ਅੱਖਰ ਪੜ੍ਹਾਈਆ । ਮੈਂ ਨੂਰ ਤਕਿਆ ਸ੍ਰੀ ਭਗਵਾਨ, ਜੋਤੀ ਜਾਤਾ ਸੋਭਾ ਪਾਈਆ । ਜਿਸ ਮੇਰੀ ਕਰਨੀ ਕਲਿਆਣ, ਕਾਇਨਾਤ ਦਾ ਲੇਖ ਮੁਕਾਈਆ । ਸੋ ਵਕ਼ਤ ਸੁਹੰਜਣਾ ਪੁਜਿਆ ਆਣ, ਘੜੀ ਪਲ ਥਿਤ ਵਾਰ ਦਏ ਗਵਾਹੀਆ । ਮੈਂ ਖ਼ੁਸ਼ੀਆਂ ਵਿਚ ਗਾਉਂਦੀ ਗਾਣ, ਢੋਲੇ ਧੁਰਦਰਗਾਹੀਆ । ਘਰ ਸੁਆਮੀ ਠਾਕਰ ਮਿਲਿਆ ਆਣ, ਖੋਜਣ ਦੀ ਲੋੜ ਰਹੀ ਨਾ ਰਾਈਆ । ਮੈਂ ਚਰਨ ਕਵਲ ਕਵਲ ਚਰਨ ਧੂੜੀ ਕਰਾਂ ਪਾਨ, ਧੂਲ ਆਪਣੇ ਵਿਚ ਸਮਾਈਆ । ਖ਼ੁਸ਼ੀ ਵਾਲਾ ਦਿਵਸ ਮਹਾਨ, ਰੈਣ ਭਿੰਨੜੀ ਨਾਲ ਮਿਲਾਈਆ । ਸਤਿਗੁਰ ਹੋਏ ਆਪ ਮਿਹਰਵਾਨ, ਮਹਿਬਾਨ ਬੀਦੋ ਦਿਤੀ ਵਡਿਆਈਆ । ਭਗਤ ਸੁਹੇਲਾ ਜਗਤ ਪਹਿਚਾਨ, ਗੁਰ ਚੇਲਾ ਰੰਗ ਰੰਗਾਈਆ । ਲਾਲ ਸਿੰਘ ਸੁਹਾਵਾ ਸਿੰਘ ਦਾ ਲਾਲ ਕਰ ਪਰਵਾਨ, ਪਾਰਬ੍ਰਹਮ ਪਤਿਪਰਮੇਸ਼ਵਰ ਪ੍ਰਭ ਦੇਵਣਹਾਰ ਵਡਿਆਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਆਤਮ ਪਰਮਾਤਮ ਲੇਖਾ ਜਾਣੇ ਗੋਪੀ ਕਾਹਨ, ਪਾਰਬ੍ਰਹਮ ਬ੍ਰਹਮ ਮੇਲਣਹਾਰ ਇਕ ਅਖਵਾਈਆ ।

✪ ੧੪ ਚੇਤ ਸ਼ਹਿਨਸ਼ਾਹ ਸੰਮਤ ੧੧ ਗੁਰਦਿਆਲ ਸਿੰਘ ਪ੍ਰੇਮੀ ਦੇ ਗ੍ਰਹਿ ੧੫-੪੦ ਕੇਟ ਸਟਰੀਟ ਵਿੰਨੀਪੈਗ ਮੈਨੀਟੋਬਾ ਕਨੇਡਾ ✪

ਧਰਨੀ ਕਹੇ ਪ੍ਰਭੂ ਮੇਰਾ ਤਕ ਲੈ ਰੂਪ ਖ਼ਾਕੀ, ਮਿੱਟੀ ਖ਼ਾਕ ਧਿਆਨ ਲਗਾਈਆ । ਮੇਰੇ ਉਤੇ ਜੀਵ ਰਿਹਾ ਕੋਈ ਨਾ ਪਾਕੀ, ਪਤਤ ਪਾਵਨ ਕੀ ਤੇਰੀ ਬੇਪਰਵਾਹੀਆ । ਆਤਮ ਰਸ ਦਾ ਦਿਸੇ ਕੋਈ ਨਾ ਸਾਕੀ, ਨਿਝਰ ਝਿਰਨਾ ਜਾਮ ਨਾ ਕੋਇ ਪਿਆਈਆ । ਮਨ ਮਨੂਆ ਸਭ ਦਾ ਹੋਇਆ ਆਕ਼ੀ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਲਹਿਣਾ ਦੇਣਾ ਦੇਦੇ ਬਾਕ਼ੀ, ਬਾਕਾਇਦਾ ਆਪਣਾ ਹੁਕਮ ਵਰਤਾਈਆ । ਨਿਰਗੁਣ ਧਾਰ ਨੌਂ ਖੰਡ ਪ੍ਰਿਥਮੀ ਖੋਲ੍ਹ ਤਾਕੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਮੈਂ ਬਿਨਾ ਅੱਖਾਂ ਤੋਂ ਰਹੀ ਝਾਕੀ, ਬਿਨ ਨੇਤਰ ਲੋਚਨ ਨੈਣ ਅੱਖ ਉਠਾਈਆ । ਮੇਰੀ ਦੁਰਮਤ ਮੈਲ ਦੇ ਕਾਟੀ, ਦੂਈ ਦਵੈਤ ਦੇਣੀ ਗਵਾਈਆ । ਸਚ ਧਰਮ ਦੀ ਖੋਲ੍ਹ ਹਾਟੀ, ਕਲਜੁਗ ਕੂੜ ਕੁਟੰਬ ਮੁਕਾਈਆ ।
੩੫੯ ਭਾਗ ਲਗਾ ਦੇ ਕਾਇਆ ਪੰਜ ਤਤ ਮਾਟੀ, ਪੰਚਮ ਮੇਲਾ ਮੇਲਣਾ ਸਹਿਜ ਸੁਭਾਈਆ । ਸਦੀ ਚੌਧਵੀਂ ਅੰਤ ਮੇਟ ਦੇ ਵਾਟੀ, ਮੁਹੰਮਦ ਆਸ਼ਾ ਤੇਰੇ ੩੫੯
੨੪ ਚਰਨ ਰਖਾਈਆ । ਜੋ ਨੂਰ ਦਰਸਾਇਆ ਮੂਸਾ ਕੋਹਤੂਰ ਉਤੇ ਲਲਾਟੀ, ਜ਼ਹੂਰ ਆਪਣਾ ਇਕ ਦ੍ਰਿੜਾਈਆ । ਮਸੀਹ ਮੰਜ਼ਲ ਵੇਖ ਲੈ ਘਾਟੀ, ਧੁਰ ੨੪
ਦੇ ਪਾਂਧੀ ਪੰਧ ਮੁਕਾਈਆ । ਨਾਨਕ ਨਿਰਗੁਣ ਧਾਰ ਮੇਰੀ ਸੇਜ ਸੁਹਾਈ ਖਾਟੀ, ਗੋਬਿੰਦ ਸਥਰ ਯਾਰੜਾ ਸੇਜ ਗਿਆ ਹੰਢਾਈਆ । ਅੰਤ ਕੰਤ ਭਗਵੰਤ ਮੇਰੀ ਪੁਛ ਵਾਤੀ, ਵਾਤਾਵਰਨ ਤਕ ਖ਼ਲਕ ਖ਼ੁਦਾਈਆ । ਚਾਰੋਂ ਕੁੰਟ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਆਤਮ ਪਰਮਾਤਮ ਦਿਸੇ ਨਾ ਕੋਇ ਜਮਾਤੀ, ਨਿਰਅੱਖਰ ਧਾਰ ਵਿਚ ਨਾ ਕੋਇ ਸਮਾਈਆ । ਕਲਜੁਗ ਅੰਤ ਜ਼ਿੰਦਗੀ ਤਕ ਹਯਾਤੀ, ਆਯੂ ਆਰਜਾ ਫੋਲ ਫੁਲਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਝਗੜਾ ਮੇਟ ਕਾਗ਼ਜ਼ਾਤੀ, ਕਲਮਾ ਸ਼ਰਅ ਨਾਮ ਨਾ ਹੋਏ ਕੋਇ ਲੜਾਈਆ । ਤੇਰੀ ਚਰਨ ਧੂੜ ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਹੋਵੇ ਨਹਾਤੀ, ਦੁਰਮਤ ਮੈਲ ਮੈਲ ਗਵਾਈਆ । ਆ ਤਕ ਲੈ ਮੇਰੇ ਕੋਲ ਬਾਵਨ ਦੀ ਬਿਨ ਅੱਖਰਾਂ ਵਾਲੀ ਪਾਤੀ, ਜਗਤ ਵਿਦਿਆ ਵੰਡ ਨਾ ਕੋਇ ਵੰਡਾਈਆ । ਜਿਸ ਸੰਦੇਸ਼ਾ ਦਿਤਾ ਕਲਜੁਗ ਅੰਤ ਜੋਤੀ ਜਾਤਾ ਆਵੇ ਕਮਲਾਪਾਤੀ, ਪਤਿਪਰਮੇਸ਼ਵਰ ਨੂਰ ਅਲਾਹੀਆ । ਜੋ ਤੇਰੀ ਤਕੇ ਡੂੰਘੀ ਖਾਤੀ, ਗਹਿਰ ਗੰਭੀਰ ਬੇਨਜ਼ੀਰ ਫੋਲ ਫੁਲਾਈਆ । ਦਰਸ਼ਨ ਦੇਵੇ ਇਕ ਇਕਾਂਤੀ, ਇਕ ਇਕੱਲਾ ਵੇਸ ਵਟਾਈਆ । ਅੰਮ੍ਰਿਤ ਬਖ਼ਸ਼ ਕੇ ਬੂੰਦ ਸਵਾਂਤੀ, ਤੇਰੀ ਤ੍ਰਿਖਾ ਦਏ ਬੁਝਾਈਆ । ਚਰਨ ਛੁਹਾਏ ਤੇਰੇ ਉਤੇ ਸੀਨੇ ਛਾਤੀ, ਛਤਰਧਾਰੀਆਂ ਕਰੇ ਸਫ਼ਾਈਆ । ਸਤਿ ਧਰਮ ਤੈਨੂੰ ਦੇਵੇ ਦਾਤੀ, ਦਾਤਾ ਹੋ ਕੇ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਅਬਿਨਾਸ਼ੀ ਅਚੁਤ, ਪਾਰਬ੍ਰਹਮ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਬਦਲ ਦੇ ਰੁਤ, ਰੁਤੜੀ ਆਪਣੇ

ਨਾਮ ਨਾਲ ਮਹਿਕਾਈਆ । ਮਾਨਸ ਜ਼ਾਤੀ ਬਣਾ ਲੈ ਆਪਣੇ ਸੁਤ, ਅਪਰਾਧੀ ਰਹਿਣ ਕੋਇ ਨਾ ਪਾਈਆ । ਪਵਿਤ੍ਰ ਕਰ ਦੇ ਪੰਜ ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣੇ ਰੰਗ ਰੰਗਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਸਭ ਦੀ ਦੇ ਕਰਾਈਆ । ਸਦੀ ਚੌਧਵੀਂ ਮੇਰੀ ਖੁਲ੍ਹੀ ਵੇਖ ਲੈ ਗੁੱਤ, ਮੈਂਢੀ ਸੀਸ ਨਾ ਕੋਇ ਗੁੰਦਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਮੈਨੂੰ ਰੋਂਦੀ ਕਰਾ ਚੁਪ, ਚੁਪ ਚੁਪੀਤੇ ਆਪ ਦਇਆ ਕਮਾਈਆ । ਦਰੋਹੀ ਮੇਰੇ ਉਤੇ ਹੋਇਆ ਅੰਧੇਰਾ ਘੁਪ, ਸਾਚਾ ਚੰਦ ਨਾ ਕੋਇ ਚਮਕਾਈਆ । ਧਰਮ ਦੀ ਧਾਰ ਗਈ ਛੁਪ, ਨਵ ਸੱਤ ਅੰਧੇਰਾ ਛਾਈਆ । ਮੇਰੇ ਅੰਤਰ ਕਲਜੁਗ ਅੰਤਮ ਵਧਿਆ ਦੁਖ, ਦੁਖੀ ਹੋ ਕੇ ਮੰਗ ਮੰਗਾਈਆ । ਚਾਰ ਕੁੰਟ ਦਹਿ ਦਿਸ਼ਾ ਕਲਜੁਗ ਮਮਤਾ ਵਧੀ ਭੁਖ, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਕਰਾਈਆ । ਜਨਣੀ ਸੁਫਲ ਹੋਏ ਕੋਇ ਨਾ ਕੁਖ, ਭਗਤ ਜਨਮੇ ਕੋਇ ਨਾ ਮਾਈਆ । ਮਾਤ ਗਰਭ ਦੇ ਮਾਨਵ ਦਿਸਦੇ ਉਲਟੇ ਰੁੱਖ, ਚੁਰਾਸੀ ਫਾਸੀ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਧਰਨੀ ਕਹੇ ਪਰਮ ਪੁਰਖ ਬਖ਼ਸ਼ ਦੇ ਪ੍ਰੇਮ, ਪ੍ਰੇਮੀ ਪਿਆਰਿਆਂ ਨਾਲ ਮਿਲਾਈਆ । ਮੇਰਾ ਸਤਿ ਸਚ ਦਾ ਹੋਵੇ ਨੇਮ, ਧਰਮ ਦੀ ਧਾਰ ਵਜੇ ਵਧਾਈਆ । ਜੋ ਇਸ਼ਾਰਾ ਕੀਤਾ ਗੋਬਿੰਦ ਨੇ ਕੁੰਟ ਹੇਮ, ਸਪਤਸਰਿੰਗ ਧਾਰ ਸਮਝਾਈਆ । ਨੇਤਰ ਤਕ ਅਗੰਮੀ ਆਪਣੇ ਨੇਮ, ਨੈਨਣ ਨੈਣਾਂ ਨਾਲ ਮਿਲਾਈਆ । ਜਿਸ ਦੀ ਸਿਫ਼ਤ ਅਵਤਾਰ ਪੈਗ਼ੰਬਰ ਕਹਿਣ, ਗੁਰੂ ਗੁਰਦੇਵ ਸ਼ਬਦ ਸ਼ਨਵਾਈਆ । ਸੋ ਮੇਰਾ ਪੂਰਾ ਕਰ ਦੇ ਲਹਿਣ ਦੇਣ, ਦੇਵਣਹਾਰ ਤੇਰੇ ਹੱਥ ਵਡਿਆਈਆ । ਜੋ ਆਸਾ ਰਖੀ ਭਗਤ ਸੈਣ, ਸੈਨਤ ਅੰਦਰ ਅੰਦਰ ਦ੍ਰਿੜਾਈਆ । ਜੋ ਬਾਲਮੀਕ ਇਸ਼ਾਰਾ ਦਿਤਾ ਵਿਚ ਰਮਾਇਣ, ਸਕੰਦ ਦਸਵਾਂ ਸਚ ਸਚ ਸਮਝਾਈਆ । ਰਵਦਾਸ ਤੇਰਾ ਲਹਿਣਾ ਦੱਸਿਆ ਪਰਾਇਣ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਗਿਆਨ ਸਮਝਾਈਆ । ਸੂਫ਼ੀਆਂ ਇਸ਼ਾਰਾ ਕੀਤਾ ਐਨ ਦਾ ਐਨ, ਐਹਨਲਹੱਕ ਨਾਲ ਮਿਲਾਈਆ । ਤੁਧ ਬਿਨ ਆਵੇ ਕਿਤੇ ਨਾ ਚੈਨ, ਚਿਰੀ ਵਿਛੁੰਨੇ ਹੋਣਾ ਆਪ ਸਹਾਈਆ । ਕਲਜੁਗ ਕੂੜੀ ਕਿਰਿਆ ਨਵ ਸੱਤ ਸ਼ੌਹ ਦਰਿਆ ਰੁੜ੍ਹਾ ਦੇ ਵਹਿਣ, ਡੂੰਘੇ ਸਾਗਰ ਆਪ ਸੁਟਾਈਆ । ਆਤਮ ਪਰਮਾਤਮ ਰਹੇ ਨਾ ਕੋਈ ਤ੍ਰਫ਼ੈਨ, ਪਾਰਬ੍ਰਹਮ ਬ੍ਰਹਮ ਮੇਲਾ ਮੇਲਣਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸ਼ਾ ਤਕ ਪੁਰਾਣੀ, ਪੁਰਾਣ ਅਠਾਰਾਂ ਦੇਣ ਗਵਾਹੀਆ । ਚਾਰ ਲੱਖ ਸਤਾਰਾਂ ਹਜ਼ਾਰ ਸਲੋਕ ਜਿਸ ਕੀ ਕਹਾਣੀ, ਅੱਖਰ ਅੱਖਰਾਂ ਨਾਲ ਮਿਲਾਈਆ । ਵੇਦ ਵਿਆਸਾ ਜਿਸ ਲਿਖਿਆ ਲੇਖ ਮਹਾਨੀ, ਮਹਿੰਮਾ ਕਥ ਕਥ ਦ੍ਰਿੜਾਈਆ । ਬਾਵਨ ਹੋ ਕੇ ਮੇਰੇ ਉਤੇ ਲਾਈ ਅਗੰਮ ਨਿਸ਼ਾਨੀ, ਨਿਸ਼ਾਨਾ ਦੀਨ ਦੁਨੀ ਬਦਲਾਈਆ । ਬਲ ਦੁਆਰ ਜਿਸ ਦਾ ਲੇਖਾ ਦੋ ਜਹਾਨੀ, ਬਲਖ ਆਪਣੀ ਵੰਡ ਵੰਡਾਈਆ । ਨਿਗਾਹ ਮਾਰੀ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪਣੀ ਅੱਖ ਉਠਾਈਆ । ਜਿਸ ਨੂੰ ਸਮਝੇ ਕੋਇ ਨਾ ਚਾਰੇ ਖਾਣੀ, ਚਾਰੇ ਬਾਣੀ ਭੇਵ ਕੋਇ ਨਾ ਆਈਆ । ਤੂੰ ਮਿਹਰਵਾਨ ਮਹਿਬੂਬ ਕਰੀਂ ਆਪ ਮਿਹਰਵਾਨੀ, ਮੁਹੱਬਤ ਵਿਚ ਤੇਰੀ ਓਟ ਤਕਾਈਆ । ਤੂੰ ਆਦਿ ਜੁਗਾਦਿ ਦੋ ਜਹਾਨਾਂ ਦਾਨੀ, ਵਿਸ਼ਨ ਬ੍ਰਹਮਾ ਸ਼ਿਵ ਅਵਤਾਰ ਪੈਗ਼ੰਬਰ ਗੁਰ ਮਾਂਗਤ ਹੋ ਕੇ ਝੋਲੀਆਂ ਡਾਹੀਆ । ਮੇਰੀ ਕਲਜੁਗ ਅੰਤ ਆਪਣੇ ਚਰਨ ਸਰਨ ਲਾਉਣੀ ਕੁਰਬਾਨੀ, ਕਰਬਲੇ ਦਾ ਲੇਖਾ ਮੁਹੰਮਦ ਨਾਲ ਮਿਲਾਈਆ । ਤੂੰ ਮਾਲਕ ਖ਼ਾਲਕ ਆਲਮੇ ਜਾਬਦਾਨੀ,

ਨੂਰ ਨੁਰਾਨਾ ਇਕ ਅਖਵਾਈਆ । ਮੇਰੀ ਅੰਤ ਮੇਟ ਪਰੇਸ਼ਾਨੀ, ਪਰੀਛਤ ਦਾ ਲਹਿਣਾ ਮੇਰੀ ਝੋਲੀ ਪਾਈਆ । ਜੋ ਅਥਰਬਨ ਵਿਚ ਬ੍ਰਹਮੇ ਲੇਖਾ ਲਿਖਿਆ ਬਿਨਾ ਕਾਨੀ, ਵੇਦ ਚੌਥਾ ਨਾਲ ਮਿਲਾਈਆ । ਤੇਰੀ ਸ਼ਬਦ ਅਗੰਮੀ ਨਿਰਅੱਖਰ ਧਾਰ ਸੁਣਾਂ ਬਾਣੀ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਮੇਰਾ ਨਿਰਗੁਣ ਭੂਪ ਦੋ ਜਹਾਨੀ, ਪੁਰੀ ਲੋਅ ਬ੍ਰਹਿਮੰਡ ਖੰਡ ਤੇਰੀ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੈਨੂੰ ਕਰ ਪਵਿਤ, ਦੁਰਮਤ ਮੈਲ ਰਹੇ ਨਾ ਰਾਈਆ । ਤੇਰਾ ਖੇਲ ਨਿਤ ਨਵਿਤ, ਸਤਿਜੁਗ ਤਰੇਤਾ ਦੁਆਪਰ ਵਜਦੀ ਰਹੇ ਵਧਾਈਆ । ਜਨ ਭਗਤ ਸੁਹੇਲਾ ਬਣਾ ਮਿਤ, ਮਿਤਰ ਪਿਆਰਾ ਇਕ ਅਖਵਾਈਆ । ਮੇਰੀ ਸੁਹੰਜਣੀ ਹੋਵੇ ਥਿਤ, ਘੜੀ ਪਲ ਜਗਤ ਜੁਗ ਵੰਡ ਨਾ ਕੋਇ ਵੰਡਾਈਆ । ਦਰਸ਼ਨ ਕਰਾਂ ਨਿਤ, ਨਿਜ ਨੇਤਰ ਲੋਚਣ ਨੈਣ ਦੇਣੀ ਅੱਖ ਖੁਲ੍ਹਾਈਆ । ਕਲਜੁਗ ਕੂੜੀ ਕਿਰਿਆ ਕਢ ਵਿਚੋਂ ਚਿਤ, ਠਗੌਰੀ ਮਨ ਰਹੇ ਨਾ ਰਾਈਆ । ਤੂੰ ਠਾਕਰ ਸੁਆਮੀ ਸਭ ਦਾ ਪਿਤ, ਪਤਿਪਰਮੇਸ਼ਵਰ ਇਕ ਅਖਵਾਈਆ । ਜਨ ਭਗਤਾਂ ਕਰਨਾ ਹਿਤ, ਕੋਝੇ ਕਮਲੇ ਆਪਣੇ ਚਰਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੈਨੂੰ ਬਖ਼ਸ਼ ਦੇ ਚਰਨ ਧੂੜ, ਧੂੜੀ ਟਿੱਕਾ ਖ਼ਾਕ ਰਮਾਈਆ । ਕਲਜੁਗ ਕਿਰਿਆ ਮੇਟ ਦੇ ਕੂੜ, ਸਤਿ ਧਰਮ ਨਾਲ ਸ਼ਨਵਾਈਆ । ਚਤੁਰ ਸੁਘੜ ਬਣਾ ਲੈ ਮੂਰਖ ਮੂੜ੍ਹ, ਅੰਧ ਅਗਿਆਨ ਦੇ ਮਿਟਾਈਆ । ਤੂੰ ਮਾਲਕ ਖ਼ਾਲਕ ਹਾਜ਼ਰ ਹਜ਼ੂਰ, ਹਜ਼ਰਤਾਂ ਤੋਂ ਬਾਹਰ ਤੇਰੀ ਪੜ੍ਹਾਈਆ । ਮੈਂ ਤਕਾਂ ਤੇਰਾ ਅਗੰਮੀ ਨੂਰ, ਨੂਰ ਨੁਰਾਨੇ ਦੇਣਾ ਦਰਸਾਈਆ । ਜਿਸ ਧਾਰ ਵਿਚ ਸੂਲੀ ਚੜ੍ਹਿਆ ਮਨਸੂਰ, ਮਨਸਾ ਭਗਤਾਂ ਪੂਰ ਕਰਾਈਆ । ਮਨੂਆ ਮਨ ਨਾ ਕਰੇ ਫ਼ਤੂਰ, ਫ਼ਾਤਿਆ ਅੰਦਰੇ ਅੰਦਰ ਕਰਾਈਆ । ਮੇਰੀ ਆਸਾ ਮਨਸਾ ਪੂਰੀ ਕਰੀਂ ਜ਼ਰੂਰ, ਜ਼ਰੂਰਤ ਤੇਰੇ ਚਰਨ ਟਿਕਾਈਆ । ਨਾਮ ਖ਼ੁਮਾਰੀ ਮਸਤੀ ਦਈਂ ਸਰੂਰ, ਸੁਰਤੀ ਭਗਤਾਂ ਸ਼ਬਦ ਨਾਲ ਮਿਲਾਈਆ । ਤੂੰ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਈਂਆ । ਤੇਰਾ ਪੰਧ ਰਹੇ ਨਾ ਨੇੜੇ ਦੂਰ, ਦੋ ਜਹਾਨਾ ਇਕੋ ਰੰਗ ਰੰਗਾਈਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਬਖ਼ਸ਼ਣੇ ਕ਼ੁਸੂਰ, ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਗ੍ਰਿਹਿ ਦੇਣਾ ਸੁਹਾਈਆ । ਧਰਨੀ ਕਹੇ ਪ੍ਰਭੂ ਮੇਰੀਆਂ ਬੇਨੰਤੀਆਂ ਅਗੰਮ ਮਿਠੀਆਂ, ਰਸਨਾ ਜਗਤ ਨਾ ਕੋਇ ਜਣਾਈਆ । ਮੇਰੀਆਂ ਖ਼ਬਰਾਂ ਅਨਡਿੱਠੀਆਂ, ਜਗ ਵੇਖਣ ਕੋਇ ਨਾ ਪਾਈਆ । ਮੇਰੇ ਕੋਲ ਅਵਤਾਰ ਪੈਗ਼ੰਬਰਾਂ ਗੁਰੂਆਂ ਦੀਆਂ ਚਿੱਠੀਆਂ, ਜੋ ਪੇਸ਼ੀਨਗੋਈਆਂ ਵਿਚ ਗਏ ਦ੍ਰਿੜਾਈਆ । ਜਿਨ੍ਹਾਂ ਆਸ਼ਾ ਤੇਰੇ ਚਰਨ ਕਵਲ ਸਿੱਟੀਆਂ, ਸਿੱਟੇ ਬਾਜ਼ੀ ਦੱਸੀ ਖ਼ਲਕ ਖ਼ੁਦਾਈਆ । ਖੇਲ ਖਿਲਾ ਕੇ ਪੱਥਰ ਇੱਟੀਆਂ, ਪਾਹਨਾਂ ਦੀਨ ਦੁਨੀ ਰੰਗ ਚੜ੍ਹਾਈਆ । ਮੈਂ ਏਸ ਵੇਲੇ ਬਿਨ ਹੱਥਾਂ ਦੁਹੱਥੜ ਮਾਰ ਕੇ ਪਿਟੀਆਂ, ਪਟਨੇ ਵਾਲਾ ਨਾਲ ਮਿਲਾਈਆ । ਉਠ ਵੇਖ ਲੈ ਹਾਹੇ ਉਤੇ ਟਿੱਪੀਆਂ, ਹੰ ਬ੍ਰਹਮ ਰੂਪ ਨਾ ਕੋਇ ਦਰਸਾਈਆ । ਪਿਛਲੀਆਂ ਬੀਤਦੀਆਂ ਗਈਆਂ ਮਿਤੀਆਂ, ਮਿਤਰ ਪਿਆਰੇ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੋਂ ਬੁਝਾ ਦੇ ਅੱਗ, ਅਗਨੀ ਤਤ ਨਾ ਲਾਗੇ ਰਾਈਆ । ਤੂੰ ਸਾਹਿਬ ਸੂਰਾ ਸਰਬਗ, ਹਰਿ ਕਰਤਾ ਧੁਰਦਰਗਾਹੀਆ । ਜੋ ਭਗਤ ਸੁਹੇਲੇ ਤੇਰੇ

ਸਰਨੀ ਗਏ ਲੱਗ, ਲਗ ਮਾਤਰ ਡੇਰਾ ਦੇਣਾ ਢਾਈਆ । ਦਰਸ਼ਨ ਦੇਣਾ ਉਪਰ ਸ਼ਾਹ ਰਗ, ਨੌ ਦੁਵਾਰਿਆਂ ਪੰਧ ਮੁਕਾਈਆ । ਆਤਮ ਰਹੇ ਨਾ ਤੈਥੋਂ ਅਲਗ, ਵਖਰੀ ਵੰਡ ਨਾ ਕੋਇ ਵੰਡਾਈਆ । ਇਕੋ ਸਚਖੰਡ ਦੁਆਰ ਦਾ ਬਖਸ਼ਣਾ ਪਦ, ਮੰਜ਼ਲ ਅਵਰ ਨਾ ਕੋਇ ਜਣਾਈਆ । ਆਵਣ ਜਾਵਣ ਲੱਖ ਚੁਰਾਸੀ ਮੇਟਣੀ ਹੱਦ, ਜਮ ਕੀ ਫਾਂਸੀ ਰਾਏ ਧਰਮ ਨਾ ਦਏ ਸਜ਼ਾਈਆ । ਮਿਹਰਵਾਨ ਮਹਿਬੂਬ ਜਨ ਭਗਤਾਂ ਆਪਣੇ ਚਰਨ ਕਵਲ ਲੈਣਾ ਸੱਦ, ਹਉਂ ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਨਾਮ ਖ਼ੁਮਾਰੀ ਬਖ਼ਸ਼ਣੀ ਮਦਿ, ਮਧੁਰ ਧੁਨ ਕਰਨੀ ਸ਼ਨਵਾਈਆ । ਲਹਿਣਾ ਦੇਣਾ ਰਹੇ ਨਾ ਦੀਨ ਦੁਨੀ ਜਗ, ਜਾਗਰਤ ਜੋਤ ਬਿਨ ਵਰਨ ਗੋਤ ਡਗਮਗਾਈਆ । ਸ਼ਬਦ ਧਾਰ ਵਿਚੋਂ ਪ੍ਰੇਮ ਪਿਆਰ ਵਿਚੋਂ ਲੈਣੇ ਲਭ, ਹਰਿਜਨ ਪੜਦਾ ਆਪ ਉਠਾਈਆ । ਆਦਿ ਜੁਗਾਦਿ ਜੁਗ ਚੌਕੜੀ ਮੇਲਣਾ ਤੇਰਾ ਸਬਬ, ਸੰਗ ਨਿਭਾਉਣਾ ਥਾਉਂ ਥਾਈਆ । ਜਨ ਭਗਤਾਂ ਅੰਤਸ਼ਕਰਨ ਕਰਨਾ ਗਦ ਗਦ, ਗੁਰਦਿਆਲ ਸਿੰਘ ਗੁਰੂ ਗੁਰਦੇਵ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨੂਰ ਉਜਾਲਾ ਜੋਤੀ ਜਾਤੇ ਪੁਰਖ ਬਿਧਾਤੇ ਜਾਏ ਮਘ, ਮਗਨ ਭਗਤਾਂ ਆਪਣੇ ਨਾਮ ਵਿਚ ਰਖਾਈਆ ।

### ✪ ੧੫ ਚੇਤ ਸ਼ਹਿਨਸ਼ਾਹੀ ਸੰਮਤ ੧੧ ਮੁਕੰਦ ਸਿੰਘ, ਜਗਜੀਤ ਸਿੰਘ ਦੇ ਗ੍ਰਿਹ ਵਿੰਨੀਪੈਗ ੪੯੪ ਰੀਵਰਟਨ ਐਵੇਨੀਊ ਐਲਮਵੁਡ ਮੈਨੀਟੋਬਾ ਕਨੇਡਾ ✪

ਧਰਨੀ ਕਹੇ ਪ੍ਰਭੂ ਮੇਰੇ ਸਮਰਥ, ਪਰਮ ਪੁਰਖ ਤੇਰੀ ਇਕ ਸਰਨਾਈਆ । ਸਚ ਵਸਤ ਦੇਦੇ ਅਗੰਮੀ ਵਥ, ਵਸਤ ਅਮੋਲਕ ਇਕ ਵਰਤਾਈਆ । ਕਲਜੁਗ ਕੂੜ ਕਿਰਿਆ ਮੇਰੇ ਉਤੋਂ ਮਥ, ਮਥਨ ਕਰ ਖ਼ਲਕ ਖ਼ੁਦਾਈਆ । ਮੇਰੀ ਨੇਤਰ ਵਹਿੰਦੀ ਵੇਖ ਅਥ, ਵਹਿਣਾ ਧਾਰ ਵਹਾਈਆ । ਜਿਸ ਕਾਰਨ ਗੋਬਿੰਦ ਸਥਰ ਗਿਆ ਘਤ, ਯਾਰੜੇ ਤੇਰੀ ਸੇਜ ਹੰਡਾਈਆ । ਦੀਨ ਦਿਆਲ ਠਾਕਰ ਸੁਆਮੀ ਸਤਿ ਸਚ ਚਲਾ ਰਥ, ਰਥ ਰਥਵਾਹੀ ਹੋ ਕੇ ਦਇਆ ਕਮਾਈਆ । ਮੇਰੇ ਸਗਲ ਵਸੂਰੇ ਜਾਣ ਲਥ, ਦੁਰਮਤ ਮੈਲ ਕਰ ਸਫ਼ਾਈਆ । ਬਿਨਾ ਹੱਥਾਂ ਤੋਂ ਜੋੜਾਂ ਹੱਥ, ਡੰਡਾਵਤ ਬੰਦਨਾ ਸਜਦਿਆਂ ਵਿਚ ਸੀਸ ਝੁਕਾਈਆ । ਤੇਰੀ ਮਹਿੰਮਾ ਸਦਾ ਅਕਥ, ਜੁਗ ਜੁਗ ਤੇਰੀ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਸਤਿ ਸਚ ਦੀ ਬਖ਼ਸ਼ ਦੇ ਦਾਤ, ਸਤਿਜੁਗ ਮੇਰਾ ਸੰਗ ਬਣਾਈਆ । ਕਲਜੁਗ ਮੇਟ ਅੰਧੇਰੀ ਰਾਤ, ਕੂੜੀ ਕਿਰਿਆ ਡੇਰਾ ਢਾਹੀਆ । ਜੀਵਾਂ ਜੰਤਾਂ ਪੁਛ ਵਾਤ, ਵਾਤਾਵਰਨ ਤਕ ਖ਼ਲਕ ਖ਼ੁਦਾਈਆ । ਦਰੋਹੀ ਫਿਰੀ ਵਿਚ ਮਾਤ, ਮਾਤਰ ਭੂਮੀ ਹੋ ਕੇ ਰਹੀ ਕੁਰਲਾਈਆ । ਝਗੜਾ ਵੇਖ ਲੈ ਜ਼ਾਤ ਪਾਤ, ਦੀਨ ਦੁਨੀ ਮਜ਼੍ਹਬ ਕਰੇ ਲੜਾਈਆ । ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਪਾ ਗਿਆ ਵਫ਼ਾਤ, ਚਾਰ ਕੁੰਟ ਦਹਿ ਦਿਸ਼ਾ ਨਜ਼ਰ ਕੋਇ ਨਾ ਆਈਆ । ਫਿਰੀ ਦਰੋਹੀ ਤੀਰਥ ਤਾਟ, ਅਠਸਠ ਰੋਵਣ ਮਾਰਨ ਧਾਹੀਆ । ਧਰਮ ਰਿਹਾ ਨਾ ਮੰਦਰ ਮਸਜਿਦ ਸ਼ਿਵਦਵਾਲੇ ਮਾਠ, ਗੁਰੂਦੁਆਰ ਨਾ ਕੋਇ ਚਤੁਰਾਈਆ । ਰਸਨਾ ਜਿਹਵਾ ਸ੍ਰਿਸ਼ਟੀ

ਕਰੇ ਪਾਠ, ਹਿਰਦੇ ਹਰਿ ਨਾ ਕੋਇ ਵਸਾਈਆ । ਪੁਰਖ ਅਕਾਲੇ ਦੀਨ ਦਿਆਲੇ ਮੇਰੇ ਉਤੇ ਉਲਟੀ ਗੇੜ ਦੇ ਲਾਠ, ਕਰਵਟ ਆਪਣੀ ਲੈ ਬਦਲਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ
ਵੇਖ ਅੰਧੇਰਾ ਅੰਧ, ਨਿਰਗੁਣ ਨੂਰ ਜੋਤ ਨਾ ਕੋਇ ਰੁਸ਼ਨਾਈਆ । ਦੂਈ ਦੁਵੈਤੀ ਭਰਮਾਂ ਢਾਹੇ ਕੋਈ ਨਾ ਕੰਧ, ਭੈ ਭਉ ਸਿਰ ਨਾ ਕੋਇ ਰਖਾਈਆ ।
ਸਤਿਜੁਗ ਤਰੇਤਾ ਦੁਆਪਰ ਪੂਰਬ ਗਿਆ ਲੰਘ, ਕਲਜੁਗ ਅੰਤ ਵੇਖ ਵਖਾਈਆ । ਕੀ ਇਸ਼ਾਰਾ ਦੇਵੇ ਤਾਰਾ ਚੰਦ, ਬਿਨ ਸੈਨਤ ਸੈਨਤ ਰਿਹਾ ਜਣਾਈਆ ।
ਨਿਗਾਹ ਮਾਰ ਵਿਚ ਬ੍ਰਹਿਮੰਡ, ਬ੍ਰਹਿਮਾਂਡ ਧਿਆਨ ਰਖਾਈਆ । ਹਾਹਾਕਾਰ ਜੇਰਜ ਅੰਡ, ਉਤਭੁਜ ਸੇਤਜ ਰਹੀ ਕੁਰਲਾਈਆ । ਦੀਨ ਦਿਆਲ
ਦਰਦ ਦੁਖ ਭੈ ਭੰਜਣ ਆਤਮ ਪਰਮਾਤਮ ਟੁੱਟੀ ਧਾਰ ਗੰਢ, ਗੰਢਣਹਾਰ ਗੋਪਾਲ ਸੁਆਮੀ ਆਪਣੀ ਦਇਆ ਕਮਾਈਆ । ਮੇਰੇ ਉਤੇ ਦੀਨਾਂ ਮਜ਼੍ਹਬਾਂ
ਮਾਨਵ ਜ਼ਾਤੀ ਕੀਤੀ ਖੰਡ ਖੰਡ, ਹਿੱਸੇ ਤਤਵ ਤਤ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ,
ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਪ੍ਰਭੂ ਮੇਰੀ ਇਕੋ ਅਗੰਮ ਆਸਾ, ਬਿਨ ਅੱਖਰਾਂ ਦੇਣਾ ਜਣਾਈਆ । ਤੂੰ ਸ਼ਾਹੋ ਭੂਪ ਸ਼ਾਬਾਸਾ,
ਸ਼ਹਿਨਸ਼ਾਹ ਅਗੰਮ ਅਥਾਹੀਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਤੇਰੇ ਉਤੇ ਰਖਿਆ ਭਰਵਾਸਾ, ਅਵਤਾਰ ਪੈਗ਼ੰਬਰ ਗੁਰ ਨਾਲ ਮਿਲਾਈਆ ।
ਤੇਰਾ ਨੂਰ ਜੋਤ ਨਿਰਗੁਣ ਧਾਰ ਹੋਏ ਪਰਕਾਸ਼ਾ, ਦੋ ਜਹਾਨਾਂ ਡਗਮਗਾਈਆ । ਮੰਡਲ ਮੰਡਪ ਪੁਰੀ ਲੋਅ ਤੇਰੀ ਵੇਖਣ ਰਾਸਾ, ਆਕਾਸ਼ ਪਾਤਾਲ
੩੬੩ ਗਗਨ ਗਗਨੰਤਰ ਧਿਆਨ ਲਗਾਈਆ । ਪਤਾਲ ਗਗਨ ਮੇਰੇ ਅੰਤਸ਼ਕਰਨ ਵਿਚ ਹੋਣ ਨਾ ਦੇਈਂ ਨਿਰਾਸ਼ਾ, ਨਿਰਾਕਾਰ ਦੇਣੀ ਮਾਣ ਵਡਿਆਈਆ । ੩੬੩
੨੪ ਮੇਰਾ ਖ਼ਾਲੀ ਭਰ ਦੇ ਕਾਸਾ, ਧਰਨੀ ਧਰਤ ਧਵਲ ਧੌਲ ਹੋ ਕੇ ਅਗੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ੨੪
ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਕਲਜੁਗ ਕਹੇ ਧਰਨੀਏ ਤੂੰ ਕਿਉਂ ਰਹੀ ਚੀਕ, ਬਿਨ ਨੈਣਾਂ ਨੀਰ ਵਹਾਈਆ । ਚਾਰ
ਜੁਗ ਦੇ ਸਾਸ਼ਤਰ ਮੇਰੀ ਕਰਨ ਤਸਦੀਕ਼, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਪੇਸ਼ੀਨਗੋਈਆਂ ਰਹੀਆਂ ਉਡੀਕ, ਭਵਿਖਤ ਬੈਠੇ ਧਿਆਨ ਲਗਾਈਆ ।
ਮੈਂ ਚਾਰੋਂ ਕੁੰਟ ਕਰਨਾ ਅੰਧੇਰਾ ਤਾਰੀਕ, ਸਚ ਚੰਦ ਨਾ ਕੋਇ ਰੁਸ਼ਨਾਈਆ । ਮੇਰੇ ਵਿਚ ਹਕ ਤੌਫ਼ੀਕ਼, ਤੋਫ਼ਾ ਦਿਤਾ ਧੁਰ ਦੇ ਮਾਹੀਆ । ਮੇਰਾ
ਵਕ਼ਤ ਸੁਹੰਜਣਾ ਨਜ਼ਦੀਕ, ਖੇਲ ਖੇਲਾਂ ਚਾਈਂ ਚਾਈਂਆ । ਸ੍ਰਿਸ਼ਟੀ ਦੋ ਧੜ ਬਣਾ ਸ਼ਰੀਕ, ਸ਼ਰਕਤ ਭਰਾਂ ਖ਼ਲਕ ਖ਼ੁਦਾਈਆ । ਲੇਖਾ ਰਹੇ ਨਾ
ਹਕ ਹਕੀਕ, ਹਕ਼ੀਕ਼ਤ ਸਮਝ ਕੋਇ ਨਾ ਪਾਈਆ । ਸ਼ਾਹ ਸੁਲਤਾਨਾਂ ਰਹੇ ਨਾ ਕੋਇ ਪ੍ਰੀਤ, ਪ੍ਰੀਤਮ ਆਪਣਾ ਹੁਕਮ ਵਰਤਾਈਆ । ਨੌ ਖੰਡ ਤੇਰੇ
ਉਤੇ ਹੋਵਣ ਭੈ ਭੀਤ, ਸੱਤ ਦੀਪ ਸਿਰ ਸਕੇ ਨਾ ਕੋਇ ਉਠਾਈਆ । ਉਹ ਤਕ ਸਤਿਗੁਰ ਸ਼ਬਦ ਤੇਰੇ ਉਤੇ ਮਾਰਨ ਵਾਲਾ ਲੀਕ, ਲਾਈਨ ਐਨ
ਰਿਹਾ ਬਣਾਈਆ । ਜਿਸ ਆਤਮ ਪਰਮਾਤਮ ਸਭ ਦੀ ਬਦਲਣੀ ਰੀਤ, ਰੀਤੀਵਾਨ ਇਕ ਅਖਵਾਈਆ । ਝਗੜਾ ਮੇਟਣਾ ਮੰਦਰ ਮਸੀਤ, ਕਾਇਆ
ਕਾਅਬਾ ਇਕੋ ਇਕ ਪਰਗਟਾਈਆ । ਜਿਸ ਦੇ ਹੁਕਮ ਵਿਚ ਸਦੀ ਚੌਧਵੀਂ ਰਹੀ ਬੀਤ, ਮੁਹੰਮਦ ਬੈਠਾ ਨੈਣ ਤਕਾਈਆ । ਅਵਤਾਰ ਪੈਗ਼ੰਬਰ ਗੁਰ
ਸਾਰੇ ਗਾਉਂਦੇ ਇਕੋ ਗੀਤ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਝਗੜਾ ਮਿਟਾਉਣਾ ਜਿਸ ਹਸਤ ਕੀਟ, ਊਚਾਂ ਨੀਚਾਂ ਇਕੋ
ਰੰਗ ਰੰਗਾਈਆ । ਉਹ ਮਾਲਕ ਖ਼ਾਲਕ ਮੇਰਾ ਬੀਠਲੋ ਬੀਠ, ਜਿਸ ਨੂੰ ਕਹਿੰਦੇ ਧੁਰ ਦਾ ਮਾਹੀਆ । ਜਿਸ ਦੇ ਹੁਕਮ ਨਾਲ ਮੈਂ ਅੰਤਰ ਨਿਰੰਤਰ

ਕਾਇਆ ਮੰਦਰ ਮਨ ਕਲਪਣਾ ਕੌੜਾ ਕੀਤਾ ਰੀਠ, ਅੰਮ੍ਰਿਤ ਰਸ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਲਈ ਜੀਤ, ਜਗ ਜੀਵਣ ਦਾਤਾ ਮਿਲਣ ਕੋਇ ਨਾ ਪਾਈਆ । ਕਾਇਆ ਹੋਏ ਨਾ ਕਿਸੇ ਠੰਡੀ ਸੀਤ, ਅਗਨੀ ਤਤ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸਮਝਾਈਆ । ਕਲਜੁਗ ਕਹੇ ਧਰਨੀਏ ਮੈਂ ਸੂਰਬੀਰ ਬਲਵਾਨ, ਬਲਧਾਰੀ ਇਕ ਅਖਵਾਈਆ । ਤੇਰੇ ਉਤੇ ਹੋਏ ਹੁਕਮਰਾਨ, ਹੁਕਮ ਆਪਣਾ ਇਕ ਵਰਤਾਈਆ । ਨਾ ਕੋਈ ਰੋਕੇ ਸ਼ਾਹ ਸੁਲਤਾਨ, ਮਾਨਵ ਸਿਰ ਨਾ ਕੋਇ ਉਠਾਈਆ । ਚਾਰੋਂ ਕੁੰਟ ਕੂੜ ਨਿਸ਼ਾਨ, ਤੇਰੇ ਉਤੇ ਦਿਤਾ ਝੁਲਾਈਆ । ਅੰਤਰ ਆਤਮ ਰਹਿਣ ਦਿਤਾ ਨਹੀਂ ਕੋਈ ਗਿਆਨ, ਸਾਧ ਸੰਤ ਨਾ ਕੋਇ ਵਡਿਆਈਆ । ਘਰ ਘਰ ਅੰਦਰ ਸ਼ਰਅ ਹੋਈ ਸ਼ੈਤਾਨ, ਦੀਨ ਮਜ਼੍ਹਬ ਕਰਨ ਲੜਾਈਆ । ਅਗੇ ਵੇਖੀਂ ਝਗੜਾ ਪਾਉਣਾ ਅੰਜੀਲ ਕੁਰਾਨ, ਕਾਅਬੇ ਰੋਵਣ ਮਾਰਨ ਧਾਹੀਆ । ਸਾਬਤ ਰਹਿਣ ਦੇਣਾ ਨਹੀਂ ਈਮਾਨ, ਅਬਲਨ ਨਜ਼ਰ ਕੋਇ ਨਾ ਆਈਆ । ਮੈਂ ਤੈਨੂੰ ਖ਼ਬਰ ਆਇਆ ਸੁਣਾਉਣ, ਅਣਸੁਣਤ ਤੈਨੂੰ ਦਿਆਂ ਜਣਾਈਆ । ਕੀ ਹੁਕਮ ਦੇਵੇ ਸ੍ਰੀ ਭਗਵਾਨ, ਜੋ ਮਾਲਕ ਅਗੰਮ ਅਥਾਹੀਆ । ਜਿਸ ਦਾ ਲਹਿਣਾ ਦੇਣਾ ਜ਼ਿਮੀਂ ਅਸਮਾਨ, ਮੰਡਲ ਮੰਡਪ ਖੋਜ ਖੁਜਾਈਆ । ਜੋ ਜੁਗ ਜੁਗ ਲੇਖਾ ਮੰਗੇ ਆਣ, ਆਵਣ ਜਾਵਣ ਆਪਣਾ ਖੇਲ ਖਿਲਾਈਆ । ਸੋ ਸਾਹਿਬ ਸੁਲਤਾਨਾ ਨੌਜਵਾਨਾ ਸਤਿਗੁਰ ਸ਼ਬਦ ਕਰੇ ਪਰਧਾਨ, ਦੂਸਰ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਕਲਜੁਗ ਕਹੇ ਧਰਨੀਏ ਮੈਂ ਪ੍ਰਭ ਦਾ ਸੁਤ ਦੁਲਾਰਾ, ਦੂਲ੍ਹਾ ਇਕੋ ਨਜ਼ਰੀ ਆਈਆ । ਮੈਂ ਦੇਵਾਂ ਕੂੜ ਕੁੜਿਆਰ ਦਾ ਹੁਲਾਰਾ, ਹਲੂਣਾ ਵਜੇ ਥਾਉਂ ਥਾਈਂਆ । ਖੇਲ ਵੇਖ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਚਾਰੋ ਕੁੰਟ ਕਰਾਂ ਧੂੰਆਧਾਰਾ, ਉੱਤਰ ਪੂਰਬ ਪੱਛਮ ਦੱਖਣ ਸਮਝ ਕੋਇ ਨਾ ਆਈਆ । ਤੇਰਾ ਲਹਿਣਾ ਦੇਣਾ ਪੂਰਾ ਕਰੇ ਕਰਾਏ ਆਪ ਕਰਤਾਰਾ, ਕੁਦਰਤ ਦਾ ਕਾਦਰ ਹੁਕਮ ਸੁਣਾਈਆ । ਇਕ ਦੋ ਚਾਰ ਸਾਲ ਵਿਚ ਮੇਰਾ ਵੇਖ ਲਈਂ ਨਜ਼ਾਰਾ, ਬਿਨ ਨੇਤਰ ਲੋਚਨ ਨੈਣਾਂ ਅੱਖ ਉਠਾਈਆ । ਨਵ ਸੱਤ ਪਿਆਰ ਵਿਚ ਰਹੇ ਨਾ ਕੋਇ ਪਿਆਰਾ, ਸਾਜਣ ਮੀਤ ਨਜ਼ਰ ਕੋਇ ਨਾ ਆਈਆ । ਤੇਰੇ ਉਤੇ ਨਵ ਨੌ ਦਾ ਲੱਗੇ ਅਖਾੜਾ, ਸਤਿ ਸਚ ਵਜੇ ਵਧਾਈਆ । ਥਿਤ ਸੁਹੰਜਣੀ ਹੋਣੀ ਸਤਾਰਾਂ ਹਾੜਾ, ਵਦੀ ਸੁਦੀ ਵੰਡ ਨਾ ਕੋਇ ਵੰਡਾਈਆ । ਮਾਨਵ ਰਤ ਤੈਨੂੰ ਰੰਗ ਚੜ੍ਹਨਾ ਗਾਹੜਾ, ਰਾਮਾ ਕ੍ਰਿਸ਼ਨਾ ਵੇਖਣਾ ਚਾਈਂ ਚਾਈਂਆ । ਬਾਵਨ ਦਾ ਲਹਿਣਾ ਦੇਣਾ ਵਿਚ ਉਜਾੜਾ, ਬਲ ਦੁਆਰ ਨਾਲ ਵਡਿਆਈਆ । ਜਿਸ ਸ੍ਰਿਸ਼ਟੀ ਚਬਣੀ ਹੇਠਾਂ ਦਾਹੜਾ, ਲੱਖ ਚੁਰਾਸੀ ਸਮਝ ਕੋਇ ਨਾ ਪਾਈਆ । ਅੱਗ ਲਗਾ ਦੇ ਬਹੱਤਰ ਨਾੜਾ, ਤਤਵ ਤਤ ਤਤ ਜਲਾਈਆ । ਮੈਂ ਉਸ ਦੇ ਅਗੇ ਕੱਢਾਂ ਹਾੜਾ, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਕਲਜੁਗ ਕਹੇ ਧਰਨੀਏ ਮੇਰਾ ਕੋਈ ਨਹੀਂ ਗੁਨਾਹ, ਕੂੜ ਕੁੜਿਆਰ ਮੇਰੀ ਵਡਿਆਈਆ । ਮੇਰਾ ਮਾਲਕ ਇਕ ਮਿਹਰਵਾਂ, ਮਹਿਬਾਨ ਨੂਰ ਅਲਾਹੀਆ । ਜਿਸ ਦੇ ਹੁਕਮ ਨਾਲ ਦਿਤਾ ਐਲਾਂ, ਕੂਕ ਕੂਕ ਦਿਤਾ ਸੁਣਾਈਆ । ਉਹਦੇ ਹੁਕਮ ਨਾਲ ਖੇਲਣਾ ਖੇਲ ਵਿਚ ਜਹਾਂ, ਦੋ ਜਹਾਨਾ ਮਾਲਕ ਜੋ ਅਖਵਾਈਆ । ਮੈਂ ਪਿਆਰ ਨਾਲ ਜਗਤ ਦੀ ਬੁੱਧੀ ਕੀਤੀ ਵਾਂਗ ਕਾਂ, ਹੰਸ ਰੂਪ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ

ਮੇਰੀ ਪਕੜਨੀ ਬਾਂਹ, ਸਿਰ ਮੇਰੇ ਹੱਥ ਟਿਕਾਈਆ । ਮੇਰੀ ਠੋਕ ਪੁਸ਼ਤ ਪਨਾਹ, ਮਾਣ ਦਿਤਾ ਚਾਈਂ ਚਾਈਆ । ਲਹਿਣਾ ਦੇਣਾ ਤਕਣਾ ਸੂਰ ਗਾਂ, ਲੇਖ ਵੇਖਣਾ ਬਣ ਕੇ ਦੀਨ ਦੁਨੀ ਦਾ ਰਾਹੀਆ । ਜਿਸ ਕਾਰਨ ਗੋਬਿੰਦ ਕਿਹਾ ਵਾਹ ਵਾਹ, ਵਾਹਿਗੁਰੂ ਤੇਰੀ ਬੇਪਰਵਾਹੀਆ । ਉਸ ਦਾ ਭੇਵ ਦੇਣਾ ਚੁਕਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੇਰੇ ਕੋਲ ਇਕ ਅਗੰਮ ਅਥਾਹ ਦਾ ਰੁੱਕਾ, ਜਿਸ ਦਾ ਲੇਖਾ ਕ੍ਰਿਸ਼ਨ ਰੁਕਮਣੀ ਗਿਆ ਸਮਝਾਈਆ । ਸਤਿਗੁਰ ਸ਼ਬਦ ਅਗੰਮੀ ਉਠਣਾ ਸੁੱਤਾ, ਜਿਸ ਦਾ ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਨਾ ਤਨ ਵਜੂਦ ਹੋਵੇ ਬੁਤਾ, ਮਾਟੀ ਖ਼ਾਕ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਧਰਨੀਏ ਮੇਰੀ ਖੇਲ ਨਿਆਰੀ, ਪਰਮ ਪੁਰਖ ਦਿਤੀ ਸਮਝਾਈਆ । ਮੈਂ ਚਾਰੋਂ ਕੁੰਟ ਕਰਾਵਾਂ ਹਾਹਾਕਾਰੀ, ਧੀਰਜ ਧੀਰ ਨਾ ਕੋਇ ਰਖਾਈਆ । ਮੁਹੱਬਤ ਰਹੇ ਨਾ ਨਰ ਨਾਰੀ, ਨਰ ਨਰਾਇਣ ਮਿਲਣ ਕੋਇ ਨਾ ਪਾਈਆ । ਸ਼ਾਹ ਸੁਲਤਾਨ ਕਰਨ ਗ਼ਦਾਰੀ, ਗਦਾਗਰ ਕਰਾਂ ਖ਼ਲਕ ਖ਼ੁਦਾਈਆ । ਅੰਤਮ ਲਹਿਣਾ ਦੇਣਾ ਮੁਕਾਉਣਾ ਮੁਹੰਮਦ ਸੰਗ ਚਾਰ ਯਾਰੀ, ਚੌਥਾ ਜੁਗ ਕਹੇ ਮੇਰੇ ਹੱਥ ਵਡਿਆਈਆ । ਈਸਾ ਕੂਕ ਕੇ ਕਿਹਾ ਜਿਸ ਵੇਲੇ ਸਲੀਵ ਗਲ ਵਿਚ ਡਾਰੀ, ਬਿਨ ਰਸਨਾ ਰਸਨ ਹਿਲਾਈਆ । ਮੂਸਾ ਡਿੱਗ ਕੇ ਮੂੰਹ ਦੇ ਭਾਰੀ, ਕੋਹਤੂਰ ਗਿਆ ਸਮਝਾਈਆ । ਮੇਰਾ ਮਾਲਕ ਖ਼ਾਲਕ ਪਰਵਰਦਿਗਾਰੀ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਅੰਤ ਕੰਤ ਭਗਵੰਤ ਅੰਤਰ ਆਤਮਾ ਕਰਨੀ ਪਿਆਰੀ, ਪ੍ਰੀਤਮ ਹੋ ਕੇ ਵੇਖ ਵਖਾਈਆ । ਉਸ ਨੇ ਕੋਝੀਏ ਕਮਲੀਏ ਮੈਨੂੰ ਦਿਤੀ ਮੁਖਤਿਆਰੀ, ਮੁਖਤਿਆਰ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਕਲਜੁਗ ਨਾ ਪਾ ਰੌਲਾ, ਚਾਰੋਂ ਕੁੰਟ ਦੁਹਾਈਆ । ਮੇਰਾ ਮਾਲਕ ਖ਼ਾਲਕ ਇਕੋ ਮੌਲਾ, ਜਿਸ ਨੂੰ ਕਹਿੰਦੇ ਅਵਲ ਨੂਰ ਅਲਾਹੀਆ । ਉਸ ਦਾ ਮੇਰੇ ਨਾਲ ਇਕਰਾਰ ਕੌਲਾ, ਵਾਅਦਾ ਪਿਛਲਾ ਦਿਆਂ ਵਖਾਈਆ । ਜਿਸ ਭਾਰ ਕਰਨਾ ਮੇਰੇ ਉਤੇ ਹੌਲਾ, ਹੌਲੀ ਹੌਲੀ ਆਪਣਾ ਹੁਕਮ ਵਰਤਾਈਆ । ਜਿਸ ਕਾਰਨ ਗੋਬਿੰਦ ਅੰਮ੍ਰਿਤ ਧਾਰ ਛਕਾਈ ਪੌਲਾ, ਖੰਡਾ ਖੜਗ ਖੜਗ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਕਲਜੁਗ ਤੇਰਾ ਕੂੜ ਰਹੇ ਨਾ ਵਕਤ, ਧਰਮ ਦੀ ਧਾਰ ਨਾਲ ਸਮਝਾਈਆ । ਮੇਰਾ ਮਾਲਕ ਸੁਆਮੀ ਜਿਸ ਦਾ ਲਹਿਣਾ ਨਾਲ ਜਗਤ, ਜਾਗਰਤ ਜੋਤ ਜੋਤ ਰੁਸ਼ਨਾਈਆ । ਉਹ ਆਸਾ ਮਨਸਾ ਪੂਰੀ ਕਰੇ ਭਗਤ, ਭਗਵਾਨ ਵੇਖਣਹਾਰ ਬੇਪਰਵਾਹੀਆ । ਜਿਸ ਲੇਖੇ ਲਾਉਣੀ ਬੂੰਦ ਰਕਤ, ਵਜੂਦਾਂ ਰੰਗ ਚੜ੍ਹਾਈਆ । ਉਹ ਨਿਰਗੁਣ ਧਾਰ ਆਵੇ ਫ਼ਕਤ, ਫ਼ਿਕਰਾ ਢੋਲਾ ਇਕੋ ਇਕ ਗਾਈਆ । ਲਹਿਣਾ ਦੇਣਾ ਮੇਰਾ ਪੂਰਾ ਕਰੇ ਉਤੇ ਧਰਤ, ਧਰਨੀ ਧਵਲ ਧੌਲ ਕਹੇ ਮੈਂ ਨਿਵ ਨਿਵ ਲਾਗਾਂ ਪਾਈਆ । ਜਿਸ ਦੀ ਤੇਈ ਅਵਤਾਰਾਂ ਨਾਲ ਸ਼ਰਤ, ਪੈਗ਼ੰਬਰਾਂ ਗੁਰੂਆਂ ਲੇਖਾ ਗਿਆ ਦ੍ਰਿੜਾਈਆ । ਜੋਤੀ ਜਾਤਾ ਪੁਰਖ ਬਿਧਾਤਾ ਨਿਰਵੈਰ ਹੋ ਕੇ ਆਵੇ ਪਰਤ, ਪਤਿਪਰਮੇਸ਼ਵਰ ਅਗੰਮ ਅਥਾਹੀਆ । ਮਾਲਕ ਖ਼ਾਲਕ ਬਣ ਕੇ ਵਾਲੀ ਅਰਸ਼, ਅਰਸ਼ੀ ਪ੍ਰੀਤਮ ਦਇਆ ਕਮਾਈਆ । ਮੇਰੀ ਜੁਗ ਜੁਗ ਦੀ ਮੇਟੇ ਹਰਸ, ਕਲਜੁਗ ਅੰਤਮ ਆਸ਼ਾ ਪੂਰ ਕਰਾਈਆ । ਮਿਹਰਵਾਨ ਹੋ ਕੇ ਖਾਵੇ ਤਰਸ, ਹਰਿਮਤ ਆਪਣੀ ਨਾਲ ਤਰਾਈਆ । ਮੇਰਾ ਖ਼ੁਸ਼ੀਆਂ ਵਾਲਾ ਸੁਹੰਜਣਾ ਚੜ੍ਹਿਆ ਬਰਸ, ਸ਼ਹਿਨਸ਼ਾਹੀ ਵਜਦੀ ਰਹੇ ਵਧਾਈਆ । ਜੋ ਭਗਤਾਂ ਅੰਤਰ ਨਿਰੰਤਰ

੩੯੫
੨੪

ਅੰਮ੍ਰਿਤ ਮੇਘ ਦੇਵੇ ਬਰਸ, ਬੂੰਦ ਸਵਾਂਤੀ ਇਕ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਚ ਆਪ ਬਣਾਈਆ । ਧਰਨੀ ਕਹੇ ਮੇਰਾ ਖ਼ੁਸ਼ੀ ਬੰਦ ਬੰਦ, ਪਰਮ ਪੁਰਖ ਆਪ ਕਰਾਈਆ । ਦੇਵਣਹਾਰਾ ਸਚ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਿਸ ਲੇਖ ਵਖਾਉਣਾ ਤਾਰਾ ਚੰਦ, ਚੰਦ ਚਾਦਨਾ ਨਿਰਗੁਣ ਜੋਤ ਕਰੇ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਮੇਟਣਾ ਪੰਧ, ਸਤਿਜੁਗ ਸਤਿ ਧਰਮ ਪਰਗਟਾਈਆ । ਆਤਮ ਪਰਮਾਤਮ ਜਿਸ ਭਗਤਾਂ ਦੇਣਾ ਸੰਗ, ਸਗਲਾ ਸੰਗੀ ਇਕ ਅਖਵਾਈਆ । ਕਾਇਆ ਚੋਲੀ ਦੇਵੇ ਰੰਗ, ਦੋ ਜਹਾਨ ਰੰਗਤ ਉਤਰ ਕਦੇ ਨਾ ਜਾਈਆ । ਨਵ ਦੁਆਰ ਮੰਜ਼ਲ ਜਾਏ ਲੰਘ, ਪਰਦਾ ਪਰਦਿਆਂ ਵਿਚੋਂ ਉਠਾਈਆ । ਆਤਮ ਸੇਜ ਸੁਹਾਏ ਪਲੰਘ, ਸਚ ਸਿੰਘਾਸਣ ਸੋਭਾ ਪਾਈਆ । ਜਨ ਭਗਤਾਂ ਲਾ ਕੇ ਆਪਣੇ ਅੰਗ, ਅੰਗੀਕਾਰ ਆਪ ਅਖਵਾਈਆ । ਲਹਿਣਾ ਦੇਣਾ ਝੋਲੀ ਪਾ ਕੇ ਸਿੰਘ ਮੁਕੰਦ, ਮੁਕੰਦ ਮਨੋਹਰ ਲਖਮੀ ਨਰਾਇਣ ਕਾਹਨ ਕ੍ਰਿਸ਼ਨ ਦਾ ਪੂਰਬ ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਗਜੀਤ ਅਤੀਤ ਨੇਤਰ ਅੱਖ ਹੋਵਣ ਨਾ ਦੇਵੇ ਅੰਧ, ਅੰਧ ਅਗਿਆਨ ਦਾ ਪੰਧ ਮੁਕਾਈਆ । ਜਿਨ੍ਹਾਂ ਇਕ ਵਾਰ ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਗਾਇਆ ਛੰਦ, ਸੋ ਪੁਰਖ ਨਿਰੰਜਣ ਲੇਖਾ ਜਾਣੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਨਾਮ ਸ਼ਬਦ ਧੁਨ ਆਤਮਕ ਵਜਾਵਣਹਾਰ ਮਰਦੰਗ, ਜਿਸ ਦਾ
੩੬੬ ਤਾਨ ਸੁਣਨ ਕੋਇ ਨਾ ਪਾਈਆ । ੩੬੬

੨੪ ੨੪

✪ ੨੧ ਚੇਤ ਸ਼ਹਿਨਸ਼ਾਹੀ ਸੰਮਤ ੧੧ ਸੁਖਨਿੰਦਰ ਸਿੰਘ ਦੇ ਗ੍ਰਿਹ ੧੭੨੫ ਪੈਰਲ ਸਟਰੀਟ ਵਿਕਟੋਰੀਆ ਕਨੇਡਾ ✪

ਬਰਾਹ ਕਹੇ ਪ੍ਰਭੂ ਮੇਰੀ ਬੇਨੰਤੀ ਇਕ ਨਿੱਕੀ, ਨਿਰਾਕਾਰ ਨਿਰੰਕਾਰ ਤੇਰੇ ਚਰਨ ਕਵਲ ਟਿਕਾਈਆ । ਤੇਰੀ ਧਾਰ ਨਾਲ ਧਰਨੀ ਜਲਧਾਰਾ ਉਤੇ ਟਿਕੀ, ਜਲ ਥਲ ਮਹੀਅਲ ਤੇਰੀ ਵਜਦੀ ਰਹੇ ਵਧਾਈਆ । ਪੂਰਬ ਲੇਖਾ ਮੇਰਾ ਦਿਵਸ ਦਿਹਾੜਾ ਤਕ ਲੈ ਚੇਤ ਚੇਤਨ ਇੱਕੀ, ਇਕ ਇਕੱਲੇ ਤੇਰੀ ਬੇਪਰਵਾਹੀਆ । ਜਿਸ ਦੀ ਕ਼ਲਮ ਧਾਰ ਸ਼ਾਹੀ ਕ਼ਾਗਜ਼ ਲੇਖ ਨਹੀਂ ਲਿਖੀ, ਬ੍ਰਹਮਾ ਸੁਤ, ਸੰਤ ਕੁਮਾਰ ਨਾਲ ਰਖਾਈਆ । ਨਿਰਗੁਣ ਤੇਰਾ ਰੂਪ ਅਨੂਪ ਭੇਦ ਅਭੇਦ ਅਨਡਿੱਠੀ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਮੇਰੀ ਆਸ਼ਾ ਤੇਰੇ ਚਰਨ ਕਵਲ ਤੇਰੇ ਪਿਆਰ ਵਿਚ ਮਿਠੀ, ਮਿਠਾਸ ਰਸ ਸਮਝ ਕੋਇ ਨਾ ਪਾਈਆ । ਜਿਸ ਕਾਰਨ ਧਰਨੀ ਬਿਨ ਨੈਣਾ ਨੀਰ ਵਹਾ ਕੇ ਪਿੱਟੀ, ਪਾਟਲ ਤੇਰੇ ਅਗੇ ਸੀਸ ਨਿਵਾਈਆ । ਤੇਰੀ ਖੇਲ ਵੇਖ ਚਿੱਟੀ, ਚਾਰ ਜੁਗ ਦੇ ਮਾਲਕ ਆਪਣੀ ਖ਼ੁਸ਼ੀ ਬਣਾਈਆ । ਉਸ ਵੇਲੇ ਧੁਰ ਸ਼ਬਦ ਇਸ਼ਾਰਾ ਦਿਤਾ ਹਾਹੇ ਉਤੇ ਟਿੱਪੀ, ਸੋ ਪੁਰਖ ਨਿਰੰਜਣ ਪੜਦਾ ਆਪ ਚੁਕਾਈਆ । ਹੁਕਮੀ ਹੁਕਮ ਦੀਨ ਦੁਨੀ ਜਾਏ ਜਿੱਤੀ, ਹਾਰ ਜਿੱਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਬਰਾਹ ਕਹੇ ਪ੍ਰਭੂ ਤੇਰੀ ਕਿਰਪਾ ਮਿਲਿਆ ਉਧਾਰ, ਉਦਰ ਦਾ ਲੇਖਾ ਸਮਝ ਕੋਇ ਨਾ ਪਾਈਆ । ਮੇਰਾ ਰੂਪ ਅਨੂਪ ਅਪਾਰ, ਅਪਰੰਪਰ ਸੁਆਮੀ ਦਿਤੀ ਮਾਣ ਵਡਿਆਈਆ । ਧਰਨੀ ਜਲਧਾਰਾ ਵਿਚੋਂ ਆਈ

ਬਾਹਰ, ਧੂੜੀ ਤੇਰੇ ਚਰਨ ਕਵਲ ਖ਼ਾਕ ਰਮਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖ ਵਾਰੋ ਵਾਰ, ਤ੍ਰੈਗੁਣ ਅਤੀਤੇ ਠਾਂਡੇ ਸੀਤੇ ਤੇਰਾ ਖੇਲ ਅਗੰਮ ਅਥਾਹੀਆ ।
ਵਿਸ਼ਨੂੰ ਵਿਸ਼ਵ ਨਿਗਾਹ ਲਈ ਮਾਰ, ਬਿਨ ਨੇਤਰ ਲੋਚਨ ਨੈਣਾਂ ਅੱਖ ਉਠਾਈਆ । ਉੱਤਰ ਪੂਰਬ ਪੱਛਮ ਦੱਖਣ ਪਾਈ ਸਾਰ, ਮਹਾਸਾਰਥੀ ਦੋ ਜਹਾਨਾਂ
ਪੰਧ ਮੁਕਾਈਆ । ਧਰਨੀ ਕੂਕ ਕੀਤੀ ਪੁਕਾਰ, ਹੋਕਾ ਦਿਤਾ ਚਾਈਂ ਚਾਈਂਆ । ਮੇਰੇ ਮਿਹਰਵਾਨਾ ਮੇਰੀ ਪੈਜ ਸਵਾਰ, ਸਿਰ ਸਿਰ ਆਪਣਾ ਹੱਥ
ਰਖਾਈਆ । ਧੁਰ ਹੁਕਮ ਕੀਤਾ ਨਿਰੰਕਾਰ, ਨਿਰਵੈਰ ਦਿਤਾ ਜਣਾਈਆ । ਧਰਨੀਏ ਰਹਿਣਾ ਖ਼ਬਰਦਾਰ, ਬੇਖ਼ਬਰਾਂ ਅੱਖ ਉਠਾਈਆ । ਸਤਿਜੁਗ
ਤ੍ਰੇਤਾ ਦੁਆਪਰ ਕਲਜੁਗ ਬੀਤੇ ਵਿਚ ਸੰਸਾਰ, ਚਾਰ ਜੁਗ ਦੇ ਸਾਸ਼ਤਰ ਨਾਲ ਮਿਲਾਈਆ । ਸੰਦੇਸ਼ਾ ਦੇਵਣ ਤੇਈ ਅਵਤਾਰ, ਪੈਗ਼ੰਬਰ ਗੁਰ ਨਾਲ
ਮਿਲਾਈਆ । ਕਲਜੁਗ ਅੰਤ ਆਵੇ ਕਲ ਕਲਕੀ ਅਵਤਾਰ, ਨਿਹਕਲੰਕਾ ਨੂਰ ਅਲਾਹੀਆ । ਤੇਰਾ ਲਖਣ ਦੀਪ ਵੇਖੇ ਵੇਖਣਹਾਰ, ਆਪ ਆਪਣਾ
ਰੰਗ ਰੰਗਾਈਆ । ਕਰਤਾ ਪੁਰਖ ਦਏ ਅਧਾਰ, ਨਵ ਖੰਡ ਦਾ ਡੇਰਾ ਢਾਹੀਆ । ਤੂੰ ਲੈਣੀ ਸੁਰਤ ਸੰਭਾਲ, ਸੰਬਲ ਦਾ ਮਾਲਕ ਆਵੇ ਧੁਰਦਰਗਾਹੀਆ ।
ਜਿਸ ਲਹਿਣਾ ਦੇਣਾ ਮੇਟਣਾ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣੇ ਰੰਗ ਰੰਗਾਈਆ । ਭਗਤ ਸੁਹੇਲੇ ਵੇਖੇ ਲਾਲ, ਲਾਲਨ ਆਪਣਾ ਮੇਲ ਮਿਲਾਈਆ ।
ਤੇਰੀ ਕਰੇ ਭਾਲ, ਜਿਥੇ ਬਰਾਹ ਇਸ਼ਾਰਾ ਦੇ ਕੇ ਗਿਆ ਸਮਝਾਈਆ । ਫਲ ਲਗਾਏ ਧਰਮ ਦੇ ਡਾਲ, ਪੱਤ ਟਹਿਣੀ ਨਾਮ ਮਹਿਕਾਈਆ । ਆ
ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਬੇਪਰਵਾਹੀਆ । ਝਟ ਧਰਨੀ ਕੀਤਾ ਸਵਾਲ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ
੩੬੭ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਬਰਾਹ ਕਹੇ ਮੇਰਾ ਮਾਲਕ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ੩੬੭
੨੪ ਜਿਸ ਮੇਰੀ ਸੇਵਾ ਦਿਤੀ ਲਾ, ਨਿਰਗੁਣ ਸਰਗੁਣ ਰੂਪ ਪਰਗਟਾਈਆ । ਧੁਰ ਸ਼ਬਦ ਦਿਤੀ ਸਲਾਹ, ਸੰਦੇਸ਼ਾ ਇਕ ਸਮਝਾਈਆ । ਜਿਥੇ ਨਵ ੨੪
ਸੱਤ ਦਾ ਲੇਖਾ ਦਿਤਾ ਮੁਕਾ, ਮੁਕੰਮਲ ਖੇਲ ਜਣਾਈਆ । ਬਰਾਹ ਕਹੇ ਮੈਂ ਏਥੇ ਨੌ ਸੌ ਚੁਰਾਨਵੇ ਵਾਰ ਪ੍ਰਭੂ ਦਾ ਲਿਆ ਨਾਂ, ਤੂੰ ਮੇਰਾ ਮੈਂ ਤੇਰਾ
ਢੋਲਾ ਗਾਈਆ । ਸੋ ਸੁਹੰਜਣੀ ਧਰਨੀ ਧਵਲ ਧੌਲ ਧਰਤ ਸੁਹਾਏ ਥਾਂ, ਥਨੰਤਰ ਰੰਗ ਰੰਗਾਈਆ । ਜਨ ਭਗਤਾਂ ਪਕੜੇ ਬਾਂਹ, ਹੋਏ ਆਪ
ਸਹਾਈਆ । ਕਰੇ ਸਚ ਨਿਆਂ, ਅਦਲ ਇਨਸਾਫ਼ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ
ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਬਰਾਹ ਕਹੇ ਧਰਨੀ ਉਤੇ ਮੈਂ ਇਥੇ ਗਿਆ ਟਿਕ, ਵਕ਼ਤ ਸਮਝ ਨਾ ਕੋਇ ਸਮਝਾਈਆ । ਬਿਨ
ਆਸ਼ਾ ਗਿਆ ਲਿਟ, ਤਮੰਨਾ ਜਗਤ ਨਾ ਕੋਇ ਜਣਾਈਆ । ਮੈਨੂੰ ਹੁਕਮ ਹੋਇਆ ਕਲਜੁਗ ਅੰਤ ਖੇਲ ਹੋਣਾ ਸਟੈਂਡ ਸਿਟ, ਸਿਟੀਜ਼ਨ ਨਜ਼ਰ ਕੋਇ
ਨਾ ਆਈਆ । ਧਰਨੀ ਧਰਤ ਧਵਲ ਧੌਲ ਡੂੰਘਾ ਹੋਣਾ ਪਿਟ, ਪਿਟੀਸ਼ਨ ਚਲੇ ਨਾ ਜਗਤ ਲੋਕਾਈਆ । ਧੁਰ ਦੇ ਹੁਕਮ ਦੀ ਲਗਣੀ ਹਿਟ, ਹੀਟ
ਵਿਚ ਸੜੇ ਖ਼ਲਕ ਖ਼ੁਦਾਈਆ । ਸਤਿ ਧਰਮ ਨੇ ਕਰਨੀ ਰਿਟ, ਰਿਟਨ ਦਾ ਲੇਖਾ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਬਰਾਹ ਕਹੇ ਧਰਨੀ ਸੁਣ ਕੇ ਮਾਰੀ ਚੀਕ, ਰੋ ਰੋ ਦਿਤੀ ਦੁਹਾਈਆ ।
ਸਤਿਗੁਰ ਸ਼ਬਦ ਨੇ ਮਾਰੀ ਲੀਕ, ਲਾਇਨ ਐਨ ਦਿਤੀ ਵਖਾਈਆ । ਬਰਾਹ ਕਹੇ ਮੈਂ ਕੀਤੀ ਤਸਦੀਕ, ਸ਼ਹਾਦਤ ਸਚ ਵਾਲੀ ਭੁਗਤਾਈਆ । ਕਲਜੁਗ
ਕਹੇ ਅੰਤਮ ਰਖ ਉਡੀਕ, ਚਾਰ ਜੁਗ ਦਾ ਪੰਧ ਮੁਕਾਈਆ । ਤੇਰਾ ਵਕਤ ਆਏ ਨਜ਼ਦੀਕ, ਦੂਰ ਦੁਰਾਡਾ ਰਹੇ ਨਾ ਰਾਈਆ । ਜਿਸ ਦੇ ਵਿਚ

ਹਕ ਤੌਫ਼ੀਕ਼, ਉਹ ਮਾਲਕ ਧੁਰਦਰਗਾਹੀਆ । ਜੋ ਸਦਾ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਇਕ ਅਖਵਾਈਆ । ਲੱਖ ਚੁਰਾਸੀ ਪਰਖੇ ਨੀਤ, ਨੀਤੀਵਾਨ ਵਡ ਵਡਿਆਈਆ । ਜਨ ਭਗਤਾਂ ਦੇਵੇ ਚਰਨ ਪ੍ਰੀਤ, ਪ੍ਰੀਤਮ ਆਪਣਾ ਰੰਗ ਰੰਗਾਈਆ । ਉਸ ਵੇਲੇ ਧਰਨੀਏ ਤੂੰ ਮੇਰਾ ਮੈਂ ਤੇਰਾ ਹੋਏ ਗੀਤ, ਆਤਮ ਪਰਮਾਤਮ ਮਿਲ ਕੇ ਵਜੇ ਵਧਾਈਆ । ਤੇਰੀ ਅਗਨੀ ਕਰੇ ਠਾਂਢੀ ਸੀਤ, ਅੰਮ੍ਰਿਤ ਮੇਘ ਆਪਣਾ ਨਾਮ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਕਰਨੀ ਆਪ ਕਮਾਈਆ । ਬਰਾਹ ਕਹੇ ਧਰਨੀਏ ਤੈਨੂੰ ਸਭ ਨੇ ਕਹਿਣਾ ਧਰਤ ਧਵਲ ਧੌਲ, ਮਿੱਟੀ ਖ਼ਾਕ ਤੇਰੀ ਵਜੇ ਵਧਾਈਆ । ਮੈਂ ਤੇਰੇ ਨਾਲ ਕਰਾਂ ਕੌਲ, ਕਵਲ ਇਕ਼ਰਾਰ ਸਮਝ ਕੋਇ ਨਾ ਪਾਈਆ । ਮੇਰਾ ਸੁਣ ਅਗੰਮਾ ਬੋਲ, ਜੋ ਅਣਬੋਲਤ ਰਿਹਾ ਦ੍ਰਿੜਾਈਆ । ਜਿਸ ਵੇਲੇ ਕਲਜੁਗ ਅੰਤ ਕੂੜ ਦਾ ਵਜੇ ਢੋਲ, ਧਰਮ ਨਗਾਰਾ ਰਹਿਣ ਕੋਇ ਨਾ ਪਾਈਆ । ਗੋਬਿੰਦ ਰਸ ਰਿਹਾ ਨਾ ਪੌਲ, ਪਰਮ ਪੁਰਖ ਆਪਣਾ ਖੇਲ ਖਿਲਾਈਆ । ਕੋਝੀਏ ਕਮਲੀਏ ਅੰਤ ਆਵੇ ਤੇਰੇ ਕੋਲ, ਕਰਨੀ ਦਾ ਕਰਤਾ ਫੇਰਾ ਪਾਈਆ । ਜਿਸ ਦਾ ਲੇਖਾ ਕੋਈ ਸਮਝ ਸਕੇ ਨਾ ਪਾਂਧਾ ਰੌਲ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਸੋ ਸੁਆਮੀ ਅੰਤਰਜਾਮੀ ਪੂਰਾ ਤੋਲਣਹਾਰਾ ਤੋਲ, ਕੰਡਾ ਨਾਲ ਤਰਾਜ਼ੂ ਆਪਣਾ ਆਪ ਉਠਾਈਆ । ਲੱਖ ਚੁਰਾਸੀ ਅੰਤਸ਼ਕਰਨ ਨਿਰਗੁਣ ਧਾਰ ਲਏ ਫੋਲ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋਤੀ ਸਮੁੰਦ ਸਾਗਰ ਕਾਇਆ ਗਾਗਰ ਤਨ ਵਜੂਦਾਂ ਲਏ ਫੋਲ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਬਰਾਹ ਕਹੇ ਧਰਨੀਏ ਉਹ ਤਕ ਪ੍ਰਿਥੁ ਵਾਲੀ ਧਾਰ, ਨਾਵਾਂ ਅਵਤਾਰ ਖੇਲ ਖਿਲਾਈਆ । ਤੈਨੂੰ ਮਥਨ ਕਰੇ ਵਿਚ ਸੰਸਾਰ, ਸੰਸਾਰੀ ਭੰਡਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਤੇਰਾ ਰਸ ਤੇਰੇ ਵਿਚੋਂ ਕੱਢੇ ਬਾਹਰ, ਤੇਰੀ ਤੇਰੇ ਨਾਲ ਵਡਿਆਈਆ । ਉਹ ਵਕ਼ਤ ਸੁਹੰਜਣਾ ਜਿਸ ਦੀ ਪਾਵੇ ਕੋਈ ਨਾ ਸਾਰ, ਥਿਤ ਵਾਰ ਸਕੇ ਨਾ ਕੋਇ ਸਮਝਾਈਆ । ਜਲ ਧਾਰਾ ਜਿਸ ਦੀ ਹੋਵੇ ਸ਼ਿੰਗਾਰ, ਮਤਸ ਫੇਰ ਆਵੇ ਚਾਈਂ ਚਾਈਂਆ । ਇਥੇ ਨਿਗਾਹ ਲਏ ਮਾਰ, ਜਿਸ ਨੂੰ ਬ੍ਰਹਮੇ ਇਸ਼ਾਰੇ ਨਾਲ ਦਿਤਾ ਸਮਝਾਈਆ । ਜਿਸ ਧਰਤੀ ਦਾ ਨਾਮ ਇਥੇ ਲੱਖਣਾਂ ਵਾਲੀ ਧਾਰ, ਕੁਸ਼ਾ ਆਪਣੀ ਗੰਢ ਪੁਆਈਆ । ਜਿਸ ਦਾ ਲਹਿਣਾ ਦੇਣਾ ਲੇਖਾ ਸਭ ਤੋਂ ਬਾਹਰ, ਬਹਿਰਹਾਲ ਸਮਝ ਕੋਇ ਨਾ ਪਾਈਆ । ਨਿਗਾਹ ਮਾਰ ਲੈ ਕਲਜੁਗ ਆਪਣੀ ਕਲਾ ਲਏ ਧਾਰ, ਅਵਤਰ ਆਪਣਾ ਵੇਸ ਵਟਾਈਆ । ਜਿਸ ਨੂੰ ਸਾਰੇ ਕਰਨ ਨਿਮਸਕਾਰ, ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਉਹ ਆਵੇ ਤੇਰੇ ਦਰ ਦੁਆਰ, ਭਿਖਾਰਨੇ ਤੇਰੀ ਖਾਲੀ ਝੋਲੀ ਦਏ ਭਰਾਈਆ । ਧਰਨੀ ਕਹੇ ਮੈਂ ਚਰਨ ਕਵਲ ਜਾਵਾਂ ਬਲਹਾਰ, ਬਲ ਬਲ ਆਪਣਾ ਆਪ ਕਰਾਈਆ । ਬਰਾਹ ਨੇ ਕੂਕ ਕਿਹਾ ਪੁਕਾਰ, ਬਿਨ ਰਸਨਾ ਜਿਹਵਾ ਢੋਲਾ ਦਿਤਾ ਦ੍ਰਿੜਾਈਆ । ਤੂੰ ਉਸ ਦਾ ਰਖਣਾ ਇੰਤਜ਼ਾਰ, ਉਡੀਕਾਂ ਵਿਚ ਆਪਣਾ ਨੈਣ ਉਠਾਈਆ । ਜਿਸ ਨੇ ਪ੍ਰਿਥੁ ਨਾਲ ਕਰਨਾ ਪਿਆਰ, ਪ੍ਰਿਥਮੀ ਤੇਰਾ ਸੰਗ ਬਣਾਈਆ । ਮਤਸ ਸਮੁੰਦ ਸਾਗਰਾਂ ਵਿਚ ਲਏ ਉਧਾਰ, ਕਛਪ ਮਛ ਕਛ ਧਾਰ ਵਡਿਆਈਆ । ਮਿੰਦਰਾ ਪਰਬਤ ਚੁੱਕ ਆਪੇ ਭਾਰ, ਰਤਨ ਵਿਰੋਲੇ ਚੌਦਾਂ ਥਾਉਂ ਥਾਈਂਆ । ਚੌਦਾਂ ਲੋਕ ਦਏ ਅਧਾਰ, ਚੌਦਾਂ ਤਬਕ ਕਲਜੁਗ ਪੈਗ਼ੰਬਰਾਂ ਸੰਗ ਬਣਾਈਆ । ਚੌਧਵੀਂ ਸਦੀ ਅੰਤ ਸਭ ਦਾ ਲਹਿਣਾ ਦੇਣਾ ਦਏ ਨਿਵਾਰ, ਲੇਖਾ ਆਪਣੇ ਹੱਥ ਰਖਾਈਆ । ਨੂਰ ਨੁਰਾਨਾ ਨੂਰੀ ਨੂਰ ਹੋਵੇ ਉਜਿਆਰ, ਉਜਾਲਾ ਕਰੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪ ਬਣਾਈਆ । ਧਰਨੀ

੩੬੮
੨੪

ਕਹੇ ਮੇਰਾ ਪੁਰਾਤਨ ਨਾਮ ਲਖਣ ਦੀਪ ਵਿਚ ਲਿੰਕ, ਡੂੰਘੇ ਸਾਗਰਾਂ ਸੰਗ ਰਲਾਈਆ । ਵੇਦ ਵਿਆਸੇ ਲਿਖਿਆ ਸ਼ਾਹੀ ਨਾਲ ਇੰਕ, ਪੁਰਾਣ ਗਰੜ ਦਏ ਗਵਾਹੀਆ । ਇਹ ਲਹਿਣਾ ਦੇਣਾ ਲੇਖਾ ਹੋਇਆ ਸਾਰਾ ਨੌ ਮਿੰਟ, ਘੜੀ ਪਲ ਅਵਰ ਨਾ ਕੋਇ ਮਿਲਾਈਆ । ਜਿਸ ਨੂੰ ਕਰ ਸਕੇ ਨਾ ਕੋਈ ਹਿੰਟ, ਭੈ ਭਾਉ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧਰਨੀ ਕਹੇ ਬਰਾਹ ਇਸ਼ਾਰਾ ਕੀਤਾ ਤੇਰਾ ਨਿਰਗੁਣ ਧਾਰ ਨਾਲ ਹੋਣਾ ਲਿੰਕ, ਦੂਸਰਾ ਅਵਤਾਰ ਪੈਗ਼ੰਬਰ ਗੁਰ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਨਾਲ ਜੋੜੇ ਹੈਂਡ, ਹੱਥ ਹੱਥ ਨਾਲ ਮਿਲਾਈਆ । ਸ਼ਬਦ ਅਗੰਮੀ ਧੁਨ ਅਨਾਦਿ ਸੁਣਿਆ ਬੈਂਡ, ਰਾਗ ਰਾਗਨੀ ਬਾਹਰ ਸ਼ਨਵਾਈਆ । ਆਸ਼ਾ ਰਖੀ ਮੇਰੀ ਸੁਹੰਜਣੀ ਹੋਵੇ ਲੈਂਡ, ਲੈਂਡ ਮਾਰਕ ਬਰਾਹ ਗਿਆ ਲਗਾਈਆ । ਫੇਰ ਕਲਜੁਗ ਕੂੜੀ ਕਿਰਿਆ ਹੋਣਾ ਐਂਡ, ਇੰਡੈਕਸ ਵੇਖੇ ਖ਼ਲਕ ਖ਼ੁਦਾਈਆ । ਪਤਾ ਨਹੀਂ ਕੀ ਲੇਖਾ ਇਸ ਤੋਂ ਬਾਦ ਬੀਹਾਈਂਡ, ਮਿਹਰਵਾਨ ਆਪਣੀ ਕਾਰ ਕਮਾਈਆ । ਜਿਸ ਆਤਮ ਪਰਮਾਤਮ ਨਿਰਗੁਣ ਨਿਰਗੁਣ ਜੋਤੀ ਧਾਰ ਸੋਲ ਕਰਨਾ ਜਾਂਇਡ, ਜੁਜ਼ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਖੇਲ ਖਿਲਾਈਆ । ਧਰਨੀ ਕਿਹਾ ਮਤਸ ਮਾਰੀ ਬਿਨ ਨੇਤਰਾਂ ਨਿਗਾਹ ਅਗੰਮ, ਲੋਚਨ ਨਜ਼ਰ ਕੋਇ ਨਾ ਆਈਆ । ਇਸ਼ਾਰਾ ਕੀਤਾ ਬਿਨ ਸਵਾਸ ਦਮ, ਪਵਨ ਪਵਨ ਨਾ ਕੋਇ ਵਡਿਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਨਿਰੰਤਰ ਧਾਰ ਵੇਖੀ ਬ੍ਰਹਮ, ਪਾਰਬ੍ਰਹਮ ਆਪਣਾ ਸੰਗ ਰਖਾਈਆ । ਜੋ ਬਿਨਾ ਜਨਣੀ ਕੁੱਖ ਤੋਂ ਪਏ ਜੰਮ, ਚੁਰਾਸੀ ਸੰਗ ਨਾ ਕੋਇ ਰਖਾਈਆ । ਜੋ ਗਗਨ ਰਹਾਏ ਬਿਨਾ ਥੰਮ, ਗਗਨੰਤਰ ਆਪਣਾ ਹੁਕਮ ਵਰਤਾਈਆ । ਜਿਸ ਧਰਨੀਏ ਤੇਰੇ ਉਤੇ ਦੀਨ ਦੁਨੀ ਦਾ ਇਕੋ ਕਰਨਾ ਧਰਮ, ਧਰਮ ਦੀ ਧਾਰ ਇਕ ਸਮਝਾਈਆ । ਮਾਨਸ ਮਾਨਵ ਮਾਣੁਖ ਇਕੋ ਹੋਵੇ ਕਰਮ, ਕਰਮ ਕਾਂਡ ਦਾ ਡੇਰਾ ਢਾਹੀਆ । ਜਨ ਭਗਤਾਂ ਲੇਖੇ ਲਾਏ ਮਾਟੀ ਚਰਮ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਝਗੜਾ ਮੇਟੇ ਦੀਨ ਮਜ਼੍ਹਬ ਜ਼ਾਤ ਪਾਤ ਵਰਨ ਬਰਨ, ... ... ... ... ਸੰਗ ਨਾ ਕੋਇ ਰਖਾਈਆ । ਮਿਹਰਵਾਨ ਹੋ ਕੇ ਆਵੇ ਕਰਨੀ ਕਰਨ, ਕਰਤਾ ਪੁਰਖ ਆਪਣਾ ਵੇਸ ਵਟਾਈਆ । ਤੂੰ ਕੌਲ ਇਕਰਾਰ ਯਾਦ ਰਖਣਾ ਪ੍ਰਣ, ਪਰਮ ਪੁਰਖ ਦਏ ਸਮਝਾਈਆ । ਅੰਤ ਕੰਤ ਭਗਵੰਤ ਆਪਣੀ ਲਾਵੇ ਸ਼ਰਨ, ਸ਼ਰਨਗਤ ਇਕ ਸਮਝਾਈਆ । ਜਿਸ ਵੇਲੇ ਦੀਨ ਦੁਨੀ ਮਾਨਵ ਜ਼ਾਤੀ ਲੱਗੇ ਲੜਨ, ਸਾਂਤਕ ਸਤਿ ਨਾ ਕੋਇ ਵਰਤਾਈਆ । ਉਹ ਇਕ ਇਕੇਲਾ ਭਗਤ ਸੁਹੇਲਾ ਸਭ ਨੂੰ ਆਵੇ ਫੜਨ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜਨ ਭਗਤਾਂ ਅੰਤਰ ਨਿਰੰਤਰ ਮੰਜ਼ਲ ਆਵੇ ਚੜ੍ਹਨ, ਚੜ੍ਹਦਿਊਂ ਲਹਿੰਦਾ ਲਹਿੰਦਿਊਂ ਚੜ੍ਹਦਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਬੇਪਰਵਾਹੀਆ । ਧਰਨੀ ਕਹੇ ਮੇਰੀ ਨਮੋ ਨਮੋ ਨਿਮਸਕਾਰ, ਨਿਵ ਨਿਵ ਸੀਸ ਨਿਵਾਈਆ । ਜਿਸ ਵੇਲੇ ਆਏ ਮੇਰੇ ਦੁਆਰ, ਦੋ ਜਹਾਨਾ ਮਾਲਕ ਧੁਰਦਰਗਾਹੀਆ । ਮੈਂ ਚਰਨ ਧੂੜ ਲਾਵਾਂ ਛਾਰ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਜਿਸ ਕਲਜੁਗ ਅੰਤਮ ਕਰਨਾ ਅੰਤ ਕਿਨਾਰ, ਅੰਤਸ਼ਕਰਨ ਵੇਖੇ ਖ਼ਲਕ ਖ਼ੁਦਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋਵੇ ਜ਼ਾਹਰ, ਜ਼ਾਹਰ ਜ਼ਹੂਰ ਡਗਮਗਾਈਆ । ਜਿਸ ਚਰਨ ਛੁਹਾਉਣਾ ਮੇਰੇ ਅੰਤ ਕਿਨਾਰ, ਵਿਕਟੋਰੀਆ ਦੀ ਧਰਨੀ ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਮੈਂ ਸਦਾ ਸਦਾ ਸਦ ਤਕਦੀ ਰਹਾਂ ਸਹਾਰ, ਆਸ਼ਾ ਆਸ਼ਾ ਵਿਚੋਂ ਪਰਗਟਾਈਆ ।

੩੭੦
੨੪

ਪ੍ਰਭੁ ਬੋਲਣਾ ਸਚ ਜੈਕਾਰ, ਸ਼ਬਦੀ ਸ਼ਬਦ ਸ਼ਨਵਾਈਆ । ਉਹ ਸ਼ਾਹੋ ਭੂਪ ਆਵੇ ਅਵਤਾਰ, ਪੈਗ਼ੰਬਰਾਂ ਗੁਰੂਆਂ ਬਾਹਿਰਾ ਜੋਤੀ ਜਾਤਾ ਇਕ ਅਖਵਾਈਆ । ਜਿਸ ਖੇਲ ਖਲਾਉਣਾ ਭੇਵ ਚੁਕਾਉਣਾ ਪੁਰਖ ਨਾਰ, ਨਰ ਨਰਾਇਣ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਰਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਜੁਗ ਚੌਕੜੀ ਵਾਰੋ ਵਾਰ, ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਆਪਣਾ ਹੁਕਮ ਵਰਤਾਈਆ ।

✪ ੨੧ ਚੇਤ ਸ਼ਹਿਨਸ਼ਾਹੀ ਸੰਮਤ ੧੧ ਹਰਭਜਨ ਸਿੰਘ ਦੇ ਗ੍ਰਿਹ ਬੀ੦ ਸੀ੦ ਕਨੇਡਾ ✪

ਖੰਡ ਕਹੇ ਮੇਰਾ ਲੇਖਾ ਵਿਚ ਕੁਲਾ ਖੰਡ, ਲੱਖਣ ਦੀਪ ਨਾਲ ਵਡਿਆਈਆ । ਮੈਂ ਤਕੇ ਬਿਨ ਨੇਤਰ ਲੋਚਨ ਨੈਣ ਬ੍ਰਹਿਮੰਡ, ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਧਿਆਨ ਲਗਾਈਆ । ਨਿਗਾਹ ਮਾਰੀ ਜੇਰਜ ਅੰਡ, ਉਤਭੁਜ ਸੇਤਜ ਵੇਖ ਵਖਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਲੱਖ ਚੁਰਾਸੀ ਵੰਡੀ ਵੰਡ, ਚਾਰੇ ਖਾਣੀ ਸੋਭਾ ਪਾਈਆ । ਹਰ ਘਟ ਅੰਤਰ ਨਿਰੰਤਰ ਸੁਹਾ ਦੇ ਕੰਡ, ਗ੍ਰਿਹ ਮੰਦਰ ਅੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਖੰਡ ਕਹੇ ਮੇਰੇ ਅੰਤਰ ਨਿਰੰਤਰ ਮਿਠਾਸ, ਰਸ ਵੇਖਣ ਕੋਇ ਨਾ ਪਾਈਆ । ਮੈਂ ਪਰਮ ਪੁਰਖ ਪਰਮਾਤਮਾ ਦੀ ਤਕਾਂ ਰਾਸ, ਦੋ ਜਹਾਨਾ ਸੋਭਾ ਪਾਈਆ । ਮੇਰਾ ਲਹਿਣਾ ਦੇਣਾ ਮਾਨਸ ਮਾਨਵ ਮਾਨੁਖ ਰਸਨਾ ਜਿਹਵਾ ਪਵਨ ਸਵਾਸ, ਸਾਹ ਸਾਹ ਆਪਣਾ ਰੰਗ ਵਖਾਈਆ । ਕੀ ਇਸ਼ਾਰਾ ਦੇਵੇ ਮੈਨੂੰ ਉਤੇ ਕੈਲਾਸ਼, ਕਲਾਧਾਰੀ ਕੀ ਦ੍ਰਿੜਾਈਆ । ਨਿਗਾਹ ਮਾਰ ਵਿਚ ਪਰਭਾਸ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਸਮੁੰਦ ਸਾਗਰ ਧਿਆਨ ਲਗਾਈਆ । ਧਰਨੀ ਕਹੇ ਮੇਰੀ ਜੁਗ ਚੌਕੜੀ ਪੁਰਾਣੀ ਆਸ, ਬਰਾਹ ਇਸ਼ਾਰਾ ਦੇ ਕੇ ਗਿਆ ਜਣਾਈਆ । ਪ੍ਰਿਭੁ ਨੇ ਦੱਸੀ ਅਗੰਮੀ ਬਾਤ, ਬਾਤਨ ਪਰਦਾ ਪਰਦਿਆਂ ਵਿਚੋਂ ਚੁਕਾਈਆ । ਬਲ ਨੇ ਬਾਵਨ ਨਾਲ ਸੰਦੇਸ਼ਾ ਦਿਤਾ ਖ਼ਾਸ, ਜਿਸ ਦਾ ਲੇਖ ਕ਼ਲਮ ਸ਼ਾਹੀ ਕਾਗ਼ਜ਼ ਜਾਣੇ ਕੋਇ ਨਾ ਰਾਈਆ । ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਅਗੰਮ ਅਥਾਹ ਆਪਣਾ ਕਰੇ ਪ੍ਰਕਾਸ਼, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਆਪਣੇ ਵਿਚੋਂ ਸਮਝਾਈਆ । ਖੰਡ ਕਹੇ ਮੇਰਾ ਦੀਨ ਦੁਨੀ ਨਾਲ ਸਾਥ, ਸਗਲਾ ਸੰਗ ਬਣਾਈਆ । ਮੇਰਾ ਪਰਮ ਪੁਰਖ ਸਮਰਾਥ, ਹਰਿ ਕਰਤਾ ਧੁਰਦਰਗਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਚਲਾਵਣਹਾਰਾ ਰਾਥ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੇ ਹੁਕਮ ਵਿਚ ਚਲਾਈਆ । ਜਿਸ ਦੀ ਨਿਰਗੁਣ ਸਰਗੁਣ ਧਾਰ ਸ਼ਬਦ ਅਗੰਮੀ ਗਾਥ, ਨਿਰਅੱਖਰ ਧਾਰ ਵਿਚੋਂ ਅੱਖਰ ਅੱਖਰ ਪਰਗਟਾਈਆ । ਸੋ ਮਿਹਰਵਾਨ ਸ੍ਰੀ ਭਗਵਾਨ ਮੇਰਾ ਦੇਵੇ ਸਾਥ, ਸਗਲਾ ਸੰਗੀ ਬਹੁਰੰਗੀ ਆਪਣਾ ਰੰਗ ਰੰਗਾਈਆ । ਮੈਂ ਨਿਮਾਣੀ ਅਨਾਥਣ ਅਨਾਥ, ਦੀਨਨ ਹੋ ਕੇ ਸੀਸ ਝੁਕਾਈਆ । ਮੈਨੂੰ ਯਾਦ ਆ ਗਈ ਜੋ ਸੰਦੇਸ਼ਾ ਦਿਤਾ ਭਗਤ ਰਵੀਦਾਸ, ਕਬੀਰ ਕ਼ਬਰਾਂ ਤੋਂ ਬਾਹਰ ਸੁਣਾਈਆ । ਕੀ ਆਵਾਜ਼ ਦਿਤੀ ਮੁਹੰਮਦ ਦੀ ਤਤਾਂ ਵਾਲੀ ਲਾਸ਼, ਸਦੀ ਚੌਧਵੀਂ ਧਿਆਨ ਰਖਾਈਆ । ਈਸਾ ਗਲ ਲੈਣ ਲਗਿਆਂ

ਫਾਸ, ਇਸ਼ਾਰਾ ਕੀਤਾ ਵਲ ਨੂਰ ਅਲਾਹੀਆ । ਮੂਸਾ ਕੋਹਤੂਰ ਤੇ ਤਕ ਪਰਕਾਸ਼, ਬਿਨ ਨੇਤਰ ਲੋਚਨ ਨੈਣਾਂ ਨੈਣ ਗਿਆ ਬਿਗਸਾਈਆ । ਖੰਡ ਕਹੇ ਮੇਰਾ ਰੂਪ ਰੰਗ ਰੇਖ ਜਗਤ ਵਿਚ ਨਹੀਂ ਕੋਈ ਪਾਰਜਾਤ, ਜਾਤੀ ਸਮਝ ਕੋਇ ਨਾ ਆਈਆ । ਮੇਰੀ ਨਿਰਗੁਣ ਸਰਗੁਣ ਧਾਰ ਸਤਿਗੁਰ ਨਾਨਕ ਪੁਛੀ ਵਾਤ, ਬੇਵਤਨਾਂ ਦਾ ਮਾਲਕ ਹੋ ਕੇ ਆਪਣਾ ਵਤਨ ਦਏ ਵਡਿਆਈਆ । ਗੁਰ ਗੋਬਿੰਦ ਅੰਮ੍ਰਿਤ ਰਸ ਭਰਿਆ ਵਿਚ ਪਰਾਤ, ਖੰਡਾ ਖੜਗ ਸ਼ਸਤਰ ਧੁਰ ਦਾ ਨਾਮ ਨਾਮ ਨਾਲ ਰਖਾਈਆ । ਮੈਂ ਜੁਗ ਜੁਗ ਜਨ ਭਗਤਾਂ ਰਹੀ ਦਾਸੀ ਦਾਸ, ਨਿਤ ਨਵਿਤ ਸੇਵਕ ਹੋ ਕੇ ਸੇਵ ਕਮਾਈਆ । ਮੇਰੀ ਇਕ ਬੇਨੰਤੀ ਗੁਰਮੁਖਾਂ ਅਗੇ ਅਰਦਾਸ, ਬਿਨ ਰਸਨਾ ਜਿਹਵਾ ਦਿਆਂ ਦਰਸਾਈਆ । ਜਨ ਭਗਤੋ ਆਤਮ ਪਰਮਾਤਮ ਪਰਮਾਤਮ ਆਤਮ ਆਦਿ ਜੁਗਾਦਿ ਇਕੋ ਜ਼ਾਤ, ਦੂਜਾ ਵਰਨ ਨਜ਼ਰ ਕੋਇ ਨਾ ਆਈਆ । ਜਿਸ ਖੇਲ ਖਿਲਾਇਆ ਉਤੇ ਲੋਕਮਾਤ, ਧਰਨੀ ਧਰਤ ਧਵਲ ਧੌਲ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਖੰਡ ਕਹੇ ਮੈਂ ਮਿਲ ਜਾਵਾਂ ਵਿਚ ਦੁੱਧ, ਆਪਣਾ ਆਪ ਛੁਪਾਈਆ । ਮੇਰੇ ਅੰਤਸ਼ਕਰਨ ਪ੍ਰਭੂ ਪ੍ਰੇਮ ਦੀ ਧਾਰ ਪਏ ਕੁੱਦ, ਨੱਚੇ ਟੱਪੇ ਚਾਈਂ ਚਾਈਂਆ । ਮੈਨੂੰ ਖ਼ੁਸ਼ੀ ਹੋਈ ਏਸ ਧਰਨੀ ਉਤੇ ਬੇਸੁਧ, ਬਸੁਧਾ ਸ਼ੁਕਰ ਕਰ ਕੇ ਆਪਣੀ ਖ਼ੁਸ਼ੀ ਬਣਾਈਆ । ਜਿਸ ਗੁਰਮੁਖ ਨੇ ਪ੍ਰੇਮ ਨਾਲ ਪ੍ਰੇਮ ਵਿਚੋਂ ਪ੍ਰੇਮ ਦੀ ਧਾਰ ਦਿਤਾ ਦੁੱਧ, ਇਹ ਪ੍ਰਿਥ ਦਾ ਪਿਛਲਾ ਸਾਥੀ ਨਜ਼ਰੀ ਆਈਆ । ਇਸ ਦਾ ਲੇਖਾ ਨਹੀਂ ਕੋਈ ਨਾਲ ਲਕੜੀ ਵੁੱਡ, ਵੰਡਣ ਵੰਡ ਨਾ ਕੋਇ ਵੰਡਾਈਆ ।

ਪੁਰਾਤਨ ਦੀ ਧਾਰ ਸ਼ਬਦ ਦਾ ਉਧਾਰ ਲਹਿਣਾ ਦੇਣਾ ਪੂਰਬਲਾ ਸ਼ੁੱਡ, ਪਰਮ ਪੁਰਖ ਦਾ ਲਹਿਣਾ ਚਲਿਆ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਵਿਚ ਮਿਲਾਈਆ । ਖੰਡ ਕਹੇ ਮੇਰਾ ਦੁੱਧ ਵਿਚ ਹੋਇਆ ਮਿਲਾਪ, ਆਪ ਆਪਾ ਦਿਤਾ ਮਿਟਾਈਆ । ਮੇਰਾ ਰਿਹਾ ਨਾ ਤੀਨੋ ਤਾਪ, ਰਜੋ ਤਮੋ ਸਤੋ ਦਾ ਸੰਗ ਨਾ ਕੋਇ ਜਣਾਈਆ । ਮੇਰਾ ਆਪਣਾ ਆਪ ਨਾ ਕੋਈ ਰਿਹਾ ਮਾਈ ਬਾਪ, ਜਗਤ ਸੰਗੀ ਸੰਗ ਨਾ ਕੋਇ ਰਖਾਈਆ । ਮੇਰਾ ਮਾਲਕ ਖ਼ਾਲਕ ਪ੍ਰਿਤਪਾਲਕ ਪਾਰਬ੍ਰਹਮ ਪਤਿਪਰਮੇਸ਼ਵਰ ਮੇਰੀ ਪੁਛੇ ਵਾਤ, ਵਾਤਾਵਰਨ ਜੋ ਤਕੇ ਖ਼ਲਕ ਖ਼ੁਦਾਈਆ । ਜਿਸ ਨੇ ਦੁੱਧ ਦੀ ਧਾਰ ਵਿਚ ਮੇਰੀ ਮਿਲਾ ਦਿਤੀ ਜ਼ਾਤ, ਜੋਤੀ ਜਾਤਾ ਆਪਣਾ ਰੰਗ ਰੰਗਾਈਆ । ਮੈਂ ਹੋ ਗਈ ਇਕ ਇਕਾਂਤ, ਦਰਸ਼ਨ ਕਰਿਆ ਇਕ ਇਕੱਲੇ ਧੁਰ ਦੇ ਮਾਹੀਆ । ਜਿਸ ਦਾ ਖੇਲ ਬਹੁ ਬਿਧ ਭਾਂਤ, ਜੁਗ ਚੌਕੜੀ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮਾਲਕ ਇਕ ਅਖਵਾਈਆ । ਖੰਡ ਕਹੇ ਮੈਂ ਗੁਰਮੁਖਾਂ ਦੇ ਅੰਦਰ ਜਾਵਾਂ ਲੰਘ, ਦੁੱਧ ਵਿਚ ਆਪਣਾ ਆਪ ਮਿਲਾਈਆ । ਸਚ ਧਾਰ ਦਾ ਵੇਖਾਂ ਰੰਗ, ਜਿਸ ਦੀ ਰੰਗਤ ਜਗਤ ਵੇਖਣ ਨਜ਼ਰ ਕੋਇ ਨਾ ਪਾਈਆ । ਫੇਰ ਤੱਕਾਂ ਸਚ ਸਿੰਘਾਸਣ ਆਤਮਾ ਉਤੇ ਪਲੰਘ, ਜਿਸ ਦੀ ਘਾੜਤ ਬਾਡੀ ਨਾ ਕੋਇ ਘੜਾਈਆ । ਫਿਰ ਸੁਰਤੀ ਸ਼ਬਦੀ ਡੋਰੀ ਤੱਕਾਂ ਪਤੰਗ, ਜੋ ਅੰਤਰ ਨਿਰੰਤਰ ਉਡੇ ਚਾਈਂ ਚਾਈਂਆ । ਮੇਰੀ ਇਕੋ ਆਸ਼ਾ ਇਕੋ ਮੰਗ, ਇਕੋ ਇਕ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹਿ ਇਕ ਵਖਾਈਆ । ਖੰਡ ਕਹੇ ਜਨ ਭਗਤਾਂ ਮੈਂ ਜਾਵਾਂ ਕਾਇਆ ਅੰਦਰ, ਤਨ ਵਜੂਦ ਸੋਭਾ ਪਾਈਆ । ਮੈਂ ਵੇਖਾਂ ਸਾਢੇ ਤਿੰਨ ਹੱਥ ਦਾ ਮੰਦਰ, ਨਵ ਦਵਾਰਿਆਂ ਖੋਜ ਖੁਜਾਈਆ । ਬਜਰ ਕਪਾਟੀ ਤੱਕਾਂ ਜੰਦਰ, ਬਿਨ ਅੱਖਾਂ ਅੱਖ

ਉਠਾਈਆ । ਅੰਧੇਰਾ ਵੇਖਾਂ ਡੂੰਘੀ ਕੰਦਰ, ਸੂਰੀਆ ਚੰਦ ਨਾ ਕੋਇ ਰੁਸ਼ਨਾਈਆ । ਫੇਰ ਪਰਮ ਪੁਰਖ ਨੂੰ ਇਕੋ ਕਰਾਂ ਬੰਦਨ, ਬਿਨ ਮਸਤਕ ਸੀਸ ਸੀਸ ਨਿਵਾਈਆ । ਮੇਰੇ ਸਾਹਿਬ ਸੁਆਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਸਭ ਦੇ ਅੰਤਰ ਦੇਣਾ ਅਨੰਦਨ, ਅਨੰਦ ਅਨੰਦ ਵਿਚੋਂ ਪਰਗਟਾਈਆ । ਨਾਮ ਨਿਧਾਨ ਨੌਜਵਾਨ ਮਰਦ ਮਰਦਾਨ ਜੋ ਨਿਰਗੁਣ ਧਾਰ ਹੋ ਕੇ ਜੁਗ ਜੁਗ ਆਵੇ ਵੰਡਣ, ਦਾਤਾ ਦਾਨੀ ਹੋ ਕੇ ਆਪ ਵਰਤਾਈਆ । ਵੇਖੀਂ ਖੰਡ ਕਹੇ ਪ੍ਰਭੂ ਮੇਰਾ ਲੇਖਾ ਕਰੀਂ ਨਾ ਖੰਡਣ, ਖੰਡ ਖੰਡ ਹੋ ਕੇ ਆਪ ਆਪਾ ਤੇਰੇ ਭੇਟ ਕਰਾਈਆ । ਬੇਸ਼ਕ ਜੁਗ ਚੌਕੜੀਆਂ ਕੇਤੇ ਲੰਘਣ, ਭੱਜਣ ਵਾਹੋ ਦਾਹੀਆ । ਪਰ ਮੇਰਾ ਲੇਖਾ ਬਣਿਆ ਰਹੇ ਨਾਲ ਤਤ ਪੰਜਣ, ਪੰਚਮ ਸ਼ਬਦ ਧੁਨ ਨਾਦ ਸੁਣਦੀ ਰਹਾਂ ਸ਼ਨਵਾਈਆ । ਜੋਤੀ ਜਾਤੇ ਪੁਰਖ ਬਿਧਾਤੇ ਮੇਰੇ ਮਾਲਕ ਆਦਿ ਨਿਰੰਜਣ, ਨਰ ਨਰਾਇਣ ਤੇਰੀ ਓਟ ਰਖਾਈਆ । ਤੂੰ ਸਦਾ ਸਦਾ ਕਿਰਪਾਲੂ ਦੀਨ ਦਰਦ ਦੁਖ ਭੈ ਭੰਜਣ, ਭਵ ਸਾਗਰਾਂ ਪਾਰ ਕਰਾਈਆ । ਮੇਰਾ ਪਿਆਰ ਵਿਚ ਪਿਆਰ ਤੇਰੀ ਚਾੜ੍ਹ ਰੰਗਣ, ਰੰਗਤ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਰ ਦਾਤੇ ਤੇਰੇ ਹੱਥ ਵਡਿਆਈਆ ।

## ੨੧ ਚੇਤ ਸ਼ਹਿਨਸ਼ਾਹੀ ਸੰਮਤ ੧੧ ਦਵਿੰਦਰ ਸਿੰਘ ਚੌਹਾਨ ਦੇ ਗ੍ਰਹਿ ੪੦੬੪ ਸੀਡਰ ਹਿਲ ਕਰਾਸ ਰੋਡ ਵਿਕਟੋਰੀਆ ਕਨੇਡਾ


੩੭੨
੨੪

ਧਰਨੀ ਕਹੇ ਮੇਰੇ ਉਤੇ ਦਿਵਸ ਦਿਹਾੜਾ ਇੱਕੀ ਚੇਤ, ਚੇਤਨ ਨਵ ਸੱਤ ਦੀਨ ਦੁਨੀ ਦਿਆਂ ਕਰਾਈਆ । ਪਰਮ ਪੁਰਖ ਪਰਮਾਤਮ ਮਿਹਰਵਾਨਾ ਮੇਰੇ ਨਾਲ ਕਰ ਹੇਤ, ਹਿਤਕਾਰੀ ਏਕੰਕਾਰੀ ਹੋ ਕੇ ਵੇਖ ਵਖਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਮੇਰੇ ਉਤੇ ਜੁਗ ਚੌਕੜੀ ਲੰਘ ਗਏ ਕੇਤ, ਕੇਤੇ ਵਿਸ਼ਨ ਬ੍ਰਹਮਾ ਸ਼ਿਵ ਆਪਣਾ ਪੰਧ ਮੁਕਾਈਆ । ਜੁਗ ਚੌਕੜੀ ਹੁੰਦੇ ਗਏ ਖੇਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਅਵਤਾਰ ਪੈਗ਼ੰਬਰ ਗੁਰ ਤੇਰਾ ਬੋਧ ਅਗਾਧ ਦਾ ਦੱਸਦੇ ਗਏ ਭੇਤ, ਨਿਰਅੱਖਰ ਧਾਰ ਅੱਖਰਾਂ ਵਿਚ ਸਮਾਈਆ । ਪਰਮ ਪੁਰਖ ਪਰਮਾਤਮ ਭੇਵ ਖੁਲ੍ਹਾ ਦੇ ਆਪਣਾ ਕੇਤਨ ਕੇਤ, ਨਿਜ ਨੇਤਰ ਲੋਚਨ ਨੈਣ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਕੇਤੇ ਜੁਗ ਗਏ ਲੰਘ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਮੇਰੀ ਨਵ ਨਵ ਚਾਰ ਦੀ ਮੰਗ, ਨੌ ਸੌ ਚੁਰਾਨਵੇ ਚੌਕੜੀ ਜੁਗ ਦੇਣ ਗਵਾਹੀਆ । ਮੈਂ ਸੁਣਨਾ ਚਾਹੁੰਦੀ ਤੇਰੇ ਨਾਮ ਨਿਧਾਨ ਦਾ ਅਗੰਮ ਮਰਦੰਗ, ਜਿਸ ਦੀ ਸੁਰ ਤਾਲ ਸਮਝ ਕੋਇ ਨਾ ਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਭੇਵ ਖੁਲ੍ਹਾ ਦੇ ਬ੍ਰਹਮ ਹੰ, ਨਿਰਗੁਣ ਆਪਣਾ ਨੂਰ ਚਮਕਾਈਆ । ਤਨ ਵਜੂਦ ਮਾਟੀ ਖ਼ਾਕ ਪੰਜ ਤਤ ਦੇ ਰੰਗ, ਸਤਿ ਸਤਿਵਾਦੀ ਆਪਣਾ ਸੰਗ ਬਣਾਈਆ । ਜਨ ਭਗਤਾਂ ਆਤਮ ਸੇਜ ਸੁਹਾ ਪਲੰਘ, ਸਿੰਘਾਸਣ ਆਸਣ ਇਕ ਵਡਿਆਈਆ । ਨਿਝਰ ਝਿਰਨਾ ਅੰਮ੍ਰਿਤ ਧਾਰ ਵਹਾ ਦੇ ਗੰਗ, ਗੰਗਾ ਗੋਦਾਵਰੀ ਜਮਨਾ ਸੁਰਸਤੀ ਲੋੜ ਰਹੇ ਨਾ ਰਾਈਆ । ਸਤਿ ਸਤਿਵਾਦੀ ਸੁਰਤੀ ਸ਼ਬਦ ਦੇ ਅਨੰਦ, ਅਨੰਦਪੁਰ ਵਾਸੀ ਮੇਲਾ ਮੇਲਣਾ ਸਹਿਜ ਸੁਭਾਈਆ । ਪਰਮ ਪੁਰਖ ਨਿਰਵੈਰ ਹੋ ਕੇ ਬਦਲ ਕੰਡ, ਕਰਵਟ

ਆਪਣੀ ਆਪ ਵਟਾਈਆ । ਮੇਰੇ ਉਤੋਂ ਦੂਈ ਦੁਵੈਤ ਸ਼ਰਅ ਦੀ ਢਾਹ ਦੇ ਕੰਧ, ਵਿਕਾਰ ਹੰਕਾਰ ਵਿਭਚਾਰ ਰਹਿਣ ਕੋਇ ਨਾ ਪਾਈਆ । ਕਲਜੁਗ ਕੂੜ ਕੁੜਿਆਰ ਮੇਟ ਦੇ ਪੰਧ, ਸਤਿਜੁਗ ਸਚ ਸਚ ਵਰਤਾਈਆ । ਤੂੰ ਮੇਰਾ ਮੈਂ ਤੇਰਾ ਦੀਨ ਦੁਨੀ ਗਾਵੇ ਛੰਦ, ਸੋ ਪੁਰਖ ਨਿਰੰਜਣ ਤੇਰੀ ਵਜਦੀ ਰਹੇ ਵਧਾਈਆ । ਪੰਚ ਵਿਕਾਰ ਏਕੰਕਾਰ ਕਰ ਦੇ ਖੰਡ ਖੰਡ, ਖੰਡਾ ਖੜਗ ਨਾਮ ਉਠਾਈਆ । ਭੇਦ ਖੁਲ੍ਹਾ ਦੇ ਆਪਣਾ ਆਪ ਬ੍ਰਹਿਮੰਡ, ਬ੍ਰਹਿਮਾਂਡ ਦਾ ਡੇਰਾ ਢਾਹੀਆ । ਨਿਗਾਹ ਮਾਰ ਲੈ ਜੇਰਜ ਅੰਡ, ਉਤਭੁਜ ਸੇਤਜ ਖੋਜ ਖੁਜਾਈਆ । ਧਰਨੀ ਕਹੇ ਮੇਰੇ ਉਤੇ ਕੋਟਨ ਕੋਟ ਜੁਗ ਗਏ ਹੰਢ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਵਖਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸ਼ਾ ਵੇਖ ਬਹੁਭਾਂਤੀ, ਭੇਵ ਅਭੇਦ ਸਮਝ ਕੋਇ ਨਾ ਪਾਈਆ । ਨਿਗਾਹ ਮਾਰ ਲੋਕਮਾਤੀ, ਮਤਾ ਅਵਤਾਰ ਪੈਗ਼ੰਬਰਾਂ ਗੁਰੂਆਂ ਨਾਲ ਮਿਲਾਈਆ । ਚਾਰੋਂ ਕੁੰਟ ਤਕ ਲੈ ਹੋਈ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਝਗੜਾ ਵੇਖ ਲੈ ਜ਼ਾਤ ਪਾਤੀ, ਦੀਨ ਮਜ਼੍ਹਬ ਕਰੇ ਲੜਾਈਆ । ਅੰਮ੍ਰਿਤ ਬੂੰਦ ਬਖ਼ਸ਼ੇ ਨਾ ਕੋਇ ਸਵਾਂਤੀ, ਸਾਂਤਕ ਸਤਿ ਨਾ ਕੋਇ ਕਰਾਈਆ । ਸ਼ਰਅ ਸ਼ਰਅ ਦੀ ਹੋਈ ਘਾਤੀ, ਘਾਇਲ ਦਿਸੇ ਖ਼ਲਕ ਖ਼ੁਦਾਈਆ । ਤੁਧ ਬਿਨ ਪੁਛੇ ਕੋਇ ਨਾ ਵਾਤੀ, ਸਿਰ ਸਿਰ ਹੱਥ ਨਾ ਕੋਇ ਟਿਕਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਬਣੇ ਨਾ ਕੋਇ ਜਮਾਤੀ, ਅਨਭਵ ਭੇਵ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ ।

੩੭੩ ੨੪ ਧਰਨੀ ਕਹੇ ਤੇਈ ਅਵਤਾਰ ਮੇਰੇ ਉਤੇ ਧਰੇ ਧਿਆਨ, ਬਿਨ ਤਤਾਂ ਧਿਆਨ ਲਗਾਈਆ । ਸ਼ਾਸਤਰਾਂ ਰਿਹਾ ਨਾ ਕੋਇ ਗਿਆਨ, ਅਗਨੀ ਅੱਗ ਨਾ ਕੋਇ ਬੁਝਾਈਆ । ਚਾਰੋਂ ਕੁੰਟ ਕਲਜੁਗ ਕੂੜ ਫਿਰੇ ਸ਼ੈਤਾਨ, ਸ਼ਰਅ ਸ਼ਰਅ ਨਾਲ ਟਕਰਾਈਆ । ਸਾਬਤ ਰਿਹਾ ਨਾ ਕਿਸੇ ਈਮਾਨ, ਸਦੀ ਚੌਧਵੀਂ ਕੂਕ ਕੂਕ ਸੁਣਾਈਆ । ਪੈਗ਼ੰਬਰੋ ਹੋਵੋ ਨਿਗਹਬਾਨ, ਮੂਸਾ ਈਸਾ ਮੁਹੰਮਦ ਆਪਣਾ ਸੰਗ ਬਣਾਈਆ । ਕਾਇਨਾਤ ਕਰੋ ਪਹਿਚਾਨ, ਬੇਪਹਿਚਾਨ ਹੋ ਕੇ ਵੇਖੋ ਥਾਉਂ ਥਾਈਂਆ । ਨਵ ਸੱਤ ਮੈਂ ਖ਼ਾਕ ਰਹੀ ਛਾਣ, ਮਿਟੀ ਧੂੜੀ ਖ਼ਾਕ ਨਾ ਕੋਇ ਰਮਾਈਆ । ਆਪਣਾ ਭਵਿਖਤ ਬਿਨਾ ਲਿਖਤ ਤੋਂ ਵੇਖੋ ਬਿਆਨ, ਬਿਨਾ ਅੱਖਰਾਂ ਅੱਖਰ ਜੋੜ ਜੁੜਾਈਆ । ਮੈਂ ਸਚ ਸੰਦੇਸ਼ਾ ਇਕੋ ਇਕ ਆਈ ਸੁਣਾਉਣ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਮੇਰੇ ਉਤੇ ਧਰਮ ਦੀ ਧਾਰ ਰਿਹਾ ਨਾ ਕੋਇ ਨਿਸ਼ਾਨ, ਨਿਸ਼ਾਨਾ ਦੀਨ ਦੁਨੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਢੇ ਆਸ ਰਖਾਈਆ । ਧਰਨੀ ਕਹੇ ਪੈਗ਼ੰਬਰੋ ਨਿਗਾਹ ਮਾਰੋ ਵਜ਼ੀਉਲ ਜ਼ਵਾ ਜੋਕੁਸਤੇ ਦਵਾ ਨੂਰੇ ਖ਼ੁਦਾ ਮਜ਼ੀਉਲ ਅਬਾਅ ਮਹਿਬੂਬ ਬੇਪਰਵਾਹੀਆ । ਤੁਹਾਡਾ ਤੁਹਾਡੇ ਨਾਲੋਂ ਹੋਵੇ ਜੁਦਾ, ਜੁਜ਼ ਵਖਰਾ ਵੰਡ ਵੰਡਾਈਆ । ਨਵ ਸੱਤ ਬ੍ਰਹਮ ਮਤ ਰਿਹਾ ਨਾ ਕੋਇ ਰਹਿਨੁਮਾ, ਅੱਲਾ ਹੂ ਅੰਨਾ ਹੂ ਸੰਗ ਨਾ ਕੋਇ ਬਣਾਈਆ । ਮੇਰੀ ਸਭ ਦੇ ਅਗੇ ਦੁਆ, ਦਸਤ ਬਦਸਤ ਆਪਣਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਮੇਰੇ ਨਾਨਕ ਗੋਬਿੰਦ ਧਾਰ, ਦਹਿ ਦਿਸ਼ਾ ਵੇਖ ਵਖਾਈਆ । ਮੇਰੀ ਬੇਨੰਤੀ ਅਗੰਮ ਪੁਕਾਰ, ਬਿਨ ਰਸਨਾ ਜਿਹਵਾ ਦਿਆਂ ਸੁਣਾਈਆ । ਨਵ ਸੱਤ ਵੇਖੇ ਵਿਭਚਾਰ, ਕੂੜੀ ਕਿਰਿਆ ਵਿਚ ਕੁਰਾਈਆ । ਸਤਿ ਸਚ ਸੋਹੇ ਨਾ ਕੋਇ ਦੁਆਰ, ਮੰਜ਼ਲ ਹਕ ਨਾ ਕੋਇ ਜਣਾਈਆ । ਧਰਮ ਦਾ ਪੰਧ ਹੋਇਆ ਦੁਸ਼ਵਾਰ, ਮਾਰਗ ਸਚ ਨਾ

ਕੋਇ ਰਖਾਈਆ । ਮੈਂ ਰੋਵਾਂ ਜ਼ਾਰੋ ਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਜੋਤੀ ਜਾਤੇ ਪੁਰਖ ਬਿਧਾਤੇ ਖੇਲ ਕਰਾਉਣਾ ਅਗੰਮ ਅਪਾਰ, ਅਲਖ ਅਗੋਚਰ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਢੇ ਆਸ ਰਖਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਤੁਸੀਂ ਵੇਖੋ ਬਿਨਾ ਨੈਣਾਂ, ਜੋਤੀ ਧਾਰ ਧਿਆਨ ਲਗਾਈਆ । ਮੁਸ਼ਕਲ ਹੋ ਗਿਆ ਮੇਰੇ ਉਤੇ ਦੀਨ ਦੁਨੀ ਦਾ ਰਹਿਣਾ, ਦਰੋਹੀ ਤੇਰਾ ਨਾਮ ਖ਼ੁਦਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਭ ਨੇ ਉਸ ਦਾ ਭਾਣਾ ਸਹਿਣਾ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਨੇ ਦੀਨ ਦੁਨੀ ਦਾ ਲਹਿਣਾ ਦੇਣਾ ਦੇਣਾ, ਝੋਲੀ ਸਭ ਦੀ ਆਪ ਭਰਾਈਆ । ਨਾਲ ਇਸ਼ਾਰਾ ਤਕ ਲੈ ਜੋ ਬਾਲਮੀਕ ਦਿਤਾ ਵਿਚ ਰਮਾਇਣਾ, ਰਾਮ ਦੀ ਰਾਮ ਰਾਮ ਦੁਹਾਈਆ । ਕਲਜੁਗ ਅੰਤ ਬੁਰਜ ਹੰਕਾਰੀ ਢਹਿਣਾ, ਮਿੱਟੀ ਖ਼ਾਕ ਖ਼ਾਕ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੇਰਾ ਦਿਵਸ ਹੋਏ ਸੁਹਾਵਣਾ, ਸੋਹਣੀ ਮਿਲੇ ਵਡਿਆਈਆ । ਮੇਰੀ ਪੂਰੀ ਕਰ ਭਾਵਨਾ, ਭਾਵਨਾ ਭਗਤਾਂ ਨਾਲ ਰਖਾਈਆ । ਜੋਤੀ ਜਾਤੇ ਪਕੜ ਦਾਮਨਾ, ਦਾਮਨਗੀਰ ਨੂਰ ਅਲਾਹੀਆ । ਮੇਰੀ ਚਾਰ ਜੁਗ ਦੀ ਕਾਮਨਾ, ਕਾਮਲ ਮੁਰਸ਼ਦ ਪੂਰ ਕਰਾਈਆ । ਜੋ ਇਸ਼ਾਰਾ ਕੀਤਾ ਬਲ ਨੂੰ ਬਾਵਨਾ, ਬਲ ਦੁਆਰ ਦਏ ਗਵਾਹੀਆ । ਜੋ ਸੰਦੇਸ਼ਾ ਦਿਤਾ ਅਰਜਨ ਕ੍ਰਿਸ਼ਨਾ ਕਾਹਨਨਾ, ਅੱਖਰ ਅੱਖਰ ਨਾਲ ਜੁੜਾਈਆ । ਜਿਸ ਕਾਰਨ ਮੂਸਾ ਨੂਰ ਨੂਰ ਚਮਕਾਵਣਾ, ਕੋਹਤੂਰ ਡਗਮਗਾਈਆ । ਈਸਾ ਤਤ ਵਜੂਦ ਪਾ ਕੇ ਫ਼ਾਹੰਦਣਾ, ਫਾਸੀ ਫ਼ੈਸਲਾ ਹਕ ਸੁਣਾਈਆ । ਮੁਹੰਮਦ ਜ਼ਜ਼ੀਉਲ ਜ਼ਮਾ ਨਾਕੁਸ਼ਤੇ ਨਵਾਂ ਅਰਸ਼ੇ ਵਜਾਂ ਨੂਜ਼ੇ ਨਜ਼ਾਵਨਾ, ਨੂਰੇ ਨੂਰ ਨੂਰ ਅਲਾਹੀਆ । ਨਾਨਕ ਕਿਹਾ ਪਤਿਤ ਪਾਵਨਾ, ਪਰਮ ਪੁਰਖ ਅਗੰਮ ਅਥਾਹੀਆ । ਗੋਬਿੰਦ ਕਹਿ ਕੇ ਸ਼ਾਹ ਸੁਲਤਾਨਨਾ, ਸੁਤ ਦੁਲਾਰਾ ਹੋ ਕੇ ਸੀਸ ਨਿਵਾਈਆ । ਧਰਨੀਏ ਤੇਰਾ ਲੇਖਾ ਕਲਜੁਗ ਅੰਤਮ ਜਿਸ ਮੁਕਾਵਣਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਜਿਸ ਦਾ ਸੋਹਲਾ ਢੋਲਾ ਨੌ ਖੰਡ ਪ੍ਰਿਥਮੀ ਇਕੋ ਗਾਵਣਾ, ਤੂੰ ਮੇਰਾ ਮੈਂ ਤੇਰਾ ਦੂਸਰ ਸੰਗ ਨਾ ਕੋਇ ਜਣਾਈਆ । ਉਹ ਖੇਲ ਕਰੇ ਭਗਵਾਨਨਾ, ਭਗਵਨ ਦੇਵਣਹਾਰ ਵਡਿਆਈਆ । ਜਿਸ ਨੂੰ ਕਹਿੰਦੇ ਪਤਿਤ ਪਾਵਨਾ, ਪਤਿਪਰਮੇਸ਼ਵਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਗ੍ਰਿਹਿ ਇਕ ਸੁਹਾਈਆ । ਇੱਕੀ ਚੇਤ ਕਹੇ ਮੇਰਾ ਦਿਵਸ ਦਿਹਾੜਾ ਧਰਨੀ ਧਰਤ, ਧਵਲ ਧੌਲ ਦਿਆਂ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਜਿਸ ਦੀ ਸਭ ਦੇ ਨਾਲ ਸ਼ਰਤ, ਸ਼ਰਅ ਸ਼ਰੀਅਤ ਸੰਗ ਰਖਾਈਆ । ਸੋ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਵੇ ਪਰਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦਾ ਲਹਿਣਾ ਦੇਣਾ ਆਦਿ ਜੁਗਾਦਿ ਦੋ ਜਹਾਨਾਂ ਉਤੇ ਅਰਸ਼, ਅਰਸ਼ੀ ਪ੍ਰੀਤਮ ਇਕ ਅਖਵਾਈਆ । ਉਹ ਤੇਰੀ ਮੇਟੇ ਹਰਸ, ਹਵਸ ਪੂਰ ਦਏ ਕਰਾਈਆ । ਮਿਹਰਵਾਨ ਹੋ ਕੇ ਕਰੇ ਤਰਸ, ਰਹਿਮਤ ਸਤਿ ਸਚ ਕਮਾਈਆ । ਜਿਸ ਦਾ ਖ਼ੁਸ਼ੀਆਂ ਵਾਲਾ ਹੋਵੇ ਬਰਸ, ਸੁਹੰਜਣੀ ਘੜੀ ਤੇਰੇ ਨਾਲ ਮਿਲਾਈਆ । ਨਿਰਗੁਣ ਧਾਰ ਹੋ ਕੇ ਦੇਵੇ ਦਰਸ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ । ਇੱਕੀ ਚੇਤ ਕਹੇ ਧਰਨੀਏ ਮੇਰਾ ਸਤਿ ਸਚ ਦਿਹਾੜਾ, ਦਿਉਹੜੀ ਸੀਸ ਨਿਵਾਈਆ । ਮੇਰਾ ਸੁਆਮੀ ਠਾਕਰ ਧੁਰ ਦਾ ਲਾੜਾ, ਦੋ ਜਹਾਨਾ ਇਕ ਅਖਵਾਈਆ । ਜੋ ਚਾੜ੍ਹਨਹਾਰਾ

ਰੰਗ ਗਾੜ੍ਹਾ, ਆਦਿ ਜੁਗਾਦਿ ਉਤਰ ਕਦੇ ਨਾ ਜਾਈਆ । ਤੇਰੇ ਉਤੇ ਵੇਖੇ ਕੂੜ ਅਖਾੜਾ, ਨਵ ਖੰਡ ਖੋਜ ਖੁਜਾਈਆ । ਅਗਨੀ ਤਤੀ ਤਕ ਹਾੜਾ, ਤਨ ਮਾਟੀ ਖ਼ਾਕ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਧਰਨੀ ਕਹੇ ਪ੍ਰਭੂ ਮੈਨੂੰ ਮੇਰਾ ਦੇ ਦੇ ਹਕ, ਹਕ਼ੀਕ਼ਤ ਪਿਛਲੀ ਨਾਲ ਮਿਲਾਈਆ । ਸਚਖੰਡ ਨਿਵਾਸੀ ਨਿਗਾਹਬਾਨ ਹੋ ਕੇ ਤਕ, ਤਕਵਾ ਤੇਰੇ ਉਤੇ ਰਖਾਈਆ । ਮੈਂ ਕਲਜੁਗ ਅੰਤਮ ਗਈ ਥਕ, ਥਕਾਵਟ ਵਿਚ ਮੇਰੀ ਦੁਹਾਈਆ । ਮੇਰੀ ਦੁਰਮਤ ਮੈਲ ਕਟ, ਕਟਾਕਸ਼ ਆਪਣਾ ਨਾਮ ਲਗਾਈਆ । ਸਤਿ ਧਰਮ ਦਾ ਖੋਲ੍ਹ ਦੇ ਹੱਟ, ਵਸਤ ਇਕੋ ਨਾਮ ਵਰਤਾਈਆ । ਝਗੜਾ ਰਹੇ ਨਾ ਤੀਰਥ ਤਟ, ਜਲ ਸਾਗਰਾਂ ਵੰਡ ਨਾ ਕੋਇ ਵੰਡਾਈਆ । ਪਵਿਤ੍ਰ ਕਰ ਦੇ ਮਾਨਵ ਜ਼ਾਤੀ ਬੁਧਿ ਮਤਿ, ਮਨ ਮਮਤਾ ਦੂਰ ਕਰਾਈਆ । ਭਾਗ ਲਗਾ ਦੇ ਪੰਜ ਤਤ, ਤਤਵ ਆਪਣਾ ਭੇਵ ਖੁਲ੍ਹਾਈਆ । ਮੈਂ ਸ਼ਰਨ ਸ਼ਰਨਾਈ ਤੇਰੀ ਜਾਣਾ ਢਠ, ਢਹਿ ਢਹਿ ਧੂੜੀ ਖ਼ਾਕ ਰਮਾਈਆ । ਪਰਮ ਪੁਰਖ ਸਤਿ ਧਰਮ ਦੀ ਉਲਟੀ ਗੇੜ ਦੇ ਲਠ, ਕਲਜੁਗ ਕੂੜ ਕੂੜ ਮਿਟਾਈਆ । ਮੈਂ ਪੰਧ ਮੁਕਾਇਆ ਨਠ ਨਠ, ਭੱਜੀ ਵਾਹੋ ਦਾਹੀਆ । ਉਹ ਤਕ ਲੈ ਨੇਤਰ ਰੋਂਦੇ ਤੀਰਥ ਅਠਸਠ, ਬਿਨ ਅੱਖੀਆਂ ਹੰਝੂਆਂ ਹਾਰ ਬਣਾਈਆ । ਫਿਰੀ ਦਰੋਹੀ ਮੰਦਰ ਮਸਜਿਦ ਸ਼ਿਵਦਵਾਲੇ ਮਠ, ਗੁਰੂਦੁਆਰ ਗੁਰਦੇਵ ਸਾਰ ਕੋਇ ਨਾ ਪਾਈਆ । ਨੌ ਖੰਡ ਪ੍ਰਿਥਮੀ ਮੇਰਾ ਖੇੜਾ ਹੋਇਆ ਭਠ, ਸਾਂਤਕ ਸਤਿ ਨਾ ਕੋਇ ਵਰਤਾਈਆ । ਧਰਮ ਦਾ ਬੁਰਜ ਗਿਆ ਢਠ, ਕਲਜੁਗ ਡੰਕਾ ਕੂੜ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਨਾਮ ਵਰਤਾਈਆ । ਚੇਤ ਕਹੇ ਧਰਨੀਏ ਸੋ ਪੁਰਖ ਨਿਰੰਜਣ ਦਇਆ ਕਮਾਵੇਗਾ । ਹਰਿ ਪੁਰਖ ਨਿਰੰਜਣ ਵੇਖ ਵਖਾਵੇਗਾ । ਏਕੰਕਾਰਾ ਰੰਗ ਰੰਗਾਵੇਗਾ । ਆਦਿ ਨਿਰੰਜਣ ਡਗਮਗਾਵੇਗਾ । ਅਬਿਨਾਸ਼ੀ ਕਰਤਾ ਭੇਵ ਖੁਲ੍ਹਾਵੇਗਾ । ਸ੍ਰੀ ਭਗਵਾਨ ਪੜਦਾ ਆਪ ਉਠਾਵੇਗਾ । ਪਾਰਬ੍ਰਹਮ ਪ੍ਰਭ ਆਪਣਾ ਸੰਗ ਨਿਭਾਵੇਗਾ । ਸਤਿਗੁਰ ਸ਼ਬਦ ਸ਼ਬਦ ਜਣਾਵੇਗਾ । ਬਿਨ ਜਨਣੀ ਰੂਪ ਪਰਗਟਾਵੇਗਾ । ਮਾਤ ਪਿਤ ਨਾ ਕੋਇ ਰਖਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਵੇਗਾ । ਪੰਜਾਂ ਤਤਾਂ ਵੰਡ ਵੰਡਾਵੇਗਾ । ਜੇਰਜ ਅੰਡਾਂ ਵੇਖ ਵਖਾਵੇਗਾ । ਉਤਭੁਜ ਸੇਤਜ ਰਾਹ ਵਖਾਵੇਗਾ । ਚਾਰੇ ਬਾਣੀ ਸ਼ਬਦ ਅਲਾਵੇਗਾ । ਪਰਾ ਪਸੰਤੀ ਮਧਮ ਬੈਖਰੀ ਤੇਰੀ ਧਾਰ ਦ੍ਰਿੜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਵੇਗਾ । ਪਰਮ ਪੁਰਖ ਪ੍ਰਭ ਦਇਆ ਕਮਾਏਗਾ । ਤੇਈ ਅਵਤਾਰ ਨਾਲ ਮਿਲਾਏਗਾ । ਪੈਗ਼ੰਬਰਾਂ ਧੁਰ ਦੀ ਗੰਢ ਨਾਲ ਰਖਾਏਗਾ । ਨਾਨਕ ਗੋਬਿੰਦ ਅੰਗ ਜੁੜਾਏਗਾ । ਖੇਲ ਕਰਕੇ ਵਿਚ ਭਾਰਤ ਹਿੰਦ, ਨਵ ਖੰਡ ਵੇਖ ਵਖਾਏਗਾ । ਤੇਰੀ ਸਗਲੀ ਲਾਹੇ ਚਿੰਦ, ਚਿੰਤਾ ਚਿਖਾ ਵਿਚ ਸੁਟਾਏਗਾ । ਯੋਧਾ ਸੂਰਬੀਰ ਬਣ ਮਰਗਿੰਦ, ਪੁਰਖ ਅਕਾਲਾ ਹੁਕਮ ਵਰਤਾਵੇਗਾ । ਭਗਤ ਸੁਹੇਲੇ ਬਣਾ ਕੇ ਆਪਣੀ ਬਿੰਦ, ਬਿੰਦਰਾਬਨ ਦੇ ਵਾਸੀ ਦਾ ਲੇਖਾ ਪੂਰ ਕਰਾਏਗਾ । ਤੂੰ ਨੇਤਰ ਮੂਲ ਨਾ ਵਹਾਈ ਹਿੰਞ, ਅੰਮ੍ਰਿਤ ਮੇਘ ਆਪ ਬਰਸਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪੜਦਾ ਆਪ ਉਠਾਏਗਾ । ਚੇਤ ਕਹੇ ਧਰਨੀਏ ਤੂੰ ਸੁਣ ਅਗੰਮਾ ਬੋਲ, ਅਣਬੋਲਤ ਕੀ ਜਣਾਈਆ । ਜਿਸ ਚੌਦਾਂ ਤਬਕਾਂ ਤੋਲਣਾ ਤੋਲ, ਚੌਦਾਂ ਲੋਕ ਨਾਮ ਕੰਡੇ ਉਤੇ ਟਿਕਾਈਆ । ਜਿਸ ਦਾ ਸ਼ਬਦ ਅਨਾਦੀ ਵਜਣਾ ਢੋਲ, ਦੋ ਜਹਾਨ ਕਰੇ ਸ਼ਨਵਾਈਆ ।

ਤੇਰੇ ਉਤੇ ਅੰਤ ਕੰਤ ਭਗਵੰਤ ਦੀਨ ਦੁਨੀ ਕਰਾ ਕੇ ਘੋਲ, ਲੇਖਾ ਮੇਟੇ ਥਾਉਂ ਥਾਈਆ । ਜਨ ਭਗਤਾਂ ਅੰਤਰ ਜਾਏ ਮੌਲ, ਮੌਲਾ ਹੋ ਕੇ ਵੇਖ
ਵਖਾਈਆ । ਉਹ ਤਕ ਲੈ ਜੋ ਬਾਵਨ ਨਾਲ ਕੀਤਾ ਬਲ ਕੌਲ, ਇਕ਼ਰਾਰ ਪਿਛਲਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਮੈਂ ਆਦਿ ਜੁਗਾਦਿ ਦੀ ਮੰਗਤੀ, ਮਾਂਗਤ ਹੋ
ਕੇ ਝੋਲੀ ਡਾਹੀਆ । ਮੇਰਾ ਲੇਖਾ ਨਹੀਂ ਜਗਤ ਵਿਦਿਆ ਨਾਲ ਪੰਡਤੀ, ਸ਼ਾਸਤਰ ਸੰਗ ਨਾ ਕੋਇ ਬਣਾਈਆ । ਮੈਂ ਵਣਜਾਰਨ ਨਹੀਂ ਕੋਈ ਅੰਨ
ਦੀ, ਮਿੱਟੀ ਖ਼ਾਕ ਸੋਭਾ ਪਾਈਆ । ਮੈਂ ਸਰੋਤੀ ਨਹੀਂ ਕੰਨ ਦੀ, ਸਰਵਣਾਂ ਵਜਦੀ ਰਹੇ ਵਧਾਈਆ । ਮੈਨੂੰ ਆਸ਼ਾ ਨਹੀਂ ਸੂਰੀਆ ਚੰਦ ਦੀ, ਮੰਡਲ
ਮੰਡਪ ਨਾ ਕੋਇ ਚਤੁਰਾਈਆ । ਮੈਂ ਧਾਰ ਨਹੀਂ ਕੋਈ ਬ੍ਰਹਮ ਦੀ, ਤਨ ਵਜੂਦਾਂ ਵਿਚ ਜੰਮੇ ਤੇ ਮਰ ਜਾਈਆ । ਮੇਰੀ ਖ਼ੁਸ਼ੀ ਨਹੀਂ ਕੋਈ ਗ਼ਮ ਦੀ,
ਚਿੰਤਾ ਵਿਚ ਨਾ ਕੋਇ ਕੁਰਲਾਈਆ । ਮੈਂ ਵਣਜਾਰਨ ਉਸ ਰਾਮ ਦੀ, ਜੋ ਰਮਈਆ ਇਕ ਅਖਵਾਈਆ । ਮੈਂ ਪਿਆਰੀ ਉਸ ਕਾਹਨ ਦੀ, ਜਿਸ
ਨੂੰ ਘਨਈਆ ਦੇ ਕੇ ਗਿਆ ਵਡਿਆਈਆ । ਮੈਂ ਉਦਾਹਰਨ ਉਸ ਮਿਹਰਵਾਨ ਦੀ, ਜੋ ਮਹਿਬੂਬ ਨੂਰ ਅਲਾਹੀਆ । ਮੈਂ ਵਣਜਾਰਨ ਸਤਿ ਨਾਮ
ਦੀ, ਜੋ ਨਾਨਕ ਨਿਰਗੁਣ ਸਰਗੁਣ ਗਿਆ ਦ੍ਰਿੜਾਈਆ । ਮੇਰੀ ਆਸ਼ਾ ਗੋਬਿੰਦ ਵਾਲੀ ਪਰਨਾਮ ਦੀ, ਬਿਨ ਸੀਸ ਸੀਸ ਜਗਦੀਸ ਝੁਕਾਈਆ ।
ਮੇਰੀ ਆਵਾਜ਼ ਨਹੀਂ ਕੋਈ ਅੱਖਰਾਂ ਵਾਲੀ ਕਲਾਮ ਦੀ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਮੈਂ ਪਿਆਸੀ ਉਸ ਅਮਾਮ ਦੀ, ਜਿਸ ਨੂੰ ਪੈਗ਼ੰਬਰਾਂ
 ਕਿਹਾ ਨੂਰ ਅਲਾਹੀਆ । ਮੈਂ ਵਣਜਾਰਨ ਇਕ ਪੈਗ਼ਾਮ ਦੀ, ਜੋ ਬਿਨ ਰਸਨਾ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ੩੭੬
੨੪ ਕਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਇਕ ਵਰਤਾਈਆ । ਧਰਨੀ ਕਹੇ ਮੇਰਾ ਵਕਤ ਸੁਹਾਵਾ, ਸੋਹਣੀ ਮਿਲੀ ਵਡਿਆਈਆ । ਮੈਂ ਇਕੋ ੨੪
ਗੋਬਿੰਦ ਗੁਣ ਗਾਵਾਂ, ਗਾ ਗਾ ਖ਼ੁਸ਼ੀ ਬਣਾਈਆ । ਪੁਰਖ ਅਕਾਲਾ ਕੰਤ ਰਾਵਾਂ, ਦੂਸਰ ਸੇਜ ਨਾ ਕੋਇ ਹੰਢਾਈਆ । ਇਕੋ ਸਾਹਿਬ ਦੇ ਬਲ
ਬਲ ਜਾਵਾਂ, ਚਰਨ ਕਵਲ ਜੋ ਦੇਵੇ ਮਾਣ ਵਡਿਆਈਆ । ਇਕੋ ਢੋਲਾ ਗੀਤ ਨਾਮ ਨਿਧਾਨਾ ਗਾਵਾਂ, ਜਿਸ ਦੀ ਚਾਰ ਜੁਗ ਦੇ ਸ਼ਾਸਤਰ ਸਿਫ਼ਤਾਂ
ਨਾਲ ਸਿਫ਼ਤੀ ਦੇਣ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਵਸਤ ਇਕ ਵਰਤਾਈਆ ।
ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਮਾਰੋ ਝਾਕੀ, ਮੇਰੇ ਉਤੇ ਨੈਣ ਉਠਾਈਆ । ਸਚਖੰਡ ਦੁਆਰ ਦੀ ਖੋਲ੍ਹੋ ਤਾਕੀ, ਦਰਗਾਹ ਸਾਚੀ
ਪਰਦਾ ਲਓ ਚੁਕਾਈਆ । ਕੀ ਹਾਲਤ ਹੋਈ ਬੰਦਾ ਖ਼ਾਕੀ, ਬੰਦਗੀ ਵਿਚ ਨਾ ਕੋਇ ਸਮਾਈਆ । ਆਪਣਾ ਆਪਣਾ ਲਹਿਣਾ ਤਕੋ ਬਾਕੀ, ਸਦੀ
ਬੀਸਵੀਂ ਚੌਧਵੀਂ ਨਾਲ ਮਿਲਾਈਆ । ਗੋਬਿੰਦ ਢਈਏ ਵਾਲੀ ਤਕ ਲੈ ਹਾਟੀ, ਬਿਨ ਅੱਖਾਂ ਅੱਖ ਖੁਲ੍ਹਾਈਆ । ਝਗੜਾ ਪਿਆ ਤਨ ਵਜੂਦ ਮਾਟੀ,
ਅੰਗੀਕਾਰ ਨਾ ਕੋਇ ਅਖਵਾਈਆ । ਸਾਚੀ ਮੰਜ਼ਲ ਚੜ੍ਹੇ ਕੋਇ ਨਾ ਘਾਟੀ, ਸਚ ਦੁਆਰ ਨਜ਼ਰ ਕਿਸੇ ਨਾ ਆਈਆ । ਮਸਤਕ ਨੂਰ ਰਿਹਾ ਨਾ
ਕੋਇ ਲਲਾਟੀ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ
ਤੇਰੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੇਰੀ ਇਕ ਅਲਖ, ਅਗੋਚਰ ਦਿਆਂ ਜਣਾਈਆ । ਕਲਜੁਗ ਅੰਤ ਮੇਰੀ ਪਤ ਰਖ, ਪਤਿਪਰਮੇਸ਼ਵਰ
ਦਇਆ ਕਮਾਈਆ । ਮੇਰੇ ਉਤੇ ਜੀਵਾਂ ਜੰਤਾਂ ਸਾਧਾਂ ਸੰਤਾਂ ਕਾਇਆ ਮਾਟੀ ਭਾਂਡੇ ਹੋਏ ਸਖ, ਵਸਤ ਨਾਮ ਵਿਚ ਨਾ ਕੋਇ ਟਿਕਾਈਆ । ਨਵ

ਸੱਤ ਚਾਰ ਕੁੰਟ ਦਹਿ ਦਿਸ਼ਾ ਭਾਉਂਦੇ ਸਖ, ਲੱਖਣ ਦੀਪ ਮੇਰੀ ਦਏ ਗਵਾਹੀਆ । ਆਦਿ ਜੁਗਾਦਿ ਸਭ ਕੁਝ ਤੇਰੇ ਹੱਥ, ਹੱਥ ਬੰਨ੍ਹ ਕੇ ਸੀਸ ਨਿਵਾਈਆ । ਤੂੰ ਸਰਬ ਕਲਾ ਸਮਰਥ, ਦੇਵਣਹਾਰ ਬੇਪਰਵਾਹੀਆ । ਤੇਰੀ ਮਹਿੰਮਾ ਸਦਾ ਅਕਥ, ਕਥਨੀ ਕਥ ਨਾ ਕੋਇ ਸਕੇ ਰਾਈਆ । ਤੇਰੇ ਚਰਨ ਕਵਲ ਨਿਰਗੁਣ ਧਾਰ ਜਾਵਾਂ ਢਠ, ਸਰਗੁਣ ਰੂਪ ਨਾ ਕੋਇ ਦਰਸਾਈਆ । ਮੇਰੇ ਉਤੋਂ ਝਗੜਾ ਮੇਟਣਾ ਵਿਚ ਸਾਲ ਅੱਠ, ਅਗੇ ਆਯੂ ਨਾ ਕੋਇ ਵਧਾਈਆ । ਤੂੰ ਵਸਣਹਾਰਾ ਘਟ ਘਟ, ਹਰ ਘਟ ਰਿਹਾ ਸਮਾਈਆ । ਤੇਰਾ ਖੇਲ ਆਦਿ ਜੁਗਾਦਿ ਬਾਜ਼ੀਗਰ ਨਟ, ਸਵਾਂਗੀ ਤੇਰਾ ਸਵਾਂਗ ਸਮਝ ਕੋਇ ਨਾ ਪਾਈਆ । ਮੇਰੀ ਕੂੜ ਕਿਰਿਆ ਡੋਰੀ ਕਟ, ਸ਼ਰਅ ਛੁਰੀ ਰਹੇ ਨਾ ਕੋਇ ਕਸਾਈਆ । ਤੇਰਾ ਜੋਤੀ ਨੂਰ ਤੱਕਾਂ ਲਟ ਲਟ, ਚਾਰੋ ਕੁੰਟ ਨਜ਼ਰੀ ਆਈਆ । ਸਤਿ ਧਰਮ ਖੁਲ੍ਹਾ ਦੇ ਹੱਟ, ਸਚ ਵਸਤ ਨਾਮ ਵਰਤਾਈਆ । ਉਹ ਤਕ ਮੁਹੰਮਦ ਦੀ ਸਦੀ ਚੌਧਵੀਂ ਰਹੀ ਟਪ, ਟਾਪੂ ਸਾਰੇ ਰਹੇ ਕੁਰਲਾਈਆ । ਬੀਸਵੀਂ ਦਾ ਲੇਖਾ ਦੇਣਾ ਠੱਪ, ਠੱਪਾ ਮੋਹਰ ਆਪਣਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਸੁਣੋ ਮੇਰੀ ਬੇਨੰਤੀ, ਬਿਨਾ ਹੱਥਾਂ ਮੰਗ ਮੰਗਾਈਆ । ਨਿਰਗੁਣ ਧਾਰ ਦੀ ਅਗੰਮੀ ਪੜ੍ਹੋ ਪੰਗਤੀ, ਜਿਸ ਦਾ ਲੇਖ ਲਿਖ ਸਕੇ ਕੋਇ ਨਾ ਕ਼ਲਮ ਸ਼ਾਹੀਆ । ਜਿਸ ਵਿਚ ਆਸ਼ਾ ਨਹੀਂ ਕੋਈ ਮਨ ਦੀ, ਮਮਤਾ ਮੋਹ ਨਾ ਕੋਇ ਜਣਾਈਆ । ਨਾਲੇ ਧਾਰ ਤਕ ਗੋਬਿੰਦ ਚੰਨ ਦੀ, ਜੋ ਨੂਰ ਨੁਰਾਨਾ ਡਗਮਗਾਈਆ । ਜਿਸ ਖੇਲ ਵੇਖਣੀ ਛੱਪਰ ਛੰਨ ਦੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਸੰਗ ਆਪ ਨਿਭਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਧਰਨੀਏ ਆ ਵੇਖ ਸਾਡੇ ਭਵਿਖਤ, ਪੇਸ਼ੀਨਗੋਈਆਂ ਨਾਲ ਮਿਲਾਈਆ । ਚਾਰ ਜੁਗ ਦੇ ਸ਼ਾਸਤਰਾਂ ਵਾਲੀ ਲਿਖਤ, ਅੱਖਰ ਅੱਖਰ ਦਏ ਗਵਾਹੀਆ । ਅੰਤ ਸਾਬਤ ਰਹਿਣਾ ਨਹੀਂ ਕਿਸੇ ਦਾ ਇਸ਼ਟ, ਇਸ਼ਟ ਦੇਵ ਨਾ ਕੋਇ ਮਨਾਈਆ । ਬੁੱਧੀ ਸਭ ਦੀ ਹੋਣੀ ਭਰਿਸ਼ਟ, ਭਰਮਾਂ ਭੁੱਲੇ ਕੂੜ ਲੋਕਾਈਆ । ਜੋ ਸੰਦੇਸ਼ਾ ਰਾਮ ਨੂੰ ਦਿਤਾ ਵਸ਼ਿਸ਼ਟ, ਵਿਸ਼ਿਆਂ ਤੋਂ ਬਾਹਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਅਵਤਾਰ ਪੈਗ਼ੰਬਰ ਕਹਿਣ ਧਰਨੀਏ ਸਾਡਾ ਵਕ਼ਤ ਅਖ਼ੀਰੀ, ਨਿਰਅੱਖਰ ਧਾਰ ਦ੍ਰਿੜਾਈਆ । ਸਾਡਾ ਮਾਲਕ ਖ਼ਾਲਕ ਏਕੰਕਾਰ ਸ਼ਹਿਨਸ਼ਾਹ ਅਗੰਮ ਅਮੀਰੀ, ਅਮਰਾਪਦ ਦਾ ਮਾਲਕ ਇਕ ਅਖਵਾਈਆ । ਜਿਸ ਅੰਤ ਸ਼ਰਅ ਦੀ ਤੋੜਨੀ ਜ਼ੰਜੀਰੀ, ਖੰਡਾ ਖੜਗ ਨਾਮ ਚਮਕਾਈਆ । ਲੇਖਾ ਮੁਕਾਉਣਾ ਸ਼ਾਹ ਹਕੀਰੀ, ਊਚਾਂ ਨੀਚਾਂ ਇਕੋ ਦਰ ਸੁਹਾਈਆ । ਉਸ ਦਾ ਆਉਂਣਾ ਹੋਵੇ ਤਕ਼ਦੀਰੀ, ਤਕ਼ਦੀਰ ਸਭ ਦੀ ਦਏ ਬਦਲਾਈਆ । ਜੋ ਧਰਮ ਦੀ ਧਾਰ ਦੱਸੇ ਫ਼ਕੀਰੀ, ਫ਼ਿਕਰਾ ਇਕੋ ਨਾਮ ਸੁਣਾਈਆ । ਜੋ ਆਸ਼ਾ ਰਖੀ ਕਬੀਰੀ, ਰਵੀਦਾਸ ਧਿਆਨ ਲਗਾਈਆ । ਉਸ ਦਾ ਨੂਰ ਤਕ ਬੇਨਜ਼ੀਰੀ, ਨਜ਼ਰਾਂ ਤੋਂ ਉਹਲੇ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਗੁਰ ਅਵਤਾਰ ਪੈਗ਼ੰਬਰੋ ਮੈਨੂੰ ਦਿਓ ਦਿਲਾਸਾ, ਪੁਰਖ ਪੁਰਖੋਤਮ ਹੱਥ ਟਿਕਾਈਆ । ਮੈਂ ਪ੍ਰਿਥਵੀਂ ਤਕਾਂ ਉਤੇ ਅਕਾਸ਼ਾ, ਆਕਾਸ਼ ਅਕਾਸ਼ਾਂ ਫੋਲ ਫੁਲਾਈਆ । ਮੰਡਲਾਂ ਤੋਂ ਪਰੇ ਵੇਖਾਂ ਰਾਸਾ, ਬਿਨ ਗੋਪੀ ਕਾਹਨ ਖੋਜ ਖੁਜਾਈਆ । ਜਲਵਾਗਰ ਨੂਰ ਨੁਰਾਨਾ ਖੇਲ ਜਾਣਾਂ ਸ਼ਾਹੋ ਸ਼ਾਬਾਸ਼ਾ, ਜੋ ਸ਼ਹਿਨਸ਼ਾਹ ਇਕ ਅਖਵਾਈਆ ।

ਜਿਸ ਦੇ ਤੁਸੀਂ ਚਾਰ ਜੁਗ ਦੇ ਹੋਏ ਦਾਸੀ ਦਾਸਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੇਵ ਕਮਾਈਆ । ਜਿਸ ਨਾਮ ਕਲਮਿਆਂ ਦਾ ਤੁਹਾਨੂੰ ਖੁਲ੍ਹਾਇਆ ਖ਼ੁਲਾਸਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਤੁਸਾਂ ਲੇਖ ਲਿਖਿਆ ਸ਼ਬਦ ਧਾਰ ਅਗੰਮੀ ਭਾਸ਼ਾ, ਅੱਖਰ ਅੱਖਰਾਂ ਨਾਲ ਜੁੜਾਈਆ । ਸੋ ਮਹਿਬੂਬ ਅੰਤ ਕਰੇ ਨਾ ਕਦੇ ਉਦਾਸਾ, ਉਦਾਸੀ ਮੇਰੀ ਦੂਰ ਕਰਾਈਆ । ਉਹ ਵੇਖੇ ਇਸ਼ਾਰੇ ਦੇਂਦਾ ਸ਼ੰਕਰ ਉਤੋਂ ਕੈਲਾਸ਼ਾ, ਬ੍ਰਹਮਾ ਬ੍ਰਹਮ ਧਾਰ ਸਮਝਾਈਆ । ਵਿਸ਼ਨੂੰ ਖ਼ੁਸ਼ੀਆਂ ਵਿਚ ਕਰੇ ਹਾਸਾ, ਹਸਤੀ ਤਕ ਅਗੰਮ ਅਥਾਹੀਆ । ਜਿਸ ਤੇਰੇ ਉਤੇ ਧਰਨੀਏ ਦੀਨ ਦੁਨੀ ਉਲਟਾਉਣਾ ਪਾਸਾ, ਸਤਿਗੁਰ ਸ਼ਬਦ ਸ਼ਬਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਰ ਵਰਦਾਤਾ ਝੋਲੀ ਪਾਈਆ । ਧਰਨੀ ਕਹੇ ਚੇਤ ਤੇਰਾ ਇੱਕੀ ਦਿਵਸ ਚੰਗਾ, ਚਾਰ ਜੁਗ ਦੇ ਸ਼ਾਸਤਰ ਖ਼ੁਸ਼ੀ ਮਨਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਮੇਰੇ ਉਤੇ ਲੰਘਾ, ਕੋਟਨ ਕੋਟ ਅਵਤਾਰ ਪੈਗ਼ੰਬਰ ਗੁਰ ਗਏ ਪੰਧ ਮੁਕਾਈਆ । ਮੇਰਾ ਲਹਿਣਾ ਦੇਣਾ ਸ਼ਬਦੀ ਧਾਰ ਧਾਰ ਬਵੰਜਾ, ਬਾਵਨ ਬਾਵਨ ਭੇਦ ਖੁਲ੍ਹਾਈਆ । ਮੇਰੀ ਧਾਰ ਉਤੇ ਤਕ ਲੈ ਪਵਨ ਉਨੰਜਾ, ਖੇਲ ਖੇਲੇ ਚਾਈਂ ਚਾਈਂਆ । ਨਿਗਾਹ ਮਾਰ ਲੈ ਸੂਰੀਆ ਚੰਦਾ, ਚੰਦ ਚਾਂਦਨੀ ਵੇਖ ਵਖਾਈਆ । ਫੇਰ ਤਕ ਲੈ ਪੰਜ ਤਤ ਦਾ ਬੰਦਾ, ਬੰਦਗੀ ਵਿਚ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਕਿਰਿਆ ਕੀਤਾ ਗੰਦਾ, ਹਿਰਦੇ ਹਰਿ ਨਾ ਕੋਇ ਵਸਾਈਆ । ਮੋਹ ਵਿਕਾਰਾ ਬਣਿਆ ਧੰਦਾ, ਧੂੰਆਂਧਾਰ ਦਿਸੇ ਲੋਕਾਈਆ । ਮੇਰਾ ਸੀਨਾ ਹੋਵੇ ਨਾ ਠੰਡਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮੇਰਾ ਅੰਤ ਅਖ਼ੀਰੀ ਚੌਥੇ ਜੁਗ ਦਾ ਕੰਢਾ, ਕੰਢੀ ਘਾਟ ਦਿਆਂ ਦ੍ਰਿੜਾਈਆ । ਅਗਲਾ ਸਫ਼ਰ ਰਿਹਾ ਨਾ ਲੰਬਾ, ਲੰਮੀ ਪੈ ਕੇ ਦਿਆਂ ਦੁਹਾਈਆ । ਪਰਮ ਪੁਰਖ ਦਾ ਖੇਲ ਹੋਣਾ ਅਚੰਭਾ, ਅਚਰਜ ਆਪਣਾ ਹੁਕਮ ਵਰਤਾਈਆ । ਜਿਸ ਦੀ ਧਾਰ ਵਿਚ ਜੰਬੂ ਦੇਸ਼ ਜੰਮਾ, ਜਿਸਨੂੰ ਜਨਮੇ ਕੋਇ ਨਾ ਮਾਈਆ । ਉਸ ਭੇਵ ਚੁਕਾਉਣਾ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਜਿਸ ਦੀ ਉਡੀਕ ਵਿਚ ਰਾਹ ਤਕੇ ਵਿਸ਼ਨ ਸ਼ਿਵ ਬ੍ਰਹਮਾ, ਬਿਨ ਨੈਣਾਂ ਨੈਣ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹੇ ਧਰਨੀ ਸਾਡਾ ਵੇਖ ਲੈ ਇਸ਼ਾਰਾ, ਬਿਨ ਸੈਨਤ ਜਗਤ ਜਣਾਈਆ । ਸਾਡਾ ਅੰਤ ਅੰਤ ਤਕ ਕਿਨਾਰਾ, ਨਈਆ ਨੌਕਾ ਸੰਗ ਨਾ ਕੋਇ ਰਖਾਈਆ । ਤੇਰੇ ਉਤੇ ਖੇਲ ਕਰੇ ਦੁਬਾਰਾ, ਦੋਹਰੀ ਧਾਰ ਬੇਪਰਵਾਹੀਆ । ਜਿਸ ਨੂੰ ਅਵਤਾਰ ਪੈਗ਼ੰਬਰਾਂ ਗੁਰੂਆਂ ਕਿਹਾ ਚਵੀਆਂ ਅਵਤਾਰਾ, ਚੌਬੀਸਾ ਜਗਦੀਸਾ ਇਕ ਅਖਵਾਈਆ । ਪੈਗ਼ੰਬਰਾਂ ਕਿਹਾ ਨੂਰ ਉਜਿਆਰਾ, ਅਮਾਮ ਅਮਾਮਾ ਅਗੰਮ ਅਥਾਹੀਆ । ਸੋ ਪਰਗਟ ਹੋਏ ਆਪਣੀ ਧਾਰਾ, ਧਰਮ ਦੀ ਧਾਰ ਨਾਲ ਰਖਾਈਆ । ਸਤਿਗੁਰ ਸ਼ਬਦੀ ਸ਼ਬਦ ਦਏ ਸਹਾਰਾ, ਸਿਰ ਤੇਰੇ ਹੱਥ ਟਿਕਾਈਆ । ਜਿਸ ਲਹਿਣਾ ਦੇਣਾ ਤਕਣਾ ਪੁਰਖ ਨਾਰਾ, ਨਰ ਨਰਾਇਣ ਹੋਏ ਸਹਾਈਆ । ਜਿਸ ਦਾ ਮਾਨਵ ਜ਼ਾਤੀ ਇਕੋ ਹੋਵੇ ਜੈਕਾਰਾ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਦਏ ਜਣਾਈਆ । ਉਸ ਦੇ ਚਰਨ ਕਵਲ ਕਰੀਂ ਨਿਮਸਕਾਰਾ, ਨਿਵ ਨਿਵ ਧੂੜੀ ਖ਼ਾਕ ਰਮਾਈਆ । ਧਰਨੀ ਕਹੇ ਬਲ ਬਲ ਜਾਵਾਂ ਬਲਹਾਰਾ, ਬਲ ਬਲ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਧਰਨੀ ਕਹੇ ਮੇਰਾ ਸੁਹੰਜਣਾ ਦੀਪ ਲੱਖਣ, ਵਿਕਟੋਰੀਆ ਵਿਕਟਰ ਵਜੇ ਵਧਾਈਆ । ਮੇਰਾ ਗ੍ਰਿਹਿ ਨਾ ਹੋਵੇ ਸੱਖਣ, ਖ਼ਾਲੀ ਝੋਲੀ

ਅਗੇ ਡਾਹੀਆ । ਮੇਰੀ ਪਤ ਆਵੇ ਰਖਣ, ਪਤਿਪਰਮੇਸ਼ਵਰ ਧੁਰਦਰਗਾਹੀਆ । ਜੋ ਸਾਹਿਬ ਸਦਾ ਸਮਰਥਣ, ਪੁਰਖ ਅਗੰਮ ਅਥਾਹੀਆ । ਜੋ ਲੱਖ ਚੁਰਾਸੀ ਹਾਰਾਮਥਣ, ਮਥਣ ਕਰੇ ਕੂੜ ਲੋਕਾਈਆ । ਲਹਿਣਾ ਦੇਣਾ ਦੇਵੇ ਹੱਥੋ ਹੱਥਣ, ਕਲਜੁਗ ਲੇਖਾ ਨਾਲ ਰਲਾਈਆ । ਜੋਤੀ ਨੂਰ ਜਗਾਏ ਲਟ ਲਟਣ, ਅੰਧ ਅੰਧੇਰਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦੀ ਧਾਰ ਇਕ ਦ੍ਰਿੜਾਈਆ । ਧਰਨੀ ਕਹੇ ਮੇਰੇ ਸਾਹਿਬ ਸਾਹਿਬ ਬੇਅੰਤ, ਬੇਐਬ ਤੇਰੀ ਸਰਨਾਈਆ । ਮੇਰਾ ਪੂਰਾ ਕਰ ਦੇ ਮੰਤ, ਮੰਤਵ ਤੇਰੇ ਚਰਨ ਟਿਕਾਈਆ । ਤੈਨੂੰ ਖੋਜਦੇ ਕੇਤੇ ਸੰਤ, ਚਾਰ ਕੁੰਟ ਭੱਜਣ ਵਾਹੋ ਦਾਹੀਆ । ਤੇਰਾ ਲੇਖਾ ਮੇਰੇ ਉਤੇ ਨਾਲ ਜੀਵ ਜੰਤ, ਜਾਗਰਤ ਜੋਤ ਜੋਤ ਕਰ ਰੁਸ਼ਨਾਈਆ । ਤੂੰ ਬੋਧ ਅਗਾਧਾ ਪੰਡਤ, ਬਿਨ ਅੱਖਰਾਂ ਕਰੇਂ ਪੜ੍ਹਾਈਆ । ਮੇਰੀ ਇਕੋ ਇਕ ਮਿੰਨਤ, ਨਿਮਾਣੀ ਹੋ ਕੇ ਮੰਗ ਮੰਗਾਈਆ । ਚੜਦਾ ਲਹਿੰਦਾ ਮੇਰੀ ਵੇਖੀਂ ਬਾਰ ਸਿੰਮਤ, ਪਹਾੜ ਦੱਖਣ ਖੋਜ ਖੁਜਾਈਆ । ਨਵ ਸੱਤ ਰਹੇ ਨਾ ਕੋਈ ਨਿੰਦਕ, ਨਿੰਦਿਆ ਵਿਚ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪ੍ਰਭੂ ਸਚ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੈਂ ਆਸਾ ਅੰਤ ਰਖੀ, ਓੜਕ ਓਟ ਤਕਾਈਆ । ਲਹਿਣਾ ਪੂਰਾ ਕਰ ਦੇ ਜੋ ਕ੍ਰਿਸ਼ਨ ਨੇ ਕਿਹਾ ਰਾਧਾ ਸਖ਼ੀ, ਸਖ਼ੀ ਸੁਖ਼ਨ ਸ਼ਬਦ ਧਾਰ ਦ੍ਰਿੜਾਈਆ । ਮੇਰਾ ਲੱਖਣ ਦੀਪ ਤਕ ਲੈ ਲੱਖੀ, ਅਲਖ ਅਗੋਚਰ ਤੇਰੇ ਹੱਥ ਵਡਿਆਈਆ । ਭੰਡਾਰਾ ਭਰਨਾ ਆਪਣੇ ਹੱਥੀਂ, ਬਿਨ ਹੱਥਾਂ ਆਪ ਵਰਤਾਈਆ । ਤੂੰ ਸਰਬ ਕਲਾ ਸਮਰਥੀ, ਸਮਰਥ ਪੁਰਖ ਇਕ ਅਖਵਾਈਆ । ਮੈਂ ਤੇਰੇ ਸਥਰ ਲੱਥੀ, ਯਾਰੜਾ ਸੇਜ ਗੋਬਿੰਦ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰਿਉਂ ਆਪ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰੀ ਹੋਰ ਅਗੰਮ ਅਰਦਾਸ, ਅਰਸ਼ੀ ਪ੍ਰੀਤਮ ਦਇਆ ਕਮਾਈਆ । ਸਚਖੰਡ ਤੇਰਾ ਤਕਾਂ ਨਿਵਾਸ, ਨਿਵਾਸ ਇਕੋ ਸੋਭਾ ਪਾਈਆ । ਜਿਥੇ ਨੂਰ ਜੋਤ ਪਰਕਾਸ਼, ਬਿਨ ਤੇਲ ਬਾਤੀ ਡਗਮਗਾਈਆ । ਤਨ ਵਜੂਦ ਤੇਰੀ ਦਿਸੇ ਕੋਈ ਨਾ ਲਾਸ਼, ਮਾਇਆ ਸੰਗ ਨਾ ਕੋਇ ਬਣਾਈਆ । ਨਾ ਕੋਈ ਪ੍ਰਿਥਮੀ ਨਾ ਆਕਾਸ਼, ਗਗਨ ਮੰਡਲ ਨਾ ਕੋਇ ਵਡਿਆਈਆ । ਨਾ ਕੋਈ ਪਵਣ ਧਾਰ ਸਵਾਸ, ਸਾਹ ਸਾਹ ਨਾ ਕੋਇ ਸਮਾਇਆ । ਮੇਰੀ ਇਕ ਬੇਨੰਤੀ ਖ਼ਾਸ, ਖ਼ਾਲਸ ਹੋ ਕੇ ਮੰਗ ਮੰਗਾਈਆ । ਮੈਨੂੰ ਤੇਰੇ ਉਤੇ ਵਿਸ਼ਵਾਸ, ਵਿਸ਼ਿਆਂ ਤੋਂ ਬਾਹਰ ਦਿਆਂ ਸੁਣਾਈਆ । ਜਨ ਭਗਤਾਂ ਹੋਣ ਨਾ ਦਈਂ ਉਦਾਸ, ਚਿੰਤਾ ਗ਼ਮ ਨਾ ਕੋਇ ਜਣਾਈਆ । ਪਰਮ ਪੁਰਖ ਸਭ ਕਿਛ ਤੇਰੇ ਪਾਸ, ਦੇਵਣਹਾਰ ਤੇਰੀ ਬੇਪਰਵਾਹੀਆ । ਮਾਨਸ ਜਨਮ ਕਰਨਾ ਰਾਸ, ਰਸਤਾ ਆਪਣਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਮੇਰੇ ਅਬਿਨਾਸ਼ੀ ਅਚੁਤ, ਪਾਰਬ੍ਰਹਮ ਤੇਰੀ ਸਰਨਾਈਆ । ਜਨ ਭਗਤਾਂ ਸੁਹੰਜਣੀ ਕਰਦੇ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਸਚਖੰਡ ਦਵਾਰਿਉਂ ਧਰਮ ਦੀ ਧਾਰ ਬਖ਼ਸ਼ ਦੇ ਸੁਤ, ਖ਼ਾਲੀ ਜਗਤ ਝੋਲੀ ਦੇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਪੁਰਖ ਅਕਾਲੇ ਜੋਤੀ ਜਾਤੇ, ਧਰਨੀ ਧਰਤ ਧਵਲ ਧੌਲ ਮੰਗਤੀ । ਮੇਰੇ ਉਤੋਂ ਮੇਟ ਅੰਧੇਰੀ ਰਾਤੇ, ਹੰਕਾਰ ਰਹੇ ਨਾ ਹੰਗਤੀ । ਨਵ ਨਵ ਖੇਲ ਖਿਲਾ ਦੇ, ਸਾਡੇ ਬੋਧ ਅਗਾਧੇ ਧੁਰ ਦੇ ਪੰਡਤੀ । ਝਗੜਾ ਮੇਟ ਦੇ ਜ਼ਾਤ ਪਾਤੇ, ਆਤਮ

ਬ੍ਰਹਮ ਦੀ ਦੱਸ ਦੇ ਸੰਗਤੀ । ਜਨ ਭਗਤਾਂ ਅੰਤਮ ਪੁਛ ਵਾਤੇ, ਪਰਮ ਪੁਰਖ ਪਰਮਾਤਮ ਪੂਰਬ ਜਨਮ ਦੀ ਵੇਖ ਲੈ ਭਗਤੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧਰਨੀ ਕਹੇ ਮੈਂ ਤੇਰੇ ਦਰ ਮੰਗਤੀ । ਧਰਨੀ ਕਹੇ ਮੰਗਣਹਾਰੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਜਨ ਭਗਤਾਂ ਚਾੜ੍ਹ ਆਪਣਾ ਰੰਗ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਕਾਇਆ ਮੰਦਰ ਅੰਦਰ ਲੰਘ, ਨਵ ਦੁਆਰ ਡੇਰਾ ਢਾਹੀਆ । ਆਤਮ ਸੇਜ ਸੁਹਾ ਪਲੰਘ, ਆਸਣ ਅਬਿਨਾਸ਼ਣ ਇਕ ਅਖਵਾਈਆ । ਭਾਗ ਹੋਣ ਨਾ ਦੇਵੀਂ ਮੰਦ, ਸਿਰ ਸਿਰ ਆਪਣਾ ਹੱਥ ਟਿਕਾਈਆ । ਖ਼ੁਸ਼ੀ ਕਰਨਾ ਬੰਦ ਬੰਦ, ਬੰਦਗੀ ਆਪਣੀ ਇਕ ਦ੍ਰਿੜਾਈਆ । ਜਗਤ ਨਿਰਾਸ਼ਾ ਮਿਟਾਉਣਾ ਪੰਧ, ਆਸ਼ਾ ਅਗਲੀ ਹੋਰ ਬਣਾਈਆ । ਘਰ ਗ੍ਰਿਹਿ ਧੁਰ ਦਰਗਾਹੋਂ ਬਖ਼ਸ਼ਣਾ ਇਕ ਫ਼ਰਜ਼ੰਦ, ਮਾਤ ਪਿਤ ਗੋਦੀ ਦੇਣੀ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਜਨ ਹਰਿ ਆਤਮ ਧਾਰ ਲਗਾਉਣੇ ਆਪਣੇ ਅੰਗ, ਪਰਮਾਤਮ ਅੰਗੀਕਾਰ ਇਕ ਅਖਵਾਈਆ ।

## ✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੧੧ ਬੀਬੀ ਅਮਰ ਕੌਰ ਦੇ ਗ੍ਰਿਹਿ ਵੈਂਨਕੂਵਰ ਕਨੇਡਾ ✪



ਸਤਿਗੁਰ ਸ਼ਬਦ ਆਦਿ ਜੁਗਾਦਿ ਆਪੇ ਬੋਲਦਾ, ਅਨਬੋਲਤ ਨਾਦੀ ਨਾਦ ਧੁਨ ਸ਼ਨਵਾਈਆ । ਜਨ ਭਗਤਾਂ ਅੰਤਰ ਆਤਮ ਪੜਦਾ ਖੋਲ੍ਹਦਾ, ਭੇਵ ਅਭੇਦ ਆਪਣਾ ਆਪ ਸਮਝਾਈਆ । ਸ਼ਬਦ ਅਨਾਦਿ ਅਗੰਮੀ ਹੋ ਕੇ ਤੋਲ ਤੋਲਦਾ, ਤੋਲਣਹਾਰਾ ਧੁਰਦਰਗਾਹੀਆ । ਅੰਮ੍ਰਿਤ ਨਾਮ ਰਸ ਭੰਡਾਰਾ ਦੇਵੇ ਅਨਮੋਲ ਦਾ, ਰਸਨਾ ਜਿਹਵਾ ਜਿਸ ਦੀ ਸਮਝ ਕੋਇ ਨਾ ਪਾਈਆ । ਆਤਮ ਪਰਮਾਤਮ ਮੇਲ ਮਿਲਾਵੇ ਕੋਲ ਦਾ, ਕੁੱਲ ਮਾਲਕ ਹੋ ਕੇ ਸੰਗ ਬਣਾਈਆ । ਖੇਲ ਖੇਲੇ ਰੰਗ ਗੁਲਾਲ ਦਾ, ਲਾਲਣ ਹੋ ਕੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਮੈਂ ਬੋਲਣਹਾਰਾ, ਆਦਿ ਜੁਗਾਦਿ ਹੁਕਮ ਦ੍ਰਿੜਾਈਆ । ਭੇਵ ਅਭੇਦਾ ਖੋਲ੍ਹਣਹਾਰਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਦੋ ਜਹਾਨਾਂ ਦੇਵਣਹਾਰ ਸਹਾਰਾ, ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨਾਂ ਗੰਢ ਪਵਾਈਆ । ਲੱਖ ਚੁਰਾਸੀ ਵੇਖਣਹਾਰਾ, ਅੰਡਜ ਜੇਰਜ ਉਤਭੁਜ ਸੇਤਜ ਮੇਲਾ ਮੇਲੇ ਸਹਿਜ ਸੁਭਾਈਆ । ਭਗਤ ਸੁਹੇਲੇ ਗੁਰੂ ਗੁਰ ਚੇਲੇ ਜੁਗ ਜੁਗ ਵੇਖਣਹਾਰਾ, ਬਿਨ ਨੇਤਰ ਲੋਚਨ ਨੈਣ ਅੱਖ ਅੱਖ ਬਦਲਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਦੇਵਣਹਾਰ ਦੀਦਾਰਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਭੇਵ ਚੁਕਾਈਆ । ਆਤਮ ਪਰਮਾਤਮ ਨਿਰਗੁਣ ਨਿਰਗੁਣ ਸਤਿ ਸਚ ਦੱਸ ਜੈਕਾਰਾ, ਜੈ ਜੈਕਾਰ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰਾ ਬੋਲ ਅਗੰਮਾ, ਜਗਤ ਵਿਦਿਆ ਸਮਝ ਕੋਇ ਨਾ ਪਾਈਆ । ਪਵਣ ਸੁਆਸੀ ਸਮਝੇ ਕੋਇ ਨਾ ਦਮਾ, ਸਾਹ ਸਾਹ ਰੰਗ ਨਾ ਕੋਇ ਰੰਗਾਈਆ । ਸਾਰ ਪਾ ਸਕੇ ਨਾ ਕੋਇ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਵੰਡ ਨਾ ਕੋਇ ਵੰਡਾਈਆ । ਇਕੋ ਬੋਲ ਸੁਣਾਇਆ ਆਦਿ

ਅਨਾਦੀ ਹੋ ਕੇ ਬ੍ਰਹਮਾ, ਬ੍ਰਹਮ ਵਿਦਿਆ ਦਿਤੀ ਦ੍ਰਿੜਾਈਆ । ਜਿਸ ਵਿਚ ਲਾਲਚ ਨਾ ਕੋਈ ਤਮਅ, ਮੋਹ ਮਮਤਾ ਨਾ ਕੋਇ ਰਖਾਈਆ । ਨਾ
ਕੋਈ ਹਰਖ ਸੋਗ ਗ਼ਮਾ, ਚਿੰਤਾ ਚਿਖਾ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,
ਸਚ ਦਾ ਭੇਵ ਆਪ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਮੈਂ ਬੋਲਾਂ ਸਦਾ ਆਪ, ਆਪ ਆਪਣੇ ਰੰਗ ਸਮਾਈਆ । ਤ੍ਰੈਗੁਣ ਜਗਤ ਮਿਟਾਵਾਂ ਤਾਪ,
ਤ੍ਰੈਗੁਣ ਅਤੀਤੇ ਨਾਲ ਮਿਲਾਈਆ । ਕੋਟ ਜਨਮ ਦੇ ਮੇਟ ਕੇ ਪਾਪ, ਪਤਿਤ ਪੁਨੀਤ ਦਿਆਂ ਕਰਾਈਆ । ਜਨ ਭਗਤਾਂ ਜੁਗ ਜੁਗ ਪੁਛਾਂ ਵਾਤ,
ਵਾਤਾਵਰਨ ਤਕਾਂ ਖ਼ਲਕ ਖ਼ੁਦਾਈਆ । ਕਰਾਂ ਪਰਕਾਸ਼ ਤਕ ਅੰਧੇਰੀ ਰਾਤ, ਜੋਤੀ ਨੂਰ ਨੂਰ ਚਮਕਾਈਆ । ਅੰਮ੍ਰਿਤ ਬੂੰਦ ਬਖ਼ਸ਼ ਸਵਾਂਤ, ਰਸ
ਅੰਮਿਉਂ ਇਕ ਬਰਸਾਈਆ । ਦਰਸ ਦਿਖਾ ਕੇ ਇਕ ਇਕਾਂਤ, ਇਕ ਇਕੱਲਾ ਮੇਲਾਂ ਧੁਰ ਦਾ ਮਾਹੀਆ । ਜਿਸ ਦਾ ਵਰਨ ਨਹੀਂ ਕੋਈ ਜ਼ਾਤ,
ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਜੋ ਵੇਖਣਹਾਰਾ ਜੁਗ ਚੌਕੜੀ ਲੋਕਮਾਤ, ਕਲਜੁਗ ਅੰਤ ਧਿਆਨ ਲਗਾਈਆ । ਸਚ ਸਤਿ ਦੀ ਦੇਵੇ ਦਾਤ,
ਵਸਤ ਅਮੋਲਕ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ ।
ਸਤਿਗੁਰ ਸ਼ਬਦ ਕਹੇ ਮੈਂ ਬੋਲਾਂ ਸਦਾ ਅਲਖ, ਅਲਖ ਅਗੋਚਰ ਦਏ ਵਡਿਆਈਆ । ਜਨ ਭਗਤਾਂ ਕਾਇਆ ਮਾਟੀ ਭਾਂਡੇ ਭਰਾਂ ਸਖ, ਸਤਿਨਾਮ
ਵਸਤ ਵਿਚ ਟਿਕਾਈਆ । ਨਿਰਗੁਣ ਧਾਰ ਹੋ ਕੇ ਦਰਸ ਦੇਵਾਂ ਪਰਤਖ, ਸਾਖ਼ਿਆਤ ਨਜ਼ਰੀ ਆਈਆ । ਅੰਤ ਕੰਤ ਭਗਵੰਤ ਹੋ ਕੇ ਪੈਜ ਲਵਾਂ
੩੮੧ ਰਖ, ਸਿਰ ਸਿਰ ਆਪਣਾ ਹੱਥ ਰਖਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਹੋਣ ਨਾ ਦੇਵਾਂ ਵਖ, ਸੁਰਤੀ ਸ਼ਬਦ ਨਾਲ ਮਿਲਾਈਆ । ਜੋਤੀ ੩੮੧
੨੪ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵੱਡ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਹੁਕਮ ਸੰਦੇਸ਼ਾ ੨੪
ਕਹਿਣਾ, ਧੁਰ ਦੀ ਧਾਰ ਧਾਰ ਪਰਗਟਾਈਆ । ਪਰਮ ਪੁਰਖ ਪਰਮਾਤਮ ਵੇਖਣਾ ਨਿਜ ਨੇਤਰ ਲੋਚਨ ਨੈਣਾਂ, ਜਗ ਅੱਖ ਨਾ ਕੋਇ ਚਤੁਰਾਈਆ ।
ਜੋ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਨਿਰਗੁਣ ਸਾਕ ਸੱਜਣ ਸੈਣਾ, ਮੀਤ ਮੁਰਾਰਾ ਇਕ ਅਖਵਾਈਆ । ਜਿਸ ਦਾ ਇਸ਼ਾਰਾ ਦਿਤਾ ਬਾਲਮੀਕ ਵਿਚ
ਰਮਾਇਣਾ, ਰਾਮ ਰਮਈਆ ਅਗੰਮ ਅਥਾਹੀਆ । ਸੋ ਜੁਗ ਜੁਗ ਨਿਤ ਨਵਿਤ ਜਨ ਭਗਤਾਂ ਦੇਵੇ ਲਹਿਣਾ ਦੇਣਾ, ਦੇਵਣਹਾਰ ਇਕ ਅਖਵਾਈਆ ।
ਨਾਮ ਨਿਧਾਨ ਸ੍ਰੀ ਭਗਵਾਨ ਤਨ ਵਜੂਦ ਪਾਏ ਗਹਿਣਾ, ਸਤਿ ਸਤਿਵਾਦੀ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸਮਝਾਈਆ । ਸਤਿਗੁਰ ਸ਼ਬਦ ਕਹੇ ਮੈਂ ਕਹਿਣਾ ਸਦਾ ਯੋਗ, ਜੁਗਤੀ ਅਵਤਾਰ
ਪੈਗ਼ੰਬਰ ਗੁਰੂ ਗੁਰਦੇਵ ਜਣਾਈਆ । ਮੇਰਾ ਬਿਨ ਰਸਨਾ ਜਿਹਵਾ ਜਗਤ ਸੁਲਾਹ ਤੋਂ ਭੋਗ, ਭਸਮੜ ਰੂਪ ਰੂਪ ਦਰਸਾਈਆ । ਜਿਸ ਦਾ ਸੁਆਮੀ
ਅੰਤਰਜਾਮੀ ਦਰਸ ਸਦਾ ਅਮੋਘ, ਬਿਨ ਨੇਤਰ ਨੇਤਰ ਨੂਰ ਚਮਕਾਈਆ । ਉਹ ਦੇਵਣਹਾਰਾ ਸਤਿ ਸਚ ਦਾ ਯੋਗ, ਜੁਗਤੀ ਜਗਤ ਜਗਤ ਦ੍ਰਿੜਾਈਆ ।
ਜਿਸ ਨਾਲ ਮਨ ਸ਼ਾਂਤ ਰਹੇ ਰੋਜ਼, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ
ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਮੇਰੇ ਕਹਿਣ ਦਾ ਅਨੋਖਾ ਢੰਗ, ਜਗਤ ਵਿਦਿਆ ਨਾ ਕੋਇ ਚਤੁਰਾਈਆ ।
ਜਨ ਭਗਤਾਂ ਪੂਰੀ ਕਰਾਂ ਮੰਗ, ਤ੍ਰਿਸ਼ਨਾ ਤ੍ਰਿਖਾ ਪੂਰ ਕਰਾਈਆ । ਕਾਇਆ ਮੰਦਰ ਅੰਦਰ ਲੰਘ, ਸਾਢੇ ਤਿੰਨ ਹੱਥ ਵੇਖਾਂ ਚਾਈਂ ਚਾਈਆ । ਸ਼ਬਦ

ਅਨਾਦਿ ਵਜਾ ਮਰਦੰਗ, ਸੋਈ ਸੁਰਤ ਸੁਰਤ ਉਠਾਈਆ । ਆਤਮ ਸੇਜ ਸੁਹਾ ਪਲੰਘ, ਸਿੰਘਾਸਣ ਇਕੋ ਇਕ ਸਮਝਾਈਆ । ਮੈਂ ਰਸਨਾ ਜਿਹਵਾ ਦੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਪਰਕਾਸ਼ ਕਰਕੇ ਬਿਨਾ ਸੂਰੀਆ ਚੰਦ, ਜੋਤੀ ਜਾਤਾ ਹੋ ਕੇ ਡਗਮਗਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦ, ਆਤਮ ਪਰਮਾਤਮ ਮੇਲਾ ਮੇਲਣਾ ਸਹਿਜ ਸੁਭਾਈਆ । ਸਚਖੰਡ ਦੁਆਰ ਇਕੋ ਵਸਤ ਦੇਵਾਂ ਵੰਡ, ਦੂਸਰ ਲੋੜ ਰਹੇ ਨਾ ਰਾਈਆ । ਇਕੋ ਬੋਲ ਵਿਚ ਸਦਾ ਸਦਾ ਸਦਾ ਪਏ ਠੰਢ, ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਮੇਰਾ ਬੋਲ ਅਨੋਖਾ, ਜਗਤ ਸ਼ਾਸਤਰ ਕਹਿਣ ਕਿਛ ਨਾ ਪਾਈਆ । ਜਿਸ ਦੇ ਵਿਚ ਨਹੀਂ ਕੋਈ ਧੋਖਾ, ਦੋ ਜਹਾਨ ਵਜਦੀ ਰਹੇ ਵਧਾਈਆ । ਜਿਸ ਦਾ ਨਿਰਅੱਖਰ ਧਾਰ ਪੋਥਾ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਉਹ ਜੁਗ ਚੌਕੜੀ ਹੁਕਮ ਸੁਣਾਏ ਲੋਕ ਪਰਲੋਕਾ, ਦੋ ਜਹਾਨ ਕਰੇ ਸ਼ਨਵਾਈਆ । ਜਿਸ ਦਾ ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਇਕੋ ਹੋਕਾ, ਹਕੀਕਤ ਹਕ ਹਕ ਦ੍ਰਿੜਾਈਆ । ਰੂਪ ਅਨੂਪ ਸਤਿ ਸਰੂਪ ਜੋਤਾ, ਜੋਤੀ ਜਾਤਾ ਡਗਮਗਾਈਆ । ਉਹ ਬੋਲਣਹਾਰਾ ਨਿਰਗੁਣ ਧਾਰ ਏਕੰਕਾਰਾ ਇਕੋ ਇਕ ਬਹੁਤਾ, ਬਹੁ ਲੋੜ ਨਾ ਕੋਇ ਰਖਾਈਆ । ਨਾ ਜਾਗਰਤ ਨਾ ਸੋਤਾ, ਆਲਸ ਨਿੰਦਰਾ ਵੰਡ ਨਾ ਕੋਇ ਵੰਡਾਈਆ । ਜੋ ਏਥੇ ਉਥੇ ਦੋ ਜਹਾਨ ਹੋਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ ਮੇਰੀ ਅਨੋਖੀ ਗੱਲ, ਜਗਤ ਸਮਝ ਕਿਛ ਨਾ ਆਈਆ । ਮੇਰਾ ਹੁਕਮ ਸਦਾ ਅਟਲ, ਨਾ ਕੋਈ ਮੇਟੇ ਮੇਟ ਮਿਟਾਈਆ । ਸ਼ਬਦ ਸੰਦੇਸ਼ਾ ਦਿਤਾ ਬਲ, ਬਲ ਆਪਣੀ ਕਾਰ ਕਮਾਈਆ । ਬਾਵਨ ਧਾਰ ਲਾਇਆ ਫਲ, ਫਲੀ ਭੂਤ ਦਿਤਾ ਵਖਾਈਆ । ਭੇਵ ਖੁਲ੍ਹਾ ਕੇ ਨੇਹਚਲ ਧਾਮ ਅਟਲ, ਦਰਗਾਹ ਸਚ ਸਚ ਵਡਿਆਈਆ । ਪਾਵੇ ਸਾਰ ਜਲ ਥਲ, ਮਹੀਅਲ ਆਪਣਾ ਰੰਗ ਰੰਗਾਈਆ । ਜਿਸ ਦਾ ਫ਼ਰਮਾਨ ਸਦਾ ਘੜੀ ਘੜੀ ਪਲ ਪਲ, ਪਲਕਾਂ ਉਹਲੇ ਬੈਠਾ ਨੂਰ ਅਲਾਹੀਆ । ਜੇ ਆਤਮ ਧਾਰ ਪਰਮਾਤਮ ਹੋ ਕੇ ਜਾਏ ਰਲ, ਹਰਿਜਨ ਆਪਣੇ ਵਿਚ ਸਮਾਈਆ । ਪੰਚ ਵਿਕਾਰਾਂ ਦਏ ਦਲ, ਕੂੜ ਕੁੜਿਆਰ ਡੇਰਾ ਢਾਹੀਆ । ਜਨ ਭਗਤਾਂ ਜ਼ਿੰਦਗੀ ਜੀਵਨ ਦਾ ਮਸਲਾ ਕਰੇ ਹੱਲ, ਅਗੇ ਵੰਡ ਨਾ ਕੋਇ ਵੰਡਾਈਆ । ਭਾਗ ਲਗਾ ਕੇ ਕਾਇਆ ਮਾਟੀ ਡੂੰਘੇ ਡਲ, ਅੰਧ ਅੰਧੇਰਾ ਦਏ ਮਿਟਾਈਆ । ਜੋ ਵੇਖਣਹਾਰਾ ਅਸਗਾਹ ਥਲ, ਖੋਜੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਚੀ ਬਾਤ ਆਪ ਦ੍ਰਿੜਾਵੇਗਾ । ਸੋ ਪੁਰਖ ਨਿਰੰਜਣ ਦਇਆ ਕਮਾਵੇਗਾ । ਹਰਿ ਪੁਰਖ ਨਿਰੰਜਣ ਖੇਲ ਖਿਲਾਵੇਗਾ । ਏਕੰਕਾਰਾ ਕਲ ਵਰਤਾਵੇਗਾ । ਆਦਿ ਨਿਰੰਜਣ ਡਗਮਗਾਵੇਗਾ । ਅਬਿਨਾਸ਼ੀ ਕਰਤਾ ਸੋਭਾ ਪਾਵੇਗਾ । ਸ੍ਰੀ ਭਗਵਾਨ ਸੰਗ ਰਖਾਵੇਗਾ । ਪਾਰਬ੍ਰਹਮ ਬ੍ਰਹਮ ਦ੍ਰਿੜਾਵੇਗਾ । ਸਤਿਗੁਰ ਸ਼ਬਦ ਸ਼ਬਦ ਜਗਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਵੇਗਾ । ਤ੍ਰੈਭਵਣ ਧਨੀ ਤ੍ਰੈਗੁਣ ਰੰਗ ਚੜ੍ਹਾਵੇਗਾ । ਪੰਚ ਤਤ ਬ੍ਰਹਮ ਮਤ ਆਪ ਦਰਸਾਵੇਗਾ । ਸ਼ਾਹੋ ਭੂਪ ਬਣ ਸੂਰਾ ਸਰਬੰਗ, ਗੱਲ ਇਕੋ ਇਕ ਜਣਾਵੇਗਾ । ਸਚ ਸੁਆਮੀ ਬਖ਼ਸ਼ ਕੇ ਸੰਗ, ਸਗਲਾ ਸੰਗ ਦਰਸਾਵੇਗਾ । ਕਾਇਆ ਮੰਦਰ ਅੰਦਰ ਦੇ ਅਨੰਦ, ਅਨੰਦਪੁਰ ਵਾਸੀ ਨਾਲ ਮਿਲਾਵੇਗਾ । ਸਤਿਗੁਰ ਸ਼ਬਦ ਬਣ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪ ਵਰਤਾਵੇਗਾ । ਜਨਮ ਜਨਮ ਦਾ ਮੇਟ ਕੇ ਪੰਧ, ਚੁਰਾਸੀ

ਫਾਸੀ ਜਮ ਕਟਾਵੇਗਾ । ਅਗੇ ਰਹੇ ਨਾ ਅੰਧੇਰਾ ਅੰਧ, ਅੰਧ ਅਗਿਆਨ ਦੂਰ ਕਰਾਵੇਗਾ । ਭਰਮਾਂ ਢਾਹ ਕੇ ਦੁਵੈਤੀ ਕੰਧ, ਸਗਲਾ ਸੰਗ ਆਪ
ਸਮਝਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਵੇਗਾ । ਸਾਚੀ
ਗੱਲ ਇਕ ਦ੍ਰਿੜਾਏਗਾ । ਵਲ ਛਲ ਭੇਵ ਖੁਲ੍ਹਾਏਗਾ । ਪੰਚ ਵਿਕਾਰਾ ਦੂਰ ਕਰਾਏ ਦਲ, ਆਲਸ ਨਿੰਦਰਾ ਮੇਟ ਮਿਟਾਏਗਾ । ਜੀਵਣ ਜਿੰਦਗੀ
ਕਰਕੇ ਹੱਲ, ਹਾਲਤ ਪਿਛਲੀ ਨਾਲ ਦਰਸਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ
ਪੜਦਾ ਆਪ ਉਠਾਏਗਾ । ਆਪੇ ਆਪ ਦੱਸੇ ਮੀਤ, ਹਰਿ ਸਤਿਗੁਰ ਵਡ ਵਡਿਆਈਆ । ਜਨ ਭਗਤਾਂ ਅੰਤਰ ਅੰਤਰ ਬਦਲ ਕੇ ਨੀਤ, ਨੀਤੀਵਾਨ
ਦਏ ਵਡਿਆਈਆ । ਆਤਮ ਬ੍ਰਹਮ ਬਖ਼ਸ਼ ਪ੍ਰੀਤ, ਪ੍ਰੀਤਮ ਮੇਲਾ ਮੇਲੇ ਸਹਿਜ ਸੁਭਾਈਆ । ਲੇਖਾ ਰਹੇ ਨਾ ਮੰਦਰ ਮਸੀਤ, ਕਾਇਆ ਕਾਅਬੇ
ਕਰੇ ਰੁਸ਼ਨਾਈਆ । ਮਾਟੀ ਖ਼ਾਕ ਹੋਏ ਠਾਂਡੀ ਸੀਤ, ਅੰਮ੍ਰਿਤ ਮੇਘ ਮੇਘ ਬਰਸਾਈਆ । ਪਰਮ ਪੁਰਖ ਪ੍ਰਭ ਕਰਨਹਾਰਾ ਪਤਿਤ ਪੁਨੀਤ, ਪੁਰਖ
ਪੁਰਖੋਤਮ ਇਕ ਅਖਵਾਈਆ । ਜਿਸ ਦੀ ਇਕ ਗੱਲ ਨਾਲ ਮਾਨਸ ਜਨਮ ਲੈਣਾ ਜੀਤ, ਹਾਰ ਰਹਿਣ ਕੋਇ ਨਾ ਪਾਈਆ । ਕੂੜੀ ਕਿਰਿਆ ਹੋਵੇ
ਭੈ ਭੀਤ, ਸਿਰ ਸਕੇ ਨਾ ਕੋਇ ਉਠਾਈਆ । ਸਤਿ ਸਚ ਦੀ ਸਚ ਹੋਵੇ ਹਦੀਸ, ਹਜ਼ਰਤਾਂ ਬਾਹਰ ਪੜ੍ਹਾਈਆ । ਜਿਸ ਦਾ ਲਹਿਣਾ ਦੇਣਾ ਨਾਲ
ਤੀਸ ਬਤੀਸ, ਰਾਗ ਛਤੀਸ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ
੩੮੩ ਮਾਲਕ ਆਪਣਾ ਗ੍ਰਹਿ ਵਖਾਈਆ । ਸਾਚੀ ਬਾਤ ਸਤਿਗੁਰ ਸਰਨ, ਸਰਨਗਤ ਸਰਨਾਈਆ । ਸਾਚੀ ਬਾਤ ਪ੍ਰਭ ਦੇ ਚਰਨ, ਪਰਸਣੇ ਚਾਈਂ ਚਾਈਆ । ੩੮੩
੨੪ ਸਾਚੀ ਬਾਤ ਪ੍ਰਭ ਖੋਲ੍ਹੇ ਨੇਤਰ ਹਰਨ ਫਰਨ, ਨਿਜ ਲੋਚਨ ਡਗਮਗਾਈਆ । ਸਾਚੀ ਬਾਤ ਚੁਕੇ ਮਰਨ ਡਰਨ, ਆਵਣ ਜਾਵਣ ਲੱਖ ਚੁਰਾਸੀ ਫਾਸੀ ੨੪
ਕਟਾਈਆ । ਸਾਚੀ ਬਾਤ ਜਨ ਭਗਤ ਮੰਜ਼ਲ ਹਕੀਕੀ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਸਾਚੀ ਬਾਤ ਸੰਤ ਸੁਹੇਲੇ ਸ਼ਬਦੀ ਲੜ ਫੜਨ,
ਸੁਰਤੀ ਸ਼ਬਦ ਵਿਚ ਸਮਾਈਆ । ਸਾਚੀ ਬਾਤ ਬਿਨ ਅੱਖਰਾਂ ਨਿਰਅੱਖਰ ਧਾਰ ਪੜ੍ਹਨ, ਜਗਤ ਵਿਦਿਆ ਦੀ ਲੋੜ ਰਹੇ ਨਾ ਰਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਦਰਸਾਈਆ । ਸਾਚੀ ਬਾਤ ਕਥਨੀ ਅਕਥ,
ਰਸਨਾ ਕਥ ਸਕੇ ਨਾ ਰਾਈਆ । ਦੇਵਣਹਾਰ ਪੁਰਖ ਸਮਰਥ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰਦਰਗਾਹੀਆ । ਜਿਸ ਦੇ ਸਭ ਕੁਛ ਹੱਥ, ਹੱਥੋ
ਹੱਥ ਲੇਖਾ ਦਏ ਮੁਕਾਈਆ । ਨਾਮ ਨਿਧਾਨੇ ਚਾੜ੍ਹ ਕੇ ਰਥ, ਦੋ ਜਹਾਨਾਂ ਪੰਧ ਮੁਕਾਈਆ । ਸਗਲ ਵਸੂਰੇ ਜਾਣ ਲਥ, ਜਗਤ ਸੰਤਾਪ ਰੋਗ
ਰਹਿਣ ਨਾ ਪਾਈਆ । ਕੂੜ ਵਿਕਾਰਾ ਦੇਵੇ ਮਥ, ਮਾਇਆ ਮਮਤਾ ਮੋਹ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਾਚੀ ਬਾਤ ਆਦਿ ਜੁਗਾਦੀ ਇਕ, ਏਕੰਕਾਰ ਆਪ ਦ੍ਰਿੜਾਈਆ । ਜਿਸ ਨਾਲ
ਮਨ ਮਨੂਆ ਜਾਏ ਟਿਕ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਜਨਮ ਮਰਨ ਦੀ ਪੂਰੀ ਹੋਵੇ ਸਿਕ, ਖ਼ਾਹਿਸ਼ ਤਮੰਨਾ ਦੀਨ ਦੁਨੀ ਨਾ ਕੋਇ
ਵਖਾਈਆ । ਰਸਨਾ ਜਿਹਵਾ ਰਸ ਰਹੇ ਨਾ ਫਿਕ, ਅੰਮਿਉਂ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਆਪਣੀ ਆਪ ਟਿਕਾਈਆ । ਝਗੜਾ ਮਿਟੇ ਪੱਥਰ
ਇੱਟ, ਪਾਹਨਾਂ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦਰ ਆਪ

ਸੁਹਾਈਆ । ਆਪਣੇ ਵਿਚੋਂ ਆਪਣੀ ਨਹੀਂ ਕੋਈ ਵਿਚਾਰ, ਆਸ਼ਾ ਜਗਤ ਨਾ ਕੋਇ ਰਖਾਈਆ । ਸਤਿਗੁਰ ਸ਼ਬਦ ਸ਼ਬਦ ਦੀ ਧਾਰ, ਧਰਨੀ ਧਰਤ ਧਵਲ ਧੌਲ ਦਏ ਵਡਿਆਈਆ । ਜੋ ਸੰਦੇਸ਼ਾ ਸੁਣਦੇ ਰਹੇ ਪੈਗੰਬਰ ਗੁਰ ਅਵਤਾਰ, ਬਿਨ ਰਸਨਾ ਜਿਹਵਾ ਅਣਸੁਣਤ ਦਿਆਂ ਸੁਣਾਈਆ । ਜੋ ਸੰਦੇਸ਼ਾ ਦੇਵੇ ਵਾਰੋ ਵਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਸੁਣਾਈਆ । ਜਿਸ ਦਾ ਭਗਤ ਸੰਤ ਸੂਫ਼ੀ ਕਰਨ ਦੀਦਾਰ, ਨਿਜ ਨੇਤਰ ਲੋਚਨ ਨੈਣ ਦਰਸ਼ਨ ਪਾਈਆ । ਸੋ ਮਾਲਕ ਖ਼ਾਲਕ ਪਰਵਰਦਿਗਾਰ, ਸਾਂਝਾ ਯਾਰ ਨੂਰ ਖ਼ੁਦਾਈਆ । ਜਿਸ ਦਾ ਲੇਖਾ ਦੀਨ ਦੁਨੀ ਤੋਂ ਬਾਹਰ, ਜ਼ਾਹਰ ਜ਼ਹੂਰ ਆਪਣਾ ਹੁਕਮ ਵਰਤਾਈਆ । ਸੋ ਆਸਾ ਮਨਸਾ ਪੂਰੀ ਕਰਨੇਹਾਰ ਆਪ ਕਰਤਾਰ, ਕ਼ੁਦਰਤ ਦਾ ਮਾਲਕ ਇਕ ਅਖਵਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਭਗਤਾਂ ਹੋਵੇ ਯਾਰ, ਮੀਤ ਮਿਤਰ ਇਕ ਅਖਵਾਈਆ । ਤਿਸ ਦੇ ਚਰਨ ਕਵਲ ਉਪਰ ਧਵਲ ਸਾਰੇ ਜਾਵਣ ਬਲਹਾਰ, ਬਲ ਬਲ ਆਪਣਾ ਆਪ ਕਰਾਈਆ । ਜਿਸ ਦੀ ਇਕ ਗੱਲ ਜੁਗ ਚੌਕੜੀ ਚਾਰ ਜੁਗ ਦੇ ਸ਼ਾਸਤਰਾਂ ਦਏ ਅਧਾਰ, ਆਦਿ ਅੰਤ ਇਕੋ ਰੰਗ ਰੰਗਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਨਿਤ ਨਵਿਤ ਪਾਵਣਹਾਰਾ ਸਾਰ, ਪਰਮ ਪੁਰਖ ਆਪਣਾ ਭੇਵ ਚੁਕਾਈਆ । ਅਮਰ ਕੌਰ ਅਮਰਾਪਦ ਦਾ ਇਕੋ ਗ੍ਰਿਹਿ ਇਕੋ ਮੰਦਰ ਇਕੋ ਘਰ ਇਕੋ ਦਰ ਦੁਆਰ, ਜਿਸ ਦਾ ਦਰਵਾਜ਼ਾ ਸਤਿਗੁਰ ਸ਼ਬਦ ਨਾਮ ਕੁੰਜੀ ਨਾਲ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰ ਸਰਬ ਸੰਸਾਰ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਸੂਰੀਆ ਚੰਦ ਚੰਦ ਚਾਨਣਾ ਆਪਣਾ ਨੂਰ ਜੋਤ ਕਰੇ ਰੁਸ਼ਨਾਈਆ ।


੩੮੪ ੨੪

## ✪ ੨੪ ਚੇਤ ਸ਼ਹਿਨਸ਼ਾਹੀ ਸੰਮਤ ੧੧ ਰਜਿੰਦਰ ਸਿੰਘ ਦੇ ਗ੍ਰਿਹਿ ਵਿਲੀਅਮ ਲੇਕ ਲਿਮਿੰਗਟਨ ਸਬ ਡਵੀਜ਼ਨ ਮਕਾਨ ਨੰਬਰ ੨੪੨੪ ਕਨੇਡਾ ✪

ਧਰਨੀ ਕਹੇ ਪ੍ਰਭੂ ਮੇਰਾ ਹਿੱਸਾ ਤਕ ਲੈ ਵਿਲੀਅਮ ਲੇਕ, ਲੋਕ ਪਰਲੋਕ ਦੇ ਮਾਲਕ ਧਿਆਨ ਲਗਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਤੇਰੀ ਰਖੀ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਖ਼ਾਕ ਰਮਾਈਆ । ਤੂੰ ਆਦਿ ਪੁਰਖ ਅਪਰੰਪਰ ਸੁਆਮੀ ਨਿਰਗੁਣ ਧਾਰ ਏਕ, ਇਕ ਇਕੱਲੇ ਤੇਰੇ ਹੱਥ ਵਡਿਆਈਆ । ਸੋ ਪੁਰਖ ਨਿਰੰਜਣ ਮੇਰਾ ਅੰਤਸ਼ਕਰਨ ਕਰ ਬਿਬੇਕ, ਦੁਰਮਤ ਮੈਲ ਮੈਲ ਧੁਆਈਆ । ਹਰਿ ਪੁਰਖ ਨਿਰੰਜਣ ਤ੍ਰੈਗੁਣ ਮਾਇਆ ਲਾਏ ਨਾ ਸੇਕ, ਅਗਨੀ ਤਤ ਤਤ ਬੁਝਾਈਆ । ਦੋ ਜਹਾਨਾਂ ਵਾਲੀ ਹੋ ਕੇ ਵੇਖ, ਬਿਨ ਨੇਤਰ ਲੋਚਨ ਨੈਣ ਅੱਖ ਉਠਾਈਆ । ਆਦਿ ਨਿਰੰਜਣ ਜੋਤੀ ਜਾਤੇ ਕੂੜੀ ਕਿਰਿਆ ਮੇਟ ਦੇ ਭੇਖ, ਭਾਂਡਾ ਭਰਮ ਭਉ ਭੰਨਾਈਆ । ਅਬਿਨਾਸ਼ੀ ਕਰਤੇ ਲਹਿਣਾ ਦੇਣਾ ਤਕ ਲੈ ਮੁਨੀ ਰੇਖ, ਰਿਖੀਸ਼ਰਾਂ ਦਾ ਲਹਿਣਾ ਦੇ ਮੁਕਾਈਆ । ਸ੍ਰੀ ਭਗਵਾਨ ਨੌਜੁਆਨ ਲੋਕਮਾਤ ਮੇਰੇ ਉਤੇ ਵੇਖ ਆਪਣਾ ਦੇਸ, ਨਵਖੰਡ ਬ੍ਰਹਿਮੰਡ ਖੋਜ ਖੁਜਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਮੈਂ ਤੈਨੂੰ ਰਹੀ ਚੇਤ, ਮਹੀਨਾ ਚੇਤ ਮੇਰੀ ਦਏ ਗਵਾਹੀਆ । ਸਤਿਗੁਰ ਸ਼ਬਦ ਸ਼ਬਦੀ ਧਾਰ ਖੋਲ੍ਹ ਦੇ ਭੇਤ, ਅਨਭਵ

ਪੜਦਾ ਆਪ ਉਠਾਈਆ । ਤੇਰਾ ਦਰਸ਼ਨ ਕਰਾਂ ਨੇਤਨ ਨੇਤ, ਬਿਨ ਨੇਤਰ ਲੋਚਨ ਨੈਣ ਡਗਮਗਾਈਆ । ਮੇਰੇ ਉਤੇ ਜੁਗ ਚੌਕੜੀ ਲੰਘ ਗਏ ਕੇਤਨ ਕੇਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਸਰਗੁਣ ਧਾਰ ਤੇਰਾ ਦੱਸਿਆ ਹੇਤ, ਹਿਤਕਾਰੀ ਹੋ ਕੇ ਗਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਵੇਖ ਲੈ ਆਪਣਾ ਲੱਖਣ ਦੀਪ, ਦੇਸ਼ ਦੇਸ਼ੰਤਰਾਂ ਧਿਆਨ ਲਗਾਈਆ । ਮੇਰੀ ਤੇਰੇ ਚਰਨ ਕਵਲ ਆਦੇਸ, ਨਿਵ ਨਿਵ ਸੀਸ ਝੁਕਾਈਆ । ਜੋ ਇਸ਼ਾਰਾ ਦੇ ਕੇ ਗਿਆ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਤੋਂ ਬਾਹਰ ਬਾਹਰ ਦ੍ਰਿੜਾਈਆ । ਜਿਸ ਦਾ ਹੁਕਮ ਆਦਿ ਜੁਗਾਦਿ ਸਦਾ ਚਲੇ ਹਮੇਸ਼, ਹਮ ਸਾਜਣ ਇਕ ਅਖਵਾਈਆ । ਕਲਜੁਗ ਅੰਤ ਧਰਨੀਏ ਤੇਰਾ ਮੇਟੇ ਕਲੇਸ਼, ਕਲ ਕਲਕੀ ਆਪਣਾ ਫੇਰਾ ਪਾਈਆ । ਜੋ ਮਾਲਕ ਖ਼ਾਲਕ ਦੋ ਜਹਾਨਾਂ ਹੋਵੇ ਨਰੇਸ਼, ਸਚਖੰਡ ਨਿਵਾਸੀ ਇਕ ਅਖਵਾਈਆ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਕਰੋੜ ਤੇਤੀਸਾ ਨਿਵ ਨਿਵ ਲਾਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਧਰਨੀ ਕਹੇ ਪ੍ਰਭੂ ਮੇਰੀ ਆਦਿ ਜੁਗਾਦਿ ਦੀ ਆਸਾ, ਨੌ ਸੌ ਚੁਰਾਨਵੇ ਚੌਕੜੀ ਜੁਗ ਤੇਰਾ ਧਿਆਨ ਲਗਾਈਆ । ਮੈਨੂੰ ਇਸ਼ਾਰਾ ਦੇਵੇ ਸ਼ੰਕਰ ਉਤੇ ਕੈਲਾਸ਼ਾ, ਬਿਨ ਸੈਨਤ ਸੈਨਤ ਲਗਾਈਆ । ਬ੍ਰਹਮਾ ਸ਼ਬਦ ਜਣਾਏ ਬਿਨ ਸਵਾਸਾ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਵਿਸ਼ਨੂੰ ਵਿਸ਼ਵ ਦੀ ਜਣਾਏ ਰਾਸਾ, ਮੰਡਲ ਮੰਡਪ ਸੂਰੀਆ ਚੰਦ ਬੈਠੇ ਸੀਸ ਨਿਵਾਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਸ਼ਾਹ ਸ਼ਾਬਾਸ਼ਾ, ਸਚਖੰਡ ਨਿਵਾਸੀ ਇਕ ਅਖਵਾਈਆ । ਤੇਰੇ ਹੁਕਮ ਵਿਚ ਪ੍ਰਿਥਮੀ ਕਹੇ ਖੇਲ ਤਕੇ ਕੋਟਨ ਕੋਟ ਅਕਾਸ਼ਾ, ਜ਼ਿਮੀਂ ਅਸਮਾਨ ਦੇ ਮਾਲਕ ਤੇਰੀ ਬੇਪਰਵਾਹੀਆ । ਅਵਤਾਰ ਪੈਗ਼ੰਬਰ ਗੁਰ ਤੇਰਾ ਬਣਕੇ ਦਾਸੀ ਦਾਸਾ, ਜੁਗ ਜੁਗ ਤੇਰਾ ਹੁਕਮ ਗਏ ਦ੍ਰਿੜਾਈਆ । ਤਨ ਵਜੂਦ ਮਾਟੀ ਖ਼ਾਕ ਵਖਾਉਂਦੇ ਰਹੇ ਤਮਾਸ਼ਾ, ਸੁਰਤੀ ਸ਼ਬਦ ਸ਼ਬਦ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਇਕ ਰਖਾਈਆ । ਧਰਨੀ ਕਹੇ ਮੇਰੇ ਪੁਰਖ ਅਕਾਲੇ ਮੀਤ, ਮਿਤਰ ਪਿਆਰੇ ਤੇਰੀ ਓਟ ਤਕਾਈਆ । ਨਿਰਗੁਣ ਧਾਰ ਸਰਗੁਣ ਮੇਰੇ ਉਤੇ ਬਦਲ ਦੇ ਰੀਤ, ਰੀਤੀਵਾਨ ਅਵਰ ਨਾ ਕੋਇ ਵਡਿਆਈਆ । ਝਗੜਾ ਮੇਟ ਦੇ ਮੰਦਰ ਮਸੀਤ, ਕਾਇਆ ਕਾਅਬਾ ਇਕ ਸਮਝਾਈਆ । ਮਨਸਾ ਮਨ ਕੂੜੀ ਲਏ ਜੀਤ, ਜਗ ਜੀਵਣ ਦਾਤੇ ਸਿਰ ਆਪਣਾ ਹੱਥ ਟਿਕਾਈਆ । ਤਨ ਵਜੂਦ ਮਾਟੀ ਖ਼ਾਕ ਕਰਦੇ ਠਾਂਢੀ ਸੀਤ, ਅਗਨੀ ਤਤ ਨਾ ਕੋਇ ਬੁਝਾਈਆ । ਸਦੀ ਚੌਧਵੀਂ ਰਹੀ ਬੀਤ, ਬੈਠੀ ਆਪਣਾ ਪੰਧ ਮੁਕਾਈਆ । ਲੇਖਾ ਰਹੇ ਨਾ ਊਚ ਨੀਚ, ਰਾਓ ਰੰਕ ਨਾ ਕੋਇ ਚਤੁਰਾਈਆ । ਸਤਿਗੁਰ ਧਾਰ ਹੋ ਕੇ ਸ਼ਬਦੀ ਸ਼ਬਦ ਕਰ ਤਸਦੀਕ, ਸ਼ਹਾਦਤ ਅਵਤਾਰ ਪੈਗ਼ੰਬਰ ਗੁਰ ਭੁਗਤਾਈਆ । ਤੇਰਾ ਲਹਿਣਾ ਦੇਣਾ ਨਾਲ ਹਸਤ ਕੀਟ, ਕੀਟ ਕੀਟਾਂ ਵੇਖ ਵਖਾਈਆ । ਮੇਰੇ ਸਾਹਿਬ ਸੁਆਮੀ ਬੀਠਲੋ ਬੀਠ, ਹਰਿ ਕਰਤੇ ਧੁਰਦਰਗਾਹੀਆ । ਮੇਰਾ ਲਹਿਣਾ ਦੇਣਾ ਵੇਖ ਅਨਡੀਠ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਕਲਜੁਗ ਕੂੜ ਕਿਰਿਆ ਭੰਨ ਦੇ ਕੌੜਾ ਰੀਠ, ਸਤਿਜੁਗ ਅੰਮ੍ਰਿਤ ਰਸ ਮੇਰੇ ਉਤੇ ਦੇ ਚੁਆਈਆ । ਕਿਉਂ ਸੁੱਤਾ ਦੇ ਕਰ ਪੀਠ, ਸਚਖੰਡ ਨਿਵਾਸੀ ਆਪਣੀ ਕਰਵਟ ਲੈ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਢੇ ਅਲਖ ਜਗਾਈਆ ।

ਧਰਨੀ ਕਹੇ ਮੇਰੇ ਮਹਿਬੂਬ, ਮਿਹਰਵਾਨ ਮਹਿਬਾਨ ਬੀਦੋ ਤੇਰੀ ਬੇਪਰਵਾਹੀਆ । ਤੇਰਾ ਆਲੀਸ਼ਾਨ ਅਗੰਮ ਅਰੂਜ, ਅਰਸ਼ਾਂ ਦੇ ਮਾਲਕ ਨੂਰ ਅਲਾਹੀਆ । ਮੇਰੇ ਉਤੋਂ ਜਗਤ ਸ਼ਰਅ ਦੀ ਮੇਟ ਹਦੂਦ, ਹਦ ਇਕੋ ਇਕ ਸਮਝਾਈਆ । ਤੇਰੀ ਮੰਜ਼ਲ ਇਕ ਮਕਸੂਦ, ਦਰਗਾਹ ਸਾਚੀ ਸੋਭਾ ਪਾਈਆ । ਮਿਹਰਵਾਨ ਹੋ ਕੇ ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਕਰ ਮਹਿਫ਼ੂਜ਼, ਸ਼ਬਦੀ ਸ਼ਬਦ ਹੁਕਮ ਵਰਤਾਈਆ । ਮੇਰੀ ਚਾਰ ਜੁਗ ਦੀ ਪਿਛਲੀ ਆਸ਼ਾ ਬੂਝ, ਭੇਵ ਅਭੇਦਾ ਦੇ ਖੁਲ੍ਹਾਈਆ । ਮੇਰੀ ਬੇਨੰਤੀ ਬਿਨਾ ਅੱਖਰਾਂ ਤੋਂ ਬੂਝ, ਜਗਤ ਵਿਦਿਆ ਸੰਗ ਨਾ ਕੋਇ ਮਿਲਾਈਆ । ਜਿਸ ਨੂੰ ਜਾਣ ਸਕੇ ਨਾ ਕੋਇ ਮਨ ਮਤਿ ਬੁਧਿ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਸਤਿਗੁਰ ਸ਼ਬਦ ਮੈਂ ਤੇਰੀ ਰਖੀ ਓਟ, ਓੜਕ ਦਿਆਂ ਸੁਣਾਈਆ । ਮੇਰੇ ਉਤੇ ਜੁਗ ਲੰਘ ਗਏ ਕੋਟੀ ਕੋਟ, ਕੇਤੇ ਆਪਣਾ ਪੰਧ ਮੁਕਾਈਆ । ਮੇਰਾ ਲਹਿਣਾ ਦੇਣਾ ਨਾਲ ਨਿਰਮਲ ਜੋਤ, ਜੋਤੀ ਜਾਤਾ ਪੁਰਖ ਬਿਧਾਤਾ ਇਕ ਅਖਵਾਈਆ । ਮੇਰੀ ਆਸ਼ਾ ਪੁਰਾਣੀ ਜਿਸ ਦੀ ਤ੍ਰਿਸ਼ਨਾ ਬਹੁਤ, ਤ੍ਰਿਖਾ ਸਕੇ ਨਾ ਕੋਇ ਬੁਝਾਈਆ । ਨਿਗਾਹ ਮਾਰੇ ਜੋ ਝਗੜਾ ਪਿਆ ਵਰਨ ਗੋਤ, ਦੀਨ ਮਜ਼ਬ ਕਰੇ ਲੜਾਈਆ । ਸਾਚਾ ਨਜ਼ਰ ਆਏ ਕਿਸੇ ਨਾ ਖੌਂਤ, ਖ਼ਸਮ ਖ਼ਸਮਾਨਾ ਸੰਗ ਨਾ ਕੋਇ ਨਿਭਾਈਆ । ਉਹ ਤਕ ਸ਼ੰਕਰ ਕੀ ਇਸ਼ਾਰਾ ਦਿੰਦਾ ਲਾੜੀ ਮੌਤ, ਮਲਕਲ ਭੱਜੇ ਵਾਹੋ ਦਾਹੀਆ । ਜਿਸ ਨਵ ਖੰਡ ਵਰਨਾਂ ਬਰਨਾਂ ਪਾਉਣੀ ਅਦਾਉਤ, ਅਦਲ ਇਨਸਾਫ਼ ਨਾ ਕੋਇ ਕਰਾਈਆ । ਜੋਤੀ ਜੋਤ
੩੮੬ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਅਵਤਾਰ ਤੇਈ ਮੇਰੀ ੩੮੬
੨੪ ਸੁਣੋ ਸਾਖੀ, ਸੁਖ਼ਨ ਧੁਰ ਦੇ ਨਾਲ ਸੁਣਾਈਆ । ਮੈਂ ਬੇਨੰਤੀ ਇਕੋ ਆਖੀ, ਆਖ਼ਰ ਦਿਆਂ ਦ੍ਰਿੜਾਈਆ । ਧਰਮ ਦੀ ਕਰੇ ਕੋਇ ਨਾ ਰਾਖੀ, ਰਖਕ ੨੪
ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਬਣੇ ਕੋਇ ਨਾ ਸਾਥੀ, ਮਨਸਾ ਮਮਤਾ ਕੂੜ ਕੂੜ ਹਲਕਾਈਆ । ਮੈਂ ਲੇਖਾ ਦੱਸਾਂ ਜੋ ਗੋਬਿੰਦ ਦੀ ਧਾਰ ਮੇਰੇ ਉਤੇ ਆਉਣ ਵਾਲੀ ਵਿਸਾਖੀ, ਵਾਸਤਾ ਪਾ ਕੇ ਦਿਆਂ ਸੁਣਾਈਆ । ਮੈਨੂੰ ਖ਼ਬਰ ਅਗੰਮੀ ਭਾਖੀ, ਜਿਸ ਨੂੰ ਚਾਰ ਜੁਗ ਦੇ ਸ਼ਾਸਤਰ ਸਮਝ ਸਕਣ ਨਾ ਰਾਈਆ । ਮੇਰਾ ਮਾਲਕ ਲਖਣਾ ਲਾਖੀ, ਅਲਖ ਅਗੋਚਰ ਇਕ ਅਖਵਾਈਆ । ਜਿਸ ਦੀ ਜੁਗ ਜੁਗ ਦਾਸ ਦਾਸੀ, ਸੇਵਕ ਹੋ ਕੇ ਸੇਵ ਕਮਾਈਆ । ਜੋ ਮੰਡਲ ਮੰਡਪ ਪਾਵੇ ਰਾਸੀ, ਦੋ ਜਹਾਨਾਂ ਵੇਖ ਵਖਾਈਆ । ਜਿਸ ਦਾ ਲਹਿਣਾ ਦੇਣਾ ਪ੍ਰਿਥਮੀ ਅਕਾਸ਼ੀ, ਪ੍ਰਿਥਮੀ ਕਹੇ ਪ੍ਰਿਥਵ ਮੇਰੀ ਆਸ਼ਾ ਪੂਰ ਕਰਾਈਆ । ਉਹ ਸਚਖੰਡ ਨਿਵਾਸੀ ਦਰਗਾਹ ਸਚ ਦਾ ਸਚ ਨਿਵਾਸੀ, ਨਿਰਾਕਾਰ ਨਿਰੰਕਾਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਕਰਾਈਆ । ਧਰਨੀ ਕਹੇ ਪੈਗ਼ੰਬਰੋ ਕਰੋ ਧਿਆਨ, ਧਰਤ ਧਵਲ ਧੌਲ ਨੈਣ ਉਠਾਈਆ । ਆਪਣਾ ਆਪਣਾ ਵੇਖੋ ਬਿਆਨ, ਅਲਿਫ਼ ਯੇ ਵੰਡ ਨਾ ਕੋਇ ਵੰਡਾਈਆ । ਕੀ ਖੇਲ ਕਰੇ ਮਿਹਰਵਾਨ ਮਹਿਬੂਬ ਨੌਜਵਾਨ, ਹਰਿ ਕਰਤਾ ਧੁਰਦਰਗਾਹੀਆ । ਜੋ ਲੇਖਾ ਜਾਣੇ ਜੀਵ ਜੰਤ ਤਨ ਵਜੂਦ ਪੰਜ ਤਤ ਇਨਸਾਨ, ਗ੍ਰਿਹ ਗ੍ਰਿਹ ਮੰਦਰ ਵਜੂਦਾਂ ਫੋਲ ਫੁਲਾਈਆ । ਜੋ ਏਥੇ ਉਥੇ ਦੋ ਜਹਾਨਾਂ ਹੁਕਮਰਾਨ, ਕਲਮੇ ਨਾਮ ਸੰਦੇਸ਼ੇ ਦੇਵੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਦਸ ਗੁਰੂ ਗੁਰਦੇਵ ਦੇਖੋ ਨੱਸ, ਲੋਕਮਾਤੀ

ਪੰਧ ਮੁਕਾਈਆ । ਮੇਰੇ ਉਤੇ ਧਰਮ ਦਾ ਰਿਹਾ ਕੋਈ ਨਾ ਰਸ, ਰਸਤਾ ਦੀਨ ਦੁਨੀ ਗਈ ਬਦਲਾਈਆ । ਚਾਰੋਂ ਕੁੰਟ ਰੈਣ ਅੰਧੇਰੀ ਮਸ, ਸਾਚਾ ਚੰਦ ਨਾ ਕੋਇ ਚਮਕਾਈਆ । ਮੋਹ ਵਿਕਾਰ ਸ੍ਰਿਸ਼ਟੀ ਦ੍ਰਿਸ਼ਟੀ ਗਈ ਫਸ, ਸ਼ਰਅ ਜ਼ੰਜੀਰ ਨਾ ਕੋਇ ਕਟਾਈਆ । ਮੇਰਾ ਖੇੜਾ ਹੁੰਦਾ ਵੇਖੇ ਭਠ, ਭਾਂਡਾ ਭਰਮ ਨਾ ਕੋਇ ਭੰਨਾਈਆ । ਜੈਕਾਰਾ ਨਾਮ ਬੋਲੇ ਕੋਈ ਨਾ ਅਲੱਖ, ਲੱਖਣ ਦੀਪ ਮੇਰੀ ਦਏ ਗਵਾਹੀਆ । ਨਿਜ ਨੇਤਰ ਲੋਚਨ ਨੈਣ ਖੁਲ੍ਹੇ ਕਿਸੇ ਨਾ ਅੱਖ, ਕਲਜੁਗ ਜੀਵ ਰੋਵਣ ਮਾਰਨ ਧਾਹੀਆ । ਪਰਮ ਪੁਰਖ ਦਾ ਦਰਸ ਕਰੇ ਨਾ ਕੋਇ ਪਰਤਖ, ਸਾਖ਼ਿਆਤ ਨਜ਼ਰ ਕਿਸੇ ਨਾ ਆਈਆ । ਬ੍ਰਹਮ ਧਾਰ ਪਾਰਬ੍ਰਹਮ ਨਾਲੋਂ ਹੋਈ ਵਖ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਤੂੰ ਮੇਰਾ ਮੈਂ ਤੇਰਾ ਗਾਏ ਕੋਈ ਨਾ ਜਸ, ਸਿਫ਼ਤੀ ਸਿਫ਼ਤ ਨਾ ਕੋਇ ਸਲਾਹੀਆ । ਧਰਨੀ ਕਹੇ ਮੈਨੂੰ ਇਕ ਸੰਦੇਸ਼ਾ ਜੋ ਗੋਬਿੰਦ ਗਿਆ ਦੱਸ, ਦਹਿ ਦਿਸ਼ਾ ਤੋਂ ਬਾਹਰ ਜਣਾਈਆ । ਤੇਰਾ ਲਹਿਣਾ ਦੇਣਾ ਅੰਤ ਮਤਸ ਨਾਲ ਕਛ, ਕਛਪ ਰੰਗ ਰੰਗਾਈਆ । ਜੋ ਪ੍ਰਿਥ ਲੇਖਾ ਲਿਖਿਆ ਬਿਨਾ ਹੱਥ, ਕ਼ਲਮ ਸ਼ਾਹੀ ਸੰਗ ਨਾ ਕੋਇ ਰਖਾਈਆ । ਜਿਸ ਕਾਰਨ ਬਰਾਹ ਚਰਨ ਗਿਆ ਢਠ, ਬਿਨ ਚਰਨ ਸੀਸ ਝੁਕਾਈਆ । ਉਸ ਦਾ ਲਹਿਣਾ ਦੇਣਾ ਜੁਗ ਜੁਗ ਜੋ ਦੇਵੇ ਪੁਰਖ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਮੇਰੇ ਉਤੇ ਕਰੋ ਖ਼ਿਆਲ, ਜੋਤੀ ਧਾਰ ਵੇਖ ਵਖਾਈਆ । ਸ਼ਰਅ ਦਾ ਰਿਹਾ ਨਾ ਕੋਇ ਦਲਾਲ, ਵਿਚੋਲਾ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਕੂਕਦਾ ਕਾਲ, ਕਲਜੁਗ ਡੰਕਾ ਕੂੜ ਵਜਾਈਆ । ਸਚ ਦਾ ਰਿਹਾ ਨਾ ਕੋਇ ਧਨ ਮਾਲ, ਨਾਮ ਵਸਤ ਹੱਟ ਨਾ ਕੋਇ ਵਿਕਾਈਆ । ਭਾਗ ਲਗੇ ਨਾ ਕਿਸੇ ਕਾਇਆ ਮਾਟੀ ਖਾਲ, ਪੰਜ ਤਤ ਤਤ ਤਤ ਨਾ ਕੋਇ ਰੁਸ਼ਨਾਈਆ । ਸਚ ਪ੍ਰੀਤੀ ਸਕੇ ਕੋਈ ਨਾ ਘਾਲ, ਘਾਇਲ ਹੁੰਦੀ ਦਿਸੇ ਲੋਕਾਈਆ । ਮੇਰੀ ਇਕ ਬੇਨੰਤੀ ਇਕ ਅਗੰਮਾ ਸਵਾਲ, ਜਿਸ ਦੀ ਵੰਡ ਜਗਤ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰਾਂ ਗੁਰੂਆਂ ਸਚਖੰਡ ਵਿਚੋਂ ਮਾਰੀ ਝਾਕੀ, ਬਿਨ ਨੈਣਾਂ ਨੈਣ ਉਠਾਈਆ । ਮਿਹਰਵਾਨ ਹੋ ਕੇ ਖੋਲ੍ਹੇ ਅਗੰਮੀ ਤਾਕੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਸ਼ਬਦ ਅਗੰਮੇ ਘੋੜੇ ਚੜ੍ਹੇ ਰਾਕੀ, ਅਸਵ ਇਕੋ ਨਾਮ ਦੌੜਾਈਆ । ਆ ਕੇ ਵੇਖੋ ਬੰਦੇ ਖ਼ਾਕੀ, ਖ਼ਾਕ ਮਿੱਟੀ ਮੇਰੀ ਫੋਲ ਫੁਲਾਈਆ । ਚਾਰੋਂ ਕੁੰਟ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਤੁਹਾਡਾ ਰਿਹਾ ਨਾ ਕੋਇ ਜਮਾਤੀ, ਸਗਲਾ ਸੰਗ ਨਾ ਕੋਇ ਨਿਭਾਈਆ । ਨੂਰ ਰਿਹਾ ਨਾ ਆਫ਼ਤਾਬੀ, ਜਲਵਾਗਰ ਨਾ ਕੋਇ ਦਰਸਾਈਆ । ਧਰਮ ਦਾ ਦਿਸੇ ਨਾ ਕੋਈ ਅਮਦਾਦੀ, ਸਚ ਵਿਚ ਨਾ ਕੋਇ ਸਮਝਾਈਆ । ਸਾਧ ਸੰਤ ਬਣੇ ਨਾ ਕੋਇ ਬੋਧ ਅਗਾਧੀ, ਬੁੱਧੀ ਤੋਂ ਪਰੇ ਨਾ ਕੋਇ ਪੜ੍ਹਾਈਆ । ਮੈਂ ਇਕੋ ਪ੍ਰੇਮ ਨਾਲ ਮਾਰਾਂ ਅਵਾਜ਼ੀ, ਖ਼ੁਸ਼ੀਆਂ ਨਾਲ ਸੁਣਾਈਆ । ਮੇਰੇ ਉਤੇ ਕਲਜੁਗ ਕੂੜ ਦੀ ਉਲਟਣ ਵਾਲੀ ਬਾਜ਼ੀ, ਜੋ ਬਾਜ਼ਾਂ ਵਾਲਾ ਗਿਆ ਸਮਝਾਈਆ । ਨਾਲੇ ਆਪਣਾ ਲੇਖਾ ਤਕੇ ਮਾਜ਼ੀ, ਪੂਰਬ ਲਹਿਣਾ ਨਾਲ ਮਿਲਾਈਆ । ਅੰਤ ਝਗੜਾ ਮੁਕਣਾ ਮੁੱਲਾ ਸ਼ੇਖ਼ ਮੁਸਾਇਕ ਕ਼ਾਜ਼ੀ, ਕਜ਼ਾ ਵੇਖੇ ਖ਼ਲਕ ਖ਼ੁਦਾਈਆ । ਧੰਨ ਦੌਲਤ ਸਾਬਤ ਰਹੇ ਨਾ ਕਿਸੇ ਆਰਾਜ਼ੀ, ਸ਼ਾਹ ਸੁਲਤਾਨ ਰੋਵਣ ਮਾਰਨ ਧਾਹੀਆ । ਮੁਹੱਬਤ ਰਹੇ ਨਾ ਹਕ਼ੀਕ਼ੀ ਮਜਾਜ਼ੀ, ਪਿਆਰ ਵਿਚ ਨਾ ਕੋਇ ਸਮਾਈਆ । ਸਤਿ ਸਚ ਦਿਸੇ ਨਾ ਕੋਇ

ਸਮਾਧੀ, ਸਮਾਂ ਆਪਣਾ ਰੰਗ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਮੇਰੀ ਕਰੋ ਮਦਦ, ਮੁਦਤਾਂ ਦੇ ਮਾਲਕ ਧਿਆਨ ਲਗਾਈਆ । ਚਾਰੋਂ ਕੁੰਟ ਦੇਖੋ ਤਸ਼ੱਦਦ, ਝਗੜਾ ਕਰੇ ਕੂੜ ਲੋਕਾਈਆ । ਸੂਫ਼ੀ ਰਹੇ ਕੋਟਾਂ ਵਿਚੋਂ ਕੁਝ ਅਦਦ, ਗਿਣਤੀ ਗਣਤ ਨਾ ਕੋਇ ਗਿਣਾਈਆ । ਨਿਗਾਹ ਮਾਰੋ ਆਪਣੇ ਆਪਣੇ ਵਿਚ ਦੀਨ ਮਜ਼੍ਹਬ, ਸੂਫ਼ੀ ਵੇਖੋ ਚਾਈਂ ਚਾਈਂਆ । ਦਰੋਹੀ ਮੇਰੇ ਉਤੇ ਹੋਇਆ ਗ਼ਜ਼ਬ, ਨੇਤਰ ਰੋ ਰੋ ਦਿਆਂ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਸੁਣ ਧਰਨੀ ਮਾਤ, ਮਾਤਲੋਕ ਤੇਰਾ ਧਿਆਨ ਲਗਾਈਆ । ਪ੍ਰਭ ਦਾ ਲੇਖਾ ਸਦ ਲਿਖਿਆ ਬਿਨਾ ਕ਼ਲਮ ਦੁਆਤ, ਸ਼ਾਹੀ ਵੰਡ ਨਾ ਕੋਇ ਵੰਡਾਈਆ । ਜਿਸ ਝਗੜਾ ਪੁਆਇਆ ਜ਼ਾਤ ਪਾਤ, ਸ਼ਰਅ ਦੀਨ ਦੁਨੀ ਸੰਗ ਰਲਾਈਆ । ਉਹ ਵੇਖਣਹਾਰਾ ਤੇਰਾ ਹਾਲਾਤ, ਬਿਨ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਅੰਤਮ ਤੇਰੀ ਪੁਛੇ ਵਾਤ, ਵਾਰਸ ਹੋ ਕੇ ਲਏ ਅੰਗੜਾਈਆ । ਜਿਸ ਦਾ ਰੂਪ ਅਨੂਪ ਬਹੁਭਾਂਤ, ਭੇਵ ਸਕੇ ਕੋਇ ਨਾ ਪਾਈਆ । ਤੇਰਾ ਲਹਿਣਾ ਚੁਕਾਏ ਦੀਪ ਸਾਤ, ਨੌ ਖੰਡ ਪ੍ਰਿਥਮੀ ਖੋਜ ਖੁਜਾਈਆ । ਸਚ ਪ੍ਰੀਤ ਬਖ਼ਸ਼ ਕੇ ਨਾਤ, ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਧਰਨੀ ਸਾਡਾ ਮਾਲਕ ਏਕੰਕਾਰ, ਇਕ ਇਕੱਲਾ ਅਗੰਮ ਅਥਾਹੀਆ । ਜਿਸ ਨੂੰ ਕਿਹਾ ਪਰਵਰਦਿਗਾਰ, ਯਾਮਬੀਨ ਕਹਿ ਕੇ ਸੀਸ ਨਿਵਾਈਆ । ਉਹ ਵੇਖੇ ਵਿਗਸੇ ਪਾਵੇ ਸਾਰ, ਵੇਖਣਹਾਰਾ ਨੂਰ ਅਲਾਹੀਆ । ਜਿਸ ਦੇ ਨਾਮ ਕਲਮੇ ਅਸੀਂ ਆਏ ਉਚਾਰ, ਅੱਖਰ ਅੱਖਰਾਂ ਨਾਲ ਜੁੜਾਈਆ । ਦੀਨਾਂ ਮਜ਼੍ਹਬਾਂ ਵੰਡ ਵਿਚ ਸੰਸਾਰ, ਮਾਨਸ ਮਾਨਵ ਮਾਨੁਖ ਆਪਣੇ ਰੰਗ ਰੰਗਾਈਆ । ਸੋ ਲੇਖਾ ਜਾਣੇ ਜਾਨਣਹਾਰ, ਜਾਗਰਤ ਜੋਤ ਡਗਮਗਾਈਆ । ਜਿਸ ਦੇ ਚਰਨ ਕਵਲ ਨਿਮਸਕਾਰ, ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਜੋ ਲੇਖਾ ਜਾਣੇ ਆਪਣੀ ਵਾਰ, ਦੂਸਰ ਸੰਗ ਨਾ ਕੋਇ ਮਿਲਾਈਆ । ਪਰਗਟ ਹੋਵੇ ਜੋਤੀ ਜਾਤਾ ਨਿਰਗੁਣ ਨੂਰ ਕਰ ਉਜਿਆਰ, ਤਤਵ ਤਤ ਨਾ ਕੋਇ ਚਤੁਰਾਈਆ । ਉੱਤਰ ਪੂਰਬ ਪੱਛਮ ਦੱਖਣ ਦੇਖੇ ਆਪ ਕਰਤਾਰ, ਕ਼ੁਦਰਤ ਦਾ ਕ਼ਾਦਰ ਧਿਆਨ ਲਗਾਈਆ । ਤੂੰ ਕਿਉਂ ਰੋਂਦੀ ਜ਼ਾਰੋ ਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਅਸੀਂ ਚਾਰ ਜੁਗ ਦੇ ਮਜ਼੍ਹਬਾਂ ਦੇ ਮੁਖ਼ਤਿਆਰ, ਮੁਖ਼ਤਿਆਰਨਾਮੇ ਸਾਡੇ ਹੱਥ ਫੜਾਈਆ । ਵੀਹਵੀਂ ਚੌਧਵੀਂ ਸਾਡਾ ਉਧਾਰ, ਕ਼ਰਜ਼ਾ ਮਕ਼ਰੂਜ਼ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਧਰਨੀ, ਹਰਿ ਕਰਤਾ ਦਇਆ ਕਮਾਵੇਗਾ । ਪੁਰਖ ਅਕਾਲਾ ਵੇਖ ਵਖਾਵੇਗਾ । ਪਰਦਾ ਉਹਲਾ ਭੇਵ ਚੁਕਾਵੇਗਾ । ਸਾਚਾ ਢੋਲਾ ਸੋਹਲਾ ਇਕ ਦ੍ਰਿੜਾਵੇਗਾ । ਨਿਰਗੁਣ ਧਾਰ ਬਣਕੇ ਤੋਲਾ, ਲੱਖ ਚੁਰਾਸੀ ਤੋਲ ਤੁਲਾਵੇਗਾ । ਅਵਤਾਰ ਪੈਗ਼ੰਬਰ ਜਿਸ ਦਾ ਗੋਲਾ, ਸੋ ਪੁਰਖ ਨਿਰੰਜਣ ਵੇਸ ਵਟਾਵੇਗਾ । ਕਲਜੁਗ ਕੂੜੀ ਕਿਰਿਆ ਮੇਟੇ ਰੌਲਾ, ਰੌਣਕ ਆਪਣੀ ਇਕ ਦਰਸਾਵੇਗਾ । ਜਿਸ ਨੂੰ ਪੈਗ਼ੰਬਰਾਂ ਕਿਹਾ ਮੌਲਾ, ਸੋ ਮਿਹਰਵਾਨ ਹੋ ਕੇ ਫੇਰਾ ਪਾਵੇਗਾ । ਤੇਰਾ ਭਾਰ ਕਰੇ ਹੌਲਾ, ਹੌਲੀ ਹੌਲੀ ਆਪਣਾ ਰੰਗ ਰੰਗਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਵੇਗਾ । ਹਰਿ ਕਰਨੀ ਕਾਰ ਕਮਾਏਗਾ ।

ਦੀਨ ਦਿਆਲਾ ਵੇਖ ਵਖਾਏਗਾ । ਅਵਤਾਰ ਪੈਗ਼ੰਬਰ ਗੁਰੂ ਆਪਣੇ ਸੰਗ ਮਿਲਾਏਗਾ । ਜਿਸ ਦੇ ਹੁਕਮ ਵਿਚ ਸਤਿਜੁਗ ਤ੍ਰੇਤਾ ਦੁਆਪਰ ਗਿਆ ਲੰਘ, ਕਲਜੁਗ ਅੰਤਮ ਪੰਧ ਮੁਕਾਏਗਾ । ਤੇਰਾ ਭਾਗ ਹੋਣ ਨਾ ਦੇਵੇ ਮੰਦ, ਸਿਰ ਤੇਰੇ ਹੱਥ ਟਿਕਾਏਗਾ । ਜਿਸ ਨਿਸ਼ਾਨ ਮੇਟਣਾ ਤਾਰਾ ਚੰਦ, ਚਾਰ ਯਾਰੀ ਮੁਹੰਮਦ ਆਪਣੇ ਗ੍ਰਹਿ ਵਸਾਏਗਾ । ਜੋ ਇਸ਼ਾਰਾ ਦੇ ਕੇ ਗਿਆ ਗੋਬਿੰਦ ਪੁਰੀ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਏਗਾ । ਤੇਰੀ ਨੰਗੀ ਹੋਣ ਨਾ ਦੇਵੇ ਕੰਡ, ਪੁਸ਼ਤ ਪਨਾਹ ਹੱਥ ਟਿਕਾਏਗਾ । ਜੋ ਲੇਖਾ ਜਾਣੇ ਵਿਚ ਬ੍ਰਹਿਮੰਡ, ਬ੍ਰਹਿਮਾਂਡ ਖੋਜ ਖੁਜਾਏਗਾ । ਝਗੜਾ ਮੇਟੇ ਜੇਰਜ ਅੰਡ, ਉਤਭੁਜ ਸੇਤਜ ਡੇਰਾ ਢਾਏਗਾ । ਤੇਰੀ ਆਸ਼ਾ ਹੋਣ ਨਾ ਦੇਵੇ ਰੰਡ, ਕੰਤ ਸੁਹਾਗੀ ਸੋਭਾ ਪਾਏਗਾ । ਨਿਗਾਹ ਮਾਰੇ ਨਵ ਖੰਡ, ਸੱਤਾਂ ਦੀਪਾਂ ਫੋਲ ਫੁਲਾਏਗਾ । ਤੇਰੀ ਟੁੱਟੀ ਲਏ ਗੰਢ, ਗੰਢਣਹਾਰ ਗੋਪਾਲ ਸੁਆਮੀ ਆਪਣੀ ਦਇਆ ਕਮਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਆਪਣਾ ਹੁਕਮ ਵਰਤਾਏਗਾ । ਝਟ ਕਲਜੁਗ ਕਹੇ ਗੁਰ ਅਵਤਾਰ ਪੈਗ਼ੰਬਰੋ ਮੇਰੀ ਇਕ ਸਲਾਮ, ਡੰਡਾਵਤ ਬੰਦਨਾ ਕਹਿ ਕੇ ਸੀਸ ਨਿਵਾਈਆ । ਮੈਂ ਵੀ ਉਸ ਸਾਹਿਬ ਦਾ ਗ਼ੁਲਾਮ, ਜੋ ਪਰਵਰਦਿਗਾਰ ਨੂਰ ਅਲਾਹੀਆ । ਮੇਰੀ ਆਸ਼ਾ ਰਖ ਕੇ ਗਿਆ ਬਾਵਨ ਇਕ ਭਗਵਾਨ, ਬਲ ਦੁਆਰਾ ਨਾਲ ਮਿਲਾਈਆ । ਮੇਰਾ ਸੰਦੇਸ਼ਾ ਦਿਤਾ ਰਾਮ, ਬਾਲਮੀਕ ਦਏ ਗਵਾਹੀਆ । ਮੇਰੀ ਆਸ਼ਾ ਰਖੀ ਕਾਹਨ, ਘਨਈਆ ਆਪਣੀ ਆਸ ਜਣਾਈਆ । ਮੇਰਾ ਲਹਿਣਾ ਦੇਣਾ ਜਗਤ ਜਹਾਨ, ਜੀਵ ਜੰਤ ਨਾਲ ਵਡਿਆਈਆ । ਮੈਨੂੰ ਪੈਗ਼ੰਬਰਾਂ ਕੀਤਾ ਸਲਾਮ, ਨਿਵ ਨਿਵ ਸੀਸ ਝੁਕਾਈਆ । ਮੈਂ ਹਸ ਕੇ ਕਿਹਾ ਸਭ ਨੂੰ ਤਮਾਮ, ਤਮਅ ਲਾਲਚ ਮੇਰੀ ਬੇਪਰਵਾਹੀਆ । ਕੋਈ ਕਰ ਨਾ ਸਕੇ ਇੰਤਜ਼ਾਮ, ਬੰਦੋਬਸਤ ਦਿਸੇ ਨਾ ਖ਼ਲਕ ਖ਼ੁਦਾਈਆ । ਦੀਨ ਦੁਨੀ ਮੇਰੀ ਹੋਵੇ ਗ਼ੁਲਾਮ, ਸਿਰ ਸਕੇ ਨਾ ਕੋਇ ਉਠਾਈਆ । ਮੈਂ ਅੰਤਮ ਆਪਣਾ ਪੂਰਾ ਕਰਨਾ ਕਾਮ, ਕਾਮ ਕਰੋਧ ਲੋਭ ਮੋਹ ਹੰਕਾਰ ਵਿਚ ਸ੍ਰਿਸ਼ਟੀ ਦ੍ਰਿਸ਼ਟੀ ਕਰਨੀ ਹਲਕਾਈਆ । ਕੂੜੀ ਕਿਰਿਆ ਕਰਨੀ ਸ਼ਾਮ, ਧਰਮ ਦੀ ਧਾਰ ਨਜ਼ਰ ਕੋਇ ਨਾ ਆਈਆ । ਮੇਰਾ ਲਹਿਣਾ ਦੇਣਾ ਲੇਖਾ ਨਾਲ ਅਗੰਮੀ ਅਮਾਮ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜਿਸ ਅੰਤਮ ਵਸਣਾ ਸੰਬਲ ਨਗਰ ਅਨੋਖੇ ਗਰਾਮ, ਧਰਨੀ ਤੇਰੇ ਉਤੇ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਧਰਨੀਏ ਕੀ ਗੁਰ ਅਵਤਾਰ ਪੈਗ਼ੰਬਰਾਂ ਦੇਵੇਂ ਸੱਦਾ, ਸ਼ਬਦ ਗੁਰ ਕੀ ਸ਼ਨਵਾਈਆ । ਮੇਰੀ ਅੰਤ ਅਖ਼ੀਰ ਵੇਖ ਲੈ ਹੱਦਾ, ਹਦੂਦ ਆਪਣੀ ਦਿਆਂ ਸਮਝਾਈਆ । ਮੈਂ ਮਾਣ ਰਹਿਣ ਦੇਣਾ ਨਹੀਂ ਵਿਚ ਕਿਸੇ ਯਦਾ, ਯੁਧਿਸ਼ਟਰ ਦਾ ਲੇਖਾ ਕ੍ਰਿਸ਼ਨ ਨਾਲ ਪੂਰ ਕਰਾਈਆ । ਨਵ ਸੱਤ ਤੇਰੇ ਉਤੇ ਹੋਣਾ ਦਗ਼ਾ, ਫ਼ਰੇਬ ਕਰਨਾ ਖ਼ਲਕ ਖ਼ੁਦਾਈਆ । ਉਹ ਵੇਖ ਲੈ ਗੋਬਿੰਦ ਲੇਖ ਲਿਖਿਆ ਬਿਨ ਕ਼ਲਮ ਸ਼ਾਹੀ ਬੱਗਾ, ਕ਼ਾਗਜ਼ ਵੰਡ ਨਾ ਕੋਇ ਵੰਡਾਈਆ । ਮਾਛੂਵਾੜਾ ਧਾਰ ਤਕ ਲੈ ਜਿਥੇ ਸੁਹੰਜਣੀ ਹੋਈ ਜਗਹ, ਦੀਨ ਦੁਨੀ ਸਮਝ ਕੋਇ ਨਾ ਪਾਈਆ । ਨਿਰਵੈਰ ਨਿਰਾਕਾਰ ਨਿਰੰਕਾਰ ਮੈਨੂੰ ਦਿਤਾ ਪਦਾ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਤੇਰੇ ਉਤੇ ਦੀਨ ਦੁਨੀ ਅੰਤਮ ਭੋਗਣੀ ਸਭ ਨੇ ਸਜ਼ਾ, ਸਜ਼ਾ ਯਾਫ਼ਤਾ ਦਿਸੇ ਖ਼ਲਕ ਖ਼ੁਦਾਈਆ । ਕਮਲੀਏ ਦੋ ਚਾਰ ਸਾਲ ਵਿਚ ਮੈਂ ਸਭ ਨੂੰ ਚਖਾ ਦੇਵਾਂ ਮਜ਼ਾ, ਜੋ ਮਜ਼ਾਕ਼ ਕਰਕੇ ਮੈਨੂੰ ਰਿਹਾ ਵਖਾਈਆ । ਮੇਰਾ ਸਾਹਿਬ ਸੁਲਤਾਨਾ ਨੌਜਵਾਨਾ ਸ੍ਰੀ ਭਗਵਾਨਾ ਮਰਦ ਮਰਦਾਨਾ ਜੋਤੀ ਧਾਰ ਏਕੰਕਾਰ ਪਰਵਰਦਿਗਾਰ ਤੇਰੇ ਲੱਖਣ

ਦੀਪ ਵਿਚ ਕਰਦਾ ਫਿਰੇ ਗਜਾ, ਗ਼ਜ਼ਬ ਦੀ ਧਾਰ ਸਮਝ ਕੋਇ ਨਾ ਪਾਈਆ । ਨੀ ਤੂੰ ਚਲਣਾ ਉਸ ਦੀ ਵਿਚ ਰਜ਼ਾ, ਜੋ ਰਾਜ਼ਕ ਰਿਜ਼ਕ ਰਹੀਮ ਨੂਰ ਅਲਾਹੀਆ । ਜਿਸ ਦੇ ਹੁਕਮ ਦੀ ਸਮਝ ਸਕੇ ਕੋਈ ਨਾ ਵਜਹ, ਵਜੂਹਾਤ ਨਾ ਕੋਇ ਦ੍ਰਿੜਾਈਆ । ਮੈਂ ਵੀ ਉਸੇ ਦੇ ਹੁਕਮ ਵਿਚ ਫਿਰਦਾ ਭੱਜਾ, ਭੱਜਾਂ ਵਾਹੋ ਦਾਹੀਆ । ਉਹ ਵੇਖ ਲੈ ਜਿਸ ਕਾਰਨ ਗੋਬਿੰਦ ਨੇ ਹੱਥ ਉਠਾਇਆ ਸੱਜਾ, ਖੰਡਾ ਖੜਗ ਖੜਗ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਧਰਨੀਏ ਮੇਰਾ ਮਾਲਕ ਅਗੰਮ ਸੁਆਮੀ, ਜੋ ਸਮੇਂ ਸਮੇਂ ਆਪਣਾ ਹੁਕਮ ਵਰਤਾਈਆ । ਜਿਸ ਨੂੰ ਸਭ ਨੇ ਮੰਨਿਆ ਅੰਤਰਜਾਮੀ, ਅੰਤਰ ਨਿਰੰਤਰ ਵੇਖੇ ਥਾਉਂ ਥਾਈਆ । ਜਿਸ ਦੀ ਚਾਰ ਜੁਗ ਦੇ ਸ਼ਾਸਤਰ ਗਾਉਂਦੇ ਬਾਣੀ, ਅੱਖਰ ਅੱਖਰਾਂ ਨਾਲ ਮਿਲਾਈਆ । ਜਿਸ ਸਤਿਜੁਗ ਤ੍ਰੇਤਾ ਦੁਆਪਰ ਕੀਤਾ ਫ਼ਾਨੀ, ਅੰਤ ਮੇਰਾ ਫ਼ੈਸਲਾ ਆਪਣੇ ਹੱਥ ਰਖਾਈਆ । ਪਰ ਯਾਦ ਕਰ ਲੈ ਜਿਸ ਦਿਨ ਅਰਜਨ ਗੁਰ ਨੇ ਚੁਕੀ ਕ਼ਲਮ ਕਾਨੀ, ਕ਼ਾਗ਼ਜ਼ ਸ਼ਾਹੀ ਨਾਲ ਮਿਲਾਈਆ । ਪੁਰਖ ਅਕਾਲਾ ਦੀਨ ਦਿਆਲਾ ਬਣਕੇ ਸਚਖੰਡ ਦਾ ਦਾਨੀ, ਵਸਤ ਅਗੰਮ ਦਿਤੀ ਵਰਤਾਈਆ । ਸੰਦੇਸ਼ਾ ਦਿਤਾ ਬਿਨਾ ਜ਼ਬਾਨ ਕਲਾਮੀ, ਕਲਮਿਆਂ ਤੋਂ ਬਾਹਰ ਸਮਝਾਈਆ । ਉਹ ਵੇਖ ਕਲਜੁਗ ਅੰਤ ਦੀਨ ਦੁਨੀਆ ਹੁੰਦੀ ਫ਼ਾਨੀ, ਫ਼ਨਾਹ ਫ਼ਿਲ੍ਹਾ ਦਿਸੇ ਖ਼ਲਕ ਖ਼ੁਦਾਈਆ । ਕਿਸੇ ਸਮਝ ਨਹੀਂ ਆਉਣੀ ਕਿਹੜਾ ਮਹੀਨਾ ਹੋਵੇ ਰਮਜ਼ਾਨੀ, ਰਮਜ਼ ਸਮਝ ਕੋਇ ਨਾ ਪਾਈਆ । ਚਾਰੋਂ ਕੁੰਟ ਤਕ ਬੇਈਮਾਨੀ, ਬੇਵਾ ਦਿਸੇ ਕੂੜ ਲੋਕਾਈਆ । ਮੇਰੇ ਹੁਕਮ ਦੀ ਇਕੋ ਲਹਿਰ ਚਲਣੀ ਤੁਫ਼ਾਨੀ, ਜਿਸ ਨੂੰ ਜਗਤ ਸਕੇ ਨਾ ਕੋਇ ਅਟਕਾਈਆ । ਉਸ ਵੇਲੇ ਮੰਜ਼ਲ ਰਹਿਣੀ ਨਹੀਂ ਕੋਈ ਰੁਹਾਨੀ, ਰੂਹ ਬੁਤ ਨਾ ਕੋਇ ਚਤੁਰਾਈਆ । ਕਲਜੁਗ ਕਹੇ ਧਰਨੀਏ ਤੇਰਾ ਮੇਰਾ ਮਹਿਬੂਬ ਇਕ ਏਕੰਕਾਰ ਜੋ ਜੁਗ ਜੁਗ ਸਰਗੁਣ ਨਿਰਗੁਣ ਪਿਆਰ ਵਿਚ ਖਾਣ ਆਏ ਮਹਿਮਾਨੀ, ਮਿਹਰਵਾਨ ਆਪਣਾ ਵੇਸ ਵਟਾਈਆ । ਬਿਨ ਅੱਖਾਂ ਤੋਂ ਉਸ ਨੂੰ ਤੂੰ ਪਹਿਚਾਨੀ, ਜੋ ਬੇਪਹਿਚਾਨ ਧੁਰ ਦਾ ਮਾਹੀਆ । ਜਿਸ ਦੀ ਜੂਹ ਕਦੇ ਨਾ ਹੋਈ ਬੇਗਾਨੀ, ਬੇਘਰਾਂ ਦਾ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਕਲਜੁਗ ਕੀ ਮੈਨੂੰ ਦਏਂ ਇਸ਼ਾਰਾ, ਸਚ ਸਤਿ ਦ੍ਰਿੜਾਈਆ । ਮੈਂ ਰੋ ਰੋ ਕਰਦੀ ਗਿਰਿਆਜ਼ਾਰਾ, ਪ੍ਰਭੂ ਤੇਰਾ ਨਾਮ ਦੁਹਾਈਆ । ਚਾਰੋਂ ਕੁੰਟ ਮੇਰੇ ਉਤੇ ਹਾਹਾਕਾਰਾ, ਧੀਰਜ ਧੀਰ ਨਾ ਕੋਇ ਰਖਾਈਆ । ਦੀਨ ਮਜ਼੍ਹਬ ਤੇਰੇ ਨਾਮ ਕਲਮੇ ਲਲਕਾਰਾ, ਸ਼ਰਅ ਸ਼ਰਅ ਨੈਣ ਉਠਾਈਆ । ਜੀਵ ਜੰਤ ਦ੍ਰਿਸ਼ਟੀ ਅੰਦਰ ਵਧਿਆ ਵਿਭਚਾਰਾ, ਵਿਭਚਾਰ ਕਰੇ ਖ਼ਲਕ ਖ਼ੁਦਾਈਆ । ਪਿਆਰ ਰਿਹਾ ਨਾ ਨਾਰੀ ਨਾਰਾ, ਨਰ ਨਰਾਇਣ ਤੇਰਾ ਦਰਸ ਕੋਇ ਨਾ ਪਾਈਆ । ਮਾਣ ਰਿਹਾ ਨਾ ਵੇਦ ਚਾਰਾ, ਪੁਰਾਨ ਅਠਾਰਾਂ ਸੰਗ ਨਾ ਕੋਇ ਨਿਭਾਈਆ । ਗੀਤਾ ਗਿਆਨ ਦਿਤਾ ਨਾ ਕੋਇ ਸਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਧਰਨੀਏ ਮੈਂ ਬੜਾ ਸੂਰਬੀਰ ਬਹਾਦਰ, ਗੁਰ ਤੇਗ਼ ਬਹਾਦਰ ਮੇਰੀ ਦਏ ਗਵਾਹੀਆ । ਮੈਨੂੰ ਹੁਕਮ ਦਿਤਾ ਕਰੀਮ ਕ਼ਾਦਰ, ਜੋ ਕਰਤਾ ਪੁਰਖ ਇਕ ਅਖਵਾਈਆ । ਜਿਸ ਦਾ ਭੇਵ ਜਾਣੇ ਕੋਈ ਨਾ ਸ਼ਾਦੋ ਨਾਦਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੈਂ ਆਪਣਾ ਕਰਮ ਕੀਤਾ ਉਜਾਗਰ, ਨਵ ਖੰਡ ਤੇਰੇ ਉਤੇ ਦਿਤਾ ਵਰਤਾਈਆ । ਮਾਣ ਰਿਹਾ ਨਾ ਪਿਦਰ ਮਾਦਰ, ਪਿਤਾ ਪੂਤ ਨਾ ਕੋਇ ਚਤੁਰਾਈਆ ।

੩੯੦
੨੪

ਧਰਮ ਦਾ ਰਹੇ ਕੋਈ ਨਾ ਆਦਲ, ਇਨਸਾਫ਼ ਹਕ ਨਾ ਕੋਇ ਜਣਾਈਆ । ਦੀਨ ਦੁਨੀ ਬਣੀ ਕ਼ਾਤਲ, ਮਕ਼ਤੂਲ ਮਜ਼੍ਹਬ ਰੂਪ ਦਰਸਾਈਆ । ਭੇਵ ਖੋਲ੍ਹੇ ਕੋਈ ਨਾ ਬਾਤਨ, ਪੜਦਾ ਸਕੇ ਨਾ ਕੋਇ ਉਠਾਈਆ । ਤੇਰੇ ਉਤੇ ਕੀਤੀ ਅੰਧੇਰੀ ਰਾਤਨ, ਧਰਮ ਦਾ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਕਲਜੁਗ ਮੇਰੇ ਸਾਹਿਬ ਬੜੇ ਬਲਵੰਤ, ਬਲਧਾਰੀ ਇਕ ਅਖਵਾਈਆ । ਜੋ ਆਦਿ ਜੁਗਾਦੀ ਧੁਰ ਦਾ ਕੰਤ, ਕੰਤੂਹਲ ਨੂਰ ਅਲਾਹੀਆ । ਜੋ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਬਦਲ ਦੇਵੇ ਮੰਤ, ਮੰਤਵ ਆਪਣਾ ਹਲ ਕਰਾਈਆ । ਜਿਸ ਤੇਰੀ ਬਣਾਈ ਬਣਤ, ਘੜਨ ਭੰਨਣਹਾਰ ਇਕ ਅਖਵਾਈਆ । ਜਿਸ ਦੀ ਮਹਿੰਮਾ ਸਦਾ ਅਗਣਤ, ਕਥਨੀ ਕਥ ਨਾ ਸਕੇ ਰਾਈਆ । ਜਿਸ ਖੇਲ ਖਿਲਾਇਆ ਮੇਰੇ ਉਤੇ ਲੱਖ ਚੁਰਾਸੀ ਜੀਵ ਜੰਤ, ਸਾਧ ਸੰਤ ਨਾਲ ਮਿਲਾਈਆ । ਤੇਰਾ ਕੂੜ ਕੁੜਿਆਰ ਕਰੇ ਭਸਮੰਤ, ਭਸਮੜ ਆਪਣਾ ਰੂਪ ਦਰਸਾਈਆ । ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਦਏ ਜਣਾਈਆ । ਬੋਧ ਅਗਾਧਾ ਬਣ ਕੇ ਪੰਡਤ, ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਂਆ । ਕਲਜੁਗ ਕਹੇ ਧਰਨੀਏ ਮੈਂ ਵੀ ਪ੍ਰਭ ਦਾ ਸੁਤ ਦੁਲਾਰਾ, ਦੂਲਹਾ ਇਕ ਅਖਵਾਈਆ । ਮੇਰੀ ਪਾਵੇ ਕੋਈ ਨਾ ਸਾਰਾ, ਭੇਵ ਸਕੇ ਨਾ ਕੋਇ ਖੁਲ੍ਹਾਈਆ । ਮੈਂ ਤੇਰੇ ਉਤੇ ਨਵ ਖੰਡ ਦਿਤਾ ਹੁਲਾਰਾ, ਸੱਤ ਦੀਪ ਦਿਤੇ ਹਿਲਾਈਆ । ਜਗਤ ਵਿਦਿਆ ਕੀਤਾ ਖ਼ੁਆਰਾ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਮਨ ਕਲਪਣਾ ਕੂਕੇ ਕਰੇ ਪੁਕਾਰਾ, ਦਰੋਹੀ ਦਰੋਹੀ ਕਰ ਸੁਣਾਈਆ । ਪੰਚ ਵਿਕਾਰ ਵਧਾ ਵਿਚ ਸੰਸਾਰਾ, ਮਾਇਆ ਮਮਤਾ ਨਾਲ ਮਿਲਾਈਆ । ਉਹ ਵੇਖ ਲੈ ਮੈਨੂੰ ਸਤਿਗੁਰ ਸ਼ਬਦ ਦਏ ਇਸ਼ਾਰਾ, ਸੈਨਤ ਅਗੰਮ ਲਗਾਈਆ । ਤੇਈ ਅਵਤਾਰ ਬੋਲਣ ਜੈਕਾਰਾ, ਇਕੋ ਰਾਗ ਸੁਣਾਈਆ । ਪੈਗ਼ੰਬਰਾਂ ਵੇਖ ਉਧਾਰਾ, ਪੂਰਬ ਲਹਿਣਾ ਨਾਲ ਮਿਲਾਈਆ । ਨਾਨਕ ਗੋਬਿੰਦ ਜਿਸ ਨੇ ਮੇਰਾ ਅੰਤ ਅੰਤ ਦਾ ਦੱਸਿਆ ਕਿਨਾਰਾ, ਕਿਨਾਰਾ ਸਰਸਾ ਦਏ ਗਵਾਹੀਆ । ਮੇਰਾ ਲਹਿਣਾ ਦੇਣਾ ਨਾਲ ਅੰਤ ਕਲਕਲਕੀ ਅਵਤਾਰਾ, ਜਿਸ ਨੂੰ ਜਨਮੇ ਕੋਈ ਨਾ ਮਾਈਆ । ਉਸ ਦੇ ਹੁਕਮ ਵਿਚ ਮੈਂ ਫਿਰਾਂ ਵਾਰੋ ਵਾਰਾ, ਉੱਤਰ ਪੂਰਬ ਦੱਖਣ ਪੱਛਮ ਭੱਜਾਂ ਵਾਹੋ ਦਾਹੀਆ । ਜਿਸ ਜੋਤੀ ਜਾਤੇ ਹੋਣਾ ਜ਼ਾਹਿਰਾ, ਜ਼ਾਹਰ ਜ਼ਹੂਰ ਡਗਮਗਾਈਆ । ਦੀਨ ਦੁਨੀ ਵਿਚ ਕੋਈ ਹੋ ਰਹੇ ਨਾ ਬਾਹਿਰਾ, ਧੁਰ ਦਾ ਹੁਕਮ ਦਿਆਂ ਸਮਝਾਈਆ । ਤੇਰੇ ਉਤੇ ਅੰਤ ਹੋਣ ਵਾਲਾ ਮੁਸ਼ਾਹਿਰਾ, ਮੁਸ਼ਕਿਲ ਹੱਲ ਨਾ ਕੋਇ ਕਰਾਈਆ । ਹੁਕਮ ਵਰਤੇ ਗੰਭੀਰ ਗਹਿਰਾ, ਗਵਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਕਲਜੁਗਾ ਮੇਰੀ ਬੇਨੰਤੀ ਸਚ ਦੁਆਰੇ ਆਜ, ਚਵੀ ਚੇਤ ਚੌਬੀਸੇ ਸੀਸ ਨਿਵਾਈਆ । ਜੋ ਮੇਰਾ ਸਵਾਰੇ ਕਾਜ, ਕਰਨੀ ਦਾ ਕਰਤਾ ਇਕ ਅਖਵਾਈਆ । ਦੀਨ ਦੁਨੀ ਬਦਲੇ ਸਮਾਜ, ਸਮਗਰੀ ਨਾਮ ਵਾਲੀ ਵਰਤਾਈਆ । ਮੇਰੇ ਉਤਮ ਕਰੇ ਭਾਗ, ਦੁਰਮਤ ਮੈਲ ਦਏ ਧੁਆਈਆ । ਜੋਤੀ ਨੂਰ ਜਗਾ ਚਰਾਗ਼, ਨਵਖੰਡ ਕਰੇ ਰੁਸ਼ਨਾਈਆ । ਹੰਸ ਬੁੱਧੀ ਬਣਾਏ ਕਾਗ, ਮਾਨਸ ਮਾਨਵ ਭੇਵ ਚੁਕਾਈਆ । ਸੁਰਤੀ ਸ਼ਬਦੀ ਜਨ ਭਗਤਾਂ ਖੋਲ੍ਹੇ ਜਾਗ, ਪਰਦਾ ਅੰਤਸ਼ਕਰਨ ਲਾਹੀਆ । ਮੇਰੀ ਆਪਣੇ ਹੱਥ ਵਿਚ ਪਕੜੇ ਵਾਗ, ਚਾਰੋਂ ਕੁੰਟ ਕੁੰਟ ਭੁਆਈਆ । ਧਰਮ ਦਾ ਮੇਰੇ ਉਤੇ ਮਹਿਕੇ ਬਾਗ਼, ਪੱਤ ਟਹਿਣੀ

ਸੋਭਾ ਪਾਈਆ । ਜਿਸ ਦੀ ਯਾਦ ਵਿਚ ਮੇਰੇ ਅੰਤਰ ਆਉਂਦਾ ਵੈਰਾਗ, ਵੈਰੀ ਕੂੜੇ ਦਏ ਖਪਾਈਆ । ਤੈਨੂੰ ਕਲਜੁਗਾ ਕਰਨਾ ਪਏ ਤਿਆਗ, ਤ੍ਰੈਗੁਣ ਅਤੀਤਾ ਹੁਕਮ ਦੇਵੇ ਥਾਉਂ ਥਾਈਂਆ । ਜਿਸ ਦਾ ਲਹਿਣਾ ਦੇਣਾ ਹੋਵੇ ਅੰਤਮ ਦੇਸ ਮਾਝ, ਮਜਲਸ ਭਗਤਾਂ ਨਾਲ ਰਖਾਈਆ । ਜਿਸ ਤੇਰੀ ਸਾਜਣਾ ਲਈ ਸਾਜ, ਸੱਜਣ ਹੋਵੇ ਧੁਰ ਦਾ ਮਾਹੀਆ । ਜਿਸ ਗੋਬਿੰਦ ਸ਼ਬਦ ਉਡਾਇਆ ਬਾਜ਼, ਬਾਜ਼ੀ ਤੇਰੀ ਦਏ ਉਲਟਾਈਆ । ਨਾਮ ਨਿਧਾਨਾ ਵਜਾਏ ਨਾਦ, ਧੁਨ ਆਤਮਕ ਰਾਗ ਸੁਣਾਈਆ । ਸ੍ਰਿਸ਼ਟ ਸਬਾਈ ਕਰੇ ਆਜ਼ਾਦ, ਸ਼ਰਅ ਜ਼ੰਜੀਰ ਦਏ ਕਟਾਈਆ । ਜਿਸ ਨੇ ਆਉਣਾ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਬਾਦ, ਆਪ ਆਪਣਾ ਫੇਰਾ ਪਾਈਆ । ਉਸ ਨੂੰ ਸਭ ਨੇ ਕਰਨਾ ਅਦਾਬ, ਸਿਰ ਸਰ ਸੀਸ ਨਿਵਾਈਆ । ਜਿਸ ਨੂੰ ਨਿਰਗੁਣ ਧਾਰ ਸਰਗੁਣ ਰਹੇ ਅਰਾਧ, ਅੰਤਰ ਨਿਰੰਤਰ ਵੇਖ ਵਖਾਈਆ । ਉਹ ਨਾਮ ਨਿਧਾਨਾ ਸ੍ਰੀ ਭਗਵਾਨਾ ਵਜਾਏ ਆਪਣੀ ਇਕ ਰਬਾਬ, ਜਿਸ ਨੂੰ ਰਬੀਉਲ ਸਾਨੀ ਵਿਚ ਮੁਹੰਮਦ ਗਿਆ ਆਸ ਰਖਾਈਆ । ਜਿਸ ਦਾ ਸਮਝੇ ਨਾ ਕੋਈ ਪੁੰਨ ਸੁਵਾਬ, ਭੇਵ ਭੇਤ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਦਇਆ ਕਮਾਈਆ । ਧਰਨੀ ਕਹੇ ਕਲਜੁਗਾ ਮੇਰੇ ਸਾਹਿਬ ਸਾਹਿਬ ਨਿਰੰਕਾਰੀ, ਨਿਰਵੈਰ ਇਕ ਅਖਵਾਈਆ । ਜਿਸ ਦੇ ਚਰਨ ਜਾਵਾਂ ਬਲਿਹਾਰੀ, ਧੂੜੀ ਮਸਤਕ ਖ਼ਾਕ ਖ਼ਾਕ ਨਾਲ ਰਮਾਈਆ । ਉਸ ਦੀ ਚਾਰ ਜੁਗ ਦੇ ਸ਼ਾਸਤਰ ਕਰਨ ਇੰਤਜ਼ਾਰੀ, ਗੁਰ ਅਵਤਾਰ ਪੈਗ਼ੰਬਰ ਨੈਣ ਉਠਾਈਆ । ਜਿਸ ਤੇਰਾ ਝਗੜਾ ਮੇਟਣਾ ਤਕਰਾਰੀ, ਤੁਰਤ ਆਪਣਾ ਹੁਕਮ
੩੯੨ ਵਰਤਾਈਆ । ਉਹ ਵੇਖ ਲੈ ਵਅਦਾ ਕੌਲ ਇਕਰਾਰੀ, ਇਕਰਾਰਨਾਮਾ ਤੈਨੂੰ ਦਿਆਂ ਦਰਸਾਈਆ । ਜਿਸ ਦੀ ਜੋਤ ਅਗੰਮ ਹੋਣੀ ਜ਼ਾਹਰੀ, ਜ਼ਾਹਰ ੩੯੨
੨੪ ਜ਼ਹੂਰ ਕਰੇ ਰੁਸ਼ਨਾਈਆ । ਅਮਾਮ ਅਮਾਮਾ ਜਿਸ ਨੂੰ ਪੈਗ਼ੰਬਰਾਂ ਕੀਤਾ ਕਲਮਿਆਂ ਵਿਚ ਮੁਜ਼ਾਹਰੀ, ਮਸ਼ੀਉਲ ਮੁਵਸਤੇ ਮਜ਼ੂ ਅਜ਼ੂ ਹਮਵਾ ਨਵਿਸਤੁਲ ੨੪
ਮੱਮ ਬਾਜ਼ੀ ਜ਼ੌ ਕੂ ਜ਼ਮਮ ਦਸਤੇ ਅਸ਼ੰਮ ਮੰਬਾਏ ਰੁਏ ਨਵਾ ਖ਼ੁਦਾਏ ਮਾਲਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ । ਧਰਨੀ ਕਹੇ ਕਲਜੁਗਾ ਮੇਰੀ ਬੇਨੰਤੀ ਸੁਣ ਅਰਜ਼ੋਈ, ਮੈਂ ਨਿਵ ਨਿਵ ਸੀਸ ਨਿਵਾਈਆ । ਮੇਰੀ ਉਸ ਦੇ ਅਗੇ ਦਰੋਹੀ, ਜੋ ਦੋ ਜਹਾਨਾਂ ਮਾਲਕ ਇਕ ਅਖਵਾਈਆ । ਜਿਸ ਦਾ ਭੇਵ ਪਾਏ ਨਾ ਕੋਈ, ਸਮਝ ਸਕੇ ਕੋਈ ਨਾ ਰਾਈਆ । ਜਿਸ ਦਾ ਇਸ਼ਾਰਾ ਕਬੀਰ ਨੇ ਦਿਤਾ ਲੋਈ, ਬਿਨ ਲੋਇਨਾ ਨੈਣਾਂ ਗਿਆ ਸਮਝਾਈਆ । ਮੈਂ ਉਸ ਦੀ ਦਾਸੀ ਹੋਈ, ਹੋਕਾ ਦੇ ਕੇ ਦਿਆਂ ਸੁਣਾਈਆ । ਜਿਸ ਨੇ ਮੇਟਣਾ ਵਿਕਾਰ ਪੰਜ ਗਰੋਹੀ, ਗ੍ਰਿਹ ਮੰਦਰ ਮੇਰੇ ਕਰੇ ਸਫ਼ਾਈਆ । ਗ਼ਰੀਬ ਨਿਮਾਣਿਆਂ ਦੇਵੇ ਢੋਈ, ਸਿਰ ਸਿਰ ਆਪਣਾ ਹੱਥ ਟਿਕਾਈਆ । ਸ਼ਾਹ ਸੁਲਤਾਨਾਂ ਪਤ ਜਾਏ ਖੋਹੀ, ਸੀਸ ਤਾਜ ਨਾ ਕੋਇ ਟਿਕਾਈਆ । ਉਹ ਤਕ ਲੈ ਪੈਗ਼ੰਬਰਾਂ ਦੀ ਪੇਸ਼ੀਨਗੋਈ, ਜੋ ਲਿਖਤ ਭਵਿਖਤ ਅਵਤਾਰ ਪੈਗ਼ੰਬਰਾਂ ਗੁਰੂਆਂ ਨਾਲ ਮਿਲਾਈਆ । ਮੇਰੀ ਆਸ਼ਾ ਹੋਣੀ ਨਵੀਂ ਨਰੋਈ, ਨਰ ਨਰਾਇਣ ਦਏ ਵਡਿਆਈਆ । ਜਨ ਭਗਤਾਂ ਆਤਮ ਪਰਮਾਤਮ ਜਾਣੀ ਛੋਹੀ, ਸੁਰਤੀ ਸ਼ਬਦ ਸ਼ਬਦ ਜੁੜਾਈਆ । ਦੁਰਮਤ ਮੈਲ ਜਾਣੀ ਧੋਈ, ਪਤਿਤ ਪੁਨੀਤ ਕਰਾਈਆ । ਸਚ ਮੁਹੱਬਤ ਵਿਚ ਦੁਨੀਆ ਜਾਣੀ ਮੋਹੀ, ਪਿਆਰ ਪਿਆਰ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਮੇਰਾ ਖ਼ੁਸ਼ੀਆਂ ਵਾਲਾ ਦਿਹਾੜਾ, ਨਿਵ ਨਿਵ ਸੀਸ ਨਿਵਾਈਆ । ਪੁਰਖ ਅਕਾਲੇ ਦੀਨ ਦਿਆਲੇ ਮੇਰਾ ਮੰਨੀਂ

ਹਾੜਾ, ਹਰ ਹਿਰਦੇ ਅੰਦਰ ਕਰਨੀ ਸਫ਼ਾਈਆ । ਸਤਿ ਧਰਮ ਦਾ ਰੰਗ ਚਾੜ੍ਹਨਾ ਗਾੜ੍ਹਾ, ਏਥੇ ਉਥੇ ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਕਲਜੁਗ ਕੂੜੀ ਕਿਰਿਆ ਇਕੋ ਵਾਰ ਲਗਾਉਣਾ ਅਖਾੜਾ, ਜੜ੍ਹ ਉਖੇੜਨੀ ਥਾਉਂ ਥਾਈਆ । ਅਗਨੀ ਲਾਉਣੀ ਕੂੜ ਕੁੜਿਆਰਾ ਬਹੱਤਰ ਨਾੜਾ ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਫਿਰੇ ਦਰੋਹੀ ਜੰਗਲ ਜੂਹ ਟਿੱਲੇ ਪਰਬਤ ਵਿਚ ਉਜਾੜਾ, ਸਮੁੰਦ ਸਾਗਰ ਸਾਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਮੇਰੀ ਅੱਜ ਦੀ ਘੜੀ ਸੁਲੱਖਣੀ, ਪਰਮ ਪੁਰਖ ਦਏ ਵਡਿਆਈਆ । ਮੇਰੀ ਆਸ਼ਾ ਰਹੇ ਨਾ ਸਖਣੀ, ਖ਼ਾਲੀ ਝੋਲੀ ਦਏ ਭਰਾਈਆ । ਜਿਸ ਅੰਤ ਕਲਜੁਗ ਪਤ ਰਖਣੀ, ਸਿਰ ਮੇਰੇ ਹੱਥ ਟਿਕਾਈਆ । ਨਾਤਾ ਜੋੜੇ ਚਰਨ ਪ੍ਰੀਤੀ ਨਤਨੀ, ਕਵਲ ਦਏ ਸਰਨਾਈਆ । ਕੂੜ ਕੁੜਿਆਰੀ ਮੇਟ ਕੇ ਮਤਨੀ, ਮਤ ਮਤਾਂਤਰ ਡੇਰਾ ਢਾਹੀਆ । ਸੁਰਤ ਸ਼ਬਦ ਮੇਲ ਕਰਾ ਕੇ ਪਤ ਪਤਨੀ, ਆਤਮ ਸੇਜਾ ਦਏ ਸੁਹਾਈਆ । ਹਰਿਜਨ ਮੇਲੇ ਆਪਣੇ ਵਤਨੀ, ਬੇਵਤਨਾਂ ਗਲੇ ਲਗਾਈਆ । ਮੇਰੀ ਦੁਹਾਈ ਦਰੋਹੀ ਪੈਗ਼ੰਬਰੋ ਤੁਹਾਡੀ ਲੇਖ ਲੇਖਣੀ ਬੀਸਵੀਂ ਚੌਧਵੀਂ ਸਦੀ ਅੰਤ ਨਹੀਂ ਟਪਣੀ, ਟਾਪੂ ਸਾਰੇ ਰਹੇ ਕੁਰਲਾਈਆ । ਲੇਖਾ ਮੁਕਣਾ ਪੰਜ ਤਤ ਖ਼ਾਕ ਮਟਣੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੋਜ ਖੁਜਾਈਆ । ਨਵਖੰਡ ਵਿਚ ਵਰਭੰਡ ਚਾਰ ਕੁੰਟ ਨੱਚਣੀ, ਭੱਜੇ ਵਾਹੋ ਦਾਹੀਆ । ਕ਼ੀਮਤ ਕਿਸੇ ਦੀ ਰਹਿਣੀ ਨਹੀਂ ਹੱਟਣੀਂ, ਹਟਵਾਣਾ ਨਜ਼ਰ ਕੋਇ ਨਾ ਆਈਆ । ਅੰਤਮ ਮਿੱਟੀ ਖ਼ਾਕ ਹੋਣੀ ਭਠਣੀ, ਭਠਿਆਲਾ ਕਲਜੁਗ ਅਗਨੀ ਡਾਹੀਆ । ਧਾਰ ਰਹਿਣੀ ਨਹੀਂ ਤੀਰਥ ਅੱਠ ਸੱਠਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਵਕ਼ਤ ਸੁਹਾਵਾ ਚੇਤ ਚੌਬੀਸਾ, ਜਗਦੀਸ਼ਾ ਸਿਰ ਮੇਰੇ ਹੱਥ ਟਿਕਾਈਆ । ਜਿਸ ਦਾ ਇਕੋ ਨਾਮ ਕਲਮਾ ਹੋਏ ਹਦੀਸਾ, ਹਜ਼ਰਤਾਂ ਤੋਂ ਬਾਹਰ ਕਰੇ ਪੜ੍ਹਾਈਆ । ਇਕੋ ਛਤਰ ਝੁੱਲੇ ਸਾਹਿਬ ਦੇ ਸੀਸਾ, ਜੋ ਮਾਲਕ ਖ਼ਾਲਕ ਨੂਰ ਅਲਾਹੀਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਪੀਸਨ ਪੀਸਾ, ਸੇਵਕ ਹੋ ਕੇ ਸੇਵ ਕਮਾਈਆ । ਉਹ ਸਾਹਿਬ ਸੁਆਮੀ ਅੰਤਰਜਾਮੀ ਅੰਤਮ ਬਣੇ ਮੇਰਾ ਮੀਤਾ, ਮਿਤਰ ਪਿਆਰਾ ਇਕ ਅਖਵਾਈਆ । ਜੋ ਠਗੌਰੀ ਮੇਟੇ ਤਨ ਚੀਤਾ, ਚੇਤਨ ਸੁਰਤੀ ਦਏ ਕਰਾਈਆ । ਜੋ ਆਸ਼ਾ ਰਖੀ ਕ੍ਰਿਸ਼ਨ ਵਿਚ ਗੀਤਾ, ਗਾਇਤਰੀ ਮੰਤਰ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਜੋ ਬਦਲਣਹਾਰਾ ਰੀਤਾ, ਰੀਤੀਵਾਨ ਸ੍ਰੀ ਭਗਵਾਨ ਮਿਹਰਵਾਨ ਇਕ ਅਖਵਾਈਆ ।

### ✪ ੨੫ ਚੇਤ ਸ਼ਹਿਨਸ਼ਾਹੀ ਸੰਮਤ ੧੧ ਸੁਰਜੀਤ ਸਿੰਘ ਦੇ ਗ੍ਰਿਹਿ ੪੭੧੬ ਸਟੋਰੋਮ ਟੈਰਸ ਕਨੇਡਾ ਰਾਤ ਦੇ ਵੇਲੇ ✪

ਗੁਰਮੁਖ ਸਦਾ ਆਏ ਲੈਣ, ਦੇਵਣਹਾਰ ਸਤਿਗੁਰ ਸ਼ਬਦ ਇਕ ਅਖਵਾਈਆ । ਜੋ ਆਦਿ ਜੁਗਾਦਿ ਨਿਤ ਨਵਿਤ ਨਿਜ ਨੇਤਰ ਲੋਚਨ ਖੋਲ੍ਹੇ ਨੈਣ, ਪੜਦਾ ਪੜਦਿਆਂ ਵਿਚੋਂ ਉਠਾਈਆ । ਆਤਮ ਪਰਮਾਤਮ ਮੇਲ ਮਿਲਾਵੇ ਧੁਰ ਨਰਾਇਣ, ਨਰ ਹਰਿ ਮੇਲਾ ਹੋਵੇ ਸਹਿਜ ਸੁਭਾਈਆ । ਜਿਸ

ਦੀ ਸਿਫ਼ਤ ਵਡਿਆਈ ਰਸਨਾ ਕਿਛ ਨਾ ਸਕੇ ਕਹਿਣ, ਅੱਖਰ ਅੱਖਰ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਗੁਰਮੁਖ ਆਦਿ ਜੁਗਾਦ ਦਾ ਮੰਗਦਾ, ਹਰਿ ਦੇਵਣਹਾਰ ਕਰਤਾਰ । ਤਨ ਕਾਇਆ ਮਾਟੀ ਚੋਲੀ ਰੰਗਦਾ, ਰੰਗ ਚਾੜ੍ਹੇ ਅਪਰ ਅਪਾਰ । ਨਾਦ ਸੁਣਾਏ ਸ਼ਬਦ ਮਰਦੰਗ ਦਾ, ਅਨਾਦੀ ਧੁਨਾਂ ਦਏ ਧੁਨਕਾਰ । ਗ੍ਰਿਹਿ ਮੰਦਰ ਅੰਦਰ ਲੰਘਦਾ, ਬਜਰ ਕਪਾਟੀ ਪੜਦਾ ਪਾੜ । ਧਾਮ ਸੁਹਾਏ ਆਤਮ ਸੇਜ ਪਲੰਘ ਦਾ, ਸਚ ਸਿੰਘਾਸਣ ਅਪਰ ਅਪਾਰ । ਭੇਵ ਚੁਕਾ ਕੇ ਸੂਰੀਆ ਚੰਦ ਦਾ, ਜੋਤੀ ਜਾਤਾ ਜੋਤ ਕਰੇ ਉਜਿਆਰ । ਮੇਲ ਮਿਲਾਵਾ ਹੋਵੇ ਵਾਸੀ ਪੁਰੀ ਅਨੰਦ ਦਾ, ਗੋਬਿੰਦ ਮਾਹੀ ਕੰਤ ਭਤਾਰ । ਝਗੜਾ ਮੇਟੇ ਵਿਕਾਰੇ ਪੰਜ ਦਾ, ਕਾਮ ਕਰੋਧ ਲੋਭ ਮੋਹ ਰਹੇ ਨਾ ਹੰਕਾਰ । ਲੇਖਾ ਰਹੇ ਨਾ ਸਵੇਰ ਸੰਝ ਦਾ, ਅੱਠੇ ਪਹਿਰ ਅਗੰਮ ਬਹਾਰ । ਨਾਤਾ ਤੋੜੇ ਗ਼ਮੀ ਰੰਜ ਦਾ, ਅੰਮ੍ਰਿਤ ਬਖ਼ਸ਼ੇ ਬੂੰਦ ਸਵਾਂਤ ਠੰਡੀ ਠਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਾਹਿਬ ਏਕੰਕਾਰ । ਗੁਰਮੁਖ ਸਾਚਾ ਸਦਾ ਮੰਗਦਾ, ਮਾਂਗਤ ਹੋ ਕੇ ਝੋਲੀ ਡਾਹੀਆ । ਸਤਿਗੁਰ ਸ਼ਬਦ ਗੜ੍ਹ ਤੋੜੇ ਹਉਮੇ ਹੰਗਤਾ, ਹੰ ਬ੍ਰਹਮ ਭੇਵ ਖੁਲ੍ਹਾਈਆ । ਮੇਲ ਮਿਲਾਏ ਆਪਣੇ ਅੰਗ ਦਾ, ਅੰਗੀਕਾਰ ਇਕ ਅਖਵਾਈਆ । ਵਿਕਾਰ ਮੇਟੇ ਬੰਦ ਬੰਦ ਦਾ, ਬੰਦਗੀ ਧੁਰ ਦੀ ਇਕ ਸਮਝਾਈਆ । ਪਰਦਾ ਲਾਹੇ ਦੂਈ ਦੁਵੈਤੀ ਕੰਧ ਦਾ, ਭਾਂਡਾ ਭਰਮ ਭਉ ਨਿਵਾਰ । ਲੇਖਾ ਮੁਕੇ ਭਾਗ ਮੰਦ ਦਾ, ਲੋਕਮਾਤ ਹੋਏ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹੋ ਭੂਪ ਸਚੀ ਸਰਕਾਰ । ਗੁਰਮੁਖ ਮੰਗੇ ਮੰਗ ਏਕ, ਏਕੰਕਾਰ ਤੇਰੀ ਸਰਨਾਈਆ । ਸਤਿਗੁਰ ਸ਼ਬਦ ਬਖ਼ਸ਼ੇ ਧੁਰ ਦੀ ਟੇਕ, ਬਿਨ ਧੂੜੀ ਖ਼ਾਕ ਮਸਤਕ ਟਿੱਕੇ ਨਾਮ ਰਮਾਈਆ । ਅੰਤਰ ਨਿਰੰਤਰ ਕਰੇ ਬੁਧਿ ਬਿਬੇਕ, ਦੁਰਮਤ ਮੈਲ ਨਜ਼ਰ ਕੋਇ ਨਾ ਆਈਆ । ਸਚ ਸੁਆਮੀ ਅੰਤਰਜਾਮੀ ਦਿਸੇ ਏਕਾ ਏਕ, ਇਕ ਇਕੱਲਾ ਸੋਭਾ ਪਾਈਆ । ਜੋ ਜੁਗ ਚੌਕੜੀ ਰੂਪ ਅਨੂਪ ਧਾਰਨਹਾਰ ਅਨੇਕ, ਤਨ ਵਜੂਦ ਮਾਟੀ ਖ਼ਾਕ ਸੋਭਾ ਪਾਈਆ । ਤ੍ਰੈਗੁਣ ਮਾਇਆ ਬੁਝਾਵਣਹਾਰਾ ਸੇਕ, ਅੰਮ੍ਰਿਤ ਮੇਘ ਨਾਮ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਗੁਰਮੁਖ ਮੰਗੇ ਸਚ ਦੁਆਰ, ਸਚਖੰਡ ਧਿਆਨ ਲਗਾਈਆ । ਸੋ ਪੁਰਖ ਨਿਰੰਜਣ ਦੇਵਣਹਾਰ, ਹਰਿ ਪੁਰਖ ਨਿਰੰਜਣ ਝੋਲੀ ਦਏ ਭਰਾਈਆ । ਏਕੰਕਾਰਾ ਪਾਵੇ ਸਾਰ, ਆਦਿ ਨਿਰੰਜਣ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਖ਼ਾਲੀ ਭਰਨਹਾਰ ਭੰਡਾਰ, ਸ੍ਰੀ ਭਗਵਾਨ ਮਿਹਰ ਨਜ਼ਰ ਉਠਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਲੇਖਾ ਜਾਣੇ ਵਿਚ ਸੰਸਾਰ, ਸਤਿਗੁਰ ਸ਼ਬਦ ਸ਼ਬਦ ਨਾਲ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦਰ ਖੜ੍ਹੇ ਭਿਖਾਰ, ਮਾਂਗਤ ਹੋ ਕੇ ਝੋਲੀ ਡਾਹੀਆ । ਸੋ ਪੁਰਖ ਅਕਾਲਾ ਦੀਨ ਦਿਆਲਾ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਵੇਖਣਹਾਰ, ਦੂਜਾ ਸੰਗ ਨਾ ਕੋਇ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਾਰੇ ਜੁਗ ਦਏ ਉਧਾਰ, ਤ੍ਰੈਗੁਣ ਅਤੀਤਾ ਠਾਂਢਾ ਸੀਤਾ ਆਪਣੀ ਦਇਆ ਕਮਾਈਆ । ਭਗਤ ਸੁਹੇਲੇ ਗੁਰੂ ਗੁਰ ਚੇਲੇ ਆਤਮ ਪਰਮਾਤਮ ਮੇਲਾ ਮੇਲੇ ਮੇਲਣਹਾਰ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਸਤਿ ਵਸਤ ਸਤਿ ਨਾਮ ਸਤਿ ਕਾਇਆ ਮੰਦਰ ਅੰਦਰ ਕਰ ਉਜਿਆਰ, ਅੰਧ ਅਗਿਆਨ ਵਿਚ ਜਹਾਨ ਦੂਰ ਕਰਾਈਆ । ਮਾਇਆ ਮਮਤਾ ਸ਼ਰਅ ਮੇਟੇ ਵਿਚ ਜਹਾਨ, ਛੁਰੀ ਕੂੜ ਜਗਤ ਰਹੇ



੩੯੪
੨੪

ਨਾ ਮੂਲ ਕਸਾਈਆ । ਤੂੰ ਮੇਰਾ ਮੈਂ ਤੇਰਾ ਦੱਸ ਗਿਆਨ, ਨਿਰਅੱਖਰ ਧਾਰ ਦਏ ਸਮਝਾਈਆ । ਭਾਗ ਲਗਾ ਕੇ ਕਾਇਆ ਕਾਅਬਾ ਹਕ ਮਕਾਨ, ਸਾਢੇ ਤਿੰਨ ਹੱਥ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਬੇਪਰਵਾਹੀਆ । ਗੁਰਮੁਖ ਮਾਂਗੇ ਆਦਿ ਜੁਗਾਦਿ, ਜੁਗ ਚੌਕੜੀ ਰੀਤੀ ਚਲੀ ਆਈਆ । ਪ੍ਰਭ ਦੇਵਣਹਾਰ ਸ਼ਬਦ ਦਾਦ, ਨਾਮ ਸਤਿ ਸਤਿ ਵਰਤਾਈਆ । ਭੇਵ ਖੁਲ੍ਹਾ ਕੇ ਬੋਧ ਅਗਾਧ, ਬੁੱਧੀ ਤੋਂ ਪਰੇ ਦਏ ਸਮਝਾਈਆ । ਸ਼ਬਦ ਧੁਨਕਾਰ ਸੁਣਾ ਨਾਦ, ਅਨਰਾਗੀ ਆਪਣਾ ਰਾਗ ਦ੍ਰਿੜਾਈਆ । ਬਿਨ ਰਸਨਾ ਜਿਹਵਾ ਮਾਰ ਅਵਾਜ਼, ਸੋਈ ਸੁਰਤ ਲਏ ਉਠਾਈਆ । ਅੰਤਰ ਆਤਮ ਖੁਲ੍ਹਾ ਕੇ ਰਾਜ਼, ਰਾਜ਼ਕ ਰਿਜ਼ਕ ਰਹੀਮ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਸਤਿਗੁਰ ਸ਼ਬਦ ਦੇਵਣਹਾਰ ਅਗੰਮ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋ ਵਸਣਹਾਰਾ ਪਵਣ ਸੁਆਸੀ ਦਮ, ਸਾਹ ਸਾਹ ਆਪਣਾ ਰੰਗ ਸਮਾਈਆ । ਭੇਵ ਚੁਕਾ ਕੇ ਆਤਮ ਬ੍ਰਹਮ, ਪਾਰਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਝਗੜਾ ਰਹੇ ਨਾ ਹਰਖ਼ ਸੋਗ ਗ਼ਮ, ਚਿੰਤਾ ਚਿਖਾ ਦਏ ਜਲਾਈਆ । ਭਾਗ ਲਗਾ ਕੇ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਪੰਚ ਵਿਕਾਰਾ ਕੂੜ ਕੁੜਿਆਰਾ ਦੇਵੇ ਡੰਨ, ਭਾਂਡਾ ਭਰਮ ਭਾਉ ਭੰਨਾਈਆ । ਅੰਤਰ ਨਿਰੰਤਰ ਮੇਟ ਅੰਧੇਰੀ ਸ਼ਾਮ, ਸ਼ਮਅ ਨੂਰ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ

੩੯੫ ਦਾ ਸਚ ਸਚ ਦ੍ਰਿੜਾਈਆ । ਗੁਰਮੁਖ ਮੰਗੇ ਪ੍ਰਭ ਦਾ ਦਰਸ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਸਤਿਗੁਰ ਸ਼ਬਦ ਮੇਟਣਹਾਰਾ ਹਰਸ, ੩੯੫

੨੪ ਹਵਸ ਜਗਤ ਦੇਣੀ ਚੁਕਾਈਆ । ਅੰਤਰ ਆਤਮ ਮੇਘ ਬਰਸ, ਸਾਂਤਕ ਸਤਿ ਸਤਿ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ੨੪

ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਦਾਤ ਦਾਤਾ ਦਾਨੀ ਹੋ ਕੇ ਆਪ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰੀਆਂ ਮੰਗਾਂ, ਮਾਂਗਤ ਹੋ ਕੇ ਦਰ ਠਾਂਢੇ ਅਲਖ ਜਗਾਈਆ । ਪੁਰਖ ਅਕਾਲੇ ਦੀਨ ਦਿਆਲੇ ਮੇਰਾ ਸੀਸ ਹੋ ਗਿਆ ਨੰਗਾ, ਪਰਵਰਦਿਗਾਰ ਸਾਂਝੇ ਯਾਰ ਓਢਣ ਸੀਸ ਨਾ ਕੋਇ ਟਿਕਾਈਆ । ਨਿਗਾਹ ਮਾਰ ਲੈ ਅਵਤਾਰ ਪੈਗ਼ੰਬਰਾਂ ਗੁਰੂਆਂ ਦਾ ਭਵਿਖਤ ਲੰਘਾ, ਚਾਰ ਜੁਗ ਦੇ ਸ਼ਾਸਤਰ ਨਾਲ ਮਿਲਾਈਆ । ਜੋ ਸ਼ਬਦ ਸੰਦੇਸ਼ਾ ਦਿਤਾ ਗੋਬਿੰਦ ਪੰਜਾ, ਪੰਜ ਆਬ ਦੇ ਮਾਲਕ ਤੇਰੀ ਬੇਪਰਵਾਹੀਆ । ਦੀਨ ਦਿਆਲ ਭਗਤ ਵਛਲ ਕਿਰਪਾਲ ਤੇਰਾ ਸੰਸਾਰ ਹੋਇਆ ਅੰਧਾ, ਨਿਜ ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲ੍ਹਾਈਆ । ਮਨ ਕਲਪਨਾ ਕਲਜੁਗ ਕੂੜ ਕੁੜਿਆਰ ਕੀਤਾ ਗੰਦਾ, ਸਤਿ ਧਰਮ ਦੀ ਧਾਰ ਨਾ ਕੋਇ ਪਰਗਟਾਈਆ । ਮੋਹ ਹੰਕਾਰ ਵਿਕਾਰ ਉਤੇ ਮੇਰੇ ਪਾਇਆ ਫੰਦਾ, ਜਗਤ ਜੰਜਾਲ ਸਕੇ ਨਾ ਕੋਇ ਤੁੜਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਵੇਖ ਕੰਢਾ, ਮੁਹੰਮਦ ਸੰਗ ਚਾਰ ਯਾਰ ਬੈਠਾ ਨੈਣ ਉਠਾਈਆ । ਈਸਾ ਆਸ ਵਕ਼ਤ ਕਰੀਂ ਮੂਲ ਨਾ ਲੰਬਾ, ਸਦੀ ਬੀਸਵੀਂ ਨਾਲ ਮਿਲਾਈਆ । ਸ਼ਬਦ ਗੋਬਿੰਦ ਧਾਰ ਤਿੱਖਾ ਤਕ ਲੈ ਖੰਡਾ, ਜੋ ਖੜਗ ਜਗਤ ਸ਼ਸਤਰਾਂ ਬਾਹਰ ਚਮਕਾਈਆ । ਜਿਸ ਕਾਰਨ ਨਵ ਖੰਡ ਪ੍ਰਿਥਮੀ ਪਾਈ ਵੰਡਾ, ਸੱਤਾਂ ਦੀਪਾਂ ਤਕਣਾ ਥਾਉਂ ਥਾਈਂਆ । ਝਗੜਾ ਵੇਖ ਲੈ ਜੇਰਜ ਅੰਡਾ, ਉਤਭੁਜ ਸੇਤਜ ਮੇਲ ਨਾ ਕੋਇ ਮਿਲਾਈਆ । ਮੇਰੀ ਦਰੋਹੀ ਵਿਚ ਵਰਭੰਡਾ, ਭੰਡੀ ਪਾਵੇ ਤੇਰੀ ਖ਼ਲਕ ਖ਼ੁਦਾਈਆ । ਤੇਰਾ ਆਤਮ ਪਰਮਾਤਮ ਹੋ ਗਿਆ ਰੰਡਾ, ਜਗਤ ਦੁਹਾਗਣ ਦਿਸੇ ਨਾਰ ਲੋਕਾਈਆ । ਨੌ ਖੰਡ ਸੱਤ ਦੀਪ ਧਰਨੀ ਧਰਤ ਧਵਲ ਧੌਲ

ਕਹੇ ਮੇਰਾ ਲੇਖਾ ਰਿਹਾ ਮੂਲ ਨਾ ਚੰਗਾ, ਚਾਰੋਂ ਕੁੰਟ ਕੁੰਟ ਦੁਹਾਈਆ । ਨੇਤਰ ਰੋਵੇ ਜਮਨਾ ਸੁਰਸਤੀ ਗੋਦਾਵਰੀ ਗੰਗਾ, ਤੀਰਥ ਮਾਰਨ ਧਾਹੀਆ । ਜੋ ਇਸ਼ਾਰਾ ਦੇ ਕੇ ਗਿਆ ਮੇਰੇ ਉਤੇ ਗੋਬਿੰਦ ਪੁਰੀ ਅਨੰਦਾ, ਅਨੰਦਪੁਰ ਦਾ ਵਾਸੀ ਤੇਰਾ ਸ਼ਬਦ ਸ਼ਬਦ ਕਰ ਸ਼ਨਵਾਈਆ । ਜਿਸ ਕਾਰਨ ਅੰਤ ਨਿਸ਼ਾਨ ਮੇਟਣਾ ਤਾਰਾ ਚੰਦਾ, ਚੰਦ ਸਿਤਾਰ ਵੇਖਣ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋ ਸਹਾਈਆ । ਧਰਨੀ ਕਹੇ ਪ੍ਰਭ ਮੇਰੇ ਠਾਕਰ ਸੁਆਮੀ, ਗਹਿਰ ਗੰਭੀਰ ਬੇਨਜ਼ੀਰ ਤੇਰੀ ਇਕ ਸਰਨਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਅੰਤਰਜਾਮੀ, ਘਟ ਨਿਵਾਸੀ ਪੁਰਖ ਅਬਿਨਾਸ਼ੀ ਤੇਰੀ ਓਟ ਤਕਾਈਆ । ਮੇਰੇ ਉਤੇ ਲੇਖਾ ਤਕ ਲੈ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਈਆ । ਭੇਵ ਖੋਲ੍ਹੇ ਕੋਈ ਨਾ ਤੇਰੀ ਅਗੰਮ ਅਥਾਹ ਬਾਣੀ, ਪਰਾ ਪਸੰਤੀ ਮਧਮ ਬੈਖਰੀ ਸਮਝ ਕੋਇ ਨਾ ਪਾਈਆ । ਝਗੜਾ ਤਕ ਸ਼ਾਸਤਰ ਵੇਦ ਪੁਰਾਨੀ, ਅੰਜੀਲ ਕੁਰਾਨੀ ਰੰਗ ਨਾ ਕੋਇ ਰੰਗਾਈਆ । ਦਰੋਹੀ ਤੇਰੇ ਉਤੇ ਮੇਰੇ ਨਾਮ ਦੀ ਹੋਈ ਹਾਨੀ, ਹਾਏ ਉਫ਼ ਮੇਰੀ ਦੁਹਾਈਆ । ਅੰਮ੍ਰਿਤ ਰਸ ਰਿਹਾ ਨਾ ਕਿਸੇ ਸਰੋਵਰ ਪਾਣੀ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਤੁਧ ਬਿਨ ਦੂਜਾ ਰੰਗ ਨਾ ਕੋਇ ਰੰਗਾਈਆ । ਮੇਰੀ ਚਾਰ ਜੁਗ ਦੀ ਪਿਛਲੀ ਤਕ ਕਹਾਣੀ, ਵਾਰਤਾ ਵਾਸਤਵ ਤੇਰੇ ਅਗੇ ਟਿਕਾਈਆ । ਤੇਰੀ ਮੰਜ਼ਲ ਹਕੀਕੀ ਚੜ੍ਹੇ ਨਾ ਕੋਈ ਰੁਹਾਨੀ, ਰੂਹ ਬੁਤ ਰਹੇ ਕੁਰਲਾਈਆ । ਤੈਨੂੰ ਇਸ਼ਾਰਾ ਦਿਤਾ ਈਸਾ ਮੇਰਾ ਬਾਪ ਆਵੇ ਅਸਮਾਨੀ, ਇਸਮ ਆਜ਼ਮ ਇਕ ਅਖਵਾਈਆ । ਮੁਹੰਮਦ ਕਿਹਾ ਮੇਰਾ ਮਹਿਬੂਬ ਨੂਰ ਨੁਰਾਨੀ, ਅਮਾਮ ਅਮਾਮਾ ਹਕ ਖ਼ੁਦਾਈਆ । ਗੋਬਿੰਦ ਇਸ਼ਾਰਾ ਦੇ ਕੇ ਤੀਰ ਕਮਾਨੀ, ਚਿੱਲਾ ਤੇਰਾ ਨਾਮ ਚੜ੍ਹਾਈਆ । ਜੋਤੀ ਜਾਤਾ ਪੁਰਖ ਬਿਧਾਤਾ ਇਕ ਸੁਲਤਾਨੀ, ਸੂਰਬੀਰ ਵਡ ਵਡਿਆਈਆ । ਜੋ ਕਲਜੁਗ ਅੰਤ ਮੇਟੇ ਕੂੜ ਨਿਸ਼ਾਨੀ, ਨਿਸ਼ਾਨਾ ਦੀਨ ਦੁਨੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੇਰਾ ਵੇਖ ਲੈ ਅੰਤਸ਼ਕਰਨ, ਬਿਨ ਨੇਤਰ ਧਿਆਨ ਲਗਾਈਆ । ਮੈਂ ਤੇਰੇ ਚਰਨ ਲਗੀ ਫੜਨ, ਬਿਨ ਹੱਥਾਂ ਹੱਥ ਉਠਾਈਆ । ਦਰੋਹੀ ਤੇਰੀ ਸ੍ਰਿਸ਼ਟੀ ਮੇਰੇ ਉਤੇ ਲਗੀ ਲੜਨ, ਕਾਇਨਾਤ ਹਾਹਾਕਾਰ ਕਰੇ ਲੋਕਾਈਆ । ਕਿਸੇ ਭੇਵ ਨਾ ਆਵੇ ਚੋਟੀ ਜੜ੍ਹਨ, ਆਤਮ ਪਰਤਮਾਤਮ ਸੰਗ ਨਾ ਕੋਇ ਨਿਭਾਈਆ । ਨੌ ਖੰਡ ਪ੍ਰਿਥਮੀ ਬਣਿਆ ਗੜ੍ਹਨ, ਹਉਮੇ ਹੰਗਤਾ ਦੂਰ ਨਾ ਕੋਇ ਕਰਾਈਆ । ਤੇਰਾ ਨਾਮ ਕਲਮਾ ਮੂਲ ਨਾ ਪੜ੍ਹਨ, ਹਿਰਦੇ ਹਰਿ ਨਾ ਕੋਇ ਵਸਾਈਆ । ਤੂੰ ਮਾਲਕ ਖ਼ਾਲਕ ਭੰਨਣਹਾਰ ਘੜਨ, ਸਮਰਥ ਤੇਰੀ ਓਟ ਤਕਾਈਆ । ਅੰਤ ਤੇਰਾ ਪੱਲੂ ਫੜਾਂ ਲੜਨ, ਦਾਮਨਗੀਰ ਤੇਰੀ ਆਸ ਰਖਾਈਆ । ਮੇਰੇ ਮਹਿਬੂਬ ਤੇਰੀ ਖ਼ਲਕ ਖ਼ਾਲਕ ਕੂੜ ਸ਼ੌਹ ਦਰਿਆ ਵਿਚ ਲੱਗੀ ਹੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਸਾਹਿਬ ਇਕ ਗੁਸਾਈਂਆ । ਧਰਨੀ ਕਹੇ ਪ੍ਰਭੂ ਮੇਰਾ ਅੰਤ ਅਖ਼ੀਰੀ ਤੇਰੇ ਚਰਨ ਸਹਾਰਾ, ਸਹਾਇਕ ਤੇਰੀ ਓਟ ਤਕਾਈਆ । ਮੈਨੂੰ ਇਸ਼ਾਰਾ ਦੇ ਕੇ ਗਏ ਤੇਈ ਅਵਤਾਰਾ, ਅਵਤਰ ਤੇਰਾ ਧਿਆਨ ਰਖਾਈਆ । ਪੈਗ਼ੰਬਰ ਅੱਲਾ ਹੂ ਦਾ ਲਾ ਕੇ ਨਾਅਰਾ, ਲਾਸ਼ਰੀਕ ਦਿਤਾ ਦ੍ਰਿੜਾਈਆ । ਨਾਨਕ ਨਿਰਗੁਣ ਸਰਗੁਣ ਸਤਿਨਾਮ ਕਰ ਵਰਤਾਰਾ, ਭੇਵ ਅਭੇਦਾ ਦਿਤਾ ਖੁਲ੍ਹਾਈਆ । ਗੋਬਿੰਦ ਸਿੰਘ ਸ਼ਬਦ ਡੰਕ ਵਜਾ ਨਗਾਰਾ, ਦੋ ਜਹਾਨ ਦਿਤਾ ਸੁਣਾਈਆ । ਅੰਤ ਕੰਤ ਭਗਵੰਤ ਧਰਨੀਏ ਤੇਰੀ ਪਾਵੇ ਸਾਰਾ, ਮਹਾਸਾਰਥੀ ਇਕ ਅਖਵਾਈਆ ।

ਜੋ ਆਦਿ ਜੁਗਾਦਿ ਸ਼ਬਦ ਅਨਾਦੀ ਵੇਖੇ ਵਿਗਸੇ ਵੇਖਣਹਾਰਾ, ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜ ਕੂੜਿਆਰ ਕਰੇ ਪਾਰ ਕਿਨਾਰਾ, ਸਮੁੰਦ ਸਾਗਰਾਂ ਡੇਰਾ ਢਾਹੀਆ । ਸਤਿ ਧਰਮ ਸਤਿ ਸਤਿ ਦਏ ਉਧਾਰਾ, ਉਦਰ ਤੇਰਾ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਧਰਨੀ ਕਹੇ ਪ੍ਰਭੂ ਮੇਰੀ ਚਾਰ ਜੁਗ ਦੀ ਆਸਾ, ਨੌਂ ਸੌ ਚੁਰਾਨਵੇ ਚੌਕੜੀ ਪੂਰਬ ਨਾਲ ਮਿਲਾਈਆ । ਮੈਨੂੰ ਸਭ ਨੇ ਦਿਤਾ ਭਰਵਾਸਾ, ਭਾਂਡਾ ਭਰਮ ਭਰਮ ਭੰਨਾਈਆ । ਮੇਰੇ ਉਤੇ ਖ਼ੁਸ਼ੀਆਂ ਵਾਲੀ ਹੋਈ ਰਾਸਾ, ਨਿਰਗੁਣ ਸਰਗੁਣ ਤੇਰਾ ਰੂਪ ਗੋਪੀ ਕਾਹਨ ਕਾਹਨ ਜਣਾਈਆ । ਕਲਮੇ ਦੀਆਂ ਸੁਣੀਆਂ ਸ਼ਾਖ਼ਾਂ, ਸਿਫ਼ਤਾਂ ਵਾਲੀ ਸਿਫ਼ਤ ਸਲਾਹੀਆ । ਮੈਂ ਨਿਮਾਣੀ ਹੋ ਕੇ ਬੇਨੰਤੀ ਇਕ ਆਖਾਂ, ਬਿਨ ਅੱਖਰਾਂ ਜਗਤ ਸੁਣਾਈਆ । ਤੁਧ ਬਿਨ ਅੰਤ ਹੋਏ ਕੋਈ ਨਾ ਰਾਖਾ, ਰਖਕ ਨਜ਼ਰ ਕੋਇ ਨਾ ਆਈਆ । ਤੂੰ ਪਰਮ ਪੁਰਖ ਸਮਰਾਥਾ, ਸਮਰਥ ਤੇਰੀ ਸਰਨਾਈਆ । ਪੁਰਖ ਅਕਾਲੇ ਦੀਨ ਦਿਆਲੇ ਲਗਾ ਦੇ ਆਪਣੀ ਚਰਨ ਧੂੜ ਮੇਰੇ ਮਸਤਕ ਮਾਥਾ, ਦੁਰਮਤ ਮੈਲ ਕਰ ਸਫ਼ਾਈਆ । ਮੈਂ ਦੀਨਨ ਦੀਨ ਦਿਆਲ ਅਨਾਥ ਅਨਾਥਾ, ਤੂੰ ਦੇਵਣਹਾਰ ਗੁਸਾਂਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਆਮੀ ਇਕ ਅਖਵਾਈਆ । ਧਰਨੀ ਕਹੇ ਪ੍ਰਭੂ ਮੇਰੀ ਸੁਣ ਲੈ ਕੂਕ, ਦਰੋਹੀ ਤੇਰਾ ਨਾਮ ਖ਼ੁਦਾਈਆ । ਤੇਰੀ ਸ੍ਰਿਸ਼ਟੀ ਸੁੱਤੀ ਘੂਕ, ਲੋਚਨ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਨਿਗਾਹ ਮਾਰ ਲੈ ਕਾਇਆ ਕਾਅਬੇ ਵਿਚ ਪੰਜ ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਫੋਲ ਫੁਲਾਈਆ । ਝਗੜਾ ਦਿਸੇ ਚਾਰੇ ਕੂਟ, ਦਹਿ ਦਿਸ਼ਾ ਹੋਈ ਹਲਕਾਈਆ । ਦੀਨਾਂ ਮਜ਼੍ਹਬਾਂ ਪਈ ਫੂਟ, ਮੇਲ ਸਕੇ ਨਾ ਕੋਇ ਮਿਲਾਈਆ । ਆਤਮ ਪਰਮਾਤਮ ਪ੍ਰੀਤੀ ਗਈ ਟੁਟ, ਟੁੱਟੀ ਗੰਢ ਨਾ ਕੋਇ ਵਖਾਈਆ । ਸੁਰਤੀ ਸ਼ਬਦੀ ਲਿਵ ਗਈ ਛੂਟ, ਛੁਟਕੀ ਲਿਵ ਨਾ ਕੋਇ ਲਗਾਈਆ । ਚਾਰੇ ਕੁੰਟ ਤਕ ਲੈ ਜੂਠ ਝੂਠ, ਮਾਇਆ ਮਮਤਾ ਵਿਚ ਦੀਨ ਦੁਨੀ ਹਲਕਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੇਰੇ ਉਤੇ ਤੁਠ, ਮਿਹਰ ਨਜ਼ਰ ਉਠਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰਗਾਹ ਸਾਚੀ ਵਿਚੋਂ ਉਠ, ਲੋਕਮਾਤ ਆਪਣਾ ਫੇਰਾ ਪਾਈਆ । ਉੱਤਰ ਪੂਰਬ ਪੱਛਮ ਦੱਖਣ ਚਾਰੇ ਤਕ ਲੈ ਮੇਰੀ ਵਾਰੋ ਵਾਰ ਗੁਠ, ਕੋਨਾ ਕੋਨਾ ਫੋਲ ਫੁਲਾਈਆ । ਤੇਰੇ ਪਿਆਰੇ ਤੇਰੇ ਨਾਲੋਂ ਗਏ ਰੁਠ, ਪ੍ਰੀਤਮ ਪ੍ਰੇਮ ਵਿਚ ਨਾ ਕੋਇ ਸਮਾਈਆ । ਕਲਜੁਗ ਕੂੜ ਕੂੜਿਆਰੇ ਪਾਈ ਲੁਟ, ਲੁਟੇਰਾ ਬਣਿਆ ਥਾਉਂ ਥਾਂਈਆ । ਸਤਿ ਧਰਮ ਦੀ ਜੜ੍ਹ ਦਿਤੀ ਪੁਟ, ਪਟਨੇ ਵਾਲਿਆ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਮੈਨੂੰ ਹਲੂਣਾ ਦੇ ਦੇ ਫੜਕੇ ਮੇਰੇ ਗੁਟ, ਬਿਨ ਹੱਥਾਂ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਨਾਮ ਵਰਤਾਈਆ । ਧਰਨੀ ਕਹੇ ਪ੍ਰਭੂ ਮੈਨੂੰ ਜੁਗ ਜੁਗ ਮੰਗਣ ਦੀ ਆਦਤ, ਮਾਂਗਤ ਹੋ ਕੇ ਝੋਲੀ ਡਾਹੀਆ । ਤੇਰੀ ਦਰਗਾਹ ਸਾਚੀ ਸਚ ਅਦਾਲਤ, ਸਚਖੰਡ ਨਿਵਾਸੀ ਸੋਭਾ ਪਾਈਆ । ਮੇਰੇ ਉਤੇ ਨਿਗਾਹ ਮਾਰ ਲੈ ਮਾਨਵ ਮਾਨਸ ਮਾਨੁਖ ਕਰੇ ਬਗ਼ਾਵਤ, ਬਗ਼ਲਗੀਰ ਨਜ਼ਰ ਕੋਇ ਨਾ ਆਈਆ । ਸਤਿ ਸਚ ਦੀ ਦੇਵੇ ਨਾ ਕੋਇ ਸਖ਼ਾਵਤ, ਵਸਤ ਨਾਮ ਨਾ ਕੋਇ ਵਰਤਾਈਆ । ਮੁਹੱਬਤ ਪਿਆਰ ਵਾਲੀ ਰਹੀ ਨਾ ਕੋਈ ਨਿਆਮਤ, ਰਸਨਾ ਰਸ ਨਾ ਕੋਇ ਚਖਾਈਆ । ਮੇਰੇ ਸਾਹਿਬਾ ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਕੀ ਮੇਰੇ ਉਤੇ ਆਈ ਕਿਆਮਤ, ਕ਼ਾਇਮ ਮੁਕ਼ਾਮ ਨਜ਼ਰ ਕੋਇ ਨਾ ਆਈਆ । ਮੈਂ ਬੁਧਹੀਣ ਅਣਜਾਣਤ, ਅਕਲ ਬੁੱਧੀ

ਨਾ ਕੋਇ ਚਤੁਰਾਈਆ । ਤੂੰ ਸਾਹਿਬ ਸਤਿਗੁਰ ਮੇਰੀ ਕਰੇਂ ਪਹਿਚਾਨਤ, ਬੇਪਹਿਚਾਨ ਆਪਣੀ ਦਇਆ ਕਮਾਈਆ । ਸਤਿ ਧਰਮ ਸਚ ਵਸਤ ਮੇਰੀ ਝੋਲੀ ਪਾ ਦੇ ਪਿਛਲੀ ਅਮਾਨਤ, ਜੋ ਤੇਰੇ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਵਸਤ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰੇ ਸੂਰੇ ਸਰਬੰਗਾ, ਸਾਹਿਬ ਤੇਰੇ ਹੱਥ ਵਡਿਆਈਆ । ਉਹ ਤਕ ਕਲਜੁਗ ਕਰਨ ਵਾਲਾ ਦੰਗਾ, ਚਾਰੇ ਕੁੰਟ ਲਏ ਅਗੰੜਾਈਆ । ਜੋ ਪੁਰੀਆਂ ਲੋਆਂ ਜਗਤ ਧਾਰ ਦੀ ਧਾਰ ਤੋਂ ਬਾਹਰ ਲੰਘਾ, ਨਵ ਸੱਤ ਭੱਜੇ ਵਾਹੋ ਦਾਹੀਆ । ਜਿਸ ਤੇਰਾ ਪਿਆਰ ਰਹਿਣ ਨਹੀਂ ਦਿਤਾ ਚੰਗਾ, ਚਾਰ ਕੁੰਟ ਕੁੰਟ ਕੀਤੀ ਹਲਕਾਈਆ । ਤੇਰੇ ਕੋਲ ਸੁਆਮੀ ਅਨੋਖਾ ਢੰਗਾ, ਤੇਰਾ ਭੇਵ ਕੋਇ ਨਾ ਪਾਈਆ । ਸਤਿਗੁਰ ਸ਼ਬਦ ਗੋਬਿੰਦ ਧਾਰ ਚਮਕਾ ਕੇ ਖੰਡਾ, ਬ੍ਰਹਿਮੰਡਾਂ ਕਰੇ ਸਫ਼ਾਈਆ । ਮੈਂ ਖ਼ੁਸ਼ੀ ਵਿਚ ਤੇਰੇ ਪਿਆਰ ਨੂੰ ਜਗਤ ਸੰਸਾਰ ਅੰਦਰ ਵੰਡਾ, ਕਾਇਆ ਮਾਟੀ ਪੰਜ ਤਤ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋ ਸਹਾਈਆ । ਧਰਨੀ ਕਹੇ ਪ੍ਰਭੂ ਮੈਂ ਮੰਗ ਮੰਗ ਥੱਕਾਂ, ਮੇਰੀ ਥਕਾਵਟ ਵਿਚ ਦੁਹਾਈਆ । ਤੇਰੇ ਨਾਲ ਅਵਤਾਰ ਪੈਗ਼ੰਬਰਾਂ ਗੁਰੂਆਂ ਵਾਅਦਾ ਕੀਤਾ ਪੱਕਾ, ਪੇਸ਼ੀਨਗੋਈਆਂ ਭਵਿਖਤਾਂ ਨਾਲ ਭਵਿਖਤ ਗਏ ਸਮਝਾਈਆ । ਅੰਤ ਲੇਖਾ ਵੇਖ ਲੈ ਬੂਰਾ ਕੱਕਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋ ਲਹਿਣਾ ਦੇਣਾ ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਮੁਹੰਮਦ ਧਾਰਾ ਵਿਚ ਨਾਲ ਮੱਕਾ, ਕਾਅਬੇ ਬੇਆਬੇ ਦੇਵੇ ਸਮਝਾਈਆ । ਨਵ ਸੱਤ ਮੇਰੇ ਸੁਆਮੀ ਅੰਤਰਜਾਮੀ ਮੇਰੇ
੩੯੮ ਉਤੇ ਲੱਗਣ ਵਾਲਾ ਧੱਕਾ, ਚਾਰੋ ਕੁੰਟ ਸੰਭਲ ਕੋਇ ਨਾ ਪਾਈਆ । ਮਾਨਵ ਜ਼ਾਤੀ ਕ਼ੀਮਤ ਅੰਤ ਰਹਿਣੀ ਨਹੀਂ ਕੋਈ ਟਕਾ, ਜਗਤ ਮਾਇਆ ਸੰਗ ੩੯੮
੨੪ ਨਾ ਕੋਇ ਨਿਭਾਈਆ । ਤੇਰਾ ਖੇਲ ਹੋਣਾ ਹਕ਼ੀਕ਼ਤ ਹਕਾ, ਹਕ ਦੇ ਮਾਲਕ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ੨੪
ਕਰ, ਏਕਾ ਦੇਣਾ ਸਾਚਾ ਵਰ, ਸਚ ਸੁਆਮੀ ਮੈਂ ਤੇਰੇ ਵਲ ਤਕਾ, ਤਕ਼ਦੀਰ ਮੇਰੀ ਦੇਣੀ ਬਦਲਾਈਆ । ਧਰਨੀ ਕਹੇ ਪ੍ਰਭੂ ਮੇਰੀ ਬਦਲ ਦੇ ਤਕਦੀਰ, ਤਰੀਕ਼ਾ ਆਪਣਾ ਇਕ ਦ੍ਰਿੜਾਈਆ । ਜੋ ਸੰਦੇਸ਼ਾ ਦੇ ਕੇ ਗਿਆ ਕਬੀਰ, ਕ਼ਬਰਾਂ ਬਾਹਰ ਸਮਝਾਈਆ । ਤੇਰਾ ਲਹਿਣਾ ਦੇਣਾ ਬੇਨਜ਼ੀਰ, ਜਗ ਨੇਤਰ ਨਜ਼ਰ ਕੋਇ ਨਾ ਆਈਆ । ਜੋ ਨਾਨਕ ਨਿਰਗੁਣ ਸਰਗੁਣ ਬਗ਼ਦਾਦ ਵਿਚ ਮਾਰੀ ਲਕੀਰ, ਦਜਲਾ ਫ਼ਰਾਤ ਦਏ ਗਵਾਹੀਆ । ਜਿਸ ਕਾਰਨ ਗੋਬਿੰਦ ਪਕੜੀ ਸ਼ਮਸ਼ੀਰ, ਖੰਡਾ ਖੜਗ ਖੜਗ ਚਮਕਾਈਆ । ਝਗੜਾ ਰਹੇ ਨਾ ਸ਼ਾਹ ਹਕੀਰ, ਫ਼ਕੀਰਾਂ ਫ਼ਿਕਰਾ ਇਕ ਸਮਝਾਈਆ । ਲੇਖਾ ਮੁਕਾ ਦੇ ਗ਼ਰੀਬ ਅਮੀਰ, ਅਮਰਾਪਦ ਇਕ ਸਮਝਾਈਆ । ਸਤਿ ਧਰਮ ਮੇਰੇ ਉਤੇ ਕਰ ਤਾਮੀਰ, ਕਲਜੁਗ ਕੂੜਾ ਬੁਰਜ ਦੇਣਾ ਢਾਹੀਆ । ਤੂੰ ਸ਼ਾਹੋ ਭੂਪ ਸੁਲਤਾਨ ਪੀਰਾਂ ਦਾ ਪੀਰ, ਭੂਪਤ ਭੂਪ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਰ ਇਕ ਸੁਹਾਈਆ । ਧਰਨੀ ਕਹੇ ਮੇਰੇ ਆਦਿ ਨਿਰੰਜਣਾ, ਮਿਹਰਵਾਨ ਮਹਿਬੂਬ । ਮੇਰਾ ਕਰ ਦੇ ਘਰ ਸੁਹੰਜਣਾ, ਆਲੀਸ਼ਾਨ ਅਰੂਜ । ਤੇਰੇ ਚਰਨ ਧੂੜ ਕਰਾਂ ਮਜਨਾ, ਦੀਨ ਦੁਨੀ ਵਿਚੋਂ ਕਢ ਦੁਵੈਤੀ ਦੂਜ । ਆਤਮ ਪਰਮਾਤਮ ਸਭ ਦਾ ਬਣ ਸੱਜਣਾ, ਸਚ ਪ੍ਰੀਤੀ ਵਿਚ ਜਾਵਾਂ ਜੂਝ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਭੇਵ ਖੁਲ੍ਹਾਉਣਾ ਗੂਝ । ਧਰਨੀ ਕਹੇ ਪ੍ਰਭੂ ਮੇਰੇ ਉਤੇ ਕਰ ਸੁਹੰਜਣੀ ਰੁਤ, ਰੁਤੜੀ ਆਪਣੇ ਨਾਮ ਨਾਲ ਮਹਿਕਾਈਆ । ਤੂੰ ਪਰਮ ਪੁਰਖ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਦੇ ਕਰਾਈਆ ।

ਪਵਿਤ੍ਰ ਕਰ ਦੇ ਕਾਇਆ ਮਾਟੀ ਬੁਤ, ਬੁਤਖ਼ਾਨਿਆਂ ਕਰ ਸਫ਼ਾਈਆ । ਆਤਮ ਧਾਰ ਸਰਬ ਬਣਾ ਲੈ ਆਪਣੇ ਸੁਤ, ਸੋਈ ਸ੍ਰਿਸ਼ਟੀ ਲੈ ਜਗਾਈਆ । ਸਤਿਗੁਰ ਸ਼ਬਦ ਹੋ ਕੇ ਆਪਣੀ ਗੋਦੀ ਚੁਕ, ਜ਼ਾਤ ਪਾਤ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਆਤਮ ਪਰਮਾਤਮ ਨਿਰਗੁਣ ਧਾਰ ਜਣਾ ਦੇ ਅਗੰਮੀ ਤੁਕ, ਤੁਖ਼ਮ ਤਾਸੀਰ ਬੇਨਜ਼ੀਰ ਦਏ ਬਦਲਾਈਆ । ਪੜਦਾ ਉਹਲਾ ਕਾਇਆ ਚੋਲਾ ਰਹੇ ਮੂਲ ਨਾ ਲੁਕ, ਜੋਤੀ ਜਾਤੇ ਜੋਤ ਨੂਰ ਕਰ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਮੇਰੇ ਉਤੇ ਪਾਂਧੀ ਜਾਏ ਮੁਕ, ਮੁਕੰਮਲ ਆਪਣਾ ਹੁਕਮ ਵਰਤਾਈਆ । ਸੁਫਲ ਕਰਾ ਦੇ ਮੇਰੀ ਕੁੱਖ, ਜਨਣੀ ਹੋ ਕੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਤੇਰੇ ਚਰਨ ਟਿਕਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸਾ ਪੂਰ, ਪਰਮ ਪੁਰਖ ਤੇਰੀ ਵਡਿਆਈਆ । ਜਨ ਭਗਤਾਂ ਅੰਤਰ ਆਤਮ ਦੇ ਸਰੂਰ, ਅੰਮ੍ਰਿਤ ਰਸ ਰਸ ਭਰਾਈਆ । ਨਿਰਗੁਣ ਆਪਣਾ ਬਖ਼ਸ਼ ਦੇ ਨੂਰ, ਨੂਰ ਨੁਰਾਨਾ ਡਗਮਗਾਈਆ । ਉਹ ਤਕ ਲੈ ਜੋ ਆਸ਼ਾ ਰਖੀ ਮੂਸਾ ਉਤੇ ਕੋਹਤੂਰ, ਤੁਰੀਆ ਤੋਂ ਬਾਹਰ ਆਪਣਾ ਸੰਗ ਬਣਾਈਆ । ਤੂੰ ਮਾਲਕ ਖ਼ਾਲਕ ਇਕ ਹਜ਼ੂਰ, ਹਜ਼ਰਤਾਂ ਦੇ ਮਾਲਕ ਬੇਪਰਵਾਹੀਆ । ਤੂੰ ਸਾਹਿਬ ਸੁਆਮੀ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਂਈਆ । ਮੇਰਾ ਪੰਧ ਮੁਕਾ ਦੇ ਨੇੜਾ ਦੂਰ, ਦੂਰ ਦੁਰਾਡੇ ਵੇਖਣਾ ਚਾਈਂ ਚਾਈਂਆ । ਮੇਰੇ ਉਤੋਂ ਕਲਪਨਾ ਕਢ ਦੇ ਕੂੜ, ਕੂੜੀ ਕਿਰਿਆ ਡੇਰਾ ਢਾਈਆ । ਸਤਿ ਧਰਮ ਮੇਰੀ ਝੋਲੀ ਪਾਉਣਾ ਜ਼ਰੂਰ, ਜ਼ਰੂਰਤ ਤੇਰੇ ਅਗੇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਸਚ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੇਰੀ ਝੋਲੀ ਖ਼ਾਲੀ ਭਰ, ਊਨਤਾ ਰਹਿਣ ਕੋਇ ਨਾ ਪਾਈਆ । ਮੈਨੂੰ ਸਭ ਨੇ ਦਿਤਾ ਵਰ, ਜੁਗ ਚੌਕੜੀ ਸੰਦੇਸ਼ੇ ਗਏ ਸੁਣਾਈਆ । ਕਲਜੁਗ ਅੰਤਮ ਤੇਰਾ ਲੇਖਾ ਨਾਲ ਨਰਾਇਣ ਨਰ, ਨਰ ਹਰਿ ਤੇਰੀ ਓਟ ਤਕਾਈਆ । ਮੇਰਾ ਸੁਹੰਜਣਾ ਪਵਿਤ੍ਰ ਕਰ ਦੇ ਗ੍ਰਿਹਿ ਘਰ, ਮਿੱਟੀ ਖ਼ਾਕ ਹੋ ਕੇ ਸੀਸ ਨਿਵਾਈਆ । ਅੰਮ੍ਰਿਤ ਧਾਰ ਵਹਾ ਦੇ ਸਚ ਸਰੋਵਰ ਸਰ, ਸਰਸੇ ਦਾ ਲੇਖਾ ਗੋਬਿੰਦ ਵਾਲਾ ਪੂਰ ਕਰਾਈਆ । ਤੂੰ ਸੁਆਮੀ ਇਕੋ ਨਰਾਇਣ ਨਰ, ਦੂਜਾ ਨਜ਼ਰ ਕੋਇ ਨਾ ਆਈਆ । ਮੇਰਾ ਭੈ ਭਾਓ ਚੁਕਾ ਦੇ ਡਰ, ਭਿਆਨਕ ਰੂਪ ਨਾ ਕੋਇ ਦਰਸਾਈਆ । ਦੀਨ ਦੁਨੀ ਦੀ ਸ਼ਰਅ ਮੇਟ ਦੇ ਸ਼ਰ, ਸ਼ਰੀਅਤ ਰੂਪ ਬਣੇ ਨਾ ਅੰਤ ਕਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਧਾਰ ਦੇਣੀ ਸਮਝਾਈਆ । ਧਰਨੀ ਕਹੇ ਪ੍ਰਭੂ ਮੇਰੀ ਇਕੋ ਮੰਗ ਅਖ਼ੀਰੀ, ਬਿਨ ਅੱਖਰਾਂ ਆਖ਼ਰ ਦਿਆਂ ਜਣਾਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਅਮੀਰੀ, ਅਮਰਾਪਦ ਦੇ ਮਾਲਕ ਤੇਰੀ ਓਟ ਤਕਾਈਆ । ਤੂੰ ਖ਼ਾਲਕ ਬੇਨਜ਼ੀਰੀ, ਕੁਦਰਤ ਦਾ ਕ਼ਾਦਰ ਇਕ ਅਖਵਾਈਆ । ਆਪਣਾ ਲੇਖਾ ਤਕ ਲੈ ਜੋ ਸ਼ਬਦੀ ਹੁਕਮ ਕੀਤਾ ਤਹਿਰੀਰੀ, ਅੱਖਰ ਅੱਖਰਾਂ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੀ ਤਕਾਂ ਹਸਤੀ, ਆਦਿ ਜੁਗਾਦੀ ਵੇਖਾਂ ਚਾਈਂ ਚਾਈਂਆ । ਮੈਂ ਤੇਰੇ ਹੁਕਮ ਵਿਚ ਜੁਗ ਚੌਕੜੀ ਨਸਦੀ, ਭੱਜਾਂ ਵਾਹੋ ਦਾਹੀਆ । ਪਿਛਲੇ ਜੁਗਾਂ ਦਾ ਹਾਲ ਦੱਸਦੀ, ਖ਼ੁਸ਼ੀਆਂ ਢੋਲੇ ਗਾਈਆ । ਬਹੁੜੀ ਕਲਜੁਗ ਅੰਤਮ ਗੱਲ ਰਹੀ ਨਹੀਂ ਮੇਰੇ ਵਸ ਦੀ, ਵਾਸਤਾ ਤੇਰੇ ਅਗੇ ਪਾਈਆ । ਤੇਰੀ ਸ੍ਰਿਸ਼ਟੀ ਕੂੜੀ ਕਲਪਨਾ ਵਿਚ ਵੇਖ ਲੈ ਫਸਦੀ, ਫਾਸੀ ਗਲ ਨਾ ਕੋਇ ਕਟਾਈਆ । ਜ਼ਬਾਨ ਭਰੀ ਰਹੀ ਨਾ ਤੇਰੇ ਨਾਮ ਰਸ ਦੀ, ਰਸਤਾ

ਸਾਰੇ ਗਏ ਭੁਲਾਈਆ । ਵਡਿਆਈ ਰਹੀ ਨਾ ਸਤਿਗੁਰ ਸ਼ਬਦ ਜਸ ਦੀ, ਸਿਫ਼ਤੀ ਢੋਲੇ ਕੋਇ ਨਾ ਗਾਈਆ । ਖੇਲ ਰਹੀ ਨਾ ਨਿਜ ਨੇਤਰ ਅੱਖ ਦੀ, ਲੋਚਨ ਨੈਣ ਨਾ ਕੋਇ ਖੁਲ੍ਹਾਈਆ । ਦਰੋਹੀ ਮੇਰੇ ਤੋਂ ਕਥਾ ਕਹਾਣੀ ਮੁਕੀ ਸਚ ਦੀ, ਸਚ ਵਿਚ ਨਾ ਕੋਇ ਸਮਾਈਆ । ਤੂੰ ਨਿਗਾਹ ਮਾਰ ਲੈ ਆਪਣੀ ਸ੍ਰਿਸ਼ਟੀ ਤਕ ਲੈ ਪੰਜ ਤਤ ਕਾਇਆ ਮਾਟੀ ਕੱਚ ਦੀ, ਕੰਚਨ ਗੜ੍ਹ ਨਾ ਕੋਇ ਸੁਹਾਈਆ । ਨਾ ਕਲਪਣਾ ਵਿਚ ਫਿਰੇ ਨਚਦੀ, ਦਹਿ ਦਿਸ਼ਾ ਭੱਜੇ ਵਾਹੋ ਦਾਹੀਆ । ਪੰਚ ਵਿਕਾਰ ਵਿਚ ਫਿਰੇ ਟਪਦੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਤੇਰਾ ਸਤਿਨਾਮ ਨਾਮ ਸਤਿ ਨਾ ਮੂਲ ਜਪਦੀ, ਜਿਸ ਦੀ ਸਤਿਗੁਰ ਨਾਨਕ ਦਏ ਗਵਾਹੀਆ । ਉਹ ਵੇਖ ਲੈ ਮੁਹੰਮਦ ਦੀ ਸਦੀ ਚੌਧਵੀਂ ਜਾਂਦੀ ਟਪਦੀ, ਟਾਪੂ ਸਾਰੇ ਰਹੇ ਕੁਰਲਾਈਆ । ਮੇਰੇ ਉਤੇ ਪੰਡ ਵਧ ਗਈ ਭਾਰ ਵਾਲੇ ਪੱਪ ਦੀ, ਪਤਿਤ ਪੁਨੀਤ ਨਾ ਕੋਇ ਕਰਾਈਆ । ਵਿਚਾਰ ਰਹੀ ਨਹੀਂ ਗੁਰਮਤ ਦੀ, ਮਨ ਮਤ ਆਪਣਾ ਰੰਗ ਰੰਗਾਈਆ । ਦੀਨ ਦੁਨੀਆ ਪਿਆਸੀ ਹੋਈ ਮਾਨਸ ਰਤ ਦੀ, ਰਤਨ ਅਮੋਲਕ ਹੀਰਾ ਤੇਰਾ ਰੂਪ ਨਾ ਕੋਇ ਵਟਾਈਆ । ਮੇਰੇ ਸਾਹਿਬ ਸੁਆਮੀ ਸਤਿਗੁਰ ਤੇਰੇ ਅਗੇ ਵਾਸਤਾ ਘਤਦੀ, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਚਰਨ ਧੂੜ ਮੇਰੀ ਖ਼ਾਹਿਸ਼ ਪੂਰੀ ਕਰੇ ਮਸਤਕ ਮਥ ਦੀ, ਜਗਤ ਤਿਲਕ ਨਜ਼ਰ ਕੋਇ ਨਾ ਆਈਆ ।



✪ ੨੬ ਚੇਤ ਸ਼ਹਿਨਸ਼ਾਹੀ ਸੰਮਤ ੧੧ ਸੁਰਜੀਤ ਸਿੰਘ ਦੇ ਗ੍ਰਿਹਿ ਰਾਤ ਵੇਲੇ ੪੭੧੬ ਸਟਰੌਮ ਟੈਰਸ ਕਨੇਡਾ ✪

ਹਰਿਜਨ ਸਦਾ ਜਾਏ ਆਪਣੇ ਘਰ, ਗ੍ਰਿਹਿ ਮੰਦਰ ਇਕੋ ਸੋਭਾ ਪਾਈਆ । ਜਿਸ ਦਾ ਖੁਲ੍ਹਾ ਰਹੇ ਸਦਾ ਦਰ, ਨੌਂ ਦੁਆਰੇ ਵੰਡ ਨਾ ਕੋਇ ਵੰਡਾਈਆ । ਅੰਤਰ ਨਿਰੰਤਰ ਮਿਲੇ ਸਰੋਵਰ ਸਰ, ਬੂੰਦ ਸਵਾਂਤੀ ਸੋਭਾ ਪਾਈਆ । ਘਰ ਦੀਪਕ ਜੋਤ ਪਰਕਾਸ਼ ਕਰੇ ਨਰਾਇਣ ਨਰ, ਬਿਨ ਤੇਲ ਬਾਤੀ ਕਮਲਾਪਾਤੀ ਡਗਮਗਾਈਆ । ਬਿਨ ਕ਼ਦਮਾਂ ਸਚ ਦੁਆਰੇ ਜਾਏ ਚੜ੍ਹ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਦਰਗਾਹ ਸਾਚੀ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਲਏ ਪੜ੍ਹ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਪੁਰਖ ਅਕਾਲਾ ਦੀਨ ਦਿਆਲਾ ਸਚ ਸੁਆਮੀ ਲਾਏ ਆਪਣੇ ਲੜ, ਪਲੂ ਗੰਢ ਨਾਮ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹਿ ਇਕ ਵਖਾਈਆ । ਗੁਰਮੁਖ ਜਾਵੇ ਆਪਣੇ ਮੰਦਰ, ਗ੍ਰਿਹਿ ਸਾਚੇ ਵਜੇ ਵਧਾਈਆ । ਭਾਗ ਲਗੇ ਡੰਘੀ ਕੰਦਰ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਮਨੂਆ ਮਨ ਦਹਿ ਦਿਸ਼ਾ ਉਠ ਨਾ ਧਾਏ ਬੰਦਰ, ਮਮਤਾ ਮੋਹ ਨਾ ਕੋਇ ਹਲਕਾਈਆ । ਬਜਰ ਕਪਾਟੀ ਤੁਟੇ ਜੰਦਰ, ਤ੍ਰੈਗੁਣ ਲੇਖਾ ਰਹੇ ਨਾ ਰਾਈਆ । ਘਰ ਪਰਕਾਸ਼ ਮਿਲੇ ਬਿਨਾ ਸੂਰੀਆ ਚੰਦਰ, ਜੋਤੀ ਜਾਤਾ ਦਇਆ ਕਮਾਈਆ । ਸੰਤ ਸੁਹੇਲੇ ਘਰ ਆਪਣੇ ਸਾਚੇ ਲੰਘਣ, ਅਗੇ ਹੋ ਨਾ ਕੋਇ ਅਟਕਾਈਆ । ਬਿਨਾ ਪਾਵੇ ਚੂਲ ਸਿੰਘਾਸਣ ਵੇਖਣ ਮੰਜਣ, ਬਿਸਤਰ ਲੇਫ਼ ਤਲਾਈ ਨਾ ਕੋਇ ਵਖਾਈਆ । ਚਾਰੋਂ ਕੁੰਟ ਦੀਪਕ ਜਗਣ, ਨੂਰ ਨੁਰਾਨੇ ਡਗਮਗਾਈਆ । ਸੁਆਮੀ ਮਿਲ ਕੇ ਘਰ ਸਾਚੇ ਹੋਵੇ ਮਗਨ, ਸੁਰਤੀ ਸੁਰਤ ਨਾ ਕੋਇ ਚਤੁਰਾਈਆ । ਸਚ ਪ੍ਰੀਤੀ ਲਗੇ ਲਗਨ, ਲਗ ਮਾਤਰ ਡੇਰਾ ਢਾਹੀਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਇਕ ਸੁਹਾਈਆ । ਗੁਰਮੁਖ ਗ੍ਰਿਹ ਆਪਣੇ ਸਦਾ ਜਾਂਦਾ, ਆਵਣ ਜਾਵਣ ਖੇਲ ਬਣਾਈਆ । ਸ਼ਬਦ ਅਨਾਦੀ ਢੋਲਾ ਗਾਂਦਾ, ਬਿਨ ਰਸਨਾ ਜਿਹਵਾ ਕਰੇ ਪੜ੍ਹਾਈਆ । ਸਰ ਸਰੋਵਰ ਧੁਰ ਦੇ ਨਹਾਂਦਾ, ਦੁਰਮਤ ਮੈਲ ਮੈਲ ਧਵਾਈਆ । ਅੰਮ੍ਰਿਤ ਰਸ ਬੂੰਦ ਸਵਾਂਤੀ ਪੀਂਦਾ ਖਾਂਦਾ, ਨਿਝਰ ਝਿਰਨਾ ਟਪਕੇ ਅਗੰਮ ਅਥਾਹੀਆ । ਸਚ ਦੁਆਰੇ ਬਣੇ ਪਾਂਧਾ, ਪਾਂਧੀ ਬਣ ਕੇ ਪੰਧ ਮੁਕਾਈਆ । ਜਗਤ ਵਾਸ਼ਨਾ ਜਾਏ ਢਾਂਦਾ, ਕੂੜੀ ਕਿਰਿਆ ਖ਼ਾਕ ਮਿਲਾਈਆ । ਗ੍ਰਿਹ ਮੰਦਰ ਜਿਸ ਸੁਆਮੀ ਸਤਿਗੁਰ ਆਪ ਵਖਾਉਂਦਾ, ਮਾਰਗ ਦੂਰ ਕਰਾਈਆ । ਫੜ ਸੁਰਤੀ ਰਾਹੇ ਪਾਉਂਦਾ, ਸ਼ਬਦੀ ਸ਼ਬਦ ਨਾਲ ਜੁੜਾਈਆ । ਮੰਜ਼ਲ ਹਕੀਕਤ ਹਕ ਚੜ੍ਹਾਉਂਦਾ, ਦਰਗਾਹ ਸਾਚੀ ਸਚ ਟਿਕਾਈਆ । ਸਚਖੰਡ ਦੁਆਰ ਵਸਾਉਂਦਾ, ਵਿਛੋੜਾ ਜਿਥੇ ਰਹੇ ਨਾ ਰਾਈਆ । ਜੋਤੀ ਜਾਤਾ ਡਗਮਗਾਉਂਦਾ, ਨੂਰ ਨੁਰਾਨਾ ਨੂਰ ਅਲਾਹੀਆ । ਘਰ ਮੰਦਰ ਇਕ ਵਖਾਉਂਦਾ, ਜਿਥੇ ਵਸੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਇਕੋ ਇਕ ਸੁਹਾਈਆ । ਗੁਰਮੁਖ ਆਪਣੇ ਗ੍ਰਿਹ ਜਾਵੇ ਭੱਜ, ਬਿਨ ਕ਼ਦਮਾਂ ਕ਼ਦਮ ਉਠਾਈਆ । ਜਗਤ ਵਾਸ਼ਨਾ ਜਾਏ ਤਜ, ਦੀਨ ਦੁਨੀ ਨਾ ਰੰਗ ਰੰਗਾਈਆ । ਬਿਨ ਕਾਅਬਿਉਂ ਕਰੇ ਹੱਜ, ਹਜ਼ਰਤ ਮੇਲੇ ਧੁਰ ਦਾ ਮਾਹੀਆ । ਜੋ ਪਰਦੇ ਲਏ ਕੱਜ, ਸਿਰ ਆਪਣਾ ਹੱਥ ਟਿਕਾਈਆ । ਦਰਸ਼ਨ ਦੇਵੇ ਰੱਜ ਰੱਜ, ਤ੍ਰਿਸ਼ਨਾ ਦੋ ਜਹਾਨ ਮੁਕਾਈਆ । ਮਾਣ ਵਡਿਆਈ ਦੇਵੇ ਵਿਚ ਜਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਘਰ ਵਖਾ ਕੇ ਉਪਰ ਸ਼ਾਹਰਗ, ਨਵ ਦੁਆਰ ਦਾ ਡੇਰਾ ਢਾਹੀਆ । ਤ੍ਰੈਗੁਣ ਮਾਇਆ ਬੁਝਾ ਕੇ ਅੱਗ, ਗ੍ਰਿਹ ਮੰਦਰ ਕਰੇ ਸਫ਼ਾਈਆ । ਘਰ ਵਸਾਏ ਸੂਰਾ ਸਰਬਗ, ਹਰਿ ਕਰਤਾ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਘਰ ਇਕ ਸੁਹਾਈਆ । ਹਰਿਜਨ ਵੇਖੇ ਘਰ ਸੁਹੰਜਣਾ, ਕਾਇਆ ਮਾਟੀ ਤਨ ਵਜੂਦ । ਜਿਥੇ ਵਸੇ ਦਰਦ ਦੁਖ ਭੈ ਭੰਜਣਾ, ਪਾਰਬ੍ਰਹਮ ਪਤਿਪਰਮੇਸ਼ਵਰ ਅਲਾਹੀ ਮਹਿਬੂਬ । ਜੋ ਅੰਦਰ ਬਾਹਰ ਸਾਕ ਸੱਜਣਾ, ਜਗਤ ਸ਼ਰਅ ਮੇਟੇ ਹਦੂਦ । ਦੋ ਜਹਾਨਾ ਰਖੇ ਲਜਣਾ, ਘਰ ਆਪਣੇ ਰਖੇ ਮਹਿਦੂਦ । ਜਿਸ ਦਾ ਡੰਕਾ ਨਾਮ ਨਿਧਾਨਾ ਵਜਣਾ, ਆਲੀਸ਼ਾਨ ਅਗੰਮ ਅਰੂਜ । ਨਿਰਗੁਣ ਧਾਰ ਸਤਿਗੁਰ ਪਿਆਰ ਹੋ ਕੇ ਸੱਦਣਾ, ਜਿਸ ਦਾ ਇਸ਼ਾਰਾ ਦੇਵੇ ਹਜ਼ਾਰਾ ਦਰੂਦ । ਸਚ ਸਿੰਘਾਸਣ ਗੁਰਮੁਖ ਬਹਿ ਬਹਿ ਸਜਣਾ, ਭਾਗ ਲਗੇ ਕਾਇਆ ਮਾਟੀ ਤਨ ਵਜੂਦ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਿਸ ਦੀ ਮੰਜ਼ਲ ਇਕ ਮਕ਼ਸੂਦ । ਘਰ ਸੁਹਾਵਣੇ ਹਰਿਜਨ ਜਾਂਦੇ, ਭੱਜਣ ਵਾਹੋ ਦਾਹੀਆ । ਰਾਤੀਂ ਸੁੱਤਿਆਂ ਪੰਧ ਮੁਕਾਉਂਦੇ, ਜਾਗਦਿਆਂ ਵੰਡ ਨਾ ਕੋਇ ਵੰਡਾਈਆ । ਪੁਰੀਆਂ ਲੋਆਂ ਪਾਰ ਕਰਾਉਂਦੇ, ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਈਆ । ਕਰੋੜ ਤੇਤੀਸਾ ਵੇਖ ਵਖਾਉਂਦੇ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਸਤਿਗੁਰ ਸ਼ਬਦ ਦੇ ਢੋਲੇ ਗਾਉਂਦੇ, ਬਿਨ ਅੱਖਰਾਂ ਸਿਫ਼ਤ ਸਲਾਹੀਆ । ਬਿਨ ਪੱਲੂ ਲੜ ਫੜਾਉਂਦੇ, ਭੱਜਣ ਵਾਹੋ ਦਾਹੀਆ । ਦਰਗਾਹ ਸਾਚੀ ਸਚਖੰਡ ਆਪਣੇ ਘਰ ਸੁਹਾਉਂਦੇ, ਜਿਸ ਗ੍ਰਿਹ ਇਕੋ ਮਿਲੇ ਸਚਾ ਮਾਹੀਆ । ਸਚ ਸੁਹੰਜਣੀ ਸੇਜਾ ਡੇਰਾ ਲਾਉਂਦੇ, ਆਲਸ ਨਿੰਦਰਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਘਰ ਇਕ ਵਖਾਈਆ । ਸਚ ਘਰ ਜਾਵਾਂ ਆਪਣੇ ਭੱਜ, ਭਜਨ ਬੰਦਗੀ ਨਾਲ ਮਿਲਾਈਆ । ਸਚ ਮੁਹੱਬਤ ਵਿਚ ਪੜਦਾ ਲੈਣਾ



੪੦੧
੨੪

ਕਜ, ਓਢਣ ਸੀਸ ਨਾਮ ਟਿਕਾਈਆ । ਸ਼ਬਦ ਜੈਕਾਰਾ ਬੋਲਣਾ ਗੱਜ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਜਗਤ ਵਾਸ਼ਨਾ ਜਾਣੀ ਤਜ, ਤ੍ਰੈਗੁਣ ਡੇਰਾ ਢਾਹੀਆ । ਸਚ ਸਿੰਘਾਸਣ ਸੌਣਾ ਰੱਜ, ਸੁੱਤਿਆਂ ਫੇਰ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਘਰ ਕਰੇ ਰੁਸ਼ਨਾਈਆ । ਸਚ ਘਰ ਜਿਨ੍ਹਾਂ ਜਾਣ ਦਾ ਚਾਅ, ਚਾਓ ਘਨੇਰਾ ਇਕ ਰਖਾਈਆ । ਪੰਧ ਮੁਕਾਵਣਾ ਥਲ ਅਸਗਾਹ, ਜਲ ਥਲ ਮਹੀਅਲ ਪਾਰ ਕਰਾਈਆ । ਪੁਰੀਆਂ ਲੋਆਂ ਪੰਧ ਮੁਕਾ, ਭੱਜਣ ਵਾਹੋ ਦਾਹੀਆ । ਨਿਜ ਨੇਤਰ ਲੋਚਣ ਨੈਣ ਉਠਾ, ਵੇਖਣ ਥਾਉਂ ਥਾਈਂਆ । ਕਵਣ ਗ੍ਰਿਹਿ ਮੰਦਰ ਜਿਸ ਘਰ ਸੁਆਮੀ ਠਾਕਰ ਸੁਆਮੀ ਲਏ ਬੁਲਾ, ਸ਼ਬਦ ਅਗੰਮੀ ਅਵਾਜ਼ ਲਗਾਈਆ । ਜੋ ਸੰਦੇਸ਼ਾ ਦੇਵੇ ਮਾਲਕ ਹੋ ਕੇ ਕੁਲਾ, ਕੁੱਲੀ ਕਾਇਆ ਭਾਗ ਦਏ ਲਗਾਈਆ । ਜਿਸ ਘਰ ਮੰਦਰ ਗ੍ਰਿਹਿ ਜਾਣ ਵਿਚ ਉਤੇ ਲੈਣਾ ਪਏ ਨਾ ਜੁੱਲਾ, ਜਗਤ ਬਸਤਰ ਲੋੜ ਰਹੇ ਨਾ ਰਾਈਆ । ਘਰ ਸਿੰਘਾਸਣ ਮਿਲੇ ਅਨਮੁਲਾ, ਆਤਮ ਸੇਜਾ ਸੋਭਾ ਪਾਈਆ । ਜਿਸ ਦਾ ਵਿਹੜਾ ਸਦਾ ਸਦਾ ਸਦ ਖੁਲ੍ਹਾ, ਖਿੜਕੀ ਦਰਵਾਜ਼ਾ ਬੰਦ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਘਰ ਇਕ ਸੁਹਾਈਆ । ਘਰ ਕਹੇ ਮੈਂ ਬਣਿਆ ਬਿਨਾ ਚਾਰ ਦੀਵਾਰ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਸਾਨੂੰ ਵੇਖਣ ਪੈਗ਼ੰਬਰ ਗੁਰ ਅਵਤਾਰ, ਭਗਤ ਸੰਤ ਨੈਣ ਉਠਾਈਆ । ਸਾਡਾ ਲਹਿਣਾ ਦੇਣਾ ਨਹੀਂ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸੰਗ ਨਾ ਕੋਇ ਚਲਾਈਆ । ਸਾਚਾ
੪੦੨ ਦਰ ਸਚਾ ਦਰਬਾਰ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਨਾ ਕੋਈ ਪੁਰਖ ਨਾ ਕੋਈ ਨਾਰ, ਨਰ ਨਰਾਇਣ ਇਕੋ ਨੂਰ ਅਲਾਹੀਆ । ਜੋ ੪੦੨
੨੪ ਆਦਿ ਜੁਗਾਦੀ ਸਾਂਝਾ ਪਰਵਰਦਿਗਾਰ, ਪਤਿਪਰਮੇਸ਼ਵਰ ਇਕ ਅਖਵਾਈਆ । ਜਿਥੇ ਨਿਰਗੁਣ ਨੂਰ ਜੋਤ ਹੋਵੇ ਉਜਿਆਰ, ਤੇਲ ਬਾਤੀ ਨਾ ਕੋਇ ੨੪
ਚਤੁਰਾਈਆ । ਉਹ ਭਗਤਾਂ ਦਾ ਸਦਾ ਸੁਹੰਜਣਾ ਸਚਖੰਡ ਸਚਾ ਦੁਆਰ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਸੰਤ ਸੁਹੇਲੇ ਆਉਂਦੇ ਵਾਰੋ ਵਾਰ, ਲੋਕਮਾਤ ਆਪਣਾ ਪੰਧ ਮੁਕਾਈਆ । ਸਤਿ ਵਿਚ ਸੌਂਦੇ ਪੈਰ ਪਸਾਰ, ਸੁੱਤਿਆਂ ਫੇਰ ਨਾ ਕੋਇ ਜਗਾਈਆ । ਸੋ ਘਰ ਸੁਹਾਵਾ ਜਿਥੇ ਵਸੇ ਆਪ ਕਰਤਾਰ, ਕੁਦਰਤ ਦਾ ਕਾਦਰ ਦਇਆ ਕਮਾਈਆ । ਉਸ ਗ੍ਰਿਹਿ ਜਾਣ ਦਾ ਸਾਰੇ ਕਰੋ ਇੰਤਜ਼ਾਰ, ਦਿਵਸ ਰੈਣ ਭੱਜੋ ਵਾਹੋ ਦਾਹੀਆ । ਸੋ ਅੰਤਰ ਨਿਰੰਤਰ ਆਤਮ ਪਰਮਾਤਮ ਕੀਤਾ ਕੌਲ ਇਕਰਾਰ, ਵਾਅਦਾ ਵਾਅਦਿਆਂ ਵਿਚੋਂ ਵੇਖ ਵਖਾਈਆ । ਜੇ ਘਰ ਲਭਣਾਂ ਤੇ ਲੱਭੋ ਏਕੰਕਾਰ, ਜਿਥੇ ਇਕ ਇਕੱਲਾ ਬੈਠਾ ਸਭ ਦਾ ਹਕ ਗੁਸਾਂਈਆ । ਛੱਬੀ ਚੇਤ ਕਹੇ ਅੱਜ ਦੀ ਥਿਤ ਸੁਹੰਜਣੀ ਤੇ ਸੁਹੰਜਣਾ ਦਿਸੇ ਵਾਰ, ਵਾਰਤਾ ਆਦਿ ਜੁਗਾਦਿ ਦੀ ਚਲੀ ਆਈਆ । ਸੁਰਜੀਤ ਸਿੰਘ ਦਾ ਕਾਇਆ ਮੰਦਰ ਜਿਸ ਮੰਦਰ ਵਿਚ ਸਦਾ ਖ਼ੁਸ਼ੀਆਂ ਵਾਲੀ ਬਹਾਰ, ਖ਼ਿਜ਼ਾਂ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਨਿਰਗੁਣ ਸਰਗੁਣ ਵੇਖੇ ਵਿਗਸੇ ਵੇਖਣਹਾਰ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਅਗੰਮ ਅਥਾਹ ਇਕ ਇਕੱਲਾ ਨੂਰ ਅਲਾਹੀਆ ।

✪ ੨੭ ਚੇਤ ਸ਼ਹਿਨਸ਼ਾਹੀ ਸੰਮਤ ੧੧ ਗੁਰਬਚਨ ਸਿੰਘ ਧਾਮੀ ਦੇ ਗ੍ਰਹਿ
੪੬੧੯ ਸਟਰੋਮ ਟੈਰਸ ਕਨੇਡਾ ਵਿਖੇ ✪

ਸਤਿਗੁਰ ਸ਼ਬਦ ਮੇਟਣਹਾਰਾ ਸ਼ੰਕਾ, ਭੇਵ ਅਭੇਦ ਆਦਿ ਜੁਗਾਦਿ ਖੁਲ੍ਹਾਈਆ । ਜੋ ਸੁਹਾਵਣਹਾਰਾ ਸਚਖੰਡ ਦੁਆਰ ਬੰਕਾ, ਥਿਰ ਘਰ ਆਪਣਾ ਖੇਲ ਖਿਲਾਈਆ । ਜਿਸ ਦਾ ਨਾਮ ਨਿਧਾਨਾ ਦੋ ਜਹਾਨਾਂ ਡੰਕਾ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਕਰੇ ਸ਼ਨਵਾਈਆ । ਜੋ ਨਿਰਗੁਣ ਸਰਗੁਣ ਧਾਰ ਲਾਏ ਤਨਕਾ, ਤਨ ਵਜੂਦ ਹਕ ਮਹਿਬੂਬ ਵੇਖਣਹਾਰਾ ਥਾਉਂ ਥਾਈਂਆ । ਜੋ ਜੁਗ ਚੌਕੜੀ ਭੁਆਵਣਹਾਰਾ ਮਨ ਕਾ ਮਣਕਾ, ਮਾਨਸ ਮਾਨਵ ਮਾਨੁਖ ਆਪਣਾ ਹੁਕਮ ਵਰਤਾਈਆ । ਜੋ ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ ਧਰਨੀ ਧਵਲ ਧਰਤ ਧੌਲ ਧਨ ਕਾ, ਖੋਜਣਹਾਰਾ ਬੇਪਰਵਾਹੀਆ । ਜੋ ਸਰੋਤਾ ਬਣੇ ਸਰਵਨ ਕੰਨ ਕਾ, ਕਾਇਨਾਤ ਆਪਣਾ ਹੁਕਮ ਵਰਤਾਈਆ । ਜੋ ਰੂਪ ਅਨੂਪ ਧਾਰੇ ਅਨੇਕ ਅਨਕਾ, ਅਕਲ ਕਲਧਾਰੀ ਆਪਣਾ ਖੇਲ ਖਿਲਾਈਆ । ਜਿਸ ਦਾ ਲਹਿਣਾ ਦੇਣਾ ਕਲਜੁਗ ਅੰਤਮ ਤਾਰਾ ਚੰਨ ਕਾ, ਸੂਰੀਆ ਲੇਖਾ ਲਏ ਲਗਾਈਆ । ਜੋ ਭੇਵ ਖੁਲ੍ਹਾਵੇ ਆਤਮ ਪਰਮਾਤਮ ਬ੍ਰਹਮ ਕਾ, ਪਾਰਬ੍ਰਹਮ ਪੜਦਾ ਆਪ ਉਠਾਈਆ । ਜੋ ਮਾਲਕ ਖ਼ਾਲਕ ਹੋਵੇ ਸਚ ਧਰਮ ਕਾ, ਧਰਮ ਦੀ ਧਾਰ ਇਕ ਪਰਗਟਾਈਆ । ਜੋ ਲਹਿਣਾ ਦੇਣਾ ਜਾਣੇ ਜਨ ਭਗਤ ਸੁਹੇਲੇ ਜਰਮ ਕਾ, ਜਨਮ ਜਨਮ ਦਾ ਪੰਧ ਮੁਕਾਈਆ । ਜੋ ਸਹਾਇਕ ਨਾਇਕ ਹੋਵੇ ਕਾਇਆ ਮਾਟੀ ਚਰਮ ਕਾ, ਚੰਮ
੪੦੩ ਦ੍ਰਿਸ਼ਟੀ ਦਏ ਬਦਲਾਈਆ । ਜੋ ਭੰਨਣਹਾਰਾ ਭਾਂਡਾ ਭਰਮ ਕਾ, ਭੈ ਭਾਉ ਆਪਣਾ ਇਕ ਦਰਸਾਈਆ । ਜੋ ਸਹਾਰਾ ਦੇਵਣਹਾਰਾ ਚਰਨ ਕਾ, ਚਰਨੋਦਕ ੪੦੩
੨੪ ਅਗੰਮਾ ਜਾਮ ਪਿਆਈਆ । ਜੋ ਇਸ਼ਾਰਾ ਦੇਵੇ ਨੇਤਰ ਹਰਨ ਫਰਨ ਕਾ, ਫੁਰਨਿਆਂ ਤੋਂ ਬਾਹਰ ਆਪਣਾ ਹੁਕਮ ਦ੍ਰਿੜਾਈਆ । ਜੋ ਮਾਲਕ ਮਹਿਬੂਬ ੨੪
ਹੋਵੇ ਜੰਮਣ ਮਰਨ ਕਾ, ਚੁਰਾਸੀ ਵੇਖਣਹਾਰਾ ਚਾਈਂ ਚਾਈਂਆ । ਜੋ ਭੇਵ ਚੁਕਾਏ ਚੋਟੀ ਜੜ੍ਹਨ ਕਾ, ਜੜ੍ਹ ਚੇਤਨ ਆਪਣਾ ਰੰਗ ਰੰਗਾਈਆ । ਜੋ ਨਿਰਅੱਖਰ ਧਾਰ ਰੂਪ ਬਣੇ ਅੱਖਰ ਪੜ੍ਹਨ ਕਾ, ਅੱਖਰ ਅੱਖਰਾਂ ਨਾਲ ਮਿਲਾਈਆ । ਜੋ ਸਾਹਿਬ ਸੁਲਤਾਨਾਂ ਨੌਜਵਾਨਾ ਮਾਲਕ ਹੋਵੇ ਮੰਜ਼ਲ ਚੜ੍ਹਨ ਕਾ, ਚਾਰੇ ਕੁੰਟਾਂ ਆਪਣਾ ਪੰਧ ਮੁਕਾਈਆ । ਜੋ ਸ਼ਸਤਰ ਤੀਰ ਅਣਿਆਲਾ ਹੋਵੇ ਲੜਨ ਕਾ, ਘਾਓ ਦੋ ਜਹਾਨ ਲਗਾਈਆ । ਜੋ ਮਾਲਕ ਬਣ ਕੇ ਭੰਨਣ ਘੜਨ ਕਾ, ਜੁਗ ਜੁਗ ਆਪਣੀ ਵੰਡ ਵੰਡਾਈਆ । ਜੋ ਲੇਖਾ ਮੁਕਾਵੇ ਸੀਸ ਧੜਨ ਕਾ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਸਤਿਗੁਰ ਸ਼ਬਦ ਜੁਗ ਜੁਗ ਸ਼ੰਕਾ ਕੱਢੇ ਆਪ, ਆਪ ਆਪਣੀ ਦਇਆ ਕਮਾਈਆ । ਨਿਰਗੁਣ ਸਰਗੁਣ ਬਣ ਕੇ ਮਾਈ ਬਾਪ, ਪਿਤਾ ਪੁਰਖ ਅਕਾਲ ਹੋ ਕੇ ਵੇਖ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖਣਹਾਰਾ ਤੀਨੋ ਤਾਪ, ਤ੍ਰੈਗੁਣ ਅਤੀਤਾ ਠਾਂਢਾ ਸੀਤਾ ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਿਸ ਦੀ ਜਗਤ ਸ਼ਾਸਤਰ ਦੱਸਦੇ ਅਗੰਮੀ ਬਾਤ, ਬਾਤਨ ਭੇਵ ਦਏ ਖੁਲ੍ਹਾਈਆ । ਜੋ ਨਿਰਗੁਣ ਸਰਗੁਣ ਖੇਲ ਕਰੇ ਲੋਕਮਾਤ, ਧਰਨੀ ਧਰਤ ਧੌਲ ਆਪਣਾ ਰੰਗ ਰੰਗਾਈਆ । ਜਿਸ ਦੇ ਨਾਮ ਕਲਮੇ ਸਤਿ ਸਚ ਸੌਗਾਤ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪ ਵਰਤਾਈਆ । ਜਿਸ ਦੇ ਹੁਕਮ ਸੰਦੇਸ਼ੇ ਪਾਕ, ਪਤ੍ਰਿਕਾ ਨਾਮ ਵਾਲੀ ਵਡਿਆਈਆ । ਜਿਸ ਦਾ ਖੇਲ ਬਹੁ ਬਿਧ ਭਾਂਤ, ਵੇਸ ਅਨੇਕਾ ਆਪਣਾ ਰੂਪ ਧਰਾਈਆ । ਜੋ ਜੁਗ ਜੁਗ ਪੁਛਣਹਾਰਾ ਵਾਤ, ਵਾਤਾਵਰਣ ਤਕੇ

੪੦੪
੨੪

ਖ਼ਲਕ ਖ਼ੁਦਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਤਕੇ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਸਚ ਵਕ਼ਤ ਨਾ ਰਿਹਾ ਪਰਭਾਤ, ਪਰਭਾਤੀ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਝਗੜਾ ਵੇਖੇ ਮੁਕਦਾ, ਸ਼ੰਕਾ ਜਗਤ ਜਹਾਨ ਨਾ ਕੋਇ ਰਖਾਈਆ । ਜੋ ਨਿਰਗੁਣ ਸਰਗੁਣ ਲੁਕਾਇਆਂ ਕਦੀ ਨਾ ਲੁਕਦਾ, ਪਰਦਾ ਜਗਤ ਨਾ ਕੋਇ ਰਖਾਈਆ । ਉਹਦਾ ਨਿਧਾਨਾ ਨਾਮ ਇਕੋ ਤੁਕ ਦਾ, ਤੁਖ਼ਮ ਤਾਸੀਰ ਸਭ ਦੀ ਦਏ ਬਦਲਾਈਆ । ਜਿਸ ਦਾ ਵਕ਼ਤ ਸੁਹੰਜਣਾ ਢੁਕਦਾ, ਪੂਰਬ ਪਿਛਲਾ ਪੰਧ ਮੁਕਾਈਆ । ਉਹਦਾ ਭਾਣਾ ਕਦੇ ਨਾ ਰੁਕਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦਾ ਖੇਲ ਅਗੰਮੇ ਸੁਤ ਦਾ, ਸਤਿਗੁਰ ਸ਼ਬਦ ਸ਼ਬਦ ਵਡਿਆਈਆ । ਜੋ ਸੰਦੇਸ਼ਾ ਦੇਵੇ ਅਬਿਨਾਸ਼ੀ ਅਚੁਤ ਦਾ, ਪਾਰਬ੍ਰਹਮ ਕੀ ਸਮਝਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਕਾਇਆ ਮਾਟੀ ਪੰਜ ਭੁਤ ਦਾ, ਤਨ ਵਜੂਦ ਭੇਵ ਚੁਕਾਈਆ । ਉਸ ਦਾ ਵਕ਼ਤ ਸੁਹੰਜਣਾ ਹੋਣਾ ਰੁਤ ਦਾ, ਰੁਤੜੀ ਆਪਣੇ ਨਾਮ ਨਾਲ ਮਹਿਕਾਈਆ । ਜੋ ਭਗਤ ਸੁਹੇਲੇ ਜੁਗ ਜੁਗ ਗੋਦੀ ਚੁਕਦਾ, ਫੜ ਬਾਹੋਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਸਤਿਗੁਰ ਸ਼ਬਦ ਕਹੇ ਮੈਂ ਜੁਗ ਜੁਗ ਸ਼ੰਕਾ ਕਢਦਾ, ਅਵਤਰ ਮੇਰਾ ਧਿਆਨ ਲਗਾਈਆ । ਧਰਮ ਨਿਸ਼ਾਨਾ ਗਡਦਾ, ਦੋ ਜਹਾਨ ਧਿਆਨ ਲਗਾਈਆ । ਬਿਨ ਕ਼ਦਮਾਂ ਅਗੇ ਵਧਦਾ, ਨਾ ਕੋਈ ਰੋਕੇ ਰੋਕ ਰੁਕਾਈਆ । ਮੇਰਾ ਭੇਵ ਪਾਇਆ ਨਹੀਂ ਕਿਸੇ ਹੱਦ ਦਾ, ਹਦੂਦ ਸਮਝ ਕੋਇ ਨਾ ਆਈਆ । ਮੇਰਾ ਸੁਤ ਦੁਲਾਰਾ ਇਕੋ ਯਦ ਦਾ, ਯਦਪ ਯਦੀ ਦਿਤੀ ਮਾਣ ਵਡਿਆਈਆ । ਮੇਰਾ ਨੂਰ ਅਲਾਹੀ ਰੱਬ ਦਾ, ਯਾਮਬੀਨ ਕਹਿ ਕੇ ਸਾਰੇ ਸੀਸ ਨਿਵਾਈਆ । ਮੇਰਾ ਖੇਲ ਸੂਰੇ ਸਰਬਗ ਦਾ, ਹਰਿ ਕਰਤਾ ਇਕ ਅਖਵਾਈਆ । ਮੇਰਾ ਲਹਿਣਾ ਦੇਣਾ ਆਦਿ ਜੁਗਾਦਿ ਮਧ ਦਾ, ਸਤਿ ਸਤਿ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੇਰਾ ਸ਼ੰਕਾ ਕੋਇ ਨਾ ਕਰਦਾ, ਬੁੱਧੀ ਮਤ ਮਨ ਨਾ ਕੋਇ ਚਤੁਰਾਈਆ । ਅਵਤਾਰ ਪੈਗ਼ੰਬਰ ਗੁਰ ਮੇਰਾ ਬਰਦਾ, ਜੁਗ ਜੁਗ ਧੁਰ ਦੀ ਸੇਵ ਕਮਾਈਆ । ਭੇਵ ਖੁਲ੍ਹਾਵਾਂ ਸਾਚੇ ਘਰ ਦਾ, ਸਚ ਘਰ ਪੜਦਾ ਆਪ ਉਠਾਈਆ । ਰੂਪ ਦਰਸਾ ਕੇ ਨਰਾਇਣ ਨਰ ਦਾ, ਨਰ ਹਰਿ ਹੋ ਕੇ ਆਪਣਾ ਰੰਗ ਰੰਗਾਈਆ । ਹੁਕਮੇ ਅੰਦਰ ਸਭ ਕੁਛ ਕਰਦਾ, ਕਰਤਾ ਪੁਰਖ ਇਕ ਅਖਵਾਈਆ । ਨਾ ਜੀਵਤ ਨਾ ਮਰਦਾ, ਜੀਵਨ ਮਰਨ ਵੰਡ ਨਾ ਕੋਇ ਵੰਡਾਈਆ । ਜੋਤੀ ਜਾਤਾ ਹੋ ਕੇ ਜਗਦਾ, ਨੂਰ ਨੁਰਾਨਾ ਡਗਮਗਾਈਆ । ਰਹਿਣਾ ਆਪਣਾ ਵਖਰਾ ਦੱਸਦਾ, ਗ੍ਰਿਹ ਮੰਦਰ ਸੋਭਾ ਪਾਈਆ । ਜਿਸ ਦਾ ਸ਼ਬਦੀ ਧਾਰ ਪਰਵਾਰ ਵਧਦਾ, ਆਤਮ ਆਪਣਾ ਖੇਲ ਖਿਲਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਲਧਦਾ, ਭੱਜੇ ਵਾਹੋ ਦਾਹੀਆ । ਉਹਦਾ ਲੇਖਾ ਨਿਤ ਨਵਿਤ ਕਦ ਦਾ, ਕ਼ਦੀਮ ਦਾ ਮਾਲਕ ਆਪਣਾ ਹੁਕਮ ਵਰਤਾਈਆ । ਜਿਹੜਾ ਖੋਜਿਆਂ ਕਿਸੇ ਨਹੀਂ ਲਭਦਾ, ਨੇਤਰ ਨਜ਼ਰ ਕੋਇ ਨਾ ਪਾਈਆ । ਉਹਦਾ ਮੇਲਾ ਨਾਲ ਸਬਬ ਦਾ, ਸਾਹਿਬ ਸੁਲਤਾਨ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਸਤਿਗੁਰ ਸ਼ਬਦ ਕਹੇ ਸਭ ਦਾ ਸ਼ੰਕਾ ਕੀਤਾ ਦੂਰ, ਨਿਰਗੁਣ ਸਰਗੁਣ ਭੇਵ ਖੁਲ੍ਹਾਈਆ । ਅਵਤਾਰ ਪੈਗ਼ੰਬਰਾਂ

ਗੁਰੂਆਂ ਦੇ ਕੇ ਜੋਤੀ ਨੂਰ, ਨੂਰ ਨੁਰਾਨਾ ਡਗਮਗਾਈਆ । ਸ਼ਬਦ ਅਨਾਦੀ ਦੇ ਕੇ ਤੂਰ, ਤੁਰੀਆ ਤੋਂ ਬਾਹਰ ਦਿਤਾ ਦ੍ਰਿੜਾਈਆ । ਹਾਜ਼ਰ ਹੋ ਕੇ ਹਾਜ਼ਰ ਹਜ਼ੂਰ, ਹਜ਼ਰਤਾਂ ਦੇ ਮਾਲਕ ਕੀਤੀ ਪੜ੍ਹਾਈਆ । ਨਾਮ ਕਲਮਾ ਦੀਨ ਦੁਨੀ ਦਸਤੂਰ, ਹੁਕਮ ਹੁਕਮ ਵਿਚੋਂ ਸਮਝਾਈਆ । ਸਚ ਸਤਿ ਮਸਤੀ ਦੇ ਸਰੂਰ, ਰਸ ਰਸ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਸ਼ੰਕੇ ਦਾ ਲੇਖਾ ਨਹੀਂ ਨਾਲ ਪ੍ਰਭ, ਭਗਵਾਨ ਸੰਗ ਨਾ ਕੋਇ ਰਖਾਈਆ । ਅਨਭਵ ਦ੍ਰਿਸ਼ਟੀ ਵਿਚੋਂ ਮੂਲ ਪਏ ਨਾ ਲਭ, ਸ਼ੰਕਾ ਰੂਪ ਨਜ਼ਰ ਕੋਇ ਨਾ ਆਈਆ । ਜਿਸ ਦਾ ਆਦਿ ਜੁਗਾਦਿ ਦੋ ਜਹਾਨ ਕਿਛ ਸਭ, ਮਾਲਕ ਖ਼ਾਲਕ ਇਕ ਅਖਵਾਈਆ । ਉਸ ਦੀ ਆਦਿ ਅੰਤ ਜੁਗਾ ਜੁਗੰਤ ਜਾਣੇ ਕੋਈ ਨਾ ਹੱਦ, ਹਦੂਦ ਨਜ਼ਰ ਕੋਇ ਨਾ ਆਈਆ । ਜੋ ਨਿਰਗੁਣ ਸਰਗੁਣ ਖੇਲ ਖੇਲੇ ਵਿਚ ਜਗ, ਜਾਗਰਤ ਜੋਤ ਡਗਮਗਾਈਆ । ਜੁਗ ਜੁਗ ਦੀਨ ਦੁਨੀ ਮੇਟਣਹਾਰ ਕਾਇਆ ਅੰਦਰ ਲੱਗੀ ਅੱਗ, ਅੰਮ੍ਰਿਤ ਮੇਘ ਨਾਮ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਪ੍ਰਭ ਆਪਣੀ ਦਇਆ ਕਮਾਵੇਗਾ । ਪਰਮ ਪੁਰਖ ਪ੍ਰਭ ਖੇਲ ਖਿਲਾਵੇਗਾ । ਅਵਤਾਰ ਪੈਗ਼ੰਬਰ ਗੁਰ ਨਾਲ ਮਿਲਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਅੱਖ ਖੁਲ੍ਹਾਵੇਗਾ । ਧਰਨੀ ਧਰਤ ਧਵਲ ਧੌਲ ਪੜਦਾ ਲਾਹਵੇਗਾ । ਚਾਰ ਜੁਗ ਦੇ ਸ਼ਾਸਤਰਾਂ ਅੱਖਰ ਅੱਖਰ ਵੇਖ ਵਖਾਵੇਗਾ । ਜਿਸ ਕਾਰਨ ਗੋਬਿੰਦ ਯਾਰੜੇ ਲੱਥਾ ਸਥਰ, ਸੋ ਸੂਲੀ ਸੇਜ ਰੰਗ ਰੰਗਾਵੇਗਾ । ਜਿਸ ਦਾ ਪਿਆਰ ਵਿਚ ਪਿਆਰ ਵਗਿਆ ਅੱਥਰ, ਨੇਤਰ ਹੰਝੂਆਂ ਗੰਢ ਪੁਆਵੇਗਾ । ਜਿਸ ਦੀ ਮਹਿੰਮਾ ਸਦਾ ਕਥਨ, ਕਥ ਕਥ ਆਪਣਾ ਹੁਕਮ ਸੁਣਾਵੇਗਾ । ਜੋ ਆਦਿ ਜੁਗਾਦਿ ਚਲਾਏ ਰਥਨ, ਰਥ ਰਥਵਾਹੀ ਵੇਖ ਵਖਾਵੇਗਾ । ਕਲਜੁਗ ਅੰਤਮ ਆਵੇ ਮਥਨ, ਨਾਮ ਮਧਾਣਾ ਹੱਥ ਉਠਾਵੇਗਾ । ਜਿਸ ਦੇ ਹੁਕਮ ਨਾਲ ਹੰਕਾਰੀ ਬੁਰਜ ਢੱਠਣ, ਹੰਗਤਾ ਗੜ੍ਹ ਤੁੜਾਵੇਗਾ । ਕੂੜ ਕੁੜਿਆਰ ਚਾਰੋਂ ਕੁੰਟ ਨੱਠਣ, ਧੁਰ ਦਾ ਹੁਕਮ ਆਪ ਵਰਤਾਵੇਗਾ । ਕੂੜੀ ਕਿਰਿਆ ਕਰੇ ਭੱਠਣ, ਤ੍ਰੈਗੁਣ ਮਾਇਆ ਅਗਨ ਜਲਾਵੇਗਾ । ਲੇਖਾ ਮੁਕੇ ਅੱਠ ਸੱਠਣ, ਤੀਰਥ ਤਟ ਨਾ ਵੰਡ ਵੰਡਾਵੇਗਾ । ਖੇਲ ਕਰੇ ਪੁਰਖ ਸਮਰਥਣ, ਜੀਵ ਜੰਤ ਭੇਵ ਨਾ ਆਵੇਗਾ । ਸਭ ਦਾ ਲਹਿਣਾ ਦੇਣਾ ਦੇਵੇ ਹੱਥੋ ਹੱਥਣ, ਚਾਰ ਜੁਗ ਦਾ ਪੂਰਬ ਉਧਾਰ ਮੰਗਾਵੇਗਾ । ਦੀਨ ਦੁਨੀ ਦੀ ਉਲਟੀ ਗੇੜ ਕੇ ਲੱਠਣ, ਗੇੜਾ ਸ਼ਬਦ ਨਾਮ ਗਿੜਾਵੇਗਾ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਟੱਪਣ, ਉਹ ਟਾਪੂਆਂ ਪੰਧ ਮੁਕਾਵੇਗਾ । ਜੋ ਇਸ਼ਾਰਾ ਕੀਤਾ ਗੋਬਿੰਦ ਪਾਟਲ ਪਟਨ, ਪਟਨੇ ਵਾਲਾ ਵੇਖ ਵਖਾਵੇਗਾ । ਜਿਸ ਦਾ ਸਚ ਦੁਆਰ ਇਕੋ ਹੋਵੇ ਹੱਟਣ, ਵਣਜ ਸਚ ਨਾਮ ਕਰਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਵੇਗਾ । ਸਤਿਗੁਰ ਸ਼ਬਦ ਕਹੇ ਮੇਰੇ ਉਤੇ ਸ਼ੰਕਾ ਕਰੇ ਕੋਈ ਕੀ, ਭੇਵ ਸਕੇ ਕੋਈ ਨਾ ਪਾਈਆ । ਤਨ ਵਜੂਦ ਮਾਟੀ ਖ਼ਾਕ ਪੰਜ ਤਤ ਪੁਤਲੇ ਜਗਤ ਜੀਅ, ਜੀਵਣ ਸਮਝ ਕਿਸੇ ਨਾ ਆਈਆ । ਜਿਸ ਕਾਰਨ ਲਹਿਣਾ ਦੇਣਾ ਬਣਿਆ ਸਾਢੇ ਤਿੰਨ ਹੱਥ ਸੀਅ, ਰਵਿਦਾਸ ਚਮਾਰ ਜਿਸ ਦੀ ਦਏ ਗਵਾਹੀਆ । ਅਵਤਾਰ ਪੈਗ਼ੰਬਰਾਂ ਗੁਰੂਆਂ ਨਾਮ ਕਲਮੇ ਵਾਲੀ ਚਲਾਈ ਲੀਹ, ਲਾਇਨ ਐਨ ਸਤਿਗੁਰ ਸ਼ਬਦ ਸ਼ਬਦ ਸਮਝਾਈਆ । ਕੀ ਗੁਰਦਾਸ ਇਸ਼ਾਰਾ ਦਿਤਾ ਵੀਹ ਇਕੀਹ, ਬੀਸ ਬੀਸਾ ਹਰਿ ਜਗਦੀਸਾ ਕੀ ਆਪਣਾ ਹੁਕਮ ਵਰਤਾਈਆ । ਕੀ ਸੰਦੇਸ਼ੇ ਦਿੰਦੇ ਕਲਮੇ ਵਾਲੇ ਸਪਾਰੇ

ਤੀਹ, ਤੀਸ ਬਤੀਸਾ ਕੀ ਖੇਲ ਖੇਲੇ ਆਪ ਗੁਸਾਈਆ । ਜਿਸ ਕਲਜੁਗ ਵਿਚ ਸਤਿ ਧਰਮ ਦੀ ਰਖਣੀ ਨੀਂਹ, ਨਿਰਾਕਾਰ ਨਿਰੰਕਾਰ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਅੰਦਰ ਪ੍ਰੇਮ ਪਿਆਰ ਦਾ ਬੀਜ ਕੇ ਬੀਅ, ਫੁਲ ਫੁਲਵਾੜੀ ਤਨ ਵਜੂਦ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਕਰਾਈਆ । ਸਤਿਗੁਰ ਸ਼ਬਦ ਕਹੇ ਮੇਰਾ ਸ਼ੰਕਾ ਆਦਿ ਜੁਗਾਦਿ, ਜੁਗ ਚੌਕੜੀ ਖੇਲ ਖਿਲਾਈਆ । ਜਿਸ ਨੂੰ ਸਾਰੇ ਰਹੇ ਅਰਾਧ, ਉਦਰ ਦੇ ਅੰਦਰ ਬੈਠੇ ਸਾਰੇ ਧਿਆਨ ਲਗਾਈਆ । ਜੋ ਹਰ ਘਟ ਅੰਦਰ ਸਾਰੇ ਰਹੇ ਵਿਸਮਾਦ, ਬਿਸਮਲ ਆਪਣਾ ਖੇਲ ਖਿਲਾਈਆ । ਜਿਸ ਦਾ ਨਾਮ ਅਗੰਮਾ ਨਾਦ, ਬਿਨ ਸਰਵਣਾਂ ਕਰੇ ਸ਼ਨਵਾਈਆ । ਸੋ ਸਾਹਿਬ ਸੁਲਤਾਨਾ ਨੌਜਵਾਨਾ ਕਲਜੁਗ ਮੇਟਣਹਾਰਾ ਵਾਦ ਵਿਵਾਦ, ਵਿਖ ਅੰਦਰੋਂ ਬਾਹਰ ਕਢਾਈਆ । ਭੇਵ ਖੁਲ੍ਹਾ ਕੇ ਬੋਧ ਅਗਾਧ, ਸ਼ਬਦੀ ਸ਼ਬਦ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਮੇਰਾ ਚਾਰ ਜੁਗ ਦੇ ਸ਼ਾਸਤਰ ਦੇਣ ਇਸ਼ਾਰਾ, ਬਿਨ ਸੈਨਤ ਸੈਨਤ ਲਗਾਈਆ । ਸੰਦੇਸ਼ਾ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰਾ, ਰਸਨਾ ਜਿਹਵਾ ਢੋਲੇ ਬੱਤੀ ਦੰਦ ਸਿਫ਼ਤ ਸਲਾਹੀਆ । ਸ਼ਬਦ ਅਨਾਦੀ ਨਾਦ ਜਣਾ ਜੈਕਾਰਾ, ਜੈ ਜੈਕਾਰ ਗਏ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਅਮਾਮ ਅਮਾਮਾ ਨੂਰ ਨੁਰਾਨਾ ਸ਼ਾਹੋ ਭੂਪ ਹਰਿ ਜਗਦੀਸ਼ਾ ਆਏ ਨਿਰੰਕਾਰਾ, ਨਿਰਵੈਰ ਨਿਰਾਕਾਰ ਹੋ ਕੇ ਆਪਣਾ ਖੇਲ ਖਿਲਾਈਆ । ਜਿਸ ਦਾ ਲਹਿਣਾ ਦੇਣਾ ਏਥੇ ਉਥੇ ਦੋ ਜਹਾਨ ਸਦਾ ਜੁਗ ਚਾਰਾ, ਚਾਰੇ ਖਾਣੀ ਚਾਰੇ ਬਾਣੀ ਆਪਣਾ ਰੰਗ ਰੰਗਾਈਆ । ਜੋ ਬੀਸ ਬੀਸਾ ਜਗਤ ਜਗਦੀਸ਼ਾ ਹੋ ਕੇ ਪਾਵੇ ਸਾਰਾ, ਮਹਾਸਾਰਥੀ ਆਪਣਾ ਹੁਕਮ ਵਰਤਾਈਆ । ਜਿਨ੍ਹਾਂ ਲਹਿਣਾ ਦੇਣਾ ਪੂਰਬ ਸਭ ਦਾ ਦੇਣਾ ਉਧਾਰਾ, ਬਾਕੀ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਪਰਮਾਤਮ ਆਤਮ ਇਕੋ ਦੱਸ ਕੇ ਨਾਅਰਾ, ਨਰ ਨਰਾਇਣ ਆਪਣਾ ਰੰਗ ਰੰਗਾਈਆ । ਜੋ ਦੀਨਾਂ ਮਜ਼੍ਹਬਾਂ ਜ਼ਾਤਾਂ ਪਾਤਾਂ ਊਚਾਂ ਨੀਚਾਂ ਰਾਓ ਰੰਕਾਂ ਵਸੇ ਬਾਹਰਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰਗਾਹ ਸਾਚੀ ਪਰਵਰਦਿਗਾਰ ਪਾਰਬ੍ਰਹਮ ਸਾਂਝਾ ਯਾਰ ਆਪਣਾ ਗ੍ਰਹਿ ਸੁਹਾਈਆ । ਜਿਸ ਦੀ ਯਾਦ ਵਿਚ ਉਸ ਕਿਹਾ ਉਹ ਮਾਲਕ ਖ਼ਾਲਕ ਨੂਰ ਅਲਾਹ ਅਮਾਮ ਅਮਾਮਾ ਮਿਹਰਵਾਨ ਮਹਿਬੂਬ ਸਭ ਦਾ ਹੋਵੇ ਸਿਕਦਾਰਾ, ਸਿਰ ਸਿਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਹੋਵੇ ਅਵੱਲਾ, ਜਗਤ ਸਮਝ ਕੋਇ ਨਾ ਪਾਈਆ । ਵੇਸ ਵਟਾਵਾਂ ਇਕ ਇਕੱਲਾ, ਏਕੰਕਾਰਾ ਨੂਰ ਅਲਾਹੀਆ । ਜੋ ਵਸਣਹਾਰਾ ਜਲ ਥਲਾ, ਮਹੀਅਲ ਆਪਣਾ ਖੇਲ ਖਿਲਾਈਆ । ਦੀਪਕ ਜੋਤ ਪਰਕਾਸ਼ ਹੋ ਕੇ ਆਪੇ ਆਪ ਬਲਾ, ਤੇਲ ਬਾਤੀ ਲੋੜ ਰਹੇ ਨਾ ਰਾਈਆ । ਸਚ ਸੰਦੇਸ਼ਾ ਸ਼ਬਦੀ ਧਾਰ ਘੱਲਾ, ਜਗਤ ਅੱਖਰ ਵੰਡ ਨਾ ਕੋਇ ਵੰਡਾਈਆ । ਜੋ ਕਲਜੁਗ ਅੰਤ ਸ੍ਰੀ ਭਗਵੰਤ ਪਿਆਰ ਵਿਚ ਇਕ ਬੋਲਾ ਹੱਲਾ, ਹਾਲਤ ਵਿਗੜੇ ਖ਼ਲਕ ਖ਼ੁਦਾਈਆ । ਅਵਤਾਰ ਪੈਗ਼ੰਬਰ ਗੁਰ ਕਿਸੇ ਦਾ ਫੜੇ ਕੋਈ ਨਾ ਪੱਲਾ, ਪਲਕਾਂ ਦੇ ਉਹਲੇ ਦਿਸੇ ਕੋਇ ਨਾ ਮਾਹੀਆ । ਭਾਗ ਲੱਗਾ ਰਹਿਣ ਨਾ ਦੇਵੇ ਕਾਇਆ ਮਾਟੀ ਖੱਲਾ, ਪੰਜ ਤਤ ਵਜੇ ਨਾ ਕੋਇ ਵਧਾਈਆ । ਸਦੀ ਚੌਧਵੀਂ ਅੰਤ ਸਤਿਗੁਰ ਕਹੇ ਮੇਰਾ ਮਹਿਬੂਬ ਮਚਾਏ ਤਰਥੱਲਾ, ਥਲ ਅਸਗਾਹ ਰੋਵਣ ਮਾਰਣ ਧਾਈਆ । ਜੋ ਗੋਬਿੰਦ ਇਸ਼ਾਰਾ ਦੇ ਕੇ ਗਿਆ


੪੦੬ ੨੪

ਡੱਲਾ, ਲੇਖਾ ਬਿਨ ਕ਼ਲਮ ਸ਼ਾਹੀ ਲਿਖਾਈਆ । ਜੋ ਕ੍ਰਿਸ਼ਨ ਨੇ ਬਿਨਾ ਤੀਰ ਤੋਂ ਲਾਇਆ ਸੱਲਾ, ਨਿਸ਼ਾਨਾ ਨਿਸ਼ਾਨੇ ਵਿਚੋਂ ਬਦਲਾਈਆ । ਜੋ ਰਾਮ ਨੇ ਰਾਮ ਨੂੰ ਸੰਦੇਸ਼ਾ ਘੱਲਾ, ਤ੍ਰੇਤੇ ਆਪਣੀ ਗੰਢ ਪੁਆਈਆ । ਜੋ ਬਾਵਨ ਹੋ ਕੇ ਝੱਲਾ, ਝਲਕ ਆਪਣੀ ਗਿਆ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰਾ ਹੁਕਮ ਅਗੰਮ ਫ਼ਰਮਾਨ, ਜਗਤ ਸ਼ਾਸਤਰ ਸਮਝ ਕੋਇ ਨਾ ਆਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਕਰਨ ਪਰਵਾਨ, ਕਰੋੜ ਤੇਤੀਸਾ ਸੀਸ ਨਿਵਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਮੰਨਣ ਆਣ, ਸਿਰ ਸਕੇ ਨਾ ਕੋਇ ਉਠਾਈਆ । ਇਕੋ ਹੁਕਮ ਸੰਦੇਸ਼ਾ ਵਰਤੇ ਸ਼ਾਹੋ ਭੂਪ ਸ੍ਰੀ ਭਗਵਾਨ, ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਕਿਰਿਆ ਮਿਟੇ ਨਿਸ਼ਾਨ, ਨਿਸ਼ਾਨਾ ਦੀਨ ਦੁਨੀ ਬਦਲਾਈਆ । ਇਕੋ ਮਾਲਕ ਹੋਵੇ ਹੁਕਮਰਾਨ, ਰਈਅਤ ਇਕੋ ਰੰਗ ਰੰਗਾਈਆ । ਇਕੋ ਇਸ਼ਟ ਹੋਵੇ ਜੀਵ ਜਹਾਨ, ਗੁਰਦੇਵ ਇਕ ਦਰਸਾਈਆ । ਇਕੋ ਮੰਜ਼ਲ ਹੋਵੇ ਮਕਾਨ, ਕਾਅਬਾ ਇਕੋ ਇਕ ਸਮਝਾਈਆ । ਇਕੋ ਧਰਮ ਹੋਵੇ ਈਮਾਨ, ਇਕੋ ਪ੍ਰੇਮ ਵਜਦੀ ਰਹੇ ਵਧਾਈਆ । ਇਕੋ ਪੀਣ ਹੋਵੇ ਖਾਣ, ਇਕੋ ਰੰਗ ਦਏ ਰੰਗਾਈਆ । ਇਕੋ ਹੁਕਮ ਸਭ ਨੇ ਕਰਨਾ ਪ੍ਰਵਾਨ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਨੇ ਬੀਸ ਇਕੀਸਾ ਹੋ ਕੇ ਬਦਲ ਦੇਣਾ ਵਿਧਾਨ, ਵਿਦਿਆ ਦੀ ਲਿਪੀ ਇਕ ਜਣਾਈਆ । ਜਿਸ ਨੂੰ ਪੈਗ਼ੰਬਰ ਵੇਖਣ ਨਾਲ ਧਿਆਨ, ਅਵਤਾਰ ਨੈਣ ਨੈਣ ਉਠਾਈਆ । ਗੁਰੂ ਗੁਰਦੇਵ ਖ਼ੁਸ਼ੀਆਂ ਢੋਲੇ ਗਾਣ, ਵਾਹਵਾ ਵਾਹਿਗੁਰੂ ਤੇਰੀ ਬੇਪਰਵਾਹੀਆ । ਨਵ ਖੰਡ ਪ੍ਰਿਥਮੀ ਧਰਨੀ ਧਰਤ ਧਵਲ ਲੇਖਾ ਮੁਕੇ ਜਗਤ ਜਹਾਨ, ਜਾਗਰਤ ਜੋਤ ਬਿਨ ਵਰਨ ਗੋਤ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰ ਨਿਗਾਹ ਮਾਰੋ ਜਲਦੀ, ਜਲ ਥਲ ਮਹੀਅਲ ਧਿਆਨ ਲਗਾਈਆ । ਵੇਖੋ ਖੇਲ ਕਲਜੁਗ ਕਲ ਦੀ, ਕੀ ਕਰਤਾ ਹੁਕਮ ਵਰਤਾਈਆ । ਕਿਸੇ ਨੂੰ ਸਮਝ ਨਹੀਂ ਘੜੀ ਪਲ ਦੀ, ਪਰਦਾ ਪੜਦਾ ਨਾ ਕੋਇ ਉਠਾਈਆ । ਕੀ ਆਸ਼ਾ ਰਾਜੇ ਬਲ ਦੀ, ਬਾਵਨ ਨਾਲ ਗਿਆ ਮਿਲਾਈਆ । ਕੀ ਮੂਸਾ ਧਾਰ ਸੰਦੇਸ਼ਾ ਘਲਦੀ, ਬਿਨ ਸੈਨਤ ਸੈਨਤ ਲਗਾਈਆ । ਕੀ ਇਸ਼ਾਰਾ ਦੇਵੇ ਫਾਂਸੀ ਈਸਾ ਗਲ ਦੀ, ਸਤ ਰੰਗ ਰੰਗ ਵਡਿਆਈਆ । ਮੁਹੰਮਦ ਪੁਕਾਰ ਕਰੇ ਮੇਰੇ ਅੰਤ ਕ਼ਿਆਮਤ ਸਦੀ ਚੌਧਵੀਂ ਮੂਲ ਨਾ ਟਲਦੀ, ਚਾਰ ਯਾਰ ਬੈਠੇ ਸੀਸ ਨਿਵਾਈਆ । ਗੋਬਿੰਦ ਧਾਰ ਕਹੇ ਪ੍ਰਭ ਦੀ ਖੇਲ ਆਦਿ ਜੁਗਾਦਿ ਅਗੰਮੇ ਛਲ ਦੀ, ਵਲ ਛਲ ਆਪਣੀ ਕਾਰ ਕਮਾਈਆ । ਜਿਸ ਦੀ ਨਿਰਗੁਣ ਜੋਤ ਹਰ ਘਟ ਅੰਦਰ ਰਲਦੀ, ਜੋਤੀ ਜਾਤਾ ਹੋ ਕੇ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੇਰਾ ਧਰਨੀ ਨਾਲ ਲਹਿਣਾ, ਲਹਿਣੇਦਾਰ ਇਕ ਅਖਵਾਈਆ । ਮੈਂ ਧੁਰ ਦਾ ਹੁਕਮ ਕਹਿਣਾ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਮੇਰੇ ਪੁਰਖ ਅਕਾਲ ਦੀਨ ਦਿਆਲ ਸਚਖੰਡ ਨਿਵਾਸੀ ਸਾਚੇ ਧਾਮ ਬਹਿਣਾ, ਜਿਸ ਨੂੰ ਸੰਬਲ ਕਹਿ ਕੇ ਸਾਰੇ ਗਾਈਆ । ਜਿਸ ਨੂੰ ਤਕ ਸਕੇ ਨਾ ਨਾਲ ਕੋਈ ਨੈਣਾਂ, ਦੋਏ ਲੋਚਨ ਕੰਮ ਕਿਸੇ ਨਾ ਆਈਆ । ਉਸ ਦਾ ਖੇਲ ਨਹੀਂ ਕੋਈ ਤੂਫ਼ੈਣਾ, ਤਰਫ਼ਦਾਰੀ ਵੰਡ ਨਾ ਕੋਇ ਵੰਡਾਈਆ । ਜਿਸ ਦਾ ਇਸ਼ਾਰਾ ਦਿਤਾ ਬਾਲਮੀਕ ਵਿਚ ਰਮਾਇਣਾ, ਰਾਮ ਦਾ ਰਾਮ ਬੇਪਰਵਾਹੀਆ ।

ਜਿਸ ਕਾਰਨ ਅਰਜਨ ਕਾਹਨ ਦਾ ਮੰਨਿਆ ਕਹਿਣਾ, ਕਹਿ ਕੇ ਗਿਆ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਸਮਝਾਈਆ । ਸਤਿਗੁਰ ਸ਼ਬਦ ਕਹੇ ਕਿਉਂ ਨਾਰਦਾ ਆਵੇਂ ਨਠਿਆ, ਸੋਹਣਿਆ ਮੈਨੂੰ ਦੇ ਸਮਝਾਈਆ । ਪ੍ਰਭੂ ਦੇ ਭਗਤ ਪਿਆਰੇ ਪੱਠਿਆ, ਪਾਠਕਾ ਕੀ ਤੇਰੀ ਵਡਿਆਈਆ । ਝਟ ਨਾਰਦ ਬਿਨਾ ਸੀਸ ਤੋਂ ਚਰਨੀ ਢੱਠਿਆ, ਬਿਨਾ ਚਰਨਾਂ ਸੀਸ ਨਿਵਾਈਆ । ਮਸਤਕ ਧੂੜੀ ਲਾਇਆ ਘੱਟਿਆ, ਖ਼ਾਕੀ ਖ਼ਾਕ ਰਮਾਈਆ । ਦੁਹਾਈ ਦਿਤੀ ਮੇਰੇ ਸਤਿਗੁਰ ਸ਼ਬਦ ਕਿਉਂ ਸ੍ਰਿਸ਼ਟੀ ਕਰਨ ਲੱਗਾ ਜ਼ੀਰੋ ਨਾਲ ਜ਼ੀਰੋ ਬਟਿਆ, ਅੰਕ ਨਜ਼ਰ ਕੋਇ ਨਾ ਆਈਆ । ਉਹ ਵੇਖ ਕਲਜੁਗ ਹੰਕਾਰ ਬੁਰਜ ਜਾਂਦਾ ਢੱਠਿਆ, ਢਹਿ ਢਹਿ ਢੇਰੀ ਖ਼ਾਕ ਖ਼ਾਕ ਮਿਲਾਈਆ । ਸਤਿਗੁਰ ਸ਼ਬਦ ਕਿਹਾ ਨਾਰਦਾ ਮੈਂ ਲੋਕਮਾਤ ਅਵਤਾਰ ਪੈਗ਼ੰਬਰਾਂ ਗੁਰੂਆਂ ਦੇ ਆਇਆ ਵਟਿਆ, ਅੰਤ ਮੇਰਾ ਕੋਇ ਨਾ ਪਾਈਆ । ਜਿਸ ਦਾ ਕਲਮਾ ਨਾਮ ਨਬੀ ਰਸੂਲਾਂ ਰਟਿਆ, ਢੋਲੇ ਸ਼ਰਅ ਸ਼ਰੀਅਤ ਵਾਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਸੁਣ ਮੇਰੀਆਂ ਉਡੀਕਾਂ, ਨਾਰਦ ਰਿਹਾ ਜਣਾਈਆ । ਮੇਰੇ ਕੋਲ ਚਾਰ ਜੁਗ ਦੀਆਂ ਤਰੀਕਾਂ, ਜੋ ਅਵਤਾਰ ਪੈਗ਼ੰਬਰ ਗੁਰੂ ਗਏ ਸੁਣਾਈਆ । ਜਿਸ ਦਾ ਲੇਖ ਲਿਖਿਆ ਬਿਨ ਕ਼ਲਮ ਸ਼ਾਹੀ ਕਾਗ਼ਜ਼ ਲੀਕਾਂ, ਲਾਇਨਾਂ ਵੰਡ ਨਾ ਕੋਇ ਵੰਡਾਈਆ । ਜਿੰਨ੍ਹਾਂ ਵਿਚ ਹਕ ਤੌਫ਼ੀਕਾਂ, ਤੋਫ਼ੇ ਮੇਰੀ ਝੋਲੀ ਗਏ ਭਰਾਈਆ । ਉਹ ਤੇਰੇ ਹੁਕਮ ਵਾਲੀ ਹਦੀਸਾ, ਹਜ਼ਰਤਾਂ ਦੇ ਮਾਲਕਾ ਦਿਆਂ ਸੁਣਾਈਆ । ਇਕੋ ਛਤਰ ਝੁਲਾ ਅਗੰਮਾ ਸੀਸਾ, ਛਤਰਧਾਰੀ ਰਹਿਣ ਕੋਇ ਨਾ ਪਾਈਆ । ਆਹ ਵੇਖ ਲੈ ਕੀ ਇਸ਼ਾਰਾ ਕੀਤਾ ਈਸਾ, ਈਸਉਲ ਸਲਾਮ ਕੀ ਸੁਣਾਈਆ । ਮੁਹੰਮਦ ਕੀ ਤਕਦਾ ਮਾਰ ਕੇ ਨੀਝਾਂ, ਬਿਨ ਨੈਣਾਂ ਨੈਣ ਉਠਾਈਆ । ਸਤਿਗੁਰ ਸ਼ਬਦ ਕਹੇ ਮੈਂ ਸਭ ਦੀਆਂ ਪੂਰੀਆਂ ਕਰਨੀਆਂ ਰੀਝਾਂ, ਆਪ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਸਤਿਗੁਰ ਸ਼ਬਦ ਤੇਰਾ ਕਲਮਾ ਕਾਇਨਾਤ ਹਕ਼ੀਕ਼ਤ ਹਕ, ਸਤਿ ਸਚ ਨਾਲ ਵਡਿਆਈਆ । ਉਹ ਵੇਖ ਮੁਹੰਮਦ ਇਸ਼ਾਰਾ ਦੇਂਦਾ ਨੂਰ ਅਲਾਹੀ ਯਕ, ਯਕਮੁਲ ਵਜ਼ੀ ਅਰਜ਼ੇ ਵਜ਼ੂ ਨੂਰੇ ਚਿਸ਼ਾ ਜਮਿੰਨਜ਼ੇ ਅਲਾਹ ਮਵਜ਼ਲੂ ਖ਼ੁਦ ਮਾਲਕ ਅਗੰਮ ਅਥਾਹੀਆ । ਪੋਜ਼ਿਸਤੀ ਪਵਨ ਚੂਜ਼ੇ ਚੁਕਸਤ ਨਜ਼ਰੇ ਬੇਦਜ਼ ਸ਼ਹਿਨਸ਼ਾਹੇ ਸ਼ਵਜ ਸ਼ੁਰਫ਼ਾ ਏ ਅਜ਼ਮੀ ਉਲਮਾਏ ਅਜ਼ੀ ਤਵੀਉਲ ਜਕਾਊ ਜਮੁਸਤੇ ਮਜ਼ਾ ਮਿਹਰਵਾਨ ਮਿਹਰਵਾਨ ਮਿਹਰਵਾਨ ਮਹਿਬੂਬ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਕੀ ਸੁਣਾਈਆ । ਨਾਰਦ ਕਹੇ ਸਤਿਗੁਰ ਸ਼ਬਦ ਉਹ ਤਕ ਈਸਾ ਉਠਾਵੇ ਹੈਂਡ, ਹੈਂਡਜ਼ ਅਪ ਵੇਖੇ ਖ਼ਲਕ ਖ਼ੁਦਾਈਆ । ਜਿਸ ਦੀ ਖ਼ਾਲੀ ਹੋਣੀ ਲੈਂਡ, ਲੈਂਡਮਾਰਕ ਆਪਣੀ ਰਿਹਾ ਜਣਾਈਆ । ਤੇਰਾ ਹੁਕਮ ਸੰਦੇਸ਼ਾ ਤੇਰੇ ਵਿਚੋਂ ਕਿਸ ਨੂੰ ਹੋਣਾ ਸੇਂਡ, ਅਗੇ ਹੋ ਨਾ ਕੋਇ ਅਟਕਾਈਆ । ਪਤਾ ਨਹੀਂ ਕੀ ਭੇਵ ਅਭੇਦਾ ਤੇਰਾ ਅਗੰਮ ਬੀਹਾਈਂਡ, ਪਰਦਾ ਸਕੇ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਨਾਰਦ ਕਹੇ ਸਤਿਗੁਰ ਸ਼ਬਦ ਮੂਸਾ ਕਹੇ ਮਸਵਲੀ ਜ਼ਬ ਜ਼ਮੀ ਰੋਜ਼ੇ ਸ਼ਬਾ ਸੀਉਮਜ਼ੁਲ ਮੁਫ਼ਤੇ ਜ਼ਵਾ ਕੋਸ਼ੇ ਅਵਦ ਸ਼ਮਸੇ ਸ਼ਮੀ ਜਮੀਉਲ ਜ਼ਵਾ ਨੂਰੇ ਅਲਾਹ ਜ਼ਕਮੋ ਜ਼ਵਿਦ ਤਾਸੀਨੋ ਸਦਿ ਗੁਸਤੋ ਗਵਾ ਫ਼ਰਿਸ਼ਤੋ ਦੁਆ ਮਹਿਬੂਬੇ ਨਿਵਾ ਸ਼ਾਹੇ ਸੁਵਾ

ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਨਾਰਦ ਕਹੇ ਸਤਿਗੁਰ ਸ਼ਬਦ ਨਾਨਕੇ ਨਜ਼ੂ ਅਰਸ਼ੇ ਮਜ਼ੂ ਮੁਹਬਤੇ ਮਿਜ਼ਾ ਸੁਸਕਤੇ ਜ਼ਿਵਾ ਸ਼ਮੀਉਲ ਸ਼ਿਬੇ ਬਹਿਸ਼ਤੁਲ ਵਜ਼ੀ ਸਦਕੇ ਸੁਦਾ ਅਦਬੇ ਖ਼ੁਦਾ ਨੂਰੇ ਨੂਰ ਆਪਣਾ ਹੁਕਮ ਵਰਤਾਈਆ । ... ... ... ... ... ... ... ... ... ...

### ✪ ੨੮ ਚੇਤ ਸ਼ਹਿਨਸ਼ਾਹੀ ਸੰਮਤ ੧੧ ਮਹਿੰਦਰ ਸਿੰਘ ਤੱਖਰ ਦੇ ਗ੍ਰਹਿ ੨-੫੦੦੮ ਪਾਰਕ ਐਵੇਨਿਊ ਟੈਰਸ ਕਨੇਡਾ ✪

ਟੈਰਸ ਕਹੇ ਮੇਰਾ ਜੁਗਾਂ ਬਾਅਦ ਆਇਆ ਟਰਮ, ਟਰਮੀਨਲ ਸਮਝ ਕਿਸੇ ਨਾ ਆਈਆ । ਧੰਨ ਭਾਗ ਸਤਿਜੁਗ ਪਿਛੋਂ ਕਲਜੁਗ ਵਿਚ ਹੋਇਆ ਮੇਰਾ ਜਰਮ, ਤ੍ਰੇਤਾ ਦੁਆਪਰ ਅੱਖ ਨਾ ਕੋਇ ਖੁਲ੍ਹਾਈਆ । ਮਿਹਰਵਾਨ ਪ੍ਰਭ ਮੇਰੇ ਉੱਤਮ ਕੀਤੇ ਕਰਮ, ਜਗਤ ਕਾਂਡ ਵੰਡ ਨਾ ਕੋਇ ਵੰਡਾਈਆ । ਮੇਰਾ ਦੂਰ ਕੀਤਾ ਭੁਲੇਖਾ ਭਰਮ, ਭਾਂਡਾ ਭਰਮ ਭਉ ਭੰਨਾਈਆ । ਪੁਰਖ ਅਬਿਨਾਸ਼ੀ ਬਖ਼ਸ਼ੀ ਸਰਨ, ਸਰਨਗਤ ਇਕ ਜਣਾਈਆ । ਜੋ ਮਤਸ ਦਿਤਾ ਵਰਨ, ਜਲ ਧਾਰਾ ਵਿਚ ਗਿਆ ਰੁੜ੍ਹਾਈਆ । ਸੋ ਵਕ਼ਤ ਸੁਹੰਜਣਾ ਮੈਂ ਖ਼ੁਸ਼ੀਆਂ ਵਿਚ ਢੋਲੇ ਲੱਗਾ ਪੜ੍ਹਨ, ਬਿਨ ਰਸਨਾ ਜਿਹਵਾ ਗਾਈਆ । ਪੁਰਖ ਅਕਾਲ ਦੀਨ ਦਿਆਲ ਮੇਰੇ ਉਤੇ ਛੁਹਾਏ ਚਰਨ, ਬਿਨ ਚਰਨਾਂ ਚਰਨ ਟਿਕਾਈਆ । ਮੇਰਾ ਖੋਲ੍ਹਿਆ ਹਰਨ ਫਰਨ, ਨਿਜ ਨੇਤਰ ਕਰੀ ਰੁਸ਼ਨਾਈਆ । ਮੇਰਾ ਲੇਖਾ ਨਹੀਂ ਕਿਸੇ ਜ਼ਾਤ ਪਾਤ ਬਰਨ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਆਮੀ ਹੋਏ ਸਹਾਈਆ । ਟੈਰਸ ਕਹੇ ਮੇਰੀ ਧਰਤੀ ਜੁਗ ਚੌਕੜੀ ਪੁਰਾਣੀ, ਪੁਰਾਨ ਅਠਾਰਾਂ ਦੇਣ ਗਵਾਹੀਆ । ਮੇਰੇ ਉਤੇ ਲਾਈ ਰਿਖਪ ਦੇਵ ਨਿਸ਼ਾਨੀ, ਅਵਤਾਰ ਅੱਠਵਾਂ ਦਏ ਗਵਾਹੀਆ । ਈਸਾ ਸੰਦੇਸ਼ ਦਿਤਾ ਜ਼ਬਾਨੀ, ਲੇਖ ਲਿਖਿਆ ਬਿਨ ਕ਼ਲਮ ਸ਼ਾਹੀਆ । ਨਾਨਕ ਨਿਰਗੁਣ ਧਾਰ ਕਰ ਧਿਆਨੀ, ਬਿਨ ਸੈਨਤ ਸੈਨਤ ਗਿਆ ਸਮਝਾਈਆ । ਸਤਿਗੁਰ ਗੋਬਿੰਦ ਕੀਤੀ ਮਿਹਰਵਾਨੀ, ਮਿਹਰ ਮਿਹਰ ਨਜ਼ਰ ਉਠਾਈਆ । ਜਿਸ ਵੇਲੇ ਕਲਜੁਗ ਅੰਤ ਕੂੜੀ ਕਿਰਿਆ ਵਧੀ ਬੇਈਮਾਨੀ, ਬੇਵਾ ਰੂਪ ਦਿਸੇ ਖ਼ਲਕ ਖ਼ੁਦਾਈਆ । ਸਲਾਮਤ ਰਹੇ ਨਾ ਕੋਈ ਈਮਾਨੀ, ਧਰਮ ਦੀ ਧਾਰ ਨਾ ਕੋਇ ਜਣਾਈਆ । ਨਵ ਸੱਤ ਹੋਏ ਹੈਰਾਨੀ, ਹੈਰਤ ਘਰ ਘਰ ਆਪਣਾ ਡੇਰਾ ਲਾਈਆ । ਮਾਣ ਰਹੇ ਨਾ ਕਿਸੇ ਗ੍ਰੰਥ ਸ਼ਾਸਤਰ ਬਾਣੀ, ਬਾਣ ਅਣਿਆਲਾ ਤੀਰ ਪ੍ਰਭ ਆਪਣਾ ਹੁਕਮ ਚਲਾਈਆ । ਜਿਸ ਦਾ ਲਹਿਣਾ ਦੇਣਾ ਨਾਲ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੇਖਾਂ ਚਾਈਂ ਚਾਈਂਆ । ਸੋ ਸ਼ਾਹੋ ਭੂਪ ਸੁਲਤਾਨੀ, ਸਚਖੰਡ ਨਿਵਾਸੀ ਆਪਣੀ ਦਇਆ ਕਮਾਈਆ । ਜਨ ਭਗਤ ਸੁਹੇਲੇ ਗੁਰਮੁਖ ਵਿਰੋਲੇ ਅੰਮ੍ਰਿਤ ਰਸ ਅਗੰਮਾ ਪਾਣੀ, ਜਿਸ ਦਾ ਰੂਪ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਟੈਰਸ ਕਹੇ ਮੇਰਾ ਲਹਿਣਾ ਦੇਣਾ ਅਜੀਬ, ਰਿਗ ਵੇਦ ਦਏ ਵਡਿਆਈਆ । ਮੁਹੰਮਦ ਇਸ਼ਾਰਾ ਕੀਤਾ ਵਿਚ ਕ਼ੁਰਾਨ ਮਜੀਦ, ਮੁੱਤਲਾਅ ਕਰਕੇ ਗਿਆ ਸਮਝਾਈਆ । ਭਗਤ ਕਬੀਰ ਕੀਤੀ ਤਮਹੀਦ, ਖ਼ੁਸ਼ੀਆਂ ਖ਼ੁਸ਼ੀਆਂ ਢੋਲੇ ਗਾਈਆ । ਮਨਸੂਰ ਆਪਣੀ ਖ਼ੁਸ਼ੀ ਵਿਚ ਹਕ ਦੱਸੀ ਈਦ, ਈਦੁਲ ਫਿਤਰ ਨਾਲ ਮਿਲਾਈਆ । ਸਤਿਗੁਰ ਸ਼ਬਦ ਖੋਲ੍ਹੇ ਨੀਂਦ, ਧੁਰ ਦਾ ਕਲਮਾ ਲਏ ਅੰਗੜਾਈਆ । ਸਭ ਦੀ


੪੦੯
੨੪

ਆਸ਼ਾ ਮਨਸਾ ਪੂਰੀ ਕਰੇ ਉਮੀਦ, ਤ੍ਰਿਸ਼ਨਾ ਪਿਛਲੀ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਚੁਕਾਈਆ । ਟੈਰਸ ਕਹੇ ਮਤਸ ਮੇਰੇ ਉਤੇ ਰੱਖਿਆ ਕ਼ਦਮ, ਕ਼ਦੀਮ ਦਾ ਭੇਵ ਦਿਆਂ ਜਣਾਈਆ । ਕੀ ਲੇਖਾ ਜਾਣੇ ਮੋਹਨ ਮਾਧੋ ਮਦਨ, ਮਧ ਸੂਦਨ ਆਪਣੀ ਧਾਰ ਪਰਗਟਾਈਆ । ਜਿਸ ਨੂੰ ਕਲਜੁਗ ਅੰਤਮ ਅਵਤਾਰ ਪੈਗ਼ੰਬਰ ਗੁਰੂ ਸੱਦਣ, ਸੱਦੇ ਧੁਰ ਨਾਮ ਕਲਮੇ ਵਾਲੇ ਲਏ ਲਗਾਈਆ । ਜੋ ਦੀਨ ਦੁਨੀ ਸ਼ਰਅ ਦੀ ਮੇਟੇ ਹੱਦਨ, ਹਦੂਦ ਇਕੋ ਇਕ ਪਰਗਟਾਈਆ । ਨਾਮ ਨਿਧਾਨ ਵਜਾਏ ਨਦਨ, ਦੋ ਜਹਾਨ ਕਰੇ ਸ਼ਨਵਾਈਆ । ਜਿਸ ਦੇ ਲੱਖ ਚੁਰਾਸੀ ਜੀਵ ਜੰਤ ਦੀਪਕ ਜੋਤੀ ਜਗਣ, ਜੋਤੀ ਜਾਤਾ ਡਗਮਗਾਈਆ । ਉਹ ਅੰਤ ਕੰਤ ਭਗਵੰਤ ਮੇਰੀ ਬੁਝਾਵਣ ਆਏ ਅਗਣ, ਤ੍ਰਿਸ਼ਨਾ ਤ੍ਰਿਖਾ ਦੂਰ ਕਰਾਈਆ । ਜਨ ਭਗਤਾਂ ਨਾਲ ਆਤਮ ਪਰਮਾਤਮ ਪਾਵੇ ਸਗਨ, ਸੁਰਤੀ ਸ਼ਬਦ ਨਾਲ ਜੁੜਾਈਆ । ਸਤਿ ਸਚ ਦੇ ਕੇ ਭਜਨ, ਘੜਨ ਭੰਨਣਹਾਰ ਆਪਣਾ ਰੰਗ ਰੰਗਾਈਆ । ਨਿਰਗੁਣ ਧਾਰ ਨੇਤਰ ਪਾਏ ਅੰਜਣ, ਨਰ ਨਰਾਇਣ ਕਰੇ ਰੁਸ਼ਨਾਈਆ । ਏਥੇ ਉਥੇ ਬਣੇ ਸੱਜਣ, ਸਗਲਾ ਸੰਗ ਰਖਾਈਆ । ਸੰਤ ਸੁਹੇਲਾ ਆਵੇ ਪੜਦੇ ਕੱਜਣ, ਸਿਰ ਸਿਰ ਆਪਣਾ ਹੱਥ ਟਿਕਾਈਆ । ਟੈਰਸ ਕਹੇ ਮੈਂ ਉਸ ਦੇ ਚਰਨ ਧੂੜੀ ਕਰਾਂ ਮਜਨ, ਆਪ ਆਪਣਾ ਚਰਨ ਕਵਲ ਟਿਕਾਈਆ । ਜਿਸ ਕਲਜੁਗ ਕੂੜ ਕੁੜਿਆਰ ਕਰਨਾ ਦਝਣ, ਮਿੱਟੀ ਖ਼ਾਕ ਖ਼ਾਕ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਟੈਰਸ ਕਹੇ ਮੇਰੀ ਧਰਤੀ ਹੋਈ ਪਵਿਤ੍ਰ, ਪਤਿਤ ਪਾਵਨ ਦਏ ਵਡਿਆਈਆ । ਘਰ ਸੁਆਮੀ ਮਿਲਿਆ ਮਿਤਰ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਜਿਸ ਦਾ ਖੇਲ ਅਨੋਖਾ ਬਚਿਤ੍ਰ, ਬਚਿਤ੍ਰ ਨਾਟਕ ਵਿਚ ਗੋਬਿੰਦ ਗਿਆ ਜਣਾਈਆ । ਜੋ ਨਿਰਗੁਣ ਧਾਰੋਂ ਆਵੇ ਨਿਤਰ, ਤਨ ਵਜੂਦ ਨਾ ਕੋਇ ਰਖਾਈਆ । ਜੋ ਸਭ ਦਾ ਸੁਆਮੀ ਪਿਤਰ, ਪਤਿਪਰਮੇਸ਼ਵਰ ਇਕ ਅਖਵਾਈਆ । ਜਿਸ ਦਾ ਮਤਸ ਦਸਵੇਂ ਅਵਤਾਰ ਨੇ ਕੀਤਾ ਜ਼ਿਕਰ, ਜ਼ਕਰੀਆ ਜਿਸ ਨੂੰ ਆਸ਼ਾ ਵਿਚ ਗਿਆ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਟੈਰਸ ਕਹੇ ਮੈਂ ਜੁਗ ਜੁਗ ਰਿਹਾ ਤਕਦਾ, ਤਕਦੀਰ ਪ੍ਰਭ ਦੇ ਹੱਥ ਫੜਾਈਆ । ਮੇਰਾ ਮਨਸਾ ਬਣਿਆ ਰਿਹਾ ਹਕ ਦਾ, ਹਕ਼ੀਕਤ ਆਪਣੇ ਵਿਚ ਟਿਕਾਈਆ । ਮੈਂ ਖੇਲ ਤਕਣਾ ਓਸ ਅਲਖ ਦਾ, ਜੋ ਅਲਖ ਅਗੋਚਰ ਨੂਰ ਅਲਾਹੀਆ । ਜਿਸ ਦਾ ਜੁਗ ਚੌਕੜੀ ਸਤਿਗੁਰ ਸ਼ਬਦ ਮਾਰਗ ਦੱਸਦਾ, ਨਵ ਸੱਤ ਸਤ ਸਮਝਾਈਆ । ਜਿਸ ਦੇ ਹੁਕਮ ਅੰਦਰ ਦੋ ਜਹਾਨ ਵਸਦਾ, ਸਿਰ ਸਕੇ ਨਾ ਕੋਇ ਉਠਾਈਆ । ਉਹ ਮਾਲਕ ਖ਼ਾਲਕ ਹੋਵੇ ਘਟ ਘਟ ਦਾ, ਘਟ ਭੀਤਰ ਵੇਖ ਵਖਾਈਆ । ਜੋਤ ਪਰਕਾਸ਼ ਹੋਵੇ ਲਟ ਲਟ ਦਾ, ਨਿਰਗੁਣ ਨੂਰ ਡਗਮਗਾਈਆ । ਵਣਜਾਰਾ ਹੋਵੇ ਨਾਮ ਅਗੰਮੀ ਹੱਟ ਦਾ, ਵਸਤ ਇਕੋ ਇਕ ਵਰਤਾਈਆ । ਜੋ ਪਿਆਰ ਵਿਚ ਹਰ ਹਿਰਦਾ ਹੋਵੇ ਫਟਦਾ, ਸਲਲ ਆਪਣਾ ਤੀਰ ਚਲਾਈਆ । ਜਿਸ ਦਾ ਖੇਲ ਬਾਜ਼ੀਗਰ ਨਟ ਦਾ, ਸਵਾਂਗੀ ਆਪਣਾ ਰੂਪ ਬਦਲਾਈਆ । ਉਸ ਦੇ ਪਿਆਰ ਵਿਚ ਟੈਰਸ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਟਪਦਾ, ਭੱਜਾਂ ਨੱਠਾਂ ਵਾਹੋ ਦਾਹੀਆ । ਦਿਵਸ ਰੈਣ ਬਿਨ ਰਸਨਾ ਜਿਹਵਾ ਮਿੱਟੀ ਖ਼ਾਕ ਦੇ ਤੂੰ ਮੇਰਾ ਮੈਂ ਤੇਰਾ ਨਾਮ ਜਪਦਾ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਮੈਨੂੰ ਸਹਾਰਾ ਮਿਲਿਆ ਇਕ ਪਰਮੇਸ਼ਵਰ ਪਤਿ ਦਾ, ਜੋ ਪਾਰਬ੍ਰਹਮ ਧੁਰਦਰਗਾਹੀਆ । ਜੋ ਜੁਗ ਜੁਗ ਜਨ ਭਗਤਾਂ ਪੈਜ ਰਖਦਾ, ਸਿਰ ਸਿਰ ਆਪਣਾ

ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਟੈਰਸ ਕਹੇ ਮੇਰੀ ਪਰਮ ਪੁਰਖ ਅਗੇ ਅਰਜ਼ੋਈ, ਜਨ ਭਗਤੋ ਦਿਆਂ ਜਣਾਈਆ । ਜਿਸ ਮੇਰੀ ਆਸ਼ਾ ਉਠਾਈ ਸੋਈ, ਸੁਤਿਆਂ ਲਿਆ ਜਗਾਈਆ । ਜਿਸ ਦਾ ਭੇਵ ਨਾ ਜਾਣੇ ਕੋਈ, ਪੜਦਾ ਸਕੇ ਨਾ ਕੋਇ ਖੁਲ੍ਹਾਈਆ । ਮੈਂ ਉਸ ਦੇ ਨਾਮ ਦੀ ਦੇਵਾਂ ਦਰੋਹੀ, ਦੋ ਜਹਾਨਾਂ ਦਿਆਂ ਸੁਣਾਈਆ । ਜੋ ਇਸ਼ਾਰਾ ਦਿਤਾ ਕਬੀਰ ਨੇ ਲੋਈ, ਲੋਇਣਾ ਤੋਂ ਬਾਹਰ ਬਾਹਰ ਦ੍ਰਿੜਾਈਆ । ਇਸ ਦੇ ਪਿਆਰ ਵਿਚ ਧਰਨੀ ਧਰਤ ਜਾਣੀ ਮੋਹੀ, ਮੁਹੱਬਤ ਆਪਣੇ ਵਿਚੋਂ ਪਰਗਟਾਈਆ । ਉਸ ਦੀ ਸਭ ਨੇ ਦੇਣੀ ਪੇਸ਼ੀਨਗੋਈ, ਪੈਗ਼ੰਬਰ ਆਸਾ ਗਏ ਰਖਾਈਆ । ਜਿਸ ਦੇ ਪਿਆਰ ਵਿਚ ਅੰਮ੍ਰਿਤ ਧਾਰ ਜਾਣੀ ਚੋਈ, ਬਿਨ ਰਸਨਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਮੈਨੂੰ ਸਮਝੋ ਨਾ ਮਿੱਟੀ ਖ਼ਾਕ, ਖ਼ਾਕੀ ਬੰਦਿਆਂ ਦਿਆਂ ਜਣਾਈਆ । ਮੇਰਾ ਜੁਗ ਜੁਗ ਖੁਲ੍ਹਦਾ ਤਾਕ, ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਆਪ ਖੁਲ੍ਹਾਈਆ । ਮੈਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੁਣੇ ਭਵਿਖਤ ਵਾਕ, ਜੋ ਅਵਤਾਰ ਪੈਗ਼ੰਬਰ ਗੁਰੂ ਗਏ ਸੁਣਾਈਆ । ਮੇਰੇ ਸਾਹਿਬ ਸੁਆਮੀ ਅੰਤਰਜਾਮੀ ਦਾ ਮੇਰੇ ਉਤੇ ਆਉਣ ਦਾ ਹੋਵੇ ਇਤਫ਼ਾਕ, ਇਤਫ਼ਾਕੀਆ ਆਪਣਾ ਫੇਰਾ ਪਾਈਆ । ਜੋ ਦੀਨ ਦੁਨੀ ਆਤਮ ਪਰਮਾਤਮ ਬਣਾਏ ਸੱਜਣ ਸਾਕ, ਰਿਸ਼ਤਾ ਫ਼ਰਿਸ਼ਤਿਆਂ ਬਾਹਰ ਜਣਾਈਆ । ਰੂਹ ਬੁਤ ਤਨ ਵਜੂਦ ਕਰੇ ਪਾਕ, ਪਤਿਤ ਪੁਨੀਤ ਆਪ ਅਖਵਾਈਆ । ਜੁਗ ਜੁਗ
੪੧੧ ਦਾ ਮੇਰਾ ਪੂਰਾ ਪਿਛਲਾ ਕਰੇ ਘਾਟ, ਮਤਸ ਦਾ ਲੇਖਾ ਨਾਲ ਮਿਲਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਜੋਤੀ ਜਾਤਾ ਸ਼ਬਦੀ ਧਾਰ ਪੰਧ ੪੧੧
੨੪ ਮੁਕਾ ਕੇ ਵਾਟ, ਖੇਲੇ ਖੇਲ ਅਗੰਮ ਅਥਾਹੀਆ । ਮੈਂ ਨਿਰਗੁਣ ਨੂਰ ਸਚ ਜ਼ਹੂਰ ਤਕਾਂ ਜੋਤ ਲਲਾਟ, ਲਿਲਾਟੀ ਆਪਣਾ ਖੇਲ ਖਿਲਾਈਆ । ਜਿਸ ੨੪
ਦੀ ਸਿਫ਼ਤ ਸਲਾਹ ਗਾਉਂਦੇ ਗਏ ਭਾਟ, ਭਟਨਾਗਰ ਆਪਣਾ ਹੁਕਮ ਵਰਤਾਈਆ । ਜੋ ਆਤਮ ਸੇਜ ਸੁਹਾਵੇ ਸੁਹੰਜਣੀ ਖਾਟ, ਖਟੀਆ ਆਪਣੀ ਆਪ ਸੁਹਾਈਆ । ਮੇਰੀ ਦੁਰਮਤ ਮੈਲ ਧਰਨੀ ਕਹੇ ਦੇਵੇ ਕਾਟ, ਪਾਪਾਂ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਹੋਏ ਸਹਾਈਆ । ਧਰਨੀ ਕਹੇ ਮੈਂ ਜੁਗ ਜੁਗ ਰਖੀ ਆਸ, ਨਿਰਗੁਣ ਸਰਗੁਣ ਧਿਆਨ ਲਗਾਈਆ । ਮੈਂ ਤਕਦੀ ਰਹੀ ਉਤੇ ਆਕਾਸ਼, ਗਗਨ ਮੰਡਲ ਬਾਹਰ ਵੇਖ ਵਖਾਈਆ । ਕਵਣ ਵੇਲਾ ਮੇਰਾ ਸਾਹਿਬ ਕਰੇ ਪਰਕਾਸ਼, ਜੋਤੀ ਜਾਤਾ ਡਗਮਗਾਈਆ । ਮੇਰੇ ਉਤੇ ਨਿਰਗੁਣ ਧਾਰ ਕਰੇ ਵਾਸ, ਵਾਸਤਾ ਆਪਣੇ ਨਾਲ ਰਖਾਈਆ । ਜਿਸ ਨੂੰ ਸੀਸ ਝੁਕਾਏ ਸ਼ੰਕਰ ਉਤੇ ਕੈਲਾਸ਼, ਬ੍ਰਹਮਾ ਵਿਸ਼ਨ ਨਿਵ ਨਿਵ ਲਾਗਣ ਪਾਈਆ । ਜਿਸ ਦੇ ਆਦਿ ਜੁਗਾਦਿ ਸਾਰੇ ਦਾਸੀ ਦਾਸ, ਸੇਵਕ ਹੋ ਕੇ ਸੇਵ ਕਮਾਈਆ । ਜਿਸ ਦੀ ਮੰਡਲ ਮੰਡਪ ਵੇਖਾਂ ਰਾਸ, ਗੋਪੀ ਕਾਹਨ ਨੱਚਣ ਟੱਪਣ ਕੁੱਦਣ ਚਾਈਂ ਚਾਈਆ । ਮੇਰਾ ਲਹਿਣਾ ਦੇਣਾ ਅੰਤਮ ਪੂਰਾ ਕਰੇ ਆਪ ਅਬਿਨਾਸ਼, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਜਿਸ ਅਗੇ ਮੇਰੀ ਬੇਨੰਤੀ ਇਕ ਖ਼ਾਸ, ਖ਼ਸੂਸੀਅਤ ਸਮਝ ਕਿਸੇ ਨਾ ਆਈਆ । ਮੇਰਾ ਦੁਖੜਾ ਕਰੇ ਨਾਸ, ਦਲਿਦ੍ਰੀ ਡੇਰਾ ਢਾਹੀਆ । ਜੰਗਲ ਜੂਹ ਉਜਾੜ ਪਹਾੜ ਮੇਰੇ ਟਿੱਲੇ ਵੇਖੇ ਪਰਭਾਸ, ਸਮੁੰਦ ਸਾਗਰਾਂ ਫੋਲ ਫੁਲਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਤਕੇ ਹਡ ਨਾੜੀ ਮਾਸ, ਅੰਤਰ ਨਿਰੰਤਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ

ਵਰਤਾਈਆ । ਧਰਨੀ ਕਹੇ ਮੇਰੀ ਜੁਗ ਜੁਗ ਖ਼ਾਹਿਸ਼ ਅਗੰਮੀ, ਜਗਤ ਵਿਦਿਆ ਸਮਝ ਕਿਸੇ ਨਾ ਆਈਆ । ਕਿਸੇ ਜਨਣੀ ਕੁੱਖੋਂ ਮੂਲ ਨਾ ਜਨਮੀ, ਸ਼ਾਸਤਰ ਵੰਡ ਨਾ ਕੋਇ ਵੰਡਾਈਆ । ਜਿਸ ਦੀ ਪੂਰੀ ਕਰ ਸਕੇ ਨਾ ਕੋਇ ਕਮੀ, ਕਾਮਲ ਮੁਰਸ਼ਦ ਨਜ਼ਰ ਕੋਇ ਨਾ ਆਈਆ । ਬੇਸ਼ਕ ਮੈਨੂੰ ਸਾਰੀ ਸ੍ਰਿਸ਼ਟੀ ਕਹਿੰਦੀ ਅੰਮੀ, ਅੰਮੀ ਕਹਿ ਕੇ ਸੀਸ ਨਿਵਾਈਆ । ਮੇਰਾ ਲੇਖਾ ਨਹੀਂ ਕਾਇਆ ਮਾਟੀ ਚੰਮੀ, ਚੰਮ ਦ੍ਰਿਸ਼ਟੀ ਨਾ ਕੋਇ ਰਖਾਈਆ । ਮੈਂ ਬ੍ਰਹਮਾ ਧਾਰ ਨਹੀਂ ਕੋਈ ਬ੍ਰਹਮੀ, ਪਾਰਬ੍ਰਹਮ ਦਿਤੀ ਵਡਿਆਈਆ । ਮੇਰੀ ਵੰਡ ਨਹੀਂ ਕੋਈ ਬਰਨੀ, ਵਰਨਾ ਰੰਗ ਨਾ ਕੋਇ ਰੰਗਾਈਆ । ਮੈਂ ਇਕੋ ਪੁਰਖ ਅਕਾਲ ਦੀ ਸਮਝਾਂ ਕਰਨੀ, ਜੋ ਕਰਤਾ ਪੁਰਖ ਇਕ ਅਖਵਾਈਆ । ਜਿਸ ਦੀ ਆਦਿ ਜੁਗਾਦਿ ਢੱਠਾਂ ਚਰਨੀ, ਬਿਨ ਚਰਨਾਂ ਸੀਸ ਨਿਵਾਈਆ । ਕਲਜੁਗ ਅੰਤ ਉਸੇ ਮੇਰੀ ਬਾਂਹ ਫੜਨੀ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦੀ ਮੰਜ਼ਲ ਹਕ ਹਕੀਕੀ ਚੜ੍ਹਨੀ, ਅਗੇ ਹੋ ਨਾ ਕੋਇ ਅਟਕਾਈਆ । ਜਿਸ ਲੇਖ ਮੁਕਾਉਣਾ ਤਨ ਵਜੂਦ ਧਰਨੀ, ਸੀਸ ਜਗਦੀਸ ਫੋਲ ਫੁਲਾਈਆ । ਜਿਸ ਦੀ ਇਕੋ ਤੁਕ ਸਤਿ ਧਾਰ ਵਿਚ ਸਭ ਨੇ ਪੜ੍ਹਨੀ, ਦੂਜਾ ਇਸ਼ਟ ਸ੍ਰਿਸ਼ਟ ਨਾ ਕੋਇ ਵਖਾਈਆ । ਸੋ ਤੋੜਨਹਾਰਾ ਹੰਕਾਰ ਗੜ੍ਹਨੀ, ਹਉਮੇ ਹੰਗਤਾ ਦਏ ਗਵਾਈਆ । ਜਨ ਭਗਤ ਸੁਹੇਲੇ ਜਿਨ੍ਹਾਂ ਧੁਰ ਦੀ ਮੰਜ਼ਲ ਚੜ੍ਹਨੀ, ਦਰਗਾਹ ਸਚ ਸਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਟੈਰਸ ਕਹੇ ਮੇਰੀ ਮਿੱਟੀ ਖ਼ਾਕ ਵਾਲੀ ਧਰਤ, ਧਰਮ ਨਾਲ ਜਣਾਈਆ । ਜਿਸ ਦਾ ਲਹਿਣਾ ਦੇਣਾ ਪੂਰਬ ਵਾਲੀ ਸ਼ਰਤ, ਮਤਸਯ ਆਪਣਾ ਭੇਵ ਖੁਲ੍ਹਾਈਆ । ਪਰਮ ਪੁਰਖ ਪਰਮਾਤਮ ਤੇਰੇ ਉਤੇ ਆਵੇ ਪਰਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਤੇਰੀ ਆਸਾ ਮਨਸਾ ਪੂਰੀ ਕਰੇ ਹਵਸ, ਹਰਸ ਅਵਰ ਨਾ ਕੋਇ ਜਣਾਈਆ । ਸ਼ਾਹ ਸ਼ਹਾਨਾ ਇਕ ਇਕ ਦਾ ਹੋਵੇ ਬਰਸ, ਜਗਤ ਬਰਸੀ ਵੰਡ ਨਾ ਕੋਇ ਵੰਡਾਈਆ । ਨੂਰ ਨੁਰਾਨਾ ਤੇਰਾ ਧਾਮ ਸੁਹਾਏ ਫ਼ਰਸ਼, ਅਰਸ਼ੀ ਪ੍ਰੀਤਮ ਆਪਣਾ ਖੇਲ ਖਿਲਾਈਆ । ਤੇਰਾ ਲਹਿਣਾ ਦੇਣਾ ਚਾਰ ਜੁਗ ਦਾ ਝੋਲੀ ਪਾਏ ਕ਼ਰਜ਼, ਮਕ਼ਰੂਜ਼ ਆਪਣੀ ਦਇਆ ਕਮਾਈਆ । ਧਰਨੀ ਕਹੇ ਮੈਨੂੰ ਪੁਰਾਣੀ ਗ਼ਰਜ਼, ਆਸ਼ਾ ਵਿਚ ਧਿਆਨ ਰਖਾਈਆ । ਮੈਂ ਹੈਰਾਨ ਹੋਈ ਕਿਸ ਬਿਧ ਖੇਲ ਹੋਇਆ ਅਸਚਰਜ, ਅਚਰਜ ਲੀਲ੍ਹਾ ਦਿਤੀ ਵਰਤਾਈਆ । ਮੇਰਾ ਨਾਮ ਸਤਿਗੁਰ ਸ਼ਬਦ ਨਾਮ ਵਾਲਾ ਕੀਤਾ ਦਰਜ, ਦਰਜਾ ਆਪਣਾ ਆਪ ਸਮਝਾਈਆ । ਕਲਜੁਗ ਅੰਤ ਹੋਣ ਨਹੀਂ ਦਿਤਾ ਹਰਜ, ਹਰਿਜਨ ਪਿਛਲੇ ਵੇਖ ਵਖਾਈਆ । ਮੇਰੀ ਬੇਨੰਤੀ ਇਕੋ ਅਰਜ਼, ਆਰਜ਼ੂ ਵਿਚ ਸੀਸ ਨਿਵਾਈਆ । ਪੁਰਖ ਅਕਾਲੇ ਦੀਨ ਦਿਆਲੇ ਜਨ ਭਗਤਾਂ ਨਾਲ ਵੰਡੀਂ ਦਰਦ, ਦੁਖੀਆਂ ਦਰਦ ਆਪਣੇ ਵਿਚ ਸਮਾਈਆ । ਕਲਜੁਗ ਕੂੜੀ ਕਿਰਿਆ ਕ਼ਤਲ ਕਰੇ ਕਿਸੇ ਨਾ ਕਰਦ, ਕ਼ਾਤਲ ਮਕ਼ਤੂਲ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਸਚ ਵਸਤ ਵਰਤਾਈਆ । ਧਰਨੀ ਕਹੇ ਮੇਰੇ ਉਤੇ ਲੱਗਾ ਭਾਗ, ਵਡਭਾਗਣ ਹੋ ਕੇ ਦਇਆ ਕਮਾਈਆ । ਜੋਤੀ ਜਾਤੇ ਜਗਾਇਆ ਚਰਾਗ਼, ਬਿਨ ਤੇਲ ਬਾਤੀ ਕੀਤੀ ਰੁਸ਼ਨਾਈਆ । ਜੁਗ ਜੁਗ ਦੀ ਬੁਝਾਈ ਆਗ, ਤ੍ਰਿਸ਼ਨਾ ਤ੍ਰਿਪਤ ਕਰਾਈਆ । ਮੇਰੇ ਅੰਤਰ ਬਖ਼ਸ਼ੇ ਇਕ ਵੈਰਾਗ, ਬਿਰਹੋਂ ਤੀਰ ਤੀਰ ਲਗਾਈਆ । ਮੇਰੇ ਉਤੇ ਫੁੱਲ ਫੁਲਵਾੜੀ ਧਰਮ ਦੀ ਧਾਰ ਮਹਿਕੇ ਬਾਗ਼, ਗੁਲਸ਼ਨ ਆਪਣੇ ਰੰਗ ਰੰਗਾਈਆ । ਹਰਿਜਨ ਹੰਸ ਬਣਾਏ ਫੜ ਫੜ ਕਾਗ, ਦੁਰਮਤ ਮੈਲ ਮੈਲ ਧਵਾਈਆ । ਧਰਨੀ ਕਹੇ ਜਿਸ ਵੇਲੇ ਗੋਬਿੰਦ ਪਹਿਲੇ ਦਿਨ ਉਡਾਇਆ


੪੧੨
੨੪

ਬਾਜ਼, ਬਾਜ਼ਾਂ ਵਾਲਾ ਮੇਰੇ ਉਤੇ ਅੱਖ ਉਠਾਈਆ । ਜੋ ਦਸਵੇਂ ਅਵਤਾਰ ਨੇ ਦਿਤੀ ਅਵਾਜ਼, ਮਤਸਯ ਗਿਆ ਸੁਣਾਈਆ । ਉਸ ਦਾ ਲਹਿਣਾ ਦੇਣਾ ਦੀਨ ਦੁਨੀ ਕਲਜੁਗ ਅੰਤ ਜਗਤ ਦਾ ਬਦਲੇ ਰਵਾਜ, ਸ਼ਰਅ ਸ਼ਰਅ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਂਆ । ਟੈਰਸ ਕਹੇ ਸੁਣ ਲੈ ਧਰਨੀ ਮਈਆ, ਮੰਮੀਏ ਅੰਮੀਏ ਤੈਨੂੰ ਦਿਆਂ ਜਣਾਈਆ । ਪੂਰਬ ਲੇਖਾ ਕਢ ਕੇ ਵੇਖ ਲੈ ਵਿਚ ਵਹੀਆ, ਵਹਿਣਾਂ ਗਹਿਣਾਂ ਤੋਂ ਬਾਹਰ ਤੇਰਾ ਲੇਖਾ ਨਜ਼ਰੀ ਆਈਆ । ਕੀ ਹੁਕਮ ਸੰਦੇਸ਼ਾ ਦੇਵੇ ਧੁਰ ਦਾ ਸਈਆ, ਸ੍ਰੀ ਭਗਵਾਨ ਸਾਹਿਬ ਸੁਲਤਾਨ ਨੌਜਵਾਨ ਕੀ ਸਮਝਾਈਆ । ਜਿਸ ਦੇ ਪਿਆਰ ਵਿਚ ਬੁਲ੍ਹੇ ਨੇ ਗਾਇਆ ਥਈਆ ਥਈਆ, ਥਈਆ ਥਈਆ ਕਹਿ ਕੇ ਸੀਸ ਨਿਵਾਈਆ । ਜਿਸ ਦਾ ਇਸ਼ਾਰਾ ਦਿਤਾ ਰਾਮ ਰਮਈਆ, ਬਨਵਾਸੀ ਹੋ ਕੇ ਸੀਆ ਗਿਆ ਜਣਾਈਆ । ਜਿਸ ਦਾ ਨਿਸ਼ਾਨ ਲਗਾਇਆ ਕਾਹਨ ਘਨਈਆ, ਕਾਹਨ ਕਾਹਨਾ ਦਾ ਮਾਲਕ ਇਕ ਅਖਵਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਗੋਬਿੰਦ ਵਾਲਾ ਢਈਆ, ਢੌਂਕਾ ਵੇਖੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਟੈਰਸ ਕਹੇ ਮੇਰਾ ਪਿਛਲਾ ਨਾਮ ਟਿੰਨਮਲੀ, ਰਿਗਵੇਦ ਮੇਰੀ ਦਏ ਗਵਾਹੀਆ । ਮੇਰਾ ਮਾਲਕ ਖਾਲਕ ਜ਼ੂਏ ਅਜ਼ ਜ਼ਮੀ, ਪੈਗ਼ੰਬਰਾਂ ਨਾਲ ਮਿਲਾਈਆ । ਮੇਰੀ ਪਿਛਲੀ ਵੇਖ ਤਸ਼ਰੀਹ, ਜੋ ਸਿਫ਼ਤਾਂ ਨਾਲ ਸਲਾਹੀਆ । ਮੇਰਾ ਲਹਿਣਾ ਦੇਣਾ ਜਗ ਵਿਚ ਕੀ, ਕਿਉਂ ਕਰਤਾ ਕ਼ੀਮਤ ਪਾਈਆ । ਤੂੰ ਬਲ ਬਲ ਧਰਨੀਏ ਉਸ ਸਾਹਿਬ ਤੋਂ ਥੀ, ਜੋ ਥਿਰ ਦਾ ਮਾਲਕ ਇਕ ਅਖਵਾਈਆ । ਜੋ ਅੰਮ੍ਰਿਤ ਧਾਰ ਨਾਮ ਦਾ ਬਰਸੇ ਮੀਂਹ, ਮੇਘਲਾ ਇਕ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਮੇਰਾ ਸਾਹਿਬ ਬੜਾ ਮਿਹਰਵਾਨ, ਮਿਹਰਵਾਨ ਇਕ ਅਖਵਾਈਆ । ਜੋ ਜੁਗ ਜੁਗ ਦੇਵੇ ਦਾਨ, ਦਾਤਾ ਦਾਨੀ ਖ਼ਾਲੀ ਝੋਲੀ ਦਏ ਭਰਾਈਆ । ਏਥੇ ਜ਼ਰੂਰ ਧਰਮ ਦਾ ਧਰਮ ਝੁਲੇਗਾ ਨਿਸ਼ਾਨ, ਜਿਸ ਦਾ ਨਿਸ਼ਾਨ ਨਾ ਕੋਇ ਮਿਟਾਈਆ । ਸਤਿਜੁਗ ਵਿਚ ਜ਼ਰੂਰ ਹੋਵੇਗਾ ਪਰਧਾਨ, ਪਰਮ ਪੁਰਖ ਆਪਣੇ ਰੰਗ ਰੰਗਾਈਆ । ਜਿਸ ਦਾ ਲੇਖਾ ਨਾਲ ਜ਼ਿਮੀਂ ਅਸਮਾਨ, ਦੋ ਜਹਾਨ ਵੇਖੇ ਚਾਈਂ ਚਾਈਂਆ । ਉਹ ਪੁਰਖ ਅਕਾਲਾ ਦੀਨ ਦਿਆਲਾ ਟੈਰਸ ਦੀ ਧਰਤੀ ਕਰੇ ਪਰਵਾਨ, ਜਿਸ ਦਾ ਪਰਵਾਨਾ ਜਗਤ ਲੇਖ ਨਾ ਕੋਇ ਜਣਾਈਆ । ਧਰਨੀ ਕਹੇ ਧਰਮ ਦੀ ਧਾਰ ਮੇਰਾ ਅੱਜ ਦਾ ਦਿਵਸ ਮਹਾਨ, ਮਹਿੰਮਾ ਵਿਚ ਪ੍ਰਭ ਦੇ ਢੋਲੇ ਗਾਈਆ । ਗੁਰਮੁਖੋ ਗੁਰਸਿਖੋ ਉਸ ਸਤਿਗੁਰੂ ਦਾ ਧਰੋ ਧਿਆਨ, ਜੋ ਅੰਤਰ ਨਿਰੰਤਰ ਸਭ ਦੇ ਅੰਦਰ ਵਸਿਆ ਧੁਰ ਦਾ ਮਾਹੀਆ । ਜਿਸ ਗ੍ਰਿਹ ਸਤਿਗੁਰ ਨਾਨਕ ਗੋਬਿੰਦ ਮਿਲੇ ਆਣ, ਪੀਰ ਪੈਗ਼ੰਬਰ ਅਵਤਾਰ ਬੈਠੇ ਆਸਣ ਲਾਈਆ । ਬਿਨਾ ਰਸਨਾ ਜਿਹਵਾ ਬੱਤੀ ਦੰਦ ਸ਼ਬਦ ਅਗੰਮੀ ਗੀਤ ਗਾਣ, ਗਾ ਗਾ ਆਪਣੀ ਖ਼ੁਸ਼ੀ ਵਖਾਈਆ । ਸਚ ਦੁਆਰ ਬੰਕ ਸੋਹੇ ਅਗੰਮਾ ਮਕਾਨ, ਬਿਨ ਤੇਲ ਬਾਤੀ ਹੋਏ ਰੁਸ਼ਨਾਈਆ । ਧਰਨੀ ਕਹੇ ਮੇਰੀ ਅੰਤਰ ਆਸ਼ਾ ਮੇਰੇ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਹਰਿ ਹਿਰਦੇ ਅੰਦਰ ਆਪਣੇ ਪਿਆਰ ਦਾ ਦੇ ਗਿਆਨ, ਅਗਿਆਨ ਅੰਦਰੋਂ ਬਾਹਰ ਕਢਾਈਆ । ਤੂੰ ਆਤਮਾ ਗੋਪੀ ਦਾ ਪਰਮਾਤਮਾ ਸਾਚਾ ਕਾਹਨ, ਆਤਮ ਪਰਮਾਤਮ ਗੋਪੀ ਕਾਹਨ ਹੋ ਕੇ ਵਜੇ ਵਧਾਈਆ । ਮੈਂ ਤੇਰਾ ਸ਼ੁਕਰ ਸ਼ੁਕਰੀਏ ਵਿਚ ਜਗਤ ਆਈ ਮਨਾਣ, ਮਨ ਦੀ ਮਨਸਾ ਨਾ ਕੋਇ ਰਖਾਈਆ । ਮੇਰੀ ਬੇਨੰਤੀ ਬੇਪਰਵਾਹ ਕਰੀਂ ਪਰਵਾਨ, ਪਰਮ ਪੁਰਖ

੪੧੩
੨੪

ਤੇਰੇ ਚਰਨ ਕਵਲ ਟਿਕਾਈਆ । ਜਨ ਭਗਤਾਂ ਗੁਰਮੁਖਾਂ ਸਭ ਨੂੰ ਸਚ ਪ੍ਰੀਤ ਦਾ ਦੇਵੀਂ ਦਾਨ, ਦਾਤੇ ਦਾਨੀ ਕਾਇਆ ਮੰਦਰ ਅੰਦਰ ਆਪ ਟਿਕਾਈਆ । ਮਨ ਕਲਪਨਾ ਕੂੜ ਨਾ ਫਿਰੇ ਸ਼ੈਤਾਨ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਨਿਜ ਘਰ ਵਾਸੀ ਨਿਜ ਗ੍ਰਿਹਿ ਨਿਜ ਮੰਦਰ ਨਿਜ ਆਤਮ ਪਰਮਾਤਮ ਬਖ਼ਸ਼ੀਂ ਮਾਣ, ਨਿਮਾਣਿਆਂ ਆਪਣੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਕਹੇ ਜੁਗ ਜੁਗ ਤੇਰਾ ਖੇਲ ਮਹਾਨ, ਮਹਿੰਮਾ ਅਕਥ ਕਥਨੀ ਕਥ ਸਕੇ ਨਾ ਰਾਈਆ ।

### ✪ ਪਹਿਲੀ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਮੁਕੰਦ ਸਿੰਘ ਦੇ ਗ੍ਰਿਹਿ ਵਿਨੀਪੈਗ ਕਨੇਡਾ ✪

ਵਿਸਾਖ ਕਹੇ ਪ੍ਰਭ ਨੌ ਸੌ ਚੁਰਾਨਵੇ ਚੌਕੜੀ ਜੁਗ ਗਏ ਬੀਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਤੇਰਾ ਖੇਲ ਤਕਿਆ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਤੇਰੀ ਬੇਪਰਵਾਹੀਆ । ਨਿਰਗੁਣ ਸਰਗੁਣ ਤੇਰੀ ਲੱਖ ਚੁਰਾਸੀ ਵੇਖੀ ਰੀਤ, ਰੀਤੀਵਾਨ ਅਗੰਮ ਅਥਾਹ ਤੇਰੀ ਤੇਰੇ ਹੱਥ ਵਡਿਆਈਆ । ਆਤਮ ਪਰਮਾਤਮ ਸ਼ਬਦ ਨਗਾਰਾ ਸੁਣਦਾ ਰਿਹਾ ਗੀਤ, ਢੋਲਾ ਸੋਹਲਾ ਰਸਨਾ ਜਿਹਵਾ ਨਾਲ ਜਣਾਈਆ । ਪਾਰਬ੍ਰਹਮ ਬ੍ਰਹਮ ਬਣਦਾ ਰਿਹੋਂ ਮੀਤ, ਮਿਤਰ ਪਿਆਰੇ ਆਪਣਾ ਖੇਲ ਖਲਾਈਆ । ਜੁਗ ਚੌਕੜੀ ਹਰ ਘਟ ਜਾਣਦਾ ਰਿਹੋਂ ਨੀਤ, ਨੀਤੀਵਾਨ ਤੇਰੀ ਸਰਨਾਈਆ । ਅਵਤਾਰ ਪੈਗ਼ੰਬਰ ਗੁਰ ਤੇਰੀ ਦੱਸਦੇ ਗਏ ਪ੍ਰੀਤ, ਪ੍ਰੀਤਮ ਤੇਰਾ ਭੇਵ ਚੁਕਾਈਆ । ਖੇਲ ਖਲੌਂਦਾ ਰਿਹੋਂ ਮੰਦਰ ਸ਼ਿਵਦਵਾਲੇ ਮਠ ਗੁਰੂਦੁਆਰ ਮਸੀਤ, ਚਰਚਾਂ ਚਰਾਗਾਹਾਂ ਦੇ ਵਡਿਆਈਆ । ਬਿਨ ਤੇਰੀ ਕਿਰਪਾ ਪੁਰਖ ਅਕਾਲੇ ਦੀਨ ਦਿਆਲੇ ਕੋਇ ਕਰੇ ਨਾ ਸਾਂਤਕ ਸੀਤ, ਅਗਨੀ ਤਤ ਨਾ ਕੋਇ ਬੁਝਾਈਆ । ਤੂੰ ਮਾਲਕ ਖ਼ਾਲਕ ਏਕੰਕਾਰਾ ਜਗ ਜੀਤ, ਜਗ ਜੀਵਣ ਦਾਤੇ ਤੇਰੀ ਬੇਪਰਵਾਹੀਆ । ਵਿਸਾਖ ਕਹੇ ਪ੍ਰਭੂ ਮੈਂ ਕਲਜੁਗ ਅੰਤਮ ਹੋਇਆ ਭੈ ਭੀਤ, ਧੀਰਜ ਧੀਰ ਨਾ ਕੋਇ ਧਰਾਈਆ । ਜਗਤ ਜਗਿਆਸੂਆਂ ਕਰੇ ਨਾ ਕੋਇ ਪਤਿਤ ਪੁਨੀਤ, ਪਾਵਨ ਤੇਰਾ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਵਿਸਾਖ ਕਹੇ ਪ੍ਰਭੂ ਮੇਰੇ ਸੂਰੇ ਸਰਬੰਗ, ਹਰਿ ਕਰਤੇ ਤੇਰੀ ਓਟ ਤਕਾਈਆ । ਨਿਰਾਕਾਰ ਨਿਰੰਕਾਰ ਲਾ ਲਾ ਆਪਣੇ ਅੰਗ, ਅੰਗੀਕਾਰ ਆਪਣੀ ਦਇਆ ਕਮਾਈਆ । ਮੇਰੀ ਖ਼ਾਹਿਸ਼ ਤਮੰਨਾ ਨਵ ਨਵ ਚਾਰ ਦੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਮੈਂ ਬਾਲ ਨਿਧਾਨਾ ਤੇਰਾ ਭੁਯੰਗ, ਬਿਰਧ ਰੂਪ ਨਾ ਕੋਇ ਦਰਸਾਈਆ । ਤੇਰੇ ਸ਼ਬਦ ਦਾ ਦੇਖਦਾ ਰਿਹਾ ਤੁਰੰਗ, ਜੋ ਤੁਰੀਆ ਤੋਂ ਬਾਹਰ ਭੱਜੇ ਵਾਹੋ ਦਾਹੀਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਕੇਤੇ ਗਏ ਲੰਘ, ਆਪ ਆਪਣਾ ਪੰਧ ਮੁਕਾਈਆ । ਮੈਂ ਵੇਖ ਵੇਖ ਹੁੰਦਾ ਰਿਹਾ ਦੰਗ, ਦਹਿ ਦਿਸ਼ਾ ਅੱਖ ਉਠਾਈਆ । ਮੇਰੇ ਅੰਤਰ ਨਿਰੰਤਰ ਕਦੇ ਨਾ ਆਇਆ ਰੰਜ, ਰੰਜਸ਼ ਵਿਚ ਨਾ ਕੋਇ ਦੁਹਾਈਆ । ਮੈਨੂੰ ਯਾਦ ਆਉਂਦੀ ਜਿਸ ਵੇਲੇ ਕਲਜੁਗ ਗੋਬਿੰਦ ਧਾਰ ਬਣਾਈ ਪਿਆਰੇ ਪੰਜ, ਪੰਚਮ ਆਪਣੀ ਗੰਢ ਪੁਆਈਆ । ਫਿਰ ਖ਼ੁਸ਼ੀਆਂ ਵਿਚ ਨੇਤਰ ਵਗੇ ਹੰਝ, ਹੰਝੂਆਂ ਹਾਰ ਬਣਾਈਆ । ਮੈਂ ਵੇਖਾਂ ਜਗਤ ਜਹਾਨ ਮੰਝ, ਮੰਝਧਾਰਾ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਾਚੀ ਆਸ ਰਖਾਈਆ ।


੪੧੪
੨੪

ਵਿਸਾਖ ਕਹੇ ਪ੍ਰਭੂ ਮੇਰਾ ਨਵ ਨਵ ਚਾਰ ਤੋਂ ਵਖਰਾ ਪਰਵਿਸ਼ਟਾ, ਪਾਰਬ੍ਰਹਮ ਦਿਆਂ ਜਣਾਈਆ । ਮੇਰਾ ਤੇਰੇ ਉਤੇ ਇਸ਼ਟਾ, ਇਸ਼ਟ ਦੇਵ ਗੁਰ ਸੁਆਮੀ ਇਕੋ ਇਕ ਰਖਾਈਆ । ਮੇਰੇ ਪਰਵਰਦਿਗਾਰ ਸਾਂਝੇ ਯਾਰ ਆਪਣੀ ਦੀਨ ਦੁਨੀ ਨਵ ਖੰਡ ਤਕ ਲਾ ਸ੍ਰਿਸ਼ਟਾ, ਸ੍ਰੇਸ਼ਟ ਆਪਣਾ ਧਿਆਨ ਲਗਾਈਆ । ਤੇਰੇ ਉਤੇ ਧਰਮ ਦਾ ਰਿਹਾ ਕਿਸੇ ਨਾ ਨਿਸਚਾ, ਪ੍ਰੇਮ ਵਿਚ ਨਾ ਕੋਇ ਸਮਾਈਆ । ਚਾਰੇ ਕੁੰਟ ਅੰਧੇਰਾ ਦਿਸਦਾ, ਸਾਚਾ ਚੰਦ ਨਾ ਕੋਇ ਚਮਕਾਈਆ । ਮੈਂ ਲੇਖ ਦੱਸਾਂ ਕਿਸ ਕਿਸ ਦਾ, ਅਵਤਾਰ ਪੈਗ਼ੰਬਰ ਗੁਰ ਸਾਰੇ ਵੇਖਣ ਥਾਉਂ ਥਾਈਂਆ । ਹਿਤਕਾਰ ਰਿਹਾ ਨਾ ਕਿਸੇ ਪਰਮੇਸ਼ਵਰ ਪਿਤ ਦਾ, ਪਾਰਬ੍ਰਹਮ ਤੇਰੀ ਓਟ ਨਾ ਕੋਇ ਤਕਾਈਆ । ਮੇਰੇ ਕੋਲ ਲਹਿਣਾ ਦੇਣਾ ਤੇਰਾ ਨਿਤ ਨਵਿਤ ਦਾ, ਜੁਗ ਚੌਕੜੀ ਆਪਣੇ ਵਿਚ ਛੁਪਾਈਆ । ਔਹ ਲੇਖਾ ਵੇਖ ਲੈ ਗੋਬਿੰਦ ਵਾਲੇ ਹਿਤ ਦਾ, ਜੋ ਹਿਤਕਾਰੀ ਹੋ ਕੇ ਗਿਆ ਸਮਝਾਈਆ । ਅੰਤ ਪਿਆਰ ਰਹਿਣਾ ਨਹੀਂ ਕਿਸੇ ਮਿਤ ਦਾ, ਮਿਤਰ ਪਿਆਰੇ ਜਿਸ ਤੇਰੀ ਸੇਜ ਹੰਢਾਈਆ । ਉਹ ਵਕ਼ਤ ਸੁਹੰਜਣਾ ਵਿਸਾਖ ਕਹੇ ਮੇਰੇ ਵਾਲੀ ਥਿਤ ਦਾ, ਘੜੀ ਪਲ ਅਵਰ ਵੰਡ ਨਾ ਕੋਇ ਵੰਡਾਈਆ । ਜਗਤ ਜਗਿਆਸੂ ਠਗੌਰਾ ਪਿਆ ਮਨੂਏ ਚਿਤ ਦਾ, ਚੇਤਨ ਸੁਰਤ ਨਾ ਕੋਇ ਕਰਾਈਆ । ਪਿਆਰ ਰਿਹਾ ਨਾ ਏਕੰਕਾਰ ਤੇਰਾ ਇਕ ਦਾ, ਇਕ ਇਕੱਲੇ ਮੇਲ ਨਾ ਕੋਇ ਮਿਲਾਈਆ । ਮਨੂਆ ਮਨ ਕਿਸੇ ਨਾ ਟਿਕਦਾ, ਦਹਿ ਦਿਸ਼ਾ ਭੱਜੇ ਵਾਹੋ ਦਾਹੀਆ । ਖੇਲ ਵੇਖ ਲੈ ਬੂੰਦ ਰਿਤ ਦਾ, ਰਕਤ ਬੂੰਦ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ
੪੧੫ ਦਇਆ ਕਮਾਈਆ । ਵਿਸਾਖ ਕਹੇ ਪ੍ਰਭੂ ਮੇਰੇ ਕੋਲ ਸਤਿਗੁਰ ਸ਼ਬਦ ਦਾ ਅਗੰਮੀ ਪੱਤਰ, ਜਿਸ ਦੀ ਕਾਗ਼ਜ਼ ਕ਼ਲਮ ਸ਼ਾਹੀ ਵੰਡ ਨਾ ਕੋਇ ਵੰਡਾਈਆ । ੪੧੫
੨੪ ਜਗਤ ਨਜ਼ਰ ਆਵੇ ਕੋਈ ਨਾ ਸਤਰ, ਅੱਖਰਾਂ ਰੰਗ ਨਾ ਕੋਇ ਰੰਗਾਈਆ । ਜਿਸ ਵਿਚ ਲੇਖਾ ਗੋਬਿੰਦ ਧਾਰ ਦੋ ਸੱਤ ਸੱਤ ਦਾ ਪਿਛਲਾ ਦੋ ਸੌ ੨੪
ਸਤਤਰ, ਸਤਿ ਸਤਿਵਾਦੀ ਤੇਰੇ ਰੰਗ ਰੰਗਾਈਆ । ਜਿਸ ਨੂੰ ਸਮਝ ਸਕੇ ਨਾ ਸੁਘੜ ਸਿਆਣਾ ਚਤੁਰ, ਜਗਤ ਵਿਦਿਆ ਕੰਮ ਕੋਇ ਨਾ ਆਈਆ । ਜਿਸ ਦਾ ਲੇਖਾ ਨਹੀਂ ਨਾਲ ਗ੍ਰਹਿ ਨਛਤਰ, ਘੜੀ ਪਲ ਵੰਡ ਕੋਇ ਨਾ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਵਿਸਾਖ ਕਹੇ ਮੇਰਾ ਪੱਤਰ ਕੀ ਕੁਛ ਲਿਖਦਾ, ਬਿਨ ਅੱਖਰਾਂ ਅੱਖਰ ਸਮਝਾਈਆ । ਜਗ ਨੇਤਰ ਕਿਸੇ ਨਹੀਂ ਦਿਸਦਾ, ਲੋਚਨ ਵੇਖਣ ਕੋਇ ਨਾ ਪਾਈਆ । ਜਿਸ ਵਿਚ ਭੇਤ ਅਗੰਮਾ ਭਵਿਖ ਦਾ, ਭਵਿਖਤ ਚਾਰ ਜੁਗ ਦਾ ਫੋਲ ਫੁਲਾਈਆ । ਅੰਤ ਪਿਆਰ ਰਹਿਣਾ ਨਹੀਂ ਗੁਰੂ ਗੁਰਦੇਵ ਕਿਸੇ ਸਿੱਖ ਦਾ, ਮੁਰਸ਼ਦ ਮੁਰੀਦ ਸੰਗ ਨਾ ਕੋਇ ਬਣਾਈਆ । ਧਰਮ ਕਲਜੁਗ ਕੂੜੀ ਕਿਰਿਆ ਵਿਚ ਹੋਣਾ ਵਿਕਦਾ, ਕ਼ੀਮਤ ਜਗਤ ਨਾ ਕੋਇ ਰਖਾਈਆ । ਜਗਤ ਝਗੜਾ ਹੋਵੇ ਪੱਥਰ ਇੱਟ ਦਾ, ਪਾਹਨ ਦੀਨ ਦੁਨੀਆ ਵੇਖ ਬਿਗਸਾਈਆ । ਵਿਸਾਖ ਕਹੇ ਮੈਂ ਏਸ ਦਿਵਸ ਨੂੰ ਵੇਖ ਕੇ ਪਿੱਟ ਦਾ, ਪਟਨੇ ਵਾਲਿਆ ਦਿਆਂ ਸੁਣਾਈਆ । ਮੇਰਾ ਲਹਿਣਾ ਤਕ ਲੈ ਇਕ ਚਿਟ ਦਾ, ਜਿਸ ਦੇ ਚਿੱਟੇ ਉਤੇ ਕਾਲਾ ਅੱਖਰ ਨਾ ਕੋਇ ਟਿਕਾਈਆ । ਮੇਰਾ ਖੇਲ ਤੇਰੀ ਧਾਰ ਵਿਚੋਂ ਨਿਤ ਦਾ, ਨਰ ਨਰਾਇਣ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਵਿਸਾਖ ਕਹੇ ਮੇਰੀ ਚਿੱਠੀ ਬਹੁ ਪੁਰਾਣੀ, ਪੁਰਾਣ ਅਠਾਰਾਂ ਸਾਰ ਕੋਇ ਨਾ ਪਾਈਆ । ਜਿਸ ਦੀ ਬੋਧ ਅਗਾਧ ਕਹਾਣੀ, ਵੇਦ ਸ਼ਾਸਤਰ ਵੰਡ ਨਾ ਕੋਇ ਵੰਡਾਈਆ । ਜਿਸ ਨੂੰ ਗਾ ਸਕੇ ਨਾ ਕੋਇ ਜ਼ਬਾਨੀ,

ਜਿਹਵਾ ਵੰਡ ਨਾ ਕੋਇ ਵੰਡਾਈਆ । ਜਿਸ ਦੀ ਮੰਜ਼ਲ ਹੱਥ ਨਾ ਆਏ ਰੁਹਾਨੀ, ਰੂਹ ਬੁਤ ਨਾ ਵੇਖ ਵਖਾਈਆ । ਕਾਤਬ ਲਿਖੇ ਕੋਇ ਨਾਲ ਨਾ ਕਾਨੀ, ਕਾਇਨਾਤ ਨਾ ਕੋਇ ਚਤੁਰਾਈਆ । ਜਿਸ ਦਾ ਖੇਲ ਨਹੀਂ ਜਿਸਮਾਨੀ, ਤਨ ਵਜੂਦ ਨਾ ਰੰਗ ਚੜ੍ਹਾਈਆ । ਵਿਸਾਖ ਕਹੇ ਮੇਰੇ ਪਰਮ ਪੁਰਖ ਤੇਰਾ ਹੁਕਮ ਇਕ *ਇਸਮਾਨੀ, ਇਸਮ ਆਜ਼ਮ ਤੇਰੇ ਹੱਥ ਵਡਿਆਈਆ । ਤੇਰੀ ਮੰਜ਼ਲ ਪੰਧ ਨਿਰਬਾਨੀ, ਨਿਰਵੈਰ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਵਿਸਾਖ ਕਹੇ ਪ੍ਰਭੂ ਮੇਰੀ ਲਿਖਤ ਦਾ ਵੇਖ ਲਾ ਸਿਰਲੇਖ, ਨਿਰਗੁਣ ਧਾਰ ਧਾਰ ਜਣਾਈਆ । ਬਿਨ ਨੇਤਰ ਲੋਚਨ ਨੈਣਾਂ ਪੇਖ, ਬਿਨ ਅੱਖਾਂ ਅੱਖ ਉਠਾਈਆ । ਕਲਜੁਗ ਅੰਤ ਸ੍ਰੀ ਭਗਵੰਤ ਤੇਰਾ ਕਿਹੜਾ ਹੋਵੇ ਭੇਖ, ਰੂਪ ਅਵਲੜਾ ਕੀ ਵਟਾਈਆ । ਕੀ ਨਾਮ ਕਲਮਾ ਦਏਂ ਸੰਦੇਸ਼, ਸੰਦੇਸ਼ਾ ਧੁਰਦਰਗਾਹੀਆ । ਕਿਹੜੇ ਵਸੇਂ ਅਨੋਖੇ ਦੇਸ਼, ਦਿਸ਼ਾ ਆਪਣੀ ਦੇ ਜਣਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਮੇਰੇ ਉਤੇ ਤਕ ਕਲੇਸ਼, ਕਲਕਾਤੀ ਬਣੀ ਲੋਕਾਈਆ । ਤੂੰ ਵੇਖਣਹਾਰਾ ਆਦਿ ਜੁਗਾਦਿ ਹਮੇਸ਼, ਹਮ ਸਾਜਣ ਤੇਰੀ ਬੇਪਰਵਾਹੀਆ । ਜਿਸ ਕਾਰਨ ਮੈਨੂੰ ਮਾਣ ਦਿਤਾ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਆਪਣਾ ਰੰਗ ਰੰਗਾਈਆ । ਉਸ ਦਾ ਇਸ਼ਾਰਾ ਦੇਵੇ ਵਿਸ਼ਨ ਦੀ ਧਾਰ ਥੱਲੇ ਸ਼ੇਸ਼, ਸਹਿਸਰ ਮੁਖ ਨਾਲ ਦ੍ਰਿੜਾਈਆ । ਔਹ ਤਕ ਲੈ ਅਵਤਾਰ ਪੈਗ਼ੰਬਰ ਸਾਰੇ ਪ੍ਰਭ ਦੇ ਹੁੰਦੇ ਅਗੇ ਪੇਸ਼, ਪੇਸ਼ੀਨਗੋਈਆਂ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
੪੧੬ ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਵਿਸਾਖ ਕਹੇ ਪ੍ਰਭੂ ਮੇਰਾ ਨਾਮ ਧਰਿਆ ਵਿਸਾਖੀ, ਵਿਖਮ ਦਾ ਮਾਰਗ ਇਕ ਦ੍ਰਿੜਾਈਆ । ੪੧੬
੨੪ ਮੈਂ ਗੋਬਿੰਦ ਮੰਨੀ ਆਖੀ, ਜੋ ਸਹਿਜ ਨਾਲ ਗਿਆ ਸੁਣਾਈਆ । ਮੈਂ ਤੇਰੀ ਕਰਾਂ ਰਾਖੀ, ਰਖਕ ਹੋ ਕੇ ਵੇਖਾਂ ਚਾਈਂ ਚਾਈਆ । ਮੇਰੇ ਅੰਤਸ਼ਕਰਨ ੨੪
ਇਕ ਖ਼ਬਰ ਅਗੰਮੀ ਭਾਖੀ, ਭਾਖਿਆ ਦੇ ਕੇ ਦਿਆਂ ਸੁਣਾਈਆ । ਚਾਰੋਂ ਕੁੰਟ ਮੇਰੇ ਸਤਿਗੁਰ ਵੇਖ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਜੀਵਣ ਵਿਚੋਂ ਬਦਲੇ ਨਾ ਕੋਇ ਹਯਾਤੀ, ਜ਼ਿੰਦਗੀ ਹੱਥ ਕਿਸੇ ਨਾ ਆਈਆ । ਚਾਰ ਜੁਗ ਦੇ ਸ਼ਾਸਤਰਾਂ ਦਾ ਲਹਿਣਾ ਤਕ ਲੈ ਕਾਗ਼ਜ਼ਾਤੀ, ਅੱਖਰ ਅੱਖਰਾਂ ਨਾਲ ਮਿਲਾਈਆ । ਮੇਰੀ ਇਕ ਬੇਨੰਤੀ ਤੇ ਇਕੋ ਨਿੱਕੀ ਜਿਹੀ ਬਾਤੀ, ਬਾਤਨ ਪੜਦਾ ਦੇਣਾ ਚੁਕਾਈਆ । ਤੇਰੇ ਧਰਮ ਦਾ ਰਿਹਾ ਨਾ ਕੋਇ ਜਮਾਤੀ, ਸਾਚਾ ਸੰਗ ਨਾ ਕੋਇ ਵਖਾਈਆ । ਅੰਮ੍ਰਿਤ ਰਸ ਰਿਹਾ ਨਾ ਕਿਸੇ ਪਰਭਾਤੀ, ਭਾਂਡਾ ਭਰਮ ਨਾ ਕੋਇ ਭੰਨਾਈਆ । ਨਿਗਾਹ ਮਾਰ ਲੈ ਲੋਕਮਾਤੀ, ਮਾਤਰ ਭੂਮੀ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪੜਦਾ ਆਪ ਚੁਕਾਈਆ । ਝਟ ਸਤਿਗੁਰ ਸ਼ਬਦ ਕਹੇ ਸੁਣ ਵਿਸਾਖ ਮੇਰੇ ਮੀਤਾ, ਮਿਤਰਾ ਦਿਆਂ ਜਣਾਈਆ । ਔਹ ਵੇਖ ਲੈ ਕੀ ਇਸ਼ਾਰਾ ਦਿਤਾ ਰਾਮ ਨੇ ਸੀਤਾ, ਸਤਿ ਸਤਿ ਵਿਚ ਸਮਝਾਈਆ । ਕ੍ਰਿਸ਼ਨ ਸੰਦੇਸ਼ਾ ਦੇ ਕੇ ਵਿਚ ਗੀਤਾ, ਪੜਦਾ ਪੜਦਿਆਂ ਵਿਚੋਂ ਉਠਾਈਆ । ਮੂਸਾ ਬਿਨ ਰਸਨਾ ਕਹੇ ਹਦੀਸਾ, ਈਸਾ ਇਸਮ ਆਜ਼ਮ ਇਕ ਸਮਝਾਈਆ । ਮੁਹੰਮਦ ਸਦੀ ਚੌਧਵੀਂ ਦੱਸੀ ਹਕ ਤੌਫ਼ੀਕਾ, ਤੋਹਫ਼ੇ ਦਿਤੇ ਖਲਕ ਖ਼ੁਦਾਈਆ । ਨਾਨਕ ਨਿਰਗੁਣ ਧਾਰ ਬਦਲ ਦਿਤੀ ਤਵਾਰੀਖਾ, ਤਾਰੀਖ ਸ਼ਬਦ ਵਾਲੀ ਜਣਾਈਆ । ਗੋਬਿੰਦ ਖੰਡੇ ਧਾਰ ਮਾਰ ਕੇ ਲੀਕਾਂ, ਲਾਇਨ ਲਾਇਨ ਵਿਚੋਂ ਵਖਾਈਆ । ਵਿਸਾਖੀਏ ਤੇਰੇ ਧਰਮ ਧਾਰ ਦੀ ਰੀਤਾ, ਮੰਦਰ ਮਸੀਤਾਂ ਬਾਹਰ ਸਮਝਾਈਆ । ਇਕੋ ਰੰਗ ਰੰਗਾਉਣਾ ਹਸਤ ਕੀਟਾ, ਊਚਾਂ ਨੀਚਾਂ

ਵੰਡ ਨਾ ਕੋਇ ਵੰਡਾਈਆ । ਨਾਮ ਅੰਮ੍ਰਿਤ ਰਸ ਦੇ ਕੇ ਮੀਠਾ, ਅਨਰਸ ਦਿਆਂ ਚਖਾਈਆ । ਅਗਲਾ ਖੇਲ ਕਰਾਏ ਅਨਡੀਠਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਸਾਹਿਬ ਇਕ ਗੁਸਾਈਆ । ਸਤਿਗੁਰ ਸ਼ਬਦ ਕਹੇ ਵਿਸਾਖੀ ਖੇਲ ਤਕ ਲੈ ਬੇਪ੍ਰਵਾਹ, ਜੋ ਬੇਪਰਵਾਹੀ ਵਿਚ ਸਮਾਈਆ । ਨੌਂ ਸੌ ਚੁਰਾਨਵੇ ਚੌਕੜੀ ਜੋ ਬਣਿਆ ਰਿਹਾ ਮਲਾਹ, ਖੇਵਟ ਖੇਟਾ ਧੁਰਦਰਗਾਹੀਆ । ਜਿਸ ਨੇ ਅਵਤਾਰ ਪੈਗ਼ੰਬਰਾਂ ਗੁਰੂਆਂ ਦੱਸਿਆ ਰਾਹ, ਰਸਤਾ ਨਾਮ ਕਲਮੇ ਵਾਲਾ ਜਣਾਈਆ । ਸੁਰਤੀ ਸ਼ਬਦ ਦਿਤੀ ਸਲਾਹ, ਮਸ਼ਵਰਾ ਆਪਣਾ ਹੁਕਮ ਰਖਾਈਆ । ਅੰਤਰ ਕਹਿ ਕੇ ਵਾਹ ਵਾਹ, ਵਾਹਿਗੁਰੂ ਸ਼ਬਦ ਦਿਤਾ ਦ੍ਰਿੜਾਈਆ । ਖੇਲ ਦੱਸ ਕੇ ਥਲ ਅਸਗਾਹ, ਮਹੀਅਲ ਆਪਣਾ ਰੰਗ ਰੰਗਾਈਆ । ਅਵਤਾਰ ਪੈਗ਼ੰਬਰ ਗੁਰ ਭੇਵ ਅਭੇਦਾ ਆਪ *ਤੋਂ ਖੁਲ੍ਹਾ, ਖ਼ਾਲਕ ਖ਼ਲਕ ਦਿਤਾ ਸਮਝਾਈਆ । ਅਵਤਾਰ ਪੈਗ਼ੰਬਰਾਂ ਪੰਧ ਮੁਕਾ, ਗੁਰੂਆਂ ਗੋਬਿੰਦ ਜੋਤ ਕੀਤੀ ਰੁਸ਼ਨਾਈਆ । ਅੰਮ੍ਰਿਤ ਰਸ ਆਤਮ ਧਾਰ ਚੁਆ, ਰਸ ਰਸ ਵਿਚੋਂ ਪਰਗਟਾਈਆ । ਖੰਡਾ ਖੜਗ ਖੜਗ ਛੁਹਾ, ਸ਼ੌਹਰ ਬਾਂਕੇ ਦਏ ਵਡਿਆਈਆ । ਵਰਨ ਬਰਨ ਮੇਟ ਮਿਟਾ, ਜ਼ਾਤ ਪਾਤ ਦਾ ਡੇਰਾ ਢਾਹੀਆ । ਸਚ ਸਚ ਦਾ ਰੰਗ ਰੰਗਾ, ਰੰਗਤ ਨਾਮ ਵਾਲੀ ਵਖਾਈਆ । ਗੁਰਮੁਖ ਗੁਰਸਿਖ ਹਰਿਜਨ ਸੰਤ ਸੁਹੇਲੇ ਆਪਣੇ ਅੰਗ ਲਗਾ, ਅੰਗੀਕਾਰ ਆਪ ਹੋ ਜਾਈਆ । ਪੰਜਾਂ ਤਤਾਂ ਪੰਚਮ ਮੇਲਾ ਲਏ ਮਿਲਾ, ਪੰਚਮ ਮੀਤਾ ਹੋਏ ਸਹਾਈਆ । ਪੰਚਮ ਸ਼ਬਦ ਨਾਦ ਧੁਨ ਜਣਾ, ਅੰਤਰ ਆਤਮ ਰਾਗ ਦ੍ਰਿੜਾਈਆ । ਪੰਚ ਵਿਕਾਰਾ ਮੋਹ ਚੁਕਾ, ਅੰਮ੍ਰਿਤ ਰਸ ਰਸ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਸਾਚਾ ਵਕ਼ਤ ਸੁਹਾਈਆ । ਵਿਸਾਖ ਕਹੇ ਸਤਿਗੁਰ ਸ਼ਬਦ ਜੁਗ ਕੇਤੇ ਗਏ ਲੰਘਦੇ, ਆਪਣਾ ਪੰਧ ਮੁਕਾਈਆ । ਗੁਰ ਅਵਤਾਰ ਪੈਗ਼ੰਬਰ ਗਏ ਮੰਗਦੇ, ਪ੍ਰਭ ਅਗੇ ਝੋਲੀਆਂ ਡਾਹੀਆ । ਖੇਲ ਵੇਖਦੇ ਰਹੇ ਤਤ ਪੰਜ ਦੇ, ਪੰਚਮ ਪੰਚਮ ਫੋਲ ਫੁਲਾਈਆ । ਅੰਤਮ ਜੋ ਖੇਲ ਖਿਲਾਏ ਗੋਬਿੰਦ ਨੂਰੀ ਚੰਦ ਨੇ, ਚੰਦ ਚਾਂਦਨਿਆਂ ਬਾਹਰ ਰੁਸ਼ਨਾਈਆ । ਜਿਸ ਭੇਵ ਖੁਲ੍ਹਾਏ ਬ੍ਰਹਮ ਹੰ ਦੇ, ਹੰ ਬ੍ਰਹਮ ਦਿਤਾ ਸਮਝਾਈਆ । ਜਿਸ ਧਾਰੇ ਆਦਿ ਜੁਗਾਦਿ ਨਿਰਗੁਣ ਧਾਰ ਭਗਤ ਸੰਤ ਗੁਰਮੁਖ ਗੁਰਸਿਖ ਜੰਮਦੇ, ਆਪ ਬਣੇ ਜਣੇਂਦੀ ਮਾਈਆ । ਖੇਲ ਖਿਲਾ ਕੇ ਕਾਇਆ ਮਾਟੀ ਚੰਮ ਦੇ, ਚੰਮ ਦ੍ਰਿਸ਼ਟੀ ਦਿਤੀ ਬਦਲਾਈਆ । ਲੇਖੇ ਪੂਰਾ ਕਰ ਦੇ ਪਵਣ ਸਵਾਸੀ ਦਮ ਦੇ, ਦਾਮਨਗੀਰ ਆਪ ਅਖਵਾਈਆ । ਸੰਸਾ ਰਹੇ ਨਾ ਹਰਖ ਸੋਗ ਗ਼ਮ ਦੇ, ਚਿੰਤਾ ਚਿਖਾ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਵਿਸਾਖ ਕਹੇ ਸਤਿਗੁਰ ਸ਼ਬਦ ਮੇਰੇ ਕੋਲ ਲੇਖ ਜਿਸ ਦਾ ਕੋਈ ਨਾ ਜਾਣੇ ਅੱਖਰ, ਜਗਤ ਵੰਡ ਨਾ ਕੋਇ ਵੰਡਾਈਆ । ਆਹ ਵੇਖ ਜਿਸ ਦੇ ਗੋਬਿੰਦ ਲੱਭਾ ਸਥਰ, ਯਾਰੜਾ ਸੇਜ ਹੰਢਾਈਆ । ਨੇਤਰ ਵਿਰੋਲਿਆ ਮੂਲ ਨਾ ਅੱਥਰ, ਹੰਝੂਆਂ ਹਾਰ ਨਾ ਕੋਇ ਰਖਾਈਆ । ਜਿਸ ਨੂੰ ਕਥਨੀ ਕਰੇ ਕੋਈ ਨਾ ਕਥਨ, ਕਥ ਕਥ ਨਾ ਕੋਇ ਸਮਝਾਈਆ । ਵਿਸਾਖ ਕਹੇ ਮੇਰੇ ਉਤੇ ਭੇਦ ਆਇਆ ਦੱਸਣ, ਵਿਸਾਖੀ ਗੋਬਿੰਦ ਵਾਲੀ ਨਾਲ ਮਿਲਾਈਆ । ਜਿਸ ਲੇਖ ਮੁਕਾਵਣਾ ਹੱਥੋ ਹੱਥਣ, ਜਗਤ ਉਧਾਰ ਨਾ ਕੋਇ ਜਣਾਈਆ । ਜਿਸ ਮੇਰੀ ਧਾਰ ਆਉਣਾ ਮਥਣ, ਰਿੜਕੇ ਖ਼ਲਕ ਖ਼ੁਦਾਈਆ । ਮੇਰਾ ਰੋਗ ਆਵੇ ਕੱਟਣ, ਕਟਾਕਸ਼ ਆਪਣਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ


੪੧੭ ੨੪

ਦਾ ਮਾਲਕ ਦਇਆ ਕਮਾਈਆ । ਵਿਸਾਖ ਕਹੇ ਸਤਿਗੁਰ ਸ਼ਬਦ ਮੇਰੀ ਵੇਖ ਅਗੰਮੀ ਤਕ਼ਦੀਰ, ਕ਼ੁਦਰਤ ਦੇ ਕ਼ਾਦਰ ਦਿਤੀ ਜਣਾਈਆ । ਜਿਸ ਨੂੰ ਕਰ ਸਕੇ ਨਾ ਕੋਇ ਤਹਿਰੀਰ, ਤਾਰੀਖ ਵਿਚ ਨਾ ਸਿਫ਼ਤ ਸਲਾਹੀਆ । ਜਿਸ ਨੂੰ ਲਖ ਸਕੇ ਨਾ ਕੋਈ ਫ਼ਕੀਰ, ਫ਼ਿਕਰੇ ਢੋਲੇ ਨਾ ਕੋਇ ਗਾਈਆ । ਜਿਸਦਾ ਖੇਲ ਤੱਕਿਆ ਕਬੀਰ, ਕ਼ਬਰਾਂ ਤੋਂ ਬਾਹਰ ਵੇਖ ਵਖਾਈਆ । ਅੰਤ ਕਹਿ ਕੇ ਬੇਨਜ਼ੀਰ, ਨਜ਼ਰੀਆ ਆਪ ਭੁਆਈਆ । ਸ਼ਬਦ ਕਿਹਾ ਉਹ ਮਾਲਕ ਪੀਰਾਂ ਦਾ ਪੀਰ, ਪੈਗ਼ੰਬਰਾਂ ਦਾ ਪੈਗ਼ੰਬਰ ਨੂਰ ਅਲਾਹੀਆ । ਜਿਸ ਨੂੰ ਕਹਿੰਦੇ ਲਾਤਸਵੀਰ, ਤਸੱਵਰ ਕਰ ਨਾ ਕੋਇ ਸਮਝਾਈਆ । ਜਿਸ ਦਾ ਨਾਮ ਖੰਡਾ ਸ਼ਮਸ਼ੀਰ, ਸ਼ਰਅ ਸ਼ਰਅ ਵਿਚੋਂ ਉਲਟਾਈਆ । ਉਹ ਲੇਖਾ ਜਾਣੇ ਸ਼ਾਹ ਹਕੀਰ, ਹਕੀਕ਼ਤ ਆਪਣੀ ਇਕ ਪਰਗਟਾਈਆ । ਜੋ ਨਿਰਗੁਣ ਧਾਰ ਸ਼ਹਿਨਸ਼ਾਹ ਤੇ ਸੰਮਤ ਸ਼ਹਿਨਸ਼ਾਹੀ ਜਿਸ ਦਾ ਵਜ਼ੀਰ, ਵਜ਼ਾਰਤ ਜਗਤ ਦਏ ਬਦਲਾਈਆ । ਜੋ ਗੋਬਿੰਦ ਧਾਰ ਅੰਮ੍ਰਿਤ ਰਸ ਚਖਾਏ ਸੀਰ, ਅੰਮਿਉਂ ਰਸ ਆਪ ਚੁਆਈਆ । ਉਹ ਮਾਲਕ ਗਹਿਰ ਗੰਭੀਰ, ਗਵਰ ਇਕ ਅਖਵਾਈਆ । ਜਿਸ ਦਾ ਖੇਲ ਬਿਨਾ ਸਰੀਰ, ਤਨ ਵਜੂਦ ਸੋਭਾ ਪਾਈਆ । ਜਿਸ ਨੇ ਅੰਤ ਚਰਨਾ ਦੂਰ ਰਖਣੇ ਸਮੁੰਦ ਸਾਗਰਾਂ ਨੀਰ, ਜਲਾਂ ਥਲਾਂ ਭੇਵ ਕੋਇ ਨਾ ਆਈਆ । ਧਰਨੀ ਧਰਤ ਧਵਲ ਧੌਲ ਕ਼ੀਮਤ ਰਹੇ ਨਾ ਕੋਇ ਕਸੀਰ, ਕਸੀਰਾ ਰਵਿਦਾਸ ਦਾ ਦਏ ਗਵਾਹੀਆ । ਅੰਤ ਸ਼ਰਅ ਦੇ ਤੋੜੇ ਜ਼ੰਜੀਰ, ਸ਼ਰੀਅਤ ਆਪਣਾ ਹੁਕਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਂਆ । ਵਿਸਾਖੀ ਕਹੇ ਪ੍ਰਭੂ ਮੈਂ ਗੋਬਿੰਦ ਦੀ ਧਾਰ ਆਈ ਦੋ ਸੌ ਸਤਤਰ ਸਾਲ ਬਾਦ, ਬਾਦੇ ਸਹਰ ਸੀਸ ਨਿਵਾਈਆ । ਮੈਂ ਅੱਜ ਵਖਰੀ ਮੰਗਣੀ ਦਾਦ, ਦੀਦਾ ਦਾਨਿਸਤਾ ਤੇਰੇ ਅਗੇ ਵਾਸਤਾ ਪਾਈਆ । ਤੂੰ ਸੁਆਮੀ ਮੇਰਾ ਆਦਿ ਜੁਗਾਦਿ, ਜੁਗ ਜੁਗ ਤੇਰੀ ਓਟ ਰਖਾਈਆ । ਤੇਰਾ ਨਾਮ ਸੁਣਦੀ ਰਹੀ ਨਾਦ, ਕਲਮੇ ਕਲਮਿਆਂ ਨਾਲ ਸ਼ਨਵਾਈਆ । ਤੇਰਾ ਖੇਲ ਤਕਿਆ ਮੋਹਣ ਮਾਧਵ ਮਾਧ, ਮਾਧਵ ਤੇਰੇ ਹੱਥ ਵਡਿਆਈਆ । ਨਿਗਾਹ ਮਾਰ ਲੈ ਸਤਿ ਧਰਮ ਮੇਰੇ ਉਤੇ ਹੋਇਆ ਬਰਬਾਦ, ਸਚ ਵਿਚ ਨਾ ਕੋਇ ਸਮਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਮੈਨੂੰ ਕਰ ਦੇ ਆਜ਼ਾਦ, ਮਿਹਰ ਨਜ਼ਰ ਨਜ਼ਰ ਉਠਾਈਆ । ਮੇਰੇ ਅੰਤਸ਼ਕਰਨ ਮੇਟ ਦੇ ਵਾਦ ਵਿਵਾਦ, ਵਿਖ ਅੰਦਰੋਂ ਬਾਹਰ ਕਢਾਈਆ । ਮੇਰੇ ਵਡ ਵਡ ਕਰ ਭਾਗ, ਵਡਭਾਗਣ ਹੋਵਾਂ ਵਿਚ ਖ਼ਲਕ ਖ਼ੁਦਾਈਆ । ਸੁੱਤੀ ਦੀ ਖੋਲ੍ਹ ਦੇ ਜਾਗ, ਵਿਚ ਲੋਚਨ ਨੈਣ ਕਰ ਰੁਸ਼ਨਾਈਆ । ਆਪਣੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤਕ ਲੈ ਬਣੀ ਕਾਗ, ਕਾਗ ਹੰਸ ਨਾ ਕੋਇ ਰੂਪ ਬਦਲਾਈਆ । ਰਸਨਾ ਜਿਹਵਾ ਕੂੜੀ ਕਿਰਿਆ ਬੁਝਾਏ ਕੋਈ ਨਾ ਆਗ, ਗੋਬਿੰਦ ਅੰਮ੍ਰਿਤ ਹੱਥ ਕਿਸੇ ਨਾ ਆਈਆ । ਵਿਸਾਖੀ ਕਹੇ ਮੈਂ ਲੂਲ੍ਹੀ ਲੰਗੜੀ ਹੋਈ ਅਪਾਹਜ, ਕ਼ਦਮ ਸਕਾਂ ਨਾ ਅਗੇ ਉਠਾਈਆ । ਮੇਰੇ ਸਾਹਿਬ ਸਤਿਗੁਰ ਪਰਮ ਪੁਰਖ ਪਰਮਾਤਮ ਕੂੜੀ ਕਿਰਿਆ ਮੇਰੇ ਉਤੋਂ ਬਦਲ ਦੇ ਰਾਜ, ਰੰਗ ਆਪਣਾ ਇਕ ਰੰਗਾਈਆ । ਸਚ ਪਿਆਰ ਬਖ਼ਸ਼ ਦੇ ਇਕ ਸਮਾਜ, ਸਮਗਰੀ ਇਕੋ ਇਕ ਵਰਤਾਈਆ । ਤੂੰ ਮਾਲਕ ਅਗੰਮ ਅਥਾਹ ਗੋਬਿੰਦ ਧਾਰ ਜਿਸ ਖੇਲ ਖੇਲਿਆ ਵਿਚ ਪੰਜ ਆਬ, ਪੰਚਮ ਮੇਲਾ ਮੇਲਣਾ ਸਹਿਜ ਸੁਭਾਈਆ । ਤੈਨੂੰ ਪੈਗ਼ੰਬਰਾਂ ਕਿਹਾ ਜਨਾਬ, ਮੈਂ ਵੀ ਜਨਾਬੇਆਲੀ ਕਹਿ ਕੇ ਸੀਸ ਨਿਵਾਈਆ । ਮੈਨੂੰ ਦੇ ਖ਼ਤਾਬ, ਖ਼ਤਾ ਮੇਰੀ ਮੁਆਫ਼ ਕਰਾਈਆ । ਉਹ ਲੇਖ ਵੇਖ ਜੋ ਨਾਨਕ ਦਸ ਕੇ ਆਇਆ ਵਿਚ ਬਗ਼ਦਾਦ, ਬਗ਼ਲਗੀਰ ਬਗ਼ਲੀਆਂ ਬਗ਼ਲ ਵਿਚ ਰਖਾਈਆ । ... ... ... ... ... ... ... ... ...


੪੧੮
੨੪

✪ ੬ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਅਰਜਨ ਸਿੰਘ ਦੇ ਗ੍ਰਿਹ ਡੀਟਰਾਇਟ ੨੨੧ ਫ਼ਾਰਚੂਨ ਯੂ੦ ਐਸ੦ ਏ੦ ✪

ਧਰਨੀ ਕਹੇ ਮੇਰਾ ਖ਼ੁਸ਼ੀਆਂ ਵਾਲਾ ਦਿਹਾੜਾ ਛੇ ਵਿਸਾਖ, ਵਦੀ ਸੁਦੀ ਵੰਡ ਨਾ ਕੋਇ ਵੰਡਾਈਆ । ਮੇਰੇ ਅੰਤਸ਼ਕਰਨ ਅਗੰਮੀ ਆਈ ਭਾਖ, ਜਿਸ ਨੂੰ ਜਗਤ ਵਿਦਿਆ ਅੱਖਰਾਂ ਵਿਚ ਨਾ ਕੋਇ ਗਾਈਆ । ਜੋ ਸਚ ਸੰਦੇਸ਼ਾ ਨਰ ਨਰੇਸ਼ਾ ਬਿਨ ਤਨ ਵਜੂਦ ਬਾਵਨ ਗਿਆ ਆਖ, ਬਿਨ ਰਸਨਾ ਜਿਹਵਾ ਢੋਲੇ ਸੋਹਲੇ ਸ਼ਬਦ ਸੁਣਾਈਆ । ਅੰਤ ਕੰਤ ਭਗਵੰਤ ਖੇਲ ਕਰੇ ਅਲਖਣਾ ਅਲਾਖ, ਅਲਖ ਅਗੋਚਰ ਅਗੰਮ ਅਥਾਹ ਆਪਣਾ ਖੇਲ ਖਿਲਾਈਆ । ਮੈਂ ਬੇਨੰਤੀ ਕੀਤੀ ਨਿਮਾਣੀ ਹੋ ਕੇ ਅਨਾਥਨ ਨਾਥ, ਦੀਨਨ ਹੋ ਕੇ ਸੀਸ ਝੁਕਾਈਆ । ਕਿਰਪਾ ਕਰ ਮੇਰੇ ਪਰਮ ਪੁਰਖ ਸਮਰਾਥ, ਪਾਰਬ੍ਰਹਮ ਭੇਵ ਅਭੇਦ ਖੁਲ੍ਹਾਈਆ । ਮੈਂ ਖ਼ਾਲੀ ਬਿਨਾ ਹੱਥਾਂ ਉਠਾਏ ਹਾਥ, ਧਰਨੀ ਕਹੇ ਆਸਮਾਨਾਂ ਬਾਹਰ ਧਿਆਨ ਲਗਾਈਆ । ਝਟ ਸ਼ਬਦ ਅਗੰਮੀ ਸੁਣੀ ਬਾਤ, ਜਿਸ ਦਾ ਚਾਰ ਜੁਗ ਦੇ ਸ਼ਾਸਤਰ ਭੇਵ ਨਾ ਕੋਇ ਖੁਲ੍ਹਾਈਆ । ਮੈਂ ਨਿਵ ਨਿਵ ਟੇਕਿਆ ਮਾਥ, ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਨਾਲ ਚਰਨ ਕਵਲ ਕੀਤੀ ਡੰਡਾਵਤ, ਬੰਦਨਾ ਵਿਚ ਸੀਸ ਨਿਵਾਈਆ । ਪਰਮ ਪੁਰਖ ਚਰਨ ਧੂੜ ਦੇਣੀ ਨਿਆਮਤ, ਨਿਰਾਕਾਰ ਨਿਰੰਕਾਰ ਆਪਣਾ ਰੰਗ ਰੰਗਾਈਆ । ਮੇਰੇ ਅੰਤਰ ਤੇਰੇ ਪਿਆਰ ਦੀ ਰਹੇ ਅਮਾਨਤ, ਜੁਗ ਚੌਕੜੀ ਸਕੇ ਨਾ ਕੋਇ ਮਿਟਾਈਆ । ਤੂੰ ਮਾਲਕ ਖ਼ਾਲਕ ਨੂਰ ਨੁਰਾਨਾ ਸਹੀ ਸਲਾਮਤ, ਸਾਹਿਬ ਸੁਆਮੀ ਅੰਤਰਜਾਮੀ ਇਕ ਅਖਵਾਈਆ । ਜੁਗ ਚੌਕੜੀ ਮੇਰੇ ਉਤੇ ਕਿਉਂ ਹੁੰਦੀ ਰਹੀ ਕਿਆਮਤ, ਨਵ ਸਤ ਵੇਖਣਾ ਥਾਉਂ ਥਾਈਆ । ਮਿਹਰਵਾਨਾ ਮਹਿਬੂਬਾ ਤੇਰੇ ਹੁਕਮ ਨਾਲ ਮੇਰੀ ਬਣੀ ਬਨਾਵਟ, ਉੱਤਰ ਪੂਰਬ ਪੱਛਮ ਦੱਖਣ ਸਮਝ ਕੋਇ ਨਾ ਪਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਮੇਰੇ ਅੰਤਸ਼ਕਰਨ ਆਵੇ ਥਕਾਵਟ, ਦਿਵਸ ਰੈਣ ਭੱਜਾਂ ਵਾਹੋ ਦਾਹੀਆ । ਦਰੋਹੀ ਕਿਉਂ ਮੇਰੇ ਉਤੇ ਹੋਈ ਬਗ਼ਾਵਤ, ਬਗ਼ਲਗੀਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਜਿਸ ਵੇਲੇ ਬਾਵਨ ਨਿਰਗੁਣ ਸ਼ਬਦੀ ਧਾਰ ਮੇਰੇ ਉਤੋਂ ਲੰਘਿਆ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੇਰਾ ਖ਼ੁਸ਼ੀਆਂ ਨਾਲ ਅੰਗਨ ਗਿਆ ਰੰਗਿਆ, ਲਾਲ ਗੁਲਾਲ ਅਗੰਮ ਰੰਗ ਰੰਗਾਈਆ । ਪ੍ਰੇਮ ਪਿਆਰ 'ਚ ਦਾਸੀ ਹੋ ਇਕੋ ਪਿਆਰ ਮੰਗਿਆ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰੇ ਪਰਮ ਪੁਰਖ ਪਰਮਾਤਮ ਦੀਨ ਦੁਨੀ ਸਚ ਚੜ੍ਹਾਉਣਾ ਚੰਦਿਆ, ਬਿਨ ਸੂਰੀਆ ਚੰਦ ਕਰੇ ਰੁਸ਼ਨਾਈਆ । ਬਾਵਨ ਖ਼ੁਸ਼ੀ ਵਿਚ ਕਿਹਾ ਜਿਸ ਵੇਲੇ ਸਤਿਜੁਗ ਤ੍ਰੇਤਾ ਦੁਆਪਰ ਲੰਘਿਆ, ਕਲਜੁਗ ਅੰਤ ਵੇਖ ਵਖਾਈਆ । ਸਤਿਗੁਰ ਸ਼ਬਦ ਖੇਲ ਕਰੇ ਪੁਰੀ ਅਨੰਦਿਆ, ਗੋਬਿੰਦ ਗੋਬਿੰਦ ਗੋਬਿੰਦ ਰੰਗ ਰੰਗਾਈਆ । ਜਿਸ ਦਾ ਲਹਿਣਾ ਦੇਣਾ ਅੰਤਮ ਹੋਣਾ ਨਵ ਖੰਡਿਆ, ਸੱਤ ਦੀਪ ਸੋਭਾ ਪਾਈਆ । ਜੋ ਵੇਖੇ ਵਿਗਸੇ ਦੋ ਜਹਾਨ ਬ੍ਰਹਿਮੰਡਿਆ, ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਧਿਆਨ ਲਗਾਈਆ । ਲੇਖ ਮੁਕਾਏ ਅੰਤਮ ਉਤਭੁਜ ਸੇਤਜ ਜੇਰਜ ਅੰਡਿਆ, ਚਾਰੇ ਖਾਣੀ ਖੋਜ ਖੁਜਾਈਆ । ਨਾਮ ਨਿਧਾਨ ਵਖਾਏ ਖੰਡ ਖੰਡਿਆ, ਖੜਗ ਇਕ ਪਰਗਟਾਈਆ । ਜਿਸ ਨੇ ਦੀਨ ਦੁਨੀ ਵਿਚ ਜਗਤ ਜਹਾਨ ਵੰਡਿਆ, ਨਾਮ ਕਲਮੇ ਸੰਗ ਬਣਾਈਆ । ਉਹ ਧਰਨੀਏ ਤੇਰਾ ਵੇਖੇ ਅੰਤਮ ਕੰਢਿਆ, ਕੰਢੀ ਘਾਟ ਆਪਣਾ ਡੇਰਾ ਲਾਈਆ । ਸਤਿਗੁਰ ਧਾਰ ਏਕੰਕਾਰ ਭੇਵ ਖੁਲ੍ਹਾਏ ਅਗੰਮੀ ਡੰਡਿਆ, ਡੰਡਾਵਤ

ਸਭ ਦੀ ਦਏ ਬਦਲਾਈਆ । ਤੇਰਾ ਧਰਮ ਸੁਹਾਗ ਹੋਣ ਨਾ ਦੇਵੇ ਰੰਡਿਆ, ਸ਼ਾਹੋ ਭੂਪ ਮਿਹਰ ਨਜ਼ਰ ਉਠਾਈਆ । ਉਸ ਵੇਲੇ ਨਿਸ਼ਾਨ ਹੋਣਾ ਤਾਰਾ ਚੰਦਿਆ, ਸੂਰੀਆ ਭਾਨ ਪਰਦਾ ਪਰਦਿਆਂ ਵਿਚੋਂ ਚੁਕਾਈਆ । ਧਵਲ ਤੇਰਾ ਮੇਟਣਾ ਹੱਦ ਬੰਨਿਆ, ਧਰਨੀ ਵੇਖਣਾ ਚਾਈਂ ਚਾਈਆ । ਮਾਨਵ ਧਾਰ ਮਨ ਮਨਸਾ ਹੋਣੀ ਗੰਦਿਆ, ਸਚ ਸਤਿ ਵਿਚ ਨਾ ਕੋਇ ਸਮਾਈਆ । ਕਲਜੁਗ ਕੂੜ ਵਿਕਾਰ ਹੋਣਾ ਧੰਦਿਆ, ਧਰਮ ਦੀ ਧਾਰ ਨਾ ਕੋਇ ਪਰਗਟਾਈਆ । ਮਾਨਸ ਮਾਨਸ ਪਿਆਰ ਹੋਵੇ ਨਾ ਕਿਸੇ ਬੰਦਿਆ, ਬੰਦਗੀ ਵਿਚ ਨਾ ਕੋਇ ਸਮਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਉਸ ਵੇਲੇ ਵਕ਼ਤ ਹੋਣਾ ਲੰਘਿਆ, ਪਿਛਲਾ ਪੰਧ ਨਾ ਕੋਇ ਜਣਾਈਆ । ਫਿਰਨੀ ਦਰੋਹੀ ਜੰਗਲ ਜੂਹ ਉਜਾੜ ਬੇਲੇ ਡੂੰਘੇ ਡਲਿਆ, ਸ਼ੌਹ ਦਰਿਆ ਦੇਣ ਦੁਹਾਈਆ । ਜਗਤ ਨੇਤਰ ਜਹਾਨ ਹੋਣਾ ਅੰਧਿਆ, ਨਿਜ ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਅੰਮ੍ਰਿਤ ਰਸ ਰਹਿਣਾ ਨਹੀਂ ਗੰਗਿਆ, ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਹੀਆ । ਨਵਖੰਡ ਤੇਰੇ ਉਤੇ ਵਧੇ ਪਖੰਡਿਆ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਕੂੜ ਕਲਪਨਾ ਹੋਵੇ ਘੁਮੰਡਿਆ, ਨਿਮਰਤਾ ਵਿਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੈਂ ਬਾਵਨ ਅਗੇ ਕੀਤੀ ਮਿੰਨਤ, ਬਿਨ ਆਸਾ ਜਗਤ ਜਣਾਈਆ । ਨਿਗਾਹ ਮਾਰੀ ਮੇਰੀ ਸਿੰਮਤ, ਦਿਸ਼ਾ ਕੂਟ ਵੰਡ ਨਾ ਕੋਇ ਵੰਡਾਈਆ । ਜਿਸ ਵੇਲੇ ਤੇਰੀ ਸ੍ਰਿਸ਼ਟੀ ਹੋਈ ਨਿੰਦਕ, ਸਚ ਵਿਚ ਨਾ ਕੋਇ ਸਮਾਈਆ । ਧਰਮ ਦੀ ਰਹੇ ਕੋਈ ਨਾ ਹਿੰਮਤ, ਹੌਸਲਾ ਹੱਥ ਕਿਸੇ ਨਾ ਆਈਆ । ਮੇਰੀ ਕਲਪਣਾ ਵਾਲੀ ਮੇਟਣੀ ਚਿੰਦ, ਚਿੰਤਾ ਚਿਖਾ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰੀ ਖ਼ੁਸ਼ੀਆਂ ਵਾਲੀ ਡੇਟ, ਡੀਟਰੇਟ ਵਿਚ ਧਿਆਨ ਲਗਾਈਆ । ਮੈਂ ਚਾਰ ਜੁਗ ਕੀਤਾ ਵੇਟ, ਬਿਨ ਨੇਤਰ ਲੋਚਨ ਨੈਣ ਅੱਖ ਉਠਾਈਆ । ਕਿਸ ਵੇਲੇ ਮੇਰਾ ਮਹਿਬੂਬ ਮਾਹੀ ਆਵੇ ਖੇਵਟ ਖੇਟ, ਖ਼ਾਲਕ ਖ਼ਲਕ ਨੂਰ ਅਲਾਹੀਆ । ਮੈਂ ਦਰਸ਼ਨ ਕਰਾਂ ਨੇਤਨ ਨੇਤ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਜੋ ਨਿਰਗੁਣ ਸਰਗੁਣ ਕਰੇ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਮੇਰਾ ਪੂਰਬ ਖੋਲ੍ਹੇ ਭੇਤ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਮੈਂ ਸਚ ਦੱਸਾਂ ਜਿਸ ਕਾਰਨ ਗੁਰ ਅਰਜਨ ਸੀਸ ਪੁਆਈ ਤੱਤੀ ਰੇਤ, ਤੱਤੀ ਤਵੀ ਸੋਭਾ ਪਾਈਆ । ਤਨ ਵਜੂਦ ਕਰਕੇ ਖੇਤ, ਪੰਜਾਂ ਤਤਾਂ ਸੰਗ ਛੁਡਾਈਆ । ਉਹ ਹੋਕਾ ਦੇ ਕੇ ਗਿਆ ਸੰਦੇਸ਼, ਸੰਦੇਸ਼ਾ ਧੁਰਦਰਗਾਹੀਆ । ਕਲਜੁਗ ਅੰਤ ਕਿਰਪਾ ਕਰੇ ਨਰ ਨਰੇਸ਼, ਨਰ ਨਰਾਇਣ ਅਗੰਮ ਅਥਾਹੀਆ । ਜਿਸ ਦੇ ਅਗੇ ਸਾਰੇ ਹੋਏ ਪੇਸ਼, ਪੇਸ਼ੀਨਗੋਈਆਂ ਆਪਣੀਆਂ ਹੱਥ ਉਠਾਈਆ । ਉਹ ਕਰੇ ਅਵਲੜਾ ਭੇਸ, ਭੇਖਾਧਾਰੀ ਆਪਣਾ ਵੇਸ ਵਟਾਈਆ । ਜਿਸ ਦਾ ਨਜ਼ਰ ਨਾ ਆਏ ਮੁੱਛ ਦਾਹੜੀ ਕੇਸ, ਕੇਸਗੜ੍ਹ ਦਾ ਲੇਖਾ ਗੋਬਿੰਦ ਨਾਲ ਮਿਲਾਈਆ । ਜੋ ਆਦਿ ਜੁਗਾਦਿ ਰਹੇ ਹਮੇਸ਼, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰਗਾਹ ਸਾਚੀ ਸੋਭਾ ਪਾਈਆ । ਸੋ ਧਰਨੀਏ ਤੇਰੇ ਉਤੋਂ ਮੇਟੇ ਕਲੇਸ਼, ਕਲ ਕਲਕੀ ਆਪਣੀ ਕਲ ਵਰਤਾਈਆ । ਇਸ ਦਾ ਇਸ਼ਾਰਾ ਸੋ ਦਿਤਾ ਗੋਬਿੰਦ ਦਸ ਦਸਮੇਸ਼, ਮਾਛੂਵਾੜਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆਂ । ਧਰਨੀ ਕਹੇ ਮੈਂ ਬਾਵਨ ਅਗੇ ਕੀਤੀ ਅਰਦਾਸ, ਬਿਨ ਸੀਸ ਸੀਸ ਨਿਵਾਈਆ । ਮੇਰੀ ਬੇਨੰਤੀ ਸੁਣ ਉਤੇ ਆਕਾਸ਼, ਅਕਾਸ਼ ਅਕਾਸ਼ਾਂ ਤੋਂ ਪਰੇ ਧਿਆਨ ਲਗਾਈਆ । ਮੈਂ

ਤੇਰੀ ਮੰਡਲ ਮੰਡਪ ਤਕਾਂ ਰਾਸ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਮੇਰੇ ਪਰਮ ਪੁਰਖ ਪਰਮਾਤਮ ਤੂੰ ਆਉਣਾ ਮੇਰੇ ਪਾਸ, ਪਾਸਾ ਦੀਨ ਦੁਨੀ ਬਦਲਾਈਆ । ਸਤਿਗੁਰ ਸ਼ਬਦ ਸੰਦੇਸ਼ਾ ਦਿਤਾ ਖ਼ਾਸ, ਬਿਨ ਅੱਖਰਾਂ ਅੱਖਰ ਦ੍ਰਿੜਾਈਆ । ਧਰਨੀਏ ਤੂੰ ਨਾ ਹੋਈਂ ਉਦਾਸ, ਉਦਾਸੀ ਚਿੰਤਾ ਨਾ ਕੋਇ ਜਣਾਈਆ । ਉਹ ਵੇਖ ਕੀ ਆਸ਼ਾ ਰਖੀ ਬੈਠਾ ਸ਼ੰਕਰ ਉਤੇ ਕੈਲਾਸ਼, ਕਲਧਾਰੀ ਆਪਣਾ ਧਿਆਨ ਲਗਾਈਆ । ਜਿਸ ਵੇਲੇ ਸਤਿ ਸਚ ਪ੍ਰਭੂ ਦਾ ਨਾਮ ਰਿਹਾ ਨਾ ਕਿਸੇ ਵਿਚ ਸਵਾਸ, ਸਾਹ ਸਾਹ ਨਾ ਕੋਇ ਧਿਆਈਆ । ਨਵ ਸੱਤ ਕੂੜ ਵਿਕਾਰ ਹੋਵੇ ਵਿਲਾਸ, ਬਿਸਮਲ ਰੂਪ ਨਾ ਕੋਇ ਦਰਸਾਈਆ । ਸ਼ਰਅ ਦਾ ਸ਼ਰਅ ਕਰੇ ਨਾਸ, ਨਾਮ ਕਲਮਾ ਕਲਮੇ ਨਾਲ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਜਿਸ ਵੇਲੇ ਮੈਂ ਬਾਵਨ ਵੱਲ ਤਕਿਆ, ਨਿਗਾਹ ਜ਼ਿਮੀਂ ਅਸਮਾਨ ਤੋਂ ਬਾਹਰ ਰਖਾਈਆ । ਮੇਰਾ ਸਹਿਸਾ ਰਿਹਾ ਨਾ ਸ਼ੱਕਿਆ, ਭਰਮਾਂ ਭਰਮ ਨਾ ਕੋਇ ਭੁਲਾਈਆ । ਮੇਰਾ ਅੰਤਸ਼ਕਰਨ ਹੋਇਆ ਪੱਕਿਆ, ਧੀਰਜ ਧੀਰ ਵਿਚ ਪਰਗਟਾਈਆ । ਮੈਨੂੰ ਹੁਕਮ ਸੰਦੇਸ਼ਾ ਮਿਲਿਆ ਯਕਿਆ, ਵਾਹਿਦ ਇਕੋ ਇਕ ਸੁਣਾਈਆ । ਧਵਲੇ ਨਿਗਾਹ ਮਾਰ ਲੈ ਬਿਨਾ ਪਰਮ ਪੁਰਖ ਤੋਂ ਤੇਰਾ ਪੜਦਾ ਕਿਸੇ ਨਾ ਢਕਿਆ, ਓਢਣ ਸੀਸ ਨਾ ਕੋਇ ਟਿਕਾਈਆ । ਪੁਸ਼ਤ ਪਨਾਹ ਹੱਥ ਕਿਸੇ ਨਾ ਰੱਖਿਆ, ਮਿਹਰ ਨਜ਼ਰ ਨਾ ਕੋਇ ਉਠਾਈਆ । ਸਤਿਜੁਗ ਤ੍ਰੇਤਾ ਦੁਆਪਰ ਬਣੇ ਕੋਇ ਨਾ ਸਖ਼ਿਆ, ਸਗਲਾ ਸੰਗ ਨਾ ਕੋਇ ਨਿਭਾਈਆ । ਦੀਨ ਦੁਨੀ ਜਗਤ ਜਹਾਨ ਜੁਗ ਜੁਗ ਤੇਰੇ ਉਤੇ ਜਾਣੇ ਮਥਿਆ, ਮਥਨ ਹੁੰਦੀ ਰਹੇ ਲੋਕਾਈਆ । ਪੁਰਖ ਅਕਾਲ ਦੀਨ ਦਿਆਲ ਦਾ ਲੇਖਾ ਰਸਨਾ ਜਿਹਵਾ ਬੱਤੀ ਦੰਦ ਸ਼ਬਦੀ ਧਾਰ ਨਾਲ ਜਾਵੇ ਕਥਿਆ, ਅੱਖਰ ਅੱਖਰਾਂ ਨਾਲ ਮਿਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਦਾ ਜਾਵੇ ਰਥਿਆ, ਰਥਵਾਹੀ ਹੋਵੇ ਧੁਰਦਰਗਾਹੀਆ । ਉਹ ਵੇਖ ਲੈ ਤ੍ਰੇਤਾ ਦੁਆਪਰ ਕਲਜੁਗ ਜਾਂਦਾ ਨੱਠਿਆ, ਭੱਜੇ ਵਾਹੋ ਦਾਹੀਆ । ਅੰਤਰ ਮਾਣ ਰਹਿਣਾ ਨਹੀਂ ਤੀਰਥ ਅੱਠ ਸੱਠਿਆ, ਚਾਰੋਂ ਕੁੰਟ ਕੁੰਟ ਕੁਰਲਾਈਆ । ਨੇਤਰ ਰੋਵੇ ਮੰਦਰ ਮਸਜਿਦ ਸ਼ਿਵਦਵਾਲੇ ਮੱਠਿਆ, ਗੁਰੂਦੁਆਰ ਸਾਰ ਕੋਇ ਨਾ ਪਾਈਆ । ਕਲਜੁਗ ਸਭ ਦਾ ਖੇੜਾ ਕਰਨਾ ਭੱਠਿਆ, ਅਗਨੀ ਕੂੜ ਕੁੜਿਆਰ ਤਪਾਈਆ । ਕਿਸੇ ਦੀ ਕ਼ੀਮਤ ਰਹਿਣੀ ਨਹੀਂ ਟਕਾ ਵੱਟਿਆ, ਜਗਤ ਰੰਗ ਨਾ ਕੋਇ ਰੰਗਾਈਆ । ਭਾਗ ਲੱਗੇ ਨਾ ਕਿਸੇ ਕਾਇਆ ਮੱਟਿਆ, ਸਾਢੇ ਤਿੰਨ ਹੱਥ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਮੇਰਾ ਥਾਨ ਸੁਹੰਜਣਾ, ਵਿਸਾਖ ਛੇ ਮਿਲੇ ਵਡਿਆਈਆ । ਕਿਰਪਾ ਕਰੇ ਪ੍ਰਭ ਦਰਦ ਦੁਖ ਭੈ ਭੰਜਣਾ, ਸਾਗਰਾਂ ਪਾਰ ਮੇਰੇ ਉਤੇ ਦਇਆ ਕਮਾਈਆ । ਜਿਸ ਦੀ ਚਰਨ ਧੂੜ ਨਾਲ ਮੇਰੇ ਨੇਤਰ ਪਿਆ ਅੰਜਣਾ, ਲੋਚਨ ਅੱਖ ਖੁਲ੍ਹਾਈਆ । ਮੈਨੂੰ ਚਾਰ ਜੁਗ ਦਾ ਮਿਲ ਗਿਆ ਸਾਕ ਸੱਜਣਾ, ਮੀਤ ਮੁਰਾਰਾ ਅਗੰਮ ਅਥਾਹੀਆ । ਜਿਸ ਦਾ ਨਵ ਸੱਤ ਇਕੋ ਨਾਮ ਦਾ ਡੰਕਾ ਵਜਣਾ, ਵਜਹ ਸਕੇ ਨਾ ਕੋਇ ਸਮਝਾਈਆ । ਜਿਸ ਦਾ ਨੂਰੀ ਦੀਪਕ ਜੋਤ ਚਾਰ ਕੁੰਟ ਜਗਣਾ, ਜਾਗਰਤ ਜੋਤ ਬਿਨ ਵਰਨ ਗੋਤ ਕਰੇ ਰੁਸ਼ਨਾਈਆ । ਜਿਸ ਦੇ ਹੁਕਮ ਵਿਚ ਸ਼ਾਹ ਸੁਲਤਾਨ ਭੱਜਣਾ, ਧੀਰਜ ਧੀਰ ਨਾ ਕੋਇ ਰਖਾਈਆ । ਜਿਸ ਦੇ ਹੁਕਮ ਵਿਚ ਕੂੜ ਕੁੜਿਆਰਾ ਵੰਞਣਾ, ਵੰਞੀ ਹਾਥ ਕਿਸੇ ਨਾ ਆਈਆ । ਜਿਸ ਦੇ ਹੁਕਮ ਵਿਚ ਪੈਂਡਾ ਪੰਧ ਲੰਘਣਾ, ਬੀਸ ਬੀਸ ਹਰਿ ਜਗਦੀਸ਼ ਆਪਣਾ ਰੰਗ ਰੰਗਾਈਆ । ਜਿਸ ਦੇ ਅੰਗੀਕਾਰ ਸਭ ਨੇ ਲਗਣਾ, ਗੋਦੀ ਗੋਦ ਇਕ ਸੁਹਾਈਆ ।

ਜਿਸ ਨੇ ਸ਼ਰਅ ਦੀ ਮੇਟਣੀ ਹੱਦਨਾ, ਹਦੂਦ ਰਹਿਣ ਕੋਇ ਨਾ ਪਾਈਆ । ਗੋਪਾਲ ਸੁਆਮੀ ਮਧ ਮਦਨਾ, ਮਧ ਸੂਦਨ ਜਿਸ ਨੂੰ ਸਾਰੇ ਸੀਸ ਨਿਵਾਈਆ । ਜਿਸ ਨੇ ਆਤਮ ਧਾਰ ਕਰਾਉਣਾ ਹੱਜਨਾ, ਮੱਕੇ ਕਾਅਬੇ ਵੇਖਣ ਨੈਣ ਉਠਾਈਆ । ਸਚ ਦੁਆਰ ਦਾ ਇਕੋ ਪਦਨਾ, ਦਰਗਾਹ ਸਾਚੀ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਮੈਂ ਬਾਵਨ ਚਰਨ ਝੁਕਦੀ, ਨਿਵ ਨਿਵ ਸੀਸ ਨਿਵਾਈਆ । ਮੈਂ ਆਵਾਜ਼ ਸੁਣੀ ਅਗੰਮੀ ਤੁਕ ਦੀ, ਜਿਸ ਨੂੰ ਰਸਨਾ ਜਿਹਵਾ ਸਕੇ ਨਾ ਕੋਇ ਦ੍ਰਿੜਾਈਆ । ਜਿਸ ਦੇ ਨਾਲ ਮੇਰੀ ਜੁਗ ਚੌਕੜੀ ਮੁਕਦੀ, ਸਤਿਜੁਗ ਤ੍ਰੇਤਾ ਦੁਆਪਰ ਬੈਠਣ ਪੰਧ ਮੁਕਾਈਆ । ਜਿਸ ਖੇਲ ਖਿਲਾਉਣੀ ਮਾਨਸ ਜ਼ਾਤੀ ਉਲਟੇ ਰੁੱਖ ਦੀ, ਤਨ ਵਜੂਦਾਂ ਫੋਲ ਫੁਲਾਈਆ । ਮੇਰੇ ਉਤੇ ਦਰਦ ਵੰਡਾਉਣੀ ਮਾਨਸ ਮਨੁਖ ਦੀ, ਮਨੁੱਖਤਾ ਵੇਖੇ ਥਾਉਂ ਥਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਜੁਗ ਚੌਕੜੀ ਰਹੀ ਪੁਛਦੀ, ਸੁਨੇਹੜੇ ਸ਼ਬਦ ਸ਼ਬਦ ਵਾਲੇ ਜਣਾਈਆ । ਕੀ ਖੇਲ ਹੋਣੀ ਉਸ ਅਬਿਨਾਸ਼ੀ ਅਚੁਤ ਦੀ, ਜੋ ਚੇਤਨ ਸਭ ਨੂੰ ਦਏ ਕਰਾਈਆ । ਜਿਸ ਖੇਲ ਸੁਹਾਉਣੀ ਆਪਣੀ ਸੁਹੰਜਣੀ ਰੁਤ ਦੀ, ਰੁਤੜੀ ਪ੍ਰੇਮ ਵਾਲੀ ਮਹਿਕਾਈਆ । ਰਖਿਆ ਕਰਨੀ ਮੇਰੀ ਖੁਲ੍ਹੀ ਗੁੱਤ ਦੀ, ਗੌਤਮ ਦੀ ਆਸ਼ਾ ਵੇਖ ਵਖਾਈਆ । ਜਿਸ ਫ਼ਰਿਆਦ ਸੁਣਨੀ ਗੋਬਿੰਦ ਸੁਤ ਦੀ, ਪਿਤਾ ਪੂਤ ਹੋ ਕੇ ਗੋਦ ਉਠਾਈਆ । ਜਿਸ ਕਲਜੁਗ ਕੂੜੀ ਸ਼ਰਅ ਮੇਟਣੀ ਲੁੱਟ ਦੀ, ਲੁਟੇਰਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਮੇਰੇ ਨੇਤਰਾਂ ਵਗਿਆ ਨੀਰ, ਹੰਝੂਆਂ ਹਾਰ ਬਣਾਈਆ । ਮੈਂ ਬਾਵਨ ਅਗੇ ਰਖੀ ਆਪਣੀ ਤਕਦੀਰ, ਜਗਤ ਹੱਥ ਨਾ ਕਿਸੇ ਫੜਾਈਆ । ਮੈਨੂੰ ਤਕਣਾ ਨਾਲ ਆਪਣੀ ਤਦਬੀਰ, ਤਰੀਕਾ ਅਵਰ ਨਾ ਕੋਇ ਜਣਾਈਆ । ਕਿਸ ਬਿਧ ਮੇਰਾ ਲਹਿਣਾ ਦੇਣਾ ਹੋਵੇ ਨਾਲ ਸ਼ਾਹ ਹਕੀਰ, ਸ਼ਾਹ ਸੁਲਤਾਨਾਂ ਰੰਗ ਰੰਗਾਈਆ । ਉਸ ਇਸ਼ਾਰਾ ਦਿਤਾ ਧਰਨੀਏ ਉਹ ਖੇਲ ਤਕ ਗੁਣੀ ਗਹੀਰ, ਗਹਿਰ ਗਵਰ ਕੀ ਦ੍ਰਿੜਾਈਆ । ਜੋ ਤੇਰੇ ਉਤੇ ਦੀਨ ਮਜ਼੍ਹਬ ਕਰਨੇ ਤਾਮੀਰ, ਅਵਤਾਰ ਪੈਗ਼ੰਬਰਾਂ ਗੁਰੂਆਂ ਗੰਢ ਪੁਆਈਆ । ਮਾਨਵ ਮਾਨੁਖ ਮਾਨਸ ਦੇਣੇ ਚੀਰ, ਚਾਰੋਂ ਕੁੰਟ ਵੇਖ ਵਖਾਈਆ । ਆਪਣੇ ਹੁਕਮ ਦਾ ਅਣਿਆਲਾ ਲਾ ਕੇ ਤੀਰ, ਦੋ ਜਹਾਨ ਵਿੰਨ੍ਹੇ ਥਾਉਂ ਥਾਈਆ । ਤੇਰੇ ਉਤੇ ਪੰਜ ਤਤਾਂ ਸ਼ਰਅ ਦੇ ਪਾ ਜ਼ੰਜੀਰ, ਨਾਮ ਕਲਮਿਆਂ ਬੰਧ ਬੰਧਾਈਆ । ਇਹ ਖੇਲ ਬੇਨਜ਼ੀਰ, ਨਜ਼ਰੀਆ ਸਭ ਦਾ ਦਏ ਬਦਲਾਈਆ । ਤੂੰ ਲਹਿਣਾ ਦੇਣਾ ਲੈਣਾ ਅੰਤ ਅਖ਼ੀਰ, ਅੰਤਰ ਅੰਤਰ ਧਿਆਨ ਲਗਾਈਆ । ਜਿਸ ਨੂੰ ਸਭ ਨੇ ਮੰਨਣਾ ਪੀਰਾਂ ਦਾ ਪੀਰ, ਪੈਗ਼ੰਬਰ ਨੂਰ ਅਲਾਹੀਆ । ਜਿਸ ਦੀ ਦੋ ਜਹਾਨ ਜਾਗੀਰ, ਆਦਿ ਜੁਗਾਦਿ ਜਾਗਰਤ ਜੋਤ ਡਗਮਗਾਈਆ । ਉਹ ਤੇਰੇ ਬਿਨਾ ਮੁਖ ਤੋਂ ਅੰਮ੍ਰਿਤ ਰਸ ਪਾਵੇ ਸੀਰ, ਕੂੜ ਕੁੜਿਆਰ ਅੰਦਰੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਮੈਂ ਬਾਵਨ ਤਕਿਆ ਨੂਰ ਅਲਾਹ, ਤਨ ਵਜੂਦ ਮਾਟੀ ਖ਼ਾਕ ਨਜ਼ਰ ਕੋਇ ਨਾ ਆਈਆ । ਜੋ ਬਣਿਆ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਦੋਏ ਕਰਮਾਂ ਵਿਚ ਮਿਣਿਆ ਮੇਰਾ ਥਾਂ, ਥਾਨ ਥਨੰਤਰ ਵੰਡ ਨਾ ਕੋਇ ਵੰਡਾਈਆ । ਮੈਂ ਉਸ ਦਾ ਸੁਣ ਅਗੰਮੀ ਨਾਂ, ਨਾਅਰਾ ਇਕੋ ਦਿਤਾ ਸੁਣਾਈਆ । ਤੇਰੇ ਕ਼ਦਮਾਂ ਬਲ ਬਲ ਜਾਂ, ਚਰਨ ਕਵਲ ਤੇਰੀ ਸਰਨਾਈਆ । ਤੂੰ ਹੋਣਾ ਮਿਹਰਵਾਂ, ਮਿਹਰ ਨਜ਼ਰ ਉਠਾਈਆ । ਮੇਰਾ ਪਵਿਤ੍ਰ ਕਰਨਾ ਥਾਂ,

੪੨੨
੨੪

ਬਨੰਤਰ ਦੇਣੀ ਸਰਨਾਈਆ । ਝਟ ਸ਼ਬਦ ਸਤਿਗੁਰ ਸੰਦੇਸ਼ਾ ਦਿਤਾ ਆ, ਆਨਨ ਫ਼ਾਨਨ ਗਿਆ ਸਮਝਾਈਆ । ਧਰਨੀ ਤਕ ਲੈ ਜਲ ਥਲ ਨੈਣ ਉਠਾ, ਮਹੀਅਲ ਧਿਆਨ ਲਗਾਈਆ । ਉਹ ਵੇਖ ਸਤਿਜੁਗ ਤ੍ਰੇਤਾ ਦੁਆਪਰ ਅੰਤਮ ਕਲਜੁਗ ਜਾਵੇ ਪੰਧ ਮੁਕਾ, ਭੱਜੇ ਵਾਹੋ ਦਾਹੀਆ । ਕਿਰਪਾ ਕਰੇ ਆਪ ਖ਼ੁਦਾ, ਖ਼ੁਦ ਮਾਲਕ ਨੂਰ ਅਲਾਹੀਆ । ਤੈਨੂੰ ਕਦੇ ਨਾ ਕਰੇ ਜੁਦਾ, ਜੁਜ਼ ਵਖਰਾ ਵੰਡ ਨਾ ਕੋਇ ਵੰਡਾਈਆ । ਜਿਸ ਨੂੰ ਜੁਗ ਬਦਲਣ ਦੀ ਅਦਾ, ਅਦਾਵਤ ਤੇਰੀ ਦਏ ਮਿਟਾਈਆ । ਸਦੀ ਚੌਧਵੀਂ ਬਣਕੇ ਆਵੇ ਰਹਿਨੁਮਾ, ਰਹਿਮਤ ਤੇਰੇ ਉਤੇ ਕਮਾਈਆ । ਜਿਸ ਨੂੰ ਪੈਗ਼ੰਬਰਾਂ ਕਹਿਣਾ ਸਾਡਾ ਨੂਰ ਅਲਾਹ, ਅਮਾਮ ਅਮਾਮਾ ਇਕ ਅਖਵਾਈਆ । ਜੋਤੀ ਜਾਤਾ ਹੋ ਕੇ ਪੁਰਖ ਬਿਧਾਤਾ ਹੋ ਕੇ ਆਵੇ ਵੇਸ ਵਟਾ, ਰੂਪ ਅਗੰਮ ਅਥਾਹੀਆ । ਧਰਨੀ ਧਰਤ ਧਵਲ ਤੇਰਾ ਲੇਖਾ ਦਏ ਚੁਕਾ, ਚੁਕੰਨੀ ਹੋ ਕੇ ਰਹਿਣਾ ਥਾਉਂ ਥਾਈਂਆ । ਤੇਰੇ ਸੀਨੇ ਚਰਨ ਕਵਲ ਦਏ ਟਿਕਾ, ਧੂੜੀ ਟਿੱਕੇ ਤੇਰੇ ਮਸਤਕ ਖ਼ਾਕ ਰਮਾਈਆ । ਤੈਨੂੰ ਕੂੜ ਕੁੜਿਆਰ ਦੀਏ ਮੁਰਦੀਏ ਦਏ ਜਵਾ, ਜੀਵਨ ਜੀਵਨ ਵਿਚ ਬਦਲਾਈਆ । ਧਰਨੀ ਕਹੇ ਮੈਂ ਝਟ ਸ਼ੁਕਰ ਲਿਆ ਮਨਾ, ਸ਼ੁਕਰਾਨੇ ਵਿਚ ਲਾਗੀ ਪਾਈਆ । ਬਿਨਾ ਜ਼ਬਾਨ ਤੋਂ ਕਹਿ ਕੇ ਵਾਹ ਵਾਹ, ਵਾਹਵਾ ਕਹਿ ਕੇ ਤੇਰੇ ਢੋਲੇ ਗਾਈਆ । ਮੇਰੇ ਸੁਆਮੀ ਅੰਤਰਜਾਮੀ ਮੇਰੀ ਕਲਜੁਗ ਅੰਤਮ ਪਕੜੀਂ ਬਾਂਹ, ਦੂਸਰ ਓਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਬਾਵਨ ਕਿਹਾ ਧਰਨੀਏ ਸੋ ਪੁਰਖ ਨਿਰੰਜਣ ਦਇਆ ਕਮਾਵੇਗਾ । ਹਰਿ ਪੁਰਖ ਨਿਰੰਜਣ ਨੈਣ ਉਠਾਵੇਗਾ । ਏਕੰਕਾਰ ਵੇਖ ਵਖਾਵੇਗਾ । ਆਦਿ ਨਿਰੰਜਣ ਡਗਮਗਾਵੇਗਾ । ਅਬਿਨਾਸ਼ੀ ਕਰਤਾ ਸੋਭਾ ਪਾਵੇਗਾ । ਸ੍ਰੀ ਭਗਵਾਨ ਖੇਲ ਖਿਲਾਵੇਗਾ । ਪਾਰਬ੍ਰਹਮ ਆਪ ਅਖਵਾਵੇਗਾ । ਸਤਿਗੁਰ ਸ਼ਬਦ ਸ਼ਬਦ ਉਠਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਵੇਗਾ । ਬ੍ਰਹਿਮੰਡ ਖੰਡ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਭੇਵ ਚੁਕਾਵੇਗਾ । ਤ੍ਰੈਗੁਣ ਮਾਇਆ ਪੰਜ ਤਤ ਲੱਖ ਚੁਰਾਸੀ ਖੇਲ ਖਿਲਾਵੇਗਾ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਵੇਖੇ ਬ੍ਰਹਮ ਮਤ, ਪਾਰਬ੍ਰਹਮ ਆਪਣਾ ਭੇਖ ਵਖਾਵੇਗਾ । ਤੇਰੇ ਉਤੇ ਧਰਮ ਦਾ ਫੇਰ ਬੀਜ ਬੀਜੇ ਵਤ, ਬੇਵਤਨੇ ਵਤਨ ਤੇਰਾ ਫੇਰ ਵਸਾਵੇਗਾ । ਚਰਨ ਪ੍ਰੀਤੀ ਜੋੜ ਕੇ ਨਤ, ਨਾਤਾ ਆਪਣੇ ਨਾਲ ਰਖਾਵੇਗਾ । ਜਿਸ ਉਤੇ ਗੋਬਿੰਦ ਯਾਰੜੇ ਸੱਥਰ ਜਾਣਾ ਘਤ, ਸੋ ਸਾਹਿਬ ਸੁਲਤਾਨਾ ਤੇਰਾ ਰੰਗ ਰੰਗਾਵੇਗਾ । ਤੂੰ ਖ਼ਾਲੀ ਰਖਣੇ ਹੱਥ, ਝੋਲੀ ਤੇਰੀ ਆਪ ਭਰਾਵੇਗਾ । ਜਿਸ ਨੂੰ ਸਭ ਨੇ ਕਹਿਣਾ ਪੁਰਖ ਸਮਰਥ, ਸੋ ਸਾਹਿਬ ਤੇਰਾ ਸਗਲਾ ਸੰਗ ਨਿਭਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਵੇਗਾ । ਬਾਵਨ ਕਿਹਾ ਧਰਨੀਏ ਇਕੋ ਪੁਰਖ ਅਕਾਲ ਦੀ ਰਖੀਂ ਓਟ, ਓੜਕ ਤੈਨੂੰ ਵੇਖ ਵਖਾਈਆ । ਬੇਸ਼ਕ ਤੇਰੇ ਹਿੱਸੇ ਦਾ ਨਾਮ ਹੋਣਾ ਡੀਟਰੋਟ, ਜਗਤ ਅੱਖਰਾਂ ਸੰਗ ਬਣਾਈਆ । ਉਸ ਵੇਲੇ ਦੀਨ ਦੁਨੀ ਡਿੱਗੀ ਹੋਣੀ ਆਲ੍ਹਣਿਉਂ ਬੋਟ, ਫੜ ਬਾਹੋਂ ਨਾ ਕੋਇ ਟਿਕਾਈਆ । ਸ਼ਬਦ ਨਾਮ ਦੀ ਲਾਏ ਚੋਟ, ਚੋਟੀ ਚੜ੍ਹ ਕੇ ਵੇਖ ਵਖਾਈਆ । ਜਿਸ ਦਾ ਨੂਰ ਹੋਵੇ ਨਿਰਮਲ ਜੋਤ, ਜੋਤੀ ਜਾਤਾ ਇਕ ਅਖਵਾਈਆ । ਜੋ ਸਤਿਗੁਰ ਸ਼ਬਦ ਦੋ ਜਹਾਨਾਂ ਇਕੋ ਬਹੁਤ ਦੂਸਰ ਲੋੜ ਰਹੇ ਨਾ ਰਾਈਆ । ਤੇਰੀ ਦੁਰਮਤ ਮੈਲ ਜਾਏ ਧੋਤ, ਪਤਤ ਪਾਵਨ ਦਇਆ ਕਮਾਈਆ । ਜਿਸ ਸਾਰੀ ਸ੍ਰਿਸ਼ਟੀ ਤੇਰੇ ਉਤੇ ਆਤਮ ਪਰਮਾਤਮ ਇਕੋ ਕਰਨੀ ਗੋਤ, ਦੂਸਰ ਵਰਨ ਬਰਨ ਰਹਿਣ ਕੋਇ ਨਾ ਪਾਈਆ । ਸਚ ਪਿਆਰ ਮੁਹੱਬਤ ਵਿਚ ਕਮਲੀਏ ਕੋਝੀਏ ਹੋਣਾ ਮੋਹਤ, ਮੁਹੱਬਤ ਪ੍ਰਭ ਦੇ ਨਾਲ ਰਖਾਈਆ । ਤੇਰੇ

ਨਵ ਖੰਡ ਦੇ ਅੰਤਰ ਅੰਤਰ ਖੋਲ੍ਹੇ ਸੋਤ, ਸੁਤੀਏ ਤੈਨੂੰ ਲਏ ਜਗਾਈਆ । ਤੇਰਾ ਮਾਲਕ ਖ਼ਾਲਕ ਇਕੋ ਇਕ ਅਗੰਮਾ ਥੋਤ, ਕੰਤ ਕੰਤੂਹਲ ਇਕ ਅਖਵਾਈਆ । ਜਿਸ ਦੀ ਜੁਗ ਜੁਗ ਹੋਵੇ ਧੌਂਸ, ਧੌਂਸਾ ਨਾਮ ਵਾਲਾ ਵਜਾਈਆ । ਜਿਸ ਦਾ ਵਜ਼ਨ ਕੋਈ ਨਹੀਂ ਵਿਚ ਪੌਂਡ ਔਂਸ, ਗਣਤੀ ਗਣਤ ਨਾ ਕੋਇ ਰਖਾਈਆ । ਉਸ ਨੇ ਸਤਿਜੁਗ ਸਤਿ ਚਲਾਉਣੀ ਰੌਂਸ, ਕਲਜੁਗ ਕੂੜ ਕੁੜਿਆਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਸਾਚਾ ਸੰਗ ਬਣਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਵਿਚ ਹੱਸੀ, ਬਾਵਨ ਦਿਤੀ ਵਡਿਆਈਆ । ਮੈਂ ਬਿਨ ਕ਼ਦਮਾਂ ਤੋਂ ਨੱਸੀ, ਚਾਰੋਂ ਕੁੰਟ ਵਾਹੋ ਦਾਹੀਆ । ਫੇਰ ਮੈਂ ਵੇਖੀ ਆਪਣੇ ਉਤੇ ਚਾਰੇ ਖਾਣੀ ਚਾਰ ਨਾਲ ਅੱਸੀ, ਚੁਰਾਸੀ ਸੋਭਾ ਪਾਈਆ । ਮੈਂ ਬੇਖ਼ਬਰਾਂ ਖ਼ਬਰ ਅਨੋਖੀ ਦੱਸੀ, ਦਹਿ ਦਿਸ਼ਾ ਦਿਸ਼ਾ ਦ੍ਰਿੜਾਈਆ । ਦੀਨ ਦੁਨੀ ਅੰਤਮ ਪ੍ਰਭ ਨੇ ਬੰਨ੍ਹਣੀ ਦੀਨ ਮਜ਼੍ਹਬ ਵਾਲੀ ਰੱਸੀ, ਗੰਢ ਸ਼ਰਅ ਵਾਲੀ ਪਵਾਈਆ । ਮਨ ਕਲਪਣਾ ਸ੍ਰਿਸ਼ਟੀ ਹੋਣੀ ਫਸੀ, ਫ਼ੈਸਲਾ ਹਕ ਨਾ ਕੋਇ ਸੁਣਾਈਆ । ਕਲਜੁਗ ਧਾਰ ਵੇਖ ਕੇ ਮੈਨੂੰ ਪੈ ਗਈ ਗਸ਼ੀ, ਹੋਸ਼ ਮਤ ਨਾ ਕੋਇ ਰਖਾਈਆ । ਮੈਂ ਚੜ੍ਹਦੀ ਦਿਸ਼ਾ ਨਿਗਾਹ ਮਾਰੀ ਮੈਨੂੰ ਖੇਲ ਦਿਸਿਆ ਪੋਸ਼ੀ, ਬੇਅੰਤ ਬੇਪਰਵਾਹ ਦਿਤਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਮੈਨੂੰ ਬਾਵਨ ਦਿਤਾ ਭਰੋਸਾ, ਭਰਵਾਸੇ ਵਿਚ ਸਮਝਾਈਆ । ਮੇਰਾ ਅੰਤਰ ਨਹੀਂ ਹੋਇਆ ਹੋਛਾ, ਹੋਛੀ ਮਤ ਨਾ ਕੋਇ ਜਣਾਈਆ । ਮੈਂ ਚਾਰ ਜੁਗ ਦੇ ਸ਼ਾਸਤਰਾਂ ਸੁਣਦੀ ਰਹੀ ਪੋਥਾ, ਅੱਖਰਾਂ ਅੱਖਰਾਂ ਧਿਆਨ ਲਗਾਈਆ । ਮੇਰੀ ਬਦਲ ਨਾ ਸਕੀ ਹੋਸ਼ਾ, ਬੁੱਧੀ ਜਗਤ ਨਾ ਕੋਇ ਸਮਝਾਈਆ । ਮੇਰੇ ਉਤੇ ਅਵਤਾਰ ਪੈਗ਼ੰਬਰਾਂ ਜਗਤ ਖੇਲ ਖੇਲਿਆ ਅੰਤ ਹੋ ਖ਼ਾਮੋਸ਼ਾ, ਪਰਦਾ ਪਰਦਾ ਨਾ ਕੋਇ ਖੁਲ੍ਹਾਈਆ । ਮੈਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਦੀ ਰਹੀ ਸੋਚਾ, ਸਮਝ ਸਮਝ ਵਿਚੋਂ ਉਠਾਈਆ । ਕਵਣ ਵੇਲਾ ਮੇਰਾ ਪਰਮ ਪੁਰਖ ਪਰਮਾਤਮ ਮੇਰੀ ਪੂਰੀ ਕਰੇ ਲੋਚਾ, ਲੋਚਨ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮੇਰਾ ਲੇਖਾ ਪੂਰ ਕਰਾਈਆ । ਧਰਨੀ ਕਹੇ ਮੈਂ ਆਸ਼ਾ ਵਿਚ ਰਖੀ ਉਡੀਕ, ਜੁਗ ਚੌਕੜੀ ਧਿਆਨ ਲਗਾਈਆ । ਨਿਮਾਣੀ ਹੋ ਕੇ ਮੰਗਦੀ ਰਹੀ ਭੀਖ, ਭਿਖਕ ਹੋ ਕੇ ਝੋਲੀ ਡਾਹੀਆ । ਮੇਰਾ ਸਾਹਿਬ ਸੁਆਮੀ ਮੇਰੇ ਆਉਣਾ ਨਜ਼ਦੀਕ, ਨਿਰਗੁਣ ਆਪਣਾ ਪੰਧ ਮੁਕਾਈਆ । ਤੇਰਾ ਦਰਸ਼ਨ ਕਰਾਂ ਲਾਸ਼ਰੀਕ, ਸ਼ਰਅ ਤੋਂ ਬਾਹਰ ਵੇਖ ਵਖਾਈਆ । ਖ਼ੁਸ਼ੀਆਂ ਨਾਲ ਕਰਾਂ ਤਾਰੀਫ਼, ਢੋਲੇ ਸੋਹਲੇ ਰਾਗ ਜਣਾਈਆ । ਮੇਰੀ ਆਯੂ ਹੋਣ ਨਾ ਦਈਂ ਜ਼ਈਫ਼, ਜ਼ਇਫ਼ਲ ਉਮਰ ਨਾ ਕੋਇ ਰਖਾਈਆ । ਤੇਰਾ ਨਾਮ ਕਲਮਾ ਸੁਣਾਂ ਅਗੰਮ ਹਦੀਸ, ਹਜ਼ਰਤਾਂ ਤੋਂ ਬਾਹਰ ਦੇਣੀ ਪੜ੍ਹਾਈਆ । ਮੇਰਾ ਲਹਿਣਾ ਦੇਣਾ ਤੇਰੇ ਨਾਲ ਜਗਦੀਸ਼, ਜਗਦੀਸ਼ਰ ਤੇਰੀ ਓਟ ਤਕਾਈਆ । ਤੇਰੀ ਸਿਫ਼ਤ ਸਲਾਹ ਬਾਹਰ ਰਾਗ ਛਤੀਸ, ਅੱਖਰ ਅੱਖਰ ਵੰਡ ਨਾ ਕੋਇ ਵੰਡਾਈਆ । ਇਕੋ ਛਤਰ ਝੁੱਲੇ ਤੇਰੇ ਸੀਸ, ਦੋ ਜਹਾਨ ਸ੍ਰੀ ਭਗਵਾਨ ਬੈਠਣ ਸੀਸ ਨਿਵਾਈਆ । ਮੇਰਾ ਲੇਖੇ ਲਾਉਣਾ ਚਾਰ ਜੁਗ ਦਾ ਪੀਸਣ ਪੀਸ, ਪਿਸਰ ਪਿਦਰ ਤੇਰੀ ਆਸ ਰਖਾਈਆ । ਤੂੰ ਮਾਲਕ ਸੁਆਮੀ ਮੇਰਾ ਇਕ ਜਗਦੀਸ਼, ਜਗਦੀਸ਼ਰ ਤੇਰੇ ਹੱਥ ਵਡਿਆਈਆ । ਸਭ ਦਾ ਮਿਤਰ ਪਿਆਰਾ ਮੀਤ, ਸਾਜਣ ਇਕ ਅਗੰਮ ਅਥਾਹੀਆ । ਧੰਨ ਭਾਗ ਮੇਰੇ ਉਤੇ ਧਰਮ ਦੀ ਬਦਲੇ ਰੀਤ, ਮੰਦਰ ਮਸੀਤ ਪੰਧ ਮੁਕਾਈਆ । ਮਾਨਸ ਮਾਨਵ ਮਾਨੁਖ ਕਰਕੇ ਪਤਿਤ ਪੁਨੀਤ, ਪਤਿਤ ਪਾਵਨ ਆਪਣੀ ਦਇਆ ਕਮਾਈਆ । ਕੇਤੇ

ਜੁਗ ਚੌਕੜੀਆਂ ਗਏ ਬੀਤ, ਪੂਰਬ ਪਿਛਲਾ ਪੰਧ ਮੁਕਾਈਆ । ਅੰਤ ਮੇਰੀ ਕਾਇਆ ਕਰ ਦੇ ਠਾਂਡੀ ਸੀਤ, ਕਲਜੁਗ ਅਗਨੀ ਅੱਗ ਬੁਝਾਈਆ । ਤੂੰ ਮਿਹਰਵਾਨ ਮਹਿਬੂਬ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਇਕ ਅਖਵਾਈਆ । ਮੈਂ ਤੇਰਾ ਢੋਲਾ ਸੋਹਲਾ ਗਾਵਾਂ ਏਕੰਕਾਰਾ ਗੀਤ, ਗੋਬਿੰਦ ਮੇਲਾ ਮੇਲਿਆ ਸਹਿਜ ਸੁਭਾਈਆ । ਮੇਰਾ ਬਿਨਾ ਸੀਸ ਤੋਂ ਤੇਰੇ ਕ਼ਦਮਾ ਝੁਕੇ ਸੀਸ, ਬਿਨ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਦੇਣਾ ਆਦਿ ਜੁਗਾਦਿ ਲੇਖਾ ਏਕੰਕਾਰ ਨਿਰਾਕਾਰ ਇਕ ਇਕੀਸ, ਇਕ ਇਕੱਲੇ ਤੇਰੀ ਆਸ ਆਸ ਵਿਚੋਂ ਰਖਾਈਆ ।

✪ ੮ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਭਾਗ ਸਿੰਘ ਦੇ ਗ੍ਰਹਿ ੪੦ ਪਰੀਓਰੀ ਏ੦ ਵੀ੦ ਈ੦ ਹੋਰਨਸੇ ਲੰਡਨ ਨੰ੦ ੮ ਇੰਗਲੈਂਡ ✪

ਧਰਨੀ ਕਹੇ ਮੇਰੇ ਸਾਹਿਬ ਸ੍ਰੀ ਭਗਵਾਨਾ, ਭਗਵੰਤ ਕੰਤ ਪ੍ਰਭ ਤੇਰੀ ਓਟ ਤਕਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਵਾਲੀ ਦੋ ਜਹਾਨਾ, ਪਾਰਬ੍ਰਹਮ ਪਤਿਪਰਮੇਸ਼ਵਰ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਪਰਮ ਪੁਰਖ ਪਰਵਰਦਿਗਾਰ ਸ਼ਾਹ ਸੁਲਤਾਨਾ, ਅਗੰਮ ਅਥਾਹ ਨੂਰ ਅਲਾਹ ਤੇਰੇ ਹੱਥ ਵਡਿਆਈਆ । ਅਵਤਾਰ ਪੈਗ਼ੰਬਰ ਗੁਰੂ ਮੈਨੂੰ ਦੇਂਦੇ ਰਹੇ ਤੇਰਾ ਪੈਗ਼ਾਮਾ, ਨਿਰਅੱਖਰ ਧਾਰ ਅੱਖਰਾਂ ਵਿਚ ਬਦਲਾਈਆ । ਤੂੰ ਕਿਰਪਾ
੪੨੫ ਨਿਧਾਨ ਨੌਜਵਾਨਾ, ਮਰਦ ਮਰਦਾਨਾ ਇਕ ਅਖਵਾਈਆ । ਮੈਂ ਕਲਜੁਗ ਅੰਤ ਅੰਤਸ਼ਕਰਨ ਵਿਚ ਹੋਈ ਹੈਰਾਨਾ, ਹੈਰਾਨੀ ਵਿਚ ਮੇਰੀ ਦੁਹਾਈਆ । ੪੨੫
੨੪ ਚਾਰ ਕੁੰਟ ਨਵਖੰਡ ਮੇਰੇ ਉਤੇ ਕੂੜ ਹੋਇਆ ਪਰਧਾਨਾ, ਧਰਮ ਦੀ ਧਾਰ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਮਿਲੇ ਨਾ ਕਿਸੇ ਗਿਆਨਾ, ੨੪
ਪਾਰਬ੍ਰਹਮ ਪ੍ਰਭ ਮੇਲ ਨਾ ਕੋਇ ਮਿਲਾਈਆ । ਆਦਿ ਜੁਗਾਦਿ ਜਾਣੀ ਜਾਣਾ, ਜਾਨਣਹਾਰ ਏਕੰਕਾਰ ਤੇਰੇ ਹੱਥ ਵਡਿਆਈਆ । ਸਦੀ ਚੌਧਵੀਂ ਅੰਤ ਮੇਰਾ ਕਰ ਕਲਿਆਣਾ, ਕਾਇਨਾਤ ਦਾ ਕਲਮਾ ਦੇ ਬਦਲਾਈਆ । ਮੇਰੇ ਰਹਿਮਾਨ ਰਹੀਮ ਰਹਿਮਾਨਾ, ਰਹਿਮਤ ਮੇਰੇ ਉਤੇ ਕਮਾਈਆ । ਮੇਰੀ ਮਿੱਟੀ ਖ਼ਾਕ ਪਵਿਤ੍ਰ ਕਰ ਅਸਥਾਨਾ, ਧਵਲ ਧਰਤ ਹੋ ਕੇ ਮੰਗ ਮੰਗਾਈਆ । ਤੂੰ ਮਰਦ ਮਰਦਾਨ ਵਡ ਬਲਵਾਨਾ, ਬਲਧਾਰੀ ਇਕ ਅਖਵਾਈਆ । ਸਤਿ ਸਚ ਮੇਰੀ ਝੋਲੀ ਪਾ ਦੇ ਦਾਨਾ, ਦਾਤੇ ਦਾਨੀ ਮਿਹਰ ਨਜ਼ਰ ਉਠਾਈਆ । ਕੋਝੀ ਕਮਲੀ ਮਾਤਲੋਕ ਦੇਣਾ ਮਾਣਾ, ਨਿਮਾਣੀ ਹੋ ਕੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੇਰੇ ਸਾਹਿਬ ਸਤਿਗੁਰ ਸਰਬਗ, ਸ਼ਾਹੋ ਭੂਪ ਤੇਰੀ ਸਰਨਾਈਆ । ਮੇਰੀ ਧਾਰ ਨਾ ਕਰੀਂ ਅਲਗ, ਅਲਖ ਅਗੋਚਰ ਤੇਰੇ ਹੱਥ ਵਡਿਆਈਆ । ਨਿਗਾਹ ਮਾਰ ਲੈ ਚਾਰੋਂ ਕੁੰਟ ਲੱਗੀ ਅੱਗ, ਨਵਖੰਡ ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮੈਂ ਕੂੜ ਕਲਪਨਾ ਵਿਚ ਗਈ ਦੱਗ, ਦ਼ਗਾ ਫ਼ਰੇਬ ਕਰੇ ਤੇਰੀ ਖ਼ਲਕ ਖ਼ੁਦਾਈਆ । ਕਲਜੁਗ ਜੀਵ ਬਪੜੇ ਹੋ ਗਏ ਬਗ, ਹੰਸ ਰੂਪ ਨਜ਼ਰ ਕੋਇ ਨਾ ਆਈਆ । ਦਿਵਸ ਰੈਣ ਮੋਹ ਵਿਕਾਰ ਤਤੀ ਵਾਅ ਰਹੀ ਵਗ, ਪਵਣ ਰੰਗ ਨਾ ਕੋਇ ਰੰਗਾਈਆ । ਮੇਰੀ ਦੁਹਾਈ ਨਿਗਾਹ ਮਾਰ ਲੈ ਆਪਣੀ ਦੀਨ ਦੁਨੀ ਜਗ, ਜਾਗਰਤ ਜੋਤ ਬਿਨ ਵਰਨ ਗੋਤ ਵੇਖ ਵਖਾਈਆ । ਮਾਨਸ ਮਾਨਵ ਮਾਨੁਖ ਤੇਰਾ ਦਰਸ ਕਰੇ ਨਾ ਉਪਰ ਕੋਈ ਸ਼ਾਹ ਰਗ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਧੁਨ ਆਤਮਕ ਸੁਣੇ ਕੋਈ

ਨਾ ਨਦ, ਅਨਹਦ ਨਾਦੀ ਨਾਦ ਨਾ ਕੋਇ ਸ਼ਨਵਾਈਆ । ਮੇਰੇ ਮਹਿਬੂਬਾ ਦੀਨ ਮਜ਼੍ਹਬ ਸ਼ਰਅ ਮੇਟ ਦੇ ਹੱਦ, ਹਦੂਦ ਆਪਣੀ ਦੇ ਸਮਝਾਈਆ । ਲੱਖ ਚੁਰਾਸੀ ਤੇਰੀ ਨਿਰਗੁਣ ਧਾਰ ਯਦ, ਯਦਪ ਆਪਣਾ ਪੜਦਾ ਦੇ ਉਠਾਈਆ । ਕਲਜੁਗ ਕੂੜ ਕਲਪਨਾ ਰਹੇ ਨਾ ਮਧ, ਮੋਹਨ ਮਾਧਵ ਦੇਣੀ ਮਾਣ ਵਡਿਆਈਆ । ਮੇਰੇ ਉਤੇ ਸਤਿਜੁਗ ਤ੍ਰੇਤਾ ਦੁਆਪਰ ਗਏ ਲਦ, ਕਲਜੁਗ ਅੰਤ ਵੇਖਣਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰੀ ਸੁਣ ਪੁਕਾਰ, ਬੇਨੰਤੀ ਬਿਨੈ ਤੇਰੇ ਚਰਨ ਕਵਲ ਟਿਕਾਈਆ । ਸੋ ਪੁਰਖ ਨਿਰੰਜਣ ਸਾਂਝੇ ਯਾਰ, ਹਰਿ ਪੁਰਖ ਨਿਰੰਜਣ ਤੇਰੀ ਆਸ ਰਖਾਈਆ । ਏਕੰਕਾਰੇ ਦੇ ਅਧਾਰ, ਆਦਿ ਨਿਰੰਜਣ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤੇ ਪਾ ਸਾਰ, ਸ੍ਰੀ ਭਗਵਾਨ ਹੋ ਸਹਾਈਆ । ਪਾਰਬ੍ਰਹਮ ਮੇਰਾ ਬੇੜਾ ਕਰ ਦੇ ਪਾਰ, ਬ੍ਰਹਮਾ ਪੜਦਾ ਆਪ ਚੁਕਾਈਆ । ਸਤਿਗੁਰ ਸ਼ਬਦ ਮੇਰਾ ਲਹਿਣਾ ਦੇਣਾ ਕ਼ਰਜ਼ਾ ਦਏ ਉਤਾਰ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਮੈਨੂੰ ਸੰਦੇਸ਼ਾ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰ, ਰਾਮਾ ਕ੍ਰਿਸ਼ਨਾ ਅੱਖ ਅੱਖ ਨਾਲ ਬਦਲਾਈਆ । ਹਜ਼ਰਤ ਮੂਸਾ ਈਸਾ ਮੁਹੰਮਦ ਕੀਤੀ ਗੁਫ਼ਤਾਰ, ਗੁਫ਼ਤ ਸ਼ਨੀਦ ਤੇਰਾ ਭੇਵ ਚੁਕਾਈਆ । ਨਾਨਕ ਗੋਬਿੰਦ ਬੋਲ ਜੈਕਾਰ, ਤੇਰਾ ਸੋਹਲਾ ਢੋਲਾ ਦਿਤਾ ਸੁਣਾਈਆ । ਮੈਂ ਸੰਦੇਸ਼ੇ ਸੁਣੇ ਵਾਰੋ ਵਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਅੱਖ ਉਠਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਅੰਤ ਮੇਰੀ ਪਾਉਣੀ ਸਾਰ, ਮਹਾਸਾਰਥੀ ਹੋਣਾ ਆਪ ਸਹਾਈਆ । ਮੇਰੇ
੪੨੬ ਉਤੇ ਮੇਟ ਦੇ ਧੂੰਆਂਧਾਰ, ਧਰਨੀ ਧਰਤ ਧਵਲ ਧੌਲ ਕੂਕ ਕੂਕ ਸੁਣਾਈਆ । ਮੈਂ ਰੋਵਾਂ ਜ਼ਾਰੋ ਜ਼ਾਰ, ਬਿਨ ਨੈਣਾਂ ਅੱਖੀਆਂ ਨੀਰ ਵਹਾਈਆ । ਮੇਰੀ ੪੨੬
੨੪ ਮੰਜ਼ਲ ਵੇਖ ਦੁਸ਼ਵਾਰ, ਦੁਸ਼ਮਣ ਗ੍ਰਿਹਿ ਗ੍ਰਿਹਿ ਨਜ਼ਰੀ ਆਈਆ । ਤੇਰਾ ਕਰੇ ਨਾ ਕੋਈ ਦੀਦਾਰ, ਦੀਦ ਈਦ ਨਾ ਕੋਇ ਰੁਸ਼ਨਾਈਆ । ਤਨ ਵਜੂਦਾਂ ੨੪
ਅੰਦਰ ਤਕ ਪੰਚ ਵਿਕਾਰ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਸ਼ਬਦ ਅਨਾਦੀ ਸੁਣੇ ਨਾ ਕੋਈ ਧੁੰਨਕਾਰ, ਬ੍ਰਹਿਮਾਦੀ ਭੇਵ ਨਾ ਕੋਇ ਖੁਲ੍ਹਾਈਆ । ਚਾਰੋਂ ਕੁੰਟ ਹਾਹਾਕਾਰ, ਧੀਰਜ ਧੀਰ ਨਾ ਕੋਇ ਰਖਾਈਆ । ਤੂੰ ਮਾਲਕ ਖ਼ਾਲਕ ਅਮਾਮ ਅਮਾਮਾ ਅਗੰਮ ਸਿਕਦਾਰ, ਸਾਹਿਬ ਸੁਲਤਾਨ ਇਕ ਅਖਵਾਈਆ । ਜੋਤੀ ਜਾਤਾ ਪੁਰਖ ਬਿਧਾਤਾ ਕਲ ਕਲਕੀ ਅਵਤਾਰ, ਕਲ ਕਲੇਸ਼ ਦਾ ਲੇਖਾ ਦੇ ਚੁਕਾਈਆ । ਤੇਰੇ ਚਰਨ ਕਵਲ ਧੂੜੀ ਲਾ ਕੇ ਛਾਰ, ਮਸਤਕ ਟਿੱਕੇ ਨਾਮ ਵਾਲੇ ਰਮਾਈਆ । ਮੈਂ ਚਾਹੁੰਦੀ ਮੇਰੇ ਉਤੇ ਭਗਤ ਸੁਹੇਲੇ ਹੋਣ ਉਜਿਆਰ, ਉਜਲ ਮੁਖ ਦੇਣਾ ਕਰਾਈਆ । ਅੰਮ੍ਰਿਤ ਰਸ ਨਿਝਰ ਝਿਰਨਿਉਂ ਬੂੰਦ ਸਵਾਂਤੀ ਦੇਣਾ ਠੰਡਾ ਠਾਰ, ਅਗਨੀ ਤਤ ਤਤ ਬੁਝਾਈਆ । ਘਰ ਮੰਦਰ ਗ੍ਰਿਹਿ ਸੁਹਾਉਣਾ ਬੰਕ ਦੁਆਰ, ਦੁਆਰਕਾ ਵਾਸੀ ਕ੍ਰਿਸ਼ਨ ਜਿਸ ਦਾ ਇਸ਼ਾਰਾ ਗਿਆ ਕਰਾਈਆ । ਤੇਰਾ ਲਹਿਣਾ ਦੇਣਾ ਲੇਖਾ ਕ਼ਾਗਜ਼ ਕ਼ਲਮ ਸ਼ਾਹੀ ਤੋਂ ਬਾਹਰ, ਰਸਨਾ ਜਿਹਵਾ ਸਿਫ਼ਤੀ ਸਿਫ਼ਤ ਨਾ ਕੋਇ ਵਡਿਆਈਆ । ਮੈਂ ਮਾਂਗਤ ਹੋ ਕੇ ਮੰਗਾਂ ਤੇਰਾ ਦੁਆਰ, ਧਰਮ ਦੀ ਧਰਮ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੈਂ ਕਲਜੁਗ ਅੰਤਮ ਬਣੀ ਮੰਗਤੀ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰੀ ਨਿਰਅੱਖਰ ਧਾਰ ਦੀ ਪੰਗਤੀ, ਪਾਰਬ੍ਰਹਮ ਜਗਤ ਵੰਡ ਨਾ ਕੋਇ ਵੰਡਾਈਆ । ਮੈਂ ਤੇਰੇ ਦੁਆਰ ਤੇ ਭੁਖੀ ਨੰਗਤੀ, ਦਰਵੇਸ਼ ਹੋ ਕੇ ਸੀਸ ਨਿਵਾਈਆ । ਮੇਰਾ ਲਹਿਣਾ ਤਕ ਲੈ ਸਦੀ ਚੌਧਵੀਂ ਜਾਂਦੀ ਲੰਘਦੀ, ਮੁਹੰਮਦ ਬੈਠਾ ਅੱਖ ਉਠਾਈਆ । ਕੀ ਧਾਰਾ ਵਹਿਣੀ

ਕੂੜੀ ਗੰਗ ਦੀ, ਗਹਿਰ ਗੰਭੀਰ ਦੇਣਾ ਸਮਝਾਈਆ । ਜੋ ਅਵਤਾਰ ਪੈਗ਼ੰਬਰ ਗੁਰੂਆਂ ਬੀਸ ਬੀਸੇ ਹਰਿ ਜਗਦੀਸ਼ੇ ਅੰਤਮ ਆਸ਼ਾ ਰਖੀ ਜੰਗ ਦੀ, ਜਗਹ ਜਗਹ ਆਪਣਾ ਨੈਣ ਉਠਾਈਆ । ਮੇਰੇ ਉਤੇ ਕਿਸ ਬਿਧ ਨਿਸ਼ਾਨੀ ਮਿਟਣੀ ਤਾਰਾ ਚੰਦ ਦੀ, ਚੰਦ ਚਾਂਦਨਾ ਕਵਣ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭੂ ਮੇਰੀ ਪੁਸ਼ਤ ਪਨਾਹ ਨਾ ਹੋਵੇ ਨੰਗਣ, ਸੀਸ ਜਗਦੀਸ਼ ਹੱਥ ਟਿਕਾਈਆ । ਭਾਗਹੀਣ ਨਾ ਹੋਵਾਂ ਮੰਦਨ, ਮੰਦਭਾਗ ਦੇਣੀ ਵਡਿਆਈਆ । ਮੇਰਾ ਨੇਤਰ ਨੈਣ ਰਹੇ ਨਾ ਅੰਧਣ, ਲੋਚਨ ਤੇਰਾ ਦਰਸ਼ਨ ਪਾਈਆ । ਧੂੜੀ ਖ਼ਾਕ ਰਮਾ ਕੇ ਸਾਹਿਬ ਸੁਆਮੀ ਚੰਦਨ, ਚੰਦ ਸਿਤਾਰੇ ਦਿਆਂ ਸੁਣਾਈਆ । ਜਿਸ ਨਵ ਖੰਡ ਪ੍ਰਿਥਮੀ ਭਰਮਾਂ ਢਾਉਣੀ ਕੰਧਨ, ਭਾਂਡਾ ਭਰਮ ਭਉ ਭੰਨਾਈਆ । ਜਨ ਭਗਤਾਂ ਆਤਮ ਪਰਮਾਤਮ ਟੁੱਟੀ ਆਵੇ ਗੰਢਣ, ਗੰਢਣਹਾਰ ਗੋਪਾਲ ਸੁਆਮੀ ਇਕ ਅਖਵਾਈਆ । ਜਿਸ ਦਾ ਲਹਿਣਾ ਦੇਣਾ ਦੋ ਜਹਾਨਾਂ ਵਿਚ ਬ੍ਰਹਿਮੰਡਣ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਵੇਖੇ ਚਾਈਂ ਚਾਈਆ । ਮੈਂ ਉਸੇ ਨਿਮਸਕਾਰ ਕਰਾਂ ਚਰਨ ਬੰਦਨ, ਬੰਦਗੀ ਵਿਚ ਸੀਸ ਝੁਕਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਲੰਘਣ, ਪਾਂਧੀ ਹੋ ਕੇ ਪੰਧ ਮੁਕਾਈਆ । ਮੈਨੂੰ ਦੇਵੇ ਸਚ ਅਨੰਦਨ, ਅਨੰਦ ਅਨੰਦ ਵਿਚੋਂ ਪਰਗਟਾਈਆ । ਗੋਬਿੰਦ ਦੀ ਧਾਰ ਲੇਖਾ ਜਾਣੇ ਕੰਗਣ, ਤਨ ਵਜੂਦਾਂ ਫੋਲ ਫੁਲਾਈਆ । ਤੂੰ ਮੇਰਾ ਮੈਂ ਤੇਰਾ ਮੈਨੂੰ ਤੇਰਾ ਜਣਾਏ ਅਗੰਮਾ ਛੰਦਨ, ਪਾਰਬ੍ਰਹਮ ਪ੍ਰਭ ਮੇਲਾ ਮੇਲੇ ਸਹਿਜ ਸੁਭਾਈਆ । ਧਰਨੀ ਕਹੇ ਮੈਂ ਭਾਗ ਭਰੀ ਹੋਵਾਂ ਵਿਚ ਲੰਡਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤਿ ਬੁਧਿ ਅੱਠ ਦਾ ਅੱਠ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਧਰਨੀ ਕਹੇ ਪ੍ਰਭੂ ਮੇਰੇ ਅੰਤਰ ਇਕ ਵੈਰਾਗ, ਵੈਰੀ ਕਲਜੁਗ ਦੇਣਾ ਮਿਟਾਈਆ । ਦੁਰਮਤ ਮੈਲ ਧੋਣਾ ਦਾਗ਼, ਪਤਿਤ ਪੁਨੀਤ ਦੇਣਾ ਬਣਾਈਆ । ਬੁੱਧੀ ਕੂੜ ਰਹੇ ਨਾ ਕਾਗ, ਹੰਸ ਰੂਪ ਦੇਣਾ ਦਰਸਾਈਆ । ਤ੍ਰੈਗੁਣ ਤਤ ਬੁਝਾਉਣੀ ਆਗ, ਰਜੋ ਤਮੋ ਸਤੋ ਡੇਰਾ ਢਾਹੀਆ । ਮੇਰੇ ਗ੍ਰਹਿ ਜਗਾਉਣਾ ਚਰਾਗ਼, ਜੋਤੀ ਜਾਤੇ ਕਰ ਰੁਸ਼ਨਾਈਆ । ਮੇਰੇ ਗ੍ਰਹਿ ਧਰਨੀ ਕਹੇ ਲਗਾਉਣਾ ਭਾਗ, ਭਗਵਨ ਭਾਗ ਸਿੰਘ ਸੰਗ ਆਪਣਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਪਿਆਰ ਵਿਚ ਪਰਮ ਪੁਰਖ ਹੋਣਾ ਵਿਸਮਾਦ, ਦੂਸਰ ਓਟ ਨਾ ਕੋਇ ਤਕਾਈਆ ।

**✪ ੯ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਮਲਕੀਅਤ ਸਿੰਘ ਦੇ ਗ੍ਰਹਿ ੩੨ ਕਰਾਨਬੋਰਨ ਰੋਡ ਲੰਡਨ ਨੰ੦ ੧੦ ਮੁਸਰਲ ਹਿਲ ✪**

ਨਾਰਦ ਕਹੇ ਧਰਨੀਏ ਮੈਂ ਪ੍ਰਭ ਦਾ ਭਗਤ ਚਿਰਾਂ ਕਾ, ਚਿਰੀ ਵਿਛੁੰਨੀਏ ਤੈਨੂੰ ਦਿਆਂ ਜਣਾਈਆ । ਮੇਰੇ ਕੋਲ ਜੁਗ ਚੌਕੜੀ ਪੁਰਾਣਾ ਸਾਕਾ, ਜੋ ਨਿਰਅੱਖਰ ਧਾਰ ਵਿਚ ਆਪਣੇ ਕੰਧ ਉਠਾਈਆ । ਜਿਸ ਵਿਚੋਂ ਹੁਕਮ ਸੰਦੇਸ਼ਾ ਸੁਣਿਆ ਭਵਿਖਤ ਵਾਕਾ, ਅਵਤਾਰ ਪੈਗ਼ੰਬਰ ਗੁਰ ਦੀਦ ਸ਼ਨੀਦ

੪੨੮
੨੪

ਧਿਆਨ ਲਗਾਈਆ । ਮੈਂ ਹੈਰਾਨ ਹੋ ਗਿਆ ਪੁਰਖ ਅਕਾਲੇ ਦੀਨ ਦਿਆਲੇ ਹੁਕਮ ਦਿਤਾ ਸ਼ਬਦ ਅਗੰਮੀ ਕਾਕਾ, ਕਲਜੁਗ ਕਲਕਾਤੀ ਧਿਆਨ ਲਗਾਈਆ । ਜੋ ਨੌ ਖੰਡ ਪ੍ਰਿਥਮੀ ਸਭ ਨੂੰ ਮਾਰੇ ਹਾਕਾਂ, ਹੁਕਮ ਹੁਕਮ ਵਿਚੋਂ ਸੁਣਾਈਆ । ਤੂੰ ਚਾਰ ਕੁੰਟ ਦਹਿ ਦਿਸ਼ਾ ਖੋਲ੍ਹ ਕੇ ਰਖੀਂ ਤਾਕਾ, ਕੁੰਡੀ ਖਿੜਕੀ ਬੰਦ ਨਾ ਕੋਇ ਕਰਾਈਆ । ਉਸ ਦਾ ਰੂਪ ਅਨੂਪ ਬਿਨ ਅੱਖੀਆਂ ਤਕਣਾ ਬਾਂਕਾ, ਛੌਹਰ ਬਾਂਕਾ ਦੋ ਜਹਾਨਾਂ ਨਜ਼ਰੀ ਆਈਆ । ਜੋ ਜ਼ਿਮੀਂ ਜ਼ਮਾ ਵੇਖਣਹਾਰਾ ਖ਼ਾਕਾ, ਖ਼ਲਕ ਖ਼ਾਲਕ ਪੜਦਾ ਆਪ ਉਠਾਈਆ । ਅਗੰਮੀ ਅਸਵ ਚੜ੍ਹਿਆ ਹੋਵੇ ਰਾਕਾ, ਜਗਤ ਜਹਾਨਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਨਾਰਦ ਕਹੇ ਧਰਨੀਏ ਮੈਂ ਪ੍ਰਭ ਦਾ ਭਗਤ ਪੁਰਾਣਾ ਏਕ, ਏਕੰਕਾਰ ਦਿਤੀ ਵਡਿਆਈਆ । ਬਿਨਾ ਤਨ ਵਜੂਦ ਰਖੀ ਟੇਕ, ਹਡ ਮਾਸ ਨਾੜੀ ਰੰਗ ਨਾ ਕੋਇ ਰੰਗਾਈਆ । ਮਨ ਮਤਿ ਬੁਧਿ ਬਾਹਰ ਆਪਣਾ ਅੰਤਰ ਰਖਿਆ ਬਿਬੇਕ, ਮਨਸਾ ਜਗਤ ਨਾ ਕੋਇ ਰਖਾਈਆ । ਬਿਨਾ ਸ਼ਰਅ ਤੋਂ ਬਣਿਆ ਰਿਹਾ ਨੇਕ, ਹੁਕਮ ਵਿਚੋਂ ਹੁਕਮ ਸੁਣਾਂ ਚਾਈਂ ਚਾਈਆ । ਤੇਰਾ ਕਲਜੁਗ ਕੂੜੀ ਕਿਰਿਆ ਤਕਾਂ ਸੇਕ, ਮਮਤਾ ਮੋਹ ਅਗਨ ਤਪਾਈਆ । ਮੈਂ ਸਚ ਦਾ ਸਚ ਖੋਲ੍ਹਣ ਆਇਆ ਭੇਤ, ਭਾਂਡਾ ਭਰਮ ਭਉ ਭੰਨਾਈਆ । ਉਠ ਕੇ ਧਰਮ ਦੀ ਧਾਰ ਨਾਲ ਵੇਖ, ਬਿਨ ਅੱਖੀਆਂ ਅੱਖ ਉਠਾਈਆ । ਜਿਸ ਬਿਧ ਲਹਿਣਾ ਦੇਣਾ ਮੁਕਣਾ ਮੁਲਾਂ ਸ਼ੇਖ਼, ਮੁਸਾਇਕ ਬੈਠਣ ਪੰਧ ਮੁਕਾਈਆ । ਤੇਰੇ ਉਤੇ ਧਰਮ ਦੀ ਧਾਰ ਬਦਲਣੀ ਰੇਖ, ਰਿਖੀ ਮੁਨੀ ਰਿਖੀਸ਼ਰ ਜਗਦੀਸ਼ਰ ਧਿਆਨ ਲਗਾਈਆ । ਨਿਗਾਹ ਮਾਰ ਲੈ ਸੰਬਲ ਦੇਸ਼, ਦੇਸ ਦੇਸਾਤਰਾਂ ਪਰਦਾ ਪਰਦਿਆਂ ਵਿਚੋਂ ਚੁਕਾਈਆ । ਤੇਰਾ ਸਾਹਿਬ ਸੁਆਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਸ਼ਾਹੋ ਭੂਪ ਨਰ ਨਰੇਸ਼, ਏਕੰਕਾਰ ਇਕ ਇਕੱਲਾ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਮੈਂ ਪ੍ਰਭ ਦਾ ਆਦਿ ਜੁਗਾਦੀ ਸੁਤ, ਦੂਲ੍ਹਾ ਇਕੋ ਨਜ਼ਰੀ ਆਈਆ । ਮੇਰਾ ਮਾਲਕ ਖਾਲਕ ਅਬਿਨਾਸ਼ੀ *ਅਚੁਤ, ਚੇਤਨ ਸਭ ਨੂੰ ਦਿਆਂ ਕਰਾਈਆ । ਜਿਸ ਤੇਰੀ ਵੇਖਣੀ ਕਲਜੁਗ ਅੰਤਮ ਰੁਤ, ਰੁਤੜੀ ਆਪਣੇ ਰੰਗ ਰੰਗਾਈਆ । ਤੂੰ ਸਾਵਧਾਨ ਹੋ ਕੇ ਉਠ, ਆਪ ਆਪਣੀ ਲੈ ਅੰਗੜਾਈਆ । ਨਿਗਾਹ ਮਾਰ ਲੈ ਪੱਛਮ ਵਾਲੀ ਗੁਠ, ਕੀ ਖੇਲ ਖੇਲੇ ਬੇਪ੍ਰਵਾਹੀਆ । ਜੋ ਅੰਤ ਕੰਤ ਭਗਵੰਤ ਰਿਹਾ ਤੁਠ, ਮਿਹਰਵਾਨ ਮਹਿਬੂਬ ਆਪਣਾ ਹੁਕਮ ਵਰਤਾਈਆ । ਕਲਜੁਗ ਕੂੜ ਕੁੜਿਆਰਾ ਪਾਏ ਲੁਟ, ਲੁਟੇਰਾ ਕਲਜੁਗ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਧਰਨੀਏ ਮੇਰੀ ਆਸ਼ਾ ਜੁਗ ਜੁਗ ਪ੍ਰਭ ਨੇ ਸੋਧੀ, ਵਿਸ਼ਾ ਜਗਤ ਨਾ ਕੋਇ ਜਣਾਈਆ । ਮੇਰੀ ਜ਼ਿਮੀਂ ਅਸਮਾਨਾਂ ਬਾਹਰ ਹਿਲਦੀ ਬੋਦੀ, ਅੰਤ ਕਹਿਣ ਕਿਛ ਨਾ ਆਈਆ । ਮੈਂ ਖੇਲ ਖੇਲਿਆ ਅਗੰਮੀ ਗੋਦੀ, ਗੋਦਾਵਰੀ ਕੰਢੇ ਗੋਬਿੰਦ ਮੇਰੀ ਦਏ ਗਵਾਹੀਆ । ਮੈਨੂੰ ਜੁਗ ਚੌਕੜੀ ਪ੍ਰਭ ਨੇ ਦਿਤੀ ਸੋਝੀ, ਸਮਝ ਸਮਝ ਵਿਚੋਂ ਬਦਲਾਈਆ । ਮੈਂ ਚਾਰ ਜੁਗ ਦਾ ਪੁਰਾਣਾ ਬੋਧੀ, ਬੁਧੀ ਤੋਂ ਪਰੇ ਮੇਰੀ ਪੜ੍ਹਾਈਆ । ਤੂੰ ਕੀ ਸੋਚਣਾ ਉਂਗਲ ਰਖ ਕੇ ਉਤੇ ਠੋਡੀ, ਠੋਕਰ ਲੱਗੇ ਥਾਉਂ ਥਾਈਆ । ਮੈਂ ਪੁਰਾਣਾ ਪੰਡਤ ਮੇਰੇ ਹੱਥ ਲਾ ਲੈ ਗੋਡੀ, ਗੁਡ ਮਾਰਨਿੰਗ ਕਹਿ ਕੇ ਸੀਸ ਨਿਵਾਈਆ । ਮੈਂ ਨੌ ਸੌ ਚੁਰਾਨਮੇ ਚੌਕੜੀ ਜੁਗ ਦਾ ਜੋਗੀ, ਜੁਗਤੀ ਪ੍ਰਭ ਨੇ ਦਿਤੀ ਚਾਈਂ ਚਾਈਆ । ਤੇਰੇ ਨਾਲ

ਮੇਲ ਹੋਇਆ ਕਲਜੁਗ ਅੰਤ ਸੰਜੋਗੀ, ਜੁਗ ਵਿਛੜੀਏ ਦਿਆਂ ਸਮਝਾਈਆ । ਕਿਉਂ ਕਲਜੁਗ ਮਾਨਵ ਜ਼ਾਤੀ ਮਾਇਆ ਮਮਤਾ ਹੋਈ ਭੋਗੀ, ਆਤਮ ਰਸ ਨਜ਼ਰ ਕੋਇ ਨਾ ਆਈਆ । ਤੇਰੇ ਉਤੇ ਭਾਰ ਵਧਿਆ ਬੋਝੀ, ਹੌਲਾ ਸਕੇ ਨਾ ਕੋਇ ਕਰਾਈਆ । ਤੂੰ ਤ੍ਰਿਸ਼ਨਾ ਦੀ ਹੋਈ ਰੋਗੀ, ਹਉਮੇ ਗੜ੍ਹ ਨਾ ਕੋਇ ਤੁੜਾਈਆ । ਕੀ ਹੁਕਮ ਸੰਦੇਸ਼ਾ ਦੇਵੇ ਪ੍ਰੀਤਮ ਚੋਜੀ, ਦੋ ਜਹਾਨਾਂ ਬਾਹਰ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਣਾ ਸਹਾਈਆ । ਨਾਰਦ ਕਹੇ ਧਰਨੀਏ ਬੇਖ਼ਬਰੇ ਮਾਰ ਝਾਕੀ, ਤੈਨੂੰ ਪੂਰਬ ਭੇਵ ਖੁਲ੍ਹਾਈਆ । ਕੀ ਤੇਰਾ ਲਹਿਣਾ ਦੇਣਾ ਬਾਕੀ, ਬਾਕਾਇਦਾ ਦਿਆਂ ਦ੍ਰਿੜਾਈਆ । ਕੀ ਨਵੀਂ ਚਲਣੀ ਸਾਖੀ, ਹੁਕਮ ਸੰਦੇਸ਼ਾ ਕੀ ਸੁਣਾਈਆ । ਕਿਸ ਬਿਧ ਤੇਰੀ ਮੈਲ ਜਾਣੀ ਕਾਟੀ, ਦੁਰਮਤ ਮੈਲ ਰਹੇ ਨਾ ਰਾਈਆ । ਧਰਮ ਦੁਆਰ ਦੀ ਖੁਲ੍ਹੇ ਹਾਟੀ, ਹਟਵਾਣਾ ਦਿਸੇ ਇਕੋ ਮਾਹੀਆ । ਧਰਮ ਦੀ ਮੰਜ਼ਲ ਦੱਸੇ ਵਾਟੀ, ਕੂੜੀ ਕਿਰਿਆ ਪੰਧ ਮੁਕਾਈਆ । ਲੇਖੇ ਲਾਵੇ ਗੋਬਿੰਦ ਰਸ ਅੰਮ੍ਰਿਤ ਵਾਲੀ ਬਾਟੀ, ਪਾਰਬ੍ਰਹਮ ਪ੍ਰਭ ਆਪਣਾ ਸੰਗ ਬਣਾਈਆ । ਜੋਤ ਜਗਾਏ ਮਸਤਕ ਤੇਰੇ ਨੂਰ ਲਲਾਟੀ, ਅੰਧ ਅੰਧੇਰਾ ਦਏ ਮਿਟਾਈਆ । ਸਚ ਸੁਹੰਜਣੀ ਕਰੇ ਸੇਜਾ ਖਾਟੀ, ਬਿਨ ਪਾਵੇ ਚੂਲ ਦਏ ਵਡਿਆਈਆ । ਪਵਿਤ੍ਰ ਹੋਵੇ ਤੇਰੀ ਨਵ ਸੱਤ ਦੀ ਮਾਟੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੁਆਮੀ ਵੇਖ ਵਖਾਈਆ । ਨਾਰਦ ਕਹੇ ਧਰਨੀਏ ਮੈਂ ਆ ਗਿਆ ਫਿਰਦਾ ਫਿਰਦਾ, ਪਾਂਧੀ ਹੋ ਕੇ ਪੰਧ ਮੁਕਾਈਆ । ਨੀ ਤੇਰਾ ਲਹਿਣਾ ਦੇਣਾ ਪੁਰਾਣਾ ਚਿਰ ਦਾ, ਚਾਰ ਜੁਗ ਦਾ ਲੇਖਾ ਦਿਆਂ ਸਮਝਾਈਆ । ਬਿਨਾ ਅੱਖਾਂ ਤੋਂ ਵੇਖ ਆਪਣਾ ਹਿਰਦਾ, ਬਿਨ ਨੈਣਾਂ ਨੈਣ ਤਕਾਈਆ । ਕੀ ਖੇਲ ਪੁਰਖ ਅਕਾਲ ਗਿਰਵਰ ਗਿਰ ਦਾ, ਗਹਿਰ ਗੰਭੀਰ ਕੀ ਸਮਝਾਈਆ । ਤੇਰਾ ਖੇਲ ਸੁਹੰਜਣਾ ਰੂਪ ਤਕ ਲੈ ਨਰਾਇਣ ਨਿਰ ਦਾ, ਨਿਰਾਕਾਰ ਵੇਖਣਾ ਚਾਈਂ ਚਾਈਂਆ । ਜਿਸ ਦੇ ਹੁਕਮ ਨਾਲ ਗੇੜਾ ਗਿੜਦਾ, ਚਾਰੇ ਜੁਗ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਧਰਨੀਏ ਮੈਂ ਪ੍ਰਭੂ ਦਾ ਸੱਜਣ ਮੀਤ, ਸਾਜਣੂਆ ਦਏ ਵਡਿਆਈਆ । ਜਿਸ ਤੈਨੂੰ ਕਰਨਾ ਠਾਂਢੀ ਸੀਤ, ਅਗਨੀ ਤਤ ਤਤ ਬੁਝਾਈਆ । ਬਖ਼ਸ਼ਣੀ ਹਕ ਪ੍ਰੀਤ, ਪ੍ਰੀਤਮ ਮੇਲਾ ਮੇਲੇ ਧੁਰਦਰਗਾਹੀਆ । ਮੇਰੇ ਕੋਲ ਲੇਖਾ ਅਗੰਮਾ ਜਿਸ ਦੀ ਸਾਰੇ ਕਰਨ ਤਸਦੀਕ਼, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਜਿਸ ਦਾ ਬਣੇ ਕੋਈ ਨਾ ਫ਼ਰੀਕ਼, ਸ਼ਰਕਤ ਵਿਚ ਖ਼ਲਕ ਖ਼ੁਦਾਈਆ । ਉਸ ਦੀ ਸਾਰੇ ਕਰਨ ਉਡੀਕ, ਘੜੀ ਪਲ ਖੋਜ ਖੁਜਾਈਆ । ਸੋ ਵਕਤ ਸੁਹੰਜਣਾ ਆਇਆ ਨਜ਼ਦੀਕ, ਨੇਰਨ ਨੇਰ ਨੇਰ ਅਖਵਾਈਆ । ਜਿਸ ਦਾ ਮਾਰਗ ਅਤਿ ਬਾਰੀਕ, ਕ਼ਦਮ ਸਕੇ ਨਾ ਕੋਇ ਟਿਕਾਈਆ । ਉਹ ਖੇਲੇ ਖੇਲ ਲਾਸ਼ਰੀਕ, ਵਾਹਿਦ ਇਕੋ ਨੂਰ ਅਲਾਹੀਆ । ਜਿਸ ਦੀ ਪੈਗ਼ੰਬਰਾਂ ਕੀਤੀ ਤਬਲੀਕ, ਅਲਿਫ਼ ਯੇ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਧਰਨੀਏ ਮੇਰੇ ਕੋਲ ਅਗੰਮਾ ਕੋਸ਼, ਕੁਸ਼ਾ ਦੀਪ ਧਿਆਨ ਲਗਾਈਆ । ਜਿਹੜਾ ਜੁਗ ਚੌਕੜੀ ਰਿਹਾ ਰੂਪੋਸ਼, ਪੇਸ਼ੀਨਗੋਈਆਂ ਵਿਚ ਭੇਵ ਨਾ ਕੋਇ ਖੁਲ੍ਹਾਈਆ । ਜਿਸ ਦੀ ਧਾਰ ਵਿਚ ਸਾਰੇ ਹੋਏ ਮਧਹੋਸ਼, ਮਧੁਰ ਧੁਨ ਸੁਣਨ ਕੋਇ ਨਾ ਪਾਈਆ । ਜਿਸ ਸਾਰੇ ਕੀਤੇ ਖ਼ਾਮੋਸ਼, ਰਸਨਾ ਜਿਹਵਾ ਨਾ ਕੋਇ ਚਤੁਰਾਈਆ । ਜਿਸ ਅੰਤ ਦੀਨ ਦੁਨੀ ਲਾਇਆ ਦੋਸ਼, ਦੋਸਤ


੪੨੯
੨੪

ਮਿਤਰ ਮਿਤਰ ਨਾ ਕੋਇ ਬਣਾਈਆ । ਉਹ ਵੇਖਣਹਾਰਾ ਕਾਇਆ ਮਾਟੀ ਪੋਸ਼, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਇਕ ਖਿਲਾਈਆ । ਨਾਰਦ ਕਹੇ ਧਰਨੀਏ ਆਹ ਵੇਖ ਲੈ ਹਾਹੇ ਉਤੇ ਟਿੱਪੀ,
ਟੀਕਾ ਟਿਪਣੀ ਸਮਝ ਕਿਸੇ ਨਾ ਆਈਆ । ਆਹ ਵੇਖ ਲੈ ਸੰਮਤ ਸ਼ਹਿਨਸ਼ਾਹੀ ਮਿਤੀ, ਇਕ ਇਕ ਨਾਲ ਮਿਲਾਈਆ । ਆਹ ਤਕ ਲੈ ਜਿਸ
ਦੀ ਧਾਰ ਜਾਏ ਨਾ ਜਿਤੀ, ਦੋ ਜਹਾਨਾਂ ਸੰਗ ਨਾ ਕੋਇ ਬਣਾਈਆ । ਉਸ ਦੀ ਸੁਹੰਜਣੀ ਵੇਖ ਲੈ ਥਿਤੀ, ਘੜੀ ਪਲ ਆਪਣਾ ਸੰਗ ਬਣਾਈਆ ।
ਜਿਸ ਦੀ ਧਾਰ ਅਗੰਮੀ ਨਿੱਕੀ, ਦੋ ਜਹਾਨਾਂ ਮੁਖ ਛੁਪਾਈਆ । ਝਟ ਧਰਨੀ ਆਪਣੀ ਆਸ਼ਾ ਸਿੱਟੀ, ਬਲਹੀਣ ਹੋ ਕੇ
ਰਹੀ ਜਣਾਈਆ । ਨਾਰਦਾ ਮੇਰੀ ਖੁਲ੍ਹੀ ਵੇਖ ਲੈ ਲਿਟੀ, ਮੇਂਢੀ ਸੀਸ ਨਾ ਕੋਇ ਗੁੰਦਾਈਆ । ਮੈਂ ਦੁਹੱਥੜ ਮਾਰ ਕੇ ਪਿੱਟੀ, ਪਟਨੇ ਵਾਲਿਆ
ਤੇਰੀ ਝੱਲੀ ਨਾ ਜਾਏ ਜੁਦਾਈਆ । ਮੇਰਾ ਝਗੜਾ ਮੇਟ ਦੇ ਪੱਥਰ ਇੱਟੀ, ਪਾਹਨਾਂ ਸੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਰਖਾਈਆ । ਨਾਰਦ ਕਹੇ ਧਰਨੀਏ ਮੇਰੇ ਕੋਲ ਪੁਰਾਣਾ ਲੇਖ, ਜਗਤ ਅੱਖਰ
ਨਾ ਕੋਇ ਵਖਾਈਆ । ਜਿਸ ਵਿਚ ਹੋਣਾ ਅਵੱਲੜਾ ਭੇਸ, ਭੇਖਾਧਾਰੀ ਆਪਣਾ ਰੂਪ ਬਦਲਾਈਆ । ਦੀਨ ਦੁਨੀ ਸਕੇ ਕੋਈ ਨਾ ਵੇਖ, ਲੋਚਨ
ਨੈਣ ਜਗਤ ਨਾ ਕੋਇ ਚਤੁਰਾਈਆ । ਜੋ ਮਾਲਕ ਖ਼ਾਲਕ ਸਾਜਣ ਰਹੇ ਹਮੇਸ਼, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸੋਭਾ ਪਾਈਆ । ਸੋ ਉਹ
੪੩੦ ਸੁਹੰਜਣਾ ਕਰੇ ਤੇਰਾ ਦੇਸ, ਪਰਦੇਸੀ ਹੋ ਕੇ ਵੇਖ ਵਖਾਈਆ । ਜਿਸ ਕਲਜੁਗ ਅੰਤ ਸ੍ਰੀ ਭਗਵੰਤ ਮੇਟਣਾ ਕਲੇਸ਼, ਕਲ ਕਾਤੀਆਂ ਕਰੇ ਸਫ਼ਾਈਆ । ੪੩੦
੨੪ ਸੋ ਸੁਆਮੀ ਬਣ ਨਰੇਸ਼, ਨਰ ਨਰਾਇਣ ਆਪਣਾ ਪੰਧ ਮੁਕਾਈਆ । ਤੂੰ ਉਸ ਦੇ ਹੋਣਾ ਪੇਸ਼, ਪੇਸ਼ੀਨਗੋਈਆਂ ਪਿਛਲੀਆਂ ਨਾਲ ਮਿਲਾਈਆ । ਜਿਸ ੨੪
ਨੂੰ ਸਤਿਗੁਰ ਸ਼ਬਦ ਸਭ ਨੇ ਕਹਿਣਾ ਦਸ ਦਸਮੇਸ਼, ਦਹਿ ਦਿਸ਼ਾ ਦਾ ਮਾਲਕ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆਂ । ਨਾਰਦ ਕਹੇ ਧਰਨੀਏ ਆਹ ਤਕ ਲੈ ਮੇਰੇ ਕੋਲ ਪੁਰਾਣੀ ਲਿਖਤ,
ਬਿਨ ਅੱਖਰਾਂ ਦਿਆਂ ਜਣਾਈਆ । ਜਿਸ ਵਿਚ ਸ਼ਬਦ ਗੁਰੂ ਦਾ ਭਵਿਖਤ, ਦੂਸਰ ਸਮਝ ਕਿਸੇ ਨਾ ਆਈਆ । ਜੋ ਲੇਖਾ ਜਾਣੇ ਸਬਾਏ ਸ੍ਰਿਸ਼ਟ,
ਸ੍ਰੇਸ਼ਟ ਆਪਣਾ ਭੇਵ ਚੁਕਾਈਆ । ਆਤਮ ਪਰਮਾਤਮ ਦੱਸੇ ਇਸ਼ਟ, ਈਸ਼ ਜੀਵ ਜਗਦੀਸ਼ ਦਏ ਸਮਝਾਈਆ । ਜੋ ਸੰਦੇਸ਼ਾ ਦਿਤਾ ਰਾਮ ਨੂੰ ਵਸ਼ਿਸ਼ਟ,
ਵਿਸ਼ਿਆਂ ਤੋਂ ਬਾਹਰ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ ।
ਨਾਰਦ ਕਹੇ ਧਰਨੀਏ ਮੈਨੂੰ ਮੂਲ ਨਾ ਜਾਣੀ ਪੁਰਾਣਾ ਬ੍ਰਾਹਮਣ, ਬ੍ਰਹਮ ਵਿਦਿਆ ਮੇਰੀ ਪੜ੍ਹਾਈਆ । ਮੈਂ ਪ੍ਰਭ ਦਾ ਪਕੜਿਆ ਦਾਮਨ, ਦਾਮਨਗੀਰ
ਇਕ ਰਖਾਈਆ । ਮੈਂ ਚਾਰ ਜੁਗ ਦੀ ਤ੍ਰਿਸ਼ਨਾ ਤਕੀ ਤਾਮਨ, ਆਸ਼ਾ ਮਨਸਾ ਨਾਲ ਮਿਲਾਈਆ । ਤੂੰ ਦਰਸ਼ਨ ਕਰਨਾ ਸਾਹਿਬ ਦਾ ਆਮਨ ਸਾਹਮਨ,
ਸਨਮੁਖ ਹੋ ਕੇ ਵੇਖ ਵਖਾਈਆ । ਜਿਸ ਖੇਲ ਖਿਲਾਇਆ ਰਾਮ ਰਾਮਨ, ਰਾਮ ਰਾਮਾ ਬੇਪਰਵਾਹੀਆ । ਜਿਸ ਸੰਗ ਨਿਭਾਇਆ ਕ੍ਰਿਸ਼ਨਾ ਕਾਹਨਨ,
ਘਨਈਆ ਸਈਆ ਵਡ ਵਡਿਆਈਆ । ਜਿਸ ਪੈਗ਼ੰਬਰਾਂ ਮੇਟੀ ਅੰਧੇਰੀ ਸ਼ਾਮਨ, ਸ਼ਮਅ ਨੂਰ ਜੋਤ ਕੀਤੀ ਰੁਸ਼ਨਾਈਆ । ਜਿਸ ਗੁਰੂ ਗੁਰਦੇਵ ਬਣਾਇਆ
ਪਤਿਤ ਪਾਵਨ, ਪਾਰਬ੍ਰਹਮ ਅਗੰਮ ਅਥਾਹੀਆ । ਸੋ ਤੇਰੇ ਉਤੇ ਮਿਹਰਵਾਨ ਨਾਮ ਨਿਧਾਨਾ ਮੇਘ ਬਰਸੇ ਸਾਵਣ, ਸਾਵਰੀਆ ਆਪਣੀ ਦਇਆ ਕਮਾਈਆ ।

ਭਾਗ ਲਗਾਏ ਕਾਇਆ ਮਾਟੀ ਚਾਮਨ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਕੂੜੀ ਕਿਰਿਆ ਮੇਟੇ ਤ੍ਰਿਸ਼ਨਾ ਤਾਮਨ, ਤ੍ਰਿਖਾ ਮਾਇਆ ਮਮਤਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਧਰਨੀਏ ਮੇਰੇ ਕੋਲ ਹੋਰ ਪੁਰਾਣੀਆਂ ਚਿੱਠੀਆਂ, ਬਿਨ ਅੱਖਰਾਂ ਲੇਖ ਜਣਾਈਆ । ਜਗ ਨੇਤਰ ਕਿਸੇ ਨਾ ਡਿਠੀਆਂ, ਪੁਸਤਕਾਂ ਵੰਡ ਨਾ ਕੋਇ ਵੰਡਾਈਆ । ਉਸ ਵਿਚ ਖ਼ਬਰਾਂ ਅਗੰਮੀ ਮਿਠੀਆਂ, ਰਸਨਾ ਰਸ ਨਾ ਕੋਇ ਚਖਾਈਆ । ਜਿਸ ਕੋਟਨ ਜੁਗ ਚੌਕੜੀਆਂ ਨਜਿੱਠੀਆਂ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੈਠੇ ਪੰਧ ਮੁਕਾਈਆ । ਮੈਂ ਅੰਤ ਆਸ਼ਾਂ ਉਸੇ ਤੇ ਸਿਟੀਆਂ, ਜੋ ਸੱਟੇਬਾਜ਼ੀ ਵੇਖੇ ਖਲਕ ਖ਼ੁਦਾਈਆ । ਤੂੰ ਵੀ ਉਸ ਦੇ ਚਰਨਾਂ ਵਿਚ ਲਿਟੀ ਆਂ, ਲੰਮੀ ਪੈ ਕੇ ਦੇ ਦੁਹਾਈਆ । ਵਕ਼ਤ ਲੰਘਾ ਨਾ ਲਈਂ ਗਿਣ ਕੇ ਗਿਟੀਆਂ, ਵੇਲਾ ਗਿਆ ਹੱਥ ਨਾ ਆਈਆ । ਆਹ ਵੇਖ ਲੈ ਜਿਸ ਦੀਆਂ ਧਾਰਾਂ ਆਦਿ ਜੁਗਾਦਿ ਚਿੱਟੀਆਂ, ਕਾਲਾ ਰੰਗ ਨਾ ਕੋਇ ਚੜ੍ਹਾਈਆ । ਜਿਸ ਦੀ ਆਸ਼ਾ ਵਿਚ ਗੁਰ ਅਵਤਾਰ ਪੈਗ਼ੰਬਰਾਂ ਖ਼ਾਹਿਸ਼ਾਂ ਟਿਕੀਆਂ, ਤ੍ਰਿਸ਼ਨਾ ਅਵਰ ਨਾ ਕੋਇ ਜਣਾਈਆ । ਉਹ ਵੇਖਣਹਾਰਾ ਜੁਗ ਚੌਕੜੀ ਵਾਰ ਥਿਤੀਆਂ, ਘੜੀ ਪਲ ਤੇਰੀਆਂ ਪਲਕਾਂ ਪਿਛੇ ਖੋਜ ਖੁਜਾਈਆ । ਜਿਸ ਨੇ ਤੈਨੂੰ ਵਡਿਆਈਆਂ ਦਿਤੀਆਂ, ਦੇਵਣਹਾਰ ਅਗੰਮ ਗੁਸਾਈਂਆ । ਉਹ ਅੰਤਮ ਕਰੇ ਹਿਤੀਆਂ, ਹਿਤਕਾਰੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਦਇਆ ਕਮਾਈਆ । ਨਾਰਦ ਕਹੇ ਧਰਨੀ ਇਕ ਅਗੰਮੀ ਸੁਣ ਲੈ ਬਾਤ ਆਹ ਤਕ ਲੈ ਕੀ ਲੇਖ ਲਿਖਿਆ ਪੁਰਾਤਨ ਅੱਜ ਦੀ ਰਾਤ, ਨਵ ਨਵ ਦਾ ਭੇਵ ਚੁਕਾਈਆ । ਜਿਸ ਦਾ ਲਹਿਣਾ ਦੇਣਾ ਨਹੀਂ ਨਾਲ ਕਿਸੇ ਕਾਗ਼ਜ਼ਾਤ, ਕ਼ਲਮ ਸ਼ਾਹੀ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲ ਦੀਨ ਦਿਆਲ ਤੇਰੇ ਉਤੋਂ ਝਗੜਾ ਮੇਟਣਾ ਜ਼ਾਤ ਪਾਤ, ਦੀਨ ਦੁਨੀ ਆਪਣਾ ਭੇਵ ਖੁਲ੍ਹਾਈਆ । ਮਾਲਕ ਖ਼ਾਲਕ ਬਣ ਕੇ ਕਮਲਾਪਾਤ, ਪਤਿਪਰਮੇਸ਼ਵਰ ਬਣੇ ਨੂਰ ਅਲਾਹੀਆ । ਸਭ ਨੂੰ ਅੰਤਰ ਨਿਰੰਤਰ ਅੰਮ੍ਰਿਤ ਬੂੰਦ ਦਏ ਸਵਾਂਤ, ਨਿਝਰ ਝਿਰਨੇ ਨਾਭੀ ਕਵਲ ਵਿਚ ਆਪ ਪਰਗਟਾਈਆ । ਤੇਰਾ ਲਹਿਣਾ ਦੇਣਾ ਵੇਖੇ ਲੋਕਮਾਤ, ਮਾਤਰ ਭੂਮੀਏ ਤੈਨੂੰ ਦਿਆਂ ਜਣਾਈਆ । ਅੰਤ ਤੇਰੀ ਪੁਛੇ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਧਰਨੀ ਧਰਤ ਧਵਲੇ ਧੌਲੇ ਤੇਰਾ ਬੰਧਾਏ ਨਾਤ, ਰਿਸ਼ਤਾ ਫ਼ਰਿਸ਼ਤਿਆਂ ਬਾਹਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹ ਇਕ ਸੁਹਾਈਆ । ਨਾਰਦ ਕਹੇ ਧਰਨੀਏ ਆਹ ਵੇਖ ਲੈ ਬਿਨ ਅੱਖਰਾਂ ਦੇ ਧਾਰ, ਧਰਮ ਧਾਰ ਜਣਾਈਆ । ਉਹ ਕਲ ਕਲਕੀ ਅਵਤਾਰ, ਨਿਹਕਲੰਕਾ ਨੂਰ ਅਲਾਹੀਆ । ਜਿਸ ਨੂੰ ਸਾਰੇ ਰਹੇ ਚਿਤਾਰ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਗੁਰ ਅਵਤਾਰ ਬੋਲ ਜੈਕਾਰ, ਢੋਲੇ ਸੋਹਲੇ ਰਾਗ ਸੁਣਾਈਆ । ਉਹ ਵਸਣਹਾਰਾ ਸਚਖੰਡ ਦੁਆਰ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦਾ ਨਿਰਮਲ ਨੂਰ ਜੋਤ ਉਜਿਆਰ, ਜੋਤੀ ਜਾਤਾ ਇਕ ਅਖਵਾਈਆ । ਸਤਿਗੁਰ ਸ਼ਬਦ ਸੁਤ ਦੁਲਾਰ, ਦੋ ਜਹਾਨਾਂ ਭੱਜੇ ਵਾਹੋ ਦਾਹੀਆ । ਵੇਖੇ ਵਿਗਸੇ ਪਾਵੇ ਸਾਰ, ਵੇਖਣਹਾਰਾ ਨੂਰ ਅਲਾਹੀਆ । ਤੇਰਾ ਦੁਖੜਾ ਦਏ ਨਿਵਾਰ, ਦੁਖੀਆਂ ਦਰਦ ਗਵਾਈਆ । ਤੂੰ ਖ਼ੁਸ਼ੀਆਂ ਵਿਚ ਜਿਸ ਦਾ ਕੀਤਾ ਇੰਤਜ਼ਾਰ, ਬਿਨ ਨੈਣਾਂ ਨੈਣ ਉਠਾਈਆ । ਉਹ ਤੇਰੇ ਮਸਤਕ ਧੂੜੀ ਲਾਵੇ ਛਾਰ, ਟਿੱਕਾ ਨਜ਼ਰ ਕਿਸੇ ਨਾ ਆਈਆ । ਤੂੰ ਚਰਨ ਕਵਲ ਜਾਣਾ ਬਲਿਹਾਰ, ਬਲ ਬਲ ਆਪਣਾ ਆਪ ਕਰਾਈਆ । ਜਿਸ ਤੇਰਾ ਲਹਿਣਾ ਦੇਣਾ ਪੂਰਾ

ਕਰਨਾ ਵਿਚ ਸਾਲ ਦੋ ਚਾਰ, ਬਹੁਤੀ ਵੰਡ ਨਾ ਕੋਇ ਵੰਡਾਈਆ । ਨਾਰਦ ਕਹੇ ਮੈਂ ਪੰਡਤ ਪੁਰਾਣਾ ਮੇਰਾ ਮੇਲਾ ਨਾਲ ਓਸ ਨਿਰੰਕਾਰ, ਜੋ ਨਿਰਾਕਾਰ ਅਖਵਾਈਆ । ਮੈਂ ਤੈਨੂੰ ਦੱਸਾਂ ਨਾਲ ਪਿਆਰ, ਪ੍ਰੀਤੀ ਵਿਚ ਸਮਝਾਈਆ । ਜਿਸ ਤੇਰੀ ਧਰਨੀ ਧਰਤ ਧਵਲ ਧੌਲ ਦਿਤਾ ਅਧਾਰ, ਉਦਰ ਦਾ ਲੇਖਾ ਰਿਹਾ ਨਾ ਰਾਈਆ । ਧਰਨੀ ਕਹੇ ਨਾਰਦਾ ਮੈਂ ਜਾਵਾਂ ਬਲਿਹਾਰ, ਬਲ ਬਲ ਆਪਣਾ ਆਪ ਕਰਾਈਆ । ਜੋ ਆਦਿ ਜੁਗਾਦੀ ਮੀਤ ਮੁਰਾਰ, ਬ੍ਰਹਮ ਬ੍ਰਹਿਮਾਦੀ ਇਕ ਅਖਵਾਈਆ । ਜੁਗ ਜੁਗ ਭਗਤ ਸੁਹੇਲੇ ਕਰੇ ਪਾਰ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਮੈਂ ਉਸ ਨੂੰ ਕਰਾਂ ਨਿਮਸਕਾਰ, ਨਿਵ ਨਿਵ ਲਾਗਾਂ ਪਾਈਆ । ਜੋ ਸ਼ਾਹੋ ਭੂਪ ਦੋ ਜਹਾਨਾਂ ਸਿਕਦਾਰ, ਸਿਰ ਸਿਰ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਸੁਣ ਮੈਥੋਂ ਅਸਲੀਅਤ, ਅਸਲ ਦਿਆਂ ਜਣਾਈਆ । ਮੇਰੇ ਕੋਲ ਜੁਗ ਚੌਕੜੀ ਦੀ ਵਸੀਯਤ, ਬਿਨ ਅੱਖਰਾਂ ਅੱਖ ਆਪ ਉਠਾਈਆ । ਜਿਸ ਦਾ ਲੇਖਾ ਸਮਝ ਸਕੇ ਨਾ ਕੋਇ ਵਲਦੀਯਤ, ਵਲਦ ਵਾਲਦਾ ਨਜ਼ਰ ਕੋਇ ਨਾ ਆਈਆ । ਬੁੱਧੀ ਵਿਚ ਵਿਚਾਰ ਸਕੇ ਨਾ ਕੋਇ ਨੀਅਤ, ਨੈਣ ਵੇਖਣ ਕੋਇ ਨਾ ਪਾਈਆ । ਮੇਰੇ ਸਾਹਿਬ ਦੀ ਇਕ ਹੈਸੀਯਤ, ਜਿਸ ਦਾ ਹਾਸਲ ਜ਼ਰਬ ਅੰਕ ਨਜ਼ਰ ਕੋਇ ਨਾ ਆਈਆ । ਆਦਿ ਅੰਤ ਜੁਗਾ ਜੁਗੰਤ ਦੋ ਜਹਾਨ ਉਸ ਦੀ ਮਲਕੀਅਤ, ਜੋ ਮਲਕੀਤ ਸਿੰਘ ਦਏ ਵਡਿਆਈਆ । ਜਿਸ ਤੇਰੇ ਉਤੋਂ ਝਗੜਾ ਮੇਟਣਾ ਸ਼ਰੀਅਤ, ਸ਼ਰਅ ਸ਼ੁਰੂ ਦੀ ਇਕ ਸਮਝਾਈਆ । ਜੋਤੀ
੪੩੨ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ੪੩੨
੨੪ ਆਦਿ ਜੁਗਾਦੀ ਸ਼ਬਦ ਅਨਾਦੀ ਨੌਜਵਾਨ ਮਰਦ ਮਰਦਾਨ ਸ੍ਰੀ ਭਗਵਾਨ ਇਕ ਅਖਵਾਈਆ । ੨੪

## ੧੦ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਰਣਜੀਤ ਸਿੰਘ ਦੇ ਗ੍ਰਿਹ ੯ ਗੁਡਵਿੰਨ ਵੇਲ ਰੋਡ ਮੁਸਵਿਲ ਹਿਲ ਨੰ੦ ੧੦ ਲੰਡਨ

ਧਰਨੀ ਕਹੇ ਨਾਰਦ ਮੇਰੀਆਂ ਰੋਂਦੀਆਂ ਅੱਖੀਆਂ, ਬ੍ਰਾਹਮਣਾ ਬ੍ਰਹਮ ਵਿਦਿਆ ਬਾਹਰ ਜਣਾਈਆ । ਕੀ ਖੇਲ ਕਰੇ ਮੇਰਾ ਸਾਹਿਬ ਸੁਲਤਾਨ ਅਲਖੀਆ, ਅਗੋਚਰ ਆਪਣਾ ਹੁਕਮ ਵਰਤਾਈਆ । ਆਤਮ ਧਾਰ ਪਿਆਰ ਵਿਚ ਵਿਛੜੀਆਂ ਸਖੀਆਂ, ਸਖ਼ੀ ਸੁਲਤਾਨ ਨੌਜਵਾਨ ਨਜ਼ਰ ਕਿਸੇ ਨਾ ਆਈਆ । ਮੈਂ ਜੁਗ ਚੌਕੜੀ ਆਸ਼ਾਂ ਖ਼ਾਹਿਸ਼ਾਂ ਸਾਂਭ ਕੇ ਰਖੀਆਂ, ਬਿਨ ਪਰਦਿਉਂ ਪਰਦਿਆਂ ਵਿਚ ਟਿਕਾਈਆ । ਮੈਂ ਇਕ ਵਾਰ ਨਿਰਗੁਣ ਧਾਰ ਗੋਬਿੰਦ ਗੋਬਿੰਦ ਦੱਸੀਆਂ, ਸਰਗੁਣ ਸੰਗ ਨਾ ਕੋਇ ਜਣਾਈਆ । ਜਿਸ ਵਿਚ ਜੁਗ ਚੌਕੜੀਆਂ ਵਸੀਆਂ, ਵਾਸਤਾ ਪ੍ਰਭ ਦੇ ਨਾਲ ਰਖਾਈਆ । ਨਾਲ ਤਕਦੀ ਰਹੀ ਅੰਧੇਰੀ ਮਸੀਆਂ, ਅਮਾਵਸ ਆਪਣਾ ਰੂਪ ਬਦਲਾਈਆ । ਮੇਰੀਆਂ ਖ਼ਾਹਿਸ਼ਾਂ ਬਿਨਾ ਕ਼ਦਮਾਂ ਤੋਂ ਫਿਰੀਆਂ ਨੱਸੀਆਂ, ਭੱਜੀਆਂ ਵਾਹੋ ਦਾਹੀਆ । ਮੈਂ ਸ਼ਰਅ ਜ਼ੰਜੀਰ ਤਕੇ ਬਿਨਾ ਰੱਸੀਆਂ, ਤਨ ਵਜੂਦਾਂ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਧਰਨੀ ਕਹੇ ਨਾਰਦਾ ਮੈਂ ਰੋਂਦੀ ਮਾਰ ਕੇ ਉਭੀ, ਧੀਰਜ ਨਜ਼ਰ ਕੋਇ ਨਾ ਆਈਆ ।

ਮੈਂ ਕਮਲਿਆ ਫਸ ਗਈ ਕੂੜ ਕੁੜਿਆਰ ਵਿਕਾਰ ਦੇ ਕੀਚੜ ਖੁੱਭੀ, ਫੜ ਬਾਹੋਂ ਬਾਹਰ ਨਾ ਕੋਇ ਕਢਾਈਆ । ਦਰੋਹੀ ਮੇਰੇ ਉਤੇ ਪਵਿਤ੍ਰ ਰਹੀ ਕੋਇ ਨਾ ਬੁੱਧੀ, ਬੁਧਹੀਣ ਹੋਈ ਲੋਕਾਈਆ । ਧਰਮ ਦੀ ਧਾਰ ਦਿਸੇ ਕੋਇ ਨਾ ਸੁੱਧੀ, ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਉਹ ਤਕ ਲੈ ਕੀ ਖੇਲ ਹੋਣਾ ਨਵ ਸੱਤ ਮੇਰੇ ਉਤੇ ਯੁੱਧੀ, ਯੁਧਿਸ਼ਟਰ ਦੀ ਆਸ਼ਾ ਕਾਹਨ ਕਾਰਨ ਪੂਰ ਕਰਾਈਆ । ਧਰਨੀ ਧਰਤ ਧਵਲ ਧੌਲ ਮੈਨੂੰ ਸਭ ਨੇ ਕਿਹਾ ਬਸੁਧੀ, ਬੇਸੁਧ ਹੋ ਕੇ ਦਿਆਂ ਸੁਣਾਈਆ । ਅੰਤਮ ਸਤਿ ਦੀ ਆਸ਼ਾ ਪੁੱਜੀ, ਪਾਂਧੀ ਪੰਧ ਨਾ ਕੋਇ ਰਖਾਈਆ । ਮੇਰੇ ਉਤੇ ਵਸਦੀ ਰਹੇ ਕੋਇ ਨਾ ਝੁੱਗੀ, ਝਗੜਾ ਦਿਸੇ ਨਾ ਖ਼ਲਕ ਖ਼ੁਦਾਈਆ । ਇਕੋ ਜੋਤ ਨਿਰੰਕਾਰ ਏਕੰਕਾਰ ਹੋਣੀ ਉਘੀ, ਉਗਣ ਆਥਣ ਵੇਖੇ ਚਾਈਂ ਚਾਈਂਆ । ਮੇਰੀ ਹੋਸ਼ ਹਵਾਸ ਆਪਣੀ ਆਪ ਉਡੀ, ਹਵਸ ਵਿਚ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਨਾਰਦਾ ਮੇਰਾ ਰਿਹਾ ਨਾ ਧੀਰਜ ਯਤ, ਸਤਿ ਵਿਚ ਨਾ ਕੋਇ ਸਮਾਈਆ । ਮੇਰੀ ਚਾਰੋਂ ਕੁੰਟ ਲੱਥੀ ਪਤ, ਪਤਿਪਰਮੇਸ਼ਵਰ ਦਿਆਂ ਸੁਣਾਈਆ । ਮੇਰੇ ਸੁਆਮੀ ਮੇਰਾ ਲੇਖਾ ਪੂਰਾ ਕਰ ਦੇ ਵਤ, ਬੇਵਤਨਾਂ ਦੇ ਮਾਲਕ ਦਇਆ ਕਮਾਈਆ । ਮੈਂ ਤੇਰਾ ਸਥਰ ਬੈਠੀ ਘਤ, ਘਾਇਲ ਹੋ ਕੇ ਰਹੀ ਸੁਣਾਈਆ । ਦੀਨ ਦੁਨੀ ਤੇਰੇ ਉਤੇ ਉਬਲੇ ਰਤ, ਹਡ ਮਾਸ ਨਾੜੀ ਸਾਂਤਕ ਸਤਿ ਨਾ ਕੋਇ ਕਰਾਈਆ । ਚਾਰ ਜੁਗ ਦੇ ਸ਼ਬਦ ਸੰਦੇਸ਼ੇ ਨਿਰਅੱਖਰ ਧਾਰ ਵੇਖ ਲੈ ਖ਼ਤ, ਜਗਤ ਖ਼ਤੂਤਾਂ ਵੰਡ ਨਾ ਕੋਇ ਵੰਡਾਈਆ । ਪਰਮ ਪੁਰਖ ਪਰਮਾਤਮ ਸਚ ਦਿਸੇ ਨਾ ਕੋਈ ਬ੍ਰਹਮ ਮਤ, ਪਾਰਬ੍ਰਹਮ ਤੇਰਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖ਼ਾਲਕ ਇਕ ਅਖਵਾਈਆ । ਨਾਰਦ ਕਹੇ ਧਰਨੀਏ ਤੂੰ ਕਿਸ ਬਿਧ ਨੀਰ ਵਹਾਉਂਦੀ, ਵੈਣਾਂ ਧਾਰ ਬਣਾਈਆ । ਕਿਸ ਬਿਧ ਢੋਲੇ ਗਾਂਦੀ, ਗਹਿਰ ਗੰਭੀਰ ਰਹੀ ਸੁਣਾਈਆ । ਕਿਉਂ ਕਲਜੁਗ ਅੰਤਮ ਥੱਕੀ ਮਾਂਦੀ, ਬਲਹੀਣ ਰੂਪ ਵਟਾਈਆ । ਕਿਥੇ ਆਸ਼ਾ ਗਈ ਤੇਰੀ ਸ੍ਰਿਸ਼ਟ ਸਬਾਈ ਮਾਂ ਦੀ, ਮਮਤਾਹੀਣ ਕਿਉਂ ਅਖਵਾਈਆ । ਅੰਤ ਖੇਲ ਤਕ ਲੈ ਤੇਰੇ ਉਤੇ ਹੋਣੀ ਸੂਰ ਗਾਂ ਦੀ, ਸ਼ਰਅ ਸ਼ਰਅ ਨਾਲ ਟਕਰਾਈਆ । ਕਲਜੁਗ ਜੀਵਾਂ ਬੁੱਧੀ ਤਕ ਲੈ ਕਾਂ ਦੀ, ਕੂਕ ਕੂਕ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਨਾਰਦਾ ਮੈਨੂੰ ਜੁਗ ਜੁਗ ਸਭ ਨੇ ਦਿਤਾ ਭਰਵਾਸਾ, ਧੀਰਜ ਜਗਤ ਵਾਲੀ ਧਰਾਈਆ । ਮੈਂ ਰਖਦੀ ਰਹੀ ਆਸ਼ਾ, ਆਸ਼ਾ ਆਸ਼ਾ ਵਿਚੋਂ ਪਰਗਟਾਈਆ । ਮੈਂ ਤਕਾਂ ਉਪਰ ਅਕਾਸ਼ਾ, ਬਿਨ ਨੈਣਾਂ ਨੈਣ ਉਠਾਈਆ । ਕਿਸ ਬਿਧ ਮਿਹਰ ਕਰੇ ਮੇਰਾ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼ਾ, ਪਾਤਸ਼ਾਹ ਨੂਰ ਅਲਾਹੀਆ । ਜੋ ਧਰਮ ਦੀ ਧਾਰ ਪਾਵੇ ਰਾਸਾ, ਆਤਮ ਪਰਮਾਤਮ ਗੋਪੀ ਕਾਹਨ ਨਚਾਈਆ । ਮੈਂ ਉਸ ਨੂੰ ਖੋਲ੍ਹ ਕੇ ਦੱਸਾਂ ਖ਼ੁਲਾਸਾ, ਖ਼ਾਲਸ ਆਪਣਾ ਪੜਦਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਘਰ ਇਕ ਸੁਹਾਈਆ । ਨਾਰਦ ਕਹੇ ਧਰਨੀ ਉਹ ਪਰਮ ਪੁਰਖ ਬੇਪਰਵਾਹ, ਪਤਿਪਰਮੇਸ਼ਵਰ ਇਕ ਅਖਵਾਈਆ । ਜੋ ਆਦਿ ਜੁਗਾਦਿ ਦੋ ਜਹਾਨ ਮਲਾਹ, ਬੇੜਾ ਨਿਰਗੁਣ ਸਰਗੁਣ ਆਪਣੇ ਕੰਧ ਉਠਾਈਆ । ਜੋ ਦੀਨ ਦੁਨੀ ਜੁਗ ਜੁਗ ਬਦਲੇ ਰਾਹ, ਰਹਿਬਰ ਬਣੇ ਨੂਰ ਅਲਾਹੀਆ । ਜਿਸ ਨੂੰ ਸਭ ਨੇ ਕਹਿਣਾ ਵਾਹ ਵਾਹ, ਵਾਹਵਾ ਤੇਰੇ ਹੱਥ ਵਡਿਆਈਆ । ਉਹ ਜੋਤੀ ਜਾਤਾ ਪੁਰਖ

ਬਿਧਾਤਾ ਨਿਰਗੁਣ ਧਾਰ ਗਿਆ ਆ, ਆਦਮ ਰੂਪ ਸ਼ਾਹੋ ਭੂਪ ਸਮਝ ਕੋਇ ਨਾ ਪਾਈਆ । ਜਿਸ ਦਾ ਰਸਨਾ ਜਿਹਵਾ ਢੋਲਾ ਸਾਰੇ ਗਏ ਗਾ, ਸਿਫ਼ਤਾਂ ਵਾਲਾ ਸਿਫ਼ਤ ਸਾਲਾਹੀਆ । ਉਹ ਸਚ ਸੁਆਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਬਣ ਕੇ ਨੂਰ ਅਲਾਹ, ਆਲਮੀਨ ਆਪਣਾ ਰੰਗ ਰੰਗਾਈਆ । ਜੋ ਨਿਥਾਵੀਏ ਤੇਰੀ ਪਕੜੇ ਬਾਂਹ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਨਾਰਦਾ ਮੈਂ ਆਦਿ ਜੁਗਾਦਿ ਜੁਗ ਚੌਕੜੀ ਥੱਕੀ ਮਾਂਦੀ, ਬਲਹੀਣ ਹੋ ਕੇ ਦਿਆਂ ਦੁਹਾਈਆ । ਮੈਨੂੰ ਇਕੋ ਓਟ ਉਸ ਪ੍ਰਭੂ ਦੇ ਨਾਂ ਦੀ, ਜੋ ਨਾਮ ਨਿਧਾਨਾ ਆਪਣੇ ਵਿਚੋਂ ਪਰਗਟਾਈਆ । ਜਿਸ ਦੀ ਧਾਰ ਮੇਰੇ ਉਤੇ ਉਸ ਅਗੰਮੀ ਛਾਂ ਦੀ, ਜਿਸ ਦਾ ਹੱਥ ਨਾ ਕੋਇ ਉਠਾਈਆ । ਜਿਸ ਖੇਲ ਮੁਕਾਉਣੀ ਅੰਤਮ ਮੇਰੇ ਉਤੋਂ ਧਰਮ ਧਾਰ ਗਾਂ ਦੀ, ਗੋਬਿੰਦ ਆਪਣਾ ਰੰਗ ਰੰਗਾਈਆ । ਮੇਰੀ ਖ਼ੁਸ਼ੀ ਬਣਾਉਣੀ ਚਾਅ ਦੀ, ਚਾਉ ਘਨੇਰਾ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਨਾਰਦ ਕਹੇ ਧਰਨੀਏ ਤੈਨੂੰ ਸੁਣਾਵਾਂ ਖ਼ਬਰ ਅੱਜ ਦੀ, ਸਚਖੰਡ ਧਾਰ ਵਿਚੋਂ ਪਰਗਟਾਈਆ । ਕੀ ਖੇਲ ਹੋਣੀ ਉਸ ਸੂਰੇ ਸਰਬਗ ਦੀ, ਜੋ ਸ਼ਹਿਨਸ਼ਾਹ ਧੁਰਦਰਗਾਹੀਆ । ਜਿਸ ਕਲਾ ਮੇਟਣੀ ਕੂੜੀ ਅੱਗ ਦੀ, ਅਗਨੀ ਤਤ ਬੁਝਾਈਆ । ਪੈਜ ਰਖਣੀ ਸ੍ਰਿਸ਼ਟੀ ਪਗ ਦੀ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਸ਼ਰਅ ਮੇਟਣੀ ਦੀਨ ਮਜ਼੍ਹਬ ਹੱਦ ਦੀ, ਹਦੂਦਾਂ ਡੇਰਾ ਢਾਹੀਆ । ਵਡਿਆਈ



ਬਖ਼ਸ਼ਣੀ ਆਤਮ ਪਰਮਾਤਮ ਯਦ ਦੀ, ਯਦੀ ਆਪਣਾ ਖੇਲ ਖਿਲਾਈਆ । ਜਿਸ ਨੂੰ ਸਾਰੀ ਸ੍ਰਿਸ਼ਟੀ ਫਿਰਨੀ ਲਭਦੀ, ਖੋਜਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਨਾਰਦ ਕਹੇ ਧਰਨੀਏ ਬੇਸਬਰੇ ਆਪਣਾ ਕਰ ਲੈ ਸਬਰ, ਧੀਰਜ ਧਰਮ ਧਾਰ ਜਣਾਈਆ । ਉਹ ਮਾਲਕ ਖ਼ਾਲਕ ਜ਼ਾਹਰ ਜ਼ਹੂਰ ਜ਼ਬਰ, ਜਬਰਾਈਲ ਜਿਸ ਨੂੰ ਬੈਠਾ ਸੀਸ ਨਿਵਾਈਆ । ਜਿਸ ਦਾ ਨੂਰ ਅਲਾਹੀ ਅਗੰਮਾ ਸ਼ੇਰ ਬੱਬਰ, ਬਾਬਲ ਦੋ ਜਹਾਨ ਇਕ ਅਖਵਾਈਆ । ਉਸ ਦੀ ਨਾਮ ਧਾਰ ਧੁਨ ਸੁਣ ਲੈ ਮਧੁਰ, ਧੁਨ ਧੁਨ ਵਿਚੋਂ ਸ਼ਨਵਾਈਆ । ਜਿਸ ਤੇਰੇ ਉਤੇ ਦੀਨ ਦੁਨੀ ਧਾਰ ਪਾਉਣਾ ਗ਼ਦਰ, ਗਦਾਗਰ ਕਰੇ ਖ਼ਲਕ ਖ਼ੁਦਾਈਆ । ਤੇਰੀ ਆਸ਼ਾ ਮਨਸਾ ਵੇਖੇ ਸੱਧਰ, ਪਰਦਾ ਪਰਦਿਆਂ ਵਿਚੋਂ ਉਠਾਈਆ । ਮਿਹਰਵਾਨਾ ਮਿਹਰਵਾਨਾ ਮਹਿਬੂਬ ਕਰੇ ਨਦਰ, ਮਹਿਬਾਨ ਬੀਦੋ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਧਰਨੀਏ ਧਵਲੇ ਧੌਲ ਮਾਜ਼ੀਜ਼ਲ ਮਾਜ਼ੂਲ ਤੁਲ ਜ਼ਮੀ ਕੁਜ਼ਾਹ ਨੂਰੇ ਅਲਾਹ ਜ਼ਬਹੀਜ਼ੂਮਾ ਜ਼ੁਫ਼ਤੋ ਜ਼ਮੀ ਸ਼ਾਹੋ ਜ਼ਕੂਆ ਨੂਰੇ ਜ਼ਵਾ ਜ਼ਬਲੇ ਖ਼ੁਦਾ ਮਿਹਰਵਾਨ ਮਹਿਬੂਬ ਮਹਿਬਾਨ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਨਾਰਦਾ ਮੈਨੂੰ ਖ਼ਬਰ ਅਗੰਮੀ ਦੱਸ, ਦਾਸਤਾਨ ਦੇ ਸਮਝਾਈਆ । ਜਿਸ ਸਾਹਿਬ ਦਾ ਹੋਣਾ ਜਸ, ਸਿਫ਼ਤਾਂ ਵਿਚ ਸਿਫ਼ਤ ਸਲਾਹੀਆ । ਕਿਸ ਬਿਧ ਹਰ ਹਿਰਦੇ ਜਾਏ ਵਸ, ਵਾਸਤਾ ਤਨ ਵਜੂਦ ਰਖਾਈਆ । ਮੇਰੇ ਉਤੋਂ ਮੇਟੇ ਅੰਧੇਰਾ ਮਸ, ਨੂਰੀ ਚੰਦ ਚੰਦ ਚਮਕਾਈਆ । ਸ਼ਬਦ ਅਣਿਆਲਾ ਤੀਰ ਮਾਰੇ ਕਸ, ਬਿਨਾ ਕਮੰਦ ਉਠਾਈਆ । ਕੂੜ ਕੁੜਿਆਰ ਹੰਕਾਰ ਬੁਰਜ ਜਾਣ ਢਠ, ਗੜ੍ਹ ਰਹਿਣ ਕੋਇ ਨਾ ਪਾਈਆ । ਮਿਹਰ ਨਿਗਾਹ

੪੩੪ ੨੪

ਨਾਲ ਗੇੜ ਕੇ ਉਲਟੀ ਲਠ, ਪਾਸਾ ਦੀਨ ਦੁਨੀ ਬਦਲਾਈਆ । ਮੈਂ ਉਸ ਦੀ ਸਰਨ ਚਰਨ ਕਵਲ ਜਾਵਾਂ ਢਠ, ਮਿੱਟੀ ਖ਼ਾਕ ਹੋ ਕੇ ਖ਼ਾਕ ਰਮਾਈਆ । ਜਿਸ ਮੇਰਾ ਪੰਧ ਮੁਕਾਉਣਾ ਨਠ ਨਠ, ਨਿਰਗੁਣ ਹੋ ਕੇ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਨਾਰਦ ਕਹੇ ਧਰਨੀਏ ਨਾ ਪਾ ਉਚੀ ਰੌਲਾ, ਕੂਕ ਕੂਕ ਸੁਣਾਈਆ । ਉਹ ਮਾਲਕ ਖ਼ਾਲਕ ਧੁਰ ਦਾ ਮੌਲਾ, ਗਹਿਰ ਗੰਭੀਰ ਨੂਰ ਅਲਾਹੀਆ । ਜਿਸ ਦਾ ਸਭ ਦੇ ਨਾਲ ਇਕਰਾਰ ਕੌਲਾ, ਵੇਖਣਹਾਰਾ ਥਾਉਂ ਥਾਈਂਆ । ਜਿਸ ਦਾ ਰੂਪ ਅਲਾਹੀ ਅਵਲਾ, ਆਲਮੀਨ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਧਾਰ ਇਕ ਪਰਗਟਾਈਆ । ਨਾਰਦ ਕਹੇ ਧਰਨੀਏ ਤੇਰੀ ਵੇਖੇ ਸਚ ਪ੍ਰੀਤ, ਪ੍ਰੀਤਮ ਹੋ ਕੇ ਖੋਜ ਖੁਜਾਈਆ । ਉਹ ਮਾਲਕ ਤ੍ਰੈਗੁਣ ਅਤੀਤ, ਤ੍ਰੈਗੁਣ ਅਤੀਤਾ ਇਕ ਅਖਵਾਈਆ । ਤੂੰ ਅੰਤਰ ਨਿਰੰਤਰ ਗਾਉਂਣਾ ਗੀਤ, ਬਿਨ ਰਸਨਾ ਜਿਹਵਾ ਢੋਲਾ ਢੋਲਿਆਂ ਵਿਚੋਂ ਜਣਾਈਆ । ਤੇਰੀ ਕਾਇਆ ਕਰੇ ਠਾਂਢੀ ਸੀਤ, ਅੰਮ੍ਰਿਤ ਨਿਝਰ ਝਿਰਨਾ ਰਸ ਝਿਰਾਈਆ । ਬੇਸ਼ਕ ਕੋਟਨ ਜੁਗ ਚੌਕੜੀ ਤੇਰੇ ਉਤੇ ਗਏ ਬੀਤ, ਨਵ ਨਵ ਚਾਰ ਪੰਧ ਮੁਕਾਈਆ । ਕਲਜੁਗ ਅੰਤਮ ਬਦਲੇ ਰੀਤ, ਸਤਿਜੁਗ ਸਚ ਸਚ ਚਮਕਾਈਆ । ਝਗੜਾ ਮੇਟੇ ਮੰਦਰ ਮਸੀਤ, ਕਾਇਆ ਕਾਅਬਾ ਇਕ ਸਮਝਾਈਆ । ਜਿਸ ਦਾ ਨਾਮ ਨਗਾਰਾ ਦੋ ਜਹਾਨ ਗੋਬਿੰਦ ਧਾਰ ਵਜੇ ਰਣਜੀਤ, ਰਣਜੀਤ ਸਿੰਘ ਨਾਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੱਥ ਰਖੇ ਤੇਰੀ ਪੁਸ਼ਤ ਪਨਾਹ ਪੀਠ, ਭੈ ਭਾਉ ਅਵਰ ਰਹੇ ਨਾ ਰਾਈਆ ।



### ✪ ੧੧ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਨਿਰਭੈ ਸਿੰਘ ਦੇ ਗ੍ਰਹਿ ੪੧ ਗੁਡ ਲੈਂਡ ਗਾਰਡਨ ਨੰ੦ ੧੦ ਲੰਡਨ ✪

ਇਕ ਇਕੱਲੇ ਇਕ ਏਕੰਕਾਰ, ਇਕ ਇਕ ਮੇਲਾ ਮੇਲਣਾ ਸਹਿਜ ਸੁਭਾਈਆ । ਤੂੰ ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਨੂਰੀ ਨੂਰ ਜੋਤ ਉਜਿਆਰ, ਪ੍ਰਕਾਸ਼ ਪ੍ਰਕਾਸ਼ ਪ੍ਰਕਾਸ਼ ਵਿਚੋਂ ਪਰਗਟਾਈਆ । ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਤੇਰੀ ਧੁਨਕਾਰ, ਦੋ ਜਹਾਨ ਨੌਜਵਾਨ ਮਰਦ ਮਰਦਾਨ ਕਰਨੀ ਸ਼ਨਵਾਈਆ । ਪੁਰਖ ਅਕਾਲੇ ਦੀਨ ਦਿਆਲੇ ਦਰਗਾਹ ਸਾਚੀ ਸਚ ਸੁਆਮੀ ਪਰਵਰਦਿਗਾਰ, ਦਰਗਾਹ ਸਾਚੀ ਨੂਰ ਅਲਾਹ ਅਗੰਮ ਅਥਾਹ ਇਕ ਅਖਵਾਈਆ । ਅੰਤ ਕੰਤ ਭਗਵੰਤ ਮੇਰੀ ਬੇਨੰਤੀ ਸੁਣੀ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਤੂੰ ਮਾਲਕ ਖ਼ਾਲਕ ਸਦਾ ਜੁਗ ਚਾਰ, ਜੁਗ ਚੌਕੜੀ ਤੇਰੀ ਸੇਵ ਕਮਾਈਆ । ਮੈਂ ਖ਼ਾਦਮ ਹੋ ਕੇ ਮੰਗਾਂ ਧੂੜੀ ਛਾਰ, ਚਰਨ ਚਰਨੋਦਕ ਦੇਣਾ ਜਾਮ ਪਿਆਈਆ । ਨਿਰਵੈਰ ਹੋ ਕੇ ਮੇਰੇ ਉਤੇ ਨਿਗਾਹ ਮਾਰ, ਨਿਰ ਇਛਤ ਆਪਣੀ ਅੱਖ ਉਠਾਈਆ । ਮੈਂ ਧਵਲ ਦੱਬੀ ਪਾਪਾਂ ਭਾਰ, ਕੂੜ ਕੁੜਿਆਰ ਬੈਠੀ ਸੀਸ ਨਿਵਾਈਆ । ਮੈਨੂੰ ਸੰਦੇਸ਼ਾ ਦੇ ਕੇ ਪੈਗ਼ੰਬਰ ਗਏ ਗੁਰ ਅਵਤਾਰ, ਅਵਤਰੀ ਤੇਰੀ ਓਟ ਤਕਾਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਸਿਕਦਾਰ, ਹੁਕਮ ਹੁਕਮ ਵਿਚੋਂ ਦੇ ਬਦਲਾਈਆ । ਨਵ ਸੱਤ ਮੇਰੀ ਵੇਖ ਲੈ ਗਿਰਿਆਜ਼ਾਰ, ਗ੍ਰਹਿ ਮੇਰਾ ਖੋਜ ਖੁਜਾਈਆ । ਰੁਤ ਬਸੰਤ ਰਹੀ ਨਾ ਕੋਇ ਬਹਾਰ, ਬਹਾਰ ਖ਼ਿਜ਼ਾਂ

ਆਪਣਾ ਰੂਪ ਬਦਲਾਈਆ । ਤੇਰੀ ਚੁਰਾਸੀ ਮਹਿਕੀ ਦਿਸੇ ਨਾ ਕੋਇ ਗੁਲਜ਼ਾਰ, ਗੁਲਸ਼ਨ ਰੂਪ ਸਚ ਰੰਗ ਨਾ ਕੋਇ ਰੰਗਾਈਆ । ਮੈਂ ਕੋਝੀ ਕਮਲੀ
ਰੋਵਾਂ ਜ਼ਾਰੋ ਜ਼ਾਰ, ਜ਼ਾਹਰ ਜ਼ਹੂਰ ਧੁਰ ਦੇ ਨੂਰ ਤੇਰੇ ਅਗੇ ਵਾਸਤਾ ਪਾਈਆ । ਮੇਰਾ ਲਹਿਣਾ ਦੇਣਾ ਕਲਜੁਗ ਅੰਤਮ ਦੇ ਨਿਵਾਰ, ਨਿਵਾਜ਼ਸ਼ ਵਿਚ
ਬੈਠੀ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ ।
ਧਰਨੀ ਕਹੇ ਪ੍ਰਭੂ ਮੇਰੇ ਵੱਲ ਕਰ ਧਿਆਨ, ਵੇਖਣਾ ਚਾਈਂ ਚਾਈਂਆ । ਤੂੰ ਮਾਲਕ ਖ਼ਾਲਕ ਦੋ ਜਹਾਨ, ਬ੍ਰਹਿਮੰਡ ਖੰਡ ਪੁਰੀ ਲੋਅ ਤੇਰੀ ਸਰਨਾਈਆ ।
ਮੈਂ ਪੂਰਬ ਦਿਆਂ ਬਿਆਨ, ਅੱਖਰ ਅੱਖਰਾਂ ਨਾਲ ਜਣਾਈਆ । ਮੈਨੂੰ ਬਾਵਨ ਦੇ ਕੇ ਗਿਆ ਦਾਨ, ਪਹਿਲਾ ਕ਼ਦਮ ਮੇਰੇ ਉਤੇ ਟਿਕਾਈਆ । ਪੂਰਬ
ਭਾਸ਼ਾ ਇੰਗਨਾਮ ਦੱਸ ਕੇ ਗਿਆ ਇੰਗਲਿਸਤਾਨ, ਚੌਥਾ ਜੁਗ ਜੁਗ ਸਮਝਾਈਆ । ਤ੍ਰੇਤੇ ਰਾਮ ਸੁਣਾਇਆ ਬਿਨਾ ਕਾਨ, ਸ਼ਬਦੀ ਸ਼ਬਦ ਸ਼ਬਦ ਧਾਰ
ਪਰਗਟਾਈਆ । ਭੇਵ ਖੋਲ੍ਹਿਆ ਘਨਈਏ ਆਪ ਕਾਹਨ, ਕਾਹਨ ਕਾਹਨਾ ਤੇਰਾ ਪੜਦਾ ਆਪ ਚੁਕਾਈਆ । ਪੈਗ਼ੰਬਰਾਂ ਤੇਰਾ ਨੂਰ ਜੋਤ ਦੱਸਿਆ
ਮਹਾਨ, ਨੂਰ ਨੁਰਾਨੇ ਨੂਰ ਅਲਾਹੀਆ । ਨਾਨਕ ਨਿਰਗੁਣ ਸਰਗੁਣ ਬਗ਼ਦਾਦ ਖੇਲਿਆ ਖੇਲ ਮਹਾਨ, ਦਜਲਾ ਸ਼ਹਾਦਤ ਰਿਹਾ ਭੁਗਤਾਈਆ ।
ਗੋਬਿੰਦ ਚਿੱਲਾ ਖਿੱਚ ਕੇ ਤੀਰ ਕਮਾਨ, ਕਾਮਲ ਮੁਰਸ਼ਦ ਵੰਡ ਵੰਡਾਈਆ । ਮੈਂ ਨਿਮਾਣੀ ਤੂੰ ਮੇਰਾ ਜਾਣੀ ਜਾਣ, ਜਾਣਨਹਾਰ ਇਕ ਅਖਵਾਈਆ ।
ਮੇਰੀ ਧਰਨੀ ਪਵਿਤ੍ਰ ਤੇਰਾ ਅਸਥਾਨ, ਅਸਥਲ ਆਪਣਾ ਰੰਗ ਰੰਗਾਈਆ । ਮੈਂ ਖ਼ੁਸ਼ੀਆਂ ਢੋਲੇ ਗੀਤ ਗਾਵਾਂ ਗਾਣ, ਤੇਰੀ ਤੇਰੀ ਸਿਫ਼ਤ ਸਲਾਹੀਆ ।
 ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਮੇਰਾ ਪੁਰਾਤਨ ੪੩੬
 ਲੇਖਾ ਇੰਗ, ਪੁਰਾਣ ਸਕੰਦ ਦਏ ਗਵਾਹੀਆ । ਜਿਸ ਦਾ ਇਸ਼ਾਰਾ ਕੀਤਾ ਸ਼ੰਕਰ ਧਾਰ ਲਿੰਗ, ਪਾਹਨਾਂ ਬਾਹਰ ਵੰਡ ਵੰਡਾਈਆ । ਨਿਗਾਹ ਮਾਰੀ ੨੪
ਗੋਬਿੰਦ ਕੁੰਡ ਹੇਮ, ਹਮ ਸਾਜਣ ਹੋ ਕੇ ਵੇਖ ਵਖਾਈਆ । ਮੇਰਾ ਬਾਵਨ ਨਾਲ ਨੇਮ, ਨਿਮਸਕਾਰ ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਮੇਰਾ
ਲੇਖਾ ਨਾਲ ਕਾਮਧੇਨ, ਚੌਦਾਂ ਰਤਨਾਂ ਵੇਖਣਾ ਚਾਈਂ ਚਾਈਂਆ । ਮੈਂ ਇਸ਼ਾਰਾ ਦਿਤਾ ਭਗਤ ਰਵਦਾਸ ਨਾਲ ਸੈਣ, ਸੈਨਾਪਤ ਤੇਰੀ ਓਟ ਰਖਾਈਆ ।
ਮੇਰੇ ਤੇ ਨਿਗਾਹ ਰਖੀ ਜਿਸ ਵੇਲੇ ਪੈਗ਼ੰਬਰਾਂ ਹਰਫ਼ ਲਿਖਿਆ ਐਨ, ਐਨ ਦਿਤਾ ਦ੍ਰਿੜਾਈਆ । ਮੈਂ ਤੇਰਾ ਢੋਲਾ ਗੀਤ ਗਾਉਂਦੀ ਰਹੀ ਗਾਇਣ,
ਗਾ ਗਾ ਸ਼ੁਕਰ ਮਨਾਈਆ । ਕਵਣ ਵੇਲਾ ਮੇਰਾ ਮਾਹੀ ਮਹਿਬੂਬ ਮੈਂ ਤਕਿਆ ਨੈਣ, ਨੇਤਰ ਨੇਤਰਾਂ ਨਾਲ ਮਿਲਾਈਆ । ਮੈਂ ਦਰ ਦੁਆਰ ਸਚ
ਬੇਨੰਤੀ ਆਈ ਕਹਿਣ, ਕਹਿ ਕਹਿ ਦਿਆਂ ਦ੍ਰਿੜਾਈਆ । ਮੇਰਾ ਬੁਰਜ ਕਲਜੁਗ ਅੰਤ ਲੱਗਾ ਢਹਿਣ, ਢਾਹ ਢਾਹ ਢੇਰੀ ਖ਼ਾਕ ਰਮਾਈਆ । ਮੋਹ
ਵਿਕਾਰ ਸ਼ੌਹ ਦਰਿਆਏ ਰੋੜ੍ਹਨਾ ਵਹਿਣ, ਵੰਝੀਧਾਰ ਹਾਥ ਕੋਇ ਨਾ ਆਈਆ । ਮੇਰੇ ਪਰਮਾਤਮ ਆਤਮ ਧਾਰ ਦੇਵਾਂ ਦੇਣ, ਦੇਵਣਹਾਰ ਤੇਰੀ ਸਰਨਾਈਆ ।
ਮੇਰਾ ਲੇਖਾ ਤਕ ਲੈ ਜੋ ਇਸ਼ਾਰਾ ਕੀਤਾ ਰਾਮ ਦੀ ਧਾਰ ਬਾਲਮੀਕ ਵਿਚ ਰਮਾਇਣ, ਰਾਮ ਰਾਮਾ ਖੋਜ ਖੁਜਾਈਆ । ਮੈਨੂੰ ਤ੍ਰੇਤਾ ਦੁਆਪਰ ਕਲਜੁਗ
ਮੂਲ ਨਾ ਆਇਆ ਚੈਨ, ਸਾਂਤਕ ਸਤਿ ਨਾ ਕੋਇ ਵਰਤਾਈਆ । ਮੇਰੇ ਪਰਮ ਪੁਰਖ ਪਰਮਾਤਮ ਝਗੜਾ ਮੇਟ ਦੇ ਦੂਈ ਦਵੈਤ ਤ੍ਰਫੈਣ, ਤਰਫ਼ਦਾਰ
ਪਾਰਬ੍ਰਹਮ ਬ੍ਰਹਮ ਦੇ ਸਮਝਾਈਆ । ਉਹ ਲੇਖਾ ਤਕ ਲੈ ਕਰਬਲਾ ਜੋ ਕਲਮਾ ਸੁਣਾਇਆ ਹੁਸੈਨ, ਅਬਾਸ ਆਪਣਾ ਹੁਕਮ ਵਰਤਾਈਆ । ਜੋ ਸੰਦੇਸ਼ਾ
ਦਿਤਾ ਰਿਖਵ ਦੇਵ ਜਿਸ ਧਾਰ ਬੰਨ੍ਹੀ ਉਜੈਨ, ਉਜਲ ਤੇਰਾ ਨਾਮ ਕਰਾਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਤੇਰੇ ਚਰਨ ਕਵਲ ਤਕਦੀ ਰਹੀ

ਬਿਨ ਨੈਣ, ਲੋਚਨ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋ ਸਹਾਈਆ । ਧਰਨੀ ਕਹੇ ਪ੍ਰਭੂ ਮੈਨੂੰ ਲਾ ਲੈ ਆਪਣੇ ਅੰਗੀ, ਅੰਗੀਕਾਰ ਤੇਰੀ ਸਰਨਾਈਆ । ਮੇਰੀ ਚੋਟੀ ਹੋਵੇ ਨਾ ਨੰਗੀ, ਚੋਟੀ ਚੜ੍ਹ ਕੇ ਵੇਖਣਾ ਚਾਈਂ ਚਾਈਂਆ । ਜਿਸ ਨੂੰ ਗੁਰ ਤੇਗ਼ ਬਹਾਦਰ ਕਿਹਾ ਫ਼ਰੰਗੀ, ਫ਼ੈਸਲਾ ਸ਼ਬਦ ਗੁਰ ਸੁਣਾਈਆ । ਗੋਬਿੰਦ ਧਾਰ ਪੰਜ ਪੰਜ ਕਿਹਾ ਪੰਝੀ, ਪਚੀਸੇ ਤੇਰੇ ਹੱਥ ਵਡਿਆਈਆ । ਜਿਸ ਨਿਰਗੁਣ ਧਾਰ ਨਾਨਕ ਖ਼ਜ਼ਾਨਾ ਕਿਹਾ ਗੰਜੀ, ਬੇਅੰਤ ਤੇਰੇ ਹੱਥ ਵਡਿਆਈਆ । ਜਿਸ ਦਾ ਸੰਦੇਸ਼ਾ ਦਿਤਾ ਕਵੀ ਧਾਰ ਬਵੰਜੀ, ਬਾਵਨ ਆਪਣਾ ਹੁਕਮ ਵਰਤਾਈਆ । ਮੇਰੇ ਮਿਹਰਵਾਨਾ ਮੇਰੀ ਅੱਖ ਹੋਣ ਨਾ ਦੇਵੀਂ ਅੰਧੀ, ਅੰਧ ਅਗਿਆਨ ਦੇ ਮਿਟਾਈਆ । ਜਿਸ ਕਾਰਨ ਮਾਰ ਕੇ ਆਇਉਂ ਪੰਧੀ, ਪਾਂਧੀ ਹੋ ਕੇ ਫੇਰਾ ਪਾਈਆ । ਉਹ ਤਕ ਲੈ ਮੇਲਾ ਯੇਰੋਸ਼ਲਮ ਦੀ ਨਾਲ ਸੰਧੀ, ਸੰਧਿਆ ਸਰਘੀ ਵਕਤ ਵੰਡ ਨਾ ਕੋਇ ਵੰਡਾਈਆ । ਮੇਰੀ ਛਾਤੀ ਕਮਲਾਪਾਤੀ ਕਰਨੀ ਠੰਢੀ, ਅਗਨੀ ਅੱਗ ਨਾ ਕੋਇ ਤਪਾਈਆ । ਮੇਰੀ ਆਸ਼ਾ ਮੂਲ ਨਾ ਹੋਣ ਦੇਵੀਂ ਰੰਡੀ, ਕੰਤ ਸੁਹਾਗ ਤੇਰੀ ਓਟ ਤਕਾਈਆ । ਆਦਿ ਜੁਗਾਦਿ ਮੇਰੀ ਟੁੱਟੀ ਗੰਢੀ, ਗੰਢਣਹਾਰ ਗੋਪਾਲ ਸੁਆਮੀ ਤੇਰੀ ਬੇਪਰਵਾਹੀਆ । ਉਹ ਨਿਸ਼ਾਨਾ ਤਕ ਲੈ ਜੋ ਧਰਮ ਧਾਰ ਦਾ ਜੰਗੀ, ਜਗਤ ਜਹਾਨ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਤੇਰੇ ਆਸ ਰਖਾਈਆ । ਧਰਨੀ ਕਹੇ ਨਿਗਾਹ ਮਾਰ ਲੈ ਮੇਰੀ ਗਾਇਲ, ਗਹਿਰ ਗੰਭੀਰ ਧਿਆਨ ਲਗਾਈਆ ।
੪੩੭ ਸਚ ਪਿਆਰ ਮੁਹੱਬਤ ਵਿਚ ਕਰ ਲੈ ਕਾਇਲ, ਕ਼ਾਦਰ ਕੁਦਰਤ ਆਪਣਾ ਰੰਗ ਰੰਗਾਈਆ । ਮੇਰੇ ਉਤੋਂ ਕੂੜ ਕੁੜਿਆਰ ਮੇਟ ਦੇ ਵਾਇਲ, ਵਿਸ਼ਾ ੪੩੭
੨੪ ਵਿਕਾਰ ਰਹਿਣ ਨਾ ਪਾਈਆ । ਧਰਮ ਦਾ ਧਰਮ ਨੌ ਖੰਡ ਪ੍ਰਿਥਵੀਂ ਜਾਵੇ ਫੈਲ, ਸਤਿ ਦਾ ਸਤਿ ਰੰਗ ਚੜ੍ਹਾਈਆ । ਤੇਰਾ ਨਾਮ ਨਿਧਾਨਾ ਸਤਿਗੁਰ ੨੪
ਹੋਵੇ ਛੈਲ, ਛੈਲ ਛਬੀਲਾ ਇਕੋ ਨਜ਼ਰੀ ਆਈਆ । ਹਰ ਹਿਰਦੇ ਤੇਰਾ ਹੋਵੇ ਡਾਇਲ, ਸਿਰ ਸਕੇ ਨਾ ਕੋਇ ਉਠਾਈਆ । ਭਗਤ ਉਧਾਰਨਾ ਮਿਹਰਵਾਨ ਹੋ ਕੇ ਨਿਰਭੈਲ, ਭਾਂਡਾ ਭਰਮ ਭਰਮ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਵਣ ਜਾਵਣ ਪਤਿਤ ਪਾਵਨ ਲੱਖ ਚੁਰਾਸੀ ਜਮ ਕੀ ਫਾਸੀ ਰਾਏ ਧਰਮ ਦੀ ਕਟਣੀ ਜੇਲ, ਦਰਗਾਹ ਸਾਚੀ ਸਚਖੰਡ ਦੁਆਰ ਏਕੰਕਾਰ ਦੇਣੀ ਸਰਨਾਈਆ ।

✪ ੧੧ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਪਿਆਰਾ ਸਿੰਘ ਦੇ ਗ੍ਰਿਹ ੩੦ ਬਲਫ਼ੋਰ ਰੋਡ
ਸਾਉਥ ਹਾਲ ਮਿਡਲਸਐਕਸ ਲੰਡਨ ✪

ਧਰਨੀ ਕਹੇ ਮੇਰੇ ਸ੍ਰੀ ਭਗਵਾਨਾ, ਭਗਵਨ ਭਗਵੰਤ ਭਾਗ ਮੈਨੂੰ ਦੇਣਾ ਲਗਾਈਆ । ਨੂਰ ਪਰਕਾਸ਼ ਦੇ ਅਗੰਮੀ ਚੰਨਾ, ਚੰਦ ਚਾਂਦੀ ਨਵ ਸੱਤ ਕਰ ਰੁਸ਼ਨਾਈਆ । ਉਹ ਲੇਖਾ ਤਕ ਲੈ ਗੋਬਿੰਦ ਵਾਲਾ ਕੰਨਾ, ਕਾਇਨਾਤ ਦਾ ਲਹਿਣਾ ਦੇਣਾ ਝੋਲੀ ਪਾਈਆ । ਜਿਸ ਦੀ ਸ਼ਹਾਦਤ ਦੇਵੇ ਚੌਦਾਂ ਸੌ ਤੀਹ ਅੰਕ ਦਾ ਪੰਨਾ, ਪਾਰਬ੍ਰਹਮ ਪ੍ਰਭ ਵੇਖਣਾ ਥਾਉਂ ਥਾਈਂਆ । ਜਿਸ ਦੀ ਯਾਦ ਕਰਾਵੇ ਗ਼ਰੀਬ ਨਿਮਾਣਾ ਜਟ ਧੰਨਾ, ਵਡ ਧਨਾਢ

ਧਿਆਨ ਲਗਾਈਆ । ਮੇਰਾ ਤਨ ਵਜੂਦ ਹਿੱਸਾ ਤਕ ਲੈ ਖੰਨਾ ਖੰਨਾ, ਚਾਰੋਂ ਕੁੰਟ ਵੇਖ ਵਖਾਈਆ । ਜੀਵ ਜੰਤ ਮਨ ਮਨਸਾ ਵੇਖ ਲੈ ਮਨਾ, ਤਨ ਵਜੂਦਾਂ ਅੰਦਰ ਧਿਆਨ ਲਗਾਈਆ । ਨਵ ਖੰਡ ਪ੍ਰਿਥਵੀਂ ਮੇਰਾ ਗ੍ਰਹਿ ਤਕ ਲੈ ਛੱਪਰ ਛੰਨਾ, ਮਹਲ ਅਟਲ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਦਰ ਆਪ ਸੁਹਾਈਆ । ਧਰਨੀ ਕਹੇ ਪਰਮ ਪੁਰਖ ਗੋਬਿੰਦ ਕੰਨਾ ਕੀ ਕੀ ਕਹਿੰਦਾ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਤੇਰੀ ਸਰਨ ਸਰਨਾਈ ਪੈਂਦਾ, ਪਾਰਬ੍ਰਹਮ ਧੂੜੀ ਖ਼ਾਕ ਰਮਾਈਆ । ਕੀ ਲੇਖਾ ਹੋਣਾ ਦਿਸ਼ਾ ਲਹਿੰਦਾ, ਚੜ੍ਹਦਿਉਂ ਆਪਣੀ ਅੱਖ ਉਠਾਈਆ । ਮੂਸਾ ਈਸਾ ਮੁਹੰਮਦ ਹੋਏ ਖਹਿੰਦਾ, ਖ਼ਾਲਕ ਖ਼ਲਕ ਕੀ ਤੇਰੀ ਬੇਪਰਵਾਹੀਆ । ਲਾਲ ਗੁਲਾਲਾ ਰੰਗ ਚੜ੍ਹੇ ਮਹਿੰਦਾ, ਜਗਤ ਨਜ਼ਰ ਕਿਸੇ ਨਾ ਆਈਆ । ਦੀਨ ਮਜ਼੍ਹਬ ਤੇਰਾ ਭਾਣਾ ਹੋਵੇ ਸਹਿੰਦਾ, ਸਿਰ ਸਕੇ ਨਾ ਕੋਇ ਉਠਾਈਆ । ਧਰਨੀ ਕਹੇ ਮੇਰਾ ਪਾਟਾ ਚੀਥੜ ਵੇਖ ਲੈ ਲਹਿੰਗਾ, ਓਢਣ ਸੀਸ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਸਾਹਿਬ ਹੋਣਾ ਸਹਾਈਆ । ਕੰਨਾ ਕਹੇ ਮੈਂ ਗੋਬਿੰਦ ਰੂਪ ਅਪਾਰਾ, ਅਪਰੰਪਰ ਦਿਤੀ ਮਾਣ ਵਡਿਆਈਆ । ਮੇਰਾ ਰੂਪ ਅਨੂਪ ਸਾਕਾਰਾ, ਸ਼ਾਹ ਪਾਤਸ਼ਾਹ ਬੈਠਣ ਸੀਸ ਨਿਵਾਈਆ । ਮੈਂ ਖੇਲ ਖੇਲਣਾ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵੇਖਣ ਥਾਉਂ ਥਾਈਂਆ । ਮੇਰਾ ਲਹਿਣਾ ਦੇਣਾ ਨਾਲ ਚਵੀਆਂ ਅਵਤਾਰਾ, ਅਵਤਰੀ ਆਪਣਾ ਹੁਕਮ ਵਰਤਾਈਆ । ਮੇਰਾ ਅੰਤ ਸਮਝ ਸਕੇ ਕੋਈ ਨਾ ਦਾਇਰਾ, ਦਾਅਵੇਦਾਰ ਨਾ ਕੋਇ ਅਖਵਾਈਆ । ਮੇਰਾ ਲੇਖ ਗ੍ਰੰਥ ਸ਼ਾਸਤਰਾਂ ਤੋਂ ਬਾਹਰਾ, ਬਾਹਿਰਹਾਲ ਦਿਆਂ ਸਮਝਾਈਆ । ਮੈਨੂੰ ਸਤਿਗੁਰ ਸ਼ਬਦ ਦਿਤਾ ਇਸ਼ਾਰਾ, ਬਿਨ ਸੈਨਤ ਸੈਨਤ ਲਗਾਈਆ । ਮੈਂ ਹੋ ਗਿਆ ਹੁਸ਼ਿਆਰਾ, ਸਵਾਧਾਨੀ ਵਿਚ ਲਈ ਅੰਗੜਾਈਆ । ਮੈਂ ਲੇਖਾ ਤਕਿਆ ਚੰਦ ਸਿਤਾਰਾ, ਸਤ੍ਹਾ ਬੁਲੰਦੀ ਖੋਜ ਖੁਜਾਈਆ । ਮੈਂ ਧਰਨੀ ਤਕੀ ਧੂੰਆਂਧਾਰਾ, ਧਰਮ ਨਿਸ਼ਾਨ ਨਾ ਕੋਇ ਉਠਾਈਆ । ਮੈਂ ਕੂਕ ਕੀਤੀ ਪੁਕਾਰਾ, ਪੁਰਖ ਅਕਾਲ ਦਿਤਾ ਸੁਣਾਈਆ । ਤੇਰਾ ਹਕ ਦਾ ਹਕ ਲਾਏ ਕੋਈ ਨਾ ਨਾਅਰਾ, ਨਰ ਨਰਾਇਣ ਤੇਰੀ ਓਟ ਨਾ ਕੋਇ ਤਕਾਈਆ । ਕਲਜੁਗ ਕੂੜੀ ਕਿਰਿਆ ਦੀਨ ਮਜ਼੍ਹਬ ਕੀਤਾ ਗ਼ਦਾਰਾ, ਗਦਾਗਰ ਹੋਈ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਵਕ਼ਤ ਆਪ ਸੁਹਾਈਆ । ਕੰਨਾ ਕਹੇ ਜਿਸ ਵੇਲੇ ਗੋਬਿੰਦ ਮੇਰੀ ਬਣਾਈ ਬਣਤ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੇਰਾ ਨਾਤਾ ਜੋੜਿਆ ਨਾਲ ਅਗੰਮੀ ਕੰਤ, ਜੋ ਪੁਰਖ ਅਕਾਲ ਧੁਰ ਦਾ ਮਾਹੀਆ । ਜਿਸ ਦਾ ਭੇਵ ਪਾਏ ਕੋਈ ਨਾ ਸੰਤ, ਪਰਦਾ ਸਕੇ ਨਾ ਕੋਇ ਉਠਾਈਆ । ਜਿਸ ਦੀ ਮਹਿੰਮਾ ਸਦਾ ਅਗਣਤ, ਅਲਖ ਅਗੋਚਰ ਇਕ ਅਖਵਾਈਆ । ਜੋ ਲਹਿਣਾ ਦੇਣਾ ਜਾਣੇ ਜੀਵ ਜੰਤ, ਜਾਗਰਤ ਜੋਤ ਡਗਮਗਾਈਆ । ਜਿਸ ਨੂੰ ਬੋਧ ਅਗਾਧੀ ਸਭ ਨੇ ਕਹਿਣਾ ਪੰਡਤ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਜਿਸ ਦੀ ਆਤਮ ਪਰਮਾਤਮ ਨਿਰਗੁਣ ਨਿਰਗੁਣ ਧਾਰ ਸੰਗਤ, ਦੀਨਾਂ ਮਜ਼੍ਹਬਾਂ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਕੰਨਾ ਕਹੇ ਜਿਸ ਵੇਲੇ ਮੈਂ ਬਿਨਾ ਕ਼ਲਮ ਸ਼ਾਹੀ ਲੱਗਾ, ਲਗ ਮਾਤਰ ਨਜ਼ਰ ਕੋਇ ਨਾ ਆਈਆ । ਮੇਰਾ ਰੂਪ ਹੋਇਆ ਕਾਲਾ ਬੱਗਾ, ਬਗ ਬਪੜਾ ਡੇਰਾ ਢਾਹੀਆ । ਮੈਨੂੰ ਨਜ਼ਰ ਆਇਆ ਕਲਜੁਗ ਅੰਤਮ ਅੱਗਾ, ਆਗਮਨ ਵਿਚ ਖ਼ੁਸ਼ੀ ਮਨਾਈਆ । ਮੈਨੂੰ ਸਤਿ ਸਤਿ ਦੀ ਮਿਲੀ ਜਗਹ, ਜਾਗਰਤ

੪੩੯
੨੪

ਜੋਤ ਨੂਰ ਰੁਸ਼ਨਾਈਆ । ਮੈਂ ਦੀਨਾਂ ਮਜ਼੍ਹਬਾਂ ਅਗੇ ਬੰਦ ਕੀਤੀ ਹੱਦਾ, ਹਦੂਦ ਅਵਰ ਨਾ ਕੋਇ ਰਖਾਈਆ । ਇਕੋ ਪੁਰਖ ਅਕਾਲ ਦਾ ਦੱਸ ਕੇ ਪਦਾ, ਪਤਿਪਰਮੇਸ਼ਵਰ ਦਿਤਾ ਦ੍ਰਿੜਾਈਆ । ਜਿਸ ਦੀ ਚਾਰ ਜੁਗ ਚੁਰਾਸੀ ਲੱਖ ਯਦਾ, ਯਦੀ ਯਦਪ ਆਪਣਾ ਹੁਕਮ ਵਰਤਾਈਆ । ਧੁਰ ਦਾ ਨਾਮ ਸੁਣਾਵੇ ਨਦਾ, ਅਨਹਦ ਨਾਦੀ ਨਾਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਆਮੀ ਹੋਏ ਸਹਾਈਆ । ਕੰਨਾ ਕਹੇ ਮੇਰਾ ਬਾਵਨ ਧਾਰ ਕਰ ਚੇਤਾ, ਚਰਨ ਚਰਨ ਵੇਖ ਵਖਾਈਆ । ਜਿਸ ਨੇ ਇਕੋ ਦ੍ਰਿੜਾਇਆ ਨੇਤਾ, ਨਰ ਨਰਾਇਣ ਅਗੰਮ ਅਥਾਹੀਆ । ਬਲ ਦੁਆਰ ਖੁਲ੍ਹਾ ਭੇਤਾ, ਭਾਂਡਾ ਭਰਮ ਭਉ ਭੰਨਾਈਆ । ਕਲਜੁਗ ਅੰਤਮ ਕਰ ਲੈ ਹੇਤਾ, ਸ਼ਬਦੀ ਸ਼ਬਦ ਸਮਝਾਈਆ । ਮੈਂ ਉਸ ਦੀ ਰਖੀ ਟੇਕਾ, ਟਿੱਕਾ ਮਸਤਕ ਧੂੜੀ ਖ਼ਾਕ ਰਮਾਈਆ । ਜਿਸ ਦਾ ਰੂਪ ਆਦਿ ਜੁਗਾਦਿ ਅਨੇਕਾ, ਏਕੰਕਾਰਾ ਇਕ ਅਖਵਾਈਆ । ਜਿਸ ਆਤਮ ਧਾਰ ਜਗਤ ਜਹਾਨ ਕਰਨਾ ਏਕਾ, ਦੂਸਰ ਵੰਡ ਨਾ ਕੋਇ ਵੰਡਾਈਆ । ਮੈਂ ਉਸ ਦੀ ਹੋਇਆ ਭੇਟਾ, ਆਪ ਆਪਣਾ ਭੇਟ ਕਰਾਈਆ । ਜਿਸ ਗੋਬਿੰਦ ਬਣਾਇਆ ਬੇਟਾ, ਸੁਤ ਦੁਲਾਰਾ ਗੋਦ ਸੁਹਾਈਆ । ਬਣ ਕੇ ਖੇਵਟ ਖੇਟਾ, ਬੇੜਾ ਬਿਨਾ ਵੰਝ ਮੁਹਾਣਿਉਂ ਆਪ ਉਠਾਈਆ । ਮੈਂ ਉਸ ਦੀ ਧਾਰ ਲੇਟਾ, ਸੁਖ ਆਸਣ ਆਪਣੀ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਵਕ਼ਤ ਆਪ ਸੁਹਾਈਆ । ਕੰਨਾ ਕਹੇ ਮੇਰਾ ਲਹਿਣਾ ਦੇਣਾ ਨਾਲ ਨਿਰੰਕਾਰ, ਨਿਰਾਕਾਰ ਦਿਤੀ ਸਰਨਾਈਆ । ਮੈਂ ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਆਇਆ ਵਿਚ ਸੰਸਾਰ, ਚਾਰ ਜੁਗ ਨਜ਼ਰ ਕਿਸੇ ਨਾ ਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਰਾਂ ਖ਼ਬਰਦਾਰ, ਬਿਨ ਰਸਨਾ ਜਿਹਵਾ ਢੋਲਾ ਦਿਆਂ ਸੁਣਾਈਆ । ਕਲਜੁਗ ਵੇਲਾ ਵਕ਼ਤ ਲਓ ਵਿਚਾਰ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਜੋ ਆਸਾ ਰਖ ਕੇ ਗਏ ਤੇਈ ਅਵਤਾਰ, ਤ੍ਰੈਗੁਣ ਅਤੀਤਾ ਆਪ ਸਮਝਾਈਆ । ਪੈਗ਼ੰਬਰ ਗੁਰੂਆਂ ਗੋਬਿੰਦ ਖੇਡ ਕੀਤੀ ਅਪਾਰ, ਅਪਰੰਪਰ ਆਪਣਾ ਭੇਵ ਚੁਕਾਈਆ । ਮੈਂ ਕੂਕ ਕਹਾਂ ਲਲਕਾਰ, ਢੋਲਾ ਗਾਵਾਂ ਥਾਉਂ ਥਾਹੀਂਆ । ਨਵ ਸੱਤ ਵੇਖਾਂ ਹਾਹਾਕਾਰ, ਧੀਰਜ ਧੀਰ ਨਾ ਕੋਇ ਧਰਾਈਆ । ਬਾਵਨ ਚਰਨ ਛੁਹਾਇਆ ਧਰਨੀ ਤੇਰਾ ਕੀਤਾ ਉਧਾਰ, ਧਰਮ ਦੀ ਧਾਰ ਨਾਲ ਦ੍ਰਿੜਾਈਆ । ਜਿਸ ਦੀ ਪਾ ਸਕੇ ਕੋਈ ਨਾ ਸਾਰ, ਸਮਝ ਵਿਚ ਨਾ ਕੋਇ ਸਮਝਾਈਆ । ਕੰਨਾ ਕਹੇ ਮੈਂ ਉਸ ਪ੍ਰਭੂ ਨੂੰ ਕਰਾਂ ਨਿਮਸਕਾਰ, ਨਿਵ ਨਿਵ ਲਾਗਾਂ ਪਾਈਆ । ਜਿਸ ਦੀ ਚਾਰ ਜੁਗ ਕਰਦੇ ਰਹੇ ਇੰਤਜ਼ਾਰ, ਬਿਨਾ ਅੱਖਾਂ ਨੈਣ ਉਠਾਈਆ । ਉਹ ਸ਼ਾਹੋ ਭੂਪ ਸਿਕਦਾਰ, ਸ਼ਹਿਨਸ਼ਾਹ ਅਗੰਮ ਰੂਪ ਅਲਾਹੀਆ । ਮੈਂ ਉਸ ਦਾ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਮੇਰਾ ਰੂਪ ਨਹੀਂ ਪੁਰਖ ਨਾਰ, ਤਨ ਵਜੂਦ ਨਾ ਕੋਇ ਰਖਾਈਆ । ਮੈਂ ਮਾਂਗਤ ਬਣਾਂ ਭਿਖਾਰ, ਭਿਖਕ ਹੋ ਕੇ ਝੋਲੀ ਡਾਹੀਆ । ਕਿਰਪਾ ਕਰਨੀ ਆਪ ਕਰਤਾਰ, ਕ਼ੁਦਰਤ ਦੇ ਕ਼ਾਦਰ ਦਇਆ ਕਮਾਈਆ । ਗੋਬਿੰਦ ਦੀ ਧਾਰ ਵਿਚੋਂ ਬਖ਼ਸ਼ਣਾ ਪਿਆਰ, ਪਿਆਰ ਪਿਆਰੇ ਲਾਲ ਲਾਲ ਰੰਗ ਰੰਗਾਈਆ । ਜਨ ਭਗਤਾਂ ਲੇਖੇ ਲਾਉਣੀ ਘਾਲ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਰਨਾ ਹੱਲ ਸਵਾਲ, ਨਿਰਾਸਾ ਰਹਿਣ ਕੋਇ ਨਾ ਪਾਈਆ ।

## ੧੨ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਜੁਗਿੰਦਰ ਸਿੰਘ ਦੇ ਗ੍ਰਿਹ ੮੨ ਰਨੇਲਾਘ ਰੋਡ ਸਾਊਥ ਹਾਲ ਮਿਡਐਕਸ ਇੰਗਲੈਂਡ

ਨਾਰਦ ਕਹੇ ਧਰਨੀਏ ਮੇਂਢੀ ਗੁੰਦ ਲੈ ਸੀਸ, ਪੱਟੀ ਪਟਨੇ ਵਾਲੇ ਦੇ ਵਖਾਈਆ । ਨਿਗਾਹ ਮਾਰ ਲੈ ਕੀ ਖੇਲ ਕਰੇ ਜਗਦੀਸ, ਹਰਿ ਜਗਦੀਸ਼ਰ ਧੁਰਦਰਗਾਹੀਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਪੀਸਣ ਲਿਆ ਪੀਸ, ਘਾਇਲ ਹੋ ਕੇ ਸੇਵ ਕਮਾਈਆ । ਜਿਸ ਦੇ ਪਿਆਰ ਵਿਚ ਲੱਖ ਚੁਰਾਸੀ ਭਾਰ ਚੁਕਿਆ ਆਪਣੇ ਸੀਸ, ਸਰਗੁਣ ਆਪਣਾ ਸੰਗ ਬਣਾਈਆ । ਨਿਗਾਹ ਮਾਰ ਲੈ ਕੀ ਲੇਖਾ ਤੇਰਾ ਲਿਖਿਆ ਨਾਲ ਦੰਦ ਬਤੀਸ, ਰਸਨਾ ਜਿਹਵਾ ਢੋਲੇ ਗਾਈਆ । ਦੀਨ ਮਜ਼੍ਹਬ ਵਾਲੀ ਤਕ ਹਦੀਸ, ਹਜ਼ਰਤਾਂ ਹਜ਼ੂਰ ਕੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਧਰਨੀਏ ਕੱਜਲ ਪਾ ਲੈ ਅਗੰਮੇ ਨੈਣ, ਲੋਚਣ ਜਗਤ ਨਾ ਕੋਇ ਰਖਾਈਆ । ਪਰਮ ਪੁਰਖ ਤਕ ਲੈ ਸਾਕ ਸੈਣ, ਮਿਤਰ ਪਿਆਰਾ ਨੂਰ ਅਲਾਹੀਆ । ਜੋ ਜੁਗ ਜੁਗ ਦੇਵਣਹਾਰਾ ਦੇਣ, ਲਹਿਣਾ ਸਭ ਦੀ ਝੋਲੀ ਪਾਈਆ । ਜਿਸ ਦਾ ਲੇਖਾ ਸ਼ਰਅ ਵਿਚ ਨਹੀਂ ਕੋਈ ਤ੍ਰਫ਼ੈਣ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਮੈਂ ਉਸ ਦਾ ਸੰਦੇਸ਼ਾ ਆਇਆ ਕਹਿਣ, ਬਿਨ ਰਸਨਾ ਦਿਆਂ ਸੁਣਾਈਆ । ਉਹਦਾ ਨੂਰ ਤਕ ਲੈ ਐਨ ਦਾ ਐਨ, ਜੋਤੀ ਜਾਤਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਧਰਨੀਏ ਆਪਣਾ ਸਾਹਿਬ ਤਕ ਮਰਗਿੰਦੀ, ਗਹਿਰ ਗੰਭੀਰ ਧਿਆਨ ਲਗਾਈਆ । ਕਮਲੀਏ ਖ਼ੁਸ਼ੀਆਂ ਵਿਚ ਮਸਤਕ ਲਾ ਲੈ ਬਿੰਦੀ, ਜੋ ਬਿੰਦਰਾਬਨ ਵਿਚ ਕਾਹਨ ਗਿਆ ਦ੍ਰਿੜਾਈਆ । ਜਿਸ ਦਾ ਲਹਿਣਾ ਦੇਣਾ ਨਾਲ ਹਿੰਦੀ, ਖੇਲ ਖੇਲੇ ਥਾਉਂ ਥਾਈਂਆ । ਜਿਸ ਨੇ ਲੇਖ ਮੁਕਾਉਣਾ ਸ਼ੰਕਰ ਧਾਰ ਪਿੰਡੀ, ਤੇਰਾ ਪੜਦਾ ਆਪ ਚੁਕਾਈਆ । ਜੋ ਆਸ਼ਾ ਰਖੀ ਜੀਉ ਪਿੰਡ ਇੰਡੀ, ਬ੍ਰਹਿਮੰਡਾਂ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਧਰਨੀਏ ਆਪਣੇ ਤਨ ਸੂਹਾ ਲੈ ਅੰਗੀ, ਅੰਗੀਕਾਰ ਇਕੋ ਨਜ਼ਰੀ ਆਈਆ । ਯਾਦ ਕਰ ਲੈ ਜੋ ਸਤਿਜੁਗ ਧਾਰ ਮੰਗ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਜਿਸ ਦੇ ਹੁਕਮ ਵਿਚ ਤੇਰੇ ਉਤੇ ਆਉਣ ਵਾਲੀ ਤੰਗੀ, ਤੰਗ ਦਸਤ ਹੋਏ ਲੋਕਾਈਆ । ਚਾਰੋਂ ਕੁੰਟ ਅੰਧੇਰਾ ਹੋਣਾ ਅੰਧੀ, ਧੁੰਦੂਕਾਰ ਦਿਸੇ ਖ਼ਲਕ ਖ਼ੁਦਾਈਆ । ਤੇਰਾ ਮੁਕਣ ਵਾਲਾ ਕਲਜੁਗ ਪੰਧੀ, ਜਗਤ ਮੁਸਾਫ਼ਰ ਰਹਿਣ ਕੋਇ ਨਾ ਪਾਈਆ । ਸ਼ਰਅ ਵਾਲੀ ਟੁੱਟਣ ਲੱਗੀ ਬੰਦੀ, ਬੰਦੀਖ਼ਾਨਾ ਰਹਿਣ ਕੋਇ ਨਾ ਪਾਈਆ । ਉਹ ਤਕ ਲੈ ਕੀ ਆਸਾ ਰਖ ਕੇ ਬੈਠੀ ਗੋਦਾਵਰੀ ਜਮਨਾ ਸੁਰਸਤੀ ਗੰਗੀ, ਗੋਬਿੰਦ ਵੱਲ ਧਿਆਨ ਲਗਾਈਆ । ਜੋ ਕਲਜੁਗ ਅੰਤਮ ਸਭ ਦੇ ਆਵੇ ਕੰਢੀ, ਕੰਢਣ ਪਤਣ ਘਾਟ ਫੋਲ ਫੁਲਾਈਆ । ਨਵ ਸੱਤ ਤਕੇ ਪਾਖੰਡੀ, ਪਰਦਾ ਪੜਦਿਆਂ ਵਿਚੋਂ ਚੁਕਾਈਆ । ਜਿਸ ਦੇ ਹੁਕਮ ਨਾਲ ਖੜਕਣੀ ਚੰਡ ਪਰਚੰਡੀ, ਚੰਡਕਾ ਚੰਡ ਰੂਪ ਬਦਲਾਈਆ । ਬਿਨਾ ਭਗਤਾਂ ਆਤਮਾ ਪਰਮਾਤਮਾ ਜਾਏ ਕਿਸੇ ਨਾ ਗੰਢੀ, ਗੰਢਣਹਾਰ ਗੋਪਾਲ ਸੁਆਮੀ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਸਚ ਹੁਕਮ ਵਰਤਾਈਆ । ਨਾਰਦ ਕਹੇ ਧਰਨੀਏ ਉਹ ਤਕ

ਅਵਤਾਰ ਪੈਗ਼ੰਬਰ ਗੁਰੂ ਮਾਰਦੇ ਝਾਤੀਆਂ, ਸਚਖੰਡ ਬੈਠੇ ਧਿਆਨ ਲਗਾਈਆ । ਭਵਿਖਤਾਂ ਵਾਲੀਆਂ ਕਢ ਕੇ ਪਾਤੀਆਂ, ਪਤਿਪਰਮੇਸ਼ਵਰ ਚਰਨਾਂ ਵਿਚ ਟਿਕਾਈਆ । ਪੁਰਖ ਅਕਾਲੇ ਦੀਨ ਦਿਆਲੇ ਝਗੜਾ ਮੇਟ ਦੇ ਜ਼ਾਤ ਪਾਤੀਆਂ, ਦੀਨਾਂ ਮਜ਼੍ਹਬਾਂ ਲੇਖਾ ਆਪਣੇ ਨਾਲ ਮਿਲਾਈਆ । ਸ਼ਬਦ ਨਿਰਾਲੇ ਤੀਰ ਮਾਰ ਕਾਤੀਆਂ, ਕ਼ਤਲਗਾਹਾਂ ਦਾ ਡੇਰਾ ਢਾਹੀਆ । ਕੂੜੀ ਕਿਰਿਆ ਦੇ ਵਫ਼ਾਤੀਆ, ਫ਼ੈਸਲਾ ਹਕ ਹਕ ਸੁਣਾਈਆ । ਤੂੰ ਸਤਿਗੁਰ ਦੇਵਣਹਾਰਾ ਦਾਤੀਆ, ਵਸਤ ਅਗੰਮ ਦੇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਚ ਸਚ ਸੁਹਾਈਆ । ਨਾਰਦ ਕਹੇ ਧਰਨੀਏ ਉਹ ਵੇਖ ਅਵਤਾਰ ਪੈਗ਼ੰਬਰ ਗੁਰੂ ਤਕਦੇ, ਦਰਗਾਹ ਸਾਚੀ ਧਿਆਨ ਲਗਾਈਆ । ਆਪਣੇ ਹਕੂਕ ਮੰਗਣ ਹਕ ਦੇ, ਹਕ਼ੀਕਤ ਵਿਚੋਂ ਆਸ ਰਖਾਈਆ । ਸਾਡੇ ਸ਼ਰਅ ਜ਼ੰਜੀਰ ਕਟ ਦੇ, ਕਟਾਕਸ਼ ਆਪਣਾ ਨਾਮ ਲਗਾਈਆ । ਵਣਜਾਰੇ ਬਣਾ ਲੈ ਇਕੋ ਨਾਮ ਹੱਟ ਦੇ, ਵਸਤ ਅਨਮੁਲ ਅਤੁਲ ਦੇ ਵਰਤਾਈਆ । ਤੈਨੂੰ ਭੇਦ ਲੱਖ ਚੁਰਾਸੀ ਘਟ ਘਟ ਦੇ, ਜਾਨਣਹਾਰ ਤੇਰੀ ਸਰਨਾਈਆ । ਦੀਪਕ ਜੋਤ ਜਗਾ ਦੇ ਲਟ ਲਟ ਦੇ, ਅੰਧ ਅੰਧੇਰ ਦੇ ਮਿਟਾਈਆ । ਪਰਮ ਪੁਰਖ ਪਰਮਾਤਮ ਜੇ ਤਨ ਵਜੂਦ ਘੇਰੇ ਆਇਉਂ ਜੱਟ ਦੇ, ਜਟਾਧਾਰੀਆਂ ਲੇਖਾ ਰਹੇ ਨਾ ਰਾਈਆ । ਅਸੀਂ ਡੋਰੀ ਤੇਰੇ ਉਤੇ ਸਟਦੇ, ਆਸਾ ਤੇਰੇ ਚਰਨ ਟਿਕਾਈਆ । ਝਗੜੇ ਮੇਟ ਦੇ ਦੀਨ ਮਜ਼੍ਹਬ ਵੱਟ ਦੇ, ਮਿਹਰਵਾਨ ਮਹਿਬੂਬ ਮਿਹਰ ਨਜ਼ਰ ਇਕ ਉਠਾਈਆ । ਜੀਵ ਜੰਤ ਤੇਰਾ ਨਾਮ ਕਲਮਾ ਹੋਵਣ ਜਪਦੇ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਸਾਂਤਕ ਸਤਿ ਸਰੀਰ ਕਰ ਦੇ ਤਪਦੇ, ਅਗਨੀ ਕੂੜ ਨਾ ਲਾਗੇ ਰਾਈਆ । ਲਹਿਣੇ ਮੁਕਾ ਦੇ ਮਨ ਮਤ ਦੇ, ਗੁਰਮਤ ਇਕ ਜਣਾਈਆ । ਸੰਸੇ ਰਹਿਣ ਨਾ ਬੂੰਦ ਰਤ ਦੇ, ਰਕਤ ਬੂੰਦ ਆਪਣਾ ਰੰਗ ਵਖਾਈਆ । ਅਸੀਂ ਵਾਸਤਾ ਤੇਰੇ ਚਰਨ ਕਵਲ ਘਤਦੇ, ਗਹਿਰ ਗੰਭੀਰ ਬੇਨਜ਼ੀਰ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਗ੍ਰਿਹਿ ਆਪ ਸੁਹਾਈਆ । ਨਾਰਦ ਕਹੇ ਧਰਨੀਏ ਗੁਰ ਅਵਤਾਰ ਪੈਗ਼ੰਬਰ ਤੇਰੇ ਵਲ ਧਿਆਨ ਲਗਾਉਂਦੇ, ਜਗਤ ਨੈਣ ਨਾ ਕੋਇ ਉਠਾਈਆ । ਪੁਰਖ ਅਕਾਲੇ ਦੀਨ ਦਿਆਲੇ ਇਕ ਸ਼ਬਦ ਸੁਣਾਉਂਦੇ, ਤੂੰ ਹੀ ਤੂੰ ਹੀ ਰਾਗ ਜਣਾਈਆ । ਨਿਰਗੁਣ ਜੋਤੀ ਧਾਰ ਇਸ਼ਟ ਮਨਾਉਂਦੇ, ਪੰਜ ਤਤ ਨਾ ਕੋਇ ਵਡਿਆਈਆ । ਸਚਖੰਡ ਦੁਆਰ ਸੁਹਾਉਂਦੇ, ਦਰਗਾਹ ਸਾਚੀ ਸੋਭਾ ਪਾਈਆ । ਕਲਜੁਗ ਅੰਤਮ ਖੋਜ ਖੁਜਾਉਂਦੇ, ਚਾਰੇ ਕੂਟਾਂ ਵੇਖਣਾ ਚਾਈਂ ਚਾਈਆਂ । ਅੰਤਮ ਸਭ ਦੇ ਨੇਤਰ ਨੈਣ ਸ਼ਰਮਾਉਂਦੇ, ਸ਼ਰਅ ਸ਼ਰੀਅਤ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਧਰਨੀਏ ਮੇਰੀ ਸੁਣ ਖ਼ੁਸ਼ਖ਼ਬਰੀ, ਬੇਖ਼ਬਰੇ ਦਿਆਂ ਜਣਾਈਆ । ਪ੍ਰਭੂ ਦਾ ਖੇਲ ਹੋਣਾ ਜ਼ਬਰੀ, ਜ਼ਾਬਰ ਜ਼ਬਰ ਰਹਿਣ ਕੋਇ ਨਾ ਪਾਈਆ । ਜਿਸ ਦਾ ਨੂਰ ਜ਼ਹੂਰ ਤਕਣਾ ਸਭ ਦੇ ਉਪਰ ਅੰਬਰੀ, ਅਸਮਾਨਾਂ ਧਿਆਨ ਲਗਾਈਆ । ਜੋ ਆਸ਼ਾ ਪੂਰੀ ਕਰਨ ਵਾਲਾ ਪੈਗ਼ੰਬਰੀ, ਪੀਰਨ ਪੀਰ ਨੂਰ ਅਲਾਹੀਆ । ਉਸ ਖੇਲ ਖਿਲਾਉਣਾ ਤੇਰੇ ਜੂਹ ਕੰਦਰੀ, ਟਿੱਲੇ ਪਰਬਤਾਂ ਵੇਖ ਵਖਾਈਆ । ਤੇਰੇ ਅੰਤਸ਼ਕਰਨ ਦਾ ਤੋੜੇ ਜੰਦਰੀ, ਕੁੰਜੀ ਆਪਣਾ ਨਾਮ ਲਗਾਈਆ । ਤੂੰ ਕੋਝੀਏ ਕਮਲੀਏ ਇਕ ਮੰਗ ਮੰਗ ਲਈਂ, ਮਾਂਗਤ ਹੋ ਕੇ ਝੋਲੀ ਡਾਹੀਆ । ਪੁਰਖ ਅਕਾਲੇ ਦੀਨ ਦਿਆਲੇ ਦਇਆ ਕਮਾਉਣੀ ਗੋਬਿੰਦ ਚੰਨ ਲਈ, ਚੰਦ ਚਾਂਦਨਾ ਇਕ ਚਮਕਾਈਆ । ਖੇਲ ਖਿਲਾਉਣਾ ਸਾਢੇ ਤਿੰਨ ਹੱਥ ਧਾਰ ਤਤ ਪੰਜ ਲਈ, ਪੰਚਮ ਆਪਣੀ ਗੰਢ ਪੁਆਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਬਣਾਈਆ । ਨਾਰਦ ਕਹੇ ਧਰਨੀਏ ਨਿਗਾਹ ਮਾਰ ਲੈ ਜਲਦੀ, ਜਲ ਧਾਰਾ ਬਾਹਰ ਧਿਆਨ ਲਗਾਈਆ । ਕੀ ਖੇਲ ਹੋਣੀ ਕਲਜੁਗ ਕਲ ਦੀ, ਕਲ ਕਲਕੀ ਕੀ ਆਪਣਾ ਹੁਕਮ ਵਰਤਾਈਆ । ਜਿਸ ਆਸ਼ਾ ਪੂਰੀ ਕਰਨੀ ਬਲ ਦੀ, ਬਾਵਨ ਮਿਲ ਕੇ ਵਜੇ ਵਧਾਈਆ । ਜਿਸ ਖੇਲ ਮਿਟਾਉਣੀ ਜਲ ਥਲ ਦੀ, ਮਹੀਅਲ ਵੇਖੇ ਚਾਈਂ ਚਾਈਆ । ਕਿਸੇ ਨੂੰ ਖ਼ਬਰ ਨਹੀਂ ਘੜੀ ਪਲ ਦੀ, ਕੀ ਪਲਕਾਂ ਦੇ ਉਹਲੇ ਬਹਿ ਕੇ ਹੁਕਮ ਵਰਤਾਈਆ । ਜ਼ਰਾ ਧਾਰ ਤਕ ਲੈ ਛਲ ਦੀ, ਅਛਲ ਛਲਧਾਰੀ ਕੀ ਆਪਣਾ ਵੇਸ ਵਟਾਈਆ । ਕਿਸ ਬਿਧ ਆਤਮ ਪਰਮਾਤਮ ਜਨ ਭਗਤਾਂ ਜੋਤੀ ਰਲਦੀ, ਰਲ ਮਿਲ ਇਕੋ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਧਰਨੀ ਕਹੇ ਨਾਰਦ ਮੇਰਾ ਸਾਹਿਬ ਗੁਣੀ ਗਹਿੰਦਾ, ਗਹਿਰ ਗਵਰ ਅਖਵਾਈਆ । ਜੋ ਮੇਟੇ ਮੇਰੀ ਚਿੰਦਾ, ਚਿੰਤਾ ਚਿਖਾ ਵਿਚੋਂ ਬਾਹਰ ਰਖਾਈਆ । ਮੈਂ ਉਸ ਦੀ ਨਿਰਗੁਣ ਧਾਰ ਸਰਗੁਣ ਬਿੰਦਾ, ਬਿੰਦੀ ਟਿੱਪੀ ਮੇਰਾ ਰੰਗ ਬਦਲਾਈਆ । ਜਿਸ ਦੇ ਪਿਆਰ ਵਿਚ ਜਗਤ ਜਹਾਨ ਜ਼ਿੰਦਾ, ਜ਼ਿੰਦਗੀ ਉਸੇ ਦੇ ਚਰਨ ਟਿਕਾਈਆ । ਜਿਸ ਦਾ ਖੇਲ ਹੋਣਾ ਵਿਚ ਹਿੰਦਾ, ਹਿੰਦੀ ਆਪਣਾ ਰੰਗ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਸਹਿਜ ਸੁਖਦਾਈਆ । ਧਰਨੀ ਕਹੇ ਨਾਰਦਾ ਮੈਂ ਉਸੇ ਦੀ ਰਖੀ ਆਸ਼ਾ, ਆਹਿਸਤਾ ਆਹਿਸਤਾ ਦਿਆਂ ਜਣਾਈਆ । ਜਿਸ ਨੂੰ ਤਕਦੇ ਉਪਰ ਅਕਾਸ਼ਾ, ਅਕਾਸ਼ ਅਕਾਸ਼ਾਂ ਖੋਜ ਖੁਜਾਈਆ । ਜਿਸ ਦਾ ਹੁਕਮ ਮੰਨਣ ਵਾਲਾ ਸ਼ੰਕਰ ਕੈਲਾਸ਼ਾ, ਕਲਾਧਾਰੀ ਧਿਆਨ ਲਗਾਈਆ । ਮੈਂ ਉਸ ਨੂੰ ਗਾਉਂਦੀ ਸਵਾਸ ਸਵਾਸਾ, ਸਾਹ ਸਾਹ ਸਮਾਈਆ । ਮੇਰਾ ਉਸ ਦੇ ਅਗੇ ਇਕੋ ਅਰਦਾਸਾ, ਜੇ ਬੇਨੰਤੀ ਸੁਣੇ ਧੁਰ ਦਾ ਮਾਹੀਆ । ਮੇਰੀ ਚਾਰ ਜੁਗ ਦੀ ਪੂਰੀ ਕਰੇ ਖ਼ਾਹਿਸ਼ਾ, ਖ਼ਾਲਸ ਆਪਣਾ ਹੁਕਮ ਵਰਤਾਈਆ । ਮੇਰੀ ਮਿਰਤਕ ਹੋਣ ਨਾ ਦੇਵੇ ਲਾਸ਼ਾ, ਚਰਨ ਛੋਹ ਨਾਲ ਲਏ ਉਠਾਈਆ । ਮੇਰੇ ਉਤੇ ਨੌ ਖੰਡ ਪ੍ਰਿਥਮੀ ਸੱਤ ਦੀਪ ਜਿਸ ਇਕ ਚਲਾਉਣੀ ਭਾਸ਼ਾ, ਲਿਪੀ ਆਪਣਾ ਹੁਕਮ ਦ੍ਰਿੜਾਈਆ । ਜਿਸ ਦੇ ਹੁਕਮ ਨਾਲ ਨਵ ਸੱਤ ਉਲਟਣਾ ਪਾਸਾ, ਕਰਵਟ ਆਪਣੀ ਲਏ ਬਦਲਾਈਆ । ਮੈਨੂੰ ਖ਼ੁਸ਼ੀਆਂ ਵਿਚ ਆਉਂਦਾ ਹਾਸਾ, ਹਸਤੀ ਤਕਾਂ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਧਰਨੀ ਕਹੇ ਨਾਰਦਾ ਮੈਂ ਘਾਲਣਾ ਰਹੀ ਘਾਲ, ਕਲਜੁਗ ਅੰਤਮ ਸੇਵ ਕਮਾਈਆ । ਆਪੇ ਪੁਛੇ ਮੁਰੀਦਾਂ ਹਾਲ, ਮੁਰਸ਼ਦ ਧੁਰਦਰਗਾਹੀਆ । ਮੇਰੀ ਸੁਰਤ ਲਏ ਸੰਭਾਲ, ਸੰਬਲ ਦਾ ਮਾਲਕ ਦਇਆ ਕਮਾਈਆ । ਝਗੜਾ ਮੇਟ ਕੇ ਸ਼ਾਹ ਕੰਗਾਲ, ਸ਼ਹਿਨਸ਼ਾਹ ਇਕੋ ਰੰਗ ਰੰਗਾਈਆ । ਨਾਮ ਨਿਧਾਨ ਦੇ ਕੇ ਧਨ ਮਾਲ, ਖ਼ਾਲੀ ਝੋਲੀ ਦਏ ਭਰਾਈਆ । ਜਨ ਭਗਤਾਂ ਹੱਲ ਕਰੇ ਸਵਾਲ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਫਲ ਲਗਾਵੇ ਕਾਇਆ ਡਾਲ੍ਹ, ਪੱਤ ਟਹਿਣੀ ਆਪ ਮਹਿਕਾਈਆ । ਜੋ ਸਦਾ ਸੁਹੇਲਾ ਵਸੇ ਨਾਲ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਜੋਗਿੰਦਰ ਸਿੰਘ ਬਿਨਾ ਜੋਗ ਜੁਗਤ ਬਣਾ ਕੇ ਆਪਣਾ ਲਾਲ, ਲਾਲਨ ਆਪਣੀ ਗੰਢ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਧਾਰ ਸਦਾ ਹੋਏ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਆਪਣੀ ਗੋਦ ਉਠਾਈਆ ।

੧੩ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਈਸ਼ਰ ਕੌਰ ਦੇ ਗ੍ਰਿਹ ੨੩ ਏ ਬੇਲੇ ਵਾਕ ਮੋਸੈਲੀ ਬਿਰਮਿਨਗੋਮ ੧੩ ਲੰਡਨ

ਸਤਿਗੁਰ ਸ਼ਬਦ ਜਨ ਭਗਤਾਂ ਸਦਾ ਰੰਗਦਾ, ਅੰਤਰ ਨਿਰੰਤਰ ਆਪਣਾ ਰੰਗ ਚੜ੍ਹਾਈਆ । ਪ੍ਰੇਮ ਪਿਆਰ ਮੁਹੱਬਤ ਕਰਨੋਂ ਕਦੇ ਨਾ ਸੰਗਦਾ, ਮਿਹਰਵਾਨ ਮਿਹਰਵਾਨ ਮਿਹਰਵਾਨ ਹੋ ਕੇ ਨਜ਼ਰ ਉਠਾਈਆ । ਜਗਤ ਤਰੀਕਾ ਰਖੇ ਆਪਣੇ ਢੰਗ ਦਾ, ਭੇਵ ਅਭੇਦ ਆਪਣੇ ਵਿਚੋਂ ਖੁਲ੍ਹਾਈਆ । ਸੁਆਮੀ ਹੋ ਕੇ ਅੰਤਰਜਾਮੀ ਹੋ ਕੇ ਜਨ ਭਗਤਾਂ ਅੰਦਰ ਲੰਘਦਾ, ਨਵ ਦੁਆਰ ਦਾ ਡੇਰਾ ਢਾਹੀਆ । ਸ਼ਬਦ ਸੁਣਾਏ ਅਨਾਦ ਅਗੰਮੀ ਮਰਦੰਗ ਦਾ, ਤੰਦ ਸਿਤਾਰ ਅਵਰ ਨਾ ਕੋਇ ਹਿਲਾਈਆ । ਅੰਮ੍ਰਿਤ ਸਰੋਵਰ ਬਖ਼ਸ਼ੇ ਨਿਝਰ ਧਾਰਾ ਗੰਗ ਦਾ, ਬੂੰਦ ਸਵਾਂਤੀ ਨਾਭੀ ਕਵਲ ਕਵਲ ਉਲਟਾਈਆ । ਭੇਵ ਖੁਲ੍ਹਾਏ ਸਾਗਰ ਗਾਗਰ ਕਾਇਆ ਮੁਹਾਣੇ ਵੰਝ ਦਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਸਤਿਗੁਰ ਸ਼ਬਦ ਰੰਗ ਚਾੜ੍ਹੇ ਅਗੰਮਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਲੇਖੇ ਲਾਵੇ ਪਵਣ ਸਵਾਸੀ ਦਮਾ, ਦਾਮਨਗੀਰ ਹੋ ਕੇ ਮੇਲਾ ਮੇਲੇ ਸਹਿਜ ਸੁਭਾਈਆ । ਭਾਗ ਲਗਾਵੇ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਅੰਦਰੋਂ ਦਏ ਬਦਲਾਈਆ । ਭੇਵ ਖੁਲ੍ਹਾਏ ਆਤਮ ਧਾਰ ਰਸ ਦੇਵੇ ਪਰਮਾਨੰਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਦੀਨ ਦਿਆਲ ਹੋ ਕੇ ਬਦਲ ਦੇਵੇ ਜਨਮਾ, ਜਨਮ ਜਨਮ ਵਿਚੋਂ ਦਰਸਾਈਆ । ਸਾਚੀ ਧਾਰ ਬਖ਼ਸ਼ੇ ਧਰਮਾ, ਧਰਮ ਦੀ ਧਾਰ ਆਪ ਪਰਗਟਾਈਆ । ਝਗੜਾ ਮੁਕਾ ਕੇ ਵਰਨਾ ਬਰਨਾ, ਪਾਰਬ੍ਰਹਮ ਬ੍ਰਹਮ ਪ੍ਰਭ ਮੇਲਾ ਮੇਲੇ ਸਹਿਜ ਸੁਭਾਈਆ । ਨਿਜ ਨੇਤਰ ਖੋਲ੍ਹੇ ਹਰਨਾ ਫਰਨਾ, ਲੋਚਣ ਇਕੋ ਇਕ ਦਰਸਾਈਆ । ਜਿਸ ਦੇ ਨਾਲ ਨਜ਼ਰੀ ਆਵੇ ਸਤਿਗੁਰ ਚਰਨਾ, ਚਰਨ ਕਵਲ ਦੇਵੇ ਮਾਣ ਵਡਿਆਈਆ । ਭੇਵ ਖੁਲ੍ਹਾਏ ਅਲਾਹੀ ਨੂਰ ਅਵਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਪਰਗਟਾਈਆ । ਸਤਿਗੁਰ ਸ਼ਬਦ ਸਾਚਾ ਰੰਗ ਜੋਗ, ਜੁਗਤੀ ਨਾਲ ਹੱਥ ਕਿਸੇ ਨਾ ਫੜਾਈਆ । ਜਨ ਭਗਤਾਂ ਆਤਮ ਪਰਮਾਤਮ ਮੇਲਾ ਮੇਲੇ ਸਚ ਸੰਜੋਗ, ਧੁਰ ਸੰਜੋਗੀ ਆਪ ਅਖਵਾਈਆ । ਮਾਇਆ ਮਮਤਾ ਮੋਹ ਵਿਕਾਰ ਅੰਤਰ ਕੱਟੇ ਰੋਗ, ਹਉਮੇ ਹੰਗਤਾ ਗੜ੍ਹ ਤੁੜਾਈਆ । ਨਾਮ ਨਿਧਾਨ ਸ੍ਰੀ ਭਗਵਾਨ ਬਖ਼ਸ਼ੇ ਸਾਚੀ ਚੋਗ, ਚੁਗਲੀ ਨਿੰਦਿਆ ਅੰਤਰ ਰਹਿਣ ਕੋਇ ਨਾ ਪਾਈਆ । ਆਤਮ ਸੇਜ ਸੁਲਖਣੀ ਪਰਮਾਤਮ ਅਗੰਮਾ ਦੱਸੇ ਭੋਗ, ਭਗਵਨ ਆਪਣਾ ਸੰਗ ਬਣਾਈਆ । ਜਿਸ ਨੂੰ ਸਮਝ ਸਕੇ ਕੋਈ ਨਾ ਜੋਗ, ਜਗਤ ਵਿਦਿਆ ਵੇਖਣ ਕੋਇ ਨਾ ਪਾਈਆ । ਸਾਚੇ ਰੰਗ ਦੀ ਜੀਉਂਦਿਆਂ ਹੋ ਕੇ ਦੇਵੇ ਮੌਜ, ਮਜਲਸ ਭਗਤਾਂ ਨਾਲ ਰਖਾਈਆ । ਘਟ ਸੁਆਮੀ ਅੰਤਰ ਵੜ ਕੇ ਕਰੇ ਚੋਜ, ਚੋਜੀ ਪ੍ਰੀਤਮ ਆਪਣਾ ਪੜਦਾ ਲਾਹੀਆ । ਸਚ ਸੁਆਮੀ ਸਦਾ ਦਰਸ਼ਨ ਦੇਵੇ ਰੋਜ਼, ਵਿਛੋੜਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਦਾ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਜਨ ਭਗਤਾਂ ਚਾੜ੍ਹੇ ਰੰਗ ਚਲੂਲ, ਕਾਇਆ ਚੋਲੀ ਆਪ ਰੰਗਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਕਦੇ ਨਾ ਜਾਵੇ ਭੂਲ, ਵੇਖਣਹਾਰਾ ਥਾਉਂ ਥਾਈਆ । ਕੰਤ ਸੁਹਾਗੀ ਬਣ ਕੰਤੂਹਲ, ਕੁਦਰਤ ਦਾ ਕਾਦਰ ਲਹਿਣਾ ਦੇਣਾ ਦੇਵੇ ਅਗੰਮ ਅਥਾਹੀਆ । ਜੋ ਆਦਿ ਆਦਿ ਦਾ ਜਾਣੇ ਮੂਲ, ਅੰਤ ਅੰਤ ਵਿਚ ਸਮਾਈਆ । ਜਿਸ ਦੀ ਯਾਦ ਰਖ ਕੇ ਗਏ ਪੈਗ਼ੰਬਰ ਰਸੂਲ, ਬਿਸਮਲ ਹੋ ਕੇ ਧਿਆਨ ਲਗਾਈਆ । ਉਹ ਜਨ ਭਗਤਾਂ ਸੂਫ਼ੀਆਂ ਸੰਤਾਂ

ਆਪਣੇ ਦਰ ਕਰੇ ਕ਼ਬੂਲ, ਕਿਬਲੇਅਜ਼ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਚਾੜ੍ਹੇ ਰੰਗ ਜਗਤ ਜਗਦੀਸ਼ਰ, ਦਇਆਵਾਨ ਦਇਆ ਕਮਾਈਆ । ਜਿਸ ਨੂੰ ਲਭਦੇ ਕੋਟਨ ਕੋਟ ਤਪੀਸ਼ਰ, ਸੁਰਤੀ ਅੰਦਰ ਭੱਜਣ ਵਾਹੋ ਦਾਹੀਆ । ਜਿਸ ਦੀ ਆਸ਼ਾ ਰਖ ਕੇ ਗਏ ਰਖੀਸ਼ਰ, ਬਿਨ ਨੈਣਾਂ ਨੈਣ ਉਠਾਈਆ । ਸੋ ਸਾਹਿਬ ਸੁਆਮੀ ਜਨ ਭਗਤਾਂ ਕਾਇਆ ਕਰਨਹਾਰਾ ਸੀਤਲ, ਅੰਮ੍ਰਿਤ ਮੇਘ ਨਾਮ ਬਰਸਾਈਆ । ਕਾਇਆ ਗੜ੍ਹ ਕੰਚਨ ਕਰੇ ਪੀਤਲ, ਪਤਿਤ ਉਧਾਰੀ ਆਪਣਾ ਰੰਗ ਰੰਗਾਈਆ । ਆਤਮ ਪਰਮਾਤਮ ਬਣ ਕੇ ਮੀਤਲ, ਮਿਤਰ ਪਿਆਰਾ ਇਕ ਅਖਵਾਈਆ । ਭਗਤ ਉਧਾਰਨਾ ਜਿਸ ਦੀ ਰੀਤਲ, ਜੁਗ ਜੁਗ ਆਪਣਾ ਸੰਗ ਬਣਾਈਆ । ਤੂੰ ਮੇਰਾ ਮੈਂ ਤੇਰਾ ਦੱਸੇ ਗੀਤਲ, ਆਤਮ ਪਰਮਾਤਮ ਪਰਮਾਤਮ ਆਤਮ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਵਿਚ ਸਮਾਈਆ । ਸਤਿਗੁਰ ਸ਼ਬਦ ਰੰਗ ਚਾੜ੍ਹੇ ਅਨਡਿਠ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਅੰਮ੍ਰਿਤ ਆਤਮ ਰਸ ਦੇਵੇ ਮਿਠ, ਬਿਨ ਰਸਨਾ ਰਸ ਚਖਾਈਆ । ਪੰਧ ਮੁਕਾ ਕੇ ਸਵਾ ਗਿਠ, ਪੜਦਾ ਪੜਦਿਆਂ ਵਿਚੋਂ ਉਠਾਈਆ । ਸਚ ਸਿੰਘਾਸਣ ਅਬਿਨਾਸ਼ਣ ਹੋ ਕੇ ਜਾਏ ਲਿਟ, ਬਿਨ ਤਨ ਵਜੂਦ ਸੋਭਾ ਪਾਈਆ । ਦੀਨ ਦਿਆਲ ਹੋ ਕੇ ਦਰਸ਼ਨ ਦੇਵੇ ਨਿਤ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਠਗੌਰੀ ਰਹਿਣ ਨਾ ਦੇਵੇ ਚਿਤ, ਮਨਸਾ ਮਨ ਨਾ ਕੋਇ ਹਲਕਾਈਆ । ਤਨ ਕਿਆਰੀ ਦੇਵੇ ਸਿਤ, ਨਾਮ ਨਿਧਾਨਾ ਮੇਘ ਬਰਸਾਈਆ । ਜਿਸ ਦੀ ਸੁਹੰਜਣੀ ਘੜੀ ਸੁਹਾਵੀ ਹੋਵੇ ਥਿਤ, ਘੜੀ ਪਲ ਆਪਣੀ ਬਣਤ ਬਣਾਈਆ । ਸੋ ਲੇਖੇ ਲਾਵਣਹਾਰਾ ਬੂੰਦ ਰਿਤ, ਰਕਤ ਬੂੰਦ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਸਤਿਗੁਰ ਬਖ਼ਸ਼ਣਹਾਰਾ ਚਰਨ ਧੂੜ, ਧੂੜੀ ਟਿੱਕੇ ਖ਼ਾਕ ਰਮਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਮਨ ਮਮਤਾ ਦੂਰ ਕਰਾਈਆ । ਵਿਸ਼ਾ ਵਿਕਾਰ ਅੰਦਰੋਂ ਕੱਢੇ ਕੂੜ, ਕਿਰਿਆ ਕੁਕਰਮ ਦਾ ਡੇਰਾ ਢਾਹੀਆ । ਸ਼ਬਦ ਅਨਾਦੀ ਬਖ਼ਸ਼ੇ ਤੂਰ, ਤੁਰੀਆ ਦਾ ਪੜਦਾ ਆਪ ਉਠਾਈਆ । ਜੋਤੀ ਜਾਤਾ ਹੋ ਕੇ ਦੇਵੇ ਨੂਰ, ਜ਼ਹੂਰ ਨੂਰ ਇਕ ਚਮਕਾਈਆ । ਮਸਤੀ ਨਾਮ ਬਖ਼ਸ਼ੇ ਸਰੂਰ, ਸੁਰਤੀ ਸ਼ਬਦ ਸ਼ਬਦ ਸਮਾਈਆ । ਜੋ ਪੰਧ ਮਾਰੇ ਨੇੜੇ ਦੂਰ, ਨਵ ਸੱਤ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧੂੜ ਕਹੇ ਮੈਂ ਰੂਪ ਪ੍ਰਭੂ ਚਰਨ, ਚਰਨੋਦਕ ਰੂਪ ਦਰਸਾਈਆ । ਮੇਰਾ ਨਾ ਕੋਈ ਜ਼ਾਤ ਬਰਨ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਮੈਂ ਇਕੋ ਸਾਹਿਬ ਦਾ ਫੜਿਆ ਲੜਨ, ਪੱਲੂ ਸਕੇ ਨਾ ਕੋਇ ਛੁਡਾਈਆ । ਮੈਂ ਨਿਰਅੱਖਰ ਧਾਰ ਢੋਲੇ ਲੱਗੀ ਪੜ੍ਹਨ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਮੰਜ਼ਲ ਅਗੰਮੀ ਲੱਗੀ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਮੈਂ ਭਗਤਾਂ ਆਤਮਾ ਲਗੀ ਫੜਨ, ਬਿਨ ਹੱਥਾਂ ਹੱਥ ਰਖਾਈਆ । ਅਨੋਖੀ ਸੇਵਾ ਲਗੀ ਕਰਨ, ਕਰਨੀ ਦਾ ਕਰਤਾ ਆਪਣਾ ਹੁਕਮ ਸੁਣਾਈਆ । ਮੈਂ ਤਕਿਆ ਸੁਹਾਵਣਾ ਘਰਨ, ਗ੍ਰਿਹ ਮੰਦਰ ਵਜਦੀ ਵੇਖੀ ਵਧਾਈਆ । ਮੇਰਾ ਖੁਲ੍ਹਿਆ ਨੇਤਰ ਹਰਨ ਫਰਨ, ਫੁਰਨਿਆਂ ਤੋਂ ਬਾਹਰ ਦਿਆਂ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗੀ ਇਕ ਅਖਵਾਈਆ । ਰੰਗ ਕਹੇ ਮੇਰਾ ਰੰਗਣਹਾਰਾ ਇਕ ਸੁਆਮੀ, ਦੂਸਰ ਨਜ਼ਰ ਕੋਇ

੪੪੪
੨੪

ਨਾ ਆਈਆ । ਜੋ ਆਦਿ ਜੁਗਾਦਿ ਅੰਤਰਜਾਮੀ, ਹਰਿਜਨ ਵੇਖੇ ਥਾਉਂ ਥਾਈਆ । ਜੋ ਅੰਤਰ ਰਸ ਦੇਵਣਹਾਰਾ ਠੰਢਾ ਪਾਣੀ, ਝਿਰਨਾ ਆਪਣਾ ਆਪ ਝਿਰਾਈਆ । ਜਿਸ ਦਾ ਲਹਿਣਾ ਦੇਣਾ ਚਾਰੇ ਬਾਣੀ, ਚਾਰੇ ਖਾਣੀ ਆਪਣਾ ਸੰਗ ਨਿਭਾਈਆ । ਉਹ ਸ਼ਾਹੋ ਭੂਪ ਬਣ ਸੁਲਤਾਨੀ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਅਵਤਾਰ ਪੈਗੰਬਰ ਗੁਰ ਜਿਸ ਦਾ ਸੰਦੇਸ਼ਾ ਦੇ ਕੇ ਗਏ ਜ਼ਬਾਨੀ, ਸਿਫ਼ਤੀ ਸਿਫ਼ਤ ਸਿਫ਼ਤ ਵਡਿਆਈਆ । ਉਹ ਜਲਵਾਗਰ ਨੂਰ ਨੁਰਾਨੀ, ਨੂਰ ਨੁਰਾਨਾ ਅਗੰਮ ਅਥਾਹੀਆ । ਜੋ ਵੇਖਣਹਾਰਾ ਜਨ ਭਗਤਾਂ ਅੰਤਰ ਅੰਤਰ ਨਿਸ਼ਾਨੀ, ਨਿਸ਼ਾਨੇ ਦੀਨ ਦੁਨੀ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਰੰਗ ਕਹੇ ਮੈਂ ਖ਼ੁਸ਼ੀ ਨਾਲ ਚੜ੍ਹਦਾ ਅੰਤਰ ਜਨ ਭਗਤ, ਸਤਿਗੁਰ ਸ਼ਬਦ ਚੜ੍ਹਾਈਆ । ਜੁਗ ਜੁਗ ਨਿਸ਼ਾਨ ਮੇਰਾ ਦਿਸੇ ਜਗਤ, ਰਵੀਦਾਸ ਕਬੀਰ ਦਏ ਗਵਾਹੀਆ । ਮੇਰਾ ਲਹਿਣਾ ਦੇਣਾ ਆਤਮ ਧਾਰ ਨਾਲ ਫ਼ਕਤ, ਫ਼ਿਕਰਾ ਇਕੋ ਇਕ ਸਮਝਾਈਆ । ਅੱਜ ਸੁਹੰਜਣਾ ਹੋਇਆ ਵਕਤ, ਈਸ਼ਰ ਕੌਰ ਈਸ਼ਵਰ ਨਾਲ ਦਿਆਂ ਮਿਲਾਈਆ । ਲੇਖਾ ਮੁਕ ਜਾਏ ਬੂੰਦ ਰਕਤ, ਪੰਜ ਤਤ ਤਤਾਂ ਵਿਚ ਸਮਾਈਆ । ਆਤਮ ਪਰਮਾਤਮ ਪਰਮਾਤਮ ਆਤਮ ਇਕੋ ਨੂਰ ਸ਼ਕਤ, ਸ਼ਖ਼ਸ਼ੀਅਤ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਇਕ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਮੈਂ ਭਗਤਾਂ ਦਰ ਖੋਲ੍ਹਣਾ, ਬੰਦ ਕਿਵਾੜ ਰਹਿਣ ਨਾ ਪਾਈਆ । ਬਿਨ ਰਸਨਾ ਜਿਹਵਾ ਬੋਲਣਾ, ਸ਼ਬਦ ਅਨਾਦੀ ਕਰਾਂ ਸ਼ਨਵਾਈਆ । ਬਿਨ ਕੰਡੇ ਤਰਾਜ਼ੂ ਤੋਲਣਾ, ਨਾਮ ਨਿਧਾਨਾ ਹੱਥ ਉਠਾਈਆ । ਭਗਤ ਸੁਹੇਲਾ ਧਰਮ ਦੀ ਧਾਰ ਵਿਚੋਂ ਵਿਰੋਲਣਾ, ਆਪ ਆਪਣੇ ਰੰਗ ਰੰਗਾਈਆ । ਮੇਲ ਮਿਲਾ ਕੇ ਨਾਲ ਮਾਹੀ ਸਾਚੇ ਢੋਲਣਾ, ਦਰ ਘਰ ਸਾਚਾ ਦਿਆਂ ਜਣਾਈਆ । ਜਿਥੇ ਆਤਮ ਪਰਮਾਤਮ ਇਕੋ ਰੂਪ ਹੋਵਣਾ, ਜੋਤੀ ਜੋਤ ਜੋਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੀਤ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੈਂ ਭਗਤਾਂ ਚਾੜ੍ਹਨਾ ਰੰਗ ਅਨੋਖਾ, ਨਿਰਗੁਣ ਧਾਰ ਧਾਰ ਨਾਲ ਮਿਲਾਈਆ । ਕਲਜੁਗ ਕਰਨਾ ਅੰਤ ਮੂਲ ਨਹੀਂ ਧੋਖਾ, ਕੂੜ ਕਿਰਿਆ ਨਾ ਕੋਇ ਹਲਕਾਈਆ । ਮਿਹਰਵਾਨ ਹੋ ਕੇ ਮਾਰਗ ਦੱਸਿਆ ਸੌਖਾ, ਜਗਤ ਮੰਜ਼ਲ ਪੰਧ ਨਾ ਕੋਇ ਭੁਆਈਆ । ਮਨੂਆ ਮਨ ਹੋਣ ਨਹੀਂ ਦੇਣਾ ਥੋਥਾ, ਤ੍ਰਿਸ਼ਨਾ ਕੂੜ ਨਾ ਕੋਇ ਹਲਕਾਈਆ । ਪਰਕਾਸ਼ ਕਰਨਾ ਕਾਇਆ ਕੋਠਾ, ਸਾਢੇ ਤਿੰਨ ਹੱਥ ਹੋਵੇ ਰੁਸ਼ਨਾਈਆ । ਨਾਮ ਜਪਾਉਣਾ ਬਿਨਾ ਬੁੱਲਾਂ ਹੋਠਾਂ, ਅਜਪਾ ਜਾਪ ਵਿਚ ਰਖਾਈਆ । ਪਰਕਾਸ਼ ਦੇ ਕੇ ਨਿਰਮਲ ਜੋਤਾ, ਬਿਨ ਤੇਲ ਬਾਤੀ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਰੰਗ ਕਹੇ ਮੈਂ ਭਗਤਾਂ ਚੜ੍ਹਨਾ ਜ਼ਬਰਦਸਤੀ, ਬਿਨ ਹੱਥਾਂ ਗਲਵਕੜੀ ਲੈਣੀ ਪਾਈਆ । ਸਚ ਖ਼ੁਮਾਰੀ ਦੇਣੀ ਮਸਤੀ, ਮਸਤੀ ਮਸਤੀ ਵਿਚੋਂ ਪਰਗਟਾਈਆ । ਨਾਲ ਮਿਲਾਉਣਾ ਪ੍ਰਭੂ ਦੀ ਹਸਤੀ, ਹਸਤ ਕੀਟ ਦਾ ਡੇਰਾ ਢਾਹੀਆ । ਅੰਦਰ ਇਕੋ ਨੂਰ ਨਜ਼ਰ ਆਵੇ ਸ਼ਰਤੀ, ਸਾਖ਼ਿਆਤ ਸੋਭਾ ਪਾਈਆ । ਜੋ ਬ੍ਰਹਿਮੰਡ ਖੰਡ ਫਿਰੇ ਉਹ ਭਗਤਾਂ ਅੰਦਰ ਵਸਦੀ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਖੇਲ ਮੁਕ ਜਾਏ ਜਗਤ ਕਹਾਣੀ ਜਸ ਦੀ, ਬਿਨ ਸਿਫ਼ਤਾਂ ਸਿਫ਼ਤ ਸਲਾਹੀਆ । ਧਾਰ ਦੇਵੇ ਆਪਣੇ ਅੰਮ੍ਰਿਤ ਅਗੰਮੇ ਰਸ ਦੀ, ਬਿਨ ਰਸਨਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ

ਵਰ, ਸਚ ਦਾ ਸਚ ਆਪਣੇ ਵਿਚੋਂ ਪਰਗਟਾਈਆ । ਰੰਗ ਕਹੇ ਪ੍ਰਭੂ ਭਗਤਾਂ ਆਸਾ ਕਰਦੇ ਪੂਰੀ, ਪੂਰਨ ਬ੍ਰਹਮ ਦੇ ਸਮਝਾਈਆ । ਤੂੰ ਮਾਲਕ ਖ਼ਾਲਕ ਹਾਜ਼ਰ ਹਜ਼ੂਰੀ, ਸ਼ਾਹੋ ਭੂਪ ਤੇਰੀ ਸਰਨਾਈਆ । ਆਪਣਾ ਨੂਰ ਬਖ਼ਸ਼ ਦੇ ਨੂਰੀ, ਨੂਰ ਨੁਰਾਨੇ ਡਗਮਗਾਈਆ । ਤੁਰੀਆ ਦਾ ਪੜਦਾ ਲਾਹ ਦੇ ਤੂਰੀ, ਤੁਰਤ ਮੇਲਾ ਮੇਲਣਾ ਚਾਈਂ ਚਾਈਂਆ । ਰੰਗ ਕਹੇ ਅੱਜ ਭਗਤ ਨੂੰ ਤਾਰਨਾ ਜ਼ਰੂਰੀ, ਰਾਮ ਰਾਮ ਰਾਮ ਦਸ਼ਰਥ ਦੇ ਬੇਟੇ ਦੇ ਸੰਗ ਦੀ ਵੇਖ ਵਖਾਈਆ । ਬੇਸ਼ਕ ਇਹ ਜਗਤ ਜਹਾਨ ਦੁਨੀਆ ਕੂੜੀ, ਲਾਲਚ ਲੋਭ ਵਿਚ ਹਲਕਾਈਆ । ਹਰਿਜਨ ਬਖ਼ਸ਼ ਦੇ ਆਪਣੀ ਧੂੜੀ, ਟਿੱਕੇ ਨਾਮ ਨਾਮ ਖ਼ਾਕ ਰਮਾਈਆ । ਤੂੰ ਆਦਿ ਜੁਗਾਦਿ ਬੜਾ ਦਸਤੂਰੀ, ਸ਼ਾਹੋ ਭੂਪ ਅਗੰਮ ਅਥਾਹੀਆ । ਸਭ ਦੀ ਲੇਖੇ ਲਾ ਲੈ ਜਨਮ ਜਨਮ ਦੀ ਮਜ਼ਦੂਰੀ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੰਦਰ ਆਪ ਸੁਹਾਈਆ । ਸਤਿਗੁਰ ਸ਼ਬਦ ਰੰਗ ਕਹੇ ਮੈਂ ਇਕੋ ਇਕ ਮੰਗਣਾ, ਮਾਂਗਤ ਹੋ ਕੇ ਝੋਲੀ ਡਾਹੀਆ । ਤੂੰ ਸੁਆਮੀ ਦਰਦ ਦੁਖ ਭੈ ਭੰਜਣਾ, ਭਵ ਸਾਗਰਾਂ ਪਾਰ ਕਰਾਈਆ । ਤੈਨੂੰ ਸਭ ਨੇ ਕਿਹਾ ਗੋਪਾਲ ਮੂਰਤ ਮਦਨਾ, ਮਧਸੂਦਨ ਇਕ ਅਖਵਾਈਆ । ਆਤਮ ਧਾਰ ਬਖ਼ਸ਼ ਦੇ ਅਨੰਦਨਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਸਚ ਦੁਆਰ ਏਕੰਕਾਰ ਕ਼ਬੂਲ ਕਰੇ ਬੰਦਨਾ, ਬੰਦਗੀ ਆਪਣੇ ਲੇਖੇ ਪਾਈਆ । ਤੂੰ ਆਦਿ ਜੁਗਾਦੀ ਦਰਦ ਦੁਖ ਭੈ ਭੰਜਣਾ, ਪਾਰਬ੍ਰਹਮ ਤੇਰੀ ਵਡਿਆਈਆ । ਬਿਨ ਤੇਰੀ ਕਿਰਪਾ ਸਚ ਦੁਆਰ ਕਿਸੇ ਨਾ ਲੰਘਣਾ, ਸਚਖੰਡ ਮਿਲਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਢੇ ਆਸ ਰਖਾਈਆ । ਸਤਿਗੁਰ ਸ਼ਬਦ ਕਹੇ ਰੰਗ, ਸਾਚੇ ਰੰਗ ਜ਼ਰੂਰ ਚੜ੍ਹਾਵਾਂਗਾ । ਜਗਤ ਅੰਧੇਰਾ ਮੇਟ ਕੇ ਅੰਧ, ਅੰਧ ਅਗਿਆਨ ਦਾ ਡੇਰਾ ਢਾਹਵਾਂਗਾ । ਕਾਇਆ ਮੰਦਰ ਅੰਦਰ ਨੌਂ ਦੁਆਰ ਦਾ ਮੇਟ ਕੇ ਪੰਧ, ਦਸਮ ਦੁਆਰ ਆਪ ਟਿਕਾਵਾਂਗਾ । ਅੰਮ੍ਰਿਤ ਧਾਰ ਚਵਾ ਕੇ ਬਿਨਾ ਦੰਦ, ਬਿਨ ਰਸਨਾ ਰਸ ਚਖਾਵਾਂਗਾ । ਜੋਤੀ ਜਾਤਾ ਹੋ ਕੇ ਜਾਵਾਂ ਲੰਘ, ਸਚ ਸਿੰਘਾਸਣ ਇਕ ਸੁਹਾਵਾਂਗਾ । ਬਿਨ ਪਾਵਾ ਚੂਲ ਵੇਖ ਪਲੰਘ, ਸੋਭਾਵੰਤ ਹੋ ਕੇ ਡੇਰਾ ਲਾਵਾਂਗਾ । ਦਿਵਸ ਰੈਣ ਨੂਰੀ ਚਾੜ੍ਹ ਕੇ ਚੰਦ, ਜੋਤੀ ਜਾਤਾ ਹੋ ਕੇ ਡਗਮਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਵਾਂਗਾ । ਸਤਿਗੁਰ ਸ਼ਬਦ ਕਹੇ ਈਸ਼ਰ ਕੌਰ ਆਤਮਾ ਤਾਰੀ, ਤਨ ਵਜੂਦ ਜਗਤ ਦੀ ਚੋਲੀ ਜਗਤ ਰਖਾਈਆ । ਸਚ ਆਤਮਾ ਨਾ ਪੁਰਖ ਨਾ ਨਾਰੀ, ਚੁਰਾਸੀ ਵੰਡ ਨਾ ਕੋਇ ਵੰਡਾਈਆ । ਘਰ ਮੰਦਰ ਅੰਦਰ ਸੋਹੇ ਮਹਲ ਅਟਾਰੀ, ਛੱਪਰ ਛੰਨ ਦਾ ਪੰਧ ਮੁਕਾਈਆ । ਕਿਰਪਾ ਕਰੇ ਆਪ ਬਨਵਾਰੀ, ਬਸਨ ਕਸੁੰਭੜਾ ਰੰਗ ?ਬਦਲਾਈਆ? । ਧੂੜ ਦੇ ਕੇ ਮਸਤਕ ਛਾਰੀ, ਟਿੱਕੇ ਸਚ ਸਚ ਰਮਾਈਆ । ਆਵਣ ਜਾਵਣ ਪੰਧ ਦਏ ਨਿਵਾਰੀ, ਚੁਰਾਸੀ ਫਾਸੀ ਜਮ ਰਹਿਣ ਕੋਇ ਨਾ ਪਾਈਆ । ਰਾਏ ਧਰਮ ਨਾ ਲੇਖ ਦੱਸੇ ਲਿਖਾਰੀ, ਚਿਤਰ ਗੁਪਤ ਨਾ ਕੋਇ ਚਤੁਰਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖ ਸਕਣ ਨਾ ਨੈਣ ਉਘਾੜੀ, ਨੇਤਰ ਨੈਣ ਨੈਣ ਬਿਗਸਾਈਆ । ਅਵਤਾਰ ਪੈਗ਼ੰਬਰ ਗੁਰ ਖ਼ੁਸ਼ੀਆਂ ਨਾਲ ਦੇਵਣ ਪਿਆਰੀ, ਬਿਨ ਹੱਥਾਂ ਹੱਥ ਟਿਕਾਈਆ । ਪੁਰਖ ਅਕਾਲਾ ਦੀਨ ਦਿਆਲਾ ਸਚਖੰਡ ਬੰਕ ਵਖਾਏ ਜਿਥੇ ਜਗੇ ਜੋਤ ਅਪਰ ਅਪਾਰੀ, ਅਪਰੰਪਰ ਸੁਆਮੀ ਸੋਭਾ ਪਾਈਆ । ਫੇਰ ਜਨਮ ਲੈਣਾ ਪਏ ਨਾ ਦੂਜੀ ਵਾਰੀ, ਆਵਣ ਜਾਵਣ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ


੪੪੬
੨੪

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਘਰ ਇਕ ਵਖਾਈਆ । ਆਤਮਾ ਕਹੇ ਮੈਂ ਸਚ ਘਰ ਜਾਵਾਂਗਾ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਆਕਾਸ਼ਾਂ ਪੰਧ ਮੁਕਾਵਾਂਗਾ । ਨਾਮ ਨਿਧਾਨਾ ਸ੍ਰੀ ਭਗਵਾਨਾ, ਬਿਨ ਰਸਨਾ ਜਿਹਵਾ ਗਾਵਾਂਗਾ । ਬਣ ਕੇ ਸੂਰਬੀਰ ਮਰਦ ਮਰਦਾਨਾ, ਬਿਨ ਕ਼ਦਮਾਂ ਕ਼ਦਮ ਉਠਾਵਾਂਗਾ । ਜੋ ਖੇਲ ਕਰੇ ਮੇਰਾ ਮਿਹਰਵਾਨਾ, ਤਿਸ ਨੂੰ ਆਪਣੀ ਝੋਲੀ ਪਾਵਾਂਗਾ । ਜਾ ਕੇ ਦਰਸ਼ਨ ਕਰਾਂ ਉਸ ਕਾਹਨਾ, ਜਿਸ ਕਾਹਨ ਨਾਲ ਮਿਲ ਕੇ ਸਖ਼ੀ ਰੂਪ ਨਾ ਫੇਰ ਵਖਾਵਾਂਗਾ । ਇਕੋ ਗ੍ਰਿਹ ਮੰਦਰ ਘਰ ਸਚਖੰਡ ਹੋਵੇ ਮਕਾਨਾ, ਦਰਗਾਹ ਸਾਚੀ ਸੋਭਾ ਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲ ਆਪ ਮਿਲਾਵਾਂਗਾ । ਆਤਮਾ ਕਹੇ ਮੇਰੇ ਅੰਤਰ ਹੁੰਦਾ ਚਾਓ ਘਨੇਰਾ, ਜੋ ਰਮਈਆ ਰਾਮ ਗਿਆ ਜਣਾਈਆ । ਮੈਂ ਗੋਬਿੰਦ ਧਾਰ ਸਤਿਗੁਰ ਸ਼ਬਦ ਦਾ ਬਣਿਆ ਚੇਰਾ, ਜੋ ਚਿਰੀਂ ਵਿਛੁੰਨਿਆਂ ਮੇਲ ਮਿਲਾਈਆ । ਮੇਰਾ ਕਾਇਆ ਕਾਅਬਾ ਮੰਦਰ ਬਣਾਇਆ ਸਾਚਾ ਦਿਉਹਰਾ, ਦੋਹਰਾ ਆਪਣਾ ਰੰਗ ਰੰਗਾਈਆ । ਮੈਂ ਪਿਛੇ ਹੋਰ ਦਾ ਬਣ ਗਿਆ ਹੋਰਾ, ਅਗੇ ਅਵਰ ਦਾ ਅਵਰ ਰੂਪ ਵਖਾਈਆ । ਲੇਖਾ ਰਿਹਾ ਨਾ ਤੇਰਾ ਮੇਰਾ, ਮੋਰ ਤੋਰ ਦਾ ਰੂਪ ਨਾ ਕੋਇ ਵਟਾਈਆ । ਮੈਂ ਸਤਿਗੁਰ ਸ਼ਬਦ ਦਾ ਬਣ ਕੇ ਬਾਂਕਾ ਛੋਹਰਾ, ਜੋਬਨਵੰਤਾ ਹੋ ਕੇ ਭੱਜਾਂ ਵਾਹੋ ਦਾਹੀਆ । ਮੇਰਾ ਆਵਣ ਜਾਵਣ ਲੱਖ ਚੁਰਾਸੀ ਪੰਧ ਮੁਕ ਗਿਆ ਧਰਨੀ ਧਰਤ ਧਵਲ ਧੌਲ ਉਤੇ ਅੰਧਘੋਰਾ, ਗਰਭ ਨਿਵਾਸ ਰਹਿਣ ਨਾ ਪਾਈਆ । ਅਗੇ ਸਰੀਰ ਦਾ ਵਕ਼ਤ ਰਹਿ ਗਿਆ ਥੋੜਾ, ਬਹੁਤੀ ਵੰਡ ਨਾ ਕੋਇ ਵੰਡਾਈਆ । ਮੇਰਾ ਪਰਮਾਤਮ ਨਾਲ ਨਿਰਗੁਣ ਨਿਰਗੁਣ ਹੋਣਾ ਜੋੜਾ, ਜੁੜਿਆ ਜੋੜ ਨਾ ਕੋਇ ਤੁੜਾਈਆ । ਮੈਨੂੰ ਬਿਨਾ ਅੱਖਾਂ ਤੋਂ ਨਜ਼ਰ ਆਉਂਦਾ ਸੱਸੇ ਉਤੇ ਹੋੜਾ, ਹਾਹੇ ਟਿੱਪੀ ਹੰ ਬ੍ਰਹਮ ਰੂਪ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਹੋਏ ਸਹਾਈਆ । ਰੰਗ ਕਹੇ ਮੇਰੀ ਨਮੋ ਨਮੋ ਨਿਮਸਕਾਰ, ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਮੇਰੇ ਭਗਤ ਵਛਲ ਗਿਰਧਾਰ, ਮਿਹਰਵਾਨ ਮਹਿਬਾਨ ਬੀਦੋ ਤੇਰੀ ਓਟ ਤਕਾਈਆ । ਚਰਨ ਕਵਲ ਉਪਰ ਧਵਲ ਦੇਣਾ ਸਹਾਰ, ਸਿਰ ਸਿਰ ਆਪਣਾ ਹੱਥ ਰਖਾਈਆ । ਜਨ ਭਗਤਾਂ ਪੂਰਬ ਲਹਿਣਾ ਦੇਣਾ ਝੋਲੀ ਦੇਣਾ ਡਾਰ, ਮਕ਼ਰੂਜ਼ ਕ਼ਰਜ਼ਾ ਸਭ ਦਾ ਦੇਣਾ ਮੁਕਾਈਆ । ਉਹ ਤਕ ਚਾਰੋਂ ਕੁੰਟ ਅੰਧ ਅੰਧਿਆਰ, ਉੱਤਰ ਪੂਰਬ ਪੱਛਮ ਦੱਖਣ ਹੋਵੇ ਨਾ ਕੋਇ ਰੁਸ਼ਨਾਈਆ । ਨਵ ਸੱਤ ਹਾਹਾਕਾਰ, ਹਉਮੇ ਹੰਗਤਾ ਭਰੀ ਲੋਕਾਈਆ । ਨਿਗਾਹ ਮਾਰ ਲੈ ਜੋ ਸੰਦੇਸ਼ਾ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰ, ਸ਼ਬਦੀ ਸ਼ਬਦ ਸ਼ਬਦ ਜਣਾਈਆ । ਨਵ ਸੱਤ ਧੂੰਆਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਚਾਰ ਜੁਗ ਦੇ ਸ਼ਾਸਤਰ ਕਰਨ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਤੀਰਥ ਤਟ ਰੋਵਣ ਜ਼ਾਰੋ ਜ਼ਾਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵਣ ਮਾਰਨ ਧਾਹੀਂਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਪਾਏ ਕੋਈ ਨਾ ਸਾਰ, ਮਹਾਸਾਰਥੀ ਨਜ਼ਰ ਕੋਇ ਨਾ ਆਈਆ । ਪੰਜ ਤਤ ਬ੍ਰਹਮ ਮਤ ਦਏ ਨਾ ਕੋਇ ਅਧਾਰ, ਉਦਰ ਦਾ ਲੇਖਾ ਨਾ ਕੋਇ ਮੁਕਾਈਆ । ਰੰਗ ਕਹੇ ਪ੍ਰਭੂ ਆਪ ਨਿਰੰਕਾਰ, ਨਿਰਵੈਰ ਹੋ ਕੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲੇ ਗੁਰੂ ਗੁਰ ਚੇਲੇ ਅੰਤਰ ਆਤਮ ਪਰਮਾਤਮ ਧਾਰ ਕਰਨੇ ਮੇਲੇ, ਮਿਲਣੀ ਹਰਿ ਜਗਦੀਸ਼ ਆਪਣੇ ਨਾਲ ਕਰਾਈਆ ।

✪ ੧੩ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਸੋਹਣ ਸਿੰਘ ਦੇ ਗ੍ਰਿਹ ੬੫ ਕੇਰਨਸ ਸਟਰੀਟ ਵਾਲਸਾਲ ਸਟਾਫ਼ ਲੰਡਨ ✪

ਸਤਿਗੁਰ ਸ਼ਬਦ ਕਹੇ ਵਿਸ਼ਨੂੰ ਲੈ ਅੰਗੜਾਈ, ਬਾਸ਼ਕ ਸੇਜਾ ਸਾਂਗੋ ਪਾਂਗ ਤਜਾਈਆ । ਵਿਸ਼ਵ ਦੀ ਧਾਰ ਤਕ ਦੁਹਾਈ, ਦਰੋਹੀ ਫਿਰੀ ਖ਼ਲਕ ਖ਼ੁਦਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਨਿਰਮੋਹੀ, ਮੁਹੱਬਤ ਵਿਚ ਨਾ ਕੋਇ ਸਮਾਈਆ । ਪ੍ਰਭੂ ਦਾ ਭਗਤ ਪਿਆਰਾ ਦਿਸੇ ਕੋਈ, ਕੋਟਾਂ ਵਿਚੋਂ ਸੂਫ਼ੀ ਸੰਤ ਫ਼ਕੀਰ ਨਜ਼ਰੀ ਆਈਆ । ਨਾਲ ਤਕ ਲੈ ਅਵਤਾਰ ਪੈਗ਼ੰਬਰ ਗੁਰੂਆਂ ਦੀ ਪੇਸ਼ੀਨਗੋਈ, ਲਿਖਤ ਭਵਿਖਤ ਨਾਲ ਮਿਲਾਈਆ । ਸੁਰਤੀ ਉਠੇ ਕਿਸੇ ਨਾ ਸੋਈ, ਸ਼ਬਦ ਨਾਦ ਧੁਨ ਨਾ ਕੋਇ ਸ਼ਨਵਾਈਆ । ਅੰਮ੍ਰਿਤ ਬੂੰਦ ਨਿਝਰ ਝਿਰਾਏ ਨਾ ਕੋਈ, ਬਿਨ ਰਸਨਾ ਰਸ ਜਗਤ ਵਖਾਈਆ । ਧਰਮ ਦੀ ਧਾਰ ਪਤ ਗਈ ਖੋਹੀ, ਸਤਿ ਸਚ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰ ਨਾ ਕੋਇ ਸੁਹਾਈਆ । ਸਤਿਗੁਰ ਸ਼ਬਦ ਕਹੇ ਬ੍ਰਹਮੇ ਵੇਖ ਲੈ ਬ੍ਰਹਮ ਮਤ, ਮਾਤਲੋਕ ਧਿਆਨ ਲਗਾਈਆ । ਨਿਗਾਹ ਮਾਰ ਲੈ ਪੰਜ ਤਤ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਖੋਜ ਖੁਜਾਈਆ । ਧੀਰਜ ਰਿਹਾ ਕੋਈ ਨਾ ਜਤ, ਸਤਿ ਸਤਿਵਾਦ ਰੰਗ ਨਾ ਕੋਇ ਰੰਗਾਈਆ । ਵਿਕਾਰ ਹੰਕਾਰ ਵਿਚ ਉਬਲੇ ਰਤ, ਰਤਨ ਅਮੋਲਕ ਹੀਰਾ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਅਵਤਾਰ ਪੈਗ਼ੰਬਰਾਂ ਗੁਰੂਆਂ ਭਵਿਖਤਾਂ ਵਾਲੇ ਦਿਤੇ ਖ਼ਤ, ਖ਼ਤੂਤਾਂ ਪੜ੍ਹ ਕੇ ਧਿਆਨ ਲਗਾਈਆ । ਆਤਮ ਪਰਮਾਤਮ ਪਿਆਰ ਰਿਹਾ ਨਾ ਨਤ, ਸਾਚਾ ਜੋੜ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਨਿਗਾਹ ਮਾਰ ਲੈ ਸ਼ੰਕਰ ਕੈਲਾਸ਼, ਕਲਾਧਾਰੀ ਕੀ ਖੇਲ ਖਿਲਾਈਆ । ਲੱਖ ਚੁਰਾਸੀ ਜੀਵ ਜੰਤ ਤਕ ਲੈ ਲਾਸ਼, ਹਡ ਮਾਸ ਨਾੜੀ ਫੋਲ ਫੁਲਾਈਆ । ਪਵਣ ਪਵਣੀ ਵੇਖ ਸਵਾਸ, ਸਾਹ ਸਾਹ ਧਿਆਨ ਲਗਾਈਆ । ਪ੍ਰਭੂ ਉਤੇ ਰਿਹਾ ਨਹੀਂ ਕਿਸੇ ਦਾ ਵਿਸ਼ਵਾਸ਼, ਵਿਸ਼ਿਆਂ ਵਿਚ ਖ਼ਲਕ ਖ਼ੁਦਾਈਆ । ਕਾਇਆ ਮੰਡਲ ਪਾਏ ਨਾ ਕੋਇ ਰਾਸ, ਗੋਪੀ ਕਾਹਨ ਸੁਰਤ ਸ਼ਬਦ ਨਾਚ ਨਾ ਕੋਇ ਨਚਾਈਆ । ਨੂਰੀ ਦੀਪਕ ਜੋਤ ਦਏ ਨਾ ਕੋਇ ਪਰਕਾਸ਼, ਬਿਨ ਤੇਲ ਬਾਤੀ ਡਗਮਗਾਈਆ । ਨਵ ਸੱਤ ਦਿਸੇ ਪਰਭਾਸ, ਪ੍ਰਭ ਦਾ ਰੰਗ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਵਿਸ਼ਨ ਬ੍ਰਹਮਾ ਸ਼ਿਵ ਤਿੰਨੇ ਲਾਹ ਕੇ ਵੇਖੋ ਪੜਦਾ, ਉਹਲਾ ਰਹਿਣ ਕੋਇ ਨਾ ਪਾਈਆ । ਖੇਲ ਵੇਖੋ ਚੋਟੀ ਜੜ੍ਹ ਦਾ, ਕੀ ਚੇਤਨ ਆਪਣਾ ਸੰਗ ਬਣਾਈਆ । ਜਗਤ ਜਹਾਨ ਵੇਖੋ ਸੜਦਾ, ਬਿਨ ਅਗਨੀ ਤਤ ਤਪਾਈਆ । ਬਿਨ ਸ਼ਤਰੂਆਂ ਵੇਖੋ ਲੜਦਾ, ਮਨ ਮਨਸਾ ਹੋਈ ਹਲਕਾਈਆ । ਨਵ ਖੰਡ ਗ੍ਰਿਹਿ ਬਣਿਆ ਹੰਕਾਰ ਗੜ੍ਹ ਦਾ, ਹਉਮੇ ਹੰਗਤਾ ਨਾ ਕੋਇ ਮਿਟਾਈਆ । ਨਿਸ਼ਾਨਾ ਤਕੋ ਸੀਸ ਧੜ ਦਾ, ਤਨ ਵਜੂਦਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਵਿਸ਼ਨੂੰ ਕਹੇ ਸਤਿਗੁਰ ਸ਼ਬਦ ਮੈਂ ਤਕਿਆ ਸੰਸਾਰ, ਬਿਨ ਅੱਖੀਆਂ ਵੇਖ ਵਖਾਈਆ । ਚਾਰੋਂ ਕੁੰਟ ਧੂੰਆਂਧਾਰ, ਨੂਰ ਚੰਦ ਨਾ ਕੋਇ ਰੁਸ਼ਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹਾਹਾਕਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਮਾਣ ਰਿਹਾ ਨਾ ਕਿਸੇ ਪੈਗ਼ੰਬਰ ਗੁਰ ਅਵਤਾਰ, ਚਾਰ ਜੁਗ ਦੇ ਸ਼ਾਸਤਰ ਰੋਵਣ ਮਾਰਨ ਧਾਹੀਆ । ਦਰੋਹੀ ਫਿਰੀ ਅਠਸਠ ਤੀਰਥ ਮੰਦਰ ਮਸਜਿਦ ਸ਼ਿਵਦਵਾਲੇ


੪੪੮ ੨੪

ਮਠ ਗੁਰੂਦੁਆਰ, ਕਾਅਬਾ ਦੋ ਦੋ ਆਬਾ ਮੇਲ ਨਾ ਕੋਇ ਮਿਲਾਈਆ । ਅੰਮ੍ਰਿਤ ਰਸ ਕਿਸੇ ਮਿਲੇ ਨਾ ਠੰਡਾ ਠਾਰ, ਬੂੰਦ ਸਵਾਂਤ ਨਾ ਕੋਇ ਟਪਕਾਈਆ । ਮਾਨਸ ਮਾਨਵ ਮਾਨੁਖ ਧਰਨੀ ਧਰਤ ਧਵਲ ਧੌਲ ਉਤੇ ਹੋਣ ਖ਼ੁਆਰ, ਖ਼ਾਲਸ ਰੰਗ ਨਾ ਕੋਇ ਰੰਗਾਈਆ । ਵਿਸ਼ਵ ਦਾ ਮਾਲਕ ਮਿਲੇ ਨਾ ਕਿਸੇ ਨਿਰੰਕਾਰ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਮੈਂ ਬਿਨਾ ਅੱਖੀਆਂ ਤੋਂ ਦੋ ਜਹਾਨ ਨਿਗਾਹ ਲਈ ਮਾਰ, ਪੁਰੀ ਲੋਅ ਬ੍ਰਹਿਮੰਡ ਖੰਡ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨਾਂ ਵੇਖ ਵਖਾਈਆ । ਮੇਰੀ ਇਕ ਬੇਨੰਤੀ ਬਿਨਾ ਅੱਖਰਾਂ ਤੋਂ ਗੁਫ਼ਤਾਰ, ਗੁਫ਼ਤ ਸ਼ਨੀਦ ਦਿਆਂ ਸੁਣਾਈਆ । ਨਿਗਾਹ ਮਾਰ ਲੈ ਜੋ ਵਾਅਦੇ ਕੀਤੇ ਨਾਲ ਪੈਗ਼ੰਬਰ ਗੁਰ ਅਵਤਾਰ, ਸ਼ਬਦੀ ਸ਼ਬਦ ਸ਼ਬਦ ਸੰਦੇਸ਼ ਸੁਣਾਈਆ । ਸੋ ਲਹਿਣਾ ਦੇਣਾ ਮਕ਼ਰੂਜ਼ ਕਰਜ਼ਾ ਦੇ ਉਤਾਰ, ਉੱਤਰ ਪੂਰਬ ਪੱਛਮ ਦੱਖਣ ਝੋਲੀ ਖ਼ਾਲੀ ਦੇ ਭਰਾਈਆ । ਜਗਤ ਮੰਜ਼ਲ ਮਹਿਬੂਬ ਵਾਲੀ ਹੋਈ ਦੁਸ਼ਵਾਰ, ਮੁਕ਼ੱਦਸ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਇਕ ਰਖਾਈਆ । ਬ੍ਰਹਮਾ ਕਹੇ ਸਤਿਗੁਰ ਸ਼ਬਦ ਆਦਿ ਜੁਗਾਦਿ ਪਾਰਬ੍ਰਹਮ, ਬ੍ਰਹਮ ਵੇਤਾ ਹੋ ਕੇ ਦਿਆਂ ਜਣਾਈਆ । ਸਤਿ ਸਚ ਦਾ ਰਿਹਾ ਕੋਈ ਨਾ ਧਰਮ, ਧਰਨੀ ਧਰਤ ਧਵਲ ਧੌਲ ਉਤੇ ਦੁਹਾਈਆ । ਨਿਹਕਰਮੀ ਹੋ ਕੇ ਦੀਨ ਦੁਨੀ ਦਾ ਵੇਖ ਲੈ ਕਰਮ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਨਿਗਾਹ ਮਾਰ ਲੈ ਕਾਇਆ ਮਾਟੀ ਚਰਮ, ਚੰਮ ਦ੍ਰਿਸ਼ਟੀ ਭਰੀ ਦਿਸੇ ਲੋਕਾਈਆ । ਭਾਂਡਾ ਭੰਨੇ ਕੋਈ ਨਾ ਭਰਮ, ਭੈ ਭਉ ਨਾ ਕੋਇ ਰਖਾਈਆ । ਫਿਰੀ ਦੁਹਾਈ
੪੪੯ ਵਰਨ ਬਰਨ, ਜ਼ਾਤ ਪਾਤ ਪ੍ਰੇਮ ਨਾ ਕੋਇ ਰਖਾਈਆ । ਦੀਨ ਮਜ਼੍ਹਬ ਇਕ ਦੂਜੇ ਨਾਲ ਲੜਨ, ਨਾਮ ਕਲਮੇ ਝਗੜਾ ਰਹੇ ਪਾਈਆ । ਸਾਚੀ ੪੪੯
੨੪ ਵਿਦਿਆ ਜਗਤ ਜਗਿਆਸੂ ਮੂਲ ਨਾ ਪੜ੍ਹਨ, ਸੋਹੰ ਸਤਿ ਸਰੂਪ ਨਾ ਕੋਇ ਸਮਾਈਆ । ਆਤਮ ਪਰਮਾਤਮ ਫੜੇ ਕੋਈ ਨਾ ਲੜਨ, ਪਾਰਬ੍ਰਹਮ ੨੪
ਬ੍ਰਹਮ ਮੇਲ ਨਾ ਕੋਇ ਮਿਲਾਈਆ । ਭੈ ਵਿਚ ਮੂਲ ਨਾ ਡਰਨ, ਹੰਕਾਰ ਵਿਚ ਖ਼ਲਕ ਖ਼ੁਦਾਈਆ । ਤੂੰ ਸੁਆਮੀ ਕਰਨੀ ਕਰਨ, ਕਰਤਾ ਪੁਰਖ ਇਕ ਅਖਵਾਈਆ । ਮਹਿਮਾਨਤ ਹੋ ਕੇ ਮੰਗਾਂ ਤੇਰੇ ਦਰਨ, ਦਰਵੇਸ਼ ਹੋ ਕੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਸ਼ੰਕਰ ਕਹੇ ਸਤਿਗੁਰ ਸ਼ਬਦ ਕੀ ਦੱਸਾਂ ਖੇਲ ਅਪਾਰੀ, ਭੇਵ ਅਭੇਦ ਜਣਾਈਆ । ਬੇਸ਼ਕ ਮੈਂ ਲੱਖ ਚੁਰਾਸੀ ਦਾ ਸੰਘਾਰੀ, ਜੀਵਤ ਰਹਿਣ ਕੋਇ ਨਾ ਪਾਈਆ । ਮੇਰਾ ਭੈ ਰਿਹਾ ਨਾ ਵਿਚ ਸੰਸਾਰੀ, ਸਹਿੰਸਿਆਂ ਵਿਚ ਦੀਨ ਦੁਨੀ ਨਜ਼ਰੀ ਆਈਆ । ਚਾਰੋਂ ਕੁੰਟ ਹਾਹਾਕਾਰੀ, ਧੀਰਜ ਧੀਰ ਨਾ ਕੋਇ ਧਰਾਈਆ । ਆਤਮ ਪਰਮਾਤਮ ਦਿਸੇ ਕੋਇ ਨਾ ਯਾਰੀ, ਯਰਾਨਾ ਸਤਿਗੁਰ ਸ਼ਬਦ ਨਾ ਕੋਇ ਨਿਭਾਈਆ । ਪਿਆਰ ਰਿਹਾ ਨਾ ਪੁਰਖ ਨਾਰੀ, ਪਿਤਾ ਪੂਤ ਨਾ ਗੋਦ ਸੁਹਾਈਆ । ਜਿਧਰ ਤਕਾਂ ਹਾਹਾਕਾਰੀ, ਹੈਰਤ ਵਿਚ ਮੇਰੀ ਦੁਹਾਈਆ । ਮੈਂ ਸਦਾ ਤੇਰੀ ਰਹਾਂ ਵਿਚ ਤਾਬਿਆਦਾਰੀ, ਨਿਵ ਨਿਵ ਸੀਸ ਝੁਕਾਈਆ । ਜੁਗ ਚੌਕੜੀ ਮੇਟਾਂ ਦੀਨ ਦੁਨੀ ਗ਼ਦਾਰੀ, ਗਦਾ ਤੇਰਾ ਨਾਮ ਭਵਾਈਆ । ਮੈਂ ਵਕ਼ਤ ਤਕਣਾ ਕੀ ਸੰਦੇਸ਼ਾ ਦਿਤਾ ਪੈਗ਼ੰਬਰ ਗੁਰ ਅਵਤਾਰੀ, ਅਵਤਰੀ ਕੀ ਜਣਾਈਆ । ਚਾਰੋਂ ਕੁੰਟ ਕਰਾਂ ਖ਼ੁਆਰੀ, ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਸਤਿਗੁਰ ਸ਼ਬਦ ਕਹੇ ਵਿਸ਼ਨ ਬ੍ਰਹਮਾ ਸ਼ਿਵ ਉਠੋ ਲਉ ਅੰਗੜਾਈ, ਗ਼ਫ਼ਲਤ ਰਹਿਣ ਕੋਇ ਨਾ ਪਾਈਆ । ਗੋਬਿੰਦ ਦਾ ਵਕ਼ਤ

ਲੰਘਿਆ ਵੇਖੋ ਸਦੀਆਂ ਢਾਈ, ਢਈਆ ਆਪਣਾ ਪੰਧ ਮੁਕਾਈਆ । ਸਦੀ ਚੌਧਵੀਂ ਦੋਵੇਂ ਭੁਜਾਂ ਰਹੀ ਉਠਾਈ, ਚੌਦਾਂ ਤਬਕਾਂ ਖ਼ਾਲੀ ਹੱਥ ਵਖਾਈਆ । ਸਦੀ ਬੀਸਵੀਂ ਰੋ ਰੋ ਮਾਰੇ ਧਾਂਹੀ, ਬਿਨ ਨੈਣਾਂ ਨੀਰ ਵਹਾਈਆ । ਕਿਰਪਾ ਕਰੀਂ ਮੇਰੇ ਗੁਸਾਂਈ, ਗਹਿਰ ਗੰਭੀਰ ਤੇਰੀ ਸਰਨਾਈਆ । ਜਿਸ ਕਾਰਨ ਗੋਬਿੰਦ ਬੂਟਾ ਪੁਟਿਆ ਕਾਈ, ਕਾਇਨਾਤ ਦਾ ਲੇਖਾ ਦੇਣਾ ਮੁਕਾਈਆ । ਨੌ ਖੰਡ ਪ੍ਰਿਥਮੀ ਵੇਖਣੀ ਧਰਨੀ ਵਾਲੀ ਥਾਈਂ, ਥਨੰਤਰਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਰਗ ਆਪ ਦਰਸਾਈਆ । ਸਤਿਗੁਰ ਸ਼ਬਦ ਕਹੇ ਵਿਸ਼ਨ ਬ੍ਰਹਮਾ ਸ਼ਿਵ ਵੇਖੋ ਆਪਣਾ ਪਿਛਲਾ ਵਕ਼ਤ ਕ਼ਦੀਮ, ਕ਼ੁਦਰਤ ਦੇ ਕ਼ਾਦਰ ਕੀ ਜਣਾਈਆ । ਜੋ ਮਾਲਕ ਖ਼ਾਲਕ ਵਾਲੀ ਦੋ ਜਹਾਨ ਅਜ਼ੀਮ, ਆਲੀਜ਼ਾਹ ਸ਼ਹਿਨਸ਼ਾਹ ਨੂਰ ਅਲਾਹੀਆ । ਜਿਸ ਨੇ ਜੁਗ ਚੌਕੜੀ ਕੀਤੀ ਤਕਸੀਮ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਉਹ ਤੇ ਕਰਨ ਵਾਲਾ ਤਰਮੀਮ, ਤਰਤੀਬ ਆਪਣੇ ਹੱਥ ਰਖਾਈਆ । ਜਿਸ ਦਾ ਹੁਕਮ ਸੰਦੇਸ਼ਾ ਸਕੇ ਕੋਈ ਨਾ ਚੀਨ, ਬੁਧੀ ਵਿਚ ਸਮਝ ਕੋਇ ਨਾ ਆਈਆ । ਉਸ ਦਾ ਮਾਰਗ ਅਗੰਮ ਮਹੀਨ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਉਹ ਪਰਗਟ ਹੋ ਕੇ ਉਤੇ ਜ਼ਮੀਨ, ਜ਼ਿਮੀਂ ਜ਼ਮਾਂ ਵੇਖੇ ਚਾਈਂ ਚਾਈਂਆ । ਜਿਸ ਦਾ ਰੂਪ ਨਹੀਂ ਨਰ ਮਦੀਨ, ਨਰ ਨਰਾਇਣ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਂਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਸਤਿਗੁਰ ਸ਼ਬਦ ਅਸੀਂ ਉਸ ਦੇ ਬਰਦੇ, ਬੰਦਗੀ ਵਿਚ ਸਾਰੇ ਸੀਸ ਨਿਵਾਈਆ । ਸੇਵਕ ਸੇਵਾਦਾਰ ਉਸ ਦੇ ਘਰ ਦੇ, ਜੁਗ ਚੌਕੜੀ ਸੇਵ ਕਮਾਈਆ । ਆਦਿ ਜੁਗਾਦਿ ਰਹੇ ਡਰਦੇ, ਭੈ ਵਿਚ ਬੈਠੇ ਸੀਸ ਨਿਵਾਈਆ । ਭਿਖਾਰੀ ਰਹੇ ਅਗੰਮੇ ਦਰ ਦੇ, ਖ਼ਾਲੀ ਝੋਲੀਆਂ ਅਗੇ ਡਾਹੀਆ । ਸਾਡੇ ਭੰਡਾਰੇ ਭਰ ਦੇ, ਦੋ ਜਹਾਨ ਦੇ ਵਰਤਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਆਪਣੀ ਕਰ ਦੇ, ਕਰਤਾ ਪੁਰਖ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਵਸਤ ਵਸਤ ਵਰਤਾਈਆ । ਸਤਿਗੁਰ ਸ਼ਬਦ ਕਹੇ ਵਿਸ਼ਨ ਬ੍ਰਹਮਾ ਸ਼ਿਵ ਪੁਰਖ ਅਕਾਲਾ ਕਰੇ ਇਨਸਾਫ਼, ਅਦਲੀ ਇਕੋ ਇਕ ਅਖਵਾਈਆ । ਦੀਨ ਦੁਨੀ ਤਕੇ ਗੁਸਤਾਖ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖ ਵਖਾਈਆ । ਬਿਨਾ ਭਗਤਾਂ ਕਦੇ ਕਿਸੇ ਕਰੇ ਨਾ ਮੁਆਫ਼, ਸਿਰ ਹੱਥ ਨਾ ਕੋਇ ਟਿਕਾਈਆ । ਸ਼ੰਕਰਾ ਤੂੰ ਖ਼ਬਰਦਾਰ ਰਹਿਣਾ ਉਤੇ ਕੈਲਾਸ਼, ਕਲਧਾਰੀ ਆਪਣੀ ਕਲ ਵਰਤਾਈਆ । ਧਰਨੀ ਉਤੇ ਚੜ੍ਹਨੀ ਕੂੜ ਕੁੜਿਆਰੀ ਲਾਸ਼ ਤੇ ਲਾਸ਼, ਲਸ਼ਕਰ ਨਜ਼ਰ ਕੋਇ ਨਾ ਆਈਆ । ਮਾਇਆ ਮਮਤਾ ਕਰਨੀ ਨਾਸ, ਮੋਹ ਵਿਕਾਰ ਦੇਣਾ ਮਿਟਾਈਆ । ਬ੍ਰਹਮੇ ਬ੍ਰਹਮ ਦੀ ਕਰਨੀ ਤਲਾਸ਼, ਭੱਜਣਾ ਵਾਹੋ ਦਾਹੀਆ । ਵਿਸ਼ਨੂੰ ਵਿਸ਼ਵ ਦਾ ਭੇਵ ਖੋਲ੍ਹਣਾ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼, ਸ਼ਰਅ ਦੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਵਿਸ਼ਨ ਸ਼ਿਵ ਬ੍ਰਹਮਾ ਤਿੰਨੇ ਕਰਨ ਸਲਾਹ, ਮਸ਼ਵਰਾ ਸਤਿਗੁਰ ਸ਼ਬਦ ਨਾਲ ਬਣਾਈਆ । ਸਭ ਦਾ ਮਾਲਕ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜਿਸ ਨੂੰ ਪੈਗ਼ੰਬਰਾਂ ਕਿਹਾ ਨੂਰ ਅਲਾਹ, ਆਲਮੀਨ ਕਹਿ ਕੇ ਸੀਸ ਨਿਵਾਈਆ । ਜਿਸ ਨੂੰ ਗੁਰੂਆਂ ਕਿਹਾ ਵਾਹ ਵਾਹ, ਵਾਹਿਗੁਰੂ ਤੇਰੇ ਹੱਥ ਵਡਿਆਈਆ । ਜਿਸ ਨੂੰ ਅਵਤਾਰਾਂ ਕਿਹਾ ਰਾਮ ਰਾਮਾ ਅਗੰਮ ਅਥਾਹ, ਅਗੰਮੜੀ ਖੇਲ ਖਿਲਾਈਆ । ਸੋ ਵੇਖਣਹਾਰਾ ਦੋ ਜਹਾਂ, ਬ੍ਰਹਿਮੰਡਾਂ ਖੰਡਾਂ ਫੋਲ ਫੁਲਾਈਆ ।

ਸੁਣੇ ਪੁਕਾਰ ਜਗਤ ਧਰਨੀ ਮਾਂ, ਕੀ ਆਪਣਾ ਹਾਲ ਜਣਾਈਆ । ਕਲਜੁਗ ਅੰਤਮ ਦੀਨ ਦੁਨੀ ਤਕੇ ਬੁੱਧੀ ਕਾਂ, ਜੋ ਕਾਗ ਵਾਂਗ ਕੁਰਲਾਈਆ । ਅੰਤ ਝਗੜਾ ਵੇਖੇ ਸੂਰ ਗਾਂ, ਗੋਬਿੰਦ ਹੋ ਕੇ ਧੁਰ ਦਾ ਮਾਹੀਆ । ਕੋਟਾਂ ਵਿਚੋਂ ਜਨ ਭਗਤਾਂ ਪਕੜੇ ਬਾਂਹ, ਸਿਰ ਆਪਣਾ ਹੱਥ ਟਿਕਾਈਆ । ਸਦੀ ਚੌਧਵੀਂ ਅੰਤ ਕਰੇ ਹਕ ਨਿਆਂ, ਹਕ਼ੀਕ਼ਤ ਦਾ ਮਾਲਕ ਹੋ ਕੇ ਵੇਖ ਵਖਾਈਆ । ਕਲਜੁਗ ਵਿਚੋਂ ਸਤਿਜੁਗ ਦਏ ਬਦਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਦਰਸਾਈਆ । ਵਿਸ਼ਨੂੰ ਕਹੇ ਮੈਂ ਦੇਵਾਂ ਰਿਜ਼ਕ ਸਬਾ, ਸਤਿਗੁਰ ਸ਼ਬਦ ਦਿਤੀ ਵਡਿਆਈਆ । ਬ੍ਰਹਮਾ ਕਹੇ ਮੈਂ ਬ੍ਰਹਮ ਨੂਰ ਕਰਾਂ ਰੁਸ਼ਨਾ, ਪਾਰਬ੍ਰਹਮ ਭੇਵ ਖੁਲ੍ਹਾਈਆ । ਸ਼ੰਕਰ ਕਹੇ ਮੈਂ ਲਹਿਣੇ ਦੇਣੇ ਦਿਆਂ ਮੁਕਾ, ਦੀਨ ਦੁਨੀ ਰਹਿਣ ਕੋਇ ਨਾ ਪਾਈਆ । ਸਤਿਗੁਰ ਸ਼ਬਦ ਕਹੇ ਪੁਰਖ ਅਕਾਲ ਦਾ ਇਕੋ ਰਾਹ, ਦੂਜਾ ਨਜ਼ਰ ਕੋਇ ਨਾ ਆਈਆ । ਜੋ ਆਦਿ ਜੁਗਾਦਿ ਬਣੇ ਮਲਾਹ, ਖੇਵਟ ਖੇਟਾ ਹੋ ਕੇ ਬੇੜਾ ਆਪਣੇ ਕੰਧ ਟਿਕਾਈਆ । ਜੋ ਸਭ ਦਾ ਹੋਵੇ ਪਿਤਾ ਮਾਂ, ਪੂਤ ਸਪੂਤੇ ਆਪਣੀ ਗੋਦ ਟਿਕਾਈਆ । ਨਿਰਗੁਣ ਧਾਰ ਸਰਗੁਣ ਦ੍ਰਿੜਾ ਕੇ ਧੁਰ ਦਾ ਨਾਂ, ਨਾਉਂ ਨਿਰੰਕਾਰਾ ਆਪ ਜਣਾਈਆ । ਸਦਾ ਸੁਹੇਲਾ ਹੋ ਕੇ ਦੇਵੇ ਠੰਢੀ ਛਾਂ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਨਿਤ ਨਵਿਤ ਪਕੜੇ ਬਾਂਹ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਤਿਸ ਸਾਹਿਬ ਕੋਲੋਂ ਸਤਿਗੁਰ ਸ਼ਬਦ ਕਹੇ ਆਦਿ ਜੁਗਾਦਿ ਬਲ ਬਲ ਜਾਂ, ਵਿਸ਼ਨ ਬ੍ਰਹਮਾ ਸ਼ਿਵ ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਦਰਸਾਈਆ । ਸਤਿਗੁਰ ਸ਼ਬਦ ਕਹੇ ਤਿੰਨੇ ਕਰੋ ਵਿਚਾਰ, ਜਗਤ ਅਕਲ ਨਾ ਕੋਇ ਰਖਾਈਆ । ਬਿਨ ਨੇਤਰਾਂ ਨਿਗਾਹ ਲਉ ਮਾਰ, ਬਿਨ ਅੱਖੀਆਂ ਅੱਖ ਉਠਾਈਆ । ਜਿਸ ਦੇ ਹੁਕਮ ਵਿਚ ਸੇਵਾ ਕੀਤੀ ਨੌ ਸੌ ਚੁਰਾਨਵੇ ਚੌਕੜੀ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਚਾਈਂ ਚਾਈਆ । ਨਿਰਗੁਣ ਸਰਗੁਣ ਹੋ ਕੇ ਬਣੇ ਰਹੇ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਜਿਸ ਦਾ ਅਵਤਾਰ ਪੈਗ਼ੰਬਰਾਂ ਗੁਰੂਆਂ ਕੀਤਾ ਇਜ਼ਹਾਰ, ਸਿਫ਼ਤਾਂ ਵਿਚ ਸਿਫ਼ਤ ਸਾਲਾਹੀਆ । ਸੋ ਪੁਰਖ ਅਕਾਲਾ ਦੀਨ ਦਿਆਲਾ ਖੇਲ ਕਰੇ ਅਪਰ ਅਪਾਰ, ਅਪਰੰਪਰ ਹੋ ਕੇ ਆਪ ਖਿਲਾਈਆ । ਜਿਸ ਨੂੰ ਸਭ ਨੇ ਕਿਹਾ ਕਲ ਕਲਕੀ ਅਵਤਾਰ, ਨਿਹਕਲੰਕ ਆਪਣਾ ਰੂਪ ਪਰਗਟਾਈਆ । ਸਭ ਦਾ ਲਹਿਣਾ ਦੇਣਾ ਝੋਲੀ ਦੇਵੇ ਡਾਰ, ਪੂਰਬ ਲੇਖਾ ਆਪ ਮੁਕਾਈਆ । ਉਠੋ ਵੇਖੋ ਦੀਦ ਦਰਸ ਕਰੋ ਦੀਦਾਰ, ਦੀਦਾ ਦਾਨਿਸਤਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਸਤਿਗੁਰ ਸ਼ਬਦ ਸਾਡੀ ਇਕ ਬੇਨੰਤੀ, ਜਗਤ ਤ੍ਰਿਸ਼ਨਾ ਨਾ ਕੋਇ ਰਖਾਈਆ । ਸਾਨੂੰ ਯਾਦ ਆਦਿ ਦੀ ਉਸ ਦੀ ਇਕ ਪੰਗਤੀ, ਜੋ ਸ਼ਾਸਤਰਾਂ ਗ੍ਰੰਥਾਂ ਬਾਹਰ ਦ੍ਰਿੜਾਈਆ । ਜਿਸ ਨੇ ਸਤਿਗੁਰ ਸ਼ਬਦ ਤੈਨੂੰ ਬੋਧ ਅਗਾਧ ਬਣਾਇਆ ਪੰਡਤੀ, ਨਿਰਅੱਖਰ ਧਾਰ ਦ੍ਰਿੜਾਈਆ । ਉਹ ਖੇਲ ਜਾਣੇ ਬ੍ਰਹਮ ਹੰ ਦੀ, ਪਾਰਬ੍ਰਹਮ ਧੁਰਦਰਗਾਹੀਆ । ਜਿਸ ਦੀ ਧਾਰ ਵਿਚੋਂ ਸਾਡੀ ਧਾਰ ਜੰਮਦੀ, ਜੰਮਣ ਵਾਲੀ ਅਵਰ ਕੋਇ ਨਾ ਮਾਈਆ । ਜਿਸ ਖੇਲ ਖਿਲਾਈ ਤ੍ਰੈਗੁਣ ਮਾਇਆ ਪੰਜ ਤਤ ਕਾਇਆ ਮਾਟੀ ਚੰਮ ਦੀ, ਚਾਰੇ ਖਾਣੀ ਰੰਗ ਰੰਗਾਈਆ । ਜਿਸ ਦਾ ਹੁਕਮ ਦੋ ਜਹਾਨਾਂ ਧਾਰ ਮੰਨਦੀ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਆਸ਼ਾ ਪੂਰੀ ਕਰਨੀ ਅੰਤ ਆਪਣੇ ਗੋਬਿੰਦ ਚੰਨ ਦੀ, ਚੰਦ ਚਾਂਦਨੀ ਕਰੇ ਰੁਸ਼ਨਾਈਆ । ਪੈਜ ਰਖਣੀ ਆਪਣੇ ਭਗਤ


੪੫੧
੨੪

ਜਨ ਦੀ, ਸਿਰ ਸਿਰ ਆਪਣਾ ਹੱਥ ਰਖਾਈਆ । ਖੇਲ ਮੁਕਾਉਣੀ ਛੱਪਰ ਛੰਨ ਦੀ, ਜੂਹ ਜੰਗਲ ਉਜਾੜ ਪਹਾੜ ਟਿੱਲੇ ਪਰਬਤ ਸਮੁੰਦ ਸਾਗਰ ਵੇਖ ਵਖਾਈਆ । ਇਕੋ ਅਵਾਜ਼ ਆਉਣੀ ਜਿਸ ਦੇ ਨਾਮ ਧੰਨ ਧੰਨ ਧੰਨ ਦੀ, ਧਰਨੀ ਧਰਤ ਧਵਲ ਧੌਲ ਨਿਵ ਨਿਵ ਲਾਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਖੇਲ ਮੁਕਾਏ ਗ਼ਮ ਦੀ, ਗ਼ਮਖਾਰ ਹੋ ਕੇ ਆਪਣਾ ਹੁਕਮ ਵਰਤਾਈਆ ।

✪ ੧੪ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਪਰਕਾਸ਼ ਰਾਮ ਦੇ ਗ੍ਰਹਿ ੧੦੩ ਰਾਲਘ ਸਟਰੀਟ ਵਾਲਸਾਲ ਸਟਾਫ਼ ਲੰਡਨ ✪

ਵਿਸ਼ਨ ਬ੍ਰਹਮਾ ਸ਼ਿਵ ਪ੍ਰਭ ਦਰ ਬਣ ਸਵਾਲੀ, ਭਿਖਕ ਹੋ ਕੇ ਧਿਆਨ ਲਗਾਈਆ । ਕਿਰਪਾ ਕਰ ਨਿਰਗੁਣ ਨੂਰ ਜੋਤ ਅਕਾਲੀ, ਅਕਲ ਧਾਰੀ ਤੇਰੇ ਹੱਥ ਵਡਿਆਈਆ । ਤੇਰੀ ਦੀਨ ਦੁਨੀ ਸਤਿ ਧਰਮ ਵਿਚੋਂ ਹੋਈ ਖ਼ਾਲੀ, ਖ਼ਲਕ ਦੇ ਖ਼ਾਲਕ ਖ਼ਾਲਸ ਰੂਪ ਨਾ ਕੋਇ ਦਰਸਾਈਆ । ਤੂੰ ਆਦਿ ਜੁਗਾਦਿ ਲੱਖ ਚੁਰਾਸੀ ਮਾਲੀ, ਮਾਲਕ ਮਿਹਰਵਾਨ ਨੂਰ ਅਲਾਹੀਆ । ਤੇਰੇ ਹੁਕਮ ਵਿਚ ਜੁਗ ਚੌਕੜੀ ਘਾਲ ਘਾਲੀ, ਘਾਇਲ ਹੋ ਕੇ ਸੇਵ ਕਮਾਈਆ । ਤੂੰ ਨਿਗਾਹ ਮਾਰ ਕੇ ਵਕ਼ਤ ਤਕ ਲੈ ਹਾਲੀ, ਹਾਲਤ ਵੇਖ ਥਾਉਂ ਥਾਈਂਆ । ਨਾਮ ਕਲਮਾ ਸ਼ਰਅ ਕਰੇ ਨਾ ਕੋਇ ਦਲਾਲੀ, ਵਿਚੋਲਾ ਨਜ਼ਰ ਕੋਇ ਨਾ ਆਈਆ । ਮਿਹਰਵਾਨ ਮਿਹਰਵਾਨ ਆਪਣੀ ਮਿਹਰ ਕਰ ਦੇ ਸ਼ਾਲੀ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਨਿਗਾਹ ਮਾਰ ਲੈ ਜੀਵਾਂ ਜੰਤਾਂ ਕਾਇਆ ਗਗਨ ਮੰਡਲ ਖ਼ਾਲੀ, ਮੰਡਪ ਆਪਣਾ ਧਿਆਨ ਲਗਾਈਆ । ਆਤਮ ਧਾਰ ਤੇਰੇ ਪਿਆਰ ਵਿਚ ਕਿਸੇ ਨਾ ਢਾਲੀ, ਢਈਆ ਗੋਬਿੰਦ ਵਾਲਾ ਦਏ ਗਵਾਹੀਆ । ਨਵ ਸੱਤ ਦਿਸੇ ਰੈਣ ਅੰਧੇਰੀ ਕਾਲੀ, ਕਲ ਕਲਕੀ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਨਿਗਾਹ ਮਾਰ ਲੈ ਸ਼ਰਕਨ ਸ਼ਮਾਲੀ, ਚਾਰੇ ਕੁੰਟਾਂ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਕੀਤੀ ਕਮਾਲੀ, ਕਾਮਲ ਮੁਰਸ਼ਦ ਤੇਰੇ ਅਗੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਸ਼ਾ ਤੇਰੇ ਚਰਨ ਟਿਕਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਪ੍ਰਭ ਕੂੜੀ ਕਿਰਿਆ ਤਕ ਲੈ ਦਰਬ, ਦੀਨਨ ਆਪਣਾ ਧਿਆਨ ਲਗਾਈਆ । ਜਨ ਸੰਖਿਆ ਵੇਖ ਲੈ ਅਰਬ ਖ਼ਰਬ, ਖੇਰਿਆ ਪਰਦਾ ਆਪ ਚੁਕਾਈਆ । ਹੁਣ ਜ਼ੀਰੋ ਨਾਲ ਜ਼ੀਰੋ ਦੇ ਕੇ ਜ਼ਰਬ, ਅੰਤ ਰਹਿਣ ਕੋਇ ਨਾ ਪਾਈਆ । ਸਾਨੂੰ ਤੇਰੀ ਮਿਹਰ ਦੀ ਇਕੋ ਗ਼ਰਜ਼, ਦੂਸਰ ਆਸ ਨਾ ਕੋਇ ਤਕਾਈਆ । ਸਾਡੀ ਬੇਨੰਤੀ ਮਨਜ਼ੂਰ ਕਰ ਅਰਜ਼, ਆਰਜ਼ੂ ਤੇਰੇ ਚਰਨ ਰਖਾਈਆ । ਤੇਰਾ ਖੇਲ ਜੁਗ ਚੌਕੜੀ ਅਸਚਰਜ, ਅਚਰਜ ਲੀਲਾ ਤੇਰੀ ਨਜ਼ਰੀ ਆਈਆ । ਦੀਨ ਦੁਨੀ ਦੇ ਮਾਲਕ ਸਾਡੀ ਵੰਡ ਦਰਦ, ਦੁਖੀ ਹੋ ਕੇ ਰਹੇ ਸੁਣਾਈਆ । ਜਗਤ ਸ਼ਰਅ ਵੇਖ ਲੈ ਛੁਰੀ ਕਰਦ, ਕ਼ਾਤਲ ਮਕ਼ਤੂਲ ਰੂਪ ਵਟਾਈਆ । ਜੋ ਜੋਧਾ ਸੂਰਬੀਰ ਮਰਦਾਨਾ ਮਰਦ, ਸ਼ਹਿਨਸ਼ਾਹ ਇਕ ਅਖਵਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਸਤਿ ਦੀ ਪੁੱਠੀ ਹੋ ਗਈ ਨਰਦ, ਪਾਸਾ ਦੀਨ ਦੁਨੀ ਉਲਟਾਈਆ । ਅਸੀਂ ਕੂਕ ਸੁਣਾਈਏ ਗਰਜ, ਦਰ ਤੇਰੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਪ੍ਰਭੂ ਨਿਗਾਹ ਮਾਰ

ਲੈ ਉਤੇ ਫ਼ਲਕ, ਆਸਮਾਨਾਂ ਬਾਹਰ ਧਿਆਨ ਲਗਾਈਆ । ਤੇਰਾ ਨੂਰ ਅਲਾਹੀ ਅਗੰਮਾ ਝਲਕ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਆਹ ਤਕ ਲੈ ਆਪਣੀ ਖ਼ਲਕ, ਖ਼ਾਲਕ ਪੜਦਾ ਆਪ ਚੁਕਾਈਆ । ਤੇਰਾ ਮੇਲ ਹੋਵੇ ਨਾ ਕਿਸੇ ਪਲਕ, ਪਲਕਾਂ ਉਹਲੇ ਨਜ਼ਰ ਆਏ ਨਾ ਧੁਰ ਦਾ ਮਾਹੀਆ । ਨੂਰ ਲਲਾਟੀ ਲੱਗੇ ਕਿਸੇ ਨਾ ਤਿਲਕ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਨਾਮ ਖ਼ੁਮਾਰੀ ਕਰੇ ਕੋਈ ਨਾ ਮਸਤ, ਮਸਤੀ ਵਿਚ ਨਾ ਕੋਇ ਸਮਾਈਆ । ਝਗੜਾ ਤਕ ਲੈ ਕੀਟ ਹਸਤ, ਕੀਟ ਕੀਟਾਂ ਖੋਜ ਖੁਜਾਈਆ । ਸਭ ਦਾ ਲਹਿਣਾ ਦੇਣਾ ਪੂਰਾ ਕਰ ਦੇ ਦਸਤ, ਹੱਥੋ ਹੱਥ ਲੇਖਾ ਦੇ ਮੁਕਾਈਆ । ਜੋ ਇਸ਼ਾਰਾ ਦੇ ਗਿਆ ਮੁਨੀ ਅਗਸਤ, ਸਪਤਸ ਰਿਖੀਆਂ ਸੰਗ ਬਣਾਈਆ । ਜਿਸ ਕਾਰਨ ਅਵਤਾਰ ਪੈਗ਼ੰਬਰਾਂ ਗੁਰੂਆਂ ਤੇਰੀ ਸ੍ਰਿਸ਼ਟੀ ਵਿਚ ਕੀਤੀ ਗਸ਼ਤ, ਬਿਨ ਕ਼ਦਮਾਂ ਕ਼ਦਮ ਉਠਾਈਆ । ਅੰਤ ਸਭ ਨੂੰ ਆਉਂਦੀ ਵੇਖ ਸ਼ਕਸਤ, ਜਿਤ ਬੈਠੀ ਮੁਖ ਛੁਪਾਈਆ । ਧਰਮ ਦੀ ਧਾਰ ਰਹੀ ਕੋਈ ਨਾ ਵਸਤ, ਅਮੁਲ ਨਾਮ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਗ੍ਰਿਹਿ ਇਕ ਸੁਹਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਪ੍ਰਭ ਸਾਡੀ ਵੇਖ ਲੈ ਹਾਲਤ, ਹਾਲ ਅਹਿਵਾਲ ਤੈਨੂੰ ਦਈਏ ਜਣਾਈਆ । ਧਰਮ ਦੀ ਧਾਰ ਕਰ ਅਦਾਲਤ, ਇਨਸਾਫ਼ ਆਪਣੇ ਹੱਥ ਰਖਾਈਆ । ਨਾਮ ਵਸਤ ਰਹੀ ਨਾ ਕੋਇ ਅਮਾਨਤ, ਖ਼ਾਲੀ ਦਿਸੇ ਖ਼ਲਕ ਖ਼ੁਦਾਈਆ । ਈਮਾਨ ਵਿਚ ਰਿਹਾ ਨਾ ਕੋਇ ਸਲਾਮਤ, ਸੁਲਹਕੁਲ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਕਿਰਿਆ ਕਰੇ ਬਗ਼ਾਵਤ, ਬਗ਼ਲਗੀਰਾਂ ਸੰਗ ਤੁੜਾਈਆ ।

੪੫੩ ਅੰਮਿਉਂ ਰਸ ਮਿਲੇ ਨਾ ਕੋਇ ਨਿਆਮਤ, ਅਨਰਸ ਨਾ ਕੋਇ ਚਖਾਈਆ । ਸਾਨੂੰ ਸਚ ਦਸ ਕਿਸ ਵੇਲੇ ਦੀਨ ਦੁਨੀ ਉਤੇ ਆਉਣੀ ਕਿਆਮਤ, ਕ਼ਾਇਮ ੪੫੩

੨੪ ਮੁਕਾਮ ਰਹਿਣ ਕੋਇ ਨਾ ਪਾਈਆ । ਸਤਿ ਕੂੜ ਦੀ ਹੋਏ ਮੁਜ਼ਾਹਮਤ, ਮਸਲਾ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੨੪

ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਖੇਲ ਖਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਅਸੀਂ ਪ੍ਰਭ ਆਦਿ ਆਦਿ ਦੇ ਭਿਖਾਰੀ, ਜੁਗ ਜੁਗ ਮੰਗ ਮੰਗਾਈਆ । ਤੂੰ ਦੇਵਣਹਾਰ ਦਾਤਾਰੀ, ਦਇਆ ਨਿਧ ਇਕ ਅਖਵਾਈਆ । ਸਾਚੀ ਤੇਰੇ ਚਰਨ ਕਵਲ ਨਿਮਸਕਾਰੀ, ਨਿਵ ਨਿਵ ਸੀਸ ਝੁਕਾਈਆ । ਕਲਜੁਗ ਮੇਟ ਰੈਣ ਅੰਧਿਆਰੀ, ਅੰਧ ਆਤਮ ਪੜਦਾ ਲਾਹੀਆ । ਨਿਰਗੁਣ ਨੂਰ ਜੋਤ ਕਰ ਉਜਿਆਰੀ, ਉਜਾਲਾ ਦੋ ਜਹਾਨ ਵਖਾਈਆ । ਅਸੀਂ ਰਹੀਏ ਵਿਚ ਤੇਰੀ ਤਾਬਿਆਦਾਰੀ, ਜੁਗ ਜੁਗ ਸੀਸ ਝੁਕਾਈਆ । ਤੂੰ ਸ਼ਾਹੋ ਭੂਪ ਸਿਕਦਾਰੀ, ਸ਼ਹਿਨਸ਼ਾਹ ਇਕ ਅਖਵਾਈਆ । ਇਕ ਬੇਨੰਤੀ ਸੁਣ ਹਮਾਰੀ, ਹਮ ਸਾਜਣ ਹੋ ਕੇ ਦਈਏ ਜਣਾਈਆ । ਸ਼ੰਕਰ ਕਹੇ ਮੈਂ ਜਲਦੀ ਕਰਾਂ ਤਿਆਰੀ, ਤ੍ਰੈਗੁਣ ਅਤੀਤੇ ਦੇਣੀ ਮਾਣ ਵਡਿਆਈਆ । ਲਾੜੀ ਮੌਤ ਦੇਵਾਂ ਸ਼ਿੰਗਾਰੀ, ਸੋਹਣੀ ਮੇਂਢੀ ਸੀਸ ਗੁੰਦਾਈਆ । ਨੈਣ ਪਾਵਾਂ ਕੱਜਲ ਧਾਰੀ, ਮਸਤਕ ਬਿੰਦੀ ਤੇਰਾ ਹੁਕਮ ਵਰਤਾਈਆ । ਸੰਦੇਸ਼ਾ ਦੇਵਾਂ ਫਿਰ ਜੰਗਲ ਜੂਹ ਉਜਾੜ ਪਹਾੜੀ, ਟਿੱਲੇ ਪਰਬਤ ਵੇਖ ਵਖਾਈਆ । ਲੱਖ ਚੁਰਾਸੀ ਜੀਵ ਜੰਤ ਮਾਨਵ ਜ਼ਾਤੀ ਆਪਣੀ ਫ਼ਸਲ ਤਕਣੀ ਹਾੜੀ, ਹਾੜ ਸਤਾਰਾਂ ਥਿਤ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸੁਹੇਲੇ ਇਕ ਇਕੇਲੇ ਸਾਡੀ ਲਾਜ ਰਖਣੀ ਚਰਨ ਛੁਹਾਈ ਦਾਹੜੀ, ਦਾੜ੍ਹਾਂ ਹੇਠ ਪੀਸੇ ਖ਼ਲਕ ਖ਼ੁਦਾਈਆ ।

## ✪ ੧੪ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਕੇਸਰ ਸਿੰਘ ਦੇ ਗ੍ਰਿਹਿ ੬੭ ਕੇਰਨਜ਼ ਸਟਰੀਟ ਵਾਲਸਾਲ ਸਟਾਫ਼ ਇੰਗਲੈਂਡ ✪



ਵਿਸ਼ਨ ਬ੍ਰਹਮਾ ਸ਼ਿਵ ਕਹੇ ਪ੍ਰਭੂ ਤੂੰਬੀ ਦੀਆਂ ਵੇਖ ਲੈ ਤਿੰਨ ਲੜੀਆਂ, ਰਜੋ ਤਮੋ ਸਤੋ ਖੇਲ ਖਿਲਾਈਆ । ਤੇਰੀਆਂ ਜੁਗ ਚੌਕੜੀਆਂ ਲੰਘੀਆਂ ਬੜੀਆਂ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾਈਆ । ਨਿਰਅੱਖਰ ਧਾਰ ਦੇ ਮਾਲਕ ਤੇਰੀਆਂ ਅੱਖਰਾਂ ਵਾਲੀਆਂ ਪੋਥੀਆਂ ਪੜ੍ਹੀਆਂ, ਗ੍ਰੰਥ ਸ਼ਾਸਤਰਾਂ ਧਿਆਨ ਲਗਾਈਆ । ਦੋ ਜਹਾਨ ਨੌਜਵਾਨ ਮਰਦ ਮਰਦਾਨ ਤੇਰੀਆਂ ਤਕੀਆਂ ਪਲ ਘੜੀਆਂ, ਬਰਸ ਮਾਸ ਬੈਠੇ ਪੰਧ ਮੁਕਾਈਆ । ਕੋਟਨ ਕੋਟ ਆਤਮ ਧਾਰਾਂ ਤੇਰੇ ਦਰ ਖੜੀਆਂ, ਅਨੰਤ ਆਪਣੀ ਆਸ ਪਰਗਟਾਈਆ । ਮਿਹਰਵਾਨ ਮਹਿਬੂਬ ਤੇਰੇ ਸ਼ਬਦ ਦੀਆਂ ਵੇਖੀਆਂ ਜੜ੍ਹੀਆਂ, ਬੰਧਨ ਦੀਨ ਦੁਨੀ ਬੰਧਾਈਆ । ਤੇਰੇ ਪਿਆਰ ਦੀਆਂ ਤਕੀਆਂ ਕੜੀਆਂ, ਕੁੰਡਾ ਸਕੇ ਨਾ ਕੋਇ ਖੁਲ੍ਹਾਈਆ । ਜਗਤ ਵਾਸ਼ਨਾ ਵਿਚ ਤਨ ਵਜੂਦ ਦੀਆਂ ਵੇਖੀਆਂ ਨੜੀਆਂ, ਨਾੜੀ ਨਾੜੀ ਧਿਆਨ ਲਗਾਈਆ । ਤ੍ਰੈਗੁਣ ਦੇ ਮਾਲਕ ਤ੍ਰੈਲੋਕੀ ਧਾਰ ਤੇਰਾ ਖੇਲ ਸੀਸ ਧੜੀਆਂ, ਤਨ ਵਜੂਦਾਂ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਤੂੰਬੀ ਕਹੇ ਮੇਰੀਆਂ ਤਿੰਨੇ ਲੜੀਆਂ ਦੇ ਤਕ ਲਉ ਮੋਤੀ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਜਿਨ੍ਹਾਂ ਨੂੰ ਤੂੰ ਰੂਪ ਦਿਤਾ ਨਿਰਗੁਣ ਧਾਰ ਅਗੰਮੀ ਜੋਤੀ, ਜੋਤੀ ਜਾਤੇ ਦਇਆ ਕਮਾਈਆ । ਮੇਰੀ ਕੋਝੀ ਕਮਲੀ ਦੀ ਸੁਰਤ ਉਠਾਈ ਸੋਤੀ, ਮੈਂ ਸੁੱਤਿਆਂ ਲਈ ਅੰਗੜਾਈਆ । ਜਾਂ ਨਿਗਾਹ ਮਾਰੀ ਮੈਨੂੰ ਭਗਤ ਸੁਹੇਲੇ ਸਾਰੇ ਦਿਸੇ ਗੋਤੀ, ਗੌਤਮ ਦਾ ਲੇਖਾ ਪਿਛਲਾ ਯਾਦ ਕਰਾਈਆ । ਜਿਸ ਸਾਹਿਬ ਨੂੰ ਲਭਦੇ ਕੋਟਨ ਕੋਟੀ, ਜੁਗ ਚੌਕੜੀ ਖੋਜਣ ਥਾਉਂ ਥਾਈਆ । ਉਹ ਚੜ੍ਹ ਕੇ ਆਏ ਮੰਜ਼ਲ ਹਕ ਹਕ਼ੀਕ਼ੀ ਚੋਟੀ, ਹਰਿਜਨ ਅੰਤਰ ਆਪਣਾ ਡੇਰਾ ਲਾਈਆ । ਜਿਸ ਦਾ ਲਬਾਸ ਨਾ ਟਿੱਕਾ ਨਾ ਧੋਤੀ, ਬਸਤਰ ਤਨ ਨਾ ਕੋਇ ਛੁਹਾਈਆ । ਉਹ ਖੇਲ ਵੇਖਣਹਾਰ ਏਕੰਕਾਰ ਇਕ ਇਕਲੌਤੀ, ਇਕ ਇਕੱਲਾ ਧੁਰ ਦਾ ਮਾਹੀਆ । ਜਿਸ ਦੇ ਵਿਛੋੜੇ ਵਿਚ ਦੋ ਜਹਾਨ ਆਸ਼ਾ ਰੋਤੀ, ਬਿਨ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਮੋਤੀ ਕਹਿਣ ਵਿਸ਼ਨ ਬ੍ਰਹਮਾ ਸ਼ਿਵ ਸਾਡਾ ਵੇਖ ਹੋਇਆ ਮੇਲ, ਮਿਲਣੀ ਹਰਿ ਜਗਦੀਸ ਕਰਾਈਆ । ਜਿਸ ਦਾ ਆਦਿ ਜੁਗਾਦਿ ਜੁਗਾ ਜੁਗੰਤਰ ਖੇਲ, ਨਿਰਗੁਣ ਸਰਗੁਣ ਆਪਣਾ ਰੰਗ ਰੰਗਾਈਆ । ਜੋ ਲੱਖ ਚੁਰਾਸੀ ਨਾਲੋਂ ਆਪ ਹੋ ਕੇ ਵੇਹਲ, ਸੰਸਾਰੀ ਭੰਡਾਰੀ ਸੰਘਾਰੀ ਤੁਹਾਡੀ ਸੇਵਾ ਦਿਤੀ ਲਗਾਈਆ । ਦੀਪਕ ਜੋਤੀ ਬਾਲ ਬਿਨਾ ਬਾਤੀ ਤੇਲ, ਤ੍ਰੈਗੁਣ ਅਤੀਤਾ ਆਪਣਾ ਖੇਲ ਖਿਲਾਈਆ । ਆਪ ਵਸ ਕੇ ਸਚਖੰਡ ਧਾਮ ਨਵੇਲ, ਦਰਗਾਹ ਸਾਚੀ ਸੋਭਾ ਪਾਈਆ । ਸਤਿਗੁਰ ਸ਼ਬਦ ਸ਼ਬਦ ਬਣਾ ਕੇ ਚੇਲ, ਦੀਨ ਦੁਨੀ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਲੜੀਆਂ ਕਹਿਣ ਸਾਡੇ ਅੰਦਰ ਤਕੋ ਕੱਚਾ ਧਾਗਾ, ਤੰਦੀ ਤੰਦ ਧਿਆਨ ਲਗਾਈਆ । ਸਾਡਾ ਅੰਤਸ਼ਕਰਨ ਵੇਖੋ ਜਾਗਾ, ਆਲਸ ਨਿੰਦਰਾ ਦੂਰ ਕਰਾਈਆ । ਸਾਡੇ ਅੰਦਰ ਅਗੰਮੀ ਵੈਰਾਗਾ, ਬਿਰਹੁ ਵਿਛੋੜੇ ਵਿਚ ਪ੍ਰਭ ਦਾ ਧਿਆਨ ਲਗਾਈਆ । ਸਾਡਾ ਰੂਪ ਰਿਹਾ ਨਾ ਕਾਗਾ, ਹੰਸ ਬਣ ਕੇ ਮੋਤੀ ਚੋਗ ਚੁਗੀਏ ਚਾਈਂ ਚਾਈਆ ।

ਸਾਡਾ ਜਨਮ ਜਨਮ ਦਾ ਧੋਇਆ ਗਿਆ ਦਾਗ਼ਾ, ਦੁਰਮਤ ਮੈਲ ਦਿਤੀ ਮੁਕਾਈਆ । ਪੁਰਖ ਅਕਾਲਾ ਦੀਨ ਦਿਆਲਾ ਘਰ ਮਿਲ ਗਿਆ ਕੰਤ ਸੁਹਾਗਾ, ਸੁਆਮੀ ਠਾਕਰ ਇਕੋ ਨਜ਼ਰੀ ਆਈਆ । ਸਾਡੇ ਹੋ ਗਏ ਵਡ ਵਡ ਭਾਗਾ, ਭਾਗਹੀਣ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧਾਗਾ ਕਹੇ ਮੇਰਾ ਪਿਆਰ ਨਾਲ ਸਿਤਾਰ, ਤੰਦੀ ਤੰਦ ਤੰਦ ਜਣਾਈਆ । ਜੋ ਤੂੰ ਹੀ ਤੂੰ ਹੀ ਗਾਏ ਨਰ ਨਿਰੰਕਾਰ, ਨਿਰਵੈਰ ਕਹਿ ਕੇ ਸੀਸ ਨਿਵਾਈਆ । ਅਸੀਂ ਖ਼ੁਸ਼ੀ ਨਾਲ ਸੁਣੀਏ ਗੁਫ਼ਤਾਰ, ਗੁਫ਼ਤ ਸ਼ਨੀਦ ਜੋ ਪੜਦੇ ਰਹੀ ਖੁਲ੍ਹਾਈਆ । ਮਸਤੀ ਵਿਚ ਚੜ੍ਹੇ ਖ਼ੁਮਾਰ, ਹਸਤੀ ਤਕੀਏ ਧੁਰਦਰਗਾਹੀਆ । ਜਿਸ ਦਾ ਰੂਪ ਨਾ ਪੁਰਖ ਨਾ ਨਾਰ, ਜੋਤੀ ਜਾਤਾ ਨਜ਼ਰੀ ਆਈਆ । ਜਿਸ ਦਾ ਸਚਖੰਡ ਸਚਾ ਦਰਬਾਰ, ਦਰਗਾਹ ਸਾਚੀ ਸੋਭਾ ਪਾਈਆ । ਬਿਨਾ ਸੀਸ ਜਗਦੀਸ਼ ਕਰੀਏ ਨਿਮਸਕਾਰ, ਨਿਵ ਨਿਵ ਧੂੜੀ ਖ਼ਾਕ ਰਮਾਈਆ । ਜੋ ਦੇਵਣਹਾਰ ਅਧਾਰ, ਧੀਰਜ ਧੀਰ ਇਕ ਧਰਵਾਈਆ* । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆਂ । ਤੂੰਬੀ ਕਹੇ ਮੇਰੀ ਵਿਸ਼ਨ ਬ੍ਰਹਮਾ ਸ਼ਿਵ ਤਕ ਲਉ ਤਾਰ ਸਿਤਾਰ ਤੰਦੀ, ਤੰਦੂਏ ਦਾ ਪੂਰਬ ਲੇਖਾ *ਰਹੀ* ਨਾਲ ਸੋਭਾ ਪਾਈਆ । ਜੋ ਵਸੇ ਧਰਨੀ ਦੀ ਧਾਰ ਤੋਂ ਸਦਾ ਉਤੇ ਬੁਲੰਦੀ, ਅਕਾਸ਼ ਅਕਾਸ਼ਾਂ ਪਰੇ ਡੇਰਾ ਲਾਈਆ । ਜਿਸ ਨੂੰ ਸੀਸ ਨਿਵਾਉਂਦੇ ਤਾਰਾ ਚੰਦੀ, ਸੂਰੀਆ ਝੁਕ ਝੁਕ ਲਾਗੇ ਪਾਈਆ । ਉਹਦਾ ਸ਼ਬਦ ਸਦੇਸ਼ਾ ਮੇਰੇ ਵਿਚੋਂ ਨਿਕਲਿਆ ਛੰਦੀ, ਸੋਹਲਾ ਢੋਲਾ ਰਾਗ ਸੁਣਾਈਆ । ਮੈਨੂੰ ਪ੍ਰੇਮ ਦੀ ਆਈ ਸੁਗੰਧੀ, ਜਗਤ ਵਾਸ਼ਨਾ ਰਹਿਣ ਕੋਇ ਨਾ ਪਾਈਆ । ਮੇਰੀ ਅੰਤਰ ਆਸ਼ਾ ਸੀਤਲ ਧਾਰ ਹੋਈ ਠੰਢੀ, ਕਲਜੁਗ ਅਗਨੀ ਅੱਗ ਬੁਝਾਈਆ । ਮੇਰੀ ਤ੍ਰਿਸ਼ਨਾ ਰਹੀ ਨਾ ਰੰਡੀ, ਰੰਡੇਪਾ ਦੋ ਜਹਾਨ ਕਟਾਈਆ । ਮੇਰੀ ਪੂਰਬ ਪਿਛਲੀ ਟੁੱਟੀ ਗੰਢੀ, ਤੰਦੂਆ ਵੇਖੇ ਚਾਈਂ ਚਾਈਂਆ । ਇਹ ਰਾਗ ਸੁਣਿਆ ਗੋਬਿੰਦ ਨੇ ਜਿਸ ਦਿਨ ਪਹਿਲੇ ਹੱਥ ਉਠਾਈ ਚੰਡੀ, ਪ੍ਰਚੰਡ ਆਪਣਾ ਹੁਕਮ ਵਰਤਾਈਆ । ਤਨ ਤੂੰਬੀ ਦੀ ਧਾਰ ਜਿਸ ਦੀ ਅੰਤਰ ਸ਼ਬਦ ਗੁੰਜਾਰ ਪ੍ਰਭ ਮਿਲਣ ਦੀ ਸਿੱਧੀ ਡੰਡੀ, ਡੰਡਾਵਤ ਦੀਨ ਦੁਨੀ ਬਦਲਾਈਆ । ਜੋ ਪਾਰ ਕਰਾਵੇ ਏਥੇ ਉਥੇ ਦੋ ਜਹਾਨਾ ਕੰਢੀ, ਅੱਧ ਵਿਚਕਾਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਤੂੰਬੀ ਕਹੇ ਮੈਂ ਪਿਆਰ ਨਾਲ ਵਜਦੀ, ਸੁਰ ਤਾਲ ਆਪ ਬਣਾਈਆ । ਮੈਂ ਖ਼ੁਸ਼ੀਆਂ ਦੇ ਵਿਚ ਗੱਜਦੀ, ਕੂਕ ਕੂਕ ਦ੍ਰਿੜ੍ਹਾਈਆ । ਮੇਰੀ ਕਥਾ ਕਹਾਣੀ ਨਹੀਂ ਕੋਈ ਅੱਜ ਦੀ, ਨਾਰਦ ਮੇਰੀ ਸੁਰ ਤਾਲ ਗਿਆ ਬਣਾਈਆ । ਬ੍ਰਹਮਾ ਮੈਨੂੰ ਦਾਤ ਦਿਤੀ ਜਗ ਦੀ, ਵਿਸ਼ਨੂੰ ਵਿਸ਼ਵ ਦੀ ਧਾਰ ਹੋ ਕੇ ਸਿਰ ਮੇਰੇ ਹੱਥ ਰਖਾਈਆ । ਸ਼ੰਕਰ ਨੇ ਖੇਲ ਸੁਣਾਈ ਉਪਰ ਸ਼ਾਹਰਗ ਦੀ, ਨਵਾਂ ਦਵਾਰਿਆਂ ਪੰਧ ਮੁਕਾਈਆ । ਪਰ ਮੈਂ ਵਣਜਾਰਨ ਸਾਂ ਕਾਇਆ ਮਾਟੀ ਅੰਦਰ ਜਿਥੋਂ ਵੇਖਿਆਂ ਕਿਸੇ ਨਾ ਲਭਦੀ, ਖੋਜਣ ਖੋਜ ਨਾ ਕੋਇ ਖੁਜਾਈਆ । ਮੈਨੂੰ ਸਪਤਸ ਰਿਖੀਆਂ ਦੱਸੀ ਗੱਲ ਸਚ ਦੀ, ਸਚ ਸਚ ਨਾਲ ਮਿਲਾਈਆ । ਨੀ ਤੂੰਬੀਏ ਇਹ ਕਾਇਆ ਮਾਟੀ ਸਦਾ ਰਹਿਣੀ ਭਜਦੀ, ਥਿਰ ਰਹਿਣ ਕੋਇ ਨਾ ਪਾਈਆ । ਨਹੀਂ ਕੋਈ ਮੁਨਿਆਦ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਗ ਦੀ, ਜੁਗ ਜੁਗ ਬੈਠਣ ਪੰਧ ਮੁਕਾਈਆ । ਤੂੰ ਤੇ ਕੋਝੀਏ ਕਮਲੀਏ ਸਿਫ਼ਤ ਕਰਨੀ ਉਸ ਪਰਮੇਸ਼ਵਰ ਪਤਿ ਦੀ, ਜਿਸ ਨੂੰ ਦੋ ਜਹਾਨ ਬੈਠਣ ਸੀਸ ਨਿਵਾਈਆ । ਤੇਰੀ ਬਨਾਵਟ ਨਹੀਂ ਕੋਈ ਹਡ ਮਾਸ ਨਾੜੀ ਰਤ ਦੀ, ਲਕੜੀ ਕਾਠ

ਤੇਰਾ ਵਜੂਦ ਨਜ਼ਰੀ ਆਈਆ । ਤੂੰ ਸੰਸਾਰੀਆਂ ਨੂੰ ਫਿਰੀਂ ਠਗਦੀ, ਤੇ ਭਗਤਾਂ ਦੇ ਅੰਦਰ ਵੜ ਕੇ ਆਪਣੀ ਸਿਤਾਰ ਦੇਣੀ ਵਜਾਈਆ । ਫੇਰ ਮਸਤੀ ਲਈਂ ਉਸ ਅਗੰਮੀ ਮਦਿ ਦੀ, ਜੋ ਮਧੁਰ ਧੁਨ ਸਤਿ ਸਚ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਤੂੰਬੀ ਕਹੇ ਜਨ ਭਗਤੋਂ ਮੇਰੀ ਤੁਸਾਂ ਵਜਦੀ ਵੇਖੀ ਸਿਤਾਰ, ਉਂਗਲੀ ਉਂਗਲੀ ਸੋਭਾ ਪਾਈਆ । ਪਰ ਮੇਰੇ ਵਿਚੋਂ ਜਿਸ ਲਭਣਾ ਤੇ ਲਭਣਾ ਮੇਰੇ ਪ੍ਰਭੂ ਦਾ ਪਿਆਰ, ਦੂਸਰ ਵੰਡ ਨਾ ਕੋਇ ਵੰਡਾਈਆ । ਜੋ ਭੇਵ ਖੁਲ੍ਹਾਏ ਕਾਇਆ ਮੰਦਰ ਅੰਦਰ ਦਸਮ ਦੁਆਰ, ਦਹਿ ਦਿਸ਼ਾ ਦਾ ਡੇਰਾ ਢਾਹੀਆ । ਅੰਮ੍ਰਿਤ ਆਤਮ ਨਿਝਰ ਝਿਰਨੋ ਦੇਵੇ ਠੰਢਾ ਠਾਰ, ਬੂੰਦ ਸਵਾਂਤੀ ਕਵਲ ਨਾਭੀ ਵਿਚ ਟਪਕਾਈਆ । ਸ਼ਬਦ ਅਨਾਦੀ ਦਏ ਧੁਨਕਾਰ, ਅਨਹਦ ਨਾਦੀ ਨਾਦ ਵਜਾਈਆ । ਦੀਆ ਬਾਤੀ ਕਮਲਾਪਾਤੀ ਜੋਤੀ ਨੂਰ ਕਰੇ ਉਜਿਆਰ, ਅੰਧ ਅੰਧੇਰਾ ਦਏ ਮਿਟਾਈਆ । ਅੰਤ ਕੰਤ ਭਗਵੰਤ ਜਨ ਭਗਤਾਂ ਲੈ ਕੇ ਜਾਏ ਸਚਖੰਡ ਦੁਆਰ, ਦਰਗਾਹ ਸਾਚੀ ਮੁਕਾਮੇ ਹਕ ਹਕੀਕਤ ਦਾ ਮਾਲਕ ਆਪਣੇ ਵਿਚ ਮਿਲਾਈਆ । ਤੂੰਬੀ ਕਹੇ ਮੇਰਾ ਅੱਜ ਦਾ ਅਜਬ ਨਿਰਾਲਾ ਵਿਵਹਾਰ, ਵਿਵਹਾਰੀ ਹੋ ਕੇ ਦਿਆਂ ਸੁਣਾਈਆ । ਮੈਂ ਉਸ ਮਾਲਕ ਦੀ ਸੇਵਾਦਾਰ, ਜੋ ਜੁਗ ਜੁਗ ਸੇਵ ਕਮਾਈਆ । ਜਿਸ ਕਾਰਨ ਮੇਰਾ ਨਾਤਾ ਨਾਨਕ ਨਾਲ ਜੋੜਿਆ ਦਾਤਾਰ, ਦਇਆਵਾਨ ਦਇਆ ਕਮਾਈਆ । ਮੈਂ ਫਿਰਦੀ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਦਿਆਂ ਸੁਣਾਈਆ । ਮੇਰੀ ਉਸ ਸਾਹਿਬ ਨੂੰ ਨਿਮਸਕਾਰ, ਨਮੋਂ ਨਮੋਂ ਕਹਿ ਕੇ ਸੀਸ ਝੁਕਾਈਆ । ਜੋ ਭਗਤਾਂ ਮੀਤਾ ਭਗਤਾਂ ਦਏ ਦੀਦਾਰ, ਨਿਰਗੁਣ ਸਰਗੁਣ ਆਪਣਾ ਰੰਗ ਰੰਗਾਈਆ । ਤੂੰਬੀ ਕਹੇ ਜਿਸ ਤਰਹ ਮੇਰਾ ਕੇਸਰ ਸਿੰਘ ਨਾਲ ਪਿਆਰ, ਸਤਿਗੁਰ ਸ਼ਬਦ ਏਸੇ ਤਰਹ ਕੇਸਰ ਰੰਗ ਜਨ ਭਗਤਾਂ ਦੇਣਾ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਪਾਵਣਹਾਰਾ ਸਾਰ, ਮਹਾਸਾਰਥੀ ਹੋ ਕੇ ਵੇਖੇ ਚਾਈਂ ਚਾਈਂਆ ।

✪ ੧੪ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਤੀਰਥ ਸਿੰਘ ਦੇ ਗ੍ਰਹਿ ਨੰ੦ ੧੮ ਪੂਲ ਰੋਡ ਟਰੈਚ ਟੈਲੇਫ਼ੋਰਡ ਸ਼ਰੁਪ ਸ਼ਿਰ ਲੰਡਨ ✪

ਕਲਜੁਗ ਕਹੇ ਪ੍ਰਭੂ ਮੈਂ ਤੇਰਾ ਸੁਤ ਦੁਲਾਰਾ, ਦੂਲ੍ਹਾ ਲੋਕਮਾਤ ਸੋਭਾ ਪਾਈਆ । ਚਾਰੋਂ ਕੁੰਟ ਤਕ ਮੇਰਾ ਹੁਲਾਰਾ, ਨਵ ਸੱਤ ਧਰਨੀ ਧਰਤ ਧਵਲ ਧੌਲ ਹਲਾਈਆ । ਹੰਕਾਰ ਵਿਕਾਰ ਤਕ ਮੇਰਾ ਜੈਕਾਰਾ, ਹੰਗਤਾ ਗੜ੍ਹ ਨਾਲ ਵਡਿਆਈਆ । ਕੂੜੀ ਕਿਰਿਆ ਵੇਖ ਪਸਾਰਾ, ਘਟ ਘਟ ਅੰਤਰ ਦਿਤਾ ਟਿਕਾਈਆ । ਮਾਨਸ ਮਾਨਵ ਅੰਤਰ ਕੀਤਾ ਅੰਧ ਅੰਧਿਆਰਾ, ਨਿਰਗੁਣ ਨੂਰ ਜੋਤ ਨਾ ਕੋਇ ਰੁਸ਼ਨਾਈਆ । ਤੇਰਾ ਸ਼ਬਦ ਅਨਾਦੀ ਸੁਣੇ ਨਾ ਕੋਇ ਧੁਨਕਾਰਾ, ਅਨਹਦ ਨਾਦੀ ਨਾਦ ਨਾ ਕੋਇ ਸ਼ਨਵਾਈਆ । ਅੰਮ੍ਰਿਤ ਰਸ ਕਿਸੇ ਮਿਲੇ ਨਾ ਠੰਢਾ ਠਾਰਾ, ਬੂੰਦ ਸਵਾਂਤ ਨਾ ਕੋਇ ਟਪਕਾਈਆ । ਉੱਤਰ ਪੂਰਬ ਪੱਛਮ ਦੱਖਣ ਮੇਰਾ ਖੇਲ ਵੇਖ ਅਪਾਰਾ, ਅਪਰੰਪਰ ਸੁਆਮੀ ਦਿਆਂ ਵਖਾਈਆ । ਮੈਂ ਮਾਣ ਰਹਿਣ ਨਹੀਂ ਦਿਤਾ ਤੇਈ

ਅਵਤਾਰਾ, ਰਾਮ ਕ੍ਰਿਸ਼ਨ ਬੈਠੇ ਸੀਸ ਨਿਵਾਈਆ । ਪੈਗੰਬਰਾਂ ਨੂਰੀ ਚੰਦ ਨਾ ਦਿਸੇ ਕੋਈ ਚਮਤਕਾਰਾ, ਜ਼ਹੂਰ ਰਹਿਣ ਕੋਇ ਨਾ ਪਾਈਆ । ਗੁਰੂਆਂ
ਮਿਲੇ ਨਾ ਕੋਈ ਮੀਤ ਮੁਰਾਰਾ, ਮਨ ਮਤ ਕੀਤੀ ਜਗਤ ਹਲਕਾਈਆ । ਦਰੋਹੀ ਫਿਰੀ ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦੁਆਰਾ, ਚਰਚ
ਚਰਾਗਾਹਾਂ ਰਹੇ ਕੁਰਲਾਈਆ । ਤੀਰਥ ਤਟ ਅੰਮ੍ਰਿਤ ਰਸ ਨਜ਼ਰ ਨਾ ਆਏ ਕੋਈ ਤੇਰਾ ਪਿਆਰਾ, ਪਾਰਬ੍ਰਹਮ ਤੇਰੇ ਰੰਗ ਨਾ ਕੋਇ ਸਮਾਈਆ ।
ਮੈਂ ਚੌਥਾ ਜੁਗ ਤੇਰਾ ਪੂਤ ਸਪੂਤਾ ਤੇਰਾ ਮੰਗਾਂ ਸਹਾਰਾ, ਦੂਸਰ ਓਟ ਨਾ ਕੋਇ ਤਕਾਈਆ । ਉਹ ਤਕ ਲੈ ਮੈਨੂੰ ਸਤਿਗੁਰ ਸ਼ਬਦ ਦਏ ਇਸ਼ਾਰਾ,
ਬਿਨ ਨੇਤਰ ਅੱਖ ਸੈਨਤ ਰਿਹਾ ਲਗਾਈਆ । ਤੇਰਾ ਲਹਿਣਾ ਦੇਣਾ ਨਾਲ ਕਲ ਕਲਕੀ ਅਵਤਾਰਾ, ਕਲਜੁਗ ਆਪਣੀ ਲਏ ਅੰਗੜਾਈਆ । ਮੈਂ
ਸਵਾਧਾਨ ਹੋ ਕੇ ਹੋਇਆ ਹੁਸ਼ਿਆਰਾ, ਆਲਸ ਨਿੰਦਰਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ
ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰਾ ਸੁਤ ਬੜਾ ਬਲਕਾਰ, ਬਲਧਾਰੀ ਇਕ ਅਖਵਾਈਆ । ਮੈਂ
ਨਵ ਸੱਤ ਕਹਾਂ ਲਲਕਾਰ, ਉਚੀ ਕੂਕ ਕੂਕ ਸੁਣਾਈਆ । ਮੇਰਾ ਵਕ਼ਤ ਸੁਹੰਜਣਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਚਲੇ ਨਾ ਕੋਇ ਚਤੁਰਾਈਆ ।
ਮੈਂ ਮਾਣ ਰਹਿਣ ਦਿਤਾ ਨਹੀਂ ਪੈਗੰਬਰ ਗੁਰ ਅਵਤਾਰ, ਇਹ ਮੇਰੀ ਬੇਪਰਵਾਹੀਆ । ਤੇਰਾ ਬਣ ਕੇ ਫ਼ਰਮਾਂਬਰਦਾਰ, ਸੇਵਕ ਹੋ ਕੇ ਸੇਵ ਕਮਾਈਆ ।
ਸ੍ਰਿਸ਼ਟੀ ਦ੍ਰਿਸ਼ਟੀ ਭਰੀ ਨਾਲ ਕੂੜ ਵਿਭਚਾਰ, ਕਰਮ ਕਾਂਡ ਸਮਝ ਕਿਸੇ ਨਾ ਆਈਆ । ਨਵ ਸੱਤ ਬ੍ਰਹਮ ਮਤ ਵਿਚ ਕੀਤਾ ਧੂੰਆਂਧਾਰ, ਮਾਨਸ
੪੫੭ ਮਾਨਵ ਮਾਨੁਖ ਪੜਦਾ ਨਾ ਕੋਇ ਉਠਾਈਆ । ਮੈਂ ਤੇਰੇ ਚਰਨ ਕਵਲ ਕਰਾਂ ਪੁਕਾਰ, ਨਿਵ ਨਿਵ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ੪੫੭
੨੪ ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਕਲਜੁਗ ਕਹੇ ਪ੍ਰਭੂ ਮੇਰੀ ਪੁਸ਼ਤ ਪਨਾਹ ਦੇ ਦੇ ੨੪
ਥਾਪੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਆਹ ਤਕ ਮੇਰੇ ਕੋਲ ਸਤਿਗੁਰ ਸ਼ਬਦ ਦੀ ਅਗੰਮੀ ਕਾਪੀ, ਜਿਸ ਦੀ ਨਕ਼ਲ ਨਜ਼ਰ ਕੋਇ ਨਾ
ਆਈਆ । ਜਿਸ ਦਾ ਹੁਕਮ ਮੰਨਿਆ ਲੋਕਮਾਤੀ, ਧਰਨੀ ਧਰਤ ਧਵਲ ਧੌਲ ਭੱਜਿਆ ਵਾਹੋ ਦਾਹੀਆ । ਮੇਰੇ ਖੇਲ ਵੇਖ ਲੈ ਝਗੜਾ ਪਾਇਆ
ਦੀਨ ਮਜ਼੍ਹਬ ਜ਼ਾਤ ਪਾਤੀ, ਨਾਮ ਕਲਮੇ ਸ਼ਰਅ ਸ਼ਰਅ ਨਾਲ ਟਕਰਾਈਆ । ਨਵ ਨਵ ਚਾਰ ਵੇਖ ਅੰਧੇਰੀ ਰਾਤੀ, ਨੂਰੀ ਚੰਦ ਨਾ ਕੋਇ ਚਮਕਾਈਆ ।
ਪਵਿਤ੍ਰ ਰਹਿਣ ਨਹੀਂ ਦਿਤੀ ਕਿਸੇ ਦੀ ਹਯਾਤੀ, ਮਾਨਸ ਜਨਮ ਸੁਫਲ ਨਾ ਕੋਇ ਕਰਾਈਆ । ਮਿਹਰਵਾਨਾ ਸ੍ਰੀ ਭਗਵਾਨਾ ਮੈਨੂੰ ਹੋਰ ਬਖ਼ਸ਼ ਦੇ ਦਾਤੀ,
ਦਇਆਵਾਨ ਹੋ ਕੇ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਆਸ ਰਖਾਈਆ ।
ਕਲਜੁਗ ਕਹੇ ਪ੍ਰਭੂ ਮੈਂ ਤੇਰਾ ਨੰਨ੍ਹਾ ਜਿਹਾ ਬੱਚਾ, ਬਚਪਨ ਤੇਰੇ ਚਰਨ ਟਿਕਾਈਆ । ਮੈਂ ਬਚਨ ਬੋਲਾਂ ਸਚਾ, ਸਚ ਸਚ ਦਿਆਂ ਦ੍ਰਿੜਾਈਆ । ਮੈਂ
ਕੂੜੀ ਕਿਰਿਆ ਨਾਲ ਪੰਜ ਤਤ ਭਰਿਆ ਕਾਇਆ ਮਾਟੀ ਭਾਂਡਾ ਕੱਚਾ, ਕੰਚਨ ਗੜ੍ਹ ਨਜ਼ਰ ਕੋਇ ਨਾ ਆਈਆ । ਮੈਂ ਘਟ ਘਟ ਦੇ ਅੰਦਰ ਵੜ
ਕੇ ਨੱਚਾ, ਮਨ ਚੰਚਲ ਨਾਲ ਬਣਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਅੰਦਰ ਰਚਾ, ਸਾਢੇ ਤਿੰਨ ਕਰੋੜ ਮੇਰੀ ਦਏ ਗੁਵਾਹੀਆ । ਆਤਮ ਧਾਰ
ਤੇਰਾ ਕਿਸੇ ਨੂੰ ਲੱਗਣ ਨਹੀਂ ਦਿਤਾ ਪਤਾ, ਪਤਿਪਰਮੇਸ਼ਵਰ ਤੇਰਾ ਦਰਸ ਕੋਇ ਨਾ ਪਾਈਆ । ਹਰ ਹਿਰਦੇ ਅੰਦਰ ਮੇਰੀ ਵੇਖ ਲੈ ਫ਼ਤਹ, ਫ਼ਤਿਹ
ਦਾ ਡੰਕਾ ਦਿਤਾ ਵਜਾਈਆ । ਕੂੜ ਬੀਜਿਆ ਆਪਣੇ ਵਤਾ, ਸਚ ਦੀ ਜੜ੍ਹ ਦਿਤੀ ਉਖੜਾਈਆ । ਧਰਮ ਦੀ ਧਰਤੀ ਉਤੇ ਕਰਕੇ ਹੱਤਾ, ਹੱਤਿਆ

ਕੀਤੀ ਥਾਉਂ ਥਾਈਂਆ । ਬਿਨ ਤੇਰੇ ਮੈਨੂੰ ਭੈ ਨਹੀਂ ਕੋਈ ਰਤਾ, ਗੁਰ ਅਵਤਾਰ ਪੈਗ਼ੰਬਰਾਂ ਡਰ ਕੇ ਸੀਸ ਨਾ ਕੋਇ ਨਿਵਾਈਆ । ਤੇਰੇ ਅਗੇ ਵਾਸਤਾ ਘੱਤਾਂ, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਮਨਸਾ ਵੇਖ ਵਖਾਈਆ । ਕਲਜੁਗ ਕਹੇ ਪ੍ਰਭੂ ਮੇਰੀ ਤਕ ਲੈ ਮਨਸਾ, ਖ਼ਾਹਿਸ਼ ਤੇਰੇ ਚਰਨ ਟਿਕਾਈਆ । ਕਲਜੁਗ ਜੀਵ ਕਾਗ ਬਣਾਏ ਹੰਸਾ, ਮਾਣਕ ਮੋਤੀ ਚੋਗ ਚੁਗਣ ਕੋਇ ਨਾ ਪਾਈਆ । ਪੰਚ ਵਿਕਾਰ ਬਣਾ ਕੇ ਆਪਣੇ ਬੰਸਾ, ਕਾਮ ਕਰੋਧ ਲੋਭ ਮੋਹ ਹੰਕਾਰ ਕੀਤਾ ਹਲਕਾਈਆ । ਮੇਰੇ ਅੰਤਰ ਨਿਰੰਤਰ ਰਹੇ ਕੋਈ ਨਾ ਸੰਸਾ, ਸੰਸਾ ਜਗਤ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮਾਲਕ ਹੋਣਾ ਸਹਾਈਆ । ਕਲਜੁਗ ਕਹੇ ਪ੍ਰਭੂ ਮੇਰੇ ਉਤੇ ਕਿਰਪਾ ਹੋਰ ਕਰ ਦੇ, ਕਿਰਪਨ ਆਪਣੀ ਦਇਆ ਕਮਾਈਆ । ਮੇਰੇ ਖ਼ਾਲੀ ਭੰਡਾਰੇ ਭਰ ਦੇ, ਵਸਤ ਅਮੁਲ ਅਤੁਲ ਵਰਤਾਈਆ । ਖੇਲ ਵੇਖ ਲੈ ਮੇਰੇ ਸੁਹੰਜਣੇ ਘਰ ਦੇ, ਲੋਕਮਾਤ ਧਿਆਨ ਲਗਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰੇ ਕੋਲੋਂ ਜੀਵ ਮੂਲ ਨਾ ਡਰਦੇ, ਭੈ ਵਿਚ ਨਾ ਕੋਇ ਸਮਾਈਆ । ਮਨ ਕਲਪਣਾ ਵਿਚ ਸਾਰੇ ਲੜਦੇ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਮੈਂ ਭਰਾਂਤ ਭੁਲੇਖੇ ਰਖੇ ਚੋਟੀ ਜੜ੍ਹ ਦੇ, ਚੇਤਨ ਸਮਝ ਕੋਇ ਨਾ ਆਈਆ । ਘਰ ਘਰ ਕਿਲੇ ਬਣਾਏ ਤੇਰੇ ਹੰਕਾਰੀ ਗੜ੍ਹ ਦੇ, ਹਉਮੇ ਹੰਗਤਾ ਨਾ ਕੋਇ ਮਿਟਾਈਆ । ਮੇਰੀ ਕੂੜ ਦੀ ਅਗਨੀ ਵਿਚ ਸਾਰੇ ਵੇਖ ਲੈ ਸੜਦੇ, ਸਾਂਤਕ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਕਲਜੁਗ ਕਹੇ ਪ੍ਰਭੂ ਮੈਨੂੰ ਪਿਆਰ ਨਾਲ ਬਠਾ ਲੈ ਆਪਣੀ ਗੋਦੀ, ਗੋਦਾਵਰੀ ਲੇਖਾ ਗੋਬਿੰਦ ਵਾਲਾ ਪੂਰ ਕਰਾਈਆ । ਉਹ ਤਕ ਲੈ ਨਾਰਦ ਹਿਲਾਉਂਦਾ ਆ ਗਿਆ ਬੋਦੀ, ਬਿਨ ਪਵਣਾਂ ਪਵਣ ਉਡਾਈਆ । ਨਾਲੇ ਬੋਲਦਾ ਆਵੇ ਤੇਰਾ ਪ੍ਰਭੂ ਖੇਲ ਬੜਾ ਅਮੋਘੀ, ਅੰਤ ਕਹਿਣ ਕਿਛ ਨਾ ਪਾਈਆ । ਤੇਰੀ ਸ੍ਰਿਸ਼ਟੀ ਜਗਤ ਮੂਲ ਨਾ ਜਾਏ ਸੋਧੀ, ਸੁਦੀ ਵਦੀ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਕਲਜੁਗ ਕਹੇ ਪ੍ਰਭੂ ਮੈਂ ਸੁਤ ਤੇਰਾ ਜੋਬਨਵੰਤਾ, ਜਵਾਨੀ ਵਿਚ ਲਵਾਂ ਅੰਗੜਾਈਆ । ਮਾਣ ਰਹਿਣ ਦੇਣਾ ਨਹੀਂ ਕਿਸੇ ਪੰਡਤਾ, ਅਕਲ ਬੁੱਧੀ ਦੀ ਚਲੇ ਨਾ ਕੋਇ ਚਤੁਰਾਈਆ । ਮੈਂ ਖੇਲ ਖਿਲਾਉਂਣਾ ਜੇਰਜ ਅੰਡਜਾ, ਉਤਭੁਜ ਸੇਤਜ ਹਲੂਣਾ ਦੇਣਾ ਥਾਉਂ ਥਾਈਂਆ । ਮੇਰਾ ਰੂਪ ਨਹੀਂ ਕੋਈ ਤਤ ਪੰਜ ਦਾ, ਪੰਚਮ ਸੰਗ ਨਾ ਕੋਇ ਰਖਾਈਆ । ਮੇਰਾ ਦਿਲ ਕਰਦਾ ਸਦੀ ਚੌਧਵੀਂ ਅੰਤ ਖੇਲ ਵੇਖਾਂ ਨੌ ਖੰਡ ਪ੍ਰਿਥਮੀ ਜੰਗ ਦਾ, ਸੱਤਾਂ ਦੀਪਾਂ ਨਾਲ ਮਿਲਾਈਆ । ਡੰਡਾਵਤ ਬੰਦਨਾ ਸਯਦਾ ਕਰਕੇ ਪੁਰਖ ਅਕਾਲੇ ਇਕੋ ਮੰਗ ਮੰਗਦਾ, ਪਰਵਰਦਿਗਾਰ ਸਾਂਝੇ ਯਾਰ ਮੇਰੀ ਝੋਲੀ ਦੇਣੀ ਪਾਈਆ । ਉਹ ਵੇਖ ਲੈ ਮੂਸਾ ਈਸਾ ਵਕ਼ਤ ਜਾਂਦਾ ਲੰਘਦਾ, ਸਾਰੇ ਤਕਣ ਥਾਉਂ ਥਾਈਂਆ । ਤੂੰ ਖੇਲ ਵੇਖ ਲੈ ਗੋਬਿੰਦ ਆਪਣੇ ਫ਼ਰਜ਼ੰਦ ਦਾ, ਫ਼ਾਜ਼ਲ ਹੋ ਕੇ ਧਿਆਨ ਲਗਾਈਆ । ਜਿਸ ਲੇਖਾ ਪੂਰਾ ਕਰਨਾ ਪੁਰੀ ਅਨੰਦ ਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਉਹ ਵੇਖ ਇਸ਼ਾਰਾ ਮਿਲਦਾ ਤਾਰਾ ਚੰਦ ਦਾ, ਚੰਦ ਸਿਤਾਰ ਕੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਕਲਜੁਗ ਕਹੇ ਪ੍ਰਭੂ ਮੈਂ ਸੇਵਾ ਕਰਾਂ ਅਪਾਰ, ਅਪਰੰਪਰ ਸੁਆਮੀ ਦੇਣੀ ਵਡਿਆਈਆ । ਮਿਹਰਵਾਨ ਹੋ ਕੇ ਮੇਰੇ ਉਤੇ ਨਿਗਾਹ ਮਾਰ,

ਮਹਿਬਾਨ ਤੇਰੀ ਓਟ ਤਕਾਈਆ । ਮੈਂ ਖੇਲਾਂ ਖੇਲ ਵਿਚ ਸੰਸਾਰ, ਸੰਸਾ ਜਗਤ ਰਹੇ ਨਾ ਰਾਈਆ । ਤੂੰ ਮੇਰਾ ਹੋਣਾ ਮਦਦਗਾਰ, ਸਿਰ ਮੇਰੇ ਹੱਥ ਟਿਕਾਈਆ । ਨੌ ਖੰਡ ਪ੍ਰਿਥਮੀ ਹਲੂਣਾ ਦੇਵਾਂ ਏਕਾ ਵਾਰ, ਏਕੰਕਾਰ ਤੇਰੀ ਓਟ ਤਕਾਈਆ । ਮੈਂ ਆਪਣਾ ਖੇਲ ਵਖਾਉਣਾ ਚਾਹੁੰਦਾ ਵਿਚ ਸਾਲ ਦੋ ਚਾਰ, ਬਹੁਤੀ ਮੰਗ ਨਾ ਕੋਇ ਮੰਗਾਈਆ । ਦਰੋਹੀ ਫੇਰਾਂ ਵਿਚ ਪੁਰਖ ਨਾਰ, ਨਰ ਨਰਾਇਣ ਦੂਜਾ ਨਜ਼ਰ ਕੋਇ ਨਾ ਆਈਆ । ਮੇਰੀ ਬੇਨੰਤੀ ਸੁਣ ਲੈ ਗਿਰਿਆਜ਼ਾਰ, ਗਿਰਾਬਾਨ ਹੋ ਕੇ ਧਿਆਨ ਲਗਾਈਆ । ਮੈਂ ਤੇਰਾ ਸੁਤ ਦੁਲਾਰਾ ਮਾਂਗਤ ਬਣਾਂ ਭਿਖਾਰ, ਭਿਖਕ ਹੋ ਕੇ ਝੋਲੀ ਡਾਹੀਆ । ਮੇਰੇ ਖ਼ਾਲੀ ਭਰ ਭੰਡਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਆਪ ਵਰਤਾਈਆ । ਕਲਜੁਗ ਕਹੇ ਪ੍ਰਭੂ ਮੇਰੇ ਉਤੇ ਕਰ ਮਿਹਰਵਾਨੀ, ਮਿਹਰ ਨਜ਼ਰ ਨਜ਼ਰ ਉਠਾਈਆ । ਮੈਂ ਚਾਰੋਂ ਕੁੰਟ ਕੂੜ ਦੀ ਦੱਸਾਂ ਨਿਸ਼ਾਨੀ, ਨਿਸ਼ਾਨਾ ਧਰਮ ਰਹਿਣ ਕੋਇ ਨਾ ਪਾਈਆ । ਹਰ ਹਿਰਦੇ ਅੰਦਰ ਤਕਾਂ ਬੇਈਮਾਨੀ, ਬੇਵਾ ਕਰਾਂ ਖ਼ਲਕ ਖ਼ੁਦਾਈਆ । ਨੂਰ ਨਜ਼ਰ ਨਾ ਆਏ ਅਸਮਾਨੀ, ਇਸਮ ਆਜ਼ਮ ਸਮਝ ਕੋਇ ਨਾ ਪਾਈਆ । ਚਾਰੇ ਕੁੰਟ ਕੁੰਟ ਕਰਾਂ ਪਰੇਸ਼ਾਨੀ, ਪਸਚਾਤਾਪ ਵਿਚ ਦਿਸੇ ਲੋਕਾਈਆ । ਸਭ ਨੂੰ ਦੱਸਾਂ ਜੂਹ ਬੇਗਾਨੀ, ਘਰ ਮੰਦਰ ਨਾ ਕੋਇ ਸੁਹਾਈਆ । ਮੰਜ਼ਲ ਰਹੇ ਨਾ ਕਿਸੇ ਰੂਹਾਨੀ, ਰੂਹ ਬੁਤ ਦੋਵੇਂ ਰੋਵਣ ਮਾਰਨ ਧਾਹੀਆ । ਮੇਰੇ ਮਾਲਕ ਖ਼ਾਲਕ ਮੇਰਾ ਲੇਖਾ ਲਿਖ ਦੇ ਬਿਨਾ ਕ਼ਲਮ ਕਾਨੀ, ਕਾਇਨਾਤ ਵਿਚੋਂ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ

੪੫੯ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਕਲਜੁਗ ਕਹੇ ਪ੍ਰਭੂ ਮੈਂ ਦਿਵਸ ਰੈਣ ਤੇਰੀ ਸੇਵ ਕਰਦਾ, ਕਰਤਾ ਪੁਰਖ ਦੇਣੀ ਸਰਨਾਈਆ । ਮੈਂ ਮਾਲਕ ੪੫੯

੨੪ ਬਣਿਆ ਘਰ ਘਰ ਦਾ, ਹਰ ਘਟ ਅੰਦਰ ਡੇਰਾ ਲਾਈਆ । ਮੇਰੇ ਪਿਆਰ ਵਿਚ ਤੇਰੇ ਨਾਲ ਪਿਆਰ ਕੋਈ ਨਾ ਕਰਦਾ, ਮੁਹੱਬਤ ਵਿਚ ਨਾ ਕੋਇ ੨੪

ਸਮਾਈਆ । ਮੇਰਾ ਨਾਤਾ ਲਹਿਣਾ ਨਾਲ ਪੰਜ ਦਲ ਦਾ, ਦੂਸਰ ਸੰਗ ਨਾ ਕੋਇ ਬਣਾਈਆ । ਕੂੜ ਕੁੜਿਆਰ ਮੇਰਾ ਪਰਵਾਰ ਵੇਖ ਲੈ ਫਲਦਾ, ਫਲੀਭੂਤ ਦੇਣਾ ਕਰਾਈਆ । ਮੈਂ ਮਾਣ ਰਹਿਣ ਦਿਤਾ ਨਹੀਂ ਤੀਰਥ ਅਠਸਠ ਜਲ ਦਾ, ਜਲਧਾਰ ਅੰਮ੍ਰਿਤ ਰੂਪ ਨਾ ਕੋਇ ਸਮਾਈਆ । ਸਵਾਸ ਪਵਿਤ੍ਰ ਰਹਿਣ ਦਿਤਾ ਨਹੀਂ ਕਾਇਆ ਮਾਟੀ ਖਲ ਦਾ, ਖ਼ਾਲਕ ਖ਼ਲਕ ਤੇਰੀ ਓਟ ਤਕਾਈਆ । ਮੇਰਾ ਲਹਿਣਾ ਦੇਣਾ ਤਕ ਲੈ ਜਲ ਥਲ ਦਾ, ਮਹੀਅਲ ਖੋਜ ਖੁਜਾਈਆ । ਧਰਨੀ ਉਤੇ ਦੀਪਕ ਰਹੇ ਕੋਈ ਨਾ ਜਲਦਾ, ਜਾਗਰਤ ਜੋਤ ਨਜ਼ਰ ਕਿਸੇ ਨਾ ਆਈਆ । ਮੈਨੂੰ ਤੇਰਾ ਸਤਿਗੁਰ ਸ਼ਬਦ ਸੁਨੇਹਉੜੇ ਘਲਦਾ, ਬਿਨ ਰਸਨਾ ਜਿਹਵਾ ਸੁਣਾਈਆ । ਭਾਣਾ ਮੇਟਣਾ ਪੁਰਖ ਅਕਾਲ ਅਟਲ ਦਾ, ਜੋ ਨਿਹਚਲ ਬੈਠਾ ਆਸਣ ਲਾਈਆ । ਲੇਖਾ ਪੂਰਾ ਕਰਨਾ ਨਾਨਕ ਵਾਲੀ ਇਕ ਗੱਲ ਦਾ, ਜਿਸ ਦਾ ਪੜਦਾ ਸਕੇ ਨਾ ਕੋਇ ਚੁਕਾਈਆ । ਕਲਜੁਗ ਕਹੇ ਪ੍ਰਭੂ ਮੇਰਾ ਵਕ਼ਤ ਸੁਹੰਜਣਾ ਅਛਲ ਛਲ ਦਾ, ਛਲਧਾਰੀ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਹੋਣਾ ਸਹਾਈਆ । ਕਲਜੁਗ ਕਹੇ ਪ੍ਰਭੂ ਮੈਂ ਖ਼ੁਸ਼ੀਆਂ ਦੇ ਵਿਚ ਨੱਠਾ, ਭੱਜਾਂ ਵਾਹੋ ਦਾਹੀਆ । ਮੈਨੂੰ ਸਤਿਜੁਗ ਤ੍ਰੇਤਾ ਦੁਆਪਰ ਕਰਦੇ ਠੱਠਾ, ਮਖ਼ੌਲ ਰਹੇ ਉਡਾਈਆ । ਮੈਂ ਹਸ ਕੇ ਕਿਹਾ ਸੋਹਣਿਓ ਮੈਂ ਉਸ ਪਰਮ ਪੁਰਖ ਦਾ ਪੱਠਾ, ਜਿਸ ਦੀ ਗੋਬਿੰਦ ਯਾਰੜਾ ਸੇਜ ਹੰਢਾਈਆ । ਮੈਂ ਉਸ ਦੀ ਸ਼ਰਨ ਸ਼ਰਨਾਈ ਢੱਠਾ, ਬਿਨ ਕ਼ਦਮਾਂ ਸੀਸ ਨਿਵਾਈਆ । ਜਿਸ ਨੇ ਨੌ ਖੰਡ ਪ੍ਰਿਥਮੀ ਦੀਨ ਮਜ਼੍ਹਬ ਕਰਕੇ ਇਕੱਠਾ, ਇਕੋ ਹੁਕਮ ਦੇਣਾ ਸਮਝਾਈਆ ।

ਮੇਰੇ ਅੰਤ ਸ੍ਰੀ ਭਗਵੰਤ ਉਲਟੀ ਗੇੜਨੀ ਲਠਾ, ਗੇੜਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਝਟ ਸਤਿਗੁਰ ਸ਼ਬਦ ਅਗੰਮੀ ਧਾਰ ਪਿਆ ਹਸ, ਹਸ ਹਸ ਕੇ ਰਿਹਾ ਜਣਾਈਆ । ਕਲਜੁਗ ਕੁਝ ਆਪਣੀ ਹੋਰ ਹਕੀਕ਼ਤ ਦੱਸ, ਦਹਿ ਦਿਸ਼ਾ ਦਾ ਪੜਦਾ ਲਾਹੀਆ । ਕੀ ਕੂੜ ਵਿਕਾਰ ਦਾ ਵਰਤਾਇਆ ਰਸ, ਰਸਤਾ ਕਵਨ ਕਵਨ ਵਖਾਈਆ । ਕਿਹੜਾ ਦੀਨ ਮਜ਼੍ਹਬ ਤੇਰੇ ਵਿਕਾਰ ਵਿਚ ਗਿਆ ਫਸ, ਜ਼ੰਜੀਰ ਸਕੇ ਨਾ ਕੋਇ ਤੁੜਾਈਆ । ਕਲਜੁਗ ਕਹੇ ਸਤਿਗੁਰ ਸ਼ਬਦ ਉਹ ਤਕ ਲੈ ਚਾਰੋਂ ਕੁੰਟ ਅੰਧੇਰੀ ਮਸ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਪ੍ਰਭੂ ਦਾ ਕਰ ਸਕੇ ਕੋਈ ਨਾ ਜਸ, ਇਹ ਮੇਰੇ ਹੱਥ ਵਡਿਆਈਆ । ਮੈਂ ਕੂੜ ਕੁੜਿਆਰੀ ਮਾਇਆ ਨਾਲ ਹਰ ਹਿਰਦਾ ਦਿਤਾ ਡਸ, ਨਾਗਣੀ ਹੋ ਕੇ ਆਪਣਾ ਡੰਗ ਚਲਾਈਆ । ਸੂਰਬੀਰਾਂ ਸ਼ਾਹ ਸੁਲਤਾਨਾਂ ਕਰਕੇ ਕੂੜ ਦੇ ਵਸ, ਵਾਸਤਾ ਮਮਤਾ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਸਤਿਗੁਰ ਸ਼ਬਦ ਮੇਰਾ ਸੁਣ ਲੈ ਕੂੜ ਦਾ ਡੰਕਾ, ਡੌਰੂ ਦਿਤਾ ਵਜਾਈਆ । ਮਾਣ ਰਹਿਣ ਨਹੀਂ ਦਿਤਾ ਰਾਓ ਰੰਕਾ, ਰਾਜ ਰਾਜਾਨ ਸ਼ਾਹ ਸੁਲਤਾਨ ਬਚਿਆ ਨਜ਼ਰ ਕੋਇ ਨਾ ਆਈਆ । ਸਤਿ ਦਾ ਰੂਪ ਬਣਾਇਆ ਧਾਰ ਪੰਜ ?ਗਵਕਾ, ਵਜੂਦ ਮਹਿਬੂਬ ਨਜ਼ਰ ਕਿਸੇ ਨਾ ਆਈਆ । ਪਿਆਰ ਰਿਹਾ ਨਾ ਤੇਰੇ ਨਾਲ ਜਗਤ ਜਨ ਕਾ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਖੇਲ ਖੇਲਿਆ ਮਾਇਆ ਮਮਤਾ ਮੋਹ ਵਿਕਾਰ ਅਨਕਾ, ਅਨਕ ਕਲ ਆਪਣੀ ਦਿਤੀ ਵਰਤਾਈਆ । ਤੇਰੇ ਨਾਮ ਨਾਲ ਲੋਭ ਲਾਲਚ ਵਧਾਇਆ ਧਨ ਕਾ, ਧਰਮ ਦੀ ਧਾਰ ਨਜ਼ਰ ਕੋਇ ਨਾ ਆਈਆ । ਪਿਆਰ ਰਹਿਣ ਦਿਤਾ ਨਹੀਂ ਕਿਸੇ ਨੂੰ ਬ੍ਰਹਮ ਕਾ, ਬ੍ਰਹਮ ਵਿਦਿਆ ਪੜ੍ਹਨ ਕੋਇ ਨਾ ਪਾਈਆ । ਡਰ ਰਿਹਾ ਨਹੀਂ ਸ਼ੰਕਰ ਵਾਲੇ ਜਮ ਕਾ, ਲਾੜੀ ਮੌਤ ਭੈ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕਹੇ ਇਕੋ ਸਹਾਰਾ ਤੇਰੇ ਚਰਨ ਕਾ, ਚਰਨ ਕਵਲ ਉਪਰ ਧਵਲ ਦੇਣੀ ਸਰਨ ਸਚੀ ਸਰਨਾਈਆ ।

### ✪ ੧੫ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਦਰਸ਼ਨ ਸਿੰਘ ਦੇ ਗ੍ਰਿਹ ੨੫ ਹੋਲੀ ਰੋਡ ਥੋਰਟਨ ਲੋਝ ਹੁਡੇਰਸਫ਼ੀਲਡ ਲੰਡਨ ✪

ਕਲਜੁਗ ਕਹੇ ਪ੍ਰਭੂ ਮੇਰਾ ਬਣਨਾ ਸਕਾ, ਸਗਲਾ ਸੰਗੀ ਬਹੁਰੰਗੀ ਇਕ ਅਖਵਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਮੇਰਾ ਨਾਤਾ ਜੋੜਨਾ ਪੱਕਾ, ਪਾਰਬ੍ਰਹਮ ਮੇਲਾ ਮੇਲਣਾ ਚਾਈਂ ਚਾਈਂਆ । ਮੈਨੂੰ ਹੁਕਮ ਸੰਦੇਸ਼ਾ ਇਕੋ ਦੇ ਦੇ ਯਕਾ, ਵਾਹਿਦ ਆਪਣਾ ਹੁਕਮ ਵਰਤਾਈਆ । ਤੇਰੇ ਹੁਕਮ ਵਿਚ ਦੀਨ ਦੁਨੀ ਲਾਵਾਂ ਧੱਕਾ, ਧਰਨੀ ਧਰਤ ਧਵਲ ਧੌਲ ਦਿਆਂ ਹਲਾਈਆ । ਹਲੂਣਾ ਦੇ ਕੇ ਬੂਰਾ ਕੱਕਾ, ਕਰਬਲੇ ਕਾਅਬਿਆਂ ਲਵਾਂ ਉਠਾਈਆ । ਸ਼ਰਅ ਸ਼ਰੀਅਤ ਹਲੂਣਾ ਦੇਵਾਂ ਮਦੀਨਾਂ ਮੱਕਾ, ਮਕਬਰੇ ਪੈਗ਼ੰਬਰਾਂ ਦੇ ਦੇਣ ਗਵਾਹੀਆ । ਤੂੰ ਪਰਵਰਦਿਗਾਰ ਨੂਰ ਅਲਾਹ ਮਾਲਕ ਹਕਾ, ਹਕ਼ੀਕ਼ਤ ਤੇਰੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ


੪੬੦
੨੪

ਆਪ ਸਮਝਾਈਆ । ਕਲਜੁਗ ਕਹੇ ਪ੍ਰਭੂ ਤੇਰੇ ਹੁਕਮ ਦੀ ਅਗੰਮੀ ਲੋੜ, ਲੁੜੀਂਦੇ ਸੱਜਣ ਦਿਆਂ ਜਣਾਈਆ । ਮੈਂ ਕੂੜ ਕੁੜਿਆਰ ਦੇ ਚੜ੍ਹਾਂ ਘੋੜ, ਬਿਨ ਕ਼ਦਮਾਂ ਭੱਜਾਂ ਵਾਹੋ ਦਾਹੀਆ । ਤੇਰੀ ਕਾਇਨਾਤ ਫਲ ਕਰਾਂ ਮਿਠਾ ਕੌੜ, ਰਸਨਾ ਰਸ ਰਹਿਣ ਕੋਇ ਨਾ ਪਾਈਆ । ਬੇਸ਼ਕ ਤੈਨੂੰ ਵੇਦ ਵਿਆਸੇ ਕਿਹਾ ਆਵੇ ਬ੍ਰਾਹਮਣ ਗੌੜ, ਬ੍ਰਹਮ ਤੋਂ ਪਰੇ ਪੜਦਾ ਆਪ ਚੁਕਾਈਆ । ਅੰਤ ਕਲਜੁਗ ਤੈਨੂੰ ਜਾਵੇ ਬਹੁੜ, ਬਹੁੜੀ ਬਹੁੜੀ ਕਰੇ ਖ਼ਲਕ ਖ਼ੁਦਾਈਆ । ਜਿਸ ਦਾ ਮਾਰਗ ਹੋਵੇ ਬੜਾ ਸੌੜ, ਪਾਂਧੀ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਕਲਜੁਗ ਕਹੇ ਪ੍ਰਭੂ ਮੇਰਾ ਕੂੜ ਸਭ ਦਾ ਬਣੇ ਮੁਦਈ, ਮੁੱਦਾ ਸਮਝ ਕਿਸੇ ਨਾ ਆਈਆ । ਮੈਂ ਖੇਲ ਖਿਲਾਵਾਂ ਬਣ ਕੇ ਸ਼ਰਅ ਦਾ ਸ਼ਰਈ, ਸ਼ਰੀਅਤ ਆਪਣਾ ਹੁਕਮ ਵਰਤਾਈਆ । ਮੇਰੀ ਆਸ਼ਾ ਪੂਰੀ ਕਰਨੀ ਜੋ ਰਾਮ ਸੰਦੇਸ਼ਾ ਦਿਤਾ ਤ੍ਰੇਤੇ ਜੁਗ ਕਕਈ, ਮਤਰੇਈ ਆਪਣਾ ਹੁਕਮ ਵਰਤਾਈਆ । ਕ੍ਰਿਸ਼ਨ ਅਰਜਨ ਨਾਲ ਪਾਈ ਸੇਈ, ਸਹਿਜ ਸਹਿਜ ਆਪਣਾ ਭੇਵ ਚੁਕਾਈਆ । ਮੁਹੰਮਦ ਨੂੰ ਸੰਦੇਸ਼ਾ ਦਿਤਾ ਜਬਰਾਈਲ ਵਹੀ, ਮੇਕਾਈਲ ਅਸਰਾਈਲ ਅਸਰਾਫ਼ੀਲ ਵੇਖ ਵਖਾਈਆ । ਗੋਬਿੰਦ ਇਸ਼ਾਰਾ ਦਿਤਾ ਲਹਿਣਾ ਤਕ ਲੈ ਢਈਆ ਢਈ, ਲੋਕਮਾਤੀ ਆਪਣਾ ਪੰਧ ਮੁਕਾਈਆ । ਉਸੇ ਵੇਲੇ ਰਾਏ ਧਰਮ ਸਭ ਦਾ ਲੇਖਾ ਕੱਢਕੇ ਵੇਖੇ ਵਹੀ, ਚਿਤਰ ਗੁਪਤ ਨਾਲ ਮਿਲਾਈਆ । ਲਾੜੀ ਮੌਤ ਆਪਣੀ ਖੇਲ ਕਰੇ ਨਈ, ਜਿਸ ਦੀ ਸਮਝ ਕੋਇ ਨਾ ਪਾਈਆ । ਤੇਰੇ ਹੁਕਮ ਵਿਚ ਜੁਗ ਲੰਘ ਗਏ ਕੇਤੜੇ ਕਈ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਆਪਣਾ ਪੰਧ ਮੁਕਾਈਆ । ਮੇਰੇ ਪੁਰਖ ਅਕਾਲ ਦੀਨ ਦਿਆਲ ਮੈਨੂੰ ਵਸਤ ਅਗੰਮ ਦਈ, ਦੇਵਣਹਾਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਕਲਜੁਗ ਕਹੇ ਪ੍ਰਭੂ ਮੇਰੀਆਂ ਪੂਰੀਆਂ ਕਰ ਮੁਰਾਦਾਂ, ਮੁਰਸ਼ਦ ਬਣ ਕੇ ਧੁਰਦਰਗਾਹੀਆ । ਅਗੇ ਸਤਿਜੁਗ ਤ੍ਰੇਤਾ ਦੁਆਪਰ ਮੇਰੀਆਂ ਰਹਿਣ ਯਾਦਾਂ, ਗੁਣ ਸਕੇ ਨਾ ਕੋਇ ਭੁਲਾਈਆ । ਤੇਰਾ ਖੇਲ ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦਾ, ਬ੍ਰਹਿਮਾਂਡ ਤੇਰੀ ਵਡ ਵਡਿਆਈਆ । ਤੂੰ ਨਿਰਗੁਣ ਧਾਰ ਬੋਧ ਅਗਾਧਾ, ਬੁੱਧੀ ਤੋਂ ਪਰੇ ਦੇਣੀ ਪੜ੍ਹਾਈਆ । ਮੈਨੂੰ ਜਿਸ ਕਾਰਨ ਲਡਾਇਆ ਲਾਡਾ, ਆਪਣੀ ਗੋਦ ਟਿਕਾਈਆ । ਉਹ ਵਕ਼ਤ ਯਾਦ ਕਰ ਲੈ ਜਿਸ ਵੇਲੇ ਈਸਾ ਤੈਨੂੰ ਕਿਹਾ ਗਾਡਾ, ਗੁਡ ਗਾਡ ਕਹਿ ਕੇ ਤੈਨੂੰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਆਸ਼ਾ ਪੂਰ ਕਰਾਈਆ । ਕਲਜੁਗ ਕਹੇ ਪ੍ਰਭੂ ਮੇਰੀ ਇਕੋ ਇਕ ਆਸ਼ਾ, ਅਸਲ ਵਸਲ ਯਾਰ ਦਿਆਂ ਕਰਾਈਆ । ਤੂੰ ਸ਼ਹਿਨਸ਼ਾਹ ਤੇ ਸ਼ਾਹੋ ਸ਼ਾਬਾਸ਼ਾ, ਪਾਤਸ਼ਾਹ ਨੂਰ ਅਲਾਹੀਆ । ਮੈਨੂੰ ਅਵਤਾਰ ਪੈਗ਼ੰਬਰਾਂ ਗੁਰੂਆਂ ਤੇਰਾ ਦਿਤਾ ਭਰਵਾਸਾ, ਭਗਵਨ ਤੇਰਾ ਰਾਹ ਜਣਾਈਆ । ਮੈਨੂੰ ਸੰਦੇਸ਼ਾ ਦੇਵੇ ਸ਼ੰਕਰ ਉਤੋਂ ਕੈਲਾਸ਼ਾ, ਬਿਨ ਰਸਨਾ ਜਿਹਵਾ ਰਿਹਾ ਦ੍ਰਿੜਾਈਆ । ਕਲਜੁਗਾ ਦੀਨ ਦੁਨੀਆ ਉਲਟਾ ਦੇ ਪਾਸਾ, ਪੇਸ਼ੀਨਗੋਈਆਂ ਪਿਛਲੀਆਂ ਨਾਲ ਮਿਲਾਈਆ । ਸ਼ਰਅ ਦਾ ਰਹੇ ਨਾ ਕੋਇ ਬਦਮੁਆਸ਼ਾ, ਬਦੀ ਦਾ ਡੇਰਾ ਦੇਣਾ ਢਾਹੀਆ । ਕਲਜੁਗ ਕਹੇ ਪ੍ਰਭੂ ਮੈਂ ਤੈਨੂੰ ਗਾਵਾਂ ਸਵਾਸ ਸਵਾਸਾ, ਸਾਹ ਸਾਹ ਤੇਰਾ ਨਾਮ ਧਿਆਈਆ । ਉਹ ਤਕ ਲੈ ਤੇਰੇ ਹੁਕਮ ਵਿਚ ਲਾੜੀ ਮੌਤ ਕਰਦੀ ਹਾਸਾ, ਆਪਣਾ ਨਾਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇ ਸਾਹਿਬ ਮੇਰੇ ਗੁਸਾਈਆ । ਸ਼ੰਕਰ ਕਹੇ ਕਲਜੁਗ ਸੋਹਣਿਆ ਆਪਣੀ ਕਲਾਧਾਰ, ਕਲਕਾਤੀ ਹੋ ਕੇ ਲੈ ਅੰਗੜਾਈਆ ।

ਨਿਗਾਹ ਮਾਰ ਵਿਚ ਸੰਸਾਰ, ਗ੍ਰਿਹਿ ਗ੍ਰਿਹਿ ਅੰਦਰ ਵੇਖ ਵਖਾਈਆ । ਤੇਰਾ ਲਹਿਣਾ ਦੇਣਾ ਨਾਲ ਪੁਰਖ ਨਾਰ, ਇਸਤਰੀ ਮਰਦ ਵੰਡ ਨਾ ਕੋਇ ਵੰਡਾਈਆ । ਪਿਆਰ ਰਹਿਣ ਦੇਣਾ ਨਹੀਂ ਨਾਲ ਕਿਸੇ ਪੈਗ਼ੰਬਰ ਗੁਰ ਅਵਤਾਰ, ਪ੍ਰੀਤੀ ਵਿਚ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਤਕ ਲੈ ਮੁਹੰਮਦ ਦੀ ਆਸ਼ਾ ਕਰੇ ਇਜ਼ਹਾਰ, ਇਸਤਗੁਫ਼ਾਰ ਕਹਿ ਕੇ ਸੀਸ ਨਿਵਾਈਆ । ਮੇਰੇ ਮਿਹਰਵਾਨ ਮਹਿਬੂਬ ਮੈਂ ਤੇਰਾ ਕਰਾਂ ਇੰਤਜ਼ਾਰ, ਬਿਨ ਨੈਣਾਂ ਨੈਣ ਉਠਾਈਆ । ਤੂੰ ਮੇਰਾ ਨੂਰ ਅਲਾਹ ਬੇਪਰਵਾਹ ਪਰਵਰਦਿਗਾਰ, ਸਾਂਝਾ ਯਾਰ ਇਕ ਅਖਵਾਈਆ । ਤੇਰੀ ਕ਼ਦਮਬੋਸੀ ਵਿਚ ਆਪਾ ਦੇਣਾ ਵਾਰ, ਹਉ ਘੋਲੀ ਘੋਲ ਘੁਮਾਈਆ । ਮੇਰੇ ਬਾਕੀ ਰਹਿੰਦੇ ਗਿਣਤੀ ਦੇ ਕੋਈ ਸਾਲ ਦੋ ਚਾਰ, ਪੰਜ ਸੱਤ ਦਾ ਲੇਖਾ ਦੇਣਾ ਮੁਕਾਈਆ । ਮੈਂ ਮਾਂਗਤ ਹੋ ਕੇ ਬਣਾਂ ਭਿਖਾਰ, ਦਰਵੇਸ਼ਣ ਹੋ ਕੇ ਝੋਲੀ ਡਾਹੀਆ । ਕਲਜੁਗ ਕਹੇ ਮੈਂ ਬਣਾਂ ਉਸ ਦਾ ਮੀਤ ਮੁਰਾਰ, ਸਾਜਣ ਸਜਣੂਆ ਇਕ ਅਖਵਾਈਆ । ਮੇਰਾ ਵਾਅਦਾ ਮੁਹੰਮਦ ਨਾਲ ਕੌਲ ਇਕ਼ਰਾਰ, ਸ਼ਹਾਦਤ ਚਾਰ ਯਾਰ ਰਹੇ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਕਲਜੁਗ ਕਹੇ ਮੇਰਾ ਮਾਲਕ ਅਜ਼ੀ, ਅਰਸ਼ੇ ਆਲੀਜ਼ਾਹ ਨੂਰ ਅਲਾਹੀਆ । ਲੇਖਾ ਯਾਦ ਕਰ ਜੋ ਆਸ਼ਾ ਰਖੀ ਮਸੀਹ, ਮਸਲਾ ਤੇਰੇ ਕ਼ਦਮ ਕ਼ਦਮ ਟਿਕਾਈਆ । ਜਿਸ ਦੀ ਬਿਨਾ ਜ਼ਬਾਨ ਤੋਂ ਕੀਤੀ ਤਸ਼ਰੀਹ, ਬਿਨ ਕ਼ਲਮ ਸ਼ਾਹੀ ਲੇਖ ਬਣਾਈਆ । ਉਹਦੀ ਆਸ਼ਾ ਕਹਿੰਦੀ ਕੀ, ਕਾਇਨਾਤ ਕੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਆਪ ਵਰਤਾਈਆ । ਕਲਜੁਗ ਕਹੇ ਈਸਾ ਸਦੀ ਬੀਸਵੀਂ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਮੈਨੂੰ ਕਰਨਾ ਕਾਰ ਅੰਗੀ, ਆਪ ਆਪਣੀ ਗੋਦ ਉਠਾਈਆ । ਜਿਸ ਵੇਲੇ ਤੂੰ ਜਲ ਧਾਰਾ ਹੋਵੇ ਲੰਘੀ, ਚੌਥੇ ਆਪਣੇ ਕ਼ਦਮ ਟਿਕਾਈਆ । ਮੇਰੀ ਉਮਤ ਈਮਾਨ ਵਾਲੀ ਹੋਵੇ ਫ਼ਰੰਗੀ, ਫ਼ੈਸਲਾ ਹਕ ਦੇਣਾ ਕਰਾਈਆ । ਤੂੰ ਬਾਪ ਮੇਰਾ ਮੇਰੀ ਯਾਦ ਵਿਚ ਅੰਤਮ ਵੇਖੀਂ ਮੇਰੀ ਤੰਗੀ, ਬਿਨ ਨੈਣਾਂ ਨੈਣ ਉਠਾਈਆ । ਤੇਰਾ ਲੇਖਾ ਹੋਵੇ ਧਾਰ ਦੋ ਕੰਧੀ, ਕਾਇਨਾਤ ਵੰਡ ਵੰਡਾਈਆ । ਤੇਰੇ ਸ਼ਬਦ ਦੀ ਬਿਨਾ ਨੁਹਾਰ ਤੋਂ ਚਮਕੇ ਚੰਡੀ, ਆਪਣਾ ਰੂਪ ਬਦਲਾਈਆ । ਦਰੋਹੀ ਫੇਰਨੀ ਵਿਚ ਵਰਭੰਡੀ, ਬ੍ਰਹਿਮੰਡ ਖੰਡ ਹਲਕਾਈਆ । ਤੇਰਾ ਰੂਪ ਅਨੂਪ ਸ਼ਾਹੋ ਭੂਪ ਸਤਿਗੁਰ ਸ਼ਬਦ ਅਨੰਤ ਹੋਵੇ ਜੰਗੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੇਰਾ ਕੌਲ ਇਕਰਾਰ ਪਰਵਰਦਿਗਾਰ ਮੀਤ ਮੁਰਾਰ ਗਲ ਫਾਸੀ ਵਾਲੀ ਸੰਧੀ, ਸਲੀਬ ਸ਼ਹਾਦਤ ਦਏ ਭੁਗਤਾਈਆ । ਉਸ ਵੇਲੇ ਸਦੀ ਬੀਸਵੀਂ ਵਿਚ ਸਾਲ ਰਹਿੰਦੇ ਹੋਣੇ ਪੰਝੀ, ਪੰਜਾਂ ਦੇ ਮਾਲਕ ਮੇਰਾ ਲਹਿਣਾ ਦੇਣਾ ਮੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਲਹਿਣਾ ਪੂਰ ਕਰਾਈਆ । ਕਲਜੁਗ ਕਹੇ ਪ੍ਰਭੂ ਮੇਰੇ ਨੇਤਰਾਂ ਨੀਰ ਡੁਲ੍ਹਦਾ, ਬਿਨ ਅੱਖੀਆਂ ਰਿਹਾ ਵਹਾਈਆ । ਤੂੰ ਮਾਲਕ ਸੁਆਮੀ ਕੁੱਲ ਦਾ, ਅਗੰਮ ਅਥਾਹ ਧੁਰਦਰਗਾਹੀਆ । ਮੇਰਾ ਲਹਿਣਾ ਦੇਣਾ ਹੋਇਆ ਕੋਈ ਨਹੀਂ ਭੁਲ ਦਾ, ਭੁੱਲਿਆਂ ਮਾਰਗ ਆਪ ਲਗਾਈਆ । ਮੇਰਾ ਇਕੋ ਬਚਨ ਮੁੱਲ ਦਾ, ਕਰਨੀ ਕ਼ੀਮਤ ਦੇਣੀ ਚੁਕਾਈਆ । ਮੇਰਾ ਕੂੜ ਕੁੜਿਆਰ ਦੁਆਰ ਤੇਰੇ ਹੁਕਮ ਨਾਲ ਖੁਲ੍ਹਦਾ, ਜਿਸ ਨੂੰ ਬੰਦ ਨਾ ਕੋਇ ਕਰਾਈਆ । ਮੈਂ ਲੱਖ ਚੁਰਾਸੀ ਤੇਰਾ ਬੂਟਾ ਵੇਖਾਂ ਹੁਲਦਾ, ਫਲ ਫੁੱਲ ਸਿੰਮਲ ਵਾਲੇ ਨਜ਼ਰ ਕੋਇ ਨਾ ਆਈਆ । ਤੇਰੇ ਹੁਕਮ ਵਿਚ ਮੇਰਾ ਕੂੜ ਨਿਸ਼ਾਨਾ ਹੋਵੇ ਝੁਲਦਾ, ਝਲਕ ਤਕੇ ਖ਼ਲਕ ਖ਼ੁਦਾਈਆ । ਮੈਂ ਪਿਆਸਾ ਤੇਰੇ ਚਰਨ ਕਵਲ

ਧੁਲ ਦਾ, ਧੂੜੀ ਮਸਤਕ ਖ਼ਾਕ ਰਮਾਈਆ । ਮੇਰਾ ਮੋਹ ਵਿਕਾਰ ਵਿਚ ਸੰਸਾਰ ਹੋਵੇ ਫੁਲਦਾ, ਪੱਤ ਟਹਿਣੀ ਦੇਣੀ ਮਹਿਕਾਈਆ । ਬਿਨ ਤੇਰੀ ਕਿਰਪਾ ਤੇਰੀ ਚਰਨ ਪ੍ਰੀਤੀ ਕੋਈ ਨਾ ਘੁਲਦਾ, ਘੋਲੀ ਘੋਲ ਨਾ ਕੋਇ ਘੁਮਾਈਆ । ਤੂੰ ਪਿਆਰਾ ਆਦਿ ਜੁਗਾਦਿ ਮਾਲਕ ਸੁਲਹਕੁਲ ਦਾ, ਕੁੱਲ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਂ ਮਾਣ ਰਹਿਣ ਦੇਣਾ ਨਹੀਂ ਕਿਸੇ ਰਸਨਾ ਜਿਹਵਾ ਬਾਤ ਬੁੱਲ ਦਾ, ਬੱਤੀ ਦੰਦ ਦੰਦ ਨਾ ਕੋਇ ਵਡਿਆਈਆ ।

### ✪ ੧੯ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਹਰਭਜਨ ਕੌਰ ਦੇ ਗ੍ਰਿਹਿ ਨੰ੦ ੨ ਬਾਸਿਲ ਸਟਰੀਟ ਹੁਡਰਜ਼ ਫ਼ੀਲਡ ਲੰਡਨ ✪

ਨਾਰਦ ਕਹੇ ਸੁਣੋ ਪੈਗ਼ੰਬਰ ਗੁਰ ਅਵਤਾਰ, ਚਾਰ ਜੁਗ ਦੇ ਰਹਿਬਰੋ ਤੁਹਾਨੂੰ ਦਿਆਂ ਸੁਣਾਈਆ । ਸਤਿਗੁਰ ਸ਼ਬਦ ਦਾ ਖੇਲ ਵੇਖੋ ਅਪਾਰ, ਅਪਰੰਪਰ ਹੋ ਕੇ ਕੀ ਆਪਣਾ ਖੇਲ ਖਿਲਾਈਆ । ਪੁਰਖ ਅਕਾਲ ਦੀ ਤਕੋ ਅਗੰਮੀ ਧਾਰ, ਧਰਨੀ ਧਰਤ ਧਵਲ ਧੌਲ ਉਤੇ ਕੀ ਅੱਖ ਉਠਾਈਆ । ਜੋਤੀ ਜਾਤਾ ਹੋ ਕੇ ਫਿਰੇ ਵਿਚ ਸਰਬ ਸੰਸਾਰ, ਨਵ ਸੱਤ ਆਪਣੇ ਖੇਲ ਵੇਖੇ ਚਾਈਂ ਚਾਈਂਆ । ਜਿਸ ਦਾ ਸ਼ਬਦ ਸੰਦੇਸ਼ਾ ਦੇ ਕੇ ਆਏ ਵਾਰੋ ਵਾਰ, ਉਹ ਵਾਰਸ ਤੁਹਾਡੇ ਲਹਿਣੇ ਰਿਹਾ ਮੁਕਾਈਆ । ਉੱਤਰ ਪੂਰਬ ਪੱਛਮ ਦੱਖਣ ਜਿਸ ਦੀ ਮੌਲਣ ਵਾਲੀ ਬਹਾਰ, ਰੁਤ ਆਪਣੇ ਹੁਕਮ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਸਮਝਾਈਆ । ਨਾਰਦ ਕਹੇ ਗੁਰ ਅਵਤਾਰ ਪੈਗ਼ੰਬਰੋ ਵੇਖੋ ਕੀ ਹੋਇਆ ਗ਼ਜ਼ਬ, ਹੈਰਾਨੀ ਵਿਚ ਮੇਰੀ ਦੁਹਾਈਆ । ਪ੍ਰਭੂ ਨੇ ਤੁਹਾਡੇ ਕੋਲੋਂ ਨਿੱਕੇ ਨਿੱਕੇ ਬਣਾ ਕੇ ਮਜ਼੍ਹਬ, ਹਿੱਸੇ ਮਾਨਵ ਜ਼ਾਤੀ ਦਿਤੇ ਬਣਾਈਆ । ਦੀਨ ਦੁਨੀਆਂ ਤੋਂ ਤੁਹਾਡੇ ਪੂਜ ਕਰਾ ਕੇ ਕ਼ਦਮ, ਮਿੱਟੀ ਖ਼ਾਕ ਪੰਜ ਤਤ ਰੰਗ ਰੰਗਾਈਆ । ਮੈਂ ਹੋ ਗਿਆ ਵੇਖ ਤਅਜੁਬ, ਪਰੇਸ਼ਾਨੀ ਵਿਚ ਦਿਆਂ ਸੁਣਾਈਆ । ਉਸ ਤੁਹਾਨੂੰ ਅੰਤ ਸਭ ਨੂੰ ਆਪਣੇ ਵਿਚ ਕਰ ਲੈਣਾ ਜਜ਼ਬ, ਜੁਜ਼ ਵਖਰੀ ਵੰਡ ਰਹਿਣ ਕੋਇ ਨਾ ਪਾਈਆ । ਤੁਸੀਂ ਚਾਰ ਜੁਗ ਉਸ ਦੀ ਸਮਝ ਨਾ ਸਕੇ ਰਮਜ਼, ਜੋ ਇਸ਼ਾਰਿਆਂ ਵਿਚ ਇਸ਼ਾਰੇ ਗਿਆ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਪੈਗ਼ੰਬਰੋ ਤੁਸੀਂ ਪਹਿਲੋਂ ਤਕੋ ਆਪਣਾ ਵਕ਼ਤ, ਵਕ਼ਤਨ ਫ਼ਵਕ਼ਤਨ ਜਿਸ ਦਾ ਧਿਆਨ ਲਗਾਈਆ । ਜਿਸ ਲਹਿਣਾ ਦੇਣਾ ਲੇਖਾ ਨਾਲ ਜਗਤ, ਜੁਗਤ ਤੁਹਾਡੀ ਵੇਖੇ ਥਾਉਂ ਥਾਈਂਆ । ਵਕ਼ਤ ਸੁਹੰਜਣਾ ਬੀਸਵੀਂ ਸਦੀ ਚੌਧਵੀਂ ਫ਼ਕ਼ਤ, ਫ਼ਿਕ਼ਰੇ ਸਭ ਦੇ ਪੂਰ ਕਰਾਈਆ । ਅੰਤਰ ਅੰਤਰ ਸਭ ਦੀ ਆਪਣੇ ਵਿਚ ਮਿਲਾਏ ਸ਼ਕਤ, ਸ਼ਕਤੀਸ਼ਾਲੀ ਰਹਿਣ ਕੋਇ ਨਾ ਪਾਈਆ । ਜੋ ਚਰਨ ਛੁਹਾਏ ਤੁਹਾਡੀ ਲੈਂਡ ਹੋਵੇ ਧਰਤ, ਉਹ ਧਰਤ ਧਵਲ ਦਾ ਮਾਲਕ ਬੇਪਰਵਾਹੀਆ । ਝਟ ਈਸਾ ਨਿਗਾਹ ਫੇਰ ਕੇ ਵੇਖਿਆ ਪਰਤ, ਨੈਣ ਨੈਣ ਵਿਚੋਂ ਬਦਲਾਈਆ । ਉਹ ਮੇਰਾ ਮਾਲਕ ਖ਼ਾਲਕ ਫ਼ਾਦਰ ਜਿਸ ਨਾਲ ਅਗੰਮੀ ਸ਼ਰਤ, ਸ਼ਰਤੀਆ ਮੇਰਾ ਲੇਖਾ ਪੂਰ ਕਰਾਈਆ । ਦੀਨ ਦਿਆਲ ਹੋ ਕੇ ਵੰਡੇ ਦਰਦ, ਦਇਆਵਾਨ ਹੋ ਕੇ ਦਇਆ ਕਮਾਈਆ । ਜਿਸ ਦੇ ਕੋਲ ਕੋਟਨ ਆਦਿ ਜੁਗਾਦਿ ਗੁਰ ਅਵਤਾਰ ਪੈਗ਼ੰਬਰ ਵਾਲੀ ਫ਼ਰਦ, ਫ਼ੈਸਲੇ

ਹਕ ਹਕ ਹਕ ਸੁਣਾਈਆ । ਉਹ ਸਾਡੀ ਬੇਨੰਤੀ ਮਨਜ਼ੂਰ ਕਰਕੇ ਅਰਜ਼, ਆਰਜ਼ੂ ਸਭ ਦੀ ਲੇਖੇ ਲਾਈਆ । ਜਿਸ ਨੂੰ ਆਦਿ ਜੁਗਾਦਿ ਨਹੀਂ ਕੋਈ ਗ਼ਰਜ਼, ਗ਼ਰਜ਼ ਜਗਤ ਜਹਾਨ ਪੂਰੀ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਇਕ ਪਰਗਟਾਈਆ । ਨਾਰਦ ਕਹੇ ਪੈਗ਼ੰਬਰੋ ਆਪਣਾ ਖੋਲ੍ਹ ਕੇ ਵੇਖੋ ਤਾਕ, ਤਕਵਾ ਇਕੋ ਇਕ ਰਖਾਈਆ । ਈਸਾ ਆਪਣਾ ਬਿਨ ਨੇਤਰਾਂ ਵੇਖ ਕਲਾਕ, ਜੋ ਕਲਾਧਾਰੀ ਦਿਤਾ ਦ੍ਰਿੜਾਈਆ । ਜੋ ਬਿਨ ਕ਼ਦਮਾਂ ਕਰਦਾ ਵਾਕ, ਭੱਜੇ ਵਾਹੋ ਦਾਹੀਆ । ਜਿਸ ਤੇਰਾ ਲੇਖਾ ਪੂਰਾ ਕਰਨਾ ਇੰਗਲੈਂਡ ਵਾਲੇ ਬਲਾਕ, ਬਲੈਕ ਪਰਦੇ ਆਪ ਖੁਲ੍ਹਾਈਆ । ਅੰਤ ਸ਼ਰਅ ਦਾ ਸ਼ਰਅ ਨੇ ਦੇਣਾ ਤਲਾਕ, ਸ਼ਰੀਅਤ ਬੈਠੀ ਮੁਖ ਭੁਆਈਆ । ਉਹ ਵੇਖ ਮਾਨਸ ਮਾਨਵ ਜਿਸ ਦਾ ਰੂਪ ਦਿਸੇ ਬਹੁਭਾਂਤ, ਤਨ ਵਜੂਦ ਮਾਟੀ ਖ਼ਾਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਨਾਰਦ ਕਹੇ ਹਜ਼ਰਤ ਹਾਜ਼ਰ ਵੇਖ ਹਜ਼ੂਰ, ਮਾਲਕ ਨੂਰ ਅਲਾਹੀਆ । ਜਿਸ ਦਾ ਹੁਕਮ ਕਰਨਾ ਪਏ ਮਨਜ਼ੂਰ, ਸਿਰ ਸਕੇ ਨਾ ਕੋਇ ਉਠਾਈਆ । ਜੁਗ ਬਦਲਣਾ ਜਿਸ ਦਾ ਦਸਤੂਰ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਉਹ ਪੰਧ ਮੁਕਾ ਕੇ ਨੇੜਾ ਦੂਰ, ਦੋ ਜਹਾਨਾਂ ਤਕੇ ਚਾਈਂ ਚਾਈਂਆ । ਜਿਸ ਦੇ ਕੋਲੋਂ ਕੋਈ ਹੋ ਨਾ ਸਕੇ ਮਫ਼ਰੂਰ, ਉਹਲਾ ਨਜ਼ਰ ਕੋਇ ਨਾ ਆਈਆ । ਪਤਾ ਨਹੀਂ ਉਨ ਕਿਸ ਬਿਧ ਸਭ ਨੂੰ ਬਣਾਉਣਾ ਵਾਰ ਕ਼ਸੂਰ, ਲੇਖਾ ਕਸਰ ਇਸ਼ਾਰੀਏ ਨਾਲ ਉਡਾਈਆ । ਉਹ ਵੇਖ ਲੈ ਕੀ ਅਵਾਜ਼ ਦੇਂਦਾ ਮੂਸਾ ਉਤੇ ਕੋਹਤੂਰ, ਤੁਰਤ ਆਪਣੀ ਲਏ ਅੰਗੜਾਈਆ । ਮੇਰਾ ਖ਼ੁਦਾ ਇਜ਼ਹਮੀ ਆਵੇ ਜ਼ਰੂਰ, ਜ਼ਿਮੀਂ ਜ਼ਮਾਂ ਜ਼ਾਏਜ਼ੂਮ ਆਪਣਾ ਰੰਗ ਰੰਗਾਈਆ । ਮੁਹੰਮਦ ਸ਼ੁਕਰਾਨੇ ਵਿਚ ਕਹੇ ਗਾਫ਼ੂਰ, ਗਜ਼ੀਮਾਨ ਜੁਮਾਅ ਮੇਰਾ ਮਾਲਕ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੇਖਾ ਜਾਣੇ ਸਰਬ ਕਲਾ ਭਰਪੂਰ, ਭਰਪੂਰ ਆਪਣਾ ਹੁਕਮ ਵਰਤਾਈਆ ।



## ✪ ੧੭ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਜੁਗਿੰਦਰ ਸਿੰਘ ਦੇ ਗ੍ਰਿਹ ੧੧੧ ਸਟਰੀਟ ਅਵਡਰੀ ੫ ਰੋਡ ਬਾਰਹਿੰਗ ਐਸਐਕਸ ਲੰਡਨ ✪

ਧਰਨੀ ਕਹੇ ਮੈਂ ਭੁਜਾਂ ਉਠਾਵਾਂ ਬਾਂਹੀ, ਬਿਨ ਹੱਥਾਂ ਦਿਆਂ ਦੁਹਾਈਆ । ਜੋਤੀ ਜਾਤੇ ਪੁਰਖ ਬਿਧਾਤੇ ਨਿਰਗੁਣ ਧਾਰ ਮੇਰੇ ਮਾਹੀ, ਮਹਿਬੂਬ ਤੇਰੀ ਆਸ ਰਖਾਈਆ । ਚਾਰ ਜੁਗ ਦੇ ਸ਼ਾਸਤਰ ਮੇਰੀ ਦੇਣ ਗਵਾਹੀ, ਸ਼ਹਾਦਤ ਧਰਮ ਧਾਰ ਭੁਗਤਾਈਆ । ਸਤਿਗੁਰ ਸ਼ਬਦ ਬਣਾ ਦੇ ਰਾਹੀ, ਰਹਿਬਰ ਇਕੋ ਇਕ ਪਰਗਟਾਈਆ । ਉਹ ਵਕਤ ਸੁਹੰਜਣਾ ਤਕ ਲੈ ਗੋਬਿੰਦ ਦਾ ਲੰਘਿਆ ਢਈਆ ਢਾਈ, ਢੌਂਕੇ ਵਿਚ ਆਪਣਾ ਪੰਧ ਮੁਕਾਈਆ । ਨੌ ਖੰਡ ਪ੍ਰਿਥਮੀ ਦੀਨ ਮਜ਼੍ਹਬ ਸ਼ਰਅ ਬਣੀ ਕਸਾਈ, ਕ਼ਾਤਲ ਮਕਤੂਲ ਦਿਸੇ ਖ਼ਲਕ ਖ਼ੁਦਾਈਆ । ਚਾਰੋਂ ਕੁੰਟ ਅੰਧੇਰਾ ਗਿਆ ਛਾਈ, ਸਾਚਾ ਚੰਨ ਨਜ਼ਰ ਕੋਇ ਨਾ ਆਈਆ । ਮੈਂ ਵਾਸਤਾ ਨਿਰਧਨ ਹੋ ਕੇ ਰਹੀ ਪਾਈ, ਸਰਧਨ ਵੇਖਣਾ ਚਾਈਂ ਚਾਈਂਆ । ਮੇਰਾ ਲਹਿਣਾ ਦੇਣਾ ਪੁਰਖ ਅਕਾਲੇ

੪੬੫
੨੪

ਦੇਣਾ ਪੂਰ ਕਰਾਈ, ਸੋ ਪੁਰਖ ਨਿਰੰਜਣ ਤੇਰੇ ਹੱਥ ਵਡਿਆਈਆ । ਹਰਿ ਪੁਰਖ ਨਿਰੰਜਣ ਤੇਰੇ ਚਰਨ ਕਵਲ ਆਸ ਰਖਾਈ, ਏਕੰਕਾਰੇ ਹੋਣਾ ਆਪ ਸਹਾਈਆ । ਆਦਿ ਨਿਰੰਜਣ ਦਰਦ ਦੁਖ ਭੈ ਭੰਜਣ ਮੇਟ ਅੰਧੇਰਾ ਛਾਹੀ, ਨੂਰ ਨੁਰਾਨਾ ਇਕ ਚਮਕਾਈਆ । ਅਬਿਨਾਸ਼ੀ ਕਰਤੇ ਮੇਰੀ ਕੱਟ ਦੇ ਬਿਨ ਰੱਸੀਆਂ ਵਾਲੀ ਫਾਹੀ, ਫ਼ੈਸਲਾ ਹਕ ਸੁਣਾਈਆ । ਅਬਿਨਾਸ਼ੀ ਕਰਤੇ ਤੇਰੇ ਚਰਨ ਧੂੜ ਖ਼ਾਕ ਰਹੀ ਰਮਾਈ, ਬਿਨ ਖ਼ਾਕ ਖ਼ਾਕ ਉਠਾਈਆ । ਪਾਰਬ੍ਰਹਮ ਮੇਰਾ ਪੂਰਬ ਲੇਖਾ ਨੌ ਸੌ ਚੁਰਾਨਵੇ ਚੌਕੜੀ ਜੁਗ ਦਾ ਝੋਲੀ ਦੇਣਾ ਪਾਈਆ । ਮੈਂ ਆਪਣਾ ਆਪ ਤੇਰੇ ਕ਼ਦਮਾਂ ਹੇਠ ਬੈਠੀ ਵਿਛਾਈ, ਵਿਸ਼ਵ ਦੇ ਮਾਲਕ ਵੇਖ ਅੱਖ ਉਠਾਈਆ । ਸਤਿਗੁਰ ਸ਼ਬਦ ਮੇਰੇ ਉਤੇ ਭੇਜਣਾ ਚਾਈਂ ਚਾਈਂ, ਚਾਉ ਘਨੇਰਾ ਇਕ ਰਖਾਈਆ । ਮੈਂ ਵਿਸ਼ਨ ਬ੍ਰਹਮੇ ਸ਼ਿਵ ਸੰਦੇਸ਼ਾ ਦੇਵਾਂ ਬਿਨਾ ਪਵਨ ਹਵਾਈ, ਤੇਰਾ ਨਾਮ ਨਾਮ ਦ੍ਰਿੜਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੇਣਾ ਸੁਣਾਈ, ਅਣਸੁਣਤ ਰਹਿਣ ਕੋਇ ਨਾ ਪਾਈਆ । ਚਾਰ ਜੁਗ ਦੇ ਗ੍ਰੰਥਾਂ ਨਾਲ ਮਿਲਾਈ, ਸ਼ਾਸਤਰ ਸਗਲਾ ਸੰਗ ਬਣਾਈਆ । ਤੀਰਥ ਤਟਾਂ ਸੁੱਤਿਆਂ ਲਵਾਂ ਉਠਾਈ, ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਨੌ ਖੰਡ ਮੇਰਾ ਸੱਤ ਦੀਪ ਤੇਰੇ ਅਗੇ ਦਏ ਦੁਹਾਈ, ਦੋ ਜਹਾਨਾਂ ਮਾਲਕ ਤੁਧ ਬਿਨ ਅਵਰ ਨਾ ਕੋਇ ਗੁਸਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠਾਂ ਹਲੂਣਾ ਦੇਣਾ ਥਾਉਂ ਥਾਈਂ, ਗੁਰੂਦੁਆਰ ਗੁਰਦੇਵ ਦੇਣਾ ਦ੍ਰਿੜਾਈਆ । ਧਰਨੀ ਕਹੇ ਮੇਰੇ ਪਰਮ ਪੁਰਖ ਪਰਮਾਤਮ ਲੱਖ ਚੁਰਾਸੀ ਸੁਨੇਹੜਾ ਦੇਵਾਂ ਤੇਰਾ ਸਹਿਜ ਸੁਖਦਾਈ, ਇਕੋ ਇਕ ਏਕੰਕਾਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਮੈਂ ਪੁਰਖ ਅਕਾਲੇ ਕੂਕਦੀ, ਦਰ ਤੇਰੇ ਵਾਸਤਾ ਪਾਈਆ । ਆਸਾ ਪੂਰੀ ਕਰ ਦੇ ਗੋਬਿੰਦ ਦੁਲਾਰੇ ਸੁਤ ਦੀ, ਜੋ ਸੁੱਤਿਆਂ ਲਏ ਜਗਾਈਆ । ਖੇਲ ਵੇਖ ਲੈ ਕਾਇਆ ਪੰਜ ਭੂਤ ਦੀ, ਤਨ ਵਜੂਦਾਂ ਫੋਲ ਫੁਲਾਈਆ । ਦਰੋਹੀ ਤਕ ਲੈ ਮੇਰੇ ਉਤੇ ਚਾਰੇ ਕੂਟ ਦੀ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਵਸਤ ਤਕ ਲੈ ਕਲਜੁਗ ਕੂੜੀ ਕਿਰਿਆ ਝੂਠ ਦੀ, ਘਰ ਘਰ ਬੈਠੀ ਡੇਰਾ ਲਾਈਆ । ਮੇਰੀ ਮਨਸਾ ਦਿਵਸ ਰੈਣ ਬਿਨਾ ਘੜੀ ਪਲ ਤੋਂ ਚੂਕਦੀ, ਆਲਸ ਨਿੰਦਰਾ ਗਈ ਤਜਾਈਆ । ਕਲਜੁਗ ਜੀਵਾਂ ਆਸ਼ਾ ਵੇਖ ਲੈ ਕੂਕਦੀ, ਅਗਨੀ ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਮੇਰੀ ਛਾਤੀ ਭਰੀ ਦੁਖ ਦੀ, ਤੁਧ ਬਿਨ ਦਰਦ ਨਾ ਕੋਇ ਮਿਟਾਈਆ । ਮੇਰੇ ਉਤੇ ਘੜੀ ਸੁਲਖਣੀ ਕਰ ਦੇ ਸੁਖ ਦੀ, ਸੂਖ਼ਮ ਰੂਪ ਆਪਣਾ ਦੇ ਸਮਝਾਈਆ । ਮੈਂ ਖ਼ਬਰ ਸੁਣਨਾ ਚਾਹੁੰਦੀ ਕਲਜੁਗ ਵਕਤ ਮਨਸੂਖ਼ ਦੀ, ਮਨਸਾ ਤੇਰੇ ਚਰਨ ਰਖਾਈਆ । ਮੈਨੂੰ ਖੇਲ ਵਖਾ ਦੇ ਸਤਿਗੁਰ ਸ਼ਬਦ ਅਗੰਮੇ ਦੂਤ ਦੀ, ਦੁਤੀਆ ਭਾਉ ਦੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੁਆਮੀ ਦਇਆ ਕਮਾਈਆ । ਧਰਨੀ ਕਹੇ ਮੇਰੇ ਭਗਵਾਨ ਮੇਰੇ ਤਕ ਲੈ ਖ਼ਾਲੀ ਹੱਥ, ਹਥੇਲੀ ਤੇਰੇ ਅਗੇ ਟਿਕਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲ ਸਾਹਿਬ ਸਮਰਥ, ਅੰਤਰਜਾਮੀ ਸੁਆਮੀ ਧੁਰਦਰਗਾਹੀਆ । ਤੇਰੀ ਮਹਿੰਮਾ ਆਦਿ ਜੁਗਾਦਿ ਅਕਥ, ਜੁਗ ਚੌਕੜੀ ਕੋਈ ਕਥ ਸਕੇ ਨਾ ਰਾਈਆ । ਤੂੰ ਕਲਜੁਗ ਚਲਾਵਣਾਰਾ ਰਥ, ਰਥ ਰਥਵਾਹੀ ਧੁਰਦਰਗਾਹੀਆ । ਮੇਰੇ ਉਤੋਂ ਕੂੜ ਕਲਪਣਾ ਕ੍ਰਿਪਾ ਕਰ ਦੇ ਮਥ, ਮਥਨ ਕਰ ਖ਼ਲਕ ਖ਼ੁਦਾਈਆ । ਤੇਰੀ ਸ਼ਰਨ ਸ਼ਰਨਾਈ ਜਾਵਾਂ ਢਠ, ਧੂੜੀ ਖ਼ਾਕ ਖ਼ਾਕ ਰਮਾਈਆ । ਵੇਖੀਂ ਕਿਤੇ ਕਲਜੁਗ ਆਯੂ ਵਧ ਕਰੀਂ ਨਾ ਸਾਲ ਅੱਠ, ਅੱਠਾਂ ਤਤਾਂ ਪੰਧ ਮੁਕਾਈਆ । ਮੈਂ ਤੇਰਾ ਨੂਰ ਜ਼ਹੂਰ ਤਕਾਂ ਲਟ ਲਟ, ਜੋਤੀ ਜਾਤੇ ਡਗਮਗਾਈਆ ।

ਮਿਹਰਵਾਨ ਹੋ ਕੇ ਧਰਮ ਦੀ ਧਾਰ ਖੋਲ੍ਹ ਦੇ ਹੱਟ, ਨਾਮ ਵਸਤ ਸਤਿ ਵਰਤਾਈਆ । ਕੂੜ ਕਿਰਿਆ ਡੋਰੀ ਦੇਣੀ ਕਟ, ਕਟਾਕਸ਼ ਆਪਣਾ ਨਾਮ ਲਗਾਈਆ । ਧਰਨੀ ਕਹੇ ਮੈਂ ਚਾਹੁੰਦੀ ਹਰ ਹਿਰਦਾ ਤੇਰਾ ਨਾਮ ਲਏ ਰਟ, ਸਾਹ ਸਾਹ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਘਰ ਦੇਣਾ ਸੁਹਾਈਆ । ਧਰਨੀ ਕਹੇ ਪ੍ਰਭੂ ਮੇਰੇ ਵੇਖ ਲੈ ਪੁੱਠੇ ਸਿੱਧੇ ਗੁਟ, ਘੁਟਨੇ ਟੇਕ ਕੇ ਦਿਆਂ ਦੁਹਾਈਆ । ਤੇਰਾ ਪਿਆਰ ਸਭ ਦੇ ਅੰਦਰੋਂ ਗਿਆ ਟੁਟ, ਟੁੱਟਿਆਂ ਸਕੇ ਨਾ ਕੋਇ ਮਿਲਾਈਆ । ਸੁਰਤ ਸ਼ਬਦ ਪ੍ਰੀਤੀ ਗਈ ਛੁਟ, ਛੁਟਕੀ ਲਿਵ ਨਾ ਕੋਇ ਲਗਾਈਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਕੂੜੀ ਕਿਰਿਆ ਮੇਰੇ ਅੰਦਰੋਂ ਕਢ ਦੇ ਕੁਟ, ਕੁਟਲਤਾ ਦੀਨ ਦੁਨੀ ਰਹਿਣ ਕੋਇ ਨਾ ਪਾਈਆ । ਦੀਨਾਂ ਮਜ਼੍ਹਬਾਂ ਮੇਟ ਦੇ ਫੁਟ, ਫੁਟਕਲ ਰੂਪ ਨਾ ਕੋਇ ਵਖਾਈਆ । ਅੰਮ੍ਰਿਤ ਜਾਮ ਪਿਆ ਦੇ ਆਪਣਾ ਘੁਟ, ਅੰਮਿਉਂ ਰਸ ਬਿਨ ਰਸਨਾ ਆਪ ਚਖਾਈਆ । ਮਿਹਰਵਾਨ ਹੋ ਕੇ ਜਾਣਾ ਤੁਠ, ਦੀਨ ਦਿਆਲ ਵੇਖਣਾ ਥਾਉਂ ਥਾਈਆ । ਨਿਗਾਹ ਮਾਰ ਲੈ ਮੇਰੀ ਚਾਰੇ ਗੁਠ, ਚਾਰੇ ਕੁੰਟ ਕੁੰਟ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਦਰ ਆਪ ਸੁਹਾਈਆ । ਧਰਨੀ ਕਹੇ ਪ੍ਰਭੂ ਮੇਰਾ ਅੰਤਸ਼ਕਰਨ ਵੇਖ ਲੈ ਆਪ, ਆਪਣੀ ਦਇਆ ਕਮਾਈਆ । ਤੇਰਿਆਂ ਤੇਰਾ ਭੁਲਿਆ ਜਾਪ, ਹਿਰਦੇ ਹਰਿ ਨਾ ਕੋਇ ਵਸਾਈਆ । ਨਵ ਸੱਤ ਵਧਿਆ ਪਾਪ, ਪਤਿਤ ਹੋਈ ਲੋਕਾਈਆ । ਝਗੜਾ ਤਕ ਲੈ ਜ਼ਾਤ ਪਾਤ, ਨਾਮ ਕਲਮਾ ਦੀਨ ਮਜ਼੍ਹਬ ਕਰੇ ਲੜਾਈਆ । ਆਤਮ ਪਰਮਾਤਮ ਜੋੜੇ ਕੋਈ ਨਾ ਨਾਤ, ਪਾਰਬ੍ਰਹਮ ਬ੍ਰਹਮ ਰੰਗ ਨਾ ਕੋਇ ਰੰਗਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਅੰਧ ਅਗਿਆਨ ਨਾ ਕੋਇ ਗਵਾਈਆ । ਸਾਚੀ ਦੇਵੇ ਕੋਈ ਨਾ ਦਾਤ, ਵਸਤ ਸਚ ਨਾ ਕੋਇ ਵਰਤਾਈਆ । ਦਰੋਹੀ ਫਿਰ ਗਈ ਲੋਕਮਾਤ, ਮਾਤਰ ਭੂਮੀ ਹੋ ਕੇ ਵਾਸਤਾ ਪਾਈਆ । ਮੇਰੀ ਕੋਈ ਨਾ ਪੁਛੇ ਵਾਤ, ਵਾਰਸ ਨਜ਼ਰ ਕੋਇ ਨਾ ਆਈਆ । ਤੂੰ ਪਰਮ ਪੁਰਖ ਮੇਰਾ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਆਪ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰਾ ਅੰਤਸ਼ਕਰਨ ਵੇਖ ਲੈ ਉਤੇ ਜਗ, ਜਾਗਰਤ ਜੋਤ ਧਿਆਨ ਲਗਾਈਆ । ਤੇਰੇ ਤੇਰੇ ਨਾਲੋਂ ਹੋਏ ਅਲਗ, ਸਾਚਾ ਮੇਲ ਨਾ ਕੋਇ ਮਿਲਾਈਆ । ਕੂੜ ਕੁੜਿਆਰ ਨੇ ਹੰਸ ਰੂਪ ਕੀਤੇ ਕਗ, ਕਲਜੁਗ ਕਾਤੀ ਆਪਣਾ ਖੇਲ ਖਿਲਾਈਆ । ਮੇਰੇ ਚਾਰੋਂ ਕੁੰਟ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮੇਰੇ ਦੀਨ ਦਿਆਲੇ ਤੇਰੇ ਪਰਸੇ ਕੋਈ ਨਾ ਪਗ, ਪਾਹਨਾ ਪੂਜੇ ਜਗਤ ਲੋਕਾਈਆ । ਤੇਰਾ ਦਰਸ ਹੋਵੇ ਨਾ ਕਿਸੇ ਉਪਰ ਸ਼ਾਹਰਗ, ਸ਼ਹਿਨਸ਼ਾਹ ਮਿਲਣ ਕੋਇ ਨਾ ਪਾਈਆ । ਮੇਰਾ ਰੂਪ ਤਕ ਲੈ ਹੋ ਗਿਆ ਬਪੜਾ ਬਗ, ਸਰਬਗ ਤੇਰਾ ਸੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰੀਆਂ ਮੀਟੀਆਂ ਵੇਖ ਲੈ ਮੁੱਠੀਆਂ, ਬਿਨ ਹੱਥਾਂ ਦਿਆਂ ਵਖਾਈਆ । ਮੈਂ ਜਗਤ ਵਿਕਾਰੇ ਅੰਤਮ ਕੁੱਠੀ ਆਂ, ਤਨ ਵਜੂਦ ਹਕ ਨਜ਼ਰ ਕੋਇ ਨਾ ਆਈਆ । ਕਲਜੁਗ ਰੀਤਾਂ ਵੇਖ ਲੈ ਪੁੱਠੀਆਂ, ਸਤਿ ਸਚ ਵਿਚ ਨਾ ਕੋਇ ਸਮਾਈਆ । ਜਗਤ ਜਗਿਆਸੂਆਂ ਵਿਚਾਰਾਂ ਹੋਈਆਂ ਝੂਠੀਆਂ, ਮਨਸਾ ਮਨ ਮਨ ਹਲਕਾਈਆ । ਭਾਗ ਲੱਗਾ ਦਿਸੇ ਨਾ ਕਾਇਆ ਪੰਜ ਭੂਤੀਆਂ, ਤਤਵ ਤਤ ਰੰਗ ਨਾ ਕੋਇ ਰੰਗਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਰੂਹਾਂ ਵੇਖੀਆਂ

੪੬੬
੨੪

ਸੁੱਤੀਆਂ, ਸ਼ਬਦੀ ਲਏ ਨਾ ਕੋਇ ਅੰਗੜਾਈਆ । ਖ਼ਾਲੀ ਦਿਸੇ ਕਾਇਆ ਭਾਂਡੇ ਪੰਜ ਬੁਤੀਆਂ, ਬੁਤਖ਼ਾਨੇ ਦੇਣ ਦੁਹਾਈਆ । ਮੇਰੇ ਉਤੇ ਹੋਈਆਂ ਖਿਜ਼ਾਂ ਦੀਆਂ ਰੁਤੀਆਂ, ਰੁਤ ਬਸੰਤ ਨਾ ਕੋਇ ਮਹਿਕਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਆਸਾ ਹੋਈਆਂ ਦੋ ਚਿਤੀਆਂ, ਚੇਤਨ ਤੇਰੇ ਰੰਗ ਨਾ ਕੋਇ ਸਮਾਈਆ । ਮੈਨੂੰ ਭਾਗ ਲੱਗਿਆ ਨਹੀਂ ਕਲਜੁਗ ਅੰਤਮ ਧਰਮ ਧਾਰ ਦੀ ਪੁਤੀਆਂ, ਪੂਤ ਸਪੂਤਾ ਨਜ਼ਰ ਕੋਇ ਨਾ ਆਈਆ । ਮੇਰੇ ਸੁਆਮੀ ਅੰਤਰਜਾਮੀ ਮੈਂ ਕਲਜੁਗ ਗਈ ਲੁੱਟੀ ਆਂ, ਕਲਜੁਗ ਚੌਥਾ ਜੁਗ ਲੁਟੇਰਾ ਨਜ਼ਰੀ ਆਈਆ । ਪਵਿਤ੍ਰ ਰਹੀਆਂ ਨਹੀਂ ਕਿਸੇ ਦੀਆਂ ਕੁਟੀਆਂ, ਕਾਇਆ ਗੜ੍ਹ ਨਾ ਕੋਇ ਸੁਹਾਈਆ । ਤੇਰਾ ਨਾਮ ਨਿਧਾਨ ਗਾਵੇ ਕੋਈ ਨਾ ਦੋ ਤੁਕੀਆਂ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਵਾਟਾਂ ਦਿਸਣ ਕਿਸੇ ਨਾ ਮੁਕੀਆਂ, ਚੁਰਾਸੀ ਪੰਧ ਨਾ ਕੋਇ ਚੁਕਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਸਤਿਗੁਰ ਸ਼ਬਦ ਦੂਲ੍ਹੇ ਦੁਲਾਰੇ ਦੇ ਦੇ ਛੁਟੀਆਂ, ਹੁਕਮ ਹੁਕਮ ਨਾਲ ਜਣਾਈਆ । ਜਿਸ ਦੇ ਹੁਕਮ ਨਾਲ ਕਲਜੁਗ ਜੜ੍ਹਾਂ ਜਾਣ ਪੁੱਟੀਆਂ, ਪਟਨੇ ਵਾਲਾ ਸੰਗੀ ਸਾਥੀ ਨਾਲ ਸੋਭਾ ਪਾਈਆ । ਮੈਂ ਚਾਹੁੰਦੀ ਤੇਰੇ ਨਾਮ ਦੀਆਂ ਨਵੀਆਂ ਲਿਖੀਆਂ ਜਾਣ ਪੱਟੀਆਂ, ਅੱਖਰ ਅੱਖਰਾਂ ਨਾਲ ਰਲਾਈਆ । ਮੈਂ ਖ਼ੁਸ਼ੀ ਵਿਚ ਤੇਰੇ ਦਰ ਤੇ ਆਵਾਂ ਨੱਠੀਆਂ, ਭੱਜਾਂ ਵਾਹੋ ਦਾਹੀਆ । ਸਤਿ ਧਰਮ ਦੀਆਂ ਸਤਿਗੁਰ ਪੂਰੇ ਖੋਲ੍ਹ ਦੇ ਗੱਠੀਆਂ, ਗੰਢ ਆਪਣੀ ਆਪ ਖੁਲ੍ਹਾਈਆ । ਮੇਰੇ ਉਤੇ ਉਲਟੀ ਗੇੜ ਦੇ ਲਠੀਆ, ਸਤਿਜੁਗ ਸਚ ਲਏ ਅੰਗੜਾਈਆ । ਔਹ ਵੇਖ ਲੈ ਪੈਗ਼ੰਬਰਾਂ ਸਦੀਆਂ ਜਾਦੀਆਂ ਟੱਪੀਆਂ, ਆਪ ਆਪਣਾ ਪੰਧ ਮੁਕਾਈਆ । ਧਰਨੀ ਕਹੇ ਮੈਂ ਚਾਹੁੰਦੀ ਮੇਰੇ ਉਤੇ ਦੀਨ ਮਜ਼੍ਹਬ ਦੀਆਂ ਰਹਿਣ ਕੋਈ ਨਾ ਪੱਤੀਆਂ, ਪਤਿਪਰਮੇਸ਼ਵਰ ਇਕੋ ਨਜ਼ਰੀ ਆਈਆ । ਤੇਰਾ ਨਾਮ ਨਿਧਾਨ ਹੋਵੇ ਨਾ ਕੋਈ ਤੋਲੇ ਮਾਸੇ ਰਤੀਆਂ, ਕ਼ੀਮਤ ਜਗਤ ਨਾ ਕੋਇ ਜਣਾਈਆ । ਉਹ ਲੇਖ ਪੂਰਾ ਕਰ ਦੇ ਜੋ ਆਸ਼ਾ ਰਖੀਆਂ ਰਾਗਾਂ ਛੱਤੀਆਂ, ਛਤੀਸੇ ਬਤੀਸੇ ਤੇਰੇ ਅਗੇ ਮੇਰੀ ਦੁਹਾਈਆ । ਧਰਨੀ ਕਹੇ ਮੈਂ ਚਾਹੁੰਦੀ ਮੇਰੇ ਉਤੇ ਹਰ ਹਿਰਦੇ ਵਿਚ ਤੇਰੇ ਪਿਆਰ ਦੀਆਂ ਜਗਦੀਆਂ ਹੋਣ ਬੱਤੀਆਂ, ਜੋਤ ਜੋਤ ਵਿਚੋਂ ਰੁਸ਼ਨਾਈਆ । ਆਤਮਾ ਤੇਰੇ ਚਰਨ ਕਵਲ ਹੋਣ ਰਤੀਆਂ, ਰਤਨ ਅਮੋਲਕ ਹੀਰੇ ਹਰਿਜਨ ਆਪ ਬਣਾਈਆ । ਮੈਂ ਤੇਰੇ ਚਰਨ ਸਰਨ ਆਪਣਾ ਸਬਰ ਬੈਠੀ ਘਤੀ ਆਂ, ਯਾਰੜੇ ਆਪਣੀ ਸੇਜ ਦੇਣੀ ਸੁਹਾਈਆ । ਕਲਜੁਗ ਕੂੜ ਕੁੜਿਆਰ ਮੇਟਣੀਆਂ ਮਤੀਆਂ, ਮਤ ਮਤਾਂਤਰ ਡੇਰਾ ਢਾਹੀਆ । ਜਨ ਭਗਤਾਂ ਬੀਜ ਬੀਜਣਾ ਆਪਣੇ ਵਤੀਆ, ਨਾਮ ਨਿਧਾਨ ਇਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਮੇਰੇ ਦੀਨ ਦਿਆਲੇ ਬਖ਼ਸ਼ਿੰਦ, ਬਖ਼ਸ਼ਿਸ਼ ਰਹਿਮਤ ਦੇਣੀ ਕਮਾਈਆ । ਮੈਂ ਤੇਰੀ ਧਰਮ ਧਾਰ ਦੀ ਬਿਨਾ ਮਾਤ ਪਿਤ ਤੋਂ ਬਿੰਦ, ਰੂਪ ਅਨੂਪ ਤੇਰਾ ਨਜ਼ਰੀ ਆਈਆ । ਮੇਰਾ ਪਵਣ ਸਵਾਸ ਤੇਰੀ ਚਰਨ ਕਵਲ ਜ਼ਿੰਦ, ਜ਼ਿੰਦਗੀ ਜਗਤ ਨਾ ਕੋਇ ਰਖਾਈਆ । ਮੈਂ ਆਸ ਰਖੀ ਨੌਂ ਸੌ ਚੁਰਾਨਵੇ ਚੌਕੜੀ ਜੁਗ ਵਿਚ ਹਿੰਦ, ਹਿੰਦ ਦੇ ਮਾਲਕ ਦਇਆ ਦੇਣੀ ਕਮਾਈਆ । ਤੇਰਾ ਰੂਪ ਅਨੂਪ ਸਾਗਰ ਸਿੰਧ, ਗਹਿਰ ਗੰਭੀਰ ਤੇਰੀ ਸਰਨਾਈਆ । ਜਨ ਭਗਤਾਂ ਲੇਖੇ ਲਾ ਲੈ ਜੀਉ ਪਿੰਡ, ਇੰਡ ਬ੍ਰਹਿਮੰਡ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਦਰ ਆਪ ਸੁਹਾਈਆ । ਧਰਨੀ ਕਹੇ ਪ੍ਰਭੂ ਮੇਰੀ ਰਖੀਂ ਲਾਜਾ, ਲਾਜਵੰਤ ਅਖਵਾਈਆ । ਜਨ ਭਗਤਾਂ ਪੂਰਾ ਕਰਨਾ ਕਾਜਾ, ਕਰਮ ਕਾਂਡ ਦਾ ਡੇਰਾ ਢਾਹੀਆ । ਤੂੰ ਸ਼ਾਹੋ ਭੂਪ ਵਡ ਰਾਜਨ ਰਾਜਾ, ਸ਼ਹਿਨਸ਼ਾਹ

ਇਕ ਅਖਵਾਈਆ । ਤੈਨੂੰ ਸਭ ਨੇ ਕਿਹਾ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣਿਆਂ ਗੋਦ ਉਠਾਈਆ । ਸਤਿਗੁਰ ਸ਼ਬਦ ਹੋ ਕੇ ਨੌ ਖੰਡ ਫਿਰਨਾ ਭਾਜਾ, ਬਿਨ ਕ਼ਦਮਾਂ ਕ਼ਦਮ ਉਠਾਈਆ । ਸਤਿਜੁਗ ਸਤਿ ਧਰਮ ਚਲਾਉਣਾ ਰਿਵਾਜਾ, ਰਵਾਇਤ ਆਪਣੀ ਦੇਣੀ ਦ੍ਰਿੜਾਈਆ । ਜਿਸ ਕਾਰਨ ਨਿਰਗੁਣ ਧਾਰ ਆਇਉਂ ਦੇਸ ਮਾਝਾ, ਸੰਬਲ ਆਪਣਾ ਥਾਨ ਸੁਹਾਈਆ । ਜਿਸ ਬਿਧ ਜਨ ਭਗਤ ਉਠਾਏ ਮਾਰ ਕੇ ਅਵਾਜ਼ਾ, ਸ਼ਬਦੀ ਸ਼ਬਦ ਕੀਤੀ ਸ਼ਨਵਾਈਆ । ਸੀਸ ਪਹਿਨ ਅਗੰਮੀ ਤਾਜਾ, ਤਖ਼ਤ ਨਿਵਾਸੀ ਹੋਣਾ ਸਹਾਈਆ । ਨੌ ਖੰਡ ਪ੍ਰਿਥਮੀ ਮੇਰੇ ਉਤੇ ਬਣਾਉਣਾ ਇਕ ਸਮਾਜਾ, ਦੂਸਰ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਬਿਧ ਤੇਰਾ ਭਗਤ ਸੁਹੇਲਾ ਜੁਗਿੰਦਰ ਸਿੰਘ ਜਾਗਾ, ?ਜੋਤ? ਬਿਨ ਵਰਨ ਗੋਤ ਦੀਨ ਦੁਨੀ ਦੇਣੀ ਜਗਾਈਆ ।

✪ ੧੯ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਰਣਜੀਤ ਸਿੰਘ ਮਨਜੀਤ ਕੌਰ ਦੇ ਗ੍ਰਿਹਿ
ਗੁਡ ਵੀਨਜ਼ ਵਲੇ ਨੰ੦ ੧੦ ਇੰਗਲੈਂਡ ✪

ਖ਼ੁਸ਼ੀ ਨਾਲ ਉਤੋਂ ਤਕੇ ਅਰਸ਼, ਅਰਸ਼ੀ ਪ੍ਰੀਤਮ ਆਰਸ਼ ਤੇਰੀ ਖ਼ੁਸ਼ੀ ਮਨਾਈਆ । ਤੇਰਾ ਜਲਵਾ ਨੂਰ ਵੇਖਾਂ ਉਤੇ ਫ਼ਰਸ਼, ਜ਼ਿਮੀਂ ਜ਼ਮਾਂ ਦੇ ਮਾਲਕ ਧਿਆਨ ਲਗਾਈਆ । ਜੁਗ ਚੌਕੜੀ ਮਿਟਾਵਣਹਾਰਾ ਹਰਸ, ਹਵਸ ਸਭ ਦੀ ਪੂਰ ਕਰਾਈਆ । ਜਨ ਭਗਤਾਂ ਉਤੇ ਕਰਕੇ ਤਰਸ, ਰਹਿਮਤ ਨਿਰਗੁਣ ਧਾਰ ਕਮਾਈਆ । ਜੋਤੀ ਜਾਤੇ ਦੇ ਕੇ ਦਰਸ, ਤ੍ਰਿਸ਼ਨਾ ਤ੍ਰਿਖਾ ਜਗਤ ਕੂੜ ਬੁਝਾਈਆ । ਖ਼ੁਸ਼ੀਆਂ ਵਾਲਾ ਸੁਹੰਜਣਾ ਦਿਸੇ ਬਰਸ, ਬਰਸੀ ਚਾਰ ਜੁਗ ਦੀ ਨਾਲ ਮਿਲਾਈਆ । ਤੇਰਾ ਖੇਲ ਅਨੋਖਾ ਅਸਚਰਜ, ਅਚਰਜ ਲੀਲਾ ਵੇਖ ਵਖਾਈਆ । ਮੈਂ ਕੂਕ ਕੇ ਬੋਲਾਂ ਗਰਜ, ਬ੍ਰਹਿਮੰਡ ਖੰਡ ਦਿਆਂ ਸੁਣਾਈਆ । ਵੇਖੋ ਜਿਨ ਅਵਤਾਰ ਪੈਗ਼ੰਬਰਾਂ ਗੁਰੂਆਂ ਮੰਨੀ ਅਰਜ਼, ਆਰਜ਼ੂ ਆਪਣੇ ਚਰਨਾਂ ਹੇਠ ਟਿਕਾਈਆ । ਸਭ ਦਾ ਲਹਿਣਾ ਦੇਣਾ ਪੂਰਾ ਕਰੇ ਕ਼ਰਜ਼, ਮਕ਼ਰੂਜ਼ ਲੇਖਾ ਦਏ ਮੁਕਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦ, ਦੁਖੀਆਂ ਹੋਏ ਸਹਾਈਆ । ਕਲਜੁਗ ਸ਼ਰਅ ਸ਼ਰੀਅਤ ਮੇਟੇ ਕਰਦ, ਕ਼ਤਲਗਾਹ ਦਾ ਪੰਧ ਮੁਕਾਈਆ । ਕੂੜੀ ਕਿਰਿਆ ਰਹਿਣ ਨਾ ਦੇਵੇ ਅੰਧੇਰਾ ਗਰਦ, ਨੂਰੀ ਚੰਦ ਕਰੇ ਰੁਸ਼ਨਾਈਆ । ਪੁਰਖ ਅਕਾਲਾ ਦੀਨ ਦਿਆਲਾ ਆਪਣਾ ਪੂਰਾ ਕਰੇ ਫ਼ਰਜ਼, ਫ਼ਾਜ਼ਲ ਹੋ ਕੇ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਅਰਸ਼ ਕਹੇ ਮੇਰਾ ਮਾਲਕ ਉਤੇ ਮਿੱਟੀ ਖ਼ਾਕ, ਖ਼ਾਕੀ ਜਗਤ ਜਹਾਨ ਵੇਖ ਵਖਾਈਆ । ਸ਼ਬਦੀ ਅਸਵ ਚੜ੍ਹੇ ਰਾਕ, ਦੋ ਜਹਾਨਾਂ ਭੱਜੇ ਵਾਹੋ ਦਾਹੀਆ । ਸਚ ਦੁਆਰ ਖੋਲ੍ਹ ਕੇ ਤਾਕ, ਭਗਤ ਭਗਵਾਨ ਮੇਲ ਮਿਲਾਈਆ । ਆਤਮ ਪਰਮਾਤਮ ਬਣਾ ਕੇ ਸਾਕ, ਸਾਜਣ ਹੋ ਕੇ ਵੇਖ ਵਖਾਈਆ । ਧਰਨੀ ਧਰਤ ਧਵਲ ਧੌਲ ਉਤੇ ਮਾਰੇ ਝਾਕ, ਨਿਰਗੁਣ ਹੋ ਕੇ ਅੱਖ ਖੁਲ੍ਹਾਈਆ । ਜੋ ਈਸਾ ਕਰਕੇ ਗਿਆ ਟਾਕ, ਤਿਸ ਦਾ ਲੇਖਾ ਝੋਲੀ ਦਏ ਟਿਕਾਈਆ । ਬਿਨ ਕ਼ਦਮਾਂ ਕਰਕੇ ਵਾਕ, ਲੈਂਡ ਇੰਗਲੈਂਡ ਵਾਲੀ ਸੁਹਾਈਆ । ਜਿਸ ਦਾ ਲੇਖਾ ਹੁਕਮ ਵਾਲਾ ਅਗੇ ਸ਼ਾਰਟ, ਸ਼ੂਟ ਕਰੇ ਖ਼ਲਕ ਖ਼ੁਦਾਈਆ । ਜੋ ਵੇਖਣਹਾਰਾ ਜਗਤ ਜਹਾਨ ਵੱਡੇ ਛੋਟੇ ਪਾਰਟ, ਪਾਰਬ੍ਰਹਮ ਪ੍ਰਭ ਆਪਣਾ ਹੁਕਮ

ਵਰਤਾਈਆ । ਜਿਸ ਦਾ ਸਭ ਤੋਂ ਵਖਰਾ ਹੋਣਾ ਆਰਟ, ਅਟੈਨਸ਼ਨ ਹੋ ਕੇ ਤਕੇ ਖ਼ਲਕ ਖ਼ੁਦਾਈਆ । ਉਸ ਦਾ ਬਿਨ ਅੱਖਰਾਂ ਵਾਲਾ ਪੜ੍ਹ ਸਕੇ ਕੋਈ ਨਾ ਕਾਰਡ, ਭੇਵ ਸਕੇ ਨਾ ਕੋਈ ਖੁਲ੍ਹਾਈਆ । ਜੋ ਸਚਖੰਡ ਨਿਵਾਸੀ ਸਭ ਦਾ ਜਾਰਜ, ਮਾਲਕ ਦੋ ਜਹਾਨ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅਰਸ਼ ਕਹੇ ਮੇਰੇ ਮਾਲਕ ਗਾਡ ਦਾ ਇਕੋ ਪੋਲ, ਸਤਹ ਬੁਲੰਦੀ ਨਜ਼ਰ ਕੋਇ ਨਾ ਆਈਆ । ਜੋ ਨਿਰਗੁਣ ਧਾਰ ਕਰੇ ਆਪਣਾ ਰੋਲ, ਰੋਲ ਨੰਬਰ ਪਿਛਲੇ ਸਭ ਦੇ ਫੇਲ ਫੁਲਾਈਆ । ਜਿਸ ਦਾ ਰੂਪ ਰੰਗ ਰੇਖ ਨਜ਼ਰ ਆਏ ਨਾ ਕਿਸੇ ਵਿਚੋਂ ਹੋਲ, ਹੋਲੀ ਸੋਲੀ ਆਪਣਾ ਖੇਲ ਖਿਲਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਲੇਖਾ ਜਾਣੇ ਉਪਰ ਆਪਣਾ ਧੌਲ, ਧਰਨੀ ਧਾਰ ਧਾਰ ਜਣਾਈਆ । ਸਚ ਦੁਆਰਾ ਏਕੰਕਾਰਾ ਰਿਹਾ ਖੋਲ੍ਹ, ਗ੍ਰਿਹ ਦੁਆਰਾ ਇਕੋ ਇਕ ਸੁਹਾਈਆ । ਸਭ ਦੇ ਲੇਖੇ ਪੂਰੇ ਕਰੇ ਕੌਲ, ਇਕਰਾਰ ਇਕ ਇਕੱਲਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਅਰਸ਼ ਕਹੇ ਮੇਰਾ ਮਾਲਕ ਬਿਨ ਰਸਨਾ ਜਿਹਵਾ ਦਏ ਰਸ ਸਵੀਟ, ਗੁਣ ਅਵਗੁਣ ਸਮਝ ਕਿਸੇ ਨਾ ਆਈਆ । ਜੋ ਨਿਰਗੁਣ ਧਾਰ ਆਤਮ ਕਰੇ ਟਰੀਟ, ਟੰਗ ਵੰਡ ਨਾ ਕੋਇ ਵੰਡਾਈਆ । ਜਿਸ ਦੀ ਸੋਲ ਧਾਰ ਦੀ ਹੀਟ, ਅਗਨੀ ਅੱਗ ਅੱਗ ਵਖਾਈਆ । ਸੋ ਭਗਤਾਂ ਪਹੁੰਚ ਕੇ ਉਤੇ ਬੀਟ, ਬਿਟਵੀਨ ਦਾ ਲੇਖਾ ਦਏ ਮੁਕਾਈਆ । ਜਿਸ ਦੀ ਸਭ ਤੋਂ ਮੁਸ਼ਕਲ ਸਟਰੀਟ, ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਹਰਿਜਨ ਬਖ਼ਸ਼ ਕੇ ਆਤਮ ਧਾਰ ਸੀਟ, ਸਿਟ ਸਟੈਂਡ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਏਕੰਕਾਰ ਧਰਨੀ ਧਰਤ ਧਵਲ ਧੌਲ ਭੇਵ ਖੁਲ੍ਹਾਏ ਆਪਣਾ ਮਾਰਗ ਧੁਰ ਦੀ ਰੀਤ, ਰੀਤੀਵਾਨ ਦਇਆ ਕਮਾਈਆ ।

## ✪ ੧੯ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਭਾਗ ਸਿੰਘ ਦੇ ਗ੍ਰਿਹ ੪੦ ਪ੍ਰਾਇਰੀ ਐਵੇਨਿਊ ਹੇਰਨਸੇ ਲੰਡਨ ੮ ✪

ਅਰਸ਼ ਕਹੇ ਫ਼ਰਸ਼ਾ ਖ਼ੁਸ਼ੀਆਂ ਵਿਚ ਹੋ ਖ਼ੁਸ਼ਹਾਲ, ਬਿਨ ਮਸਤੀ ਮਸਤੀ ਅੰਤਰ ਚੜ੍ਹਾਈਆ । ਧਰਨੀ ਧਰਤ ਧਵਲ ਧੌਲ ਵੇਖ ਸਚੀ ਧਰਮਸਾਲ, ਸਚ ਦੁਆਰ ਏਕੰਕਾਰ ਆਪ ਸੁਹਾਈਆ । ਤੇਰੀ ਜੁਗ ਚੌਕੜੀ ਦੀ ਪੂਰੀ ਕਰੇ ਘਾਲ, ਕੀਤੀ ਘਾਲ ਆਪਣੇ ਲੇਖੇ ਪਾਈਆ । ਸੋਹਣਿਆਂ ਕੁਝ ਆਪਣਾ ਦੱਸ ਲੈ ਹਾਲ, ਹਾਲਤ ਬੀਤੀ ਦੇ ਜਣਾਈਆ । ਜਿਸ ਸਾਹਿਬ ਦੀ ਸਾਰੇ ਕਰਦੇ ਰਹੇ ਭਾਲ, ਖੋਜਦੇ ਰਹੇ ਥਾਉਂ ਥਾਈਂਆ । ਜੋ ਆਦਿ ਜੁਗਾਦਿ ਇਕ ਇਕੱਲਾ ਪਰਮ ਪੁਰਖ ਅਕਾਲ, ਅਕਲ ਕਲਧਾਰੀ ਅਗੰਮ ਅਥਾਹੀਆ । ਤੇਰੀ ਬੇਨੰਤੀ ਸੁਣੇ ਤੇ ਆਪਣਾ ਅਗਲਾ ਦੱਸ ਸਵਾਲ, ਖ਼ਾਹਿਸ਼ ਦੀਨ ਦੁਨੀ ਜਗਤ ਨਾਲ ਮਿਲਾਈਆ । ਜੋ ਵੇਖਣਹਾਰਾ ਮੁਰੀਦਾਂ ਹਾਲ, ਮੁਰਸ਼ਦ ਧੁਰਦਰਗਾਹੀਆ । ਜਿਸਦੀ ਜੁਗ ਚੌਕੜੀ ਜਗਤ ਸਮਝ ਤੋਂ ਬਾਹਰ ਅਵਲੜੀ ਚਾਲ, ਮਾਰਗ ਪੰਧ ਸਮਝ ਕੋਇ ਨਾ ਪਾਈਆ । ਉਹ ਜਲਵਾਗਰ ਤੈਨੂੰ ਦੇਵੇ ਨੂਰ ਜਲਾਲ, ਜੋਤੀ ਜਾਤਾ ਡਗਮਗਾਈਆ । ਜਿਸ ਦੀ ਸੰਬਲ ਵਿਚ ਸਾਰੇ ਕਰਦੇ ਭਾਲ, ਖੋਜਤ ਖੋਜਤ ਖੋਜ ਖੁਜਾਈਆ । ਉਹ ਦੀਨਾਂ ਬੰਧਪ ਦੀਨ ਦਿਆਲ, ਦਇਆਨਿਧ ਠਾਕਰ ਆਪਣੀ ਦਇਆ ਕਮਾਈਆ ।

ਜੋ ਜੁਗ ਜੁਗ ਤੈਨੂੰ ਦੇਵੇ ਨਾਮ ਸਚਾ ਧਨ ਮਾਲ, ਅਤੋਟ ਅਤੁਟ ਖ਼ਜ਼ੀਨਾ ਆਪ ਵਰਤਾਈਆ । ਜੁਗ ਚੌਕੜੀ ਲੇਖਾ ਜਾਣੇ ਸ਼ਾਹ ਕੰਗਾਲ, ਸ਼ਹਿਨਸ਼ਾਹ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਸਚ ਹੁਕਮ ਵਰਤਾਈਆ । ਅਰਸ਼ ਕਹੇ ਫ਼ਰਸ਼ਾ ਆਪਣੀ ਖ਼ੁਸ਼ੀਆਂ ਨਾਲ ਲੈ ਅੰਗੜਾਈ, ਆਲਸ ਨਿੰਦਰਾ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲਾ ਦੀਨ ਦਿਆਲਾ ਤਕ ਨੂਰ ਅਲਾਹੀ, ਅਰਸ਼ ਫ਼ਰਸ਼ ਦਾ ਮਾਲਕ ਇਕੋ ਨਜ਼ਰੀ ਆਈਆ । ਜਿਸ ਦਾ ਹੁਕਮ ਸੰਦੇਸ਼ਾ ਸਭ ਨੇ ਸੁਣਨਾ ਜੂਨ ਜੁਲਾਈ, ਜੁਲਾਹਾ ਕਬੀਰ ਇਸ਼ਾਰੇ ਨਾਲ ਦ੍ਰਿੜਾਈਆ । ਜਿਸ ਨੂੰ ਅਵਤਾਰ ਪੈਗੰਬਰ ਗੁਰੂ ਰਹੇ ਧਿਆਈ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਸੋ ਵੇਖਣਹਾਰਾ ਤੇਰੇ ਉਤੇ ਖ਼ਲਕ ਖ਼ੁਦਾਈ, ਖ਼ੁਦ ਮਾਲਕ ਹੋ ਕੇ ਭੇਵ ਚੁਕਾਈਆ । ਸਤਿਗੁਰ ਸ਼ਬਦ ਬਣ ਕੇ ਧਰਮ ਧਾਰ ਦਾ ਰਾਹੀ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਜਿਸ ਕਲਜੁਗ ਤੇਰੀ ਦੁਰਮਤ ਮੈਲ ਧੋਣੀ ਸ਼ਾਹੀ, ਸ਼ਹਿਨਸ਼ਾਹ ਹੋ ਕੇ ਕਰੇ ਸਫ਼ਾਈਆ । ਜਿਸ ਨੂੰ ਸਾਰੇ ਲਭਦੇ ਥਲ ਅਸਗਾਹੀ, ਮਹੀਅਲ ਖੋਜਣ ਥਾਉਂ ਥਾਈਂਆ । ਸੋ ਪਰਮ ਪੁਰਖ ਪੁਰਖੋਤਮ ਆਪਣਾ ਭੇਵ ਰਿਹਾ ਚੁਕਾਈ, ਚੁਕੰਨਾ ਹੋ ਕੇ ਆਪਣੀ ਅੱਖ ਲੈਣੀ ਉਠਾਈਆ । ਜਿਸ ਦਾ ਹੁਕਮ ਸੰਦੇਸ਼ਾ ਮੈਂ ਦੇਵਾਂ ਚਾਈਂ ਚਾਈਂ, ਖ਼ੁਸ਼ੀਆਂ ਖ਼ੁਸ਼ੀਆਂ ਖ਼ੁਸ਼ੀਆਂ ਢੋਲੇ ਗਾਈਆ । ਮੇਰਾ ਮਾਲਕ ਅਗੰਮ ਗੋਸਾਂਈ, ਗਹਿਰ ਗੰਭੀਰ ਆਪਣੀ ਦਇਆ ਕਮਾਈਆ । ਵਕ਼ਤ ਸੁਹੰਜਣਾ ਮੈਂ ਤੈਨੂੰ ਦਿਆਂ ਵਧਾਈ, ਵਦੀ ਸੁਦੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈ, ਅੰਧ ਅੰਧੇਰਾ ਦੀਨ ਦੁਨੀ ਮਿਟਾਈਆ । ਅਰਸ਼ ਕਹੇ ਫ਼ਰਸ਼ਾ ਖ਼ੁਸ਼ੀਆਂ ਦੇ ਵਿਚ ਨਚ, ਤੇਰਾ ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਮੈਂ ਤੈਨੂੰ ਬਚਨ ਸੁਣਾਵਾਂ ਸਚ, ਸੰਦੇਸ਼ਾ ਦੇਵਾਂ ਧੁਰਦਰਗਾਹੀਆ । ਜੋ ਲੂੰ ਲੂੰ ਅੰਦਰ ਹਰ ਘਟ ਗਿਆ ਰਚ, ਲੱਖ ਚੁਰਾਸੀ ਵਿਚ ਸਮਾਈਆ । ਜੋ ਲਹਿਣਾ ਦੇਣਾ ਵੇਖੇ ਕਾਇਆ ਮਾਟੀ ਕੱਚ, ਤਤਵ ਤਤਾਂ ਫੋਲ ਫੁਲਾਈਆ । ਜਿਸ ਦੇ ਹੁਕਮ ਵਿਚ ਕੋਈ ਨਾ ਸਕੇ ਬਚ, ਬਚਪਨ ਸਭ ਦਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅਰਸ਼ ਕਹੇ ਫ਼ਰਸ਼ਾ ਨਿਗਾਹ ਮਾਰ ਲੈ ਆਪਣੇ ਚਾਰੋਂ ਕੁੰਟ, ਬਿਨ ਅੱਖਾਂ ਅੱਖ ਉਠਾਈਆ । ਕੀ ਖੇਲ ਕਰੇ ਜਿਸ ਨੂੰ ਸਾਰੇ ਕਹਿੰਦੇ ਵਾਸੀ ਬੈਕੁੰਠ, ਸਚਖੰਡ ਨਿਵਾਸੀ ਆਪਣਾ ਹੁਕਮ ਵਰਤਾਈਆ । ਜੋ ਦੀਨ ਦੁਨੀ ਦੋ ਜਹਾਨਾਂ ਦੇਵੇ ਕੁੱਠ, ਕੁਟਲਤਾ ਕੱਢੇ ਕੂੜ ਲੋਕਾਈਆ । ਅਰਬਾਂ ਖਰਬਾਂ ਵਿਚੋਂ ਹਰਿ ਭਗਤ ਸੁਹੇਲੇ ਮੇਲੇ ਇਕੋ ਮੁੱਠ, ਮੁੱਠੀ ਭਰ ਸ੍ਰਿਸ਼ਟੀ ਚਰਨਾਂ ਹੇਠ ਰਖਾਈਆ । ਇਹ ਖੇਲ ਪ੍ਰਭੂ ਦਾ ਕਲਜੁਗ ਅੰਤਮ ਹੋਣਾ ਅਤੁਟ, ਬੇਅੰਤ ਹੋ ਕੇ ਆਪ ਵਰਤਾਈਆ । ਸ੍ਰਿਸ਼ਟੀ ਭਾਗ ਜਾਣੇ ਨਿਖੁਟ, ਖੋਟਿਆਂ ਖਰੇ ਨਾ ਕੋਇ ਬਣਾਈਆ । ਆਤਮ ਧਾਰ ਪਿਆਰ ਜਾਣੇ ਤੁਟ, ਟੁਟਿਆਂ ਗੰਢ ਨਾ ਕੋਇ ਪੁਆਈਆ । ਕਲਜੁਗ ਕੂੜੀ ਕਿਰਿਆ ਸਭ ਦੀ ਜੜ੍ਹ ਦੇਣੀ ਪੁੱਟ, ਪਟਨੇ ਵਾਲਾ ਸਤਿਗੁਰ ਸ਼ਬਦ ਆਪਣਾ ਹੁਕਮ ਵਰਤਾਈਆ । ਤੇਰੇ ਉਤੇ ਸ਼ਰਅ ਦੀ ਹੋਣੀ ਫੁੱਟ, ਫੁਟਕਲ ਦਿਸੇ ਕੂੜ ਲੋਕਾਈਆ । ਸਭ ਨੂੰ ਹਲੂਣਾ ਦੇਦੇ ਫੜ ਕੇ ਗੁਟ, ਬਾਹੂ ਬਲ ਆਪ ਪਰਗਟਾਈਆ । ਦੀਨ ਦੁਨੀ ਸ਼ਰਅ ਸ਼ਰੀਅਤ ਇਕ ਦੂਜੇ ਨਾਲ ਜਾਣੇ ਜੁਟ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅਰਸ਼ ਕਹੇ ਫ਼ਰਸ਼ਾ ਮੈਂ ਖ਼ੁਸ਼ੀਆਂ ਦੇ

੪੭੦
੨੪

੪੭੧
੨੪

ਵਿਚ ਹਸਦਾ, ਹਸਤੀ ਤਕ ਬੇਪਰਵਾਹੀਆ । ਵਿਸ਼ਨ ਬ੍ਰਹਮਾ ਸ਼ਿਵ ਦੱਸਦਾ, ਦੇਵਤ ਸੁਰ ਬਚਿਆ ਰਹਿਣ ਕੋਇ ਨਾ ਪਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਕੋਲ ਬੋਲ ਜੈਕਾਰਾ ਅਲਖ ਦਾ, ਅਲੱਖ ਅਲੱਖ ਕਹਿ ਕੇ ਸੀਸ ਨਿਵਾਈਆ । ਉਹ ਵੇਖੋ ਤੱਕੋ ਬਿਨ ਪੁਰਖ ਅਕਾਲੇ ਕਿਸੇ ਦੀ ਪਤ ਕੋਇ ਨਾ ਰਖਦਾ, ਰਖਕ ਨਜ਼ਰ ਕੋਇ ਨਾ ਆਈਆ । ਜਗਤ ਵਣਜਾਰਾ ਰੂਪ ਤਕੇ ਅੰਤਮ ਕੱਖ ਦਾ, ਲੱਖ ਕਰੋੜੀ ਰੋਵਣ ਮਾਰਨ ਧਾਹੀਂਆ । ਪਰਮਾਤਮ ਖੇਲ ਦਰਸਾਏ ਆਪਣਾ ਪਰਤਖ ਦਾ, ਪ੍ਰਿਥਮੀ ਆਪਣਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦੀ ਕਰਨੀ ਕਾਰ ਕਮਾਈਆ । ਅਰਸ਼ ਕਹੇ ਫ਼ਰਸ਼ਾ ਵੇਖ ਲੈ ਨੂਰ ਅਲਾਹੀ ਝਲਕ, ਝੱਲਿਆ ਆਪਣੀ ਹੋਸ਼ ਲੈ ਬਦਲਾਈਆ । ਮਾਲਕ ਵੇਖ ਲੈ ਅਰਸ਼ੀ ਪ੍ਰੀਤਮ ਜੋ ਵਸੇ ਉਤੇ ਫ਼ਲਕ, ਜ਼ਿਮੀ ਅਸਮਾਨਾਂ ਬਾਹਰ ਡੇਰਾ ਲਾਈਆ । ਜਿਸ ਦੀ ਲੱਖ ਚੁਰਾਸੀ ਖ਼ਲਕ, ਖ਼ਾਲਕ ਹੋ ਕੇ ਆਪਣਾ ਹੁਕਮ ਵਰਤਾਈਆ । ਜਿਸ ਦਾ ਭੇਵ ਪਾ ਸਕੇ ਕੋਈ ਨਾ ਪਲਕ, ਪਲਕਾਂ ਦਾ ਮਾਲਕ ਆਪਣੀ ਕਾਰ ਭੁਗਤਾਈਆ । ਨਿਰਗੁਣ ਧਾਰ ਜੋਤੀ ਨੂਰ ਵੇਖ ਲੈ ਡਲਕ, ਪਰਕਾਸ਼ ਪਰਕਾਸ਼ ਵਿਚੋਂ ਪਰਗਟਾਈਆ । ਜਿਸ ਦਾ ਹੁਕਮ ਸੰਦੇਸ਼ਾ ਉਡੀਕੇ ਮੌਤ ਮਲਕ, ਮਲਕੁਲਮੌਤ ਬੈਠੀ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅਰਸ਼ ਕਹੇ ਤੈਨੂੰ ਕਹਿੰਦੇ ਖ਼ਾਕ ਮਿੱਟੀ, ਫ਼ਰਸ਼ਾ ਤੇਰੀ ਕੀ ਵਡਿਆਈਆ । ਜੁਗ ਚੌਕੜੀ ਸ੍ਰਿਸ਼ਟੀ ਤੇਰੇ ਉਤੇ ਪਿੱਟੀ, ਦੁਖੀ ਹੋ ਕੇ ਸਰਬ ਕੁਰਲਾਈਆ । ਪ੍ਰਭੂ ਦਾ ਰੂਪ ਵੇਖ ਲੈ ਪੱਥਰ ਇੱਟੀ, ਪਾਹਨਾਂ ਬੈਠੇ ਸੀਸ ਨਿਵਾਈਆ । ਸੁਰਤੀ ਤਨ ਅੰਦਰ ਕਿਸੇ ਨਾ ਟਿਕੀ, ਧੂੜੀ ਖ਼ਾਕ ਨਾ ਕੋਇ ਰਮਾਈਆ । ਰਿਖੀ ਮੁਨੀ ਫਿਰਦੇ ਖੁਲ੍ਹੀ ਲਿਟੀ, ਸਾਚਾ ਸੀਸ ਨਾ ਕੋਇ ਗੁੰਦਾਈਆ । ਨਿਰਅੱਖਰ ਧਾਰ ਦਿਸੇ ਕੋਈ ਨਾ ਚਿੱਟੀ, ਚੇਟਕ ਕੂੜ ਜਗਤ ਨਾ ਕੋਇ ਚੁਕਾਈਆ । ਉਹ ਤਕ ਲੈ ਅੰਤਮ ਇਕੋ ਹਾਹੇ ਉਤੇ ਟਿੱਪੀ, ਜੋ ਟੀਕਾ ਟਿਪਣੀ ਮੇਟੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅਰਸ਼ ਕਹੇ ਫ਼ਰਸ਼ਾ ਮੇਰੀ ਲੈ ਸਲਾਹ, ਸੱਜਣਾ ਦਿਆਂ ਜਣਾਈਆ । ਪੁਰਖ ਅਕਾਲ ਮੰਨ ਲੈ ਇਕ ਮਲਾਹ, ਬੇੜਾ ਦੋ ਜਹਾਨ ਚਲਾਈਆ । ਜੋ ਫਿਰੇ ਜਲਾਂ ਥਲਾਂ ਅਸਗਾਹ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਆਪਣਾ ਪੰਧ ਮੁਕਾਈਆ । ਜਿਸ ਨੂੰ ਸਭ ਨੇ ਕਿਹਾ ਵਾਹ ਵਾਹ, ਵਾਹਿਗੁਰੂ ਕਹਿ ਕੇ ਸੀਸ ਨਿਵਾਈਆ । ਜਿਸ ਨੂੰ ਪੈਗ਼ੰਬਰਾਂ ਮੰਨਿਆ ਨੂਰ ਅਲਾਹ, ਆਲਮੀਨ ਇਕੋ ਇਕ ਖ਼ਲਕ ਖ਼ੁਦਾਈਆ । ਸੋ ਤੇਰਾ ਗ੍ਰਿਹਿ ਸੁਹੰਜਣਾ ਦਏ ਸੁਹਾ, ਸੇਜ ਸੁਹੰਜਣੀ ਦਏ ਬਣਾਈਆ । ਤੂੰ ਸੇਵਾ ਕਰਨੀ ਨਾਲ ਚਾਅ, ਚਾਉ ਘਨੇਰਾ ਇਕ ਪਰਗਟਾਈਆ । ਧੂੜੀ ਖ਼ਾਕ ਲੈਣੀ ਰਮਾ, ਰਮਤਾ ਵੇਖਣਾ ਧੁਰ ਦਾ ਮਾਹੀਆ । ਜਿਸ ਤੇਰੇ ਉਤੇ ਦੀਨ ਦੁਨੀ ਦਾ ਸਮਾਂ ਦੇਣਾ ਬਦਲਾ, ਸਮਾਪਤ ਕਰੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਅਰਸ਼ ਕਹੇ ਫ਼ਰਸ਼ਾ ਮੈਂ ਸੰਦੇਸ਼ਾ ਦੇਵਾਂ ਅਗੰਮਾ, ਜਿਸ ਦੀ ਸਾਰ ਕੋਇ ਨਾ ਪਾਈਆ । ਧੁਰ ਸੰਦੇਸ਼ ਦਿਆਂ ਦ੍ਰਿੜਾ, ਦ੍ਰਿੜ ਵਿਸ਼ਵਾਸ਼ ਨਾਲ ਸਮਝਾਈਆ । ਮੇਰਾ ਮਾਲਕ ਇਕ ਖ਼ੁਦਾ, ਖ਼ੁਦ ਮਾਲਕ ਇਕ ਅਖਵਾਈਆ । ਜਿਸ ਦੀਨ ਦੁਨੀ ਸ੍ਰਿਸ਼ਟੀ ਮਜ਼੍ਹਬਾਂ ਵਿਚ ਕੀਤੀ ਜੁਦਾ, ਜੁਜ਼ ਵਖਰਾ ਵੰਡ ਵੰਡਾਈਆ । ਸੋ ਅੰਤਮ ਸਭ ਦਾ ਲਹਿਣਾ ਦੇਣਾ ਪੂਰਾ ਦਏ ਕਰਾ, ਕਰਨੀ ਦਾ ਕਰਤਾ ਪੂਰਾ ਦਏ ਕਰਾਈਆ । ਸਭ ਦੀ ਕ਼ਬੂਲ ਕਰੇ ਦੁਆ, ਪੈਗ਼ੰਬਰ ਬੈਠੇ

ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਬੇਅੰਤ ਬੇਪਰਵਾਹ, ਬੇਪਰਵਾਹੀ ਆਪਣੀ ਵਿਚ ਸਮਾਈਆ ।

### ✪ ੨੦ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਹਰਨੇਕ ਸਿੰਘ ਦੇ ਗ੍ਰਿਹਿ ✪

ਅਰਸ਼ ਕਹੇ ਫ਼ਰਸ਼ਾ ਆਪਣੇ ਤਕ ਲੈ ਨਵ ਖੰਡ, ਬਿਨ ਖੰਡੇ ਖੜਗ ਧਿਆਨ ਲਗਾਈਆ । ਕਿਸ ਬਿਧ ਸਤਿਗੁਰ ਸ਼ਬਦ ਵੰਡਾਂ ਰਿਹਾ ਵੰਡ, ਹਿੱਸਾ ਦੀਨ ਦੁਨੀ ਬਣਾਈਆ । ਫੇਰ ਨਿਗਾਹ ਮਾਰ ਲੈ ਵਿਚ ਵਰਵੰਡ, ਵਰਭੰਡੀ ਦਾ ਮਾਲਕ ਕੀ ਆਪਣਾ ਹੁਕਮ ਵਰਤਾਈਆ । ਮੇਰਾ ਇਸ਼ਾਰਾ ਤਕ ਲੈ ਉਤੇ ਬ੍ਰਹਿਮੰਡ, ਪੁਰੀਆਂ ਲੋਆਂ ਤੋਂ ਬਾਹਰ ਦਿਆਂ ਵਖਾਈਆ । ਫਿਰਨੀ ਦਰੋਹੀ ਜੇਰਜ ਅੰਡ, ਮਿਤਰਾ ਉਤਭੁਜ ਸੇਤਜ ਦਏ ਦੁਹਾਈਆ । ਸ਼ਾਹ ਸੁਲਤਾਨਾਂ ਨੰਗੀ ਹੋਣੀ ਕੰਡ, ਸੀਸ ਹੱਥ ਨਾ ਕੋਇ ਰਖਾਈਆ । ਸੀਨੇ ਪਏ ਕਿਸੇ ਨਾ ਠੰਢ, ਅਗਨੀ ਤਤ ਨਾ ਕੋਇ ਬੁਝਾਈਆ । ਉਹ ਤਕ ਲੈ ਕਲਜੁਗ ਔਧ ਗਈ ਹੰਡ, ਅਗੇ ਅਵਰ ਨਾ ਕੋਇ ਵਧਾਈਆ । ਫ਼ਰਸ਼ ਕਹੇ ਅਰਸ਼ਾ ਮੈਂ ਵੀ ਕੂੜੀ ਕਿਰਿਆ ਪਾਪਾਂ ਚੁਕੀ ਪੰਡ, ਬੋਝਲ ਹੋ ਕੇ ਦਿਆਂ ਦੁਹਾਈਆ । ਮੇਰੇ ਉਤੇ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋ ਗਈ ਰੰਡ, ਹਰਿ ਕੰਤ ਸੁਹਾਗ ਨਾ ਕੋਇ ਹੰਡਾਈਆ । ਆਤਮ ਧਾਰ ਟੁੱਟੀ ਸਕੇ ਕੋਈ ਨਾ ਗੰਢ, ਗੰਢਣਹਾਰ ਗੋਪਾਲ ਸੁਆਮੀ ਨਜ਼ਰ ਕਿਸੇ ਨਾ ਆਈਆ । ਮੈਂ ਵੀ ਨਿਰਧਨ ਹੋ ਕੇ ਮੰਗਾਂ ਰਿਹਾ ਮੰਗ, ਮਾਂਗਤ ਭਿਖਕ ਹੋ ਕੇ ਝੋਲੀ ਡਾਹੀਆ । ਮੇਰੇ ਸਾਹਿਬ ਸੁਲਤਾਨ ਨੌਜਵਾਨ ਆਪਣੀ ਧਾਰੋਂ ਆਪੇ ਬਾਹਰ ਲੰਘ, ਦੋ ਜਹਾਨਾਂ ਪੰਧ ਮੁਕਾਈਆ । ਸਚ ਸੁਆਮੀ ਹੋ ਕੇ ਦੇਣਾ ਸੰਗ, ਸਗਲਾ ਸੰਗ ਰਖਾਈਆ । ਨਿਗਾਹ ਮਾਰ ਲੈ ਗੋਦਾਵਰੀ ਗੰਗ, ਜਮਨਾ ਸੁਰਸਤੀ ਰਹੀ ਕੁਰਲਾਈਆ । ਭੇਵ ਖੁਲ੍ਹੇ ਨਾ ਕਿਸੇ ਬ੍ਰਹਮ ਹੰ, ਪਾਰਬ੍ਰਹਮ ਤੇਰਾ ਦਰਸ ਕੋਇ ਨਾ ਪਾਈਆ । ਝਗੜਾ ਤਕ ਲੈ ਤਤ ਪੰਜ, ਪੰਚਮ ਸ਼ਬਦ ਨਾ ਕੋਇ ਸ਼ਨਵਾਈਆ । ਹਰ ਹਿਰਦੇ ਅੰਦਰ ਰੰਜ, ਰੰਜਸ਼ ਦੂਰ ਨਾ ਕੋਇ ਕਰਾਈਆ । ਮੇਰੀ ਨੇਤਰ ਵਗੇ ਹੰਝ, ਰੋ ਰੋ ਦਿਆਂ ਦੁਹਾਈਆ । ਦਰੋਹੀ ਨਵ ਸੱਤ ਤੇਰੇ ਹੁਕਮ ਦਾ ਹੋਣ ਵਾਲਾ ਜੰਗ, ਖੰਡਾ ਖੜਕੇ ਥਾਉਂ ਥਾਈਂਆ । ਤੇਰਾ ਸਮਝੇ ਕੋਈ ਨਾ ਢੰਗ, ਕਿਨਾਰਾ ਵੇਖਣ ਕੋਇ ਨਾ ਪਾਈਆ । ਕਲਜੁਗ ਕਿਨਾਰਾ ਤਕ ਲੈ ਕੰਢ, ਕੰਢੀ ਬੈਠੇ ਅਵਤਾਰ ਪੈਗੰਬਰ ਗੁਰੂ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਸਾਹਿਬ ਦਇਆ ਕਮਾਈਆ । ਅਰਸ਼ ਕਹੇ ਫ਼ਰਸ਼ਾ ਖੇਲ ਤਕ ਲੈ ਸੁਦੀਆਂ ਵਦੀਆਂ, ਪਖ ਪੱਖਾਂ ਵਿਚੋਂ ਬਦਲਾਈਆ । ਜਗਤ ਧਾਰ ਵੇਖ ਲੈ ਨਦੀਆਂ, ਕੂੜੇ ਵਹਿਣਾਂ ਵਹਿਣ ਵਹਾਈਆ । ਕਲਜੁਗ ਬੀਤਦੀਆਂ ਤਕ ਲੈ ਸਦੀਆਂ, ਸਦੀ ਚੌਧਵੀਂ ਰਹੀ ਕੁਰਲਾਈਆ । ਸ਼ਾਹ ਸੁਲਤਾਨਾਂ ਮਿਟਦੀਆਂ ਵੇਖ ਲੈ ਗੱਦੀਆਂ, ਗਦਾਗਰ ਹੋਵੇ ਖ਼ਲਕ ਖ਼ੁਦਾਈਆ । ਸ਼ਰਅ ਦੀਆਂ ਅੰਤ ਰਹਿਣੀਆਂ ਨਹੀਂ ਹੱਦੀਆਂ, ਹਦੂਦਾਂ ਵੰਡ ਨਾ ਕੋਇ ਵੰਡਾਈਆ । ਮਨਸਾਂ ਮਜ਼੍ਹਬਾਂ ਰਹਿਣ ਨਾ ਬੱਧੀਆਂ, ਬੰਧਨ ਸਾਰੇ ਰਿਹਾ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਫ਼ਰਸ਼ ਕਹੇ ਮੇਰੇ ਅਰਸ਼ੀ ਮੀਤ ਮੁਰਾਰ, ਮਿਤਰਾ ਤੈਨੂੰ ਦਿਆਂ ਜਣਾਈਆ । ਬਿਨ ਨੇਤਰ ਨੈਣਾਂ ਨਿਗਾਹ

ਲੈਣੀ ਮਾਰ, ਬਿਨ ਅੱਖਾਂ ਅੱਖ ਖੁਲ੍ਹਾਈਆ । ਦੀਨ ਦੁਨੀ ਤਕ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਅਰਸ਼ੀ ਪ੍ਰੀਤਮ ਕੀ ਹੁਕਮ ਸੰਦੇਸ਼ਾ ਦੇਵੇ ਆਪਣੀ ਧਾਰ, ਧਰਨੀ ਧਰਤ ਧਵਲ ਧਵਲ ਜਣਾਈਆ । ਹਲੂਣਾ ਦੇ ਦੇ ਸ਼ਬਦੀ ਸ਼ਬਦ ਤੇਈ ਅਵਤਾਰ, ਪੈਗ਼ੰਬਰਾਂ ਆਪਣਾ ਰੰਗ ਵਖਾਈਆ । ਗੁਰੂ ਗੁਰਦੇਵਾਂ ਦੇ ਹੁਲਾਰ, ਹਲੂਣਾ ਧੁਰ ਦਾ ਨਾਮ ਲਗਾਈਆ । ਸਚਖੰਡ ਦਾ ਖੋਲ੍ਹ ਕਿਵਾੜ, ਕੁੰਡੀ ਖਿੜਕੀ ਬੰਦ ਨਾ ਕੋਇ ਰਖਾਈਆ । ਪੁਰਖ ਅਕਾਲੇ ਕਰ ਨਿਮਸਕਾਰ, ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਜੋ ਮਾਲਕ ਖ਼ਾਲਕ ਜੋਤੀ ਜਾਤਾ ਨੂਰ ਉਜਿਆਰ, ਧਰਨੀ ਧਰਤ ਧਵਲ ਧੌਲ ਆਪਣਾ ਡੇਰਾ ਲਾਈਆ । ਮੇਰੀ ਪਾਵਣ ਆਇਆ ਸਾਰ, ਮਹਾਸਾਰਥੀ ਹੋ ਕੇ ਵੇਖੇ ਥਾਉਂ ਥਾਈਆ । ਮੈਂ ਕਰਾਂ ਦਰਸ ਦੀਦਾਰ, ਈਦ ਚੰਦ ਨੂਰ ਰੁਸ਼ਨਾਈਆ । ਜੋ ਮੇਰਾ ਲਹਿਣਾ ਦੇਣਾ ਦੇਵੇ ਕਰਜ਼ ਉਤਾਰ, ਮਕਰੂਜ਼ ਮੇਰਾ ਲੇਖਾ ਝੋਲੀ ਪਾਈਆ । ਨਵ ਸੱਤ ਮੇਟੇ ਧੂੰਆਂਧਾਰ, ਧਰਮ ਦੀ ਧਾਰ ਇਕ ਪਰਗਟਾਈਆ । ਜਿਸ ਦਾ ਇਕੋ ਨਿਰਅੱਖਰ ਧਾਰ ਹੋਵੇ ਜੈਕਾਰ, ਤੂੰ ਮੇਰਾ ਮੈਂ ਤੇਰਾ ਢੋਲਾ ਦਏ ਸੁਣਾਈਆ । ਜਿਸ ਦਾ ਸੋਹੇ ਬੰਕ ਦੁਆਰ, ਏਕੰਕਾਰਾ ਇਕੋ ਇਕ ਵਖਾਈਆ । ਸਚ ਸਤਿ ਦਾ ਦੇਵੇ ਆਪ ਅਧਾਰ, ਆਦਰਸ਼ ਆਪਣਾ ਇਕ ਵਖਾਈਆ । ਕਲਜੁਗ ਕੂੜੀ ਕਿਰਿਆ ਦਏ ਨਿਵਾਰ, ਨਿਰਗੁਣ ਹੋ ਕੇ ਆਪਣਾ ਹੁਕਮ ਵਰਤਾਈਆ । ਫ਼ਰਸ਼ ਕਹੇ ਮੈਂ ਉਸ ਪ੍ਰਭੂ ਦੇ ਚਰਨ ਕਵਲ ਜਾਵਾਂ ਬਲਿਹਾਰ, ਬਲ ਬਲ ਆਪਣਾ ਆਪ ਕਰਾਈਆ । ਧੂੜੀ ਮਾਟੀ ਖ਼ਾਕ ਲਾਵਾਂ ਛਾਰ, ਮਸਤਕ ਟਿੱਕੇ ਅਗੰਮ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਦਇਆ ਕਮਾਈਆ । ਅਰਸ਼ ਕਹੇ ਫ਼ਰਸ਼ਾ ਮੈਂ ਸਚਖੰਡ ਦੁਆਰੇ ਵਿਚੋਂ ਤਕਦਾ, ਧਰਨੀ ਧਰਤ ਧਿਆਨ ਲਗਾਈਆ । ਸਾਚਾ ਖੇਲ ਵੇਖਣਾ ਹਕੀਕਤ ਹਕ ਦਾ, ਜੋ ਧੁਰ ਮਾਲਕ ਆਪ ਕਰਾਈਆ । ਮੇਰਾ ਤੇਰਾ ਵਅਦਾ ਆਦਿ ਜੁਗਾਦੀ ਕੌਲ ਇਕਰਾਰ ਪੱਕ ਦਾ, ਕੱਚੀ ਗੰਢ ਨਾ ਕੋਇ ਰਖਾਈਆ । ਧੁਰ ਦਾ ਸਾਹਿਬ ਵੇਸ ਕਰੇ ਨਟੂਏ ਨਟ ਦਾ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਨਵ ਖੰਡ ਕੂੜੀ ਕਿਰਿਆ ਜੜ੍ਹ ਵੇਖ ਲੈ ਪਟਦਾ, ਪਾਟਲ ਹੋ ਕੇ ਆਪਣਾ ਹੁਕਮ ਵਰਤਾਈਆ । ਜੋ ਵਣਜਾਰਾ ਬਣੇ ਧੁਰਦਰਗਾਹੀ ਅਗੰਮੀ ਹੱਟ ਦਾ, ਨਾਮ ਵਸਤ ਇਕ ਵਰਤਾਈਆ । ਜਿਸ ਦਾ ਨੂਰ ਜੋਤ ਪਰਕਾਸ਼ ਲਟ ਲਟ ਦਾ, ਦੋ ਜਹਾਨਾਂ ਡਗਮਗਾਈਆ । ਜੋ ਲਹਿਣਾ ਦੇਣਾ ਜਾਣੇ ਤੇਰੇ ਉਤੇ ਤੀਰਥ ਤਟ ਦਾ, ਮੰਦਰ ਮਸਜਿਦ ਖੋਜੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਦਿ ਜੁਗਾਦਿ ਜੁਗ ਚੌਕੜੀ ਹੁਕਮ ਵਰਤੇ ਆਪਣਾ ਸਮਰਥ ਦਾ, ਦੂਸਰ ਨਜ਼ਰ ਕੋਇ ਨਾ ਆਈਆ ।



**੨੦ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਮੁਖਤਿਆਰ ਸਿੰਘ ਦੇ ਗ੍ਰਿਹ ੭੮ ਮੁਸਵਿਲ ਹਿਲ ਰੋਡ ਲੰਡਨ ਨੰ੦ ੧੮**

ਅਰਸ਼ ਕਹੇ ਫ਼ਰਸ਼ਾ ਤਕ ਲੈ ਜੋਤੀ ਜਾਤਾ, ਨਿਰਗੁਣ ਨਿਰਗੁਣ ਨੂਰ ਨੂਰ ਰੁਸ਼ਨਾਈਆ । ਆਦਿ ਜੁਗਾਦਿ ਵੇਖ ਲੈ ਪਿਤ ਮਾਤਾ, ਪਾਰਬ੍ਰਹਮ ਪਤਿਪਰਮੇਸ਼ਵਰ ਧਿਆਨ ਲਗਾਈਆ । ਨਿਰਾਕਾਰ ਨਿਰੰਕਾਰ ਜੋ ਸਦਾ ਸੁਹੇਲਾ ਇਕ ਇਕਾਂਤਾ, ਸਚਖੰਡ ਸਾਚੇ ਸੋਭਾ ਪਾਈਆ । ਉਹ ਤੇਰੇ ਉਤੇ

ਸਰਗੁਣ ਬੰਧਾਏ ਆਪਣਾ ਨਾਤਾ, ਰਿਸ਼ਤਾ ਫ਼ਰਿਸ਼ਤਿਆਂ ਬਾਹਰ ਸਮਝਾਈਆ । ਸਚ ਸਚ ਦੀ ਦੇਵਣਹਾਰਾ ਦਾਤਾ, ਦਾਤਾ ਦਾਨੀ ਦਇਆ ਕਮਾਈਆ । ਜੋ ਦੋ ਜਹਾਨਾਂ ਪੰਧ ਮਾਰ ਕੇ ਵਾਟਾ, ਦਰ ਤੇਰਾ ਇਕ ਸੁਹਾਈਆ । ਤੂੰ ਸੁਹੰਜਣੀ ਰਖਣੀ ਆਪਣੀ ਖਾਟਾ, ਖਟੀਆ ਅਵਰ ਨਾ ਕੋਇ ਜਣਾਈਆ । ਤੇਰਾ ਚੀਥੜ ਵੇਖੇ ਕਲਜੁਗ ਅੰਤਮ ਪਾਟਾ, ਪਾਰਬ੍ਰਹਮ ਪ੍ਰਭ ਆਪਣਾ ਧਿਆਨ ਲਗਾਈਆ । ਧਰਨੀ ਧਰਤ ਧਵਲ ਧੌਲ ਦਾ ਤਕੇ ਖੁਲ੍ਹਾ ਝਾਟਾ, ਮੇਂਢੀ ਸੁਹਾਗ ਸੀਸ ਨਾ ਕੋਇ ਗੁੰਦਾਈਆ । ਜਿਸ ਲਹਿਣਾ ਦੇਣਾ ਲੇਖਾ ਪੂਰਾ ਕਰਨਾ ਗੋਬਿੰਦ ਧਾਰ ਅੰਮ੍ਰਿਤ ਬਾਟਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਅਰਸ਼ ਕਹੇ ਫ਼ਰਸ਼ਾ ਤਕ ਲੈ ਜਲਵਾ ਨੂਰ, ਨੂਰ ਨੁਰਾਨਾ ਨਜ਼ਰੀ ਆਈਆ । ਜਿਸ ਦਾ ਦੋ ਜਹਾਨਾਂ ਵਡ ਜ਼ਹੂਰ, ਜੋਬਨਵੰਤਾ ਇਕ ਅਖਵਾਈਆ । ਜੋ ਲੇਖਾ ਜਾਣੇ ਮੰਡਲ ਮੰਡਪ ਚੰਦ ਸਿਤਾਰ ਸੂਰੀਆ ਸੂਰ, ਪੁਰੀਆਂ ਲੋਆਂ ਖੋਜ ਖੁਜਾਈਆ । ਸਭ ਦੀ ਆਸ਼ਾ ਮਨਸਾ ਕਰੇ ਪੂਰ, ਪੂਰਨ ਬ੍ਰਹਮ ਦਏ ਦ੍ਰਿੜਾਈਆ । ਸ਼ਬਦ ਅਨਾਦੀ ਦੇ ਕੇ ਤੂਰ, ਤੁਰਤ ਸੁਰਤ ਸੋਈ ਲਏ ਜਗਾਈਆ । ਕਲਜੁਗ ਲੇਖਾ ਲਏ ਜ਼ਰੂਰ, ਜ਼ਰੂਰਤ ਧਰਨੀ ਧਰਤ ਧਵਲ ਆਪਣੇ ਨਾਲ ਮਿਲਾਈਆ । ਜਨ ਭਗਤਾਂ ਹੋ ਹਾਜ਼ਰ ਹਜ਼ੂਰ, ਹਜ਼ਰਤਾਂ ਦਾ ਮਾਲਕ ਵੇਖੇ ਚਾਈਂ ਚਾਈਂਆ । ਕੋਟਨ ਕੋਟ ਜਨਮ ਦੇ ਬਖ਼ਸ਼ ਕ਼ਸੂਰ, ਬਿਨ ਕਸਰ ਇਸ਼ਾਰੀਏ ਦਏ ਉਡਾਈਆ । ਜਿਸ ਦੀਨ ਦੁਨੀ ਕਰਨੀ ਮਜਬੂਰ, ਮਜਬੂਰੀ ਵਿਚ ਦਿਸੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਾਰ ਅਗੰਮ ਕਮਾਈਆ । ਅਰਸ਼ ਕਹੇ ਫ਼ਰਸ਼ਾ ਮੇਰੇ ਅੰਦਰ ਖ਼ਬਰਾਂ ਅਗੰਮੀਆਂ ਭਾਖੀਆਂ, ਬਿਨ ਜਗਤ ਵਿਦਿਆ ਦਿਆਂ ਦ੍ਰਿੜਾਈਆ । ਜੋ ਸਤਿਗੁਰ ਸ਼ਬਦ ਗੱਲਾਂ ਨਿਰਅੱਖਰ ਧਾਰ ਆਖੀਆਂ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਜੋ ਤੇਰੇ ਉਤੇ ਗੁਰ ਅਵਤਾਰ ਪੈਗ਼ੰਬਰਾਂ ਲਿਖੀਆਂ ਸਾਖੀਆਂ, ਸੁਖ਼ਨ ਧੁਰ ਦੇ ਗਏ ਦ੍ਰਿੜਾਈਆ । ਉਨ੍ਹਾਂ ਸਭ ਨੇ ਪਰਮ ਪੁਰਖ ਦੀਆਂ ਮੰਨਣੀਆਂ ਆਖੀਆਂ, ਸਿਰ ਸਰ ਜਗਤ ਗਏ ਝੁਕਾਈਆ । ਸੋ ਸਾਹਿਬ ਸੁਆਮੀ ਲਹਿਣਾ ਦੇਣਾ ਦੇਵੇ ਬਾਕੀਆ, ਬਾਕਾਇਦਾ ਆਪਣਾ ਹੁਕਮ ਵਰਤਾਈਆ । ਤੂੰ ਨਵ ਖੰਡਾਂ ਦੀਆਂ ਖੋਲ੍ਹ ਕੇ ਰਖਣੀਆਂ ਤਾਕੀਆਂ, ਸੱਤਾਂ ਦੀਪਾਂ ਪੜਦਾ ਆਪ ਚੁਕਾਈਆ । ਜਿਸ ਕਲਜੁਗ ਅੰਤ ਮੇਟਣੀਆਂ ਵਾਟੀਆਂ, ਵਾਰਸ ਹੋ ਕੇ ਵੇਖ ਵਖਾਈਆ । ਉਹ ਤੇਰੀਆਂ ਮੰਜ਼ਲਾਂ ਤਕੇ ਘਾਟੀਆਂ, ਘਟ ਘਟ ਵਸਣਹਾਰਾ ਧੁਰਦਰਗਾਹੀਆ । ਨਿਰਗੁਣ ਨੂਰ ਜੋਤ ਜਗਾਏ ਨੂਰ ਲਲਾਟੀਆਂ, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਫ਼ਰਸ਼ ਕਹੇ ਅਰਸ਼ਾ ਮੈਂ ਉਸੇ ਦਾ ਤਕਾਂ ਰਾਹ, ਜੋ ਰਹਿਬਰ ਧੁਰਦਰਗਾਹੀਆ । ਜੋ ਲੱਖ ਚੁਰਾਸੀ ਬਣੇ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਤੇਰਾ ਲਹਿਣਾ ਦੇਣਾ ਮੇਰੇ ਉਤੇ ਜਾਣੇ ਬਲ ਅਸਗਾਹ, ਸਮੁੰਦ ਸਾਗਰ ਟਿੱਲੇ ਪਰਬਤ ਅਸਗਾਹਾਂ ਖੋਜ ਖੁਜਾਈਆ । ਜਿਸ ਦਾ ਸਭ ਨੇ ਅੱਖਰਾਂ ਵਿਚ ਗਾਇਆ ਨਾਂ, ਨਾਉਂ ਨਿਰੰਕਾਰ ਕਹਿ ਕੇ ਸੀਸ ਨਿਵਾਈਆ । ਉਹ ਅੰਤ ਕੰਤ ਭਗਵੰਤ ਮੇਰੀ ਪਕੜੇ ਬਾਂਹ, ਸਾਜਣ ਹੋ ਕੇ ਹੋਏ ਸਹਾਈਆ । ਮੈਂ ਉਸ ਦੇ ਬਲ ਬਲ ਜਾਂ, ਬਲ ਬਲ ਆਪਣਾ ਆਪ ਕਰਾਈਆ । ਜੋ ਮੇਰੀ ਧਰਤ ਸੁਹੰਜਣੀ ਕਰੇ ਪਵਿਤ੍ਰ ਥਾਂ, ਬਨੰਤਰਾਂ ਦੇਵੇ ਮਾਣ ਵਡਿਆਈਆ । ਮੇਰਾ ਪਵਿਤ੍ਰ ਕਰੇ ਗਰਾਂ, ਖੇੜਾ ਸਚ ਦਾ ਸਚ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪੜਦਾ ਆਪ

ਚੁਕਾਈਆ । ਫ਼ਰਸ਼ ਕਹੇ ਅਰਸ਼ਾ ਮੈਂ ਉਸੇ ਦਾ ਰਾਹ ਤਕਦਾ, ਤਕਵਾ ਇਕੋ ਉਤੇ ਰਖਾਈਆ । ਜੋ ਮਾਲਕ ਹਕ਼ੀਕ਼ਤ ਹਕ ਦਾ, ਹਾਕਮ ਦਿਸੇ ਨੂਰ ਅਲਾਹੀਆ । ਜਿਸ ਦਾ ਲੇਖਾ ਆਦਿ ਜੁਗਾਦਿ ਯਕ ਦਾ, ਯਕੇ ਬਾਦ ਦੀਗਰੇ ਗੁਰ ਅਵਤਾਰ ਪੈਗ਼ੰਬਰ ਗਏ ਸੁਣਾਈਆ । ਤੂੰ ਸੱਤ ਦੀਪ ਮੰਜ਼ਲਾਂ ਕਟਦਾ, ਕਟਾਕਸ਼ ਆਪਣਾ ਨਾਮ ਲਗਾਈਆ । ਮੈਂ ਉਸੇ ਦੀ ਸਰਨ ਸਰਨਾਈ ਢੱਠ ਦਾ, ਨਿਵ ਨਿਵ ਲਾਗਾ ਪਾਈਆ । ਜਿਸ ਉਲਟਾ ਦੇਣਾ ਗੇੜਾ ਕਲਜੁਗ ਕੂੜੀ ਲਠ ਦਾ, ਨਵ ਸੱਤ ਸਤ ਭੁਆਈਆ । ਬੁਰਜ ਹੰਕਾਰੀ ਵੇਖਾਂ ਢਠਦਾ, ਚਾਰੋਂ ਕੁੰਟ ਧਿਆਨ ਲਗਾਈਆ । ਜਿਸ ਝਗੜਾ ਮੁਕਾਉਣਾ ਮੰਦਰ ਮਸਜਿਦ ਸ਼ਿਵਦਵਾਲੇ ਮਠ ਦਾ, ਗੁਰੂਦੁਆਰਾ ਇਕੋ ਰੰਗ ਚੜ੍ਹਾਈਆ । ਉਸ ਦਾ ਖੇਲ ਤਕਣਾ ਆਤਮ ਪਰਮਾਤਮ ਧਾਰ ਮਾਨਵ ਜ਼ਾਤੀ ਇਕੱਠ ਦਾ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਜੋ ਭਗਤਾਂ ਅੰਦਰ ਪਿਆਰ ਵਿਚ ਸਤਿਜੁਗ ਤ੍ਰੇਤਾ ਦੁਆਪਰ ਆਇਆ ਨਠਦਾ, ਕਲਜੁਗ ਅੰਤਮ ਆਪਣਾ ਪੜਦਾ ਦਏ ਚੁਕਾਈਆ । ਮੈਂ ਉਸੇ ਦਾ ਨਾਮ ਰਟਦਾ, ਜੋ ਰੱਟਾ ਮੇਟੇ ਖਲਕ ਖ਼ੁਦਾਈਆ । ਮੈਂ ਓਟ ਉਸੇ ਤੇ ਘਤਦਾ, ਦੂਸਰ ਸੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹ ਆਪ ਸੁਹਾਈਆ । ਅਰਸ਼ ਕਹੇ ਫ਼ਰਸ਼ਾ ਸੋ ਪੁਰਖ ਨਿਰੰਜਣ ਦਇਆ ਕਮਾਵੇਗਾ । ਦੀਨ ਦਿਆਲ ਵੇਸ ਵਟਾਵੇਗਾ । ਕਾਲ ਮਹਾਕਾਲ ਨਾਲ ਮਿਲਾਵੇਗਾ । ਜਗਤ ਜਹਾਨ ਬੇਮਿਸਾਲ ਖੇਲ ਖਿਲਾਵੇਗਾ । ਜਾਣੀ ਜਾਣ ਹੋ ਕੇ ਵੇਖ ਵਖਾਵੇਗਾ । ਸ਼ਬਦ ਬਾਣੀ ਡੰਕ ਵਜਾਵੇਗਾ । ਆਤਮ ਪਰਮਾਤਮ ਹਾਣੀ ਜੋੜ ਜੁੜਾਵੇਗਾ । ਸ਼ਾਹ ਸੁਲਤਾਨੀ ਭੂਪ ਇਕੋ ਆਪਣਾ ਹੁਕਮ ਵਰਤਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਭੇਵ ਚੁਕਾਵੇਗਾ । ਆਪ ਆਪਣਾ ਭੇਵ ਚੁਕਾਵੇਗਾ । ਪਰਦਾ ਉਹਲਾ ਦੋ ਜਹਾਨ ਉਠਾਵੇਗਾ । ਸਾਚਾ ਸੋਹਲਾ ਨਾਮ ਦ੍ਰਿੜਾਵੇਗਾ । ਕਾਇਆ ਚੋਲਾ ਰੰਗ ਚੜ੍ਹਾਵੇਗਾ । ਮੌਲਾ ਹੋ ਕੇ ਮੇਲ ਮਿਲਾਵੇਗਾ । ਪੂਰਬ ਕੀਤਾ ਕੌਲ ਇਕ਼ਰਾਰਾ ਵੇਖ ਵਖਾਵੇਗਾ । ਪਰਗਟ ਹੋ ਕੇ ਉਪਰ ਧਵਲਾ, ਧਰਨੀ ਧਰਤ ਧੌਲ ਜੋਤ ਚਮਕਾਵੇਗਾ । ਜਿਸ ਨੂੰ ਸਭ ਨੇ ਕਹਿਣਾ ਨੂਰ ਅਲਾਹੀ ਅਵਲਾ, ਆਲਮੀਨ ਹੋ ਕੇ ਵੇਖ ਵਖਾਵੇਗਾ । ਜਿਸ ਦਾ ਇਸ਼ਾਰਾ ਦੇ ਕੇ ਗਿਆ ਕਾਹਨ ਸਵਲਾ, ਸਾਵਲ ਸੁੰਦਰੀਆ ਰੂਪ ਅਨੂਪ ਪਰਗਟਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਵੇਗਾ । ਅਰਸ਼ ਕਹੇ ਫ਼ਰਸ਼ਾ ਤੇਰੀ ਤਕਾਂ ਫ਼ਰਮਾਬਰਦਾਰੀ, ਫ਼ਾਰਗ਼ ਹੋ ਕੇ ਵੇਖੇ ਖ਼ਲਕ ਖ਼ੁਦਾਈਆ । ਤੂੰ ਆਦਿ ਜੁਗਾਦਿ ਮੰਨੀ ਇਕੋ ਤਾਬਿਆਦਾਰੀ, ਦੂਸਰ ਓਟ ਨਾ ਕੋਇ ਤਕਾਈਆ । ਤੇਰਾ ਨਾਤਾ ਨਾਲ ਜੋਤ ਨਿਰੰਕਾਰੀ, ਜੋ ਨਿਰਵੈਰ ਨੂਰ ਅਲਾਹੀਆ । ਜਿਸ ਨੇ ਤੇਰੇ ਉਤੇ ਸ੍ਰਿਸ਼ਟ ਪਸਾਰੀ, ਪਸਰ ਪਸਾਰੀ ਹੋ ਕੇ ਵੇਖ ਵਖਾਈਆ । ਜਿਸ ਜੁਗ ਚੌਕੜੀ ਪਾਰ ਉਤਾਰੀ, ਕੋਟਨ ਕੋਟ ਗਏ ਪੰਧ ਮੁਕਾਈਆ । ਸੋ ਵੇਖੇ ਵਿਗਸੇ ਪਾਵੇ ਸਾਰੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਜਿਸ ਦਾ ਰੂਪ ਨਾ ਪੁਰਖ ਨਾ ਨਾਰੀ, ਨਰ ਨਰਾਇਣ ਇਕੋ ਨਜ਼ਰੀ ਆਈਆ । ਤੂੰ ਆਪਣਾ ਖੋਲ੍ਹ ਕੇ ਰਖੀਂ ਦਰ ਦਰਵਾਜ਼ਾ ਜਿਥੇ ਮਿਲੇ ਮਿਤਰ ਮੁਰਾਰੀ, ਮੋਹਣ ਮਾਧਵਾ ਆਪਣਾ ਦਰਸ ਦਿਖਾਈਆ । ਜਿਸ ਨੂੰ ਝੁਕਦੇ ਪੈਗ਼ੰਬਰ ਗੁਰ ਅਵਤਾਰੀ, ਬਿਨ ਸੀਸ ਸੀਸ ਨਿਵਾਈਆ । ਉਹ ਪਾਵੇ ਤੇਰੀ ਸਾਰੀ, ਸਰਬ ਘਟ ਵਾਸੀ ਦਇਆ ਕਮਾਈਆ । ਤੂੰ ਨਿਵ ਨਿਵ ਕਰੇਂ ਨਿਮਸਕਾਰੀ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਫ਼ਰਸ਼ ਕਹੇ

ਅਰਸ਼ਾ ਮੈਂ ਉਸ ਦਾ ਹੋਣਾ ਸ਼ੁਕਰ ਗੁਜ਼ਾਰੀ, ਸ਼ੁਕਰਾਨੇ ਵਿਚ ਲਾਗਾਂ ਪਾਈਆ । ਧੰਨ ਭਾਗ ਜੋ ਨਿਰਗੁਣ ਖੇਲ ਕੀਤਾ ਦੁਬਾਰੀ, ਦੋਹਰੀ ਆਪਣੀ ਕਲ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਚਰਨ ਕਵਲ ਬਿਨਾ ਧੂੜ ਤੋਂ ਲਾਵਾਂ ਛਾਰੀ, ਬਿਨਾ ਮਸਤਕ ਮਸਤਕ ਖ਼ਾਕ ਰਮਾਈਆ ।

✪ ੨੦ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਨਿਰਭੈ ਸਿੰਘ ਦੇ ਗ੍ਰਹਿ ੪੧ ਵੁਡ ਲੈਂਡ ਗਾਰਡਨ ਨੰ੦ ੧੦ ਲੰਡਨ ✪

ਨਾਰਦ ਕਹੇ ਧਰਨੀਏ ਮੈਥੋਂ ਲੈ ਅਗੰਮੀ ਪਰਚੀ, ਪ੍ਰਾਚੀਨ ਦਾ ਲੇਖਾ ਦਿਆਂ ਜਣਾਈਆ । ਮੈਂ ਫਿਰਦਾ ਆਇਆ ਮੰਦਰ ਮਸੀਤਾਂ ਵਿਚ ਚਰਚੀਂ, ਚਾਰਾਗਾਹਾਂ ਖੋਜ ਖੁਜਾਈਆ । ਮੇਰੇ ਕੋਲ ਚਾਰ ਜੁਗ ਦੀ ਸਭ ਦੀ ਪੁਰਾਣੀ ਅਰਜ਼ੀ, ਜੋ ਬਿਨ ਅੱਖਰਾਂ ਲੇਖ ਬਣਾਈਆ । ਉਹ ਸੰਦੇਸ਼ਾ ਦੇਵੇ ਕੀ ਪਰਵਰਦਿਗਾਰ ਦੀ ਮਰਜ਼ੀ, ਕਰਨੀ ਦਾ ਕਰਤਾ ਕੀ ਖੇਲ ਖਿਲਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਭ ਦਾ ਬਣੇ ਦਰਦੀ, ਦੁਖੀਆਂ ਦਰਦ ਵੰਡਾਈਆ । ਉਠ ਖੇਲ ਤਕ ਲੈ ਆਪਣੇ ਘਰ ਦੀ, ਗ੍ਰਹਿ ਮੰਦਰ ਫੋਲ ਫੁਲਾਈਆ । ਕੀ ਧਾਰ ਹੋਵੇ ਨਰਾਇਣ ਨਰ ਦੀ, ਕੀ ਆਪਣੀ ਕਲ ਵਰਤਾਈਆ । ਧਰਨੀ ਕਹੇ ਨਾਰਦਾ ਮੈਂ ਦਿਵਸ ਰੈਣ ਡਰਦੀ, ਭੱਜਾਂ ਵਾਹੋ ਦਾਹੀਆ । ਮੈਂ ਉੱਤਰ ਪੂਰਬ ਪੱਛਮ ਦੱਖਣ ਬਿਨ ਕ਼ਦਮਾਂ ਤੋਂ
੪੭੬ ਚੜ੍ਹਦੀ, ਪੰਧ ਸਕੇ ਨਾ ਕੋਇ ਮੁਕਾਈਆ । ਮੈਂ ਖੇਲ ਵੇਖਾਂ ਆਪਣੇ ਉਤੇ ਹੰਕਾਰ ਗੜ੍ਹ ਦੀ, ਹਉਮੇ ਵਿਚ ਖ਼ਲਕ ਖ਼ੁਦਾਈਆ । ਕਿਸੇ ਖ਼ਬਰ ਨਹੀਂ ੪੭੬
੨੪ ਚੋਟੀ ਜੜ੍ਹ ਦੀ, ਚੇਤਨ ਭੇਵ ਨਾ ਕੋਇ ਖੁਲ੍ਹਾਈਆ । ਆਤਮ ਧਾਰ ਪਰਮਾਤਮ ਨਾਮ ਕੋਈ ਨਾ ਪੜ੍ਹਦੀ, ਜਗਤ ਵਿਦਿਆ ਹੋਈ ਹਲਕਾਈਆ । ੨੪
ਤ੍ਰੈਗੁਣ ਅੰਦਰ ਸ੍ਰਿਸ਼ਟੀ ਮੇਰੇ ਉਤੇ ਸੜਦੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸ਼ਰਅ ਦੀ ਧਾਰ ਵੇਖ ਲੜਦੀ, ਸੀਸ ਧੜ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਧਰਨੀਏ ਆਪਣਾ ਅੰਦਰੋਂ ਖੋਲ੍ਹ ਲੈ ਭੇਤ ਪੜਦਾ, ਭਾਂਡਾ ਭਰਮ ਭਰਮ ਭੰਨਾਈਆ । ਪੁਰਖ ਅਕਾਲਾ ਦੀਨ ਦਿਆਲਾ ਜੁਗ ਜੁਗ ਨਵਾਂ ਘਾੜਨ ਘੜਦਾ, ਭੰਨਣਹਾਰ ਧੁਰਦਰਗਾਹੀਆ । ਜੋ ਜੋਤੀ ਜਾਤਾ ਹੋ ਕੇ ਸਾਢੇ ਤਿੰਨ ਹੱਥ ਅੰਦਰ ਵੜਦਾ, ਸੰਬਲ ਆਪਣਾ ਧਾਮ ਸੁਹਾਈਆ । ਜੋ ਨਿਰਗੁਣ ਨਿਰਵੈਰ ਹੋ ਕੇ ਨੌਂ ਖੰਡ ਪ੍ਰਿਥਮੀ ਖੜਦਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਮੈਂ ਵੀ ਉਸੇ ਦੇ ਕੋਲੋਂ ਡਰਦਾ, ਭੈ ਵਿਚ ਸੀਸ ਝੁਕਾਈਆ । ਭਿਖਾਰੀ ਬਣ ਕੇ ਅਗੰਮੇ ਦਰ ਦਾ, ਦਰਵੇਸ਼ ਹੋ ਕੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਨਾਰਦ ਕਹੇ ਧਰਨੀਏ ਮੇਰੀ ਬੋਦੀ ਦਏ ਇਸ਼ਾਰਾ, ਬੁੱਧੀਵਾਨ ਸਮਝ ਕੋਇ ਨਾ ਪਾਈਆ । ਮੇਰਾ ਖੇਲ ਸਦਾ ਜੁਗ ਚਾਰਾ, ਜੁਗ ਚੌਕੜੀ ਮੇਰੀ ਦਏ ਗਵਾਹੀਆ । ਮੈਂ ਪ੍ਰਭੂ ਦਾ ਭਗਤ ਪਿਆਰਾ, ਪ੍ਰੇਮਣੇ ਤੈਨੂੰ ਦਿਆਂ ਸੁਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਿਹਾ ਕਵਾਰਾ, ਜਗਤ ਕੰਨਿਆ ਨਾ ਕੋਇ ਪਰਨਾਈਆ । ਮੈਂ ਆਦਿ ਜੁਗਾਦਿ ਤੂੰ ਮੇਰਾ ਮੈਂ ਤੇਰਾ ਲਾਉਂਦਾ ਰਿਹਾ ਨਾਅਰਾ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਮੈਂ ਤਕਦਾ ਰਿਹਾ ਨਿਰਗੁਣ ਸਰਗੁਣ ਖੇਲ ਪੈਗ਼ੰਬਰ ਗੁਰ ਅਵਤਾਰਾ, ਅਵਤਰੀ ਕੀ ਆਪਣਾ ਹੁਕਮ ਵਰਤਾਈਆ । ਜਿਸ ਦਾ

ਲੇਖ ਲਿਖ ਸਕੇ ਨਾ ਕਾਗ਼ਜ਼ ਕਲਮ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਭੇਵ ਕੋਇ ਨਾ ਆਈਆ । ਉਹ ਨਿਰਗੁਣ ਨੂਰ ਜ਼ਾਹਰ ਜ਼ਹੂਰ ਜੋਤੀ ਜਾਤਾ ਖੇਲ ਕਰੇ ਦੁਬਾਰਾ, ਦੋਹਰੀ ਆਪਣੀ ਕਲ ਪਰਗਟਾਈਆ । ਜਿਸ ਨੇ ਕਲਜੁਗ ਮੇਟਣਾ ਅੰਧ ਅੰਧਿਆਰਾ, ਸਤਿਜੁਗ ਨੂਰੀ ਚੰਦ ਚੰਦ ਚਮਕਾਈਆ । ਤੇਰਾ ਮੇਟਣਹਾਰਾ ਧੂੰਆਂਧਾਰਾ, ਧਰਤ ਧਵਲ ਧੌਲ ਤੂੰ ਫਿਰਨਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ । ਧਰਨੀ ਕਹੇ ਨਾਰਦ ਤੂੰ ਬੜਾ ਪੁਰਾਣਾ ਪੰਡਤ, ਜਗਤ ਵਿਦਿਆ ਤੋਂ ਬਾਹਰ ਤੇਰੀ ਪੜ੍ਹਾਈਆ । ਮੈਂ ਉਸੇ ਦਰ ਦੀ ਮੰਗਤ, ਭਿਖਕ ਹੋ ਕੇ ਝੋਲੀ ਡਾਹੀਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮਾਨਸ ਜ਼ਾਤੀ ਚਾੜ੍ਹ ਦੇ ਰੰਗਤ, ਰੰਗ ਚਲੂਲ ਆਪ ਚੜ੍ਹਾਈਆ । ਗੜ੍ਹ ਤੋੜ ਦੇ ਹਉਮੇ ਹੰਗਤ, ਹੰ ਬ੍ਰਹਮ ਦੇ ਸਮਝਾਈਆ । ਚਾਰ ਵਰਨ ਬਣਾ ਦੇ ਇਕੋ ਸੰਗਤ, ਦੀਨ ਮਜ਼੍ਹਬ ਰਹਿਣ ਕੋਇ ਨਾ ਪਾਈਆ । ਮੇਰੀ ਨਿਮਾਣੀ ਦੀ ਮਨਜ਼ੂਰ ਕਰਨੀ ਮਿੰਨਤ, ਨਿਵ ਨਿਵ ਲਾਗਾਂ ਪਾਈਆ । ਜੇ ਆ ਗਿਉਂ ਲਹਿੰਦੀ ਸਿੰਮਤ, ਕੂਟ ਆਪਣੇ ਲੇਖੇ ਲਾਈਆ । ਮੇਰੇ ਵਿਚ ਨਹੀਂ ਕੋਈ ਹਿੰਮਤ, ਕਲਜੁਗ ਅੰਤਮ ਹੌਸਲਾ ਬੈਠੀ ਢਾਹੀਆ । ਪਰਮ ਪੁਰਖ ਮੇਰੀ ਅੰਦਰੋਂ ਮੇਟ ਦੇ ਚਿੰਨਤ, ਚਿੰਤਾ ਚਿਖਾ ਨਾ ਕੋਇ ਜਲਾਈਆ । ਮੈਂ ਚਾਹੁੰਦੀ ਮੇਰੇ ਭਗਵੰਤ ਮੇਰੇ ਉਤੇ ਰਹੇ ਕੋਈ ਨਾ ਨਿੰਦਕ, ਚੁਗਲੀ ਮੁਖ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਵਕਤ ਆਪ ਸੁਹਾਈਆ । ਨਾਰਦ ਕਹੇ ਧਰਨੀਏ ਉਠ ਮਨਾ ਲੈ ਅਗੰਮਾ ਸਗਨ, ਸਗਲਾ ਭਉ ਮਿਟਾਈਆ । ਸਚ ਪ੍ਰੀਤੀ ਵਿਚ ਹੋ ਜਾ ਮਗਨ, ਮਗਰਲਾ ਪੰਧ ਰਹੇ ਨਾ ਰਾਈਆ । ਨੀ ਤੇਰੇ ਲੇਖੇ ਲਾਏ ਵਜੂਦ ਬਦਨ, ਤਨ ਮਾਟੀ ਰੰਗ ਚੜ੍ਹਾਈਆ । ਉਹ ਤਕ ਲੈ ਕੀ ਲੇਖਾ ਹੋਣ ਵਾਲਾ ਵਿਚ ਅਦਨ, ਇਨਸਾਫ਼ ਆਪਣਾ ਰਿਹਾ ਜਣਾਈਆ । ਮੂਸਾ ਕੀ ਕਰੇ ਯਤਨ, ਯਥਾਰਥ ਦਿਆਂ ਦ੍ਰਿੜਾਈਆ । ਈਸਾ ਖੋਲ੍ਹ ਕੇ ਵੇਖੇ ਅਖ਼ੀਰੀ ਪਤਨ, ਪਤਰਕਾ ਪਿਛਲੀ ਹੱਥ ਉਠਾਈਆ । ਕੀ ਖੇਲ ਕਰੇ ਪਰਵਰਦਿਗਾਰ ਸਾਂਝਾ ਯਾਰ ਜੋ ਸਭ ਦੀ ਡੋਰੀ ਆਵੇ ਕੱਟਣ, ਕਟਾਕਸ਼ ਆਪਣਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਧਰਨੀਏ ਮੇਰੀ ਬੋਦੀ ਤੋਂ ਪੁਛ ਲੈ ਹਾਲ, ਹਾਲਤ ਤੈਨੂੰ ਦਏ ਜਣਾਈਆ । ਜਿਸ ਦੀ ਯਾਦ ਵਿਚ ਬੀਤ ਗਏ ਕੋਟਨ ਕਾਲ, ਆਪ ਆਪਣਾ ਪੰਧ ਮੁਕਾਈਆ । ਉਹ ਖ਼ਲਕ ਦਾ ਖ਼ਾਲਕ ਖੇਲ ਕਰੇ ਕਮਾਲ, ਕਮਲਾਪਾਤੀ ਆਪਣਾ ਹੁਕਮ ਵਰਤਾਈਆ । ਜਿਸ ਦੀ ਸਮਝ ਸਕੇ ਕੋਈ ਨਾ ਚਾਲ, ਅਵਲੜੀ ਚਲੇ ਥਾਉਂ ਥਾਈਆ । ਜੋ ਸੁਹਾਵਣਹਾਰਾ ਗਗਨ ਮੰਡਲ ਥਾਲ, ਧਵਲੇ ਤੇਰਾ ਪੜਦਾ ਦਏ ਚੁਕਾਈਆ । ਫਲ ਵੇਖੇ ਲੱਖ ਚੁਰਾਸੀ ਵਾਲੇ ਡਾਲ੍ਹ, ਪੱਤ ਟਹਿਣੀਆਂ ਖੋਜ ਖੁਜਾਈਆ । ਤੂੰ ਬਿਨਾ ਸੁਰਤੀ ਤੋਂ ਕਰੀਂ ਖ਼ਿਆਲ, ਬਿਨਾ ਬੁਧੀ ਤੋਂ ਧਿਆਨ ਲਗਾਈਆ । ਜਿਸ ਦਾ ਸਭ ਨੇ ਦਿਤਾ ਅਹਿਵਾਲ, ਸੰਦੇਸ਼ਿਆਂ ਵਿਚ ਗਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਲੇਖੇ ਪਾਵੇ ਆਦਿ ਜੁਗਾਦਿ ਘਾਲ, ਅਗੇ ਘਾਇਲ ਹੋਣ ਦੀ ਲੋੜ ਰਹੇ ਨਾ ਰਾਈਆ ।

✪ ੨੧ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਹਰਚੰਦ ਸਿੰਘ ਦੇ ਗ੍ਰਿਹ ੩੯ ਟੁਡੋਰ ਰੋਡ ਸਾਊਥ ਹਾਲ ਮਿਡਐਕਸ ਲੰਡਨ ✪

ਨਾਰਦ ਕਹੇ ਫ਼ਰਸ਼ ਮੈਂ ਨਵ ਸੱਤ ਭੱਜਾਂ ਸਾਰੀ ਰੈਣ, ਬਿਨ ਕਦਮਾਂ ਆਪਣਾ ਪੰਧ ਮੁਕਾਈਆ । ਨੌ ਖੰਡ ਪ੍ਰਿਥਮੀ ਤਕਿਆ ਸਾਚਾ ਮਿਲਿਆ ਕੋਈ ਨਾ ਸੱਜਣ ਸੈਣ, ਮੀਤ ਮੁਰਾਰ ਨਜ਼ਰ ਕੋਇ ਨਾ ਆਈਆ । ਦੀਨ ਦੁਨੀ ਆਤਮ ਪਰਮਾਤਮ ਧਾਰ ਹੋਈ ਤ੍ਰਫ਼ੈਣ, ਪਾਰਬ੍ਰਹਮ ਬ੍ਰਹਮ ਸੰਗ ਨਾ ਕੋਇ ਨਿਭਾਈਆ । ਮੈਂ ਤੈਨੂੰ ਸਚ ਸੰਦੇਸ਼ਾ ਆਇਆ ਕਹਿਣ, ਕਹਿ ਕੇ ਦਿਆਂ ਦ੍ਰਿੜਾਈਆ । ਵਕ਼ਤ ਸੁਹੰਜਣਾ ਤਕ ਲੈ ਜੋ ਬਾਲਮੀਕ ਇਸ਼ਾਰਾ ਦਿਤਾ ਵਿਚ ਰਮਾਇਣ, ਰਾਮ ਰਾਮਾ ਧਿਆਨ ਲਗਾਈਆ । ਮੈਨੂੰ ਵੇਖ ਕੇ ਮੂਲ ਨਾ ਆਇਆ ਚੈਨ, ਹੈਰਾਨੀ ਵਿਚ ਮੇਰੀ ਦੁਹਾਈਆ । ਉਹ ਤਕ ਲੈ ਅਵਤਾਰ ਪੈਗ਼ੰਬਰ ਗੁਰ ਦੀਨਾਂ ਮਜ਼੍ਹਬਾਂ ਧਾਰ ਇਕ ਦੂਜੇ ਨਾਲ ਖਹਿਣ, ਕਲਮਾ ਨਾਮ ਕਰੇ ਲੜਾਈਆ । ਕਲਜੁਗ ਕੂੜੀ ਕਿਰਿਆ ਚਾਰੋਂ ਕੁੰਟ ਵਹਿੰਦਾ ਵਹਿਣ, ਜੀਵਾਂ ਜੰਤਾਂ ਸਾਧਾਂ ਸੰਤਾਂ ਰਿਹਾ ਰੁੜ੍ਹਾਈਆ । ਧਰਮ ਦਾ ਨਾਤਾ ਰਿਹਾ ਨਾ ਮਾਤ ਪਿਤ ਭਾਈ ਭੈਣ, ਪਿਤਾ ਪੂਤ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਫ਼ਰਸ਼ ਮੈਨੂੰ ਅਰਸ਼ ਤੋਂ ਪਰੇ ਸਤਿਗੁਰ ਸ਼ਬਦ ਮਾਰੀਆਂ ਆਵਾਜ਼ਾਂ, ਜ਼ਿਮੀਂ ਅਸਮਾਨਾਂ ਬਾਹਰ ਹੁਕਮ ਦਿਤਾ ਦ੍ਰਿੜਾਈਆ । ਉਠ ਤਕ ਲੈ ਨਿਰਗੁਣ ਧਾਰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰ ਦਾ ਰਾਜਾ, ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਨਜ਼ਰੀ ਆਈਆ । ਜਿਸ ਆਦਿ ਆਦਿ ਸ੍ਰਿਸ਼ਟ ਸਬਾਈ ਸਾਜਣ ਸਾਜਾ, ਵਿਸ਼ਨ ਬ੍ਰਹਮਾ ਸ਼ਿਵ ਆਪਣੇ ਹੁਕਮ ਵਿਚ ਚਲਾਈਆ । ਜੋ ਅਵਤਾਰ ਪੈਗ਼ੰਬਰਾਂ ਗੁਰੂਆਂ ਅਨਹਦ ਸ਼ਬਦ ਵਜਾਉਂਦਾ ਰਿਹਾ ਵਾਜਾ, ਆਪਣੀ ਧੁਨ ਆਪ ਪਰਗਟਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਅੰਤਮ ਆਪਣਾ ਰਚਣਵਾਲਾ ਕਾਜਾ, ਕਰਨੀ ਦਾ ਕਰਤਾ ਆਪਣਾ ਹੁਕਮ ਵਰਤਾਈਆ । ਉਸ ਨੂੰ ਸਭ ਨੇ ਨਿਰਗੁਣ ਧਾਰ ਮੰਨਿਆ ਗ਼ਰੀਬ ਨਿਵਾਜਾ, ਨਿਰਗੁਣ ਨਿਰਾਕਾਰ ਨਿਰੰਕਾਰ ਆਪਣਾ ਖੇਲ ਖਿਲਾਈਆ । ਜਿਸ ਦਾ ਸਤਿਗੁਰ ਸ਼ਬਦ ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਦੋ ਜਹਾਨਾਂ ਫਿਰੇ ਭਾਜਾ, ਭਜਨ ਬੰਦਗੀ ਤਕਾਂ ਖ਼ਲਕ ਖ਼ੁਦਾਈਆ । ਦਿਵਸ ਰੈਣ ਘੜੀ ਪਲ ਨਾ ਸੋਇਆ ਨਾ ਜਾਗਾ, ਜਾਗਰਤ ਜੋਤ ਬਿਨ ਵਰਨ ਗੋਤ ਇਕੋ ਆਪਣਾ ਰੂਪ ਦਰਸਾਈਆ । ਜੋ ਵੇਖਣਹਾਰਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਅੰਤਸ਼ਕਰਨ ਵੈਰਾਗਾ, ਗ੍ਰਿਹ ਗ੍ਰਿਹ ਅੰਦਰ ਕਾਇਆ ਮਾਟੀ ਖੋਜ ਖੁਜਾਈਆ । ਜਿਸ ਦੀ ਤਾਰ ਸਿਤਾਰ ਅਗੰਮੀ ਹੋਏ ਰਬਾਬਾ, ਜਗਤ ਸਾਜ ਵੰਡ ਨਾ ਕੋਇ ਵੰਡਾਈਆ । ਉਸ ਦਾ ਹੁਕਮ ਸੁਣ ਲੈ ਜੋ ਦੇਵਣਵਾਲਾ ਵਿਚ ਕਾਅਬਾ, ਮਕ਼ਬਰਿਆਂ ਵਿਚ ਮੁਰਸ਼ਦ ਮਾਟੀ ਖ਼ਾਕ ਲੈਣ ਅੰਗੜਾਈਆ । ਜੋ ਸ਼ਾਹੋ ਭੂਪ ਸੁਲਤਾਨ ਦਰਗਾਹ ਸਾਚੀ ਬਣ ਨਵਾਬਾ, ਸ਼ਹਿਨਸ਼ਾਹ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਫ਼ਰਸ਼ ਮੈਂ ਧੁਰਦਾ ਦੱਸਾਂ ਫ਼ਰਮਾਨਾ, ਫ਼ਰਮਾਬਰਦਾਰ ਹੋ ਕੇ ਸੁਣਨਾ ਚਾਈਂ ਚਾਈਂਆ । ਉਹ ਵੇਖ ਕੀ ਖੇਲ ਕਰੇ ਵਾਲੀ ਦੋ ਜਹਾਨਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣਾ ਹੁਕਮ ਵਰਤਾਈਆ । ਜਿਸ ਦਾ ਸਤਿਗੁਰ ਸ਼ਬਦ ਸ਼ਬਦ ਬਲਵਾਨਾ, ਬਿਨ ਤਨ ਵਜੂਦ ਮਾਟੀ ਖ਼ਾਕ ਸੋਭਾ ਪਾਈਆ । ਜਿਸ ਦਾ ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਖੇਲ ਦੀਨ ਦੁਨੀ ਵਿਚ ਜਹਾਨਾ, ਜਾਗਰਤ ਜੋਤ ਇਕੋ ਇਕ ਡਗਮਗਾਈਆ । ਸੋ ਪਰਮ ਪੁਰਖ ਪਰਮਾਤਮ ਬਦਲਣਹਾਰ ਵਿਧਾਨਾ, ਬਿਧ ਆਪਣੀ ਇਕ ਸਮਝਾਈਆ ।


੪੭੮ ੨੪

ਜਿਸ ਦਾ ਤੁਰੀਆ ਤੋਂ ਬਾਦ ਇਕੋ ਇਕ ਤਰਾਨਾ, ਤ੍ਰੈਗੁਣ ਅਤੀਤਾ ਆਪ ਦ੍ਰਿੜਾਈਆ । ਜਿਸ ਦਾ ਅਵਤਾਰ ਪੈਗ਼ੰਬਰ ਗੁਰ ਦਸ ਕੇ ਗਏ ਨਿਸ਼ਾਨਾ, ਨਿਸ਼ਾਨਾ ਆਪਣਾ ਨਾਮ ਚਲਾਈਆ । ਸੋ ਪਰਮ ਪੁਰਖ ਪਰਵਰਦਿਗਾਰ ਸਾਂਝਾ ਯਾਰ ਨੂਰ ਅਲਾਹ ਪਹਿਰ ਕੇ ਸਾਚਾ ਬਾਣਾ, ਮਹਿਬਾਨ ਬੀਦੋ ਆਪਣਾ ਹੁਕਮ ਵਰਤਾਈਆ । ਜਿਸ ਦਾ ਬਿਨਾ ਅੱਖਰਾਂ ਲੇਖ ਜਗ ਨੇਤਰ ਨਜ਼ਰ ਨਾ ਆਏ ਜੋ ਹੁਕਮ ਹੁਕਮ ਦੇਵੇ ਫ਼ਰਮਾਨਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਫ਼ਰਸ਼ ਕਹੇ ਨਾਰਦ ਮੇਰਾ ਮਿੱਟੀ ਖ਼ਾਕ ਤਨ ਵਜ਼ੂਦ, ਨੌ ਖੰਡ ਪ੍ਰਿਥਮੀ ਸੱਤ ਦੀਪ ਨਜ਼ਰੀ ਆਈਆ । ਮੇਰਾ ਮਾਲਕ ਖ਼ਾਲਕ ਹਕ ਹਕੀਕ਼ਤ ਵਾਲਾ ਇਕ ਮਹਿਬੂਬ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਦੀ ਮੰਜ਼ਲ ਅਗੰਮੀ ਬੈਠਾ ਹਕ ਮਕਸੂਦ, ਮੁਸ਼ਕਲ ਮੇਰੀ ਹਲ ਕਰਾਈਆ । ਜਿਸ ਦਾ ਇਸ਼ਾਰਾ ਦਿਤਾ ਪੈਗ਼ੰਬਰਾਂ ਵਿਚ ਹਜ਼ਾਰਾ ਦਾਰੂਦ, ਦਰੋਹੀ ਤੇਰਾ ਨਾਮ ਖ਼ੁਦਾਈਆ । ਸੋ ਹਰ ਘਟ ਹਰ ਥਾਂ ਦਿਸੇ ਮੌਜੂਦ, ਗ੍ਰਿਹ ਗ੍ਰਿਹ ਅੰਦਰ ਆਪਣਾ ਡੇਰਾ ਲਾਈਆ । ਜਿਸ ਮੇਰੇ ਉਤੋਂ ਦੀਨ ਦੁਨੀ ਦੀ ਮੇਟਣੀ ਦੂਜ, ਸ਼ਰਅ ਸ਼ਰਅ ਦਾ ਪੰਧ ਮੁਕਾਈਆ । ਆਤਮ ਪਰਮਾਤਮ ਭੇਵ ਖੋਲ੍ਹਣਾ ਗੁਝ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਬ੍ਰਹਮ ਪਾਰਬ੍ਰਹਮ ਬਖ਼ਸ਼ਣੀ ਸੁਝ, ਸੋਈ ਸੁਰਤੀ ਸ਼ਬਦ ਉਠਾਈਆ । ਭਾਗ ਲਗਾ ਕੇ ਕਾਇਆ ਬੁਤ, ਬੁਤਖਾਨਿਆਂ ਕਰੇ ਸਫ਼ਾਈਆ । ਜਿਸ ਕਲਜੁਗ ਅੰਦਰ ਸਤਿਜੁਗ ਸੁਹਾਉਣੀ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਸੋ ਪਾਰਬ੍ਰਹਮ ਅਬਿਨਾਸ਼ੀ ਅਚੁਤ, ਪਤਿਪਰਮੇਸ਼ਵਰ ਅਗੰਮ ਅਥਾਹੀਆ । ਜੋ ਮੇਰੇ ਉਤੇ ਮਿਹਰਵਾਨ ਹੋ ਕੇ ਪਏ ਤੁਠ, ਮਿਹਰ ਮਿਹਰ ਨਜ਼ਰ ਉਠਾਈਆ । ਕੂੜੀ ਕਿਰਿਆ ਜੜ੍ਹ ਦੇਵੇ ਪੁਟ, ਪਟਨੇ ਵਾਲਾ ਸਤਿਗੁਰ ਸ਼ਬਦ ਸ਼ਬਦ ਨਾਲ ਮਿਲਾਈਆ । ਅੰਮ੍ਰਿਤ ਜਾਮ ਧਰਨੀ ਧਰਤ ਧਵਲ ਧੌਲ ਅੰਮਿਉਂ ਰਸ ਦੇਵੇ ਘੁਟ, ਬਿਨ ਰਸਨਾ ਰਸ ਚਖਾਈਆ । ਜਿਸ ਨਾਲ ਹਰਿ ਹਿਰਦੇ ਧਰਮ ਦੀ ਧਾਰ ਪਏ ਫੁਟ, ਫੁਟਕਲ ਦਿਸੇ ਨਾ ਕੋਇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਚੜ੍ਹਾਈਆ । ਫ਼ਰਸ਼ ਕਹੇ ਨਾਰਦ ਮੈਂ ਉਸ ਨੂੰ ਉਡੀਕਦਾ, ਥਿਤ ਵਾਰ ਵੰਡ ਨਾ ਕੋਇ ਵੰਡਾਈਆ । ਜਿਸ ਦੇ ਹੁਕਮ ਵਿਚ ਕਲਜੁਗ ਜਾਂਦਾ ਬੀਤਦਾ, ਸਦੀ ਚੌਧਵੀਂ ਆਪਣਾ ਪੰਧ ਮੁਕਾਈਆ । ਮੈਂ ਵਣਜਾਰਾ ਹੋਣਾ ਅੰਤਮ ਉਸ ਦੇ ਇਕੋ ਗੀਤ ਦਾ, ਜੋ ਗੋਬਿੰਦ ਸੋਹਲਾ ਢੋਲਾ ਦਏ ਸੁਣਾਈਆ । ਮੇਰੇ ਉਤੋਂ ਝਗੜਾ ਮਿਟਣਾ ਮੰਦਰ ਮਸੀਤ ਦਾ, ਕਾਅਬਾ ਕਾਇਨਾਤ ਰਹਿਣ ਕੋਇ ਨਾ ਪਾਈਆ । ਮੈਂ ਪਿਆਸਾ ਆਤਮ ਪਰਮਾਤਮ ਪ੍ਰੀਤ ਦਾ, ਪ੍ਰੀਤਮ ਮੇਲਾ ਮੇਲੇ ਸਹਿਜ ਸੁਭਾਈਆ । ਮੈਂ ਰੂਪ ਤਕਣਾ ਠਾਂਡੇ ਸੀਤ ਦਾ, ਅਗਨੀ ਤਤ ਨਾ ਕੋਇ ਤਪਾਈਆ । ਇਕੋ ਮਾਣ ਤਕਣਾ ਹਸਤ ਕੀਟ ਦਾ, ਊਚਾਂ ਨੀਚਾਂ ਡੇਰਾ ਢਾਹੀਆ । ਰੰਗ ਚੜ੍ਹਾਉਣਾ ਅਗੰਮ ਮਜੀਠ ਦਾ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਰਸ ਬਖ਼ਸ਼ੇ ਜੋ ਆਪਣੇ ਮੀਠ ਦਾ, ਬਿਨ ਰਸਨਾ ਜਿਹਵਾ ਦਏ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਰਗ ਇਕ ਦਰਸਾਈਆ । ਨਾਰਦ ਕਹੇ ਫ਼ਰਸ਼, ਸੋ ਪੁਰਖ ਨਿਰੰਜਣ ਦਇਆ ਕਮਾਵੇਗਾ । ਹਰਿ ਪੁਰਖ ਨਿਰੰਜਣ ਵੇਖ ਵਖਾਵੇਗਾ । ਏਕੰਕਾਰਾ ਭੇਵ ਚੁਕਾਵੇਗਾ । ਆਦਿ ਨਿਰੰਜਣ ਨੂਰ ਰੁਸ਼ਨਾਵੇਗਾ । ਅਬਿਨਾਸ਼ੀ ਕਰਤਾ ਸੋਭਾ ਪਾਵੇਗਾ । ਸ੍ਰੀ ਭਗਵਾਨ ਡਗਮਗਾਵੇਗਾ । ਪਾਰਬ੍ਰਹਮ ਰੂਪ ਪਰਗਟਾਵੇਗਾ । ਸਤਿਗੁਰ ਸ਼ਬਦ ਸ਼ਬਦ ਉਠਾਵੇਗਾ । ਸਚਖੰਡ ਖੰਡ ਦੁਆਰ ਸੁਹਾਵੇਗਾ । ਦਰਗਾਹ


੪੭੯
੨੪

ਸਾਚੀ ਦਰ ਦਰਵਾਜ਼ਾ ਆਪ ਖੁਲ੍ਹਾਵੇਗਾ । ਗ਼ਰੀਬ ਨਿਵਾਜ਼ਾ ਆਪਣਾ ਹੁਕਮ ਵਰਤਾਵੇਗਾ । ਤੇਰਾ ਖੇਲ ਤਕੇ ਸ਼ਾਹੋ ਭੂਪ ਬਣ ਰਾਜਾ, ਸ਼ਹਿਨਸ਼ਾਹ ਆਪਣਾ ਪਰਦਾ ਆਪ ਉਠਾਵੇਗਾ । ਜੋ ਸੰਦੇਸ਼ਾ ਦੇ ਕੇ ਗਿਆ ਗੋਬਿੰਦ ਵਾਲਾ ਬਾਜ਼ਾ, ਬਾਜ਼ੀ ਦੀਨ ਦੁਨੀ ਉਲਟਾਵੇਗਾ । ਜੋ ਮਾਨਸ ਮਾਨਵ ਮਾਨੁਖ ਬੁੱਧੀ ਹੋ ਗਈ ਵਾਂਗ ਕਾਗਾ, ਕਾਗ ਹੰਸ ਰੂਪ ਬਦਲਾਵੇਗਾ । ਹਰ ਹਿਰਦੇ ਅੰਤਰ ਬਖ਼ਸ਼ ਅਗੰਮ ਵੈਰਾਗਾ, ਵੈਰੀ ਅੰਦਰੋਂ ਬਾਹਰ ਕਢਾਵੇਗਾ । ਸ਼ਬਦ ਧੁਨ ਸੁਣਾ ਕੇ ਅਨਾਦੀ ਵਾਜਾ, ਅਨਹਦ ਆਪਣਾ ਆਪ ਵਜਾਵੇਗਾ । ਜੋਤੀ ਜਾਤਾ ਹੋ ਕੇ ਜਾਵੇ ਜਾਗਾ, ਜਾਗਰਤ ਜੋਤ ਡਗਮਗਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਵੇਗਾ । ਨਾਰਦ ਕਹੇ ਫ਼ਰਸ਼ਾ ਮੇਰੇ ਕੋਲ ਬਹੁਤ ਪੁਰਾਣੀ ਹਦੀਸਾ, ਹਜ਼ਰਤਾਂ ਤੋਂ ਬਾਹਰ ਦਿਆਂ ਜਣਾਈਆ । ਜਿਸ ਵਿਚ ਖੇਲ ਇਕ ਇੱਕੀਸਾ, ਬੀਸ ਬੀਸਾ ਨਾਲ ਮਿਲਾਈਆ । ਜੋ ਸੰਦੇਸ਼ਾ ਦਿਤਾ ਬਿਨ ਅੱਖਰਾਂ ਨੂਰ ਅਲਾਹੀ ਈਸਾ, ਇਸਮ ਆਜ਼ਮ ਇਕ ਜਣਾਈਆ । ਜੋ ਗੋਬਿੰਦ ਧਾਰ ਕਹਿ ਕੇ ਗਿਆ ਜਗਦੀਸਾ, ਜਗਦੀਸ਼ਰ ਆਪਣਾ ਹੁਕਮ ਵਰਤਾਈਆ । ਜਿਸ ਦੇ ਭੈ ਵਿਚ ਆਦਿ ਜੁਗਾਦਿ ਜੁਗ ਚੌਕੜੀ ਸਭ ਨੇ ਪੀਸਣ ਪੀਸਾ, ਸੇਵਕ ਹੋ ਕੇ ਸੇਵ ਕਮਾਈਆ । ਉਸ ਦਾ ਲਹਿਣਾ ਦੇਣਾ ਪੂਰਾ ਹੋਣਾ ਅਵਤਾਰ ਪੈਗ਼ੰਬਰਾਂ ਗੁਰੂਆਂ ਨਾਲ ਵਿਚ ਉਨੀਸਾ, ਏਕਾ ਨਾਇਆ ਮਿਲ ਕੇ ਵਜੇ ਵਧਾਈਆ । ਇਕੋ ਛਤਰ ਝੁੱਲੇ ਸਾਹਿਬ ਦੇ ਸੀਸਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਫ਼ਰਸ਼ਾ ਮੇਰੇ ਕੋਲ ਨੌਂ ਸੌ ਚੁਰਾਨਵੇ ਚੌਕੜੀ ਜੁਗ ਦੀਆਂ ਪੂਰਬ ਕਿਤਾਬਾਂ, ਕੁਤਬਖ਼ਾਨਿਆਂ ਹੱਥ ਕਿਸੇ ਨਾ ਆਈਆ । ਜਿਸ ਦੇ ਵਿਚ ਬ੍ਰਹਿਮੰਡ ਖੰਡ ਦੀਆਂ ਮਹਿਰਾਬਾਂ, ਸ਼ਰਅ ਦੀ ਵੰਡ ਨਾ ਕੋਇ ਵੰਡਾਈਆ । ਜਿਸ ਵਿਚ ਸੰਦੇਸ਼ਾ ਦੇਵੇ ਇਕ ਅਗੰਮ ਅਹਿਬਾਬਾ, ਮਿਤਰ ਪਿਆਰਾ ਧੁਰਦਰਗਾਹੀਆ । ਜਿਸ ਦਾ ਸਭ ਦੇ ਨਾਲ ਨਿਰਗੁਣ ਧਾਰ ਹੋਇਆ ਵਾਅਦਾ, ਇਕ਼ਰਾਰ ਇਕ਼ਰਾਰ ਵਿਚੋਂ ਪਰਗਟਾਈਆ । ਉਹ ਆਪਣਾ ਹੁਕਮ ਵਰਤੇ ਬਾਕਾਇਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਆਹ ਤਕ ਲੈ ਸਚਖੰਡ ਨਿਵਾਸੀ ਜੋ ਜੋਤੀ ਜਾਤੇ ਕੀਤਾ ਮੁਆਇਦਾ, ਮਿਹਰਵਾਨ ਹੋ ਕੇ ਆਪਣਾ ਹੁਕਮ ਵਰਤਾਈਆ । ਪਤਾ ਨਹੀਂ ਕੋਟਾਂ ਵਿਚੋਂ ਕਿਸ ਨੂੰ ਮਿਲਣਾ ਫ਼ਾਇਦਾ, ਜਗਤ ਗਿਣਤੀ ਗਣਤ ਨਾ ਕੋਇ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਦਰਸਾਈਆ । ਨਾਰਦ ਕਹੇ ਫ਼ਰਸ਼ ਮੇਰੇ ਕੋਲ ਚਿੱਠੀ ਬਿਨ ਅੱਖਰਾਂ ਵੇਖ ਲੈ ਲਿਖੀ, ਮਾਛੂਵਾੜਾ ਦਏ ਗਵਾਹੀਆ । ਜਿਸ ਵਿਚ ਗੋਬਿੰਦ ਧਾਰ ਨਜ਼ਰੀ ਆਵੇ ਸਿੱਖੀ, ਬਿਨ ਜਗ ਨੇਤਰਾਂ ਵੇਖਣਾ ਚਾਈਂ ਚਾਈਆ । ਜਿਸ ਦੀ ਸਮਝ ਸਕੇ ਕੋਇ ਨਾ ਥਿਤੀ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਉਹ ਮਿਤਰ ਪਿਆਰੇ ਦੀ ਯਾਦ ਵਿਚ ਅਗੰਮੀ ਮਿਤੀ, ਜੋ ਯਾਰੜਾ ਸੇਜ ਦਏ ਗਵਾਹੀਆ । ਹਕ਼ੀਕ਼ਤ ਨਾਲ ਬਿਨ ਕਲਮ ਸ਼ਾਹੀ ਕਾਗ਼ਜ਼ ਤੋਂ ਗੋਬਿੰਦ ਨੇ ਹਾਹੇ ਉਤੇ ਲਾਈ ਟਿੱਪੀ, ਹੰ ਬ੍ਰਹਮ ਬ੍ਰਹਮ ਪਾਰਬ੍ਰਹਮ ਦ੍ਰਿੜਾਈਆ । ਜਿਸ ਦੀ ਧਾਰ ਉਤੇ ਜੋਤ ਨਿਰੰਕਾਰ ਸਦਾ ਲਿਟੀ, ਆਤਮ ਸੇਜਾ ਸੇਜ ਸੁਹਾਈਆ । ਜਿਸ ਦੀ ਬਨਾਵਟ ਬਣੇ ਕਦੇ ਨਾ ਪੱਥਰ ਨਾਲ ਇੱਟੀ, ਪਾਹਿਨਾਂ ਗੰਢ ਨਾ ਕੋਇ ਪੁਆਈਆ । ਜਦੋਂ ਵੇਖੇ ਜੋਤੀ ਨੂਰ ਨੂਰ ਨੂਰ ਦੀ ਧਾਰ ਚਿੱਟੀ, ਦੂਜਾ ਰੰਗ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਨਾਰਦ

ਕਹੇ ਫ਼ਰਸ਼ਾ ਗੋਬਿੰਦ ਫੜ ਕੇ ਮੁਖੀ ਤੀਰ, ਦੰਦਾਂ ਹੇਠ ਦਿਤੀ ਦਬਾਈਆ । ਫੇਰ ਕੱਟ ਕੇ ਸ਼ਰਅ ਜ਼ੰਜੀਰ, ਕੜੀ ਕੜੀ ਦਿਤੀ ਬਦਲਾਈਆ । ਇਸ਼ਾਰਾ ਦੇ ਕੇ ਭਗਤ ਕਬੀਰ, ਚਰਨ ਕਵਲ ਲਿਆ ਬੁਲਾਈਆ । ਨਾਨਕ ਬਾਣਾ ਪਹਿਰ ਫ਼ਕੀਰ, ਫ਼ਿਕਰਾ ਇਕੋ ਢੋਲਾ ਗਾਈਆ । ਮੁਹੰਮਦ ਆਪ ਪੜ੍ਹੀ ਤਕਬੀਰ, ਤਕ਼ਰੀਰ ਸੁਣਨ ਕੋਇ ਨਾ ਪਾਈਆ । ਈਸਾ ਨੇਤਰ ਵਹਾ ਕੇ ਨੀਰ, ਛਹਿਬਰ ਨੈਣ ਲਗਾਈਆ । ਮੂਸਾ ਕਹਿ ਕੇ ਸ਼ਾਹ ਜਜ਼ੀਰ, ਜ਼ੋਮੂਉਲ ਜ਼ੁਮਾ ਨਜ਼ਮੂਅਰ ਜ਼ੁਮ ਨੂਰੇ ਜ਼ਵਾ ਰੌਸ਼ਨੇ ਨੁਮਾ ਨਮਸਤੇ ਕਹਿ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਫ਼ਰਸ਼ ਮੇਰੇ ਕੋਲ ਵੇਖ ਹੋਰ ਨਿਸ਼ਾਨੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਨੂੰ ਸਮਝੇ ਨਾ ਕੋਇ ਅਕਲ ਵਿਦਿਆ ਵਿਦਵਾਨੀ, ਵਿਦਤ ਵੰਡ ਨਾ ਕੋਇ ਵੰਡਾਈਆ । ਮੰਜ਼ਲ ਹਕ ਨਾ ਆਏ ਰੁਹਾਨੀ, ਰੂਹ ਬੁਤ ਰੋਵਣ ਮਾਰਨ ਧਾਹੀਆ । ਗੋਬਿੰਦ ਹੱਥ ਰਖ ਕੇ ਉਤੇ ਪੇਸ਼ਾਨੀ, ਪੇਸ਼ੀਨਗੋਈ ਦਿਤੀ ਸੁਣਾਈਆ । ਨੌ ਖੰਡ ਪ੍ਰਿਥਮੀ ਮਾਨਵ ਜ਼ਾਤੀ ਪੁਰਖ ਅਕਾਲਾ ਸਭ ਦਾ ਹੋਣਾ ਬਾਨੀ, ਬਾਣ ਅਣਿਆਲਾ ਤੀਰ ਚਲਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਈਆ । ਨਾਨਕ ਮੂਸਾ ਈਸਾ ਮੁਹੰਮਦ ਕਿਹਾ ਵਿਚ ਹੈਰਾਨੀ, ਹੈਰਤ ਨਾਲ ਸੁਣਾਈਆ । ਗੋਬਿੰਦ ਉਹ ਵਕ਼ਤ ਸੁਹੇਲਾ ਜਿਸ ਵੇਲੇ ਆਵੇ ਨੂਰ ਅਲਾਹ ਨੁਰਾਨੀ, ਇਕ ਇਕੱਲਾ ਅਕਲ ਕਲਧਾਰੀ ਆਪਣਾ ਵੇਸ ਵਟਾਈਆ । ਧਰਨੀ ਧਰਤ ਧਵਲ ਧੌਲ ਚਾਰ ਕੁੰਟ ਦਹਿ ਦਿਸ਼ਾ ਵਧੀ ਹੋਵੇ ਬੇਈਮਾਨੀ, ਬੇਵਾ ਰੂਪ ਦਿਸੇ ਲੋਕਾਈਆ । ਦੀਨਾਂ ਮਜ਼੍ਹਬਾਂ ਅੰਦਰ ਹੋਵੇ ਸ਼ੈਤਾਨੀ, ਸ਼ਰਅ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਫ਼ਰਸ਼ ਨਿਗਾਹ ਮਾਰ ਲੈ ਇਕੀ ਵਿਸਾਖ, ਬਿਨਾ ਅੱਖਾਂ ਅੱਖ ਤਕਾਈਆ । ਜੋ ਚਾਰ ਜੁਗ ਦੇ ਅਵਤਾਰ ਪੈਗ਼ੰਬਰ ਗੁਰ ਗਏ ਆਖ, ਅੱਖਰਾਂ ਨਾਲ ਅੱਖਰ ਮਿਲਾਈਆ । ਉਹ ਮੇਰੇ ਅੰਤਸ਼ਕਰਨ ਵਿਚ ਅਗੰਮੀ ਬਾਤ ਗਈ ਭਾਖ, ਭਾਖਿਆ ਤੈਨੂੰ ਦਿਆਂ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਖੇਲ ਕਰਨਾ ਲੋਕਮਾਤ ਵਿਚ ਵਿਸਾਖ, ਸਾਖਿਆਤ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਂਆ । ਫ਼ਰਸ਼ ਕਹੇ ਮੇਰੇ ਕੋਲ ਨਾਰਦਾ ਹੁਕਮ ਤਹਿਰੀਰੀ, ਗੁਰ ਅਵਤਾਰ ਪੈਗ਼ੰਬਰ ਉਂਗਲਾਂ ਨਾਲ ਗਏ ਲਿਖਾਈਆ । ਕਲਜੁਗ ਅੰਤ ਸ਼ਰਅ ਦੀ ਟੁਟਣੀ ਜ਼ੰਜੀਰੀ, ਮਜ਼੍ਹਬਾਂ ਗੰਢ ਨਾ ਕੋਇ ਬੰਧਾਈਆ । ਲੇਖਾ ਰਹੇ ਨਾ ਗ਼ਰੀਬ ਅਮੀਰੀ, ਦੀਨ ਦੁਨੀ ਰੰਗ ਵਖ ਨਾ ਕੋਇ ਰੰਗਾਈਆ । ਜੋ ਸੰਦੇਸ਼ਾ ਦਿਤਾ ਲੋਈ ਨੂੰ ਕਬੀਰੀ, ਕ਼ਬਰਾਂ ਤੋਂ ਬਾਹਰ ਜਣਾਈਆ । ਰਵਿਦਾਸ ਆਪਣੇ ਬਸਤਰ ਪਾਟੇ ਵੇਖ ਕੇ ਚੀਰੀ, ਚਿਰੀ ਵਿਛੁੰਨਿਆਂ ਗਿਆ ਜਣਾਈਆ । ਪੈਗ਼ੰਬਰਾਂ ਅੰਤ ਹੋਣੀ ਦਿਲਗੀਰੀ, ਧੀਰਜ ਧੀਰ ਨਾ ਕੋਇ ਰਖਾਈਆ । ਝਗੜਾ ਵੇਖਣਾ ਹਸਤ ਕੀੜੀ, ਕੀਟ ਕੀਟਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਸਾਹਿਬ ਇਕ ਗੁਸਾਈਂਆ । ਫ਼ਰਸ਼ ਕਹੇ ਨਾਰਦਾ ਮੇਰੀ ਨੌ ਸੌ ਚੁਰਾਨਮੇ ਚੌਕੜੀ ਜੁਗ ਦੀ ਓਟ, ਓੜਕ ਦਿਆਂ ਜਣਾਈਆ । ਮੇਰੇ ਵਿਚ ਅਵਤਾਰ ਪੈਗ਼ੰਬਰ ਗੁਰੂ ਹੋ ਗਏ ਕੋਟਨ ਕੋਟ, ਜੁਗ ਜੁਗ ਆਪਣਾ ਫੇਰਾ ਪਾਈਆ । ਨਾਮ ਸ਼ਬਦ ਦੀ ਲਾਉਂਦੇ ਗਏ ਚੋਟ, ਕਲਮੇ ਕਾਇਨਾਤ ਦ੍ਰਿੜਾਈਆ । ਮੈਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੰਘਦੇ ਵੇਖੇ ਬਹੁਤ,

੪੮੧ ੨੪

ਭੱਜੇ ਵਾਹੋ ਦਾਹੀਆ । ਖੇਲ ਤਕਦਾ ਰਿਹਾ ਨਿਰਗੁਣ ਨਿਰਾਕਾਰ ਅਗੰਮੀ ਜੋਤੀ ਜੋਤ, ਜੋਤੀ ਜਾਤਾ ਇਕ ਅਖਵਾਈਆ । ਜਿਸ ਨੂੰ ਪੋਹ ਸਕੇ ਨਾ ਆਦਿ ਜੁਗਾਦਿ ਕੋਈ ਮੌਤ, ਮਲਕਲ ਬੈਠੀ ਸੀਸ ਨਿਵਾਈਆ । ਸ਼ਰਅ ਵਿਚ ਹੋਵੇ ਕੋਈ ਨਾ ਫ਼ੌਤ, ਫ਼ਤਵਾ ਸਕੇ ਨਾ ਕੋਇ ਲਗਾਈਆ । ਸੋ ਮਾਲਕ ਸੁਆਮੀ ਕੰਤ ਕੰਤੂਹਲ ਇਕੋ ਦਿਸੇ ਖ਼ੌਤ, ਖ਼ਸਮ ਖ਼ਸਮਾਨਾ ਇਕ ਅਖਵਾਈਆ । ਜਿਸ ਨੂੰ ਗਾ ਸਕਣ ਨਾ ਬੁੱਲ ਹੋਂਟ, ਰਸਨਾ ਜਿਹਵਾ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਆਪ ਵਰਤਾਈਆ । ਫ਼ਰਸ਼ ਕਹੇ ਨਾਰਦਾ ਮੈਂ ਜੁਗ ਜੁਗ ਸੁਣਦਾ ਰਿਹਾ ਸੰਦੇਸ਼, ਸੰਧਿਆ ਸਰਘੀ ਧਿਆਨ ਲਗਾਈਆ । ਚਾਰ ਜੁਗ ਦੇ ਸ਼ਾਸਤਰਾਂ ਵੇਖਿਆ ਉਪਦੇਸ਼, ਉਪਨਿਸ਼ਦਾਂ ਦੇਣ ਗਵਾਹੀਆ । ਮੈਂ ਅੱਖਰ ਅੱਖਰ ਘੋਖਿਆ ਚਾਰੇ ਵੇਦ, ਚਾਰੇ ਬਾਣੀ ਪਰਾ ਪਸੰਤੀ ਮਧਮ ਬੈਖਰੀ ਨਾਲ ਮਿਲਾਈਆ । ਮੇਰੇ ਪਰਮ ਪੁਰਖ ਦਾ ਅੰਤ ਪਾ ਸਕੇ ਕੋਈ ਨਾ ਭੇਤ, ਭੇਵ ਭਾਵ ਕਹਿਣ ਕਿਛ ਨਾ ਆਈਆ । ਜੋ ਆਦਿ ਜੁਗਾਦਿ ਅਛਲ ਅਛੇਦ, ਵਲ ਛਲਧਾਰੀ ਇਕ ਅਖਵਾਈਆ । ਜੁਗ ਬਦਲਣਾ ਜਿਸ ਦੀ ਖੇਡ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਡੇਰਾ ਢਾਹੀਆ । ਉਸ ਦਾ ਨਾਮ ਸੰਦੇਸ਼ਾ ਸਭ ਤੋਂ ਵਖਰੀ ਡੇਡ, ਰਾਗਾਂ ਨਾਦਾਂ ਬਾਹਰ ਦਏ ਜਣਾਈਆ । ਜੋ ਕਲਮਾ ਕਾਇਨਾਤ ਰਿਹਾ ਭੇਜ, ਭਜਨ ਬੰਦਗੀ ਇਕ ਦ੍ਰਿੜਾਈਆ । ਜੋ ਮਾਨਣਹਾਰਾ ਭਗਤਾਂ ਆਤਮ ਸੇਜ, ਸੁਹੰਜਣੀ ਇਕੋ ਇਕ ਵਖਾਈਆ । ਜਿਸ ਦਾ ਜੋਤੀ ਜਲਵਾ ਤੇਜ, ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਬਿਨ ਜ਼ਬਾਨ ਤੋਂ ਬੋਲਦਾ, ਫ਼ਰਸ਼ ਖ਼ਾਕੀ ਤੈਨੂੰ ਦਿਆਂ ਜਣਾਈਆ । ਸੁਣ ਹੁਕਮ ਸੰਦੇਸ਼ਾ ਮੇਰੇ ਮਾਹੀ ਢੋਲ ਦਾ, ਜੋ ਨਿਰਅੱਖਰ ਧਾਰ ਵਿਚੋਂ ਜਣਾਈਆ । ਜਿਸ ਦਾ ਲਹਿਣਾ ਦੇਣਾ ਨਹੀਂ ਕਲਾ ਸੋਲ ਦਾ, ਹਟਵਾਣਾ ਵੰਡ ਨਾ ਕੋਇ ਵੰਡਾਈਆ । ਉਹ ਨਾਮ ਨਿਧਾਨਾ ਦੇਵਣਹਾਰਾ ਇਕ ਦੁਆਰਾ ਖੋਲ੍ਹਦਾ, ਖ਼ਾਲਕ ਖ਼ਲਕ ਇਕ ਸਮਝਾਈਆ । ਜੋ ਹਰ ਘਟ ਅੰਦਰ ਮੌਲਦਾ, ਮੌਲਾ ਹੋ ਕੇ ਦਿਸੇ ਨੂਰ ਅਲਾਹੀਆ । ਜਿਸ ਦਾ ਪ੍ਰੇਮ ਹਕ਼ੀਕ਼ੀ ਚੋਹਲ ਦਾ, ਚੋਜੀ ਹੋ ਕੇ ਸੰਗ ਨਿਭਾਈਆ । ਉਸ ਦਾ ਨਜ਼ਾਰਾ ਤਕ ਲੈ ਆਪਣੇ ਅੰਤਰ ਕੋਲ ਦਾ, ਕੁੱਲ ਮਾਲਕ ਹੋ ਕੇ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪਣੇ ਆਪ ਉਠਾਈਆ । ਝਟ ਨਾਰਦ ਖ਼ੁਸ਼ੀਆਂ ਦੇ ਵਿਚ ਹੱਸਿਆ, ਹਸ ਕੇ ਰਿਹਾ ਜਣਾਈਆ । ਫ਼ਰਸ਼ਾ ਮੈਂ ਤੇਰੇ ਕੋਲ ਆਇਆ ਨੱਸਿਆ, ਦੋ ਜਹਾਨਾਂ ਪੰਧ ਮੁਕਾਈਆ । ਮੇਰੇ ਕੋਲ ਤਕ ਲੈ ਹੋੜਾ ਉਪਰ ਸੱਸਿਆ, ਸੋ ਪੁਰਖ ਨਿਰੰਜਣ ਦਿਤਾ ਵਖਾਈਆ । ਜਿਸ ਤੀਰ ਅਣਿਆਲਾ ਦੋ ਜਹਾਨਾਂ ਕਸਿਆ, ਕ਼ਸਮ ਖਾ ਕੇ ਦਿਆਂ ਜਣਾਈਆ । ਜਿਸ ਤੇਰੇ ਉਤੋਂ ਕਲਜੁਗ ਰੈਣ ਅੰਧੇਰੀ ਮੇਟਣੀ ਮਸਿਆ, ਨੂਰੀ ਚੰਦ ਚੰਦ ਚਮਕਾਈਆ । ਜੋ ਭਗਤਾਂ ਅੰਦਰ ਹੋਵੇ ਵਸਿਆ, ਵਾਸਤਾ ਆਪਣੇ ਨਾਲ ਰਖਾਈਆ । ਜਿਸ ਦੇ ਹੁਕਮ ਨਾਲ ਜਗਤ ਜਹਾਨ ਤ੍ਰੈਗੁਣ ਮਾਇਆ ਡਸਿਆ, ਨਵ ਖੰਡ ਵਿਖ ਉਤਰ ਕੋਇ ਨਾ ਜਾਈਆ । ਮਾਇਆ ਮਮਤਾ ਮੋਹ ਵਿਕਾਰੇ ਮਾਨਸ ਮਾਨਵ ਮਚਿਆ, ਅਗਨੀ ਤਤ ਨਾ ਕੋਇ ਬੁਝਾਈਆ । ਜਿਸ ਅੰਤਮ ਭੰਨਣਾ ਕਾਇਆ ਮਾਟੀ ਕੱਚਿਆ, ਤਨ ਵਜੂਦ ਰਹਿਣ ਕੋਇ ਨਾ ਪਾਈਆ । ਉਹ ਲੇਖਾ ਪੂਰਾ ਕਰੇ ਮਨੂਏ ਮਨ ਜੋ ਸਾਢੇ ਤਿੰਨ ਹੱਥ ਅੰਦਰ ਨੱਚਿਆ, ਨਟੂਆ ਹੋ ਕੇ ਆਪਣਾ ਸਵਾਂਗ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਫ਼ਰਸ਼ ਕਹੇ ਨਾਰਦਾ ਮੈਂ ਬਿਨ ਹੱਥਾਂ ਕਰਾਂ ਅਰਦਾਸ, ਨਿਮਾਣਾ ਹੋ ਕੇ ਸੀਸ ਝੁਕਾਈਆ । ਪੁਰਖ ਅਕਾਲੇ ਦੀਨ ਦਿਆਲੇ ਮੇਰੇ ਆ ਜਾ ਪਾਸ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਦੀਨ ਦੁਨੀ ਅੰਤਰ ਨਿਰੰਤਰ ਪਵਣ ਤਕ ਸਵਾਸ, ਸਾਹ ਸਾਹ ਖੋਜ ਖੁਜਾਈਆ । ਸੁਰਤੀ ਸ਼ਬਦ ਤਕ ਲੈ ਰਾਸ, ਗੋਪੀ ਕਾਹਨ ਵੇਖ ਵਖਾਈਆ । ਨਿਗਾਹ ਮਾਰ ਲੈ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਡੇਰਾ ਢਾਹੀਆ । ਤੇਰੀ ਸ੍ਰਿਸ਼ਟੀ ਖ਼ਾਲੀ ਦਿਸੇ ਲਾਸ਼, ਨਾਮ ਵਸਤ ਨਜ਼ਰ ਕੋਇ ਨਾ ਆਈਆ । ਮਨੂਆ ਘਰ ਘਰ ਹੋਇਆ ਬਦਮੁਆਸ਼, ਬਦੀ ਦਾ ਪੰਧ ਨਾ ਕੋਇ ਮੁਕਾਈਆ । ਪੰਚ ਵਿਕਾਰਾ ਭੋਗ ਬਿਲਾਸ, ਰਸਨਾ ਜਿਹਵਾ ਹੋਈ ਹਲਕਾਈਆ । ਤੇਰਾ ਮਿਤਰ ਪਿਆਰਾ ਬਣੇ ਕੋਈ ਨਾ ਖ਼ਾਸ, ਖ਼ਾਲਸ ਰੂਪ ਨਜ਼ਰ ਕੋਇ ਨਾ ਆਈਆ । ਨਿਰਗੁਣ ਹੋ ਕੇ ਕਰ ਤਲਾਸ਼, ਨਵ ਸੱਤ ਵੇਖਣਾ ਚਾਈਂ ਚਾਈਆ । ਜੀਵਾਂ ਜੰਤਾਂ ਬੁੱਧੀ ਹੋਈ ਫ਼ਾਹਸ਼, ਧਰਮ ਦੀ ਧਾਰ ਨਾ ਕੋਇ ਪਰਗਟਾਈਆ । ਜੋਤੀ ਨੂਰ ਦਿਸੇ ਨਾ ਕੋਈ ਪ੍ਰਕਾਸ਼, ਅੰਧ ਅੰਧੇਰ ਨਾ ਕੋਇ ਮਿਟਾਈਆ । ਤੇਰੇ ਉਤੇ ਰਿਹਾ ਕਿਸੇ ਨੂੰ ਨਹੀਂ ਵਿਸ਼ਵਾਸ਼, ਵਿਸ਼ਵ ਦੇ ਮਾਲਕ ਮੇਰਾ ਲੇਖਾ ਦੇਣਾ ਮੁਕਾਈਆ । ਫ਼ਰਸ਼ ਕਹੇ ਮੈਂ ਧਰਤੀ ਰੂਪ ਹੋਇਆ ਉਦਾਸ, ਧੀਰਜ ਧੀਰ ਨਾ ਕੋਇ ਧਰਾਈਆ । ਕਲਜੁਗ ਕੂੜੀ ਕਿਰਿਆ ਸਭ ਨੂੰ ਭਰ ਭਰ ਦਏ ਗਿਲਾਸ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਮਾਇਆ ਮਮਤਾ ਪੂਰੀ ਹੋਵੇ ਕਿਸੇ ਨਾ ਖ਼ਾਹਿਸ਼, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਕਰਾਈਆ । ਤੇਰਾ ਧਰਮ ਮੇਰੇ ਉਤੋਂ ਹੋਇਆ ਨਾਸ, ਨਾਸਤਕ ਰੂਪ ਦਿਸੇ ਲੋਕਾਈਆ ।
੪੮੩ ਪੰਧ ਮੁਕੇ ਨਾ ਕਿਸੇ ਦਸ ਦਸ ਮਾਸ, ਚੁਰਾਸੀ ਫੰਦ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ੪੮੩
੨੪ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋ ਜਹਾਨਾਂ ਆਪ ਕਰ ਤਲਾਸ਼, ਲੱਖ ਚੁਰਾਸੀ ਚਾਰੇ ਖਾਣੀ ੨੪
ਘਟ ਘਟ ਅੰਤਰ ਨਿਰੰਤਰ ਵੇਖ ਵਖਾਈਆ ।

### ✪ ੨੧ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਪਿਆਰਾ ਸਿੰਘ ਦੇ ਗ੍ਰਹਿ ੩੦ ਬਾਲਫ਼ੋਰ ਰੋਡ ਸਾਊਥ ਹਾਲ ਲੰਡਨ ✪

ਇੱਕੀ ਵਿਸਾਖ ਕਹੇ ਨਾਰਦ ਪਾਉਂਦਾ ਆਵੇ ਰੌਲਾ, ਬਿਨ ਰਸਨਾ ਜਿਹਵਾ ਬੱਤੀ ਦੰਦ ਢੋਲੇ ਅਗੰਮ ਸੁਣਾਈਆ । ਮਾਟੀ ਖ਼ਾਕ ਰੂਪ ਫ਼ਰਸ਼ ਤਕ ਲੈ ਆਪਣਾ ਮੌਲਾ, ਨਿਰਗੁਣ ਨਿਰਾਕਾਰ ਨਿਰੰਕਾਰ ਅਗੰਮ ਅਥਾਹੀਆ । ਬਿਨ ਮਤ ਬੁੱਧੀ ਸਮਝ ਲਾ ਉਸ ਦਾ ਇਕਰਾਰ ਕੌਲਾ, ਜੋ ਵਅਦੇ ਅਵਤਾਰ ਪੈਗ਼ੰਬਰ ਗੁਰੂਆਂ ਨਾਲ ਰਖਾਈਆ । ਜਿਸ ਦਾ ਖੇਲ ਹੋਣਾ ਉਪਰ ਧਰਨੀ ਧਰਤ ਧਵਲ ਧੌਲਾ, ਧਰਮ ਦੀ ਧਾਰ ਵੇਖ ਵਖਾਈਆ । ਨਵ ਸੱਤ ਜਿਸ ਭਾਰ ਕਰਨਾ ਹੌਲਾ, ਕੂੜੀ ਕਿਰਿਆ ਪੰਧ ਮੁਕਾਈਆ । ਜਿਸ ਦੇ ਗ੍ਰਹਿ ਘਰ ਦਾ ਨਿਰਗੁਣ ਸਰਗੁਣ ਨਾਨਕ ਬਣਿਆ ਗੋਲਾ, ਗੋਬਿੰਦ ਢੋਲਾ ਗਾਇਆ ਧੁਰ ਦੇ ਮਾਹੀਆ । ਉਸ ਦਾ ਸਤਿਗੁਰ ਸ਼ਬਦ ਦੋ ਜਹਾਨਾਂ ਬਣ ਵਿਚੋਲਾ, ਵਿਚਲਾ ਭੇਵ ਰਿਹਾ ਚੁਕਾਈਆ । ਜੋ ਸੰਦੇਸ਼ਾ ਦੇਵੇ ਨਿਰਅੱਖਰ ਧਾਰ ਅਗੰਮੀ ਢੋਲਾ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਆਪ ਜਣਾਈਆ । ਜੋ ਕਲਜੁਗ ਅੰਤ ਸ੍ਰੀ ਭਗਵੰਤ ਸਭ ਦਾ ਬਣੇ ਤੋਲਾ, ਤੋਲਣਹਾਰ ਏਕੰਕਾਰ ਇਕ ਅਖਵਾਈਆ । ਜਿਸ ਨੇ ਸਚ ਦੁਆਰ ਇਕੋ ਹੋਵੇ ਖੋਲ੍ਹਾ, ਖ਼ਾਲਕ ਖ਼ਲਕ ਦਏ ਵਡਿਆਈਆ । ਬਿਨ ਰਸਨਾ

੪੮੪ ੨੪

ਜਿਹਵਾ ਬੱਤੀ ਦੰਦ ਉਸ ਦਾ ਸੁਣ ਲਾ ਬੋਲਾ, ਅਨਬੋਲਤ ਕੀ ਆਪਣਾ ਹੁਕਮ ਵਰਤਾਈਆ । ਜਿਸ ਦੀ ਚਰਨ ਧੂੜ ਲਾਏ ਸ਼ੰਕਰ ਨਾਥ ਭੋਲਾ, ਖ਼ਾਕੀ ਖ਼ਾਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਆ । ਵਿਸਾਖ ਕਹੇ ਨਾਰਦਾ ਤੂੰ ਕਿਧਰੋਂ ਆਇਆ ਦੌੜਾ, ਧਰਮ ਦੀ ਧਾਰ ਜਣਾਈਆ । ਨਾਰਦ ਕਹੇ ਮੈਂ ਵੇਖ ਕੇ ਆਇਆ ਦੀਨ ਦੁਨੀ ਰਸ ਮਿਠਾ ਕੌੜਾ, ਤਨ ਵਜੂਦਾਂ ਧਿਆਨ ਲਗਾਈਆ । ਆਤਮ ਪਰਮਾਤਮ ਮੇਲ ਮਿਲੇ ਨਾ ਕਿਸੇ ਜੋੜਾ, ਸੁਰਤੀ ਸ਼ਬਦ ਨਾ ਕੋਇ ਜੁੜਾਈਆ । ਮੈਂ ਸੰਦੇਸ਼ਾ ਦੇਵਣ ਆਇਆ ਨੌ ਖੰਡ ਪ੍ਰਿਥਮੀ ਸਸੇ ਉਪਰ ਹੋੜਾ, ਜੋ ਹੋਕਾ ਦੇਵੇ ਥਾਉਂ ਥਾਈਆ । ਜੋ ਹੰ ਬ੍ਰਹਮ ਕਲਜੁਗ ਅੰਤਮ ਹੋਵੇ ਬੌਹੜਾ, ਆਪ ਆਪਣਾ ਪੰਧ ਮੁਕਾਈਆ । ਜਿਸ ਦੇ ਹੁਕਮ ਵਿਚ ਅਗਲਾ ਪੰਧ ਰਹਿ ਗਿਆ ਥੋੜਾ, ਬਹੁਤੀ ਵੰਡ ਨਾ ਕੋਇ ਵੰਡਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਾਵੇ ਲੋਹੜਾ, ਲੁੜੀਂਦਾ ਸੱਜਣ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਮੈਂ ਦੱਸਣ ਆਇਆ ਖੇਲ ਅਤੀਤ, ਤ੍ਰੈਗੁਣ ਅਤੀਤਾ ਕੀ ਜਣਾਈਆ । ਜਿਸ ਦੀ ਵਖਰੀ ਸਭ ਤੋਂ ਰੀਤ, ਰੀਤੀਵਾਨ ਇਕ ਅਖਵਾਈਆ । ਜੋ ਲੇਖਾ ਮੁਕਾਏ ਮੰਦਰ ਮਸੀਤ, ਕਾਅਬਿਆਂ ਖੋਜੇ ਚਾਈਂ ਚਾਈਂਆ । ਜਿਸ ਸ੍ਰਿਸ਼ਟੀ ਦ੍ਰਿਸ਼ਟੀ ਲੈਣੀ ਜੀਤ, ਸਿਰ ਸਕੇ ਨਾ ਕੋਇ ਉਠਾਈਆ । ਲੱਖ ਚੁਰਾਸੀ ਪਰਖੇ ਨੀਤ, ਨੀਤੀਵਾਨ ਨੂਰ ਅਲਾਹੀਆ । ਜਿਸ ਦੇ ਹੁਕਮ ਵਿਚ ਵਿਸ਼ਨ ਬ੍ਰਹਮਾ ਸ਼ਿਵ ਹੋਵੇ ਭੈ ਭੀਤ, ਆਪਣਾ ਬਲ ਨਾ ਕੋਇ ਦਰਸਾਈਆ । ਉਹ ਸੁਆਮੀ ਸਾਹਿਬ ਅਨਡੀਠ, ਜੋਤੀ ਜਾਤਾ ਨੂਰ ਅਲਾਹੀਆ । ਜੋ ਲਹਿਣਾ ਦੇਣਾ ਪੂਰਾ ਕਰੇ ਹਸਤ ਕੀਟ, ਊਚਾਂ ਨੀਚਾਂ ਪੰਧ ਮੁਕਾਈਆ । ਜਨ ਭਗਤਾਂ ਕਾਇਆ ਚੋਲੀ ਚਾੜ੍ਹੇ ਰੰਗ ਮਜੀਠ, ਏਥੇ ਓਥੇ ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਂਆ । ਨਾਰਦ ਕਹੇ ਮੇਰਾ ਗੁਸਾਈਂ ਸਾਹਿਬ ਸੁਲਤਾਨ, ਜੋਤੀ ਜਾਤਾ ਇਕ ਅਖਵਾਈਆ । ਜੋ ਆਦਿ ਜੁਗਾਦਿ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਜਿਸ ਅਵਤਾਰ ਪੈਗ਼ੰਬਰ ਗੁਰ ਕੀਤੇ ਪਰਧਾਨ, ਹੁਕਮਨਾਮੇ ਨਾਮ ਕਲਮੇ ਵਾਲੇ ਹੱਥ ਫੜਾਈਆ । ਜੋਤੀ ਨੂਰ ਦੇ ਮਹਾਨ, ਮਹਿੰਮਾ ਕਥ ਕਥ ਸਮਝਾਈਆ । ਅੱਖਰੀ ਅੱਖਰ ਦੇ ਗਿਆਨ, ਨਿਰਅੱਖਰ ਧਾਰ ਦ੍ਰਿੜਾਈਆ । ਸੋ ਲੇਖਾ ਜਾਣੇ ਜੀਵ ਜਹਾਨ, ਜਾਗਰਤ ਜੋਤ ਨੂਰ ਅਲਾਹੀਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਮੰਡਲ ਮੰਡਪ ਬੈਠੇ ਸੀਸ ਨਿਵਾਈਆ । ਜੋ ਆਦਿ ਜੁਗਾਦਿ ਧੁਰ ਦਾ ਕਾਹਨ, ਸਚਖੰਡ ਨਿਵਾਸੀ ਸੋਭਾ ਪਾਈਆ । ਜੋ ਕਲਜੁਗ ਕੂੜੀ ਕਿਰਿਆ ਸ਼ਰਅ ਮੇਟੇ ਸ਼ੈਤਾਨ, ਧਰਮ ਈਮਾਨ ਇਕ ਦ੍ਰਿੜਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲੇ ਸਾਰੇ ਗਾਣ, ਤੂੰ ਹੀ ਤੂੰ ਹੀ ਰਾਗ ਦ੍ਰਿੜਾਈਆ । ਘਰ ਸੁਆਮੀ ਠਾਕਰ ਮਿਲੇ ਆਣ, ਤਨ ਮੰਦਰ ਅੰਦਰ ਆਪਣਾ ਡੇਰਾ ਲਾਈਆ । ਸੁਰਤੀ ਸ਼ਬਦ ਕਰੇ ਪਰਵਾਨ, ਪਰਮ ਪੁਰਖ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ । ਨਾਰਦ ਕਹੇ ਮੇਰਾ ਵਕਤ ਸੁਹੰਜਣਾ ਆਇਆ, ਫ਼ਰਸ਼ ਖ਼ਾਕੀ ਧਰਨੀ ਧਰਤ ਧਵਲ ਦਿਆਂ ਜਣਾਈਆ । ਸੰਦੇਸ਼ਾ ਦੇਵੇ ਬੇਪਰਵਾਹਿਆ, ਜੋ ਬੇਪਰਵਾਹ ਰਿਹਾ ਦ੍ਰਿੜਾਈਆ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਪੰਧ ਮੁਕਾਇਆ, ਕਲਜੁਗ ਅੰਤਮ ਵੇਖ ਵਖਾਈਆ । ਜਿਸ ਨੂੰ ਰਾਗਾਂ ਨਾਦਾਂ ਵਿਚ ਸਭ

ਨੇ ਗਾਇਆ, ਸਿਫ਼ਤਾਂ ਨਾਲ ਸਿਫ਼ਤ ਸਲਾਹੀਆ । ਤਿਸ ਰੂਪ ਅਨੂਪਾ ਆਪਣਾ ਵੇਸ ਵਟਾਇਆ, ਸ਼ਾਹੋ ਭੂਪ ਇਕ ਅਖਵਾਈਆ । ਜੋ ਲਹਿਣਾ ਦੇਣਾ ਪੂਰਾ ਕਰੇ ਤ੍ਰੈਗੁਣ ਮਾਇਆ, ਰਜੋ ਤਮੋ ਸਤੋ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਹੁਕਮ ਵਰਤਾਈਆ । ਫ਼ਰਸ਼ ਕਹੇ ਸੁਣ ਨਾਰਦ ਮੁਨ ਪੰਡੇ, ਜਗਤ ਵਿਦਿਆ ਤੋਂ ਬਾਹਰ ਤੇਰੀ ਪੜ੍ਹਾਈਆ । ਨਿਗਾਹ ਮਾਰ ਲੈ ਚਾਰੇ ਖਾਣੀ ਜੇਰਜ ਅੰਡੇ, ਉਤਭੁਜ ਸੇਤਜ ਧਿਆਨ ਲਗਾਈਆ । ਖੇਲ ਤਕ ਲੈ ਵਿਚ ਬ੍ਰਹਿਮੰਡੇ, ਪਰਦਾ ਉਹਲਾ ਰਹੇ ਨਾ ਰਾਈਆ । ਕੀ ਲਹਿਣਾ ਦੇਣਾ ਦੀਨ ਦੁਨੀ ਵਰਭੰਡੇ, ਸ੍ਰਿਸ਼ਟੀ ਦ੍ਰਿਸ਼ਟੀ ਖੋਜ ਖੁਜਾਈਆ । ਕੀ ਖੇਲ ਕਰਨਾ ਸ਼ਬਦੀ ਧਾਰ ਗੋਬਿੰਦ ਖੰਡੇ, ਖੜਗ ਖੜਗਾਂ ਪੜਦਾ ਲਏ ਚੁਕਾਈਆ । ਮੰਜ਼ਲ ਪੌੜੀ ਚੜ੍ਹ ਕੇ ਵੇਖ ਆਪਣੇ ਡੰਡੇ, ਆਪਣੀ ਡੰਡਾਵਤ ਲੈ ਬਦਲਾਈਆ । ਨਵ ਸੱਤ ਤਕ ਚੰਡ ਪਰਚੰਡੇ, ਪਰਚੰਡਕਾ ਆਪਣਾ ਰੂਪ ਬਦਲਾਈਆ । ਅਵਤਾਰ ਪੈਗ਼ੰਬਰ ਗੁਰੂਆਂ ਵਕਤ ਕੰਢੇ, ਕਲਜੁਗ ਅੰਤਮ ਦਏ ਗਵਾਹੀਆ । ਸਦੀ ਚੌਧਵੀਂ ਅਖ਼ੀਰੀ ਆਈ ਕੰਢੇ, ਮੁਹੰਮਦ ਕੰਢੀ ਬੈਠਾ ਧਿਆਨ ਲਗਾਈਆ । ਇਸ਼ਾਰਾ ਦੇਵੇ ਸੂਰੀਆ ਤਾਰਾ ਚੰਦੇ, ਚੰਦ ਚਾਂਦਨੀ ਨਾਲ ਮਿਲਾਈਆ । ਧਰਮ ਈਮਾਨ ਰਿਹਾ ਨਾ ਵਿਚ ਕਿਸੇ ਬੰਦੇ, ਬੰਦਗੀ ਵਿਚ ਨਾ ਕੋਇ ਸਮਾਈਆ । ਸਤਿ ਸਰੂਪ ਦਿਸੇ ਨਾ ਪਿਆਰੇ ਪੰਜੇ, ਪੰਜਾ ਨਾਨਕ ਰਿਹਾ ਦ੍ਰਿੜਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਲੰਘੇ, ਪੂਰਬ ਆਪਣਾ ਪੰਧ ਮੁਕਾਈਆ । ਉਹ ਲੇਖਾ ਜਾਣੇ ਸਾਹਿਬ ਸੂਰਾ ਸਰਬੰਗੇ, ਹਰਿ ਕਰਤਾ ਧੁਰਦਰਗਾਹੀਆ । ਜਿਸ ਭੇਵ ਚੁਕਾਉਣਾ ਜਮਨਾ ਸੁਰਸਤੀ ਗੋਦਾਵਰੀ ਗੰਗੇ, ਗੰਗੋਤਰੀ ਵੰਡ ਨਾ ਕੋਇ ਵੰਡਾਈਆ । ਜਿਸ ਲੇਖੇ ਲਾਉਣੇ ਰਵਦਾਸ ਦੇ ਟੁੱਟੇ ਛਿਤਰ ਗੰਢੇ, ਗੰਢਣਹਾਰ ਗੋਪਾਲ ਸੁਆਮੀ ਦਇਆ ਕਮਾਈਆ । ਜਿਸ ਲੇਖੇ ਪੂਰੇ ਕਰਨੇ ਗੋਬਿੰਦ ਧਾਰ ਪੁਰੀ ਅਨੰਦੇ, ਅਨੰਦ ਅਨੰਦ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਸਮਝਾਈਆ । ਸਚ ਭੇਵ ਸਮਝਾਏਗਾ । ਭੇਦ ਅਭੇਦਾ ਭੇਵ ਖੁਲ੍ਹਾਏਗਾ । ਚਾਰੇ ਵੇਦਾਂ ਵੇਖ ਵਖਾਏਗਾ । ਅਛਲ ਅਛੇਦਾ ਵੇਸ ਵਟਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਏਗਾ । ਝਟ ਧਰਨੀ ਕਹੇ ਨਾਰਦਾ ਕੀ ਲੈ ਕੇ ਆਇਆ ਸੰਦੇਸ਼ਾ, ਪੰਡਤ ਪਾਂਧਿਆ ਬਿਨ ਰਸਨਾ ਜਿਹਵਾ ਦੇ ਜਣਾਈਆ । ਕੀ ਹੁਕਮ ਸੰਦੇਸ਼ਾ ਕਹੇ ਨਰ ਨਰੇਸ਼ਾ, ਨੂਰ ਨੁਰਾਨਾ ਨੂਰ ਅਲਾਹੀਆ । ਕੀ ਭੇਵ ਜਣਾਏ ਗੋਬਿੰਦ ਦਸ ਦਸਮੇਸ਼ਾ, ਦਹਿ ਦਿਸ਼ਾ ਕੀ ਦ੍ਰਿੜਾਈਆ । ਝਟ ਨਾਰਦ ਹਸ ਕੇ ਕਹੇ ਜੋ ਮਾਲਕ ਸਦ ਰਹੇ ਹਮੇਸ਼ਾ, ਹਮ ਸਾਜਣ ਇਕ ਅਖਵਾਈਆ । ਜੁਗ ਬਦਲਣਾ ਉਸ ਦਾ ਪੇਸ਼ਾ, ਪੇਸ਼ੀਨਗੋਈ ਦਿਆਂ ਦ੍ਰਿੜਾਈਆ । ਜਿਸ ਪੰਧ ਮੁਕਾਉਣਾ ਮੁੱਲਾ ਸ਼ੇਖਾ, ਮੁਸਾਇਕਾਂ ਡੇਰਾ ਢਾਹੀਆ । ਸ੍ਰਿਸ਼ਟੀ ਦਾ ਰੂਪ ਕਰਨਾ ਧਾਰੀ ਕੇਸਾ, ਕੇਸਗੜ੍ਹ ਦਾ ਲਹਿਣਾ ਝੋਲੀ ਪਾਈਆ । ਹੁਕਮ ਵਰਤੇ ਦੇਸ ਪਰਦੇਸਾ, ਨਵ ਸੱਤ ਵਜੇ ਵਧਾਈਆ । ਖ਼ੁਸ਼ੀ ਵਿਚ ਗੀਤ ਗਾਏ ਬਾਸ਼ਕ ਵਿਸ਼ਨੂੰ ਸੇਜ ਸ਼ੇਸ਼ਾ, ਸਹਿਸਰ ਮੁਖ ਦੋ ਸਹਿਸਰ ਜਿਹਵਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਪਰਗਟਾਈਆ । ਨਾਰਦ ਕਹੇ ਧਰਨੀਏ ਤੂੰ ਹੋਣਾ ਚੁਕੰਨੀ, ਚਾਰੇ ਕੰਨੀਆਂ ਲੈ ਉਠਾਈਆ । ਮੇਰੀ ਇਕ ਬੇਨੰਤੀ ਮੰਨੀਂ, ਮਨਸਾ ਜਗਤ ਨਾ ਕੋਇ ਰਖਾਈਆ । ਇਕੋ ਪੁਰਖ ਅਕਾਲਾ ਆਪਣਾ ਸਮਝਣਾ ਤਨੀ, ਦੂਸਰ ਓਟ ਨਾ ਕੋਇ ਤਕਾਈਆ ।

੪੮੬ ੨੪

ਜੋ ਤੈਨੂੰ ਆਪਣੀ ਧਾਰੋਂ ਰਿਹਾ ਜਨੀ, ਆਦਿ ਜੁਗਾਦਿ ਬਣੇ ਜਣੇਂਦੀ ਮਾਈਆ । ਤੇਰਾ ਲੇਖਾ ਵੇਖੇ ਛੱਪਰ ਛੰਨੀ, ਸ਼ਹਿਨਸ਼ਾਹ ਹੋ ਕੇ ਫੇਰਾ ਪਾਈਆ । ਤੂੰ ਖ਼ੁਸ਼ੀ ਵਿਚ ਫਿਰੀਂ ਭੰਨੀ, ਭੱਜੀਂ ਵਾਹੋ ਦਾਹੀਆ । ਨਾ ਖ਼ੁਸ਼ੀ ਰਖੀਂ ਨਾ ਗ਼ਮੀ, ਗ਼ਮਖਾਰ ਮਿਲ ਕੇ ਵਜੇ ਵਧਾਈਆ । ਫੇਰ ਉਹ ਮੇਟੇ ਤ੍ਰਿਸ਼ਨਾ ਤਮੀ, ਤ੍ਰਿਸ਼ਨਾ ਕਲਜੁਗ ਕੂੜੀ ਦਏ ਗਵਾਈਆ । ਸਤਿਜੁਗ ਧਾਰ ਚਲਾਵੇ ਨਵੀਂ, ਨਵਖੰਡ ਧੁਰ ਦਾ ਹੁਕਮ ਚਲਾਈਆ । ਜਿਸ ਦਾ ਸੰਦੇਸ਼ਾ ਦੇ ਕੇ ਗਏ ਬਵੰਜਾ ਧਾਰ ਕਵੀ, ਗੋਬਿੰਦ ਗੋਬਿੰਦ ਗੋਬਿੰਦ ਢੋਲਾ ਗਾਈਆ । ਸੋ ਲਹਿਣਾ ਦੇਣਾ ਲੇਖਾ ਪੂਰਾ ਕਰੇ ਅਵਤਾਰ ਚਵੀ, ਚੌਬੀਸਾ ਜਗਦੀਸਾ ਸਿਰ ਆਪਣਾ ਹੱਥ ਟਿਕਾਈਆ । ਤੂੰ ਉਸ ਦੀ ਸਰਨ ਸਰਨਾਈ ਪਵੀਂ, ਬਿਨ ਸੀਸ ਸੀਸ ਨਿਵਾਈਆ । ਇਕੋ ਦਾ ਢੋਲਾ ਗਵੀਂ, ਜੋ ਗਹਿਰ ਗੰਭੀਰ ਨੂਰ ਅਲਾਹੀਆ । ਇਕੋ ਦੀ ਸੇਜਾ ਸਵੀਂ, ਜਿਥੋਂ ਸੁੱਤਿਆਂ ਨਾ ਕੋਇ ਉਠਾਈਆ । ਉਹ ਵਕਤ ਯਾਦ ਕਰ ਲੈ ਧਰਨੀਏ ਜਿਸ ਵੇਲੇ ਅਰਜਨ ਇਸ਼ਾਰਾ ਦਿਤਾ ਉਤੇ ਤਤੀ ਤਵੀ, ਚੌਦਾਂ ਤਬਕਾਂ ਬਾਹਰ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਨਾਰਦ ਮੈਂ ਉਡੀਕਾਂ ਰਖਦੀ, ਜਗ ਨਜ਼ਰ ਕਿਸੇ ਨਾ ਆਈਆ । ਮੇਰੀ ਸੈਨਤ ਨਹੀਂ ਕੋਈ ਅੱਖ ਦੀ, ਜਗਤ ਇਸ਼ਾਰਾ ਨਾ ਕੋਇ ਜਣਾਈਆ । ਮੈਂ ਪ੍ਰੇਮਣ ਉਸ ਅਲਖਣਾ ਅਲਖ ਦੀ, ਜੋ ਲੱਖ ਲੱਖ ਆਪਣਾ ਰੂਪ ਬਦਲਾਈਆ । ਉਸ ਦੇ ਅਗੇ ਵਾਸਤਾ ਘਤਦੀ, ਰੋ ਰੋ ਦਿਆਂ ਦੁਹਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਧਾਰ ਰਹੀ ਨਹੀਂ ਕੋਈ ਧਰਮ ਸਤਿ ਦੀ, ਸਤਿ ਸਤਿਵਾਦੀ ਵਿਚ ਨਾ ਕੋਇ ਸਮਾਈਆ । ਸ੍ਰਿਸ਼ਟੀ ਪਿਆਸੀ ਹੋ ਗਈ ਦੀਨ ਮਜ਼੍ਹਬ ਦੀ ਰਤ ਦੀ, ਰਤਨ ਅਮੋਲਕ ਹੀਰਾ ਗੁਰਮੁਖ ਨਜ਼ਰ ਕੋਇ ਨਾ ਆਈਆ । ਵਣਜਾਰਨ ਹੋ ਗਈ ਕੂੜੀ ਕਿਰਿਆ ਮਨ ਮਤ ਦੀ, ਗੁਰਮਤ ਅੰਦਰੋਂ ਗਈ ਭੁਲਾਈਆ । ਉਠ ਕੇ ਖੇਲ ਤਕ ਲੈ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤਿ ਬੁਧਿ ਤਤ ਅੱਠ ਦੀ, ਅੱਠ ਦਸ ਦਾ ਲੇਖਾ ਤੇਰੇ ਅਗੇ ਟਿਕਾਈਆ । ਧਾਰ ਵੇਖ ਲੈ ਮੰਦਰ ਮਸਜਿਦ ਸ਼ਿਵਦਵਾਲੇ ਮਠ ਦੀ, ਗੁਰੂਦੁਆਰ ਗੁਰਦੇਵ ਰਹੇ ਕੁਰਲਾਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਤੇਰੇ ਹੁਕਮ ਵਿਚ ਰਹੀ ਨਠਦੀ, ਭੱਜਾਂ ਵਾਹੋ ਦਾਹੀਆ । ਅੰਮ੍ਰਿਤ ਬੂੰਦ ਰਹੀ ਨਾ ਅਠਸਠ ਦੀ, ਤੀਰਥ ਤਟ ਕਿਨਾਰੇ ਰੋ ਰੋ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਆਸ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੇਰੀ ਪੂਰੀ ਕਰ ਦੇ ਤ੍ਰਿਸ਼ਨਾ, ਤ੍ਰਿਖਾਵੰਤ ਹੋ ਕੇ ਦਿਆਂ ਦੁਹਾਈਆ । ਜੋ ਸੰਦੇਸ਼ਾ ਦੇ ਕੇ ਗਏ ਬ੍ਰਹਮਾ ਸ਼ਿਵ ਵਿਸ਼ਨਾ, ਵਿਸ਼ਵ ਦੇ ਧਾਰ ਤੇਰੇ ਚਰਨਾਂ ਵਿਚ ਟਿਕਾਈਆ । ਜੋ ਭੇਵ ਖੁਲ੍ਹਾਇਆ ਰਾਮਾ ਕ੍ਰਿਸ਼ਨਾ, ਕਾਹਨਾਂ ਦੇ ਕਾਹਨ ਤੇਰੀ ਬੇਪਰਵਾਹੀਆ । ਜੋ ਪੈਗ਼ੰਬਰਾਂ ਕਿਹਾ ਤੇਰਾ ਨੂਰ ਅਲਾਹੀ ਜ਼ਵ ਜ਼ਿਤਨਾ, ਜ਼ੂਜ਼ੇ ਜ਼ਮਾ ਜ਼ਕੀਉਲ ਤੇਰਾ ਨੂਰ ਨੂਰ ਰੁਸ਼ਨਾਈਆ । ਗੁਰੂਆਂ ਸੰਦੇਸ਼ਾ ਦਿਤਾ ਸੁਣਾ, ਗੋਬਿੰਦ ਢੋਲਾ ਗਿਆ ਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਨੂਰ ਜੋਤ ਕਰੇ ਰੁਸ਼ਨਾ, ਦੋ ਜਹਾਨਾਂ ਡਗਮਗਾਈਆ । ਜਿਸ ਨੂੰ ਸਭ ਨੇ ਕਿਹਾ ਨੂਰ ਅਲਾਹ, ਖ਼ੁਦ ਮਾਲਕ ਇਕ ਅਖਵਾਈਆ । ਉਹ ਧਰਨੀਏ ਤੇਰਾ ਲਹਿਣਾ ਦੇਣਾ ਦਏ ਚੁਕਾ, ਪੂਰਬ ਲੇਖਾ ਝੋਲੀ ਪਾਈਆ । ਕਲਜੁਗ ਅੰਤ ਪੰਧ ਦਏ ਮੁਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਦੀਨ ਦੁਨੀ ਦਾ ਝਗੜਾ ਰਹੇ ਨਾ ਰਾਅ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਸਭ ਦਾ ਮਾਲਕ ਖ਼ਾਲਕ ਇਕੋ ਹੋਵੇ ਰਹਿਨੁਮਾ, ਮਾਰਗ ਇਕੋ ਇਕ ਦਰਸਾਈਆ । ਜਿਸ ਨੂੰ ਪੈਗ਼ੰਬਰਾਂ ਕਿਹਾ ਖ਼ੁਦਾ, ਖ਼ੁਦੀ ਤਕੱਬਰ ਦਾ ਡੇਰਾ ਦੇਵੇ

ਢਾਹੀਆ । ਤੇਰੇ ਨਾਲੋਂ ਕਦੇ ਨਾ ਹੋਵੇ ਜੁਦਾ, ਜੁਜ਼ ਵਖਰਾ ਵੰਡ ਨਾ ਕੋਇ ਵੰਡਾਈਆ । ਉਹ ਮਹਿਬੂਬ ਹੋਵੇ ਦਿਲਰੁਬਾ, ਰਹਿਮਤ ਵਿਚ ਆਪਣੀ ਦਇਆ ਕਮਾਈਆ । ਤੇਰੇ ਉਤੇ ਸਤਿ ਧਰਮ ਦੀ ਕਰੇ ਅਲਲ ਸੁਬਾ, ਸੁਬਾ ਸ਼ਾਮ ਵਕ਼ਤ ਨਾ ਕੋਇ ਜਣਾਈਆ । ਆਤਮ ਧਾਰ ਸਭ ਦਾ ਬਣੇ ਮਲਾਹ, ਖੇਵਟ ਖੇਟਾ ਬੇੜਾ ਆਪਣੇ ਕੰਧ ਟਿਕਾਈਆ । ਇਕੋ ਇਕ ਜਪਾਏ ਨਾਂ, ਨਾਉਂ ਨਿਰੰਕਾਰਾ ਇਕ ਦਰਸਾਈਆ । ਇਕੋ ਧਰਨੀ ਧਰਤ ਤੇਰਾ ਸੁਹਾਏ ਥਾਂ, ਥਨੰਤਰ ਦੇਵੇ ਮਾਣ ਵਡਿਆਈਆ । ਅੰਤਮ ਝਗੜਾ ਮੇਟ ਕੇ ਸੂਰ ਗਾਂ, ਗਾਇਤਰੀ ਮੰਤਰ ਦਾ ਲੇਖਾ ਪੂਰ ਕਰਾਈਆ । ਮਾਨਸ ਮਾਨਵ ਕੂੜ ਬੁੱਧੀ ਰਹਿਣ ਨਾ ਦੇਵੇ ਕਾਂ, ਕਾਗ ਹੰਸ ਰੂਪ ਬਦਲਾਈਆ । ਧਰਨੀ ਕਹੇ ਮੇਰੇ ਪ੍ਰਭੂ ਵਾਹ ਵਾਹ, ਵਾਹਵਾ ਤੇਰੇ ਹੱਥ ਵਡਿਆਈਆ । ਮੈਂ ਖ਼ੁਸ਼ੀਆਂ ਢੋਲੇ ਲਵਾਂ ਗਾ, ਗਾਵਤ ਗਾਵਤ ਗਾਵਤ ਖ਼ੁਸ਼ੀ ਬਣਾਈਆ । ਮੇਰੇ ਉਤੋਂ ਕਲਜੁਗ ਕੂੜੀ ਕਿਰਿਆ ਦੇਣੀ ਮਿਟਾ, ਮਿੱਟੀ ਖ਼ਾਕ ਖ਼ਾਕ ਸ਼ੌਹ ਦਰਿਆ ਰੁੜ੍ਹਾਈਆ । ਸਤਿਜੁਗ ਸਤਿ ਸਤਿਵਾਦੀ ਮਾਰਗ ਦੇਣਾ ਲਾ, ਲਹਿਣਾ ਦੇਣਾ ਮੇਰੀ ਝੋਲੀ ਪਾਈਆ । ਮੈਂ ਧਰਮ ਦੀ ਧਾਰ ਸਭ ਦੀ ਬਣਾਂ ਮਾਂ, ਹਰਿਜਨ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਬਿਨ ਹੱਥਾਂ ਸਿਰ ਮੇਰੇ ਦੇਣੀ ਠੰਢੀ ਛਾਂ, ਛਹਿਬਰ ਆਪਣਾ ਪ੍ਰੇਮ ਪ੍ਰੇਮ ਪ੍ਰੇਮ ਬਿਨ ਮੇਘ ਮੇਘ ਬਰਸਾਈਆ ।


੪੮੭

੨੪ ✪ ੨੨ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਜੁਗਿੰਦਰ ਸਿੰਘ ਦੇ ਗ੍ਰਿਹ ੩੮ ਰਨਲੇ ਰੋਡ ਸਾਊਥ ਹਾਲ ਲੰਡਨ ✪ ੨੪

ਧਰਨੀ ਕਹੇ ਪ੍ਰਭੂ ਮੇਰੇ ਦੀਨ ਦਿਆਲ, ਠਾਕਰ ਸੁਆਮੀ ਅੰਤਰਜਾਮੀ ਤੇਰੀ ਓਟ ਤਕਾਈਆ । ਮਿਹਰਵਾਨਾ ਸ੍ਰੀ ਭਗਵਾਨਾ ਮੇਰੀ ਲੇਖੇ ਲਾਉਣੀ ਘਾਲ, ਸਰਗੁਣ ਹੋ ਕੇ ਨਿਰਗੁਣ ਤੇਰੇ ਅਗੇ ਵਾਸਤਾ ਪਾਈਆ । ਮੇਰਾ ਨਿਰਧਨ ਰੂਪ ਮਾਤਲੋਕ ਕੰਗਾਲ, ਕੋਝੀ ਕਮਲੀ ਹੋ ਕੇ ਸੀਸ ਨਿਵਾਈਆ । ਤੂੰ ਸਾਹਿਬ ਸਤਿਗੁਰ ਮੇਰੀ ਕਰਨੀ ਸੰਭਾਲ, ਸੰਬਲ ਦੇ ਮਾਲਕ ਹੋਣਾ ਸਹਾਈਆ । ਸਤਿਗੁਰ ਸ਼ਬਦ ਆਪਣਾ ਵਿਚੋਲਾ ਦੇ ਦਲਾਲ, ਦੂਜਾ ਨਜ਼ਰ ਕੋਇ ਨਾ ਆਈਆ । ਮੇਰੇ ਉਤੇ ਹਕ਼ੀਕ਼ਤ ਵੇਖ ਹਕ ਹਲਾਲ, ਦੀਨ ਦੁਨੀ ਖੋਜੇ ਥਾਉਂ ਥਾਈਆ । ਮੇਰੀ ਬੇਨੰਤੀ ਮੰਨ ਸੁਆਲ, ਮਾਂਗਤ ਹੋ ਕੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਮੇਰੀ ਵੇਖ ਲੈ ਦਿਵਸ ਰੈਣ, ਬਿਨ ਨੈਣਾਂ ਨੈਣ ਉਠਾਈਆ । ਮੈਂ ਦੁਖੀ ਹੋ ਕੇ ਲੱਗੀ ਕਹਿਣ, ਬੇਨੰਤੀ ਤੇਰੇ ਚਰਨ ਟਿਕਾਈਆ । ਉਹ ਆਸ਼ਾ ਪੂਰੀ ਕਰ ਦੇ ਜੋ ਬਾਲਮੀਕ ਰਖੀ ਵਿਚ ਰਮਾਇਣ, ਰਾਮ ਰਾਮਾ ਧਿਆਨ ਲਗਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਮੇਰਾ ਸਾਕ ਸੱਜਣ ਸੈਣ, ਸੁਆਮੀ ਅੰਤਰਜਾਮੀ ਇਕ ਅਖਵਾਈਆ । ਮੇਰੇ ਉਤੇ ਕੂੜੀ ਕਿਰਿਆ ਕਲਜੁਗ ਵਹਿੰਦਾ ਵੇਖ ਲੈ ਵਹਿਣ, ਜਗਤ ਜਹਾਨ ਦੀਨ ਦੁਨੀ ਰਿਹਾ ਰੁੜ੍ਹਾਈਆ । ਪਿਆਰ ਰਿਹਾ ਨਾ ਮਾਤ ਪਿਤ ਭਾਈ ਭੈਣ, ਪਿਤਾ ਪੂਤ ਨਾ ਗੋਦ ਸੁਹਾਈਆ । ਮਾਇਆ ਰਾਣੀ ਨੌ ਖੰਡ ਪ੍ਰਿਥਮੀ ਸੱਤ ਦੀਪ ਬਣੀ ਡੈਣ, ਸਾਧਾਂ ਸੰਤਾਂ ਜੀਵਾਂ ਜੰਤਾਂ ਰਹੀ ਖਾਈਆ । ਨਿਰਗੁਣ ਧਾਰ ਏਕੰਕਾਰ ਨੁਕ਼ਤਾ ਤਕ ਲੈ ਆਪਣਾ ਐਨ ਨਾਲ ਗ਼ੈਨ, ਗ਼ਮਖ਼ਾਰ ਹੋ ਕੇ

ਵੇਖ ਵਖਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੈਨੂੰ ਦਿਵਸ ਰੈਣ ਨਾ ਆਵੇ ਚੈਨ, ਬੇਚੈਨੀ ਵਿਚ ਮੇਰੀ ਦੁਹਾਈਆ । ਮਾਨਵ ਮਾਨਵ ਮਾਨਵ ਮੇਰੇ ਉਤੇ ਇਕ ਦੂਜੇ ਨਾਲ ਖਹਿਣ, ਖ਼ਾਲਸ ਰੰਗ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਧਰਮ ਕਹੇ ਮੇਰੇ ਮਾਲਕ ਆਦਿ ਜੁਗਾਦਿ ਬ੍ਰਹਿਮੰਡਣ, ਬ੍ਰਹਿਮਾਂਡ ਤੇਰਾ ਧਿਆਨ ਲਗਾਈਆ । ਦੀਨ ਦਿਆਲ ਦਰਦ ਦੁਖ ਭੈ ਭੰਜਣ, ਭਵ ਸਾਗਰਾਂ ਮੇਰਾ ਬੇੜਾ ਪਾਰ ਕਰਾਈਆ । ਤੂੰ ਮਿਹਰਵਾਨ ਮਹਿਬੂਬ ਮੇਰਾ ਪੜਦਾ ਆਉਣਾ ਕੱਜਣ, ਸਿਰ ਮੇਰੇ ਹੱਥ ਟਿਕਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਰਿਹਾ ਨਾ ਤੇਰਾ ਭਜਨ, ਬੰਦਗੀ ਵਿਚ ਨਾ ਕੋਇ ਸਮਾਈਆ । ਚਾਰੋਂ ਕੁੰਟ ਕੂੜ ਨਗਾਰੇ ਵੱਜਣ, ਸ਼ਬਦ ਅਨਾਦੀ ਧੁਨ ਨਾ ਕੋਇ ਸ਼ਨਵਾਈਆ । ਜਗਤ ਜਗਿਆਸੂ ਕੂੜੀ ਮਾਇਆ ਵਿਚ ਦਝਣ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮੇਰਾ ਇਕੋ ਇਕ ਮੰਨਣਾ ਬਚਨ, ਬਚਪਨ ਤੇਰੇ ਚਰਨ ਟਿਕਾਈਆ । ਤੂੰ ਆਦਿ ਜੁਗਾਦੀ ਸ਼ਾਹੋ ਭੂਪ ਸੋ ਪੁਰਖ ਨਿਰੰਜਣ, ਹਰਿ ਪੁਰਖ ਨਿਰੰਜਣ ਤੇਰੇ ਹੱਥ ਵਡਿਆਈਆ । ਮੇਰਾ ਖ਼ਾਕੀ ਧਾਰ ਮਿੱਟੀ ਵੇਖ ਲੈ ਬਦਨ, ਤਨ ਬਸਤਰ ਨਾ ਕੋਇ ਰਖਾਈਆ । ਬਹੁੜੀ ਦਰੋਹੀ ਫਿਰਨ ਵਾਲੀ ਵਿਚ ਅਦਨ, ਕਾਅਬੇ ਰੋਵਣ ਮਾਰਨ ਧਾਹੀਆ । ਕਿਸੇ ਦਾ ਚਲੇ ਕੋਈ ਨਾ ਯਤਨ, ਯਥਾਰਥ ਤੇਰਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੇਰੇ ਹੁਕਮਰਾਨ, ਦੋ ਜਹਾਨਾਂ ਵਾਲੀ ਤੇਰੀ ਇਕ ਸਰਨਾਈਆ । ਸਚਖੰਡ ਨਿਵਾਸੀ ਨੌਜਵਾਨ, ਜੋਬਨਵੰਤੇ ਤੇਰੀ ਬੇਪਰਵਾਹੀਆ । ਆਹ ਤਕ ਲੈ ਕੀ ਸੰਦੇਸ਼ਾ ਦੇ ਕੇ ਗਿਆ ਸੀਆ ਨੂੰ ਰਾਮ, ਕਾਹਨ ਕਾਹਨਾ ਕੀ ਦ੍ਰਿੜਾਈਆ । ਕੀ ਪੈਗ਼ੰਬਰਾਂ ਕਿਹਾ ਪੈਗ਼ਾਮ, ਅਲਿਫ਼ ਯੇ ਸਿਫ਼ਤ ਸਲਾਹੀਆ । ਕੀ ਸੰਦੇਸ਼ਾ ਦਿਤਾ ਨਾਨਕ ਗੋਬਿੰਦ ਦੋ ਜਹਾਨ, ਦੋਹਰੀ ਆਪਣੀ ਕਲ ਵਰਤਾਈਆ । ਤੇਰਾ ਖੇਲ ਹੋਵੇ ਖ਼ਲਕ ਵਿਚ ਮਹਾਨ, ਮਹਿੰਮਾ ਕਥ ਕਥੀ ਨਾ ਜਾਈਆ । ਧਰਨੀ ਕਹੇ ਮੈਂ ਬਾਲੀ ਬੁਧਿ ਅਣਜਾਣ, ਅਕਲ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਸਾਹਿਬ ਹੋਣਾ ਸਹਾਈਆ । ਸਤਿਗੁਰ ਸ਼ਬਦ ਕਹੇ ਸੁਣ ਧਰਨੀ ਧਰਤ ਧਵਲੇ ਕਰ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਧੁਰ ਦਾ ਕਲਮਾ ਸੁਣ ਫ਼ਰਮਾਨ, ਅਣਸੁਣਤ ਤੈਨੂੰ ਦਏ ਸੁਣਾਈਆ । ਕਿਰਪਾ ਕਰੇ ਸ੍ਰੀ ਭਗਵਾਨ, ਭਗਵਨ ਹੋ ਕੇ ਵੇਖ ਵਖਾਈਆ । ਤੇਰੀ ਬੇਨੰਤੀ ਕਰੇ ਪਰਵਾਨ, ਪਰਮ ਪੁਰਖ ਆਪਣੀ ਜਗਹ ਜੋਤ ਡਗਮਗਾਈਆ । ਕਲਜੁਗ ਕੂੜੀ ਕਿਰਿਆ ਮੇਟੇ ਜਗਤ ਸ਼ੈਤਾਨ, ਨਿਸ਼ਾਨਾ ਸਤਿ ਧਰਮ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੈਂ ਨਿਮਾਣੀ ਹੋਈ ਮੰਗਤੀ, ਮਾਂਗਤ ਹੋ ਕੇ ਝੋਲੀ ਡਾਹੀਆ । ਗੜ੍ਹ ਤੋੜ ਦੇ ਹਉਮੇ ਹੰਗਤੀ, ਹੰ ਬ੍ਰਹਮ ਦੇ ਸਮਝਾਈਆ । ਇਕੋ ਨਾਮ ਸੁਣਾ ਦੇ ਆਪਣੀ ਪੰਗਤੀ, ਆਤਮ ਪਰਮਾਤਮ ਆਪਣਾ ਭੇਵ ਖੁਲ੍ਹਾਈਆ । ਕਲਪਣਾ ਰਹੇ ਨਾ ਕੂੜੇ ਮਨ ਦੀ, ਮਨਸਾ ਮਨ ਹੀ ਮਨ ਛੁਪਾਈਆ । ਸ੍ਰਿਸ਼ਟੀ ਧਾਰ ਬਣਾ ਦੇ ਜਨ ਦੀ, ਆਪ ਬਣ ਜਣੇਂਦੀ ਮਾਈਆ । ਮਿੱਟੀ ਖ਼ਾਕ ਲੇਖੇ ਲਾ ਲੈ ਤਨ ਦੀ, ਤਨ ਵਜੂਦਾਂ ਕਰ ਸਫ਼ਾਈਆ । ਆਸਾ ਪੂਰੀ ਕਰ ਦੇ ਸੂਰੀਆ ਤਾਰਾ ਚੰਨ ਦੀ, ਚੰਦ ਚਾਂਦਨੀ ਦੇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ


੪੮੮ ੨੪

ਦੇ ਮਾਲਕ ਦਇਆ ਕਮਾਈਆ । ਸਤਿਗੁਰ ਸ਼ਬਦ ਕਹੇ ਧਰਨੀ ਪੁਰਖ ਅਕਾਲ ਦਇਆ ਕਮਾਵੇਗਾ । ਦੀਨ ਦਿਆਲ ਵੇਖ ਵਖਾਵੇਗਾ । ਸੋ ਪੁਰਖ ਨਿਰੰਜਣ ਵੇਸ ਵਟਾਵੇਗਾ । ਹਰਿ ਪੁਰਖ ਨਿਰੰਜਣ ਫੇਰਾ ਪਾਵੇਗਾ । ਏਕੰਕਾਰਾ ਰੰਗ ਰੰਗਾਵੇਗਾ । ਆਦਿ ਨਿਰੰਜਣ ਡਗਮਗਾਵੇਗਾ । ਅਬਿਨਾਸ਼ੀ ਕਰਤਾ ਸੋਭਾ ਪਾਵੇਗਾ । ਸ੍ਰੀ ਭਗਵਾਨ ਹੁਕਮ ਸੁਣਾਵੇਗਾ । ਪਾਰਬ੍ਰਹਮ ਵੇਖ ਵਖਾਵੇਗਾ । ਸਤਿਗੁਰ ਸ਼ਬਦ ਸ਼ਬਦ ਉਠਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਵੇਗਾ । ਤ੍ਰੈਗੁਣ ਖੇਲ ਆਪ ਖਿਲਾਵੇਗਾ । ਪੰਜਾਂ ਤਤਾਂ ਭਾਂਡਾ ਭਰਮ ਭੰਨਾਵੇਗਾ । ਅਵਤਾਰ ਪੈਗ਼ੰਬਰਾਂ ਗੁਰੂਆਂ ਗੰਢ ਰਖਾਵੇਗਾ । ਯੋਧਾ ਸੂਰਬੀਰ ਬਲਵਾਨ, ਆਪਣਾ ਹੁਕਮ ਚਲਾਵੇਗਾ । ਕਲਜੁਗ ਕੂੜੀ ਕਿਰਿਆ ਮੇਟ ਨਿਸ਼ਾਨ, ਨਿਰਗੁਣ ਆਪਣਾ ਰੰਗ ਰੰਗਾਵੇਗਾ । ਸਤਿਜੁਗ ਸਚ ਕਰ ਪਰਧਾਨ, ਪਰਮ ਪੁਰਖ ਆਪ ਪਰਗਟਾਵੇਗਾ । ਤੈਨੂੰ ਦੇ ਕੇ ਨਾਮ ਨਿਧਾਨ, ਖ਼ਾਲੀ ਝੋਲੀ ਆਪ ਭਰਾਵੇਗਾ । ਆਤਮ ਪਰਮਾਤਮ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਵੇ ਗਾਣ, ਤੂੰ ਮੇਰਾ ਮੈਂ ਤੇਰਾ ਰੰਗ ਚੜ੍ਹਾਵੇਗਾ । ਸਾਚਾ ਸ਼ਬਦ ਦੇਵੇ ਧੁਨਕਾਨ, ਅਨਹਦ ਨਾਦੀ ਨਾਦ ਵਜਾਵੇਗਾ । ਜੋ ਅਵਤਾਰ ਪੈਗ਼ੰਬਰਾਂ ਗੁਰੂਆਂ ਦਿਤਾ ਬਿਆਨ, ਲੇਖੇ ਸਭ ਦੇ ਪੂਰ ਕਰਾਵੇਗਾ । ਨਿਗਾਹ ਮਾਰ ਕੇ ਉਤੇ ਅਸਮਾਨ, ਧਰਨੀਏ ਤੇਰਾ ਪੰਧ ਚੁਕਾਵੇਗਾ । ਕਲਜੁਗ ਹੋਣਾ ਨਹੀਂ ਅੰਤ ਹੈਰਾਨ, ਹੈਰਾਨੀ ਵਿਚ ਖੇਲ ਖਿਲਾਵੇਗਾ । ਜਗਤ ਆਸ਼ਾ ਵੇਖ ਸ਼ੈਤਾਨ, ਸ਼ਰਅ ਸ਼ਰੀਅਤ ਡੇਰਾ ਢਾਹਵੇਗਾ । ਤੂੰ ਸੁਣਨਾ ਬਿਨਾ ਕਾਨ, ਕਾਇਨਾਤ ਵੇਖ ਵਖਾਵੇਗਾ । ਜਿਸ ਨੂੰ ਕਹਿੰਦੇ ਵਾਲੀ ਦੋ ਜਹਾਨ, ਦੋਹਰਾ ਰੂਪ ਆਪਣਾ ਬਦਲਾਵੇਗਾ । ਕਮਲੀਏ ਤੂੰ ਉਸ ਦੀ ਕਰੀਂ ਪਹਿਚਾਨ, ਬੇਪਹਿਚਾਨ ਆਪਣਾ ਪੜਦਾ ਲਾਹਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਵੇਗਾ । ਧਰਨੀ ਕਹੇ ਸਤਿਗੁਰ ਸ਼ਬਦ ਮੈਂ ਚਰਨ ਜਾਵਾਂ ਬਲਹਾਰੀ, ਬਲ ਬਲ ਆਪਣਾ ਆਪ ਕਰਾਈਆ । ਮੈਂ ਵੇਖਾਂ ਨੈਣ ਉਘਾੜੀ, ਬਿਨ ਨੇਤਰਾਂ ਅੱਖ ਉਠਾਈਆ । ਮੈਂ ਚਾਰ ਜੁਗ ਦੀ ਕਰਦੀ ਰਹੀ ਇੰਤਜ਼ਾਰੀ, ਨਵ ਨਵ ਦਾ ਪੰਧ ਮੁਕਾਈਆ । ਮੇਰੇ ਕੋਲ ਲੇਖਾ ਤੇਈ ਅਵਤਾਰੀ, ਜੋ ਅਵਤਰ ਗਏ ਦ੍ਰਿੜਾਈਆ । ਮੈਨੂੰ ਪੈਗ਼ੰਬਰਾਂ ਕੀਤਾ ਇਸ਼ਾਰੀ, ਬਿਨ ਸੈਨਤ ਸੈਨਤ ਲਗਾਈਆ । ਨਾਨਕ ਗੋਬਿੰਦ ਦਿਤਾ ਅਧਾਰੀ, ਸਹਿਜ ਨਾਲ ਸਮਝਾਈਆ । ਧਰਨੀਏ ਧੌਲੇ ਤੇਰੇ ਉਤੇ ਅੰਤਮ ਆਵੇ ਕਲ ਕਲਕੀ ਅਵਤਾਰੀ, ਨਿਹਕਲੰਕਾ ਨੂਰ ਅਲਾਹੀਆ । ਜਿਸ ਦਾ ਨੂਰ ਹੋਵੇ ਜੋਤ ਉਜਿਆਰੀ, ਜੋਤੀ ਜਾਤਾ ਡਗਮਗਾਈਆ । ਤੂੰ ਉਸ ਨੂੰ ਕਰੀਂ ਨਿਮਸਕਾਰੀ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਮਿੱਟੀ ਖ਼ਾਕ ਬਣੀਂ ਪਨਿਹਾਰੀ, ਪਨਘਟ ਇਕੋ ਵੇਖ ਵਖਾਈਆ । ਨੀ ਉਸ ਦਾ ਰੂਪ ਤਕੀਂ ਨਾ ਪੁਰਖ ਹੋਵੇ ਨਾ ਨਾਰੀ, ਨਰ ਨਰਾਇਣ ਇਕੋ ਨਜ਼ਰੀ ਆਈਆ । ਤੂੰ ਆਪਣਾ ਵਕ਼ਤ ਸੰਭਾਲਣਾ ਨਾਲ ਹੁਸ਼ਿਆਰੀ, ਸੰਬਲ ਬਹਿ ਕੇ ਆਪਣੀ ਖੇਲ ਵੇਖ ਵਖਾਈਆ । ਤੇਰੇ ਨੌਂ ਖੰਡ ਵੇਖੇ ਹੱਟ ਬਾਜ਼ਾਰੀ, ਸੱਤਾਂ ਦੀਪਾਂ ਧਿਆਨ ਵੇਖ ਵਖਾਈਆ । ਨੀ ਉਹ ਸ਼ਬਦੀ ਸ਼ਬਦ ਦਾ ਹੋਵੇ ਖਿਡਾਰੀ, ਖੰਡੇ ਖੜਗਾਂ ਹੱਥ ਨਾ ਕੋਇ ਉਠਾਈਆ । ਜਿਸ ਅਗੇ ਵਾਸਤਾ ਪਾਉਣਾ ਵਿਸ਼ਨੂੰ ਵਿਸ਼ਵ ਭੰਡਾਰੀ, ਸ਼ੰਕਰ ਨਿਵ ਨਿਵ ਲਾਗੇ ਪਾਈਆ । ਬ੍ਰਹਮਾ ਜਿਸ ਦਾ ਨੂਰ ਜੋਤ ਉਜਿਆਰੀ, ਨੂਰ ਨੂਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਧਰਨੀ ਉਹ ਮਾਹੀ ਮਹਿਬੂਬ ਅਗੰਮਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਨਣੀ ਕੁੱਖੋਂ ਕਦੇ ਨਾ ਜੰਮਾ, ਜਣੇਂਦੀ ਬਣੇ ਕੋਇ ਨਾ ਮਾਈਆ । ਜਿਸ

ਲਾਲਚ ਨਹੀਂ ਕੋਈ ਤਮਅ, ਮੋਹ ਵਿਕਾਰ ਨਾ ਕੋਇ ਰਖਾਈਆ । ਨਾ ਖ਼ੁਸ਼ੀ ਨਾ ਗ਼ਮਾ, ਚਿੰਤਾ ਚਿਖਾ ਨਾ ਕੋਇ ਤਪਾਈਆ । ਜਿਸ ਦੀ ਤਾਬਿਆਦਾਰੀ ਵਿਚ ਵਿਸ਼ਨ ਸ਼ਿਵ ਬ੍ਰਹਮਾ, ਬ੍ਰਹਿਮੰਡ ਬੈਠੇ ਸੀਸ ਨਿਵਾਈਆ । ਤੇਰੇ ਉਤੇ ਕਲਜੁਗ ਕੂੜ ਦਾ ਮੇਟੇ ਕੁਕਰਮਾ, ਕਰਮ ਕਾਂਡ ਦਾ ਡੇਰਾ ਢਾਹੀਆ । ਸਤਿਜੁਗ ਸਤਿ ਦਾ ਦੱਸ ਕੇ ਧਰਮਾ, ਧਰਨੀਏ ਤੈਨੂੰ ਦਏ ਸਮਝਾਈਆ । ਮੇਟੇ ਵਰਨਾ ਬਰਨਾ, ਜ਼ਾਤਾਂ ਪਾਤਾਂ ਨਜ਼ਰ ਕੋਇ ਨਾ ਆਈਆ । ਤੂੰ ਓਟ ਰਖਣੀ ਉਸ ਪ੍ਰਭੂ ਦੇ ਚਰਨਾਂ, ਜੋ ਚਰਨੋਦਕ ਤੈਨੂੰ ਜਾਮ ਪਿਆਈਆ । ਜਿਸ ਤੇਰਾ ਖ਼ਾਲੀ ਭੰਡਾਰਾ ਭਰਨਾ, ਵਸਤ ਅਤੋਲ ਅਤੁਲ ਦਏ ਵਰਤਾਈਆ । ਨੇਤਰ ਖੋਲ੍ਹੇ ਹਰਿਜਨ ਹਰਨਾ ਫਰਨਾ, ਨਿਜ ਲੋਚਨ ਕਰੇ ਰੁਸ਼ਨਾਈਆ । ਤੂੰ ਅੰਤ ਸਦੀ ਚੌਧਵੀਂ ਮੂਲ ਨਾ ਡਰਨਾ, ਭੈ ਵਿਚ ਨਾ ਕੋਇ ਰਖਾਈਆ । ਇਕੋ ਢੋਲਾ ਪੜ੍ਹਨਾ, ਗੀਤ ਗਾਉਣਾ ਧੁਰ ਦੇ ਮਾਹੀਆ । ਜਿਸ ਦੇ ਹੁਕਮ ਵਿਚ ਸ੍ਰਿਸ਼ਟ ਸਬਾਈ ਹੋਵੇ ਲੜਨਾ, ਪੱਲੂ ਸਕੇ ਨਾ ਕੋਇ ਛੁਡਾਈਆ । ਉਸ ਨੇ ਤੇਰੇ ਉਤੇ ਨਵਾਂ ਘਾੜਨ ਘੜਨਾ, ਘੜਨਹਾਰ ਆਪਣੀ ਦਇਆ ਕਮਾਈਆ । ਕਿਸ ਬਿਧ ਅਗਲਾ ਸਾਲ ਚੜ੍ਹਨਾ, ਚੜ੍ਹਦਾ ਲਹਿੰਦਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਸਤਿਗੁਰ ਸ਼ਬਦ ਨਿਗਾਹ ਮਾਰ ਲੋਕਮਾਤ, ਮਿਹਰਵਾਨ ਹੋ ਕੇ ਦਇਆ ਕਮਾਈਆ । ਜਨ ਭਗਤਾਂ ਮੇਰੇ ਉਤੇ ਦੇ ਅਗੰਮੀ ਦਾਤ, ਬਿਨ ਹੱਥਾਂ ਆਪ ਵਰਤਾਈਆ । ਤੂੰ ਪਿਤਾ ਤੂੰ ਹੀ ਮਾਤ, ਪੁਰਖ ਅਕਾਲ ਤੇਰਾ ਰੂਪ ਨਜ਼ਰੀ ਆਈਆ । ਅੰਤ ਕੰਤ ਮੇਰੀ ਪੁਛ ਵਾਤ, ਵਾਰਸ ਹੋ ਕੇ ਹੋ ਸਹਾਈਆ । ਮੇਰੀ ਲੇਖੇ ਲਾ ਲੈ ਅੱਜ ਦੀ ਰਾਤ, ਵਿਸਾਖ ਬਾਈ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਪੂਰ ਕਰਾਈਆ । ਧਰਨੀ ਕਹੇ ਸਤਿਗੁਰ ਸ਼ਬਦ ਮੇਰੀ ਕਰ ਦੇ ਪੂਰੀ ਆਸ਼ਾ, ਤ੍ਰਿਸ਼ਨਾ ਤੇਰੇ ਅਗੇ ਟਿਕਾਈਆ । ਜਨ ਭਗਤਾਂ ਲੇਖੇ ਲਾਉਣਾ ਸਵਾਸ ਸਵਾਸਾ, ਜੋ ਸਾਹ ਸਾਹ ਤੇਰੇ ਵਿਚ ਸਮਾਈਆ । ਧਰਮ ਦੀ ਧਾਰ ਦੇਣਾ ਭਰਵਾਸਾ, ਭਾਂਡਾ ਭਰਮ ਭਉ ਭੰਨਾਈਆ ਨਿਰਗੁਣ ਨੂਰ ਜੋਤ ਕਰ ਪਰਕਾਸ਼ਾ, ਅੰਧ ਅੰਧੇਰਾ ਦੇਣਾ ਗੁਆਈਆ । ਸੁਰਤੀ ਸ਼ਬਦ ਗੋਪੀ ਕਾਹਨ ਹੋ ਕੇ ਪਾ ਰਾਸਾ, ਮਸਤ ਖ਼ੁਮਾਰੀ ਦੇ ਚੜ੍ਹਾਈਆ । ਮੇਰੀ ਬੇਨੰਤੀ ਮਨਜ਼ੂਰ ਕਰ ਲੈ ਗੋਬਿੰਦ ਆਪਣਾ ਅਰਦਾਸਾ, ਅਰਜ਼ ਆਰਜ਼ੂ ਤੇਰੇ ਅਗੇ ਟਿਕਾਈਆ । ਤੇਰਾ ਗ੍ਰਹਿ ਬੇਸ਼ਕ ਉਪਰ ਆਕਾਸ਼ਾ, ਧਰਨੀ ਕਹੇ ਮੇਰੇ ਦਰ ਦਈਂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੀ ਚਿੰਤਾ ਮੇਟ ਦੇ ਸੋਗ, ਗ਼ਮੀ ਰਹਿਣ ਕੋਇ ਨਾ ਪਾਈਆ । ਹਉਮੇ ਵਾਲਾ ਕੱਟ ਦੇ ਰੋਗ, ਹੰਗਤਾ ਗੜ੍ਹ ਦੇ ਤੁੜਾਈਆ । ਜਨ ਭਗਤਾਂ ਮੇਲਾ ਮੇਲ ਧੁਰ ਸੰਜੋਗ, ਜੁਗ ਵਿਛੜੇ ਮੇਲ ਮਿਲਾਈਆ । ਅਗੇ ਹੋਵੇ ਨਾ ਕਦੇ ਵਿਯੋਗ, ਲੱਖ ਚੁਰਾਸੀ ਡੇਰਾ ਦੇਣਾ ਢਾਹੀਆ । ਤੇਰੀ ਧਾਰ ਆਤਮ ਪਰਮਾਤਮ ਮਿਲ ਕੇ ਮਾਣੇ ਮੌਜ, ਮਜਲਸ ਭਗਤਾਂ ਨਾਲ ਰਖਾਈਆ । ਮਿਹਰਵਾਨ ਹੋ ਕੇ ਦਰਸ਼ਨ ਦੇਣਾਂ ਰੋਜ਼, ਨਿਜ ਘਰ ਆਪਣਾ ਪੜਦਾ ਲਾਹੀਆ । ਤੇਰੀ ਚਰਨ ਪ੍ਰੀਤੀ ਸਭ ਤੋਂ ਵੱਡਾ ਹੋਵੇ ਯੋਗ, ਜੁਗਤੀ ਧਰਮ ਧਾਰ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਧਰਨੀ ਕਹੇ ਪ੍ਰਭੂ ਮੈਂ ਨਿਮਾਣੀ ਹੋ ਕੇ ਮੰਗਦੀ, ਮਾਂਗਤ ਹੋ ਕੇ ਝੋਲੀ ਡਾਹੀਆ । ਮੈਂ ਪਿਆਸੀ ਤੇਰੇ ਅੰਗ ਦੀ, ਅੰਗੀਕਾਰ ਕਰਨਾ ਚਾਈਂ ਚਾਈਆ । ਉਹ ਤਕ ਲੈ ਸਦੀ ਸਦੀਵੀ

ਜਾਂਦੀ ਲੰਘਦੀ, ਭੱਜੀ ਜਾਏ ਵਾਹੋ ਦਾਹੀਆ । ਵਡਿਆਈ ਰਹਿਣੀ ਨਹੀਂ ਕਿਸੇ ਤਤ ਪੰਜ ਦੀ, ਪੰਚਮ ਮੇਲ ਨਾ ਕੋਇ ਮਿਲਾਈਆ । ਸਭ ਤੇ ਘੜੀ ਆਉਣੀ ਰੰਜ ਦੀ, ਰੰਜਸ਼ ਸਕੇ ਨਾ ਕੋਇ ਚੁਕਾਈਆ । ਅੰਤ ਨਿਸ਼ਾਨੀ ਮਿਟਣੀ ਤਾਰਾ ਚੰਦ ਦੀ, ਚੰਦ ਚਾਂਦਨਾ ਨਜ਼ਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਇਕ ਵਰਤਾਈਆ । ਸਚ ਦੀ ਵਸਤ ਦੇ ਦੇ ਆਪ, ਆਪਣੀ ਦਇਆ ਕਮਾਈਆ । ਜਨ ਭਗਤਾਂ ਦੇ ਕੇ ਸੋਹੰ ਜਾਪ, ਆਤਮ ਪਰਮਾਤਮ ਪਰਮਾਤਮ ਆਤਮ ਆਪਣਾ ਭੇਵ ਖੁਲ੍ਹਾਈਆ । ਜਨਮ ਜਨਮ ਦੇ ਪੂਰਬ ਲਾਹ ਦੇ ਪਾਪ, ਪਤਿਤ ਪੁਨੀਤ ਪਤਿਤ ਪਾਵਨ ਆਪਣਾ ਰੰਗ ਰੰਗਾਈਆ । ਆਵਣ ਜਾਵਣ ਦਾ ਸੰਸਾ ਰਹੇ ਨਾ ਸੰਤਾਪ, ਚੁਰਾਸੀ ਫਾਸੀ ਜਮ ਨਾ ਕੋਇ ਲਟਕਾਈਆ । ਲੇਖਾ ਰਹੇ ਨਾ ਨਾਲ ਸ਼ੰਕਰ ਕੈਲਾਸ਼, ਕਲਾਧਾਰੀ ਆਪਣੀ ਕਲ ਦੇਣੀ ਵਰਤਾਈਆ । ਨਿਰਗੁਣ ਹੋ ਕੇ ਵਸਣਾ ਪਾਸ, ਦੂਰ ਦੁਰਾਡਾ ਪੰਧ ਦੇਣਾ ਮੁਕਾਈਆ । ਮੇਰੀ ਬੇਨੰਤੀ ਇਕੋ ਖ਼ਾਸ, ਖ਼ਾਲਸ ਹਰਿਜਨ ਲੈਣੇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਜਨ ਭਗਤੋ ਮੈਂ ਕੂਕ ਕੇ ਦਿਆਂ ਦੁਹਾਈ, ਦੋ ਜਹਾਨ ਦਿਆਂ ਸੁਣਾਈਆ । ਮੇਰੇ ਉਤੇ ਥਿਤ ਸੁਹੰਜਣੀ ਵਿਸਾਖ ਬਾਈ, ਬਾਈਬਲ ਦਾ ਲੇਖਾ ਯਸੂਹ ਰਿਹਾ ਦ੍ਰਿੜਾਈਆ । ਗੋਬਿੰਦ ਦਾ ਹਿੰਦਸਾ ਦੱਸੇ ਇਕਾਈ, ਇਕ ਇਕੱਲਾ ਕੀ ਜਣਾਈਆ । ਜੋ ਦੋ ਜਹਾਨਾਂ ਬਣੇ ਰਾਹੀ, ਰਹਿਬਰ ਨੂਰ ਅਲਾਹੀਆ । ਵੇਖਣਹਾਰਾ ਥਾਉਂ ਥਾਈਂ, ਦੋ ਜਹਾਨਾਂ
ਖੋਜ ਖੁਜਾਈਆ । ਜੋ ਭਗਤਾਂ ਸਦਾ ਪਕੜੇ ਬਾਂਹੀ, ਫੜ ਬਾਂਹੋ ਗਲੇ ਲਗਾਈਆ । ਉਸ ਦਾ ਮੇਲਾ ਹੁੰਦਾ ਕਦੇ ਕਦਾਈ, ਜੋ ਨਿਤ ਨਵਿਤ ਆਪਣਾ ਖੇਲ ਖਿਲਾਈਆ । ਸਭ ਨੇ ਚਲਣਾ ਸਚ ਰਜਾਈ, ਰਾਜ਼ਕ ਰਿਜ਼ਕ ਰਹੀਮ ਦਏ ਵਡਿਆਈਆ । ਦੇਖੋ ਤੁਹਾਡੇ ਪਿਛੇ ਵਾਸਤਾ ਪਾਵੇ ਧਰਨੀ ਮਾਈ, ਮਈਆ ਹੋ ਕੇ ਸੀਸ ਨਿਵਾਈਆ । ਗਲ ਪਲੂ ਰਹੀ ਪਾਈ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਵਸਤ ਵਰਤਾਈਆ । ਧਰਨੀ ਕਹੇ ਵੇਖੋ ਦਿਹਾੜਾ ਅੱਜ ਦਾ, ਖ਼ੁਸ਼ੀਆਂ ਨਾਲ ਸੁਣਾਈਆ । ਜੋ ਸਭ ਦੇ ਪੜਦੇ ਕੱਜਦਾ, ਮਾਲਕ ਧੁਰਦਰਗਾਹੀਆ । ਜਿਸ ਲੇਖਾ ਪੂਰਾ ਕਰਨਾ ਮਾਨਸ ਜਨਮ ਹੱਜ ਦਾ, ਹੁਜਰਾ ਹਕ ਹਕ ਸੁਹਾਈਆ । ਜੋ ਤੁਹਾਡੇ ਪਿਛੇ ਫਿਰੇ ਭੱਜਦਾ, ਦੀਨ ਦੁਨੀ ਪੰਧ ਮੁਕਾਈਆ । ਉਹ ਨੂਰ ਅਲਾਹੀ ਰੱਬ ਦਾ, ਜਾਗਰਤ ਜੋਤ ਡਗਮਗਾਈਆ । ਜਿਸ ਦਾ ਮੇਲ ਹੁੰਦਾ ਸਬਬ ਦਾ, ਜੁਗ ਜਨਮ ਦੇ ਵਿਛੜੇ ਆਪਣੇ ਸੰਗ ਰਖਾਈਆ । ਉਸ ਨਾਲੋਂ ਪਿਆਰ ਚੰਗਾ ਨਹੀਂ ਕੂੜੀ ਮਧ ਦਾ, ਮਧੁਰ ਧੁਨ ਕਰੇ ਨਾ ਕੋਇ ਸ਼ਨਵਾਈਆ । ਜਿਸ ਨੂੰ ਜਗਤ ਜਹਾਨ ਫਿਰੇ ਲਭਦਾ, ਉਹ ਜਨ ਭਗਤੋ ਤੁਹਾਡਾ ਆਪ ਹੋਵੇ ਸਹਾਈਆ । ਤੁਹਾਨੂੰ ਪਤਾ ਨਹੀਂ ਤੁਹਾਡਾ ਲੇਖਾ ਪਿਛਲਾ ਕਦ ਦਾ, ਬਾਵਨ ਲਹਿਣਾ ਗਿਆ ਸਮਝਾਈਆ । ਤੁਹਾਡਾ ਤਨ ਵਜੂਦ ਤਤਾਂ ਵਾਲਾ ਨਹੀਂ ਜਗ ਦਾ, ਜਾਗਰਤ ਜੋਤ ਪ੍ਰਭ ਆਪਣਾ ਨੂਰ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਮੇਰਾ ਲਹਿਣਾ ਤਕ ਸਾਊਥ ਆਲ, ਮਿਹਰਵਾਨ ਮਹਿਬੂਬ ਧਿਆਨ ਲਗਾਈਆ । ਮੇਰੀ ਬੇਨੰਤੀ ਮੰਨ ਸਵਾਲ, ਸਵਾਲਣ ਹੋ ਕੇ ਝੋਲੀ ਡਾਹੀਆ । ਤੂੰ ਪੁਛਣਹਾਰਾ ਮੁਰੀਦਾਂ ਹਾਲ, ਮੁਰਸ਼ਦ ਮਾਲਕ ਨੂਰ ਅਲਾਹੀਆ । ਮੈਂ ਕੋਝੀ ਕਮਲੀ ਕੰਗਾਲ, ਲਾਸ਼ਰੀਕ ਤੇਰੇ ਅਗੇ ਵਾਸਤਾ ਪਾਈਆ । ਫਲ ਲਗਾ ਦੇ ਮੇਰੇ

ਡਾਲ੍ਹ, ਪੱਤ ਟਹਿਣੀ ਦੇ ਮਹਿਕਾਈਆ । ਆਪਣੇ ਭਗਤ ਸੁਹੇਲੇ ਮੇਲ ਲੈ ਆਪਣੇ ਨਾਲ, ਮਿਹਰਵਾਨ ਆਪਣੀ ਗੰਢ ਬਣਾਈਆ । ਜਿਸ ਨਿਰਗੁਣ ਧਾਰ ਹੋ ਕੇ ਲੰਡਨ ਵਿਚੋਂ ਲਏ ਭਾਲ, ਭਾਂਡਾ ਭਰਮ ਦੇਣਾ ਭੰਨਾਈਆ । ਮਾਨਸ ਜਨਮ ਜਨਮ ਵਿਚੋਂ ਕਰਨਾ ਬਹਾਲ, ਕਰਮ ਕੁਕਰਮ ਆਪਣਾ ਰੰਗ ਰੰਗਾਈਆ । ਜਨ ਭਗਤਾਂ ਪੋਹ ਨਾ ਸਕੇ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਧਰਨੀ ਕਹੇ ਪ੍ਰਭੂ ਤੇਰੇ ਭਗਤ ਸੁਹੇਲੇ ਜਦੋਂ ਜਾਣ ਤੇ ਜਾਣ ਸਚਖੰਡ ਸਚੀ ਧਰਮਸਾਲ, ਦੂਜਾ ਦਰ ਨਜ਼ਰ ਕੋਇ ਨਾ ਆਈਆ । ਤੂੰ ਦੀਨਾਂ ਬੰਧਪ ਦੀਨ ਦਿਆਲ, ਦਇਆਨਿਧ ਤੇਰੇ ਹੱਥ ਵਡਿਆਈਆ । ਬੇਸ਼ਕ ਤੇਰੀ ਨੌਂ ਸੌ ਚੁਰਾਨਮੇ ਚੌਕੜੀ ਜੁਗ ਤੋਂ ਬਾਦ ਅਵਲੜੀ ਚਾਲ, ਚਾਲ ਨਿਰਾਲੀ ਆਪ ਪਰਗਟਾਈਆ । ਪਰ ਫੇਰ ਵੀ ਕਲਜੁਗ ਵਿਚ ਵੇਖ ਤੇਰੇ ਭਗਤ ਕਮਾਲ, ਕਾਮਲ ਮੁਰਸ਼ਦ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਸਾਹਿਬ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੀ ਪਿਛਲੀ ਵੇਖ ਲੈ ਬਾਕੀ, ਪੜਦਾ ਪੜਦਿਆਂ ਵਿਚੋਂ ਚੁਕਾਈਆ । ਬੇਸ਼ਕ ਮੈਂ ਧੂੜ ਮਿੱਟੀ ਖ਼ਾਕੀ, ਚਾਰੋਂ ਕੁੰਟ ਬੈਠੀ ਆਸਣ ਲਾਈਆ । ਪਰ ਮੇਰੇ ਉਤੇ ਤੇਰੇ ਨਾਮ ਦੀ ਸਦਾ ਖੁਲ੍ਹੇ ਹਾਟੀ, ਜੁਗ ਜੁਗ ਦੇ ਹਟਵਾਣੇ ਕੀ ਤੇਰੀ ਬੇਪਰਵਾਹੀਆ । ਮੇਰਾ ਬਿਸਤਰ ਸਿੰਘਾਸਣ ਸੁਹੰਜਣਾ ਤਕ ਲੈ ਖਾਟੀ, ਬਿਨ ਪਾਵਾ ਚੂਲ ਨਜ਼ਰੀ ਆਈਆ । ਮੇਰੇ ਸੁਆਮੀਆਂ ਅੰਤਰਜਾਮੀਆਂ ਮੈਨੂੰ ਪਿਆਰ ਬਖ਼ਸ਼ ਦੇ ਅੱਜ ਦੀ ਰਾਤੀ, ਰੁਤੜੀ ਆਪਣੇ ਨਾਲ ਲੈ ਮਹਿਕਾਈਆ । ਮੈਂ ਚਾਹੁੰਦੀ ਤੇਰੇ ਭਗਤ ਹੋ ਜਾਣ ਤੇਰੀ ਜ਼ਾਤੀ, ਆਤਮ ਪਰਮਾਤਮ ਤੇਰਾ ਨੂਰ ਨਜ਼ਰੀ ਆਈਆ । ਤੂੰ ਭੇਵ ਖੋਲ੍ਹਣਾ ਬਾਤਨ ਤੇ ਆਪਣੀ ਦੱਸਣੀ ਬਾਤੀ, ਬੇਵਤਨਾ ਵਤਨ ਦੇਣਾ ਵਖਾਈਆ । ਧਰਨੀ ਕਹੇ ਆਹ ਵੇਖ ਲੈ ਮੇਰੇ ਕੋਲ ਗੋਬਿੰਦ ਵਾਲੀ ਉਹ ਪਾਤੀ, ਜਿਸ ਦਾ ਅੱਖਰ ਜਗ ਨਜ਼ਰ ਕਿਸੇ ਨਾ ਆਈਆ । ਜਿਸ ਦਾ ਰੂਪ ਨਹੀਂ ਕਾਗ਼ਜ਼ਾਤੀ, ਕ਼ਲਮ ਸ਼ਾਹੀ ਨਾ ਕੋਇ ਵਡਿਆਈਆ । ਜਿਸ ਨੇ ਮੇਰੀ ਜ਼ਿੰਦਗੀ ਬਦਲਣੀ ਹਯਾਤੀ, ਹਿਰਦੇ ਅੰਤਰ ਕਰਨੀ ਸਫ਼ਾਈਆ । ਮੈਂ ਉਸ ਦਾ ਦਰਸ਼ਨ ਕਰਾਂ ਲੋਕਮਾਤੀ, ਮਾਤਲੋਕ ਪੜਦਾ ਦੇਣਾ ਚੁਕਾਈਆ । ਮੈਂ ਚਾਹੁੰਦੀ ਮੇਰੇ ਮਹਿਬੂਬਾ ਤੇਰਾ ਚਰਨ ਕਵਲ ਛੋਹੇ ਉਪਰ ਛਾਤੀ, ਸ਼ਹਿਨਸ਼ਾਹ ਛਤਰ ਧਾਰੀਆਂ ਲੇਖਾ ਦੇਣਾ ਮੁਕਾਈਆ । ਬੇਸ਼ਕ ਤੇਰੀ ਜੋਤ ਜਗਤ ਬੇਪਛਾਤੀ, ਵੇਖ ਸਕੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਉਠ ਵੇ ਵਿਸਾਖ ਬਾਈ ਆਪਣੀ ਖੇਲ ਤਕ ਲੈ ਅੱਖ, ਚਾਰ ਜੁਗ ਦੇ ਸਾਥੀਆ ਤੈਨੂੰ ਦਿਆਂ ਸੁਣਾਈਆ । ਸੱਜਣਾ ਆਪਣਾ ਭਾਂਡਾ ਤਕ ਲੈ ਗੋਬਿੰਦ ਅੰਮ੍ਰਿਤ ਵਾਲਾ ਹੋਇਆ ਸਖ, ਰਸ ਵਿਚ ਨਾ ਕੋਇ ਟਿਕਾਈਆ । ਉਹ ਤਕ ਲੈ ਦੀਨ ਦੁਨੀ ਦੀ ਕ਼ੀਮਤ ਰਹੀ ਨਹੀਂ ਕੌਡੀ ਕੱਖ, ਕਰਤਾ ਕ਼ੀਮਤ ਕੋਇ ਨਾ ਪਾਈਆ । ਬਿਨਾ ਭਗਤਾਂ ਤੋਂ ਜੈਕਾਰਾ ਬੋਲੇ ਨਾ ਕੋਇ ਅਲੱਖ, ਅਲਖ ਅਗੋਚਰ ਮਿਲਣ ਕੋਇ ਨਾ ਪਾਈਆ । ਉਹ ਤਕ ਲੈ ਆਹ ਤਕ ਲੈ ਦੋ ਜਹਾਨਾਂ ਮਾਲਕ ਨਿਰਗੁਣ ਜੋਤ ਜੋਤ ਪਰਤਖ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਖੇਲ ਖਿਲਾਈਆ । ਝਟ ਨਾਰਦ ਆ ਕੇ ਕਹੇ ਧਰਨੀਏ ਤੂੰ ਕੀ ਵਿਸਾਖ ਨੂੰ ਰਹੀ ਦੱਸ, ਦਹਿ ਦਿਸ਼ਾ ਧਿਆਨ ਲਗਾਈਆ । ਉਹ ਵੇਖ ਲੈ ਕਲਜੁਗ ਚਾਰੋਂ ਕੁੰਟ ਰਿਹਾ ਨੱਸ, ਭੱਜੇ ਵਾਹੋ ਦਾਹੀਆ । ਦੁਹਾਈ ਦੇਵੇ ਪ੍ਰਭੂ ਮੇਰਾ ਵਕਤ ਸੁਹੰਜਣਾ ਅਜੇ ਕਰੀਂ ਨਾ ਬੱਸ, ਵਾਸਤਾ ਤੇਰੇ ਅਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਝਟ ਕਲਜੁਗ ਕਹੇ ਧਰਨੀਏ ਇਕ ਮੇਰੀ


੪੯੨
੨੪

ਸੁਣ ਲੈ ਗੱਲ, ਗਲਵਕੜੀ ਪਾ ਕੇ ਦਿਆਂ ਜਣਾਈਆ । ਪੂਰਬ ਲੇਖਾ ਯਾਦ ਕਰ ਲੈ ਜੋ ਲਹਿਣਾ ਨਾਲ ਰਾਜੇ ਬਲ, ਬਾਵਨ ਬੈਠਾ ਧਿਆਨ ਲਗਾਈਆ । ਤੈਨੂੰ ਉਸ ਦਾ ਮਿਲਣ ਲੱਗਾ ਫਲ, ਤੇਰੀ ਵਸਤ ਤੇਰੀ ਝੋਲੀ ਟਿਕਾਈਆ । ਅਗੇ ਨਿਗਾਹ ਕਰ ਲੈ ਕੀ ਖੇਲ ਹੋਣੀ ਥਲ ਜਲ, ਮਹੀਅਲ ਰੋਵਣ ਮਾਰਨ ਧਾਹੀਂਆ । ਧੌਲੇ ਧਰਨੀਏ ਤੂੰ ਚਾਰੋਂ ਕੁੰਟ ਜਾਣਾ ਹਲ, ਧੀਰਜ ਧੀਰ ਨਾ ਕੋਇ ਧਰਾਈਆ । ਤੇਰੇ ਉਤੇ ਖੇਲ ਹੋਣਾ ਤਿੰਨ ਦਿਨ ਸਤ ਘੜੀ ਤੇ ਪੰਜ ਪਲ, ਪਲਕਾਂ ਦੇ ਪਿਛੇ ਨਜ਼ਰ ਕੋਇ ਨਾ ਆਈਆ । ਫੇਰ ਜਾਵੀਂ ਬਲ ਬਲ, ਆਪ ਆਪਣਾ ਭੇਟ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਝਟ ਧਰਨੀ ਨੇ ਉਂਗਲ ਰਖ ਲਈ ਉਤੇ ਠੋਡੀ, ਸੋਚਾਂ ਵਿਚ ਧਿਆਨ ਲਗਾਈਆ । ਹੋ ਕੇ ਭਾਰ ਗੋਡੀਂ, ਪ੍ਰਭ ਅਗੇ ਵਾਸਤਾ ਪਾਈਆ । ਜੇ ਤੂੰ ਨਿਰਗੁਣ ਧਾਰ ਬਣ ਕੇ ਆਇਓਂ ਵੇਦੀ ਤੇ ਸੋਢੀ, ਸੋਹਣਾ ਆਪਣਾ ਰੂਪ ਵਖਾਈਆ । ਮੇਰੇ ਮਾਲਕਾ ਹੁਣ ਬਣਕੇ ਠਾਕਰ ਮੌਜੀ, ਮਜਲਸ ਭਗਤਾਂ ਨਾਲ ਬਣਾਈਆ । ਉਧਰੋਂ ਨਾਰਦ ਭੱਜਾ ਆਉਂਦਾ ਬਣ ਕੇ ਜੋਗੀ, ਬਿਨ ਕਪੜਿਆਂ ਰੰਗ ਰੰਗਾਈਆ । ਧਰਨੀਏ ਮੇਰੀ ਹਿਲਦੀ ਵੇਖ ਲੈ ਬੋਦੀ, ਦੋ ਜਹਾਨਾਂ ਰਹੀ ਹਿਲਾਈਆ । ਕਿਉਂ ਸ੍ਰਿਸ਼ਟੀ ਅੰਦਰੋਂ ਹੋ ਗਈ ਲੋਭੀ, ਮਾਇਆ ਮਮਤਾ ਵਿਚ ਹਲਕਾਈਆ । ਮਨ ਵਾਸ਼ਨਾ ਕਲਪਨਾ ਹੋ ਗਈ ਭੋਗੀ, ਭਸਮੜ ਰੂਪ ਨਾ ਕੋਇ ਜਣਾਈਆ । ਉਹ ਮੇਰਾ ਸਾਹਿਬ ਪ੍ਰੀਤਮ ਚੋਜੀ, ਚੋਜੀ ਹੋ ਕੇ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਝਟ ਸਤਿਗੁਰ ਸ਼ਬਦ ਨੇ ਮਾਰਿਆ ਕੜਕਾ, ਹੁਕਮ ਹੁਕਮ ਵਿਚੋਂ ਪਰਗਟਾਈਆ । ਮੇਰਾ ਖੇਲ ਚੋਟੀ ਜੜ੍ਹ ਦਾ, ਚੇਤਨ ਆਪਣੇ ਹੁਕਮ ਵਿਚ ਭੁਆਈਆ । ਮੈਂ ਲਹਿਣਾ ਦੇਣਾ ਪੂਰਾ ਕਰਨਾ ਲੱਖ ਚੁਰਾਸੀ ਸੀਸ ਧੜ ਕਾ, ਧੜੇ ਦੋ ਕਰਾਂ ਖ਼ਲਕ ਖ਼ੁਦਾਈਆ । ਨੌ ਖੰਡ ਪ੍ਰਿਥਮੀ ਤੇਰਾ ਰੂਪ ਬਣੇ ਹੰਕਾਰੀ ਗੜ੍ਹ ਦਾ, ਗੜ੍ਹ ਹੰਕਾਰ ਵੇਖਣੀ ਖ਼ਲਕ ਖ਼ੁਦਾਈਆ । ਮੈਂ ਲਹਿਣਾ ਦੇਣਾ ਪੂਰਾ ਕਰਨਾ ਮਹਾਤਮਾ ਬੁੱਧ ਜਿਥੇ ਸੰਦੇਸ਼ਾ ਦਿਤਾ ਹੇਠ ਬੜ੍ਹ ਦਾ, ਟਹਿਣੀ ਟਹਿਣੀ ਪੱਤ ਪੱਤ ਰੋਵੇ ਮਾਰੇ ਧਾਹੀਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਪ੍ਰਭੂ ਉਹ ਮਿਹਰਵਾਨਾ ਮੇਰੀ ਇਕ ਅਰਜ਼ੋਈ, ਅਰਜ਼ ਤੇਰੇ ਚਰਨ ਟਿਕਾਈਆ । ਮੈਂ ਹੈਰਾਨ ਹੋ ਗਈ ਕੋਟਾਂ ਵਿਚੋਂ ਤੇਰਾ ਭਗਤ ਕੋਈ, ਮੇਰੇ ਉਤੇ ਨਜ਼ਰੀ ਆਈਆ । ਮਿਹਰਵਾਨਾ ਸ੍ਰੀ ਭਗਵਾਨਾ ਨੌਜਵਾਨਾ ਮਰਦ ਮਰਦਾਨਾ ਤੇਰੀ ਸ੍ਰਿਸ਼ਟੀ ਤੈਨੂੰ ਵਿਸਰ ਕੇ ਸੋਈ, ਸੁਤਿਆਂ ਸਕੇ ਨਾ ਕੋਇ ਜਗਾਈਆ । ਮੇਰੀ ਤੇਰੇ ਨਾਮ ਦੀ ਦਰੋਹੀ, ਦੋ ਜਹਾਨਾਂ ਦੇ ਮਾਲਕ ਦਿਆਂ ਦੁਹਾਈਆ । ਮੈਨੂੰ ਮਿਲੇ ਕਿਤੇ ਨਾ ਢੋਈ, ਢੋਰ ਖਾਵੇ ਤੇਰੀ ਖ਼ਲਕ ਖ਼ੁਦਾਈਆ । ਆਤਮ ਪਰਮਾਤਮ ਤੇਰੇ ਨਾਲ ਕੋਈ ਨਾ ਛੋਹੀ, ਸ਼ੌਹਰ ਬਾਂਕੇ ਤੇਰਾ ਦਰਸ ਕੋਇ ਨਾ ਪਾਈਆ । ਮੈਨੂੰ ਯਾਦ ਆਉਂਦਾ ਜੋ ਸੰਦੇਸ਼ਾ ਦਿਤਾ ਨਾਨਕ ਨਿਰਗੁਣ ਸਰਗੁਣ ਤਲਵੰਡੀ ਭੋਂਈ, ਭੁਜਾਂ ਪਸਾਰ ਕੇ ਦਿਤੀ ਦੁਹਾਈਆ । ਕਲਜੁਗਾ ਤੈਨੂੰ ਮੇਟੇਗਾ ਓਹੀ, ਜਿਸ ਦੀ ਉਸਤਤ ਕਰੇ ਲੋਕਾਈਆ । ਜਿਸ ਦੇ ਹੁਕਮ ਵਿਚ ਗੋਬਿੰਦ ਨੇ ਅੰਮ੍ਰਿਤ ਰਸ ਧਾਰ ਚੋਈ, ਜਾਮ ਜਾਮ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਪ੍ਰਭੂ ਮੈਂ ਵੇਖ ਲੈ ਲੱਥੀ ਸੱਥਰ, ਯਾਰੜੇ ਤੇਰੀ ਸੇਜ ਹੰਢਾਈਆ । ਮੇਰੇ ਉਤੇ ਪੂਜਾ ਹੁੰਦੀ ਪਾਹਨਾਂ ਪੱਥਰ, ਤੇਰੀ ਓਟ ਨਾ ਕੋਇ ਤਕਾਈਆ ।

੪੯੪ ੨੪

ਮੇਰਾ ਬਿਨ ਨੈਣਾਂ ਵਗਦਾ ਅੱਥਰ, ਹੰਝੂਆਂ ਹਾਰ ਬਣਾਈਆ । ਕੁਝ ਕਰ ਨਾ ਸਕਾਂ ਕਥਨ, ਕਹਿ ਨਾ ਕੁਛ ਜਣਾਈਆ । ਮੇਰੇ ਖ਼ਾਲੀ ਵੇਖ ਲੈ ਹੱਥਣ, ਚਾਰੋਂ ਕੁੰਟ ਧਿਆਨ ਲਗਾਈਆ । ਮਾਨਸ ਰੂਪ ਤਕ ਲੈ ਤਤ ਅੱਠਣ, ਅਪ ਤੇਜ਼ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧਿ ਖੋਜ ਖੁਜਾਈਆ । ਮਾਣ ਰਿਹਾ ਨਾ ਅੱਠ ਸੱਠਣ, ਤੀਰਥ ਤਟ ਰਹੇ ਕੁਰਲਾਈਆ । ਹਾਹਾਕਾਰ ਕਰੇ ਮੰਦਰ ਮੱਠਣ, ਮਸਜਿਦਾਂ ਸੰਗ ਨਾ ਕੋਇ ਬਣਾਈਆ । ਚਾਰੋਂ ਕੁੰਟ ਕਲਜੁਗ ਕੂੜ ਕੁੜਿਆਰੀ ਅਗਨੀ ਜੀਵ ਤਪਣ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਅੰਤ ਸਾਰੇ ਬੈਠੇ ਮੌਤ ਦੇ ਪਤਣ, ਘਾਟ ਨਜ਼ਰ ਕੋਇ ਨਾ ਆਈਆ । ਅਖ਼ੀਰ ਚਲਣਾ ਨਹੀਂ ਕਿਸੇ ਦਾ ਯਤਨ, ਯਥਾਰਥ ਤੇਰੀ ਬੇਪਰਵਾਹੀਆ । ਦੀਨ ਦੁਨੀ ਵਿਚੋਂ ਆਪਣੇ ਭਗਤ ਕਢ ਲੈ ਰਤਨ, ਅਮੋਲਕ ਹੀਰੇ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਵਿਸਾਖ ਕਹੇ ਪ੍ਰਭੂ ਮੇਰਾ ਵੇਖ ਲੈ ਮਹੀਨਾ, ਮਾਸ ਦਿਵਸ ਬਰਸ ਘੜੀ ਪਲ ਤੇਰਾ ਧਿਆਨ ਲਗਾਈਆ । ਮੇਰੇ ਮਾਲਕ ਮਹਿਬੂਬ ਯਾਮਬੀਨਾ, ਨੂਰ ਅਲਾਹ ਤੇਰੀ ਵਡਿਆਈਆ । ਨਿਗਾਹ ਮਾਰ ਲੈ ਲੋਕ ਤੀਨਾ, ਤ੍ਰੈਗੁਣ ਅਤੀਤੇ ਧਿਆਨ ਲਗਾਈਆ । ਮੇਰਾ ਠਾਂਢਾ ਕਰੇ ਕੋਈ ਨਾ ਸੀਨਾ, ਸਾਂਤਕ ਸਤਿ ਨਾ ਕੋਇ ਵਰਤਾਈਆ । ਮੁਸ਼ਕਲ ਹੋ ਗਿਆ ਲੋਕਮਾਤ ਵਿਚ ਜੀਣਾ, ਜੀਵਣ ਜਗਤ ਜੁਗਤ ਨਜ਼ਰ ਕੋਇ ਨਾ ਆਈਆ । ਮੈਂ ਬੇਨੰਤੀ ਕਰਾਂ ਹੋ ਕੇ ਅਧੀਨਾ, ਨਿਵ ਨਿਵ ਸੀਸ ਝੁਕਾਈਆ । ਮੇਰਾ ਮਾਲਕ ਜਦੋਂ ਆਪਣਾ ਹੁਕਮ ਵਰਤੇ ਖੇਲ ਖਿਲਾਏ ਨਾਲ ਰੂਸਾ ਚੀਨਾ, ਅਮਰੀਕਾ ਸ਼ਰੀਕਾ ਦਏ ਬਣਾਈਆ । ਵਿਸਾਖ ਕਹੇ ਉਹ ਦਿਨ ਬਾਈ ਵਿਸਾਖ ਤੇ ਵਿਸਾਖ ਦਾ ਹੋਏ ਮਹੀਨਾ, ਤਾਰੀਖ ਵੱਧ ਘੱਟ ਨਾ ਕੋਇ ਕਰਾਈਆ । ਤੇਰੇ ਤੋਂ ਪਰੇ ਕਿਸੇ ਦੀ ਹੋਰ ਨਾ ਹੋਵੇ ਤਾਲੀਮਾ, ਸੰਦੇਸ਼ਾ ਸਕੇ ਨਾ ਕੋਇ ਸੁਣਾਈਆ । ਤੂੰ ਆਲੀਜ਼ਾਹ ਸ਼ਹਿਨਸ਼ਾਹ ਅਜ਼ੀਮਾ, ਆਦਿ ਜੁਗਾਦਿ ਤੇਰੇ ਹੱਥ ਵਡਿਆਈਆ । ਤੂੰ ਸਭ ਦਾ ਮਹਿਬੂਬ ਕ਼ਦੀਮਾ, ਕ਼ੁਦਰਤ ਦਾ ਮਾਲਕ ਇਕ ਅਖਵਾਈਆ । ਦੀਨ ਦੁਨੀ ਦੀ ਜਗਤ ਧਾਰ ਕਰਨੀ ਤਰਮੀਮਾ, ਲੇਖਾ ਲੇਖੇ ਵਿਚੋਂ ਬਦਲਾਈਆ । ਮੈਨੂੰ ਐਂ ਜਾਪਦਾ ਮੱਕਾ ਤੇ ਕਾਅਬਾ ਤੇ ਹੱਦ ਹੋਣੀ ਦੋ ਜਹਾਨ ਦੀ ਸੀਮਾ, ਸੀਮਾ ਆਰ ਪਾਰ ਵੇਖੇ ਖ਼ਲਕ ਖ਼ੁਦਾਈਆ । ਤੇਰੀ ਸਭ ਤੋਂ ਵਖਰੀ ਤਕ਼ਸੀਮਾ, ਲਾਇਨ ਜਗਤ ਨਾ ਕੋਇ ਜਣਾਈਆ । ਤੈਨੂੰ ਪੈਗ਼ੰਬਰਾਂ ਕਿਹਾ ਕਰੀਮਾ, ਰਹਿਮਤ ਰਹਿਮਾਨ ਰਹੀਮ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਵਿਸਾਖ ਕਹੇ ਪ੍ਰਭੂ ਮੈਂ ਬਹੁਤ ਬੜਾ ਪੁਰਾਣਾ, ਪੁਰਾਣ ਅਠਾਰਾਂ ਮੇਰੀ ਦੇਣ ਗਵਾਹੀਆ । ਬਾਈ ਵਿਸਾਖ ਵਾਲੇ ਦਿਨ ਬਾਵਨ ਬਲ ਦੇ ਘਰ ਗਿਆ ਸੀ ਖਾਣ ਖਾਣਾ, ਸਤਿਜੁਗ ਪਿਛਲਾ ਦਏ ਗਵਾਹੀਆ । ਸਪਤਸ ਰਿਖੀਆਂ ਏਸੇ ਦਿਨ ਤੇਰਾ ਰੂਪ ਪਛਾਣਾ, ਬੇਪਹਿਚਾਣ ਤੇਰਾ ਨੂਰ ਜੋਤ ਨਜ਼ਰੀ ਆਈਆ । ਏਸੇ ਦਿਵਸ ਬਾਲਮੀਕ ਨੇ ਲਿਖਿਆ ਲੇਖ ਮਹਾਨਾ, ਰਮਾਇਣ ਰਾਮ ਰਾਮ ਵਿਚੋਂ ਪਰਗਟਾਈਆ । ਏਸੇ ਦਿਵਸ ਭੀਲਣੀ ਨੇ ਯਾਦ ਕੀਤਾ ਅੰਤਰ ਆਤਮ ਗਾਣਾ, ਰਾਮ ਦੇ ਰਾਮ ਮੇਲਣਾ ਚਾਈਂ ਚਾਈਂਆ । ਏਸੇ ਦਿਵਸ ਰਾਵਣ ਨੇ ਸੀਤਾ ਨੂੰ ਆਪਣੇ ਕੰਧ ਉਠਾਣਾ, ਤ੍ਰੇਤਾ ਆਪਣੇ ਰੰਗ ਰੰਗਾਈਆ । ਏਸੇ ਦਿਵਸ ਅਰਜਨ ਨੂੰ ?ਨਿਰਬਲ? ਕਿਹਾ ਕਾਹਨਾ, ਗੀਤਾ ਅਠਾਰਾਂ ਧਿਆਏ ਸਮਝਾਈਆ । ਏਸੇ ਦਿਨ ਮੂਸਾ ਕੋਹਤੂਰ ਉਤੇ ਤਕ ਕੇ ਜਲਵਾ ਨੂਰ ਨੁਰਾਨਾ, ਹੱਥ ਪੇਸ਼ਾਨੀ ਉਤੇ ਟਿਕਾਈਆ । ਈਸਾ ਏਸੇ ਦਿਨ ਪੜ੍ਹ ਕੇ ਕਲਮਾ ਕਲਾਮਾ, ਕਾਇਆ ਵਿਚ ਤਕੇ ਧੁਰਦਰਗਾਹੀਆ । ਮੁਹੰਮਦ ਨੂੰ ਬਾਈ ਵਿਸਾਖ

ਨੂੰ ਹੋਇਆ ਸੀ ਇਲਹਾਮਾ, ਕਾਅਬੇ ਦਾ ਕੋਨਾ ਕੋਨਾ ਦਏ ਗਵਾਹੀਆ । ਏਸੇ ਦਿਨ ਨਾਨਕ ਨਿਰਗੁਣ ਸਰਗੁਣ ਧਾਰ ਸਾਧੂਆਂ ਨੂੰ ਖੁਵਾਇਆ ਸੀ ਖਾਣਾ, ਖ਼ੁਸ਼ੀ ਖ਼ੁਸ਼ੀ ਖ਼ੁਸ਼ੀ ਵਰਤਾਈਆ । ਬਾਈ ਵਿਸਾਖ ਨੂੰ ਗੋਬਿੰਦ ਨੇ ਪਹਿਲੇ ਦਿਵਸ ਫੜਿਆ ਹੱਥ ਚਿੱਲਾ ਤੀਰ ਕਮਾਨਾ, ਕਮੰਦ ਜ਼ੋਰ ਨਾਲ ਖਿਚਾਈਆ । ਨਾਲੇ ਸ਼ਬਦ ਗਾਇਆ ਤਰਾਨਾ, ਵਾਹਿਗੁਰੂ ਤੇਰੇ ਹੱਥ ਵਡਿਆਈਆ । ਮੈਂ ਤੇਰਾ ਜ਼ਰੂਰ ਮੰਨਾਂਗਾ ਭਾਣਾ, ਚਰਨ ਕਵਲ ਕਵਲ ਉਤੇ ਟਿਕਾਈਆ । ਤੂੰ ਮਾਲਕ ਦੋ ਜਹਾਨਾਂ, ਸ਼ਹਿਨਸ਼ਾਹ ਅਗੰਮ ਅਥਾਹੀਆ । ਫੇਰ ਹਸ ਕੇ ਕਿਹਾ ਬਦਲ ਜਾਣਾ ਜ਼ਮਾਨਾ, ਜ਼ਿਮੀਂ ਜ਼ਮਾਂ ਸਾਰੇ ਰੋਵਣ ਮਾਰਨ ਧਾਹੀਂਆ । ਮੇਰਾ ਸਿੱਖ ਮੇਰੇ ਨਾਲੋਂ ਹੋ ਜਾਏ ਬੇਗਾਨਾ, ਸਿਖਿਆ ਸਚ ਨਾ ਕੋਇ ਕਮਾਈਆ । ਪੈਗ਼ੰਬਰਾਂ ਦਾ ਰਹੇ ਨਾ ਕੋਇ ਇਸਲਾਮਾ, ਇਸਮ ਆਜ਼ਮ ਨਾ ਕੋਇ ਚਤੁਰਾਈਆ । ਮਾਣ ਰਹਿਣਾ ਨਹੀਂ ਕ੍ਰਿਸ਼ਨਾ ਕਾਹਨਾ, ਘਨਈਆ ਸੰਗ ਨਾ ਕੋਇ ਬਣਾਈਆ । ਪਿਆਰ ਕਰੇ ਨਾ ਕੋਈ ਸੀਤਾ ਰਾਮਾ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਫੇਰ ਹੱਥ ਤੇ ਹੱਥ ਮਾਰ ਕੇ ਕਿਹਾ ਤੇਰਾ ਖੇਲ ਮੇਰੇ ਮਿਹਰਵਾਨਾ, ਪੁਰਖ ਅਕਾਲ ਤੇਰੇ ਹੱਥ ਵਡਿਆਈਆ । ਝਟ ਉਸ ਵੇਲੇ ਬਾਵਨ ਨੇ ਕਿਹਾ ਗੋਬਿੰਦ ਸਤਿਗੁਰ ਸ਼ਬਦ ਹੋ ਕੇ ਹੋਏ ਪ੍ਰਧਾਨਾ, ਦੋ ਜਹਾਨਾਂ ਤੇਰੀ ਵਜੇ ਵਧਾਈਆ । ਤੂੰ ਉਥੇ ਪਹੁੰਚਣਾ ਜਿਥੇ ਮੈਂ ਪਹਿਲਾ ਚਰਨ ਟਿਕਾਣਾ, ਚਾਰੋਂ ਕੁੰਟ ਕੁੰਟ ਕੁਰਲਾਈਆ । ਇਹ ਖੇਲ ਕਰੇ ਪੁਰਖ ਅਕਾਲ ਮਰਦ ਮਰਦਾਨਾ, ਅਮਾਮ ਅਮਾਮਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਵਿਸਾਖ ਕਹੇ ਜਨ ਭਗਤੋ ਮੇਰੀ ਨਹੀਂ ਕੋਈ ਥਿਤੀ ਮਿਤੀ, ਮਿਤਰੋ ਤੁਹਾਨੂੰ ਦਿਆਂ ਜਣਾਈਆ । ਜ਼ਰਾ ਧਰਤੀ ਦੀ ਵੇਖੋ ਮਿੱਟੀ, ਜੋ ਮਿੱਟੀ ਖ਼ਾਕ ਹੋ ਕੇ ਆਪਣਾ ਆਪ ਗਈ ਮਿਟਾਈਆ । ਜਿਸ ਨੇ ਇਕੋ ਓਟ ਪੁਰਖ ਅਕਾਲ ਤੇ ਸਿੱਟੀ, ਜੋ ਸਿਟੇਬਾਜ਼ੀ ਵੇਖੇ ਖ਼ਲਕ ਖ਼ੁਦਾਈਆ । ਝਟ ਧਰਨੀ ਬਿਨਾ ਜ਼ਬਾਨ ਤੋਂ ਉਚੀ ਕੂਕ ਕੇ ਪਿੱਟੀ, ਪਟਨੇ ਵਾਲਿਆ ਤੇਰੇ ਬਿਨਾ ਮੈਨੂੰ ਦੂਜਾ ਨਜ਼ਰ ਕੋਇ ਨਾ ਆਈਆ । ਨਾ ਕੋਈ ਮੈਨੂੰ ਧਾਰ ਦਿਸੇ ਚਿੱਟੀ, ਕੂੜੀ ਕਾਲਖ ਨਾ ਕੋਇ ਧੁਆਈਆ । ਗੋਬਿੰਦ ਹਸ ਕੇ ਕਿਹਾ ਉਹ ਧਰਨੀਏ ਮਰਨੀਏ ਉਹ ਵੇਖ ਲੈ ਮੇਰੀ ਹਾਹੇ ਉਤੇ ਟਿੱਪੀ, ਪਰਦਾ ਹੰ ਬ੍ਰਹਮ ਦਿਆਂ ਚੁਕਾਈਆ । ਜਿਸ ਵਿਚੋਂ ਧਾਰ ਨਿਕਲੇ ਮਿਠੀ, ਰਸ ਅੰਮ੍ਰਿਤ ਦਿਆਂ ਚਖਾਈਆ । ਫੇਰ ਕੱਢਕੇ ਸ਼ਬਦ ਧਾਰ ਬਾਵਨ ਵਾਲੀ ਚਿੱਠੀ, ਪੁੱਠੀ ਸਿੱਧੀ ਦਿਤੀ ਭੁਆਈਆ । ਉਹ ਵੇਖ ਲੈ ਕੂੜ ਵਿਚ ਸਾਰੀ ਸ੍ਰਿਸ਼ਟੀ ਵਿਕੀ, ਆਪ ਆਪਣਾ ਗਈ ਮੁਕਾਈਆ । ਜਗਤ ਵਾਸ਼ਨਾ ਹੋ ਗਈ ਫਿੱਕੀ, ਸਚ ਰਸ ਨਾ ਕੋਇ ਪਰਗਟਾਈਆ । ਫੇਰ ਇਕ ਧਾਰ ਨਜ਼ਰ ਆਈ ਨਿੱਕੀ, ਨਿੱਕੇ ਤੋਂ ਨਿੱਕਾ ਰੂਪ ਬਦਲਾਈਆ । ਉਸ ਵੇਲੇ ਗੋਬਿੰਦ ਨੇ ਕਿਹਾ ਸੀ ਸਿੱਖੀ ਦੀ ਧਾਰ ਤਿੱਖੀ, ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਂਆ । ਧਰਨੀ ਕਹੇ ਮੇਰੇ ਸੁਆਮੀ ਸੱਜਣਾ, ਹਰਿ ਸਤਿਗੁਰ ਬੇਪਰਵਾਹ । ਜਨ ਭਗਤਾਂ ਚਰਨ ਧੂੜ ਕਰਾ ਦੇ ਮਜਣਾ, ਦੁਰਮਤ ਮੈਲ ਧੁਆ । ਨੇਤਰ ਨਾਮ ਨਿਧਾਨ ਦਾ ਪਾ ਕੇ ਅੰਜਨਾ, ਅੰਧ ਅਗਿਆਨ ਗੁਆ । ਸਭ ਦੀ ਇਕੋ ਹੋਵੇ ਬੰਦਨਾ, ਇਕੋ ਇਸ਼ਟ ਲੈਣਾ ਮਨਾ । ਨਿਰਗੁਣ ਧਾਰ ਹੋ ਕੇ ਲਾਉਣਾ ਅੰਗਣਾ, ਅੰਗੀਕਾਰ ਆਪ ਅਖਵਾ । ਮੈਂ ਨਿਮਾਣੀ ਹੋ ਕੇ ਇਕੋ ਵਰ ਮੰਗਣਾ, ਮੇਰੀ ਖ਼ਾਲੀ ਝੋਲੀ ਦੇਣੀ ਭਰਾ । ਜਨ ਭਗਤੋ ਮੇਰੇ ਉਤੋਂ ਅੰਤ ਸਭ ਨੇ ਵੰਞਣਾ, ਅਗੇ ਹੋ ਸਕੇ ਨਾ ਕੋਇ ਅਟਕਾ । ਇਹ ਕਾਇਆ ਮਾਟੀ ਭਾਂਡਾ ਸਭ ਦਾ ਭੱਜਣਾ, ਬਿਨ ਸਤਿਗੁਰ ਹੋਏ ਨਾ ਕੋਇ

ਸਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰਾ ਲੇਖਾ ਲੈਣਾ ਲਗਾ । ਧਰਨੀ ਕਹੇ ਜਨ ਭਗਤੋ ਮੈਂ ਤੁਹਾਨੂੰ ਦਿਆਂ ਵਧਾਈ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਜੋ ਬਣ ਕੇ ਆਏ ਪਾਂਧੀ ਰਾਹੀ, ਭੱਜੇ ਵਾਹੋ ਦਾਹੀਆ । ਹਰਿ ਸੰਗਤ ਮੇਲ ਮਿਲਿਆ ਚਾਈਂ ਚਾਈਂ, ਸੋਹਣਾ ਰੰਗ ਬਣਾਈਆ । ਪੁਰਖ ਅਕਾਲ ਰਹੀ ਸੁਣਾਈ, ਉਚੀ ਕੂਕ ਦਿਆਂ ਦੁਹਾਈਆ । ਹਰਿਜਨ ਮੇਲ ਮਿਲਾਉਣਾ ਭਾਈ ਭਾਈ, ਭੈਣ ਭੈਣਾਂ ਸਭ ਨੂੰ ਨਜ਼ਰੀ ਆਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਆਤਮ ਧਾਰ ਦੇਵੀਂ ਨਾ ਕਿਸੇ ਨੂੰ ਜੁਦਾਈ, ਵਿਛੋੜੇ ਵਿਚ ਰਹਿਣ ਕੋਇ ਨਾ ਪਾਈਆ । ਰਾਤੀਂ ਸੁੱਤਿਆਂ ਦਰਸ਼ਨ ਦੇਣਾ ਜ਼ਰੂਰ ਚਾਈਂ ਚਾਈਂ, ਇੰਗਲੈਂਡ ਦੀ ਲੈਂਡ ਦੇਣੀ ਸੁਹਾਈਆ । ਤੂੰ ਦੋ ਜਹਾਨਾਂ ਦਾ ਰਾਹੀ, ਬ੍ਰਹਿਮੰਡ ਖੰਡ ਪੁਰੀ ਲੋਅ ਗਗਨ ਗਗਨੰਤਰ ਜ਼ਿਮੀਂ ਅਸਮਾਨ ਤੇਰੇ ਚਰਨਾਂ ਧਿਆਨ ਲਗਾਈਆ । ਬੇਸ਼ਕ ਤੈਨੂੰ ਸਾਰੀ ਸ੍ਰਿਸ਼ਟੀ ਕਹੇ ਤਨ ਵਜੂਦ ਤੇਰਾ ਜੱਟ ਕਰਨਵਾਲਾ ਵਾਹੀ, ਪਰ ਮੇਰੇ ਵਾਸਤੇ ਤੂੰ ਮਾਲਕ ਧੁਰਦਰਗਾਹੀਆ । ਧਰਨੀ ਕਹੇ ਜਨ ਭਗਤੋ ਮੈਂ ਆਪਣੀ ਮੁੱਹਬਤ ਤੁਹਾਡੀ ਝੋਲੀ ਪਾਈ, ਤੁਹਾਡਾ ਪਿਆਰ ਸਤਿਗੁਰ ਚਰਨਾਂ ਵਿਚ ਟਿਕਾਈਆ । ਜਿਹੜਾ ਆਦਿ ਜੁਗਾਦਿ ਜੁਗ ਚੌਕੜੀ ਏਥੇ ਉਥੇ ਕਦੇ ਭੁੱਲੇ ਨਾਹੀ, ਭੁਲੇਖੇ ਵਿਚ ਨਾ ਕੋਇ ਭੁਲਾਈਆ । ਸਾਰੇ ਰਲ ਮਿਲ ਕੇ ਢੋਲਾ ਲਉ ਗਾਈ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪ੍ਰੀਤੀ ਪ੍ਰੇਮ ਵਿਚ ਨਿਭਾਈ, ਪ੍ਰੀਤਮ ਹੋ ਕੇ ਆਪਣਾ ਸੰਗ ਬਣਾਈਆ ।


੪੯੬

੨੪

### ੨੪ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਦਿੱਲੀ ਧੀਰ ਪੁਰ ਕਿੰਗਜ਼ਵੇ ਕੈਂਪ ਨੇੜੇ ਨਿਰੰਕਾਰੀ ਕਲੋਨੀ ਵਿਦੇਸ਼ ਯਾਤਰਾ ਤੋ ਵਾਪਸ ਪੁੱਜਣ ਤੇ

ਬਾਵਨ ਕਿਹਾ ਮੇਰੀ ਬਿਨਾ ਤਨ ਵਜੂਦ ਅੱਖ ਖੁਲ੍ਹੀ, ਨੈਣ ਬਿਨ ਨੈਣਾਂ ਨੈਣ ਉਠਾਈਆ । ਮੇਰੀ ਅਵਾਜ਼ ਨਿਕਲੇ ਬਿਨਾ ਰਸਨਾ ਦੰਦਾਂ ਬੁੱਲੀਂ, ਪਵਣ ਸਵਾਸ ਨਾ ਕੋਇ ਚਲਾਈਆ । ਮੇਰੀ ਆਸ਼ਾ ਖ਼ਾਹਿਸ਼ ਮੂਲ ਨਾ ਭੁੱਲੀ, ਭਰਮਾਂ ਵਿਚ ਨਾ ਕੋਇ ਭੁਲਾਈਆ । ਮੇਰੀ ਹੋਂਦ ਬੜੀ ਅਣਮੁਲੀ, ਕ਼ੀਮਤ ਜਗਤ ਨਾ ਕੋਇ ਚੁਕਾਈਆ । ਜਿਸ ਧਰਤੀ ਤੇ ਮੈਂ ਲਾਈ ਚਰਨ ਧੂਲੀ, ਧੂੜੀ ਧਵਲ ਖ਼ਾਕ ਰਮਾਈਆ । ਉਸ ਦੀ ਸਚ ਸਚ ਦਿਸੀ ਅਸੂਲੀ, ਅਸਲ ਅਸਲ ਵਿਚੋਂ ਪਰਗਟਾਈਆ । ਮੇਰਾ ਸੰਦੇਸ਼ਾ ਬਣਿਆ ਹੁਕਮ ਮਾਕੂਲੀ, ਨਾ ਕੋਈ ਮੇਟੇ ਮੇਟ ਮਿਟਾਈਆ । ਮੇਰਾ ਨੂਰ ਜ਼ਹੂਰ ਕੰਤ ਕੰਤੂਹਲੀ, ਜੋਤੀ ਜਾਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਬਾਵਨ ਕਹੇ ਮੈਂ ਬਿਨਾ ਬਦਨ ਲਈ ਅੰਗੜਾਈ, ਮਨਸਾ ਮਨ ਨਾ ਕੋਇ ਰਖਾਈਆ । ਮੇਰਾ ਖੇਲ ਬੇਪਰਵਾਹੀ, ਭੇਵ ਸਕੇ ਕੋਇ ਨਾ ਪਾਈਆ । ਮੇਰਾ ਰੂਪ ਅਨੂਪਾ ਖੇਲ ਖੇਲਾ ਬਣ ਧੁਰਦਰਗਾਹੀ, ਜੋਤੀ ਜਾਤਾ ਡਗਮਗਾਈਆ । ਮੇਰੇ ਅੰਤ ਦੀ ਕਰ ਸਕੇ ਨਾ ਕੋਇ ਲਿਖਾਈ, ਕਾਗ਼ਜ਼ ਕ਼ਲਮ ਸ਼ਾਹੀ ਨਾ ਕੋਇ ਚਤੁਰਾਈਆ । ਆਦਿ ਜੁਗਾਦਿ ਨਿਤ ਨਵਿਤ ਨਿਰਗੁਣ ਸਰਗੁਣ ਮੈਂ ਬਣਾ ਧਰਤ ਧਵਲ ਦਾ ਰਾਹੀ,

ਪਾਂਧੀ ਹੋ ਕੇ ਭੱਜਾਂ ਵਾਹੋ ਦਾਹੀਆ । ਵੰਝ ਮੁਹਾਣਾ ਬੇੜਾ ਰਖਾਂ ਹੋ ਕੇ ਧੁਰ ਦਾ ਮਲਾਹੀ, ਦੋ ਜਹਾਨਾਂ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਬਾਵਨ ਕਹੇ ਮੈਨੂੰ ਆਉਂਦੀ ਪੁਰਾਣੀ ਯਾਦ, ਬਲ
ਦੁਆਰ ਦਏ ਗਵਾਹੀਆ । ਜਿਸ ਵਿਚ ਨਹੀਂ ਕੋਈ ਵਿਵਾਦ, ਵਿਖ ਨਜ਼ਰ ਕੋਇ ਨਾ ਆਈਆ । ਮੈਂ ਸਤਿ ਸਚ ਦੀ ਦੇ ਕੇ ਗਿਆ ਦਾਦ, ਵਸਤ
ਅਗੰਮ ਅਥਾਹ ਵਰਤਾਈਆ । ਮੇਰਾ ਨੂਰ ਜ਼ਹੂਰ ਸ਼ਾਹੋ ਭੂਪ ਜੋ ਆਉਣਾ ਅਵਤਾਰ ਪੈਗ਼ੰਬਰਾਂ ਗੁਰੂਆਂ ਬਾਦ, ਜੋਤੀ ਜਾਤਾ ਅਗੰਮ ਅਥਾਹੀਆ ।
ਜਿਸ ਨੇ ਮੇਰੇ ਪਿਆਰ ਦਾ ਸਤਿਜੁਗ ਕਰਨਾ ਫੇਰ ਆਬਾਦ, ਕਲਜੁਗ ਕੂੜਾ ਪੰਧ ਮੁਕਾਈਆ । ਹੁਕਮ ਸੰਦੇਸ਼ਾ ਹੋਵੇ ਬੋਧ ਅਗਾਧ, ਬੁੱਧੀ ਤੋਂ ਪਰੇ
ਕਰੇ ਪੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਸੁਣਨ ਨਾਦ, ਅਵਤਾਰ ਪੈਗ਼ੰਬਰਾਂ ਗੁਰੂਆਂ ਕਰੇ ਸ਼ਨਵਾਈਆ । ਸੰਦੇਸ਼ਾ ਦੇਵੇ ਬ੍ਰਹਮ ਬ੍ਰਹਿਮਾਦ,
ਬ੍ਰਹਿਮਾਂਡ ਪਰਦਾ ਦਏ ਉਠਾਈਆ । ਜਿਸ ਦਾ ਹੁਕਮ ਵਰਤੇ ਜੁਗ ਜੁਗਾਦਿ, ਨਿਰਗੁਣ ਸਰਗੁਣ ਆਪਣਾ ਖੇਲ ਖਿਲਾਈਆ । ਉਹਦਾ ਰੂਪ ਅਨੂਪਾ
ਸਤਿ ਸਰੂਪਾ ਹੋਣਾ ਦੇਸ ਮਾਝ, ਦੂਸਰ ਵੰਡ ਨਾ ਕੋਇ ਵੰਡਾਈਆ । ਆਤਮ ਪਰਮਾਤਮ ਜਿਸ ਦੀ ਹੋਣੀ ਸਾਂਝ, ਦੀਨਾਂ ਮਜ਼੍ਹਬਾਂ ਵੰਡ ਨਾ ਕੋਇ ਰਖਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਬਾਵਨ ਕਹੇ ਮੈਂ ਦੇਵਣਹਾਰ
ਵਧਾਈ, ਖ਼ੁਸ਼ੀਆਂ ਢੋਲੇ ਗਾਈਆ । ਜੋ ਮੇਰਾ ਲੇਖਾ ਪੂਰ ਰਿਹਾ ਕਰਾਈ, ਕਰਨੀ ਦਾ ਕਰਤਾ ਇਕ ਅਖਵਾਈਆ । ਮੈਂ ਵੇਖਾਂ ਚਾਈਂ ਚਾਈਂ, ਬਿਨ
 ਨੈਣਾਂ ਨੈਣ ਉਠਾਈਆ । ਮੈਨੂੰ ਨਜ਼ਰ ਆਉਂਦਾ ਇਕੋ ਹਿੰਦਸਾ ਬਿਨ ਰੂਪ ਰੰਗ ਰੇਖ ਇਕਾਈ, ਕਾਗ਼ਜ਼ ਕ਼ਲਮ ਸ਼ਾਹੀ ਨਾ ਕੋਇ ਚਤੁਰਾਈਆ । ਮੈਂ ੪੯੭
 ਵੇਖ ਕੇ ਦੇਵਾਂ ਦੁਹਾਈ, ਦੋਹਰਾ ਆਪਣਾ ਹੁਕਮ ਸੁਣਾਈਆ । ਪ੍ਰਭੂ ਵਾਹਵਾ ਤੇਰੀ ਬੇਪਰਵਾਹੀ, ਜੋ ਰੂਪ ਅਨੂਪਾ ਲਏ ਪਰਗਟਾਈਆ । ਬਾਵਨ ੨੪
ਬਣ ਕੇ ਧਰਤੀ ਮੰਗੀ ਕ਼ਦਮ ਢਾਈ, ਦੋਏ ਕ਼ਦਮਾਂ ਵਿਚ ਦਬਾਈਆ । ਅਗੇ ਹੁਕਮ ਦੀ ਕਰ ਕੇ ਗਿਉਂ ਸਾਈ, ਸੌਦਾ ਆਪਣੇ ਹੱਥ ਰਖਾਈਆ ।
ਜਿਸ ਨੂੰ ਸਮਝ ਸਕਿਆ ਕੋਈ ਨਾ ਰਾਈ, ਰਸਨਾ ਕਹਿਣ ਕਿਛ ਨਾ ਪਾਈਆ । ਇਕ ਗੋਬਿੰਦ ਇਸ਼ਾਰਾ ਦਿਤਾ ਜਿਸ ਵੇਲੇ ਮੇਰਾ ਗੁਜ਼ਰਿਆ ਢਈਆ
ਢਾਈ, ਸਦੀ ਸਦੀ ਨਾਲ ਮਿਲਾਈਆ । ਉਸ ਵੇਲੇ ਜੋਤੀ ਜਾਤਾ ਪੁਰਖ ਬਿਧਾਤਾ ਆਵੇ ਧੁਰ ਦਾ ਮਾਹੀ, ਨੂਰ ਨੁਰਾਨਾ ਨੂਰ ਅਲਾਹੀਆ । ਜੋ
ਆਸਾ ਬਾਵਨ ਤੇਰੀ ਪੂਰ ਦਏ ਕਰਾਈ, ਪੂਰਨ ਬ੍ਰਹਮ ਦਰਸਾਈਆ । ਤੂੰ ਵੇਖਣਾ ਚਾਈਂ ਚਾਈਂ, ਚਾਓ ਘਨੇਰਾ ਇਕ ਪਰਗਟਾਈਆ । ਬਾਵਨ ਕਹੇ
ਧੰਨ ਭਾਗ ਮੇਰੀ ਸੁਹੰਜਣੀ ਕੀਤੀ ਥਾਈਂ, ਧਰਨੀ ਧਰਤ ਧਵਲ ਧੌਲ ਰੰਗ ਰੰਗਾਈਆ । ਮੈਂ ਅੰਤ ਦੇਵਣ ਆਇਆ ਗਵਾਹੀ, ਸ਼ਹਾਦਤ ਹੁਕਮ
ਵਾਲੀ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਬਾਵਨ
ਕਹੇ ਮੈਂ ਭੇਵ ਦੱਸਾਂ ਗੂਝਾ, ਪਰਦਾ ਉਹਲਾ ਰਹੇ ਨਾ ਰਾਈਆ । ਜਿਸ ਵੇਲੇ ਮੇਰਾ ਲੇਖਾ ਤਕਿਆ ਜਿਥੇ ਮੈਂ ਚਰਨ ਰਖਿਆ ਦੂਜਾ, ਟਰਾਂਟੋ ਟਰਨ
ਦੀ ਧਾਰ ਵਖਾਈਆ । ਉਸ ਵੇਲੇ ਖ਼ੁਸ਼ੀ ਨਾਲ ਹਸ ਪਈ ਬਸੁਧਾ, ਪ੍ਰੇਮ ਦੇ ਢੋਲੇ ਗਾਈਆ । ਬਾਵਨਾ ਤੇਰਾ ਸੁਆਮੀ ਹੋਵੇ ਉਘਾ, ਉਗਣ ਆਥਣ
ਖੇਲ ਖਿਲਾਈਆ । ਉਹ ਵੇਖ ਲੈ ਸਭ ਦਾ ਵੇਲਾ ਵਕਤ ਪੁੱਗਾ, ਅਵਤਾਰ ਪੈਗ਼ੰਬਰ ਗੁਰ ਬੈਠੇ ਸੀਸ ਨਿਵਾਈਆ । ਤੇਰਾ ਅਗਲਾ ਕ਼ਦਮ ਮੇਰੇ
ਸੁਆਮੀਆਂ ਹੋਵੇ ਖ਼ੁਸ਼ੀ ਵਾਲਾ ਲੁਘਾ, ਦੋਹਰੇ ਢੋਲੇ ਗਾਈਆ । ਉਸ ਦਾ ਭੇਵ ਖੋਲ੍ਹਾਂ ਮੁੱਦਾ, ਮੁਦਤਾਂ ਦਾ ਪੜਦਾ ਆਪ ਚੁਕਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਮੇਰਾ ਲੇਖਾ ਬਾਵਨ ਕਹੇ ਬਗ਼ੈਰ ਲਿਖਤ, ਚਾਰ ਜੁਗ ਸ਼ਾਸਤਰ ਕਹਿਣ ਕਿਛ ਨਾ ਪਾਈਆ । ਮੇਰਾ ਸਭ ਤੋਂ ਵਖਰਾ ਭਵਿਖਤ, ਪੇਸ਼ੀਨਗੋਈਆਂ ਵਿਚ ਹੱਥ ਨਾ ਆਈਆ । ਮੇਰਾ ਸਭ ਤੋਂ ਅਨੋਖਾ ਇਸ਼ਟ, ਤਨ ਵਜੂਦ ਪੂਜਣ ਕੋਇ ਨਾ ਪਾਈਆ । ਮੇਰਾ ਲਹਿਣਾ ਦੇਣਾ ਨਾਲ ਸ੍ਰਿਸ਼ਟ, ਸ੍ਰੇਸ਼ਟ ਦਿਆਂ ਸਮਝਾਈਆ । ਮੇਰਾ ਸੰਦੇਸ਼ਾ ਦਿਤਾ ਰਾਮ ਨੂੰ ਵਸ਼ਿਸ਼ਟ, ਵਿਸ਼ਿਆਂ ਤੋਂ ਬਾਹਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਬਾਵਨ ਕਹੇ ਜਿਸ ਵੇਲੇ ਦੂਜਾ ਕਦਮ ਟਰਾਂਟੋ ਦੇ ਵਿਚ ਰੱਖਿਆ, ਮੇਰਾ ਅੰਤਰ ਖ਼ੁਸ਼ੀ ਮਨਾਈਆ । ਮੈਨੂੰ ਅਗਲਾ ਸਮਾਂ ਭਖਿਆ, ਭਾਖਿਆ ਦਿਆਂ ਜਣਾਈਆ । ਜਿਸ ਦਾ ਵਕਤ ਨਹੀਂ ਕੋਈ ਵਦੀ ਸੁਦੀ ਕਿਸ਼ਨਾ ਸੁਖਲਾ ਪੱਖਿਆ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਜਿਸ ਦਾ ਅੰਤ ਕਿਸੇ ਨਾ ਲਖਿਆ, ਕਹਿਣ ਕਿਛ ਨਾ ਪਾਈਆ । ਮੈਂ ਝਟ ਖ਼ੁਸ਼ੀਆਂ ਦੇ ਵਿਚ ਹੱਸਿਆ, ਬਿਨ ਹੱਥ ਤਾਲੀ ਦਿਤੀ ਲਗਾਈਆ । ਨਾਲੇ ਨਿਗਾਹ ਮਾਰੀ ਚਾਰੋਂ ਕੁੰਟ ਅੰਧੇਰੀ ਮੱਸਿਆ, ਨੂਰੀ ਚੰਦ ਨਾ ਕੋਇ ਚਮਕਾਈਆ । ਝਟ ਪੁਰਖ ਅਕਾਲ ਇਸ਼ਾਰਾ ਦਿਤਾ ਉਹ ਤਕ ਲੈ ਬਾਵਨ ਹੋੜਾ ਉਪਰ ਸੱਸਿਆ, ਸੋ ਪੁਰਖ ਨਿਰੰਜਣ ਰਿਹਾ ਵਖਾਈਆ । ਜੋ ਹਾਹੇ ਟਿੱਪੀ ਹੰ ਬ੍ਰਹਮ ਆਤਮ ਪਰਮਾਤਮ ਨਿਰਗੁਣ ਧਾਰ ਹੋ ਕੇ ਵਸਿਆ, ਵਾਸਤਾ ਆਪਣੇ ਨਾਲ ਰਖਾਈਆ । ਜੋਤੀ ਜਾਤਾ ਹੋ ਕੇ ਫਿਰੇ ਨੱਸਿਆ, ਭੱਜੇ ਵਾਹੋ ਦਾਹੀਆ । ਜਿਸ ਅਵਤਾਰ ਪੈਗ਼ੰਬਰਾਂ ਗੁਰੂਆਂ
੪੯੮ ਕੀਤਾ ਇਕੱਠਿਆ, ਮੇਲਾ ਮੇਲਿਆ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ੪੯੮
੨੪ ਦੀ ਕਰਨੀ ਕਾਰ ਕਮਾਈਆ । ਬਾਵਨ ਕਹੇ ਦੂਜਾ ਚਰਨ ਛੋਹਿਆ ਨਾਲ ਧਰਤੀ, ਮੇਰੀ ਪੂਰਬ ਆਸਾ ਦਏ ਗਵਾਹੀਆ । ਪੁਰਖ ਅਕਾਲਾ ਦੀਨ ੨੪
ਦਿਆਲਾ ਏਥੇ ਆਵੇ ਸ਼ਰਤੀ, ਸ਼ਰਤੀਆ ਆਪਣਾ ਫੇਰਾ ਪਾਈਆ । ਓਸ ਦਾ ਨੂਰ ਹੋਵੇ ਧਾਰ ਨਰਾਇਣ ਨਰ ਦੀ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਕਲਾ ਮੇਟਣੀ ਕਲਜੁਗ ਕਲ ਦੀ, ਕਲ ਕਾਤੀਆਂ ਕਰੇ ਸਫ਼ਾਈਆ । ਸਾਰ ਪਾਵੇ ਮਹੀਅਲ ਜਲ ਥਲ ਦੀ, ਟਿੱਲੇ ਪਰਬਤਾਂ ਖੋਜ ਖੁਜਾਈਆ । ਮਤਸ ਆਸਾ ਪੂਰੀ ਕਰੇ ਜਲ ਦੀ, ਸਮੁੰਦ ਸਾਗਰਾਂ ਤ੍ਰਿਸ਼ਨਾ ਦੂਰ ਕਰਾਈਆ । ਨਾਲ ਕਾਮਨਾ ਹੋਵੇ ਰਾਜੇ ਬਲ ਦੀ, ਬਾਵਨ ਖ਼ੁਸ਼ੀਆਂ ਨਾਲ ਸਮਝਾਈਆ । ਅਗੇ ਖ਼ਬਰ ਨਹੀਂ ਕਿਸੇ ਨੂੰ ਘੜੀ ਪਲ ਦੀ, ਪਾਰਬ੍ਰਹਮ ਕੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਝਟ ਧਰਨੀ ਕਹੇ ਬਾਵਨਾ ਮੈਂ ਪੂਰਬ ਤੇਰੀ ਦਾਸੀ, ਸੇਵਕ ਹੋ ਕੇ ਸੇਵ ਕਮਾਈਆ । ਨਿਗਾਹ ਮਾਰ ਲੈ ਕਿਧਰੋਂ ਆ ਗਿਆ ਘਨਕਪੁਰ ਵਾਸੀ, ਜੋਤੀ ਜਾਤਾ ਫੇਰਾ ਪਾਈਆ । ਜਿਹੜਾ ਮੰਡਲ ਮੰਡਪ ਪਾਵੇ ਰਾਸੀ, ਬਿਨ ਗੋਪੀ ਕਾਹਨ ਨਾਚ ਨਚਾਈਆ । ਜਿਸ ਮੇਰੀ ਸੁਹੰਜਣੀ ਕੀਤੀ ਰਾਸੀ, ਰਸਤਾ ਆਪਣਾ ਲਿਆ ਅਪਨਾਈਆ । ਜਿਸ ਨੂੰ ਸਮਝ ਸਕੇ ਨਾ ਕੋਈ ਪੰਡਤ ਕਾਸ਼ੀ, ਵਿਦਿਆ ਵਿਦਤ ਵਿਚ ਨਾ ਕੋਇ ਦ੍ਰਿੜਾਈਆ । ਮੈਂ ਸਚ ਦੱਸਾਂ ਧਰਨੀ ਕਹੇ ਜਿਸ ਵੇਲੇ ਈਸਾ ਨੂੰ ਚਾੜ੍ਹਿਆ ਫਾਸੀ, ਫ਼ੈਸਲਾ ਹੁਕਮ ਨਾਲ ਸੁਣਾਈਆ । ਓਸ ਵੇਲੇ ਓਸ ਨੇ ਕੀਤੀ ਹਾਸੀ, ਇਸ਼ਾਰਾ ਧਰਨੀ ਟਰਾਂਟੋ ਵਲ ਕਰਾਈਆ । ਨਾਲੇ ਸੈਨਤ ਮਾਰੀ ਨਿਗਾਹ ਮਾਰ ਲੈ ਸ਼ੰਕਰਾ ਕੈਲਾਸ਼ੀ, ਕਲਾ ਆਪਣੀ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ ।

ਧਰਨੀ ਕਹੇ ਸੁਣ ਬਾਵਨ ਮੇਰੇ ਭਗਵਾਨ, ਭਗਵਨ ਦਿਆਂ ਜਣਾਈਆ । ਮੈਨੂੰ ਯਾਦ ਤੇਰਾ ਬਿਆਨ, ਜੋ ਬਿਨ ਰਸਨਾ ਦਿਤਾ ਸੁਣਾਈਆ । ਮੈਨੂੰ ਸੰਦੇਸ਼ਾ ਦਿਤਾ ਬਿਨ ਅੱਖਰਾਂ ਵਾਲਾ ਗਿਆਨ, ਬੁੱਧੀ ਤੋਂ ਬਾਹਰ ਦ੍ਰਿੜਾਈਆ । ਧਰਨੀਏ ਉਹ ਤਕ ਲੈ ਰਾਮ ਦਾ ਰਾਮ ਰਾਮ ਦਾ ਕਾਹਨ, ਕਾਹਨ ਕਾਹਨਾਂ ਖੇਲ ਖਿਲਾਈਆ । ਪੈਗ਼ੰਬਰਾਂ ਦੱਸਿਆ ਦੇ ਕੇ ਦਾਨ, ਕਲਮਾ ਕਾਇਨਾਤ ਵਰਤਾਈਆ । ਗੁਰੂਆਂ ਮੰਤਰ ਜਣਾ ਕੇ ਸਤਿਨਾਮ, ਵਾਹਵਾ ਵਾਹਿਗੁਰੂ ਫ਼ਤਿਹ ਡੰਕ ਦਿਤਾ ਜਣਾਈਆ । ਮੈਂ ਸੁਣ ਸੁਣ ਹੁੰਦੀ ਰਹੀ ਹੈਰਾਨ, ਹੈਰਤ ਮੇਰੇ ਅੰਦਰ ਆਈਆ । ਫੇਰ ਬਾਵਨ ਤੂੰ ਪ੍ਰੇਮ ਨਾਲ ਕਿਹਾ ਧਰਨੀਏ ਤੂੰ ਹੋਣਾ ਜਾਣੀ ਜਾਣ, ਅਣਜਾਣਤ ਤੈਨੂੰ ਦਿਆਂ ਸੁਣਾਈਆ । ਤੇਰੇ ਉਤੇ ਜੁਗ ਬੀਤਣੇ ਜਗਤ ਮਹਾਨ, ਤ੍ਰੇਤਾ ਦੁਆਪਰ ਆਪਣਾ ਪੰਧ ਮੁਕਾਈਆ । ਅੰਤ ਕਲਜੁਗ ਹੋਵੇ ਪ੍ਰਧਾਨ, ਨਵ ਸੱਤ ਆਪਣੀ ਕਲ ਵਰਤਾਈਆ । ਧਰਮ ਦਾ ਰਹਿਣਾ ਨਹੀਂ ਨਿਸ਼ਾਨ, ਸਤਿ ਵਿਚ ਨਾ ਕੋਇ ਸਮਾਈਆ । ਓਸ ਵੇਲੇ ਮੇਰਾ ਰੂਪ ਅਨੂਪ ਪੁਰਖ ਅਕਾਲਾ ਜੋਤ ਧਰੇ ਮਹਾਨ, ਮਹਿੰਮਾ ਕਥ ਕਥ ਜਣਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਤੇਰਾ ਅਸਥਲ ਵੇਖੇ ਆਣ, ਭੂਮਿਕਾ ਆਪਣਾ ਧਿਆਨ ਲਗਾਈਆ । ਤੂੰ ਸੁਣਨਾ ਸੰਦੇਸ਼ਾ ਬਿਨਾ ਕਾਨ, ਕਾਇਨਾਤ ਦੀਏ ਮਾਲਕੇ ਕਲਮਿਆਂ ਬਾਹਰ ਦ੍ਰਿੜਾਈਆ । ਵੇਖੀਂ ਭੁਲ ਕੇ ਸਮਝ ਨਾ ਲਈਂ ਇਨਸਾਨ, ਪੰਜਾਂ ਤਤਾਂ ਵਾਲਾ ਨਜ਼ਰੀ ਆਈਆ । ਉਹ ਯੋਧਾ ਸੂਰ ਬਲੀ ਬਲਵਾਨ, ਜਿਸ ਮੈਨੂੰ ਦਿਤੀ ਵਡਿਆਈਆ । ਜਿਸ ਦੇ ਹੁਕਮ ਨਾਲ ਮੇਰਾ ਦੂਜਾ ਕਦਮ ਟਿਕਿਆ ਆਣ, ਤੂੰ ਧੂੜੀ ਖ਼ਾਕ ਲੈਣੀ ਰਮਾਈਆ । ਅਗਲਾ ਹਿੱਸਾ ਕੋਈ ਸਮਝ ਨਾ ਸਕੇ ਇਨਸਾਨ, ਰਾਜੇ ਬਲ ਕੀ ਚਤੁਰਾਈਆ । ਮੇਰਾ ਤੀਜਾ ਕਦਮ ਨਾ ਜ਼ਿਮੀਂ ਹੋਵੇ ਨਾ ਅਸਮਾਨ, ਦੋ ਜਹਾਨਾਂ ਪਰੇ ਆਪਣਾ ਰੂਪ ਵਖਾਈਆ । ਝਟ ਧਰਨੀ ਨੀਵੀਂ ਹੋ ਕੇ ਧੂੜੀ ਖ਼ਾਕ ਲੱਗੀ ਰਮਾਣ, ਮਸਤਕ ਰੰਗ ਰੰਗਾਈਆ । ਮੈਂ ਬਾਲੀ ਬੁਧਿ ਸਮਝ ਸਕਾਂ ਨਾ ਵਿਚ ਜਹਾਨ, ਭੇਵ ਅਭੇਦਾ ਨਾ ਕੋਇ ਖੁਲ੍ਹਾਈਆ । ਤੇਰਾ ਬਚਨ ਕਰਾਂ ਪਰਵਾਨ, ਪਰਮ ਪੁਰਖ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਬਾਵਨ ਹਸ ਕੇ ਚਰਨ ਨਾਲ ਧਰਨੀ ਨੂੰ ਦਿਤਾ ਦਬ, ਸਹਿਜ ਸਹਿਜ ਭਾਰ ਟਿਕਾਈਆ । ਫੇਰ ਸ਼ਬਦ ਇਸ਼ਾਰਾ ਦਿਤਾ ਝਬ, ਬਿਨ ਰਸਨਾ ਰਸਨ ਦ੍ਰਿੜਾਈਆ । ਤੂੰ ਉਸ ਪ੍ਰਭੂ ਨੂੰ ਲੈਣਾ ਲਭ, ਜੋ ਸਭ ਦਾ ਪਿਤਾ ਮਾਈਆ । ਜਿਸ ਦਾ ਆਉਣਾ ਹੋਵੇ ਨਾਲ ਸਬਬ, ਥਿਤ ਵਾਰ ਸਮਝ ਕੋਇ ਨਾ ਪਾਈਆ । ਉਸ ਦਾ ਲਹਿਣਾ ਦੇਣਾ ਸਭ ਤੋਂ ਹੋਵੇ ਵਖ, ਵਖਰੀ ਆਪਣੀ ਕਾਰ ਕਮਾਈਆ । ਜੋਤੀ ਜਾਤਾ ਪਰਗਟ ਹੋਵੇ ਜਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਦਰਸ਼ਨ ਦੇਵੇ ਉਪਰ ਸ਼ਾਹਰਗ, ਨਵ ਦੁਆਰ ਦਾ ਡੇਰਾ ਢਾਹੀਆ । ਨੀ ਜਾ ਕੇ ਤੇਰੇ ਉਤੇ ਕੋਝੀਏ ਕਮਲੀਏ ਆਪਣਾ ਰਖੇ ਪੱਬ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਤੂੰ ਸ਼ਰਨ ਸ਼ਰਨਾਈ ਜਾਣਾ ਲੱਗ, ਲਗ ਮਾਤਰ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਬਾਵਨ ਕਿਹਾ ਧਰਨੀਏ ਤੂੰ ਦਿਵਸ ਰੈਣ ਰਹੀ ਘੁੰਮ, ਘੁੰਮਣ ਘੇਰੀ ਵਿਚ ਭੱਜੇਂ ਵਾਹੋ ਦਾਹੀਆ । ਖ਼ੁਸ਼ੀਆਂ ਨਾਲ ਚਰਨ ਲਏਂ ਚੁੰਮ, ਚੰਮ ਦ੍ਰਿਸ਼ਟੀ ਨਜ਼ਰ ਕੋਇ ਨਾ ਪਾਈਆ । ਇਕ ਬਚਨ ਸੰਦੇਸ਼ਾ ਮੇਰਾ ਲੈਣਾ ਸੁਣ, ਸਚ ਸਚ ਨਾਲ ਸੁਣਾਈਆ । ਹੁਣ ਮੇਰਾ ਰੂਪ ਤਕਦੀ ਸਰਗੁਣ, ਸਭ ਤੋਂ ਨਿੱਕਾ ਨਿੱਕਾ ਨਜ਼ਰੀ ਆਈਆ । ਇਹ ਮੇਰੀ ਸਭ ਤੋਂ ਵਖਰੀ ਹੋਈ ਚੁਣ, ਚੋਣ ਆਪਣੇ ਹੱਥ ਰਖਾਈਆ । ਇਸ ਨੂੰ ਪਹਿਚਾਣ ਸਕੇ ਕੌਣ, ਗਤ ਕੋਇ

ਕਿਛ ਨਾ ਪਾਈਆ । ਝਟ ਧਰਨੀ ਲੱਗੀ ਰੋਣ, ਨੈਣਾਂ ਨੀਰ ਵਹਾਈਆ । ਇਸ਼ਾਰਾ ਦੇਣ ਲੱਗੀ ਉਨੰਜਾ ਪੌਣ, ਪਵਣ ਪਵਣਾਂ ਖ਼ੁਸ਼ੀ ਬਣਾਈਆ । ਧਰਤੀ ਜ਼ੋਰ ਨਾਲ ਲੱਗੀ ਭੌਣ, ਭੱਜੇ ਵਾਹੋ ਦਾਹੀਆ । ਝਟ ਬਾਵਨ ਕਿਹਾ ਧਰਨੀਏ ਤੇਰੇ ਉਤੇ ਇਕ ਯੁੱਧ ਕਰਨਾ ਰਾਮ ਤੇ ਰੌਣ, ਰਮਈਆ ਆਪਣੀ ਖੇਲ ਖਿਲਾਈਆ । ਕਾਹਨ ਆਏ ਰਥ ਚਲਾਉਣ, ਕੌਰਵਾਂ ਪਾਂਡਵਾਂ ਸੰਗ ਬਣਾਈਆ । ਮੂਸਾ ਈਸਾ ਮੁਹੰਮਦ ਧਾਰ ਆਏ ਬਦਲਾਉਣ, ਕਲਮਾ ਕਾਇਨਾਤ ਦ੍ਰਿੜਾਈਆ । ਨਾਨਕ ਗੋਬਿੰਦ ਰੰਗ ਆਏ ਰੰਗਾਉਣ, ਰੰਗਤ ਇਕੋ ਇਕ ਸਮਝਾਈਆ । ਤੂੰ ਨੌ ਖੰਡ ਪ੍ਰਿਥਮੀ ਸੱਤ ਦੀਪ ਆਪਣੇ ਗਾਉਣੇ ਗੌਣ, ਢੋਲਾ ਧੁਰ ਦਾ ਮਾਹੀਆ । ਉਸ ਵੇਲੇ ਕਲਜੁਗ ਨੇ ਧਰਮ ਦਾ ਬੁਰਜ ਆਉਣਾ ਢਾਹੁਣ, ਢਈਆ ਗੋਬਿੰਦ ਵਾਲਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਚੁਕਾਈਆ । ਧਰਨੀ ਕਹੇ ਬਾਵਨ ਮੈਨੂੰ ਕਵਣ ਦੇਵੇ ਧੀਰ, ਧੀਰਜ ਨਜ਼ਰ ਕੋਇ ਨਾ ਆਈਆ । ਮੇਰਾ ਅੰਤਰ ਹੋਇਆ ਦਿਲਗੀਰ, ਸਾਂਤਕ ਸਤਿ ਨਾ ਕੋਇ ਵਰਤਾਈਆ । ਝਟ ਬਾਵਨ ਕਿਹਾ ਮਾਨਵ ਜ਼ਾਤੀ ਬੱਝੀ ਹੋਣੀ ਵਿਚ ਸ਼ਰਅ ਜ਼ੰਜੀਰ, ਮਾਨਵ ਮਾਨਵ ਮਾਨਵ ਵੰਡ ਵੰਡਾਈਆ । ਕਿਸੇ ਨਾਮ ਪੜ੍ਹਨਾ ਕਿਸੇ ਕਲਮਾ ਪੜ੍ਹਨਾ ਤਕਬੀਰ, ਤਹਿਰੀਰ ਅਵਤਾਰ ਪੈਗ਼ੰਬਰ ਜਾਣ ਕਰਾਈਆ । ਝਗੜਾ ਪੈਣਾ ਅੰਤਮ ਪੰਜ ਤਤ ਸਰੀਰ, ਸ਼ਰਅ ਸ਼ਰਅ ਨਾਲ ਟਕਰਾਈਆ । ਧਰਨੀ ਰੋ ਕੇ ਕਿਹਾ ਉਸ ਵੇਲੇ ਕਵਣ ਅੰਮ੍ਰਿਤ ਬਰਸੇ ਸੀਰ, ਮੇਘਲਾ ਇਕ ਵਰਸਾਈਆ । ਬਾਵਨ ਕਿਹਾ ਧਰਨੀਏ ਮੇਰਾ ਰੂਪ ਪੀਰਾਂ ਦਾ ਪੀਰ, ਪਾਰਬ੍ਰਹਮ ਇਕ ਅਖਵਾਈਆ ।
੫੦੦ ਜਿਸ ਦਾ ਸਤਿਗੁਰ ਸ਼ਬਦ ਹੋਵੇ ਵਜ਼ੀਰ, ਸ਼ਹਿਨਸ਼ਾਹ ਇਕੋ ਨੂਰ ਅਲਾਹੀਆ । ਤੇਰੀ ਬਦਲ ਦੇਵੇ ਤਕਦੀਰ, ਤਕੱਬਰ ਰਹਿਣ ਕੋਇ ਨਾ ਪਾਈਆ । ੫੦੦
੨੪ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਆਮੀ ਇਕ ਅਖਵਾਈਆ । ਝਟ ਬਾਵਨ ਨੇ ਧਰਤੀ ਉਤੋਂ ੨੪
ਕ਼ਦਮ ਦੂਜਾ ਚੁੱਕਿਆ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਧਰਨੀ ਦਾ ਬਿਨ ਪਾਣੀ ਮੁਖ ਸੁੱਕਿਆ, ਤ੍ਰਿਸ਼ਨਾ ਤ੍ਰਿਖਾ ਤ੍ਰਿਪਤ ਨਾ ਕੋਇ ਕਰਾਈਆ । ਝਟ ਹੁਕਮ ਸੰਦੇਸ਼ਾ ਦਿਤਾ ਲੁੱਕਿਆ, ਪੜਦਾ ਪੜਦਿਆਂ ਵਿਚੋਂ ਉਠਾਈਆ । ਹਲੂਣਾ ਦਿਤਾ ਬਿਨ ਗੁੱਟਿਆ, ਹੁਲਾਰਿਆਂ ਵਿਚ ਹਲਾਈਆ । ਧਰਨੀਏ ਉਹ ਤਕ ਲੈ ਕਲਜੁਗ ਅੰਤ ਆਤਮ ਪਰਮਾਤਮ ਸਭ ਦਾ ਨਾਤਾ ਹੋਵੇ ਟੁੱਟਿਆ, ਟੁੱਟਿਆਂ, ਗੰਢ ਨਾ ਕੋਇ ਪੁਆਈਆ । ਤਨ ਵਜੂਦ ਦੂਈ ਦੁਵੈਤੀ ਨਾਲ ਹੋਵੇ ਫੁੱਟਿਆ, ਫੁਟਕਲ ਦਿਸੇ ਖ਼ਲਕ ਖ਼ੁਦਾਈਆ । ਸਚ ਦਵਾਰਿਉਂ ਮਾਨਸ ਮਾਨਵ ਹੋਵੇ ਰੁੱਠਿਆ, ਦਰਗਾਹ ਸਚ ਨਾ ਕੋਇ ਸੁਹਾਈਆ । ਉਸ ਵੇਲੇ ਪੁਰਖ ਅਕਾਲਾ ਦੀਨ ਦਿਆਲਾ ਤੇਰੇ ਉਤੋਂ ਹੋਵੇ ਤੁੱਠਿਆ, ਮਿਹਰ ਮਿਹਰ ਮਿਹਰ ਨਜ਼ਰ ਉਠਾਈਆ । ਤੇਰੀ ਸੁਹੰਜਣੀ ਕਰੇ ਰੁੱਤਿਆ, ਰੁਤੜੀ ਆਪਣੇ ਨਾਲ ਮਹਿਕਾਈਆ । ਤੇਰਾ ਅੰਤਸ਼ਕਰਨ ਰਹਿਣ ਨਾ ਦੇਵੇ ਸੁੱਤਿਆ, ਸੁਤੜੀ ਲਏ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਆਪਣਾ ਹੁਕਮ ਜਣਾਈਆ । ਬਾਵਨ ਕਹੇ ਧਰਨੀਏ ਮੇਰਾ ਅਗਲਾ ਕ਼ਦਮ ਨਾ ਜ਼ਿਮੀਂ ਨਾ ਅਸਮਾਨ, ਬ੍ਰਹਿਮੰਡ ਨਜ਼ਰ ਕਿਸੇ ਨਾ ਆਈਆ । ਧਰਨੀ ਹਸ ਕੇ ਕਿਹਾ ਮੇਰੇ ਮਿਹਰਵਾਨ, ਕੁਝ ਮੈਨੂੰ ਦੇ ਜਣਾਈਆ । ਬਾਵਨ ਕਿਹਾ ਕਰ ਧਿਆਨ, ਧੌਲੇ ਤੈਨੂੰ ਦਿਆਂ ਦ੍ਰਿੜਾਈਆ । ਧਰਨੀ ਕਹੇ ਮੇਰਾ ਕੌਣ ਹੋਵੇ ਨਿਗਾਹਬਾਨ, ਸਿਰ ਮੇਰੇ ਹੱਥ ਰਖਾਈਆ । ਬਾਵਨ ਕਿਹਾ ਕਲਜੁਗ ਵੇਖ ਸਤਿਗੁਰ ਸ਼ਬਦ ਸ਼ਬਦ ਪਰਧਾਨ, ਦੂਜਾ ਰੂਪ ਨਾ ਕੋਇ ਦਰਸਾਈਆ । ਧਰਨੀ ਬਿਨਾ ਅੱਖਰਾਂ ਤੋਂ ਕੀਤਾ ਬਿਆਨ, ਬਿਨ ਖ਼ਾਹਿਸ਼ਾਂ ਖ਼ਾਹਿਸ਼ ਜਣਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਬਾਵਨ ਕਿਹਾ ਧਰਨੀਏ ਆਹ ਵੇਖ ਮੇਰੇ ਚਰਨ ਦੀ ਧੂੜ ਅਗੰਮੀ, ਤੇਰੇ ਸੀਨੇ ਦਿਆਂ ਲਗਾਈਆ । ਤੇਰੀ ਜ਼ਿੰਦਗੀ ਬਿਨਾ ਸਵਾਸਾਂ ਦਮੀ, ਸਾਸ ਸਵਾਸ ਵੇਖਣ ਕੋਇ ਨਾ ਪਾਈਆ । ਤੇਰਾ ਰੂਪ ਨਹੀਂ ਹਡ ਮਾਸ ਨਾੜੀ ਚੰਮੀ, ਚੰਮ ਦ੍ਰਿਸ਼ਟੀ ਨਜ਼ਰ ਕੋਇ ਨਾ ਆਈਆ । ਤੂੰ ਮੇਰੀ ਧਾਰ ਵਿਚੋਂ ਜੰਮੀ, ਜਣੇਂਦੀ ਬਣੀ ਇਕੋ ਮਾਈਆ । ਤੈਨੂੰ ਖ਼ਬਰ ਸੁਣਾਵਾਂ ਨਵੀਂ, ਨੌ ਖੰਡ ਵਾਲੀਏ ਪੜਦਾ ਲੈਣਾ ਉਠਾਈਆ । ਧਰਨੀ ਕਿਹਾ ਭਗਵਾਨ ਖ਼ੁਸ਼ੀਆਂ ਨਾਲ ਕਵੀਂ, ਕਹਿ ਕੇ ਦਈਂ ਸੁਣਾਈਆ । ਉਸ ਵੇਲੇ ਇਸ਼ਾਰਾ ਦਿਤਾ ਬਾਵਨ ਕਿਹਾ ਜਿਸ ਵੇਲੇ ਮੇਰਾ ਨੂਰ ਆਇਆ ਅਵਤਾਰ ਚਵੀ, ਚੌਬੀਸਾ ਆਪਣਾ ਖੇਲ ਖਿਲਾਈਆ । ਤੂੰ ਉਸ ਦੀ ਚਰਨੀ ਪਵੀਂ, ਬਿਨ ਪੈਰਾਂ ਹੱਥ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਲੇਖਾ ਦਏ ਜਣਾਈਆ । ਬਾਵਨ ਕਿਹਾ ਧਰਨੀਏ ਦੂਸਰਾ ਕ਼ਦਮ ਹੋਣਾ ਪੂਰਾ, ਕ਼ਦੀਮ ਦਾ ਲੇਖਾ ਪੂਰ ਕਰਾਈਆ । ਉਸ ਦਾ ਤਕੀਂ ਨਿਰਗੁਣ ਜੋਤੀ ਨੂਰਾ, ਨੂਰ ਨੁਰਾਨਾ ਵੇਖ ਵਖਾਈਆ । ਜਿਸ ਨੇ ਮੇਰਾ ਬਚਨ ਕਰਨਾ ਪੂਰਾ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਆਪਣਾ ਹੁਕਮ ਵਰਤਾਈਆ । ਉਸ ਦੇ ਸ਼ਬਦ ਦੀ ਅਗੰਮੀ ਸੁਣਨੀ ਤੂਰਾ, ਤੁਰੀਆ ਤੋਂ ਬਾਹਰ ਦੇ ਸਮਝਾਈਆ । ਉਸ ਦਾ ਹੁਕਮ ਹੋਣਾ ਮਸ਼ਹੂਰਾ, ਮਸ਼ਵਰੇ ਸਤਿਗੁਰ ਸ਼ਬਦ ਨਾਲ ਕਰਾਈਆ । ਉਹ ਤੇਰੇ ਉਤੇ ਆਵੇ ਜ਼ਰੂਰਾ, ਜ਼ਰੂਰਤ ਤੇਰੀ ਮੇਰੀ ਵੇਖ ਵਖਾਈਆ । ਸਰਬ ਕਲਾ ਹੋਵੇ ਭਰਪੂਰਾ, ਭਰਪੂਰ ਰਿਹਾ ਸਰਬ ਠਾਂਈਆ । ਤੂੰ ਉਸ ਨੂੰ ਸਮਝਣਾ ਹਾਜ਼ਰ ਹਜ਼ੂਰਾ, ਹਜ਼ਰਤਾਂ ਦਾ ਮਾਲਕ ਨੂਰ ਅਲਾਹੀਆ । ਸ਼ੁਕਰਾਨੇ ਵਿਚ ਹੋਣਾ ਮਸ਼ਕੂਰਾ, ਮੁਸ਼ਕਲ ਤੇਰੀ ਹੱਲ ਕਰਾਈਆ । ਪੰਧ ਮੁਕਾਵੇ ਨੇੜਾ ਦੂਰਾ, ਦੂਰ ਦੁਰਾਡਾ ਆਵੇ ਧੁਰ ਦਾ ਮਾਹੀਆ । ਤੈਨੂੰ ਮਸਤੀ ਦੇਵੇ ਨਾਮ ਸਰੂਰਾ, ਸੁਰਤੀ ਸੁਰਤੀ ਸ਼ਬਦ ਸ਼ਬਦ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹਿ ਆਪ ਸੁਹਾਈਆ । ਧਰਨੀ ਕਹੇ ਬਾਵਨ ਜੀ ਮੇਰੀ ਇਕ ਬੇਨੰਤੀ ਨਿੱਕੀ, ਨਿੱਕੀ ਵੱਡੀ ਕਰਕੇ ਤੇਰੇ ਚਰਨ ਟਿਕਾਈਆ । ਮੇਰੀ ਆਸਾ ਕਿਥੇ ਹੋਵੇ ਟਿਕੀ, ਮੈਨੂੰ ਦੇ ਸਮਝਾਈਆ । ਕਿਉਂ ਮੈਂ ਖ਼ਾਕ ਮਿੱਟੀ, ਤਨ ਵਜੂਦ ਨਾ ਕੋਇ ਚਮਕਾਈਆ । ਮੇਰਾ ਰੂਪ ਨਹੀਂ ਕੋਈ ਪੱਥਰ ਇੱਟੀ, ਪਾਹਨਾਂ ਸੰਗ ਨਾ ਕੋਇ ਬਣਾਈਆ । ਮੇਰੀ ਧਾਰ ਨਹੀਂ ਕੋਈ ਚਿੱਟੀ, ਨੂਰ ਨੁਰਾਨੇ ਵਿਚ ਸਮਾਈਆ । ਮੈਂ ਸਭ ਦੇ ਚਰਨਾਂ ਹੇਠ ਲਿਟੀ, ਲਿਟਾਂ ਖੋਲ੍ਹ ਕੇ ਦਿਆਂ ਦੁਹਾਈਆ । ਫੇਰ ਦੋਹੱਥੜ ਮਾਰ ਕੇ ਪਿੱਟੀ, ਬਹੁੜੀ ਬਹੁੜੀ ਕਰ ਕੇ ਨੇਤਰ ਨੈਣਾਂ ਨੀਰ ਵਹਾਈਆ । ਝਟ ਬਾਵਨ ਨੇ ਬਿਨਾ ਲੇਖ ਤੋਂ ਖੋਲ੍ਹ ਕੇ ਦੱਸੀ ਚਿੱਠੀ, ਬਿਨਾ ਹਰਫ਼ ਹਰੂਫ਼ ਸਮਝਾਈਆ । ਧਰਨੀ ਆਪਣੇ ਅੰਦਰ ਗੱਲ ਨਾ ਰਖੀਂ ਦੋ ਚਿਤੀ, ਦੋਹਰਾ ਭੇਵ ਦਿਆਂ ਚੁਕਾਈਆ । ਤੂੰ ਸਮਝ ਲੈਣਾ ਉਸ ਦੀ ਥਿਤੀ, ਥਿਤਵਾਰ ਵਾਰ ਨਾਲ ਮਿਲਾਈਆ । ਇਕ ਇਕ ਦੀ ਧਾਰ ਸੰਮਤ ਸ਼ਹਿਨਸ਼ਾਹੀ ਨਾਲੇ ਬਿਨ ਅੱਖਰਾਂ ਤੋਂ ਲਿਖ ਦਿਤੀ ਚਿਠੀ, ਬਿਨਾ ਹਰਫ਼ ਹਰੂਫ਼ ਬਣਾਈਆ । ਫੇਰ ਉਸ ਨੂੰ ਕਿਹਾ ਇਹ ਚਾਰ ਜੁਗ ਰਹੇਗੀ ਅਨਡਿੱਠੀ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਫੇਰ ਪਰਤ ਕੇ ਵੇਖਿਆ ਇਕ ਵੇਖ ਲੈ ਸੱਸੇ ਉਤੇ ਹੋੜਾ ਤੇ ਹਾਹੇ ਉਤੇ ਟਿੱਪੀ, ਜਿਸ ਦੇ ਉਤੇ ਟੀਕਾ ਟਿਪਣੀ ਕਰ ਸਕੇ ਨਾ ਕੋਇ ਲੋਕਾਈਆ । ਉਸ ਵਿਚੋਂ ਧਾਰ ਨਿਕਲੀ ਮਿਠੀ, ਅਨਰਸ ਅੰਦਰੋਂ ਦਏ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਝਟ ਧਰਨੀ ਕਿਹਾ ਬਾਵਨਾ

ਮੇਰਿਆ ਪ੍ਰਭੂ ਨਾਲ ਮੇਰੇ ਕਰ ਲੈ ਕੁਝ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਝਟ ਬਾਵਨ ਕਿਹਾ ਧਰਨੀਏ ਜਿਸ ਵੇਲੇ ਸੰਮਤ ਸ਼ਹਿਨਸ਼ਾਹੀ ਦਸ ਮੁਕਣ ਤੇ ਗਿਆਰਾਂ ਦਾ ਚੜ੍ਹਨਾ ਚੇਤ, ਚੇਤਨ ਤੈਨੂੰ ਦਏ ਕਰਾਈਆ । ਦਰਸ਼ਨ ਦੇਵੇ ਹੋ ਕੇ ਹਾਜ਼ਰ ਨੇਤਨ ਨੇਤ, ਬਿਨ ਨੈਣਾਂ ਨੈਣ ਪਰਗਟਾਈਆ । ਆਪਣਾ ਪੜਦਾ ਲਾਹ ਕੇ ਦੱਸੇ ਭੇਵ, ਭੇਵ ਅਭੇਦ ਤੈਨੂੰ ਦਏ ਸਮਝਾਈਆ । ਤੂੰ ਖ਼ੁਸ਼ੀਆਂ ਨਾਲ ਲੈਣਾ ਵੇਖ, ਪੇਖ ਪੇਖ ਪੇਖ ਖ਼ੁਸ਼ੀ ਬਣਾਈਆ । ਪਰ ਯਾਦ ਰਖੀਂ ਜਿਸ ਵੇਲੇ ਏਥੇ ਚਰਨ ਦੂਜਾ ਧਰਿਆ ਤੇ ਫੇਰ ਬਦਲ ਜਾਣੀ ਤੇਰੀ ਰੇਖ, ਜਿਸ ਨੂੰ ਰਿਖੀ ਮੁਨੀ ਸਮਝ ਸਕੇ ਕੋਇ ਨਾ ਰਾਈਆ । ਉਸ ਦਾ ਅਨੋਖਾ ਅਵਲੜਾ ਹੋਣਾ ਭੇਖ, ਭੇਖਾਧਾਰੀ ਆਪਣਾ ਰੂਪ ਪਰਗਟਾਈਆ । ਯਾਦ ਕਰ ਲੈ ਉਹ ਆਵੇਗਾ ਏਸੇ ਤੇਰੇ ਦੇਸ, ਜਿਸ ਦੇਸ ਉਤੋਂ ਤੀਜਾ ਕ਼ਦਮ ਚੁਕ ਕੇ ਬਾਵਨ ਸਭ ਕੁਝ ਆਪਣੇ ਲੇਖੇ ਲਏ ਪਾਈਆ । ਇਹੋ ਇਸ਼ਾਰਾ ਦੇਵੇਗਾ ਗੋਬਿੰਦ ਦਸ ਦਸਮੇਸ਼, ਪੁਰਖ ਅਕਾਲ ਅਗੇ ਵਾਸਤਾ ਪਾਈਆ । ਤੂੰ ਰਹਿਣ ਵਾਲਾ ਸਦਾ ਹਮੇਸ਼, ਹਮ ਸਾਜਣ ਇਕ ਅਖਵਾਈਆ । ਫੇਰ ਰੋ ਕੇ ਕਹੇਗਾ ਵਿਸ਼ਨੂੰ ਦੀ ਸੇਜ ਵਾਲਾ ਬਾਸ਼ਕ ਸ਼ੇਸ਼, ਸਹਿਸਰ ਮੁਖ ਮੁਖ ਦੁਹਾਈਆ । ਵਿਸ਼ਨ ਬ੍ਰਹਮਾ ਸਾਰੇ ਹੋਣਗੇ ਪੇਸ਼, ਅਵਤਾਰ ਪੈਗ਼ੰਬਰ ਗੁਰੂ ਪੇਸ਼ੀਨਗੋਈਆਂ ਹੱਥ ਉਠਾਈਆ । ਸਾਰੇ ਮੰਨਣਗੇ ਇਕ ਨਰੇਸ਼, ਨਰ ਨਰਾਇਣ ਤੇਰੀ ਓਟ ਨਜ਼ਰੀ ਆਈਆ । ਫੇਰ ਉਸ ਵਕ਼ਤ ਧਰਨੀਏ ਨਾ ਕੋਈ ਮੁੱਲਾ ਰਹੇ ਨਾ ਸ਼ੇਖ਼, ਮੁਸਾਇਕਾਂ ਵੰਡ ਨਾ ਕੋਇ ਵੰਡਾਈਆ । ਜਿਸ ਧਰਨੀ ਨੂੰ ਸਾਰੇ ਕਹਿੰਦੇ ਪ੍ਰਦੇਸ਼, ਇਸ ਉਤੇ ਆਵੇ ਤੇਰਾ ਮਾਹੀਆ । ਤੂੰ ਖੁਲ੍ਹੜੇ ਕਰੀਂ ਕੇਸ, ਚਰਨ ਕਵਲਾਂ ਉਤੇ ਖ਼ੁਸ਼ੀ ਬਣਾਈਆ । ਜੋਤੀ
੫੦੨ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪਣੇ ਹੱਥ ਰਖਾਈਆ । ਧਰਨੀ ਕਹੇ ਬਾਵਨ ਜੀ ੫੦੨
੨੪ ਮੇਰੇ ਭਗਵੰਤ, ਮੇਰੀ ਬਹੁੜੀ ਬਹੁੜੀ ਦੁਹਾਈਆ । ਉਹ ਕਿਹੋ ਜਿਹਾ ਹੋਵੇਗਾ ਮੇਰਾ ਕੰਤ, ਕੰਤੂਹਲ ਦੇ ਸਮਝਾਈਆ । ਕੀ ਉਹਦੀ ਹੋਵੇਗੀ ਬਣਤ, ੨੪
ਕਿ ਤੇਰੇ ਵਾਂਗੂ ਗਿਠ ਮੁਠ ਦਾ ਹੋ ਕੇ ਭੱਜੇ ਵਾਹੋ ਦਾਹੀਆ । ਝਟ ਬਾਵਨ ਨੇ ਕਿਹਾ ਨੀ ਉਸ ਦਾ ਸਭ ਤੋਂ ਵਖਰਾ ਮੰਤ, ਤੈਨੂੰ ਦਿਆਂ ਸੁਣਾਈਆ । ਨਾ ਉਹ ਸਾਧ ਹੋਵੇ ਨਾ ਸੰਤ, ਤਤਾਂ ਵੰਡ ਨਾ ਕੋਇ ਵੰਡਾਈਆ । ਨਾ ਉਹ ਜੀਵ ਹੋਵੇ ਨਾ ਜੰਤ, ਜਾਗਰਤ ਜੋਤ ਜੋਤ ਰੁਸ਼ਨਾਈਆ । ਨੀ ਉਸਦੀ ਸਦਾ ਇਕੋ ਜਿਹੀ ਰੁਤ ਬਸੰਤ, ਖ਼ਿਜ਼ਾਂ ਰੁਤ ਨਾ ਕੋਇ ਵਖਾਈਆ । ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਬਣਕੇ ਬੋਧ ਅਗਾਧਾ ਪੰਡਤ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਉਸ ਦੀ ਕਰੀਂ ਮਿੰਨਤ, ਨਿਵ ਨਿਵ ਸੀਸ ਝੁਕਾਈਆ । ਤੇਰੀ ਪਿਛਲੀ ਮੇਟੇ ਚਿੰਨਤ, ਚਿੰਤਾ ਚਿਖਾ ਰਹਿਣ ਕੋਇ ਨਾ ਪਾਈਆ । ਜੋ ਚੜ੍ਹਦਿਉਂ ਆ ਗਿਆ ਲਹਿੰਦੀ ਵਾਲੀ ਸਿੰਮਤ, ਸਿੰਮਤ ਤੇਰੀ ਵੇਖ ਵਖਾਈਆ । ਫੇਰ ਓਹਦੀ ਪਤਾ ਨਹੀਂ ਕਿਹੋ ਜਹੀ ਹੋਣੀ ਇੱਲਤ, ਆਲਮਾਂ ਫ਼ਾਜ਼ਲਾਂ ਦਾ ਲੇਖਾ ਦਏ ਮੁਕਾਈਆ । ਇਕੋ ਸਤਿਗੁਰ ਸ਼ਬਦ ਨੂੰ ਦੇ ਕੇ ਖਿਲਤ, ਤਾਜਪੋਸ਼ੀ ਆਪਣੇ ਹੱਥ ਰਖਾਈਆ । ਜਿਧਰ ਫੇਰ ਵੇਖੇਂ ਧਰਨੀਏ ਹੋਵੇਗੀ ਜ਼ਿੱਲਤ ਜ਼ਿੱਲਤ ਜ਼ਿੱਲਤ, ਖ਼ੁਆਰੀ ਵਿਚ ਨਜ਼ਰੀ ਆਏ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਇਕ ਗੁਸਾਈਆ । ਧਰਨੀ ਕਹੇ ਬਾਵਨ ਜੀ ਮੈਨੂੰ ਆਉਂਦਾ ਭੈ, ਕਿਉਂ ਭਉ ਰਿਹਾ ਜਣਾਈਆ । ਬਾਵਨ ਹਸ ਕੇ ਕਿਹਾ ਮੈਂ ਤੈਨੂੰ ਕੁਝ ਰਿਹਾ ਕਹਿ, ਕਹਿ ਕੇ ਦਿਆਂ ਦ੍ਰਿੜਾਈਆ । ਤੂੰ ਧਰਨੀਏ ਖ਼ੁਸ਼ੀਆਂ ਨਾਲ ਆਸਾ ਰਖ ਕੇ ਏਥੇ ਬਹਿ, ਆਪ ਆਪਣਾ ਬਲ ਪਰਗਟਾਈਆ । ਜਿਸ ਵੇਲੇ ਕਲਜੁਗ ਕੂੜ ਕਿਰਿਆ ਵਿਚ ਜਗਤ ਜਹਾਨ ਗਿਆ ਵਹਿ, ਵਹਿਣਾ ਹਾਥ ਕੋਇ ਨਾ

ਆਈਆ । ਧਰਮ ਦੀ ਧਾਰ ਵਿਚ ਰਹੀ ਕੋਈ ਨਾ ਸ਼ੈਅ, ਸ਼ਹਿਨਸ਼ਾਹ ਰੂਪ ਨਾ ਕੋਇ ਦਰਸਾਈਆ । ਹਰ ਹਿਰਦੇ ਅੰਦਰ ਹੋ ਗਈ ਮੈਂ, ਹੰਗਤਾ ਵਿਚ ਭਰੀ ਲੋਕਾਈਆ । ਕਾਗ ਵਾਂਗ ਕਰੂ ਕੈਂਅ ਕੈਂਅ, ਕਾਗ ਹੰਸ ਨਾ ਕੋਇ ਬਣਾਈਆ । ਮਾਨਵ ਮਾਨਵ ਮਾਨਵ ਮਾਨਸਾਂ ਨਾਲ ਜਾਣ ਖਹਿ, ਖਹਿ ਖਹਿ ਆਪਣਾ ਆਪ ਮਿਟਾਈਆ । ਉਸ ਵੇਲੇ ਚਾਰੋਂ ਕੁੰਟ ਤੇਰੇ ਉਤੇ ਵਧਣੀ ਦੁਵੈ, ਦੁਵੈਤ ਆਪਣਾ ਰੂਪ ਬਦਲਾਈਆ । ਬਿਨਾ ਪ੍ਰਭੂ ਦੀ ਕਿਰਪਾ ਤੋਂ ਸਚ ਪੁਛੇਂ ਧਰਨੀਏ ਤੇਰੇ ਉਤੇ ਭਗਤ ਕੋਈ ਨਾ ਰਹੇ, ਭਗਵਨ ਮਿਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਬਾਵਨ ਕਹੇ ਨੀ ਧਰਨੀਏ ਸੁਣ ਨੀ ਧਰਤ, ਧਵਲ ਦਿਆਂ ਸੁਣਾਈਆ । ਉਹ ਮੇਰੀ ਧਾਰ ਦਾ ਮਾਲਕ ਆਵੇ ਪਰਤ, ਜਿਸ ਨੂੰ ਪਤਿਪਰਮੇਸ਼ਵਰ ਕਹਿ ਕੇ ਸਾਰੇ ਗਾਈਆ । ਆਹ ਤੇਰੇ ਨਾਲ ਲਾ ਕੇ ਜਾਣੀ ਸ਼ਰਤ, ਸ਼ਰਤੀਆ ਦਿਆਂ ਦ੍ਰਿੜਾਈਆ । ਬੇਸ਼ਕ ਉਹ ਵਸਦਾ ਉਤੇ ਅਰਸ਼, ਤੇਰਾ ਫ਼ਰਸ਼ ਵੇਖੇ ਚਾਈਂ ਚਾਈਆ । ਮਿਹਰਵਾਨ ਹੋ ਕੇ ਕਰੇ ਤਰਸ, ਰਹਿਮਤ ਆਪਣੀ ਆਪ ਕਮਾਈਆ । ਪਰ ਯਾਦ ਰਖੀਂ ਬੀਹ ਸੌ ਬੱਤੀ ਨਹੀਂ ਸਰਗੁਣ ਜ਼ੀਰੋ ਤੇ ਤਿੰਨ ਦੋ ਦੀ ਧਾਰ ਨਹੀਂ ਹੋਣਾ ਉਹ ਸ਼ਹਿਨਸ਼ਾਹੀ ਗਿਆਰਾਂ ਦਾ ਬਰਸ, ਬਰਸੀ ਸਾਰੇ ਲੈਣ ਮਨਾਈਆ । ਤੇਰੀ ਮੇਟੇ ਪੁਰਾਣੀ ਹਰਸ, ਹਵਸ ਹਰਸ ਰਹਿਮਤ ਤੇਰੇ ਉਤੇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸਚ ਸਚ ਵਿਚੋਂ ਪਰਗਟਾਈਆ । ਬਾਵਨ ਕਿਹਾ ਧਰਨੀਏ ਤੇਰੇ ਉਤੇ ਲਾ ਕੇ ਭਾਗ, ਆਪ ਆਪਣਾ ਰੰਗ ਰੰਗਾਈਆ । ਫੇਰ ਭਾਰਤ ਜਾ ਜਗਾਏ ਚਰਾਗ਼, ਚਰਾਗਾਹਾਂ ਕਰੇ ਰੁਸ਼ਨਾਈਆ । ਅਗੇ ਨਵੇਂ ਵਰਤੇ ਸਵਾਂਗ, ਭੇਵ ਭੇਵ ਵਿਚੋਂ ਖੁਲ੍ਹਾਈਆ । ਤੇਰੇ ਉਤੇ ਲੱਗਣੀ ਆਗ, ਅਗਨੀ ਅੱਗ ਅੱਗ ਤਪਾਈਆ । ਤੂੰ ਬਿਰਹੋਂ ਵਿਛੋੜੇ ਵਿਚ ਮਾਰੀਂ ਆਵਾਜ਼, ਨੇਤਰ ਨੈਣਾਂ ਨੀਰ ਵਹਾਈਆ । ਮੇਰੇ ਪਰਮਾਤਮਾ ਆਤਮਾ ਦਾ ਆਪਣਾ ਬਣਾ ਲੈ ਸਮਾਜ, ਸਮਗਰੀ ਸਚ ਸਚ ਵਰਤਾਈਆ । ਮੇਰਾ ਕਲਜੁਗ ਅੰਤ ਸਵਾਰ ਦੇ ਕਾਜ, ਕਜ਼ਾ ਤੋਂ ਲੇਖਾ ਦੇ ਮੁਕਾਈਆ । ਤੂੰ ਬੇਨੰਤੀ ਕਰੀਂ ਮੇਰਾ ਵਕਤ ਸੁਹੰਜਣਾ ਕਰਨਾ ਮੇਰੀ ਰਖਣੀ ਲਾਜ, ਲਾਜਾਵੰਤ ਤੇਰੀ ਸਰਨਾਈਆ । ਨਾਲੇ ਖ਼ੁਸ਼ੀ ਵਿਚ ਕਹਿਵੀਂ ਜਿਸ ਕਾਰਨ ਗੋਬਿੰਦ ਉਡਾਇਆ ਬਾਜ਼, ਬਾਜਾਂ ਵਾਲੇ ਦਿਆਂ ਪਿਆਰਿਆਂ ਮਿਲਕੇ ਮਿਲਕੇ ਮਿਲਕੇ ਖ਼ੁਸ਼ੀ ਆਪਣੀ ਦਰਸਾਈਆ । ਫੇਰ ਵੇਖੀਂ ਤੈਨੂੰ ਇਕ ਅਨੋਖਾ ਵਖਰਾ ਨਿਰਾਲਾ ਜਗਤ ਵਿਦਿਆ ਅੱਖਰਾਂ ਤੋਂ ਬਾਹਰ ਮਿਲਣਾ ਜਵਾਬ, ਜਿਸ ਦੀ ਜਵਾਬ ਤਲਬੀ ਕਰਨਵਾਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਆਪਣਾ ਖੇਲ ਖਿਲਾਈਆ । ਬਾਵਨ ਨੇ ਕਿਹਾ ਧਰਨੀਏ ਉਹ ਮਿਹਰਵਾਨ ਮਿਹਰਵਾਨ ਮਿਹਰਵਾਨ ਅਪਾਰ, ਅਪਰੰਪਰ ਸੁਆਮੀ ਇਕ ਅਖਵਾਈਆ । ਚਰਨ ਛੁਹਾ ਕੇ ਤੇਰੇ ਉਤੇ ਪਹਿਲਾ ਕ਼ਦਮ ਵੇਖੇ ਫੇਰ ਨਿਗਾਹ ਮਾਰ, ਬਿਨ ਨੈਣਾਂ ਨੈਣ ਉਠਾਈਆ । ਫੇਰ ਪਰਤ ਕੇ ਧਰਤ ਤੇਰੇ ਉਤੇ ਜਾਏ ਉਸ ਅਗੰਮੇ ਦਿੱਲੀ ਦਰਬਾਰ, ਜਿਸ ਦੀ ਕਾਹਨ ਘਨਈਆ ਆਸ਼ਾ ਜਾਏ ਰਖਾਈਆ । ਫੇਰ ਤੈਨੂੰ ਅਗਲਾ ਅਗੇ ਤੋਂ ਦੱਸੇ ਵਿਹਾਰ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਉਸ ਦਾ ਕ਼ਦਮ ਉਹ ਉਠਣਾ ਜਿਸ ਦੇ ਨਾਲ ਸਾਰੀ ਸ੍ਰਿਸ਼ਟੀ ਤੇ ਹੋ ਜਾਣਾ ਵਾਰ, ਤੇ ਆਰ ਪਾਰ ਦਿਸੇ ਖ਼ਲਕ ਖ਼ੁਦਾਈਆ । ਧਰਨੀਏ ਪਰ ਉਸ ਦਾ ਕਰੀਂ ਨਾ ਇਤਬਾਰ, ਉਹ ਵਲ ਛਲਧਾਰੀ ਅਛਲ ਛਲ ਇਕ ਅਖਵਾਈਆ । ਆਪਣੇ ਨਾਲ ਰਲਾ ਪੈਗ਼ੰਬਰ ਗੁਰ ਅਵਤਾਰ, ਜੋ ਤੇਰੀ ਦੇਣ ਗਵਾਹੀਆ । ਨਾਲੇ ਉਨ੍ਹਾਂ

ਨੂੰ ਕਹਿਵੀਂ ਆਪਣੇ ਹੱਥਾਂ ਵਿਚ ਉਠਾ ਲਉ ਉਹ ਪੇਸ਼ੀਨਗੋਈਆਂ ਵਾਲੇ ਇਸ਼ਤਿਹਾਰ, ਭਵਿਖਤਾਂ ਵਾਲੇ ਕਾਗ਼ਜ਼ ਨਾਲ ਮਿਲਾਈਆ । ਤੇ ਮੁਹੰਮਦ ਨੂੰ ਕਹਿ ਦੇਈਂ ਵੇ ਮੁਹੰਮਦਾ ਤੇਰਾ ਲੇਖਾ ਮੁਕਣਵਾਲਾ ਨਾਲ ਚਾਰ ਯਾਰ, ਚੌਥਾ ਜੁਗ ਆਪਣਾ ਹੁਕਮ ਰਿਹਾ ਵਰਤਾਈਆ । ਤੇ ਮੂਸਾ ਨੂੰ ਹਲੂਣਾ ਦੇ ਦਈਂ ਨਾਲ ਪਿਆਰ, ਮੁਹੱਬਤ ਵਿਚ ਸਮਝਾਈਆ । ਉਹ ਵੇਖ ਨੂਰ ਨੁਰਾਨਾ ਆ ਗਿਆ ਤੇਰਾ ਬਾਪ ਜਿਸ ਨੂੰ ਕਿਹਾ ਪਰਵਰਦਿਗਾਰ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੂਸਾ ਨੂੰ ਕਿਹਾ ਉਠ ਵੇ ਮੂੰਹ ਦੇ ਭਾਰ ਡਿਗਿਆ ਆਪਣੀ ਨਿਗਾਹ ਲੈ ਮਾਰ, ਕੋਹਤੂਰ ਤੋਂ ਪਰੇ ਕੀ ਜ਼ਹੂਰ ਨਜ਼ਰ ਆਵੇ ਧੁਰ ਦੇ ਮਾਹੀਆ । ਨਾਨਕ ਦਾ ਪਿਆਰ ਵੇਖੀਂ ਨਿਰਾਕਾਰ, ਨਿਰੰਕਾਰ ਤੇਰੇ ਰੰਗ ਵਿਚ ਰੰਗ ਬਦਲਾਈਆ । ਜਿਸ ਕਾਰਨ ਗੋਬਿੰਦ ਨੇ ਮਿਆਨ ਵਿਚੋਂ ਖਿੱਚੀ ਸੀ ਤਲਵਾਰ, ਤਰਹ ਤਰਹ ਤੈਨੂੰ ਦਏ ਸਮਝਾਈਆ । ਪਰ ਬਾਵਨ ਨੇ ਕਿਹਾ ਧਰਨੀਏ ਤੂੰ ਹੋ ਕੇ ਰਹਿਣਾ ਹੁਸ਼ਿਆਰ, ਆਪ ਆਪਣੀ ਲਈਂ ਅੰਗੜਾਈਆ । ਉਹ ਵਕਤ ਸੁਹੰਜਣਾ ਹੋਵੇਗਾ ਜਿਸ ਵੇਲੇ ਤੇਰਾ ਲੇਖ ਲਿਖੇਗਾ ਆਪ ਨਿਰੰਕਾਰ, ਨਿਰਵੈਰ ਹੋ ਕੇ ਆਪਣਾ ਹੁਕਮ ਵਰਤਾਈਆ । ਬੇਸ਼ਕ ਉਹਨੂੰ ਸਾਰੇ ਜੋਤ ਦੀ ਧਾਰ ਕਹਿਣਗੇ ਚੌਵੀਆਂ ਅਵਤਾਰ, ਚੌਵੀ ਵਿਸਾਖ ਸੰਮਤ ਸ਼ਹਿਨਸ਼ਾਹੀ ਗਿਆਰਾਂ ਉਸ ਦੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਪਾਵਣਹਾਰਾ ਸਾਰ, ਸਿਰ ਸਿਰ ਸਿਰ ਆਪਣਾ ਹੱਥ ਟਿਕਾਈਆ ।



੫੦੪

੨੪

## ✪ ੨੫ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਫੂਲਾ ਰਾਣੀ ਦੇ ਗ੍ਰਿਹਿ ਸਾਈਦਾ ਮਹਲਾ ਗਲੀ ਨੰਬਰ ਛੇ ਲੁਧਿਆਣਾ ਸ਼ਹਿਰ ✪

੨੪

ਧਰਨੀ ਕਹੇ ਮੇਰੀ ਪੂਰੀ ਹੋਈ ਆਸ, ਨਿਰਾਸ ਨਜ਼ਰ ਕੋਇ ਨਾ ਆਈਆ । ਮੈਂ ਲੇਖਾ ਤਕਿਆ ਜੋ ਲਿਖਿਆ ਵੇਦ ਵਿਆਸ, ਬ੍ਰਾਹਮਣ ਬ੍ਰਹਮ ਗੋਤ ਗੋਤ ਦ੍ਰਿੜਾਈਆ । ਮੇਰਾ ਖ਼ੁਸ਼ੀ ਨਾਲ ਚਲਿਆ ਸਵਾਸ, ਬਿਨ ਪਵਣਾਂ ਰੰਗ ਰੰਗਾਈਆ । ਮੈਂ ਨਿਗਾਹ ਮਾਰੀ ਉਤੇ ਆਕਾਸ਼, ਅਸਮਾਨਾਂ ਬਾਹਰ ਧਿਆਨ ਲਗਾਈਆ । ਜੋਤੀ ਜਲਵਾ ਤਕਿਆ ਨੂਰ ਪਰਕਾਸ਼, ਪਰਮ ਪੁਰਖ ਪੜਦਾ ਦਿਤਾ ਉਠਾਈਆ । ਜੋ ਕਿਰਪਾ ਕਰ ਕੇ ਪੁੱਜਾ ਮੇਰੇ ਪਾਸ, ਪਾਸਾ ਦੀਨ ਦੁਨੀ ਉਲਟਾਈਆ । ਮੇਰਾ ਲੇਖਾ ਕੀਤਾ ਰਹਿਰਾਸ, ਰਸਤਾ ਆਪਣਾ ਇਕ ਸਮਝਾਈਆ । ਮੈਨੂੰ ਹੱਸਣ ਲੱਗਾ ਵੇਖ ਸ਼ੰਕਰ ਉਤੇ ਕੈਲਾਸ਼, ਕਲਾਧਾਰੀ ਆਪਣੀ ਕਲ ਪਰਗਟਾਈਆ । ਧਰਨੀਏ ਤਕ ਲੈ ਜਿਸ ਦਾ ਸੰਬਲ ਅੰਤਰ ਵਾਸ, ਨਿਵਾਸੀ ਆਪਣੀ ਖੇਲ ਖਿਲਾਈਆ । ਧਰਨੀ ਕਹੇ ਮੈਨੂੰ ਦੇਣ ਆਇਆ ਸ਼ਾਬਾਸ਼, ਸਿਰ ਮੇਰੇ ਹੱਥ ਟਿਕਾਈਆ । ਜਿਸ ਦੀ ਮੁਹੱਬਤ ਨਿਰੰਤਰ ਰਹੀ ਭਾਸ, ਬਾਹਰੋਂ ਰੂਪ ਨਾ ਕੋਇ ਦਰਸਾਈਆ । ਜੋ ਦੇਵਣਹਾਰ ਸਦਾ ਵਿਸ਼ਵਾਸ਼, ਵਿਸ਼ਿਆਂ ਬਾਹਰ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਬੇਪਰਵਾਹੀਆ । ਧਰਨੀ ਕਹੇ ਮੇਰੇ ਅੰਤਰ ਆਈ ਖ਼ੁਸ਼ਹਾਲੀ, ਖ਼ੁਸ਼ੀਆਂ ਢੋਲੇ ਗਾਈਆ । ਨੂਰ ਤਕਿਆ ਜੋਤ ਅਕਾਲੀ, ਅਕਲ ਕਲਧਾਰੀ ਪੜਦਾ ਦਿਤਾ ਉਠਾਈਆ । ਮੇਰੀ ਮਿੱਟੀ ਖ਼ਾਕ ਬਣੀ ਸਚੀ ਧਰਮਸਾਲੀ, ਧਰਮ ਦੁਆਰ ਇਕ ਅਖਵਾਈਆ । ਮੇਰੇ ਅੰਤਰ ਮੁਹੰਮਦ

੫੦੫ ੨੪

ਦੀ ਆਈ ਬਾਣੀ, ਅੰਤ ਕਹਿਣ ਕਿਛ ਨਾ ਪਾਈਆ । ਮੈਂ ਹਸ ਕੇ ਕਿਹਾ ਮੇਰੀ ਲੇਖੇ ਲਾ ਲੈ ਘਾਲ ਘਾਲੀ, ਘਾਇਲ ਹੋ ਕੇ ਸੀਸ ਨਿਵਾਈਆ । ਤੂੰ ਪਾਰਬ੍ਰਹਮ ਸ੍ਰਿਸ਼ਟੀ ਮਾਲੀ, ਮਾਲਕ ਖ਼ਾਲਕ ਇਕ ਅਖਵਾਈਆ । ਨਿਗਾਹ ਮਾਰ ਲੈ ਫਲ ਰਿਹਾ ਕਿਸੇ ਨਾ ਡਾਲੀ, ਪੱਤ ਟਹਿਣੀ ਰਹੀ ਕੁਰਲਾਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਤੇਰੀ ਬਾਲ ਅੰਜਾਣੀ, ਬਾਲੀ ਬੁੱਧ ਤੇਰੇ ਅਗੇ ਵਾਸਤਾ ਪਾਈਆ । ਤੂੰ ਮੇਰੀ ਸੁਰਤ ਸੰਭਾਲੀਂ, ਸੰਬਲ ਦੇ ਮਾਲਕ ਦਇਆ ਕਮਾਈਆ । ਕਲਜੁਗ ਰੈਣ ਮੇਟ ਅੰਧੇਰੀ ਕਾਲੀ, ਕਲ ਕਲਕੀ ਆਪਣਾ ਹੁਕਮ ਵਰਤਾਈਆ । ਮੈਂ ਬਿਨ ਹੱਥਾਂ ਮਾਰਾਂ ਤਾਲੀ, ਤਾਲ ਆਪਣਾ ਦਿਆਂ ਵਖਾਈਆ । ਮੇਰੇ ਉਤੇ ਸ਼ਰਅ ਦਾ ਮੇਟ ਜੰਜਾਲੀ, ਜਾਗਰਤ ਜੋਤ ਜੋਤ ਰੁਸ਼ਨਾਈਆ । ਤੇਰੇ ਨਾਮ ਦੀ ਕਰੇ ਨਾ ਕੋਇ ਦਲਾਲੀ, ਵਿਚੋਲਾ ਜਗਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਭੱਜਦੀ, ਭਜਨ ਬੰਦਗੀ ਤੇਰਾ ਢੋਲਾ ਗਾਈਆ । ਤੇਰੇ ਚਰਨਾਂ ਦੇ ਵਿਚ ਸਜਦੀ, ਸ਼ਾਹ ਸੁਲਤਾਨ ਤੇਰੀ ਸਰਨਾਈਆ । ਮੈਂ ਕਥਾ ਕਹਾਣੀ ਸੁਣਾਵਾਂ ਅੱਜ ਦੀ, ਆਜਿਜ਼ ਹੋ ਕੇ ਧੂੜੀ ਖ਼ਾਕ ਰਮਾਈਆ । ਕੀ ਖੇਲ ਤਕੀ ਜਗ ਦੀ, ਚਾਰੇ ਕੁੰਟ ਵੇਖ ਵਖਾਈਆ । ਤੇਰੀ ਸ੍ਰਿਸ਼ਟੀ ਰੂਪ ਬਣੀ ਕਲਪਣਾ ਅੱਗ ਦੀ, ਤ੍ਰਿਸਨਾ ਤ੍ਰਿਖਾ ਨਾ ਕੋਇ ਬੁਝਾਈਆ । ਨਵ ਸੱਤ ਸ਼ਰਅ ਵੇਖੀ ਹੱਦ ਦੀ, ਹਦੂਦ ਪੜਦਾ ਨਾ ਕੋਇ ਉਠਾਈਆ । ਮੈਂ ਏਸੇ ਕਾਰਨ ਪ੍ਰਭੂ ਤੇਰੇ ਚਰਨ ਢਠਦੀ, ਦਰ ਠਾਂਡੇ ਮੰਗ ਮੰਗਾਈਆ । ਸ੍ਰਿਸ਼ਟੀ ਧਾਰ ਤੇਰੀ ਯਦ ਦੀ, ਯਦਪ ਆਪਣਾ ਹੁਕਮ ਵਰਤਾਈਆ । ਮਨ ਕਲਪਣਾ ਰਹਿਣ ਨਾ ਦੇਵੀਂ ਬਦ ਦੀ, ਬਦੀ ਦਾ ਲੇਖਾ ਦੇਣਾ ਮੁਕਾਈਆ । ਮੈਂ ਉਡੀਕਦੀ ਤੈਨੂੰ ਕਦ ਦੀ, ਕ਼ਦੀਮ ਦੇ ਮਾਲਕ ਧਿਆਨ ਲਗਾਈਆ । ਸਤਿਜੁਗ ਤਰੇਤਾ ਦੁਆਪਰ ਰਹੀ ਲਭਦੀ, ਭੱਜੀ ਵਾਹੋ ਦਾਹੀਆ । ਮੈਂ ਸੁਣੀ ਆਵਾਜ਼ ਤੇਰੇ ਅਗੰਮੀ ਨਦ ਦੀ, ਜੋ ਅਨਾਦੀ ਧੁਨ ਧੁਨ ਪਰਗਟਾਈਆ । ਮੈਂ ਪੂਰਬ ਲੇਖਾ ਤੇਰੇ ਚਰਨਾਂ ਦੇ ਵਿਚ ਕਢਦੀ, ਪਰਦਾ ਪਰਦਿਆਂ ਵਿਚੋਂ ਰਖਾਈਆ । ਮੈਂ ਪਿਛਲੀ ਰੀਤੀ ਸਾਰੀ ਛਡਦੀ, ਦਰ ਤੇਰੇ ਵਾਸਤਾ ਪਾਈਆ । ਮੈਨੂੰ ਚੰਗੀ ਨਹੀਂ ਲਗਦੀ ਖੇਲ ਅੱਡ ਦੀ, ਵਖਰੀ ਰਹਿ ਨਾ ਝਟ ਲੰਘਾਈਆ । ਮੈ ਪਿਆਰ ਨਿਸ਼ਾਨਾ ਤੇਰੇ ਕ਼ਦਮਾਂ ਵਿਚ ਗਡਦੀ, ਗਾਡ ਹੋ ਕੇ ਵੇਖਣਾ ਚਾਈਂ ਚਾਈਂਆ । ਮੇਰੀ ਧਾਰ ਨਹੀਂ ਮਾਸ ਨਾੜੀ ਹੱਡ ਦੀ, ਰਕਤ ਬੂੰਦ ਰੰਗ ਨਾ ਕੋਇ ਰੰਗਾਈਆ । ਮੇਰੀ ਆਸ਼ਾ ਵੇਖ ਲੈ ਡੂੰਘੀ ਖੱਡ ਦੀ, ਗਹਿਰ ਗਵਰ ਆਪਣੀ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾਂ ਸਾਚਾ ਵਰ, ਸਚ ਦਾ ਸੰਗ ਆਪ ਸਮਝਾਈਆ । ਧਰਨੀ ਕਹੇ ਪ੍ਰਭੂ ਅੱਜ ਮੇਰਾ ਵਕ਼ਤ ਸੁਹੇਲਾ, ਸਾਹਿਬ ਸੁਲਤਾਨ ਦਿਤਾ ਜਣਾਈਆ । ਮੇਰਾ ਖ਼ੁਸ਼ੀ ਵਾਲਾ ਵੇਲਾ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਇਕੋ ਰੂਪ ਨਜ਼ਰੀ ਆਏ ਗੁਰੂ ਗੁਰ ਚੇਲਾ, ਸੁਰਤੀ ਸ਼ਬਦ ਸੁਰਤ ਸੁਰਤ ਸਮਾਈਆ । ਜੋਤੀ ਜਾਤੇ ਪੁਰਖ ਬਿਧਾਤੇ ਮਿਹਰਵਾਨ ਹੋ ਕੇ ਕੀਤਾ ਮੇਲਾ, ਮਿਲਣੀ ਹਰਿ ਜਗਦੀਸ਼ ਕਰਾਈਆ । ਮੈਂ ਤੇਰੇ ਚਰਨ ਕਵਲਾਂ ਵਿਚ ਖੇਲਾਂ, ਧੂੜੀ ਖ਼ਾਕ ਖ਼ਾਕ ਰਮਾਈਆ । ਮੇਰਾ ਵਕ਼ਤ ਹੋਣ ਨਾ ਦਈਂ ਦੁਹੇਲਾ, ਦੋ ਜਹਾਨ ਦਿਆ ਮਾਲਕਾ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੇ ਚਰਨ ਕਵਲ ਪੈਰੀਂ ਪੁੱਜੀ ਨੰਗੀ, ਪਾਂਧੀ ਹੋ ਕੇ ਪੰਧ ਮੁਕਾਈਆ । ਮੈਂ ਜਗਤ ਜਹਾਨ ਦੀ ਮੰਜ਼ਲ ਲੰਘੀ, ਅਗੇ ਹੋ ਨਾ ਕੋਇ ਅਟਕਾਈਆ । ਮੇਰੇ ਉਤੇ ਸ਼ਰਅ ਦੀ ਮੇਟ ਪਾਬੰਦੀ,

ਪਾਰਬ੍ਰਹਮ ਆਪਣਾ ਹੁਕਮ ਵਰਤਾਈਆ । ਲੇਖਾ ਮੁਕਾ ਦੇ ਖਾਨਾਬੰਦੀ, ਬੰਦਸ਼ ਨਜ਼ਰ ਕੋਇ ਨਾ ਆਈਆ । ਵਾਸਨਾ ਕੂੜ ਕਢ ਦੇ ਗੰਦੀ, ਗਣ ਗਧੰਰਵ ਸਭ ਤੇਰੀ ਓਟ ਤਕਾਈਆ । ਆਹ ਤਕ ਲੈ ਮੇਰੀ ਆਦਿ ਜੁਗਾਦਿ ਤੇਰੇ ਨਾਲ ਸੰਧੀ, ਸ਼ਰਤੀਆ ਸ਼ਰਤ ਪੂਰ ਦੇਣੀ ਕਰਾਈਆ । ਮੇਰੀ ਆਯੂ ਬੇਸ਼ਕ ਬੜੀ ਲੰਬੀ, ਆਦਿ ਜੁਗਾਦਿ ਤੇਰੇ ਹੁਕਮ ਵਿਚ ਤੇਰੀ ਸੇਵ ਕਮਾਈਆ । ਸਚ ਪਿਆਰ ਦਾ ਦੇਣਾ ਅਨੰਦੀ, ਅਨੰਦ ਅਨੰਦ ਵਿਚੋਂ ਪਰਗਟਾਈਆ । ਮੈਂ ਤੇਰੇ ਦੁਆਰੇ ਨਿਮਾਣੀ ਹੋ ਕੇ ਖੜੀ ਇਕ ਟੰਗੀ, ਬਿਨ ਹੱਥਾਂ ਵਾਸਤਾ ਪਾਈਆ । ਕਲਜੁਗ ਕੂੜੀ ਕਿਰਿਆ ਮੇਟ ਪਾਖੰਡੀ, ਖੰਡਾ ਖੜਗ ਨਾਮ ਚਮਕਾਈਆ । ਸਚ ਪਦਾਰਥ ਆਪਣਾ ਨਾਮ ਵੰਡੀਂ, ਦਾਤਾ ਦਾਨੀ ਹੋ ਕੇ ਆਪ ਵਰਤਾਈਆ । ਜਨ ਭਗਤਾਂ ਪੂਰਬ ਜਨਮ ਦੀ ਪਿਛਲੀ ਟੁੱਟੀ ਗੰਢੀਂ, ਗੰਢਣਹਾਰ ਗੁਪਾਲ ਸੁਆਮੀ ਆਪਣਾ ਰੰਗ ਰੰਗਾਈਆ । ਅੰਤਰ ਧਾਰ ਸਭ ਦੀ ਕਰ ਦੇ ਠੰਡੀ, ਅਗਨੀ ਤਤ ਨਾ ਕੋਇ ਤਪਾਈਆ । ਕਿਸੇ ਨੂੰ ਪੂਜਣਾ ਪਏ ਨਾ ਕਰੀਰ ਜੰਡੀ, ਪਾਹਨਾਂ ਸੀਸ ਨਾ ਕੋਇ ਨਿਵਾਈਆ । ਆਤਮ ਹੋਣ ਨਾਂ ਦੇਵੀਂ ਰੰਡੀ, ਕੰਤ ਸੁਹਾਗ ਲੈਣੀ ਹੰਡਾਈਆ । ਧਰਮ ਦਾ ਮਾਰਗ ਦੱਸਣਾ ਡੰਡੀ, ਡੰਡਾਵਤ ਸਭ ਦੀ ਦੇਣੀ ਬਦਲਾਈਆ । ਲੇਖਾ ਮੁਕਣਾ ਜੇਰਜ ਅੰਡੀ, ਉਤਭੁਜ ਸੇਤਜ ਭੇਵ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਧਰਨੀ ਕਹੇ ਪ੍ਰਭੂ ਤੇਰੇ ਚਰਨ ਕਵਲ ਤੀਰਥ ਅਠਸਠੇ, ਅੰਮ੍ਰਿਤ ਰਸ ਰਸ ਚਵਾਈਆ । ਤੇਰੀ ਚਰਨ ਧੂੜ ਮੰਦਰ ਮਸਜਿਦ ਸ਼ਿਵਦਵਾਲੇ ਮਠੇ, ਚਰਚ ਚਰਾਗਾਹਾਂ ਆਪਣਾ ਸੰਗ ਬਣਾਈਆ । ਮਿਹਰਵਾਨ ਤੇਰੀ ਯਾਦ ਵਿਚ ਮੇਰੇ ਜੁਗ ਲੰਘੇ ਮਠੇ ਮਠੇ, ਹੌਲੀ ਹੌਲੀ ਆਪਣਾ ਪੰਧ ਮੁਕਾਈਆ । ਮੈਂ ਆਪਣੀਆਂ ਖੋਲ੍ਹ ਕੇ ਵੇਖੀਆਂ ਪੁਰਾਣੀਆਂ ਗੱਠੇ, ਕੰਨੀ ਗੰਢ ਰਹਿਣ ਕੋਇ ਨਾ ਪਾਈਆ । ਜਿਸ ਕਾਰਨ ਭਗਤ ਸੁਹੇਲੇ ਕੀਤੇ ਇਕੱਠੇ, ਮੇਲ ਮੇਲਿਆ ਚਾਈਂ ਚਾਈਂਆ । ਹਰਿਜਨ ਪ੍ਰੇਮ ਪ੍ਰੀਤੀ ਵਿਚ ਆਏ ਨਠੇ, ਭੱਜੇ ਵਾਹੋ ਦਾਹੀਆ । ਜਗਤ ਵਿਛੋੜਾ ਮੇਟ ਕੇ ਰੱਟੇ, ਰਿਟਨ ਰਾਈਟ ਲੇਖਾ ਦੇ ਬਣਾਈਆ । ਆਪਣੇ ਪਿਆਰ ਨਾਲ ਵਿਚਾਰ ਵਟਾਂਦਰਾ ਕਰ ਝਟੇ, ਸਚ ਨਾਲ ਬਦਲਾਈਆ । ਧਰਮ ਦੀ ਧਾਰ ਪਾ ਦੇ ਪਟੇ, ਪਟਨੇ ਵਾਲੇ ਸਤਿਗੁਰ ਸ਼ਬਦ ਤੇਰੀ ਸਰਨਾਈਆ । ਤੇਰਾ ਰੂਪ ਅਨੂਪਾ ਪੰਚਮ ਪੰਚ ਜੱਟੇ, ਜਗਤ ਜਹਾਨ ਨਜ਼ਰੀ ਆਈਆ । ਆਪਣਾ ਪ੍ਰਕਾਸ਼ ਬਖ਼ਸ਼ ਦੇ ਲਟ ਲਟੇ, ਜੋਤੀ ਜਾਤੇ ਦੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਦਰ ਆਪ ਸੁਹਾਈਆ । ਧਰਨੀ ਕਹੇ ਜਨ ਭਗਤੋ ਤੁਹਾਡਾ ਕੀ ਇਰਾਦਾ, ਪ੍ਰੇਮੀਓ ਪ੍ਰੇਮ ਨਾਲ ਦਿਉ ਜਣਾਈਆ । ਤੁਹਾਡਾ ਸਤਿਗੁਰ ਸ਼ਬਦ ਪਿਤਾ ਪੁਰਖ ਅਕਾਲ ਦਾਦਾ, ਮਈਆ ਮਾਤਾ ਦੂਜੀ ਨਜ਼ਰ ਕੋਇ ਨਾ ਆਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਅਰਾਧਾ, ਰਸਨਾ ਜਿਹਵਾ ਢੋਲੇ ਗਾਈਆ । ਉਹ ਮਿਹਰਵਾਨ ਮਿਹਰ ਕਰੇ ਬਣ ਕੇ ਬੋਧ ਅਗਾਧਾ, ਬੁੱਧੀ ਤੋਂ ਪਰੇ ਪਰੇ ਸਮਝਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਨਾਲ ਵਅਦਾ, ਦੂਸਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਸਾ ਪੂਰ ਕਰਾਈਆ । ਜਨ ਭਗਤ ਕਹਿਣ ਧਰਨੀਏ ਅਸੀਂ ਮੰਗੀਏ ਕੀ, ਮੰਗਣ ਦੀ ਲੋੜ ਰਹੀ ਨਾ ਰਾਈਆ । ਸਾਡਾ ਤ੍ਰਿਪਤ ਹੋਇਆ ਜੀਅ, ਜੀਵਣ ਜਗਤ ਮਿਲੀ ਵਡਿਆਈਆ । ਅੰਮ੍ਰਿਤ ਧਾਰ ਬਖ਼ਸ਼ਿਆ ਸੀਤ ਮੀਂਹ, ਮੇਘਲਾ ਆਪ ਬਰਸਾਈਆ । ਲੇਖਾ ਮੁਕਿਆ ਸਾਢੇ ਤਿੰਨ ਹੱਥ ਸੀਅ, ਆਵਣ ਜਾਵਣ


੫੦੬ ੨੪

੫੦੭
੨੪

ਰਹੇ ਨਾ ਰਾਈਆ । ਧਰਮ ਦੀ ਧਾਰ ਬੀਜੀਆ ਬੀਅ, ਪੱਤ ਟਹਿਣੀ ਦਏ ਮਹਿਕਾਈਆ । ਗੁਰਦਾਸ ਦੀ ਆਸਾ ਪੂਰੀ ਕਰੇ ਵੀਹ ਇਕੀਹ, ਇੱਕੀਸ ਬੀਸ ਦਇਆ ਕਮਾਈਆ । ਜਨ ਭਗਤਾਂ ਬਣਾ ਕੇ ਆਪਣੇ ਪੁਤਰ ਧੀ, ਧਿਆਨ ਨਾਲ ਵੇਖੇ ਥਾਉਂ ਥਾਂਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਦਇਆ ਕਮਾਈਆ । ਜਨ ਭਗਤ ਕਹਿਣ ਧਰਨੀਏ ਅਸੀਂ ਇਕੋ ਮੰਗਦੇ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਸਾਨੂੰ ਸਦਾ ਬਖ਼ਸ਼ਣਾ ਸੰਗ, ਸਗਲਾ ਸੰਗ ਨਿਭਾਈਆ । ਗ਼ਰੀਬ ਨਿਮਾਣਿਆਂ ਲਾਉਣਾ ਅੰਗ, ਅੰਗੀਕਾਰ ਤੇਰੀ ਵਡਿਆਈਆ । ਤੇਰੇ ਪਿਆਰ ਦੀ ਰਹੇ ਨਾ ਭੁਖ ਨੰਗ, ਤ੍ਰਿਸ਼ਨਾ ਮਮਤਾ ਦੇਣੀ ਚੁਕਾਈਆ । ਤੇਰਾ ਸਚ ਦੁਆਰ ਜਾਈਏ ਲੰਘ, ਅਗੇ ਹੋ ਨਾ ਕੋਇ ਅਟਕਾਈਆ । ਸਾਡੀ ਸੇਜ ਸੁਹਾਉਣੀ ਸਤਿ ਸਰੂਪ ਪਲੰਘ, ਸ਼ਬਦ ਸਿੰਘਾਸਣ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਦਰ ਇਕ ਸੁਹਾਈਆ । ਧਰਨੀ ਕਹੇ ਜਨ ਭਗਤੋਂ ਤੁਹਾਡਾ ਸੋਹਣਾ ਜੁੜਿਆ ਜੋੜ, ਜੋੜੀ ਹਰਿ ਜਗਦੀਸ਼ ਬਣਾਈਆ । ਸਭ ਨੇ ਚੜ੍ਹਨਾ ਸ਼ਬਦੀ ਘੋੜ, ਰਾਸਾਂ ਆਪਣੇ ਹੱਥ ਉਠਾਈਆ । ਮਨ ਦੀਨ ਦੁਨੀ ਨਾਲੋਂ ਲੈਣਾ ਮੋੜ, ਸਤਿਗੁਰ ਚਰਨ ਚਰਨ ਟਿਕਾਈਆ । ਕੂੜ ਵਾਸ਼ਨਾ ਨਾਲੋਂ ਲੈਣਾ ਹੋੜ, ਹੋੜਾ ਸੱਸੇ ਵਾਲਾ ਦਏ ਗਵਾਹੀਆ । ਸਚ ਦੁਆਰ ਪਹੁੰਚਣਾ ਦੌੜ, ਪਿਛਲਾ ਪੰਧ ਮੁਕਾਈਆ । ਤੁਹਾਡੀ ਇਕੋ ਮੰਜ਼ਲ ਇਕੋ ਪੌੜ, ਪੌੜੀ ਡੰਡਾ ਵੰਡ ਨਾ ਕੋਇ ਵੰਡਾਈਆ । ਘਰ ਸੁਆਮੀ ਮਿਲਿਆ ਬ੍ਰਾਹਮਣ ਗੌੜ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਬੇਸ਼ਕ ਪ੍ਰਭੂ ਦਾ ਮਾਰਗ ਬੜਾ ਸੌੜ, ਤੁਸਾਂ ਭੱਜਣਾ ਵਾਹੋ ਦਾਹੀਆ । ਤੁਹਾਡੇ ਹੋਵਣ ਭਾਗ ਮਥੋਰ, ਮਿਥਨ ਦਿਸੇ ਜਗਤ ਲੋਕਾਈਆ । ਤੁਸੀਂ ਇਥੇ ਹੋਰ ਤੇ ਅਗੇ ਬਣਨਾ ਹੋਰ, ਹੋਰ ਦਾ ਹੋਰ ਰੂਪ ਬਦਲਾਈਆ । ਤੁਹਾਡਾ ਅੰਧੇਰਾ ਮੁਕੇ ਘੋਰ, ਅੰਧਘੋਰ ਨਜ਼ਰ ਕੋਇ ਨਾ ਆਈਆ । ਤੁਸਾਂ ਆਪਣੀ ਵਸਤ ਮੰਗਣੀ ਨਾਲ ਜ਼ੋਰ, ਹਕ ਆਪਣਾ ਲੈਣਾ ਚਾਈਂ ਚਾਈਂਆ । ਖ਼ੁਸ਼ੀ ਵਿਚ ਖ਼ੁਸ਼ੀ ਪਾਉਣਾ ਸ਼ੋਰ, ਛੋਹਰ ਬਾਂਕੇ ਨਾਲ ਮਿਲਕੇ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਜਨ ਭਗਤੋ ਸਭ ਦਾ ਵੱਡਾ ਵੱਡਾ ਭਾਗ, ਭਾਗ ਮੇਰਾ ਨਾਲ ਮਿਲਾਈਆ । ਬੇਨੰਤੀ ਕਰੀਏ ਪ੍ਰਭੂ ਏਸ ਘਰ ਵਿਚ ਜਗਾ ਦੇ ਚਰਾਗ਼, ਮਿਹਰਵਾਨ ਮਿਹਰ ਮਿਹਰ ਨਜ਼ਰ ਉਠਾਈਆ । ਦੋ ਬੱਚਿਆਂ ਦੀ ਖ਼ੁਸ਼ੀ ਨਾਲ ਦੇ ਦੇ ਦਾਦ, ਤੇਰੇ ਹੱਥ ਤੇਰੀ ਬੇਪਰਵਾਹੀਆ । ਸਦਾ ਸਦਾ ਸਦਾ ਸਦ ਰਖਣਾ ਯਾਦ, ਸਿਰ ਸਿਰ ਆਪਣਾ ਹੱਥ ਟਿਕਾਈਆ । ਤੂੰ ਮਾਲਕ ਜੁਗਾਦਿ ਆਦਿ, ਜੁਗ ਚੌਕੜੀ ਤੇਰੀ ਰੀਤੀ ਚਲੀ ਆਈਆ । ਅਸੀਂ ਭਗਤ ਸੁਹੇਲੇ ਤੇਰਾ ਖ਼ੁਸ਼ੀ ਸੁਣੀਏ ਨਾਦ, ਢੋਲਾ ਸੋਹਲਾ ਦੇਣਾ ਦ੍ਰਿੜ੍ਹਾਈਆ । ਤੇਰੇ ਪਿਆਰ ਵਿਚ ਹੋਈਏ ਵਿਸਮਾਦ, ਵਿਸਮਾਦੀ ਤੇਰਾ ਰੂਪ ਨਜ਼ਰੀ ਆਈਆ । ਜਗਤ ਸ਼ਰਅ ਤੋਂ ਕਰ ਆਜ਼ਾਦ, ਜ਼ੰਜੀਰ ਰਹਿਣ ਕੋਇ ਨਾ ਪਾਈਆ । ਧੁਰ ਚਰਨਾਂ ਦੀ ਦੇ ਇਮਦਾਦ, ਸ਼ਰਨ ਬਖ਼ਸ਼ ਅਗੰਮ ਸਰਨਾਈਆ । ਤੂੰ ਮਾਲਕ ਇਕੋ ਵਾਹਿਦ, ਵਾਹਿਦੇ ਸਭ ਦੇ ਪੂਰ ਕਰਾਈਆ । ਜਿਨ੍ਹਾਂ ਦਾ ਲੇਖਾ ਉਹ ਜਿਨ੍ਹਾਂ ਦਾ ਲਹਿਣਾ ਤੇਗ਼ ਬਹਾਦਰ ਦੇ ਨਾਲ ਜਲਾਦ, ਜਲਦੀ ਜਲਦੀ ਲੈਣਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੁਕਮ ਦਾ ਹੁਕਮ ਹੋਏ ਸਮਾਜ, ਦੂਜੀ ਸ਼ਰਅ ਰਹਿਣ ਕੋਇ ਨਾ ਪਾਈਆ ।

✪ ੨੬ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਰੁੜਕਾ ਗੁਰਮੇਜ਼ ਸਿੰਘ ਦੇ ਗ੍ਰਹਿ ਜ਼ਿਲਾ ਜਲੰਧਰ ਦੁਆਬਾ ਸੰਗਤ ਨਵਿਤ ✪

ਧਰਨੀ ਕਹੇ ਪ੍ਰਭੂ ਨਵ ਸੱਤ ਤੇਰਾ ਸੁਣਾਂ ਜੈਕਾਰਾ, ਜੈ ਜੈਕਾਰ ਕਰੇ ਖ਼ਲਕ ਖ਼ੁਦਾਈਆ । ਮੇਰਾ ਪੂਰਬਲਾ ਦੇ ਉਧਾਰਾ, ਲੇਖਾ ਲੇਖਿਆਂ ਵਿਚੋਂ ਝੋਲੀ ਪਾਈਆ । ਤੂੰ ਨਿਰਗੁਣ ਧਾਰ ਸ਼ਾਹੋ ਭੂਪ ਸਿਕਦਾਰਾ, ਸ਼ਹਿਨਸ਼ਾਹ ਅਗੰਮ ਅਥਾਹੀਆ । ਮੈਂ ਡੰਡਾਵਤ ਬੰਦਨਾ ਕਰਾਂ ਨਿਮਸਕਾਰਾ, ਨਿਵ ਨਿਵ ਲਾਗਾਂ ਪਾਈਆ । ਤੂੰ ਮਿਹਰਵਾਨ ਮਿਹਰਵਾਨ ਜੋਤੀ ਜਾਤਾ ਚੌਵੀਆਂ ਅਵਤਾਰਾ, ਅਵਤਰੀ ਤੇਰੇ ਹੱਥ ਵਡਿਆਈਆ । ਕਲਜੁਗ ਕੂੜੀ ਕਿਰਿਆ ਮੇਰਾ ਪਸਾਰਾ, ਪੱਛਮ ਦੱਖਣ ਉੱਤਰ ਪੂਰਬ ਰਹਿਣ ਨਾ ਪਾਈਆ । ਮੈਨੂੰ ਦੇਣਾ ਅਗੰਮ ਸਹਾਰਾ, ਸਿਰ ਮੇਰੇ ਹੱਥ ਟਿਕਾਈਆ । ਜੋਤੀ ਜਾਤੇ ਪੁਰਖ ਬਿਧਾਤੇ ਤੇਰਾ ਲਹਿਣਾ ਦੇਣਾ ਅੰਤਮ ਵਾਰਾ, ਵਾਰਸ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਨਵ ਸੱਤ ਤੇਰੇ ਨਾਮ ਦਾ ਹੋਏ ਡੰਕਾ, ਡੌਰੂ ਸਤਿਗੁਰ ਸ਼ਬਦ ਸ਼ਬਦ ਸ਼ਨਵਾਈਆ । ਮੇਰਾ ਨਵ ਸੱਤ ਸੁਹਾ ਦੇ ਬੰਕਾ, ਗ੍ਰਹਿ ਮੰਦਰ ਵਜਦੀ ਰਹੇ ਵਧਾਈਆ । ਪ੍ਰੀਤਮ ਪਿਆਰਾ ਬਣ ਜਾ ਆਪਣੇ ਜਨ ਕਾ, ਜਨ ਭਗਤਾਂ ਬਣ ਜਣੇਂਦੀ ਮਾਈਆ । ਲਹਿਣਾ ਦੇਣਾ ਪੂਰਾ ਕਰ ਦੇ ਤਨ ਕਾਇਆ ਮਾਟੀ ਤਨ ਕਾ, ਤਤਵ ਤਤ ਆਪਣਾ ਰੰਗ ਵਖਾਈਆ । ਸਤਿ ਪਰਕਾਸ਼ ਦੇ ਦੇ ਨੂਰੀ ਚੰਨ ਕਾ, ਚੰਦ ਚਾਂਦਨਾ ਡਗਮਗਾਈਆ । ਝਗੜਾ ਮੇਟ ਦੇ ਦੂਈ ਦੁਵੈਤੀ ਮਨ ਕਾ, ਮਨਸਾ ਮੋਹ ਵਿਕਾਰ ਚੁਕਾਈਆ । ਲਾਲਚ ਰਹਿਣ ਨਹੀਂ ਦੇਣਾ ਕੂੜੇ ਧਨ ਕਾ, ਧਰਮ ਦੀ ਧਾਰ ਦੇਣੀ ਪਰਗਟਾਈਆ । ਭੇਵ ਖੁਲ੍ਹਾਉਣਾ ਆਪਣੇ ਬ੍ਰਹਮ ਕਾ, ਪਾਰਬ੍ਰਹਮ ਆਪਣਾ ਹੁਕਮ ਵਰਤਾਈਆ । ਨਿਸ਼ਾਨਾ ਗੱਡ ਦੇ ਸਚ ਧਰਮ ਕਾ, ਧਰਨੀ ਧਰਤ ਧਵਲ ਧੌਲ ਮੇਰੀ ਅੰਤ ਦੁਹਾਈਆ । ਝਗੜਾ ਮੇਟ ਦੇ ਕਾਇਆ ਮਾਟੀ ਚਰਮ ਕਾ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਸਹਾਰਾ ਬਖ਼ਸ਼ ਦੇ ਆਪਣੀ ਸਰਨ ਕਾ, ਸਤਿ ਸਤਿਵਾਦੀ ਦਇਆ ਕਮਾਈਆ । ਨੇਤਰ ਖੋਲ੍ਹ ਦੇ ਹਰਨ ਫਰਨ ਕਾ, ਨਿਜ ਲੋਚਨ ਡਗਮਗਾਈਆ । ਪੈਂਡਾ ਮੁਕਾ ਦੇ ਮੰਜ਼ਲ ਚੜ੍ਹਨ ਕਾ, ਪਾਂਧੀ ਪੰਧ ਰਹੇ ਨਾ ਰਾਈਆ । ਭੇਵ ਖੁਲ੍ਹਾ ਦੇ ਆਤਮ ਪਰਮਾਤਮ ਢੋਲਾ ਪੜ੍ਹਨ ਕਾ, ਜਗਤ ਵਿਦਿਆ ਨਾ ਕੋਇ ਵਡਿਆਈਆ । ਤੂੰ ਮਾਲਕ ਸੁਆਮੀ ਘਾੜਨ ਘੜਨ ਕਾ, ਭੰਨਣਹਾਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੈਨੂੰ ਕਰ ਦੇ ਪਤਿਤ ਪੁਨੀਤ, ਪਤਿਤ ਪਾਵਨ ਤੇਰੇ ਹੱਥ ਵਡਿਆਈਆ । ਮੈਂ ਇਕੋ ਗਾਵਾਂ ਤੇਰਾ ਗੀਤ, ਗੋਬਿੰਦ ਢੋਲਾ ਸਹਿਜ ਸੁਭਾਈਆ । ਮੇਰੇ ਉਤੇ ਮਾਨਸ ਜ਼ਾਤੀ ਬਦਲ ਦੇ ਨੀਤ, ਨੀਤੀਵਾਨ ਤੇਰੀ ਓਟ ਤਕਾਈਆ । ਇਕੋ ਰੰਗ ਰੰਗਾ ਦੇ ਹਸਤ ਕੀਟ, ਊਚਾਂ ਨੀਚਾਂ ਡੇਰਾ ਢਾਹੀਆ । ਵੇਖੀਂ ਸੌਂ ਨਾ ਰਹਿਣਾ ਦੇ ਕਰ ਪੀਠ, ਕਰਵਟ ਆਪਣੀ ਲੈਣੀ ਬਦਲਾਈਆ । ਮੇਰੇ ਉਤੇ ਚਾੜ੍ਹਨਾ ਜਨ ਭਗਤਾਂ ਰੰਗ ਮਜੀਠ, ਏਥੇ ਉਥੇ ਦੋ ਜਹਾਨ ਉਤਰ ਕਦੇ ਨਾ ਜਾਈਆ । ਆਪਣਾ ਧਾਮ ਅਵਲੜਾ ਦੱਸ ਅਨਡੀਠ, ਨਿਜ ਲੋਚਨ ਲੋਚਨ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਮੇਰੀ ਤੇਰੇ ਚਰਨ ਦੁਹਾਈ, ਦੋਹੱਥੜ ਮਾਰ ਸੀਨੇ ਦਿਆਂ ਜਣਾਈਆ । ਨਿਗਾਹ ਮਾਰ ਲੈ ਮੇਰੇ ਗੁਸਾਈਂ, ਗਹਿਰ ਗੰਭੀਰ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਤਕ ਲੈ ਸ਼ਾਹੀ, ਸ਼ਹਿਨਸ਼ਾਹੀ ਆਪਣਾ ਪੜਦਾ ਲਾਹੀਆ ।

ਧਰਮ ਦਾ ਰਿਹਾ ਕੋਈ ਨਾ ਰਾਹੀ, ਰਹਿਬਰ ਸੰਗ ਨਾ ਕੋਇ ਨਿਭਾਈਆ । ਤੇਰਾ ਹਿੰਦਸਾ ਸਮਝੇ ਨਾ ਕੋਇ ਇਕਾਈ, ਏਕੰਕਾਰੇ ਜ਼ੀਰੋ ਰੂਪ ਨਾ ਕੋਇ ਬਦਲਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਮੈਂ ਮਿੰਨਤਾਂ ਕਰਦੀ ਮੇਰੇ ਉਤੇ ਝਗੜਾ ਹੋਣਾ ਤੇ ਹੋਣਾ ਵਿਚ ਜੁਲਾਈ, ਜੁਲਾਹਾ ਕਬੀਰ ਜਿਸ ਦੀ ਸ਼ਹਾਦਤ ਦਏ ਭੁਗਤਾਈਆ । ਕੀ ਸੰਦੇਸ਼ਾ ਦੇਂਦੀ ਅਗੰਮੀ ਏ ਮਾਈ, ਵਿਸ਼ਨ ਬ੍ਰਹਮਾ ਸ਼ਿਵ ਚੇਲਿਆਂ ਨਾਲ ਮਿਲਾਈਆ । ਹੁਕਮ ਵਰਤਣਾ ਤੇਰਾ ਥਲ ਅਸਗਾਹੀ, ਗਹਿਰ ਗੰਭੀਰ ਬੇਨਜ਼ੀਰ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਭੇਵ ਖੁਲ੍ਹਾਈਆ । ਧਰਨੀ ਕਹੇ ਪ੍ਰਭੂ ਆਪਣਾ ਭੇਵ ਖੋਲ੍ਹ ਦੇ ਜਗ, ਜਗ ਜੀਵਣ ਦਾਤੇ ਦਇਆ ਕਮਾਈਆ । ਮੈਂ ਤੇਰੀ ਸਰਨ ਸਰਨਾਈ ਗਈ ਲੱਗ, ਲਗ ਮਾਤਰ ਡੇਰਾ ਢਾਹੀਆ । ਤੈਥੋਂ ਕਦੇ ਨਾ ਹੋਵਾਂ ਅਲਗ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਮੇਰੇ ਮਾਲਕ ਖ਼ਾਲਕ ਕਵਣ ਵੇਲਾ ਮੇਰੇ ਸੀਨੇ ਲੱਗੀ ਅੱਗ, ਅਗਨੀ ਸਕੇ ਨਾ ਕੋਇ ਬੁਝਾਈਆ । ਕੀ ਲੇਖਾ ਹੋਵੇ ਹੰਸ ਬੁੱਧੀ ਕਗ, ਮਾਨਵ ਮਾਨਸ ਰੂਪ ਬਦਲਾਈਆ । ਕਗ ਧਾਰ ਦਿਸਣ ਬਪੜੇ ਬਗ, ਹੰਸ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਆਸਾ ਮਨਸਾ ਪੂਰੀ ਕਰਨੀ ਝਬ, ਝਲਕ ਪਲਕ ਆਪਣੀ ਦੇਣੀ ਵਖਾਈਆ ।



੨੪ ੨੪

## ੨੭ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਵਿਦੇਸ਼ ਟੂਰ ਤੋਂ ਵਾਪਸ ਪੁੱਜਣ ਤੇ

ਵਿਸਾਖ ਕਹੇ ਮੇਰਾ ਪਰਵਿਸ਼ਟਾ ਸਤਾਈ, ਸਤਾਈ ਚੱਕ ਦਾ ਲੇਖਾ ਦਿਆਂ ਸਮਝਾਈਆ । ਕੀ ਖੇਲ ਕੀਤਾ ਮੇਰੇ ਬੇਪਰਵਾਹੀ, ਬੇਪਰਵਾਹ ਆਪਣੀ ਕਾਰ ਭੁਗਤਾਈਆ । ਸ਼ੇਰ ਸਿੰਘ ਸ਼ੇਰ ਤਨ ਵਜੂਦ ਵਿਚੋਂ ਲੈ ਅੰਗੜਾਈ, ਆਪ ਆਪਣਾ ਰੂਪ ਬਦਲਾਈਆ । ਜੋਤ ਨੂਰ ਹੋ ਕੇ ਦੋ ਜਹਾਨ ਤਕਿਆ ਚਾਈਂ ਚਾਈਂ, ਚਾਰੇ ਕੁੰਟ ਵੇਖ ਵਖਾਈਆ । ਫੇਰ ਨਿਗਾਹ ਮਾਰੀ ਚਾਰ ਜੁਗ ਦੇ ਤਕੇ ਰਾਹੀ, ਅਵਤਾਰ ਪੈਗ਼ੰਬਰ ਗੁਰ ਖੋਜ ਖੁਜਾਈਆ । ਫੇਰ ਖ਼ੁਸ਼ੀ ਕੀਤੀ ਸਭ ਨੂੰ ਆਪਣੇ ਅੰਤਰ ਲਿਆ ਬੁਲਾਈ, ਬਿਨ ਬੁੱਲਾਂ ਹੁਕਮ ਸੁਣਾਈਆ । ਅਵਤਾਰ ਪੈਗ਼ੰਬਰ ਗੁਰੂ ਪੰਧ ਮੁਕਾਉਣਾ ਥਾਈਂ ਥਾਈਂ, ਥਨੰਤਰ ਇਕੋ ਇਕ ਦਰਸਾਈਆ । ਆਪਣੀ ਕਥਾ ਕਹਾਣੀ ਦਿਉ ਸੁਣਾਈ, ਚਾਰ ਜੁਗ ਦਾ ਪੂਰਬ ਨਾਲ ਮਿਲਾਈਆ । ਨਾਲੇ ਮੇਰਾ ਨਾਮ ਕਲਮਾ ਤਕੋ ਜੋ ਕਾਇਨਾਤ ਆਏ ਗਾਈ, ਦੀਨ ਦੁਨੀ ਕਰ ਸ਼ਨਵਾਈਆ । ਮੇਰਾ ਸ਼ਬਦ ਸੰਦੇਸ਼ਾ ਦਿਉ ਸਮਝਾਈ, ਭੇਵ ਅਭੇਦ ਖੁਲ੍ਹਾਈਆ । ਫੇਰ ਪਰਦਾ ਲਉ ਉਠਾਈ, ਉਹਲਾ ਨਜ਼ਰ ਕੋਇ ਨਾ ਆਈਆ । ਦੀਨਾਂ ਮਜ਼੍ਹਬਾਂ ਤਕੋ ਜਿੰਨ੍ਹਾਂ ਨਾਲ ਪ੍ਰੇਮ ਵਾਲੀ ਸਾਈ, ਸ਼ਹਾਦਤ ਸ਼ਰਅ ਨਾਲ ਰਖਾਈਆ । ਨਾਲੇ ਆਪਣੀ ਆਪਣੀ ਵਖਾਓ ਕਲਾਈ, ਸੱਜਾ ਹੱਥ ਲਉ ਉਠਾਈਆ । ਆਪਣਾ ਭਵਿਖਤ ਦਿਉ ਦ੍ਰਿੜਾਈ, ਉਹਲਾ ਉਹਲਿਆਂ ਵਿਚੋਂ ਚੁਕਾਈਆ । ਪੈਗ਼ੰਬਰੋ ਪੈਗ਼ਾਮ ਦੱਸੋ ਚਾਈਂ ਚਾਈਂ, ਜੋ ਸੁਣਾਇਆ ਧੁਰ ਦੇ ਮਾਹੀਆ । ਅਵਤਾਰੋ ਆਪਣਾ ਲੇਖਾ ਦਿਉ ਵਖਾਈ, ਬਿਨ ਅੱਖਰਾਂ ਅੱਖਰ ਦ੍ਰਿੜਾਈਆ ।

ਗੁਰੂ ਗੁਰਦੇਵ ਮੇਰਾ ਹੁਕਮ ਸੁਣੋ ਅਲਾਹੀ, ਹਕ ਹਕ਼ੀਕਤ ਵਿਚੋਂ ਪਰਗਟਾਈਆ । ਆਪਣੇ ਆਪਣੇ ਦੀਨਾਂ ਮਜ਼੍ਹਬਾਂ ਦੀ ਦਿਉ ਸਫ਼ਾਈ, ਸਫ਼ਾ ਦੀਨ ਦੁਨੀ ਵੇਖ ਵਖਾਈਆ । ਕਿਉਂ ਤੁਹਾਡੀ ਨਾਮ ਵਸਤ ਹੋਈ ਪਰਾਈ, ਪਰਾ ਪਸੰਤੀ ਮਧਮ ਬੈਖਰੀ ਭੇਵ ਨਾ ਕੋਇ ਖੁਲ੍ਹਾਈਆ । ਕੀ ਖੇਲ ਤਕੋ ਥਲ ਅਸਗਾਹੀ, ਟਿੱਲੇ ਪਰਬਤਾਂ ਖੋਜ ਖੁਜਾਈਆ । ਕਿਉਂ ਅੰਧੇਰਾ ਗਿਆ ਛਾਈ, ਸਾਚਾ ਚੰਨ ਨਾ ਕੋਇ ਚਮਕਾਈਆ । ਆਪਣੀ ਆਪਣੀ ਪੇਸ਼ੀਨਗੋਈ ਲਉ ਉਠਾਈ, ਬਿਨ ਹੱਥਾਂ ਹੱਥ ਉਠਾਈਆ । ਨੇਤਰ ਤਕੋ ਨੈਣ ਮਿਲਾਈ, ਉਹਲਾ ਉਹਲਿਆਂ ਵਿਚੋਂ ਚੁਕਾਈਆ । ਝਟ ਗੋਬਿੰਦ ਕਿਹਾ ਮੇਰਾ ਢਈਆ ਬੀਤਿਆ ਸਾਲ ਲੰਘ ਗਏ ਸੌ ਢਾਈ, ਪਾਂਧੀ ਪਿਛਲਾ ਪੰਧ ਮੁਕਾਈਆ । ਮੁਹੰਮਦ ਕਿਹਾ ਮੇਰੀ ਸਦੀ ਚੌਧਵੀਂ ਆਈ, ਚਾਰੋਂ ਕੁੰਟ ਵੇਖ ਵਖਾਈਆ । ਈਸਾ ਕਿਹਾ ਮੇਰੀ ਬੀਸਵੀਂ ਬੈਠੀ ਰੂਪ ਬਦਲਾਈ, ਪੜਦਾ ਨਜ਼ਰ ਕੋਇ ਨਾ ਆਈਆ । ਮੂਸਾ ਕਿਹਾ ਮੇਰੇ ਨੂਰ ਦੀ ਰਹੀ ਨਾ ਕੋਇ ਰੁਸ਼ਨਾਈ, ਚੰਦ ਚਾਂਦਨਾ ਚੰਦ ਨਾ ਕੋਇ ਰੁਸ਼ਨਾਈਆ । ਝਟ ਪੁਰਖ ਅਕਾਲ ਨੇ ਕਿਹਾ ਅਵਤਾਰੋ ਤੁਸੀਂ ਭੇਵ ਦਿਉ ਖੁਲਾਈ, ਰਾਮਾ ਕ੍ਰਿਸ਼ਨਾ ਲੈਣ ਅੰਗੜਾਈਆ । ਝਟ ਵੇਦ ਵਿਆਸਾ ਬੈਠਾ ਸੀਸ ਝੁਕਾਈ, ਨਿਵ ਨਿਵ ਲਾਗਾ ਪਾਈਆ । ਬਾਵਨ ਬੋਲਿਆ ਇਹ ਖੇਲ ਅਗੰਮ ਅਥਾਹੀ, ਕਥਨੀ ਕਹਿਣ ਕਿਛ ਨਾ ਪਾਈਆ । ਅਸੀਂ ਸਾਰੇ ਚਲਦੇ ਤੇਰੀ ਹੁਕਮ ਰਜ਼ਾਈ, ਰਾਜ਼ਕ ਰਿਜ਼ਕ ਰਹੀਮ ਤੇਰੇ ਹੱਥ ਵਡਿਆਈਆ । ਝਟ ਹੁਕਮ ਆਇਆ ਅਵਤਾਰ ਪੈਗ਼ੰਬਰ ਗੁਰੂ ਸਾਹਿਬਾਨੋ ਮੇਰੀ ਇਕ ਅਨੋਖੀ ਮਰਜ਼ੀ, ਮਜ਼ਾਕ ਵਿਚ ਨਾ ਕੋਇ ਜਣਾਈਆ । ਮੈਨੂੰ ਇਉਂ ਦਿਸਿਆ ਤੁਸੀਂ ਸਾਰੇ ਆਪਣੇ



ਦੀਨਾਂ ਮਜ਼੍ਹਬਾਂ ਦੇ ਗ਼ਰਜ਼ੀ, ਮਾਰਗ ਪੰਥ ਆਪਣੀ ਸਮਝੀ ਵਡਿਆਈਆ । ਕੁਛ ਮੈਨੂੰ ਆਪਣੇ ਬਿਨਾ ਹੱਥਾਂ ਤੋਂ ਲਿਖ ਕੇ ਦਿਉ ਅਰਜ਼ੀ, ਬਿਨ ਅੱਖਰਾਂ ਅੱਖਰ ਬਣਾਈਆ । ਸਾਰੇ ਬਿਆਨ ਦੇ ਦਿਉ ਅਸੀਂ ਤਤਾਂ ਵਾਲੇ ਗੁਰੂ ਫ਼ਰਜ਼ੀ, ਬਿਨ ਸਤਿਗੁਰ ਸ਼ਬਦ ਤੋਂ ਕਾਮਲ ਰਹਿਣ ਕੋਇ ਨਾ ਪਾਈਆ । ਨਾਲੇ ਕਹੋ ਪ੍ਰਭੂ ਸਾਡੀ ਪੰਜਾਂ ਤਤਾਂ ਵਾਲੀ ਤੇਰੀ ਬਖ਼ਸ਼ੀ ਹੋਈ ਵਰਦੀ, ਮਿੱਟੀ ਖ਼ਾਕ ਖ਼ਾਕ ਰੰਗ ਰੰਗਾਈਆ । ਜਿਸ ਵਿਚ ਖੇਲ ਚੋਟੀ ਜੜ੍ਹ ਦੀ, ਚੇਤਨ ਤੇਰੀ ਬੇਪਰਵਾਹੀਆ । ਤੇਰੀ ਸਿਖਿਆ ਸਾਖਿਆਤ ਪੜ੍ਹਦੀ, ਬਿਨ ਰਸਨਾ ਢੋਲੇ ਗਾਈਆ । ਝਟ ਪੁਰਖ ਅਕਾਲ ਕਿਹਾ ਮੇਰੀ ਖੇਲ ਨਰਾਇਣ ਨਰ ਦੀ, ਨਰ ਹਰਿ ਆਪਣਾ ਹੁਕਮ ਵਰਤਾਈਆ । ਤੁਹਾਡਾ ਕਿਹੜਾ ਕਿਹੜਾ ਦਰਦੀ, ਮੈਨੂੰ ਦਿਉ ਸਮਝਾਈਆ । ਕੀ ਧਾਰ ਸਚ ਸਰੋਵਰ ਸਰ ਦੀ, ਅੰਮ੍ਰਿਤ ਮੇਘ ਕੀ ਬਰਸਾਈਆ । ਕਵਣ ਤੁਹਾਡੇ ਪਿਆਰ ਵਿਚ ਸੁਵਾਣੀ ਤੁਹਾਡਾ ਪਾਣੀ ਭਰਦੀ, ਕੰਢੀ ਘਾਟ ਬੈਠੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਪੁਰਖ ਅਕਾਲ ਕਹੇ ਗੁਰ ਅਵਤਾਰ ਪੈਗ਼ੰਬਰੋ ਤੁਸਾਂ ਤਕੇ ਬੜੇ ਨਜ਼ਾਰੇ, ਨਜ਼ਰੀਆ ਸਮਝ ਕੋਇ ਨਾ ਪਾਈਆ । ਤੁਸਾਂ ਮਜ਼੍ਹਬਾਂ ਦੇ ਖੋਲ੍ਹੇ ਹਟ ਬਾਜ਼ਾਰੇ, ਸੌਦਾ ਮੇਰਾ ਨਾਮ ਵਿਕਾਈਆ । ਸ਼ਰਅ ਦੇ ਵਖ ਵਖ ਲਗਾਏ ਨਾਅਰੇ, ਨਰ ਹਰਿ ਨਰਾਇਣ ਦ੍ਰਿੜਾਈਆ । ਰਸਨਾ ਜਿਹਵਾ ਬੋਲ ਜੈਕਾਰੇ, ਜੈ ਜੈਕਾਰ ਦਿਤੀ ਸੁਣਾਈਆ । ਮੇਰੇ ਹੁਕਮ ਦੇ ਬਣੇ ਬਣਜਾਰੇ, ਹੁਕਮ ਹੁਕਮੇ ਹੁਕਮ ਮਨਾਈਆ । ਹੁਣ ਤੁਸੀਂ ਸਾਰੇ ਆਪਣਾ ਭਵਿਖਤ ਲਓ ਵਿਚਾਰੇ, ਵਿਚਰਕੇ ਦਿਉ ਜਣਾਈਆ । ਨਾਲੇ ਆਪਣਾ ਲੇਖਾ ਤਕੋ ਬੈਠਾ ਕਿਹੜੇ ਕਿਨਾਰੇ, ਕੰਢੀ ਘਾਟ ਸੋਭਾ ਪਾਈਆ । ਸਭ ਨੇ ਇਕੋ ਵਾਰ ਕੀਤੀ ਨਿਮਸਕਾਰੇ, ਡੰਡਾਵਤ ਵਿਚ ਸੀਸ ਝੁਕਾਈਆ । ਚਰਨ ਧੂੜੀ ਲਾਈ ਛਾਰੇ, ਮਸਤਕ ਟਿੱਕੇ ਖ਼ਾਕ ਰਮਾਈਆ । ਪ੍ਰਭੂ ਅਸੀਂ ਤੇਰੇ ਦੁਲਾਰੇ, ਦੂਲ੍ਹੇ ਦੋ ਜਹਾਨ ਦੇਣੀ ਵਡਿਆਈਆ । ਝਟ

ਸਤਿਗੁਰ ਸ਼ਬਦ ਕਿਹਾ ਮੇਰਾ ਹੁਕਮ ਸੁਣੋ ਇਕ ਕਰਾਰੇ, ਇਕਰਾਰ ਕਰਕੇ ਦਿਆਂ ਸੁਣਾਈਆ । ਅਵਤਾਰ ਪੈਗ਼ੰਬਰੋ ਗੁਰੂਓ ਜੇ ਸਚ ਪੁਛੋ ਤੁਸੀਂ ਮੇਰੇ ਪ੍ਰਭੂ ਦੇ ਲੋਕਮਾਤ ਦੇ ਮੁਜ਼ਾਰੇ, ਮਜ਼੍ਹਬਾਂ ਦਾ ਵਾਰਸ ਨਜ਼ਰ ਕੋਇ ਨਾ ਆਈਆ । ਤੁਹਾਨੂੰ ਪਤਾ ਨਹੀਂ ਕਿਤਨੇ ਜੁਗ ਲੰਘ ਗਏ ਵਿਚ ਸੰਸਾਰੇ, ਸੰਸਾਰੀ ਭੰਡਾਰੀ ਸੰਘਾਰੀ ਕੇਤੇ ਪੰਧ ਮੁਕਾਈਆ । ਆਓ ਮੈਂ ਤੁਹਾਨੂੰ ਦੱਸਾਂ ਇਕ ਅਗੰਮ ਇਸ਼ਾਰੇ, ਬਿਨ ਸੈਨਤ ਸੈਨਤ ਸਮਝਾਈਆ । ਤੁਸੀਂ ਸਾਰੇ ਇਕੱਠੇ ਹੋ ਕੇ ਆਪਣਾ ਬਲ ਲਓ ਧਾਰੇ, ਸਵਾਧਾਨ ਲਓ ਕਰਾਈਆ । ਤੁਸੀਂ ਅਵਤਾਰ ਪੈਗ਼ੰਬਰ ਗੁਰੂ ਜਥੇ ਬਣਾਓ ਭਾਰੇ, ਹਜੂਮ ਆਪਣਾ ਦਿਓ ਵਖਾਈਆ । ਨਾਲੇ ਖੰਡੇ ਖੜਗਾਂ ਖਿਚੋ ਤੀਰ ਕਮਾਨ ਲਉ ਉਭਾਰੇ, ਸ਼ਸਤਰ ਹੱਥਾਂ ਵਿਚ ਉਠਾਈਆ । ਪੁਰਖ ਅਕਾਲ ਨੂੰ ਕਹੋ ਅਸੀਂ ਜੰਗਜੂ ਬਹਾਦਰ ਯੋਧੇ ਬੜੇ ਕਰਾਰੇ, ਸੂਰਬੀਰ ਬੀਰ ਅਖਵਾਈਆ । ਫੇਰ ਹੁਕਮ ਸੁਣੋ ਨਿਰੰਕਾਰੇ, ਕੀ ਕਰਤਾ ਦਏ ਦ੍ਰਿੜਾਈਆ । ਝਟ ਸਭ ਨੇ ਕਿਹਾ ਸਤਿਗੁਰ ਸ਼ਬਦ ਅਸਾਂ ਖੇਲ ਕੀਤੇ ਅਪਾਰੇ, ਅਪਰੰਪਰ ਸੁਆਮੀ ਨਾਲ ਮਿਲ ਕੇ ਖੇਲ ਖਿਲਾਈਆ । ਹੁਣ ਸੰਦੇਸ਼ਾ ਦੇਈਏ ਇਕੋ ਵਾਰੇ, ਏਕੰਕਾਰ ਕਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਪੁਰਖ ਅਕਾਲ ਕਿਹਾ ਗੁਰ ਅਵਤਾਰ ਪੈਗ਼ੰਬਰੋ ਤੁਸੀਂ ਬੜੇ ਸੂਰਬੀਰ, ਸੂਰਮਿਓ ਤੁਹਾਨੂੰ ਦਿਆਂ ਸਮਝਾਈਆ । ਤੁਸਾਂ ਮੇਰੇ ਨਾਮ ਦੇ ਨਾਮ ਨਾਲ ਝਗੜਾ ਕੀਤਾ ਤੇ ਖਿੱਚੇ ਕਮਾਨਾਂ ਤੀਰ, ਜਗਤ ਨਿਸ਼ਾਨੇ ਗਏ ਬਣਾਈਆ । ਚਾਰੋਂ ਕੁੰਟ ਘਤਦੇ ਰਹੇ ਵਹੀਰ, ਭੱਜੇ ਵਾਹੋ ਦਾਹੀਆ । ਤੁਹਾਨੂੰ ਪਤਾ ਨਹੀਂ ਮੈਂ ਅਛਲ ਅਛੱਲ ਅੱਖਾਂ ਤੋਂ ਪਰੇ ਵਸਣਵਾਲਾ ਬੇਨਜ਼ੀਰ, ਨਜ਼ਰ ਕਿਸੇ ਨਾ ਆਈਆ । ਤੁਸੀਂ ਮੇਰੀ ਮਹਿੰਮਾ ਕਰ ਸਕੇ ਖਿੱਚ ਨਹੀਂ ਸਕੇ ਤਸਵੀਰ, ਮੇਰਾ ਰੂਪ ਬਾਹਰ ਨਾ ਕੋਇ ਸਮਝਾਈਆ । ਪਰ ਮੈਂ ਬੜਾ ਸ਼ਰਾਰਤੀ ਲਿਖਾਵਣਹਾਰ ਅਬਾਰਤੀ ਨਾਮ ਕਲਮੇ ਦਾ ਤਜਾਰਤੀ ਤੁਹਾਨੂੰ ਖਿੱਚ ਕੇ ਵਿਚ ਜ਼ੰਜੀਰ, ਕੜੀ ਨਾਮ ਕਲਮੇ ਵਾਲੀ ਦਿਤੀ ਲਗਾਈਆ । ਤੁਹਾਥੋਂ ਸ਼ਾਸਤਰਾਂ ਬੰਧਾਈ ਬੀੜ, ਅੱਖਰ ਅੱਖਰਾਂ ਨਾਲ ਮਿਲਾਈਆ । ਮੈਂ ਇਕ ਬਚਨ ਪੁਛਣਾ ਅਖ਼ੀਰ, ਆਖ਼ਰ ਦਿਆਂ ਸੁਣਾਈਆ । ਅਵਤਾਰੋ ਪੈਗ਼ੰਬਰੋ ਗੁਰੂਓ ਆਪਣਿਆਂ ਦੀਨਾਂ ਮਜ਼੍ਹਬਾਂ ਵਿਚੋਂ ਮੈਨੂੰ ਉਹ ਦਿਉ ਜੋ ਤੁਹਾਡਾ ਸਾਰਿਆਂ ਦਾ ਹੋਵੇ ਵੀਰ, ਨਾਮ ਕਲਮੇ ਤੋਂ ਬਾਹਰ ਤੁਹਾਡੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰੂ ਸਾਹਿਬਾਨੋ ਤੁਹਾਡੇ ਵੱਡੇ ਵੱਡੇ ਵੱਡੇ ਸਿੱਖ ਮੁਰੀਦ, ਮੁਰਸ਼ਦੋ ਮੁਰਸ਼ਦੋ ਮੁਰਸ਼ਦੋ ਤੁਹਾਨੂੰ ਦਿਆਂ ਸੁਣਾਈਆ । ਬਿਨਾ ਅੱਖਾਂ ਤੋਂ ਮੇਰੇ ਵੱਲ ਸਾਰੇ ਕਰੋ ਦੀਦ, ਬਿਨ ਨੈਣਾਂ ਨੈਣ ਨੈਣ ਨੈਣ ਮਿਲਾਈਆ । ਉਨ੍ਹਾਂ ਵੱਲ ਵੇਖੋ ਜਿਹੜੇ ਤੁਹਾਡੇ ਪਿਆਰ ਵਿਚ ਹੋਏ ਸ਼ਹੀਦ, ਸ਼ਹਾਦਤ ਜਗਤ ਤਤਾਂ ਵਾਲੀ ਭੁਗਤਾਈਆ । ਫੇਰ ਖ਼ੁਸ਼ੀ ਵਿਚ ਸਾਰੇ ਖੋਲ੍ਹ ਲਓ ਆਪਣੀ ਨੀਂਦ, ਆਲਸ ਨਿੰਦਰਾ ਰਹਿਣ ਕੋਇ ਨਾ ਪਾਈਆ । ਫੇਰ ਹੁਲਾਰਾ ਲੈਣਾ ਉਸ ਅਗੰਮੀ ਪੀਂਘ, ਜੋ ਝੂਲਾ ਦੋ ਜਹਾਨਾਂ ਬਾਹਰ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਾਈ ਵਿਸਾਖ ਕਹੇ ਮੈਂ ਵੀ ਉਸ ਦਿਨ ਮੂਲ ਨਾ ਸੁੱਤਾ, ਸੁੱਤਿਆਂ ਦਿਆਂ ਜਣਾਈਆ । ਕਿਸੇ ਨੂੰ ਪਤਾ ਨਹੀਂ ਉਹ ਕਿਹੜੀ ਘੜੀ ਕਿਹੜਾ ਪਲ ਕਿਹੜੀ ਰੁਤਾ, ਕਵਣ ਕਵਣ ਕਵਣ ਰਿਹਾ ਮਹਿਕਾਈਆ । ਫੇਰ ਮੈਨੂੰ ਹਲੂਣਾ ਦਿਤਾ ਸਤਿਗੁਰ ਸ਼ਬਦ ਕਿਹਾ ਵੇਖ ਖੇਲ ਅਬਿਨਾਸ਼ੀ ਅਚੁਤਾ, ਚਾਰੋਂ ਕੁੰਟ ਧਿਆਨ ਲਗਾਈਆ । ਜਿਸ ਅਵਤਾਰ ਪੈਗ਼ੰਬਰਾਂ ਗੁਰੂਆਂ ਬਿਨਾ ਅੱਖਰਾਂ ਦਿਤਾ ਰੁੱਕਾ, ਲੇਖ

ਨਜ਼ਰ ਕੋਇ ਨਾ ਆਈਆ । ਨਾਲੇ ਹੁਕਮ ਸੰਦੇਸ਼ਾ ਪੱਕਾ ਦਿਤਾ ਸੁੱਕਾ, ਕ਼ਲਮ ਸ਼ਾਹੀ ਸ਼ਾਹੀ ਕ਼ਲਮ ਨਾ ਕੋਇ ਛੁਹਾਈਆ । ਨਾਲੇ ਫੜ ਕੇ ਹਲੂਣਿਆਂ ਗੁੱਟਾ, ਝੰਜੋੜ ਕੇ ਦਿਤਾ ਵਖਾਈਆ । ਮੇਰੇ ਅਵਤਾਰੋ ਪੈਗ਼ੰਬਰੋ ਗੁਰੂ ਸਾਹਿਬਾਨੋ ਮੈਨੂੰ ਉਹ ਸਿੱਖ ਮੁਰੀਦ ਵਖਾਓ ਜਿਹੜਾ ਤੁਹਾਡੇ ਨਾਲੋਂ ਨਹੀਂ ਟੁੱਟਾ, ਵਿਛੋੜੇ ਵਿਚ ਘੜੀ ਪਲ ਵਿਛੜ ਕਦੇ ਨਾ ਜਾਈਆ । ਜਿਹੜਾ ਏਥੇ ਓਥੇ ਮੰਦਰ ਅੰਦਰ ਪਿਆਰ ਦੀਦਾਰ ਵਿਚ ਕਦੇ ਨਹੀਂ ਰੁਠਾ, ਮੁਖ ਮੁਖ ਨਾ ਕਦੇ ਬਦਲਾਈਆ । ਨਾਲੇ ਹਲੂਣਿਆਂ ਵੇਖੇ ਚਾਰੇ ਗੁੱਠਾ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਫੇਰ ਹੱਥ ਖੋਲ੍ਹੋ ਫੇਰ ਮੀਟੋ ਮੁੱਠਾਂ, ਘੁੱਟ ਘੁੱਟ ਕੇ ਉਂਗਲੀਆਂ ਲਓ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਪੁਰਖ ਅਕਾਲ ਕਿਹਾ ਗੁਰ ਅਵਤਾਰ ਪੈਗ਼ੰਬਰੋ ਵੇਖੋ ਵਿਸਾਖ ਮਹੀਨਾ ਤੇ ਦਿਵਸ ਸਤਾਈ, ਸਤ੍ਰਾ ਬਲੰਦੀ ਦੋ ਜਹਾਨ ਨਾ ਕੋਇ ਰਖਾਈਆ । ਪਹਿਲੋਂ ਇਹ ਦੱਸੋ ਤੁਸੀਂ ਹਿੰਦਸਾ ਇਕ ਦੋ ਕਿ ਇਕਾਈ, ਕਵਣ ਵੰਡ ਵੰਡਾਈਆ । ਜੇ ਮੇਰਾ ਭੇਵ ਸਮਝ ਗਏ ਉਠਾ ਲਓ ਦੋਵੇਂ ਬਾਂਹੀ, ਭੁਜਾ ਭੁਜਾ ਨਾਲ ਮਿਲਾਈਆ । ਨਾਲੇ ਹੋਕਾ ਦਿਉ ਮੇਰੇ ਮਾਲਕ ਖ਼ੁਦਾ ਧੁਰ ਦੇ ਮਾਹੀ, ਮਹਿਬੂਬ ਕੀ ਆਪਣੀ ਖੇਲ ਖਿਲਾਈਆ । ਫੇਰ ਹੁਕਮ ਸੁਣੋ ਜੋ ਧੁਰ ਦਾ ਦਏ ਸੁਣਾਈ, ਅਣਸੁਣਤ ਰਹਿਣ ਕੋਇ ਨਾ ਪਾਈਆ । ਉਹ ਪੈਗ਼ਾਮ ਆਇਆ ਇਲਹਾਮ ਆਇਆ ਉਹ ਕਲਮਿਆਂ ਦਾ ਕਲਾਮ ਆਇਆ ਜਿਸ ਦਾ ਅੱਖਰ ਕਿਸੇ ਦਿਸੇ ਨਾਹੀ, ਹਿੱਸਿਆਂ ਵੰਡ ਨਾ ਕੋਇ ਵੰਡਾਈਆ । ਫ਼ਰਮਾਨ ਕੀਤਾ ਅੱਜ ਵਕਤ ਸਾਰੇ ਲਓ ਅੰਗੜਾਈ, ਆਪਣਾ ਆਪ ਆਪ ਬਲ ਪਰਗਟਾਈਆ । ਜੇ ਤੁਸੀਂ ਲਿਖ ਨਹੀਂ ਸਕਦੇ ਮੇਰੇ ਚਰਨਾਂ ਦੇ ਥੱਲੇ ਅੰਗੂਠਾ ਲਉ ਲਗਾਈ, ਮੁਖੋਂ ਕਹੋ ਅਸੀਂ ਦੀਨ ਮਜ਼੍ਹਬ ਸਾਰੇ ਗਏ ਤਜਾਈ, ਝਟ ਇਕ ਦੂਜੇ ਵਲ ਤਕਣ ਹੱਥ ਮੱਥੇ ਉਤੇ ਟਿਕਾਈਆ । ਫਿਰ ਉਮਤ ਵੇਖੀ ਦੀਨ ਮਜ਼੍ਹਬ ਤਕੇ ਸਚ ਦਾ ਮਿਲਿਆ ਕੋਈ ਨਾ ਰਾਹੀ, ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਗੁਰ ਅਵਤਾਰ ਪੈਗ਼ੰਬਰਾਂ ਕਿਹਾ ਤੇਰੀ ਖੇਲ ਤੇਰੇ ਹੱਥ ਫੜਾਈ, ਦੂਜਾ ਨਜ਼ਰ ਕੋਇ ਨਾ ਆਈਆ । ਅਸੀਂ ਬਾਲ ਅੰਵਾਣੇ ਤੂੰ ਸ਼ਹਿਨਸ਼ਾਹ ਧੁਰ ਦਰਗਾਹੀ, ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਿਹਾ ਗੁਰ ਅਵਤਾਰ ਪੈਗ਼ੰਬਰੋ ਸੁਣੋ ਹੁਕਮ ਇਕ ਇਲਾਹੀ, ਇਕੋ ਵਾਰ ਸੁਣਾਈਆ । ਸਭ ਨੇ ਸੁਣਨਾ ਨਾਲ ਚਾਈਂ ਚਾਈਂ, ਚਾਓ ਘਨੇਰਾ ਇਕ ਵਖਾਈਆ । ਆਪਣਾ ਬਲ ਲਓ ਪਰਗਟਾਈ, ਪਰਗਟ ਹੋ ਕੇ ਮੇਰੇ ਅਗੇ ਰੂਪ ਲਓ ਬਦਲਾਈਆ । ਫੇਰ ਆਪਣੀ ਤਾਕ਼ਤ ਲਓ ਅਜ਼ਮਾਈ, ਆਜ਼ਮ ਹੋ ਕੇ ਆਪਣਾ ਬਲ ਜਣਾਈਆ । ਫੇਰ ਕਹੋ ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਮੇਰੇ ਹੱਥ ਸ੍ਰਿਸ਼ਟ ਸਬਾਈ ਦੇ ਫੜਾਈ, ਨਵ ਸੱਤ ਆਪਣਾ ਹੁਕਮ ਵਰਤਾਈਆ । ਮੈਂ ਦੀਨਾਂ ਮਜ਼੍ਹਬਾਂ ਕਰਾਂ ਜੁਦਾਈ, ਤੇਰੇ ਹੁਕਮ ਵਿਚ ਸਮਾਈਆ । ਝਟ ਸਾਰੇ ਬੈਠੇ ਸੀਸ ਨਿਵਾਈ, ਪ੍ਰਭੂ ਤੇਰਾ ਅੰਤ ਕੋਇ ਨਾ ਆਈਆ । ਅਸੀਂ ਜਿਸ ਮਾਰਗ ਤੇ ਲਾਏ ਉਸੇ ਮਾਰਗ ਦੇ ਰਾਹੀ, ਅਗੇ ਕ਼ਦਮ ਨਾ ਕੋਇ ਟਿਕਾਈਆ । ਸਾਡੀ ਇਕ ਬੇਨੰਤੀ ਇਕ ਅਰਦਾਸ ਤੇਰੇ ਚਰਨ ਕਵਲ ਟਿਕਾਈ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਅੱਜ ਅਸੀਂ ਫ਼ੈਸਲਾ ਦਿਤਾ ਸਾਡੇ ਵਲੋਂ ਜਿਸ ਨੂੰ ਚਾਹੇਂ ਉਸੇ ਨੂੰ ਦੇ ਵਡਿਆਈ, ਵੱਡੇ ਤੇਰੀ ਵਡ ਵਡਿਆਈਆ । ਪੁਰਖ ਅਕਾਲ ਦੀਨ ਦਿਆਲ ਨੌ ਵਾਰ ਏਕੰਕਾਰ ਜਿਮੀਂ ਅਸਮਾਨ ਦੋ ਜਹਾਨ ਮਰਦ ਮਰਦਾਨ ਨਿਗਾਹ ਮਾਰੀ, ਬਿਨ ਅੱਖਾਂ ਅੱਖ ਉਠਾਈਆ । ਫੇਰ ਕੀਤਾ

ਜੋਤ ਉਜਿਆਰ, ਵੇਖਿਆ ਪੈਗ਼ੰਬਰ ਗੁਰ ਅਵਤਾਰ, ਨਿਗਾਹ ਮਾਰੀ ਸਰਬ ਸੰਸਾਰ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਧਿਆਨ ਲਗਾਈਆ । ਫੇਰ ਦੂਜੀ ਵਾਰ ਕਿਹਾ ਗੁਰ ਅਵਤਾਰ ਪੈਗ਼ੰਬਰੋ ਆਪਣਾ ਵਕਤ ਲਓ ਸੰਭਾਲ, ਸੰਬਲ ਦਾ ਮਾਲਕ ਹੁਕਮ ਸੁਣਾਈਆ । ਤੁਸੀਂ ਸ਼ਾਹ ਬਣਨਾ ਕਿ ਕੰਗਾਲ, ਕਿ ਪਾਤਸ਼ਾਹ ਨਾਲ ਮਿਲਕੇ ਆਪਣੀ ਖ਼ੁਸ਼ੀ ਬਣਾਈਆ । ਤੁਸੀਂ ਸ਼ਬਦ ਬਣਨਾ ਕਿ ਦਲਾਲ, ਵਿਚੋਲਿਓ ਆਪਣਾ ਪੜਦਾ ਦਿਉ ਉਠਾਈਆ । ਸਾਰਿਆਂ ਹੱਥ ਜੋੜ ਕੇ ਕਿਹਾ ਸਾਨੂੰ ਦੀਨਾਂ ਮਜ੍ਹਬਾਂ ਵਿਚੋਂ ਕਰ ਬਹਾਲ, ਇਹ ਤੇਰੀ ਬੇਪਰਵਾਹੀਆ । ਗੋਬਿੰਦ ਨੇ ਦੋਵੇਂ ਹੱਥ ਗਰਦਨ ਪਿਛੇ ਡਾਲ, ਨਿਉਂ ਨਿਉਂ ਕੇ ਸੀਸ ਝੁਕਾਈਆ । ਜੇ ਕਿਰਪਾ ਕਰਨੀ ਤੇ ਮੈਨੂੰ ਫੇਰ ਬਣਾ ਲੈ ਆਪਣਾ ਲਾਲ, ਲਾਲ ਆਪਣੀ ਗੋਦ ਟਿਕਾਈਆ । ਮੈਂ ਤੇਰੀ ਨੌ ਖੰਡ ਪ੍ਰਿਥਮੀ ਦੀ ਇਕ ਬਣਾ ਦੇਵਾਂ ਧਰਮਸਾਲ, ਦੂਜਾ ਦੁਆਰਾ ਰਹਿਣ ਕੋਇ ਨਾ ਪਾਈਆ । ਪਰ ਪਤਾ ਕੀਤਾ ਪੁਰਖ ਅਕਾਲ ਕਿਹਾ ਗੁਰ ਅਵਤਾਰ ਪੈਗ਼ੰਬਰੋ ਆਓ ਸਾਰਿਆਂ ਦੀ ਕਰੋ ਭਾਲ, ਭੱਜੇ ਵਾਹੋ ਦਾਹੀਆ । ਸਾਰੇ ਦੌੜੇ ਦੀਨਾਂ ਮਜ੍ਹਬਾਂ ਤਕਣ ਵੱਡੇ ਛੋਟੇ ਬਾਲ, ਬਿਨ ਅੱਖੀਆਂ ਅੱਖ ਉਠਾਈਆ । ਫੇਰ ਹਾਰ ਕੇ ਕਿਹਾ ਪ੍ਰਭੂ ਅਸੀਂ ਤੇਰੇ ਸਾਡੇ ਤੋਂ ਹੱਲ ਨਾ ਹੋਏ ਸਵਾਲ, ਅੰਤ ਕਹਿਣ ਕੁਛ ਨਾ ਪਾਈਆ । ਫੇਰ ਹਸ ਕੇ ਕਿਹਾ ਗੁਰ ਅਵਤਾਰ ਪੈਗ਼ੰਬਰੋ ਉਠੋ ਨਿਗਾਹ ਮਾਰੋ ਛੇਤੀ ਤੇ ਘਰ ਵੇਖੋ ਸਿੰਘ ਪਾਲ, ਜਿਸ ਦਾ ਪਾਲਣ ਵਾਲਾ ਇਕੋ ਮਾਹੀਆ । ਜੇ ਉਸ ਜਨਮ ਲਿਆ ਤੇ ਉਸਨੂੰ ਸਭ ਕੁਝ ਦੇਣਾ ਸੰਭਾਲ, ਤਤਾਂ ਤੋਂ ਬਗ਼ੈਰ ਜੋਤ ਵਿਚ ਜੋਤ ਦਿਆਂ ਮਿਲਾਈਆ । ਪਰ ਮੈਂ ਕਿਸੇ ਦਵਾਰਿਉਂ ਨਹੀਂ ਨਿਕਲਣਾ ਮੈਂ ਆਵਾਂਗਾ ਸਚਖੰਡੀ ਸਚ ਵਿਚੋਂ ਧਰਮਸਾਲ, ਤੇ ਧਰਮ ਦੁਆਰਾ ਸਾਢੇ ਤਿੰਨ ਹੱਥ ਸਰੀਰ ਦਾ ਦਿਆਂ ਬਣਾਈਆ । ਮੇਰੇ ਹੁਕਮ ਨੂੰ ਕੋਈ ਨਾ ਸਕੇ ਟਾਲ, ਅਗੇ ਹੋ ਨਾ ਕੋਇ ਅਟਕਾਈਆ । ਉਸ ਦਾ ਹੁਕਮ ਤੇ ਮੇਰਾ ਨਾਮ ਧੁਰ ਦਾ ਸ਼ਬਦ ਸਤਿ ਦੀ ਢਾਲ, ਦੋ ਜਹਾਨਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਾਈ ਵਿਸਾਖ ਕਹੇ ਜਨ ਭਗਤੋ ਸੰਨ ਈਸਵੀਂ ਉਨੀ ਸੌ ਅਠਾਰਾਂ, ਅੱਠਾਂ ਤਤਾਂ ਵੇਖ ਵਖਾਈਆ । ਮਨੀ ਸਿੰਘ ਪਿਆ ਵਿਚ ਵਿਚਾਰਾਂ, ਸੋਚਾਂ ਵਿਚ ਸੋਚ ਬਦਲਾਈਆ । ਝਟ ਧੁਰ ਦੇ ਹੁਕਮ ਦਾ ਹੋਇਆ ਇਸ਼ਾਰਾ, ਸੈਨਤ ਦਿਤੀ ਲਗਾਈਆ । ਸੰਤਾ ਨੱਕ ਦੇ ਨਾਲ ਲਿਖ ਦੇ ਵਾਰ ਚਾਰਾ, ਪੂਰਨ ਵਿਚ ਪੂਰਨ ਵਿਚ ਪੂਰਨ ਸਤਿਗੁਰ ਦੀਆਂ ਬਹਾਰਾਂ, ਜਿਸ ਦੀ ਰੁਤ ਨਾ ਕੋਇ ਬਦਲਾਈਆ । ਜਿਸ ਦਾ ਰੂਪ ਹੋਣਾ ਸਾਂਝਾ ਯਾਰਾ, ਯਰਾਨੇ ਯਾਰਾਂ ਨਾਲ ਨਿਭਾਈਆ । ਉਹ ਅਵਤਾਰੋ ਪੈਗ਼ੰਬਰੋ ਗੁਰੂ ਸਾਹਿਬਾਨੋ ਮਨੀ ਸਿੰਘ ਨੇ ਕਿਹਾ ਉਹਨੇ ਕੋਈ ਫੜਨੀਆਂ ਨਹੀਂ ਖੰਡੇ ਤੇ ਤਲਵਾਰਾਂ, ਤੀਰ ਕਮਾਨ ਨਾ ਕੰਧ ਉਠਾਈਆ । ਜਿਧਰ ਵੇਖੇਗਾ ਬਿਨਾ ਅੱਖੀਆਂ ਤੋਂ ਪਾਵੇਗਾ ਸਾਰਾ, ਮਹਾਸਾਰਥੀ ਇਕ ਅਖਵਾਈਆ । ਪਰ ਉਸ ਦੀ ਜਦੋਂ ਮਹਿਕੀ ਤੇ ਮਹਿਕੇਗੀ ਭਗਤਾਂ ਵਾਲੀ ਗੁਲਜ਼ਾਰਾ, ਗੁਲਸ਼ਨ ਆਪਣਾ ਨਵਾਂ ਦਏ ਲਗਾਈਆ । ਫੇਰ ਮੁਹੰਮਦ ਨੇ ਕਿਹਾ ਈਸਾ ਨੇ ਕਿਹਾ ਮੂਸਾ ਨੇ ਕਿਹਾ ਜੇ ਉਹ ਖ਼ੁਦਾ ਖ਼ੁਦ ਤੈਨੂੰ ਬੜਾ ਪਿਆਰਾ, ਪਿਆਰ ਪਿਆਰ ਪਿਆਰ ਤੇਰੇ ਵਿਚ ਰਖਾਈਆ । ਜੇ ਉਹ ਤੇਰਾ ਨੂਰ ਤੇ ਤੂੰ ਅਮਾਮ ਤੇ ਅਮਾਮਾ ਦਾ ਰੂਪ ਨਿਆਰਾ, ਤੇਰਾ ਰੂਪ ਉਸ ਦਾ ਰੂਪ ਇਕੋ ਨਜ਼ਰੀ ਆਈਆ । ਪਰ ਸਾਡੀ ਇਕ ਅਰਜ਼ ਇਕ ਅਰਜ਼ੋਈ ਉਹ ਜ਼ਰੂਰ ਸਾਡਿਆਂ ਮਜ੍ਹਬਾਂ ਵਿਚ ਦੀਨਾਂ ਵਿਚ ਆਵੇ ਤੇ ਫਿਰੇ ਜਗਤ ਧਾਰ ਤੋਂ ਬਾਹਰਾ, ਭੇਦ ਆਪਣਾ ਆਪਣੇ ਨਾਲ ਰਖਾਈਆ । ਪੁਰਖ ਅਕਾਲ ਕਿਹਾ ਉਹ ਦੁਲਾਰਿਓ ਦੂਲਹਿਓ ਬੱਚਿਓ ਉਹਦਾ ਰੂਪ ਮੇਰਾ ਬੇਅੰਤ ਪਾਰਾਵਾਰਾ, ਪਾਰਬ੍ਰਹਮ

ਹੋ ਕੇ ਦਿਆਂ ਸਮਝਾਈਆ । ਉਹ ਜ਼ਰੂਰ ਜ਼ਰੂਰ ਜ਼ਰੂਰ ਸਮੁੰਦ ਸਾਗਰਾਂ ਪਾਰ ਕਰੇਗਾ ਕਿਨਾਰਾ, ਬਿਨ ਨਈਆ ਨੌਕਾ ਪੰਧ ਮੁਕਾਈਆ । ਉਹ ਸਤਾਈ ਵਿਸਾਖ ਦਾ ਦਿਵਸ ਤੇ ਜਿਸ ਵੇਲੇ ਸ਼ੇਰ ਸਿੰਘ ਸਤਾਈ ਸਾਲ ਦਾ ਹੋਇਆ ਤੇ ਸਤਾਈਵੇਂ ਸਾਲ ਵਿਚ ਦਿਤਾ ਇਸ਼ਾਰਾ ਇਸ਼ਾਰਾ ਇਸ਼ਾਰਾ, ਬਿਨ ਮੁਖ ਜ਼ਬਾਨ ਦੰਦਾਂ ਤੋਂ ਆਪ ਸੁਣਾਈਆ । ਇਸ ਦਾ ਲੇਖਾ ਲੇਖਾ ਲੇਖਾ ਅਗੇ ਦੀਨ ਦੁਨੀ ਤੋਂ ਬਾਹਰਾ, ਹੌਲੀ ਹੌਲੀ ਹੌਲੀ ਸਤਾਰਾਂ ਹਾੜ ਤਕ ਸਾਰਾ ਦਏ ਸਮਝਾਈਆ । ਪਰ ਲਿਖਾਰੀਓ ਲਿਖਣ ਦਾ ਤੁਹਾਨੂੰ ਬੜਾ ਆਏਗਾ ਨਜ਼ਾਰਾ, ਸੁਣਨ ਵਾਲਿਓ ਬੱਚਿਓ ਬਚਪਨ ਤੁਹਾਡਾ ਖ਼ੁਸ਼ੀ ਮਨਾਈਆ । ਉਹ ਜਿਸ ਕਾਰਨ ਸੰਤ ਮਨੀ ਸਿੰਘ ਜੇਲ੍ਹਾਂ ਵਿਚ ਜੀਵਨ ਗੁਆ ਕੇ ਗਿਆ ਸਾਰਾ, ਉਹ ਸਾਰਾ ਜੀਵਨ ਤੁਹਾਡੇ ਅੰਦਰ ਰਖਾਈਆ । ਬੇਸ਼ਕ ਤੁਸੀਂ ਨਹੀਂ ਜਾਣਦੇ ਇਹ ਪੂਰਨ ਕਿ ਪੂਰਨ ਸਤਿਗੁਰ ਨੂਰ ਅਪਾਰਾ, ਅਪਰੰਪਰ ਹੋ ਕੇ ਵੇਖ ਵਖਾਈਆ । ਕਿਸੇ ਨੂੰ ਪਤਾ ਨਹੀਂ ਜਿਸ ਵੇਲੇ ਪੰਜ ਪੋਹ ਨੂੰ ਬਧਕ ਨੂੰ ਦਿਤਾ ਸੀ ਇਸ਼ਾਰਾ, ਘਰੋਂ ਕੱਢਕੇ ਬਾਹਰ ਦੁਆਬੇ ਵਿਚ ਲੇਖਾ ਦਿਤਾ ਬਣਾਈਆ । ਉਸ ਵਿਚ ਇਕ ਨੁਕਤਾ ਰਖਿਆ ਜਿੰਨਾਂ ਚਿਰ ਇੱਕੀ ਵਾਰ ਇਕੱਠੀਆਂ ਨਾ ਕਰੇਂ ਨਿਮਸਕਾਰਾ, ਤੇਰਾ ਜਨਮ ਅਗਲਾ ਨਾ ਕੋਇ ਵਧਾਈਆ । ਏਸੇ ਕਰਕੇ ਦੂਰ ਦੁਰਾਡੇ ਲੇਖ ਲਿਖ ਕੇ ਘਲਿਆ ਜਿਸ ਵੇਲੇ ਭਾਰਤ ਆਏ ਤੇ ਅਗਲੇ ਦਿਨ ਜ਼ਰੂਰ ਜਾਣਾ ਪਏਗਾ ਬਧਕ ਦੇ ਦੁਆਰਾ, ਨਹੀਂ ਤੇ ਉਹਦਾ ਲੇਖਾ ਲੇਖਾ ਲੇਖਾ ਦੀਨ ਦੁਨੀ ਵਿਚ ਨਜ਼ਰ ਕੋਇ ਨਾ ਆਈਆ । ਉਹ ਕ਼ਾਗ਼ਜ਼ ਤੇ ਕ਼ਲਮ ਸ਼ਾਹੀ ਕੋਈ ਮੇਟ ਨਹੀਂ ਸਕਦਾ ਤੇ ਨਾ ਹੁਣ ਲਿਖਣ ਦੀ ਲੋੜ ਪਏ ਦੁਬਾਰਾ, ਪੂਰਬ ਦਾ ਲਹਿਣਾ ਪੂਰਬ ਝੋਲੀ ਪਾਈਆ । ਸਤਾਈ ਵਿਸਾਖ ਕਹੇ ਮੈਂ ਵੀ ਉਸ ਪ੍ਰਭੂ ਦੇ ਚਰਨ ਕਵਲ ਤੋਂ ਆਪਣਾ ਆਪ ਵਾਰਾ, ਵਾਰਸ ਬਣੇ ਮੇਰਾ ਧੁਰਦਰਗਾਹੀਆ । ਜਨ ਭਗਤੋ ਜੇ ਤੁਸਾਂ ਲਭਣਾ ਤੇ ਯਾਰਾਂ ਵਿਚੋਂ ਇਹੋ ਯਾਰਾ, ਜਿਸ ਦਾ ਯਰਾਨਾ ਸਕੇ ਨਾ ਕੋਇ ਤੁੜਾਈਆ । ਪਰ ਇਹਦੀ ਵੰਡ ਨਹੀਂ ਕੋਈ ਪੁਰਖ ਨਾਰਾ, ਬਿਰਧ ਬਾਲਾਂ ਇਕੋ ਰੰਗ ਰੰਗਾਈਆ । ਪਰ ਬੇਪਰਵਾਹ ਅਗੰਮ ਅਥਾਹ ਜੇ ਕਿਤੇ ਖ਼ੁਸ਼ੀ ਵਿਚ ਤੁਹਾਡੇ ਅੰਦਰੋਂ ਕਰ ਜਾਏ ਕਿਨਾਰਾ, ਤੇ ਤੁਹਾਨੂੰ ਰਾਹ ਖਹਿੜਾ ਨਜ਼ਰ ਕੋਇ ਨਾ ਆਈਆ । ਜੇ ਕਿਰਪਾ ਕਰੇ ਤੇ ਭਰ ਦਏ ਦੁਬਾਰਾ, ਹੱਥ ਸਿਰ ਉਤੇ ਟਿਕਾਈਆ । ਕਿਉਂ ਇਹ ਧੁਰ ਦਾ ਮੀਤ ਮੁਰਾਰਾ, ਜਗਤ ਯਰਾਨਿਆਂ ਤੋਂ ਬਾਹਰ ਆਪਣਾ ਯਾਰਾਨਾ ਦਏ ਨਿਭਾਈਆ । ਜੇ ਇਸ ਤਰਹ ਦਾ ਨਾ ਹੁੰਦਾ ਤੇ ਇਹਨੂੰ ਕਾਹਨੂੰ ਕਹਿੰਦੇ ਚੌਵੀਆਂ ਅਵਤਾਰਾ, ਚੌਬੀਸਾ ਜਗਦੀਸਾ ਧੁਰ ਦਾ ਮਾਹੀਆ । ਬੱਚਿਉ ਤੁਹਾਨੂੰ ਆਇਆਂ ਨੂੰ ਇਕੋ ਵਾਰ ਇਕੱਠਿਆਂ ਨੂੰ ਦੇਵਾਂ ਪਿਆਰਾ, ਪਿਆਰ ਵਿਚ ਆਪਣੇ ਚਰਨ ਟਿਕਾਈਆ । ਸਤਾਈ ਦਾ ਲੇਖਾ ਬੜਾ ਨਿਆਰਾ, ਉਹ ਪਤਾ ਨਹੀਂ ਛੱਲੀਆਂ ਚਬਦਿਆਂ ਦਿਤਾ ਕਿ ਗੰਨੇ ਚੂਪਦਿਆਂ ਦਿਤਾ ਕਿ ਮੋਢੇ ਮਾਰ ਕੇ ਸਿਰ ਹਿਲਾ ਕੇ ਹਲੂਣਾ ਦਿਤਾ ਲਗਾਈਆ । ਪਤਾ ਨਹੀਂ ਮੂੰਹ ਤੇ ਪੜਦਾ ਰਖ ਕੇ ਤੇ ਸ਼ੇਰ ਸਿੰਘ ਕਿਹੜੀ ਮੰਜ਼ਲ ਚਾੜ੍ਹਾ, ਚੜ੍ਹਦਾ ਲਹਿੰਦਾ ਪੰਧ ਨਾ ਕੋਇ ਰਖਾਈਆ । ਪਰ ਸਤਾਈ ਵਿਸਾਖ ਕਹੇ ਮੇਰਾ ਇਕ ਦਿਵਸ ਚੰਗਾ ਪਾਲ ਸਿੰਘ ਨੇ ਖ਼ੁਸ਼ੀ ਵਿਚ ਇਕੋ ਰਾਤ ਵਿਚ ਸਤਾਈ ਵਾਰ ਆਪਣੇ ਸਤਿਗੁਰ ਦੇ ਚਰਨ ਛੁਹਾਇਆ ਸੀ ਦਾਹੜਾ, ਫੇਰ ਮੁਖ ਮੁਖ ਮੁਖ ਵਿਚ ਟਿਕਾਈਆ । ਪਰ ਉਹ ਦਿਨ ਉਹ ਸੀ ਜਿਸ ਕਾਰਨ ਗੁਰਮੁਖੋ ਤੁਹਾਨੂੰ ਮਾਣ ਮਿਲਿਆ ਸਤਾਰਾਂ ਹਾੜਾ, ਪਰ ਇਸ ਸਤਾਰਾਂ ਹਾੜ ਤੇ ਸਾਰਾ ਪਰਦਾ ਦਿਆਂ ਉਠਾਈਆ । ਨਾਲੇ ਭੇਵ ਦੱਸਾਂਗਾ ਕਿਸ ਤਰਹ ਸੇਵਕ ਬਣੀਦਾ ਤੇ ਬਣਨਾ ਸੇਵਾਦਾਰਾ, ਤੇ ਸੇਵਕ ਹੋ ਕੇ ਸੇਵ ਕਮਾਈਆ । ਤੁਹਾਨੂੰ ਉਹ ਪਰਤਖਣਾ ਭੁਲ ਗਈ ਜਿਹੜੇ ਲੈਂਦੇ ਸੀ ਚਾਰ ਦੁਆਰਾ, ਚਾਰੋਂ ਕੁੰਟ ਭੱਜਦੇ ਵਾਹੋ ਦਾਹੀਆ । ਜਦੋਂ ਚਾਹੁੰਦੇ

ਸੀ ਘਰ ਮੋੜ ਲਿਆਉਂਦੇ ਸੀ ਦੁਬਾਰਾ, ਘਰ ਘਰ ਵਿਚ ਟਿਕਾਈਆ । ਜਨ ਭਗਤੋ ਸਤਿਗੁਰੂ ਕੋਈ ਖਾਣ ਪੀਣ ਦਾ ਨਹੀਂ ਵਣਜਾਰਾ, ਰਸਨਾ ਰਸ ਨਾ ਕੋਇ ਵਡਿਆਈਆ । ਉਹ ਤੇ ਬਹਾਨੇ ਲੱਭਦਾ ਕਿਸ ਬਿਧ ਮੈਂ ਆਪਣਿਆਂ ਬੱਚਿਆਂ ਨੂੰ ਤਾਰਾਂ, ਤੇ ਘਰ ਘਰ ਆਪਣਾ ਚਰਨ ਟਿਕਾਈਆ । ਐਸ ਸਾਲ ਦਾ ਲੇਖਾ ਜਿਸ ਨੂੰ ਸਮਝ ਸਕੇ ਨਾ ਕੋਈ ਗੁਰ ਅਵਤਾਰਾ, ਦੂਸਰ ਸਮਝ ਕੋਇ ਨਾ ਆਈਆ । ਤੁਸੀਂ ਮੇਰੇ ਅਗੇ ਹੋਵੋਗੇ ਤੇ ਮੈਂ ਪਿਛੇ ਹੋਵਾਂਗਾ ਤੁਸੀਂ ਮੇਰੇ ਤੇ ਮੈਂ ਤੁਹਾਡਾ ਲਾਵਾਂਗਾ ਨਾਅਰਾ, ਇਹ ਵੱਡੀ ਵੱਡੀ ਵੱਡੀ ਮੇਰੀ ਬੇਪਰਵਾਹੀਆ । ਫੇਰ ਮੈਂ ਦੱਸਾਂਗਾ ਨਿਸ਼ਾਨ ਕਿਸ ਕੋਲ ਹੋਵੇਗਾ ਚੰਦ ਤੇ ਕਿਹਦੇ ਕੋਲ ਹੋਵੇਗਾ ਸਿਤਾਰਾ, ਤੇ ਕੌਣ ਵੇਖਣਵਾਲਾ ਹੋਵੇ ਧੁਰ ਦਾ ਮਾਹੀਆ । ਜਨ ਭਗਤੋ ਤੁਹਾਨੂੰ ਸਮਝ ਆ ਜਾਊ ਕਿਸ ਕਾਰਨ ਸਮੁੰਦ ਸਾਗਰਾਂ ਦਾ ਟੱਪਿਆ ਕਿਨਾਰਾ, ਤੇ ਪੂਰਬਲਿਆਂ ਪੈਗ਼ੰਬਰਾਂ ਅਵਤਾਰਾਂ ਦੇ ਲੇਖੇ ਆਇਆ ਮੁਕਾਈਆ । ਤੁਸੀਂ ਖ਼ੁਸ਼ੀਆਂ ਵਿਚ ਪਿਆਰ ਦਾ ਲਾਉਣਾ ਨਾਅਰਾ, ਜੈਕਾਰਾ ਇਕੋ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਦਾ ਪੂਰਨ ਰੂਪ ਪੂਰਨ ਸਤਿਗੁਰ ਦਾ ਲੇਖ ਅਗੇ ਸਤਾਰਾਂ ਹਾੜ ਤੋਂ ਬਦਲ ਜਾਣਾ ਸਾਰਾ, ਬਦਲੀ ਆਪਣੇ ਹੱਥ ਰਖਾਈਆ ।



## ੨੮ ਵਿਸਾਖ ਸ਼ਹਿਨਸ਼ਾਹੀ ਸੰਮਤ ੧੧ ਰਾਮ ਸਿੰਘ ਦੇ ਗ੍ਰਹਿ ਗਵਾਲ ਟੋਲੀ ਫ਼ਿਰੋਜ਼ਪੁਰ ਛਾਉਣੀ

੫੧੫ ੨੪

ਹਸ ਕੇ ਕਹੇ ਦੁਖ ਰੋਗ ਸੰਤਾਪ, ਬਿਨ ਰਸਨਾ ਜਿਹਵਾ ਢੋਲੇ ਢੋਲ ਰਿਹਾ ਸੁਣਾਈਆ । ਸਤਿਗੁਰ ਸ਼ਬਦ ਤੂੰ ਆਦਿ ਜੁਗਾਦੀ ਸਾਡਾ ਮਾਈ ਬਾਪ, ਤੁਧ ਬਿਨ ਦੂਜਾ ਗੋਦ ਨਾ ਕੋਇ ਟਿਕਾਈਆ । ਮਿਹਰਵਾਨ ਹੋ ਕੇ ਸਾਨੂੰ ਹੁਕਮ ਦਿਤਾ ਆਪ, ਆਪ ਆਪਣਾ ਹੁਕਮ ਵਰਤਾਈਆ । ਤੇਰੇ ਦਰ ਪਿਆਰ ਰੂਪ ਕਲਜੁਗ ਦੀ ਧਾਰਾ ਤਾਪ, ਅਗਨੀ ਤਤ ਤਤ ਤਪਾਈਆ । ਮੇਰੇ ਦੀਨ ਦਿਆਲ ਜੇ ਅਸੀਂ ਨਾ ਹੋਈਏ ਤੇਰਾ ਕੋਈ ਨਾ ਜਪੇ ਜਾਪ, ਤੇਰੀ ਲੋੜ ਨਾ ਕੋਇ ਰਖਾਈਆ । ਜਗਤ ਅੰਧੇਰਾ ਹੋ ਜਾਏ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਮਿਹਰਵਾਨਾ ਅਸੀਂ ਸਭ ਦੇ ਸਾਂਝੇ ਸਾਡੀ ਵੰਡ ਨਹੀਂ ਕਿਸੇ ਨਾਲ ਜ਼ਾਤ, ਦੀਨਾਂ ਮਜ਼੍ਹਬਾਂ ਵਿਚ ਆਪਣੀ ਖ਼ੁਸ਼ੀ ਬਣਾਈਆ । ਨਿਗਾਹਬਾਨ ਹੋ ਕੇ ਸਾਡੇ ਵੱਲ ਮਾਰੀਂ ਝਾਤ, ਝਾਕੀ ਆਪਣੀ ਇਕ ਵਖਾਈਆ । ਸਾਡਾ ਖੇਲ ਵੇਖ ਬਹੁ ਭਾਂਤ, ਭੱਜੀਏ ਨਠੀਏ ਵਾਹੋ ਦਾਹੀਆ । ਸਾਡੇ ਹਿੱਸੇ ਆਇਆ ਸਾਢੇ ਤਿੰਨ ਹੱਥ ਸਰੀਰ ਦਾ ਇਕ ਪਰਾਂਤ, ਬਹੁਤੀ ਮੰਗ ਨਾ ਕੋਇ ਮੰਗਾਈਆ । ਅਸੀਂ ਤੇਰੇ ਹੁਕਮ ਵਿਚ ਸ੍ਰਿਸ਼ਟੀ ਦੇ ਅੰਦਰ ਵੜ ਕੇ ਬਹਿੰਦੇ ਇਕਾਂਤ, ਧਿਆਨ ਤੇਰੇ ਚਰਨ ਟਿਕਾਈਆ । ਸਾਨੂੰ ਬੜੀ ਆਉਂਦੀ ਸ਼ਾਂਤ, ਜਿਸ ਵੇਲੇ ਭਗਤਾਂ ਅੰਤਰ ਤੇਰਾ ਰੰਗ ਵੇਖ ਵਖਾਈਆ । ਤੇਰਾ ਨਾਮ ਮਿਲਦਾ ਅੰਮ੍ਰਿਤ ਬੂੰਦ ਸਵਾਂਤ, ਅਗਨੀ ਤਤ ਤਤ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਆਪ ਵਰਤਾਈਆ । ਸੰਤਾਪ ਕਹੇ ਮੇਰੇ ਸਾਥੀ ਜਗਤ ਦੁਖ ਰੋਗ, ਸੋਹਣਾ ਸੰਗ ਬਣਾਈਆ । ਇਹ ਮੇਰਾ ਜਗਿਆਸੂਆਂ ਵਾਲਾ ਜੋਗ, ਜੁਗਤੀ ਤੇਰੇ ਹੱਥ ਫੜਾਈਆ । ਅਸੀਂ ਹਰ ਘਟ ਅੰਦਰ ਵੜ ਕੇ ਭੋਗੀਏ ਭੋਗ, ਰਸ ਆਪਣਾ ਆਪ ਪਰਗਾਈਆ । ਸਾਡਾ ਮੇਲਾ ਹੁੰਦਾ ਧਰਮ ਸੰਜੋਗ, ਵਿਜੋਗ ਵਿਚ ਤੇਰੀ ਖ਼ੁਸ਼ੀ ਮਨਾਈਆ ।

ਪਰ ਅਸੀਂ ਕਿਸੇ ਦੇ ਘਰ ਜਾਂਦੇ ਨਹੀਂ ਰੋਜ਼, ਕਦੀ ਕਦੀ ਆਪਣਾ ਫੇਰਾ ਪਾਈਆ । ਹੇ ਪ੍ਰਭੂ ਸਾਡੇ ਨਾਲ ਮਿਲ ਕੇ ਜਗਿਆਸੂਆਂ ਮਿਲਦੀ ਨਹੀਂ ਮੌਜ, ਖ਼ੁਸ਼ੀ ਰੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਦੁਖ ਰੋਗ ਕਹਿਣ ਪ੍ਰਭੂ ਰੂਪ ਵੇਖ ਦਲਿਦ੍ਰ, ਜਗਤ ਜਹਾਨ ਵਖਰਾ ਨਜ਼ਰੀ ਆਈਆ । ਜ਼ਰਾ ਨਿਗਾਹ ਮਾਰ ਉਧਰ ਇਧਰ, ਏਥੇ ਬੈਠੇ ਤੇਰੀ ਓਟ ਤਕਾਈਆ । ਪਤਾ ਨਹੀਂ ਅਸੀਂ ਫਿਰਦੇ ਕਿਧਰ ਕਿਧਰ, ਭੱਜੀਏ ਵਾਹੋ ਦਾਹੀਆ । ਵੇਖੀਏ ਬਿਟਰ ਬਿਟਰ, ਬਿਨ ਨੈਣਾਂ ਨੈਣ ਉਠਾਈਆ । ਸਾਡੇ ਅੰਤਰ ਸਦਾ ਰਹਿੰਦੀ ਸੱਧਰ, ਸੱਧਰਾਂ ਤੇਰੇ ਚਰਨ ਟਿਕਾਈਆ । ਸਾਨੂੰ ਯਾਦ ਆਉਂਦਾ ਸਾਡੇ ਨਾਲ ਪਿਆਰ ਕੀਤਾ ਸੀ ਬਿਦਰ, ਸੁਦਾਮਾ ਖ਼ੁਸ਼ੀਆਂ ਵਾਲੀ ਗਲਵਕੜੀ ਪਾਈਆ । ਕਾਇਆ ਮੰਦਰ ਦਾ ਖੋਲ੍ਹ ਕੇ ਜਿੰਦਰ, ਤਾਕੀ ਸਾਨੂੰ ਦਿਤੀ ਵਖਾਈਆ । ਤੁਸੀਂ ਫਿਰਦੇ ਕਿਧਰ, ਦਰ ਮੇਰੇ ਆਉਣਾ ਚਾਈਂ ਚਾਈਂਆ । ਤਾਕਿ ਮੇਰੀ ਆਲਸ ਮਿਟੇ ਨਿੰਦਰ, ਗ਼ਫ਼ਲਤ ਰਹਿਣ ਕੋਇ ਨਾ ਪਾਈਆ । ਬੇਸ਼ਕ ਮੇਰਾ ਦੁਖੀ ਹੋਵੇ ਪਿੰਜਰ, ਤਨ ਵਜੂਦ ਹਡ ਮਾਸ ਨਾੜੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਰੋਗ ਸੋਗ ਕਹਿਣ ਪ੍ਰਭੂ ਸਾਡਾ ਨਾਉਂ ਚਿੰਤਾ ਦੁਖ, ਸਾਂਤਕ ਸਤਿ ਸਤਿ ਨਾ ਕੋਇ ਕਰਾਈਆ । ਸਾਨੂੰ ਵੇਖ ਕੇ ਸਭ ਦੇ ਕੁਮਲਾ ਜਾਂਦੇ ਮੁਖ, ਖ਼ੁਸ਼ੀ ਵਿਚ ਕੋਇ ਨਾ ਆਈਆ । ਸਾਡੇ ਅੰਦਰ ਵੜਦਿਆਂ ਇਨਸਾਨਾਂ ਦੀ ਮਿਟ ਜਾਂਦੀ ਭੁਖ, ਰਸਨਾ ਜਿਹਵਾ ਰਸ ਨਾ ਕੋਇ ਚਖਾਈਆ ।
੫੧੬ ਸਾਨੂੰ ਕੋਈ ਨਹੀਂ ਕਹਿੰਦਾ ਪਿਆਰ ਵਿਚ ਮਨੁੱਖ, ਪ੍ਰੇਮ ਨਾਲ ਸਾਡੇ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ੫੧੬
੨੪ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਦੁਖ ਰੋਗ ਕਹਿਣ ਪ੍ਰਭੂ ਅਸੀਂ ਸਦਾ ਘਤਦੇ ਰਹੀਏ ਵਹੀਰ, ਭੱਜੀਏ ਵਾਹੋ ਦਾਹੀਆ । ਨਾ ੨੪
ਸਾਡਾ ਬਸਤਰ ਨਾ ਕੋਈ ਚੀਰ, ਓਢਣ ਸੀਸ ਨਾ ਕੋਇ ਟਿਕਾਈਆ । ਅਸੀਂ ਕਦੇ ਨਹੀਂ ਹੁੰਦੇ ਦਿਲਗੀਰ, ਚਿੰਤਾ ਚਿਖਾ ਨਾ ਕੋਇ ਜਲਾਈਆ । ਪੀਂਦੇ ਨਹੀਂ ਕੋਈ ਸੀਰ, ਅੰਮ੍ਰਿਤ ਰਸ ਮੁਖ ਨਾ ਕੋਇ ਛੁਹਾਈਆ । ਪਰ ਜਿਸ ਦੇ ਵੱਲ ਜਾਈਏ ਉਹਦੇ ਨੇਤਰਾਂ ਵਗੇ ਨੀਰ, ਰੋ ਰੋ ਦਏ ਸੁਣਾਈਆ । ਅਸੀਂ ਫਿਰਦੇ ਵਾਂਗ ਕੀਰ, ਕੀਰਨੇ ਤੇਰੇ ਨਾਮ ਦੇ ਪਾਈਆ । ਇਕ ਗੱਲ ਯਾਦ ਜਿਸ ਵੇਲੇ ਬਧਕ ਨੇ ਕ੍ਰਿਸ਼ਨ ਨੂੰ ਮਾਰਿਆ ਤੀਰ, ਨਿਸ਼ਾਨਾ ਆਪਣਾ ਦਿਤਾ ਲਗਾਈਆ । ਉਸ ਦੁਖ ਵਿਚ ਕ੍ਰਿਸ਼ਨ ਨੇ ਬਧਕ ਨੂੰ ਕਿਹਾ ਆ ਮੇਰੇ ਵੀਰ, ਗਲਵਕੜੀ ਲਈ ਪਾਈਆ । ਨਾਲੇ ਮਸਤਕ ਤੇ ਹੱਥ ਰਖ ਕੇ ਬਦਲ ਦਿਤੀ ਤਕਦੀਰ, ਤਰੀਕਾ ਆਪਣੇ ਵਿਚ ਛੁਪਾਈਆ । ਦੁਖ ਕਹੇ ਸਾਨੂੰ ਉਸ ਵੇਲੇ ਆਈ ਧੀਰ, ਧਰਮ ਨਾਲ ਧਰਮ ਦਈਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਸਾਹਿਬ ਹੋਣਾ ਸਹਾਈਆ । ਦੁਖ ਰੋਗ ਕਹਿਣ ਪ੍ਰਭੂ ਕੀ ਖੇਲ ਦੱਸੀਏ ਕਲਜੁਗ ਕਲ ਦਾ, ਆਪ ਆਪਣਾ ਭੇਵ ਖੁਲ੍ਹਾਈਆ । ਸਾਡਾ ਲਹਿਣਾ ਦੇਣਾ ਪੂਰਬ ਪਿਛਲਾ ਰਾਜੇ ਬਲ ਦਾ, ਬਾਵਨ ਆਪਣਾ ਸੰਦੇਸ਼ ਗਿਆ ਦ੍ਰਿੜਾਈਆ । ਸਾਡਾ ਪਿਆਰ ਜਿਸ ਅੰਦਰ ਵੜਦਾ ਉਸ ਨੂੰ ਸਲਦਾ, ਤੀਰ ਅਣਿਆਲਾ ਇਕ ਵਖਾਈਆ । ਸਾਡਾ ਪਿਆਰ ਕੋਈ ਝਲ ਨਹੀਂ ਸਕਦਾ ਪਲ ਦਾ, ਦੁਖੀ ਹੋ ਕੇ ਸਾਰੇ ਦੇਣ ਦੁਹਾਈਆ । ਸਾਡਾ ਸਵਾਲ ਨਹੀਂ ਕੋਈ ਹੱਲ ਦਾ, ਅੰਕੜਾ ਸਮਝ ਕੋਇ ਨਾ ਆਈਆ । ਤੂੰ ਮਿਹਰਵਾਨਾ ਸਦਾ ਸਦਾ ਸਭ ਨੂੰ ਛਲਦਾ, ਅਛਲ ਅਛੱਲ ਇਕ ਅਖਵਾਈਆ । ਝਟ ਸਤਿਗੁਰ ਸ਼ਬਦ ਕਿਹਾ ਦੁਖ ਰੋਗ ਬਿਨਾ ਅਵਤਾਰਾਂ ਪੈਗ਼ੰਬਰਾਂ

ਗੁਰੂਆਂ ਤੋਂ ਤੁਹਾਨੂੰ ਨਹੀਂ ਕੋਈ ਝਲਦਾ, ਝਲਿਓ ਤੁਹਾਡੀ ਝਲਕ ਵਿਚ ਆਪਣੀ ਖ਼ੁਸ਼ੀ ਨਾ ਕੋਇ ਬਣਾਈਆ । ਤੇ ਬਿਨਾ ਤੁਹਾਡੇ ਪਿਆਰ ਤੋਂ ਜਗਤ ਭਗਤ ਕੋਈ ਨਹੀਂ ਫਲਦਾ, ਸਤਿਗੁਰ ਓਟ ਨਾ ਕੋਇ ਤਕਾਈਆ । ਕਿਉਂ ਤੁਹਾਨੂੰ ਹੁਕਮ ਅੰਦਰ ਆਪ ਘਲਦਾ, ਵੇਖਣਹਾਰਾ ਬਣੇ ਆਪ ਗੁਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਦੁਖ ਰੋਗ ਕਹਿਣ ਪ੍ਰਭੂ ਸਾਨੂੰ ਕਦੇ ਕਿਸੇ ਕੀਤਾ ਨਹੀਂ ਪਿਆਰ, ਮੁਹੱਬਤ ਨਾਲ ਘਰ ਨਾ ਕੋਇ ਬੁਲਾਈਆ । ਜਿਧਰ ਜਾਈਏ ਉਹ ਰੋਵਣ ਧਾਈ ਮਾਰ, ਉਚੀ ਕੂਕ ਕੂਕ ਸੁਣਾਈਆ । ਸਾਡੇ ਨਾਲ ਕਰਨ ਤਕਰਾਰ, ਝਗੜਾ ਦਿਸੇ ਥਾਉਂ ਥਾਈਂਆ । ਅਸੀਂ ਇਕ ਵਾਰ ਧਨੰਤਰ ਅਗੇ ਕੀਤੀ ਪੁਕਾਰ, ਅੰਤਸ਼ਕਰਨ ਆਸ਼ਾ ਉਸ ਦੇ ਅਗੇ ਟਿਕਾਈਆ । ਕਿਉਂ ਸਾਡਾ ਨਾਤਾ ਜੋੜਿਆ ਨਾਲ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਤਿੰਨਾਂ ਦੇ ਸਮਝਾਈਆ । ਓਸ ਹਸ ਕੇ ਕਿਹਾ ਤੁਹਾਡਾ ਫਲ ਰਹੇ ਸਦਾ ਜੁਗ ਚਾਰ, ਲੋਕਮਾਤ ਵਜਦੀ ਰਹੇ ਵਧਾਈਆ । ਮੈਂ ਤੁਹਾਡੇ ਪਿਆਰ ਨਾਲ ਔਸ਼ਧ ਕਰਾਂ ਤਿਆਰ, ਲੇਖਾ ਦੀਨ ਦੁਨੀ ਬਣਾਈਆ । ਪਰ ਇਕ ਗੱਲ ਯਾਦ ਰਖਿਓ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੁਹਾਡਾ ਦੁਖਾਂ ਦਾ ਭਰਿਆ ਰਹੇ ਭੰਡਾਰ, ਅਤੋਟ ਅਤੁਟ ਅਤੁਟ ਵਰਤਾਈਆ । ਸ੍ਰਿਸ਼ਟੀ ਵਿਚ ਹੁੰਦੀ ਰਹੇ ਹਾਹਾਕਾਰ, ਹਾਏ ਉਫ਼ ਕਰ ਕੁਰਲਾਈਆ । ਤੁਹਾਡੀ ਗਿਣਤੀ ਵਧਣੀ ਚੁਰਾਸੀ ਲੱਖ ਨਾਲ ਚੁਰਾਸੀ ਹੋਰ ਵਾਰ, ਚੁਰਾਸੀ ਨਾਲ ਚੁਰਾਸੀ ਫੇਰ ਅੰਕੜੇ ਹੋਰ ਲਓ ਵਧਾਈਆ । ਉਸ ਵੇਲੇ ਸ੍ਰਿਸ਼ਟੀ ਨੂੰ ਪਤਾ ਨਹੀਂ ਕਿਤਨੀ ਗਿਣਤੀ ਤੁਹਾਡੀ ਵਧੇ ਬਾਰਮਬਾਰ, ਅਰਬਾਂ ਖਰਬਾਂ ਨਾਲ ਗਣਤ ਨਾ ਕੋਇ ਗਿਣਾਈਆ । ਪਰ ਯਾਦ ਰਖਿਓ ਤੁਹਾਡਾ ਲਹਿਣਾ ਦੇਣਾ ਪੂਰਾ ਕਰੇ ਆਪ ਨਿਰੰਕਾਰ, ਨਿਰਾਕਾਰ ਹੋ ਕੇ ਵੇਖ ਵਖਾਈਆ । ਤੁਹਾਡਾ ਨਾਤਾ ਜੋੜੇ ਭਗਤਾਂ ਨਾਲ ਵਿਚ ਸੰਸਾਰ, ਸੰਸਾਰੀ ਹੋ ਕੇ ਆਪਣਾ ਖੇਲ ਖਿਲਾਈਆ । ਜਿਸ ਵੇਲੇ ਕਲਜੁਗ ਅੰਤ ਕੀਤਾ ਸਤਿਜੁਗ ਵਿਚ ਸਤਿ ਦਾ ਹੋਇਆ ਪਰਚਾਰ, ਤੁਹਾਡਿਆਂ ਪਿਛਲਿਆਂ ਪਰਚਿਆਂ ਦਾ ਲੇਖਾ ਰਹੇ ਨਾ ਰਾਈਆ । ਸਭ ਤੋਂ ਉੱਤਮ ਸ੍ਰੇਸ਼ਟ ਜਨ ਭਗਤ ਦਿਸਣਗੇ ਤਨ ਵਜੂਦ ਕਰਨ ਸ਼ਿੰਗਾਰ, ਸੋਹਣਾ ਰੂਪ ਬਣਾਈਆ । ਤੁਹਾਡਾ ਵਕਤ ਬਹੁਤਾ ਨਹੀਂ ਥੋੜ੍ਹਾ ਨਹੀਂ ਪੰਜ ਛੇ ਸਾਲ ਤੇ ਮਹੀਨੇ ਨਾਲ ਚਾਰ, ਦੁਖ ਰੋਗ ਤੁਹਾਡਾ ਵਕਤ ਅਗਲਾ ਨਜ਼ਰ ਕੋਇ ਨਾ ਆਈਆ । ਫੇਰ ਭਗਤਾਂ ਦੀ ਭਗਵਾਨ ਨਾਲ ਸਦਾ ਰਹੇਗੀ ਬਹਾਰ, ਖ਼ੁਸ਼ੀਆਂ ਦੇ ਢੋਲੇ ਗਾਈਆ । ਪਰ ਇਕ ਬਖ਼ਸ਼ਿਸ਼ ਜ਼ਰੂਰ ਕਰਾਂਗਾ ਤੁਹਾਨੂੰ ਸੱਦਿਆ ਕਰਾਂਗਾ ਭਗਤਾਂ ਦੇ ਘਰ ਬਾਹਰ, ਇਕ ਸੌ ਇਕ ਕ਼ਦਮ ਤੋਂ ਪਿਛੇ ਸੀਸ ਨਿਵਾ ਕੇ ਜਾਣਾ ਚਾਈਂ ਚਾਈਂਆ । ਸਤਿਜੁਗ ਵਿਚ ਸਤਿਗੁਰ ਦਾ ਭਗਤ ਕਦੇ ਨਾ ਹੋਵੇਗਾ ਬੀਮਾਰ, ਤਨ ਵਜੂਦ ਕੰਚਨ ਵਰਗਾ ਸੋਭਾ ਪਾਈਆ । ਝਟ ਦੁਖਾਂ ਰੋਗਾਂ ਖ਼ੁਸ਼ੀਆਂ ਨਾਲ ਕੀਤੀ ਨਿਮਸਕਾਰ, ਨਿਉਂ ਨਿਉਂ ਕੇ ਸੀਸ ਝੁਕਾਈਆ । ਪ੍ਰਭੂ ਜੇ ਅਸੀਂ ਬਧਕ ਦੇ ਅੰਦਰ ਨਾ ਵੜਦੇ ਸਾਡਾ ਕਿਸ ਤਰਹ ਹੁੰਦਾ ਉਦਾਰ, ਸਤਿਜੁਗ ਵਿਚ ਸਾਨੂੰ ਮਿਲਦੀ ਕੀ ਵਡਿਆਈਆ । ਜਿਸ ਦੇ ਹਿਰਦੇ ਵਿਚ ਵਸਿਉਂ ਤੂੰ ਆਪ ਨਿਰੰਕਾਰ, ਨਿਰਵੈਰ ਹੋ ਕੇ ਆਸਣ ਆਪਣਾ ਆਪ ਲਗਾਈਆ । ਉਹਦੀ ਬੁੱਧੀ ਦੀ ਨਹੀਂ ਸੀ ਪੁਕਾਰ, ਆਤਮਾ ਤੇਰੇ ਢੋਲੇ ਗਾਈਆ । ਨਾ ਕੋਈ ਦੁਨੀਆ ਵਾਲਾ ਬੁਖ਼ਾਰ, ਸਿਰਫ਼ ਵਿਛੋੜਾ ਸੀ ਸਤਿਗੁਰ ਸੀ ਯਾਰ, ਯਾਰ ਦੇ ਯਰਾਨੇ ਬਿਨਾ ਯਾਰੀ ਕੰਮ ਕਿਸੇ ਨਾ ਆਈਆ । ਜਿਸ ਦੇ ਪਿਆਰ ਵਿਚ ਪਿਛਲੇ ਜੁਗ ਬੀਤੇ ਤੇ ਲੰਘ ਗਏ , ਆਪਣਾ ਪੰਧ ਮੁਕਾਈ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲਹਿਣਾ ਝੋਲੀ ਪਾਈਆ ।

ਦੁਖ ਰੋਗ ਕਹਿਣ ਪ੍ਰਭੂ ਸਾਨੂੰ ਪੰਜ ਛੇ ਸਾਲ ਚਾਰੋਂ ਕੁੰਟ ਲੈਣ ਦੇ ਭੱਜ, ਭਜਨ ਬੰਦਗੀ ਵਾਲੇ ਫੜੀਏ ਥਾਉਂ ਥਾਈਆ । ਨਾਲੇ ਵੇਖੀਏ ਉਹ ਕਿਹੜੇ ਸਾਹਿਬ ਦਾ ਕਰਦੇ ਹੱਜ, ਹੁਜਰੇ ਵਿਚ ਕਿਹੜਾ ਮਾਲਕ ਬੈਠਾ ਟਿਕਾਈਆ । ਅਸੀਂ ਬੇਨੰਤੀ ਕਰਦੇ ਅੱਜ, ਆਜਜ਼ ਹੋ ਕੇ ਸੀਸ ਨਿਵਾਈਆ । ਤੂੰ ਮਾਲਕ ਸ੍ਰਿਸ਼ਟ ਸਬਾਈ ਜਗ, ਜਾਗਰਤ ਜੋਤ ਨੂਰ ਅਲਾਹੀਆ । ਪਰ ਇਕ ਬੇਨੰਤੀ ਪ੍ਰਭੂ ਤੂੰ ਜਦੋਂ ਵਸਣਾ ਤੇ ਵਸੀਂ ਭਗਤਾਂ ਦੇ ਉਪਰ ਸ਼ਾਹਰਗ, ਹੇਠਲਾ ਹਿੱਸਾ ਸਾਡੀ ਝੋਲੀ ਦੇਣਾ ਪਾਈਆ । ਅਸੀਂ ਖ਼ੁਸ਼ੀ ਹੋਈਏ ਗਦ ਗਦ, ਗੱਦੀ ਨਸ਼ੀਨਾਂ ਵੇਖੀਏ ਥਾਉਂ ਥਾਈਂਆ । ਅਗੇ ਸਾਡੀ ਭਗਤਾਂ ਨਾਲੋਂ ਪੂਰੀ ਹੋਵੇ ਹੱਦ, ਹਦੂਦ ਲੰਘਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਮੇਰਾ ਹੋਇਆ ਤੇਰੇ ਨਾਲ ਸਬਬ, ਸਾਡੀ ਚਲੇ ਨਾ ਕੋਇ ਚਤੁਰਾਈਆ ।

### ✪ ਪਹਿਲੀ ਜੇਠ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਜੇਠ ਕਹੇ ਪ੍ਰਭੂ ਮੇਰੀ ਨਵੀਂ ਜੜ ਦੇ ਜੜਤ, ਜੜ੍ਹ ਚੋਟੀ ਦਾ ਪੰਧ ਦੇਣਾ ਮੁਕਾਈਆ । ਸਤਿਗੁਰ ਸ਼ਬਦ ਨਾਲ ਕਰਾ ਦੇ ਲਿਖਤ ਪੜ੍ਹਤ, ਸੰਧੀ ਦੋ ਜਹਾਨ ਜਣਾਈਆ । ਤੇਰੇ ਨਾਮ ਦੀ ਲੋਕਮਾਤ ਲਏ ਕੋਈ ਨਾ ਧੜਤ, ਮਾਇਆ ਗੰਢ ਨਾ ਕੋਇ ਪਵਾਈਆ । ਤੇਰਾ ਰੂਪ ਨਹੀਂ ਕੋਈ ਅਣਘੜਤ, ਘੜਨ ਭੰਨਣਹਾਰ ਤੇਰੀ ਵਡ ਵਡਿਆਈਆ । ਮਿਹਰਵਾਨ ਹੋ ਕੇ ਮੇਰੇ ਉਤੇ ਕਰਨਾ ਤਰਸ, ਰਹਿਮਤ ਸਚ ਕਮਾਈਆ । ਨਿਗਾਹ ਮਾਰਨੀ ਉਤੋਂ ਅਰਸ਼, ਅਰਸ਼ੀ ਪ੍ਰੀਤਮ ਵੇਖ ਵਖਾਈਆ । ਤੇਰਾ ਖ਼ੁਸ਼ੀਆਂ ਵਾਲਾ ਬਰਸ, ਏਕਾ ਏਕੇ ਨਾਲ ਮਿਲਾਈਆ । ਮੇਰੇ ਉਤੇ ਕਰਨਾ ਤਰਸ, ਰਹਿਮਤ ਸਚ ਕਮਾਈਆ । ਮੇਰੀ ਪਿਛਲੀ ਮੇਟਣੀ ਹਰਸ, ਹਵਸ ਅਵਰ ਨਾ ਕੋਇ ਵਧਾਈਆ । ਬਿਨ ਨੇਤਰਾਂ ਕਰਾਂ ਦਰਸ, ਨੂਰੀ ਚੰਦ ਦਰਸਾਈਆ । ਜੋਤੀ ਜਾਤੇ ਆਇਉਂ ਪਰਤ, ਪਤਿਪਰਮੇਸ਼ਵਰ ਰੂਪ ਬਦਲਾਈਆ । ਮੇਰੀ ਸੁਹੰਜਣੀ ਹੋਈ ਧਰਤ, ਧਵਲ ਹੋਈ ਰੁਸ਼ਨਾਈਆ । ਮੇਰੀ ਬੇਨੰਤੀ ਮੰਨਣੀ ਅਰਜ਼, ਆਰਜ਼ੂ ਦਿਆਂ ਦ੍ਰਿੜਾਈਆ । ਤੇਰਾ ਖੇਲ ਹੋਵੇ ਅਸਚਰਜ, ਅਚਰਜ ਲੀਲਾ ਦੇਣੀ ਜਣਾਈਆ । ਮੇਰੇ ਯੋਧੇ ਬੀਰ ਮਰਦਾਨੇ ਮਰਦ, ਮਦਦ ਤੇਰੀ ਇਕ ਰਖਾਈਆ । ਮਿਹਰਵਾਨ ਹੋ ਕੇ ਮੇਰਾ ਵੰਡਣਾ ਦਰਦ, ਦੀਨ ਦਿਆਲ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਜੇਠ ਕਹੇ ਜਨ ਭਗਤੋ ਬਣ ਜਾਓ ਪ੍ਰਭੂ ਦੇ ਜੇਠੇ ਸੁਤ, ਜਨਣੀ ਅਵਰ ਨਜ਼ਰ ਕੋਇ ਨਾ ਆਈਆ । ਜਿਸ ਲੇਖੇ ਲਾਉਣੇ ਕਾਇਆ ਮਾਟੀ ਬੁਤ, ਪੰਜਾਂ ਤਤਾਂ ਰੰਗ ਰੰਗਾਈਆ । ਤੁਹਾਡੀ ਸੁਹੰਜਣੀ ਕਰੇ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਤੁਹਾਡਾ ਪਿਆਰ ਹੋਵੇ ਨਾਲ ਅਬਿਨਾਸ਼ੀ ਅਚੁਤ, ਚੇਤਨ ਹੋ ਕੇ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਜਨ ਭਗਤ ਕਹਿਣ ਸੁਣ ਜੇਠ ਮੀਤਾ, ਮਿਤਰਾ ਦਈਏ ਜਣਾਈਆ । ਸਾਡਾ ਤਨ ਮਨ ਹੋਇਆ ਠਾਂਡਾ ਸੀਤਾ, ਅਗਨੀ ਤਤ ਨਾ ਕੋਇ ਤਪਾਈਆ । ਸਚ ਪਿਆਰ ਵਸਿਆ ਚੀਤਾ, ਚਿਤ ਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਸਾਡੀ ਅੰਦਰੋਂ ਬਦਲ ਗਈ ਨੀਤਾ, ਨੀਤੀਵਾਨ ਦਿਤਾ ਸਮਝਾਈਆ । ਜਗਤ ਰਸ ਦਿਸਿਆ ਫੀਕਾ, ਫਿਕੀ ਦਿਸੀ

ਜਗਤ ਲੋਕਾਈਆ । ਨਿਰਗੁਣ ਸਰਗੁਣ ਆਪਣਾ ਭੇਵ ਖੁਲ੍ਹਾਇਆ ਤਰੀਕਾ, ਤਰਹ ਤਰਹ ਸਮਝਾਈਆ । ਆਤਮ ਪਰਮਾਤਮ ਕਰਨੀ ਪ੍ਰੀਤਾ, ਪ੍ਰੀਤਮ ਮਿਲੇ ਚਾਈਂ ਚਾਈਂਆ । ਜਿਸ ਦੀ ਯਾਦ ਵਿਚ ਪਿਛਲਾ ਵਕਤ ਬੀਤਾ, ਅਗੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਜੇਠ ਕਹੇ ਮੈਂ ਦੱਸਾਂ ਹੋ ਦਲੇਰ, ਤਾਕ਼ਤ ਨਿਰਗੁਣ ਨਾਲ ਮਿਲਾਈਆ । ਜੋ ਮੇਰੇ ਉਤੇ ਕਰੇ ਮਿਹਰ, ਮਿਹਰਵਾਨ ਹੋ ਕੇ ਦਇਆ ਕਮਾਈਆ । ਜਿਸ ਦਾ ਰੂਪ ਨਜ਼ਰ ਆਇਆ ਤਤਾਂ ਵਾਲਾ ਸਿੰਘ ਸ਼ੇਰ, ਤਨ ਵਜੂਦ ਵੰਡ ਨਾ ਕੋਇ ਵੰਡਾਈਆ । ਅੰਤਮ ਮਾਟੀ ਖ਼ਾਕੀ ਕਰਕੇ ਢੇਰ, ਢਈਆ ਗੋਬਿੰਦ ਵਾਲਾ ਸੰਗ ਮਿਲਾਈਆ । ਰੂਪ ਬਦਲਾ ਕੇ ਗੁਰੂ ਗੁਰ ਚੇਰ, ਚੇਲਾ ਗੁਰ ਰੂਪ ਪਰਗਟਾਈਆ । ਭੇਖ ਵਟਾਇਆ ਨਾ ਲਾਈ ਦੇਰ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਸ਼ਬਦੀ ਸ਼ਬਦ ਦਵਾਇਆ ਗੇੜ, ਗੇੜਾ ਦੋ ਜਹਾਨ ਦਵਾਈਆ । ਸਾਚੀ ਧਰਮ ਦੀ ਛੇੜ ਕੇ ਛੇੜ, ਛੇਕੜ ਆਪਣਾ ਹੁਕਮ ਵਰਤਾਈਆ । ਜੋ ਆਸ਼ਾ ਰਖ ਕੇ ਗਿਆ ਗੋਬਿੰਦ ਅੰਤ ਨਦੇੜ, ਗੋਦਾਵਰੀ ਕੰਢਾ ਆਸ ਰਖਾਈਆ । ਜਦ ਆਵਾਂਗਾ ਸ਼ਰਅ ਦੇ ਕੱਟਾਂ ਗੇੜ, ਬੰਧਨ ਰਹਿਣ ਕੋਇ ਨਾ ਪਾਈਆ । ਕਲਜੁਗ ਦਾ ਅੰਤਮ ਲਹਿਣਾ ਦੇਣਾ ਨਬੇੜ, ਨਬੇੜਾ ਕਰਾਂ ਚਾਈਂ ਚਾਈਂਆ । ਮੇਰਾ ਸਤਿ ਸਰੂਪ ਦਾ ਸੁਹੰਜਣਾ ਹੋਵੇ ਖੇੜ, ਜਿਸ ਦਾ ਦਰਵਾਜ਼ਾ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਪਰਦਾ ਆਪ ਚੁਕਾਈਆ । ਪਹਿਲੀ ਜੇਠ ਕਹੇ ਮੇਰਾ ਦਿਵਸ ਸੁਹਾਵਣਾ, ਸੋਹਣਾ ਦਿਆਂ ਜਣਾਈਆ । ਮੈਂ ਬੀਤਿਆ ਹਾਲ ਸੁਣਾਵਣਾ, ਸੰਦੇਸ਼ਾ ਸੰਦੇਸ਼ਿਆਂ ਵਿਚੋਂ ਪਰਗਟਾਈਆ । ਜੋ ਇਸ਼ਾਰਾ ਦਿਤਾ ਬਲ ਬਾਵਨਾ, ਰੂਪ ਅਨੂਪ ਦਰਸਾਈਆ । ਜੋ ਰਾਮ ਰਾਮਾ ਖੇਲ ਸੁਹਾਵਣਾ, ਸੋਹਣਾ ਸੰਗ ਬਣਾਈਆ । ਜੋ ਇਸ਼ਾਰਾ ਕੀਤਾ ਕ੍ਰਿਸ਼ਨ ਕਾਨ੍ਹਨਾ, ਕਾਨ੍ਹੀ ਹੋ ਕੇ ਕੰਧ ਉਠਾਈਆ । ਜਿਸ ਦਾ ਪੈਗ਼ੰਬਰਾਂ ਪਕੜਿਆ ਦਾਮਨਾ, ਦਾਮਨਗੀਰ ਨੂਰ ਅਲਾਹੀਆ । ਜਿਸ ਦਾ ਨਾਨਕ ਨਿਰਗੁਣ ਗਾਇਆ ਸਤਿਨਾਮਨਾ, ਸਰਗੁਣ ਸਤਿ ਸਤਿ ਸਮਝਾਈਆ । ਜਿਸ ਦਾ ਗੋਬਿੰਦ ਖੇਲ ਖਿਲਾਵਣਾ, ਖੇਲ ਆਪਣੀ ਆਪ ਪਰਗਟਾਈਆ । ਉਸ ਮੈਨੂੰ ਰੰਗ ਚੜ੍ਹਾਵਣਾ, ਜੋ ਆਦਿ ਜੁਗਾਦਿ ਉਤਰ ਕਦੇ ਨਾ ਜਾਈਆ । ਪਹਿਲੀ ਜੇਠ ਕਹੇ ਮੈਂ ਖ਼ੁਸ਼ੀਆਂ ਢੋਲਾ ਗਾਵਣਾ, ਗਾ ਗਾ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਪਹਿਲੀ ਜੇਠ ਕਹੇ ਮੈਂ ਦੱਸਾਂ ਨਾਲ ਧਰਮ, ਸਤਿ ਸਚ ਸੁਣਾਈਆ । ਮੇਰੇ ਮਹੀਨੇ ਦਾ ਵੱਡਾ ਹੋਇਆ ਕਰਮ, ਨਿਹਕਰਮੀ ਦਿਤੀ ਵਡਿਆਈਆ । ਮੇਰੇ ਅੰਦਰੋਂ ਕੱਢਿਆ ਭਰਮ, ਭੁਲੇਖਾ ਦਿਤਾ ਚੁਕਾਈਆ । ਨਾਲ ਸੰਦੇਸ਼ਾ ਦਿਤਾ ਤੇਰੇ ਵਿਚ ਤਤਾਂ ਲੈਣਾ ਜਰਮ, ਲੋਕਮਾਤ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਜੇਠ ਕਹੇ ਮੈਨੂੰ ਪਹਿਲੇ ਦਿਵਸ ਸੰਦੇਸ਼ਾ ਘਲਿਆ, ਸ਼ਬਦੀ ਧਾਰ ਗੁਰਦੇਵ । ਸੁਣ ਬੱਲੂ ਮੇਰੇ ਬਲਿਆ, ਹੁਕਮ ਮੰਨਣਾ ਇਕ ਨੇਹਕੇਵ । ਜਿਸ ਆਦਿ ਜੁਗਾਦਿ ਸਭ ਨੂੰ ਛਲਿਆ, ਜਿਸ ਦੀ ਸਿਫ਼ਤ ਕਰੇ ਕੋਈ ਨਾ ਜਿਹਵ । ਜੋ ਜੋਤੀ ਜਾਤਾ ਧਾਰ ਰਲਿਆ, ਸਭ ਨੂੰ ਦੇਵਣਹਾਰਾ ਸਾਚਾ ਮੇਵ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਪਹਿਲੀ ਜੇਠ ਕਹੇ ਮੈਨੂੰ ਆਇਆ ਹੁਕਮ ਤਕਦੀਰੀ, ਮੇਰੀ ਤਕ਼ਦੀਰ ਸਮਝ ਸਕੀ ਨਾ ਰਾਈਆ । ਮੈਂ ਨਿਗਾਹ ਮਾਰੀ

ਖੇਲ ਵੇਖਿਆ ਸ਼ਾਹ ਹਕੀਰੀ, ਫ਼ਕੀਰੀ ਤੋਂ ਬਾਹਰ ਸੋਭਾ ਪਾਈਆ । ਜਿਸ ਦੇ ਕੋਲ ਬਿਨਾ ਕੜੀਆਂ ਤੋਂ ਜ਼ੰਜੀਰੀ, ਕੁੰਡੀ ਗੰਢ ਨਜ਼ਰ ਕੋਇ ਨਾ ਆਈਆ । ਮੈਨੂੰ ਵੇਖ ਹੋਈ ਦਿਲਗੀਰੀ, ਹੈਰਾਨੀ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਜੇਠ ਕਹੇ ਮੈਨੂੰ ਸੰਦੇਸ਼ਾ ਆਇਆ ਅਲਾਹੀ, ਅਲਾਹ ਦਿਤਾ ਦ੍ਰਿੜਾਈਆ । ਸੋਹਣਿਆ ਸੁਣਨਾ ਚਾਈਂ ਚਾਈਂ, ਚਾਉ ਘਨੇਰਾ ਇਕ ਬਣਾਈਆ । ਪੰਜਾਂ ਦਿਨਾਂ ਵਿਚ ਪੰਜਾਂ ਤਤਾਂ ਮਿਲਣੀ ਵਡਿਆਈ, ਪੰਚਮ ਵੇਖਣਾ ਨੈਣ ਉਠਾਈਆ । ਪੁਰਖ ਅਕਾਲਾ ਦੀਨ ਦਿਆਲਾ ਆਪਣਾ ਹੁਕਮ ਰਿਹਾ ਵਰਤਾਈ, ਵਾਰਸ ਹੋ ਕੇ ਆਪ ਸੁਣਾਈਆ । ਬੇਪਰਵਾਹ ਨੇ ਬਣਨਾ ਪਾਂਧੀ ਰਾਹੀ, ਦੋ ਜਹਾਨਾਂ ਵੇਖ ਵਖਾਈਆ । ਨਾਲੇ ਬਾਵਨ ਦੀ ਧਾਰ ਯਾਦ ਕਰਾਈ, ਬਾਵਨ ਬਾਵਨ ਹੁਕਮ ਵਰਤਾਈਆ । ਪਹਿਲੀ ਜੇਠ ਕਹੇ ਮੈਨੂੰ ਮਿਲਿਆ ਹੁਕਮ ਕਰਾਰਾ, ਕਰਮ ਕਾਂਡ ਤੋਂ ਬਾਹਰ ਜਣਾਈਆ । ਦੋ ਜੇਠ ਵੇਖਣਾ ਨਜ਼ਾਰਾ, ਨਜ਼ਰ ਨਜ਼ਰੀਏ ਵਿਚੋਂ ਬਦਲਾਈਆ । ਤਿੰਨ ਜੇਠ ਹੋਵੇ ਇਸ਼ਾਰਾ, ਬਿਨ ਸੈਨਤ ਸੈਨਤ ਸਮਝਾਈਆ । ਚਾਰ ਜੇਠ ਰਹਿਣਾ ਖ਼ਬਰਦਾਰਾ, ਬੇਖ਼ਬਰਾਂ ਖ਼ਬਰ ਖ਼ਬਰ ਦ੍ਰਿੜਾਈਆ । ਪੰਚਮ ਜੇਠ ਹੋਵੇ ਜ਼ਾਹਰਾ, ਪੰਚਮ ਤਤ ਰੂਪ ਸਮਾਈਆ । ਜਿਸ ਨੂੰ ਮਾਪਿਆਂ ਕਹਿਣਾ ਦੁਲਾਰਾ, ਸ਼ੇਰ ਸਿੰਘ ਨਾਮ ਪਰਗਟਾਈਆ । ਸਤਿਗੁਰ ਸ਼ਬਦ ਤਨ ਵਜੂਦ ਦੇ ਅੰਦਰ ਕਰਨਾ ਕਿਨਾਰਾ, ਤਟ ਦੀਨ ਦੁਨੀ ਤਜਾਈਆ । ਸਿੰਘਾਸਣ ਆਸਣ ਲਾ ਕੇ ਭਾਰਾ, ਬੈਠੇ ਚਾਈਂ ਚਾਈਂਆ । ਪਹਿਲਿਆਂ ਪੰਜਾਂ ਸਕਿੰਟਾਂ ਵਿਚ ਬਾਵਨ ਨੂੰ ਬੁਲਾਏ ਬਿਨ ਰਸਨਾ ਜਿਹਵਾ ਆਪਣੇ ਵਿਚ ਸੰਸਾਰਾ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਤੂੰ ਤਕਣਾ ਖੇਲ ਅਪਾਰਾ, ਅਪਰੰਪਰ ਹੋ ਕੇ ਦਿਆਂ ਜਣਾਈਆ । ਜਿਸ ਨੂੰ ਸਭ ਨੇ ਕਿਹਾ ਚਵੀਆਂ ਅਵਤਾਰਾ, ਜੋਤੀ ਜਾਤਾ ਇਕ ਅਖਵਾਈਆ । ਜੋ ਨਿਰਗੁਣ ਨੂਰ ਹੋਵੇ ਉਜਿਆਰਾ, ਉਜਾਲਾ ਕਰੇ ਥਾਉਂ ਥਾਈਂਆ । ਬਾਵਨ ਬਿਨ ਅੱਖਰਾਂ ਬਣ ਲਿਖਾਰਾ, ਲੇਖ ਲੇਖ ਵਿਚੋਂ ਬਦਲਾਈਆ । ਮੈਂ ਬਵੰਜਾ ਸਾਲ ਬਿਨ ਤਨ ਵਜੂਦ ਤੋਂ ਰਖਣਾ ਸਹਾਰਾ, ਧਰਨੀ ਧਵਲ ਧਵਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਪਹਿਲੀ ਜੇਠ ਕਹੇ ਮੈਂ ਪੰਚ ਦਿਵਸ ਕਰਦਾ ਰਿਹਾ ਇੰਤਜ਼ਾਰ, ਅਗਲਾ ਅਗਲਾ ਧਿਆਨ ਲਗਾਈਆ । ਕਿਸ ਬਿਧ ਆਵੇ ਆਪ ਕਰਤਾਰ, ਕਰਨੀ ਦਾ ਕਰਤਾ ਵੇਸ ਵਟਾਈਆ । ਮੈਂ ਮਾਤਾ ਦੇ ਗਰਭ ਵਿਚ ਨਿਗਾਹ ਰਿਹਾ ਮਾਰ, ਬਿਨ ਨੈਣਾਂ ਨੈਣ ਉਠਾਈਆ । ਉਹ ਖ਼ਾਲੀ ਭਾਂਡਾ ਅੰਦਰੋਂ ਦਿਸਦਾ ਰਿਹਾ ਜਿਸ ਨੂੰ ਆਤਮਾ ਦਾ ਅਧਾਰ, ਜਗਤ ਵਾਸ਼ਨਾ ਨਾਲ ਵਡਿਆਈਆ । ਜਿਸ ਵੇਲੇ ਵਕਤ ਸੁਹੰਜਣਾ ਆਇਆ ਪੰਚਮ ਜੇਠ ਥਿਤ ਜਗਤ ਵਿਚਾਰ, ਸੋਹਣਾ ਖੇਲ ਖਿਲਾਈਆ । ਸਾਢੇ ਦਸ ਤਨ ਵਜੂਦ ਪਰਗਟ ਕਰ ਅਪਾਰ, ਆਪਣਾ ਰੰਗ ਵਖਾਈਆ । ਪਹਿਲੇ ਸਕਿੰਟ ਅੰਤਰ ਆਈ ਜੋਤ ਨਿਰੰਕਾਰ, ਦੂਜੇ ਸ਼ਬਦ ਸ਼ਬਦ ਸ਼ਬਦ ਸਮਾਈਆ । ਤੀਜੇ ਦੋ ਜਹਾਨਾਂ ਵੇਖ ਵਿਖਾਰ, ਚੌਥਾ ਆਪਣਾ ਆਪਣੇ ਵਿਚ ਸਮਾਈਆ । ਪੰਜਵੇਂ ਸਕਿੰਟ ਬਲ ਬਾਵਨ ਕਰਕੇ ਖ਼ਬਰਦਾਰ, ਭਗਤ ਭਗਵਾਨ ਦੋਵੇਂ ਰੰਗ ਰੰਗਾਈਆ । ਮੇਰਾ ਵੇਖ ਲੈ ਰੂਪ ਨਿਰਾਕਾਰ, ਜੋ ਸਾਕਾਰ ਵਿਚ ਟਿਕਾਈਆ । ਬਾਵਨ ਸਾਲ ਕਰਾਂ ਸ਼ਿੰਗਾਰ, ਤਤਾਂ ਰੰਗ ਚੜ੍ਹਾਈਆ । ਫਿਰ ਜੋਤੀ ਜਾਤਾ ਹੋ ਕੇ ਹੋਵਾਂ ਬਾਹਰ, ਆਪਣਾ ਆਪ ਪਰਗਟਾਈਆ । ਗੋਬਿੰਦ ਦਾ ਤਕ ਕੇ ਕੌਲ ਇਕਰਾਰ, ਇਕਰਾਰਨਾਮੇ ਪਿਛਲੇ ਨਾਲ ਮਿਲਾਈਆ । ਵੇਦ ਵਿਆਸ ਦਾ ਲਾਹਵਾਂ ਉਧਾਰ, ਉਦਰ ਦਾ ਪੰਧ ਮੁਕਾਈਆ । ਸੰਬਲ ਦਾ ਬਣ ਸਿਕਦਾਰ, ਸਿੰਘਾਸਣ ਦੇਵਾਂ

ਸੁਹਾਈਆ । ਜੋਤੀ ਜਾਤਾ ਹੋ ਕੇ ਸ਼ਬਦ ਦੀ ਦੇਵਾਂ ਗੁੰਜਾਰ, ਸ਼ਬਦੀ ਸ਼ਬਦ ਪਰਗਟਾਈਆ । ਖੇਲ ਕਰਾਂ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵੇਖ ਵਖਾਈਆ । ਲਹਿਣਾ ਦੇਣਾ ਪੂਰਾ ਕਰਾਂ ਪੈਗ਼ੰਬਰ ਗੁਰ ਅਵਤਾਰ, ਅਵਤਰੀ ਹੋ ਕੇ ਹੁਕਮ ਵਰਤਾਈਆ । ਪਹਿਲੀ ਜੇਠ ਕਹੇ ਮੈਂ ਨਿਉਂ ਨਿਉਂ ਕੀਤੀ ਨਿਮਸਕਾਰ, ਬਿਨ ਸੀਸ ਸੀਸ ਝੁਕਾਈਆ । ਪੰਜ ਦਿਨ ਕਰਦਾ ਰਿਹਾ ਇੰਤਜ਼ਾਰ, ਦੋ ਜਹਾਨਾਂ ਰਾਹ ਤਕਾਈਆ । ਕਵਣ ਵੇਲਾ ਆਏ ਸਾਂਝਾ ਯਾਰ, ਮੀਤ ਮੁਰਾਰਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਪਹਿਲੀ ਜੇਠ ਕਹੇ ਮੈਂ ਤਕਿਆ ਨਾਲ ਰੀਝਾਂ, ਨੈਣ ਨੈਣਾਂ ਨਾਲ ਮਿਲਾਈਆ । ਮੇਰੇ ਅੰਦਰ ਪਰਗਟ ਹੋਈਆਂ ਰੀਝਾਂ, ਖ਼ੁਸ਼ੀਆਂ ਖ਼ੁਸ਼ੀਆਂ ਵਿਚੋਂ ਪਰਗਟਾਈਆ । ਮੈਂ ਖਲੋ ਕੇ ਦੋ ਜਹਾਨਾਂ ਦੀ ਵਿਚ ਦਹਲੀਜ਼ਾਂ, ਦਲੀਲਾਂ ਆਪਣੀਆਂ ਲਈਆਂ ਬਦਲਾਈਆ । ਨਾਲ ਵੱਡੀਆਂ ਰਖੀਆਂ ਉਮੀਦਾਂ, ਆਸਾ ਆਸਾ ਵਿਚੋਂ ਪਰਗਟਾਈਆ । ਮੇਰੀਆਂ ਖੁਲ੍ਹ ਗਈਆਂ ਨੀਦਾਂ, ਆਲਸ ਨਿੰਦਰਾ ਰਿਹਾ ਨਾ ਰਾਈਆ । ਮੈਂ ਨਾ ਮਰਿਆ ਨਾ ਜੀਂਦਾ, ਦੋਵੇਂ ਰੂਪ ਗਿਆ ਤਜਾਈਆ । ਮੈਂ ਪਿਆਰ ਵਿਚੋਂ ਪ੍ਰਭੁ ਪਿਆਰ ਦੇ ਰਸ ਪੀਂਦਾ, ਤ੍ਰਿਸ਼ਨਾ ਤ੍ਰਿਖਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪਹਿਲੀ ਜੇਠ ਕਹੇ ਪੰਚਮ ਜੇਠ ਮੈਂ ਰਿਹਾ ਉਡੀਕਦਾ, ਆਪਣਾ ਧਿਆਨ ਲਗਾਈਆ । ਉਹ ਵਕ਼ਤ ਸੁਹੰਜਣਾ ਅਠਾਰਾਂ ਮਈ ਤਰੀਕ ਦਾ, ਸਾਵੇ ਦਸ ਵੰਡ ਵੰਡਾਈਆ । ਜੋ ਨਵੇਂ ਖ਼ਾਕੇ ਉਲੀਕਦਾ, ਲਾਇਨ ਲਾਇਨਾਂ ਵਿਚੋਂ ਬਦਲਾਈਆ । ਜਿਸ ਦਾ ਝਗੜਾ ਨਹੀਂ ਕੋਈ ਸ਼ਰੀਕ ਦਾ, ਸ਼ਿਰਕਤ ਸਭ ਦੀ ਰਿਹਾ ਮਿਟਾਈਆ । ਜਿਸ ਦਾ ਹੁਕਮ ਇਕ ਤੌਫ਼ੀਕ਼ ਦਾ, ਤੋਫ਼ੇ ਦੇਵੇ ਥਾਉਂ ਥਾਈਂਆ । ਜਿਸ ਦਾ ਜੈਕਾਰਾ ਇਕੋ ਗੀਤ ਦਾ, ਗੋਬਿੰਦ ਧਾਰ ਨਾਲ ਮਿਲਾਈਆ । ਇਹ ਖੇਲ ਅਨੋਖਾ ਅਨੋਖੀ ਰੀਤ ਦਾ, ਰੀਤੀਵਾਨ ਆਪ ਸਮਝਾਈਆ । ਜਿਸ ਪੰਧ ਮੁਕਾਇਆ ਮੰਦਰ ਮਸੀਤ ਦਾ, ਕਾਇਆ ਕਾਅਬਾ ਕਰ ਰੁਸ਼ਨਾਈਆ । ਜੋ ਵਾਰਸ ਹੋਵੇ ਲੱਖ ਚੁਰਾਸੀ ਨੀਤ ਦਾ, ਨੀਤੀਵਾਨ ਹੋਵੇ ਧੁਰਦਰਗਾਹੀਆ । ਜਿਸ ਦਾ ਸਹਾਰਾ ਠਾਂਡਾ ਸੀਤ ਦਾ, ਅਗਨੀ ਤਤ ਬੁਝਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਜਾਂਦਾ ਬੀਤਦਾ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਪਹਿਲੀ ਜੇਠ ਕਹੇ ਪੰਚਮ ਜੇਠ ਗਿਆ ਆ, ਆਮਦ ਵਿਚ ਖ਼ੁਸ਼ੀ ਮਨਾਈਆ । ਜਿਸ ਢੋਲਾ ਇਕੋ ਲਿਆ ਗਾ, ਬਿਨ ਸਿਫ਼ਤਾਂ ਸਿਫ਼ਤ ਸਲਾਹੀਆ । ਬਿਨ ਰਸਨਾ ਕਿਹਾ ਵਾਹ ਵਾਹ, ਵਾਹਿਗੁਰੂ ਤੇਰੇ ਹੱਥ ਵਡਿਆਈਆ । ਪਹਿਲੀ ਜੇਠ ਕਹੇ ਮੈਂ ਪੰਚਮ ਜੇਠ ਖ਼ੁਸ਼ੀਆਂ ਨਾਲ ਲਿਆ ਮਨਾ, ਨਿਵ ਨਿਵ ਸੀਸ ਝੁਕਾਈਆ । ਦਰਸ਼ਨ ਤਕਿਆ ਨੂਰ ਅਲਾਹ, ਜੋਤੀ ਜਾਤਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪਹਿਲੀ ਜੇਠ ਕਹੇ ਪੰਚਮ ਜੇਠ ਮੈਂ ਤਕੀ ਇਕ ਇਕ ਦੀ ਧਾਰ, ਧਰਨੀ ਧਰਤ ਧਿਆਨ ਲਗਾਈਆ । ਜੋ ਸਭ ਦਾ ਮੀਤ ਮੁਰਾਰ, ਸ਼ੱਤਰੂ ਰੂਪ ਨਾ ਕੋਇ ਬਣਾਈਆ । ਮੈਂ ਹਸ ਕੇ ਕੀਤੀ ਨਿਮਸਕਾਰ, ਨਿਵ ਨਿਵ ਲਾਗਾ ਪਾਈਆ । ਧੂੜੀ ਲਾਈ ਛਾਰ, ਟਿੱਕੇ ਖ਼ਾਕ ਰਮਾਈਆ । ਝਟ ਸ਼ਬਦ ਦੀ ਸੁਣੀ ਗੁੰਜਾਰ, ਸੰਦੇਸ਼ਾ ਦਿਤਾ ਦ੍ਰਿੜਾਈਆ । ਮੇਰਾ ਵਕ਼ਤ ਸੁਹੰਜਣਾ ਜਿਸ ਨੂੰ ਸਮਝੇ ਨਾ ਕੋਈ ਵਿਚ ਸੰਸਾਰ, ਪਰਦਾ ਸਕੇ ਨਾ ਕੋਇ ਉਠਾਈਆ । ਤੂੰ ਖ਼ੁਸ਼ੀਆਂ ਵਿਚ

ਕਰਨਾ ਇਜ਼ਹਾਰ, ਢੋਲਾ ਗਾਉਂਣਾ ਧੁਰ ਦਾ ਮਾਹੀਆ । ਇਕ ਸੰਦੇਸ਼ਾ ਦੇਵਾਂ ਜਿਸ ਨੂੰ ਕਰ ਸਕੇ ਨਾ ਕੋਇ ਵਿਚਾਰ, ਰਸਨਾ ਜਿਹਵਾ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਪਹਿਲੀ ਜੇਠ ਕਹੇ ਮੈਂ ਸੁਣਿਆ ਹੁਕਮ ਅਲਾਹੀ, ਬਿਨ ਅੱਖਰਾਂ ਅੱਖਰ ਜਣਾਈਆ । ਨਾਲ ਹਿੰਦਸਾ ਤਕਿਆ ਇਕਾਈ, ਇਕ ਇਕ ਰੂਪ ਦਰਸਾਈਆ । ਫੇਰ ਹੁਕਮ ਮਿਲਿਆ ਵੇਖਣਾ ਨੈਣ ਉਠਾਈ, ਲੋਚਨ ਲੋਚਨਾਂ ਵਿਚੋਂ ਬਦਲਾਈਆ । ਜਿਸ ਵੇਲੇ ਆਇਆ ਸੰਮਤ ਸ਼ਹਿਨਸ਼ਾਹੀ, ਇਕ ਇਕ ਮਿਲਕੇ ਗਿਆਂਰਾ ਰੂਪ ਬਦਲਾਈਆ । ਉਸ ਵੇਲੇ ਰੂਪ ਅਨੂਪ ਹੋਣਾ ਜਿਸ ਨੂੰ ਜਨਮੇ ਕੋਇ ਨਾ ਮਾਈ, ਜੋਤੀ ਜਾਤਾ ਇਕ ਅਖਵਾਈਆ । ਸੰਬਲ ਹੋਵੇ ਆਸਣ ਲਾਈ, ਸਾਢੇ ਤਿੰਨ ਹੱਥ ਵਜੇ ਵਧਾਈਆ । ਜਨ ਭਗਤਾਂ ਮੇਲਾ ਮੇਲੇ ਚਾਈਂ ਚਾਈਂ, ਚਾਓ ਘਨੇਰਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਪਹਿਲੀ ਜੇਠ ਕਹੇ ਮੈਂ ਸੁਣਿਆ ਖ਼ਬਰ ਆਈ ਅਵੱਲੀ, ਅਵਲ ਦਿਤਾ ਜਣਾਈਆ । ਜਿਸ ਵੇਲੇ ਇਕਾਈ ਨਾਲ ਇਕਾਈ ਦਿਸੀ ਇਕੱਲੀ, ਕਲਾ ਵਰਤੇ ਬੇਪਰਵਾਹੀਆ । ਜਿਸ ਕਾਰਨ ਕਾਹਨ ਨੇ ਸਖ਼ੀਆਂ ਨਾਲ ਪਾਈ ਜਲੀ, ਰਾਸਾਂ ਵੰਡ ਵੰਡਾਈਆ । ਜਿਸ ਕਾਰਨ ਪੈਗ਼ੰਬਰਾਂ ਖੇਲ ਖਿਲਾਇਆ ਥਲੀ, ਮਾਰੂਥਲ ਰਹੇ ਕੁਰਲਾਈਆ । ਜਿਸ ਕਾਰਨ ਗੋਬਿੰਦ ਹੱਥ ਰਖਾਇਆ ਤਲੀ, ਸੀਸ ਜਗਦੀਸ ਜਣਾਈਆ । ਉਹ ਮਾਲਕ ਖ਼ਾਲਕ ਜੋ ਵਸਣਹਾਰਾ ਧਾਮ ਅਟਲੀ, ਦਰਗਾਹ ਸਾਚੀ ਸੋਭਾ ਪਾਈਆ । ਉਹ ਬਣ ਕੇ ਵਲੀ ਛਲੀ, ਖ਼ਾਲਕ ਖ਼ਲਕ ਨੂਰ ਅਲਾਹੀਆ । ਜਿਸ ਦਾ ਝਗੜਾ ਨਹੀਂ ਨਾਲ ਦਲੀ, ਸ਼ਸਤਰ ਹੱਥ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਪਹਿਲੀ ਜੇਠ ਕਹੇ ਮੈਂ ਸੁਣਿਆ ਅਗੰਮੀ ਨਾਅਰਾ, ਨਿਰਗੁਣ ਨਿਰਾਕਾਰ ਦਿਤਾ ਜਣਾਈਆ । ਜਿਸ ਵੇਲੇ ਸੰਮਤ ਸ਼ਹਿਨਸ਼ਾਹੀ ਆਵੇ ਗਿਆਰਾ, ਏਕਾ ਏਕੇ ਨਾਲ ਜੁੜਾਈਆ । ਉਸ ਵੇਲੇ ਭਗਤਾਂ ਮਿਲੇ ਅਧਾਰਾ, ਸਿਰ ਸਿਰ ਹੱਥ ਟਿਕਾਈਆ । ਜੋਤੀ ਜਾਤਾ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਦਾ ਖੇਲ ਵੇਦ ਪੁਰਾਣਾਂ ਬਾਹਰਾ, ਸ਼ਾਸਤਰਾਂ ਵੰਡ ਨਾ ਕੋਇ ਵੰਡਾਈਆ । ਜਿਸ ਦਾ ਹੱਦ ਨਹੀਂ ਕੋਈ ਦਾਇਰਾ, ਹਦੂਦਾਂ ਬੰਦ ਨਾ ਕੋਇ ਕਰਾਈਆ । ਉਸ ਦਾ ਹੁਕਮ ਅਪਾਰਾ, ਅਪਰੰਪਰ ਆਪ ਜਣਾਈਆ । ਪੰਚਮ ਜੇਠ ਹੋਵੇ ਤਿਉਹਾਰਾ, ਸੋਹਣਾ ਵਕ਼ਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਪਹਿਲੀ ਜੇਠ ਕਹੇ ਮੈਂ ਸੁਣ ਕੇ ਹੋਇਆ ਹੈਰਾਨ, ਹੈਰਾਨੀ ਮੇਰੇ ਅੰਦਰ ਆਈਆ । ਝਟ ਸਤਿਗੁਰ ਸ਼ਬਦ ਦਿਤਾ ਗਿਆਨ, ਪਰਦਾ ਪਰਦਿਆਂ ਵਿਚੋਂ ਉਠਾਈਆ । ਬਿਨ ਅੱਖਾਂ ਕਰ ਧਿਆਨ, ਬਿਨ ਲੋਚਨਾਂ ਲੈਣ ਅੰਗੜਾਈਆ । ਬਿਨ ਰਸਨਾ ਕਹਿਣ ਜ਼ਬਾਨ, ਬਿਨ ਸਰਵਣਾਂ ਦਏ ਸੁਣਾਈਆ । ਜਿਸ ਵੇਲੇ ਕੋਈ ਧਰਮ ਨਾ ਰਿਹਾ ਈਮਾਨ, ਸਤਿ ਵਿਚ ਨਾ ਕੋਇ ਸਮਾਈਆ । ਜੀਵ ਜੰਤ ਸਾਰੇ ਕੁਰਲਾਣ, ਧੀਰਜ ਧੀਰ ਨਾ ਕੋਇ ਰਖਾਈਆ । ਧਰਨੀ ਵੇਖੇ ਉਤੇ ਅਸਮਾਨ, ਧਰਤੀ ਵਲ ਧਿਆਨ ਲਗਾਈਆ । ਜੋ ਸਭ ਦਾ ਲਹਿਣਾ ਦੇਣਾ ਚੁਕਾਵੇ ਆਣ, ਆਪ ਆਪਣਾ ਹੁਕਮ ਵਰਤਾਈਆ । ਉਸ ਵੇਲੇ ਪੰਚਮ ਜੇਠ ਹਰਿਜਨ ਸਾਚੇ ਘਰ ਘਰ ਖ਼ੁਸ਼ੀ ਮਨਾਣ, ਸਾਢੇ ਦਸ ਵਕਤ ਸੁਹਾਈਆ । ਇਹ ਤਨ ਵਜੂਦ ਸਿੰਘ ਸ਼ੇਰ ਦਾ ਨਿਸ਼ਾਨ, ਨਿਸ਼ਾਨ ਲੋਕਮਾਤ ਦਰਸਾਈਆ । ਅਗਲਾ ਹੁਕਮ

੫੨੨
੨੪

ਹੋਰ ਮਹਾਨ, ਮਹਿੰਮਾ ਕਥ ਕਥ ਜਣਾਈਆ । ਫੇਰ ਭੇਤ ਖੋਲ੍ਹਣਾ ਕਿਸ ਬਿਧ ਗੋਬਿੰਦ ਧਾਰ ਪੂਰਨ ਹੋਇਆ ਪਰਵਾਨ, ਪਰਮ ਪੁਰਖ ਦਿਤੀ ਵਡਿਆਈਆ । ਜਿਸ ਨੂੰ ਸਮਝਣਾ ਮੁਸ਼ਕਲ ਹੋਵੇ ਬੋਲ ਨਾ ਸਕੇ ਜ਼ਬਾਨ, ਜਿਹਵਾ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਪਹਿਲੀ ਜੇਠ ਕਹੇ ਪੰਚਮ ਜੇਠ ਰਖਣਾ ਯਾਦ, ਜਨ ਭਗਤ ਭੁਲ ਕੋਇ ਨਾ ਜਾਈਆ । ਜਿਸ ਦਾ ਲਹਿਣਾ ਨਾਲ ਨਹੀਂ ਕਿਸੇ ਜਗਤ ਦੇ ਸਾਧ, ਮਨਸਾ ਮਨ ਨਾ ਕੋਇ ਰਖਾਈਆ । ਜਿਸ ਵਿਚ ਪੰਜ ਤਤ ਦਾ ਖੇਲ ਹੋਣਾ ਆਬਾਦ, ਸੋਹਣਾ ਸੰਗ ਬਣਾਈਆ । ਜਿਸ ਦਾ ਲਹਿਣਾ ਦੇਣਾ ਵਿਚ ਬ੍ਰਹਿਮਾਦ, ਬ੍ਰਹਿਮਾਂਡ ਵੇਖ ਵਖਾਈਆ । ਉਸ ਦਾ ਨਵਾਂ ਹੁਕਮ ਸੰਦੇਸ਼ਾ ਚਲਣਾ ਇਸ ਤੋਂ ਬਾਅਦ, ਪਰਦਾ ਪਰਦਿਆਂ ਵਿਚੋਂ ਉਠਾਈਆ । ਸਤਿਗੁਰ ਸ਼ਬਦ ਪੂਰਨ ਦੀ ਧਾਰ ਹੋਣਾ ਆਜ਼ਾਦ, ਆਜ਼ਾਦੀ ਵਿਚੋਂ ਆਜ਼ਾਦੀ ਦਏ ਬਦਲਾਈਆ । ਪਤਾ ਨਹੀਂ ਕਿਹੜੀ ਧੁਨ ਤੇ ਕਿਹੜਾ ਵਜਣਾ ਨਾਦ, ਕਵਣ ਸੁਣਨ ਵਾਲਾ ਹੋਵੇ ਧੁਰ ਦਾ ਮਾਹੀਆ । ਨਾਲੇ ਗੁਰਮੁਖੋ ਦਰਸ ਹੋਵੇਗਾ ਤੇ ਹੱਥ ਉਤੇ ਉਡਦਾ ਹੋਵੇਗਾ ਬਾਜ਼, ਬਾਜ਼ੀ ਦੀਨ ਦੁਨੀ ਬਦਲਾਈਆ । ਇਹ ਪ੍ਰਭੂ ਦਾ ਉਲਟਾ ਰਿਵਾਜ, ਰਵਾਇਤ ਆਪਨੇ ਹੱਥ ਰਖਾਈਆ । ਇਹ ਧਰਨੀ ਦਾ ਕਰਨਾ ਕਾਜ, ਕਲਜੁਗ ਲਹਿਣਾ ਝੋਲੀ ਪਾਈਆ । ਸਤਾਰਾਂ ਹਾੜ ਨੂੰ ਸਤਿਗੁਰ ਸ਼ਬਦ ਦੱਸੇਗਾ ਕਿਉਂ ਆਇਆ ਦੇਸ ਮਾਝ, ਆਪ ਆਪਨਾ ਵੇਸ ਵਟਾਈਆ । ਕਿਸ ਕਾਰਨ ਭਗਤ ਦੁਆਰੇ ਪਾਈ ਸਾਂਝ, ਸੱਜਣੋ ਤੁਹਾਨੂੰ ਲਿਆ ਮਿਲਾਈਆ । ਹਾਲਤ ਦੱਸੇਗੀ ਸਤਿਗੁਰ ਨਾਨਕ ਦੀ ਆ ਕੇ ਰਬਾਬ, ਕਿਸ ਕਾਰਨ



ਤੂੰ ਹੀ ਤੂੰ ਹੀ ਗੀਤ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ ।

੫੨੩ ੨੪

ਪੰਚਮ ਜੇਠ ਕਹੇ ਮੈਂ ਸ਼ਹਿਨਸ਼ਾਹੀ ਗਿਆਰਾ ਲੰਘਣਾ, ਆਪਨੀ ਖ਼ੁਸ਼ੀ ਬਣਾਈਆ । ਮੈਂ ਇਕੋ ਵਾਰ ਪ੍ਰਭੂ ਤੋਂ ਮੰਗਣਾ, ਦਰ ਠਾਂਡੇ ਝੋਲੀ ਡਾਹੀਆ । ਜੇ ਭਗਤਾਂ ਦਾ ਬਣਨਾ ਈ ਤੇ ਬਣ ਜਾ ਪੱਕਾ ਸੱਜਣਾ, ਕਿਉਂ ਲਾਰਿਆਂ ਵਿਚ ਲੰਘਾਈਆ । ਤੇਰਾ ਦੀਪਕ ਮਿਤਰਾ ਘਰ ਘਰ ਜਗਣਾ, ਕਿਉਂ ਦੀਪਕ ਬੈਠਾ ਬੁਝਾਈਆ । ਤੂੰ ਤਤ ਨਹੀਂ ਕੋਈ ਪੰਜਣਾ, ਸ਼ੇਰ ਦਾ ਸ਼ੇਰ ਰੂਪ ਬਦਲਾਈਆ । ਜਿਸ ਨੇ ਦੋ ਜਹਾਨਾਂ ਦੱਬਣਾ, ਚਰਨ ਕਵਲ ਕਵਲ ਦੇ ਸਰਨਾਈਆ । ਜਿਸ ਦੇ ਹੁਕਮ ਵਿਚ ਸਭ ਨੇ ਲਦਨਾ, ਭੱਜਣਾ ਵਾਹੋ ਦਾਹੀਆ । ਜਿਸ ਪੂਰਨ ਦੀ ਧਾਰ ਪੂਰਨ ਦਾ ਲੇਖਾ ਕਢਣਾ, ਪੂਰਨ ਸਤਿਗੁਰ ਵਿਚੋਂ ਪੂਰਨ ਜੋਤ ਪਰਗਟਾਈਆ । ਇਹ ਪੂਰਨ ਤੁਹਾਡਾ ਮਿਤ ਨਹੀਂ ਫੇਰ ਕਿਸੇ ਨੂੰ ਨਹੀਂ ਲਭਣਾ, ਸਭ ਨੇ ਭੱਜਣਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਜਨ ਭਗਤੋ ਸਤਿਗੁਰ ਨੂੰ ਕਦੇ ਨਹੀਂ ਲਭਣ ਜਾਇਓ ਘਰ, ਨੇਤਰ ਨੈਣ ਨੈਣ ਉਠਾਈਆ । ਆਪਨਾ ਭੈ ਵਿਚ ਰਖਿਓ ਉਸ ਤੇ ਡਰ, ਹੁਕਮ ਆਪਨਾ ਇਕ ਸੁਣਾਈਆ । ਖ਼ੁਸ਼ੀਆਂ ਵਿਚ ਕਹਿਓ ਜੇ ਸਤਿਗੁਰ ਹੈਂ ਤੇ ਸਾਨੂੰ ਆ ਕੇ ਵਰ, ਦਰ ਠਾਂਡੇ ਦਰਸ ਦਿਖਾਈਆ । ਤੂੰ ਮਾਲਕ ਨਰਾਇਣ ਨਰ, ਨਰ ਹਰਿ ਤੇਰੀ ਇਕ ਸਰਨਾਈਆ । ਬਿਨਾ ਮਿੰਨਤਾਂ ਤੋਂ ਆਪਨੀ ਕਿਰਪਾ ਕਰ, ਮਿਹਰਵਾਨ ਮਿਹਰ ਨਿਗਾਹ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸ਼ਹਿਨਸ਼ਾਹੀ ਸੰਮਤ ਕਹੇ ਮੈਂ ਆ ਗਿਆ ਧਰ ਕੇ ਰੂਪ ਗਿਆਰਾ, ਗਿਆਰਵਾਂ ਗੁਰੂ ਨਜ਼ਰ ਕੋਇ ਨਾ ਆਈਆ । ਗੋਬਿੰਦ ਦਾ ਸਤਿਗੁਰ ਸ਼ਬਦ ਨਾਲ ਇਸ਼ਾਰਾ, ਬਿਨਾ ਸੈਨਤ ਸੈਨਤ ਦ੍ਰਿੜਾਈਆ । ਜਦ ਆਵੇਗਾ ਆਵੇਗਾ ਚਵੀਆਂ ਅਵਤਾਰਾ,

ਅਵਤਰੀ ਆਪਣਾ ਵੇਸ ਵਟਾਈਆ । ਜਿਸ ਨੂੰ ਸਮਝੇ ਨਾ ਕੋਇ ਵਿਚ ਸੰਸਾਰਾ, ਬੁੱਧੀ ਭੇਵ ਕੋਇ ਨਾ ਪਾਈਆ । ਉਹ ਭਗਤਾਂ ਬਣੇ ਮੀਤ ਮੁਰਾਰਾ, ਮਿਤਰ ਪਿਆਰਾ ਇਕ ਅਖਵਾਈਆ । ਪਹਿਲੀ ਜੇਠ ਕਹੇ ਮੈਂ ਉਸ ਨੂੰ ਨਿਵ ਨਿਵ ਕਰਾਂ ਨਿਮਸਕਾਰਾ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਆਦਿ ਜੁਗਾਦਿ ਸਹਾਰਾ, ਸ੍ਰੇਸ਼ਟ ਸ੍ਰਿਸ਼ਟੀ ਦਾ ਮਾਲਕ ਇਕੋ ਨਜ਼ਰੀ ਆਈਆ ।

## ✪ ੧੭ ਜੇਠ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਕੱਲਾ ਹਰਿ ਸੰਗਤ ਦੇ ਸੇਵਾ ਕਰਕੇ ਜਾਣ ਸਮੇਂ ✪

ਨਾਰਦ ਕਹੇ ਮੇਰਾ ਪੈਂਡਾ ਪਿਛਲਾ ਪਿਛੇ ਰਹਿ ਗਿਆ ਦੂਰ, ਦੂਰ ਦੁਰਾਡਾ ਨਜ਼ਰੀ ਆਈਆ । ਮੈਂ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤਕਿਆ ਹਜ਼ੂਰ, ਹਾਜ਼ਰ ਹੋ ਕੇ ਸੀਸ ਨਿਵਾਈਆ । ਮੈਨੂੰ ਮਸਤੀ ਚੜ੍ਹੀ ਨਾਮ ਖ਼ੁਮਾਰੀ ਵਾਲਾ ਸਰੂਰ, ਸੁਰਤ ਸ਼ਬਦ ਵਿਚ ਮਿਲਾਈਆ । ਮੇਰੇ ਅੰਤਰ ਨਿਰੰਤਰ ਉਪਜਿਆ ਨੂਰ, ਅੰਧ ਅੰਧੇਰਾ ਦਿਤਾ ਗਵਾਈਆ । ਮੈਂ ਉਸ ਵੇਲੇ ਖ਼ੁਸ਼ੀਆਂ ਵਿਚ ਗਾਈ ਅਗੰਮੀ ਤੂਰ, ਤੁਰਤ ਇਕੋ ਨਾਮ ਧਿਆਈਆ । ਪ੍ਰਭੂ ਤੇਰਾ ਨਾਮ ਸਦਾ ਮਸ਼ਹੂਰ, ਮਸ਼ਵਰੇ ਭਗਤਾਂ ਨਾਲ ਰਖਾਈਆ । ਨਾਰਦ ਕਹੇ ਮੈਂ ਲੇਖਾ ਹੋਰ ਦੱਸਾਂ ਪਾ ਕੇ ਫ਼ਤੂਰ, ਫ਼ਤਵਾ ਦੀਨ ਦੁਨੀ ਜਣਾਈਆ । ਜਿਸ ਦਾ ਸਮਝ ਸਕੇ ਨਾ ਕੋਇ ਕੁਸੂਰ, ਕਸਮ ਖਾ ਕੇ ਦਿਆਂ ਸੁਣਾਈਆ । ਮੈਂ ਜੁਗ ਜੁਗ ਪ੍ਰਭੂ ਦਾ ਬਣ ਕੇ ਰਿਹਾ ਮਜ਼ਦੂਰ, ਸੇਵਕ ਸੇਵਾ ਸਚ ਸਚ ਕਮਾਈਆ । ਇਕ ਦਿਨ ਅੰਗਦ ਦੇ ਕੋਲ ਆਇਆ ਵਿਚ ਖਡੂਰ, ਜੇਠ ਸਤਾਰਾਂ ਦਿਵਸ ਸੁਹਾਈਆ । ਨਾਲੇ ਥਕ ਕੇ ਹੋਇਆ ਚਕਨਾ ਚੂਰ, ਥਕਾਵਟ ਵਿਚ ਕੁਰਲਾਈਆ । ਮੇਰਾ ਅੰਤਸ਼ ਹੋਇਆ ਮਜਬੂਰ, ਦੁਖ ਦਰਦ ਦਰਦ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਮੈਂ ਅੰਗਦ ਵਲ ਤਕਿਆ, ਨੈਣ ਨੈਣ ਵਿਚੋਂ ਬਦਲਾਈਆ । ਮੈਂ ਹੋ ਗਿਆ ਹੱਕਿਆ ਬੱਕਿਆ, ਹੈਰਾਨੀ ਮੇਰੇ ਅੰਤਰ ਆਈਆ । ਮੈਂ ਆਪਣੇ ਆਪ ਨੂੰ ਅਗਾਂਹ ਧੱਕਿਆ, ਧੱਕਾ ਪ੍ਰੇਮ ਵਾਲਾ ਰਖਾਈਆ । ਝਟ ਵੈਰਾਗੀ ਸਾਧੂ ਆ ਗਿਆ ਨੱਠਿਆ, ਭੱਜਿਆ ਵਾਹੋ ਦਾਹੀਆ । ਪਿਛੇ ਪੰਜਾਂ ਨੇ ਹੋਰ ਕੀਤਾ ਇਕੱਠਿਆ, ਇਕ ਦੂਜੇ ਨੂੰ ਰਹੇ ਸੁਣਾਈਆ । ਅਸੀਂ ਪੂਜਦੇ ਮੰਦਰ ਮੱਠਿਆ, ਸ਼ਿਵਦਵਾਲਿਆਂ ਸੰਗ ਰਖਾਈਆ । ਨਾਰਦ ਕਹੇ ਮੈਂ ਝਟ ਆਪਣਾ ਨੇਤਰ ਪੱਟਿਆ, ਅੱਖ ਅੱਖ ਵਿਚੋਂ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਨਾਰਦ ਕਹੇ ਇਕੱਠੇ ਹੋ ਕੇ ਛੇ ਵੈਰਾਗੀ, ਛੇ ਗੁਰ ਉਪਦੇਸ਼ ਸੁਣਾਈਆ । ਛੇ ਕੰਤ ਘਰ ਸੁਹਾਗੀ, ਸੋਹਣੀ ਸੇਜ ਹੰਡਾਈਆ । ਨਾਰਦ ਕਹੇ ਮੈਨੂੰ ਆਦਿ ਜੁਗਾਦਿ ਬੋਲਣ ਦੀ ਵਾਦੀ, ਵਅਦੇ ਨਾਲ ਦਿਆਂ ਸੁਣਾਈਆ । ਮੈਂ ਹਸ ਕੇ ਕਿਹਾ ਮੇਰਾ ਪੁਰਖ ਅਕਾਲ ਵਡ ਪਰਤਾਪੀ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਜੋ ਤੁਹਾਡੀ ਕਾਇਆ ਰਿਹਾ ਸਾਧੀ, ਸਿਰ ਸਿਰ ਆਪਣਾ ਹੱਥ ਟਿਕਾਈਆ । ਝਟ ਸ਼ਬਦ ਸੁਣਿਆ ਅਗੰਮ ਨਾਦੀ, ਧੁਨ ਧੁਨ ਵਿਚੋਂ ਸੁਣਾਈਆ ।

੫੨੫
੨੪

ਉਨ੍ਹਾਂ ਦੀ ਸੋਈ ਸੁਰਤੀ ਜਾਗੀ, ਜਾਰਗਤ ਜੋਤ ਵਿਚ ਰੁਸ਼ਨਾਈਆ । ਅੰਤਰ ਅੰਤਰ ਪ੍ਰੀਤੀ ਲਾਗੀ, ਪ੍ਰੇਮ ਵਿਚ ਖ਼ੁਸ਼ੀ ਬਣਾਈਆ । ਮੈਂ ਹਸ ਕੇ ਕਿਹਾ ਹੁਣ ਚਿੰਤਾ ਗ਼ਮੀ ਕਾਹਦੀ, ਕੁਦਰਤ ਦਾ ਮਾਲਕ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਬੈਰਾਗੀਆਂ ਵਲ ਅੱਖ ਖੋਲ੍ਹੀ, ਨੇਤਰ ਲੋਚਨ ਨੈਣ ਉਠਾਈਆ । ਮੈਨੂੰ ਯਾਦ ਆ ਗਈ ਰਾਮ ਵਾਲੀ ਬੋਲੀ, ਤ੍ਰੇਤਾ ਜੁਗ ਦਏ ਗਵਾਹੀਆ । ਜਿਹੜੀ ਸੀਤਾ ਸਤਿ ਦੀ ਪਈ ਡੋਲੀ, ਸਚ ਸਚ ਵਿਚ ਸਮਾਈਆ । ਉਸ ਨੂੰ ਰਾਮ ਇਸ਼ਾਰਾ ਕੀਤਾ ਹੌਲੀ ਹੌਲੀ, ਸਹਿਜ ਨਾਲ ਦ੍ਰਿੜਾਈਆ । ਜਿਸ ਵੇਲੇ ਕਲਜੁਗ ਅੰਤਮ ਆਇਆ ਉਤੇ ਧੌਲੀ, ਧੌਲ ਧਰਮ ਨਾ ਕੋਇ ਰਖਾਈਆ । ਕੂੜ ਕੁੜਿਆਰੀ ਦੀਨ ਦੁਨੀ ਹੋਣੀ ਮੌਲੀ, ਰੁਤੜੀ ਸਤਿ ਸਚ ਨਾ ਕੋਇ ਮਹਿਕਾਈਆ । ਉਸ ਵੇਲੇ ਧੁਰ ਦੇ ਰਾਮ ਨੇ ਸਤਿ ਸਚ ਰਾਮ ਦੀ ਖੇਲਣੀ ਹੋਲੀ, ਰੰਗ ਆਪਣਾ ਆਪ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪ੍ਰੇਮ ਇਕ ਜਣਾਈਆ । ਨਾਰਦ ਕਹੇ ਖਡੂਰ ਅੰਗਦ ਸੁਹਾਇਆ ਅਖਾੜਾ, ਸੋਹਣੀ ਬਣਤ ਬਣਾਈਆ । ਪ੍ਰੇਮ ਦਾ ਰੰਗ ਚੜ੍ਹਾਇਆ ਗਾੜ੍ਹਾ, ਉਤਰ ਕਦੇ ਨਾ ਜਾਈਆ । ਮੈਂ ਬੈਰਾਗੀਆਂ ਅਗੇ ਕੱਢਿਆ ਹਾੜਾ, ਨਿਮਰਤਾ ਵਿਚ ਸਮਝਾਈਆ । ਏਸ ਬੁੱਢੇ ਦਾ ਵੇਖੋ ਚਿੱਟਾ ਦਾਹੜਾ, ਜੋ ਬੁਢੇਪਾ ਅਮਰੂ ਨਾਲ ਹੰਢਾਈਆ । ਜਿਸ ਦਾ ਪਰਕਾਸ਼ ਹੋਣਾ ਨਾੜੀ ਨਾੜਾ, ਬਹੱਤਰ ਸਾਲ ਦੀ ਆਯੂ ਬਹੱਤਰਾਂ ਨਾਲ ਮਿਲਾਈਆ । ਖੇਲ ਹੋਣਾ ਜੰਗਲ ਵਿਚ ਉਜਾੜਾ, ਜੂਹਾਂ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਬੈਰਾਗੀਆਂ ਕਿਹਾ ਸਾਡੀ ਪੰਡਤ ਜੀ ਅਰਦਾਸ, ਬਿਨੈ ਦਈਏ ਜਣਾਈਆ । ਤਤਾਂ ਵਾਲਾ ਸਤਿਗੁਰੂ ਸਾਡੇ ਪਾਸ, ਅੰਗਦ ਅੰਗੀਕਾਰ ਵਖਾਈਆ । ਜਿਸ ਨਾਲ ਮਿਲਕੇ ਲੇਖੇ ਲੱਗੇ ਸਵਾਸ, ਸਾਹ ਸਾਹ ਵਿਚ ਰਲਾਈਆ । ਝਟ ਨਾਰਦ ਤਕਿਆ ਉਪਰ ਅਕਾਸ਼, ਅਕਾਸ਼ ਅਕਾਸ਼ਾਂ ਪਰੇ ਵੇਖ ਵਖਾਈਆ । ਉਹ ਵੇਖੋ ਮੇਰਾ ਮਾਲਕ ਨਿਰਗੁਣ ਨੂਰ ਜੋਤ ਪਰਕਾਸ਼, ਜੋਤੀ ਜਾਤਾ ਡਗਮਗਾਈਆ । ਜਿਸ ਦਾ ਖੇਲ ਅਵੱਲਾ ਹੋਣਾ ਜਨ ਭਗਤਾਂ ਦਏ ਸ਼ਾਬਾਸ਼, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜੋਤ ਜਗਾਏ ਬਿਨਾ ਤਨ ਵਜੂਦ ਲਾਸ਼, ਮਾਟੀ ਖ਼ਾਕ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਬੈਰਾਗੀਆਂ ਕਿਹਾ ਉਹ ਨੂਰ ਨੁਰਾਨਾ ਕੀ, ਨਿਰਗੁਣ ਦੇ ਸਮਝਾਈਆ । ਨਾਰਦ ਹਸ ਕੇ ਕਿਹਾ ਜੋ ਅੰਮ੍ਰਿਤ ਬਰਸੇ ਮੀਂਹ, ਮੇਘਲਾ ਇਕ ਬਰਸਾਈਆ । ਜਿਸ ਕਲਜੁਗ ਵਿਚ ਸਤਿ ਧਰਮ ਦੀ ਲਾਉਣੀ ਨੀਂਹ, ਸਤਿਜੁਗ ਸਚ ਸਚ ਪ੍ਰਗਟਾਈਆ । ਸਭ ਦਾ ਲੇਖਾ ਪੂਰਾ ਕਰਨਾ ਵੀਹ ਇਕੀਹ, ਏਕੰਕਾਰ ਆਪਣਾ ਖੇਲ ਖਿਲਾਈਆ । ਜਨ ਭਗਤ ਬਣਾਉਂਣੇ ਪੁਤਰ ਧੀ, ਪਿਤਾ ਪੁਤਰ ਗੋਦ ਸੁਹਾਈਆ । ਰਵਿਦਾਸ ਦੀ ਸਾਢੇ ਤਿੰਨ ਹੱਥ ਲੇਖੇ ਲਾਉਣੀ ਸੀਅ, ਸਤਿਗੁਰ ਹੋ ਕੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਾਰਾਂ ਜੇਠ ਕਹੇ ਮੈਂ ਆਪਣੀ ਖੋਲ੍ਹ ਕੇ ਵੇਖੀ ਪੋਥੀ, ਪੁਸਤਕਾਂ ਬਾਹਰ ਧਿਆਨ ਲਗਾਈਆ । ਮੇਰੀ ਮਤ ਨਹੀਂ ਹੋਈ ਥੋਥੀ, ਕੂੜ ਕੁਕਰਮ ਨਾ ਹੋਈ ਹਲਕਾਈਆ । ਮੈਂ ਜਲਦੀ ਵੇਖੀ ਇਕੋ ਜੋਤੀ, ਜੋਤੀ ਜਾਤਾ ਨਜ਼ਰੀ ਆਈਆ । ਭਗਤ ਸੁਹੇਲੇ ਜਿਸ ਦੇ ਗੋਤੀ, ਗੁਰਮੁਖ ਆਪਣੇ ਰੰਗ ਵਖਾਈਆ । ਪ੍ਰੇਮ ਪਿਆਰ

ਦੀ ਵਸਤ ਦੇ ਕੇ ਬਹੁਤੀ, ਅਤੋਟ ਅਤੁਟ ਵਰਤਾਈਆ । ਮੰਜ਼ਲ ਚਾੜ੍ਹ ਕੇ ਧੁਰ ਦੀ ਚੋਟੀ, ਚੇਟਕ ਆਪਣਾ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਆਪਣਾ ਹੁਕਮ ਵਰਤਾਈਆ । ਬੈਰਾਗੀਆਂ ਕਿਹਾ ਨਾਰਦਾ ਕਵਣ ਰੂਪ ਮਿਲੇ ਨਿਰੰਕਾਰ, ਨਰਾਇਣ ਕਵਣ ਵਡਿਆਈਆ । ਨਾਰਦ ਹਸ ਕੇ ਕਿਹਾ ਸੁਣੋ ਮੇਰੇ ਯਾਰ, ਮਿਤਰੋ ਦਿਆਂ ਸੁਣਾਈਆ । ਜਿਸ ਨੂੰ ਸਭ ਨੇ ਕਹਿਣਾ ਕਲ ਕਲਕੀ ਅਵਤਾਰ, ਨਿਹਕਲੰਕ ਨੂਰ ਅਲਾਹੀਆ । ਖੇਲ ਕਰੇ ਅਗੰਮ ਅਪਾਰ, ਅਲਖ ਅਗੋਚਰ ਇਕ ਅਖਵਾਈਆ । ਝਟ ਬੈਰਾਗੀਆਂ ਕੀਤੀ ਨਿਮਸਕਾਰ, ਨੇਤਰ ਨੈਣਾਂ ਨੀਰ ਵਹਾਈਆ । ਅਸੀਂ ਕਿਸ ਬਿਧ ਕਰੀਏ ਦੀਦਾਰ, ਦਰਸ ਤਕੀਏ ਚਾਈਂ ਚਾਈਂਆ । ਨਾਰਦ ਕਿਹਾ ਉਹ ਧੁਰ ਦਾ ਮੀਤ ਮੁਰਾਰ, ਮਿਤਰ ਪਿਆਰਾ ਇਕ ਅਖਵਾਈਆ । ਮਿਹਰਵਾਨ ਹੋ ਕੇ ਤੁਹਾਡਾ ਜਨਮ ਫੇਰ ਦੇਵੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਆਪਣਾ ਹੁਕਮ ਵਰਤਾਈਆ । ਪੰਜਾਂ ਹਸ ਕੇ ਕਿਹਾ ਏਸ ਧਰਤੀ ਦੇ ਕੋਲ ਸਾਡੀ ਹੋਵੇ ਬਹਾਰ, ਸੋਹਣੀ ਖ਼ੁਸ਼ੀ ਬਣਾਈਆ । ਇਕ ਨੇ ਨੇਤਰ ਰੋ ਕੇ ਕਿਹਾ ਮੈਂ ਪੰਜ ਦਸ ਕੋਸ ਤੋਂ ਹੋਵਾਂ ਬੇਸ਼ਕ ਬਾਹਰ, ਅੰਤਰ ਵੰਡ ਨਾ ਕੋਇ ਵੰਡਾਈਆ । ਨਾਰਦ ਖ਼ੁਸ਼ੀ ਵਿਚ ਕਿਹਾ ਸਾਢੇ ਤਿੰਨ ਕੋਸ ਦੀ ਦੀਵਾਰ, ਪੰਚਮ ਪੰਚਮ ਪੰਚਮ ਬੰਦ ਕਰਾਈਆ । ਇਕ ਇਕ ਦੀ ਪੈਜ ਸਵਾਰ, ਏਕਾ ਪਾਂਜੇ ਨਾਲ ਮਿਲਾਈਆ । ਸਤਾਰ੍ਹਾਂ ਜੇਠ ਕਹੇ ਮੈਂ ਵੀਂ ਦੱਸਾਂ ਹੋ ਕੇ ਹੁਸ਼ਿਆਰ, ਖ਼ੁਸ਼ੀਆਂ ਢੋਲੇ ਗਾਈਆ । ਨਾਲ ਬੇਨੰਤੀ ਦੇਵਾਂ ਗੁਜ਼ਾਰ, ਗੁਜ਼ਾਰਸ਼ ਵਿਚ ਸੀਸ ਝੁਕਾਈਆ । ਹਰਿ ਭਗਤ ਸੁਹੇਲੇ ਜਿਨ੍ਹਾਂ ਰਾਮ ਦਾ ਲੇਖਾ ਵਕਤ ਦਾ ਕੀਤਾ ਇੰਤਜ਼ਾਰ, ਸਮਾਂ ਸਮਾਂ ਸਮਾਂ ਆਪਣਾ ਵੇਸ ਵਟਾਈਆ ਵ । ਜੋ ਰਹਿੰਦੇ ਹਰਿ ਭਗਤ ਦੁਆਰ, ਭਗਵਨ ਮਿਲ ਕੇ ਵਜੇ ਵਧਾਈਆ । ਪੰਚ ਵੈਰਾਗੀ ਕੱਲ੍ਹੇ ਵਿਚ ਆਪਣਾ ਜਨਮ ਰਹੇ ਸਵਾਰ, ਜਨਮ ਜਨਮ ਜਨਮ ਆਪਣਾ ਸੰਗ ਬਣਾਈਆ । ਬੂਟਾ ਸਿੰਘ ਬੇਸ਼ਕ ਪੰਜ ਦਸ ਕੋਸ ਤੋਂ ਬਾਹਰ, ਛੇਵੇਂ ਦਾ ਮੇਲਾ ਮੇਲਿਆ ਸਹਿਜ ਸੁਭਾਈਆ । ਨਾਰਦ ਕਹੇ ਜਨ ਭਗਤੋਂ ਇਹ ਕੋਈ ਕੰਮ ਦੀਨ ਦੁਨੀ ਦਾ ਨਹੀਂ ਵਿਹਾਰ, ਜਗਤ ਕਿਰਸਾਣਾ ਨਾ ਕੋਇ ਚਤੁਰਾਈਆ । ਤੁਹਾਡਾ ਅੰਗਦ ਦਾ ਲੇਖਾ ਅਮਰਦਾਸ ਦਾ ਉਧਾਰ, ਤੇ ਨਾਰਦ ਹਸ ਕੇ ਕਹੇ ਮੇਰੀ ਪੁਕਾਰ, ਪੁਰਖ ਅਕਾਲ ਸੁਣੀ ਚਾਈਂ ਚਾਈਂਆ । ਸਤਾਰਾਂ ਜੇਠ ਦਾ ਦਿਵਸ ਸੁਹੰਜਣਾ ਜਿਸ ਦਾ ਕਰਜ਼ਾ ਦਿਤਾ ਉਤਾਰ, ਮਕ਼ਰੂਜੋ ਤੁਹਾਡੀ ਝੋਲੀ ਦਿਤੀ ਭਰਾਈਆ । ਨਾਲੇ ਧਰਮ ਦਾ ਧਰਮ ਕਰਮ ਦਾ ਕਰਮ ਸਿਰੋਪਾਉ ਦੀ ਦਸਤਾਰ, ਸਤਿਗੁਰ ਕ਼ਦਮ ਕ਼ਦਮ ਟਿਕਾਈਆ । ਨਾਰਦ ਕਹੇ ਮੈਂ ਵੀਂ ਖ਼ੁਸ਼ੀਆਂ ਨਾਲ ਤੁਹਾਡੇ ਨਾਲ ਜਾਵਾਂਗਾ ਤੁਹਾਡੇ ਵੇਖਾਂਗਾ ਘਰਬਾਰ, ਗ੍ਰਿਹਿ ਗ੍ਰਿਹਿ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਚੀ ਸਰਕਾਰ, ਸਤਿਗੁਰ ਸ਼ਬਦ ਸ਼ਬਦ ਸ਼ਬਦ ਅਖਵਾਈਆ ।

✪ ੧੮ ਜੇਠ ਸ਼ਹਿਨਸ਼ਾਹੀ ਸੰਮਤ ੧੧ ਜੰਡਿਆਲਾ ਗੁਰੂ ਹਰਿ ਸੰਗਤ ਨਵਿਤ ਜ਼ਿਲਾ ਅਮ੍ਰਿਤਸਰ ✪

ਨਾਰਦ ਕਹੇ ਮੈਂ ਪ੍ਰਭੂ ਦਾ ਭਗਤ ਹੋ ਕੇ ਟਪਦਾ, ਟਾਪੂ ਜਗਤ ਜਹਾਨ ਚਰਨਾਂ ਹੇਠ ਦਬਾਈਆ । ਬਿਨ ਰਸਨਾ ਤੋਂ ਤੂੰ ਮੇਰਾ ਮੈਂ ਤੇਰਾ ਇਕੋ

ਅਗੰਮਾ ਨਾਮ ਜਪਦਾ, ਰਸਨਾ ਜਿਹਵਾ ਜਗਤ ਮੁਖ ਨਾ ਕੋਇ ਵਡਿਆਈਆ । ਮੈਂ ਨੂਰ ਜ਼ਹੂਰ ਤਕਾਂ ਪਰਮੇਸ਼ਵਰ ਪਤਿ ਦਾ, ਪਾਰਬ੍ਰਹਮ ਇਕੋ ਨਜ਼ਰੀ ਆਈਆ । ਜਿਸ ਖੇਲ ਖਿਲਾਇਆ ਆਦਿ ਜੁਗਾਦੀ ਧਾਰ ਸਤਿ ਕਾ, ਸਤਿ ਸਤਿ ਵਿਚੋਂ ਪਰਗਟਾਈਆ । ਜੋ ਭੇਵ ਖੁਲ੍ਹਾਉਣਹਾਰਾ ਬ੍ਰਹਮ ਪਦ ਕਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਉਸ ਲੇਖਾ ਮੁਕਾਉਣਾ ਅੰਤਮ ਪੰਜ ਤਤ ਦਾ, ਭਗਤ ਸੁਹੇਲੇ ਆਪਣੇ ਅੰਗ ਲਗਾਈਆ । ਜੋ ਗ੍ਰਿਹ ਗ੍ਰਿਹ ਮੰਦਰ ਅੰਦਰ ਵਣਜਾਰਾ ਬਣੇ ਕਾਇਆ ਮਾਟੀ ਰਤ ਦਾ, ਰਤਨ ਅਮੋਲਕ ਹੀਰੇ ਆਪਣੇ ਗ੍ਰਿਹ ਟਿਕਾਈਆ । ਜਿਸ ਦਾ ਆਦਿ ਜੁਗਾਦੀ ਮੇਲਾ ਸਾਚੇ ਨੱਤ ਦਾ, ਸ਼ਬਦੀ ਸ਼ਬਦੀ ਸ਼ਬਦ ਸਮਝਾਈਆ । ਮੈਂ ਉਸ ਦੇ ਚਰਨ ਵਾਸਤਾ ਘਤਦਾ, ਨਿਵ ਨਿਵ ਲਾਗਾ ਪਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਜਗਤ ਜਹਾਨ ਵੇਖ ਲੈ ਤਪਦਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕਲਜੁਗ ਕੂੜੀ ਕਿਰਿਆ ਮਾਇਆ ਰੂਪ ਧਾਰਿਆ ਸੱਪ ਦਾ, ਡਸਣੀ ਘਰ ਘਰ ਡੰਗ ਲਗਾਈਆ । ਮੋਹ ਵਿਕਾਰਾ ਖੇਲ ਵੇਖ ਲੈ ਅੱਤ ਦਾ, ਅੰਤਸ਼ਕਰਨ ਧਿਆਨ ਲਗਾਈਆ । ਸਾਧ ਸੰਤ ਪਿਆਰਾ ਰਿਹਾ ਕੋਈ ਨਹੀਂ ਯਤ ਦਾ, ਧੀਰਜ ਧੀਰ ਨਾ ਕੋਇ ਰਖਾਈਆ । ਤੇਰਾ ਭੇਵ ਖੋਲ੍ਹੇ ਕੋਈ ਨਾ ਮਿਤ ਗਤ ਦਾ, ਗਹਿਰ ਗੰਭੀਰ ਪੜਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਨਾਰਦ ਕਹੇ ਮੈਂ ਭਗਤ ਪੁਰਾਣਾ ਪ੍ਰਭ ਦਾ ਮੀਤ, ਮਿਤਰ ਪਿਆਰਾ ਇਕ ਅਖਵਾਈਆ । ਠਾਕਰ ਸੁਆਮੀ ਵਸੇ ਮੇਰੇ ਚੀਤ, ਚਿਤ ਵਿਤ ਠਗੌਰੀ ਨਜ਼ਰ ਕੋਇ ਨਾ ਆਈਆ । ਮੈਂ ਆਤਮ ਪਰਮਾਤਮ ਗਾਵਾਂ ਗੀਤ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਮੇਰਾ ਕਾਇਆ ਕਾਅਬਾ ਦਿਉਹਰਾ ਹਕ ਮਸੀਤ, ਮਠ ਗੁਰੂਦੁਆਰ ਸੋਭਾ ਪਾਈਆ । ਜਗਤ ਵਾਸ਼ਨਾ ਮੇਰੀ ਬਦਲ ਨਾ ਸਕੇ ਨੀਤ, ਨੀਤੀਵਾਨ ਹੋਏ ਸਹਾਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਵੇਖੀ ਪ੍ਰਭ ਦੀ ਰੀਤ, ਮਾਰਗ ਪੰਥ ਰਾਹ ਰਹਿਬਰ ਰਿਹਾ ਵਖਾਈਆ । ਜੋ ਕਰਨਹਾਰਾ ਪਤਿਤ ਪੁਨੀਤ, ਪਤਿਤ ਪਾਵਨ ਧੁਰਦਰਗਾਹੀਆ । ਜਿਸ ਦੀ ਯਾਦ ਵਿਚ ਜੁਗ ਚੌਕੜੀ ਗਏ ਬੀਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਜੋ ਲੇਖਾ ਜਾਨਣਹਾਰਾ ਹਸਤ ਕੀਟ, ਊਚਾਂ ਨੀਚਾਂ ਧਿਆਨ ਲਗਾਈਆ । ਸੋ ਸੁਆਮੀ ਮੇਰਾ ਬੀਠਲੋ ਬੀਠ, ਮਿਹਰਵਾਨ ਨੂਰ ਅਲਾਹੀਆ । ਜਿਸ ਦਾ ਖੇਲ ਜਗਤ ਅਨਡੀਠ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਸੋ ਭਗਤਾਂ ਚਾੜ੍ਹਨਹਾਰਾ ਰੰਗ ਮਜੀਠ, ਏਥੇ ਉਥੇ ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਸਦਾ ਸੁਹੇਲਾ ਹੋ ਕੇ ਹੱਥ ਰਖੇ ਆਪਣਾ ਪੀਠ, ਪੁਸ਼ਤ ਪਨਾਹ ਆਪ ਟਿਕਾਈਆ । ਹਰਿਜਨ ਕੌੜੇ ਮਿਠੇ ਕਰੇ ਰੀਠ, ਵਿਖ ਅੰਦਰੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਮੈਂ ਭਗਤ ਪੁਰਾਣਾ ਮੇਰੀ ਸਭ ਤੋਂ ਵਖਰੀ ਬੋਦੀ, ਬੁਧੀਵਾਨ ਸਮਝ ਕੋਇ ਨਾ ਪਾਈਆ । ਮੈਂ ਨਿਰਗੁਣ ਧਾਰ ਹੋ ਕੇ ਖੇਲਾਂ ਪ੍ਰਭੂ ਦੀ ਗੋਦੀ, ਗੋਦਾਵਰੀ ਕੰਢੇ ਗੋਬਿੰਦ ਮੇਰੀ ਦਿਤੀ ਗਵਾਹੀਆ । ਜਿਸ ਆਸ਼ਾ ਕਲਪਨਾ ਮੇਰੀ ਸੋਧੀ, ਸੁਦੀ ਵਦੀ ਤੋਂ ਬਾਹਰ ਦਿਤਾ ਸਮਝਾਈਆ । ਚਰਨ ਪ੍ਰੀਤ ਬਣਾ ਕੇ ਬਣਾਇਆ ਧੁਰ ਦਾ ਜੋਗੀ, ਜੁਗੀਸ਼ਰਾਂ ਬਾਹਰ ਪੜ੍ਹਾਈਆ । ਮੇਲ ਮਿਲਾਇਆ ਧੁਰ ਸੰਜੋਗੀ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਮੈਂ ਫਿਰਾਂ ਜਗਤ ਜਹਾਨ ਬਣ ਕੇ ਮੌਜੀ, ਭੱਜਾਂ ਵਾਹੋ ਦਾਹੀਆ । ਦੀਨ ਦੁਨੀ ਦਾ ਬਣ ਕੇ ਖੋਜੀ, ਖੋਜਤ ਖੋਜਤ ਆਪਣਾ ਪੰਧ ਮੁਕਾਈਆ । ਮੈਨੂੰ ਲਾਲਚ ਨਹੀਂ ਕਿਸੇ ਦੀਨ ਦੁਨੀ ਦੀ ਰੋਜ਼ੀ,

ਰਾਜ਼ਕ ਰਿਜ਼ਕ ਰਹੀਮ ਦਏ ਵਡਿਆਈਆ । ਮੈਨੂੰ ਪਰਮ ਪੁਰਖ ਪਰਮਾਤਮ ਇਕੋ ਦਿਤੀ ਸੋਝੀ, ਸਮਝ ਸਮਝ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਗੁਸਾਈਆ । ਨਾਰਦ ਕਹੇ ਮੈਂ ਭਗਤ ਬਿਨਾ ਤਤਾਂ ਤਨ ਵਜੂਦ, ਪ੍ਰੇਮੀਆਂ ਪ੍ਰੇਮ ਨਾਲ ਜਣਾਈਆ । ਮੇਰਾ ਮਾਲਕ ਇਕ ਮਹਿਬੂਬ, ਮਿਹਰਵਾਨ ਨੂਰ ਅਲਾਹੀਆ । ਜੋ ਹਰ ਘਟ ਅੰਦਰ ਮੌਜੂਦ, ਬੈਠਾ ਸੋਭਾ ਪਾਈਆ । ਜਿਸ ਦੀ ਸ਼ਰਅ ਤੋਂ ਬਾਹਰ ਹਦੂਦ, ਹੁਜਰਾ ਹਕ ਹਕ ਸੁਹਾਈਆ । ਜਿਸ ਦੀ ਇਕੋ ਮੰਜ਼ਲ ਮਕ਼ਸੂਦ, ਦਰਗਾਹ ਸਚ ਸਚ ਵਡਿਆਈਆ । ਜੋ ਅੰਤਰ ਨਿਰੰਤਰ ਕੱਢਣਹਾਰਾ ਦੂਜ, ਦੂਈ ਦੁਵੈਤੀ ਡੇਰਾ ਢਾਹੀਆ । ਭਾਗ ਲਗਾ ਕੇ ਪੰਜ ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਦਏ ਵਡਿਆਈਆ । ਮੈਂ ਉਸ ਦੇ ਚਰਨ ਕਵਲ ਜਾਵਾਂ ਝੂਝ, ਆਪ ਆਪਣਾ ਭੇਟ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹ ਇਕ ਸੁਹਾਈਆ । ਨਾਰਦ ਕਹੇ ਮੈਂ ਭਗਤ ਪੁਰਾਤਨ ਦੱਸਾਂ ਹਾਲ, ਜਨ ਭਗਤੇ ਦਿਆਂ ਜਣਾਈਆ । ਪਿਛਲਾ ਸਮਾਂ ਬੀਤਿਆਂ ਵੇਖੋ ਕਾਲ, ਮਹਾਕਾਲ ਕੀ ਦਏ ਦੁਹਾਈਆ । ਨਵ ਸੱਤ ਫਲ ਰਿਹਾ ਕਿਸੇ ਨਾ ਡਾਲ੍ਹ, ਤਨ ਮਾਟੀ ਖ਼ਾਕ ਰਹੀ ਕੁਰਲਾਈਆ । ਗ੍ਰਿਹਿ ਮੰਦਰ ਵੇਖੋ ਜਲਾਲ, ਬਿਨ ਤੇਲ ਬਾਤੀ ਧਿਆਨ ਲਗਾਈਆ । ਹਡ ਮਾਸ ਨਾੜੀ ਤਕੋ ਖਾਲ, ਰਤੀ ਰਤ ਖੋਜ ਖੁਜਾਈਆ । ਆਪਣੇ ਅੰਤਰ ਆਪਣਾ ਕਰੋ ਸਵਾਲ, ਸਵਾਲੀ ਹੋ ਕੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦਰ ਇਕ ਵਖਾਈਆ । ਨਾਰਦ ਕਹੇ ਜਨ ਭਗਤੋ ਭਗਤੀ ਧਾਰ ਮਾਰੋ ਝਾਕੀ ਆ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਨਮ ਕਰਮ ਦੀਆਂ ਲਓ ਬਾਕੀ ਆ, ਲਹਿਣੇ ਪ੍ਰਭ ਦੇ ਕੋਲੋਂ ਮੰਗ ਮੰਗਾਈਆ । ਲੇਖੇ ਵੇਖੋ ਪੰਜ ਤਤ ਖ਼ਾਕੀ ਆ, ਮਾਟੀ ਖ਼ਾਕੀ ਖੋਜ ਖੁਜਾਈਆ । ਆਪਣੇ ਅੰਦਰ ਮੇਟੇ ਅੰਧੇਰੀ ਰਾਤੀ ਆ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਝਗੜਾ ਰਹੇ ਨਾ ਜ਼ਾਤ ਪਾਤੀ ਆ, ਊਚ ਨੀਚ ਨਾ ਕੋਇ ਵਖਾਈਆ । ਸੀਨਾ ਪਾੜ ਕੇ ਵੇਖੋ ਆਪਣੀਆਂ ਛਾਤੀ ਆ, ਰਾਮ ਰਾਮਾ ਨਾਲ ਸਮਝਾਈਆ । ਗ੍ਰਿਹਿ ਮੰਦਰ ਵੇਖੋ ਕਮਲਾਪਾਤੀ ਆ, ਪਤਿਪਰਮੇਸ਼ਵਰ ਧੁਰਦਰਗਾਹੀਆ । ਮਾਨਸ ਜਨਮ ਲੇਖੇ ਲਾਉਣਾ ਲੋਕਮਾਤੀ ਆ, ਮਤਾ ਸਤਿਗੁਰ ਸ਼ਬਦ ਨਾਲ ਪਕਾਈਆ । ਲਹਿਣਾ ਮੁਕੇ ਡੂੰਘੇ ਖਾਤੀ ਆ, ਚੁਰਾਸੀ ਵੰਡ ਨਾ ਕੋਇ ਵੰਡਾਈਆ । ਪਰਮ ਪਰਮਾਤਮ ਪੁਰਖ ਪੁਰਖੋਤਮ ਤਕੋ ਧੁਰ ਦਾ ਸਾਥੀ ਆ, ਸਗਲਾ ਸੰਗ ਬਣਾਈਆ । ਜੋ ਦੇਵੇ ਮਾਣ ਅਨਾਥ ਅਨਾਥੀ ਆ, ਦੀਨਨ ਆਪਣੀ ਗੰਢ ਪੁਆਈਆ । ਲਹਿਣਾ ਚੁਕਾਵੇ ਮਸਤਕ ਮਾਥੀ ਆ, ਧੂੜੀ ਖ਼ਾਕ ਖ਼ਾਕ ਰਮਾਈਆ । ਮੇਰੀ ਨਿਮਸਕਾਰ ਡੰਡਾਵਤ ਬੰਦਨਾ ਜੋੜ ਕੇ ਦੋਵੇਂ ਹਾਥੀ ਆ, ਹਥੇਲੀ ਹਥੇਲੀ ਨਾਲ ਮਿਲਾਈਆ । ਕਿਰਪਾ ਕਰੇ ਪ੍ਰਭੂ ਰਘੁਨਾਥੀ ਆ, ਕਿਰਪਨ ਹੋ ਕੇ ਵੇਖ ਵਖਾਈਆ । ਜਿਸ ਦੀ ਆਤਮ ਪਰਮਾਤਮ ਸਭ ਨੇ ਗਾਉਣੀ ਗਾਥੀਆ, ਸੋਹੰ ਢੋਲਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਾਥੀਆ, ਸਮਰਥ ਸਿਰ ਆਪਣਾ ਹੱਥ ਟਿਕਾਈਆ ।

✪ ੧੮ ਜੇਠ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਭਲਾਈ ਪੁਰ ਡੋਗਰਾ ਪਾਲ ਸਿੰਘ ਦੇ ਗ੍ਰਿਹ ਰਾਤ ਨੂੰ ਜ਼ਿਲਾ ਅੰਮ੍ਰਿਤਸਰ ✪

ਨਾਰਦ ਕਹੇ ਵਾਹ ਉਏ ਜੇਠ ਅਠਾਰਾਂ, ਇਕ ਇਕ ਦੇ ਮਾਲਕ ਗਿਆਰਾਂ ਦਏ ਵਡਿਆਈਆ । ਮੈਂ ਖ਼ੁਸ਼ੀ ਹੋਵਾਂ ਵੇਖ ਕੇ ਤੇਈ ਅਵਤਾਰਾਂ, ਦੂਆ ਤੀਆ ਸਰਗੁਣ ਤ੍ਰੈਗੁਣ ਆਪਣਾ ਭੇਵ ਚੁਕਾਈਆ । ਸ਼ਬਦੀ ਧਾਰ ਸਤਿਗੁਰ ਤਕਾਂ ਬਹਾਰਾਂ, ਦੋ ਜਹਾਨਾਂ ਨੌਜਵਾਨਾ ਹੋ ਕੇ ਵੇਖ ਵਖਾਈਆ । ਬਿਨਾ ਨੇਤਰ ਲੋਚਨ ਨੈਣ ਵੇਖਾਂ ਇਸ਼ਾਰਾ, ਬਿਨਾ ਸੈਨਤ ਦੀਨ ਦੁਨੀ ਪ੍ਰਭੂ ਰਿਹਾ ਸਮਝਾਈਆ । ਜੋ ਲਹਿਣਾ ਦੇਣਾ ਜੁਗ ਚੌਕੜੀ ਪੂਰਾ ਕਰੇ ਉਧਾਰਾ, ਲੇਖਾ ਸਭ ਦੀ ਝੋਲੀ ਪਾਈਆ । ਜੋ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਵੇਖੇ ਹੱਟੀ ਬਾਜ਼ਾਰਾ, ਬ੍ਰਹਿਮੰਡਾਂ ਖੰਡਾਂ ਧਿਆਨ ਲਗਾਈਆ । ਜਿਸ ਖੇਲ ਖਿਲਾਇਆ ਲੱਖ ਚੁਰਾਸੀ ਜੀਵ ਜੰਤ ਪੁਰਖ ਨਾਰਾ, ਤਨ ਵਜੂਦਾਂ ਸੋਭਾ ਪਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਹੋ ਕੇ ਪੁਰਖ ਜ਼ਾਹਰਾ, ਜ਼ਾਹਰ ਜ਼ਹੂਰ ਹੋ ਕੇ ਆਪਣੀ ਕਲ ਪਰਗਟਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਏਕੰਕਾਰਾ, ਲੱਖ ਚੁਰਾਸੀ ਆਪਣੀ ਕਲ ਪਰਗਟਾਈਆ । ਮੈਂ ਨਿਵ ਨਿਵ ਬਿਨਾ ਚਰਨ ਕਰਾਂ ਨਿਮਸਕਾਰਾ, ਬਿਨ ਧੂੜੀ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਨਾਰਦ ਕਹੇ ਤੇਈ ਅਵਤਾਰੋ ਮੇਰੇ ਪਿਆਰੇ ਮਿਤਰੋ, ਸੱਜਣੋ ਧਿਆਨ ਲਗਾਈਆ । ਪ੍ਰਭ ਦੀ ਧਾਰ ਵਿਚੋਂ ਬਾਹਰ ਨਿਤਰੋ, ਨਿਰਵੈਰ ਹੋ ਕੇ ਵੇਖ ਵਖਾਈਆ । ਚੋਟੀ ਚੜ੍ਹ ਕੇ ਵੇਖੋ ਸਿਖਰੋ, ਅੰਤ ਪੜਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਨਾਰਦ ਕਹੇ ਅਵਤਰੀ ਤੀਨਾ ਧਾਰ ਤਮੀਨਾ ਤਵਸੀ ਰਾਮ ਜ਼ਵੂਹ ਜੋਤੀ ਨਾਲ ਜ਼ਵਦਦੀ ਗੋਸ਼ੇ ਮੈਂ ਰਹੂਆ ਮਿਹਰਵਾਨ ਮਿਹਰਵਾਨ ਮਿਹਰਵਾਨ ਕੀ ਖੇਲ ਕਰੇ ਆਪਣੀ ਬਿਧ ਦੀ, ਬਿਦਨਾ ਦੋਵੇਂ ਹੱਥ ਬਧੁ ਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਰੂ ਆ । ਗੁਰਦੇਵ ਸੁਆਮੀ ਅਤਰੀ, ਤੇਈ ਤਰੇਈ ਧਾਰ । ਤੁਸੀਂ ਬ੍ਰਾਹਮਣ ਕਿ ਕਸ਼ਤਰੀ, ਸ਼ੂਦਰ ਵੈਸ਼ ਦਸੋ ਵਿਚਾਰ । ਬਿਨ ਅੱਖਰਾਂ ਫੋਲੋ ਪੱਤਰੀ, ਬਿਨ ਨੈਣਾਂ ਨੈਣ ਉਘਾੜ । ਬਿਨ ਰਸਨਾ ਗਾਉ ਮੰਤਰੀ, ਬਿਨ ਸ਼ਬਦ ਨਾਦ ਧੁਨਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਏਕੰਕਾਰ । ਨਾਰਦ ਕਹੇ ਤੇਈ ਅਵਤਾਰ ਵੇਖੋ ਆਪਣਾ ਸਾਹਿਤ, ਸਤਿਜੁਗ ਤ੍ਰੇਤਾ ਦੁਆਪਰ ਧਿਆਨ ਲਗਾਈਆ । ਕਿਰਿਆ ਕਾਂਡ ਦੀ ਵੇਖੋ ਰਹਿਤ, ਕਰਮਾਂ ਨਾਲ ਸਮਝਾਈਆ । ਸਚ ਪ੍ਰੇਮ ਦੀ ਤਕੋ ਮਹਿਕ, ਦੀਨ ਦੁਨੀ ਵੇਖ ਵਖਾਈਆ । ਜਗਤ ਸਿੰਘਾਸਣ ਵੇਖੋ ਬਹਿਕ, ਆਸਣ ਆਪਣਾ ਫੇਲ ਫੁਲਾਈਆ । ਕੀ ਸ਼ਬਦੀ ਢੋਲੇ ਸਤਿਗੁਰ ਸ਼ਬਦ ਕਹਿਤ, ਕਹਿ ਕਹਿ ਰਿਹਾ ਜਣਾਈਆ । ਕੀ ਹੁਕਮ ਸੰਦੇਸ਼ਾ ਮਿਲੇ ਹਦਾਯਤ, ਫ਼ਰਮਾਨਾ ਧੁਰਦਰਗਾਹੀਆ । ਕੀ ਬਖ਼ਸ਼ਿਸ਼ ਹੋਈ ਅਨਾਇਤ, ਵਸਤ ਅਗੰਮ ਵਰਤਾਈਆ । ਕਵਣ ਤੁਹਾਡੀ ਕਰੇ ਹਮਾਇਤ, ਹਮ ਸਾਜਣ ਕਵਣ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਅਵਤਾਰੋ ਬਿਨ ਅੱਖਰਾਂ ਵੇਖੋ ਆਪਣੀਆਂ ਕਾਪੀਆਂ, ਕ਼ਲਮ ਸ਼ਾਹੀ ਰੰਗ ਨਾ ਕੋਇ ਰੰਗਾਈਆ । ਦਰਗਾਹ ਸਚ ਦੀ ਪੜ੍ਹੋ ਪਾਤੀਆਂ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਸੀਨੇ ਪਾੜ ਕੇ ਵੇਖੋ ਛਾਤੀਆਂ, ਅੰਤਰ ਧਿਆਨ ਲਗਾਈਆ । ਆਪਣੀਆਂ ਆਪੇ ਪੁਛੋ ਵਾਤੀਆਂ, ਆਪਣੀ

ਆਪ ਲਓ ਅੰਗੜਾਈਆ । ਕਿਉਂ ਕਲਜੁਗ ਹੋਈਆਂ ਅੰਧੇਰੀਆਂ ਰਾਤੀਆਂ, ਸਾਚਾ ਚੰਦ ਨਾ ਕੋਇ ਚਮਕਾਈਆ । ਧਰਮ ਰਿਹਾ ਨਾ ਲੋਕਮਾਤੀਆ, ਮਾਤਰ ਭੂਮੀ ਰੋਵੇ ਮਾਰੇ ਧਾਹੀਆ । ਪਿਛਲੀਆਂ ਦੱਸੋ ਕਥਾ ਕਹਾਣੀਆਂ ਬਾਤੀਆਂ, ਬਾਤਨ ਭੇਵ ਚੁਕਾਈਆ । ਨਾਮ ਦੀਆਂ ਰਹੀਆਂ ਮੂਲ ਨਾ ਹਾਟੀਆਂ, ਹਟਵਾਣਿਓ ਕਿੱਥੇ ਵਸਤ ਗਏ ਲੁਟਾਈਆ । ਮੰਜ਼ਲਾਂ ਦੂਰ ਹੋਈਆਂ ਘਾਟੀਆਂ, ਪਾਂਧੀ ਚੜ੍ਹਨ ਕੋਇ ਨਾ ਪਾਈਆ । ਆਤਮ ਸੇਜਾਂ ਸੁੰਵੀ ਹੋਈਆਂ ਖਾਟੀਆਂ, ਸਿੰਘਾਸਣ ਹਕ ਨਾ ਕੋਇ ਸੁਹਾਈਆ । ਸਚ ਪ੍ਰੇਮ ਦੀਆਂ ਡੋਰਾਂ ਗਈਆਂ ਕਾਟੀਆਂ, ਟੁੱਟੀ ਗੰਢ ਨਾ ਕੋਇ ਵਖਾਈਆ । ਜੋਤ ਨੂਰ ਜਗੇ ਨਾ ਕੋਇ ਲਿਲਾਟੀਆ, ਅੰਧ ਅੰਧੇਰ ਨਾ ਕੋਇ ਮਿਟਾਈਆ । ਮੰਜ਼ਲ ਮੁਕਣ ਕਿਸੇ ਨਾ ਵਾਟੀਆ, ਪਾਂਧੀਓ ਆਪਣਾ ਪੰਧ ਦਿਓ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਅਠਾਰਾਂ ਜੇਠ ਕਹੇ ਸੁਣ ਨਾਰਦ ਪੰਡਾ, ਪੰਡਤਾ ਤੈਨੂੰ ਦਿਆਂ ਜਣਾਈਆ । ਨਿਗਾਹ ਮਾਰ ਲੈ ਵਿਚ ਬ੍ਰਹਿਮੰਡਾਂ, ਬ੍ਰਹਿਮਾਂਡ ਖੋਜ ਖੁਜਾਈਆ । ਖੇਲ ਤਕ ਲੈ ਜੇਰਜ ਅੰਡਾ, ਉਤਭੁਜ ਸੇਤਜ ਪਰਦਾ ਆਪ ਉਠਾਈਆ । ਦੀਨ ਦੁਨੀ ਦੀਆਂ ਵੇਖ ਲੈ ਵੰਡਾਂ, ਮਾਨਸ ਮਾਨਵ ਮਾਨੁਖ ਬੈਠੇ ਰੂਪ ਬਦਲਾਈਆ । ਜਗਤ ਵਿਕਾਰ ਤਕ ਲੈ ਗੰਢਾ, ਮੋਹ ਵਿਕਾਰੇ ਨਾਲ ਬੰਧਾਈਆ । ਆਤਮ ਸਭ ਦਾ ਹੋ ਗਿਆ ਰੰਡਾ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਸੀਨਾ ਹੋਵੇ ਕਿਸੇ ਨਾ ਠੰਢਾ, ਅਗਨੀ ਤਤ ਨਾ ਕੋਇ ਬੁਝਾਈਆ । ਧਰਮ ਦਾ ਰਿਹਾ ਕੋਈ ਨਾ ਖੰਡਾ, ਖੜਗਾਂ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਜੇਠ ਕਹੇ ਸੁਣ ਪੰਡਤ ਧਰਮ ਧਾਰ ਦੇ ਮੀਤੇ, ਸੱਜਣੂਆ ਦਿਆਂ ਜਣਾਈਆ । ਜੋ ਅਵਤਾਰਾਂ ਕੌਲ ਇਕਰਾਰ ਕੀਤੇ, ਜੁਗ ਜੁਗ ਭੇਵ ਖੁਲ੍ਹਾਈਆ । ਸਭ ਦੇ ਵਕਤ ਅੰਤ ਬੀਤੇ, ਸਤਿਜੁਗ ਤ੍ਰੇਤਾ ਦੁਆਪਰ ਦਏ ਗਵਾਹੀਆ । ਅਗਲਾ ਹੁਕਮ ਕਰੇ ਪਰਮ ਪੁਰਖ ਅਤੀਤੇ, ਤ੍ਰੈਗੁਣ ਬਾਹਰ ਆਪ ਜਣਾਈਆ । ਜਿਸ ਨੇ ਜੁਗ ਚੌਕੜੀ ਜੀਤੇ, ਸਤਿਜੁਗ ਤ੍ਰੇਤਾ ਦੁਆਪਰ ਪਿਛਲੇ ਪੰਧ ਮੁਕਾਈਆ । ਜਿਸ ਦੀ ਸਭ ਤੋਂ ਵਖਰੀ ਰੀਤੇ, ਰੀਤੀਵਾਨ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਅਠਾਰਾਂ ਜੇਠ ਕਹੇ ਨਾਰਦ ਮੇਰੇ ਵਿਚ ਹੁੰਦਾ ਰਿਹਾ ਕੌਲ ਇਕਰਾਰ, ਇਕਰਾਰਨਾਮੇ ਬਿਨ ਅੱਖਰਾਂ ਦੇਣ ਗਵਾਹੀਆ । ਇਹ ਹੁਕਮੇ ਬੱਧੇ ਤੇਈ ਅਵਤਾਰ, ਜਗਤ ਸਰੀਰ ਗਏ ਹੰਢਾਈਆ । ਰਸਨਾ ਜਿਹਵਾ ਪ੍ਰਭੂ ਦਾ ਨਾਮ ਗਏ ਉਚਾਰ, ਗ੍ਰੰਥ ਸ਼ਾਸਤਰਾਂ ਨਾਲ ਲਿਖਾਈਆ । ਸੰਦੇਸ਼ਾ ਦੇਂਦੇ ਗਏ ਵਾਰੋ ਵਾਰ, ਲੋਕਮਾਤ ਆਪਣੀ ਸੇਵ ਕਮਾਈਆ । ਭਵਿਖਤਾਂ ਵਿਚ ਗਏ ਉਚਾਰ, ਅੱਖਰ ਅੱਖਰਾਂ ਨਾਲ ਜੁੜਾਈਆ । ਸਭ ਦਾ ਮਾਲਕ ਏਕੰਕਾਰ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਨੂੰ ਕਰਦੇ ਰਹੇ ਨਿਮਸਕਾਰ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਜੋ ਵਸੇ ਸਚਖੰਡ ਸਚੇ ਦਰਬਾਰ, ਸਚ ਸਿੰਘਾਸਣ ਸੋਭਾ ਪਾਈਆ । ਉਸ ਦਾ ਖੇਲ ਅਪਰ ਅਪਾਰ, ਅਪਰੰਪਰ ਸੁਆਮੀ ਆਪਣੇ ਹੱਥ ਰਖੇ ਵਡਿਆਈਆ । ਜੋ ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਆਵੇ ਕਲ ਕਲਕੀ ਅਵਤਾਰ, ਨਿਹਕਲੰਕਾ ਨਾਉਂ ਪਰਗਟਾਈਆ । ਝਟ ਵੇਦ ਵਿਆਸੇ ਉਠ ਕੇ ਮਾਰੀ ਇਕ ਲਲਕਾਰ, ਕੂਕ ਕੂਕ ਸੁਣਾਈਆ । ਉਹ ਬ੍ਰਾਹਮਣ ਗੌੜਾ ਸਭ ਦਾ ਮੀਤ ਮੁਰਾਰ, ਮਿਤਰ ਪਿਆਰਾ ਇਕ ਅਖਵਾਈਆ । ਜੋ ਹੋਵੇ ਉਦਰ ਤੋਂ ਬਾਹਰ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜੋਤੀ ਜਾਤਾ ਹੋ ਕੇ ਹੋਵੇ ਜ਼ਾਹਰ, ਜ਼ਾਹਰ


੫੩੦
੨੪

ਜ਼ਹੂਰ ਆਪਣਾ ਆਪ ਕਰਾਈਆ । ਸ਼ਬਦੀ ਸ਼ਬਦ ਦੀ ਬਣਾ ਕੇ ਧਾਰ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਤੇਈ ਅਵਤਾਰ ਉਸੇ ਦਾ ਕਰਨ ਇਜ਼ਹਾਰ, ਸਿਫ਼ਤਾਂ ਨਾਲ ਸਿਫ਼ਤ ਸਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਗੁਸਾਈਂਆ । ਤੇਈ ਅਵਤਾਰ ਕਹਿਣ ਸਾਡਾ ਨਹੀਂ ਕੋਈ ਤਕਰਾਰ, ਬੋਲ ਜਗਤ ਨਾ ਕੋਇ ਜਣਾਈਆ । ਅਸੀਂ ਆਏ ਵਾਰੋ ਵਾਰ, ਸਤਿਜੁਗ ਤ੍ਰੇਤਾ ਦੁਆਪਰ ਫੇਰਾ ਪਾਈਆ । ਹੁਕਮ ਮੰਨਦੇ ਰਹੇ ਸਚੀ ਸਰਕਾਰ, ਜੋ ਸ਼ਹਿਨਸ਼ਾਹ ਰਿਹਾ ਦ੍ਰਿੜਾਈਆ । ਅੱਖਰਾਂ ਨਾਲ ਅੱਖਰ ਦੇਂਦੇ ਰਹੇ ਅਧਾਰ, ਮੇਲ ਮਿਲਾਇਆ ਚਾਈਂ ਚਾਈਂਆ । ਗ੍ਰੰਥ ਸ਼ਾਸਤਰ ਗਏ ਉਚਾਰ, ਰਸਨਾ ਜਿਹਵਾ ਢੋਲੇ ਗਾਈਆ । ਰਾਮ ਰਾਮਾ ਕਰ ਪਿਆਰ, ਰਮਈਆ ਰੂਪ ਸਮਝਾਈਆ । ਕਾਹਨਾ ਕਾਹਨ ਦੱਸ ਸਿਕਦਾਰ, ਘਨਈਆ ਇਕੋ ਇਕ ਦਰਸਾਈਆ । ਬੁੱਧੀ ਤੋਂ ਪਰੇ ਜਿਸ ਦਾ ਵਿਵਹਾਰ, ਅਕਲ ਚਲੇ ਨਾ ਕੋਇ ਚਤੁਰਾਈਆ । ਉਸ ਦੇ ਬਣਕੇ ਸੇਵਾਦਾਰ, ਜੁਗ ਜੁਗ ਸੇਵ ਕਮਾਈਆ । ਅੰਤ ਕਰਦੇ ਰਹੇ ਇੰਤਜ਼ਾਰ, ਬਿਨ ਨੈਣਾਂ ਨੈਣ ਉਠਾਈਆ । ਜਿਸ ਦੇ ਹੁਕਮ ਵਿਚ ਹੁਕਮ ਦੀ ਮੌਲਣੀ ਬਹਾਰ, ਬਸੰਤ ਬੈਠੇ ਸੀਸ ਨਿਵਾਈਆ । ਭਗਤ ਵਛਲ ਹੋਏ ਗਿਰਧਾਰ, ਭਗਵਨ ਆਪਣਾ ਰੂਪ ਵਟਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਾਵਣਹਾਰਾ ਸਾਰ, ਮਹਾਸਾਰਥੀ ਵਡ ਵਡਿਆਈਆ । ਜਿਸ ਨੂੰ ਸਭ ਨੇ ਕਰਨੀ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਅਵਤਾਰ ਕਹਿਣ ਪੰਡਤਾ ਸਾਡਾ ਪ੍ਰਭ ਸਦਾ ਬੇਅੰਤ, ਤੈਨੂੰ ਦੇਈਏ ਜਣਾਈਆ । ਜੋ ਮਾਲਕ ਧੁਰ ਦਾ ਕੰਤ, ਕੰਤੂਹਲ ਇਕ ਅਖਵਾਈਆ । ਜਿਸ ਦੀ ਸਾਰੇ ਕਰਦੇ ਮੰਨਤ, ਨਿਵ ਨਿਵ ਸੀਸ ਨਿਵਾਈਆ । ਉਸ ਸਾਡੀ ਬਣਾਈ ਬਣਤ, ਘੜਨ ਭੰਨਣਹਾਰ ਧੁਰਦਰਗਾਹੀਆ । ਭੇਵ ਖੁਲ੍ਹਾਇਆ ਵਿਚ ਜੰਨਤ, ਜੀਵਾਂ ਦਿਤਾ ਜਣਾਈਆ । ਮਹਿੰਮਾ ਦੱਸ ਅਗਣਤ, ਸਿਫ਼ਤਾਂ ਨਾਲ ਸਲਾਹੀਆ । ਜਿਸ ਦੇ ਨਾਮ ਦਾ ਗਾਇਆ ਮੰਤ, ਮੰਤਵ ਦੀਨ ਦੁਨੀ ਹਲ ਕਰਾਈਆ । ਉਹ ਲੇਖਾ ਲਹਿਣਾ ਪੂਰਾ ਕਰੇ ਅੰਤ, ਅੰਤ ਉਸੇ ਹੱਥ ਵਡਿਆਈਆ । ਉਸ ਦਾ ਲਹਿਣਾ ਸਮਝ ਸਕੇ ਕੋਈ ਨਾ ਪੰਡਤ, ਪੰਡਤਾ ਤੇਰੀ ਕੀ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਂਆ । ਨਾਰਦ ਕਹੇ ਅਵਤਾਰੋ ਮੈਂ ਕੋਈ ਭਗਤ ਨਹੀਂ ਸ਼ਰੀਰ, ਤਨ ਵਜੂਦ ਨਾ ਕੋਇ ਰਖਾਈਆ । ਮੇਰਾ ਰੂਪ ਬੇਨਜ਼ੀਰ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਮੈਂ ਸ਼ਾਹ ਨਹੀਂ ਹਕੀਰ, ਜਗਤ ਵੰਡ ਨਾ ਕੋਇ ਵੰਡਾਈਆ । ਮੇਰੀ ਮਨਸਾ ਨਹੀਂ ਜ਼ਮੀਰ, ਖ਼ਾਹਿਸ਼ ਦੁਨੀ ਨਾ ਕੋਇ ਜਣਾਈਆ । ਮੇਰੀ ਬਦਲੀ ਨਾ ਕਦੇ ਤਕਦੀਰ, ਤਦਬੀਰ ਜਗਤ ਨਾ ਕੋਇ ਜਣਾਈਆ । ਮੈਂ ਪਰਮ ਪੁਰਖ ਪਰਮਾਤਮ ਦਾ ਇਕੋ ਪੀਤਾ ਸੀਰ, ਬਿਨ ਰਸਨਾ ਜਿਹਵਾ ਮੁਖ ਲਗਾਈਆ । ਜਿਸ ਨਾਲ ਮੈਨੂੰ ਆਈ ਧੀਰ, ਧੀਰਜ ਦਿਤੀ ਟਿਕਾਈਆ । ਮੈਂ ਗ਼ਰੀਬ ਨਹੀਂ ਅਮੀਰ, ਅਮਰਾਪਦ ਬਹਿ ਕੇ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਤੇਈ ਅਵਤਾਰ ਕਹਿਣ ਨਾਰਦ ਸਾਡਾ ਇਕੋ ਇਕ ਬਚਨ, ਬਿਨ ਰਸਨਾ ਦਈਏ ਜਣਾਈਆ । ਤੇਰਾ ਕਿਹੜਾ ਗੜ੍ਹ ਕੰਚਨ, ਸਾਨੂੰ ਦੇ ਸੁਣਾਈਆ । ਨਾਰਦ ਕਿਹਾ ਮੇਰਾ ਮੰਦਰ ਨੂਰ ਨੁਰਾਨਾ ਇਕ ਨਿਰੰਜਣ, ਦੂਜਾ ਨਜ਼ਰ ਕੋਇ ਨਾ ਆਈਆ । ਜੋ ਮਾਲਕ ਦਰਦ ਦੁਖ ਭੈ ਭੰਜਣ, ਭਵ ਸਾਗਰਾਂ ਪਾਰ ਕਰਾਈਆ । ਜਿਸ

ਦੇ ਅਵਤਾਰ ਪੈਗ਼ੰਬਰ ਗੁਰੂ ਜੋਤੀ ਧਾਰ ਜਗਣ, ਜਾਗਰਤ ਜੋਤ ਕਰ ਰੁਸ਼ਨਾਈਆ । ਜੋ ਨਾਮ ਨਿਧਾਨ ਸਭ ਦੇ ਮੁਖ ਲਗਾਵੇ ਸਗਨ, ਵਸਤ ਅਗੰਮ ਆਪ ਵਰਤਾਈਆ । ਪ੍ਰੇਮ ਪਿਆਰ ਮਸਤੀ ਵਿਚ ਕਰਕੇ ਮਗਨ, ਆਪਣਾ ਰੰਗ ਚੜ੍ਹਾਈਆ । ਜਿਸ ਦੀ ਮੰਜ਼ਲ ਸਾਰੇ ਲੰਘਣ, ਭੱਜਣ ਵਾਹੋ ਦਾਹੀਆ । ਜਿਸ ਦੇ ਅਵਤਰ ਹੋ ਕੇ ਸਾਰੇ ਮੰਗਣ, ਖ਼ਾਲੀ ਝੋਲੀਆਂ ਅਗੇ ਡਾਹੀਆ । ਉਹ ਨਾਮ ਨਿਧਾਨਾ ਜੁਗ ਜੁਗ ਆਵੇ ਵੰਡਣ, ਵਸਤ ਅਮੋਲਕ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਅਠਾਰਾਂ ਜੇਠ ਕਹੇ ਮੈਂ ਸਭ ਨੂੰ ਦੇਵਾਂ ਸੰਦੇਸ਼ਾ, ਅਵਤਰ ਤੇਈ ਧਿਆਨ ਲਗਾਈਆ । ਨਾਰਦਾ ਤਕ ਲੈ ਇਕੋ ਨਰ ਨਰੇਸ਼ਾ, ਨਰ ਨਰਾਇਣ ਧੁਰਦਰਗਾਹੀਆ । ਜੋ ਸਦਾ ਰਹੇ ਹਮੇਸ਼ਾ, ਸਾਜਣ ਇਕ ਅਖਵਾਈਆ । ਜਿਸ ਦੇ ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼ਾ, ਦੇਵਤ ਸੁਰ ਭੱਜਣ ਵਾਹੋ ਦਾਹੀਆ । ਜੋ ਵਸਣਹਾਰਾ ਸਚਖੰਡ ਸਾਚੇ ਦੇਸਾ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਵਖਰਾ ਵੇਸਾ, ਤੇਈ ਅਵਤਾਰਾਂ ਵੇਸ ਵਟਾਈਆ । ਭਗਤ ਉਧਾਰਨਾ ਜਿਸ ਦਾ ਪੇਸ਼ਾ, ਪੇਸ਼ੀਨਗੋਈਆਂ ਦੇਣ ਗਵਾਹੀਆ । ਜੋ ਮੇਟਣਹਾਰਾ ਕੂੜ ਕਲੇਸ਼ਾ, ਕੁਕਰਮ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਜੇਠ ਕਹੇ ਮੇਰੀ ਬਾਤ ਇਕ ਅਵੱਲੀ, ਅਵੱਲੜੀ ਦਿਆਂ ਜਣਾਈਆ । ਮੇਰੀ ਆਸ਼ਾ ਇਕ ਇਕੱਲੀ, ਅਕਲ ਕਲਧਾਰੀ ਦਿਤੀ ਬਣਾਈਆ । ਜੋ ਆਦਿ ਜੁਗਾਦੀ ਵਲ ਛਲੀ, ਅਛਲ ਛਲ ਆਪਣਾ ਹੁਕਮ ਵਰਤਾਈਆ । ਉਸ ਨੇ ਖ਼ਬਰ ਬਿਨ ਅੱਖਰਾਂ ਦੱਸੀ ਭਲੀ, ਜੋ ਭਾਂਡਾ ਭਰਮ ਭੰਨਾਈਆ । ਜੋ ਸਦਾ ਫਿਰੇ ਭਗਤਾਂ ਦੀ ਗਲੀ, ਕਾਇਆ ਕੂਟੇ ਭੱਜੇ ਵਾਹੋ ਦਾਹੀਆ । ਜਿਸ ਦੀ ਧਾਰ ਆਤਮਾ ਨਾਲ ਪਰਮਾਤਮਾ ਹੋ ਕੇ ਰਲੀ, ਰਲ ਮਿਲ ਕੇ ਖ਼ੁਸ਼ੀ ਬਣਾਈਆ । ਜੋ ਖੇਲ ਖਿਲਾਵੇ ਕਾਇਆ ਮਾਟੀ ਖੱਲੀ, ਖ਼ੁਦ ਮਾਲਕ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਨਾਰਦ ਕਹੇ ਜੇਠ ਉਹ ਮਿਤਰ ਪਿਆਰਾ ਚੰਗਾ, ਚੰਗੀ ਦਏ ਵਡਿਆਈਆ । ਜਿਸ ਦਾ ਪਿਆਰ ਅੰਮ੍ਰਿਤ ਰਸ ਅਗੰਮੀ ਗੰਗਾ, ਗੰਗੋਤਰੀ ਸਮਝ ਕਿਛ ਨਾ ਆਈਆ । ਜਿਸ ਦੇ ਹੁਕਮ ਵਿਚ ਤੇਈ ਅਵਤਾਰਾਂ ਵਕ਼ਤ ਲੰਘਾ, ਆਪਣਾ ਪੰਧ ਮੁਕਾਈਆ । ਜੋ ਦੇਵਣਹਾਰਾ ਭਗਤਾਂ ਸੰਗਾ, ਸਗਲਾ ਸੰਗੀ ਇਕ ਹੋ ਜਾਈਆ । ਜੋ ਓਢਣ ਬਖ਼ਸ਼ੇ ਸੀਸ ਨੰਗਾ, ਸੋ ਸਿਰ ਸਿਰ ਆਪਣਾ ਹੱਥ ਵਖਾਈਆ । ਜਿਸ ਲੇਖਾ ਪੂਰਾ ਕਰਨਾ ਤਤਾਂ ਪੰਜਾਂ, ਪੰਚਮ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰ ਇਕ ਖੁਲ੍ਹਾਈਆ । ਅਵਤਾਰ ਕਹਿਣ ਸਾਡਾ ਮਾਲਕ ਇਕ ਜਗਦੀਸ਼, ਜਗਦੀਸ਼ਰ ਨਜ਼ਰੀ ਆਈਆ । ਜਿਸ ਨੂੰ ਝੁਕਦੇ ਸੀਸ, ਸੀਸ ਬਿਨ ਕ਼ਦਮਾਂ ਕ਼ਦਮ ਟਿਕਾਈਆ । ਜਿਸ ਦੀ ਕਰੇ ਕੋਈ ਨਾ ਰੀਸ, ਰੂਪ ਅਨੂਪ ਨਾ ਕੋਇ ਦਰਸਾਈਆ । ਉਸ ਦਾ ਖੇਲ ਇਕ ਇਕੀਸ, ਦੂਆ ਏਕਾ ਮਿਲ ਕੇ ਵਜੇ ਵਧਾਈਆ । ਜਿਸ ਦੇ ਛਤਰ ਝੁਲਦਾ ਸੀਸ, ਦੋ ਜਹਾਨਾਂ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਰੰਗ ਆਪ ਰੰਗਾਈਆ । ਅਵਤਾਰ ਕਹਿਣ ਉਸ ਦਾ ਵਕਤ ਸੁਹੰਜਣਾ ਆਇਆ, ਅਸੀਂ ਮਿਲ ਕੇ ਦਈਏ ਜਣਾਈਆ । ਜਿਸ ਦਾ ਜੁਗ ਜੁਗ ਢੋਲਾ ਗਾਇਆ, ਸਿਫ਼ਤਾਂ ਨਾਲ ਸਲਾਹੀਆ । ਉਹ ਵੇਖਣਹਾਰਾ

ਤ੍ਰੈਗੁਣ ਮਾਇਆ, ਤ੍ਰੈਭਵਣ ਧਨੀ ਇਕ ਅਖਵਾਈਆ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਖੇਲ ਰਚਾਇਆ, ਕਲਜੁਗ ਅੰਤਮ ਖੋਜ ਖੁਜਾਈਆ । ਜੋ ਭਗਤ ਸੁਹੇਲਾ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਇਆ, ਜੋਤੀ ਜਾਤਾ ਡਗਮਗਾਈਆ । ਉਸ ਦਾ ਹੁਕਮ ਸੰਦੇਸ਼ਾ ਇਕੋ ਇਕ ਸੁਣਾਇਆ, ਨਿਰਅੱਖਰ ਧਾਰ ਪੜ੍ਹਾਈਆ । ਅਠਾਰਾਂ ਜੇਠ ਖ਼ੁਸ਼ੀ ਮਨਾਇਆ, ਨਿਵ ਨਿਵ ਲਾਗਾ ਪਾਈਆ । ਨਾਰਦ ਕਹੇ ਮੈਂ ਲੱਖ ਲੱਖ ਸ਼ੁਕਰ ਮਨਾਇਆ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਅਵਤਾਰੋ ਤੁਹਾਨੂੰ ਦਿਆਂ ਸੁਣਾਇਆ, ਅਣਸੁਣਤ ਰਹਿਣ ਕੋਇ ਨਾ ਪਾਈਆ । ਤੁਹਾਡਾ ਅੰਤਮ ਪੰਧ ਮੁਕਾਇਆ, ਕ਼ਦਮ ਅਗੇ ਨਾ ਕੋਇ ਉਠਾਈਆ । ਸਭ ਦਾ ਮਾਰਗ ਇਕ ਸਮਝਾਇਆ, ਦੀਨ ਮਜ਼੍ਹਬਾਂ ਨਾ ਵੰਡ ਵੰਡਾਈਆ । ਆਤਮ ਪਰਮਾਤਮ ਭੇਵ ਖੁਲਾਇਆ, ਪਰਦਾ ਪਰਦਿਆਂ ਵਿਚੋਂ ਉਠਾਈਆ । ਪੂਰਬ ਲਹਿਣਾ ਸਭ ਦਾ ਝੋਲੀ ਪਾਇਆ, ਬਾਕੀ ਨਜ਼ਰ ਕੋਇ ਨਾ ਆਈਆ । ਜਿਸ ਨੇ ਭਗਤਾਂ ਵਕ਼ਤ ਸੁਹਾਇਆ, ਭਗਵਨ ਦਏ ਵਡਿਆਈਆ । ਉਸ ਦੀ ਧੂੜੀ ਖ਼ਾਕ ਰਮਾਇਆ, ਮਸਤਕ ਟਿੱਕੇ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਆਦਿ ਜੁਗਾਦੀ ਖੇਲ ਰਚਾਇਆ, ਰਚਣਹਾਰ ਇਕ ਅਖਵਾਈਆ ।



## ੧੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਭਲਾਈ ਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ

੫੩੩
੨੪

ਨਾਰਦ ਕਹੇ ਜਨ ਭਗਤੋ ਮੈਂ ਤੁਹਾਡੇ ਅੰਦਰ ਜਾਵਾਂ ਲੰਘ, ਖ਼ੁਸ਼ੀਆਂ ਨਾਲ ਮਿਲਣਾ ਚਾਈਂ ਚਾਈਆ । ਜਿਥੇ ਪ੍ਰਭੂ ਪਿਆਰਿਆਂ ਦਾ ਸਾਚਾ ਸੰਗ, ਸਾਚਾ ਸੰਗੀ ਇਕੋ ਵੇਖ ਵਖਾਈਆ । ਪ੍ਰੇਮ ਪਿਆਰ ਦੀ ਧਾਰ ਵਗੇ ਅੰਮ੍ਰਿਤ ਗੰਗ, ਲਹਿਰ ਲਹਿਰ ਵਿਚੋਂ ਬਦਲਾਈਆ । ਮੈਨੂੰ ਚੰਗਾ ਸੋਹਣਾ ਦਿਸੇ ਢੰਗ, ਤਰੀਕ਼ਾ ਮੇਰੇ ਮਨ ਨੂੰ ਭਾਈਆ । ਤੁਸੀਂ ਖ਼ੁਸ਼ੀਆਂ ਢੋਲੇ ਗਾਉਣੇ ਛੰਦ, ਸੋਹੰ ਸਚ ਪੜ੍ਹਾਈਆ । ਆਤਮ ਧਾਰ ਹੋਏ ਪਾਬੰਦ, ਪਰਮਾਤਮ ਮਿਲ ਕੇ ਵਜੇ ਵਧਾਈਆ । ਜਿਥੇ ਰਹੇ ਨਾ ਭੁਖ ਨੰਗ, ਤ੍ਰਿਸ਼ਨਾ ਕੂੜ ਨਾ ਕੋਇ ਹਲਕਾਈਆ । ਸੇਜ ਸੁਹੰਜਣੀ ਹੋਏ ਪਲੰਘ, ਛੱਪਰ ਛੰਨ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਸਤਿਸੰਗ ਵੇਖਿਆ ਅਗੰਮ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਿਥੇ ਖ਼ੁਸ਼ੀ ਹੁੰਦਾ ਬੰਦ ਬੰਦ, ਬੰਦਗੀ ਪ੍ਰਭ ਦੀ ਵਿਚ ਸਮਾਈਆ । ਨੂਰੀ ਜੋਤ ਤਕ ਕੇ ਚੰਦ, ਅੰਧ ਅੰਧੇਰਾ ਅੰਧ ਮਿਟਾਈਆ । ਸਾਚੀ ਮੰਜ਼ਲ ਹਕ਼ੀਕ਼ੀ ਜਲਵਾ ਵੇਖੇ ਲੰਘ, ਨੂਰ ਨੁਰਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆਂ । ਸਤਿਸੰਗ ਹੁੰਦਾ ਕਾਇਆ ਮੰਦਰ ਘਰ, ਸਾਢੇ ਤਿੰਨ ਹੱਥ ਵਜੇ ਵਧਾਈਆ । ਜਿਥੇ ਅੰਮ੍ਰਿਤ ਮਿਲੇ ਡੂੰਘੇ ਸਰ, ਸਰੋਵਰ ਇਕੋ ਸੋਭਾ ਪਾਈਆ । ਮਿਹਰਵਾਨ ਮਿਹਰਵਾਨ ਮਿਹਰ ਕਿਰਪਾ ਦੇਵੇ ਕਰ, ਕਰਨੀ ਦਾ ਕਰਤਾ ਕਾਰ ਕਮਾਈਆ । ਸਚ ਭੰਡਾਰਾ ਦੇਵੇ ਭਰ, ਖ਼ਾਲੀ ਨਜ਼ਰ ਕੋਇ ਨਾ ਆਈਆ । ਮੇਲ ਮਿਲਾਵਾ ਹੋਵੇ ਇਕੋ ਹਰਿ, ਜੋ ਹਰ ਹਿਰਦੇ ਬੈਠਾ ਸੋਭਾ ਪਾਈਆ । ਆਤਮ ਪਰਮਾਤਮ ਲਏ ਵਰ, ਕੰਤ ਕੰਤੂਹਲ ਇਕ ਅਖਵਾਈਆ । ਜਿਸ ਨੂੰ ਕਹਿੰਦੇ ਨਰਾਇਣ ਨਰ, ਨਰ

੫੩੪
੨੪

ਨਿਰੰਕਾਰ ਅਗੰਮ ਅਥਾਹੀਆ । ਨਿਰਭਉ ਹੋ ਕੇ ਚੁਕਾਵੇ ਡਰ, ਭਾਉ ਆਪਣਾ ਇਕ ਸਮਝਾਈਆ । ਜਿਸ ਦੀ ਸਰਨ ਸਰਨਾਈ ਜਾਈਏ ਪਰ, ਪਰਾ ਪਸੰਤੀ ਮਧਮ ਬੈਖਰੀ ਦਾ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਸਤਿਸੰਗ ਹੋਵੇ ਕਾਇਆ ਮੰਦਰ, ਤਨ ਵਜੂਦ ਵਜੇ ਵਧਾਈਆ । ਭਾਗ ਲੱਗੇ ਡੂੰਘੀ ਕੰਦਰ, ਅੰਧ ਅਗਿਆਨ ਰਹਿਣ ਨਾ ਪਾਈਆ । ਮਨੂਆ ਦਹਿ ਦਿਸ਼ਾ ਨਾ ਉਠ ਉਠ ਧਾਏ ਬੰਦਰ, ਮਨਸਾ ਕੂੜ ਨਾ ਕੋਇ ਹਲਕਾਈਆ । ਬਜਰ ਕਪਾਟੀ ਤੁੱਟੇ ਜੰਦਰ, ਤ੍ਰੈਗੁਣ ਤਤ ਰਹੇ ਨਾ ਰਾਈਆ । ਹੋਵੇ ਪਰਕਾਸ਼ ਬਿਨਾ ਸੂਰੀਆ ਚੰਦਰ, ਜੋਤੀ ਜਾਤਾ ਡਗਮਗਾਈਆ । ਸ਼ਰਅ ਦਾ ਰਹੇ ਕੋਈ ਨਾ ਬੰਧਨ, ਮਜ਼੍ਹਬੀ ਵੰਡ ਨਾ ਕੋਇ ਵੰਡਾਈਆ । ਸਚ ਸੁਆਮੀ ਲਾਏ ਅੰਗਣ, ਅੰਗੀਕਾਰ ਇਕ ਅਖਵਾਈਆ । ਜਿਸ ਦੇ ਦੁਆਰਿਉਂ ਸਾਰੇ ਮੰਗਣ, ਖ਼ਾਲੀ ਝੋਲੀਆਂ ਅਗੇ ਡਾਹੀਆ । ਉਹ ਸਾਹਿਬ ਸੂਰਾ ਸਰਬੰਗਣ, ਹਰਿ ਕਰਤਾ ਇਕ ਅਖਵਾਈਆ । ਜੋ ਭਗਤਾਂ ਸਦਾ ਸਤਿਸੰਗਣ, ਸਾਥੀ ਇਕੋ ਨਜ਼ਰੀ ਆਈਆ । ਜੋ ਟੁੱਟੀ ਆਵੇ ਗੰਢਣ, ਗੰਢਣਹਾਰ ਗੋਪਾਲ ਸੁਆਮੀ ਬੇਪਰਵਾਹੀਆ । ਸਾਚੀ ਦਾਤ ਆਵੇ ਵੰਡਣ, ਨਾਮ ਨਿਧਾਨਾ ਝੋਲੀ ਪਾਈਆ । ਜੋ ਲੇਖਾ ਜਾਣੇ ਵਿਚ ਬ੍ਰਹਿਮੰਡਣ, ਬ੍ਰਹਿਮਾਂਡ ਧਿਆਨ ਲਗਾਈਆ । ਜੋ ਵੇਖੇ ਕਲਜੁਗ ਘਾਟ ਕੰਢਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਸਤਿਸੰਗ ਕਹੇ ਮੈਨੂੰ ਕਰਦਾ ਕੋਈ, ਕੋਟਾਂ ਵਿਚੋਂ ਨਜ਼ਰੀ ਆਈਆ । ਮੇਰੀ ਦੋ ਜਹਾਨ ਦਰੋਹੀ, ਦੋਏ ਜੋੜ ਵਾਸਤਾ ਪਾਈਆ । ਨਵ ਸੱਤ ਸਭ ਦੀ ਪਤ ਗਈ ਖੋਹੀ, ਪਤ ਪਤਵੰਤਾ ਮਿਲਣ ਕੋਇ ਨਾ ਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਰਹੀ ਰੋਈ, ਬਿਨ ਨੈਣਾਂ ਨੀਰ ਵਹਾਈਆ । ਸੁਰਤੀ ਉਠੇ ਕਿਸੇ ਨਾ ਸੋਈ, ਸ਼ਬਦੀ ਸ਼ਬਦ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਆ । ਸਤਿਸੰਗ ਕਹੇ ਮੇਰਾ ਰੂਪ ਨਿਰਾਲਾ ਜਗ, ਦੀਨ ਦੁਨੀ ਦਿਆਂ ਜਣਾਈਆ । ਮੇਰਾ ਮਾਰਗ ਵਖਰਾ ਅਲਗ, ਰਸਤਾ ਇਕੋ ਇਕ ਦਰਸਾਈਆ । ਮੇਰਾ ਮਾਲਕ ਸੂਰਾ ਸਰਬਗ, ਹਰਿ ਕਰਤਾ ਧੁਰਦਰਗਾਹੀਆ । ਮੇਰਾ ਲਹਿਣਾ ਦੇਣਾ ਜਨ ਭਗਤਾਂ ਜੋ ਪ੍ਰਭ ਦੀ ਸਰਨੀ ਗਏ ਲੱਗ, ਲਗ ਮਾਤਰ ਡੇਰਾ ਢਾਹੀਆ । ਮੈਂ ਖ਼ੁਸ਼ੀਆਂ ਵਿਚ ਹੋਵਾ ਗਦ ਗਦ, ਸਿਫ਼ਤੀ ਢੋਲੇ ਗਾਈਆ । ਮੇਰੀ ਚਾਰ ਦੀਵਾਰੀਆਂ ਬਾਹਰ ਹੱਦ, ਜਿਸ ਹਦੂਦ ਵਿਚ ਵਸੇ ਧੁਰ ਦਾ ਮਾਹੀਆ । ਜਿਸ ਦੀ ਲੱਖ ਚੁਰਾਸੀ ਯਦ, ਯਦੀ ਯਦਪ ਹੁਕਮ ਵਰਤਾਈਆ । ਉਸ ਦਾ ਨਾਮ ਸੰਦੇਸ਼ਾ ਸੁਣਾਂ ਨਦ, ਜੋ ਅਨਹਦ ਨਾਦੀ ਧੁਨ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਸਤਿਸੰਗ ਕਹੇ ਮੇਰੀ ਵਿਸ਼ਨ ਬ੍ਰਹਮਾ ਸ਼ਿਵ ਚਲਾਈ ਰੀਤ, ਨਿਰਗੁਣ ਨਿਰਗੁਣ ਢੋਲੇ ਗਾਈਆ । ਸੋਹੰ ਸ਼ਬਦ ਗਾਇਆ ਗੀਤ, ਤੂੰ ਮੇਰਾ ਮੈਂ ਤੇਰਾ ਹਕ ਪੜ੍ਹਾਈਆ । ਤ੍ਰੈਗੁਣ ਨਾਲੋਂ ਆਪਣੀ ਵਖਰੀ ਦੱਸ ਪ੍ਰੀਤ, ਪ੍ਰੀਤਮ ਹੋ ਕੇ ਦਿਆਂ ਜਣਾਈਆ । ਸਦਾ ਸੁਹੇਲਾ ਹੋ ਕੇ ਵਸਾਂ ਚੀਤ, ਠਗੌਰੀ ਤਨ ਰਹੇ ਨਾ ਰਾਈਆ । ਮੇਰਾ ਬ੍ਰਹਮ ਬ੍ਰਹਿਮਾਦੀ ਸਤਿ ਸਤਿਵਾਦੀ ਸ਼ਬਦ ਅਨਾਦੀ ਏਕਾ ਗੀਤ, ਗੋਬਿੰਦ ਢੋਲਾ ਸਹਿਜ ਸੁਭਾਈਆ । ਮੈਂ ਪਰਖਣਹਾਰਾ ਨਿਰਗੁਣ ਧਾਰ ਰੀਤ, ਰੀਤੀਵਾਨ ਇਕ ਅਖਵਾਈਆ । ਮੇਰਾ ਲੇਖਾ ਨਾਲ ਹਸਤ ਕੀਟ, ਕੀਟ ਕੀਟਾਂ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

ਸਚ ਦਾ ਦਰ ਇਕ ਸੁਹਾਈਆ । ਸਤਿਸੰਗ ਕਹੇ ਮੈਨੂੰ ਵਿਸ਼ਨ ਬ੍ਰਹਮਾ ਸ਼ਿਵ ਗਾਇਆ, ਗਹਿਰ ਗੰਭੀਰ ਧਿਆਨ ਲਗਾਈਆ । ਤ੍ਰੈਗੁਣ ਮਾਇਆ ਗੁਣ ਗਾਇਆ, ਰਜੋ ਤਮੋ ਸਤੋ ਵੰਡ ਵੰਡਾਈਆ । ਪੰਜਾਂ ਤਤਾਂ ਪੰਧ ਮੁਕਾਇਆ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਨਾ ਕੋਇ ਚੁਕਾਈਆ । ਨੂਰ ਨੁਰਾਨਾ ਦੀਪ ਇਕ ਜਗਾਇਆ, ਜੋਤੀ ਜਾਤਾ ਇਕ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਇਕੋ ਢੋਲਾ ਗਾਇਆ, ਬਿਨ ਰਸਨਾ ਸਿਫ਼ਤ ਸਲਾਹੀਆ । ਤਿੰਨਾਂ ਮਿਲਕੇ ਮੇਰਾ ਸਾਚਾ ਸੰਗ ਬਣਾਇਆ, ਤਿੰਨਾਂ ਲੋਕਾਂ ਵਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਸੰਗ ਕਹੇ ਵਿਸ਼ਨ ਬ੍ਰਹਮਾ ਸ਼ਿਵ ਹੋਏ ਇਕੱਠੇ, ਆਦਿ ਦੀ ਧਾਰ ਦਿਆਂ ਜਣਾਈਆ । ਪਹਿਲੋਂ ਪ੍ਰਭ ਦੀ ਸਰਨ ਸਰਨਾਈ ਢੱਠੇ, ਸਚਖੰਡ ਸਾਚੇ ਸੀਸ ਨਿਵਾਈਆ । ਫਿਰ ਥਿਰ ਘਰ ਫਿਰਨ ਨਠੇ, ਭੱਜਣ ਵਾਹੋ ਦਾਹੀਆ । ਨਾਲੇ ਇਕ ਦੂਜੇ ਨੂੰ ਕਰਨ ਠੱਠੇ, ਮਸਖ਼ਰੀ ਰਹੇ ਉਡਾਈਆ । ਆਉ ਸਤਿਗੁਰ ਸ਼ਬਦ ਦੇ ਬਣੀਏ ਪੱਠੇ, ਜੋ ਸਿਖਿਆ ਦਏ ਸਮਝਾਈਆ । ਜਿਸ ਉਲਟੀ ਗੇੜਨੀ ਲਠੇ, ਲੱਖ ਚੁਰਾਸੀ ਵੰਡ ਵੰਡਾਈਆ । ਉਸ ਵੇਲੇ ਤਿੰਨਾਂ ਮਿਲਕੇ ਤੂੰ ਮੇਰਾ ਮੈਂ ਤੇਰਾ ਗਾਏ ਟੱਪੇ, ਸੋਹੰ ਕੀਤੀ ਸਚ ਪੜ੍ਹਾਈਆ । ਫਿਰ ਅੱਖਰਾਂ ਵਿਚ ਮਾਣ ਦਿਤਾ ਇਕੋ ਧੱਪੇ, ਪੂਰਨ ਬ੍ਰਹਮ ਦਿਤਾ ਸਮਝਾਈਆ । ਜਿਸ ਦੇ ਹੁਕਮ ਵਿਚ ਤ੍ਰੈਗੁਣ ਅਗਨੀ ਤਪੇ, ਤ੍ਰੈਗੁਣ ਅਤੀਤਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਉਠਾਈਆ । ਸਤਿਸੰਗ ਕਹੇ ਮੇਰੀ ਰੀਤ ਬਹੁ ਪੁਰਾਣੀ, ਪੁਰਾਣ ਅਠਾਰਾਂ ਕਹਿਣ ਕੁਛ ਨਾ ਪਾਈਆ । ਮੇਰੀ ਬ੍ਰਹਮਾ ਵਿਸ਼ਨ ਸ਼ਿਵ ਜਾਣੇ ਕਹਾਣੀ, ਚਾਰੇ ਵੇਦ ਪੜਦਾ ਨਾ ਕੋਇ ਉਠਾਈਆ । ਮੇਰਾ ਗ੍ਰਿਹਿ ਪਦ ਨਿਰਬਾਣੀ, ਦੂਜੀ ਵੰਡ ਨਾ ਕੋਇ ਵੰਡਾਈਆ । ਮੇਰਾ ਸ਼ਹਿਨਸ਼ਾਹ ਨੂਰ ਨੁਰਾਨੀ, ਪਾਤਸ਼ਾਹ ਇਕ ਅਖਵਾਈਆ । ਜਿਸ ਨੂੰ ਜਗਤ ਜਹਾਨ ਗਾਉਂਣਾ ਜ਼ਬਾਨੀ, ਰਸਨਾ ਜਿਹਵਾ ਢੋਲੇ ਗਾਈਆ । ਖ਼ਲਕ ਵੇਖੇ ਖ਼ਾਲਕ ਅਸਮਾਨੀ, ਨੂਰ ਨੁਰਾਨਾ ਨੂਰ ਅਲਾਹੀਆ । ਮੇਰਾ ਲਹਿਣਾ ਦੇਣਾ ਨਹੀਂ ਨਾਲ ਸਮੁੰਦ ਸਾਗਰਾਂ ਪਾਣੀ, ਜਲਾਂ ਥਲਾਂ ਨਾ ਵੰਡ ਵੰਡਾਈਆ । ਮੇਰੀ ਮੰਜ਼ਲ ਨਹੀਂ ਰੁਹਾਨੀ, ਰੂਹ ਬੁਤ ਨਾ ਕੋਇ ਸ਼ਨਵਾਈਆ । ਮੇਰੀ ਖੇਲ ਨਹੀਂ ਕੋਈ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੰਡ ਨਾ ਕੋਇ ਵੰਡਾਈਆ । ਮੇਰੀ ਅਵਤਾਰ ਪੈਗ਼ੰਬਰ ਗੁਰੂਆਂ ਤੋਂ ਪਹਿਲਾਂ ਦੀ ਕਹਾਣੀ, ਬਿਨਾ ਕਥਾ ਤੋਂ ਕਥਾ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰਾਹ ਇਕ ਦਰਸਾਈਆ । ਸਤਿਸੰਗ ਕਹੇ ਮੈਨੂੰ ਵਿਸ਼ਨ ਬ੍ਰਹਮਾ ਸ਼ਿਵ ਕੀਤਾ, ਕਰਨੀ ਦਾ ਕਰਤਾ ਪੁਰਖ ਨਾਲ ਮਿਲਾਈਆ । ਸਤਿਗੁਰ ਸ਼ਬਦ ਸਾਡਾ ਬਣਿਆ ਮੀਤਾ, ਮਿਤਰ ਪਿਆਰਾ ਇਕ ਅਖਵਾਈਆ । ਜਿਸ ਨੇ ਮਿਲ ਕੇ ਚਲਣਾ ਦੱਸੀ ਰੀਤਾ, ਦੂਜੀ ਵੰਡ ਨਾ ਕੋਇ ਵੰਡਾਈਆ । ਸਾਡੀ ਤਿੰਨਾਂ ਦੀ ਇਕੋ ਕੀਤੀ ਨੀਤਾ, ਨੀਤੀਵਾਨ ਹੋਇਆ ਸਹਾਈਆ । ਬਿਨ ਰਸਨਾ ਨਾਮ ਨਿਧਾਨ ਅਗੰਮਾ ਪੀਤਾ, ਪਤਿਤ ਪਾਵਨ ਦਿਆ ਪਿਆਈਆ । ਸਾਡਾ ਅੰਤਸ਼ਕਰਨ ਹੋਇਆ ਠਾਂਡਾ ਸੀਤਾ, ਜੁਗ ਚੌਕੜੀ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਸਾਡਾ ਸਤਿਸੰਗ ਹੋਇਆ ਪਹਿਲਾ ਨਾਲ ਪੁਰਖ ਅਕਾਲ, ਜਿਸ ਕਲਾ ਦਿਤੀ ਵਰਤਾਈਆ । ਸੋ ਹੋ ਕੇ ਆਪ ਦਿਆਲ, ਸੋ ਪੁਰਖ ਨਿਰੰਜਣ ਵੇਖ ਵਖਾਈਆ । ਹਰਿ ਪੁਰਖ ਨਿਰੰਜਣ ਚਲਾ ਕੇ ਚਾਲ, ਚਾਲ

ਨਿਰਾਲੀ ਇਕ ਦਰਸਾਈਆ । ਏਕੰਕਾਰ ਕਰੀ ਸੰਭਾਲ, ਵੇਖਣਹਾਰਾ ਥਾਉਂ ਥਾਈਂਆ । ਸ੍ਰੀ ਭਗਵਾਨ ਵਸਿਆ ਨਾਲ, ਅਬਿਨਾਸ਼ੀ ਕਰਤਾ ਸੰਗ ਨਿਭਾਈਆ । ਪਾਰਬ੍ਰਹਮ ਕੀਤੀ ਭਾਲ, ਖੋਜ ਖੋਜਿਆ ਚਾਈਂ ਚਾਈਂਆ । ਸਤਿਗੁਰ ਸ਼ਬਦ ਹੋ ਕੇ ਨਾਲ, ਮੇਲ ਮਿਲਾਇਆ ਧੁਰਦਰਗਾਹੀਆ । ਅਸਾਂ ਤਿੰਨਾਂ ਕੀਤਾ ਸਵਾਲ, ਨਿਵ ਨਿਵ ਸੀਸ ਝੁਕਾਈਆ । ਕੀ ਖੇਲ ਤੇਰਾ ਕਮਾਲ, ਕਮਲਾਪਾਤੀ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਿਹਾ ਸੁਣ ਵਿਸ਼ਨ ਬ੍ਰਹਮਾ ਸ਼ਿਵ ਧੁਰ ਦਾ ਹੁਕਮ ਰਖਣਾ ਯਾਦ, ਯਾਦਾਸ਼ਤ ਭੁਲ ਕਦੇ ਨਾ ਜਾਈਆ । ਤੁਹਾਡੀ ਧਾਰ ਸ੍ਰਿਸ਼ਟੀ ਕਰਨੀ ਆਬਾਦ, ਲੱਖ ਚੁਰਾਸੀ ਵੰਡ ਵੰਡਾਈਆ । ਤ੍ਰੈਗੁਣ ਮਾਇਆ ਪੰਜ ਤਤ ਦੀ ਦੇਣੀ ਦਾਤ, ਆਤਮ ਪਰਮਾਤਮ ਦੇਣੀ ਵਰਤਾਈਆ । ਖੇਲ ਖੇਲਣਾ ਬਣ ਕੇ ਮੋਹਣ ਮਾਧਵ ਮਾਧ, ਮਧੁਰ ਧੁਨ ਦੇਣੀ ਸ਼ਨਵਾਈਆ । ਹੁਕਮ ਸੰਦੇਸ਼ ਦੇਣਾ ਬੋਧ ਅਗਾਧ, ਬਿਨ ਅੱਖਰਾਂ ਅੱਖਰ ਸੁਣਾਈਆ । ਤੁਸਾਂ ਨਿਰਗੁਣ ਧਾਰ ਨਿਰਗੁਣ ਲੈਣਾ ਅਰਾਧ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਨੇੜ ਰਹੇ ਨਾ ਵਿਵਾਦ, ਵਿਖ ਰੂਪ ਨਾ ਕੋਇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪ ਜਣਾਈਆ । ਸਤਿਗੁਰ ਸ਼ਬਦ ਕਿਹਾ ਵਿਸ਼ਨ ਬ੍ਰਹਮਾ ਸ਼ਿਵ ਬਣੇ ਮੇਰੇ ਸਤਿਸੰਗੀ, ਸੰਗੀਉ ਦਿਆਂ ਜਣਾਈਆ । ਸ੍ਰਿਸ਼ਟੀ ਖੇਲ ਹੋਣੀ ਬਹੁਰੰਗੀ, ਰੰਗਤ ਸਮਝ ਕੋਇ ਨਾ ਪਾਈਆ । ਇਕ ਖ਼ਬਰ ਸੁਣਾਵਾਂ ਚੰਗੀ, ਚਾਰੋਂ ਕੁੰਟ ਵੇਖ ਵਖਾਈਆ । ਸਾਚੇ ਨਾਮ ਦੀ ਲਾਵਾਂ ਪਾਬੰਦੀ, ਆਪਣਾ ਹੁਕਮ ਵਰਤਾਈਆ । ਦੀਨ ਦੁਨੀ ਨਾਲ ਕਰਾਵਾਂ ਸੰਧੀ, ਸਾਚਾ ਹੁਕਮ ਸੁਣਾਈਆ । ਸ਼ਰਅ ਵਿਚ ਸ਼ਰਅ ਜਾਣੀ ਵੰਡੀ, ਹਿੱਸੇ ਗੰਢ ਵਖਾਈਆ । ਜੁਗ ਚੌਕੜੀ ਜਾਣੀ ਲੰਘੀ, ਆਪਣਾ ਪੰਧ ਮੁਕਾਈਆ । ਕਲਜੁਗ ਕੂੜ ਕੁੜਿਆਰ ਦੀ ਆਉਣੀ ਕੰਢੀ, ਘਾਟਾਂ ਫੋਲ ਫੁਲਾਈਆ । ਕਿਤੇ ਪਵਣ ਨਹੀਂ ਵਗਣੀ ਠੰਡੀ, ਅਗਨੀ ਤਤ ਨਾ ਕੋਇ ਬੁਝਾਈਆ । ਚਾਰੋਂ ਕੁੰਟ ਕੂੜ ਦੀ ਚਮਕੇ ਚੰਡੀ, ਚੰਡਾਲਕਾ ਰੂਪ ਵਟਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਣੀ ਪਖੰਡੀ, ਬਹੁਰੂਪਾਂ ਵਿਚ ਕੁਰਲਾਈਆ । ਦਰੋਹੀ ਫਿਰਨੀ ਵਿਚ ਵਰਭੰਡੀ, ਬ੍ਰਹਿਮੰਡ ਦੇਣ ਸੁਣਾਈਆ । ਸਚ ਮਾਰਗ ਦੀ ਕਿਸੇ ਹੱਥ ਨਹੀਂ ਆਉਣੀ ਡੰਡੀ, ਡੰਡਾਵਤ ਸਾਰੇ ਜਾਣ ਭੁਲਾਈਆ । ਨੌ ਖੰਡ ਪ੍ਰਿਥਮੀ ਹੋਣੀ ਤੰਗੀ, ਸੱਤ ਦੀਪ ਰੋਵਣ ਮਾਰਨ ਧਾਹੀਆ । ਪ੍ਰਭੂ ਦੀ ਦਾਤ ਮਿਲੇ ਕਿਸੇ ਨਾ ਮੰਗੀ, ਖ਼ਾਲੀ ਝੋਲੀ ਨਾ ਕੋਇ ਭਰਾਈਆ । ਅੰਮ੍ਰਿਤ ਰਸ ਰਹਿਣੀ ਨਹੀਂ ਧਾਰ ਗੰਗੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਸਾਰ ਕੋਇ ਨਾ ਪਾਈਆ । ਵਿਦਿਆ ਰਹਿਣੀ ਨਹੀਂ ਕਿਸੇ ਕੋਲ ਪੰਡੀ, ਪੰਡਤ ਪੰਧ ਨਾ ਕੋਇ ਮੁਕਾਈਆ । ਪ੍ਰੀਤੀ ਟੁੱਟੀ ਜਾਏ ਨਾ ਗੰਢੀ, ਸੁਰਤ ਸ਼ਬਦ ਨਾ ਕੋਇ ਜਣਾਈਆ । ਭਾਰ ਚੁੱਕੇ ਕੋਇ ਨਾ ਕੰਧੀ, ਬੋਝਲ ਦਿਸੇ ਕੂੜ ਲੋਕਾਈਆ । ਮਾਣ ਰਹੇ ਨਾ ਪ੍ਰਕਿਰਤੀ ਪੰਜੀ, ਪੰਚਮ ਤਤ ਨਾ ਕੋਇ ਚਤੁਰਾਈਆ । ਮਾਨਵ ਜ਼ਾਤੀ ਹੋਈ ਰੰਜੀ, ਰੰਜਸ਼ ਵਿਚ ਖ਼ਲਕ ਖ਼ੁਦਾਈਆ । ਉਸ ਵੇਲੇ ਧਰਨੀ ਰੋਵੇ ਨੇਤਰ ਹੰਝੀ, ਹੰਝੂਆਂ ਹਾਰ ਬਣਾਈਆ । ਕਲਜੁਗ ਕੂੜ ਕੁੜਿਆਰ ਪਹਿਰ ਕੇ ਬਾਣਾ ਜੰਗੀ, ਚਾਰੋਂ ਕੁੰਟ ਲਏ ਅੰਗੜਾਈਆ । ਸਤਿਗੁਰ ਸ਼ਬਦ ਕਿਹਾ ਵਿਸ਼ਨ ਬ੍ਰਹਮਾ ਸ਼ਿਵ ਜਿਹੜਾ ਉਸ ਵੇਲੇ ਭਗਤਾਂ ਨਾਲ ਭਗਤ ਬਣੇਗਾ ਸੰਗੀ, ਸਗਲਾ ਸਾਥੀ ਆਤਮ ਪਰਮਾਤਮ ਲਏ ਪਰਨਾਈਆ । ਉਸ ਦਾ ਲੇਖਾ ਵੇਖਣਹਾਰਾ ਜਿਸ ਦੀ ਹਾਥ ਨਾ ਆਵੇ ਵੰਝੀ, ਵੰਝ ਮੁਹਾਣਾ ਜਗਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਸਾਚਾ ਹਰਿ, ਸਚ ਦਾ ਵਕ਼ਤ ਆਪ ਸੁਹਾਈਆ । ਸਤਿਸੰਗ ਕਹੇ ਮੇਰੀ ਪ੍ਰਭ ਚਰਨ ਕਵਲ ਅਰਦਾਸ, ਬੇਨੰਤੀ ਇਕ ਜਣਾਈਆ । ਪ੍ਰਭੂ ਰਖਣਾ ਆਪਣੇ ਪਾਸ, ਪਾਸਾ ਦੀਨ ਦੁਨੀ ਬਦਲਾਈਆ । ਬੇਸ਼ਕ ਤੇਰਾ ਲੇਖਾ ਪ੍ਰਿਥਮੀ ਆਕਾਸ਼, ਗਗਨ ਗਗਨੰਤਰਾਂ ਸੋਭਾ ਪਾਈਆ । ਮੰਡਲ ਮੰਡਪ ਤੇਰੀ ਰਾਸ, ਰਵ ਸਸ ਸੂਰੀਆ ਚੰਨ ਤੇਰੀ ਰੁਸ਼ਨਾਈਆ । ਜਨ ਭਗਤ ਸੁਹੇਲੇ ਬਣਾਓ ਆਪਣੇ ਦਾਸ, ਹਰਿਜਨ ਆਪਣਾ ਮੇਲ ਮਿਲਾਈਆ । ਲੇਖੇ ਲਾਓ ਪਵਣ ਸਵਾਸ, ਸਾਹ ਸਾਹ ਤੇਰੇ ਚਰਨ ਟਿਕਾਈਆ । ਸ਼ਹਾਦਤ ਦੇਵੇ ਸ਼ੰਕਰ ਉਤੇ ਕੈਲਾਸ਼, ਬ੍ਰਹਮਾ ਬ੍ਰਹਮਲੋਕ ਵਿਚ ਕਰੇ ਸ਼ਨਵਾਈਆ । ਵਿਸ਼ਨੂੰ ਵਿਸ਼ਵ ਦੀ ਧਾਰ ਆਵੇ ਪਾਸ, ਦੂਰ ਦੁਰਾਡਾ ਪੰਧ ਮੁਕਾਈਆ । ਸਤਿਸੰਗ ਵਿਚ ਜਨ ਭਗਤ ਸੁਹੇਲਾ ਹੋਏ ਨਾ ਕੋਇ ਉਦਾਸ, ਚਿੰਤਾ ਗ਼ਮ ਨਾ ਕੋਇ ਰਖਾਈਆ । ਕਾਇਆ ਮੰਦਰ ਅੰਦਰ ਕਰਨਾ ਪਰਕਾਸ਼, ਜੋਤੀ ਜਾਤੇ ਡਗਮਗਾਈਆ । ਸਭ ਦੀ ਪੂਰੀ ਕਰਨੀ ਆਸ, ਤ੍ਰਿਸ਼ਨਾ ਤ੍ਰਿਖਾ ਜਗਤ ਕੂੜ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਤੇਰੇ ਉਤੇ ਵਿਸ਼ਵਾਸ਼, ਵਿਸ਼ਵ ਦਾ ਮਾਲਕ ਵਿਸ਼ਾ ਆਪਣਾ ਦੇਣਾ ਸਮਝਾਈਆ ।

### ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਲਾਟ ਸਾਹਿਬ ਦੇ ਗ੍ਰਹਿ ਪਿੰਡ ਭਲਾਈਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ ✪



ਸੋ ਪੁਰਖ ਨਿਰੰਜਣ ਧਾਰ ਸਤਿ, ਸਤਿ ਸਤਿ ਵਿਚੋਂ ਪਰਗਟਾਈਆ । ਹਰਿ ਪੁਰਖ ਨਿਰੰਜਣ ਧਾਰ ਸਤਿ, ਬਿਨ ਰੂਪ ਰੰਗ ਰੇਖ ਸੋਭਾ ਪਾਈਆ । ਏਕੰਕਾਰ ਧਾਰ ਸਤਿ, ਜਿਸ ਦੀ ਬਣਤ ਜਗ ਨੇਤਰ ਵੇਖਣ ਕੋਇ ਨਾ ਪਾਈਆ । ਆਦਿ ਨਿਰੰਜਣ ਧਾਰ ਸਤਿ, ਜੋਤੀ ਜੋਤ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤੇ ਧਾਰ ਸਤਿ, ਸਤਿ ਸਤਿਵਾਦੀ ਆਪ ਪਰਗਟਾਈਆ । ਸ੍ਰੀ ਭਗਵਾਨ ਧਾਰ ਸਤਿ, ਸਤਿ ਸਤਿ ਸਤਿ ਆਪ ਹੋ ਜਾਈਆ । ਪਾਰਬ੍ਰਹਮ ਧਾਰ ਸਤਿ, ਪਰਮ ਪੁਰਖ ਵੇਖ ਵਖਾਈਆ । ਸਚਖੰਡ ਧਾਰ ਸਤਿ, ਬਿਨ ਛੱਪਰ ਛੰਨ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸੋ ਪੁਰਖ ਨਿਰੰਜਣ ਸਾਚਾ ਸੰਗ, ਹਰਿ ਸੰਗੀ ਇਕ ਅਖਵਾਈਆ । ਹਰਿ ਪੁਰਖ ਨਿਰੰਜਣ ਧੁਰ ਦਾ ਰੰਗ, ਰੰਗਤ ਜਗਤ ਨਾ ਕੋਇ ਵਡਿਆਈਆ । ਏਕੰਕਾਰਾ ਸਚ ਦੁਆਰਾ ਵੇਖੇ ਆਪਣਾ ਆਪੇ ਲੰਘ, ਦੂਜੀ ਮੰਜ਼ਲ ਨਾ ਕੋਇ ਜਣਾਈਆ । ਆਦਿ ਨਿਰੰਜਣ ਸੇਜ ਸੁਹਾਏ ਪਲੰਘ, ਬਿਨ ਪਾਵਾ ਚੂਲ ਸੋਭਾ ਪਾਈਆ । ਸ੍ਰੀ ਭਗਵਾਨ ਨੌਜੁਆਨ ਵਜਾਏ ਮਰਦੰਗ, ਬਿਨ ਤਾਲ ਤਲਵਾੜਾ ਆਪਣਾ ਹੁਕਮ ਦ੍ਰਿੜਾਈਆ । ਅਬਿਨਾਸ਼ੀ ਕਰਤਾ ਖੇਲ ਕਰੇ ਅਗੰਮ, ਅਲਖ ਅਗੋਚਰ ਆਪਣੇ ਹੱਥ ਰਖੇ ਵਡਿਆਈਆ । ਪਾਰਬ੍ਰਹਮ ਹੁਕਮ ਸੁਣਾਏ ਬਿਨ ਰਸਨਾ ਜਿਹਵਾ ਦਮ, ਸਵਾਸ ਸਵਾਸਾ ਨਾ ਕੋਇ ਸਚਖੰਡ ਦੁਹਾਈਆ । ਨਿਰਗੁਣ ਧਾਰ ਜਾਣੇ ਆਪਣਾ ਕਰਮ, ਕਰਮ ਕਾਂਡ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਸੰਗ ਕਹੇ ਮੈਂ ਬਿਨਾ ਫਿਰਨਾ ਸਵਾਸ ਦਮਿਆ, ਦਾਮਨਗੀਰ ਇਕ ਅਖਵਾਈਆ । ਮੈਨੂੰ ਜਨਣੀ ਕਿਸੇ ਨਹੀਂ ਜੰਮਿਆ, ਤਨ ਵਜੂਦ ਨਾ ਵੇਸ ਵਟਾਈਆ । ਮੈਨੂੰ ਮਾਣ ਦਿਤਾ ਨਹੀਂ ਕਿਸੇ ਬ੍ਰਹਮਿਆ, ਸ੍ਰਿਸ਼ਟੀ ਸੰਗ ਨਾ ਕੋਇ ਰਖਾਈਆ । ਮੇਰਾ ਲੇਖਾ ਨਹੀਂ ਕਾਇਆ ਮਾਟੀ ਚੰਮਿਆ, ਚੰਮ

ਦ੍ਰਿਸ਼ਟੀ ਨਜ਼ਰ ਕੋਇ ਨਾ ਆਈਆ । ਮੈਨੂੰ ਹਰਖ਼ ਸੋਗ ਨਹੀਂ ਗ਼ਮਿਆ, ਚਿੰਤਾ ਚਿਖਾ ਨਾ ਕੋਇ ਤਪਾਈਆ । ਮੇਰਾ ਹੱਦ ਨਹੀਂ ਕੋਈ ਬੰਨਿਆ, ਜਗਤ ਵੰਡ ਨਾ ਕੋਇ ਵੰਡਾਈਆ । ਮੇਰਾ ਅੱਖਰ ਮੁਕਤਾ ਨਹੀਂ ਕੋਈ ਕੰਨਿਆ, ਕਾਇਨਾਤ ਨਾ ਵੇਖ ਵਖਾਈਆ । ਮੇਰਾ ਸਮਝੇ ਕੋਈ ਨਾ ਸਮਿਆ, ਜੁਗ ਚੌਕੜੀ ਸਮਾਪਤ ਹੁੰਦੀ ਵੇਖੀ ਲੋਕਾਈਆ । ਮੇਰਾ ਲੇਖਾ ਨਿਰਗੁਣ ਸਰਗੁਣ ਧਾਰ ਚੌਂਦਾ ਸੌ ਤੀਹ ਅੰਕ ਦਾ ਪੰਨਿਆਂ, ਅੱਖਰ ਅੱਖਰਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਤਿਸੰਗ ਕਹੇ ਮੇਰਾ ਮਾਲਕ ਇਕ ਸੁਆਮੀ, ਹਰਿ ਕਰਤਾ ਧੁਰਦਰਗਾਹੀਆ । ਜੋ ਆਦਿ ਜੁਗਾਦੀ ਅੰਤਰਜਾਮੀ, ਅੰਤਸ਼ਕਰਨ ਵੇਖੇ ਖ਼ਲਕ ਖ਼ੁਦਾਈਆ । ਜਿਸ ਦੀ ਚਾਰ ਜੁਗ ਦੇ ਸ਼ਾਸਤਰ ਅਗੰਮੀ ਬਾਣੀ, ਬਾਣ ਅਣਿਆਲਾ ਤੀਰ ?ਚਲਾਈਆ । ਜਿਸ ਦਾ ਲੇਖਾ ਦੋ ਜਹਾਨੀ, ਜ਼ਿਮੀਂ ਅਸਮਾਨਾਂ ਹੁਕਮ ਵਰਤਾਈਆ । ਜਿਸ ਦੇ ਹੁਕਮੇ ਅੰਦਰ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਬੈਠੀ ਵੇਸ ਵਟਾਈਆ । ਜਿਸ ਦੀ ਮੰਜ਼ਲ ਹਕ ਨੁਰਾਨੀ, ਨੂਰ ਨੁਰਾਨਾ ਸੋਭਾ ਪਾਈਆ । ਜੋ ਵਸੇ ਸਚਖੰਡ ਮਕਾਨੀ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਨੇ ਲੋਕਮਾਤ ਮੇਰੀ ਬਣਾਈ ਨਿਸ਼ਾਨੀ, ਨਿਸ਼ਾਨਾ ਦੀਨ ਦੁਨੀ ਸਮਝਾਈਆ । ਮੇਰਾ ਲੇਖਾ ਲਿਖ ਸਕੇ ਨਾ ਕੋਇ ਕਾਨੀ, ਕ਼ਲਮ ਸ਼ਾਹੀ ਨਾ ਕੋਇ ਵਡਿਆਈਆ । ਮੇਰੇ ਉਤੇ ਮਿਹਰਵਾਨ ਕੀਤੀ ਮਿਹਰਵਾਨੀ, ਮਹਿਬੂਬ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਈਆ । ਸਤਿਸੰਗ
੫੩੮ ਕਹੇ ਮੇਰਾ ਖੇਲ ਨਿਆਰਾ, ਨਿਰਾਕਾਰ ਦਿਆਂ ਦ੍ਰਿੜਾਈਆ । ਮੇਰਾ ਲਹਿਣਾ ਦੇਣਾ ਨਾਲ ਪੁਰਖ ਨਾਰਾ, ਇਸਤਰੀ ਮਰਦ ਵੰਡ ਨਾ ਕੋਇ ਵੰਡਾਈਆ । ੫੩੮
੨੪ ਮੈਂ ਖੇਲ ਖੇਲਿਆ ਨਾਲ ਤੇਈ ਅਵਤਾਰਾਂ, ਅਵਤਰੀ ਹੋ ਕੇ ਆਪਣਾ ਸੰਗ ਬਣਾਈਆ । ਧਰਮ ਧਾਰ ਦੀਆਂ ਤਕੀਆਂ ਬਹਾਰਾਂ, ਖ਼ੁਸ਼ੀ ਖ਼ੁਸ਼ੀਆਂ ਵਿਚੋਂ ੨੪
ਰਖਾਈਆ । ਮੇਰੇ ਸਿਫ਼ਤ ਦੀਆਂ ਬਣੀਆਂ ਵਾਰਾਂ, ਵਾਰਸ ਹੋ ਕੇ ਵੇਖੇ ਧੁਰ ਦਾ ਮਾਹੀਆ । ਮੈਂ ਲਹਿਣਾ ਦੇਣਾ ਦੱਸਾਂ ਸੰਮਤ ਸ਼ਹਿਨਸ਼ਾਹੀ ਗਿਆਰਾਂ, ਇਕ ਇਕ ਨਾਲ ਮਿਲਾਈਆ । ਜਿਸ ਸੁਆਮੀ ਅੰਤਰ ਆਤਮ ਹਿਲਾਉਣੀਆਂ ਤਾਰਾਂ, ਸੁੱਤਿਆਂ ਭਗਤਾਂ ਆਪ ਜਗਾਈਆ । ਬਿਨਾ ਹੁਲਾਰਿਆਂ ਦਏ ਹੁਲਾਰਾ, ਜ਼ਿਮੀਂ ਅਸਮਾਨਾਂ ਬਾਹਰ ਹਿਲਾਈਆ । ਸਾਚਾ ਸੰਗੀ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਸਤਿਸੰਗ ਕਹੇ ਜਿਸ ਮੈਨੂੰ ਪ੍ਰੇਮ ਨਾਲ ਕੀਤਾ, ਕਰਨੀ ਦਾ ਕਰਤਾ ਦਏ ਵਡਿਆਈਆ । ਉਹ ਹਰਿਜਨ ਹੋਏ ਪਤਿਤ ਪੁਨੀਤਾ, ਪਤਿਤ ਪਾਵਨ ਵੇਖ ਵਖਾਈਆ । ਮੇਰਾ ਇਸ਼ਾਰਾ ਵਸ਼ਿਸ਼ਟ ਨਾਲ ਕੀਤਾ ਰਾਮ ਨਾਲ ਸੀਤਾ, ਸੀਤਾ ਰਾਮ ਗਿਆ ਦ੍ਰਿੜਾਈਆ । ਭੇਵ ਖੁਲ੍ਹਾਇਆ ਕਾਹਨ ਅਰਜਨ ਵਿਚ ਗੀਤਾ, ਅਠਾਰਾਂ ਧਿਆਏ ਬੋਲਣ ਚਾਈਂ ਚਾਈਂਆ । ਪੈਗ਼ੰਬਰਾਂ ਕਿਹਾ ਮੇਰਾ ਖੇਲ ਅਵੱਲਾ ਚਰਚਾਂ ਬਾਹਰ ਮਸੀਤਾ, ਮਸਲਾ ਇਕੋ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਸਤਿਸੰਗ ਕਹੇ ਮੇਰਾ ਲੇਖਾ ਨਾਲ ਰਸੂਲਾ, ਰਸਮ ਪਿਛਲੀ ਦਿਆਂ ਦ੍ਰਿੜਾਈਆ । ਮੇਰਾ ਹੁਕਮ ਇਕ ਮਾਕੂਲਾ, ਮੁਕੰਮਲ ਦਿਆਂ ਦ੍ਰਿੜਾਈਆ । ਜਿਸ ਨੂੰ ਅਵਤਾਰਾਂ ਕਿਹਾ ਚਰਨ ਧੂਲਾ, ਧੂੜੀ ਖ਼ਾਕ ਰਮਾਈਆ । ਉਸ ਨੂੰ ਪੈਗ਼ੰਬਰਾਂ ਕ਼ਦਮ ਬੋਸੀ ਕਹਿ ਕ਼ਬੂਲਾ, ਕ਼ਿਬਲੇ ਅਜ਼ ਅਜ਼ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

ਸਚ ਦਾ ਮਾਲਕ ਇਕ ਗੁਸਾਈਆ । ਸਤਿਸੰਗ ਕਹੇ ਮੇਰਾ ਮਾਲਕ ਨੂਰ ਅਲਾਹ, ਆਲਮੀਨ ਇਕ ਅਖਵਾਈਆ । ਜਿਹੜਾ ਬਿਨ ਵੰਝ ਮੁਹਾਣਿਉਂ ਹੋਏ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਜਿਸ ਪੈਗ਼ੰਬਰਾਂ ਦਿਤੀ ਸਲਾਹ, ਮੂਸਾ ਈਸਾ ਮੁਹੰਮਦ ਕਲਮਿਆਂ ਨਾਲ ਪੜ੍ਹਾਈਆ । ਅਬਾਦਤਖ਼ਾਨੇ ਮੇਰੇ ਬਣਨੇ ਗਵਾਹ, ਸ਼ਹਾਦਤ ਜਗਤ ਵਾਲੀ ਭੁਗਤਾਈਆ । ਜਮਾਤ ਵਿਚ ਬਹਿ ਕੇ ਖ਼ੁਦਾ ਅਗੇ ਕਰਨ ਦੁਆ, ਦੋਏ ਦਸਤ ਦਸਤ ਉਠਾਈਆ । ਮੈਂ ਸਭ ਦਾ ਰਹਿਨੁਮਾ, ਰਹਿਬਰ ਭੇਵ ਦਿਆਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਸਤਿਸੰਗ ਕਹੇ ਮੈਨੂੰ ਮੂਸਾ ਦਿਤੀ ਤਰਜੀਹ, ਨੂਰੇ ਚਸ਼ਮ ਚਸ਼ਮ ਰੁਸ਼ਨਾਈਆ । ਜਿਸ ਦਾ ਮਾਲਕ ਇਕ ਤਲਵਜ਼ੀ, ਮੋਜ਼ੋਲੇ ਜੰਮ ਨੂਰ ਅਲਾਹੀਆ । ਜਿਸ ਦਾ ਹੁਕਮ ਦਾਇਰਾ ਅਗੰਮ ਵਸੀਹ, ਵਸੀਯਤ ਵਿਚ ਹੱਥ ਕਿਸੇ ਨਾ ਆਈਆ । ਉਸ ਨੇ ਦਿਤੀ ਸਚ ਤਰਜੀਹ, ਤਰੀਕ਼ੇ ਨਾਲ ਸੁਣਾਈਆ । ਜਿਸ ਨੇ ਮਾਲਕ ਲਭਣਾ ਰੱਬੀ, ਨੂਰ ਨੁਰਾਨਾ ਨੂਰ ਅਲਾਹੀਆ । ਉਹ ਮਵਿਸਤੀ ਮਦੀਉਲ ਦੁਆ ਦਸਤੇ ਦੁਆ ਗੋਸ਼ੇ ਜ਼ਮਾ ਜਮੂਵਲ ਜ਼ਮੀਅਲ ਜ਼ਮਨੇ ਜ਼ੱਰੇ ਜ਼ੱਰੇ ਤਕੇ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਥ ਆਪ ਬਣਾਈਆ । ਸਤਿਸੰਗ ਕਹੇ ਮੈਨੂੰ ਈਸਾ ਕੀਤਾ ਪਰਵਾਨ, ਮਨਜ਼ੂਰੀ ਹਜ਼ੂਰੀ ਵਿਚੋਂ ਆਈਆ । ਜਿਸ ਇਕ ਉਤੇ ਇਕ ਲਾਇਆ ਈਮਾਨ, ਇਕ ਇਕ ਨਾਲ ਮਿਲਾਈਆ । ਕਲਮਾ ਗਾਂਦੇ ਬਿਨਾ ਜ਼ਬਾਨ, ਸੋਹਲਾ ਸੋਹਲਿਆਂ ਵਿਚੋਂ ਸਮਝਾਈਆ । ਜਿਸ ਮਿਲਣਾ ਰਹੀਮ ਰਹਿਮਾਨ, ਨੂਰ ਨੁਰਾਨਾ ਵੇਖਣਾ ਚਾਈਂ ਚਾਈਂਆ । ਉਹ ਮੇਰਾ ਪਿਆਰ ਕਰੇ ਪਰਵਾਨ, ਸੰਗੀ ਬਣਕੇ ਸਾਚਾ ਸੰਗ ਬਣਾਈਆ । ਜਿਸ ਵਿਚ ਦੁਖ ਮਿਲੇ ਮਹਾਨ, ਸੁਖ ਨਜ਼ਰ ਕੋਇ ਨਾ ਆਈਆ । ਯੂਨਾਹ ਧਰਤੀ ਉਤੇ ਲਾਇਆ ਨਿਸ਼ਾਨ, ਉਂਗਲਾਂ ਦਸ ਦਸ ਸੁਹਾਈਆ । ਕੀ ਖੇਲ ਕਰੇ ਨਿਗਾਹਬਾਨ, ਬਿਨ ਨੈਣਾਂ ਨੈਣ ਉਠਾਈਆ । ਈਸਾ ਤਕ ਕੇ ਉਤੇ ਅਸਮਾਨ, ਗਾਡ ਗੁਡ ਕਹਿ ਕੇ ਸੀਸ ਨਿਵਾਈਆ । ਮੇਰਾ ਬਾਪ ਵੱਡਾ ਪਹਿਲਵਾਨ, ਸੂਰਬੀਰ ਅਖਵਾਈਆ । ਜਿਸ ਨੇ ਮੇਰੀ ਬੀਸਵੀਂ ਸਦੀ ਕਰਨੀ ਕਲਿਆਣ, ਬੀਸ ਬੀਸਾ ਨੂਰ ਅਲਾਹੀਆ । ਸਭ ਦਾ ਰਖੇ ਆਪ ਧਿਆਨ, ਵੇਖਣਹਾਰਾ ਥਾਉਂ ਥਾਈਂਆ । ਇਕੱਠੇ ਹੋ ਕੇ ਉਸ ਦਾ ਗਾਈਏ ਗਾਣ, ਤੂੰ ਹੀ ਪਿਤਾ ਤੂੰ ਹੀ ਮਾਈਆ । ਸਤਿਸੰਗ ਕਹੇ ਹਜ਼ਰਤ ਈਸਾ ਬਣਾਇਆ ਵਿਧਾਨ, ਸ਼ਰਅ ਸ਼ਰੀਅਤ ਸੰਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਸੰਗ ਕਹੇ ਮੇਰਾ ਲੇਖਾ ਨਾਲ ਬੇਨਜ਼ੀਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੇਰਾ ਮਾਲਕ ਖ਼ਾਲਕ ਦਸਤਗੀਰ, ਦਾਮਨਗੀਰ ਨੂਰ ਅਲਾਹੀਆ । ਜਿਸ ਸ਼ਰਅ ਦੇ ਪਾਏ ਜ਼ੰਜੀਰ, ਕੁੰਡੀ ਸਕੇ ਨਾ ਕੋਇ ਤੁੜਾਈਆ । ਉਸ ਸੰਦੇਸ਼ਾ ਦਿਤਾ ਅਖੀਰ, ਅੱਖਰ ਅਲਿਫ਼ ਯੇ ਨਾਲ ਮਿਲਾਈਆ । ਨਾਮ ਕਲਮੇ ਦੀ ਦੱਸੀ ਤਦਬੀਰ, ਤਰੀਕ਼ਾ ਦਿਤਾ ਸਮਝਾਈਆ । ਮੇਰਾ ਮਾਲਕ ਪੀਰਾਂ ਦਾ ਪੀਰ, ਪਰਵਰਦਿਗਾਰ ਨੂਰ ਅਲਾਹੀਆ । ਜੋ ਲਹਿਣਾ ਦੇਣਾ ਜਾਣੇ ਸ਼ਾਹ ਹਕੀਰ, ਫ਼ਕੀਰ ਦਰਵੇਸ਼ਾਂ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਤਿਸੰਗ ਕਹੇ ਮੇਰੀ ਧਾਰ ਨਿਆਰੀ, ਨਿਰਾਕਾਰ ਦਿਤੀ ਵਡਿਆਈਆ । ਮੇਰਾ ਲਹਿਣਾ ਦੇਣਾ ਨਾਲ ਮੁਹੰਮਦ ਚਾਰ ਯਾਰੀ, ਅਬੂ ਬਕਰ ਸ਼ਹਾਦਤ ਦਏ ਭੁਗਤਾਈਆ । ਐਲੀ ਕੂਕ ਕੂਕ ਗਿਆ ਪੁਕਾਰੀ, ਤੂੰ ਹੀ ਤੂੰ ਹੀ ਰਾਗ ਸੁਣਾਈਆ । ਮੁਹੰਮਦ ਕੀਤਾ ਕੌਲ


੫੩੯
੨੪

੫੪੦
੨੪

ਇਕਰਾਰੀ, ਵਾਅਦਾ ਵਾਅਦਿਆਂ ਵਿਚ ਜਣਾਈਆ । ਚਾਰ ਯਾਰ ਕਰਿਓ ਨਾ ਕੋਇ ਤਕਰਾਰੀ, ਝਗੜਾ ਦੂਨੀ ਨਾ ਕੋਇ ਰਖਾਈਆ । ਸਯਦਾ ਕਰਨਾ ਪਰਵਰਦਿਗਾਰੀ, ਦੋਏ ਜੋੜ ਵਾਸਤਾ ਪਾਈਆ । ਤੂੰ ਸ਼ਹਿਨਸ਼ਾਹ ਇਕ ਸਿਕਦਾਰੀ, ਪਾਤਸ਼ਾਹ ਨੂਰ ਅਲਾਹੀਆ । ਤੇਰੀ ਮਿਲ ਕੇ ਕਰੀਏ ਦਾਰੀ, ਦੀਨ ਦੁਨੀ ਦੇ ਮਾਲਕ ਦੇਣੀ ਵਡਿਆਈਆ । ਸਤਿਸੰਗ ਕਹੇ ਮੈਨੂੰ ਯਾਦ ਉਹ ਦਿਹਾਰੀ, ਦਿਵਸ ਰੈਣ ਵੇਖ ਵਖਾਈਆ । ਉਨੀ ਜੇਠ ਅਗੰਮੀ ਵਾਰੀ, ਵਾਰਤਾ ਪਿਛਲੀ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਆਪ ਖੁਲ੍ਹਾਈਆ । ਸਤਿਸੰਗ ਕਹੇ ਮੈਨੂੰ ਸਭ ਨੇ ਕੀਤਾ ਮਨਜ਼ੂਰ, ਮੁਤਲਾ ਸਭ ਨੂੰ ਦਿਆਂ ਕਰਾਈਆ । ਮੇਰਾ ਲਹਿਣਾ ਦੇਣਾ ਸੂਫ਼ੀਆਂ ਭਗਤਾਂ ਨਾਲ ਜ਼ਰੂਰ, ਜ਼ਰੂਰਤ ਸਭ ਦੀ ਵੇਖ ਵਖਾਈਆ । ਸਾਚਾ ਸਤਿਸੰਗੀ ਨੂਰੇ ਜ਼ਵਾ ਬਿਨ ਰਸਨਾ ਕਿਹਾ ਮਨਸੂਰ, ਖ਼ੁਦ ਖ਼ੁਦਾ ਇਕ ਅਖਵਾਈਆ । ਜਿਸ ਦਾ ਪੰਧ ਨਹੀਂ ਕੋਈ ਦੂਰ, ਦੂਰ ਨੇੜਾ ਵੰਡ ਨਾ ਕੋਇ ਵੰਡਾਈਆ । ਜਿਸ ਨੇ ਮੂਸਾ ਮੁਸਲਸਲ ਇਸ਼ਾਰਾ ਕੀਤਾ ਤੂਰ, ਤੁਰੀਆ ਤੋਂ ਬਾਹਰ ਦਿਆਂ ਜਣਾਈਆ । ਜਿਸ ਈਸਾ ਸਲੀਵ ਉਤੇ ਕੀਤਾ ਮਨਜ਼ੂਰ, ਮਿਹਰਵਾਨ ਹੋ ਕੇ ਵੇਖ ਵਖਾਈਆ । ਸਤਿਸੰਗ ਕਹੇ ਉਹ ਮਾਲਕ ਸੁਆਮੀ ਸਭ ਦੀ ਜ਼ਰੂਰਤ ਪੂਰੀ ਕਰੇ ਜ਼ਰੂਰ, ਜ਼ਾਹਰ ਜ਼ਹੂਰ ਵੇਖ ਵਖਾਈਆ । ਕਲਜੁਗ ਅੰਤਮ ਕਿਰਿਆ ਮੇਟੇ ਕੂੜ, ਕੂੜੀ ਬਾਹਰ ਕਢਾਈਆ । ਜਨ ਭਗਤਾਂ ਬਖ਼ਸ਼ ਕੇ ਚਰਨ ਧੂੜ, ਧੂੜੀ ਟਿੱਕੇ ਖ਼ਾਕ ਰਮਾਈਆ । ਜਿਸ ਦਾ ਆਦਿ ਜੁਗਾਦਿ ਸਚਾ ਦਸਤੂਰ, ਹੁਕਮ ਹੁਕਮ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਤਿਸੰਗ ਕਹੇ ਜਨ ਭਗਤੋ ਮੇਰੀ ਸਾਚੀ ਰੰਗਤ, ਰੰਗਣਹਾਰ ਇਕ ਅਖਵਾਈਆ । ਜਿਸ ਦੇ ਦਰ ਦੇ ਸਾਰੇ ਬਣੋ ਮੰਗਤ, ਭਿਖਿਆ ਨਾਮ ਵਾਲੀ ਵਰਤਾਈਆ । ਚਾਰ ਵਰਨ ਬਣਾਏ ਇਕੋ ਸੰਗਤ, ਊਚ ਨੀਚ ਨਜ਼ਰ ਕੋਇ ਨਾ ਆਈਆ । ਧਰਮ ਦੀ ਧਾਰ ਬਣੇ ਪੰਡਤ, ਬੋਧ ਅਗਾਧਾ ਦਏ ਸਮਝਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਭੇਵ ਚੁਕਾਈਆ । ਸਚ ਦੁਆਰ ਬਣਾਏ ਆਪਣੀ ਸੰਗਤ, ਸਤਿ ਸਤਿ ਵਿਚ ਮਿਲਾਈਆ । ਅੰਤਮ ਲੇਖਾ ਮੁਕੇ ਵਿਚ ਜੀਵ ਜੰਤ, ਲੱਖ ਚੁਰਾਸੀ ਰਹੇ ਨਾ ਰਾਈਆ । ਆਤਮ ਪਰਮਾਤਮ ਮੇਲਾ ਮੇਲੇ ਧੁਰ ਦਾ ਕੰਤ, ਕੰਤੂਹਲ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਖੇਲ ਆਦਿ ਅੰਤ, ਜੁਗਾ ਜੁਗੰਤ ਧੁਰ ਦਾ ਹੁਕਮ ਵਰਤਾਈਆ ।

### ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਤਰਸੇਮ ਸਿੰਘ ਦੇ ਗ੍ਰਿਹ ਭਲਾਈਪੁਰ ਡੋਗਰਾ ਜ਼ਿਲਾ ਅੰਮ੍ਰਿਤਸਰ ✪

ਸਾਚਾ ਸੰਗੀ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਇਕ ਅਖਵਾਈਆ । ਜੋ ਧਰਮ ਦੀ ਧਾਰ ਪਾਵੇ ਰਹਿਰਾਸੀ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਜਿਸ ਨੇ ਗੁਰੂ ਗੁਰਦੇਵ ਬਣਾਏ ਦਾਸ ਦਾਸੀ, ਸੇਵਕ ਸੇਵਾ ਵਿਚ ਰਖਾਈਆ । ਭੇਵ ਖੁਲ੍ਹਾ ਕੇ ਪ੍ਰਿਥਮੀ ਆਕਾਸ਼ੀ, ਪਰਦਾ ਦੋ ਜਹਾਨ ਚੁਕਾਈਆ । ਸਚ ਦੁਆਰ ਦਾ ਬਣ ਕੇ ਵਾਸੀ, ਸੰਦੇਸ਼ਾ ਦਿਤਾ ਚਾਈਂ ਚਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ

ਵਰ, ਸਚ ਦਾ ਦਰ ਇਕ ਵਖਾਈਆ । ਸਾਚਾ ਸਤਿਸੰਗੀ ਸਤਿਗੁਰ ਪੁਰਖ ਦੇਵੀ ਦੇਵ, ਦੇਵ ਆਤਮਾ ਦਏ ਵਡਿਆਈਆ । ਜਿਸ ਦਾ ਖੇਲ ਅਲਖ ਅਭੇਵ, ਅਗੋਚਰ ਕਹਿਣ ਕਿਛ ਨਾ ਪਾਈਆ । ਜੋ ਜਨ ਭਗਤਾਂ ਦੇਵੇ ਅੰਤਰ ਆਤਮ ਸਾਚਾ ਮੇਵ, ਮਿਹਰਵਾਨ ਹੋ ਕੇ ਵੇਖ ਵਖਾਈਆ । ਨਾਮ ਜਪਾਵੇ ਰਸਨਾ ਜਿਹਵ, ਪਵਣ ਸਵਾਸਾਂ ਨਾਲ ਵਡਿਆਈਆ । ਧਾਮ ਵਖਾਏ ਇਕ ਨਿਹਕੇਵ, ਨਿਹਚਲ ਆਪਣਾ ਦਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ । ਸਤਿਸੰਗ ਵੇਖਿਆ ਗੋਬਿੰਦ ਧਾਰ, ਦਸ ਦਸ ਆਪਣਾ ਭੇਵ ਚੁਕਾਈਆ । ਨਾਨਕ ਕੀਤਾ ਨਾਲ ਪਿਆਰ, ਪ੍ਰੇਮ ਪ੍ਰੀਤੀ ਵਿਚ ਵਡਿਆਈਆ । ਨਾਮ ਸਤਿ ਬਣਾ ਕੇ ਯਾਰ, ਮਿਤਰ ਪਿਆਰਾ ਮੇਲ ਮਿਲਾਈਆ । ਢੋਲਾ ਗਾਇਆ ਅਗੰਮ ਅਪਾਰ, ਸੋਹੰ ਸਾਚਾ ਸਹਿਜ ਸੁਖਦਾਈਆ । ਨਾਲ ਸੁਰੰਗੀ ਵਜਾਈ ਸਿਤਾਰ, ਤੂੰ ਹੀ ਤੂੰ ਹੀ ਰਾਗ ਜਣਾਈਆ । ਸਤਿਸੰਗ ਵਖਾਇਆ ਵਿਚ ਸੰਸਾਰ, ਜੀਵਾਂ ਜੰਤਾਂ ਸਾਧਾਂ ਸੰਤਾਂ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਸੰਗ ਕਹੇ ਮੇਰਾ ਗੁਰੂਆਂ ਦਿਤਾ ਸੰਦੇਸ਼, ਦੀਨ ਦੁਨੀ ਜਣਾਈਆ । ਮੇਰਾ ਸਭ ਤੋਂ ਵਖਰਾ ਉਪਦੇਸ਼, ਉਪਨਿਸ਼ਦਾਂ ਵੇਖਣ ਨੈਣ ਉਠਾਈਆ । ਚੁਕੰਨਾ ਹੋਇਆ ਗਣਪਤ ਗਣੇਸ਼, ਵਿਸ਼ਨ ਬ੍ਰਹਮਾ ਸ਼ਿਵ ਲਏ ਅੰਗੜਾਈਆ । ਮੇਰਾ ਲਹਿਣਾ ਦੇਣਾ ਨਾਲ ਦਸ ਦਸਮੇਸ਼, ਗੋਬਿੰਦ ਢੋਲਾ ਗਾਇਆ ਧੁਰ ਦਾ ਮਾਹੀਆ । ਚਾਰ ਵਰਨਾਂ ਇਕ ਜਣਾ ਕੇ ਭੇਸ, ਮਾਰਗ ਇਕੋ ਇਕ ਲਗਾਈਆ । ਸਤਿਸੰਗ ਦੱਸਿਆ ਮੁੱਛ ਦਾੜ੍ਹੀ ਰਖਣਾ ਕੇਸ, ਕੇਸਗੜ੍ਹ ਦਿਤੀ ਵਡਿਆਈਆ । ਬੁੱਧੀ ਰਹੇ ਨਾ ਕੋਇ ਮਲੇਛ, ਕੂੜੀ ਕਿਰਿਆ ਬਾਹਰ ਕਢਾਈਆ । ਪੁਰਖ ਅਕਾਲ ਜਣਾਇਆ ਨਰੇਸ਼, ਨਰ ਨਰਾਇਣ ਨੂਰ ਅਲਾਹੀਆ । ਜਿਸ ਸਤਿਸੰਗ ਵਿਚ ਸਾਰੇ ਹੋਏ ਪੇਸ਼, ਪੇਸ਼ੀਨਗੋਈਆਂ ਆਪਣੇ ਹੱਥ ਰਖਾਈਆ । ਜਿਸ ਦਾ ਵਿਸ਼ਾ ਇਕ ਵਿਸ਼ੇਸ਼, ਵਿਸ਼ਵ ਦਾ ਆਪਣਾ ਭੇਵ ਚੁਕਾਈਆ । ਕਲਜੁਗ ਹੋਣਾ ਅੰਤ ਕਲੇਸ਼, ਕਲਧਾਰੀ ਹੋਏ ਲੋਕਾਈਆ । ਫੇਰ ਭਾਗ ਲਗਣਾ ਸੰਬਲ ਦੇਸ, ਸਾਢੇ ਤਿੰਨ ਹੱਥ ਵਜੇ ਵਧਾਈਆ । ਜੋਤੀ ਜਾਤਾ ਹੋਏ ਪਰਵੇਸ਼, ਪਰਾ ਪਸੰਤੀ ਮਧਮ ਬੈਖਰੀ ਦਾ ਪੜਦਾ ਆਪ ਚੁਕਾਈਆ । ਨਿਰਗੁਣ ਧਾਰ ਲਿਖੇ ਲੇਖ, ਲੇਖ ਲੇਖਣੀ ਦੇਵੇ ਮਾਣ ਵਡਿਆਈਆ । ਦੀਨ ਦੁਨੀ ਦੀ ਬਦਲੇ ਰੇਖ, ਰਿਖੀਆਂ ਮੁਨੀਆਂ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰ ਇਕ ਸੁਹਾਈਆ । ਸਤਿਸੰਗ ਕਹੇ ਮੈਨੂੰ ਗੋਬਿੰਦ ਕੀਤਾ ਲਲਕਾਰ, ਬਿਨਾ ਸ਼ਰਅ ਤੋਂ ਸ਼ਰਅ ਜਣਾਈਆ । ਖੰਡੇ ਖੜਗ ਦੀ ਦੱਸ ਚਮਕਾਰ, ਜਗਤ ਅੰਧੇਰਿਆਂ ਪੰਧ ਮੁਕਾਈਆ । ਪੁਰਖ ਅਕਾਲ ਅਗੇ ਕਿਹਾ ਪੁਕਾਰ, ਕੂਕ ਕੂਕ ਸੁਣਾਈਆ । ਤੂੰ ਸਤਿਸੰਗੀ ਮੇਰਾ ਯਾਰ, ਯਾਰੜੇ ਤੇਰੀ ਸੇਜ ਲਵਾਂ ਹੰਢਾਈਆ । ਮੇਰਾ ਲੇਖਾ ਵੇਖ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਮੈਂ ਸੰਦੇਸ਼ਾ ਦੇਵਾਂ ਗੁਰਸਿਖੋ ਆਪਣੀ ਵਾਰ, ਗੁਰਮੁਖਾਂ ਦਿਆਂ ਜਣਾਈਆ । ਸਤਿਸੰਗੀਉ ਰਹਿਣਾ ਸਦਾ ਤਿਆਰ, ਸਤਿ ਸਤਿ ਨਾਲ ਵਡਿਆਈਆ । ਅੰਮ੍ਰਿਤ ਦੇ ਕੇ ਠੰਢਾ ਠਾਰ, ਰਸ ਅੰਮਿਉਂ ਦਿਤਾ ਚੁਆਈਆ । ਪੰਚਮ ਮੀਤਾ ਬਣ ਕੀਤਾ ਸਚ ਪਿਆਰ, ਪ੍ਰੀਤ ਪ੍ਰੀਤੀ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦੁਆਰ ਇਕ ਸਮਝਾਈਆ । ਸਤਿਸੰਗ ਕਹੇ ਮੇਰਾ ਗੋਬਿੰਦ ਕੀਤਾ ਇਕੱਠ, ਸੋਹਣੀ ਦਿਤੀ ਵਡਿਆਈਆ । ਧੀਰਜ ਧਰਮ ਦਾ ਬਖ਼ਸ਼ਿਆ ਹਠ,


੫੪੧
੨੪

ਸੰਤੋਖ ਗੁਰਮੁਖਾਂ ਝੋਲੀ ਪਾਈਆ । ਪ੍ਰੇਮ ਪ੍ਰੀਤੀ ਖੋਲ੍ਹਿਆ ਹੱਟ, ਵਣਜਾਰਾ ਬਣਿਆ ਧੁਰ ਦਾ ਮਾਹੀਆ । ਜਿਸ ਇਕੱਠੇ ਕੀਤੇ ਛੀਂਬੇ ਝੀਵਰ ਨਾਈ ਜੱਟ, ਗ਼ਰੀਬਾਂ ਅੰਗ ਲਗਾਈਆ । ਦੁਖੀਆਂ ਦਰਦ ਮੇਟ ਕੇ ਫੱਟ, ਪੱਟੀ ਨਾਮ ਵਾਲੀ ਬੰਧਾਈਆ । ਜਗਤ ਸ਼ਰਅ ਦੀ ਡੋਰੀ ਕਟ, ਕਟਾਕਸ਼ ਆਪਣਾ ਨਾਮ ਲਗਾਈਆ । ਦੂਈ ਦੁਵੈਤੀ ਮੇਟ ਕੇ ਵਟ, ਵਟਣਾ ਮਲਿਆ ਚਾਈਂ ਚਾਈਂਆ । ਸਤਿਸੰਗ ਕਹੇ ਗੁਰਸਿਖਾਂ ਸਾਚਾ ਲਾਹਾ ਲਿਆ ਖਟ, ਖਟਕਾ ਜਨਮ ਰਿਹਾ ਨਾ ਰਾਈਆ । ਜਿਨ੍ਹਾਂ ਇਕੋ ਨਾਮ ਲਿਆ ਰਟ, ਵਾਹਵਾ ਵਾਹਿਗੁਰੂ ਤੇਰੀ ਬੇਪਰਵਾਹੀਆ । ਸਤਿਸੰਗ ਕਹੇ ਮੈਂ ਸ਼ੁਕਰਾਨੇ ਵਿਚ ਜੋੜੇ ਹੱਥ, ਖ਼ੁਸ਼ੀਆਂ ਵਿਚ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਮਹਿੰਮਾ ਕਥ ਕਥ ਜਣਾਈਆ ।

### ੧੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਫੌਜਾ ਸਿੰਘ ਦੇ ਘਰ ਰਾਤ ਨੂੰ ਪਿੰਡ ਭਲਾਈ ਪੁਰ ਖੇਤਾਂ ਵਿਚ ਜ਼ਿਲਾ ਅੰਮ੍ਰਿਤਸਰ

ਧਰਨੀ ਕਹੇ ਮੇਰਾ ਸੀਨਾ ਹੋਇਆ ਠੰਡਾ, ਨੌ ਸੌ ਚੁਰਾਨਵੇ ਚੌਕੜੀ ਜੁਗ ਦੀ ਅਗਨ ਦਿਤੀ ਬੁਝਾਈਆ । ਮੈਂ ਨਾਮ ਨਿਧਾਨ ਸ੍ਰੀ ਭਗਵਾਨ ਤੇਰਾ ਇਕੋ ਵੰਡਾ, ਨਵ ਸੱਤ ਭੱਜਾਂ ਵਾਹੋ ਦਾਹੀਆ । ਝਟ ਬਿਨਾ ਕ਼ਦਮਾਂ ਤੋਂ ਚਲ ਕੇ ਆ ਗਿਆ ਨਾਰਦ ਪੰਡਾ, ਸ਼ਬਦੀ ਸ਼ਬਦ ਰੂਪ ਦਰਸਾਈਆ । ਧਰਨੀਏ ਨਿਗਾਹ ਮਾਰ ਲੈ ਵਿਚ ਵਰਭੰਡਾ, ਦੋ ਜਹਾਨ ਅੱਖ ਖੁਲ੍ਹਾਈਆ । ਨਾਲ ਤਕ ਲੈ ਕਲਜੁਗ ਅਖ਼ੀਰੀ ਕੰਢਾ, ਕੰਢੀ ਘਾਟ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਨਾਰਦ ਕਹੇ ਧਰਨੀ ਆਪਣੀ ਸਿੱਧੀ ਕਰ ਲੈ ਨੀਤ, ਨੀਤੀਵਾਨ ਦਇਆ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਵਾਲੀ ਤਕ ਲੈ ਪ੍ਰੀਤ, ਪ੍ਰੀਤਮ ਹੋ ਕੇ ਕੀ ਸਮਝਾਈਆ । ਨਾਲੇ ਜ਼ੋਰ ਦੀ ਮਾਰ ਕੇ ਚੀਕ, ਚੀਕ ਚਿਹਾੜਾ ਦਿਤਾ ਪਾਈਆ । ਫੇਰ ਹਸ ਕੇ ਕਿਹਾ ਮੇਰੇ ਸਾਹਿਬ ਵਿਚ ਹਕ ਤੌਫ਼ੀਕ, ਜੋ ਤੋੜ੍ਹੇ ਦੇਵੇ ਥਾਉਂ ਥਾਈਂਆ । ਜਗਤ ਨਿਸ਼ਾਨ ਵੇਖ ਲੈ ਜਿਥੇ ਬਾਲਮੀਕ ਮਾਰੀ ਲੀਕ, ਲਾਈਨ ਲਾਈਨ ਵਿਚੋਂ ਸਮਝਾਈਆ । ਜਿਸ ਦੀ ਕਰਦੀ ਰਹੀਉਂ ਉਡੀਕ, ਆਪਣਾ ਧਿਆਨ ਲਗਾਈਆ । ਉਹ ਮਿਤਰ ਪਿਆਰਾ ਧੁਰ ਦਾ ਮੀਤ, ਯਾਰੜਾ ਹਕ ਸਮਾਈਆ । ਜੋ ਵਸਣਹਾਰਾ ਚੀਤ, ਠਗੌਰੀ ਚਿਤ ਦਏ ਮਿਟਾਈਆ । ਜਿਸ ਦਾ ਢੋਲਾ ਇਕੋ ਗੀਤ, ਗੋਬਿੰਦ ਮੇਲਾ ਸਹਿਜ ਸੁਭਾਈਆ । ਕਰਨਹਾਰਾ ਪਤਿਤ ਪੁਨੀਤ, ਪਰਮ ਪੁਰਖ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਲੇਖ ਆਪ ਸਮਝਾਈਆ । ਧਰਨੀ ਕਹੇ ਨਾਰਦਾ ਮੇਰੀ ਅੰਤਰ ਆਈ ਵਿਚਾਰ, ਵਿਚਰਕੇ ਦਿਆਂ ਸੁਣਾਈਆ । ਮੇਰਾ ਤ੍ਰੇਤੇ ਜੁਗ ਦਾ ਵੇਖ ਵਿਹਾਰ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੈਨੂੰ ਬਾਲਮੀਕ ਦਿਤਾ ਅਧਾਰ, ਲਹਿਣਾ ਲਹਿਣਿਆਂ ਵਿਚੋਂ ਬਾਹਰ ਕਢਾਈਆ । ਬਿਨ ਹੱਥਾਂ ਤੋਂ ਮਾਰ ਲਕਾਰ, ਚਰਨ ਚਰਨ ਨਾਲ ਬਦਲਾਈਆ । ਨਾਲੇ ਕੂਕ ਕੇ ਕੀਤੀ ਪੁਕਾਰ, ਦੋ ਜਹਾਨ ਕੀਤੀ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਧਰਨੀ ਕਹੇ ਮੇਰਾ ਜਗਤ ਪੁਰਾਣਾ ਲੇਖਾ, ਲਿਖਤੀ ਸਬੂਤ ਦਿਆਂ ਜਣਾਈਆ । ਜਿਸ ਵਿਚ ਰਹੇ ਨਾ ਕੋਇ ਭੁਲੇਖਾ, ਭਾਂਡਾ ਭਰਮ ਭਉ ਭੰਨਾਈਆ ।


੫੪੨
੨੪

੫੪੩
੨੪

ਬਾਲਮੀਕ ਦੇ ਕੇ ਗਿਆ ਸੰਦੇਸ਼ਾ, ਸੰਧਿਆ ਸਰਘੀ ਬਾਹਰ ਸੁਣਾਈਆ । ਜੋ ਮਾਲਕ ਰਹੇ ਹਮੇਸ਼ਾ, ਨਿਰਗੁਣ ਨੂਰ ਨੂਰ ਅਲਾਹੀਆ । ਉਹ ਕਲਜੁਗ ਧਾਰੇ ਆਪਣਾ ਭੇਸਾ, ਭੇਖਾਧਾਰੀ ਬੇਪ੍ਰਵਾਹੀਆ । ਸੰਬਲ ਸੁਹਾਏ ਆਪਣਾ ਦੇਸਾ, ਸਾਢੇ ਤਿੰਨ ਹੱਥ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਜਿਸ ਵੇਲੇ ਬਾਲਮੀਕ ਲੀਕ ਮਾਰੀ ਮੇਰੀ ਸੋਈ ਸੁਰਤੀ ਜਾਗੀ, ਆਲਸ ਨਿੰਦਰਾ ਰਹੀ ਨਾ ਰਾਈਆ । ਮੈਂ ਬਿਨ ਕ਼ਦਮਾਂ ਤੋਂ ਭਾਗੀ, ਭੱਜੀ ਵਾਹੋ ਦਾਹੀਆ । ਮੈਂ ਤਕਾਂ ਕੰਤ ਸੁਹਾਗੀ, ਹਰਿ ਕਰਤਾ ਧੁਰਦਰਗਾਹੀਆ । ਜੁਗ ਬਦਲਣਾ ਜਿਸ ਦੀ ਵਾਦੀ, ਵਾਅਦੇ ਸਭ ਦੇ ਪੂਰ ਕਰਾਈਆ । ਉਦੋਂ ਏਸ ਥਾਂ ਨੌ ਘਰ ਬ੍ਰਾਹਮਣਾਂ ਦੀ ਹੁੰਦੀ ਸੀ ਆਬਾਦੀ, ਪ੍ਰੋਹਤ ਆਪਣੀ ਖੇਲ ਖਿਲਾਈਆ । ਜਿਨ੍ਹਾਂ ਦੀ ਸਾਂਝੀ ਇਕ ਪੜਦਾਦੀ, ਨਵੀਤਾ ਨਾਮ ਬਾਲਮੀਕ ਗਿਆ ਸਮਝਾਈਆ । ਜਿਸ ਦਾ ਪੋਤਰਾ ਹੋਇਆ ਇਕ ਵੈਰਾਗੀ, ਮਨਸੂ ਕਹਿ ਕੇ ਸਾਰੇ ਗਾਈਆ । ਉਹ ਗਊਆਂ ਬਣਿਆ ਵਾਗੀ, ਦਿਵਸ ਰੈਣ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਬੈਰਾਗੀ ਬਾਈ ਸਾਲ ਦਾ ਨੌਜਵਾਨ, ਮਨਸਾ ਜਗਤ ਨਾ ਕੋਇ ਰਖਾਈਆ । ਬਾਲਮੀਕ ਤਕਿਆ ਨਾਲ ਧਿਆਨ, ਨੈਣ ਨੈਣਾਂ ਵਿਚ ਰਖਾਈਆ । ਝਟ ਉਸ ਨੂੰ ਆਇਆ ਗਿਆਨ, ਸੁਰਤੀ ਸੁਰਤ ਵਿਚੋਂ ਬਦਲਾਈਆ । ਨਿਗਾਹ ਮਾਰ ਜ਼ਿਮੀਂ ਅਸਮਾਨ, ਜਗਤ ਜਹਾਨ ਵੇਖ ਵਖਾਈਆ । ਸ਼ਬਦ ਸੁਣਿਆ ਬਿਨਾ ਕਾਨ, ਧੁਨ ਆਤਮਕ ਰਾਗ ਦ੍ਰਿੜਾਈਆ । ਇਹ ਰਿਸ਼ੀ ਬੜੇ ਮਹਾਨ, ਮਹਿੰਮਾ ਕਥ ਕਥ ਵਖਾਈਆ । ਝਟ ਵੈਰਾਗੀ ਹੋਇਆ ਸਵਾਧਾਨ, ਆਪਣੀ ਲਈ ਅੰਗੜਾਈਆ । ਦੁੱਧ ਦੋਹ ਲਿਆਵਾਂ ਇਸ ਨੂੰ ਦੇਵਾਂ ਦਾਨ, ਖ਼ੁਸ਼ੀਆਂ ਨਾਲ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਬੈਰਾਗੀ ਦੁੱਧ ਲਿਆਇਆ ਦੋਹ, ਬਾਲਮੀਕ ਅਗੇ ਟਿਕਾਈਆ । ਰਸਨਾ ਬੁੱਲਾਂ ਨਾਲ ਲੈਣਾ ਛੋਹ, ਛੋਹਰ ਬਾਂਕਾ ਰਿਹਾ ਦ੍ਰਿੜਾਈਆ । ਅਗੋਂ ਬਾਲਮੀਕ ਪਿਆ ਰੋ, ਬਿਨ ਨੈਣਾਂ ਨੀਰ ਵਹਾਈਆ । ਮਿਤਰਾ ਤੇਰਾ ਪਿਆਰ ਮੇਰੀ ਮੁਹੱਬਤ ਰਿਹਾ ਮੋਹ, ਦੂਸਰ ਨਜ਼ਰ ਕੋਇ ਨਾ ਆਈਆ । ਨਾਲ ਇਸ਼ਾਰਾ ਅੰਤਸ਼ਕਰਨ ਕੀਤੀ ਲੋ, ਲੋਇਣ ਤੀਜਾ ਦਿਤਾ ਖੁਲ੍ਹਾਈਆ । ਬਿਨਾ ਰਾਮ ਤੋਂ ਨਜ਼ਰ ਆਵੇ ਨਾ ਕੋ, ਨੂਰ ਨੁਰਾਨਾ ਇਕ ਦਰਸਾਈਆ । ਨਾਮ ਸ਼ਬਦ ਸੁਣਾਇਆ ਸੋ, ਸੋਹੰ ਸ਼ਬਦ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਬਾਲਮੀਕ ਦਿਤਾ ਇਕ ਪਿਆਰ, ਖ਼ੁਸ਼ੀਆਂ ਨਾਲ ਜਣਾਈਆ । ਤੇਰਾ ਦੁੱਧ ਦਾ ਮੇਰਾ ਉਧਾਰ, ਲੇਖਾ ਤੇਰੇ ਹੱਥ ਰਖਾਈਆ । ਨਿਗਾਹ ਮਾਰ ਲੈ ਵਿਚ ਸੰਸਾਰ, ਚਾਰੋਂ ਕੁੰਟ ਫੋਲ ਫੁਲਾਈਆ । ਬਿਨਾ ਪ੍ਰਭੂ ਤੋਂ ਮਿਤਰ ਨਾ ਕੋਇ ਮੁਰਾਰ, ਸੰਗੀ ਸੰਗ ਨਾ ਕੋਇ ਨਿਭਾਈਆ । ਉਹ ਤਕ ਤ੍ਰੇਤੇ ਹੋਣਾ ਰਾਮ ਅਵਤਾਰ, ਦੁਆਪਰ ਕਾਹਨ ਕਾਹਨ ਸਮਝਾਈਆ । ਕਲਜੁਗ ਵੇਖ ਲੈ ਧੂੰਆਂਧਾਰ, ਨੂਰੀ ਚੰਦ ਚੰਦ ਚਮਕਾਈਆ । ਅੰਤ ਕਲਜੁਗ ਹੋਣਾ ਅਵਤਾਰ, ਨਿਹਕਲੰਕਾ ਨਾਉਂ ਪਰਗਟਾਈਆ । ਜਿਸ ਨੂੰ ਸਮਝੇ ਨਾ ਕੋਇ ਵਿਚੋਂ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸੀਸ ਨਿਵਾਈਆ । ਉਹ ਬਣੇ ਭਗਤਾਂ ਸਹਾਰ, ਸਿਰ ਸਿਰ ਆਪਣਾ ਹੱਥ ਰਖਾਈਆ । ਝਟ ਬੈਰਾਗੀ ਬਾਲਮੀਕ ਚਰਨਾਂ ਉਤੇ ਕੀਤੀ ਨਿਮਸਕਾਰ, ਨਿਵ ਨਿਵ ਸੀਸ ਨਿਵਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਬਾਲਮੀਕ ਕਿਹਾ ਵੈਰਾਗੀਆ ਕਲਜੁਗ ਅੰਤ ਤਕਣੀਆਂ ਮੌਜਾਂ, ਮਜਲਸ ਭਗਤਾਂ ਨਾਲ ਰਖਾਈਆ । ਤੇਰਾ ਨਾਮ ਹੋਵੇ ਸਿੰਘ ਫ਼ੌਜਾ, ਦੂਸਰ ਵੰਡ ਨਾ ਕੋਇ ਵੰਡਾਈਆ । ਤੇਰੀ ਭਗਤੀ ਦੀ ਧਾਰ ਹੋਵੇ ਉਦਾ, ਮੰਜ਼ਲ ਹਕ ਹਕ ਸਮਝਾਈਆ । ਤੇਰਾ ਨਾਮ ਹੋਣਾ ਸੋਹੰ ਸੋ ਦਾ, ਸੁਰਤੀ ਸ਼ਬਦ ਵਿਚ ਸਮਾਈਆ । ਜੋੜਾ ਬਣਨਾ ਇਕ ਦੋ ਦਾ, ਦੋਹਰੀ ਕਲ ਵਰਤਾਈਆ । ਉਸ ਵੇਲੇ ਜਗਤ ਲੇਖਾ ਹੋਣਾ ਖੋਹ ਖੋਹ ਦਾ, ਪ੍ਰੇਮ ਮੁਹੱਬਤ ਵਿਚ ਨਾ ਕੋਇ ਸਮਾਈਆ । ਬੈਰਾਗੀ ਕਿਹਾ ਮੈਨੂੰ ਮਿਲੀ ਵਸਤ ਅਥਾਹ, ਬਾਲਮੀਕ ਦਿਤੀ ਵਰਤਾਈਆ । ਰਿਸ਼ੀ ਜੀ ਮੇਰਾ ਬਣਨਾ ਅੰਤ ਗਵਾਹ, ਸ਼ਹਾਦਤ ਸਚ ਵਾਲੀ ਭੁਗਤਾਈਆ । ਜਿਸ ਵੇਲੇ ਵਕ਼ਤ ਸੁਹੰਜਣਾ ਗਿਆ ਆ, ਆਲਮ ਇਲਮ ਸੁਣਨ ਕੋਇ ਨਾ ਪਾਈਆ । ਲੇਖਾ ਦੇਖੇ ਬੇਪਰਵਾਹ, ਜੋ ਬੇਪਰਵਾਹੀ ਵਿਚ ਸਮਾਈਆ । ਮੈਂ ਰਸਨਾ ਜਿਹਵਾ ਬੱਤੀ ਦੰਦਾਂ ਨਾਲ ਲਿਆ ਗਾ, ਗਹਿਰ ਗੰਭੀਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਵਕ਼ਤ ਆਪ ਸੁਹਾਈਆ । ਬਾਲਮੀਕ ਹਸ ਜਣਾਉਂਦਾ ਏ । ਧੁਰ ਫ਼ਰਮਾਨ ਇਕ ਦ੍ਰਿੜਾਉਂਦਾ ਏ । ਭੇਵ ਅਭੇਦਾ ਆਪ ਖੁਲ੍ਹਾਉਂਦਾ ਏ । ਚਾਰੇ ਵੇਦਾਂ ਬਾਹਰ ਪੜ੍ਹਾਉਂਦਾ ਏ । ਅਛਲ ਅਛੇਦਾ ਵੇਖ ਵਖਾਉਂਦਾ ਏ । ਜੋਤੀ ਜਾਤਾ ਵੇਸ ਵਟਾਉਂਦਾ ਏ । ਸੰਬਲ ਦੇਸ ਸੋਭਾ ਪਾਉਂਦਾ ਏ । ਧਰਨੀ ਧਰਤ ਧਵਲ ਧੌਲ ਚਰਨ ਟਿਕਾਉਂਦਾ ਏ । ਜੁਗ ਵਿਛੜਿਆਂ ਮੇਲ ਮਿਲਾਉਂਦਾ ਏ । ਜਨਮ ਜਨਮ ਦਾ ਲਹਿਣਾ ਝੋਲੀ ਪਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਉਂਦਾ ਏ । ਸਚ ਕਰਨੀ ਕਾਰ ਕਮਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਨਿਰਗੁਣ ਹੋ ਕੇ ਵੇਖ ਵਖਾਵੇਗਾ । ਸਰਗੁਣ ਆਪਣਾ ਰੰਗ ਚੜ੍ਹਾਵੇਗਾ । ਧਰਨੀ ਧਰਤ ਵਾਅਦਾ ਕੌਲ ਇਕ਼ਰਾਰ ਕੀਤਾ ਪੂਰ ਕਰਾਵੇਗਾ । ਜਨ ਭਗਤਾਂ ਅੰਦਰ ਜਾਵੇ ਮਵਲ, ਆਪਣਾ ਖੇਲ ਖਿਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਵੇਗਾ । ਸਾਚਾ ਹੁਕਮ ਇਕ ਵਰਤਾਏਗਾ । ਪਰਮ ਪੁਰਖ ਖੇਲ ਖਿਲਾਏਗਾ । ਨਿਰਗੁਣ ਧਾਰ ਦਰਸ ਦਿਖਾਏਗਾ । ਜਨਮ ਜਨਮ ਦੀ ਹਰਸ ਮਿਟਾਏਗਾ । ਅੰਮ੍ਰਿਤ ਮੇਘ ਅਗੰਮ ਬਰਸਾਏਗਾ । ਘਰ ਸੁਆਮੀ ਦੇਵੇ ਦਰਸ, ਲੋਚਨ ਨੈਣ ਖੁਲ੍ਹਾਏਗਾ । ਜੋ ਮਾਲਕ ਹੋ ਕੇ ਵਸੇ ਉਤੇ ਅਰਸ਼, ਫ਼ਰਸ਼ ਆਪਣਾ ਪੜਦਾ ਲਾਹੇਗਾ । ਸੰਮਤ ਸ਼ਹਿਨਸ਼ਾਹੀ ਗਿਆਰਾਂ ਹੋਣਾ ਬਰਸ, ਬਰਸੀ ਆਪਣੇ ਨਾਲ ਮਿਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਏਗਾ । ਧਰਨੀ ਕਹੇ ਮੇਰੇ ਉਦੈ ਹੋਏ ਭਾਗ, ਭਗਵਨ ਦਿਤੀ ਵਡਿਆਈਆ । ਮੇਰੇ ਗ੍ਰਿਹ ਜਗਿਆ ਚਰਾਗ਼, ਜੋਤੀ ਜਾਤਾ ਡਗਮਗਾਈਆ । ਮੇਰੀ ਤ੍ਰਿਸ਼ਨਾ ਮਿਟੀ ਆਗ, ਅਗਨੀ ਅੱਗ ਨਾ ਕੋਇ ਤਪਾਈਆ । ਮੇਰੇ ਅੰਤਸ਼ਕਰਨ ਆਇਆ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਦੁਰਮਤ ਮੈਲ ਰਿਹਾ ਨਾ ਦਾਗ਼, ਪਾਪਾਂ ਹੋਈ ਸਫ਼ਾਈਆ । ਮੈਂ ਹੰਸ ਬਣ ਗਈ ਕਾਗ, ਮਾਣਕ ਮੋਤੀ ਚੋਗ ਚੁਗਾਈਆ । ਮੈਂ ਸੁੱਤੀ ਗਈ ਜਾਗ, ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਮੈਨੂੰ ਬਾਲਮੀਕ ਮਾਰੀ ਆਵਾਜ਼, ਸਹਿਜ ਸਹਿਜ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਮੇਰਾ ਵਕ਼ਤ ਸੁਹੰਜਣਾ ਹੋਇਆ

੫੪੪ ੨੪

ਜਗ, ਧਵਲ ਹੋ ਕੇ ਦਿਆਂ ਸੁਣਾਈਆ । ਬਾਲਮੀਕ ਨੇ ਮੇਰੇ ਉਤੇ ਰਖੇ ਪੱਬ, ਪਾਲ ਸਿੰਘ ਜਨਮ ਜਨਮ ਵਿਚੋਂ ਬਦਲਾਈਆ । ਵੈਰਾਗੀ ਫ਼ੌਜਾ ਸਿੰਘ ਆਇਆ ਭੱਜ, ਭਜਨ ਬੰਦਗੀ ਪ੍ਰਭ ਦੀ ਵਿਚ ਸਮਾਈਆ । ਮੈਂ ਦਰਸ਼ਨ ਕਰਾਂ ਉਪਰ ਸ਼ਾਹਰਗ, ਨੂਰ ਨੁਰਾਨਾ ਵੇਖਾਂ ਚਾਈਂ ਚਾਈਆ । ਜਿਸ ਨੂੰ ਕਹਿੰਦੇ ਸੂਰਾ ਸਰਬਗ, ਹਰਿ ਕਰਤਾ ਧੁਰਦਰਗਾਹੀਆ । ਜਿਸ ਮੇਰਾ ਥਾਨ ਪੂਰਬ ਲਿਆ ਲੱਭ, ਖੋਜਣ ਦੀ ਲੋੜ ਰਹੀ ਨਾ ਰਾਈਆ । ਪਤਾ ਨਹੀਂ ਆਇਆ ਕਿਹੜੇ ਨਾਲ ਸਬਬ, ਸਮਝ ਚਲੇ ਨਾ ਕੋਇ ਚਤੁਰਾਈਆ । ਮੇਰੀ ਧਾਰ ਚਰਨਾਂ ਹੇਠਾਂ ਲਈ ਦੱਬ, ਕਵਲ ਕਵਲ ਉਠਾਈਆ । ਮੈਂ ਤਕ ਕੇ ਨੂਰ ਅਲਾਹੀ ਰੱਬ, ਸਯਦਿਆਂ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ । ਧਰਨੀ ਕਹੇ ਬਾਲਮੀਕ ਨੌ ਉਂਗਲ ਲੀਕ ਮਾਰੀ ਲੰਮੀ, ਲਮਹ ਲਮਹ ਧਿਆਨ ਲਗਾਈਆ । ਭੇਵ ਖੁਲ੍ਹਾ ਕੇ ਕਾਇਆ ਮਾਟੀ ਚੰਮੀ, ਚੰਮ ਦ੍ਰਿਸ਼ਟੀ ਬਾਹਰ ਦ੍ਰਿੜਾਈਆ । ਪੜਦਾ ਲਾਹ ਕੇ ਪਵਣ ਸੁਆਸੀ ਦਮੀ, ਦਾਮਨਗੀਰ ਇਕ ਜਣਾਈਆ । ਭੇਵ ਚੁਕਾਇਆ ਬਾਹਰ ਖ਼ੁਸ਼ੀ ਗ਼ਮੀ, ਗ਼ਮਖਾਰ ਦਿਆਂ ਵਖਾਈਆ । ਨਾਲ ਸੰਦੇਸ਼ਾ ਦਿਤਾ ਜਿਸ ਵੇਲੇ ਖੇਲ ਹੋਣੀ ਨਵੀਂ, ਨਵਖੰਡ ਧਿਆਨ ਲਗਾਈਆ । ਸਤਿਗੁਰ ਸ਼ਬਦ ਹੋਣਾ ਕਵੀ, ਕਵਿਤਾ ਕਾਇਨਾਤ ਬਾਹਰ ਸੁਣਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਗਟ ਹੋਣਾ ਅਵਤਾਰ ਚਵੀ, ਚੌਬੀਸਾ ਜਗਦੀਸਾ ਇਕ ਅਖਵਾਈਆ । ਧਰਨੀਏ ਉਸ ਕੋਲੋਂ ਲਹਿਣਾ ਲਵੀਂ, ਨਿਵ ਨਿਵ ਲਗਣਾ ਪਾਈਆ । ਉਸੇ ਦਾ ਢੋਲਾ ਗਵੀਂ, ਗਾ ਗਾ ਸ਼ੁਕਰ ਮਨਾਈਆ । ਉਸ ਦੇ ਚਰਨਾਂ ਹੇਠਾਂ ਸਵੀਂ, ਸੇਜ ਸੁਹੰਜਣੀ ਇਕ ਬਣਾਈਆ । ਤੇਰਾ ਲੇਖਾ ਲਿਖਣਾ ਰਵੀਦਾਸ ਰਵੀ, ਬਲ ਦੀ ਗੋਲੀ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਲਹਿਣਾ ਦੇਣਾ ਸਭ ਦਾ ਦਵੀਂ, ਦੇਵਣਹਾਰ ਤੇਰੇ ਹੱਥ ਵਡਿਆਈਆ ।

### ✪ ੨੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਊਧਮ ਸਿੰਘ ਦੇ ਗ੍ਰਹਿ ਪਿੰਡ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ✪

ਸਾਚਾ ਸਤਿਸੰਗ ਸਤਿਗੁਰ ਚਰਨ, ਚਾਰ ਜੁਗ ਦੇ ਸਤਿਸੰਗੀ ਦੇਣ ਗਵਾਹੀਆ । ਜਿਥੇ ਝਗੜਾ ਨਹੀਂ ਜ਼ਾਤ ਪਾਤ ਵਰਨ ਬਰਨ, ਮਾਨਸ ਮਾਨਵ ਵੰਡ ਨਾ ਕੋਇ ਵੰਡਾਈਆ । ਇਕੋ ਗੀਤ ਆਤਮ ਪਰਮਾਤਮ ਢੋਲਾ ਪੜ੍ਹਨ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਸਚ ਪਿਆਰ ਦੀ ਮੰਜ਼ਲ ਚੜ੍ਹਨ, ਬਿਨ ਕ਼ਦਮਾਂ ਪੰਧ ਮੁਕਾਈਆ । ਜੋਤੀ ਜਾਤੇ ਲੜ ਫੜਨ, ਨਾਤਾ ਸਕੇ ਨਾ ਕੋਇ ਤੁੜਾਈਆ । ਸਚ ਦੁਆਰ ਧੁਰ ਦੇ ਵੜਨ, ਅਗੇ ਹੋ ਨਾ ਕੋਇ ਅਟਕਾਈਆ । ਸਤਿਗੁਰ ਸੁਆਮੀ ਤਰਨੀ ਤਰਨ, ਤਾਰਨਹਾਰ ਇਕ ਅਖਵਾਈਆ । ਜੋ ਆਦਿ ਜੁਗਾਦੀ ਕਰਨੀ ਕਰਨ, ਕਰਤਾ ਪੁਰਖ ਅਗੰਮ ਅਥਾਹੀਆ । ਜਿਸ ਦੀ ਸਭ ਨੇ ਮੰਗੀ ਸ਼ਰਨ, ਟੇਕ ਇਕੋ ਇਕ ਜਣਾਈਆ । ਸੋ ਭਗਤ ਸੁਹੇਲਾ ਸੁਹਾਏ ਆਪਣਾ ਦਰਨ, ਦਰ ਦੁਆਰਾ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਧੁਰਦਰਗਾਹੀਆ । ਸਤਿਸੰਗ ਕਹੇ ਮੈਂ ਸੋਭਾ ਲੋਕਮਾਤ, ਸਤਿਗੁਰ ਸ਼ਬਦ ਦਏ ਵਡਿਆਈਆ । ਮੇਰੀ ਝੋਲੀ ਪਾਵੇ ਅਗੰਮੀ ਦਾਤ, ਵਸਤ ਅਮੁਲ ਆਪ ਵਰਤਾਈਆ ।



੫੪੫
੨੪

ਮੇਰਾ ਵਕਤ ਨਹੀਂ ਕੋਈ ਦਿਵਸ ਰਾਤ, ਅੱਠੇ ਪਹਿਰ ਖ਼ੁਸ਼ੀਆਂ ਦੇ ਢੋਲੇ ਗਾਈਆ । ਮੇਰੀ ਵਖਰੀ ਨਹੀਂ ਕੋਈ ਜਮਾਤ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਮੇਰੀ ਸਭ ਤੋਂ ਵਖਰੀ ਜ਼ਾਤ, ਅਜ਼ਾਤੀ ਰੂਪ ਨਾ ਕੋਇ ਦਰਸਾਈਆ । ਮੇਰਾ ਝਗੜਾ ਨਹੀਂ ਕੋਈ ਨਾਲ ਕਾਗ਼ਜ਼ਾਤ, ਦੁਵੈਤ ਵਿਚ ਕਦੇ ਨਾ ਆਈਆ । ਸਦਾ ਸਦਾ ਆਬਾਦ, ਜੁਗ ਜੁਗ ਪ੍ਰਭ ਦੀ ਓਟ ਤਕਾਈਆ । ਮੇਰਾ ਮਾਲਕ ਮੋਹਣ ਮਾਧਵ ਮਾਧ, ਜੋ ਦੇਵਣਹਾਰ ਸਰਨਾਈਆ । ਜਿਸ ਮੇਰੀ ਰਚਨਾ ਰਚੀ ਆਦਿ, ਅੰਤ ਵੇਖੇ ਧੁਰਦਰਗਾਹੀਆ । ਮੇਰਾ ਹੁਕਮ ਨਹੀਂ ਕੋਈ ਤਤਾਂ , ਤਨ ਵਜੂਦ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਸੰਗ ਕਹੇ ਮੈਂ ਸਤਿਗੁਰ ਸ਼ਬਦ ਦੀ ਧਾਰ ਸੰਯੋਗੀ, ਮੇਲਾ ਸਚ ਨਾਲ ਮਿਲਾਈਆ । ਮੈਂ ਅੰਮ੍ਰਿਤ ਰਸ ਪਿਆਲਦਾ ਤੇਗ਼ੀ, ਦੂਸਰ ਰਸ ਨਾ ਕੋਇ ਜਣਾਈਆ । ਮੈਂ ਕੂੜ ਵਿਕਾਰ ਦਾ ਵਿਯੋਗੀ, ਮਮਤਾ ਮੋਹ ਨਾ ਕੋਇ ਰਖਾਈਆ । ਮੈਂ ਬਿਨ ਅੱਖਰ ਧਾਰ ਦਾ ਬੋਧੀ, ਬੁੱਧੀ ਤੋਂ ਪਰੇ ਪੜ੍ਹਾਈਆ । ਮੇਰੀ ਆਸ਼ਾ ਤ੍ਰਿਸ਼ਨਾ ਕਦੇ ਬਣੀ ਨਾ ਲੋਭੀ, ਲਾਲਚ ਤ੍ਰਿਸ਼ਨਾ ਵਿਚ ਕਦੇ ਨਾ ਆਈਆ । ਮੈਂ ਸੇਵਕ ਦੁਰਮਤ ਮੈਲ ਦਾ ਧੋਬੀ, ਪਾਪਾਂ ਕਰਾਂ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਮੇਰਾ ਹੋਇਆ ਸਹਾਈਆ । ਸਤਿਸੰਗ ਕਹੇ ਮੈਂ ਇਕੋ ਰਖਿਆ ਇਸ਼ਟ, ਦੇਵ ਆਤਮਾ ਦੀਨ ਦੁਨੀ ਜਣਾਈਆ । ਮੇਰਾ ਪਿਆਰ ਸਬਾਈ ਸ੍ਰਿਸ਼ਟ, ਸ੍ਰੇਸ਼ਟ ਦਿਆਂ ਦ੍ਰਿੜਾਈਆ । ਮੇਰਾ ਰੂਪ ਨਹੀਂ ਟਾਂਕ ਜਿਸਤ, ਹਿੱਸਿਆਂ ਵਿਚ ਕਦੇ ਨਾ ਆਈਆ । ਮੇਰਾ ਲੇਖਾ ਨਹੀਂ ਸਵਰਗ ਬਹਿਸ਼ਤ, ਦੋਜ਼ਖ਼ ਗੰਢ ਨਾ ਕੋਇ ਬੰਧਾਈਆ । ਮੇਰੇ ਅੰਤਰ ਇਕੋ ਸਚ ਪਿਆਰ ਦਾ ਇਸ਼ਕ, ਆਸ਼ਕ ਮਾਸ਼ੂਕ ਦੋਵਾਂ ਦਿਆਂ ਦ੍ਰਿੜਾਈਆ । ਮੇਰੀ ਮੰਜ਼ਲ ਹਕੀਕੀ ਕਦੇ ਨਾ ਜਾਣਾ ਤਿਲਕ, ਤਿਲਕ ਲਲਾਟੀ ਸਭ ਨੂੰ ਦਿਆਂ ਵਖਾਈਆ । ਮੇਰੀ ਬਿਰਹੋਂ ਵਿਛੋੜੇ ਵਿਚ ਨਿਕਲੇ ਕਿਲਕ, ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਂਆ । ਸਤਿਸੰਗ ਕਹੇ ਜਨ ਭਗਤੋ ਮੇਰੀ ਆਦਿ ਜੁਗਾਦਿ ਸਿਖਿਆ, ਸ਼ਰਅ ਵਿਚ ਬਦਲ ਕਦੇ ਨਾ ਜਾਈਆ । ਮੇਰਾ ਲੇਖਾ ਬਿਨ ਕ਼ਲਮ ਸ਼ਾਹੀ ਤੋਂ ਲਿਖਿਆ, ਨਾ ਕੋਈ ਮੇਟੇ ਮੇਟ ਮਿਟਾਈਆ । ਮੈਨੂੰ ਆਦਿ ਪੁਰਖ ਪਾਈ ਭਿਖਿਆ, ਭਿਛਿਆ ਮੇਰੀ ਝੋਲੀ ਪਾਈਆ । ਨਿਰਗੁਣ ਹੋ ਕੇ ਕੀਤਾ ਹਿਤਿਆ, ਹਿਤਕਾਰੀ ਹੋ ਕੇ ਵੇਖ ਵਖਾਈਆ । ਮੇਰਾ ... ... ... .... ਬਣ ਕੇ ਮਿਤਿਆ, ਮਿਤਰ ਪਿਆਰਾ ਦਏ ਵਡਿਆਈਆ । ਮੇਰਾ ਠਾਂਢਾ ਕੀਤਾ ਚਿਤਿਆ, ਠਗੌਰੀ ਚਿਤ ਨਜ਼ਰ ਕੋਇ ਨਾ ਆਈਆ । ਮੇਰਾ ਆਪਣਾ ਆਪ ਮਿਟਿਆ, ਹੰਕਾਰ ਜਗਤ ਨਾ ਕੋਇ ਰਖਾਈਆ । ਮੇਰਾ ਲਹਿਣਾ ਦੇਣਾ ਹੋਇਆ ਚਿਟਿਆ, ਕਾਲਖ ਰਹਿਣ ਕੋਇ ਨਾ ਪਾਈਆ । ਮੇਰਾ ਸੰਗ ਨਹੀਂ ਕੋਇ ਪੱਥਰ ਇੱਟਿਆ, ਪਾਹਨਾਂ ਵੰਡ ਨਾ ਕੋਇ ਵੰਡਾਈਆ । ਮੈਂ ਧਰਨੀ ਉਤੇ ਜਨ ਭਗਤਾਂ ਅੰਦਰ ਟਿਕਿਆ, ਗੁਰਮੁਖਾਂ ਅੰਦਰ ਡੇਰਾ ਲਾਈਆ । ਸਚ ਪਿਆਰ ਦੀ ਕ਼ੀਮਤ ਵਿਕਿਆ, ਦੂਸਰ ਕ਼ੀਮਤ ਸਮਝ ਕਿਸੇ ਨਾ ਆਈਆ । ਮਾਲਕ ਇਕੋ ਪਿਤਿਆ, ਪਤਿਪਰਮੇਸ਼ਵਰ ਧੁਰਦਰਗਾਹੀਆ । ਜੋ ਸਚ ਸੁਹੰਜਣੀ ਸੇਜਾ ਅੰਦਰ ਲਿਟਿਆ, ਸਿੰਘਾਸਣ ਆਸਣ ਸੋਭਾ ਪਾਈਆ । ਜੋ ਮੇਰੇ ਵਿਚ ਨਾਮ ਫਲ ਰਸ ਦੇਵੇ ਮਿਠਿਆ, ਅਨਡਿਠੜਾ ਆਪ ਚਖਾਈਆ । ਜਿਸ ਜੁਗ ਜੁਗ ਆਪਣਾ ਖੇਲ ਆਪ ਨਜਿਠਿਆ, ਦੂਸਰ ਹੱਥ ਨਾ ਕਦੇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਲੇਖਾ ਜਾਣੇ ਨਿਤ ਨਵਿਤਿਆ, ਨਿਰਗੁਣ ਹੋ ਕੇ ਨਿਰਵੈਰ ਆਪਣਾ ਰੰਗ ਰੰਗਾਈਆ ।

### ✪ ੨੧ ਜੇਠ ਸ਼ਹਿਨਸ਼ਾਹੀ ਸੰਮਤ ੧੧ ਸੁਖਦੇਵ ਦੇ ਗ੍ਰਿਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਕਲਜੁਗ ਕਹੇ ਪ੍ਰਭ ਕਿਰਪਾ ਕੀਤੀ ਆਪ ਕਰਤਾਰ, ਮਿਹਰਵਾਨ ਸਿਰ ਮੇਰੇ ਹੱਥ ਟਿਕਾਈਆ । ਮੈਨੂੰ ਦਿਤੀ ਵਸਤ ਅਪਾਰ, ਅਪਰੰਪਰ ਸੁਆਮੀ ਝੋਲੀ ਆਪ ਟਿਕਾਈਆ । ਜੁਗ ਚੌਕੜੀ ਭਰ ਭੰਡਾਰ, ਤ੍ਰਿਸ਼ਨਾ ਤ੍ਰਿਖਾ ਨਾਲ ਵਡਿਆਈਆ । ਮਾਇਆ ਮਮਤਾ ਮੋਹ ਦੇ ਵਿਕਾਰ, ਹੰਕਾਰ ਨਾਲ ਮੇਰਾ ਸੰਗ ਬਣਾਈਆ । ਸਤਿ ਧਰਮ ਮੇਰੇ ਪਿਆਰ ਵਿਚੋਂ ਕਢ ਕੇ ਬਾਹਰ, ਵਖਰੀ ਗੰਢ ਦਿਤੀ ਕਰਾਈਆ । ਮੈਨੂੰ ਬੱਚਾ ਬਣਾ ਕੇ ਹੋਣਹਾਰ, ਲੋਕਮਾਤ ਭੇਜਿਆ ਚਾਈਂ ਚਾਈਂਆ । ਤੂੰ ਮਾਣ ਰਹਿਣ ਦੇਣਾ ਨਹੀਂ ਕਿਸੇ ਪੈਗ਼ੰਬਰ ਗੁਰ ਅਵਤਾਰ, ਗ੍ਰੰਥ ਸ਼ਾਸਤਰਾਂ ਚਲੇ ਨਾ ਕੋਇ ਚਤੁਰਾਈਆ । ਦੀਨ ਦੁਨੀ ਰਖਣੀ ਵਿਚ ਵਿਭਚਾਰ, ਵਿਖ ਕੂੜੀ ਨਾਲ ਰਲਾਈਆ । ਚਾਰੋਂ ਕੁੰਟ ਕਰਾਉਣੀ ਹਾਹਾਕਾਰ, ਧੀਰਜ ਧੀਰ ਨਾ ਕੋਇ ਰਖਾਈਆ । ਤੂੰ ਬਣਨਾ ਮੇਰਾ ਬਰਖ਼ੁਰਦਾਰ, ਕਲਜੁਗ ਤੂੰ ਮੇਰੀ ਸੇਵ ਕਮਾਈਆ । ਕਲਜੁਗ ਕਹੇ ਮੈਂ ਨੌਂ ਖੰਡ ਪ੍ਰਿਥਮੀ ਫਿਰਾਂ ਵਾਰੋ ਵਾਰ, ਦਹਿ ਦਿਸ਼ਾ ਭੱਜਾ ਵਾਹੋ ਦਾਹੀਆ । ਧਰਮ ਦਾ ਰਹਿਣ ਦੇਵਾਂ ਨਾ ਕੋਇ ਜੈਕਾਰ, ਧਰਨੀ ਧਰਤ ਧਵਲ ਕੁਰਲਾਈਆ । ਮਾਨਵ ਜ਼ਾਤੀ ਬਣਨਾ ਠਗ ਚੋਰ ਯਾਰ, ਕੁਟਲਤਾ ਸਭ ਦੇ ਅੰਦਰ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਹੋ ਕੇ ਮੇਰੀ ਪਾਉਣੀ ਸਾਰ, ਮਹਾਸਾਰਥੀ ਆਪਣੀ ਦਇਆ ਕਮਾਈਆ ।

ਕਲਜੁਗ ਕਹੇ ਮੈਨੂੰ ਦਿਤੀ ਪ੍ਰਭ ਨੇ ਅਗੰਮੀ ਦਾਤ, ਦਇਆਵਾਨ ਦਇਆ ਕਮਾਈਆ । ਨਾਲ ਬਿਨ ਅੱਖਰਾਂ ਲਿਖ ਕੇ ਦਿਤੀ ਪਾਤ, ਪਤ੍ਰਕਾ ਸਮਝ ਕੋਇ ਨਾ ਆਈਆ । ਫਿਰ ਪਿਆਰ ਨਾਲ ਲਿਆ ਝਾਕ, ਬਿਨ ਨੈਣਾਂ ਨੈਣ ਉਠਾਈਆ । ਕਲਜੁਗਾ ਤੂੰ ਜਾਣਾ ਲੋਕਮਾਤ, ਮਾਤਰ ਭੂਮੀ ਆਪਣੀ ਸੇਜ ਸੁਹਾਈਆ । ਨਵ ਸੱਤ ਕਰਨੀ ਅਗੰਮੀ ਰਾਤ, ਸਚ ਚੰਦ ਨਾ ਕੋਇ ਚਮਕਾਈਆ । ਮੇਰੇ ਨਾਮ ਕਲਮੇ ਵੰਡੇ ਹੋਣੇ ਉਤੇ ਕਾਗ਼ਜ਼ਾਤ, ਅੱਖਰ ਅੱਖਰਾਂ ਨਾਲ ਬਦਲਾਈਆ । ਤੂੰ ਧਰਮ ਧਾਰ ਮੇਰੀ ਪਾਉਣੀ ਵਫ਼ਾਤ, ਕੂੜ ਕੁਕਰਮ ਦੇਣਾ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਕਲਜੁਗ ਕਹੇ ਮੈਨੂੰ ਪ੍ਰਭ ਨੇ ਦਿਤੀ ਥਾਪੀ, ਪੁਸ਼ਤ ਪਨਾਹ ਹੱਥ ਰਖਾਈਆ । ਤੂੰ ਮੇਰਾ ਬਣਨਾ ਸਾਥੀ, ਢੋਲਾ ਗਾਉਣਾ ਚਾਈਂ ਚਾਈਂਆ । ਤੇਰਾ ਹੋਣਾ ਵਡ ਪਰਤਾਪੀ, ਜਗਤ ਜਹਾਨ ਵਜੇ ਵਧਾਈਆ । ਤੇਰਾ ਖੇਲ ਤਕਾਂ ਬਹੁਭਾਂਤੀ, ਭੇਵ ਅਭੇਦ ਰਹੇ ਨਾ ਰਾਈਆ । ਤੂੰ ਦੀਨ ਦੁਨੀ ਕਰਨੀ ਪਾਪੀ, ਪਤਤ ਨਜ਼ਰ ਕੋਇ ਨਾ ਆਈਆ । ਕਲਜੁਗ ਤੇਰੀ ਛੇਤੀ ਮੁਕਣੀ ਹਯਾਤੀ, ਆਯੂ ਆਪਣੇ ਹੱਥ ਰਖਾਈਆ । ਭਗਵਾਨ ਹੋ ਕੇ ਪੁਛਾਂ ਵਾਤੀ, ਵਾਤਾਵਰਨ ਤਕ ਖਲਕ ਖ਼ੁਦਾਈਆ । ਜੋਤੀ ਜੋਤ


੫੪੭ ੨੪

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ । ਕਲਜੁਗ ਕਹੇ ਮੈਨੂੰ ਸਾਹਿਬ ਸਤਿਗੁਰ ਘਲਿਆ, ਲੋਕਮਾਤ ਦਿਤੀ ਵਡਿਆਈਆ । ਮੈਨੂੰ ਸ਼ਬਦ ਗੁਰਦੇਵ ਨੇ ਕਿਹਾ ਬੱਲਿਆ, ਬੱਚੂ ਕਹਿ ਕੇ ਗੋਦ ਉਠਾਈਆ । ਮੈਂ ਉਸੇ ਦੀ ਛਤਰ ਛਾਇਆ ਹੇਠ ਪਲਿਆ, ਜੋਬਨਵੰਤਾ ਹੋ ਕੇ ਦਿਆਂ ਸੁਣਾਈਆ । ਮੈਂ ਧਰਨੀ ਧਰਤ ਧਵਲ ਧੌਲ ਜਗਤ ਅਸਥਾਨ ਮੱਲਿਆ, ਸਿੰਘਾਸਣ ਕੂੜ ਵਾਲਾ ਵਿਛਾਈਆ । ਪੰਚ ਵਿਕਾਰ ਨਾਲ ਰਲਾਇਆ ਦਲਿਆ, ਸਗਲਾ ਸੰਗ ਜਣਾਈਆ । ਮੈਂ ਸ੍ਰਿਸ਼ਟ ਸਬਾਈ ਵਲ ਛਲ ਕਰਕੇ ਛਲਿਆ, ਅਛਲ ਛਲਧਾਰੀ ਮੇਰਾ ਹੋਇਆ ਆਪ ਸਹਾਈਆ । ਮੈਂ ਹਰ ਹਿਰਦੇ ਅੰਦਰ ਕੂੜ ਵਿਕਾਰ ਹੋ ਕੇ ਰਲਿਆ, ਜਗਤ ਨੇਤਰ ਨਜ਼ਰ ਕੋਇ ਨਾ ਪਾਈਆ । ਵੇਖੋ ਮੇਰਾ ਸਮਾਂ ਸੁਹੰਜਣਾ ਜਗਤ ਵਿਕਾਰੇ ਨਾਲ ਠੱਲ੍ਹਿਆ, ਪ੍ਰਭੂ ਨੇ ਫਲੀਭੂਤ ਦਿਤਾ ਕਰਾਈਆ । ਮੈਂ ਵੇਖਾਂ ਉਪਰ ਥਲਿਆ, ਦੋ ਜਹਾਨਾਂ ਅੱਖ ਉਠਾਈਆ । ਮੇਰੇ ਸਾਹਿਬ ਦੇ ਹੁਕਮ ਦਾ ਹੋਣ ਵਾਲਾ ਹੱਲਿਆ, ਹਾਲਤ ਵਿਗੜੇ ਜਗਤ ਖ਼ੁਦਾਈਆ । ਲੱਖ ਚੁਰਾਸੀ ਜੀਵ ਜੰਤ ਮੇਰੀ ਅਗਨੀ ਵਿਚ ਜਾਣਾ ਤਲਿਆ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਪ੍ਰਭ ਦਾ ਭਾਣਾ ਕਿਸੇ ਕੋਲੋਂ ਨਹੀਂ ਜਾਣਾ ਠੱਲ੍ਹਿਆ, ਅਗੇ ਹੋ ਨਾ ਕੋਇ ਅਟਕਾਈਆ । ਮੈਂ ਦੀਨ ਦੁਨੀ ਦਾ ਅੰਤਰ ਆਪਣੇ ਤੀਰ ਨਿਸ਼ਾਨੇ ਨਾਲ ਸੱਲਿਆ, ਪੱਟੀ ਨਾਮ ਨਾ ਕੋਇ ਬੰਧਾਈਆ । ਮੈਂ ਦੋ ਜਹਾਨ ਸ੍ਰਿਸ਼ਟੀ ਵਿਚ ਚਾਰੋਂ ਕੁੰਟ ਫਿਰਾਂ ਇਕੱਲਿਆ, ਭੱਜਾਂ ਵਾਹੋ ਦਾਹੀਆ । ਮੇਰੀ ਕਰਨੀ ਨੇ ਕਲਜੁਗ ਜੀਵਾਂ ਵਿਚ ਪਾਉਣੀ ਤਰਥਲਿਆ, ਥਿਰ ਘਰ ਵਾਸੀ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਖੇਲ ਰਖਾਇਆ ਸੁਖਲਿਆ, ਸੁਖਲਾ ਪਖ ਮੇਰਾ ਸੰਗ ਬਣਾਈਆ ।



## ੨੧ ਜੇਠ ਸ਼ਹਿਨਸ਼ਾਹੀ ਸੰਮਤ ੧੧ ਪ੍ਰੀਤਮ ਸਿੰਘ ਦੇ ਗ੍ਰਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ

ਕਲਜੁਗ ਕਹੇ ਪ੍ਰਭੂ ਬਿਨ ਅੱਖਰਾਂ ਹੁਕਮ ਦਿਤਾ ਲਿਖ, ਲੇਖਣੀ ਜਗਤ ਸਮਝ ਕੁਛ ਨਾ ਪਾਈਆ । ਮੇਰੀ ਝੋਲੀ ਪਾਈ ਅਗੰਮੀ ਭਿਖ, ਭਿਛਿਆ ਦਿਤੀ ਵਰਤਾਈਆ । ਕਲਜੁਗ ਅੰਤਮ ਕੋਈ ਰਹਿਣ ਦੇਣਾ ਨਹੀਂ ਮੁਨ ਰਿਖ, ਪੰਡਤ ਵਿਦਿਆ ਰਹੇ ਨਾ ਕੋਇ ਚਤੁਰਾਈਆ । ਧਰਮ ਦੀ ਧਾਰ ਦਿਸੇ ਕੋਈ ਨਾ ਸਿੱਖ, ਮੁਰੀਦ ਮੁਰਸ਼ਦ ਜਾਣ ਭੁਲਾਈਆ । ਨਾਲ ਸਮਾਂ ਵਖਾਇਆ ਅਗਲਾ ਭਵਿਖ, ਪੇਸ਼ੀਨਗੋਈ ਨਾਲ ਮਿਲਾਈਆ । ਮੈਨੂੰ ਬਿਨ ਨੇਤਰਾਂ ਗਿਆ ਦਿਸ, ਬਿਨ ਅੱਖਰਾਂ ਕੀਤੀ ਪੜ੍ਹਾਈਆ । ਨਾਲ ਸੰਦੇਸ਼ਾ ਦਿਤਾ ਤੇਰੇ ਅੰਤਰ ਰਹਿਣਾ ਕਿਸ ਕਿਸ, ਕਿਸ ਨੂੰ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭਰਮ ਆਪ ਚੁਕਾਈਆ । ਕਲਜੁਗ ਕਹੇ ਮੈਨੂੰ ਪ੍ਰਭੂ ਦਿਤਾ ਅਗੰਮ ਭਰੋਸਾ, ਯਕੀਨ ਦਿਤਾ ਬੰਧਾਈਆ । ਚਾਰੋ ਕੁੰਟ ਵਖਾਇਆ ਗੋਸ਼ਾ, ਗੋਸ਼ਾ ਕੋਨਾ ਫੋਲ ਫੁਲਾਈਆ । ਕੂੜ ਖ਼ੁਮਾਰੀ ਨਾਲ ਕਰਨਾ ਮਦਹੋਸ਼ਾ, ਮਧੁਰ ਧੁਨ ਸੁਣਨ ਕੋਇ ਨਾ ਆਈਆ । ਸਭ ਦਾ ਅੰਤਰ ਕਰਨਾ ਕੋਸਾ, ਅਗਨੀ ਕਲਜੁਗ ਕੂੜ ਦੇਵਾਂ ਤਪਾਈਆ । ਦੀਨ ਦੁਨੀ ਇਕ ਦੂਜੇ ਨਾਲ ਕਰੇ ਧੋਖਾ, ਧੁਖਦੀ ਰਹੇ ਲੋਕਾਈਆ । ਮੇਰਾ ਪੰਧ ਰਹੇ ਨਾ ਸੌਖਾ, ਮਾਰਗ ਚਲਣ ਕੋਇ ਨਾ ਪਾਈਆ । ਤੇਰਾ ਫੇਰ ਜੁਗ ਮੁਕਣਾ

ਚੌਥਾ, ਅੰਤ ਲੋਕਮਾਤ ਰਹਿਣ ਨਾ ਪਾਈਆ । ਪੂਰਬ ਲਹਿਣਾ ਦੇਣਾ ਰਹਿਣ ਦੇਣਾ ਨਹੀਂ ਕਿਸੇ ਪੁਸਤਕ ਪੋਥਾ, ਅੱਖਰਾਂ ਸੰਗ ਨਾ ਕੋਇ ਜਣਾਈਆ । ਕਲਜੁਗ ਕਹੇ ਮੈਂ ਝਟ ਆਪਣਾ ਭਰਿਆ ਹੌਕਾ, ਹਾਏ ਉਫ਼ ਦੁਹਾਈਆ । ਪ੍ਰਭੂ ਜਗਤ ਜਹਾਨ ਤੇਰੀ ਵੱਡੀ ਨੌਕਾ, ਤੁਧ ਬਿਨ ਮਲਾਹ ਨਜ਼ਰ ਕੋਇ ਨਾ ਆਈਆ । ਬੇਸ਼ਕ ਮੈਂ ਸ੍ਰਿਸ਼ਟੀ ਰੂਪ ਬਣਾਉਣਾ ਕਾਉਂ ਕਾ, ਕਲਕਾਤੀ ਖੇਲ ਖਿਲਾਈਆ । ਤੂੰ ਸਹਾਰਾ ਬਣਨਾ ਮੇਰੀ ਬਾਂਹੇ ਕਾ, ਫੜ ਬਾਂਹੇ ਲੈਣਾ ਤਰਾਈਆ । ਤੇਰਾ ਹੁਕਮ ਸੰਦੇਸ਼ਾ ਵਾਹੋ ਵਾਹੋ ਕਾ, ਵਾਹਵਾ ਤੇਰੇ ਹੱਥ ਵਡਿਆਈਆ । ਮੇਰੇ ਅੰਤਰ ਤੇਰਾ ਪ੍ਰੇਮ ਹੋਵੇ ਚਾਓ ਕਾ, ਚਾਓ ਘਨੇਰਾ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਮੈਂ ਪ੍ਰਭ ਦੀ ਸੁਣੀ ਅਗੰਮੀ ਖ਼ਬਰ, ਬੇਖ਼ਬਰ ਦਿਤੀ ਸੁਣਾਈਆ । ਮੇਰਾ ਧੀਰਜ ਰਿਹਾ ਨਾ ਸਬਰ, ਸਤਿ ਸਚ ਨਾ ਕੋਇ ਜਣਾਈਆ । ਮੇਰੇ ਅੰਦਰ ਪੈ ਗਿਆ ਗ਼ਦਰ, ਮੇਰੀ ਮਨਸਾ ਕਰੇ ਲੜਾਈਆ । ਮੇਰੀ ਆਸ਼ਾ ਬਣ ਗਈ ਹੋਰ ਸੱਧਰ, ਸਦਕੇ ਵਾਰੀ ਘੋਲ ਘੁਮਾਈਆ । ਮੈਂ ਕਿਸੇ ਦਾ ਰਹਿਣ ਦੇਣਾ ਨਹੀਂ ਕ਼ਦਰ, ਕੁਦਰਤ ਦਾ ਕ਼ਾਦਰ ਮਿਲਣ ਕੋਇ ਨਾ ਪਾਈਆ । ਮੈਂ ਨੌਂ ਖੰਡ ਪ੍ਰਿਥਮੀ ਪਾਉਣਾ ਦਲਿਦ੍ਰ, ਆਲਸ ਵੇਖਣਾ ਥਾਉਂ ਥਾਈਂਆ । ਮੇਰਾ ਕੂੜ ਵਿਕਾਰ ਦਾ ਦੂਣਾ ਛਲ ਛਿਦਰ, ਹੰਕਾਰ ਆਪਣਾ ਸੰਗ ਬਣਾਈਆ । ਦੀਨ ਦੁਨੀ ਦੀ ਕਰਾ ਉਧਰ ਇਧਰ, ਅਦਲ ਕਰਨ ਕੋਇ ਨਾ ਪਾਈਆ । ਉਹ ਲਹਿਣਾ ਪੂਰਾ ਕਰਨਾ ਜੋ ਸੰਦੇਸ਼ਾ ਦਿਤਾ ਕਾਹਨ ਨੇ ਬਿਦਰ, ਬਿਧ ਨਾਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਆਪ ਮਨਸਾ ਪੂਰੀ ਕਰੇ ਸਿਧਰ, ਸੱਧਰ ਸਭ ਦੀ ਵੇਖ ਵਖਾਈਆ ।


੫੪੯
੨੪

### ✪ ੨੧ ਜੇਠ ਸ਼ਹਿਨਸ਼ਾਹੀ ਸੰਮਤ ੧੧ ਹਰਦੀਪ ਸਿੰਘ ਦੇ ਗ੍ਰਿਹਿ ਪਿੰਡ ਕਲਾ ਜ਼ਿਲਾ ਅੰਮ੍ਰਿਤਸਰ ✪

ਕਲਜੁਗ ਕਹੇ ਪ੍ਰਭੂ ਮੇਰੀ ਆਯੂ ਕਰ ਦੇ ਛੋਟੀ, ਛੁਟਕਾਰਾ ਦੀਨ ਦੁਨੀ ਕਰਾਈਆ । ਤੂੰ ਮੰਜ਼ਲ ਚੜ੍ਹਕੇ ਤਕ ਲੈ ਅਗੰਮੀ ਚੋਟੀ, ਮੈਂ ਚੋਟਾ ਹੋ ਕੇ ਖੇਲ ਖਿਲਾਈਆ । ਦੀਨ ਦੁਨੀ ਦੀ ਵਾਸ਼ਨਾ ਕੀਤੀ ਖੋਟੀ, ਖਰਾ ਰਹਿਣ ਕੋਇ ਨਾ ਪਾਈਆ । ਧਰਮ ਦੀ ਰਹਿਣ ਦਿਤੀ ਨਹੀਂ ਤੇੜ ਲੰਗੋਟੀ, ਪੰਚ ਵਿਕਾਰ ਨਾਲ ਜਗਤ ਹਲਕਾਈਆ । ਪਸ਼ੂਆਂ ਮਾਨਸਾਂ ਖਵਾਈ ਬੋਟੀ, ਬੁੱਟਾਂ ਕਾਲੇ ਲਾਲ ਰੰਗ ਰੰਗਾਈਆ । ਸਭ ਦੀ ਨੀਤੀ ਤੇਰੇ ਪਿਆਰ ਨਾਲੋਂ ਗਈ ਧੋਤੀ, ਸੁਆਮੀ ਸਚ ਮੇਲ ਨਾ ਕੋਇ ਰਖਾਈਆ । ਕਾਇਆ ਮੰਦਰ ਤੇਰੀ ਨਜ਼ਰ ਨਾ ਆਵੇ ਜੋਤੀ, ਜੋਤਾਂ ਵਾਲੇ ਬੈਠੇ ਮੁਖ ਭੁਆਈਆ । ਸਭ ਦੀ ਸੁਰਤੀ ਵੇਖ ਲੈ ਸੋਤੀ, ਸੋਈ ਸਕੇ ਨਾ ਕੋਇ ਜਗਾਈਆ । ਮਾਣਕ ਹੀਰਾ ਨਜ਼ਰ ਆਏ ਕੋਇ ਨਾ ਮੋਤੀ, ਗੁਰਮੁਖ ਰੰਗ ਨਾ ਕੋਇ ਰੰਗਾਈਆ । ਤੇਰਾ ਨਾਮ ਜਪਦੇ ਸਾਰੇ ਬੁੱਲਾਂ ਹੋਂਟੀ, ਹਿਰਦੇ ਸਕੇ ਨਾ ਕੋਇ ਟਿਕਾਈਆ । ਰੂਹ ਕਲਪਣਾ ਭਰੀ ਕਾਇਆ ਕੋਠੀ, ਕੱਪੜ ਤਨ ਵਜੂਦ ਨਾ ਕੋਇ ਧੁਆਈਆ । ਮਾਨਸ ਤਰਸਦੇ ਪੇਟ ਕਾਰਨ ਰੋਟੀ, ਭੁੱਖਿਆਂ ਸਕੇ ਨਾ ਕੋਇ ਰਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ । ਕਲਜੁਗ ਕਹੇ ਮੈਂ ਬੇਨੰਤੀ ਕਰਾਂ ਹੋ ਕੇ ਹਜ਼ੂਰੀ, ਹਜ਼ਰਤਾਂ ਦੇ ਮਾਲਕ ਵੇਖ ਵਖਾਈਆ । ਮੇਰੀ

੫੫੦
੨੪

ਲੇਖੇ ਲਾ ਮਜ਼ਦੂਰੀ, ਜੋ ਦੀਨ ਦੁਨੀ ਕਮਾਈਆ । ਮੇਰਾ ਮੁਆਫ਼ ਕਰੀਂ ਕ਼ੁਸੂਰੀ, ਕ਼ਸਮ ਖਾ ਕੇ ਮੰਗ ਮੰਗਾਈਆ । ਤੂੰ ਸਰਬ ਕਲਾ ਭਰਪੂਰੀ, ਪਾਰਬ੍ਰਹਮ ਅਖਵਾਈਆ । ਤੇਰੀ ਚਰਨ ਲਾਵਾਂ ਧੂੜੀ, ਧੂੜੀ ਖ਼ਾਕ ਰੁਮਾਈਆ । ਤੂੰ ਮਾਲਕ ਮੇਰਾ ਨੂਰੀ, ਨਰ ਨਰਾਇਣ ਨੂਰ ਅਲਾਹੀਆ । ਮੇਰਾ ਪੰਧ ਮੁਕਾ ਦੇ ਦੂਰੀ, ਨੇਰਨ ਨੇਰਾ ਗੇੜਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਕਲਜੁਗ ਕਹੇ ਪ੍ਰਭੂ ਮੇਰੀ ਪਾਉਣੀ ਸਾਰ, ਸਤਿਗੁਰ ਹੋ ਕੇ ਵੇਖ ਵਖਾਈਆ । ਨਿਗਾਹ ਮਾਰਨੀ ਵਿਚ ਸੰਸਾਰ, ਬਿਨ ਨੈਣਾਂ ਨੈਣ ਉਠਾਈਆ । ਚਾਰੋਂ ਕੁੰਟ ਕੀਤਾ ਧੁੰਦੂਕਾਰ, ਧਰਨੀ ਧਰਤ ਤੇਰਾ ਰੂਪ ਨਜ਼ਰ ਕੋਇ ਨਾ ਆਈਆ । ਮੁਹੱਬਤ ਰਹਿਣ ਨਹੀਂ ਦਿਤਾ ਪਿਆਰ, ਪ੍ਰੇਮ ਵਿਚ ਨਾ ਕੋਇ ਸਮਾਈਆ । ਘਰ ਘਰ ਭਰਿਆ ਗੜ੍ਹ ਹੰਕਾਰ, ਹਉਮੇ ਹੰਗਤਾ ਨਾਲ ਵਜੀ ਵਧਾਈਆ । ਮੇਰਾ ਡੰਕਾ ਸੁਣ ਲਓ ਕੂੜ ਕੁੜਿਆਰ, ਚਾਰੋਂ ਕੁੰਟ ਕਰੇ ਸ਼ਨਵਾਈਆ । ਮੈਂ ਤੇਰਾ ਚੌਥਾ ਸੁਤ ਦੁਲਾਰ, ਨਿੱਕਾ ਬਾਲਾ ਹੋ ਕੇ ਮੰਗ ਮੰਗਾਈਆ । ਮੇਰਾ ਖ਼ਾਲੀ ਭਰ ਭੰਡਾਰ, ਵਸਤ ਅਗੰਮੀ ਦੇ ਵਰਤਾਈਆ । ਮੈਂ ਤੇਰੀ ਤੇਰੇ ਨਾਲੋਂ ਕੀਤੀ ਦੁਨੀ ਗ਼ਦਾਰ, ਤੇਰਾ ਸੰਗ ਨਾ ਕੋਇ ਰਖਾਈਆ । ਨਵ ਸੱਤ ਵੇਖ ਵਿਭਚਾਰ, ਕੁਕਰਮ ਭਰੀ ਲੋਕਾਈਆ । ਮੈਂ ਬਣ ਕੇ ਸੂਰਬੀਰ ਬਲਕਾਰ, ਬਲ ਆਪਣਾ ਦਿਤਾ ਵਖਾਈਆ । ਤੂੰ ਮਿਹਰਵਾਨ ਹੋ ਕੇ ਮੇਰੇ ਸੀਸ ਦੇਣਾ ਪਿਆਰ, ਸਿਰ ਆਪਣਾ ਹੱਥ ਟਿਕਾਈਆ । ਮੈਂ ਨਿਵ ਨਿਵ ਕਰ ਨਿਮਸਕਾਰ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਕਿਰਪਾ ਕਰ ਕਲ ਕਲਕੀ ਅਵਤਾਰ, ਨਿਹਕਲੰਕਾ ਤੇਰੀ ਓਟ ਤਕਾਈਆ । ਅਮਾਮ ਅਮਾਮਾ ਮੇਰੇ ਪਰਵਰਦਿਗਾਰ, ਪਤਿਪਰਮੇਸ਼ਵਰ ਹੋਣਾ ਆਪ ਸਹਾਈਆ । ਮੈਂ ਚਾਹੁੰਦਾ ਮੈਂ ਜਾਵਾਂ ਤੇਰੇ ਸਚ ਸਚੇ ਦਰਬਾਰ, ਦਰਗਾਹ ਸਾਚੀ ਸੋਭਾ ਪਾਈਆ । ਸਤਿਜੁਗ ਆਵੇ ਆਪਣੀ ਧਾਰ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਮੇਰਾ ਲਹਿਣਾ ਪੂਰਾ ਕਰ ਕੌਲ ਇਕਰਾਰ, ਵਅਦਾ ਵੇਖਣਾ ਚਾਈਂ ਚਾਈਂਆ । ਮੈਂ ਤੇਰਾ ਹੋ ਕੇ ਸ਼ੁਕਰ ਗੁਜ਼ਾਰ, ਸ਼ੁਕਰੀਆ ਕਹਿ ਕੇ ਸੀਸ ਨਿਵਾਈਆ । ਬਹੁਤਾ ਕਰਨਾ ਨਾ ਪਵੇ ਇੰਤਜ਼ਾਰ, ਉਡੀਕ ਜਗਤ ਨਾ ਕੋਇ ਰਖਾਈਆ । ਤੂੰ ਸਭ ਕਿਛ ਕਰਨੇਹਾਰ, ਕਰਤਾ ਪੁਰਖ ਨੂਰ ਅਲਾਹੀਆ । ਲੇਖਾ ਪੂਰਾ ਕਰ ਦੇ ਪੈਗ਼ੰਬਰ ਗੁਰ ਅਵਤਾਰ, ਸਤਿਗੁਰ ਸ਼ਬਦ ਤੇਰੀ ਵਡਿਆਈਆ । ਮੈਂ ਤੇਰਾ ਬੱਚਾ ਹੋਣਹਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਪੂਰਬ ਕ਼ਰਜ਼ਾ ਦੇ ਉਤਾਰ, ਮਕ਼ਰੂਜ਼ ਲੇਖਾ ਅਵਰ ਨਾ ਕੋਇ ਰਖਾਈਆ ।

## ✪ ੨੧ ਜੇਠ ਸ਼ਹਿਨਸ਼ਾਹੀ ਸੰਮਤ ੧੧ ਸਰਦਾਰ ਸਿੰਘ ਦੇ ਗ੍ਰਿਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਕਲਜੁਗ ਕਹੇ ਮੈਂ ਆਪਣੇ ਜੁਗ ਦਾ ਬੜਾ ਸਵਾਬੀ, ਵਸਤ ਸਭ ਨੂੰ ਰਿਹਾ ਵਰਤਾਈਆ । ਮਾਨਵ ਜ਼ਾਤੀ ਕੀਤੀ ਕਬਾਬੀ, ਮਾਨਸ ਪਸ਼ੂ ਪੰਛੀ ਰਹੇ ਖਾਈਆ । ਕਲਪਨਾ ਕੂੜ ਕੀਤੀ ਸ਼ਰਾਬੀ, ਸ਼ਰਅ ਮਜ਼ਾਕ ਰਹੀ ਉਡਾਈਆ । ਇਸ਼ਕ ਰਹਿਣ ਦਿਤਾ ਨਹੀਂ ਹਕੀਕੀ ਮਜ਼ਾਜੀ, ਪ੍ਰੇਮ ਵਿਚ ਨਾ ਕੋਇ ਸਮਾਈਆ । ਨੂਰ ਚਮਕੇ ਨਾ ਕੋਇ ਆਫ਼ਤਾਬੀ, ਸੂਰੀਆ ਸਤਿ ਨਾ ਕੋਇ ਰੁਸ਼ਨਾਈਆ । ਮੈਂ ਬਣਕੇ ਸਤਿ ਦਾ ਹਕ ਜਨਾਬੀ, ਹੁਕਮ

ਹਾਕਮਾਂ ਦਿਤਾ ਸੁਣਾਈਆ । ਮੇਰਾ ਖੇਲ ਵੇਖਣਾ ਸ਼ਤਾਬੀ, ਅੰਤ ਸ਼ੁਰੂ ਇਕੋ ਰੰਗ ਰੰਗਾਈਆ । ਮੇਰਾ ਲਹਿਣਾ ਦੇਣਾ ਪੂਰਬ ਸਭ ਦੇ ਨਾਲ ਮਾਜ਼ੀ, ਲੇਖਾ ਦਿਆਂ ਦ੍ਰਿੜਾਈਆ । ਮੈਂ ਖੇਲ ਖਿਲਾਉਣਾ ਮੁੱਲਾ ਕ਼ਾਜ਼ੀ, ਸ਼ਰਅ ਸ਼ਰੀਅਤ ਵੰਡ ਵੰਡਾਈਆ । ਕਿਸੇ ਦੀ ਕਾਇਮ ਰਹਿਣ ਨਹੀਂ ਦੇਣੀ ਅਰਾਜ਼ੀ, ਰਿਜ਼ਕ ਰਾਜ਼ਕ ਰਹੀਮ ਰਿਹਾ ਸਮਝਾਈਆ । ਕਲਮਾ ਰਹਿਣ ਦੇਣਾ ਨਹੀਂ ਕੋਈ ਵਾਅਜ਼ੀ, ਵਾਅਜ਼ਕਾਰ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਕਲਜੁਗ ਕਹੇ ਮੈਂ ਬੜਾ ਹੋਇਆ ਹੁਸ਼ਿਆਰ, ਜਗਤ ਜਹਾਨ ਆਪਣੀ ਲਈ ਅੰਗੜਾਈਆ । ਧਰਮ ਦਾ ਬਣਕੇ ਹੋਣਹਾਰ, ਸਚ ਨੂੰ ਪਾਇਆ ਚਾਈਂ ਚਾਈਂਆ । ਕੂੜ ਕੁੜਿਆਰਾ ਕਰਕੇ ਜ਼ਾਹਿਰ, ਸ੍ਰਿਸ਼ਟੀ ਸਿਵਿਆਂ ਵਿਚ ਟਿਕਾਈਆ । ਮੈਂ ਕਲਪਣਾ ਦਾ ਵੱਡਾ ਮਾਹਿਰ, ਕੁਕਰਮਾਂ ਆਪਣਾ ਰੰਗ ਰੰਗਾਈਆ । ਝੂਠ ਦਾ ਬਣ ਕੇ ਸਾਰ, ਸਿਖਿਆ ਦਿਤੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਈਆ । ਕਲਜੁਗ ਕਹੇ ਮੈਂ ਵਕ਼ਤ ਦਾ ਬਣਿਆ ਮਾਲਕ, ਮਿਹਰਵਾਨ ਦਿਤੀ ਵਡਿਆਈਆ । ਸ੍ਰਿਸ਼ਟੀ ਕੂੜ ਦਾ ਬਣਿਆ ਖ਼ਾਲਕ, ਖ਼ਲਕ ਖ਼ੁਦਾ ਨਾਲੋਂ ਭੁਲਾਈਆ । ਵਿਸ਼ੇ ਪਿਆਰ ਦਾ ਬਣ ਕੇ ਬਾਲਕ, ਪ੍ਰੇਮ ਮੁਹੱਬਤ ਸਭ ਦੇ ਨਾਲ ਰਖਾਈਆ । ਸ਼ਰਅ ਦਾ ਬਣ ਸੰਚਾਲਕ, ਰਸਤੇ ਦੀਨ ਦੁਨੀ ਦ੍ਰਿੜਾਈਆ । ਮੇਰੇ ਵਿਚ ਨਹੀਂ ਕੋਈ ਆਲਸ, ਦਿਵਸ ਰੈਣ ਭੱਜਾਂ ਵਾਹੋ ਦਾਹੀਆ । ਮੈਂ ਕੁਕਰਮ ਦਾ ਬਣ ਕੇ ਸਾਲਸ, ਸਾਲਸੀ ਹਕ ਹਕ ਕਮਾਈਆ । ਮਾਨਸ ਰਹਿਣ ਦਿਤਾ ਨਹੀਂ ਕੋਈ ਖ਼ਾਲਸ, ਖ਼ਾਲਸ ਰੰਗ ਨਾ ਕੋਇ ਸਮਾਈਆ । ਸਭ ਦੇ ਅੰਦਰ ਭਰੀ ਤਾਮਸ, ਤ੍ਰਿਸ਼ਨਾ ਕੂੜ ਨਾਲ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਲੇਖਾ ਪੂਰਾ ਕਰ ਮੇਰੀ ਬੁੱਧੀ ਨਾ ਰਹੇ ਅਣਜਾਨਤ, ਜਾਨਣਹਾਰ ਹੋਏ ਸਹਾਈਆ ।

### ✪ ੨੧ ਜੇਠ ਸ਼ਹਿਨਸ਼ਾਹੀ ਸੰਮਤ ੧੧ ਮੱਸਾ ਸਿੰਘ ਦੇ ਗ੍ਰਿਹ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ✪

ਕਲਜੁਗ ਕਹੇ ਪ੍ਰਭੂ ਨੇ ਦਿਤੀ ਸਾਚੀ ਸ਼ਕਤੀ, ਸ਼ਕਤੀਸ਼ਾਲੀ ਦਿਤਾ ਬਣਾਈਆ । ਮੈਂ ਖ਼ੁਸ਼ੀ ਨਾਲ ਫਿਰਾਂ ਉਤੇ ਧਰਤੀ, ਧਰਨੀ ਵੇਖਾਂ ਚਾਈਂ ਚਾਈਂਆ । ਨੌ ਖੰਡ ਪ੍ਰਿਥਮੀ ਮੇਰੀ ਖੇਲ ਬਣੀ ਘਰ ਦੀ, ਘਰਾਨਾ ਆਪਣਾ ਲਿਆ ਸੁਹਾਈਆ । ਧਾਰ ਵਖਾਵਾਂ ਨਰਾਇਣ ਨਰ ਦੀ, ਬਿਨ ਅੱਖਾਂ ਅੱਖ ਉਠਾਈਆ । ਮੇਰੇ ਪਿਆਰ ਵਿਚ ਦੁਨੀ ਜਗਤ ਵੇਖੋ ਲੜਦੀ, ਸ਼ਰਅ ਸ਼ਰਅ ਨਾਲ ਟਕਰਾਈਆ । ਮੈਂ ਮੁਹੱਬਤ ਰਹਿਣ ਦਿਤੀ ਨਹੀਂ ਕਿਸੇ ਧੜ ਦੀ, ਵਜੂਦਾਂ ਸੰਗ ਨਾ ਕੋਇ ਬਣਾਈਆ । ਬਸਤੀ ਬਣੀ ਹੰਕਾਰ ਗੜ੍ਹ ਦੀ, ਹਉਮੇ ਨਾਲ ਵਡਿਆਈਆ । ਮੇਰੀ ਆਸ਼ਾ ਖੇਲ ਤਕੇ ਦਿਸ਼ਾ ਚੜ੍ਹਦੀ, ਆਪ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਇਕ ਵਖਾਈਆ । ਕਲਜੁਗ ਕਹੇ ਮੇਰੀ ਪਰਮ ਪੁਰਖ ਨਾਲ ਹੋਈ ਸੰਧੀ, ਸਤਿਗੁਰ ਸ਼ਬਦ ਲੇਖ ਬਣਾਈਆ । ਮੈਂ ਖੇਲ ਖਿਲਾਉਣਾ ਜਗਤ ਧਾਰ ਪਾਬੰਦੀ, ਹੁਕਮ ਕੂੜ ਨਾਲ ਵਡਿਆਈਆ । ਸ੍ਰਿਸ਼ਟੀ ਦ੍ਰਿਸ਼ਟੀ ਕਰਨੀ ਅੰਧੀ, ਨੇਤਰ ਲੋਚਨ ਅੱਖ ਨਾ ਕੋਇ ਖੁਲ੍ਹਾਈਆ । ਮਨ ਵਾਸ਼ਨਾ ਬਣਾਉਣੀ ਗੰਦੀ,


੫੫੧
੨੪

ਤ੍ਰਿਸ਼ਨਾ ਕੂੜ ਨਾਲ ਹਲਕਾਈਆ । ਮਮਤਾ ਮੋਹ ਦਾ ਬਣਨਾ ਜੰਗੀ, ਖੰਡੇ ਖੜਗ ਖੜਗ ਉਠਾਈਆ । ਦੁਨੀ ਦੋ ਜਹਾਨ ਧਾਰ ਜਾਣੀ ਵੰਡੀ, ਦੋਹਰੀ ਆਪਣੀ ਕਲ ਵਰਤਾਈਆ । ਵਰਭੰਡੀ ਪਾਉਣੀ ਭੰਡੀ, ਭੰਡ ਹੋ ਕੇ ਨੱਚਾਂ ਟੱਪਾਂ ਥਾਉਂ ਥਾਈਆ । ਸਤਿ ਦੀ ਧਾਰ ਕਰਨੀ ਰੰਡੀ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਮੇਰੀ ਮੰਜ਼ਲ ਪੁਜ ਗਈ ਅੰਤਮ ਕੰਢੀ, ਕੰਢਾ ਘਾਟ ਵੇਖ ਵਖਾਈਆ । ਮੈਂ ਜਗਤ ਜਹਾਨ ਦਾ ਲੇਖ ਬਣਾਇਆ ਪਾਖੰਡੀ, ਰੂਪ ਅਨੂਪ ਦਿਤਾ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਕਲਜੁਗ ਕਹੇ ਮੈਂ ਪ੍ਰਭ ਦਾ ਸੁਤ ਦੁਲਾਰਾ ਇਕ, ਸੂਤਰਧਾਰੀ ਵੰਡ ਨਾ ਕੋਇ ਵੰਡਾਈਆ । ਧਰਨੀ ਧਰਤ ਧਵਲ ਉਤੇ ਗਿਆ ਟਿਕ, ਟਿਕਟਿਕੀ ਪ੍ਰਭ ਦੇ ਨਾਲ ਲਗਾਈਆ । ਜਿਸ ਦਾ ਵਾਸਾ ਮੇਰੀ ਛਾਤੀ ਹਿਕ, ਸੀਨੇ ਅੰਦਰ ਡੇਰਾ ਲਾਈਆ । ਜੋ ਮੇਰੇ ਲੇਖ ਰਿਹਾ ਲਿਖ, ਲੇਖਣੀ ਆਪਣਾ ਹੁਕਮ ਸੁਣਾਈਆ । ਜਗਤ ਜਹਾਨ ਦੀ ਪਾ ਕੇ ਭਿਖ, ਮੇਰੀ ਝੋਲੀ ਰਿਹਾ ਭਰਾਈਆ । ਨਾਲੇ ਖੋਲ੍ਹ ਵਖਾਵੇ ਜਗਤ ਜਹਾਨ ਭਵਿਖ, ਪੈਗੰਬਰ ਅਵਤਾਰ ਗੁਰ ਨਾਲ ਮਿਲਾਈਆ । ਮੈਨੂੰ ਬਿਨਾ ਅੱਖ ਤੋਂ ਸਭ ਕੁਛ ਰਿਹਾ ਦਿਸ, ਦੋ ਜਹਾਨ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰ ਦਏ ਸਰਨਾਈਆ । ਕਲਜੁਗ ਕਹੇ ਮੈਂ ਬਣ ਕੇ ਪ੍ਰਭ ਦਾ ਪੁਤਰ, ਪੂਤ ਹੋ ਕੇ ਸੇਵ ਕਮਾਈਆ । ਨਿਰਾਕਾਰ ਦੀ ਧਾਰੋਂ ਆਇਆ ਉਤਰ, ਜਨਮ ਦਿਤਾ ਕਿਸੇ ਨਾ ਮਾਈਆ । ਮੈਂ ਪਰਗਟ ਹੋਇਆ ਦੁਆਪਰ ਤੋਂ ਬਾਦ ਵਾਰ ਸ਼ੁੱਕਰ,
੫੫੨ ਸ਼ੁਕਰ ਪਰੋਹਿਤ ਬਾਵਨ ਧਾਰ ਗਿਆ ਦ੍ਰਿੜਾਈਆ । ਕੌਲ ਇਕਰਾਰੋਂ ਕਦੇ ਨਾ ਜਾਵਾਂ ਮੁਕਰ, ਮੁਕਰਾ ਵਕ਼ਤ ਨਾਲ ਮਿਲਾਈਆ । ਮੈਂ ਦੀਨ ਦੁਨੀ ੫੫੨
੨੪ ਨੂੰ ਖ਼ਾਲੀ ਕਰਨਾ ਹੱਥੋਂ ਟੁਕੜ, ਟੁਕੜਾ ਹੱਥ ਕਿਸੇ ਨਾ ਆਈਆ । ਮੇਰਾ ਦਾਇਰਾ ਮੁਰੀਦ ਜਾਣੇ ਕੋਈ ਨਾ ਕ਼ੁਤਰ, ਨਿਸਫ਼ੋ ਨਿਸਫ਼ ਕਰਾਂ ਖ਼ਲਕ ੨੪
ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਕਲਜੁਗ ਕਹੇ ਮੈਂ ਪਿਆਰਾ ਪ੍ਰਭੂ ਅੰਗ ਦਾ, ਅੰਗੀਕਾਰ ਇਕ ਅਖਵਾਈਆ । ਮੈਂ ਮੰਗਾਂ ਰਿਹਾ ਮੰਗਦਾ, ਤ੍ਰਿਸ਼ਨਾ ਝੋਲੀ ਅਗੇ ਡਾਹੀਆ । ਮੇਰੇ ਸੁਆਮੀ ਮੇਰਾ ਵਕਤ ਜਾਂਦਾ ਲੰਘਦਾ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਮੇਰਾ ਵਕ਼ਤ ਸੁਹੰਜਣਾ ਕਰ ਕੇ ਸੋ ਖੇਲ ਖਿਲਾਵੇ ਨੌਂ ਖੰਡ ਪ੍ਰਿਥਮੀ ਜੰਗ ਦਾ, ਜੁਗ ਜੁਗ ਹੁਕਮ ਵਰਤਾਈਆ । ਮੇਰਾ ਖੇਲ ਅਨੋਖਾ ਢੰਗ ਦਾ, ਬੁਧੀਵਾਨ ਸਮਝ ਕੋਇ ਨਾ ਪਾਈਆ । ਮੇਰਾ ਕੂੜ ਕੁੜਿਆਰਾ ਸ਼ੌਹ ਦਰਿਆਏ ਬਣੇ ਅਗੰਮੀ ਗੰਗ ਦਾ, ਗੰਗਾ ਗੰਗੋਤਰੀ ਚਲੇ ਨਾ ਕੋਇ ਚਤੁਰਾਈਆ । ਮੈਂ ਖੇਲ ਖਿਲਾਉਣਾ ਚਾਰੋਂ ਕੁੰਟ ਦੰਗ ਦਾ, ਹੈਰਾਨੀ ਵਿਚ ਮੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਵਕਤ ਸੁਹਾਏ ਅਨੰਦ ਦਾ, ਅਨੰਦ ਦਾ ਮਾਲਕ ਅਨੰਦ ਆਪਣਾ ਇਕ ਜਣਾਈਆ ।

### ✪ ੨੧ ਜੇਠ ਸ਼ਹਿਨਸ਼ਾਹੀ ਸੰਮਤ ੧੧ ਦੀਦਾਰ ਸਿੰਘ ਦੇ ਗ੍ਰਿਹਿ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ✪

ਜੇਠ ਕਹੇ ਮੇਰਾ ਦਿਵਸ ਦਿਹਾੜ, ਇੱਕੀ ਏਕੰਕਾਰ ਵੇਖ ਵਖਾਈਆ । ਮੇਰੇ ਫਿਰਨਾ ਪਿਛੇ ਅਗਾੜ, ਪਰਮ ਪੁਰਖ ਹੋਣਾ ਆਪ ਸਹਾਈਆ ।

ਪਰਕਾਸ਼ ਕਰਨਾ ਨਾੜ ਨਾੜ, ਜੋਤੀ ਜਾਤੇ ਡਗਮਗਾਈਆ । ਮੇਰਾ ਅਗਨੀ ਤਤ ਦੇਣਾ ਝਾੜ, ਅੰਮ੍ਰਿਤ ਮੇਘ ਨਾਮ ਬਰਸਾਈਆ । ਸਚ ਦੁਆਰੇ ਲੈਣਾ ਵਾੜ, ਚਰਨ ਕਵਲ ਦੇਣੀ ਸਰਨਾਈਆ । ਮੇਰੇ ਅੰਦਰੋਂ ਕਢਣੀ ਪੰਚਮ ਧਾੜ, ਪੰਚਮ ਦੇ ਮਾਲਕ ਦਇਆ ਕਮਾਈਆ । ਸਹਾਇਤਾ ਕਰਨੀ ਜੰਗਲ ਜੂਹ ਵਿਚ ਪਹਾੜ, ਟਿੱਲਿਆਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਾਂਗਤ ਹੋ ਕੇ ਮੰਗ ਮੰਗਾਈਆ । ਜੇਠ ਕਹੇ ਮੇਰਾ ਦਿਵਸ ਦਿਹਾੜਾ ਆਇਆ ਲੋਕਮਾਤ, ਇੱਕੀ ਏਕੰਕਾਰ ਦਿਆਂ ਜਣਾਈਆ । ਮਿਹਰਵਾਨ ਮੇਰੇ ਵਲ ਮਾਰ ਝਾਤ, ਝਾਕੀ ਆਪਣੀ ਆਪ ਵਖਾਈਆ । ਮੈਨੂੰ ਸੰਦੇਸ਼ਾ ਦੇ ਦੇ ਆਪਣਾ ਪਾਤ, ਕਮਲਾਪਾਤੀ ਰੰਗ ਰੰਗਾਈਆ । ਮਿਹਰਵਾਨ ਹੋ ਕੇ ਪੁਛ ਵਾਤ, ਵਾਰਸ ਹੋ ਕੇ ਹੋ ਸਹਾਈਆ । ਮੇਰਾ ਜੁਗ ਚੌਕੜੀ ਤੇਰੇ ਨਾਲ ਨਾਤ, ਬਾਵਨ ਮੈਨੂੰ ਗਿਆ ਸਮਝਾਈਆ । ਅਵਤਾਰਾਂ ਤੇਰੇ ਪਿਆਰ ਦਾ ਦਿਤਾ ਰਸ ਸਵਾਂਤ, ਬਿਨ ਰਸਨਾ ਰਸ ਚਖਾਈਆ । ਤੇਰਾ ਨੂਰ ਜ਼ਹੂਰ ਸ਼ਹਿਨਸ਼ਾਹ ਇਕਾਂਤ, ਅਕਲ ਕਲਧਾਰੀ ਤੇਰੇ ਹੱਥ ਵਡਿਆਈਆ । ਮੇਰਾ ਖ਼ਾਲੀ ਭਰ ਦੇ ਖਾਤ, ਖ਼ਾਹਿਸ਼ ਤ੍ਰਿਸ਼ਨਾ ਦੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਇੱਕੀ ਜੇਠ ਕਹੇ ਪ੍ਰਭੂ ਮੇਰਾ ਪੂਰਬ ਵੇਖ ਉਦਾਰ, ਮਕਰੂਜ਼ ਧਿਆਨ ਲਗਾਈਆ । ਮੈਨੂੰ ਸਪਤਸ ਰਿਖੀ ਕਿਹਾ ਪੁਕਾਰ, ਖ਼ੁਸ਼ੀ ਨਾਲ ਜਣਾਈਆ । ਵੇਦ ਵਿਆਸਾ ਕਰ ਕੇ ਤੈਨੂੰ ਨਿਮਸਕਾਰ, ਸਚ ਗਿਆ ਸਮਝਾਈਆ । ਰਾਮ ਨੇ ਸੀਆ ਦਿਤਾ ਅਧਾਰ,
੫੫੩ ਸਹਿਜ ਨਾਲ ਸਮਝਾਈਆ । ਕ੍ਰਿਸ਼ਨ ਰਾਧਾ ਕਿਹਾ ਨਾਲ ਪਿਆਰ, ਪ੍ਰੇਮਕਾ ਪ੍ਰੇਮ ਨਾਲ ਦ੍ਰਿੜਾਈਆ । ਮੂਸਾ ਤਕ ਤੇਰਾ ਚਮਤਕਾਰ, ਚਾਰੋਂ ਕੁੰਟ ੫੫੩
੨੪ ਵੇਖ ਵਖਾਈਆ । ਈਸਾ ਖੇਲ ਤਕ ਨਜ਼ਾਰ, ਬਿਨ ਨਜ਼ਰ ਨੈਣ ਉਠਾਈਆ । ਮੁਹੰਮਦ ਮਿਲ ਕੇ ਨਾਲ ਚਾਰ ਯਾਰ, ਯਾਰੀ ਤੇਰੇ ਨਾਲ ਲਗਾਈਆ । ੨੪
ਨਾਨਕ ਨੇ ਇੱਕੀ ਜੇਠ ਪਹਿਲੇ ਦਿਨ ਵਜਾਈ ਸਿਤਾਰ, ਰਬਾਬ ਆਪਣੇ ਹੱਥ ਉਠਾਈਆ । ਗੋਬਿੰਦ ਪੁਰਖ ਅਕਾਲ ਦਾ ਕਰ ਦੀਦਾਰ, ਜੋਤੀ ਜੋਤ ਵਿਚ ਸਮਾਈਆ । ਸਤਿਗੁਰ ਸ਼ਬਦ ਨਿਗਾਹ ਲਈ ਮਾਰ, ਮੇਰੇ ਵਲ ਅੱਖ ਉਠਾਈਆ । ਤੇਰਾ ਲਹਿਣਾ ਦੇਣਾ ਪੂਰਾ ਕਰੇ ਕਲ ਕਲਕੀ ਅਵਤਾਰ, ਹਰਿ ਕਰਤਾ ਧੁਰ ਦਰਗਾਹੀਆ । ਜੋ ਨਿਰਗੁਣ ਧਾਰ ਆਵੇ ਵਿਚ ਸੰਸਾਰ, ਜੋਤੀ ਜਾਤਾ ਵੇਸ ਵਟਾਈਆ । ਇਕ ਨਾਲ ਇਕ ਦਾ ਮੇਲਾ ਕਰੇ ਅਪਾਰ, ਏਕਾ ਏਕੇ ਨਾਲ ਜੁੜਾਈਆ । ਸੰਮਤ ਸ਼ਹਿਨਸ਼ਾਹੀ ਗਿਆਰਾਂ ਦੀ ਹੋਵੇ ਬਹਾਰ, ਬਹਿਸ਼ਤ ਸਵਰਗ ਵੰਡ ਨਾ ਕੋਇ ਵੰਡਾਈਆ । ਤੇਰਾ ਲਹਿਣਾ ਦੇਣਾ ਪੂਰਾ ਕਰੇ ਆਪ ਨਿਰੰਕਾਰ, ਨਿਰਗੁਣ ਹੋ ਕੇ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿਵਾਦੀ ਤੇਰਾ ਬਣਕੇ ਮੀਤ ਪਿਆਰ, ਮਿਤਰ ਪਿਆਰਾ ਹੋ ਕੇ ਦਇਆ ਕਮਾਈਆ ।

✪ ੨੧ ਜੇਠ ਸ਼ਹਿਨਸ਼ਾਹੀ ਸੰਮਤ ੧੧ ਮੱਖਣ ਸਿੰਘ ਦੇ ਗ੍ਰਹਿ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ✪

ਕਲਜੁਗ ਕਹੇ ਰਸਨਾ ਜਿਹਵਾ ਨਾ ਦੇ ਸਫ਼ਾਈ, ਆਪਣੀ ਸਿਫ਼ਤ ਨਾ ਕੋਇ ਸਲਾਹੀਆ । ਮੇਰੀ ਚਾਰ ਜੁਗ ਦੀ ਤਕ ਲੈ ਗਵਾਹੀ, ਪੈਗ਼ੰਬਰ

ਗੁਰ ਸ਼ਹਾਦਤਾਂ ਰਹੇ ਭੁਗਤਾਈਆ । ਮੈਂ ਅੱਖਰਾਂ ਨਾਲ ਅੱਖਰ ਮਿਲਾ ਕੇ ਲਾਈ ਸਾਈ, ਟੋਟੇ ਦੀਨ ਦੁਨੀ ਕਰਾਈਆ । ਮੇਰੇ ਹਿੰਦਸੇ ਤਕ ਲੈ ਇਕਾਈ ਨਾਲ ਮਿਲਾ ਦਹਾਈ, ਸਿਫ਼ਰੇ ਸਿਫ਼ਰ ਰੂਪ ਦਸੀ ਲੋਕਾਈਆ । ਮੈਂ ਕੂਕ ਸੁਣਾਵਾਂ ਉਚੀ ਕਰਕੇ ਬਾਂਹੀ, ਬਹੁੜੀ ਬਹੁੜੀ ਕਰ ਕੁਰਲਾਈਆ । ਮੇਰੀ ਮੇਟ ਸਕੇ ਕੋਇ ਨਾ ਸ਼ਾਹੀ, ਕੂੜ ਦੇ ਟਿੱਕੇ ਦਿਤੇ ਲਗਾਈਆ । ਮੈਨੂੰ ਯਾਦ ਆਉਂਦਾ ਜਿਸ ਵੇਲੇ ਗੋਬਿੰਦ ਮਾਣ ਦਿਤਾ ਝੀਵਰ ਛੀਂਬੇ ਨਾਈ, ਜੱਟਾਂ ਰੰਗ ਰੰਗਾਈਆ । ਉਸ ਵੇਲੇ ਮੈਂ ਬਿਨਾ ਮੁਖ ਤੋਂ ਭਰੀ ਆਹੀ, ਬਿਨ ਹੌਕਿਆਂ ਦਿਤਾ ਦ੍ਰਿੜਾਈਆ । ਨਾਲੇ ਫੜ ਕੇ ਆਪਣੀ ਕਲਾਈ, ਕਲਮਿਆਂ ਵਾਲਿਆਂ ਦਿਤਾ ਵਖਾਈਆ । ਮੈਂ ਮੇਲ ਰਹਿਣ ਦੇਣਾ ਨਹੀਂ ਨਾਲ ਭੈਣਾਂ ਭਾਈ, ਭਾਈ ਭਾਈਆਂ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਜੇਠ ਪ੍ਰਭ ਉਤੇ ਕਰ ਮੂਲ ਨਾ ਮਾਣ, ਮੈਂ ਸਚ ਦਿਆਂ ਸੁਣਾਈਆ । ਉਹ ਸਭ ਦਾ ਸਾਂਝਾ ਭਗਵਾਨ, ਸਾਹਿਬ ਸੁਲਤਾਨ ਇਕ ਅਖਵਾਈਆ । ਜਿਸ ਨੇ ਮੈਨੂੰ ਦਿਤਾ ਦਾਨ, ਜਗਤ ਵਸਤ ਝੋਲੀ ਦਿਤਾ ਟਿਕਾਈਆ । ਬਣਾ ਕੇ ਹੁਕਮਰਾਨ, ਲੋਕਮਾਤ ਭੇਜਿਆ ਚਾਈਂ ਚਾਈਂਆ । ਸੰਦੇਸ਼ਾ ਦੇ ਧੁਰ ਫ਼ਰਮਾਨ, ਹੁਕਮ ਹੁਕਮ ਵਿਚ ਸਮਝਾਈਆ । ਨੌ ਖੰਡ ਪ੍ਰਿਥਮੀ ਕਰਨਾ ਧਿਆਨ, ਸੱਤਾਂ ਦੀਪਾਂ ਖੋਜ ਖੁਜਾਈਆ । ਮੇਰੇ ਉਤੇ ਹੋ ਮਿਹਰਵਾਨ, ਮਹਿਬੂਬ ਦਿਤੀ ਵਰਤਾਈਆ । ਨੌ ਖੰਡ ਪ੍ਰਿਥਮੀ ਰਹਿਣ ਨਹੀਂ ਦੇਣਾ ਗਿਆਨ, ਸ਼ਾਸਤਰ ਸੰਗ ਨਾ ਕੋਇ ਨਿਭਾਈਆ । ਕੂੜੀ ਕਿਰਿਆ ਤਨ ਮੰਦਰ ਅੰਦਰ ਕਰਨੀ ਪਰਧਾਨ, ਮਮਤਾ ਮੋਹ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਰਖਾਈਆ । ਕਲਜੁਗ ਕਹੇ ਜੇਠ ਕਿਸ ਦੀ ਕਰੇਂ ਸਿਫ਼ਤ ਸਲਾਹ, ਸਿਫ਼ਤ (ਸਜਣਾ) ਦੇ ਸੁਣਾਈਆ । ਤੇਰੇ ਕੋਲ ਕਿਹੜਾ ਗਵਾਹ, ਜੋ ਸ਼ਹਾਦਤ ਦਏ ਭੁਗਤਾਈਆ । ਮੇਰਾ ਮਾਲਕ ਬੇਪਰਵਾਹ, ਜੋ ਬੇਪਰਵਾਹੀ ਵਿਚ ਸਮਾਈਆ । ਜਿਸ ਮੇਰੀ ਬਣਤ ਲਈ ਬਣਾ, ਤਨ ਵਜੂਦਾਂ ਰੰਗ ਰੰਗਾਈਆ । ਧਰਨੀ ਧਰਤ ਧਵਲ ਧੌਲ ਦਿਤਾ ਵਸਾ, ਵਾਸਤਾ ਲੱਖ ਚੁਰਾਸੀ ਨਾਲ ਜਣਾਈਆ । ਹੁਕਮ ਸੰਦੇਸ਼ਾ ਦਿਤਾ ਆਪ ਸੁਣਾ, ਆਪ ਆਪਣਾ ਭੇਵ ਖੁਲ੍ਹਾਈਆ । ਮਾਨਸ ਜ਼ਾਤੀ ਵੇਖਣੀ ਥਾਉਂ ਥਾਂ, ਥਾਨ ਥਨੰਤਰ ਧਿਆਨ ਲਗਾਈਆ । ਜੀਵਾਂ ਜੰਤਾਂ ਬੁੱਧੀ ਕਰਨੀ ਵਾਂਗ ਕਾਂ, ਕਾਗ ਵਾਂਗ ਕੁਰਲਾਈਆ । ਪਿਆਰ ਰਹਿਣ ਦੇਣਾ ਨਹੀਂ ਪੁਤਰਾਂ ਮਾਂ, ਪਿਤਾ ਪੂਤ ਨਾ ਕੋਇ ਸੁਹਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਮਾਣ ਸਕੇ ਕੋਇ ਨਾ ਠੰਡੀ ਛਾਂ, ਅਗਨੀ ਤਤ ਦੇਣਾ ਤਪਾਈਆ । ਮੈਂ ਵੀ ਉਸ ਪ੍ਰਭੂ ਨੂੰ ਖ਼ੁਸ਼ੀ ਵਿਚ ਕਰ ਲਈ ਹਾਂ, ਹਾਂ ਕਹਿ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਅੰਤਮ ਕਰੇ ਹਕ ਨਿਆਂ, ਨਿਆਂਕਾਰ ਇਕੋ ਇਕ ਨਜ਼ਰੀ ਆਈਆ ।

## ✪ ੨੪ ਜੇਠ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਹੀਰੇ ਦੇ ਨਵਿਤ ✪

ਗੁਰਮੁਖ ਸਾਚਾ ਅਣਮੁਲਾ ਹੀਰਾ, ਜਗਤ ਕ਼ੀਮਤ ਨਾ ਕੋਇ ਚੁਕਾਈਆ । ਜਿਸ ਦਾ ਲੇਖੇ ਲੱਗੇ ਧਰਮ ਧਾਰ ਸਰੀਰਾ, ਸੁਰਤੀ ਸਤਿਗੁਰ

ਸ਼ਬਦ ਸਮਾਈਆ । ਪੁਰਖ ਅਕਾਲਾ ਦੀਨ ਦਿਆਲਾ ਕਿਰਪਾ ਕਰੇ ਵਡ ਪੀਰਨ ਪੀਰਾ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਹਰਿਜਨ ਸਾਚੇ ਹੋਣ ਨਾ ਦੇਵੇ ਦਿਲਗੀਰਾ, ਧੀਰਜ ਧੀਰ ਧੀਰ ਰਖਾਈਆ । ਨੇਤਰ ਨੈਣ ਸਚ ਪਿਆਰ ਦਾ ਵਹਿਣ ਵੇਖੇ ਨੀਰਾ, ਹੰਝੂ ਆਪਣਾ ਰੰਗ ਵਖਾਈਆ । ਜਿਸ ਦਾ ਲੇਖਾ ਸ਼ਬਦੀ ਧਾਰ ਕਬੀਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਗੁਰਮੁਖ ਹੀਰਾ ਸਦਾ ਅਣਤੁਲ, ਜਗਤ ਤਰਾਜ਼ੂ ਵੰਡ ਨਾ ਕੋਇ ਵੰਡਾਈਆ । ਸਚ ਦੁਆਰ ਕਦੇ ਨਾ ਜਾਏ ਭੁਲ, ਮਾਰਗ ਕੂੜ ਨਾ ਕੋਇ ਰਖਾਈਆ । ਸਚ ਪ੍ਰੀਤੀ ਵਿਚ ਜਾਏ ਘੁਲ, ਆਪਣਾ ਆਪ ਘੋਲ ਘੁਮਾਈਆ । ਦੀਨ ਦੁਨੀ ਵਿਚ ਜਾਏ ਨਾ ਰੁਲ, ਕਰਤਾ ਕ਼ੀਮਤ ਆਪਣੇ ਹੱਥ ਵਖਾਈਆ । ਭਾਗ ਲਗਾਵੇ ਸਾਚੀ ਕੁਲ, ਕਾਇਆ ਕਾਇਨਾਤ ਵਿਚ ਵਡਿਆਈਆ । ਦੇਵੇ ਵਸਤ ਨਾਮ ਅਣਮੁਲ, ਬਿਨ ਕ਼ੀਮਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਗੁਰਮੁਖ ਹੀਰਾ ਵਣਜਾਰਾ ਇਕ ਤੁਕ ਦਾ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਜਿਉਂ ਪਿਆਰ ਵਿਚ ਪੈਂਡਾ ਮੁਕਦਾ, ਪਾਂਧੀ ਪੰਧ ਨਾ ਕੋਇ ਰਖਾਈਆ । ਤਨ ਵਜੂਦ ਲੇਖੇ ਲੱਗੇ ਸੁਕਦਾ, ਸੁੱਕੇ ਹਰੇ ਆਪ ਕਰਾਈਆ । ਮਾਣ ਦੇ ਕੇ ਆਪਣੇ ਸੁਤ ਦਾ, ਦੁਲਾਰਾ ਆਪਣੀ ਗੋਦ ਉਠਾਈਆ । ਇਹ ਖੇਲ ਅਬਿਨਾਸ਼ੀ ਅਚੁਤ ਦਾ, ਚੇਤਨ ਹੋ ਕੇ ਸਭ ਨੂੰ ਦਏ ਸੁਣਾਈਆ । ਵਕਤ ਸੁਹੰਜਣਾ ਜਿਸ ਦੀ ਰੁਤ ਦਾ, ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਅਖਵਾਈਆ । ਗੁਰਮੁਖ ਹੀਰਾ ਲਾਲ ਅਪਾਰ, ਲਾਲਨ ਦੇਵਣਹਾਰ ਵਡਿਆਈਆ । ਜਨਮ ਕਰਮ ਦਏ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਕੂੜੀ ਕਿਰਿਆ ਕੱਢੇ ਬਾਹਰ, ਹਉਮੇ ਅਗਨੀ ਤਤ ਬੁਝਾਈਆ । ਸਚ ਪ੍ਰੀਤੀ ਬਖ਼ਸ਼ ਅਧਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਵੇਖੇ ਵਿਗਸੇ ਪਾਵੇ ਸਾਰ, ਵੇਖਣਹਾਰ ਇਕ ਗੁਸਾਈਂਆ । ਰੋਗ ਸੋਗ ਦਏ ਨਿਵਾਰ, ਚਿੰਤਾ ਗ਼ਮ ਨਾ ਕੋਇ ਜਣਾਈਆ । ਪੂਰਬ ਲਹਿਣਾ ਦੇ ਉਤਾਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮਾਨਸ ਜਨਮ ਪੈਜ ਸੁਆਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਗੁਰਮੁਖ ਹੀਰਾ ਪਰਖੇ ਆਪ, ਪ੍ਰਭ ਆਪਣੀ ਦਇਆ ਕਮਾਈਆ । ਸਚ ਪ੍ਰੀਤੀ ਬਖ਼ਸ਼ੇ ਜਾਪ, ਢੋਲਾ ਆਤਮ ਪਰਮਾਤਮ ਸਮਝਾਈਆ । ਸ਼ਬਦ ਸੰਦੇਸ਼ਾ ਦੇਵੇ ਕਮਲਾਪਾਤ, ਪਤਿਪਰਮੇਸ਼ਵਰ ਆਪ ਸੁਣਾਈਆ । ਜਗਤ ਮੇਟ ਅੰਧੇਰੀ ਰਾਤ, ਸਤਿ ਦਾ ਸਚ ਚੰਦ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਗੁਰਮੁਖ ਹੀਰਾ ਸਤਿਗੁਰ ਚਰਨ ਚਰਨ ਭੇਟ, ਦੀਨ ਦੁਨੀ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲਾ ਬਣ ਕੇ ਖੇਵਟ ਖੇਟ, ਪੈਂਡਾ ਦੋ ਜਹਾਨ ਚੁਕਾਈਆ । ਆਤਮ ਪਰਮਾਤਮ ਸਾਚੀ ਸੇਜਾ ਲਏ ਲੇਟ, ਸਚ ਸਿੰਘਾਸਣ ਵਜਦੀ ਰਹੇ ਵਧਾਈਆ । ਪਤਿਪਰਮੇਸ਼ਵਰ ਬਣ ਕੇ ਖੇਵਟ ਖੇਟ, ਬੇੜਾ ਆਪਣੇ ਕੰਧ ਟਿਕਾਈਆ । ਸਚ ਸੁਆਮੀ ਆਪਣੇ ਦੁਸ਼ਾਲੇ ਲਏ ਲਪੇਟ, ਦੁਰਮਤ ਮੈਲ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਹਰਿਜਨ ਹੀਰਾ ਸੋਹੇ ਸਤਿਗੁਰ ਚਰਨ, ਸਤਿ ਸਚ ਮਿਲੇ ਵਡਿਆਈਆ । ਕਿਰਪਾ ਕਰੇ ਕਰਨੀ

ਕਰਨ, ਕਰਤਾ ਪੁਰਖ ਧੁਰਦਰਗਾਹੀਆ । ਝਗੜਾ ਮੇਟੇ ਜਨਮ ਮਰਨ, ਮਰ ਜੀਵਤ ਰੂਪ ਦਰਸਾਈਆ । ਮਾਣ ਰਖਾਏ ਧਰਨੀ ਧਰਨ, ਧਵਲ ਵਜਦੀ ਰਹੇ ਵਧਾਈਆ । ਸਤਿਗੁਰ ਦੀਨ ਦਿਆਲਾ ਆਵੇ ਫੜਨ, ਫੜ ਪੱਲੂ ਗੰਢ ਬੰਧਾਈਆ । ਮੰਜ਼ਲ ਹਕ ਦੀ ਆਵੇ ਚੜ੍ਹਨ, ਪਾਂਧੀ ਹੋ ਕੇ ਪੰਧ ਚੁਕਾਈਆ । ਜਨ ਭਗਤਾਂ ਲੇਖਾ ਜਾਣੇ ਚੋਟੀ ਜੜ੍ਹਨ, ਪੜਦਾ ਉਹਲਾ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲਾ ਬਣਕੇ ਘਾੜਨ ਘੜਨ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਹੋ ਕੇ ਤਰਨੀ ਤਰਨ, ਤਾਰਨਹਾਰ ਦੇਵੇ ਵਡਿਆਈਆ । ਗ੍ਰਿਹ ਮੰਦਰ ਸੁਹਾਏ ਘਰਨ, ਤਨ ਵਜੂਦ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਘਾੜਨ ਘੜਨ, ਘੜਨ ਭੰਨਣਹਾਰ ਇਕ ਅਖਵਾਈਆ ।

### ✪ ੨੫ ਜੇਠ ਸ਼ਹਿਨਸ਼ਾਹੀ ਸੰਮਤ ੧੧ ਚੇਲਾ ਸਿੰਘ ਦੇ ਗ੍ਰਿਹ ਵਜ਼ਾਰਤ ਜੋੜ ਜੰਮੂ ਸ਼ਹਿਰ ✪

ਪੰਝੀ ਜੇਠ ਕਹੇ ਪ੍ਰਭੂ ਮੇਰੀ ਆਸ਼ਾ ਕਰ ਦੇ ਸੁਖੀ, ਸੁਖ ਆਸਣ ਦੇ ਮਾਲਕ ਦਇਆ ਕਮਾਈਆ । ਦੀਨ ਦੁਨੀ ਰਹੇ ਕੋਈ ਨਾ ਦੁਖੀ, ਦੁਖੀਆਂ ਦੁਖ ਦੇਣਾ ਗਵਾਈਆ । ਖ਼ਾਲੀ ਨਜ਼ਰ ਆਏ ਕੋਇ ਨਾ ਕੁੱਖੀ, ਤਨ ਵਜੂਦ ਰੰਗ ਰੰਗਾਈਆ । ਨਿਗਾਹ ਮਾਰ ਲੈ ਮਾਨਸ ਮਾਨਵ ਵਿਚ ਮਾਨੁਖੀ, ਨਵ ਸੱਤ ਖੋਜ ਖੁਜਾਈਆ । ਮਿਹਰਵਾਨਾ ਸ੍ਰੀ ਭਗਵਾਨਾ ਜਨ ਭਗਤਾਂ ਉਜਲ ਕਰ ਦੇ ਮੁਖੀ, ਮਿਹਰਵਾਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਪੰਝੀ ਜੇਠ ਕਹੇ ਅਵਤਾਰ ਪੈਗ਼ੰਬਰ ਗੁਰ ਪ੍ਰਭ ਅਗੇ ਕਰੋ ਡੰਡਾਵਤ, ਬੰਦਨਾ ਸੀਸ ਜਗਦੀਸ ਝੁਕਾਈਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਦੀਨ ਦੁਨੀ ਵਿਚੋਂ ਕਢ ਬਗ਼ਾਵਤ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਆਪਣਾ ਰੰਗ ਰੰਗਾਈਆ । ਨਿਰਗੁਣ ਧਾਰ ਏਕੰਕਾਰ ਪਰਵਰਦਿਗਾਰ ਸਾਂਝੇ ਯਾਰ ਕਰ ਸਖ਼ਾਵਤ, ਮਿਹਰਵਾਨ ਮਹਿਬੂਬ ਵਸਤ ਨਾਮ ਨਾਮ ਵਰਤਾਈਆ । ਆਦਿ ਨਿਰੰਜਣ ਦਰਦ ਦੁਖ ਭੈ ਭੰਜਣ ਸਾਚੀ ਦੇ ਅਗੰਮ ਨਿਆਮਤ, ਨਰ ਨਰਾਇਣ ਬਿਨ ਰਸਨਾ ਜਿਹਵਾ ਅੰਤਰ ਨਿਰੰਤਰ ਆਪ ਟਿਕਾਈਆ । ਕੂੜ ਕਿਰਿਆ ਵਿਕਾਰ ਹੰਕਾਰ ਕਰ ਮਮਾਨਤ, ਲਾਲਚ ਲੋਭ ਰਹਿਣ ਕੋਇ ਨਾ ਪਾਈਆ । ਘਰ ਸੁਆਮੀ ਅੰਤਰਜਾਮੀ ਠਾਕਰ ਮਿਲਣਾ ਸਹੀ ਸਲਾਮਤ, ਸੁਲਹਕੁਲ ਦੇ ਮਾਲਕ ਪਰਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰ ਆਸ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭ ਸਾਡੀ ਇਕ ਅਰਜ਼ੋਈ, ਨਿਮਰਤਾ ਵਿਚ ਸੀਸ ਨਿਵਾਈਆ । ਤੇਰਾ ਭਗਤ ਨਜ਼ਰ ਆਏ ਕੋਈ ਕੋਈ, ਕੋਟਨ ਕੋਟ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਫਿਰੇ ਹਲਕਾਈਆ । ਸੁਰਤੀ ਦਿਸੇ ਸਭ ਦੀ ਸੋਈ, ਸਾਚਾ ਸੰਗ ਨਾ ਕੋਇ ਬਣਾਈਆ । ਕਲਜੁਗ ਮਾਇਆ ਦੀਨ ਦੁਨੀ ਮੋਹੀ, ਪੰਚ ਵਿਕਾਰ ਹੰਕਾਰ ਵਿਚ ਕੁਰਲਾਈਆ । ਪੈਗ਼ੰਬਰ ਕਹਿਣ ਸਾਡੀ ਦਰੋਹੀ, ਦੋ ਜਹਾਨਾਂ ਮਾਲਕਾ ਦਈਏ ਸੁਣਾਈਆ । ਅਵਤਾਰ ਕਹਿਣ ਸਭ ਦੀ ਪਤ ਗਈ ਖੋਹੀ, ਸੀਸ ਹੱਥ ਨਾ ਕੋਇ ਟਿਕਾਈਆ । ਗੁਰੂ ਗੁਰਦੇਵ ਕਹਿਣ ਅੰਮ੍ਰਿਤ ਰਸ ਨਿਝਰ ਝਿਰਨਾ ਰਿਹਾ ਕੋਈ ਨਾ ਚੋਈ, ਬੂੰਦ ਸਵਾਂਤੀ ਨਾਭੀ ਕਵਲ ਨਾ ਕੋਇ ਉਲਟਾਈਆ । ਤਨ ਵਜੂਦਾਂ ਅੰਤਰ ਨਿਰੰਤਰ ਪੰਚ ਵਿਕਾਰ ਬਣਿਆ

ਗਰੋਹੀ, ਕਾਮ ਕਰੋਧ ਲੋਭ ਮੋਹ ਹੰਕਾਰ ਆਪਣਾ ਸੰਗ ਬਣਾਈਆ । ਦਰਗਾਹ ਸਾਚੀ ਸਚਖੰਡ ਮੁਕ਼ਾਮੇ ਹਕ ਮਿਲੇ ਕਿਸੇ ਨਾ ਢੋਈ, ਦਰ ਦੁਆਰ ਵੇਖਣ ਕੋਇ ਨਾ ਪਾਈਆ । ਸਾਡੇ ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਸਾਡੀ ਵੇਖ ਪੇਸ਼ੀਨਗੋਈ, ਭਵਿਖਤ ਤੇਰੇ ਚਰਨਾਂ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਅਵਤਾਰ ਪੈਗ਼ੰਬਰ ਕਹਿਣ ਸਾਡੀ ਪੇਸ਼ੀਨਗੋਈ ਤੇਰੇ ਚਰਨ ਕਵਲ, ਕ਼ਦਮਾਂ ਕ਼ਦਮਾਂ ਵਿਚ ਟਿਕਾਈਆ । ਮਾਲਕ ਖ਼ਾਲਕ ਨਿਗਾਹ ਮਾਰ ਲੈ ਉਪਰ ਧਵਲ, ਧਰਮ ਦੀ ਧਾਰ ਏਕੰਕਾਰ ਧਿਆਨ ਲਗਾਈਆ । ਸਾਡੇ ਮਾਲਕ ਖ਼ਾਲਕ ਨੂਰ ਅਲਾਹੀ ਅਵਲ, ਆਲਮੀਨ ਯਾਮਬੀਨ ਤੇਰੀ ਓਟ ਤਕਾਈਆ । ਜਗਤ ਆਸ਼ਾ ਤਕ ਲੈ ਹੋਈ ਬਵਲ, ਬੌਰੀ ਹੋਈ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡੇ ਭਵਿਖਤ ਕਰ ਪਰਵਾਨ, ਪਰਮ ਪੁਰਖ ਤੇਰੀ ਸਰਨਾਈਆ । ਕਿਰਪਾ ਕਰ ਸ੍ਰੀ ਭਗਵਾਨ, ਭਗਵਨ ਤੇਰੇ ਹੱਥ ਵਡਿਆਈਆ । ਕਲਜੁਗ ਕੂੜੀ ਕਿਰਿਆ ਵੇਖ ਨਿਸ਼ਾਨ, ਨਿਸ਼ਾਨਾ ਦੋ ਜਹਾਨ ਬਦਲਾਈਆ । ਤੇਰਾ ਸੰਦੇਸ਼ਾ ਦਿਤਾ ਸਭ ਨੇ ਧੁਰ ਦੇ ਕਾਹਨ, ਕਾਹਨ ਕਾਹਨਾ ਤੇਰੀ ਓਟ ਤਕਾਈਆ । ਸਾਡਾ ਤੇਰੇ ਉਤੇ ਈਮਾਨ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਧੁਰਦਰਗਾਹੀ ਸਚ ਅਮਾਮ, ਮਵਿਜ਼ਲੇ ਜ਼ਮਿਨਾ ਜ਼ਕੂਉਲ ਜ਼ੰਬਾਏ ਨੂਰੇ ਅੱਲਾ ਅਲਾਹ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਢੇ ਮੰਗ ਮੰਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਆਪਣੀਆਂ ਪਿਛਲੀਆਂ ਤਕ ਤਹਿਰੀਰਾਂ, ਤਾਰੀਕ ਅੰਧੇਰਾ ਜਗਤ ਨਾਲ ਮਿਲਾਈਆ । ਨਿਗਾਹ ਮਾਰ ਲੈ ਕਾਇਆ ਮਾਟੀ ਵਿਚ ਸ਼ਰੀਰਾ, ਸ਼ਰਅ ਦੇ ਮਾਲਕ ਪਰਦਾ ਆਪ ਉਠਾਈਆ । ਤੇਰਾ ਖੇਲ ਬੇਨਜ਼ੀਰਾ, ਨਜ਼ਰਾਂ ਤੋਂ ਬਾਹਰ ਬੇਪਰਵਾਹੀਆ । ਕਲਜੁਗ ਅੰਤ ਤਕ ਆਖ਼ੀਰਾ, ਆਖ਼ਰ ਆਪਣਾ ਹੁਕਮ ਵਰਤਾਈਆ । ਦੀਨ ਦੁਨੀ ਸ਼ਰਅ ਦੀ ਕਟ ਜ਼ੰਜੀਰਾ, ਜ਼ਾਹਰ ਜ਼ਹੂਰ ਹੋ ਕੇ ਵੇਖ ਵਖਾਈਆ । ਉਹ ਆਸ਼ਾ ਤਕ ਲੈ ਕੀ ਕਹਿੰਦੀ ਭਗਤ ਕਬੀਰਾ, ਰਵੀਦਾਸਾ ਕੀ ਦ੍ਰਿੜਾਈਆ । ਜਿਸ ਤੇਰੀ ਭੇਟ ਕਰਾਇਆ ਕਸੀਰਾ, ਜਗਤ ਮਾਇਆ ਡੇਰਾ ਢਾਹੀਆ । ਤੂੰ ਸ਼ਹਿਨਸ਼ਾਹ ਪੀਰਾਂ ਦਾ ਪੀਰਾ, ਪੈਗ਼ੰਬਰ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਾਡੀਆਂ ਭਵਿਖਤਾਂ ਵਾਲੀਆਂ ਵੇਖ ਲੈ ਪਾਤੀਆਂ, ਬਿਨ ਅੱਖਰ ਕ਼ਲਮ ਸ਼ਾਹੀ ਰਹੀਆਂ ਜਣਾਈਆ । ਤੇਰਾ ਖੇਲ ਤਕੀਏ ਲੋਕਮਾਤੀਆ, ਮਾਤਰ ਭੂਮੀ ਧਰਨੀ ਧਰਤ ਧਵਲ ਧੌਲ ਨਾਲ ਮਿਲਾਈਆ । ਚਾਰੋਂ ਕੁੰਟ ਹੋਈ ਅੰਧੇਰੀ ਰਾਤੀਆ, ਸਾਚਾ ਚੰਦ ਨਾ ਕੋਇ ਚਮਕਾਈਆ । ਤੇਰੇ ਪਿਆਰ ਦੀ ਗਾਵੇ ਕੋਈ ਨਾ ਗਾਥੀਆ, ਗਹਿਰ ਗੰਭੀਰ ਬੇਨਜ਼ੀਰ ਤੇਰੇ ਰੰਗ ਨਾ ਕੋਇ ਸਮਾਈਆ । ਕਿਰਪਾ ਕਰ ਸਰਬ ਕਲਾ ਸਮਰਾਥੀਆ, ਬੇਅੰਤ ਬੇਪਰਵਾਹ ਬੇਐਬ ਨੂਰ ਅਲਾਹੀਆ । ਸਾਡੀਆਂ ਮੰਜ਼ਲਾਂ ਤਕ ਲੈ ਘਾਟੀਆ, ਪੌੜੀ ਡੰਡੇ ਖੋਜ ਖੁਜਾਈਆ । ਪੈਗ਼ੰਬਰ ਕਹਿਣ ਸਾਡੀਆਂ ਮੁਕੀਆਂ ਵਾਟੀਆ, ਅਗੇ ਪੰਧ ਨਜ਼ਰ ਕੋਇ ਨਾ ਆਈਆ । ਸਾਡਾ ਖੇਲ ਦਿਸੇ ਬਾਜ਼ੀਗਰ ਨਾਟੀਆ, ਸਵਾਂਗੀਆ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਸਾਡਾ ਦੇ ਦੇ ਲਹਿਣਾ, ਲਹਿਣੇਦਾਰ ਤੇਰੇ

ਹੱਥ ਵਡਿਆਈਆ । ਮਿਹਰਵਾਨਾ ਸਾਡਾ ਮੰਨ ਲੈ ਕਹਿਣਾ, ਬਿਨ ਰਸਨਾ ਜਿਹਵਾ ਦਈਏ ਜਣਾਈਆ । ਆਪਣਾ ਜਗਤ ਜਹਾਨ ਤਕ ਲੈ ਬਿਨਾ ਨੈਣਾਂ, ਬਿਨਾ ਲੋਚਨ ਨੈਣ ਉਠਾਈਆ । ਧਰਮ ਦਾ ਰਿਹਾ ਨਾ ਕੋਇ ਸਾਕ ਸੈਣਾ, ਸੱਜਣ ਨਾ ਕੋਈ ਸੰਗ ਨਿਭਾਈਆ । ਤੇਰੇ ਤੇਰੇ ਨਾਲੋਂ ਹੋਏ ਤ੍ਰਫੈਣਾ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਕਲਜੁਗ ਕੂੜੀ ਕਿਰਿਆ ਤਨ ਵਜੂਦਾਂ ਬਣਿਆ ਗਹਿਣਾ, ਮਾਇਆ ਮਮਤਾ ਆਪਣਾ ਰੰਗ ਰੰਗਾਈਆ । ਨਾਤਾ ਟੁਟ ਗਿਆ ਭਾਈ ਭੈਣਾਂ, ਪਿਤਾ ਪੂਤ ਨਾ ਕੋਇ ਸੁਹਾਈਆ । ਕਲਜੁਗ ਕੂੜੀ ਕਿਰਿਆ ਨਵ ਖੰਡ ਵਹਿਣ ਵਹਿਣਾ, ਰੁੜ੍ਹਦੀ ਦਿਸੇ ਤੇਰੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਪੰਝੀ ਜੇਠ ਕਹੇ ਅਵਤਾਰ ਪੈਗ਼ੰਬਰ ਗੁਰੂ ਪ੍ਰਭੂ ਕਰੇ ਮੂਲ ਨਾ ਧੱਕਾ, ਧਿੰਗੋਜ਼ੋਰੀ ਨਜ਼ਰ ਕੋਇ ਨਾ ਆਈਆ । ਸਾਰੇ ਵਾਅਦਾ ਵੇਖੇ ਕੌਲ ਇਕਰਾਰ ਪੱਕਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਕਿਸ ਬਿਧ ਲਹਿਣਾ ਮੁਕਣਾ ਮਦੀਨਾ ਮੱਕਾ, ਕਾਅਬੇ ਕੂਕ ਕੂਕ ਸੁਣਾਈਆ । ਕੀ ਇਸ਼ਾਰਾ ਦੇ ਕੇ ਗਿਆ ਈਸਾ ਬੂਰਾ ਕੱਕਾ, ਸਲੀਵ ਗਲ ਲਟਕਾਈਆ । ਮੂਸੇ ਕਿਹਾ ਮੇਰਾ ਮਹਿਬੂਬ ਇਕੋ ਵਾਹਿਦ ਹੋਵੇ ਯਕਾ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਦੀਨਾਂ ਮਜ਼੍ਹਬਾਂ ਦਾ ਦਿਤਾ ਸਭ ਨੂੰ ਪਟਾ, ਅੰਤ ਪਟਾ ਪਟਨੇ ਵਾਲੇ ਹੱਥ ਰਖਾਈਆ । ਕ਼ੀਮਤ ਕਿਸੇ ਦੀ ਰਹੇ ਕੋਈ ਨਾ ਟਕਾ, ਜਗਤ ਹਟਵਾਣੇ ਹੱਟੋ ਹੱਟ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਪੂਰ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪ੍ਰਭੂ ਸਾਡਾ ਵਕਤ ਅਖ਼ੀਰੀ, ਆਖ਼ਰ ਦਈਏ ਜਣਾਈਆ । ਤੂੰ ਸ਼ਹਿਨਸ਼ਾਹ ਸ਼ਾਹ ਹਕੀਰੀ, ਬੇਨਜ਼ੀਰੀ ਇਕ ਅਖਵਾਈਆ । ਆਪਣੀ ਦੀਨ ਦੁਨੀ ਦੀ ਮੇਟ ਦਿਲਗੀਰੀ, ਦਿਲਬਰ ਹੋ ਕੇ ਵੇਖ ਵਖਾਈਆ । ਨਿਗਾਹ ਮਾਰ ਲੈ ਵਿਚ ਗ਼ਰੀਬ ਅਮੀਰੀ, ਅਮਰਾਪਦ ਦੇ ਮਾਲਕ ਪਰਦਾ ਦੇਣਾ ਉਠਾਈਆ । ਅਸੀਂ ਚਾਹੁੰਦੇ ਝਗੜਾ ਸ਼ਰਅ ਨਾ ਰਹੇ ਸ਼ਰੀਰੀ, ਆਤਮ ਪਰਮਾਤਮ ਮਿਲ ਕੇ ਵਜੇ ਵਧਾਈਆ । ਸਚ ਧਰਮ ਦੀ ਕਰ ਤਹਰੀਰੀ, ਹੁਕਮ ਆਪਣਾ ਇਕ ਵਰਤਾਈਆ । ਸਭ ਦੇ ਅੰਦਰੋਂ ਬਦਲ ਦੇ ਜ਼ਮੀਰੀ, ਅੰਤਸ਼ਕਰਨ ਕਰ ਸਫ਼ਾਈਆ । ਲੇਖਾ ਰਹੇ ਨਾ ਸ਼ਾਹ ਹਕੀਰੀ, ਊਚਾਂ ਨੀਚਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਾਹ ਸਾਚੀ ਆਪ ਰਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਇਕੋ ਸਭ ਦੀ ਮਨਸਾ, ਖ਼ਾਹਿਸ਼ ਤੇਰੇ ਚਰਨ ਟਿਕਾਈਆ । ਸਭ ਦਾ ਰੂਪ ਬਣਾ ਦੇ ਹੰਸਾ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਮਨ ਹੰਕਾਰੀ ਮੇਟ ਦੇ ਕੰਸਾ, ਕੇਸ ਗੜ੍ਹ ਦਾ ਮਾਲਕ ਗੋਬਿੰਦ ਨਾਲ ਰਲਾਈਆ । ਚਾਰ ਵਰਨ ਅਠਾਰਾਂ ਬਰਨ ਦੀਨ ਮਜ਼੍ਹਬ ਤੇਰਾ ਹੋਵੇ ਬੰਸਾ, ਜ਼ਾਤ ਅਜ਼ਾਤੀ ਵੰਡ ਨਾ ਕੋਇ ਵੰਡਾਈਆ । ਤੇਰੇ ਗੁਣ ਗਾਏ ਵਿਸ਼ਨ ਦੀ ਧਾਰ ਬਾਸ਼ਕ ਮੁਖ ਸਹੰਸਾ, ਦੋ ਸਹੰਸਰ ਜਿਹਵਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਨਿਰਗੁਣ ਧਾਰ ਬਖ਼ਸ਼ ਮਿਲਾਪ, ਮਿਲਣੀ ਹਰਿ ਜਗਦੀਸ਼ ਆਪ ਕਰਾਈਆ । ਤੂੰ ਮੇਰਾ ਮੈਂ ਤੇਰਾ ਸਭ ਦਾ ਹੋਵੇ ਜਾਪ, ਬਿਨ ਰਸਨਾ ਰਸ ਦੇਣਾ ਚਖਾਈਆ । ਤ੍ਰੈਗੁਣ ਮਾਇਆ ਕੂੜ ਕਲਪਨਾ ਮੇਟਣਾ ਪਾਪ, ਪਤਿਤ ਪੁਨੀਤ ਆਪ ਬਣਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਬਾਪ, ਪੂਤ ਸਪੂਤੇ ਹਰਿਜਨ ਆਪਣੀ ਗੋਦ ਟਿਕਾਈਆ । ਕਲਜੁਗ ਕੂੜ ਕੁੜਿਆਰੀ ਜਗਤ ਮੇਟ ਰੈਣ ਅੰਧੇਰੀ ਰਾਤ, ਰੁਤੜੀ ਆਪਣੇ ਨਾਲ

੫੫੮ ੨੪

ਮਹਿਕਾਈਆ । ਮਾਨਸ ਜ਼ਾਤੀ ਝਗੜਾ ਰਹੇ ਨਾ ਜ਼ਾਤ ਪਾਤ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਤੇਰੇ ਚਰਨ ਕਵਲ ਉਪਰ ਧਵਲ ਸਭ ਦਾ ਹੋਵੇ ਇਕੋ ਨਾਤ, ਰਿਸ਼ਤਾ ਫ਼ਰਿਸ਼ਤਿਆਂ ਬਾਹਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਦਇਆ ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡਾ ਕਰ ਦੇ ਵਕ਼ਤ ਸੁਹਾਵਣਾ, ਪ੍ਰਭ ਸੋਹਣੀ ਦੇ ਵਡਿਆਈਆ । ਤੂੰ ਪਰਮ ਪੁਰਖ ਪਤਿਤ ਪਾਵਨਾ, ਪੁਨੀਤਾਂ ਆਪਣੇ ਰੰਗ ਰੰਗਾਈਆ । ਸਭ ਦੀ ਪੂਰੀ ਕਰ ਦੇ ਭਾਵਨਾ, ਤ੍ਰਿਸ਼ਨਾ ਆਪਣੇ ਚਰਨ ਟਿਕਾਈਆ । ਆਸ਼ਾ ਕੂੜ ਰਹੇ ਨਾ ਕਾਮਨਾ, ਕਾਮ ਕਰੋਧ ਦਾ ਡੇਰਾ ਢਾਹੀਆ । ਸਤਿਗੁਰ ਸ਼ਬਦ ਫੜਾ ਦੇ ਦਾਮਨਾ, ਦਾਮਨਗੀਰ ਆਪ ਹੋ ਜਾਈਆ । ਜਨ ਭਗਤਾਂ ਦਰਸ਼ਨ ਦੇ ਦੇ ਆਹਮੋ ਸਾਹਮਣਾ, ਸਨਮੁਖ ਹੋ ਕੇ ਨਜ਼ਰੀ ਆਈਆ । ਤੈਨੂੰ ਸਭ ਨੇ ਕਿਹਾ ਕਾਹਨਨਾ, ਕਾਹਨ ਕਾਹਨਾ ਤੇਰੀ ਬੇਪਰਵਾਹੀਆ । ਪੈਗ਼ੰਬਰਾਂ ਤੇਰਾ ਨੂਰ ਚਮਕਾਵਣਾ, ਨੂਰ ਅਲਾਹੀ ਨੂਰ ਕਰ ਰੁਸ਼ਨਾਈਆ । ਗੁਰੂਆਂ ਤੇਰਾ ਢੋਲਾ ਗਾਵਣਾ, ਗੀਤ ਗੋਬਿੰਦ ਨਾਮ ਸਲਾਹੀਆ । ਤੂੰ ਪਰਮ ਪੁਰਖ ਪਰਮਾਤਮ ਹੋ ਕੇ ਸਾਚਾ ਵਕ਼ਤ ਸੁਹਾਵਣਾ, ਸੋਹਣੀ ਸੇਜ ਹੰਢਾਈਆ । ਕਲਜੁਗ ਵਿਚੋਂ ਸਤਿਜੁਗ ਪਰਗਟਾਵਣਾ, ਪਰਗਟ ਹੋ ਕੇ ਦਇਆ ਕਮਾਈਆ । ਧਰਨੀ ਧਰਤ ਧਵਲ ਧੌਲ ਟਿਕਾਵਣਾ, ਨੌ ਖੰਡ ਪ੍ਰਿਥਮੀ ਸੱਤ ਦੀਪ ਆਪ ਸੁਹਾਈਆ । ਰਾਓ ਰੰਕਾਂ ਆਪ ਸਮਝਾਵਣਾ, ਸ਼ਾਹ ਸੁਲਤਾਨਾਂ ਭੇਵ ਚੁਕਾਈਆ । ਸਾਚਾ ਦਰ ਬੰਕ ਇਕ ਪਰਗਟਾਵਣਾ, ਪਰਗਟ ਆਪਣਾ ਆਪ ਕਰਾਈਆ । ਜਿਥੇ ਚਾਰ ਵਰਨਾਂ ਅਠਾਰਾਂ ਬਰਨਾਂ ਸੀਸ ਨਿਵਾਵਣਾ, ਸਯਦਿਆਂ ਵਿਚ ਬੈਠਣ ਸੀਸ ਝੁਕਾਈਆ । ਤੇਰਾ ਮੰਗਲ ਗੀਤ ਗੋਬਿੰਦ ਇਕੋ ਗਾਵਣਾ, ਕਲਮਾ ਕਾਇਨਾਤ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦੀ ਧਾਰ ਹੁਕਮ ਵਰਤਾਵਣਾ, ਨਾ ਕੋਈ ਮੇਟੇ ਮੇਟ ਮਿਟਾਈਆ ।


੫੫੯
੨੪

### ✪ ੨੬ ਜੇਠ ਸ਼ਹਿਨਸ਼ਾਹੀ ਸੰਮਤ ੧੧ ਸੰਸਾਰ ਸਿੰਘ ਦੇ ਗ੍ਰਿਹ ਜੰਮੂ ਸ਼ਹਿਰ ਵਿਖੇ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਤੇਰੀ ਖ਼ਬਰ ਅਗੰਮੀ ਭਾਖੀ, ਭਾਖਿਆ ਦੀਨ ਦੁਨੀ ਦਿਤੀ ਜਣਾਈਆ । ਤੇਰੇ ਨਾਮ ਕਲਮੇ ਦੀ ਧੁਰ ਦੀ ਸਾਖੀ, ਸਾਖਿਆਤ ਗ੍ਰੰਥ ਸ਼ਾਸਤਰਾਂ ਨਾਲ ਵਡਿਆਈਆ । ਤੇਰੇ ਦੀਨਾਂ ਮਜ਼੍ਹਬਾਂ ਦੀ ਕਰਦੇ ਰਹੇ ਰਾਖੀ, ਰਖਕ ਹੋ ਕੇ ਵੇਖ ਵਖਾਈਆ । ਤੇਰੇ ਹੁਕਮ ਦੀ ਮੰਨਦੇ ਰਹੇ ਆਖੀ, ਜੋ ਅੱਖਰਾਂ ਬਾਹਰ ਦਿਤਾ ਸਮਝਾਈਆ । ਸਾਡੇ ਸਾਹਿਬ ਅਲਖਣਾ ਅਲਾਖੀ, ਅਲਖ ਅਗੋਚਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਤੇਰੀ ਅੰਤਰ ਸੁਣੀ ਆਵਾਜ਼, ਜਿਹਵਾ ਗੁਣ ਨਾ ਕੋਇ ਵਡਿਆਈਆ । ਸਾਡਾ ਅੰਦਰੋਂ ਖੋਲ੍ਹਿਆ ਰਾਜ਼, ਰਾਜ਼ਕ ਰਿਜ਼ਕ ਰਹੀਮ ਰਹਿਮਤ ਸਚ ਦਿਤੀ ਕਮਾਈਆ । ਸਾਨੂੰ ਤੇਰੇ ਉਤੇ ਨਾਜ਼, ਦਰ ਤੇਰੇ ਮੰਗ ਮੰਗਾਈਆ । ਸਾਡੇ ਲੇਖੇ ਲਾ ਲੈ ਨਾਮ ਕਲਮੇ ਰੋਜ਼ੇ ਨਿਮਾਜ਼, ਨਿਵਾਜ਼ਸ਼ ਵਿਚ ਬੈਠੀਏ ਸੀਸ ਝੁਕਾਈਆ । ਸਤਿ ਸਚ ਦਾ ਦੀਨ ਦੁਨੀ ਦੇ ਅਜ਼ਾਜ਼, ਫ਼ਜ਼ਲ ਆਪਣਾ ਇਕ ਕਮਾਈਆ । ਤੇਰਾ ਇਕੋ ਨਾਮ ਕਲਮਾ ਹੋਵੇ ਵਾਹਜ਼,

ਵਾਹਜ਼ਿਆ ਕਰ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ
ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਤੇਰੀਆਂ ਗਾਈਆਂ ਕਥਾ ਕਹਾਣੀਆਂ, ਸਤਿਗੁਰ ਸ਼ਬਦ ਸਿਫ਼ਤ ਸਲਾਹੀਆ । ਤੇਰੇ ਨਾਮ ਕਲਮੇ
ਚਲਾਏ ਬਾਣੀਆਂ, ਬਾਣ ਅਣਿਆਲਾ ਤੀਰ ਚਲਾਈਆ । ਫਿਰਦੇ ਰਹੇ ਵਿਚ ਚਾਰੇ ਖਾਣੀਆਂ, ਅੰਡਜ ਜੇਰਜ ਉਤਭੁਜ ਸੇਤਜ ਭੱਜੇ ਵਾਹੋ ਦਾਹੀਆ ।
ਤੇਰੇ ਪਿਆਰ ਵਿਚ ਮੌਜਾਂ ਮਾਣੀਆਂ, ਖ਼ੁਸ਼ੀਆਂ ਦਾ ਗੀਤ ਖ਼ੁਸ਼ੀਆਂ ਢੋਲੇ ਗਾਈਆ । ਕਿਰਪਾ ਕਰ ਦੇ ਸ਼ਾਹ ਸੁਲਤਾਨੀਆ, ਸਤਿਗੁਰ ਮਾਲਕ ਧੁਰਦਰਗਾਹੀਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਤੇਰੀਆਂ ਮੰਜ਼ਲਾਂ ਮਿਲਣ ਰੁਹਾਨੀਆਂ, ਰੂਹ ਬੁਤ ਤੇਰੀ ਵਜਦੀ ਰਹੇ ਵਧਾਈਆ ।

## ✪ ੨੬ ਜੇਠ ਸ਼ਹਿਨਸ਼ਾਹੀ ਸੰਮਤ ੧੧ ਅਜੀਤ ਸਿੰਘ ਦੇ ਗ੍ਰਹਿ ਵਜ਼ਾਰਤ ਰੋਡ ਜੰਮੂ ਸ਼ਹਿਰ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਧੁਰ ਦੇ ਪਰਵਰਦਿਗਾਰ, ਨਰ ਨਿਰੰਕਾਰ ਤੇਰੀ ਓਟ ਤਕਾਈਆ । ਦੋ ਜਹਾਨ ਸ੍ਰੀ ਭਗਵਾਨ ਪਾ ਸਾਰ, ਪਾਰਬ੍ਰਹਮ
ਪਤਿਪਰਮੇਸ਼ਵਰ ਨੂਰ ਅਲਾਹ ਆਪਣਾ ਭੇਵ ਚੁਕਾਈਆ । ਦਰਗਾਹ ਸਾਚੀ ਸਚਖੰਡ ਮੰਗੀਏ ਤੇਰਾ ਦੁਆਰ, ਮਾਂਗਤ ਹੋ ਕੇ ਝੋਲੀ ਡਾਹੀਆ । ਸ੍ਰਿਸ਼ਟੀ
 ਦ੍ਰਿਸ਼ਟੀ ਅੰਦਰ ਨਿਗਾਹ ਮਾਰ, ਕਾਇਨਾਤ ਕਲਮਿਆਂ ਦੇ ਮਾਲਕ ਵੇਖ ਵਖਾਈਆ । ਚਾਰੋਂ ਕੁੰਟ ਹੋਇਆ ਧੂੰਆਂਧਾਰ, ਸਤਿ ਜੋਤ ਨੂਰੀ ਚੰਦ ਨਾ ੫੬੦
 ਕੋਇ ਚਮਕਾਈਆ । ਦੀਨ ਮਜ਼੍ਹਬ ਵੇਖ ਆਪ ਕਰਤਾਰ, ਕੁਦਰਤੇ ਕ਼ਾਦਰ ਦਇਆ ਕਮਾਈਆ । ਮਾਨਵ ਜ਼ਾਤੀ ਰੋਵੇ ਜ਼ਾਰੋ ਜ਼ਾਰ, ਧੀਰਜ ਧੀਰ ੨੪
ਨਾ ਕੋਇ ਰਖਾਈਆ । ਸਚ ਮੁਹੱਬਤ ਰਿਹਾ ਨਾ ਕੋਇ ਪਿਆਰ, ਪ੍ਰੇਮੀ ਪਿਆਰ ਵਿਚ ਨਾ ਕੋਇ ਸਮਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ
ਹੋਈ ਹਾਹਾਕਾਰ, ਗੁਰੂਦੁਆਰ ਰਹੇ ਕੁਰਲਾਈਆ । ਤੇਰਾ ਨੂਰ ਨੁਰਾਨਾ ਸ਼ਾਹ ਸੁਲਤਾਨਾ ਨਜ਼ਰ ਨਾ ਆਏ ਰੂਪ ਅਪਾਰ, ਜੋਤੀ ਜਾਤੇ ਤੇਰਾ ਸੰਗ ਨਾ
ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ ।
ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡੇ ਮਿਹਰਵਾਨ ਖ਼ੁਦਾ, ਖ਼ੁਦ ਮਾਲਕ ਤੇਰੀ ਬੇਪਰਵਾਹੀਆ । ਅਸੀਂ ਤੇਰੇ ਉਤੋਂ ਹੋਏ ਫ਼ਿਦਾ, ਫ਼ਿਤਰਤ ਤੇਰੇ ਕ਼ਦਮ
ਟਿਕਾਈਆ । ਤੇਰੀ ਦੁਨੀਆ ਤੇਰੇ ਨਾਲੋਂ ਹੋਈ ਜੁਦਾ, ਵਿਛੋੜੇ ਵਿਚ ਰੋਵੇ ਮਾਰੇ ਧਾਹੀਆ । ਕਿਰਪਾ ਕਰ ਸਾਡੇ ਮਿਹਰਵਾਂ, ਮਿਹਰਵਾਨ ਨੂਰ ਅਲਾਹੀਆ ।
ਬਿਨ ਅੱਖੀਆਂ ਕਰ ਧਿਆਂ, ਦੋ ਜਹਾਨਾਂ ਵੇਖ ਵਖਾਈਆ । ਚੌਦਾਂ ਤਬਕ ਹੋ ਨਿਗਾਹਬਾਂ, ਚੌਦਾਂ ਲੋਕ ਤੇਰੀ ਓਟ ਰਖਾਈਆ । ਸਤਿ ਧਰਮ ਵਖਾ
ਇਕ ਨਿਸ਼ਾਂ, ਨਿਸ਼ਾਨਾ ਤਾਰਾ ਚੰਦ ਨਾਲ ਮਿਲਾਈਆ । ਸੋ ਪੈਗ਼ੰਬਰਾਂ ਕੀਤੀ ਦੁਆ, ਦਸਤ ਬੰਨ੍ਹ ਸੀਸ ਨਿਵਾਈਆ । ਜੋ ਪੈਗ਼ੰਬਰਾਂ ਦਿਤਾ ਸੁਣਾ,
ਪੇਸ਼ੀਨਗੋਈਆਂ ਨਾਲ ਮਿਲਾਈਆ । ਗੁਰੂਆਂ ਸੰਦੇਸ਼ਾ ਦਿਤਾ ਆ, ਧਰਨੀ ਧਰਤ ਧਵਲ ਧੌਲ ਦ੍ਰਿੜਾਈਆ । ਸੋ ਕਿਰਪਾ ਕਰਨੀ ਹੋਣਾ ਆਪ ਮਿਹਰਵਾਂ,
ਮਹਿਬਾਨ ਬੀਦੋ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ
ਉਠਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਆਪਣਾ ਵੇਖ ਲੈ ਵਕ਼ਤ, ਦੀਨ ਦੁਨੀ ਖੋਜ ਖੁਜਾਈਆ । ਬਿਨ ਤੇਰੀ ਕਿਰਪਾ ਤੇਰਾ ਬਣੇ ਕੋਈ

ਨਾ ਭਗਤ, ਸੂਫ਼ੀ ਫ਼ਕੀਰ ਨਜ਼ਰ ਕੋਇ ਨਾ ਆਈਆ । ਆਤਮ ਧਾਰ ਬਖ਼ਸ਼ ਦੇ ਸ਼ਕਤ, ਸ਼ਖ਼ਸ਼ੀਅਤ ਇਕੋ ਇਕ ਦ੍ਰਿੜਾਈਆ । ਤੇਰਾ ਸਹਾਰਾ ਮੰਗਦੇ ਫਕਤ, ਫ਼ਿਕਰਾ ਇਕੋ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡੀ ਭਵਿਖਤਾਂ ਵਾਲੀ ਪੂਰੀ ਕਰ ਦੇ ਸ਼ਰਤ, ਪੇਸ਼ੀਨਗੋਈਆਂ ਤੇਰੇ ਕ਼ਦਮ ਟਿਕਾਈਆ ।

### ✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਫੁਮਣ ਸਿੰਘ ਦੇ ਗ੍ਰਿਹ ਵਜ਼ਾਰਤ ਰੋਡ ਜੰਮੂ ਸ਼ਹਿਰ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡੇ ਧੁਰ ਦੇ ਰਾਮ, ਰਮਈਆ ਤੇਰੀ ਬੇਪਰਵਾਹੀਆ । ਨੂਰ ਅਲਾਹੀ ਹਕ ਅਮਾਮ, ਅਮਾਮ ਅਮਾਮਾ ਤੇਰੇ ਹੱਥ ਵਡਿਆਈਆ । ਗੁਰੂ ਗੁਰਦੇਵ ਕਹਿਣ ਤੇਰਾ ਖੇਲ ਮਹਾਨ, ਮਹਿੰਮਾ ਕਥ ਕਥੀ ਨਾ ਜਾਈਆ । ਆਪਣੀ ਦੀਨ ਦੁਨੀ ਵੇਖ ਜਗਤ ਜਹਾਨ, ਨਵ ਸੱਤ ਖੋਜ ਖੁਜਾਈਆ । ਧਰਮ ਦਾ ਧਰਮ ਸਤਿ ਦਾ ਰਿਹਾ ਨਾ ਕੋਇ ਈਮਾਨ, ਕੂੜੀ ਕਿਰਿਆ ਵਿਚ ਜਗਤ ਹਲਕਾਈਆ । ਸ਼ਰਅ ਸ਼ਰਅ ਦਾ ਕਰੇ ਕ਼ਤਲੇਆਮ, ਮਕਤੂਲ ਦਿਸੇ ਖ਼ਲਕ ਖ਼ੁਦਾਈਆ । ਤੂੰ ਮਾਲਕ ਕੁੱਲ ਤਮਾਮ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਵੇਖ ਅੰਧੇਰੀ ਸ਼ਾਮ, ਸ਼ਮਅ ਨੂਰ ਜੋਤ ਨਾ ਕੋਇ ਰੁਸ਼ਨਾਈਆ । ਤੈਨੂੰ ਸਜਦਾ ਹਕ ਕਰੇ ਨਾ ਕੋਇ ਸਲਾਮ, ਸੀਸ ਜਗਦੀਸ ਨਾ ਕੋਇ ਨਿਵਾਈਆ । ਘਰ ਘਰ ਅੰਦਰ ਵੇਖ ਹਰਾਮ, ਹੈਰਤ ਵਿਚ ਸਾਡੀ ਦੁਹਾਈਆ । ਸਭ ਨੂੰ ਭੁੱਲਿਆ ਤੇਰਾ ਕਲਮਾ ਕਲਾਮ, ਕ਼ਾਇਮ ਮੁਕ਼ਾਮ ਨਜ਼ਰ ਕੋਇ ਨਾ ਆਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਕਰ ਇੰਤਜ਼ਾਮ, ਇੰਤਕ਼ਾਮ ਲੈ ਜਗਤ ਲੋਕਾਈਆ । ਅਸੀਂ ਚਾਹੁੰਦੇ ਸ਼ਰਅ ਦਾ ਰਹੇ ਨਾ ਕੋਇ ਗ਼ੁਲਾਮ, ਗ਼ੁਰਬਤ ਅੰਦਰੋਂ ਬਾਹਰ ਕਢਾਈਆ । ਮਾਨਵ ਜ਼ਾਤੀ ਇਕੋ ਤੇਰਾ ਧਰੇ ਧਿਆਨ, ਇਸ਼ਟ ਦੇਵ ਇਕੋ ਨਜ਼ਰੀ ਆਈਆ । ਤੂੰ ਯੋਧਾ ਬਲੀ ਬਲਵਾਨ, ਬਲਧਾਰੀ ਵਡ ਵਡਿਆਈਆ । ਰਹਿਮਤ ਕਰ ਰਹੀਮ ਰਹਿਮਾਨ, ਰਹਿਬਰ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਚ ਵਸਤ ਦੇ ਦੇ ਦਾਨ, ਦਾਤੇ ਦਾਨੀ ਦਇਆ ਕਮਾਈਆ ।

### ✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਬੀਬੀ ਰਾਮ ਕੌਰ ਦੇ ਗ੍ਰਿਹ ਵਜ਼ਾਰਤ ਰੋਡ ਜੰਮੂ ਸ਼ਹਿਰ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡੀ ਨਮੋ ਨਮੋ ਡੰਡਾਵਤ, ਸਜਦਿਆਂ ਵਿਚ ਸੀਸ ਨਿਵਾਈਆ । ਤੂੰ ਮਾਲਕ ਸਹੀ ਸਲਾਮਤ, ਸੁਲਹਕੁਲ ਨੂਰ ਅਲਾਹੀਆ । ਦੀਨ ਦੁਨੀ ਵਿਚੋਂ ਕਢ ਬਗ਼ਾਵਤ, ਬਗ਼ਲਗੀਰ ਕਰ ਖ਼ਲਕ ਖ਼ੁਦਾਈਆ । ਨਾਮ ਕਲਮਾ ਇਕੋ ਸਭ ਨੂੰ ਦੇ ਨਿਆਮਤ, ਵਸਲ ਅਸਲ ਯਾਰ ਦੇ ਸਮਝਾਈਆ । ਆਪਣਾ ਭੇਵ ਦੱਸ ਦੇ ਸਦੀ ਚੌਧਵੀਂ ਕਿਸ ਬਿਧ ਆਉਣੀ ਅੰਤ ਕ਼ਿਆਮਤ, ਚੌਦਾਂ ਤਬਕ ਵੇਖਣ ਨੈਣ ਉਠਾਈਆ । ਤੇਰੇ ਕੋਲ ਸਭ ਦੀ ਹਕ ਅਮਾਨਤ, ਵਸਤ ਅਗੰਮ ਦੇਣੀ ਵਰਤਾਈਆ । ਦੀਨ ਦੁਨੀ ਜਗਤ ਜਗਿਆਸੂ ਮਾਨਵ ਇਨਸਾਨ ਹੋਏ ਅਣਜਾਣਤ, ਅਕਲ

੫੬੨
੨੪

ਬੁੱਧੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਰੂਪ ਅਨੂਪ ਸਕੇ ਨਾ ਕੋਇ ਪਹਿਚਾਨਤ, ਬੇਪਹਿਚਾਨ ਪੜਦਾ ਦੇਣਾ ਉਠਾਈਆ ।

ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭੂ ਸਾਡਾ ਸਾਨੂੰ ਦੇ ਦੇ ਹਕ, ਹਕ਼ੀਕ਼ਤ ਦੇ ਮਾਲਕ ਮਿਹਰ ਨਜ਼ਰ ਉਠਾਈਆ । ਤੂੰ ਸੁਆਮੀ ਵਾਹਿਦ ਇਕੋ ਯਕ, ਯਕੇ ਬਾਦ ਦੀਂਗਰੇ ਅਵਤਾਰ ਪੈਗ਼ੰਬਰ ਗੁਰ ਤੇਰੀ ਸੇਵ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਪੰਧ ਮੁਕਾਇਆ ਗਏ ਥਕ, ਥਕਾਵਟ ਵਿਚ ਤੇਰੀ ਦੁਹਾਈਆ । ਸਦੀ ਬੀਸਵੀਂ ਹਜ਼ਰਤ ਈਸਾ ਧਾਰ ਲਏ ਤਕ, ਮੁਸੱਲਾ ਵੇਖਣਾ ਚਾਈਂ ਚਾਈਂਆ । ਸਦੀ ਚੌਧਵੀਂ ਰਹੇ ਕੋਈ ਨਾ ਸ਼ੱਕ, ਹਜ਼ਰਤੇ ਮੁਹੰਮਦ ਰਸੂਲ ਅੱਲਾ ਕਹਿ ਕੇ ਗਿਆ ਜਣਾਈਆ । ਨਾਨਕ ਗੋਬਿੰਦ ਜੋ ਸੰਦੇਸ਼ਾ ਦਿਤਾ ਵਤ, ਬੇਵਤਨਾਂ ਦੇ ਮਾਲਕ ਤੇਰੇ ਅਗੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡੀ ਆਸ਼ਾ ਇਕੋ ਪਿਆਰ ਮੰਗਦੀ, ਦੂਸਰ ਲੋੜ ਨਾ ਕੋਇ ਰਖਾਈਆ । ਖ਼ੁਮਾਰੀ ਮਸਤੀ ਦੇ ਦੇ ਆਪਣੇ ਰੰਗ ਦੀ, ਰੰਗਤ ਨਾਮ ਕਲਮੇ ਵਾਲੀ ਚੜ੍ਹਾਈਆ । ਦੀਨ ਦੁਨੀਆ ਘੜੀ ਦਿਸਦੀ ਅਗੇ ਆਉਣ ਵਾਲੀ ਤੰਗ ਦੀ, ਤੰਗਦਸਤ ਹੋਏ ਲੋਕਾਈਆ । ਧਰਨੀ ਉਤੇ ਖੇਲ ਹੋਣੀ ਸ਼ਰਅ ਵਾਲੇ ਜੰਗ ਦੀ, ਜੁਗਤੀ ਸਮਝ ਕੋਇ ਨਾ ਪਾਈਆ । ਕਿਸੇ ਹਾਥ ਨਹੀਂ ਆਉਣੀ ਮੁਹਾਣੇ ਵੰਝ ਦੀ, ਅੰਤ ਕਹਿਣ ਕੁਛ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭੂ ਕਿਰਪਾ ਕਰ ਜਲਦੀ, ਜਲਧਾਰਾ ਵੇਖ ਵਖਾਈਆ । ਕਲਾ ਤਕ ਲੈ ਕਲਜੁਗ ਕਲ ਦੀ, ਕਲਕਾਤੀ ਕੀ ਆਪਣਾ ਖੇਲ ਖਿਲਾਈਆ । ਨੌ ਖੰਡ ਪ੍ਰਿਥਮੀ ਅੱਗ ਵੇਖ ਲੈ ਬਲਦੀ, ਅੰਮ੍ਰਿਤ ਮੇਘ ਆਬੇ ਹਯਾਤ ਮੁਖ ਨਾ ਕੋਇ ਚੁਆਈਆ । ਪਵਣ ਹਵਾ ਤਤੀ ਵੇਖ ਲੈ ਚਲਦੀ, ਸਾਂਤਕ ਸਤਿ ਨਾ ਕੋਇ ਕਰਾਈਆ । ਕਿਸੇ ਕ਼ੀਮਤ ਪਾਈ ਨਹੀਂ ਧਰਮ ਵਾਲੀ ਗੱਲ ਦੀ, ਕੁਕਰਮ ਆਪਣਾ ਖੇਲ ਖਿਲਾਈਆ । ਦੀਨ ਦੁਨੀ ਰੂਪ ਬਣੀ ਛਲ ਦੀ, ਕਪਟਾਂ ਭਰੀ ਲੋਕਾਈਆ । ਮੈਨੂੰ ਯਾਦ ਆਈ ਸਤਿਜੁਗ ਧਾਰ ਰਾਜੇ ਬਲ ਦੀ, ਜੋ ਬਾਵਨ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਤੇਰਾ ਹੁਕਮ ਨਾ ਮਾਲੂਮ, ਸਮਝ ਵਿਚ ਕਿਛ ਨਾ ਆਈਆ । ਅਸੀਂ ਚਾਰ ਜੁਗ ਦੇ ਸਾਥੀ ਤੇਰਾ ਹਜੂਮ, ਇਕੱਠੇ ਹੋ ਕੇ ਦਈਏ ਸੁਣਾਈਆ । ਤੇਰੇ ਚਰਨ ਕ਼ਦਮ ਬਿਨ ਰਸਨਾ ਜਿਹਵਾ ਲਈਏ ਚੂਮ, ਚੰਮ ਦ੍ਰਿਸ਼ਟੀ ਡੇਰਾ ਢਾਹੀਆ । ਸਾਡਾ ਪੇਸ਼ੀਨਗੋਈਆਂ ਵਾਲਾ ਵੇਖ ਮਜ਼ਮੂਨ, ਅਲਿਫ਼ ਯੇ ਤੋਂ ਬਾਹਰ ਧਿਆਨ ਲਗਾਈਆ । ਤੇਰੇ ਹੁਕਮ ਦਾ ਹੁਕਮ ਹੋਵੇ ਕ਼ਾਨੂੰਨ, ਨਾ ਕੋਈ ਮੇਟੇ ਮੇਟ ਮਿਟਾਈਆ । ਅਸੀਂ ਸਾਰੇ ਤੇਰੇ ਮਮਨੂਨ, ਗੁਰ ਅਵਤਾਰ ਪੈਗ਼ੰਬਰ ਸ਼ੁਕਰਾਨੇ ਵਿਚ ਸੀਸ ਨਿਵਾਈਆ । ਤੇਰੀ ਸੋਹਣੀ ਵੇਖੀਏ ਰਸੂਮ, ਰਸਮ ਅਗਲੀ ਦੇਣੀ ਸਮਝਾਈਆ । ਜਿਸ ਵਿਚ ਮਾਲਕ ਰਹੇ ਕੋਈ ਨਾ ਉਤੇ ਭੂਮ, ਜ਼ਿਮੀਂ ਜ਼ਮਾਂ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਨਾਮ ਖ਼ੁਮਾਰੀ ਮਸਤੀ ਵਿਚ ਨਿਰਗੁਣ ਧਾਰ ਜਾਈਏ ਝੂਮ, ਸਰਗੁਣ ਵੰਡ ਨਾ ਕੋਇ ਵੰਡਾਈਆ ।

## ✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਬਾਜ਼ ਸਿੰਘ ਦੇ ਗ੍ਰਹਿ ਜੰਮੂ ਸ਼ਹਿਰ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਪੁਰਖ ਅਕਾਲ ਜੋਤੀ ਜਾਤੇ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਦਇਆ ਕਮਾਈਆ । ਆਦਿ ਜੁਗਾਦੀ ਦੋ ਜਹਾਨ ਪਿਤ ਮਾਤੇ, ਨਿਰਗੁਣ ਨਿਰਾਕਾਰ ਨਿਰੰਕਾਰ ਤੇਰੀ ਓਟ ਤਕਾਈਆ । ਨਿਗਾਹ ਮਾਰ ਲੈ ਲੋਕਮਾਤੇ, ਧਰਨੀ ਧਰਤ ਧਵਲ ਧੌਲ ਅੱਖ ਉਠਾਈਆ । ਆਤਮ ਪਰਮਾਤਮ ਤੇਰੇ ਨਾਲੋਂ ਟੁੱਟੇ ਨਾਤੇ, ਪਾਰਬ੍ਰਹਮ ਬ੍ਰਹਮ ਸਾਚਾ ਮੇਲ ਨਾ ਕੋਇ ਮਿਲਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਅੰਧੇਰੀ ਰਾਤੇ, ਸਾਚਾ ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਬਿਨ ਤੇਰੀ ਕਿਰਪਾ ਪੁਛੇ ਕੋਈ ਨਾ ਵਾਤੇ, ਅਵਤਾਰ ਪੈਗ਼ੰਬਰ ਗੁਰ ਬੈਠੇ ਸੀਸ ਨਿਵਾਈਆ । ਤੇਰੇ ਨਾਮ ਕਲਮੇ ਕਲਜੁਗ ਅੰਤ ਪਏ ਡੂੰਘੇ ਖਾਤੇ, ਬਾਹਰ ਸਕੇ ਨਾ ਕੋਇ ਕਢਾਈਆ । ਝਗੜਾ ਤਕ ਲੈ ਦੀਨ ਮਜ਼੍ਹਬ ਜ਼ਾਤ ਪਾਤੇ, ਊਚ ਨੀਚ ਮੇਲ ਨਾ ਕੋਇ ਮਿਲਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਏ ਕੋਈ ਨਾ ਗਾਥੇ, ਸਤਿ ਵਿਚ ਨਾ ਕੋਇ ਸਮਾਈਆ । ਕਿਰਪਾ ਕਰ ਪੁਰਖ ਸਮਰਾਥੇ, ਹਰਿ ਕਰਤੇ ਤੇਰੀ ਆਸ ਰਖਾਈਆ । ਦੀਨ ਦੁਨੀ ਦਾ ਲੇਖ ਬਦਲ ਦੇ ਮਸਤਕ ਮਾਥੇ, ਬਿਦਨਾ ਲਹਿਣਾ ਝੋਲੀ ਦੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪੁਰਖ ਅਕਾਲੇ ਵੇਖ ਲੈ ਆਪਣੀ ਖ਼ਲਕ, ਮਖ਼ਲੂਕ ਦੇ ਮਾਲਕ ਧਿਆਨ ਲਗਾਈਆ । ਜੋਤੀ ਨੂਰ ਤੇਰੀ ਨਜ਼ਰ ਨਾ ਆਏ ਝਲਕ, ਜਗਤ ਅੰਧੇਰ ਨਾ ਕੋਇ ਮਿਟਾਈਆ । ਤੇਰਾ ਰੂਪ ਪਰਸੇ ਕੋਈ ਨਾ ਪਿਛੇ ਪਲਕ, ਪਤਿਪਰਮੇਸ਼ਵਰ ਤੇਰਾ ਦਰਸ ਕੋਇ ਨਾ ਪਾਈਆ । ਨਿਗਾਹ ਪਾਰ ਕਰੇ ਕੋਈ ਨਾ ਫ਼ਲਕ, ਫ਼ਰਸ਼ ਖ਼ਾਕੀ ਜ਼ਿਮੀਂ ਨਾ ਕੋਇ ਵਡਿਆਈਆ । ਸਾਡੀ ਬਿਰਹੋਂ ਵੈਰਾਗ ਵਿਚ ਨਿਕਲੇ ਕਲਕ, ਕਲਕੀ ਤੇਰੇ ਅਗੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਰਗ ਇਕ ਦਰਸਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਕਲਜੁਗ ਮੇਟ ਅੰਧੇਰਾ ਅੰਧ, ਅੰਧ ਆਤਮ ਦੇ ਰੁਸ਼ਨਾਈਆ । ਆਤਮ ਪਰਮਾਤਮ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੱਸ ਦੇ ਛੰਦ, ਤੂੰ ਮੇਰਾ ਮੈਂ ਤੇਰਾ ਢੋਲਾ ਸਾਰੇ ਗਾਈਆ । ਦੀਨ ਦੁਨੀ ਸ਼ਰਅ ਦੁਵੈਤੀ ਕੂੜ ਕੁੜਿਆਰੀ ਢਾਹ ਦੇ ਕੰਧ, ਭਾਂਡਾ ਭਰਮ ਭਉ ਭੰਨਾਈਆ । ਮੋਹ ਵਿਕਾਰ ਹੰਕਾਰ ਅੰਦਰੋਂ ਮੇਟ ਦੇ ਗੰਦ, ਜਗਤ ਤ੍ਰਿਸ਼ਨਾ ਨਾ ਕੋਇ ਹਲਕਾਈਆ । ਨੂਰ ਨੁਰਾਨੇ ਸ਼ਾਹ ਸੁਲਤਾਨੇ ਜੋਤੀ ਧਾਰ ਚਾੜ੍ਹ ਦੇ ਚੰਦ, ਕੂੜ ਕਿਰਿਆ ਅਗਿਆਨ ਅੰਧੇਰ ਦੇਣਾ ਮਿਟਾਈਆ । ਮਾਨਵ ਜ਼ਾਤੀ ਖ਼ੁਸ਼ੀ ਕਰ ਦੇ ਬੰਦ ਬੰਦ, ਬੰਦਗੀ ਆਪਣੀ ਇਕ ਸਮਝਾਈਆ । ਤਨ ਵਜੂਦ ਹਕ ਮਹਿਬੂਬ ਨੌਂ ਦੁਆਰ ਜਾਣਾ ਲੰਘ, ਜਗਤ ਵਾਸ਼ਨਾ ਡੇਰਾ ਢਾਹੀਆ । ਆਤਮ ਸੇਜ ਸੁਹਾਉਣੀ ਪਲੰਘ, ਸੁਖ ਆਸਣ ਸੋਭਾ ਪਾਈਆ । ਤੇਰੇ ਨਾਮ ਦਾ ਵਜੇ ਘਰ ਘਰ ਮਰਦੰਗ, ਧੁਨ ਆਤਮਕ ਰਾਗ ਦੇਣਾ ਦ੍ਰਿੜਾਈਆ । ਹਰਿਜਨ ਭਗਤ ਸੁਹੇਲੇ ਨਿਰਗੁਣ ਲਾਉਣੇ ਆਪਣੇ ਅੰਗ, ਅੰਗੀਕਾਰ ਆਪ ਅਖਵਾਈਆ । ਅੰਮ੍ਰਿਤ ਧਾਰ ਨਿਝਰ ਸਰੋਵਰ ਵਖਾ ਦੇ ਗੰਗ, ਬੂੰਦ ਸਵਾਂਤੀ ਨਾਭੀ ਕਵਲ ਕਵਲ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਦੀਨ ਮਜ਼੍ਹਬ ਦਾ ਮੇਟ ਦੇ ਬੰਧਨ, ਝਗੜਾ ਸ਼ਰਅ ਰਹਿਣ ਨਾ ਪਾਈਆ । ਆਤਮ ਪਰਮਾਤਮ ਸਭ ਨੂੰ ਬਖ਼ਸ਼ ਅਨੰਦਨ, ਅਨੰਦ ਅਨੰਦ ਵਿਚੋਂ ਪਰਗਟਾਈਆ । ਧੂੜੀ ਮਸਤਕ ਖ਼ਾਕ ਟਿੱਕਾ

ਰਮਾ ਦੇ ਚੰਦਨ, ਦੁਰਮਤ ਮੈਲ ਮੈਲ ਧੁਆਈਆ । ਮਾਨਸ ਮਾਨਵ ਮਾਨੁਖ ਵਰਨ ਬਰਨ ਸਭ ਤੇਰਾ ਇਕੋ ਦੁਆਰਾ ਮੰਗਣ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਤੇਰੀ ਡੰਡਾਵਤ ਸੱਜਦਿਆਂ ਵਾਲੀ ਧਰਮ ਦੀ ਧਾਰ ਹੋਵੇ ਬੰਦਨ, ਨਮੋਂ ਨਮੋਂ ਕਹਿ ਕੇ ਸਾਰੇ ਸੀਸ ਨਿਵਾਈਆ । ਊਚਾਂ ਨੀਚਾਂ ਰਾਓ ਰੰਕਾਂ ਸ਼ਾਹ ਸੁਲਤਾਨਾਂ ਗ਼ਰੀਬ ਨਿਮਾਣਿਆਂ ਚਾੜ੍ਹ ਰੰਗਣ, ਰੰਗਤ ਇਕੋ ਇਕ ਵਖਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਹੱਥ ਪਹਿਨਾ ਦੇ ਸਤਿ ਸਚ ਦਾ ਕੰਗਨ, ਸਤਿ ਸਤਿਵਾਦੀ ਹੋ ਕੇ ਦਇਆ ਕਮਾਈਆ । ਹਰ ਹਿਰਦੇ ਅੰਦਰ ਨਿਰੰਤਰ ਹੋ ਕੇ ਪਾ ਦੇ ਠੰਡਣ, ਤ੍ਰੈਗੁਣ ਅਗਨੀ ਅੱਗ ਬੁਝਾਈਆ । ਭਾਗ ਲਗਾ ਦੇ ਕਾਇਆ ਮਾਟੀ ਤਤ ਪੰਜਣ, ਪੰਚਮ ਸ਼ਬਦ ਧਾਰ ਨਾਦ ਸੁਣਾਉਣਾ ਚਾਈਂ ਚਾਈਂਆ । ਨਾਮ ਨਿਧਾਨ ਨੇਤਰ ਪਾ ਦੇ ਅੰਜਨ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸਦਾ ਦਰਦ ਦੁਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਤੇਰੀ ਚਰਨ ਧੂੜ ਜਨ ਭਗਤਾਂ ਹੋਵੇ ਮਜਨ, ਦੁਰਮਤ ਮੈਲ ਦੇਣੀ ਮਿਟਾਈਆ । ਤੇਰੇ ਨਾਮ ਨਗਾਰੇ ਵਿਚ ਸੰਸਾਰ ਮਸਜਿਦ ਸ਼ਿਵਦਵਾਲੇ ਮਠਾਂ ਵਿਚ ਵਜਣ, ਗੁਰੂਦੁਆਰ ਚਰਚ ਤੇਰਾ ਢੋਲਾ ਗਾਈਆ । ਨਵ ਸੱਤ ਬ੍ਰਹਮ ਮਤਿ ਤਤਵ ਤਤ ਏਕਾ ਆਪਣਾ ਮੇਲ ਕਰਾ ਲੈ ਧੁਰ ਦੇ ਸੱਜਣ, ਸਗਲੇ ਸਾਥੀ ਆਪਣਾ ਸੰਗ ਬਣਾਈਆ । ਸ਼ਰਅ ਦੀ ਰਹੇ ਕੋਈ ਨਾ ਹੱਦਣ, ਹਦੂਦ ਇਕੋ ਇਕ ਵਖਾਈਆ । ਜਿਥੇ ਮਿਲਦਾ ਪਰਮਾਨੰਦਨ, ਜਗਤ ਦੁਖ ਰੋਗ ਨਾ ਲਾਗੇ ਰਾਈਆ । ਜੋਤੀ ਧਾਰ ਦੀਪਕ ਅਗੰਮੇ ਜਗਣ, ਬਿਨ ਤੇਲ ਬਾਤੀ ਡਗਮਗਾਈਆ । ਤੇਰਾ ਲਹਿਣਾ ਦੇਣਾ ਲੇਖਾ ਜ਼ਿਮੀਂ ਅਸਮਾਨਾਂ ਬਾਹਰ ਉਪਰ ਗਗਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਦਰ ਤੇਰੇ ਸੀਸ ਨਿਵਾਈਆ । ਗੁਰ ਅਵਤਾਰ ਪੈਗ਼ੰਬਰ ਨਿਰਗੁਣ ਧਾਰ ਹੋ ਕੇ ਪ੍ਰੇਮ ਪ੍ਰੀਤੀ ਵਿਚ ਮੰਗਣ, ਮਾਂਗਤ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਕਲਜੁਗ ਮੇਟ ਦੇ ਵਿਚੋਂ ਦੀਨ ਦੁਨੀ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਸ਼ਰਅ ਦੀ ਸੜੇ ਕੋਈ ਨਾ ਅੱਗ, ਅੰਮ੍ਰਿਤ ਮੇਘ ਨਾਮ ਦੇਣਾ ਬਰਸਾਈਆ । ਜਨ ਭਗਤਾਂ ਦਰਸ਼ਨ ਦੇਣਾ ਉਪਰ ਸ਼ਾਹ ਰਗ, ਨਵ ਦੁਆਰ ਦਾ ਪੰਧ ਮੁਕਾਈਆ । ਤੇਰੇ ਨਾਲੋਂ ਤੇਰੇ ਹੋਣ ਨਾ ਕਦੇ ਅਲਗ, ਵਿਛੜਿਆਂ ਮੇਲਾ ਮੇਲਣਾ ਸਹਿਜ ਸੁਭਾਈਆ । ਤੂੰ ਸੂਰਬੀਰ ਸਰਬਗ, ਹਰਿ ਕਰਤਾ ਇਕ ਅਖਵਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਾਡੀ ਸ਼ਰਅ ਦੀ ਮੇਟ ਦੇ ਹੱਦ, ਹਦੂਦ ਆਪਣੀ ਇਕ ਵਖਾਈਆ । ਅਸੀਂ ਖ਼ੁਸ਼ੀ ਹੋਈਏ ਗਦ ਗਦ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤੇਰਾ ਨਾਮ ਇਕੋ ਨਜ਼ਰੀ ਆਈਆ । ਲੋਕਮਾਤ ਜੋਤੀ ਜਾਤੇ ਪੁਰਖ ਬਿਧਾਤੇ ਤੈਨੂੰ ਰਹੇ ਸੱਦ, ਸੱਦੇ ਦੇਈਏ ਚਾਈਂ ਚਾਈਂਆ । ਮਾਨਵ ਜ਼ਾਤੀ ਸਾਰੇ ਤੇਰੀ ਆਤਮ ਧਾਰ ਯਦ, ਹਿੰਦੂ ਮੁਸਲਿਮ ਸਿੱਖ ਈਸਾਈ ਤਨ ਵਜੂਦਾਂ ਵੰਡ ਵੰਡਾਈਆ । ਸਭ ਨੂੰ ਨਾਮ ਖ਼ੁਮਾਰੀ ਅੰਮ੍ਰਿਤ ਰਸ ਪਿਆ ਦੇ ਮਦਿ, ਮਧੁਰ ਧੁਨ ਸ਼ਬਦ ਸ਼ਬਦ ਕਰ ਸ਼ਨਵਾਈਆ । ਕਾਇਆ ਮਾਟੀ ਅੰਤਰ ਭਗਤ ਸੁਹੇਲੇ ਤੈਨੂੰ ਲੈਣ ਲੱਭ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸਰਨ ਸਰਨਾਈ ਸ੍ਰਿਸ਼ਟ ਸਬਾਈ ਜਾਏ ਲੱਗ, ਲਗ ਮਾਤਰ ਡੇਰਾ ਢਾਹੀਆ ।


੫੬੪
੨੪

## ੨੬ ਜੇਠ ਸ਼ਹਿਨਸ਼ਾਹੀ ਸੰਮਤ ੧੧ ਸਰਦਾਰਾ ਸਿੰਘ ਦੇ ਗ੍ਰਿਹਿ ਪਿੰਡ ਸੀੜ ਜ਼ਿਲਾ ਜੰਮੂ

ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਤੇਰਾ ਇਕੋ ਹੋਵੇ ਢੋਲਾ, ਗੀਤ ਸੰਗੀਤ ਰਾਗ ਨਾਦ ਸ਼ਬਦ ਧੁਨ ਸ਼ਨਵਾਈਆ । ਨਿਰਅੱਖਰ ਧਾਰ ਏਕੰਕਾਰ ਧਰਮ ਧਾਰ ਦਾ ਹੋਵੇ ਸੋਹਲਾ, ਸੋ ਪੁਰਖ ਨਿਰੰਜਣ ਤੇਰੀ ਵਡ ਵਡਿਆਈਆ । ਆਤਮ ਪਰਮਾਤਮ ਨਿਰਵੈਰ ਤੇਰਾ ਹੋਵੇ ਬੋਲਾ, ਅਨਬੋਲਤ ਆਪਣਾ ਪੜਦਾ ਦੇਣਾ ਉਠਾਈਆ । ਮਾਨਸ ਮਾਨਵ ਮਾਨੁਖ ਤੇਰੇ ਦਰ ਦਾ ਹੋਵੇ ਗੋਲਾ, ਚਾਕਰ ਸੇਵਕ ਹੋ ਕੇ ਸੇਵ ਕਮਾਈਆ । ਸਤਿਗੁਰ ਸ਼ਬਦ ਦੋ ਜਹਾਨ ਬਣੇ ਵਿਚੋਲਾ, ਵਿਚਲਾ ਪੜਦਾ ਆਪ ਉਠਾਈਆ । ਤੇਰਾ ਨੂਰ ਨਜ਼ਰ ਆਏ ਜੋਤੀ ਜਾਤੇ ਅਗੰਮੀ ਉਪਰ ਧੌਲਾ, ਮਾਲਕ ਖ਼ਾਲਕ ਪ੍ਰਿਤਪਾਲਕ ਤੇਰੀ ਵਜਦੀ ਰਹੇ ਵਧਾਈਆ । ਧਰਨੀ ਧਰਤ ਧਵਲ ਧੌਲ ਦਾ ਭਾਰ ਕਰ ਹੌਲਾ, ਕਲਜੁਗ ਕੂੜੀ ਕਿਰਿਆ ਬਾਹਰ ਕਢਾਈਆ । ਮਨ ਕਲਪਣਾ ਤਨ ਵਜੂਦ ਰਹੇ ਨਾ ਰੌਲਾ, ਰੌਣਕ ਆਪਣੇ ਨਾਮ ਸ਼ਬਦ ਲਗਾਈਆ । ਸਚ ਦੁਆਰਾ ਵਿਚ ਸੰਸਾਰਾ ਤੇਰਾ ਇਕੋ ਹੋਵੇ ਖੋਲ੍ਹਾ, ਦੂਸਰ ਵੰਡ ਨਾ ਕੋਇ ਵੰਡਾਈਆ । ਸਚ ਤਰਾਜ਼ੂ ਪੁਰਖ ਅਕਾਲੇ ਬਣਨਾ ਤੋਲਾ, ਰਾਮ ਦੇ ਰਾਮ ਤੇਰੀ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਤੇਰਾ ਇਕੋ ਨਾਮ ਹੋਵੇ ਰਸ, ਰਸਤਾ ਅਵਰ ਨਾ ਕੋਇ ਜਣਾਈਆ । ਭੇਵ ਅਭੇਦਾ ਦੇਣਾ ਦੱਸ, ਦਹਿ ਦਿਸ਼ਾ ਦੀ ਵੰਡ ਨਾ ਕੋਇ ਵੰਡਾਈਆ । ਨਵ ਦੁਆਰੇ ਪੰਧ ਮੁਕਾਉਣਾ ਹਸ ਹਸ, ਹਸਤੀ ਆਪਣੀ ਇਕ ਪਰਗਟਾਈਆ । ਸ਼ਬਦ ਅਣਿਆਲਾ ਤੀਰ ਮਾਰਨਾ ਕਸ, ਕੂੜ ਕੁਕਰਮ ਕਸਰ ਇਸ਼ਾਰੀਏ ਨਾਲ ਉਡਾਈਆ । ਜਗਤ ਵਿਕਾਰਾ ਚਰਨਾਂ ਹੇਠ ਦੇਣਾ ਧੱਸ, ਲਾਲਚ ਲੋਭ ਰਹੇ ਨਾ ਰਾਈਆ । ਨਿਝਰ ਝਿਰਨਾ ਅਗੰਮੀ ਦੇਣਾ ਰਸ, ਬਿਨ ਰਸਨਾ ਜਿਹਵਾ ਆਪ ਚਖਾਈਆ । ਕਾਇਆ ਮੰਦਰ ਅੰਦਰ ਰੈਣ ਅੰਧੇਰੀ ਮੇਟਣੀ ਮਸ, ਸੂਰੀਆ ਚੰਦ ਜੋਤ ਕਰ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਤੇਰਾ ਗਾਉਂਦੇ ਹੋਣ ਜਸ, ਸਿਫ਼ਤਾਂ ਨਾਲ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚਖੰਡ ਨਿਵਾਸੀ ਆਪਣੀ ਦਇਆ ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਤੇਰੇ ਟਿੱਕੇ ਮਸਤਕ ਲਾਈਏ ਧੂੜੀ, ਖ਼ਾਕੀ ਖ਼ਾਕ ਰਾਖ ਰਮਾਈਆ । ਦੀਨ ਦੁਨੀ ਚਤੁਰ ਸੁਘੜ ਬਣਾ ਦੇ ਮੂਰਖ ਮੂੜ੍ਹੀ, ਬੁਧਿ ਬਿਬੇਕ ਦੇਣੀ ਕਰਾਈਆ । ਕਲਜੁਗ ਕਿਰਿਆ ਬਾਹਰ ਕਢ ਦੇ ਕੂੜੀ, ਕੂੜ ਕੁਟੰਬ ਰਹਿਣ ਨਾ ਪਾਈਆ । ਬੇਨੰਤੀ ਕਰੀਏ ਤੇਰੇ ਸਚਖੰਡ ਹਜ਼ੂਰੀ, ਹਜ਼ਰਤਾਂ ਦੇ ਮਾਲਕ ਸੀਸ ਨਿਵਾਈਆ । ਆਪਣਾ ਜਲਵਾ ਬਖ਼ਸ਼ ਦੇ ਨੂਰੀ, ਨੂਰੀ ਨੂਰ ਕਰ ਰੁਸ਼ਨਾਈਆ । ਮੂਸਾ ਕਹੇ ਮੈਂ ਇਸ਼ਾਰਾ ਦਿਤਾ ਉਤੇ ਕੋਹਤੂਰੀ, ਕ਼ੁਦਰਤ ਦੇ ਕ਼ਾਦਰ ਤੇਰੀ ਓਟ ਤਕਾਈਆ । ਈਸਾ ਕਹੇ ਮੇਰੀ ਆਸਾ ਨਾ ਰਹੇ ਅਧੂਰੀ, ਹਦੂਦਾਂ ਡੇਰਾ ਦੇਣਾ ਢਾਹੀਆ । ਮੁਹੰਮਦ ਕਹੇ ਮੈਂ ਤੇਰਾ ਹੋਵਾਂ ਮਸ਼ਕੂਰੀ, ਸ਼ੁਕਰਾਨੇ ਵਿਚ ਸੀਸ ਨਿਵਾਈਆ । ਨਾਨਕ ਕਹੇ ਸਭ ਦੀ ਆਸ਼ਾ ਕਰਨੀ ਪੂਰੀ, ਪਾਰਬ੍ਰਹਮ ਤੇਰੀ ਬੇਪਰਵਾਹੀਆ । ਗੋਬਿੰਦ ਕਹੇ ਗੜ੍ਹ ਤੋੜਨਾ ਹੰਕਾਰ ਗ਼ਰੂਰੀ, ਗ਼ੁਰਬਤ ਸਭ ਦੇ ਅੰਦਰੋਂ ਬਾਹਰ ਕਢਾਈਆ । ਚਾਰ ਜੁਗ ਦੀ ਸਭ ਦੀ ਝੋਲੀ ਪਾਉਣੀ ਮਜ਼ਦੂਰੀ, ਮਾਂਗਤ ਹੋ ਕੇ ਮੰਗ ਮੰਗਾਈਆ । ਅਗਲਾ ਪੰਧ ਰਹੇ ਨਾ ਦੂਰੀ, ਮੰਜ਼ਲ ਮੰਜ਼ਲ ਦੇਣੀ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਸਤੀ ਨਾਮ ਦੇਣੀ

੫੬੫
੨੪

ਸਰੂਰੀ, ਸੁਰਤ ਸ਼ਬਦ ਨਾਲ ਮਿਲਾਈਆ ।

### ੨੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਜੁਗਿੰਦਰ ਸਿੰਘ ਦੇ ਗ੍ਰਹਿ ਪਿੰਡ ਸੀੜ ਜ਼ਿਲਾ ਜੰਮੂ

ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡੇ ਪਰਵਰਦਿਗਾਰ ਪਾਕੀ ਪਾਕ, ਪਤਿਤ ਪੁਨੀਤ ਤੇਰਾ ਨਾਮ ਦੁਹਾਈਆ । ਬੰਦ ਕਿਵਾੜੀ ਬਜਰ ਕਪਾਟ ਖੋਲ੍ਹ ਦੇ ਤਾਕ, ਤਕਵਾ ਤੇਰੇ ਉਤੇ ਰਖਾਈਆ । ਮਨੂਆ ਮਨਸਾ ਵਿਚ ਰਹੇ ਨਾ ਆਕ, ਗੜ੍ਹ ਹੰਕਾਰ ਦੇਣਾ ਤੁੜਾਈਆ । ਨਿਗਾਹਬਾਨ ਹੋ ਕੇ ਦੀਨ ਦੁਨੀ ਵਲ ਝਾਕ, ਪਰਦਾ ਪਰਦਿਆਂ ਵਿਚੋਂ ਉਠਾਈਆ । ਸਚਖੰਡ ਨਿਵਾਸੀ ਜੀਵਾਂ ਜੰਤਾਂ ਪੁਛ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਚਰਨ ਪ੍ਰੀਤ ਬਖ਼ਸ਼ ਦੇ ਨਾਤ, ਨਰ ਨਰਾਇਣ ਦਇਆ ਕਮਾਈਆ । ਸਾਡੀ ਸਭ ਦੀ ਇਕੋ ਬਾਤ, ਬਾਤਨ ਪੜਦਾ ਦੇਣਾ ਖੁਲ੍ਹਾਈਆ । ਤੂੰ ਮਾਲਕ ਕਮਲਾਪਾਤ, ਪਤਿਪਰਮੇਸ਼ਵਰ ਨੂਰ ਅਲਾਹੀਆ । ਕਲਜੁਗ ਅੰਤਮ ਦੇ ਦੇ ਅਗੰਮੀ ਦਾਤ, ਦਾਤੇ ਦਾਨੀ ਆਪ ਵਰਤਾਈਆ । ਤੇਰਾ ਖੇਲ ਤਕਿਆ ਜੁਗ ਚੌਕੜੀ ਬਹੁਭਾਂਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਏ ਗਵਾਹੀਆ । ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਭ ਦੇ ਹਿਰਦੇ ਕਰ ਦੇ ਸ਼ਾਂਤ, ਅਗਨੀ ਤਤ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਾਹ ਸਾਚੀ ਆਸ ਰਖਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਤੇਰੀ ਅਨੋਖੀ ਓਟ, ਓੜਕ ਤੇਰਾ ਧਿਆਨ ਲਗਾਈਆ । ਦੀਨ ਦੁਨੀ ਦੇ ਅੰਦਰੋਂ ਕਢ ਦੇ ਖੋਟ, ਖੋਟੇ ਖਰੇ ਆਪ ਬਣਾਈਆ । ਜਗਤ ਜਹਾਨ ਆਲ੍ਹਣਿਉਂ ਡਿੱਗਾ ਬੋਟ, ਤੁਧ ਬਿਨ ਗੋਦ ਨਾ ਕੋਇ ਰਖਾਈਆ । ਭਰਮੇ ਭੁੱਲੇ ਕੋਟੀ ਕੋਟ, ਅਣਗਿਣਤ ਰਹੇ ਕੁਰਲਾਈਆ । ਸਭ ਦੇ ਅੰਦਰ ਆਪਣੀ ਪਰਗਟ ਕਰ ਦੇ ਨਿਰਮਲ ਜੋਤ, ਜੋਤੀ ਜਾਤੇ ਡਗਮਗਾਈਆ । ਝਗੜਾ ਮੇਟ ਦੇ ਵਰਨ ਗੋਤ, ਜ਼ਾਤ ਪਾਤ ਦਾ ਡੇਰਾ ਢਾਹੀਆ । ਕਲਜੁਗ ਵੇਲਾ ਲੰਘ ਗਿਆ ਬਹੁਤ, ਅਗੇ ਅਵਰ ਨਾ ਹੋਰ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰ ਦੇ ਮਾਲਕ ਹੋਣਾ ਸਹਾਈਆ । ਅਵਤਾਰ ਪੈਗ਼ੰਬਰ ਗੁਰੂ ਕਹਿਣ ਆਪਣੀ ਦੀਨ ਦੁਨੀ ਕਰ ਲੈ ਸ਼ੁਧ, ਵਦੀ ਸੁਦੀ ਵੰਡ ਨਾ ਕੋਇ ਵੰਡਾਈਆ । ਨਿਰਮਲ ਧਾਰ ਬਣਾ ਲੈ ਦੁੱਧ, ਪਤਿਤ ਪਾਪੀ ਆਪ ਤਰਾਈਆ । ਪੰਚ ਵਿਕਾਰ ਕਰੇ ਨਾ ਯੁਧ, ਯੁਧਿਸ਼ਟਰ ਦਾ ਲੇਖਾ ਪੂਰ ਜਣਾਈਆ । ਕਲਜੁਗ ਕੂੜੀ ਕਿਰਿਆ ਬਦਲ ਦੇ ਜੁਗ, ਜੁਗਤੀ ਆਪਣੇ ਹੱਥ ਰਖਾਈਆ । ਸਭ ਦੀ ਔਧ ਗਈ ਪੁਗ, ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਤੇਰਾ ਸਤਿਗੁਰ ਸ਼ਬਦ ਦੋ ਜਹਾਨਾਂ ਪਏ ਕੁੱਦ, ਕੁਦਰਤ ਦੇ ਕ਼ਾਦਰ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਆਪਣੀ ਵੇਖ ਲੈ ਸ੍ਰਿਸ਼ਟੀ, ਸ੍ਰੇਸ਼ਟ ਆਪਣਾ ਧਿਆਨ ਲਗਾਈਆ । ਤੇਰਾ ਰਿਹਾ ਕੋਈ ਨਾ ਇਸ਼ਟੀ, ਇਸ਼ਟ ਦੇਵ ਦਰਸ ਕੋਇ ਨਾ ਪਾਈਆ । ਸਭ ਦੀ ਅੰਦਰੋਂ ਧਾਰਾ ਤਕ ਭਰਿਸ਼ਟੀ, ਭਾਂਡਾ ਭਰਮ ਨਾ ਕੋਇ ਭੰਨਾਈਆ । ਧਰਮ ਦਾ ਰਿਹਾ ਨਾ ਕੋਈ ਗ੍ਰਹਿਸਤੀ, ਨਾਰ ਕੰਤ ਵਜੇ ਨਾ ਕੋਇ ਵਧਾਈਆ । ਮੁਹੱਬਤ ਰਹੀ ਨਾ ਕਿਸੇ ਸਿਖ ਦੀ, ਸਿਖਿਆ ਵਿਚ ਨਾ ਕੋਇ ਸਮਾਈਆ । ਸਾਡੀ ਆਸ਼ਾ ਤਕ ਲੈ ਭਵਿਖ

ਦੀ, ਪੇਸ਼ੀਨਗੋਈਆਂ ਦੇਣ ਗਵਾਹੀਆ । ਕਲਜੁਗ ਕਲਾ ਮੇਟ ਦੇ ਨਿਤ ਦੀ, ਨਰ ਨਰਾਇਣ ਤੇਰੀ ਆਸ ਰਖਾਈਆ । ਘੜੀ ਸੁਲੱਖਣੀ ਕਰ ਦੇ ਸਭ ਦੀ ਵਾਰ ਥਿਤ ਦੀ, ਪਲਾਂ ਨਾਲ ਪਲ ਮਿਲਕੇ ਦੇਣ ਗਵਾਹੀਆ । ਠਗੌਰੀ ਰਹੇ ਨਾ ਕਲਜੁਗ ਚਿਤ ਦੀ, ਚੇਤਨ ਸਭ ਨੂੰ ਆਪ ਕਰਾਈਆ । ਮੁਹੱਬਤ ਭਰ ਦੇ ਹਿਤਕਾਰੀ ਹਿਤ ਦੀ, ਨਿਜ ਨੇਤਰ ਲੋਚਨ ਕਰ ਰੁਸ਼ਨਾਈਆ । ਬਿਨ ਤੇਰੀ ਕਿਰਪਾ ਸੁਰਤੀ ਕਿਸੇ ਨਾ ਟਿਕਦੀ, ਟਕਿਆਂ ਵਿਚ ਵਿਕੀ ਲੋਕਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰੀ ਥਾਂ ਪੂਜਾ ਹੁੰਦੀ ਪੱਥਰ ਇੱਟ ਦੀ, ਤੇਰਾ ਨੂਰੀ ਦਰਸ ਕੋਇ ਨਾ ਪਾਈਆ । ਅੰਤ ਖੇਲ ਮੁਕਾ ਦੇ ਮਾਨਸ ਮਾਨਵ ਭਿਟ ਦੀ, ਆਤਮ ਪਰਮਾਤਮ ਮਿਲਕੇ ਵਜੇ ਵਧਾਈਆ । ਆਸ਼ਾ ਵੇਖ ਲੈ ਗੋਬਿੰਦ ਵਾਲੀ ਚਿਟ ਦੀ, ਜੋ ਯਾਰੜੇ ਮਾਛੂਵਾੜੇ ਤੇਰੇ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਚਿਟ ਕਹੇ ਮੈਂ ਲਿਖੀ ਬਿਨਾ ਅੱਖਰ, ਕ਼ਲਮ ਕਾਨੀ ਗੋਬਿੰਦ ਸ਼ਾਹੀ ਰੰਗ ਨਾ ਕੋਇ ਰੰਗਾਈਆ । ਮੈਂ ਯਾਰੜੇ ਲੱਭੀ ਸੱਥਰ, ਸੇਜ ਸੂਲਾਂ ਨਾਲ ਹੰਢਾਈਆ । ਨੇਤਰ ਮੂਲ ਨਾ ਵਿਰੋਲਿਆ ਅੱਥਰ, ਹੰਝੂਆਂ ਹਾਰ ਨਾ ਕੋਇ ਬਣਾਈਆ । ਪਿਛਲੀ ਸਚ ਕਹਾਣੀ ਲੱਗੀ ਦੱਸਣ, ਦਹਿ ਦਿਸ਼ਾ ਦਿਆਂ ਸੁਣਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਲੱਗੀ ਹਸਣ, ਬਿਨ ਮੁਖ ਮੁਖ ਖੁਲ੍ਹਾਈਆ । ਬਿਨ ਕ਼ਦਮਾਂ ਪੈਂਡਾ ਲੱਗੀ ਨੱਸਣ, ਭੱਜੀ ਵਾਹੋ ਦਾਹੀਆ । ਅੰਤ ਕਰਕੇ ਆਪਣਾ ਯਤਨ, ਯਥਾਰਥ ਆਪਣਾ ਪੰਧ ਮੁਕਾਈਆ । ਦੁਨੀਆਦਾਰੋ ਵੇਖੋ ਮਾਹੀ ਦਾ ਪਤਣ, ਜਿਥੇ ਜਗਤ ਨਈਆ ਨੌਕਾ ਨਜ਼ਰ ਕੋਇ ਨਾ
੫੬੭ ਆਈਆ । ਉਥੇ ਪੁਜਦੇ ਗੁਰਮੁਖ ਹੀਰੇ ਰਤਨ, ਅਮੋਲਕ ਆਪਣਾ ਰੂਪ ਬਦਲਾਈਆ । ਜਿਥੇ ਸ਼ਬਦ ਧਾਰ ਜੋਤ ਨੂਰ ਦਿਸੇ ਲਟ ਲਟਣ, ਬਿਨ ੫੬੭
੨੪ ਤੇਲ ਬਾਤੀ ਰੁਸ਼ਨਾਈਆ । ਉਹ ਸਚਖੰਡ ਦੁਆਰਾ ਅਗੰਮਾ ਘਟਣ, ਬੰਕ ਦੁਆਰ ਸੋਭਾ ਪਾਈਆ । ਜਿਸ ਗ੍ਰਿਹ ਸੰਤ ਸੁਹੇਲੇ ਵਸਣ, ਦੂਜਾ ਨਜ਼ਰ ੨੪
ਕੋਇ ਨਾ ਆਈਆ । ਇਕੋ ਕਥਾ ਕਹਾਣੀ ਕਥਣ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਦਰ ਆਪ ਸਮਝਾਈਆ । ਚਿੱਠੀ ਕਹੇ ਮੇਰਾ ਚਾਰ ਜੁਗ ਤੋਂ ਵਖਰਾ ਲੇਖ, ਗੋਬਿੰਦ ਧਾਰ ਮਿਲੀ ਵਡਿਆਈਆ । ਮੇਰੇ ਸਾਹਿਬ ਦਾ ਹੋਣਾ ਅਵੱਲਾ ਭੇਖ, ਭੇਖਾਧਾਰੀ ਇਕ ਅਖਵਾਈਆ । ਜਿਸ ਦੀ ਨਜ਼ਰ ਆਵੇ ਨਾ ਕੋਈ ਕਿਸੇ ਰੇਖ, ਰਿਖ ਮੁਨ ਵੇਖਣ ਕੋਇ ਨਾ ਪਾਈਆ । ਉਸ ਦਾ ਅਗੰਮੜਾ ਹੋਵੇ ਵੇਸ, ਦੋ ਜਹਾਨ ਕਰੇ ਰੁਸ਼ਨਾਈਆ । ਮਾਲਕ ਬਣ ਨਰੇਸ਼, ਨਰ ਨਰਾਇਣ ਹੁਕਮ ਵਰਤਾਈਆ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਗਣਪਤ ਸੀਸ ਨਿਵਾਈਆ । ਉਸ ਸੁਹਾਵਣਾ ਅੰਤਮ ਸੰਬਲ ਦੇਸ, ਸਾਢੇ ਤਿੰਨ ਹੱਥ ਵਜੇ ਵਧਾਈਆ । ਜਿਸ ਕਲਜੁਗ ਕੂੜੀ ਕਿਰਿਆ ਮੇਟਣਾ ਕਲੇਸ਼, ਕਲ ਕਲਕੀ ਹੁਕਮ ਵਰਤਾਈਆ । ਜਿਸ ਦਾ ਲਹਿਣਾ ਦੇਣਾ ਲੇਖਾ ਨਾਲ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਪੜਦਾ ਦਏ ਚੁਕਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਧਾਰ ਰਹੇ ਹਮੇਸ਼, ਹਮ ਸਾਜਣ ਇਕ ਅਖਵਾਈਆ । ਜਿਸ ਦੇ ਚਰਨ ਦੁਆਰ ਅਵਤਾਰ ਪੈਗ਼ੰਬਰ ਗੁਰ ਹੋਏ ਪੇਸ਼, ਪੇਸ਼ੀਨਗੋਈਆਂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਹੁਕਮ ਸਦਾ ਵਿਸ਼ੇਸ਼, ਵਿਸ਼ਿਆਂ ਤੋਂ ਬਾਹਰ ਵਿਸ਼ਵ ਦਾ ਮਾਲਕ ਆਪ ਜਣਾਈਆ ।

## ੨੭ ਜੇਠ ਸ਼ਹਿਨਸ਼ਾਹੀ ਸੰਮਤ ੧੧ ਗੁਰਨਾਮ ਸਿੰਘ ਦੇ ਗ੍ਰਿਹ ਪਿੰਡ ਸੀੜ ਜ਼ਿਲਾ ਜੰਮੂ

ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰ ਮੈਂ ਵੇਖਦਾ ਰਿਹਾ ਪੱਤਰੀਆਂ, ਰੈਣ ਸਬਾਈ ਬਿਨ ਅੱਖਰਾਂ ਫੋਲ ਫੁਲਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟਾਂ ਵੇਖੇ ਕਤਰੀਆਂ, ਕੋਨਾ ਕੋਨਾ ਦਏ ਗਵਾਹੀਆ । ਤੁਹਾਡੀਆਂ ਆਸ਼ਾਂ ਅੰਤਮ ਹੋ ਗਈਆਂ ਸੱਤਰੀਆਂ ਬਹੱਤਰੀਆਂ, ਬਹੱਤਰਾਂ ਦਾ ਮਾਲਕ ਕੀ ਆਪਣਾ ਹੁਕਮ ਵਰਤਾਈਆ । ਬਾਵਨ ਦਾ ਸੰਦੇਸ਼ਾ ਰਾਜੇ ਬਲ ਦੀ ਧਾਰ ਜਨਮ ਲਿਆ ਘਰ ਖੱਤਰੀਆਂ, ਖਤਰੇਟਾ ਚਮਰੇਟਾ ਇਕੋ ਰੰਗ ਵਖਾਈਆ । ਜਿਸ ਦੇ ਹੁਕਮ ਵਿਚ ਮਾਣ ਰਹਿਣਾ ਨਹੀਂ ਕਿਸੇ ਸ਼ੱਤਰੀਆਂ, ਛਤਰਧਾਰੀ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਖੁਲ੍ਹਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰੂ ਸਾਹਿਬਾਨੋਂ ਮੈਂ ਪੜ੍ਹਦਾ ਰਿਹਾ ਪੱਟੀਆਂ, ਰੈਣ ਸੁਬਾਈ ਅੱਖਰ ਅੱਖਰਾਂ ਨਾਲ ਮਿਲਾਈਆ । ਮੈਨੂੰ ਦੋ ਜਹਾਨ ਚੌਦਾਂ ਤਬਕ ਚੌਦਾਂ ਲੋਕ ਦਿਸਦੀਆਂ ਰਹੀਆਂ ਹੱਟੀਆਂ, ਹਟਵਾਣਿਓ ਤੁਹਾਨੂੰ ਦਿਆਂ ਸੁਣਾਈਆ । ਚਾਰ ਜੁਗ ਦੇ ਸ਼ਾਸਤਰਾਂ ਦੀਆਂ ਨਜ਼ਰ ਆਉਂਦੀਆਂ ਰਹੀਆਂ ਖੱਟੀਆਂ, ਵਸਤੂ ਦੀਨ ਦੁਨੀ ਨਾਲ ਮਿਲਾਈਆ । ਜਿਧਰ ਨਿਗਾਹ ਮਾਰੀ ਤੁਹਾਡੀਆਂ ਸ਼ਰਅ ਦੀਆਂ ਡੋਰਾਂ ਦਿਸੀਆਂ ਕਟੀਆਂ, ਕਟਾਕਸ਼ ਕਲਜੁਗ ਕੂੜ ਲਗਾਈਆ । ਪ੍ਰੇਮੀਓ ਪਿਆਰਿਓ ਮਿਤਰੋ ਅੰਤ ਸਭ ਨੂੰ ਭਰਨੀਆਂ ਪੈਣੀਆਂ ਚੱਟੀਆਂ, ਬਚਿਆ ਰਹਿਣ ਕੋਇ ਨਾ ਪਾਈਆ । ਪੈਗ਼ੰਬਰੋ ਸ਼ਮਾਦਾਨਾਂ ਦੀਪਕਾਂ ਵਿਚ ਰਹਿਣੀਆਂ ਨਹੀਂ ਵੱਟੀਆਂ, ਪਲੀ ਤੇਲ ਨਾ ਕੋਇ

੫੬੮ ਵਡਿਆਈਆ । ਨਿਗਾਹ ਮਾਰ ਲਓ ਤੁਹਾਡੀਆਂ ਸ਼ਰਅ ਦੀਆਂ ਮਰਯਾਦਾਂ ਟਪੀਆਂ, ਟਾਪੂਆਂ ਦਿਓ ਮਾਲਕੋ ਤੁਹਾਨੂੰ ਦਿਆਂ ਸੁਣਾਈਆ । ਤੁਹਾਡੀਆਂ ੫੬੮

੨੪ ਖ਼ਾਹਿਸ਼ਾਂ ਕਲਮੇ ਧਾਰ ਫਿਰਦੀਆਂ ਨਠੀਆਂ, ਨਾਮ ਨਾਮਾ ਰੂਪ ਬਦਲਾਈਆ । ਖ਼ੁਸ਼ੀ ਨਾਲ ਰਾਤੀ ਸਾਰੀਆਂ ਹੋ ਗਈਆਂ ਇਕੱਠੀਆਂ, ਮਿਲ ਮਿਲ ੨੪

ਖ਼ੁਸ਼ੀ ਬਣਾਈਆ । ਬਿਨ ਸੀਸ ਜਗਦੀਸ਼ ਚਰਨਾਂ ਢੱਠੀਆਂ, ਧੂੜੀ ਖ਼ਾਕ ਖ਼ਾਕ ਰਮਾਈਆ । ਮੈਨੂੰ ਐਂ ਜਾਪਿਆ ਤੁਹਾਡੀਆਂ ਦਲੀਲਾਂ ਸਭ ਦੀਆਂ ਸ਼ਬਦੀ ਧਾਰ ਨਾਲ ਮਿਲ ਕੇ ਬਣ ਗਈਆਂ ਜੱਟੀਆਂ, ਜਿਨ੍ਹਾਂ ਦਾ ਮਾਲਕ ਇਕੋ ਨਜ਼ਰੀ ਆਈਆ । ਤੁਹਾਡੀਆਂ ਵਾਰਾਂ ਗਾਵਣੀਆਂ ਨਹੀਂ ਅਗੇ ਕਿਸੇ ਭੱਟੀਆਂ, ਰਸਨਾ ਜਿਹਵਾ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਭੇਵ ਖੁਲ੍ਹਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰ ਮੈਂ ਰੈਣ ਸਬਾਈ ਤਕਦਾ ਰਿਹਾ ਅਗੰਮੇ ਪੱਤਰ, ਬਿਨ ਕਾਗ਼ਜ਼ਾਂ ਵੇਖ ਵਖਾਈਆ । ਲਭਦਾ ਰਿਹਾ ਤੁਹਾਡੇ ਗ੍ਰਿਹ ਨਛਤਰ, ਘੜੀ ਪਲ ਖੋਜ ਖੁਜਾਈਆ । ਮੈਨੂੰ ਇਕੋ ਨਜ਼ਰ ਆਈ ਬਿਨ ਅੱਖਰਾਂ ਵਾਲੀ ਸਤਰ, ਜਿਸ ਦੀ ਸਤਹ ਬੁਲੰਦੀ ਸਮਝ ਕੋਇ ਨਾ ਪਾਈਆ । ਉਸ ਦਾ ਲਿਖਿਆ ਲੇਖ ਨਹੀਂ ਕਿਸੇ ਇੱਟ ਪਾਹਨ ਪੱਥਰ, ਲੀਕ ਤਸਦੀਕ਼ ਨਾ ਕੋਇ ਕਰਾਈਆ । ਇਕੋ ਪ੍ਰਭੂ ਦਾ ਪਿਆਰ ਯਾਰੜੇ ਟਿਕਿਆ ਸੱਥਰ, ਸੋਹਣੀ ਸੇਜ ਬਣਾਈਆ । ਮੈਂ ਅਗਲੀ ਕਹਾਣੀ ਲੱਗਾ ਦੱਸਣ, ਦਹਿ ਦਿਸ਼ਾ ਧਿਆਨ ਲਗਾਈਆ । ਆਪਣੀ ਵੇਖੇ ਰੈਣ ਅੰਧੇਰੀ ਮਸਣ, ਸਾਚਾ ਚੰਦ ਨਾ ਕੋਇ ਚਮਕਾਈਆ । ਤੁਹਾਡਾ ਹੁਕਮ ਧੁਰ ਦੇ ਹਾਕਮੋ ਲੋਕਮਾਤ ਵਿਚੋਂ ਲੱਗਾ ਨੱਸਣ, ਭੱਜੇ ਵਾਹੋ ਦਾਹੀਆ । ਨਾਰਦ ਕਹੇ ਮੈਂ ਖ਼ੁਸ਼ੀਆਂ ਵਿਚ ਲੱਗਾ ਹਸਣ, ਹਸ ਹਸ ਕੇ ਦਿਆਂ ਸੁਣਾਈਆ । ਮੈਨੂੰ ਪ੍ਰਭ ਦਾ ਆਉਣ ਲੱਗਾ ਰਸਣ, ਬਿਨ ਰਸਨਾ ਰਸ ਚਖਾਈਆ । ਜਿਸ ਦਾ ਇਕੋ ਹੋਣਾ ਜਸਣ, ਇਕੋ ਸਿਫ਼ਤ ਸਲਾਹੀਆ । ਜੋ ਦੀਨ ਮਜ਼੍ਹਬ ਸਭ ਦੇ ਲੱਗਾ ਕਛਣ, ਕਛ ਮਛ ਦਾ ਲੇਖਾ ਨਾਲ ਮਿਲਾਈਆ ।

ਜਿਸ ਖੇਲ ਖਿਲਾਉਣਾ ਲਹਿੰਦੀ ਧਾਰ ਉਤਰ ਪੂਰਬ ਪੱਛਮ ਦੱਖਣ, ਦਹਿ ਦਿਸ਼ਾ ਵੇਖ ਵਖਾਈਆ । ਸਭ ਦੇ ਭਾਂਡੇ ਕਰਨੇ ਸਖਣ, ਸਖ਼ਾਵਤ ਨਜ਼ਰ ਕੋਇ ਨਾ ਆਈਆ । ਮੈਂ ਹੋ ਗਿਆ ਹੱਕਣ ਬੱਕਣ, ਹੈਰਾਨੀ ਮੇਰੇ ਅੰਦਰ ਆਈਆ । ਮੈਂ ਇਕ ਸੰਦੇਸ਼ਾ ਬਿਨਾ ਰਸਨਾ ਦੇਵਾਂ ਬਚਨ, ਬਿਨ ਸੰਧਿਆ ਸਰਘੀ ਸੁਣਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਅਗੇ ਨਵੀਂ ਰਚਾਉਣੀ ਰਚਨ, ਰਚਨਾ ਆਪਣੀ ਆਪਣੇ ਨਾਲ ਮਿਲਾਈਆ । ਨਾਲ ਖ਼ੁਸ਼ੀਆਂ ਲੱਗਾ ਨੱਚਣ, ਨਾਰਦ ਬੋਦੀ ਰਿਹਾ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਰਗ ਸਭ ਨੂੰ ਆਇਆ ਦੱਸਣ, ਦਹਿ ਦਿਸ਼ਾ ਇਕੋ ਹੁਕਮ ਵਰਤਾਈਆ ।

✪ ੨੭ ਜੇਠ ਸ਼ਹਿਨਸ਼ਾਹੀ ਸੰਮਤ ੧੧ ਬੀਬੀ ਲਛਮੀ ਦੇ ਨਵਿਤ ਪਿੰਡ ਸੀੜ ਜ਼ਿਲਾ ਜੰਮੂ ✪

ਜਨ ਭਗਤ ਕਹੇ ਮੇਰਾ ਤਨ ਵਜੂਦ ਖ਼ਾਕੀ, ਮਿੱਟੀ ਜਗਤ ਵੰਡ ਵੰਡਾਈਆ । ਮੇਰਾ ਅੰਮ੍ਰਿਤ ਜਾਮ ਸਾਕੀ, ਸਤਿਗੁਰ ਸ਼ਬਦ ਸ਼ਬਦ ਪਿਲਾਈਆ । ਮੇਰੀ ਦੀਨ ਦੁਨੀਆ ਆਸ਼ਾ ਵਾਲੀ ਬਾਕੀ, ਖ਼ਾਹਿਸ਼ ਜਗਤ ਵਿਚ ਟਿਕਾਈਆ । ਸਤਿਗੁਰ ਸ਼ਬਦ ਆਪਣਾ ਪੜਦਾ ਖੋਲ੍ਹ ਕੇ ਤਾਕੀ, ਗ੍ਰਹਿ ਸਾਚਾ ਰਿਹਾ ਵਖਾਈਆ । ਫੜ ਬਾਹੋਂ ਚੜ੍ਹਾਏ ਅਗੰਮੇ ਰਾਕੀ, ਬਿਨ ਰਕਾਬਾਂ ਦਏ ਟਿਕਾਈਆ । ਬਿਨ ਅੱਖਾਂ ਮਰਵਾਏ ਝਾਕੀ, ਝਾਤੀ ਇਕੋ ਇਕ ਜਣਾਈਆ ।
੫੬੯ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਜਨ ਭਗਤ ਕਹੇ ਮੇਰਾ ਤਨ ੫੬੯
੨੪ ਵਜੂਦ ਸਰੀਰ, ਖ਼ਾਕੀ ਮਾਟੀ ਨਜ਼ਰੀ ਆਈਆ । ਮੇਰੇ ਅੰਦਰ ਮਾਲਕ ਬੇਨਜ਼ੀਰ, ਨਜ਼ਰਾਂ ਤੋਂ ਉਹਲੇ ਬੈਠਾ ਡੇਰਾ ਲਾਈਆ । ਜੋ ਅੰਮ੍ਰਿਤ ਬਖ਼ਸ਼ੇ ੨੪
ਠੰਢਾ ਸੀਰ, ਬਿਨ ਰਸਨਾ ਰਸ ਚਖਾਈਆ । ਜਨਮ ਜਨਮ ਦੀ ਬਦਲ ਤਕ਼ਦੀਰ, ਤਦਬੀਰ ਆਪਣੀ ਨਾਲ ਬਦਲਾਈਆ । ਮੇਰਾ ਰੂਪ ਨਹੀਂ ਸ਼ਾਹ ਹਕੀਰ, ਜਗਤ ਸ਼ਰਅ ਨਾ ਵੰਡ ਵੰਡਾਈਆ । ਮੇਰਾ ਸਾਥੀ ਇਕ ਕਬੀਰ, ਜੋ ਸਹਿਜ ਨਾਲ ਗਿਆ ਦ੍ਰਿੜਾਈਆ । ਜਿਸ ਦੇ ਪਾਟੇ ਦਿਸੇ ਚੀਰ, ਜਗਤ ਰੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਜਨ ਭਗਤ ਕਹੇ ਮੇਰਾ ਲਹਿਣਾ ਦੇਣਾ ਨਾਲ ਲਖਮਣ, ਲਛਮਣ ਧਾਰ ਦਏ ਗਵਾਹੀਆ । ਮੇਰਾ ਤਨ ਵਜੂਦ ਕਦੇ ਨਾ ਹੋਇਆ ਸੱਖਣ, ਸਤਿ ਸਚ ਵਸਤ ਵਿਚ ਨਜ਼ਰੀ ਆਈਆ । ਮੇਰਾ ਸਾਹਿਬ ਮੇਰੀ ਜੁਗ ਜੁਗ ਪੈਜ ਆਵੇ ਰਖਣ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਚ ਘਾਟ ਵਖਾਏ ਪਤਣ, ਤੱਟਾਂ ਆਪਣਾ ਰੰਗ ਰੰਗਾਈਆ । ਸਚ ਪਿਆਰ ਦਾ ਬਖ਼ਸ਼ ਕੇ ਯਤਨ, ਯਥਾਰਥ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਈਆ । ਜਨ ਭਗਤ ਕਹੇ ਮੇਰੀ ਪੂਰਬ ਧਾਰ ਦਾਸੀ, ਦਸਰਥ ਦਹਿ ਮਿਲੀ ਵਡਿਆਈਆ । ਮੈਨੂੰ ਲਕਸ਼ਮਣ ਸਦਾ ਪ੍ਰੇਮ ਨਾਲ ਕਹਿੰਦਾ ਸੀ ਮਾਸੀ, ਮਸੇਰ ਰਿਸ਼ਤਾ ਨਾ ਕੋਇ ਜਣਾਈਆ । ਦਿਵਸ ਰੈਣ ਕਰਦਾ ਰਹਿੰਦਾ ਹਾਸੀ, ਹਸ ਹਸ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਵਖਾਈਆ । ਜਨ ਭਗਤ ਕਹੇ ਮੈਂ ਦਾਸੀ ਸੰਗ ਕੁਸ਼ਲਿਆ, ਸੁਮਿਤ੍ਰਾ ਦਿਤੀ ਵਡਿਆਈਆ । ਲਕਸ਼ਮਣ ਇਕ ਦਿਨ ਮੇਰੀ

ਗੋਦ ਸਿੰਘਾਸਣ ਮੱਲਿਆ, ਬਹਿ ਕੇ ਖ਼ੁਸ਼ੀ ਬਣਾਈਆ । ਫੇਰ ਆਪਣਾ ਪਾਸਾ ਥੱਲਿਆ, ਕਰਵਟ ਵਿਚ ਲਈ ਅੰਗੜਾਈਆ । ਮੈਨੂੰ ਪਿਆਰ ਨਾਲ ਸੰਦੇਸ਼ਾ ਦਿਤਾ ਇਕੱਲਿਆਂ, ਸਹਿਜ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਦਾਸੀ ਕਹੇ ਮੇਰਾ ਨਾਮ ਹੁੰਦਾ ਸੀ ਲੱਛੀ, ਲਛਮਣ ਖ਼ੁਸ਼ੀਆਂ ਢੋਲੇ ਗਾਈਆ । ਇਕ ਦਿਨ ਗੱਲ ਦੱਸੀ ਅੱਛੀ, ਸਹਿਜ ਨਾਲ ਸਮਝਾਈਆ । ਮੈਂ ਚਾਓ ਘਨੇਰੇ ਵਿਚ ਨੱਸੀ, ਭੱਜੀ ਵਾਹੋ ਦਾਹੀਆ । ਝਟ ਮੈਨੂੰ ਪੈ ਗਈ ਗਸ਼ੀ, ਸੁਰਤ ਰਹੀ ਨਾ ਰਾਈਆ । ਮੇਰੇ ਅੰਦਰ ਆਵਾਜ਼ ਆਈ ਮੈਂ ਬਿਨਾ ਸਰਵਨਾਂ ਭਖੀ, ਸਮਝ ਸਮਝ ਵਿਚੋਂ ਬਦਲਾਈਆ । ਇਕ ਖ਼ਬਰ ਅਗੰਮੀ ਯਾਦ ਰਖੀਂ, ਤੈਨੂੰ ਦਿਆਂ ਦ੍ਰਿੜਾਈਆ । ਹੁਣ ਜਗਤ ਜਹਾਨ ਚੋਂ ਮੀਟ ਜਾਣਾ ਅੱਖੀਂ, ਤਨ ਰਹਿਣ ਕੋਇ ਨਾ ਪਾਈਆ । ਫੇਰ ਦਰਦ ਹੋਈ ਡਾਹਡੀ ਵਖੀ, ਤਨ ਵਜੂਦ ਗਈ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਲਛੀ ਕਹੇ ਮੇਰਾ ਸਵਾਸ ਹੋਇਆ ਪੂਰਾ, ਜਗਤ ਸੰਗ ਰਿਹਾ ਨਾ ਰਾਈਆ । ਮੈਨੂੰ ਸੁਣੀ ਅਗੰਮੀ ਤੂਰਾ, ਆਵਾਜ਼ ਦਿਤੀ ਸੁਣਾਈਆ । ਨਿਗਾਹ ਮਾਰ ਲੈ ਕੀ ਹੁਕਮ ਦੇਵੇ ਨੂਰ ਨੁਰਾਨਾ ਨੂਰਾ, ਜੋਤੀ ਜਾਤਾ ਕੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸ਼ਬਦ ਸੁਣਾਇਆ ਯਾਦ ਇਕੋ ਗੱਲ ਰਖਣੀ, ਸੰਦੇਸ਼ਾ ਧੁਰਦਰਗਾਹੀਆ । ਤੇਰਾ ਲਹਿਣਾ ਮੁਕਿਆ ਜਗਤ ਜਹਾਨ ਉੱਤਰ ਪੂਰਬ ਪੱਛਮ ਦੱਖਣੀ, ਪਾਂਧੀ ਪੰਧ ਰਿਹਾ ਨਾ ਰਾਈਆ । ਕਲਜੁਗ ਅੰਤ ਖੱਟੀ ਸਾਚੀ ਖਟਣੀ, ਖਟਕਾ ਜਗਤ ਰਹੇ ਨਾ ਰਾਈਆ । ਜਿਸ ਵੇਲੇ ਸਦੀ ਚੌਧਵੀਂ ਟਪਣੀ, ਤੇਰਾ ਲੇਖਾ ਵੇਖੇ ਧੁਰ ਦਾ ਮਾਹੀਆ । ਤੂੰ ਜੱਟ ਦੀ ਧਾਰ ਹੋਣਾ ਜੱਟਣੀ, ਸੇਵਕ ਸੇਵਾ ਲੇਖੇ ਪਾਈਆ । ਤੂੰ ਇਕੋ ਪੜ੍ਹਨੀ ਪਟਣੀ, ਜੋ ਪਟਨੇ ਵਾਲਾ ਦਏ ਸਮਝਾਈਆ । ਇਕੋ ਤੁਕ ਜਪਣੀ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਨਾ ਆਈਆ । ਫਿਰ ਤੇਰੀ ਸਾਹਿਬ ਪਤ ਰਖਣੀ, ਹੋਏ ਆਪ ਸਹਾਈਆ । ਲੱਖ ਚੁਰਾਸੀ ਮੰਜ਼ਲ ਟਪਣੀ, ਜਨਮ ਮਰਨ ਦਾ ਡੇਰਾ ਢਾਹੀਆ । ਤੇਰਾ ਰੂਪ ਹੋਵੇ ਅਮੋਲਕ ਹੀਰਾ ਰਤਨੀ, ਕਰਤਾ ਕ਼ੀਮਤ ਆਪੇ ਪਾਈਆ । ਸਚ ਦੁਆਰ ਏਕੰਕਾਰ ਜੋੜੇ ਨਤਨੀ, ਸਚਖੰਡ ਦੁਆਰ ਸੁਹਾਈਆ । ਖ਼ੁਸ਼ੀਆਂ ਨਾਲ ਪਹੁੰਚਣਾ ਆਪਣੇ ਵਤਨੀ, ਬੇਵਤਨਾਂ ਪੰਧ ਮੁਕਾਈਆ । ਲੱਛੀ ਤੇਰਾ ਕਲਜੁਗ ਅੰਤਮ ਨਾਮ ਹੋਣਾ ਲਛਮੀ, ਲਛਮਣ ਦੀ ਆਸਾ ਤੇਰੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਜਾਪ ਜਪਿਆ ਰਸਨੀ, ਰਸਤਾ ਦੀਨ ਦੁਨੀ ਗਏ ਬਦਲਾਈਆ ।

### ੨੭ ਜੇਠ ਸ਼ਹਿਨਸ਼ਾਹੀ ਸੰਮਤ ੧੧ ਹਰਬੰਸ ਕੌਰ ਦੇ ਗ੍ਰਹਿ ਪਿੰਡ ਸੀੜ ਜ਼ਿਲਾ ਜੰਮੂ

ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰੋ ਮੈਂ ਨਿਰਗੁਣ ਧਾਰ ਰਿਹਾ ਸੋਚਦਾ, ਜਗਤ ਅਕਲ ਨਾ ਸਾਥ ਰਖਾਈਆ । ਮਨਸਾ ਅੰਦਰ ਮਨਸਾ ਰਿਹਾ ਲੋਚਦਾ, ਬਿਨ ਲੋਚਨ ਨੈਣ ਅੱਖ ਉਠਾਈਆ । ਨਗਾਰਾ ਸੁਣਦਾ ਰਿਹਾ ਅਗੰਮੇ ਸਲੋਕ ਦਾ, ਜੋ ਅਣਸੁਣਤ ਰਿਹਾ ਸੁਣਾਈਆ । ਕੀ ਲੇਖਾ ਹੋਣਾ

ਮਾਤਲੋਕ ਦਾ, ਧਰਨੀ ਧਰਤ ਧਵਲ ਧੌਲ ਖੋਜ ਖੁਜਾਈਆ । ਕੀ ਵੇਸ ਧਰਿਆ ਨਿਰਗੁਣ ਧਾਰ ਜੋਤ ਦਾ, ਜੋਤੀ ਜਾਤਾ ਕੀ ਆਪਣਾ ਭੇਵ ਖੁਲ੍ਹਾਈਆ । ਜਿਸ ਝਗੜਾ ਮੁਕਾਉਣਾ ਵਰਨ ਗੋਤ ਦਾ, ਗੌਤਮ ਦੀ ਆਸਾ ਨਾਲ ਮਿਲਾਈਆ । ਮੇਰਾ ਹਿੱਸਾ ਠੀਕ ਹੋਵੇ ਪ੍ਰੋਹਿਤ ਦਾ, ਬ੍ਰਾਹਮਣ ਹੋ ਕੇ ਦਿਆਂ ਸਮਝਾਈਆ । ਮਾਣ ਟੁਟਣਾ ਗੜ੍ਹ ਹੰਕਾਰੀ ਕੋਟ ਦਾ, ਦਰ ਨਜ਼ਰ ਕੋਇ ਨਾ ਆਈਆ । ਨਗਾਰਾ ਵਜਣਾ ਇਕੋ ਸ਼ਬਦ ਅਗੰਮੀ ਚੋਟ ਦਾ, ਚੋਟੀ ਚੜ੍ਹ ਕੇ ਦਏ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰੂ ਮੈਂ ਤਕਦਾ ਰਿਹਾ ਬਿਨ ਨੇਤਰ ਲੋਚਨ ਨੈਣਾਂ, ਬਿਨ ਅੱਖਾਂ ਅੱਖ ਖੁਲ੍ਹਾਈਆ । ਮੈਨੂੰ ਜਗਤ ਜਹਾਨ ਦਿਸਿਆ ਤ੍ਰਫੈਣਾਂ, ਸਗਲਾ ਸੰਗ ਨਾ ਕੋਇ ਨਿਭਾਈਆ । ਤੁਹਾਡਾ ਮੰਨੇ ਕੋਈ ਨਾ ਕਹਿਣਾ, ਦੀਨ ਮਜ਼੍ਹਬ ਗਏ ਭੁਲਾਈਆ । ਕੀ ਅਗਲਾ ਹੁਕਮ ਵਰਤੇ ਨਰ ਨਰਾਇਣਾ, ਨਰ ਹਰਿ ਆਪਣੀ ਦਇਆ ਕਮਾਈਆ । ਜਿਨ੍ਹਾਂ ਕਲਜੁਗ ਕੂੜੀ ਕਿਰਿਆ ਵਹਿਣ ਵਹਿਣਾ, ਜਗਤ ਧਾਰ ਨਜ਼ਰ ਕੋਇ ਨਾ ਆਈਆ । ਬਾਲਮੀਕ ਦਾ ਲੇਖਾ ਪੂਰਾ ਕਰਨਾ ਵਿਚ ਰਮਾਇਣਾ, ਰਾਮ ਦੇ ਰਾਮ ਆਪਣਾ ਹੁਕਮ ਵਰਤਾਈਆ । ਜਿਸ ਦੀਨ ਦਿਆਲ ਹੋ ਕੇ ਸਭ ਦਾ ਦੇਣ ਦੇਣਾ, ਦੇਵਣਹਾਰ ਇਕ ਅਖਵਾਈਆ । ਉਸ ਦਾ ਭਾਣਾ ਅੰਤਮ ਸਭ ਨੇ ਸਹਿਣਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦੁਆਰ ਏਕੰਕਾਰ ਇਕੋ ਬਹਿਣਾ, ਦੂਸਰ ਗ੍ਰਿਹ ਨਜ਼ਰ ਕੋਇ ਨਾ ਆਈਆ ।

੫੭੧ ੨੪

## ✪ ੨੭ ਜੇਠ ਸ਼ਹਿਨਸ਼ਾਹੀ ਸੰਮਤ ੧੧ ਲਛਮੀ ਦੇਵੀ ਦੇ ਗ੍ਰਿਹ ਪਿੰਡ ਸੀੜ ਜ਼ਿਲਾ ਜੰਮੂ ✪

ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰੂ ਮੇਰੀ ਵਿਦਿਆ ਤਕੋ ਪੁਰਾਣੀ, ਪੂਰਬ ਲੇਖੇ ਰਹੀ ਜਣਾਈਆ । ਜੋ ਸੰਦੇਸ਼ਾ ਦੇ ਕੇ ਆਏ ਜ਼ਬਾਨੀ, ਰਸਨਾ ਜਿਹਵਾ ਢੋਲੇ ਗਾਈਆ । ਪਰਮ ਪੁਰਖ ਪਰਮਾਤਮ ਖੇਲ ਖੇਲੇ ਨੌਜਵਾਨੀ, ਯੋਧਾ ਸੂਰ ਇਕ ਅਖਵਾਈਆ । ਪੈਗ਼ੰਬਰੋ ਜਿਸ ਨੂੰ ਮੰਨਿਆ ਬਾਪ ਅਸਮਾਨੀ, ਇਸਮ ਆਜ਼ਮ ਇਕ ਅਖਵਾਈਆ । ਗੁਰੂਓ ਜਿਸ ਦੀ ਸਤਿਗੁਰ ਸ਼ਬਦ ਨਿਸ਼ਾਨੀ, ਦੋ ਜਹਾਨਾਂ ਰੰਗ ਰੰਗਾਈਆ । ਉਸ ਦੀ ਸਾਰੇ ਵੇਖੋ ਮਿਹਰਵਾਨੀ, ਮਿਹਰਵਾਨ ਕੀ ਆਪਣਾ ਹੁਕਮ ਵਰਤਾਈਆ । ਜੋ ਭਗਤਾਂ ਮੰਜ਼ਲ ਕਰੇ ਆਸਾਨੀ, ਬਿਨ ਪਾਂਧੀਆਂ ਪੰਧ ਮੁਕਾਈਆ । ਚਰਨ ਪ੍ਰੀਤੀ ਮੰਜ਼ਲ ਦੇਵੇ ਰੁਹਾਨੀ, ਰੂਹ ਬੁਤ ਕਰੇ ਸਫ਼ਾਈਆ । ਆਤਮ ਪਰਮਾਤਮ ਕਲਮਾ ਦਏ ਕਲਾਮੀ, ਕਾਇਨਾਤ ਦਏ ਸਮਝਾਈਆ । ਜਿਸ ਨੂੰ ਸਭ ਨੇ ਕਿਹਾ ਮਾਲਕ ਕੁਲ ਅਸਮਾਨੀ, ਨੂਰ ਨੁਰਾਨਾ ਨੂਰ ਅਲਾਹੀਆ । ਉਹ ਸਭ ਦੀ ਅੰਤਮ ਕੱਟੇ ਗ਼ੁਲਾਮੀ, ਸ਼ਰਅ ਜ਼ੰਜੀਰ ਜ਼ੰਜੀਰ ਤੁੜਾਈਆ । ਹਰ ਘਟ ਬਣ ਕੇ ਅੰਤਰਜਾਮੀ, ਵੇਖੇ ਥਾਉਂ ਥਾਈਂਆ । ਸਤਿ ਧਰਮ ਦੀ ਦੇਵੇ ਵਸਤ ਮਹਾਨੀ, ਮਹਿੰਮਾ ਕਥ ਕਥ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਇਕ ਖਿਲਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰੂ ਮੇਰੀ ਵਿਦਿਆ ਬਿਨਾ ਅੱਖਰਾਂ ਤੋਂ ਸਤਿ, ਸਤਿ ਵਣਜਾਰੇ ਦਿਆਂ ਜਣਾਈਆ । ਜਿਸ ਦੇ ਵਿਚ ਇਕੋ ਬ੍ਰਹਮਮਤ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਸ੍ਰਿਸ਼ਟੀ ਦ੍ਰਿਸ਼ਟੀ

ਪ੍ਰਭੂ ਪਿਆਰ ਨਾਲ ਜੋੜੇ ਨਤ, ਰਿਸ਼ਤਾ ਜਗਤ ਨਾ ਕੋਇ ਜਣਾਈਆ । ਸਤਿਗੁਰ ਧਾਰ ਧੁਰ ਦੀ ਦੇਵੇ ਮਤਿ, ਮਨ ਮਤਿ ਦਾ ਡੇਰਾ ਢਾਹੀਆ । ਜਿਸ ਵਿਚ ਇਕੋ ਪੂਜਾ ਇਕੋ ਸਿਮਰਨ ਪ੍ਰਭੂ ਦਾ ਤਪ, ਦੂਸਰ ਤਪਸਿਆ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਸਾਚੀ ਥਾਪਨਾ ਰਿਹਾ ਥਪ, ਮਿਹਰਵਾਨ ਆਪਣਾ ਰੰਗ ਰੰਗਾਈਆ ।

## ੨੭ ਜੇਠ ਸ਼ਹਿਨਸ਼ਾਹੀ ਸੰਮਤ ੧੧ ਦੇਵੀ ਸਿੰਘ ਦੇ ਗ੍ਰਿਹਿ ਪਿੰਡ ਮਘੋਵਾਲੀ ਜ਼ਿਲਾ ਜੰਮੂ

ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰੂ ਵੇਖੋ ਨਿਗਾਹ ਨਾਲ ਗਹਿਰੀ, ਗਹਿਰ ਗੰਭੀਰ ਬੇਨਜ਼ੀਰ ਧਿਆਨ ਲਗਾਈਆ । ਤੁਹਾਡੇ ਸਿੱਖ ਮੁਰੀਦ ਪਰਮ ਪੁਰਖ ਦੇ ਬਣ ਗਏ ਵੈਰੀ, ਮਿਤਰੋ ਨਾਮ ਸੰਗ ਨਾ ਕੋਇ ਰਖਾਈਆ । ਕੋਈ ਪੇਂਡੂ ਤੇ ਕੋਈ ਦਿਸੇ ਸ਼ਹਿਰੀ, ਸ਼ਰਅ ਨੇ ਸਾਰੇ ਕੀਤੇ ਕਸਾਈਆ । ਮਨ ਮਨਸਾ ਸਭ ਦੇ ਅੰਦਰ ਵਰਤੀ ਕਹਿਰੀ, ਨਵ ਸੱਤ ਨਜ਼ਰੀ ਆਈਆ । ਸਭ ਦੀ ਅੰਦਰੋਂ ਵਾਸਨਾ ਹੋ ਗਈ ਜ਼ਹਿਰੀ, ਵਿਸ ਕੂੜ ਰੂਪ ਚੜ੍ਹਾਈਆ । ਦੀਨ ਦੁਨੀ ਸਰਵਨਾ ਨਾਲ ਹੋ ਗਈ ਬਹਿਰੀ, ਧੁਰ ਦਾ ਹੁਕਮ ਸੁਣਨ ਕੋਇ ਨਾ ਪਾਈਆ । ਉਹ ਵੇਖੋ ਨਿਗਾਹ ਮਾਰੋ ਰਾਏ ਧਰਮ ਲਾ ਬੈਠਾ ਕਚਹਿਰੀ, ਚਿਤਰ ਗੁਪਤ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰੂਓ ਕਲਜੁਗ ਵੇਖੋ ਘਟਾ ਕਾਲੀਆਂ, ਕਲ ਕਾਤੀ ਕੀ ਆਪਣਾ ਖੇਲ ਖਿਲਾਈਆ । ਤੁਹਾਡੀਆਂ ਮੰਜ਼ਲਾਂ ਲੰਘ ਗਈਆਂ ਬਾਹਲੀਆਂ, ਅਗੇ ਪੰਧ ਨਜ਼ਰ ਨਾ ਆਈਆ । ਬਿਨ ਹੱਥਾਂ ਮਾਰੋ ਤਾਲੀਆਂ, ਖ਼ਾਲੀ ਹੱਥ ਦਿਉ ਜਣਾਈਆ । ਬੂਟੇ ਸੁਕਦੇ ਜਾਂਦੇ ਤੁਹਾਡੇ ਧਰਮ ਦੇ ਮਾਲੀਆਂ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸ਼ਰਅ ਦੀਆਂ ਧਰਤੀਆਂ ਹੋਣੀਆਂ ਕਾਲੀਆਂ, ਖ਼ਾਲਕ ਰੰਗ ਨਾ ਕੋਇ ਚੜ੍ਹਾਈਆ । ਧਰਮ ਬੀਜ ਬੀਜੇ ਕੋਇ ਨਾ ਹਾਲੀਆਂ, ਸਤਿ ਵਸਤ ਨਾ ਕੋਇ ਟਿਕਾਈਆ । ਧਰਮ ਦੇ ਜ਼ਿਮੀਂਦਾਰੋ ਤੁਹਾਡੀਆਂ ਚੁੱਕੇ ਨਾ ਕੋਇ ਪੰਜਾਲੀਆਂ, ਪੰਜਾਂ ਵੰਡ ਨਾ ਕੋਇ ਵੰਡਾਈਆ । ਕਲਜੁਗ ਕੂੜ ਕੁੜਿਆਰ ਜੀਜੇ ਵੇਖੋ ਜਗਤ ਸਾਲੀਆਂ, ਨੇਤਰ ਨੈਣ ਨੈਣ ਤਕਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਨੂੰ ਕਰਨ ਵਾਲਾ ਦਿਵਾਲੀਆ, ਦਿਵਾਲੇ ਸਭ ਦੇ ਰਿਹਾ ਕਢਾਈਆ । ਯੋਧੇ ਸੂਰਬੀਰ ਬਣ ਕੇ ਆਪਣੀਆਂ ਬੰਨ੍ਹੋ ਰੁਮਾਲੀਆਂ, ਰੂਹ ਬੁਤਾਂ ਸੰਗ ਮਿਲਾਈਆ । ਜਲਵੇ ਨੂਰ ਜਣਾਓ ਜਲਾਲੀਆਂ, ਜ਼ਾਹਰ ਜ਼ਹੂਰ ਕਰੋ ਰੁਸ਼ਨਾਈਆ । ਫਲ ਵੇਖੋ ਆਪਣੀ ਆਪਣੀ ਡਾਲ੍ਹੀਆਂ, ਮਜ਼੍ਹਬ ਦੀਨ ਖੋਜ ਖੁਜਾਈਆ । ਚਿੱਲਹ ਰਿਹਾ ਕਿਸੇ ਨਾ ਚਾਲੀਆ, ਚਾਰ ਕੁੰਟ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰ ਤਕੋ ਦੀਨ ਦੁਨੀ ਦੀ ਕਰਨੀ, ਕਰਤਾ ਪੁਰਖ ਰਿਹਾ ਜਣਾਈਆ । ਸਚ ਦੀ ਮਰੇ ਕੋਈ ਨਾ ਮਰਨੀ, ਮਰ ਜੀਵਤ ਰੂਪ ਨਾ ਕੋਇ ਬਦਲਾਈਆ । ਦੋ ਜਹਾਨਾਂ ਤਰੇ ਕੋਈ ਨਾ ਤਰਨੀ, ਤਾਰਨਹਾਰ ਨਾ ਕੋਇ ਸਹਾਈਆ । ਅੰਤਮ ਫਲ ਕੱਚੇ ਵਾਲੀ ਰਹਿਣੀ ਨਹੀਂ ਜੜ੍ਹਨੀ, ਜੜ੍ਹ ਚੇਤਨ ਧਿਆਨ ਲਗਾਈਆ । ਝਗੜਾ ਮਿਟਣਾ ਵਰਨੀ ਬਰਨੀ, ਪਾਰਬ੍ਰਹਮ

ਪ੍ਰਭ ਆਪ ਮੁਕਾਈਆ । ਸਚ ਦੁਆਰ ਏਕੰਕਾਰ ਲੱਗੇ ਤਕੋ ਕੋਈ ਨਾ ਚਰਨੀ, ਚਰਨੋਦਕ ਜਾਮ ਨਾ ਕੋਇ ਪਿਆਈਆ । ਨੇਤਰ ਖੁਲ੍ਹੇ ਕਿਸੇ ਨਾ ਹਰਨੀ ਫਰਨੀ, ਹਰਿ ਦਰਸ਼ਨ ਪੇਖਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੀ ਖੇਲ ਖਿਲਾਏ ਉਪਰ ਧਰਨੀ, ਧਵਲ ਧੁਰ ਦਾ ਰੰਗ ਰੰਗਾਈਆ ।

### ✪ ੨੭ ਜੇਠ ਸ਼ਹਿਨਸ਼ਾਹੀ ਸੰਮਤ ੧੧ ਭਗਤ ਸਿੰਘ ਦੇ ਗ੍ਰਿਹਿ ਪਿੰਡ ਕੀਰ ਪਿੰਡ ਜ਼ਿਲਾ ਜੰਮੂ ✪

ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰ ਆਪਣੀਆਂ ਆਪਣੀਆਂ ਤਕੋ ਵੰਡਾਂ, ਨਵ ਸੱਤ ਧਿਆਨ ਲਗਾਈਆ । ਦੀਨ ਮਜ਼੍ਹਬ ਦੀਆਂ ਖੋਲ੍ਹੋ ਗੰਢਾਂ, ਬਿਨ ਉਂਗਲਾਂ ਲਉ ਬਦਲਾਈਆ । ਚਾਰੋਂ ਕੁੰਟ ਵੇਖ ਲਓ ਪੈਂਦੀਆਂ ਕਿਸੇ ਨਾ ਠੰਡਾਂ, ਅਗਨੀ ਤਤ ਨਾ ਕੋਇ ਬੁਝਾਈਆ । ਆਤਮ ਸਭ ਦਾ ਹੋ ਗਿਆ ਰੰਡਾ, ਰੰਡੇਪੇ ਵਿਚ ਖ਼ਲਕ ਖ਼ੁਦਾਈਆ । ਕਲਜੁਗ ਨੇੜੇ ਆ ਗਿਆ ਕੰਢਾ, ਕੰਢੀ ਘਾਟ ਸਾਰੇ ਆਸਣ ਲਾਈਆ । ਕੂੜ ਕਿਰਿਆ ਦਾ ਖੜਕਣ ਵਾਲਾ ਖੰਡਾ, ਖੰਡਿਆਂ ਵਾਲਿਓ ਦਿਆਂ ਦ੍ਰਿੜਾਈਆ । ਫਿਰਨੀ ਦਰੋਹੀ ਵਿਚ ਵਰਭੰਡਾਂ, ਭੰਡੀ ਪਵੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਨਾਰਦ ਕਹੇ ਗੁਰ ਅਵਤਾਰ ਪੈਗ਼ੰਬਰ ਕੁਛ

ਪ੭੩ ਆਪਣੀਆਂ ਦੱਸਣ ਦਲੀਲਾਂ, ਖ਼ਾਹਿਸ਼ਾਂ ਜਗਤ ਨਾਲ ਮਿਲਾਈਆ । ਤੁਹਾਡੀਆਂ ਕਿਸ ਦੇ ਅਗੇ ਅਪੀਲਾਂ, ਕਵਣ ਕਰੇ ਸ਼ਨਵਾਈਆ । ਕਵਣ ਧਾਰ ਪ੭੩

੨੪ ਬਣੇ ਵਸੀਲਾ, ਵਸਲ ਦੇਵੇ ਧੁਰ ਦਾ ਮਾਹੀਆ । ਤੁਸੀਂ ਇਕ ਦਾ ਕੁਨਬਾ ਇਕ ਦਾ ਕ਼ਬੀਲਾ, ਕਾਮਲ ਮੁਰਸ਼ਦ ਕਵਣ ਅਖਵਾਈਆ । ਕਵਣ ੨੪

ਆਪਣੇ ਹੁਕਮ ਵਿਚ ਬਦਲਣ ਵਾਲਾ ਤਤੀਲਾ, ਤ੍ਰੈਗੁਣ ਦਾ ਡੇਰਾ ਢਾਹੀਆ । ਉਹ ਮਾਲਕ ਖ਼ਾਲਕ ਛੈਲ ਛਬੀਲਾ, ਸਚਖੰਡ ਨਿਵਾਸੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਗੁਰ ਅਵਤਾਰ ਪੈਗ਼ੰਬਰ ਸਾਰੇ ਕਰੋ ਇਕ ਮਤਾ, ਮਤ ਮਤਾਂਤਰ ਡੇਰਾ ਢਾਹੀਆ । ਨਿਗਾਹ ਮਾਰੋ ਆਪਣੀ ਰਤਾ, ਨੈਣ ਨੈਣ ਵਿਚੋਂ ਬਦਲਾਈਆ । ਤੁਹਾਡੇ ਦੀਨ ਮਜ਼੍ਹਬ ਦੀ ਰਹੀ ਕੋਇ ਨਾ ਸਤਹ, ਸਤਹ ਬਲੰਦੀ ਰੰਗ ਨਾ ਕੋਇ ਰੰਗਾਈਆ । ਕਲਜੁਗ ਜੀਵਾਂ ਅੰਤਸ਼ਕਰਨ ਹੋ ਗਿਆ ਤੱਤਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਆਤਮ ਪਰਮਾਤਮ ਟੁਟਿਆ ਨਾਤਾ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਕਰਾਈਆ । ਚਾਰ ਜੁਗ ਦਾ ਡੂੰਘਾ ਫੋਲ ਕੇ ਵੇਖੋ ਖਾਤਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਨਵ ਸੱਤ ਅੰਧੇਰੀ ਰਾਤਾ, ਨੂਰੀ ਚੰਦ ਨਾ ਕੋਇ ਚਮਕਾਈਆ । ਧਰਨੀ ਰੋਵੇ ਜਗਤ ਦੀ ਮਾਤਾ, ਬਿਨ ਨੈਣਾਂ ਹੰਝੂਆਂ ਹਾਰ ਬਣਾਈਆ । ਕਿਰਪਾ ਕਰ ਦੇ ਕਮਲਾਪਾਤਾ, ਪਤਿਪਰਮੇਸ਼ਵਰ ਤੇਰੀ ਓਟ ਰਖਾਈਆ । ਮੇਰੇ ਉਤੇ ਸਤਿ ਸਚ ਰੂਪ ਦਰਸਾ ਪ੍ਰਭਾਤਾ, ਸੰਧਿਆ ਵੰਡ ਨਾ ਕੋਇ ਵੰਡਾਈਆ । ਤੂੰ ਨੂਰ ਨੁਰਾਨਾ ਜੋਤੀ ਜਾਤਾ, ਲੱਖ ਚੁਰਾਸੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰਨੀ ਪੁਰਖ ਬਿਧਾਤਾ, ਪੁਰਖੋਤਮ ਹੋ ਕੇ ਮਿਹਰਵਾਨ ਮਿਹਰ ਨਜ਼ਰ ਉਠਾਈਆ ।

✪ ੨੭ ਜੇਠ ਸ਼ਹਿਨਸ਼ਾਹੀ ਸੰਮਤ ੧੧ ਪਰਕਾਸ਼ ਚੰਦ ਦੇ ਗ੍ਰਿਹ ਪਿੰਡ ਮਘੋਵਾਲੀ ਜ਼ਿਲਾ ਜੰਮੂ ✪

ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰ ਕਿਸ ਕਾਰਨ ਪ੍ਰਭ ਨੇ ਤੁਹਾਨੂੰ ਜਣਿਆ, ਨਿਰਗੁਣ ਧਾਰ ਬਣੀ ਜਣੇਂਦੀ ਮਾਈਆ । ਕਿਸ ਕਾਰਨ ਤੀਰ ਅਣਿਆਲਾ ਮਾਰਿਆ ਅਣਿਆ, ਅਨਡਿਠੜਾ ਆਪ ਜਣਾਈਆ । ਦੀਨ ਮਜ਼੍ਹਬ ਦਾ ਯੁੱਧ ਵਖਾਇਆ ਰਣਿਆ, ਰਣ ਭੂਮੀ ਰੰਗ ਰੰਗਾਈਆ । ਕੀ ਲੇਖਾ ਅੰਤ ਤੁਹਾਡਾ ਬਣਿਆ, ਭੇਵ ਅਭੇਦ ਦਿਉ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕੀ ਸਚ ਦਾ ਲੇਖ ਦ੍ਰਿੜਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰ ਕਿਸ ਕਾਰਨ ਪ੍ਰਭ ਨੇ ਘਲਿਆ, ਲੋਕਮਾਤ ਦਿਤੀ ਵਡਿਆਈਆ । ਕਵਣ ਸਿੰਘਾਸਣ ਦੀਨ ਦੁਨੀ ਮੱਲਿਆ, ਮਾਲਕ ਹੋ ਕੇ ਸੋਭਾ ਪਾਈਆ । ਕਵਣ ਹੁਕਮ ਸੰਦੇਸ਼ਾ ਨਾਮ ਚਲਿਆ, ਕਲਮਿਆਂ ਰੰਗ ਰੰਗਾਈਆ । ਕੀ ਭਾਗ ਲਗਾਇਆ ਕਾਇਆ ਮਾਟੀ ਖਲਿਆ, ਖ਼ਾਲਕ ਦਿਉ ਸੁਣਾਈਆ । ਕਿਸ ਬਿਧ ਜਗਤ ਜਹਾਨ ਜਾਣਾ ਦਲਿਆ, ਦਲਿਦ੍ਰੀਆਂ ਡੇਰਾ ਢਾਹੀਆ । ਪ੍ਰਭ ਦਾ ਵਹਿਣ ਕਿਸ ਬਿਧ ਹੁਕਮ ਦਾ ਜਾਣਾ ਠੱਲ੍ਹਿਆ, ਅਗੇ ਹੋ ਕਵਣ ਅਟਕਾਈਆ । ਕੀ ਹੁਕਮ ਸੰਦੇਸ਼ਾ ਦੇਵੇ ਨਿਹਚਲ ਧਾਮ ਅਟਲਿਆ, ਧੁਰ ਹੁਕਮ ਆਪ ਵਰਤਾਈਆ । ਤੁਹਾਡਾ ਦੀਨ ਮਜ਼੍ਹਬ ਕਿਸ ਕਰਨੀ ਨਾਲ ਫਲਿਆ, ਪਤ ਟਹਿਣੀ ਦਿਓ ਵਖਾਈਆ । ਵੇਖੋ ਕਲਜੁਗ ਅੰਧੇਰ ਝੱਖੜ ਜਗਤ ਜਹਾਨ ਝੁੱਲਿਆ, ਨਵ ਸੱਤ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਗੁਰ ਅਵਤਾਰ ਪੈਗ਼ੰਬਰ ਕਿਸ ਬਿਧ ਆਏ ਲੋਕਮਾਤੀ, ਮਤਾ ਪ੍ਰਭ ਦੇ ਨਾਲ ਪਕਾਈਆ । ਆਪਣੀ ਜ਼ਿੰਦਗੀ ਵੇਖੋ ਹਯਾਤੀ, ਜੀਵਣ ਜੀਵਣ ਖੋਜ ਖੁਜਾਈਆ । ਕੀ ਖੇਲ ਖਿਲਾਇਆ ਕਮਲਾਪਾਤੀ, ਪਤਿਪਰਮੇਸ਼ਵਰ ਕੀ ਦ੍ਰਿੜਾਈਆ । ਕੀ ਨਾਮ ਕਲਮਾ ਦੱਸਿਆ ਸਫ਼ਾਤੀ, ਸਿਫ਼ਤਾਂ ਵਾਲੀ ਸਿਫ਼ਤ ਸਲਾਹੀਆ । ਕੀ ਸ਼ਰਅ ਚਲਾਈ ਜਮਾਤੀ, ਤਤਾਂ ਵੰਡ ਵੰਡਾਈਆ । ਕੀ ਖੇਲ ਵੇਖਿਆ ਇਕ ਇਕਾਂਤੀ, ਏਕੰਕਾਰਾ ਕੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਅਵਤਾਰ ਪੈਗ਼ੰਬਰ ਗੁਰ ਸਾਰੇ ਨਿਗਾਹ ਮਾਰੋ ਬਾਕਾਇਦਾ, ਨਵ ਨਵ ਧਿਆਨ ਲਗਾਈਆ । ਧਰਮ ਦੀ ਧਾਰ ਰਿਹਾ ਨਾ ਕੋਇ ਅਲਾਇਦਾ, ਵਖਰੀ ਗੰਢ ਨਾ ਕੋਇ ਪੁਆਈਆ । ਜਗਤ ਹੰਕਾਰ ਗੜ੍ਹ ਵੇਖੋ ਮੈਂ ਦਾ, ਮਾਇਆ ਮਮਤਾ ਵਿਚ ਸਮਾਈਆ । ਕੂੜ ਵਿਕਾਰ ਵਹਿਣ ਵੇਖੋ ਨੈਂ ਦਾ, ਸ਼ੌਹ ਦਰਿਆ ਰੂਪ ਬਦਲਾਈਆ । ਦੀਨ ਦੁਨੀ ਝਗੜਾ ਵੇਖੋ ਖੈਹ ਦਾ, ਖੈਰਖ੍ਵਾਹ ਨਜ਼ਰ ਕੋਇ ਨਾ ਆਈਆ । ਅਵਤਾਰ ਪੈਗ਼ੰਬਰ ਗੁਰੂ ਨਿਗਾਹ ਮਾਰੋ ਧਰਨੀ ਉਤੇ ਹੁਕਮ ਨਹੀਂ ਕਿਸੇ ਨੂੰ ਬੈਅ ਦਾ, ਆਦਿ ਜੁਗਾਦਿ ਜੁਗ ਚੌਕੜੀ ਮਾਲਕ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲਾ ਦੀਨ ਦਿਆਲਾ ਜ਼ੁਮੇਵਾਰ ਨਿਰਗੁਣ ਸ਼ੈਅ ਦਾ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਜਿਸ ਦਾ ਲਹਿਣਾ ਦੇਣਾ ਸੰਬਲ ਸਾਢੇ ਤਿੰਨ ਹੱਥ ਗ੍ਰਿਹ ਦਾ, ਘਰ ਆਪਣਾ ਇਕ ਸੁਹਾਈਆ । ਜਿਸ ਦਾ ਨਾਮ ਜੈਕਾਰਾ ਦੋ ਜਹਾਨਾਂ ਹੋਣਾ ਜੈ ਦਾ, ਜੈ ਜੈਕਾਰ ਕਰੇ ਲੋਕਾਈਆ । ਜਿਸ ਝਗੜਾ ਮੇਟਣਾ ਦੀਨ ਦੁਨੀ ਦੁਵੈ ਦਾ, ਦੂਤੀ ਰਹਿਣ ਕੋਇ ਨਾ ਪਾਈਆ । ਜਿਸ ਦਾ ਖੇਲ ਹੋਣਾ ਆਦਿ ਜੁਗਾਦੀ ਹੈ ਦਾ, ਹੈਭੀ ਹੋਸੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ

੫੭੪ ੨੪

ਜਾਣੇ ਜਗਤ ਜਹਾਨ ਧਰਨੀ ਧਰਤ ਧਵਲ ਥੈਂ ਕਾ, ਬਨੰਤਰਾਂ ਪੜਦਾ ਆਪ ਉਠਾਈਆ ।

## ✪੨੭ ਜੇਠ ਸ਼ਹਿਨਸ਼ਾਹੀ ਸੰਮਤ ੧੧ ਮਾਇਆ ਦੇਵੀ ਦੇ ਗ੍ਰਿਹਿ ਪਿੰਡ ਮਘੋਵਾਲੀ ਜ਼ਿਲਾ ਜੰਮੂ ✪

ਨਾਰਦ ਕਹੇ ਜਨ ਭਗਤੋ ਆਪਣੇ ਅੰਦਰੋਂ ਕੱਢੋ ਖ਼ੁਦੀ, ਖ਼ੁਦ ਮਾਲਕ ਧਿਆਨ ਲਗਾਈਆ । ਆਪਣੀ ਪਵਿਤਰ ਕਰੋ ਬੁੱਧੀ, ਬੁੱਧ ਦਾ ਲਹਿਣਾ ਨਾਲ ਮਿਲਾਈਆ । ਜਗਤ ਵਿਕਾਰ ਛਡੋ ਯੁੱਧੀ, ਯੁਧਿਸ਼ਟਰ ਕਹਿ ਕਹਿ ਰਿਹਾ ਸੁਣਾਈਆ । ਪ੍ਰਭੂ ਦੀ ਰਮਝ ਸਮਝ ਲਓ ਗੁਝੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਆਪਣੀ ਦੀਪਕ ਜਗਾਉ ਬੁਝੀ, ਜੋਤ ਜੋਤ ਜੋਤ ਰੁਸ਼ਨਾਈਆ । ਆਪਣੀ ਆਸ਼ਾ ਕਰੋ ਉਘੀ, ਉਘਣ ਆਥਣ ਵਜੇ ਵਧਾਈਆ । ਵੇਖੋ ਕੀ ਪੁਕਾਰ ਕਰੇ ਬਸੁਧੀ, ਧਰਤੀ ਰਹੀ ਸੁਣਾਈਆ । ਮੇਰੇ ਉਤੇ ਖੇਲ ਹੁੰਦਾ ਪ੍ਰਭੂ ਜੁਗ ਜੁਗੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੂਰਬ ਨਾਲ ਮਿਲਾਈਆ । ਮੈਂ ਜੀਵ ਜਹਾਨਾਂ ਨਾਲ ਰਹਿੰਦੀ ਰੁਝੀ, ਰੁਝੇਵਾਂ ਜਗਤ ਜੁਗਤ ਜਣਾਈਆ । ਪ੍ਰੇਮੀਉ ਮੇਰੇ ਪਿਆਰ ਦੀ ਉਜੜਨ ਨਾ ਦਿਉ ਝੁੱਗੀ, ਮਹਲ ਅਟਲ ਦੇਣਾ ਬਣਾਈਆ । ਮੈਂ ਭੱਜੀ ਨੱਠੀ ਚਾਰੋਂ ਕੁੰਟ ਉਛਲੀ ਕੁੱਦੀ, ਟੱਪੀ ਚਾਈਂ ਚਾਈਂਆ । ਮੈਂ ਕੋਟਨ ਕੋਟ ਬਰਸ ਦੀ ਪ੍ਰਭੂ ਪਿਆਰ ਵਿਚ ਹੋਈ ਨਾ ਬੁੱਢੀ, ਬੁਢੇਪਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਜਨ ਭਗਤੋ ਆਪਣਾ ਜਨਮ ਵੇਖੋ ਅਲੜ੍ਹ ਮਲੂਕ, ਮਲਕਲ ਮੌਤ ਤੋਂ ਲੈਣਾ ਬਚਾਈਆ । ਸਤਿਗੁਰ ਸ਼ਬਦ ਨਾਲ ਰਖੋ ਸਲੂਕ, ਸੋਹਲਾ ਗਾਉਣਾ ਚਾਈਂ ਚਾਈਂਆ । ਮੈਂ ਉਚੀ ਪੁਕਾਰਾਂ ਕੂਕ, ਜਗਤ ਜਹਾਨ ਰਿਹਾ ਸੁਣਾਈਆ । ਕਲਜੁਗ ਅੰਤਮ ਕੂੜੀ ਕਿਰਿਆ ਸਭ ਨੂੰ ਰਹੀ ਫੂਕ, ਫੁੰਕਾਰਾ ਮਾਇਆ ਮਮਤਾ ਮੋਹ ਲਗਾਈਆ । ਤਨ ਵਜੂਦ ਮਾਟੀ ਖ਼ਾਕ ਖ਼ਾਲੀ ਹੋਵੇ ਭੂਕ, ਸਤਿ ਨਜ਼ਰ ਕੋਇ ਨਾ ਆਈਆ । ਜਿਧਰ ਤਕਾਂ ਉਧਰ ਦਿਸੇ ਛਾਤ ਛੂਤ, ਛਤਰਧਾਰੀ ਰੂਪ ਨਾ ਕੋਇ ਦਰਸਾਈਆ । ਝਗੜਾ ਪਿਆ ਪੰਜ ਭੂਤ, ਪੰਚਮ ਮੇਲ ਨਾ ਕੋਇ ਮਿਲਾਈਆ । ਜਿਧਰ ਵੇਖਾਂ ਜੂਠ ਝੂਠ, ਕੂੜੀ ਕਿਰਿਆ ਨਾਲ ਹਲਕਾਈਆ । ਧਰਮ ਰਿਹਾ ਕਿਸੇ ਨਾ ਕੂਟ, ਕਾਇਆ ਕੁਟੀਆ ਖ਼ਾਲੀ ਨਜ਼ਰੀ ਆਈਆ । ਕਲਜੁਗ ਵੇਖ ਅਵੱਲਾ ਤਨ ਵਜੂਦਾਂ ਸੂਟ ਬੂਟ, ਬੂਟਾ ਧਰਮ ਨਾ ਕੋਇ ਲਗਾਈਆ । ਪਰਮ ਪੁਰਖ ਦੇ ਬਣੋ ਸਚ ਸਪੂਤ, ਪਿਤਾ ਪੂਤ ਲਏ ਗਲ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਰ ਦਏ ਵਡਿਆਈਆ । ਨਾਰਦ ਕਹੇ ਜਨ ਭਗਤੋ ਅੰਤਸ਼ਕਰਨ ਹੋਏ ਨਾ ਕਿਸੇ ਗੁਮਰਾਹ, ਹੰਕਾਰ ਵਿਚ ਕੋਇ ਨਾ ਆਈਆ । ਧੁਰ ਦਾ ਨਾਮ ਨਿਕਲੇ ਤੁਹਾਡੇ ਸਵਾਸ ਸਾਹ, ਸਾਹ ਸਾਹ ਵਿਚ ਸਮਾਈਆ । ਸਤਿਗੁਰ ਸ਼ਬਦ ਬਣਾਉਣਾ ਇਕ ਮਲਾਹ, ਬੇੜਾ ਦੋ ਜਹਾਨਾਂ ਪਾਰ ਕਰਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਲੈਣਾ ਗਾ, ਗਾਵਤ ਗਾਵਤ ਖ਼ੁਸ਼ੀ ਰਖਾਈਆ । ਪੰਧ ਮੁਕਾਉਂਣਾ ਥਲ ਅਸਗਾਹ, ਮਹੀਅਲ ਰਹਿਣ ਕੋਇ ਨਾ ਪਾਈਆ । ਪ੍ਰਭ ਮਿਲਣ ਦਾ ਸਭ ਨੇ ਰਖਣਾ ਚਾਅ, ਚਾਉ ਘਨੇਰਾ ਇਕ ਜਣਾਈਆ । ਗ੍ਰਿਹਿ ਮੰਦਰ ਸੁਹੰਜਣਾ ਹੋਵੇ ਥਾਂ, ਸਾਢੇ ਤਿੰਨ ਹੱਥ ਵਜੇ ਵਧਾਈਆ । ਘਰ ਸੁਆਮੀ ਮਿਲੇ ਆ, ਆਪ ਆਪਣਾ ਪੰਧ ਮੁਕਾਈਆ । ਦੀਨ ਦਿਆਲਾ ਦਰਸ ਦੇਵੇ ਦਿਖਾ, ਦੇਖਤ ਪੇਖਤ ਆਪਣਾ ਰੰਗ ਰੰਗਾਈਆ । ਸਾਚਾ ਮੰਦਰ ਦੇਵੇ ਸੁਹਾ,

ਸੋਭਾਵੰਤ ਡੇਰਾ ਲਾਈਆ । ਜੀਵਣ ਜੀਵਣ ਵਿਚੋਂ ਦਏ ਬਦਲਾ, ਬਦਲਾ ਰਹੇ ਨਾ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸੁਹੇਲਾ ਹੋ ਕੇ ਪਕੜੇ ਬਾਂਹ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ ।

✪ ੨੭ ਜੇਠ ਸ਼ਹਿਨਸ਼ਾਹੀ ਸੰਮਤ ੧੧ ਦੌਲਤ ਰਾਮ ਦੇ ਗ੍ਰਹਿ ਪਿੰਡ ਕੋਟਲੀ ਜ਼ਿਲਾ ਜੰਮੂ ✪

ਨਾਰਦ ਕਹੇ ਧਰਨੀਏ ਤੂੰ ਵੀ ਦੱਸ ਦੇ ਆਪਣਾ ਰੋਣਾ, ਦੁਖੀਏ ਆਪਣਾ ਦਰਦ ਜਣਾਈਆ । ਕੋਝੀਏ ਕਮਲੀਏ ਤੇਰੇ ਉਤੇ ਖੇਲ ਹੋਣਾ ਅਣਹੋਣਾ, ਜਿਸ ਦੀ ਸਮਝ ਕੋਇ ਨਾ ਪਾਈਆ । ਸੁਖ ਦੀ ਨੀਂਦ ਸਚ ਵਿਚ ਕਿਸੇ ਨਾ ਸੌਣਾ, ਸੁਰਤੀ ਸਤਿਗੁਰ ਵਿਚ ਨਾ ਕੋਇ ਟਿਕਾਈਆ । ਕਲਜੁਗ ਅੰਤ ਤੇਰਾ ਵਿਛੜਨ ਵਾਲਾ ਪਰਾਹੁਣਾ, ਮੇਲਾ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲੇ ਦੀਨ ਦਿਆਲੇ ਕੂੜ ਕੁੜਿਆਰ ਤੇਰੇ ਉਤੇ ਕੋਹਣਾ, ਹਲਾਲੀ ਝਟਕਾ ਵੰਡ ਨਾ ਕੋਇ ਵੰਡਾਈਆ । ਧੰਨ ਦੌਲਤ ਗ਼ਰੀਬਾਂ ਅਮੀਰਾਂ ਕੋਲੋਂ ਖੋਹਣਾ, ਖੋਹ ਖੋਹ ਦੀ ਖੇਲ ਦਏ ਵਖਾਈਆ । ਜੋ ਆਸ਼ਾ ਰਖ ਕੇ ਗਿਆ ਆਚਾਰਜ ਦਰੋਣਾ, ਗੁਰਦੇਵ ਪਾਂਡਵ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਖੇਲ ਖਿਲਾਈਆ । ਨਾਰਦ ਕਹੇ ਧਰਨੀਏ ਆਪਣੀ ਦੱਸ ਬੇਹਾਲੀ, ਬਹਿਬਲ ਹੋ ਕੇ ਦੇ ਜਣਾਈਆ । ਤੇਰੀ ਧਾਰ ਪ੍ਰੇਮ ਹੋਈ ਕਾਲੀ, ਕਾਲਾ ਦਾਗ਼ ਨਾ ਕੋਇ ਮਿਟਾਈਆ । ਸਚ ਧਰਮ ਦੀ ਗੋਦੀ ਹੋਈ ਖ਼ਾਲੀ, ਨਾਮ ਸਤਿ ਨਾ ਕੋਇ ਭਰਾਈਆ । ਜਗਤ ਵਿਕਾਰਾ ਕੂੜ ਵਧਿਆ ਜਾਹਲੀ, ਜੂਠ ਝੂਠ ਵਜੀ ਵਧਾਈਆ । ਕਲਜੁਗ ਔਧ ਭੋਗ ਲਈ ਬਾਹਲੀ, ਅਗੇ ਅਵਰ ਨਾ ਕੋਇ ਰਖਾਈਆ । ਪੁਰਖ ਅਕਾਲਾ ਦੀਨ ਦਿਆਲਾ ਕਰੇ ਕਮਾਲੀ, ਕਮਲਾਪਤ ਹੁਕਮ ਵਰਤਾਈਆ । ਸਤਿਗੁਰ ਸ਼ਬਦ ਵਿਚੋਲਾ ਬਣੇ ਦਲਾਲੀ, ਸੌਦਾ ਹਕ ਹਕ ਜਣਾਈਆ । ਤੇਰੇ ਉਤੇ ਫਲ ਵੇਖੇ ਲੱਖ ਚੁਰਾਸੀ ਡਾਲ੍ਹੀ, ਪਤ ਟਾਹਣੀ ਫੋਲ ਫੁਲਾਈਆ । ਤੂੰ ਉਸ ਅਗੇ ਹੋਣਾ ਸਵਾਲੀ, ਜੋ ਆਇਆ ਧੁਰ ਦਾ ਮਾਹੀਆ । ਆਪਣੇ ਗ੍ਰਹਿ ਲੈਣਾ ਭਾਲੀ, ਬਾਹਰ ਖੋਜਣ ਦੀ ਲੋੜ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਧਰਨੀਏ ਆਪਣੇ ਰੋ ਕੇ ਦੱਸ ਦੁਖੜੇ, ਕੂਕ ਕੂਕ ਸੁਣਾਈਆ । ਮਾਨਸ ਜਗਤ ਜਹਾਨ ਵੇਖ ਲੈ ਭੁਖੜੇ, ਧੀਰਜ ਧੀਰ ਨਾ ਕੋਇ ਰਖਾਈਆ । ਸਤਿਗੁਰ ਪਿਆਰ ਨਾਲੋਂ ਰੁਠੜੇ, ਰੁੱਸਿਆਂ ਸਕੇ ਨਾ ਕੋਇ ਮਨਾਈਆ । ਗੇੜ ਮੁਕਣ ਮੂਲ ਨਾ ਪੁਠੜੇ, ਚੁਰਾਸੀ ਪੰਧ ਨਾ ਕੋਇ ਕਟਾਈਆ । ਹਰ ਹਿਰਦੇ ਅੰਦਰ ਦਿਸਣ ਗ਼ੁਸੜੇ, ਗਿਲੇ ਵਿਚ ਖ਼ਲਕ ਖ਼ੁਦਾਈਆ । ਮਾਨਸ ਮਾਨੁਖ ਵੇਖ ਲੈ ਟੁਕੜੇ ਟੁਕੜੇ, ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਗ਼ਰੀਬਾਂ ਭੁਖੇ ਸੁਕ ਗਏ ਰੁਕੜੇ, ਰੁਕਮਣੀ ਦਾ ਲੇਖਾ ਕ੍ਰਿਸ਼ਨ ਨਾਲ ਸਮਝਾਈਆ । ਪ੍ਰਭ ਨੂੰ ਸੀਸ ਮੂਲ ਨਾ ਝੁਕੜੇ, ਧੂੜੀ ਖ਼ਾਕ ਨਾ ਕੋਇ ਰਮਾਈਆ । ਖੁਲ੍ਹੀ ਸਭ ਦੀ ਵੇਖ ਲੈ ਗੁਤੜੇ, ਮੇਂਢੀ ਸੀਸ ਨਾ ਕੋਇ ਗੁੰਦਾਈਆ । ਮੈਨੂੰ ਇਉਂ ਜਾਪਦਾ ਨਵ ਖੰਡ ਤੇਰੇ ਉਜੜੇ, ਸੱਤਾਂ ਦੀਪਾਂ ਨਾ ਕੋਇ ਵਸਾਈਆ । ਕੂਕ ਪੁਕਾਰਨ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੁਢੜੇ, ਬਹੁੜੀ ਬਹੁੜੀ ਕਰ ਸੁਣਾਈਆ । ਜਿਸ

ਪਿਆਰ ਵਿਚ ਧਰਨੀਏ ਤੇਰੇ ਲੰਘ ਗਏ ਜੁਗੜੇ, ਜੁਗ ਚੌਕੜੀ ਅੱਖ ਉਠਾਈਆ । ਉਹ ਆਇਆ ਸੰਬਲ ਵਾਲੀ ਗੁਠੜੇ, ਗੋਬਿੰਦ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਆਮੀ ਖੇਲ ਖਿਲਾਈਆ । ਨਾਰਦ ਕਹੇ ਧਰਨੀਏ ਆਪਣਾ ਦੱਸ ਦੇ ਅਵੱਲਾ ਰੋਗ, ਰੋਗਣੇ ਤੈਨੂੰ ਦਿਆਂ ਜਣਾਈਆ । ਘਰ ਘਰ ਅੰਦਰ ਵੇਖ ਲੈ ਸੋਗ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਕੂੜੀ ਕਿਰਿਆ ਕੀਤਾ ਵਿਜੋਗ, ਵਿਛੋੜੇ ਵਿਚ ਖ਼ਲਕ ਖ਼ੁਦਾਈਆ । ਹਿਰਦਾ ਸਕੇ ਕੋਈ ਨਾ ਸੋਧ, ਪਤਿਤ ਪੁਨੀਤ ਨਾ ਕੋਇ ਬਣਾਈਆ । ਬੁੱਧੀ ਦਾ ਬਣੇ ਕੋਈ ਨਾ ਬੋਧ, ਅਨੁਭਵ ਨਜ਼ਰ ਕਿਸੇ ਨਾ ਆਈਆ । ਆਤਮ ਪਰਮਾਤਮ ਮਿਲੇ ਨਾ ਕੋਈ ਸੰਯੋਗ, ਸਾਚਾ ਸੰਗ ਨਾ ਕੋਇ ਰਖਾਈਆ । ਕੂੜ ਕੁੜਿਆਰਾ ਦਿਸੇ ਭੋਗ, ਭਗਵਨ ਰੰਗ ਨਾ ਕੋਇ ਰੰਗਾਈਆ । ਭਗਵਨ ਉਤੇ ਭਗਤ ਰਖਦੇ ਰੋਬ, ਆਪ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਵਖਾਈਆ । ਨਾਰਦ ਕਹੇ ਧਰਨੀਏ ਆਪਣੀਆਂ ਪੂਰੀਆਂ ਕਰ ਲੈ ਮੰਗਾਂ, ਮੰਗਤੀਏ ਤੈਨੂੰ ਦਿਆਂ ਜਣਾਈਆ । ਵਕ਼ਤ ਸੁਹੰਜਣਾ ਵੇਖ ਲੈ ਚੰਗਾ, ਚਾਰੋਂ ਕੁੰਟ ਵਜੇ ਵਧਾਈਆ । ਪਿਛਲਾ ਸਮਾਂ ਤੇਰੇ ਉਤੇ ਲੰਘਾ, ਅਗੇ ਨਵਾਂ ਰੰਗ ਚੜ੍ਹਾਈਆ । ਜਿਸ ਦੇ ਚਰਨਾਂ ਵਿਚ ਛੋਂਹਦੀ ਗੰਗਾ, ਛੌਹਰ ਬਾਕਾਂ ਨੂਰ ਅਲਾਹੀਆ । ਤੇਰੇ ਸੀਨੇ ਸਿੰਘਾਸਣ ਲਾਇਆ ਪਲੰਘਾ, ਛਾਤੀ ਕਮਲਾਪਾਤੀ ਵੇਖ ਵਖਾਈਆ । ਉਸ ਦਾ ਸੁਣ ਨਾਮ ਮਰਦੰਗਾ, ਮਰਦ ਮਰਦਾਨਾ ਰਿਹਾ ਵਜਾਈਆ । ਜਿਸ ਨੇ ਲੇਖ ਮੁਕਾਉਣਾ ਤਤਾਂ ਪੰਜਾਂ, ਪੰਚਮ ਆਪਣੀ ਗੰਢ ਬੰਧਾਈਆ । ਤੇਰੇ ਅੰਤਸ਼ਕਰਨ ਵੇਖਣਹਾਰਾ ਰੰਜਾ, ਰੰਜਸ਼ ਵੇਖੇ ਖ਼ਲਕ ਖ਼ੁਦਾਈਆ । ਮੈਂ ਸਚ ਆਖਦਾ ਤੈਨੂੰ ਬ੍ਰਾਹਮਣ ਗੰਜਾ, ਨਾਰਦ ਹਸ ਕੇ ਰਿਹਾ ਸੁਣਾਈਆ । ਝਕੋਲਾ ਦੇਵੇ ਪਵਣ ਉਨੰਜਾ, ਪਵਣ ਪਵਣਾਂ ਨਾਲ ਮਿਲਾਈਆ । ਲੇਖਾ ਵੇਖ ਲੈ ਨਿਰਅੱਖਰ ਧਾਰ ਬਵੰਜਾ, ਬਾਵਨ ਤੇਰੀ ਗੰਢ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੈਨੂੰ ਇਕੋ ਸੁਣਾਏ ਛੰਦਾ, ਮੁਸ਼ੰਦਗੀ ਦੀਨ ਦੁਨੀ ਗਵਾਈਆ ।

### ✪ ੨੭ ਜੇਠ ਸ਼ਹਿਨਸ਼ਾਹੀ ਸੰਮਤ ੧੧ ਤੇਜਭਾਨ ਦੇ ਗ੍ਰਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਨਾਰਦ ਕਹੇ ਅਵਤਾਰ ਪੈਗ਼ੰਬਰੋ ਗੁਰੂ ਗੁਰਦੇਵ ਨਿਗਾਹ ਮਾਰੋ ਦੀਪ ਜੰਬੂ, ਜਮਾ ਹੋ ਕੇ ਧਿਆਨ ਲਗਾਈਆ । ਕੀ ਲੇਖਾ ਲਹਿਣਾ ਦੇਣਾ ਹਿੱਸਾ ਸਮਝਾਏ ਸ਼ੰਕਰ ਸ਼ੰਭੂ, ਬਿਨ ਹਿੰਦਸਿਆਂ ਗਣਤ ਗਿਣਾਈਆ । ਕੀ ਫ਼ਰਮਾਨ ਦੇਵੇ ਧੁਰ ਦਾ ਦੀਨਾਂ ਬੰਧੂ, ਪਾਰਬ੍ਰਹਮ ਪਤਿਪਰਮੇਸ਼ਵਰ ਧੁਰਦਰਗਾਹੀਆ । ਕਵਣ ਖੇਲ ਕ਼ੁਦਰਤ ਦੇ ਕ਼ਾਦਰ ਲੱਗੇ ਚੰਗੂ, ਚਾਰ ਜੁਗ ਦਾ ਪੰਧ ਮੁਕਾਈਆ । ਕਿਸ ਦੀ ਧਾਰ ਸਭ ਨੂੰ ਲਾਵੇ ਅੰਗੂ, ਅੰਗੀਕਾਰ ਹੋ ਜਾਈਆ । ਦੀਨ ਦੁਨੀ ਦੀ ਸ਼ਰਅ ਡੋਰੀ ਵੇਖੋ ਪਤੰਗੂ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਧਿਆਨ ਲਗਾਈਆ । ਮੇਰੇ ਮਿਤਰੋ ਨਿਗਾਹ ਮਾਰ ਲਉ ਕਿਸ ਬਿਧ ਲਗਣਾ ਲੰਬੂ, ਲੰਬੀਆਂ ਬਾਹਵਾਂ ਕਰਕੇ ਦਿਆਂ ਸੁਣਾਈਆ । ਉਸ ਵੇਲੇ ਦੋ ਜਹਾਨ ਕੰਬੂ, ਥਰ ਥਰਾਹਟ ਵਿਚ ਲੋਕਾਈਆ । ਮੇਰਾ ਪੁਰਖ ਅਕਾਲਾ ਦੀਨ ਦਿਆਲਾ ਮਜ਼੍ਹਬਾਂ ਦੀ ਧਾਰ ਹੁਕਮ ਅਰੰਭੂ, ਅਰੰਭਾ ਆਪਣਾ ਨਾਚ ਦਏ ਵਖਾਈਆ । ਸਾਰੇ ਇਕੋ ਬਚਨ ਸੁਣਾਵੇ ਜੋਤੀ ਧਾਰ ਛੰਦੂ,

ਸ਼ਬਦੀ ਸ਼ਬਦ ਵਡਿਆਈਆ । ਪਰਵਰਦਿਗਾਰ ਸਾਂਝਾ ਯਾਰ ਕਿਸ ਬਿਧ ਦੋਜ਼ਖ਼ ਬਹਿਸ਼ਤ ਸਵਰਗਾਂ ਧਾਰ ਲੰਘੂ, ਬਿਨ ਕ਼ਦਮਾਂ ਕ਼ਦਮ ਉਠਾਈਆ । ਕੀ ਲਹਿਣਾ ਦੇਣਾ ਮਿਤਰੋ ਤਤ ਪੰਜੂ, ਪੰਚਮ ਭੇਵ ਕਵਣ ਚੁਕਾਈਆ । ਮੁਹੰਮਦਾ ਕਿਹੜੀ ਧਾਰ ਹੋਣਾ ਜੰਗੂ, ਮੂਸਾ ਨਾਲ ਅੱਖ ਮਿਲਾਈਆ । ਈਸਾ ਸੀਸ ਓਢਣ ਹੋਵੇ ਨੰਗੂ, ਹੈਟ ਨਜ਼ਰ ਕੋਇ ਨਾ ਆਈਆ । ਗੋਬਿੰਦ ਕਵਣ ਵਜਾਏ ਮਰਦੰਗੂ, ਮਰਦ ਮਰਦਾਨਾ ਕੀ ਸੁਣਾਈਆ । ਨਾਰਦ ਕਹੇ ਗੁਰ ਅਵਤਾਰ ਪੈਗ਼ੰਬਰੋ ਮੇਰੇ ਨੇਤਰ ਵਗਦੇ ਹੰਝੂ, ਨੈਣਾਂ ਨੀਰ ਵਹਾਈਆ । ਬੇਸ਼ਕ ਮੇਰਾ ਸੀਸ ਹੋਵੇ ਗੰਜੂ, ਬੋਦੀ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਈਆ । ਨਾਰਦ ਕਹੇ ਗੁਰ ਅਵਤਾਰ ਪੈਗ਼ੰਬਰ ਜੰਬੂ ਦੇਸ਼ ਦਾ ਕਵਣ ਕਿਨਾਰਾ, ਜੰਬਕ ਕੀ ਜਣਾਈਆ । ਭੇਵ ਖੋਲ੍ਹਣਹਾਰਾ, ਬਿਨਾ ਸੁਰਸ੍ਰਤੀ ਜਿਹਵਾ ਜਗਤ ਹਿਲਾਈਆ । ਬੋਲ ਸੁਣਾਈਆਂ ਧਾਰਾ, ਜਿਹਵਾ ਜ਼ਬਾਂ ਨਾ ਕੋਇ ਹਲਾਈਆ । ਬਿਨ ਅੱਖੀਆਂ ਕਰਨਾ ਇਸ਼ਾਰਾ, ਸੈਨਤ ਦੀਨ ਦੁਨੀ ਬਾਹਰ ਵਖਾਈਆ । ਕੀ ਹੁਕਮ ਵਰਤੇ ਕਰਤਾਰਾ, ਕ਼ੁਦਰਤ ਕ਼ਾਦਰ ਕੀ ਦ੍ਰਿੜਾਈਆ । ਕੀ ਤੁਹਾਡੇ ਹੋਵੇ ਅਖ਼ਤਿਆਰਾ, ਮੁਖ਼ਤਿਆਰੋ ਸਚ ਸਚ ਦਿਓ ਸਮਝਾਈਆ । ਸਾਰੇ ਇਕੇ ਵਾਰ ਬੋਲ ਕੇ ਨਾਅਰਾ, ਨਰ ਨਰਾਇਣ ਸੀਸ ਨਿਵਾਈਆ । ਨਾਰਦਾ ਉਹ ਤਕ ਲੈ ਕਲ ਕਲਕੀ ਚਵੀਆਂ ਅਵਤਾਰਾ, ਚੌਬੀਸਾ ਜਗਦੀਸ਼ਾ ਨੂਰ ਅਲਾਹੀਆ । ਜਿਸ ਨੂੰ ਸਭ ਨੇ ਮੰਨਿਆ ਪਰਵਰਦਿਗਾਰਾ, ਜਲਵਾਗਰ ਇਕ ਅਖਵਾਈਆ । ਜੋ ਨਿਰਗੁਣ ਰੂਪ ਧਰ ਦੋਬਾਰਾ, ਦੁਹਰੀ ਆਪਣੀ ਖੇਲ ਵਖਾਈਆ । ਜੰਬੂ
੫੭੮ ਦੀਪ ਦੀਪਕ ਕਰ ਉਜਿਆਰਾ, ਉਜਾਲਾ ਕਰੇ ਚਾਈਂ ਚਾਈਂਆ । ਜਿਸ ਦਾ ਸ਼ਬਦੀ ਧਾਰ ਤਕਕਾਰਾ, ਬੇਕਰਾਰਾ ਹੁਕਮ ਸੁਣਾਈਆ । ਉਹਦਾ ੫੭੮
੨੪ ਰੂਪ ਨਾ ਪੁਰਖ ਨਾ ਨਾਰਾ, ਤਤਾਂ ਵੰਡ ਨਾ ਕੋਇ ਵੰਡਾਈਆ । ਸ਼ਬਦੀ ਸ਼ਬਦ ਲਗਾ ਕੇ ਨਾਅਰਾ, ਦੋ ਜਹਾਨਾਂ ਕਰੇ ਸ਼ਨਵਾਈਆ । ਜੋਤੀ ਜਾਤਾ ੨੪
ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਜੋ ਕਲਜੁਗ ਅੰਤਮ ਪਾਵੇ ਸਾਰਾ, ਮਹਾਸਾਰਥੀ ਬਣੇ ਖ਼ਲਕ ਖ਼ੁਦਾਈਆ । ਉਸ ਨੂੰ ਸਦਾ ਸਦਾ ਨਿਮਸਕਾਰਾ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਨਿਵਾਈਆ । ਜੋ ਏਥੇ ਉਥੇ ਪਾਵੇ ਸਾਰਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਅਗੰਮ ਅਥਾਹੀਆ । ਜੰਬੂ ਦੀਪ ਕਹੇ ਮੇਰਾ ਧਰਮ ਦੀ ਧਾਰ ਦਾਇਰਾ, ਦਾਇਆਂ ਬਾਇਆਂ ਆਪਣਾ ਰੰਗ ਰੰਗਾਈਆ । ਗੁਰ ਅਵਤਾਰ ਪੈਗ਼ੰਬਰਾਂ ਵਖਾਵਾਂ ਆਪਣਾ ਮੁਸ਼ਾਹਿਰਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਪ੍ਰਭ ਦਾ ਰੂਪ ਅਨੂਪ ਕਰਾਵਾਂ ਜ਼ਾਹਰਾ, ਜ਼ਾਹਰ ਜ਼ਹੂਰ ਡਗਮਗਾਈਆ । ਦੀਨ ਦੁਨੀ ਵਿਚ ਕੋਈ ਹੋ ਰਹੇ ਨਾ ਬਹਿਰਾ, ਅਣਸੁਣਤ ਸੁਣਤ ਸਮਝਾਈਆ । ਜਿਸ ਕਾਰਨ ਪੁਰਖ ਅਕਾਲੇ ਦੀਨ ਦਿਆਲੇ ਜੋਤੀ ਜਾਮਾ ਪਹਿਰਾ, ਰੂਪ ਅਨੂਪ ਆਪ ਬਦਲਾਈਆ । ਉਸ ਦਾ ਹੁਕਮ ਸੰਦੇਸ਼ਾ ਇਕੋ ਗਹਿਰਾ, ਗਹਿਰ ਗਵਰ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਜੰਬੂ ਕਹੇ ਮੇਰਾ ਘਾਟ ਨੌਂ ਸੌ ਚੁਰਾਨਵੇ ਕੋਹ, ਕੋਹ ਕਰੋੜੀ ਧਿਆਨ ਲਗਾਈਆ । ਜਿਥੇ ਆਵਾਜ਼ ਸੁਣੇ ਸੋਹੰ ਸੋ, ਸੋ ਪੁਰਖ ਨਿਰੰਜਣ ਦਏ ਵਡਿਆਈਆ । ਹਰਿ ਪੁਰਖ ਨਿਰੰਜਣ ਆਪੇ ਹੋ, ਹੋਕਾ ਦੇਵੇ ਚਾਈਂ ਚਾਈਂਆ । ਆਦਿ ਨਿਰੰਜਣ ਕਰਕੇ ਲੋ, ਲੋਇਣ ਧੁਰ ਦਾ ਆਪ ਖੁਲ੍ਹਾਈਆ । ਏਕੰਕਾਰ ਬਖ਼ਸ਼ ਕੇ ਮੋਹ, ਮੁਹੱਬਤ ਆਪਣੇ ਵਿਚ ਟਿਕਾਈਆ । ਅਬਿਨਾਸ਼ੀ ਕਰਤਾ ਨਾਲ ਛੋਹ, ਸੌਹਰ

੫੭੯
੨੪

ਬਾਂਕਾ ਹੋ ਕੇ ਵੇਖ ਵਖਾਈਆ । ਸ੍ਰੀ ਭਗਵਾਨ ਭੇਵ ਚੁਕਾ ਕੇ ਦੋਐਂ ਦੋ, ਏਕਾ ਏਕ ਰੂਪ ਦ੍ਰਿੜਾਈਆ । ਪਾਰਬ੍ਰਹਮ ਪ੍ਰਭ ਆਪੇ ਹੋ, ਹੋਕਾ ਦੇਵੇ ਚਾਈਂ ਚਾਈਂਆ । ਸਤਿਗੁਰ ਸ਼ਬਦ ਸ਼ਬਦ ਨਿਰਮੋਹ, ਜਗਤ ਮੁਹੱਬਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਸਮਝਾਈਆ । ਜੰਬੂ ਦੀਪ ਕਹੇ ਮੈਂ ਸ਼ੁਕਰੀਏ ਵਿਚ ਕਰਾਂ ਸ਼ੁਕਰਾਨਾ, ਸ਼ੰਕਰਾ ਤੇਰੀ ਖ਼ੁਸ਼ੀ ਮਨਾਈਆ । ਪਿਆਰ ਮੁਹੱਬਤ ਦਾ ਅੰਤਮ ਬੰਨ੍ਹ ਦੇ ਗਾਨਾ, ਸੋਹਣਾ ਸਗਨ ਸਮਝਾਈਆ । ਖੇਲ ਵਖਾ ਜ਼ਿਮੀਂ ਅਸਮਾਨਾ, ਦੋ ਜਹਾਨਾਂ ਭੇਵ ਚੁਕਾਈਆ । ਲੇਖੇ ਲਾ ਲੈ ਰਵੀਦਾਸ ਚਮਾਰ ਵਾਲਾ ਕਾਨਾ, ਕਾਇਨਾਤ ਪੜਦਾ ਆਪ ਉਠਾਈਆ । ਬਚਨ ਪੂਰਾ ਕਰੇ ਜੋ ਨਾਨਕ ਬਗ਼ਦਾਦ ਵਿਚ ਕਿਹਾ ਮਰਦਾਨਾ, ਮੁਦਤਾਂ ਦਾ ਭੇਵ ਖੁਲ੍ਹਾਈਆ । ਲੇਖਾ ਤਕ ਲਉ ਜ਼ਿਮੀਂ ਅਸਮਾਨਾਂ, ਜ਼ਿਮੀਂ ਜ਼ਮਾਂ ਖੋਜ ਖੁਜਾਈਆ । ਤੂੰ ਸ਼ਾਹੋ ਭੂਪ ਸੁਲਤਾਨਾ, ਨੌਜਵਾਨ ਤੇਰੀ ਵਡਿਆਈਆ । ਰਹਿਮਤ ਕਰ ਰਹੀਮ ਰਹਿਮਾਨਾ, ਰਹਿਮਤ ਸਚ ਸਚ ਕਮਾਈਆ । ਸਭ ਦਾ ਲੇਖੇ ਲਾ ਬਿਆਨਾ, ਪੇਸ਼ੀਨਗੋਈਆਂ ਜੋੜ ਜੁੜਾਈਆ । ਖ਼ੁਸ਼ੀਆਂ ਵਾਲਾ ਆਪਣਾ ਦੱਸ ਤਰਾਨਾ, ਤੁਰੀਆ ਤੋਂ ਬਾਹਰ ਬਾਹਰ ਪੜ੍ਹਾਈਆ । ਕਿਰਪਾ ਕਰ ਮਰਦ ਮਰਦਾਨਾ, ਯੋਧੇ ਸੂਰਬੀਰ ਤੇਰੀ ਸਰਨਾਈਆ । ਜੰਬੂ ਦੀਪ ਕਹੇ ਮੇਰੇ ਉਤੇ ਸਭ ਤੋਂ ਪਹਿਲੇ ਝੁੱਲੇ ਤੇਰਾ ਨਿਸ਼ਾਨਾ, ਸੱਤ ਰੰਗ ਦੇ ਮਾਲਕ ਸੱਤ ਰੰਗ ਦੇਣੇ ਵਖਾਈਆ । ਤੇਰਾ ਯੁੱਧ ਹੋਵੇ ਬਿਨਾ ਤੀਰ ਕਮਾਨਾ, ਸ਼ੱਤਰੂ ਸ਼ਸਤਰ ਵੇਖਣ ਕੋਇ ਨਾ ਪਾਈਆ । ਮੇਰਾ ਧਰਮ ਧਾਰ ਦਾ ਹੋਵੇ ਇਕ ਮੈਦਾਨਾ, ਧਰਨੀ ਧਰਤ ਧਵਲ ਧੌਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਵੇਖ ਵਖਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰ ਜੰਬੂ ਦੀਪ ਤਕੋ ਨਿਸ਼ਾਨੀਆਂ, ਨਿਸ਼ਾਨੇ ਪੂਰਬ ਨਾਲ ਮਿਲਾਈਆ । ਭਵਿਖਤਾਂ ਵਾਲੀਆਂ ਤਕੋ ਕਹਾਣੀਆਂ, ਪੇਸ਼ੀਨਗੋਈਆਂ ਅੱਖਰ ਅੱਖਰ ਜੋੜ ਜੁੜਾਈਆ । ਅੱਖਰਾਂ ਵਾਲੀਆਂ ਵੇਖੋ ਬਾਣੀਆਂ, ਸ਼ਾਸਤਰਾਂ ਨਾਲ ਮਿਲਾਈਆ । ਨਿਗਾਹ ਮਾਰੋ ਚਾਰੇ ਖਾਣੀਆਂ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਅੰਦਰ ਵੜ ਕੇ ਤਕੋ ਅਠਸਠ ਤੀਰਥ ਪਾਣੀਆਂ, ਗੰਗਾ ਗੋਦਾਵਰੀ ਜਮਨਾ ਸੁਰਸਤੀ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਜੰਬੂ ਦੀਪ ਕਹੇ ਮੇਰਾ ਲੇਖਾ ਧਾਰ ਜੰਬਕ, ਮਿਕਨਾਤੀਸੀ ਨਜ਼ਰ ਕਿਸੇ ਨਾ ਆਈਆ । ਮੇਰਾ ਇਕੋ ਹੋਵੇ ਸਬਕ, ਸਿਖਿਆ ਸਚ ਸਮਝਾਈਆ । ਮੇਰਾ ਲਹਿਣਾ ਦੇਣਾ ਨਾਲ ਚੌਦਾਂ ਤਬਕ, ਚੌਦਾਂ ਲੋਕ ਸੰਗ ਨਿਭਾਈਆ । ਜਿਹੜੇ ਸਾਰੇ ਰਹੇ ਭਟਕ, ਤੜਫਣ ਥਾਉਂ ਥਾਈਂਆ । ਬਿਨ ਸ਼ਰਅ ਜ਼ੰਜੀਰੀਆਂ ਰਹੇ ਲਟਕ, ਜ਼ਿਮੀਂ ਅਸਮਾਨਾਂ ਨਜ਼ਰ ਕੋਇ ਨਾ ਆਈਆ । ਸਭ ਦਾ ਪੂਰਾ ਹੋਣਾ ਵਕ਼ਤ, ਘੜੀ ਪਲ ਨਾਲ ਮਿਲਾਈਆ । ਪੁਰਖ ਅਕਾਲਾ ਦੀਨ ਦਿਆਲਾ ਖੇਲ ਕਰੇ ਉਤੇ ਜਗਤ, ਜਾਗਰਤ ਜੋਤ ਜੋਤ ਰੁਸ਼ਨਾਈਆ । ਜੋ ਮੇਲ ਮਿਲਾਏ ਹਰਿਜਨ ਸਾਚੇ ਭਗਤ, ਭਗਵਨ ਆਪਣੀ ਗੰਢ ਪੁਆਈਆ । ਲੇਖੇ ਲਾਵੇ ਬੂੰਦ ਰਕਤ, ਤਨ ਵਜੂਦਾਂ ਵੇਖ ਵਖਾਈਆ । ਜੋਤੀ ਜਾਤਾ ਹੋ ਕੇ ਆਵੇ ਪਰਤ, ਪਤਿਪਰਮੇਸ਼ਵਰ ਫੇਰਾ ਪਾਈਆ । ਰਾਮ ਦੀ ਆਸ਼ਾ ਵੇਖੇ ਜੋ ਸੰਦੇਸ਼ਾ ਦਿਤਾ ਭਰਤ, ਅਯੁਧਿਆ ਬਾਹਰ ਕ਼ਦਮ ਟਿਕਾਈਆ । ਜੋ ਅਰਜਨ ਨਾਲ ਕਾਹਨ ਨੇ ਲਾਈ ਸ਼ਰਤ, ਧਰਮ ਦੀ ਧਾਰ ਗੰਢ ਬੰਧਾਈਆ । ਜੋ ਪੈਗ਼ੰਬਰਾਂ ਸੁਲਹਕੁਲ ਦਾ ਲੇਖਾ ਦੱਸਿਆ ਉਤੇ ਅਰਸ਼, ਅਰਸ਼ੀ ਪ੍ਰੀਤਮ ਵੇਖ ਵਖਾਈਆ । ਅੰਤਮ ਸਭ ਦੀ ਪੂਰੀ ਕਰੇ ਹਰਸ, ਹਵਸ ਦਏ ਮਿਟਾਈਆ । ਜਨ ਭਗਤਾਂ ਦੇ ਕੇ

ਦਰਸ, ਦੀਦ ਈਦ ਚੰਦ ਚਮਕਾਈਆ । ਜੁਗ ਬਦਲਣਾ ਜਿਸ ਦਾ ਫ਼ਰਜ਼, ਫ਼ਾਜ਼ਲ ਹੋਵੇ ਧੁਰ ਦਾ ਮਾਹੀਆ । ਗੁਰ ਅਵਤਾਰ ਪੈਗ਼ੰਬਰਾਂ ਮਨਜ਼ੂਰ ਕਰੇ ਅਰਜ਼, ਆਰਜ਼ੂ ਆਪਣੇ ਚਰਨ ਟਿਕਾਈਆ । ਜੰਬੂ ਕਹੇ ਉਸ ਦਾ ਵੇਸ ਹੋਵੇ ਅਸਚਰਜ, ਅਚਰਜ ਲੀਲਾ ਆਪ ਵਖਾਈਆ । ਸਤਿਗੁਰ ਸ਼ਬਦ ਪਏ ਗਰਜ, ਗ਼ਰਜ਼ ਆਪਣੀ ਨਾ ਕੋਇ ਜਣਾਈਆ । ਕਲਜੁਗ ਦੀ ਥਾਂ ਸਤਿਜੁਗ ਦਾ ਨਾਮ ਕਰੇ ਦਰਜ, ਦਰਜਾ ਬਦਰਜਾ ਸਭ ਦਾ ਪੰਧ ਮੁਕਾਈਆ । ਯੋਧਾ ਸੂਰਬੀਰ ਮਰਦਾਨਾ ਬਣ ਮਰਦ, ਮਰਦ ਮਰਦਾਨਾ ਹੋ ਕੇ ਵੇਖ ਵਖਾਈਆ । ਨਵ ਸਤ ਦਾ ਮੇਟੇ ਅੰਧੇਰਾ ਗਰਦ, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦਿਆਲ ਦੀਨ ਦੁਨੀ ਵੰਡੇ ਦਰਦ, ਦਰਦ ਦੁਖ ਭੈ ਭੰਜਨ ਮਿਹਰਵਾਂ ਮਿਹਰਵਾਂ ਮਿਹਰਵਾਂ ਮਿਹਰ ਨਜ਼ਰ ਉਠਾਈਆ ।

## ✪ ੮ ਜੇਠ ਸ਼ਹਿਨਸ਼ਾਹੀ ਸੰਮਤ ੧੧ ਸ਼ਿਵ ਸਿੰਘ ਦੇ ਗ੍ਰਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਨਾਰਦ ਕਹੇ ਜੰਬੂ ਮੈਂ ਤੇਰੀ ਚਾਰੇ ਕੂਟ ਲੰਘੀ, ਬਿਨ ਪੈਰਾਂ ਬਿਨ ਕ਼ਦਮਾਂ ਕ਼ਦਮ ਬਦਲਾਈਆ । ਮੇਰੀ ਧਰਮ ਧਾਰ ਦਿਸੀ ਨੰਗੀ, ਓਢਣ ਸੀਸ ਨਾ ਕੋਇ ਟਿਕਾਈਆ । ਮੇਰੇ ਅੰਤਸ਼ਕਰਨ ਇਹ ਖੇਲ ਲੱਗੀ ਚੰਗੀ, ਚੰਗੀ ਤਰਹ ਦ੍ਰਿੜਾਈਆ । ਮੈਨੂੰ ਸ਼ੰਕਰ ਮਿਲਿਆ ਬਾਣਾ ਪਹਿਰ ਕੇ ਜੰਗੀ, ਸ਼ਸਤਰ ਹੱਥ ਨਾ ਕੋਇ ਉਠਾਈਆ । ਹੱਥ ਕਲਜੁਗ ਆਯੂ ਫੜੀ ਲੰਬੀ, ਲੰਮਾਂ ਪੈ ਕੇ ਵੇਖ ਵਖਾਈਆ । ਨਾਲੇ ਅੰਦਰੋਂ ਰਿਹਾ ਕੰਬੀ, ਜਟਾ ਜੂਟ ਸੀਸ ਹਿਲਾਈਆ । ਫੇਰ ਨਿਗਾਹ ਮਾਰੀ ਦੁਨੀਆ ਵੇਖੀ ਡੰਭੀ, ਪਾਖੰਡ ਵਿਚ ਵਡਿਆਈਆ । ਫਿਰ ਹੱਥ ਮਾਰ ਕੇ ਆਪਣੀ ਕੰਢੀ, ਧੂਣੀ ਖ਼ਾਕ ਦਿਤੀ ਉਡਾਈਆ । ਫੇਰ ਕਰਮ ਕਾਂਡ ਦੀ ਵੇਖੀ ਡੰਡੀ, ਓਝੜ ਰਾਹ ਪਈ ਲੋਕਾਈਆ । ਫਿਰ ਬਿਨਾ ਧਾਰ ਤੋਂ ਵੇਖੀ ਚੰਡੀ, ਜੋ ਆਪਣਾ ਰੂਪ ਬਦਲਾਈਆ । ਜਾਂ ਨੈਣ ਉਠਾਇਆ ਸਭ ਦੀ ਆਸ਼ਾ ਪੂਰਬ ਜਾਂਦੀ ਲੰਘੀ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਪੁਰਖ ਅਕਾਲ ਤਕਿਆ ਸ਼ਾਹ ਸੂਰਾ ਸਰਬੰਗੀ, ਸ਼ਹਿਨਸ਼ਾਹ ਨੂਰ ਅਲਾਹੀਆ । ਜਿਸ ਦੀ ਅਵਤਾਰ ਪੈਗ਼ੰਬਰਾਂ ਗੁਰੂਆਂ ਨਾਲ ਸੰਧੀ, ਲੇਖ ਜਣਾਇਆ ਥਾਉਂ ਥਾਈਆ । ਨਾਰਦ ਕਹੇ ਮੈਂ ਨਿਗਾਹ ਬਦਲੀ ਮੈਨੂੰ ਪਿਛੇ ਭੱਜਦੀ ਆਉਂਦੀ ਦਿਸੀ ਗੰਗੀ, ਗੰਗਾ ਆਪਣਾ ਕ਼ਦਮ ਉਠਾਈਆ । ਨਾਲ ਜਮਨਾ ਆਏ ਦੋ ਟੰਗੀ, ਦੂਹਰਾ ਆਪਣਾ ਰੂਪ ਬਦਲਾਈਆ । ਸੁਰਸਤੀ ਪਿਛੇ ਰਹਿਣ ਨਾ ਦਿਤੀ ਵੰਡੀ, ਭੱਜੀ ਵਾਹੋ ਦਾਹੀਆ । ਗੋਦਾਵਰੀ ਬਿਨਾ ਆਸ਼ਾ ਤੋਂ ਆਪਣੀ ਆਸ਼ਾ ਪਾਰ ਲੰਘੀ, ਅੱਗਾ ਪਿਛਾ ਵੇਖਣ ਕੋਇ ਨਾ ਪਾਈਆ । ਮੈਂ ਪਾਸਾ ਬਦਲਿਆ ਨਾਲ ਇਸ਼ਾਰਾ ਤਕਿਆ ਨੂਰ ਨੁਰਾਨੇ ਚੰਦੀ, ਚੰਦ ਚਾਂਦਨਾ ਕੀ ਚਮਕਾਈਆ । ਫੇਰ ਜ਼ੋਰ ਨਾਲ ਗੰਗਾ ਮਈਆ ਹੋ ਕੇ ਕੰਬੀ, ਆਪਣੀ ਅਵਾਜ਼ ਦਿਤੀ ਸੁਣਾਈਆ । ਮੈਂ ਰੂਪ ਬਦਲਾ ਕੇ ਕਿਹਾ ਮੈਂ ਤੇਰਾ ਭੁਯੰਗੀ, ਭੁਜਾਂ ਬਾਹਵਾਂ ਵੇਖਣ ਕੋਇ ਨਾ ਪਾਈਆ । ਝਟ ਸਤਿਗੁਰ ਸ਼ਬਦ ਇਸ਼ਾਰਾ ਦਿਤਾ ਸਾਰੇ ਆਪਣੇ ਆਪਣੇ ਹਿਲਾਓ ਕੰਧੀ, ਮੋਢੇ ਦੀਨ ਦੁਨੀ ਵਖਾਈਆ । ਅੰਮ੍ਰਿਤ ਧਾਰ ਵੇਖੋ ਕਿਸ ਬਿਧ ਹੋਈ ਗੰਦੀ, ਰਸ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਨਾਰਦ ਕਹੇ ਝਟ ਮੇਰੇ ਵਲ ਗੰਗੀ ਉਠਾਇਆ ਨੈਣ, ਅੱਖ ਅੱਖ ਮਿਲਾਈਆ । ਫੇਰ ਜਮਨਾ ਲੱਗੀ

ਕਹਿਣ, ਬਿਨ ਰਸਨਾ ਢੋਲੇ ਗਾਈਆ । ਸੁਰਸਤੀ ਤੇਰਾ ਲੇਖਾ ਨਾਲ ਤ੍ਰਿਬੈਣ, ਤ੍ਰਿਬੈਣੀ ਦੇ ਮਾਲਕ ਰਾਮ ਰਾਮ ਜਣਾਈਆ । ਗੋਦਾਵਰੀ ਕਹੇ
ਮੇਰਾ ਗੋਬਿੰਦ ਸਾਕ ਸੈਣ, ਮਾਲਕ ਇਕੋ ਨਜ਼ਰੀ ਆਈਆ । ਨਾਰਦ ਕਿਹਾ ਕਮਲੀਓ ਤੁਹਾਡਾ ਪਾਣੀ ਦਾ ਵਗਦਾ ਵਹਿਣ, ਜਲਧਾਰਾ ਨਾਲ ਮਿਲਾਈਆ ।
ਜ਼ਰਾ ਨਿਗਾਹ ਮਾਰ ਲਓ ਕੀ ਇਸ਼ਾਰਾ ਦਿਤਾ ਬਾਲਮੀਕ ਵਿਚ ਰਮਾਇਣ, ਰਮਤੇ ਰਮਤੇ ਤੁਹਾਡਾ ਪੰਧ ਮੁਕਾਈਆ । ਤੁਸੀਂ ਵਸਣ ਵਾਲੀਆਂ ਵਿਚ
ਹਿੰਦਵਾਇਣ, ਹਿੰਦਸਾ ਇਕਾਈ ਵਾਲਾ ਨਾਲ ਮਿਲਾਈਆ । ਉਹ ਵੇਖ ਲਓ ਕਲਜੁਗ ਕੂੜੀ ਕਿਰਿਆ ਬਣ ਗਈ ਡੈਣ, ਡੌਰੂ ਡੰਕ ਆਪਣਾ ਰਹੀ
ਵਜਾਈਆ । ਤੁਹਾਡੇ ਵਿਛੜ ਗਏ ਸਾਕ ਸੱਜਣ ਸੈਣ, ਬ੍ਰਾਹਮਣ ਪੰਡਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਗੰਗਾ ਕਹੇ ਨਾਰਦਾ ਸੁਣ ਮੇਰਾ ਸੰਦੇਸ਼, ਸਤਿਗੁਰ ਸ਼ਬਦ ਸ਼ਬਦ ਜਣਾਈਆ ।
ਮੇਰੇ ਖੁਲ੍ਹੇ ਵੇਖ ਲੈ ਕੇਸ, ਮੇਂਢੀ ਸੀਸ ਨਾ ਕੋਇ ਗੁੰਦਾਈਆ । ਮੈਂ ਤਕਿਆ ਇਕ ਨਰੇਸ਼, ਨਰ ਨਰਾਇਣਾ ਧੁਰਦਰਗਾਹੀਆ । ਜਿਸ ਨੇ ਦੀਨ
ਦੁਨੀ ਵਿਚ ਪਾਇਆ ਕਲੇਸ਼, ਕਲਾ ਆਪਣੀ ਇਕ ਪਰਗਟਾਈਆ । ਮੈਨੂੰ ਸੰਦੇਸ਼ੇ ਦੇ ਕੇ ਗਿਆ ਸ਼ੇਸ਼, ਦੋ ਸਹੰਸਰ ਜੇਹਵਾ ਮੁਖ ਸਹਸਰ ਨਾਲ
ਹਿਲਾਈਆ । ਮੈਂ ਏਸੇ ਕਾਰਨ ਪੁਰਖ ਅਕਾਲ ਦੇ ਹੋਈ ਪੇਸ਼, ਪੇਸ਼ਤਰ ਆਪਣਾ ਹਾਲ ਜਣਾਈਆ । ਉਹ ਤਕ ਲੈ ਜਿਸ ਸ਼ੰਕਰ ਨੇ ਸੀਸ ਉਡਾਇਆ
ਆਪਣੇ ਸੁਤ ਗਣੇਸ਼, ਗਣਪਤ ਕੀ ਜਣਾਈਆ । ਉਹ ਵੇਖਣਹਾਰਾ ਦੇਸ ਪਰਦੇਸ਼, ਦੋ ਜਹਾਨਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ
੫੮੧ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਜਮਨਾ ਹੋਰ ਅਗੰਮਾ ਗੀਤ ਗਾਂਦੀ, ਖ਼ੁਸ਼ੀਆਂ ੫੮੧
੨੪ ਨਾਲ ਸੁਣਾਈਆ । ਸੀਸ ਰਹੀ ਨਾ ਕੋਇ ਪਰਾਂਦੀ, ਲਾਲ ਗੁਲਾਲਾ ਰੰਗ ਨਾ ਕੋਇ ਚੜ੍ਹਾਈਆ । ਮੈਂ ਮਈਆ ਸਭ ਦੀ ਬਣ ਗਈ ਬਾਂਦੀ, ਕਲਜੁਗ ੨੪
ਆਪਣੀ ਕਲਾ ਵਰਤਾਈਆ । ਮੈਨੂੰ ਕ਼ਸਮ ਸੂਰ ਗਾਂ ਦੀ, ਰੋ ਰੋ ਦਿਆਂ ਦੁਹਾਈਆ । ਵਡਿਆਈ ਰਹੀ ਨਹੀਂ ਕਿਸੇ ਤੀਰਥ ਤਟ ਥਾਂ ਦੀ, ਥਾਨ
ਥਨੰਤਰ ਰੋਵਣ ਮਾਰਨ ਧਾਂਹੀਆ । ਵਡਿਆਈ ਰਹੀ ਨਹੀਂ ਮੇਰੀ ਸ਼ਕੰਗਣਾ ਵਾਲੀ ਬਾਂਹ ਦੀ, ਲਾਲ ਰੰਗ ਹੱਥ ਨਾ ਕੋਇ ਰਖਾਈਆ । ਮੇਰੇ
ਉਤੇ ਵਿਦਵਾਨਾਂ ਦੀ ਬੁੱਧੀ ਹੋਈ ਕਾਂ ਦੀ, ਕਾਗ ਵਾਂਗ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ
ਦਾ ਵਰ, ਦਰ ਠਾਂਢੇ ਮੰਗ ਮੰਗਾਈਆ । ਨਾਰਦ ਕਹੇ ਮੈਂ ਨਿਗਾਹ ਮਾਰੀ ਰੋਂਦੀ ਦਿਸੀ ਸੁਰਸਤੀ, ਸੁਰਤ ਸਚ ਨਾ ਕੋਇ ਸਮਾਈਆ । ਕਲਜੁਗ
ਕੂੜੀ ਕਿਰਿਆ ਚਾਰੋਂ ਕੁੰਟ ਮਸਤੀ, ਮਸਤ ਦੀਵਾਨਾ ਨਜ਼ਰ ਕੋਇ ਨਾ ਆਈਆ । ਤ੍ਰਬੈਣੀ ਧਾਰ ਮੇਰੀ ਉਜੜਨ ਵਾਲੀ ਬਸਤੀ, ਖੰਡਰ ਖ਼ਾਕ ਦਿਸੇ
ਲੋਕਾਈਆ । ਮੈਂ ਤਕਣ ਆਈ ਇਕੋ ਹਸਤੀ, ਬਿਨ ਨੈਣਾਂ ਦਰਸ਼ਨ ਪਾਈਆ । ਇਹ ਖੇਲ ਜਿਸਦੇ ਵਸ ਦੀ, ਵਾਸਤਾ ਉਸੇ ਚਰਨ ਟਿਕਾਈਆ ।
ਮੈਂ ਵਣਜਾਰੀ ਉਸ ਦੇ ਜਸ ਦੀ, ਸਿਫ਼ਤਾਂ ਨਾਲ ਸਲਾਹੀਆ । ਨਾਲੇ ਰੋਂਦੀ ਨਾਲੇ ਹਸਦੀ, ਦੋਵੇਂ ਰੂਪ ਬਦਲਾਈਆ । ਕਲਜੁਗ ਧਾਰ ਵੇਖ ਲੈ
ਕੂੜ ਕੁੜਿਆਰ ਭੱਖ ਦੀ, ਸਾਚਾ ਸੰਗੀ ਸੰਗ ਨਾ ਕੋਇ ਨਿਭਾਈਆ । ਸ਼ਰਮ ਰਹੀ ਨਹੀਂ ਮੇਰੇ ਉਤੇ ਕਿਸੇ ਅੱਖ ਦੀ, ਅੱਖਰਾਂ ਵਾਲੇ ਕਰਨ ਲੜਾਈਆ ।
ਮਾਇਆ ਰਾਣੀ ਵੇਖ ਲੈ ਨਚਦੀ, ਘੁੰਗਟ ਮੂਲ ਨਾ ਕੋਇ ਰਖਾਈਆ । ਕ਼ੀਮਤ ਰਹੀ ਨਾ ਲਜ ਪਤ ਦੀ, ਪਤਿਤ ਹੋਈ ਲੋਕਾਈਆ । ਵੇ ਨਾਰਦਾ
ਮੈਂ ਏਸੇ ਕਰਕੇ ਵਾਸਤਾ ਘਤਦੀ, ਰੋ ਰੋ ਦਿਆਂ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

ਸਦਾ ਸਦ ਆਪਣੀ ਦਇਆ ਕਮਾਈਆ । ਨਾਰਦ ਕਹੇ ਮੈਂ ਨਿਗਾਹ ਮਾਰੀ ਗੋਦਾਵਰੀ ਮੇਰੀ ਤਕਦੀ ਬਿਨਾ ਅੱਖਾਂ ਤੋਂ ਬੋਦੀ, ਬੁੱਧੀਵਾਨ ਸਮਝ ਕੋਇ ਨਾ ਪਾਈਆ । ਮੈਂ ਹਸ ਕੇ ਕਿਹਾ ਨੀ ਤੈਨੂੰ ਪ੍ਰਭੂ ਕਿਉਂ ਕੱਢਿਆ ਆਪਣੀ ਵਿਚੋਂ ਗੋਦੀ, ਗੋਦ ਵਿਚ ਨਾ ਕੋਇ ਰਖਾਈਆ । ਤੇਰਾ ਲੇਖਾ ਨਾਲ ਉਸ ਵੇਦੀ ਸੋਢੀ, ਜੋ ਗੋਬਿੰਦ ਧੁਰ ਦਾ ਮਾਹੀਆ । ਜਿਸ ਦਾ ਫ਼ਲ ਕਿਸੇ ਨਜ਼ਰ ਨਾ ਆਏ ਗੁੰਚਾ ਫੁਲ ਡੋਡੀ, ਡੰਡਾਵਤ ਸਭ ਦੀ ਵੇਖ ਵਖਾਈਆ । ਗੋਦਾਵਰੀ ਕਹੇ ਨਾਰਦਾ ਮੈਂ ਉਸੇ ਦੇ ਪਿਆਰ ਦੀ ਰੋਗੀ, ਦੁਖ ਸਕਾਂ ਨਾ ਕੋਇ ਸਮਝਾਈਆ । ਜੋ ਮੇਰੇ ਧਰਮ ਧਾਰ ਦਾ ਜੋਗੀ, ਜੁਗਤੀ ਆਪਣੀ ਗਿਆ ਸਮਝਾਈਆ । ਜਿਸ ਵੇਲੇ ਕਲਜੁਗ ਦੁਨੀਆ ਹੋ ਗਈ ਲੋਭੀ, ਲਾਲਚ ਵਿਚ ਕੁਰਲਾਈਆ । ਗੋਦਾਵਰੀ ਤੇਰਾ ਅੰਮ੍ਰਿਤ ਰਸ ਰਹੇ ਮੂਲ ਨਾ ਧੋਬੀ, ਦੁਰਮਤ ਮੈਲ ਨਾ ਕੋਇ ਧੁਆਈਆ । ਉਸ ਵੇਲੇ ਮੇਰਾ ਠਾਕਰ ਆਉਣਾ ਮੌਜੀ, ਮਜਲਸ ਭਗਤਾਂ ਨਾਲ ਰਖਾਈਆ । ਤੂੰ ਉਸ ਦੀ ਬਣਨਾ ਖੋਜੀ, ਖੋਜਣਾ ਥਾਉਂ ਥਾਈਂਆ । ਮੈਨੂੰ ਇਉਂ ਜਾਪਦਾ ਅੰਤ ਤੁਹਾਡੀ ਮੁਕ ਜਾਣੀ ਰੋਜ਼ੀ, ਰਾਜ਼ਕ ਰਿਜ਼ਕ ਰਹੀਮ ਆਪਣੀ ਕਲਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਈਆ । ਨਾਰਦ ਕਹੇ ਮੈਂ ਰੈਣ ਸਬਾਈ ਘੁੰਮਿਆ, ਪੰਧ ਨਜ਼ਰ ਕੋਇ ਨਾ ਆਈਆ । ਮੈਂ ਧਰਨੀ ਧਰਤ ਧਵਲ ਧੌਲ ਕਿਨਾਰਾ ਚੁੰਮਿਆ, ਬਿਨ ਰਸਨਾ ਰਸ ਚਖਾਈਆ । ਫੇਰ ਸ਼ਬਦ ਅਗੰਮਾ ਸੁਣਿਆ, ਅਣਸੁਣਤ ਦਿਤਾ ਦ੍ਰਿੜਾਈਆ । ਮੈਂ ਮਾਲਕ ਖ਼ਾਲਕ ਕੁੰਨ ਕੁੰਨਿਆ, ਕਾਇਨਾਤ ਮੇਰੀ ਦੁਹਾਈਆ । ਮੈਂ ਲੱਖ ਚੁਰਾਸੀ ਵਿਚੋਂ ਭਗਤ ਪਿਆਰ ਚੁਣਿਆ, ਦੂਸਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਚੜ੍ਹਾਈਆ । ਨਾਰਦ ਕਹੇ ਮੈਨੂੰ ਗੰਗਾ ਸਹਿਜ ਨਾਲ ਮਾਰੀ ਥਾਪੀ, ਥਪਕ ਦਿਤਾ ਹਿਲਾਈਆ । ਪੰਡਤਾ ਆਪਣੀ ਪੁਰਾਣੀ ਕਢ ਲੈ ਕਾਪੀ, ਬਿਨ ਅੱਖਰਾਂ ਅੱਖਰ ਜਣਾਈਆ । ਜਿਸ ਵਿਚ ਇਕੋ ਪ੍ਰਭੂ ਦਾ ਜਾਪੀ, ਦੂਸਰ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲ ਹੋਣਾ ਵਡ ਪਰਤਾਪੀ, ਦੋ ਜਹਾਨਾਂ ਵਜੇ ਵਧਾਈਆ । ਜਿਸ ਨੂੰ ਸਭ ਨੇ ਮੰਨਣਾ ਕਮਲਾਪਾਤੀ, ਪਤਿਪਰਮੇਸ਼ਵਰ ਕਹਿ ਕੇ ਸੀਸ ਨਿਵਾਈਆ । ਜੋ ਕਲਜੁਗ ਮੇਟੇ ਅੰਧੇਰੀ ਰਾਤੀ, ਸਤਿਜੁਗ ਸਤਿ ਚੰਦ ਚਮਕਾਈਆ । ਗੰਗਾ ਕਹੇ ਮੇਰਾ ਸੀਨਾ ਪਾੜ ਕੇ ਵੇਖ ਲੈ ਛਾਤੀ, ਛਤਰਧਾਰੀ ਰਹਿਣ ਕੋਇ ਨਾ ਪਾਈਆ । ਮੈਨੂੰ ਇਉਂ ਜਾਪਦਾ ਪੰਡਤਾ ਕਿਸੇ ਘਰ ਜਗਣਾ ਦੀਵਾ ਨਹੀਂ ਕੋਈ ਬਾਤੀ, ਬੇਵਤਨ ਦਿਸੇ ਲੋਕਾਈਆ । ਮੈਂ ਸੋਚਦੀ ਰਹੀ ਸਾਰੀ ਰਾਤੀ, ਸੁਤਿਆਂ ਨੀਂਦ ਕੋਇ ਨਾ ਆਈਆ । ਫੇਰ ਨਿਗਾਹ ਮਾਰੀ ਆਪਣੇ ਵਿਚੋਂ ਝਾਤੀ, ਝਾਕੀ ਲਈ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਕੀ ਵਰਤਾਈਆ । ਨਾਰਦ ਕਹੇ ਜਮਨਾ ਸੁਰਸਤੀ ਤੁਸੀਂ ਹੋਈਆਂ ਕਿਉਂ ਦਿਲਗੀਰ, ਗੋਦਾਵਰੀ ਨਾਲ ਮਿਲਕੇ ਦਿਓ ਸੁਣਾਈਆ । ਸਾਰੀਆਂ ਕਹਿਣ ਸਾਡੇ ਬਸਤਰ ਲੱਥੇ ਚੀਰ, ਓਢਣ ਨਜ਼ਰ ਕੋਇ ਨਾ ਆਈਆ । ਸਾਡਾ ਅੰਮ੍ਰਿਤ ਰਸ ਰਿਹਾ ਨਾ ਸੀਰ, ਕਲਜੁਗ ਵਿਖ ਭਰੀ ਦਿਸੇ ਲੋਕਾਈਆ । ਸਾਡਾ ਨੇਤਰ ਵਗੇ ਨੀਰ, ਰੋ ਰੋ ਕੁਰਲਾਈਆ । ਬਹੁੜੀ ਵੇਲਾ ਆਇਆ ਅੰਤ ਅਖ਼ੀਰ, ਆਖ਼ਰ ਦਈਏ ਸਮਝਾਈਆ । ਸਾਨੂੰ ਦੇਵੇ ਕੋਈ ਨਾ ਧੀਰ, ਧੀਰਜ ਰਹਿਣ ਕੋਇ ਨਾ ਪਾਈਆ । ਪੰਡਤ ਪਾਂਧੇ ਘਤ ਗਏ ਵਹੀਰ, ਕਲਜੁਗ ਵਹਿਣ ਗਿਆ ਰੁੜ੍ਹਾਈਆ । ਧਰਮ ਦੀ ਰਹੀ ਨਾ ਕੋਈ ਤਸਵੀਰ, ਤਸੱਵਰ ਕਰ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ

੫੮੨
੨੪

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੇਰੀ ਬ੍ਰਾਹਮਣ ਵਾਲੀ ਮਹੂਰਤ, ਨਛੱਤਰ ਸਚ ਸਚ ਜਣਾਈਆ । ਮੈਨੂੰ ਖ਼ੁਸ਼ੀ ਨਾਲ ਵਖਾਓ ਆਪਣੀ ਸੂਰਤ, ਸੁਤੀਓ ਲਓ ਅੰਗੜਾਈਆ । ਪਿਛਲਾ ਪੰਧ ਛਡੋ ਨੇੜ ਦੂਰਤ, ਅੱਗਾ ਵੇਖੋ ਚਾਈਂ ਚਾਈਆਂ । ਜੇ ਕਲਜੁਗ ਪਾਂਧੀ ਹੋ ਗਏ ਮੂਰਖ ਮੂੜ੍ਹਤ, ਆਪਣਾ ਆਪ ਗਏ ਬਦਲਾਈਆ । ਸਤਿਗੁਰ ਸ਼ਬਦ ਦੀ ਸੁਣੋ ਤੂਰਤ, ਤੁਰਤ ਤੁਹਾਨੂੰ ਦਏ ਸਮਝਾਈਆ । ਜਿਸ ਕਲਜੁਗ ਨਾਤਾ ਤੋੜਨਾ ਕੂੜਤ, ਸਤਿ ਸਚ ਨਾਲ ਮਿਲਾਈਆ । ਉਸ ਦੀ ਚਰਨ ਮਸਤਕ ਲਾਓ ਧੂੜਤ, ਧੂੜੀ ਖ਼ਾਕ ਰਮਾਈਆ । ਜੋ ਆਸਾ ਮਨਸਾ ਪੂਰੀ ਕਰੇ ਪੂਰਤ, ਪੂਰਨ ਬ੍ਰਹਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਸਹਿਜ ਨਾਲ ਮੁਖ ਤੋਂ ਚੁਕ ਕੇ ਪੜਦਾ, ਨੈਣ ਨੈਣਾਂ ਵਿਚੋਂ ਮਟਕਾਈਆ । ਫੇਰ ਵੇਖਿਆ ਲਹਿੰਦਾ ਚੜ੍ਹਦਾ, ਦੱਖਣ ਪਹਾੜ ਖੋਜ ਖੁਜਾਈਆ । ਝਟ ਨਾਰਦ ਤੂੰ ਮੇਰਾ ਮੈਂ ਤੇਰਾ ਪੜ੍ਹਦਾ, ਬਿਨ ਹਰਫ਼ ਹਰੂਫ਼ ਸੁਣਾਈਆ । ਕਦੇ ਅੰਦਰ ਕਦੇ ਬਾਹਰ ਵੜਦਾ, ਘਰਾਨਾ ਨਜ਼ਰ ਕੋਇ ਨਾ ਆਈਆ । ਕਦੇ ਰੂਪ ਵਖਾਏ ਆਪਣੇ ਸਰੂਪ ਧੜ ਦਾ, ਕਦੇ ਜੋਤ ਨੂਰ ਰੁਸ਼ਨਾਈਆ । ਝਟ ਗੰਗਾ ਦੀ ਬਾਂਹ ਫੜਦਾ, ਹਲੂਣੇ ਨਾਲ ਹਿਲਾਈਆ । ਓਹ ਸਤਿਗੁਰ ਤਕ ਲੈ ਜੋ ਨਾ ਜੰਮੇ ਨਾ ਮਰਦਾ, ਮਰ ਜੀਵਤ ਰੂਪ ਨਾ ਕੋਇ ਦਰਸਾਈਆ । ਜੋ ਆਦਿ ਜੁਗਾਦਿ ਸਭ ਕਿਛ ਕਰਦਾ, ਕਰਨੀ ਦਾ ਕਰਤਾ ਇਕ ਅਖਵਾਈਆ । ਜੋ ਕਮਲੀਓ ਤੁਹਾਡੇ ਅੰਮ੍ਰਿਤ ਭੰਡਾਰੇ ਭਰਦਾ, ਅੰਮਿਉਂ ਰਸ ਆਪ ਵਖਾਈਆ । ਉਹ ਲੇਖਾ ਜਾਣੇ ਕਲਜੁਗ ਕਲ ਦਾ, ਕਲ ਕਾਤੀਆਂ ਕਰੇ ਸਫਾਈਆ । ਜੋ ਮਾਲਕ ਨਿਹਚਲ ਧਾਮ ਅਟਲ ਦਾ, ਸਚਖੰਡ ਸਾਚੇ ਸੋਭਾ ਪਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਰਾਜੇ ਬਲ ਦਾ, ਬਾਵਨ ਮੇਲਾ ਸਹਿਜ ਸੁਭਾਈਆ । ਉਹ ਸੰਬਲ ਸਿੰਘਾਸਣ ਆਪਣਾ ਮਲਦਾ, ਸਚ ਦੁਆਰ ਸੋਭਾ ਪਾਈਆ । ਜੋ ਦਿਵਸ ਰੈਣ ਸੰਦੇਸ਼ੇ ਘਲਦਾ, ਰੈਣ ਸਬਾਈ ਤੁਹਾਨੂੰ ਰਿਹਾ ਸਮਝਾਈਆ । ਉਸ ਦਾ ਵਸੇਰਾ ਨਹੀਂ ਕਿਸੇ ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਝੱਲ ਦਾ, ਝੱਲੀਓ ਆਪਣੀ ਝਲਕ ਦਏ ਵਖਾਈਆ । ਜੋ ਸਭ ਨੂੰ ਫਿਰੇ ਛਲਦਾ, ਅਛਲ ਛਲ ਹੋ ਕੇ ਆਪਣਾ ਹੁਕਮ ਵਰਤਾਈਆ । ਮੈਂ ਸਚ ਦੱਸਾਂ ਉਹ ਸੇਈ ਆਇਆ ਹੋਇਆ ਕੱਲ ਦਾ, ਕਲਮਿਆਂ ਤੋਂ ਬਾਹਰ ਕਰੇ ਪੜ੍ਹਾਈਆ । ਜੋਤੀ ਜਾਤਾ ਹੋ ਕੇ ਭਗਤਾਂ ਅੰਦਰ ਰਲਦਾ, ਰਲ ਮਿਲ ਆਪਣਾ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਝਟ ਨੇਤਰ ਪਾਇਆ ਸੁਰਮਾ, ਨੂਰ ਨੂਰ ਵਿਚ ਰਖਾਈਆ । ਨਾਰਦਾ ਸਾਡੇ ਅੰਦਰ ਫੁਰਿਆ ਫੁਰਨਾ, ਪਤਾ ਨਹੀਂ ਕਿਸ ਦਿਤਾ ਸੁਣਾਈਆ । ਅਸੀਂ ਹੁਣੇ ਉਸ ਪਾਸੇ ਨੂੰ ਤੁਰਨਾ, ਜਿਥੇ ਤੁਰਤ ਮਿਲੇ ਧੁਰ ਦਾ ਮਾਹੀਆ । ਕਿਸੇ ਦੇ ਮੋੜਿਆਂ ਨਹੀਂ ਮੁੜਨਾ, ਅਗੇ ਹੋ ਨਾ ਕੋਇ ਅਟਕਾਈਆ । ਜਿਸ ਦੇ ਚਰਨਾਂ ਅੰਤਮ ਸਭ ਨੂੰ ਪੈਣਾ ਜੁੜਨਾ, ਜੋੜੀ ਹਰਿ ਜਗਦੀਸ਼ ਨਾਲ ਰਖਾਈਆ । ਸਾਡਾ ਜਲ ਪਾਣੀ ਦਾ ਵਹਿਣ ਉਪਰੋਂ ਨੀਚੇ ਰੁੜ੍ਹਨਾ, ਭੱਜੇ ਵਾਹੋ ਦਾਹੀਆ । ਜਿਸ ਦੇ ਵਿਚ ਪਾਹਨ ਪਾਥਰ ਖੁਰਨਾ, ਮਿੱਟੀ ਖ਼ਾਕ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਤੁਸੀਂ ਪ੍ਰਭੂ ਦੇ ਪਿਆਰ ਵਿਚ ਵੱਡੀਆਂ, ਵੱਡੇ ਦੀ ਵਡ ਵਡਿਆਈਆ ।

ਮੈਂ ਕੂਕ ਸੁਣਾਵਾਂ ਚੁਕ ਕੇ ਆਪਣੀਆਂ ਅੱਡੀਆਂ, ਅੱਡੀ ਚੋਟੀ ਜ਼ੋਰ ਲਗਾਈਆ । ਆਹ ਵੇਖ ਲਓ ਮੈਂ ਪੁਰਾਣੀਆਂ ਲਿਖਤਾਂ ਤੁਹਾਡੀਆਂ ਕੱਢੀਆਂ, ਜੁਗ ਚੌਕੜੀ ਨਾਲ ਰਲਾਈਆ । ਜਿਨ੍ਹਾਂ ਵਿਚ ਲਿਖਿਆ ਜਿਸ ਵੇਲੇ ਕਲਜੁਗ ਵਿਚ ਪਰਮ ਪੁਰਖ ਨੇ ਆਉਣਾ ਤੁਸਾਂ ਸਭ ਦੀਆਂ ਚੁੱਕਕੇ ਲੈ ਜਾਣੀਆਂ ਹਡੀਆਂ, ਜੋ ਤੁਹਾਡੇ ਵਿਚ ਮਾਨਸ ਮਾਨਵ ਗਏ ਟਿਕਾਈਆ । ਬੇਸ਼ਕ ਤੁਸੀਂ ਪ੍ਰਭੂ ਦੇ ਪਿਆਰ ਵਿਚ ਅੱਜੇ ਨੱਢੀਆਂ, ਨੌਜਵਾਨਾ ਨਜ਼ਰੀ ਆਈਆ । ਤੁਹਾਡੀਆਂ ਜੋਤਾਂ ਪਾਣੀ ਦੀ ਤਹਿ ਅੰਦਰ ਜਗੀਆਂ, ਬਾਹਰ ਦਿਸੇ ਨਾ ਕੋਇ ਰੁਸ਼ਨਾਈਆ । ਜੇ ਪ੍ਰਭੂ ਨੂੰ ਮਿਲਣਾ ਤੇ ਸਿਰ ਤੇ ਪਾ ਲਓ ਸੱਗੀਆਂ, ਸਗਨਾਂ ਨਾਲ ਚੜ੍ਹਨਾ ਚਾਈਂ ਚਾਈਂਆ । ਤੁਹਾਡੀਆਂ ਸੋਹਣੀਆਂ ਹੋਵਣ ਝੱਗੀਆਂ, ਅੰਗੀਆਂ ਅੰਗ ਨਾਲ ਸੁਹਾਈਆ । ਤਹਿਮਤਾਂ ਸਾੜ੍ਹੀਆਂ ਹੋਵਣ ਲੰਬੀਆਂ, ਕੰਨੀ ਕੰਨੀ ਨਾਲ ਜੁੜਾਈਆ । ਮਸਤਕ ਬਿੰਦੀਆਂ ਹੋਵਣ ਚੰਦੀਆਂ, ਚੰਦ ਚਾਂਦਨੇ ਨਾਲ ਰੁਸ਼ਨਾਈਆ । ਮੇਂਢੀ ਸੀਸ ਵਾਹੀਆਂ ਹੋਵਣ ਕੰਘੀਆਂ, ਪੱਟੀ ਧਰਮ ਧਾਰ ਬੰਧਾਈਆ । ਤੁਹਾਡੀਆਂ ਮਨਸਾ ਹੋਵਣ ਠੰਢੀਆਂ, ਅਗਨੀ ਤਤ ਨਾ ਕੋਇ ਤਪਾਈਆ । ਆਸ਼ਾ ਸਤਿਗੁਰ ਨਾਲ ਹੋਵਣ ਗੰਢੀਆਂ, ਵਿਛੋੜਾ ਵਿਚ ਨਾ ਕੋਇ ਰਖਾਈਆ । ਤੁਸਾਂ ਭੱਜਣਾ ਵਾਹੋ ਦਾਹੀ ਪਗਡੰਡੀਆਂ, ਬਿਖੜੇ ਰਾਹ ਪੰਧ ਮੁਕਾਈਆ । ਸਭ ਨੇ ਇਕੋ ਵਾਰ ਗਾਉਣਾ ਛੰਦੀਆ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਅੰਦਰ ਵਾਸ਼ਨਾ ਰਹਿਣ ਮੂਲ ਨਾ ਗੰਦੀਆਂ, ਕਲਜੁਗ ਜੀਵਾਂ ਧਾਰਾ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਂਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਕਹਿਣ ਸਾਡਾ ਰੂਪ ਹੋਵੇ ਅਣਹੋਣਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਪੰਡਤਾ ਅਸੀਂ ਪ੍ਰੇਮ ਪਿਆਰ ਵਿਚ ਪ੍ਰੀਤਮ ਮਾਹੀ ਮੋਹਣਾ, ਮੁਹੱਬਤ ਵਿਚ ਸਮਾਈਆ । ਆਪਣਾ ਉਸ ਦੇ ਅਗੇ ਦੱਸਣਾ ਰੋਣਾ, ਰੋ ਰੋ ਹਾਲ ਸੁਣਾਈਆ । ਕਿਉਂ ਮਾਲਕਾ ਸਾਡਾ ਹਕ ਹਕੂਕ ਖੋਹਣਾ, ਖ਼ਾਲੀ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਜਮਨਾ ਗੋਦਾਵਰੀ ਸੁਰਸਤੀ ਗੰਗਾ ਤੁਹਾਡਾ ਰੂਪ ਅਲਾਹੀ ਹੋਵੇ ਹਿੰਦੀ, ਹਿੰਦ ਭਾਰਤ ਨਾਲ ਵਡਿਆਈਆ । ਮਸਤਕ ਲਾਲ ਹੋਵੇ ਬਿੰਦੀ, ਬਿੰਦਰਾਬਨ ਦਾ ਕਾਹਨ ਨਾਲ ਮਿਲਾਈਆ । ਤੁਹਾਡੀ ਆਸ਼ਾ ਹੋਵੇ ਜ਼ਿੰਦੀ, ਜ਼ਿੰਦਗੀ ਦੀਨ ਦੁਨੀ ਤਜਾਈਆ । ਤੁਹਾਡੀ ਇਕ ਇਕ ਲਿਟ ਹੋਵੇ ਖਿੰਡੀ, ਬੌਰਾ ਰੂਪ ਦਰਸਾਈਆ । ਤੁਹਾਡੀ ਪਵਿਤ੍ਰ ਹੋਵੇ ਪਿੰਡੀ, ਆਪਣਾ ਰੰਗ ਬਦਲਾਈਆ । ਕਿਸੇ ਦਾ ਰੂਪ ਹੋਵੇ ਨਾ ਬੰਗਾਲੀ ਸਿੰਧੀ, ਸੰਧੀ ਵੇਖਣੀ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਕੀ ਵਰਤਾਈਆ । ਚਾਰੇ ਕਹਿਣ ਨਾਰਦ ਅਸੀਂ ਫਿਰੀਏ ਵਿਚ ਉਜਾੜ, ਕਿਨਾਰਾ ਘਾਟ ਤਟ ਨਜ਼ਾਰਾ ਨਜ਼ਰ ਕੋਇ ਨਾ ਆਈਆ । ਸਾਡੇ ਬਸਤਰ ਲਹਿੰਗੇ ਕਲਜੁਗ ਜੀਵਾਂ ਦਿਤੇ ਪਾੜ, ਅੰਗੀ ਅੰਗ ਨਾ ਕੋਇ ਸੁਹਾਈਆ । ਸਾਡੀ ਦੁਖੀ ਹੋਈ ਨਾੜੀ ਨਾੜ, ਬੂੰਦ ਬੂੰਦ ਰਹੀ ਕੁਰਲਾਈਆ । ਸਾਡਾ ਵਕ਼ਤ ਦੁਹੇਲਾ ਸਮਾਂ ਦਿਸੇ ਮਾੜ, ਧਰਮ ਦੀ ਧਾਰ ਧਰਮ ਨਾ ਕੋਇ ਜਣਾਈਆ । ਝਟ ਨਾਰਦ ਮੁਖ ਬੋਲਿਆ ਪਾੜ, ਉਚੀ ਕੂਕ ਕੂਕ ਸੁਣਾਈਆ । ਨੀ ਉਹ ਮਾਲਕ ਖ਼ਾਲਕ ਧੁਰ ਦਾ ਲਾੜ, ਨਰ ਨਰਾਇਣ ਇਕ ਅਖਵਾਈਆ । ਜਿਸ ਸਭ ਦੇ ਪਿਛੇ ਲਾਈ ਕਲਜੁਗ ਧਾੜ, ਕੂੜੀ ਕਿਰਿਆ ਕੂੜ ਮਿਲਾਈਆ । ਉਹ ਅੰਤਮ ਸਭ ਨੂੰ ਦੇਵੇ ਝਾੜ, ਮਿੱਟੀ ਖ਼ਾਕ ਖ਼ਾਕ ਰੁਲਾਈਆ । ਚਰਨ ਕਵਣ ਦੁਆਰੇ ਲਏ ਵਾੜ, ਗ੍ਰਿਹ ਮੰਦਰ ਇਕ ਵਖਾਈਆ ।

ਜਿਥੇ ਅਗਨੀ ਅੱਗ ਨਾ ਲੱਗੇ ਹਾੜ, ਤਤਵ ਤਤ ਨਾ ਕੋਇ ਤਪਾਈਆ । ਨੀਂ ਤੁਸੀਂ ਚਲਦੀਆਂ ਉਤੋਂ ਚੋਟੀ ਪਹਾੜ, ਅੰਤ ਸਾਗਰਾਂ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਚਾਰੇ ਵੇਖੋ ਚਹੁੰ ਜੁਗਾਂ, ਜੁਗਤੀ ਆਪਣੀ ਨਾਲ ਮਿਲਾਈਆ । ਸਭ ਦਾ ਵਕ਼ਤ ਵੇਖ ਲਓ ਪੁੱਗਾ, ਅਗੇ ਅਵਰ ਨਾ ਕੋਇ ਵਧਾਈਆ । ਤੁਹਾਡਾ ਲਏ ਕੋਈ ਨਾ ਭੁੱਗਾ, ਕ਼ੀਮਤ ਜਗਤ ਨਾ ਕੋਇ ਰਖਾਈਆ । ਇਕੋ ਪ੍ਰਭ ਦਾ ਨਾਮ ਹੋਣਾ ਉਘਾ, ਉਘਣ ਆਥਣ ਵਜੇ ਵਧਾਈਆ । ਵੇਖੋ ਤੁਹਾਡੇ ਨਾਲ ਸੀਸ ਨਿਵਾਏ ਬਸੁੱਧਾ, ਧਰਨੀ ਧਰਤ ਧਵਲ ਧੌਲ ਬੈਠੀ ਮਾਣ ਗੁਆਈਆ । ਜਿਸ ਉਤੇ ਹੋਵਣ ਵਾਲਾ ਯੁੱਧਾ, ਕਲਜੁਗ ਯੋਧਾ ਬੀਰ ਲਏ ਅੰਗੜਾਈਆ । ਤੁਹਾਡਾ ਸੀਰ ਧਰਮ ਦੀ ਧਾਰ ਦਿਸੇ ਨਾ ਦੁੱਧਾ, ਅੰਮ੍ਰਿਤ ਰਸ ਨਾ ਕੋਇ ਚੁਆਈਆ । ਉਹ ਵੇਖ ਲੈ ਸਭ ਦਾ ਦੀਪਕ ਬੁੱਝਾ, ਨੂਰ ਨਜ਼ਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਆਪਣੇ ਹੱਥ ਰਖਾਏ ਸਭ ਦਾ ਮੁੱਦਾ, ਮੁਦਤਾਂ ਦੇ ਲੇਖੇ ਪੂਰ ਕਰਾਈਆ ।

## ✪ ੨੮ ਜੇਠ ਸ਼ਹਿਨਸ਼ਾਹੀ ਸੰਮਤ ੧੧ ਗੂਹੜਾ ਰਾਮ ਦੇ ਗ੍ਰਿਹ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਗੰਗਾ ਗੋਦਾਵਰੀ ਜਮਨਾ ਸੁਰਸਤੀ ਕਹੇ ਸਾਡਾ ਖੇਲ ਨਾਲ ਬੇਪਰਵਾਹਿਆ, ਬੇਪਰਵਾਹੀ ਧੁਰਦਰਗਾਹੀ ਆਪਣੀ ਦਇਆ ਕਮਾਈਆ । ਜਿਸ ਨਿਰਗੁਣ ਧਾਰ ਸਰਗੁਣ ਸਾਡਾ ਰਚਨ ਰਚਾਇਆ, ਜਲ ਥਲ ਦੇ ਮਾਲਕ ਦਿਤੀ ਵਡਿਆਈਆ । ਅੰਮ੍ਰਿਤ ਰਸ ਵਿਚ ਭਰਾਇਆ, ਅਮਰਾਪਦ ਦਾ ਮਾਲਕ ਹੋਇਆ ਆਪ ਸਹਾਈਆ । ਸਾਡਾ ਰੂਪ ਅਨੂਪ ਆਪਣੇ ਵਿਚ ਛੁਪਾਇਆ, ਜ਼ਾਹਰ ਨਜ਼ਰ ਕਿਸੇ ਨਾ ਆਈਆ । ਲਹਿਣਾ ਸ਼ੰਕਰ ਨਾਲ ਜੁੜਾਇਆ, ਜਟਾ ਜੂਟ ਮਿਲ ਕੇ ਵਜੀ ਵਧਾਈਆ । ਪਰਬਤ ਟਿੱਲਿਆਂ ਸੰਗ ਬਣਾਇਆ, ਸਗਲੇ ਸਾਥੀ ਤੇਰੀ ਖੇਲ ਸਮਝ ਕਿਸੇ ਨਾ ਆਈਆ । ਤੀਰਥ ਤੱਟਾਂ ਨਾਲ ਸੁਹਾਇਆ, ਕਿਨਾਰਿਆਂ ਵਜਦੀ ਰਹੀ ਵਧਾਈਆ । ਸਾਧਾਂ ਸੰਤਾਂ ਮੇਲ ਮਿਲਾਇਆ, ਰਿਸ਼ੀਆਂ ਮੁਨੀਆਂ ਜੋੜ ਜੁੜਾਈਆ । ਸ਼ਾਸਤਰ ਗ੍ਰੰਥਾਂ ਨਾਲ ਸਜਾਇਆ, ਮੰਦਰ ਮਠਾਂ ਰੰਗ ਚੜ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਵੰਡ ਵੰਡਾਇਆ, ਸੋਹਣੀ ਬਣਤ ਬਣਾਈਆ । ਸਾਡਾ ਚਰਨ ਚਰਨੋਦਕ ਜੀਵਾਂ ਜੰਤਾਂ ਮੁਖ ਚੁਆਇਆ, ਰਸਨਾ ਰਸ ਵਖਾਈਆ । ਅਸੀਂ ਮਿਲ ਕੇ ਤੇਰਾ ਢੋਲਾ ਗਾਇਆ, ਮਾਲਕ ਤੇਰੀ ਇਕ ਸਰਨਾਈਆ । ਜੋਤੀ ਜਾਤੇ ਤੇਰੇ ਵਿਚ ਆਪਣਾ ਆਪ ਲੁਕਾਇਆ, ਲੋਕ ਪਰਲੋਕ ਨਜ਼ਰ ਕਿਸੇ ਨਾ ਆਈਆ । ਜੋਤੀ ਜਾਤੇ ਤੇਰਾ ਨੂਰ ਜੋਤ ਜੋਤ ਰੁਸ਼ਨਾਇਆ, ਪੁਰਖ ਅਬਿਨਾਸ਼ੀ ਡਗਮਗਾਈਆ । ਹੱਥ ਬੰਨ੍ਹ ਕੇ ਬਿਨ ਕ਼ਦਮਾਂ ਸੀਸ ਝੁਕਾਇਆ, ਸਰਨ ਸਰਨਾਈ ਲਈ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਚਾਰੇ ਕਹਿਣ ਪ੍ਰਭੂ ਤੇਰੇ ਸਰਨ ਰਖੀ ਓਟ, ਦੂਜਾ ਨਜ਼ਰ ਕੋਇ ਨਾ ਆਈਆ । ਸਾਡੇ ਅੰਤਰ ਰਹਿਣ ਨਾ ਦੇਣਾ ਖੋਟ, ਕਲਜੁਗ ਕੂੜੀ ਕਿਰਿਆ ਬਾਹਰ ਕਢਾਈਆ । ਸਾਡੇ ਪਾਪ ਕਲੇਵਰ ਦੇਣੇ ਧੋਤ, ਦੁਰਮਤ ਮੈਲ ਕਰ ਸਫ਼ਾਈਆ ਦਰਸ਼ਨ ਕਰੀਏ ਤੇਰੀ ਨਿਰਮਲ ਜੋਤ, ਜੋਤੀ ਜਾਤੇ ਤੇਰੇ ਵਿਚ ਸਮਾਈਆ । ਸਾਡੀ ਵਖਰੀ ਰਹੇ ਕੋਈ ਨਾ ਗੋਤ,

ਜ਼ਾਤ ਪਾਤੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਕਹੇ ਸਾਡੀ ਤੇਰੇ ਅਗੇ ਬੰਦਨਾ, ਹੱਥ ਬੰਨ੍ਹ ਕੇ ਸੀਸ ਨਿਵਾਈਆ । ਤੂੰ ਮਾਲਕ ਖਾਲਕ ਵਿਚ ਵਰਭੰਡਣਾ, ਬ੍ਰਹਿਮੰਡ ਤੇਰੀ ਸਰਨਾਈਆ । ਤੂੰ ਕੂੜੀ ਕਿਰਿਆ ਕਲਜੁਗ ਦੰਡਣਾ, ਸਤਿਗੁਰ ਕਰਨੀ ਸਚ ਸਫ਼ਾਈਆ । ਸਾਨੂੰ ਅੰਗੀਕਾਰ ਲਾਉਂਣਾ ਅੰਗਨਾ, ਦਰ ਠਾਂਢੇ ਦੇਣੀ ਵਡਿਆਈਆ । ਤੇਰਾ ਮਸਤਕ ਧੂੜੀ ਲਾਈਏ ਚੰਦਨਾ, ਟਿੱਕੇ ਧੁਰ ਦੇ ਖ਼ਾਕ ਰਮਾਈਆ । ਸਾਡਾ ਵਹਿਣ ਤੇਰੇ ਚਰਨ ਕਵਲਾਂ ਵਿਚ ਵੰਞਣਾ, ਵੰਞੀ ਹਾਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸੂਰੇ ਸਰਬੰਗਨਾ, ਸਤਿਗੁਰ ਤੇਰੀ ਇਕ ਸਰਨਾਈਆ ।



### ✪ ੨੮ ਜੇਠ ਸ਼ਹਿਨਸ਼ਾਹੀ ਸੰਮਤ ੧੧ ਫੱਤੂ ਰਾਮ ਦੇ ਗ੍ਰਿਹ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਆਪਣਾ ਵੇਲਾ ਲਓ ਵਿਚਾਰ, ਵਕ਼ਤ ਗਿਆ ਹੱਥ ਨਾ ਆਈਆ । ਦਰ ਠਾਂਢੇ ਕਰੋ ਪੁਕਾਰ, ਕੂਕ ਕੂਕ ਸੁਣਾਈਆ । ਚਰਨ ਕਵਲ ਜਾਉ ਬਲਿਹਾਰ, ਬਲ ਬਲ ਆਪਣਾ ਆਪ ਕਰਾਈਆ । ਕਿਰਪਾ ਕਰੇ ਆਪ ਕਰਤਾਰ, ਕ਼ੁਦਰਤ ਦਾ ਕ਼ਾਦਰ ਦਇਆ ਕਮਾਈਆ । ਤੁਹਾਡੀ ਸੁਣੇ ਗਿਰਿਆਜ਼ਾਰ, ਗ੍ਰਿਹ ਗ੍ਰਿਹ ਖੋਜ ਖੁਜਾਈਆ । ਲੇਖਾ ਦੱਸੋ ਕੀ ਹੋਵੇ ਤੁਹਾਡੇ ਤਟ ਕਿਨਾਰ, ਕੀ ਘਾਟਾਂ ਖੇਲ ਖਿਲਾਈਆ । ਕੀ ਕਲਜੁਗ ਜੀਵ ਕਰਨ ਵਿਭਚਾਰ, ਕੂੜੀ ਕਿਰਿਆ ਨਾਲ ਹਲਕਾਈਆ । ਕੀ ਮਾਇਆ ਮੋਹ ਕੀਤਾ ਦੁਖਿਆਰ, ਮਮਤਾ ਰੂਪ ਬਣੀ ਕਸਾਈਆ । ਕੀ ਕਲਜੁਗ ਕੱਪੜ ਕਾਈਆ ਦਿਤਾ ਉਤਾਰ, ਓਢਣ ਭੂਸ਼ਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸਮਝਾਈਆ । ਨਾਰਦ ਕਹੇ ਸੁਣੋ ਚਾਰੇ ਸਖ਼ੀਆਂ, ਸਚ ਦਿਆਂ ਸੁਣਾਈਆ । ਆਪਣਾ ਹਾਲ ਦੱਸੋ ਵੇਖਿਆ ਅੱਖੀਆਂ, ਅੱਖਰ ਅੱਖਰ ਨਾਲ ਮਿਲਾਈਆ । ਕਿਸ ਕਾਰਨ ਘਰ ਟਿਕਾਣੇ ਛਡ ਕੇ ਆਈਆਂ ਨੱਸੀਆਂ, ਭੱਜੀਆਂ ਵਾਹੋ ਦਾਹੀਆ । ਤੁਹਾਡੀਆਂ ਜਗਤ ਪਿਆਰ ਦੀਆਂ ਟੁੱਟੀਆਂ ਰੱਸੀਆਂ, ਬੰਧਨ ਬੰਧ ਨਾ ਕੋਇ ਰਖਾਈਆ । ਬਿਨਾ ਪਾਣੀ ਤੋਂ ਤੜਫੋ ਮੱਛੀਆਂ, ਬਹਿਬਲ ਆਪਣਾ ਆਪ ਕਰਾਈਆ । ਕਿਉਂ ਤੁਹਾਨੂੰ ਪੈਂਦੀਆਂ ਗ਼ਸ਼ੀਆਂ, ਸੁਰਤੀ ਸੁਰਤ ਨਾ ਕੋਇ ਰਖਾਈਆ । ਕਿਉਂ ਵੈਰਾਗ ਵਿਚ ਗਈਆਂ ਪੱਛੀਆਂ, ਪੱਛਮ ਆਈਆਂ ਵਾਹੋ ਦਾਹੀਆ । ਕਿਉਂ ਉਲਝਣ ਵਿਚ ਫਸੀਆਂ, ਫ਼ੈਸਲਾ ਦਿਓ ਦ੍ਰਿੜਾਈਆ । ਝਟ ਨੇਤਰ ਰੋਵਣ ਲਗੀਆਂ ਅੱਖੀਆਂ, ਨੈਣਾਂ ਨੀਰ ਵਹਾਈਆ । ਅਸੀਂ ਲੱਖੋਂ ਹੋਈਆਂ ਕੱਖੀਆਂ ਸਾਡੀ ਕ਼ੀਮਤ ਜਗਤ ਕੋਇ ਨਾ ਪਾਈਆ । ਸਾਡੇ ਉਤੇ ਪੰਡਤਾਂ ਪਾਂਧਿਆ ਪ੍ਰਭੂ ਦੇ ਨਾਮ ਦੀਆਂ ਪਾਈਆ ਪਤੀਆਂ, ਹਿੱਸੇ ਮਾਇਆ ਵਾਲੇ ਰਖਾਈਆ । ਧੀਰਜ ਰਿਹਾ ਕਿਸੇ ਨਾ ਯਤੀਆਂ, ਸਤਿ ਵਿਚ ਨਾ ਕੋਇ ਸਮਾਈਆ । ਸਾਡੀਆਂ ਅੰਦਰੋਂ ਆਸ਼ਾ ਤਪੀਆਂ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਸਾਡੇ ਹੱਥ ਟਿਕਾਈਆ । ਨਾਰਦ ਕਹੇ ਕਿਉਂ ਤੁਹਾਡੇ ਅੰਦਰ ਆਇਆ ਗ਼ਮਾ, ਗ਼ਮਗੀਨ ਨਜ਼ਰੀ ਆਈਆ । ਕਿਉਂ ਤੁਹਾਨੂੰ ਚੜ੍ਹਿਆ ਦਮਾ, ਸਾਂਸ ਸਵਾਸ ਲਿਆ ਬਦਲਾਈਆ ।

ਝਟ ਸਭ ਨੇ ਕਿਹਾ ਜਗਤ ਦੀ ਸ੍ਰਿਸ਼ਟੀ ਹੋ ਗਈ ਚੰਮਾ, ਚੰਮ ਦ੍ਰਿਸ਼ਟੀ ਵਿਚ ਲੋਕਾਈਆ । ਪ੍ਰਭੂ ਨੇ ਕਿਹੋ ਜਿਹਾ ਲਿਆਂਦਾ ਸਮਾਂ, ਸਚ ਵਿਚ ਨਾ ਕੋਇ ਸਮਾਈਆ । ਧਰਮ ਦਾ ਰਿਹਾ ਹੱਦ ਨਾ ਬੰਨਾ, ਹਦੂਦ ਰਹਿਣ ਕੋਇ ਨਾ ਪਾਈਆ । ਅਸੀਂ ਸਭ ਕੁਛ ਸੁਣਿਆ ਆਪਣੇ ਕੰਨਾਂ, ਕਾਇਨਾਤ ਰੋਵੇ ਮਾਰੇ ਧਾਹੀਆ । ਨਿਸ਼ਾਨ ਮਿਟਣਾ ਤਾਰਾ ਚੰਨਾ, ਸਦੀ ਚੌਧਵੀਂ ਪੰਧ ਮੁਕਾਈਆ । ਅਗੇ ਸਫ਼ਰ ਰਿਹਾ ਨਹੀਂ ਲੰਮਾ, ਪਾਂਧੀ ਬੈਠੇ ਪੰਧ ਮੁਕਾਈਆ । ਸਾਨੂੰ ਸੰਦੇਸ਼ਾ ਦਿਤਾ ਬਿਨਾ ਕੰਨਾਂ ਤੋਂ ਬ੍ਰਹਮਾ, ਬ੍ਰਹਮ ਭੇਵ ਗਿਆ ਜਣਾਈਆ । ਵਿਸ਼ਨੂੰ ਵਿਸ਼ਵ ਦੀ ਧਾਰ ਦੱਸਿਆ ਖੇਲ ਨਵਾਂ, ਨਰ ਨਿਰੰਕਾਰ ਕੀ ਕਰਾਈਆ । ਸ਼ੰਕਰ ਕਿਹਾ ਮੈਂ ਲੇਖਾ ਰਹਿਣ ਨਹੀਂ ਦੇਣਾ ਹਮਾਂ ਤਮਾਂ, ਤਾਮਸ ਤ੍ਰਿਸ਼ਨਾ ਦੂਰ ਕਰਾਈਆ । ਜਿਸ ਕਾਰਨ ਅਸੀਂ ਚਾਰੇ ਹੋਈਆਂ ਜਮਾਂ, ਚੌਥੇ ਜੁਗ ਵੇਖ ਵਖਾਈਆ । ਸਾਡਾ ਕਿਹੋ ਜਿਹਾ ਹੋਣਾ ਕਰਮਾ, ਕਰਮ ਕਾਂਡ ਦਾ ਭੇਵ ਦੇਣਾ ਖੁਲ੍ਹਾਈਆ । ਕਿਸ ਬਿਧ ਸਤਿਜੁਗ ਪਰਗਟੇ ਧਰਮਾ, ਧਰਮ ਧਾਰ ਦ੍ਰਿੜਾਈਆ । ਝਗੜਾ ਮੁਕੇ ਵਰਨਾਂ ਬਰਨਾਂ, ਜ਼ਾਤ ਪਾਤ ਨਾ ਕੋਇ ਰਖਾਈਆ । ਕਿਸ ਬਿਧ ਇਕ ਪ੍ਰਭੂ ਦੀ ਸਭ ਨੇ ਰਖਣੀ ਸਰਨਾ, ਦੂਸਰ ਓਟ ਨਾ ਕੋਇ ਤਕਾਈਆ । ਸੀਸ ਝੁਕੇ ਜਗਦੀਸ਼ ਚਰਨਾਂ, ਚਾਰੋਂ ਕੁੰਟ ਵਜੇ ਵਧਾਈਆ । ਜਿਸ ਨੇ ਆਪਣੇ ਹੁਕਮ ਨਾਲ ਸਭ ਕੁਛ ਕਰਨਾ, ਕਰਨੀ ਦਾ ਕਰਤਾ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਸੁਆਮੀ ਸਭ ਦਾ ਲੜ ਫੜਨਾ, ਪੱਲੂ ਆਪਣੀ ਗੰਢ ਬੰਧਾਈਆ ।

੫੮੭ ੫੮੭

੨੪ ✪ ੨੮ ਜੇਠ ਸ਼ਹਿਨਸ਼ਾਹੀ ਸੰਮਤ ੧੧ ਚਰਨ ਦਾਸ ਦੇ ਗ੍ਰਿਹ ਪਿੰਡ ਸੇਈ ਕਲਾ ਜ਼ਿਲਾ ਜੰਮੂ ✪ ੨੪

ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਤੁਸੀਂ ਕਿਉਂ ਦਿਸੋ ਅੱਕੀਆਂ, ਗ਼ੁੱਸੇ ਵਿਚ ਕਰਵਟ ਬਦਲਾਈਆ । ਕੀ ਜਗਤ ਜਹਾਨ ਪੰਧ ਮਾਰ ਮਾਰ ਥੱਕੀਆਂ, ਪਾਂਧੀ ਹੋ ਕੇ ਭੱਜੀਆਂ ਵਾਹੋ ਦਾਹੀਆ । ਤੁਸੀਂ ਆਪਣੀਆਂ ਧਾਰਾ ਪਿਛਲੀਆਂ ਵੇਖੋ ਪੱਕੀਆਂ, ਪਾਰਬ੍ਰਹਮ ਕੀ ਸਮਝਾਈਆ । ਮੈਂ ਖੇਲ ਦੱਸਾਂ ਅਨਝਕੀਆਂ, ਝਾਕਾ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤ ਜਿਸ ਵੇਲੇ ਪਵਿਤ੍ਰ ਰਹੀਆਂ ਕੋਈ ਨਾ ਢਕੀਆਂ, ਗ੍ਰਿਹ ਮੰਦਰਾਂ ਨਾ ਕੋਇ ਵਡਿਆਈਆ । ਸਭ ਦੀਆਂ ਆਸ਼ਾ ਹੋਣੀਆਂ ਘੱਟੀਆਂ, ਖਟਕਲ ਦਿਸੇ ਲੋਕਾਈਆ । ਪ੍ਰੇਮ ਪਿਆਰ ਨਾਲ ਖ਼ਾਲੀ ਹੋਣੀਆਂ ਮੱਟੀਆਂ, ਭਾਂਡੇ ਸਚ ਨਾ ਕੋਇ ਭਰਾਈਆ । ਮਾਣ ਰਹਿਣਾ ਨਹੀਂ ਅੱਖਰਾਂ ਵਾਲੀਆਂ ਪੱਟੀਆਂ, ਸਿਫ਼ਤਾਂ ਵਿਚ ਨਾ ਕੋਇ ਸਲਾਹੀਆ । ਕਮਲੀਓ ਤੁਹਾਨੂੰ ਬਣਨਾ ਪੈਣਾ ਜੱਟੀਆਂ, ਜੰਗਲਾਂ ਬੇਲਿਆਂ ਖੇਤਾਂ ਵਿਚ ਭੱਜੋ ਵਾਹੋ ਦਾਹੀਆ । ਉਸ ਵੇਲੇ ਪੈਗ਼ੰਬਰਾਂ ਦੀਆਂ ਸਦੀਆਂ ਹੋਣੀਆਂ ਟੱਪੀਆਂ, ਆਪਣਾ ਪੰਧ ਮੁਕਾਈਆ । ਧਰਮ ਦੀਆਂ ਧਾਰਾਂ ਹੋਣੀਆਂ ਛਪੀਆਂ, ਨੂਰੀ ਚੰਦ ਨਾ ਕੋਇ ਚਮਕਾਈਆ । ਪ੍ਰਭ ਦਾ ਨਾਮ ਹੱਥ ਨਾ ਆਵੇ ਰਤੀਆਂ, ਜਗਤ ਤਰਾਜ਼ੂ ਤੋਲ ਨਾ ਕੋਇ ਤੁਲਾਈਆ । ਮਾਣ ਰਹਿਣਾ ਨਹੀਂ ਰਾਗ ਛਤੀਆਂ, ਛਤਰਧਾਰੀ ਨਾ ਕੋਇ ਵਡਿਆਈਆ । ਤੁਸੀਂ ਸਚ ਦਸੋ ਕਿਸ ਬਿਧ ਆਈਆਂ ਇਕੱਠੀਆਂ, ਆਪਣਾ ਪੰਧ ਮੁਕਾਈਆ । ਕਿਸ ਸਾਹਿਬ ਦੇ ਸਰਨੀ ਢੱਠੀਆਂ, ਮਾਣ ਤਾਣ ਗਵਾਈਆ । ਕਿਹੜੀ ਵਿਕੀਆਂ ਵਿਚ ਹੱਟੀਆਂ, ਕ਼ੀਮਤ ਜਗਤ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਸਮਝਾਈਆ । ਨਾਰਦ ਕਹੇ

ਗੰਗਾ ਗੋਦਾਵਰੀ ਜਮਨਾ ਸੁਰਸਤੀ ਕਿਉਂ ਮਸਤਕ ਪਾਈ ਤਿਉੜੀ, ਖ਼ੁਸ਼ੀ ਗ਼ਮੀ ਵਿਚ ਬਦਲਾਈਆ । ਤੁਸੀਂ ਆਪਣੀ ਵੇਖੋ ਹਰਿ ਕੀ ਪੌੜੀ, ਬਿਨਾ ਡੰਡਿਆਂ ਖੋਜ ਖੁਜਾਈਆ । ਸਭ ਨੇ ਰੋ ਕੇ ਕਿਹਾ ਉਥੇ ਪ੍ਰੇਮ ਦੀ ਭਗਤੀ ਰਹਿ ਗਈ ਥੋੜ੍ਹੀ, ਸਚ ਪ੍ਰੇਮ ਨਾ ਕੋਇ ਕਮਾਈਆ । ਆਤਮ ਪਰਮਾਤਮ ਬਣੇ ਕੋਇ ਨਾ ਜੋੜੀ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਸਾਧਾਂ ਸੰਤਾਂ ਜੀਵਾਂ ਜੰਤਾਂ ਆਸ਼ਾ ਹੋ ਗਈ ਕੌੜੀ, ਕੂੜੀ ਕਿਰਿਆ ਨਾਲ ਹਲਕਾਈਆ । ਸਾਡੀ ਦੁਹਾਈ ਸਾਡੀ ਬਹੁੜੀ, ਰੋ ਰੋ ਦਈਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਸਾਡੇ ਹੱਥ ਟਿਕਾਈਆ । ਨਾਰਦ ਕਹੇ ਤੁਸੀਂ ਕਿਸ ਬਿਧ ਆਈਆਂ ਭੱਜੀਆਂ, ਭਜਨ ਬੰਦਗੀ ਕਿਹੜੀ ਗਾਈਆ । ਕਿਹੜੀ ਕੂਟੇ ਆ ਕੇ ਸਜੀਆਂ, ਕਵਣ ਸੱਜਣ ਮਿਲਿਆ ਧੁਰ ਦਾ ਮਾਹੀਆ । ਕਿਉਂ ਪ੍ਰੇਮ ਪ੍ਰੀਤੀ ਅੰਦਰ ਬੱਝੀਆਂ, ਪੱਲੂ ਸਕੇ ਨਾ ਕੋਇ ਛੁਡਾਈਆ । ਕਿਸ ਦੀ ਸ਼ਰਅ ਵਿਚ ਰਖੇ ਲੱਜੀਆਂ, ਨੈਣ ਨੈਣ ਸ਼ਰਮਾਈਆ । ਚਾਰੇ ਹਸੀਆਂ ਕੱਢਕੇ ਦੰਦੀਆਂ, ਖ਼ੁਸ਼ੀਆਂ ਢੋਲੇ ਗਾਈਆ । ਸਾਨੂੰ ਇਕੋ ਸਾਹਿਬ ਦੀਆਂ ਪਾਬੰਦੀਆਂ, ਦੂਜਾ ਨਜ਼ਰ ਕੋਇ ਨਾ ਆਈਆ । ਸਾਡਾ ਨਾ ਕੋਈ ਘਾਟ ਨਾ ਕੋਈ ਕੰਢੀਆਂ, ਕਿਨਾਰੇ ਤਟ ਨਾ ਕੋਇ ਸੁਹਾਈਆ । ਅਸੀਂ ਭੱਜੀਆਂ ਆਈਆਂ ਓਝੜ ਡੰਡੀਆਂ, ਪਗਡੰਡੀ ਨਾ ਕੋਇ ਰਖਾਈਆ । ਸਾਡਾ ਨਾਤਾ ਤੁੱਟੇ ਨਾਲੋਂ ਪਾਖੰਡੀਆਂ, ਕਲਜੁਗ ਕਿਰਿਆ ਨਾ ਕੂੜ ਹਲਕਾਈਆ । ਸਾਡਾ ਲੇਖਾ ਲਾਵੇ ਆਪਣੇ ਅੰਗੀ ਆ, ਅੰਗੀਕਾਰ ਆਪ ਹੋ ਜਾਈਆ । ਸਾਡੀਆਂ ਪੂਰੀਆਂ ਕਰੇ ਸੰਧੀਆਂ, ਲੇਖ ਭਵਿਖਤ ਨਾ ਕੋਇ ਸਮਝਾਈਆ । ਅਸੀਂ ਤੂੰ ਮੇਰਾ ਮੈਂ ਤੇਰਾ ਗਾਈਏ ਛੰਦੀਆਂ, ਸੋਹੰ ਢੋਲਾ ਸਚ ਸਲਾਹੀਆ । ਸਾਡੀਆਂ ਅੱਖਾਂ ਰਹਿਣ ਨਾ ਅੰਧੀਆਂ, ਨਿਜ ਲੋਚਨ ਕਰੇ ਰੁਸ਼ਨਾਈਆ । ਅਸੀਂ ਸਚ ਦੁਆਰ ਆਈਆ ਲੰਘੀਆਂ, ਦਰ ਦੁਆਰ ਮਿਲੇ ਵਡਿਆਈਆ । ਸਾਨੂੰ ਯਾਦ ਆਉਂਦੀ ਰਵੀਦਾਸ ਵਾਲੀ ਰੰਬੀ ਆ, ਜੋ ਢੇਰਾਂ ਖੱਲ ਲੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡਾ ਸਚ ਸਚ ਦਾ ਸੰਗੀਆ, ਸਗਲਾ ਸੰਗੀ ਬਹੁਰੰਗੀ ਇਕ ਅਖਵਾਈਆ ।

### ੨੮ ਜੇਠ ਸ਼ਹਿਨਸ਼ਾਹੀ ਸੰਮਤ ੧੧ ਗਿਆਨ ਚੰਦ ਦੇ ਗ੍ਰਿਹ ਪਿੰਡ ਸੇਈ ਕਲਾਂ ਜ਼ਿਲਾ ਜੰਮੂ

ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਮੇਰਾ ਨਿੱਕਾ ਜਿਹਾ ਮੁਖ, ਵੱਡੀ ਗੱਲ ਕਹਿਣ ਕੁਛ ਨਾ ਪਾਈਆ । ਤੁਸਾਂ ਬੜਾ ਮਾਣਿਆ ਸੀ ਸੁਖ, ਸੁਖ ਵਿਚ ਆਪਣਾ ਝਟ ਲੰਘਾਈਆ । ਪਤਾ ਨਹੀਂ ਕਿਸ ਬਿਧ ਪ੍ਰਭੂ ਨੇ ਤੁਹਾਨੂੰ ਦਿਤਾ ਦੁਖ, ਦੁਖਿਆਰੇ ਤੁਹਾਨੂੰ ਦਿਆਂ ਸੁਣਾਈਆ । ਤੁਸੀਂ ਬਦਲ ਕੇ ਆਈਆਂ ਆਪਣਾ ਰੁਖ਼, ਭੱਜੀਆਂ ਵਾਹੋ ਦਾਹੀਆ । ਮੈਨੂੰ ਇਉਂ ਜਾਪਦਾ ਤੁਹਾਨੂੰ ਲੱਗੀ ਹੋਵੇਗੀ ਭੁਖ, ਭੁਖੀਓ ਦਿਆਂ ਸੁਣਾਈਆ । ਮੈਂ ਤੁਹਾਨੂੰ ਖੁਆਵਾਂ ਕੁਛ ਦਾ ਕੁਛ, ਹੱਥ ਥੋਦੀ ਉਤੇ ਟਿਕਾਈਆ । ਭਾਵੇਂ ਮੇਰੀ ਨਹੀਂ ਕੋਈ ਮੁੱਛ, ਮੁਸ਼ਕਲ ਸਭ ਦੀ ਹਲ ਕਰਾਈਆ । ਮੈਂ ਪਿਆਰ ਵਿਚ ਰਿਹਾ ਪੁਛ, ਪੁਸ਼ਤ ਪਨਾਹ ਹੱਥ ਦੇਵਾਂ ਟਿਕਾਈਆ । ਕਿਤੇ ਵੇਖਿਓ ਮੇਰੀਆਂ ਗੱਲਾਂ ਤੋਂ ਨਾ ਜਾਇਓ ਰੁੱਸ, ਹਾਸੀ ਕਰਨੀ ਮੇਰੀ ਆਦਿ ਦੀ ਰੀਤੀ ਚਲੀ ਆਈਆ । ਪੁਰਾਤਨ ਗੱਲਾਂ ਪੁਛਣ ਦਾ ਮੈਨੂੰ ਭੁਸ, ਮੈਂ ਸਚ ਦਿਆਂ ਸੁਣਾਈਆ । ਮੈਨੂੰ ਹੁਕਮ ਦਿਤਾ ਪਰਮਾਤਮਾ ਉਸ, ਜਿਸ ਦੀ

ਉਸਤਤ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਤੁਹਾਡੇ ਨਾਲ ਮੇਰਾ ਕਿਹੜਾ ਰਿਸ਼ਤਾ, ਮੈਨੂੰ ਦਿਓ ਸੁਣਾਈਆ । ਮੇਰਾ ਗ੍ਰਿਹ ਟਿਕਾਣਾ ਤੁਹਾਨੂੰ ਕਿਹੜਾ ਦਿਸਦਾ, ਕਵਣ ਕੂਟੇ ਸੋਭਾ ਪਾਈਆ । ਮੈਂ ਬ੍ਰਾਹਮਣ ਬ੍ਰਹਮ ਧਾਰ ਪਰਦੇਸ਼ੀ ਨਿਤ ਦਾ, ਜੁਗ ਜੁਗ ਭੱਜਾਂ ਵਾਹੋ ਦਾਹੀਆ । ਮੇਰੇ ਕੋਲ ਇਕੋ ਹਿੱਸਾ ਸਾਚੇ ਹਿਤ ਦਾ, ਹਿਤਕਾਰੀ ਹੋ ਕੇ ਦਿਆਂ ਸੁਣਾਈਆ । ਮੈਂ ਜੁਗ ਚੌਕੜੀ ਸਭ ਨੂੰ ਪਿਆਰ ਨਾਲ ਜਿੱਤਦਾ, ਸੋ ਪਿਆਰ ਤੁਹਾਡੇ ਅੰਦਰ ਦੇਵਾਂ ਟਿਕਾਈਆ । ਤੁਹਾਡਾ ਮੇਲ ਹੋਵੇ ਪਰਮੇਸ਼ਵਰ ਪਿਤ ਦਾ, ਪਾਰਬ੍ਰਹਮ ਆਪਣਾ ਰੰਗ ਦੇਵੇ ਵਖਾਈਆ । ਉਹ ਵਕਤ ਸੁਹੰਜਣਾ ਅੱਜ ਦੀ ਘੜੀ ਥਿਤ ਦਾ, ਘੜੀ ਪਲ ਸੋਹਣੀ ਨਜ਼ਰੀ ਆਈਆ । ਤੁਸੀਂ ਵਿਚਾਰ ਨਾ ਕਰਿਓ ਆਪਣੇ ਚਿਤ ਦਾ, ਚੇਤਨ ਹੋ ਕੇ ਲਓ ਅੰਗੜਾਈਆ । ਸਾਡਾ ਲਹਿਣਾ ਦੇਣਾ ਲੇਖਾ ਹੋਵੇ ਇਕ ਦਾ, ਏਕੰਕਾਰ ਮਿਲ ਕੇ ਵਜੇ ਵਧਾਈਆ । ਜੇ ਤੁਹਾਡਾ ਮਨ ਮੇਰੇ ਨਾਲ ਹੋਵੇ ਟਿਕਦਾ, ਟਿਕਟਿਕੀ ਮੇਰੇ ਵਲ ਲਗਾਈਆ । ਮੈਂ ਵੇਖੇ ਪਾਂਧਾ ਤੁਹਾਡੇ ਅਗਲੇ ਲੇਖ ਲਿਖਦਾ, ਲੇਖਣੀ ਚਲੇ ਚਾਈਂ ਚਾਈਂਆ । ਕਲਜੁਗ ਵਿਚ ਰੂਪ ਸਾਚੇ ਸਿੱਖ ਦਾ, ਸਿਖਿਆ ਮੇਰੇ ਅੰਦਰ ਆਈਆ । ਮੈਂ ਵਣਜਾਰਾ ਬਣਿਆ ਸਭ ਦੇ ਭਵਿਖ ਦਾ, ਭਵਿਖਤ ਆਪਣੇ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਗੰਗਾ ਮੈਂ ਵਕ਼ਤ ਲੈਣਾ ਨਹੀਂ ਚਾਹੁੰਦਾ ਬਾਹਲਾ, ਛੇਤੀ ਛੇਤੀ ਦਿਆਂ ਸਮਝਾਈਆ । ਧੁਰ ਦਾ ਹੁਕਮ ਮੈਨੂੰ ਮਿਲੇ ਕਾਹਲਾ, ਤੁਰਦਾ ਆਵੇ ਵਾਹੋ ਦਾਹੀਆ । ਮੇਰਾ ਤੇਰੇ ਨਾਲ ਨਹੀਂ ਕੋਈ ਰਿਸ਼ਤਾ ਮੇਰਾ ਜੀਅ ਕਰਦਾ ਤੇਰੇ ਭਰਾ ਨੂੰ ਬਣਾਵਾਂ ਆਪਣਾ ਸਾਲਾ, ਜਗਤ ਦੀ ਵੰਡ ਵੰਡਾਈਆ । ਇਸ ਦੇ ਵਿਚ ਭਾਵੇਂ ਮੇਰਾ ਪ੍ਰਭੂ ਦੇ ਦੁਆਰ ਵਿਚ ਨਿਕਲ ਜਾਵੇ ਦੁਵਾਲਾ, ਖ਼ਾਲੀ ਹੱਥ ਦਿਆਂ ਵਖਾਈਆ । ਕੁਛ ਵਸਤੂ ਮੇਰੇ ਕੋਲ ਖਾ ਲਾ, ਜਿਸ ਦਾ ਰੂਪ ਰੰਗ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਝਟ ਨਾਰਦ ਦੰਦੀਆਂ ਕੱਢਕੇ ਪਿਆ ਹਸ, ਮੁਸਕਰਾਹਟ ਬੁੱਲਾਂ ਉਤੇ ਲਿਆਈਆ । ਗੰਗੀ ਮੇਰਾ ਚਲੇ ਕੋਈ ਨਾ ਵਸ, ਤੈਨੂੰ ਸਚ ਦਿਆਂ ਸਮਝਾਈਆ । ਬੇਸ਼ਕ ਤੂੰ ਦੂਰੋਂ ਆਈ ਨੱਸ, ਭੱਜੀ ਵਾਹੋ ਦਾਹੀਆ । ਮੇਰਾ ਦਿਲ ਕਰਦਾ ਤੇਰੀ ਮਾਂ ਨੂੰ ਬਣਾਵਾਂ ਆਪਣੀ ਸੱਸ, ਤੇਰੇ ਨਾਲ ਰਿਸ਼ਤਾ ਨਾ ਕੋਇ ਜਣਾਈਆ । ਇਹ ਮੇਰੀ ਦੁਨੀਆ ਵਾਲੀ ਨਹੀਂ ਗੱਪ, ਝੂਠੀ ਗੱਲ ਨਾ ਕੋਇ ਸੁਣਾਈਆ । ਮੈਂ ਕੋਈ ਬ੍ਰਾਹਮਣ ਨਹੀਂ ਕੋਈ ਬਾਲ ਨਹੀਂ ਕੋਈ ਪੰਡਤ ਨਹੀਂ ਮੈਂ ਨੂਰ ਅਲਾਹੀ ਰੱਬ, ਜੋਤੀ ਜਾਤਾ ਰੂਪ ਪਰਗਟਾਈਆ । ਮੇਰੀ ਧਾਰ ਉਤੇ ਦੋ ਜਹਾਨਾਂ ਹੋਵੇ ਕੋਈ ਨਾ ਸ਼ੱਕ, ਸ਼ਕਵੇ ਸਭ ਦੇ ਮੇਟ ਮਿਟਾਈਆ । ਤੇਰੇ ਪਰਦੇ ਲਵਾਂ ਢਕ, ਸਿਰ ਤੇਰੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਅੰਮ੍ਰਿਤ ਧਾਰ ਤੇਰੇ ਵਿਚੋਂ ਦੇਵੇ ਰਸ, ਰਸਤਾ ਰਸਤੇ ਵਿਚੋਂ ਬਦਲਾਈਆ ।


੫੮੯
੨੪

## ✪ ੨੮ ਜੇਠ ਸ਼ਹਿਨਸ਼ਾਹੀ ਸੰਮਤ ੧੧ ਫ਼ਕੀਰ ਸਿੰਘ ਦੇ ਗ੍ਰਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਗੰਗਾ ਗੋਦਾਵਰੀ ਜਮਨਾ ਸੁਰਸਤੀ ਕਹਿਣ ਨਾਰਦ ਸਾਡੀ ਆਸ਼ਾ ਬੜੀ ਪਿਆਰੀ, ਪ੍ਰੇਮੀਆ ਪ੍ਰੇਮ ਨਾਲ ਜਣਾਈਆ । ਸਾਡਾ ਰੂਪ ਤਕ ਲੈ ਇਸਤਰੀ ਮਰਦ ਨਹੀਂ ਕੋਈ ਨਾਰੀ, ਤਨ ਵਜੂਦ ਖੋਜਣ ਚਾਈਂ ਚਾਈਂਆ । ਸਾਡਾ ਤਤਾਂ ਵਾਲਾ ਨਹੀਂ ਕੋਈ ਹਾਰ ਸ਼ਿੰਗਾਰੀ, ਬਸਤਰ ਅੰਗ ਨਾ ਕੋਇ ਲਗਾਈਆ । ਸਾਡੀ ਮਨਸਾ ਜਗਤ ਮਮਤਾ ਨਾਲੋਂ ਕੁਆਰੀ, ਕੋਟਨ ਕੋਟ ਜੁਗ ਗਏ ਬਿਤਾਈਆ । ਅਸੀਂ ਆਦਿ ਜੁਗਾਦਿ ਜੁਗ ਚੌਕੜੀ ਪ੍ਰਭੂ ਦੀ ਬਣ ਕੇ ਰਹੀਆਂ ਧਾਰੀ, ਧਰਨੀ ਧਰਤ ਧਵਲ ਧੌਲ ਉਤੇ ਭੱਜੀਆਂ ਵਾਹੋ ਦਾਹੀਆ । ਸਾਡਾ ਮੇਲਾ ਬਣਿਆ ਰਿਹਾ ਨਾਲ ਵਿਸ਼ਨ ਬ੍ਰਹਮਾ ਸ਼ਿਵ ਨਾਲ ਜਗਤ ਸੰਘਾਰੀ, ਸੋਹਣਾ ਸੰਗ ਬਣਾਈਆ । ਅਸੀਂ ਦਰਸ਼ਨ ਕੀਤੇ ਜਗਤ ਅਵਤਾਰੀ, ਬਿਨ ਨੈਣਾਂ ਨੈਣ ਉਠਾਈਆ । ਸਾਡੀ ਔਧ ਬੀਤੀ ਕੇਤੇ ਜੁਗ ਵਾਰੀ, ਚੌਕੜੀਆਂ ਗਈਆਂ ਪੰਧ ਮੁਕਾਈਆ । ਸਾਡੇ ਉਤੇ ਕਰਨਾ ਇਤਬਾਰੀ, ਤੈਨੂੰ ਸਚ ਦਈਏ ਸੁਣਾਈਆ । ਸਾਡੇ ਅੰਦਰ ਕਦੀ ਆਈ ਨਹੀਂ ਸੀ ਖ਼ੁਆਰੀ, ਚਿੰਤਾ ਗ਼ਮ ਨਾ ਕੋਇ ਜਣਾਈਆ । ਪਤਾ ਨਹੀਂ ਕਲਜੁਗ ਕਿਹੋ ਜਿਹੀ ਲਾਈ ਬੀਮਾਰੀ, ਜਿਸ ਦੀ ਔਖਧ ਹੱਥ ਕਿਸੇ ਨਾ ਆਈਆ । ਅਸੀਂ ਰੋਈਏ ਜ਼ਾਰੋ ਜ਼ਾਰੀ, ਬਿਨ ਨੈਣਾਂ ਨੀਰ ਵਹਾਈਆ । ਸਾਨੂੰ ਸਤਿਗੁਰ ਸ਼ਬਦ ਨੇ ਕੀਤੀ ਖ਼ਬਰਦਾਰੀ, ਬੇਖ਼ਬਰਾਂ ਖ਼ਬਰ ਸੁਣਾਈਆ । ਉਠੋ ਵੇਖੋ ਖੇਲ ਤਕੋ ਜੋਤ ਨਿਰੰਕਾਰੀ, ਜੋ ਨਰ ਨਰਾਇਣ ਨੂਰ ਅਲਾਹੀਆ । ਜੋ ਸਭ ਦੇ ਲਹਿਣੇ ਦੇਣੇ ਕ਼ਰਜ਼ੇ ਰਿਹਾ ਉਤਾਰੀ, ਉੱਤਰ ਪੂਰਬ ਪੱਛਮ ਦੱਖਣ ਆਪਣਾ ਹੁਕਮ ਵਰਤਾਈਆ । ਜਿਸ ਦੇ ਅਵਤਾਰ ਪੈਗ਼ੰਬਰ ਗੁਰ ਬਣੇ ਪੁਜਾਰੀ, ਨਿਵ ਨਿਵ ਸੀਸ ਨਿਵਾਈਆ । ਜਿਸ ਨੇ ਜੁਗ ਜੁਗ ਆਪਣੀ ਪੈਜ ਸੁਆਰੀ, ਸਿਰ ਸਿਰ ਆਪਣਾ ਹੱਥ ਟਿਕਾਈਆ । ਉਹ ਆਇਆ ਕਲ ਕਲਕੀ ਅਵਤਾਰੀ, ਨਿਹਕਲੰਕਾ ਨਾਉਂ ਪਰਗਟਾਈਆ । ਉਸ ਦੇ ਚਰਨ ਸਰਨ ਜਾਓ ਬਲਿਹਾਰੀ, ਬਲ ਬਲ ਆਪਣਾ ਆਪ ਕਰਾਈਆ । ਜੋ ਕਲਜੁਗ ਕਲਾ ਮੇਟੇ ਕੁੜਿਆਰੀ, ਕੂੜ ਕੁਟੰਬ ਦਾ ਪੰਧ ਮੁਕਾਈਆ । ਸਤਿਜੁਗ ਸਤਿ ਧਰਮ ਕਰੇ ਉਜਿਆਰੀ, ਉਜਾਲਾ ਹੋਵੇ ਥਾਉਂ ਥਾਈਂਆ । ਉਸ ਦੇ ਚਰਨ ਬਣੋ ਪਨਿਹਾਰੀ, ਪਨਘਟ ਆਪਣਾ ਲਉ ਬਣਾਈਆ । ਜੋ ਅੰਮ੍ਰਿਤ ਰਸ ਦੇਵੇ ਠੰਢਾ ਠਾਰੀ, ਕਲਜੁਗ ਅਗਨੀ ਅੱਗ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਕਰੇ ਅਗੰਮ ਅਪਾਰੀ, ਅਲਖ ਅਗੋਚਰ ਆਪਣਾ ਹੁਕਮ ਆਪਣੇ ਹੁਕਮ ਵਿਚੋਂ ਵਰਤਾਈਆ ।

## ✪ ੨੮ ਜੇਠ ਸ਼ਹਿਨਸ਼ਾਹੀ ਸੰਮਤ ੧੧ ਸਰਦਾਰਾ ਸਿੰਘ ਦੇ ਗ੍ਰਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਨਾਰਦ ਕਹੇ ਜਮਨਾ ਗੋਦਾਵਰੀ ਸੁਰਸਤੀ ਗੰਗਾ ਤੁਸੀਂ ਕਦੋਂ ਦੀਆਂ ਵਗਦੀਆਂ, ਵਹਿਣਾਂ ਵਿਚ ਆਪਣਾ ਪੰਧ ਮੁਕਾਈਆ । ਸਚ ਦੱਸੋ ਤੁਸੀਂ ਪ੍ਰਭੂ ਦੀਆਂ ਕੀ ਲਗਦੀਆਂ, ਨਾਤਾ ਜਗਤ ਜਹਾਨ ਦ੍ਰਿੜਾਈਆ । ਬਿਨ ਕ਼ਦਮਾਂ ਸਦਾ ਭਜਦੀਆਂ, ਭੱਜੋ ਵਾਹੋ ਦਾਹੀਆ । ਦਰਸ਼ਨ ਕਰ ਮੂਲ ਨਾ ਰਜਦੀਆਂ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਬਣਾਈਆ । ਮੈਂ ਤੇ ਖੇਲਾਂ ਦੱਸਾਂ ਅੱਜ ਦੀਆਂ, ਪਿਛਲੀ ਕਥਾ ਨਾ ਕੋਇ ਦ੍ਰਿੜਾਈਆ । ਤੁਸੀਂ ਕਿਸ ਪਿਆਰ ਮੁਹੱਬਤ ਵਿਚ ਬਝਦੀਆਂ, ਬੰਧਨ ਜਗਤ ਨਾ ਕੋਇ ਤੁੜਾਈਆ । ਕਿਸ ਦੁਆਰੇ ਬਹਿ ਕੇ ਸਜਦੀਆਂ, ਸਾਜਣ ਸਜਣੂਆ ਕਵਣ ਅਖਵਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਤਿੰਨੇ ਰਹੀਆਂ ਆਖ, ਚੌਥੀ ਧਰਮ ਧਾਰ ਵਡਿਆਈਆ । ਸਾਡੇ ਅੰਤਸ਼ਕਰਨ ਭਾਖਿਆ ਗਈ ਭਾਖ, ਭਾਂਡਾ ਭਰਮ ਭਉ ਭੰਨਾਈਆ । ਜਿਸ ਸਭ ਦੀ ਪੂਰੀ ਕਰਨੀ ਆਸ, ਤ੍ਰਿਸ਼ਨਾ ਸਭ ਦੀ ਵੇਖ ਵਖਾਈਆ । ਸਾਨੂੰ ਹੋਰ ਸੰਦੇਸ਼ਾ ਦਏ ਸ਼ੰਕਰ ਉਤੋਂ ਕੈਲਾਸ਼, ਹੁਕਮ ਹੁਕਮ ਵਿਚੋਂ ਦ੍ਰਿੜਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਦੀ ਆਪਣੇ ਅੰਦਰ ਇਕ ਇਕ ਡਿਗਦੀ ਵੇਖੇ ਲਾਸ਼, ਲਸ਼ਕਰ ਗਣਤੀ ਗਣਤ ਵਿਚ ਨਾ ਆਈਆ । ਜੋ ਬੈਠੇ ਪਵਣ ਵਿਚ ਬਿਨਾ ਸਵਾਸ, ਤੁਹਾਡੀ ਤਹਿ ਤੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਸਮਝਾਈਆ । ਚਾਰੇ ਕਹਿਣ ਨਾਰਦ ਸਾਡੇ ਖੇਲ ਅਗੰਮੇ ਸਤਿਗੁਰ ਦੇ, ਸਚ ਸਚ ਦਈਏ ਦ੍ਰਿੜਾਈਆ । ਅਸੀਂ ਹੁਕਮ ਮੰਨੇ ਧੁਰ ਦੇ, ਧੁਰ ਦੇ ਹੁਕਮ ਵਿਚ ਸੀਸ ਨਿਵਾਈਆ । ਬੇਸ਼ਕ ਸਾਡੇ ਵਿਚ ਅਗਿਣਤ ਸੁੱਟੇ ਮੁਰਦੇ, ਮਰ ਜੀਵਤ ਰੂਪ ਨਾ ਕੋਇ ਪਰਗਟਾਈਆ । ਸਾਡੇ ਖ਼ਿਆਲ ਤਕ ਲੈ ਜੋ ਵਹਿਣਾ ਵਿਚ ਰੁੜ੍ਹਦੇ, ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਮੇਰੇ ਕੋਲ ਨਵ ਨਵ ਚਾਰ ਦੀਆਂ ਰਸੀਦਾਂ, ਬਿਨ ਅੱਖਰਾਂ ਦਿਆਂ ਵਖਾਈਆ । ਜਿਸ ਵਿਚ ਸਭ ਨੂੰ ਹੋਈਆਂ ਤਾਕੀਦਾਂ, ਹੁਕਮ ਹੋਇਆ ਧੁਰ ਦੇ ਮਾਹੀਆ । ਕਲਜੁਗ ਅੰਤਮ ਸਭ ਦੀਆਂ ਪੂਰੀਆਂ ਹੋਣੀਆਂ ਉਮੀਦਾਂ, ਤ੍ਰਿਸ਼ਨਾ ਵਿਚ ਨਾ ਕੋਇ ਹਲਕਾਈਆ । ਸਭ ਨੇ ਖੋਲ੍ਹਣੀਆਂ ਆਪਣੀਆਂ ਨੀਦਾਂ, ਗ਼ਫ਼ਲਤ ਆਲਸ ਵਿਚ ਨਾ ਕੋਇ ਵਡਿਆਈਆ । ਸਚ ਦੱਸੋ ਤੁਹਾਡੇ ਵਿਚੋਂ ਮੁਰਦਾ ਫੇਰ ਨਿਕਲਿਆ ਕੋਈ ਨਾ ਜੀਉਂਦਾ, ਜੀਵਤ ਜਗਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਗੰਗਾ ਕਹੇ ਮੇਰੇ ਅੰਦਰ ਆਉਂਦੀਆਂ ਰਹੀਆਂ ਅਸਤੀਆਂ, ਦੀਨ ਦੁਨੀ ਭੇਟ ਕਰਾਈਆ । ਮੈਨੂੰ ਜੀਵਾਂ ਜਾਨਾਂ ਦਿਸਦੀਆਂ ਸਸਤੀਆਂ, ਕ਼ੀਮਤ ਕਰਤਾ ਕੋਇ ਨਾ ਪਾਈਆ । ਮੇਰੇ ਅੰਦਰ ਬ੍ਰਾਹਮਣਾਂ ਵਸਾਈਆਂ ਵਸਤੀਆਂ, ਹਿੱਸੇ ਵੰਡ ਵੰਡਾਈਆ । ਅਸੀਂ ਸਭ ਕੁਝ ਬਿਨਾ ਭੇਦ ਭਾਵ ਦੇ ਦੱਸਦੀਆਂ, ਪਰਦੇ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਈਆ । ਚਾਰੇ ਕਹਿਣ ਅਸੀਂ ਰੋਈਏ ਸਾਹ ਉਭਿਆ, ਹੌਕਿਆਂ ਵਿਚ ਦੁਹਾਈਆ । ਜੋ ਸਾਡੇ ਅੰਦਰ ਖੁਭਿਆ, ਬਾਹਰ ਸਕੇ ਨਾ ਕੋਇ ਕਢਾਈਆ । ਜੇ ਕੋਈ ਪ੍ਰਭੂ ਦੀ ਯਾਦ ਵਿਚ ਹੋਵੇ ਡੁੱਬਿਆ, ਫੇਰ ਫੜ ਕੇ ਲਈਏ ਤਰਾਈਆ । ਸਾਡਾ ਅੱਜ ਤਕ ਸਮਝਿਆ ਨਾ ਕਿਸੇ ਮੁੱਦਿਆ, ਮੁਦਤਾਂ ਦਾ ਭੇਵ ਨਾ ਕੋਇ ਜਣਾਈਆ । ਚਤੁਰਾਈ ਚਲੇ ਨਾ ਕਿਸੇ ਬੁੱਧਿਆ, ਅਕਲ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡਾ ਲੇਖਾ ਜਾਣੇ ਉਤੇ ਬਸੁਧਿਆ, ਬੇਸੁਧ ਹੋ ਕੇ ਦਈਏ ਜਣਾਈਆ ।

## ੨੮ ਜੇਠ ਸ਼ਹਿਨਸ਼ਾਹੀ ਸੰਮਤ ੧੧ ਮੇਵਾ ਰਾਮ ਦੇ ਗ੍ਰਹਿ ਪਿੰਡ ਗੋਕਲੇ ਚਕ ਜ਼ਿਲਾ ਜੰਮੂ

ਨਾਰਦ ਕਹੇ ਚਾਰੇ ਉਠਾਵੇ ਹੱਥ, ਚਾਰ ਕੁੰਟ ਲਓ ਘੁੰਮਾਈਆ । ਗੰਗਾ ਲਾਹ ਦੇ ਆਪਣੀ ਨੱਕੋਂ ਨਥ, ਕੰਗਣ ਰਵੀਦਾਸ ਵਾਲਾ ਦੇ ਵਖਾਈਆ । ਜਮਨਾ ਆਪਣੀ ਕਥਾ ਕਹਾਣੀ ਦੱਸ, ਕਾਹਨਾ ਕ੍ਰਿਸ਼ਨਾ ਕੀ ਦ੍ਰਿੜਾਈਆ । ਸੁਰਸਤੀ ਤੂੰ ਕਿਸ ਬਿਧ ਹੋਈਉਂ ਵਖ, ਵਸਲ ਵਿਚ ਗਈ ਸਮਾਈਆ । ਗੋਦਾਵਰੀ ਕਿਸ ਬਿਧ ਗੋਬਿੰਦ ਚਰਨ ਗਈ ਢਠ, ਆਪ ਆਪਣਾ ਆਪ ਮਿਟਾਈਆ । ਨਿਗਾਹ ਮਾਰ ਲਓ ਤੀਰਥ ਅਠਸਠ, ਲੋਚਨ ਨੈਣ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭਰਮ ਆਪ ਮਿਟਾਈਆ । ਚਾਰੇ ਕਹਿਣ ਨਾਰਦ ਸਾਡੇ ਅੰਦਰ ਹੁੰਦੀਆਂ ਚੋਰੀਆਂ, ਚੋਰ ਯਾਰ ਬੈਠੇ ਆਸਣ ਲਾਈਆ । ਮਾਣ ਰਿਹਾ ਨਾ ਕਿਸੇ ਘੋਰੀਆਂ, ਘੋਰੀ ਬੈਠੇ ਮੁਖ ਛੁਪਾਈਆ । ਸਾਡੀਆਂ ਕੂੜ ਕੁੜਿਆਰਾਂ ਹੱਥ ਆਈਆਂ ਡੋਰੀਆਂ, ਸਚ ਨਾਮ ਨਾ ਕੋਇ ਬੰਧਾਈਆ । ਮਾਇਆ ਮਮਤਾ ਨਾਲ ਬਣੀਆਂ ਜੋੜੀਆਂ, ਜੋੜੀ ਜਗਦੀਸ ਨਾ ਕੋਇ ਜਣਾਈਆ । ਸਾਡੀ ਦੁਹਾਈ ਸਾਡੀ ਬਹੁੜੀ ਆ, ਬਹੁੜੀ ਬਹੁੜੀ ਕਰ ਸੁਣਾਈਆ । ਸਾਡੀ ਅੰਤਮ ਆਯੂ ਰਹਿ ਗਈ ਥੋੜ੍ਹੀ ਆ, ਥੁੜੇ ਥਿੜਕੇ ਭੱਜੇ ਵਾਹੋ ਦਾਹੀਆ । ਪਤਾ ਨਹੀਂ ਧਰਨੀ ਉਤੇ ਕਿੱਥੇ ਕਿੱਥੇ ਗਡੀਆਂ ਰਹਿਣੀਆਂ ਮੋੜ੍ਹੀਆਂ, ਮੋੜ੍ਹਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਨਾਰਦ ਕਹੇ ਅੱਜੇ ਵਕ਼ਤ ਦੁਹੇਲਾ, ਸਚ ਦਿਆਂ ਸੁਣਾਈਆ । ਪੁਰਖ ਅਕਾਲਾ ਦੀਨ ਦੁਨੀ ਨਾਲੋਂ ਵੇਖੋ ਵਿਹਲਾ, ਇਕ ਇਕੱਲਾ ਸੋਭਾ ਪਾਈਆ । ਜਿਸ ਦਾ ਸਤਿਗੁਰ ਸ਼ਬਦ ਚੇਲਾ, ਚੇਲਾ ਗੁਰ ਇਕੋ ਰੰਗ ਦਰਸਾਈਆ । ਜੋ ਮਾਤਲੋਕ ਵਸਿਆ ਧਾਮ ਨਵੇਲਾ, ਸੰਬਲ ਆਪਣਾ ਡੇਰਾ ਲਾਈਆ । ਤੁਹਾਡਾ ਮਿਲਣ ਦਾ ਦਿਵਸ ਅੱਜ ਪਹਿਲਾ, ਪਹਿਲੀ ਵਾਰ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਜੇ ਮਿਲਣਾ ਹੋਵੇ ਜਗਦੀਸ਼, ਜੁਗਤੀ ਦਿਆਂ ਜਣਾਈਆ । ਪਹਿਲੋਂ ਆਪਣੇ ਢਕੋ ਸੀਸ, ਓਢਣ ਲਓ ਰਖਾਈਆ । ਫੇਰ ਸੁਣੋ ਹਮਾਰੀ ਹਦੀਸ, ਸਚ ਸਚ ਪੜ੍ਹਾਈਆ । ਜੋ ਮਾਲਕ ਬੀਸ ਇਕੀਸ, ਹਰਿ ਕਰਤਾ ਧੁਰਦਰਗਾਹੀਆ । ਉਸ ਦਾ ਨਾਮ ਗਾਉਣਾ ਬਿਨਾ ਦੰਦ ਬਤੀਸ, ਬਿਨ ਰਸਨਾ ਰਸ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਸੁਣਾਈਆ । ਨਾਰਦ ਕਹੇ ਮੇਰਾ ਸੁਣੋ ਧਰਮ ਗਿਆਨ, ਅੱਖਰਾਂ ਬਾਹਰ ਸਮਝਾਈਆ । ਆਪਣੇ ਅੰਤਸ਼ਕਰਨ ਦਾ ਕਰੋ ਇਸ਼ਨਾਨ, ਦੁਵੈਤੀ ਮੈਲ ਧੁਆਈਆ । ਮੇਰਾ ਹੁਕਮ ਕਰੋ ਪਰਵਾਨ, ਜੋ ਪਰਮ ਪੁਰਖ ਸੁਣਾਈਆ । ਇਕੋ ਸਭ ਨੇ ਮੰਨਣਾ ਰਾਮ, ਰਮਈਆ ਇਕ ਗੁਸਾਈਆਂ । ਇਕੋ ਇਸ਼ਟ ਰਖਣਾ ਕਾਹਨ, ਜੋ ਲੱਖ ਚੁਰਾਸੀ ਸਖੀਆਂ ਰਿਹਾ ਹੰਢਾਈਆ । ਇਕੋ ਸਭ ਨੇ ਮੰਨਣਾ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਇਕੋ ਸ਼ਾਹੋ ਭੂਪ ਸੁਲਤਾਨ, ਹਰਿ ਕਰਤਾ ਇਕ ਅਖਵਾਈਆ । ਜੇ ਉਸ ਨੂੰ ਮਿਲਣਾ ਵਿਚ ਜਹਾਨ, ਗੰਗਾ ਗੋਦਾਵਰੀ ਜਮਨਾ ਸੁਰਸਤੀ ਆਪਣੀ ਲਉ ਅੰਗੜਾਈਆ । ਪਹਿਲਾਂ ਅੰਦਰੋਂ ਕਢ ਲਓ ਆਪਣਾ ਮਾਨ, ਅਭਿਮਾਨ ਰਹਿਣ ਕੋਇ ਨਾ ਪਾਈਆ । ਮੁਖੋਂ ਕਹੋ ਅਸੀਂ ਬਾਲੀ ਬੁਧਿ ਅਨਜਾਣ, ਸਾਡੀ ਚਲੇ ਨਾ ਕੋਇ ਚਤੁਰਾਈਆ । ਤੂੰ ਸ਼ਾਹੋ ਭੂਪ ਸੁਲਤਾਨ, ਸ਼ਹਿਨਸ਼ਾਹ ਇਕ ਅਖਵਾਈਆ । ਕਲਜੁਗ ਅੰਤਮ ਹੋਣਾ ਨਿਗਾਹਬਾਨ, ਦੋ ਜਹਾਨਾਂ ਨੈਣ ਉਠਾਈਆ । ਜੇ ਤੂੰ ਵਸਦਾ


੫੯੨
੨੪

ਉਤੇ ਅਸਮਾਨ, ਜ਼ਿਮੀਂ ਉਤੇ ਤੇਰਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡੀ ਬੇਨੰਤੀ ਕਰੇ ਪਰਵਾਨ, ਪਰਵਾਨਾ ਆਪਣਾ ਹੁਕਮ ਹੱਥ ਫੜਾਈਆ ।

## ✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਜਸਵੰਤ ਕੌਰ ਦੇ ਗ੍ਰਹਿ ਪਿੰਡ ਕੋਠੇ ਨਿਹਾਲਪੁਰ ਸਿੰਬਲ ਜ਼ਿਲਾ ਜੰਮੂ ✪

ਨਾਰਦ ਕਹੇ ਜੇ ਸਤਿਗੁਰ ਦਰਸ਼ਨ ਪਾਉਣਾ, ਪਵਣ ਪਾਣੀ ਤੋਂ ਬਾਹਰ ਧਿਆਨ ਲਗਾਈਆ । ਪੰਚਮ ਪੰਚਮ ਤਤ ਮਾਣ ਮਿਟਾਉਣਾ, ਪੰਚ ਵਿਕਾਰ ਨਾ ਵੰਡ ਵੰਡਾਈਆ । ਜੋਤੀ ਜਾਤਾ ਇਕੋ ਪਰਮ ਪੁਰਖ ਮਨਾਉਣਾ, ਦੂਜਾ ਇਸ਼ਟ ਨਾ ਕੋਇ ਰਖਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਦਰਸ਼ਨ ਕਰ ਕਰ ਬਿਗਸਾਉਣਾ, ਆਪਣੀ ਖ਼ੁਸ਼ੀ ਬਣਾਈਆ । ਧੂੜੀ ਟਿੱਕਾ ਖ਼ਾਕ ਰਮਾਉਣਾ, ਰਹਿਮਤ ਸਚ ਦੇ ਕਮਾਈਆ । ਜਿਸ ਸਭ ਦਾ ਵਕ਼ਤ ਸੁਹਾਉਣਾ, ਸੁੰਞੀ ਵੇਖੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਵਖਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਕਹਿਣ ਨਾਰਦ ਅਸੀਂ ਦਰਸ਼ਨ ਕਰਨਾ ਜ਼ਰੂਰ, ਜ਼ੱਰੇ ਜ਼ੱਰੇ ਦਾ ਮਾਲਕ ਵੇਖ ਵਖਾਈਆ । ਜਿਸ ਦਾ ਆਦਿ ਜੁਗਾਦਿ ਨਾਮ ਮਸ਼ਹੂਰ, ਮਸ਼ਵਰਿਆਂ ਵਾਲੇ ਕਲਮੇ ਸਿਫ਼ਤ ਸਲਾਹੀਆ । ਉਸ ਦਾ ਜਲਵਾ ਤਕਣਾ ਨੂਰ, ਜੋਤ ਨੂਰ ਨੁਰਾਨਾ ਇਕ ਅਖਵਾਈਆ । ਜੋ ਮਸਤੀ ਦੇਵੇ ਸਰੂਰ, ਖ਼ੁਮਾਰੀ ਆਪਣੇ ਨਾਮ ਚੜ੍ਹਾਈਆ । ਅਗੇ ਸਚ ਦਾ ਦੱਸੇ ਦਸਤੂਰ, ਹੁਕਮ ਹੁਕਮ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰਾਹ ਇਕ ਦਰਸਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਕਹੇ ਕਿਸ ਬਿਧ ਜਾਈਏ ਅੱਪੜ, ਆਪਣਾ ਪੰਧ ਮੁਕਾਈਆ । ਕਵਣ ਬਸਤਰ ਪਹਿਨੀਏ ਕਪੜ, ਓਢਣ ਕਵਣ ਵਡਿਆਈਆ । ਕਵਣ ਤੁਲੀਏ ਤਕੜ, ਕ਼ੀਮਤ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਆਪ ਮਿਲਾਈਆ । ਨਾਰਦ ਕਹੇ ਨੀ ਸੁਣੋ ਨਾਲ ਹੁਸ਼ਿਆਰੀ, ਹੋਸ਼ ਆਪਣੀ ਲਉ ਬਦਲਾਈਆ । ਜੇ ਪੁਜਣਾ ਪ੍ਰਭ ਦੇ ਚਰਨ ਦੁਆਰੀ, ਦੁਆਰਕਾ ਵਾਸੀ ਨਾਲ ਮਿਲਾਈਆ । ਰਾਮ ਨੂੰ ਅਵਾਜ਼ ਲਉ ਮਾਰੀ, ਖ਼ੁਸ਼ੀਆਂ ਨਾਲ ਸੁਣਾਈਆ । ਫੇਰ ਪ੍ਰੇਮ ਵਿਚ ਕਰੋ ਤਿਆਰੀ, ਤ੍ਰੈਗੁਣ ਡੇਰਾ ਢਾਹੀਆ । ਆਪਣਾ ਰੂਪ ਨਾ ਸਮਝਣਾ ਨਾਰੀ, ਨੈਣ ਅੱਖ ਜਗਤ ਨਾ ਕੋਇ ਰਖਾਈਆ । ਧਰਮ ਦੀ ਧਾਰ ਬਣਨਾ ਪੁਜਾਰੀ, ਹਿਰਦੇ ਹਰਿ ਵਸਾਈਆ । ਡੰਡਾਵਤ ਨਾਲ ਕਰਨੀ ਨਿਮਸਕਾਰੀ, ਲੰਮੀ ਪੈ ਕੇ ਸੀਸ ਨਿਵਾਈਆ । ਧੂੜੀ ਲਾਉਂਦੇ ਜਾਣਾ ਛਾਰੀ, ਟਿੱਕੇ ਖ਼ਾਕ ਰਮਾਈਆ । ਭੱਜੀਆਂ ਜਾਣਾ ਵਾਰੋ ਵਾਰੀ, ਕ਼ਦਮ ਕ਼ਦਮ ਵਿਚ ਉਲਟਾਈਆ । ਨਾਲ ਬੋਲਣਾ ਸੋਹੰ ਜੈਕਾਰੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਫੇਰ ਸਾਹਿਬ ਗੁਸਾਈਂ ਤਕਣਾ ਜੋ ਸ਼ਾਹੋ ਭੂਪ ਸਿਕਦਾਰੀ, ਹਰਿ ਕਰਤਾ ਨੂਰ ਅਲਾਹੀਆ । ਉਹ ਬੈਠਾ ਹੋਵੇ ਭਗਤਾਂ ਦੇ ਦੁਆਰੀ, ਸਚ ਸਿੰਘਾਸਣ ਸੋਭਾ ਪਾਈਆ । ਉਹਦਾ ਨੂਰ ਹੋਵੇ ਜੋਤ ਨਿਰੰਕਾਰੀ, ਨੂਰ ਨੁਰਾਨਾ ਡਗਮਗਾਈਆ । ਤੁਸਾਂ ਗਲ ਵਿਚ ਪੱਲੂ ਲੈਣਾ ਡਾਰੀ, ਬਿਨ ਹੱਥਾਂ ਹੱਥ ਬੰਧਾਈਆ । ਉਹ ਵੇਖਣਹਾਰਾ ਨਿਗਾਹ ਲਏ ਮਾਰੀ, ਜਗਤ ਜਹਾਨਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਸਭ

ਦੇ ਹੱਥ ਟਿਕਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਕਹਿਣ ਨਾਰਦਾ ਸਾਨੂੰ ਸਭ ਮਨਜ਼ੂਰ, ਮਰਜ਼ੀ ਆਪਣੀ ਨਾ ਕੋਇ ਰਖਾਈਆ । ਜੇ ਸਤਿਗੁਰ ਮਿਲੇ ਹਜ਼ੂਰ, ਹਾਜ਼ਰ ਹੋ ਕੇ ਸੀਸ ਨਿਵਾਈਆ । ਅਸੀਂ ਚਾਕਰ ਹੋ ਕੇ ਉਸ ਦੇ ਮਜ਼ਦੂਰ, ਸੇਵਕ ਹੋ ਕੇ ਸੇਵ ਕਮਾਈਆ । ਕਲਜੁਗ ਅੰਤਮ ਸਾਨੂੰ ਕੀਤਾ ਮਜਬੂਰ, ਭੱਜੇ ਆਏ ਵਾਹੋ ਦਾਹੀਆ । ਉਸ ਦਾ ਜਲਵਾ ਤਕੀਏ ਨੂਰ, ਨੂਰ ਨੁਰਾਨਾ ਸੋਭਾ ਪਾਈਆ । ਨਾਰਦ ਕਹੇ ਵਾਹ ਮੇਰੇ ਸਤਿਗੁਰੂ ਉਹ ਵੇਖ ਲੈ ਜੁਗ ਚੌਕੜੀ ਬੁੱਢੀਆਂ ਮਾਈਆਂ, ਆਈਆਂ ਪੰਧ ਮੁਕਾਈਆ । ਜਿੰਨ੍ਹਾਂ ਦੀਆਂ ਖ਼ਾਲੀ ਦਿਸਣ ਬਾਹੀਆਂ, ਲਾਲ ਰੰਗ ਨਾ ਕੋਇ ਰੰਗਾਈਆ । ਤੇਰੇ ਪਿਆਰ ਦੀਆਂ ਜਿਨ੍ਹਾਂ ਕੋਲ ਸਾਈਆਂ, ਸੌਦੇ ਸਚ ਵਖਾਈਆ । ਕੂਕ ਕੂਕ ਦੇਣ ਦੁਹਾਈਆਂ, ਦੂਹਰਾ ਹਾਲ ਸੁਣਾਈਆ । ਸਾਡੇ ਉਤੇ ਬ੍ਰਾਹਮਣਾਂ ਰੂਪ ਧਰਿਆ ਕਸਾਈਆਂ, ਛੁਰੀ ਕੂੜ ਜਗਤ ਉਠਾਈਆ । ਸਾਡੀਆਂ ਧਰਮ ਦੀਆਂ ਆਸਾ ਢਾਹੀਆਂ, ਮਿੱਟੀ ਖ਼ਾਕ ਵਿਚ ਮਿਲਾਈਆ । ਧਰਮ ਦੀਆਂ ਰਹੀਆਂ ਨਾ ਕੋਇ ਪੜ੍ਹਾਈਆਂ, ਵਿਦਿਆ ਸਚ ਨਾ ਕੋਇ ਸੁਣਾਈਆ । ਸਾਡੀਆਂ ਧੋਵੇ ਕੋਇ ਨਾ ਛਾਹੀਆਂ, ਦੁਰਮਤ ਮੈਲ ਨਾ ਕੋਇ ਸਫ਼ਾਈਆ । ਸਾਡੇ ਤਟਾਂ ਉਤੇ ਹੋਣ ਬੁਰਾਈਆਂ, ਬੁਰਿਆਰ ਹੋਈ ਲੋਕਾਈਆ । ਬੇਨੰਤੀ ਸੁਣ ਲੈ ਧੁਰ ਦੇ ਮਾਹੀਆ, ਮਹਿਬੂਬ ਤੇਰੀ ਓਟ ਰਖਾਈਆ । ਅਸੀਂ ਚਾਰੇ ਤੇਰੀ ਕੁਲ ਚੋਂ ਜਾਈਆਂ, ਸਾਨੂੰ ਜੰਮਣ ਵਾਲੀ ਕੋਇ ਨਾ ਮਾਈਆ । ਧੰਨਭਾਗ ਜੇ ਤੂੰ ਆਪਣੀਆਂ ਫੇਰੀਆਂ ਪਾਈਆਂ, ਨਿਰਗੁਣ ਹੋ ਕੇ ਵੇਸ ਵਟਾਈਆ । ਆ ਜਾ ਸਾਡਿਆ ਦੋ ਜਹਾਨ ਦਿਆ ਰਾਹੀਆ, ਰਹਿਬਰਾ ਤੇਰੀ ਆਸ ਰਖਾਈਆ । ਵੇਖੀਂ ਕਲਜੁਗ ਅੰਤ ਨਾ ਕਰੀਂ ਪਰਾਈਆਂ, ਦੂਸਰਿਆਂ ਹੱਥ ਫੜਾਈਆ । ਅਸੀਂ ਤੇਰੀ ਲੱਗੀਆਂ ਇਕ ਸਰਨਾਈਆ, ਸਰਨਗਤ ਇਕ ਤਕਾਈਆ । ਅੱਜ ਚਲ ਕੇ ਖ਼ੁਸ਼ੀਆਂ ਨਾਲ ਆਈਆਂ, ਆਪਣਾ ਪੰਧ ਮੁਕਾਈਆ । ਉਚੀ ਕੂਕ ਕੇ ਦੱਸੀਏ ਭਗਤਾਂ ਆਪਣਿਆਂ ਭਾਈਆਂ, ਭਰਾਵੋ ਤੁਹਾਨੂੰ ਦਈਏ ਦ੍ਰਿੜਾਈਆ । ਅਸੀਂ ਲੰਘ ਕੇ ਆਈਆਂ ਵਿਚੋਂ ਬੇਲਿਆਂ ਕਾਈਆਂ, ਰਾਵੀ ਰਾਹ ਵਿਚ ਸਾਨੂੰ ਦਿਤਾ ਸਮਝਾਈਆ । ਉਹ ਮਾਲਕ ਬੇਪਰਵਾਹੀਆ, ਬੇਪਰਵਾਹੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੱਥ ਸਰਬ ਵਡਿਆਈਆਂ, ਵਡ ਵੱਡੇ ਤੇਰੀ ਓਟ ਤਕਾਈਆ ।

### ✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਨਾਨਕ ਚੰਦ ਦੇ ਗ੍ਰਿਹ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਗੰਗਾ ਗੋਦਾਵਰੀ ਜਮਨਾ ਸੁਰਸਤੀ ਕਹੇ ਨਾਰਦਾ ਸਾਨੂੰ ਅਗੰਮੀ ਆਇਆ ਖ਼ੁਆਬ, ਸੁਫ਼ਨਾ ਸਚ ਦਈਏ ਜਣਾਈਆ । ਪਵਿਤ੍ਰ ਰਿਹਾ ਸਾਡਾ ਨਾ ਆਬ, ਜਲ ਰਸ ਨਾ ਕੋਇ ਵਖਾਈਆ । ਨਿਗਾਹ ਮਾਰ ਲੈ ਆਪਣੀ ਵਿਚ ਕਿਤਾਬ, ਜੋ ਕੁਤਬਖ਼ਾਨਿਆਂ ਬਾਹਰ ਰਖਾਈਆ । ਕੀ ਖੇਲ ਕਰੇ ਧੁਰ ਨਵਾਬ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਨੂਰ ਜੋਤ ਮਹਿਤਾਬ, ਨੂਰ ਨੁਰਾਨਾ ਨਜ਼ਰੀ ਆਈਆ । ਉਸ ਦਾ ਹੁਕਮ ਮਿਲਿਆ ਸ਼ਤਾਬ, ਤੁਸਾਂ ਭੱਜਣਾ ਵਾਹੋ ਦਾਹੀਆ । ਅੰਮ੍ਰਿਤ ਦੀਆਂ ਧਾਰਾਂ ਵੇਖਣਾ ਆ ਕੇ ਵਿਚ ਪੰਜਾਬ, ਪੰਚਾਂ ਲੰਘਣਾਂ ਚਾਈਂ ਚਾਈਆ । ਅਸਾਂ ਇਕੱਠੀਆਂ ਹੋ ਕੇ ਕੀਤਾ ਅਦਾਬ, ਸਿਰ ਸਰ ਨਿਵਾਈਆ । ਰਾਹ ਲੰਘਦਿਆਂ ਵੇਖਿਆ ਸਾਰੀ ਦੀਨ ਦੁਨੀ ਮਧੀ ਵਿਚ ਸ਼ਰਾਬ, ਸ਼ਰਅ ਦਾ ਰੰਗ ਗਈ ਭੁਲਾਈਆ ।

ਝਟ ਨਾਰਦ ਕਿਹਾ ਏਸੇ ਕਰਕੇ ਹੋਣ ਵਾਲੀ ਬਰਬਾਦ, ਬਰਬਾਦੀ ਚਾਰੋਂ ਕੁੰਟ ਵੇਖ ਵਖਾਈਆ । ਨਾ ਕੋਈ ਧਰਮ ਰਿਹਾ ਨਾ ਸਾਧ, ਸਾਧਨਾ ਸਚ ਨਾ ਕੋਇ ਜਣਾਈਆ । ਤੁਸੀਂ ਪੁਰਾਤਨ ਲੇਖਾ ਰਖੋ ਯਾਦ, ਯਾਦਾਸ਼ਤ ਦਿਆਂ ਦ੍ਰਿੜਾਈਆ । ਜਿਸ ਵੇਲੇ ਅਵਤਾਰ ਪੈਗ਼ੰਬਰਾਂ ਗੁਰੂਆਂ ਕਿਹਾ ਪੁਰਖ ਅਕਾਲਾ ਆਉਣਾ ਸਾਥੋਂ ਬਾਅਦ, ਲੋਕਮਾਤ ਵੇਖ ਵਖਾਈਆ । ਸਤਿਗੁਰ ਸ਼ਬਦ ਵਜਾਏ ਨਾਦ, ਦੋ ਜਹਾਨ ਕਰੇ ਸ਼ਨਵਾਈਆ । ਜਿਸ ਦਾ ਹੁਕਮ ਸੰਦੇਸ਼ਾ ਹੋਣਾ ਬੋਧ ਅਗਾਧ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਭਗਤਾਂ ਅੰਦਰ ਹੋ ਵਿਸਮਾਦ, ਵਿਸ਼ਵ ਦਾ ਆਪਣਾ ਭੇਵ ਚੁਕਾਈਆ । ਸੁਫ਼ਨਿਆਂ ਵਿਚੋਂ ਤੁਹਾਡੀ ਖੋਲ੍ਹੇ ਜਾਗ, ਆਲਸ ਨਿੰਦਰਾ ਰਹਿਣ ਨਾ ਪਾਈਆ । ਤੁਸੀਂ ਪਹਿਲਾ ਹਿੱਸਾ ਆਪਣਾ ਵੇਖੋ ਭਾਗ, ਪਹਿਲੀ ਵਾਰ ਦਇਆ ਕਮਾਈਆ । ਅਗੇ ਹੋਰ ਤਕੋ ਕੀ ਨਾਨਕ ਦੀ ਦੱਸੇ ਰਬਾਬ, ਜੋ ਬਿਨ ਤੰਦ ਸਿਤਾਰ ਹਿਲਾਈਆ । ਫੇਰ ਸੁਣੋ ਸਤਿਗੁਰ ਸ਼ਬਦ ਅਵਾਜ਼, ਢੋਲਾ ਕੀ ਸੁਣਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਜਿਸ ਸਾਜਣਾ ਦਿਤੀ ਸਾਜ, ਲੋਕਮਾਤ ਦਿਤੀ ਵਡਿਆਈਆ । ਜਿਸ ਸ਼ਾਹ ਸੁਲਤਾਨਾਂ ਸੀਸ ਟਿਕਾਇਆ ਤਾਜ, ਤਖ਼ਤ ਨਿਵਾਸੀ ਇਕ ਅਖਵਾਈਆ । ਜੋ ਬਦਲਣਹਾਰ ਰਿਵਾਜ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਕਲਜੁਗ ਵੇਖੋ ਕਿਸ ਬਿਧ ਸਵਾਰੇ ਕਾਜ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਧਾਮ ਨਿਆਰਾ ਦੇਸ ਮਾਝ, ਮੌਜੂਦਾ ਆਪਣਾ ਹੁਕਮ ਵਰਤਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਦੋ ਦੋ ਆਬ, ਆਬੇ ਹਯਾਤ ਵੇਖ ਵਖਾਈਆ । ਜਿਸ ਦੇ ਅਗੇ ਕਿਸੇ ਦਾ ਹੋਣਾ ਨਹੀਂ ਸੁਆਲ ਜੁਆਬ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਦਾ ਇਸ਼ਾਰਾ ਦੇ ਕੇ ਗਿਆ ਸਿੰਘ ਮਤਾਬ, ਮਨੀ ਸਿੰਘ ਮਨਸਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਜਮਨਾ ਸੁਰਸਤੀ ਗੋਦਾਵਰੀ ਗੰਗਾ ਵੇਖੋ ਗੋਬਿੰਦ ਧਾਰ, ਕੀ ਆਪਣਾ ਹੁਕਮ ਵਰਤਾਈਆ । ਤੁਸਾਂ ਫਿਰਨਾ ਵਿਚ ਸੰਸਾਰ, ਭੱਜਣਾ ਵਾਹੋ ਦਾਹੀਆ । ਚਾਰੇ ਕੂਟਾਂ ਕਰਨੀ ਵਿਚਾਰ, ਉੱਤਰ ਪੂਰਬ ਪੱਛਮ ਦੱਖਣ ਖੋਜ ਖੁਜਾਈਆ । ਧਰਮ ਦਾ ਰਿਹਾ ਨਾ ਕੋਇ ਦੁਆਰ, ਸਚ ਵਿਚ ਨਾ ਕੋਇ ਸਮਾਈਆ । ਚਾਰੋਂ ਕੁੰਟ ਕੂੜ ਕੁੜਿਆਰ, ਮਾਇਆ ਮਮਤਾ ਮੋਹ ਹਲਕਾਈਆ । ਅੰਮ੍ਰਿਤ ਰਸ ਰਿਹਾ ਨਾ ਠੰਡਾ ਠਾਰ, ਅਗਨੀ ਤਤ ਨਾ ਕੋਇ ਬੁਝਾਈਆ । ਲੇਖਾ ਮੁਕਦਾ ਵੇਖਣਾ ਪੈਗ਼ੰਬਰ ਗੁਰ ਅਵਤਾਰ, ਲਹਿਣਾ ਸਭ ਦੀ ਝੋਲੀ ਪਾਈਆ । ਜਿਸ ਦੀ ਸਾਰੇ ਕਰਦੇ ਰਹੇ ਇੰਤਜ਼ਾਰ, ਬੈਠੇ ਰਾਹ ਤਕਾਈਆ । ਉਹ ਆਇਆ ਪਰਵਰਦਿਗਾਰ, ਜਲਵਾਗਰ ਨੂਰ ਅਲਾਹੀਆ । ਸ਼ਾਹੋ ਭੂਪ ਬਣ ਸਿਕਦਾਰ, ਆਪਣਾ ਹੁਕਮ ਦਏ ਵਰਤਾਈਆ । ਜਿਸ ਨੂੰ ਸਭ ਨੇ ਕਹਿਣਾ ਕਲ ਕਲਕੀ ਅਵਤਾਰ, ਨਿਹਕਲੰਕਾ ਰੂਪ ਪਰਗਟਾਈਆ । ਲਹਿਣਾ ਦੇਣਾ ਦੇਵੇ ਸਭ ਦਾ ਉਧਾਰ, ਕ਼ਰਜ਼ਾ ਸਿਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਬਿਨ ਰਸਨਾ ਰਹੀਆਂ ਬੋਲ, ਆਪਣਾ ਹਾਲ ਸੁਣਾਈਆ । ਕਿਹੜੀ ਵਸਤ ਉਸ ਦੇ ਕੋਲ, ਸਾਨੂੰ ਦੇ ਸਮਝਾਈਆ । ਨਾਰਦ ਕਹੇ ਮੈਂ ਵਜਾ ਕੇ ਦੱਸਾਂ ਢੋਲ, ਦੋ ਜਹਾਨਾਂ ਦਿਆਂ ਜਣਾਈਆ । ਜਿਸ ਸਚ ਦੁਆਰਾ ਦਿਤਾ ਖੋਲ੍ਹ, ਖ਼ਲਕ ਦਾ ਖ਼ਾਲਕ ਨੂਰ ਅਲਾਹੀਆ । ਉਹਦਾ ਨਾਮ ਅਨਮੁਲ ਅਨਮੋਲ, ਅਨਮੁਲੜੇ ਹੀਰੇ ਰਿਹਾ ਬਣਾਈਆ । ਜਨ ਭਗਤਾਂ ਤੋਲ ਕੇ ਆਪਣੇ ਤੋਲ, ਤਰਾਜ਼ੂ ਆਪਣੇ ਵਿਚ ਰਖਾਈਆ । ਤੁਹਾਡੇ ਅੰਤਸ਼ਕਰਨ ਦੇ ਪੜਦੇ ਲਏ ਖੋਲ੍ਹ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਚਾਰੇ ਕਹਿਣ ਨਾਰਦਾ ਅਸੀਂ ਵੇਖਿਆ ਕੀ ਕੁਝ ਆਜ, ਆਜਜ਼ ਹੋ ਕੇ ਦਈਏ ਸੁਣਾਈਆ । ਸਾਰੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕੂੜ ਭਰਿਆ ਮਜਾਜ਼, ਕੁਕਰਮਾਂ ਨਾਲ ਹਲਕਾਈਆ । ਜਿਧਰ ਤਕਿਆ ਰਸਨਾ ਜਿਹਵਾ ਬੱਤੀ ਦੰਦ ਸਾਰੇ ਖਾਂਦੇ ਕਬਾਬ, ਕ਼ਿਬਲ ਦੇ ਮਾਲਕ ਮਿਲਣ ਕੋਇ ਨਾ ਪਾਈਆ । ਤਨ ਵਜੂਦਾਂ ਲੱਗਾ ਦਾਗ਼, ਦੁਰਮਤ ਮੈਲ ਨਾ ਕੋਇ ਧੁਆਈਆ । ਦੀਵਾ ਬਾਤੀ ਜਗੇ ਨਾ ਕੋਇ ਚਰਾਗ਼, ਚਰਾਗਾਹਾਂ ਨਾ ਕੋਇ ਰੁਸ਼ਨਾਈਆ । ਲੱਖ ਚੁਰਾਸੀ ਬਿਨ ਮਾਲੀ ਸੁੰਞਾ ਦਿਸੇ ਬਾਗ਼, ਮਾਲਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਨੇ ਰਚਨਾ ਰਚੀ ਆਦਿ, ਅੰਤ ਵੇਖਣਹਾਰ ਆਪ ਅਖਵਾਈਆ ।

### ✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਝੰਡੂ ਰਾਮ ਦੇ ਗ੍ਰਿਹ ਪਿੰਡ ਜਿਉੜੀਆਂ ਜ਼ਿਲਾ ਜੰਮੂ ✪

ਦਰਸ ਕਰਨ ਆਈਆਂ ਧਰਮ ਸਵਾਣੀਆਂ, ਨਾਰਦ ਕਹੇ ਇਸਤਰੀ ਮਰਦ ਰੂਪ ਨਜ਼ਰ ਕੋਇ ਨਾ ਆਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਗਾਉਂਦੀਆਂ ਬਿਨਾ ਮੁਖ ਤੋਂ ਬਾਣੀਆਂ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਆਪਣਾ ਨਾਤਾ ਤੋੜਦੀਆਂ ਨਾਲ ਚਾਰੇ ਖਾਣੀਆਂ, ਖ਼ਾਲਕ
੫੯੬ ਆਪਣਾ ਰੰਗ ਵਖਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਜਾਣੀ ਜਾਣੀਆ, ਤੇਰੀ ਇਕ ਸਰਨਾਈਆ । ਨਿਰਗੁਣ ਨਿਰਗੁਣ ਹਾਣੀ ਹਾਣੀਆਂ, ੫੯੬
੨੪ ਆਯੂ ਵੰਡ ਨਾ ਕੋਇ ਵੰਡਾਈਆ । ਸਾਡੀਆਂ ਤਕ ਲੈ ਤਰਲ ਜਵਾਨੀਆਂ, ਜੋਬਨਵੰਤੇ ਬੇਪਰਵਾਹੀਆ । ਅਸੀਂ ਸਤਿਜੁਗ ਤ੍ਰੇਤਾ ਦੁਆਪਰ ਤੇਰੇ ਪਿਆਰ ੨੪
ਵਿਚ ਮੌਜਾਂ ਮਾਣੀਆਂ, ਖ਼ੁਸ਼ੀਆਂ ਢੋਲੇ ਗਾਈਆ । ਤੀਰਥ ਤੱਟਾਂ ਸਹਾਰਾ ਦਿਤਾ ਪਰਾਣੀਆਂ, ਜੋ ਆਏ ਚਲ ਸਰਨਾਈਆ । ਕਲਜੁਗ ਅੰਤਮ ਸਾਡੀ ਰਹੀ ਨਾ ਧਰਮ ਨਿਸ਼ਾਨੀਆ, ਨਿਸ਼ਾਨਾ ਕੂੜ ਗਿਆ ਬਦਲਾਈਆ । ਬਹੁੜੀ ਸਾਡੇ ਉਤੇ ਵਧੀਆਂ ਬੇਈਮਾਨੀਆਂ, ਈਮਾਨ ਰਹਿਣ ਕੋਇ ਨਾ ਪਾਈਆ । ਤਤ ਵਿਰੋਲੇ ਕੋਇ ਨਾ ਪਾਣੀਆਂ, ਪੌਣ ਪਾਣੀ ਰਹੇ ਕੁਰਲਾਈਆ । ਅਸੀਂ ਕੰਗਾਲ ਹੋਈਆਂ ਧਰਮ ਦੀਆਂ ਸ਼ਾਹਣੀਆਂ, ਸ਼ਹਿਨਸ਼ਾਹ ਸਚ ਵਸਤ ਹੱਥ ਕਿਛ ਨਾ ਆਈਆ । ਤੂੰ ਕਿਰਪਾ ਕਰ ਗੁਣ ਨਿਧਾਨੀਆਂ, ਗੁਣਵੰਤੇ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਲੇਖ ਆਪ ਬਣਾਈਆ । ਚਾਰੇ ਕਹਿਣ ਅਸੀਂ ਦਰਸ ਕਰਨ ਨੂੰ ਭੱਜੀਆਂ, ਭੁਜਾਂ ਬਾਹਵਾਂ ਜਗਤ ਉਠਾਈਆ । ਸਾਡੇ ਅੰਤਰ ਆਸ਼ਾਂ ਗੱਜੀਆਂ, ਖ਼ੁਸ਼ੀਆਂ ਢੋਲੇ ਗਾਈਆ । ਅਸੀਂ ਆ ਕੇ ਸਚ ਦੁਆਰੇ ਸਜੀਆਂ, ਸੱਜਣ ਮਿਲਿਆ ਧੁਰਦਰਗਾਹੀਆ । ਸਾਡੇ ਨੇਤਰ ਅੱਖੀਆਂ ਰੱਜੀਆਂ, ਤ੍ਰਿਸ਼ਨਾ ਰਹੀ ਨਾ ਰਾਈਆ । ਪਰਮ ਪੁਰਖ ਪਰਮਾਤਮ ਸਾਡੀ ਰਖੀ ਲਜੀਆ, ਸਿਰ ਸਿਰ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋ ਸਹਾਈਆ । ਚਾਰੇ ਕਹਿਣ ਦਰਸ਼ਨ ਤਕਿਆ ਨੂਰ ਨੁਰਾਨਾ ਨੂਰ, ਨਰ ਨਰਾਇਣ ਮਿਲੀ ਸਰਨਾਈਆ । ਸ਼ਬਦ ਅਨਾਦੀ ਸੁਣੀ ਤੂਰ, ਤੁਰਤ ਦਿਤੀ ਦ੍ਰਿੜਾਈਆ । ਸਾਡੀ ਆਸਾ ਮਨਸਾ ਕੀਤੀ ਪੂਰ, ਪੂਰਨ ਬ੍ਰਹਮ ਦਿਤਾ ਸਮਝਾਈਆ । ਮਸਤੀ ਨਾਮ ਦੇ ਸਰੂਰ, ਸੁਰਤੀ ਆਪਣੇ ਨਾਲ ਮਿਲਾਈਆ । ਸਾਡਾ ਲੇਖੇ ਲਾਇਆ ਪੰਧ ਦੂਰ, ਨੇੜਨ ਨੇੜਾ

ਨਜ਼ਰੀ ਆਈਆ । ਸਾਡੇ ਉਤੇ ਕਿਰਪਾ ਕਰੇ ਜ਼ਰੂਰ, ਜ਼ਰੂਰਤ ਸਭ ਦੀ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਮੇਟੇ ਫ਼ਤੂਰ, ਫ਼ਤਵਾ ਦੇਵੇ ਥਾਉਂ ਥਾਈਂਆ । ਅਸੀਂ ਚਾਰ ਜੁਗ ਦੇ ਇਸ ਦੇ ਮਜ਼ਦੂਰ, ਜੁਗ ਜੁਗ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਸ਼ਾ ਮਨਸ਼ਾ ਸਭ ਦੀਆਂ ਕਰੇ ਪੂਰ, ਤ੍ਰਿਸ਼ਨਾ ਤ੍ਰਿਖਾ ਜਗਤ ਰਹਿਣ ਨਾ ਪਾਈਆ ।

✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਗੁਰਾ ਸਿੰਘ ਦੇ ਗ੍ਰਿਹਿ ਪਿੰਡ ਸੇਈ ਖ਼ੁਰਦ ਜ਼ਿਲਾ ਜੰਮੂ ✪

ਚਾਰੇ ਕਹਿਣ ਸਾਡਾ ਅੰਤਰ ਹੋਇਆ ਅਨੰਦ, ਸਤਿਗੁਰ ਸਰਨ ਮਿਲੀ ਸਰਨਾਈਆ । ਸਾਡਾ ਖ਼ੁਸ਼ੀ ਬੰਦ ਬੰਦ, ਬੰਦਗੀ ਵਿਚ ਸੀਸ ਝੁਕਾਈਆ । ਜਲਵਾ ਤਕਿਆ ਨੂਰੀ ਚੰਦ, ਜੋਤੀ ਜਾਤਾ ਨਜ਼ਰੀ ਆਈਆ । ਅਸੁਤੇ ਸਾਡੇ ਮੁਖ ਵਿਚੋਂ ਨਿਕਲ ਗਿਆ ਛੰਦ, ਤੂੰ ਮੇਰਾ ਮੈਂ ਤੇਰਾ ਰਾਗ ਸੁਣਾਈਆ । ਝਟ ਹਸ ਕੇ ਕਹੇ ਗੰਗ, ਗੋਬਿੰਦ ਤੇਰੀ ਬੇਪਰਵਾਹੀਆ । ਗੋਦਾਵਰੀ ਪ੍ਰੇਮ ਵਜਾਇਆ ਮਰਦੰਗ, ਨਾਰਦ ਦਿਤਾ ਸੁਣਾਈਆ । ਜਮਨਾ ਦਰ ਦਹਲੀਜ਼ਾਂ ਲੰਘ, ਸੀਸ ਜਗਦੀਸ ਨਿਵਾਈਆ । ਸੁਰਸਤੀ ਕਹੇ ਮੇਰੇ ਨਿਰੰਤਰ ਪਈ ਠੰਡ, ਅਗਨੀ ਤਤ ਰਹੀ ਨਾ ਰਾਈਆ । ਨਾਰਦ ਕਹੇ ਪ੍ਰਭ ਚਰਨਾਂ ਆਪਣੇ ਸੀਸ ਤੋਂ ਲਾਹ ਦਿਉ ਪੰਡ, ਜੋ ਗਠੜੀ ਹਡੀਆਂ ਆਈ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਚੁਕਾਈਆ । ਨਾਰਦ ਕਹੇ ਸ਼ੁਕਰ ਕਰੋ ਸਚੇ ਸਤਿਗੁਰ ਦੇ, ਗੁਰਦੇਵ ਸੁਆਮੀ ਇਕ ਮਨਾਈਆ । ਜਿਸ ਲਾਉਣੇ ਲੇਖੇ ਅੰਤਰ ਤੁਹਾਡੇ ਮੁਰਦੇ, ਮੁਦਤਾਂ ਦੇ ਲੇਖੇ ਪੂਰ ਕਰਾਈਆ । ਲਹਿਣੇ ਦੇਣੇ ਤਕ ਲਉ ਕਰੋੜ ਤੇਤੀਸਾ ਸੁਰ ਦੇ, ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਸੰਦੇਸ਼ੇ ਸੁਣ ਲਉ ਗੋਬਿੰਦ ਵਾਲੇ ਅਨੰਦਪੁਰ ਦੇ, ਪੁਰੀਆਂ ਲੋਆਂ ਬਾਹਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਚਾਰੇ ਕਹਿਣ ਨਾਰਦਾ ਅਸੀਂ ਪਿਛਲਾ ਭਾਰ ਲਿਆਂਦਾ ਚੁਕ, ਚਾਕਰ ਹੋ ਕੇ ਸੇਵ ਕਮਾਈਆ । ਸਾਡਾ ਲਹਿਣਾ ਪੂਰਬ ਗਿਆ ਮੁਕ, ਮੁਕੰਮਲ ਦਈਏ ਸੁਣਾਈਆ । ਅਗੇ ਇਕੋ ਗਾਈਏ ਤੁਕ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਅਗੰਮ ਅਥਾਹੀਆ । ਸਚ ਦੁਆਰ ਉਹਲਾ ਰਿਹਾ ਕੋਈ ਨਾ ਲੁਕ, ਭੇਵ ਅਭੇਦ ਦਿਤਾ ਮਿਟਾਈਆ । ਪ੍ਰਭ ਦਾ ਭਾਣਾ ਮੂਲ ਜਾਏ ਨਾ ਰੁਕ, ਸੰਦੇਸ਼ਾ ਸਚ ਸਚ ਸੁਣਾਈਆ । ਜ਼ਰੂਰ ਕਲਜੁਗ ਬੂਟਾ ਜਾਣਾ ਸੁਕ, ਹਰਿਆ ਅੰਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੇ ਮੇਟਣਹਾਰਾ ਦੁਖ, ਦੁਖੀਆਂ ਦਰਦੀਆਂ ਆਪਣਾ ਦਰਦ ਵੰਡਾਈਆ ।

## ✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਚੰਦ ਪਰਕਾਸ਼ ਦੇ ਗ੍ਰਹਿ ਪਿੰਡ ਸੇਈ ਖ਼ੁਰਦ ਜ਼ਿਲਾ ਜੰਮੂ ✪

ਚਾਰੇ ਕਹਿਣ ਦਰਸ ਕੀਤਾ ਧੁਰ ਦੇ ਸੱਜਣ, ਜੋ ਸਾਜਣ ਨਵੀਂ ਸਾਜਣਾ ਰਿਹਾ ਬਣਾਈਆ । ਧੂੜੀ ਖ਼ਾਕ ਰਮਾਇਆ ਮਜਨ, ਸੋਹਣਾ ਰੰਗ ਚੜ੍ਹਾਈਆ । ਨੇਤਰ ਪਾਇਆ ਕਜਲ, ਨੈਣ ਨੈਣ ਬਦਲਾਈਆ । ਸਚ ਦੁਵਾਰਿਉਂ ਸਚ ਦਾ ਮਿਲਿਆ ਭਜਨ, ਬੰਦਗੀ ਇਕ ਸਮਝਾਈਆ । ਸਾਡੇ ਅੰਦਰ ਨਾਮ ਨਗਾਰੇ ਵਜਨ, ਧੁਰ ਦੀ ਧਾਰ ਕਰੇ ਸ਼ਨਵਾਈਆ । ਦੀਪਕ ਜੋਤੀ ਜਗਣ, ਘਰ ਹੋਈ ਰੁਸ਼ਨਾਈਆ । ਅਸੀਂ ਖ਼ੁਸ਼ੀਆਂ ਵਿਚ ਹੋਈਆਂ ਮਗਨ, ਮਸਤੀ ਵਿਚ ਵਡਿਆਈਆ । ਸਾਡਾ ਪਵਿਤ੍ਰ ਹੋਇਆ ਬਦਨ, ਬਦੀ ਦਾ ਰੰਗ ਨਾ ਕੋਇ ਰਖਾਈਆ । ਅਸੀਂ ਚਾਰੇ ਇਕੱਠੀਆਂ ਹੋ ਕੇ ਸਤਿਗੁਰ ਸ਼ਬਦ ਨੂੰ ਆਈਆਂ ਸੱਦਣ, ਸਦਕੇ ਵਾਰੀ ਘੋਲ ਘੁਮਾਈਆ । ਤੂੰ ਮੁਕੰਦ ਮਨੋਹਰ ਲਖਮੀ ਨਰਾਇਣ ਨੰਦਨ, ਅਨੰਦ ਦਾ ਮਾਲਕ ਇਕ ਅਖਵਾਈਆ । ਮਿਹਰਵਾਨਾ ਨੌਜਵਾਨਾ ਸਾਡੀ ਲੰਘ ਕੇ ਆਵੀਂ ਹੱਦਨ, ਜਗਤ ਹਦੂਦਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਚਾਰੇ ਕਹਿਣ ਦਰਸ ਕਰਕੇ ਹੋਈਆਂ ਨਿਹਾਲ, ਤ੍ਰਿਸ਼ਨਾ ਜਗਤ ਮਿਟਾਈਆ । ਸਾਡਾ ਇਕੱਠਾ ਹਲ ਕਰ ਸਵਾਲ, ਬੇਨੰਤੀ ਦਈਏ ਦ੍ਰਿੜ੍ਹਾਈਆ । ਸਾਡੀ ਆ ਕੇ ਸੁਰਤ ਸੰਭਾਲ, ਸੰਬਲ ਦੇ ਮਾਲਕ ਵੇਖ ਵਖਾਈਆ । ਜੁਗ ਚੌਕੜੀ ਲੇਖੇ ਲਾ ਘਾਲ, ਘਾਇਲ ਹੋ ਕੇ ਦਈਏ ਸੁਣਾਈਆ । ਸਾਡਾ ਅੰਮ੍ਰਿਤ ਸਰ ਸੁਹਾ ਦੇ ਤਾਲ, ਰਸ ਆਪਣਾ ਇਕ ਭਰਾਈਆ । ਧੁਰ

ਦਾ ਨਾਮ ਨਿਧਾਨਾ ਦੇ ਦੇ ਧਨ ਮਾਲ, ਅਮੋਲਕ ਵਸਤ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ
੫੯੮

ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਈਆ । ਚਾਰੇ ਕਹਿਣ ਸਾਡੀ ਅਰਦਾਸ, ਦਰਸ਼ਨ ਕਰਕੇ ਸੀਸ ਨਿਵਾਈਆ । ਸਾਡੇ ਸਾਹਿਬ ਪੁਰਖ ਅਬਿਨਾਸ਼,
੨੪
ਤੇਰੀ ਤੇਰੇ ਹੱਥ ਵਡਿਆਈਆ । ਸੰਮਤ ਸ਼ਹਿਨਸ਼ਾਹੀ ਬਾਰਾਂ ਆਉਣਾ ਸਾਡੇ ਪਾਸ, ਪਾਸਾ ਦੀਨ ਦੁਨੀ ਤਜਾਈਆ । ਨਾਲ ਸ਼ੰਕਰ ਲਿਆਉਣਾ ਕੈਲਾਸ਼, ਜਟਾ ਜੂਟ ਧਾਰੀ ਆਪਣਾ ਸੀਸ ਨਿਵਾਈਆ । ਨਾਲ ਇੱਕੀ ਭਗਤਾਂ ਦੀ ਪੈਂਦੀ ਆਵੇ ਰਾਸ, ਨਾਰੀ ਮਰਦ ਵੰਡ ਨਾ ਕੋਇ ਵੰਡਾਈਆ । ਤੇਰੀ ਸੱਤ ਰੰਗ ਦੀ ਹੋਵੇ ਪੋਸ਼ਾਕ, ਪੇਸ਼ਾਨੀ ਲਾਲ ਰੰਗ ਰੰਗਾਈਆ । ਸੰਮਤ ਪੰਦਰਾਂ ਜਿਸ ਦਰ ਦਾ ਖੋਲ੍ਹ ਕੇ ਆਇਉਂ ਤਾਕ, ਅੰਤਮ ਪਰਦਾ ਦੇਣਾ ਉਠਾਈਆ । ਆਪਣਾ ਪੂਰਾ ਕਰਨਾ ਵਾਕ, ਜੋ ਤ੍ਰਿਬੈਣੀ ਆਇਆ ਲਿਖਾਈਆ । ਅਸੀਂ ਛਡ ਕੇ ਸਾਰੇ ਸੱਜਣ ਸਾਕ, ਦਰ ਆਈਆਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡੇ ਗ੍ਰਹਿ ਇਕ ਇਕ ਕਟਣੀ ਰਾਤ, ਰੈਣ ਸਬਾਈ ਤੇਰਾ ਦਰਸ਼ਨ ਪਾਈਆ ।

## ✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਬੇਲੂ ਰਾਮ ਦੇ ਗ੍ਰਹਿ ਪਿੰਡ ਸੇਈ ਖ਼ੁਰਦ ਜ਼ਿਲਾ ਜੰਮੂ ✪

ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾਰਦ ਨੂੰ ਕਰਨ ਇਸ਼ਾਰਾ, ਪੰਡਤਾ ਤੈਨੂੰ ਦਈਏ ਸੁਣਾਈਆ । ਤੂੰ ਪ੍ਰਭ ਦਾ ਮੀਤ ਮੁਰਾਰਾ, ਜੁਗ ਚੌਕੜੀ ਚਲਿਆ ਆਈਆ । ਸਾਡੇ ਨਾਲ ਮਿਲ ਕੇ ਕਰ ਨਿਮਸਕਾਰਾ, ਡੰਡਾਵਤ ਵਿਚ ਸੀਸ ਝੁਕਾਈਆ । ਨਾਲੇ ਬੋਲ ਦੇ ਧਰਮ ਜੈਕਾਰਾ, ਸਚ ਸਚ ਸੁਣਾਈਆ । ਮਿੰਨਤਾਂ ਕਰਕੇ ਕਹਿਣ ਸਾਡਾ ਲੇਖਾ ਯਾਦ ਰਖਣਾ ਸੰਮਤ ਬਾਰਾਂ, ਅਭੁਲ ਭੁਲ ਕਦੇ ਨਾ ਜਾਈਆ । ਸਾਡੇ ਆਵੇ ਚਲ ਕਿਨਾਰਾ,

ਕਾਨਾ ਰਵੀਦਾਸ ਵਾਲਾ ਸਾਢੇ ਤਿੰਨ ਹੱਥ ਨਾਲ ਲਿਆਈਆ । ਜੋ ਹਰਿਜਨ ਭਗਤ ਨਾਲ ਹੋਵੇ ਦੁਲਾਰਾ, ਸੋਹਣਾ ਗੁਰਮੁਖ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਵਖਾਈਆ । ਗੰਗਾ ਕਹੇ ਪ੍ਰਭੂ ਮੈਂ ਤਕਦੀ ਰਹਾਂਗੀ ਵਾਟ, ਬਿਨ ਅੱਖਾਂ ਅੱਖ ਉਠਾਈਆ । ਕਵਣ ਵੇਲਾ ਆਵੇ ਮੇਰੇ ਘਾਟ, ਘਾਟਾ ਮੇਰਾ ਪੂਰ ਕਰਾਈਆ । ਮੇਰੀ ਸੇਜ ਸੁਹੰਜਣੀ ਕਰੇ ਖਾਟ, ਸਿੰਘਾਸਣ ਆਪਣਾ ਇਕ ਵਖਾਈਆ । ਮੇਰਾ ਪੂਰਬ ਲਹਿਣਾ ਦੇਣਾ ਦੇਵੇ ਕਾਟ, ਅਗੇ ਆਪਣਾ ਰੰਗ ਰੰਗਾਈਆ । ਮੈਂ ਤੇਰੇ ਚਰਨ ਕਵਲ ਬਿਨਾ ਰਸਨਾ ਲਵਾਂ ਚਾਟ, ਚੇਟਕ ਅਵਰ ਨਾ ਕੋਇ ਜਣਾਈਆ । ਬਿਨਾ ਜ਼ਬਾਨ ਤੋਂ ਕਰਾਂ ਬਾਤ, ਬਿਨ ਅੱਖਰਾਂ ਅੱਖਰ ਸੁਣਾਈਆ । ਤੂੰ ਮੇਰਾ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਤੇਰੀ ਤਕਾਂ ਭਗਤਾਂ ਵਾਲੀ ਜਮਾਤ, ਗੁਰਮੁਖ ਸੋਹਣੇ ਵੇਖ ਵਖਾਈਆ । ਜੋ ਸੋਹੰ ਗਾਉਂਦੇ ਆਉਣ ਗਾਥ, ਆਤਮ ਪਰਮਾਤਮ ਰਾਗ ਅਲਾਹੀਆ । ਮੈਂ ਸਭ ਨੂੰ ਝੁਕ ਕੇ ਟੇਕਾਂ ਮਾਥ, ਨਿਮਰਤਾ ਵਿਚ ਸੀਸ ਨਿਵਾਈਆ । ਤੂੰ ਕਿਰਪਾ ਕਰਨੀ ਪੁਰਖ ਸਮਰਾਥ, ਮੇਰੀ ਤੇਰੇ ਅਗੇ ਦੁਹਾਈਆ । ਮੈਂ ਹੋਈ ਅਨਾਥਾਂ ਅਨਾਥ, ਦੀਨਨ ਹੋ ਕੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਜਮਨਾ ਕਹੇ ਮੈਂ ਜੰਮ ਜੰਮ ਤਕਾਂ ਰਾਹ, ਬਿਨਾ ਜਨਣੀ ਧਿਆਨ ਲਗਾਈਆ । ਬਿਨ ਨੇਤਰ ਨੈਣ ਉਠਾ, ਵੇਖਾਂ ਚਾਈਂ ਚਾਈਂਆ । ਕਵਣ ਕੂਟੇ ਆਏ ਮੇਰਾ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜੋ ਭਗਤਾਂ ਨਾਲ ਕਰੇ ਸਲਾਹ, ਮਸ਼ਵਰਾ ਗੁਰਮੁਖਾਂ ਨਾਲ ਰਲਾਈਆ । ਪੰਜਾਂ ਲਿਖਾਰੀਆਂ ਇਕੋ ਰੂਪ ਲਏ ਬਣਾ, ਬਸਤਰ ਦੂਸਰ ਵੰਡ ਨਾ ਕੋਇ ਵੰਡਾਈਆ । ਪੰਜਾਂ ਦਰਬਾਰੀਆਂ ਮਸਤਕ ਟਿੱਕੇ ਲਏ ਲਗਾ, ਚਰਨ ਧੂੜ ਧੂੜ ਰਮਾਈਆ । ਪੰਜਾਂ ਪਿਆਰਿਆਂ ਸੋਹੰ ਸ਼ਬਦ ਕੰਨੀ ਗੰਢ ਬੰਨ੍ਹਾ, ਸੋਹਣੀ ਖੇਲ ਖਿਲਾਈਆ । ਮੈਂ ਝਟ ਝੁਕ ਕੇ ਸੀਸ ਦੇਵਾਂ ਨਿਵਾ, ਨਿਵ ਨਿਵ ਲਾਗਾ ਪਾਈਆ । ਪ੍ਰੇਮ ਸਿੰਘਾਸਣ ਦੇਵਾਂ ਵਿਛਾ, ਵਿਛੋੜਾ ਜਗਤ ਨਾ ਕੋਇ ਰਖਾਈਆ । ਬਿਨ ਪਾਵੇ ਚੂਲ ਪਲੰਘ ਦੇਵਾਂ ਡਾਹ, ਡੰਡਾਵਤ ਕਰਕੇ ਸੀਸ ਨਿਵਾਈਆ । ਆਪਣਾ ਦੁਖੜਾ ਦਿਆਂ ਸੁਣਾ, ਜੋ ਕ੍ਰਿਸ਼ਨ ਕਾਹਨ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸੁਰਸਤੀ ਕਹੇ ਮੈਂ ਖ਼ੁਸ਼ੀਆਂ ਨਾਲ ਸੁਤੀ ਉਠਾਂ, ਆਪਣੀ ਲੈ ਅੰਗੜਾਈਆ । ਆਪਣੀਆਂ ਘੁੱਟ ਕੇ ਦੋਵੇਂ ਮੁੱਠਾਂ, ਸੀਨੇ ਨਾਲ ਲਗਾਈਆ । ਫਿਰ ਅੰਤਸ਼ਕਰਨ ਕਰਕੇ ਪੁੱਠਾ, ਵੇਖਾਂ ਧੁਰਦਰਗਾਹੀਆ । ਜੋ ਮੇਰੇ ਉਤੇ ਹੋਵੇ ਤੁਠਾ, ਮਿਹਰ ਨਜ਼ਰ ਉਠਾਈਆ । ਮੇਰੀ ਸਚ ਸੁਹਾਉਂਣੀ ਕਰੇ ਗੁੱਠਾ, ਕੋਨੇ ਗੋਸ਼ੇ ਫੋਲ ਫੁਲਾਈਆ । ਮੈਂ ਢੋਲਾ ਗਾਵਾਂ ਬਿਨਾ ਬੁੱਲਾਂ ਬੁੱਟਾਂ, ਬਿਨ ਰਸਨਾ ਸਿਫ਼ਤ ਸਲਾਹੀਆ । ਜਿਸ ਦਾ ਪਿਆਰ ਅਜੇ ਨਹੀਂ ਟੁੱਟਾ, ਟੁੱਟਿਆਂ ਫੇਰ ਲਏ ਜੁੜਾਈਆ । ਮੇਰਾ ਭਾਗ ਨਾ ਜਗਤ ਨਿਖੁੱਟਾ, ਖੋਟੇ ਖਰੇ ਲਏ ਬਣਾਈਆ । ਜੋ ਮੇਰੀ ਸੁਹਾਵੇ ਰੁਤਾ, ਰੁਤੜੀ ਆਪਣੇ ਨਾਲ ਮਹਿਕਾਈਆ । ਮੇਰਾ ਮਾਲਕ ਸੁਆਮੀ ਅਬਿਨਾਸ਼ੀ ਅਚੁਤਾ, ਚੇਤਨ ਮੈਨੂੰ ਲਏ ਕਰਾਈਆ । ਜਿਸ ਦੇ ਨਾਲ ਭਗਤ ਸੁਹੇਲੇ ਹੋਣੇ ਸੁਤਾ, ਸਤਿਗੁਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੇ ਚਰਨ ਕਵਲ ਝੁਕਾਂ, ਝੁਕ ਝੁਕ ਸੀਸ ਨਿਵਾਈਆ ।

੫੯੯ ੨੪

## ੨੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਸ਼ਾਂਤੀ ਦੇਵੀ ਦੇ ਗ੍ਰਿਹ ਪਿੰਡ ਸੇਈ ਖ਼ੁਰਦ ਜ਼ਿਲਾ ਜੰਮੂ

ਗੋਦਾਵਰੀ ਕਹੇ ਨਾਰਦਾ ਮੈਂ ਉਠਾ ਕੇ ਵੇਖਾਂ ਭੁਜਾ ਬਾਂਹੀਆਂ, ਹੱਥ ਜ਼ਿਮੀਂ ਅਸਮਾਨ ਭੁਆਈਆ । ਵਾਜਾਂ ਮਾਰਾਂ ਆ ਜਾ ਦੋ ਜਹਾਨ ਦਿਆ ਰਾਹੀਆ, ਰਹਿਬਰਾ ਆਪਣਾ ਪੰਧ ਮੁਕਾਈਆ । ਤੈਨੂੰ ਲੱਭ ਨਾ ਸਕਾਂ ਵਿਚੋਂ ਬੇਲੇ ਕਾਹੀਆਂ, ਸਰਾਂ ਸਰੋਵਰਾਂ ਹੱਥ ਕਿਤੇ ਨਾ ਆਈਆ । ਮੈਂ ਭੱਜ ਭੱਜ ਕੇ ਲੰਮੀਆਂ ਮੰਜ਼ਲਾਂ ਮੁਕਾਈਆਂ, ਦਿਵਸ ਰੈਣ ਕ਼ਦਮ ਕ਼ਦਮ ਉਠਾਈਆ । ਮੈਨੂੰ ਨਜ਼ਰ ਨਾ ਆਏ ਮੇਰਾ ਗੋਬਿੰਦ ਮਾਹੀਆ, ਪਰਮ ਪੁਰਖ ਤੇਰੀ ਓਟ ਤਕਾਈਆ । ਮੇਰਾ ਘਾਟ ਤਕ ਲੈ ਜਿਥੇ ਲਾਈਆਂ ਚਰਨ ਪ੍ਰੀਤੀ ਨਾਲ ਸਾਈਆਂ, ਸੌਦੇ ਸਚ ਸਚ ਕਰਾਈਆ । ਜਿਸ ਵੇਲੇ ਕਲਜੁਗ ਕੂੜ ਕੁੜਿਆਰ ਸਭ ਨੂੰ ਲੱਗੀਆਂ ਸ਼ਾਹੀਆਂ, ਸ਼ਹਿਨਸ਼ਾਹ ਨਜ਼ਰ ਕੋਇ ਨਾ ਆਈਆ । ਸਭ ਦੇ ਹਿੰਦਸੇ ਮੁਕਣ ਵਾਲੇ ਇਕਾਈਆਂ, ਦਹਾਈਆਂ ਬੈਠਣ ਮੁਖ ਛੁਪਾਈਆ । ਜਿਹੜੇ ਸਿੱਖ ਬਣਾਏ ਜੱਟ ਝੀਵਰ ਛੀਂਬੇ ਨਾਈਆਂ, ਨੈਣ ਜਾਣ ਬਦਲਾਈਆ । ਕਲਜੁਗ ਕੂੜੀ ਕਿਰਿਆ ਧਾਰ ਬਣਨੀ ਕਸਾਈਆਂ, ਸ਼ਰਅ ਸ਼ਰਅ ਰੂਪ ਬਦਲਾਈਆ । ਪੁਤਰਾਂ ਪਿਆਰ ਨਹੀਂ ਰਹਿਣਾ ਵਿਚ ਮਾਈਆਂ, ਮਮਤਾ ਮੋਹ ਨਾ ਕੋਇ ਰਖਾਈਆ । ਗੋਬਿੰਦ ਹਸ ਕੇ ਕਿਹਾ ਗੋਦਾਵਰੀ ਉਸ ਵੇਲੇ ਮੇਰੇ ਸਿੱਖ ਖਾਣਗੇ ਗਾਂਈਆਂ, ਹੱਤਿਆ ਕਰੇ ਜਗਤ ਲੋਕਾਈਆ । ਭਗਤ ਜਣਨੇ ਨਹੀਂ ਕਿਸੇ ਜਗਤ ਦੀਆਂ ਦਾਈਆਂ, ਕੁੱਖੀਂ ਭਾਗ ਨਾ ਕੋਇ ਲਗਾਈਆ । ਚਾਰ ਜੁਗ ਦੇ ਸ਼ਾਸਤਰ ਅੰਦਰ ਕਰ ਨਾ ਸਕਣ ਸਫ਼ਾਈਆਂ, ਦੁਰਮਤ ਮੈਲ ਨਾ ਕੋਇ ਧਵਾਈਆ । ਤੁਹਾਡਾ ਮਾਣ ਨਹੀਂ ਰਹਿਣਾ ਗੋਦਾਵਰੀ ਜਿਹੜੀਆਂ ਪ੍ਰਭ ਦੀ ਕੁੱਖੋਂ ਜਾਈਆਂ, ਜੰਮਣ ਵਾਲੀ ਅਵਰ ਕੋਇ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੋਦਾਵਰੀ ਕਹੇ ਨਾਰਦਾ ਮੈਂ ਖੁਲ੍ਹੜੇ ਰਖਾਂ ਕੇਸ, ਕਿਸਮਤ ਆਪਣੀ ਆਪ ਬਦਲਾਈਆ । ਮੇਰਾ ਵੈਰਾਗਣਾਂ ਵਾਲਾ ਹੋਵੇ ਵੇਸ, ਅਵਲੜੀ ਧਾਰ ਜਣਾਈਆ । ਮੈਂ ਤਕਾਂ ਮਾਹੀ ਗੋਬਿੰਦ ਦਸ ਦਸਮੇਸ, ਸ਼ਬਦੀ ਸ਼ਬਦ ਰੂਪ ਬਦਲਾਈਆ । ਜਿਸ ਸੰਦੇਸ਼ਾ ਦਿਤਾ ਮੈਨੂੰ ਨਦੇੜ ਦੇ ਦੇਸ, ਦੇਸ ਦੇਸਾਂਤਰਾਂ ਡੇਰਾ ਢਾਹੀਆ । ਉਹ ਹੋਵੇ ਮੇਰਾ ਰਿਖੀ ਰਖੇਸ਼, ਰਿਖੀਆਂ ਮੁਨੀਆਂ ਬਾਹਰ ਨਜ਼ਰੀ ਆਈਆ । ਮੈਂ ਉਸ ਦੀ ਆਸ਼ਾ ਰਖੀ ਹਮੇਸ਼, ਹਮ ਸਾਜਣ ਹੋ ਕੇ ਧਿਆਨ ਲਗਾਈਆ । ਜਿਸ ਕਲਜੁਗ ਕੂੜ ਮੇਟਣਾ ਕਲੇਸ਼, ਕਲਾ ਆਪਣੀ ਇਕ ਪਰਗਟਾਈਆ । ਉਸ ਦੇ ਚਰਨ ਆਪਾ ਕਰਾਂ ਪੇਸ਼, ਭੇਟਾ ਹਬ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਗੋਦਾਵਰੀ ਕਹੇ ਨਾਰਦ ਮੈਂ ਚਕ ਚਕ ਵੇਖਾਂ ਅੱਖਾਂ, ਨੈਣ ਨੈਣ ਉਠਾਈਆ । ਕਿਧਰੋਂ ਆਵੇ ਮੇਰਾ ਸਾਹਿਬ ਸਖ਼ਾ, ਸਗਲਾ ਸੰਗ ਜਣਾਈਆ । ਮੇਰਾ ਲੇਖਾ ਮੇਟੇ ਕਿਸ਼ਨਾ ਸੁਖਲਾ ਪਖਾ, ਪਖ ਆਪਣਾ ਦਏ ਦ੍ਰਿੜਾਈਆ । ਉਸ ਦੇ ਚਰਨ ਕਵਲ ਟੇਕਾਂ ਮੱਥਾ, ਮਸਤਕ ਧੂੜੀ ਖ਼ਾਕ ਰਮਾਈਆ । ਨਾਲ ਪੁਰਖ ਅਕਾਲ ਹੋਵੇ ਜਿਸ ਦੇ ਯਾਰੜੇ ਸੱਥਰ ਲੱਥਾ, ਸੋਹਣੀ ਸੇਜ ਹੰਢਾਈਆ । ਜਨ ਭਗਤਾਂ ਪ੍ਰੇਮ ਦਾ ਹੋਵੇ ਜਥਾ, ਯਥਾਰਥ ਆਪਣੀ ਗੰਢ ਪੁਆਈਆ । ਕਿਰਪਾ ਕਰੇ ਪੁਰਖ ਸਮਰਥਾ, ਹਰਿ ਕਰਤਾ ਧੁਰਦਰਗਾਹੀਆ । (ਕੰਢੇ) ਘਾਟ ਹੋਵੇ ਟਿਕਾ, ਟਿਕੇ ਖ਼ਾਕ ਰਮਾਈਆ । ਉਸ ਦੇ ਚਰਨ ਕਵਲ ਲਿਟਾਂ, ਲਿਟਾ ਖੋਲ੍ਹ ਸੀਸ ਨਿਵਾਈਆ । ਆਪ ਆਪਣਾ ਵਾਰ ਸਿਟਾਂ, ਸਿੱਟੇ ਬਾਜ਼ੀ ਵੇਖਾਂ ਖ਼ਲਕ ਖ਼ੁਦਾਈਆ । ਨਾਲ ਦੁਹੱਥੜ ਮਾਰ ਕੇ ਪਿੱਟਾਂ, ਪਟਨੇ ਵਾਲਿਆ ਤੇਰੀ ਦੁਹਾਈਆ । ਮੇਰਾ ਲੇਖਾ ਕਰ ਜਾ ਚਿੱਟਾ, ਦੁਰਮਤ

ਮੈਲ ਧੁਆਈਆ । ਤੇਰਾ ਧਰਮ ਦਾ ਦੁੱਧ ਵੇਖ ਲੈ ਫਿੱਟਾ, ਕਲਜੁਗ ਕੂੜ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਅੰਤਰ ਸਚ ਅੰਮ੍ਰਿਤ ਮਾਰ ਦੇ ਛਿਟਾ, ਬੂੰਦ ਸਵਾਂਤੀ ਬੂੰਦ ਬੂੰਦ ਟਪਕਾਈਆ ।

### ੨੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਪ੍ਰੇਮ ਸਿੰਘ ਦੇ ਗ੍ਰਹਿ ਪਿੰਡ ਸੇਈ ਖ਼ੁਰਦ ਜ਼ਿਲਾ ਜੰਮੂ



ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਮੈਨੂੰ ਵੀ ਲਓ ਸੱਦ, ਪ੍ਰੇਮ ਦੀ ਗੰਢ ਮੇਰੀ ਝੋਲੀ ਪਾਈਆ । ਮੈਂ ਆਦਿ ਜੁਗਾਦਿ ਦਾ ਜਾਣਨਹਾਰਾ ਤੁਹਾਡੀ ਯਦ, ਪੰਡਤ ਪੁਰਾਣਾ ਨਜ਼ਰੀ ਆਈਆ । ਕੀ ਹੋਇਆ ਕਲਜੁਗ ਕੂੜ ਕੁਕਰਮ ਨੇ ਕੀਤਾ ਅੱਡ, ਰੂਪ ਵਖਰਾ ਵਖਰਾ ਸਮਝਾਈਆ । ਮੈਂ ਤੁਹਾਡੇ ਨਾਲੋਂ ਚੰਗਾ ਗਾਵਾਂ ਪ੍ਰਭੂ ਦਾ ਛੰਦ, ਸੋਹਣੇ ਢੋਲੇ ਗਾਈਆ । ਨੀ ਮਾਨਸਾਂ ਮਨੁਸ਼ਾਂ ਖਾਧੇ ਹਡ, ਹਡੀਆਂ ਤੁਹਾਡੇ ਅੰਦਰ ਨਜ਼ਰੀ ਆਈਆ । ਹੁਣ ਪਿਛਲਾ ਲੇਖਾ ਦਿਉ ਛਡ, ਅਗੇ ਅਗਲਾ ਹਾਲ ਸੁਣਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਲੇਖਾ ਵੇਖੇ ਕਢ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਗੰਗਾ ਮੇਰਾ ਸਾਹਿਬ ਆਵੇ ਤੇਰੀ ਪੌੜੀ ਆਪਣੀ ਹਰਿ, ਹਰਿ ਕਰਤਾ ਧੁਰਦਰਗਾਹੀਆ । ਤੇਰਾ ਲੇਖੇ ਲਾਏ ਸਰੋਵਰ ਸਰ, ਦੇਵੇ ਮਾਣ ਵਡਿਆਈਆ । ਤੂੰ ਵਸਤ ਮੰਗਣੀ ਦੋਵੇਂ ਖ਼ਾਲੀ ਕਰਕੇ ਕਰ, ਬਿਨ ਹੱਥਾਂ ਹੱਥ ਉਠਾਈਆ । ਪ੍ਰਭੂ ਸਚ ਪ੍ਰੀਤੀ ਮੇਰੇ ਹਸਤਾਂ ਉਤੇ ਧਰ, ਧਰਨੀ ਧਰਤ ਧਵਲ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਖਿਲਾਈਆ । ਨਾਰਦ ਕਹੇ ਗੰਗਾ ਮੈਂ ਕੋਈ ਪੰਡਤ ਬਣਨਾ ਨਹੀਂ ਲੋਭੀ, ਲਾਲਚ ਵਿਚ ਕਦੇ ਨਾ ਆਈਆ । ਮੇਰੀ ਵੇਖ ਲੈ ਸਾਫ਼ ਸੁਥਰੀ ਬੋਦੀ, ਬਦੀਆਂ ਤੋਂ ਬਾਹਰ ਰੂਪ ਦਰਸਾਈਆ । ਜਿਸ ਨੇ ਆਪਣਾ ਆਪ ਲਿਆ ਸੋਧੀ, ਸੁਦੀ ਵਦੀ ਦੀ ਵੰਡ ਨਾ ਕੋਇ ਵੰਡਾਈਆ । ਤੂੰ ਮੇਰੇ ਹੱਥ ਲਾ ਦੇ ਗੋਡੀਂ, ਨਿਵ ਨਿਵ ਸੀਸ ਝੁਕਾਈਆ । ਮੈਂ ਤੈਨੂੰ ਖ਼ਬਰ ਦੱਸਾਂ ਕੀ ਸੰਦੇਸ਼ਾ ਦੇ ਕੇ ਗਿਆ ਗੋਬਿੰਦ ਸੋਢੀ, ਸੋਢ ਸਰਬੰਸ ਸੁਹਾਈਆ । ਝਟ ਗੰਗਾ ਉਂਗਲ ਰਖ ਲਈ ਆਪਣੀ ਉਤੇ ਠੋਡੀ, ਸੋਚਾਂ ਵਿਚ ਆਪਣਾ ਆਪ ਡੁਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਗੰਗਾ ਤੂੰ ਵੇਖਣਾ ਉਸ ਪ੍ਰਭੂ ਦਾ ਚਿਤਰ, ਜਿਸ ਦਾ ਚਲਿਤ੍ਰ ਸਮਝ ਕਿਸੇ ਨਾ ਆਈਆ । ਜੋ ਬਿਨਾ ਭਗਤਾਂ ਬਣਿਆ ਨਹੀਂ ਕਿਸੇ ਦਾ ਮਿਤਰ, ਮੀਤ ਮੁਰਾਰਾ ਸੰਗ ਨਾ ਕੋਇ ਰਖਾਈਆ । ਆਪਣੀ ਧਾਰੋਂ ਆਵੇ ਨਿਤਰ, ਆਪ ਆਪਣਾ ਲਏ ਪਰਗਟਾਈਆ । ਉਸ ਦਾ ਖੇਲ ਬੜਾ ਬਚਿਤ੍ਰ, ਬਚਿਤ੍ਰ ਨਾਟਕ ਵਿਚ ਗੋਬਿੰਦ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਪਰਗਟਾਈਆ । ਨਾਰਦ ਕਹੇ ਉਹ ਆਵੇ ਘਾਟ ਤੇਰੇ ਪਤਣ, ਪਤ੍ਰਕਾ ਤੇਰੀ ਵੇਖ ਵਖਾਈਆ । ਤੂੰ ਸੋਹਣਾ ਕਰਨਾ ਯਤਨ, ਯਥਾਰਥ ਦਿਆਂ ਸਮਝਾਈਆ । ਆਪਣਾ ਸਾਫ਼ ਰਖੀਂ ਵਤਨ, ਗ੍ਰਹਿ ਦਰ ਪਵਿਤ ਲੈਣਾ ਕਰਾਈਆ ।

ਜਿਸ ਦੇ ਨਾਲ ਗੁਰਮੁਖ ਹੀਰੇ ਹੋਣੇ ਰਤਨ, ਜੜਤ ਤੇਰੇ ਨਾਲ ਜੁੜਾਈਆ । ਨਾਰਦ ਕਹੇ ਮੈਂ ਵੀ ਸਚ ਸੰਦੇਸ਼ਾ ਆਵਾਂ ਦੱਸਣ, ਖ਼ੁਸ਼ੀਆਂ ਢੋਲੇ ਗਾਈਆ । ਨਾਲੇ ਤੇਰੀ ਹਾਲਤ ਵੇਖ ਕੇ ਆਵਾਂ ਹਸਣ, ਹਸ ਹਸ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਗੋਦਾਵਰੀ ਕਹੇ ਨਾਰਦਾ ਤੂੰ ਆਉਣਾ ਮੇਰੇ ਗ੍ਰਿਹ, ਦਰ ਦਰਵਾਜ਼ਾ ਦਿਆਂ ਖੁਲ੍ਹਾਈਆ । ਕੀ ਲਿਆਵੇਂ ਵਸਤ ਮੇਰੇ ਲਈ ਸ਼ੈ, ਜੋ ਸ਼ਹਿਨਸ਼ਾਹ ਭੇਟ ਕਰਾਈਆ । ਨਾਰਦ ਹਸ ਕੇ ਕਿਹਾ ਗੰਗਾ ਮੈਂ ਤੇਰੇ ਵਹਿਣ ਵਿਚ ਨਹੀਂ ਜਾਣਾ ਵਹਿ, ਹੜ੍ਹਾਂ ਵਿਚ ਨਾ ਕੋਇ ਰੁੜ੍ਹਾਈਆ । ਮੇਰੇ ਅੰਦਰ ਇਕੋ ਪ੍ਰਭੂ ਦਾ ਭੈ, ਭੈ ਸੀਸ ਜਗਦੀਸ ਰਖਾਈਆ । ਨੀ ਜਿਸ ਨੇ ਸਾਰੀ ਸ੍ਰਿਸ਼ਟੀ ਕਰਨੀ ਲੈਅ, ਜਗਤ ਜਹਾਨ ਰਹਿਣ ਕੋਇ ਨਾ ਪਾਈਆ । ਉਹ ਆਵੇ ਚਲ ਕੇ ਤੇਰੇ ਗ੍ਰਿਹਿ, ਗਹਿਣ ਤੇਰੇ ਵੇਖ ਵਖਾਈਆ । ਮੈਂ ਸਰਨ ਸਰਨਾਈ ਜਾਣਾ ਢਹਿ, ਨਿਵ ਨਿਵ ਸੀਸ ਝੁਕਾਈਆ । ਵੇਖੀਂ ਤੂੰ ਹੰਕਾਰ ਵਿਚ ਕਰੀਂ ਨਾ ਮੈਂ, ਹੰਗਤਾ ਅੰਦਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਦਿ ਜੁਗਾਦਿ ਸਦਾ ਸਦ ਰਹੇ, ਰਹਿਣਹਾਰਾ ਇਕ ਅਖਵਾਈਆ ।



## ✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਹਰੀ ਸਿੰਘ ਦੇ ਗ੍ਰਿਹਿ ਪਿੰਡ ਸੇਈ ਖ਼ੁਰਦ ਜ਼ਿਲਾ ਜੰਮੂ ✪

੬੦੨
੨੪

ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਤੁਸਾਂ ਖ਼ੁਸ਼ੀਆਂ ਵਿਚ ਰਖਣੀ ਉਡੀਕ, ਘੜੀ ਪਲ ਧਿਆਨ ਲਗਾਈਆ । ਬੇਸ਼ਕ ਪ੍ਰਭੂ ਦਾ ਮਾਰਗ ਬੜਾ ਬਾਰੀਕ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜਿਸ ਜੁਗ ਚੌਕੜੀ ਦੀਨ ਦੁਨੀ ਸ਼ਰਅ ਦੀ ਮਾਰੀ ਲੀਕ, ਸ਼ਰਕਤ ਵਿਚ ਕੀਤੀ ਲੋਕਾਈਆ । ਜਿਸ ਦੀ ਨਾਮ ਕਲਮਿਆਂ ਵਾਲੀ ਤਬਲੀਕ, ਸਿਖਿਆ ਜਗਤ ਜਹਾਨ ਦ੍ਰਿੜਾਈਆ । ਜੋ ਅਵਤਾਰ ਪੈਗ਼ੰਬਰਾਂ ਗੁਰੂਆਂ ਦੀ ਕਰੇ ਤਸਦੀਕ, ਸ਼ਹਾਦਤ ਆਪਣਾ ਹੁਕਮ ਵਰਤਾਈਆ । ਉਸ ਦੀ ਜ਼ਰੂਰ ਰਖਣੀ ਉਮੀਦ, ਆਮਦ ਵਿਚ ਆਵੇ ਧੁਰ ਦਾ ਮਾਹੀਆ । ਤੁਸਾਂ ਸਿੱਧੀ ਰਖਣੀ ਦੀਦ, ਦੀਦਾ ਲੋਕਮਾਤ ਨਾ ਜਾਣਾ ਬਦਲਾਈਆ । ਆਹ ਵੇਖੋ ਮੇਰੇ ਕੋਲ ਉਸ ਦੇ ਪਿਛਲੇ ਹੁਕਮ ਦੀ ਰਸੀਦ, ਜੋ ਬਿਨ ਲੇਖਾਂ ਗਿਆ ਲਿਖਾਈਆ । ਨਾਲੇ ਕਰ ਕੇ ਗਿਆ ਤਾਕੀਦ, ਕਲਜੁਗ ਅੰਤਮ ਆਵਾਂ ਚਾਈਂ ਚਾਈਂਆ । ਜਿਸ ਵੇਲੇ ਧਰਮ ਦਾ ਰਿਹਾ ਕੋਈ ਨਾ ਬੀਜ, ਅੰਮ੍ਰਿਤ ਰਸ ਰਸਨ ਨਾ ਕੋਇ ਚਖਾਈਆ । ਭਗਤਾਂ ਪੂਰੀ ਕਰੇ ਕੋਈ ਨਾ ਰੀਝ, ਜਗਤ ਤ੍ਰਿਸ਼ਨਾ ਨਾ ਕੋਇ ਮਿਟਾਈਆ । ਉਸ ਵੇਲੇ ਮੇਰਾ ਨਿਸ਼ਾਨਾ ਇਕੋ ਹੋਵੇ ਤੇ ਇਕੋ ਹੋਵੇਗੀ ਸੀਧ, ਸਿੱਧਾ ਮਾਰਗ ਇਕ ਦਰਸਾਈਆ । ਨਾ ਸ਼ਰਅ ਰਹੇ ਨਾ ਈਦ, ਨਾ ਕਲਮਾ ਜਗਤ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਤੁਸਾਂ ਉਸ ਦੀ ਯਾਦ ਵਿਚ ਰਹਿਣਾ ਖੜ੍ਹੀਆਂ, ਥਕਾਵਟ ਵਿਚ ਕਦੇ ਨਾ ਆਈਆ । ਜੁਗ ਚੌਕੜੀ ਲੰਘ ਜਾਣ ਤੇ ਉਸ ਪ੍ਰਭੂ ਦੀਆਂ ਨਿੱਕੀਆਂ ਜਿਹੀਆਂ ਘੜੀਆਂ, ਪਲਾਂ ਦੀ ਵੰਡ ਸਮਝ ਕਿਸੇ ਨਾ ਆਈਆ । ਪਤਾ ਨਹੀਂ ਜੁਗ ਚੌਕੜੀਆਂ ਲੰਘੀਆਂ ਬੜੀਆਂ, ਆਪਣਾ ਆਪਣਾ ਪੰਧ ਮੁਕਾਈਆ । ਕਿਤਨੀਆਂ ਲਾਸ਼ਾਂ ਅਵਤਾਰਾਂ

ਪੈਗ਼ੰਬਰਾਂ ਗੁਰੂਆਂ ਦੀਆਂ ਉਸ ਦੇ ਪਿਛੇ ਸੜੀਆਂ, ਮਿੱਟੀ ਖ਼ਾਕ ਵਿਚ ਆਪਣਾ ਆਪ ਮਿਲਾਈਆ । ਪਤਾ ਨਹੀਂ ਕਿਤਨੇ ਵੇਦ ਸ਼ਾਸਤਰਾਂ ਦੀਆਂ ਬਣੀਆਂ ਕੜੀਆਂ, ਕਿਸ ਬਿਧ ਦੀਨਾਂ ਮਜ਼੍ਹਬਾਂ ਬੰਧ ਬੰਧਾਈਆ । ਉਹ ਮਾਲਕ ਖ਼ਾਲਕ ਨਰਾਇਣ ਨਰੀਆ, ਨੂਰ ਨੁਰਾਨਾ ਇਕ ਅਖਵਾਈਆ । ਗੰਗਾ ਕਹੇ ਨਾਰਦਾ ਅਸੀਂ ਉਸੇ ਦੀ ਸਰਨੀ ਪਰੀਆਂ, ਜੋ ਪਰਮ ਪੁਰਖ ਅਗੰਮ ਅਥਾਹੀਆ । ਉਸੇ ਦੇ ਕੋਲੋਂ ਡਰੀਆਂ, ਜੋ ਜੁਗ ਜੁਗ ਰੀਤੀ ਦਏ ਬਦਲਾਈਆ । ਨਾਰਦ ਕਹੇ ਤੁਸੀਂ ਅਣਜਾਣੇ ਉਸ ਦਾ ਸਬਕ਼ ਨਹੀਂ ਪੜ੍ਹੀਆਂ, ਨਿਰਅੱਖਰ ਧਾਰ ਸਮਝ ਕਿਸੇ ਨਾ ਆਈਆ । ਤੁਸੀਂ ਉਸ ਦੀ ਮੰਜ਼ਲ ਨਹੀਂ ਚੜ੍ਹੀਆਂ, ਜੋ ਜਗਤ ਜਹਾਨ ਤੋਂ ਬਾਹਰ ਡੇਰਾ ਲਾਈਆ । ਤੁਹਾਡੇ ਕੰਢਿਆਂ ਘਾਟਾਂ ਉਤੇ ਬ੍ਰਾਹਮਣਾਂ ਬਣਾਈਆਂ ਥੜੀਆਂ, ਪਾਹਨ ਪੂਜਣ ਪੂਜ ਕੇ ਆਪਣਾ ਝਟ ਲੰਘਾਈਆ । ਤੁਹਾਡਾ ਅੰਮ੍ਰਿਤ ਵੇਚਿਆ ਵਿਚ ਸੇਰਾਂ ਧੜੀਆਂ, ਪਾ ਪਾ ਆਪਣੀ ਕ਼ੀਮਤ ਦਿਤੀ ਪਾਈਆ । ਤੁਹਾਡਾ ਪਾਣੀ ਪਾਇਆ ਵਿਚ ਹੁੱਕੇ ਦੀਆਂ ਨੜੀਆਂ, ਤੁਹਾਡਾ ਰੂਪ ਦਿਤਾ ਬਦਲਾਈਆ । ਨੀ ਤੁਸਾਂ ਬੈਰਾਗਣੋ ਤਿਆਗਣੋ ਕਲਜੁਗ ਕੂੜੀ ਕਿਰਿਆ ਦੇ ਵਿਚ ਸੜੀਆਂ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜ਼ਰਾ ਆਪਣੀਆਂ ਪਿਛਲੀਆਂ ਜੁਗਾਂ ਦੀਆਂ ਫੋਲ ਕੇ ਵੇਖੋ ਲੜੀਆਂ, ਕੰਨੀ ਕੰਨੀ ਗੰਢ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀਆਂ ਆਦਿ ਜੁਗਾਦਿ ਜੁਗ ਚੌਕੜੀ ਖਰੀਆਂ, ਖਰਿਆਂ ਖੋਟਿਆਂ ਵੇਖ ਵਖਾਈਆ ।



## ੨੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਰਾਮ ਚੰਦ ਦੇ ਗ੍ਰਿਹ ਪਿੰਡ ਨਿਕੋਵਾਲ ਜ਼ਿਲਾ ਜੰਮੂ

ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਮੈਂ ਖ਼ੁਸ਼ੀਆਂ ਵਿਚ ਤੁਹਾਨੂੰ ਕੀ ਵੰਡਾਂ, ਕੀ ਭੇਟਾ ਦੇਵਾਂ ਕਰਾਈਆ । ਜ਼ਰਾ ਨਿਗਾਹ ਮਾਰੋ ਤੁਹਾਡੇ ਘਾਟਾਂ ਨਾਲੋਂ ਭਗਤਾਂ ਦਾ ਚੰਗਾ ਕੰਢਾ, ਕੰਢੀ ਬੈਠੇ ਸੋਭਾ ਪਾਈਆ । ਤੁਹਾਡੇ ਅੰਮ੍ਰਿਤ ਰਸ ਨਾਲੋਂ ਭਗਤਾਂ ਦਾ ਚੰਗਾ ਪਸੀਨਾ ਠੰਢਾ, ਠੰਢਕ ਮੈਨੂੰ ਰਿਹਾ ਵਖਾਈਆ । ਬੇਸ਼ਕ ਤੀਰਥ ਤੱਟਾਂ ਉਤੇ ਨਿਸ਼ਾਨੀ ਰਹਿ ਗਈ ਪਿਪਲ ਲੰਡਾ, ਪੱਤ ਟਹਿਣੀ ਨਜ਼ਰ ਕੋਇ ਨਾ ਆਈਆ । ਏਥੇ ਭਗਤਾਂ ਦੇ ਪਿਆਰ ਦੀਆਂ ਭਗਵਨ ਨਾਲ ਬੱਝਣੀਆਂ ਗੰਢਾਂ, ਗੰਢ ਸਕੇ ਨਾ ਕੋਇ ਖੁਲ੍ਹਾਈਆ । ਨਿਗਾਹ ਮਾਰ ਲਓ ਨਾ ਕੋਈ ਭੇਖ ਨਾ ਪਾਖੰਡਾ, ਝੂਠ ਲਾਲਚ ਲੋਭ ਨਾ ਕੋਇ ਰਖਾਈਆ । ਨਾ ਕੋਈ ਬ੍ਰਾਹਮਣ ਨਾ ਕੋਈ ਪੰਡਾ, ਜਗਤ ਵਿਦਿਆ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਜਨ ਭਗਤਾਂ ਤੋਂ ਸਿਖੋ ਪ੍ਰਭੂ ਦੇ ਪਿਆਰ ਦਾ ਜੀਣਾ, ਜੀਵਣ ਜੀਵਣ ਵਿਚੋਂ ਬਦਲਾਈਆ । ਨਾਲੇ ਖ਼ੁਸ਼ੀਆਂ ਵਾਲਾ ਵੇਖੋ ਜੇਠ ਮਹੀਨਾ, ਮਹਿੰਮਾ ਜਿਸ ਦੀ ਬੇਪਰਵਾਹੀਆ । ਤੁਹਾਨੂੰ ਰਸ ਮਿਲਿਆ ਨਹੀਂ ਕੋਈ ਲੋਕ ਤੀਨਾ, ਤ੍ਰਿਬੈਣੀ ਦਾ ਮਾਲਕ ਕਾਹਨ ਤੁਹਾਨੂੰ ਗਿਆ ਦ੍ਰਿੜਾਈਆ । ਬਿਨਾ ਪ੍ਰਭੂ ਤੋਂ ਠਾਂਡਾ ਕਰੇ ਕੋਈ ਨਾ ਸੀਨਾ, ਅਗਨੀ ਤਤ ਨਾ ਕੋਇ ਬੁਝਾਈਆ । ਤੁਹਾਡਾ ਲਹਿਣਾ ਦੇਣਾ ਪੁਰਾਤਨ ਨਹੀਂ ਕੋਈ ਪ੍ਰਾਚੀਨਾ, ਪੂਰਬ ਵੰਡ ਨਾ ਕੋਇ ਵੰਡਾਈਆ । ਅੰਤ ਸਭ ਨੂੰ ਹੋਣਾ ਪੈਣਾ ਅਧੀਨਾ, ਦੂਸਰ ਓਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ

ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਵੇਖੇ ਕਿੱਡਾ ਸੋਹਣਾ ਦਿਨ, ਠੰਢਕ ਠੰਢ ਰਿਹਾ ਵਰਤਾਈਆ । ਜਿਸ ਦਾ ਰੂਪ ਨਜ਼ਰ ਨਾ ਆਵੇ ਚਿੰਨ੍ਹ, ਰੇਖ ਸਕੇ ਨਾ ਕੋਇ ਸਮਝਾਈਆ । ਜਿਹੜਾ ਲੇਖਾ ਹੋਣਾ ਅੰਤਮ ਦਿਨ ਤਿੰਨ, ਤ੍ਰੈ ਤ੍ਰੈ ਦੀ ਧਾਰ ਵਖਾਈਆ । ਜਿਸ ਦਾ ਇਸ਼ਾਰਾ ਗੋਬਿੰਦ ਦੇ ਕੇ ਗਿਆ ਕੋਟ ਹਿੰਮ, ਹੇਮ ਕੁੰਟ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਜੇਠ ਕਹੇ ਨੀ ਚਾਰ ਜੁਗ ਦੀਉ ਧਾਰੋ, ਵਹਿਣਾਂ ਵਿਚ ਆਪਣਾ ਵਹਿਣ ਵਖਾਈਆ । ਜ਼ਰਾ ਲੋਕਮਾਤ ਨਿਗਾਹ ਮਾਰੋ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਜਨ ਭਗਤਾਂ ਦਾ ਲੇਖਾ ਵਿਚਾਰੋ, ਵਿਚਰਕੇ ਦਿਉ ਸੁਣਾਈਆ । ਜੋਬਨ ਵੰਤੀਓ ਜਗਤ ਮੁਟਿਆਰੋ, ਨੇਤਰ ਲੋਚਨ ਅੱਖ ਉਠਾਈਆ । ਵੇਖੋ ਖੇਲ ਸਚੀ ਸਰਕਾਰੋ, ਕੀ ਕਰਤਾ ਕਾਰ ਕਮਾਈਆ । ਤੁਸੀਂ ਆਈਆਂ ਛਡ ਕੇ ਘਰ ਬਾਹਰੋ, ਭੱਜੀਆਂ ਵਾਹੋ ਦਾਹੀਆ । ਪ੍ਰਭੂ ਦਾ ਦੁਆਰ ਤਕੋ ਠੰਡਾ ਠਾਰੋ, ਅਗਨੀ ਅੱਗ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਚਾਰੇ ਕਹਿਣ ਅਸੀਂ ਸਭ ਕੁਛ ਵੇਖਿਆ ਅੱਖੀਆਂ, ਅੱਖੀਂ ਵੇਖ ਕੇ ਦਈਏ ਜਣਾਈਆ । ਪ੍ਰਭੂ ਦੇ ਪਿਆਰ ਦੀਆਂ ਭਗਤ ਤਕੀਆਂ ਸਖ਼ੀਆਂ, ਸੁਖ਼ਨ ਸਚ ਸਚ ਜਣਾਈਆ । ਜਿੰਨ੍ਹਾਂ ਦੀਆਂ ਪੈਜਾਂ ਆਪ ਪ੍ਰਭੂ ਨੇ ਸਵਾਰੀਆਂ ਰਖੀਆਂ, ਸਿਰ ਸਿਰ ਹੱਥ ਟਿਕਾਈਆ । ਉਨ੍ਹਾਂ ਨੂੰ ਲੋੜ ਨਹੀਂ ਰਹੀ ਜਗਤ ਦੀਆਂ ਪੱਖੀਆਂ, ਪਵਣ ਠੰਢੀ ਅੰਦਰ ਆਵੇ ਧੁਰ ਦੇ ਮਾਹੀਆ । ਫਿਰ ਖਿੜ ਖਿੜਾ ਕੇ ਹੱਸੀਆਂ, ਹਸਤੀ ਤਕ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਚਾਰੇ ਕਹਿਣ ਨਾਰਦਾ ਤੇਰੀ ਬੋਦੀ ਜ਼ਰੂਰ ਹੋਊ ਤਪਦੀ, ਸੀਸ ਉਤੇ ਨੰਗੀ ਨਜ਼ਰੀ ਆਈਆ । ਨਾਰਦ ਕਹੇ ਇਹ ਅੰਦਰੇ ਅੰਦਰ ਤੂੰ ਮੇਰਾ ਮੈਂ ਤੇਰਾ ਜਪਦੀ, ਸੋਹੰ ਢੋਲਾ ਰਹੀ ਗਾਈਆ । ਹਸ ਕੇ ਗੋਦਾਵਰੀ ਕਿਹਾ ਸਾਨੂੰ ਇਹਦੀ ਸ਼ਕਲ ਦਿਸੇ ਸੱਪ ਦੀ, ਵਿੰਗੀ ਟੇਢੀ ਸੋਭਾ ਪਾਈਆ । ਨਾਰਦ ਕਿਹਾ ਇਹ ਪਗਡੰਡੀ ਬਣ ਗਈ ਓਸ ਜੱਟ ਦੀ, ਜੋ ਦੋ ਜਹਾਨਾਂ ਭੱਜੇ ਵਾਹੋ ਦਾਹੀਆ । ਨੀ ਹੁਣ ਲੋੜ ਰਹਿਣੀ ਨਹੀਂ ਤੁਹਾਡੇ ਕਿਨਾਰੇ ਤਟ ਦੀ, ਘਾਟਾਂ ਆਸਣ ਨਾ ਕੋਇ ਰਖਾਈਆ । ਅੰਮ੍ਰਿਤ ਧਾਰ ਬੰਦ ਹੋਣੀ ਨਹੀਂ ਮਟਕੀ ਮਟ ਦੀ, ਬਰਤਨਾਂ ਬੰਦ ਨਾ ਕੋਇ ਕਰਾਈਆ । ਓਹ ਵੇਖ ਲਓ ਸਭ ਦੀ ਔਧ ਜਾਂਦੀ ਟਪਦੀ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲਾ ਵਰਤੇ ਸਮਰਥ ਦੀ, ਸਮਰਥ ਆਪਣਾ ਹੁਕਮ ਵਰਤਾਈਆ ।

### ੨੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਕੇਸਰੀ ਦੇਵੀ ਦੇ ਗ੍ਰਿਹ ਪਿੰਡ ਰਾਨੀ ਬਾਗ਼ ਜੰਮੂ ਸ਼ਹਿਰ

ਕਲਜੁਗ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਵੇਖੋ ਵਕਤ ਸੁਹਾਵਣਾ, ਪ੍ਰਭ ਸੋਹਣੀ ਦਏ ਵਡਿਆਈਆ । ਤੁਸਾਂ ਇਕੋ ਗੀਤ ਸੁਣਾਵਣਾ, ਜੋ ਜਗਤ ਸੁਣਨ ਕੋਇ ਨਾ ਪਾਈਆ । ਬਿਨ ਅੱਖਰਾਂ ਢੋਲਾ ਗਾਵਣਾ, ਗੋਬਿੰਦ ਰੰਗ ਰੰਗਾਈਆ । ਆਪਣਾ ਖੇਲ ਦੱਸਣਾ ਨਾਲ ਆਪਣੀ ਭਾਵਨਾ,

ਭੇਵ ਭਾਵ ਚੁਕਾਈਆ । ਨਾਲ ਸਹਿਜੇ ਖਿੱਚਕੇ ਅੰਚਲ ਦਾਮਨਾ, ਹਲੂਣਾ ਦਿਤਾ ਲਗਾਈਆ । ਝਟ ਗ਼ੁੱਸੇ ਵਿਚ ਕਿਹਾ ਗੰਗਾ ਨੇ ਕੀ ਕਰੇਂ ਪੰਡਤ ਬ੍ਰਾਹਮਣਾ, ਆਪਣਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਨਾਰਦ ਕਹੇ ਵੇਖ ਲਓ ਜੇਠ ਠੰਡਾ ਠਾਰ, ਅਗਨੀ ਤਤ ਨਾ ਕੋਇ ਤਪਾਈਆ । ਸਾਰੀਆਂ ਨਿਵ ਨਿਵ ਕਰੋ ਨਿਮਸਕਾਰ, ਡੰਡਾਵਤ ਵਿਚ ਸੀਸ ਝੁਕਾਈਆ । ਨਾਲ ਮਾਂਗਤ ਬਣੋ ਭਿਖਾਰ, ਖ਼ਾਲੀ ਝੋਲੀ ਦਿਉ ਵਖਾਈਆ । ਨਾਲੇ ਰੋਵੋ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਕਿਰਪਾ ਕਰਨੀ ਸਚੀ ਸਰਕਾਰ, ਹਰਿ ਕਰਤੇ ਧੁਰਦਰਗਾਹੀਆ । ਸੰਮਤ ਬਾਰਾਂ ਤੇਰਾ ਕਰਦੀਆਂ ਰਹੀਏ ਇੰਤਜ਼ਾਰ, ਬਿਨ ਨੈਣਾਂ ਨੈਣ ਉਠਾਈਆ । ਤੂੰ ਪਹਿਲੋਂ ਆਉਣਾ ਹਰਿ ਕੇ ਦੁਆਰ, ਹਰੀ ਹਰਿ ਆਪਣਾ ਰੂਪ ਦਿਖਾਈਆ । ਫੇਰ ਤ੍ਰਿਬੈਣੀ ਪਾਉਣੀ ਸਾਰ, ਤ੍ਰੈਗੁਣ ਅਤੀਤੇ ਤੇਰੇ ਹੱਥ ਵਡਿਆਈਆ । ਗੋਦਾਵਰੀ ਕਹੇ ਮੈਂ ਧੂੜੀ ਲਾਵਾਂ ਛਾਰ, ਖ਼ਾਕੀ ਖ਼ਾਕ ਰਮਾਈਆ । ਮੇਰਾ ਕੰਢਾ ਘਾਟ ਤੇਰਾ ਹੋਵੇ ਘਰ ਬਾਰ, ਗ੍ਰਿਹਿ ਮੰਦਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਗੰਗਾ ਕਹੇ ਮੈਂ ਅਗੋਂ ਆਵਾਂ ਦੌੜੀ, ਭੱਜਾਂ ਵਾਹੋ ਦਾਹੀਆ । ਮੇਰੀ ਗਲੀ ਕਰੀਂ ਨਾ ਸੌੜੀ, ਭੀੜਾ ਰਾਹ ਨਾ ਕੋਇ ਵਖਾਈਆ । ਮੇਰੇ ਘਾਟ ਪੁਜਣਾ ਆਪਣੀ ਪੌੜੀ, ਹਰਿ ਤੇਰੀ ਵਡ ਵਡਿਆਈਆ । ਨਾਲ ਲਿਆਉਣੀ ਲੱਕੜ ਦੀ ਇਕ ਫੌੜੀ, ਜਿਹੜੀ ਹਡੀਆਂ ਫੋਲ ਫੁਲਾਈਆ । ਇਕ ਮਿੱਟੀ ਦੀ ਹੋਵੇ ਤੌੜੀ, ਕਾਚਾ
ੴ੦੫ ਕੁੰਭ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ੬੦੫
੨੪ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੱਥ ਸਭ ਦੀ ਡੋਰੀ, ਡੋਰੀ ਤੰਦ ਆਪਣੇ ਨਾਲ ਬੰਧਾਈਆ । ੨੪

## ✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਸੋਭਾ ਸਿੰਘ ਦੇ ਗ੍ਰਿਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਗੰਗਾ ਗੋਦਾਵਰੀ ਜਮਨਾ ਸੁਰਸਤੀ ਕਹੇ ਕਿਰਪਾ ਕਰ ਆਪ ਨਿਰੰਕਾਰ, ਸੋ ਪੁਰਖ ਨਿਰੰਜਣ ਮਿਹਰਵਾਨ ਮਿਹਰ ਨਜ਼ਰ ਉਠਾਈਆ । ਹਰਿ ਪੁਰਖ ਨਿਰੰਜਣ ਬਿਨ ਨੇਤਰ ਲੋਚਨ ਨੈਣ ਨਿਗਾਹ ਮਾਰ, ਏਕੰਕਾਰ ਆਪਣਾ ਪੜਦਾ ਆਪ ਉਠਾਈਆ । ਆਦਿ ਨਿਰੰਜਣ ਜੋਤੀ ਜਾਤੇ ਹੋ ਜ਼ਾਹਰ, ਅਬਿਨਾਸ਼ੀ ਕਰਤੇ ਤੇਰੀ ਓਟ ਤਕਾਈਆ । ਸ੍ਰੀ ਭਗਵਾਨ ਤੁਧ ਬਿਨ ਪਾਵੇ ਕੋਈ ਨਾ ਸਾਰ, ਮਿਹਰਵਾਨ ਸਿਰ ਹੱਥ ਨਾ ਕੋਇ ਟਿਕਾਈਆ । ਪਾਰਬ੍ਰਹਮ ਪ੍ਰਭ ਦੇਣਾ ਆਪ ਅਧਾਰ, ਬ੍ਰਹਮ ਦਾ ਲੇਖਾ ਵੇਖ ਵਖਾਈਆ । ਸਤਿਗੁਰ ਸ਼ਬਦ ਦੁਲਾਰਾ ਭੇਜ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਧਰਨੀ ਧਰਤ ਧਵਲ ਧੌਲ ਨੌ ਖੰਡ ਪ੍ਰਿਥਮੀ ਸੱਤ ਦੀਪ ਨਿਗਾਹ ਮਾਰ, ਬਿਨ ਨੇਤਰ ਲੋਚਨ ਨੈਣ ਅੱਖ ਅੱਖ ਖੁਲ੍ਹਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡੀ ਦਰ ਤੇਰੇ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਸਾਡਾ ਅੰਮ੍ਰਿਤ ਜਲ ਪਾਣੀ ਵੇਖ ਵਹਿੰਦੀ ਧਾਰ, ਜੋ ਭੱਜੇ ਵਾਹੋ ਦਾਹੀਆ । ਸਾਡੇ ਤਕ ਲੈ ਤਟ ਕਿਨਾਰ, ਤੀਰਥਾਂ ਵੇਖਣਾ ਚਾਈਂ ਚਾਈਆ । ਚਾਰੋਂ ਕੁੰਟ ਹੋਇਆ ਅੰਧਿਆਰ, ਸਾਚਾ ਚੰਦ ਨਾ ਕੋਇ ਚਮਕਾਈਆ । ਕਲਜੁਗ ਕੂੜ ਵਧਿਆ ਕੁੜਿਆਰ, ਵਿਭਚਾਰ ਭਰੀ ਤੇਰੀ ਲੋਕਾਈਆ । ਸਚ ਸ਼ਾਸਤਰ ਸਕੇ ਨਾ ਕੋਇ ਵਿਚਾਰ, ਬ੍ਰਾਹਮਣ ਬ੍ਰਹਮ

ਵਿਦਿਆ ਵਿਚ ਨਾ ਕੋਇ ਸਮਾਈਆ । ਸਾਡੇ ਗ੍ਰਿਹਿ ਹੋਇਆ ਧੁੰਆਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਢੇ ਮੰਗ ਮੰਗਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਕਹਿਣ ਪ੍ਰਭ ਸਾਡੇ ਵੇਖ ਲੈ ਤੀਰਥ ਤਟ, ਕਿਨਾਰ ਘਾਟ ਪਤਣ ਫੋਲ ਫੁਲਾਈਆ । ਧਰਮ ਦਾ ਰਿਹਾ ਕੋਈ ਨਾ ਸਤਿ, ਸਤਿ ਵਿਚ ਨਾ ਕੋਇ ਸਮਾਈਆ । ਸਾਧਾਂ ਸੰਤਾਂ ਟੁੱਟਿਆ ਯਤ, ਧੀਰਜ ਧੀਰ ਨਾ ਕੋਇ ਧਰਾਈਆ । ਕਲਜੁਗ ਕੂੜੀ ਕਿਰਿਆ ਵਧੀ ਮਤ, ਮਨ ਮਤ ਕਰੇ ਲੜਾਈਆ । ਤੇਰੇ ਪਿਆਰ ਦਾ ਸਥਰ ਲਵੇ ਕੋਇ ਨਾ ਘਤ, ਯਾਰੜੇ ਸੇਜ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਉਚੀ ਕੂਕ ਕੇ ਕਢਣ ਬਾਂਹ, ਬਹੁੜੀ ਤੇਰਾ ਨਾਮ ਦੁਹਾਈਆ । ਸਾਡਾ ਪਵਿਤ੍ਰ ਰਿਹਾ ਕੋਈ ਨਾ ਥਾਂ, ਥਾਨ ਥਨੰਤਰ ਰੋਵਣ ਮਾਰਨ ਧਾਹੀਆ । ਸਾਨੂੰ ਸਚ ਦੀ ਸਮਝੇ ਕੋਈ ਨਾ ਮਾਂ, ਪੂਤ ਸਪੂਤਾ ਨਜ਼ਰ ਕੋਇ ਨਾ ਆਈਆ । ਕਲਜੁਗ ਜੀਵਾਂ ਬੁੱਧੀ ਹੋਈ ਕਾਂ, ਕਾਗ ਵਾਂਗ ਕੁਰਲਾਈਆ । ਧਰਮ ਦੇ ਪਾਤਰ ਖਾ ਗਏ ਸੂਰ ਗਾਂ, ਆਪਣਾ ਆਪ ਬਦਲਾਈਆ । ਸਤਿ ਦੀ ਨਜ਼ਰ ਨਾ ਆਏ ਛਾਂ, ਕੂੜੀ ਅਗਨੀ ਤਤ ਤਪਾਈਆ । ਜੀਵ ਜੰਤ ਸਾਧ ਸੰਤ ਪ੍ਰਭ ਤੇਰਾ ਭੁੱਲੇ ਰਾਹ, ਰਹਿਬਰ ਮਿਲਣ ਕੋਇ ਨਾ ਪਾਈਆ । ਸਾਡੇ ਤਟ ਕਿਨਾਰੇ ਬਣਨ ਗਵਾਹ, ਸ਼ਹਾਦਤ ਦੇਣ ਭੁਗਤਾਈਆ । ਬ੍ਰਾਹਮਣ ਬ੍ਰਹਮ ਵਿਦਿਆ ਭੇਵ ਸਕੇ ਕੋਈ ਨਾ ਪਾ, ਬ੍ਰਹਮਚਾਰੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਚਾਰੇ ਕਹਿਣ ਪ੍ਰਭੂ ਕਲਜੁਗ ਵੇਖ ਲੈ ਕਲਕਾਤੀ, ਆਪਣਾ ਹੁਕਮ ਵਰਤਾਈਆ । ਸਾਡਾ ਅੰਮ੍ਰਿਤ ਬੂੰਦ ਨਾ ਰਿਹਾ ਸਵਾਂਤੀ, ਤ੍ਰਿਸ਼ਨਾ ਤ੍ਰਿਖਾ ਨਾ ਜਗਤ ਬੁਝਾਈਆ । ਨਿਗਾਹ ਮਾਰ ਲੈ ਕਮਲਾਪਾਤੀ, ਪਤਿਪਰਮੇਸ਼ਵਰ ਵੇਖ ਵਖਾਈਆ । ਸਾਡੇ ਗ੍ਰਿਹਿ ਦੀਪਕ ਜਗੇ ਕੋਇ ਨਾ ਬਾਤੀ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਸਾਡੀ ਮੰਜ਼ਲ ਮੁਕੀ ਵਾਟੀ, ਅੰਤਮ ਬੈਠੀ ਪੰਧ ਮੁਕਾਈਆ । ਸਾਡੇ ਖ਼ਾਲੀ ਹੋਏ ਤੀਰਥ ਤਾਟੀ, ਕਿਨਾਰੇ ਘਾਟ ਰਹੇ ਕੁਰਲਾਈਆ । ਝਗੜਾ ਤਕ ਲੈ ਸ਼ਰਅ ਦੀ ਜ਼ਾਤ ਪਾਤੀ, ਦੀਨ ਦੁਨੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਜਣਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਚਾਰੇ ਰਹੀਆਂ ਕੂਕ, ਪਰਮ ਪੁਰਖ ਤੇਰਾ ਨਾਮ ਦੁਹਾਈਆ । ਤੂੰ ਆਣ ਕੇ ਵੇਖ ਲੈ ਮਾਤਲੋਕ ਦੀ ਕੂਟ, ਕੁਟੀਆ ਧਰਨੀ ਧਰਤ ਧਵਲ ਧੌਲ ਡੇਰਾ ਲਾਈਆ । ਤੇਰਾ ਪਿਆਰ ਦਾ ਨਾਤਾ ਹਰ ਹਿਰਦਿਉਂ ਗਿਆ ਟੂਟ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਮਾਨਸ ਮਾਨਵ ਮਨੁੱਖਾਂ ਅੰਦਰ ਆਈ ਫੂਟ, ਫੁਟਕਲ ਹੋਈ ਲੋਕਾਈਆ । ਪਵਿਤਰ ਰਿਹਾ ਨਹੀਂ ਕੋਈ ਕਾਇਆ ਪੰਜ ਭੂਤ, ਤਨ ਵਜੂਦਾਂ ਕਰਨ ਸਫ਼ਾਈਆ । ਸੁਹੰਜਣੀ ਦਿਸੇ ਕੋਈ ਨਾ ਰੁਤ, ਰੁਤੜੀ ਤੇਰੇ ਨਾਲ ਨਾ ਕੋਇ ਮਹਿਕਾਈਆ । ਤੇਰੇ ਨਾਮ ਤੋਂ ਖ਼ਾਲੀ ਹੋ ਗਏ ਬੁਤ, ਬੁਤਖ਼ਾਨੇ ਰੋਵਣ ਮਾਰਨ ਧਾਹੀਆ । ਤੂੰ ਕਿਰਪਾ ਕਰ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪ੍ਰਭ ਤੇਰੀ ਆਸ ਰਖਾਈਆ । ਨਿਰਗੁਣ ਧਾਰੋਂ ਨਿਰਵੈਰ ਹੋ ਕੇ ਉਠ, ਨਿਰਾਕਾਰ ਆਪਣਾ ਫੇਰਾ ਪਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪੇ ਤੁਠ, ਧੁਰ ਦੇ ਰਾਮ ਤੇਰੀ ਦੁਹਾਈਆ । ਬਹੁੜੀ ਸਾਡਿਆਂ ਤਟਾਂ ਕਿਨਾਰਿਆਂ ਉਤੇ ਕਲਜੁਗ ਜੀਵਾਂ ਪਾਈ ਲੁਟ, ਲੁਟੇਰੇ ਬਣੇ ਥਾਉਂ ਥਾਈਆ । ਸਾਨੂੰ ਧਰਮ ਦਾ ਦਿਸੇ ਕੋਈ

ਨਾ ਪੁਤ, ਅਪਰਾਧੀ ਹੋਈ ਤੇਰੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਚਾਰੇ ਕਹਿਣ ਪ੍ਰਭੂ ਸਾਡੇ ਨੇੜੇ ਆ ਨਜ਼ਦੀਕ, ਸਚਖੰਡ ਨਿਵਾਸੀ ਦਇਆ ਕਮਾਈਆ । ਸਾਡੀ ਧਾਰ ਤਕ ਬਾਰੀਕ, ਬਿਨ ਨੇਤਰ ਲੋਚਨ ਨੈਣ ਵੇਖ ਵਖਾਈਆ । ਸਾਡੀ ਧਰਮ ਦੀ ਧਾਰ ਨਾ ਰਹੀ ਲੀਕ, ਲਾਈਨ ਰਹਿਣ ਕੋਇ ਨਾ ਪਾਈਆ । ਕਲਜੁਗ ਜੀਵ ਸਾਰੇ ਹੋਏ ਸ਼ਰੀਕ, ਸ਼ਰਕਤ ਵਿਚ ਕੂੜ ਲੋਕਾਈਆ । ਸਤਿ ਦੀ ਸਤਿ ਕਰੇ ਕੋਇ ਨਾ ਪ੍ਰੀਤ, ਪ੍ਰੀਤਮ ਮਿਲਣ ਕੋਇ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਗਾਏ ਕੋਈ ਨਾ ਗੀਤ, ਗੋਬਿੰਦ ਰੰਗ ਨਾ ਕੋਇ ਰੰਗਾਈਆ । ਉਹ ਵੇਖ ਲੈ ਝਗੜਾ ਪੈਣ ਵਾਲਾ ਮੰਦਰ ਮਸੀਤ, ਕਾਅਬੇ ਰੋਵਣ ਮਾਰਨ ਧਾਹੀਆ । ਸਾਡਾ ਜਲ ਪਵਿਤ੍ਰ ਨਾ ਰਿਹਾ ਅਤੀਤ, ਤ੍ਰੈਗੁਣ ਕੀ ਤੇਰੀ ਖੇਲ ਖਿਲਾਈਆ । ਬੂੰਦ ਸਵਾਂਤੀ ਕਿਸੇ ਮਿਲੇ ਨਾ ਠਾਂਢੀ ਸੀਤ, ਅਗਨੀ ਤਤ ਨਾ ਕੋਇ ਬੁਝਾਈਆ । ਕਲਜੁਗ ਜੀਵਾਂ ਬਦਲ ਗਈ ਨੀਤ, ਨੀਤੀਵਾਨ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਵੇਖ ਵਖਾਈਆ । ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਪ੍ਰਭ ਅਗੇ ਕਰੋ ਡੰਡਾਵਤ, ਬਿਨ ਸੀਸ ਸੀਸ ਨਿਵਾਈਆ । ਜੋ ਅੰਮ੍ਰਿਤ ਰਸ ਦੇਵਣਹਾਰ ਨਿਆਮਤ, ਨਰ ਨਿਰੰਕਾਰ ਧੁਰਦਰਗਾਹੀਆ । ਜਿਸ ਨੇ ਸਤਿ ਵਸਤ ਦੀ ਤੁਹਾਨੂੰ ਦਿਤੀ ਨਿਆਮਤ, ਧਰਮ ਦੀ ਧਾਰ ਵਿਚ ਰਖਾਈਆ । ਉਸ ਦਾ ਲਹਿਣਾ ਦੇਣਾ ਅੰਤਮ ਵੇਖੋ ਜਿਸ ਦੇ ਹੁਕਮ ਵਿਚ ਹੋਣੀ ਕ਼ਿਆਮਤ, ਕ਼ਾਇਮ ਮੁਕ਼ਾਮ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਨਾਰਦ ਕਹੇ ਤੁਸੀਂ ਇਕੋ ਵਾਰ ਮੰਗੋ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਪ੍ਰਿਥਮੀ ਆਪਣਾ ਨਾਮ ਦੱਸ ਦੇ ਗੰਗੋਤਰੀ ਗੰਗ, ਜਮਨਾ ਸੁਰਸਤੀ ਗੋਦਾਵਰੀ ਨਾਲ ਮਿਲਾਈਆ । ਤੁਹਾਡੀ ਧਾਰ ਅੰਦਰ ਨਿਰੰਕਾਰ ਆਵੇ ਲੰਘ, ਜਗ ਨੇਤਰ ਲੋਚਨ ਨੈਣ ਨਜ਼ਰ ਕਿਸੇ ਨਾ ਆਈਆ । ਜੋਤੀ ਜਾਤਾ ਹੋ ਕੇ ਬਖ਼ਸ਼ੇ ਆਪਣਾ ਸੰਗ, ਸਗਲਾ ਸੰਗੀ ਬਹੁ ਰੰਗੀ ਆਪਣਾ ਵੇਸ ਵਟਾਈਆ । ਜੋ ਨਾਮ ਨਿਧਾਨ ਸ੍ਰੀ ਭਗਵਾਨ ਨੌਜਵਾਨ ਦੋ ਜਹਾਨ ਵਜਾਏ ਮਰਦੰਗ, ਡੌਰੂ ਡੰਕਾ ਇਕੋ ਨਾਮ ਵਖਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੁਕਮ ਕਰੇ ਕੋਈ ਨਾ ਭੰਗ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੂਰਾ ਸਰਬੰਗ, ਹਰਿ ਕਰਤਾ ਕੁਦਰਤ ਕ਼ਾਦਰ ਇਕ ਅਖਵਾਈਆ ।

### ੨੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਲਛਮਣ ਸਿੰਘ ਦੇ ਗ੍ਰਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ

ਚਾਰੇ ਕਹਿਣ ਅਸੀਂ ਰਹੀਆਂ ਭੁੱਲੀਆਂ, ਭੁਲੇਖਿਆਂ ਵਿਚ ਭਰਮਾਈਆ । ਸਾਡਿਆਂ ਨੈਣਾਂ ਧਾਰਾਂ ਪਾਣੀ ਡੁੱਲ੍ਹੀਆਂ, ਜਗਤ ਵਹਿਣਾ ਤੋਂ ਬਾਹਰ ਨਜ਼ਰੀ ਆਈਆ । ਨਾਰਦਾ ਸਾਡੇ ਨਾਲੋਂ ਪ੍ਰਭੂ ਨੂੰ ਚੰਗੀਆਂ ਭਗਤਾਂ ਦੀਆਂ ਕੁਲੀਆਂ, ਕੁਲ ਮਾਲਕ ਵੇਖ ਵਖਾਈਆ । ਅਸੀਂ ਜੁਗ ਚੌਕੜੀ ਐਂਵੇ ਰਹੀਆਂ ਫੁਲੀਆਂ, ਮਾਣ ਵਿਚ ਰਖਾਈਆ । ਹੈਰਾਨ ਹੋ ਗਈਆਂ ਜਦ ਭਗਤਾਂ ਦੀਆਂ ਹਿਲਦੀਆਂ ਵੇਖੀਆਂ ਬੁੱਲੀਆਂ, ਪ੍ਰਭ ਦੇ ਢੋਲੇ ਸਿਫ਼ਤ ਸਲਾਹੀਆ ।

੬੦੮
੨੪

ਉਨ੍ਹਾਂ ਦੇ ਤੋਲ ਮੂਲ ਨਾ ਤੁਲੀਆਂ, ਆਪਣਾ ਵਜ਼ਨ ਨਾ ਕੋਇ ਰਖਾਈਆ । ਵੇ ਜਿੰਨਾਂ ਦੇ ਘਰੋਂ ਸਾਡੇ ਸਾਹਿਬ ਨੇ ਖਾਣੀਆਂ ਢੋਡੇ ਬਾਜਰੇ ਵਾਲੀਆਂ ਗੁੱਲੀਆਂ, ਸੋਹਣਾ ਰਸ ਬਣਾਈਆ । ਸੌਣਾ ਜਗਤ ਪਿਆਰ ਦੀਆਂ ਵਿਚ ਜੁੱਲੀਆਂ, ਸਾਡੀਆਂ ਜ਼ੁਲਫ਼ਾਂ ਕੰਮ ਕਿਸੇ ਨਾ ਆਈਆ । ਉਨ੍ਹਾਂ ਨੂੰ ਛੁੱਟੀਆਂ ਦਿਤੀਆਂ ਖੁੱਲੀਆਂ, ਖਹਿੜਾ ਛੁੱਟਿਆ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦਾ ਭਗਤਾਂ ਅੰਦਰ ਵੇਖੀ ਖ਼ੁਸ਼ਹਾਲੀ, ਜੋ ਖ਼ੁਸ਼ੀਆਂ ਢੋਲੇ ਗਾਈਆ । ਸਚ ਨੂਰ ਦੀ ਚੜ੍ਹੀ ਲਾਲੀ, ਲਾਲ ਗੁਲਾਲਾ ਆਪਣਾ ਰੰਗ ਬਣਾਈਆ । ਵੇ ਅਸੀਂ ਪਿਆਰ ਤੋਂ ਪਿਛੇ ਰਹਿ ਗਈਆਂ ਖ਼ਾਲੀ, ਖ਼ਾਲੀ ਹੱਥ ਦੁਹਾਈਆ । ਸਾਡੀ ਖ਼ੁਸ਼ੀਆਂ ਨਾਲ ਅੱਜ ਕਰ ਦਲਾਲੀ, ਵਿਚੋਲਾ ਤੈਨੂੰ ਲਈਏ ਬਣਾਈਆ । ਅੰਤਮ ਫਲ ਰਿਹਾ ਨਹੀਂ ਸਾਡੀ ਡਾਲੀ, ਪਤ ਟਹਿਣੀ ਗਈ ਕੁਮਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਨਾਰਦ ਕਹੇ ਪਹਿਲੋਂ ਮੇਰੀ ਲਊ ਸਲਾਹ, ਮਸ਼ਵਰਾ ਦਿਆਂ ਜਣਾਈਆ । ਆਪਣਾ ਭਰਮ ਲਊ ਗੁਆ, ਅੰਤਰ ਰਹਿਣ ਕਿਛ ਨਾ ਪਾਈਆ । ਬਿਨਾ ਮੁਖ ਤੋਂ ਕਹੋ ਤੂੰ ਹੀ ਪਿਤਾ ਤੂੰ ਹੀ ਮਾਂ, ਦੂਜਾ ਨਜ਼ਰ ਕੋਇ ਨਾ ਆਈਆ । ਸਾਨੂੰ ਚਰਨ ਕਵਲ ਦੇ ਸਰਨਾ, ਸਰਨਗਤ ਇਕ ਅਖਵਾਈਆ । ਅਸੀਂ ਦੂਰ ਦੁਰਾਡੀਆਂ ਗਈਆਂ ਆ, ਭੱਜੀਆਂ ਵਾਹੋ ਦਾਹੀਆ । ਸਾਡਾ ਰਿਹਾ ਨਾ ਕੋਇ ਸਹਾ, ਸਹਾਇਕ ਨਜ਼ਰ ਕੋਇ ਨਾ ਆਈਆ । ਜਨ ਭਗਤ ਦੁਆਰੇ ਭਗਤ ਪਕੜਨ ਬਾਂਹ, ਬਹੀਆ ਤੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਚਾਰੇ ਭੈਣਾਂ ਜਾਓ ਲੇਟ, ਮੁਖ ਮਸਤਕ ਜ਼ਿਮੀਂ ਵਲ ਰਖਾਈਆ । ਜ਼ਿਮੀਂ ਤੋਂ ਉਚਾ ਰਖਣਾ ਆਪਣਾ ਪੇਟ, ਮਿੱਟੀ ਖ਼ਾਕ ਲੱਗਣ ਨਾ ਪਾਈਆ । ਨਿਰਾਕਾਰ ਨਿਰੰਕਾਰ ਨੂੰ ਆਪਣਾ ਆਪ ਦਿਉ ਟੇਕ, ਬਚਿਆ ਰਹਿਣ ਕੁਛ ਨਾ ਪਾਈਆ । ਸਭ ਕੁਛ ਕਰ ਲਊ ਬਿਨਾ ਲਾਲਚ ਲੋਭ ਤੋਂ ਭੇਟ, ਭੇਟਾ ਆਪਣਾ ਆਪ ਚੜ੍ਹਾਈਆ । ਫੇਰ ਵੇਖੋ ਆਪਣਾ ਖੇਵਟ ਖੇਟ, ਜੋ ਮਾਲਕ ਧੁਰਦਰਗਾਹੀਆ । ਤੁਹਾਨੂੰ ਦਰ ਆਈਆਂ ਨੂੰ ਆਪਣੇ ਨਾਮ ਦੁਸ਼ਾਲੇ ਵਿਚ ਲਏ ਲਪੇਟ, ਫੜ ਬਾਹੋਂ ਵਿਚ ਟਿਕਾਈਆ । ਤੁਸਾਂ ਦਰਸ਼ਨ ਕਰਨਾ ਨੇਤਨ ਨੇਤ, ਨਿਜ ਨੇਤਰ ਲੋਚਨ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲ ਆਪ ਮਿਲਾਈਆ । ਗੰਗਾ ਕਹੇ ਮੈਂ ਨਿਮਸਕਾਰ ਬਿਨਾ ਸੀਸ ਤੋਂ ਕਰਨੀ, ਚਰਨ ਜਗਦੀਸ਼ ਧਿਆਨ ਲਗਾਈਆ । ਆਪਣੀ ਆਸ਼ਾ ਸਭ ਕੁਛ ਹਰਨੀ, ਹਰਿ ਕਰਤੇ ਅਗੇ ਭੇਟ ਚੜ੍ਹਾਈਆ । ਜਮਨਾ ਕਹੇ ਮੈਂ ਇਕੋ ਸਰਨੀ ਪੜਨੀ, ਸਰਨਗਤ ਜੋ ਅਖਵਾਈਆ । ਸੁਰਸਤੀ ਕਹੇ ਮੈਂ ਪੱਲੂ ਲੜ ਫੜਨੀ, ਅਗੇ ਸਕੇ ਨਾ ਕੋਇ ਛੁਡਾਈਆ । ਗੋਬਿੰਦ ਕਹੇ ਮੈਂ ਉਸੇ ਦੀ ਤੁਕ ਪੜ੍ਹਨੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਮੇਰਾ ਲੇਖਾ ਨਾਲ ਨਹੀਂ ਸੀਸ ਧੜਨੀ, ਪੰਜ ਤਤ ਨਾ ਕੋਇ ਵਖਾਈਆ । ਅਸੀਂ ਹੈਰਾਨ ਕਰਨ ਵਾਲੀ ਅੱਜ ਇਕੋ ਬੇਨੰਤੀ ਕਰਨੀ, ਜਿਸ ਨੂੰ ਚਾਰ ਜੁਗ ਦੇ ਸ਼ਾਸਤਰ ਸਮਝ ਸਕਣ ਕਿਛ ਨਾ ਰਾਈਆ । ਜਿਸ ਵਿਚ ਸਾਨੂੰ ਚੱਟੀ ਪਏ ਨਾ ਭਰਨੀ, ਭਾਰ ਸਿਰ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਸਭ ਦੀ ਘਾੜਨ ਘੜਨੀ, ਘੜਨ ਭੰਨਣਹਾਰ ਏਕੰਕਾਰ ਇਕ ਅਖਵਾਈਆ ।

## ੨੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਲਛਮਣ ਸਿੰਘ ਦੇ ਗ੍ਰਿਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ

ਨਾਰਦ ਕਹੇ ਖ਼ੁਸ਼ੀਆਂ ਵਾਲੀ ਆ ਗਈ ਰਾਤ, ਭਿੰਨੜੀ ਭਿੰਨੀ ਆਪਣਾ ਰੂਪ ਬਦਲਾਈਆ । ਆਉ ਸਖੀ ਸਹੇਲੀਉ ਮਿਲ ਕੇ ਕਰੀਏ ਬਾਤ, ਬਾਤਨ ਪੜਦਾ ਪੜਦਿਆਂ ਵਿਚੋਂ ਉਠਾਈਆ । ਪਹਿਲੋਂ ਇਕ ਦੂਜੇ ਨਾਲ ਪ੍ਰੇਮ ਦਾ ਜੋੜੀਏ ਨਾਤ, ਰਿਸ਼ਤਾ ਫ਼ਰਿਸ਼ਤਿਆਂ ਬਾਹਰ ਰਖਾਈਆ । ਫੇਰ ਸਮਾਧੀ ਵਿਚ ਹੋਈਏ ਇਕਾਂਤ, ਏਕੰਕਾਰ ਚਰਨ ਕਵਲ ਧਿਆਨ ਰਖਾਈਆ । ਫੇਰ ਆਪਣਾ ਅੰਤਸ਼ਕਰਨ ਕਰੀਏ ਸ਼ਾਂਤ, ਕਲਜੁਗ ਅਗਨ ਨਾ ਕੋਇ ਤਪਾਈਆ । ਫੇਰ ਆਪਣਾ ਗ੍ਰਿਹਿ ਤਕੀਏ ਪ੍ਰਾਂਤ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਫੇਰ ਆਪਣਾ ਮਜ਼੍ਹਬ ਵੇਖੀਏ ਜ਼ਾਤ, ਕਵਣ ਵਰਨ ਨਜ਼ਰੀ ਆਈਆ । ਫੇਰ ਬਿਨਾ ਨੇਤਰਾਂ ਮਾਰੀਏ ਝਾਤ, ਬਿਨ ਅੱਖਾਂ ਅੱਖ ਉਠਾਈਆ । ਝਟ ਨਾਰਦ ਕਰਵਟ ਬਦਲ ਕੇ ਕਿਹਾ ਰੂਪ ਤਕੋ ਕਮਲਾਪਾਤ, ਪਤਿਪਰਮੇਸ਼ਵਰ ਜੋ ਅਖਵਾਈਆ । ਜਿਹੜਾ ਸਭ ਨੂੰ ਦੇਵਣਹਾਰਾ ਦਾਤ, ਦਾਤਾ ਦਾਨੀ ਇਕ ਅਖਵਾਈਆ । ਆਦਿ ਜੁਗਾਦਿ ਪੁਛਣਹਾਰਾ ਵਾਤ, ਸਿਰ ਸਿਰ ਹੱਥ ਟਿਕਾਈਆ । ਉਹ ਆਇਆ ਲੋਕਮਾਤ, ਨਿਰਗੁਣ ਆਪਣਾ ਵੇਸ ਵਟਾਈਆ । ਜਿਸ ਦਾ ਖੇਲ ਸਦਾ ਬਹੁਭਾਂਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਆਪਣੀ ਧੋਤੀ ਬੋਦੀ ਲਵਾਂ ਸੰਭਾਲ, ਕਰਮੰਡਲੀ ਹੱਥ ਵਿਚ ਉਠਾਈਆ । ਤੁਸੀਂ ਆਪਣੇ ਸਾਫ਼ ਕਰ ਲਓ ਵਾਲ,
੬੦੯ ਸੀਸ ਸੋਹਣਾ ਰੂਪ ਬਦਲਾਈਆ । ਫੇਰ ਖ਼ੁਸ਼ੀਆਂ ਵਾਲਾ ਗਾਓ ਤਾਲ, ਤਲਵਾੜਾ ਸਮਝ ਕੋਇ ਨਾ ਪਾਈਆ । ਮੈਂ ਭਗਤ ਪ੍ਰਭੂ ਦਾ ਆਦਿ ਜੁਗਾਦੀ ੬੦੯
੨੪ ਨੱਢਾ ਬਾਲ, ਬਾਲੀ ਬੁਧਿ ਮੇਰੀ ਬੇਪਰਵਾਹੀਆ । ਤੁਸੀਂ ਅੰਮ੍ਰਿਤ ਰਸ ਭਰਿਆ ਜਗਤ ਤਾਲ, *ਤਾਰੀਆਂ ਲਾਵੋ ਥਾਉਂ ਥਾਈਂਆ । ਸਾਰੇ ਇਕੱਠੇ ੨੪
ਹੋਵੋ ਇਕ ਸਚੀ ਧਰਮਸਾਲ, ਧਰਮ ਦੁਆਰਾ ਇਕੋ ਨਜ਼ਰੀ ਆਈਆ । ਜਿਥੇ ਸ਼ਾਹੋ ਭੂਪ ਸ਼ਹਿਨਸ਼ਾਹ ਸਚੀ ਸਰਕਾਰ, ਦੂਜਾ ਸੰਗ ਨਾ ਕੋਇ ਵਖਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਭ ਦੀ ਕਰੇ ਸੰਭਾਲ, ਸੰਬਲ ਦਾ ਮਾਲਕ ਬੇਪਰਵਾਹੀਆ । ਆਓ ਸਾਰੇ ਉਸ ਦੇ ਅਗੇ ਕਰੀਏ ਸਵਾਲ, ਬੇਨੰਤੀ ਚਰਨਾਂ ਵਿਚ ਟਿਕਾਈਆ । ਕਿਉਂ ਕਲਜੁਗ ਕੂੜੀ ਕਿਰਿਆ ਚਾਰੋਂ ਕੁੰਟ ਪਾਇਆ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਧਰਮ ਦੀ ਧਾਰ ਦੀਨ ਦੁਨੀ ਰਿਹਾ ਨਾ ਕੋਇ ਦਲਾਲ, ਵਿਚੋਲਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਮੈਂ ਆਦਿ ਜੁਗਾਦਿ ਪੰਡਤ ਪੁਰਾਣਾ, ਪੁਰਾਨ ਅਠਾਰਾਂ ਮੇਰੀ ਦੇਣ ਗਵਾਹੀਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਤੁਹਾਡਾ ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਕਿਸੇ ਸਮਝਿਆ ਨਹੀਂ ਟਿਕਾਣਾ, ਗ੍ਰਿਹਿ ਨਜ਼ਰ ਕੋਇ ਨਾ ਆਈਆ । ਤੁਹਾਡਾ ਜਲ ਧਾਰ ਵਹਿੰਦਾ ਬੇਮੁਹਾਣਾ, ਭੱਜੇ ਵਾਹੋ ਦਾਹੀਆ । ਜ਼ਰਾ ਨਿਗਾਹ ਮਾਰੋ ਜ਼ਿਮੀਂ ਅਸਮਾਨਾ, ਦੋ ਜਹਾਨਾਂ ਨੈਣ ਉਠਾਈਆ । ਕੀ ਖੇਲ ਕਰੇ ਸ੍ਰੀ ਭਗਵਾਨਾ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੇ ਹੁਕਮ ਵਿਚ ਬਦਲ ਜਾਣਾ ਜ਼ਮਾਨਾ, ਜ਼ਿਮੀ ਜ਼ਮਾ ਵੇਖਣ ਚਾਈਂ ਚਾਈਂਆ । ਜਿਸ ਲੇਖੇ ਲਾਉਂਣਾ ਖੇਲ ਘਨਈਆ ਕਾਹਨਾ, ਸੋਲਾਂ ਕਲਾਧਾਰੀ ਗਿਆ ਦ੍ਰਿੜਾਈਆ । ਜਿਸ ਨੂੰ ਪੈਗ਼ੰਬਰਾਂ ਕਿਹਾ ਅਮਾਮਾ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਦਾ ਗੋਬਿੰਦ ਵਜਾਇਆ ਹਕ ਦਮਾਮਾ, ਡੰਕਾ ਸ਼ਬਦ ਸ਼ਨਵਾਈਆ । ਉਹ ਖੇਲ ਕਰੇ ਸ੍ਰੀ ਭਗਵਾਨਾ, ਹਰਿ ਕਰਤਾ ਧੁਰਦਰਗਾਹੀਆ । ਜਿਸ

ਸਭ ਦਾ ਲਹਿਣਾ ਦੇਣਾ ਚੁਕਾਉਣਾ, ਲੇਖਾ ਜੁਗ ਚੌਕੜੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਵੇਖਣਹਾਰ ਸਦਾ ਨਿਸ਼ਾਨਾ, ਬੇਨਿਸ਼ਾਨ ਆਪਣਾ ਖੇਲ ਖਿਲਾਈਆ ।

### ✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਕਰਤਾਰ ਕੌਰ ਦੇ ਗ੍ਰਹਿ ਪਿੰਡ ਸੋਈ ਕਲਾਂ ਜ਼ਿਲਾ ਜੰਮੂ ✪

ਨਾਰਦ ਕਹੇ ਮੇਰਾ ਪੁਰਾਣਾ ਬੜਾ ਤਜਰਬਾ, ਜੁਗ ਚੌਕੜੀ ਖੇਲ ਖਿਲਾਈਆ । ਮੈਂ ਅਵਤਾਰ ਪੈਗ਼ੰਬਰ ਗੁਰੂ ਵੇਖੇ ਅਰਬਾਂ ਖਰਬਾਂ, ਗਿਣਤੀ ਗਣਤ ਨਾ ਕੋਇ ਜਣਾਈਆ । ਮੇਰੀ ਆਯੂ ਨੂੰ ਗਿਣ ਸਕਦਾ ਨਹੀਂ ਕੋਈ ਦੇ ਕੇ ਜ਼ਰਬਾਂ, ਅੰਕੜਿਆਂ ਵੰਡ ਨਾ ਕੋਇ ਵੰਡਾਈਆ । ਮੈਂ ਪਿਆਰਾ ਇਕੋ ਪੁਰਖ ਅਕਾਲ ਦੇ ਘਰ ਦਾ, ਦੂਜਾ ਗ੍ਰਹਿ ਨਾ ਕੋਇ ਸੁਹਾਈਆ । ਨਾ ਜੰਮਦਾ ਨਾ ਕਦੇ ਮਰਦਾ, ਜੰਮਣ ਮਰਨ ਵਿਚ ਕਦੇ ਨਾ ਆਈਆ । ਮੇਰਾ ਪੁਰਖ ਅਕਾਲਾ ਦੀਨ ਦਿਆਲਾ ਮੈਨੂੰ ਸ਼ਬਦੀ ਧਾਰ ਘਲਦਾ, ਨਿਤ ਨਵਿਤ ਹੁਕਮ ਵਰਤਾਈਆ । ਮੈਂ ਕੁਛ ਲੇਖਾ ਲਹਿਣਾ ਦੱਸਣਾ ਰਾਜੇ ਬਲ ਦਾ, ਕੀ ਬਾਵਨ ਗਿਆ ਦ੍ਰਿੜਾਈਆ । ਕਲਜੁਗ ਅੰਤ ਮਾਣ ਰਹਿਣਾ ਨਹੀਂ ਕਿਸੇ ਜਲ ਦਾ, ਤੀਰਥ ਤਟ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਮੈਂ ਕਿਹੜੀਆਂ ਪੜ੍ਹ ਕੇ ਦੱਸਾਂ ਪੰਗਤੀਆਂ, ਪੰਡਤ ਹੋ ਕੇ ਦਿਆਂ ਜਣਾਈਆ । ਜੁਗ ਚੌਕੜੀਆਂ ਲੰਘੀਆਂ ਤੇ ਲੰਘੀਆਂ ਦੀਨ ਦੁਨੀ ਦੀਆਂ ਸੰਮਤੀਆਂ, ਸਮਝ ਸਕੇ ਕੋਇ ਨਾ ਰਾਈਆ । ਪ੍ਰਭ ਦੀਆਂ ਖੇਲਾਂ ਆਦਿ ਜੁਗਾਦਿ ਅਗਣਤੀਆਂ, ਗਿਣਤੀ ਗਿਣ ਨਾ ਕੋਇ ਸਮਝਾਈਆ । ਜਿਸ ਦੇ ਅਗੇ ਅਵਤਾਰ ਪੈਗ਼ੰਬਰ ਗੁਰੂ ਕਰਦੇ ਗਏ ਬੇਨੰਤੀਆਂ, ਦਰ ਠਾਂਢੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਚਾਰੇ ਕਹਿਣ ਬ੍ਰਾਹਮਣਾ ਸਾਡੀ ਮੰਨ ਸਲਾਹ, ਮਨਸਾ ਇਕ ਜਣਾਈਆ । ਪ੍ਰਭ ਦਾਤਾ ਬੇਪਰਵਾਹ, ਬੇਅੰਤ ਅਗੰਮ ਅਥਾਹੀਆ । ਜੋ ਹੋਵੇ ਸਦਾ ਸਹਾ, ਸਹਾਇਕ ਨਾਇਕ ਨੂਰ ਅਲਾਹੀਆ । ਉਸ ਅਗੇ ਵਾਸਤਾ ਦਈਏ ਪਾ, ਹੱਥ ਜੋੜ ਕੇ ਸੀਸ ਨਿਵਾਈਆ । ਪ੍ਰਭੂ ਲੋਕਮਾਤ ਵੇਖ ਲੈ ਸਾਡਾ ਥਾਂ, ਥਾਨ ਥਨੰਤਰ ਧਿਆਨ ਲਗਾਈਆ । ਸਾਨੂੰ ਧਰਮ ਦੀ ਬਣਾਏ ਕੋਈ ਨਾ ਮਾਂ, ਮਮਤਾ ਦੀਨ ਦੁਨੀ ਚੁਕਾਈਆ । ਕਲਜੁਗ ਜੀਵਾਂ ਬੁੱਧੀ ਹੋਈ ਕਾਂ, ਕਾਗ ਵਾਂਗ ਕੁਰਲਾਈਆ । ਤੇਰਾ ਜਪੇ ਕੋਈ ਨਾ ਨਾਂ, ਨਾਉਂ ਨਿਰੰਕਾਰ ਹਿਰਦੇ ਸਕੇ ਨਾ ਕੋਇ ਵਸਾਈਆ । ਸਭ ਦੇ ਮਸਤਕ ਲੱਗੀ ਸ਼ਾਹ, ਸ਼ਹਿਨਸ਼ਾਹ ਕੂੜੀ ਕਿਰਿਆ ਨਾ ਕੋਇ ਗੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਨਾਰਦ ਕਹੇ ਮੈਂ ਜੁਗ ਚੌਕੜੀ ਰਿਹਾ ਫਿਰਦਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਈਆ । ਮੈਂ ਫੋਲਣਹਾਰਾ ਹਰ ਦਾ ਹਿਰਦਾ, ਹਰ ਘਟ ਵੇਖਣਾ ਚਾਈਂ ਚਾਈਆ । ਕਮਲੀਓ ਅੰਮ੍ਰਿਤ ਝਿਰਨਾ ਕਿਸੇ ਅੰਦਰ ਮੂਲ ਨਾ ਝਿਰਦਾ, ਨਾਭੀ ਕਵਲ ਨਾ ਕੋਇ ਟਪਕਾਈਆ । ਐਸ ਵੇਲੇ ਪ੍ਰੇਮੀ ਨਜ਼ਰ ਆਏ ਨਾ ਕੋਈ ਧੁਰ ਦੇ ਪਿਰ ਦਾ, ਪੀਆ ਪ੍ਰੀਤਮ



੬੧੦ ੨੪

ਮਿਲਣ ਕੋਇ ਨਾ ਪਾਈਆ । ਸਾਧ ਸੰਤ ਵਾਸੀ ਦਿਸਦਾ ਨਹੀਂ ਕੋਈ ਘਰ ਥਿਰ ਦਾ, ਸਚਖੰਡ ਚੜ੍ਹਨ ਕੋਇ ਨਾ ਪਾਈਆ । ਉਹ ਵੇਖ ਲਉ ਕਲਜੁਗ ਕੂੜੀ ਕਿਰਿਆ ਗੇੜਾ ਗਿੜਦਾ, ਲੱਖ ਚੁਰਾਸੀ ਰਿਹਾ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੇ ਹੁਕਮ ਵਿਚ ਜੁਗ ਚੌਕੜੀ ਅੰਤਮ ਨਿਬੜਦਾ, ਲਹਿਣੇ ਸਭ ਦੇ ਵੇਖ ਵਖਾਈਆ ।

✪ ੨੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਪਿਆਰੇ ਲਾਲ ਦੇ ਗ੍ਰਿਹਿ ਪਿੰਡ ਸੇਈ ਕਲਾਂ ਪਿੰਡ ਕਲੋਏ ਜ਼ਿਲਾ ਜੰਮੂ ✪

ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਮੈਨੂੰ ਨਿਰਮਲ ਕਰ ਲੈਣ ਦਿਉ ਬੱਧਿ, ਬੁੱਧ ਮਹਾਤਮਾ ਗਿਆ ਜਣਾਈਆ । ਤੁਸੀਂ ਆਪਣੀ ਆਪਣੀ ਸੰਭਾਲੋ ਸੁਧ, ਸਤਿ ਧਰਮ ਵਿਚ ਲਉ ਅੰਗੜਾਈਆ । ਬਿਨ ਲੱਤਾਂ ਬਾਹਵਾਂ ਖ਼ੁਸ਼ੀ ਵਿਚ ਲਓ ਕੁੱਦ, ਕ਼ੁਦਰਤ ਦਾ ਕ਼ਾਦਰ ਵੇਖੋ ਚਾਈਂ ਚਾਈਂਆ । ਜਿਸ ਨੇ ਕਲਜੁਗ ਅੰਤਮ ਬਦਲ ਦੇਣਾ ਜੁਗ, ਜੁਗਤੀ ਆਪਣੇ ਹੱਥ ਰਖਾਈਆ । ਸਭ ਦੀ ਔਧ ਗਈ ਪੁੱਗ, ਅਗੇ ਅਵਰ ਨਾ ਕੋਇ ਵਧਾਈਆ । ਅੰਮ੍ਰਿਤ ਰਸ ਸੀਰ ਰਹਿਣਾ ਨਹੀਂ ਦੁੱਧ, ਦੁੱਧੀ ਧਾਰ ਨਾ ਕੋਇ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
੬੧੧ ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਚਾਰੇ ਕਹਿਣ ਨਾਰਦਾ ਸੋ ਪੁਰਖ ਨਿਰੰਜਣ ਇਕ ਮਨਾਵਾਂਗੀ । ਹਰਿ ਪੁਰਖ ਨਿਰੰਜਣ ੬੧੧
੨੪ ਸੀਸ ਨਿਵਾਵਾਂਗੀ । ਏਕੰਕਾਰਾ ਇਸ਼ਟ ਰਖਾਵਾਂਗੀ । ਆਦਿ ਨਿਰੰਜਣ ਨੂਰ ਰੁਸ਼ਨਾਵਾਂਗੀ । ਅਬਿਨਾਸ਼ੀ ਕਰਤਾ ਵੇਖ ਵਖਾਵਾਂਗੀ । ਸ੍ਰੀ ਭਗਵਾਨ ੨੪
ਦਰ ਸੁਹਾਵਾਂਗੀ । ਪਾਰਬ੍ਰਹਮ ਖੋਜ ਖੁਜਾਵਾਂਗੀ । ਸਤਿਗੁਰ ਸ਼ਬਦ ਸੰਗ ਨਿਭਾਵਾਂਗੀ । ਜਿਸ ਦਾ ਅਗੰਮੀ ਚੜ੍ਹਨਾ ਰੰਗ, ਰੰਗਤ ਕੂੜੀ ਕਲਜੁਗ ਲਾਹਵਾਂਗੀ । ਸਾਚੀ ਵਸਤ ਲਵਾਂ ਮੰਗ, ਮਾਂਗਤ ਹੋ ਕੇ ਝੋਲੀ ਡਾਹਵਾਂਗੀ । ਤੂੰ ਸਾਹਿਬ ਸੂਰਾ ਸਰਬਗ, ਤੁਧ ਬਿਨ ਇਸ਼ਟ ਨਾ ਕੋਇ ਰਖਾਵਾਂਗੀ । ਬੇਸ਼ਕ ਮੈਂ ਪਾਣੀ ਧਾਰ ਗੰਗੋਤਰੀ ਗੰਗ, ਜਮਨਾ ਤੇਰਾ ਰੂਪ ਅਖਵਾਵਾਂਗੀ । ਸੁਰਸਤੀ ਦੇਣਾ ਉਹ ਅਨੰਦ, ਗੋਦਾਵਰੀ ਤੇਰੀ ਗੰਢ ਬੰਧਾਵਾਂਗੀ । ਤੇਰਾ ਸਰੀਰ ਨਹੀਂ ਕੋਈ ਤਤ ਪੰਜ, ਪੰਚਮ ਮੀਤੇ ਤੇਰੀ ਓਟ ਤਕਾਵਾਂਗੀ । ਮੇਰੀ ਨੇਤਰ ਵਗੇ ਅੰਝ, ਹੰਝੂਆਂ ਨੀਰ ਵਖਾਵਾਂਗੀ । ਮੇਰੇ ਦੀਨ ਦਿਆਲੇ ਮੇਰਾ ਦੇਣਾ ਸੰਗ, ਸਗਲਾ ਸੰਗੀ ਤੈਨੂੰ ਬਣਾਵਾਂਗੀ । ਕਲਜੁਗ ਕੂੜ ਕੁੜਿਆਰਾ ਲੋਕਮਾਤ ਰਹਿਣ ਨਹੀਂ ਦੇਣਾ ਮਲੰਗ, ਮੌਲਾ ਡੋਰੀ ਤੇਰੇ ਹੱਥ ਫੜਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਵਾਂਗੀ । ਗੰਗਾ ਗੋਦਾਵਰੀ ਜਮਨਾ ਸੁਰਸਤੀ ਧਾਰ ਹੋ ਕੇ ਆਸ ਰਖਾਵਾਂਗੀ । ਮਿਲ ਕੇ ਪਰਮ ਪੁਰਖ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਆਪਣਾ ਸੀਸ ਨਿਵਾਵਾਂਗੀ । ਤੂੰ ਮਾਲਕ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਤੇਰੇ ਵੇਖ ਵਖਾਵਾਂਗੀ । ਤੇਰੇ ਮੰਡਲ ਤਕਾਂ ਰਾਸ, ਤੇਰਾ ਗੋਪੀ ਕਾਹਨ ਹੋ ਕੇ ਸੰਗ ਨਿਭਾਵਾਂਗੀ । ਤੂੰ ਦੇਣਾ ਨੂਰ ਜੋਤ ਪਰਕਾਸ਼, ਤੇਰੀ ਆਸ ਤਕਾਵਾਂਗੀ । ਕਲਜੁਗ ਕੂੜੀ ਕਿਰਿਆ ਕਰਨੀ ਨਾਸ, ਨਾਸਤਕਾਂ ਤੇਰੀ ਝੋਲੀ ਪਾਵਾਂਗੀ । ਸਤਿਜੁਗ ਸਚ ਕਰਨਾ ਵਾਸ, ਵਾਸਤਾ ਤੇਰੇ ਚਰਨ ਟਿਕਾਵਾਂਗੀ । ਤੂੰ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼, ਸਤਿਗੁਰ ਤੇਰੀ ਓਟ ਰਖਾਵਾਂਗੀ । ਮੇਰਾ ਮੇਲਾ ਨਾਲ

ਸ਼ੰਕਰ ਕੈਲਾਸ਼, ਬ੍ਰਹਮੇ ਆਪਣਾ ਭੇਵ ਖੁਲ੍ਹਾਵਾਂਗੀ । ਵਿਸ਼ਨੂੰ ਅਗੇ ਕਰ ਅਰਦਾਸ, ਵਿਸ਼ਵ ਦਾ ਪੜਦਾ ਆਪ ਚੁਕਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਮੰਗ ਮੰਗਾਵਾਂਗੀ । ਆਸਾ ਕਹੇ ਮੈਂ ਹੋਈ ਮੰਗਣ ਯੋਗ, ਯੁਗਤੀ ਨਾਰਦ ਦੇਣੀ ਦ੍ਰਿੜਾਈਆ । ਜਿਸ ਵਿਚ ਚਿੰਤਾ ਰਹੇ ਕੋਈ ਨਾ ਸੋਗ, ਗ਼ਮੀ ਗ਼ਮਖ਼ਾਰ ਦਏ ਮਿਟਾਈਆ । ਦੁਨੀਆਂਦਾਰੀ ਦਾ ਦਿਸੇ ਕੋਈ ਨਾ ਰੋਗ, ਦੁਖ ਦਰਦ ਨਾ ਲਾਗੇ ਰਾਈਆ । ਪ੍ਰਭੂ ਦੇ ਪਿਆਰ ਦਾ ਹੋਵੇ ਨਾ ਕਦੇ ਵਿਜੋਗ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਸਦ ਮਾਣਾ ਉਸ ਦੀ ਮੌਜ, ਮਜਲਸ ਭਗਤਾਂ ਨਾਲ ਰਖਾਈਆ । ਜਿਸ ਕਲਜੁਗ ਮੇਟਣੀ ਔਧ, ਕੂੜੀ ਕਿਰਿਆ ਪੰਧ ਮੁਕਾਈਆ । ਸਭ ਦਾ ਹਿਰਦਾ ਦੇਵੇ ਸੋਧ, ਸੁਧ ਆਪਣੀ ਇਕ ਸਮਝਾਈਆ । ਬੁੱਧੀ ਤੋਂ ਪਰੇ ਹੁਕਮ ਦੱਸੇ ਅਗਾਧ ਬੋਧ, ਸ਼ਬਦੀ ਸ਼ਬਦ ਨਾਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਦਿ ਜੁਗਾਦਿ ਸਭ ਦਾ ਕੱਟੇ ਵਿਜੋਗ, ਸੰਜੋਗ ਧੁਰ ਦਾ ਇਕ ਸਮਝਾਈਆ ।

### ✪ ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਕੁਲਵੰਤ ਸਿੰਘ ਦੇ ਗ੍ਰਿਹ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

੬੧੨ ਗੋਦਾਵਰੀ ਕਹੇ ਮੈਂ ਸੀਸ ਨਿਵਾਵਾਂ ਹੱਥ ਬੱਧੀ, ਬੰਦਨਾ ਕਰ ਕਰ ਸੀਸ ਨਿਵਾਈਆ । ਸਚ ਪਿਆਰ ਮਸਤੀ ਵਿਚ ਹੋਵਾਂ ਮਧੀ, ਮਧੁਰ ਧੁਨ ੬੧੨
੨੪ ਢੋਲੇ ਗਾਵਾਂ ਚਾਈਂ ਚਾਈਂਆ । ਮੇਰਾ ਸਾਹਿਬ ਸੁਆਮੀ ਮੈਨੂੰ ਮਿਲੇ ਯਦੀ, ਯਦੀ ਯਦਪ ਆਪਣੀ ਦਇਆ ਕਮਾਈਆ । ਮੇਰੀ ਪਵਿਤ੍ਰ ਹੋਵੇ ਨਦੀ, ੨੪
ਵਹਿਣਾਂ ਦਾ ਧਾਰ ਖ਼ੁਸ਼ੀ ਬਣਾਈਆ । ਮੈਂ ਵੀ ਤਕਦੀ ਰਹੀ ਧੁਰ ਦੇ ਹੁਕਮ ਵਾਲੀ ਸਦੀ, ਸਦੀਵੀ ਆਪਣਾ ਸੰਗ ਬਣਾਈਆ । ਮੇਰਾ ਮਾਲਕ ਜੋ ਦੇਵਣਹਾਰਾ ਧੁਰ ਦੀ ਪਦੀ, ਪਤਿਪਰਮੇਸ਼ਵਰ ਬੇਪਰਵਾਹੀਆ । ਪਰ ਉਹ ਲੋਕਮਾਤ ਆਉਂਦਾ ਕਦੀ ਕਦੀ, ਕ਼ੁਦਰਤ ਦਾ ਮਾਲਕ ਧੁਰਦਰਗਾਹੀਆ । ਜੋ ਜੁਗ ਚੌਕੜੀ ਪਿਛਲੀ ਕੀਤੀ ਕਰੇ ਰੱਦੀ, ਅਗਲਾ ਆਪਣਾ ਹੁਕਮ ਵਰਤਾਈਆ । ਮੇਰੇ ਵਿਚੋਂ ਕੂੜ ਕੁੜਿਆਰ ਦੀ ਕੱਢੇ ਬਦੀ, ਬਦਕਾਰਾਂ ਡੇਰਾ ਢਾਹੀਆ । ਮੈਂ ਉਸ ਦਾ ਨੂਰ ਵੇਖਾਂ ਅਲਾਹੀ ਰੱਬੀ, ਜੋਤੀ ਜਾਤਾ ਧਿਆਨ ਲਗਾਈਆ । ਜਿਸ ਦਾ ਮੇਲਾ ਹੋਵੇ ਨਾਲ ਸਬੱਬੀ, ਜੋੜ ਜੁੜਾਏ ਚਾਈਂ ਚਾਈਂਆ । ਸਾਡੀ ਲੇਖੇ ਲਾਵੇ ਪਸਲੀ ਹੱਡੀ, ਅਸਥੀਆਂ ਜਗਤ ਵੇਖ ਵਖਾਈਆ । ਮੈਂ ਰਾਹ ਤਕਾਂ ਚੁੱਕਕੇ ਅੱਡੀ, ਆਪ ਆਪਣਾ ਬਲ ਪਰਗਟਾਈਆ । ਜਿਸ ਦੀ ਆਸ਼ਾ ਜੁਗ ਚੌਕੜੀ ਮੂਲ ਨਾ ਛਡੀ, ਸਦ ਹਵਸਾਂ ਵਿਚ ਵਕ਼ਤ ਲੰਘਾਈਆ । ਉਹ ਧੁਰ ਦੁਆਰ ਨਿਸ਼ਾਨਾ ਦੇਵੇ ਗੱਡੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਗੋਦਾਵਰੀ ਕਹੇ ਮੈਂ ਦਰਸ ਪਾਵਾਂ ਅੱਖੀਆਂ, ਨੈਣ ਨੈਣ ਬਿਗਸਾਈਆ । ਖ਼ੁਸ਼ੀਆਂ ਹਾਲ ਦੱਸਾਂ ਆਪਣੀਆਂ ਸਖ਼ੀਆਂ, ਸੋਹਣੇ ਰਾਗ ਦ੍ਰਿੜਾਈਆ । ਮੇਰਾ ਮਾਲਕ ਅਲਖ ਅਲਖੀਆ, ਅਲਖ ਅਗੋਚਰ ਇਕ ਅਖਵਾਈਆ । ਜੋ ਕੱਖੋਂ ਕਰੇ ਲੱਖੀਆਂ, ਕ਼ੀਮਤ ਆਪਣੇ ਹੱਥ ਰਖਾਈਆ । ਮੈਂ ਉਸੇ ਦੇ ਚਰਨਾਂ ਵਿਚ ਵਸੀਆਂ, ਵਾਸਤਾ ਅਵਰ ਨਾ ਕੋਇ ਰਖਾਈਆ । ਉਸੇ ਦੇ ਢੋਲੇ ਗਾਵਾਂ ਜਸੀਆਂ, ਸਿਫ਼ਤੀ ਸਿਫ਼ਤ ਸਲਾਹੀਆ । ਜਿਸ ਮੇਰੀ ਰੈਣ ਅੰਧੇਰੀ ਮੇਟਣੀ ਮੱਸੀਆ, ਨੂਰੀ ਚੰਦ

ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਗੋਬਿੰਦ ਕਹੇ ਜਿਸ ਵੇਲੇ ਮੇਰਾ ਸਾਹਿਬ ਸੁਆਮੀ ਪੁੱਜੇ, ਪੂਜਣ ਯੋਗ ਸੀਸ ਨਿਵਾਈਆ । ਮੇਰੇ ਭਾਗ ਹੋਣੇ ਉਘੇ, ਉਘਣ ਆਥਣ ਮਿਲੇ ਵਡਿਆਈਆ । ਮੈਨੂੰ ਭੇਵ ਦੱਸੇ ਗੁੱਝੇ, ਜੋ ਚਾਰ ਜੁਗ ਨਾ ਕੋਇ ਸਮਝਾਈਆ । ਮੇਰੇ ਭਾਉ ਮਿਟਣੇ ਦੂਜੇ, ਦੁਵੈਤੀ ਰਹਿਣ ਕੋਇ ਨਾ ਪਾਈਆ । ਮੈਨੂੰ ਇਕੋ ਦੁਆਰਾ ਸੁਝੇ, ਜਿਸ ਗ੍ਰਿਹਿ ਮਿਲੇ ਧੁਰ ਦਾ ਮਾਹੀਆ । ਮੇਰੀ ਆਸ਼ਾ ਨੱਚੇ ਟੱਪੇ ਉਛਲੇ ਕੁੱਦੇ, ਭੱਜੇ ਵਾਹੋ ਦਾਹੀਆ । ਮੈਂ ਫਿਰਾਂ ਉਤੇ ਬਸੁਧੇ, ਆਪਣਾ ਕ਼ਦਮ ਟਿਕਾਈਆ । ਮੇਰਾ ਲੇਖਾ ਮੁਕ ਜਾਏ ਕਲਜੁਗੇ, ਜੁਗ ਚੌਕੜੀ ਰਹਿਣ ਨਾ ਪਾਈਆ । ਮੈਂ ਖ਼ੁਸ਼ੀਆਂ ਨਾਲ ਉਠਾਵਾਂ ਭੁਜੇ, ਬਹੀਆ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਗੰਗਾ ਕਹੇ ਗੋਦਾਵਰੀ ਉਨ੍ਹ ਆਉਣਾ ਪਹਿਲਾਂ ਮੇਰੇ ਘਾਟ, ਆਪਣੀ ਖ਼ੁਸ਼ੀ ਬਣਾਈਆ । ਤੁਸਾਂ ਢੋਲੇ ਗਾਉਣੇ ਬਣ ਕੇ ਭਾਟ, ਸਵਈਏ ਧਾਰਾਂ ਵਾਲੇ ਪਰਗਟਾਈਆ । ਨਾਲੇ ਵੇਖਣੇ ਦੀਨ ਦੁਨੀ ਦੇ ਕੰਚਨ ਕਾਇਆ ਮਾਟ, ਮਟਕੇ ਫੋਲ ਫੁਲਾਈਆ । ਮੇਰੀ ਇਕੋ ਖ਼ੁਸ਼ੀਆਂ ਵਾਲੀ ਬਾਤ, ਬਾਤਨ ਦਿਆਂ ਸਮਝਾਈਆ । ਜਿਸ ਨੇ ਨਿਰਗੁਣ ਧਾਰ ਜੋੜਨਾ ਨਾਤ, ਰਿਸ਼ਤਾ ਆਪਣੇ ਨਾਲ ਰਖਾਈਆ । ਮੈਂ ਵੇਖਾਂ ਬੈਠ ਇਕਾਂਤ, ਬਿਨ ਅੱਖਾਂ ਅੱਖ ਉਠਾਈਆ । ਉਹ ਬਖ਼ਸ਼ੇ ਬੂੰਦ ਸਵਾਂਤ, ਅੰਮ੍ਰਿਤ ਰਸ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਸਮਝਾਈਆ । ਜਮਨਾ ਕਹੇ ਮੈਂ ਵੀ ਰਖੀਆਂ ਵੱਡੀਆਂ ਆਸਾ, ਅਸਲ ਦਿਆਂ ਜਣਾਈਆ । ਮੈਨੂੰ ਸਾਹਿਬ ਉਤੇ ਭਰਵਾਸਾ, ਜੋ ਭਰਮ ਦਏ ਮਿਟਾਈਆ । ਜੋ ਮਾਲਕ ਸਰਬ ਗੁਣਾਂ ਗੁਣਤਾਸਾ, ਗੁਣਵੰਤਾ ਇਕ ਅਖਵਾਈਆ । ਮੇਰੇ ਪੂਰੇ ਕਰੇ ਪਵਣ ਸੁਆਸਾ, ਸਾਹ ਸਾਹ ਜੋ ਉਸ ਦਾ ਨਾਮ ਧਿਆਈਆ । ਮੈਨੂੰ ਯਾਦ ਕਰਾਵੇ ਪੂਰਬ ਕਾਹਨ ਵਾਲੀਆਂ ਰਾਸਾ, ਗੋਪੀਆਂ ਗੋਪਾਲ ਆਪਣਾ ਰੰਗ ਰੰਗਾਈਆ । ਜਿਸ ਦੀਨ ਦੁਨੀ ਦਾ ਬਦਲ ਦੇਣਾ ਪਾਸਾ, ਪਾਸਾ ਜਗਤ ਜੁਗਤ ਉਲਟਾਈਆ । ਮੈਂ ਖ਼ੁਸ਼ੀਆਂ ਨਾਲ ਕਰਾਂ ਹਾਸਾ, ਹਸਤੀ ਤਕ ਧੁਰਦਰਗਾਹੀਆ । ਫਿਰ ਇਸ਼ਾਰਾ ਦੇਵਾਂ ਸ਼ੰਕਰ ਕੈਲਾਸ਼ਾ, ਕਲਾਧਾਰੀ ਦਿਆਂ ਦ੍ਰਿੜਾਈਆ । ਆਹ ਤਕ ਨਿਰਗੁਣ ਨੂਰ ਜੋਤ ਪਰਕਾਸ਼ਾ, ਜੋਤੀ ਜਾਤਾ ਡਗਮਗਾਈਆ । ਜਿਸ ਦੀਆਂ ਅਸੀਂ ਸਾਰੀਆਂ ਖ਼ਾਹਿਸ਼ਾਂ, ?ਸਾਖਾਂ?, ਵਹਿਣਾ ਵਾਲੇ ਪਾਣੀ ਰੂਪ ਬਦਲਾਈਆ । ਉਹ ਦੇਵਣਹਾਰ ਆਪ ਦਿਲਾਸਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡਾ ਅੰਤਰ ਹੋਣ ਨਾ ਦੇਵੇ ਉਦਾਸਾ, ਚਿੰਤਾ ਗ਼ਮ ਰਹਿਣ ਨਾ ਪਾਈਆ ।



### ✪ ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਪ੍ਰੇਮੀ ਦੇਵੀ ਦੇ ਗ੍ਰਿਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਨਾਰਦ ਕਹੇ ਮੇਰੀਆਂ ਗੱਲਾਂ ਸੁਣੋ ਕਰਾਰੀਆਂ, ਇਕਰਾਰਨਾਮਿਆਂ ਵਾਲਿਓ ਦਿਆਂ ਜਣਾਈਆ । ਤੁਸੀਂ ਕਿਸ ਬਿਧ ਪ੍ਰਭ ਦੇ ਆਉਣ ਤੇ ਕਰੋ ਤਿਆਰੀਆਂ, ਤ੍ਰੈਗੁਣ ਦਾ ਪੰਧ ਮੁਕਾਈਆ । ਕਵਣ ਰੂਪ ਤਨ ਕਰੋ ਸ਼ਿੰਗਾਰੀਆਂ, ਸੋਹਣਾ ਰੰਗ ਰੰਗਾਈਆ । ਕਵਣ ਰਸਤੇ ਫੇਰੋ ਬਹਾਰੀਆਂ,

ਰਾਹ ਸੁਥਰਾ ਸਾਫ਼ ਬਣਾਈਆ । ਕਵਣ ਕੁੰਭ ਫੜੇ ਬਣ ਘੁਮਿਆਰੀਆਂ, ਪਨਘਟ ਡੇਰੇ ਲਾਈਆ । ਮੈਨੂੰ ਦੱਸਣਾ ਨਾਲ ਹੁਸ਼ਿਆਰੀਆ, ਸਹਿਜ ਨਾਲ ਸੁਣਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਜਿਸ ਦਾ ਅੰਤ ਨਾ ਪਾਰਾਵਾਰੀਆ, ਬੇਅੰਤ ਇਕ ਅਖਵਾਈਆ । ਤੁਸੀਂ ਜੁਗ ਜੁਗ ਖੇਲ ਖੇਲਿਆ ਨਾਲ ਸੰਸਾਰੀਆਂ, ਸਾਧਾਂ ਸੰਤਾਂ ਬ੍ਰਾਹਮਣਾਂ ਸੰਗ ਬਣਾਈਆ । ਤੁਹਾਨੂੰ ਪਤਾ ਨਹੀਂ ਕਿਸ ਬਿਧ ਘਰ ਆਵੇ ਸ਼ਹਿਨਸ਼ਾਹ ਸਿਕਦਾਰੀਆ, ਪਾਤਸ਼ਾਹ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਤੁਹਾਡਾ ਕਿਹੜਾ ਹੋਵੇ ਲਬਾਸ, ਲਬਾਂ ਨਾਲ ਬੋਲ ਕੇ ਦਿਉ ਜਣਾਈਆ । ਕਿਹੜਾ ਹੋਵੇ ਪਰਕਾਸ਼, ਕਵਣ ਨੂਰ ਰੁਸ਼ਨਾਈਆ । ਕਵਣ ਹੋਵੇ ਸਵਾਸ, ਸਾਹ ਸਾਹ ਢੋਲੇ ਗਾਈਆ । ਕਲਜੁਗ ਆਸ਼ਾ ਹੋਵੇ ਤੁਹਾਡੇ ਪਾਸ, ਮੈਨੂੰ ਦਿਉ ਸਮਝਾਈਆ । ਮੈਨੂੰ ਤੁਹਾਡੇ ਉਤੇ ਅਜੇ ਨਹੀਂ ਵਿਸ਼ਵਾਸ਼, ਸਚ ਸਚ ਦਿਆਂ ਸੁਣਾਈਆ । ਤੁਹਾਡਾ ਅੰਮ੍ਰਿਤ ਜਗਤ ਭਰਦਾ ਰਿਹਾ ਵਿਚ ਗਲਾਸ, ਕਲਸਾਂ ਵੰਡ ਵੰਡਾਈਆ । ਤੁਹਾਡਾ ਵਧਦਾ ਰਿਹਾ ਹਵਾਸ, ਹਵਸ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਸੁਣ ਗੰਗੀ ਤੂੰ ਸਭ ਤੋਂ ਦਿਸੇਂ ਲੰਬੀ, ਤੇਰਾ ਤਨ ਵਜੂਦ ਸੋਭਾ ਪਾਈਆ । ਆਪਣੀ ਪਿਛਲੀ ਤਕ ਲੈ ਸੰਧੀ, ਕੌਲ ਇਕਰਾਰਾਂ ਨਾਲ ਮਿਲਾਈਆ । ਤੇਰੇ ਉਤੇ ਕੀ ਪਾਬੰਦੀ, ਪੁਰਖ ਅਕਾਲਾ ਹੁਕਮ ਕੀ ਦ੍ਰਿੜਾਈਆ । ਤੇਰੇ ਉਤੇ ਤਟ ਕਿਨਾਰੇ ਤੀਰਥ ਪੰਜੀ, ਪੰਜਾਂ ਵਾਲੀਏ ਦਿਆਂ ਦ੍ਰਿੜਾਈਆ । ਤੇਰੇ ਕੋਲ ਕਿਹੜੀ ਖ਼ੂਬੀ ਚੰਗੀ, ਚੰਗੀ ਤਰਹ ਦੇ ਸਮਝਾਈਆ । ਮੈਂ ਕਲਜੁਗ ਨਿਗਾਹ ਮਾਰੀ ਤੇਰੇ ਸੀਸ ਮੇਂਢੀ ਦਿਸੀ ਨੰਗੀ, ਓਢਣ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਆਪਣਾ ਭੇਵ ਚੁਕਾਈਆ । ਨਾਰਦ ਕਹੇ ਜਮਨਾ ਸੁਰਸਤੀ ਤੁਹਾਡਾ ਕਿਹੜਾ ਹੋਵੇ ਵੇਸ, ਮੈਨੂੰ ਦਿਉ ਸਮਝਾਈਆ । ਤੁਸਾਂ ਕਿਹੜੇ ਮਿਲਣਾ ਦੇਸ, ਦਿਸ਼ਾ ਕਿਹੜੀ ਸੋਭਾ ਪਾਈਆ । ਕਿਸ ਬਿਧ ਤਕਣਾ ਨਰ ਨਰੇਸ਼, ਨਰ ਨਰਾਇਣ ਧੁਰਦਰਗਾਹੀਆ । ਜੋ ਸਾਜਣ ਰਹੇ ਹਮੇਸ਼, ਸਤਿਗੁਰ ਸ਼ਬਦ ਸ਼ਬਦ ਅਖਵਾਈਆ । ਜਿਸ ਕਲਜੁਗ ਕੂੜੀ ਕਿਰਿਆ ਮੇਟਣੀ ਕਲੇਸ਼, ਮਲ ਮੂਤਰ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਗੋਦਾਵਰੀ ਗੋਬਿੰਦ ਆਉਣਾ ਕਿਹੜੇ ਰੂਪ, ਭੇਵ ਦੇਣਾ ਚੁਕਾਈਆ । ਕੀ ਤਕੇਂ ਸਤਿ ਸਰੂਪ, ਦਰਸ਼ਨ ਕਰੇਂ ਧੁਰ ਦੇ ਮਾਹੀਆ । ਅਗੋਂ ਗੋਦਾਵਰੀ ਹੋ ਗਈ ਚੁਪ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਮੈਂ ਵੇਖ ਨਾ ਸਕਾਂ ਉਸ ਦਾ ਬੁਤ, ਬੁਤਖ਼ਾਨਿਆਂ ਵਿਚ ਨਜ਼ਰ ਨਾ ਆਈਆ । ਉਹਦਾ ਮੇਲਾ ਹੋਣਾ ਨਾਲ ਅਬਿਨਾਸ਼ੀ ਅਚੁਤ, ਪਾਰਬ੍ਰਹਮ ਮਿਲ ਕੇ ਵਜੇ ਵਧਾਈਆ । ਜੋ ਮੇਰੀ ਸੁਹੰਜਣੀ ਕਰੇ ਰੁਤ, ਦਰ ਆਵੇ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਰਗ ਇਕ ਦਰਸਾਈਆ । ਨਾਰਦ ਕਹੇ ਪ੍ਰਭੂ ਦੇ ਆਉਣ ਦੀ ਸਭ ਨੂੰ ਤਾਂਘ, ਤ੍ਰਿਸ਼ਨਾ ਹਵਸ ਜਗਤ ਰਖਾਈਆ । ਸਭ ਦੀ ਪ੍ਰੇਮ ਪਿਆਰ ਦੀ ਮਾਂਗ, ਮਾਂਗਤ ਹੋ ਕੇ ਝੋਲੀ ਡਾਹੀਆ । ਤੁਹਾਡੀ ਤੜਫਦੀ ਪਾਣੀ ਵਾਲੀ ਕਾਂਗ, ਲਹਿਰ ਲਹਿਰ ਵਿਚੋਂ ਬਦਲਾਈਆ । ਉਚੀ ਕੂਕ ਕੇ ਮਾਰੇ ਚਾਂਘ, ਦੇਵੇ ਸਚ ਦੁਹਾਈਆ । ਕਵਣ ਵੇਸ ਕਰਕੇ ਆਵੇ ਮਾਹੀ ਆਪਣਾ ਸਵਾਂਗ, ਸਵਾਂਗੀ ਰੂਪ ਬਦਲਾਈਆ । ਜੋਤੀ ਜੋਤ ਸਰੂਪ

੬੧੪
੨੪

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡਾ ਲਹਿਣਾ ਦੇਣਾ ਲੇਖਾ ਵੇਖੇ ਬਿਨ ਸੂਰੀਆ ਚਾਂਦ, ਚੰਦ ਚਾਂਦਨਾ ਆਪਣਾ ਇਕ ਚਮਕਾਈਆ ।

### ✪ ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਜਲੰਧਰ ਸਿੰਘ ਦੇ ਗ੍ਰਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਮੇਰਾ ਜੀਅ ਕਰਦਾ ਤੁਹਾਡੇ ਨਾਲ ਮਾਰਾਂ ਗੱਪਾਂ, ਕਲਜੁਗ ਦਾ ਰੰਗ ਦਿਆਂ ਵਖਾਈਆ । ਤੁਸੀਂ ਪੁਰਖ ਅਕਾਲ ਦੀਨ ਦਿਆਲ ਨਾਲ ਵਅਦਾ ਕਰ ਲਓ ਪੱਕਾ, ਪੱਕੀ ਤਰਹ ਦ੍ਰਿੜਾਈਆ । ਇਹ ਵਲ ਛਲ ਧਾਰੀ ਕੁਝ ਨਹੀਂ ਲਗਦਾ ਪਤਾ, ਪਤਣਾਂ ਤੇ ਬੈਠੀਓ ਤੁਹਾਨੂੰ ਸਮਝ ਕੁਛ ਨਾ ਆਈਆ । ਇਹਦਾ ਪਤਾ ਨਹੀਂ ਕਿੱਡਾ ਲਾਰਾ ਤੇ ਕਿੱਡਾ ਲੱਪਾ, ਲਾਰਿਆਂ ਵਿਚ ਜੁਗ ਚੌਕੜੀ ਦਏ ਲੰਘਾਈਆ । ਬਾਹਰੋਂ ਬਾਹਰੋਂ ਸਭ ਨੂੰ ਕਹਿ ਦਿੰਦਾ ਅੱਛਾ, ਅੱਛੀ ਤਰਹ ਦ੍ਰਿੜਾਈਆ । ਤੁਸੀਂ ਐਵੇਂ ਖ਼ੁਸ਼ੀਆਂ ਵਿਚ ਨਾ ਮਾਰੋ ਕੱਛਾਂ, ਨੱਚੋ ਕੁੱਦੋ ਟੱਪੋ ਥਾਉਂ ਥਾਈਂਆ । ਇਕ ਵੇਰਾਂ ਫੇਰ ਕਰ ਲਓ ਪਤਾ, ਪਤਿਪਰਮੇਸ਼ਵਰ ਅਗੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਨੀ ਏਸ ਦੇ ਆਉਂਣ ਦੇ ਅਨੇਕ ਰਾਹ, ਤੁਹਾਨੂੰ ਦਿਆਂ ਸਮਝਾਈਆ । ਤੁਸੀਂ ਐਵੇਂ
੬੧੫ ਨਾ ਅੰਦਰ ਰਖਿਓ ਚਾਅ, ਚਾਓ ਘਨੇਰਾ ਘਰ ਬਣਾਈਆ । ਪਹਿਲੋਂ ਮੈਥੋਂ ਲਓ ਸਲਾਹ, ਮਸ਼ਵਰਾ ਸਚ ਦਿਆਂ ਸਮਝਾਈਆ । ਪ੍ਰਭ ਅਗੇ ਬੇਨੰਤੀ ੬੧੫
੨੪ ਫੇਰ ਕਰੋ ਸੀਸ ਨਿਵਾ, ਦੋਏ ਜੋੜ ਵਾਸਤਾ ਪਾਈਆ । ਪ੍ਰਭੂ ਸਚ ਦੱਸ ਕਿਸ ਬਿਧ ਜਾਵੇਂ ਆ, ਆਪਣਾ ਫੇਰਾ ਪਾਈਆ । ਇਹ ਬੜਾ ਬੇਪਰਵਾਹ, ੨੪
ਬੇਪਰਵਾਹੀ ਵਿਚ ਸਮਾਈਆ । ਜੇ ਏਸ ਦਾ ਦਿਲ ਕੀਤਾ ਤੇ ਏਸ ਸ਼ਬਦ ਵਿਚ ਆਪਣਾ ਖੇਲ ਦੇਣਾ ਵਰਤਾ, ਤਤਾਂ ਵਾਲਾ ਸਰੀਰ ਨਜ਼ਰ ਕੋਇ ਨਾ ਆਈਆ । ਤੁਹਾਨੂੰ ਰਾਤੀਂ ਸੁਤੀਆਂ ਨੂੰ ਨਾਲ ਭਗਤ ਦਏ ਵਖਾ, ਸੋਹਣੇ ਆਪਣੇ ਸੰਗ ਰਖਾਈਆ । ਜੇ ਨੇਤਰ ਖੋਲ੍ਹੋਗੀਆਂ ਤੇ ਤੁਹਾਨੂੰ ਦਿਸਣਾ ਕੁਝ ਨਾਂਹ, ਫੇਰ ਚਾਰੋਂ ਕੁੰਟ ਹੈਰਾਨੀ ਹੈਰਾਨੀ ਵਿਚੋਂ ਨਜ਼ਰੀ ਆਈਆ । ਮੈਂ ਬ੍ਰਾਹਮਣ ਪੁਰਾਣਾ ਸਭ ਕੁਛ ਜਾਣਦਾ ਹਾਂ, ਹਾਂ ਵਿਚ ਹਾਂ ਮਿਲਕੇ ਹਾਂ ਨਾ ਕਦੇ ਰਖਾਈਆ । ਮੈਨੂੰ ਸੋਹੇ ਉਹ ਕਪਲਾ ਗਾਂ, ਜਿਸ ਦੀ ਕਪਲ ਮੁਨੀ ਆਸ਼ਾ ਗਿਆ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਨਣਹਾਰਾ ਥਾਉਂ ਥਾਂ, ਥਾਨ ਥਨੰਤਰ ਦੇਵਣਹਾਰ ਵਡਿਆਈਆ ।

### ✪ ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਪੁੰਨੂ ਰਾਮ ਦੇ ਗ੍ਰਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਨਾਰਦ ਕਹੇ ਪ੍ਰਭੂ ਨੂੰ ਖ਼ੁਸ਼ੀਆਂ ਨਾਲ ਮਨਾਓ, ਮਨਸਾ ਮਨ ਦੀ ਦੂਰ ਕਰਾਈਆ । ਮਸਤਕ ਜ਼ਿਮੀਂ ਉਤੇ ਘਸਾਓ, ਆਪ ਆਪਣਾ ਮਾਣ ਮਿਟਾਈਆ । ਨਕ ਰਗੜ ਕੇ ਸੀਸ ਝੁਕਾਓ, ਡੰਡਾਵਤ ਆਪਣੀ ਇਕ ਰਖਾਈਆ । ਧੂੜੀ ਬੁੱਲਾਂ ਨਾਲ ਛੁਹਾਓ, ਸੁਰਖੀ ਲੋੜ ਰਹੇ ਨਾ ਰਾਈਆ । ਸਾਹ ਸਾਹ

ਆਪਣੇ ਅੰਦਰ ਧਿਆਓ, ਸਵਾਸਾਂ ਵਿਚ ਸਮਾਈਆ । ਨੇਤਰ ਨੈਣਾਂ ਨੀਰ ਵਹਾਓ, ਛਹਿਬਰ ਦਿਉ ਲਗਾਈਆ । ਗਲ ਪੱਲੂ ਪਾ ਕੇ ਵਾਸਤਾ ਪਾਓ, ਪਾਰਬ੍ਰਹਮ ਤੇਰੀ ਓਟ ਤਕਾਈਆ । ਤੂੰ ਆਉਣਾ ਸਾਡੇ ਸਚ ਗਰਾਂਉ, ਗ੍ਰਿਹ ਮੰਦਰ ਦੇਣੀ ਵਡਿਆਈਆ । ਅਸੀਂ ਤੇਰਾ ਜਪੀਏ ਨਾਉਂ, ਨਰ ਨਿਰੰਕਾਰ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਨਾਰਦ ਕਹੇ ਸਾਰੀਆਂ ਅੰਦਰੋਂ ਛਡੋ ਮਾਣ, ਨਿਮਾਣੀਆਂ ਹੋ ਕੇ ਸੀਸ ਨਿਵਾਈਆ । ਬਿਨਾ ਨੇਤਰਾਂ ਚਰਨ ਕਰੋ ਧਿਆਨ, ਬਿਨ ਅੱਖਾਂ ਅੱਖ ਬਦਲਾਈਆ । ਬਿਨ ਮੁਖੋ ਕਹੋ ਸ੍ਰੀ ਭਗਵਾਨ, ਹਰਿ ਕਰਤੇ ਤੇਰੇ ਹੱਥ ਵਡਿਆਈਆ । ਅਸੀਂ ਬਾਲੀ ਬੁਧਿ ਅੰਞਾਣ, ਸਾਡੀ ਚਲੇ ਨਾ ਕੋਇ ਚਤੁਰਾਈਆ । ਅਸੀਂ ਪਾਣੀ ਦਾ ਵਹਿਣ ਟਿੱਲਿਆਂ ਟਿੱਬਿਆਂ ਵਾਲਾ ਗਾਹਣ, ਭੱਜੀਏ ਵਾਹੋ ਦਾਹੀਆ । ਤੂੰ ਮਾਲਕ ਸੁਆਮੀ ਸਾਡਾ ਇਕ ਮਹਾਨ, ਮਹਿੰਮਾ ਤੇਰੀ ਵਡ ਵਡਿਆਈਆ । ਸਾਡੀ ਬੇਨੰਤੀ ਕਰ ਪਰਵਾਨ, ਪੁਨਹ ਪੁਨਹ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਦਰ ਆਪ ਸੁਹਾਈਆ । ਨਾਰਦ ਕਹੇ ਪਰਮ ਪੁਰਖ ਨੂੰ ਖ਼ੁਸ਼ੀਆਂ ਵਿਚ ਰੁਝਾਓ, ਰੀਝਾਂ ਪੂਰ ਜੋ ਅਖਵਾਈਆ । ਤਨ ਮਨ ਸੀਸ ਖ਼ੁਸ਼ੀ ਬਣਾਓ, ਅਗਨੀ ਅੱਗ ਨਾ ਲਾਗੇ ਰਾਈਆ । ਦੁਤੀਆ ਭਾਉ ਦੂਰ ਕਰਾਓ, ਦੁਵੈਤ ਰਹਿਣ ਕੋਇ ਨਾ ਪਾਈਆ । ਬੇਨੰਤੀ ਚਰਨਾਂ ਵਿਚ ਟਿਕਾਓ, ਟਿੱਕੇ ਧੂੜੀ ਖ਼ਾਕ ਰਮਾਈਆ । ਇਕੋ ਮੰਨੋ ਪਿਤਾ ਮਾਂਉ, ਦੂਜਾ ਨਜ਼ਰ ਕੋਇ ਨਾ ਆਈਆ । ਨਾਲੇ ਢੋਲਾ ਗਾਉ ਵਾਹੋ ਵਾਹੋ, ਵਾਹਿਗੁਰੂ ਤੇਰੇ ਹੱਥ ਵਡਿਆਈਆ । ਬੇਸ਼ਕ ਅਸੀਂ ਪਾਣੀ ਦਾ ਵਹਿਣ ਦੁਨੀਆ ਸਾਨੂੰ ਕਹੇ ਦਰਿਆਓ, ਥਲ ਅਸਗਾਹਾਂ ਵਿਚ ਆਪਣਾ ਝਟ ਲੰਘਾਈਆ । ਤੂੰ ਅੰਤ ਕੰਤ ਭਗਵੰਤ ਸਾਨੂੰ ਪਕੜਨਾ ਬਾਹੋਂ, ਸਿਰ ਸਾਡੇ ਹੱਥ ਟਿਕਾਈਆ । ਕਲਜੁਗ ਅੰਤ ਤੇਰੇ ਹੱਥ ਨਿਆਉਂ, ਅਦਲ ਇਨਸਾਫ਼ ਦੇਣਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਅਗੰਮ ਅਥਾਹੋ, ਅਲਖ ਅਗੋਚਰ ਕਹਿਣ ਕਿਛ ਨਾ ਪਾਈਆ ।



### ✪ ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਰੋਸ਼ਨ ਲਾਲ ਦੇ ਗ੍ਰਿਹ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਨਾਰਦ ਕਹੇ ਸਤਿਗੁਰ ਸ਼ਬਦ ਦੀ ਲਓ ਗਵਾਹੀ, ਸ਼ਹਾਦਤ ਗੋਬਿੰਦ ਧਾਰ ਭੁਗਤਾਈਆ । ਤੁਹਾਡੇ ਦਰ ਆਵੇ ਧੁਰ ਦਾ ਮਾਹੀ, ਮਹਿਬੂਬ ਅਗੰਮ ਅਥਾਹੀਆ । ਤੁਸੀਂ ਮਿਲਣਾ ਚਾਈਂ ਚਾਈਂ, ਚਾਓ ਘਨੇਰਾ ਇਕ ਪਰਗਟਾਈਆ । ਅਸੀਂ ਆਪਣੀ ਆਸਾ ਮਨਸਾ ਚਰਨ ਦੇਣੀ ਟਿਕਾਈ, ਸਹਿਜ ਨਾਲ ਰਖਾਈਆ । ਉਹ ਮਿਹਰਵਾਨ ਹੋਵੇ ਮਿਹਰ ਨਜ਼ਰ ਤਕਾਈ, ਨੈਣ ਨੈਣ ਨਾਲ ਬਦਲਾਈਆ । ਤੁਹਾਡੀ ਖ਼ਾਲੀ ਝੋਲੀ ਦਏ ਭਰਾਈ, ਭ੍ਰਿਸ਼ਟਾਚਾਰ ਵਿਚੋਂ ਬਾਹਰ ਕਰਾਈਆ । ਜਲਧਾਰਾ ਕਰੇ ਸਫ਼ਾਈ, ਸਫ਼ਾ ਹਸਤੀ ਰੰਗ ਰੰਗਾਈਆ । ਤੁਸਾਂ ਗੁਣ ਗਾਉਣਾ ਚਾਈਂ ਚਾਈਂ, ਚਾਓ ਘਨੇਰਾ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਚ ਸੁਆਮੀ ਦਇਆ ਕਮਾਵੇਗਾ । ਦੀਨ ਦਿਆਲ ਖੇਲ ਖਿਲਾਵੇਗਾ । ਗੁਰ ਗੋਪਾਲਾ ਵੇਖ ਵਖਾਵੇਗਾ । ਭਗਤ ਰਖਵਾਲਾ ਫੇਰਾ ਪਾਵੇਗਾ । ਦਰ

ਸੁਹੰਜਣਾ ਇਕ ਸੁਹਾਵੇਗਾ । ਤਟ ਕਿਨਾਰੇ ਸੋਭਾ ਪਾਵੇਗਾ । ਘਾਟਾਂ ਪਤਣਾਂ ਪੜਦਾ ਲਾਹਵੇਗਾ । ਤੁਹਾਡਾ ਭੰਡਾਰਾ ਭਰੇ ਸਖਣਾ, ਵਸਤ ਅਮੁਲ ਆਪ ਵਰਤਾਵੇਗਾ । ਤੁਸਾਂ ਵਕਤ ਸੁਹੰਜਣਾ ਯਾਦ ਰਖਣਾ, ਭੁਲ ਵਿਚ ਨਾ ਕਦੇ ਭੁਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਦਰ ਇਕ ਵਡਿਆਵੇਗਾ । ਸਾਚਾ ਦਰ ਇਕ ਵਡਿਆਵੇਗਾ । ਪੁਰਖ ਅਬਿਨਾਸ਼ੀ ਚਰਨ ਟਿਕਾਵੇਗਾ । ਘਟ ਨਿਵਾਸੀ ਸੋਭਾ ਪਾਵੇਗਾ । ਮੰਡਲ ਰਾਸੀ ਖੇਲ ਵਖਾਵੇਗਾ । ਪ੍ਰਿਥਮੀ ਆਕਾਸ਼ੀ ਪੰਧ ਮੁਕਾਵੇਗਾ । ਧੁਰ ਦਾ ਸੋਹਣਾ ਛੰਦ ਦ੍ਰਿੜਾਵੇਗਾ । ਨੂਰੀ ਚੰਦ ਚੰਦ ਰੁਸ਼ਨਾਵੇਗਾ । ਤੁਹਾਡਾ ਬੰਦ ਬੰਦ ਵੇਖ ਵਖਾਵੇਗਾ । ਨਿਝਰੋਂ ਆਪਣਾ ਦੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਵੇਗਾ । ਜ਼ਰੂਰ ਮਾਰ ਕੇ ਆਵੇ ਪੰਧ, ਪਾਂਧੀ ਹੋ ਕੇ ਫੇਰਾ ਪਾਵੇਗਾ । ਜਗਤ ਜਹਾਨ ਦੀ ਮੰਜ਼ਲ ਲੰਘ, ਦਰ ਦੁਆਰਾ ਇਕ ਵਡਿਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸੰਗੀ ਹੋ ਕੇ ਧੁਰ ਦਾ ਸੰਗ ਨਿਭਾਵੇਗਾ ।

### ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਪੂਰਨ ਸਿੰਘ ਦੇ ਗ੍ਰਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ

ਨਾਰਦ ਕਹੇ ਸਤਿਗੁਰ ਸ਼ਬਦ ਹਭ ਆਸ਼ਾ ਕਰਨੀਆਂ ਪੂਰੀਆਂ, ਦਰ ਤੇਰੇ ਮੰਗ ਮੰਗਾਈਆ । ਰਾਹ ਤਕਣ ਚੰਨ ਸੂਰੀਆ, ਮੰਡਲ ਅੱਖ ਉਠਾਈਆ । ਤੂੰ ਆਉਣਾ ਗ੍ਰਹਿ ਜ਼ਰੂਰੀਆ, ਜ਼ਰੂਰਤ ਸਭ ਦੀ ਵੇਖ ਵਖਾਈਆ । ਤੇਰਾ ਪਰਕਾਸ਼ ਹੋਵੇ ਨੂਰੀਆ, ਨੂਰ ਨੁਰਾਨਾ ਡਗਮਗਾਈਆ । ਤੂੰ ਸਰਬ ਕਲਾ ਭਰਪੂਰੀਆ, ਭਰਪੂਰ ਰਿਹਾ ਸਰਬ ਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਸਤਿਗੁਰ ਸ਼ਬਦ ਤੇਰੇ ਹੱਥ ਵਡਿਆਈ, ਵਡ ਵੱਡਾ ਇਕ ਅਖਵਾਈਆ । ਲੇਖਾ ਸਭ ਦਾ ਪੂਰ ਕਰਾਈ, ਪਰਮ ਪੁਰਖ ਹੁਕਮ ਵਰਤਾਈਆ । ਪੰਧ ਮਾਰ ਕੇ ਆਉਣਾ ਥਲ ਅਸਗਾਹੀ, ਅਗੇ ਹੋ ਨਾ ਕੋਇ ਅਟਕਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਤੇਰੀ ਬਣਤ ਬਣਾਈ, ਘੜਨ ਭੰਨਣਹਾਰ ਇਕ ਅਖਵਾਈਆ । ਅੰਮ੍ਰਿਤ ਧਾਰਾ ਜਿਸ ਨੇ ਵਹਿਣ ਵਹਾਈ, ਆਪਣਾ ਰੰਗ ਰੰਗਾਈਆ । ਅੰਤ ਉਹ ਮੇਟਣਵਾਲਾ ਸ਼ਾਹੀ, ਦੁਰਮਤ ਮੈਲ ਮੈਲ ਧੁਆਈਆ । ਤੂੰ ਸਭ ਦਾ ਬਣਨਾ ਹਕ ਗੁਸਾਈਂ, ਸਿਰ ਸਿਰ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਰਨੀ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਸਾਡੀ ਆਸ਼ਾ ਤਕ ਪੁਰਾਨੀ, ਜੁਗ ਚੌਕੜੀ ਪੂਰਬ ਵੇਖ ਵਖਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਕਰੇ ਕੀ ਨਿਮਾਣੀ, ਨਿਮਰਤਾ ਵਿਚ ਬਹਿ ਬਹਿ ਸੀਸ ਨਿਵਾਈਆ । ਤੂੰ ਆਦਿ ਜੁਗਾਦੀ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ । ਤੈਨੂੰ ਪੈਗ਼ੰਬਰਾਂ ਮੰਨਿਆ ਪਿਤਾ ਅਸਮਾਨੀ, ਦਰਗਾਹ ਸਾਚੀ ਸੋਭਾ ਪਾਈਆ । ਤੂੰ ਸਾਡਾ ਲੇਖੇ ਲਾਉਣਾ ਆਵਣ ਜਾਣੀ, ਜੋ ਦਰ ਤੇਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਨਾਰਦ ਕਹੇ ਸਤਿਗੁਰ ਸ਼ਬਦ ਸਭ ਦਾ ਮੇਟਣਾ ਭਰਮ, ਭਾਂਡਾ ਭਰਮ ਵਿਚੋਂ

ਭੰਨਾਈਆ । ਝਗੜਾ ਰਹੇ ਨਾ ਕਾਇਆ ਮਾਟੀ ਚਰਮ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਸਾਰੀਆਂ ਤੇਰੀ ਆਈਆਂ ਸਰਨ, ਓਟ ਤੇਰੀ ਇਕ ਤਕਾਈਆ । ਅੰਦਰੇ ਅੰਦਰ ਤੈਥੋਂ ਡਰਨ, ਭੈ ਵਿਚ ਬੈਠੀਆਂ ਸੀਸ ਝੁਕਾਈਆ । ਤੂੰ ਲੇਖਾ ਜਾਣੇਂ ਚੋਟੀ ਜੜ੍ਹਨ, ਚੇਤਨ ਤੇਰੇ ਹੱਥ ਵਡਿਆਈਆ । ਤੂੰ ਮਾਲਕ ਘਾੜਨ ਘੜਨ, ਭੰਨਣਹਾਰ ਆਪ ਹੋ ਜਾਈਆ । ਦਰ ਆਈਆਂ ਸਾਚੀ ਦੇਣੀ ਸਰਨ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਗ ਲਗਾਉਣਾ ਸਾਚੇ ਘਰਨ, ਗ੍ਰਿਹ ਗ੍ਰਿਹ ਆਪ ਸੁਹਾਈਆ ।

### ✪ ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਭਗਵਾਨ ਸਿੰਘ ਦੇ ਗ੍ਰਿਹ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਸਤਿਗੁਰ ਸ਼ਬਦ ਕਹੇ ਮੈਂ ਸੂਰਬੀਰ ਸੁਲਤਾਨ, ਯੋਧਾ ਦੋ ਜਹਾਨ ਅਖਵਾਈਆ । ਆਦਿ ਜੁਗਾਦੀ ਹੁਕਮਰਾਨ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਸਤਿ ਸਚ ਦਾ ਦੇਵਣਹਾਰਾ ਦਾਨ, ਵਸਤ ਅਨਮੁਲ ਅਤੁਲ ਵਰਤਾਈਆ । ਸਚਖੰਡ ਨਿਵਾਸੀ ਬਣ ਪਰਧਾਨ, ਦੀਨ ਦੁਨੀ ਖੇਲ ਖਿਲਾਈਆ । ਮੇਰਾ ਸਭ ਤੋਂ ਵਖਰਾ ਵਿਧਾਨ, ਜਿਸ ਦੀ ਤਰਮੀਮ ਨਾ ਕੋਇ ਕਰਾਈਆ । ਮੈਂ ਆਦਿ ਅੰਤ ਦਾ ਇਕ ਹੁਕਮਰਾਨ, ਦੂਜਾ ਨਜ਼ਰ ਕੋਇ ਨਾ ਆਈਆ । ਮੈਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਜ਼ਿਮੀ ਅਸਮਾਨ, ਅਵਤਾਰ ਪੈਗ਼ੰਬਰ ਗੁਰ ਨਿਵ ਨਿਵ ਲਾਗਣ ਪਾਈਆ । ਚਾਰ ਜੁਗ ਦੇ ਸ਼ਾਸਤਰ ਮੇਰਾ ਦੇਣ ਗਿਆਨ, ਸਿਫ਼ਤੀ ਬਣ ਕੇ ਸਿਫ਼ਤੀ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਦੇਣਾ ਦੱਸ, ਦਹਿ ਦਿਸ਼ਾ ਬਾਹਰ ਧਿਆਨ ਲਗਾਈਆ । ਕਲਜੁਗ ਮੇਟਾਂ ਰੈਣ ਅੰਧੇਰੀ ਮਸ, ਮਸਲ ਦੇਵਾਂ ਖ਼ਲਕ ਖ਼ੁਦਾਈਆ । ਸਚ ਦੁਆਰ ਆਵਾਂ ਨੱਸ, ਭੱਜਾਂ ਵਾਹੋ ਦਾਹੀਆ । ਅੰਮ੍ਰਿਤ ਭੰਡਾਰਾ ਦੇਵਾਂ ਰਸ, ਬਿਨ ਰਸਨਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਸਭ ਦਾ ਆਦਿ ਜੁਗਾਦੀ ਕੰਤ, ਕੰਤੂਹਲ ਇਕ ਅਖਵਾਈਆ । ਨਿਰਗੁਣ ਧਾਰ ਬਣਾਵਾਂ ਬਣਤ, ਘੜਨ ਭੰਨਣਹਾਰ ਹੋਵਾਂ ਬੇਪਰਵਾਹੀਆ । ਮੇਰਾ ਆਦਿ ਜੁਗਾਦੀ ਇਕੋ ਮੰਤ, ਇਕੋ ਸਿਖਿਆ ਸਚ ਸਮਝਾਈਆ । ਮੇਰੇ ਰੂਪ ਅਨੂਪ ਅਗਣਤ, ਅਵਤਾਰ ਪੈਗ਼ੰਬਰ ਗੁਰੂ ਗਏ ਸਮਝਾਈਆ । ਅੰਤ ਸਭ ਤੋਂ ਵਖਰੀ ਬਣਾਈ ਆਪਣੀ ਬਣਤ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਤੂੰ ਨਿਗਾਹ ਮਾਰ ਲੈ ਨਾਰਦ ਬਣਕੇ ਬੋਧ ਅਗਾਧਾ ਪੰਡਤ, ਬ੍ਰਾਹਮਣਾ ਬ੍ਰਹਮ ਤੋਂ ਬਾਹਰ ਧਿਆਨ ਲਗਾਈਆ । ਮੇਰਾ ਲਹਿਣਾ ਦੇਣਾ ਨਾਲ ਜੀਵ ਜੰਤ, ਲੱਖ ਚੁਰਾਸੀ ਵਿਚ ਸਮਾਈਆ । ਅੰਤ ਸਭ ਦੀ ਮੰਨਾਂ ਮਿੰਨਤ, ਆਸ਼ਾ ਵੇਖਾਂ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਮੇਟਣਹਾਰ ਚਿੰਤ, ਚਿੰਤਾ ਚਿਖਾ ਰਹਿਣ ਕੋਇ ਨਾ ਪਾਈਆ ।

### ✪ ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਖੇਮ ਕੌਰ ਦੇ ਗ੍ਰਿਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਸਤਿਗੁਰ ਸ਼ਬਦ ਕਹੇ ਜਨ ਭਗਤੋ ਤੁਹਾਨੂੰ ਪ੍ਰਭੂ ਦੀ ਧਾਰ ਮਿਲ ਗਈ ਸਸਤੀ, ਕ਼ੀਮਤ ਜਗਤ ਨਾ ਕੋਇ ਰਖਾਈਆ । ਖ਼ੁਸ਼ੀਆਂ ਵਿਚ ਚੜ੍ਹੀ ਮਸਤੀ, ਮਸਤ ਦੀਵਾਨੇ ਰੂਪ ਬਦਲਾਈਆ । ਤੁਹਾਡੇ ਅੰਦਰ ਵਸਦੀ ਗੰਗਾ ਗੋਦਾਵਰੀ ਜਮਨਾ ਸੁਰਸਤੀ, ਬਾਹਰ ਖੋਜਣ ਦੀ ਲੋੜ ਰਹੀ ਨਾ ਰਾਈਆ । ਤੁਹਾਡੀ ਆਸ਼ਾ ਉਸ ਨਾਲ ਹਸਦੀ, ਜੋ ਹਸਤੀ ਦਾ ਮਾਲਕ ਨੂਰ ਅਲਾਹੀਆ । ਤੁਹਾਨੂੰ ਖ਼ਬਰ ਅਗੰਮੀ ਦੱਸਦੀ, ਦਹਿ ਦਿਸ਼ਾ ਤੋਂ ਬਾਹਰ ਸੁਣਾਈਆ । ਹੁਣ ਘੜੀ ਨਹੀਂ ਰਹਿਣੀ ਵਖ ਦੀ, ਵਖਰੀ ਵੰਡ ਨਾ ਕੋਇ ਵੰਡਾਈਆ । ਤੁਹਾਡੀ ਲੋ ਹੋਣੀ ਨਿਜ ਨੇਤਰ ਅੱਖ ਦੀ, ਪ੍ਰਕਾਸ਼ ਪ੍ਰਕਾਸ਼ ਪ੍ਰਕਾਸ਼ ਵਿਚੋਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਤੁਹਾਡਾ ਧਰਮ ਧਾਰ ਦਾ ਪਿਆਰ, ਪ੍ਰੇਮੀਉ ਪ੍ਰੀਤਮ ਨਾਲ ਮਿਲ ਕੇ ਵਜੀ ਵਧਾਈਆ । ਤੁਹਾਡਾ ਅੰਦਰ ਅੰਮ੍ਰਿਤ ਰਸ ਠੰਡਾ ਠਾਰ, ਤੱਟਾਂ ਤੀਰਥਾਂ ਖੋਜਣ ਕੋਇ ਨਾ ਜਾਈਆ । ਪੁਰਖ ਅਕਾਲਾ ਦੀਨ ਦਿਆਲਾ ਤੁਹਾਡੀ ਪਾਵੇ ਸਾਰ, ਮਿਹਰਵਾਨ ਹੋ ਕੇ ਵੇਖੇ ਚਾਈਂ ਚਾਈਆ । ਤੁਸੀਂ ਨਿਰਗੁਣ ਧਾਰ ਜੋਤੀ ਜਾਤੇ ਕਰਨਾ ਦੀਦਾਰ, ਪੁਰਖ ਬਿਧਾਤੇ ਮਿਲਣਾ ਥਾਉਂ ਥਾਈਂਆ । ਸੋ ਸਾਹਿਬ ਸੁਆਮੀ ਅੰਤਰਜਾਮੀ ਤੁਹਾਡਾ ਲਹਿਣਾ ਦੇਣਾ ਦੇਵੇ ਵਿਚ ਸੰਸਾਰ, ਲੋਕਮਾਤ ਦੀਨ ਦੁਨੀ ਰਹਿਣ ਕਿਛ ਨਾ ਪਾਈਆ । ਜਿਸ ਦਾ ਲੇਖਾ ਕਾਗਦ ਕ਼ਲਮ ਨਾ ਲਿਖਣਹਾਰ, ਅਕ਼ਲ ਬੁੱਧੀ ਚਲੇ ਨਾ ਕੋਇ ਚਤੁਰਾਈਆ । ਸੋ ਸੁਆਮੀ ਤੁਹਾਡਾ ਮੀਤ ਮੁਰਾਰ, ਮਿਤਰ ਪਿਆਰਿਓ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਤੁਹਾਡੇ ਅੰਦਰ ਪਵਣ ਪਾਣੀ, ਬਸੰਤਰ ਮਿਲ ਕੇ ਵਜੇ ਵਧਾਈਆ । ਤੁਹਾਡੇ ਅੰਦਰ ਸਤਿਗੁਰ ਸ਼ਬਦ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਤੁਹਾਡੇ ਅੰਦਰ ਤੁਹਾਡੀ ਮਹਿੰਮਾ ਅਕਥ ਕਹਾਣੀ, ਕਥਨੀ ਕਥ ਨਾ ਸਕੇ ਰਾਈਆ । ਤੁਹਾਡੇ ਅੰਦਰ ਤੁਹਾਡੀ ਸਚ ਨਿਸ਼ਾਨੀ, ਗ੍ਰਿਹਿ ਮੰਦਰ ਸੋਭਾ ਪਾਈਆ । ਤੁਹਾਡੇ ਘਰ ਤੁਹਾਡੀ ਮੰਜ਼ਲ ਰੁਹਾਨੀ, ਰੂਹ ਬੁਤ ਮਿਲ ਕੇ ਵਜੇ ਵਧਾਈਆ । ਤੁਹਾਡੇ ਗ੍ਰਿਹਿ ਤੁਹਾਡਾ ਪਿਤਾ ਅਸਮਾਨੀ, ਪਰਮ ਪੁਰਖ ਬੈਠਾ ਆਸਣ ਲਾਈਆ । ਜੋ ਲਹਿਣਾ ਦੇਣਾ ਜਾਣੇ ਦੋ ਜਹਾਨੀ, ਨਿਰਗੁਣ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਭ ਦਾ ਬਾਨੀ, ਬਾਣ ਅਣਿਆਲਾ ਤੀਰ ਆਪਣਾ ਹੁਕਮ ਚਲਾਈਆ ।

### ✪ ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਰਾਜਾ ਸਿੰਘ ਦੇ ਗ੍ਰਿਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਜਨ ਭਗਤੋਂ ਤੁਹਾਡੀ ਮੰਜ਼ਲ ਹਕ ਰੁਹਾਨੀ, ਰਾਮ ਪਿਆਰ ਵਿਚ ਰਾਮ ਵਿਚ ਸਮਾਈਆ । ਤੁਹਾਡਾ ਲੇਖਾ ਨਹੀਂ ਨਾਲ ਜ਼ਮੀਨ ਅਸਮਾਨੀ, ਤਨ ਵਜੂਦ ਨਾ ਵੰਡ ਵੰਡਾਈਆ । ਤੁਹਾਡਾ ਮਾਲਕ ਖ਼ਾਲਕ ਤੁਹਾਡੇ ਉਤੇ ਕਰੇ ਮਿਹਰਵਾਨੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤੁਹਾਡਾ ਲਹਿਣਾ

ਦੇਣਾ ਮੁਕੇ ਚਾਰੇ ਖਾਣੀ, ਚਾਰੇ ਬਾਣੀ ਆਪਣਾ ਹੁਕਮ ਸੁਣਾਈਆ । ਲੋੜ ਨਾ ਰਹੇ ਕਿਸੇ ਤੀਰਥ ਅਠਸਠ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਆਸ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਵਸਤ ਆਪ ਵਰਤਾਈਆ । ਜਨ ਭਗਤੋ ਅੰਮ੍ਰਿਤ ਰਸ ਤੁਹਾਡੀ ਨਿਝਰ ਧਾਰ, ਬੂੰਦ ਸਵਾਤੀ ਆਪ ਟਪਕਾਈਆ । ਤੁਹਾਡਾ ਜਨਮ ਮਰਨ ਦਏ ਸੁਆਰ, ਪੈਜ ਰਖੇ ਥਾਉਂ ਥਾਈਂਆ । ਸਚ ਸਮਝਾ ਕੇ ਧਰਮ ਦੁਆਰ, ਧਰਮ ਦੀ ਧਾਰ ਨਾਲ ਬੰਧਾਈਆ । ਤੁਹਾਨੂੰ ਕਰਕੇ ਖ਼ਬਰਦਾਰ, ਸੁਤਿਆਂ ਲਿਆ ਉਠਾਈਆ । ਦੇ ਕੇ ਨਾਮ ਅਧਾਰ, ਉਦਰ ਦਾ ਲੇਖਾ ਦਿਤਾ ਮੁਕਾਈਆ । ਤੁਹਾਡਾ ਲਹਿਣਾ ਦੇਣਾ ਅੰਤ ਨਾਲ ਕਰਤਾਰ, ਕ਼ੁਦਰਤ ਦਾ ਕ਼ਾਦਰ ਆਪਣੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਜਨ ਭਗਤੋ ਤੁਹਾਡਾ ਜਨਮ ਕਰਮ ਦਾ ਲਹਿਣਾ ਗਿਆ ਉਤਰ, ਉੱਤਰ ਪੂਰਬ ਪੱਛਮ ਦੱਖਣ ਵੰਡ ਨਾ ਕੋਇ ਰਖਾਈਆ । ਤੁਸੀਂ ਉਸ ਪ੍ਰਭੂ ਦੇ ਪੁਤਰ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜਿਸ ਤੁਹਾਨੂੰ ਚੁੱਕਿਆ ਕੁੱਛੜ, ਗੋਦੀ ਗੋਦ ਲਿਆ ਟਿਕਾਈਆ । ਤੁਹਾਡਾ ਭਾਉ ਰਿਹਾ ਨਾ ਦੂੱਤਰ, ਦੁਤੀਆ ਦਿਤਾ ਮੁਕਾਈਆ । ਕੌਲ ਇਕ਼ਰਾਰ ਕਰਕੇ ਜਾਏ ਨਾ ਮੁਕਰ, ਵਅਦਾ ਸਚ ਸਚ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌ ਖੰਡ ਪ੍ਰਿਥਮੀ ਸੱਤ ਦੀਪ ਦੋ ਜਹਾਨਾਂ ਵੇਖੇ ਕ਼ੁਤਰ, ਕ਼ੁਤਬ ਦਾ ਲੇਖਾ ਆਪਣੇ ਹੱਥ ਰਖਾਈਆ ।



## ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਬੇਲਾ ਸਿੰਘ ਦੇ ਗ੍ਰਿਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ

ਨਾਰਦ ਕਹੇ ਜਨ ਭਗਤੋ ਤੀਰਥ ਤਟਾਂ ਤੋਂ ਭਗਤੀ ਹੋ ਗਈ ਭਗੌੜੀ, ਆਪਣਾ ਆਪ ਆਈ ਬਦਲਾਈਆ । ਖ਼ਾਲੀ ਹੋ ਗਈ ਹਰਿ ਕੀ ਪੌੜੀ, ਹਰੀ ਹਰਿ ਰੰਗ ਨਾ ਕੋਇ ਰੰਗਾਈਆ । ਦੀਨ ਦੁਨੀ ਦੀ ਆਸ਼ਾ ਦਿਸੇ ਕੌੜੀ, ਕੁੜੱਤਣ ਭਰੀ ਲੋਕਾਈਆ । ਹੋਕਾ ਦੇਵੇ ਬਹੁੜੀ ਬਹੁੜੀ, ਤੇਰਾ ਨਾਮ ਦੁਹਾਈਆ । ਤੇਰੀ ਮੰਜ਼ਲ ਬੜੀ ਲੰਮੀ ਚੌੜੀ, ਚਾਰ ਕੁੰਟ ਪੰਧ ਨਾ ਕੋਇ ਮੁਕਾਈਆ । ਮੇਰੀ ਆਯੂ ਬੀਤੀ ਥੋੜ੍ਹੀ, ਬਹੁਤੀ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲੇ ਦੀਨ ਦਿਆਲੇ ਮੈਨੂੰ ਤੇਰੀ ਲੋੜੀ, ਲੁੜੀਂਦੇ ਸਾਜਣ ਦੇਣੀ ਵਡਿਆਈਆ । ਸਤਿਗੁਰ ਸ਼ਬਦ ਕਿਹਾ ਤੇਰੀ ਭਗਤਾਂ ਨਾਲ ਬਣਾਵਾਂ ਜੋੜੀ, ਸੋਹਣਾ ਸੰਗ ਬਣਾਈਆ । ਜਿਹੜੇ ਚੜ੍ਹੇ ਪ੍ਰੇਮ ਦੀ ਘੋੜੀ, ਵਾਗਾਂ ਸਤਿਗੁਰ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਭਗਤੀ ਕਹੇ ਪ੍ਰਭੂ ਦੇ ਭਗਤ ਸਦਾ ਹੁੰਦੇ ਭੋਲੇ, ਭਲੀ ਗੱਲ ਇਕੋ ਉਨ੍ਹਾਂ ਦੇ ਅੰਦਰ ਆਈਆ । ਉਹ ਸੁੱਤੇ ਜਾਗਦੇ ਗਾਉਂਦੇ ਸੋਹਲੇ, ਸੁਰਤੀ ਸ਼ਬਦ ਵਿਚ ਸਮਾਈਆ । ਉਨ੍ਹਾਂ ਦੇ ਦੁਨੀਆ ਨਾਲੋਂ ਵਖਰੇ ਢੋਲੇ, ਗੀਤ ਗਾਉਂਦੇ ਧੁਰ ਦੇ ਮਾਹੀਆ । ਮੈਂ ਸਦਾ ਉਨ੍ਹਾਂ ਦੇ ਵਸਦੀ ਕੋਲੇ, ਇਕੱਲੀ ਬੈਠੀ ਨਜ਼ਰ ਕਿਸੇ ਨਾ ਆਈਆ । ਮੈਨੂੰ ਵਿਆਹਿਆ ਨਹੀਂ ਕਿਸੇ ਦੀਨ ਦੁਨੀ ਦੇ ਡੋਲੇ, ਕਹਾਰਾਂ ਪੰਧ ਨਾ ਕੋਇ ਮੁਕਾਈਆ । ਮੈਂ ਜਦੋਂ ਵਸੀ ਵਸੀ ਭਗਤਾਂ ਕਾਇਆ ਚੋਲੇ, ਅੰਦਰ ਵੜ ਕੇ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਭਗਤੀ

ਕਹੇ ਮੈਂ ਭੱਜੀ ਨਾਲ ਜ਼ੋਰ, ਜੋਰੁ ਜ਼ਰ ਦੋਵੇਂ ਆਈ ਤਜਾਈਆ । ਮੇਰੇ ਅੰਦਰ ਫੁਰਨਾ ਫੁਰਿਆ ਫੇਰ, ਫੁਰਤੀ ਨਾਲ ਦਿਤਾ ਸੁਣਾਈਆ । ਨੀ ਤੀਰਥ ਤਟਾਂ ਉਤੇ ਬੈਠੇ ਠਗ ਚੋਰ, ਕੂੜ ਕੁੜਿਆਰ ਡੇਰਾ ਲਾਈਆ । ਏਥੇ ਰੀਤੀ ਬਣ ਗਈ ਹੋਰ ਦੀ ਹੋਰ, ਹੋਰ ਦਾ ਹੋਰ ਰੂਪ ਬਦਲਾਈਆ । ਪਾਣੀ ਦੀਆਂ ਧਾਰਾਂ ਵਿਚ ਹੋਇਆ ਅੰਧ ਘੋਰ, ਸਾਚਾ ਚੰਦ ਨਾ ਕੋਇ ਚਮਕਾਈਆ । ਭਗਤੀਏ ਤੇਰੀ ਪ੍ਰੇਮ ਵਿਚ ਬੰਨ੍ਹੇ ਕੋਈ ਨਾ ਡੋਰ, ਕੰਨੀ ਗੰਢ ਨਾ ਕੋਇ ਰਖਾਈਆ । ਜਾ ਏਸ ਵੇਲੇ ਜਨ ਭਗਤ ਸੁਹੇਲੇ ਲੋੜ, ਜੋ ਪ੍ਰਭ ਦੇ ਵਿਚ ਸਮਾਈਆ । ਮੈਂ ਆਪਣੀ ਮਨਸਾ ਜਗਤ ਕਿਨਾਰਿਆਂ ਵਲੋਂ ਲਈ ਮੋੜ, ਭੱਜੀ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਭਗਤੀ ਕਹੇ ਭਗਤਾਂ ਅੰਦਰ ਨਹੀਂ ਵਿਦਿਆ ਰਾਗ, ਵਿਦਿਤ ਰੂਪ ਨਾ ਕੋਇ ਬਣਾਈਆ । ਨਹੀਂ ਦੀਨ ਦੁਨੀ ਦਾ ਸਮਾਜ, ਸਮਗ੍ਰੀ ਜਗਤ ਨਾ ਕੋਇ ਰਖਾਈਆ । ਮੈਂ ਅੱਖੀਂ ਵੇਖਿਆ ਆਜ, ਭੱਜੀ ਵਾਹੋ ਦਾਹੀਆ । ਹੈਰਾਨ ਹੋ ਗਈ ਜਿਨ੍ਹਾਂ ਦੀ ਪ੍ਰਭੂ ਰਖੇ ਲਾਜ, ਸਿਰ ਆਪਣਾ ਹੱਥ ਟਿਕਾਈਆ । ਉਨ੍ਹਾਂ ਦੇ ਅੰਦਰੋਂ ਇਕੋ ਪ੍ਰੇਮ ਦੀ ਨਿਕਲੇ ਆਵਾਜ਼, ਤੂੰ ਹੀ ਤੂੰ ਹੀ ਰਾਗ ਅਲਾਹੀਆ । ਮੈਂ ਸੁੱਤੀ ਗਈ ਜਾਗ, ਨੇਤਰ ਅੱਖ ਖੁਲ੍ਹਾਈਆ । ਖ਼ੁਸ਼ੀਆਂ ਵਿਚ ਹੋ ਗਈ ਬਾਗ਼ ਬਾਗ਼, ਬਾਗ਼ ਬਾਗ਼ੀਚਾ ਭਗਤ ਸੁਹੇਲੇ ਤਕੇ ਧੁਰ ਦਾ ਮਾਹੀਆ । ਮੇਰੀ ਜਗਤ ਕੂੜ ਤ੍ਰਿਸ਼ਨਾ ਦੀ ਬੁਝ ਗਈ ਆਗ, ਸਾਂਤਕ ਸਤਿ ਸਤਿ ਆਪਣਾ ਆਪ ਕਰਾਈਆ । ਵੱਡੀ ਦੇ ਵੱਡੇ ਹੋਏ ਭਾਗ, ਵਡ ਵੱਡਾ ਪਾਇਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
੬੨੧ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਨੂੰ ਪਿਆਏ ਹਯਾਤੇ ਆਬ, ਅੰਮ੍ਰਿਤ ੬੨੧
੨੪ ਰਸ ਬਿਨ ਰਸਨਾ ਰਸ ਚਖਾਈਆ । ੨੪

## ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਬੰਤੀ ਦੇਵੀ ਦੇ ਗ੍ਰਿਹ ਪਿੰਡ ਸੇਈ ਕਲਾਂ ਜ਼ਿਲਾ ਜੰਮੂ

ਭਗਤੀ ਕਹੇ ਜਨ ਭਗਤੋ ਮੇਰਾ ਸੁਣੋ ਫ਼ਰਮਾਨ, ਪ੍ਰਭੂ ਦੇ ਫ਼ਰਮਾਬਰਦਾਰੋ ਦਿਆਂ ਜਣਾਈਆ । ਆਪਣਾ ਕਾਇਮ ਕਰੋ ਧਰਮ ਈਮਾਨ, ਕੂੜੀ ਕਿਰਿਆ ਬਾਹਰ ਕਢਾਈਆ । ਪੰਜਾਂ ਤਤਾਂ ਵਾਲਿਓ ਪੰਚਮ ਆਪਣੇ ਘਰ ਕਰੋ ਪਰਧਾਨ, ਪੰਚਮ ਮਿਲ ਕੇ ਵਜੇ ਵਧਾਈਆ । ਤੁਸੀਂ ਸਾਰੇ ਮਾਨਵ ਜ਼ਾਤੀ ਮਾਨਸ ਰੂਪ ਇਨਸਾਨ, ਊਚ ਨੀਚ ਨਜ਼ਰ ਕੋਇ ਨਾ ਆਈਆ । ਤੁਹਾਡਾ ਮਾਲਕ ਇਕੋ ਧੁਰ ਦਾ ਕਾਹਨ, ਜੋ ਕਾਹਨ ਕਾਹਨਾ ਹੁਕਮ ਸੁਣਾਈਆ । ਮੈਂ ਇਕ ਬੇਨੰਤੀ ਦੱਸਾਂ ਖ਼ੁਸ਼ੀਆਂ ਨਾਲ ਗਾ ਕੇ ਗਾਣ, ਢੋਲਾ ਧੁਰ ਦਾ ਦਿਆਂ ਦ੍ਰਿੜਾਈਆ । ਤੁਸੀਂ ਭਗਤ ਸੁਹੇਲੇ ਆਪਣੇ ਮੁਖ ਵਿਚੋਂ ਆਪਣੇ ਨਕ ਨਾਲ ਲਾਉ ਆਪਣੀ ਜ਼ਬਾਨ, ਜ਼ਬਾਨ ਦਾ ਰਸ ਰਸਨਾ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਭਗਤੀ ਕਹੇ ਜਨ ਭਗਤੋ ਹੋ ਜਾਉ ਸੁੰਨ, ਸਮਾਧੀ ਤੁਹਾਡੀ ਨਜ਼ਰ ਕਿਸੇ ਨਾ ਆਈਆ । ਰਸਨਾ ਵਾਲਿਉ ਬਣ ਜਾਓ ਮੁਨ, ਜਗਤ ਬੋਲਣ ਦੀ ਲੋੜ ਰਹੇ ਨਾ ਰਾਈਆ । ਅਵਾਜ਼ਾਂ ਸੁਣਨ ਵਾਲਿਉ ਆਪਣੇ ਅੰਦਰ ਸੁਣੋ ਧੁਨ, ਅਨਾਦੀ ਧੁਨ ਕਰੇ ਸ਼ਨਵਾਈਆ । ਆਪਣੇ ਆਪ ਨੂੰ ਲਓ ਚੁਣ, ਆਪਣਾ ਆਪ ਲਓ ਪਰਗਟਾਈਆ । ਆਪਣੇ ਵਿਚ ਪਰਗਟ ਕਰੋ ਸਾਚੇ ਗੁਣ, ਗੁਣ ਨਿਧਾਨ ਮਿਲੋ

ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਦਏ ਰੰਗਾਈਆ । ਭਗਤੀ ਕਹੇ ਜਨ ਭਗਤੋ ਆਪਣੇ ਅੰਦਰ ਮਾਰ ਲਓ ਝਾਕੀ, ਝਾਕਾ ਰਹਿਣ ਕੋਇ ਨਾ ਪਾਈਆ । ਪਰਦਾ ਖੋਲ੍ਹ ਕੇ ਵੇਖੋ ਤਾਕੀ, ਕੁੰਡਾ ਬਜਰ ਕਪਾਟ ਖੁਲ੍ਹਾਈਆ । ਅੰਮ੍ਰਿਤ ਜਾਮ ਪੀਓ ਬਣ ਕੇ ਸਾਕੀ, ਪਿਆਲਾ ਨਾਮ ਹੱਥ ਉਠਾਈਆ । ਕੂੜ ਅੰਧੇਰਾ ਮਿਟਾਉ ਰਾਤੀ, ਨਿਜ ਨੇਤਰ ਲਓ ਚਮਕਾਈਆ । ਸਾਚਾ ਰਾਮ ਵਸਾਉ ਵਿਚ ਸੀਨੇ ਛਾਤੀ, ਸ਼ੱਤਰੂ ਪੰਜ ਵਿਕਾਰ ਅੰਦਰੋਂ ਬਾਹਰ ਕਢਾਈਆ । ਤੁਹਾਡੀ ਧਰਮ ਦੀ ਹੋਵੇ ਪਰਭਾਤੀ, ਸਰਘੀ ਸੰਧਿਆ ਵੰਡ ਨਾ ਕੋਇ ਵੰਡਾਈਆ । ਦਰਸ਼ਨ ਪਾਓ ਉਸ ਕਮਲਾਪਾਤੀ, ਜੋ ਪਤਿਪਰਮੇਸ਼ਵਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਖੇਲ ਸਦਾ ਬਹੁਭਾਂਤੀ, ਵੇਸ ਅਨੇਕਾ ਆਪਣਾ ਰੂਪ ਬਦਲਾਈਆ ।

### ✪ ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਸੇਵਾ ਸਿੰਘ ਦੇ ਗ੍ਰਿਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਨਾਰਦ ਕਹੇ ਭਗਤੀਏ ਤੂੰ ਕਿੱਥੋਂ ਆਈ ਸ਼ਤਾਬੀ, ਜਲਦੀ ਜਲਦੀ ਆਪਣਾ ਪੰਧ ਮੁਕਾਈਆ । ਤੇਰੇ ਨੰਗੇ ਪੈਰ ਤੇਰੀ ਕਿਧਰ ਗਈ ਗੁਰਗਾਬੀ, ਪੱਬ ਨਜ਼ਰ ਕੋਇ ਨਾ ਆਈਆ । ਕਿਉਂ ਤੀਰਥ ਤਟਾਂ ਕਿਨਾਰਿਆਂ ਉਤੇ ਕਰਕੇ ਆਈ ਇਨਕਲਾਬੀ, ਆਪਣੀ ਕਰਵਟ ਆਪ ਬਦਲਾਈਆ । ਮੈਨੂੰ ਲਹਿਣਾ ਦੇਣਾ ਲੇਖਾ ਦੱਸ ਸ਼ਤਾਬੀ, ਭੇਵ ਅਭੇਦ ਖੁਲ੍ਹਾਈਆ । ਝਟ ਭਗਤੀ ਨੇ ਨਾਰਦ ਦੇ ਹੱਥ ਮਾਰਿਆ ਉਤੇ ਨਾਭੀ, ਸਹਿਜ ਨਾਲ ਸੁਣਾਈਆ । ਸੁਰਤੀ ਰਹੀ ਕਿਸੇ ਨਾ ਜਾਗੀ, ਸੋਈ ਸਰਬ ਲੋਕਾਈਆ । ਮੈਂ ਤੀਰਥਾਂ ਉਤੋਂ ਭਾਗੀ, ਭੱਜੀ ਵਾਹੋ ਦਾਹੀਆ । ਮੈਨੂੰ ਭਗਤਾਂ ਨੂੰ ਮਿਲਣ ਦੀ ਵਾਦੀ, ਆਦਤ ਪਿਛਲੀ ਦਿਆਂ ਸਮਝਾਈਆ । ਜਿਨ੍ਹਾਂ ਦੀ ਪ੍ਰਭੂ ਚਰਨ ਆਬਾਦੀ, ਬੈਠੇ ਡੇਰੇ ਲਾਈਆ । ਮੇਰੀ ਮੁਹੱਬਤ ਵਿਚ ਉਨ੍ਹਾਂ ਨਾਲ ਸ਼ਾਦੀ, ਜੋ ਸ਼ਾਦਿਆਨੇ ਰਹੇ ਵਜਾਈਆ । ਮੈਂ ਸ਼ਬਦ ਸੰਦੇਸ਼ਾ ਸੁਣਾਂ ਬੋਧ ਅਗਾਧੀ, ਬੁੱਧੀ ਤੋਂ ਪਰੇ ਪਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਭਗਤੀਏ ਤੇਰਾ ਭਗਵਨ ਕਿਹੜਾ, ਮੈਨੂੰ ਦੇ ਜਣਾਈਆ । ਵਸੇ ਕਿਹੜਾ ਖੇੜਾ, ਕਵਣ ਗ੍ਰਿਹਿ ਸੁਹਾਈਆ । ਕਿਸ ਬਿਧ ਬੰਨ੍ਹੇ ਬੇੜਾ, ਨਈਆ ਨੌਕਾ ਆਪ ਚਲਾਈਆ । ਭਗਤੀ ਕਿਹਾ ਨਾਰਦਾ ਜਿਸ ਦਾ ਆਦਿ ਜੁਗਾਦੀ ਖੁਲ੍ਹਾ ਵਿਹੜਾ, ਦੋ ਜਹਾਨਾਂ ਇਕੋ ਰੰਗ ਰੰਗਾਈਆ । ਨਾਰਦ ਕਿਹਾ ਹਸ ਕੇ ਕਮਲੀਏ ਮੇਰਾ ਦਿਲ ਕਰਦਾ ਤੈਨੂੰ ਮਾਰ ਦਿਆਂ ਥਪੇੜਾ, ਜ਼ੋਰ ਨਾਲ ਲਗਾਈਆ । ਉਹ ਪ੍ਰਭੂ ਬਦਲ ਗਿਆ ਤੇਰਾ, ਤੈਨੂੰ ਦਿਆਂ ਸਮਝਾਈਆ । ਜਿਸ ਭਗਤੀ ਦੇ ਥਾਂ ਦੀਨ ਦੁਨੀ ਵਿਚ ਪਾ ਦੇਣਾ ਝੇੜਾ, ਝਗੜੇ ਵਿਚ ਦਿਸੇ ਦੀਨ ਦੁਨੀ ਲੋਕਾਈਆ । ਅੰਤਮ ਦੇਣ ਵਾਲਾ ਉਲਟਾ ਗੇੜਾ, ਲੱਖ ਚੁਰਾਸੀ ਦਏ ਭੁਆਈਆ । ਭਗਤੀਏ ਤੂੰ ਸੁਖ ਮਾਣ ਲਿਆ ਬਥੇਰਾ, ਆਪਣਾ ਖੇਲ ਖਿਲਾਈਆ । ਹੁਣ ਕਲਜੁਗ ਤਕ ਅੰਧੇਰਾ, ਸਾਚਾ ਚੰਦ ਨਾ ਕੋਇ ਚਮਕਾਈਆ । ਜਿੰਨਾਂ ਚਿਰ ਪ੍ਰਭੂ ਕਰੇ ਨਾ ਮਿਹਰਾ, ਉਨਾਂ ਚਿਰ ਭਗਤ ਬਣਨ ਕੋਇ ਨਾ ਪਾਈਆ । ਬੇਸ਼ਕ ਤੇਰਾ ਦੁਨੀਆ ਦੇ ਵਿਚ ਫੇਰਾ, ਭੱਜੇਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਇਕੋ ਵਖਾਏ ਸੰਝ ਸੁਵੇਰਾ, ਘੜੀ ਪਲ ਵੰਡ ਨਾ ਕੋਇ ਵੰਡਾਈਆ ।

## ✪ ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਸੇਈ ਕਲਾਂ ਜ਼ਿਲਾ ਜੰਮੂ ਭਾਈਆ ਦੇਵੀ ਦੇ ਗ੍ਰਿਹ ✪

ਨਾਰਦ ਕਹੇ ਜਨ ਭਗਤੋ ਭਗਤੀ ਚੰਗੀ ਕਿ ਭਗਵੰਤ, ਮੈਨੂੰ ਦਿਉ ਸਮਝਾਈਆ । ਨਾਮ ਚੰਗਾ ਕਿ ਮੰਤ, ਸ਼ਬਦ ਦਿਉ ਦ੍ਰਿੜਾਈਆ । ਗੁਰਸਿਖ ਚੰਗਾ ਕਿ ਸੰਤ, ਸਤਿ ਦਾ ਭੇਵ ਖੁਲ੍ਹਾਈਆ । ਨਾਰ ਚੰਗੀ ਕਿ ਕੰਤ, ਕੰਤੂਹਲ ਕੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਵੇਸ ਵਟਾਈਆ । ਨਾਰਦ ਕਹੇ ਜਨ ਭਗਤੋ ਤੁਹਾਡਾ ਕਿਹੜਾ ਸਚਾ ਮੀਤ, ਮਿਤਰੋ ਦਿਆਂ ਜਣਾਈਆ । ਕਵਣ ਵਸੇ ਤੁਹਾਡੇ ਚੀਤ, ਅੰਦਰ ਸੋਭਾ ਪਾਈਆ । ਕਿਹੜਾ ਗਾਵੇ ਗੀਤ, ਢੋਲਾ ਕਵਣ ਅਲਾਈਆ । ਕਿਸ ਦੀ ਅੰਦਰੋਂ ਸਾਫ਼ ਹੋਈ ਨੀਤ, ਮੈਨੂੰ ਦਿਉ ਸਮਝਾਈਆ । ਠਗੌਰੀ ਰਹੀ ਨਾ ਚੀਤ, ਠੱਗੀ ਮਨ ਰਹੀ ਨਾ ਰਾਈਆ । ਝਗੜਾ ਰਿਹਾ ਨਾ ਹਸਤ ਕੀਟ, ਊਚ ਨੀਚ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਜਨ ਭਗਤੋ ਪ੍ਰਭੂ ਦਾ ਕਿਹੜਾ ਰੰਗ, ਰੰਗਤ ਦਿਓ ਜਣਾਈਆ । ਕਿਹੜੀ ਤੁਹਾਡੀ ਮੰਗ, ਮੈਨੂੰ ਦਿਉ ਜਣਾਈਆ । ਕਿਹੜੇ ਲਾਓ ਅੰਗ, ਕਵਣ ਤਤ ਵਡਿਆਈਆ । ਕਵਣ ਦੁਆਰਾ ਆਵੇ ਲੰਘ, ਕੁੰਡੀ ਖਿੜਕੀ ਕਵਣ ਖੁਲ੍ਹਾਈਆ । ਕਵਣ ਨੂਰ ਹੋਵੇ ਚੰਦ, ਕਵਣ ਨੂਰ ਕਰੇ ਰੁਸ਼ਨਾਈਆ । ਕਿਸ ਬਿਧ ਮੇਟੇ ਪੰਧ, ਪਾਂਧੀ ਹੋ ਕੇ ਭੱਜੇ ਵਾਹੋ ਦਾਹੀਆ । ਸਚ ਦੱਸੋ ਕਿਸ ਨੂੰ ਪ੍ਰਭੂ ਦਾ ਆਇਆ ਅਨੰਦ, ਅਨੰਦ ਅਨੰਦ ਵਿਚੋਂ ਜਣਾਈਆ । ਕਿਸ ਕਿਸ ਨੇ ਰਸਨਾ ਕੂੜ ਕੁੜਿਆਰਾ ਦਾ ਛੱਡਿਆ ਗੰਦ, ਵਿਖ ਰਸਨ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਜਨ ਭਗਤੋ ਮੈਂ ਪੁਛਣੀ ਇਕੋ ਬਾਤ, ਨਾਰਦ ਰਿਹਾ ਸੁਣਾਈਆ । ਕਿਸ ਨੂੰ ਸਚ ਦੀ ਮਿਲੀ ਦਾਤ, ਮੈਨੂੰ ਦਿਉ ਦ੍ਰਿੜਾਈਆ । ਕਿਸ ਦਾ ਭਰੋਸਾ ਉਤੇ ਕਮਲਾਪਾਤ, ਪਤਿਪਰਮੇਸ਼ਵਰ ਕਵਣ ਮਨਾਈਆ । ਕਿਸ ਦਾ ਚਰਨ ਪ੍ਰੀਤੀ ਜੁੜਿਆ ਨਾਤ, ਰਿਸ਼ਤਾ ਸਕੇ ਨਾ ਕੋਇ ਤੁੜਾਈਆ । ਆਪਣਾ ਡੂੰਘਾ ਕੱਢਕੇ ਵੇਖੋ ਖਾਤ, ਕੀ ਲਹਿਣਾ ਨਜ਼ਰੀ ਆਈਆ । ਕਿਸ ਬਿਧ ਪ੍ਰਭੂ ਨੂੰ ਮਿਲੋ ਵਿਚ ਲੋਕਮਾਤ, ਮਤਾ ਆਪਣਾ ਆਪ ਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਜਨ ਭਗਤੋ ਆਪਣਾ ਸੋਹਣਾ ਤਕ ਲਓ ਅੰਦਰ, ਨਵ ਦੁਆਰ ਧਿਆਨ ਲਗਾਈਆ । ਆਪਣਾ ਨਿਰਾਲਾ ਤਕ ਲਓ ਮੰਦਰ, ਜਿਸ ਦਾ ਰੂਪ ਰੰਗ ਨਜ਼ਰ ਕੋਇ ਨਾ ਆਈਆ । ਆਪਣਾ ਖੋਲ੍ਹ ਕੇ ਵੇਖੋ ਜੰਦਰ, ਕੁੰਡੀ ਨਾਮ ਵਾਲੀ ਲਗਾਈਆ । ਪਰਕਾਸ਼ ਕਰ ਕੇ ਤਕ ਲਓ ਅੰਧੇਰੀ ਕੰਦਰ, ਅੰਧ ਅੰਧੇਰਾ ਆਪ ਮਿਟਾਈਆ । ਮਨੂਆ ਮਨ ਵੇਖੋ ਜੋ ਦਹਿ ਦਿਸ਼ਾ ਭੌਂਦਾ ਬੰਦਰ, ਉਠ ਉਠ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਕਰਤਾ ਇਕ ਅਖਵਾਈਆ । ਨਾਰਦ

ਕਹੇ ਜਨ ਭਗਤੋ ਤੁਸੀਂ ਅੰਦਰ ਵੇਖੋ ਚੜ੍ਹ ਕੇ, ਬਿਨ ਪੌੜੀ ਡੰਡੇ ਪੰਧ ਮੁਕਾਈਆ । ਸਾਚੇ ਮੰਦਰ ਵੇਖੋ ਵੜ ਕੇ, ਬਿਨ ਸੀਸ ਧੜ ਸੋਭਾ ਪਾਈਆ । ਨਿਰਅੱਖਰ ਧਾਰ ਵੇਖੋ ਪੜ੍ਹ ਕੇ, ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਸਚ ਦੁਆਰ ਤਕੋ ਹਰਿ ਕੇ, ਹਰ ਹਿਰਦੇ ਵਿਚ ਸਮਾਈਆ । ਜਿਹੜੀ ਮੰਜ਼ਲ ਮਿਲਦੀ ਨਹੀਂ ਮਰ ਕੇ, ਉਹ ਜੀਵਦਿਆਂ ਲੈਣੀ ਅਪਨਾਈਆ । ਨਾਰਦ ਕਹੇ ਜਨ ਭਗਤੋ ਤੁਹਾਨੂੰ ਲੋੜ ਨਹੀਂ ਰਹਿਣਾ ਡਰ ਕੇ, ਭੈ ਸਾਰੇ ਦੇਣੇ ਚੁਕਾਈਆ । ਤੁਹਾਡੀ ਮੰਜ਼ਲ ਵਿਚ ਰਹੇ ਕੋਈ ਨਾ ਖਟਕੇ, ਅਗੇ ਹੋ ਨਾ ਕੋਇ ਅਟਕਾਈਆ । ਤੁਹਾਡੀ ਧਾਰ ਕਦੀ ਨਾ ਭਟਕੇ, ਭਾਵਨਾ ਜਗਤ ਨਾ ਕੋਇ ਜਣਾਈਆ । ਤੁਸੀਂ ਸਚਖੰਡ ਪੁਜਣਾ ਇਕੋ ਝਟਕੇ, ਜਿਥੇ ਝਟਕੇ ਹਲਾਲੀ ਵਾਲਾ ਪੁੱਜਣ ਕੋਇ ਨਾ ਪਾਈਆ । ਤੁਸਾਂ ਗ੍ਰਹਿ ਸਾਚੇ ਜਾਣਾ ਆਪਣਾ ਰੂਪ ਵਟ ਕੇ, ਗੁਰਮੁਖ ਹੰਸ ਰੂਪ ਬਣਾਈਆ । ਹਰਿਜਨ ਮਾਤ ਗਰਭ ਫੇਰ ਨਾ ਲਟਕੇ, ਉਲਟਾ ਬਿਰਖ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਖੁਲ੍ਹਾਏ ਆਪਣੇ ਘਰ ਦੇ, ਘਰ ਘਰਾਨਾ ਇਕੋ ਇਕ ਵਖਾਈਆ ।

## ✪ ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਦੇਵਾ ਸਿੰਘ ਦੇ ਗ੍ਰਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪



ਨਾਰਦ ਕਹੇ ਸੁਣ ਨੀਂ ਲਿਖਣ ਵਾਲੀਏ ਕ਼ਲਮੇ, ਕਮਲੀਏ ਤੈਨੂੰ ਦਿਆਂ ਜਣਾਈਆ । ਉਹ ਤਕ ਗੰਗਾ ਗੋਦਾਵਰੀ ਜਮਨਾ ਸੁਰਸਤੀ ਧਾਰਾ ਜਲ ਮੇਂ, ਜਲਮੀਨ ਵਾਂਗ ਕੁਰਲਾਈਆ । ਜੋ ਭੱਜੀਆਂ ਫਿਰਦੀਆਂ ਜੰਗਲ ਜੂਹਾਂ ਥਲ ਮੇਂ, ਟਿੱਲਿਆਂ ਪੰਧ ਮੁਕਾਈਆ । ਉਨ੍ਹਾਂ ਦਾ ਲੇਖਾ ਮੁਕਾਉਣ ਲੱਗੀ ਪਲ ਮੇਂ, ਪਾਰਬ੍ਰਹਮ ਦਾ ਹੁਕਮ ਸੁਣ ਕੇ ਚਾਈਂ ਚਾਈਂਆ । ਵੇਖੀਂ ਤੂੰ ਵੀ ਨਾ ਆਵੀਂ ਛਲ ਮੇਂ, ਅਛਲ ਛਲਧਾਰੀ ਆਪਣਾ ਖੇਲ ਖਿਲਾਈਆ । ਤੂੰ ਹੋਣਾ ਆਪਣੇ ਬਲ ਮੇਂ, ਬਲਧਾਰ ਲੈਣੀ ਅੰਗੜਾਈਆ । ਕੀ ਖੇਲ ਵਰਤਣਾ ਕਲਜੁਗ ਕਲ ਮੇਂ, ਕਲ ਕਲਕੀ ਕੀ ਕਰਾਈਆ । ਨੀਂ ਤੂੰ ਕੀ ਭੇਵ ਲੁਕਾਇਆ ਨਾਨਕ ਦੀ ਇਕ ਗੱਲ ਮੇਂ, ਜਿਸ ਦੀ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਨਾਰਦ ਕਹੇ ਕਲਮੇ ਨੂੰ ਲਿਖਣ ਦੀ ਤੂੰ ਕਰ ਨਾ ਸ਼ਤਾਬੀ, ਭੱਜ ਨਾ ਵਾਹੋ ਦਾਹੀਆ । ਤੂੰ ਸਾਡੀ ਬਣ ਇਮਦਾਦੀ, ਸਗਲਾ ਸੰਗ ਵਖਾਈਆ । ਬੇਸ਼ਕ ਤੇਰੇ ਲੇਖ ਨਾਲ ਪ੍ਰਭ ਨੂੰ ਜੁਗ ਬਦਲਣ ਦੀ ਵਾਦੀ, ਵਅਦੇ ਤੇਰੇ ਲਿਖੇ ਮੋੜ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਨਾਰਦ ਕਹੇ ਕ਼ਲਮੇ ਤੂੰ ਮੇਰੇ ਵਲ ਪੇਖ, ਆਪਣੀ ਲੈ ਅੰਗੜਾਈਆ । ਨੀ ਤੇਰੀ ਬਦਲ ਸਕੇ ਕੋਈ ਨਾ ਰੇਖ, ਜੋ ਲਾਈਨ ਦੇਵੇ ਬਣਾਈਆ । ਤੇਰੀ ਧਾਰ ਨੇ ਮੇਟ ਦੇਣੇ ਮੁੱਲਾ ਸ਼ੇਖ਼, ਸ਼ਰੀਅਤ ਨਜ਼ਰ ਕੋਇ ਨਾ ਆਈਆ । ਨੀ ਤੇਰੇ ਹੁਕਮ ਦਾ ਹੁਕਮ ਪ੍ਰਭੂ ਦਾ ਅਵਲੜਾ ਭੇਸ, ਭੇਖਾਧਾਰੀ ਆਪਣਾ ਰੂਪ ਬਦਲਾਈਆ । ਜੇ ਤੂੰ ਲੇਖ ਨਾ ਲਿਖਦੀ ਤੇ ਕਿਸ ਬਿਧ ਆਉਦਾ ਸੰਬਲ ਦੇਸ, ਦੇਸ ਦੇਸੰਤਰਾਂ ਪੰਧ ਮੁਕਾਈਆ । ਹੁਣ ਵੀ ਲਿਖ ਲਿਖ ਦੇਈ ਜਾਵੇਂ ਸੰਦੇਸ਼, ਸੰਦੇਸ਼ੇ ਥਾਉਂ ਥਾਈਆ । ਜੇ ਤੂੰ ਨਾ ਲਿਖੇਂ ਤੇ ਕਿਉਂ ਕਲਜੁਗ ਅੰਤਮ ਪਏ ਕਲੇਸ਼, ਕੂੜੀ ਕਿਰਿਆ ਨਾਲ ਕਰੇ ਨਾ ਕੋਇ ਲੜਾਈਆ । ਕਾਨੀ ਹਸ ਕੇ

ਕਿਹਾ ਨਾਰਦਾ ਮੈਂ ਉਸ ਦੇ ਹੋਈ ਪੇਸ਼, ਪੇਸ਼ੀਨਗੋਈਆਂ ਗਿਆ ਸਮਝਾਈਆ । ਮੈਂ ਸਚ ਦੱਸਾਂ ਜਿਸ ਵੇਲੇ ਮੈਨੂੰ ਹੱਥ ਵਿਚ ਫੜਿਆ ਦਸਮੇਸ਼, ਦਹਿ ਦਿਸ਼ਾ ਧਿਆਨ ਲਗਾਈਆ । ਫੇਰ ਆਪਣੇ ਖੁਲ੍ਹੜੇ ਕਰਕੇ ਕੇਸ, ਕ਼ਸਮ ਖਾ ਕੇ ਦਿਤਾ ਸੁਣਾਈਆ । ਨੀ ਕਲਮੇ ਤੇਰਾ ਪ੍ਰਭ ਦੇ ਹੁਕਮ ਦਾ ਲਿਖਿਆ ਸਦਾ ਰਹੇ ਹਮੇਸ਼, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੇ ਦਰ ਦੀ ਹੋਈ ਦਰਵੇਸ਼, ਦਰਵੇਸ਼ਣ ਹੋ ਕੇ ਸੀਸ ਨਿਵਾਈਆ ।

## ✪ ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਅੰਗ੍ਰੇਜ਼ ਸਿੰਘ ਦੇ ਗ੍ਰਿਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਗੰਗਾ ਗੋਦਾਵਰੀ ਜਮਨਾ ਸੁਰਸਤੀ ਕਹਿਣ ਨਾਰਦ ਅਸੀਂ ਅਨਭੋਲ, ਬਹੁਮਤ ਨਾ ਕੋਇ ਰਖਾਈਆ । ਅਸੀਂ ਕੰਢੀ ਘਾਟ ਆਈਆਂ ਸਾਨੂੰ ਸਾਰੇ ਕਰਦੇ ਮਖ਼ੌਲ, ਹਾਸੀ ਬੁੱਢੇ ਨੱਢੇ ਰਹੇ ਕਰਾਈਆ । ਅਸੀਂ ਸ਼ਰਮ ਦੀਆਂ ਮਾਰੀਆਂ ਕੁਝ ਨਾ ਸਕੀਆਂ ਬੋਲ, ਰਸਨਾ ਕਹਿ ਨਾ ਕੁਛ ਸੁਣਾਈਆ । ਸਾਡੇ ਵੇਖ ਲੈ ਕੁਝ ਨਹੀਂ ਕੋਲ, ਖ਼ਾਲੀ ਹੱਥ ਦਈਏ ਜਣਾਈਆ । ਸਾਡੀ ਹਾਲਤ ਤਕ ਲੈ ਉਤੇ ਧੌਲ, ਧਰਮ ਨਾਲ ਸੁਣਾਈਆ । ਸਾਡਾ ਭੁਖ ਨਾਲ ਅੰਦਰ ਕਾਲਜਾ ਰਿਹਾ ਹੌਲ, ਹੌਕਿਆਂ ਵਿਚ ਦੁਹਾਈਆ । ਸਾਨੂੰ ਅੰਗ੍ਰੇਜ਼ ਸਿੰਘ ਨੇ ਪੁਛਿਆ ਨਹੀਂ ਤੁਸੀਂ ਵੀ ਖਾ ਲਓ ਚੌਲ, ਭੁਖੀਆਂ ਰਹਿ ਕੇ ਕੀ ਦਈਏ ਸੁਣਾਈਆ । ਸਾਡਾ ਜੀ ਕਰਦਾ ਏਥੇ ਇਕ ਨਵਾਂ ਭੰਡਾਰਾ ਦੇਈਏ ਖੋਲ੍ਹ, ਅੰਮ੍ਰਿਤ ਰਸ ਪ੍ਰਭ ਚਰਨ ਵਖਾਈਆ । ਜੋ ਸਭ ਦੇ ਅੰਤਰ ਜਾਵੇ ਮੌਲ, ਮੌਲਾ ਰੂਪ ਨਜ਼ਰੀ ਆਈਆ । ਵੇ ਨਾਰਦਾ ਤੂੰ ਮਰਦੰਗਾ ਵਜਾ ਦੇ ਢੋਲ, ਡੌਰੂ ਡੰਕਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਡੀ ਆਸ਼ਾ ਵੇਖ ਵਖਾਈਆ । ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਜੇ ਤੁਸਾਂ ਖਾਧਾ ਨਹੀਂ ਭੋਜਨ, ਭੁਜਾਂ ਹੱਥ ਦੋਵੇਂ ਦਿਓ ਉਠਾਈਆ । ਤੁਸਾਂ ਪੰਧ ਮਾਰਿਆ ਕਿਤਨੇ ਯੋਜਨ, ਗਿਣਤੀ ਦਿਓ ਗਿਣਾਈਆ । ਸਾਰੀਆਂ ਲੱਗੀਆਂ ਸੋਚਣ, ਸਮਝ ਕਿਛ ਨਾ ਪਾਈਆ । ਨਾਰਦ ਕਿਹਾ ਖੋਲ੍ਹੋ ਆਪਣੇ ਲੋਚਨ, ਨੈਣ ਲਓ ਤਕਾਈਆ । ਜਨ ਭਗਤ ਸੁਹੇਲੇ ਤਕੋ ਬਿਨਾ ਵਰਨ ਗੋਤਨ, ਜ਼ਾਤ ਪਾਤੀ ਨਜ਼ਰ ਕੋਇ ਨਾ ਆਈਆ । ਚੜ੍ਹ ਕੇ ਵੇਖੋ ਆਪਣੀ ਸ਼ਿਖ਼ਰ ਚੋਟਨ, ਮੰਜ਼ਲ ਪੰਧ ਮੁਕਾਈਆ । ਪ੍ਰਭੂ ਪਿਆਰਾ ਭਗਤ ਮਿਲਦਾ ਵਿਚੋਂ ਕੋਟੀ ਕੋਟਨ, ਗਣਤੀ ਗਣਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਜੇ ਤੁਸੀਂ ਚਾਰ ਜੁਗ ਦੀਆਂ ਭੁਖੀਆਂ, ਭੁਖੜੇ ਦਿਉ ਜਣਾਈਆ । ਮੈਂ ਚਾਹੁੰਦਾ ਭਗਤਾਂ ਦੁਆਰ ਤੁਹਾਨੂੰ ਰੋਟੀਆਂ ਖੁਆਵਾਂ ਰੁਖੀਆਂ, ਟੁਕੜੇ ਹੱਥਾਂ ਵਿਚ ਫੜਾਈਆ । ਤੁਹਾਡੇ ਉਤੇ ਪਤਾ ਨਹੀਂ ਕਿਤਨਿਆਂ ਬ੍ਰਾਹਮਣਾਂ ਪੰਡਤਾਂ ਪਦਾਰਥਾਂ ਦੀਆਂ ਸੁਖਣਾ ਸੁਖੀਆਂ, ਜੋ ਤੁਹਾਡੀ ਜਲਧਾਰਾ ਵਿਚ ਰੁੜ੍ਹਾਈਆ । ਉਹ ਖਾ ਗਈਆਂ ਮੱਛੀਆਂ ਡੱਡੀਆਂ ਹੋ ਕੇ ਪੁੱਠੀਆਂ, ਤੁਹਾਡੇ ਹੱਥ ਕਿਛ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਗੰਗਾ ਕਹੇ ਨਾਰਦ ਅਸੀਂ ਆਈਆਂ ਕਰਕੇ ਫੁਰਤੀ, ਫੁਰਤੀਲੀਆਂ ਹੋ ਕੇ ਦਈਏ ਜਣਾਈਆ । ਸਾਡਾ ਲਹਿੰਗਾ ਵੇਖ ਲੈ ਕੁੜਤੀ, ਅੰਗੀ ਤਨ ਨਾ ਕੋਇ ਸੁਹਾਈਆ । ਸਾਡੀ ਸੂਰਤ

ਵੇਖ ਲੈ ਮੂਰਤੀ, ਮੁਰਦਿਆਂ ਵਾਲੀ ਨਜ਼ਰੀ ਆਈਆ । ਕੀ ਖੇਲ ਦੱਸੀਏ ਹਜ਼ੂਰ ਦੀ, ਕਰਤਾ ਹੁਕਮ ਕੀ ਵਰਤਾਈਆ । ਜਿਸ ਦੀ ਆਸ਼ਾ ਸਦਾ ਭਰਪੂਰ ਦੀ, ਭਰਪੂਰ ਰਿਹਾ ਸਰਬ ਠਾਂਈਆ । ਅਸਾਂ ਮਿਹਨਤ ਲੈਣੀ ਬਣ ਸਚੇ ਮਜ਼ਦੂਰ ਦੀ, ਜੋ ਜੁਗ ਜੁਗ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਜੇ ਖਾਣ ਪੀਣ ਦਾ ਚਾਓ, ਤ੍ਰਿਸ਼ਨਾ ਅੰਦਰ ਰਖਾਈਆ । ਪਹਿਲਾਂ ਭਗਤਾਂ ਦੇ ਦਰਸ਼ਨ ਪਾਓ, ਜੋ ਬੈਠੇ ਆਸਣ ਲਾਈਆ । ਫੇਰ ਝੁਕ ਝੁਕ ਸੀਸ ਨਿਵਾਉ, ਨਿਵ ਨਿਵ ਲਾਗੋ ਪਾਈਆ । ਫੇਰ ਇਕੋ ਢੋਲਾ ਗਾਓ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਫੇਰ ਖ਼ਾਲੀ ਹੱਥ ਮੰਗ ਮੰਗਾਓ, ਭਿਛਿਆ ਦੇਵੇ ਧੁਰ ਦਾ ਮਾਹੀਆ । ਆਪਣਾ ਪਿਛਲਾ ਲਹਿਣਾ ਦੇਣਾ ਹਿੱਸਾ ਜਣਾਓ, ਪੜਦਾ ਉਹਲਾ ਲਉ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਾਰੇ ਕਹਿਣ ਨਾਰਦਾ ਸਾਡਾ ਤੇਰੇ ਨਾਲ ਗ਼ੁੱਸੇ ਵਾਲਾ ਨਹੀਂ ਹਨੇਰਾ, ਗਿਲਾ ਨਜ਼ਰ ਕੋਇ ਨਾ ਆਈਆ । ਅਸੀਂ ਭਗਤ ਭੰਡਾਰਿਉਂ ਡਿੱਗਾ ਢੱਠਾ ਖਾ ਕੇ ਭੋਰਾ, ਭੌਰਿਆਂ ਵਾਂਗ ਆਪਣਾ ਆਪ ਭੁਆਈਆ । ਸਾਡਾ ਪੂਰਬ ਜਨਮ ਜਾਵੇ ਸੌਰਾ, ਸੌਹਰੇ ਪੇਈਏ ਵਜਦੀ ਰਹੇ ਵਧਾਈਆ । ਸਾਡਾ ਖੇਲ ਪ੍ਰਭੂ ਦੇ ਨਾਲ ਅਵਰ ਕਾ ਔਰਾ, ਅਵਰ ਕੀ ਅਵਰ ਕਾਰ ਕਮਾਈਆ । ਤੂੰ ਨਿਗਾਹ ਨਾਲ ਤਕ ਲੈ ਕਰਕੇ ਗ਼ੌਰਾ, ਗਹਿਰ ਗਵਰ ਕੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਂਆ । ਚਾਰੇ ਕਹਿਣ ਸਾਡਾ ਸਾਹਿਬ ਇਕ ਗੁਸਈਂਆ, ਗੋਬਿੰਦ ਗੋਬਿੰਦ ਗੋਬਿੰਦ ਨਜ਼ਰੀ ਆਈਆ । ਜਿਸ ਦੀ ਸਰਨ ਸਰਨਾਈ ਪਈਆ, ਸਿਰ ਸਰ ਭੇਟ ਕਰਾਈਆ । ਜੋ ਸਾਡੀਆਂ ਪਕੜੇ ਬਹੀਆ, ਆਪ ਆਪਣੇ ਗਲੇ ਲਗਾਈਆ । ਅਸੀਂ ਚਾਓ ਨਾਲ ਗਾਈਏ ਥਈਆ ਥਈਆ, ਥਿਰ ਘਰ ਵਾਸੀ ਤੇਰੇ ਹੱਥ ਵਡਿਆਈਆ । ਸਾਡੀਆਂ ਜੁਗ ਚੌਕੜੀ ਲੰਘੀਆਂ ਕਈਆਂ, ਕੋਟਨ ਜੁਗ ਗਏ ਵਿਹਾਈਆ । ਸਾਨੂੰ ਦੀਨ ਦੁਨੀ ਦੇ ਜਗਿਆਸੂ ਕਹਿੰਦੇ ਰਹੇ ਗੰਗਾ ਮਈਆ, ਸੁਰਸਤੀ ਜਮਨਾ ਕਹਿ ਕੇ ਗਾਈਆ । ਸਾਨੂੰ ਸੰਦੇਸ਼ਾ ਦੇ ਕੇ ਗਿਆ ਦਸਰਥ ਬੇਟਾ ਜੋ ਰਾਮ ਰਾਮ ਰਾਮ ਰਮਈਆ, ਰਮਤਾ ਰਮਤਾ ਰਮਤਾ ਆਪਣਾ ਹੁਕਮ ਸੁਣਾਈਆ । ਸਾਨੂੰ ਇਸ਼ਾਰਾ ਦਿਤਾ ਜਮਨਾ ਕਹੇ ਮੇਰੇ ਘਾਟ ਘਨਈਆ, ਗਵਰਧਨ ਧਾਰੀ ਗਿਆ ਦ੍ਰਿੜਾਈਆ । ਜਿਸ ਵੇਲੇ ਕਲਜੁਗ ਅੰਤਮ ਗੋਬਿੰਦ ਦਾ ਪੂਰਾ ਹੋਇਆ ਢਈਆ, ਢੌਂਕਾ ਲਾ ਕੇ ਆਪਣੀ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਮੇਰੇ ਅੰਦਰ ਆਉਂਦੀ ਜਾਂਦੀ ਖਰਮਸਤੀ, ਸਚ ਸਚ ਦਿਆਂ ਸੁਣਾਈਆ । ਮੈਂ ਤਕਿਆ ਨੂਰ ਨੁਰਾਨਾ ਅਗੰਮੀ ਜਿਸ ਦੀ ਹਸਤੀ, ਹਸਤ ਕਵਲਾਂ ਹੱਥ ਕਿਸੇ ਨਾ ਆਈਆ । ਜਿਸ ਨੇ ਲਹਿਣਾ ਦੇਣਾ ਸਭ ਦਾ ਪੂਰਾ ਕਰਨਾ ਦਸਤੀ, ਅਗੇ ਉਧਾਰ ਨਾ ਕੋਇ ਜਣਾਈਆ । ਉਸ ਦੀ ਭਗਤਾਂ ਵਾਲੀ ਸਭ ਤੋਂ ਅਗੰਮੀ ਬਸਤੀ, ਨਗਰ ਖੇੜਾ ਇਕੋ ਸੋਭਾ ਪਾਈਆ । ਜਿਸ ਨੂੰ ਵੇਖ ਕੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਵੇਖ ਕੇ ਹਸਦੀ, ਹਸ ਹਸ ਖ਼ੁਸ਼ੀ ਬਣਾਈਆ । ਵੇ ਨਾਰਦਾ ਉਥੇ ਜੇਠ ਦੀ ਅਗਨੀ ਭਖਦੀ, ਝੱਖੜ ਅੰਧੇਰ ਰਿਹਾ ਵਗਾਈਆ । ਨਾਰਦ ਕਿਹਾ ਉਹਦੀ ਕ਼ੀਮਤ ਨਹੀਂ ਕਰੋੜੀ ਲੱਖ ਦੀ, ਜਗਤ ਸੁਲਤਾਨ ਸਕੇ ਨਾ ਕੋਇ ਚੁਕਾਈਆ । ਨੀ ਤੁਹਾਡੀ ਧਾਰ ਵਹਿਣਾਂ ਵਿਚ ਟਪਦੀ, ਭਜੇ ਵਾਹੋ ਦਾਹੀਆ । ਜਨ ਭਗਤਾਂ

ਆਸ਼ਾ ਵੇਖੇ ਤੂੰ ਮੇਰਾ ਮੈਂ ਤੇਰਾ ਜਪਦੀ, ਅੰਤਰ ਅੰਤਰ ਢੋਲੇ ਗਾਈਆ । ਇਨ੍ਹਾਂ ਦੀ ਕਮਾਈ ਵੇਖੇ ਆਪਣੇ ਪਸੀਨੇ ਰੱਤ ਦੀ, ਜੋ ਰਤੀ ਰਤੀ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਵਕਤ ਆਪ ਸੁਹਾਈਆ । ਗੰਗਾ ਕਹੇ ਨਾਰਦਾ ਮੇਰੀ ਇਕੋ ਇਕ ਆਸ, ਆਸਾ ਦਿਆਂ ਜਣਾਈਆ । ਜੇ ਭਗਤ ਭੰਡਾਰੇ ਵਿਚੋਂ ਮਿਲ ਜਾਏ ਪਾਣੀ ਦਾ ਇਕ ਗਿਲਾਸ, ਆਪਣੇ ਸੀਨੇ ਲਵਾਂ ਲਗਾਈਆ । ਸਦਾ ਰਖਾਂ ਪਾਸ, ਬਿਨ ਹੱਥਾਂ ਹੱਥ ਉਠਾਈਆ । ਫੇਰ ਜਾ ਕੇ ਦੱਸਾਂ ਸ਼ੰਕਰ ਕੈਲਾਸ਼, ਸ਼ੰਭੂ ਅਗੇ ਵਾਸਤਾ ਪਾਈਆ । ਸਾਡਾ ਅੰਮ੍ਰਿਤ ਹੋਇਆ ਨਾਸ, ਰਸ ਰਹਿਣ ਕਿਛ ਨਾ ਪਾਈਆ । ਤੂੰ ਬੈਠਾ ਉਤੇ ਆਕਾਸ਼, ਮੰਡਲਾਂ ਬਾਹਰ ਡੇਰਾ ਲਾਈਆ । ਧਰਨੀ ਉਤੇ ਕਵਣ ਦੇਵੇ ਧਰਵਾਸ, ਧੀਰਜ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤਮ ਹੋਇਆ ਫ਼ਾਹਸ਼, ਫ਼ਾਹਿਸ਼ ਹੋਈ ਲੋਕਾਈਆ । ਪਰਮ ਪੁਰਖ ਦੀ ਕਰੇ ਨਾ ਕੋਇ ਤਲਾਸ਼, ਖੋਜਣਵਾਲਾ ਰਹਿਣ ਕੋਇ ਨਾ ਪਾਈਆ । ਬਿਨ ਹਰਿ ਨਾਮੇ ਖ਼ਾਲੀ ਦਿਸੇ ਲਾਸ਼, ਲਸ਼ਕਰ ਫ਼ੌਜਾਂ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਗੰਗਾ ਕਹੇ ਜੇ ਭਗਤ ਦੁਆਰਿਉਂ ਨਿਰਮਲ ਮਿਲ ਜਾਏ ਪਾਣੀ, ਪਾਹਨਾਂ ਪੱਥਰਾਂ ਮਿਲੇ ਵਡਿਆਈਆ । ਮੇਰੀ ਏਕੰਕਾਰ ਸੋਹੰ ਸਤਿ ਸਚ ਦੀ ਹੋਵੇ ਬਾਣੀ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਮੈਂ ਭੱਜਾਂ ਨੱਠਾਂ ਵੇਖਾਂ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਬੇਨੰਤੀ ਕਰਾਂ ਹੋ ਨਿਮਾਣੀ, ਨਿਵ ਨਿਵ ਸੀਸ ਝੁਕਾਈਆ । ਮੇਰੇ ਤੀਰਥ ਤਟ ਵਿਰੋਲੀਂ ਕਰੀਂ ਆਪ ਮਿਹਰਵਾਨੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮੈਨੂੰ ਸਚ ਦੀ ਬਖ਼ਸ਼ੀਂ ਸਚ ਨਿਸ਼ਾਨੀ, ਨਿਸ਼ਾਨਾ ਕੂੜ ਕੁੜਿਆਰ ਬਣਾਈਆ । ਮੈਂ ਤੇਰੀ ਗਾਵਾਂ ਕਥ ਕਹਾਣੀ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਤੂੰ ਮੇਰਾ ਬਣਨਾ ਜੀਅ ਪ੍ਰਾਣੀ, ਪੂਰਨ ਸਤਿਗੁਰ ਤੇਰੀ ਬੇਪਰਵਾਹੀਆ । ਮੈਂ ਭਗਤਾਂ ਘਰ ਅੱਜ ਖ਼ੁਸ਼ੀਆਂ ਨਾਲ ਖਾ ਕੇ ਜਾਵਾਂ ਮਹਿਮਾਨੀ, ਭੋਰਾ ਭੋਰਾ ਆਪਣੇ ਮੁਖ ਵਿਚ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜਾਣ ਜਾਣੀ, ਜਾਨਣਹਾਰ ਤੇਰੀ ਓਟ ਰਖਾਈਆ ।

### ✪ ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਵਕੀਲ ਸਿੰਘ ਦੇ ਗ੍ਰਹਿ ਪਿੰਡ ਹੰਸਾ ਜ਼ਿਲਾ ਜੰਮੂ ✪

ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਜੇ ਆਈਆਂ ਘਤ ਵਹੀਰਾ, ਆਪਣਾ ਪੰਧ ਮੁਕਾਈਆ । ਰਾਹ ਵਿਚ ਤੁਹਾਡਾ ਲਹਿੰਗਾ ਪਾਟਿਆ ਚੀਰਾ, ਕਾਨਿਆਂ ਬੇਲਿਆਂ ਵਿਚ ਦੁਖ ਉਠਾਈਆ । ਨੀ ਤੁਹਾਡੀ ਕਿਹੜੀ ਗੱਲੋਂ ਹੋਈ ਮਾੜੀ ਤਕ਼ਦੀਰਾ, ਮੈਨੂੰ ਦਿਉ ਸਮਝਾਈਆ । ਕਿਧਰ ਗਿਆ ਤੁਹਾਡਾ ਤੀਰਥਾਂ ਤਟਾਂ ਖਾਣ ਵਾਲਾ ਸੀਰਾ, ਖੋਜਿਆਂ ਹੱਥ ਕਿਸੇ ਨਾ ਆਈਆ । ਕਿਹੜੀ ਧਾਰ ਭੋਗ ਲਗਦਾ ਰਿਹਾ ਖੀਰਾ, ਪਾਣੀ ਦੁੱਧ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਚਾਰੇ ਕਹਿਣ ਨਾਰਦਾ ਸਾਡੇ ਉਤੇ ਤਕ ਲੈ ਪੰਡਤ ਪਾਂਧੇ, ਪੰਧ ਸਕੇ ਨਾ ਕੋਇ ਮੁਕਾਈਆ । ਸਾਡੇ ਨਾਂ ਦਾ ਭੋਗ ਲਗਾ ਕੇ ਆਪੇ ਰਹੇ ਖਾਂਦੇ, ਸਾਡੇ ਹੱਥ

ਕਿਛ ਨਾ ਆਈਆ । ਨਾਲੇ ਕੂੜ ਕੁੜਿਆਰ ਦੇ ਢੋਲੇ ਰਹੇ ਗਾਂਦੇ, ਰਸਨਾ ਜਿਹਵਾ ਨਾਲ ਸੁਣਾਈਆ । ਨਾਲੇ ਮੰਨਤਾ ਵਿਚ ਲੈਂਦੇ ਰਹੇ ਭਾਂਡੇ, ਬਰਤਨਾਂ ਵੰਡ ਵੰਡਾਈਆ । ਸਾਡੇ ਸੀਨੇ ਮੂਲ ਹੋਏ ਨਾ ਠਾਂਡੇ, ਅਗਨੀ ਤਤ ਤਪਾਈਆ । ਸਾਡੇ ਤੀਰਥ ਤਟ ਕਿਨਾਰੇ ਕਾਹਦੇ, ਕੀ ਦਈਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਚਾਰੇ ਕਹਿਣ ਸਾਨੂੰ ਇਸ਼ਾਰਿਆਂ ਵਾਲੇ ਲਗਦੇ ਰਹੇ ਭੋਗ, ਥਾਲ ਪਰੋਸ ਅਗੇ ਨਾ ਕੋਇ ਟਿਕਾਈਆ । ਜਗਤ ਜਗਿਆਸੂ ਹੋ ਕੇ ਮਾਣਦੇ ਰਹੇ ਮੌਜ, ਜਗਤ ਮਾਣਸ ਹੋ ਕੇ ਮਾਣਸਾਂ ਰਹੇ ਖਾਈਆ । ਇਹ ਲੇਖਾ ਤਕਦੀਆਂ ਰਹੀਆਂ ਰੋਜ਼ ਰੋਜ਼ ਰੋਜ਼, ਵੇਖਿਆ ਥਾਉਂ ਥਾਈਆ । ਸਾਡਾ ਚਲਿਆ ਕੋਈ ਨਾ ਜੋਗ, ਜੁਗਤੀ ਹੱਥ ਕੋਇ ਨਾ ਆਈਆ । ਏਸੇ ਵਿਚ ਬਹੁੜੀ ਸਾਡੀ ਲੰਘ ਗਈ ਔਧ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡਾ ਅਗਾ ਪਿਛਾ ਦੇਵੇ ਸੋਧ, ਸ਼ੁਧ ਆਪਣੇ ਹੁਕਮ ਨਾਲ ਕਰਾਈਆ ।

### ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਵਕੀਲ ਸਿੰਘ ਦੇ ਗ੍ਰਿਹ ਪਿੰਡ ਸੇਈ ਕਲਾਂ ਜ਼ਿਲਾ ਜੰਮੂ



ਗੰਗਾ ਕਹੇ ਨਾਰਦਾ ਅਸੀਂ ਹੁਣ ਕਰੀਏ ਕੀ, ਕਿਛ ਸਮਝ ਦੇਣੀ ਸਮਝਾਈਆ । ਸਾਡਾ ਏਥੇ ਨਾ ਕੋਈ ਪੁਤਰ ਨਾ ਕੋਈ ਧੀ, ਮਾਤ ਪਿਤ ਭਾਈ ਭੈਣ ਨਜ਼ਰ ਕੋਇ ਨਾ ਆਈਆ । ਸਾਨੂੰ ਕਿਸੇ ਨਹੀਂ ਕਿਹਾ ਆਇਆਂ ਜੀ, ਜੀ ਕਹਿ ਕੇ ਕੋਲ ਨਾ ਕੋਇ ਬਹਾਈਆ । ਜਨ ਭਗਤ ਸੁਹੇਲੇ ਇਕੱਲੇ ਮਿਠਾ ਪਾਣੀ ਗਏ ਪੀ, ਸਾਡੀ ਪਿਆਸ ਨਾ ਕੋਇ ਬੁਝਾਈਆ । ਸਾਨੂੰ ਉਹ ਗੱਲ ਚੇਤੇ ਆ ਗਈ ਜੋ ਗੁਰਦਾਸ ਨੇ ਕਹੀ ਵੀਹ ਇਕੀਹ, ਬੀਸ ਇਕੀਸ ਨਾਲ ਵਡਿਆਈਆ । ਸਾਡਾ ਜੀਅ ਕਰਦਾ ਅਸੀਂ ਨਵੀਂ ਚਲਾ ਕੇ ਜਾਈਏ ਲੀਹ, ਪ੍ਰਭ ਦੇ ਕੋਲੋਂ ਮੰਗ ਮੰਗਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡੇ ਪਿਛੇ ਜਨ ਭਗਤਾਂ ਦੀ ਪੀੜ ਹਟਾ ਕੇ ਰੀਹ, ਦਰਦਾਂ ਦਰਦਾਂ ਵਿਚੋਂ ਬਾਹਰ ਕਢਾਈਆ । ਸਾਡੀ ਪਿਆਸ ਦੇ ਪਿਛੇ ਇਨ੍ਹਾਂ ਉਤੇ ਬਰਸਾ ਕੇ ਮੀਂਹ, ਅੰਮ੍ਰਿਤ ਮੇਘ ਨਾਮ ਬਰਸਾਈਆ । ਸਤਿ ਸਚ ਦਾ ਆਪਣਾ ਰਸਨਾ ਲਾ ਦੇ ਘੀ, ਜਗਤ ਤ੍ਰਿਸ਼ਨਾ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਕੀ ਸੁਣਾਈਆ । ਜਮਨਾ ਕਹੇ ਗੰਗਾ ਜੇ ਤੈਨੂੰ ਪੁਛਿਆ ਨਹੀਂ ਕਿਸੇ ਨੇ ਪਾਣੀ, ਬੁੱਢੜੀਏ ਤੇਰੇ ਵਲ ਅੱਖ ਨਾ ਕੋਇ ਉਠਾਈਆ । ਤੇਰੀ ਸਾਰ ਪਾਉਣ ਨੂੰ ਬੈਠਾ ਬਾਬਾ ਲਛਮਣ ਸਿੰਘ ਤੇਰਾ ਹਾਣੀ, ਜਿਸ ਦੀ ਆਯੂ ਚਾਰ ਜੁਗ ਸਮਝ ਕਿਸੇ ਨਾ ਆਈਆ । ਇਹ ਉਹ ਖਤਰੇਟਾ ਜਿਸ ਨੂੰ ਕਸੀਰਾ ਦਿਤਾ ਚਮਰੇਟਾ ਅੰਦਰੋਂ ਬਣ ਕੇ ਜਾਣ ਜਾਣੀ, ਦੂਜਾ ਨਜ਼ਰ ਕੋਇ ਨਾ ਆਈਆ । ਇੰਨ ਹੱਥ ਜੋੜ ਕੇ ਕਿਹਾ ਮੈਂ ਤੇਰਾ ਜੀਉ ਪ੍ਰਾਣੀ, ਪ੍ਰਾਨ ਅਧਾਰੀ ਤੇਰੀ ਓਟ ਰਖਾਈਆ । ਬਿਨਾ ਕ਼ੀਮਤ ਤੋਂ ਕਸੀਰਾ ਸੁੱਟਿਆ ਤੇਰੇ ਵਲ ਕਰ ਧਿਆਨੀ, ਬਿਨ ਨੈਣਾਂ ਨੈਣ ਉਠਾਈਆ । ਤੂੰ ਉਸ ਨੂੰ ਸਚ ਪਿਆਰ ਵਿਚ ਦਿਤੀ ਕੰਗਣ ਨਿਸ਼ਾਨੀ, ਹੱਥ ਬਾਂਹ ਆਪਣੀ ਬਾਹਰ ਕਢਾਈਆ । ਨੀ ਤੇਰੇ ਨਾਲ ਇਹਦੀ ਮੁਹੱਬਤ ਪੁਰਾਣੀ, ਜੀਵ ਜਗਤ ਭੇਵ ਨਾ ਕੋਇ ਚੁਕਾਈਆ । ਜੇ ਏਥੇ ਪੁਜ ਗਈ ਹੁਣ ਹੋ ਜਾ ਨਿਮਾਣੀ,

ਨਿਵ ਨਿਵ ਸੀਸ ਨਿਵਾਈਆ । ਝਟ ਸੁਰਸਤੀ ਬੋਲੀ ਏਥੇ ਸੁਣ ਲੈ ਅਗੰਮੀ ਬਾਣੀ, ਜੋ ਬਾਣ ਅਣਿਆਲਾ ਤੀਰ ਲਗਾਈਆ । ਗੋਦਾਵਰੀ ਕਹੇ ਤੂੰ ਬਣੀ ਨਾ ਚੰਗੀ ਸਵਾਣੀ, ਸੋਹਣੀਏ ਤੈਨੂੰ ਦਿਆਂ ਸਮਝਾਈਆ । ਇਹ ਸ਼ਹਿਨਸ਼ਾਹ ਸੁਲਤਾਨੀ, ਦੋ ਜਹਾਨਾਂ ਮਾਲਕ ਇਕ ਅਖਵਾਈਆ । ਜੇ ਮਿਹਰਵਾਨ ਕਰ ਦੇਵੇ ਮਿਹਰਵਾਨੀ, ਸਭ ਦੀ ਤ੍ਰਿਸ਼ਨਾ ਭੁਖ ਦਏ ਮਿਟਾਈਆ । ਜਨ ਭਗਤਾਂ ਦੇ ਰਿਹਾ ਮੰਜ਼ਲ ਇਕ ਰੂਹਾਨੀ, ਰੂਹ ਬੁਤ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਮਾਲਕ ਇਕ ਅਖਵਾਈਆ ।

## ✪ ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਰਮੇਸ਼ ਸਿੰਘ ਦੇ ਗ੍ਰਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਕੰਗਣ ਕਹੇ ਮੈਂ ਪੁਰਾਣਾ ਨਹੀਂ ਕੋਈ ਕੰਗਲਾ, ਮੇਰੀ ਕ਼ੀਮਤ ਜਗਤ ਕੋਇ ਨਾ ਪਾਈਆ । ਮੇਰਾ ਰੂਪ ਨਹੀਂ ਕੋਈ ਗੰਦਲਾ, ਖੋਟ ਵਿਚ ਨਾ ਕੋਇ ਮਿਲਾਈਆ । ਮੇਰਾ ਨੇਤਰ ਨਹੀਂ ਕੋਈ ਅੰਧਲਾ, ਵੇਖ ਸਕਾਂ ਨਾ ਖ਼ਲਕ ਖ਼ੁਦਾਈਆ । ਮੇਰਾ ਧਾਮ ਨਿਆਰਾ ਸਭ ਤੋਂ ਬੰਗਲਾ, ਜਿਥੇ ਵਸੇ ਮੇਰਾ ਮਾਹੀਆ । ਉਥੇ ਚਾਰ ਦੀਵਾਰੀ ਨਹੀਂ ਕੋਈ ਜੰਗਲਾ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਮੈਂ ਇਕੋ ਸਾਹਿਬ ਨੂੰ ਕਰਾਂ ਬੰਦਨਾ, ਨਿਵ ਨਿਵ ਲਾਗਾ ਪਾਈਆ । ਜੋ ਦੇਵੇ ਸਭ ਅਨੰਦਣਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਨ ਭਗਤੋ ਉਸੇ ਕੋਲੋਂ ਸਭ ਨੇ ਮੰਗਣਾ, ਦੇਵਣਹਾਰ ਗੁਸਾਈਆ । ਜਿਸ ਦੀ ਸਰਨ ਸਰਨਾਈ ਸਭ ਨੇ ਲੱਗਣਾ, ਲਗ ਮਾਤਰ ਡੇਰਾ ਢਾਹੀਆ । ਉਸੇ ਦਾ ਦੀਪਕ ਜਗਣਾ, ਜੋਤੀ ਜਾਤਾ ਕਰੇ ਰੁਸ਼ਨਾਈਆ । ਉਸੇ ਦਾ ਡੰਕਾ ਵਜਣਾ, ਦੋ ਜਹਾਨ ਕਰੇ ਰੁਸ਼ਨਾਈਆ । ਜਿਸ ਦੇ ਹੁਕਮ ਵਿਚ ਕਲਜੁਗ ਕੂੜਾ ਭਜਣਾ, ਭੱਜੇ ਵਾਹੋ ਦਾਹੀਆ । ਧਰਨੀ ਉਤੇ ਅੰਤ ਨਹੀਂ ਲਭਣਾ, ਖੋਜਿਆਂ ਹੱਥ ਕਿਸੇ ਨਾ ਆਈਆ । ਸਤਿਗੁਰ ਸਾਚਾ ਸੱਜਣਾ, ਨਿਰਗੁਣ ਧਾਰ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਕੰਗਣ ਕਹੇ ਗੰਗਾ ਲਛਮਣ ਵੇਖ ਲੈ ਜੋਬਨਵੰਤ, ਜਵਾਨੀ ਅੰਦਰੇ ਅੰਦਰ ਨਜ਼ਰੀ ਆਈਆ । ਜਿਸ ਨੂੰ ਬੁਧੀਵਾਨ ਸਮਝ ਸਕੇ ਕੋਈ ਨਾ ਪੰਡਤ, ਅਕ਼ਲ ਚਲੇ ਨਾ ਕੋਇ ਚਤੁਰਾਈਆ । ਦੁਨੀਆਦਾਰ ਭਾਵੇਂ ਸਾਧ ਕਹਿਣ ਭਾਵੇਂ ਸੰਤ, ਸਤਿਗੁਰ ਸ਼ਬਦ ਆਪਣਾ ਰੰਗ ਰੰਗਾਈਆ । ਜੋ ਬਣਾਵਣਹਾਰਾ ਭਗਤਾਂ ਬਣਤ, ਘੜਨ ਭੰਨਣਹਾਰ ਇਕ ਅਖਵਾਈਆ । ਜੇ ਇਹ ਲਹਿਣਾ ਬਾਕੀ ਨਾ ਹੁੰਦਾ ਏਸ ਦਾ ਹੋ ਜਾਣਾ ਸੀ ਅੰਤ, ਤਨ ਵਜੂਦ ਰਹਿਣ ਕੁਛ ਨਾ ਪਾਈਆ । ਅਗੇ ਪ੍ਰਭੂ ਕਿਰਪਾ ਕਰ ਕੇ ਬਣਾਏ ਨਵੀਂ ਬਣਤ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਕੰਗਣ ਕਹੇ ਮੈਂ ਬਣਾਂ ਵਿਚੋਲਾ ਦਲਾਲ, ਪਿਛਲੀ ਯਾਰੀ ਦਿਆਂ ਦ੍ਰਿੜਾਈਆ । ਵੇਖਾਂ ਆਪਣੇ ਮਿਤਰ ਦਾ ਹਾਲ, ਬਿਨ ਨੈਣਾਂ ਨੈਣ ਉਠਾਈਆ । ਜੇ ਪ੍ਰਭੂ ਤੂੰ ਬਚਾਇਆ ਇਸ ਨੂੰ ਅੰਤ ਕੋਲੋਂ ਕਾਲ, ਕਾਲ ਮਹਾਕਾਲ ਆਪਣੇ ਹੁਕਮ ਵਿਚ ਰਖਾਈਆ । ਕਿਰਪਾ ਕਰ ਕੇ ਇਸ ਨੂੰ ਆਯੂ ਬਖ਼ਸ਼ ਦੇ ਪੰਜ ਸੱਤ ਦਸ ਸਾਲ, ਗਿਣਤੀ ਆਪਣੇ ਹੱਥ ਰਖਾਈਆ । ਭਗਤਾਂ ਦਾ ਭਗਤ ਦੁਆਰੇ ਗੋਦਾਵਰੀ ਕਹੇ ਜੇ ਮੈਨੂੰ ਪਾਣੀ ਨਹੀਂ

੬੩੦
੨੪

ਪਿਆਇਆ ਮੇਰੇ ਪ੍ਰਭੂ ਨੂੰ ਦਿਉ ਪਿਆਲ, ਸਾਡੀ ਤ੍ਰਿਸ਼ਨਾ ਰਹੇ ਨਾ ਰਾਈਆ । ਤੁਸੀਂ ਜੀਉਂਦੇ ਰਹੋ ਜਗਤ ਵਿਚ ਤੁਹਾਡੀ ਸਭ ਤੋਂ ਵਖਰੀ ਹੋਵੇ ਮਿਸਾਲ, ਮਿਸਲ ਵਿਚ ਮਿਸਲ ਪ੍ਰਭ ਆਪਣੀ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਸੁਹੇਲੇ ਗੁਰ ਸਤਿਗੁਰ ਆਪੇ ਲਏ ਭਾਲ, ਭਾਲਣਹਾਰਾ ਏਕੰਕਾਰਾ ਆਪਣੀ ਦਇਆ ਕਮਾਈਆ ।

### ✪ ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਸੁਰਗਵਾਸੀ ਬਾਬੂ ਰਾਮ ਦੇ ਗ੍ਰਿਹ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਨਾਰਦ ਕਹੇ ਪ੍ਰਭੂ ਜਨ ਭਗਤਾਂ ਬਣਿਆ ਰਹਿਣਾ ਸਹਾਰਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਿਨ੍ਹਾਂ ਇਕ ਵਾਰ ਤੇਰਾ ਲਾ ਲਿਆ ਜੈਕਾਰਾ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ?ਦੀ? ਜੈ ਸੁਣਾਈਆ । ਉਨ੍ਹਾਂ ਦਾ ਦੀਨ ਦੁਨੀ ਵਿਚੋਂ ਕਰਨਾ ਪਾਰ ਕਿਨਾਰਾ, ਲੋਕਮਾਤ ਲੇਖਾ ਕੁਛ ਰਹਿਣ ਨਾ ਪਾਈਆ । ਜਨਮ ਲੈਣਾ ਪਏ ਨਾ ਜਗਤ ਫੇਰ ਦੁਬਾਰਾ, ਅਗਨੀ ਤਤ ਨਾ ਕੋਇ ਤਪਾਈਆ । ਸਦ ਵਸਦੇ ਰਹਿਣਾ ਸਚਖੰਡ ਦੁਆਰਾ, ਥਿਰ ਘਰ ਸਾਚੇ ਲੈਣਾ ਟਿਕਾਈਆ । ਜੁਗ ਚੌਕੜੀ ਤੇਰਾ ਲੇਖਾ ਅਪਰ ਅਪਾਰਾ, ਅਪਰੰਪਰ ਸੁਆਮੀ ਤੇਰੀ ਬੇਪਰਵਾਹੀਆ । ਕਲਜੁਗ ਅੰਤ ਤੇਰਾ ਨਾਉਂ ਕਲ ਕਲਕੀ ਅਵਤਾਰਾ, ਨਿਹਕਲੰਕ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਪੂਰ ਕਰਾਈਆ । ਨਾਰਦ ਕਹੇ ਪ੍ਰਭੂ ਭਗਤਾਂ ਸਦਾ ਕਟਣੀ ਫਾਸੀ, ਫ਼ੈਸਲਾ ਰਾਏ ਧਰਮ ਨਾ ਕੋਇ ਸੁਣਾਈਆ । ਆਵਣ ਜਾਵਣ ਮੇਟਣੀ ਉਦਾਸੀ, ਚਿੰਤਾ ਜਗਤ ਨਾ ਕੋਇ ਰਖਾਈਆ । ਤੇਰੇ ਸਚਖੰਡ ਦੁਆਰ ਵਸਣ ਖ਼ੁਸ਼ੀਆਂ ਨਾਲ ਕਰਨ ਹਾਸੀ, ਮਸਤੀ ਵਿਚ ਤੇਰੇ ਵਿਚ ਸਮਾਈਆ । ਤੂੰ ਪਾਤਸ਼ਾਹ ਸ਼ਹਿਨਸ਼ਾਹ ਪੁਰਖ ਅਬਿਨਾਸ਼ੀ, ਕਰਤੇ ਤੇਰੀ ਵਡ ਵਡਿਆਈਆ । ਤੇਰੇ ਹੁਕਮੇ ਅੰਦਰ ਸ਼ੰਕਰ ਕੈਲਾਸ਼ੀ, ਦਰ ਠਾਂਡੇ ਬੈਠਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰ ਦੇਣਾ ਸੁਹਾਈਆ । ਨਾਰਦ ਕਹੇ ਪ੍ਰਭੂ ਤੂੰ ਮਾਲਕ ਬਣਨਾ ਸਭ ਦਾ, ਭਗਤ ਸੁਹੇਲੇ ਲੈਣੇ ਗਲ ਲਾਈਆ । ਤੈਨੂੰ ਗੁਰਮੁਖ ਫਿਰੇ ਕੋਈ ਨਾ ਲਭਦਾ, ਘਰ ਮਿਲਣਾ ਚਾਈਂ ਚਾਈਆ । ਕੂੜ ਵਿਛੋੜਾ ਮੇਟਣਾ ਜਗ ਦਾ, ਜਾਗਰਤ ਜੋਤ ਕਰਨੀ ਰੁਸ਼ਨਾਈਆ । ਨਾਮ ਪਿਆਲਾ ਪਿਆਉਣਾ ਅੰਮ੍ਰਿਤ ਮਦਿ ਦਾ, ਬਿਨ ਰਸਨਾ ਰਸ ਚਖਾਈਆ । ਤੇਰਾ ਮੇਲਾ ਹੋਇਆ ਸਬਬ ਦਾ, ਸਤਿਗੁਰ ਦੇਣੀ ਮਾਣ ਵਡਿਆਈਆ । ਜੋ ਤੇਰੀ ਸਰਨ ਸਰਨਾਈ ਹੋਵੇ ਲਗਦਾ, ਧੂੜੀ ਚਰਨਾਂ ਖ਼ਾਕ ਰਮਾਈਆ । ਉਹ ਪੰਧ ਮੁਕਾਵੇ ਆਵਣ ਜਾਵਣ ਵਾਲੀ ਹੱਦ ਦਾ, ਹਦੂਦਾਂ ਡੇਰਾ ਢਾਹੀਆ । ਸਚ ਦੁਆਰ ਹੋਵੇ ਵਸਦਾ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਤੇਰਾ ਦੀਪਕ ਜੋਤੀ ਜਗਦਾ, ਨੂਰ ਨੁਰਾਨਾ ਨਜ਼ਰੀ ਆਈਆ । ਝਗੜਾ ਅਗੇ ਨਾ ਰਹੇ ਅਲਗ ਦਾ, ਜੋਤੀ ਜੋਤ ਵਿਚ ਰਲਾਈਆ । ਮਾਣ ਦੇਣਾ ਅਮਰਾਪਦ ਦਾ, ਦਰਗਾਹ ਸਾਚੀ ਸਚ ਸੁਹਾਈਆ । ਮੇਰਾ ਬਚਨ ਆਸਾ ਵਾਲਾ ਪੂਰਾ ਕਰਨਾ ਅੱਜ ਦਾ, ਆਜਜ਼ ਹੋ ਕੇ ਮੰਗ ਮੰਗਾਈਆ । ਤੁਧ ਬਿਨ ਭਗਤਾਂ ਪੜਦਾ ਕੋਇ ਨਾ ਕਜਦਾ, ਸਿਰ ਸਿਰ ਹੱਥ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਘਰ ਦੇਣੀ ਵਡਿਆਈਆ । ਨਾਰਦ ਕਹੇ ਪ੍ਰਭੂ ਤੇਰਾ ਬੱਚਾ ਨੰਨ੍ਹਾ ਬਾਬੂ ਰਾਮ, ਰਾਮ ਪਿਆਰੇ ਦੇਣੀ ਵਡਿਆਈਆ । ਅੰਮ੍ਰਿਤ ਰਸ ਦੇ ਹਕੀਕੀ ਜਾਮ, ਬਿਨ ਰਸਨਾ ਰਸ ਚਖਾਈਆ । ਦੀਨ ਦੁਨੀ ਦਾ ਝਗੜਾ ਮੇਟ ਤਮਾਮ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਰਾਏ ਧਰਮ ਦਾ ਬਣਨਾ ਨਾ ਪਏ ਗ਼ੁਲਾਮ, ਹੁਕਮ ਵਿਚ ਨਾ ਹੁਕਮ ਭੁਆਈਆ । ਤੂੰ ਆਦਿ ਜੁਗਾਦੀ ਭਗਤਾਂ ਕਰਨ ਵਾਲਾ ਇੰਤਜ਼ਾਮ, ਤੇਰੇ ਹੱਥ ਤੇਰੀ ਵਡਿਆਈਆ । ਮੈਂ ਚਾਹੁੰਦਾ ਤੇਰੇ ਚਰਨ ਕਵਲ ਸਚਖੰਡ ਕਰਨ ਵਿਸਰਾਮ, ਸਿੰਘਾਸਣ ਇਕੋ ਦੇਣਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਆਪ ਸਹਾਈਆ । ਨਾਰਦ ਕਹੇ ਪ੍ਰਭੂ ਜਨ ਭਗਤ ਤੇਰੀ ਚਰਨ ਦਾਸੀ, ਸੇਵਕ ਹੋ ਕੇ ਸੇਵ ਕਮਾਈਆ । ਤੂੰ ਪੰਧ ਮੁਕਾਉਣਾ ਪ੍ਰਿਥਮੀ ਅਕਾਸ਼ੀ, ਗਗਨ ਗਗਨੰਤਰਾਂ ਡੇਰਾ ਢਾਹੀਆ । ਜਨਮ ਦੀ ਜਨਮ ਵਿਚੋਂ ਮੇਟਣੀ ਉਦਾਸੀ, ਚਿੰਤਾ ਚਿਖਾ ਨਾ ਕੋਇ ਤਪਾਈਆ । ਮਾਨਸ ਜਨਮ ਕਰਨਾ ਰਹਿਰਾਸੀ, ਰਸਤਾ ਆਪਣਾ ਇਕ ਦਰਸਾਈਆ । ਜਿਥੇ ਤੇਰਾ ਨੂਰ ਜੋਤ ਪਰਕਾਸ਼ੀ, ਜੋਤੀ ਜਾਤੇ ਨਜ਼ਰੀ ਆਈਆ । ਤੇਰਾ ਭਗਤ ਸੁਹੇਲਾ ਸਚਖੰਡ ਦਾ ਹੋਵੇ ਵਾਸੀ, ਦਰਗਾਹ ਸਾਚੀ ਸੋਭਾ ਪਾਈਆ । ਨਾਰਦ ਕਹੇ ਪ੍ਰਭੂ ਮੇਰੀ ਬੇਨੰਤੀ ਮੇਰੀ ਅਰਦਾਸੀ, ਅਰਜ਼ੋਈ ਤੇਰੇ ਚਰਨ ਟਿਕਾਈਆ । ਜਨ ਭਗਤ ਪਰਵਾਰ ਨਾਮ ਦੇਣਾ ਸ਼ਬਦ ਸਵਾਸੀ, ਸਾਹ ਸਾਹ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਸਦਾ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤੇ ਤੇਰੇ ਹੱਥ ਵਡਿਆਈਆ ।



੨੪

### ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਇੰਦਰ ਰਾਮ ਦੇ ਗ੍ਰਿਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ

ਨਾਰਦ ਕਹੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਮੇਰੇ ਨਾਲ ਕਰੋ ਮਿਲਾਪ, ਮੇਲਾ ਹਰਿ ਜਗਦੀਸ਼ ਮਿਲਾਈਆ । ਪ੍ਰਭ ਨੂੰ ਕਹੀਏ ਭਗਤਾਂ ਬਣਨਾ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਆਵਣ ਜਾਵਣ ਲੱਖ ਚੁਰਾਸੀ ਮੇਟਣਾ ਤਾਪ, ਤ੍ਰੈਗੁਣ ਪੰਧ ਮੁਕਾਈਆ । ਆਤਮ ਪਰਮਾਤਮ ਬਖ਼ਸ਼ਦੇ ਰਹਿਣਾ ਜਾਪ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਬੰਦ ਕਿਵਾੜੀ ਖੋਲ੍ਹਦੇ ਰਹਿਣਾ ਤਾਕ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਨਿਗਾਹਬਾਨ ਹੋ ਕੇ ਸਦਾ ਲੈਣਾ ਝਾਕ, ਲੋਕਮਾਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਸਾਰੇ ਬਣੀਏ ਮੰਗਤੇ, ਪ੍ਰਭ ਚਰਨ ਧਿਆਨ ਲਗਾਈਆ । ਸਾਡਾ ਸਾਥ ਦਿਉ ਸਾਚੀ ਸੰਗਤੇ, ਸੰਗੀ ਸਭ ਅਖਵਾਈਆ । ਪ੍ਰਭ ਨੂੰ ਕਹੀਏ ਗੜ੍ਹ ਤੋੜ ਦੇ ਹਉਮੇ ਹੰਗਤੇ, ਹੰ ਬ੍ਰਹਮ ਦੇ ਸਮਝਾਈਆ । ਜਿਨ੍ਹਾਂ ਭੋਜਨ ਖਾਧਾ ਬੈਠ ਕੇ ਇਕੇ ਪੰਗਤੇ, ਸਾਰੇ ਇਕੋ ਰੰਗ ਸਮਾਈਆ । ਵੇਖੇ ਕਿੰਨੇ ਜੁਗ ਚੌਕੜੀ ਜਾਂਦੇ ਲੰਘਦੇ, ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਸਾਰੇ ਮਾਂਗਤ ਹੋ ਕੇ ਡਾਹੀਏ ਝੋਲੀ, ਖ਼ਾਲੀ ਹੱਥ ਵਖਾਈਆ । ਪ੍ਰਭੂ ਸਾਡੀ ਧਾਰ ਤੇਰੇ ਦਰ ਦੀ ਗੋਲੀ, ਸੇਵਕ ਚਾਕਰ ਰੂਪ ਬਦਲਾਈਆ । ਸਾਡਾ ਪ੍ਰੇਮ ਪਿਆਰ ਮੁਹੱਬਤ ਵਿਚ ਤੋਲੀਂ, ਜਗਤ

ਤਰਾਜ਼ੂ ਹੱਥ ਨਾ ਕੋਇ ਉਠਾਈਆ । ਅਸੀਂ ਬੇਨੰਤੀ ਕਰੀਏ ਹੌਲੀ ਹੌਲੀ, ਉਚੀ ਕੂਕ ਨਾ ਕੋਇ ਸੁਣਾਈਆ । ਸਾਡਾ ਮਾਲਕ ਹੋ ਕੇ ਸਾਡੇ ਅੰਦਰ ਮੌਲੀ, ਮੌਲਾ ਆਪਣਾ ਰੂਪ ਪਰਗਟਾਈਆ । ਤੇਰੀ ਚਰਨ ਪ੍ਰੀਤੀ ਸਾਡੀ ਆਤਮ ਹੋਵੇ ਘੋਲੀ, ਘੋਲੀ ਘੋਲ ਘੁਮਾਈਆ । ਮਿਹਰਵਾਨਾ ਸ੍ਰੀ ਭਗਵਾਨਾ ਨੌਜੁਆਨਾ ਸਾਡੀ ਕੰਧਿਆਂ ਉਤੇ ਉਠਾ ਲੈ ਕਰਮਾਂ ਵਾਲੀ ਡੋਲੀ, ਦੂਸਰ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡੀ ਲੇਖੇ ਲਾਉਣੀ ਸੁਰਤ ਅਣਭੋਲੀ, ਭੁੱਲੇ ਭਟਕੇ ਦਰ ਆਪਣੇ ਲੈਣੇ ਟਿਕਾਈਆ ।

## ✪ ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਬੰਸੋ ਦੇਵੀ ਦੇ ਗ੍ਰਿਹ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਸਤਿਗੁਰ ਸ਼ਬਦ ਕਹੇ ਜਨ ਭਗਤੋ ਕਦੇ ਨਾ ਜਾਣਾ ਡੋਲ, ਅਡੁਲ ਦੇਵਣਹਾਰ ਵਡਿਆਈਆ । ਸਦਾ ਸੁਹੇਲਾ ਇਕ ਇਕੇਲਾ ਵਸੇ ਤੁਹਾਡੇ ਕੋਲ, ਕਾਇਆ ਮੰਦਰ ਅੰਦਰ ਆਪਣਾ ਡੇਰਾ ਲਾਈਆ । ਜਗਤ ਜਹਾਨ ਤੁਸੀਂ ਬਣੇ ਨਾ ਰਹਿਣਾ ਅਣਭੋਲ, ਭੁਲਿਓ ਰੁਲਿਓ ਤੁਹਾਨੂੰ ਲਏ ਜਗਾਈਆ । ਧਰਮ ਦੁਆਰਾ ਸਾਚਾ ਦੇਵੇ ਖੋਲ੍ਹ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਆਤਮ ਪਰਮਾਤਮ ਧਾਰ ਹੋ ਕੇ ਜਾਵੇ ਮੌਲ, ਮੌਲਾ ਆਪਣਾ ਰੰਗ ਚੜ੍ਹਾਈਆ ।
੬੩੨ ਤੁਹਾਡਾ ਵਅਦਾ ਪੂਰਾ ਕਰੇ ਕੌਲ, ਇਕ਼ਰਾਰ ਆਪਣੇ ਹੱਥ ਰਖਾਈਆ । ਜੋ ਪੰਧ ਮਾਰ ਕੇ ਆ ਗਿਆ ਉਪਰ ਧੌਲ, ਧਰਤ ਦਾ ਮਾਲਕ ਇਕ ੬੩੨
੨੪ ਅਖਵਾਈਆ । ਤੁਹਾਨੂੰ ਫੜ ਉਠਾਏ ਸ਼ਬਦ ਵਜਾ ਕੇ ਢੋਲ, ਸੋਈ ਸੁਰਤ ਰਹਿਣ ਨਾ ਪਾਈਆ । ਨਾਮ ਨਿਧਾਨਾ ਦੱਸ ਕੇ ਬੋਲ, ਸ਼ਬਦ ਅਗੰਮਾ ੨੪
ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਇਕ ਵਖਾਈਆ । ਨਾਰਦ ਕਹੇ ਜਨ ਭਗਤੋ ਲੋਕਮਾਤ ਮੂਲ ਨਾ ਡਰਨਾ, ਭੈ ਪ੍ਰਭੁ ਰਿਹਾ ਮੁਕਾਈਆ । ਜਿਸ ਨੇ ਤੁਹਾਡੇ ਗ੍ਰਿਹਿ ਵੜਨਾ, ਘਰ ਮੰਦਰ ਡੇਰਾ ਲਾਈਆ । ਤੁਹਾਡਾ ਅੰਤਸ਼ਕਰਨ ਫੜਨਾ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਤੁਹਾਡਾ ਗੀਤ ਸੰਗੀਤ ਢੋਲਾ ਪੜ੍ਹਨਾ, ਆਤਮ ਪਰਮਾਤਮ ਰਾਗ ਜਣਾਈਆ । ਤੁਹਾਡੀ ਮੰਜ਼ਲ ਮਹਿਬੂਬ ਚੜ੍ਹਨਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰ ਦਏ ਸੁਹਾਈਆ । ਨਾਰਦ ਕਹੇ ਜਨ ਭਗਤੋ ਤੁਹਾਡਾ ਵੇਖੇ ਆਪ ਮਹਲ, ਮਹਲ ਆਪਣਾ ਲਏ ਬਣਾਈਆ । ਜੋ ਵਸੇ ਸਦਾ ਅਟਲ, ਅਟਲ ਦਾ ਮਾਲਕ ਇਕ ਅਖਵਾਈਆ । ਉਹ ਸਚ ਸੰਦੇਸ਼ਾ ਨਿਰਗੁਣ ਧਾਰ ਦੇਵੇ ਘਲ, ਬਿਨ ਰਸਨਾ ਰਸਨ ਪੜ੍ਹਾਈਆ । ਤੁਹਾਡਾ ਅੰਦਰ ਬਣਾ ਕੇ ਆਪਣਾ ਨਿਹਚਲ ਧਾਮ ਸਿੰਘਾਸਣ ਲਏ ਮੱਲ, ਆਸਣ ਇਕੋ ਇਕ ਵਖਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਆਤਮ ਜਾਏ ਰਲ, ਪਰਮਾਤਮ ਮਿਲ ਕੇ ਖ਼ੁਸ਼ੀ ਬਣਾਈਆ । ਤੁਹਾਡਾ ਵਿਛੋੜਾ ਹੋਣ ਨਾ ਦੇਵੇ ਪਲ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡਾ ਵਿਛੋੜੇ ਵਾਲਾ ਮੇਟ ਕੇ ਸੱਲ, ਸਤਿਗੁਰ ਆਪਣੀ ਧਾਰ ਵਿਚ ਰਖਾਈਆ ।

## ✪ ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਸੰਤੋਖ ਸਿੰਘ ਦੇ ਗ੍ਰਿਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਨਾਰਦ ਕਹੇ ਪ੍ਰਭੂ ਤੇਰੀਆਂ ਭਗਤਾਂ ਨਾਲ ਯਾਰੀਆਂ, ਯਾਰ ਯਾਰਾਂ ਦੇ ਯਾਰ ਹੋਣਾ ਸਹਾਈਆ । ਨਿਗਾਹ ਮਾਰ ਕੇ ਤਕ ਖ਼ੁਆਰੀਆਂ, ਘਰ ਘਰ ਵੇਖ ਵਖਾਈਆ । ਤਨ ਵਜੂਦਾਂ ਲੱਗੀਆਂ ਕਟ ਬੀਮਾਰੀਆਂ, ਰੋਗ ਸੋਗ ਗਵਾਈਆ । ਵੇਰਵਾ ਰਖਣਾ ਨਹੀਂ ਪੁਰਖ ਨਾਰੀਆਂ, ਬਿਰਧਾਂ ਬਾਲਾਂ ਹੋਣਾ ਸਹਾਈਆ । ਜੁਗ ਚੌਕੜੀ ਬਾਦ ਆਈ ਤੇਰੀ ਵਾਰੀਆ, ਵਾਰਸ ਹੋਣਾ ਸਭਨੀ ਥਾਈਂਆ । ਤੇਰੇ ਨਾਮ ਤੋਂ ਬਿਨਾ ਹੋਰ ਦਿਸੇ ਕੋਇ ਨਾ ਦਾਰੀਆ, ਦਾਰੂ ਅਵਰ ਨਾ ਕੋਇ ਰਖਾਈਆ । ਇਕ ਬੇਨੰਤੀ ਹਮਾਰੀ ਆ, ਹਮ ਸਾਜਣ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਸਾਹਿਬ ਹੋਣਾ ਸਹਾਈਆ । ਨਾਰਦ ਕਹੇ ਪ੍ਰਭੂ ਨੌ ਸੌ ਨੜਿਨਵੇ ਬੀਮਾਰੀ ਹਰ ਘਟ ਸਰੀਰ, ਸਮੇਂ ਸਮੇਂ ਆਪਣਾ ਰੂਪ ਬਦਲਾਈਆ । ਕੀ ਕੋਈ ਕਰੇ ਸਾਧ ਫ਼ਕੀਰ, ਭੇਵ ਸਕੇ ਨਾ ਕੋਇ ਪਾਈਆ । ਹਕੀਮ ਡਾਕਟਰ ਕਿਸ ਕਿਸ ਨੂੰ ਰਖਣ ਚੀਰ, ਕਿਸ ਕਿਸ ਦੀ ਕਰਨ ਸਫ਼ਾਈਆ । ਤੇਰਾ ਖੇਲ ਬੇਨਜ਼ੀਰ, ਨਜ਼ਰਾਂ ਤੋਂ ਓਹਲੇ ਤੇਰੀ ਬੇਪਰਵਾਹੀਆ । ਬੇਸ਼ਕ ਸਾਢੇ ਤਿੰਨ ਹੱਥ ਮਾਨਸ ਤੇਰੀ ਜਗੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਨਾਰਦ ਕਹੇ ਪ੍ਰਭੂ ਦੁਖ ਰੋਗ ਮੇਟ ਦੇ ਸਰ, ਸਿਰ ਸਿਰ ਆਪਣਾ ਧਿਆਨ ਲਗਾਈਆ । ਜਿਸ ਵਿਚ ਦਸਮ ਦੁਆਰੀ ਤੇਰਾ ਘਰ, ਬ੍ਰਹਿਮੰਡ ਖੰਡ ਰਚਨਾ ਲਈ ਰਚਾਈਆ । ਜਿਥੇ ਤੇਰਾ ਸਰੋਵਰ ਸਰ, ਸਚ ਵਸਤੂ ਦਿਤੀ ਟਿਕਾਈਆ । ਜਿਥੇ ਤੇਰਾ ਸ਼ਬਦ ਅਨਾਦੀ ਤੂੰ ਹੀ ਤੂੰ ਹੀ ਰਿਹਾ ਕਰ, ਕਰਨੀ ਦੇ ਕਰਤੇ ਤੇਰੇ ਢੋਲੇ ਗਾਈਆ । ਜਿਥੇ ਦੀਪਕ ਜੋਤੀ ਨਿਰਾਕਾਰ ਟਿਕਾਇਆ ਆਪਣੇ ਘਰ, ਘਰ ਘਰ ਵਿਚ ਆਪਣੀ ਕੀਤੀ ਰੁਸ਼ਨਾਈਆ । ਤਿਸ ਸਿਰ ਉਤੇ ਕਿਰਪਾ ਕਰ, ਕਿਰਪਨ ਹੋ ਕੇ ਵੇਖ ਵਖਾਈਆ । ਦਰਦ ਪੀੜ ਨਾ ਆਵੇ ਦਰ, ਦਰ ਦੁਆਰਿਓਂ ਬਾਹਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਨਾਰਦ ਕਹੇ ਪ੍ਰਭੂ ਮੇਰੀ ਮਿੰਨਤ ਇਕੋ ਮੰਨ, ਮਨਸਾ ਤੇਰੇ ਚਰਨ ਟਿਕਾਈਆ । ਜਨ ਭਗਤਾਂ ਪਵਿਤ੍ਰ ਕਰ ਦੇ ਮੁਖ ਨਾਕ ਅੱਖਾਂ ਕੰਨ, ਕਾਇਨਾਤ ਦੇ ਮਾਲਕ ਆਪਣੀ ਦਇਆ ਕਮਾਈਆ । ਦਰਦੀ ਹੋ ਕੇ ਸਭ ਦਾ ਬੇੜਾ ਬੰਨ੍ਹ, ਬੰਨ੍ਹਣਹਾਰ ਆਪ ਅਖਵਾਈਆ । ਇਹ ਭਗਤ ਸੁਹੇਲੇ ਤੇਰੇ ਚੰਨ, ਚਰਨ ਕਵਲ ਬੈਠੇ ਸੀਸ ਨਿਵਾਈਆ । ਸਚ ਪਿਆਰ ਦਾ ਦੇ ਦੇ ਧਨ, ਵਸਤੂ ਨਾਮ ਵਾਲੀ ਵਰਤਾਈਆ । ਸਦਾ ਸਦਾ ਬਣਾ ਲੈ ਆਪਣੇ ਜਨ, ਧੁਰ ਦੀ ਬਣ ਜਣੇਂਦੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸਚ ਹੋਣਾ ਸਹਾਈਆ । ਨਾਰਦ ਕਹੇ ਪ੍ਰਭੂ ਜਨ ਭਗਤਾਂ ਦੁਖੜੇ ਕਦੇ ਨਾ ਹੋਣ, ਸਿਰ ਸਿਰ ਦੇਣੀ ਮਾਣ ਵਡਿਆਈਆ । ਪਵਿਤ੍ਰ ਕਰਨਾ ਸਵਾਸੀ ਪੌਣ, ਸਾਹ ਸਾਹ ਵਿਚ ਸਮਾਈਆ । ਜਿਸ ਨਾਲ ਤੇਰਾ ਢੋਲਾ ਗਾਉਣ, ਗੋਬਿੰਦ ਤੇਰੇ ਰੰਗ ਰੰਗਾਈਆ । ਕਿਉਂ ਕਲਜੁਗ ਅੰਤਮ ਦੁਖਾਂ ਵਿਚ ਆਇਉਂ ਤਰਸੌਣ, ਤਰਸਦਿਆਂ ਆਪਣੇ ਗਲੇ ਲਗਾਈਆ । ਕਿਉਂ ਗ਼ਰੀਬ ਨਿਮਾਣਿਆਂ ਆਇਉਂ ਰਵਾਉਣ, ਰੋਂਦਿਆਂ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਨਾਰਦ ਕਹੇ ਪ੍ਰਭੂ ਤੂੰ ਯੋਧਾ ਸੂਰਬੀਰ ਮਰਦਾਨਾ ਮਰਦਨ, ਮਦਦ ਤੇਰੀ ਇਕ ਰਖਾਈਆ । ਜੋ ਇਸ਼ਾਰਾ


੬੩੩ ੨੪

ਕੀਤਾ ਗੋਪੀਆਂ ਨਾਲ ਪਰਬਤ ਗਵਰਧਨ, ਗਦਾ ਭੀਮ ਵਾਲੀ ਨਾਲ ਮਿਲਾਈਆ । ਜੋ ਸੰਦੇਸ਼ਾ ਦੇ ਕੇ ਗਿਆ ਅਰਜਨ, ਘਨਈਆ ਆਪਣਾ ਹੁਕਮ ਦ੍ਰਿੜਾਈਆ । ਜਿਸ ਵੇਲੇ ਕਲਜੁਗ ਅੰਤ ਧਰਮ ਦੀ ਧਾਰ ਚੁਕੇ ਕੋਈ ਨਾ ਗਰਦਨ, ਗਰਦਸ਼ ਵਿਚ ਹੋਵੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੁਕਮ ਅਗੇ ਕੋਈ ਪਾ ਸਕੇ ਨਾ ਅੜਚਨ, ਅਗੇ ਹੋ ਜਨ ਭਗਤਾਂ ਦੁਖ ਰੋਗ ਨਾ ਕੋਇ ਸਤਾਈਆ ।

ਮੈਂ ਨਿਮਾਣੀ ਗੌਰਜਾਂ, ਗੁਮਨਾਮ ਗੁਮਰਾਹ । ਮੇਰਾ ਝਗੜਾ ਜਗਤ ਜਹਾਨ ਰੋਜ਼ ਦਾ, ਨਿਤ ਨਵਿਤ ਦੇਣਾ ਸੁਣਾ । ਮੇਰਾ ਖੇਲ ਆਪਣੀ ਮੌਜ ਦਾ, ਦੁੱਧਾਂ ਦਹੀਆਂ ਵੰਡ ਵੰਡਾ । ਮੇਰਾ ਚੋਲਾ ਧੁਰ ਦੇ ਜੋਗ ਦਾ, ਜੁਗੀਸ਼ਰਾਂ ਵਾਲੀ ਬੈਠੀ ਬਣਤ ਬਣਾ । ਮੇਰਾ ਵੇਲਾ ਅੰਤਮ ਮੁਕਿਆ ਔਧ ਦਾ, ਮੈਂ ਦੇਵਾਂ ਸਚ ਸੁਣਾ । ਮੇਰਾ ਅੰਤਸ਼ਕਰਨ ਕੋਇ ਨਾ ਸੋਧਦਾ, ਅਵਤਾਰ ਪੈਗ਼ੰਬਰ ਗੁਰੂਆਂ ਅਗੇ ਵਾਸਤਾ ਲਿਆ ਪਾ । ਮੇਰਾ ਮੇਲਾ ਅੰਤ ਪੁਰਖ ਅਕਾਲ ਨਾਲ ਸੰਜੋਗ ਦਾ, ਜੋ ਸੰਜੋਗੀ ਧੁਰ ਦਰਗਾਹ । ਮੇਰਾ ਰਿਸ਼ਤਾ ਟੁੱਟਿਆ ਅੱਜ ਤੋਂ ਰੋਗ ਦਾ, ਗ੍ਰਿਹ ਰੋਗੀ ਸਭ ਨੂੰ ਹੋਏ ਸ਼ਫ਼ਾ । ਮੇਰਾ ਮਾਲਕ ਸੁਆਮੀ ਮੈਨੂੰ ਸਮਾਂ ਬਖ਼ਸ਼ੇ ਮੌਜ ਦਾ, ਸਚਖੰਡ ਦੁਆਰੇ ਲਏ ਬੁਲਾ । ਜਿਸ ਨੂੰ ਜਗਤ ਜਹਾਨ ਖੋਜਦਾ, ਸੋ ਪਕੜੇ ਮੇਰੀ ਬਾਂਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਆਮੀ ਅੰਤਰਜਾਮੀ ਚਰਨ ਕਵਲ ਕਵਲ ਚਰਨ ਨਿਰਗੁਣ ਧਾਰ ਨਿਰਗੁਣ ਮੈਨੂੰ ਬਖ਼ਸ਼ੇ ਸਚਾ ਥਾਂ ।



### ✪ ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਪਰਕਾਸ਼ ਸਿੰਘ ਦੇ ਗ੍ਰਿਹ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਨਾਰਦ ਕਹੇ ਸੁਣ ਜਮਨਾ ਸੁਰਸਤੀ ਗੋਦਾਵਰੀ ਗੰਗਾ, ਗੰਗੋਤਰੀਏ ਸਚ ਦਿਆਂ ਸੁਣਾਈਆ । ਪ੍ਰਭ ਦੇ ਕੋਲੋਂ ਮਿਲ ਕੇ ਮੰਗੀਏ ਮੰਗਾਂ, ਮਾਂਗਤ ਹੋ ਕੇ ਝੋਲੀ ਡਾਹੀਆ । ਜਨ ਭਗਤਾਂ ਸਤਿ ਸਚ ਦਾ ਚਾੜ੍ਹ ਕੇ ਰੰਗਾ, ਰੰਗਤ ਆਪਣੀ ਇਕ ਵਖਾਈਆ । ਗ਼ਰੀਬ ਨਿਮਾਣਿਆਂ ਦੁਖਣ ਨਾ ਦੇਵੀਂ ਜੰਘਾਂ, ਦੀਨਾ ਦਰਦ ਦੇਣਾ ਮਿਟਾਈਆ । ਕਿਉਂ ਦਰਸ਼ਨ ਕਰਨ ਆਉਂਦੇ ਤੁਰ ਕੇ ਨਾਲ ਟੰਗਾਂ, ਮਿਹਰਵਾਨ ਮਿਹਰ ਨਜ਼ਰ ਦੇਣੀ ਕਰਾਈਆ । ਸਭ ਦਾ ਸੀਨਾ ਕਰਨਾ ਠੰਢਾ, ਕਲਜੁਗ ਦੁਖ ਨਾ ਲਾਗੇ ਰਾਈਆ । ਜੇ ਤੂੰ ਆਇਉਂ ਅੰਤਮ ਕੰਢੀ ਵਾਲੇ ਕੰਢਾ, ਘਾਟਾਂ ਪੰਧ ਦੇਣਾ ਮੁਕਾਈਆ । ਸਚ ਪਿਆਰ ਦਾ ਦੇਣਾ ਅਨੰਦਾ, ਰਸ ਆਪਣਾ ਨਾਮ ਚਖਾਈਆ । ਪ੍ਰਭੂ ਸਚ ਦੱਸ ਤੈਨੂੰ ਭਗਤਾਂ ਨਾਲੋਂ ਕਿਹੜਾ ਚੰਗਾ, ਪੂਤ ਸਪੂਤਾ ਕਵਣ ਗੋਦ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਨਾਰਦ ਕਹੇ ਸਾਰੇ ਪ੍ਰਭ ਤੇ ਪਾਈਏ ਜ਼ੋਰ, ਜ਼ੋਰ ਪਿਆਰ ਵਾਲਾ ਵਖਾਈਆ । ਪ੍ਰਭੂ ਨਿਗਾਹ ਮਾਰ ਲੈ ਨਾਲ ਗ਼ੌਰ, ਗੌਰਵ ਤੇਰੇ ਉਤੇ ਸਾਡਾ ਨਜ਼ਰੀ ਆਈਆ । ਕਲਜੁਗ ਅੰਤ ਅੰਧੇਰਾ ਤਕ ਘੋਰ, ਅੰਧ ਅਗਿਆਨ ਦੇਣਾ ਮਿਟਾਈਆ । ਸਾਡਾ ਤੁਧ ਬਿਨ ਅਵਰ ਨਾ ਹੋਰ, ਹੋਕਾ ਦੇ ਕੇ ਦਈਏ ਸੁਣਾਈਆ ।

ਸਾਨੂੰ ਖ਼ੁਸ਼ੀਆਂ ਨਾਲ ਆਪਣੇ ਦਰ ਤੇ ਤੋਰ, ਤੁਰਤ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਦਰ ਦੇਣੀ ਵਡਿਆਈਆ । ਨਾਰਦ ਕਹੇ ਪ੍ਰਭੂ ਸਾਡੀਆਂ ਸਿੱਧੀਆਂ ਕਰ ਦੇ ਮੱਤਾਂ, ਮਤ ਮਤਾਂਤਰ ਡੇਰਾ ਢਾਹੀਆ । ਜਨ ਭਗਤਾਂ ਮੂਲ ਦੁਖਣ ਨਾ ਲੱਤਾਂ, ਗੋਡੇ ਗਿਟੇ ਰੋਗ ਨਾ ਲਾਗੇ ਰਾਈਆ । ਤੂੰ ਕਿਰਪਾ ਕਰਨੀ ਰਤਾ, ਰਤਨ ਅਮੋਲਕ ਹੀਰੇ ਲੈਣੇ ਬਣਾਈਆ । ਆਪਣੇ ਨਾਮ ਦੀ ਬਖ਼ਸ਼ ਦੇ ਸੱਤਾ, ਸਤਿ ਸਤਿਵਾਦੀ ਵਿਚ ਟਿਕਾਈਆ । ਅਸੀਂ ਚਾਹੁੰਦੇ ਦੁਖ ਰੋਗ ਦੀ ਆਪਣੇ ਹੁਕਮ ਨਾਲ ਕਰਦੇ ਹੱਤਾ, ਹਥਿਆਰ ਨਾਮ ਵਾਲਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਸਰਬ ਗੁਣਾ ਸਮਰਥਾ, ਸਮਰਥ ਅਕਥ ਤੇਰੀ ਵਡ ਵਡਿਆਈਆ ।

### ✪ ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਗੁਰਮੁਖ ਸਿੰਘ ਦੇ ਗ੍ਰਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਨਾਰਦ ਕਹੇ ਭਗਤੋ ਤੁਹਾਡਾ ਮੇਰੇ ਨਾਲ ਕਿਉਂ ਨਹੀਂ ਪਿਆਰ, ਪਿਆਰਿਓ ਸਚ ਦਿਆਂ ਜਣਾਈਆ । ਮੈਂ ਵੀ ਪ੍ਰਭੂ ਦਾ ਪੁਰਾਣਾ ਯਾਰ, ਮਿਤਰਾਂ ਵਿਚੋਂ ਮਿਤਰ ਇਕ ਅਖਵਾਈਆ । ਸਦਾ ਰਹਿਵਾਂ ਸਚ ਸਚੇ ਦਰਬਾਰ, ਚਰਨ ਕਵਲ ਸੋਭਾ ਪਾਈਆ । ਧਰਨੀ ਉਤੇ ਆਉਂਦਾ ਰਹਾਂ ਵਾਰੋ ਵਾਰ, ਜੁਗ ਜੁਗ ਆਪਣਾ ਫੇਰਾ ਪਾਈਆ । ਮੈਂ ਖੇਲ ਤਕੇ ਤੇਈ ਅਵਤਾਰ, ਬਿਨ ਨੈਣਾਂ ਵੇਖਿਆ ਚਾਈਂ ਚਾਈਂਆ । ਪੈਗ਼ੰਬਰਾਂ ਨਾਲ ਕੀਤਾ ਇਜ਼ਹਾਰ, ਮੈਨੂੰ ਸ਼ੈਤਾਨ ਕਹਿ ਕੇ ਸਾਰੇ ਗਏ ਸੁਣਾਈਆ । ਗੁਰੂਆਂ ਨਾਲ ਮਾਣੀ ਬਹਾਰ, ਭੱਜਿਆ ਵਾਹੋ ਦਾਹੀਆ । ਅੰਤ ਮੇਲਾ ਕਰਕੇ ਨਾਲ ਕਲਕੀ ਅਵਤਾਰ, ਆਪ ਆਪਣਾ ਜੋੜ ਜੁੜਾਈਆ । ਖੇਲ ਵੇਖਾਂ ਸਤਿਗੁਰ ਸ਼ਬਦ ਦਾ ਆਪਣੀ ਬੁੱਧੀ ਤੋਂ ਬਾਹਰ, ਬੇਅੰਤ ਹੋ ਕੇ ਰਿਹਾ ਕਰਾਈਆ । ਮੈਂ ਦੂਰ ਦੁਰਾਡਾ ਜਨ ਭਗਤੋ ਪੰਧ ਆਇਆ ਮਾਰ, ਭੱਜਿਆ ਵਾਹੋ ਦਾਹੀਆ । ਪਰ ਤੁਸਾਂ ਮੇਰੇ ਗਲ ਵਿਚ ਕੋਈ ਪਾਇਆ ਨਹੀਂ ਹਾਰ, ਮਾਣ ਵਿਚ ਨਾ ਦਿਤੀ ਵਡਿਆਈਆ । ਝਟ ਗੰਗਾ ਬੋਲੀ ਪੁਕਾਰ, ਜਮਨਾ ਸੁਰਸਤੀ ਗੋਦਾਵਰੀ ਨਾਲ ਮਿਲਾਈਆ । ਵੇ ਨਾਰਦਾ ਤੂੰ ਨਿਗਾਹ ਮਾਰ ਧੁਰ ਦਾ ਸ਼ਾਹੋ ਭੂਪ ਤਕ ਸਿਕਦਾਰ, ਸ਼ਹਿਨਸ਼ਾਹ ਧੁਰਦਰਗਾਹੀਆ । ਉਹਦੇ ਚਰਨਾਂ ਉਤੇ ਕਰ ਨਿਮਸਕਾਰ, ਡੰਡਾਵਤ ਵਿਚ ਸੀਸ ਝੁਕਾਈਆ । ਉਹਦੀ ਧੂੜੀ ਲਾ ਛਾਰ, ਮਸਤਕ ਟਿੱਕਾ ਖ਼ਾਕ ਰਮਾਈਆ । ਭਗਤਾਂ ਕੋਲੋਂ ਪੁਛ ਪ੍ਰਭੂ ਦਾ ਪਿਆਰ ਸਦਾ ਗਲ ਦਾ ਹਾਰ, ਆਦਿ ਜੁਗਾਦਿ ਜੁਗ ਚੌਕੜੀ ਉਤਰ ਕਦੇ ਨਾ ਜਾਈਆ । ਝਟ ਨਾਰਦ ਨੈਣ ਲਿਆ ਉਘਾਰ, ਚਾਰੋਂ ਕੁੰਟ ਧਿਆਨ ਲਗਾਈਆ । ਮੇਰੇ ਨਾਲੋਂ ਭਗਤ ਸੁਹੇਲੇ ਬੈਠੇ ਵੱਡੇ ਵੱਡੇ ਸਰਦਾਰ, ਜਿਨ੍ਹਾਂ ਦੇ ਸਿਰ ਪ੍ਰਭ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਦੁਆਰ ਇਕ ਵਖਾਈਆ । ਨਾਰਦ ਕਹੇ ਜਨ ਭਗਤੋ ਅੱਜ ਖ਼ੁਸ਼ੀਆਂ ਨਾਲ ਦਿਹਾੜਾ ਲੰਘਿਆ, ਮੈਨੂੰ ਪੁਛੋ ਚਾਈਂ ਚਾਈਂਆ । ਪਰ ਮੈਨੂੰ ਐਂ ਜਾਪਦਾ ਅਸਾਂ ਪ੍ਰਭੂ ਦੇ ਕੋਲੋਂ ਅਜੇ ਕੁਛ ਨਹੀਂ ਮੰਗਿਆ, ਮਾਂਗਤ ਹੋ ਕੇ ਝੋਲੀ ਡਾਹੀਆ । ਉਹ ਵੇਖੋ ਸਾਡਾ ਲੇਖਾ ਦੋ ਜਹਾਨ ਤੋਂ ਬਾਹਰ ਟੰਗਿਆ, ਜਗਤ ਡੋਰੀ ਨਾ ਕੋਇ ਬੰਧਾਈਆ । ਮੈਂ ਸਚ ਦੱਸਾਂ ਤੁਹਾਨੂੰ ਪੁਰਾਣਾ ਪੰਡਿਆ, ਪੰਡਤ ਹੋ ਕੇ ਦਿਆਂ ਸਮਝਾਈਆ । ਜਨ ਭਗਤੋ ਤੁਹਾਨੂੰ ਪ੍ਰਭੂ ਨੇ ਬਿਨਾ ਭਗਤੀ

ਤੋਂ ਚਾੜ੍ਹ ਦਿਤਾ ਆਪਣੇ ਡੰਡਿਆ, ਜਿਥੇ ਡੰਡਾਵਤ ਬੰਦਨਾ ਵਾਲਾ ਪੁੱਜੇ ਕੋਇ ਨਾ ਰਾਈਆ । ਉਥੇ ਨਾ ਕੋਈ ਭੇਖ ਨਾ ਪਖੰਡਿਆ, ਸ਼ਰਅ ਵੰਡ ਨਾ ਕੋਇ ਵੰਡਾਈਆ । ਨਾ ਕੋਈ ਤੀਰਥ ਤਟ ਕਿਨਾਰਾ ਕੰਢਿਆ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੂਪ ਨਾ ਕੋਇ ਵਖਾਈਆ । ਉਹ ਇਕੋ ਸ਼ਹਿਨਸ਼ਾਹ ਸੂਰਾ ਸਰਬੰਗਿਆ, ਹਰਿ ਬੈਠਾ ਆਸਣ ਲਾਈਆ । ਮੈਂ ਹੈਰਾਨ ਹੋ ਗਿਆ ਸਚਖੰਡ ਦਾ ਨਿਵਾਸੀ ਕਿਸ ਬਿਧ ਬਹਿ ਗਿਆ ਆ ਕੇ ਤੁਹਾਡੇ ਉਤੇ ਮੰਜਿਆ, ਸਿੰਘਾਸਣ ਆਪਣਾ ਆਪ ਬਣਾਈਆ । ਝਟ ਗੰਗਾ ਨੇ ਕਿਹਾ ਜਾ ਵੇ ਪਰੇ ਨਾਰਦਾ ਗੰਜਿਆ, ਆਪਣੀ ਬੋਦੀ ਲੈ ਹਿਲਾਈਆ । ਤੈਨੂੰ ਪਤਾ ਨਹੀਂ ਪ੍ਰਭੂ ਨੇ ਭਗਤਾਂ ਨਾਲੋਂ ਵਖ ਨਹੀਂ ਕੁਛ ਵੰਡਿਆ, ਭਗਤ ਭਗਵਾਨ ਮਿਲਕੇ ਇਕੋ ਘਰ ਝਟ ਲੰਗਾਈਆ । ਪੰਡਤਾ ਹੁਣ ਸ਼ੁਕਰ ਕਰ ਦਿਵਸ ਬੀਤਿਆ ਆਈ ਰੈਣ ਹੋ ਗਈ ਸੰਧਿਆ, ਸਿਰ ਸਰ ਆਪਣਾ ਦੇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਸਚ ਦੁਆਰ ਏਕੰਕਾਰ ਹੋ ਕੇ ਭਗਤਾਂ ਦਰ ਲੰਘਿਆ, ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਆਪਣਾ ਆਪ ਖੁਲ੍ਹਾਈਆ ।

### ✪ ੩੦ ਜੇਠ ਸ਼ਹਿਨਸ਼ਾਹੀ ਸੰਮਤ ੧੧ ਕਿਰਪਾਲ ਸਿੰਘ ਦੇ ਗ੍ਰਹਿ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪



ਨਾਰਦ ਕਹੇ ਜਨ ਭਗਤੋ ਭਗਤੀ ਦਾ ਕਿਹੜਾ ਰੰਗ, ਮਿਤਰੋ ਮੈਨੂੰ ਦਿਉ ਜਣਾਈਆ । ਕਿਹੜੀ ਸੇਜ ਸੁਹਾਵੇ ਪਲੰਘ, ਆਸਣ ਕਵਣ ਵਡਿਆਈਆ । ਕਿਹੜਾ ਨਾਦ ਵਜਾਏ ਮਰਦੰਗ, ਕਰੇ ਕੀ ਸ਼ਨਵਾਈਆ । ਕਿਹੜੀ ਧਾਰ ਜਾਏ ਲੰਘ, ਆਪਣਾ ਰੂਪ ਬਦਲਾਈਆ । ਕਿਸ ਬਿਧ ਕਰੇ ਖ਼ੁਸ਼ੀ ਬੰਦ ਬੰਦ, ਬੰਦਗੀ ਕੀ ਸਮਝਾਈਆ । ਕਿਹੜਾ ਗਾਵੇ ਛੰਦ, ਢੋਲਾ ਅਗੰਮ ਅਥਾਹੀਆ । ਜਿਸ ਨਾਲ ਨਾ ਬੁੱਲ ਹਿਲਣ ਨਾ ਦੰਦ, ਰਸਨਾ ਦੀ ਲੋੜ ਰਹੇ ਨਾ ਰਾਈਆ । ਘਰ ਪਰਕਾਸ਼ ਕਰਾ ਕੇ ਬਿਨ ਸੂਰੀਆ ਚੰਦ, ਨੂਰ ਨੁਰਾਨਾ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ । ਗੰਗਾ ਕਹੇ ਨਾਰਦਾ ਭਗਤੀ ਦੀ ਕਿਹੜੀ ਲੋੜ, ਲੁੜੀਂਦੇ ਸਾਜਣ ਧਿਆਨ ਲਗਾਈਆ । ਅੰਤਰ ਨਿਰੰਤਰ ਨਾਲ ਪ੍ਰਭੂ ਦੇ ਜੋੜ, ਜੁਗਤੀ ਜਗਤ ਨਾ ਕੋਇ ਵਖਾਈਆ । ਬਿਨਾ ਕ਼ਦਮਾਂ ਤੋਂ ਪ੍ਰੇਮ ਦੀ ਆਸ਼ਾ ਨਾਲ ਦੌੜ, ਭੱਜਣਾ ਵਾਹੋ ਦਾਹੀਆ । ਬਿਨਾ ਮੰਜ਼ਲ ਤੋਂ ਤਕ ਅਗੰਮੀ ਪੌੜ, ਬਿਨ ਕ਼ਦਮਾਂ ਕ਼ਦਮ ਟਿਕਾਈਆ । ਉਹ ਲੇਖਾ ਪੂਰਾ ਕਰਨ ਆਇਆ ਜਿਸ ਨੂੰ ਵੇਦ ਵਿਆਸੇ ਕਿਹਾ ਬ੍ਰਾਹਮਣ ਗੌੜ, ਪਾਰਬ੍ਰਹਮ ਅਗੰਮ ਅਥਾਹੀਆ । ਜੋ ਹਰ ਘਟ ਅੰਦਰ ਜਾਵੇ ਬਹੁੜ, ਮੇਲ ਮਿਲਾਵਾ ਕਰੇ ਚਾਈਂ ਚਾਈਂਆ । ਜੋ ਵੇਖਣਹਾਰਾ ਰੀਠਾ ਮਿਠਾ ਕੌੜ, ਹਰ ਘਟ ਅੰਦਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਭਗਤੀ ਆਦਿ ਜੁਗਾਦੀ ਵਿਚ ਜਗ, ਜਗ ਜੀਵਣ ਦਾਤੇ ਦਿਤੀ ਵਡਿਆਈਆ । ਭਗਤਾਂ ਨਾਲੋਂ ਹੋਵੇ ਨਾ ਕਦੇ ਅਲੱਗ, ਵਖਰਾ ਗ੍ਰਹਿ ਨਾ ਕੋਇ ਬਣਾਈਆ । ਜਗਤ ਤ੍ਰਿਸ਼ਨਾ ਮੇਟੇ ਅੱਗ, ਮਾਇਆ ਮਮਤਾ ਮੋਹ ਚੁਕਾਈਆ । ਕੂੜ ਕੁੜਿਆਰ ਦੀ ਪਾਰ ਕਰਾਏ ਹੱਦ, ਨਵ ਨਵ ਦਾ ਡੇਰਾ ਢਾਹੀਆ । ਸਤਿ ਸਚ ਸੁਣਾਏ ਸਦ, ਢੋਲਾ ਇਕੋ ਧੁਰ ਦਾ ਮਾਹੀਆ । ਸੰਤ ਸੁਹੇਲੇ

ਗੁਰੂ ਗੁਰ ਚੇਲੇ ਸਚ ਦੁਆਰੇ ਲਏ ਸੱਦ, ਸੱਦੇ ਦੇਵੇ ਥਾਉਂ ਥਾਈਂਆ । ਪ੍ਰੇਮ ਪਿਆਰ ਪ੍ਰੀਤੀ ਧਾਰ ਪਿਆਵੇ ਮਧੁ, ਮਧੁਰ ਧੁਨ ਕਰੇ ਸ਼ਨਵਾਈਆ । ਮੇਲ ਮਿਲਾਏ ਸ਼ਬਦ ਅਗੰਮੀ ਨਦ, ਅਨਹਦ ਨਾਦੀ ਨਾਦ ਦ੍ਰਿੜਾਈਆ । ਜਿਸ ਦੇ ਪਿਆਰ ਵਿਚ ਦੀਪਕ ਜੋਤੀ ਜਾਏ ਜਗ, ਕਾਇਆ ਮਾਟੀ ਤਨ ਵਜੂਦ ਕਰੇ ਰੁਸ਼ਨਾਈਆ । ਮੇਲ ਮਿਲਾਏ ਸੂਰਾ ਸਰਬਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਗੰਗਾ ਕਹੇ ਨਾਰਦਾ ਜਿਨ੍ਹਾਂ ਨੂੰ ਮਿਲ ਜਾਏ ਪ੍ਰਭ ਆਪ, ਆਪਣੀ ਦਇਆ ਕਮਾਈਆ । ਉਨ੍ਹਾਂ ਨੂੰ ਲੋੜ ਨਹੀਂ ਕੋਈ ਜਾਪ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਠਾਕਰ ਬੰਕ ਦੁਆਰ ਸੁਹਾਏ ਬਣ ਕੇ ਧੁਰ ਦਾ ਬਾਪ, ਪਿਤਾ ਪੂਤ ਨਾ ਕੋਇ ਵਡਿਆਈਆ । ਲਹਿਣਾ ਦੇਣਾ ਪੂਰਾ ਕਰਾਏ ਲੋਕਮਾਤ, ਧਰਨੀ ਧਰਤ ਧਵਲ ਧੌਲ ਆਪਣਾ ਰੰਗ ਰੰਗਾਈਆ । ਮੇਲ ਮਿਲਾਵੇ ਹੋ ਕੇ ਕਮਲਾਪਾਤ, ਪਤਿਪਰਮੇਸ਼ਵਰ ਮਿਲ ਕੇ ਵਜੇ ਵਧਾਈਆ । ਮਿਹਰਵਾਨ ਮਹਿਬੂਬ ਹੋ ਕੇ ਅੰਮ੍ਰਿਤ ਜਾਮ ਪਿਆਏ ਬੂੰਦ ਸਵਾਂਤ, ਤ੍ਰਿਸ਼ਨਾ ਤ੍ਰਿਖਾ ਦਏ ਗੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਮੈਂ ਕੀ ਦੱਸਾਂ ਭਗਤੀ ਬਾਤ, ਬਾਤਨ ਭੇਵ ਚੁਕਾਈਆ । ਗੰਗੋਤਰੀ ਕਹੇ ਖੇਲ ਵੇਖ ਅੱਜ ਦੀ ਰਾਤ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਜਿਸ ਦੀ ਭਗਤ ਸੁਹੇਲੇ ਅਗੰਮੀ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਟਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਦੇਵਣਹਾਰਾ ਦਾਤ, ਵਸਤ ਅਨਮੋਲ ਅਮੁਲ ਆਪ ਵਰਤਾਈਆ । ਬਿਨ ਨੇਤਰ ਲੋਚਨ ਨੈਣਾਂ ਜਨ ਭਗਤਾਂ ਅੰਦਰ ਰਿਹਾ ਝਾਕ, ਪਰਦਾ ਪਰਦਿਆਂ ਵਿਚੋਂ ਉਠਾਈਆ । ਬੰਦ ਕਿਵਾੜੀ ਖੋਲ੍ਹ ਕੇ ਤਾਕ, ਬਜਰ ਕਪਾਟੀ ਕੁੰਡਾ ਲਾਹੀਆ । ਅੰਮ੍ਰਿਤ ਦੇ ਕੇ ਬੂੰਦ ਸਵਾਂਤ, ਕਲਜੁਗ ਅਗਨੀ ਅੱਗ ਬੁਝਾਈਆ । ਸਖ਼ਾ ਸੁਹੇਲਾ ਹੋ ਕੇ ਪੁਛੇ ਵਾਤ, ਵੇਖਣਹਾਰਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਜਨ ਭਗਤੋ ਮੈਨੂੰ ਆ ਗਈ ਯਾਦ ਪੁਰਾਣੀ ਖ਼ਬਰ, ਬੇਖ਼ਬਰੋ ਦਿਆਂ ਸੁਣਾਈਆ । ਬਿਨਾ ਕੰਨਾਂ ਤੋਂ ਸੁਣੋ ਧੁਨ ਮਧੁਰ, ਜੋ ਮਧ ਸੂਦਨ ਦਾ ਮਾਲਕ ਰਿਹਾ ਸੁਣਾਈਆ । ਜ਼ਰਾ ਨਿਗਾਹ ਮਾਰੋ ਆਪਣੇ ਅੰਦਰ ਬਦਨ, ਤਤਵ ਤਤਾਂ ਫੋਲ ਫੁਲਾਈਆ । ਤੁਹਾਡਾ ਆਤਮਾ ਨਿਰਗੁਣ ਧਾਰ ਅਨਮੁੱਲਾ ਰਤਨ, ਕ਼ੀਮਤ ਜਗਤ ਨਾ ਕੋਇ ਰਖਾਈਆ । ਜਿਸ ਦਾ ਇਕੋ ਘਾਟ ਇਕੋ ਪਤਣ, ਤਟ ਇਕੋ ਇਕ ਸੁਹਾਈਆ । ਜਿਥੇ ਗੰਗਾ ਗੋਦਾਵਰੀ ਜਮਨਾ ਸੁਰਸਤੀ ਮਿਲ ਕੇ ਚਾਰੇ ਵਸਣ, ਵਖਰੀ ਵੰਡ ਨਾ ਕੋਇ ਵੰਡਾਈਆ । ਮੈਂ ਹੁਕਮ ਹਕ਼ੀਕ਼ੀ ਆਇਆ ਦੱਸਣ, ਸਚ ਸਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਆਪ ਤਰਾਈਆ । ਹਰਿਜਨ ਸਾਚੇ ਜੁਗ ਜੁਗ ਤਾਰਦਾ, ਤਾਰਨਹਾਰ ਨਿਰੰਕਾਰ । ਪੂਰਬ ਜਨਮ ਵੇਖ ਵਿਚਾਰਦਾ, ਵੇਖੇ ਵਿਗਸੇ ਪਾਵੇ ਸਾਰ । ਫੜ ਫੜ ਬਾਹੋਂ ਪੈਜ ਸਵਾਰਦਾ, ਹਰਿ ਕਰਤਾ ਏਕੰਕਾਰ । ਜਿਸ ਦਾ ਲੇਖਾ ਧੁਰ ਦਰਬਾਰ ਦਾ, ਦਰਗਾਹ ਸਾਚੀ ਖੇਲ ਨਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਏਕੰਕਾਰ । ਏਕੰਕਾਰ ਮਾਲਕ ਸੁਆਮੀ, ਹਰਿ ਕਰਤਾ ਇਕ ਅਖਵਾਈਆ । ਆਦਿ ਜੁਗਾਦੀ ਸਭ ਦਾ ਅੰਤਰਜਾਮੀ, ਘਟ ਘਟ ਵੇਖੇ ਚਾਈਂ ਚਾਈਂਆ । ਜਿਸ ਦੀ ਅੱਖਰਾਂ ਤੋਂ ਬਾਹਰ ਅਗੰਮੀ ਬਾਣੀ, ਨਿਰਅੱਖਰ ਧਾਰ ਧਾਰ ਪਰਗਟਾਈਆ । ਜਿਸ ਦਾ ਲੇਖਾ ਨਾਲ ਚਾਰੇ ਖਾਣੀ, ਅੰਡਜ

ਜੇਰਜ ਉਤਭੁਜ ਸੇਤਜ ਆਪਣਾ ਹੁਕਮ ਵਰਤਾਈਆ । ਉਹ ਤੁਹਾਨੂੰ ਦੇਵੇ ਧੁਰ ਦਾ ਨਾਮ ਨਿਧਾਨੀ, ਗੁਣਵੰਤਾ ਝੋਲੀ ਪਾਈਆ । ਸਭ ਦੇ ਉਤੇ ਕਰੇ ਮਿਹਰਵਾਨੀ, ਮਿਹਰਵਾਂ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆਂ । ਸਚ ਮਾਲਕ ਹਰਿ ਗੁਸਈਆ, ਗਹਿਰ ਗੰਭੀਰ ਅਖਵਾਈਆ । ਨਾਮ ਨਿਧਾਨ ਜਿਸ ਦੀ ਨਈਆ, ਦੋ ਜਹਾਨ ਆਪ ਚਲਾਈਆ । ਜਨ ਭਗਤਾਂ ਬਣ ਕੇ ਮਿਤਰ ਪਿਆਰਾ ਸਈਆ, ਸਾਜਣ ਆਪਣਾ ਰੰਗ ਰੰਗਾਈਆ । ਜਿਸ ਲੇਖੇ ਲਾਇਆ ਗੋਬਿੰਦ ਵਾਲਾ ਢਈਆ, ਸਾਲ ਬਸਾਲਾ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਤੁਹਾਡਾ ਲਹਿਣਾ ਦੇਣਾ ਆਜ, ਆਜਜ਼ਾਂ ਮਿਲੇ ਵਡਿਆਈਆ । ਪਰਮ ਪੁਰਖ ਪਰਮਾਤਮ ਸਭ ਦੀ ਰਖੇ ਲਾਜ, ਸਿਰ ਸਿਰ ਆਪਣਾ ਹੱਥ ਟਿਕਾਈਆ । ਤੁਹਾਡੀ ਬੇਨੰਤੀ ਸੁਣੇ ਅਵਾਜ਼, ਆਸਾ ਧੁਰ ਦੇ ਚਰਨ ਰਖਾਈਆ । ਜਿਸ ਦਾ ਦੀਨ ਦੁਨੀ ਤੋਂ ਵਖਰਾ ਇਕ ਸਮਾਜ, ਸਮਗ੍ਰੀ ਨਾਮ ਵਾਲੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਤੁਹਾਡਾ ਆਉਣਾ ਜਾਣਾ ਮਨਜ਼ੂਰ, ਮਰਜ਼ੀ ਜਗਤ ਨਾ ਕੋਇ ਰਖਾਈਆ । ਭਗਤ ਉਧਾਰਨਾ ਪ੍ਰਭੂ ਦਾ ਦਸਤੂਰ, ਜੁਗ ਚੌਕੜੀ ਰੀਤੀ ਚਲੀ ਆਈਆ । ਤੁਸੀਂ ਨਾਮ ਭਗਤੀ ਦੇ ਮਜ਼ਦੂਰ, ਸੇਵਕ ਚਾਕਰ ਇਕ ਅਖਵਾਈਆ । ਤੁਹਾਡਾ
੬੩੮ ਲਹਿਣਾ ਦੇਣਾ ਨਾਲ ਉਸ ਹਜ਼ੂਰ, ਜੋ ਹਜ਼ਰਤਾਂ ਦਾ ਮਾਲਕ ਅਗੰਮ ਅਥਾਹੀਆ । ਜੋ ਜਨਮ ਜਨਮ ਦੇ ਦੁਖੜੇ ਕਰੇ ਦੂਰ, ਕਰਮ ਕਰਮ ਦਾ ਡੇਰਾ ੬੩੮
੨੪ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਸਤਿਗੁਰ ੨੪
ਸ਼ਬਦ ਕਹੇ ਅੱਜ ਦਿਵਸ ਦਿਹਾੜਾ ਤੀਸ, ਹਰਿਜਨ ਮਿਲੇ ਮਾਣ ਵਡਿਆਈਆ । ਲੇਖੇ ਲਾਏ ਗਾਇਆ ਨਾਮ ਦੰਦ ਬਤੀਸ, ਬਤੀ ਧਾਰ ਨਾਲ ਬਖ਼ਸ਼ਾਈਆ । ਅਗਲੀ ਦੱਸੇ ਹਕ ਹਦੀਸ, ਹਜ਼ਰਤਾਂ ਤੋਂ ਬਾਹਰ ਪੜ੍ਹਾਈਆ । ਕਿਰਪਾ ਕਰੇ ਆਪ ਜਗਦੀਸ਼, ਜਗਦੀਸ਼ਰ ਅਗੰਮ ਅਥਾਹੀਆ । ਭਗਤਾਂ ਭਗਤਾਂ ਨਾਲ ਹੋਵੇ ਪ੍ਰੀਤ, ਪ੍ਰੀਤਮ ਮਿਲ ਕੇ ਵਜੇ ਵਧਾਈਆ । ਕਾਇਆ ਸਭ ਦੀ ਹੋਵੇ ਠਾਂਡੀ ਸੀਤ, ਅਗਨੀ ਤਤ ਤਤ ਬੁਝਾਈਆ । ਮਾਨਸ ਜਨਮ ਲਿਆ ਜੀਤ, ਮਰਨ ਦੀ ਲੋੜ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਹਰਿਜਨ ਲੇਖਾ ਰਖੇ ਤ੍ਰੈਗੁਣ ਅਤੀਤ, ਤ੍ਰੈਭਵਨ ਧਨੀ ਆਪਣੀ ਦਇਆ ਕਮਾਈਆ ।

### ✪ ੩੧ ਜੇਠ ਸ਼ਹਿਨਸ਼ਾਹੀ ਸੰਮਤ ੧੧ ਕਿਰਪਾਲ ਸਿੰਘ ਦੇ ਗ੍ਰਿਹ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਧਰਨੀ ਕਹੇ ਪ੍ਰਭੂ ਮੇਰਾ ਉਦੈ ਕਰਨਾ ਕਰਮ, ਨਿਕਰਮਣ ਹੋ ਕੇ ਮੰਗ ਮੰਗਾਈਆ । ਸਤਿ ਸਚ ਪਰਗਟਾ ਦੇ ਧਰਮ, ਧਰਮ ਦੇ ਮਾਲਕ ਦਇਆ ਕਮਾਈਆ । ਕੂੜ ਕੁੜਿਆਰ ਮਿਟਾ ਦੇ ਭਰਮ, ਭਾਂਡਾ ਭਰਮ ਭਉ ਭੰਨਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਰਹੇ ਨਾ ਚਰਮ, ਚੰਮ ਦ੍ਰਿਸ਼ਟੀ

ਡੇਰਾ ਢਾਹੀਆ । ਸਤਿਜੁਗ ਸਚ ਕਰਾ ਦੇ ਜਰਮ, ਲੋਕਮਾਤ ਮਾਤ ਟਿਕਾਈਆ । ਤੂੰ ਮਾਲਕ ਖ਼ਾਲਕ ਇਕੋ ਪੁਰਖ ਪਰਮ, ਪਾਰਬ੍ਰਹਮ ਤੇਰੀ ਓਟ ਤਕਾਈਆ । ਮੇਰੀ ਲੱਜਿਆ ਰਖ ਲੈ ਸ਼ਰਮ, ਸ਼ਰਅ ਦੇ ਮਾਲਕ ਹੋਣਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਪ੍ਰਭੂ ਮੇਰਾ ਦੁਖ ਦਲਿਦ੍ਰ ਕਟ, ਹਉਮੇ ਕਲਜੁਗ ਕੂੜ ਮਿਟਾਈਆ । ਸਤਿ ਧਰਮ ਖੋਲ੍ਹ ਦੇ ਹੱਟ, ਵਸਤ ਨਾਮ ਅਗੰਮ ਵਰਤਾਈਆ । ਮੇਰੀ ਬੇਨੰਤੀ ਮੰਨ ਲੈ ਝਟ, ਝਟਕੇ ਹਲਾਲੀ ਵਾਲਾ ਰਹਿਣ ਕੋਇ ਨਾ ਪਾਈਆ । ਮਜ਼੍ਹਬਾਂ ਵਾਲਾ ਮੇਟ ਦੇ ਫੱਟ, ਦੁਵੈਤੀ ਨਜ਼ਰ ਕੋਇ ਨਾ ਆਈਆ । ਤੇਰੇ ਚਰਨ ਕਵਲ ਰਹੀ ਢਠ, ਢਹਿ ਢਹਿ ਸੀਸ ਨਿਵਾਈਆ । ਲੇਖਾ ਪੂਰਾ ਕਰ ਦੇ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਸੀਸ ਨਿਵਾਈਆ । ਆਸਾ ਪੂਰੀ ਕਰ ਦੇ ਮੰਦਰ ਮਸਜਿਦ ਸ਼ਿਵਦਵਾਲੇ ਮਠ, ਗੁਰੂਦੁਆਰ ਚਰਚਾਂ ਸੰਗ ਬਣਾਈਆ । ਕਲਜੁਗ ਕੂੜ ਕੁਕਰਮ ਦਾ ਮੇਟ ਦੇ ਭਠ, ਅਗਨੀ ਅੱਗ ਨਾ ਕੋਇ ਤਪਾਈਆ । ਪੁਰਖ ਅਕਾਲੇ ਦੀਨ ਦਿਆਲੇ ਸਭ ਕੁਛ ਤੇਰੇ ਹੱਥ, ਸਤਿਗੁਰ ਤੇਰੀ ਬੇਪਰਵਾਹੀਆ । ਤੂੰ ਸਰਬ ਕਲਾ ਸਮਰਥ, ਸ਼ਾਹ ਪਾਤਸ਼ਾਹ ਨੂਰ ਅਲਾਹੀਆ । ਮੇਰੇ ਸਗਲ ਵਸੂਰੇ ਜਾਣ ਲਥ, ਦੁਰਮਤ ਮੈਲ ਦੇਣੀ ਧੁਆਈਆ । ਤੂੰ ਮੇਰਾ ਮੈਂ ਤੇਰਾ ਗਾਉਂਦੇ ਹੋਣ ਗਥ, ਸੋਹੰ ਸਚ ਸਚ ਪੜ੍ਹਾਈਆ । ਧਰਮ ਦਾ ਧਰਮ ਚਲਾ ਦੇ ਰਥ, ਰਥਵਾਹੀ ਆਪਣਾ ਹੁਕਮ ਵਰਤਾਈਆ । ਤੇਰੀ ਮਹਿੰਮਾ ਸਦਾ ਅਕਥ, ਕਥਨੀ ਕਹਿਣ ਕਿਛ ਨਾ ਪਾਈਆ । ਆਸਾ ਪੂਰੀ ਕਰ ਦੇ ਰਾਮ ਬੇਟੇ ਦਸਰਥ, ਦਹਿ ਦਿਸ਼ਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰ ਦੇ ਸਰਨਾਈਆ । ਧਰਨੀ ਕਹੇ ਪ੍ਰਭੂ ਮੇਰਾ ਕਰਮ ਕਾਂਡ ਦਾ ਤਕ ਲੈ ਵੇਸ, ਕੂੜੀ ਕਿਰਿਆ ਨਜ਼ਰੀ ਆਈਆ । ਪਵਿਤ੍ਰ ਰਿਹਾ ਕੋਈ ਨਾ ਦੇਸ, ਦਹਿ ਦਿਸ਼ਾ ਖੋਜ ਖੁਜਾਈਆ । ਮੇਰੇ ਘਰ ਘਰ ਪਿਆ ਕਲੇਸ਼, ਨੌ ਖੰਡ ਸੱਤ ਦੀਪ ਰਹੇ ਕੁਰਲਾਈਆ । ਮੈਂ ਤੇਰੇ ਹੋਈ ਪੇਸ਼, ਪੇਸ਼ਤਰ ਆਪਣਾ ਹਾਲ ਸੁਣਾਈਆ । ਮੈਨੂੰ ਦਸ ਕੇ ਗਿਆ ਦਸ ਦਸਮੇਸ਼, ਦਰਦੀ ਹੋ ਕੇ ਦਰਦ ਵੰਡਾਈਆ । ਕਲਜੁਗ ਆਉਣਾ ਇਕ ਨਰੇਸ਼, ਅੰਤਮ ਫੇਰਾ ਆਪਣਾ ਪਾਈਆ । ਜੋ ਰਹੇ ਸਦਾ ਹਮੇਸ਼, ਹਮ ਸਾਜਣ ਧੁਰਦਰਗਾਹੀਆ । ਤੂੰ ਉਸ ਦਾ ਸੁਣਨਾ ਸੰਦੇਸ਼, ਜੋ ਸੁਣਾਵੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਸਮਝਾਈਆ । ਧਰਨੀ ਕਹੇ ਪ੍ਰਭੂ ਮੇਰੇ ਕਟ ਦੇ ਦੁਖ ਦਲਿਦ੍ਰ, ਦਰਦੀ ਹੋ ਕੇ ਦਰਦ ਵੰਡਾਈਆ । ਮੇਰੇ ਉਤੋਂ ਮੇਟ ਦੇ ਛਲ ਛਿਦਰ, ਕੂੜੀ ਕਿਰਿਆ ਨਾਲ ਬਾਹਰ ਕਢਾਈਆ । ਮੇਰੀ ਆਸ਼ਾ ਪੂਰੀ ਕਰ ਦੇ ਜੋ ਰਖ ਕੇ ਗਿਆ ਬਿਦਰ, ਭਗਤ ਭਗਤਾਂ ਧਿਆਨ ਲਗਾਈਆ । ਮੈਂ ਤੈਨੂੰ ਲੱਭਾਂ ਕਿਧਰ, ਖੋਜਾਂ ਕਿਹੜੀ ਥਈਂਆ । ਤੂੰ ਪੂਰੀ ਕਰ ਦੇ ਸਿਧਰ, ਸੱਧਰਾਂ ਤੇਰੇ ਅਗੇ ਰਖਾਈਆ । ਜੋਤੀ ਜਾਤੇ ਪੁਰਖ ਬਿਧਾਤੇ ਜੇ ਤੂੰ ਨਿਰਗੁਣ ਧਾਰ ਆਇਉਂ ਇਧਰ, ਏਥੇ ਲਹਿਣਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੱਥ ਆਦਿ ਜੁਗਾਦੀ ਬਿਧਨ, ਜੁਗ ਚੌਕੜੀ ਦੇ ਮਾਲਕ ਆਪਣਾ ਹੁਕਮ ਦੇਣਾ ਵਰਤਾਈਆ ।

✪ ੩੧ ਜੇਠ ਸ਼ਹਿਨਸ਼ਾਹੀ ਸੰਮਤ ੧੧ ਸਵਰਨੋ ਦੇਵੀ ਦੇ ਗ੍ਰਿਹ ਪਿੰਡ ਸੇਈ ਕਲਾ ਜ਼ਿਲਾ ਜੰਮੂ ✪

ਧਰਨੀ ਕਹੇ ਪ੍ਰਭੂ ਮੈਨੂੰ ਬਖ਼ਸ਼ ਦੇ ਧਰਮ ਦਾ ਸਤਿ, ਸਤਿਗੁਰ ਸ਼ਬਦ ਸ਼ਬਦ ਨਾਲ ਵਡਿਆਈਆ । ਪਰਮ ਪੁਰਖ ਪਰਮਾਤਮ ਮੇਰੀ ਕਲਜੁਗ ਰਖ ਲੈ ਪਤ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਨਵ ਸੱਤ ਮੇਰੀ ਉਬਲੇ ਰਤ, ਅਗਨੀ ਤਤਵ ਤਤ ਜਲਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਜੀਵਾਂ ਜੰਤਾਂ ਪਵਿਤ੍ਰ ਕਰ ਦੇ ਮਤਿ, ਮਨਸਾ ਕੂੜ ਬਾਹਰ ਕਢਾਈਆ । ਤੂੰ ਨਿਰਗੁਣ ਧਾਰ ਮੇਰੇ ਉਤੇ ਆਇਉਂ ਵਤ, ਵਤਨਾਂ ਦੇ ਮਾਲਕ ਹੋਣਾ ਆਪ ਸਹਾਈਆ । ਮੈਂ ਤੇਰੇ ਚਰਨ ਕਵਲ ਵਾਸਤਾ ਰਹੀ ਘਤ, ਸੀਸ ਜਗਦੀਸ਼ ਆਪਣਾ ਭੇਟ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੋਂ ਮੇਟ ਦੇ ਕਲਜੁਗ ਕਿਰਿਆ ਕੂੜੀ, ਕੁਕਰਮ ਰਹਿਣ ਕੋਇ ਨਾ ਪਾਈਆ । ਚਤੁਰ ਸੁਘੜ ਬਣਾ ਦੇ ਦੀਨ ਦੁਨੀ ਮੂਰਖ ਮੂੜ੍ਹੀ, ਮੁਗਧਾਂ ਆਪਣਾ ਭੇਵ ਖੁਲ੍ਹਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਚਰਨ ਕਵਲ ਬਖਸ਼ ਦੇ ਧੂੜੀ, ਟਿੱਕੇ ਧਰਮ ਖ਼ਾਕ ਰਮਾਈਆ । ਸ੍ਰੀ ਭਗਵਾਨ ਨੌਜੁਆਨ ਆਪਣੀ ਰੰਗਤ ਚਾੜ੍ਹ ਦੇ ਗੂੜ੍ਹੀ, ਨਿਰਗੁਣ ਸਰਗੁਣ ਉਤਰ ਕਦੇ ਨਾ ਜਾਈਆ । ਮੈਂ ਬੇਨੰਤੀ ਕਰਾਂ ਤੇਰੀ ਵਿਚ ਹਜ਼ੂਰੀ, ਹਜ਼ਰਤਾਂ ਦੇ ਮਾਲਕ ਹੋਣਾ ਆਪ ਸਹਾਈਆ । ਮੇਰੀ ਵਾਟ ਤਕ ਲੈ ਪੂਰਬ ਪਿਛਲੀ ਦੂਰੀ, ਸਤਿਜੁਗ ਤਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਮੈਂ ਜਿਧਰ ਤਕਾਂ ਮਨੂਆ ਪਾਈ ਫਿਰੇ ਫ਼ਤੂਰੀ, ਮਨਸਾ ਮੋਹ ਨਾਲ ਹਲਕਾਈਆ । ਤੇਰੀ ਸ੍ਰਿਸ਼ਟੀ ਅੰਦਰੋਂ ਹੋਈ ਗ਼ਰੂਰੀ, ਗ਼ੁਰਬਤ ਸਕੇ ਨਾ ਕੋਇ ਕਢਾਈਆ । ਮੇਰੇ ਅੰਦਰ ਆਈ ਮਜਬੂਰੀ, ਮਜਬੂਰ ਹੋ ਕੇ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਉਤੋਂ ਕਲਜੁਗ ਕੂੜ ਕਢ ਜ਼ਰੂਰੀ, ਜ਼ਰੂਰਤ ਆਪਣੀ ਤੇਰੇ ਚਰਨ ਟਿਕਾਈਆ ।

✪ ੩੧ ਜੇਠ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਸੇਈ ਕਲਾਂ ਜ਼ਿਲਾ ਜੰਮੂ ਬਚਨ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੇਰਾ ਸੁਹੰਜਣਾ ਕਰਦੇ ਵਕ਼ਤ, ਕਲਜੁਗ ਵਕਤ ਅਖ਼ੀਰੀ ਸੀਸ ਨਿਵਾਈਆ । ਮੈਂ ਚਾਹੁੰਦੀ ਮੇਰੇ ਉਤੇ ਘਰ ਘਰ ਹੋਣ ਤੇਰੇ ਭਗਤ, ਨਿਰਗੁਣ ਸੋਹਲਾ ਢੋਲਾ ਤੇਰਾ ਗਾਈਆ । ਧਰਮ ਦੀ ਧਾਰ ਬਣਾ ਦੇ ਜਗਤ, ਸ੍ਰਿਸ਼ਟੀ ਆਪਣਾ ਰੰਗ ਰੰਗਾਈਆ । ਮਾਨਵ ਜ਼ਾਤੀ ਰਹੇ ਕੋਈ ਨਾ ਫ਼ਰਕ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਪਿਛਲਾ ਲੇਖਾ ਕਰ ਦੇ ਤਰਕ, ਤੁਰਤ ਆਪਣਾ ਹੁਕਮ ਵਰਤਾਈਆ । ਮੈਂ ਨੌ ਖੰਡ ਪ੍ਰਿਥਮੀ ਰਹੀ ਭਟਕ, ਸੱਤ ਦੀਪ ਰਹੀ ਕੁਰਲਾਈਆ । ਮੇਰਾ ਲਹਿਣਾ ਦੇਣਾ ਲੇਖਾ ਪੂਰਾ ਕਰ ਦੇ ਚਟਕ, ਬਹੁਤੀ ਦੇਰ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਹਰਿਜਨ ਗਾਉਂਦੇ ਹੋਵਣ ਗੀਤ, ਹਰ ਹਿਰਦੇ ਵਜਦੀ ਰਹੇ ਵਧਾਈਆ । ਪਰਮ ਪੁਰਖ ਤੇਰੀ ਬਣੀ ਹੋਵੇ ਪ੍ਰੀਤ, ਪ੍ਰੀਤਮ ਤੇਰੇ ਰੰਗ ਸਮਾਈਆ । ਤੂੰ ਵਸਿਆ ਹੋਵੇਂ ਚੀਤ, ਠਗੌਰੀ ਚਿਤ ਨਾ ਕੋਇ ਰਖਾਈਆ । ਸਭ ਦੀ ਪਵਿਤ੍ਰ ਕਰ ਦੇ ਨੀਤ, ਬੁਧਿ ਬਿਬੇਕ ਆਪ ਬਣਾਈਆ । ਏਕਾ ਰੰਗ ਰੰਗਾ

ਦੇ ਹਸਤ ਕੀਟ, ਰਾਓ ਰੰਕ ਵੰਡ ਨਾ ਕੋਇ ਵੰਡਾਈਆ । ਸਚ ਨਾਮ ਦਾ ਰੰਗ ਚਾੜ੍ਹ ਮਜੀਠ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਮਿਹਰਵਾਨ ਹੱਥ ਰਖਣਾ ਮੇਰੀ ਪੀਠ, ਪੁਸ਼ਤ ਪਨਾਹ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਤੇਰਾ ਧਾਮ ਹੋਵੇ ਸੁਹੰਜਣਾ, ਸਦ ਵਜਦੀ ਰਹੇ ਵਧਾਈਆ । ਕਿਰਪਾ ਕਰ ਦਰਦ ਦੁਖ ਭੈ ਭੰਜਨਾ, ਦੀਨ ਦਿਆਲ ਆਪਣੀ ਦਇਆ ਕਮਾਈਆ । ਆਤਮ ਧਾਰ ਸਭ ਨੂੰ ਦੇ ਅਨੰਦਨਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਤੇਰੀ ਨਾਮ ਕਲਮਿਆਂ ਵਾਲੀ ਇਕੋ ਹੋਵੇ ਬੰਦਨਾ, ਇਕੋ ਸੀਸ ਜਗਦੀਸ ਝੁਕਾਈਆ । ਇਕੋ ਢੋਲਾ ਹੋਵੇ ਛੰਦਨਾ, ਇਕੋ ਤੇਰੀ ਸਿਫ਼ਤ ਸਲਾਹੀਆ । ਧਰਨੀ ਕਹੇ ਮੈਂ ਸਤਿਜੁਗ ਤੇਰੇ ਚਰਨਾਂ ਵਿਚੋਂ ਮੰਗਣਾ, ਕਲਜੁਗ ਕੂੜ ਕੁੜਿਆਰ ਦੇਣਾ ਮਿਟਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਲਾਉਣਾ ਅੰਗਣਾ, ਅੰਗੀਕਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਕਰ ਸੂਰੇ ਸਰਬੰਗਣਾ, ਸੂਰਬੀਰ ਬੇਨਜ਼ੀਰ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।

## ✪ ੩੧ ਜੇਠ ਸ਼ਹਿਨਸ਼ਾਹੀ ਸੰਮਤ ੧੧ ਦੇਵਾ ਸਿੰਘ ਦੇ ਗ੍ਰਿਹ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪



ਧਰਨੀ ਕਹੇ ਜਨ ਭਗਤੋ ਪ੍ਰਭ ਸਾਚੀ ਦਇਆ ਕਮਾਵੇਗਾ । ਦੀਨ ਦਿਆਲ ਦਰਦ ਦੁਖ ਭੈ ਭੰਜਣ, ਆਪਣਾ ਖੇਲ ਖਿਲਾਵੇਗਾ । ਤੁਹਾਡਾ ਬਣ ਕੇ ਧੁਰ ਦਾ ਸੱਜਣ, ਸਾਚਾ ਸੰਗ ਨਿਭਾਵੇਗਾ । ਗੁਰ ਅਵਤਾਰ ਪੈਗ਼ੰਬਰਾਂ ਪੂਰੇ ਕਰ ਕੇ ਬਚਨ, ਲੇਖੇ ਸਭ ਦੇ ਝੋਲੀ ਪਾਵੇਗਾ । ਤੁਹਾਨੂੰ ਬਣਾ ਕੇ ਆਪਣੇ ਹੀਰੇ ਰਤਨ, ਕ਼ੀਮਤ ਆਪ ਚੁਕਾਵੇਗਾ । ਕਿਸੇ ਨੂੰ ਕਰਨਾ ਪਏ ਕੁਛ ਨਾ ਯਤਨ, ਯਥਾਰਥ ਆਪਣਾ ਖੇਲ ਖਿਲਾਵੇਗਾ । ਤੁਸੀਂ ਪੁਜ ਗਏ ਉਸ ਪਤਣ, ਜਿਥੇ ਨਈਆ ਨੌਕਾ ਨਾਮ ਚੜ੍ਹਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰਾਹ ਇਕ ਦਰਸਾਵੇਗਾ । ਸਤਿਗੁਰ ਸਾਚੀ ਦਇਆ ਕਮਾਏਗਾ । ਕਲਜੁਗ ਕਿਰਿਆ ਕੂੜ ਮਿਟਾਏਗਾ । ਸਤਿਜੁਗ ਸਤਿ ਧਰਮ ਉਪਜਾਏਗਾ । ਨਿਹਕਰਮੀ ਆਪਣਾ ਕਰਮ ਕਮਾਏਗਾ । ਨੌ ਖੰਡ ਦਾ ਇਕੋ ਧਰਮ ਵਖਾਏਗਾ । ਧਰਨੀ ਕਹੇ ਜਿਥੇ ਜਿਥੇ ਮੇਰੇ ਛੋਹੇ ਚਰਨ, ਸੋ ਭੂਮਿਕਾ ਥਾਨ ਵਡਿਆਏਗਾ । ਚਾਰ ਜੁਗ ਤੁਹਾਡੇ ਢੋਲੇ ਦੀਨ ਦੁਨੀ ਵਾਲੇ ਪੜ੍ਹਨ, ਰਸਨਾ ਸਭ ਦੀ ਆਪ ਚਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਏਗਾ । ਧਰਨੀ ਕਹੇ ਜਨ ਭਗਤੋ ਪ੍ਰਭੂ ਮੇਰਾ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਜੋ ਘਰ ਘਰ ਗ੍ਰਿਹ ਗ੍ਰਿਹ ਸਭ ਨੂੰ ਦੇਂਦਾ ਫਿਰਦਾ ਮਾਣ, ਨਿਮਾਣਿਆਂ ਹੋਏ ਸਹਾਈਆ । ਵਸਤ ਅਗੰਮੀ ਝੋਲੀ ਪਾਏ ਦਾਨ, ਅਮੁਲ ਅਤੁਲ ਆਪ ਵਰਤਾਈਆ । ਜਿਸ ਦਾ ਰਾਹ ਤਕਦੇ ਸੀਤਾ ਰਾਮ, ਕ੍ਰਿਸ਼ਨ ਕਾਹਨ ਅੱਖ ਉਠਾਈਆ । ਪੈਗ਼ੰਬਰ ਵੇਖਣ ਨਿਗਾਹਬਾਨ, ਨੂਰੀ ਨੂਰ ਨੂਰ ਚਮਕਾਈਆ । ਗੁਰੂ ਗੁਰਦੇਵ ਕਰਨ ਧਿਆਨ, ਬਿਨ ਨੇਤਰ ਲੋਚਨ ਨੈਣ ਅੱਖ ਵੇਖ ਵਖਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਮੇਰੇ ਉਤੇ ਨਵਾਂ ਬਣਾਏ ਵਿਧਾਨ, ਜਿਸ ਦੀ ਤਰਮੀਮ ਨਾ ਕੋਇ ਕਰਾਈਆ । ਜਨ ਭਗਤੋਂ ਜਿਥੇ ਜਿਥੇ ਤੁਹਾਡੇ ਗ੍ਰਿਹ ਉਥੇ ਸਤਿਜੁਗ ਧਰਮ ਬਣੇ ਨਿਸ਼ਾਨ, ਪੂਜਣ ਯੋਗ ਤੁਹਾਡੀ ਧਰਤੀ

੬੪੧ ੨੪

ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਧਰਨੀ ਕਹੇ ਜਨ ਭਗਤੋ ਮੈਂ ਧਰਤੀ ਖ਼ੁਸ਼ੀਆਂ ਢੋਲੇ ਗਾਵਾਂ, ਗਾ ਗਾ ਖ਼ੁਸ਼ੀ ਬਣਾਈਆ । ਉਨ੍ਹਾਂ ਰਾਹਾਂ ਦੇ ਬਲ ਬਲ ਜਾਵਾਂ, ਜਿਸ ਰਾਹੇ ਆਏ ਧੁਰ ਦਾ ਮਾਹੀਆ । ਲੰਮੀਂ ਪੈ ਪੈ ਸੀਸ ਨਿਵਾਵਾਂ, ਧੂੜੀ ਖ਼ਾਕ ਖ਼ਾਕ ਰਮਾਈਆ । ਪਾ ਔਂਸੀਆਂ ਕਾਗ ਉਡਾਵਾਂ, ਸੁਨੇਹੇ ਦੇਵਾਂ ਚਾਈਂ ਚਾਈਂਆ । ਇਕੋ ਕੰਤ ਸੁਹਾਗ ਹੰਢਾਵਾਂ, ਦੂਜਾ ਵਰ ਨਾ ਕੋਇ ਵਖਾਈਆ । ਜਨ ਭਗਤੋ ਮੈਂ ਸਭ ਦੀ ਕਥਾ ਸਚ ਸੁਣਾਵਾਂ, ਤੁਸਾਂ ਸੁਣਨੀ ਥਾਉਂ ਥਾਈਂਆ । ਸਤਿਜੁਗ ਅੰਦਰ ਤੁਹਾਡਾ ਘਰ ਰਹੇ ਨਾ ਕੋਇ ਨਿਥਾਵਾਂ, ਥਾਨ ਥਨੰਤਰ ਮਿਲੇ ਮਾਣ ਵਡਿਆਈਆ । ਪੁਰਖ ਅਕਾਲਾ ਦੀਨ ਦਿਆਲਾ ਅੰਤਮ ਤੁਹਾਡਾ ਤੋਲ ਤੋਲ ਕੇ ਸਾਵਾਂ, ਕੰਡਾ ਤਰਾਜ਼ੂ ਇਕੋ ਦਏ ਵਖਾਈਆ । ਹੁਣ ਤੁਸੀਂ ਵਸਦੇ ਵਿਚ ਪਿੰਡਾਂ ਗਰਾਵਾਂ, ਫੇਰ ਸਚਖੰਡ ਪੁਜਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਧਰਨੀ ਕਹੇ ਜਨ ਭਗਤੋਂ ਤੁਹਾਡਾ ਲਹਿਣਾ ਬੜਾ ਉਧਾਰ, ਲੈਣਾ ਚਾਈਂ ਚਾਈਂਆ । ਤੁਹਾਡੇ ਪਿਛੇ ਸੰਦੇਸ਼ੇ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰ, ਢੋਲੇ ਸੋਹਲੇ ਰਸਨਾ ਜਿਹਵਾ ਗਾਈਆ । ਕਲਜੁਗ ਅੰਤਮ ਆਏ ਕਲ ਕਲਕੀ ਅਵਤਾਰ, ਨਿਹਕਲੰਕਾ ਰੂਪ ਬਦਲਾਈਆ । ਅਮਾਮ ਅਮਾਮਾ ਹੋ ਸਿਕਦਾਰ, ਵੇਖ ਵਖਾਏ ਖ਼ਲਕ ਖ਼ੁਦਾਈਆ । ਜਨ ਭਗਤ ਸੁਹੇਲੇ ਲਏ ਉਠਾਲ, ਫੜ ਬਾਹੋਂ ਆਪ ਜਗਾਈਆ । ਜਿਸ ਕੋਲ ਲੇਖਾ ਨਹੀਂ ਸ਼ਾਹ ਕੰਗਾਲ, ਅਮੀਰ ਗ਼ਰੀਬ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਤਾ ਹੋ ਕੇ ਕਰੇ ਸੰਭਾਲ, ਸੰਬਲ ਬਹਿ ਕੇ ਆਪਣਾ ਹੁਕਮ ਵਰਤਾਈਆ ।



✪ ੩੧ ਜੇਠ ਸ਼ਹਿਨਸ਼ਾਹੀ ਸੰਮਤ ੧੧ ਮਾਨ ਕੌਰ ਦੇ ਗ੍ਰਿਹ ਸਤਵਾਰੀ ਅਸ਼ੋਕ ਨਗਰ ਜ਼ਿਲਾ ਜੰਮੂ ✪

ਧਰਨੀ ਕਹੇ ਜਨ ਭਗਤੋਂ ਮੈਂ ਜੁਗ ਜੁਗ ਰਹੀ ਉਡੀਕਦੀ, ਨਵ ਨਵ ਚਾਰ ਜੁਗ ਪੰਧ ਮੁਕਾਈਆ । ਆਪਣੇ ਹਿਰਦੇ ਅੰਦਰ ਖ਼ਾਕੇ ਰਹੀ ਉਲੀਕਦੀ, ਬਣਤਰਾਂ ਆਪਣੀਆਂ ਆਪ ਬਣਾਈਆ । ਬਿਰਹੋਂ ਵਿਛੋੜੇ ਵਿਚ ਰਹੀ ਚੀਕਦੀ, ਦਰੋਹੀ ਦਰੋਹੀ ਕਰ ਕੁਰਲਾਈਆ । ਪਿਆਸੀ ਬਣੀ ਰਹੀ ਅਗੰਮੇ ਮੀਤ ਦੀ, ਮਿਤਰ ਪਿਆਰਾ ਵੇਖਾਂ ਨੈਣ ਉਠਾਈਆ । ਮੈਂ ਵਣਜਾਰਨ ਰਹੀ ਇਕੋ ਗੀਤ ਦੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਮੈਨੂੰ ਮੁਹੱਬਤ ਨਹੀਂ ਕਿਸੇ ਮੰਦਰ ਮਸੀਤ ਦੀ, ਕਾਅਬਿਆਂ ਸੰਗ ਨਾ ਕੋਇ ਰਖਾਈਆ । ਮੈਂ ਪਿਆਰੀ ਨਹੀਂ ਊਚ ਨੀਚ ਦੀ, ਦੀਨਾਂ ਮਜ਼੍ਹਬਾਂ ਵਿਚ ਕਦੇ ਨਾ ਆਈਆ । ਮੈਂ ਪਿਆਰੀ ਇਕ ਪ੍ਰਭੂ ਦੀ ਪ੍ਰੀਤ ਦੀ, ਜੋ ਪ੍ਰੀਤਮ ਧੁਰਦਰਗਾਹੀਆ । ਮੈਂ ਖੇਲ ਤਕਣੀ ਉਸ ਦੀ ਰੀਤ ਦੀ, ਜੋ ਰੀਤੀਵਾਨ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਜਨ ਭਗਤੋਂ ਮੈਂ ਜੁਗ ਜੁਗ ਆਸ਼ਾਂ ਰਖੀਆਂ, ਜੁਗ ਚੌਕੜੀ ਧਿਆਨ ਲਗਾਈਆ । ਮੇਰੀਆਂ ਬੰਦ ਨਾ ਹੋਈਆਂ ਅੱਖੀਆਂ, ਨੈਣ ਨੈਣ ਨਾ ਸਕੀ ਬਦਲਾਈਆ । ਮੈਂ ਪੁਛਦੀ ਰਹੀ ਕਾਹਨ ਦੀਆਂ ਕੋਲੋਂ ਸਖ਼ੀਆਂ, ਪਿਆਰ ਪਿਆਰ ਵਿਚੋਂ ਪਰਗਟਾਈਆ । ਕਿਸ ਵੇਲੇ ਆਵੇ ਧੁਰ ਦਾ ਕਮਲਾਪਾਤੀਆ, ਪਤਿਪਰਮੇਸ਼ਵਰ ਧੁਰਦਰਗਾਹੀਆ ।

ਉਨ੍ਹਾਂ ਕਥਾ ਕਹਾਣੀਆਂ ਅਗਲੀਆਂ ਹੋਰ ਦੱਸੀਆਂ, ਸਹਿਜ ਨਾਲ ਸਮਝਾਈਆ । ਅਸੀਂ ਕ੍ਰਿਸ਼ਨ ਪਿਆਰ ਵਿਚ ਰਸੀਆਂ, ਕਾਹਨਾ ਦਾ ਕਾਹਨ ਪਤਾ ਨਹੀਂ ਕੀ ਆਪਣਾ ਹੁਕਮ ਵਰਤਾਈਆ । ਫੇਰ ਮੈਂ ਖ਼ੁਸ਼ੀਆਂ ਵਿਚ ਨੱਸੀ ਆਂ, ਭੱਜੀ ਵਾਹੋ ਦਾਹੀਆ । ਜਾਂ ਮੈਂ ਨਿਗਾਹ ਮਾਰੀ ਦੀਨ ਦੁਨੀ ਬੱਧੀ ਵਿਚ ਦੀਨ ਮਜ਼੍ਹਬ ਦੀਆਂ ਰੱਸੀਆਂ, ਸ਼ਰਅ ਕਲਮੇ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਸਰਨ ਸਰਨਾਈ ਢੱਠੀ ਆਂ, ਢਈਆ ਗੋਬਿੰਦ ਵਾਲਾ ਨਾਲ ਰਖਾਈਆ ।

✪ ੩੧ ਜੇਠ ਸ਼ਹਿਨਸ਼ਾਹੀ ਸੰਮਤ ੧੧ ਬਿਸ਼ਨ ਸਿੰਘ ਦੇ ਗ੍ਰਿਹ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

ਧਰਨੀ ਕਹੇ ਮੇਰਾ ਖ਼ੁਸ਼ੀਆਂ ਸੀਨਾ ਟਪਦਾ, ਟਾਪੂ ਸਾਰੇ ਰਿਹਾ ਹਿਲਾਈਆ । ਮੈਂ ਦਰਸ਼ਨ ਪਾਇਆ ਪਰਮੇਸ਼ਵਰ ਪਤਿ ਦਾ, ਪਤਿਬ੍ਰਤਾ ਹੋ ਕੇ ਸੀਸ ਨਿਵਾਈਆ । ਜਿਸ ਮਾਣ ਰਖਿਆ ਮੇਰੇ ਸਤਿ ਦਾ, ਧੀਰਜ ਆਦਿ ਜੁਗਾਦਿ ਰਖਾਈਆ । ਰਿਸ਼ਤਾ ਬਣਾਇਆ ਚਰਨ ਪ੍ਰੀਤੀ ਨਤ ਦਾ, ਮੇਲਾ ਮੇਲਿਆ ਸਹਿਜ ਸੁਭਾਈਆ । ਲੇਖਾ ਜਾਣੇ ਮੇਰੀ ਗਤ ਮਿਤ ਦਾ, ਗਹਿਰ ਗੰਭੀਰ ਹੋ ਕੇ ਵੇਖ ਵਖਾਈਆ । ਵਕ਼ਤ ਸੁਹੰਜਣਾ ਕਰੇ ਆਪਣੀ ਥਿਤ

ਦਾ, ਘੜੀ ਪਲ ਨਾਲ ਮਿਲਾਈਆ । ਮੇਰਾ ਲਹਿਣਾ ਪੂਰਾ ਕੀਤਾ ਆਦਿ ਜੁਗਾਦੀ ਨਿਤ ਦਾ, ਨਿਰਵੈਰ ਹੋਇਆ ਸਹਾਈਆ । ਜੋ ਰੂਪ ਧਰ ਕੇ ਆਇਆ ਧੁਰ ਦੇ ਪਿਤ ਦਾ, ਪਾਰਬ੍ਰਹਮ ਅਗੰਮ ਅਥਾਹੀਆ । ਜੋ ਭਰਿਆ ਭਗਤ ਪਿਆਰ ਹਿਤ ਦਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਜੋ ਹਰਿਜਨ ਹਿਰਦਾ ਫਿਰੇ ਜਿਤਦਾ, ਮਨਸਾ ਮਨ ਨਾ ਕੋਇ ਵਡਿਆਈਆ । ਜਗ ਨੇਤਰ ਵੇਖਿਆ ਕਿਸੇ ਨਹੀਂ ਦਿਖਦਾ, ਨਜ਼ਰੀ ਨਜ਼ਰ ਨਾ ਕੋਇ ਟਿਕਾਈਆ । ਉਹ ਲਹਿਣਾ ਦੇਣਾ ਪੂਰਾ ਕਰੇ ਗੋਬਿੰਦ ਵਾਲੇ ਸਿੱਖ ਦਾ, ਜੋ ਸਿੱਖ ਸਿਖਿਆ ਵਿਚ ਸਮਾਈਆ । ਧਰਨੀ ਕਹੇ ਮੈਂ ਇਹੋ ਜਿਹਾ ਸਮਾਂ ਕਦੇ ਨਹੀਂ ਵੇਖਿਆ ਪ੍ਰਭੂ ਭਗਤਾਂ ਦੇ ਲੇਖ ਘਰ ਘਰ ਹੋਵੇ ਲਿਖਦਾ, ਲੇਖਣੀ ਕ਼ਲਮ ਸ਼ਾਹੀ ਨਾਲ ਮਿਲਾਈਆ । ਵਣਜਾਰਾ ਬਣਿਆ ਨਹੀਂ ਕਦੇ ਨਾਮ ਭੰਡਾਰਾ ਦੇਵਣਹਾਰਾ ਭਿਖ ਦਾ, ਜੋ ਬਿਨ ਮੰਗਿਆਂ ਦੌਲਤ ਝੋਲੀ ਦੇਵੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੈਂ ਬਹੁ ਪੁਰਾਣੀ ਧਰਤ, ਧਵਲ ਹੋ ਕੇ ਦਿਆਂ ਸੁਣਾਈਆ । ਧੰਨਭਾਗ ਜੋ ਮੇਰੇ ਉਤੇ ਆਇਆ ਪਰਤ, ਪਤਿਪਰਮੇਸ਼ਵਰ ਵੇਸ ਵਟਾਈਆ । ਮੇਰੀ ਪੂਰੀ ਹੋਈ ਹਰਸ, ਹਵਸ ਦਿਤੀ ਗੁਆਈਆ । ਜਨ ਭਗਤੋ ਤੁਹਾਡੇ ਉਤੇ ਜ਼ਰੂਰ ਕਰੇਗਾ ਤਰਸ, ਰਹਿਮਤ ਵਿਚ ਅੰਮ੍ਰਿਤ ਮੇਘ ਬਰਸਾਈਆ । ਖ਼ੁਸ਼ੀਆਂ ਵਾਲਾ ਸੁਹਾਵਣਾ ਸੰਮਤ ਸ਼ਹਿਨਸ਼ਾਹੀ ਗਿਆਰਾਂ ਬਰਸ, ਇਕ ਇਕ ਮੇਲੇ ਚਾਈਂ ਚਾਈਆ । ਤੁਹਾਡੀ ਜਨਮ ਜਨਮ ਦੀ ਮੇਟੇ ਤੜਪ, ਕਰਮ ਕਰਮ ਦਾ ਡੇਰਾ ਢਾਹੀਆ । ਜੋ ਗੋਬਿੰਦ ਆਸਾ ਰਖ ਕੇ ਗਿਆ ਵਿਚ ਦੇਸ ਦੜਪ, ਗੁਰਮੁਖਾਂ ਗੁਰ ਗੁਰ ਧਿਆਨ ਲਗਾਈਆ । ਸੋ ਪੂਰੀ ਕਰਨਹਾਰਾ ਸ਼ਰਤ, ਸ਼ਰਅ ਦਾ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਘਰ ਇਕ ਸੁਹਾਈਆ । ਧਰਨੀ ਕਹੇ ਮੇਰਾ ਗ੍ਰਿਹ ਹੋਇਆ ਸੁਹੰਜਣਾ,

ਪ੍ਰਭ ਦਿਤੀ ਮਾਣ ਵਡਿਆਈਆ । ਮੇਰੇ ਨੇਤਰ ਚਰਨ ਧੂੜ ਪਾਇਆ ਅੰਜਨਾ, ਅੰਧ ਅਗਿਆਨ ਮਿਟਾਈਆ । ਧੁਰ ਸੰਦੇਸ਼ ਸੁਣਾਇਆ ਬਚਨਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਮੇਰਾ ਮਾਟੀ ਖ਼ਾਕ ਸਰੀਰ ਹੋਇਆ ਕੰਚਨਾ, ਕੰਚਨ ਗੜ੍ਹ ਮਿਲੀ ਵਡਿਆਈਆ । ਮੈਂ ਖ਼ੁਸ਼ੀਆਂ ਦੇ ਵਿਚ ਨਚਣਾ, ਆਪ ਆਪਣਾ ਪੈਰ ਬਦਲਾਈਆ । ਜਨ ਭਗਤੋਂ ਤੁਹਾਨੂੰ ਨਵਾਂ ਸੰਦੇਸ਼ਾ ਦੱਸਣਾ, ਦਹਿ ਦਿਸ਼ਾ ਤੋਂ ਬਾਹਰ ਸੁਣਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਹਰ ਹਿਰਦੇ ਅੰਦਰ ਵਸਣਾ, ਘਟ ਘਟ ਆਪਣਾ ਡੇਰਾ ਲਾਈਆ । ਜੋ ਕੌਲ ਇਕਰਾਰ ਗੋਬਿੰਦ ਧਾਰ ਕੀਤਾ ਵਿਚ ਪਟਨਾ, ਪਾਟਲ ਹੋ ਕੇ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਨਾਮ ਨਿਧਾਨ ਦੋ ਜਹਾਨ ਰਟਣਾ, ਰਿਟਨ ਦਾ ਲੇਖਾ ਰੁਟੀਨ ਵਿਚ ਆਪਣਾ ਦਏ ਸਮਝਾਈਆ ।

### ੩੧ ਜੇਠ ਸ਼ਹਿਨਸ਼ਾਹੀ ਸੰਮਤ ੧੧ ਫ਼ਰੰਗੀ ਰਾਮ ਦੇ ਗ੍ਰਿਹ ਪਿੰਡ ਤ੍ਰੇਵਾ ਜ਼ਿਲਾ ਜੰਮੂ

ਧਰਨੀ ਕਹੇ ਪੁਰਖ ਅਕਾਲੇ ਕਿਰਪਾ ਕਰ, ਕਿਰਪਾਲ ਕਿਰਪਾਨਿਧ ਦਇਆ ਕਮਾਈਆ । ਮਿਹਰਵਾਨ ਮਹਿਬੂਬ ਮੇਰਾ ਹਿਰਦਾ ਹਰ, ਹਰ ਹਿਰਦੇ ਕਰ ਸਫ਼ਾਈਆ । ਤੂੰ ਮਾਲਕ ਖ਼ਾਲਕ ਨਰਾਇਣ ਨਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਅਖਵਾਈਆ । ਮੈਂ ਦਰਵੇਸ਼ਣ ਹੋ ਕੇ ਆਈ ਤੇਰੇ ਦਰ, ਦਰਗਾਹ ਸਾਚੀ ਸੋਭਾ ਪਾਈਆ । ਮੇਰਾ ਨੌ ਖੰਡ ਪ੍ਰਿਥਮੀ ਸਤ ਦੀਪ ਪਵਿਤ੍ਰ ਕਰ ਦੇ ਘਰ, ਘਰਾਨਾ ਇਕੋ ਇਕ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਰਹੇ ਮੂਲ ਨਾ ਡਰ, ਭੈ ਭਉ ਨਾ ਕੋਇ ਜਣਾਈਆ । ਅੰਮ੍ਰਿਤ ਧਾਰ ਬਣਾ ਦੇ ਸਰੋਵਰ ਸਰ, ਸਚ ਸਚ ਨਾਮ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਪ੍ਰਭੂ ਮੇਰਾ ਗ੍ਰਿਹ ਵੇਖ ਲੈ ਲੋਕਮਾਤ, ਨਿਰਗੁਣ ਧਾਰ ਨੈਣ ਉਠਾਈਆ । ਨਵ ਸੱਤ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਤੂੰ ਪਤਿਪਰਮੇਸ਼ਵਰ ਕਮਲਾਪਾਤ, ਪਾਰਬ੍ਰਹਮ ਇਕ ਅਖਵਾਈਆ । ਕਲਜੁਗ ਅੰਤਮ ਪੁਛ ਮੇਰੀ ਵਾਤ, ਵਾਸਤਾ ਤੇਰੇ ਚਰਨ ਰਖਾਈਆ । ਧਰਮ ਦੀ ਧਾਰ ਤੁਟਿਆ ਨਾਤ, ਕਲਜੁਗ ਕਿਰਿਆ ਕੂੜ ਹਲਕਾਈਆ । ਸਾਚੀ ਬਖ਼ਸ਼ੇ ਕੋਈ ਨਾ ਦਾਤ, ਭੰਡਾਰਾ ਨਾਮ ਨਾ ਕੋਇ ਵਰਤਾਈਆ । ਬਾਤਨ ਪੁਛੇ ਕੋਈ ਨਾ ਬਾਤ, ਬੈਤੁਲ ਮੁਕੱਦਸ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੁਆਮੀ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰਾ ਨਵ ਸੱਤ ਵੇਖ ਘਰਾਨਾ, ਦਰ ਮੰਦਰ ਧਿਆਨ ਲਗਾਈਆ । ਲੋਕਮਾਤ ਦੇਸ ਹੋਇਆ ਬੇਗਾਨਾ, ਸਚ ਦੀ ਵਜੇ ਨਾ ਕੋਇ ਵਧਾਈਆ । ਮੈਂ ਸਦੀ ਚੌਧਵੀਂ ਵੇਖ ਹੋਈ ਹੈਰਾਨਾ, ਹੈਰਾਨੀ ਮੇਰੇ ਅੰਦਰ ਆਈਆ । ਚਾਰੋਂ ਕੁੰਟ ਸ਼ਰਅ ਰੂਪ ਦਿਸੇ ਸ਼ੈਤਾਨਾ, ਸਤਿ ਵਿਚ ਨਾ ਕੋਇ ਸਮਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਏ ਕੋਈ ਨਾ ਗਾਣਾ, ਪਾਰਬ੍ਰਹਮ ਬ੍ਰਹਮ ਤੇਰੇ ਰੰਗ ਨਾ ਕੋਇ ਸਮਾਈਆ । ਸੁਰਤੀ ਸ਼ਬਦ ਸੁਣੇ ਨਾ ਕੋਇ ਤਰਾਨਾ, ਤੁਰੀਆ ਤੋਂ ਪਰੇ ਤੇਰਾ ਦਰਸ਼ਨ ਕੋਇ ਨਾ ਪਾਈਆ । ਤੂੰ ਮਾਲਕ ਖ਼ਾਲਕ ਗੁਣ ਨਿਧਾਨਾ, ਗਹਿਰ ਗੰਭੀਰ ਨੂਰ ਅਲਾਹੀਆ । ਨਿਗਾਹ ਮਾਰ ਸ੍ਰੀ ਭਗਵਾਨਾ, ਬਿਨ ਨੇਤਰ ਲੋਚਨ ਨੈਣ ਅੱਖ ਉਠਾਈਆ । ਮੈਂ ਧਰਨੀ ਧਰਤ ਧਵਲ ਧੌਲ ਤੇਰਾ ਬਾਲ ਨਿਧਾਨਾ,

ਬੁੱਧੀ ਵੰਡ ਨਾ ਕੋਇ ਵੰਡਾਈਆ । ਮੇਰੇ ਉਤੇ ਸਤਿ ਧਰਮ ਦਾ ਸਚ ਵਖਾ ਨਿਸ਼ਾਨਾ, ਨਿਸ਼ਾਨਾ ਕੂੜ ਕੁੜਿਆਰ ਬਦਲਾਈਆ । ਜੁਗ ਜੁਗ ਤੇਰੇ ਹੁਕਮ ਨਾਲ ਬਦਲਦਾ ਰਿਹਾ ਜ਼ਮਾਨਾ, ਜ਼ਿਮੀਂ ਜ਼ਮਾਂ ਦੇ ਮਾਲਕ ਹੋਣਾ ਆਪ ਸਹਾਈਆ । ਮੇਰਾ ਤੇਰੇ ਉਤੇ ਮਾਣਾ, ਨਿਮਾਣੀ ਹੋ ਕੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਘਰ ਆਪ ਸੁਹਾਈਆ । ਧਰਨੀ ਕਹੇ ਪ੍ਰਭੂ ਮੇਰਾ ਗ੍ਰਿਹ ਕਰ ਸੁਹੰਜਣਾ, ਚਰਨ ਕਵਲ ਦੇ ਸਰਨਾਈਆ । ਨੂਰ ਜ਼ਹੂਰ ਤਕਾਂ ਆਦਿ ਨਿਰੰਜਣਾ, ਜੋਤੀ ਜਾਤੇ ਪੁਰਖ ਬਿਧਾਤੇ ਆਪਣਾ ਨੂਰ ਦੇਣਾ ਚਮਕਾਈਆ । ਤੁਧ ਬਿਨ ਠਾਕਰ ਸੁਆਮੀ ਮੇਰਾ ਪਰਦਾ ਕਿਸੇ ਨਾ ਕਜਣਾ, ਸੀਸ ਹੱਥ ਨਾ ਕੋਇ ਟਿਕਾਈਆ । ਮੇਰੇ ਮਿਹਰਵਾਨਾ ਨੌਜਵਾਨਾ ਸ਼ਰਅ ਦੀਨ ਦੀ ਮੇਟ ਦੇ ਹੱਦਨਾ, ਹਦੂਦ ਆਪਣੀ ਇਕ ਦਰਸਾਈਆ । ਮੈਂ ਚਰਨ ਕਵਲ ਉਪਰ ਧਵਲ ਕਰਾਂ ਬੰਦਨਾ, ਨਿਵ ਨਿਵ ਲਾਗਾਂ ਪਾਈਆ । ਤੂੰ ਮਾਲਕ ਜੇਰਜ ਅੰਡਨਾ, ਉਤਭੁਜ ਸੇਤਜ ਆਪਣਾ ਹੁਕਮ ਵਰਤਾਈਆ । ਮੇਰਾ ਲੇਖਾ ਪੂਰਾ ਕਰ ਦੇ ਵਿਚ ਵਰਭੰਡਣਾ, ਬ੍ਰਹਿਮੰਡਾਂ ਦੇ ਮਾਲਕ ਹੋਣਾ ਸਹਾਈਆ । ਸਾਚਾ ਸੁਖ ਦੇ ਅਨੰਦਨਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦਿਆਲ ਸਦਾ ਬਖ਼ਸ਼ੰਦਨਾ, ਬਖ਼ਸ਼ਿਸ਼ ਰਹਿਮਤ ਆਪਣੀ ਆਪ ਕਮਾਈਆ ।



## ✪ ੩੧ ਜੇਠ ਸ਼ਹਿਨਸ਼ਾਹੀ ਸੰਮਤ ੧੧ ਰਾਜੋ ਦੇਵੀ ਦੇ ਗ੍ਰਿਹ ਪਿੰਡ ਸੇਈ ਕਲਾਂ ਜ਼ਿਲਾ ਜੰਮੂ ✪

੬੪੫ ੨੪

ਧਰਨੀ ਕਹੇ ਪ੍ਰਭੂ ਮੇਰੀ ਲੇਖੇ ਲਾ ਲੈ ਖ਼ਾਕ, ਮਿੱਟੀ ਤੇਰੇ ਚਰਨ ਟਿਕਾਈਆ । ਸਭ ਦਾ ਪੂਰਾ ਕਰ ਦੇ ਵਾਕ, ਭਵਿਖਤ ਆਪਣੇ ਰੰਗ ਰੰਗਾਈਆ । ਧਰਮ ਦੀ ਧਾਰ ਖੋਲ੍ਹ ਦੇ ਤਾਕ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੈਂ ਤੇਰੀ ਸੇਵਕ ਚਾਕ, ਚਾਕਰੀ ਵਿਚ ਝਟ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਧਰਨੀ ਕਹੇ ਪ੍ਰਭੂ ਮੇਰੀ ਦੁਰਮਤ ਮੈਲ ਧੋ, ਨਿਰਮਲ ਆਪਣਾ ਆਪ ਜਣਾਈਆ । ਮੈਂ ਤੇਰੇ ਦੁਆਰੇ ਆ ਕੇ ਪਈ ਰੋ, ਬਿਨ ਨੈਣਾਂ ਨੀਰ ਵਹਾਈਆ । ਤੂੰ ਮਾਲਕ ਖ਼ਾਲਕ ਸੁਆਮੀ ਆਪੇ ਹੋ, ਹੋਕਾ ਦੇ ਕੇ ਦਿਆਂ ਦ੍ਰਿੜਾਈਆ । ਤੂੰ ਨਾਮ ਨਿਧਾਨਾ ਬਖ਼ਸ਼ ਸੋਹੰ ਸੋ, ਸੋ ਪੁਰਖ ਨਿਰੰਜਣ ਤੇਰੇ ਵਿਚ ਸਮਾਈਆ । ਦੀਨ ਦੁਨੀ ਨਾਲੋਂ ਤੋੜ ਮੋਹ, ਮੁਹੱਬਤ ਆਪਣੇ ਨਾਲ ਰਖਾਈਆ । ਬਿਨ ਨੇਤਰਾਂ ਬਖ਼ਸ਼ ਦੇ ਲੋ, ਲੋਇਣ ਤੀਜਾ ਆਪ ਖੁਲ੍ਹਾਈਆ । ਨਿਝਰ ਝਿਰਨਾ ਬੂੰਦ ਸਵਾਂਤੀ ਚੋ, ਨਾਭੀ ਕਵਲ ਕਵਲ ਉਲਟਾਈਆ । ਪੰਜ ਵਿਕਾਰ ਮੇਟ ਦੇ ਗਰੋਹ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਆਤਮ ਪਰਮਾਤਮ ਤੇਰੇ ਨਾਲ ਜਾਵੇ ਛੋਹ, ਛੋਹਰ ਬਾਂਕੇ ਤੇਰੇ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੇ ਚਰਨ ਜਾਵਾਂ ਛੂਹ, ਮਸਤਕ ਮਸਤਕ ਖ਼ਾਕ ਰਮਾਈਆ । ਤੂੰ ਮੇਰਾ ਲਹਿਣਾ ਦੇਣਾ ਕਲਜੁਗ ਅੰਤ ਵੇਖਣਾ ਸ਼ੁਰੂ, ਸ਼ਰਅ ਦੇ ਮਾਲਕ ਧਿਆਨ ਲਗਾਈਆ । ਮੇਰੇ ਉਤੇ ਤਕ ਲੈ ਪਤਾ ਨਹੀਂ ਕਿਤਨੇ ਬਣ ਗਏ ਗੁਰੂ, ਗੁਰੂ ਗੁਰਦੇਵ ਕਹਿ ਕੇ ਆਪਣਾ ਇਸ਼ਟ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਦਇਆ

ਕਮਾਈਆ । ਧਰਨੀ ਕਹੇ ਮੇਰੇ ਸਤਿਗੁਰ ਸ਼ਬਦ ਗੁਰਦੇਵਾ, ਦੇਵ ਦੇਵਾ ਤੇਰੀ ਸਰਨਾਈਆ । ਸਾਚਾ ਅੰਮ੍ਰਿਤ ਨਾਮ ਬਖ਼ਸ਼ ਦੇ ਮੇਵਾ, ਅੰਮਿਉਂ ਰਸ ਆਪਣਾ ਆਪ ਚੁਆਈਆ । ਕੌਸਤਕ ਮਨੀ ਧਾਰ ਮਸਤਕ ਲਾ ਦੇ ਥੇਵਾ, ਦੂਸਰ ਲੋੜ ਰਹੇ ਨਾ ਰਾਈਆ । ਤੇਰਾ ਨਾਮ ਗਾਈਏ ਰਸਨਾ ਜਿਹਵਾ, ਬੱਤੀ ਦੰਦਾਂ ਸਿਫ਼ਤ ਸਲਾਹੀਆ । ਤੂੰ ਵਸਣਹਾਰਾ ਸਚਖੰਡ ਧਾਮ ਨਿਹਕੇਵਾ, ਨਿਹਚਲ ਆਪਣਾ ਆਸਣ ਲਾਈਆ । ਤੂੰ ਸੁਆਮੀ ਕਰਤਾ ਵਡ ਦੇਵੀ ਦੇਵਾ, ਦੇਵਤ ਸੁਰ ਸਭ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਅਲਖ ਅਭੇਵਾ, ਅਗੋਚਰ ਕਹਿਣ ਕਿਛ ਕੋਇ ਨਾ ਪਾਈਆ ।

## ✪ ੩੧ ਜੇਠ ਸ਼ਹਿਨਸ਼ਾਹੀ ਸੰਮਤ ੧੧ ਭਾਗ ਸਿੰਘ ਦੇ ਗ੍ਰਿਹ ਨਾਂਗਾ ਕੈਂਪ ਜ਼ਿਲਾ ਜੰਮੂ ✪

ਧਰਨੀ ਕਹੇ ਸੋ ਪੁਰਖ ਨਿਰੰਜਣ ਮੇਰੇ ਉਤੇ ਹੋਣਾ ਦਿਆਲ, ਦਇਆਨਿਧ ਆਪਣੀ ਦਇਆ ਕਮਾਈਆ । ਹਰਿ ਪੁਰਖ ਨਿਰੰਜਣ ਮੇਰੀ ਕਰ ਸੰਭਾਲ, ਸਾਹਿਬ ਸੁਆਮੀ ਅੰਤਰਜਾਮੀ ਤੇਰੀ ਓਟ ਤਕਾਈਆ । ਏਕੰਕਾਰ ਸਾਚੀ ਵਸਤ ਦੇ ਧਨ ਮਾਲ, ਨਾਮ ਨਿਧਾਨਾ ਨੌਜਵਾਨਾ ਮੇਰੀ ਝੋਲੀ ਪਾਈਆ । ਆਦਿ ਨਿਰੰਜਣ ਨੂਰੀ ਜੋਤ ਜਗਾ ਮਹਾਨ, ਅੰਧ ਅਗਿਆਨ ਦੋ ਜਹਾਨ ਦੇ ਮਿਟਾਈਆ । ਅਬਿਨਾਸ਼ੀ ਕਰਤੇ ਹੋ ਮਿਹਰਵਾਨ, ਮਹਿਬਾਨ
੬੪੬ ਬੀਦੋ ਤੇਰੀ ਆਸ ਰਖਾਈਆ । ਅਬਿਨਾਸ਼ੀ ਕਰਤੇ ਦੇਣਾ ਅਗੰਮਾ ਦਾਨ, ਵਸਤ ਅਮੋਲਕ ਮੇਰੀ ਝੋਲੀ ਪਾਈਆ । ਪਾਰਬ੍ਰਹਮ ਮੇਰੀ ਬੇਨੰਤੀ ਕਰਨੀ ੬੪੬
੨੪ ਪਰਵਾਨ, ਪਰਮ ਪੁਰਖ ਤੇਰੀ ਸਰਨਾਈਆ । ਸਤਿਗੁਰ ਸ਼ਬਦ ਯੋਧਾ ਸੂਰਬੀਰ ਭੇਜ ਬਲਵਾਨ, ਬਲਧਾਰੀ ਇਕ ਅਖਵਾਈਆ । ਨਾਲ ਵਿਸ਼ਨੂੰ ਵਖਾ ੨੪
ਖੇਲ ਮਹਾਨ, ਮਹਿੰਮਾ ਅਕਥ ਅਕਥ ਦ੍ਰਿੜਾਈਆ । ਬ੍ਰਹਮੇ ਕਰਨਾ ਸਵਾਧਾਨ, ਆਲਸ ਨਿੰਦਰਾ ਰਹੇ ਨਾ ਰਾਈਆ । ਸ਼ੰਕਰ ਹਲੂਣਾ ਦੇਣਾ ਆਪ ਸ੍ਰੀ ਭਗਵਾਨ, ਆਪਣਾ ਹੁਕਮ ਵਰਤਾਈਆ । ਤੇਈ ਅਵਤਾਰ ਕਰਾਉਣਾ ਨਿਗਾਹਬਾਨ, ਨਰ ਨਰਾਇਣ ਆਪਣਾ ਰੰਗ ਰੰਗਾਈਆ । ਪੈਗ਼ੰਬਰਾਂ ਬਾਕੀ ਲੇਖਾ ਰਿਹਾ ਨਾ ਵਿਚ ਜਹਾਨ, ਦੋ ਜਹਾਨਾਂ ਮਾਲਕ ਹੋਣਾ ਸਹਾਈਆ । ਗੁਰੂ ਗੁਰਦੇਵ ਹੋਣਾ ਪਰਵਾਨ, ਪਰਮ ਪੁਰਖ ਤੇਰੀ ਬੇਪਰਵਾਹੀਆ । ਧਰਨੀ ਕਹੇ ਮੇਰੇ ਨੌ ਖੰਡ ਸੱਤ ਦੀਪ ਸਾਰੇ ਕੁਰਲਾਣ, ਕੂਕ ਕੂਕ ਸੁਣਾਈਆ । ਧਰਮ ਦਾ ਧਰਮ ਨਾ ਰਿਹਾ ਨਿਸ਼ਾਨ, ਸਚ ਸਚ ਵਿਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਕਵਣ ਕਰੇ ਕਲਿਆਣ, ਅਕਲ ਕਲਧਾਰੀ ਕਲ ਆਪਣੀ ਦੇਣੀ ਵਰਤਾਈਆ ।

## ✪ ੩੧ ਜੇਠ ਸ਼ਹਿਨਸ਼ਾਹੀ ਸੰਮਤ ੧੧ ਪੂਰਨ ਚੰਦ ਦੇ ਗ੍ਰਿਹ ਨਾਂਗਾ ਕੈਂਪ ਜ਼ਿਲਾ ਜੰਮੂ ✪

ਧਰਨੀ ਕਹੇ ਮੇਰੇ ਪਰਮ ਪੁਰਖ ਭਗਵੰਤ, ਭਗਵਨ ਤੇਰੀ ਓਟ ਤਕਾਈਆ । ਤੂੰ ਸੁਆਮੀ ਆਦਿ ਜੁਗਾਦੀ ਜੁਗਾ ਜੁਗੰਤ, ਨਿਤ ਨਵਿਤ ਤੇਰਾ ਰਾਹ ਤਕਾਈਆ । ਨਾਮ ਨਿਧਾਨਾ ਦੇ ਦੇ ਧੁਰ ਦਾ ਮਨੀਆ ਮੰਤ, ਮਨਸਾ ਮੇਰੀ ਪੂਰ ਕਰਾਈਆ । ਦਰ ਦਰਵੇਸ਼ ਹੋ ਕੇ ਕਰਾਂ ਮਿੰਨਤ, ਭਿਖਾਰਨ

ਹੋ ਕੇ ਮੰਗ ਮੰਗਾਈਆ । ਮੇਰੀ ਕੂਟ ਵੇਖ ਲੈ ਲੋਕਮਾਤ ਵਾਲੀ ਸਿੰਮਤ, ਸਤਿਗੁਰ ਆਪਣਾ ਫੇਰਾ ਪਾਈਆ । ਨਵ ਸੱਤ ਦਿਸਦੇ ਨਿੰਦਕ, ਨਿੰਦਿਆਂ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰਾ ਕਲਜੁਗ ਦੁਖ ਦਲਿਦ੍ਰ ਕਟ, ਕਟਾਕਸ਼ ਆਪਣਾ ਨਾਮ ਲਗਾਈਆ । ਸਚ ਧਰਮ ਦਾ ਖੋਲ੍ਹ ਦੇ ਹੱਟ, ਹਟਵਾਣਾ ਬਣਨਾ ਧੁਰ ਦੇ ਮਾਹੀਆ । ਮੈਂ ਤੇਰੇ ਚਰਨ ਕਵਲ ਆਈ ਨਠ, ਬਿਨ ਕ਼ਦਮਾਂ ਕ਼ਦਮ ਉਠਾਈਆ । ਦਰ ਠਾਂਢੇ ਜਾਵਾਂ ਢਠ, ਨਿਵ ਨਿਵ ਲਾਗਾਂ ਪਾਈਆ । ਨਿਗਾਹ ਮਾਰ ਲੈ ਧਰਮ ਰਿਹਾ ਨਾ ਕਿਸੇ ਮੰਦਰ ਮਸਜਿਦ ਮਠ, ਸ਼ਿਵਦਵਾਲੇ ਗੁਰੂਦੁਆਰ ਦੇਣ ਗਵਾਹੀਆ । ਫਿਰਨੀ ਦਰੋਹੀ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਬਿਨ ਹਰਿ ਨਾਮੇ ਖ਼ਾਲੀ ਹੋ ਗਏ ਕਾਇਆ ਭਾਂਡੇ ਮਾਟੀ ਮੱਟ, ਸਚ ਵਸਤ ਨਜ਼ਰ ਕੋਇ ਨਾ ਆਈਆ । ਤੇਰਾ ਨੂਰ ਜੋਤ ਪਰਕਾਸ਼ ਨਜ਼ਰ ਨਾ ਆਵੇ ਲਟ ਲਟ, ਅੰਧ ਅੰਧੇਰ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਅਲਖ ਜਗਾਈਆ । ਧਰਨੀ ਕਹੇ ਮੈਂ ਰੋ ਰੋ ਦਰ ਤੇਰੇ ਤੇ ਦੱਸਦੀ, ਦਹਿ ਦਿਸ਼ਾ ਧਿਆਨ ਲਗਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਦੀ ਧਾਰ ਹੋ ਕੇ ਨੱਸਦੀ, ਬ੍ਰਹਿਮੰਡਾਂ ਖੰਡਾਂ ਲੋਆਂ ਪੁਰੀਆਂ ਪੰਧ ਮੁਕਾਈਆ । ਮੇਰੀ ਖ਼ਾਹਿਸ਼ ਭਰੀ ਤੇਰੇ ਜਸ ਦੀ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਸ੍ਰਿਸ਼ਟੀ ਸਾਰ ਨਾ ਆਵੇ ਸੀਆਂ ਸਾਢੇ ਤਿੰਨ ਹੱਥ ਦੀ, ਜੋ ਰਵੀਦਾਸ ਚਮਾਰਾ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਂ ਆਸ਼ਾ ਰਖੀ ਤੇਰੀ ਪੁਰਖ ਸਮਰਥ ਦੀ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।

### ੩੧ ਜੇਠ ਸ਼ਹਿਨਸ਼ਾਹੀ ਸੰਮਤ ੧੧ ਭਗਵਾਨ ਚੰਦ ਦੇ ਗ੍ਰਿਹਿ ਨਾਂਗਾ ਕੈਂਪ ਜ਼ਿਲਾ ਜੰਮੂ

ਧਰਨੀ ਕਹੇ ਮੈਂ ਰੋ ਰੋ ਮਾਰਾਂ ਆਹ, ਹਾਏ ਉਫ਼ ਮੇਰੀ ਦੁਹਾਈਆ । ਸੋ ਪੁਰਖ ਨਿਰੰਜਣ ਮੇਰਾ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਹਰਿ ਪੁਰਖ ਨਿਰੰਜਣ ਨਿਰਗੁਣ ਧਾਰ ਪਕੜ ਲੈ ਬਾਂਹ, ਬਹੀਆ ਤੇਰੇ ਰੰਗ ਰੰਗਾਈਆ । ਏਕੰਕਾਰ ਦੇਣੀ ਸਚ ਸਲਾਹ, ਮਸ਼ਵਰਾ ਤੇਰੇ ਨਾਲ ਰਖਾਈਆ । ਆਦਿ ਨਿਰੰਜਣ ਕਰ ਰੁਸ਼ਨਾ, ਅੰਧ ਅੰਧੇਰ ਦੇ ਮਿਟਾਈਆ । ਅਬਿਨਾਸ਼ੀ ਕਰਤੇ ਹੋ ਸਹਾ, ਸਿਰ ਮੇਰੇ ਹੱਥ ਰਖਾਈਆ । ਸ੍ਰੀ ਭਗਵਾਨ ਮੇਰੀ ਕ਼ਬੂਲ ਕਰੀਂ ਦੁਆ, ਦੋ ਜਹਾਨਾਂ ਮੰਗ ਮੰਗਾਈਆ । ਪਾਰਬ੍ਰਹਮ ਮੇਰਾ ਬਣਨਾ ਦਿਲਰੁਬਾ, ਰਹਿਮਤ ਆਪਣੀ ਹਕ ਕਮਾਈਆ । ਤੂੰ ਮਿਹਰਵਾਨ ਨੂਰੀ ਅਲਾਹ ਖ਼ੁਦਾ, ਖ਼ੁਦ ਮਾਲਕ ਇਕ ਅਖਵਾਈਆ । ਦਰੋਹੀ ਮੈਨੂੰ ਅੰਤ ਨਾ ਕਰੀਂ ਜੁਦਾ, ਸਦੀ ਚੌਧਵੀਂ ਵੇਖ ਵਖਾਈਆ । ਤੇਰੇ ਕ਼ਦਮ ਹੋਵਾਂ ਫ਼ਿਦਾ, ਆਪ ਆਪਣਾ ਭੇਟ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਧਰਨੀ ਕਹੇ ਪ੍ਰਭੂ ਮੈਂ ਦੁਖਾਂ ਨਾਲ ਰਹੀ ਸੜ, ਕਲਜੁਗ ਅਗਨੀ ਤਤ ਤਪਾਈਆ । ਕੂੜ ਕੁੜਿਆਰਾ ਮੇਰੇ ਉਤੇ ਬਣਿਆ ਗੜ੍ਹ, ਹਉਮੇ ਹੰਗਤਾ ਨਾਲ ਮਿਲਾਈਆ । ਦਰੋਹੀ ਅਗਨੀ ਲੱਗੀ ਸੀਸ ਧੜ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਨਿਗਾਹ ਮਾਰ ਲੈ ਚੋਟੀ



੬੪੭ ੨੪

ਜੜ੍ਹ, ਚੇਤਨ ਦੇ ਮਾਲਕ ਪੜਦਾ ਆਪ ਉਠਾਈਆ । ਮੈਂ ਸਚ ਦੁਆਰ ਏਕੰਕਾਰ ਗਈ ਖੜ੍ਹ, ਦਰ ਠਾਂਡੇ ਸੀਸ ਨਿਵਾਈਆ । ਮਿਹਰਵਾਨਾ ਸ੍ਰੀ ਭਗਵਾਨਾ ਤੇਰਾ ਨਿਰਅੱਖਰ ਧਾਰ ਢੋਲਾ ਰਹੀ ਪੜ੍ਹ, ਬਿਨਾ ਜ਼ਬਾਂ ਤੇਰਾ ਨਾਮ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮਿਹਰਵਾਨ ਦਇਆ ਕਮਾਵੇਗਾ । ਨੂਰ ਨੁਰਾਨਾ ਨੂਰ ਰੁਸ਼ਨਾਵੇਗਾ । ਜੋਤੀ ਜਾਤਾ ਡਗਮਗਾਵੇਗਾ । ਸਤਿਗੁਰ ਸ਼ਬਦ ਸ਼ਬਦ ਜਗਾਵੇਗਾ । ਲੋਕਮਾਤ ਵੇਖ ਵਖਾਵੇਗਾ । ਗੁਰ ਅਵਤਾਰ ਪੈਗ਼ੰਬਰ ਨਾਲ ਮਿਲਾਵੇਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ, ਅੰਤਮ ਆਪ ਚੁਕਾਵੇਗਾ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦ, ਸੋ ਪੁਰਖ ਨਿਰੰਜਣ ਆਪ ਪੜ੍ਹਾਵੇਗਾ । ਮੇਰੀ ਧਾਰ ਨੂੰ ਦੇ ਅਨੰਦ, ਅਨੰਦ ਅਨੰਦਪੁਰ ਵਾਸੀ ਨਾਲ ਮਿਲਾਵੇਗਾ । ਬਿਨਾ ਸੂਰੀਆ ਚਾੜ੍ਹ ਕੇ ਚੰਦ, ਜੋਤੀ ਜਾਤਾ ਡਗਮਗਾਵੇਗਾ । ਕਰ ਪਰਕਾਸ਼ ਅੰਧੇਰੇ ਖੰਡ, ਬ੍ਰਹਿਮੰਡ ਆਪ ਰੁਸ਼ਨਾਵੇਗਾ । ਦਰ ਦੁਆਰ ਏਕੰਕਾਰ ਮੇਰਾ ਆਵੇ ਲੰਘ, ਪਾਂਧੀ ਹੋ ਕੇ ਪੰਧ ਮੁਕਾਵੇਗਾ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਬੈਠੇ ਸਾਢੇ ਤਿੰਨ ਹੱਥ ਪਲੰਘ, ਸੰਬਲ ਨਗਰ ਆਪ ਵਡਿਆਵੇਗਾ । ਸ਼ਬਦ ਅਨਾਦੀ ਨਾਦ ਵਜਾ ਮਰਦੰਗ, ਅਨਹਦ ਆਪਣੀ ਧੁਨ ਸਮਝਾਵੇਗਾ । ਮੇਰਾ ਭਾਗ ਹੋਣ ਨਾ ਦੇਵੇ ਮੰਦ, ਮੰਦਭਾਗੀ ਗਲੇ ਲਗਾਵੇਗਾ । ਦੀਨ ਦੁਨੀ ਸ਼ਰਅ ਦੀ ਢਾਹ ਕੇ ਕੰਧ, ਕੰਤ ਕੰਤੂਹਲ ਵੇਖ ਵਖਾਵੇਗਾ । ਜੋ ਧਰਨੀ ਕਹੇ ਮੇਰੀ ਆਸ਼ਾ ਮਨਸਾ ਪੂਰੀ ਕਰੇ ਮੰਗ, ਵਸਤ ਅਮੋਲਕ ਆਪ ਵਰਤਾਵੇਗਾ । ਮੇਰਾ ਸਾਹਿਬ ਸੂਰਾ ਸਰਬੰਗ, ਹਰਿ ਕਰਤਾ ਇਕ ਅਖਵਾਵੇਗਾ । ਜੁਗ ਬਦਲਣਾ ਜਿਸ ਦਾ ਅਗੰਮਾ ਢੰਗ, ਜੁਗਤੀ ਹੱਥ ਨਾ ਕਿਸੇ ਫੜਾਵੇਗਾ । ਕਲਜੁਗ ਕੂੜੀ ਕਿਰਿਆ ਕਰੇ ਖੰਡ ਖੰਡ, ਖੰਡਾ ਖੜਗ ਨਾਮ ਚੁਕਾਵੇਗਾ । ਲੇਖਾ ਜਾਣੇ ਵਿਚ ਵਰਭੰਡ, ਭੰਡੀ ਸਭ ਦੀ ਮੇਟ ਮਿਟਾਵੇਗਾ । ਨੌਂ ਖੰਡ ਪ੍ਰਿਥਮੀ ਮਿਟਾ ਕੇ ਝੂਠ ਪਾਖੰਡ, ਸਚ ਸਚ ਰਟਾਵੇਗਾ । ਲਹਿਣਾ ਦੇਣਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਵੇਖ ਵਖਾਵੇਗਾ । ਧਰਨੀ ਕਹੇ ਮੈਨੂੰ ਧਰਮ ਦੀ ਧਾਰ ਦੇਵੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਵੇਗਾ । ਮੇਰਾ ਸਰੀਰ ਨਹੀਂ ਕੋਈ ਤਤ ਪੰਜ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਦਾ ਪੰਧ ਮੁਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਸਾ ਵੇਖ ਵਖਾਵੇਗਾ । ਧਰਨੀ ਕਹੇ ਮੇਰੇ ਸਾਹਿਬ ਸਤਿਗੁਰ ਸੁਲਤਾਨਾ, ਤੇਰੀ ਬੇਪਰਵਾਹੀਆ । ਨਿਗਾਹ ਮਾਰ ਲੈ ਵਿਚ ਜਹਾਨਾ, ਜਹਾਲਤ ਭਰੀ ਤੇਰੀ ਲੋਕਾਈਆ । ਤੂੰ ਵਸੇਂ ਉਤੇ ਅਸਮਾਨਾ, ਇਸਮ ਆਜ਼ਮ ਤੇਰੀ ਬੇਪਰਵਾਹੀਆ । ਮੇਰਾ ਤਕ ਲੈ ਕਲਜੁਗ ਵਾਲਾ ਕੂੜ ਨਿਸ਼ਾਨਾ, ਚਾਰੋਂ ਕੁੰਟ ਨਜ਼ਰੀ ਆਈਆ । ਤੇਰਾ ਆਤਮ ਤੇਰੇ ਨਾਲੋਂ ਹੋਇਆ ਬੇਗਾਨਾ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਤੇਰਾ ਸ਼ਬਦੀ ਸੁਣੇ ਨਾ ਕੋਇ ਤਰਾਨਾ, ਸੁਰਤੀ ਸਚ ਨਾ ਕੋਇ ਸਮਾਈਆ । ਧਰਨੀ ਕਹੇ ਮੈਂ ਚਾਰੋਂ ਕੁੰਟ ਹੋਈ ਵੈਰਾਨਾ, ਵੈਰੀ ਘਰ ਘਰ ਨਜ਼ਰੀ ਆਈਆ । ਕਿਰਪਾ ਕਰ ਗੁਣ ਨਿਧਾਨਾ, ਗੁਣਵੰਤ ਤੇਰੀ ਸਰਨਾਈਆ । ਤੂੰ ਯੋਧਾ ਸੂਰਬੀਰ ਮਰਦਾਨਾ, ਮਹਾਬਲੀ ਇਕ ਅਖਵਾਈਆ । ਮੈਂ ਮਿੱਟੀ ਖ਼ਾਕ ਤੇਰੀ ਚਰਨ ਧੂੜ ਮੇਰਾ ਧਰਮ ਨਿਸ਼ਾਨਾ, ਧਰਮ ਦੀ ਧਾਰ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਲਹਿਣਾ ਦੇਣਾ ਲੇਖਾ ਕਲਜੁਗ ਅੰਤਮ ਪੂਰ ਕਰਾਨਾ, ਪਰਮ ਪੁਰਖ ਪਰਮੇਸ਼ਵਰ ਪਤ ਪਤਵੰਤੇ ਤੇਰੀ ਆਸ ਰਖਾਈਆ ।

੬੪੮
੨੪

੬੪੯
੨੪

### ✪ ੩੨ ਜੇਠ ਸ਼ਹਿਨਸ਼ਾਹੀ ਸੰਮਤ ੧੧ ਰਸਾਲ ਸਿੰਘ ਦੇ ਗ੍ਰਿਹ ਘਾਹਪੋਤ ਕੈਂਪ ਜ਼ਿਲਾ ਜੰਮੂ ✪

ਧਰਨੀ ਕਹੇ ਪ੍ਰਭੂ ਸਤਿਜੁਗ ਧਰਮ ਕਰ ਆਬਾਦ, ਨਵ ਸੱਤ ਆਪਣਾ ਰੰਗ ਰੰਗਾਈਆ । ਸ੍ਰਿਸ਼ਟ ਸਬਾਈ ਹਿਰਦਾ ਸਾਧ, ਦੁਰਮਤ ਮੈਲ ਕਰ ਸਫ਼ਾਈਆ । ਹਰ ਹਿਰਦੇ ਹੋਵੇ ਤੇਰੀ ਯਾਦ, ਹਰਿਜਨ ਗਾਵਣ ਚਾਈਂ ਚਾਈਂਆ । ਸਚ ਸ਼ਬਦ ਸੁਣਾ ਨਾਦ, ਅਗੰਮੀ ਧੁਨ ਕਰ ਸ਼ਨਵਾਈਆ । ਤੂੰ ਮੋਹਣ ਮਾਧਵ ਮਾਧ, ਮਿਹਰਵਾਨ ਇਕ ਅਖਵਾਈਆ । ਤੇਰਾ ਸੰਦੇਸ਼ਾ ਹੋਵੇ ਬੋਧ ਅਗਾਧ, ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਨਿਰਗੁਣ ਧਾਰ ਨਵੀਂ ਸਾਜਣਾ ਸਾਜ, ਕਲਜੁਗ ਕਿਰਿਆ ਕੂੜ ਮਿਟਾਈਆ । ਮਾਨਵ ਜ਼ਾਤੀ ਇਕ ਹੋਵੇ ਰਿਵਾਜ, ਰਸਤਾ ਇਕੋ ਇਕ ਵਖਾਈਆ । ਮੇਰਾ ਕੋਝੀ ਕਮਲੀ ਦਾ ਸਵਾਰ ਕਾਜ, ਸਿਰ ਮੇਰੇ ਹੱਥ ਰਖਾਈਆ । ਸ਼ਹਿਨਸ਼ਾਹ ਸੁਆਮੀ ਸੀਸ ਤੇ ਹੋਵੇ ਤਾਜ, ਤਖ਼ਤ ਨਿਵਾਸੀ ਇਕੋ ਨਜ਼ਰੀ ਆਈਆ । ਅੰਤ ਕੰਤ ਭਗਵੰਤ ਰਖਣੀ ਲਾਜ, ਨਿਮਾਣੀ ਹੋ ਕੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੇਰਾ ਚਾਰ ਕੁੰਟ ਪਿਆਰ ਹੋਵੇ ਇਕੋ, ਏਕੰਕਾਰ ਦੇਣੀ ਵਡਿਆਈਆ । ਤੇਰੇ ਹੁਕਮ ਦਾ ਸ਼ਬਦੀ ਧਾਰ ਹੋਵੇ ਸਿਕੋ, ਦੀਨ ਦੁਨੀ ਨਜ਼ਰੀ ਆਈਆ । ਮਿਹਰਵਾਨਾ ਸ੍ਰੀ ਭਗਵਾਨਾ ਸਤਿਗੁਰ ਸ਼ਬਦ ਧਾਰ ਮੇਰਾ ਲੇਖ ਲਿਖੋ, ਲਿਖਿਆ ਲੇਖ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤੋ ਸਾਚੀ ਸਿਖਿਆ ਇਕੋ ਸਿਖੋ, ਦੂਜੀ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਪ੍ਰਭੂ ਮੇਰੀ ਤਕ ਲੈ ਚਾਰ ਦੀਵਾਰੀ, ਅੰਤ ਨਜ਼ਰ ਕਿਸੇ ਨਾ ਆਈਆ । ਮੇਰੇ ਹਿੱਸੇ ਕਰ ਕੇ ਗਏ ਜਗਤ ਸੰਸਾਰੀ, ਖੰਡਾਂ ਦੀਪਾਂ ਵਿਚ ਵੰਡ ਵੰਡਾਈਆ । ਮੇਰਾ ਭੇਵ ਪਾਇਆ ਨਹੀਂ ਕਿਸੇ ਲਿਖਾਰੀ, ਕ਼ਲਮ ਸ਼ਾਹੀ ਵੰਡ ਨਾ ਕੋਇ ਵੰਡਾਈਆ । ਮੇਰਾ ਨਕਸ਼ਾ ਸਕਿਆ ਨਾ ਕੋਇ ਉਸਾਰੀ, ਅੰਤ ਕਹਿਣ ਕੁਛ ਨਾ ਪਾਈਆ । ਮੈਂ ਤੇਰੇ ਚਰਨਾਂ ਦੀ ਧੂੜ ਛਾਰੀ, ਸ਼ਹਿਨਸ਼ਾਹ ਤੇਰੇ ਰੰਗ ਸਮਾਈਆ । ਕਲਜੁਗ ਅੰਤ ਹੋਈ ਦੁਖਿਆਰੀ, ਰੋ ਰੋ ਦਿਆਂ ਦੁਹਾਈਆ । ਚਾਰੋਂ ਕੁੰਟ ਰੈਣ ਅੰਧਿਆਰੀ, ਸਾਚਾ ਚੰਦ ਨਾ ਕੋਇ ਚਮਕਾਈਆ । ਤੂੰ ਕਿਰਪਾ ਕਰ ਜੋਤ ਨਿਰੰਕਾਰੀ, ਨਿਰਵੈਰ ਤੇਰੀ ਸਰਨਾਈਆ । ਮਾਨਸ ਜ਼ਾਤੀ ਦੇ ਅਧਾਰੀ, ਧੀਰਜ ਧੀਰ ਆਪ ਧਰਾਈਆ । ਤੇਰੇ ਪਿਆਰ ਦੇ ਮਾਨਵ ਹੋਣ ਪੁਜਾਰੀ, ਪਾਹਨ ਪੂਜਣ ਕੋਇ ਨਾ ਪਾਈਆ । ਤੂੰ ਸਭ ਦਾ ਮਾਲਕ ਖ਼ਾਲਕ ਇਕ ਹੋਵੇਂ ਸਿਕਦਾਰੀ, ਸਿਰ ਸਿਰ ਹੱਥ ਟਿਕਾਈਆ । ਮੇਰੀ ਨਮੋ ਨਮੋ ਨਿਮਸਕਾਰੀ, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਲਹਿਣਾ ਦੇਣਾ ਲੇਖਾ ਕਲਜੁਗ ਅੰਤਮ ਆਪ ਵਿਚਾਰੀਂ, ਦੂਸਰ ਹੱਥ ਨਾ ਕੋਇ ਫੜਾਈਆ ।

### ✪ ੩੨ ਜੇਠ ਸ਼ਹਿਨਸ਼ਾਹੀ ਸੰਮਤ ੧੧ ਗੁਰਦਿਤ ਸਿੰਘ ਦੇ ਗ੍ਰਿਹ ਕਿਸ਼ਨਪੁਰ ਕੈਂਪ ਜ਼ਿਲਾ ਜੰਮੂ ✪

ਨਾਰਦ ਕਹੇ ਗੰਗਾ ਤੂੰ ਕਿਧਰੋਂ ਆ ਗਈ ਭੱਜੀ, ਟਿੱਲੇ ਪਰਬਤ ਨਦੀ ਨਾਲੇ ਪਾਰ ਕਰਾਈਆ । ਝਟ ਜਮਨਾ ਬਾਂਹ ਉਚੀ ਕਰਕੇ ਸੱਜੀ, ਜ਼ੋਰ ਜ਼ੋਰ ਨਾਲ ਸੁਣਾਈਆ । ਸੁਰਸਤੀ ਕਹੇ ਮੇਰੇ ਅੰਤਰ ਧਾਰ ਅਗੰਮੀ ਵਜੀ, ਹਲੂਣਾ ਦੇ ਕੇ ਦਿਤਾ ਜਗਾਈਆ । ਗੋਦਾਵਰੀ ਕਹੇ ਮੇਰੇ ਅੰਤਰ ਤ੍ਰਿਸ਼ਨਾ

ਲਗੀ, ਪਿਆਸ ਪ੍ਰੇਮ ਵਾਲੀ ਨਜ਼ਰੀ ਆਈਆ । ਨਾਰਦ ਕਹੇ ਤੁਸੀਂ ਨਿਗਾਹ ਮਾਰੋ ਸਭੀ, ਸਬਬ ਨਾਲ ਇਕੱਠੀਆਂ ਹੋਈਆਂ ਚਾਈਂ ਚਾਈਆ । ਪਹਿਲੋਂ ਜਗਤ ਜਹਾਨ ਦੀ ਵੇਖੋ ਗੱਦੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਨਜ਼ਰ ਕੋਇ ਨਾ ਆਈਆ । ਫੇਰ ਮੁਹੰਮਦ ਦੀ ਬੀਤਦੀ ਵੇਖੋ ਸਦੀ, ਚੌਧਵੀਂ ਆਪਣਾ ਪੰਧ ਮੁਕਾਈਆ । ਈਸਾ ਧਾਰ ਭਾਰ ਜਾਂਦੀ ਲੱਦੀ, ਪੱਲੂ ਮੂਸਾ ਯਾਰ ਫੜਾਈਆ । ਅਵਤਾਰਾਂ ਖ਼ਾਹਿਸ਼ ਵੇਖੋ ਵੱਡੀ, ਕੀ ਅੰਤਮ ਰਹੀ ਜਣਾਈਆ । ਗੁਰੂ ਗੁਰਦੇਵ ਸਭ ਕੁਛ ਰਹੇ ਛਡੀ, ਹੌਕਾ ਸੁਣੇ ਚਾਈਂ ਚਾਈਂਆ । ਨੀ ਤੁਹਾਡੇ ਵਿਚ ਚਾਰ ਜੁਗ ਦੇ ਮੁਰਦਿਆਂ ਦਿਸੇ ਹੱਡੀ, ਤਨ ਨਜ਼ਰ ਕੋਇ ਨਾ ਆਈਆ । ਨੈਣ ਖੋਲ੍ਹੋ ਨਿਰਗੁਣ ਧਾਰ ਜੋਤ ਵੇਖੋ ਜਗੀ, ਜੋ ਜਗਹ ਜਗਹ ਕਰੇ ਰੁਸ਼ਨਾਈਆ । ਜਿਸ ਦੀ ਭਗਤਾਂ ਧਾਰ ਵੇਖੋ ਬੱਗੀ, ਬਗ ਬਪੜੇ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੇਖਾ ਪੂਰਾ ਕਰੇ ਹਦੂਦ ਹੱਦੀ, ਹੱਦਾਂ ਆਪਣੇ ਰੰਗ ਰੰਗਾਈਆ ।

### ੩੨ ਜੇਠ ਸ਼ਹਿਨਸ਼ਾਹੀ ਸੰਮਤ ੧੧ ਸਰਦਾਰ ਸਿੰਘ ਦੇ ਗ੍ਰਿਹ ਕਿਸ਼ਨਪੁਰ ਕੈਂਪ ਜ਼ਿਲਾ ਜੰਮੂ

ਨਾਰਦ ਕਹੇ ਗੰਗੋਤਰੀ ਤੂੰ ਕਿਉਂ ਮਾਰਿਆ ਲੰਬਾ ਪੰਧ, ਬਿਖੜੇ ਰਾਹ ਜਗਤ ਚਲਾਈਆ । ਛਡ ਕੇ ਤਟ ਕਿਨਾਰਿਆਂ ਵਾਲਾ ਅਨੰਦ, ਬੇਲਿਆਂ ਵਿਚ ਭੱਜੀ ਵਾਹੋ ਦਾਹੀਆ । ਤੇਰਾ ਰੂਪ ਸੋਹਣਾ ਵਾਂਗ ਚੰਦ, ਕਿਰਨ ਕਿਰਨ ਤੇਰੀ ਰੁਸ਼ਨਾਈਆ । ਤੇਰੇ ਬਿਨਾ ਮੁਖ ਤੋਂ ਸੋਹਣੇ ਦਿਸਦੇ ਦੰਦ, ਗਿਣਤੀ ਗਣਤ ਨਾ ਕੋਇ ਗਿਣਾਈਆ । ਤੇਰੇ ਕਿਹੜੇ ਕਾਰਨ ਭਾਗ ਹੋ ਗਏ ਮੰਦ, ਆਪਣਾ ਆਪ ਲਿਆ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਵਖਾਈਆ । ਨਾਰਦ ਕਹੇ ਗੰਗੋਤਰੀ ਵੇਖ ਲੈ ਲਹਿੰਦਾ ਚੜ੍ਹਦਾ, ਚੜ੍ਹਦਾ ਲਹਿੰਦਾ ਧਿਆਨ ਲਗਾਈਆ । ਦੀਨ ਦੁਨੀ ਦੁਆਰਾ ਤਕ ਹੰਕਾਰ ਗੜ੍ਹ ਦਾ, ਗੜ੍ਹੀ ਆਪਣੇ ਨਾਲ ਮਿਲਾਈਆ । ਤੇਰੇ ਉਤੇ ਪੰਡਤ ਪਾਂਧਾ ਸ਼ਾਸਤਰ ਸਚ ਕੋਇ ਨਾ ਪੜ੍ਹਦਾ, ਉਸਤਤ ਹਕ ਨਾ ਕੋਇ ਸੁਣਾਈਆ । ਮਾਇਆ ਪਿਛੇ ਯਾਤਰੂਆਂ ਨਾਲ ਲੜਦਾ, ਦਿਵਸ ਰੈਣ ਕਰੇ ਲੜਾਈਆ । ਤੇਰਾ ਰੂਪ ਕਿਉਂ ਨਹੀਂ ਉਨ੍ਹਾਂ ਫੜਦਾ, ਫੜ ਕੇ ਦਏ ਸਜ਼ਾਈਆ । ਉਠ ਵੇਖ ਲੈ ਕੀ ਹਾਲ ਹੋਇਆ ਤੇਰੇ ਤਟ ਕਿਨਾਰੇ ਦਰ ਦਾ, ਘਾਟਾਂ ਪਈ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਗੰਗਾ ਕਹੇ ਨਾਰਦਾ ਮੈਨੂੰ ਕੰਮ ਬੜਾ ਜ਼ਰੂਰੀ, ਜ਼ਰੂਰਤ ਭਗਤਾਂ ਦਿਆਂ ਜਣਾਈਆ । ਬੇਸ਼ਕ ਦੀਨ ਦੁਨੀਆ ਕ਼ਸੂਰੀ, ਕ਼ਸਮ ਖਾ ਕੇ ਦਿਆਂ ਸੁਣਾਈਆ । ਪਰਮ ਪੁਰਖ ਤੋਂ ਹੋ ਗਈ ਦੂਰੀ, ਘਰ ਸੁਆਮੀ ਮਿਲਣ ਕੋਇ ਨਾ ਪਾਈਆ । ਨਾਦ ਸ਼ਬਦ ਸੁਣੇ ਕੋਇ ਨਾ ਤੂਰੀ, ਤੁਰਤ ਪ੍ਰਭ ਦਾ ਮੇਲ ਨਾ ਕੋਇ ਕਰਾਈਆ । ਜਲਵਾ ਜੋਤ ਤਕੇ ਕੋਇ ਨਾ ਨੂਰੀ, ਅੰਧ ਅੰਧੇਰ ਨਾ ਕੋਇ ਮਿਟਾਈਆ । ਮੈਂ ਚਾਰ ਜੁਗ ਦੀ ਮੰਗਣ ਆਈ ਮਜ਼ਦੂਰੀ, ਦਰ ਠਾਂਢੇ ਸੀਸ ਨਿਵਾਈਆ । ਮੈਨੂੰ ਇਸ਼ਾਰਾ ਦੇਵੇ ਸੂਲੀ ਚੜ੍ਹਿਆ ਹੋਇਆ ਮਨਸੂਰੀ, ਐਹਨੁਲਹਕ ਹਕ ਸੁਣਾਈਆ । ਮੂਸਾ ਕਹੇ ਮੇਰੀ ਆਵਾਜ਼ ਸੁਣ ਕੋਹਤੂਰੀ, ਕ਼ੁਦਰਤ ਦਾ ਕ਼ਾਦਰ ਕੀ ਦ੍ਰਿੜਾਈਆ । ਈਸਾ ਕਹੇ ਸ੍ਰਿਸ਼ਟੀ ਤਕ ਲੈ ਕੂੜੀ, ਕੂੜ ਕੁਟੰਬ ਲੋਕਾਈਆ । ਮੁਹੰਮਦ ਕਹੇ ਚਾਰੋਂ ਕੁੰਟ ਦਿਸੇ ਕ਼ਸੂਰੀ, ਸਚ ਵਿਚ ਨਾ ਕੋਇ


੬੫੦
੨੪

ਸਮਾਈਆ । ਝਟ ਨਾਨਕ ਗੋਬਿੰਦ ਧਾਰ ਕਿਹਾ ਕਮਲੀਏ ਪ੍ਰਭ ਦੇ ਚਰਨਾਂ ਵਿਚੋਂ ਆਪਣੀ ਲੈ ਲੈ ਮਨਜ਼ੂਰੀ, ਦਰ ਠਾਂਢੇ ਵਾਸਤਾ ਪਾਈਆ । ਜੇ ਤੇਰੇ ਗ੍ਰਿਹ ਆ ਕੇ ਤੈਨੂੰ ਬਖ਼ਸ਼ ਦਏ ਚਰਨ ਧੂੜੀ, ਧੂੜੀ ਤੇਰੇ ਮਸਤਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਭਰਪੂਰੀ, ਭਰਪੂਰ ਰਿਹਾ ਸਰਬ ਠਾਈਂਆ ।

### ✪ ੩੨ ਜੇਠ ਸ਼ਹਿਨਸ਼ਾਹੀ ਸੰਮਤ ੧੧ ਈਸ਼ਰ ਸਿੰਘ ਦੇ ਗ੍ਰਿਹ ਪਿੰਡ ਦੜ ਜ਼ਿਲਾ ਜੰਮੂ ✪

ਨਾਰਦ ਕਹੇ ਗੰਗਾ ਨਾਲ ਮਿਲਾ ਲੈ ਗੋਦਾਵਰੀ ਜਮਨਾ ਸੁਰਸਤੀ, ਸੁਤੀਆਂ ਲੈ ਜਗਾਈਆ । ਫੇਰ ਤਕ ਲੈ ਪਰਮ ਪੁਰਖ ਦੀ ਹਸਤੀ, ਜੋ ਆਦਿ ਜੁਗਾਦਿ ਦਾ ਮਾਲਕ ਇਕ ਅਖਵਾਈਆ । ਜਿਸ ਦੇ ਪਿਛੇ ਆਈ ਨਸਦੀ, ਭੱਜੀ ਵਾਹੋ ਦਾਹੀਆ । ਉਹ ਤੇਰੀ ਧਾਰ ਵੇਖੇ ਅੰਮ੍ਰਿਤ ਰਸ ਦੀ, ਬਿਨ ਅੱਖਾਂ ਅੱਖ ਉਠਾਈਆ । ਓਹਦੀ ਖੇਲ ਅਲਖਣਾ ਅਲਖ ਦੀ, ਅਲਖ ਅਗੋਚਰ ਦਾ ਭੇਵ ਸਮਝ ਕੋਇ ਨਾ ਪਾਈਆ । ਜਿਸ ਦੀ ਜੋਤ ਨਿਰੰਕਾਰੀ ਸਚਖੰਡ ਦੁਆਰੇ ਵਸਦੀ, ਦਰਗਾਹ ਸਾਚੀ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਹ ਖੇਲ ਤੇਰੀ ਪੁਰਖ ਸਮਰਥ ਦੀ, ਦੂਸਰ ਨਜ਼ਰ ਕੋਇ ਨਾ ਆਈਆ ।

੬੫੧
੬੫੧

੨੪
੨੪

### ✪ ੩੨ ਜੇਠ ਸ਼ਹਿਨਸ਼ਾਹੀ ਸੰਮਤ ੧੧ ਹਰਬੰਸ ਸਿੰਘ ਦੇ ਨਵਿਤ ਪਿੰਡ ਦੜ ਜ਼ਿਲਾ ਜੰਮੂ ✪

ਗੰਗਾ ਕਹੇ ਜਮਨਾ ਸੁਰਸਤੀ ਸਾਰੀਆਂ ਨਿਮਸਕਾਰ ਲਈਏ ਕਰ, ਗੋਦਾਵਰੀ ਤੂੰ ਵੀ ਨਿਉਂ ਕੇ ਸੀਸ ਨਿਵਾਈਆ । ਨਾਰਦਾ ਤੂੰ ਵੀ ਖ਼ੁਸ਼ੀਆਂ ਨਾਲ ਦੁਆਉਣਾ ਸਾਨੂੰ ਵਰ, ਖ਼ੁਸ਼ੀ ਸਾਡੇ ਨਾਲ ਬਣਾਈਆ । ਅਸੀਂ ਜਗਤ ਜਹਾਨ ਪ੍ਰਭ ਦੀ ਸਰਨੀ ਗਈਆਂ ਪਰ, ਪਾਰਬ੍ਰਹਮ ਨਿਵ ਨਿਵ ਲਾਗੀਏ ਪਾਈਆ । ਕਿਰਪਾ ਕਰ ਸ੍ਰੀ ਭਗਵਾਨ ਸਾਡੇ ਵਲ ਨਿਗਾਹ ਕਰ, ਨੇਤਰ ਨੈਣ ਨੈਣ ਉਠਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡੇ ਆਉਣਾ ਘਰ, ਗ੍ਰਿਹ ਅੰਦਰ ਡੇਰਾ ਲਾਈਆ । ਤੇਰੇ ਚਰਨ ਕਵਲ ਸਾਚਾ ਹੋਵੇ ਸਰ, ਸਰੋਵਰ ਇਕੋ ਸੋਭਾ ਪਾਈਆ । ਸਾਡੇ ਖ਼ਾਲੀ ਭੰਡਾਰੇ ਦੇਣੇ ਭਰ, ਭਰਪੂਰ ਆਪ ਕਰਾਈਆ । ਨਾਰਦ ਕਿਹਾ ਗੰਗਾ ਗੋਦਾਵਰੀ ਜਮਨਾ ਸੁਰਸਤੀ ਘੁੱਟ ਕੇ ਚਰਨ ਕਵਲ ਲਓ ਫੜ, ਬਿਨ ਹੱਥਾਂ ਹੱਥ ਲਗਾਈਆ । ਨਾਲੇ ਤੂੰ ਮੇਰਾ ਮੈਂ ਤੇਰਾ ਢੋਲਾ ਲਓ ਪੜ੍ਹ, ਸੋਹੰ ਸਚ ਪੜ੍ਹਾਈਆ । ਆਪਣੇ ਆਂਚਲ ਪੱਲੂ ਗੰਢ ਲਓ ਕੰਨੀ ਲੈਣੀ ਫੜ, ਕੰਨਾਂ ਨੂੰ ਹੱਥ ਲਾ ਕੇ ਵਾਸਤਾ ਪਾਈਆ । ਪੁਰਖ ਅਕਾਲ ਦੀਨ ਦਿਆਲ ਤੇਰਾ ਖੇਲ ਚੇਤਨ ਚੋਟੀ ਜੜ੍ਹ, ਚੇਤਨ ਤੇਰਾ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਗੰਗਾ ਸਤਿਗੁਰ ਸ਼ਬਦ ਅਗੇ ਪਾ ਲਓ ਵਾਸਤਾ, ਨੇਤਰ ਨੈਣਾਂ ਨੀਰ ਵਹਾਈਆ । ਤੁਹਾਡਾ ਲੇਖਾ ਲਹਿਣਾ ਪੂਰਾ ਕਰ ਦੇਵੇ ਆਹਿਸਤਾ ਆਹਿਸਤਾ, ਆਪਣਾ ਪੰਧ ਮੁਕਾਈਆ । ਤੁਹਾਨੂੰ

ਸਤਿ ਸਚ ਦਾ ਦੱਸੇ ਰਾਸਤਾ, ਰਹਿਬਰ ਇਕੋ ਇਕ ਅਖਵਾਈਆ । ਤੁਹਾਡਾ ਲਹਿਣਾ ਦੇਣਾ ਪੂਰਾ ਕਰੇ ਰਸਨ ਸਵਾਸ ਦਾ, ਸਾਹ ਸਾਹ ਵਖਾਈਆ । ਤੁਹਾਡਾ ਲੇਖਾ ਜਾਣੇ ਅੰਦਰ ਵਾਲੀ ਆਸ ਦਾ, ਆਸ਼ਾ ਆਪਣੇ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਨਾਰਦਾ ਤੂੰ ਬੜਾ ਪ੍ਰੇਮੀ ਇਸ਼ਾਰਤੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾਲ ਮਿਲਾਈਆ । ਤੂੰ ਬੜਾ ਪੁਰਾਣਾ ਭਾਰਤੀ, ਭਾਰਦੁਆਜ ਤੇਰੀ ਦਏ ਗਵਾਹੀਆ । ਤੂੰ ਬੜਾ ਪੁਰਾਣਾ ਸ਼ਰਾਰਤੀ, ਜੁਗ ਜੁਗ ਆਪਣੀ ਖੇਲ ਵਖਾਈਆ । ਨਾਰਦ ਕਹੇ ਪ੍ਰਭੂ ਤੂੰ ਸਾਹਿਬ ਮੇਰਾ ਬੜਾ ਤਜਾਰਤੀ, ਜੁਗ ਜੁਗ ਆਪਣੇ ਨਾਮ ਕਲਮਿਆਂ ਹੱਟ ਚਲਾਈਆ । ਤੂੰ ਬੜਾ ਪਿਆਰਾ ਘਿਰਤ ਦੀਪਕ ਆਰਤੀ, ਖ਼ੁਸ਼ੀਆਂ ਰਾਗ ਜਣਾਈਆ । ਤੇਰਾ ਖੇਲ ਨਿਆਰਾ ਸਦਾਰਤੀ, ਸਦ * ਝੋਲੀ ਪਾਈਆ । ਤੇਰਾ ਲੇਖਾ ਸਤਿਗੁਰ ਸ਼ਬਦ ਸਦਾ ਇਬਾਰਤੀ, ਸਾਨੂੰ ਲਿਖ ਕੇ ਦੇ ਵਖਾਈਆ । ਤੇਰੀ ਖੇਲ ਮਹਿੰਮਾ ਅਪਰ ਅਪਾਰ ਦੀ, ਅਪਰੰਪਰ ਤੇਰੇ ਹੱਥ ਵਡਿਆਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਵੇਖ ਪੁਕਾਰਦੀ, ਕੂਕ ਕੂਕ ਦਏ ਦੁਹਾਈਆ । ਸੰਮਤ ਸ਼ਹਿਨਸ਼ਾਹੀ ਬਾਰਾਂ ਖ਼ੁਸ਼ੀ ਹੋਵੇ ਤੇਰੇ ਦੀਦਾਰ ਦੀ, ਨੇਤਰ ਨੈਣ ਨੈਣਾਂ ਨਾਲ ਮਿਲਾਈਆ । ਸੇਜ ਸੁਹੰਜਣੀ ਸੋਹਣੀ ਗੋਬਿੰਦ ਵਾਲੇ ਸਥਰ ਯਾਰ ਦੀ, ਯਾਰੜੇ ਆਪਣਾ ਰੰਗ ਰੰਗਾਈਆ । ਘੜੀ ਸੁਲੱਖਣੀ ਦੱਸ ਦੇ ਥਿਤ ਵਾਰ ਦੀ, ਪਰਮ ਪੁਰਖ ਆਪਣਾ ਹੁਕਮ ਸੁਣਾਈਆ । ਸਤਿਗੁਰ ਸ਼ਬਦ ਕਹੇ ਨਾਰਦਾ ਹੁਣ ਖੇਲ ਨਹੀਂ ਉਧਾਰ ਦੀ, ਲਹਿਣੇ ਦੇਣੇ ਸਭ ਦੇ ਝੋਲੀ ਪਾਈਆ । ਪੰਦਰਾਂ ਅੱਸੂ ਸੋਹਣੀ ਰੁਤ ਹੋਵੇ ਸਚੀ ਸਰਕਾਰ ਦੀ, ਸੋਹਣਾ ਆਪਣਾ ਰੰਗ ਰੰਗਾਈਆ । ਗੰਗਾ ਤੂੰ ਆਸ਼ਾ ਰਖਣੀ ਇੰਤਜ਼ਾਰ ਦੀ, ਨੈਣ ਨੈਣਾਂ ਵਿਚੋਂ ਖੁਲ੍ਹਾਈਆ । ਹਰਿ ਕੀ ਪੌੜੀ ਤੂੰ ਹੀ ਤੂੰ ਹੀ ਹੋਵੇ ਪੁਕਾਰਦੀ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਅਗੇ ਥਿਤ ਸੁਹੰਜਣੀ ਹੋਣੀ ਵਾਰੋ ਵਾਰ ਦੀ, ਜਮਨਾ ਸੁਰਸਤੀ ਲਹਿਣਾ ਦੇਣਾ ਦੇਣਾ ਲਹਿਣਾ ਥਾਉਂ ਥਾਈਂਆ । ਗੋਦਾਵਰੀ ਤੂੰ ਖ਼ਬਰ ਸੁਣਨੀ ਖ਼ਬਰਦਾਰ ਦੀ, ਬੇਖ਼ਬਰੇ ਖ਼ਬਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਨੂੰ ਧੀਰਜ ਦੇਵੇ ਇਤਬਾਰ ਦੀ, ਅਛਲ ਛਲ ਵਿਚ ਛਲ ਨਾ ਕੋਇ ਕਰਾਈਆ ।

## ੩੨ ਜੇਠ ਸ਼ਹਿਨਸ਼ਾਹੀ ਸੰਮਤ ੧੧ ਲਾਲ ਸਿੰਘ ਦੇ ਗ੍ਰਿਹ ਮਨਵਾਲ ਕੈਂਪ ਜ਼ਿਲਾ ਜੰਮੂ

ਧਰਨੀ ਕਹੇ ਸੋ ਪੁਰਖ ਨਿਰੰਜਣ ਮੇਰੇ ਮਿਹਰਵਾਨਾ, ਮਹਿਬਾਨ ਬੀਦੋ ਤੇਰੀ ਇਕ ਸਰਨਾਈਆ । ਹਰਿ ਪੁਰਖ ਨਿਰੰਜਣ ਨੌਜਵਾਨਾ, ਨਿਰਾਕਾਰ ਤੇਰੀ ਓਟ ਤਕਾਈਆ । ਏਕੰਕਾਰ ਸ਼ਾਹੋ ਭੂਪ ਸੁਲਤਾਨਾ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਆਦਿ ਨਿਰੰਜਣ ਨੂਰ ਜੋਤ ਮਹਾਨਾ, ਮਿਹਰਵਾਨ ਇਕ ਅਖਵਾਈਆ । ਅਬਿਨਾਸ਼ੀ ਕਰਤੇ ਨੌਜਵਾਨਾ, ਸੂਰਬੀਰ ਦਰ ਤੇਰੇ ਮੰਗ ਮੰਗਾਈਆ । ਸ੍ਰੀ ਭਗਵਾਨ ਵਡ ਬਲਵਾਨਾ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਪਾਰਬ੍ਰਹਮ ਖੇਲ ਖੇਲਣਾ ਆਪ ਮਹਾਨਾ, ਮਹਿੰਮਾ ਅਕਥ ਅਕਥ ਸਮਝਾਈਆ । ਸਤਿਗੁਰ ਸ਼ਬਦ ਦੀਨ ਦੁਨੀ ਦਾ ਵੇਖ ਜ਼ਮਾਨਾ, ਨਿਰਵੈਰ ਹੋ ਕੇ ਧਿਆਨ ਲਗਾਈਆ । ਧਰਨੀ ਕਹੇ ਮੇਰਾ ਨਵ ਸੱਤ ਸਚ ਦਾ ਰਿਹਾ ਨਾ ਕੋਇ ਵਿਧਾਨਾ, ਧਰਮ ਦੀ ਧਾਰ ਨਜ਼ਰ ਕੋਇ ਨਾ ਆਈਆ ।

ਉੱਤਰ ਪੂਰਬ ਪੱਛਮ ਦੱਖਣ ਕਲਜੁਗ ਕੂੜ ਹੋਇਆ ਪਰਧਾਨਾ, ਭੱਜੇ ਵਾਹੋ ਦਾਹੀਆ । ਅਵਤਾਰ ਪੈਗ਼ੰਬਰ ਗੁਰ ਮੇਰਾ ਦਿਓ ਬਿਆਨਾ, ਸ਼ਹਾਦਤ ਹਕ ਭੁਗਤਾਈਆ । ਕਿਰਪਾ ਕਰੇ ਸ਼ਾਹ ਸੁਲਤਾਨਾ, ਹਰਿ ਕਰਤਾ ਧੁਰ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਬੇਨੰਤੀ ਕਰੇ ਪਰਵਾਨਾ, ਪਰਮ ਪੁਰਖ ਪ੍ਰਭ ਆਪਣੀ ਦਇਆ ਕਮਾਈਆ ।

### ✪ ੩੨ ਜੇਠ ਸ਼ਹਿਨਸ਼ਾਹੀ ਸੰਮਤ ੧੧ ਸਵਰਨ ਸਿੰਘ ਦੇ ਗ੍ਰਿਹ ਮਨਵਾਲ ਕੈਂਪ ਜ਼ਿਲਾ ਜੰਮੂ ✪

ਧਰਨੀ ਕਹੇ ਮੇਰੇ ਸਤਿਗੁਰ ਸ਼ਬਦ ਬਲਕਾਰੀ, ਜੋਧੇ ਸੂਰਬੀਰ ਤੇਰੀ ਇਕ ਸਰਨਾਈਆ । ਕਿਰਪਾ ਕਰ ਕਲਜੁਗ ਅੰਤਮ ਵਾਰੀ, ਵਾਸਤਾ ਤੇਰੇ ਚਰਨ ਟਿਕਾਈਆ । ਲੇਖਾ ਤਕ ਲੈ ਦੀਨ ਦੁਨੀ ਜਗਤ ਸੰਸਾਰੀ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਕਰੋੜ ਤੇਤੀਸਾ ਕਰੇ ਕੋਇ ਨਾ ਦਾਰੀ, ਸਤਿ ਰੰਗ ਨਾ ਕੋਇ ਰੰਗਾਈਆ । ਤੀਰਥ ਤਟ ਸਰੋਵਰ ਅੰਮ੍ਰਿਤ ਮਿਲੇ ਨਾ ਠੰਡਾ ਠਾਰੀ, ਅਗਨੀ ਤਤ ਨਾ ਕੋਇ ਬੁਝਾਈਆ । ਚਾਰੋਂ ਕੁੰਟ ਰੈਣ ਅੰਧਿਆਰੀ, ਨੂਰੀ ਚੰਦ ਨਾ ਕੋਇ ਚਮਕਾਈਆ । ਮੈਂ ਰੋਵਾਂ ਜ਼ਾਰੋ ਜ਼ਾਰੀ, ਬਿਨ ਨੈਣਾਂ ਨੀਰ ਵਹਾਈਆ । ਧੁਰ ਦੇ ਰਾਮ ਮੇਰੀ ਪਾਉਣੀ ਸਾਰੀ, ਕਾਹਨਾਂ ਦੇ ਕਾਹਨ ਤੇਰੀ ਓਟ ਤਕਾਈਆ । ਕਲਜੁਗ ਜੀਵ ਮੇਰੀ ਕਰਨ ਖ਼ੁਆਰੀ, ਖ਼ਾਲਕ ਰੰਗ ਨਾ ਕੋਇ ਰੰਗਾਈਆ । ਮੰਦਰ ਮਸਜਿਦ ਸ਼ਿਵਦੁਵਾਲੇ ਮਠ ਰਹੇ ਪੁਕਾਰੀ, ਕੂਕ ਕੂਕ ਸੁਣਾਈਆ । ਚਾਰ ਜੁਗ ਦੇ ਸਾਸ਼ਤਰ ਰੋਵਣ ਜ਼ਾਰੋ ਜ਼ਾਰੀ, ਬਿਨ ਹੰਝੂਆਂ ਵਹਿਣ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੋਂ ਮੇਟ ਦੇ ਕੂੜ ਕੁੜਿਆਰਾ ਜਗ, ਜਗ ਜੀਵਣ ਦਾਤੇ ਦੇ ਵਡਿਆਈਆ । ਮੈਂ ਪਰਸਾਂ ਤੇਰੇ ਪਗ, ਧੂੜੀ ਚਰਨ ਖ਼ਾਕ ਰਮਾਈਆ । ਕਲਜੁਗ ਜੀਵਾਂ ਬੁੱਧੀ ਰਹਿਣ ਨਾ ਦੇਣੀ ਕਗ, ਬਗ ਬਪੜੇ ਰੰਗ ਰੂਪ ਲੈ ਬਦਲਾਈਆ । ਨਾਮ ਖ਼ੁਮਾਰੀ ਜਾਮ ਪਿਆ ਦੇ ਮਦਿ, ਮਧੁਰ ਧੁਨ ਕਰ ਸ਼ਨਵਾਈਆ । ਨੌਂ ਦੁਆਰੇ ਪੰਧ ਮੇਟ ਦੇ ਹੱਦ, ਪੰਚ ਵਿਕਾਰ ਨਾ ਕੋਇ ਹਲਕਾਈਆ । ਸ਼ਬਦ ਅਨਾਦੀ ਸੁਣਾ ਦੇ ਨਦ, ਅਨਹਦ ਨਾਦੀ ਨਾਦ ਵਜਾਈਆ । ਦਰਸ਼ਨ ਦੇ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਪੜਦਾ ਲਾਹੀਆ । ਸਚ ਦੁਆਰ ਏਕੰਕਾਰ ਆਪਣੇ ਸਜ, ਗ੍ਰਿਹ ਮੰਦਰ ਡੇਰਾ ਲਾਈਆ । ਪੁਰਖ ਅਕਾਲੇ ਦੀਨ ਦਿਆਲੇ ਕਲਜੁਗ ਅੰਤਮ ਮੇਰੀ ਰਖਣੀ ਲਜ, ਕੂੜੀ ਕਿਰਿਆ ਦੁਰਮਤ ਮੈਲ ਧੁਆਈਆ । ਸਾਹਿਬ ਸੁਆਮੀ ਅੰਤਰਜਾਮੀ ਮੈਂ ਤੈਨੂੰ ਰਹੀ ਸੱਦ, ਘਟ ਨਿਵਾਸੀ ਪੁਰਖ ਅਬਿਨਾਸ਼ੀ ਹੋਣਾ ਆਪ ਸਹਾਈਆ । ਮੈਂ ਦਰਸ਼ਨ ਕਰ ਕੇ ਖ਼ੁਸ਼ੀਆਂ ਵਿਚ ਹੋਵਾਂ ਗਦ ਗਦ, ਦੋ ਜਹਾਨ ਨੌਜੁਆਨ ਸ੍ਰੀ ਭਗਵਾਨ ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਪੂਰ ਕਰਾਈਆ । ਧਰਨੀ ਕਹੇ ਮੇਰੇ ਪਰਮ ਪੁਰਖ ਪਰਮਾਤਮ ਧੁਰ ਦੇ ਖ਼ਾਲਕ, ਖ਼ਾਦਮ ਹੋ ਕੇ ਸੀਸ ਨਿਵਾਈਆ । ਮੈਂ ਆਦਿ ਜੁਗਾਦੀ ਤੇਰੀ ਧਾਰ ਸੰਚਾਲਕ, ਸਚ ਸੁਆਮੀ ਤੇਰੀ ਓਟ ਤਕਾਈਆ । ਮੇਰੇ ਉਤੇ ਆਪਣੇ ਭਗਤ ਸੁਹੇਲੇ ਤਕ ਲੈ ਬਾਲਕ, ਬਾਲ ਅੰਞਾਣੇ ਵੇਖ ਵਖਾਈਆ । ਉਨ੍ਹਾਂ


੬੫੩ ੨੪

ਦਾ ਬਣਨਾ ਆਪ ਆਪ ਪ੍ਰਿਤਪਾਲਕ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜਾਤੇ ਪੁਰਖ ਬਿਧਾਤੇ ਹਰਿਜਨ ਰੂਪ ਬਣਾਉਣੇ ਖ਼ਾਲਸ, ਖ਼ਾਲਸ ਆਪਣਾ ਰੰਗ ਰੰਗਾਈਆ । ਜਗਤ ਤ੍ਰਿਸ਼ਨਾ ਕੂੜ ਮੇਟ ਦੇ ਆਲਸ, ਅਸਲ ਵਸਲ ਯਾਰ ਦੇਣਾ ਸਮਝਾਈਆ । ਸਤਿਗੁਰ ਸ਼ਬਦ ਮੇਰੇ ਉਤੇ ਤੇਰਾ ਹੋਵੇ ਸਾਲਸ, ਅਦਲ ਇਨਸਾਫ਼ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੈਂ ਨਿਮਾਣੀ ਹੋ ਕੇ ਮੰਗ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਮੈਨੂੰ ਕਲਜੁਗ ਕੀਤਾ ਭੁਖੀ ਨੰਗੀ, ਧੀਰਜ ਧੀਰ ਨਾ ਕੋਇ ਧਰਾਈਆ । ਮੈਂ ਸੀਸ ਤੋਂ ਹੋ ਗਈ ਗੰਜੀ, ਓਢਣ ਨਜ਼ਰ ਕੋਇ ਨਾ ਆਈਆ । ਮੇਰੇ ਦੁਖਾਂ ਦੀ ਧਾਰ ਹਾਥ ਨਾ ਆਵੇ ਵੰਝੀ, ਵੰਝ ਮੁਹਾਣੇ ਹੱਥ ਕਿਸੇ ਨਾ ਆਈਆ । ਮਾਣ ਰਿਹਾ ਨਾ ਕਿਸੇ ਸਵੇਰ ਸੰਝੀ, ਸੰਧਿਆ ਸਰਘੀ ਖ਼ੁਸ਼ੀ ਨਾ ਕੋਇ ਬਣਾਈਆ । ਨੌ ਖੰਡ ਪ੍ਰਿਥਮੀ ਮੇਰੀ ਹੋਵੇ ਭੰਡੀ, ਵਰਭੰਡ ਰਹੀ ਕੁਰਲਾਈਆ । ਮੇਰੀ ਦੁਹਾਈ ਵਿਚ ਬ੍ਰਹਿਮੰਡੀ, ਬ੍ਰਹਿਮਾਂਡ ਦੇ ਮਾਲਕ ਦਿਆਂ ਸੁਣਾਈਆ । ਸਤਿ ਰਿਹਾ ਨਾ ਜੇਰਜ ਅੰਡੀ, ਉਤਭੁਜ ਸੇਤਜ ਤੇਰਾ ਸੰਗ ਨਾ ਕੋਇ ਵਖਾਈਆ । ਪਰਮ ਪੁਰਖ ਪਰਮਾਤਮ ਆਤਮ ਧਾਰ ਟੁੱਟੀ ਫੇਰ ਗੰਢੀ, ਗੰਢਣਹਾਰ ਗੋਪਾਲ ਸੁਆਮੀ ਆਪਣੀ ਦਇਆ ਕਮਾਈਆ । ਸਤਿਜੁਗ ਸਾਚੀ ਸਚ ਵਖਾ ਦੇ ਡੰਡੀ, ਡੰਡਾਵਤ ਦੀਨ ਦੁਨੀ ਬਦਲਾਈਆ । ਕਲਜੁਗ ਕੂੜੀ ਕਿਰਿਆ ਮੇਟ ਪਾਖੰਡੀ, ਮਮਤਾ ਮੋਹ ਨਾ ਕੋਇ ਹਲਕਾਈਆ । ਤੂੰ ਸ਼ਾਹੋ ਭੂਪ ਸੁਲਤਾਨਾ ਦੋ ਜਹਾਨਾਂ ਜੰਗੀ, ਜੰਗਜੂ ਇਕ ਅਖਵਾਈਆ । ਕਲਜੁਗ ਕੂੜ ਵਿਕਾਰ ਮੇਟ ਫ਼ਰੰਗੀ, ਫ਼ੈਸਲਾ ਆਪਣਾ ਹਕ ਕਰਾਈਆ । ਮੇਰੇ ਸੁਆਮੀ ਅੰਤਰਜਾਮੀ ਮੈਨੂੰ ਅੰਤਮ ਆਈ ਤੰਗੀ, ਤੰਗ ਦਸਤ ਹੋ ਕੇ ਦਿਆਂ ਦੁਹਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਵਾਲੀ ਤਕ ਲੈ ਸੰਧੀ, ਜੋ ਕੌਲ ਇਕਰਾਰ ਤੇਰੇ ਨਾਲ ਰਖਾਈਆ । ਵੇਖੀਂ ਕਲਜੁਗ ਆਯੂ ਹੋਰ ਕਰੀਂ ਨਾ ਲੰਬੀ, ਲੰਮੀਂ ਪੈ ਕੇ ਸੀਸ ਨਿਵਾਈਆ । ਤੂੰ ਗਗਨ ਰਹਾਇਆ ਬਿਨਾ ਥੰਮ੍ਹੀ, ਪ੍ਰਭੂ ਤੇਰੀ ਤੇਰੇ ਹੱਥ ਵਡਿਆਈਆ । ਦੀਨ ਦੁਨੀ ਦੀ ਕੂੜੀ ਧਾਰ ਮੇਟ ਦੇ ਚੰਮੀ, ਚੰਮ ਦ੍ਰਿਸ਼ਟੀ ਡੇਰਾ ਢਾਹੀਆ । ਆਤਮ ਧਾਰ ਸਮਝਾ ਦੇ ਬ੍ਰਹਮੀ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਮੇਰੀ ਚਿੰਤਾ ਮੇਟ ਦੇ ਗ਼ਮੀ, ਗ਼ਮਖਾਰ ਹੋਣਾ ਆਪ ਸਹਾਈਆ । ਮੇਰੇ ਉਤੇ ਧਾਰ ਚਲਾ ਦੇ ਨਵੀਂ, ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰਾ ਇਕੋ ਢੋਲਾ ਗਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਬੇੜਾ ਮੇਰਾ ਬੰਨ੍ਹੀ, ਬੰਨ੍ਹਣਹਾਰ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਸਤਿ ਸਚ ਚਲਾ ਦੇ ਧਰਮ, ਅਧਰਮ ਰਹਿਣ ਕੋਇ ਨਾ ਪਾਈਆ । ਕਲਜੁਗ ਜੀਵਾਂ ਉਦੇ ਕਰ ਦੇ ਕਰਮ, ਕਰਮ ਕਾਂਡ ਦਾ ਡੇਰਾ ਢਾਹੀਆ । ਸਾਚਾ ਭੇਵ ਖੁਲ੍ਹਾ ਦੇ ਆਪਣੇ ਬ੍ਰਹਮ, ਪਰਦਾ ਪਰਦਿਆਂ ਵਿਚੋਂ ਉਠਾਈਆ । ਸਤਿਜੁਗ ਸਾਚੇ ਦੇ ਦੇ ਜਰਮ, ਜਨਮ ਕਲਜੁਗ ਪਾਰ ਕਰਾਈਆ । ਮੇਰਾ ਅੰਤਸ਼ਕਰਨ ਮੇਟ ਦੇ ਭਰਮ, ਭਾਂਡਾ ਭਰਮ ਭਉ ਭੰਨਾਈਆ । ਮੈਂ ਤੇਰੀ ਆਈ ਸਰਨ, ਸਰਨਗਤ ਇਕ ਰਖਾਈਆ । ਤੂੰ ਮਾਲਕ ਭੰਨਣ ਘੜਨ, ਸਮਰਥ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਆਦਿ ਜੁਗਾਦਿ ਕਰਨੀ ਕਰਨ, ਕਰਤਾ ਪੁਰਖ ਪੁਰਖ ਇਕ ਅਖਵਾਈਆ ।


੬੫੪
੨੪

## ✪ ੩੨ ਜੇਠ ਸ਼ਹਿਨਸ਼ਾਹੀ ਸੰਮਤ ੧੧ ਗਿਆਨ ਚੰਦ ਦੇ ਗ੍ਰਿਹ ਮਨਵਾਲ ਕੈਂਪ ਜ਼ਿਲਾ ਜੰਮੂ ✪

ਨਾਰਦ ਕਹੇ ਧਰਨੀਏ ਧਰਮ ਦੀਏ ਧਾਰੇ ਮੈਂ ਤੈਨੂੰ ਦੱਸਾਂ ਅਹਿਵਾਲ, ਆਦਿ ਜੁਗਾਦਿ ਦਾ ਖੇਲ ਸਮਝਾਈਆ । ਬੇਸ਼ਕ ਤੂੰ ਜੁਗ ਜੁਗ ਪ੍ਰਭ ਸੇਵਾ ਘਾਲੀ ਘਾਲ, ਘਾਇਲ ਹੋ ਕੇ ਸੇਵ ਕਮਾਈਆ । ਮੈਂ ਹੈਰਾਨ ਹੋ ਗਿਆ ਪ੍ਰਭੂ ਦਾ ਖੇਲ ਬੇਮਿਸਾਲ, ਜਿਸ ਦੀ ਮਿਸਲ ਨਾ ਕੋਇ ਬਣਾਈਆ । ਮੈਂ ਮਜ਼ਲ ਮਾਰ ਕੇ ਤੇਰੇ ਉਤੇ ਪਹੁੰਚਿਆ ਮਨਵਾਲ, ਮਨਸਾ ਅਵਰ ਨਾ ਕੋਇ ਰਖਾਈਆ । ਜਿਥੇ ਪ੍ਰਭੂ ਦੇ ਭਗਤ ਸੁਹੇਲੇ ਬਾਲ, ਬਾਲੀ ਬੁਧ ਵਡਿਆਈਆ । ਉਨ੍ਹਾਂ ਦਾ ਅੰਤਸ਼ਕਰਨ ਤਕਿਆ ਜਿਨ੍ਹਾਂ ਦੇ ਸਦਾ ਸਦਾ ਹਰਿ ਨਾਲ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਨੀ ਮੈਂ ਤੇਰੇ ਉਤੇ ਕਰਨਾ ਇਕ ਸੁਆਲ, ਸਹਿਜ ਸਹਿਜ ਨਾਲ ਸੁਣਾਈਆ । ਸਚ ਦੱਸ ਕਿਸ ਬਿਧ ਕਲਜੁਗ ਅੰਤਮ ਤੇਰੇ ਉਤੇ ਕੂਕੇ ਕਾਲ, ਕਾਲ ਨਗਾਰਾ ਡੰਕ ਵਜਾਈਆ । ਕੀ ਖੇਲ ਕਰੇ ਮਹਾਕਾਲ, ਮੈਨੂੰ ਦੇ ਸਮਝਾਈਆ । ਕੀ ਪ੍ਰਭੂ ਦੀ ਹੋਵੇ ਚਾਲ, ਅਵਲੜੀ ਆਪ ਚਲਾਈਆ । ਨੀ ਉਠ ਕੇ ਸੁਰਤ ਸੰਭਾਲ, ਸੰਬਲ ਦਾ ਮਾਲਕ ਕੀ ਆਪਣਾ ਹੁਕਮ ਵਰਤਾਈਆ । ਜਿਸ ਨੂੰ ਜੁਗ ਚੌਕੜੀ ਸਾਰੇ ਰਹੇ ਭਾਲ, ਖੋਜਣ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਟਣਹਾਰਾ ਤੇਰੇ ਉਤੇ ਕੂੜ ਜੰਜਾਲ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ ।


੬੫੫ ੨੪

## ✪ ੩੨ ਜੇਠ ਸ਼ਹਿਨਸ਼ਾਹੀ ਸੰਮਤ ੧੧ ਖੋਜੂ ਰਾਮ ਦੇ ਗ੍ਰਿਹ ਮਨਵਾਲ ਕੈਂਪ ਜ਼ਿਲਾ ਜੰਮੂ ✪

ਨਾਰਦ ਕਹੇ ਧਰਨੀਏ ਮੈਂ ਪੰਧ ਮਾਰ ਕੇ ਆਇਆ ਦੂਰੀ, ਕ਼ਦਮ ਕ਼ਦਮ ਨਾਲ ਬਦਲਾਈਆ । ਇਕੋ ਤਕਾਂ ਪੁਰਖ ਅਕਾਲ ਦੀ ਹਜ਼ੂਰੀ, ਜੋ ਹਜ਼ਰਤਾਂ ਤੋਂ ਬਾਹਰ ਡੇਰਾ ਲਾਈਆ । ਜਿਸ ਦਾ ਜਲਵਾ ਅਲਾਹ ਨੂਰੀ, ਦੋ ਜਹਾਨਾਂ ਸੋਭਾ ਪਾਈਆ । ਬੇਸ਼ਕ ਤੂੰ ਉਸ ਦੀ ਨੌਂ ਸੌ ਚੁਰਾਨਮੇ ਚੌਕੜੀ ਜੁਗ ਕੀਤੀ ਮਜ਼ਦੂਰੀ, ਸੇਵਕ ਹੋ ਕੇ ਸੇਵ ਕਮਾਈਆ । ਉਹ ਸਮਰਥ ਅਕਥ ਸਰਬ ਕਲਾ ਭਰਪੂਰੀ, ਭਰਪੂਰ ਰਿਹਾ ਸਰਬ ਠਾਂਈਆ । ਉਹ ਵੇਖਣਹਾਰਾ ਸ੍ਰਿਸ਼ਟੀ ਦ੍ਰਿਸ਼ਟੀ ਕੂੜੀ, ਕੂੜ ਕਿਰਿਆ ਫੋਲ ਫੁਲਾਈਆ । ਮਾਨਸ ਮਾਨੁਖ ਮਾਨਵ ਵੇਖੇ ਬੁੱਧੀ ਮੂਰਖ ਮੂੜ੍ਹੀ, ਚਤੁਰ ਸੁਜਾਨਾ ਧਿਆਨ ਲਗਾਈਆ । ਨੀ ਤੇਰੀ ਛੋਹ ਦੀ ਧਾਰ ਉਸ ਦੀ ਚਰਨ ਧੂੜੀ, ਟਿੱਕੇ ਖ਼ਾਕ ਲੈਣੇ ਰਮਾਈਆ । ਜੋ ਤੇਰੇ ਉਤੇ ਭਗਤਾਂ ਰੰਗਤ ਚਾੜ੍ਹੇ ਗੂੜ੍ਹੀ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਧਰਨੀਏ ਤਕ ਲੈ ਪ੍ਰਭੂ ਦੇ ਭਗਤ ਮੀਤ, ਮਿਤਰ ਪਿਆਰਾ ਦਏ ਵਡਿਆਈਆ । ਜਿਨ੍ਹਾਂ ਦੀ ਅੰਤਸ਼ਕਰਨ ਚੋਂ ਬਦਲੀ ਨੀਤ, ਨੀਤੀਵਾਨ ਹੋਇਆ ਸਹਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗੀਤ, ਗੋਬਿੰਦ ਮੇਲ ਮਿਲਾਇਆ ਸਹਿਜ ਸੁਭਾਈਆ । ਨਾਤਾ ਤੋੜ ਕੇ ਹਸਤ ਕੀਟ, ਇਕੋ ਰੰਗ ਦਿਤਾ ਰੰਗਾਈਆ । ਆਤਮ ਪਰਮਾਤਮ ਬਖ਼ਸ਼ ਪ੍ਰੀਤ, ਪ੍ਰੀਤਮ ਹੋ ਕੇ ਵੇਖ ਵਖਾਈਆ । ਸਤਿ ਸਚ ਸਮਝਾ ਕੇ ਰੀਤ, ਪਰਦਾ ਪਰਦਿਆਂ ਵਿਚੋਂ ਉਠਾਈਆ । ਕਾਇਆ ਕਾਅਬਾ ਮੰਦਰ ਦੱਸ ਕੇ ਹਕ ਮਸੀਤ, ਭੇਵ ਅਭੇਦਾ ਆਪ ਖੁਲ੍ਹਾਈਆ । ਮਨ ਕਲਪਣਾ ਕਾਇਆ ਅੰਤਰ

ਜੀਤ, ਕੂੜੀ ਕਿਰਿਆ ਡੇਰਾ ਢਾਹੀਆ । ਤਨ ਵਜੂਦ ਕਰ ਕੇ ਠਾਂਡਾ ਸੀਤ, ਅਗਨੀ ਤਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਖੇਲੇ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਆਪਣਾ ਹੁਕਮ ਵਰਤਾਈਆ ।

✪ ੩੨ ਜੇਠ ਸ਼ਹਿਨਸ਼ਾਹੀ ਸੰਮਤ ੧੧ ਰੋਹਲੂ ਰਾਮ ਦੇ ਗ੍ਰਿਹ ਮਨਵਾਲ ਕੈਂਪ ਜ਼ਿਲਾ ਜੰਮੂ ✪

ਧਰਨੀ ਕਹੇ ਨਾਰਦਾ ਮੈਂ ਖ਼ੁਸ਼ੀਆਂ ਖ਼ੁਸ਼ੀ ਮਨਾਵਾਂਗੀ । ਗੀਤ ਗੋਬਿੰਦ ਇਕੋ ਗਾਵਾਂਗੀ । ਜਿਸ ਦਾ ਅੰਮ੍ਰਿਤ ਸਾਗਰ ਸਿੰਧ, ਰਸ ਪੀ ਤ੍ਰਿਖਾ ਮਿਟਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੇ ਮਾਲਕ ਸੀਸ ਨਿਵਾਵਾਂਗੀ । ਸਚ ਦਾ ਮਾਲਕ ਦਰਸ ਦਿਖਾਏਗਾ । ਮੇਰੀ ਜੁਗ ਜੁਗ ਹਰਸ ਮਿਟਾਏਗਾ । ਜਿਸ ਦਰਸ਼ਨ ਨੂੰ ਰਹੀ ਤਰਸ, ਸੋ ਰਹਿਮਤ ਆਪ ਕਮਾਏਗਾ । ਉਹ ਅਰਸ਼ ਦਾ ਮਾਲਕ ਆਵੇ ਉਤੇ ਫ਼ਰਸ਼, ਫ਼ੈਸਲਾ ਹਕ ਸੁਣਾਏਗਾ । ਮੇਰੀ ਮਨਜ਼ੂਰ ਕਰੇ ਅਰਜ਼, ਆਰਜ਼ੂ ਤੇਰੇ ਚਰਨ ਟਿਕਾਏਗਾ । ਉਸ ਦਾ ਖੇਲ ਤਕਾਂ ਅਸਚਰਜ, ਅਚਰਜ ਲੀਲਾ ਜੋ ਵਰਤਾਏਗਾ । ਭਗਤਾਂ ਮਿਲਣ ਦੀ ਜਿਸ ਨੂੰ ਗ਼ਰਜ਼, ਉਹ ਗੋਬਿੰਦ ਧਾਰ ਫੇਰਾ ਪਾਏਗਾ । ਆਪਣਾ ਪੂਰਾ ਕਰੇ ਫ਼ਰਜ਼, ਫ਼ਾਜ਼ਲ ਹੋ ਕੇ ਵੇਖ ਵਖਾਏਗਾ । ਮੇਰੀ ਨਿਮਾਣੀ ਦੀ ਵੰਡੇ ਦਰਦ, ਦੁਖੀਆਂ ਦਰਦ ਗਵਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲ ਆਪ ਮਿਲਾਏਗਾ । ਨਾਰਦ ਕਹੇ ਉਹ ਆਇਆ ਗਹਿਰ ਗੰਭੀਰ, ਹਰਿ ਵੱਡਾ ਵਡ ਵਡਿਆਈਆ । ਜਿਹੜਾ ਤੈਨੂੰ ਅੰਮ੍ਰਿਤ ਬਖ਼ਸ਼ੇ ਸੀਰ, ਰਸ ਰਸਨਾ ਬਾਹਰ ਚਖਾਈਆ । ਤੇਰੀ ਬਦਲ ਦੇਵੇ ਤਕਦੀਰ, ਤਦਬੀਰ ਆਪਣੀ ਨਾਲ ਰਖਾਈਆ । ਲੇਖਾ ਮੁਕਾਏ ਸ਼ਾਹ ਹਕੀਰ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਦੇ ਕੇ ਜਾਵੇ ਧੀਰ, ਧੀਰਜ ਧੀਰ ਦ੍ਰਿੜ੍ਹਾਈਆ । ਉਹ ਮਾਲਕ ਪੀਰਾਂ ਦਾ ਪੀਰ, ਪਾਰਬ੍ਰਹਮ ਇਕ ਅਖਵਾਈਆ । ਜਿਸ ਦੀਨ ਦੁਨੀ ਦੀ ਬਦਲ ਦੇਣੀ ਜ਼ਮੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਉਤੇ ਸਚ ਧਰਮ ਦੀ ਸਚ ਕਰੇ ਤਾਮੀਰ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਹੁਕਮ ਆਪ ਵਰਤਾਈਆ ।

✪ ੩੨ ਜੇਠ ਸ਼ਹਿਨਸ਼ਾਹੀ ਸੰਮਤ ੧੧ ਰਣਜੀਤ ਸਿੰਘ ਦੇ ਗ੍ਰਿਹ ਮੂਸੇਚਕ ਜ਼ਿਲਾ ਜੰਮੂ ✪

ਧਰਨੀ ਕਹੇ ਜੇ ਨਾਰਦਾ ਆਇਆ ਵਿਚ ਮਨਵਾਲ, ਮਨਸਾ ਮੇਰੀ ਪੂਰ ਕਰਾਈਆ । ਮੈਂ ਵਸਾਂ ਸਦਾ ਭਗਤਾਂ ਨਾਲ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਪ੍ਰਭੂ ਨੂੰ ਕਹਿਣਾ ਸਚ ਦਾ ਦੇ ਦੇ ਸਚਾ ਧਨ ਮਾਲ, ਨਾਮ ਖ਼ਜ਼ਾਨਾ ਇਕ ਵਰਤਾਈਆ । ਇਹ ਬੱਚੇ ਨੱਢੇ ਤੇਰੇ ਲਾਲ, ਲਾਲਨ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਢੇ ਮੰਗ ਮੰਗਾਈਆ । ਧਰਨੀ ਕਹੇ ਨਾਰਦਾ ਮੈਂ ਭਗਤ ਸੁਹੇਲੇ ਤਕਦੀ, ਬਿਨ ਨੇਤਰ ਨੈਣ ਉਠਾਈਆ । ਮੈਂ ਮੰਗਤੀ ਹੋਵਾਂ ਹਕ ਦੀ, ਦਰ ਠਾਂਢੇ ਵਾਸਤਾ ਪਾਈਆ । ਮੇਰੀ

੬੫੭
੨੪

ਆਸ਼ਾ ਹੋਵੇ ਸਚ ਦੀ, ਸਚ ਸਚ ਦਿਆਂ ਦ੍ਰਿੜਾਈਆ । ਮੇਰੀ ਪ੍ਰੀਤੀ ਜਨ ਭਗਤਾਂ ਅੰਦਰ ਹੋਵੇ ਨਚਦੀ, ਕ਼ਦਮ ਕ਼ਦਮ ਨਾਲੋਂ ਬਦਲਾਈਆ । ਬੇਸ਼ਕ ਇਨ੍ਹਾਂ ਦੀ ਕਾਇਆ ਮਾਟੀ ਕੱਚ ਦੀ, ਸਾਢੇ ਤਿੰਨ ਹੱਥ ਵੰਡ ਲਈ ਵੰਡਾਈਆ । ਮੈਂ ਖੇਲ ਦੱਸਾਂ ਉਸ ਕਮਲਾਪਤ ਦੀ, ਜੋ ਪਤਿਪਰਮੇਸ਼ਵਰ ਨੂਰ ਅਲਾਹੀਆ । ਮੈਂ ਉਸੇ ਦੇ ਚਰਨਾਂ ਹੇਠ ਵਸਦੀ, ਮੈਨੂੰ ਸਾਰੇ ਕਹਿੰਦੇ ਧਰਨੀ ਧਰਤ ਧਵਲ ਧੌਲ ਅਗੰਮੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਰਿਹਾ ਖਿਲਾਈਆ । ਧਰਨੀ ਕਹੇ ਜਨ ਭਗਤੋ ਮੇਰੀ ਤੁਹਾਨੂੰ ਅਸੀਸ, ਸਿਰ ਸਿਰ ਮਿਲੇ ਮਾਣ ਵਡਿਆਈਆ । ਤੁਹਾਡਾ ਮਾਲਕ ਇਕ ਜਗਦੀਸ, ਜਗਦੀਸ਼ਰ ਧੁਰਦਰਗਾਹੀਆ । ਜਿਸ ਦਾ ਲਹਿਣਾ ਦੇਣਾ ਬੀਸ ਇਕੀਸ, ਬੀਸ ਬੀਸਾ ਆਪ ਹੋ ਜਾਈਆ । ਜਿਸ ਦਾ ਇਕੋ ਨਾਮ ਕਲਮਾ ਹੋਵੇ ਹਦੀਸ, ਇਕੋ ਕਰੇ ਸਚ ਪੜ੍ਹਾਈਆ । ਉਹ ਤੁਹਾਡਾ ਅੰਤਰ ਨਿਰੰਤਰ ਬਣਿਆ ਮੀਤ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਜਿਸ ਨੇ ਸਤਿਜੁਗ ਸਤਿ ਧਰਮ ਚਲਾਉਣੀ ਰੀਤ, ਮਾਰਗ ਇਕੋ ਇਕ ਪਰਗਟਾਈਆ । ਤੂੰ ਮੇਰਾ ਮੈਂ ਤੇਰਾ ਬਿਨਾ ਭਗਤਾਂ ਤੋਂ ਗਾਏ ਕੋਈ ਨਾ ਗੀਤ, ਰਸਨਾ ਜਿਹਵਾ ਰਸ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਜਨ ਭਗਤੋ ਮੇਰੀ ਧਰਨੀ ਲੱਗਾ ਭਾਗ, ਭਗਵਨ ਦਿਤੀ ਮਾਣ ਵਡਿਆਈਆ । ਮੇਰੀ ਸੁਤੀ ਦੀ ਖੁਲ੍ਹੀ ਜਾਗ, ਨੇਤਰ ਲੋਚਨ ਨੈਣ ਲਈ ਅੰਗੜਾਈਆ । ਮੇਰੇ ਅੰਤਸ਼ਕਰਨ ਉਪਜਿਆ ਵੈਰਾਗ, ਵੈਰੀ ਨਜ਼ਰ ਕੋਇ ਨਾ ਆਈਆ । ਤੁਸਾਂ ਮੇਰੀ ਕਰਨੀ ਇਮਦਾਦ, ਮਿਲ ਮਿਲ ਕੇ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਜਨ ਭਗਤੋ ਮੇਰੇ ਕੋਲ ਚਿੱਠੀ ਪੁਰਾਣੀ ਲਿਖੀ, ਬਿਨ ਅੱਖਰਾਂ ਦਿਆਂ ਲਿਖਾਈਆ । ਏਸੇ ਪਿਆਰ ਦੀ ਧਾਰ ਵਿਚ ਆਏ ਸੀ ਸਪਤਸ ਰਿਖੀ, ਭਾਰਦੁਆਜ ਨਾਲ ਵਡਿਆਈਆ । ਉਨ੍ਹਾਂ ਨਿਰਗੁਣ ਧਾਰ ਜੋਤ ਨਿਰੰਕਾਰ ਉਸ ਵੇਲੇ ਦੇਖੀ, ਬਿਨ ਜਗਤ ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਜਿਸ ਕਲਜੁਗ ਅੰਤਮ ਬਣਨਾ ਭੇਖੀ, ਰੂਪ ਅਨੂਪ ਆਪ ਪ੍ਰਗਟਾਈਆ । ਜਗਤ ਜਹਾਨ ਹੋ ਪਰਦੇਸੀ, ਭੱਜੇ ਵਾਹੋ ਦਾਹੀਆ । ਜਿਸ ਦਾ ਖੇਲ ਤਕਣਾ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ੀ, ਮਹਿਖਾਸੁਰ ਧਿਆਨ ਲਗਾਈਆ । ਉਸ ਦਾ ਸੁਣਨਾ ਇਕ ਸੰਦੇਸ਼ੀ, ਜੋ ਜਗਤ ਵਿਦਿਆ ਬਾਹਰ ਸੁਣਾਈਆ । ਉਹ ਮਾਲਕ ਹੋਵੇ ਨਰ ਨਰੇਸ਼ੀ, ਦੋ ਜਹਾਨਾਂ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਜਨ ਭਗਤੋ ਮੇਰਾ ਸੁਹਾਇਆ ਦੁਆਰਾ ਬੰਕ, ਲੋਕਮਾਤ ਮਿਲੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਏਸ ਦਾ ਬਣਿਆ ਰਹਿਣਾ ਇਕੋ ਅੰਕ, ਅੰਕੜੇ ਜਗਤ ਨਾ ਕੋਇ ਰਖਾਈਆ । ਧਰਮ ਦੀ ਧਾਰ ਵਜਣਾ ਸਦਾ ਡੰਕ, ਡੋਰੂ ਸਤਿਗੁਰ ਸ਼ਬਦ ਸੁਣਾਈਆ । ਜਿਥੇ ਸੀਸ ਨਿਵਾਣਗੇ ਰਾਓ ਰੰਕ, ਜਗਦੀਸ਼ ਦੇਵਣਹਾਰ ਸਰਨਾਈਆ । ਜਿਸ ਦੀ ਆਪ ਬਣਾਏ ਪ੍ਰਭੂ ਬਣਤ, ਘੜਨ ਭੰਨਣਹਾਰ ਆਪ ਹੋ ਜਾਈਆ । ਬੱਤੀ ਜੇਠ ਜਿਸ ਦੀ ਸੰਮਤੀ ਵਾਲੀ ਹੋਵੇ ਸਨਦ, ਸੰਮਤ ਸ਼ਹਿਨਸ਼ਾਹੀ ਗਿਆਰਾਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਜਨ ਭਗਤੋ ਮੇਰੇ ਨਾਲ ਕਰੋ ਮਿਲਾਪ, ਮਿਲਣੀ ਹਰਿ ਜਗਦੀਸ਼ ਕਰਾਈਆ । ਦੋਹਾਂ ਦਾ ਸਾਂਝਾ ਹੋਵੇ ਜਾਪ, ਦੂਸਰ ਅਵਰ ਨਾ ਕੋਇ

ਪੜ੍ਹਾਈਆ । ਆਦਿ ਜੁਗਾਦੀ ਇਕੋ ਸਾਡਾ ਬਾਪ, ਜੰਮਣ ਵਾਲੀ ਅਵਰ ਕੋਇ ਨਾ ਮਾਈਆ । ਨਾ ਰੋਗ ਰਹੇ ਨਾ ਸੰਤਾਪ, ਦੁਖ ਦਰਦ ਨਾ ਲਾਗੇ ਰਾਈਆ । ਪਰਮ ਪੁਰਖ ਪ੍ਰਭ ਕਿਰਪਾ ਕਰੇ ਆਪ, ਆਪ ਆਪਣੀ ਦਇਆ ਕਮਾਈਆ । ਸਚ ਪ੍ਰੀਤੀ ਜੋੜੇ ਨਾਤ, ਚਰਨ ਕਵਲ ਸਰਨਾਈਆ । ਖ਼ੁਸ਼ੀਆਂ ਵਾਲੀ ਸੁਹੰਜਣੀ ਰਾਤ, ਰੁਤੜੀ ਆਪਣੇ ਨਾਲ ਮਹਿਕਾਈਆ । ਧਰਨੀ ਕਹੇ ਜਨ ਭਗਤੋ ਧੰਨ ਭਾਗ ਜੇ ਤੁਸੀਂ ਮੇਰੀ ਪੁਛੀ ਵਾਤ, ਬਣ ਕੇ ਆਪੇ ਪਾਂਧੀ ਰਾਹੀਆ । ਮੈਂ ਪ੍ਰਭੂ ਨੂੰ ਕਹਿਣਾ ਚਾਰ ਜੁਗ ਇਹ ਬਣੀ ਰਹੇ ਗਾਥ, ਦੀਨ ਦੁਨੀ ਢੋਲੇ ਗਾਈਆ । ਸਾਰੇ ਇਕ ਦੂਜੇ ਨੂੰ ਖ਼ੁਸ਼ੀਆਂ ਨਾਲ ਟੇਕੀਏ ਮਾਥ, ਮਸਤਕ ਮਸਤਕ ਨਾਲ ਛੁਹਾਈਆ । ਬੇਨੰਤੀ ਕਰੀਏ ਅਗੇ ਪੁਰਖ ਸਮਰਾਥ, ਹਰਿ ਕਰਤੇ ਤੇਰੀ ਵਡ ਵਡਿਆਈਆ । ਅਸੀਂ ਬਾਲ ਅੰਞਾਣੇ ਅਨਾਥਾਂ ਅਨਾਥ, ਦੀਨਨ ਤੇਰੀ ਓਟ ਤਕਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸਾਡਾ ਸਗਲਾ ਦੇਣਾ ਸਾਥ, ਸੰਗੀ ਬਹੁਰੰਗੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸੁਆਮੀ ਸਭ ਕੁਛ ਤੇਰੇ ਹਾਥ, ਅੰਤਰਜਾਮੀ ਹੋਣਾ ਆਪ ਸਹਾਈਆ ।

### ✪ ਪਹਿਲੀ ਹਾੜ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਨਾਰਦ ਕਹੇ ਸਤਰੰਗਿਆ ਤੂੰ ਕਿਉਂ ਬੈਠਾ ਲੁਕ, ਲੋਕ ਪਰਲੋਕ ਧਿਆਨ ਲਗਾਈਆ । ਮਿਤਰਾ ਆਪਣਾ ਭਾਰ ਆਪੇ ਚੁਕ, ਨਿਰਗੁਣ ਆਪਣੇ ਕੰਧ ਉਠਾਈਆ । ਨਾਲ ਖ਼ੁਸ਼ੀਆਂ ਢੋਲਾ ਗਾ ਤੁਕ, ਤੂੰ ਮੇਰਾ ਮੈਂ ਤੇਰਾ ਰਾਗ ਅਲਾਹੀਆ । ਮੈਂ ਤੇਰੇ ਚਰਨ ਕਵਲ ਰਿਹਾ ਝੁਕ, ਨਿਵ ਨਿਵ ਲਾਗਾਂ ਪਾਈਆ । ਕਲਜੁਗ ਕੂੜ ਕੁੜਿਆਰ ਪੈਂਡਾ ਜਾਵੇ ਮੁਕ, ਪਾਂਧੀ ਪੰਧ ਨਾ ਕੋਇ ਰਖਾਈਆ । ਨਿਗਾਹ ਮਾਰ ਲੈ ਨੌ ਖੰਡ ਪ੍ਰਿਥਮੀ ਸੱਤ ਦੀਪ ਹੋਇਆ ਅੰਧੇਰਾ ਘੁਪ, ਨੂਰੀ ਚੰਦ ਨਾ ਕੋਇ ਚਮਕਾਈਆ । ਸਤਿ ਦਾ ਪਰਕਾਸ਼ ਗਿਆ ਛੁਪ, ਪਰਦਾ ਸਕੇ ਨਾ ਕੋਇ ਉਠਾਈਆ । ਬਿਨ ਹਰਿ ਨਾਮੇ ਖ਼ਾਲੀ ਹੋਏ ਬੁਤ, ਬੁਤਖ਼ਾਨੇ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਸਤਰੰਗਿਆ ਸਤਿਗੁਰ ਸ਼ਬਦ ਦੀ ਬਣ ਜਾ ਧਾਰ, ਧਰਮ ਧਰਮ ਦ੍ਰਿੜਾਈਆ । ਜੋਧਾ ਸੂਰਬੀਰ ਬਣ ਬਲਕਾਰ, ਬਲ ਆਪਣਾ ਆਪ ਪਰਗਟਾਈਆ । ਦੋ ਜਹਾਨਾਂ ਨਿਗਾਹ ਮਾਰ, ਬਿਨ ਨੈਣਾਂ ਨੈਣ ਉਠਾਈਆ । ਤੂੰ ਸ਼ਾਹੋ ਭੂਪ ਸਿਕਦਾਰ, ਸ਼ਹਿਨਸ਼ਾਹ ਦੇਵੇ ਮਾਣ ਵਡਿਆਈਆ । ਮੇਰੀ ਤੇਰੇ ਅਗੇ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਡੰਡਾਵਤ ਬੰਦਨਾ ਕਰਾਂ ਨਿਮਸਕਾਰ, ਨਿਵ ਨਿਵ ਲਾਗਾਂ ਪਾਈਆ । ਉਹ ਸਖ਼ੇ ਸੁਹੇਲੇ ਮੇਰੇ ਮੀਤ ਮੁਰਾਰ, ਮਿਤਰਾ ਲੈ ਅੰਗੜਾਈਆ । ਕਲਜੁਗ ਤਕ ਲੈ ਧੁੰਆਂਧਾਰ, ਚਾਰੋਂ ਕੁੰਟ ਅੰਧੇਰਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਸਤਰੰਗਿਆ ਤੇਰਾ ਸਤਿਗੁਰ ਰੂਪ ਅਗੰਮ, ਅਗੰਮੜੀ ਖੇਲ ਖਿਲਾਈਆ । ਨਿਰਗੁਣ ਧਾਰੋਂ ਆਪੇ ਜੰਮ, ਜੰਮਣ ਵਾਲੀ ਦਿਸੇ ਕੋਇ ਨਾ ਮਾਈਆ । ਤੇਰਾ ਨਾਤਾ ਹੋਵੇ ਨਾਲ ਬ੍ਰਹਮ, ਪਾਰਬ੍ਰਹਮ ਖੇਲ ਖਿਲਾਈਆ । ਜਗਤ ਜਹਾਨ ਤੋਂ ਵਖਰਾ ਹੋਵੇ ਤੇਰਾ ਕਰਮ, ਕਰਮ ਕਾਂਡ ਦਾ ਡੇਰਾ ਢਾਹੀਆ । ਦੀਨ ਦੁਨੀ

੬੫੯
੨੪

ਤਕ ਲੈ ਕਾਇਆ ਮਾਟੀ ਚਰਮ, ਚੰਮ ਦ੍ਰਿਸ਼ਟੀ ਵੇਖ ਵਖਾਈਆ । ਝਗੜਾ ਪਿਆ ਦੀਨ ਮਜ਼੍ਹਬ ਜ਼ਾਤ ਪਾਤ ਵਰਨ ਬਰਨ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਸ਼ਰਅ ਦੀ ਧਾਰ ਵਿਚ ਨਾਮ ਕਲਮੇ ਲੜਨ, ਨਵ ਖੰਡ ਰਹੀ ਕੁਰਲਾਈਆ । ਜਗਤ ਜਹਾਨ ਹੰਕਾਰ ਵੇਖ ਲੈ ਗੜ੍ਹਨ ਹਉਮੇ ਹੰਗਤਾ ਨਾ ਕੋਇ ਮਿਟਾਈਆ । ਭੈ ਸੀਸ ਰਖੇ ਕੋਈ ਨਾ ਡਰਨ, ਜਗਦੀਸ਼ ਸੀਸ ਨਾ ਕੋਇ ਨਿਵਾਈਆ । ਤੂੰ ਸਭ ਦਾ ਘਾੜਨ ਘੜਨ, ਭੰਨਣਹਾਰ ਇਕ ਹੋ ਜਾਈਆ । ਤੇਰਾ ਲੇਖਾ ਨਾਲ ਚੋਟੀ ਜੜ੍ਹਨ, ਚੇਤਨ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਈਆ । ਸੱਤ ਰੰਗ ਕਹੇ ਸੁਣ ਨਾਰਦ ਮੇਰੇ ਮੀਤਾ, ਮਿਤਰਾ ਦਿਆਂ ਜਣਾਈਆ । ਤੇਰਾ ਪਿਆਰ ਮੇਰੇ ਚੀਤਾ, ਚਿਤ ਵਿਤ ਠਗੌਰੀ ਨਜ਼ਰ ਕੋਇ ਨਾ ਆਈਆ । ਮੈਂ ਵੇਖਣਹਾਰਾ ਜੁਗ ਜੁਗ ਜਗਤ ਦੀ ਰੀਤਾ, ਰੀਤੀਵਾਨ ਦਿਤੀ ਵਡਿਆਈਆ । ਉਹ ਨਿਗਾਹ ਮਾਰ ਲੈ ਕੀ ਕ੍ਰਿਸ਼ਨ ਇਸ਼ਾਰਾ ਕੀਤਾ ਵਿਚ ਗੀਤਾ, ਅਠਾਰਾਂ ਧਿਆਏ ਨਾਲ ਮਿਲਾਈਆ । ਪ੍ਰਭੂ ਦਾ ਪਿਆਰ ਅੰਤਮ ਰਹਿਣੀ ਨਹੀਂ ਪ੍ਰੀਤਾ, ਪ੍ਰੀਤਮ ਮਿਲਣ ਕੋਇ ਨਾ ਪਾਈਆ । ਝਗੜਾ ਹੋਣਾ ਮੰਦਰ ਮਸੀਤਾਂ, ਕਾਅਬੇ ਰੋਵਣ ਮਾਰਨ ਧਾਹੀਆ । ਪਵਿਤ੍ਰ ਰਹਿਣੀਆਂ ਨਹੀਂ ਕਿਸੇ ਦੀਆਂ ਨੀਤਾਂ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਵਰਤਾਈਆ । ਸਤਰੰਗਾ ਕਹੇ ਨਾਰਦਾ ਮੇਰਾ ਸ਼ਾਹੋ ਭੂਪ ਸੁਲਤਾਨਾ, ਹਰਿ ਕਰਤਾ ਧੁਰਦਰਗਾਹੀਆ । ਜੋਧਾ ਸੂਰਬੀਰ ਮਰਦਾਨਾ, ਬੇਪਰਵਾਹ ਨੂਰ ਅਲਾਹੀਆ । ਸਚਖੰਡ ਵਸਣਹਾਰਾ ਸਚ ਮਕਾਨਾ, ਦਰਗਾਹ ਸਾਚੀ ਸੋਭਾ ਪਾਈਆ । ਸ਼ਬਦੀ ਧਾਰ ਦੇਵਣਹਾਰ ਫ਼ਰਮਾਨਾ, ਸੰਦੇਸ਼ਾ ਦੇਵੇ ਅਗੰਮ ਅਥਾਹੀਆ । ਉਸ ਨੇ ਅਚਰਜ ਖੇਲ ਰਚਾਨਾ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਤਰੰਗਾ ਕਹੇ ਨਾਰਦਾ ਮੇਰਾ ਮਿਤਰਾ ਆਉਂਦਾ ਜਾਂਦਾ ਸਮਾਂ, ਸਹਿਜ ਨਾਲ ਸਮਝਾਈਆ । ਮੇਰੇ ਪ੍ਰਭੂ ਨੇ ਖੇਲ ਰਚਣਾ ਨਵਾਂ, ਨਵਖੰਡ ਧਿਆਨ ਲਗਾਈਆ । ਮੈਂ ਸੰਦੇਸ਼ ਨਰੇਸ਼ ਹੋ ਕੇ ਇਕੋ ਕਹਵਾਂ, ਕਹਿ ਕਹਿ ਦ੍ਰਿੜਾਈਆ । ਹੁਣ ਵਕ਼ਤ ਨਹੀਂ ਬਹੁਤਾ ਲੰਮਾ, ਪਾਂਧੀ ਪੰਧ ਰਿਹਾ ਮੁਕਾਈਆ । ਝਗੜਾ ਪੈਣਾ ਕਾਇਆ ਮਾਟੀ ਚੰਮਾ, ਦੀਨ ਮਜ਼੍ਹਬ ਮਜ਼੍ਹਬ ਟਕਰਾਈਆ । ਔਹ ਤਕ ਲੈ ਭੱਜਾ ਫਿਰਦਾ ਬ੍ਰਹਮਾ, ਬਿਨ ਕ਼ਦਮਾਂ ਕ਼ਦਮ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਸਤਰੰਗਾ ਕਹੇ ਨਾਰਦਾ ਮੈਂ ਅੱਜੇ ਕੁਛ ਨਹੀਂ ਕੂਣਾ, ਜਿਹਵਾ ਜ਼ਬਾਨ ਨਾ ਕੋਇ ਹਲਾਈਆ । ਮੈਨੂੰ ਸਤਿਗੁਰ ਸ਼ਬਦ ਦਏ ਹਲੂਣਾ, ਸੁੱਤਿਆਂ ਰਿਹਾ ਉਠਾਈਆ । ਤੇਰਾ ਸੰਮਤ ਸ਼ਹਿਨਸ਼ਾਹੀ ਗਿਆਰਾਂ ਬਲ ਕਰਨਾ ਦੂਣਾ, ਦੋਹਰਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਚ ਦਾ ਖੇਲ ਵਰਤਾਈਆ । ਸਤਰੰਗਾ ਕਹੇ ਨਾਰਦ ਮੈਂ ਹੁਕਮ ਰਿਹਾ ਉਡੀਕ, ਦਿਵਸ ਰੈਣ ਧਿਆਨ ਲਗਾਈਆ । ਮੈਨੂੰ ਕਿਹੜੀ ਮਿਲੇ ਤਰੀਕ, ਕਵਣ ਥਿਤ ਸੁਹਾਈਆ । ਮੇਰਾ ਮਾਰਗ ਬੜਾ ਬਾਰੀਕ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੈਂ ਪਿਛਲੀ ਉਤੇ ਮਾਰਨੀ ਲੀਕ, ਅੱਗਾ ਐਨ ਐਨ ਸਮਝਾਈਆ । ਮੇਰੇ ਵਿਚ ਹਕ ਤੌਫ਼ੀਕ, ਤੋਫ਼ੇ ਦੇਵਾਂ ਦੀਨ ਦੁਨੀ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ

ਗੁਸਾਈਆ । ਨਾਰਦ ਕਹੇ ਸਤਰੰਗਿਆ ਮਿਤਰਾ ਮੇਰਾ ਇਕੋ ਹਾੜਾ, ਹੌਕਿਆਂ ਵਿਚ ਜਣਾਈਆ । ਮੈਂ ਨੌ ਖੰਡ ਪ੍ਰਿਥਮੀ ਵੇਖਣਾ ਚਾਹੁੰਦਾ ਅਖਾੜਾ, ਸੱਤਾਂ ਦੀਪਾਂ ਨਾਲ ਮਿਲਾਈਆ । ਤੂੰ ਬਣਨਾ ਧੁਰ ਦਾ ਸਚਾ ਲਾੜਾ, ਦੋ ਜਹਾਨਾਂ ਤੇਰੀ ਵਜੇ ਵਧਾਈਆ । ਤੇਰੀ ਥਿਤ ਸੁਹੰਜਣੀ ਹੋਵੇ ਮੈਂ ਸੰਦੇਸ਼ਾ ਦੇਵਾਂ ਪਹਿਲੀ ਹਾੜਾ, ਹਾੜਾ ਕੱਢਕੇ ਦਿਆਂ ਸੁਣਾਈਆ । ਦੀਨ ਦੁਨੀ ਅੱਗ ਲਗਣੀ ਬਹੱਤਰ ਨਾੜਾ, ਤਤਵ ਤਤ ਤਤ ਤਪਾਈਆ । ਫਿਰਨੀ ਦਰੋਹੀ ਜੰਗਲ ਜੂਹ ਉਜਾੜ ਪਹਾੜਾ, ਟਿੱਲੇ ਪਰਬਤ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਰੰਗ ਕਹੇ ਸੁਣ ਨਾਰਦ ਮੁਨੀ, ਮੁਨੀਸ਼ਰਾ ਧਿਆਨ ਲਗਾਈਆ । ਮੇਰਾ ਮਾਲਕ ਕੁਨ ਕੁਨੀ, ਹਰਿ ਕਰਤਾ ਇਕ ਅਖਵਾਈਆ । ਜੋ ਆਦਿ ਜੁਗਾਦੀ ਵਡ ਗੁਣ ਗੁਣੀ, ਗਹਿਰ ਗੰਭੀਰ ਬੇਪਰਵਾਹੀਆ । ਮੈਂ ਉਸ ਦੀ ਖ਼ਬਰ ਅਗੰਮੀ ਸੁਣੀ, ਜੋ ਅਣਸੁਣਤ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਸਤਰੰਗਾ ਕਹੇ ਪ੍ਰਭੂ ਮੇਰਾ ਵਕਤ ਸੁਹਾਏਗਾ । ਦੀਨ ਦਿਆਲ ਦਇਆ ਕਮਾਏਗਾ । ਮੁਰੀਦਾਂ ਹਾਲ ਵੇਖ ਵਖਾਏਗਾ । ਕਲਜੁਗ ਕੂੜੀ ਕਿਰਿਆ ਲੇਖੇ ਲਾਏ ਘਾਲ, ਆਪਣਾ ਹੁਕਮ ਆਪ ਵਰਤਾਏਗਾ । ਜੁਗ ਚੌਕੜੀ ਨਾਲੋਂ ਵਖਰੀ ਚਲੇ ਚਾਲ, ਜਿਸ ਦਾ ਭੇਵ ਕੋਇ ਨਾ ਪਾਏਗਾ । ਸੰਬਲ ਬਹਿ ਕੇ ਕਰੇ ਸੰਭਾਲ, ਸਤਿਗੁਰ ਹੋ ਕੇ ਆਪਣਾ ਹੁਕਮ ਵਰਤਾਏਗਾ । ਦੀਨਾ ਬੰਧਪ ਹੋ ਕੇ ਦੀਨ ਦਿਆਲ, ਦਇਆ ਨਿਧ ਆਪ ਅਖਵਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਏਗਾ । ਸਤਰੰਗਾ ਕਹੇ ਨਾਰਦਾ ਪਹਿਲੀ ਹਾੜ ਕੋਲੋਂ ਪੁਛ, ਸਚ ਮੰਗ ਮੰਗਾਈਆ । ਧੁਰ ਦੇ ਸਾਹਿਬ ਨੇ ਕਰਨਾ ਕੀ ਕੁਛ, ਕੀ ਕਰਤਾ ਕਾਰ ਕਮਾਈਆ । ਨਿਗਾਹ ਮਾਰ ਲੈ ਵਲ ਉਸ, ਜਿਸ ਦੀ ਉਸਤਤ ਕਰੇ ਲੋਕਾਈਆ । ਜੋ ਸਭ ਨੂੰ ਦੇਵਣਹਾਰਾ ਸੁਖ, ਸੁਖ ਸਾਗਰ ਰੂਪ ਸਮਾਈਆ । ਮੇਟਣਹਾਰਾ ਦੁਖ, ਕਲੇਸ਼ਾਂ ਡੇਰਾ ਢਾਹਿਆ । ਮਾਤ ਗਰਭ ਰਹਿਣ ਨਾ ਦੇਵੇ ਉਲਟਾ ਰੁੱਖ, ਚੁਰਾਸੀ ਫੰਦ ਕਟਾਈਆ । ਜਨ ਭਗਤਾਂ ਮੇਟੇ ਤ੍ਰਿਸ਼ਨਾ ਭੁਖ, ਆਤਮ ਪਰਮਾਤਮ ਤ੍ਰਿਪਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਪਹਿਲੀ ਹਾੜ ਕਹੇ ਮਿਤਰੋ ਮੇਰੇ ਨਾਲ ਕਰੋ ਸਲਾਹ, ਸੱਜਣੋ ਦਿਆਂ ਜਣਾਈਆ । ਸਤਰੰਗ ਦਾ ਲੇਖਾ ਨਾਲ ਦੋ ਜਹਾਂ, ਏਥੇ ਓਥੇ ਵਜੇ ਵਧਾਈਆ । ਜਿਸ ਦੇ ਥੱਲੇ ਇਕੋ ਇਸ਼ਟ ਸਭ ਨੇ ਲੈਣਾ ਮਨਾ, ਪੁਰਖ ਅਕਾਲ ਇਕ ਸਰਨਾਈਆ । ਇਕੋ ਢੋਲਾ ਨਾਮ ਕਲਮਾ ਲੈਣਾ ਗਾ, ਇਕੋ ਸ਼ਬਦ ਸ਼ਬਦ ਸ਼ਨਵਾਈਆ । ਕਿਸੇ ਨੇ ਸੂਰ ਨਹੀਂ ਖਾਣਾ ਗਾਂ, ਹੱਤਿਆ ਗਊ ਨਾ ਕੋਇ ਕਰਾਈਆ । ਕਿਸੇ ਦੀ ਬੁੱਧੀ ਰਹਿਣੀ ਨਹੀਂ ਵਾਂਗ ਕਾਂ, ਕਾਗ ਵਾਂਗ ਨਾ ਕੋਇ ਕੁਰਲਾਈਆ । ਪੁਰਖ ਅਕਾਲੇ ਦੀਨ ਦਿਆਲੇ ਸਭ ਦੀ ਫੜਨੀ ਬਾਂਹ, ਫੜ ਬਾਹੋਂ ਆਪ ਉਠਾਈਆ । ਜਨ ਭਗਤਾਂ ਬਣ ਕੇ ਪਿਤਾ ਮਾਂ, ਗੋਦੀ ਗੋਦ ਲਏ ਸੁਹਾਈਆ । ਮੈਂ ਸਚ ਸੰਦੇਸ਼ਾ ਦੇਵਾਂ ਆ, ਅਕਲ ਬੁੱਧੀ ਤੋਂ ਬਾਹਰ ਦ੍ਰਿੜਾਈਆ । ਪਹਿਲੀ ਹਾੜ ਕਹੇ ਮੇਰਾ ਸੁਹੰਜਣਾ ਹੋਵੇ ਜਹਾਂ, ਜਗਤ ਜਹਾਨ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਪਹਿਲੀ ਹਾੜ ਕਹੇ ਮੈਂ ਨਿਰਅੱਖਰ ਅੱਖਰ ਪੜ੍ਹਿਆ, ਜਗਤ ਵਿਦਿਆ ਦੀ ਲੋੜ ਰਹੀ ਨਾ ਰਾਈਆ । ਮੈਂ ਮੰਜ਼ਲ ਹਕੀਕੀ ਚੜ੍ਹਿਆ, ਲੋਕ ਪਰਲੋਕਾਂ ਪੰਧ ਮੁਕਾਈਆ । ਮੈਂ ਸਚਖੰਡ

ਦੁਆਰੇ ਖੜਿਆ, ਦਰਗਾਹ ਸਾਚੀ ਸੋਭਾ ਪਾਈਆ । ਜਿਥੇ ਨਾ ਕੋਈ ਸੀਸ ਨਾ ਕੋਈ ਧੜਿਆ, ਜੋਤੀ ਜਾਤਾ ਡਗਮਗਾਈਆ । ਮੈਂ ਚਰਨ ਕਵਲ ਸਰਨ ਸਰਨਾਈ ਪੜਿਆ, ਆਪਣਾ ਆਪ ਮਿਟਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਕਿਰਪਾ ਨਿਧ ਮੈਨੂੰ ਫੜਿਆ, ਫੜ ਬਾਹੋਂ ਗਲੇ ਲਗਾਈਆ । ਸਤਰੰਗ ਤੂੰ ਕੀ ਚਾਹੁੰਦਾ ਅੜਿਆ, ਜੋਤ ਨਿਰੰਕਾਰ ਦਿਤਾ ਜਣਾਈਆ । ਮੈਂ ਪਹਿਲੋਂ ਭੈ ਵਿਚ ਆ ਕੇ ਡਰਿਆ, ਭਉ ਆਪਣੇ ਸੀਸ ਰਖਾਈਆ । ਫਿਰ ਝਟ ਸਰਨ ਸਰਨਾਈ ਪਰਿਆ, ਨਿਉਂ ਨਿਉਂ ਲਾਗਾ ਪਾਈਆ । ਮੈਂ ਆਇਆ ਤੇਰੇ ਘਰਿਆ, ਦਰ ਦੇਣੀ ਮਾਣ ਵਡਿਆਈਆ । ਸਚ ਹੁਕਮ ਬੰਨ੍ਹਾ ਦੇ ਮੇਰੇ ਲੜਿਆ, ਪੱਲੂ ਗੰਢ ਬੰਧਾਈਆ । ਜਿਹੜਾ ਦੋ ਜਹਾਨ ਕਦੇ ਨਾ ਝੜਿਆ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਰੰਗ ਕਹੇ ਪਹਿਲੀ ਹਾੜ ਪ੍ਰਭ ਨੇ ਦਿਤੀ ਦਾਤ, ਦਇਆਵਾਨ ਆਪ ਵਰਤਾਈਆ । ਮੈਂ ਵੇਖਿਆ ਬੈਠ ਇਕਾਂਤ, ਇਕ ਇਕੱਲਾ ਨਜ਼ਰੀ ਆਈਆ । ਜਿਸ ਸਚ ਪ੍ਰੀਤੀ ਜੋੜਿਆ ਨਾਤ, ਨਾਤਾ ਆਪਣੇ ਨਾਲ ਰਖਾਈਆ । ਬਾਤਨ ਮੇਰੇ ਨਾਲ ਕੀਤੀ ਬਾਤ, ਪਰਦਾ ਪਰਦਿਆਂ ਵਿਚੋਂ ਉਠਾਈਆ । ਉਹ ਤਕ ਲੈ ਬੱਚੂ ਅੰਧੇਰੀ ਰਾਤ, ਕਲਜੁਗ ਚਾਰੋਂ ਕੁੰਟ ਅੰਧੇਰਾ ਛਾਈਆ । ਭਗਤਾਂ ਪੁਛੇ ਕੋਈ ਨਾ ਵਾਤ, ਸਿਰ ਸਿਰ ਹੱਥ ਨਾ ਕੋਇ ਟਿਕਾਈਆ । ਦਰੋਹੀ ਫਿਰੀ ਲੋਕਮਾਤ, ਧਰਨੀ ਧਰਤ ਧਵਲ ਧੌਲ ਰਹੀ ਕੁਰਲਾਈਆ । ਝਗੜਾ ਪਿਆ ਜ਼ਾਤ ਪਾਤ, ਦੀਨ ਮਜ਼੍ਹਬ ਦਏ ਦੁਹਾਈਆ । ਅਵਤਾਰ ਪੈਗ਼ੰਬਰ ਗੁਰ ਜੋ ਭਵਿਖਤ ਗਏ ਆਖ, ਬਿਨ ਅੱਖਰਾਂ ਅੱਖਰ ਲਿਖਾਈਆ । ਨਿਰਗੁਣ ਧਾਰ ਹੋ ਕੇ ਏਕੰਕਾਰ ਹੋ ਕੇ ਵਾਚ, ਵਾਚਕ ਹੋ ਕੇ ਫੋਲ ਫੁਲਾਈਆ । ਬੇਸ਼ਕ ਅਵਤਾਰ ਪੈਗ਼ੰਬਰਾਂ ਗੁਰੂਆਂ ਮੇਰੀ ਖੋਲ੍ਹੀ ਬਰਾਂਚ, ਹਿੱਸੇ ਦੀਨ ਦੁਨੀ ਦੇ ਪਾਈਆ । ਸਤਰੰਗਿਆ ਤੇਰਾ ਵੱਡਾ ਕਰਾਂ ਪਰਤਾਪ, ਸਿਰ ਤੇਰੇ ਹੱਥ ਟਿਕਾਈਆ । ਤੂੰ ਸੁਤ ਦੁਲਾਰਾ ਮੈਂ ਪੁਰਖ ਅਕਾਲਾ ਤੇਰਾ ਬਾਪ, ਦੂਜਾ ਨਜ਼ਰ ਕੋਇ ਨਾ ਆਈਆ । ਤੂੰ ਮੇਰਾ ਮੈਂ ਤੇਰਾ ਜਪਾਉਣਾ ਜਾਪ, ਦੋ ਜਹਾਨਾਂ ਕਰਨੀ ਹਕ ਪੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਸਾਰੇ ਲੈਣ ਝਾਕ, ਆਪ ਆਪਣਾ ਨੈਣ ਉਠਾਈਆ । ਲੋਕਮਾਤ ਖੋਲ੍ਹ ਦੇ ਤਾਕ, ਕੁੰਡੀ ਖਿੜਕੀ ਆਪ ਖੁਲ੍ਹਾਈਆ । ਤੂੰ ਸੇਵਕ ਬਣਨਾ ਚਾਕ, ਚਾਕਰੀ ਤੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਇਕ ਗੁਸਾਈਆ । ਪਹਿਲੀ ਹਾੜ ਕਹੇ ਸਤਰੰਗਿਆ ਮੇਰੇ ਨਾਲੋਂ ਹਾੜ ਸਤਾਰਾਂ ਚੰਗਾ, ਚੰਗੀ ਪ੍ਰਭ ਦਿਤੀ ਵਡਿਆਈਆ । ਮੈਂ ਤੇ ਆਦਿ ਜੁਗਾਦੀ ਭੁਖਾ ਨੰਗਾ, ਖ਼ਾਲੀ ਝੋਲੀ ਦਿਆਂ ਵਖਾਈਆ । ਨੌ ਸੌ ਚੁਰਾਨਮੇ ਚੌਕੜੀ ਜੁਗ ਮੇਰਾ ਏਸੇ ਤਰਹ ਲੰਘਾ, ਆਪ ਆਪਣਾ ਪੰਧ ਮੁਕਾਈਆ । ਅਗਲਾ ਖੇਲ ਕੀ ਕਰੇ ਸੂਰਾ ਸਰਬੰਗਾ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਰੰਗਾ ਕਹੇ ਮੈਂ ਖ਼ੁਸ਼ੀਆਂ ਨਾਲ ਪੁਛਾਂ ਹਾੜ ਸਤਾਰਾਂ, ਸੱਜਣੂਆ ਦੇ ਜਣਾਈਆ । ਨਾਲ ਰਲਾਵਾਂ ਸ਼ਹਿਨਸ਼ਾਹੀ ਸੰਮਤ ਗਿਆਰਾਂ, ਏਕਾ ਏਕੇ ਨਾਲ ਮਿਲਾਈਆ । ਬਿਰਹੁ ਪ੍ਰੇਮ ਦੀ ਹਿਲਾਵਾਂ ਸਿਤਾਰਾ, ਸੁੱਤਿਆਂ ਆਪ ਜਗਾਈਆ । ਬਿਨਾ ਬੁੱਧੀ ਤੋਂ ਕਰਾਂ ਵਿਚਾਰਾ, ਵਿਚਰ ਕੇ ਦਿਆਂ ਸੁਣਾਈਆ । ਕੀ ਖੇਲ ਕਰੇ ਸਚੀ ਸਰਕਾਰਾ, ਹਰਿ ਕਰਤਾ ਧੁਰਦਰਗਾਹੀਆ । ਨਿਰਗੁਣ ਧਾਰ ਕਰ ਦੇ ਜ਼ਾਹਰਾ, ਜ਼ਾਹਰ ਜ਼ਹੂਰ ਭੇਵ ਖੁਲ੍ਹਾਈਆ । ਤੇਰਾ ਇਕੋ ਕਾਫ਼ੀ ਇਸ਼ਾਰਾ, ਇਸ਼ਾਰਾ ਆਪਣਾ ਦੇਣਾ ਦ੍ਰਿੜਾਈਆ । ਆਹ ਤਕ ਲੈ

ਕਲਜੁਗ ਅੰਤ ਕਿਨਾਰਾ, ਕੰਢੀ ਘਾਟ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਸਤਾਰਾਂ ਹਾੜ ਕਹੇ ਸਤਰੰਗਿਆ ਹਰਿਜਨ ਹਾੜ ਸਤਾਰਾਂ ਮਨਾਉਣਗੇ । ਦਰ ਦੁਆਰਾ ਇਕ ਸੁਹਾਉਣਗੇ । ਨਾਮ ਜੈਕਾਰਾ ਇਕੋ ਗਾਉਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਦਰਸ ਅਗੰਮੀ ਪਾਉਣਗੇ । ਸਤਾਰਾਂ ਹਾੜ ਕਹੇ ਜਨ ਭਗਤੋ ਮੈਂ ਆਇਆ ਇਕ ਇਕ ਤੋਂ ਬਾਦ, ਆਪਣਾ ਪੰਧ ਮੁਕਾਈਆ । ਤੁਸਾਂ ਮੈਨੂੰ ਮੈਂ ਤੁਹਾਨੂੰ ਰਖਿਆ ਯਾਦ, ਜਗਤ ਜਹਾਨ ਭੁਲ ਕਦੇ ਨਾ ਜਾਈਆ । ਤੁਸੀਂ ਮੇਰਾ ਮੈਂ ਤੁਹਾਡਾ ਬਣਨਾ ਨਾਦ, ਅਨਾਦੀ ਧੁਨ ਸ਼ਨਵਾਈਆ । ਤੁਸੀਂ ਮੈਨੂੰ ਮੈਂ ਤੁਹਾਨੂੰ ਲਿਆ ਲਾਧ, ਖੋਜਣ ਦੀ ਲੋੜ ਰਹੀ ਨਾ ਰਾਈਆ । ਸਭ ਦੇ ਵਡ ਵਡ ਹੋਏ ਭਾਗ, ਭਗਵਨ ਦਿਤੀ ਮਾਣ ਵਡਿਆਈਆ । ਸਾਰੇ ਖੋਲ੍ਹੀਏ ਇਕੱਠੀ ਜਾਗ, ਜਗਤ ਆਲਸ ਨਿੰਦਰਾ ਨਾ ਕੋਇ ਰਖਾਈਆ । ਹੰਸ ਬੁਧੀ ਬਣਾਈਏ ਕਾਗ, ਦੁਰਮਤ ਮੈਲ ਧੁਆਈਆ । ਆਪ ਆਪਣਾ ਲਈਏ ਸਾਧ, ਸਚ ਸਚ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਸਤਾਰਾਂ ਹਾੜ ਕਹੇ ਜਨ ਭਗਤੋ ਤੁਹਾਡੀਆਂ ਆਸ਼ਾਂ ਚੰਗੀਆਂ, ਸੱਜਣੋ ਦਿਆਂ ਜਣਾਈਆ । ਸਤਾਰਾਂ ਦਾ ਰੂਪ ਹੋਵੇ ਪ੍ਰੇਮੀਆਂ ਭੰਗੀਆਂ, ਮਸਤੀ ਨਾਮ ਵਾਲੀ ਚੜ੍ਹਾਈਆ । ਸਤਾਰਾਂ ਤਲਵਾਰਾਂ ਕੱਢੀਆਂ ਹੋਣ ਨੰਗੀਆਂ, ਤਿੱਖੀ ਧਾਰ ਧਾਰ ਪਰਗਟਾਈਆ । ਸਤਾਰਾਂ ਸੱਜੇ ਹੱਥ ਤੇ ਪਗੜੀਆਂ ਹੋਵਣ ਟੰਗੀਆਂ, ਲਾਲ ਰੰਗ

੬੬੨ ਰੰਗਾਈਆ । ਸਤਾਰਾਂ ਕੰਨੀਆਂ ਹੋਵਣ ਗੰਢੀਆਂ, ਪੱਲੂ ਗੰਢ ਪੁਆਈਆ । ਸਤਾਰਾਂ ਅੰਮ੍ਰਿਤ ਦੀਆਂ ਬੋਤਲਾਂ ਭਰਨੀਆਂ ਪਾਣੀ ਠੰਢੀਆਂ, ਖੱਬੇ ਹੱਥ ੬੬੨

੨੪ ਉਠਾਈਆ । ਸਤਾਰਾਂ ਉਂਗਲਾਂ ਨਾਲ ਕਰਦੇ ਆਉਣਾ ਵੰਡੀਆਂ, ਇਕ ਦੂਜੇ ਦੀ ਵੰਡ ਵੰਡਾਈਆ । ਸਤਾਰਾਂ ਰੂਪ ਬਣਾਇਆ ਹੋਵੇ ਪਾਖੰਡੀਆਂ, ਆਪਣਾ ੨੪

ਭੇਸ ਬਦਲਾਈਆ । ਸਤਾਰਾਂ ਬੀਬੀਆਂ ਕੰਨੀਂ ਪਾਈਆਂ ਹੋਵਣ ਡੰਡੀਆਂ, ਡੰਡਾਵਤ ਵਿਚ ਸੀਸ ਨਿਵਾਈਆ । ਸਤਾਰਾਂ ਵਾਹੀਆਂ ਹੋਵਣ ਕੰਘੀਆਂ, ਪੁੱਠੇ ਸਿਧੇ ਵਾਲ ਬਣਾਈਆ । ਸਤਾਰਾਂ ਪਹਿਨੀਆਂ ਹੋਵਣ ਅੰਗੀਆਂ, ਸਾੜੀਆਂ ਨਾਲ ਸੁਹਾਈਆ । ਸਤਾਰਾਂ ਹਿਲਾਉਂਦੀਆਂ ਆਵਣ ਕੰਧੀਆਂ, ਆਪਣਾ ਬਲ ਪਰਗਟਾਈਆ । ਸਤਾਰਾਂ ਰੰਗੀਆਂ ਹੋਵਣ ਦੰਦੀਆਂ, ਦੰਦਾਸਿਆਂ ਨਾਲ ਸੁਹਾਈਆ । ਸਤਾਰਾਂ ਅੰਦਰ ਰੋਵਣ ਰੰਜੀਆਂ, ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਧਰਮ ਇਕ ਸਮਝਾਈਆ । ਸਤਾਰਾਂ ਹਾੜ ਕਹੇ ਜਨ ਭਗਤੋ ਸਤਾਰਾਂ ਗਾਉਂਦੇ ਹੋਵਣ ਢੋਲੇ, ਧੁਰ ਦਾ ਰਾਗ ਅਲਾਈਆ । ਸਤਾਰਾਂ ਬਣੇ ਹੋਵਣ ਗੋਲੇ, ਪ੍ਰਭ ਚਰਨੀ ਸੀਸ ਨਿਵਾਈਆ । ਸਤਾਰਾਂ ਬੋਰੀਆਂ ਦੇ ਪਾਏ ਹੋਵਣ ਚੋਲੇ, ਬਟਨ ਤਨ ਨਾ ਕੋਇ ਛੁਹਾਈਆ । ਸਤਾਰਾਂ ਮੁਖ ਹੋਵਣ ਖੋਲ੍ਹੇ, ਦੰਦੀ ਦੰਦੀ ਨਾ ਕੋਇ ਛੁਹਾਈਆ । ਸਤਾਰਾਂ ਖੇਲਦੇ ਆਵਣ ਹੋਲੇ, ਲਾਲ ਗੁਲਾਲਾ ਰੰਗ ਚੜ੍ਹਾਈਆ । ਸਤਾਰਾਂ ਪਾਉਂਦੇ ਆਵਣ ਰੌਲੇ, ਕੂਕ ਕੂਕ ਸੁਣਾਈਆ । ਸਤਾਰਾਂ ਬਣੇ ਹੋਵਣ ਭਾਲੇ ਭੋਲੇ, ਆਪਣੀ ਬੁਧਿ ਨਾ ਕੋਇ ਵਖਾਈਆ । ਸਤਾਰਾਂ ਬੀਬੀਆਂ ਮਲਦੀਆਂ ਆਵਣ ਹੱਥਾਂ, ਹਥੇਲੀ ਹਥੇਲੀ ਨਾਲ ਮਿਲਾਈਆ । ਸਤਾਰਾਂ ਕਰਦੀਆਂ ਆਵਣ ਕਥਾ, ਕਥਨੀ ਨਾਲ ਸਿਫ਼ਤ ਸਲਾਹੀਆ । ਸਤਾਰਾਂ ਨੀਲਾ ਕੀਤਾ ਹੋਵੇ ਮੱਥਾ, ਮਸਤਕ ਰੰਗ ਰੰਗਾਈਆ । ਸਤਾਰਾਂ ਦਾ ਕਿਰਪਾਨਾਂ ਵਾਲਾ ਹੋਵੇ ਜੱਥਾ, ਸੋਹਣੀ ਵੰਡ ਵੰਡਾਈਆ । ਸਤਾਰਾਂ ਇਕ ਦੂਜੀ ਨੂੰ ਕਰਦੀਆਂ ਆਵਣ ਠੱਠਾ, ਮਖ਼ੌਲ ਜਗਤ ਉਡਾਈਆ । ਸਤਾਰਾਂ ਦਾ ਆਂਚਲ ਹੋਵੇ ਇਕੱਠਾ,

ਇਕੋ ਗੰਢ ਪੁਆਈਆ । ਸਤਾਰਾਂ ਕੋਲ ਹੋਵੇ ਕਾਚਾ ਮੱਟਾ, ਮਟਕੀ ਨਾਲ ਮਿਲਾਈਆ । ਸਤਾਰਾਂ ਕੋਲ ਹੋਵੇ ਦਹੀਂ ਖੱਟਾ, ਕਾਹਨ ਕ੍ਰਿਸ਼ਨ ਆਸ ਬੁਝਾਈਆ । ਸਤਾਰਾਂ ਗਾਉਂਦੀਆਂ ਆਵਣ ਇਕੋ ਟੱਪਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਸਤਾਰਾਂ ਕੋਲ ਹੋਵੇ ਢਾਈ ਸਾਲ ਦਾ ਇਕ ਇਕ ਬੱਚਾ, ਗੋਦੀ ਗੋਦ ਗੋਦ ਟਿਕਾਈਆ । ਸਤਾਰਾਂ ਦੇ ਲੂੰ ਲੂੰ ਅੰਦਰ ਹੋਵੇ ਰਚਾ, ਰਚਨਾ ਆਪਣੀ ਦਏ ਵਖਾਈਆ । ਸਤਾਰਾਂ ਗੁਰਮੁਖ ਜੈਕਾਰਾ ਬੋਲ ਦੇ ਆਵਣ ਫ਼ੜ੍ਹਾ, ਵਾਹਿਗੁਰੂ ਤੇਰੀ ਬੇਪਰਵਾਹੀਆ । ਸਤਾਰਾਂ ਕਰਦੇ ਆਵਣ ਮਤਾ, ਮਸ਼ਵਰਾ ਇਕ ਦੂਜੇ ਨਾਲ ਰਖਾਈਆ । ਸਤਾਰਾਂ ਕੋਲ ਪਾਣੀ ਹੋਵੇ ਤੱਤਾ, ਕਲਜੁਗ ਅਗਨੀ ਨਾਲ ਮਿਲਾਈਆ । ਸਤਾਰਾਂ ਦੇ ਅੰਦਰ ਧਰਮ ਦੀ ਹੋਵੇ ਸੱਤਾ, ਸਤਿਗੁਰ ਚਰਨ ਧਿਆਨ ਰਖਾਈਆ । ਸਤਾਰਾਂ ਕੋਲ ਇਕ ਇਕ ਹੋਵੇ ਤਾਸ਼ ਦਾ ਪੱਤਾ, ਇਕ ਦੂਜੇ ਨਾਲ ਮੇਲ ਨਾ ਕੋਇ ਰਖਾਈਆ । ਸਤਾਰਾਂ ਹੱਥ ਵਿਚ ਫੜਿਆ ਹੋਵੇ ਵੱਟਾ, ਪੱਥਰ ਪਾਹਨ ਸੋਭਾ ਪਾਈਆ । ਸਤਾਰਾਂ ਕੋਲ ਹੋਵੇ ਇਕ ਇਕ ਟਕਾ, ਬਹੁਤੀ ਵੰਡ ਨਾ ਕੋਇ ਵੰਡਾਈਆ । ਸਤਾਰਾਂ ਸੀਨੇ ਲਿਖ ਕੇ ਲਾਇਆ ਹੋਵੇ ਵਾਹ ਵਾਹਵਾ ਉਹ ਜੱਟਾ, ਤੇਰੀ ਬੇਪਰਵਾਹੀਆ । ਸਤਾਰਾਂ ਚੀਥੜ ਪਾਇਆ ਹੋਵੇ ਫਟਾ, ਲੀਰੋ ਲੀਰ ਵਖਾਈਆ । ਸਤਾਰਾਂ ਬੀਬੀਆਂ ਕੋਲ ਹੋਵੇ ਸੂਤ ਦਾ ਅੱਟਾ, ਰਵਿਦਾਸ ਚਮਾਰਾ ਵੇਖ ਵਖਾਈਆ । ਸਤਾਰਾਂ ਲਿਖ ਕੇ ਫੜਿਆ ਹੋਵੇ ਜ਼ੀਰੋ ਨਾਲ ਜ਼ੀਰੋ ਕੀਤਾ ਬਟਾ, ਅੰਤ ਨਜ਼ਰ ਕੋਇ ਨਾ ਆਈਆ । ਸਤਾਰਾਂ ਬੀਬੀਆਂ ਉਡਾਉਂਦੀਆਂ ਆਵਣ ਘੱਟਾ, ਧੂੜੀ ਜ਼ਿਮੀਂ ਅਸਮਾਨ ਵਖਾਈਆ । ਸਤਾਰਾਂ ਲਿਖਿਆ ਹੋਵੇ ਪੂਰਨ ਉਤੇ ਪੱਤਾ, ਪਤਿਪਰਮੇਸ਼ਵਰ

੬੬੩ ਤੇਰੀ ਬੇਪਰਵਾਹੀਆ । ਸਤਾਰਾਂ ਦੀ ਬੌਰੀ ਹੋਈ ਹੋਵੇ ਮਤਾ, ਸੁਧ ਜਗਤ ਨਾ ਕੋਇ ਰਖਾਈਆ । ਸਤਾਰਾਂ ਗੁਰਮੁਖ ਇਕੋ ਰੰਗ ਦੱਸਣ ਪ੍ਰਭੂ ਸਮਰਥਾ, ੬੬੩

੨੪ ਸਮਰਥ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ੨੪

ਸਤਾਰਾਂ ਹਾੜ ਕਹੇ ਸਤਰੰਗਿਆ ਮੇਰੀਆਂ ਤਕ ਲੈ ਵੰਡੀਆਂ, ਸੋਹਣੀ ਵੰਡ ਵੰਡਾਈਆ । ਸਤਾਰਾਂ ਗੁਰਮੁਖਾਂ ਭੇਖ ਬਣਾਇਆ ਹੋਵੇ ਪਾਖੰਡੀਆਂ, ਸੂਸੇ ਕਾਲੇ ਰੰਗ ਰੰਗਾਈਆ । ਸਤਾਰਾਂ ਕੋਲ ਫੜੀਆਂ ਹੋਵਣ ਫੰਦੀਆਂ, ਸਾਢੇ ਤਿੰਨ ਹੱਥ ਲੰਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਰੰਗਾ ਕਹੇ ਹਾੜ ਸਤਾਰਾਂ ਮਿਤਰਾ ਮੈਂ ਕੀ ਤੈਨੂੰ ਦੱਸਾਂ, ਦੱਸਣ ਦੀ ਲੋੜ ਰਹੀ ਨਾ ਰਾਈਆ । ਮੈਂ ਖ਼ੁਸ਼ੀਆਂ ਦੇ ਵਿਚ ਹੱਸਾਂ, ਧੁਰ ਦੇ ਢੋਲੇ ਗਾਈਆ । ਮੇਰੇ ਸਾਹਿਬ ਨੇ ਵਕ਼ਤ ਲਿਆਂਦਾ ਮਸਾਂ, ਮੱਸਿਆ ਰੈਣ ਅੰਧੇਰੀ ਵੇਖਾਂ ਥਾਉਂ ਥਾਈਆ । ਬਿਨ ਕ਼ਦਮਾਂ ਤੋਂ ਨੱਸਾਂ, ਭੱਜਾਂ ਵਾਹੋ ਦਾਹੀਆ । ਆਪਣਾ ਤੀਰ ਨਿਸ਼ਾਨਾ ਕਸਾਂ, ਕ਼ਸਮ ਖਾ ਕੇ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਾਰਾਂ ਹਾੜ ਕਹੇ ਸਤਰੰਗਿਆ ਮੈਂ ਤੈਨੂੰ ਕਰਾਂ ਆਦਾਬ, ਨਿਵ ਨਿਵ ਸੀਸ ਨਿਵਾਈਆ । ਮੈਂ ਤੇਰੀ ਤਕਾਂ ਮਹਿਰਾਬ, ਜਿਥੇ ਵਸੇ ਮਹਿਬੂਬ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਸਮਝਾਈਆ । ਸਤਰੰਗਾ ਕਹੇ ਸਤਾਰਾਂ ਹਾੜਾ ਮੈਂ ਹੋਣਾ ਬੜਾ ਰਾਜ਼ੀ, ਰਾਜ਼ਕ ਰਿਜ਼ਕ ਰਹੀਮ ਦਏ ਵਡਿਆਈਆ । ਸਤਾਰਾਂ ਗੁਰਮੁਖ ਬਣੇ ਹੋਵਣ ਕ਼ਾਜ਼ੀ, ਤਸਬੀਆਂ ਹੱਥਾਂ ਵਿਚ ਉਠਾਈਆ । ਸਤਾਰਾਂ ਕੋਲ ਲੇਖਾ ਕੱਢਿਆ ਹੋਵੇ ਧਰਨੀ ਅਰਾਜ਼ੀ, ਹੱਥੋ ਹੱਥ ਉਠਾਈਆ । ਸਤਾਰਾਂ ਲੇਖਾ ਫੜਿਆ ਹੋਵੇ ਪਿਛਲਾ ਮਾਜ਼ੀ, ਮਹਿਬੂਬ ਤੇਰੀ ਬੇਪਰਵਾਹੀਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਸਤਰੰਗਾ ਕਹੇ ਮੇਰਿਆ ਮਿਤਰਾ ਮੇਰੇ ਦੋ ਜਹਾਨ ਦੇ ਹੋਕੇ, ਹੁਕਮ ਧੁਰ ਦਾ ਦਿਆਂ ਸੁਣਾਈਆ । ਮੇਰੇ ਸਾਹਿਬ ਦਾ ਖੇਲ ਕੋਈ ਨਾ ਰੋਕੇ, ਨਾ ਕੋਈ ਮੇਟ ਮਿਟਾਈਆ । ਜਿਸ ਦੇ ਹੁਕਮ ਵਰਤਣੇ ਇਕ ਦੋ ਕੇ, ਦੋ ਜਹਾਨਾਂ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਸਤਰੰਗਾ ਕਹੇ ਮੇਰੇ ਪਿਆਰਿਓ, ਪ੍ਰੇਮੀਓ ਦਿਆਂ ਜਣਾਈਆ । ਮੇਰੇ ਸਤਿਗੁਰ ਦੇ ਦੁਲਾਰਿਓ, ਦੂਲਹਿਓ ਦਿਆਂ ਜਣਾਈਆ । ਤੁਸੀਂ ਆਪਣਾ ਆਪ ਸ਼ਿੰਗਾਰਿਓ, ਸੋਹਣਾ ਰੰਗ ਰੰਗਾਈਆ । ਸਤਾਰਾਂ ਗੁਰਮੁਖ ਬਣਨਾ ਸੋਹਣੇ ਲਾੜਿਓ, ਸਿਹਰੇ ਮੁਖ ਉਤੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਰੰਗਾ ਕਹੇ ਸਤਾਰਾਂ ਹਾੜ ਮੇਰਾ ਹੋਰ ਕੁਛ ਇਰਾਦਾ, ਇਰਾਦਿਉਂ ਦਿਆਂ ਜਣਾਈਆ । ਕਿਸ ਬਿਧ ਸਤਿ ਧਰਮ ਦਾ ਹੋਵੇ ਵਾਧਾ, ਵਾਅਦੇ ਪਿਛਲੇ ਫੋਲ ਫੁਲਾਈਆ । ਜਾਂ ਮੈਂ ਲੇਖ ਤਕਿਆ ਮੈਨੂੰ ਨਜ਼ਰ ਆਇਆ ਕੀ ਸੰਦੇਸ਼ਾ ਦੇਵੇ ਪੁਰਖ ਅਕਾਲ ਸਭ ਦਾ ਦਾਦਾ, ਦਹਿ ਦਿਸ਼ਾ ਤੋਂ ਬਾਹਰ ਜਣਾਈਆ । ਪਤਾ ਨਹੀਂ ਉਸ ਦੇ ਕੋਲੋਂ ਕਿਸ ਭਗਤ ਨੂੰ ਹੋਣਾ ਫ਼ਾਇਦਾ, ਫ਼ਾਕਿਆਂ ਵਿਚ ਦਿਸੇ ਲੋਕਾਈਆ । ਮੈਂ ਸਚ ਆਖਾਂ ਉਨ੍ਹ ਨਿਗਾਹ ਮਾਰਨੀ ਦੋ ਜਹਾਨ ਦਾ ਲੈਣਾ ਜਾਇਜ਼ਾ, ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ
੬੬੪ ਕਾਰ ਕਮਾਈਆ । ਸਤਾਰਾਂ ਹਾੜ ਕਹੇ ਜਨ ਭਗਤੋ ਤੁਹਾਡੇ ਅੰਦਰ ਵਜਦੀ ਹੋਵੇ ਰਬਾਬ, ਰਬੀਉਲਸਾਨੀ ਤੁਹਾਡੀ ਦਏ ਗਵਾਹੀਆ । ਮੈਂ ਵੀ ਤੁਹਾਡੀ ੬੬੪
੨੪ ਕਰਾਂ ਇਮਦਾਦ, ਸੱਜਣੋ ਤੁਹਾਡਾ ਸੰਗ ਨਿਭਾਈਆ । ਇਹ ਫ਼ੈਸਲਾ ਦੇਣਾ ਕਿਸ ਤਰਹ ਜੋਤ ਸ਼ਬਦ ਦੀ ਧਾਰ ਤੋਂ ਤਤਾਂ ਵਿਚੋਂ ਖੇਲ ਹੁੰਦਾ ਬਾਦ, ਨਿਰਗੁਣ ੨੪
ਜੋਤ ਜੋਤ ਰੁਸ਼ਨਾਈਆ । ਜਿਸ ਵਿਚ ਰਸਨਾ ਦਾ ਨਹੀਂ ਕੋਈ ਸੁਵਾਦ, ਮੁਖ ਦੰਦ ਨਾ ਕੋਇ ਵਡਿਆਈਆ । ਕੋਈ ਲੇਖਾ ਨਹੀਂ ਬੋਧ ਅਗਾਧ, ਅੱਖਰ ਅੱਖਰਾਂ ਨਾਲ ਮਿਲਾਈਆ । ਇਕ ਖੇਲ ਭੇਦ ਖੋਲ੍ਹਣਾ ਕਿਸ ਬਿਧ ਸੰਬਲ ਨਗਰ ਤੋਂ ਨਗਰ ਸੰਬਲ ਦਾ ਦੁਆਰਾ ਹੋਇਆ ਆਬਾਦ, ਚਾਰ ਜੁਗ ਦੇ ਅਵਤਾਰ ਪੈਗ਼ੰਬਰਾਂ ਗੁਰੂਆਂ ਸ਼ਹਾਦਤ ਦੇਣੀ ਭੁਗਤਾਈਆ । ਕਿਸ ਬਿਧ ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਗੋਬਿੰਦ ਦੇ ਹੱਥ ਤੇ ਉਡਿਆ ਬਾਜ਼, ਬਾਜ਼ੀ ਦੀਨ ਦੁਨੀ ਉਲਟਾਈਆ । ਭਗਤਾਂ ਯਾਦ ਰਖਣਾ ਕਲਜੁਗ ਵਿਚੋਂ ਕਿਸ ਤਰਹ ਬਦਲਣਾ ਸਤਿਜੁਗ ਦਾ ਰਿਵਾਜ, ਸਤਿ ਧਰਮ ਲਏ ਅੰਗੜਾਈਆ । ਤੂੰ ਪਿਆਰ ਵਿਚ ਮੁਹੱਬਤ ਵਿਚ ਦੀਨ ਦੁਨੀ ਤੋਂ ਫਿਰਨਾ ਆਜ਼ਾਦ, ਆਜ਼ਾਦੀ ਵਿਚ ਭੱਜਣਾ ਵਾਹੋ ਦਾਹੀਆ । ਸਤਾਰਾਂ ਹਾੜ ਕਹੇ ਸਤਾਰਾਂ ਗੁਰਮੁਖੋ ਤੁਸੀਂ ਭਗਤ ਦੁਆਰ ਦੇ ਅਗੇ ਦਰਵਾਜ਼ੇ ਤੋਂ ਬਾਹਰ ਜ਼ਰੂਰ ਜਗਾਉਣੀ ਆਗ, ਸਾਢੇ ਤਿੰਨ ਹੱਥ ਜਿਸ ਦੀ ਹੋਵੇ ਲੰਬਾਈ ਚੌੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਾਰਾਂ ਹਾੜ ਕਹੇ ਜਨ ਭਗਤੋ ਤੁਹਾਡੀਆਂ ਲੱਗੀਆਂ ਹੋਣ ਸੁਰਤੀਆਂ, ਸੁਰਤੀ ਸ਼ਬਦ ਵਿਚ ਸਮਾਈਆ । ਸਤਾਰਾਂ ਬੀਬੀਆਂ ਕੋਲ ਮਿੱਟੀ ਦੀਆਂ ਫੜੀਆਂ ਹੋਵਣ ਮੂਰਤੀਆਂ, ਜਿਸ ਦਾ ਵੇਰਵਾ ਜਗਤ ਨਾ ਕੋਇ ਵਡਿਆਈਆ । ਫੇਰ ਖੇਲਾਂ ਦੱਸਣੀਆਂ ਸਤਿਗੁਰ ਸ਼ਬਦ ਨੇ ਅਨੰਦਪੁਰ ਦੀਆਂ, ਜੋ ਗੋਬਿੰਦ ਆਪਣੇ ਵਿਚ ਗਿਆ ਛੁਪਾਈਆ । ਪ੍ਰਭੂ ਦੀਆਂ ਖੇਲਾਂ ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਮੁੜਦੀਆਂ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਆ । ਸਤਾਰਾਂ ਹਾੜ ਕਹੇ ਸੁਣੋ ਪਿਆਰੇ ਪੰਜ, ਪੰਜਾਂ ਪਿਆਰਿਓ ਪਿਆਰਿਓ ਪਿਆਰਿਓ ਗੁਰਮੁਖੋ ਤੁਹਾਨੂੰ ਨਾਲ ਸੁਣਾਈਆ । ਕਿਸੇ ਦੇ ਅੰਦਰ ਮੂਲ ਨਾ ਹੋਵੇ ਰੰਜ, ਰੰਜਸ਼ ਵਿਚ ਭਗਤ ਦੁਆਰੇ ਕੋਇ ਨਾ ਆਈਆ । ਸਾਰੇ ਗੁਰਮੁਖ ਤੇ ਗੁਰਮੁਖੋ ਤੁਹਾਡੇ ਹੱਥ ਵਿਚ ਨਿਸ਼ਾਨਾ ਹੋਵੇ ਤਾਰਾ ਚੰਦ, ਚੰਦ ਚਾਂਦਨੀ ਦੇਣੀ ਚਮਕਾਈਆ । ਗੋਬਿੰਦ ਲਿਖ ਕੇ ਸੱਜੇ ਹੱਥ ਉਤੇ ਆਉਣਾ ਬੰਨ੍ਹ, ਬੰਦਗੀ ਕਰਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਤਾਰਾਂ ਹਾੜ ਕਹੇ ਦਰਬਾਰੀਓ ਤੁਹਾਡੇ ਹੱਥਾਂ ਵਿਚ ਹੋਵੇ ਕਵਲ ਫੁੱਲ, ਖੱਬੇ ਹੱਥ ਵਡਿਆਈਆ । ਤੁਸਾਂ ਨਾਮ ਤਰਾਜ਼ੂ ਜਾਣਾ ਤੁਲ, ਆਪਣੀ ਕ਼ੀਮਤ ਕਰਤੇ ਹੱਟ ਵਿਕਾਈਆ । ਸਚ ਬਚਨ ਕਦੇ ਨਾ ਜਾਣਾ ਭੁਲ, ਜੋ ਅਭੁਲ ਰਿਹਾ ਜਣਾਈਆ । ਤੁਹਾਡੀ ਅਗੇ ਵਾਸਤੇ ਸਭ ਦੀ ਇਕੋ ਹੋ ਗਈ ਕੁਲ, ਦੂਜੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਸਤਾਰਾਂ ਹਾੜ ਕਹੇ ਲਿਖਾਰੀਓ ਤੁਹਾਡੀਆਂ ਸੁਹਾਉਂਦੀਆਂ ਹੋਵਣ ਰੁਤੀਆਂ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਤੁਹਾਡੀਆਂ ਆਸਾਂ ਉਠਣ ਸੁਤੀਆਂ, ਸੁਤੀਆਂ ਲੈਣ ਅੰਗੜਾਈਆ । ਪ੍ਰਭੂ ਦੇ ਪਿਆਰ ਹੋਵਣ ਵਿਚ ਰੁਚੀਆਂ, ਰਚਨਾ ਵੇਖਣ ਧੁਰ ਦੇ ਮਾਹੀਆ । ਤੁਹਾਡਾ ਲੇਖਾ ਕੋਈ ਕੱਢਣ ਨਹੀਂ ਆਇਆ ਬੁਤੀਆਂ, ਬੁਤਖ਼ਾਨਿਆਂ ਅੰਦਰ ਵਜਦੀ ਰਹੇ ਵਧਾਈਆ । ਸਤਾਰਾਂ ਹਾੜ ਕਹੇ ਸਭ ਦੇ ਪੈਰਾਂ ਅੰਦਰ ਹੋਵਣ ਚਿੱਟੀਆਂ ਜੁੱਤੀਆਂ, ਨੋਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਸਤਰੰਗਾ ਕਹੇ ਸਤਾਰਾਂ ਹਾੜ ਤੂੰ ਦੱਸਿਆ ਬਹੁ ਕੁਝ ਵਿਚਾਰ, ਆਪਣਾ ਭੇਵ ਚੁਕਾਈਆ । ਸਤਾਰਾਂ ਭਗਤ ਉਹ ਹੋਣ ਜਿੰਨ੍ਹਾਂ ਦਾ ਕਿਸੇ ਨਾਲ ਕਦੀ ਨਹੀਂ ਹੋਇਆ ਪਿਆਰ, ਝਗੜੇ ਵਿਚ ਆਪਣਾ ਝਟ ਲੰਘਾਈਆ । ਸਤਾਰਾਂ ਗੁਰਮੁਖ ਉਹ ਹੋਣ ਜਿਹੜੇ ਆਪਣੇ ਘਰ ਵਿਚ ਮੁਖ਼ਤਿਆਰ, ਹੁਕਮ ਆਪਣਾ ਆਪ ਚਲਾਈਆ । ਸਤਾਰਾਂ ਬੀਬੀਆਂ ਉਹ ਹੋਣ ਜਿਨ੍ਹਾਂ ਦੇ ਗਲ ਵਿਚ ਪੁੱਠੇ ਪਾਏ ਹੋਣ ਹਾਰ, ਸੋਨਾ ਚਾਂਦੀ ਵੰਡ ਨਾ ਕੋਇ ਵੰਡਾਈਆ । ਸਤਾਰਾਂ ਬੀਬੀਆਂ ਉਹ ਹੋਣ ਜਿਹੜੀਆਂ ਕੂਕ ਕੂਕ ਕਰਨ ਪੁਕਾਰ, ਤੇਰਾ ਤੇਰਾ ਨਾਮ ਦੁਹਾਈਆ । ਵਕ਼ਤ ਸੁਹੰਜਣਾ ਸੋਹਣੀ ਹੋਵੇ ਥਿਤ ਵਾਰ, ਵਜਦੀ ਰਹੇ ਵਧਾਈਆ । ਨੌ ਗੁਰਮੁਖ ਸੱਤ ਰੰਗਾ ਨਿਸ਼ਾਨ ਝੁਲਾਉਂਦੇ ਆਉਣ ਸੋਹੰ ਸ਼ਬਦ ਬੋਲਦੇ ਆਉਣ ਜੈਕਾਰ, ਜੈ ਜੈ ਕਾਰ ਕਰਕੇ ਆਪਣੀ ਖ਼ੁਸ਼ੀ ਬਣਾਈਆ । ਸੰਮਤ ਗਿਆਰਾਂ ਕਹੇ ਮੈਂ ਸਤਾਰਾਂ ਹਾੜ ਤੇ ਬੜਾ ਕਰਾਂਗਾ ਇਜ਼ਹਾਰ, ਭੇਵ ਅਭੇਦਾ ਆਪ ਖੁਲ੍ਹਾਈਆ । ਨਾਲੇ ਦੱਸਾਂਗਾ ਕਿਸ ਬਿਧ ਦੀਨ ਦੁਨੀ ਦਾ ਬਦਲ ਜਾਣਾ ਸਮਾਜ, ਸਮਗ੍ਰੀ ਸਤਿਗੁਰ ਆਪ ਵਰਤਾਈਆ । ਨਾਲੇ ਭਗਤੋ ਤੁਹਾਡਾ ਕਿਸ ਬਿਧ ਸਵਾਰੇਗਾ ਕਾਜ, ਕਰਨੀ ਕਰਤਾ ਮਿਹਰ ਨਜ਼ਰ ਉਠਾਈਆ । ਅੱਜ ਪਹਿਲੀ ਹਾੜ ਕਿਸੇ ਹੋ ਕੇ ਜਾਣਾ ਨਹੀਂ ਨਰਾਜ਼, ਖ਼ੁਸ਼ੀਆਂ ਨਾਲ ਸਭ ਨੂੰ ਦਿਤਾ ਸੁਣਾਈਆ । ਸਤਰੰਗਾ ਕਹੇ ਮੇਰਾ ਭਗਤੋ ਤੁਹਾਨੂੰ ਅਦਾਬ, ਨਿਵ ਨਿਵ ਲਾਗਾਂ ਪਾਈਆ । ਕਿਰਪਾ ਕਰੇ ਆਪ ਮਹਾਰਾਜ, ਸਤਿਗੁਰ ਦਾਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਬਦਲ ਦੇਵੇ ਮਜ਼ਾਜ, ਅੰਤਰ ਨਿਰੰਤਰ ਨਿਰਾਕਾਰ ਨਿਰੰਕਾਰ ਆਪਣਾ ਰੰਗ ਰੰਗਾਈਆ ।

✪ ੨ ਹਾੜ ਸ਼ਹਿਨਸ਼ਾਹੀ ਸੰਮਤ ੧੧ ਸੁਰੈਣ ਸਿੰਘ, ਸਵਰਨ ਸਿੰਘ, ਦਲੀਪ ਸਿੰਘ, ਤੇਜਾ ਸਿੰਘ, ਗੁਲਜ਼ਾਰ ਸਿੰਘ, ਸੰਤੋਖ ਸਿੰਘ, ਜਰਨੈਲ ਸਿੰਘ, ਸੁਰੈਣ ਸਿੰਘ ਦੇ ਗ੍ਰਹਿ ਪਿੰਡ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ✪

ਹਾੜ ਸਤਾਰਾਂ ਕਹੇ ਸਤਾਰਾਂ ਬੀਬੀਆਂ ਬਣੀਆਂ ਹੋਵਣ ਗੋਪੀਆਂ, ਸੋਹਣਾ ਰੰਗ ਰੰਗਾਈਆ । ਸਤਾਰਾਂ ਹੱਥ ਵਿਚ ਫੜੀਆਂ ਹੋਵਣ ਜੋਤੀਆਂ, ਘਿਰਤ ਦੀਪ ਨਾਲ ਰੁਸ਼ਨਾਈਆ । ਸਤਾਰਾਂ ਬੱਧੀਆਂ ਹੋਵਣ ਧੋਤੀਆਂ, ਤਨ ਵਜੂਦ ਛੁਹਾਈਆ । ਸਤਾਰਾਂ ਗਲ ਹਾਰ ਪਾਏ ਹੋਵਣ ਮੋਤੀਆਂ, ਸੋਹਣੀ ਖ਼ੁਸ਼ੀ ਬਣਾਈਆ । ਸਤਾਰਾਂ ਕੁੱਛੜ ਚੁਕੀਆਂ ਹੋਵਣ ਪੋਤੀਆਂ, ਨੰਨ੍ਹੀਆਂ ਗੋਦ ਉਠਾਈਆ । ਸਤਾਰਾਂ ਸੀਸ ਗੁੰਦੇ ਹੋਵਣ ਚੋਟੀਆਂ, ਮੇਂਢੀ ਪੰਜ ਪੰਜ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਭੇਵ ਚੁਕਾਏ ਰੰਗ ਰੰਗਾਏ ਇਕੋ ਗੋਤੀਆ, ਗੌਤਮ ਦੀ ਧਾਰ ਨਾਲ ਮਿਲਾਈਆ ।

ਸਤਾਰਾਂ ਹਾੜ ਕਹੇ ਜਨ ਭਗਤ ਸਤਾਰਾਂ ਬਣੇ ਹੋਣ ਫ਼ਕੀਰ, ਫ਼ਿਕਰੇ ਢੋਲੇ ਗਾਈਆ । ਸਤਾਰਾਂ ਹੱਥ ਵਿਚ ਫੜ ਕੇ ਆਉਣ ਜ਼ੰਜੀਰ, ਕੜੀ ਕੜੀ ਨਾਲ ਬਦਲਾਈਆ । ਸਤਾਰਾਂ ਦੇ ਕੋਲ ਹੋਵੇ ਬੱਚਾ ਇਕ ਇਕ ਖੰਜੀਰ, ਆਯੂ ਵੰਡ ਨਾ ਕੋਇ ਵੰਡਾਈਆ । ਸਤਾਰਾਂ ਹੱਥ ਵਿਚ ਫੜਿਆ ਹੋਵੇ ਨਿਰਮਲ ਨੀਰ, ਅੰਮ੍ਰਿਤ ਰਸ ਰਸ ਵਖਾਈਆ । ਸਤਾਰਾਂ ਕੋਲ ਲਿਖਿਆ ਹੋਵੇ ਕਬੀਰ, ਕ਼ਬਰਾਂ ਬਾਹਰ ਜਣਾਈਆ । ਸਤਾਰਾਂ ਦੇ ਸੋਹਣੇ ਹੋਵਣ ਚੀਰ, ਚਿਰੀ ਵਿਛੁੰਨੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੇ ਹੱਥ ਧਰਮ ਧਾਰ ਸ਼ਮਸ਼ੀਰ, ਸ਼ਰਅ ਦਾ ਲੇਖਾ ਦਏ ਮੁਕਾਈਆ ।

ਸਤਾਰਾਂ ਹਾੜ ਕਹੇ ਕੱਲ ਲੇਖਾ ਜਾਣਾ ਮੁਕ, ਮੁਕਮਲ ਪ੍ਰਭ ਆਪਣਾ ਹੁਕਮ ਵਰਤਾਈਆ । ਜਿਸ ਨੂੰ ਸੀਸ ਸਭ ਦਾ ਜਾਣਾ ਝੁਕ, ਸਿਰ ਸਕੇ ਨਾ ਕੋਇ ਉਠਾਈਆ । ਉਸ ਦੀ ਅਗੰਮ ਨਿਰਾਲੀ ਸਭ ਨੇ ਪੜ੍ਹਨੀ ਤੁਕ, ਦੋ ਜਹਾਨ ਕਰੇ ਸ਼ਨਵਾਈਆ । ਗੁਰ ਅਵਤਾਰ ਪੈਗ਼ੰਬਰ ਜਾਣ ਝੁਕ, ਨਿਵ ਨਿਵ ਲਾਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਤਾਰਾਂ ਹਾੜ ਕਹੇ ਜਨ ਭਗਤੋ ਮੇਰਾ ਹੁਕਮ ਪਿਆਰਾ, ਪ੍ਰੇਮੀਓ ਪ੍ਰੇਮ ਨਾਲ ਜਣਾਈਆ । ਪਹਿਲੋਂ ਪ੍ਰਭ ਨੂੰ ਕਰਾਂ ਨਿਮਸਕਾਰਾ, ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਫੇਰ ਵੇਖਾਂ ਨੈਣ ਉਘਾੜਾ, ਚਾਰੋਂ ਕੁੰਟ ਧਿਆਨ ਲਗਾਈਆ । ਮੈਂ ਕੂਕ ਕੂਕ ਫੇਰ ਦੱਸਾਂ ਪੁਕਾਰਾ, ਦੋ ਜਹਾਨ ਸੁਣਾਈਆ । ਕਿਰਪਾ ਕਰੇ ਆਪ ਨਿਰੰਕਾਰਾ, ਨਿਰਵੈਰ ਧੁਰਦਰਗਾਹੀਆ । ਜਿਸ ਦਾ ਅੰਤ ਨਾ ਪਾਰਾਵਾਰਾ, ਬੇਅੰਤ ਕਹੇ ਲੋਕਾਈਆ । ਸਤਾਰਾਂ ਹਾੜ ਕਹੇ ਮੈਂ ਦੱਸਾਂ ਬਿਨਾ ਜਗਤ ਵਿਚਾਰਾ, ਬੁੱਧੀ ਸੰਗ ਨਾ ਕੋਇ ਰਖਾਈਆ । ਸਤਿਜੁਗ ਅੰਦਰ ਭਗਤੋ ਏਥੇ ਜ਼ਰੂਰ ਬਣੇਗਾ ਭਗਤ ਦੁਆਰਾ, ਭਗਵਨ ਦੇਵੇ ਮਾਣ ਵਡਿਆਈਆ । ਜਿਸ ਦੀ ਇਕ ਸੌ ਇਕ ਇਕ ਦੀ ਹੋਵੇ ਚਾਰ ਦੀਵਾਰਾ, ਚਾਰ ਕੁੰਟ ਸਮਝਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖੇ ਵਿਗਸੇ ਪਾਵੇ ਸਾਰਾ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ ।

ਸਤਾਰਾਂ ਹਾੜ ਕਹੇ ਜਨ ਭਗਤੋ ਤੁਹਾਡੀ ਸਦਾ ਜੀਉਂਦੀ ਰਹਿਣੀ ਜੋਤੀ, ਤਨ ਵਜੂਦਾਂ ਨਾਮ ਵਡਿਆਈਆ । ਤੁਹਾਡਾ ਰੂਪ ਧੁਰ ਦੇ ਮਾਣਕ ਮੋਤੀ, ਕਲਜੁਗ ਕੱਚ ਨਾ ਕੋਇ ਵਖਾਈਆ । ਤੁਹਾਡੀ ਆਤਮ ਉਠੀ ਸੋਤੀ, ਸੁਤਿਆਂ ਲਈ ਅੰਗੜਾਈਆ । ਤੁਹਾਡੀ ਆਤਮਾ ਬਣ ਗਈ ਪ੍ਰਭ ਦੀ ਗੋਤੀ, ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੋ ਜਹਾਨਾਂ ਸੋਚ ਸੋਚੀ, ਸੋਚਣਹਾਰਾ ਏਕੰਕਾਰਾ ਏਕਾ ਇਕ ਅਖਵਾਈਆ ।

ਸਤਾਰਾਂ ਹਾੜ ਕਹੇ ਜਨ ਭਗਤੋ ਸਤਾਰਾਂ ਕਰਦੇ ਆਵਣ ਹਾਸੀਆਂ, ਖ਼ੁਸ਼ੀਆਂ ਢੋਲੇ ਗਾਈਆ । ਸਤਾਰਾਂ ਪਾਂਵਦੇ ਆਵਣ ਰਾਸੀਆ, ਆਪਣਾ ਸ੍ਵਾਂਗ ਬਦਲਾਈਆ । ਸਤਾਰਾਂ ਕੋਲ ਲਿਖਿਆ ਹੋਵੇ ਸ਼ੰਕਰ ਕੈਲਾਸ਼ੀਆ, ਅਕਲ ਕਲਧਾਰੀ ਧਿਆਨ ਲਗਾਈਆ । ਸਤਾਰਾਂ ਲੈਂਦੇ ਆਵਣ ਉਬਾਸੀਆ, ਖ਼ਾਲੀ ਪੇਟ ਦੁਹਾਈਆ । ਫਿਰ ਇਸ਼ਾਰਾ ਕਰਨਾ ਸ਼ੰਕਰ ਕੈਲਾਸ਼ੀਆ, ਸੈਨਤ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤ ਪੰਧ ਮੁਕਾਵੇ ਮਦਿਰਾ ਮਾਸੀਆ, ਮਧੁਰ ਧੁਨ ਆਪ ਸੁਣਾਈਆ ।



੬੬੭
੨੪

ਸਤਾਰਾਂ ਹਾੜ ਕਹੇ ਜਨ ਭਗਤੋ ਤੁਹਾਨੂੰ ਚੜ੍ਹੀਆਂ ਹੋਵਣ ਲਾਲੀਆਂ, ਲਾਲ ਪ੍ਰਭ ਦੇ ਸੋਭਾ ਪਾਈਆ । ਮੇਰੀਆਂ ਮੇਟ ਕੇ ਆਉਣੀਆਂ ਘਟਾ ਕਾਲੀਆਂ, ਚਾਰੋਂ ਕੁੰਟ ਧਿਆਨ ਲਗਾਈਆ । ਸਤਾਰਾਂ ਮੁਖ ਵਿਚ ਪਾਈਆਂ ਹੋਵਣ ਨਾਲੀਆਂ, ਵੱਡੀ ਛੋਟੀ ਵੰਡ ਨਾ ਕੋਇ ਵੰਡਾਈਆ । ਸਤਾਰਾਂ ਮੋਢੇ ਚੁੱਕੀਆਂ ਹੋਵਣ ਪੰਜਾਲੀਆਂ, ਪੰਚਮ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਨੂੰ ਖ਼ੁਸ਼ੀਆਂ ਦੇਵੇ ਬਾਹਲੀਆਂ, ਵਸਤ ਨਾਮ ਨਾਮ ਵਰਤਾਈਆ ।

ਨਾਰਦ ਕਹੇ ਜਨ ਭਗਤੋ ਸਤਾਰਾਂ ਹਾੜ ਕਰਨੀ ਤਿਆਰੀ, ਤ੍ਰੈਗੁਣ ਅਤੀਤਾ ਰਿਹਾ ਜਣਾਈਆ । ਤੁਹਾਨੂੰ ਮਸਤੀ ਚੜ੍ਹੀ ਹੋਵੇ ਖ਼ੁਮਾਰੀ, ਧੁਰ ਦਾ ਨਾਮ ਰੰਗ ਰੰਗਾਈਆ । ਸਤਾਰਾਂ ਬਣੇ ਹੋਣ ਪੁਜਾਰੀ, ਤਿਲਕ ਲਲਾਟ ਨਜ਼ਰੀ ਆਈਆ । ਸਤਾਰਾਂ ਬਣੇ ਹੋਵਣ ਜੁਆਰੀ, ਠੱਗੀ ਚੋਰੀ ਮਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਾਰਾਂ

ਹਾੜ ਕਹੇ ਜਨ ਭਗਤੋ ਤੁਹਾਡਾ ਵਕਤ ਸੁਹੰਜਣਾ ਹੋਵੇ ਰੁਤ ਦਾ, ਰੁਤੜੀ ਪ੍ਰਭ ਮੇਰੇ ਨਾਲ ਮਹਿਕਾਈਆ । ਖੇਲ ਵਖਾ ਕੇ ਅਬਿਨਾਸ਼ੀ ਅਚੁਤ ਦਾ, ਚੇਤਨ ਸੁਰਤੀ ਆਪ ਕਰਾਈਆ । ਪੰਧ ਮੁਕਾ ਕੇ ਕਾਇਆ ਬੁਤ ਦਾ, ਬੁਤਖ਼ਾਨਿਆਂ ਕਰੇ ਸਫ਼ਾਈਆ । ਪਿਆਰ ਵਿਚ ਕਿਸੇ ਪਤਾ ਰਹੇ ਨਾ ਪਿਓ ਪੁਤ ਦਾ, ਪਿਤਾ ਪੂਤ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਸ਼ਬਦ ਸੁਣਾਇਆ ਸੋ ਹੰ ਬ੍ਰਹਮ ਆਪਣਾ ਰੂਪ ਬਦਲਾਈਆ ।

ਸਤਾਰਾਂ ਹਾੜ ਕਹੇ ਜਨ ਭਗਤੋ ਸਤਾਰਾਂ ਰੰਗੇ ਹੋਵਣ ਪੱਲੇ, ਲਾਲ ਰੰਗ ਰੰਗਾਈਆ । ਸਤਾਰਾਂ ਕੋਲ ਚਨੇ ਹੋਣ ਦਲੇ, ਤੋਲੇ ਢਾਈ ਢਾਈ ਰਖਾਈਆ । ਸਤਾਰਾਂ ਗੁਰਮੁਖ ਕਰਦੇ ਆਵਣ ਹੱਲੇ, ਜ਼ੋਰ ਜ਼ੋਰ ਨਾਲ ਦਬਾਈਆ । ਸਤਾਰਾਂ ਸਚ ਸਿੰਘਾਸਣ ਬੈਠੇ ਹੋਵਣ ਮੱਲੇ, ਦਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਕਰਮ ਆਪ ਕਮਾਈਆ । ਸਤਾਰਾਂ ਹਾੜ ਕਹੇ ਜਨ ਭਗਤੋ ਤੁਹਾਡਾ ਸੋਹਣਾ ਤਕਾਂ ਮੁਖੜਾ, ਮੁਖ ਸ਼ਿੰਗਾਰ ਨਾ ਕੋਇ ਬਣਾਈਆ । ਮੈਂ ਦਰਸ ਪਿਆਸ ਦਾ ਭੁਖੜਾ, ਤ੍ਰਿਸ਼ਨਾ ਕੂੜੀ ਪਾਰ ਲਗਾਈਆ । ਭਾਗ ਲਗਾਉਣਾ ਕਾਇਆ ਮਾਟੀ ਬੁਤੜਾ, ਬੁਤਖ਼ਾਨਿਆਂ ਰੰਗ ਰੰਗਾਈਆ । ਮੇਰਾ ਮਾਲਕ ਖ਼ਾਲਕ ਪਾਰਬ੍ਰਹਮ ਅਬਿਨਾਸ਼ੀ ਅਚੁਤੜਾ,  ਚੇਤਨ ਸਭ ਨੂੰ ਦਏ ਕਰਾਈਆ । ਜਿਸ ਦਾ ਵਕਤ ਸੁਹੰਜਣਾ ਸੁਹੰਜਣੀ ਹੋਣੀ ਰੁਤੜਾ, ਰੁਤੜੀ ਆਪਣੇ ਨਾਲ ਮਿਲਾਈਆ । ਜੋ ਨਿਰਗੁਣ ਧਾਰੋਂ ਹੋਵੇ ਉਤਰਾ, ਉੱਤਰ ਪੂਰਬ ਪੱਛਮ ਦੱਖਣ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਆਪ ਸੁਣਾਈਆ । ਹਾੜ ਕਹੇ ਜਨ ਭਗਤੋ ਤੁਹਾਡੀ ਭਗਤੀ ਹੋਣ ਲੱਗੀ ਪੂਰ, ਜ਼ਰੂਰਤ ਸਭ ਦੀ ਵੇਖ ਵਖਾਈਆ । ਜੋ ਸਰਬ ਕਲਾ ਭਰਪੂਰ, ਭਾਂਡਾ ਭਰਮ ਭਰਮ ਭੰਨਾਈਆ । ਭਗਤ ਉਧਾਰਨਾ ਜਿਸ ਦਾ ਦਸਤੂਰ, ਰੀਤੀ ਆਦਿ ਜੁਗਾਦੀ ਚਲੀ ਆਈਆ । ਉਹ ਤੁਹਾਡਾ ਲਹਿਣਾ ਦੇਣਾ ਪੂਰਾ ਕਰੇ ਅਖ਼ੀਰ, ਅਖ਼ੀਰ ਅਕਸ਼ਰ ਅੱਖਰਾਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, । ਨਾਰਦ ਕਹੇ ਸਤਾਰਾਂ ਹਾੜ ਜੀ ਮੈਂ ਦੇ ਕੇ ਆਇਆ ਢੰਡੋਰਾ, ਜਗਤ ਜਹਾਨ ਦੀਨ ਦੁਨੀ ਸੁਣਾਈਆ । ਮੈਂ ਖੰਡਾਂ ਦੀਪਾਂ ਫਿਰਦਾ ਰਿਹਾ ਵਾਂਗ ਚੋਰਾ, ਚੋਰੀ ਚੋਰੀ ਆਪਣਾ ਹੁਕਮ ਵਰਤਾਈਆ । ਦੁਨੀਆਦਾਰੋ ਮੇਰੇ ਪ੍ਰਭੂ ਦਾ ਖੇਲ ਹੋਣਾ ਦੋਹਰਾ, ਦੋਹਰਾ ਹੁਕਮ ਆਪ ਵਰਤਾਈਆ । ਉਸ ਦਾ ਸ਼ਬਦ ਸ਼ਬਦ ਦੀ ਧਾਰ ਬਾਂਕਾ ਛੋਹਰਾ, ਨੌਜਵਾਨ ਇਕ ਅਖਵਾਈਆ । ਜਿਸ ਦੀ ਸਭ ਨੂੰ ਦਿਸੇ ਲੋੜਾ, ਲੋੜਵੰਦ ਦਿਸੇ ਖ਼ਲਕ ਖ਼ੁਦਾਈਆ । ਉਸ ਦਾ ਰੂਪ ਬਾਹਰ ਅਵਰ ਤੇ ਔਰਾ, ਅਵਰ ਅਵਰੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਜਨ ਭਗਤ ਕਹਿਣ ਸਾਡੀਆਂ ਲੱਗੀਆਂ ਹੋਣ ਪ੍ਰੀਤਾਂ, ਪ੍ਰੀਤਮ ਮਿਲ ਕੇ ਵਜੇ ਵਧਾਈਆ । ਸਾਡੀਆਂ ਬਦਲੀਆਂ ਹੋਵਣ ਨੀਤਾਂ, ਕੂੜ ਕਿਰਿਆ ਨਾ ਵੰਡ ਵੰਡਾਈਆ । ਸਾਥੋਂ ਛੁਟੀਆਂ ਹੋਵਣ ਮੰਦਰ ਮਸੀਤਾਂ, ਕਾਅਬਾ ਨਜ਼ਰ ਕੋਇ ਨਾ ਆਈਆ । ਜਨ ਭਗਤੋ ਪ੍ਰਭੂ ਦੇ ਪਿਆਰਿਓ ਉਸ ਦੀਆਂ ਜੁਗ ਜੁਗ ਵਖਰੀਆਂ ਰੀਤਾਂ, ਰੀਤੀਵਾਨ ਇਕ ਅਖਵਾਈਆ । ਜਿਸ ਦਾ ਹੁਕਮ ਪੇਚੀਦਾ, ਪੇਸ਼ਤਰ ਸਮਝ

੬੬੮ ੨੪

ਕੋਇ ਨਾ ਆਈਆ । ਤੁਸੀਂ ਸਾਹਿਬ ਸਤਿਗੁਰ ਉਤੇ ਕਰੋ ਅਕੀਦਾ, ਅਕਲ ਬੁੱਧੀ ਦਾ ਡੇਰਾ ਢਾਹੀਆ । ਤੁਹਾਡਾ ਲਹਿਣਾ ਦੇਣਾ ਸਚਖੰਡ ਦੁਆਰ ਵਾਂਗ ਅਜ਼ੀਜ਼ਾ, ਬੱਚੇ ਦੁਲਾਰਿਆਂ ਗੋਦ ਉਠਾਈਆ । ਨਿਰਗੁਣ ਏਕੰਕਾਰ ਸਤਿਗੁਰ ਤੁਹਾਡੀਆਂ ਕਰੇ ਰੀਝਾਂ, ਸਿਰ ਸਿਰ ਸਭ ਦੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਚ ਸਚ ਸਤਿ ਸਭ ਨੂੰ ਇਕੋ ਵੇਖਣਵਾਲਾ ਦੀਦਾ, ਦੀਦਾ ਦਾਨਿਸਤਾ ਪੜਦਾ ਆਪ ਉਠਾਈਆ ।

### ✪ ੧੪ ਹਾੜ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਦਰਬਾਰ ਨਿਵਾਸੀ ਸੰਗਤ ਨਵਿਤ ✪

ਸੰਮਤ ਸ਼ਹਿਨਸ਼ਾਹੀ ਗਿਆਰਾਂ ਕਹੇ ਮੇਰੀ ਪੁਕਾਰ, ਕੂਕ ਕੂਕ ਦੋ ਜਹਾਨ ਸੁਣਾਈਆ । ਮੈਂ ਸ਼ਬਦ ਸੰਦੇਸ਼ਾ ਦੇਣਾ ਵਿਚ ਸੰਸਾਰ, ਸੰਸਾਰੀ
ਭੰਡਾਰੀ ਸੰਘਾਰੀ ਨਾਲ ਮਿਲਾਈਆ । ਪ੍ਰੇਮ ਪ੍ਰੀਤੀ ਵਿਚ ਦੱਸਾਂ ਪੈਗ਼ੰਬਰ ਗੁਰ ਅਵਤਾਰ, ਪਿਆਰ ਪਿਆਰ ਵਿਚੋਂ ਪਰਗਟਾਈਆ । ਚਾਰ ਜੁਗ ਦੇ
ਸ਼ਾਸਤਰਾਂ ਨਾਲ ਕਰਾਂ ਗੁਫ਼ਤਾਰ, ਗੁਫ਼ਤ ਸ਼ਨੀਦ ਦਿਤਾ ਦ੍ਰਿੜਾਈਆ । ਮੇਰਾ ਵਕਤ ਸੁਹੇਲਾ ਮੈਨੂੰ ਖ਼ੁਸ਼ੀ ਬੇਅੰਤ ਅਪਾਰ, ਅਪਰੰਪਰ ਸੁਆਮੀ ਦਏ
੬੬੯ ਵਡਿਆਈਆ । ਭੇਵ ਅਭੇਦਾ ਖੋਲ੍ਹੇ ਏਕੰਕਾਰ, ਅਕਲ ਕਲਧਾਰੀ ਕੀ ਦ੍ਰਿੜਾਈਆ । ਸਤਿਗੁਰ ਸ਼ਬਦ ਕੀ ਸੰਦੇਸ਼ਾ ਦੇਵੇ ਆਪਣੀ ਧਾਰ, ਧਰਨੀ ੬੬੯
੨੪ ਧਰਤ ਧਵਲ ਧੌਲ ਜਣਾਈਆ । ਵਕਤ ਸੁਹੇਲਾ ਸਤਾਰਾਂ ਹਾੜ ਹੋਵੇ ਅਗੰਮ ਅਪਾਰ, ਭਿੰਨੜੀ ਰੈਣ ਨਾਲ ਵਡਿਆਈਆ । ਪੁਰਖ ਅਕਾਲਾ ਦੀਨ ੨੪
ਦਿਆਲਾ ਪਾਵੇ ਸਾਰ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਹੁਕਮ ਸੰਦੇਸ਼ਾ ਧੁਰ ਫ਼ਰਮਾਨਾ ਆਵੇ ਵਾਰੋ ਵਾਰ, ਵਾਰਤਾ ਜੁਗ
ਚੌਕੜੀ ਨਾਲ ਮਿਲਾਈਆ । ਮਹਾਰਾਜ ਸ਼ੇਰ ਸਿੰਘ ਤਤਾਂ ਵਾਲਾ ਫੋਟੋ ਲਾਇਆ ਹੋਵੇ ਬਾਹਰ, ਸਿੰਘਾਸਣ ਸੰਗ ਸੰਗ ਸਮਝਾਈਆ । ਹਰਿ ਸੰਗਤ
ਖ਼ੁਸ਼ੀਆਂ ਭੇਟ ਕਰੇ ਨੈਣ ਮੀਟ ਕਰੇ ਨਿਮਸਕਾਰ, ਅੰਤਰ ਅੰਤਰ ਧਿਆਨ ਲਗਾਈਆ । ਵਕਤ ਸੁਹੰਜਣਾ ਕਰੇ ਆਪ ਕਰਤਾਰ, ਕ਼ੁਦਰਤ ਦਾ ਕ਼ਾਦਰ
ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ ।
ਫੋਟੋ ਕਹੇ ਮੇਰਾ ਤਨ ਵਜੂਦ ਨਹੀਂ ਸਰੀਰ, ਪਵਨ ਸਵਾਸ ਨਜ਼ਰ ਕੋਇ ਨਾ ਆਈਆ । ਮੇਰਾ ਰੂਪ ਅਨੂਪ ਗਹਿਰ ਗੰਭੀਰ, ਗਵਰ ਵਿਚ ਸਮਾਈਆ ।
ਮੰਜ਼ਲ ਚੋਟੀ ਚੜ੍ਹ ਅਖ਼ੀਰ, ਆਖ਼ਰ ਆਪਣਾ ਪੜਦਾ ਲਾਹੀਆ । ਅਵਤਾਰ ਪੈਗ਼ੰਬਰਾਂ ਗੁਰੂਆਂ ਦੇ ਕੇ ਧੀਰ, ਧਰਮ ਦੀ ਧਰਮ ਧਾਰ ਸਮਝਾਈਆ ।
ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਘਤ ਵਹੀਰ, ਖੇਲ ਖੇਲਿਆ ਵਾਹੋ ਦਾਹੀਆ । ਜਿਸ ਨੂੰ ਸਮਝੇ ਨਾ ਕੋਇ ਪੈਗ਼ੰਬਰ ਪੀਰ, ਫ਼ਿਕਰਿਆਂ ਵਿਚ
ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੀ ਕਰਨੀ ਕਾਰ ਕਮਾਈਆ । ਫੋਟੋ ਕਹੇ ਮੇਰਾ ਤਨ ਵਜੂਦ
ਨਹੀਂ ਮਾਟੀ ਖ਼ਾਕੀ, ਹਡ ਮਾਸ ਨਾੜੀ ਨਜ਼ਰ ਕੋਇ ਨਾ ਆਈਆ । ਨਿਰਗੁਣ ਧਾਰ ਨਿਰਵੈਰ ਮੇਰੀ ਚਾਲ ਰਖੀ ਬਾਂਕੀ, ਦੋ ਜਹਾਨਾਂ ਆਪਣਾ ਖੇਲ
ਖਿਲਾਈਆ । ਸ਼ਬਦੀ ਧਾਰ ਸ਼ਬਦੀ ਅਸਵਾਰ ਸ਼ਬਦ ਚੜ੍ਹਾਵੇ ਰਾਕੀ, ਰਾਕਬ ਆਪਣਾ ਖੇਲ ਵਖਾਈਆ । ਅੰਮ੍ਰਿਤ ਰਸ ਅੰਮਿਉਂ ਜਾਮ ਪਿਆ ਕੇ

ਸਾਕੀ, ਸਾਖਿਆਤ ਆਪਣਾ ਖੇਲ ਵਖਾਈਆ । ਤਨ ਵਜੂਦ ਸਰੀਰ ਬੇਨਜ਼ੀਰ ਕਰਕੇ ਪਾਕੀ, ਪਾਰਬ੍ਰਹਮ ਪ੍ਰਭ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਤਾਰਾਂ ਹਾੜ ਕਹੇ ਮੇਰੀਆਂ ਖ਼ੁਸ਼ੀਆਂ ਵਾਲੀਆਂ ਹੋਣ ਬਹਾਰਾਂ, ਸੋਹਣੀ ਵਜੇ ਵਧਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਹੋਵੇ ਜੈਕਾਰਾ, ਹਰਿ ਸੰਗਤ ਢੋਲੇ ਗਾਈਆ । ਗੁਰਮੁਖ ਖੜ੍ਹੇ ਹੋ ਕੇ ਸਤਾਰਾਂ ਸਤਾਰਾਂ, ਸਤਾਰਾਂ ਸਤਾਰਾਂ ਵੰਡ ਵੰਡਾਈਆ । ਵੇਰਵਾ ਨਹੀਂ ਕੋਈ ਪੁਰਖ ਨਾਰਾਂ, ਬਾਲ ਬਿਰਧ ਜੁਆਨ ਹਿੱਸਾ ਨਾ ਕੋਇ ਰਖਾਈਆ । ਚਰਨ ਕਵਲ ਕਰਨ ਸਰਬ ਨਿਮਸਕਾਰਾ, ਪੰਜ ਪਿਆਰੇ ਡੰਡਾਵਤ ਵਿਚ ਸੀਸ ਨਿਵਾਈਆ । ਪੰਜ ਦਰਬਾਰੀ ਇੱਕੀ ਲਾਵਣ ਜੈਕਾਰਾ, ਜੈ ਜੈਕਾਰ ਸੁਣਾਈਆ । ਪੰਜ ਲਿਖਾਰੀ ਮਸਤਕ ਧੂੜੀ ਲਾ ਕੇ ਛਾਰਾ, ਲੇਖਾ ਲਿਖਣ ਥਾਊਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਫੋਟੋ ਕਹੇ ਮੇਰਾ ਲੇਖਾ ਹੋਵੇ ਨਿਰਾਲਾ, ਨਿਰਾਕਾਰ ਦਏ ਵਡਿਆਈਆ । ਅਗਲਾ ਭੇਵ ਦੱਸਣਾ ਸੁਖਾਲਾ, ਸਹਿਜ ਸਹਿਜ ਸਹਿਜ ਨਾਲ ਜਣਾਈਆ । ਕਲਜੁਗ ਕੂੜਾ ਕਰਮ ਮੇਟ ਕੇ ਕਾਲਾ, ਕ਼ੁਦਰਤ ਕ਼ਾਦਰ ਰੰਗ ਰੰਗਾਈਆ । ਜਨ ਭਗਤਾਂ ਕਾਇਆ ਮੰਦਰ ਵੇਖ ਸਚੀ ਧਰਮਸਾਲਾ, ਦਰ ਠਾਂਢਾ ਇਕ ਸੁਹਾਈਆ । ਜੋ ਇਸ਼ਾਰਾ ਦੇ ਕੇ ਗਈ ਅਸ਼ਟਭੁਜ ਜਵਾਲਾ, ਸ਼ਸਤਰ ਧਾਰੀ ਸੀਸ ਨਿਵਾਈਆ । ਜਿਸ ਕਾਰਨ ਗੋਬਿੰਦ ਜੈਕਾਰਾ ਲਾਇਆ ਪੁਰਖ ਅਕਾਲਾ, ਅਕਲ ਕਲਧਾਰੀ ਖੇਲ ਖਿਲਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਰਗ ਇਕ ਦ੍ਰਿੜਾਈਆ । ਸਤਾਰਾਂ ਹਾੜ ਕਹੇ ਹਰਿਜਨ ਹਰਿਭਗਤ ਖ਼ੁਸ਼ੀਆਂ ਨਾਲ ਸੀਸ ਨਿਵਾਉਣਗੇ । ਅੰਤਰ ਅੰਤਰ ਢੋਲੇ ਗਾਉਣਗੇ । ਪਰਮ ਪੁਰਖ ਪਤਿਪਰਮੇਸ਼ਵਰ ਦਰਸ਼ਨ ਪਾਉਣਗੇ । ਧਰਮ ਦੀ ਧਰਮ ਧਾਰ ਰੀਤੀ ਸਚ ਦਰਸਾਉਣਗੇ । ਵਸਤ ਅਮੋਲਕ ਹਰਿਜਨ ਹਰਿ ਦਰ ਭੇਟ ਕਰਾਉਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਉਣਗੇ । ਫੋਟੋ ਕਹੇ ਮੈਂ ਆਖ਼ਰ ਦੇਵਾਂ ਸੰਦੇਸ਼ਾ, ਜਨ ਭਗਤਾਂ ਦਿਆਂ ਜਣਾਈਆ । ਤੁਹਾਡਾ ਮਾਲਕ ਇਕ ਨਰੇਸ਼ਾ, ਜੋਤੀ ਜਾਤਾ ਧੁਰਦਰਗਾਹੀਆ । ਜਿਸ ਦਾ ਵਖਰਾ ਹੋ ਗਿਆ ਵੇਸਾ, ਅਵੱਲਾ ਰੂਪ ਬਦਲਾਈਆ । ਅੰਦਰ ਵੜ ਕੇ ਗੋਬਿੰਦ ਦਸ ਦਸਮੇਸਾ, ਬੈਠਾ ਡੇਰਾ ਲਾਈਆ । ਜਿਥੇ ਅਗੇ ਸਦਾ ਰਹੇ ਹਮੇਸ਼ਾ, ਵਖਰੀ ਵੰਡ ਨਾ ਕੋਇ ਵੰਡਾਈਆ । ਨੌ ਖੰਡ ਪ੍ਰਿਥਮੀ ਦਏ ਸੰਦੇਸ਼ਾ, ਧੁਰ ਦਾ ਰਾਗ ਦ੍ਰਿੜਾਈਆ । ਸਤਿਜੁਗ ਦੀਨ ਦੁਨੀ ਸ੍ਰਿਸ਼ਟ ਸਬਾਈ ਹੋਵੇ ਧਾਰੀ ਕੇਸਾ, ਮੂੰਡ ਮੁੰਡਾਇਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸ਼ੇਰ ਸਿੰਘ ਕਹੇ ਮੈਂ ਹੋ ਕੇ ਦੱਸਣਾ ਸ਼ੇਰ, ਸ਼ਰਅ ਧਰਮ ਧਾਰ ਦ੍ਰਿੜਾਈਆ । ਸਤਿਗੁਰ ਸ਼ਬਦ ਬਣ ਦਲੇਰ, ਹੁਕਮ ਦੇਣਾ ਦ੍ਰਿੜਾਈਆ । ਗੋਬਿੰਦ ਧਾਰ ਵਸ ਕੇ ਨੇਰਨ ਨੇਰ, ਸਿੰਘ ਪੂਰਨ ਵਿਚ ਸਮਾਈਆ । ਪੂਰਨ ਸਿੰਘ ਦਾ ਲੇਖਾ ਨਾ ਜ਼ਬਰ ਰਹੇ ਨਾ ਜ਼ੇਰ, ਜੋਤੀ ਜਾਤਾ ਇਕੋ ਰੰਗ ਰੰਗਾਈਆ । ਧਰਮ ਦੀ ਧਾਰ ਹੋਵੇ ਕੇਹਰ, ਭਬਕ ਇਕੋ ਨਾਮ ਲਗਾਈਆ । ਨਵ ਸਤ ਨੂੰ ਕਰੇ ਢੇਰ, ਢੇਰੀ ਖ਼ਾਕ ਮਿਲਾਈਆ । ਜਨ ਭਗਤਾਂ ਕਰੇ ਮਿਹਰ, ਮਿਹਰ ਨਜ਼ਰ ਉਠਾਈਆ । ਏਕਾ ਰੰਗ ਰੰਗਾਏ ਗੁਰੂ ਗੁਰ ਚੇਰ, ਚੇਲਾ ਗੁਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ

ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਖ਼ੁਸ਼ੀਆਂ ਨਾਲ ਕਹੇ ਮੇਰਾ ਦਿਵਸ ਸੁਹਾਵਣਾ ਹੋਣਾ ਸਤਾਰਾਂ ਹਾੜਾ, ਢੋਲੇ ਗੀਤ ਗਾਈਆ । ਮੈਨੂੰ ਚਾੜ੍ਹਨਾ ਅਗੰਮੀ ਰੰਗ ਗਾੜ੍ਹਾ, ਉਤਰ ਕਦੇ ਨਾ ਜਾਈਆ । ਦਰਸ਼ਨ ਕਰਾਂ ਸਤਿਗੁਰ ਸ਼ਬਦ ਲਾੜਾ, ਨਿਰਗੁਣ ਧਾਰ ਵੇਖ ਵਖਾਈਆ । ਜਿਸ ਪੂਰਬ ਲਹਿਣਾ ਚੁਕਾਉਣਾ ਜੋ ਇਕ ਰੁਪਈਆ ਦੇ ਕੇ ਆਇਆ ਮਾਛੂਵਾੜਾ, ਪੂਰਬ ਰੰਗ ਰੰਗਾਈਆ । ਸੋ ਭਗਤਾਂ ਕੋਲੋਂ ਮੰਗੇ ਅਖ਼ੀਰੀ ਵਾੜਾ, ਧਰਮ ਦੀ ਧਾਰ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮਾਛੂਵਾੜਾ ਕਹੇ ਮੈਂ ਰਖਿਆ ਇਕ ਇਕ ਰੁਪਈਆ ਸੰਭਾਲ, ਸੰਮਤ ਸ਼ਹਿਨਸ਼ਾਹੀ ਪੂਰਬ ਨਾਲ ਮਿਲਾਈਆ । ਮੈਂ ਦਿਵਸ ਰੈਣ ਘਾਲਦਾ ਰਿਹਾ ਘਾਲ, ਭੱਜਿਆ ਵਾਹੋ ਦਾਹੀਆ । ਮੈਨੂੰ ਸਮਝ ਨਾ ਆਈ ਅਵਲੜੀ ਚਾਲ, ਕੀ ਖੇਲ ਕਰੇ ਧੁਰਦਰਗਾਹੀਆ । ਮੈਂ ਬੇਨੰਤੀ ਕੀਤੀ ਪੁਛਿਆ ਇਕ ਸਵਾਲ, ਨਿਵ ਨਿਵ ਸੀਸ ਨਿਵਾਈਆ । ਸਚ ਦੱਸ ਮੇਰੇ ਸੁਆਮੀਆ ਕਵਣ ਹੋਵੇ ਤੇਰੇ ਨਾਲ, ਕੀ ਤੇਰੀ ਵਡਿਆਈਆ । ਸ਼ਬਦੀ ਫ਼ਰਮਾਨਾ ਮਿਲਿਆ ਉਹ ਤਕ ਲੈ ਕੀ ਸੰਦੇਸ਼ਾ ਦੇਂਦਾ ਸਿੰਘ ਪਾਲ, ਬਿਨ ਅੱਖਾਂ ਅੱਖ ਉਠਾਈਆ । ਫੇਰ ਨਿਗਾਹ ਮਾਰ ਲੈ ਜੋਤੀ ਜਾਤਾ ਜਿਸ ਦਾ ਇਕ ਅਗੰਮਾ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਜਿਸ ਦੇ ਹੱਥ ਸ਼ਬਦ ਸ਼ਬਦ ਦੀ ਢਾਲ, ਖੰਡਾ ਗੋਬਿੰਦ ਗਿਆ ਬਦਲਾਈਆ । ਹੁਕਮੇ ਅੰਦਰ ਰਖ ਕਾਲ ਮਹਾਕਾਲ, ਸੰਦੇਸ਼ਾ ਦੇਵੇ ਥਾਉਂ ਥਾਈਂਆ । ਜੋ ਇਸ਼ਾਰਾ ਦਿਤਾ ਗੋਬਿੰਦ ਧਾਰ ਸਰ ਰਵਾਲ, ਰਵਾਲਸਰ ਦਾ ਲਹਿਣਾ ਝੋਲੀ ਪਾਈਆ । ਧਰਮ ਦਾ ਧਰਮ ਕਰੇ ਬਹਾਲ, ਕੁਕਰਮ ਦਾ ਕੁਕਰਮ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਮਾਛੂਵਾੜਾ ਕਹੇ ਮੈਨੂੰ ਇਕ ਰੁਪਈਆ ਮਿਲਿਆ ਦਾਦ, ਬਿਨ ਝੋਲੀ ਝੋਲੀ ਪਾਈਆ । ਮੈਂ ਭੇਵ ਖੁਲ੍ਹਾਵਾਂ ਸਤਾਰਾਂ ਹਾੜ ਦੀ ਰਾਤ, ਰੁਤੜੀ ਪ੍ਰਭ ਦੇ ਨਾਲ ਮਿਲਾਈਆ । ਬਿਨਾ ਜ਼ਬਾਨ ਤੋਂ ਕਰਾਂਗਾ ਬਾਤ, ਬਾਤਨ ਭੇਵ ਖੁਲ੍ਹਾਈਆ । ਜਨ ਭਗਤੋ ਕੀ ਤੁਹਾਡਾ ਨਾਤ, ਕੀ ਰਿਸ਼ਤਾ ਜਗਤ ਰਖਾਈਆ । ਕੀ ਲਹਿਣਾ ਦੇਣਾ ਕਮਲਾਪਾਤ, ਪਤਿਪਰਮੇਸ਼ਵਰ ਕੀ ਦੇਵੇ ਮਾਣ ਵਡਿਆਈਆ । ਕੀ ਜ਼ਿੰਦਗੀ ਹੋਵੇ ਹਯਾਤ, ਜੀਵਣ ਕਵਣ ਰੰਗ ਸਮਾਈਆ । ਕੀ ਲਹਿਣਾ ਦੇਣਾ ਲੇਖਾ ਕਾਗ਼ਜ਼ਾਤ, ਕ਼ਲਮ ਸ਼ਾਹੀ ਕੀ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਾਰਾਂ ਹਾੜ ਕਹੇ ਮੇਰੀ ਬੇਨੰਤੀ ਇਕ ਅਰਦਾਸ, ਪ੍ਰਭ ਸਰਨ ਸਰਨ ਸਰਨਾਈਆ । ਮੇਰੀ ਜੁਗ ਚੌਕੜੀ ਪੁਰਾਣੀ ਆਸ, ਆਹਿਸਤਾ ਆਹਿਸਤਾ ਪੂਰ ਦੇਣੀ ਕਰਾਈਆ । ਮੈਂ ਸੰਦੇਸ਼ਾ ਦੇਵਾਂ ਖ਼ਾਸ, ਖ਼ਾਲਸ ਧੁਰ ਦਾ ਹੁਕਮ ਸਮਝਾਈਆ । ਜਨ ਭਗਤੋ ਮੇਰੇ ਉਤੇ ਰਖਣਾ ਵਿਸ਼ਵਾਸ਼, ਵਿਸ਼ਵ ਦਾ ਰੰਗ ਇਕ ਰੰਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਾ ਫੋਟੋ ਧਰਿਆ ਹੋਵੇ ਉਤੇ ਪ੍ਰਿਥਮੀ ਉਤੋਂ ਵੇਖਣ ਸਾਰੇ ਆਕਾਸ਼, ਗਗਨ ਗਗਨ ਗਗਨ ਧਿਆਨ ਲਗਾਈਆ । ਹਰਿਜਨ ਭੇਟਾ ਕਰਨ ਲੱਗੇ ਕਰਨ ਅਰਦਾਸ, ਤੂੰ ਹੀ ਪਿਤਾ ਤੂੰ ਹੀ ਮਾਈਆ । ਪੰਚ ਲਿਖਾਰੀ ਲਿਖਣ ਪਾਤ, ਸੰਦੇਸ਼ਾ ਧੁਰ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪੰਜਾਂ ਲਿਖਾਰੀਆਂ ਕੋਲ ਦੋ ਪਾਸਿਉਂ ਕਲਮ ਹੋਵੇ ਇਕ ਇਕ ਘੜੀ, ਮੁਖੀ ਤਿੱਖੀ ਧਾਰ ਬਣਾਈਆ । ਤਿੰਨਾਂ ਉਂਗਲਾਂ ਵਿਚ ਹੋਵੇ ਫੜੀ, ਸੋਹਣੀ ਵੰਡ ਵੰਡਾਈਆ । ਕੋਲ ਰਖੀ ਹੋਵੇ ਇਕ ਇਕ ਪਾਣੀ ਦੀ ਘੜੀ, ਮਟਕੀ ਜਗਤ

ਜਣਾਈਆ । ਨਾਮ ਖ਼ੁਮਾਰੀ ਹੋਵੇ ਚੜ੍ਹੀ, ਮਸਤੀ ਵਿਚ ਸਮਾਈਆ । ਮਾਝਾ ਮਾਲਵਾ ਦੁਆਬਾ ਜੰਮੂ ਚਵਾਂ ਦੀ ਬਣੀ ਹੋਵੇ ਇਕ ਇਕ ਲੜੀ, ਸਤਾਰਾਂ ਸਤਾਰਾਂ ਸੋਭਾ ਪਾਈਆ । ਪੰਜਵੀਂ ਧਾਰ ਇਟਾਰਸੀ ਦਿੱਲੀ ਪੂਨਾ ਕਾਨਪੁਰ ਹੋਵੇ ਖੜੀ, ਆਪਣਾ ਰੰਗ ਵਖਾਈਆ । ਇਹ ਸੰਦੇਸ਼ਾ ਓਹ ਹੋਣਾ ਜਿਹੜਾ ਗੋਬਿੰਦ ਦਿਤਾ ਚਮਕੌਰ ਗੜ੍ਹੀ, ਇਕ ਰੁਪਈਆ ਆਪਣੀ ਜੇਬ ਵਿਚੋਂ ਬਾਹਰ ਕਢਾਈਆ । ਫੇਰ ਵੀ ਹਸ ਕੇ ਕਿਹਾ ਮੇਰੇ ਪੁਰਖ ਅਕਾਲਾ ਤੇਰੀ ਕਿਰਪਾ ਬੜੀ, ਅਤੋਟ ਅਤੁਟ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਗੜ੍ਹੀ ਚਮਕੌਰ ਕਹੇ ਜਨ ਭਗਤੋ ਇਕ ਰੁਪਈਆ ਗੋਬਿੰਦ ਵਾਲੀ ਦਾਤ, ਪੁਰਖ ਅਕਾਲ ਝੋਲੀ ਪਾਈਆ । ਜਿਹੜੀ ਮਾਛੂਵਾੜੇ ਪੁੱਜੀ ਸੁਗਾਤ, ਜੋਤੀ ਜਾਤਾ ਆਇਆ ਟਿਕਾਈਆ । ਉਸ ਦਾ ਲਹਿਣਾ ਦੇਣਾ ਤੁਹਾਨੂੰ ਮਿਲਣਾ ਸਤਾਰਾਂ ਹਾੜ ਦੀ ਰਾਤ, ਰੁਤੜੀ ਪ੍ਰਭ ਆਪਣੇ ਨਾਲ ਮਹਿਕਾਈਆ । ਤੁਹਾਡਾ ਹੋਣ ਨਾ ਦੇਵੇ ਘਾਟ, ਘਾਟੇ ਪਿਛਲੇ ਪੂਰ ਕਰਾਈਆ । ਤੁਹਾਡੀ ਪੰਧ ਮੇਟ ਕੇ ਵਾਟ, ਅਗਲਾ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਪੁਛੇ ਆਪੇ ਵਾਤ, ਵਾਰਸ ਹੋ ਕੇ ਵੇਖ ਵਖਾਈਆ ।



✪ ੧੭ ਹਾੜ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਵੇਲੇ ✪

੬੭੨ ੨੪

ਸਤਾਰਾਂ ਹਾੜ ਕਹੇ ਮੈਂ ਖ਼ੁਸ਼ੀਆਂ ਕਰਾਂ ਇਜ਼ਹਾਰ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਸ਼ਬਦ ਸੰਦੇਸ਼ ਸੁਣਾਵਾਂ ਪੈਗ਼ੰਬਰ ਗੁਰ ਅਵਤਾਰ, ਨਿਰਗੁਣ ਨਿਰਗੁਣ ਰੰਗ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਾਂ ਖ਼ਬਰਦਾਰ, ਧੁਰ ਦਾ ਹੁਕਮ ਹੁਕਮ ਸਮਝਾਈਆ । ਦੋ ਜਹਾਨਾਂ ਸੰਦੇਸ਼ਾ ਦੇਵਾਂ ਆਪਣੀ ਧਾਰ, ਧਰਨੀ ਧਰਤ ਧਵਲ ਧੌਲ ਨਾਮ ਸਤਿ ਸੁਣਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਕਰਾਂ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਚਾਰੇ ਖਾਣੀ ਕਰ ਹੁਸ਼ਿਆਰ, ਅੰਡਜ ਜੇਰਜ ਉਤਭੁਜ ਸੇਤਜ ਸੇਵ ਕਮਾਈਆ । ਮੇਰਾ ਵਕ਼ਤ ਸੁਹੰਜਣਾ ਮਾਤਲੋਕ ਵਿਚ ਸੰਸਾਰ, ਜ਼ਿਮੀਂ ਅਸਮਾਨ ਵੇਖਣ ਚਾਈਂ ਚਾਈਆ । ਸੰਮਤ ਸ਼ਹਿਨਸ਼ਾਹੀ ਗਿਆਰਾਂ ਮੇਰਾ ਕਰੇ ਸਤਿਕਾਰ, ਸਤਿ ਦਾ ਮਾਲਕ ਦੇਵੇ ਮਾਣ ਵਡਿਆਈਆ । ਮੇਰੇ ਅੰਤਰ ਨਿਰੰਤਰ ਬਖ਼ਸ਼ੀ ਅਗੰਮ ਵਿਚਾਰ, ਬਿਨਾ ਜ਼ਬਾਨ ਦਿਤੀ ਸੁਣਾਈਆ । ਮੈਂ ਉੱਤਰ ਪੂਰਬ ਪੱਛਮ ਦੱਖਣ ਨਿਗਾਹ ਲਈ ਮਾਰ, ਚਾਰੋਂ ਕੁੰਟ ਅੱਖ ਉਠਾਈਆ । ਜਿਧਰ ਤਕਾਂ ਵੇਖਾਂ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਧਰਮ ਦਾ ਦਿਸੇ ਨਾ ਕੋਈ ਮੀਤ ਮੁਰਾਰ, ਸਾਜਣ ਸੰਗ ਨਾ ਕੋਇ ਨਿਭਾਈਆ । ਮਾਨਵ ਜ਼ਾਤੀ ਵੇਖੀ ਹਾਹਾਕਾਰ, ਧੀਰਜ ਧੀਰ ਨਾ ਕੋਇ ਧਰਾਈਆ । ਫਿਰ ਬਿਨ ਨੇਤਰਾਂ ਮੈਂ ਨਿਗਾਹ ਲਈ ਮਾਰ, ਬਿਨ ਅੱਖਾਂ ਅੱਖ ਉਠਾਈਆ । ਖੇਲ ਵੇਖਿਆ ਅਗੰਮ ਅਪਾਰ, ਅਲਖ ਅਗੋਚਰ ਕੀ ਦ੍ਰਿੜ੍ਹਾਈਆ । ਮੈਂ ਬਿਨਾ ਬੁੱਧੀ ਤੋਂ ਹੋਇਆ ਹੁਸ਼ਿਆਰ, ਬਿਨਾ ਅਕਲ ਲਈ ਅੰਗੜਾਈਆ । ਬਿਨਾ ਸਰਵਣਾਂ ਸੁਣੀ ਪੁਕਾਰ, ਬਿਨ ਨੇਤਰਾਂ ਰਾਹ ਤਕਾਈਆ । ਮੇਰੇ ਅੰਤਰ ਨਿਰੰਤਰ ਆਇਆ ਅਗੰਮ ਪਿਆਰ, ਪ੍ਰੇਮ ਪ੍ਰੇਮ ਵਿਚੋਂ ਪਰਗਟਾਈਆ । ਮੇਰਾ ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਮੀਤ ਮੁਰਾਰ, ਸਾਜਣ ਸਜਣੂਆ ਇਕ ਅਖਵਾਈਆ । ਮੈਂ ਉਸ

ਨੂੰ ਨਿਵ ਨਿਵ ਕਰਾਂ ਨਿਮਸਕਾਰ, ਡੰਡਾਵਤ ਵਿਚ ਸੀਸ ਝੁਕਾਈਆ । ਝਟ ਸਤਿਗੁਰ ਸ਼ਬਦ ਮੈਨੂੰ ਹਲੂਣਾ ਦਿਤਾ ਮਾਰ, ਜ਼ੋਰ ਨਾਲ ਹਿਲਾਈਆ । ਸਤਾਰਾਂ ਹਾੜ੍ਹ ਉਠ ਵੇਖ ਖੇਲ ਉਸ ਕਰਤਾਰ, ਜੋ ਕਰਨੀ ਦਾ ਕਰਤਾ ਇਕ ਅਖਵਾਈਆ । ਜਿਸ ਤੇਰਾ ਲਹਿਣਾ ਦੇਣਾ ਪੂਰਾ ਕਰਨਾ ਉਦਾਰ, ਪੂਰਬ ਲਹਿਣਾ ਝੋਲੀ ਪਾਈਆ । ਜੁਗ ਚੌਕੜੀ ਸਭ ਦੇ ਕ਼ਰਜ਼ ਰਿਹਾ ਉਤਾਰ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਜਿਸ ਤੇਰਾ ਦੁਆਰ ਸੁਹੰਜਣਾ ਕੀਤਾ ਬਖ਼ਸ਼ਿਆ ਸਚ ਪਿਆਰ, ਪ੍ਰੀਤਮ ਹੋ ਕੇ ਪ੍ਰੇਮ ਬਣਾਈਆ । ਉਸ ਦੇ ਦਰ ਬਣ ਭਿਖਾਰ, ਮਾਂਗਤ ਹੋ ਕੇ ਝੋਲੀ ਡਾਹੀਆ । ਉਹ ਦੇਵਣਹਾਰ ਦਾਤਾਰ, ਧੁਰ ਦਰਗਾਹੀ ਇਕ ਅਖਵਾਈਆ । ਜਿਸ ਨੇ ਭਗਤ ਸੁਹੇਲੇ ਕੀਤੇ ਤਿਆਰ, ਤ੍ਰੈਗੁਣ ਅਤੀਤੇ ਆਪਣੀ ਦਇਆ ਕਮਾਈਆ । ਇਕੱਠੇ ਕਰ ਵਰਨ ਬਰਨ ਸ਼ੱਤਰੀ ਬ੍ਰਹਮਣ ਸ਼ੂਦਰ ਵੈਸ਼ ਚੂੜ੍ਹੇ ਚਮਿਆਰ, ਚੰਮ ਦ੍ਰਿਸ਼ਟੀ ਦਿਤੀ ਬਦਲਾਈਆ । ਅੰਤਸ਼ਕਰਨ ਵੇਖੇ ਨਿਗਾਹ ਮਾਰ, ਬਿਨ ਨੈਣਾਂ ਨੈਣ ਉਠਾਈਆ । ਜਿਸ ਦਾ ਹੁਕਮ ਸੰਦੇਸ਼ਾ ਗ੍ਰੰਥ ਸ਼ਾਸਤਰਾਂ ਬਾਹਰ, ਭੇਵ ਅਭੇਦ ਆਪ ਚੁਕਾਈਆ । ਇਕੋ ਰੰਗ ਰੰਗਾਏ ਪੁਰਖ ਨਾਰ, ਇਸਤਰੀ ਮਰਦ ਵੰਡ ਨਾ ਕੋਇ ਵੰਡਾਈਆ । ਇਕੋ ਗ੍ਰਿਹਿ ਬਖ਼ਸ਼ ਦਰਬਾਰ, ਧੁਰ ਦਰਬਾਰਾ ਇਕ ਸੁਹਾਈਆ । ਇਕੋ ਨਾਮ ਸ਼ਬਦ ਜੈਕਾਰ, ਕਲਮਾ ਇਕ ਦ੍ਰਿੜਾਈਆ । ਇਕੋ ਧਾਮ ਸੁਹੰਜਣਾ ਕਰ ਤਿਆਰ, ਤ੍ਰੈਗੁਣ ਅਤੀਤਾ ਵੇਖ ਵਖਾਈਆ । ਸੋ ਪੁਰਖ ਅਕਾਲਾ ਪਾਵਣਹਾਰਾ ਸਾਰ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਸਤਾਰਾਂ ਹਾੜ ਕਹੇ ਮੈਂ ਮਸਤਕ ਧੂੜੀ ਲਾਵਾਂ ਛਾਰ, ਟਿੱਕਾ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਸਤਾਰਾਂ ਹਾੜ ਜਗਤ ਬਣੀਂ ਨਾ ਮੂਲ ਨਿਮਾਣਾ, ੬੭੩ ੨੪ ਬਲਹੀਣ ਨਾ ਰੂਪ ਵਖਾਈਆ । ਤੇਰਾ ਮਾਲਕ ਸ਼ਾਹੋ ਇਕੋ ਭੂਪ ਰਾਣਾ, ਦੋ ਜਹਾਨਾਂ ਇਕ ਅਖਵਾਈਆ । ਜਿਸ ਦਾ ਨਾਮ ਸੰਦੇਸ਼ ਕਲਮਾ ਫ਼ਰਮਾਨਾ, ਧੁਰ ਦੀ ਧਾਰ ਧਾਰ ਪਰਗਟਾਈਆ । ਉਹ ਵੇਖੇ ਖੇਲ ਮਹਾਨਾ, ਖ਼ਾਲਕ ਖ਼ਲਕ ਧਿਆਨ ਲਗਾਈਆ । ਜਿਸ ਦਾ ਸਭ ਤੋਂ ਵਖਰਾ ਗਾਣਾ, ਚਾਰ ਜੁਗ ਤੋਂ ਬਾਹਰ ਆਪਣੀ ਖੇਲ ਖਿਲਾਈਆ । ਸੋ ਤੈਨੂੰ ਆਪਣੇ ਦਰ ਕਰੇ ਪਰਵਾਨਾ, ਦਰੇ ਦਰਬਾਰ ਦਏ ਵਡਿਆਈਆ । ਸਤਾਰਾਂ ਹਾੜ ਹੋਏ ਪਰਧਾਨਾ, ਜੁਗ ਚੌਕੜੀ ਤੇਰੀ ਵਜੇ ਵਧਾਈਆ । ਤੇਰਾ ਮਾਲਕ ਇਕ ਨੁਰਾਨਾ, ਨੂਰ ਨੁਰਾਨਾ ਨਜ਼ਰੀ ਆਈਆ । ਮਸਤੀ ਵਿਚ ਕਰੇ ਦੀਵਾਨਾ, ਖ਼ੁਮਾਰੀ ਆਪਣੀ ਨਾਮ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਹਾੜ ਸਤਾਰਾਂ ਕਹੇ ਸਤਿਗੁਰ ਸ਼ਬਦ ਮੈਂ ਧਿਆਨ ਧਰਿਆ, ਧਰਨੀ ਉਤੇ ਵੇਖ ਵਖਾਈਆ । ਮੇਰਾ ਸਤਿਗੁਰੂ ਕਦੇ ਨਾ ਮਰਿਆ, ਮਰਨ ਵਿਚ ਕਦੇ ਨਾ ਆਈਆ । ਜਿਸ ਦਾ ਚਰਨ ਸਰੋਵਰ ਸਰਿਆ, ਅੰਮ੍ਰਿਤ ਮੇਘ ਬਰਸਾਈਆ । ਜਿਸ ਨੇ ਖੇਲ ਅਗੰਮਾ ਕਰਿਆ, ਕਰਨੀ ਦਾ ਕਰਤਾ ਕਾਰ ਕਮਾਈਆ । ਮੈਂ ਭੈ ਵਿਚ ਰਿਹਾ ਡਰਿਆ, ਭਉ ਆਪਣੇ ਸੀਸ ਜਣਾਈਆ । ਤੇਰੇ ਸਚ ਦੁਆਰੇ ਖਰਿਆ, ਕਹਿ ਕੇ ਦਿਆਂ ਸੁਣਾਈਆ । ਨੂਰ ਨੁਰਾਨਾ ਸ਼ਾਹ ਸੁਲਤਾਨਾ ਸਦ ਵਸੇ ਆਪਣੇ ਘਰਿਆ, ਗ੍ਰਿਹਿ ਮੰਦਰ ਸੋਭਾ ਪਾਈਆ । ਜਿਸ ਨੇ ਲੱਖ ਚੁਰਾਸੀ ਆਤਮ ਪਰਮਾਤਮ ਵਰਿਆ, ਪਰਮਾਤਮ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਤਾਰਾਂ ਹਾੜ ਕਹੇ ਮੇਰਾ ਵਕ਼ਤ ਸੁਹਾਵਾ ਕੀਤਾ, ਕਰਤੇ ਪੁਰਖ ਦਿਤੀ ਵਡਿਆਈਆ । ਮੈਂ ਕੀ ਦੱਸਾਂ ਪਿਛਲਾ ਕੀਤਾ, ਜੁਗ ਚੌਕੜੀ ਧਿਆਨ ਲਗਾਈਆ ।

ਮੇਰੀਆਂ ਸਾਹਿਬ ਨਾਲ ਲੱਗੀਆਂ ਪ੍ਰੀਤਾਂ, ਪ੍ਰੀਤਮ ਦਿਤੀ ਮਾਣ ਵਡਿਆਈਆ । ਤ੍ਰੈਗੁਣ ਤੋਂ ਹੋ ਅਤੀਤਾ, ਤ੍ਰੈਭਵਣ ਧਨੀ ਨਾਲ ਮਿਲ ਕੇ ਵਜੇ ਵਧਾਈਆ । ਮੇਰਾ ਅੰਤਸ਼ਕਰਨ ਹੋਇਆ ਠਾਂਡਾ ਸੀਤਾ, ਅਗਨੀ ਤਤ ਤਤ ਬੁਝਾਈਆ । ਮੈਂ ਹੈਰਾਨ ਹੋਵਾਂ ਕਿਸ ਬਿਧ ਮੇਰਾ ਸਾਹਿਬ ਨਵੀਂ ਚਲਾਏ ਰੀਤਾ, ਜਿਸ ਦੀ ਸਮਝ ਕਿਛ ਨਾ ਆਈਆ । ਝਗੜਾ ਰਹੇ ਨਾ ਮੰਦਰ ਮਸੀਤਾ, ਕਾਅਬਿਆਂ ਵੰਡ ਨਾ ਕੋਇ ਵੰਡਾਈਆ । ਅਠਾਰਾਂ ਬਰਨਾਂ ਦੀ ਇਕੋ ਧਰਮ ਧਾਰ ਦੀ ਹੋਵੇ ਰੀਤਾ, ਗੋਬਿੰਦ ਢੋਲਾ ਸਹਿਜ ਸੁਭਾਈਆ । ਸਭ ਦੀ ਅੰਦਰੋਂ ਬਦਲੇ ਨੀਤਾ, ਨੀਤੀਵਾਨ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਮੈਂ ਇਕ ਸੱਤ ਦੀ ਧਾਰ, ਸਤਿਗੁਰ ਦਿਤੀ ਮਾਣ ਵਡਿਆਈਆ । ਮੈਂ ਵੇਖਿਆ ਜਗਤ ਸੰਸਾਰ, ਸੰਸਾ ਅੰਦਰ ਰਿਹਾ ਨਾ ਰਾਈਆ । ਮੈਂ ਖ਼ੁਸ਼ੀਆਂ ਵਿਚ ਕਰਾਂ ਇਜ਼ਹਾਰ, ਭੇਵ ਖੁਲ੍ਹਾਵਾਂ ਚਾਈਂ ਚਾਈਆ । ਕਿਰਪਾ ਕਰਨੀ ਆਪ ਕਰਤਾਰ, ਕ਼ੁਦਰਤ ਦੇ ਕ਼ਾਦਰ ਦੇਣੀ ਵਡਿਆਈਆ । ਮੇਰਾ ਲਹਿਣਾ ਦੇਣਾ ਜਗਤ ਤੋਂ ਬਾਹਰ, ਦੀਨ ਦੁਨੀ ਨਾ ਸੰਗ ਰਖਾਈਆ । ਮੇਰਾ ਮੇਲਾ ਹੋਵੇ ਹਰਿ ਭਗਤਾਂ ਹਰਿ ਭਗਤ ਦੁਆਰ, ਦੂਜਾ ਸੰਗ ਨਾ ਕੋਇ ਨਿਭਾਈਆ । ਤੂੰ ਸ਼ਾਹੋ ਭੂਪ ਸਿਕਦਾਰ, ਸ਼ਹਿਨਸ਼ਾਹ ਤੇਰੀ ਵਡਿਆਈਆ । ਸਤਾਰਾਂ ਹਾੜ ਕਹੇ ਮੈਂ ਜਾਵਾਂ ਬਲਿਹਾਰ, ਬਲ ਬਲ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਸਤਾਰਾਂ ਹਾੜ ਕਹੇ ਮੇਰਾ ਲੇਖਾ ਇਕ ਸੱਤ, ਸਤਿ ਸਤਿਵਾਦੀਓ ਦਿਆਂ ਜਣਾਈਆ । ਪ੍ਰਭ ਨੇ ਦਿਤੀ ਬ੍ਰਹਮ ਮਤਿ, ਮਨ ਮਤਿ ਦਾ ਡੇਰਾ ਢਾਹੀਆ । ਸਚ ਪ੍ਰੀਤ ਜੋੜ ਕੇ ਨਤ, ਨਾਤਵਾਂ ਆਪਣਾ ਰੰਗ ਰੰਗਾਈਆ । ਬੀਜ ਬੀਜੇ ਧਰਮ ਦੇ ਵੱਤ, ਪੱਤ ਟਹਿਣੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਮੇਰਾ ਹੁਕਮ ਪ੍ਰੇਮ ਫ਼ਰਮਾਨ, ਫੁਰਨਿਆਂ ਬਾਹਰ ਜਣਾਈਆ । ਸੁਣਨਾ ਲਾ ਕੇ ਕਾਨ, ਹਾੜ ਸਤਾਰਾਂ ਰਿਹਾ ਸਮਝਾਈਆ । ਮੇਰਾ ਰੂਪ ਸਦਾ ਨੌਜਵਾਨ, ਜੋਬਨਵੰਤਾ ਇਕ ਅਖਵਾਈਆ । ਮੇਰਾ ਲਹਿਣਾ ਦੇਣਾ ਨਾਲ ਲੱਖ ਚੁਰਾਸੀ ਗੋਪੀ ਜਗਤ ਜਹਾਨ, ਜਾਗਰਤ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਸੁਣਾਈਆ । ਸਤਾਰਾਂ ਹਾੜ ਕਹੇ ਮੈਂ ਖ਼ੁਸ਼ੀਆਂ ਢੋਲੇ ਗਾਵਾਂ, ਗੁਣ ਭਗਤਾਂ ਨਾਲ ਮਿਲਾਈਆ । ਮੇਰਾ ਵਕਤ ਸੁਹੰਜਣਾ ਭਰਿਆ ਚਾਵਾਂ, ਚਾਉ ਘਨੇਰਾ ਇਕ ਦ੍ਰਿੜਾਈਆ । ਮੈਂ ਅਵਤਾਰ ਪੈਗ਼ੰਬਰਾਂ ਗੁਰੂਆਂ ਰਾਹ ਤਕਾਵਾਂ, ਵੇਖਾਂ ਨੈਣ ਉਠਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਇਸ਼ਾਰਾ ਦੇਵਾਂ ਬਿਨਾ ਬਾਹਵਾਂ, ਸੈਨਤ ਨਜ਼ਰ ਕਿਸੇ ਨਾ ਆਈਆ । ਇਕੋ ਗੀਤ ਗੋਬਿੰਦ ਗਾਵਾਂ, ਦੂਸਰ ਅਵਰ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਸਤਾਰਾਂ ਹਾੜ ਨੌਂ ਸੌ ਚਰਾਨਮੇ ਚੌਕੜੀ ਜੁਗ ਪਿਛਲਾ ਕਰ ਲੈ ਚੇਤਾ, ਚੇਤਨ ਹੋ ਕੇ ਵੇਖ ਵਖਾਈਆ । ਜਿਸ ਵਿਚ ਮੰਨਿਆ ਇਕੋ ਨੇਤਾ, ਦੂਜਾ ਨਜ਼ਰ ਕੋਇ ਨਾ ਆਈਆ । ਸੰਮਤ ਸ਼ਹਿਨਸ਼ਾਹੀ ਗਿਆਰਾਂ ਖੋਲ੍ਹ ਦੇ ਭੇਤਾ, ਪਰਦਾ ਰਹੇ ਨਾ ਰਾਈਆ । ਉਹ ਵਕਤ ਸੁਹਾਵਾ ਦੱਸ ਦੇ ਜਿਸ ਵੇਲੇ ਬ੍ਰਹਮੇ ਤੇਰੇ ਨਾਲ ਕੀਤਾ ਹੇਤਾ, ਸ਼ੰਕਰ ਖ਼ੁਸ਼ੀ ਬਣਾਈਆ । ਵਿਸ਼ਨੂੰ ਪਿਆਰ ਵਿਚ ਲੇਟਾ, ਸਿੰਘਾਸਣ ਜਗਤ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਾਰਾਂ ਹਾੜ ਕਹੇ ਸਤਿਗੁਰ ਸ਼ਬਦ ਤੈਥੋਂ ਬਲਿਹਾਰੀ, ਬਲ ਬਲ ਆਪਣਾ ਆਪ ਕਰਾਈਆ । ਧੰਨ ਭਾਗ ਜੇ ਮੇਰੀ ਆਈ ਵਾਰੀ, ਵਾਰਸ ਹੋ ਕੇ ਪ੍ਰਭੂ ਦਏ ਵਡਿਆਈਆ । ਮੇਰੀ ਇਕੋ ਕੂਕ ਪੁਕਾਰੀ, ਬਿਨ ਰਸਨਾ ਦਿਆਂ ਸੁਣਾਈਆ । ਮੇਰੇ ਸ਼ਾਹੋ ਭੂਪ ਸਿਕਦਾਰੀ, ਤੇਰੇ ਹੱਥ ਵਡਿਆਈਆ । ਕੁੰਡਾ ਖੋਲ੍ਹ ਦੇ ਬੰਦ ਕਿਵਾੜੀ, ਪਰਦਾ ਰਹਿਣ ਕੋਇ ਨਾ ਪਾਈਆ । ਸਚਖੰਡ ਦੁਆਰ ਤੇਰਾ ਨਿੱਕੀ ਜਿਹੀ ਵਾੜੀ, ਬਹੁਤੀ ਵੰਡ ਨਾ ਕੋਇ ਵੰਡਾਈਆ । ਕੀ ਖੇਲ ਕਰਨਾ ਅਗੇ ਅਗਾੜੀ, ਮੈਨੂੰ ਦੇ ਸਮਝਾਈਆ । ਜੋ ਇਸ਼ਾਰਾ ਕੀਤਾ ਦੁਰਗਾ ਅਸ਼ਟਭੁਜ ਵਿਚ ਉਜਾੜੀ, ਸਿੰਘ ਸ਼ੇਰ ਸ਼ੇਰ ਅਸਵਾਰ ਹੋ ਕੇ ਗਈ ਸੁਣਾਈਆ । ਸ਼ੰਕਰ ਕੂਕ ਕਹੇ ਉਤੇ ਪਹਾੜੀ, ਧੁਰ ਦਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਤਾਰਾਂ ਹਾੜ ਕਹੇ ਸਤਿਗੁਰੂ, ਗੁਰਦੇਵ ਮੇਰੇ ਪਿਆਰਿਆ । ਕਿਥੋਂ ਮੇਰਾ ਹਾਲ ਹੁੰਦਾ ਸ਼ੁਰੂ, ਸ਼ਹਿਨਸ਼ਾਹ ਦੇ ਆਪ ਉਚਾਰਿਆ । ਕਿਸ ਬਿਧ ਅਗਲਾ ਮਾਰਗ ਤੁਰੂ, ਤੁਰਤ ਆਪ ਸਮਝਾ ਲਿਆ । ਕਵਣ ਧਾਰ ਮੋੜਾ ਮੁੜੂ, ਮੋਹਰ ਨਾਮ ਵਾਲੀ ਲਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾ ਲਿਆ । ਸਤਿਗੁਰ ਸ਼ਬਦ ਕਿਹਾ ਸਤਾਰਾਂ ਹਾੜ ਤੇਰਾ ਲੇਖਾ ਦੱਸਾਂ ਖੋਲ੍ਹ, ਬਿਨ ਗ੍ਰੰਥ ਸ਼ਾਸਤਰ ਜਣਾਈਆ । ਤੂੰ ਮੇਰਾ ਮੈਂ ਤੇਰਾ ਵਿਸ਼ਨ ਬ੍ਰਹਮੇ ਸ਼ਿਵ ਪਹਿਲੀ ਵਾਰ ਸੰਸਾਰ ਵਿਚ ਬੋਲਿਆ ਬੋਲ, ਥਿਤ
੬੭੫ ਤੇਰੀ ਨਾਲ ਵਡਿਆਈਆ । ਬ੍ਰਹਮੇ ਅੰਮ੍ਰਿਤ ਧਾਰਾ ਕੱਢਕੇ ਆਪਣੇ ਵਿਚੋਂ ਨਾਭ ਕੌਲ, ਕਵਲ ਕਵਲ ਕਵਲ ਦਰਸਾਈਆ । ਵਿਸ਼ਨ ਬਣ ਕੇ ਪਾਂਧਾ ੬੭੫
੨੪ ਰੌਲ, ਭੇਵ ਦਿਤਾ ਸਮਝਾਈਆ । ਸ਼ੰਕਰ ਲੰਮਾ ਪੈ ਕੇ ਉਤੇ ਧੌਲ, ਧਰਨੀ ਖ਼ਾਕ ਰਮਾਈਆ । ਪੁਰਖ ਅਕਾਲ ਫੇਰ ਆ ਗਿਆ ਕੋਲ, ਬਿਨ ਕ਼ਦਮਾਂ ੨੪
ਪੰਧ ਮੁਕਾਈਆ । ਜੋਤੀ ਧਾਰਾ ਗਿਆ ਮੌਲ, ਰੂਪ ਰੰਗ ਰੇਖ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਸਤਾਰਾਂ ਹਾੜ ਤੇਈ ਅਵਤਾਰਾਂ ਤੇਰਾ ਦਿਵਸ ਮਨਾਇਆ, ਮਨ ਮਨਸਾ ਦੂਰ ਕਰਾਈਆ । ਸਭ ਨੇ ਇਕੋ ਢੋਲਾ ਗਾਇਆ, ਤੂੰ ਮੇਰਾ ਮੈਂ ਤੇਰਾ ਰਾਗ ਦ੍ਰਿੜਾਈਆ । ਪੁਰਖ ਅਕਾਲੇ ਆਪਣਾ ਭੇਵ ਚੁਕਾਇਆ, ਜੁਗ ਜੁਗ ਸਮਝਾਈਆ । ਸੋਹਣਾ ਰੰਗ ਰੰਗਾਇਆ, ਉਤਰ ਕਦੇ ਨਾ ਜਾਈਆ । ਰੂਪ ਅਨੂਪ ਵਖਾਇਆ, ਬਿਨ ਤਤਾਂ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਾਰਾਂ ਹਾੜ ਕਹੇ ਸਤਿਗੁਰ ਸ਼ਬਦ ਮੇਰੀ ਕਿਹੜੀ ਆਸ, ਮੈਨੂੰ ਦੇ ਸਮਝਾਈਆ । ਝਟ ਸ਼ਬਦੀ ਧਾਰ ਆਈ ਉਠ ਵੇਖ ਅਗੰਮੀ ਪਰਕਾਸ਼, ਨੂਰ ਨੁਰਾਨਾ ਨੂਰ ਅਲਾਹੀਆ । ਨਿਗਾਹ ਮਾਰ ਪ੍ਰਿਥਮੀ ਆਕਾਸ਼, ਦੋ ਜਹਾਨਾਂ ਖੋਜ ਖੁਜਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਤ੍ਰੈਗੁਣ ਮਾਇਆ ਦੀ ਖੇਲਣ ਲੱਗੇ ਤਾਸ਼, ਪੱਤਾ ਪੱਤਾ ਵਖ ਵਖ ਵਖਾਈਆ । ਝਟ ਕੋਲ ਆਇਆ ਪੁਰਖ ਅਬਿਨਾਸ਼, ਆਪ ਆਪਣਾ ਰੂਪ ਦਰਸਾਈਆ । ਫੇਰ ਹਲੂਣਾ ਦਿਤਾ ਸ਼ੰਕਰ ਉਤੋਂ ਕੈਲਾਸ਼, ਧਰਨੀ ਉਤੋਂ ਸੁਟਾਈਆ । ਬ੍ਰਹਮੇ ਆਉਣਾ ਕੋਲ ਬਿਨਾ ਸਵਾਸ, ਬਿਨ ਰਸਨਾ ਰਸ ਹਿਲਾਈਆ । ਵਿਸ਼ਨੂੰ ਤੂੰ ਵੀ ਸੁਣ ਲੈ ਖ਼ਾਸ, ਖ਼ਾਹਿਸ਼ ਦਿਆਂ ਦ੍ਰਿੜਾਈਆ । ਸਤਿਗੁਰ ਸ਼ਬਦ ਹੋਵੇ ਧਰਵਾਸ, ਦੋ ਜਹਾਨਾਂ ਰੰਗ ਰੰਗਾਈਆ । ਜੋ ਬਿਨਾ ਤਨ ਵਜੂਦ ਰਹੇ ਲਾਸ਼, ਲਸ਼ਕਰ ਸੰਗ ਨਾ ਕੋਇ ਰਖਾਈਆ । ਜਿਸ

ਨੂੰ ਕਰ ਸਕੇ ਨਾ ਕੋਇ ਤਲਾਸ਼, ਖੋਜਿਆਂ ਹੱਥ ਕਿਸੇ ਨਾ ਆਈਆ । ਉਹ ਮੇਰਾ ਖੇਲੇ ਖੇਲ ਤਮਾਸ਼, ਦੋ ਜਹਾਨਾਂ ਖੇਲ ਖਿਲਾਈਆ । ਮੈਂ ਉਹਨੂੰ ਸਦਾ ਦੇਵਾਂ ਸ਼ਾਬਾਸ਼, ਸਿਰ ਸਿਰ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਹਾੜ ਸਤਾਰਾਂ ਵਿਸ਼ਨ ਬ੍ਰਹਮਾ ਸ਼ਿਵ ਤਿੰਨਾਂ ਦਾ ਪ੍ਰਭੂ ਨਾਲ ਹੋਇਆ ਮਿਲਾਪ, ਫਿਰ ਤੇਰੀ ਵਜੀ ਵਧਾਈਆ । ਚੌਹਾਂ ਨੇ ਇਕੋ ਗਾਇਆ ਜਾਪ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਉਸ ਵੇਲੇ ਵਕ਼ਤ ਦੁਨੀ ਦਾ ਸਤਾਰਾਂ ਹਾੜ ਦੀ ਰਾਤ, ਰੁਤੜੀ ਬਿਨਾ ਜਗਤ ਮਹਿਕਾਈਆ । ਚਾਰੇ ਬੈਠ ਜੋਤ ਧਾਰ ਇਕਾਂਤ, ਵਿਸ਼ਨ ਬ੍ਰਹਮਾ ਸ਼ਿਵ ਸੰਗ ਬਣਾਈਆ । ਨਿਗਾਹ ਮਾਰ ਲੋਕਮਾਤ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਫੇਰ ਸਤਿਗੁਰ ਸ਼ਬਦ ਕਹੇ ਮੈਂ ਨਿੱਕੀ ਜਿਹੀ ਪੁਛੀ ਬਾਤ, ਸਹਿਜ ਨਾਲ ਸੁਣਾਈਆ । ਮੇਰੇ ਸਾਹਿਬ ਸੁਆਮੀ ਅੰਤਰਜਾਮੀ ਤੇਰਾ ਖੇਲ ਦਿਸੇ ਬਹੁਭਾਂਤ, ਅੰਤ ਕਹਿਣ ਕਿਛ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਤਿੰਨਾਂ ਕੀਤੀ ਅਰਦਾਸ, ਪ੍ਰਭ ਅਗੇ ਸੀਸ ਨਿਵਾਈਆ । ਤੂੰ ਸਾਹਿਬ ਸਾਡਾ ਅਬਿਨਾਸ਼, ਕਰਨੀ ਦਾ ਕਰਤਾ ਇਕ ਅਖਵਾਈਆ । ਬੇਸ਼ਕ ਮੇਰਾ ਲਹਿਣਾ ਦੇਣਾ ਉਤੇ ਕੈਲਾਸ਼, ਪਰਬਤਾਂ ਸੋਭਾ ਪਾਈਆ । ਜੋ ਉਪਜੇ ਸੋ ਕਰਨਾ ਨਾਸ, ਦੀਨ ਦੁਨੀ ਰਹਿਣ ਕੋਇ ਨਾ ਪਾਈਆ । ਵਿਸ਼ਨੂੰ ਕਹੇ ਮੈਂ ਦੇਵਣਹਾਰਾ ਧਰਵਾਸ, ਘਰ ਘਰ ਵੇਖ ਵਖਾਈਆ । ਬ੍ਰਹਮਾ ਕਹੇ ਮੈਂ ਪਾਉਂਦਾ ਰਹਵਾਂ ਰਾਸ, ਉਤਪਤੀ ਜਗਤ ਵਾਲੀ ਕਰਾਈਆ । ਝਟ ਸਤਿਗੁਰ ਸ਼ਬਦ ਕਿਹਾ ਕੀ ਮੇਰਾ ਖੇਲ ਤਮਾਸ਼, ਮੈਨੂੰ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਖਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਪਰਮ ਪੁਰਖ ਸਾਡੀ ਕਿਹੜੀ ਧਾਰ, ਨਿਰਵੈਰ ਦੇ ਸੁਣਾਈਆ । ਜੋਤੀ ਜਾਤੇ ਕੀਤਾ ਖ਼ਬਰਦਾਰ, ਭੇਵ ਅਭੇਦ ਖੁਲ੍ਹਾਈਆ । ਤੁਸੀਂ ਹੁਕਮੇ ਅੰਦਰ ਰਹਿਣਾ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਮੈਂ ਖੇਲ ਖੇਲਾਂ ਵਾਰੋ ਵਾਰ, ਜੋਤੀ ਜਾਤਾ ਹੋ ਕੇ ਵੇਸ ਵਟਾਈਆ । ਰੂਪ ਧਰਾਂ ਆਪਣਾ ਅਪਰ ਅਪਾਰ, ਅਪਰੰਪਰ ਆਪਣੀ ਖੇਲ ਖਿਲਾਈਆ । ਤਨ ਵਜੂਦ ਕਰਾਂ ਸ਼ਿੰਗਾਰ, ਅਵਤਾਰ ਤੇਈ ਰੂਪ ਪਰਗਟਾਈਆ । ਪੈਗ਼ੰਬਰਾਂ ਨੂਰ ਕਰਾਂ ਉਜਿਆਰ, ਮੂਸਾ ਈਸਾ ਮੁਹੰਮਦ ਸੰਗ ਬਣਾਈਆ । ਸਤਿਗੁਰ ਸ਼ਬਦ ਕਰ ਪਿਆਰ, ਨਾਨਕ ਗੋਬਿੰਦ ਖੇਲ ਖਿਲਾਈਆ । ਅੰਤਮ ਸਭ ਦੇ ਲਹਿਣੇ ਦੇਣੇ ਲਵਾਂ ਵਿਚਾਰ, ਵਿਚਰਨ ਦੀ ਲੋੜ ਰਹੀ ਨਾ ਰਾਈਆ । ਪੰਜਾਂ ਤਤਾਂ ਵੰਡ ਵੰਡਾ ਵਿਚ ਸੰਸਾਰ, ਹੁਕਮ ਹੁਕਮ ਵਿਚੋਂ ਬਦਲਾਈਆ । ਮੇਰਾ ਆਦਿ ਅੰਤ ਨਾ ਪਾਰਾਵਾਰ, ਬੇਅੰਤ ਕਹਿ ਕੇ ਸਾਰੇ ਗਾਈਆ । ਨਾਮ ਕਲਮੇ ਦੱਸ ਵਿਚ ਸੰਸਾਰ, ਗ੍ਰੰਥ ਸ਼ਾਸਤਰਾਂ ਰੰਗ ਰੰਗਾਈਆ । ਜੁਗ ਚੌਕੜੀ ਕਰਕੇ ਪਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਖੇਲ ਵਖਾਈਆ । ਨਿਹਕਲੰਕਾ ਲਏ ਅਵਤਾਰ ਕਲ ਕਲਕੀ ਰੂਪ ਪਰਗਟਾਈਆ । ਹਾੜ ਸਤਾਰਾਂ ਤੇਰੀ ਵੇਖਾਂ ਗੁਲਸ਼ਨ ਬਹਾਰ, ਪੱਤ ਟਹਿਣੀ ਫੋਲ ਫੁਲਾਈਆ । ਨਵ ਸੱਤ ਹੋਣਾ ਧੂੰਆਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਮਾਨਸ ਮਾਨਵ ਮਾਨੁਖ ਸਾਰੇ ਕਰਨ ਵਿਭਚਾਰ, ਕੁਕਰਮਾਂ ਭਰੀ ਲੋਕਾਈਆ । ਚਾਰ ਜੁਗ ਦੇ ਸ਼ਾਸਤਰ ਪਾਵਣਹਾਰ ਸਾਰ, ਕੂੜ ਕਿਰਿਆ ਨਾ ਕੋਇ ਮਿਟਾਈਆ । ਗੁਰ ਅਵਤਾਰ ਪੈਗ਼ੰਬਰ ਮਿਲੇ ਨਾ ਕੋਈ ਵਿਚ ਸੰਸਾਰ, ਸਤਿ ਦੁਆਰ ਨਾ ਕੋਇ ਦਰਸਾਈਆ । ਦੀਨ ਮਜ਼੍ਹਬ ਵਰਨ ਬਰਨ ਨਵ ਸੱਤ ਹੋਵੇ ਹੰਕਾਰ, ਹੰਕਾਰੀ ਗੜ੍ਹ

੬੭੬
੨੪

੬੭੭ ੨੪

ਨਾ ਕੋਇ ਤੁੜਾਈਆ । ਉਸ ਵੇਲੇ ਖੇਲ ਕਰਾਂ ਅਪਾਰ, ਅਪਰੰਪਰ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਾਰਾਂ ਹਾੜ ਤੇਰਾ ਇਕ ਇਕ ਦਾ ਹੋਵੇ ਮੇਲਾ, ਸ਼ਹਿਨਸ਼ਾਹੀ ਸੰਮਤ ਨਾਲ ਮਿਲਾਈਆ । ਜੋਤ ਧਾਰ ਦਾ ਸਤਿਗੁਰ ਸ਼ਬਦ ਹੋਵੇ ਚੇਲਾ, ਜਗਤ ਤਤ ਨਾ ਵੰਡ ਵੰਡਾਈਆ । ਸੰਬਲ ਵਸੇ ਧਾਮ ਨਵੇਲਾ, ਗ੍ਰਿਹ ਮੰਦਰ ਇਕ ਸੁਹਾਈਆ । ਉਸ ਵੇਲੇ ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਬਣੇ ਸੱਜਣ ਸੁਹੇਲਾ, ਦੂਜਾ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਝਟ ਸਤਿਗੁਰ ਸ਼ਬਦ ਨੇ ਸਤਾਰਾਂ ਹਾੜ ਤੇਰੇ ਪਿਆਰ ਦੀਆਂ ਨਿਸ਼ਾਨੀਆਂ ਲਾਈਆਂ, ਜਗਤ ਪਿਆਰ ਨਜ਼ਰ ਕਿਸੇ ਨਾ ਆਈਆ । ਬਿਨਾ ਸ਼ਹਾਦਤਾਂ ਸ਼ਹਾਦਤਾਂ ਪਾਈਆਂ, ਆਪ ਆਪਣਾ ਹੁਕਮ ਵਰਤਾਈਆ । ਬਿਨਾ ਇਕਾਈਆਂ ਬਦਲ ਦਿਤੀਆਂ ਦਹਾਈਆਂ, ਆਪਣੇ ਰੰਗ ਨਾ ਕੋਇ ਰੰਗਾਈਆ । ਬਿਨਾ ਅੱਖੀਆਂ ਤੋਂ ਅੱਖੀਆਂ ਉਠਾਈਆਂ, ਬਿਨਾ ਨੈਣਾਂ ਨੈਣ ਤਕਾਈਆ । ਫੇਰ ਖ਼ੁਸ਼ੀ ਵਿਚ ਦਿਤੀਆਂ ਦੁਹਾਈਆਂ, ਬਿਨਾ ਬੋਲ ਬੋਲ ਸੁਣਾਈਆ । ਕੇਤੇ ਜੁਗ ਚੌਕੜੀਆਂ ਹੋਈਆਂ ਪਰਾਈਆਂ, ਆਪਣਾ ਪੰਧ ਮੁਕਾਈਆ । ਪ੍ਰਭ ਦਾ ਖੇਲ ਹੋਣਾ ਦਾਈ ਦਾਈਆਂ, ਸੋਹਣੀ ਵੰਡ ਵੰਡਾਈਆ । ਲੱਖ ਚੁਰਾਸੀ ਹੋਣੀਆਂ ਰੁਸ਼ਨਾਈਆਂ, ਨੂਰ ਨੁਰਾਨਾ ਡਗਮਗਾਈਆ । ਗੁਰ ਅਵਤਾਰ ਪੈਗ਼ੰਬਰਾਂ ਮਿਲਣੀਆਂ ਵਧਾਈਆਂ, ਖ਼ੁਸ਼ੀਆਂ ਢੋਲੇ ਗਾਈਆ । ਨਾਮ ਕਲਮਿਆਂ ਹੋਈਆਂ ਚਤੁਰਾਈਆਂ, ਅੱਖਰਾਂ ਨਾਲ ਅੱਖਰ ਸਿਫ਼ਤ ਸਲਾਹੀਆ । ਸਤਿਜੁਗ ਤ੍ਰੇਤਾ ਦੁਆਪਰ ਬਣ ਰੁਤਾਂ ਲੰਘਣੀਆਂ ਵਾਹੋ ਦਾਹੀਆਂ, ਪਾਂਧੀ ਪੰਧ ਮੁਕਾਈਆ । ਕਲਜੁਗ ਅੰਤਮ ਹੋਣੀਆਂ ਅੰਧੇਰੀਆਂ ਛਾਈਆਂ, ਨੂਰੀ ਚੰਦ ਨਾ ਕੋਇ ਚਮਕਾਈਆ । ਸਭ ਨੇ ਢੇਰੀਆਂ ਹੋਣੀਆਂ ਢਾਹੀਆਂ, ਹੌਸਲਾ ਸਕੇ ਨਾ ਕੋਇ ਰਖਾਈਆ । ਉਹ ਵਕਤ ਸੁਹੰਜਣਾ ਕਰੇ ਮੇਰਾ ਮਾਹੀਆ, ਮਹਿਬੂਬ ਨੂਰ ਅਲਾਹੀਆ । ਜਿਸ ਦੀਆਂ ਸ਼ਹਾਦਤਾਂ ਅਵਤਾਰ ਪੈਗ਼ੰਬਰ ਗੁਰ ਦੇਵਣ ਥਾਉਂ ਥਾਈਂਆ, ਤੇਰੇ ਦੁਆਰੇ ਆਪ ਦਰਸਾਈਆ । ਉਸ ਵੇਲੇ ਸਭ ਦੀਆਂ ਵਸਤੂਆਂ ਹੋਣ ਪਰਾਈਆਂ, ਮਾਲਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਿਹਾ ਮੇਰਾ ਖੇਲ ਹੋਣਾ ਅਪਾਰ, ਅਪਰੰਪਰ ਰਿਹਾ ਜਣਾਈਆ । ਤੇਰਾ ਤਤ ਹੋਣਾ ਉਜਿਆਰ, ਪੰਚਾਂ ਰੰਗ ਰੰਗਾਈਆ । ਤ੍ਰੈਗੁਣ ਮਾਇਆ ਭਰਾਂ ਭੰਡਾਰ, ਸੋਹਣੀ ਖੇਲ ਖਿਲਾਈਆ । ਰੂਪ ਧਰਾਂ ਤੇਈ ਅਵਤਾਰ, ਅਵਤਰ ਹੋ ਕੇ ਅੰਦਰ ਡੇਰਾ ਲਾਈਆ । ਜੋਤ ਨੂਰ ਕਰਾਂ ਉਜਿਆਰ, ਪੈਗ਼ੰਬਰਾਂ ਵਿਚ ਸਮਾਈਆ । ਗੁਰੂਆਂ ਦੇ ਸ਼ਬਦ ਦੀ ਧਾਰ, ਧਰਨੀ ਉਤੇ ਵਡਿਆਈਆ । ਅੰਤਮ ਹੋ ਕੇ ਆਵਾਂ ਕਲ ਕਲਕੀ ਅਵਤਾਰ, ਦੂਜਾ ਨਜ਼ਰ ਕੋਇ ਨਾ ਆਈਆ । ਤਨ ਵਜੂਦਾ ਕਰਾਂ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਮੇਰਾ ਰੂਪ ਨਾ ਪੁਰਖ ਨਾ ਨਾਰ, ਇਸਤਰੀ ਮਰਦ ਨਾ ਵੰਡ ਵੰਡਾਈਆ । ਚਾਰ ਜੁਗ ਦੇ ਸ਼ਾਸਤਰ ਕਰਕੇ ਜਾਣ ਇਜ਼ਹਾਰ, ਸਿਫ਼ਤਾਂ ਸਿਫ਼ਤ ਸਲਾਹੀਆ । ਪੇਸ਼ੀਨਗੋਈਆਂ ਕਰਨ ਪੁਕਾਰ, ਕੂਕ ਕੂਕ ਸੁਣਾਈਆ । ਮੇਰਾ ਖੇਲ ਹੋਵੇ ਅਪਾਰ, ਅਪਰੰਪਰ ਸੁਆਮੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਤਿਗੁਰ ਸ਼ਬਦ ਕਿਹਾ ਵਿਸ਼ਨ ਬ੍ਰਹਮਾ ਸ਼ਿਵ ਬਿਨ ਤਨ ਵਜੂਦੋਂ ਜਾਣਾ ਲੇਟ, ਲਿਟਾਂ ਨਜ਼ਰ ਕੋਇ ਨਾ ਆਈਆ । ਨਾਲੇ ਖ਼ਾਲੀ ਵਜਾਓ ਪੇਟ, ਬਿਨ

ਹੱਥਾਂ ਹੱਥ ਲਗਾਈਆ । ਇਕ ਪੁਰਖ ਅਕਾਲ ਦੀ ਰਖੋ ਟੇਕ, ਤੁਹਾਨੂੰ ਦਿਆਂ ਸਮਝਾਈਆ । ਤੁਹਾਡਾ ਲੇਖਾ ਹੋਣਾ ਪਤਾ ਨਹੀਂ ਕੇਤੇ ਕੇਤ, ਕੇਤੇ ਰੂਪ ਬਦਲਾਈਆ । ਮੇਰਾ ਸਤਿਗੁਰ ਸ਼ਬਦ ਦਾ ਕਰਨਾ ਹੇਤ, ਹਿਤਕਾਰੀਓ ਦਿਆਂ ਸਮਝਾਈਆ । ਮੈਂ ਸ਼ਹਿਨਸ਼ਾਹ ਹੋਵਾਂ ਕਿ ਸਭ ਦਾ ਨੇਤ, ਨੇਤਰ ਨਜ਼ਰ ਕਿਸੇ ਨਾ ਆਈਆ । ਸੰਸਾਰੀਆਂ ਭੰਡਾਰੀਆਂ ਸੰਘਾਰੀਆਂ ਮੈਂ ਸਭ ਨੂੰ ਕਰਾਂ ਖੇਤ, ਖੇਤਰ ਮੇਰਾ ਸਮਝ ਕੋਇ ਨਾ ਆਈਆ । ਥੋੜਾ ਜਿਹਾ ਤੁਹਾਨੂੰ ਦੱਸਾਂ ਭੇਤ, ਅੰਤਰ ਵੜ ਕੇ ਦਿਆਂ ਸਮਝਾਈਆ । ਮੈਂ ਨਾ ਕਿਸੇ ਦਾ ਬੇਟਾ ਤੇ ਨਾ ਹੋਵਾਂ ਬੇਟ, ਗੋਦੀ ਚੁਕ ਨਾ ਕੋਇ ਖਿਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਝਟ ਵਿਸ਼ਨ ਬ੍ਰਹਮਾ ਸ਼ਿਵ ਗਏ ਲਿਟ, ਲਿਟਾਂ ਨਜ਼ਰ ਕੋਇ ਨਾ ਆਈਆ । ਕਿਉਂ ਇਕੋ ਧਾਰ ਵਿਚ ਗਏ ਟਿਕ, ਧੂੜੀ ਮਸਤਕ ਖ਼ਾਕ ਰਮਾਈਆ । ਝਟ ਸਤਿਗੁਰ ਸ਼ਬਦ ਨੇ ਬਿਨ ਅੱਖਰਾਂ ਤੋਂ ਦਿਤੀ ਚਿਟ, ਚਿੱਟੇ ਉਤੇ ਕਾਲਾ ਨਜ਼ਰ ਕੋਇ ਨਾ ਆਈਆ । ਤਿੰਨੇ ਵੇਖਣ ਬਿਟ ਬਿਟ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਿਹਾ ਵਿਸ਼ਨ ਬ੍ਰਹਮਾ ਸ਼ਿਵ ਹੋਵੋ ਖ਼ਬਰਦਾਰ, ਆਪਣੀ ਲਉ ਅੰਗੜਾਈਆ । ਮੇਰਾ ਖੇਲ ਤਕਣਾ ਵਿਚ ਸੰਸਾਰ, ਸਤਿਗੁਰ ਸ਼ਬਦ ਸ਼ਬਦ ਜਣਾਈਆ । ਮੈਂ ਰੂਪ ਬਦਲਾਂ ਵਾਰੋ ਵਾਰ, ਨਿਰਗੁਣ ਸਰਗੁਣ ਆਪਣਾ ਵੇਸ ਵਟਾਈਆ । ਆਪਣਾ ਨਾਮ ਸਮਝਾ ਕੇ ਪੈਗ਼ੰਬਰ ਗੁਰ ਅਵਤਾਰ, ਤਤਾਂ ਰੰਗ ਰੰਗਾਈਆ । ਸ਼ਬਦ ਦੀ ਮਹਿੰਮਾ ਕਰ ਅਪਾਰ, ਗ੍ਰੰਥ ਸ਼ਾਸਤਰ ਦਿਆਂ ਬਣਾਈਆ । ਦੀਨਾਂ ਮਜ਼੍ਹਬਾਂ ਦੇ ਖੋਲ੍ਹ ਹੱਟ ਬਾਜ਼ਾਰ, ਤੂੰ ਮੇਰਾ ਮੈਂ ਤੇਰਾ ਨਾਮ ਕਲਮੇ ਜ਼ਬਾਨਾਂ ਉਤੇ ਵਿਕਾਈਆ । ਖੰਡੇ ਖੜਗ ਫੜ ਤਲਵਾਰ, ਤੀਰ ਕਮਾਨਾਂ ਨਾਲ ਕਰਾਂ ਲੜਾਈਆ । ਸ਼ੱਤਰੀ ਬ੍ਰਹਮਣ ਸ਼ੂਦਰ ਵੈਸ਼ ਮੇਰੀ ਪਾਵੇ ਕੋਈ ਨਾ ਸਾਰ, ਦੀਨ ਦੁਨੀ ਸਮਝ ਕਿਛ ਨਾ ਪਾਈਆ । ਆਪੇ ਅੰਦਰ ਆਪੇ ਹੋਵਾਂ ਬਾਹਰ, ਗੁਪਤ ਜ਼ਾਹਰ ਆਪਣੀ ਖੇਲ ਖਿਲਾਈਆ । ਨਾਲੇ ਸਤਿਗੁਰ ਸ਼ਬਦ ਨੇ ਇਕ ਦੋ ਤਿੰਨ ਚਾਰ ਵਾਰ ਕਿਹਾ ਲਲਕਾਰ, ਚਾਰੋਂ ਕੁੰਟ ਸਭ ਨੂੰ ਦਿਤਾ ਭੁਆਈਆ । ਬਿਨਾ ਅੱਖੀਆਂ ਤੋਂ ਨੂਰ ਜੋਤ ਹੋਇਆ ਦੀਦਾਰ, ਸਨਮੁਖ ਸਭ ਦੇ ਨਜ਼ਰੀ ਆਈਆ । ਤਨ ਵਜੂਦ ਸਾਰੇ ਦਿਸਣ ਛਾਰ, ਅਵਤਾਰ ਪੈਗ਼ੰਬਰ ਗੁਰ ਅੰਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਝਟ ਵਿਸ਼ਨ ਬ੍ਰਹਮੇ ਸ਼ਿਵ ਮੰਗੀਆਂ ਮੰਗਾਂ, ਮਾਂਗਤ ਹੋ ਕੇ ਝੋਲੀ ਡਾਹੀਆ । ਸਤਿਗੁਰ ਸ਼ਬਦ ਕਿਹਾ ਸੋ ਪੁਰਖ ਨਿਰੰਜਣ ਜਿਸ ਦੀ ਮੰਜ਼ਲ ਕੋਈ ਨਾ ਲੰਘਾ, ਹਰਿ ਪੁਰਖ ਨਿਰੰਜਣ ਬੇਪਰਵਾਹੀਆ । ਏਕੰਕਾਰਾ ਜੋ ਦੇਵਣਹਾਰ ਅਨੰਦਾ, ਆਦਿ ਨਿਰੰਜਣ ਨੂਰ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਸੂਰਾ ਸਰਬੰਗਾ, ਸ੍ਰੀ ਭਗਵਾਨ ਅਗੰਮ ਅਥਾਹੀਆ । ਪਾਰਬ੍ਰਹਮ ਆਪ ਆਪਣੇ ਸੰਗਾ, ਦੂਸਰ ਓਟ ਨਾ ਕੋਇ ਤਕਾਈਆ । ਫੇਰ ਹਸ ਕੇ ਕਿਹਾ ਵਿਸ਼ਨ ਬ੍ਰਹਮਾ ਸ਼ਿਵ ਉਏ ਬੱਚੂ ਮੇਰਾ ਜਦੋਂ ਅੰਤ ਹੋਇਆ ਤੇ ਕੋਲ ਹੋਏਗਾ ਸੱਤਰੰਗ ਦਾ ਡੰਡਾ, ਡੰਡਾਵਤ ਸਭ ਦੀ ਦਏ ਬਦਲਾਈਆ । ਨਾ ਕੋਈ ਭੇਖ ਰਹੇ ਨਾ ਪਾਖੰਡਾ, ਕੂੜੀ ਕਿਰਿਆ ਕਰੇ ਸਫ਼ਾਈਆ । ਜਗਤ ਜਹਾਨ ਵੇਖੇ ਦੀਨ ਦੁਨੀ ਦੀਆਂ ਕੰਧਾਂ, ਜ਼ਿਮੀਂ ਅਸਮਾਨਾਂ ਖੋਜ ਖੁਜਾਈਆ । ਉਸ ਵੇਲੇ ਜੋਤ ਦੀ ਧਾਰ ਸ਼ਬਦ ਦਾ ਸਵਾਂਗ ਤਨ ਵਜੂਦ ਹੋਵੇਗਾ ਤਤਾਂ ਪੰਜਾਂ ਵਾਲਾ ਬੰਦਾ, ਬੰਦਗੀ ਵਿਚ ਮੁਸ਼ੰਦਗੀ ਨਾ ਕੋਇ ਰਖਾਈਆ । ਜਿਸ ਦਾ ਪਿਆਰ ਹੋਵੇ ਠੰਡਾ, ਅਗਨੀ ਤਤ ਦਏ ਬੁਝਾਈਆ । ਜੋਤੀ

੬੭੮ ੨੪

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਝਟ ਵਿਸ਼ਨ ਬ੍ਰਹਮਾ ਸ਼ਿਵ ਬਿਨ ਹੱਥਾਂ ਹੱਥ ਜੋੜੇ, ਬਿਨ ਸੀਸ ਸੀਸ ਨਿਵਾਈਆ । ਬਿਨ ਅੱਖਰਾਂ ਗਾਏ ਦੋਹਰੇ, ਬਿਨ ਰਸਨਾ ਢੋਲੇ ਗਾਈਆ । ਬਿਨ ਅਸਵ ਚੜ੍ਹੇ ਘੋੜੇ, ਭੱਜੇ ਵਾਹੋ ਦਾਹੀਆ । ਬ੍ਰਹਿਮੰਡ ਖੰਡ ਪੁਰੀ ਆਕਾਸ਼ ਸਾਰੇ ਦੌੜੇ, ਲੋਆਂ ਪੁਰੀਆਂ ਵੇਖ ਵਖਾਈਆ । ਜਿਧਰ ਤਕਿਆ ਉਧਰ ਪ੍ਰਭੂ ਦੀ ਲੋੜੇ, ਬਿਨਾ ਪ੍ਰਭੂ ਤੋਂ ਸ੍ਰਿਸ਼ਟੀ ਕੰਮ ਕਿਸੇ ਨਾ ਆਈਆ । ਫੇਰ ਤਿੰਨੇ ਬਿਨ ਕ਼ਦਮਾਂ ਤੋਂ ਪ੍ਰਭੂ ਦੇ ਚਰਨ ਤੇ ਝਾੜਨ ਜੋੜੇ, ਆਪਣੀ ਸੇਵ ਕਮਾਈਆ । ਸਤਿਗੁਰ ਸ਼ਬਦ ਕਿਹਾ ਉਹ ਨੌ ਸੌ ਚੁਰਾਨਵੇ ਚੌਕੜੀ ਜੁਗ ਬਚੂਓ ਤੁਹਾਡੇ ਵਾਸਤੇ ਥੋੜੇ, ਥੋੜਾ ਸਮਾਂ ਥੋੜੇ ਵਿਚੋਂ ਦਿਆਂ ਲੰਘਾਈਆ । ਉਹ ਵੇਖੋ ਜਗਤ ਜਹਾਨ ਧਾਰ ਦੀ ਵਿਦਿਆ ਤੇ ਸੱਸੇ ਉਤੇ ਹੋੜੇ, ਹੋੜੇ ਨਾਲ ਹਾਹੇ ਦੀ ਟਿੱਪੀ, ਟਿੱਪੀ ਦੇ ਵਿਚੋਂ ਟੀਕਾ ਟਿਪਣੀ ਵਾਲੇ ਸਾਰੇ ਦਿਆਂ ਮਿਟਾਈਆ । ਫੇਰ ਮੇਰੀ ਧਾਰ ਹੋਵੇ ਆਤਮਾ ਪਰਮਾਤਮਾ ਪਰਮਾਤਮਾ ਆਤਮਾ ਦੀ ਇਕੋ ਪੱਟੀ ਹੋਵੇ ਲਿਖੀ, ਅੰਤ ਪਟਨੇ ਵਾਲਾ ਲੇਖਾ ਦੇਵੇ ਪਾਈਆ । ਪਰ ਯਾਦ ਰਖਿਓ ਸਭ ਨੂੰ ਭਰਨੀ ਪੈਣੀ ਚੱਟੀ, ਪੁਰਾਤਨ ਚੇਟਕ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਕਿਹਾ ਸਤਿਗੁਰ ਸ਼ਬਦ ਕੀ ਕਰਦਾ ਅੱਜ ਦੀ ਲਈ ਵਾਰ ਥਿਤ, ਪਰ ਬਗ਼ੈਰ ਕ਼ਲਮ ਸ਼ਾਹੀ ਲੇਖ ਬਣਾਈਆ । ਨਾਲੇ ਪਈ ਤੂੰ ਸਾਡਾ ਬਣਿਆ ਰਹੀਂ ਮਿਤ, ਮਿਤਰਾ ਤੇਰੀ ਆਸ ਰਖਾਈਆ । ਸਾਡਾ ਕਿਹੜਾ ਚਿਤ, ਚਿਤ ਠਗੌਰੀ ਰਹੇ ਨਾ ਰਾਈਆ । ਅਸੀਂ ਚਾਹੁੰਦੇ ਅਸੀਂ ਸਦਾ ਇਕੱਠੇ ਰਹੀਏ ਨਿਤ, ਨਵਿਤ ਖੇਲ ਖੇਲੀਏ ਚਾਈਂ ਚਾਈਂਆ । ਕਿਉਂ ਸਾਡਾ ਸਭ ਦਾ ਇਕੋ ਪਿਤ, ਪੁਰਖ ਅਕਾਲ ਕਹਿ ਕੇ ਜਿਸ ਨੂੰ ਲਈਏ ਗਾਈਆ । ਪਰ ਇਕ ਗੱਲ ਯਾਦ ਆਉਂਦੀ ਜੇ ਉਸ ਨੇ ਅਗੇ ਜਾਂਦਿਆਂ ਜਾਂਦਿਆਂ ਦੀਨ ਦੁਨੀ ਵਿਚ ਮਜ਼੍ਹਬਾਂ ਦੀ ਪਾ ਦੇਣੀ ਵਿਥ, ਵਿਤਕਰੇ ਵਿਚ ਕਰਨੀ ਖ਼ਲਕ ਖ਼ੁਦਾਈਆ । ਕਿਸੇ ਨੂੰ ਪੱਥਰਾਂ ਉਤੇ ਕਿਸੇ ਨੂੰ ਪੂਜਾ ਲਾ ਦੇਣੀ ਇੱਟ, ਪਾਹਿਨਾਂ ਉਤੇ ਸੀਸ ਦੇਣੇ ਰਗੜਾਈਆ । ਝਟ ਸਤਿਗੁਰ ਸ਼ਬਦ ਨੇ ਉਸੇ ਵੇਲੇ ਵਿਸ਼ਨ ਬ੍ਰਹਮਾ ਸ਼ਿਵ ਨੂੰ ਬਿਨ ਅੱਖਰਾਂ ਤੋਂ ਲਿਖ ਕੇ ਦਿਤੀ ਚਿਟ, ਬਿਨ ਹੱਥਾਂ ਹੱਥ ਫੜਾਈਆ । ਤੁਸੀਂ ਸਾਵਧਾਨ ਹੋ ਕੇ ਜਾਣਾ ਟਿਕ, ਟਿਕਟਿਕੀ ਇਕੋ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਸਤਿਗੁਰ ਸ਼ਬਦ ਦੇ ਅਗੇ ਕੀਤੀ ਅਰਜ਼ੋਈ, ਬੇਨੰਤੀ ਦਿਤੀ ਸੁਣਾਈਆ । ਸਤਿਗੁਰ ਸ਼ਬਦ ਨੇ ਕਿਹਾ ਓ ਮਿਤਰੋ ਏਸ ਵਕ਼ਤ ਨੂੰ ਜਾਣੇ ਕੋਈ, ਸਮਝਣ ਵਾਲਾ ਸਮਝ ਕੋਇ ਨਾ ਆਈਆ । ਜਿਸ ਦੀ ਧਾਰ ਇਕ ਤੋਂ ਹੋਣੀ ਦੋਈ, ਨਿਰਗੁਣ ਸਰਗੁਣ ਰੂਪ ਜਣਾਈਆ । ਜਿਸ ਦੇ ਪਿਆਰ ਵਿਚ ਤੁਹਾਡੀ ਆਸ਼ਾ ਜਾਣੀ ਮੋਹੀ, ਮੁਹੱਬਤ ਵਿਚ ਤੁਸੀਂ ਸਾਰੇ ਜਾਓ ਸਮਾਈਆ । ਉਸ ਦੀ ਲੜੀ ਵਿਚ ਆਤਮ ਧਾਰ ਜਾਏ ਪਰੋਈ, ਪਰਮਾਤਮ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਕਿਹਾ ਜਿਸ ਵੇਲੇ ਮੈਂ ਧਰਿਆ ਰੂਪ ਤੇਈ ਅਵਤਾਰ, ਤ੍ਰੈਗੁਣ ਅਤੀਤਾ ਹੋ ਕੇ ਖੇਲ ਖਿਲਾਈਆ । ਗ੍ਰੰਥ ਸ਼ਾਸਤਰ ਮੇਰੀ ਮਹਿੰਮਾ ਦੇ ਗੁਣ ਕ਼ਲਮ ਸ਼ਾਹੀ ਦਏ ਉਚਾਰ, ਅੱਖਰ ਅੱਖਰਾਂ ਨਾਲ ਜੁੜਾਈਆ । ਪਰ ਫੇਰ ਵੀ ਮੈਂ ਸਭ ਤੋਂ ਵਸਾਂ ਬਾਹਰ, ਜੋਤੀ ਜਾਤਾ ਹੋ ਕੇ ਆਪਣੇ ਆਸਣ ਡੇਰਾ ਲਾਈਆ । ਮੇਰਾ ਨੂਰ ਮੇਰਾ ਜ਼ਹੂਰ ਜੋ ਕਿਸੇ

ਦੇ ਆਵੇ ਨਾ ਅਖ਼ਤਿਆਰ, ਮੁਖ਼ਤਿਆਰ ਵੇਖਣ ਕੋਇ ਨਾ ਪਾਈਆ । ਉਹ ਵਿਸ਼ਨ ਬ੍ਰਹਮਾ ਸ਼ਿਵ ਤੁਸੀਂ ਤਿੰਨੇ ਮੇਰੀ ਨਿੱਕੀ ਜਿਹੀ ਗੁਲਜ਼ਾਰ, ਤੇ
ਗੁਲਸ਼ਨ ਦੇ ਬੂਟੇ ਦਿਤੇ ਲਗਾਈਆ । ਤ੍ਰੈਗੁਣ ਮਾਇਆ ਦੀ ਦਾਤ ਤੁਹਾਡੀ ਝੋਲੀ ਦੇਣੀ ਡਾਰ, ਰਜੋ ਤਮੋਂ ਸਤੋ ਤੁਹਾਡੇ ਨਾਲ ਮਿਲਾਈਆ । ਪੰਜ
ਤਤ ਤੁਹਾਨੂੰ ਬਖ਼ਸ਼ ਦੇਣੀ ਬਹਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸੋਹਣਾ ਸੰਗ ਬਣਾਈਆ । ਚਾਰੇ ਖਾਣੀ ਦੇ ਅਧਾਰ, ਅੰਡਜ ਜੇਰਜ ਉਤਭੁਜ
ਸੇਤਜ ਵੰਡ ਵੰਡਾਈਆ । ਫੇਰ ਲੱਖ ਚੁਰਾਸੀ ਦਾ ਤੁਸੀਂ ਆਪਣਾ ਤਿਆਰ ਕਰਿਓ ਘਰ ਬਾਹਰ, ਸੋਹਣਾ ਰੰਗ ਰੰਗਾਈਆ । ਫੇਰ ਮੈਂ ਇਕ ਹੋਰ
ਖੇਲ ਦੱਸਾਂ ਮੈਂ ਰੂਪ ਧਰਾਂ ਅਪਾਰ, ਅਪਰੰਪਰ ਹੋ ਕੇ ਵੇਸ ਵਟਾਈਆ । ਜੋਤ ਦੀ ਧਾਰ ਸ਼ਬਦ ਦਾ ਪਿਆਰ ਤਤਾਂ ਦਾ ਸਾਕਾਰ, ਖੇਲ ਖੇਲਾਂ ਚਾਈਂ
ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ
ਸ਼ਬਦ ਕਿਹਾ ਵਿਸ਼ਨ ਬ੍ਰਹਮਾ ਸ਼ਿਵ ਜੁਗ ਕੇਤੇ ਜਾਣੇ ਬੀਤ, ਭੱਜਣ ਵਾਹੋ ਦਾਹੀਆ । ਕਿਸੇ ਦਾ ਕੋਈ ਨਹੀਂ ਰਹਿਣਾ ਮੀਤ, ਦੁਨੀਆ ਵਿਚ ਦੁਨੀਦਾਰ
ਨਜ਼ਰ ਕੋਇ ਨਾ ਆਈਆ । ਮੇਰੇ ਨਾਮ ਦੇ ਢੋਲੇ ਬਦਲਦੇ ਰਹਿਣੇ ਗੀਤ, ਕਲਮੇ ਨਾਮ ਸਿਫ਼ਤਾਂ ਵਾਲੀ ਸਲਾਹੀਆ । ਪਰ ਮੇਰੀ ਕਿਰਪਾ ਤੋਂ ਬਿਨਾ
ਕਿਸੇ ਦਾ ਅੰਤਰ ਨਹੀਂ ਹੋਣਾ ਠਾਂਢਾ ਸੀਤ, ਅਗਨੀ ਤਤ ਨਾ ਕੋਇ ਬੁਝਾਈਆ । ਝਟ ਵਿਸ਼ਨ ਬ੍ਰਹਮਾ ਸ਼ਿਵ ਦੀ ਨਿਕਲ ਗਈ ਚੀਕ, ਹਾਏ ਉਫ਼
ਤੇਰੇ ਨਾਮ ਦੁਹਾਈਆ । ਸਤਿਗੁਰ ਸ਼ਬਦ ਨੇ ਬਿਨਾ ਲਾਈਨ ਤੋਂ ਮਾਰੀ ਲੀਕ, ਨਿਸ਼ਾਨ ਦਿਤਾ ਵਖਾਈਆ । ਮੇਰੀ ਧਾਰ ਤੋਂ ਬਿਨਾ ਕਰੇ ਨਾ ਕੋਇ
ਤਸਦੀਕ, ਸ਼ਹਾਦਤ ਸਕੇ ਨਾ ਕੋਇ ਭੁਗਤਾਈਆ । ਤਿੰਨਾਂ ਨੇ ਅੱਖਾਂ ਲਈਆਂ ਮੀਟ, ਸੁੰਨ ਸਮਾਧੀ ਵਿਚ ਸਮਾਈਆ । ਫੇਰ ਚਾਰੋਂ ਤਰਫ਼ ਬਦਲ
ਕੇ ਪੀਠ, ਵੇਖਣ ਥਾਉਂ ਥਾਈਂਆ । ਸਤਿਗੁਰ ਸ਼ਬਦ ਕਿਹਾ ਖੇਲ ਵਖਾਇਆ ਅਨਡੀਠ, ਬਿਨ ਨੈਣਾਂ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਿਹਾ ਬ੍ਰਹਮਾ ਜੀ ਕੀ ਕਰੋਗੇ ਕਾਰ,
ਕਰਤਾ ਕੀ ਦ੍ਰਿੜਾਈਆ । ਕੀ ਉਤਪਤ ਕਰੋਗੇ ਸੰਸਾਰ, ਤਨ ਵਜੂਦਾ ਖੇਲ ਖਿਲਾਈਆ । ਪੰਜ ਤਤ ਬਣਾਉਗੇ ਮਨਾਰ, ਤ੍ਰੈਗੁਣ ਰੰਗ ਚੜ੍ਹਾਈਆ ।
ਪਰ ਸਚ ਦੱਸੋ ਕਿਹੜੀ ਵਸਤ ਅੰਦਰ ਰਖੋਗੇ ਜਿਸ ਨਾਲ ਹੋਵੇ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਤਿੰਨੇ ਕਹਿਣ ਸਤਿਗੁਰ ਸ਼ਬਦ ਇਹ
ਸਾਡੇ ਵੱਸ ਤੋਂ ਬਾਹਰ, ਸਾਡੀ ਚਲੇ ਨਾ ਕੋਇ ਚਤੁਰਾਈਆ । ਅਸੀਂ ਬਰਖ਼ੁਰਦਾਰ ਤੇਰੇ ਸੇਵਾਦਾਰ, ਤੇਰੇ ਹੁਕਮ ਵਿਚ ਸੀਸ ਨਿਵਾਈਆ । ਪਰ ਇਕ
ਬਚਨ ਦੱਸ ਕਿਸ ਬਿਧ ਸਭ ਦਾ ਹੋਵੇ ਅੰਤ ਕਿਨਾਰ, ਲੇਖਾ ਕਵਣ ਚੁਕਾਈਆ । ਸਤਿਗੁਰ ਸ਼ਬਦ ਕਿਹਾ ਨਾ ਮੈਂ ਬੁਢਾ ਨਾ ਮੈਂ ਜਵਾਨ ਮੇਰਾ ਰੂਪ
ਅਗੰਮ ਅਪਾਰ, ਇਹ ਮੇਰੀ ਬੇਪਰਵਾਹੀਆ । ਜਦੋਂ ਹੁਕਮ ਮਿਲੇ ਆਵਾਂਗਾ ਬਣ ਸਚੀ ਸਰਕਾਰ, ਸ਼ਹਿਨਸ਼ਾਹ ਹੋ ਕੇ ਖੇਲ ਖਿਲਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਉਹ ਦਿਵਸ ਸਤਾਰਾਂ ਹਾੜ ਦਾ
ਪੁਰਾਤਨ, ਗ੍ਰੰਥ ਸ਼ਾਸਤਰ ਭੇਵ ਕੋਇ ਨਾ ਪਾਈਆ । ਉਹ ਖ਼ੁਸ਼ੀਆਂ ਵਾਲੀ ਰਾਤਨ, ਰੁਤੜੀ ਵਿਸ਼ਨ ਬ੍ਰਹਮਾ ਸ਼ਿਵ ਰਿਹਾ ਮਹਿਕਾਈਆ । ਜਿਸ
ਦੇ ਵਿਚ ਭੇਵ ਕੋਈ ਨਾ ਬਾਤਨ, ਪਰਦਾ ਦਿਤਾ ਉਠਾਈਆ । ਜਿਸ ਨੂੰ ਸਕੇ ਨਾ ਕੋਈ ਵਾਚਨ, ਵਿਦਿਆ ਚਲੇ ਨਾ ਕੋਇ ਚਤੁਰਾਈਆ । ਝਟ
ਸਤਿਗੁਰ ਸ਼ਬਦ ਕਿਹਾ ਸਤਾਰਾਂ ਹਾੜ ਤੇਰੇ ਨਾਲ ਮੇਰਾ ਜੁੜਿਆ ਨਾਤਨ, ਰਿਸ਼ਤਾ ਲਿਆ ਬਣਾਈਆ । ਤੇਰੀ ਮੰਜ਼ਲ ਵੇਖਾਂ ਘਾਟਨ, ਜੁਗ ਚੌਕੜੀ


੬੮੦ ੨੪

ਪੌੜੀ ਡੰਡੇ ਫੋਲ ਫੁਲਾਈਆ । ਆਹ ਵੇਖ ਲੈ ਲੰਘਦੀ ਜਾਂਦੀ ਵਾਟਨ, ਪਾਂਧੀ ਹੋ ਕੇ ਭੱਜੇ ਵਾਹੋ ਦਾਹੀਆ । ਤੇਰਾ ਕਲ ਕਲੇਸ਼ ਆਵਾਂ ਕਾਟਨ, ਕਟਾਕਸ਼ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਇਕ ਵਖਾਈਆ । ਸਤਾਰਾਂ ਹਾੜ ਕਹੇ ਮੇਰੇ ਸ਼ਹਿਨਸ਼ਾਹ ਭੂਪ, ਭੂਪਤ ਭੂਪ ਤੇਰੀ ਸਰਨਾਈਆ । ਤੇਰਾ ਕਿਹੜਾ ਹੋਵੇ ਸਰੂਪ, ਮੈਨੂੰ ਦੇ ਸਮਝਾਈਆ । ਕਿਹੜਾ ਕਿਹੜਾ ਹੋਵੇ ਪੂਤ, ਪਿਤਾ ਪੂਤ ਗੋਦ ਉਠਾਈਆ । ਤੂੰ ਆਵੇਂ ਕਿਹੜੀ ਕੂਟ, ਕਵਣ ਕੁਟੀਆ ਸੋਭਾ ਪਾਈਆ । ਕਿਹੜਾ ਧਾਗਾ ਹੋਵੇ ਸੂਤ, ਸੂਤਰ ਧਾਰੀ ਦੇ ਸਮਝਾਈਆ । ਝਟ ਸਤਿਗੁਰ ਸ਼ਬਦ ਨੇ ਕਿਹਾ ਮੇਰਾ ਗ੍ਰਹਿ ਊਚੋ ਊਚ, ਅਗੰਮ ਅਥਾਹ ਮੇਰਾ ਮਾਹੀਆ । ਜਿਸ ਦਾ ਲੇਖਾ ਸੂਚੋ ਸੂਚ, ਸੁਚ ਸੰਜਮ ਆਪਣੇ ਰੰਗ ਰੰਗਾਈਆ । ਜਿਸ ਵੇਲੇ ਨੌਂ ਸੌ ਚੁਰਾਨਵੇ ਚੌਕੜੀ ਜੁਗ ਕਰ ਗਏ ਕੂਚ, ਧਰਨੀ ਉਤੋਂ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਹਾੜ ਸਤਾਰਾਂ ਕਹੇ ਸਤਿਗੁਰ ਸ਼ਬਦ ਕੁਛ ਮੇਰੀ ਪਾ ਦੇ ਝੋਲੀ, ਝਲਕ ਆਪਣੀ ਦੇ ਵਖਾਈਆ । ਧੁਰ ਦੇ ਹੁਕਮ ਦੀ ਸੁਣੀ ਬੋਲੀ, ਅਨਬੋਲਤ ਦਿਤੀ ਜਣਾਈਆ । ਜਿਸ ਵੇਲੇ ਦੀਨ ਦੁਨੀ ਕੂੜ ਦੀ ਖੇਲੇ ਹੋਲੀ, ਕਲਜੁਗ ਆਪਣਾ ਰੰਗ ਰੰਗਾਈਆ । ਸਚ ਪ੍ਰੀਤੀ ਸਕੇ ਕੋਈ ਨਾ ਘੋਲੀ, ਘੋਲੀ ਘੋਲ ਨਾ ਕੋਇ ਘੁਮਾਈਆ । ਧਰਮ ਦੀ ਚੁਕੇ ਕੋਈ ਨਾ ਡੋਲੀ, ਸਚ ਕਹਾਰ ਕੰਧ ਨਾ ਕੋਇ ਟਿਕਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਮਾਇਆ ਮਮਤਾ ਪਾਵੇ ਰੌਲੀ, ਹਾਹਾਕਾਰ ਕਰੇ ਲੋਕਾਈਆ । ਉਸ ਵੇਲੇ ਜ਼ਰੂਰ ਆਵਾਂਗਾ ਉਪਰ ਧੌਲੀ, ਧਰਮ ਦਾ ਧਰਮ ਧਰਮ ਵਿਚੋਂ ਪਰਗਟਾਈਆ । ਪਰ ਇਹ ਮੇਰਾ ਖੇਲ ਬੜਾ ਹੋਵੇਗਾ ਹੌਲੀ ਹੌਲੀ ਹੌਲੀ, ਆਹਿਸਤਾ ਆਹਿਸਤਾ ਆਹਿਸਤਾ ਆਪਣਾ ਹੁਕਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਸਤਾਰਾਂ ਹਾੜ ਕਿਹਾ ਸਤਿਗੁਰ ਸ਼ਬਦ ਕੁਛ ਹੋਰ ਦੇ ਦੇ ਵਸਤ, ਦੇਵਣਹਾਰ ਤੇਰੀ ਬੇਪਰਵਾਹੀਆ । ਮੇਰੇ ਖ਼ਾਲੀ ਵੇਖ ਲੈ ਹਸਤ, ਝੋਲੀ ਤੇਰੇ ਅਗੇ ਡਾਹੀਆ । ਮੈਨੂੰ ਖ਼ੁਸ਼ੀਆਂ ਵਿਚ ਕਰ ਦੇ ਮਸਤ, ਮਸਤਾਨਾ ਦੇ ਬਣਾਈਆ । ਪਰ ਕੌਲ ਕਰ ਲੈ ਜਿਸ ਵੇਲੇ ਆਵੇਂ ਉਤੇ ਫ਼ਰਸ਼, ਫ਼ੈਸਲਾ ਅਰਸ਼ਾਂ ਵਾਲਾ ਮੁਕਾਈਆ । ਮੇਰੇ ਉਤੇ ਜ਼ਰੂਰ ਕਰੀਂ ਤਰਸ, ਰਹਿਮਤ ਦੇਣੀ ਕਮਾਈਆ । ਮੈਂ ਤੇਰਾ ਸਨਮੁਖ ਕਰਾਂ ਦਰਸ, ਦੀਦਾ ਦਾਨਿਸਤਾ ਇਕੋ ਨਜ਼ਰੀ ਆਈਆ । ਭਾਵੇ ਨੌਂ ਸੌ ਚੁਰਾਨਵੇ ਚੌਕੜੀ ਜੁਗ ਲੰਘ ਜਾਣ ਪਰ ਮੇਰੀ ਜ਼ਰੂਰ ਪੂਰੀ ਕਰੀਂ ਹਰਸ, ਹਵਸ ਦੇਣੀ ਗੁਆਈਆ । ਝਟ ਸਤਿਗੁਰ ਸ਼ਬਦ ਨੇ ਬਿਨਾ ਕਾਗਜ਼ ਕ਼ਲਮ ਤੋਂ ਲਿਖ ਦਿਤੀ ਸ਼ਰਤ, ਬਿਨ ਸ਼ਰਅ ਤੋਂ ਸਮਝਾਈਆ । ਮੈਂ ਨਿਰਗੁਣ ਧਾਰ ਹੋ ਕੇ ਸਰਗੁਣ ਹੋ ਕੇ ਫੇਰ ਆਵਾਂ ਪਰਤ, ਪਤਿਪਰਮੇਸ਼ਵਰ ਹੋ ਕੇ ਆਪਣਾ ਭੇਵ ਖੁਲ੍ਹਾਈਆ । ਹਾੜ ਸਤਾਰਾਂ ਤੈਨੂੰ ਵੀ ਭੇਜ ਕੇ ਉਤੇ ਧਰਤ, ਧਰਨੀ ਦਾ ਲੇਖਾ ਦਿਆਂ ਚੁਕਾਈਆ । ਝਟ ਵਿਸ਼ਨ ਬ੍ਰਹਮਾ ਸ਼ਿਵ ਸੋਚਾਂ ਵਿਚ ਗਏ ਲਟਕ, ਬੈਠੇ ਧਿਆਨ ਲਗਾਈਆ । ਸਤਿਗੁਰ ਸ਼ਬਦ ਨੇ ਦਿਤਾ ਝਟਕ, ਹਲੂਣਾ ਦਿਤਾ ਲਗਾਈਆ । ਮੈਂ ਸਾਹਿਬ ਸੁਲਤਾਨ ਨੌਜੁਆਨ ਮੇਰਾ ਮਾਲਕ ਸ੍ਰੀ ਭਗਵਾਨ ਮੇਰੀ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੀ ਧਾਰ ਤੇ ਸ਼ਬਦ ਦੀ ਸਭ ਤੋਂ ਵਖਰੀ ਮਟਕ, ਚਾਲ ਨਿਰਾਲੀ ਇਕ ਰਖਾਈਆ । ਮੇਰੇ ਹੁਕਮ ਦਾ ਹੁਕਮ ਵਿਚੋਂ ਚੜ੍ਹ ਜਾਏ ਕਟਕ, ਬੇਅੰਤ ਬੇਅੰਤ ਬੇਅੰਤ ਖੇਲ ਵਖਾਈਆ । ਸਚ ਦਾ ਭਾਣਾ ਉਹ ਵਿਸ਼ਨ ਬ੍ਰਹਮਾ ਸ਼ਿਵ ਕਦੇ ਨਾ ਸਕੇ ਅਟਕ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਇਕ ਦੂਜੇ ਵਲ ਵੇਖ ਕੇ ਮਲਣ ਅੱਖੀਆਂ, ਸੱਜੇ ਖੱਬੇ ਧਿਆਨ ਲਗਾਈਆ । ਸਤਿਗੁਰ ਸ਼ਬਦ ਨੇ ਕਿਹੜੀਆਂ ਧਾਰਾਂ ਆਪਣੇ ਅੰਦਰ ਰਖੀਆਂ, ਸਾਨੂੰ ਸਮਝ ਕੁਛ ਨਾ ਪਾਈਆ । ਜਿਸ ਦਾ ਖੇਲ ਹੋਣਾ ਕੋਟਨ ਕੋਟ ਲੱਖ ਲੱਖੀਆਂ, ਗਣਤੀ ਗਣਤ ਨਾ ਕੋਇ ਗਿਣਾਈਆ । ਕਿਸ ਬਿਧ ਲੱਖ ਚੁਰਾਸੀ ਹੰਢਾਉਣੀਆਂ ਸਖ਼ੀਆਂ, ਆਤਮਾ ਪਰਮਾਤਮਾ ਹੋ ਕੇ ਵੇਖ ਵਖਾਈਆ । ਜਿਸ ਦੀਆਂ ਲੰਮੀਆਂ ਆਸਾ ਰਖੀਆਂ, ਅੰਤ ਸਕੇ ਨਾ ਕੋਇ ਸਮਝਾਈਆ । ਕਿਤਨੀਆਂ ਜੁਗ ਚੌਕੜੀਆਂ ਜਾਣੀਆਂ ਨੱਸੀਆਂ, ਭੱਜਣੀਆਂ ਵਾਹੋ ਦਾਹੀਆ । ਝਟ ਤਿੰਨਾਂ ਦੇ ਅੰਦਰ ਵਿਚਾਰਾਂ ਆਈਆਂ ਅੱਛੀਆਂ, ਅੱਛੀ ਤਰਹ ਵੇਖ ਵਖਾਈਆ । ਪਤਾ ਨਹੀਂ ਇਹ ਸਤਿਗੁਰ ਸ਼ਬਦ ਨੇ ਤਤਾਂ ਵਾਲੇ ਰੂਪ ਧਰਨੇ ਤੇ ਕਦੇ ਬਣ ਜਾਣਾ ਮਛ ਤੇ ਮਛੀਆਂ, ਕੱਛਾਂ ਮੱਛਾਂ ਆਪਣਾ ਖੇਲ ਖਿਲਾਈਆ । ਫੇਰ ਤਿੰਨਾਂ ਦੀਆਂ ਆਸ਼ਾਂ ਖਿੜ ਖਿੜ ਕੇ ਹਸੀਆਂ, ਖ਼ੁਸ਼ੀਆਂ ਦੇ ਢੋਲੇ ਗਾਈਆ । ਝਟ ਸਤਿਗੁਰ ਸ਼ਬਦ ਨੇ ਅਗੰਮੀ ਖ਼ਬਰਾਂ ਦੱਸੀਆਂ, ਬਿਨ ਅੱਖਰਾਂ ਕੀਤੀ ਪੜ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਬੱਚੂ ਮੇਰੇ ਹੁਕਮ ਦੀਆਂ ਲਿਖੋ ਪੱਟੀਆਂ, ਬਿਨਾ ਅੱਖਰ ਅੱਖਰ ਦ੍ਰਿੜ੍ਹਾਈਆ । ਤੁਹਾਨੂੰ ਸਭ ਨੂੰ ਅੰਤਮ ਭਰਨੀਆਂ ਪੈਣੀਆਂ ਚੱਟੀਆਂ, ਬਚਿਆ ਰਹਿਣ ਕੋਇ ਨਾ ਪਾਈਆ । ਓ ਜੁਗ ਚੌਕੜੀ ਦੇ ਮਨਵੰਤਰਾਂ ਵਾਲੀਆਂ ਤੁਹਾਡੀਆਂ ਹੱਟੀਆਂ, ਹਟਵਾਣਿਓ ਤੁਹਾਨੂੰ ਦਿਆਂ ਸਮਝਾਈਆ । ਚੁਰਾਸੀ ਲੱਖ ਜੂਨੀ ਦੀਆਂ ਖਟ ਲਓ ਖੱਟੀਆਂ, ਤਤਾਂ ਵਾਲੇ ਸਰੀਰ ਲਉ ਬਣਾਈਆ । ਪਰ ਯਾਦ ਰਖਿਓ ਆਤਮਾ ਮੇਰੇ ਬਿਨਾ ਕਿਸੇ ਅੰਦਰ ਨਹੀਂ ਜਾਣੀਆਂ ਰਖੀਆਂ, ਜੋਤ ਨੂਰ ਕਰੇ ਨਾ ਕੋਇ ਰੁਸ਼ਨਾਈਆ । ਮੇਰੇ ਨਾਲ ਉਸ ਵਿਹਾਰ ਵਿਚ ਕਿਸੇ ਦੀਆਂ ਹੋਣੀਆਂ ਨਹੀਂ ਹਿੱਸੇ ਪੱਤੀਆਂ, ਇਕੋ ਮਾਲਕ ਸਭ ਦਾ ਨਜ਼ਰੀ ਆਈਆ । ਤੁਹਾਨੂੰ ਵਡਿਆਈਆਂ ਦਿਤੀਆਂ ਤੋਲਿਆਂ ਵਿਚੋਂ ਰਤੀਆਂ, ਰਤਨ ਅਮੋਲਕ ਹੀਰੇ ਦਿਆਂ ਬਣਾਈਆ । ਪਰ ਯਾਦ ਕਰਿਓ ਅੰਤ ਸਭ ਦੀਆਂ ਰਹਿਣੀਆਂ ਖ਼ਾਲੀ ਹੱਥੀਆਂ, ਹਥੇਲੀਆਂ ਮਾਰ ਕੇ ਦਿਤਾ ਦ੍ਰਿੜ੍ਹਾਈਆ । ਤੁਸਾਂ ਧਾਰਾ ਬਦਲਦੇ ਰਹਿਣਾ ਇਕੱਠੀਆਂ, ਜੁਗ ਜੁਗ ਇਹ ਮੇਰੀ ਬੇਪਰਵਾਹੀਆ । ਪਤਾ ਨਹੀਂ ਕਿਤਨੀ ਵਾਰ ਸ੍ਰਿਸ਼ਟੀਆਂ ਬਣੀਆਂ ਤੇ ਕਿਤਨੀ ਵਾਰ ਢੱਠੀਆਂ, ਢਾਹ ਢਾਹ ਢੇਰੀ ਖ਼ਾਕ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਓ ਹਾੜ ਸਤਾਰਾਂ ਤੂੰ ਅੱਜ ਕਿਥੋਂ ਸਤਿਗੁਰ ਸ਼ਬਦ ਨੂੰ ਦਿਤਾ ਸੱਦਾ, ਸਦਕੇ ਵਾਰੀ ਘੋਲ ਘੁਮਾਈਆ । ਹਾੜ ਸਤਾਰਾਂ ਕਹੇ ਮਿਤਰੋ ਮੈਂ ਵੀ ਹੁਕਮ ਦਾ ਬੱਧਾ, ਬੰਦਨਾ ਵਿਚ ਏਸੇ ਨੂੰ ਸੀਸ ਨਿਵਾਈਆ । ਦੋ ਜਹਾਨ ਜਿਸ ਦੀ ਸਾਰੇ ਜਗਹ, ਜਿਧਰ ਵੇਖੇ ਉਧਰ ਨਜ਼ਰੀ ਆਈਆ । ਪਰ ਨਿਗਾਹ ਮਾਰੋ ਪਿਛਾ ਪਿਛੇ ਲੰਘ ਜਾਏ ਤੇ ਕੀ ਹਾਲ ਹੋਣਾ ਅਗਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਤੋਂ ਬਾਦ ਕੀ ਆਪਣੀ ਖੇਲ ਖਿਲਾਈਆ । ਪਤਾ ਨਹੀਂ ਇਹ ਕਿਹੋ ਜਿਹਾ ਸੂਰਾ ਸਰਬਗਾ, ਸ਼ਹਿਨਸ਼ਾਹ ਧੁਰਦਰਗਾਹੀਆ । ਸਤਿਗੁਰ ਸ਼ਬਦ ਕਿਹਾ ਉਹ ਦੋਸਤੋ ਪ੍ਰੇਮੀਓ ਪਿਆਰਿਓ ਵਿਸ਼ਨੂੰ ਬ੍ਰਹਮਾ ਸ਼ਿਵ ਤੁਹਾਨੂੰ ਪਤਾ ਨਹੀਂ ਮੈਂ ਪਿਆਰ ਕਰਦਾ ਮੈਂ ਯਾਰ ਬਣਦਾ ਮੈਂ ਇਤਬਾਰ ਦੱਸਦਾ ਪਰ ਫੇਰ ਵੀ ਸਭ ਨੂੰ ਦੇ ਜਾਂਦਾ ਦਗ਼ਾ, ਮੇਰਾ ਭੇਵ ਕੋਇ ਨਾ ਪਾਈਆ । ਜਦੋਂ ਮੈਂ ਕਿਰਪਾ ਕਰਾਂ ਤੇ ਬੜੀ ਮਿਹਰ ਦੇ ਨਾਲ ਵਸਾਂ ਉਪਰ ਸ਼ਾਹਰਗਾ, ਨੌਂ ਦੁਆਰੇ ਦੇ ਉਤੇ ਆਪਣਾ ਡੇਰਾ ਲਾਈਆ । ਪਰ ਮੇਰੀ ਅੱਜ ਤਕ ਸਮਝੀ ਨਹੀਂ ਕਿਸੇ ਨੇ ਤਬਾ, ਅੰਤਰ ਸਮਝ ਕੁਛ ਨਾ ਆਈਆ । ਮੈਂ ਕਦੀ ਬੋਲਿਆ ਨਹੀਂ ਨਾਲ ਲਬਾਂ,

ਜਿਹਵਾ ਜ਼ਬਾਨ ਨਾ ਕੋਇ ਹਿਲਾਈਆ । ਪਰ ਮੇਰਾ ਖੇਲ ਹੁੰਦਾ ਹੁੰਦਾ ਜੁਗ ਚੌਕੜੀ ਬਾਦ ਸਬੱਬਾ, ਸਤਿਗੁਰ ਸ਼ਬਦ ਕਹੇ ਇਹ ਮੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਹੁਕਮ ਇਕ ਵਰਤਾਈਆ । ਸਤਾਰਾਂ ਹਾੜ ਕਹੇ ਸਤਿਗੁਰ ਸ਼ਬਦ ਕੁਛ ਮੇਰੀ ਝੋਲੀ ਪਾ ਦੇ ਦਾਨ, ਦਾਤਿਆ ਤੇਰੀ ਇਕ ਸਰਨਾਈਆ । ਸਤਿਗੁਰ ਸ਼ਬਦ ਨੇ ਕਿਹਾ ਸੁਣ ਲੈ ਬਿਨਾ ਕਾਨ, ਬਿਨ ਸਰਵਣਾਂ ਦਿਆਂ ਸੁਣਾਈਆ । ਮੇਰਾ ਮਾਲਕ ਸ੍ਰੀ ਭਗਵਾਨ, ਭਗਵਨ ਇਕ ਅਖਵਾਈਆ । ਜਿਸ ਦਾ ਲਹਿਣਾ ਨਾਲ ਦੋ ਜਹਾਨ, ਦੋਹਰਾ ਆਪਣਾ ਹੁਕਮ ਵਰਤਾਈਆ । ਬੇਸ਼ਕ ਮੇਰਾ ਰੂਪ ਬੇਪਹਿਚਾਨ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਵੇਲੇ ਮੈਂ ਧਰਤੀ ਉਤੇ ਹੋਇਆ ਪਰਧਾਨ, ਮਿਹਰਵਾਨ ਹੋ ਕੇ ਆਪਣਾ ਖੇਲ ਖਿਲਾਈਆ । ਨਿਰਗੁਣ ਤੋਂ ਸਰਗੁਣ ਹੋਵਾਂ ਤਤਾਂ ਵਾਲਾ ਜੁਆਨ, ਜੋਬਨ ਜੋਤ ਧਾਰ ਹੰਢਾਈਆ । ਹੁਕਮ ਸੰਦੇਸ਼ੇ ਧੁਰ ਦੇ ਦੇਵਾਂ ਆਣ, ਸ਼ਬਦੀ ਸ਼ਬਦ ਸ਼ਬਦ ਕਰ ਸ਼ਨਵਾਈਆ । ਅੱਖਰ ਅੱਖਰ ਮੇਰਾ ਦੇਣ ਬਿਆਨ, ਇਹ ਮੇਰੀ ਬੇਪਰਵਾਹੀਆ । ਮੈਂ ਪਤਾ ਨਹੀਂ ਰਾਮ ਬਣਾਂ ਕਿ ਕਾਹਨ, ਕਾਹਨਾਂ ਦਾ ਖੇਲ ਖਿਲਾਈਆ । ਪਤਾ ਨਹੀਂ ਪੈਗ਼ੰਬਰਾਂ ਦਾ ਪੈਗ਼ੰਬਰ ਹੋਵਾਂ ਕਿ ਅਮਾਮਾਂ ਦਾ ਅਮਾਮ, ਜਲਵਾਗਰ ਨੂਰ ਅਲਾਹੀਆ । ਸਤਿਗੁਰ ਸ਼ਬਦ ਤੇ ਸ਼ਬਦ ਦਾ ਹੋਵਾਂ ਬਲਵਾਨ, ਬਲਧਾਰੀ ਇਕ ਅਖਵਾਈਆ । ਹਾੜ ਸਤਾਰਾਂ ਪਰ ਤੈਨੂੰ ਇਕ ਦੇ ਕੇ ਜਾਵਾਂ ਬਿਆਨ, ਬਿਨ ਸਤਿਜੁਗ ਤਰੇਤਾ ਦੁਆਪਰ ਕਲਜੁਗ ਬਣਨ ਤੋਂ ਪਹਿਲੇ ਦਿਆਂ ਸਮਝਾਈਆ । ਜਿਸ ਵੇਲੇ ਜੁਗ ਚੌਕੜੀ ਲੰਘ ਗਏ ਵਿਚ ਜਹਾਨ, ਆਪਣਾ ਰੂਪ ਬਦਲਾਈਆ । ਗੁਰ ਅਵਤਾਰ ਪੈਗ਼ੰਬਰ ਦੇ ਕੇ ਚਲੇ ਗਏ ਗਿਆਨ, ਗ੍ਰੰਥ ਸ਼ਾਸਤਰ ਵੇਦ ਪੁਰਾਨਾਂ ਅੰਜੀਲ ਕੁਰਾਨਾਂ ਸਿਫ਼ਤ ਸਲਾਹੀਆ । ਤੀਰਥ ਤਟ ਵੇਖਣੇ ਸਰੋਵਰ ਮਹਾਨ, ਜਲਧਾਰਾ ਵਹਿਣ ਵਹਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਬਣਨ ਨਿਸ਼ਾਨ, ਗੁਰੂਦੁਆਰਿਆਂ ਵੰਡ ਵੰਡਾਈਆ । ਕੋਟਨ ਨਾਮ ਹੋਣੇ ਪਰਧਾਨ, ਸਿਫ਼ਤਾਂ ਵਾਲੇ ਢੋਲੇ ਗਾਈਆ । ਤਤਾਂ ਵਾਲੇ ਤਤ ਵੰਡ ਕਰਨ ਇਨਸਾਨ, ਆਪ ਆਪਣਾ ਖੇਲ ਖਿਲਾਈਆ । ਮੇਰੀ ਸਮਝ ਨਾ ਆਵੇ ਵਿਚ ਜਹਾਨ, ਦੀਨ ਦੁਨੀ ਭੇਵ ਕੋਇ ਨਾ ਪਾਈਆ । ਯੋਧਾ ਸੂਰਬੀਰ ਬਣਾਂ ਬਲਵਾਨ, ਬਲਧਾਰੀ ਇਕ ਅਖਵਾਈਆ । ਸਤਿ ਦੇ ਹੁਕਮ ਦਾ ਕਰਾਂ ਫ਼ਰਮਾਨ, ਸਚਖੰਡ ਨਿਵਾਸੀ ਨਾਲ ਕਰਾਂ ਸਲਾਹੀਆ । ਧਰਨੀ ਉਤੇ ਧਰਮ ਦਾ ਝੁਲਾ ਕੇ ਨਿਸ਼ਾਨ, ਨਿਸ਼ਾਨੇ ਦੀਨ ਦੁਨੀ ਬਦਲਾਈਆ । ਮੇਰਾ ਖੇਲ ਤਕਣ ਜ਼ਿਮੀਂ ਅਸਮਾਨ, ਲੋਕ ਪਰਲੋਕ ਤਬਕਾਂ ਸਬਕ ਦਿਆਂ ਸਿਖਾਈਆ । ਇਹ ਲੇਖਾ ਆਉਣਾ ਨਹੀਂ ਵਿਚ ਵਿਧਾਨ, ਸਿਖਿਆ ਵਿਚ ਨਾ ਕੋਇ ਸਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਹਾੜ ਸਤਾਰਾਂ ਤੇਰੀ ਰਖ ਦਿਤੀ ਮੁਨਿਆਦ, ਜੁਗ ਚੌਕੜੀ ਖੇਲ ਖਿਲਾਈਆ । ਜਿਸ ਨੇ ਸਾਡੀ ਰਚਨਾ ਰਚੀ ਆਦਿ, ਵਿਸ਼ਨ ਬ੍ਰਹਮਾ ਸ਼ਿਵ ਦਿਤੀ ਵਡਿਆਈਆ । ਜਿਸ ਨੇ ਖੇਲ ਖੇਲਿਆ ਵਿਚ ਬ੍ਰਹਿਮੰਡ, ਬ੍ਰਹਿਮੰਡ ਵਿਚ ਆਪਣਾ ਹੁਕਮ ਵਰਤਾਈਆ । ਜਿਸ ਦਾ ਸ਼ਬਦ ਦਾ ਅਗੰਮੀ ਨਾਦ, ਜ਼ਿਮੀਂ ਆਸਮਾਨਾਂ ਕਰੇ ਸ਼ਨਵਾਈਆ । ਜਿਸ ਨੇ ਅਵਤਾਰਾਂ ਪੈਗੰਬਰਾਂ ਗੁਰੂਆਂ ਦੇਣੀ ਦਾਦ, ਹੁਕਮ ਸੰਦੇਸ਼ੇ ਕਾਇਆ ਮੰਦਰ ਇਕ ਦ੍ਰਿੜਾਈਆ । ਜਿਸ ਨੂੰ ਸਭ ਨੇ ਮੰਨਣਾ ਵਾਹਿਦ, ਨੂਰ ਅਲਾਹ ਕਹਿ ਕੇ ਸੀਸ ਨਿਵਾਈਆ । ਜਿਸ ਨੂੰ ਸਭ ਨੇ ਕਰਨਾ ਯਾਦ, ਯਾਦਾਸ਼ਤ ਵਿਚ ਭੁਲ ਕਦੇ ਨਾ ਜਾਈਆ । ਉਹ ਬਣ ਕੇ ਮੋਹਣ ਮਾਧਵ ਮਾਧ, ਮਧੁਰ ਧੰਨ ਦਏ ਸੁਣਾਈਆ । ਜਿਸ ਦਾ ਹੁਕਮ ਹੋਣਾ ਬੋਧ ਅਗਾਧ, ਬੁੱਧੀ ਤੋਂ ਬਾਹਰ ਕਰੇ ਪੜ੍ਹਾਈਆ । ਸਤਾਰਾਂ ਹਾੜ ਯਾਦ ਰਖੀਂ

੬੮੩
੨੪

ਉਸਦਾ ਜਿਸ ਵੇਲੇ ਹੋਇਆ ਅੰਤ ਅਖ਼ੀਰ ਉਹ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝਾ ਯਾਰ ਨੂਰ ਅਲਾਹ ਬੇਪਰਵਾਹ ਭਗਤਾਂ ਦਾ ਹੋਵੇ ਮਦਦਗਾਰ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਤਾਰਾਂ ਹਾੜ ਕਹੇ ਪ੍ਰਭੂ ਉਹ ਮੇਰੇ ਸਤਿਗੁਰੂ ਮੇਰਾ ਝੁਕ ਲੈਣ ਦੇ ਸੀਸ, ਬਿਨ ਸੀਸ ਸੀਸ ਨਿਵਾਈਆ । ਉਹ ਸਤਿਗੁਰ ਸ਼ਬਦ ਤੂੰ ਮੇਰਾ ਜਗਦੀਸ਼, ਜਗਦੀਸ਼ਰ ਧੁਰਦਰਗਾਹੀਆ । ਮੈਂ ਜੁਗ ਚੌਕੜੀ ਤੇਰੇ ਹੁਕਮ ਦੇ ਪੀਸਣ ਲਵਾਂ ਪੀਸ, ਪੀਸ ਪੀਸ ਸੇਵ ਕਮਾਈਆ । ਝਟ ਅੰਦਰੋਂ ਆਵਾਜ਼ ਆਈ ਇਹ ਤੇਰਾ ਨਿਸ਼ਾਨਾ ਠੀਕ, ਠਾਕਰ ਹੋ ਕੇ ਦਿਆਂ ਦ੍ਰਿੜਾਈਆ । ਪਰ ਯਾਦ ਰਖ ਲੈ ਮੇਰੀ ਤਰੀਕ, ਤਾਰੀਕ ਅੰਧੇਰਾ ਦੀਨ ਦੁਨੀ ਵੇਖ ਵਖਾਈਆ । ਜਿਸ ਦੀ ਪੈਗ਼ੰਬਰਾਂ ਕਰਨੀ ਪੈਣੀ ਤਬਲੀਕ, ਵਾਹਿਦ ਅੱਲਾ ਕਹਿ ਕੇ ਸਾਰੇ ਜਾਣ ਸੁਣਾਈਆ । ਮੇਰਾ ਖੇਲ ਹੋਣਾ ਲਾਸ਼ਰੀਕ, ਸ਼ਰਅ ਤੋਂ ਬਾਹਰ ਕਰਾਂ ਪੜ੍ਹਾਈਆ । ਤੈਨੂੰ ਵੇਖਣਾ ਲਾ ਕੇ ਨੀਝ, ਬਿਨ ਨੈਣਾਂ ਨੈਣ ਉਠਾਈਆ । ਤੇਰੀ ਪੂਰੀ ਕਰਾਂ ਰੀਝ, ਸਿਰ ਤੇਰੇ ਹੱਥ ਟਿਕਾਈਆ । ਉਸ ਵੇਲੇ ਇਕ ਹੋਵੇ ਤਮਹੀਦ, ਸਿਖਿਆ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਸਾਹਿਬ ਇਕ ਗੁਸਾਈਂਆ । ਸਤਿਗੁਰ ਸ਼ਬਦ ਕਿਹਾ ਸਤਾਰਾਂ ਹਾੜ ਤੂੰ ਕਿੱਡਾ ਵੱਡਾ ਸੂਰਬੀਰ, ਮਿਹਰਵਾਨ ਅਖਵਾਈਆ । ਮਿਹਰਵਾਨਾ ਮਿਹਰ ਦਾ ਮਾਰ ਕੇ ਤੀਰ, ਅਣਿਆਲਾ ਇਕ ਚਲਾਈਆ । ਜੇ ਮੇਰਾ ਅੰਤ ਵੇਖਣਾ ਤੇ ਮੇਰੇ ਵਿਚ ਨਵੀਂ ਕਰੀਂ ਤਾਮੀਰ, ਪਿਛਲਾ ਲੇਖਾ ਰਹੇ ਨਾ ਰਾਈਆ । ਸ਼ਰਅ ਦੇ ਸਾਰੇ ਕਟ ਦੇਣੇ ਜ਼ੰਜੀਰ, ਚਾਰ ਜੁਗ ਦਾ ਝਗੜਾ ਦੇਣਾ ਮੁਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਦੇ ਕੇ ਧੀਰ, ਧਰਮ ਦੀ ਧਾਰ ਦੇਣੀ ਸਮਝਾਈਆ । ਤੇਰੇ ਭਗਤ ਤੇਰੀ ਮੰਜ਼ਲ ਚੜ੍ਹਨ ਅਖ਼ੀਰ, ਆਖ਼ਰ ਮੇਲਾ ਮੇਲਣਾ ਚਾਂਈ ਚਾਂਈਆ । ਭਾਵੇਂ ਸਤਿਗੁਰ ਸ਼ਬਦ ਤੂੰ ਰਖ ਲਵੀਂ ਪੰਜਾਂ ਤਤਾਂ ਵਾਲਾ ਸਰੀਰ, ਤਨ ਵਜੂਦ ਆਪਣਾ ਡੇਰਾ ਲਾਈਆ । ਪਰ ਮੈਨੂੰ ਨਹੀਂ ਪਤਾ ਤੂੰ ਸ਼ਾਹ ਹੋਵੇਂ ਕਿ ਹਕੀਰ, ਸ਼ਹਿਨਸ਼ਾਹ ਹੋਵੇਂ ਧੁਰਦਰਗਾਹੀਆ । ਮੇਰੀ ਇਕ ਮੰਗ ਮੇਰੀ ਬਦਲ ਦੇਵੀਂ ਤਕਦੀਰ, ਤਦਬੀਰ ਆਪਣੇ ਨਾਲ ਬਣਾਈਆ । ਮੈਂ ਤੇਰੇ ਦਰ ਦਾ ਮੰਗਤਾ ਦਰਵੇਸ਼ ਭਿਖਾਰੀ ਫ਼ਕੀਰ, ਫ਼ਿਕਰਾ ਢੋਲਾ ਤੇਰਾ ਰਿਹਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾਂ ਸਹਾਈਆ । ਸਤਿਗੁਰ ਸ਼ਬਦ ਕਿਹਾ ਹਾੜ ਸਤਾਰਾਂ ਦਇਆ ਕਮਾਵਾਂਗਾ । ਸੋ ਪੁਰਖ ਨਿਰੰਜਣ ਹੋ ਕੇ ਖੇਲ ਖਿਲਾਵਾਂਗਾ । ਹਰਿ ਪੁਰਖ ਨਿਰੰਜਣ ਹੋ ਕੇ ਵੇਖ ਵਖਾਵਾਂਗਾ । ਏਕੰਕਾਰਾ ਹੋ ਕੇ ਵੇਸ ਵਟਾਵਾਂਗਾ । ਆਦਿ ਨਿਰੰਜਣ ਹੋ ਕੇ ਨੂਰ ਰੁਸ਼ਨਾਵਾਂਗਾ । ਅਬਿਨਾਸ਼ੀ ਕਰਤਾ ਹੋ ਕੇ ਸੋਭਾ ਪਾਵਾਂਗਾ । ਸ੍ਰੀ ਭਗਵਾਨ ਹੋ ਕੇ ਖੇਲ ਖਿਲਾਵਾਂਗਾ । ਪਾਰਬ੍ਰਹਮ ਹੋ ਕੇ ਪੜਦਾ ਆਪ ਉਠਾਵਾਂਗਾ । ਸਤਿਗੁਰ ਸ਼ਬਦ ਹੋ ਕੇ ਸ਼ਬਦੀ ਡੰਕ ਵਜਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਸਾਰੇ ਜੋਹ ਕੇ, ਹਲੂਣੇ ਨਾਲ ਹਿਲਾਵਾਂਗਾ । ਅਵਤਾਰ ਪੈਗ਼ੰਬਰ ਗੁਰੂ ਮੁਹੱਬਤ ਵਿਚ ਮੋਹ ਕੇ, ਤੇਰੇ ਨਾਲ ਮਿਲਾਵਾਂਗਾ । ਨਿਰਗੁਣ ਤੋਂ ਸਰਗੁਣ ਰੂਪ ਹੋ ਕੇ, ਸੋਹਣਾ ਖੇਲ ਖਿਲਾਵਾਂਗਾ । ਸਰਗੁਣ ਤਤ ਵਿਚਾਰ ਚਾਲ ਜੋਹ ਕੇ, ਜੋਤੀ ਜੋਤ ਵਿਚ ਸਮਾਵਾਂਗਾ । ਜੋਤੀ ਜਾਤਾ ਆਪ ਹੋ ਕੇ, ਆਪ ਆਪਣਾ ਵੇਸ ਵਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਵਾਂਗਾ । ਹਾੜ ਸਤਾਰਾਂ ਸਤਿਗੁਰ ਦਇਆ ਕਮਾਏਗਾ । ਦੀਨ ਦਿਆਲ ਵੇਸ ਵਟਾਏਗਾ । ਜੋਤੀ ਜਾਤਾ ਡਗਮਗਾਏਗਾ । ਬੰਕ

੬੮੪
੨੪

ਦੁਆਰਾ ਇਕ ਸੁਹਾਏਗਾ । ਤਨ ਵਜੂਦ ਸੋਭਾ ਪਾਏਗਾ । ਤਨ ਵਿਭੂਤ ਇਕ ਹੰਢਾਏਗਾ । ਮਹਿਬੂਬ ਆਪਣਾ ਰੰਗ ਰੰਗਾਏਗਾ । ਅੰਤ ਮਾਟੀ ਖ਼ਾਕ ਨੇਸਤੋ ਨਾਬੂਦ ਕਰਾਏਗਾ । ਜਗਤ ਜਹਾਨ ਵਿਚੋਂ ਝੂਜ, ਦੋ ਜਹਾਨਾਂ ਪੰਧ ਮੁਕਾਏਗਾ । ਸੰਸਾਰੀ ਭੰਡਾਰੀ ਸੰਘਾਰੀ ਤੁਹਾਡੀ ਦਿਸ਼ਾ ਕਰਕੇ ਕੂਚ, ਕੂਚਾ ਗਲੀ ਸਾਰੇ ਪੰਧ ਮੁਕਾਏਗਾ । ਅਗਲੀ ਫੇਰ ਦੱਸਕੇ ਸੂਝ, ਸਮਝ ਸਮਝ ਵਿਚੋਂ ਬਦਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਏਗਾ । ਸਚ ਦਾ ਹੁਕਮ ਇਕ ਵਰਤਾਵਾਂਗਾ । ਜੁਗ ਚੌਕੜੀ ਪੰਧ ਮੁਕਾਵਾਂਗਾ । ਕਲਜੁਗ ਅੰਤਮ ਵੇਖ ਵਖਾਵਾਂਗਾ । ਸਤਾਰਾਂ ਹਾੜਾ ਤੇਰਾ ਦਿਵਸ ਸੁਹਾਵਾਂਗਾ । ਭਗਤ ਸੁਹੇਲੇ ਨਾਲ ਮਿਲਾਵਾਂਗਾ । ਭਗਤ ਦੁਆਰ ਬੰਕ ਵਡਿਆਵਾਂਗਾ । ਰਾਓ ਰੰਕ ਰੰਗ ਚੜ੍ਹਾਵਾਂਗਾ । ਸਾਧ ਸੰਤ ਸੰਗ ਨਿਭਾਵਾਂਗਾ । ਆਦਿ ਅੰਤ ਭੇਵ ਚੁਕਾਵਾਂਗਾ । ਆਤਮ ਬਣ ਕੇ ਧੁਰ ਦਾ ਕੰਤ, ਕੰਤੂਹਲ ਇਕ ਅਖਵਾਵਾਂਗਾ । ਤੇਰੀ ਸੋਹਣੀ ਸੁਹਾ ਕੇ ਰੁਤ ਬਸੰਤ, ਪੱਤ ਟਹਿਣੀ ਫੁੱਲ ਗੁਰਮੁਖ ਆਪ ਮਹਿਕਾਵਾਂਗਾ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਵਾਂਗਾ । ਲਹਿਣਾ ਦੇਣਾ ਮੁਕਾ ਕੇ ਬਹਿਸ਼ਤ ਜੰਨੱਤ, ਸਵਰਗਾਂ ਭਗਤਾਂ ਚਰਨਾਂ ਹੇਠ ਰਖਾਵਾਂਗਾ । ਸਤਿ ਦੀ ਫੇਰ ਬਣਾ ਕੇ ਸਾਚੀ ਬਣਤ, ਸਤਿਜੁਗ ਲੋਕਮਾਤ ਲਗਾਵਾਂਗਾ । ਉਸ ਵੇਲੇ ਫੇਰ ਹੋਣਾ ਇਕੋ ਇਹੋ ਮੰਤ, ਵਿਸ਼ਨ ਬ੍ਰਹਮਾ ਸ਼ਿਵ ਨਾਲ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਵਾਂਗਾ । ਸਤਿਗੁਰ ਸ਼ਬਦ ਕਹੇ ਸੁਣ ਸਤਾਰਾਂ ਹਾੜਾ, ਹਾੜੇ ਕਢਣ ਵਾਲਿਆ ਤੈਨੂੰ ਦਿਆਂ ਜਣਾਈਆ । ਉਠ ਨਿਗਾਹ ਮਾਰ ਲੈ ਤਕ ਲੈ ਭਗਤਾਂ ਦਾ ਅਖਾੜਾ, ਕਿਸ ਬਿਧ ਬੈਠੇ ਸੋਭਾ ਪਾਈਆ । ਸਤਿਗੁਰ ਸ਼ਬਦ ਤਕ ਲੈ ਲਾੜਾ, ਦੋ ਜਹਾਨਾਂ ਨਜ਼ਰੀ ਆਈਆ । ਤੈਨੂੰ ਚਾੜ੍ਹੇ ਰੰਗ ਗਾੜ੍ਹਾ, ਜੁਗ ਚੌਕੜੀ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਹਾੜ ਸਤਾਰਾਂ ਸੰਮਤ ਆ ਗਿਆ ਸ਼ਹਿਨਸ਼ਾਹੀ ਗਿਆਰਾਂ, ਯਾਰਾਂ ਮਿਤਰਾਂ ਨਾਲ ਵਡਿਆਈਆ । ਭਗਤਾਂ ਨਾਲ ਤਕ ਲੈ ਬਹਾਰਾਂ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਜਿਥੇ ਵੇਰਵਾ ਨਹੀਂ ਪੁਰਖ ਨਾਰਾਂ, ਨਰ ਨਰਾਇਣ ਦੇਵਣਹਾਰ ਸਰਨਾਈਆ । ਨਾਲੇ ਸਤਾਰਾਂ ਸਤਾਰਾਂ ਦੀਆਂ ਤਕ ਲੈ ਕਤਾਰਾਂ, ਹਰਿਜਨ ਸੋਹਣੇ ਸੋਭਾ ਪਾਈਆ । ਤਿੱਖੀਆਂ ਧਾਰ ਵੇਖ ਤਲਵਾਰਾਂ, ਤ੍ਰੈਗੁਣ ਦਾ ਪੰਧ ਮੁਕਾਈਆ । ਤਨ ਸ਼ਿੰਗਾਰ ਵੇਖ ਲੈ ਹਾਰਾਂ, ਜਿਨ੍ਹਾਂ ਹਿਰਦੇ ਵਸਿਆ ਧੁਰ ਦਾ ਮਾਹੀਆ । ਰਸਨਾ ਜਿਹਵਾ ਸੁਣ ਲੈ ਜੈਕਾਰਾ, ਇਕੋ ਢੋਲਾ ਗਾਈਆ । ਜਿਸ ਦਾ ਲਹਿਣਾ ਹਿੰਦੂ ਮੁਸਲਿਮ ਸਿੱਖ ਈਸਾਈ ਤੋਂ ਬਾਹਰਾ, ਆਤਮ ਪਰਮਾਤਮ ਭੇਵ ਚੁਕਾਈਆ । ਜਿਸ ਦਾ ਸਾਰੇ ਦੇ ਕੇ ਗਏ ਇਸ਼ਾਰਾ, ਪੇਸ਼ੀਨਗੋਈਆਂ ਵਿਚ ਸੁਣਾਈਆ । ਸਭ ਨੇ ਕਿਹਾ ਆਵੇ ਦੋਬਾਰਾ, ਜੋਤੀ ਜਾਤਾ ਨੂਰ ਅਲਾਹੀਆ । ਅਮਾਮ ਅਮਾਮਾ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਨੂੰ ਸਭ ਨੇ ਕਿਹਾ ਚਵੀਆਂ ਅਵਤਾਰਾ, ਜਗਦੀਸ਼ਾ ਇਕ ਅਖਵਾਈਆ । ਕਲ ਕਲਕੀ ਪਾਵੇ ਸਾਰਾ, ਮਹਾਸਾਰਥੀ ਵੇਸ ਵਟਾਈਆ । ਸੰਬਲ ਹੋਵੇ ਉਸ ਦਾ ਦੁਆਰਾ, ਵੇਦ ਵਿਆਸਾ ਗਿਆ ਸੁਣਾਈਆ । ਦੁਆਰਕਾ ਵਾਸੀ ਕੀਤਾ ਇਸ਼ਾਰਾ, ਸੈਨਤ ਸਤਿਗੁਰ ਸ਼ਬਦ ਲਗਾਈਆ । ਮੂਸਾ ਮੁਸਲਸਲ ਕੀਤਾ ਇਜ਼ਹਾਰਾ, ਕਲਮਾ ਅੱਖਰਾਂ ਨਾਲ ਸਲਾਹੀਆ । ਈਸਾ ਭੇਵ ਖੋਲ੍ਹਿਆ ਸਾਰਾ, ਅੰਤ ਆਵੇ ਮੇਰਾ ਅੱਬਾ ਧੁਰਦਰਗਾਹੀਆ । ਮੁਹੰਮਦ ਕਹਿ ਕੇ ਗਿਆ ਚਾਰ ਯਾਰਾ, ਸਦੀ ਚੌਧਵੀਂ ਅੰਤ ਵੇਖ ਵਖਾਈਆ ।


੬੮੫ ੨੪

੬੮੬ ੨੪

ਨਾਨਕ ਨਿਰਗੁਣ ਧਾਰ ਭੇਵ ਖੋਲ੍ਹਿਆ ਸਾਰਾ, ਸਹਿਜ ਸਹਿਜ ਸਮਝਾਈਆ । ਗੋਬਿੰਦ ਕਿਹਾ ਸਤਿਗੁਰ ਧਾਰ ਆਵੇ ਦੁਬਾਰਾ, ਦੂਹਰਾ ਆਪਣਾ ਵੇਸ ਵਟਾਈਆ । ਜਿਸ ਨੇ ਸਭ ਦੀ ਪਾਉਣੀ ਸਾਰਾ, ਵੇਖਣਹਾਰਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਸਤਾਰਾਂ ਹਾੜ ਸਤਿਜੁਗ ਤੇਰੀ ਸਦਾ ਹੋਵੇਗੀ ਪੂਜਾ, ਨੌ ਖੰਡ ਪ੍ਰਿਥਮੀ ਧਿਆਨ ਲਗਾਈਆ । ਇਸ ਤੋਂ ਵੱਡਾ ਦਿਵਸ ਹੋਰ ਹੋਏ ਕੋਈ ਨਾ ਦੂਜਾ, ਦੋ ਜਹਾਨ ਨਜ਼ਰ ਕੋਇ ਨਾ ਆਈਆ । ਮਿਹਰਵਾਨ ਮਹਿਬੂਬ ਤੇਰਾ ਵਕ਼ਤ ਸੁਹੰਜਣਾ ਬੂਝਾ, ਲੇਖਾ ਦਏ ਮੁਕਾਈਆ । ਅਗਲਾ ਭੇਵ ਖੋਲ੍ਹੇ ਗੁੱਝਾ, ਗੋਬਿੰਦ ਰੰਗ ਰੰਗਾਈਆ । ਜੋ ਇਸ਼ਾਰਾ ਦੇ ਕੇ ਗਿਆ ਬੁੱਧਾ, ਬੁੱਧੀ ਤੋਂ ਬਾਹਰ ਸੁਣਾਈਆ । ਮੇਰਾ ਨੂਰ ਸੁਆਮੀ ਆਵੇ ਉਤੇ ਬਸੁਧਾ, ਧਰਨੀ ਧਰਤ ਧਵਲ ਧੌਲ ਵਡਿਆਈਆ । ਜਿਸ ਮੇਟਣਾ ਅੰਤਮ ਕਲਜੁਗਾ, ਸਤਿਜੁਗ ਰੰਗ ਰੰਗਾਈਆ । ਨੌ ਖੰਡ ਪ੍ਰਿਥਮੀ ਬਣਾਉਣਾ ਇਕੋ ਝੁੱਗਾ, ਸੱਤਾਂ ਦੀਪਾਂ ਰੰਗ ਰੰਗਾਈਆ । ਨਾਮ ਕਲਮਾ ਲਏ ਕੋਈ ਨਾ ਭੁੱਗਾ, ਮਾਇਆ ਵੰਡ ਨਾ ਕੋਇ ਵੰਡਾਈਆ । ਪਰ ਫੇਰ ਖ਼ੁਸ਼ੀ ਨਾਲ ਹਸ ਕੇ ਕਿਹਾ ਸਤਾਰਾਂ ਹਾੜ ਸਤਿਜੁਗ ਤੋਂ ਪਹਿਲਾਂ ਇਕੋ ਵਾਰ ਘੋਰ ਹੋਏਗਾ ਯੁੱਧਾ, ਉਹ ਵੀ ਤੇਰਾ ਦਿਵਸ ਸੁਹੰਜਣਾ ਨਜ਼ਰੀ ਆਈਆ । ਜਗਤ ਜਹਾਨ ਕੂੜੀ ਕਿਰਿਆ ਵਿਚ ਹੋਵੇਗਾ ਖੁੱਭਾ, ਬਾਹਰ ਸਕੇ ਨਾ ਕੋਇ ਕਢਾਈਆ । ਝਟ ਹਾੜ ਸਤਾਰਾਂ ਰੋਇਆ ਮਾਰ ਕੇ ਭੁੱਬਾ, ਦਰੋਹੀ ਦਰੋਹੀ ਦਰੋਹੀ ਕਰ ਸੁਣਾਈਆ । ਮੇਰੇ ਸਾਹਿਬ ਸਤਿਗੁਰ ਮੇਰੇ ਵਿਚ ਜਨ ਭਗਤਾਂ ਕਰ ਉੱਘਾ, ਉਗਣ ਆਥਣ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਤਾਰਾਂ ਹਾੜ ਤੇਰੇ ਉਤੋਂ ਸਤਿਜੁਗ ਹੋਣਾ ਸ਼ੁਰੂ, ਸ਼ਰਅ ਦੀਨ ਮਜ਼੍ਹਬ ਰਹਿਣ ਕੋਇ ਨਾ ਪਾਈਆ । ਸਭ ਦਾ ਇਕੋ ਹੋਣਾ ਸ਼ਬਦ ਸਤਿਗੁਰੂ, ਦੂਜਾ ਇਸ਼ਟ ਨਾ ਕੋਇ ਮਨਾਈਆ । ਇਹ ਉਹ ਇਸ਼ਾਰਾ ਦਿਤਾ ਨਰਾਇਣ ਨੇ ਧਰੂ, ਧਰਨੀ ਉਤੇ ਗਿਆ ਸੁਣਾਈਆ । ਜਿਸ ਵੇਲੇ ਕਲਜੁਗ ਅੰਤਮ ਮੋੜਾ ਮੁੜੂ, ਕੂੜੀ ਕਿਰਿਆ ਪੰਧ ਮੁਕਾਈਆ । ਉਸ ਵੇਲੇ ਬਿਰਧਾਂ ਬਾਲਾਂ ਨੌਜਵਾਨਾਂ ਆਤਮ ਧਾਰ ਪਰਮਾਤਮ ਜੁੜੂ, ਜੋੜੀ ਸਤਿਗੁਰ ਸ਼ਬਦ ਬਣਾਈਆ । ਉਹ ਧੁਰ ਦਾ ਨਾਮ ਕਦੇ ਨਾ ਥੁੜੂ, ਅਤੋਟ ਅਤੁਟ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਸਤਿਜੁਗ ਕਹੇ ਮੈਂ ਜਿਸ ਵੇਲੇ ਪਿਆਰ ਕੀਤਾ ਨਾਲ ਹਾੜ ਸਤਾਰਾਂ, ਸਤਹ ਬੁਲੰਦੀ ਜ਼ਿਮੀਂ ਅਸਮਾਨ ਵੇਖ ਵਖਾਈਆ । ਇਕ ਸੰਦੇਸ਼ਾ ਦੇਣਾ ਧੁਰ ਦੇ ਪਰਵਰਦਿਗਾਰਾ, ਦੋ ਜਹਾਨਾਂ ਆਪ ਸੁਣਾਈਆ । ਇਕੋ ਮਾਨਵ ਜ਼ਾਤੀ ਹੋਣਾ ਨਾਅਰਾ, ਇਕੋ ਇਸ਼ਟ ਦੇਵ ਸੁਣਾਈਆ । ਇਕੋ ਮੰਦਰ ਹੋਣਾ ਇਕੋ ਹੋਵੇ ਦੁਆਰਾ, ਦੂਸਰ ਵੰਡ ਨਾ ਕੋਇ ਵੰਡਾਈਆ । ਇਕੋ ਗ੍ਰਿਹ ਹੋਵੇ ਘਰਬਾਰਾ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਇਕੋ ਪਾਵਣਹਾਰਾ ਹੋਵੇ ਸਾਰਾ, ਮਹਾਸਾਰਥੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਸਤਾਰਾਂ ਹਾੜ ਸੁਣ ਲੈ ਬਿਨਾ ਕੰਨ, ਕਾਇਨਾਤ ਦਿਆਂ ਜਣਾਈਆ । ਪਹਿਲੋਂ ਆਪਣਾ ਧੀਰਜ ਬੰਨ੍ਹ, ਮਨਸਾ ਮੂਲ ਨਾ ਕੋਇ ਹਲਕਾਈਆ । ਤੇਰਾ ਵਜੂਦ ਨਹੀਂ ਕੋਈ ਤਨ, ਤਤਵ ਨਜ਼ਰ ਕੋਇ ਨਾ ਆਈਆ । ਹਰਖ਼ ਸੋਗ ਨਹੀਂ ਕੋਈ ਗ਼ਮ, ਚਿੰਤਾ ਚਿਖਾ ਨਾ ਕੋਇ ਜਣਾਈਆ । ਸਾਰੀ ਸ੍ਰਿਸ਼ਟੀ ਮਾਨਵ ਜ਼ਾਤੀ ਵੇਖ ਲੈ ਬ੍ਰਹਮ, ਪਾਰਬ੍ਰਹਮ ਖੇਲ ਖਿਲਾਈਆ । ਤੇਰੇ

੬੮੭
੨੪

ਵਿਚ ਇਕੋ ਹੋਣਾ ਧਰਮ, ਦੂਜੀ ਵੰਡ ਨਾ ਕੋਇ ਵੰਡਾਈਆ । ਸਦੀ ਚੌਧਵੀਂ ਦਾ ਅੰਤ ਅਖ਼ੀਰ ਤੇ ਤੇਰੇ ਵਿਚ ਸਤਿਜੁਗ ਦਾ ਹੋਣਾ ਜਰਮ, ਧਰਨੀ ਨੇ ਗੋਦੀ ਚੁਕਣਾ ਚਾਈਂ ਚਾਈਆ । ਫੇਰ ਨਾ ਕੋਈ ਜ਼ਾਤ ਰਹੇ ਨਾ ਵਰਨ, ਬਰਨ ਦੀ ਵੰਡ ਨਾ ਕੋਇ ਵੰਡਾਈਆ । ਜ਼ਰੂਰ ਪੁਰਖ ਅਕਾਲ ਦੇ ਬਿਨਾ ਚਰਨ ਤੋਂ ਪੂਜੇ ਜਾਣਗੇ ਚਰਨ, ਪਾਹਨ ਪੱਥਰਾਂ ਸੀਸ ਨਾ ਕੋਇ ਨਿਵਾਈਆ । ਮੰਦਰ ਮਸੀਤਾਂ ਚਰਚਾਂ ਚਰਾਗਾਹਾਂ ਗੁਰੂਦਵਾਰਿਆਂ ਮੂਲ ਨਾ ਵੜਨ, ਸਾਰੇ ਭੱਜਣ ਵਾਹੋ ਦਾਹੀਆ । ਸਤਿਗੁਰ ਸ਼ਬਦ ਦਾ ਪੱਲੂ ਫੜਨ, ਤੂੰ ਹੀ ਪਿਤਾ ਤੂੰ ਹੀ ਮਾਈਆ । ਤੂੰ ਹੀ ਹਾਰ ਭੰਨਣ ਘੜਨ, ਤੇਰੇ ਹੱਥ ਵਡਿਆਈਆ । ਅਸੀਂ ਆਤਮਾ ਤੇਰਾ ਨੂਰ ਅਲਾਹੀ ਤੂੰ ਕਰਤਾ ਕਰਨੀ ਕਰਨ, ਕ਼ਾਦਰ ਕਰੀਮ ਇਕ ਅਖਵਾਈਆ । ਤੇਰੀ ਸਾਹਿਬ ਇਕੋ ਸਰਨ, ਸਰਨਗਤ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਾਰਾਂ ਹਾੜ ਕਹੇ ਪ੍ਰਭੂ ਇਕ ਇਕ ਗਿਆਰਾਂ ਦਾ ਵੇਖ ਲੈ ਆਪਣਾ ਸਾਲ, ਸਾਲ ਬਸਾਲੇ ਧਿਆਨ ਲਗਾਈਆ । ਸ੍ਰਿਸ਼ਟੀ ਦ੍ਰਿਸ਼ਟੀ ਤਕ ਲੈ ਹਾਲ, ਹਾਲਤ ਤਕ ਖ਼ਲਕ ਖ਼ੁਦਾਈਆ । ਕਲਜੁਗ ਕੂੜੀ ਕਿਰਿਆ ਤਕ ਲੈ ਕਾਲ, ਚਾਰੋਂ ਕੁੰਟ ਖੋਜ ਖੁਜਾਈਆ । ਸਚ ਪ੍ਰੀਤੀ ਤੇਰੀ ਘਾਲੇ ਕੋਈ ਨਾ ਘਾਲ, ਪ੍ਰੀਤਮ ਪ੍ਰੇਮ ਵਿਚ ਨਾ ਕੋਇ ਸਮਾਈਆ । ਫਲ ਰਿਹਾ ਨਾ ਕਿਸੇ ਕਾਇਆ ਡਾਲ੍ਹ, ਪੱਤ ਟਹਿਣੀ ਗਏ ਕੁਮਲਾਈਆ । ਤੂੰ ਆ ਕੇ ਪੁਛ ਲੈ ਮੁਰੀਦਾਂ ਹਾਲ, ਮੁਰਸ਼ਦ ਤੇਰੇ ਅਗੇ ਵਾਸਤਾ ਪਾਈਆ । ਸਤਿਗੁਰ ਸ਼ਬਦ ਬਣ ਦਲਾਲ, ਵਿਚੋਲਾ ਇਕੋ ਨਜ਼ਰੀ ਆਈਆ । ਜਨਭਗਤਾਂ ਆ ਕੇ ਸੁਰਤ ਸੰਭਾਲ, ਸੰਬਲ ਦੇ ਮਾਲਕ ਹੋ ਸਹਾਈਆ । ਸਾਚੀ ਵਸਤ ਦੇ ਧਨ ਮਾਲ, ਅਤੋਟ ਅਤੁਟ ਵਰਤਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਵਿਚੋਂ ਕਰ ਬਹਾਲ, ਸਿਰ ਸਿਰ ਆਪਣਾ ਹੱਥ ਟਿਕਾਈਆ । ਉਹ ਵਾਅਦਾ ਪੂਰਾ ਕਰ ਦੇ ਸ਼ਬਦ ਗੋਬਿੰਦ ਜੋ ਇਸ਼ਾਰਾ ਦਿਤਾ ਸਿੰਘ ਪਾਲ, ਸਤਿਗੁਰ ਤੇਰੇ ਹੱਥ ਵਡਿਆਈਆ । ਪੂਰਨ ਜੋਤ ਪੂਰਨ ਵਿਚ ਸੰਭਾਲ, ਸਮਗ੍ਰੀ ਸਚ ਸਚ ਟਿਕਾਈਆ । ਤੇਰਾ ਵਸਲ ਹੋਵੇ ਵਸਾਲ, ਵਿਸ਼ਵ ਦੇ ਮਾਲਕ ਆਪਣਾ ਰੰਗ ਰੰਗਾਈਆ । ਤੇਰਾ ਜਲਵਾ ਹੋਵੇ ਜਮਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਹਾੜ ਸਤਾਰਾਂ ਜੁਗ ਚੌਕੜੀ ਗਏ ਬੀਤ, ਆਪਣਾ ਪੰਧ ਮੁਕਾਈਆ । ਅਗੇ ਧਰਮ ਦੀ ਸੁਣ ਲੈ ਰੀਤ, ਧਰਮ ਧਾਰ ਦ੍ਰਿੜਾਈਆ । ਪੁਰਖ ਅਕਾਲੇ ਕਰਨੀ ਪ੍ਰੀਤ, ਪ੍ਰੀਤਮ ਇਕੋ ਨਜ਼ਰੀ ਆਈਆ । ਨਿਰਗੁਣ ਨਿਰੰਕਾਰ ਵਸਾਉਣਾ ਚੀਤ, ਠਗੌਰੀ ਮਨ ਰਹੇ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਗਾਉਣਾ ਗੀਤ, ਸੋਹੰ ਢੋਲਾ ਸਿਫ਼ਤ ਸਲਾਹੀਆ । ਝਗੜਾ ਰਹੇ ਨਾ ਮੰਦਰ ਮਸੀਤ, ਕਾਇਆ ਕਾਅਬੇ ਹੋਏ ਰੁਸ਼ਨਾਈਆ । ਮਾਨਸ ਜਨਮ ਜਾਣਾ ਜਗ ਜੀਤ, ਜਗ ਜੀਵਣ ਦਾਤੇ ਮਿਲ ਕੇ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਇਕ ਖਿਲਾਈਆ । ਸਤਿਗੁਰ ਸ਼ਬਦ ਕਹੇ ਵਕ਼ਤ ਆਇਆ ਸੁਹੰਜਣਾ, ਪ੍ਰਭ ਸੋਹਣੀ ਦਏ ਵਡਿਆਈਆ । ਕਿਰਪਾ ਕਰੇ ਆਦਿ ਨਿਰੰਜਣਾ, ਨਿਰਵੈਰ ਨੂਰ ਅਲਾਹੀਆ । ਉਹ ਦਾਤਾ ਦਰਦ ਦੁਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਚਰਨ ਧੂੜ ਕਰਾ ਕੇ ਮਜਨਾ, ਦੁਰਮਤ ਮੈਲ ਧੁਆਈਆ । ਜਿਸ ਦੇ ਹੁਕਮ ਵਿਚ ਕਲਜੁਗ ਵੰਞਣਾ, ਭੱਜੇ ਵਾਹੋ ਦਾਹੀਆ । ਸਤਿਜੁਗ ਸਾਚਾ ਲਗਣਾ, ਧਰਨੀ ਧਰਤ ਧਵਲ ਸੁਹਾਈਆ ।

੬੮੮
੨੪

ਤ੍ਰੈਗੁਣ ਬੁਝਾਏ ਅਗਨਾ, ਅੰਮ੍ਰਿਤ ਮੇਘ ਨਾਮ ਬਰਸਾਈਆ । ਹਿਰਦੇ ਨਾਮ ਜਪਾਏ ਰਸਨਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਹਰ ਹਿਰਦੇ ਅੰਦਰ ਸਤਿਗੁਰ ਵਸਣਾ, ਸ਼ਬਦੀ ਸ਼ਬਦ ਸ਼ਬਦ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਹਰਿ ਆਦਿ ਜੁਗਾਦੀ ਮਿਹਰਵਾਨਾ, ਮਿਹਰਵਾਨ ਅਖਵਾਈਆ । ਜੋ ਜੁਗ ਜੁਗ ਧਾਰੇ ਬਾਣਾ, ਨਿਰਗੁਣ ਸਰਗੁਣ ਵੇਸ ਵਟਾਈਆ । ਜੋਤੀ ਜਾਤਾ ਹੋ ਪਰਧਾਨਾ, ਸ਼ਬਦੀ ਸ਼ਬਦ ਕਰੇ ਸ਼ਨਵਾਈਆ । ਜਨ ਭਗਤਾਂ ਵੇਖੇ ਮਾਰ ਧਿਆਨਾ, ਬਿਨ ਨੈਣਾਂ ਨੈਣ ਉਠਾਈਆ । ਕਲਜੁਗ ਅੰਤਮ ਕਰ ਪਹਿਚਾਨਾ, ਬੇਪਹਿਚਾਨ ਰਿਹਾ ਮਿਲਾਈਆ । ਆਤਮ ਦੇ ਕੇ ਬ੍ਰਹਮ ਗਿਆਨਾ, ਪਰਦਾ ਕੂੜ ਉਠਾਈਆ । ਸੁਰਤ ਮਿਲ ਕੇ ਸ਼ਬਦੀ ਕਾਹਨਾ, ਆਤਮ ਪਰਮਾਤਮ ਰੰਗ ਰੰਗਾਈਆ । ਘਰ ਬੰਕ ਸੁਹਾ ਮਕਾਨਾ, ਸਾਢੇ ਤਿੰਨ ਹੱਥ ਵਜੇ ਵਧਾਈਆ । ਸ਼ਾਹੋ ਭੂਪ ਬਣ ਸੁਲਤਾਨਾ, ਧੁਰ ਦਾ ਹੁਕਮ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਾਰਾਂ ਹਾੜ ਕਹੇ ਸਤਿਗੁਰ ਸ਼ਬਦ ਮੇਰਾ ਮੇਟ ਕੂੜ ਕੁੜਿਆਰ, ਕੁਟੰਬ ਕਲਜੁਗ ਰਹਿਣ ਨਾ ਪਾਈਆ । ਸਚ ਵਸਤ ਦੇ ਅਧਾਰ, ਧੁਰ ਧੁਰ ਦਾ ਨਾਮ ਵਰਤਾਈਆ । ਮੇਰੀ ਖ਼ੁਸ਼ੀਆਂ ਵਾਲੀ ਮੌਲੇ ਬਹਾਰ, ਰੁਤੜੀ ਤੇਰੇ ਨਾਲ ਮਹਿਕਾਈਆ । ਮੈਂ ਬਣਿਆ ਦਰ ਭਿਖਾਰ, ਮਾਂਗਤ ਹੋ ਕੇ ਝੋਲੀ ਡਾਹੀਆ । ਤੂੰ ਦੇਵਣਹਾਰ ਸਿਕਦਾਰ, ਸਤਿਗੁਰ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਸਤਿਗੁਰ ਸ਼ਬਦ ਕਹੇ ਮੇਰਾ ਵੇਖੋ ਖੇਲ ਬੇਨਜ਼ੀਰ, ਨਜ਼ਰੀਏ ਸਭ ਦੇ ਦਿਆਂ ਬਦਲਾਈਆ । ਮੈਂ ਸ਼ਾਹੋ ਭੂਪ ਪੀਰਾਂ ਦਾ ਪੀਰ, ਪੈਗ਼ੰਬਰਾਂ ਦਾ ਪੈਗ਼ੰਬਰ ਨੂਰ ਅਲਾਹੀਆ । ਜੋ ਆਸਾ ਰਖ ਕੇ ਗਿਆ ਕਬੀਰ, ਕ਼ਬਰਾਂ ਤੋਂ ਬਾਹਰ ਧਿਆਨ ਲਗਾਈਆ । ਜਿਸ ਦੀ ਆਸ਼ਾ ਰਖੀ ਗੋਬਿੰਦ ਅਖ਼ੀਰ, ਬਿਨ ਅੱਖਰਾਂ ਅੱਖਰ ਸੁਣਾਈਆ । ਉਹ ਮਾਲਕ ਖ਼ਾਲਕ ਗਹਿਰ ਗੰਭੀਰ, ਗਵਰ ਇਕ ਅਖਵਾਈਆ । ਜਿਸ ਦਾ ਜਗਤ ਨਾਤਾ ਬਣਿਆ ਪੰਜਾਂ ਤਤਾਂ ਵਾਲੀ ਤਸਵੀਰ, ਤਸੱਵਰ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ ਮੈਂ ਕਰਨਵਾਲਾ ਮਿਹਰ, ਮਿਹਰਵਾਨ ਅਖਵਾਈਆ । ਵਸਣਹਾਰਾ ਨੇਰਨ ਨੇਰ, ਦੂਰ ਦੁਰਾਡਾ ਪੰਧ ਮੁਕਾਈਆ । ਜੁਗ ਚੌਕੜੀ ਮੇਰਾ ਫੇਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜੇ ਵਾਹੋ ਦਾਹੀਆ । ਕਲਜੁਗ ਅੰਤਮ ਲਿਆ ਘੇਰ, ਚਾਰੋਂ ਕੁੰਟ ਘੇਰਾ ਪਾਈਆ । ਤਤਾਂ ਵਾਲਾ ਸਰੀਰ ਨਾਮ ਰਖਾ ਕੇ ਸਿੰਘ ਸ਼ੇਰ, ਸ਼ਰਅ ਸ਼ਰਅ ਵਿਚੋਂ ਬਦਲਾਈਆ । ਫੇਰ ਲੇਖਾ ਆਪ ਨਬੇਰ, ਆਪ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਮੈਨੂੰ ਹੋਰ ਆ ਗਿਆ ਚੇਤਾ, ਪੂਰਬ ਭੇਵ ਚੁਕਾਈਆ । ਰਵਾਲਸਰ ਜਾਂਦਿਆਂ ਜਾਂਦਿਆਂ ਓ ਗੋਬਿੰਦ ਲੇਟ ਗਿਆ ਵਿਚ ਖੇਤਾਂ, ਬਿਨਾ ਆਸਣ ਆਸਣ ਲਾਈਆ । ਪੁਰਖ ਅਕਾਲ ਨੂੰ ਮਸਤਕ ਟੇਕਾ, ਬਿਨ ਟਿੱਕੇ ਧੂੜੀ ਖ਼ਾਕ ਰਮਾਈਆ । ਫੇਰ ਆਪਣਾ ਆਪ ਕਰਕੇ ਭੇਟਾ, ਧੂੜ ਧੂੜਾਂ ਵਿਚ ਸਮਾਈਆ । ਨਾਲੇ ਹਸ ਕੇ ਕਿਹਾ ਤੂੰ ਪਿਤਾ ਮੈਂ ਤੇਰਾ ਬੇਟਾ, ਬੇਸ਼ਕ ਮੈਨੂੰ ਜੰਮਣ ਵਾਲੀ ਗੁਜਰੀ ਮਾਈਆ । ਮੈਂ ਸਤਿਗੁਰ ਤੇਰਾ ਸ਼ਬਦ ਤੇਰਾ ਮੇਰੇ ਨਾਲ ਹੋਵੇ ਠੇਕਾ, ਵਾਅਦਾ ਪੂਰਾ ਦੇਣਾ ਕਰਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਗੋਬਿੰਦ ਖੇਤਾਂ ਵਿਚ ਲੇਟਿਆ ਰਵਾਲਸਰ, ਸੋਹਣਾ ਰੂਪ ਬਣਾਈਆ । ਨਾਲ ਕਿਹਾ ਉਹ ਪੁਰਖ ਅਕਾਲੇ ਦੀਨ ਦਿਆਲੇ ਮੇਰਾ ਤਨ ਵਜੂਦ ਆ ਕੇ ਵਰ, ਮਾਲਕ ਹੋ ਕੇ ਵੇਖ ਵਖਾਈਆ । ਮੈਂ ਸਦਾ ਵਸਣਾ ਤੇਰੇ ਘਰ, ਦੂਜਾ ਦੁਆਰ ਰਹਿਣ ਕੋਇ ਨਾ ਪਾਈਆ । ਨਾ ਕੋਈ ਸ਼ਰਅ ਹੋਵੇ ਨਾ ਸ਼ਰ, ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਤੂੰ ਮਾਲਕ ਮੇਰਾ ਨਰਾਇਣ ਨਰ, ਨਰ ਹਰਿ ਇਕੋ ਇਕ ਅਖਵਾਈਆ । ਝਟ ਪ੍ਰਭੂ ਨੇ ਕਿਰਪਾ ਦਿਤੀ ਕਰ, ਹੁਕਮ ਸੰਦੇਸ਼ਾ ਦਿਤਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ । ਝਟ ਗੋਬਿੰਦ ਸਤਿਗੁਰੂ ਲਾਈ ਬਿਨਾ ਸਿੰਘਾਸਣ ਸਮਾਧੀ, ਬਿਨਾ ਸੁਰਤ ਤੋਂ ਸੁਰਤ ਵਿਚ ਸਮਾਈਆ । ਬਿਨਾ ਰਸਨਾ ਤੋਂ ਲਿਆ ਅਰਾਧੀ, ਜਿਹਵਾ ਮੁਖ ਦੰਦ ਨਾ ਕੋਇ ਹਿਲਾਈਆ । ਬਿਨਾ ਆਵਾਜ਼ ਤੋਂ ਸੁਣਿਆ ਅਨਾਦੀ, ਨਾਦ ਧੁਨ ਸ਼ਨਵਾਈਆ । ਖੇਲ ਤਕ ਬ੍ਰਹਿਮਾਦੀ, ਬ੍ਰਹਿਮੰਡ ਵੇਖ ਵਖਾਈਆ । ਬਿਨਾ ਸੁਰਤੀ ਤੋਂ ਸੁਰਤੀ ਜਾਗੀ, ਜਾਗਰਤ ਜੋਤ ਜੋਤ ਰੁਸ਼ਨਾਈਆ । ਬਿਨਾ ਵੈਰਾਗ ਤੋਂ ਆਇਆ ਵੈਰਾਗੀ, ਆਪਣਾ ਪੰਧ ਮੁਕਾਈਆ । ਗੋਬਿੰਦ ਤੇਰਾ ਪਿਆਰ ਵਡ ਵਡਭਾਗੀ, ਭਗਵਨ ਦਏ ਵਡਿਆਈਆ । ਤੇਰੇ ਅੰਦਰ ਮੇਰਾ ਨੂਰ ਜੋਤ ਜ਼ਰੂਰ ਜਗੇਗਾ ਚਰਾਗ਼ੀ, ਚਰਾਗਾਹਾਂ ਕਰੇ ਰੁਸ਼ਨਾਈਆ । ਇਸ ਸ਼ਰੀਰ ਦੀ ਉਹ ਬਾਜ਼ਾਂ ਵਾਲਿਆ ਖੇਡ ਜਾਣੀ ਬਾਜ਼ੀ, ਬਾਜ਼ੀ ਦੀਨ ਦੁਨੀ ਉਲਟਾਈਆ । ਗੋਬਿੰਦ ਹਸ ਕੇ ਕਿਹਾ ਮੈਂ ਤੇਰੇ ਹੁਕਮ ਵਿਚ ਰਾਜ਼ੀ, ਰਾਜ਼ਕ ਰਿਜ਼ਕ ਰਹੀਮ ਤੇਰੀ ਸਰਨਾਈਆ । ਫੇਰ ਹੁਕਮ ਦੀ ਵਜੀ ਆਵਾਜ਼ੀ, ਧੁਨ ਧੁਨ ਵਿਚੋਂ ਪਰਗਟਾਈਆ । ਤੇਰੇ ਨਾਲ ਲਡਾਵਾਂਗਾ ਲਾਡੀ, ਲਾਡ ਆਪਣੇ ਨਾਲ ਰਖਾਈਆ । ਉਹ ਤੇਰੀ ਜ਼ਰੂਰ ਤਤਾਂ ਵਾਲੀ ਹੋਵੇਗੀ ਬਾਡੀ, ਤਨ ਵਜੂਦ ਜਗਤ ਨਜ਼ਰੀ ਆਈਆ । ਮੈਂ ਅੰਦਰ ਵੜ ਕੇ ਬਣ ਜਾਵਾਂ ਗਾਡੀ, ਜਿਸ ਨੂੰ ਗਾਡ ਵਾਹਿਦ ਨੂਰ ਕਹੇ ਖ਼ਲਕ ਖ਼ੁਦਾਈਆ । ਗੋਬਿੰਦ ਹਸ ਕੇ ਕਿਹਾ ਏਥੇ ਨਾ ਕੋਈ ਸਵਾਲ ਨਾ ਜਵਾਬੀ, ਜਵਾਬ ਤਲਬੀ ਨਾ ਕੋਇ ਸਮਝਾਈਆ । ਇਹ ਮੇਰੇ ਉਤੇ ਕਿਰਪਾ ਕਰੀਂ ਸ਼ਤਾਬੀ, ਬਹੁਤੀ ਦੇਰ ਨਾ ਕੋਇ ਲਗਾਈਆ । ਝਟ ਹੁਕਮ ਹੋਇਆ ਤੇਰਾ ਢਈਆ ਲੰਘਣਾ ਤੇ ਫੇਰ ਬਣਨਾ ਕੰਤ ਸੁਹਾਗੀ, ਸੋਹਣਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਪਰਦਾ ਆਪ ਉਠਾਈਆ । ਹਸ ਕੇ ਕਹੇ ਰਵਾਲਸਰ ਦੀ ਧਰਤੀ, ਮਿੱਟੀ ਖ਼ਾਕ ਰਹੀ ਸੁਣਾਈਆ । ਜੋ ਸਾਹਿਬ ਆਵੇ ਨਿਧ ਪਰਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦੀ ਗੋਬਿੰਦ ਨਾਲ ਸ਼ਰਤੀ, ਸ਼ਰਅ ਦੀਨ ਦੁਨੀ ਬਦਲਾਈਆ । ਉਹ ਖੇਲ ਸਮਝਾਏ ਆਪਣੇ ਘਰ ਦੀ, ਗ੍ਰਿਹ ਮੰਦਰ ਇਕ ਵਖਾਈਆ । ਸ੍ਰਿਸ਼ਟੀ ਭਿਖਾਰਨ ਰਹੇ ਨਾ ਦਰ ਦਰ ਦੀ, ਚਾਰੋਂ ਕੁੰਟ ਭੱਜੇ ਨਾ ਵਾਹੋ ਦਾਹੀਆ । ਤੂੰ ਮੇਰਾ ਮੈਂ ਤੇਰਾ ਇਕੋ ਤੁਕ ਹੋਵੇ ਪੜ੍ਹਦੀ, ਕਲਮਾ ਕਾਇਨਾਤ ਇਕ ਸਮਝਾਈਆ । ਆਤਮ ਪਰਮਾਤਮ ਮੰਜ਼ਲ ਹੋਵੇ ਚੜ੍ਹਦੀ, ਅਗੇ ਹੋ ਨਾ ਕੋਇ ਅਟਕਾਈਆ । ਤਾਕ਼ਤ ਰਹੇ ਨਾ ਹੰਕਾਰ ਗੜ੍ਹ ਦੀ, ਹਉਮੇ ਹੰਗਤਾ ਦਏ ਮਿਟਾਈਆ । ਜਗਤ ਤ੍ਰਿਸ਼ਨਾ ਮੂਲ ਰਹੇ ਨਾ ਸੜਦੀ, ਅੰਮ੍ਰਿਤ ਮੇਘ ਨਾਮ ਬਰਸਾਈਆ । ਕਲਜੁਗ ਕੂੜੀ ਕਿਰਿਆ ਮੇਟੇ ਕਲ ਦੀ, ਕਲਕਾਤੀਆਂ ਡੇਰਾ ਢਾਹੀਆ । ਖੇਲ ਖਿਲਾਏ ਅਛਲ ਅਛਲ ਦੀ, ਵਲ ਛਲਧਾਰੀ ਆਪਣਾ ਹੁਕਮ ਵਰਤਾਈਆ । ਕਿਸੇ ਨੂੰ ਸਮਝ ਨਾ ਆਵੇ ਘੜੀ ਪਲ ਦੀ, ਕੀ ਪਲਕਾਂ ਦੇ ਉਹਲੇ ਬਹਿ ਕੇ ਖੇਲ ਖਿਲਾਈਆ । ਜਿਸ ਸਾਰ ਪਾਉਣੀ ਜਲ ਥਲ ਦੀ, ਮਹੀਅਲ ਆਪਣਾ ਹੁਕਮ ਵਰਤਾਈਆ ।

ਉਸ ਆਸ਼ਾ ਪੂਰੀ ਕਰਨੀ ਬਾਵਨ ਧਾਰ ਬਲ ਦੀ, ਪੂਰਬ ਲਹਿਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਸੁਣ ਉਏ ਸਤਾਰਾਂ ਹਾੜਾ, ਬਿਨ ਅੱਖਾਂ ਅੱਖ ਖੁਲ੍ਹਾਈਆ । ਨਿਗਾਹ ਮਾਰ ਲੈ ਵਿਚ ਮਾਛੂਵਾੜਾ, ਆਪ ਆਪਣਾ ਬਲ ਪਰਗਟਾਈਆ । ਜਿਸ ਵੇਲੇ ਗੋਬਿੰਦ ਸੁੱਤਾ ਵਿਚ ਝਾੜਾ, ਜੰਡੀ ਧਾਰ ਦਏ ਗਵਾਹੀਆ । ਕਲਜੁਗ ਖ਼ੁਸ਼ੀਆਂ ਲਾਇਆ ਅਖਾੜਾ, ਨੱਚੇ ਟੱਪੇ ਵਾਹੋ ਦਾਹੀਆ । ਧਰਨੀ ਤਕ ਕੇ ਧੁਰ ਦਾ ਲਾੜਾ, ਢੋਲੇ ਖ਼ੁਸ਼ੀਆਂ ਵਾਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਗੋਬਿੰਦ ਮਾਛੂਵਾੜੇ ਉਤੇ ਧਰਤੀ ਆਪਣੀ ਲਾਈ ਛਾਤੀ, ਸੀਨਾ ਸੀਨੇ ਨਾਲ ਛੁਹਾਈਆ । ਤਲਵਾਰ ਦੀ ਨੋਕ ਨਾਲ ਲਿਖੀ ਅਗੰਮੀ ਪਾਤੀ, ਜਿਸ ਦਾ ਅੱਖਰ ਨਜ਼ਰ ਕੋਇ ਨਾ ਆਈਆ । ਨੀ ਤੇਰੇ ਉਤੇ ਆਉਣਾ ਕਮਲਾਪਾਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦੇ ਹੱਥ ਸਭ ਦੀ ਜ਼ਿੰਦਗੀ ਹਯਾਤੀ, ਆਦਿ ਜੁਗਾਦਿ ਆਪਣਾ ਹੁਕਮ ਵਰਤਾਈਆ । ਉਹ ਅੰਤਮ ਮੇਟੇ ਕਲਜੁਗ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਚਮਕਾਈਆ । ਮਾਨਵ ਜ਼ਾਤੀ ਹੋਵੇ ਇਕ ਜਮਾਤੀ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਇਕੋ ਕਲਮਾ ਹੋਵੇ ਸਫ਼ਾਤੀ, ਜਜ਼ਬਾਤੀ ਆਪਣਾ ਹੁਕਮ ਵਰਤਾਈਆ । ਇਕੋ ਸਰਘੀ ਹੋਵੇ ਪਰਭਾਤੀ, ਇਕੋ ਆਪਣਾ ਰੰਗ ਰੰਗਾਈਆ । ਇਕੋ ਮਜ਼੍ਹਬ ਹੋਵੇ ਜ਼ਾਤੀ, ਇਕੋ ਕਲਮਾ ਪੜ੍ਹੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਸਤਿਗੁਰ ਗੋਬਿੰਦ ਸਿੰਘ ਕੀਤਾ ਇਸ਼ਾਰਾ, ਸੈਨਤ ਅਗੰਮ ਲਗਾਈਆ । ਵਾਹ ਮੇਰੇ ਪਰਵਰਦਿਗਾਰਾ, ਤੇਰੀ ਬੇਪਰਵਾਹੀਆ । ਸਦੀ ਚੌਧਵੀਂ ਤਕ ਕਿਨਾਰਾ, ਮੁਹੰਮਦ ਬੈਠਾ ਪੰਧ ਮੁਕਾਈਆ । ਚਾਰੋਂ ਕੁੰਟ ਧੂੰਆਂਧਾਰਾ, ਨੂਰੀ ਚੰਦ ਨਾ ਕੋਇ ਚਮਕਾਈਆ । ਝਟ ਹਸ ਕੇ ਕਹੇ ਚੰਦ ਸਿਤਾਰਾ, ਪ੍ਰਭ ਦਾ ਖੇਲ ਬੇਪਰਵਾਹੀਆ । ਉਹ ਸਭ ਦਾ ਮੀਤ ਮੁਰਾਰਾ, ਮਿਤਰ ਪਿਆਰਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਮਾਛੂਵਾੜਾ ਕਹੇ ਮੇਰੀ ਧਰਤੀ ਪਵਿਤ੍ਰ ਹੋਈ ਖ਼ਾਕ, ਮਾਟੀ ਸੋਭਾ ਪਾਈਆ । ਮੇਰੇ ਅੰਤਸ਼ਕਰਨ ਦਾ ਖੁਲ੍ਹਿਆ ਤਾਕ, ਪਰਦਾ ਰਿਹਾ ਨਾ ਰਾਈਆ । ਮੈਨੂੰ ਯਾਦ ਗੋਬਿੰਦ ਦਾ ਭਵਿਖਤ ਵਾਕ, ਵਾਕਿਆ ਦਿਆਂ ਸੁਣਾਈਆ । ਜਿਸ ਵੇਲੇ ਉਸ ਜ਼ਿਮੀਂ ਅਸਮਾਨ ਲਿਆ ਝਾਕ, ਬਿਨ ਨੈਣ ਨੈਣ ਤਕਾਈਆ । ਨਾ ਦਿਵਸ ਰਹੀ ਨਾ ਰਾਤ, ਘੜੀ ਪਲ ਨਾ ਕੋਇ ਸਮਝਾਈਆ । ਨਾ ਮਜ਼੍ਹਬ ਰਿਹਾ ਨਾ ਜ਼ਾਤ, ਨਾ ਕਲਮਾ ਵੰਡ ਵੰਡਾਈਆ । ਨਾ ਝਗੜਾ ਕਾਗ਼ਜ਼ਾਤ, ਨਾ ਅੱਖਰਾਂ ਕੋਈ ਲੜਾਈਆ । ਝਟ ਗੋਬਿੰਦ ਨੇ ਅਗਲਾ ਤਕਿਆ ਵਾਕ਼ਿਆਤ, ਵਾਕ਼ਿਆਤ ਵੇਖਿਆ ਚਾਈਂ ਚਾਈਂਆ । ਧਰਮ ਈਮਾਨ ਪਾ ਜਾਣੀ ਵਫ਼ਾਤ, ਮੜ੍ਹੀਆਂ ਗੋਰ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੈਂ ਸੁਣਿਆ ਸ਼ਬਦ ਅਗੰਮ ਸੰਦੇਸ਼ਾ, ਸੰਧਿਆ ਸਰਘੀ ਨਾ ਕੋਇ ਵਡਿਆਈਆ । ਕੀ ਖੇਲ ਕਰੇ ਨਰ ਨਰੇਸ਼ਾ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਅਵਲੜਾ ਹੋਣਾ ਵੇਸਾ, ਜੋਤੀ ਜਾਤਾ ਡਗਮਗਾਈਆ । ਹੁਕਮ ਸੁਣਾਏ ਦਸ ਦਸਮੇਸ਼ਾ, ਦਹਿ ਦਿਸ਼ਾ ਧਿਆਨ ਲਗਾਈਆ । ਕਲਜੁਗ ਅੰਤਮ ਆਵੇ ਨਰ ਨਰੇਸ਼ਾ, ਨਰ ਹਰਿ ਕਰਤਾ ਇਕ ਅਖਵਾਈਆ । ਜਿਹੜਾ ਸਦਾ ਰਹੇ ਹਮੇਸ਼ਾ, ਜਨਮ ਮਰਨ

ਨਾ ਰੂਪ ਬਦਲਾਈਆ । ਜਿਸ ਅੰਤਮ ਝਗੜਾ ਮੇਟਣਾ ਮੁੱਲਾ ਸ਼ੇਖ਼ਾ, ਦੀਨਾਂ ਮਜ਼੍ਹਬਾਂ ਪੰਧ ਮੁਕਾਈਆ । ਲੇਖਾ ਜਾਣੇ ਗਣਪਤ ਗਣੇਸ਼ਾ, ਗਹਿਰ ਗੰਭੀਰ ਵੇਖ ਵਖਾਈਆ । ਉਸ ਦਾ ਲਹਿਣਾ ਦੇਣਾ ਹੋਣਾ ਮਾਝੇ ਦੇਸਾ, ਸੰਬਲ ਰੁਤ ਸੁਹਾਈਆ । ਭਗਤ ਉਧਾਰਨਾ ਜਿਸ ਦਾ ਪੇਸ਼ਾ, ਪੇਸ਼ੀਨਗੋਈਆਂ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਗੋਬਿੰਦ ਕਿਹਾ ਕਲਜੁਗ ਅੰਤ ਸਤਿਗੁਰ ਸ਼ਬਦ ਹੋਵੇ ਉਜਿਆਰਾ, ਗੋਬਿੰਦ ਗੋਬਿੰਦ ਗੋਬਿੰਦ ਧਾਰ ਵਡਿਆਈਆ । ਸੰਮਤ ਸ਼ਹਿਨਸ਼ਾਹੀ ਸਾਲ ਹੋਵੇ ਗਿਆਰਾਂ, ਇਕ ਇਕ ਨਾਲ ਮਿਲ ਕੇ ਵਜੇ ਵਧਾਈਆ । ਕਲਜੁਗ ਕੂੜ ਕਿਰਿਆ ਕੁਕਰਮ ਕੱਢੇ ਬਾਹਰਾ, ਧਰਮ ਦੀ ਧਾਰ ਇਕ ਸਮਝਾਈਆ । ਮਾਣ ਦੇਵੇ ਸਤਾਰਾਂ ਹਾੜਾ, ਸਿਰ ਆਪਣਾ ਹੱਥ ਟਿਕਾਈਆ । ਸਤਾਰਾਂ ਸਤਾਰਾਂ ਦਾ ਲਾ ਅਖਾੜਾ, ਸੋਹਣਾ ਆਪਣਾ ਨਾਚ ਵਖਾਈਆ । ਪ੍ਰੇਮ ਦਾ ਰੰਗ ਚਾੜ੍ਹ ਕੇ ਗਾੜ੍ਹਾ, ਦੁਰਮਤ ਮੈਲ ਧੁਆਈਆ । ਕਰ ਪਰਕਾਸ਼ ਬਹੱਤਰ ਨਾੜਾ, ਜਨ ਭਗਤਾਂ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਗੋਬਿੰਦ ਕਿਹਾ ਸੰਮਤ ਗਿਆਰਾਂ ਹੋਵੇ ਵਕ਼ਤ, ਸੋਹਣੀ ਖੇਲ ਖਿਲਾਈਆ । ਮਾਲਕ ਮਾਲਕ ਬਣ ਕੇ ਜਗਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਹਰਿਜਨ ਬਣਾ ਕੇ ਆਪਣੇ ਭਗਤ, ਭਗਵਨ ਦੇਵੇ ਮਾਣ ਵਡਿਆਈਆ । ਅੰਤਰ ਆਤਮ ਬਖ਼ਸ਼ੇ ਸ਼ਕਤ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸੰਮਤ ਕਹੇ ਸ਼ਹਿਨਸ਼ਾਹੀ ਗਿਆਰਾਂ ਆਪ, ਪ੍ਰਭ ਆਪਣੀ ਦਇਆ ਕਮਾਈਆ । ਨਾਲ ਸੰਦੇਸ਼ਾ ਸੁਣੇ ਪਾਤ, ਪਤ੍ਰਿਕਾ ਕੀ ਦ੍ਰਿੜਾਈਆ । ਜਨ ਭਗਤਾਂ ਹਰਿ ਜੂ ਪੁਛੇ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਪਿਛਲਾ ਲਹਿਣਾ ਦੇਣਾ ਪੂਰਾ ਕਰੇ ਪੁਰਾਤ, ਪੁਰਾਤਨ ਲੇਖਾ ਝੋਲੀ ਪਾਈਆ । ਅਗੇ ਬਖ਼ਸ਼ ਕੇ ਸਾਚੀ ਦਾਤ, ਦਾਤਾ ਦਾਨੀ ਦੇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਗੋਬਿੰਦ ਸੰਦੇਸ਼ਾ ਦਿਤਾ ਸ਼ਬਦੀ ਧਾਰ, ਸ਼ਬਦ ਸ਼ਬਦ ਸ਼ਨਵਾਈਆ । ਮੇਰਾ ਲਹਿਣਾ ਦੇਣਾ ਨਾਲ ਕਲਕੀ ਅਵਤਾਰ, ਨਿਹਕਲੰਕਾ ਸੰਗ ਰਖਾਈਆ । ਇਕ ਇਕ ਦਾ ਹੋਏ ਪਿਆਰ, ਪ੍ਰੇਮ ਪ੍ਰੇਮ ਵਿਚ ਸਮਾਈਆ । ਕਲਜੁਗ ਦੋਹਰੀ ਹੋਵੇ ਧਾਰ, ਦੋਹਰਾ ਆਪਣਾ ਰੂਪ ਬਦਲਾਈਆ । ਸਿੰਘ ਸ਼ੇਰ ਸ਼ੇਰ ਦਾ ਲੇਖਾ ਵਿਚ ਸੰਸਾਰ, ਤਤ ਤਤਾਂ ਨਾਲ ਵਡਿਆਈਆ । ਜਿਸ ਦੇ ਅੰਤਰ ਦੀਪਕ ਜਗਿਆ ਚਰਾਗ਼, ਜੋਤੀ ਜਾਤਾ ਡਗਮਗਾਈਆ । ਉਸ ਦੀ ਖ਼ੁਸ਼ੀਆਂ ਵਾਲੀ ਬਹਾਰ, ਸੰਮਤ ਸ਼ਹਿਨਸ਼ਾਹੀ ਗਿਆਰਾਂ ਵਜੇ ਵਧਾਈਆ । ਮਾਛੂਵਾੜਾ ਲੇਖਾ ਮੰਗੇ ਉਧਾਰ, ਸੰਮਤ ਸ਼ਹਿਨਸ਼ਾਹੀ ਸੱਤ ਨਾਲ ਮਿਲਾਈਆ । ਹਰਿਜਨ ਪ੍ਰੇਮ ਵਿਚ ਕਰਨ ਨਿਮਸਕਾਰ, ਅੰਤਰ ਅੰਤਰ ਢੋਲੇ ਗਾਈਆ । ਪੰਜ ਪਿਆਰੇ ਹੋਵਣ ਖ਼ਬਰਦਾਰ, ਪੰਜ ਦਰਬਾਰੀ ਲੈਣ ਅੰਗੜਾਈਆ । ਪੰਜ ਲਿਖਾਰੀ ਕਰਨ ਵਿਚਾਰ, ਕਾਨੀ ਕ਼ਲਮ ਹੱਥ ਉਠਾਈਆ । ਹਾੜ ਸਤਾਰਾਂ ਕਹੇ ਸਭ ਤੋਂ ਪਹਿਲਾਂ ਕਰਾਂ ਨਿਮਸਕਾਰ, ਨਿਵ ਨਿਵ ਲਾਗਾਂ ਪਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਅਗੰਮ ਅਪਾਰ, ਅਥਾਹ ਮੇਰੀ ਵਡਿਆਈਆ । ਪੂਰਨ ਜੋਤ ਪੂਰਨ ਉਜਿਆਰ, ਜੋਤੀ ਜਾਤੇ ਵਿਚ ਸਮਾਈਆ । ਆਪੇ ਅੰਦਰ ਆਪੇ ਬਾਹਰ, ਗੁਪਤ ਜ਼ਾਹਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ


੬੯੧ ੨੪

ਇਕ ਸੁਣਾਈਆ । ਸਤਾਰਾਂ ਹਾੜ ਕਹੇ ਜਨ ਭਗਤੋ ਤੁਹਾਡਾ ਪਿਛਲਾ ਲੇਖਾ ਲਗਾ ਲੱਗਣ, ਪ੍ਰੇਮੀਓ ਦਿਆਂ ਜਣਾਈਆ । ਤੁਹਾਡਾ ਪੈਣ ਲਗਾ ਸਗਨ, ਮੰਗਣੀ ਨਾਲ ਧੁਰਦਰਗਾਹੀਆ । ਤੁਹਾਡਾ ਦੀਪਕ ਲਗਾ ਜਗਣ, ਅੰਧ ਅੰਧੇਰ ਹੋਏ ਰੁਸ਼ਨਾਈਆ । ਤੁਸੀਂ ਸਾਰੇ ਹੋਵੋ ਮਗਨ, ਸੁੱਤਿਓ ਲਓ ਅੰਗੜਾਈਆ । ਸਤਿਗੁਰ ਚਰਨ ਦਾ ਕਰਨਾ ਮਜਨ, ਦੁਰਮਤ ਮੈਲ ਧੁਆਈਆ । ਸੋਹੰ ਸ਼ਬਦ ਦਾ ਹੋਵੇ ਭਜਨ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਦੋ ਜਹਾਨ ਨਗਾਰੇ ਵੱਜਣ, ਨਾਮ ਡੰਕ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਡੇ ਪਵਿਤ੍ਰ ਕਰੇ ਬਦਨ, ਬਦਨੀਤੀ ਰਹਿਣ ਕੋਇ ਨਾ ਪਾਈਆ । ਸਤਾਰਾਂ ਹਾੜ ਕਹੇ ਜਨ ਭਗਤੋ ਅੰਦਰੋਂ ਉਠਾਓ ਸੁਤੀ *ਸੁਰਤੀ, ਜਗਤ ਦਲਿਦ੍ਰ ਰਹੇ ਨਾ ਰਾਈਆ । ਦਰਸ ਕਰੋ ਅਕਾਲ ਮੂਰਤੀ, ਨਿਰਗੁਣ ਨਿਰਵੈਰ ਵੇਖ ਵਖਾਈਆ । ਤੁਹਾਨੂੰ ਸਾਰ ਹੋਵੇ ਧੁਰ ਦੀ, ਧੁਰ ਮਸਤਕ ਲੇਖ ਬਣਾਈਆ । ਅੱਜ ਤੋਂ ਪ੍ਰਣ ਕਰ ਲਓ ਇਕੋ ਓਟ ਰਖਣੀ ਸ਼ਬਦ ਸਤਿਗੁਰ ਦੀ, ਬਿਨਾ ਸਤਿਗੁਰ ਸ਼ਬਦ ਤੋਂ ਦੂਜਾ ਗੁਰੂ ਨਜ਼ਰ ਕੋਇ ਨਾ ਆਈਆ । ਇਹ ਸਿਖਿਆ ਸਿੱਖਾਂ ਨੂੰ ਗੋਬਿੰਦ ਧਾਰ ਅਨੰਦਪੁਰ ਦੀ, ਪੁਰ ਅਨੰਦ ਗਿਆ ਸਮਝਾਈਆ । ਉਸ ਸਤਿਗੁਰ ਦੀ ਗੱਦੀ ਨਹੀਂ ਕਿਸੇ ਠਗ ਚੋਰ ਦੀ, ਚੋਰ ਯਾਰ ਲੁਟ ਕੋਇ ਨਾ ਜਾਈਆ । ਹੁਣ ਵੇਖਿਉ ਖੇਲ ਹੋਣੀ ਹੋਰ ਹੋਰ ਦੀ, ਹੋਰ ਦਾ ਹੋਰ ਰੂਪ ਬਦਲਾਈਆ । ਸਤਿਗੁਰ ਸ਼ਬਦ ਅਸਵਾਰੀ ਹੋਣੀ ਆਪਣੇ ਘੋੜ ਦੀ, ਅਸਵ ਦੋ ਜਹਾਨ ਦੌੜਾਈਆ । ਜਿਸ ਦੀ ਅਵਾਜ਼ ਸੁਣਨੀ ਪਹਿਲੇ ਪੌੜ ਦੀ, ਪੌੜੀ ਡੰਡੇ ਸਭ ਦੇ ਵੇਖ ਵਖਾਈਆ । ਹੁਣ ਸਭ ਨੂੰ ਮੂਰਤ ਸੂਰਤ ਨਜ਼ਰ ਆਉਣੀ ਸ਼ੇਰ ਸਿੰਘ ਦੇ ਥਾਂ ਬ੍ਰਾਹਮਣ ਗੌੜ ਦੀ, ਦੋਹਰੀ ਆਪਣੀ ਕਲ ਵਰਤਾਈਆ । ਵਡਿਆਈ ਰਹਿਣੀ ਨਹੀਂ ਕਿਸੇ ਤਲਾਬ ਜੌਹੜ ਦੀ, ਸਤਿਗੁਰ ਸ਼ਬਦ ਸ਼ਬਦ ਸਰਨਾਈਆ । ਉਹ ਵੇਖੋ ਗੰਗਾ ਗੋਦਾਵਰੀ ਜਮਨਾ ਸੁਰਸਤੀ ਆਉਂਦੀ ਦੌੜਦੀ, ਖੁੱਲ੍ਹੇ ਵਾਲ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰ ਕਰੋ ਤਿਆਰੀਆਂ, ਤ੍ਰੈਗੁਣ ਅਤੀਤਾ ਹੁਕਮ ਵਰਤਾਈਆ । ਆਪਣੇ ਦੀਨਾਂ ਮਜ਼੍ਹਬਾਂ ਵੇਖੋ ਕਿਆਰੀਆਂ, ਲੋਕਮਾਤ ਫੋਲ ਫੁਲਾਈਆ । ਸ਼ਰਅ ਸ਼ਰੀਅਤ ਤਕੋ ਯਾਰੀਆਂ, ਯਰਾਨੇਦਾਰ ਕਵਣ ਅਖਵਾਈਆ । ਨਾਮ ਕਲਮੇ ਵੇਖੋ ਹੱਟ ਬਜ਼ਾਰੀਆਂ, ਕ਼ੀਮਤ ਕਵਣ ਚੁਕਾਈਆ । ਨਿਗਾਹ ਮਾਰੋ ਪੰਜਾਂ ਤਤਾਂ ਅੰਦਰ ਮਾਸ ਹਡ ਨਾੜੀਆਂ, ਲਹੂ ਮਿਝ ਵੇਖ ਵਖਾਈਆ । ਬੋਦੀਆਂ ਟਿੱਕੇ ਵੇਖੋ ਆਪਣੇ ਮੁਰੀਦਾਂ ਸਿੱਖਾਂ ਦਾਹੜੀਆਂ, ਕਵਣ ਤੁਹਾਡੀ ਲੱਜਿਆ ਰਿਹਾ ਰਖਾਈਆ । ਸਤਿਗੁਰ ਗੋਬਿੰਦ ਕਿਹਾ ਉਹ ਮੈਂ ਸਤਿਗੁਰ ਸ਼ਬਦ ਗੁਰਸਿਖੋ ਤੁਹਾਡੇ ਪਿਛੇ ਸੁੱਤਾ ਮਾਛੂਵਾੜੇ ਦੀਆਂ ਵਿਚ ਝਾੜੀਆਂ, ਮਾਤ ਪਿਤਾ ਪੂਤ ਸਪੂਤੇ ਤੁਹਾਡੀ ਭੇਟ ਚੜ੍ਹਾਈਆ । ਆਪਣੀਆਂ ਛਡ ਕੇ ਪ੍ਰੇਮ ਵਾਲੀਆਂ ਲਾੜੀਆਂ, ਨਾਤਾ ਤੁਹਾਡੇ ਨਾਲ ਰਖਾਈਆ । ਉਹ ਗੁਰਸਿਖੋ ਤੁਹਾਡੀਆਂ ਦੇਹਾਂ ਕਰਕੇ ਪਿਆਰੀਆਂ, ਤੁਹਾਡੇ ਅੰਦਰ ਡੇਰਾ ਲਾਈਆ । ਕਿਉਂ ਕਲਜੁਗ ਅੰਤਮ ਹਿੰਮਤਾਂ ਹਾਰੀਆਂ, ਬੈਠੇ ਹਰਿ ਭੁਲਾਈਆ । ਵੇਖੋ ਛੇਵੇਂ ਸਾਲ ਨੂੰ ਡੂੰਘੀਆਂ ਖਾਲੀਆਂ, ਟੋਏ ਟਿੱਬੇ ਨਜ਼ਰੀ ਆਈਆ । ਮਾਣ ਰਹਿਣਾ ਨਹੀਂ ਕਿਤੇ ਪੁਜਾਰੀਆਂ, ਪੂਜਸ ਪਾਹਨ ਨਾ ਕੋਇ ਵਡਿਆਈਆ । ਬਿਨਾ ਸਤਿਗੁਰ ਸ਼ਬਦ ਤੋਂ ਸਭ ਨੂੰ ਹੋਣੀਆਂ ਖ਼ੁਆਰੀਆਂ, ਖ਼ਾਲਸਾ ਖ਼ਾਲਸ ਰੰਗ ਨਾ ਕੋਇ ਰੰਗਾਈਆ । ਬਿਨਾ ਸਤਿਗੁਰ ਤੋਂ ਦੇਵੇ ਨਾ ਕੋਇ ਖ਼ੁਮਾਰੀਆਂ, ਗ਼ਮਖ਼ਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ

ਬਣਾਈਆ । ਸਤਿਗੁਰ ਸ਼ਬਦ ਕਹੇ ਸ਼ੇਰ ਸ਼ੇਰ ਸ਼ੇਰ ਸਰੀਰ, ਤਨ ਤਨ ਤਨ ਵਡਿਆਈਆ । ਤਤ ਤਤ ਤਤ ਦਾ ਧੀਰ, ਧੀਰਜ ਧੀਰਜ ਧੀਰਜ ਜਣਾਈਆ । ਅੰਮ੍ਰਿਤ ਰਸ ਰਸ ਦਾ ਨੀਰ, ਬਿਨ ਰਸਨਾ ਰਸ ਚਖਾਈਆ । ਜਿਸ ਵਿਚ ਖੇਲ ਖੇਲਿਆ ਸਾਲ ਬਵਜਾ ਬਣਕੇ ਪੀਰਾਂ ਦਾ ਪੀਰ, ਪੈਗ਼ੰਬਰ ਨੂਰ ਅਲਾਹੀਆ । ਅੰਤ ਨਾਤਾ ਤੋੜ ਅਖ਼ੀਰ, ਆਖ਼ਰ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਾਰਾਂ ਹਾੜ ਕਹੇ ਮੈਂ ਭਗਤੋ ਬੜਾ ਮਸਕੀਨ, ਗ਼ਰੀਬ ਨਿਮਾਣਾ ਕੋਝਾ ਕਮਲਾ ਨਜ਼ਰੀ ਆਈਆ । ਮੈਂ ਤੁਹਾਡਾ ਹੋਵਾਂ ਅਧੀਨ, ਤੁਹਾਡੇ ਅਗੇ ਵਾਸਤਾ ਪਾਈਆ । ਮੈਂ ਤੁਹਾਡਾ ਮੁਕਤਾ ਬਣਾਂ ਗਮੀਨ, ਜੇ ਤੁਸੀਂ ਭਗਤ ਤੇ ਪ੍ਰਭੂ ਤੇ ਜ਼ਰੂਰ ਕਰੋ ਯਕੀਨ, ਜੋ ਯਕੇ ਬਾਦ ਦੀਗਰੇ ਲੋਕਮਾਤ ਆਵੇ ਚਾਈਂ ਚਾਈਆ । ਉਹ ਜਿਸ ਨੇ ਵਖਰੀ ਬਦਲ ਦਿਤੀ ਤਾਲੀਮ, ਉਹ ਤੁਲਬੇ ਤੁਹਾਨੂੰ ਰਿਹਾ ਬਣਾਈਆ । ਮਾਲਕ ਸ਼ਹਿਨਸ਼ਾਹ ਅਜ਼ੀਮ, ਆਲੀਜ਼ਾਹ ਨੂਰ ਅਲਾਹੀਆ । ਫੇਰ ਵੇਖੋ ਤੇ ਉਹ ਸਦਾ ਸਦਾ ਤੇ ਸਦਾ ਦਾ ਕ਼ਦੀਮ, ਕ਼ੁਦਰਤ ਦਾ ਕ਼ਾਦਰ ਇਕ ਅਖਵਾਈਆ । ਜੋ ਅਰਸ਼ਾਂ ਦਾ ਮਾਲਕ ਫ਼ਰਸ਼ ਉਤੇ ਖੇਲ ਖੇਲੇ ਨੂਰ ਨੁਰਾਨਾ ਆਪ ਜ਼ਮੀਨ, ਜ਼ਿਮੀ ਜ਼ਮਾ ਵੇਖ ਵਖਾਈਆ । ਜਿਸ ਦੀ ਯਾਦਾਸ਼ਤ ਪੁਰਾਣੀ ਪ੍ਰਾਚੀਨ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਤਾਰਾਂ ਹਾੜ ਕਹੇ ਜਨ ਭਗਤੋ ਪੰਜਾਂ ਪਿਆਰਿਆਂ ਖ਼ੁਸ਼ੀ ਨਾਲ ਕਰਨੀ ਡੰਡਾਵਤ, ਲੰਮੇ ਪੈ ਕੇ ਸੀਸ ਨਿਵਾਈਆ । ਸਤਿਗੁਰ ਪਿਆਰ ਦੀ ਦੇਵੇ ਨਿਆਮਤ, ਵਸਤ ਅਗੰਮ ਅਥਾਹ ਵਰਤਾਈਆ । ਨੌ ਖੰਡ ਦੀ ਫੇਰ ਵੇਖੇ ਬਗ਼ਾਵਤ, ਬਗ਼ਲਗੀਰ ਰਹਿਣ ਕੋਇ ਨਾ ਪਾਈਆ । ਜਨ ਭਗਤੋ ਤੁਹਾਡੀ ਜੁਗ ਜੁਗ ਦੀ ਸਾਂਭ ਕੇ ਰਖੀ ਅਮਾਨਤ, ਅੱਜ ਸਹਿਜ ਨਾਲ ਤੁਹਾਡੇ ਅੰਦਰ ਦੇਣੀ ਟਿਕਾਈਆ । ਤੁਹਾਡੇ ਨਾਲ ਪੱਕਾ ਵਾਅਦਾ ਤੁਹਾਨੂੰ ਸਚਖੰਡ ਖੜਨਾ ਸਹੀ ਸਲਾਮਤ, ਸੁੱਤਿਆਂ ਜਾਗਦਿਆਂ ਆਪਣੀ ਗੋਦ ਵਿਚ ਟਿਕਾਈਆ । ਅਗੇ ਕੋਈ ਕਰ ਨਾ ਸਕੇ ਮਮਾਨਤ, ਰੋਕਣ ਵਾਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਵਖਾਈਆ । ਸ਼ੇਰ ਸਿੰਘ ਕਹੇ ਜੋ ਇਕ ਵਾਰ ਮੇਰੇ ਚਰਨ ਗਿਆ ਛੋਹ, ਛੋਹਰ ਬਾਂਕਾ ਗਿਆ ਦ੍ਰਿੜਾਈਆ । ਉਸ ਦੇ ਅੰਦਰ ਨਾਮ ਦੇਵਾਂ ਸੋਹੰ ਸੋ, ਬਿਨਾ ਜਗਤ ਨੇਤਰਾਂ ਬਖ਼ਸ਼ਾਂ ਲੋ, ਲੋਇਣ ਤੀਜਾ ਦਿਆਂ ਖੁਲ੍ਹਾਈਆ । ਪੂਰਾ ਕਰਾਂ ਸਤਿਗੁਰ ਗੋਬਿੰਦ ਨੇ ਕਿਹਾ ਜੋ, ਜੁਗਤੀ ਆਪਣੇ ਹੱਥ ਰਖਾਈਆ । ਅਗੇ ਸਤਿਗੁਰ ਸ਼ਬਦ ਦੀ ਧਾਰ ਇਕ ਤੇ ਹੁਣ ਸ਼ਬਦ ਜੋਤ ਦੀ ਧਾਰ ਹੋ ਗਏ ਦੋ, ਦੋਹਾਂ ਦੀ ਮਿਲ ਕੇ ਵਜੇ ਵਧਾਈਆ । ਫੇਰ ਉਨ੍ਹਾਂ ਦੋਹਾਂ ਦਾ ਸੰਬਲ ਨਗਰੀ ਨਾਲ ਬਣ ਗਿਆ ਮੋਹ, ਮੁਹੱਬਤ ਵਿਚ ਸਾਢੇ ਤਿੰਨ ਹੱਥ ਅੰਦਰ ਡੇਰਾ ਲਾਈਆ । ਇਸ ਦਾ ਭੇਵ ਜਾਣੇ ਕੋਅ, ਬੁਧੀਵਾਨ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਸਤਾਰਾਂ ਹਾੜ ਕਹੇ ਮੈਨੂੰ ਵਖਾਉ ਸਾਰੇ ਸੱਜੇ ਹੱਥ ਦੀ ਹਥੇਲੀ, ਰੇਖਾ ਪਿਛਲੀ ਨਾਲ ਮਿਲਾਈਆ । ਮੈਨੂੰ ਇਉਂ ਜਾਪਦਾ ਤੁਹਾਡਾ ਸਤਿਗੁਰ ਸ਼ਬਦ ਪੁਰਾਣਾ ਮੇਲੀ, ਜੁਗ ਜੁਗ ਦਾ ਨਜ਼ਰੀ ਆਈਆ । ਕੀ ਹੋ ਗਿਆ ਜੇ ਕਲਜੁਗ ਇਕ ਨਵੀਂ ਖੇਲ ਖੇਲੀ, ਖ਼ਲਕ ਦਾ ਖ਼ਾਲਕ ਹੋ ਕੇ ਵੇਸ ਵਟਾਈਆ । ਭਾਵੇ ਏਸ ਨੂੰ ਜੱਟ ਸਮਝੋ ਤੇ ਭਾਵੇ ਸਤਿਗੁਰ ਸ਼ਬਦ ਬੇਲੀ,

੬੯੩ ੨੪

ਉਹ ਬੇਲਿਆਂ ਵਿਚ ਤੁਹਾਡਾ ਹੋਏ ਸਹਾਈਆ । ਤੁਹਾਡੀ ਆਤਮਾ ਸਤਿਗੁਰ ਸ਼ਬਦ ਦਾ ਵਅਦਾ ਕਦੇ ਨਾ ਰਹਵੇਗੀ ਅਕੇਲੀ, ਇਕੱਲੇ ਇਕੱਲੇ ਦੇ
ਨਾਲ ਮਿਲ ਕੇ ਆਪਣਾ ਰੰਗ ਵਖਾਈਆ । ਤੁਹਾਡੀ ਜਗਹ ਮੈਂ ਸਭ ਤੋਂ ਰਖੀ ਨਵੇਲੀ, ਵਖਰੇ ਘਰ ਦੇਵਾਂ ਵਸਾਈਆ । ਜਿਸ ਤਰਹ ਗੋਬਿੰਦ ਦੇ
ਬਾਜ਼ ਨੇ ਬਾਜ਼ੀ ਪੇਲੀ, ਉਹ ਬਾਜ਼ਾਂ ਵਾਲਾ ਤੁਹਾਨੂੰ ਉਸੇ ਘਰ ਦਏ ਪੁਜਾਈਆ । ਜਿਥੇ ਧਰਮ ਰਾਏ ਦੀ ਕਦੇ ਨਾ ਹੋਵੇ ਜੇਲੀ, ਚਿਤਰ ਗੁਪਤ ਲੇਖਾ
ਮੰਗਣ ਕੋਇ ਨਾ ਆਈਆ । ਪਰ ਤੁਹਾਨੂੰ ਇਕ ਗੱਲ ਦੱਸਾਂ ਤੁਸੀਂ ਬੜੇ ਚੰਗੇ ਸੋਹਣੇ ਸੁੰਦਰ ਸਰੂਪ ਉਏ ਲਾੜਿਓ ਤੁਹਾਡੀ ਜੋਤ ਅਕਾਲਣ ਇਕੋ ਸਹੇਲੀ,
ਜਿਹੜੀ ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਮੇਲ ਆਪ ਮਿਲਾਈਆ ।
ਹਥੇਲੀ ਕਹੇ ਸਤਿਗੁਰੂ ਉਹ ਮੇਰੇ ਵਿਚ ਵੇਖ ਲਕੀਰਾਂ, ਨਿੱਕੀਆਂ ਵੱਡੀਆਂ ਨਜ਼ਰੀ ਆਈਆ । ਮੈਂ ਫਿਰਦੀ ਵਾਂਗ ਫ਼ਕੀਰਾਂ, ਫ਼ਿਕਰੇ ਤੇਰੇ ਢੋਲੇ ਗਾਈਆ ।
ਓ ਮੈਨੂੰ ਬੰਨ੍ਹ ਲਿਆ ਸ਼ਰਅ ਦੀਆਂ ਜ਼ੰਜੀਰਾਂ, ਕੜੀ ਸਕੇ ਨਾ ਕੋਇ ਤੁੜਾਈਆ । ਉਹ ਮੇਰਾ ਪੰਜਾਂ ਤਤਾਂ ਵਾਲਾ ਸਰੀਰਾ, ਤੇ ਤੂੰ ਪਰਮਾਤਮਾ ਮੇਰੇ
ਵਿਚ ਵਸੇਂ ਮੇਰਾ ਮਾਹੀਆ । ਓ ਮੇਰੀਆਂ ਬਦਲ ਦੇ ਤਕ਼ਦੀਰਾਂ, ਤਦਬੀਰ ਆਪਣੀ ਇਕ ਸਮਝਾਈਆ । ਕੀ ਹੋ ਗਿਆ ਜੇ ਕਲਜੁਗ ਦਾ ਅੰਤ
ਤੂੰ ਕਰਨਾ ਅਖ਼ੀਰਾ, ਆਖ਼ਰ ਆਪਣਾ ਹੁਕਮ ਸੁਣਾਈਆ । ਮੈਨੂੰ ਐਉਂ ਜਾਪਦਾ ਤੇਰੇ ਹੁਕਮ ਦੀ ਇਕੋ ਹੋਣੀ ਸ਼ਮਸ਼ੀਰਾ, ਜੋ ਸ਼ਰਅ ਦੇ ਲੇਖੇ ਦਏ
ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਹਥੇਲੀ ਕਹੇ
੬੯੪ ਭਗਤੋ ਜੇ ਤੁਹਾਡੇ ਉਤੇ ਛੋਹ ਜਾਵੇ ਸੱਤ ਰੰਗ ਦਾ ਡੰਡਾ, ਤੁਹਾਡੀ ਪਿਛਲੀ ਕੀਤੀ ਦਏ ਬਦਲਾਈਆ । ਤੁਹਾਡਾ ਸੀਨਾ ਹੋਵੇ ਠੰਢਾ, ਅਗਨੀ ਤਤ ੬੯੪
੨੪ ਗਵਾਈਆ । ਤੁਹਾਡਾ ਆਤਮ ਨਾ ਹੋਵੇ ਰੰਡਾ, ਸਦਾ ਵਜਦੀ ਰਹੇ ਵਧਾਈਆ । ਤੁਹਾਨੂੰ ਯਾਦ ਹੋਣਾ ਤੁਹਾਡੇ ਸਤਿਗੁਰ ਨੇ ਤੁਹਾਡੇ ਘਰੋਂ ਖਾਧਾ ਸੀ ੨੪
ਇਕ ਇਕ ਗੰਢਾ, ਓ ਗੰਢੇ ਖੁਵਾਉਣ ਵਾਲਿਓ ਤੁਹਾਡੀ ਕੀ ਵਡਿਆਈਆ । ਤੁਸੀਂ ਫੇਰ ਵੀ ਚੰਗੇ ਮਾਛੂਵਾੜੇ ਜਿਸ ਵੇਲੇ ਗੋਬਿੰਦ ਸੁੱਤਾ ਸੀ ਵਿਚ
ਜੰਡਾਂ, ਉਸ ਵੇਲੇ ਕੋਈ ਗੰਢਾ ਖੁਵਾਉਣ ਵਾਲਾ ਨਜ਼ਰ ਕੋਇ ਨਾ ਆਈਆ । ਤੁਹਾਨੂੰ ਅੱਜ ਮੈਂ ਵੀ ਕੁਛ ਵੰਡਾਂ, ਜੋ ਚਾਹੋ ਸੋ ਤੁਹਾਡੀ ਝੋਲੀ ਦਿਆਂ
ਟਿਕਾਈਆ । ਪਰ ਮੈਂ ਕੋਈ ਪੰਡਤ ਨਹੀਂ ਜੇ ਨਾ ਕੋਈ ਪੰਡਾ, ਨਾ ਕੋਈ ਮੁੱਲਾ ਸ਼ੇਖ਼ ਕ਼ਾਜ਼ੀ ਨਾ ਕੋਈ ਉਗਰਾਹੁਣ ਵਾਲਾ ਚੰਦਾ, ਜਗਤ ਵੰਡ ਨਾ
ਕੋਇ ਵੰਡਾਈਆ । ਮੇਰਾ ਜੀਅ ਕਰਦਾ ਅੱਜ ਮੈਂ ਤੁਹਾਡੇ ਚਰਨਾਂ ਦੇ ਥੱਲੋਂ ਦੀ ਵਹਾ ਦੇਵਾਂ ਗੰਗਾ, ਜਮਨਾ ਸੁਰਸਤੀ ਗੋਦਾਵਰੀ ਤੁਹਾਡੇ ਕ਼ਦਮ ਚੁੰਮ
ਕੇ ਖ਼ੁਸ਼ੀ ਬਣਾਈਆ । ਓ ਕੋਈ ਭਗਤ ਰਹਿ ਨਾ ਜਾਵੇ ਗੰਦਾ, ਗੰਦਗੀ ਸਭ ਦੀ ਆਪਣੇ ਚਰਨਾਂ ਹੇਠ ਦਬਾਈਆ । ਤੁਹਾਡਾ ਹੁਣ ਸਫ਼ਰ ਰਹਿਣ
ਨਹੀਂ ਦੇਣਾ ਲੰਬਾ, ਲੰਮੇ ਪੈਣ ਵਾਲਿਓ ਪੰਧ ਦੇਣਾ ਮੁਕਾਈਆ । ਪਰ ਅਗੇ ਵੇਖਿਉ ਖੇਲ ਹੋਣਾ ਇਕ ਅਚੰਬਾ, ਹੈਰਾਨੀ ਵਿਚ ਸਾਰੇ ਦੇਣ ਦੁਹਾਈਆ ।
ਕਿਉਂ ਉਹ ਇਸ਼ਾਰਾ ਦਿਤਾ ਸੀ ਸਤਿਗੁਰ ਗੋਬਿੰਦ ਨੇ ਜਿਸ ਵੇਲੇ ਛੱਡਿਆ ਪੁਰੀ ਅਨੰਦਾ, ਸਹਿਜ ਨਾਲ ਮਾਤਾ ਗੁਜਰੀ ਦੇ ਕੰਨ ਵਿਚ ਸੁਣਾਈਆ ।
ਮਾਤਾ ਜੀ ਮੈਂ ਮੁੜ ਕੇ ਕਦੇ ਨਹੀਂ ਆਉਣਾ ਵਿਚ ਜੇਰਜ ਅੰਡਾ, ਉਤਭੁਜ ਸੇਤਜ ਵੰਡ ਨਾ ਕੋਇ ਵੰਡਾਈਆ । ਮੈਂ ਜਦੋਂ ਆਵਾਂਗਾ ਸਚਖੰਡ ਵਿਚੋਂ
ਸਚ ਦੀ ਧਾਰ ਬਣਕੇ ਸ਼ਬਦ ਗੁਰੂ ਹੋ ਕੇ ਤੇ ਸਮਾਵਾਂਗਾ ਵਿਚ ਪਰਮਾਨੰਦਾ, ਪਰਮ ਪੁਰਖ ਦਾ ਰੂਪ ਇਕੋ ਵੇਖ ਵਖਾਈਆ । ਤੇ ਜਦੋਂ ਮੇਰਾ ਦਿਲ
ਕਰੇਗਾ ਮੈਂ ਸਤਿਗੁਰ ਸ਼ਬਦ ਹੋ ਕੇ ਦੋ ਜਹਾਨਾਂ ਵਿਚ ਮਚਾ ਦਿਆਂਗਾ ਦੰਗਾ, ਖੰਡਾ ਹੱਥ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਹਥੇਲੀ ਕਹੇ ਸਤਿਗੁਰ ਮੇਰੇ ਵਲ ਮਾਰ ਲੈ ਝਾਤੀ, ਝਾਕੀਆਂ ਦੇਣ ਵਾਲਿਆ ਆਪਣੇ ਨੈਣ ਬਦਲਾਈਆ । ਮੈਂ ਚਾਹੁੰਦੀ ਸਾਰਿਆਂ ਦੀ ਬਦਲ ਦੇ ਹਯਾਤੀ, ਹਰਿਜਨ ਆਪਣੇ ਰੰਗ ਰੰਗਾਈਆ । ਅੱਠੇ ਪਹਿਰ ਹਰ ਹਿਰਦੇ ਰਹੇ ਪਰਭਾਤੀ, ਤੇਰੇ ਨਾਮ ਦੀ ਵਜਦੀ ਰਹੇ ਵਧਾਈਆ । ਤੇਰਾ ਹੋਰ ਕਿਤੇ ਟਿਕਾਣਾ ਨਹੀਂ ਤੇ ਭਗਤਾਂ ਦੀ ਜ਼ਰੂਰ ਸੇਜਾ ਬਣਾ ਲੈ ਛਾਤੀ, ਛਤਰਧਾਰੀਆਂ ਦਾ ਪੰਧ ਮੁਕਾਈਆ । ਜੇ ਤੂੰ ਬਣਨਾ ਕਮਲਾਪਾਤੀ, ਨੌਂ ਦੁਆਰੇ ਧੱਕ ਕੇ ਦਸਵੇਂ ਵਿਚ ਆਪਣਾ ਡੇਰਾ ਲਾਈਆ । ਆਪੇ ਬਜਰ ਕਪਾਟੀ ਜਾਊ ਪਾਟੀ, ਪਟਨੇ ਵਾਲਿਆ ਤੇਰੇ ਹੱਥ ਤੇਰੀ ਵਡਿਆਈਆ । ਉਹ ਆਪਣੀ ਜੋਤ ਜਗਾ ਦੇ ਲਲਾਟੀ, ਲਾਟਾਂ ਵਾਲੀਆਂ ਤੇਰੇ ਅਗੇ ਪਿਛੇ ਫਿਰਨਾ ਚਾਈਂ ਚਾਈਆ । ਹੁਣ ਕਿਹੜਾ ਵਕ਼ਤ ਤੇ ਕਿਹੜੀ ਘਾਟੀ, ਆਪਣਾ ਲੇਖਾ ਦੇ ਸਮਝਾਈਆ । ਤੇਰੇ ਭਗਤ ਸੁਹੇਲੇ ਤੇਰੀ ਮੰਜ਼ਲ ਚੜ੍ਹਨ ਘਾਟੀ, ਘਾਟੇ ਪੂਰੇ ਦੇ ਕਰਾਈਆ । ਅੱਜ ਦੀ ਲੇਖੇ ਲਾ ਲੈ ਰਾਤੀ, ਰਾਤ ਸੌਣ ਵਾਲਿਆਂ ਨਾਲੋਂ ਜਾਗਦਿਆਂ ਨੂੰ ਦੇ ਵਡਿਆਈਆ । ਪਰ ਇਕ ਬੇਨੰਤੀ ਇਨ੍ਹਾਂ ਮੁੜ ਕੇ ਜਨਮ ਨਾ ਦੇਵੀਂ ਲੋਕਮਾਤੀ, ਬਿਨਾ ਸਚਖੰਡ ਤੋਂ ਦੂਜਾ ਦਰ ਨਜ਼ਰ ਕੋਇ ਨਾ ਆਈਆ । ਜੇ ਤੂੰ ਆਪ ਆਵੇਂ ਫੇਰ ਭਾਵੇਂ ਨਾਲ ਲਿਆਵੀਂ ਪਿਛਲੀ ਹੋਰ ਦੇ ਦੇਵੀਂ ਬਾਕੀ, ਬਾਕਾਇਦਾ ਆਪਣਾ ਰੰਗ ਰੰਗਾਈਆ । ਤੂੰ ਮਾਲਕ ਹੋਵੇਂ ਤੇ ਇਹ ਹੋਵਣ ਤੇਰੇ ਸਾਥੀ, ਗਵਈਏ ਹੋ ਕੇ ਤੇਰਾ ਰਾਗ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਆਪਣਾ ਹੁਕਮ ਵਰਤਾਈਆ । ਸਤਾਰਾਂ ਹਾੜ ਦੀ ਰੈਣ ਕਹੇ ਜਨ ਭਗਤੋ ਮੇਰੀ ਵੇਖੋ ਰੁਤੀ, ਘੜੀ ਪਲ ਧਿਆਨ ਲਗਾਈਆ । ਮੈਂ ਕੋਈ ਕੱਟਣ ਨਹੀਂ ਆਈ ਬੁਤੀ, ਓ ਬੁਤਾਂ ਵਾਲਿਓ ਬੁਤਖ਼ਾਨਿਆਂ ਕਰੋ ਸਫ਼ਾਈਆ । ਤੁਹਾਡੇ ਪਿਆਰ ਵਿਚ ਮੈਂ ਵੀ ਨਹੀਂ ਸੁਤੀ, ਸੁੱਤਿਓ ਲਓ ਅੰਗੜਾਈਆ । ਤੁਹਾਨੂੰ ਪਤਾ ਨਹੀਂ ਲਿਖਾਰੀਆਂ ਦੇ ਪੈਰਾਂ ਵਿਚ ਚਿੱਟੀ ਧਾਰ ਦੀ ਜੁੱਤੀ, ਇਹ ਬਵੰਜਾ ਕਵੀਆਂ ਨੂੰ ਗੋਬਿੰਦ ਗਿਆ ਸਮਝਾਈਆ । ਉਸ ਵੇਲੇ ਸਾਰੇ ਗ੍ਰੰਥਾਂ ਸ਼ਾਸਤਰਾਂ ਨੂੰ ਦੇ ਦੇਣੀ ਛੁੱਟੀ, ਛੁਟਕਾਰਾ ਹੋਵੇ ਖ਼ਲਕ ਖ਼ੁਦਾਈਆ । ਕੋਈ ਪ੍ਰਭੂ ਦਾ ਨਾਮ ਗਾਏ ਨਾ ਬੁੱਲੀਂ ਬੁੱਟੀਂ, ਹਿਰਦੇ ਵਿਚ ਭਗਤ ਲੈਣ ਵਸਾਈਆ । ਸਭ ਦੀ ਪ੍ਰੀਤ ਹੋਣੀ ਟੁੱਟੀ, ਬਿਨਾ ਸਤਿਗੁਰ ਸ਼ਬਦ ਤੋਂ ਟੁੱਟੀ ਗੰਢ ਨਾ ਕੋਇ ਵਖਾਈਆ । ਦੁਨੀਆਦਾਰੋ ਦੁਨੀਆ ਜਾਣੀ ਲੁੱਟੀ, ਕਲਜੁਗ ਲੁਟੇਰਾ ਲੁੱਟੇ ਥਾਉਂ ਥਾਈਆ । ਸਭ ਦੀ ਚੋਗ ਜਾਣੀ ਨਿਖੁਟੀ, ਸ਼ਾਹ ਸੁਲਤਾਨ ਨਜ਼ਰ ਕੋਇ ਨਾ ਆਈਆ । ਕੀ ਬਹੁਤਾ ਸਮਾਂ ਵੇਖੋ ਚੌਥੇ ਸਾਲ ਨੂੰ ਦੁਨੀਆ ਇਕ ਦੂਜੇ ਨਾਲ ਜਾਣੀ ਜੁਟੀ, ਉਫ਼ ਹਾਏ ਦੁਹਾਈ ਤੇਰੀ ਬੇਪਰਵਾਹੀਆ । ਸਭ ਦੀ ਜੜ੍ਹ ਜਾਣੀ ਪੁੱਟੀ, ਪਟਨੇ ਵਾਲਾ ਸ਼ਬਦ ਇਸ਼ਾਰੇ ਨਾਲ ਉਖੜਾਈਆ । ਇਹ ਕੋਈ ਖੇਲ ਰਹਿਣੀ ਨਹੀਂ ਲੁਕੀ, ਲੁਕਿਆ ਖੇਲ ਨਾ ਕੋਇ ਰਖਾਈਆ । ਬੇਸ਼ਕ ਤੁਹਾਡੀ ਧਾਰ ਦੋ ਤੁਕੀ, ਤੇ ਦੋ ਜਹਾਨਾਂ ਵਜੇ ਵਧਾਈਆ । ਜਨ ਭਗਤੋ ਅੱਜ ਵਡਿਆਈ ਮਿਲਦੀ ਸੁੱਕੀ, ਮੁਫ਼ਤ ਸਤਿਗੁਰ ਰਿਹਾ ਵਰਤਾਈਆ । ਸਾਰੇ ਸੱਜੇ ਹੱਥ ਦੀ ਹਥੇਲੀ ਦੀ ਵਟ ਲਉ ਮੁੱਕੀ, ਪੰਜੇ ਉਂਗਲਾਂ ਲਉ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਬਣਾਈਆ । ਮੁੱਕੀ ਕਹੇ ਪੰਜਾਂ ਦਾ ਹੋ ਗਿਆ ਮੇਲ, ਅੰਦਰ ਬਾਹਰ ਨਜ਼ਰ ਕੁਛ ਨਾ ਆਈਆ । ਪਿਆਰ ਦਾ ਵੇਖਿਆ ਖੇਲ, ਮੁਹੱਬਤ ਵਿਚ ਸਮਾਈਆ । ਦੀਵਾ ਬਲੇ ਬਿਨ ਬਾਤੀ ਤੇਲ, ਬਿਨ ਘਿਰਤ ਹੋਵੇ ਰੁਸ਼ਨਾਈਆ । ਸਤਿਗੁਰ ਸ਼ਬਦ ਆਤਮ ਪਰਮਾਤਮ ਗੁਰੂ ਗੁਰ ਚੇਲ, ਚੇਲਾ ਗੁਰ ਇਕੋ ਰੂਪ ਸਮਾਈਆ ।


੬੯੫
੨੪

ਦੋ ਜਹਾਨਾਂ ਨਾਲੋਂ ਕਰਕੇ ਵਿਹਲ, ਵਿਹਲਿਓ ਤੁਹਾਨੂੰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਕਿੱਡਾ ਸੋਹਣਾ ਸਰੀਰ ਪਿਆਰਾ, ਪਿਆਰ ਪਿਆਰ ਪਿਆਰ ਵਿਚੋਂ ਨਜ਼ਰੀ ਆਈਆ । ਜਿਸ ਦਾ ਸ਼ਬਦ ਗੁਰੂ ਨੂੰ ਬਵੰਜਾ ਸਾਲ ਲੈਣਾ ਪਿਆ ਸਹਾਰਾ, ਚੁਪ ਚੁਪੀਤਾ ਆਸਣ ਵਿਚ ਲਗਾਈਆ । ਹਿਲਦਾ ਹਿਲਾਉਂਦਾ ਰਿਹਾ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਸਮਝ ਕੋਇ ਨਾ ਆਈਆ । ਅੰਦਰੇ ਅੰਦਰ ਕਰਦਾ ਰਿਹਾ ਗੁਫ਼ਤਾਰਾ, ਬਿਨ ਕਲਮਿਆਂ ਕਲਾਮ ਸੁਣਾਈਆ । ਵਾਹਿਦ ਲਾ ਕੇ ਗਿਆ ਨਾਅਰਾ, ਅੱਲਾ ਹੂ ਅੱਨਾ ਹੂ ਜਣਾਈਆ । ਫੇਰ ਕਰਕੇ ਪਾਰ ਕਿਨਾਰਾ, ਭੱਜਿਆ ਵਾਹੋ ਦਾਹੀਆ । ਚੜ੍ਹਿਆ ਸਚਖੰਡ ਚੁਬਾਰਾ, ਬਿਨ ਪੌੜੀ ਡੰਡੇ ਕ਼ਦਮ ਟਿਕਾਈਆ । ਗੁਰ ਅਵਤਾਰ ਪੈਗ਼ੰਬਰਾਂ ਕੀਤਾ ਇਸ਼ਾਰਾ, ਦਰਗਾਹ ਸਾਚੀ ਸਚ ਸੁਣਾਈਆ । ਆਪਣਾ ਭਵਿਖਤ ਵੇਖੋ ਪੇਸ਼ੀਨਗੋਈਆਂ ਤਕੋ ਕੀ ਕੀਤਾ ਇਜ਼ਹਾਰਾ, ਸੋਹਲਾ ਢੋਲਾ ਕੀ ਦ੍ਰਿੜਾਈਆ । ਸਭ ਨੇ ਕਿਹਾ ਤੇਰਾ ਖੇਲ ਅਗੰਮ ਅਪਾਰਾ, ਅਲਖ ਅਗੋਚਰ ਤੇਰੀ ਬੇਪਰਵਾਹੀਆ । ਪੁਰਖ ਅਕਾਲ ਕਿਹਾ ਮੈਂ ਜੋਤ ਦੀ ਧਾਰ ਸ਼ਬਦ ਰੂਪ ਫੇਰ ਜਾਣਾ ਦੁਬਾਰਾ, ਉਸੇ ਵੇਲੇ ਭੱਜਾ ਵਾਹੋ ਦਾਹੀਆ । ਮਾਤਲੋਕ ਆ ਕੇ ਸੰਬਲ ਲਗਾਇਆ ਨਗਾਰਾ, ਢੋਲਾ ਢੋਲਾ ਦਿਤਾ ਦ੍ਰਿੜਾਈਆ । ਨਿਹਕਲੰਕ ਕਲ ਕਲਕੀ ਅਵਤਾਰਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਮੇਰਾ ਅਮਾਮ ਅਮਾਮਾ ਨੂਰ ਅਲਾਹੀ ਪਰਵਰਦਿਗਾਰਾ, ਸਾਂਝਾ ਯਾਰ ਇਕ ਅਖਵਾਈਆ । ਉਸ ਦਾ ਸੰਦੇਸ਼ਾ ਦੋ ਜਹਾਨ ਸੁਣਨ ਇਕੋ ਵਾਰਾ, ਏਕੰਕਾਰ ਕਰੇ ਪੜ੍ਹਾਈਆ । ਜਨ ਭਗਤੋ ਭਗਤੀ ਦੇ ਪਿਆਰ ਵਿਚ ਸ਼ਬਦ ਦੇ ਹਿਤਕਾਰ ਵਿਚ ਕਰਨੀ ਨਿਮਸਕਾਰਾ, ਨਿਉਂ ਨਿਉਂ ਸੀਸ ਨਿਵਾਈਆ । ਪੂਰਬ ਲਹਿਣਾ ਪਿਛਲਾ ਉਧਾਰਾ, ਪੂਰਬ ਸਭ ਦੀ ਝੋਲੀ ਪਾਈਆ । ਤੁਹਾਨੂੰ ਦਰ ਆਇਆਂ ਨੂੰ ਸਭ ਨੂੰ ਮਿਲੇ ਪਿਆਰਾ, ਪਿਆਰ ਮੁਹੱਬਤ ਵਿਚ ਸਤਿਗੁਰ ਆਪਣੀ ਗੋਦ ਟਿਕਾਈਆ । ਤੁਸੀਂ ਉਸ ਪ੍ਰਭੂ ਦੇ ਬਰਖ਼ੁਰਦਾਰਾ, ਜਿਸ ਦੀ ਬਰਖ਼ੁਰਦਾਰੀ ਵਿਚ ਅਵਤਾਰ ਪੈਗ਼ੰਬਰ ਗੁਰੂ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਆਂ । ਸਤਾਰਾਂ ਹਾੜ ਕਹੇ ਜਨ ਭਗਤੋ ਵੇਖਿਓ ਅੱਜ ਦਾ ਵਕ਼ਤ, ਭਿੰਨੜੀ ਰੈਣ ਨਾਲ ਵਡਿਆਈਆ । ਕੀ ਲੇਖਾ ਹੋਵੇ ਨਾਲ ਜਗਤ, ਜਗ ਜੀਵਣ ਦਾਤਾ ਕੀ ਆਪਣੀ ਖੇਲ ਖਿਲਾਈਆ । ਜਿਸ ਨੇ ਤੁਹਾਨੂੰ ਬਿਨਾ ਭਗਤੀਉਂ ਬਣਾਇਆ ਭਗਤ, ਭਗਵਨ ਹੋ ਕੇ ਸਿਰ ਆਪਣਾ ਹੱਥ ਟਿਕਾਈਆ । ਤੁਸਾਂ ਇਕੋ ਸੀਸ ਨਿਵਾਉਣਾ ਪਲਕ, ਸਿਰ ਝੁਕਾਉਣ ਨਾਲ ਦੋ ਜਹਾਨਾਂ ਪੰਧ ਮੁਕਾਈਆ । ਤੁਹਾਡੀ ਲੇਖੇ ਲਾਵੇ ਬੂੰਦ ਰਕਤ, ਤਨ ਵਜੂਦ ਮਾਟੀ ਖ਼ਾਕ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਸੰਗ ਆਪ ਨਿਭਾਈਆ । ਸਤਾਰਾਂ ਹਾੜ ਕਹੇ ਮੇਰਾ ਅਖ਼ੀਰੀ ਸੰਦੇਸ਼, ਸਤਿਗੁਰ ਸ਼ਬਦ ਨਾਲ ਸੁਣਾਈਆ । ਮੈਂ ਅਵਾਜ਼ਾਂ ਸੁਣਦਾ ਕੀ ਖ਼ਬਰ ਦਏ ਸ਼ੇਸ਼, ਸਹੰਸਰ ਮੁਖ ਦੋ ਸਹੰਸਰ ਜਿਹਵਾ ਰਿਹਾ ਹਿਲਾਈਆ । ਜਿਸ ਕਾਰਨ ਪੰਜ ਤਤ ਦਾ ਫ਼ੋਟੂ ਹੋਇਆ ਪੇਸ਼, ਪੇਸ਼ੀਨਗੋਈਆਂ ਦੀ ਆਸਾ ਪੂਰ ਕਰਾਈਆ । ਇਹ ਸ਼ਬਦੀ ਧਾਰ ਸੁਨੇਹੜਾ ਦਿਤਾ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗੀ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਤੁਹਾਡਾ ਆਇਆ ਹੋਇਆ ਪਰਵਾਨ, ਪਰਵਾਨਿਉਂ ਤੁਹਾਨੂੰ ਮਿਲੇ ਵਡਿਆਈਆ । ਤੁਹਾਡਾ ਮਨਜ਼ੂਰ ਹੋਇਆ ਦਾਨ, ਦਾਨਿਓ

ਦਾਨਸ਼ਮੰਦੀ ਤੁਹਾਡੀ ਝੋਲੀ ਪਾਈਆ । ਤੁਹਾਡਾ ਖ਼ੁਸ਼ ਹੋਇਆ ਭਗਵਾਨ, ਭਗਤਾਂ ਵੇਖ ਖ਼ੁਸ਼ੀ ਬਣਾਈਆ । ਤੁਹਾਡਾ ਸੁਫਲ ਹੋਇਆ ਆਉਣਾ ਵਿਚ ਜਹਾਨ, ਜਹਾਲਤ ਕੂੜ ਦਿਤੀ ਮਿਟਾਈਆ । ਤੁਹਾਡੀ ਭਗਤੀ ਬੜੀ ਮਹਾਨ, ਜੋ ਦੂਰ ਦੁਰਾਡੇ ਚਲ ਕੇ ਆਏ ਤੇ ਦਰਸ਼ਨ ਪਾਇਆ ਧੁਰ ਦੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਹਰਿਜਨ ਕਰੋ ਤਿਆਰੀ, ਤ੍ਰੈਗੁਣ ਅਤੀਤਾ ਖੇਲ ਖਿਲਾਈਆ । ਸਤਾਰਾਂ ਸਤਾਰਾਂ ਦੀ ਵੇਖੋ ਵਾਰੀ, ਸਤਾਰਾਂ ਸਤਾਰਾਂ ਗੰਢ ਪੁਆਈਆ । ਸਤਾਰਾਂ ਸਤਾਰਾਂ ਕਰੋ ਨਿਮਸਕਾਰੀ, ਨਿਵ ਨਿਵ ਸੀਸ ਝੁਕਾਈਆ । ਜਨ ਭਗਤਾਂ ਖੇਲ ਲਗੇ ਪਿਆਰੀ, ਪ੍ਰੇਮ ਪ੍ਰੀਤੀ ਵਿਚ ਤਕੇ ਧੁਰ ਦਾ ਮਾਹੀਆ । ਸਤਾਰਾਂ ਹਾੜ ਕਹੇ ਇਕ ਹੋਰ ਖੇਲ ਦੱਸਾਂ ਨਿਆਰੀ, ਨਿਰਾਕਾਰ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਾਰਾਂ ਹਾੜ ਕਹੇ ਜਨ ਭਗਤੋ ਕਦੇ ਨਾ ਹੋਇਉ ਦਿਲਗੀਰ, ਚਿੰਤਾ ਗ਼ਮੀ ਨਾ ਕੋਇ ਰਖਾਈਆ । ਸਤਿਗੁਰ ਮਿਹਰ ਕਰਦਾ ਬਦਲ ਦੇਵੇ ਤਕਦੀਰ, ਤਦਬੀਰ ਆਪਣੇ ਹੱਥ ਰਖਾਈਆ । ਜਿਸ ਬਿਧ ਕੀਤੀ ਕਿਰਪਾ ਉਤੇ ਕਬੀਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤਨ ਸ਼ਿੰਗਾਰ ਕਰ ਜ਼ੰਜੀਰ, ਸ਼ਰਅ ਜ਼ੰਜੀਰ ਦਿਤੇ ਕਟਾਈਆ । ਜਿਸ ਦੇ ਅੰਤ ਦੇ ਪੀਲੇ ਬਸਤਰ ਆਏ ਚੀਰ, ਧਰਮ ਦੀ ਧਾਰ ਧਰਮ ਚੰਦ ਦਏ ਗਵਾਹੀਆ । ਇਹ ਖੇਲ ਬੇਨਜ਼ੀਰ, ਨਜ਼ੀਰ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤੋ ਤੁਹਾਡੀ ਕਦੇ ਨਾ ਭੁੱਲੇ ਤਸਵੀਰ, ਤਸਵੀਰ ਵੇਖਣ ਵਾਲਿਓ ਤੁਹਾਨੂੰ ਤਸੱਵਰ ਆਪਣਾ ਆਪ ਦਏ ਕਰਾਈਆ ।


੬੯੭ ੨੪

✪ ੧੮ ਹਾੜ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਸ਼ਾਦੀਆਂ ਦੇ ਸਮੇਂ ਸਵੇਰੇ ✪

ਸਤਿਗੁਰ ਸ਼ਬਦ ਕਹੇ ਮੇਰੀ ਨਿਮਸਕਾਰਾ, ਸੋ ਪੁਰਖ ਨਿਰੰਜਣ ਤੇਰੀ ਇਕ ਸਰਨਾਈਆ । ਹਰਿ ਪੁਰਖ ਨਿਰੰਜਣ ਅਗੰਮ ਸਚੀ ਸਰਕਾਰਾ, ਸ਼ਾਹੋ ਭੂਪ ਤੇਰੀ ਵਡਿਆਈਆ । ਏਕੰਕਾਰ ਤੇਰਾ ਸਹਾਰਾ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਅਬਿਨਾਸ਼ੀ ਕਰਤੇ ਤੇਰਾ ਅੰਤ ਨਾ ਪਾਰਾਵਾਰਾ, ਬੇਅੰਤ ਤੇਰੀ ਬੇਪਰਵਾਹੀਆ । ਆਦਿ ਨਿਰੰਜਣ ਨੂਰੀ ਨੂਰ ਜੋਤ ਉਜਿਆਰਾ, ਚਾਰ ਪੰਚ ਰੂਪ ਬਦਲਾਈਆ । ਅਬਿਨਾਸ਼ੀ ਕਰਤੇ ਤੇਰਾ ਦਵਾਰਾ, ਦਰ ਠਾਂਢਾ ਇਕ ਸੁਹਾਈਆ । ਜੋਤੀ ਜਾਤੇ ਪੁਰਖ ਬਿਧਾਤੇ ਤੂੰ ਸਾਹਿਬ ਇਕ ਸਿਕਦਾਰਾ, ਸਿਕਦਾਰੀ ਨੂਰ ਅਲਾਹੀਆ । ਮੈਂ ਤੇਰਾ ਸੁਤ ਦੁਲਾਰਾ, ਜਿਸ ਦੀ ਅਵਰ ਕੋਇ ਨਾ ਮਾਈਆ । ਤੂੰ ਬਖ਼ਸ਼ਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਤੇਰਾ ਆਦਿ ਜੁਗਾਦੀ ਸੁਤ, ਤਨ ਵਜੂਦ ਮਾਟੀ ਖ਼ਾਕ ਨਜ਼ਰ ਕੋਇ ਨਾ ਆਈਆ । ਤੂੰ ਮਿਹਰਵਾਨ ਮਹਿਬੂਬ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਨੂਰ ਅਲਾਹੀਆ । ਮੇਰੀ ਸੁਹੰਜਣੀ ਸਦਾ ਸਦਾ ਕਰੀਂ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਮੇਰਾ ਲਹਿਣਾ ਦੇਣਾ ਲੇਖਾ ਪੰਜ ਤਤ ਕਾਇਆ ਵਾਲੇ ਬੁਤ, ਬੁਤਖ਼ਾਨਿਆਂ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ ਮੈਂ ਤੇਰਾ ਅਗੰਮ ਦੁਲਾਰਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਤੇਰੇ ਧਰਮ ਦਾ ਧਰਮ ਪਸਾਰਾ, ਵਿਸ਼ਨ ਬ੍ਰਹਮਾ ਸ਼ਿਵ ਰੰਗ ਰੰਗਾਈਆ । ਤ੍ਰੈਗੁਣ ਤੇਰਾ ਭਰ ਭੰਡਾਰਾ, ਪੰਚਮ ਤਤ ਤਤ ਸਮਾਈਆ । ਖੇਲ ਖੇਲਿਆ ਅਗੰਮ ਅਪਾਰਾ, ਅਲਖ ਅਗੋਚਰ ਤੇਰੀ ਰਚਨ ਰਚਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਵੇਖਣਹਾਰ ਨਿਰੰਕਾਰਾ, ਨਿਰਵੈਰ ਤੇਰੀ ਸਰਨਾਈਆ । ਮੈਂ ਭਿੱਖਕ ਭਿਖਾਰੀ ਤੇਰਾ ਭਿਖਾਰਾ, ਮਾਂਗਤ ਹੋ ਕੇ ਝੋਲੀ ਡਾਹੀਆ । ਮੈਨੂੰ ਯਾਦ ਆਉਂਦਾ ਜਦੋਂ ਰਚਿਆ ਨਹੀਂ ਸੀ ਕੋਈ ਸੰਸਾਰਾ, ਚੁਰਾਸੀ ਵੰਡ ਨਾ ਕੋਇ ਵੰਡਾਈਆ । ਇਕੋ ਨੂਰ ਨੂਰ ਉਜਿਆਰਾ, ਦੂਸਰ ਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਸਤਿਗੁਰ ਸ਼ਬਦ ਕਹੇ ਮੈਂ ਤੇਰਾ ਬਾਲਕ ਸੁਤ ਨਿਧਾਨਾ, ਨਿਰਵੈਰ ਤੇਰੀ ਸਰਨਾਈਆ । ਤੂੰ ਆਦਿ ਜੁਗਾਦੀ ਅਗੰਮ ਕਾਹਨਾ, ਬਿਨ ਰੂਪ ਰੰਗ ਰੇਖ ਸੋਭਾ ਪਾਈਆ । ਤੇਰਾ ਗ੍ਰਹਿ ਮੰਦਰ ਦਰ ਦਵਾਰ ਸਚਖੰਡ ਮਕਾਨਾ, ਛੱਪਰ ਛੰਨ ਨਾ ਕੋਇ ਛੁਹਾਈਆ । ਤੇਰਾ ਲੇਖਾ ਆਦਿ ਜੁਗਾਦਿ ਦੋ ਜਹਾਨਾਂ, ਦੁਹਰੀ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪੜਦਾ ਆਪ ਚੁਕਾਈਆ । ਪੁਰਖ ਅਕਾਲ ਕਹੇ ਸੁਣ ਸੁਤ ਦੁਲਾਰੇ ਬੱਚੇ, ਤੇਰਾ ਬਚਪਨ ਦਿਆਂ ਦ੍ਰਿੜਾਈਆ । ਤੇਰਾ ਵਜੂਦ ਨਹੀਂ ਕਾਇਆ ਮਾਟੀ ਕੱਚੇ ਜਗਤ ਗੜ੍ਹ ਨਾ ਕੋਇ ਰਖਾਈਆ । ਤੇਰੇ ਅੰਤਰ ਨਿਰੰਤਰ ਮੇਰੀ ਧਾਰ ਸਚੇ, ਸਚ ਸਚ ਵਿਚੋਂ ਪਰਗਟਾਈਆ । ਜੋ ਏਥੇ ਓਥੇ ਦੋ ਜਹਾਨਾਂ ਇਕੋ ਧਾਰ ਨੂਰ ਜਗੇ, ਜਾਗਰਤ ਜੋਤ ਜੋਤ ਵਡਿਆਈਆ । ਜਿਸ ਦੀ ਸਰਨ ਸਰਨਾਈ ਤੇਰਾ ਰੂਪ ਲੱਗੇ, ਲਗ ਮਾਤਰ ਡੇਰਾ ਢਾਹੀਆ । ਉਠ ਖੇਲ ਤਕ ਲੈ ਜੋ ਨਿਰਗੁਣ ਧਾਰ ਕਰੇ ਸਬੱਬੇ, ਸਹਿਜ ਸਹਿਜ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਮੇਰੇ ਸਵਾਮੀ ਤੂੰ ਮੇਰਾ ਮੀਤ ਮੁਰਾਰਾ, ਮਿਤਰ ਪਿਆਰਾ ਇਕ ਅਖਵਾਈਆ । ਮੈਂ ਤੇਰਾ ਸੇਵਕ ਸੇਵਾਦਾਰਾ, ਆਦਿ ਜੁਗਾਦਿ ਜੁਗ ਚੌਕੜੀ ਸੇਵ ਕਮਾਈਆ । ਮੇਰਾ ਵਿਸ਼ਨ ਬ੍ਰਹਮਾ ਸ਼ਿਵ ਬਰਖ਼ੁਰਦਾਰਾ, ਬਾਲਾ ਨੱਢਾ ਨਜ਼ਰੀ ਆਈਆ । ਜਿਨ੍ਹਾਂ ਨੂੰ ਦਿਤਾ ਤੇਰਾ ਨਾਮ ਸਹਾਰਾ, ਨਿਰਗੁਣ ਨਿਰਗੁਣ ਰੂਪ ਸਮਝਾਈਆ । ਤੂੰ ਮੇਰਾ ਮੈਂ ਤੇਰਾ ਬੋਲ ਜੈਕਾਰਾ, ਸੋ ਪੁਰਖ ਨਿਰੰਜਣ ਦਿਤਾ ਸਮਝਾਈਆ । ਹੰ ਬ੍ਰਹਮ ਕਰਨਾ ਪਸਾਰਾ, ਨਵ ਸੱਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਢੇ ਅਲਖ ਜਗਾਈਆ । ਸਤਿਗੁਰ ਸ਼ਬਦ ਕਹੇ ਮੈਂ ਵਿਸ਼ਨ ਬ੍ਰਹਮੇ ਸ਼ਿਵ ਦਿਤੀ ਅਗੰਮ ਸਲਾਹ, ਬਿਨ ਅੱਖਰਾਂ ਅੱਖਰ ਦ੍ਰਿੜਾਈਆ । ਸਭ ਦਾ ਮਾਲਕ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜਿਸ ਦਾ ਲਹਿਣਾ ਦੇਣਾ ਅਗੰਮ ਅਥਾਹ, ਅਲਖ ਅਗੋਚਰ ਕਹਿਣ ਕਿਛ ਨਾ ਆਈਆ । ਸੋ ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਜਣਾਏ ਨਾਂ, ਨਾਉਂ ਨਿਰੰਕਾਰਾ ਇਕ ਸੁਣਾਈਆ । ਜੋ ਵਸੇ ਹਰ ਘਟ ਥਾਂ, ਥਾਨ ਥਨੰਤਰ ਸੋਭਾ ਪਾਈਆ । ਜੋ ਸਭ ਦਾ ਪਿਤਾ ਮਾਂ, ਪੁਰਖ ਅਕਾਲ ਇਕ ਅਖਵਾਈਆ । ਉਸ ਨੂੰ ਸੀਸ ਦੇਣਾ ਨਿਵਾ, ਬਿਨ ਸੀਸ ਸੀਸ ਝੁਕਾਈਆ । ਜਿਸ ਦੀ ਮੰਜ਼ਲ ਹਕ ਗਰਾਂ, ਦਰਗਹਿ ਸਾਚੀ ਸਚਖੰਡ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ ।


੬੯੮ ੨੪

ਸਤਿਗੁਰ ਸ਼ਬਦ ਕਹੇ ਮੈਂ ਵਿਸ਼ਨ ਬ੍ਰਹਮਾ ਸ਼ਿਵ ਦਿਤੀ ਦਾਤ, ਧੁਰ ਦੀ ਦਾਤ ਦਾਤ ਵਰਤਾਈਆ । ਸੰਸਾਰੀ ਭੰਡਾਰੀ ਸੰਘਾਰੀ ਤੁਹਾਡੀ ਇਕ ਜਮਾਤ, ਬਿਨ ਅੱਖਰਾਂ ਅੱਖਰ ਪੜ੍ਹਾਈਆ । ਤੁਹਾਡਾ ਲਹਿਣਾ ਦੇਣਾ ਨਿਰਗੁਣ ਸਰਗੁਣ ਹੋਵੇ ਲੋਕਮਾਤ, ਧਰਨੀ ਧਰਤ ਧਵਲ ਧੌਲ ਰੰਗ ਰੰਗਾਈਆ । ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਬਖ਼ਸ਼ੇ ਨਾਤ, ਮੇਲਾ ਮੇਲੇ ਸਹਿਜ ਸੁਭਾਈਆ । ਜਿਸ ਦਾ ਲੇਖਾ ਲਿਖ ਸਕੇ ਨਾ ਕੋਇ ਕ਼ਲਮ ਦਵਾਤ, ਸ਼ਾਹੀ ਕਾਗ਼ਜ਼ ਵੰਡ ਨਾ ਕੋਇ ਵੰਡਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਨਿਤ ਨਵਿਤ ਤੁਹਾਡੀ ਪੁਛੇ ਵਾਤ, ਵੇਖਣਹਾਰਾ ਥਾਉਂ ਥਾਈਂਆ । ਇਕ ਅਗੰਮੀ ਅਨੋਖੀ ਨਿਰਾਲੀ ਸਤਿਗੁਰ ਸ਼ਬਦ ਦੱਸੀ ਬਾਤ, ਬਾਤਨ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਸ਼ਬਦ ਜਣਾਇਆ, ਭੇਵ ਅਭੇਦਾ ਖੋਲ੍ਹ । ਵਿਸ਼ਨ ਬ੍ਰਹਮਾ ਸ਼ਿਵ ਉਠਾਇਆ, ਨਿਰਗੁਣ ਆਪਣਾ ਤੋਲਿਆ ਤੋਲ । ਵਸਤ ਅਗੰਮ ਵਰਤਾਇਆ, ਮਿਹਰਵਾਨ ਆਪ ਹੋ ਕੇ ਅਡੋਲ । ਵਿਸ਼ਨ ਬ੍ਰਹਮਾ ਦੱਸਿਆ ਭੇਤ ਅਵੱਲਾ ... ... ... ... ... ਦਿਤਾ ਜਣਾਈਆ । ਸਤਿਗੁਰ ਸ਼ਬਦ ਸ਼ਬਦ ਅਟਲਾ, ਸਤਿਗੁਰ ਰੂਪ ਨੂਰ ਅਲਾਹੀਆ । ਜਿਸ ਦੋ ਜਹਾਨ ਵਸਾਉਣਾ ਮਹਲਾ, ਪੁਰੀ ਲੋਅ ਬ੍ਰਹਿਮੰਡ ਖੰਡ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਹੋ ਮਿਹਰਵਾਨ ਗ੍ਰਿਹ ਮੰਦਰ ਰੰਗ ਰੰਗਾਈਆ । ਆਪ ਵਸੇ ਨਿਹਚਲ ਧਾਮ ਅਟਲਾ, ਸਚਖੰਡ ਸਾਚੇ ਸੋਭਾ ਪਾਈਆ । ਲੇਖਾ ਜਾਣੇ ਧਰਨੀ ਧਰਤ ਧਵਲ ਧੌਲ ਜਲ ਥਲਾ, ਸਮੁੰਦ ਸਾਗਰ ਮਹੀਅਲ ਆਪਣਾ ਰੰਗ ਰੰਗਾਈਆ । ਬਿਨ

੬੯੯ ਤੇਲ ਬਾਤੀ ਕਮਲਾਪਾਤੀ ਦੀਪਕ ਜੋਤੀ ਹੋਵੇ ਬਲਾ, ਸ਼ਬਦ ਸੰਦੇਸ਼ ਨਿਰਾਕਾਰ ਨਿਰੰਕਾਰ ਕਰੇ ਰੁਸ਼ਨਾਈਆ । ਸ਼ਬਦ ਸੰਦੇਸ਼ ਨਰ ਨਰੇਸ਼ ਇਕੋ ਹੋਵੇ ੬੯੯

੨੪ ਘੱਲਾ, ਦੂਜਾ ਕਲਮਾ ਕਾਇਨਾਤ ਨਾ ਕੋਇ ਸੁਣਾਈਆ । ਉਹ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਤੁਹਾਨੂੰ ਫੜਾਉਣਾ ਪੱਲਾ, ਪੱਲੂ ੨੪

ਅਪਾਣੀ ਗੰਢ ਬੰਧਾਈਆ । ਜੋ ਏਥੇ ਉਥੇ ਦੋ ਜਹਾਨ ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਹੋਵੇ ਅਛਲ ਅਛੱਲਾ, ਵਲ ਛਲ ਧਾਰੀ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਿਹਾ ਉਹ ਵਿਸ਼ਨ ਬ੍ਰਹਮਾ ਸ਼ਿਵ ਆਦਿ ਜੁਗਾਦਿ ਰਹਿਣਾ ਤਿਆਰ, ਤ੍ਰੈਗੁਣ ਅਤੀਤਾ ਰਿਹਾ ਜਣਾਈਆ । ਤੁਸਾਂ ਬਣਨਾ ਸੇਵਾਦਾਰ, ਸੇਵਕ ਹੋ ਕੇ ਸੇਵ ਕਮਾਈਆ । ਬ੍ਰਹਮੇ ਬ੍ਰਹਮ ਕਰਨਾ ਪਸਾਰ, ਵਿਸ਼ਨ ਵਿਸ਼ਵ ਧਾਰ ਦ੍ਰਿੜਾਈਆ । ਸ਼ੰਕਰ ਸੰਘਾਰੀ ਹੋਣਾ ਹੁਸ਼ਿਆਰ, ਏਕਾ ਏਕ ਹੁਕਮ ਦ੍ਰਿੜਾਈਆ । ਲੱਖ ਚੁਰਾਸੀ ਜੀਵ ਜੰਤ ਅੰਡਜ ਜੇਰਜ ਉਤਭੁਜ ਸੇਤਜ ਪਾਉਣੀ ਸਾਰ, ਤ੍ਰੈਗੁਣ ਮੇਲਾ ਪੰਜ ਤਤ ਸੋਹਣਾ ਰੰਗ ਚੜ੍ਹਾਈਆ । ਆਤਮ ਪਰਮਾਤਮ ਮੇਰਾ ਖੇਲ ਹੋਵੇ ਅਪਾਰ, ਅਪਰੰਪਰ ਸਵਾਮੀ ਭੇਵ ਚੁਕਾਈਆ । ਧਰਨੀ ਧਰਤ ਧਵਲ ਧੌਲ ਕਰ ਪਸਾਰ, ਵੇਖਣਾ ਚਾਈਂ ਚਾਈਆ । ਫਿਰ ਜੋਤੀ ਜਾਤਾ ਹੋ ਕੇ ਹੋਵਾਂ ਜ਼ਾਹਰ, ਨਿਰਗੁਣ ਸਰਗੁਣ ਆਪਣਾ ਖੇਲ ਖਿਲਾਈਆ । ਸਤਿਗੁਰ ਸ਼ਬਦ ਲਏ ਅਵਤਾਰ, ਤੇਈ ਅਵਤਾਰਾਂ ਰੰਗ ਰੰਗਾਈਆ । ਹਜ਼ਰਤ ਮੂਸਾ ਈਸਾ ਪੈਗ਼ੰਬਰਾਂ ਕਰ ਖ਼ਬਰਦਾਰ, ਕਲਮਾ ਧੁਰ ਦਾ ਇਕ ਦ੍ਰਿੜਾਈਆ । ਗੁਰ ਸਤਿਗੁਰ ਪਾਵੇ ਸਾਰ, ਨਾਨਕ ਗੋਬਿੰਦ ਵਜੇ ਵਧਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਤੁਹਾਨੂੰ ਨਾਲ ਰਲਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਖੇਲੇ ਖੇਲ ਅਪਾਰ, ਅਪਰੰਪਰ ਸਵਾਮੀ ਆਪਣਾ ਹੁਕਮ ਵਰਤਾਈਆ । ਕੇਤੇ ਲਦ ਜਾਣ ਆਪਣਾ ਚੁਕ ਚੁਕ ਭਾਰ, ਭੱਜਣ ਵਾਹੋ ਦਾਹੀਆ । ਗ੍ਰੰਥ

ਸ਼ਾਸਤਰ ਅੱਖਰਾਂ ਨਾਲ ਕਰਨ ਪੁਕਾਰ, ਤੂੰ ਹੀ ਤੂੰ ਹੀ ਰਾਗ ਦ੍ਰਿੜਾਈਆ । ਸ਼ਬਦ ਸ਼ਬਦ ਦੀ ਧਾਰ ਲੇਖਾ ਜਾਣੇ ਆਪ ਕਰਤਾਰ, ਕ਼ੁਦਰਤ ਦਾ
ਕ਼ਾਦਰ ਧੁਰ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ ।
ਸਤਿਗੁਰ ਸ਼ਬਦ ਕਿਹਾ ਵਿਸ਼ਨ ਬ੍ਰਹਮਾ ਸ਼ਿਵ ਤੁਹਾਡੀ ਜੁਗ ਜੁਗ ਹੋਵੇ ਸਿਕਦਾਰੀ, ਸਿਰ ਸਿਰ ਆਪਣਾ ਹੱਥ ਟਿਕਾਈਆ । ਤੁਹਾਡਾ ਲਹਿਣਾ ਦੇਣਾ
ਜੀਵ ਜੰਤ ਨਾਲ ਸੰਸਾਰੀ, ਮੇਲ ਮਿਲਾਏ ਸਹਿਜ ਸੁਭਾਈਆ । ਆਪ ਆਪਣਾ ਨੂਰ ਜੋਤ ਕਰ ਉਜਿਆਰੀ, ਉਜਾਲਾ ਕਰੇ ਥਾਉਂ ਥਾਈਂਆ । ਤੁਸਾਂ
ਸੇਵਾ ਕਰਨੀ ਨਾਲ ਹੁਸ਼ਿਆਰੀ, ਆਲਸ ਨਿੰਦਰਾ ਨਾ ਕੋਇ ਰਖਾਈਆ । ਤੁਹਾਡਾ ਸਾਹਿਬ ਇਕ ਬਲਕਾਰੀ, ਬਲਧਾਰੀ ਇਕ ਅਖਵਾਈਆ । ਜਿਸ
ਦੇ ਸਭ ਨੇ ਬਣਨਾ ਪੁਜਾਰੀ, ਬਿਨ ਸੀਸ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,
ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਿਹਾ ਵਿਸ਼ਨ ਬ੍ਰਹਮਾ ਸ਼ਿਵ ਧਰਨਾ ਧਿਆਨ ਇਕ ਇਕ ਗਿਆਰਾ, ਸੰਮਤ ਸ਼ਹਿਨਸ਼ਾਹੀ
ਨਾਲ ਰਲਾਈਆ । ਨਾਲ ਸੰਦੇਸ਼ਾ ਦੇਣਾ ਪੈਗ਼ੰਬਰ ਗੁਰ ਅਵਤਾਰਾ, ਕੀ ਅਵਤਰੀ ਹੁਕਮ ਜਣਾਈਆ । ਧਰਨੀ ਧਰਤ ਧਵਲ ਧੌਲ ਤਕਣਾ ਨਜ਼ਾਰਾ,
ਬਿਨ ਨੈਣਾਂ ਨੈਣ ਉਠਾਈਆ । ਜਿਸ ਦਾ ਆਦਿ ਅੰਤ ਨਾ ਪਾਰਾਵਾਰਾ, ਕੀ ਬੇਅੰਤ ਖੇਲ ਖਿਲਾਈਆ । ਸੋ ਪੁਰਖ ਨਿਰੰਜਣ ਹੋਵੇ ਜ਼ਾਹਰਾ, ਜ਼ਾਹਰ
ਜ਼ਹੂਰ ਕਰੇ ਰੁਸ਼ਨਾਈਆ । ਹਰਿ ਪੁਰਖ ਨਿਰੰਜਣ ਸੁਹਾਏ ਬੰਕ ਦੁਆਰਾ, ਗ੍ਰਿਹਿ ਮੰਦਰ ਇਕ ਵਡਿਆਈਆ । ਏਕੰਕਾਰਾ ਬਣ ਕੇ ਮੀਤ ਮੁਰਾਰਾ,
੭੦੦ ਵੇਖੇ ਚਾਈਂ ਚਾਈਂਆ । ਆਦਿ ਨਿਰੰਜਣ ਨੂਰ ਕਰ ਉਜਿਆਰਾ, ਅਬਿਨਾਸ਼ੀ ਕਰਤੇ ਨਾਲ ਮਿਲਾਈਆ । ਸ੍ਰੀ ਭਗਵਾਨ ਲਗਾਏ ਅਗੰਮੀ ਨਾਅਰਾ, ੭੦੦
੨੪ ਨਰ ਨਰਾਇਣ ਆਪ ਸੁਣਾਈਆ । ਪਾਰਬ੍ਰਹਮ ਪ੍ਰਭ ਭੇਵ ਖੋਲ੍ਹ ਕੇ ਸਾਰਾ, ਪੜਦਾ ਪੜਦਿਆਂ ਵਿਚੋਂ ਚੁਕਾਈਆ । ਸਤਿਗੁਰ ਸ਼ਬਦ ਕਰੇ ਪਿਆਰਾ, ੨੪
ਪਿਤਾ ਪੂਤ ਮੇਲ ਮਿਲਾਈਆ । ਵਿਸ਼ਨ ਬ੍ਰਹਮਾ ਸ਼ਿਵ ਤੁਸਾਂ ਵੇਖਣਾ ਅੰਤ ਨਜ਼ਾਰਾ, ਨਜ਼ਰੀਆ ਦੀਨ ਦੁਨੀ ਬਦਲਾਈਆ । ਨੌਂ ਸੌ ਚੁਰਾਨਵੇ ਚੌਕੜੀ
ਬਾਦ ਜੋਤੀ ਜਾਤਾ ਆਵੇ ਆਪ ਕਰਤਾਰਾ, ਕ਼ੁਦਰਤ ਕ਼ਾਦਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ
ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਵਿਸ਼ਨ ਬ੍ਰਹਮਾ ਸ਼ਿਵ ਤਕ ਲਓ ਹਾੜ ਅਠਾਰਾਂ, ਏਕਾ ਆਠਾ ਨਾਲ ਮਿਲਾਈਆ ।
ਸੰਮਤ ਸ਼ਹਿਨਸ਼ਾਹੀ ਸੰਗ ਗਿਆਰਾਂ, ਇਕ ਇਕ ਨਾਲ ਮਿਲ ਕੇ ਵਜੇ ਵਧਾਈਆ । ਉਹ ਵੇਖੋ ਲੇਖਾ ਦੱਸਦੇ ਤੇਈ ਅਵਤਾਰਾ, ਆਪਣਾ ਭੇਵ ਖੁਲ੍ਹਾਈਆ ।
ਵੇਦ ਵਿਆਸਾ ਬੋਲ ਜੈਕਾਰਾ, ਕੂਕ ਕੂਕ ਸੁਣਾਈਆ । ਮੇਰਾ ਅਕਸ਼ਰ ਨਿਰਅੱਖਰ ਧਾਰ ਹੋਏ ਉਜਿਆਰਾ, ਜਿਸ ਦੀ ਸਮਝ ਨਾ ਆਈਆ । ਮੇਰਾ
ਸੰਦੇਸ਼ਾ ਅਗੰਮ ਅਪਾਰਾ, ਅਲਖ ਅਗੋਚਰ ਦਿਤੀ ਵਡਿਆਈਆ । ਮੇਰੇ ਸਲੋਕ ਚਾਰ ਲੱਖ ਹਜ਼ਾਰ ਸਤਾਰਾਂ, ਸਤਹ ਬੁਲੰਦੀ ਰਹੇ ਸੁਣਾਈਆ । ਕਲਜੁਗ
ਅੰਤਮ ਹੋਵੇ ਅੰਧ ਅੰਧਿਆਰਾ, ਨੂਰੀ ਚੰਦ ਨਾ ਕੋਇ ਚਮਕਾਈਆ । ਪੈਗ਼ੰਬਰ ਕਹਿਣ ਅਸਾਂ ਉਸੇ ਦਾ ਕੀਤਾ ਇਜ਼ਹਾਰਾ, ਉਸੇ ਦੀ ਸਿਫ਼ਤ ਸਾਲਾਹੀਆ ।
ਜੋ ਸਭ ਦਾ ਪਰਵਰਦਿਗਾਰਾ, ਜਲਵਾਗਰ ਨੂਰ ਆਲਾਹੀਆ । ਜੋ ਆਵੇ ਦੀਨ ਦੁਨੀ ਤੋਂ ਬਾਹਰਾ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਦਰਗਹਿ
ਸਾਚੀ ਸਚ ਦਾ ਦੱਸੇ ਇਕ ਨਜ਼ਾਰਾ, ਨਜ਼ਰੀਆ ਸਭ ਦਾ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ
ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਕਲਮਾ ਕਾਇਨਾਤ ਅਜ਼ੂ ਮਵਜ਼ੇ ਜ਼ਵੀ ਨੂਰੇ ਜ਼ਵਾ ਜ਼ਾਮਿਸਤੋ ਜ਼ਮੀ ਨਜ਼ੀਸ਼ੋ

ਸ਼ੁਵਾ ਫ਼ਜ਼ੀਉਲ ਜਮੀਂਉਲ ਕੁਜ਼ੇਜ਼ਹੂ ਕੁਮਬਾ ਜ਼ੰਬਾਏ ਮਹੂ ਅਰਸ਼ੇ ਜ਼ਮਾ ਜਕੁਖਤੋ ਦੁਆ ਮੇਰੇ ਖ਼ੁਦਾ ਮਾਲਕ ਖ਼ਾਲਕ ਤੇਰੀ ਬੇਪਰਵਾਹੀਆ । ਜ਼ਮਨਾਉ ਵਦੂਆ ਵਦੀਆ ਮੰਜ਼ਲ ਜ਼ਮੀ ਯਦੂਅਲ ਜ਼ਖ਼ੁਸਤੇ ਨਖ਼ੁਸਤੀ ਉਲ ਜ਼ੰਬਾਏ ਮੰਦੀ ਦੋਜ਼ੀ ਬਿਜ਼ੀਆਲ ਮੁਬਜ਼ਲਾ ਯਕੁਸ਼ੀ ਜ਼ਮਿਸਤੇ ਯਾ ਆਊ ਜ਼ਮੀਨ ਮੇਰੇ ਮਿਹਰਵਾਨ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਸਤਿਗੁਰ ਸ਼ਬਦ ਕਹੇ ਮੇਰਾ ਨਾਨਕ ਗੋਬਿੰਦ ਰੂਪ ਨਿਆਰਾ, ਨਿਰਗੁਣ ਨਿਰਵੈਰ ਦਿਤੀ ਵਡਿਆਈਆ । ਧੁਰ ਦਾ ਹੁਕਮ ਸੰਦੇਸ਼ਾ ਅੱਖਰ ਧਾਰ ਤੋਂ ਬਾਹਰਾ, ਨਿਰ ਅੱਖਸ਼ਰ ਇਕ ਵਡਿਆਈਆ । ਜਿਸ ਦਾ ਲੇਖ ਲਿਖੇ ਨਾ ਕੋਈ ਬਣ ਲਿਖਾਰਾ, ਕਾਤਬ ਚਲੇ ਨਾ ਕੋਇ ਚਤੁਰਾਈਆ । ਜਿਸ ਦਾ ਗ੍ਰੰਥ ਸ਼ਾਸਤਰ ਵੇਦ ਪੁਰਾਨ ਅੰਜੀਲ ਕ਼ੁਰਾਨ ਪਾ ਸਕੇ ਨਾ ਕੋਈ ਸਾਰਾ, ਪਰਦਾ ਪਰਦਿਆਂ ਵਿਚੋਂ ਨਾ ਕੋਇ ਉਠਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਪਾਰਬ੍ਰਹਮ ਪਤਿਪਰਮੇਸ਼ਵਰ ਜੋਤੀ ਜਾਤਾ ਇਕੋ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਜਿਸ ਨੂੰ ਸਭਨੇ ਮੰਨਣਾ ਚੌਬੀਸਾ ਹਰਿ ਜਗਦੀਸਾ ਅਮਾਮ ਅਮਾਮਾ ਨੂਰ ਨੁਰਾਨਾ ਨੂਰ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਉਹ ਸਤਿਗੁਰ ਸ਼ਬਦ ਸ਼ਬਦ ਦਏ ਹੁਲਾਰਾ, ਦੋ ਜਹਾਨਾਂ ਦਏ ਹਿਲਾਈਆ । ਉਸ ਦਾ ਲਹਿਣਾ ਦੇਣਾ ਲੇਖਾ... ... ... ... ... , ਇਕ ਇਕ ਦੀ ਗੰਢ ਪੁਆਈਆ । ਜਿਸ ਦਾ ਵਕ਼ਤ ਸੁਹੰਜਣਾ ਹੋਵੇ ਹਾੜ ਅਠਾਰਾਂ, ਅਠ ਦਸ ਦਾ ਮੇਲ ਮਿਲਾਈਆ । ਭਗਤ ਸੁਹੇਲਾ ਇਕ ਅਕੇਲਾ ਦੇਵੇ ਨਾਮ ਅਧਾਰਾ, ਉਦਰ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਅਠਾਰਾਂ ਹਾੜ ਕਹੇ ਮੈਂ ਭੱਜਾ ਆਇਆ, ਪਰਮ ਪੁਰਖ ਦਿਤੀ ਵਡਿਆਈਆ । ਮੈਂ ਦੋ ਜਹਾਨਾਂ ਇਕੋ ਢੋਲਾ ਗਾਇਆ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਰਾਗ ਸੁਣਾਇਆ, ਸੋਹੰ ਵਜਦੀ ਰਹੀ ਵਧਾਈਆ । ਅੱਲਾ ਹੂ ਅੰਨਾ ਹੂ ਦਾ ਨਾਅਰਾ ਲਾਇਆ, ਪੈਗ਼ੰਬਰ ਬੈਠੇ ਸੀਸ ਨਿਵਾਈਆ । ਜਲਵਾਗਰ ਦਾ ਦਰਸ਼ਨ ਪਾਇਆ, ਜੋਤੀ ਜਾਤਾ ਡਗਮਗਾਈਆ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਵੇਖਦਾ ਆਇਆ, ਆਪਣਾ ਪੰਧ ਮੁਕਾਈਆ । ਚਾਰ ਜੁਗ ਦੇ ਸ਼ਾਸਤਰ ਮੈਨੂੰ ਰਹੇ ਸੁਣਾਇਆ, ਭਵਿਸ਼ ਭਵਿਖਤ ਪੇਸ਼ੀਨਗੋਈਆਂ ਨਾਲ ਮਿਲਾਈਆ । ਉਹ ਤਕ ਲੈ ਪਾਰਬ੍ਰਹਮ ਪਤਿਪਰਮੇਸ਼ਵਰ ਜੋਤੀ ਜਾਤੇ ਵੇਸ ਵਟਾਇਆ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਦੋ ਜਹਾਨਾਂ ਡਗਮਗਾਇਆ, ਨਿਰਗੁਣ ਆਪਣਾ ਖੇਲ ਖਿਲਾਈਆ । ਜਿਸ ਨੇ ਸੰਬਲ ਡੇਰਾ ਆਇਆ, ਸਾਢੇ ਤਿੰਨ ਹੱਥ ਵਜੇ ਵਧਾਈਆ । ਜਨ ਭਗਤਾਂ ਹੋਏ ਸਹਾਇਆ, ਸਿਰ ਸਿਰ ਹੱਥ ਟਿਕਾਈਆ । ਫੜ ਫੜ ਅੰਦਰੋਂ ਮੇਲ ਮਿਲਾਇਆ, ਬਾਹਰੋਂ ਸਮਝ ਕੋਇ ਨਾ ਪਾਈਆ । ਨੌਂ ਦਵਾਰੇ ਪੰਧ ਚੁਕਾਇਆ, ਜਗਤ ਵਾਸ਼ਨਾ ਕੂੜ ਮਿਟਾਈਆ । ਬਜਰ ਕਪਾਟੀ ਤੋੜ ਤੁੜਾਇਆ, ਨਾਮ ਖੰਡਾ ਹੱਥ ਉਠਾਈਆ । ਨਿਝਰ ਝਿਰਨਾ ਬੂੰਦ ਸਵਾਂਤੀ ਜਾਮ ਪਿਆਇਆ, ਨਾਭੀ ਕਵਲ ਕਵਲ ਉਲਟਾਈਆ । ਦਰ ਮੰਦਰ ਇਕ ਸੁਹਾਇਆ, ਘਰ ਦਸਵੇਂ ਵਜੇ ਵਧਾਈਆ । ਬਿਨ ਰਸਨਾ ਜਿਹਵਾ ਸ਼ਬਦ ਦ੍ਰਿੜਾਇਆ, ਅਨਹਦ ਨਾਦੀ ਨਾਦ ਧੁਨ ਕਰੇ ਸ਼ਨਵਾਈਆ । ਦੀਪਕ ਜੋਤੀ ਜੋਤ ਜਗਾਇਆ, ਬਿਨ ਤੇਲ ਬਾਤੀ ਡਗਮਗਾਈਆ । ਜਿਸ ਪੂਰਬ ਲੇਖਾ ਜਨ ਭਗਤਾਂ ਆਣ ਚੁਕਾਇਆ, ਜੁਗ ਚੌਕੜੀ ਪਿਛਲਾ ਲੇਖਾ ਝੋਲੀ ਪਾਈਆ । ਅਗੇ ਆਵਣ ਜਾਵਣ ਪੰਧ ਮੁਕਾਇਆ, ਲੱਖ ਚੁਰਾਸੀ ਫੰਦ ਕਟਾਈਆ । ਰਾਏ ਧਰਮ ਨਾ ਦਏ ਸਜ਼ਾਇਆ, ਚਿਤਰ ਗੁਪਤ ਨਾ ਲੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਅਠਾਰਾਂ ਹਾੜ ਕਹੇ ਮੈਂ ਜੁਗ ਜੁਗ ਰਿਹਾ ਉਡੀਕਦਾ, ਨੌ ਸੌ ਚੁਰਾਨਵੇ ਚੌਕੜੀ ਧਿਆਨ ਲਗਾਈਆ । ਦੋ ਜਹਾਨਾਂ ਖ਼ਾਕੇ ਰਿਹਾ ਉਲੀਕਦਾ, ਲਾਈਨ ਲਾਈਨ ਵਿਚੋਂ ਬਦਲਾਈਆ । ਖੇਲ ਵੇਖਦਾ ਰਿਹਾ ਹੱਕ ਤੌਫ਼ੀਕ ਦਾ, ਕੀ ਕਰੇ ਧੁਰਦਰਗਾਹੀਆ । ਕਵਣ ਵੇਲਾ ਮੇਰਾ ਵਕ਼ਤ ਸੁਹੰਜਣਾ ਹੋਏ ਨੀਚ ਦਾ, ਦੇਵੇ ਮਾਣ ਵਡਿਆਈਆ । ਮੇਰਾ ਮੇਲ ਮਿਲਾਏ ਸਚ ਪ੍ਰੀਤ ਦਾ, ਪ੍ਰੀਤਮ ਹੋ ਕੇ ਵੇਖ ਵਖਾਈਆ । ਜੋ ਝਗੜਾ ਮੇਟੇ ਮੰਦਰ ਮਸੀਤ ਦਾ, ਕਾਇਆ ਕਾਅਬਾ ਇਕ ਸਮਝਾਈਆ । ਜਿਸ ਦਾ ਨਾਮ ਕਲਮਾ ਹੋਵੇ ਇਕੋ ਗੀਤ ਦਾ, ਸੋਹੰ ਕਰੇ ਸਚ ਪੜ੍ਹਾਈਆ । ਭਉ ਚੁਕਾਏ ਭੈ ਭੀਤ ਦਾ, ਭਾਂਡਾ ਭਰਮ ਭੰਨਾਈਆ । ਭੇਵ ਚੁਕਾਏ ਕੂੜੀ ਨੀਤ ਦਾ, ਨੀਤੀਵਾਨ ਆਪ ਹੋ ਜਾਈਆ । ਲੇਖਾ ਜਾਣੇ ਠਾਂਢੇ ਸੀਤ ਦਾ, ਅੰਮ੍ਰਿਤ ਮੇਘ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਅਠਾਰਾਂ ਹਾੜ ਕਹੇ ਜਨ ਭਗਤੋਂ ਮੇਰਾ ਵਕ਼ਤ ਸੁਹੰਜਣਾ ਚੰਗਾ, ਪ੍ਰਭ ਚੰਗੀ ਦਏ ਵਡਿਆਈਆ । ਉਹ ਵੇਖੋ ਦੂਰ ਦੁਰਾਡੀ ਜਮਨਾ ਸੁਰਸਤੀ ਗੋਦਾਵਰੀ ਆ ਗਈ ਗੰਗਾ, ਆਪਣਾ ਪੰਧ ਮੁਕਾਈਆ । ਨਾਰਦ ਮੁਨੀ ਆ ਗਿਆ ਸਿਰੋਂ ਨੰਗਾ, ਬੋਦੀ ਆਪਣੀ ਰਿਹਾ ਹਿਲਾਈਆ । ਦੂਜੀ ਧਾਰ ਵੇਖੋ ਗੋਬਿੰਦ ਵਾਲਾ ਪੰਜਾ, ਜੋ ਪੰਚਮ ਦਏ ਵਡਿਆਈਆ । ਧਰਨੀ ਵਲ ਤਕੇ ਜੋ ਨੇਤਰ ਰੋਵੇ ਅੰਞਾ, ਨੈਣਾਂ ਨੀਰ ਵਹਾਈਆ । ਵਿਚਾਰਾਂ ਤਕੋ ਜੋ ਆਸਾ ਰਖ ਕੇ ਗਏ ਕਵੀ ਬਵੰਜਾ, ਬਾਵਨ ਆਪਣੀ ਖੇਲ ਖਲਾਈਆ । ਜਗਤ ਸਿੰਘਾਸਣ ਵੇਖੋ ਮੰਜਾ, ਪਾਵੇ ਚੂਲ ਫੋਲ ਫੁਲਾਈਆ । ਨੌਂ ਖੰਡ ਪ੍ਰਿਥਮੀ ਤਕੋ ਦੰਗਾ, ਕੂੜੀ ਕਿਰਿਆ ਨਾਲ ਰਲਾਈਆ । ਨਿਗਾਹ ਮਾਰੋ ਜੇਰਜ ਅੰਡਾ, ਉਤਭੁਜ ਸੇਤਜ ਫੋਲ ਫੁਲਾਈਆ । ਸਚ ਰਿਹਾ ਨਾ ਵਿਚ ਬ੍ਰਹਿਮੰਡਾ, ਬ੍ਰਹਿਮਾਂਡ ਰਿਹਾ ਕੁਰਲਾਈਆ । ਮੈਨੂੰ ਇਉਂ ਜਾਪਦਾ ਮੇਰੇ ਪੁਰਖ ਅਕਾਲੇ ਦੀਨ ਦਿਆਲੇ ਦੋ ਜਹਾਨਾਂ ਸ਼ਬਦੀ ਫੜਨਾ ਖੰਡਾ, ਜਿਸ ਦੀ ਬਣਤ ਤਰਖਾਣ ਲੁਹਾਰ ਨਾ ਕੋਇ ਬਣਾਈਆ । ਕਲਜੁਗ ਕੂੜੀ ਕਿਰਿਆ ਅੰਤਮ ਮੇਟੇ ਪੰਧਾ, ਧਰਨੀ ਧਰਤ ਲੋਕਮਾਤ ਰਹਿਣ ਨਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਅੰਤਸ਼ਕਰਨ ਇਕੋ ਸੁਣਾਏ ਛੰਦਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਹਰਿਜਨ ਧਰਮ ਦੀ ਧਾਰ ਬਣਾਏ ਬੰਦਾ, ਬੰਦਗੀ ਇਕੋ ਇਕ ਦ੍ਰਿੜ੍ਹਾਈਆ । ਜਿਸ ਦਾ ਪੰਧ ਅਗੇ ਨਹੀਂ ਲੰਬਾ, ਮੁਸਾਫ਼ਰ ਬੈਠੇ ਆਪਣਾ ਪੰਧ ਮੁਕਾਈਆ । ਸਦੀ ਚੌਧਵੀਂ ਅੰਤਮ ਤਕ ਲਓ ਕੰਢਾ, ਮੁਹੰਮਦ ਬੈਠਾ ਨੈਣ ਉਠਾਈਆ । ਮੂਸਾ ਖੋਲ੍ਹਣ ਵਾਲਾ ਆਪਣੀਆਂ ਗੰਢਾਂ, ਈਸਾ ਆਸ ਇਕ ਜਣਾਈਆ । ਗੋਬਿੰਦ ਕਰਨ ਵਾਲਾ ਜੰਗਾ, ਸ਼ਬਦ ਸ਼ਸਤਰ ਰਿਹਾ ਚਮਕਾਈਆ । ਪਿਛਲਾ ਵਕ਼ਤ ਪਿਛੇ ਲੰਘਾ, ਅਗਲਾ ਭੇਵ ਦਿਆਂ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਜਨ ਭਗਤੋ ਮੇਰੀ ਬੋਦੀ ਵੇਖੋ ਹਿਲਦੀ, ਉਨੰਜਾ ਪਵਣ ਨਾਲ ਵਡਿਆਈਆ । ਮੇਰੀ ਆਸ਼ਾ ਵੇਖੋ ਅਗੰਮੇ ਦਿਲ ਦੀ, ਜਿਸ ਦੀ ਘਾੜਤ ਵੇਖਣ ਕੋਇ ਨਾ ਪਾਈਆ । ਆਤਮ ਪਰਮਾਤਮ ਵੇਖੋ ਮਿਲਦੀ, ਮਿਲਣੀ ਹਰਿ ਜਗਦੀਸ਼ ਕਰਾਈਆ । ਹੁਣ ਘੜੀ ਨਹੀਂ ਜੇ ਢਿਲ ਦੀ, ਗਿਆ ਵਕ਼ਤ ਹੱਥ ਨਾ ਆਈਆ । ਹੁਣ ਖੇਲ ਨਹੀਂ ਬਜਰ ਕਪਟੀ ਸਿਲ ਦੀ, ਰਾਤੀਂ ਸੁਤਿਆਂ ਪੜਦੇ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਸਤਿਗੁਰ ਸ਼ਬਦ ਉਹ ਵੇਖ ਲੈ ਗੰਗਾ ਗੋਦਾਵਰੀ ਜਮਨਾ ਸੁਰਸਤੀ ਆਵਣ ਗਾਂਦੀਆਂ,

੭੦੨
੨੪

ਗਾ ਗਾ ਖ਼ੁਸ਼ੀ ਬਣਾਈਆ । ਸ਼ਿੰਗਾਰ ਲਾ ਕੇ ਸੋਨੇ ਚਾਂਦੀਆਂ, ਮੇਂਢੀ ਸੀਸ ਨਾ ਕੋਇ ਗੁੰਦਾਈਆ । ਹੱਥ ਬੰਨ੍ਹ ਕੇ ਕਹਿਣ ਤੇਰੀਆਂ ਬਾਂਦੀਆਂ, ਜਗਤ ਹੰਕਾਰ ਨਾ ਕੋਇ ਜਣਾਈਆ । ਚਾਰੋਂ ਕੁੰਟ ਕੂੜ ਦੀਆਂ ਚੜ੍ਹੀਆਂ ਆਂਧੀਆਂ, ਸਚ ਚੰਦ ਨਾ ਕੋਇ ਰੁਸ਼ਨਾਈਆ । ਤੇਰਿਆਂ ਮਾਨਸਾਂ ਗਊਆਂ ਖਾਧੀਆਂ, ਸੂਰਾਂ ਖੱਲ ਲੁਹਾਈਆ । ਵਿਦਿਆ ਰਹੀ ਨਾ ਵਿਚ ਪਾਂਡੀਆਂ, ਪੰਡਤ ਰੋਵਣ ਮਾਰਨ ਧਾਹੀਆ । ਮੁਹੱਬਤ ਰਹੀ ਨਾ ਵਿਚ ਗੁਆਂਢੀਆਂ, ਸੱਜਣਾਂ ਸੰਗ ਨਾ ਕੋਇ ਨਿਭਾਈਆ । ਛਾਤੀਆਂ ਹੋਵਣ ਕਿਸੇ ਨਾ ਠਾਂਢੀਆਂ, ਅਗਨੀ ਤਤ ਨਾ ਕੋਇ ਬੁਝਾਈਆ । ਬਿਨ ਤੇਰੇ ਪ੍ਰਭੂ ਸਭ ਦੀਆਂ ਪੱਤਾਂ ਜਾਂਦੀਆਂ, ਪਤਿਪਰਮੇਸ਼ਵਰ ਤੇਰੇ ਅਗੇ ਦੁਹਾਈਆ । ਕਲਜੁਗ ਕੂੜ ਕੁੜਿਆਰ ਅਸੀਂ ਅੰਤਮ ਥੱਕੀਆਂ ਮਾਂਦੀਆਂ, ਬਲਹੀਣ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਸਾਚੇ ਆਸ ਰਖਾਈਆ । ਨਾਰਦ ਕਹੇ ਸਤਿਗੁਰ ਸ਼ਬਦ ਤੇਈ ਅਵਤਾਰ ਵੇਖ ਲੈ ਸਜੇ, ਸਾਜਣ ਮੀਤ ਨਜ਼ਰੀ ਆਈਆ । ਸਚਖੰਡ ਦੁਵਾਰਿਉਂ ਆਏ ਭੱਜੇ, ਬਿਨ ਚਰਨਾਂ ਚਰਨ ਟਿਕਾਈਆ । ਤੇਰੇ ਦੀਪਕ ਨਾਲ ਦੀਪਕ ਜੋਤ ਜਗੇ, ਜਾਗਰਤ ਜੋਤ ਜੋਤ ਰੁਸ਼ਨਾਈਆ । ਇਨ੍ਹਾਂ ਦਾ ਲੇਖਾ ਵੇਖ ਲੈ ਕੀ ਹਾਲ ਹੋਣਾ ਅਗੇ, ਪੇਸ਼ੀਨਗੋਈਆਂ ਫੋਲ ਫੁਲਾਈਆ । ਸਭ ਨੇ ਅਗੋਂ ਹੱਥ ਬੱਧੇ, ਨਿਵ ਨਿਵ ਸੀਸ ਨਿਵਾਈਆ । ਸਤਿਗੁਰ ਸ਼ਬਦ ਅਸੀਂ ਤੇਰੇ ਆਏ ਸੱਦੇ, ਲੋਕਮਾਤ ਡੇਰਾ ਲਾਈਆ । ਸਾਨੂੰ ਹੁਕਮ ਸੰਦੇਸ਼ਾ ਦੇ ਦੇ ਅੱਜੇ, ਆਜਜ਼ ਹੋ ਕੇ ਸੀਸ ਨਿਵਾਈਆ । ਤੁਧ ਬਿਨ ਪੜਦਾ ਕੋਇ ਨਾ ਕੱਜੇ, ਸਿਰ ਸਿਰ ਹੱਥ ਨਾ ਕੋਇ ਟਿਕਾਈਆ । ਸਾਡੇ ਦੀਨ ਮਜ਼੍ਹਬ ਤੇਰਾ ਪਿਆਰ ਗਏ ਤਜੇ, ਧਰਮ ਦੀ ਧਾਰ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਨਾਰਦ ਕਹੇ ਪੈਗ਼ੰਬਰੋ ਤੁਸੀਂ ਵੀ ਆਪਣਾ ਦਿਉ ਬਿਆਨ, ਹਾਜ਼ਰ ਹੋ ਕੇ ਸੀਸ ਨਿਵਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਕਹਿਣ ਸਾਡਾ ਕ਼ਾਇਮ ਨਾ ਰਿਹਾ ਈਮਾਨ, ਅਮਲਾਂ ਵਿਚ ਨਾ ਖ਼ਲਕ ਖ਼ੁਦਾਈਆ । ਚਾਰੋਂ ਕੁੰਟ ਕੂੜ ਸ਼ੈਤਾਨ, ਸ਼ਰਅ ਸ਼ਰਅ ਨਾਲ ਟਕਰਾਈਆ । ਅਸੀਂ ਤੇਰੇ ਬਾਲੇ ਬੱਚੇ ਇਕ ਨਾਦਾਨ, ਬਾਲੀ ਬੁਧਿ ਇਕ ਅਖਵਾਈਆ । ਤੂੰ ਮਾਲਕ ਖ਼ਾਲਕ ਇਕ ਰਹਿਮਾਨ, ਤੇਰੀ ਰਹਿਮਤ ਵਿਚ ਸਮਾਈਆ । ਸਾਡਾ ਰਿਹਾ ਨਾ ਕੋਇ ਨਿਸ਼ਾਨ, ਨਿਸ਼ਾਨੇ ਦੀਨ ਦੁਨੀ ਬਦਲਾਈਆ । ਸਾਡੇ ਅੱਖਰ ਵੇਖ ਲੈ ਅੰਜੀਲ ਕ਼ੁਰਾਨ, ਤੁਰੈਤ ਤੁਰਤ ਨਾਲ ਮਿਲਾਈਆ । ਤੂੰ ਸਭ ਦਾ ਮਾਲਕ ਖ਼ਾਲਕ ਇਕ ਨੌਜਵਾਨ, ਨੂਰ ਨੁਰਾਨਾ ਅਗੰਮ ਅਥਾਹੀਆ । ਸਾਡੀ ਤੇਰੇ ਕ਼ਦਮਾਂ ਵਿਚ ਸਲਾਮ, ਸਯਦਿਆਂ ਵਿਚ ਸੀਸ ਝੁਕਾਈਆ । ਅਸੀਂ ਬਰਦੇ ਤੇਰੇ ਗ਼ੁਲਾਮ, ਸੇਵਕ ਹੋ ਕੇ ਸੇਵ ਕਮਾਈਆ । ਸਦੀ ਚੌਧਵੀਂ ਵਕ਼ਤ ਪਹੁੰਚਿਆਂ ਆਣ, ਬੀਸਵੀਂ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਨਾਨਕ ਗੋਬਿੰਦ ਆਪਣਾ ਦੱਸੋ ਅਹਿਵਾਲ, ਪੁਰਖ ਅਕਾਲੇ ਅਗੇ ਟਿਕਾਈਆ । ਕੀ ਖੇਲ ਕਰੇ ਦੀਨ ਦਿਆਲ, ਦਇਆਨਿਧ ਠਾਕਰ ਕੀ ਆਪਣਾ ਹੁਕਮ ਵਰਤਾਈਆ । ਗੋਬਿੰਦ ਹਸ ਕੇ ਕਿਹਾ ਮੈਂ ਆਦਿ ਜੁਗਾਦੀ ਏਸੇ ਦਾ ਬਾਲ, ਦੂਜਾ ਪਿਤਾ ਨਜ਼ਰ ਕੋਇ ਨਾ ਆਈਆ । ਬਿਨਾ ਗੋਦੀਉਂ ਗੋਦੀ ਵਿਚ ਰਹਿਵਾਂ ਨਾਲ, ਲਾਲ ਲਾਲਨ ਰੰਗ ਚੜ੍ਹਾਈਆ । ਮੈਨੂੰ ਪੋਹ ਨਾ ਸਕੇ ਕਾਲ, ਮਹਾਕਾਲ ਨਾ ਕੋਇ ਚਤੁਰਾਈਆ । ਮੇਰਾ ਗ੍ਰਿਹ ਮੰਦਰ ਸਚੀ ਧਰਮਸਾਲ, ਸਚਖੰਡ ਸਾਚੇ ਸੋਭਾ ਪਾਈਆ । ਮੇਰਾ ਲਹਿਣਾ ਦੇਣਾ ਨਾਲ ਸਿੰਘ ਪਾਲ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਮੇਰਾ ਤੇਗ਼ ਬਹਾਦਰ ਦੁਨੀਆ ਵਾਲਾ

੭੦੩
੨੪

੭੦੪ ੨੪

ਦਲਾਲ, ਗੁਜਰੀ ਜੰਮਣ ਵਾਲੀ ਤਨ ਮਾਈਆ । ਮੇਰਾ ਜੋਤੀ ਨੂਰ ਬੇਮਿਸਾਲ, ਜਿਸ ਦੀ ਮਿਸਲ ਨਾ ਕੋਇ ਸਮਝਾਈਆ । ਮੈਂ ਨੌ ਸੌ ਚੁਰਾਨਵੇ ਚੌਕੜੀ ਜੁਗ ਘਾਲੀ ਘਾਲ, ਅਵਤਾਰ ਪੈਗ਼ੰਬਰ ਗੁਰ ਰੂਪ ਵਟਾਈਆ । ਅੰਤਮ ਆਪਣਾ ਦੱਸਣਾ ਇਕ ਅਹਿਵਾਲ, ਭੇਵ ਅਭੇਦ ਚੁਕਾਈਆ । ਮੈਂ ਸਤਿਗੁਰ ਸ਼ਬਦ ਪੁਰਖ ਅਕਾਲਾ ਮੇਰੇ ਨਾਲ, ਦੂਜਾ ਨਜ਼ਰ ਕੋਇ ਨਾ ਆਈਆ । ਸ਼ਬਦ ਮੇਰਾ ਖੰਡਾ ਸ਼ਬਦ ਮੇਰੀ ਢਾਲ, ਸ਼ਸਤਰ ਅਵਰ ਨਾ ਕੋਇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਸਤਿਗੁਰ ਸ਼ਬਦ ਅਵਤਾਰ ਪੈਗ਼ੰਬਰਾਂ ਗੁਰੂਆਂ ਵੇਖ ਲੈ ਅੰਤ ਕਹਾਣੀਆਂ, ਕਹਾਣੀ ਜਗਤ ਨਾ ਕੋਇ ਰਖਾਈਆ । ਜਿਨ੍ਹਾਂ ਤੇਰੀਆਂ ਮੌਜਾਂ ਮਾਣੀਆਂ, ਲੋਕਮਾਤ ਮਿਲੀ ਵਡਿਆਈਆ । ਤੇਰੀ ਮਹਿੰਮਾ ਦੀਆਂ ਗਾਈਆਂ ਬਾਣੀਆਂ, ਅੱਖਰ ਅੱਖਰਾਂ ਨਾਲ ਮਿਲਾਈਆ । ਤੇਰੀਆਂ ਬਣੀਆਂ ਸੁਘੜ ਸਵਾਣੀਆਂ, ਸਵਾਮੀ ਮੰਨ ਕੇ ਸੀਸ ਨਿਵਾਈਆ । ਤੂੰ ਦੇਵਣਹਾਰਾ ਅੰਮ੍ਰਿਤ ਰਸ ਠੰਢਾ ਪਾਣੀਆਂ, ਜਲਧਾਰਾ ਵਹਿਣ ਵਹਾਈਆ । ਇਨ੍ਹਾਂ ਦਾ ਲੇਖਾ ਤਕ ਲੈ ਨਾਲ ਚਾਰੇ ਖਾਣੀਆਂ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਮੰਜ਼ਲਾਂ ਤਕ ਰੁਹਾਨੀਆਂ, ਰੂਹ ਬੁਤ ਬਾਹਰ ਧਿਆਨ ਲਗਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾ ਇਹ ਮਰਦ ਨਾ ਇਹ ਜਨਾਨੀਆਂ, ਭੱਜੀਆਂ ਫਿਰਨ ਵਾਹੋ ਦਾਹੀਆ । ਗੋਦਾਵਰੀ ਕੋਲ ਗੋਬਿੰਦ ਦੀਆਂ ਨਿਸ਼ਾਨੀਆਂ, ਗੰਗਾ ਦੀ ਧਾਰ ਰਵੀਦਾਸ ਦਾ ਕਸੀਰਾ ਰਹੀ ਵਖਾਈਆ । ਸੁਰਸਤੀ ਬੈਠੀ ਹੋ ਨਿਮਾਣੀਆਂ, ਨਿਵ ਨਿਵ ਲਾਗੇ ਪਾਈਆ । ਜਮਨਾ ਕਹੇ ਮੇਰੇ ਉਤੇ ਕ੍ਰਿਸ਼ਨ ਨੇ ਮੌਜਾਂ ਮਾਣੀਆਂ, ਗੋਪੀਆਂ ਸੰਗ ਨਿਭਾਈਆ । ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਸੁਲਤਾਨੀਆ, ਨੂਰ ਨੁਰਾਨਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਤੂੰ ਸੁਣ ਲੈ ਗੰਗਾ ਮਈਆ, ਅੰਮੜੀਏ ਤੈਨੂੰ ਦਿਆਂ ਜਣਾਈਆ । ਲੇਖਾ ਵੇਖ ਲੈ ਆਪਣੀ ਕੱਢਕੇ ਵਹੀਆ, ਵਰਕਾ ਵਰਕੇ ਨਾਲ ਬਦਲਾਈਆ । ਕੀ ਲਹਿਣਾ ਦੇਣਾ ਤੇਰਾ ਨਾਲ ਸਾਚੇ ਸਈਆ, ਸਾਹਿਬ ਕੀ ਸਮਝਾਈਆ । ਨਾਤਾ ਤਕ ਲੈ ਭੈਣਾਂ ਭਈਆ, ਜਗਤ ਖੋਜ ਖੁਜਾਈਆ । ਉਹ ਬਾਂਹ ਵਖਾ ਦੇ ਆਪਣੀ ਨਿਰਗੁਣ ਬਹੀਆ, ਜੋ ਰਵੀਦਾਸ ਚਮਾਰੇ ਰੰਗ ਰੰਗਾਈਆ । ਜਿਸ ਕਾਰਨ ਬੁਲ੍ਹੇ ਗਾਇਆ ਥਈਆ, ਢਈਆ ਗੋਬਿੰਦ ਗਿਆ ਸਮਝਾਈਆ । ਰਾਮ ਦਸਰਥ ਬੇਟੇ ਕਹਿ ਕੇ ਤੈਨੂੰ ਰਮਈਆ, ਬਾਲਮੀਕ ਰਮਾਇਣ ਨਾਲ ਵਡਿਆਈਆ । ਜਿਸ ਕਾਰਨ ਕਲਜੁਗ ਅੰਤਮ ਚਲਣੀ ਨਈਆ, ਨੌਕਾ ਕਵਣ ਰਖਾਈਆ । ਉਹ ਵੇਖ ਲੈ ਹਜ਼ਰਤ ਮੁਹੰਮਦ ਦੀ ਸਦੀ ਚੌਧਵੀਂ ਗਈਆ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰੂ ਸਾਹਿਬਾਨੋ ਇਕੋ ਦਿਉ ਸਲਾਹ, ਬਹੁਤੀ ਕਥਾ ਨਾ ਕੋਇ ਜਣਾਈਆ । ਸਤਿਗੁਰ ਸ਼ਬਦ ਬਣਾਓ ਗਵਾਹ, ਸ਼ਹਾਦਤ ਇਕ ਭੁਗਤਾਈਆ । ਸਭ ਦਾ ਵਕਤ ਅਖ਼ੀਰੀ ਗਿਆ ਆ, ਆਪਣਾ ਆਪਣਾ ਪੰਧ ਮੁਕਾਈਆ । ਆਪਣੇ ਭਵਿਖਤ ਲਓ ਉਠਾ, ਬਿਨ ਹੱਥਾਂ ਹੱਥ ਟਿਕਾਈਆ । ਨਾਲੇ ਵੇਖੋ ਕੀ ਹੁਕਮ ਦਿਤਾ ਨੂਰ ਅਲਾਹ, ਆਲਮੀਨ ਕੀ ਜਣਾਈਆ । ਚੌਦਾਂ ਤਬਕਾਂ ਦਿਓ ਸੁਣਾ, ਚੌਦਾਂ ਲੋਕ ਲੋਕ ਸ਼ਨਵਾਈਆ । ਨਾਲੇ ਕੂਕ ਕੇ ਮਾਰੋ ਧਾਹ, ਹਾਏ ਉਫ਼ ਤੇਰੀ ਦੁਹਾਈਆ । ਤੂੰ ਵਾਹਿਦ ਇਕ ਖ਼ੁਦਾ, ਨੂਰ ਨੁਰਾਨੇ ਨੂਰ ਅਲਾਹੀਆ । ਤੇਰੇ ਹੱਥ ਤੇਰੀ ਵਡਿਆ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਅੰਧੇਰਾ

ਗਿਆ ਛਾ, ਸਾਚਾ ਚੰਦ ਨਾ ਕੋਇ ਚਮਕਾਈਆ । ਜੋ ਨਾਮ ਕਲਮੇ ਦੀਨ ਦੁਨੀ ਆਏ ਦ੍ਰਿੜਾ, ਸਿਫ਼ਤਾਂ ਨਾਲ ਸਿਫ਼ਤ ਸਾਲਾਹੀਆ । ਸੋ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਗਈ ਭੁਲਾ, ਹਿਰਦੇ ਹਰਿ ਨਾ ਕੋਇ ਵਸਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭੂ ਅਸੀਂ ਚਲੀਏ ਤੇਰੀ ਵਿਚ ਰਜ਼ਾ, ਰਾਜ਼ਕ ਰਿਜ਼ਕ ਰਹੀਮ ਤੇਰੀ ਓਟ ਤਕਾਈਆ । ਅਸੀਂ ਚਾਹੁੰਦੇ ਤੇਰੇ ਨਾਮ ਦਾ ਸਭ ਨੂੰ ਇਕੋ ਹੋਵੇ ਮਜ਼ਾ, ਮਜ਼ਾਕ ਮਿਟੇ ਖ਼ਲਕ ਖ਼ੁਦਾਈਆ । ਤੇਰੇ ਪੂਜਣ ਦੀ ਇਕੋ ਹੋਵੇ ਜਗਹ, ਦੂਜਾ ਧਾਮ ਨਜ਼ਰ ਕੋਇ ਨਾ ਆਈਆ । ਤੇਰੇ ਸ਼ਬਦ ਦਾ ਇਕੋ ਹੋਵੇ ਸੱਦਾ, ਸੰਦੇਸ਼ਾ ਦੇਣਾ ਧੁਰਦਰਗਾਹੀਆ । ਸਾਡਾ ਪਿਆਰ ਤੇਰੇ ਚਰਨ ਹੋਵੇ ਬੱਧਾ, ਬੰਦਗੀ ਸਯਦਿਆਂ ਵਿਚ ਡੰਡਾਵਤ ਬੰਦਨਾ ਕਰਕੇ ਸੀਸ ਨਿਵਾਈਆ । ਸਾਨੂੰ ਹਰਿ ਭਗਤ ਦਵਾਰਾ ਅੰਤਮ ਕਲਜੁਗ ਚੰਗਾ ਲੱਗਾ, ਲਗ ਮਾਤਰ ਡੇਰਾ ਢਾਹੀਆ । ਜਿਸ ਦੀ ਸਮਝੇ ਕੋਈ ਨਾ ਵਜਹ, ਵਜੂਹਾਤ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਤੇਰਾ ਅੰਤ ਨਾ ਪਾਰਾਵਾਰ, ਬੇਅੰਤ ਤੇਰੀ ਸਰਨਾਈਆ । ਅਸੀਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਬਣੇ ਸੇਵਾਦਾਰ, ਸੇਵਕ ਹੋ ਕੇ ਸੇਵ ਕਮਾਈਆ । ਨਾਮ ਕਲਮੇ ਆਏ ਉਚਾਰ, ਦਹਿ ਦਿਸ਼ਾ ਨਾਲ ਵਡਿਆਈਆ । ਦੀਨਾਂ ਮਜ਼੍ਹਬਾਂ ਕਰ ਪਸਾਰ, ਮਾਨਸ ਵੰਡ ਵੰਡੀ ਥਾਉਂ ਥਾਈਂਆ । ਸ਼ਰਅ ਦੀ ਸ਼ਰਅ ਨਾਲ ਮਾਰ ਲਕਾਰ, ਲਾਈਨ ਲਾਈਨ ਨਾਲ ਬਦਲਾਈਆ । ਤੂੰ ਸਭ ਦਾ ਪਰਵਰਦਿਗਾਰ, ਸਾਂਝਾ ਯਾਰ ਇਕ ਅਖਵਾਈਆ । ਕਲਜੁਗ ਅੰਤਮ ਵੇਖ ਲੈ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਦੀਨ ਮਜ਼੍ਹਬ ਹੋਣ ਖ਼ੁਆਰ, ਖ਼ਾਲਸ ਰੰਗ ਨਾ ਕੋਇ ਰੰਗਾਈਆ । ਸਾਡੀ ਤੇਰੇ ਚਰਨ ਕਵਲ ਨਿਮਸਕਾਰ, ਸਯਦੇ ਵਿਚ ਸੀਸ ਝੁਕਾਈਆ । ਕਲਜੁਗ ਕੂੜੀ ਕਿਰਿਆ ਮੇਟ ਅੰਧਿਆਰ, ਸਤਿਜੁਗ ਸਚ ਕਰ ਰੁਸ਼ਨਾਈਆ । ਆਤਮ ਪਰਮਾਤਮ ਤੇਰੀ ਇਕੋ ਹੋਵੇ ਧਾਰ, ਧਰਨੀ ਧਰਤ ਧਵਲ ਧੌਲ ਵਜੇ ਵਧਾਈਆ । ਇਕੋ ਤੇਰਾ ਹੋਵੇ ਜੈਕਾਰ, ਢੋਲਾ ਨਾਮ ਗੀਤ ਇਕੋ ਕਲਮਾ ਗਾਈਆ । ਇਕੋ ਸੋਹੇ ਹਰਿ ਭਗਤ ਦਵਾਰ, ਮੰਦਰ ਮਸੀਤਾਂ ਲੇਖਾ ਦੇਣਾ ਮੁਕਾਈਆ । ਖੱਤਰੀ ਬ੍ਰਾਹਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿਖ ਈਸਾਈ ਵੰਡ ਰਹੇ ਨਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮ ਸ਼ਿਵ ਸਾਡੀ ਦੇਣ ਗਵਾਹੀਆ । ਨਾਰਦ ਕਹੇ ਮੈਂ ਵੀ ਕਰਦਾ ਰਿਹਾ ਇੰਤਜ਼ਾਰ, ਜੁਗ ਚੌਕੜੀ ਧਿਆਨ ਲਗਾਈਆ । ਗੋਦਾਵਰੀ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਮੈਨੂੰ ਗੋਬਿੰਦ ਦਿਤਾ ਪਿਆਰ, ਪ੍ਰੇਮ ਪਿਆਰ ਵਿਚ ਜਣਾਈਆ । ਸੁਰਸਤੀ ਕਹੇ ਮੈਂ ਘੁੰਮਣ ਘੇਰੀ ਵਿਚ ਸਦਾ ਅਧਵਿਚਕਾਰ, ਭੱਜਾਂ ਵਾਹੋ ਦਾਹੀਆ । ਜਮਨਾ ਕਹੇ ਮੈਨੂੰ ਕਹਿ ਕੇ ਗਿਆ ਕ੍ਰਿਸ਼ਨ ਮੁਰਾਰ, ਕਾਹਨ ਕਾਹਨਾ ਇਕ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਲ ਕਲਕੀ ਲਏ ਅਵਤਾਰ, ਨਿਹਕਲੰਕਾ ਰੂਪ ਬਦਲਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋਵੇ ਜ਼ਾਹਰ, ਨੂਰ ਨੁਰਾਨਾ ਡਗਮਗਾਈਆ । ਜਿਸ ਨੇ ਲਹਿਣਾ ਦੇਣਾ ਅਵਤਾਰ ਪੈਗ਼ੰਬਰਾਂ ਗੁਰੂਆਂ ਸਭ ਦਾ ਕਰਜ਼ਾ ਦੇਣਾ ਉਤਾਰ, ਮਕਰੂਜ਼ ਆਪਣਾ ਆਪ ਸਮਝਾਈਆ । ਸੋ ਸੱਜਣ ਸੁਹੇਲਾ ਇਕ ਇਕੇਲਾ ਬਣ ਕੇ ਪਰਵਰਦਿਗਾਰ, ਸਾਂਝਾ ਯਾਰ ਆਪਣਾ ਹੁਕਮ ਵਰਤਾਈਆ । ਧਰਮ ਦਵਾਰ ਏਕੰਕਾਰ ਕਰ ਤਿਆਰ, ਤ੍ਰੈਗੁਣ ਅਤੀਤਾ ਰੰਗ ਚੜ੍ਹਾਈਆ । ਪੰਚਮ ਤਤ ਕਰ ਕੇ ਖ਼ਬਰਦਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣਾ ਹੁਕਮ ਵਰਤਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਸ਼ਬਦ ਕਰ ਜੈਕਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਦਾ ਨਾਅਰਾ ਲਾਈਆ । ਉਹ ਵਕਤ

੭੦੬
੨੪

ਸੁਹੰਜਣਾ ਆ ਗਿਆ ਅਠਾਰਾਂ ਹਾੜ ਕਹੇ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਜਨ ਭਗਤੋ ਬਿਨਾ ਭਗਤੀਉਂ ਤੁਹਾਡੇ ਬੇੜੇ ਕਰੇ ਪਾਰ, ਨਈਆ ਨੌਕਾ ਆਪਣੇ ਨਾਮ ਚੜ੍ਹਾਈਆ । ਜਿਸ ਮਾਲਕ ਦੇ ਸਭ ਕੁਛ ਅਖ਼ਤਿਆਰ, ਦੇਵਣਹਾਰਾ ਇਕ ਗੁਸਾਈਆ । ਉਹ ਤੁਹਾਡਾ ਬਣ ਜਾਏ ਮਿਤਰ ਮੁਰਾਰ, ਸਾਜਣ ਹੋ ਕੇ ਸੰਗ ਨਿਭਾਈਆ । ਜਿਸ ਦੀਨਾਂ ਮਜ਼੍ਹਬਾਂ ਵਿਚੋਂ ਕੱਢਿਆ ਬਾਹਰ, ਜ਼ਾਤ ਪਾਤ ਊਚ ਨੀਚ ਦਾ ਡੇਰਾ ਢਾਹੀਆ । ਸਤਿਗੁਰ ਸ਼ਬਦ ਦਾ ਦੇ ਅਧਾਰ, ਸੋਈ ਸੁਰਤ ਲਈ ਜਗਾਈਆ । ਉਠੋ ਹੋਵੋ ਖ਼ਬਰਦਾਰ, ਗ਼ਫ਼ਲਤ ਵਿਚੋਂ ਲਓ ਅੰਗੜਾਈਆ । ਅਜੇ ਵਕ਼ਤ ਸੁਹੇਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਅਠਾਰਾਂ ਹਾੜ ਕਹੇ ਮੇਰਾ ਦਿਵਸ ਸੁਹੰਜਣਾ, ਪ੍ਰਭੂ ਦੇਣੀ ਮਾਣ ਵਡਿਆਈਆ । ਤੂੰ ਆਦਿ ਜੁਗਾਦੀ ਇਕ ਨਿਰੰਜਣਾ, ਨਿਰਵੈਰ ਤੇਰੀ ਸਰਨਾਈਆ । ਦਾਤਾ ਦਾਨੀ ਦਰਦ ਦੁਖ ਭੈ ਭੰਜਣਾ, ਭਵ ਸਾਗਰਾ ਪਾਰ ਕਰਾਈਆ । ਨਿਜ ਨੇਤਰ ਆਪਣੇ ਪਿਆਰ ਦਾ ਪਾ ਦੇ ਅੰਜਣਾ, ਲੋਚਨ ਨੈਣ ਅੱਖ ਖੁਲ੍ਹਾਈਆ । ਤੇਰਾ ਨਾਮ ਨਗਾਰਾ ਇਕੋ ਦੋ ਜਹਾਨ ਵਜਣਾ, ਨਾਦ ਅਨਾਦੀ ਦੇਣਾ ਸੁਣਾਈਆ । ਭਾਂਡਾ ਕੂੜ ਕੁੜਿਆਰ ਹੰਕਾਰੀ ਗੜ੍ਹ ਦਾ ਭੱਜਣਾ, ਹਉਮੇ ਹੰਗਤਾ ਦੇਣੀ ਮਿਟਾਈਆ । ਤੂੰ ਗੋਪਾਲ ਮੂਰਤ ਮਧ ਮਦਨਾ, ਮਧਸੂਦਨ ਤੇਰੀ ਖੇਲ ਨਜ਼ਰ ਕਿਸੇ ਨਾ ਆਈਆ । ਇਕੋ ਜਿਹਾ ਮਾਣ ਦੇਣਾ ਆਅਲਾ ਅਦਨਾ, ਅਮੀਰ ਗ਼ਰੀਬ ਵੰਡ ਨਾ ਕੋਇ ਵੰਡਾਈਆ । ਜੋ ਇਸ਼ਾਰਾ ਦੇ ਕੇ ਗਿਆ ਭਗਤ ਸਦਨਾ, ਸਦਕੇ ਵਾਰੀ ਘੋਲ ਘੁਮਾਈਆ । ਕਬੀਰ ਕਿਹਾ ਉਹ ਕ਼ਬਰਾਂ ਤੋਂ ਬਾਹਰ ਲਭਣਾ, ਮਸੀਤਾਂ ਹੱਥ ਕਿਸੇ ਨਾ ਆਈਆ । ਗੋਬਿੰਦ ਕਿਹਾ ਉਹ ਹੋਵੇ ਬਿਨਾ ਸਰੀਰ ਬਦਨਾ, ਮੁਹੰਮਦ ਕਿਹਾ ਤਨ ਵਜੂਦ ਨਾ ਕੋਇ ਰਖਾਈਆ । ਨਾਰਦ ਕਿਹਾ ਜਿਸ ਦਾ ਇਕੋ ਦੀਪਕ ਜਗਣਾ, ਜੋਤੀ ਜਾਤਾ ਡਗਮਗਾਈਆ । ਈਸਾ ਕਿਹਾ ਮੇਰਾ ਨੂਰ ਅਲਾਹੀ ਰੱਬਨਾ, ਮੂਸਾ ਮੁਸੱਲਮ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅਠਾਰਾਂ ਹਾੜ ਕਹੇ ਜਨ ਭਗਤੋ ਮੈਨੂੰ ਆ ਗਿਆ ਅਗੰਮੀ ਸੰਦੇਸ਼, ਬਿਨ ਅੱਖਰਾਂ ਅੱਖਰ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਜਿਸ ਦੇ ਅਗੇ ਹੋਏ ਪੇਸ਼, ਪੇਸ਼ੀਨਗੋਈਆਂ ਹੱਥ ਉਠਾਈਆ । ਜਿਨ੍ਹਾਂ ਵਿਚੋਂ ਸੁਤ ਦੁਲਾਰਾ ਗੋਬਿੰਦ ਦਸ ਦਸਮੇਸ਼, ਜਿਸ ਨੂੰ ਜਨਮੇ ਕੋਇ ਨਾ ਮਾਈਆ । ਸ਼ਬਦੀ ਧਾਰ ਨਰ ਨਰੇਸ਼, ਸੂਰਬੀਰ ਅਗੰਮ ਅਥਾਹੀਆ । ਜਿਸ ਦਾ ਹੋਇਆ ਅਵੱਲੜਾ ਵੇਸ, ਅਵੱਲੜੀ ਕਾਰ ਕਮਾਈਆ । ਉਹਦਾ ਲਹਿਣਾ ਦੇਣਾ ਲੇਖਾ ਪੂਰਬ ਨਾਲ ਮਾਝੇ ਦੇਸ, ਮਜਲਸ ਭਗਤਾਂ ਨਾਲ ਰਖਾਈਆ । ਜਿਸ ਕਲਜੁਗ ਕਿਰਿਆ ਕੂੜ ਮੇਟਣਾ ਕਲੇਸ਼, ਕਲ ਕਾਤੀਆਂ ਡੇਰਾ ਢਾਹੀਆ । ਜੋ ਆਦਿ ਜੁਗਾਦਿ ਰਹੇ ਹਮੇਸ਼, ਹਮ ਸਾਜਣ ਇਕ ਅਖਵਾਈਆ । ਸੋ ਭਗਤੋ ਭਗਤ ਦਵਾਰੇ ਬਣਨਾ ਦਰਵੇਸ਼, ਦਰ ਦਵਾਰਾ ਬੰਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਬੰਕ ਇਕ ਵਡਿਆਈਆ । ਅਠਾਰਾਂ ਹਾੜ ਕਹੇ ਜਨ ਭਗਤੋ ਮੇਰੀ ਇਕ ਬੇਨੰਤੀ, ਬਿਨੈ ਦਿਆਂ ਜਣਾਈਆ । ਗੜ੍ਹ ਤੋੜੋ ਹਉਮੇ ਹੰਗਤੀ, ਹੰ ਬ੍ਰਹਮ ਵਿਚ ਸਮਾਈਆ । ਤੂੰ ਮੇਰਾ ਮੈਂ ਤੇਰਾ ਪੜ੍ਹੋ ਪੰਗਤੀ, ਦੂਸਰ ਲੋੜ ਰਹੇ ਨਾ ਰਾਈਆ । ਕਲਪਨਾ ਮੇਟੋ ਅੰਤਰ ਮਨ ਦੀ, ਮਨਸਾ ਕੂੜ ਨਾ ਹੋਏ ਹਲਕਾਈਆ । ਮੁਹੱਬਤ ਕਰੋ ਗੋਬਿੰਦ ਸੂਰੇ ਚੰਨ ਦੀ, ਚੰਦ ਸਿਤਾਰ ਨਿਸ਼ਾਨ ਦੇਣ ਗਵਾਹੀਆ । ਚੁਗਲੀ ਰਹੇ ਨਾ ਕਿਸੇ ਕੰਨ ਦੀ, ਕਾਇਨਾਤ ਦਾ ਪੰਧ ਮੁਕਾਈਆ । ਕੋਈ ਲੋੜ ਨਹੀਂ ਝੂਠੇ ਧਨ ਦੀ, ਸਚ ਨਾਮ

ਵਿਚ ਵਡਿਆਈਆ । ਘੜੀ ਆਵੇ ਨਾ ਕੋਈ ਗ਼ਮ ਦੀ, ਗ਼ਮਖਾਰ ਦਏ ਮਿਟਾਈਆ । ਤੁਹਾਨੂੰ ਸੁਰਤੀ ਦੇਵੇ ਤੁਹਾਡੇ ਬ੍ਰਹਮ ਦੀ, ਪਾਰਬ੍ਰਹਮ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੁਹਾਡੀ ਦ੍ਰਿਸ਼ਟੀ ਮੇਟੇ ਚੰਮ ਦੀ, ਸਮ ਦ੍ਰਿਸ਼ਟੀ ਆਪ ਦ੍ਰਿੜਾਈਆ । ਅਠਾਰਾਂ ਹਾੜ ਕਹੇ ਜਨ ਭਗਤੋ ਮੇਰਾ ਤੁਹਾਡੇ ਨਾਲ ਨਾਤਾ, ਰਿਸ਼ਤਾ ਜਗਤ ਨਾ ਕੋਈ ਰਖਾਈਆ । ਸਭ ਦਾ ਇਕੋ ਪਿਤਾ ਇਕੋ ਮਾਤਾ, ਪਿਤਾ ਪੁਰਖ ਅਕਾਲ ਅਖਵਾਈਆ । ਆਤਮ ਧਾਰ ਜਿਸ ਦੀ ਤੁਸੀਂ ਜ਼ਾਤਾ, ਅਜ਼ਾਤੀ ਵੰਡ ਨਾ ਕੋਇ ਵੰਡਾਈਆ । ਸੋ ਮੇਟਣ ਆਇਆ ਕਲਜੁਗ ਅੰਧੇਰੀ ਰਾਤਾ, ਕੂੜੀ ਕਿਰਿਆ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਅਠਾਰਾਂ ਹਾੜ ਕਹੇ ਮੇਰਾ ਸੰਦੇਸ਼ਾ ਇਕ ਅਪਾਰ, ਅਪਰੰਪਰ ਸਵਾਮੀ ਰਿਹਾ ਜਣਾਈਆ । ਸਤਿਜੁਗ ਚਲੇ ਧਰਮ ਦੀ ਚਾਲ, ਕਲਜੁਗ ਕੂੜਾ ਪੰਧ ਮੁਕਾਈਆ । ਦੀਨ ਮਜ਼੍ਹਬ ਰਹੇ ਨਾ ਕੋਈ ਵਿਚ ਸੰਸਾਰ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਸਭ ਦਾ ਹੋਵੇ ਇਕੋ ਦਵਾਰ, ਜੋ ਦਵਾਰਕਾ ਵਾਸੀ ਗਿਆ ਜਣਾਈਆ । ਹਕ ਹਕੂਕ ਛਡਣ ਪੈਗ਼ੰਬਰ ਗੁਰ ਅਵਤਾਰ, ਅਵਤਰੀ ਆਪਣਾ ਹੁਕਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਅਠਾਰਾਂ ਹਾੜ ਕਹੇ ਜਨ ਭਗਤੋ ਕਲਜੁਗ ਅੰਤਮ ਘਟ ਜਾਣੀਆਂ ਆਬਾਦੀਆਂ, ਆਬਾਦ ਰਹਿਣ ਕੋਇ ਨਾ ਪਾਈਆ । ਕੂੜੀ ਕਿਰਿਆ ਹੋਣੀਆਂ ਬਰਬਾਦੀਆਂ, ਬਾਦੇ ਸਹਰ ਨਾ ਕੋਇ ਵਡਿਆਈਆ । ਉਸ ਵੇਲੇ ਜਨ ਭਗਤਾਂ ਰੂਹਾ ਹੋਣੀਆਂ ਜਾਗੀਆਂ, ਸੂਫ਼ੀਆਂ ਮਿਲੇ ਵਡਿਆਈਆ । ਦੀਨਾਂ ਮਜ਼੍ਹਬਾਂ ਦਾ ਲਾਗ ਲੈ ਲੈਣਾ ਅੰਤਮ ਲਾਗੀਆਂ, ਸ਼ਰਅ ਦਾ ਡੇਰਾ ਢਾਹੀਆ । ਸਤਿ ਧਰਮ ਵਿਚ ਬਿਨਾ ਗ੍ਰੰਥਾਂ ਸ਼ਾਸਤਰਾਂ ਤੋਂ ਹੋਣੀਆਂ ਸਭ ਦੀਆਂ ਸ਼ਾਦੀਆਂ, ਪੰਡਤ ਪਾਂਧਾ ਮੁੱਲਾ ਕ਼ਾਜ਼ੀ ਸ਼ੇਖ਼ ਮੁਸਾਇਕ ਨਜ਼ਰ ਕੋਇ ਨਾ ਆਈਆ । ਨਾਨਕ ਦਾਦਕ ਕੋਈ ਨਾ ਆਵੇ ਗਾਂਦੀਆਂ, ਜਗਤ ਢੋਲੇ ਕੋਇ ਨਾ ਗਾਈਆ । ਖੁੱਲ੍ਹੇ ਵਾਲ ਹੋਏ ਸੀਸ ਦਿਸਣੀਆਂ ਨਾ ਪਰਾਂਦੀਆਂ, ਮੇਢੀ ਜਗਤ ਨਾ ਕੋਇ ਗੁੰਦਾਈਆ । ਪਿਆਰ ਰਹਿਣਾ ਨਹੀਂ ਅੰਤਮ ਆਂਢੀਆਂ ਗੁਆਂਢੀਆਂ, ਕਲਜੁਗ ਅੰਤਮ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਅਠਾਰਾਂ ਹਾੜ ਕਹੇ ਚਾਰ ਜੁਗ ਦੇ ਸਾਸਤਰ ਦੇਣ ਬਿਆਨ, ਗ੍ਰੰਥ ਅੱਖਰ ਅੱਖਰ ਰਹੇ ਦ੍ਰਿੜਾਈਆ । ਸਾਡਾ ਲੇਖਾ ਨਹੀਂ ਨਾਲ ਦੀਨ ਦੁਨੀ ਜਹਾਨ, ਜਗਤ ਵੰਡ ਨਾ ਕੋਇ ਵੰਡਾਈਆ । ਜੋ ਅਵਤਾਰ ਪੈਗ਼ੰਬਰ ਗੁਰੂਆਂ ਬੋਲਿਆ ਨਾਲ ਜ਼ਬਾਨ, ਬੱਤੀ ਦੰਦਾਂ ਸਿਫ਼ਤ ਸਾਲਾਹੀਆ । ਸੋ ਇਸ਼ਾਰਾ ਕੀਤਾ ਵਲ ਉਸ ਮਹਿਬੂਬ ਰਹਿਮਾਨ, ਜੋ ਰਹਿਮਤ ਹਕ ਕਮਾਈਆ । ਉਹ ਕੋਈ ਤਤਾਂ ਵਾਲਾ ਨਹੀਂ ਇਨਸਾਨ, ਵਜੂਦਾਂ ਵੰਡ ਨਾ ਕੋਇ ਵੰਡਾਈਆ । ਚਾਰੇ ਲਾਵਾਂ ਵੇਖੇ ਮਾਰ ਧਿਆਨ, ਖੋਜੇ ਚਾਈਂ ਚਾਈਆ । ਚੌਥੀ ਮੰਜ਼ਲ ਆਤਮ ਪਰਮਾਤਮ ਭਗਤ ਮਿਲੇ ਭਗਵਾਨ, ਦੂਸਰ ਵੰਡ ਰਹਿਣ ਕੋਇ ਨਾ ਪਾਈਆ । ਮੇਲਾ ਤਕੋ ਸੀਤਾ ਰਾਮ, ਸੁਰਤੀ ਸ਼ਬਦ ਵਿਚ ਸਮਾਈਆ । ਨਿਗਾਹ ਮਾਰੋ ਰਾਧਾ ਕਾਹਨ, ਆਤਮ ਪਰਮਾਤਮ ਮਿਲ ਕੇ ਵਜੇ ਵਧਾਈਆ । ਨੇਤਰ ਖੋਲ੍ਹੋ ਵੇਖੋ ਸ਼ਰਅ ਦਾ ਕਲਾਮ, ਕਲਮਾ ਕਾਇਨਾਤ ਦ੍ਰਿੜਾਈਆ । ਰੂਹੇ ਰੂਹਾਂ ਨਾਲ ਨਿਗਾਹਬਾਨ, ਨਿਰਾਕਾਰ * ਰਿਹਾ ਰੰਗਾਈਆ । ਚਾਰ ਜੁਗ ਦਾ ਜਗਤ ਰੀਤੀਆਂ ਵਾਲਾ ਵਿਧਾਨ, ਆਤਮ ਦੀ ਧਾਰ ਪਰਮਾਤਮ ਸੰਗ ਵਖਾਈਆ । ਦੁਨੀਆਦਾਰਾਂ ਖੇਲ ਕੀਤਾ ਵਿਚ ਜਹਾਨ, ਜਗਤ

ਜੁਗਤ ਰੰਗ ਰੰਗਾਈਆ । ਸਚ ਦੇ ਥਾਂ ਤਨ ਝੂਠਾ ਕਰ ਪਰਧਾਨ, ਸ਼ਾਦੀਆਂ ਜਗਤ ਵਾਲੀਆਂ ਰਚਾਈਆ । ਅੰਤਰ ਅੰਤਰ ਮਿਲੇ ਕਿਸੇ ਨਾ ਮਾਣ, ਬਾਹਰੋਂ ਰੰਗ ਨਾ ਕਿਸੇ ਚੜ੍ਹਾਈਆ । ਸਤਿਜੁਗ ਅੰਦਰ ਨਵਾਂ ਬਣਨਾ ਵਿਧਾਨ, ਵਾਧਾ ਇਕ ਇਕੋ ਰਖਾਈਆ । ਹਿੰਦੂ ਮੁਸਲਿਮ ਸਿਖ ਈਸਾਈ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਾਰੇ ਬੈਠਣ ਇਕ ਅਸਥਾਨ, ਜਗਹ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਅਠਾਰਾਂ ਹਾੜ ਕਹੇ ਮੇਰਾ ਮਾਲਕ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜਿਸ ਨੇ ਜੁਗ ਜੁਗ ਚਲਾਏ ਰਾਹ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲ ਖਲਾਈਆ । ਜਿਸ ਅਵਤਾਰ ਪੈਗ਼ੰਬਰ ਗੁਰ ਲਏ ਪਹੁੰਚਾ, ਸਰਗੁਣ ਰੂਪ ਪਰਗਟਾਈਆ । ਨਾਮ ਕਲਮੇ ਦੀਨ ਦੁਨੀ ਦ੍ਰਿੜਾ, ਕਾਇਨਾਤ ਸਮਝਾਈਆ । ਸ਼ਰਅ ਅੰਦਰ ਸ਼ਰੀਅਤ ਵੰਡ ਵੰਡਾ, ਹਦ ਹਦੂਦਾਂ ਰੰਗ ਰੰਗਾਈਆ । ਅੰਤਮ ਸਭ ਦਾ ਲਹਿਣਾ ਦੇਣਾ ਦਏ ਮੁਕਾ, ਮੁਕੰਮਲ ਆਪਣਾ ਹੁਕਮ ਸੁਣਾਈਆ । ਜਿਸ ਵਿਚ ਉਹਲਾ ਰਹੇ ਨਾ ਕੋਇ ਲੁਕਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਪੈਗ਼ੰਬਰਾਂ ਕ਼ਬੂਲ ਕਰੇ ਦੁਆ, ਜੋ ਦਰ ਠਾਂਢੇ ਮੰਗ ਮੰਗਾਈਆ । ਗੁਰੂਆਂ ਲਹਿਣਾ ਦੇਣਾ ਲੇਖੇ ਦੇਵੇ ਲਾ, ਦਰ ਆਪਣੇ ਆਪ ਸਮਝਾਈਆ । ਅਵਤਾਰਾਂ ਅਵਤਰੀ ਦਏ ਸਮਝਾ, ਸ਼ਬਦ ਸੰਦੇਸ਼ਾ ਇਕ ਸੁਣਾਈਆ । ਕਲਜੁਗ ਅੰਤਮ ਸਭ ਦਾ ਲਹਿਣਾ ਦੇਣਾ ਝੋਲੀ ਦੇਵੇ ਪਾ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਸਤਿਜੁਗ ਸਾਚਾ ਮਾਰਗ ਦਏ ਵਖਾ, ਰਸਤਾ ਇਕੋ ਇਕ ਦ੍ਰਿੜਾਈਆ । ਮਾਨਸ ਜ਼ਾਤੀ ਮਾਨਵ ਜ਼ਾਤੀ ਮਾਨੁਖ ਜ਼ਾਤੀ ਆਤਮ ਪਰਮਾਤਮ ਨਿਰਗੁਣ ਧਾਰ ਤਤਾਂ ਦਾ ਤਤ ਇਸਤਰੀ ਮਰਦ ਹੋਵੇ ਜਗਤ ਵਿਵਾਹ, ਵਾਹਵਾ ਕਹਿ ਕੇ ਸਾਰੇ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਹਾੜ ਅਠਾਰਾਂ ਕਹੇ ਜਨ ਭਗਤੋਂ ਤੁਹਾਡੀਆਂ ਸ਼ਾਦੀਆਂ ਜਗਤ ਦਾ ਮੂਲ, ਨੌਂ ਖੰਡ ਪ੍ਰਿਥਮੀ ਰਾਹ ਤਕਾਈਆ । ਸੱਤਾਂ ਦੀਪਾਂ ਦਾ ਇਕੋ ਹੋਵੇ ਅਸੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਆਤਮਾ ਦਾ ਪਰਮਾਤਮਾ ਕੰਤ ਕੰਤੂਹਲ, ਸਵਾਮੀ ਅੰਤਰਜਾਮੀ ਇਕ ਅਖਵਾਈਆ । ਤਤਾਂ ਨੂੰ ਤਤ ਕਦੇ ਨਾ ਜਾਵਣ ਭੂਲ, ਪੰਚਮ ਪੰਚਮ ਕਹਿ ਕੇ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਅਠਾਰਾਂ ਹਾੜ ਕਹੇ ਸਤਿਜੁਗ ਜ਼ਰੂਰ ਚਲਣੀ ਇਹ ਰੀਤੀ, ਰੀਤੀਵਾਨ ਆਪ ਚਲਾਈਆ । ਜਿਸ ਦੇ ਹੁਕਮ ਵਿਚ ਅਨਕ ਜੁਗ ਚੌਕੜੀ ਬੀਤੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਉਸ ਦੀ ਖੇਲ ਸਦਾ ਤ੍ਰੈਗੁਣ ਅਤੀਤੀ, ਤ੍ਰੈਭਵਣ ਧਨੀ ਆਪਣੀ ਕਾਰ ਕਮਾਈਆ । ਜਿਸ ਦੀਨਾਂ ਮਜ੍ਹਬਾਂ ਦੀ ਲਾਈ ਬਗੀਚੀ, ਅਵਤਾਰ ਪੈਗ਼ੰਬਰ ਗੁਰ ਮਾਲੀ ਧਰਨੀ ਧਰਤ ਧਵਲ ਧੌਲ ਵਖਾਈਆ । ਉਹ ਅਗਲੀ ਖੇਲ ਕਰੇ ਅਨਡੀਠੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਕਲਜੁਗ ਕੂੜੀ ਕਿਰਿਆ ਮੇਟੇ ਰੀਠੀ, ਅੰਮ੍ਰਿਤ ਰਸ ਦਏ ਭਰਾਈਆ । ਜਨ ਭਗਤਾਂ ਕਾਇਆ ਕਰਕੇ ਠਾਂਢੀ ਸੀਤੀ, ਅਗਨੀ ਤਤ ਤਤ ਬੁਝਾਈਆ । ਤਨ ਵਜੂਦ ਹਕ ਮਹਿਬੂਬ ਸਚ ਈਮਾਨ ਦੀ ਚਲਾ ਕੇ ਰੀਤੀ, ਰੀਤੀਵਾਨ ਆਪਣਾ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਆਪਣਾ ਰੰਗ ਰੰਗਾਈਆ । ਅਠਾਰਾਂ ਹਾੜ ਕਹੇ ਜਨ ਭਗਤੋ ਤੁਹਾਡਾ ਤਤਾਂ ਵਾਲਾ ਜੋੜਾ, ਜੋੜੀ ਸਤਿਗੁਰ ਸ਼ਬਦ ਬਣਾਈਆ । ਤੁਸਾਂ ਤਕਿਆ ਸੱਸੇ ਉਪਰ ਹੋੜਾ, ਜੋ ਨਿਰਗੁਣ ਸਰਗੁਣ ਖੇਲ ਖਲਾਈਆ ।

ਹੰ ਬ੍ਰਹਮ ਹਾਏ ਟਿੱਪੀ ਰੂਪ ਹੋ ਕੇ ਬਹੁੜਾ, ਬਹੁੜੀ ਬਹੁੜੀ ਕਰਦੀ ਵੇਖੇ ਖ਼ਲਕ ਖ਼ੁਦਾਈਆ । ਜਿਸ ਦਾ ਨਿਰਗੁਣ ਧਾਰ ਅਗੰਮੀ ਘੋੜਾ, ਦੋ ਜਹਾਨਾਂ ਭੱਜੇ ਵਾਹੋ ਦਾਹੀਆ । ਉਹ ਤੁਹਾਡਾ ਭਾਗ ਕਰੇ ਮਥੋਰਾ, ਬਾਕੀ ਮਿਥਿਆ ਦਿਸੇ ਲੋਕਾਈਆ । ਜਿਸ ਦਾ ਅਗਲਾ ਖੇਲ ਹੋਣਾ ਅਵਰ ਕਾ ਔਰਾ, ਹੋਰ ਦੀ ਹੋਰ ਕਾਰ ਭੁਗਤਾਈਆ । ਜਿਸ ਨੇ ਰੂਪ ਬਦਲ ਲਿਆ ਦੋਹਰਾ, ਦੂਹਰਾ ਆਪਣਾ ਰੂਪ ਜਣਾਈਆ । ਉਹ ਆਦਿ ਜੁਗਾਦਿ ਜੁਗ ਚੌਕੜੀ ਸਦਾ ਨਵਾਂ ਨਕੋਰਾ, ਨਿਰਗੁਣ ਨੂਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਝਟ ਨਾਰਦ ਕਹੇ ਭਗਤੋ ਪ੍ਰਭ ਦੀ ਵੇਖ ਲਉ ਚਾਲ, ਅਵੱਲੜੀ ਚਾਲ ਚਲਾਈਆ । ਤੁਹਾਨੂੰ ਦੀਨਾਂ ਮਜ਼੍ਹਬਾਂ ਵਿਚੋਂ ਕਰਕੇ ਬਹਾਲ, ਜ਼ੰਜੀਰਾਂ ਸ਼ਰਅ ਦਿਤੀਆਂ ਕਟਾਈਆ । ਭਗਤ ਬਣਾ ਕੇ ਆਪਣੇ ਲਾਲ, ਹਰਿਜਨ ਆਪਣੀ ਗੋਦ ਉਠਾਈਆ । ਤੁਸੀਂ ਉਸ ਪ੍ਰਭੂ ਦੇ ਬਾਲ, ਜੋ ਬਾਲੀ ਬੁਧਿ ਸਭ ਨੂੰ ਦਏ ਸਮਝਾਈਆ । ਤੁਹਾਡਾ ਤੋੜੇ ਜਗਤ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਨ ਭਗਤੋ ਤੁਹਾਡੇ ਭਗਤਾਂ ਦੀ ਜਮਾਤ, ਇਹੋ ਸਚੀ ਧਰਮਸਾਲ, ਮੰਦਰ ਮਸਜਿਦ ਇਹੋ ਨਜ਼ਰੀ ਆਈਆ । ਸਚਖੰਡ ਵਿਚ ਕਿਸੇ ਇੱਟਾਂ ਪੱਥਰਾਂ ਦੀ ਕਰਨੀ ਨਹੀਂ ਭਾਲ, ਪਾਹਨਾ ਸੀਸ ਨਾ ਕੋਇ ਝੁਕਾਈਆ । ਪਾਣੀ ਦੇ ਲਭਣੇ ਨਹੀਂ ਤਾਲ, ਅੰਤਰ ਆਤਮ ਸਰੋਵਰ ਦਏ ਵਖਾਈਆ । ਜਿਥੇ ਸ਼ਬਦ ਦੀ ਧਾਰ ਨਾਲ ਦਏ ਨੁਹਾਲ, ਦੁਰਮਤ ਮੈਲ ਧੁਆਈਆ । ਆਪਣਾ ਮਾਰਗ ਸਚਾ ਦਏ ਸੁਖਾਲ, ਔਝੜ ਰਾਹ ਨਾ ਕੋਇ ਭੁਆਈਆ । ਸਤਿਜੁਗ ਦੀ ਸਤਿ ਧਰਮ ਦੀ ਅਵੱਲੜੀ ਹੋਣੀ ਚਾਲ, ਚਾਲ ਨਿਰਾਲੀ ਆਪਣੀ ਵਿਚੋਂ ਪਰਗਟਾਈਆ । ਕੋਈ ਪੰਡਤ ਪਾਂਧਾ ਹੋਣਾ ਨਹੀਂ ਦਲਾਲ, ਬਿਨਾ ਸਤਿਗੁਰ ਸ਼ਬਦ ਤੋਂ ਵਿਚੋਲਾ ਰਹਿਣ ਕੋਇ ਨਾ ਪਾਈਆ । ਜੋ ਤੁਹਾਡੀ ਦਿਨੇ ਜਾਗਦਿਆਂ ਰਾਤੀਂ ਸੁਤਿਆਂ ਦੀ ਸੁਰਤ ਲਏ ਸੰਭਾਲ, ਸੰਬਲ ਵਿਚ ਬੈਠਾ ਘਰ ਘਰ ਨਜ਼ਰੀ ਆਈਆ । ਜਿਸ ਦੇ ਪਿਛੇ ਜੁਗ ਚੌਕੜੀ ਘਾਲੀ ਘਾਲ, ਉਹ ਤੁਹਾਡੀ ਘਾਲ ਲੇਖੇ ਲਵੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਅਠਾਰਾਂ ਹਾੜ ਕਹੇ ਜਨ ਭਗਤੋ ਮੈਂ ਤੁਹਾਡੇ ਸਥਰ ਲੱਥਾ, ਗੋਬਿੰਦ ਯਾਰੜੇ ਸੇਜ ਹੰਢਾਈਆ । ਮੈਂ ਬਿਨਾ ਸੀਸ ਤੋਂ ਟੇਕਾਂ ਮੱਥਾ, ਮਸਤਕ ਧੂੜੀ ਖ਼ਾਕ ਰਮਾਈਆ । ਬਿਨਾ ਹੱਥਾਂ ਤੋਂ ਜੋੜਾਂ ਹੱਥਾਂ, ਹਥੇਲੀ ਹਥੇਲੀ ਨਾਲ ਟਕਰਾਈਆ । ਪਰ ਤੁਸੀਂ ਅੰਤਰ ਅੰਤਰ ਨਿਰੰਤਰ ਨਿਰੰਤਰ ਤੂੰ ਮੇਰਾ ਮੈਂ ਤੇਰਾ ਆਤਮਾ ਪਰਮਾਤਮਾ ਦੀ ਗਾਉਣੀ ਗਥਾ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਤੁਹਾਡਾ ਸਵਾਮੀ ਤੁਹਾਨੂੰ ਜ਼ਰੂਰ ਮਿਲੇ ਯਥਾਰਥ ਯਥਾ, ਯਦੀ ਯਦਪ ਆਪਣਾ ਦਰਸ ਦਿਖਾਈਆ । ਜੋ ਦੀਨ ਦੁਨੀ ਦੀ ਉਲਟੀ ਗੇੜਨਹਾਰਾ ਲਠਾ, ਮਨ ਕਾ ਮਣਕਾ ਦਏ ਭੁਆਈਆ । ਜਿਸ ਨੇ ਲਹਿਣਾ ਦੇਣਾ ਤੁਹਾਡਾ ਪੂਰਾ ਕੀਤਾ ਅੱਜ ਇਕੋ ਦਿਨ ਇਕੱਠਾ, ਇਕੱਠਿਆਂ ਨੂੰ ਸਚਖੰਡ ਦਏ ਪਹੁੰਚਾਈਆ । ਸਤਿਗੁਰ ਸ਼ਬਦ ਇਕ ਪੁਰਖ ਅਕਾਲ ਦਾ ਪੱਠਾ, ਦੂਸਰ ਓਟ ਨਾ ਕੋਇ ਤਕਾਈਆ । ਜਿਸ ਦੇ ਹੁਕਮ ਵਿਚ ਅਵਤਾਰ ਪੈਗ਼ੰਬਰ ਗੁਰੂ ਫਿਰਦਾ ਨੱਠਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹੀਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਤੁਹਾਨੂੰ ਕਿਹੜੀ ਕਰਾਂ ਸਖ਼ਾਵਤ, ਬਖ਼ਸ਼ਿਸ਼ ਧੁਰ ਦੀ ਝੋਲੀ ਤੁਹਾਡੀ ਕਾਇਆ ਮੰਦਰ ਦਿਆਂ ਟਿਕਾਈਆ । ਤੁਹਾਡੇ ਅੰਦਰੋਂ ਬਾਹਰ ਕੱਢਾਂ ਕੂੜੀ ਬਗ਼ਾਵਤ, ਬਗ਼ਲਗੀਰ ਆਪੇ ਲਵਾਂ ਬਣਾਈਆ । ਤੁਹਾਨੂੰ


੭੦੯
੨੪

ਬਖ਼ਸ਼ਾਂ ਉਹ ਨਿਆਮਤ, ਜੋ ਰਵੀਦਾਸ ਕਬੀਰ ਬਿਨਾ ਰਸਨਾ ਰਹੇ ਖਾਈਆ । ਤੁਹਾਨੂੰ ਰਖਾਂ ਸਦਾ ਸਹੀ ਸਲਾਮਤ, ਸਿਰ ਸਿਰ ਆਪਣਾ ਹੱਥ ਟਿਕਾਈਆ । ਪਰ ਯਾਦ ਰਖਿਓ ਸਦੀ ਚੌਧਵੀਂ ਅੰਤਮ ਮੁਹੰਮਦ ਦੀ ਆਸਾ ਮੁਤਾਬਿਕ ਜ਼ਰੂਰ ਆਵੇਗੀ ਕ਼ਿਆਮਤ, ਕ਼ਾਇਮ ਮੁਕ਼ਾਮ ਰਹਿਣ ਕੋਇ ਨਾ ਪਾਈਆ । ਉਸ ਵੇਲੇ ਕਿਸੇ ਪੈਗ਼ੰਬਰ ਗੁਰੂ ਅਵਤਾਰ ਦੇਣੀ ਨਹੀਂ ਜ਼ਮਾਨਤ, ਸ਼ਹਾਦਤ ਸਚ ਨਾ ਕੋਇ ਭੁਗਤਾਈਆ । ਫੇਰ ਸਾਰਿਆਂ ਨੂੰ ਇਕ ਵਾਰ ਇਕੱਠੀ ਦੇਣੀ ਦਾਅਵਤ, ਆਓ ਮੇਰੇ ਪਿਆਰਿਓ ਮਹਿਮਾਨੋ ਤੁਹਾਨੂੰ ਨਾਮ ਦਾ ਭੰਡਾਰਾ ਦਿਆਂ ਖੁਆਈਆ । ਫੇਰ ਕਿਸੇ ਨੂੰ ਸਿਰ ਤੇ ਕਰਨੀ ਪੈਣੀ ਨਹੀਂ ਹਜਾਮਤ, ਰੋਮ ਰੋਮ ਨਾ ਕੋਇ ਕਟਾਈਆ । ਬੇਸ਼ਕ ਅਜੇ ਸੁਰਸਤੀ ਬਣੀ ਅਣਜਾਣਤ, ਭਰਮੇ ਭੁੱਲੀ ਕੂੜ ਲੋਕਾਈਆ । ਪ੍ਰਭੂ ਮਿਹਰਵਾਨ ਮਹਿਬੂਬ ਅਗਲੀ ਬਣਾਵਣ ਵਾਲਾ ਬਨਾਵਟ, ਘੜਨ ਭੰਨਣਹਾਰ ਰਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਚ ਭੇਵ ਚੁਕਾਈਆ । ਨਾਰਦ ਕਹੇ ਮੈਂ ਵੀ ਪੰਡਤ ਪੁਰਾਣਾ ਆ ਗਿਆ ਬੋਧੀ, ਬੁੱਧੀਵਾਨੋ ਦਿਆਂ ਸੁਣਾਈਆ । ਬੇਸ਼ਕ ਤੁਸੀਂ ਕੋਸ਼ਾਂ ਦੇ ਬਣੇ ਖੋਜੀ, ਚਾਰ ਜੁਗ ਦੇ ਗ੍ਰੰਥ ਸ਼ਾਸਤਰਾਂ ਨੂੰ ਫੋਲ ਫੋਲ ਕੇ ਪੜ੍ਹ ਪੜ੍ਹ ਕੇ ਆਪਣਾ ਝਟ ਲੰਘਾਈਆ । ਮੈ ਹੈਰਾਨ ਹੋ ਗਿਆ ਕੋਈ ਨਾਥ ਬਣ ਗਿਆ ਕੋਈ ਜੋਗੀ, ਵੇਸ ਤਤਾਂ ਵਾਲਾ ਬਦਲਾਈਆ । ਕੋਈ ਭੇਖ ਧਰ ਕੇ ਬਹਿ ਗਿਆ ਵਾਸਤੇ ਰੋਜ਼ੀ, ਨਵ ਸਤ ਭੱਜੇ ਵਾਹੋ ਦਾਹੀਆ । ਪਰ ਜਦੋਂ ਮੈਂ ਨਿਗਾਹ ਮਾਰੀ ਮੇਰਾ ਠਾਕਰ ਸੁਆਮੀ ਬੜਾ ਮੌਜੀ, ਮਜਲਸ ਭਗਤਾਂ ਵਿਚ ਰਖਾਈਆ । ਜਿਸ ਨੂੰ ਸਤਿਗੁਰ ਗੋਬਿੰਦ ਕਿਹਾ ਚੋਜੀ, ਉਹ ਚੋਜੀ ਪ੍ਰੀਤਮ ਤੁਹਾਡਾ ਮਾਹੀਆ । ਉਹ ਤੁਹਾਡੇ ਪਿਆਰ ਦਾ ਬਣਿਆ ਲੋਭੀ, ਲੋਭੀਓ ਤੁਹਾਡਾ ਕੂੜ ਵਿਕਾਰ ਦਾ ਲਾਲਚ ਆਪਣੇ ਚਰਨਾਂ ਵਿਚ ਲਿਆਈਆ । ਤੁਹਾਨੂੰ ਜਨਮ ਦਾ ਰਹਿਣ ਨਹੀਂ ਦੇਣਾ ਰੋਗੀ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਤੁਹਾਡਾ ਧਰਮ ਦੀ ਧਾਰ ਤੇ ਧਰਮ ਦਾ ਸੰਜੋਗੀ, ਜੁਗ ਜਨਮ ਦਿਆਂ ਵਿਛੜਿਆਂ ਮੇਲ ਮਿਲਾਈਆ । ਸੇਜਾ ਆਤਮਾ ਭੋਗ ਰਿਹਾ ਭੋਗੀ, ਭਸਮੜ ਹੋ ਕੇ ਤੁਹਾਡੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਬਿਨਾ ਸ਼ਾਸਤਰਾਂ ਤੋਂ ਦੱਸਾਂ ਕਹਾਣੀ, ਵਿਦਿਆ ਜਗਤ ਨਾ ਕੋਇ ਰਖਾਈਆ । ਮੈਂ ਬਿਨਾ ਕ਼ਲਮ ਸ਼ਾਹੀ ਦੇ ਲੇਖ ਤੋਂ ਬਿਨਾ ਬੋਲਾਂ ਬਾਣੀ, ਨਿਰਅੱਖਰ ਧਾਰ ਦ੍ਰਿੜਾਈਆ । ਜਨ ਭਗਤੋ ਬਿਨਾ ਪਰਮਾਤਮਾ ਤੋਂ ਆਤਮਾ ਦਾ ਨਹੀਂ ਕੋਈ ਹਾਣੀ, ਸਦਾ ਦਾ ਸੰਗ ਨਾ ਕੋਇ ਨਿਭਾਈਆ । ਇਹ ਖੇਲ ਉਸ ਦੀ ਜਿਸ ਨੇ ਰਚ ਦਿਤੀ ਚਾਰ ਖਾਣੀ, ਵਿਸ਼ਨ ਬ੍ਰਹਮਾ ਸ਼ਿਵ ਸੇਵਾ ਦਿਤਾ ਲਗਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੇ ਕੇ ਨਾਮ ਨਿਧਾਨੀ, ਲੋਕਮਾਤ ਡੰਕ ਵਜਾਈਆ । ਤਨ ਵਜੂਦ ਤਤ ਸ਼ਰੀਰ ਦੇ ਪਰਾਨੀ, ਪਰਾਣ ਅਧਾਰੀ ਆਪ ਹੋ ਜਾਈਆ । ਜੋਤ ਨੂਰ ਕਰ ਨੁਰਾਨੀ, ਜੋਤੀ ਜਾਤਾ ਡਗਮਗਾਈਆ । ਜਿਨ੍ਹਾਂ ਨੇ ਚਾਰ ਜੁਗ ਗ੍ਰੰਥ ਸ਼ਾਸਤਰ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕ਼ੁਰਾਨ ਬਾਈਬਲ ਤੁਰੈਤ ਗੁਰੂ ਗ੍ਰੰਥ ਸਾਹਿਬ ਦੀ ਲਿਖੀ ਉਹ ਨਿਰਮਾਣ ਬਾਣੀ, ਜੋ ਅਣਿਆਲਾ ਤੀਰ ਚਲਾਈਆ । ਪਰ ਹਾਏ ਨਾਰਦ ਕਹੇ ਮੈਂ ਕੇਤੇ ਜੁਗ ਚੌਕੜੀ ਵੇਖੇ ਉਹ ਭਗਤੋ ਅੰਤ ਕਿਸੇ ਦੀ ਰਹੀ ਨਾ ਕੋਈ ਨਿਸ਼ਾਨੀ, ਬਿਨਾ ਪੁਰਖ ਅਕਾਲ ਤੋਂ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਸਤਿਗੁਰ ਸ਼ਬਦ ਭਗਤਾਂ ਦਾ ਬਣ ਜਾ ਮੀਤਾ, ਉਹ ਮਿਤਰਾ ਮਾਣ ਦੇ ਵਡਿਆਈਆ । ਕੀ ਹੋਇਆ

ਜੇ ਕ੍ਰਿਸ਼ਨ ਅਠਾਰਾਂ ਧਿਆਏ ਲਿਖਾ ਦਿਤੀ ਗੀਤਾ, ਅੱਖਰ ਅੱਖਰਾਂ ਜੋੜ ਜੁੜਾਈਆ । ਤੂੰ ਸਭ ਦੀਆਂ ਪਰਖਣਹਾਰਾ ਨੀਤਾ, ਵੇਖਣਹਾਰਾ ਥਾਉਂ ਥਾਈਆ । ਆਤਮਾ ਪਰਮਾਤਮਾ ਦੀ ਬਣ ਜਾਏ ਪ੍ਰੀਤਾ, ਪ੍ਰੀਤਮ ਹੋ ਕੇ ਜੋੜ ਜੁੜਾਈਆ । ਤੇਰਾ ਭਗਤ ਸਦਾ ਰਹੇ ਠਾਂਢਾ ਸੀਤਾ, ਕਲਜੁਗ ਅਗਨ ਨਾ ਕੋਇ ਤਪਾਈਆ । ਪਿਛੇ ਦਾ ਪਿਛੇ ਵਕ਼ਤ ਬੀਤਾ, ਅੱਜ ਤੋਂ ਨਵਾਂ ਜਨਮ ਦੇ ਦਵਾਈਆ । ਤੇਰੇ ਦਰ ਉਤੇ ਕੋਈ ਨਾ ਰਹੇ ਊਚ ਨੀਚਾ, ਨੀਚ ਊਚ ਦਾ ਡੇਰਾ ਦੇਣਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਦਾ ਬਚਨ ਸੁਣ ਕੇ ਕਲਜੁਗ ਆਇਆ ਹੋ ਕੇ ਲਾਚਾਰ, ਭੱਜਾ ਵਾਹੋ ਦਾਹੀਆ । ਨਾਲ ਆਪਣਾ ਕਾਲਾ ਵੇਸ ਰਿਹਾ ਸਵਾਰ, ਸੋਹਣਾ ਰੂਪ ਦ੍ਰਿੜਾਈਆ । ਨਾਲੇ ਰੋ ਕੇ ਕਰੇ ਗਿਰਿਆਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਨਾਲੇ ਖਿਚ ਕੇ ਖੰਡਾ ਕਟਾਰ, ਖੜਗ ਰਿਹਾ ਚਮਕਾਈਆ । ਨਾਲੇ ਕਰਕੇ ਪ੍ਰਭੂ ਨੂੰ ਨਿਮਸਕਾਰ, ਖ਼ਾਲੀ ਝੋਲੀ ਰਿਹਾ ਵਖਾਈਆ । ਉਹ ਮੇਰੇ ਮਾਲਕਾ ਮੇਰੇ ਸੁਆਮੀਆਂ ਮੈਂ ਤੇਰਾ ਬਰਖ਼ੁਰਦਾਰ, ਬੱਚਾ ਛੋਟਾ ਨਜ਼ਰੀ ਆਈਆ । ਜੇ ਤੂੰ ਗੋਬਿੰਦ ਦੀ ਪੈਜ ਦਿਤੀ ਸਵਾਰ, ਕਿਉਂ ਨਾ ਮੇਰੇ ਸਿਰ ਹੱਥ ਰਖਾਈਆ । ਮੈਂ ਯੋਧਾ ਸੂਰਬੀਰ ਤੇਰਾ ਬਲਕਾਰ, ਬਲਧਾਰੀ ਤੂੰ ਦਿਤੀ ਵਡਿਆਈਆ । ਵੇਖ ਲੈ ਮੈਂ ਦੁਨੀਆ ਨੂੰ ਦੀਨਾਂ ਮਜ਼੍ਹਬਾਂ ਵਿਚੋਂ ਫੜ ਫੜ ਕੀਤਾ ਖ਼ੁਆਰ, ਬਚਿਆ ਰਹਿਣ ਕੋਇ ਨਾ ਪਾਈਆ । ਮਾਣ ਰਹਿਣ ਨਹੀਂ ਦਿਤਾ ਕਿਸੇ ਪੈਗ਼ੰਬਰ ਗੁਰ ਅਵਤਾਰ, ਗ੍ਰੰਥ ਸ਼ਾਸਤਰਾਂ ਚਲੇ ਨਾ ਕੋਇ ਚਤੁਰਾਈਆ । ਮੰਦਰ ਮਸਜਿਦ ਸ਼ਿਵਦੁਆਲੇ ਮਠਾਂ ਗੁਰੂਦੁਆਰਿਆਂ

੭੧੧ ਵਿਚ ਹੁੰਦਾ ਵਿਭਚਾਰ, ਇਸਤਰੀ ਪੁਰਸ਼ ਨਾਰੀ ਮਰਦ ਕੂੜੀ ਕਿਰਿਆ ਵਿਚ ਹਲਕਾਈਆ । ਸਾਧਾਂ ਸੰਤਾਂ ਆਈ ਹਾਰ, ਜੀਵਾਂ ਜੰਤਾਂ ਕਰਨ ਖ਼ੁਆਰ, ੭੧੧

੨੪ ਧਰਮ ਦੀ ਧਾਰ ਨਾ ਕੋਇ ਪ੍ਰਗਟਾਈਆ । ਚਾਰ ਜੁਗ ਦਾ ਲੇਖਾ ਪੂਰਬ ਲਹਿਣਾ ਸਭ ਦਾ ਦੇ ਉਧਾਰ, ਨਵਿਰਤੀ ਵਿਚ ਪ੍ਰਕਿਰਤੀ ਦੇ ਬਦਲਾਈਆ । ੨੪

ਤੇਰਾ ਇਕ ਧਰਮ ਦਾ ਹੋਵੇ ਜੈਕਾਰ, ਧਰਮ ਦੀ ਧਾਰ ਦੇ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੈਂ ਸਾਚੀ ਰੁਤ ਸੁਹਾਵਾਂਗਾ । ਅਬਿਨਾਸ਼ੀ ਅਚੁਤ ਇਕ ਮਨਾਵਾਂਗਾ । ਲੱਖ ਚੁਰਾਸੀ ਵੇਖ ਬੁਤ, ਬੁਤਖ਼ਾਨੇ ਫੋਲ ਫੁਲਾਵਾਂਗਾ । ਜੋ ਕਲਜੁਗ ਕੂੜ ਕੁੜਿਆਰੇ ਪਾਈ ਲੁਟ, ਲੁਟੇਰਾ ਫੜ ਕੇ ਬਾਹਰ ਕਢਾਵਾਂਗਾ । ਦੀਨ ਦੁਨੀ ਵਿਚ ਜਿਹੜੀ ਫੁੱਟ, ਫੁਟਕਲ ਰੂਪ ਨਾ ਕੋਇ ਦਰਸਾਵਾਂਗਾ । ਜਿਸ ਵੇਲੇ ਮਿਹਰ ਕੀਤੀ ਤੇ ਸਤਿਜੁਗ ਦੇ ਵਿਚ ਸਤਾਰਾਂ ਹਾੜ ਨੂੰ ਛੇਵੇਂ ਸਾਲ ਨੂੰ ਇਕੋ ਅੰਮ੍ਰਿਤ ਜਾਮ ਪਿਆ ਕੇ ਘੁਟ, ਘੁੱਟਕੇ ਸੀਨੇ ਨਾਲ ਲਗਾਵਾਂਗਾ । ਪਿਛਲੀ ਪ੍ਰੀਤੀ ਸਭ ਦੀ ਜਾਵੇ ਟੁਟ, ਟੁਟਿਆਂ ਅਗੇ ਜੋੜ ਜੁੜਾਵਾਂਗਾ । ਮੈਂ ਕਿਸੇ ਫੜਨਾ ਨਹੀਂ ਹੱਥੋਂ ਗੱਟ, ਅੰਤਰ ਆਤਮਾ ਪਰਮਾਤਮਾ ਰੰਗ ਰੰਗਾਵਾਗਾ । ਕੂੜੀ ਕਿਰਿਆ ਅੰਦਰੋਂ ਬਾਹਰ ਕੱਢਾਂ ਕੁਟ, ਕਾਇਆ ਕੁਟੀਆ ਅੰਦਰ ਡੇਰਾ ਲਾਵਾਂਗਾ । ਦੀਪਕ ਜਗਾ ਕੇ ਆਪਣੀ ਨਿਰਗੁਣ ਜੋਤ, ਜੋਤੀ ਜਾਤਾ ਹੋ ਕੇ ਡਗਮਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਇਕ ਵਖਾਵਾਂਗਾ । ਹਾੜ ਅਠਾਰਾਂ ਕਹੇ ਭਗਤੋ ਮੈਨੂੰ ਚੜ੍ਹਦੀਆਂ ਆਉਂਦੀਆਂ ਲਾਲੀਆਂ, ਖ਼ੁਸ਼ੀਆਂ ਦੇ ਢੋਲੇ ਗਾਈਆ । ਮੈਂ ਵੇਖਦਾ ਚਾਰੋਂ ਕੁੰਟ ਰਾਤਾਂ ਕਾਲੀਆਂ, ਕਲਜੁਗ ਕੂੜ ਰਿਹਾ ਵਖਾਈਆ । ਫਲ ਰਿਹਾ ਨਹੀਂ ਕਿਸੇ ਡਾਲੀਆਂ, ਪੱਤ ਟਹਿਣੀ ਗਏ ਕੁਮਲਾਈਆ । ਬਾਗ਼ ਸੰਭਾਲੇ ਨਹੀਂ ਗਏ ਮਜ਼੍ਹਬ ਦੇ ਮਾਲੀਆਂ, ਪਾਣੀ ਦੇਵੇ ਨਾ ਕੋਇ ਚਾਈਂ ਚਾਈਆ । ਉਹ ਗੰਗਾ ਗੋਦਾਵਰੀ

ਜਮਨਾ ਸੁਰਸਤੀ ਦੀਆਂ ਧਾਰਾਂ ਹੋਈਆਂ ਖ਼ਾਲੀਆ, ਖ਼ਾਲੀ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਆ । ਨਾਰਦ ਕਹੇ ਪ੍ਰਭੂ ਉਹ ਵੇਖ ਲੈ ਗ੍ਰੰਥ ਸ਼ਾਸਤਰ ਸਾਰੇ ਘਤੀ ਆਉਂਦੇ ਵਹੀਰ, ਭੱਜਣ ਵਾਹੋ ਦਾਹੀਆ । ਉਹ ਸਾਡੇ ਮਾਲਕਾ ਸੁਆਮੀਆਂ ਸਾਡੇ ਉਤੋਂ ਲਥ ਗਏ ਚੀਰ, ਉਹ ਚਿਰੀ ਵਿਛੁੰਨਿਆ ਸਾਨੂੰ ਆਪਣੇ ਲੜ ਲੈਣਾ ਲਗਾਈਆ । ਸਾਡਾ ਕੋਈ ਮਾਣ ਨਹੀਂ ਰਿਹਾ ਤੇ ਸਾਥੀ ਰਿਹਾ ਨਾ ਪੈਗ਼ੰਬਰ ਪੀਰ, ਪਰਾ ਪਸੰਤੀ ਮਧਮ ਬੈਖਰੀ ਚਾਰੇ ਰੋਵਣ ਮਾਰਨ ਧਾਂਹੀਆ । ਉਏ ਬਹੁੜੀ ਸਾਨੂੰ ਬੰਨ੍ਹ ਲਿਆ ਸ਼ਰਅ ਦੀ ਜ਼ੰਜੀਰ, ਕੜੀ ਕੜੀ ਸਾਨੂੰ ਲਿਆ ਬੰਧਾਈਆ । ਉਹ ਵੇਖ ਕੀ ਇਸ਼ਾਰਾ ਦਿੰਦਾ ਕਬੀਰ, ਰਵੀਦਾਸ ਕੀ ਸੁਣਾਈਆ । ਹਾਏ ਹਾਏ ਹਾਏ ਕਲਜੁਗ ਅੰਤਮ ਸਾਡੇ ਅੱਖਾਂ ਵਿਚੋਂ ਬਿਨਾ ਨੇਤਰਾਂ ਤੋਂ ਵਗੇ ਨੀਰ, ਨੈਣ ਨੈਣ ਨਾ ਕੋਇ ਬਰਸਾਈਆ । ਜਿਧਰ ਵੇਖੀਏ ਉਧਰ ਦਿਸੇ ਭੀੜ, ਭੀੜੀ ਗਲੀ ਪਾਰ ਨਾ ਕੋਇ ਕਰਾਈਆ । ਸਭ ਤੋਂ ਉਚੀ ਕੂਕ ਕੇ ਕਹੇ ਗੁਰੂ ਗ੍ਰੰਥ ਸਾਹਿਬ ਦੀ ਬੀੜ, ਚੌਦਾਂ ਸੌ ਤੀਹ ਅੰਕ ਦੀ ਸਮਝ ਕਿਸੇ ਨਾ ਆਈਆ । ਉਹ ਸਾਡੀ ਟੁਟ ਗਈ ਹਡੀ ਰੀੜ, ਉਫ਼ ਤੇਰੇ ਅਗੇ ਦੁਹਾਈਆ । ਹੁਣ ਤੇ ਆ ਜਾ ਸਾਡਿਆ ਮਾਲਕਾ ਕਲਜੁਗ ਦਾ ਹੋਇਆ ਅਖ਼ੀਰ, ਖੁਲ੍ਹੇ ਝਾਟੇ ਧਰਨੀ ਰਹੀ ਕੁਰਲਾਈਆ । ਮੈਂ ਹੋ ਗਈ ਦਿਲਗੀਰ, ਮੇਰੀ ਧੀਰਜ ਦੇ ਧਰਾਈਆ । ਨਾ ਕੋਈ ਮੇਰੀ ਸ਼ਰਅ ਰਹੀ ਨਾ ਕੋਈ ਮੇਰੀ ਜਗੀਰ, ਬਿਨ ਜਾਗਰਤ ਜੋਤ ਮੇਰਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਤੇਰੇ ਹੱਥ ਵਡਿਆਈਆ । ਧਰਨੀ ਕਹੇ ਮੇਰਾ ਪ੍ਰਭੂ ਧੌਲਾ ਹੋ ਗਿਆ ਝਾਟਾ, ਜੁਗ ਚੌਕੜੀ ਤੇਰੀ ਓਟ ਤਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਪੀਸਣ ਪੀਸ ਕੇ ਆਇਆ ਘਾਟਾ, ਵਸਤ ਅੰਤ ਹੱਥ ਕਿਛ ਨਾ ਆਈਆ । ਮੈਨੂੰ ਪਤਾ ਨਹੀਂ ਤੇਰੀ ਕਿਧਰ ਚਲੀ ਗਈ ਜੋਤ ਵਾਲੀ ਲਾਟਾ, ਸਿੰਘ ਸਵਾਰ ਆਪਣਾ ਮੁਖ ਛੁਪਾਈਆ । ਅਵਤਾਰਾਂ ਕਿਹੜੀ ਮੱਲੀ ਖਾਟਾ, ਸੁਤਾ ਲਏ ਨਾ ਕੋਇ ਅੰਗੜਾਈਆ । ਪੈਗ਼ੰਬਰ ਕਿਹੜੀ ਕੂਟੇ ਨਾਠਾ, ਚੌਦਾਂ ਤਬਕ ਵੇਖਣ ਨੈਣ ਉਠਾਈਆ । ਗੁਰੂ ਗੁਰਦੇਵ ਕਿਹੜੇ ਸਥਰ ਲਾਥਾ, ਯਾਰੜੇ ਦੇਣਾ ਸਮਝਾਈਆ । ਏਸ ਵੇਲੇ ਕੋਈ ਸਹਾਈ ਹੋਏ ਨਾ ਨਾਥ ਅਨਾਥਾਂ, ਦੀਨ ਦੁਨੀ ਰਹੀ ਕੁਰਲਾਈਆ । ਗ੍ਰੰਥ ਸਾਸ਼ਤਰ ਬਥੇਰੇ ਪੜ੍ਹ ਪੜ੍ਹ ਥੱਕੇ ਗਾਥਾ, ਦਿਵਸ ਰੈਣ ਢੋਲੇ ਗਾਈਆ । ਕਲਜੁਗ ਕੂੜਾ ਨੌ ਖੰਡ ਪ੍ਰਿਥਮੀ ਸੱਤ ਦੀਪ ਮਾਰੇ ਵਾਟਾ, ਭੱਜੇ ਵਾਹੋ ਦਾਹੀਆ, ਧਰਮ ਦਾ ਨਿਸ਼ਾਨ ਕੋਈ ਰਿਹਾ ਨਾ ਕੂੜ ਵਿਕ ਗਿਆ ਘਰ ਘਰ ਦੇ ਹਾਟਾ, ਹਟਵਾਣਾ ਕਲਜੁਗ ਇਕੋ ਨਜ਼ਰੀ ਆਈਆ । ਪਤਾ ਨਹੀਂ ਕਿਥੇ ਚਲਾ ਗਿਆ ਗੋਬਿੰਦ ਵਾਲਾ ਬਾਟਾ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਧਰਨੀ ਕਹੇ ਉਏ ਮੇਰਿਆ ਅੱਬਾ, ਮੈਂ ਤੇਰਾ ਰਾਹ ਤਕਾਈਆ । ਪੈਗ਼ੰਬਰ ਕਹਿਣ ਹਾਏ ਸਾਡਿਆ ਰੱਬਾ, ਅਸੀਂ ਆਮੀਨ ਯਾਮਬੀਨ ਕਹਿ ਕੇ ਸੀਸ ਨਿਵਾਈਆ । ਸਾਡਾ ਈਮਾਨ ਤੇਰੇ ਹੁਕਮ ਵਿਚ ਫਸਾ, ਬੰਦਗੀ ਵਿਚ ਸੀਸ ਨਿਵਾਈਆ । ਪਤਾ ਨਹੀਂ ਤੇਰਾ ਕਿਥੇ ਆਸਣ ਲੱਗਾ, ਚੌਦਾਂ ਤਬਕ ਖ਼ਾਲੀ ਰੋਵਣ ਮਾਰਨ ਧਾਹੀਆ । ਪਵਿਤ੍ਰ ਰਹੀ ਕੋਈ ਨਾ ਜਗਹ, ਕਾਅਬੇ ਰੰਗ ਨਾ ਕੋਇ ਰੰਗਾਈਆ । ਜਿਧਰ ਵੇਖੀਏ ਮੁੱਲਾ ਕ਼ਾਜ਼ੀ ਸ਼ੇਖ਼ ਮੁਸਾਇਕ ਤੇਰੇ ਕਲਮੇ ਨਾਲ ਕਰਨ ਦਗ਼ਾ, ਦਗ਼ਾ ਫ਼ਰੇਬ ਵਿਚ ਵੇਖੀ ਖ਼ਲਕ ਖ਼ੁਦਾਈਆ । ਸਾਨੂੰ ਹੁਣ ਤੇ ਦੱਸ ਦੇ ਸਦੀ ਚੌਧਵੀਂ ਦੇ ਵਿਚ ਫੇਰ ਕੀ ਹੋਣਾ ਅਗ੍ਹਾਂ, ਉਹ



੭੧੨ ੨੪

ਆਗਮਨ ਵਿਚ ਤੈਨੂੰ ਸੀਸ ਨਿਵਾਈਆ । ਸਾਨੂੰ ਦੱਸ ਫੇਰ ਕਿਸ ਦਾ ਕਰਾਂਗੇ ਹੱਜਾ, ਦਰ ਕਿਹੜਾ ਵੇਖਣ ਪਾਈਆ । ਉਹ ਕਿਹੜਾ ਸਾਡੀ ਰਖੂਗਾ ਲੱਜਾ, ਪਰਵਰਦਿਗਾਰ ਤੁਧ ਬਿਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਸਾਹਿਬ ਹੋਣਾ ਸਹਾਈਆ । ਧਰਨੀ ਕਹੇ ਉਹ ਮੇਰੇ ਮਾਹੀ ਪਿਆਰੇ ਗੋਬਿੰਦ, ਆ ਜਾ ਮੀਤ ਮੁਰਾਰ । ਜੇ ਤੇਰਾ ਵਕਤ ਸੁਹੰਜਣਾ ਹੋਣਾ ਹਿੰਦ, ਭਾਰਤ ਕਰ ਉਜਿਆਰ । ਮੇਰੀ ਸੁੱਤੀ ਦੀ ਖੋਲ੍ਹ ਦੇ ਨਿੰਦ, ਮੇਰਾ ਨੈਣ ਦੇ ਉਘਾੜ । ਮੈਂ ਚਾਹੁੰਦੀ ਮੇਰੇ ਤੋਂ ਪੂਜਾ ਮਿਟ ਜਾਏ ਲਿੰਗ, ਇਕੋ ਇਸ਼ਟ ਹੋਵੇ ਕਰਤਾਰ । ਨੌਂ ਖੰਡ ਪ੍ਰਿਥਮੀ ਡੇਰਾ ਦਿਸੇ ਮੈਨੂੰ ਸਿੰਘ, ਤੇ ਸ਼ਬਦ ਸ਼ਸਤਰ ਹੋਵੇ ਧਾਰ । ਤੇਰੀ ਸੁਣੀ ਨਹੀਂ ਜਾਂਦੀ ਮੈਥੋਂ ਨਿੰਦ, ਨਿੰਦਿਆ ਵੇਖ ਸਰਬ ਕਰੇ ਸੰਸਾਰ । ਵੇਖ ਲੈ ਤੇਰੇ ਤੇਰੇ ਨਾਲੋਂ ਗਏ ਖਿੰਡ, ਪ੍ਰੇਮ ਵਿਚ ਮਿਲੇ ਨਾ ਕੋਈ ਮੀਤ ਮੁਰਾਰ । ਮੈਂ ਅੱਜ ਨਿਗਾਹ ਮਾਰਦੀ ਪ੍ਰਭ ਦੇ ਵੇਖਾਂ ਕਾਇਆ ਜੀਉ ਪਿੰਡ, ਸਾਢੇ ਤਿੰਨ ਹੱਥ ਮੰਦਰ ਮੁਨਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਹੋਈ ਭਿਖਾਰ । ਧਰਨੀ ਕਹੇ ਵੇ ਮੇਰਿਆ ਕਾਹਨਾ, ਕ੍ਰਿਸ਼ਨਾ ਕਿਧਰ ਮੁਖ ਭੁਆਈਆ । ਕਿਉਂ ਭੁੱਲਿਆ ਮੈਨੂੰ ਮੇਰਿਆ ਰਾਮਾ, ਰਮਈਆ ਤੇਰੇ ਅਗੇ ਵਾਸਤਾ ਪਾਈਆ । ਕਲਜੁਗ ਵੇਖ ਅੰਧੇਰੀ ਸ਼ਾਮਾ, ਸ਼ਮਅ ਨੂਰ ਨਾ ਕੋਇ ਰੁਸ਼ਨਾਈਆ । ਪੈਗ਼ੰਬਰੋ ਕੋਈ ਮੈਨੂੰ ਦਿਉ ਪੈਗ਼ਾਮਾ, ਪਰਾ ਪਸੰਤੀ ਮਧਮ ਬੈਖਰੀ ਬਾਹਰ ਸੁਣਾਈਆ । ਮੁਹੰਮਦਾ ਮੈਨੂੰ ਵਖਾ ਦੇ ਆਪਣਾ ਅਮਾਮਾ, ਨੂਰ ਨੁਰਾਨਾ ਨੂਰ ਅਲਾਹੀਆ । ਗੋਬਿੰਦ ਦੱਸ ਦੇ ਜਿਸ ਨੇ ਪਹਿਨਿਆ ਜੋਤੀ ਜਾਮਾ, ਜੋਤੀ ਜਾਤਾ ਧੁਰਦਰਗਾਹੀਆ । ਸਤਿਗੁਰ ਸ਼ਬਦ ਕਹੇ ਸੁਣ ਧਰਨੀ ਤੇਰਾ ਲਹਿਣਾ ਦੇਣਾ ਜਿਸ ਚੁਕਾਉਣਾ, ਚੁਕੰਨੀ ਤੈਨੂੰ ਰਿਹਾ ਕਰਾਈਆ । ਜਿਸ ਜੁਗ ਜੁਗ ਖੇਲ ਖੇਲਿਆ ਮਹਾਨਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਵੰਡ ਵੰਡਾਈਆ । ਉਹ ਸ਼ਾਹੋ ਭੂਪ ਸੁਲਤਾਨਾ, ਨੂਰ ਨੁਰਾਨਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ ਧਰਨੀਏ ਉਹ ਜੋਤੀ ਜਾਤਾ, ਹਰਿ ਕਰਤਾ ਇਕ ਅਖਵਾਈਆ । ਨੀ ਉਹ ਪੁਰਖ ਬਿਧਾਤਾ, ਪਾਰਬ੍ਰਹਮ ਧੁਰਦਰਗਾਹੀਆ । ਜੋ ਤੇਰੇ ਨਾਲ ਜੋੜੇ ਨਾਤਾ, ਨਾਤਵਾਂ ਆਪਣਾ ਰੰਗ ਰੰਗਾਈਆ । ਬੇਸ਼ਕ ਤੈਨੂੰ ਸਾਰੀ ਸ੍ਰਿਸ਼ਟੀ ਕਹਿੰਦੀ ਮਾਤਾ, ਮਾਤਰ ਭੂਮੀਏ ਤੇਰੀ ਕੀ ਵਡਿਆਈਆ । ਦੱਸ ਤੇਰੇ ਕੋਲ ਕਿਹੜਾ ਖਾਤਾ, ਕੀ ਵਸਤ ਰਹੀ ਵਰਤਾਈਆ । ਨੀ ਤੇਰੇ ਉਤੇ ਅਵਤਾਰ ਪੈਗ਼ੰਬਰਾਂ ਗੁਰੂਆਂ ਕਿਉਂ ਬਣਾਈਆਂ ਜ਼ਾਤਾਂ, ਜ਼ਾਤਾਂ ਪਾਤਾਂ ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਕਿਉਂ ਸ਼ਸਤਰਾਂ ਨਾਲ ਕੀਤਾ ਇਕ ਦੂਜੇ ਦਾ ਘਾਤਾ, ਸੀਸ ਤਨ ਵਜੂਦ ਕਟਾਈਆ । ਕਿਉਂ ਨਹੀਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪ੍ਰਭ ਅਗੇ ਕੀਤਾ ਅਰਦਾਸਾ, ਬੇਨੰਤੀ ਵਿਚ ਸੁਣਾਈਆ । ਦੰਦੀਆਂ ਕੱਢਕੇ ਕਰੇ ਹਾਸਾ, ਨਕ ਰਿਹਾ ਚੜ੍ਹਾਈਆ । ਫੇਰ ਵੇਖਿਆ ਵਲ ਸ਼ੰਕਰ ਕੈਲਾਸ਼ਾ, ਬਿਨ ਨੈਣਾਂ ਨੈਣ ਤਕਾਈਆ । ਬ੍ਰਹਮੇ ਆਵਾਜ਼ ਮਾਰੀ ਤੂੰ ਵੀ ਆ ਜਾ ਪਾਸਾ, ਆਪਣਾ ਪੰਧ ਮੁਕਾਈਆ । ਵਿਸ਼ਨੂੰ ਤਕ ਲੈ ਖੇਲ ਤਮਾਸ਼ਾ, ਕੀ ਕਲਾ ਕਲ ਵਰਤਾਈਆ । ਨਾਰਦ ਕਹੇ ਧਰਨੀਏ ਨੀ ਤੂੰ ਵੀ ਮਲ ਲੈ ਦੰਦਾਂ ਨੂੰ ਦੰਦਾਸਾ, ਆਪਣਾ ਰੂਪ ਲੈ ਬਦਲਾਈਆ । ਸ਼ਾਇਦ ਫਿਰ ਕਿਰਪਾ ਕਰ ਦੇਵੇ ਪੁਰਖ ਅਬਿਨਾਸ਼ਾ, ਹਰਿ ਕਰਤਾ ਧੁਰਦਰਗਾਹੀਆ । ਨਾਲੇ ਉਂਗਲ ਪਾ ਕੇ ਵਿਚ ਨਾਸਾਂ, ਨਾਰਦ ਸਹਿਜ ਨਾਲ ਸਮਝਾਈਆ । ਨੀ ਮਾਈਏ ਧਰਨੀਏ ਕੋਝੀਏ ਕਮਲੀਏ ਮਰਨੀਏ ਤੇਰੇ ਉਤੇ ਚੌਥੇ ਸਾਲ ਨੂੰ ਚੜ੍ਹ ਜਾਣੀ ਲਾਸ਼

ਉਤੇ ਲਾਸ਼ਾ, ਲਸ਼ਕਰ ਨਜ਼ਰ ਕੋਇ ਨਾ ਆਈਆ । ਉਹ ਵੇਖ ਲੈ ਨਚਦਾ ਟਪਦਾ ਕਲਜੁਗ ਬਦਮਾਸ਼ਾ, ਬਦੀਆਂ ਆਪਣੇ ਨਾਲ ਮਿਲਾਈਆ । ਪੁਰਖ ਅਕਾਲੇ ਦੀਨ ਦੁਨੀ ਦਾ ਉਲਟਾ ਦੇਣਾ ਪਾਸਾ, ਪੇਸ਼ੀਨਗੋਈਆਂ ਗੁਰ ਅਵਤਾਰ ਪੈਗ਼ੰਬਰ ਰਹੇ ਵਖਾਈਆ । ਧਰਨੀ ਨਿਉਂ ਕੇ ਕਿਹਾ ਮੇਰਾ ਸਾਹਿਬ ਮੇਰੀਆਂ ਪੂਰੀਆਂ ਕਰੇ ਆਸਾਂ, ਆਸਾ ਆਪਣੇ ਨਾਲ ਮਿਲਾਈਆ । ਮੈਨੂੰ ਦੇ ਕੇ ਗਏ ਭਰਵਾਸਾ, ਧੀਰਜ ਧਰਮ ਧਾਰ ਦ੍ਰਿੜਾਈਆ । ਜਨ ਭਗਤਾਂ ਦੇਵੇ ਸ਼ਾਬਾਸ਼ਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਚ ਰੰਗ ਰੰਗਾਈਆ । ਧਰਨੀ ਕਹੇ ਜਨ ਭਗਤੋ ਮੈਂ ਹੋਈ ਭਾਗਾਂ ਵਾਲੀ, ਮੇਰੇ ਭਾਗ ਮਿਲੀ ਵਡਿਆਈਆ । ਮੇਰੇ ਉਤੇ ਕਿਰਪਾ ਕੀਤੀ ਜੋਤ ਅਕਾਲੀ, ਅਕਲ ਕਲਧਾਰੀ ਦਿਤੀ ਵਡਿਆਈਆ । ਹੁਣ ਕਲਜੁਗ ਦੀ ਉਮਰ ਨਾ ਰਹਿ ਗਈ ਬਾਹਲੀ, ਸਮਾਂ ਥੋੜਾ ਦਿਤਾ ਸਮਝਾਈਆ । ਤੁਸਾਂ ਭਗਤ ਬਣਨਾ ਤੇ ਆਪਣੀ ਬਣਾਉਣੀ ਚਾਲ ਨਿਰਾਲੀ, ਵਖਰੀ ਜਗਤ ਵੰਡ ਵੰਡਾਈਆ । ਤੁਹਾਡਾ ਭਗਤ ਦਵਾਰ ਤੇ ਇਹੋ ਧਰਮਸਾਲੀ, ਧਰਮ ਦਵਾਰਾ ਇਕੋ ਸੋਭਾ ਪਾਈਆ । ਦੀਨਾਂ ਮਜ਼੍ਹਬਾਂ ਤੋਂ ਆਪਣੀਆਂ ਝੋਲੀਆਂ ਕਰ ਲਓ ਖ਼ਾਲੀ, ਆਤਮ ਪਰਮਾਤਮ ਭੰਡਾਰਾ ਲਓ ਭਰਾਈਆ । ਸਤਿਗੁਰ ਸ਼ਬਦ ਦੀ ਮੰਨੋ ਇਕ ਦਲਾਲੀ, ਦੂਜਾ ਵਿਚੋਲਾ ਰਹਿਣ ਕੋਇ ਨਾ ਪਾਈਆ । ਤੁਸੀਂ ਜਲਵਾ ਤਕੋ ਜਮਾਲੀ, ਨੂਰ ਨੁਰਾਨਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੇਰੀ ਅੰਤ ਅਖ਼ੀਰੀ ਅਰਜ਼ੋਈ, ਅਰਜ਼ ਤਮੰਨਾ ਪ੍ਰਭ ਚਰਨਾਂ ਵਿਚ ਟਿਕਾਈਆ । ਪ੍ਰਭੂ ਤੇਰਾ ਨਾਮ ਦਰੋਹੀ, ਦੋ ਜਹਾਨਾਂ ਦਿਆਂ ਸੁਣਾਈਆ । ਤੇਰੀ ਕਿਰਪਾ ਤੋਂ ਬਗ਼ੈਰ ਭਗਤ ਬਣੇ ਨਾ ਕੋਈ, ਭਗਵੰਤ ਮਿਲਣ ਕੋਇ ਨਾ ਜਾਈਆ । ਕਲਜੁਗ ਅੰਤਮ ਮੇਰੀ ਪਤ ਗਈ ਖੋਹੀ, ਲੱਜਿਆ ਦੀਨ ਦੁਨੀ ਰਹਿਣ ਕੋਇ ਨਾ ਪਾਈਆ । ਮੈਨੂੰ ਕਿਸੇ ਕੂਟ ਨਹੀਂ ਮਿਲਦੀ ਢੋਈ, ਉੱਤਰ ਪੂਰਬ ਦੱਖਣ ਪੱਛਮ ਰਹੇ ਕੁਰਲਾਈਆ । ਮੇਰੇ ਧੰਨਭਾਗ ਅੱਜ ਤੇਰੇ ਚਰਨ ਛੋਹੀ, *ਸ਼ੌਹਰ ਬਾਂਕੇ ਤੈਨੂੰ ਮਿਲ ਕੇ ਵਜੇ ਵਧਾਈਆ । ਤੇਰੀ ਮੁਹੱਬਤ ਵਿਚ ਗਈ ਮੋਹੀ, ਮੋਹਣ ਮਾਧਵ ਤੇਰੇ ਰੰਗ ਸਮਾਈਆ । ਪਤਾ ਕਰ ਲੈ ਯਾਦ ਕਰ ਲੈ ਜੋ ਇਸ਼ਾਰਾ ਦਿਤਾ ਕਬੀਰ ਨੇ ਲੋਈ, ਲੋਇਨਾਂ ਤੋਂ ਪਿਛੇ ਲੋਇਨ ਲੋਇਨ ਵਿਚੋਂ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਹਾੜ ਅਠਾਰਾਂ ਕਹੇ ਜਨ ਭਗਤੋ ਪ੍ਰਭੂ ਦਾ ਤੁਹਾਡੇ ਉਤੇ ਰਹੇ ਹੱਥ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਿਰਪਾ ਕਰੇ ਸਦਾ ਸਮਰਥ, ਸਮਰਥ ਆਪਣਾ ਰੰਗ ਰੰਗਾਈਆ । ਧੂੜੀ ਖ਼ਾਕ ਰਮਾਏ ਤੁਹਾਡੇ ਮਸਤਕ ਮਥ, ਦੁਰਮਤ ਮੈਲ ਮੈਲ ਧੁਆਈਆ । ਤੁਸੀਂ ਓਸ ਦੇ ਪਿਆਰ ਦੇ ਸਥਰ ਜਾਣਾ ਲਥ, ਉਹ ਯਾਰੜਾ ਤੁਹਾਡੀ ਸੇਜ ਲਏ ਹੰਢਾਈਆ । ਤੁਹਾਡਾ ਲੇਖਾ ਮੁਕੇ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧਿ ਧਾਰ ਅੱਠ, ਨੌਂ ਦਰ ਦਾ ਡੇਰਾ ਢਾਹੀਆ । ਦਸਮ ਦਵਾਰ ਏਕੰਕਾਰ ਕਰ ਇਕੱਠ, ਆਤਮ ਪਰਮਾਤਮ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਅਠਾਰਾਂ ਹਾੜ ਕਹੇ ਜਨ ਭਗਤੋ ਪ੍ਰਭੂ ਦੀ ਖ਼ੁਸ਼ੀਆਂ ਵਾਲੀ ਬਹਾਰ, ਪ੍ਰੇਮ ਪ੍ਰੀਤੀ ਵਿਚ ਰਖਾਈਆ । ਤੁਹਾਡਾ ਪੂਰਾ ਹੋਇਆ ਵਿਹਾਰ, ਵਿਵਹਾਰੀਓ ਤੁਹਾਨੂੰ ਦਿਆਂ ਸੁਣਾਈਆ । ਤੁਹਾਡਾ ਪ੍ਰਸਿੱਧ ਹੋਣਾ ਭਗਤ ਦੁਆਰ, ਨੌਂ ਖੰਡ ਪ੍ਰਿਥਮੀ ਵਜਣੀ ਵਧਾਈਆ । ਤੁਸਾਂ ਘਰ

ਦੇ ਕਰਦੇ ਰਹਿਣਾ ਕਾਰੋ ਬਾਰ, ਖ਼ੁਸ਼ੀਆਂ ਦੇ ਢੋਲੇ ਗਾਈਆ । ਤੁਹਾਨੂੰ ਜ਼ਰੂਰ ਆ ਕੇ ਮਿਲਿਆ ਕਰੇਗਾ ਤੁਹਾਡਾ ਯਾਰ, ਯਰਾਨੇ ਤੁਹਾਡੇ ਤੋੜ ਨਿਭਾਈਆ । ਜਾਗਦਿਆਂ ਤੇ ਸੁਤਿਆਂ ਦੋਹਾਂ ਰੂਪਾਂ ਵਿਚ ਦੇਂਦਾ ਰਹੇਗਾ ਦੀਦਾਰ, ਸਨਮੁਖ ਹੋ ਕੇ ਨਜ਼ਰੀ ਆਈਆ । ਪੂਰਨ ਜੋਤ ਤੇ ਪੂਰਨ ਹੋਵੇ ਸਿਕਦਾਰ, ਪੂਰਨ ਪੂਰੇ ਰੰਗ ਰੰਗਾਈਆ । ਤੁਹਾਡੀ ਪ੍ਰੀਤੀ ਤੁਸੀਂ ਪ੍ਰੀਤੀ ਦੇ ਹਕਦਾਰ, ਪ੍ਰੀਤਮ ਕੋਲੋਂ ਆਪਣੀ ਵਸਤ ਲੈਣੀ ਚਾਈਂ ਚਾਈਂਆ । ਤੁਸੀਂ ਜੁਗ ਚੌਕੜੀ ਦੇ ਬਰਖ਼ੁਰਦਾਰ, ਬੱਚੇ ਨੰਨ੍ਹੇ ਰੂਪ ਬਦਲਾਈਆ । ਤੁਹਾਡਾ ਮਾਲਕ ਇਕ ਏਕੰਕਾਰ, ਅਕਲ ਕਲ ਧਾਰੀ ਜੋ ਅਖਵਾਈਆ । ਅਠਾਰਾਂ ਹਾੜ ਕਹੇ ਜਨ ਭਗਤੋਂ ਮੇਰੀ ਤੁਹਾਡੇ ਅਗੇ ਅਰਦਾਸ, ਨਿਵ ਨਿਵ ਸੀਸ ਝੁਕਾਈਆ । ਤੁਹਾਡਾ ਸੋਹਣਾ ਵੇਖ ਕੇ ਸਜਿਆ ਦਰਬਾਰ, ਮੇਰੇ ਅੰਦਰ ਵਜੀ ਵਧਾਈਆ । ਮੈਂ ਵੀ ਤੁਹਾਡੇ ਨਾਲ ਬੋਲਾਂਗਾ ਜੈਕਾਰ, ਢੋਲਾ ਧੁਰ ਦੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਜਿਸ ਦਾ ਅੰਤ ਨਾ ਪਾਰਾਵਾਰ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਇਕ ਇਕੱਲਾ ਸਚ ਸੋਹਲਾ ਸਚ ਸਚ ਸਚ ਦਏ ਸੁਣਾਈਆ ।

### ✪ ੧੮ ਹਾੜ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਵੇਲੇ ✪

 ਅਠਾਰਾਂ ਹਾੜ ਕਹੇ ਪ੍ਰਭ ਦਾ ਨਾਮ ਹੋਵੇ ਇਕੋ ਟੱਪਾ, ਟਾਪੂਆਂ ਦਾ ਬਾਪੂ ਆਪਣਾ ਹੁਕਮ ਸੁਣਾਈਆ । ਜੋ ਆਦਿ ਆਦਿ ਵਿਸ਼ਨ ਬ੍ਰਹਮਾ ੭੧੫
 ਸ਼ਿਵ ਜਪਾ, ਅੰਤ ਅੰਤ ਗੁਰਦੇਵ ਗਏ ਸਮਝਾਈਆ । ਜਿਸ ਦਾ ਲਹਿਣਾ ਦੇਣਾ ਲੇਖਾ ਬਾਹਰ ਹੋਵੇ ਮਨ ਮਤਾ, ਸਤਿਗੁਰ ਸ਼ਬਦ ਸ਼ਬਦ ਵਡਿਆਈਆ । ੨੪
ਜਿਸ ਵਿਚ ਭੇਵ ਰਹੇ ਨਾ ਰਤਾ, ਭਾਂਡਾ ਭਰਮ ਭਉ ਭੰਨਾਈਆ । ਜੋ ਕਲਜੁਗ ਕੂੜੀ ਕਿਰਿਆ ਕਰੇ ਹਤਾ, ਹਤਿਆ ਵੇਖੇ ਖ਼ਲਕ ਖ਼ੁਦਾਈਆ । ਜੋ ਨਿਰਗੁਣ ਨਿਰਗੁਣ ਮੇਲ ਮਿਲਾਏ ਨਤਾ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਜਿਸ ਦੀ ਸਭ ਤੋਂ ਵਖਰੀ ਹੋਣੀ ਸਤਾ, ਸਤਿਗੁਰ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅਠਾਰਾਂ ਹਾੜ ਕਹੇ ਪ੍ਰਭ ਇਕੋ ਹੋਵੇ ਨਾਮ, ਭਗਤੀ ਭਗਵਾਨ ਦਏ ਦ੍ਰਿੜਾਈਆ । ਇਕੋ ਹੋਵੇ ਜਾਮ, ਨਾਮ ਖ਼ੁਮਾਰੀ ਮਸਤ ਪਿਆਲਾ ਦਏ ਪਿਆਈਆ । ਇਕੋ ਹੋਵੇ ਕਾਮ, ਕਰਨੀ ਦਾ ਕਰਤਾ ਆਪ ਸਮਝਾਈਆ । ਇਕੋ ਹੋਵੇ ਗਰਾਮ, ਨਗਰ ਖੇੜਾ ਇਕੋ ਸੁਹਾਈਆ । ਇਕੋ ਕਰਨਹਾਰ ਇੰਤਜ਼ਾਮ, ਬੰਦੋਬਸਤ ਆਪਣੇ ਹੱਥ ਵਖਾਈਆ । ਇਕੋ ਮੇਟੇ ਅੰਧੇਰੀ ਸ਼ਾਮ, ਸ਼ਮਅ ਨੂਰ ਜੋਤ ਕਰੇ ਰੁਸ਼ਨਾਈਆ । ਇਕੋ ਖੇਲ ਖੇਲੇ ਰਮਈਆ ਰਾਮ, ਰਾਮ ਰਾਮਾ ਧੁਰਦਰਗਾਹੀਆ । ਇਕੋ ਸਯਦਾ ਕ਼ਬੂਲ ਕਰੇ ਕਲਾਮ, ਕਾਇਨਾਤ ਤੋਂ ਬਾਹਰ ਵੇਖ ਵਖਾਈਆ । ਇਕੋ ਸ਼ਰਅ ਮੇਟੇ ਕੂੜ ਗ਼ੁਲਾਮ, ਬੰਧਨ ਜਗਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਹੁਕਮ ਇਕ ਵਰਤਾਈਆ । ਅਠਾਰਾਂ ਹਾੜ ਕਹੇ ਪ੍ਰਭ ਦਾ ਇਕੋ ਹੋਵੇ ਨਾਂ, ਨਰ ਨਿਰੰਕਾਰ ਦਏ ਦ੍ਰਿੜਾਈਆ । ਇਕੋ ਹੋਵੇ ਗਰਾਂ, ਗ੍ਰਿਹਿ ਮੰਦਰ ਸੋਭਾ ਪਾਈਆ । ਇਕੋ ਸੁਹਾਏ ਥਾਂ, ਥਾਨ ਥਨੰਤਰ ਦਏ ਵਡਿਆਈਆ । ਇਕੋ ਪਕੜਨਹਾਰ ਹੋਵੇ ਬਾਂਹ, ਫੜ ਬਾਹੋਂ ਗੋਦ ਟਿਕਾਈਆ । ਇਕੋ ਬਣੇ ਪਿਤਾ ਮਾਂ, ਪਤਿਪਰਮੇਸ਼ਵਰ

ਨੂਰ ਅਲਾਹੀਆ । ਤਿਸ ਸਾਹਿਬ ਦੇ ਬਲ ਬਲ ਜਾਂ, ਆਪ ਆਪਣਾ ਘੋਲ ਘੁਮਾਈਆ । ਜੋ ਕਲਜੁਗ ਵਿਚੋਂ ਸਤਿਜੁਗ ਬਦਲੇ ਰਾਹ, ਰਹਿਬਰ ਇਕ ਅਖਵਾਈਆ । ਪੰਧ ਮੁਕਾਏ ਬਲ ਅਸਗਾਹ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਅਠਾਰਾਂ ਹਾੜ ਕਹੇ ਪ੍ਰਭ ਇਕੋ ਹੋਵੇ ਤੇਰਾ ਨਾਮ ਨਿਧਾਨਾ, ਨਿਰਵੈਰ ਤੇਰੀ ਸਰਨਾਈਆ । ਇਕੋ ਹੋਵੇ ਸ਼ਬਦ ਤਰਾਨਾ, ਤੁਰੀਆ ਤੋਂ ਬਾਹਰ ਸੋਭਾ ਪਾਈਆ । ਏਕਾ ਹੋਵੇ ਸਾਚਾ ਗਾਨਾ, ਬਿਨਾ ਰਸਨਾ ਜਿਹਵਾ ਢੋਲਾ ਗਾਈਆ । ਇਕੋ ਮੰਦਰ ਹੋਵੇ ਮਕਾਨਾ, ਦਰਗਾਹ ਸਾਚੀ ਸੋਭਾ ਪਾਈਆ । ਇਕੋ ਹੁਕਮ ਹੋਵੇ ਇਕੋ ਦੇਵਣਹਾਰਾ ਦਾਨਾ, ਦਾਤਾ ਦਾਨੀ ਇਕ ਅਖਵਾਈਆ । ਇਕੋ ਰਾਮ ਇਕੋ ਹੋਵੇ ਕਾਹਨਾ, ਘਨਈਆ ਇਕੋ ਸੋਭਾ ਪਾਈਆ । ਇਕੋ ਪੈਗ਼ੰਬਰ ਹੋਵੇ ਨੂਰ ਅਲਾਹੀ ਜੋ ਸਚ ਦਏ ਕਲਾਮਾ, ਕਲਮਾ ਕਾਇਨਾਤ ਦ੍ਰਿੜਾਈਆ । ਸੋ ਅੰਤਮ ਮੇਟੇ ਅੰਧੇਰੀ ਸ਼ਾਮਾ, ਸ਼ਮਅ ਨੂਰ ਜੋਤ ਕਰੇ ਰੁਸ਼ਨਾਈਆ । ਜੋ ਪੈਗ਼ੰਬਰਾਂ ਦਏ ਪੈਗ਼ਾਮਾ, ਧੁਰ ਸੰਦੇਸ਼ਾ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਅਠਾਰਾਂ ਹਾੜ ਕਹੇ ਪ੍ਰਭ ਦਾ ਇਕੋ ਹੋਵੇ ਇਸ਼ਟ, ਇਸ਼ਟ ਦੇਵ ਇਕ ਅਖਵਾਈਆ । ਨਾਤਾ ਜੋੜੇ ਸਰਬ ਸ੍ਰਿਸ਼ਟ, ਸਰਬ ਸ੍ਰੇਸ਼ਟ ਆਪਣਾ ਹੁਕਮ ਵਰਤਾਈਆ । ਜੋ ਇਸ਼ਾਰਾ ਕੀਤਾ ਰਾਮ ਵਸ਼ਿਸ਼ਟ, ਵਿਸ਼ਿਆਂ ਤੋਂ ਬਾਹਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਤਾਰਾਂ ਹਾੜ ਕਹੇ ਜਨ ਭਗਤੋ ਪ੍ਰਭ ਦਾ ਜਪਣਾ ਇਕੋ ਨਾਉਂ, ਨਰ ਨਿਰੰਕਾਰ ਰਿਹਾ ਦ੍ਰਿੜਾਈਆ । ਭਾਗ ਲਗਾਉਣਾ ਕਾਇਆ ਮਾਟੀ ਗਰਾਉਂ, ਤਨ ਵਜੂਦ ਸੋਭਾ ਪਾਈਆ । ਬਿਨ ਰਸਨਾ ਜਿਹਵਾ ਅੰਤਰ ਨਿਰੰਤਰ ਕਰਨਾ ਵਾਹੋ ਵਾਹੋ, ਵਾਹਵਾ ਤੇਰੀ ਬੇਪਰਵਾਹੀਆ । ਸੱਜਣ ਸੁਹੇਲਾ ਇਕ ਅਕੇਲਾ ਸਤਿਗੁਰ ਸ਼ਬਦ ਮਨਾਓ, ਦੂਸਰ ਲੋੜ ਰਹੇ ਨਾ ਰਾਈਆ । ਜੋ ਫੜ ਫੜ ਹੰਸ ਬਣਾਏ ਕਾਉਂ, ਕਾਗੋਂ ਹੰਸ ਉਡਾਈਆ । ਤਿਸ ਸਾਹਿਬ ਦੇ ਬਲ ਬਲ ਜਾਓ, ਬਲ ਬਲ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਅਠਾਰਾਂ ਹਾੜ ਕਹੇ ਜਨ ਭਗਤੋ ਪ੍ਰਭ ਦਾ ਇਕੋ ਹੋਵੇ ਦੁਆਰ, ਸਤਿ ਸਚ ਮਿਲ ਕੇ ਵਜੇ ਵਧਾਈਆ । ਇਕੋ ਹੋਵੇ ਜੈਕਾਰ, ਢੋਲਾ ਇਕੋ ਗਾਈਆ । ਇਕੋ ਹੋਵੇ ਨਿਮਸਕਾਰ, ਨਿਵ ਨਿਵ ਲਾਗੇ ਪਾਈਆ । ਇਕੋ ਖੇਲ ਕਰੇ ਕਰਤਾਰ, ਕ਼ੁਦਰਤ ਕ਼ਾਦਰ ਨੂਰ ਅਲਾਹੀਆ । ਜਿਸ ਤੁਹਾਡੀ ਰੁਤ ਬਸੰਤ ਕੀਤੀ ਬਹਾਰ, ਪੱਤ ਟਹਿਣੀ ਨਾਮ ਨਾਲ ਮਹਿਕਾਈਆ । ਸੋ ਵੇਖਣਹਾਰਾ ਆਪਣੀ ਗੁਲਜ਼ਾਰ, ਗੁਲਸ਼ਨ ਤਕੇ ਚਾਈਂ ਚਾਈਆ । ਜਿਸ ਨੂੰ ਸਾਰੇ ਕਹਿੰਦੇ ਪਰਵਰਦਿਗਾਰ, ਜਲਵਾਗਰ ਨੂਰ ਅਲਾਹੀਆ । ਉਹ ਬਣਕੇ ਭਗਤਾਂ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਜਿਸ ਦਾ ਸਾਰੇ ਕਰਦੇ ਇੰਤਜ਼ਾਰ, ਬੈਠੇ ਰਾਹ ਤਕਾਈਆ । ਉਹ ਆਵੇ ਆਪਣੀ ਧਾਰ, ਧਰਨੀ ਧਰਤ ਧਵਲ ਧੌਲ ਸੁਹਾਈਆ । ਜਿਥੇ ਸਤਿਗੁਰ ਸ਼ਬਦ ਦਏ ਇਸ਼ਾਰ, ਬਿਨ ਸੈਨਤ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਅਠਾਰਾਂ ਹਾੜ ਕਹੇ ਜਨ ਭਗਤੋ ਪ੍ਰਭ ਦਾ ਇਕੋ ਕਲਮਾ ਹੋਏ ਕਾਇਨਾਤ, ਕਰਮ ਕਾਂਡ ਦਾ ਡੇਰਾ ਢਾਹੀਆ । ਇਕੋ ਵੇਖਣਹਾਰਾ ਹੋਏ ਪ੍ਰਾਂਤ, ਗ੍ਰਹਿ ਮੰਦਰ ਸੋਭਾ ਪਾਈਆ । ਇਕੋ ਸਾਚਾ ਜੋੜੇ ਨਾਤ, ਰਿਸ਼ਤਾ ਆਪਣੇ ਨਾਲ ਰਖਾਈਆ । ਇਕੋ

ਭੇਵ ਖੋਲ੍ਹੇ ਬਾਤਨ ਬਾਤ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਨ ਭਗਤੋ ਤੁਹਾਡੀ ਸੁਹੰਜਣੀ ਹੋਈ ਰਾਤ, ਖ਼ੁਸ਼ੀਆਂ ਢੋਲੇ ਗਾਈਆ । ਤੁਸੀਂ ਚਾਰ ਵਰਨ ਦੀ ਇਕ ਜਮਾਤ, ਜੁਗ ਚੌਕੜੀ ਲੇਖਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਅਠਾਰਾਂ ਹਾੜ ਕਹੇ ਭਗਤੋ ਤੁਸਾਂ ਪਾਇਆ ਨਾਮ ਰਸ, ਬਿਨ ਰਸਨਾ ਰਸ ਚਖਾਈਆ । ਜਿਸ ਦੇ ਸਾਰੇ ਹੋਣੇ ਵਸ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਕਲਜੁਗ ਮੇਟਣੀ ਰੈਣ ਅੰਧੇਰੀ ਮਸ, ਸਤਿਜੁਗ ਸਚ ਚੰਦ ਚਮਕਾਈਆ । ਉਸ ਦਾ ਮੇਲਾ ਕਰਨਾ ਹਸ ਹਸ, ਦਰਸ਼ਨ ਕਰਕੇ ਖ਼ੁਸ਼ੀ ਬਣਾਈਆ । ਸਿਫ਼ਤਾਂ ਨਾਮ ਢੋਲੇ ਗਾਓ ਜਸ, ਰਾਗ ਰਾਗਣੀ ਨਾਲ ਸਮਝਾਈਆ । ਬਿਨ ਰਸਨਾ ਲਵੋ ਰਸ, ਰਸਕ ਰਸਕ ਬੂੰਦ ਸਵਾਂਤੀ ਨਾਭੀ ਕਵਲ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਜਨ ਭਗਤੋ ਪ੍ਰਭ ਦਾ ਗਾਉਣਾ ਇਕੋ ਗੀਤ, ਗੋਬਿੰਦ ਦੇਵਣਹਾਰ ਵਡਿਆਈਆ । ਅੰਦਰੋਂ ਪਵਿਤ੍ਰ ਕਰਨੀ ਨੀਤ, ਕਲਜੁਗ ਕੂੜੀ ਕਿਰਿਆ ਡੇਰਾ ਢਾਹੀਆ । ਅੰਤਸ਼ ਕਰਨਾ ਠਾਂਢਾ ਸੀਤ, ਅਗਨੀ ਤਤ ਬੁਝਾਈਆ । ਤੂੰ ਮੇਰਾ ਮੈਂ ਤੇਰਾ ਗਾਉਣਾ ਗੀਤ, ਗੋਬਿੰਦ ਤੇਰਾ ਨਾਮ ਦੁਹਾਈਆ । ਤੂੰ ਸਦਾ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਤੇਰੀ ਓਟ ਰਖਾਈਆ । ਮੈਂ ਦਿਵਸ ਵਿਚਾਰਾ ਅਜ਼ੀਜ਼, ਆਜ਼ਮ ਤੇਰੇ ਅਗੇ ਆਸ ਰਖਾਈਆ । ਸਤਿ ਧਰਮ ਦੀ ਦੇ ਤਮੀਜ਼, ਤਬੀਅਤ ਅੰਦਰੇ ਅੰਦਰ ਬਦਲਾਈਆ । ਮੈਨੂੰ ਜਨ ਭਗਤਾਂ ਮਿਲਣ ਦੀ ਰੀਝ, ਸਚ
੭੧੭ ਸੰਦੇਸ਼ਿਆਂ ਵਿਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ੭੧੭
੨੪ ਅਠਾਰਾਂ ਹਾੜ ਕਹੇ ਜਨ ਭਗਤੋ ਪਰਮ ਪੁਰਖ ਦੇ ਲਾਗੋ ਏਕਾ ਚਰਨਾਂ, ਚਰਨੋਦਕ ਜਾਮ ਦਏ ਪਿਆਈਆ । ਝਗੜਾ ਮੇਟੇ ਵਰਨਾ ਬਰਨਾ, ਸ਼ਰਅ ੨੪
ਸੰਗ ਨਾ ਕੋਇ ਰਖਾਈਆ । ਜਿਸ ਕਲਜੁਗ ਅੰਤਮ ਸਭ ਕੁਛ ਕਰਨਾ, ਕਰਨੀ ਦਾ ਕਰਤਾ ਧੁਰਦਰਗਾਹੀਆ । ਉਸ ਦਾ ਢੋਲਾ ਸਭ ਨੇ ਪੜ੍ਹਨਾ, ਤੂੰ ਮੇਰਾ ਮੈਂ ਤੇਰਾ ਰਾਗ ਸਮਝਾਈਆ । ਸਭ ਨੇ ਚੋਟੀ ਮੰਜ਼ਲ ਚੜ੍ਹਨਾ, ਦਰਗਾਹ ਸਚ ਸਚ ਵਡਿਆਈਆ । ਇਕੋ ਨਾਮ ਸਭ ਨੇ ਪੜ੍ਹਨਾ, ਇਕੋ ਰੰਗ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਅਠਾਰਾਂ ਹਾੜ ਕਹੇ ਜਨ ਭਗਤੋ ਸਾਰੇ ਆਪਣੀ ਵੇਖੋ ਮਨਸਾ, ਮਨ ਮਮਤਾ ਦੂਰ ਕਰਾਈਆ । ਹਰਿਜਨ ਸੁਹੇਲੇ ਬਣੋ ਹੰਸਾ, ਗੋਬਿੰਦ ਗੁਰ ਗੁਰ ਵੇਖ ਵਖਾਈਆ । ਧਰਮ ਦੀ ਧਾਰ ਬਣਾਉ ਬੰਸਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਤੁਸੀਂ ਉਸ ਪ੍ਰਭੂ ਦੀ ਅੰਸਾ, ਜੁਗ ਜੁਗ ਜਿਸ ਦੇ ਢੋਲੇ ਗਾਈਆ । ਸ਼ਬਦੀ ਧਾਰ ਦੇਵਣਹਾਰਾ ਬੰਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਅਠਾਰਾਂ ਹਾੜ ਕਹੇ ਜਨ ਭਗਤੋ ਮੇਰੀ ਬੇਨੰਤੀ ਇਕ ਅਖ਼ੀਰੀ, ਅੱਖਰਾਂ ਬਾਹਰ ਜਣਾਈਆ । ਸਾਡਾ ਮਾਲਕ ਜਿਸ ਦੇ ਚਰਨਾਂ ਹੇਠ ਮੀਰੀ ਪੀਰੀ, ਚਾਰ ਜੁਗ ਦੇ ਸ਼ਾਸਤਰ ਜਿਸ ਦੀ ਦੇਣ ਗਵਾਹੀਆ । ਉਸ ਦਾ ਖੇਲ ਤਕੋ ਤਕਦੀਰੀ, ਕੀ ਧੁਰ ਦਾ ਹੁਕਮ ਵਰਤਾਈਆ । ਜਿਸ ਦੇ ਕੋਲ ਅਮੀਰੀ ਫ਼ਕੀਰੀ, ਫ਼ਿਕਰੇ ਢੋਲੇ ਗੀਤ ਧੁਰ ਦੇ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅਠਾਰਾਂ ਹਾੜ ਕਹੇ ਜਨ ਭਗਤੋ ਪ੍ਰਭ ਚਰਨ ਕਰਨੀ ਸੇਵਾ, ਸੇਵਾ ਸਤਿਗੁਰ

੭੧੮
੨੪

ਵਿਚ ਸਮਾਈਆ । ਇਕੋ ਨਾਮ ਜਪਣਾ ਜਿਹਵਾ, ਤੂੰ ਮੇਰਾ ਮੈਂ ਤੇਰਾ ਢੋਲਾ ਦੇਣਾ ਸੁਣਾਈਆ । ਇਕੋ ਮਸਤਕ ਮਣੀਆ ਲਾਉਣਾ ਥੇਵਾ, ਥਿਰ ਘਰ ਵਾਸੀ ਵੇਖ ਕੇ ਖ਼ੁਸ਼ੀ ਬਣਾਈਆ । ਸਾਚਾ ਨਾਮ ਹੋਵੇ ਤੁਹਾਡੀ ਉਤੇ ਰਸਨਾ ਜਿਹਵਾ, ਦਿਵਸ ਰੈਣ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਲਾਈਆ । ਅਠਾਰਾਂ ਹਾੜ ਕਹੇ ਜਨ ਭਗਤੋ ਤੁਹਾਡਾ ਮਾਲਕ ਸ੍ਰੀ ਭਗਵਾਨ, ਹਰਿ ਕਰਤਾ ਇਕ ਅਖਵਾਈਆ । ਜੋ ਆਦਿ ਜੁਗਾਦੀ ਧੁਰ ਦਾ ਕਾਹਨ, ਰਮਈਆ ਹੋ ਕੇ ਰਾਮ ਰਾਮ ਵਿਚ ਸਮਾਈਆ । ਜਿਸ ਨੇ ਲੱਖ ਚੁਰਾਸੀ ਬਰਦੇ ਬਣਾਏ ਗ਼ੁਲਾਮ, ਗ਼ੁਰਬਤ ਅੰਦਰੋਂ ਬਾਹਰ ਕਢਾਈਆ । ਫੇਰ ਬਣ ਕੇ ਧੁਰ ਅਮਾਮ, ਚੋਲਾ ਆਪਣੇ ਤਨ ਸਜਾਈਆ । ਫੇਰ ਖੇਲ ਕਰੇ ਭਗਵਾਨ, ਭਗਵਾਨ ਦੇਵਣਹਾਰ ਵਡਿਆਈਆ । ਇਕ ਦੂਜੇ ਦੀ ਕਰੋ ਪਹਿਚਾਨ, ਬਿਨ ਅੱਖਾਂ ਅੱਖ ਖੁਲ੍ਹਾਈਆ । ਕਿਸ ਬਿਧ ਜਨ ਭਗਤਾਂ ਪ੍ਰਭ ਕਰੇ ਕਲਿਆਨ, ਕਾਇਨਾਤ ਦਾ ਪੰਧ ਮੁਕਾਈਆ । ਜੋ ਸਭ ਕੁਛ ਜਾਣੀ ਜਾਣ, ਦੇਵਣਹਾਰਾ ਵੇਖਣਹਾਰਾ ਧੁਰ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਅਠਾਰਾਂ ਹਾੜ ਕਹੇ ਜਨ ਭਗਤੋ ਤੁਹਾਡਾ ਆਉਣਾ ਜਾਣਾ ਲੇਖੇ ਜਾਏ ਲਗ, ਥਿਤ ਮੇਰੀ ਵਜੇ ਵਧਾਈਆ । ਸਾਚਾ ਮਾਣ ਮਿਲੇ ਜਗ, ਜਾਗਰਤ ਜੋਤ ਰੰਗ ਰੰਗਾਈਆ । ਕਲਜੁਗ ਕੂੜੀ ਕਿਰਿਆ ਬੁਝਾਉਣੀ ਅੱਗ, ਅਗਨੀ ਤਤ ਨਾ ਕੋਇ ਤਪਾਈਆ । ਅੰਮ੍ਰਿਤ ਰਸ ਪਿਆਲਾ ਭਰਨਾ ਮਦਿ, ਮੁਗਧ ਮੂਰਖਾਂ ਡੇਰਾ ਢਾਹੀਆ । ਤੁਹਾਡੇ ਨਾਲੋਂ ਕਦੇ ਨਾ ਹੋਵੇ ਅਲਗ, ਜੋੜਾ ਸਤਿਗੁਰ ਆਪ ਸੁਹਾਈਆ । ਤੁਸੀਂ ਉਸ ਵਾਂਗ ਬਗਲੇ ਬਪੜੇ ਰਹਿਣਾ ਨਹੀਂ ਬਗ, ਜਗਤ ਤ੍ਰਿਸ਼ਨਾ ਦਏ ਮਿਟਾਈਆ । ਤੁਹਾਡੀ ਆਸ਼ਾ ਮਨਸ਼ਾ ਪੂਰੀ ਕਰੇ ਸਭ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਿਸ ਧਾਰ ਨੂੰ ਸਾਰੇ ਕਹਿੰਦੇ ਨੂਰ ਅਲਾਹੀ ਰੱਬ, ਜਲਵਾਗਰ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਅਠਾਰਾਂ ਹਾੜ ਕਹੇ ਜਨ ਭਗਤੋ ਮੇਰੀ ਖ਼ੁਸ਼ੀ ਵਾਲੀ ਖ਼ੁਸ਼ਹਾਲੀ, ਖ਼ੁਸ਼ਖ਼ਬਰੀ ਦਿਆਂ ਜਣਾਈਆ । ਪਰਮ ਪੁਰਖ ਦੀ ਅਵੱਲੜੀ ਚਾਲੀ, ਚਾਲ ਨਿਰਾਲੀ ਆਪ ਰਖਾਈਆ । ਜਗਤ ਜਹਾਨ ਦਾ ਬਣ ਕੇ ਮਾਲੀ, ਲੱਖ ਚੁਰਾਸੀ ਬੂਟੇ ਵੇਖੇ ਥਾਉਂ ਥਾਈਂਆ । ਦੀਨ ਦੁਨੀ ਦੀ ਸ਼ਰਅ ਮੇਟੇ ਲੇਖਾ ਮੁਕੇ ਰੈਣ ਅੰਧੇਰੀ ਕਾਲੀ, ਕਲਾ ਆਪਣੀ ਇਕ ਵਰਤਾਈਆ । ਜਿਸ ਦੀ ਆਯੂ ਨਹੀਂ ਰਹਿ ਗਈ ਬਾਹਲੀ, ਬਹੁਤੀ ਵੰਡ ਨਾ ਕੋਇ ਵੰਡਾਈਆ । ਮੈਂ ਤੁਹਾਡੇ ਅਗੇ ਬਣਾਂ ਸਵਾਲੀ, ਖ਼ਾਲੀ ਝੋਲੀ ਦਿਆਂ ਵਖਾਈਆ । ਵੇਖਿਉ ਕਲਜੁਗ ਦੀ ਧਾਰ ਕੋਈ ਬਣਿਉ ਭਗਤ ਨਾ ਜਾਹਲੀ, ਕਿਰਿਆ ਕੂੜ ਨਾ ਰੰਗ ਰੰਗਾਈਆ । ਤੁਹਾਡਾ ਭਗਤ ਦੁਆਰਾ ਨਵਖੰਡ ਦੀ ਹੋਵੇ ਧਰਮਸਾਲੀ, ਧਰਮ ਦੁਆਰ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਅਠਾਰਾਂ ਹਾੜ ਕਹੇ ਜਨ ਭਗਤੋ ਤੁਹਾਨੂੰ ਖ਼ੁਸ਼ੀਆਂ ਨਾਲ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਈਆ । ਤੁਹਾਡਾ ਲੇਖੇ ਲਾਇਆ ਆਵਣ ਜਾਣ, ਸਿਰ ਸਿਰ ਹੱਥ ਉਠਾਈਆ । ਤੁਸਾਂ ਢੋਲਾ ਗਾਇਆ ਵਿਸ਼ਨੂੰ ਭਗਵਾਨ, ਜੈ ਜੈਕਾਰ ਦਿਤੀ ਸੁਣਾਈਆ । ਤੁਹਾਡਾ ਲੇਖਾ ਰਿਹਾ ਨਾ ਵਿਚ ਜਹਾਨ, ਜਾਗਰਤ ਜੋਤ ਡਗਮਗਾਈਆ । ਤੁਸੀਂ ਖ਼ੁਸ਼ੀਆਂ ਢੋਲੇ ਗਾਉਣਾ ਗਾਨ, ਗਾ ਗਾ ਸ਼ੁਕਰ ਮਨਾਈਆ । ਕਿਰਪਾ ਕਰੇ ਮੇਰਾ ਭਗਵਾਨ, ਮਿਹਰਵਾਨ ਦਇਆ ਕਮਾਈਆ । ਮੈਂ ਵੀ ਉਸੇ ਦੇ ਚਰਨ

ਰਖਾਂ ਧਿਆਨ, ਨਿਵ ਨਿਵ ਸੀਸ ਝੁਕਾਈਆ । ਸੋ ਸਤਿਗੁਰ ਸ਼ਬਦ ਹੋ ਬਲਵਾਨ, ਬਲਧਾਰੀ ਫੇਰਾ ਪਾਈਆ । ਜੋ ਲੇਖਾ ਜਾਣੇ ਗੋਪੀ ਕਾਹਨ, ਰਮਈਆ ਰਾਮ ਰਾਮ ਖੋਜ ਖੁਜਾਈਆ । ਜਿਸ ਦਾ ਰੂਪ ਅਲਾਹੀ ਅਮਾਮ, ਅਮਲਾਂ ਤੋਂ ਬਾਹਰ ਇਕ ਅਖਵਾਈਆ । ਸੋ ਤੁਹਾਡੇ ਦੁਖੜੇ ਮੇਟੇ ਤਮਾਮ, ਤਰਹ ਤਰਹ ਨਾਲ ਸਮਝਾਈਆ । ਜਗਤ ਸ਼ਰਅ ਦਾ ਰਹੇ ਨਾ ਕੋਇ ਗ਼ੁਲਾਮ, ਗੁਰਬਤ ਦਾ ਡੇਰਾ ਢਾਹੀਆ । ਆਪ ਬਣ ਕੇ ਧੁਰ ਅਮਾਮ, ਨੂਰ ਨੁਰਾਨਾ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਹਾਡੀ ਏਥੇ ਓਥੇ ਦੋ ਜਹਾਨਾਂ ਇਕੋ ਰਖੇ ਸ਼ਾਨ, ਸ਼ਾਨ ਸ਼ੌਕਤ ਨਾਲ ਸਚਖੰਡ ਦੁਆਰ ਜਾਣਾ ਚਾਈਂ ਚਾਈਆ ।

### ✪ ੩੧ ਹਾੜ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਸੁਭਾਗ ਵੰਤੀ ਦੇ ਨਵਿਤ ✪

ਹਾੜ ਕਹੇ ਮੇਰਾ ਦਿਵਸ ਦਿਹਾੜਾ ਇਕੱਤੀ, ਸੰਮਤ ਸ਼ਹਿਨਸ਼ਾਹੀ ਯਾਰਾਂ ਮਿਲ ਕੇ ਵਜੇ ਵਧਾਈਆ । ਮੇਰਾ ਮਾਲਕ ਖ਼ਾਲਕ ਪਤਿਪਰਮੇਸ਼ਵਰ ਕਮਲਾਪਤੀ, ਪਰਵਰਦਿਗਾਰ ਸਾਂਝਾ ਯਾਰ ਨੂਰ ਅਲਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸ਼ਬਦੀ ਧਾਰ ਦੇਵਣਹਾਰਾ ਮਤੀ, ਧੁਰ ਸੰਦੇਸ਼ਾ ਨਰ ਨਰੇਸ਼ਾ ਆਪ ਜਣਾਈਆ । ਜਿਸ ਦਾ ਨਾਮ ਨਿਧਾਨਾ ਦੋ ਜਹਾਨਾਂ ਭੇਵ ਪਾਏ ਕੋਈ ਨਾ ਰਤੀ, ਕੀਮਤ ਕਹਿਣ ਕਿਛ ਨਾ ਪਾਈਆ । ਸੋ ਸਾਹਿਬ ਸੁਆਮੀ ਅੰਤਰਜਾਮੀ ਘਟ ਨਿਵਾਸੀ ਕਲਜੁਗ ਅਗਨ ਬੁਝਾਏ ਤਤੀ, ਪਵਣ ਪਵਣਾਂ ਆਪਣੀ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਸਾਚਾ ਭੇਵ ਖੋਲ੍ਹੇ ਨਿਰੰਕਾਰ, ਹਰਿ ਕਰਤਾ ਧੁਰਦਰਗਾਹੀਆ । ਜੋ ਆਦਿ ਜੁਗਾਦੀ ਪਾਵੇ ਸਾਰ, ਬ੍ਰਹਮ ਬ੍ਰਹਿਮਾਦੀ ਵੇਖ ਵਖਾਈਆ । ਸ਼ਬਦ ਅਨਾਦੀ ਬੋਲ ਜੈਕਾਰ, ਦੋ ਜਹਾਨ ਕਰੇ ਸ਼ਨਵਾਈਆ । ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਡਗਮਗਾਈਆ । ਦੋ ਜਹਾਨਾਂ ਵੇਖਣਹਾਰ, ਬ੍ਰਹਿਮੰਡਾਂ ਖੰਡਾਂ ਧਿਆਨ ਲਗਾਈਆ । ਰਵ ਸਸ ਜਿਸ ਦੇ ਸੇਵਾਦਾਰ, ਧਰਨੀ ਧਰਤ ਧਵਲ ਧੌਲ ਨਿਵ ਨਿਵ ਲਾਗੇ ਪਾਈਆ । ਸੋ ਕਰਨੀ ਦਾ ਕਰਤਾ ਖੇਲ ਕਰੇ ਆਪ ਕਰਤਾਰ, ਕੁਦਰਤ ਕਾਦਰ ਨੂਰ ਅਲਾਹੀਆ । ਜਿਸ ਦੀ ਆਸ਼ਾ ਰਖ ਕੇ ਗਏ ਪੈਗ਼ੰਬਰ ਗੁਰ ਅਵਤਾਰ, ਅਵਤਰੀ ਹੋ ਕੇ ਵੇਖ ਵਖਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਮੇਟਣਹਾਰਾ ਧੂੰਆਂਧਾਰ, ਜੋਤੀ ਜਾਤਾ ਪੁਰਖ ਬਿਧਾਤਾ ਇਕੋ ਨੂਰ ਕਰੇ ਰੁਸ਼ਨਾਈਆ । ਮੈਂ ਉਸ ਦੇ ਚਰਨ ਕਵਲ ਉਪਰ ਧਵਲ ਜਾਣਾ ਬਲਿਹਾਰ, ਧੂੜੀ ਖ਼ਾਕ ਖ਼ਾਕ ਰਮਾਈਆ । ਜੋ ਵਸਣਹਾਰਾ ਸਚਖੰਡ ਦੁਆਰ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਹਾੜ ਕਹੇ ਮੈਂ ਜੁਗ ਜੁਗ ਗਿਆ ਲੰਘਦਾ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਕਲਜੁਗ ਅੰਤ ਇਕੋ ਮੰਗ ਮੰਗਦਾ, ਮਾਂਗਤ ਹੋ ਕੇ ਝੋਲੀ ਡਾਹੀਆ । ਪ੍ਰਭੂ ਤੇਰਾ ਖੇਲ ਤਕਾਂ ਸੂਰੇ ਸਰਬਗ ਦਾ, ਹਰਿ ਕਰਤੇ ਤੇਰੀ ਧਾਰ ਵੇਖ ਵਖਾਈਆ । ਪਿਆਰ ਬਖ਼ਸ਼ ਦੇ ਭਗਤਾਂ ਸੰਗ ਦਾ, ਦੂਸਰ ਓਟ ਨਾ ਕੋਇ ਤਕਾਈਆ । ਨਿਸ਼ਾਨ ਮੇਟ ਦੇ ਤਾਰਾ ਚੰਦ ਦਾ, ਸਦੀ ਚੌਧਵੀਂ ਵੇਖੇ ਨੈਣ ਉਠਾਈਆ । ਝਗੜਾ ਰਹੇ ਨਾ ਤਤ ਪੰਜ ਦਾ, ਪੰਚਮ ਮੀਤੇ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ

੭੧੯
੨੪

ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਹਾੜ ਕਹੇ ਸਦੀ ਚੌਧਵੀਂ ਫਿਰਦੀ ਨਠੀ, ਬਿਨ ਕ਼ਦਮਾਂ ਕ਼ਦਮ ਉਠਾਈਆ । ਪਰਵਰਦਿਗਾਰ ਸਾਂਝੇ ਯਾਰ ਤੇਰੇ ਕ਼ਦਮਾਂ ਢੱਠੀ, ਨੇਤਰ ਲੋਚਣ ਨੈਣ ਮਜ਼੍ਹਬ ਨਜ਼ਰ ਕਿਸੇ ਨਾ ਆਈਆ । ਮਾਲਕ ਖ਼ਾਲਕ ਉਲਟੀ ਗੇੜਨਹਾਰਾ ਲਠੀ, ਦੋ ਜਹਾਨ ਸ੍ਰੀ ਭਗਵਾਨ ਦਏ ਬਦਲਾਈਆ । ਝਗੜਾ ਤਕ ਲੈ ਮੰਦਰ ਮਠੀ, ਦੀਨ ਦੁਨੀ ਦੇ ਕਾਅਬੇ ਰਹੇ ਕੁਰਲਾਈਆ । ਨਿਗਾਹ ਮਾਰ ਲੈ ਅੱਠ ਸੱਠੀ, ਚਾਰੋਂ ਕੁੰਟ ਵੇਖ ਵਖਾਈਆ । ਕਲਜੁਗ ਕੂੜ ਕੁੜਿਆਰੇ ਅਗਨ ਤਪਾਈ ਭੱਠੀ, ਭਠਿਆਰਾ ਹੋ ਕੇ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੈਂ ਬਿਨ ਕ਼ਦਮਾਂ ਤੋਂ ਨਸਦੀ, ਚੌਦਾਂ ਤਬਕਾਂ ਪੰਧ ਮੁਕਾਈਆ । ਖ਼ੁਸ਼ੀਆਂ ਦੇ ਢੋਲੇ ਗਾਵਾਂ ਸਿਫ਼ਤਾਂ ਵਾਲੇ ਜਸ ਦੀ, ਬਿਨ ਰਸਨਾ ਰਸਨ ਸੁਣਾਈਆ । ਉਮਤ ਨਬੀ ਰਸੂਲਾਂ ਵੇਖ ਕੇ ਹਸਦੀ, ਖ਼ੁਸ਼ੀਆਂ ਢੋਲੇ ਗਾਈਆ । ਪਰਵਰਦਿਗਾਰ ਸਾਂਝੇ ਯਾਰ ਤੇਰੀ ਖੇਲ ਤਕਾਂ ਪਰਤਖ ਦੀ, ਪਾਰਬ੍ਰਹਮ ਪ੍ਰਭ ਪਰਦਾ ਦੇਣਾ ਖੁਲ੍ਹਾਈਆ । ਮੈਂ ਵਣਜਾਰਨ ਹੋਈ ਤੇਰੇ ਲੋਚਨ ਨੈਣ ਅੱਖ ਦੀ, ਆਖ਼ਰ ਮੇਲਾ ਲੈਣਾ ਮਿਲਾਈਆ । ਮੁਹੰਮਦ ਆਸ਼ਾ ਤਕ ਲੈ ਜੋ ਤੇਰਾ ਰਾਹ ਤਕਦੀ, ਜ਼ਿਮੀਂ ਅਸਮਾਨਾਂ ਵੇਖ ਵਖਾਈਆ । ਆਪਣੀ ਵਹਿਦਤ ਵੇਖ ਲੈ ਪੱਕ ਦੀ, ਕਲਮਾ ਕਲਮੇ ਨਾਲ ਬਦਲਾਈਆ । ਕੀ ਖੇਲ ਹੋਈ ਅੰਤਮ ਯਕ ਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਦਇਆ ਕਮਾਈਆ । ਸਦੀ ਚੌਧਵੀਂ ਕਹੇ ਮੇਰੇ ਮਾਲਕ

ਨੂਰ ਅਲਾਹ, ਅਲਿਫ਼ ਯੇ ਤੋਂ ਬਾਹਰ ਦੇਣਾ ਸਮਝਾਈਆ । ਤੂੰ ਮਾਲਕ ਖ਼ਾਲਕ ਬੇਪਰਵਾਹ, ਬੇਐਬ ਨੂਰ ਅਲਾਹੀਆ । ਮੇਰੀ ਕ਼ਬੂਲ ਕਰੀਂ ਦੁਆ, ਦੋਏ ਜੋੜ ਵਾਸਤਾ ਪਾਈਆ । ਸੰਗ ਮੁਹੰਮਦ ਚਾਰ ਯਾਰ ਮੇਰੇ ਗਵਾਹ, ਸ਼ਹਾਦਤ ਕਲਮੇ ਵਾਲੀ ਭੁਗਤਾਈਆ । ਨਿਗਾਹ ਮਾਰ ਮੇਰੇ ਮਹਿਬਾਂ, ਮਿਹਰਵਾਨ ਮਹਿਬੂਬ ਨੂਰ ਅਲਾਹੀਆ । ਤੇਰੇ ਕ਼ਦਮਾਂ ਬਲ ਬਲ ਜਾਂ, ਕੁਦਰਤ ਦੇ ਕ਼ਾਦਰ ਦੇਣੀ ਵਡਿਆਈਆ । ਮੈਂ ਉਚੀ ਕੂਕ ਕੇ ਕਹਾਂ ਬਾਂਹ, ਜ਼ਿਮੀਂ ਅਸਮਾਨਾਂ ਦਿਆਂ ਵਖਾਈਆ । ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਬੁੱਧੀ ਹੋਈ ਵਾਂਗ ਕਾਂ, ਹੰਸ ਰੂਪ ਨਜ਼ਰ ਕੋਇ ਨਾ ਆਈਆ । ਕਿਸੇ ਨੇ ਸੂਰ ਖਾਧਾ ਕਿਸੇ ਨੇ ਖਾਧੀ ਗਾਂ, ਪਸ਼ੂ ਮਾਨਸਾ ਖੱਲ ਲੁਹਾਈਆ । ਮੇਰੇ ਪਰਵਰਦਿਗਾਰ ਸਾਝੇ ਯਾਰ ਅੰਤ ਕਰੀਂ ਹਕ ਨਿਆਂ, ਅਦਲ ਇਨਸਾਫ਼ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਸਦੀ ਚੌਧਵੀਂ ਕਹੇ ਮੇਰਾ ਮੁਹੰਮਦ ਨਾਲ ਵਅਦਾ, ਲਾਸ਼ਰੀਕ ਦਿਆਂ ਜਣਾਈਆ । ਤੂੰ ਆਪਣਾ ਹੁਕਮ ਵਰਤ ਬਾਕਾਇਦਾ, ਕਾਇਦਾ ਆਪਣੇ ਹੱਥ ਰਖਾਈਆ । ਮੈਨੂੰ ਕਦੇ ਨਾ ਕਰੀਂ ਅਲਾਹਿਦਾ, ਵਖਰਾ ਜੁਜ਼ ਵੰਡ ਨਾ ਕੋਇ ਵੰਡਾਈਆ । ਅੰਤ ਅਖ਼ੀਰ ਬੇਨਜ਼ੀਰ ਮੈਨੂੰ ਕਲਮੇ ਧਾਰ ਦੇਣਾ ਫ਼ਾਇਦਾ, ਮੁਫ਼ਾਦ ਤੇਰੇ ਚਰਨ ਕਵਲ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਸਤਿ ਦੇ ਮਾਲਕ ਦਇਆ ਕਮਾਈਆ । ਸਦੀ ਚੌਧਵੀਂ ਕਹੇ ਮੇਰੇ ਮਾਲਕ ਵਜ਼ੀ ਜ਼ਮਾ ਜ਼ੋਕੂ ਜ਼ਵਿਦ ਨੁਖਸਤੇ ਗੁਮਾ ਜ਼ੂਕੇ ਜੁਮਮ ਜ਼ਨੀ ਜ਼ਵਾ ਜ਼ੋਸ਼ੇ ਅਰਜ਼ਾ ਖਫ਼ਨੀ ਯਦ ਜ਼ੂਕੁ ਜ਼ਮਦ ਸ਼ਾਹੇ ਸ਼ਵੀ ਅਰਸ਼ੇ ਨਵੀ ਨੂਰੇ ਅਲਾਹ ਮੇਰੇ ਬੇਪਰਵਾਹ ਤੇਰੀ ਬੇਪਰਵਾਹੀਆ । ਸਦੀ ਚੌਧਵੀਂ ਕਹੇ ਮੈਂ ਅੰਤ ਅਖੀਰ ਹੋਈ ਭਿਖਾਰਨ, ਭਿਖਿਆ ਧੁਰ ਦੇਣੀ ਵਰਤਾਈਆ । ਨਿਰਗੁਣ ਧਾਰ ਤੇਰੇ ਪਿਆਰ ਬਣੀ ਵਣਜਾਰਨ, ਦੂਸਰ ਹੱਟ ਕਦੇ ਨਾ ਜਾਈਆ । ਤੂੰ ਸ਼ਾਹੋ ਭੂਪ ਮੇਰੀ ਸਰਕਾਰਨ,

੭੨੧
੨੪

ਸ਼ਹਿਨਸ਼ਾਹ ਨੂਰ ਅਲਾਹੀਆ । ਮੈਂ ਕੂਕ ਕੂਕ ਲਗੀ ਪੁਕਾਰਨ, ਚੌਦਾਂ ਤਬਕ ਤਬਕ ਸੁਣਾਈਆ । ਮੁਹੰਮਦ ਅਵਾਜ਼ਾਂ ਲੱਗੀ ਮਾਰਨ, ਰਸੂਲ ਰਸਮ ਨਾਲ ਮਿਲਾਈਆ । ਚਾਰ ਜੁਗ ਲੱਗੀ ਪੁਕਾਰਨ, ਤੂੰ ਹੀ ਤੇਰਾ ਨਾਮ ਖ਼ੁਦਾਈਆ । ਕੁਰਾਨੇ ਮਜੀਦ ਦਏ ਉਦਾਹਰਨ, ਉਦੇ ਅਸਤ ਤੇਰੀ ਵਡਿਆਈਆ । ਮੇਰੇ ਮਾਲਕ ਖ਼ਾਲਕ ਕਿਸ ਬਿਧ ਨਵਾਂ ਘੜਨਾ ਘਾੜਨ, ਘੜਨ ਭੰਨਣਹਾਰ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਸਦੀ ਚੌਧਵੀਂ ਕਹੇ ਮੈਨੂੰ ਯਾਦ ਦਿਵਸ ਇਕੱਤੀ ਹਾੜ੍ਹ, ਹਾਏ ਉਫ਼ ਮੇਰੀ ਦੁਹਾਈਆ । ਜਿਸ ਦਿਨ ਮੁਹੰਮਦ ਸ਼ਰੀਅਤ ਲਾਇਆ ਅਖਾੜਾ, ਸ਼ਰਅ ਤੇਰਾ ਨਾਮ ਕਲਮਾ ਨਜ਼ਰੀ ਆਈਆ । ਕਾਅਬਿਆਂ ਬਾਹਰ ਫਿਰਿਆ ਵਿਚ ਉਜਾੜਾ, ਜੰਗਲ ਜੂਹ ਪਰਬਾਸ ਦੇਣ ਗਵਾਹੀਆ । ਲੂੰ ਲੂੰ ਰਿਹਾ ਪੁਕਾਰਾ, ਦਰੋਹੀ ਕੀਤੀ ਬਹੱਤਰ ਨਾੜਾਂ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਮੇਰੇ ਸ਼ਾਹੋ ਭੂਪ ਪਰਵਰਦਿਗਾਰਾ, ਨੂਰ ਨੁਰਾਨੇ ਨੂਰ ਅਲਾਹੀਆ । ਮੇਰੇ ਅਮਾਮ ਅਮਾਮੇ ਹੋਣਾ ਜ਼ਾਹਰਾ, ਜ਼ਾਹਰ ਜ਼ਹੂਰ ਕਰਨਾ ਰੁਸ਼ਨਾਈਆ । ਧੁਰ ਪੈਗ਼ਾਮ ਆਇਆ ਜ਼ਬਰਾਈਲ ਸੁਣਾਇਆ ਨਾਅਰਾ, ਹਕ ਹਕ ਦਿਤਾ ਦ੍ਰਿੜਾਈਆ । ਸਦੀ ਚੌਧਵੀਂ ਤੇਰਾ ਹੋਵੇ ਅੰਤ ਕਿਨਾਰਾ, ਪਾਂਧੀ ਤੇਰਾ ਪੰਧ ਮੁਕਾਈਆ । ਤੂੰ ਨਿਰਗੁਣ ਧਾਰ ਸੁਣ ਗੁਫ਼ਤਾਰਾ, ਗੁਫ਼ਤ ਸ਼ਨੀਦ ਦਏ ਸੁਣਾਈਆ । ਉਹ ਤਕ ਲੈ ਤੇਰਾ ਝਗੜਾ ਛਿੜਨ ਵਾਲਾ ਵਿਚ ਕਾਹਿਰਾ, ਕਹਿਰ ਵਰਤੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਭੇਵ ਆਪ ਚੁਕਾਈਆ । ਇਕੱਤੀ ਹਾੜ ਕਹੇ ਮੁਹੰਮਦ ਬਿਨਾ ਸਵਾਸ ਤੋਂ ਭਰੀ ਆਹ, ਹੱਥ ਪੇਸ਼ਾਨੀ ਉਤੇ ਟਿਕਾਈਆ । ਬਿਨ ਨੈਣਾਂ ਨੈਣ ਉਠਾ, ਬਿਨ ਅੱਖਾਂ ਅੱਖ ਖੁਲ੍ਹਾਈਆ । ਬਿਨ ਹੱਥਾਂ ਕਰ ਦੁਆ, ਬਿਨ ਸਜਦੇ ਸੀਸ ਝੁਕਾਈਆ । ਤੂੰ ਮਾਲਕ ਮੇਰਾ ਜਲਵਾਗਰ ਖ਼ੁਦਾ, ਨੂਰ ਨੁਰਾਨਾ ਨੂਰ ਅਲਾਹੀਆ । ਮੇਰਾ ਲਹਿਣਾ ਦੇਣਾ ਸਮਝਾ, ਧਰਨੀ ਧਰਤ ਧਵਲ ਦ੍ਰਿੜਾਈਆ । ਝਟ ਜਬਰਾਈਲ ਪੈਗ਼ਾਮ ਦਿਤਾ ਪਹੁੰਚਾ, ਸੰਦੇਸ਼ਾ ਸਹਿਜ ਸੁਭਾਈਆ । ਆਪਣੀ ਉਮਤ ਤਕ ਲੈ ਰਾਹ, ਨਬੀ ਰਸੂਲ ਵੇਖ ਵਖਾਈਆ । ਤੇਰਾ ਲਹਿਣਾ ਦੇਣਾ ਮੁਕਣਾ ਮੁਕਾਵੇ ਆਪ ਮਹਿਬਾਂ, ਮਹਿਬਾਨ ਬੀਦੋ ਆਪਣਾ ਹੁਕਮ ਵਰਤਾਈਆ । ਤੇਰੇ ਤੇਰੇ ਨਾਲੋਂ ਹੋਣ ਜੁਦਾ, ਸੰਗੀ ਸੰਗ ਨਾ ਕੋਇ ਨਿਭਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਤਕਣਾ ਨੂਰ ਅਲਾਹ, ਆਲਮੀਨ ਆਪ ਸਮਝਾਈਆ । ਜੋ ਦੋ ਜਹਾਨਾਂ ਹੋਵੇ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਤੇਰਾ ਲਹਿਣਾ ਦੇਣਾ ਦਏ ਮੁਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਅਮਾਮ ਅਮਾਮਾ ਵੇਸ ਵਟਾ, ਨੂਰ ਨੁਰਾਨਾ ਡਗਮਗਾਈਆ । ਨਾਲੇ ਬਿਨਾ ਕ਼ਲਮ ਤੋਂ ਲੇਖਾ ਦਿਤਾ ਲਿਖਾ, ਕਾਗ਼ਜ਼ ਸ਼ਾਹੀ ਰੰਗ ਨਾ ਕੋਇ ਰੰਗਾਈਆ । ਜਿਸ ਨੂੰ ਦੀਨ ਦੁਨੀ ਵਿਚ ਸਮਝੇ ਕੋਈ ਨਾ, ਆਲਮ ਫ਼ਾਜ਼ਲ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਰੰਗ ਆਪ ਰੰਗਾਈਆ । ਸਦੀ ਚੌਧਵੀਂ ਕਹੇ ਹੁਣ ਖੇਲ ਨਾ ਰਹਿਣੀ ਲੁਕ ਦੀ, ਲੁਕਮਾਨ ਮੈਨੂੰ ਰਿਹਾ ਦ੍ਰਿੜਾਈਆ । ਪ੍ਰਭੂ ਦੀ ਧਾਰ ਕਦੇ ਨਾ ਰੁਕਦੀ, ਨਾ ਕੋਈ ਮੇਟੇ ਮੇਟ ਮਿਟਾਈਆ । ਅੰਤ ਇਕੋ ਆਵਾਜ਼ ਹੋਣੀ ਇਕੋ ਨਾਮ ਕਲਮੇ ਵਾਲੀ ਤੁਕ ਦੀ, ਦੋ ਜਹਾਨ ਕਰੇ ਸਨਵਾਈਆ । ਮਾਣ ਵਡਿਆਈ ਨਹੀਂ ਕਿਸੇ ਜਨਣੀ ਕੁੱਖ ਦੀ, ਭਗਤ ਜਨਮੇ ਕੋਇ ਨਾ ਮਾਈਆ । ਸਦੀ ਚੌਧਵੀਂ ਮੇਰਾ ਅੰਤ ਅਖ਼ੀਰ ਖੇਲ ਵੇਖੀਂ ਨੰਗ ਭੁਖ ਦੀ, ਮੁਹੰਮਦ ਸ਼ਹਾਦਤ ਰਿਹਾ ਭੁਗਤਾਈਆ । ਮੁਹੱਬਤ ਰਹਿਣੀ ਨਹੀਂ ਮਾਂ ਪੁਤ ਦੀ, ਪਿਤਾ

ਪੂਤ ਨਾ ਗੋਦ ਟਿਕਾਈਆ । ਖੇਲ ਵੇਖਣੀ ਕਲਜੁਗ ਕੂੜ ਕੁੜਿਆਰੀ ਰੁਤ ਦੀ, ਚਾਰੋਂ ਕੁੰਟ ਧਿਆਨ ਲਗਾਈਆ । ਇਹ ਖੇਲ ਨਹੀਂ ਕੋਈ ਛੁਪ ਦੀ, ਛੱਪਰ ਛੰਨਾਂ ਸਾਰੇ ਵਜੇ ਵਧਾਈਆ । ਮੇਰੀ ਸਦੀ ਅਖ਼ੀਰੀ ਆਖ਼ਰ ਕਾਰ ਹੋਣੀ ਲੁੱਟ ਦੀ, ਧਰਮ ਦੀ ਧਾਰ ਧਾਰ ਨਾ ਕੋਇ ਜਣਾਈਆ । ਸਭ ਦੀ ਔਧ ਵੇਖੋ ਨਿਖੁਟਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਦੀ ਚੌਧਵੀਂ ਕਹੇ ਮੇਰਾ ਖੇਲ ਬੇਨਜ਼ੀਰੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੇਰੇ ਕੋਲ ਪੈਗ਼ੰਬਰਾਂ ਵਾਲੀ ਤਹਰੀਰੀ, ਜਿਸ ਦਾ ਅੱਖਰ ਸਕੇ ਨਾ ਕੋਇ ਬਦਲਾਈਆ । ਮੇਰੇ ਵਿਚ ਸ਼ਰਅ ਵਾਲੀ ਜ਼ੰਜੀਰੀ, ਜਿਸ ਦੀ ਕੜੀ ਸਕੇ ਨਾ ਕੋਇ ਖੁਲ੍ਹਾਈਆ । ਮੇਰੇ ਵਿਚ ਝਗੜਾ ਵੇਖਣਾ ਗ਼ਰੀਬ ਅਮੀਰੀ, ਅਮਰਾਪਦ ਦਾ ਮਾਲਕ ਵੇਖ ਵਖਾਈਆ । ਮੇਰੇ ਵਿਚ ਖੇਲ ਤਕਣ ਸ਼ਾਹ ਹਕੀਰੀ, ਸ਼ਹਿਨਸ਼ਾਹ ਆਪਣੀ ਕਾਰ ਭੁਗਤਾਈਆ । ਮੇਰੇ ਵਿਚ ਅੰਤ ਨੌ ਖੰਡ ਪ੍ਰਿਥਮੀ ਹੋਣੀ ਦਿਲਗੀਰੀ, ਸੱਤ ਦੀਪ ਸਾਂਤਕ ਸਤਿ ਨਾ ਕੋਇ ਕਰਾਈਆ । ਸਦੀ ਚੌਧਵੀਂ ਕਹੇ ਪੰਜਵੇਂ ਸਾਲ ਨੂੰ ਕੋਈ ਰਹਿਣੀ ਨਹੀਂ ਮੀਰੀ ਪੀਰੀ, ਪੀਰੇ ਗੌਸ ਕੁਤਬ ਬੈਠਣ ਸੀਸ ਨਿਵਾਈਆ । ਮੇਰੇ ਪਰਵਰਦਿਗਾਰ ਸਾਂਝੇ ਯਾਰ ਨਵੀਂ ਧਾਰ ਕਰਨੀ ਤਾਮੀਰੀ, ਜਿਸ ਦਾ ਭੇਵ ਕੋਇ ਨਾ ਪਾਈਆ । ਜਿਸ ਦੀਨ ਦੁਨੀ ਦੀ ਅੰਤਰ ਨਿਰੰਤਰ ਬਦਲ ਦੇਣੀ ਜ਼ਮੀਰੀ, ਜੁਗ ਜੁਗ ਵੇਖ ਵਖਾਈਆ । ਲੇਖਾ ਜਾਣੇ ਤਨ ਵਜੂਦ ਸ਼ਰੀਰੀ, ਸ਼ਰੀਅਤ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ ।

੭੨੨
੨੪

ਇਕੱਤੀ ਹਾੜ ਕਹੇ ਮੇਰੀ ਨਮੋਂ ਨਮੋਂ ਡੰਡਾਵਤ, ਬੰਦਨਾ ਵਿਚ ਸੀਸ ਨਿਵਾਈਆ । ਮੇਰੇ ਸਾਹਿਬ ਕਰਨੀ ਸਖ਼ਾਵਤ, ਵਸਤ ਨਾਮ ਵਰਤਾਈਆ । ਪ੍ਰੇਮ ਪਿਆਰ ਦੀ ਦੇਣੀ ਨਿਆਮਤ, ਦੂਸਰ ਵੰਡ ਨਾ ਕੋਇ ਵੰਡਾਈਆ । ਸਦੀ ਚੌਧਵੀਂ ਅੰਤ ਅਖ਼ੀਰ ਤੇਰੀ ਖ਼ੁਸ਼ੀਆਂ ਵਾਲੀ ਹੋਵੇ ਕ਼ਿਆਮਤ, ਕ਼ਿਆਮਗਾਹ ਰਹਿਣ ਕੋਇ ਨਾ ਪਾਈਆ । ਤੂੰ ਮਾਲਕ ਖ਼ਾਲਕ ਇਕੋ ਰਹੇਂ ਸਹੀ ਸਲਾਮਤ, ਦੂਜਾ ਨਜ਼ਰ ਕੋਇ ਨਾ ਆਈਆ । ਦੀਨ ਦੁਨੀ ਮਾਨਵ ਜ਼ਾਤੀ ਹੋਈ ਅਣਜਾਣਤ, ਪਰਮ ਪੁਰਖ ਪਰਮਾਤਮ ਤੇਰਾ ਭੇਵ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਇਕੱਤੀ ਹਾੜ ਕਹੇ ਮੈਂ ਸੰਦੇਸ਼ਾ ਦੇਵਾਂ ਆਪ, ਆਪ ਆਪਣਾ ਭੇਵ ਚੁਕਾਈਆ । ਪੁਰਖ ਅਕਾਲਾ ਸਭ ਦਾ ਮਾਈ ਬਾਪ, ਪੂਤ ਸਪੂਤੇ ਹਰਿਜਨ ਆਪਣੇ ਗੋਦ ਟਿਕਾਈਆ । ਤੂੰ ਮੇਰਾ ਮੈਂ ਤੇਰਾ ਜਿਸ ਦਾ ਜਾਪ, ਆਤਮ ਪਰਮਾਤਮ ਮਿਲ ਕੇ ਵਜੇ ਵਧਾਈਆ । ਸੋ ਮੇਟਣਹਾਰਾ ਤੀਨੋਂ ਤਾਪ, ਤ੍ਰੈਗੁਣ ਅਤੀਤਾ ਆਪ ਅਖਵਾਈਆ । ਜਿਸ ਦਾ ਅਵਤਾਰ ਪੈਗ਼ੰਬਰ ਗੁਰੂਆਂ ਸੰਦੇਸ਼ਾ ਦਿਤਾ ਪਾਤ, ਪਤ੍ਰਕਾ ਸ਼ਬਦ ਗੁਰੂ ਸ਼ਨਵਾਈਆ । ਜੋ ਕਲਜੁਗ ਅੰਤ ਮੇਟਣਹਾਰਾ ਅੰਧੇਰੀ ਰਾਤ, ਸਤਿਜੁਗ ਸਚ ਦੇ ਚਮਕਾਈਆ । ਝਗੜਾ ਰਹਿਣ ਨਾ ਦੇਵੇ ਜ਼ਾਤ ਪਾਤ, ਦੀਨ ਦੁਨੀ ਆਤਮ ਪਰਮਾਤਮ ਸਮਝਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਬਣੇ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਇਕੱਤੀ ਹਾੜ ਕਹੇ ਮੇਰੀ ਖ਼ੁਸ਼ੀਆਂ ਵਾਲੀ ਰਾਤ, ਭਿੰਨੜੀ ਰੈਣ ਮਿਲ ਕੇ ਵਜੇ ਵਧਾਈਆ । ਮੇਰਾ ਸਾਹਿਬ ਸੁਆਮੀ ਅੰਤਰਜਾਮੀ ਜਨ ਭਗਤਾਂ ਚਰਨ ਪ੍ਰੀਤੀ ਬਖ਼ਸ਼ੇ ਨਾਤ, ਮੇਲਾ ਮੇਲੇ ਸਹਿਜ ਸੁਭਾਈਆ । ਨਾਮ ਨਿਧਾਨ ਸ੍ਰੀ ਭਗਵਾਨ ਨੌਜਵਾਨ ਬਖ਼ਸ਼ੇ ਦਾਤ, ਦਾਤਾ ਹੋ ਕੇ ਆਪ ਵਰਤਾਈਆ । ਦਰਸ਼ਨ ਦੇਵੇ ਇਕ ਇਕਾਂਤ, ਇਕ ਇਕੱਲਾ ਏਕੰਕਾਰ ਨਜ਼ਰੀ ਆਈਆ । ਅੰਮ੍ਰਿਤ ਬਖ਼ਸ਼ੇ ਬੂੰਦ ਸਵਾਂਤ, ਅਗਨੀ ਤਤ ਤਤ ਬੁਝਾਈਆ । ਲਹਿਣਾ ਦੇਣਾ ਮੁਕਾਵੇ

੭੨੨
੨੪

ਲੋਕਮਾਤ, ਆਵਣ ਜਾਵਣ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਜਨ ਭਗਤਾਂ ਪੁਛਣਹਾਰਾ ਵਾਤ, ਵਾਤਾਵਰਨ ਵੇਖੇ ਖ਼ਲਕ ਖ਼ੁਦਾਈਆ ।

✪ ਪਹਿਲੀ ਸਾਵਣ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਨਾਰਦ ਕਹੇ ਮੈਂ ਵੇਖਣ ਆਇਆ ਪਰਵਿਸ਼ਟਾ ਪਹਿਲੀ ਸਾਵਣ, ਕੀ ਸਾਂਵਰੀਆ ਆਪਣਾ ਖੇਲ ਖਿਲਾਈਆ । ਮੈਨੂੰ ਯਾਦ ਆਉਂਦੀ ਕੀ ਸੰਦੇਸ਼ਾ ਦੇ ਕੇ ਗਿਆ ਬਲ ਦੁਆਰੇ ਬਾਵਨ, ਬਿਨ ਅੱਖਰਾਂ ਨਿਰਅੱਖਰ ਧਾਰ ਧਾਰ ਵਿਚੋਂ ਜਣਾਈਆ । ਕੀ ਇਸ਼ਾਰਾ ਦਿਤਾ ਸੀਤਾ ਸਤਿ ਧਰਮ ਦੀ ਰਾਮਨ, ਰਮਈਆ ਆਪਣਾ ਭੇਵ ਚੁਕਾਈਆ । ਕੀ ਖੇਲ ਜਣਾਇਆ ਕ੍ਰਿਸ਼ਨਾ ਕਾਹਨ, ਘਨਈਆ ਆਪਣਾ ਪੜਦਾ ਲਾਹੀਆ । ਕਿਸ ਬਿਧ ਪੈਗ਼ੰਬਰਾਂ ਪਕੜਿਆ ਦਾਮਨ, ਦਾਮਨਗੀਰ ਕੀ ਜਣਾਈਆ । ਕਿਸ ਧਾਰ ਵਿਚੋਂ ਗੁਰੂ ਗੁਰਦੇਵ ਸੁਣਾਇਆ ਨਾਮਨ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਚਾਰ ਜੁਗ ਦਾ ਖੇਲ ਤਕਿਆ ਜੋ ਵਖਾਇਆ ਸ੍ਰੀ ਭਗਵਾਨਨ, ਭਗਵਨ ਆਪਣਾ ਭੇਵ ਚੁਕਾਈਆ । ਮੇਰੇ ਅੰਤਰ ਨਿਰੰਤਰ ਨਿਰਾਕਾਰ ਨਿਰੰਕਾਰ ਦਿਤਾ ਚਾਨਨ, ਅੰਧ ਅੰਧੇਰ ਨਜ਼ਰ ਕੋਇ ਨਾ ਆਈਆ । ਬਿਨਾ ਸ਼ਬਦਾਂ ਤੋਂ ਸ਼ਬਦੀ ਧਾਰ ਦਿਤਾ ਗਿਆਨਨ, ਬਿਨਾ ਅੱਖਰਾਂ ਅੱਖਰ ਪੜ੍ਹਾਈਆ । ਬਿਨਾ ਹਰਫ਼ ਹਰੂਫ਼ ਦੱਸਿਆ ਕਲਮਾ ਕਲਾਮਨ, ਕਾਇਨਾਤ ਬਾਹਰ ਸਮਝਾਈਆ । ਨਾਰਦ ਨਿਗਾਹ ਮਾਰ ਲੈ ਕਲਜੁਗ ਅੰਤ ਅੰਧੇਰਾ ਸ਼ਾਮਨ, ਸ਼ਮਅ ਨੂਰ ਜੋਤ ਨਾ ਕੋਇ ਰੁਸ਼ਨਾਈਆ । ਕੀ ਖੇਲ ਕਰੇ ਪਤਿਤ ਪਾਵਨ, ਪਾਰਬ੍ਰਹਮ ਕੀ ਆਪਣਾ ਹੁਕਮ ਵਰਤਾਈਆ । ਭਾਗ ਲਗਾਵੇ ਖੇੜਾ ਕਵਣ ਗਰਾਮਨ, ਗ੍ਰਿਹ ਮੰਦਰ ਕਵਣ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਸੁਣ ਸਾਵਣ ਮਿਤਰਾ ਮੀਤ, ਪ੍ਰੇਮੀਆ ਪ੍ਰੇਮ ਵਿਚ ਜਣਾਈਆ । ਮੈਨੂੰ ਢੋਲਾ ਦੱਸਦੇ ਗੀਤ, ਗੋਬਿੰਦ ਧਾਰ ਧਾਰ ਸਮਝਾਈਆ । ਜਿਸ ਨਾਲ ਮੇਰਾ ਤਨ ਵਜੂਦ ਹੋਵੇ ਠਾਂਢਾ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਲੇਖਾ ਰਹੇ ਨਾ ਮੰਦਰ ਮਸੀਤ, ਕਾਅਬਿਆਂ ਪੰਧ ਦੇਣਾ ਮੁਕਾਈਆ । ਸਤਿ ਸਚ ਦੀ ਦੱਸ ਪ੍ਰੀਤ, ਪ੍ਰੀਤਮ ਮਿਲੇ ਚਾਈਂ ਚਾਈਆ । ਠਗੌਰੀ ਰਹੇ ਕੋਈ ਨਾ ਚੀਤ, ਚੇਤਨ ਸੁਰਤੀ ਦੇਣੀ ਕਰਾਈਆ । ਮੇਰਾ ਮੇਲਾ ਹੋਵੇ ਨਾਲ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਵਕ਼ਤ ਆਪ ਸੁਹਾਈਆ । ਨਾਰਦ ਕਹੇ ਸਾਵਣਾ ਮੇਰਾ ਪੂਰਬ ਤਕ ਲੈ ਅਰਸਾ, ਪ੍ਰਾਚੀਨ ਦਾ ਲੇਖਾ ਵੇਖ ਵਖਾਈਆ । ਜੋ ਇਸ਼ਾਰਾ ਦੇ ਗਿਆ ਗੋਬਿੰਦ ਉਤੇ ਸਰਸਾ, ਜਲਧਾਰਾ ਵਹਿਣਾਂ ਨਾਲ ਵਡਿਆਈਆ । ਜਿਸ ਵੇਲੇ ਸੰਮਤ ਸ਼ਹਿਨਸ਼ਾਹੀ ਇਕ ਇਕ ਦਾ ਆਵੇ ਬਰਸਾ, ਆਪ ਆਪਣਾ ਰੰਗ ਰੰਗਾਈਆ । ਜੋਤੀ ਜਾਤਾ ਪੁਰਖ ਬਿਧਾਤਾ ਨਿਰਾਕਾਰ ਨਿਰੰਕਾਰ ਦੇਵੇ ਦਰਸਾ, ਦੀਦ ਈਦ ਈਦ ਦੀਦ ਹੋਵੇ ਰੁਸ਼ਨਾਈਆ । ਸੂਰਬੀਰ ਮਰਦਾਨਾ ਹੋਵੇ ਮਰਦਾ, ਮਿਹਰਵਾਨ ਮਹਿਬੂਬ ਅਗੰਮ ਅਥਾਹੀਆ । ਜੋ ਭਗਤ ਸੁਹੇਲਾ ਗ਼ਰੀਬ ਨਿਮਾਣਿਆਂ ਵੰਡੇ ਦਰਦਾ, ਦੁਖ ਭੈ ਭੰਜਣ ਹੋ ਕੇ ਆਪਣੀ ਦਇਆ ਕਮਾਈਆ । ਕਲਜੁਗ ਕੂੜੀ ਕਿਰਿਆ ਸ਼ਰਅ ਕ਼ਤਲ ਕਰਦਾ, ਕ਼ਾਤਲ ਮਕ਼ਤੂਲ ਦਾ ਪੰਧ ਨਾ ਕੋਇ ਮੁਕਾਈਆ । ਉਸ ਦਾ


੭੨੩ ੨੪

ਦੋ ਜਹਾਨ ਇਕੋ ਨਾਮ ਨਿਧਾਨ ਦਾ ਹੋਵੇ ਪਰਚਾ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਸੁਣਾਈਆ । ਜਿਸ ਦੀ ਅਵਤਾਰ ਪੈਗ਼ੰਬਰਾਂ ਗੁਰੂਆਂ ਭਵਿਖਤਾਂ ਵਿਚ ਕੀਤੀ ਚਰਚਾ ਚਰਾਗਾਹਾਂ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਸਾਵਣਾ ਮੇਰੀ ਵੇਖ ਲੈ ਭਿੱਜ ਗਈ ਬੋਦੀ, ਬੁੱਧੀਵਾਨ ਸਮਝ ਕੋਇ ਨਾ ਪਾਈਆ । ਮੇਰਾ ਲੇਖਾ ਤਕ ਲੈ ਜੋ ਨਾਲ ਵੇਦੀ ਸੋਢੀ, ਸੋਹਣਿਆ ਤੈਨੂੰ ਦਿਆਂ ਦ੍ਰਿੜਾਈਆ । ਨਿਗਾਹ ਮਾਰ ਲੈ ਮੇਰਾ ਲਹਿਣਾ ਦੇਣਾ ਨਾਲ ਦੀਨ ਦੁਨੀ ਦੇ ਜੋਗੀ, ਜੁਗੀਸ਼ਰਾਂ ਭੇਵ ਚੁਕਾਈਆ । ਮੈਂ ਪ੍ਰੇਮੀਆਂ ਪਿਆਰਿਆਂ ਬਣਿਆ ਨਹੀਂ ਅੰਤ ਲੋਭੀ, ਲਾਲਚ ਵਿਚ ਨਾ ਕੋਇ ਰਖਾਈਆ । ਮੈਨੂੰ ਇਉਂ ਦਿਸਦਾ ਬਿਨਾ ਪੁਰਖ ਅਕਾਲ ਤੋਂ ਭਗਤਾਂ ਚਕਣਾ ਕਿਸੇ ਨਹੀਂ ਗੋਦੀ, ਗੋਦਾਵਰੀ ਦਾ ਕੰਢਾ ਗੋਬਿੰਦ ਨਾਲ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਸਾਵਣ ਜੀ ਨੌ ਸੌ ਚੁਰਾਨਮੇਂ ਚੌਕੜੀ ਜੁਗ ਦੀਆਂ ਵੇਖੇ ਧਾਰਾਂ, ਧਰਮ ਧਰਮ ਧਰਮ ਨਾਲ ਦ੍ਰਿੜਾਈਆ । ਨਿਤ ਨਵਿਤ ਦੀਆਂ ਵੇਖੇ ਬਹਾਰਾਂ, ਰੁਤੜੀ ਰੁਤੜੀ ਰੁਤ ਨਾਲ ਮਹਿਕਾਈਆ । ਕੀ ਖੇਲ ਕਰੇ ਕਰਨੀ ਦਾ ਕਰਤਾ ਵਿਚ ਸੰਸਾਰਾ, ਸਤਿਗੁਰ ਸ਼ਬਦ ਸ਼ਬਦ ਸ਼ਨਵਾਈਆ । ਕਵਣ ਰੂਪ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਡਗਮਗਾਈਆ । ਕਵਣ ਨਾਮ ਹੋਵੇ ਨਾਅਰਾ, ਨਰ ਨਰਾਇਣ ਕਰੇ ਸ਼ਨਵਾਈਆ । ਜਿਸ ਦਾ ਭੇਵ ਅਭੇਦਾ ਗਹਿਰਾ, ਗਹਿਰ ਗਵਰ ਆਪਣਾ ਪੜਦਾ ਦਏ ਉਠਾਈਆ । ਜਿਸ ਦਾ ਇਕੋ ਵਸਣਾ ਖੇੜਾ, ਦੋ ਜਹਾਨਾਂ ਸੋਭਾ ਪਾਈਆ । ਜੋ ਕਲਜੁਗ ਅੰਤ ਸ੍ਰੀ ਭਗਵੰਤ ਸਭ ਦਾ ਬੰਨ੍ਹਣਹਾਰਾ ਬੇੜਾ, ਨਈਆ ਨੌਕਾ ਇਕੋ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਾਵਣ ਕਹੇ ਸੁਣ ਨਾਰਦ ਮੀਤ, ਸੱਜਣਾ ਦਿਆਂ ਜਣਾਈਆ । ਮੇਰੇ ਪ੍ਰਭੂ ਦੀ ਸਭ ਤੋਂ ਵਖਰੀ ਰੀਤ, ਰੀਤੀਵਾਨ ਅਗੰਮ ਅਥਾਹੀਆ । ਜਿਸ ਨੇ ਮੈਨੂੰ ਕੀਤਾ ਠਾਂਢਾ ਸੀਤ, ਅਗਨੀ ਤਤ ਤਤ ਬੁਝਾਈਆ । ਧੁਰ ਦੀ ਬਖ਼ਸ਼ ਇਕ ਪ੍ਰੀਤ, ਪ੍ਰੀਤਮ ਮੇਲਾ ਮੇਲਿਆ ਚਾਈਂ ਚਾਈਂਆ । ਮੇਰੀ ਨਿਰਾਕਾਰ ਨੇ ਬਦਲੀ ਨੀਤ, ਨੀਤੀਵਾਨ ਦਿਤਾ ਸਮਝਾਈਆ । ਜਿਸ ਦਾ ਲੇਖਾ ਨਹੀਂ ਹਸਤ ਕੀਟ, ਕੀਟ ਕੀਟਾਂ ਰਿਹਾ ਸਮਾਈਆ । ਉਸੇ ਦੇ ਹੁਕਮ ਵਿਚ ਮੇਰਾ ਵਕਤ ਰਿਹਾ ਬੀਤ, ਬੀਤਿਆ ਹਾਲ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਸਾਵਣ ਕਹੇ ਨਾਰਦਾ ਮੈਂ ਆਦਿ ਜੁਗਾਦੀ ਠੰਢਾ, ਅਗਨੀ ਤਤ ਨਾ ਕੋਇ ਤਪਾਈਆ । ਮੇਰਾ ਭੇਵ ਪਾਏ ਕੋਈ ਨਾ ਪੰਡਾ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਮੇਰਾ ਲਹਿਣਾ ਦੇਣਾ ਲੇਖਾ ਜੁਗ ਚੌਕੜੀ ਵਿਚ ਬ੍ਰਹਿਮੰਡਾਂ, ਬ੍ਰਹਿਮਾਂਡ ਧਿਆਨ ਲਗਾਈਆ । ਮੈਂ ਸਚ ਦੱਸਾਂ ਮੇਰੇ ਦਿਵਸ ਗੋਬਿੰਦ ਪਹਿਲੀ ਵਾਰ ਮਿਆਨ ਚੋਂ ਖਿਚਿਆ ਖੰਡਾ, ਖੜਗ ਜਗਤ ਨੇਤਰਾਂ ਜਣਾਈਆ । ਨਾਲੇ ਖ਼ੁਸ਼ੀਆਂ ਵਿਚ ਤੂੰ ਮੇਰਾ ਮੈਂ ਤੇਰਾ ਗਾਇਆ ਛੰਦਾ, ਸੋਹੰ ਢੋਲਾ ਅਗੰਮ ਅਥਾਹੀਆ । ਮੇਰੇ ਪਿਆਰ ਵਿਚ ਪਹਿਲੇ ਦਿਨ ਮਾਧੋ ਬੈਰਾਗੀ ਪ੍ਰਭੂ ਦੀ ਯਾਦ ਵਿਚ ਲੱਗਾ ਬੰਦਾ, ਬੰਧਨ ਦੀਨ ਦੁਨੀ ਤੁੜਾਈਆ । ਸਾਵਣ ਕਹੇ ਨਾਰਦਾ ਮੇਰਾ ਲਹਿਣਾ ਦੇਣਾ ਲੇਖਾ ਨਾਲ ਪੁਰੀ ਅਨੰਦਾ, ਅਨੰਦ ਅਨੰਦ ਵਿਚੋਂ ਜਣਾਈਆ । ਮੈਂ ਸਚ ਦੱਸਾਂ ਮੇਰੇ ਦਿਵਸ ਰਵੀਦਾਸ ਦਾ ਕ਼ਬੂਲ ਹੋਇਆ ਕਸੀਰਾ ਵਿਚ ਗੰਗਾ, ਕ਼ੀਮਤ ਕੌਡੀਆਂ ਵਾਲੀ ਪਾਈਆ । ਮੇਰੇ ਦਿਵਸ ਸਤਿਗੁਰ ਨਾਨਕ

੭੨੪
੨੪

੭੨੫
੨੪

ਨਿਰਾਕਾਰ ਨਿਰੰਕਾਰ ਛੁਹਾਇਆ ਪੰਜਾ, ਪੰਜ ਆਬ ਦੀ ਧਾਰ ਨਾਲ ਵਡਿਆਈਆ । ਮੇਰੇ ਦਿਵਸ ਤੂੰ ਮੇਰਾ ਮੈਂ ਤੇਰਾ ਗੀਤ ਗਾਇਆ ਪਰੀ ਅਰੰਭਾ, ਚੌਦਾਂ ਰਤਨਾਂ ਵਿਚੋਂ ਮਿਲੀ ਮਾਣ ਵਡਿਆਈਆ । ਮੇਰੇ ਤਿਉਹਾਰ ਵਿਚ ਮੁਹੰਮਦ ਯਾਦ ਕੀਤਾ ਨੂਰ ਅਲਾਹ ਯਕ ਸ਼ੰਭਾ, ਸ਼ਬੇ ਰੋਜ਼ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ । ਸਾਵਣ ਕਹੇ ਨਾਰਦਾ ਮੈਂ ਆਦਿ ਜੁਗਾਦਿ ਪ੍ਰਭੂ ਪਿਆਰ ਵਿਚ ਤਰਸਦਾ, ਪ੍ਰੇਮੀਆ ਤੈਨੂੰ ਦਿਆਂ ਜਣਾਈਆ । ਮੈਂ ਵਣਜਾਰਾ ਜੁਗ ਚੌਕੜੀ ਇਕੋ ਬਰਸ ਦਾ, ਅਗੇ ਵੰਡ ਨਾ ਕੋਇ ਵੰਡਾਈਆ । ਮੇਰੇ ਸਾਹਿਬ ਸੁਆਮੀ ਮੇਰੇ ਅੰਮ੍ਰਿਤ ਅੰਤਰ ਬਰਸਦਾ, ਮੇਘ ਮੇਘਲਾ ਨਾਮ ਜਣਾਈਆ । ਮੇਰਾ ਲੇਖਾ ਮੁਕੇ ਜਗਤ ਜਹਾਨ ਹਰਸ ਦਾ, ਹਵਸ ਅਗੇ ਨਾ ਕੋਇ ਬਣਾਈਆ । ਮੇਰਾ ਇਕੋ ਇਸ਼ਾਰਾ ਜੁਗ ਚੌਕੜੀ ਕਲਜੁਗ ਅੰਤਮ ਵਾਲੀ ਗ਼ਰਜ਼ ਦਾ, ਭੇਵ ਅਭੇਦਾ ਦਿਆਂ ਖੁਲ੍ਹਾਈਆ । ਪ੍ਰਭੂ ਤੇਰਾ ਖੇਲ ਤਕਣਾ ਜੋਧੇ ਸੂਰਬੀਰ ਮਰਦਾਨੇ ਮਰਦ ਦਾ, ਬਲਧਾਰੀ ਤੇਰਾ ਧਿਆਨ ਲਗਾਈਆ । ਤੇਰਾ ਲੇਖਾ ਵੇਖਣਾ ਨਵ ਸੱਤ ਗ਼ਰੀਬ ਨਿਮਾਣਿਆਂ ਦਰਦ ਦਾ, ਦਰਦੀ ਹੋ ਕੇ ਦਰਦ ਵੰਡਾਈਆ । ਖੇਲ ਤਕਣਾ ਸ਼ਰਅ ਛੁਰੀ ਵਾਲੀ ਕਰਦ ਦਾ, ਕਰਨੀ ਦੇ ਕਰਤੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਚੁਕਾਈਆ । ਨਾਰਦ ਕਹੇ ਸਾਵਣਾ ਮੇਰੇ ਅੰਤਰ ਆਈ ਭਾਖ, ਭਾਖਿਆ ਦਿਆਂ ਜਣਾਈਆ । ਬੇਸ਼ਕ ਮੈਂ ਪੰਡਤ ਪੁਰਾਣਾ ਬੜਾ ਗੁਸਤਾਖ, ਗ਼ੁੱਸੇ ਅੰਦਰ ਆਪਣੀ ਲਵਾਂ ਅੰਗੜਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪ੍ਰਭ ਦੀ ਧਾਰ ਬਣਿਆ ਰਿਹਾ ਸ਼ਾਖ਼, ਨਿਤ ਨਵਿਤ ਆਪਣਾ ਫੇਰਾ ਪਾਈਆ । ਸਚ ਸੰਦੇਸ਼ਾ ਬਿਨ ਅੱਖਰਾਂ ਦੇਣਾ ਆਖ, ਸਹਿਜ ਨਾਲ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਮੇਰੇ ਨਾਲ ਵੇਖ ਲੈ ਰਾਸ, ਨਵ ਸੱਤ ਨੱਚੇ ਟੱਪੇ ਵਾਹੋ ਦਾਹੀਆ । ਧਰਮ ਰਿਹਾ ਨਾ ਕਿਸੇ ਪਾਸ, ਪਾਸਾ ਦੀਨ ਦੁਨੀ ਗਈ ਬਦਲਾਈਆ । ਪਵਿਤ੍ਰ ਰਿਹਾ ਨਾ ਪਵਣ ਸਵਾਸ, ਸਾਹ ਸਾਹ ਨਾ ਪ੍ਰਭੂ ਧਿਆਨ ਲਗਾਈਆ । ਬਿਨ ਹਰਿ ਨਾਮੇ ਖ਼ਾਲੀ ਦਿਸੇ ਲਾਸ਼, ਸਚ ਰੰਗ ਨਾ ਕੋਇ ਰੰਗਾਈਆ । ਮੇਰਾ ਅੰਤਸ਼ਕਰਨ ਹੋਇਆ ਉਦਾਸ, ਹੈਰਾਨੀ ਵਿਚ ਮੇਰੀ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਨਾਰਦ ਕਹੇ ਸਾਵਣਾ ਦੀਨ ਦੁਨੀ ਵੇਖ ਲੈ ਤਪਦੀ, ਅਗਨੀ ਤਤ ਨਾ ਕੋਇ ਬੁਝਾਈਆ । ਪ੍ਰਭੂ ਦਾ ਨਾਮ ਰਸਨਾ ਬੁੱਲਾਂ ਨਾਲ ਸ੍ਰਿਸ਼ਟੀ ਜਪਦੀ, ਹਿਰਦੇ ਹਰਿ ਨਾ ਕੋਇ ਵਸਾਈਆ । ਜਗਤ ਮਾਇਆ ਰੂਪ ਬਣੀ ਸੱਪ ਦੀ, ਮੋਹ ਵਿਕਾਰਾ ਡੰਗ ਚਲਾਈਆ । ਮੁਹੱਬਤ ਰਹੀ ਨਾ ਕਿਸੇ ਪਰਮੇਸ਼ਵਰ ਪਤਿ ਦੀ, ਪਾਰਬ੍ਰਹਮ ਪ੍ਰਭ ਮਿਲਣ ਕੋਇ ਨਾ ਪਾਈਆ । ਸ੍ਰਿਸ਼ਟੀ ਪਿਆਸੀ ਹੋ ਗਈ ਪਿਤਾ ਪੂਤ ਰਤ ਦੀ, ਪ੍ਰੇਮ ਰੰਗ ਨਾ ਕੋਇ ਰੰਗਾਈਆ । ਵਡਿਆਈ ਰਹੀ ਨਾ ਧੀਰਜ ਜਤ ਦੀ, ਸਾਧ ਸੰਤ ਸਤਿ ਵਿਚ ਨਾ ਕੋਇ ਸਮਾਈਆ । ਮੈਥੋਂ ਖ਼ਬਰ ਸੁਣ ਲੈ ਇਕ ਸਤਿਗੁਰ ਸ਼ਬਦ ਵਾਲੇ ਖ਼ਤ ਦੀ, ਜੋ ਬਿਨ ਅੱਖਰਾਂ ਰਿਹਾ ਦ੍ਰਿੜਾਈਆ । ਜਿਸ ਵੇਲੇ ਸਦੀ ਚੌਧਵੀਂ ਹੋਣੀ ਟਪਦੀ, ਟਾਪੂਆਂ ਵਿਚ ਪਏ ਦੁਹਾਈਆ । ਮੁਹੰਮਦ ਦੀ ਉਮਤ ਹੋਣੀ ਛਪਦੀ, ਚੰਦ ਸਿਤਾਰ ਦੇਣ ਗਵਾਹੀਆ । ਨਵ ਖੰਡ ਪ੍ਰਿਥਮੀ ਬੇੜੀ ਚੜ੍ਹਨੀ ਪਪ ਦੀ, ਸ਼ੌਹ ਦਰਿਆ ਪਾਰ ਨਾ ਕੋਇ ਕਰਾਈਆ । ਸਭ ਦੀ ਝੋਲੀ ਦਿਸਣੀ ਸਖ ਦੀ, ਸਚ ਵਸਤ ਨਾ ਕੋਇ ਟਿਕਾਈਆ । ਉਸ ਵੇਲੇ ਖੇਲ ਕਰਨੀ ਪ੍ਰਭੂ ਪਰਤਖ ਦੀ, ਪਾਰਬ੍ਰਹਮ ਪ੍ਰਭ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਾਵਣ ਕਹੇ ਨਾਰਦਾ ਮੈਂ ਖ਼ੁਸ਼ੀਆਂ ਦੇ ਵਿਚ ਚੜ੍ਹਿਆ, ਚੜ੍ਹਦਾ ਲਹਿੰਦਾ ਵੇਖ ਵਖਾਈਆ । ਮੈਂ ਸ਼ਬਦ ਦਾ ਨਿਰਅੱਖਰ ਧਾਰ ਅੱਖਰ ਪੜ੍ਹਿਆ, ਬਿਨ ਜਗਤ ਵਿਦਿਆ ਦਿਆਂ ਸਮਝਾਈਆ । ਜੋ ਲੇਖਾ ਜਾਣੇ ਚੋਟੀ ਜੜ੍ਹਿਆ, ਚੇਤਨ ਆਪਣਾ ਭੇਵ ਜਣਾਈਆ । ਜੋ ਸਤਿ ਸਰੂਪ ਸ਼ਾਹੋ ਭੂਪ ਨਿਰਗੁਣ ਧਾਰ ਦਿਸੇ ਖੜ੍ਹਿਆ, ਜੋਤੀ ਜਾਤਾ ਪੁਰਖ ਬਿਧਾਤਾ ਨਜ਼ਰੀ ਆਈਆ । ਜਿਸ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਪੱਲੂ ਆਪੇ ਫੜਿਆ, ਦੂਜਾ ਸੰਗ ਨਾ ਕੋਇ ਬਣਾਈਆ । ਸੋ ਸਾਹਿਬ ਸੁਆਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਕਲਜੁਗ ਅੰਤਮ ਤੋੜਨਹਾਰਾ ਹੰਕਾਰ ਗੜ੍ਹਿਆ, ਹਉਮੇ ਹੰਗਤਾ ਦੂਰ ਕਰਾਈਆ । ਮੈਂ ਉਸੇ ਦੀ ਸਰਨ ਸਰਨਾਈ ਪਰਿਆ, ਨਿਵ ਨਿਵ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਾਵਣ ਕਹੇ ਨਾਰਦਾ ਮੈਂ ਅੱਖਰ ਵੇਖਿਆ ਅਨਡਿਠ, ਜਗਤ ਪੱਟੀ ਨਜ਼ਰ ਕੋਇ ਨਾ ਆਈਆ । ਜਿਸ ਦੀ ਲੰਬਾਈ ਸਵਾ ਗਿਠ, ਜਗਤ ਬਾਲਿਸ਼ਤ ਵੰਡ ਨਾ ਕੋਇ ਵੰਡਾਈਆ । ਜਿਸ ਵਿਚ ਪੁਰਖ ਅਕਾਲਾ ਦੀਨ ਦਿਆਲਾ ਬਦਲ ਕੇ ਬੈਠਾ ਪਿਠ, ਕਰਵਟ ਆਪਣੀ ਆਪ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਅਪਣੀ ਪੂਰਬ ਹੱਥ ਵਿਚ ਲੈ ਕੇ ਚਿਟ, ਸਨਮੁਖ ਹੋ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਲਾਈਆ । ਸਾਵਣ ਕਹੇ ਨਾਰਦਾ ਮੇਰੀ ਵੇਖ ਲੈ ਬੂੰਦਾ ਬਾਂਦੀ, ਪ੍ਰਭੂ ਦਿਤੀ ਮਾਣ ਵਡਿਆਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਪਾਂਧੀ, ਬਿਨ ਕ਼ਦਮਾਂ ਚਲਾਂ ਚਾਈਂ ਚਾਈਂਆ । ਮੇਰੀ ਆਸ਼ਾ ਤੂੰ ਮੇਰਾ ਮੈਂ ਤੇਰਾ ਰਹੀ ਗਾਂਦੀ, ਸੋਹੰ ਢੋਲਾ ਅਗੰਮ ਅਥਾਹੀਆ । ਮੇਰੀ ਆਸ਼ਾ ਪ੍ਰਭ ਦੇ ਦਰ ਦੀ ਰਹੀ ਬਾਂਦੀ, ਬੰਦਨਾ ਵਿਚ ਸੀਸ ਨਿਵਾਈਆ । ਮੈਂ ਖੇਲ ਤਕਾਂ ਦੁਨੀਆ ਵਿਚ ਸੂਰ ਗਾਂ ਦੀ, ਗ਼ਰੀਬ ਨਿਮਾਣਿਆਂ ਧਿਆਨ ਲਗਾਈਆ । ਕਲਜੁਗ ਜੀਵਾਂ ਬੁੱਧੀ ਹੋਈ ਕਾਂ ਦੀ, ਹੰਸ ਰੂਪ ਨਜ਼ਰ ਕੋਇ ਨਾ ਆਈਆ । ਪਤ ਰਹੀ ਨਹੀਂ ਕਿਸੇ ਮਾਂ ਦੀ, ਪਿਤਾ ਪੂਤ ਨਾ ਗੋਦ ਸੁਹਾਈਆ । ਵਡਿਆਈ ਰਹੇ* ਨਾ ਕਿਸੇ ਬਾਂਹ ਦੀ, ਬਾਹੂ ਬਲ ਨਾ ਕੋਇ ਚਤੁਰਾਈਆ । ਸ਼ਹਿਨਸ਼ਾਹੀ ਨਜ਼ਰ ਨਾ ਆਏ ਕੋਈ ਨਿਆਂ ਦੀ, ਇਨਸਾਫ਼ ਹਕ ਨਾ ਕੋਇ ਕਮਾਈਆ । ਵਡਿਆਈ ਰਹੀ ਨਹੀਂ ਪ੍ਰਭੂ ਦੇ ਨਾਂ ਦੀ, ਨਰ ਨਿਰੰਕਾਰ ਮਿਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਈਆ । ਸਾਵਣ ਕਹੇ ਨਾਰਦਾ ਮੇਰਾ ਵਕਤ ਸੁਹੰਜਣਾ ਆਇਆ, ਪ੍ਰਭ ਸੋਹਣੀ ਦਏ ਵਡਿਆਈਆ । ਜਿਸ ਨਿਰਗੁਣ ਧਾਰ ਰੰਗ ਰੰਗਾਇਆ, ਅਨਡਿਠੜਾ ਆਪ ਚੜ੍ਹਾਈਆ । ਮੇਰਾ ਮੇਲਾ ਮੇਲਿਆ ਸਹਿਜ ਸੁਭਾਇਆ, ਸਤਿਗੁਰ ਸ਼ਬਦ ਨਾਲ ਜੁੜਾਈਆ । ਜਿਸ ਆਪਣਾ ਭੇਵ ਚੁਕਾਇਆ, ਪਰਦਾ ਚਾਰ ਕੁੰਟ ਉਠਾਈਆ । ਮੈਂ ਨਿਵ ਨਿਵ ਲਾਗਾਂ ਪਾਇਆ, ਕ਼ਦਮ ਬੋਸੀ ਵਿਚ ਸੀਸ ਨਿਵਾਈਆ । ਮੇਰਾ ਮਾਲਕ ਖ਼ਾਲਕ ਧੁਰਦਰਗਾਹਿਆ, ਨੂਰ ਨੁਰਾਨਾ ਨਜ਼ਰੀ ਆਈਆ । ਜਿਸ ਨੇ ਸੀਤਲ ਧਾਰ ਅੰਮ੍ਰਿਤ ਮੇਘ ਬਰਸਾਇਆ, ਮੇਰੀ ਅਗਨੀ ਤਤ ਬੁਝਾਈਆ । ਮੈਂ ਉਸੇ ਦਾ ਸ਼ੁਕਰ ਮਨਾਇਆ, ਮਨਸਾ ਉਸੇ ਚਰਨ ਟਿਕਾਈਆ । ਜੋ ਸ਼ਬਦ ਸੰਦੇਸ਼ਾ ਰਿਹਾ ਸੁਣਾਇਆ, ਅਣਸੁਣਤ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਲਾਈਆ । ਸਾਵਣ ਕਹੇ ਨਾਰਦਾ ਪ੍ਰਭ ਸੰਦੇਸ਼ਾ ਦੇਵੇ ਹਕ, ਹਕ਼ੀਕ਼ਤ ਵਿਚੋਂ ਜਣਾਈਆ । ਜਿਸ ਵਿਚ ਨਹੀਂ ਕੋਈ


੭੨੬
੨੪

ਸ਼ਕਵਾ ਸ਼ਕ, ਸ਼ਕੂਕ ਰਿਹਾ ਮਿਟਾਈਆ । ਉਠ ਕੇ ਬਿਨਾ ਨੈਣਾਂ ਤੋਂ ਤਕ, ਬਿਨ ਅੱਖੀਆਂ ਅੱਖ ਖੁਲ੍ਹਾਈਆ । ਕੀ ਖੇਲ ਕਰੇ ਪਰਮੇਸ਼ਵਰ ਪਤਿ, ਪਾਰਬ੍ਰਹਮ ਕੀ ਆਪਣੀ ਕਾਰ ਭੁਗਤਾਈਆ । ਜਿਸ ਦੀਨ ਦੁਨੀ ਦੀ ਵੇਖਣੀ ਮਨ ਮਤਿ, ਮਨ ਬੁੱਧੀ ਖੋਜ ਖੁਜਾਈਆ । ਕਿਸ ਬਿਧ ਨਵ ਸੱਤ ਉਬਲੇ ਰਤ, ਤਤਵ ਤਤ ਤਤ ਤਪਾਈਆ । ਉਹ ਜਾਨਣਹਾਰਾ ਮਿਤ ਗਤ, ਸਭ ਦਾ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਸਾਵਣਾ ਮੈਂ ਪ੍ਰਭ ਦੀ ਤਕੀ ਸ਼ਕਤ, ਜਗਤ ਸ਼ਖ਼ਸ਼ੀਅਤ ਸਮਝ ਕੁਛ ਨਾ ਆਈਆ । ਜਿਸ ਨੇ ਤੇਰਾ ਸੁਹੰਜਣਾ ਕੀਤਾ ਵਕ਼ਤ, ਘੜੀ ਪਲ ਆਪਣੇ ਰੰਗ ਰੰਗਾਈਆ । ਉਸ ਨੇ ਹਰਿਜਨ ਉਧਾਰਨੇ ਭਗਤ, ਭਗਵਨ ਹੋ ਕੇ ਦਇਆ ਕਮਾਈਆ । ਜਿਸ ਦਾ ਸੁਹੰਜਣਾ ਹੋਇਆ ਵਕ਼ਤ, ਸੋਹਣਾ ਰੰਗ ਰੰਗਾਈਆ । ਉਹ ਮਾਲਕ ਖ਼ਾਲਕ ਬਣ ਕੇ ਵਾਲੀ ਅਰਸ਼, ਅਰਸ਼ੀ ਪ੍ਰੀਤਮ ਹੋ ਕੇ ਵੇਖ ਵਖਾਈਆ । ਕਿਰਪਾ ਕਰੇ ਮਿਹਰਵਾਨ ਹੋ ਕੇ ਉਤੇ ਫ਼ਰਸ਼, ਫ਼ਰਸ਼ੇ ਖ਼ਾਕੀ ਰੰਗ ਰੰਗਾਈਆ । ਹਰਿਜਨ ਦੇ ਕੇ ਆਪਣਾ ਦਰਸ, ਨੂਰੀ ਚੰਦ ਦਏ ਚਮਕਾਈਆ । ਜਿਸ ਦਾ ਖ਼ੁਸ਼ੀਆਂ ਵਾਲਾ ਹੋਵੇ ਬਰਸ, ਦਿਵਸ ਰੈਣ ਆਪਣਾ ਰੰਗ ਵਖਾਈਆ । ਤੇਰੇ ਉਤੇ ਕਰੇ ਤਰਸ, ਰਹਿਮਤ ਸਚ ਸਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਾਵਣ ਕਹੇ ਨਾਰਦਾ ਮੇਰਾ ਪ੍ਰਭੂ ਧੁਰ ਦਾ ਮਾਈ ਬਾਪ, ਪਿਤਾ ਪੁਰਖ ਅਕਾਲ ਇਕ ਅਖਵਾਈਆ । ਉਸ ਅਗੇ
੭੨੭ ਬੇਨੰਤੀ ਕਰ ਤੂੰ ਆਪ, ਆਪ ਆਪਣਾ ਸੀਸ ਨਿਵਾਈਆ । ਸਾਹਿਬ ਸੁਆਮੀ ਅੰਤਰਜਾਮੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੱਸ ਦੇ ਇਕੋ ਜਾਪ, ਦੂਸਰ ੭੨੭
੨੪ ਅੱਖਰ ਨਾ ਕੋਇ ਵਡਿਆਈਆ । ਮਿਹਰਵਾਨਾ ਸ੍ਰੀ ਭਗਵਾਨਾ ਤ੍ਰੈਗੁਣ ਮਾਇਆ ਮੇਟ ਦੇ ਤਾਪ, ਅਗਨੀ ਤਤ ਤਤ ਬੁਝਾਈਆ । ਤੂੰ ਮੇਰਾ ਮੈਂ ਤੇਰਾ ੨੪
ਆਤਮ ਪਰਮਾਤਮ ਤੇਰਾ ਹੋਵੇ ਜਾਪ, ਪਾਰਬ੍ਰਹਮ ਬ੍ਰਹਮ ਮੇਲਾ ਮੇਲਣਾ ਚਾਈਂ ਚਾਈਂਆ । ਝਗੜਾ ਰਹੇ ਨਾ ਜ਼ਾਤ ਪਾਤ, ਦੀਨ ਦੁਨੀ ਮਜ਼੍ਹਬੀ ਵੰਡ ਨਾ ਕੋਇ ਵੰਡਾਈਆ । ਮੇਰੀ ਲੇਖੇ ਲਾ ਲੈ ਅੱਜ ਦੀ ਰਾਤ, ਰੁਤੜੀ ਆਪਣੇ ਨਾਲ ਮਹਿਕਾਈਆ । ਲੇਖਾ ਲਿਖ ਦੇ ਧੁਰ ਦੇ ਸ਼ਬਦ ਨਾਲ ਸ਼ਾਹੀ ਕ਼ਲਮ ਦੁਆਤ, ਕਾਇਨਾਤ ਦੇ ਮਾਲਕ ਆਪਣਾ ਹੁਕਮ ਵਰਤਾਈਆ । ਤੇਰਾ ਭਗਤ ਤੇਰਾ ਪ੍ਰੇਮ ਹੋਵੇ ਨਾਤ, ਰਿਸ਼ਤਾ ਅਵਰ ਨਾ ਕੋਇ ਰਖਾਈਆ । ਅੰਮ੍ਰਿਤ ਬੂੰਦ ਬਿਨ ਰਸਨਾ ਦੇ ਦੇ ਸਵਾਂਤ, ਨਿਝਰ ਝਿਰਨਿਉਂ ਆਪ ਝਿਰਾਈਆ । ਸਚ ਸੁਆਮੀ ਹਰਿਜਨ ਕਰ ਦੇ ਆਪ ਇਕਾਂਤ, ਇਕ ਇਕੱਲੇ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਗ੍ਰਿਹਿ ਇਕ ਸੁਹਾਈਆ । ਸਾਵਣ ਕਹੇ ਨਾਰਦਾ ਪ੍ਰਭੂ ਬੇਨੰਤੀ ਕਰੇ ਮਨਜ਼ੂਰ, ਮਨਸਾ ਆਪਣੇ ਨਾਲ ਰਖਾਈਆ । ਜੋ ਆਦਿ ਜੁਗਾਦੀ ਹਾਜ਼ਰ ਹਜ਼ੂਰ, ਹਜ਼ਰਤਾਂ ਦਾ ਮਾਲਕ ਇਕ ਅਖਵਾਈਆ । ਜਿਸ ਦਾ ਜੋਤ ਅਗੰਮੀ ਨੂਰ, ਨੂਰ ਨੁਰਾਨਾ ਡਗਮਗਾਈਆ । ਨਿਰਗੁਣ ਸਰਗੁਣ ਖੇਲ ਖੇਲਣਾ ਜਿਸ ਦਾ ਦਸਤੂਰ, ਦੋ ਜਹਾਨਾਂ ਆਪਣਾ ਹੁਕਮ ਵਰਤਾਈਆ । ਉਸ ਲਹਿਣਾ ਦੇਣਾ ਪੂਰਾ ਕਰਨਾ ਜੋ ਮੂਸਾ ਆਸਾ ਰਖ ਕੇ ਗਿਆ ਉਤੇ ਕੋਹਤੂਰ, ਤੁਰੀਆ ਦੀ ਧਾਰ ਵੇਖ ਵਖਾਈਆ । ਜੋ ਖ਼ਾਹਿਸ਼ ਰਖੀ ਅੰਤ ਸੂਲੀ ਚੜ੍ਹਨ ਲਗੇ ਮਨਸੂਰ, ਮਨਸਾ ਪ੍ਰਭ ਦੇ ਚਰਨ ਟਿਕਾਈਆ । ਜੋ ਈਸਾ ਪੈਗ਼ਾਮ ਦਿਤਾ ਮੇਰਾ ਬਾਪ ਆਵੇ ਜ਼ਰੂਰ, ਜ਼ਰੂਰਤ ਸਭ ਦੀ ਵੇਖ ਵਖਾਈਆ । ਮੁਹੰਮਦ ਜ਼ਮੀਉਲ ਜ਼ੁਵਾ ਜਵਲੇ ਅਜ਼ ਕਹਿ ਕੇ ਕੀਤਾ ਮਸ਼ਹੂਰ, ਮਸ਼ਵਰਾ ਕਲਮਾ ਨਾਮ ਜਣਾਈਆ । ਨਾਨਕ ਗੋਬਿੰਦ

ਧਾਰ ਖੇਲ ਤਕ ਕੇ ਚਰਨ ਹਜ਼ੂਰ, ਚਰਨੋਦਕ ਬਿਨ ਰਸਨਾ ਮੁਖ ਚੁਆਈਆ । ਸੋ ਮਸਤੀ ਦੇਵਣਹਾਰਾ ਨਾਮ ਸਰੂਰ, ਸੁਰਤੀ ਸ਼ਬਦ ਵਿਚ ਮਿਲਾਈਆ । ਜਨ ਭਗਤਾਂ ਆਸ਼ਾ ਮਨਸਾ ਕਰੇ ਪੂਰ, ਪੂਰਨ ਬ੍ਰਹਮ ਦਏ ਸਮਝਾਈਆ । ਅੰਦਰੋਂ ਗੜ੍ਹ ਤੋੜੇ ਗ਼ਰੂਰ, ਗ਼ੁਰਬਤ ਕੂੜ ਬਾਹਰ ਕਢਾਈਆ । ਪੰਧ ਮੁਕਾ ਕੇ ਨੇੜਾ ਦੂਰ, ਘਰ ਘਰ ਵਿਚ ਕਰੇ ਰੁਸ਼ਨਾਈਆ । ਮਨੂਆ ਮਨ ਨਾ ਪਾਏ ਫ਼ਤੂਰ, ਜਿਸ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਸਾਵਣ ਕਹੇ ਨਾਰਦਾ ਪੁਰਖ ਅਕਾਲ ਦਇਆ ਕਮਾਵੇਗਾ । ਭਗਤ ਸੁਹੇਲੇ ਵੇਖ ਵਖਾਵੇਗਾ । ਗੁਰ ਚੇਲੇ ਮੇਲ ਮਿਲਾਵੇਗਾ । ਸੱਜਣ ਸੁਹੇਲੇ ਰੰਗ ਰੰਗਾਵੇਗਾ । ਅਚਰਜ ਖੇਲ ਅਗੰਮਾ ਖੇਲੇ, ਸਤਿਜੁਗ ਸਤਿ ਸਤਿ ਪਰਗਟਾਵੇਗਾ । ਜੋ ਵਸਣਹਾਰਾ ਧਾਮ ਨਵੇਲੇ, ਸੋ ਧਰਨੀ ਧਰਤ ਧਵਲ ਧੌਲ ਡੇਰਾ ਲਾਵੇਗਾ । ਜਿਸ ਦਾ ਲਹਿਣਾ ਲੇਖਾ ਸਮੁੰਦ ਸਾਗਰ ਟਿਲੇ ਪਰਬਤ ਜੰਗਲ ਬੇਲੇ, ਜੂਹਾਂ ਜਗਤ ਜਹਾਨ ਫੋਲ ਫੁਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਚਾ ਸੰਗ ਨਿਭਾਵੇਗਾ । ਹਰਿ ਸਾਚਾ ਸੰਗ ਨਿਭਾਏਗਾ । ਦੀਨ ਦਿਆਲ ਦਇਆ ਕਮਾਏਗਾ । ਭਗਤ ਸੁਹੇਲੇ ਵੇਖ ਵਖਾਏਗਾ । ਜਨਮ ਜਨਮ ਦੇ ਲੇਖ ਬਦਲਾਏਗਾ । ਮਸਤਕ ਲਾ ਕੇ ਆਪਣੀ ਮੇਖ, ਨੂਰੀ ਚੰਦ ਚੰਦ ਰੁਸ਼ਨਾਏਗਾ । ਜਿਸ ਝਗੜਾ ਮੇਟਣਾ ਮੁੱਲਾ ਸ਼ੇਖ਼, ਮੁਸਾਇਕਾਂ ਆਪਣਾ ਹੁਕਮ ਵਰਤਾਵੇਗਾ । ਸੋ ਵਸ ਕੇ ਸੰਬਲ ਦੇਸ, ਸਾਢੇ ਤਿੰਨ ਹੱਥ ਸੋਭਾ ਪਾਏਗਾ । ਕਲਜੁਗ ਅੰਤ ਬਣ ਕੇ
੭੨੮ ਨਰ ਨਰੇਸ਼, ਨਰ ਨਰਾਇਣ ਹੁਕਮ ਵਰਤਾਏਗਾ । ਜਿਸ ਲਹਿਣਾ ਦੇਣਾ ਪੂਰਾ ਕਰਨਾ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਗਣਪਤ ਆਪਣੀ ਗੰਢ ਬੰਧਾਏਗਾ । ੭੨੮
੨੪ ਅਵਤਾਰ ਪੈਗੰਬਰ ਗੁਰ ਜਿਸ ਦਰ ਤੇ ਹੋਣੇ ਪੇਸ਼, ਪੇਸ਼ੀਨਗੋਈਆਂ ਸਭ ਦੀਆਂ ਵੇਖ ਵਖਾਏਗਾ । ਜਿਸ ਕਲਜੁਗ ਅੰਤ ਮੇਟਣਾ ਕੂੜ ਕਲੇਸ਼, ਕਲਾਧਾਰੀ ੨੪
ਆਪ ਹੋ ਜਾਏਗਾ । ਜੋ ਇਸ਼ਾਰਾਂ ਦੇ ਕੇ ਗਿਆ ਦਸ ਦਸਮੇਸ਼, ਦਹਿ ਦਿਸ਼ਾ ਫੋਲ ਫੁਲਾਏਗਾ । ਜਿਸ ਦਾ ਲਹਿਣਾ ਦੇਣਾ ਆਦਿ ਜੁਗਾਦਿ ਜੁਗ ਚੌਕੜੀ ਹਮੇਸ਼, ਹਮ ਸਾਜਣ ਇਕ ਅਖਵਾਏਗਾ । ਜਿਸ ਦੀ ਸਿਫ਼ਤ ਵਡਿਆਈ ਕਰਦਾ ਸਹੰਸਰ ਮੁਖ ਸ਼ੇਸ਼, ਦੋ ਸਹੰਸਰ ਜਿਹਵਾ ਸੰਗ ਰਖਾਏਗਾ । ਉਸ ਦਾ ਅਵੱਲਾ ਸਭ ਤੋਂ ਤਕ ਲੈ ਭੇਸ, ਭੇਖਾਧਾਰੀ ਇਕ ਅਖਵਾਏਗਾ । ਜਿਸ ਦੀਨ ਦੁਨੀ ਤਕਣੀ ਮਲੇਛ, ਨਵ ਸੱਤ ਫੋਲ ਫੁਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਏਗਾ । ਮੇਰੀ ਸੁਹੰਜਣੀ ਤਕ ਲੈ ਰੁਤ, ਰੁਤੜੀ ਪ੍ਰਭ ਦਿਤੀ ਮਹਿਕਾਈਆ । ਮੈਂ ਬੇਨੰਤੀ ਕਰਾਂ ਅਬਿਨਾਸ਼ੀ ਅਚੁਤ, ਪਾਰਬ੍ਰਹਮ ਦਰ ਤੇਰੇ ਸੀਸ ਨਿਵਾਈਆ । ਕਿਰਪਾ ਨਿਧਾਨ ਸ੍ਰੀ ਭਗਵਾਨ ਭਗਤ ਸੁਹੇਲੇ ਬਣਾ ਲੈ ਆਪਣੇ ਸੁਤ, ਅਪਰਾਧੀ ਰਹਿਣ ਕੋਇ ਨਾ ਪਾਈਆ । ਆਤਮ ਧਾਰ ਤੇਰੇ ਦੁਲਾਰੇ ਪੁਤ, ਪਿਤਾ ਪੂਤ ਲੈ ਗਲ ਲਾਈਆ । ਕੂੜੀ ਕਿਰਿਆ ਇਨ੍ਹਾਂ ਦੇ ਅੰਦਰੋਂ ਜੜ੍ਹ ਪੁੱਟ, ਪਟਨੇ ਵਾਲਿਆ ਆਪਣਾ ਖੇਲ ਖਲਾਈਆ । ਆਤਮ ਧਾਰ ਪਰਮਾਤਮ ਤੇਰੇ ਨਾਲੋਂ ਜਾਏ ਨਾ ਟੁੱਟ, ਟੁੱਟਿਆਂ ਆਪਣੀ ਗੰਢ ਪੁਆਈਆ । ਲੱਖ ਚੁਰਾਸੀ ਆਵਣ ਜਾਣ ਵਿਚੋਂ ਜਾਣ ਛੁਟ, ਜਮ ਕੀ ਫਾਸੀ ਦੇਣੀ ਕਟਾਈਆ । ਰਾਏ ਧਰਮ ਲਏ ਨਾ ਪੁਛ, ਚਿਤਰ ਗੁਪਤ ਦਾ ਲੇਖ ਮੁਕਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਸਭ ਕੁਛ ਤੇਰੇ ਕੋਲ ਆਪਣਾ ਨਾਮ ਦੇ ਦੇ ਕੁਛ, ਕਛ ਮਛ ਦੀ ਧਾਰ ਦੇਵੇ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਸਾਵਣ ਕਹੇ

ਪ੍ਰਭੂ ਮੇਰੀ ਬੇਨੰਤੀ ਵਾਲੀ ਅਗੰਮੀ ਬੋਲੀ, ਬਿਨ ਰਸਨਾ ਜਿਹਵਾ ਦਿਆਂ ਸੁਣਾਈਆ । ਮੇਰੀ ਆਸ਼ਾ ਤੇਰੇ ਦਰ ਦੀ ਗੋਲੀ, ਸੇਵਕ ਚਾਕਰ ਹੋ ਕੇ ਸੇਵ ਕਮਾਈਆ । ਤੂੰ ਪਰਮ ਪੁਰਖ ਪਰਮਾਤਮ ਸਚ ਕੰਡੇ ਤਰਾਜ਼ੂ ਤੋਲੀਂ, ਅਤੋਲ ਅਤੁਲ ਤੇਰੇ ਹੱਥ ਵਡਿਆਈਆ । ਅੰਮ੍ਰਿਤ ਧਾਰ ਅੰਮਿਉਂ ਰਸ ਆਪਣਾ ਭੰਡਾਰਾ ਖੋਲ੍ਹੀਂ, ਖ਼ਾਲਕ ਖ਼ਲਕ ਦੇਣਾ ਵਰਤਾਈਆ । ਨਿਝਰ ਝਿਰਨਾ ਬੂੰਦ ਸਵਾਂਤੀ ਬਖ਼ਸ਼ਣਾ ਨਾਭੀ ਕਵਲੀ, ਨਾਭ ਕਵਲ ਕਵਲ ਖੁਲ੍ਹਾਈਆ । ਨੌਂ ਦੁਵਾਰਿਆਂ ਤੋਂ ਬਾਹਰ ਆਪਣੀ ਧਾਰ ਵਿਚ ਮੌਲੀਂ, ਮੌਲਾ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਾਵਣ ਕਹੇ ਮੇਰੇ ਪ੍ਰਭੂ ਜਨ ਭਗਤਾਂ ਪਕੜ ਲੈ ਦਾਮਨ, ਦਾਮਨਗੀਰ ਆਪ ਅਖਵਾਈਆ । ਦਰਸ਼ਨ ਦੇ ਦੇ ਆਹਮਨ ਸਾਹਮਨ, ਆਤਮ ਪਰਮਾਤਮ ਮਿਲਕੇ ਵਜੀ ਵਧਾਈਆ । ਸੁਰਤੀ ਸ਼ਬਦੀ ਤੇਰਾ ਨਾਦ ਹੋਵੇ ਧੁਨ ਕਾਨਨ, ਅਨਹਦ ਨਾਦੀ ਨਾਦ ਜਣਾਈਆ । ਤ੍ਰਿਸ਼ਨਾ ਰਹੇ ਨਾ ਕਾਮਨੀ ਕਾਮਨ, ਪੰਚ ਵਿਕਾਰ ਨਾ ਰੰਗ ਰੰਗਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਸ਼ਾਮਨ, ਸ਼ਮਅ ਨੂਰ ਜੋਤ ਕਰ ਰੁਸ਼ਨਾਈਆ । ਤੂੰ ਸਾਹਿਬ ਸੁਆਮੀ ਮੇਰਾ ਗੌੜ ਬ੍ਰਾਹਮਣ, ਬ੍ਰਹਮ ਵਿਦਿਆ ਤੇਰੀ ਹੋਵੇ ਪੜ੍ਹਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਪਤਿਤ ਪਾਵਨ, ਪਤਿਤ ਪੁਨੀਤ ਹਰਿਜਨ ਦੇਣੇ ਕਰਾਈਆ । ਮੈਂ ਬੇਨੰਤੀ ਕਰਦਾ ਪਹਿਲਾ ਪਰਵਿਸ਼ਟਾ ਸਾਵਣ, ਨਿਵ ਨਿਵ ਸੀਸ ਨਿਭਾਈਆ । ਉਹ ਆਸਾ ਪੂਰੀ ਕਰ ਦੇ ਜੋ ਰਖ ਕੇ ਗਿਆ ਬਾਵਨ, ਸ਼ੁਕਰ ਪ੍ਰੋਹਤ ਪੰਡਤ ਨਾਲ ਮਿਲਾਈਆ । ਜਨ ਭਗਤਾਂ ਨਾਮ ਸੰਦੇਸ਼ਾ ਸੁਣਾ ਦੇ ਬਿਨਾ ਕਾਨਨ,
੭੨੯ ਬਿਨ ਰਸਨਾ ਜਿਹਵਾ ਢੋਲੇ ਗਾਈਆ । ਅੰਤਰ ਨਿਰੰਤਰ ਤੇਰਾ ਸੁਖ ਮਾਨਣ, ਮਨਸਾ ਮਨ ਨਾ ਕੋਇ ਹਲਕਾਈਆ । ਦਰ ਦੁਆਰੇ ਏਕੰਕਾਰੇ ਤੇਰਾ ੭੨੯
੨੪ ਜਾਨਣ, ਜਾਨਣਹਾਰ ਦੇਣੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ੨੪
ਪੂਰ ਕਰਾਈਆ । ਸਾਵਣ ਕਹੇ ਪ੍ਰਭੂ ਜਨ ਭਗਤਾਂ ਚੋਲੇ ਰੰਗ ਦੇ, ਨਾਮ ਮਜੀਠੀ ਰੰਗ ਚੜ੍ਹਾਈਆ । ਜੋ ਤੇਰੇ ਦਰ ਦੇ ਮੰਗਤੇ, ਮਾਂਗਤ ਹੋ ਕੇ ਝੋਲੀ ਡਾਹੀਆ । ਪਿਆਰੇ ਬਣਾ ਲੈ ਆਪਣੇ ਅੰਗ ਦੇ, ਅੰਗੀਕਾਰ ਆਪ ਅਖਵਾਈਆ । ਅੰਮ੍ਰਿਤ ਸਰੋਵਰ ਬਖ਼ਸ਼ ਦੇ ਧਾਰਾ ਗੰਗ ਦੇ, ਨਿਝਰ ਝਿਰਨੇ ਆਪ ਝਿਰਾਈਆ । ਪੜਦੇ ਲਾਹ ਦੇ ਬ੍ਰਹਮ ਹੰ ਦੇ, ਹੰ ਬ੍ਰਹਮ ਆਪ ਸਮਾਈਆ । ਪੈਂਡੇ ਰਹਿਣ ਨਾ ਚੁਰਾਸੀ ਵਾਲੇ ਪੰਧ ਦੇ, ਆਵਣ ਜਾਵਣ ਗੇੜ ਦੇਣਾ ਚੁਕਾਈਆ । ਜਨ ਭਗਤ ਸੁਹੇਲੇ ਵਣਜਾਰੇ ਬਣਾ ਲੈ ਆਪਣੇ ਛੰਦ ਦੇ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਗਾਈਆ । ਘਰ ਨਜ਼ਾਰੇ ਬਖ਼ਸ਼ ਦੇ ਅਨੰਦ ਦੇ, ਅਨੰਦ ਅਨੰਦ ਵਿਚੋਂ ਪਰਗਟਾਈਆ । ਸੁਖ ਦੇ ਦੇ ਕਾਇਆ ਮਾਟੀ ਬੰਦ ਬੰਦ ਦੇ, ਬੰਦਗੀ ਇਕੋ ਨਾਮ ਜਣਾਈਆ । ਕਿਰਪਾ ਨਿਧਾਨ ਜਨ ਭਗਤਾਂ ਟੁੱਟੀ ਗੰਢ ਦੇ, ਗੰਢਣਹਾਰ ਗੁਪਾਲ ਸੁਆਮੀ ਆਪਣੀ ਦਇਆ ਕਮਾਈਆ । ਸਾਵਣ ਕਹੇ ਮੇਰੇ ਪੁਰਖ ਅਕਾਲੇ ਹਰ ਹਿਰਦੇ ਨਾਮ ਠੰਢ ਦੇ, ਕਲਜੁਗ ਆਪਣੀ ਅਗਨ ਬੁਝਾਈਆ । ਝਗੜਾ ਮੇਟ ਦੇ ਤਤ ਪੰਜ ਦੇ, ਪੰਚਮ ਸ਼ਬਦ ਕਰ ਸ਼ਨਵਾਈਆ । ਲੇਖੇ ਰਹਿਣ ਨਾ ਗ਼ਮੀ ਰੰਜ ਦੇ, ਰੰਜਸ਼ ਅੰਦਰੋਂ ਬਾਹਰ ਕਢਾਈਆ । ਲਹਿਣੇ ਪੂਰੇ ਕਰ ਦੇ ਨੇਤਰ ਨੀਰ ਵਾਲੇ ਹੰਝ ਦੇ, ਹੰਝੂਆਂ ਵੇਖਣਾ ਥਾਉਂ ਥਾਈਆ । ਵਿਛੋੜੇ ਰਹਿਣ ਮੂਲ ਨਾ ਆਤਮ ਧਾਰ ਰੰਡ ਦੇ, ਕੰਤ ਸੁਹਾਗੀ ਲੈਣਾ ਪਰਨਾਈਆ । ਮਿਹਰਵਾਨ ਹੋ ਕੇ ਸਾਵਣ ਕਹੇ ਜਨ ਭਗਤਾਂ ਆਪਣਾ ਪ੍ਰੇਮ ਪਿਆਰ ਵੰਡ ਦੇ, ਕਾਇਆ ਮੰਦਰ ਅੰਦਰ ਆਪ ਟਿਕਾਈਆ । ਉਹ ਤਕ ਲੈ ਮੈਨੂੰ ਇਸ਼ਾਰੇ ਮਿਲਦੇ ਕੀ ਲੇਖੇ ਹੋਣੇ ਦੀਨ ਦੁਨੀ ਜੰਗ ਦੇ, ਚਾਰ ਕੁੰਟ

ਕੁੰਟ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਝੇ ਆਸ ਰਖਾਈਆ । ਸਾਵਣ ਕਹੇ ਪ੍ਰਭੂ ਜਨ ਭਗਤਾਂ ਮੇਟ ਦੇ ਤ੍ਰਿਸ਼ਨਾ ਤ੍ਰਿਖ, ਹਰਿਜਨ ਤ੍ਰਿਪਤ ਦੇ ਕਰਾਈਆ । ਸਭ ਦਾ ਬਦਲ ਦੇ ਭਵਿਖ, ਪੇਸ਼ਤਰ ਆਪਣਾ ਹੁਕਮ ਸੁਣਾਈਆ । ਧੁਰ ਦਾ ਹੁਕਮ ਦੇ ਲਿਖ, ਜਿਸ ਨੂੰ ਮੇਟ ਸਕੇ ਕੋਇ ਨਾ ਰਾਈਆ । ਚਾਰ ਵਰਨ ਅਠਾਰਾਂ ਬਰਨ ਆਤਮ ਧਾਰ ਬਣਾ ਲੈ ਸਿੱਖ, ਹਿੰਦੂ ਮੁਸਲਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਮਿਹਰਵਾਨ ਹੋ ਕੇ ਪਾ ਦੇ ਭਿੱਖ, ਭਿਛਿਆ ਆਪਣਾ ਨਾਮ ਵਰਤਾਈਆ । ਨਵ ਨਵ ਦੀ ਧਾਰ ਪੈਣਾ ਦਿਸ, ਦਹਿ ਦਿਸ਼ਾ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਢੇ ਮੰਗ ਮੰਗਾਈਆ । ਸਾਵਣ ਕਹੇ ਪ੍ਰਭੂ ਜਨ ਭਗਤਾਂ ਵੇਖ ਲੈ ਕਾਇਆ ਮੰਦਰ, ਸਾਢੇ ਤਿੰਨ ਹੱਥ ਧਿਆਨ ਲਗਾਈਆ । ਬਜਰ ਕਪਾਟੀ ਤੋੜ ਦੇ ਜੰਦਰ, ਤ੍ਰੈਗੁਣ ਲੇਖਾ ਰਹੇ ਨਾ ਰਾਈਆ । ਪ੍ਰਕਾਸ਼ ਕਰ ਦੇ ਡੂੰਘੀ ਕੰਦਰ, ਜੋਤੀ ਜਾਤਾ ਡਗਮਗਾਈਆ । ਮਨੂਆ ਦਹਿ ਦਿਸ਼ਾ ਨਾ ਧਾਵੇ ਬੰਦਰ, ਮਨਸਾ ਕੂੜ ਨਾ ਹੋਏ ਹਲਕਾਈਆ । ਤੇਰੇ ਚਰਨ ਕਵਲ ਇਕੋ ਹੋਵੇ ਬੰਦਨ, ਬੰਦਗੀ ਇਕੋ ਦੇ ਸਮਝਾਈਆ । ਸ਼ਰਅ ਕੂੜ ਕਟ ਦੇ ਫੰਦਨ, ਰੱਸੀ ਤੰਦ ਨਾ ਕੋਇ ਬੰਧਾਈਆ । ਚਰਨ ਧੂੜ ਮਸਤਕ ਲਾ ਦੇ ਚੰਦਨ, ਖ਼ਾਕੀ ਖ਼ਾਕ ਰਮਾਈਆ । ਤੇਰੇ ਭਗਤ ਸੁਹੇਲੇ ਦਰਗਾਹ ਸਾਚੀ ਤੇਰਾ ਦੁਆਰਾ ਲੰਘਣ, ਸਚਖੰਡ ਦੁਆਰੇ ਸੋਭਾ ਪਾਈਆ । ਪੁਰਖ ਅਕਾਲੇ ਦੀਨ ਦਿਆਲੇ ਕਲਜੁਗ ਅੰਤਮ ਲਾਉਣਾ ਅੰਗਣ, ਅੰਗੀਕਾਰ ਆਪ ਹੋ ਜਾਈਆ । ਉਹ ਲੇਖਾ ਤਕ ਲੈ ਜੋ ਗੋਬਿੰਦ ਇਸ਼ਾਰਾ ਦਿਤਾ ਕਵੀ ਬਵੰਜਨ, ਬਾਵਨ ਆਪਣੀ ਖੇਲ ਖਲਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਸੁਹੇਲੇ ਜਨਣੀ ਕੁਖ ਫੇਰ ਨਾ ਜੰਮਣ, ਮਾਤ ਗਰਭ ਨਾ ਅਗਨ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਪੂਰ ਕਰਾਈਆ । ਸਾਵਣ ਕਹੇ ਜਨ ਭਗਤੋ ਮੇਰਾ ਸਾਹਿਬ ਸੁਆਮੀ ਸਚ, ਸਚ ਸਚ ਦ੍ਰਿੜਾਈਆ । ਜੋ ਲੂੰ ਲੂੰ ਅੰਦਰ ਜਾਏ ਰਚ, ਸਾਢੇ ਤਿੰਨ ਕਰੋੜ ਦਏ ਗਵਾਹੀਆ । ਜੋ ਸ਼ਬਦੀ ਧਾਰ ਹੋ ਕੇ ਪਏ ਨਚ, ਨਟੂਆ ਆਪਣਾ ਸਾਂਗ ਵਰਤਾਈਆ । ਜੋ ਭਾਗ ਲਗਾ ਕੇ ਕਾਇਆ ਮਾਟੀ ਕੱਚ, ਕੰਚਨ ਗੜ੍ਹ ਦੇਵੇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਾਵਣ ਕਹੇ ਜਨ ਭਗਤੋ ਪ੍ਰਭ ਬਦਲਣ ਵਾਲਾ ਰੁਖ, ਕਰਵਟ ਲਏ ਬਦਲਾਈਆ । ਆਤਮ ਅੰਤਰ ਅੰਤਰ ਸਭ ਨੂੰ ਦੇ ਦੇ ਸੁਖ, ਸੁਖ ਸਾਗਰ ਵਿਚ ਸਮਾਈਆ । ਕਲਜੁਗ ਕੂੜੀ ਕਿਰਿਆ ਮੇਟ ਕੇ ਦੁਖ, ਦਲਿਦ੍ਰਾਂ ਡੇਰਾ ਢਾਹੀਆ । ਸੁਫਲ ਕਰਾਏ ਜਨਣੀ ਕੁਖ, ਭੇਵ ਚੁਕਾਏ ਥਾਉਂ ਥਾਈਂਆ । ਜਿਸ ਦੀ ਧਾਰ ਨਾਲ ਪੂਰਬ ਜਨਮ ਗਏ ਰੁਠ, ਰੁਸਿਆਂ ਲਏ ਮਨਾਈਆ । ਤੁਹਾਡੇ ਉਪਰ ਰਿਹਾ ਤੁਠ, ਮਿਹਰਵਾਨ ਹੋ ਕੇ ਹੋਏ ਸਹਾਈਆ । ਤੁਹਾਨੂੰ ਖੋਜੇ ਧਰਨੀ ਵਾਲੀ ਚਾਰੇ ਗੁਠ, ਉੱਤਰ ਪੂਰਬ ਪੱਛਮ ਦੱਖਣ ਫੋਲ ਫੁਲਾਈਆ । ਮੇਲ ਮਿਲਾ ਕੇ ਸ਼ਬਦੀ ਸ਼ਬਦੀ ਧਾਰ ਫੜ ਕੇ ਗੁਟ, ਫੜ ਬਾਹੋਂ ਗੋਦ ਟਿਕਾਈਆ । ਸਚ ਪ੍ਰੀਤੀ ਨਿਰਗੁਣ ਨਾ ਜਾਏ ਤੁਟ, ਟੁੱਟਿਆਂ ਮੇਲ ਮਿਲਾਈਆ । ਤੁਹਾਡਾ ਭਾਗ ਨਾ ਜਾਏ ਨਿਖੁਟ, ਖੋਟੇ ਖਰੇ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਸਾਵਣ ਕਹੇ ਜਨ ਭਗਤੋ ਤੁਹਾਡਾ ਕਟੇ ਹਉਮੇ ਰੋਗ, ਹੰਗਤਾ ਕੂੜ ਦਏ ਚੁਕਾਈਆ । ਆਤਮ ਪਰਮਾਤਮ ਦੱਸ ਕੇ ਸਾਚਾ ਜੋਗ,

ਜੁਗਤੀ ਸ਼ਬਦ ਸ਼ਬਦ ਸਮਝਾਈਆ । ਪ੍ਰੇਮ ਪਿਆਰ ਮੁਹੱਬਤ ਵਿਚ ਸਾਡੀ ਸੇਜਾ ਵੇਖੇ ਭੋਗ, ਭਸਮੜ ਆਪਣਾ ਰੰਗ ਰੰਗਾਈਆ । ਨਿਰਗੁਣ ਨਾਲ ਨਿਰਗੁਣ ਮਿਲ ਕੇ ਮਾਨਣੀ ਮੌਜ, ਮਜਲਸ ਭਗਤਾਂ ਨਾਲ ਰਖਾਈਆ । ਮਿਹਰਵਾਨ ਹੋ ਕੇ ਤੁਹਾਨੂੰ ਦਰਸ਼ਨ ਦੇਵੇ ਰੋਜ਼, ਦੂਰ ਦੁਰਾਡਾ ਪੰਧ ਮੁਕਾਈਆ । ਰਾਤੀਂ ਸੁਤਿਆਂ ਦਿਨੇ ਜਾਗਦਿਆਂ ਕਰੇ ਚੋਜ, ਚੋਜੀ ਪ੍ਰੀਤਮ ਹੋ ਕੇ ਵੇਖ ਵਖਾਈਆ । ਭੇਵ ਖੁਲ੍ਹਾਏ ਗੋਝ, ਪਰਦਾ ਪਰਦਿਆਂ ਵਿਚੋਂ ਉਠਾਈਆ । ਤੁਹਾਡਾ ਚੁਰਾਸੀ ਵਾਲਾ ਚੁਕ ਕੇ ਬੋਝ, ਦੋ ਜਹਾਨਾਂ ਪੰਧ ਮੁਕਾਈਆ । ਦਰਸ਼ਨ ਦੇਵੇ ਆਪ ਅਮੋਘ, ਆਪ ਆਪਣਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਸਾਵਣ ਕਹੇ ਜਨ ਭਗਤੋ ਤੁਹਾਡੀ ਵੇਖਣਹਾਰਾ ਸੁਰਤੀ, ਸੁਰਤੀ ਸ਼ਬਦ ਨਾਲ ਮਿਲਾਈਆ । ਉਹ ਮਾਲਕ ਅਕਾਲ ਮੂਰਤੀ, ਜਿਸ ਦਾ ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਉਹ ਨਾਦ ਸੁਣਾ ਦਏ ਤੂਰਤੀ, ਤੁਰੀਆ ਤੋਂ ਬਾਹਰ ਕਰੇ ਸ਼ਨਵਾਈਆ । ਜਿਸ ਦੀ ਖੇਲ ਹਾਜ਼ਰ ਹਜ਼ੂਰ ਦੀ, ਹਜ਼ਰਤਾਂ ਤੋਂ ਬਾਹਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਆਸ਼ਾ ਲੇਖੇ ਲਾਵੇ ਮੂਰਖ ਮੂੜ੍ਹ ਦੀ, ਚਤੁਰ ਸੁਘੜ ਸੁਚੱਜੇ ਸੁਜਾਨ ਸ੍ਰੀ ਭਗਵਾਨ ਆਪ ਬਣਾਈਆ ।



✪ ੭ ਸਾਵਣ ਸ਼ਹਿਨਸ਼ਾਹੀ ਸੰਮਤ ੧੧ ਹਰਜੀਤ ਸਿੰਘ ਦੇ ਨਵਿਤ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

੭੩੧ ੨੪

ਸਤਿਗੁਰ ਪੂਰਾ ਆਪ ਪ੍ਰਭ, ਹਰਿ ਕਰਤਾ ਏਕਾ ਏਕੰਕਾਰ । ਜਨ ਭਗਤ ਸੁਹੇਲੇ ਲਏ ਲਭ, ਜੁਗ ਜੁਗ ਖੇਲ ਸਚੀ ਸਰਕਾਰ । ਲਹਿਣਾ ਦੇਣਾ ਦੀਨ ਦੁਨੀ ਜਾਣੇ ਅਬ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖੇ ਵੇਖਣਹਾਰ । ਮੇਲ ਮਿਲਾਵਾ ਕਰੇ ਸ਼ਬਦ ਸਬਬ, ਦੂਜਾ ਸਮਝੇ ਨਾ ਕੋਈ ਵਿਚ ਸੰਸਾਰ । ਅੰਮ੍ਰਿਤ ਝਿਰਨਾ ਝਿਰਾਏ ਕਵਲ ਨਭ, ਬੂੰਦ ਸਵਾਂਤੀ ਬਖ਼ਸ਼ੇ ਠੰਢੀ ਠਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਾਜਣ ਮੀਤ ਮੁਰਾਰ । ਸਤਿਗੁਰ ਸਾਚਾ ਆਪ ਪ੍ਰਭ, ਪਰਮ ਪੁਰਖ ਕਰਤਾਰ । ਜਨ ਭਗਤ ਸੁਹੇਲੇ ਦਰ ਲਏ ਸੱਦ, ਸ਼ਬਦੀ ਨਾਦ ਦੇ ਧੁਨਕਾਰ । ਦੀਨ ਦੁਨੀ ਪਾਰ ਕਰਾਏ ਹੱਦ, ਗ੍ਰਿਹ ਮੰਦਰ ਅੰਦਰ ਕਰ ਉਜਿਆਰ । ਆਤਮ ਪਰਮਾਤਮ ਬਣਾਏ ਆਪਣੀ ਯਦ, ਬੰਸ ਸਰਬੰਸ ਦੇਵੇ ਆਪ ਅਧਾਰ । ਸ਼ਬਦ ਅਗੰਮੀ ਸੁਣਾਏ ਨਦ, ਧੁਨ ਆਤਮਕ ਰਾਗ ਮੀਤ ਮੁਰਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਏਕੰਕਾਰ । ਸਤਿਗੁਰ ਸਾਚਾ ਸਾਹਿਬ ਆਪ, ਹਰਿ ਕਰਤਾ ਧੁਰਦਰਗਾਹੀਆ । ਸ਼ਬਦ ਅਗੰਮੀ ਜਿਸ ਦਾ ਜਾਪ, ਨਾਦ ਨਾਦ ਕਰੇ ਸ਼ਨਵਾਈਆ । ਜਿਸ ਦਾ ਜੁਗ ਚੌਕੜੀ ਪਰਤਾਪ, ਪਾਰਬ੍ਰਹਮ ਨੂਰ ਅਲਾਹੀਆ । ਜੋ ਮੇਟਣਹਾਰਾ ਜ਼ਾਤ ਪਾਤ, ਦੀਨ ਮਜ਼੍ਹਬ ਪੰਧ ਮੁਕਾਈਆ । ਆਤਮ ਬ੍ਰਹਮ ਜਣਾਏ ਸਾਚੀ ਜ਼ਾਤ, ਦੂਜਾ ਨਜ਼ਰ ਕੋਇ ਨਾ ਆਈਆ । ਨਾਮ ਨਿਧਾਨਾ ਬਖ਼ਸ਼ੇ ਦਾਤ, ਵਸਤ ਅਗੰਮੀ ਆਪ ਵਰਤਾਈਆ । ਬਿਨ ਰਸਨਾ ਜਿਹਵਾ ਕਰੇ ਬਾਤ, ਬਾਤਨ ਪੜਦਾ ਦਏ ਖੁਲ੍ਹਾਈਆ । ਲਹਿਣਾ ਦੇਣਾ ਵੇਖੇ ਲੋਕਮਾਤ, ਧਰਨੀ ਧਰਤ ਧਵਲ ਧੌਲ ਖੋਜ ਖੁਜਾਈਆ । ਹਰਿ ਜੂ ਬਖ਼ਸ਼ੇ ਬੂੰਦ ਸਵਾਂਤ, ਅੰਮ੍ਰਿਤ ਰਸ ਰਸ ਚਖਾਈਆ । ਦੇਵੇ ਦਰਸ ਇਕ ਇਕਾਂਤ, ਇਕ ਇਕੱਲਾ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਪੂਰਾ ਹਰਿ ਸਾਹਿਬ ਸੁਆਮੀ, ਦੂਜਾ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦੀ ਅੰਤਰਜਾਮੀ, ਘਰ ਘਰ ਬੈਠਾ ਸੋਭਾ ਪਾਈਆ । ਨਿਰਗੁਣ ਧਾਰ ਸਦਾ ਨਿਹਕਾਮੀ, ਨਿਰਵੈਰ ਨੂਰ ਅਲਾਹੀਆ । ਸ਼ਬਦ ਅਗੰਮੀ ਜਿਸ ਦੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਅੰਮ੍ਰਿਤ ਰਸ ਸਰੋਵਰ ਬਖ਼ਸ਼ੇ ਠੰਢਾ ਪਾਣੀ, ਅੰਮਿਉਂ ਰਸ ਜਾਮ ਆਪ ਪਿਆਈਆ । ਚਾਰ ਜੁਗ ਦੇ ਸ਼ਾਸਤਰ ਜਿਸ ਦੀ ਕਥਾ ਕਹਾਣੀ, ਅੱਖਰ ਅੱਖਰ ਮਿਲ ਕੇ ਢੋਲਾ ਗਾਈਆ । ਸ਼ਾਹੋ ਭੂਪ ਉਹ ਸੁਲਤਾਨੀ, ਨੂਰ ਨੁਰਾਨਾ ਨੂਰ ਅਲਾਹੀਆ । ਜੋ ਭਗਤਾਂ ਉਤੇ ਕਰੇ ਮਿਹਰਵਾਨੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਪੰਧ ਮੁਕਾਵੇ ਚਾਰੇ ਖਾਣੀ, ਚਾਰੇ ਬਾਣੀ ਰੰਗ ਰੰਗਾਈਆ । ਮੰਜ਼ਲ ਦੇ ਕੇ ਇਕ ਰੂਹਾਨੀ, ਰੂਹ ਬੁਤ ਕਰੇ ਰੁਸ਼ਨਾਈਆ । ਸਚ ਦੁਆਰ ਚਰਨ ਕਵਲ ਦੇਵੇ ਮਾਣੀ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਪੂਰਾ ਆਦਿ ਜੁਗਾਦੀ ਏਕ, ਦੂਸਰਾ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਬਖ਼ਸ਼ਣਹਾਰਾ ਟੇਕ, ਟਿੱਕੇ ਧੂੜੀ ਖ਼ਾਕ ਖ਼ਾਕ ਰਮਾਈਆ । ਬੁੱਧੀ ਕਰਨਹਾਰਾ ਬਿਬੇਕ, ਦੁਰਮਤ ਮੈਲ ਧੁਆਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤਤ ਗੁਆਈਆ । ਜਨਮ ਜਨਮ ਦੀ ਬਦਲ ਕੇ ਰੇਖ, ਕਰਮ ਕਰਮ ਦਾ ਡੇਰਾ ਢਾਹੀਆ । ਸਤਿ ਸਚ ਦਾ ਦੇ ਸੰਦੇਸ਼, ਸੁੱਤਿਆਂ ਲਏ ਉਠਾਈਆ । ਮਾਲਕ ਹੋ ਕੇ ਨਰ ਨਰੇਸ਼, ਨਰ ਨਰਾਇਣ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਸਦਾ ਸਦਾ ਦਾਤਾਰ, ਦੇਵਣਹਾਰ ਇਕ ਅਖਵਾਈਆ । ਪੂਰਨ ਗੁਰ ਲਏ ਅਵਤਾਰ, ਅਵਤਰੀ ਹੋ ਕੇ ਵੇਖ ਵਖਾਈਆ । ਜਨ ਭਗਤਾਂ ਅੰਤਰ ਪਾਵੇ ਸਾਰ, ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਵੇਖ ਵਖਾਈਆ । ਜਿਸ ਦਾ ਲਹਿਣਾ ਦੇਣਾ ਸਦਾ ਜੁਗ ਚਾਰ, ਚੌਕੜੀ ਆਪਣਾ ਰੰਗ ਰੰਗਾਈਆ । ਸੋ ਕਲਜੁਗ ਅੰਤਮ ਵੇਖੇ ਵੇਖਣਹਾਰ, ਬਿਨ ਨੈਣਾਂ ਨੈਣ ਉਠਾਈਆ । ਹਰਿ ਭਗਤ ਸੁਹੇਲੇ ਲਏ ਉਭਾਰ, ਫੜ ਬਾਹੋਂ ਆਪ ਜਗਾਈਆ । ਚਰਨ ਕਵਲ ਦੇ ਅਧਾਰ, ਧੂੜੀ ਖ਼ਾਕ ਖ਼ਾਕ ਰਮਾਈਆ । ਕਿਰਪਾ ਕਰੇ ਬਖ਼ਸ਼ਣਹਾਰ, ਬਖ਼ਸ਼ਿਸ਼ ਰਹਿਮਤ ਝੋਲੀ ਪਾਈਆ । ਭਗਤ ਸੁਹੇਲੇ ਬਣਾ ਕੇ ਮੀਤ ਮੁਰਾਰ, ਮਿਤਰ ਪਿਆਰਾ ਹੋ ਕੇ ਵੇਖ ਵਖਾਈਆ । ਲਹਿਣਾ ਦੇਣਾ ਪੂਰਾ ਕਰੇ ਪੁਰਖ ਨਾਰ, ਨਰ ਨਰਾਇਣ ਆਪਣੇ ਰੰਗ ਰੰਗਾਈਆ । ਭਗਤ ਵਛਲ ਬਣ ਗਿਰਧਾਰ, ਗਿਰਵਰ ਹੋ ਕੇ ਵੇਖ ਵਖਾਈਆ । ਸੋ ਭਗਤਨ ਮੀਤਾ ਆਦਿ ਜੁਗਾਦੀ ਠੰਡਾ ਠਾਰ, ਅਗਨੀ ਤਤ ਬੁਝਾਈਆ । ਗੁਰਮੁਖ ਗੁਰਸਿਖ ਹਰਿਜਨ ਫੜ ਫੜ ਲਏ ਤਾਰ , ਪਾਰ ਕਿਨਾਰਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਪੂਰਾ ਸਦਾ ਸਦਾ ਮਿਹਰਵਾਨਾ, ਮਿਹਰਵਾਨ ਇਕ ਅਖਵਾਈਆ । ਜੁਗ ਜੁਗ ਭਗਤਾਂ ਦੇਵੇ ਦਾਨਾ, ਨਾਮ ਨਿਧਾਨਾ ਝੋਲੀ ਪਾਈਆ । ਸਤਿ ਧਰਮ ਦਾ ਬਖ਼ਸ਼ ਨਿਸ਼ਾਨਾ, ਮਾਰਗ ਇਕੋ ਇਕ ਵਖਾਈਆ । ਭਾਗ ਲਗਾਏ ਕਾਇਆ ਮੰਦਰ ਹਕ ਮਕਾਨਾ, ਕਾਅਬਾ ਧੁਰ ਦਾ ਵੇਖ ਵਖਾਈਆ । ਮਿਹਰਵਾਨ ਮਹਿਬੂਬ ਹੋਏ ਮਿਹਰਵਾਨਾ, ਮਿਹਰ ਨਜ਼ਰ ਨਜ਼ਰ ਉਠਾਈਆ । ਹਰਿਜਨ ਮੇਲਾ ਮੇਲੇ ਵਿਚ ਜਹਾਨਾ, ਜਹਾਲਤ ਕੂੜੀ ਬਾਹਰ ਕਢਾਈਆ । ਸਾਚਾ ਬਖ਼ਸ਼ ਕੇ ਨਾਮ ਨਿਧਾਨਾ, ਨਿਰਗੁਣ ਧਾਰ ਦਏ ਸਮਝਾਈਆ । ਚਰਨ ਕਵਲ

੭੩੨
੨੪

ਕਰ ਪਰਨਾਮਾ, ਹਰਿਜਨ ਆਪਣੇ ਰੰਗ ਰੰਗਾਈਆ । ਸੋ ਸ਼ਾਹੋ ਭੂਪ ਸੁਲਤਾਨਾ, ਹਰਿ ਕਰਤਾ ਇਕ ਅਖਵਾਈਆ । ਜੋ ਭਗਤ ਸੁਹੇਲੇ ਕਰੇ ਪਰਵਾਨਾ, ਪਰਮ ਪੁਰਖ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸਦਾ ਸਦਾ ਸਦ ਬਖ਼ਸ਼ੇ ਚਰਨ ਧੂੜ ਇਸ਼ਨਾਨਾ, ਦੁਰਮਤ ਮੈਲ ਆਦਿ ਜੁਗਾਦੀ ਦਏ ਗੁਆਈਆ ।

## ✪ ੧੨ ਸਾਵਣ ਸ਼ਹਿਨਸ਼ਾਹੀ ਸੰਮਤ ੧੧ ਸੁਰਿੰਦਰ ਸਿੰਘ ਕਰਨਾਲ ਵਾਲੇ ਦੇ ਨਵਿਤ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੈਂ ਨਿਗਾਹ ਮਾਰੀ ਉਤੇ ਗਗਨ, ਗਗਨੰਤਰ ਪਰੇ ਤਕਾਂ ਜੋਤ ਨੂਰ ਨੂਰ ਅਲਾਹੀਆ । ਜਿਸ ਦੇ ਪਿਆਰ ਵਿਚ ਸਤਿ ਸਰੂਪ ਹੋਈ ਮਗਨ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪ ਆਪਣਾ ਰੰਗ ਰੰਗਾਈਆ । ਜਾਂ ਨਿਗਾਹ ਮਾਰੀ ਭਗਤ ਸੁਹੇਲੇ ਮੇਰੇ ਉਤੇ ਦੀਪਕ ਜਗਣ, ਜੋਤੀ ਜਾਤੇ ਪੁਰਖ ਬਿਧਾਤੇ ਦਿਤੀ ਮਾਣ ਵਡਿਆਈਆ । ਮੇਰੀ ਖ਼ੁਸ਼ੀ ਵਿਚ ਬੁਝ ਗਈ ਅੰਤਰ ਅਗਨ, ਅੰਤਸ਼ਕਰਨ ਅੰਮਿਉਂ ਰਸ ਦਿਤਾ ਚੁਆਈਆ । ਮੇਰਾ ਤਨ ਵਜੂਦ ਮਾਟੀ ਖ਼ਾਕ ਪਵਿਤ੍ਰ ਹੋਇਆ ਬਦਨ, ਪਾਰਬ੍ਰਹਮ ਪਤਿਪਰਮੇਸ਼ਵਰ ਸਿਰ ਮੇਰੇ ਹੱਥ ਟਿਕਾਈਆ । ਨਰ ਨਰਾਇਣ ਨਿਰਾਕਾਰ ਨਿਰੰਕਾਰ
੭੩੩ ਮੇਲ ਮਿਲਿਆ ਇਕੋ ਸੱਜਣ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਹਰਿ ਕਰਤਾ ਧੁਰਦਰਗਾਹੀਆ । ਮੈਂ ਮੂਰਖ ਮੂੜ੍ਹ ਚਰਨ ਧੂੜ ਕੀਤਾ ਮਜਨ, ਦੁਰਮਤ ੭੩੩
੨੪ ਮੈਲ ਨਵ ਸੱਤ ਲਈ ਧੁਆਈਆ । ਮੇਰੇ ਅੰਦਰ ਅਗੰਮੀ ਨਾਦ ਲਗੇ ਵਜਣ, ਅਨਹਦ ਨਾਦੀ ਨਾਦ ਕਰੇ ਸ਼ਨਵਾਈਆ । ਬਿਨ ਰਸਨਾ ਜਿਹਵਾ ੨੪
ਨਾਮ ਲੱਗੀ ਜਪਣ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਫੇਰ ਨਿਗਾਹ ਮਾਰੀ ਗੁਰਮੁਖ ਸੰਤ ਸੁਹੇਲੇ ਵੇਖੇ ਰਤਨ, ਅਮੋਲਕ ਹੀਰੇ ਸੋਭਾ ਪਾਈਆ । ਜਿਨ੍ਹਾਂ ਦਾ ਇਕੋ ਘਾਟ ਦੁਆਰਾ ਪਤਣ, ਦੂਜਾ ਤਟ ਕਿਨਾਰ ਨਾ ਕੋਇ ਰਖਾਈਆ । ਮੈਂ ਖ਼ੁਸ਼ੀਆਂ ਨਾਲ ਲੱਗੀ ਨਠਣ, ਦਿਵਸ ਰੈਣ ਭੱਜੀ ਵਾਹੋ ਦਾਹੀਆ । ਝਟ ਸਤਿਗੁਰ ਸ਼ਬਦ ਬਿਨ ਰਸਨ ਸੁਣਾਇਆ ਬਚਨ, ਧੁਰ ਸੰਦੇਸ਼ਾ ਇਕ ਜਣਾਈਆ । ਕਲਜੁਗ ਕਾਇਆ ਮਾਟੀ ਵੇਖ ਲੈ ਕੰਚਨ, ਅੰਤ ਰਹਿਣ ਕਿਛ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਵਿਚ ਹੋਈ ਖ਼ੁਸ਼ਹਾਲ, ਖ਼ੁਸ਼ੀ ਪ੍ਰਭ ਨੇ ਦਿਤੀ ਵਰਤਾਈਆ । ਹਰਿ ਭਗਤ ਸੁਹੇਲੇ ਧੁਰ ਦੇ ਤਕੇ ਲਾਲ, ਗੁਰ ਚੇਲੇ ਇਕੋ ਰੰਗ ਰੰਗਾਈਆ । ਸਤਿ ਸਚ ਧਰਮ ਦੀ ਵੇਖ ਧਰਮਸਾਲ, ਧਰਮ ਦੁਆਰਾ ਸੋਭਾ ਪਾਈਆ । ਜਿਥੇ ਜੋਤੀ ਜਾਤਾ ਵਸੇ ਪੁਰਖ ਅਕਾਲ, ਅਕਲ ਕਲਧਾਰੀ ਆਪਣਾ ਡੇਰਾ ਲਾਈਆ । ਜਿਸ ਦੇ ਹੁਕਮ ਵਿਚ ਮੇਰੇ ਉਤੇ ਫਿਰਦੇ ਕਾਲ ਮਹਾਕਾਲ, ਦਿਵਸ ਰੈਣ ਆਪਣਾ ਪੰਧ ਮੁਕਾਈਆ । ਉਹ ਵੇਖਣਹਾਰਾ ਦੀਨ ਦੁਨੀ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣਾ ਭੇਵ ਚੁਕਾਈਆ । ਜੋ ਮੇਰੀ ਸੁਰਤ ਲਏ ਸੰਭਾਲ, ਸੰਬਲ ਦਾ ਮਾਲਕ ਨੂਰ ਅਲਾਹੀਆ । ਮੇਰਾ ਦੀਨਾ ਬੰਧਪ ਦੀਨ ਦਿਆਲ, ਦਇਆ ਨਿਧ ਠਾਕਰ ਇਕ ਅਖਵਾਈਆ । ਮੇਰੀ ਨੌ ਸੌ ਚੁਰਾਨਵੇ ਚੌਕੜੀ ਜੁਗ ਦੀ ਲੇਖੇ ਲਾਵੇ ਘਾਲ, ਘਾਇਲ ਹੋ ਕੇ ਸੀਸ ਨਿਵਾਈਆ । ਅਵਤਾਰ ਪੈਗ਼ੰਬਰ ਗੁਰੂਆਂ ਪੂਰਾ ਕਰੇ ਸਵਾਲ, ਆਸਾ ਮਨਸਾ ਸਭ ਦੀ ਆਪਣੇ ਚਰਨ ਟਿਕਾਈਆ । ਮੈਨੂੰ ਕੂੜੀ ਕਿਰਿਆ

ਵਿਚੋਂ ਕਰੇ ਬਹਾਲ, ਮਾਇਆ ਮਮਤਾ ਮੋਹ ਦਾ ਡੇਰਾ ਢਾਹੀਆ । ਚਰਨ ਕਵਲ ਸਰੋਵਰ ਅੰਮ੍ਰਿਤ ਵਖਾਏ ਅਗੰਮਾ ਤਾਲ, ਜਿਸ ਦੀ ਜਲ ਥਲ ਮਹੀਅਲ ਵੰਡ ਨਾ ਕੋਇ ਵੰਡਾਈਆ । ਮੇਰੀ ਬੇਨੰਤੀ ਮੰਨੇ ਹੱਲ ਕਰੇ ਸਵਾਲ, ਸਿਰ ਸਿਰ ਮੇਰੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਦੇ ਵਿਚ ਹਸਦੀ, ਹਸਤੀ ਤਕਾਂ ਧੁਰਦਰਗਾਹੀਆ । ਬਿਨਾ ਕ਼ਦਮਾ ਤੋਂ ਨਸਦੀ, ਭੱਜਾਂ ਵਾਹੋ ਦਾਹੀਆ । ਮੇਰੀ ਆਸ਼ਾ ਭਰੀ ਜਸ ਦੀ, ਬਿਨ ਰਸਨਾ ਢੋਲੇ ਗਾਈਆ । ਜਿਸ ਰੈਣ ਮੇਟਣੀ ਅੰਧੇਰੀ ਮਸ ਦੀ, ਸਤਿਜੁਗ ਸਚ ਚੰਦ ਚਮਕਾਈਆ । ਮੈਂ ਭਗਤਾਂ ਫਿਰਾਂ ਦੱਸਦੀ, ਢੋਲੇ ਸੁਣਾਵਾਂ ਥਾਉਂ ਥਾਈਂਆ । ਮੇਰੇ ਸਾਹਿਬ ਦੀ ਮਹਿੰਮਾ ਅਕਥ ਦੀ, ਕਥਨੀ ਕਥ ਨਾ ਕੋਇ ਜਣਾਈਆ । ਜਿਸ ਖੇਲ ਮੁਕਾਉਣੀ ਕਲਜੁਗ ਕੂੜੇ ਰਥ ਦੀ, ਰਥਵਾਹੀ ਰਹਿਣ ਕੋਇ ਨਾ ਪਾਈਆ । ਕਲਜੁਗ ਜੀਵਾਂ ਆਸਾ ਪੂਰੀ ਹੋਣੀ ਸੀਆਂ ਸਾਢੇ ਤਿੰਨ ਹੱਥ ਦੀ, ਰਵਦਾਸ ਚਮਾਰਾ ਦਏ ਗਵਾਹੀਆ । ਕਲਾ ਵਰਤਣੀ ਪੁਰਖ ਸਮਰਥ ਦੀ, ਨਾ ਕੋਈ ਮੇਟੇ ਮੇਟ ਮਿਟਾਈਆ । ਵਡਿਆਈ ਰਹਿਣੀ ਨਹੀਂ ਤੀਰਥ ਅਠਸਠ ਦੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਆਸਾ ਪੂਰੀ ਹੋਣੀ ਮੰਦਰ ਮਸਜਿਦ ਸ਼ਿਵਦਵਾਲੇ ਮਠ ਦੀ, ਗੁਰੁਦੁਆਰ ਚਰਚਾਂ ਵੰਡ ਨਾ ਕੋਇ ਵੰਡਾਈਆ । ਮੈਂ ਪਰਮ ਪੁਰਖ ਪਰਮਾਤਮ ਚਰਨ ਕਵਲ ਢਠਦੀ, ਨਿਵ ਨਿਵ ਲਾਗਾਂ ਪਾਈਆ । ਮੇਰੇ ਉਤੇ ਵਡਿਆਈ ਬਖ਼ਸ਼ ਦੇਵੇ ਮਾਨਵ ਜ਼ਾਤੀ ਇਕੱਠ ਦੀ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਖੇਲ ਵਖਾ

੭੩੪ ਦੇ ਆਪਣੀ ਉਲਟੀ ਲਠ ਦੀ, ਜਗਤ ਜਹਾਨ ਦੇ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ੭੩੪

੨੪ ਸਚ ਦੀ ਆਸ਼ਾ ਇਕ ਰਖਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਗਾਵਾਂ ਢੋਲੇ, ਬਿਨ ਰਸਨਾ ਜਿਹਵਾ ਦੋ ਜਹਾਨ ਸੁਣਾਈਆ । ਮੇਰੇ ਧਰਮ ਧਾਰ ੨੪

ਦੇ ਸੋਹਲੇ, ਦੀਨਾਂ ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਮੈਂ ਸੰਦੇਸ਼ਾ ਦੇਵਾਂ ਮੇਰਾ ਸੁਆਮੀ ਹਰ ਘਟ ਮੌਲੇ, ਮੌਲਾ ਰੂਪ ਨੂਰ ਅਲਾਹੀਆ । ਜਿਸ ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰੇ ਕਰਨੇ ਕੌਲੇ, ਵਾਅਦੇ ਪਿਛਲੇ ਵੇਖ ਵਖਾਈਆ । ਸੋ ਸਚ ਸੁਆਮੀ ਅੰਤਰਜਾਮੀ ਪੂਰਾ ਤੋਲ ਤੋਲੇ, ਕੰਡਾ ਨਾਮ ਤਰਾਜ਼ੂ ਇਕ ਉਠਾਈਆ । ਜਿਸ ਕਲਜੁਗ ਕੂੜੀ ਕਿਰਿਆ ਮੇਟਣੇ ਰੌਲੇ, ਰੌਲ ਪਾਂਧਾ ਸਮਝ ਕਿਛ ਨਾ ਆਈਆ । ਖ਼ੁਸ਼ੀ ਨਾਲ ਹਸ ਕੇ ਕਹੇ ਧੌਲੇ, ਧਰਨੀ ਧਰਤ ਨਾਲ ਵਡਿਆਈਆ । ਸਚ ਦੁਆਰ ਏਕੰਕਾਰ ਮੇਰੇ ਉਤੇ ਪੁਰਖ ਅਕਾਲਾ ਖੋਲ੍ਹੇ, ਖ਼ਾਲਕ ਖ਼ਲਕ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਵਿਚ ਹੋਈ ਮਸਤਾਨੀ, ਮਸਤੀ ਨਜ਼ਰ ਕਿਸੇ ਨਾ ਆਈਆ । ਮੇਰੀ ਆਸ਼ਾ ਅਗੰਮ ਪੁਰਾਣੀ, ਪੁਰਾਣ ਵੇਦ ਸਮਝ ਕਿਛ ਨਾ ਪਾਈਆ । ਮੇਰਾ ਲਹਿਣਾ ਦੇਣਾ ਲੇਖਾ ਦੋ ਜਹਾਨੀ, ਨਿਰਗੁਣ ਸਰਗੁਣ ਖੇਲ ਖਲਾਈਆ । ਮੇਰਾ ਮਾਲਕ ਖ਼ਾਲਕ ਇਕ ਨੁਰਾਨੀ, ਨੂਰ ਨੁਰਾਨਾ ਨੂਰ ਅਲਾਹੀਆ । ਜੋ ਮਿਹਰਵਾਨ ਮਹਿਬੂਬ ਮੇਰਾ ਬਣੇ ਬਾਨੀ, ਬਾਣ ਅਣਿਆਲਾ ਤੀਰ ਚਲਾਈਆ । ਜਿਸ ਦੀ ਮੰਜ਼ਲ ਇਕ ਰੁਹਾਨੀ, ਰੂਹ ਬੁਤ ਦਏ ਸਮਝਾਈਆ । ਉਹ ਮਾਲਕ ਖ਼ਾਲਕ ਆਲਮੇ ਜਾਬਦਾਨੀ, ਦੋ ਜਹਾਨੀ ਆਪਣਾ ਰੰਗ ਰੰਗਾਈਆ । ਜੋ ਮੇਰੀ ਮੰਜ਼ਲ ਕਰੇ ਆਸਾਨੀ, ਅਹਿਸਾਨ ਸਿਰ ਨਾ ਕੋਇ ਰਖਾਈਆ । ਕਲਜੁਗ ਕੂੜੀ ਕਿਰਿਆ ਮੇਟੇ ਤੁਗ਼ਿਆਨੀ, ਸ਼ਾਹ ਸੁਲਤਾਨ ਦਾ ਡੇਰਾ ਢਾਹੀਆ । ਸਤਿ ਧਰਮ ਦੀ ਮੈਨੂੰ ਦੇਵੇ ਨਿਸ਼ਾਨੀ, ਨਿਸ਼ਾਨੇ ਕਲਜੁਗ ਕੂੜ

ਬਦਲਾਈਆ । ਜਿਸ ਨੂੰ ਈਸਾ ਕਿਹਾ ਮੇਰਾ ਬਾਪ ਆਵੇ ਅਸਮਾਨੀ, ਇਸਮ ਆਜ਼ਮ ਇਕ ਦਰਸਾਈਆ । ਮੁਹੰਮਦ ਪੜ੍ਹ ਕੇ ਕਲਮਾ ਕਲਾਮੀ, ਕਾਇਨਾਤ ਰਿਹਾ ਦ੍ਰਿੜਾਈਆ । ਨਾਨਕ ਨਿਰਗੁਣ ਸਰਗੁਣ ਧਾਰ ਕੀਤੀ ਪਰਵਾਨੀ, ਪਰਮ ਪੁਰਖ ਭੇਵ ਚੁਕਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਮੇਰੇ ਉਤੇ ਕਰੇ ਮਿਹਰਵਾਨੀ, ਮਿਹਰਵਾਨ ਦਇਆ ਕਮਾਈਆ । ਜਨ ਭਗਤ ਸੁਹੇਲੇ ਸਤਿਗੁਰ ਸ਼ਬਦ ਕਰੇ ਪਹਿਚਾਨੀ, ਬੇਪਹਿਚਾਨ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਗਾਵਾਂ ਗੀਤ, ਢੋਲਾ ਇਕੋ ਗੋਬਿੰਦ ਮਾਹੀਆ । ਮੈਨੂੰ ਭਗਤ ਸੁਹੇਲੇ ਮਿਲ ਗਏ ਮੀਤ, ਮਿਤਰ ਪਿਆਰਾ ਇਕੋ ਧੁਰਦਰਗਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਭ ਦੀ ਬਦਲੇ ਨੀਤ, ਨੀਤੀਵਾਨ ਇਕ ਅਖਵਾਈਆ । ਜੋ ਹਰਿਜਨ ਵਸਿਆ ਸਦਾ ਚੀਤ, ਚਿਤ ਵਿਤ ਠਗੌਰੀ ਦਏ ਗੁਆਈਆ । ਜਿਸ ਝਗੜਾ ਮੇਟਣਾ ਮੰਦਰ ਮਸੀਤ, ਕਾਇਆ ਕਾਅਬੇ ਕਰੇ ਰੁਸ਼ਨਾਈਆ । ਮੈਂ ਤਕ ਕੇ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਸੀਸ ਨਿਵਾਈਆ । ਮੇਰੀ ਕਾਇਆ ਕਾਇਆ ਹੋਈ ਠਾਂਢੀ ਸੀਤ, ਅਗਨੀ ਤਤ ਤਤ ਗੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੇਰਾ ਵਕ਼ਤ ਸੁਹੰਜਣਾ ਦਿਸਦਾ, ਪ੍ਰਭ ਸੋਹਣੀ ਦਏ ਵਡਿਆਈਆ । ਜੋ ਨਿਰਗੁਣ ਧਾਰ ਹੋ ਕੇ ਭਗਤਾਂ ਲੇਖੇ ਲਿਖਦਾ, ਜਗਤ ਕ਼ਲਮ ਸ਼ਾਹੀ ਨਾ ਕੋਇ ਚਤੁਰਾਈਆ । ਜਿਸ ਭਗਤ ਸੁਹੇਲਾ ਰੂਪ ਪਰਗਟਾਇਆ ਗੋਬਿੰਦ ਧਾਰ ਸਿਖ ਦਾ, ਸਤਿਗੁਰ ਆਪ ਰੰਗ ਰੰਗਾਈਆ । ਜਗਤ ਨੇਤਰ ਲੋਚਨ ਨੈਣ ਕਿਸੇ ਨਾ ਦਿਸਦਾ, ਜਗਤ ਅੱਖੀਆਂ ਨਜ਼ਰ ਕੋਇ ਨਾ ਆਈਆ । ਉਹ ਰੂਪ ਅਨੂਪਾ ਧਾਰ ਅਗੰਮੇ ਪਿਤ ਦਾ, ਪਤਿਪਰਮੇਸ਼ਵਰ ਹੋ ਕੇ ਹੋਏ ਸਹਾਈਆ । ਜੋ ਭਗਤਾਂ ਦੀ ਆਤਮ ਸੇਜਾ ਲਿਟਦਾ, ਸਚ ਸਿੰਘਾਸਣ ਡੇਰਾ ਲਾਈਆ । ਜਿਸ ਝਗੜਾ ਮਿਟਾਇਆ ਪੱਥਰ ਇੱਟ ਦਾ, ਪਾਹਨਾਂ ਕਰੀ ਸਫ਼ਾਈਆ । ਧਰਨੀ ਕਹੇ ਮੈਨੂੰ ਸਹਾਰਾ ਉਸੇ ਇਕ ਦਾ, ਜੋ ਏਕੰਕਾਰ ਨੂਰ ਅਲਾਹੀਆ । ਜਿਸ ਦੀ ਚਰਨ ਸਰਨ ਅਵਤਾਰ ਪੈਗ਼ੰਬਰ ਟਿਕਦਾ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਉਹ ਮੇਰਾ ਮਾਲਕ ਖ਼ਾਲਕ ਸੁਆਮੀ ਅੰਤਰਜਾਮੀ ਨਿਤ ਦਾ, ਨਵਿਤ ਆਪਣਾ ਹੁਕਮ ਸਮਝਾਈਆ । ਜੋ ਮੇਰਾ ਲਹਿਣਾ ਦੇਣਾ ਲੇਖਾ ਜਾਣੇ ਵਾਰ ਥਿਤ ਦਾ, ਘੜੀ ਪਲ ਆਪਣੇ ਰੰਗ ਰੰਗਾਈਆ । ਜਨ ਭਗਤਾਂ ਅੰਤਰ ਨਿਰੰਤਰ ਆਪਣੇ ਅੰਮ੍ਰਿਤ ਧਾਰ ਨਾਲ ਸਿੰਚ ਦਾ, ਅੰਮ੍ਰਿਤ ਮੇਘ ਆਪ ਬਰਸਾਈਆ । ਆਪਣਾ ਭੇਵ ਚੁਕਾਵੇ ਵਿਚ ਦਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਸਤਿਗੁਰ ਸ਼ਬਦ ਹੋ ਕੇ ਭਰਿਆ ਹੋਵੇ ਪ੍ਰੇਮ ਹਿਤ ਦਾ, ਹਿਤਕਾਰੀ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਖੇਲ ਖੇਲੇ ਅਗੰਮੇ ਪਿਤ ਦਾ, ਪਤਿਪਰਮੇਸ਼ਵਰ ਹੋ ਕੇ ਆਪਣਾ ਹੁਕਮ ਸਮਝਾਈਆ ।

### ✪ ੨੪ ਸਾਵਣ ਸ਼ਹਿਨਸ਼ਾਹੀ ਸੰਮਤ ੧੧ ਅਰਜਨ ਸਿੰਘ ਦੇ ਗ੍ਰਿਹ ਪਿੰਡ ਸਲੀਮ ਪੁਰ ਜ਼ਿਲਾ ਕਪੂਰਥਲਾ ✪

ਸਾਵਣ ਕਹੇ ਮੇਰਾ ਪਰਵਿਸ਼ਟਾ ਚਵੀ, ਚੌਬੀਸਾ ਹਰਿ ਜਗਦੀਸ਼ਾ ਦੇਵੇ ਮਾਣ ਵਡਿਆਈਆ । ਸਚ ਦੀ ਧਾਰ ਏਕੰਕਾਰ ਬ੍ਰਹਮਾ ਸੁਤ ਦੁਲਾਰੇ

੭੩੫
੨੪

ਗਵੀ, ਸੰਤ ਕੁਮਾਰ ਸੋਹਲਾ ਢੋਲਾ ਧੁਰਦਰਗਾਹੀਆ । ਮੇਰੀ ਯਾਦ ਵਿਚ ਪ੍ਰਭੂ ਦਾ ਦਰਸ ਪਾਇਆ ਰਵੀਦਾਸ ਰਵੀ, ਬਿਨ ਜਗਤ ਨੇਤਰ ਲੋਚਨ ਨੈਣਾਂ ਵੇਖ ਵਖਾਈਆ । ਮੇਰੀ ਆਸ਼ਾ ਵਿਚ ਖੇਲ ਕੀਤਾ ਬਵੰਜਾ ਕਵੀ, ਗੋਬਿੰਦ ਧਾਰ ਧਾਰ ਵਡਿਆਈਆ । ਮੈਂ ਭੇਵ ਅਭੇਦਾ ਖੋਲ੍ਹਾਂ ਖ਼ਬਰ ਦੱਸਾਂ ਇਕ ਨਵੀਂ, ਨਵ ਸੱਤ ਦਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਾਵਣ ਕਹੇ ਮੇਰਾ ਦਿਵਸ ਦਿਹਾੜਾ ਚੰਗਾ, ਚਾਰੋਂ ਕੁੰਟ ਖ਼ੁਸ਼ੀ ਬਣਾਈਆ । ਮੇਰੀ ਅੰਮ੍ਰਿਤ ਧਾਰ ਤਕੇ ਗੰਗਾ, ਜਮਨਾ ਸੁਰਸਤੀ ਗੋਦਾਵਰੀ ਨਾਲ ਮਿਲਾਈਆ । ਮੇਰਾ ਭੇਵ ਅਭੇਦਾ ਖੋਲ੍ਹੇ ਸੂਰਾ ਸਰਬੰਗਾ, ਹਰਿ ਕਰਤਾ ਧੁਰਦਰਗਾਹੀਆ । ਮੇਰਾ ਆਦਿ ਜੁਗਾਦੀ ਪਿਛਲਾ ਪੰਧ ਰਿਹਾ ਨਾ ਲੰਬਾ, ਲਮਹ ਲਮਹ ਪ੍ਰਭ ਦੇ ਲੇਖੇ ਲਾਈਆ । ਮੇਰੇ ਅੰਤਸ਼ਕਰਨ ਨਿਝਰ ਧਾਰੋਂ ਆਏ ਅਨੰਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਮੇਰਾ ਪਰਕਾਸ਼ ਬਿਨਾ ਸੂਰੀਆ ਚੰਦਾ, ਜੋਤੀ ਜਾਤਾ ਦਏ ਚਮਕਾਈਆ । ਮੈਂ ਦੀਨ ਦੁਨੀ ਜਗਤ ਜਹਾਨ ਦੀ ਮੰਜ਼ਲ ਲੰਘਾ, ਪਾਂਧੀ ਹੋ ਕੇ ਪੰਧ ਮੁਕਾਈਆ । ਮੈਂ ਦਰਸ਼ਨ ਪਾਵਾਂ ਸ਼ਾਹੋ ਭੂਪ ਸੂਰਾ ਸਰਬੰਗਾ, ਪੁਰਖ ਅਬਿਨਾਸ਼ੀ ਘਟ ਨਿਵਾਸੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਦਇਆ ਕਮਾਈਆ । ਸਾਵਣ ਕਹੇ ਮੇਰਾ ਖੇਲ ਵੇਖੋ ਚੌਬੀਸਾ, ਚਾਰੋਂ ਕੁੰਟ ਧਿਆਨ ਲਗਾਈਆ । ਮੇਰਾ ਲਹਿਣਾ ਦੇਣਾ ਬਿਨ ਜਗਤ ਧਾਰ ਹਦੀਸਾ, ਸ਼ਰਅ ਵੰਡ ਨਾ ਕੋਇ ਵੰਡਾਈਆ । ਮੇਰਾ ਰੰਗ ਕੂੜੀ ਕਿਰਿਆ ਕਲਜੁਗ ਨਹੀਂ ਉਨੀਸਾ, ਇਕ ਨੌ ਸੰਗ ਨਾ ਕੋਇ ਬਣਾਈਆ । ਮੈਂ ਭੇਵ ਅਭੇਦਾ ਖੋਲ੍ਹਾਂ ਰਾਗ ਛਤੀਸਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਸਾਵਣ ਕਹੇ ਸਚ ਦਾ ਮਾਲਕ ਏਕੰਕਾਰਾ ਇਕ ਗੋਬਿੰਦ, ਗੋਬਿੰਦ ਗੋਬਿੰਦ ਗੋਬਿੰਦ ਧਾਰ ਸਮਾਈਆ । ਮੇਰੀ ਆਦਿ ਜੁਗਾਦੀ ਮੇਟੇ ਸਗਲੀ ਚਿੰਦ, ਚਿੰਤਾ ਚਿਖਾ ਰਹਿਣ ਕੋਇ ਨਾ ਪਾਈਆ । ਮੇਰਾ ਮਾਲਕ ਖ਼ਾਲਕ ਸੁਆਮੀ ਹੋਏ ਗੁਣੀ ਗਹਿੰਦ, ਗਹਿਰ ਗੰਭੀਰ ਬੇਨਜ਼ੀਰ ਗਵਰ ਇਕੋ ਨਜ਼ਰੀ ਆਈਆ । ਆਦਿ ਜੁਗਾਦੀ ਜੁਗ ਚੌਕੜੀ ਲੱਖ ਚੁਰਾਸੀ ਨਿਰਗੁਣ ਸਰਗੁਣ ਧਾਰ ਜਿਸ ਦੀ ਬਿੰਦ, ਚਾਰੇ ਖਾਣੀ ਸੋਭਾ ਪਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਮਿਹਰਵਾਨਾ ਬਣ ਬਖ਼ਸ਼ਿੰਦ, ਬਖ਼ਸ਼ਿਸ਼ ਰਹਿਮਤ ਆਪਣੀ ਆਪ ਕਮਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਮੇਟੇ ਚਿੰਦ, ਮਿਹਰਵਾਨ ਸਿਰ ਮੇਰੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਾਵਣ ਕਹੇ ਮੇਰਾ ਪਰਦਾ ਚੁਕਿਆ ਅੰਤਸ਼ਕਰਨ, ਭੇਵ ਅਭੇਦ ਦਿਤਾ ਜਣਾਈਆ । ਸਚ ਸੁਆਮੀ ਤਕੀ ਅਗੰਮੀ ਸਰਨ, ਸਰਨਗਤ ਇਕ ਰਖਾਈਆ । ਮੇਰਾ ਖੁਲ੍ਹਿਆ ਹਰਨ ਫਰਨ, ਬਿਨ ਨੈਣਾ ਨੇਤਰ ਹੋਈ ਰੁਸ਼ਨਾਈਆ । ਮੈਂ ਬਿਨ ਅੱਖਰਾਂ ਲੱਗਾ ਪੜ੍ਹਨ, ਬਿਨ ਹਰਫ਼ ਹਰੂਫ਼ ਪੜ੍ਹਾਈਆ । ਬਿਨ ਕ਼ਦਮਾਂ ਮੰਜ਼ਲ ਲੱਗਾ ਚੜ੍ਹਨ, ਪੌੜੀ ਡੰਡਾ ਨਜ਼ਰ ਕੋਇ ਨਾ ਆਈਆ । ਮੇਰਾ ਲਹਿਣਾ ਦੇਣਾ ਬਿਨ ਸੀਸ ਧੜਨ, ਤਨ ਵਜੂਦ ਨਾ ਕੋਇ ਰਖਾਈਆ । ਮੈਂ ਸਚ ਦੁਆਰ ਲੱਗਾ ਵੜਨ, ਜਗਤ ਦਰਵਾਜ਼ਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਚਵੀ ਸਾਵਣ ਕਹੇ ਮੈਂ ਸੁਣਾਵਾਂ ਅਗੰਮ ਸਲੋਕ, ਸੋਹਲਾ ਧਰਮ ਧਾਰ ਦ੍ਰਿੜਾਈਆ । ਮੈਂ ਨਿਗਾਹ ਮਾਰੀ ਚੌਦਾਂ ਲੋਕ, ਪਰਲੋਕ

ਭੇਵ ਰਿਹਾ ਨਾ ਰਾਈਆ । ਵਿਸ਼ਨ ਬ੍ਰਹਮਾ ਸ਼ਿਵ ਅਵਤਾਰ ਪੈਗ਼ੰਬਰ ਗੁਰ ਸੰਦੇਸ਼ੇ ਦੇਂਦੇ ਕੋਟੀ ਕੋਟ, ਕੋਟਨ ਕੋਟ ਰਹੇ ਜਣਾਈਆ । ਸਤਿਗੁਰ ਸ਼ਬਦ ਸ਼ਬਦ ਨਗਾਰੇ ਲਾਵੇ ਚੋਟ, ਚੋਟੀ ਚੜ੍ਹ ਕੇ ਧੁਰ ਦਾ ਮਾਹੀਆ । ਜਿਸ ਦਾ ਮੇਲਾ ਨਾਲ ਨਿਰਗੁਣ ਧਾਰ ਜੋਤ, ਜੋਤੀ ਜਾਤਾ ਵੇਖ ਵਖਾਈਆ । ਸੋ ਸੁਆਮੀ ਅੰਤਰਜਾਮੀ ਏਕੰਕਾਰਾ ਇਕੋ ਬਹੁਤ, ਦੋ ਜਹਾਨਾਂ ਸ੍ਰੀ ਭਗਵਾਨਾ ਨਜ਼ਰੀ ਆਈਆ । ਜਿਸ ਦੀ ਆਤਮ ਧਾਰ ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਗੋਤ, ਦੂਸਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਸਾਵਣ ਕਹੇ ਮੇਰਾ ਵਕ਼ਤ ਸੁਹੰਜਣਾ ਲੋਕਮਾਤੀ, ਮਿਹਰਵਾਨ ਦਏ ਵਡਿਆਈਆ । ਮੇਰੀ ਭਿੰਨੜੀ ਰੈਣ ਖ਼ੁਸ਼ੀਆਂ ਵਾਲੀ ਰਾਤੀ, ਰੁਤੜੀ ਭਗਤਾਂ ਨਾਲ ਮਹਿਕਾਈਆ । ਮੈਂ ਪ੍ਰਭੂ ਦਾ ਖੇਲ ਤਕਾਂ ਬਹੁ ਭਾਂਤੀ, ਬਹੁ ਬਿਧ ਆਪਣਾ ਰੰਗ ਰੰਗਾਈਆ । ਰੂਪ ਅਨੂਪਾ ਵੇਖਾਂ ਕਮਲਾਪਾਤੀ, ਪਤਿਪਰਮੇਸ਼ਵਰ ਰਿਹਾ ਦ੍ਰਿੜਾਈਆ । ਬਿਨ ਨੇਤਰ ਨੈਣਾਂ ਮਾਰਾਂ ਝਾਤੀ, ਬਿਨ ਅੱਖੀਆਂ ਅੱਖ ਉਠਾਈਆ । ਸਚ ਧਰਮ ਦੀ ਦਿਸੇ ਨਾ ਕੋਇ ਪਰਭਾਤੀ, ਪ੍ਰਭੂ ਰੰਗ ਨਾ ਕੋਇ ਸਮਾਈਆ । ਨਵ ਸੱਤ ਦੀਪਕ ਦਿਸੇ ਨਾ ਕੋਇ ਜੋਤੀ ਜਾਤੀ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਸਾਵਣ ਕਹੇ ਮੇਰਾ ਪੁਰਖ ਅਕਾਲਾ ਧੁਰ ਦਾ ਸੰਗੀ, ਸਗਲਾ ਸੰਗ ਨਿਭਾਈਆ । ਜਿਸ ਦੀ ਅਵਤਾਰ ਪੈਗ਼ੰਬਰਾਂ ਗੁਰੂਆਂ ਮੰਗ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਜੋ ਸਾਹਿਬ ਸੁਹੇਲਾ ਇਕ ਇਕੇਲਾ ਜਨ ਭਗਤਾਂ ਲਾਏ ਅੰਗੀ, ਅੰਗੀਕਾਰ ਇਕ ਅਖਵਾਈਆ । ਪੁਸ਼ਤ ਪਨਾਹ ਪਿਠ ਹੋਣ ਨਾ ਦੇਵੇ ਨੰਗੀ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਿਸ ਦੇ ਪਿਆਰ ਵਿਚ ਜੁਗ ਚੌਕੜੀ ਲੰਘੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜਿਆ ਵਾਹੋ ਦਾਹੀਆ । ਉਹ ਸਾਹਿਬ ਸੁਲਤਾਨਾ ਨੌਜਵਾਨਾ ਸੂਰਾ ਸਰਬੰਗੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਅਖਵਾਈਆ । ਜਿਸ ਦੀ ਸਤਿਗੁਰ ਸ਼ਬਦ ਨਾਲ ਸੰਧੀ, ਲੇਖਾ ਲਿਖਿਆ ਧੁਰਦਰਗਾਹੀਆ । ਉਹ ਕਲਜੁਗ ਅੰਤ ਦੀਨ ਦੁਨੀ ਮੇਟੇ ਸ਼ਰਅ ਪਾਬੰਦੀ, ਮਜ਼੍ਹਬੀ ਵੰਡ ਨਾ ਕੋਇ ਰਖਾਈਆ । ਲਹਿਣਾ ਦੇਣਾ ਜਾਣੇ ਪ੍ਰਕਿਰਤੀ ਪੰਝੀ, ਪੰਚਮ ਤਤ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਾਵਣ ਕਹੇ ਮੇਰਾ ਸਾਹਿਬ ਸਤਿਗੁਰ ਠੰਢਾ, ਪੁਰਖ ਅਕਾਲਾ ਨਜ਼ਰੀ ਆਈਆ । ਜਿਸ ਨੇ ਜੁਗ ਚੌਕੜੀ ਪਾਈਆਂ ਵੰਡਾਂ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਵੰਡ ਵੰਡਾਈਆ । ਸੋ ਕਲਜੁਗ ਅੰਤ ਭਗਵੰਤ ਸਦੀ ਸਦੀਵੀ ਵੇਖਣਹਾਰਾ ਕੰਢਾ, ਧਰਨੀ ਧਰਤ ਧਵਲ ਧੌਲ ਖੋਜੇ ਚਾਈਂ ਚਾਈਆ । ਜਿਸ ਦਾ ਸਤਿਗੁਰ ਸ਼ਬਦ ਹੁਕਮ ਫੇਰੇ ਵਿਚ ਬ੍ਰਹਿਮੰਡਾ, ਬ੍ਰਹਿਮਾਂਡ ਆਪਣਾ ਹੁਕਮ ਵਰਤਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਜੇਰਜ ਅੰਡਾ, ਉਤਭੁਜ ਸੇਤਜ ਆਪਣਾ ਖੇਲ ਖਲਾਈਆ । ਉਹ ਸ਼ਾਹੋ ਭੂਪ ਸ਼ਹਿਨਸ਼ਾਹ ਸੂਰਾ ਸਰਬੰਗਾ, ਹਰਿ ਕਰਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਾਵਣ ਕਹੇ ਮੇਰਾ ਸਤਿਗੁਰ ਪੁਰਖ ਸੁਆਮੀ, ਹਰਿ ਕਰਤਾ ਧੁਰਦਰਗਾਹੀਆ । ਜੋ ਆਦਿ ਜੁਗਾਦੀ ਅੰਤਰਜਾਮੀ, ਦੋ ਜਹਾਨਾਂ ਵੇਖੇ ਥਾਉਂ ਥਾਈਆ । ਜੋ ਨਿਰਗੁਣ ਧਾਰ ਸਚਖੰਡ ਨਿਵਾਸੀ ਸਦਾ ਨਿਹਕਾਮੀ, ਨਿਹਚਲ ਆਪਣਾ ਆਸਣ ਲਾਈਆ । ਜੁਗ ਚੌਕੜੀ ਜਿਸ ਦੀ ਸਾਰੇ ਕਟਦੇ ਰਹੇ ਗ਼ੁਲਾਮੀ,

੭੩੮ ੨੪

ਹੁਕਮੇ ਅੰਦਰ ਹੁਕਮੀ ਸੇਵ ਕਮਾਈਆ । ਉਹ ਸ਼ਾਹੋ ਭੂਪ ਸੁਲਤਾਨੀ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਨੇ ਪੈਗ਼ੰਬਰਾਂ ਦਿਤੇ ਪੈਗ਼ਾਮੀ, ਧੁਰ ਕਲਮਾ ਨਾਮ ਦ੍ਰਿੜਾਈਆ । ਉਹ ਖੇਲੇ ਖੇਲ ਜਗਤ ਜਹਾਨ ਤਮਾਮੀ, ਤਮਅ ਆਪਣੀ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਹਿ ਇਕ ਸੁਹਾਈਆ । ਸਾਵਣ ਕਹੇ ਮੇਰਾ ਸਤਿਗੁਰੂ ਕਰੇ ਗ੍ਰਹਿ ਸੁਹੰਜਣਾ, ਸੋਹਣੀ ਬਣਤ ਬਣਾਈਆ । ਦੀਨ ਦਿਆਲ ਬਣ ਦਰਦ ਦੁਖ ਭੈ ਭੰਜਣਾ, ਭਵ ਸਾਗਰ ਵੇਖ ਵਖਾਈਆ । ਨੇਤਰ ਨਾਮ ਨਿਧਾਨ ਪਾਵੇ ਅੰਜਣਾ, ਦੁਰਮਤ ਮੈਲ ਅੰਤਰ ਨਿਰੰਤਰ ਬਾਹਰ ਕਢਾਈਆ । ਘਰ ਸੁਆਮੀ ਠਾਕਰ ਬਣੇ ਸੱਜਣਾ, ਮੇਲ ਮਿਲਾਏ ਸਹਿਜ ਸੁਭਾਈਆ । ਜਿਸ ਏਥੇ ਉਥੇ ਪੜਦਾ ਦੋ ਜਹਾਨਾਂ ਕਜਣਾ, ਜਨ ਭਗਤਾਂ ਦੇਵੇ ਮਾਣ ਵਡਿਆਈਆ । ਜਿਸ ਲੇਖੇ ਲਾਉਣਾ ਆਅਲਾ ਅਦਨਾ, ਰਾਓ ਰੰਕਾਂ ਇਕੋ ਰੰਗ ਰੰਗਾਈਆ । ਉਹ ਗੋਪਾਲ ਧਾਰ ਮੂਰਤ ਮਦਨਾ, ਮਧਸੂਦਨ ਇਕ ਅਖਵਾਈਆ । ਜਿਸ ਸ਼ਰਅ ਦੇ ਤੋੜਨੇ ਬੰਧਨਾ, ਬੰਦਗੀ ਇਕੋ ਇਕ ਦ੍ਰਿੜਾਈਆ । ਜਿਸ ਦਾ ਨਿਰਗੁਣ ਧਾਰ ਦੀਪਕ ਜੋਤੀ ਜਗਣਾ, ਚਾਰ ਕੁੰਟ ਕਰੇ ਰੁਸ਼ਨਾਈਆ । ਜਿਸ ਦਾ ਨਾਮ ਡੰਕਾ ਡੌਰੂ ਵਜਣਾ, ਜ਼ਿਮੀਂ ਅਸਮਾਨ ਕਰੇ ਸ਼ਨਵਾਈਆ । ਉਹ ਮਾਲਕ ਖ਼ਾਲਕ ਸੁਆਮੀ ਸਭਨਾ, ਧਰਨੀ ਧਰਤ ਧੌਲ ਜਿਸ ਨੂੰ ਸੀਸ ਨਿਵਾਈਆ । ਜਿਸ ਨੇ ਕਲਜੁਗ ਕੂੜ ਕਿਰਿਆ ਹਰ ਹਿਰਦੇ ਵਿਚੋਂ ਕਢਣਾ, ਕੂੜੀ ਕਿਰਿਆ ਕਰੇ ਸਫ਼ਾਈਆ । ਸੁਰਤੀ ਸ਼ਬਦ ਧਾਰ ਕਰਾਉਣਾ ਮਜਨਾ, ਧੂੜੀ ਬਿਨ ਚਰਨ ਖ਼ਾਕ ਰਮਾਈਆ । ਸਤਿ ਸਤਿ ਦਏ ਅਨੰਦਨਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਹਿ ਇਕ ਵਡਿਆਈਆ । ਸਾਵਣ ਕਹੇ ਮੇਰੀ ਨਮੋਂ ਨਮੋਂ ਨਮਸਤੇ, ਨਿਰਗੁਣ ਧਾਰ ਸੀਸ ਨਿਵਾਈਆ । ਮੈਂ ਸ਼ਬਦ ਸੰਦੇਸ਼ੇ ਸੁਣੇ ਹਸਦੇ ਹਸਦੇ, ਹਸਤੀ ਧੁਰ ਦੀ ਦਿਤੀ ਦ੍ਰਿੜਾਈਆ । ਮੈਂ ਚਾਰ ਜੁਗ ਦੇ ਮਾਰਗ ਵੇਖੇ ਰਸਤੇ, ਦੀਨਾਂ ਮਜ਼੍ਹਬਾਂ ਖੋਜ ਖੁਜਾਈਆ । ਗ੍ਰੰਥ ਸ਼ਾਸਤਰ ਵੇਖੇ ਬਸਤੇ, ਨਾਮ ਕਲਮਿਆਂ ਨਾਲ ਪੜ੍ਹਾਈਆ । ਅੱਖਰ ਅੱਖਰ ਤਕੇ ਭਰੇ ਜਸ ਦੇ, ਸਿਫ਼ਤਾਂ ਨਾਲ ਸਿਫ਼ਤ ਸਲਾਹੀਆ । ਸਚ ਭੰਡਾਰੇ ਵੇਖੇ ਰਸ ਦੇ, ਅੰਮ੍ਰਿਤ ਰਸ ਨਾਮ ਜਣਾਈਆ । ਅਗੇ ਖੇਲ ਵੇਖਣੇ ਉਸ ਅਲਖ ਦੇ, ਜੋ ਅਲਖ ਅਗੋਚਰ ਆਪਣਾ ਹੁਕਮ ਵਰਤਾਈਆ । ਜਿਸ ਦੇ ਨੂਰ ਜ਼ਹੂਰ ਹੋਣੇ ਪ੍ਰਤਖ ਦੇ, ਪਾਰਬ੍ਰਹਮ ਪ੍ਰਭ ਆਪਣਾ ਪੜਦਾ ਲਾਹੀਆ । ਜਨ ਭਗਤਾਂ ਪਿਆਰ ਰਹਿਣ ਨਹੀਂ ਦੇਣੇ ਅੱਖ ਦੇ, ਆਤਮ ਪਰਮਾਤਮ ਮਿਲ ਕੇ ਵਜੇ ਵਧਾਈਆ । ਦਰਸ਼ਨ ਦੇਵੇ ਸਾਖਿਆਤ ਪ੍ਰਤਖ ਦੇ, ਸਨਮੁਖ ਹੋ ਕੇ ਸੋਭਾ ਪਾਈਆ । ਸਾਵਣ ਕਹੇ ਮੇਰੇ ਵਿਚਾਰ ਬਿਨ ਕ਼ਦਮਾਂ ਤੋਂ ਨਸਦੇ, ਭੱਜਣ ਵਾਹੋ ਦਾਹੀਆ । ਸਚ ਸੁਆਮੀ ਚਰਨਾਂ ਢਠਦੇ, ਅਠਸਠ ਦਾ ਡੇਰਾ ਢਾਹੀਆ । ਜਿਸ ਖੇਲ ਖਿਲਾਉਣੀ ਉਲਟੀ ਲਠ ਦੇ, ਗੇੜਾ ਦੀਨ ਦੁਨੀ ਜਣਾਈਆ । ਜਿਸ ਭੇਵ ਚੁਕਾਉਣੇ ਮੰਦਰ ਮਸਜਿਦ ਸ਼ਿਵਦਵਾਲੇ ਮਠ ਦੇ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਮੇਲ ਮਿਲਾਉਣੇ ਇਕੱਠ ਦੇ, ਆਤਮ ਪਰਮਾਤਮ ਪਰਮਾਤਮ ਆਤਮ ਆਪਣਾ ਰੰਗ ਰੰਗਾਈਆ । ਸਾਵਣ ਕਹੇ ਜਨ ਭਗਤੋ ਮੇਰੀ ਧਰਮ ਧਾਰ ਦੀ ਸਿਖਿਆ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਸਤਿਗੁਰ ਸ਼ਬਦ ਪਾਵਣਹਾਰਾ ਭਿਖਿਆ, ਵਸਤ ਨਾਮ ਅਤੋਟ ਅਤੁਟ ਵਰਤਾਈਆ । ਜਿਸ ਆਦਿ ਜੁਗਾਦੀ ਬਿਨ ਅੱਖਰਾਂ ਲੇਖਾ ਲਿਖਿਆ, ਕ਼ਲਮ ਸ਼ਾਹੀ ਵੰਡ ਨਾ ਕੋਇ ਵੰਡਾਈਆ । ਸੋ ਸਾਹਿਬ ਸੁਆਮੀ ਨਿਜ ਨੇਤਰ

ਲੋਚਨ ਦਿਸਿਆ, ਨੈਣ ਕਰੇ ਰੁਸ਼ਨਾਈਆ । ਜਨ ਭਗਤਾਂ ਬਣੇ ਮਾਤ ਪਿਤਿਆ, ਪਤਿਪਰਮੇਸ਼ਵਰ ਆਪਣੀ ਗੋਦ ਟਿਕਾਈਆ । ਇਥੇ ਉਥੇ ਸਚਖੰਡ ਨਿਵਾਸੀ ਕਰੇ ਹਿਤਿਆ, ਹਿਤਕਾਰੀ ਹੋ ਕੇ ਖੋਜ ਖੁਜਾਈਆ । ਜਿਸ ਦਾ ਖੇਲ ਸਦਾ ਨਿਤ ਨਵਿਤਿਆ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਜਿਸ ਦੀ ਸਭ ਤੋਂ ਉੱਤਮ ਸ੍ਰੇਸ਼ਟ ਹੋਵੇ ਅਗੰਮੀ ਥਿਤਿਆ, ਜਗਤ ਘੜੀ ਪਲ ਵੰਡ ਨਾ ਕੋਇ ਵੰਡਾਈਆ । ਉਸ ਦਾ ਰੂਪ ਸਦਾ ਸਦਾ ਅਨਡਿਠਿਆ, ਅਨਡਿਠ ਆਪਣੀ ਕਾਰ ਭੁਗਤਾਈਆ । ਜਿਸ ਦਾ ਨਾਮ ਨਿਧਾਨ ਦੋ ਜਹਾਨ ਕਦੇ ਨਾ ਮਿਟਿਆ, ਮੇਟਣਹਾਰਾ ਖ਼ਲਕ ਖ਼ੁਦਾਈਆ । ਜਿਸ ਦਾ ਸੱਸੇ ਉਤੇ ਹੋੜਾ ਹਾਹੇ ਉਤੇ ਲਾਉਣਾ ਟਿਪਿਆ, ਟੀਕਾ ਟਿਪਣੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਸਾਵਣ ਕਹੇ ਜਨ ਭਗਤੋ ਮੇਰੀ ਅੰਤਰ ਨਿਰੰਤਰ ਅਰਦਾਸ, ਬੇਨੰਤੀ ਪ੍ਰਭੂ ਸਰਨ ਸਰਨਾਈਆ । ਪੁਰਖ ਅਕਾਲੇ ਦੀਨ ਦਿਆਲੇ ਸਦ ਵਸਣਾ ਭਗਤਾਂ ਪਾਸ, ਪਾਸਾ ਦੀਨ ਦੁਨੀ ਬਦਲਾਈਆ । ਭੇਵ ਚੁਕਾਉਣਾ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਭੇਵ ਰਹੇ ਨਾ ਰਾਈਆ । ਨਾਮ ਸਮਾਉਣਾ ਸਵਾਸ ਸਵਾਸ, ਰਸਨਾ ਜਿਹਵਾ ਆਪਣਾ ਰੰਗ ਰੰਗਾਈਆ । ਨਿਰਗੁਣ ਜੋਤ ਕਾਇਆ ਅੰਦਰ ਮੰਦਰ ਕਰਨਾ ਪ੍ਰਕਾਸ਼, ਨਵ ਦੁਆਰ ਦਾ ਡੇਰਾ ਢਾਹੀਆ । ਅੰਮ੍ਰਿਤ ਬੂੰਦ ਦੇਣੀ ਸਵਾਂਤ, ਨਾਭੀ ਕਵਲ ਨਿਝਰ ਝਿਰਨਿਉਂ ਆਪ ਝਿਰਾਈਆ । ਸਚ ਪ੍ਰੀਤੀ ਚਰਨ ਕਵਲ ਬਖ਼ਸ਼ਣੀ ਦਾਤ, ਦਾਤੇ ਦਾਨੀ ਵਸਤ ਅਮੋਲਕ ਆਪ ਵਰਤਾਈਆ । ਜਨ ਭਗਤਾਂ ਸਚ ਦੁਆਰ ਏਕੰਕਾਰ ਦਰਗਾਹ ਸਾਚੀ ਸਚਖੰਡ ਲੇਖੇ ਲਾਉਂਣੀ ਅੱਜ ਦੀ ਰਾਤ, ਰੁਤੜੀ ਆਪਣੇ ਰੰਗ ਰੰਗਾਈਆ । ਸਾਵਣ ਕਹੇ ਮੇਰਾ ਪਰਵਿਸ਼ਟਾ ਚਵੀ ਵਿਚ ਲੋਕਮਾਤ, ਚੌਬੀਸੇ ਤੇਰੀ ਸਰਨ ਸਰਨ ਸਰਨਾਈਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਜਨ ਭਗਤਾਂ ਤੁੱਟੇ ਕਦੇ ਨਾ ਨਾਤ, ਨਾਤਾ ਵਿਧਾਤਾ ਆਪਣਾ ਲੈਣਾ ਜੁੜਾਈਆ । ਅੰਤ ਕੰਤ ਭਗਵੰਤ ਪੁਛਣੀ ਵਾਤ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸ਼ਬਦ ਅਨਾਦੀ ਆਤਮ ਧਾਰ ਵੇਖਣੀ ਆਪਣੀ ਜ਼ਾਤ, ਅਜ਼ਾਤੀ ਰੂਪ ਰਹਿਣ ਕੋਇ ਨਾ ਪਾਈਆ ।

### ੨੫ ਸਾਵਣ ਸ਼ਹਿਨਸ਼ਾਹੀ ਸੰਮਤ ੧੧ ਪਿੰਡ

ਧਰਨੀ ਕਹੇ ਪ੍ਰਭੂ ਮੇਰਾ ਰਸ ਹੋ ਗਿਆ ਕੌੜਾ, ਅੰਮ੍ਰਿਤ ਅੰਮਿਉਂ ਰਸ ਨਾ ਕੋਇ ਚੁਆਈਆ । ਧਰਮ ਦੀ ਧਾਰ ਮਾਰਗ ਹੋ ਗਿਆ ਸੌੜਾ, ਸਚ ਸੁਆਮੀ ਅੰਤਰਜਾਮੀ ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਹਕ ਹਕ਼ੀਕ਼ਤ ਨਜ਼ਰ ਆਏ ਕਿਸੇ ਨਾ ਪੌੜਾ, ਕ਼ਦੀਮ ਦੇ ਮਾਲਕ ਕ਼ਦਮ ਸਕੇ ਨਾ ਕੋਇ ਟਿਕਾਈਆ । ਪੁਰਖ ਅਕਾਲੇ ਦੀਨ ਦਿਆਲੇ ਮੈਨੂੰ ਅੰਤਮ ਤੇਰੀ ਲੋੜਾ, ਦੋ ਜਹਾਨ ਸ੍ਰੀ ਭਗਵਾਨ ਤੇਰੀ ਓਟ ਤਕਾਈਆ । ਕਿਰਪਾ ਕਰ ਦੇ ਮਿਹਰਵਾਨ ਮਹਿਬੂਬ ਮੇਰੇ ਬ੍ਰਾਹਮਣ ਗੌੜਾ, ਗ਼ਰੀਬ ਨਿਮਾਣੇ ਹੋ ਕੇ ਮੰਗ ਮੰਗਾਈਆ । ਸਚਖੰਡ ਨਿਵਾਸੀ ਨਿਰਗੁਣ ਧਾਰ ਆ ਦੌੜਾ, ਪੁਰੀ ਲੋਅ ਬ੍ਰਹਿਮੰਡ ਖੰਡ ਪੰਧ ਮੁਕਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਤੇਰੇ ਸ਼ਬਦੀ ਘੋੜ ਦਾ ਮੇਰੇ ਉਤੇ ਵੱਜਾ ਪੌੜਾ, ਪਾਰਬ੍ਰਹਮ ਆਪਣਾ ਖੇਲ ਦੇਣਾ

੭੩੯
੨੪

ਖਲਾਈਆ । ਮੈਂ ਬਿਨ ਨੇਤਰ ਲੋਚਨ ਨੈਣ ਤੇਰਾ ਦਰਸ਼ਨ ਲੋੜਾ, ਲੁੜੀਂਦੇ ਸਾਜਣ ਦੇਣੀ ਮਾਣ ਵਡਿਆਈਆ । ਮੈਨੂੰ ਨਜ਼ਰੀ ਆਵੇ ਤੇਰਾ ਇਕੋ
ਸੱਸੇ ਉਤੇ ਹੋੜਾ, ਹੋਕਾ ਦੇ ਕੇ ਦਿਆਂ ਜਣਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਹੰ ਜੋੜ ਲੈ ਜੋੜਾ, ਦੂਸਰ ਸੰਗ ਨਾ ਕੋਇ ਰਖਾਈਆ ।
ਕਲਜੁਗ ਅੰਤ ਸ੍ਰੀ ਭਗਵੰਤ ਵਕ਼ਤ ਰਹਿ ਗਿਆ ਥੋੜਾ, ਸਦੀ ਚੌਧਵੀਂ ਭੱਜੇ ਵਾਹੋ ਦਾਹੀਆ । ਤੇਰੀ ਆਸਾ ਵਿਚ ਜੁਗ ਚੌਕੜੀ ਲੰਘ ਗਏ ਲੱਖ
ਕਰੋੜਾ, ਕਰੋੜੀ ਗਣਤ ਨਾ ਕੋਇ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ
ਮੇਲਾ ਲੈਣਾ ਮਿਲਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਤਕ ਅੰਧੇਰਾ, ਅੰਧ ਅਗਿਆਨ ਖ਼ਲਕ ਖ਼ੁਦਾਈਆ । ਧਰਮ ਦੀ ਧਾਰ ਦਿਸੇ ਨਾ ਕੋਇ
ਸਵੇਰਾ, ਸੰਧਿਆ ਰੂਪ ਬਣੀ ਲੋਕਾਈਆ । ਪਿਆਰ ਵਿਚ ਰਿਹਾ ਨਾ ਕੋਇ ਗੁਰੂ ਗੁਰ ਚੇਰਾ, ਚੇਲਾ ਗੁਰ ਸੰਗ ਨਾ ਕੋਇ ਨਿਭਾਈਆ । ਕਲਜੁਗ
ਕੂੜੀ ਕਿਰਿਆ ਘਰ ਘਰ ਅੰਤਰ ਲਾਇਆ ਡੇਰਾ, ਤਨ ਵਜੂਦਾਂ ਆਪਣਾ ਆਸਣ ਲਾਈਆ । ਤੇਰਾ ਪਿਆਰ ਰਿਹਾ ਨਾ ਮੇਰਾ ਤੇਰਾ, ਨਿਰਗੁਣ
ਸਰਗੁਣ ਮਿਲ ਨਾ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ
ਕਮਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਵੇਖ ਲੈ ਅੰਧੇਰਾ ਅੰਧ, ਸਤਿ ਸਚ ਨਜ਼ਰ ਕੋਇ ਨਾ ਆਈਆ । ਤੂੰ ਮੇਰਾ ਮੈਂ ਤੇਰਾ ਗਾਏ ਕੋਈ
ਨਾ ਛੰਦ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਆਤਮ ਪਰਮਾਤਮ ਮਿਲੇ ਨਾ ਕਿਸੇ ਅਨੰਦ, ਅਨੰਦ ਅਨੰਦ ਵਿਚੋਂ ਨਾ ਕੋਇ ਪਰਗਟਾਈਆ ।
 ਜੋਤੀ ਧਾਰ ਚਮਕੇ ਕੋਈ ਨਾ ਚੰਦ, ਨੂਰ ਨੁਰਾਨਾ ਨਜ਼ਰ ਕੋਇ ਨਾ ਆਈਆ । ਭਰਮਾਂ ਢਾਹੇ ਕੋਈ ਨਾ ਕੰਧ, ਭਾਂਡਾ ਭਰਮ ਨਾ ਕੋਇ ਭੰਨਾਈਆ । ੭੪੦
 ਆਵਣ ਜਾਵਣ ਮੁਕੇ ਕਿਸੇ ਨਾ ਪੰਧ, ਚੁਰਾਸੀ ਫੰਦ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ੨੪
ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੀ ਵੇਖ ਲੈ ਹਾਲਤ, ਹਾਹਾਕਾਰ ਵਿਚ ਮੇਰੀ ਦੁਹਾਈਆ । ਨਵ ਸੱਤ ਹੋਈ
ਜਹਾਲਤ, ਸਚ ਵਿਚ ਨਾ ਕੋਇ ਸਮਾਈਆ । ਮਨੂਆ ਮਨ ਕਰੇ ਬਗ਼ਾਵਤ, ਨਵ ਸੱਤ ਜਗਤ ਧਾਰ ਲੜਾਈਆ । ਭੇਵ ਖੁਲ੍ਹੇ ਨਾ ਬ੍ਰਹਮ ਮਤ, ਪਾਰਬ੍ਰਹਮ
ਮਿਲਣ ਕੋਇ ਨਾ ਪਾਈਆ । ਨਾੜ ਬਹੱਤਰ ਘਰ ਘਰ ਉਬਲੇ ਰਤ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਫਿਰੀ ਦਰੋਹੀ ਪੰਜ ਤਤ, ਕਲਜੁਗ
ਅਗਨੀ ਰਹੀ ਜਲਾਈਆ । ਸਚ ਪ੍ਰੀਤੀ ਜੁੜੇ ਕਿਸੇ ਨਾ ਨਤ, ਪ੍ਰੀਤਮ ਪਿਆਰੇ ਤੇਰਾ ਦਰਸ ਕੋਇ ਨਾ ਪਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ
ਮੇਰੇ ਉਤੇ ਆਉਣਾ ਵਤ, ਬੇਵਤਨਾਂ ਦੇ ਮਾਲਕ ਆਪਣੀ ਦਇਆ ਕਮਾਈਆ । ਤੂੰ ਸੁਆਮੀ ਸਭ ਦਾ ਪਰਮੇਸ਼ਵਰ ਪਤਿ, ਪਾਰਬ੍ਰਹਮ ਇਕ ਅਖਵਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਗ੍ਰਿਹਿ ਇਕ ਸੁਹਾਈਆ । ਧਰਨੀ ਕਹੇ ਪ੍ਰਭੂ ਮੇਰਾ
ਘਰ ਕਰ ਸੁਹੰਜਣਾ, ਦੀਨ ਦੁਨੀ ਦੇ ਵਡਿਆਈਆ । ਤੂੰ ਮਾਲਕ ਖ਼ਾਲਕ ਦਰਦ ਦੁਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਚਰਨ ਧੂੜ
ਬਖ਼ਸ਼ ਦੇ ਮਜਨਾ, ਦੁਰਮਤ ਮੈਲ ਕਰ ਸਫ਼ਾਈਆ । ਨੇਤਰ ਨਾਮ ਨਿਧਾਨ ਪਾ ਦੇ ਅੰਜਣਾ, ਅੰਧ ਅੰਧੇਰਾ ਰਹੇ ਨਾ ਰਾਈਆ । ਮੇਰਾ ਠਾਕਰ ਸੁਆਮੀ
ਬਣਨਾ ਸੱਜਣਾ, ਮੀਤ ਮੁਰਾਰੇ ਤੇਰਾ ਰਾਹ ਤਕਾਈਆ । ਤੇਰਾ ਦੀਪਕ ਜੋਤੀ ਇਕੋ ਜਗਣਾ, ਜਾਗਰਤ ਜੋਤ ਕਰ ਰੁਸ਼ਨਾਈਆ । ਮੈਂ ਕਲਜੁਗ
ਅੰਤ ਅਖ਼ੀਰ ਬੇਨਜ਼ੀਰ ਤੈਨੂੰ ਸੱਦਣਾ, ਸਦਕੇ ਵਾਰੀ ਘੋਲ ਘੁਮਾਈਆ । ਮੇਰੇ ਉਤੇ ਲੇਖੇ ਲਾ ਲੈ ਆਅਲਾ ਅਦਨਾ, ਅਮੀਰ ਗ਼ਰੀਬਾਂ ਵੰਡ ਨਾ ਕੋਇ

ਵੰਡਾਈਆ । ਚਰਨ ਛੁਹਾ ਦੇ ਮੇਰੀ ਮਿੱਟੀ ਖ਼ਾਕ ਬਦਨਾ, ਪਤਿਤ ਪੁਨੀਤ ਦੇਣੀ ਵਡਿਆਈਆ । ਜਗਤ ਸ਼ਰਅ ਦੀ ਮੇਟ ਦੇ ਹੱਦਨਾ, ਸ਼ਰੀਅਤ ਆਪਣੀ ਇਕ ਦਰਸਾਈਆ । ਤੇਰੀ ਸਰਨ ਸਰਨਾਈ ਸਾਹਿਬ ਸੁਆਮੀ ਲਗਣਾ, ਦੂਸਰ ਓਟ ਨਾ ਕੋਇ ਤਕਾਈਆ । ਤੇਰਾ ਨਾਮ ਡੰਕਾ ਦੋ ਜਹਾਨਾਂ ਇਕੋ ਵਜਣਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਕਰ ਸ਼ਨਵਾਈਆ । ਕਲਜੁਗ ਕੂੜੀ ਕਿਰਿਆ ਭਾਂਡਾ ਭੱਜਣਾ, ਠੀਕਰ ਮਾਇਆ ਮਮਤਾ ਮੋਹ ਰਹਿਣ ਨਾ ਪਾਈਆ । ਤੇਰੀ ਕਿਰਪਾ ਨਾਲ ਪ੍ਰਭੂ ਮੇਰੇ ਉਤੇ ਸਤਿਜੁਗ ਲਗਣਾ, ਲਗ ਮਾਤਰ ਡੇਰਾ ਢਾਹੀਆ । ਤੂੰ ਸਾਹਿਬ ਮੇਰਾ ਸੂਰਾ ਸਰਬਗਣਾ, ਹਰਿ ਕਰਤਾ ਇਕ ਅਖਵਾਈਆ । ਤੈਨੂੰ ਪੈਗ਼ੰਬਰਾਂ ਕਿਹਾ ਨੂਰ ਅਲਾਹੀ ਰੱਬਨਾ, ਯਾਮਬੀਨ ਤੇਰੀ ਸਰਨਾਈਆ । ਤੇਰਾ ਇਕੋ ਇਕ ਬਿਨਾ ਕਾਅਬਿਆਂ ਤੋਂ ਹੋਣਾ ਹੱਜਨਾ, ਹਾਜਤ ਸਭ ਦੀ ਪੂਰ ਕਰਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਤੇਰੇ ਪਿਆਰ ਵਿਚ ਕੂੜ ਕੁੜਿਆਰ ਸਭ ਨੇ ਤਜਣਾ, ਤਖ਼ਤਾ ਦੀਨ ਦੁਨੀ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਸਤਿ ਪਰਕਾਸ਼ ਮੇਰੇ ਅਗੰਮੀ ਮੋਹਨ ਮਾਧਵ ਮਦਨਾ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।

### ੨੫ ਸਾਵਣ ਸ਼ਹਿਨਸ਼ਾਹੀ ਸੰਮਤ ੧੧ ਪਾਲ ਸਿੰਘ ਦੇ ਗ੍ਰਹਿ ਪਿੰਡ ਦਾਊਦਪੁਰ ਜ਼ਿਲਾ ਕਪੂਰਥਲਾ



ਪੰਝੀ ਸਾਵਣ ਕਹੇ ਮੇਰੀ ਖ਼ੁਸ਼ੀਆਂ ਵਾਲੀ ਰਾਤੀ, ਹਰਿਜਨ ਭਗਤ ਸੁਹੇਲੇ ਵੇਖਾਂ ਚਾਈਂ ਚਾਈਂਆ । ਚਾਰ ਜੁਗ ਦੀ ਜ਼ਿੰਦਗੀ ਨਾਲੋਂ ਮੇਰੀ ਬਦਲ ਗਈ ਹਯਾਤੀ, ਕਰਮ ਕਾਂਡ ਦਾ ਲੇਖਾ ਰਿਹਾ ਨਾ ਰਾਈਆ । ਮੇਰਾ ਪੁਰਖ ਅਕਾਲਾ ਦੀਨ ਦਿਆਲਾ ਮਿਹਰਵਾਨ ਮਿਹਰ ਕਰੇ ਲੋਕਮਾਤੀ, ਧਰਨੀ ਧਰਤ ਧਵਲ ਧੌਲ ਆਪਣੀ ਦਇਆ ਕਮਾਈਆ । ਮੈਂ ਖ਼ੁਸ਼ੀਆਂ ਵਿਚ ਆਪਣੀ ਠੋਕ ਵਜਾਵਾਂ ਛਾਤੀ, ਸ਼ਹਿਨਸ਼ਾਹ ਅਗੇ ਸੀਸ ਨਿਵਾਈਆ । ਤੂੰ ਮਿਹਰਵਾਨ ਮਹਿਬੂਬ ਮੇਰਾ ਕਮਲਾਪਾਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਸਚ ਦੁਆਰ ਏਕੰਕਾਰ ਮੇਰੀ ਬੇਨੰਤੀ ਮੰਨ ਅਗੰਮੀ ਬਾਤੀ, ਬਾਤਨ ਪੜਦਾ ਦੇ ਖੁਲ੍ਹਾਈਆ । ਅੰਤ ਕੰਤ ਭਗਵੰਤ ਜਨ ਭਗਤਾਂ ਪੁਛ ਵਾਤੀ, ਵਾਤਾਵਰਨ ਵੇਖ ਖ਼ਲਕ ਖ਼ੁਦਾਈਆ । ਜੋ ਆਤਮ ਧਾਰ ਪਰਮਾਤਮ ਤੇਰੇ ਜਮਾਤੀ, ਦੂਸਰ ਵਿਦਿਆ ਸੰਗ ਨਾ ਕੋਇ ਨਿਭਾਈਆ । ਅੰਮ੍ਰਿਤ ਬੂੰਦ ਬਖ਼ਸ਼ ਸਵਾਂਤੀ, ਮਿਹਰਵਾਨ ਮੇਘ ਆਪ ਬਰਸਾਈਆ । ਤੇਰਾ ਖੇਲ ਸਦਾ ਬਹੁਭਾਂਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਸੰਗ ਆਪ ਬਣਾਈਆ । ਪੰਝੀ ਸਾਵਣ ਕਹੇ ਮੇਰਾ ਸੁਣ ਸੰਦੇਸ਼ਾ ਅਗੰਮ, ਅਗੰਮੜੇ ਦਿਆਂ ਜਣਾਈਆ । ਮੇਰਾ ਨਾ ਕੋਈ ਪਵਣ ਸੁਆਸੀ ਦਮ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਮਿਹਰਵਾਨਾ ਨੌਜਵਾਨਾ ਮੇਰਾ ਵੇਖ ਕਰਮ, ਕਰਮ ਕਾਂਡ ਦਾ ਪੰਧ ਮੁਕਾਈਆ । ਸਤਿ ਸਚ ਦਾ ਬਖ਼ਸ਼ ਦੇ ਧਰਮ, ਧਰਮ ਦੀ ਧਾਰ ਇਕ ਸਮਝਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਨੂਰ ਦਰਸਾ ਦੇ ਬ੍ਰਹਮ, ਪਾਰਬ੍ਰਹਮ ਆਪਣੇ ਰੰਗ ਰੰਗਾਈਆ । ਜਨ ਭਗਤਾਂ ਲੇਖੇ ਲਾਉਣਾ ਆਪਣਾ ਜਨਮ, ਧੁਰ ਦੀ ਬਣੇ ਜਣੇਂਦੀ ਮਾਈਆ । ਝਗੜਾ ਮੇਟਣਾ ਕਾਇਆ ਮਾਟੀ ਚਰਮ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਏਕੰਕਾਰ ਬਖ਼ਸ਼ ਦੇ ਸਰਨ, ਸਰਨਗਤ ਇਕ ਰਖਾਈਆ । ਝਗੜਾ ਰਹੇ ਨਾ ਵਰਨ ਬਰਨ, ਜ਼ਾਤ ਪਾਤੀ ਇਕ ਅਖਵਾਈਆ । ਤੂੰ ਕਰਤਾ ਪੁਰਖ ਕਰਨੀ ਕਰਨ, ਕ਼ੁਦਰਤ ਦਾ ਕ਼ਾਦਰ ਇਕ ਅਖਵਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਲਕ ਹੋਣਾ ਸਹਾਈਆ । ਸਾਵਣ ਕਹੇ ਪ੍ਰਭੂ ਮੇਰੀ ਆਦਿ ਅੰਤ ਦੀ ਆਸਾ, ਆਸ਼ਾ ਤੇਰੇ ਚਰਨ ਟਿਕਾਈਆ । ਤੂੰ ਦੇਵਣਹਾਰ ਭਰਵਾਸਾ, ਭਾਂਡਾ ਭਰਮ ਭਉ ਭੰਨਾਈਆ । ਮੈਂ ਸੇਵਕ ਤੇਰਾ ਦਾਸੀ ਦਾਸਾ, ਸਤਿਗੁਰ ਸਾਚੀ ਸੇਵ ਕਮਾਈਆ । ਮੇਰੇ ਗ੍ਰਿਹਿ ਮੰਦਰ ਪਾਉਣੀ ਰਾਸਾ, ਬਿਨ ਗੋਪੀ ਕਾਹਨ ਨਾਚ ਨਚਾਈਆ । ਮੇਰਾ ਲੇਖੇ ਲਾਉਣਾ ਬਿਨਾ ਪਵਣ ਸਵਾਸਾ, ਸਾਹ ਸਾਹ ਤੇਰੀ ਓਟ ਤਕਾਈਆ । ਜਨ ਭਗਤਾਂ ਅੰਤਰ ਨਿਰੰਤਰ ਕਰੀਂ ਵਾਸਾ, ਵਾਸਤਾ ਆਪਣੇ ਨਾਲ ਰਖਾਈਆ । ਤੇਰਾ ਖੇਲ ਤਕਾਂ ਪ੍ਰਿਥਮੀ ਉਤੇ ਆਕਾਸ਼ਾ, ਗਗਨ ਗਗਨੰਤਰਾਂ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਪੰਝੀ ਸਾਵਣ ਕਹੇ ਪ੍ਰਭੂ ਮੈਨੂੰ ਹਕ ਦੀ ਦੇ ਤੌਫ਼ੀਕ, ਤੋਫ਼ਾ ਨਾਮ ਨਾਮ ਵਰਤਾਈਆ । ਮੈਂ ਤੇਰੇ ਹੁਕਮ ਦੀ ਕਰਾਂ ਤਬਲੀਕ, ਰਹਿਮਤ ਨਾਲ ਰਹੀਮ ਦੇਣੀ ਦ੍ਰਿੜਾਈਆ । ਮੈਨੂੰ ਨਜ਼ਰ ਨਾ ਆਏ ਦੀਨ ਦੁਨੀ ਵਿਚ ਸ਼ਰੀਕ, ਸ਼ਿਕਰਤ ਕੂੜੀ ਦੇਣੀ ਮਿਟਾਈਆ । ਸਾਚੇ ਹੁਕਮ ਨਾਲ ਕਰ ਤਸਦੀਕ, ਸ਼ਹਾਦਤ ਆਪਣਾ ਨਾਮ ਭੁਗਤਾਈਆ । ਪੂਰਬ ਲੈਹਣਿਆਂ ਉਤੇ ਜਨ ਭਗਤਾਂ ਮਾਰ ਦੇ ਲੀਕ, ਲਾਈਨ ਅਗਲੀ ਦੇ ਵਖਾਈਆ । ਬੇਸ਼ਕ ਤੇਰਾ ਮਾਰਗ ਬੜਾ ਬਾਰੀਕ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਮੈਨੂੰ ਤੇਰੇ ਉਤੇ ਉਮੀਦ, ਆਸਾ ਤੇਰੇ ਚਰਨ ਟਿਕਾਈਆ । ਤੂੰ ਮੇਰਾ ਮਿਹਰਵਾਨ ਬੀਦੋ ਬੀਦ, ਨੂਰ ਨੁਰਾਨਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਗ੍ਰਿਹਿ ਇਕ ਸੁਹਾਈਆ । ਸਾਵਣ ਕਹੇ ਪ੍ਰਭੂ ਮੇਰਾ ਕਰ ਦੇ ਵੱਡਾ ਭਾਗ, ਭਗਵਨ ਦੇਣੀ ਮਾਣ ਵਡਿਆਈਆ । ਤੇਰਾ ਦੀਪਕ ਜੋਤ ਜਗੇ ਚਰਾਗ਼, ਚਰਾਗਾਹਾਂ ਕਰੇ ਰੁਸ਼ਨਾਈਆ । ਏਥੇ ਉਥੇ ਦੋ ਜਹਾਨਾਂ ਸ੍ਰੀ ਭਗਵਾਨਾ ਮੇਰੀ ਬੁਝਾ ਦੇ ਆਗ, ਅੰਮ੍ਰਿਤ ਮੇਘ ਨਾਮ ਬਰਸਾਈਆ । ਸਚ ਪ੍ਰੀਤ ਅੰਤਰ ਬਖ਼ਸ਼ ਦੇ ਵੈਰਾਗ, ਵੈਰੀ ਕੂੜੇ ਬਾਹਰ ਕਢਾਈਆ । ਸਤਿ ਸਚ ਦਾ ਦੇ ਸੁਆਦ, ਬਿਨ ਰਸਨਾ ਰਸ ਚਖਾਈਆ । ਬਿਨਾ ਤੰਦ ਸਿਤਾਰ ਵਜਾ ਰਬਾਬ, ਬਿਨਾ ਸ਼ਬਦ ਧੁਨ ਨਾਦ ਕਰ ਸ਼ਨਵਾਈਆ । ਉਹ ਮਾਲਕ ਸੁਆਮੀ ਮੇਰਾ ਇਕ ਅਹਿਬਾਬ, ਮਿਤਰ ਪਿਆਰਾ ਨੂਰ ਅਲਾਹੀਆ । ਜੋਤੀ ਜਾਤੇ ਪੁਰਖ ਬਿਧਾਤੇ ਜਨ ਭਗਤਾਂ ਕਰਨੀ ਇਮਦਾਦ, ਸਿਰ ਸਿਰ ਆਪਣੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦੇਣੀ ਮਾਣ ਵਡਿਆਈਆ । ਸਾਵਣ ਕਹੇ ਮੇਰੇ ਪੁਰਖ ਅਕਾਲੇ ਮੇਰੇ ਉਤੇ ਤੁਠ, ਮਿਹਰਵਾਨ ਮਹਿਬੂਬ ਮਿਹਰ ਨਜ਼ਰ ਉਠਾਈਆ । ਨਿਗਾਹ ਮਾਰ ਲੈ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਚਾਰੇ ਗੁਠ, ਕੋਨਾ ਕੋਨਾ ਖੋਜ ਖੁਜਾਈਆ । ਕੋਟਾਂ ਵਿਚੋਂ ਤੇਰੇ ਜਨ ਭਗਤ ਸੁਹੇਲੇ ਸ੍ਰੀ ਭਗਵਾਨ ਇਕੋ ਮੁਠ, ਬਹੁਤੀ ਵੰਡ ਨਜ਼ਰ ਕੋਇ ਨਾ ਆਈਆ । ਨਵ ਸੱਤ ਦੀ ਧਾਰ ਏਕੰਕਾਰ ਤੇਰੇ ਨਾਲੋਂ ਗਈ ਰੁਠ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਕਿਰਪਾ ਨਿਧਾਨ ਨੌਜਵਾਨ ਸ੍ਰੀ ਭਗਵਾਨ ਜਨ ਭਗਤ ਸੁਹੇਲੇ ਬਣਾ ਲੈ ਸੁਤ, ਪਿਤਾ ਪੂਤ ਗੋਦ ਉਠਾਈਆ । ਸਾਵਣ ਕਹੇ ਮੇਰੀ ਸੁਹੰਜਣੀ ਕਰ ਦੇ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਤੂੰ ਮਾਲਕ ਅਬਿਨਾਸ਼ੀ ਅਚੁਤ, ਪਾਰਬ੍ਰਹਮ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਲਹਿਣਾ ਪੂਰ ਕਰਾਈਆ । ਪੰਝੀ ਸਾਵਣ ਕਹੇ ਮੇਰੇ ਸਤਿਗੁਰ ਮੇਰੀ ਖੋਲ੍ਹ ਦੇ ਅੱਖ, ਨੇਤਰ ਲੋਚਨ ਨੈਣ ਬਦਲਾਈਆ । ਮੇਰਾ ਭੰਡਾਰਾ ਭਰ ਦੇ ਸਤਿ, ਸਤਿ ਸਤਿਵਾਦੀ ਮੈਨੂੰ ਦਰਸ ਦਿਖਾਈਆ । ਤੂੰ ਸਾਹਿਬ ਸੁਆਮੀ ਕਮਲਾਪਤ, ਪਤਿਪਰਮੇਸ਼ਵਰ ਇਕੋ

ਨਜ਼ਰੀ ਆਈਆ । ਤੂੰ ਸਰਬ ਕਲਾ ਸਮਰਥ, ਸਮਰਥ ਪੁਰਖ ਅਗੰਮ ਅਥਾਹੀਆ । ਮੈਂ ਤੇਰੇ ਚਰਨ ਕਵਲ ਜੋੜ ਕੇ ਹੱਥ, ਨਮਸਤੇ ਕਹਿ ਕੇ ਸੀਸ ਨਿਵਾਈਆ । ਜਨ ਭਗਤਾਂ ਕੂੜੀ ਕਿਰਿਆ ਅੰਤਰ ਨਿਰੰਤਰ ਦੇਣੀ ਮਥ, ਕੂੜੀ ਕਿਰਿਆ ਬਾਹਰ ਕਢਾਈਆ । ਜੋ ਤੇਰੇ ਲੱਭੇ ਸਥ, ਸਥਰ ਯਾਰੜੇ ਸੇਜ ਹੰਢਾਈਆ । ਜਿਨ੍ਹਾਂ ਪੰਧ ਮੁਕਾਇਆ ਨਠ ਨਠ, ਭੱਜੇ ਵਾਹੋ ਦਾਹੀਆ । ਸਚ ਦੁਆਰ ਹੋਇਆ ਇਕੱਠ, ਮਿਲ ਮਿਲ ਕੇ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਗ੍ਰਿਹ ਵਜਦੀ ਰਹੇ ਵਧਾਈਆ । ਪੰਞੀ ਸਾਵਣ ਕਹੇ ਪ੍ਰਭੂ ਤੇਰੇ ਚਰਨ ਕਵਲ ਅਰਦਾਸ, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਮੇਰੀ ਨਿਰਗੁਣ ਸਰਗੁਣ ਪੂਰੀ ਕਰਨੀ ਆਸ, ਤ੍ਰਿਸ਼ਨਾ ਦੀਨ ਦੁਨੀ ਜਗਤ ਜੁਗਤ ਨਾ ਕੋਇ ਜਣਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਸਚ ਬਖ਼ਸ਼ਣਾ ਜੋਤ ਪ੍ਰਕਾਸ਼, ਅੰਧ ਅੰਧੇਰਾ ਦੇਣਾ ਮਿਟਾਈਆ । ਜਨ ਭਗਤਾਂ ਅੰਤਰ ਪਾਉਣੀ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਾਚ ਨਚਾਈਆ । ਮੈਂ ਖ਼ੁਸ਼ੀਆਂ ਨਾਲ ਤੇਰੀ ਵੇਖਾਂ ਰਾਸ, ਕਿਸ ਬਿਧ ਤੇਰੀ ਵਜੇ ਵਧਾਈਆ । ਤੂੰ ਮਾਲਕ ਖ਼ਾਲਕ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼, ਸਤਿਗੁਰ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮਾਲਕ ਹੋਣਾ ਸਹਾਈਆ । ਸਾਵਣ ਕਹੇ ਪ੍ਰਭੂ ਮੇਰੀ ਸੁਰਤ ਸੰਭਾਲ, ਸੰਬਲ ਦੇ ਮਾਲਕ ਦਇਆ ਕਮਾਈਆ । ਜਨ ਭਗਤਾਂ ਲੇਖੇ ਲਾ ਲੈ ਘਾਲ, ਜੋ ਘਾਇਲ ਹੋ ਕੇ ਤੇਰੀ ਸੇਵ ਕਮਾਈਆ । ਆਪਣੀ ਗੋਦੀ ਚੁਕ ਲੈ ਲਾਲ, ਕਲਜੁਗ ਆਲ੍ਹਣਿਉਂ ਡਿੱਗੇ ਲੈ ਉਠਾਈਆ । ਆਤਮ ਪਰਮਾਤਮ ਹੋ ਕੇ ਦੇਣਾ ਸਤਿਨਾਮ ਸਚਾ ਧਨ ਮਾਲ, ਵਸਤ ਅਤੋਟ ਅਤੁਟ ਵਰਤਾਈਆ । ਫਲ ਲਗਾਉਣਾ ਕਾਇਆ ਵਾਲੇ ਡਾਲ, ਪੰਜ ਤਤ ਦੇਣੀ ਵਡਿਆਈਆ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਮਾਲਕ ਧੁਰਦਰਗਾਹੀਆ । ਬਾਲਮੀਕ ਦਾ ਇਕ ਸਵਾਲ, ਰਵਿਦਾਸ ਦੇਵੇ ਗਵਾਹੀਆ । ਦਾਊਦ ਪੁਰ ਵਿਚ ਤੇਰਾ ਭਗਤ ਵਸੇ ਸਿੰਘ ਪਾਲ, ਪਾਲਣਾ ਕਰਨੀ ਚਾਈਂ ਚਾਈਆ । ਸਚ ਦੁਆਰ ਵਸਾਉਣਾ ਸਚੀ ਧਰਮਸਾਲ, ਦੂਜਾ ਨਜ਼ਰ ਕੋਇ ਨਾ ਆਈਆ । ਤ੍ਰੇਤੇ ਜੁਗ ਦੀ ਲੇਖੇ ਲਾਉਂਣੀ ਘਾਲ, ਜੋ ਘਾਇਲ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸ਼ਬਦ ਸ਼ਬਦੀ ਧਾਰ ਬਣਾਏ ਦਲਾਲ, ਵਿਚੋਲਾ ਅੰਤਰ ਨਿਰੰਤਰ ਆਤਮ ਪਰਮਾਤਮ ਇਕੋ ਨਜ਼ਰੀ ਆਈਆ ।

### ✪ ੨੬ ਸਾਵਣ ਸ਼ਹਿਨਸ਼ਾਹੀ ਸੰਮਤ ੧੧ ਚਰਨ ਸਿੰਘ ਦੇ ਗ੍ਰਿਹ ਪਿੰਡ ਢਿਲਵੀਂ ਜ਼ਿਲਾ ਕਪੂਰਥਲਾ ✪

ਸਤਿਗੁਰ ਸ਼ਬਦ ਕਹੇ ਮੈਂ ਵਸਾਂ ਅੰਤਸ਼ਕਰਨ, ਕਰਮ ਕਾਂਡ ਜਗਤ ਕਿਰਿਆ ਵਿਚ ਕਦੇ ਨਾ ਆਈਆ । ਜੋਤੀ ਧਾਰੋਂ ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਮੇਰਾ ਹੋਵੇ ਜਨਮ, ਤਨ ਵਜੂਦ ਮਾਟੀ ਖ਼ਾਕ ਜੰਮਣ ਵਾਲੀ ਕੋਇ ਨਾ ਮਾਈਆ । ਦੀਨ ਮਜ਼੍ਹਬ ਜ਼ਾਤ ਪਾਤ ਮੇਰਾ ਨਹੀਂ ਕੋਈ ਬਰਨ, ਖੱਤਰੀ ਬ੍ਰਾਹਮਣ ਸ਼ੂਦਰ ਵੈਸ਼ ਰੰਗ ਨਾ ਕੋਇ ਰੰਗਾਈਆ । ਜਗਤ ਵਿਦਿਆ ਅੱਖਰ ਮੈਂ ਵਿਦਿਆ ਕਦੇ ਨਾ ਲੱਗਾ ਪੜ੍ਹਨ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਸਚ ਦੁਆਰ ਏਕੰਕਾਰ ਮੈਨੂੰ ਬਖ਼ਸ਼ੀ ਆਪਣੀ ਸਰਨ, ਸਰਨਗਤ ਬ੍ਰਹਮ ਮਤ ਤੋਂ ਪਰੇ ਆਪ ਸਮਝਾਈਆ । ਨਿਰਗੁਣ ਨਿਰਾਕਾਰ



੭੪੩
੨੪

ਨਿਰੰਕਾਰ ਦਾ ਪਕੜਿਆ ਲੜਨ, ਪਲੂ ਇਕੋ ਗੰਢ ਬੰਧਾਈਆ । ਬਿਨਾ ਮੰਜ਼ਲ ਤੋਂ ਮੰਜ਼ਲ ਹਕੀਕੀ ਸਦਾ ਲੱਗਾ ਚੜ੍ਹਨ, ਅੰਦਰ ਬਾਹਰ ਗੁਪਤ ਜ਼ਾਹਰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰਾ ਫ਼ਰਮਾਨਾ ਰਸਨਾ ਜਿਹਵਾ ਮੁਖ ਦੰਦ, ਦੀਨ ਦੁਨੀ ਜਗਤ ਵਡਿਆਈਆ । ਤਨ ਵਜੂਦ ਢੋਲੇ ਗਾਉਂਦੇ ਛੰਦ, ਸਿਫ਼ਤਾਂ ਸਿਫ਼ਤ ਸਿਫ਼ਤ ਸਲਾਹੀਆ । ਮੇਰਾ ਸਰਗੁਣ ਧਾਰ ਲੇਖਾ ਨਾਲ ਜਗਤ ਖੇਲ ਤਨ ਵਜੂਦ ਬੰਦ ਬੰਦ, ਬੰਦਗੀ ਦੀਨ ਦੁਨੀ ਦ੍ਰਿੜਾਈਆ । ਮੇਰਾ ਮੇਲ ਮਿਲਾਵਾ ਜਗਤ ਦਾਅਵਾ ਤਤ ਪੰਜ, ਪੰਚਮ ਆਪਣਾ ਖੇਲ ਖਲਾਈਆ । ਮੇਰਾ ਨੇਤਰ ਨੀਰ ਜਗਤ ਧਾਰ ਵਗੇ ਹੰਝ, ਹੰਝੂਆਂ ਖੇਲ ਵਖਾਈਆ । ਮੈਂ ਗ਼ਮੀ ਵਿਚ ਮਨ ਕਲਪਣਾ ਨਾਲ ਹੋਵਾਂ ਰੰਜ, ਰੰਜ਼ਸ਼ ਵਿਚ ਭੁੱਲੇ ਮਾਲਕ ਖ਼ਲਕ ਖ਼ੁਦਾਈਆ । ਜਿਸ ਵੇਲੇ ਕਾਮ ਕਰੋਧ ਲੋਭ ਮੋਹ ਹੰਕਾਰ ਅੰਤਰ ਕਰੇ ਜੰਗ, ਬੁੱਲਾਂ ਵਾਲਾ ਜਾਪ ਰਸਨਾ ਉਤੇ ਰਹਿਣ ਕੋਇ ਨਾ ਪਾਈਆ । ਜਿਧਰ ਵੇਖਾਂ ਹੋਵੇ ਅੰਧੇਰਾ ਅੰਧ, ਸਾਚਾ ਚੰਦ ਨਾ ਕੋਇ ਚਮਕਾਈਆ । ਸੁਰਤੀ ਡੋਰੀ ਬੰਨ੍ਹੇ ਕੋਈ ਨਾ ਤੰਦ, ਤੰਦ ਸਿਤਾਰ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਧੁਰਦਰਗਾਹੀਆ । ਸਤਿਗੁਰ ਸ਼ਬਦ ਕਹੇ ਮੇਰਾ ਨਾਮ ਨਾਮ ਨਿਆਰਾ, ਬਿਨ ਰਸਨਾ ਜਿਹਵਾ ਢੋਲਾ ਗਾਈਆ । ਮੈਂ ਸਦਾ ਵਸਾਂ ਕਾਇਆ ਬੰਕ ਦੁਆਰਾ, ਘਰ ਘਰ ਅੰਦਰ ਆਪਣਾ ਡੇਰਾ ਲਾਈਆ । ਮੇਰਾ ਸੁਰਤੀ ਤੋਂ ਬਾਹਰ ਮੁਸ਼ਾਹਿਰਾ, ਮਸ਼ਵਰਾ ਆਪਣੇ ਨਾਲ ਰਖਾਈਆ । ਮੇਰਾ ਘਰ ਗ੍ਰਿਹਿ ਗੰਭੀਰ ਗਹਿਰਾ, ਜਗਤ ਨੇਤਰ ਵੇਖਣ ਨਜ਼ਰ ਕਿਸੇ ਨਾ ਆਈਆ । ਮੇਰਾ ਸਾਢੇ ਤਿੰਨ ਹੱਥ ਤੋਂ ਬਾਹਰ ਦਾਇਰਾ, ਦਾਇਮ ਮੁਕਾਮ ਇਕੋ ਇਕ ਅਖਵਾਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਹੋਇਆ ਬਹਿਰਾ, ਅਨਬੋਲਤ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਨਾਮ ਕਹੇ ਮੈਨੂੰ ਬੁੱਲਾਂ ਨਾਲ ਜਪਦਾ ਜਗ, ਜਗਤ ਤ੍ਰਿਸ਼ਨਾ ਨਾਲ ਮਿਲਾਈਆ । ਅੰਤਸ਼ਕਰਨ ਬੁਝਾਏ ਕੋਈ ਨਾ ਅੱਗ, ਅਗਨੀ ਤਤ ਨਾ ਕੋਇ ਮੁਕਾਈਆ । ਸਚ ਪੁਛੋ ਮੇਰਾ ਵਸੇਰਾ ਉਪਰ ਸ਼ਾਹਰਗ, ਨੌ ਦੁਵਾਰਿਆਂ ਥੱਲੇ ਕਦੇ ਨਾ ਆਈਆ । ਬੁੱਲਾਂ ਜਪਿਆ ਕਦੇ ਪਵਾਂ ਨਾ ਲੱਭ, ਖੋਜਿਆਂ ਹੱਥ ਕਿਸੇ ਨਾ ਆਈਆ । ਮੇਰੀ ਦੀਨ ਦੁਨੀ ਤੋਂ ਬਾਹਰ ਹੱਦ, ਹਦੂਦ ਆਪਣੇ ਵਿਚ ਰਖਾਈਆ । ਮੇਰਾ ਉਚਾ ਲੰਮਾਂ ਨਹੀਂ ਕੋਈ ਕਦ, ਕ਼ੁਦਰਤ ਦੇ ਕ਼ਾਦਰ ਦਿਤੀ ਵਡਿਆਈਆ । ਮੈਂ ਬੈਖਰੀ ਬਾਣੀ ਵਿਚ ਪਰਾ ਪਸੰਤੀ ਨਾਲੋਂ ਹੋ ਕੇ ਅੱਡ, ਜਗਤ ਢੋਲੇ ਦਿਆਂ ਸੁਣਾਈਆ । ਜੇ ਕੋਈ ਦੁਖ ਦਰਦ ਭੈ ਆਵੇ ਬੁੱਲਾਂ ਨਾਲ ਜਪਣ ਵਾਲੇ ਮੈਨੂੰ ਉਸੇ ਵੇਲੇ ਦੇਣ ਛਡ, ਪੁਤ ਮਰੇ ਪਿਤਾ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸ਼ਬਦ ਕਹੇ ਮੈਂ ਡੂੰਘਾ ਸਾਗਰ, ਰਸਨਾ ਰਸ ਨਾ ਕੋਇ ਵਖਾਈਆ । ਮੇਰਾ ਮਾਲਕ ਕਰੀਮ ਕ਼ਾਦਰ, ਕ਼ੁਦਰਤ ਕਰਤਾ ਨੂਰ ਅਲਾਹੀਆ । ਮੈਂ ਆਦਿ ਜੁਗਾਦੀ ਸੂਰਬੀਰ ਬਹਾਦਰ, ਮਹਾਬਲੀ ਇਕ ਅਖਵਾਈਆ । ਜਿਸ ਦੇ ਅੰਦਰ ਵਸਿਆ ਉਸ ਦਾ ਨਿਰਮਲ ਕਰਮ ਕਰਾਂ ਉਜਾਗਰ, ਦੀਨ ਦੁਨੀ ਮਿਲੇ ਵਡਿਆਈਆ । ਮੇਰਾ ਭੇਵ ਖੁਲ੍ਹਾਇਆ ਸਤਿਗੁਰ ਤੇਗ਼ ਬਹਾਦਰ, ਖੰਡਾ ਸੀਸ ਸੀਸ ਛੁਹਾਈਆ । ਮੈਂ ਨਿਮਾਣਾ ਦੀਨ ਦੁਨੀ ਤੋਂ ਬਾਹਰ ਇਕੋ ਦਰ ਦਾ ਆਜਜ਼, ਦੂਸਰ ਓਟ ਨਾ ਕੋਇ ਰਖਾਈਆ । ਮੇਰਾ

ਪਿਆਰ ਮੁਹੱਬਤ ਵਾਲਾ ਵਾਜਬ, ਵਜਹ ਸਕਿਆ ਨਾ ਕੋਇ ਸਮਝਾਈਆ । ਮੇਰਾ ਲੇਖਾ ਲਿਖ ਸਕੇ ਨਾ ਕੋਇ ਕਾਤਬ, ਸ਼ਾਇਰ ਸ਼ਰਅ ਵਿਚ ਨਾ ਕੋਇ ਜਣਾਈਆ । ਮੈਂ ਜਦੋਂ ਹੋਇਆ ਸਤਿਗੁਰ ਸ਼ਬਦ ਸ਼ਬਦ ਸਤਿਗੁਰ ਨਾਲ ਮੁਖ਼ਾਤਬ, ਅਵਤਾਰ ਪੈਗ਼ੰਬਰ ਗੁਰ ਮੈਨੂੰ ਅੰਤਰ ਨਿਰੰਤਰ ਰਖ ਕੇ ਦੀਨ ਦੁਨੀ ਗਏ ਸਮਝਾਈਆ । ਮੈਂ ਨੌਂਵਾਂ ਦੁਆਰਿਆਂ ਦੇ ਬਾਹਰ ਕਦੇ ਨਹੀਂ ਆਇਆ ਜਾਨਬ, ਜਨਾਬੇ ਆਲੀ ਕਹਿ ਕੇ ਸੀਸ ਨਾ ਕਦੇ ਨਿਵਾਈਆ । ਮੇਰਾ ਲਹਿਣਾ ਦੇਣਾ ਨਿਰਗੁਣ ਜੋਤ ਨਾਲ ਸਿਰਫ਼ ਬਾਬਤ, ਦੂਸਰ ਅਵਰ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਚੁਕਾਈਆ । ਜਾਪ ਕਹੇ ਮੈਨੂੰ ਬੁੱਲਾਂ ਨਾਲ ਜਪਦੇ ਅੱਖਰੀ ਅੱਖਰ, ਰਸਨਾ ਰਸਨਾ ਨਾਲ ਹਿਲਾਈਆ । ਮੇਰਾ ਵਸੇਰਾ ਸਚ ਪੁਛੋ ਤੇ ਪਰੇ ਬਜਰ ਕਪਾਟੀ ਪੱਥਰ, ਉਰਾਰ ਘਾਟ ਨਾ ਕੋਇ ਬਣਾਈਆ । ਮੈਂ ਜਦੋਂ ਲੱਭਾ ਤੇ ਲੱਭਾ ਇਕੋ ਯਾਰ ਦੇ ਸਥਰ, ਦੂਸਰੀ ਸੇਜ ਨਾ ਕੋਇ ਹੰਢਾਈਆ । ਮੇਰੀ ਮਹਿੰਮਾ ਰਸਨਾ ਜਿਹਵਾ ਬੱਤੀ ਦੰਦ ਜੁਗ ਚੌਕੜੀ ਕਥਨ, ਸਿਫ਼ਤਾਂ ਵਿਚ ਸਿਫ਼ਤ ਸਲਾਹੀਆ । ਮੈਂ ਦੀਨ ਦੁਨੀ ਦੇ ਕਦੇ ਨਹੀਂ ਆਇਆ ਹੱਥਣ, ਫੜ ਬਾਹੋਂ ਨਾ ਕੋਇ ਵਖਾਈਆ । ਮੇਰਾ ਲਹਿਣਾ ਦੇਣਾ ਲੇਖਾ ਪਾਰ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧਿ ਅੱਠਣ, ਅੱਠਾਂ ਸੰਗ ਨਾ ਕੋਇ ਰਖਾਈਆ । ਬੁੱਲਾਂ ਨਾਲ ਜਪਣ ਵਾਲੇ ਸਾਰੇ ਤਨ ਵਜੂਦ ਅੰਤਮ ਢੱਠਣ, ਖ਼ਾਕ ਖ਼ਾਕ ਵਿਚ ਸਮਾਈਆ । ਜਿਨ੍ਹਾਂ ਹਿਰਦੇ ਵਸਾਇਆ ਉਹ ਭਗਤ ਸੁਹੇਲੇ ਪ੍ਰਭੂ ਦੇ ਬਣ ਗਏ ਰਤਨ, ਗੁਰਮੁਖ ਗੁਰ ਗੁਰ ਗੋਬਿੰਦ ਵਿਚ ਸਮਾਈਆ । ਰਸਨਾ ਜਿਹਵਾ ਬੁੱਲ ਕਹਿਣ ਸਾਡਾ ਕੂਕ ਪੁਕਾਰਨ ਵਾਲਾ ਯਤਨ, ਯਥਾਰਥ ਦਈਏ ਦ੍ਰਿੜਾਈਆ । ਅਜਪਾ ਜਾਪ ਵਿਚ ਪ੍ਰਭੂ ਦਾ ਮਿਲਦਾ ਸਾਚਾ ਵਤਨ, ਜਿਥੇ ਵਸੇ ਬੇਪਰਵਾਹੀਆ । ਉਥੇ ਮਾਇਆ ਵਿਚ ਮੂਲ ਨਾ ਟੱਪਣ, ਕਲਜੁਗ ਕਲਪਣਾ ਨਾ ਕੋਇ ਹਲਕਾਈਆ । ਦੀਨ ਦੁਨੀ ਦੀਆਂ ਹੱਦਾਂ ਟੱਪਣ, ਹਦੂਦ ਇਕੋ ਵੇਖ ਵਖਾਈਆ । ਉਥੇ ਇਕੋ ਤੂੰ ਮੇਰਾ ਮੈਂ ਤੇਰਾ ਹੋਵੇ ਬਚਨ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਮੇਰਾ ਗ੍ਰਿਹ ਸਚ ਟਿਕਾਣਾ, ਮੰਦਰ ਅਗੰਮਾ ਸੋਭਾ ਪਾਈਆ । ਜਿਥੇ ਦੀਪਕ ਜੋਤ ਜਗੇ ਮਹਾਨਾ, ਤੇਲ ਬਾਤੀ ਨਜ਼ਰ ਕੋਇ ਨਾ ਆਈਆ । ਚਾਰ ਜੁਗ ਦੇ ਸ਼ਾਸਤਰ ਗਾਏ ਕੋਈ ਨਾ ਗਾਣਾ, ਅੱਖਰ ਅੱਖਰ ਨਾ ਕੋਇ ਵਡਿਆਈਆ । ਨਾ ਕੋਈ ਰਾਗ ਨਾਦ ਸੁਣਾਏ ਤਰਾਨਾ, ਰਾਗ ਨਾਦ ਨਾ ਕੋਇ ਸ਼ਨਵਾਈਆ । ਮੇਰਾ ਖੇਲ ਸਦਾ ਮਹਾਨਾ, ਮਹਿੰਮਾ ਆਪਣੀ ਆਪਣੇ ਵਿਚੋਂ ਪਰਗਟਾਈਆ । ਮੇਰਾ ਤਤਾਂ ਵਾਲਾ ਨਹੀਂ ਕੋਈ ਬਾਣਾ, ਵਜੂਦ ਖ਼ਾਕੀ ਨਾ ਕੋਇ ਹੰਢਾਈਆ । ਮੈਂ ਸ਼ਾਹੋ ਭੂਪ ਸਤਿਗੁਰ ਸ਼ਬਦ ਸ਼ਹਿਨਸ਼ਾਹ ਪੁਰਾਨਾ, ਆਦਿ ਜੁਗਾਦਿ ਜੁਗ ਚੌਕੜੀ ਚਲਿਆ ਆਈਆ । ਮੇਰਾ ਅਵਤਾਰ ਪੈਗ਼ੰਬਰਾਂ ਗੁਰੂਆਂ ਗਾਇਆ ਗਾਣਾ, ਧੁਰ ਦੇ ਹੁਕਮ ਹੁਕਮ ਨਾਲ ਬਣਾਈਆ । ਮੈਂ ਵਸਾਂ ਬਾਹਰ ਜ਼ਿਮੀਂ ਅਸਮਾਨਾਂ, ਦੋ ਜਹਾਨਾਂ ਆਪਣਾ ਆਸਣ ਲਾਈਆ । ਮੇਰਾ ਗ੍ਰਿਹ ਮੰਦਰ ਮਹਲ ਅਟਲ ਅਗੰਮ ਮਕਾਨਾ, ਜਿਸ ਦੀ ਛੱਪਰ ਛੰਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰ ਇਕ ਦਰਸਾਈਆ । ਸਤਿਗੁਰ ਸ਼ਬਦ ਕਹੇ ਰਸਨਾ ਬੁੱਲ ਜਗਤ ਦੀ ਧਾਰ, ਧਰਨੀ ਧਰਤ ਧਵਲ ਧੌਲ ਦਿਤੀ ਵਡਿਆਈਆ । ਮਾਰਗ ਲਾ ਵਿਚ ਸੰਸਾਰ, ਅੱਖਰ ਅੱਖਰਾਂ ਨਾਲ ਕੀਤੀ ਪੜ੍ਹਾਈਆ । ਵਿਖਮ ਵਿਦਿਆ ਗੁਣ ਦਿਤਾ ਕਰਮੀ ਕਰਮ ਕਰ ਵਿਚਾਰ, ਵਿਚਰਕੇ ਆਪਣਾ

ਹੁਕਮ ਸੁਣਾਈਆ । ਸਤਿਗੁਰ ਸ਼ਬਦ ਸ਼ਬਦ ਦਾ ਪਿਆਰ, ਪਿਆਰ ਪਿਆਰ ਵਿਚੋਂ ਪਰਗਟਾਈਆ । ਰਸਨਾ ਨਾਲ ਜਪਣ ਵਾਲੇ ਸਤਿਗੁਰ ਸ਼ਬਦ ਨੂੰ ਭੁਲ ਜਾਂਦੇ ਜੇ ਵੇਖ ਲੈਣ ਵੇਸਵਾ ਨਾਰ, ਵਿਸ਼ਵ ਦਾ ਆਪਣਾ ਮਾਣ ਗੁਆਈਆ । ਮਨ ਕਲਪਣਾ ਵਿਚ ਹੋਣ ਖ਼ੁਆਰ, ਬੁੱਧੀ ਬਿਬੇਕ ਨਾ ਕੋਇ ਜਣਾਈਆ । ਰਾਤੀਂ ਸੁਫ਼ਨਿਆਂ ਵਿਚ ਫ਼ਿਰਨ ਆਪਣਾ ਛਡ ਘਰ ਬਾਹਰ, ਗ੍ਰਿਹ ਮੰਦਰ ਵੇਖਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਸਤਿਗੁਰ ਸ਼ਬਦ ਕਹੇ ਮੈਂ ਹਿਰਦੇ ਵਸਾਂ ਆਪ, ਆਪਣੀ ਦਇਆ ਕਮਾਈਆ । ਅਨਬੋਲਤ ਮੇਰਾ ਜਾਪ, ਰਸਨਾ ਰਸ ਨਾ ਕੋਇ ਵਡਿਆਈਆ । ਮੇਰਾ ਮੇਲਾ ਨਾਲ ਕਮਲਾਪਾਤ, ਪਤਿਪਰਮੇਸ਼ਵਰ ਆਪਣਾ ਰੰਗ ਰੰਗਾਈਆ । ਜੋ ਨਿਰੰਤਰ ਨਿਰਾਕਾਰ ਹੋ ਕੇ ਪੁਛੇ ਵਾਤ, ਵੇਖਣਹਾਰਾ ਚਾਈਂ ਚਾਈਆ । ਬਿਨਾ ਜ਼ਬਾਨ ਤੋਂ ਕਰੇ ਬਾਤ, ਬਾਤਨ ਪੜਦਾ ਆਪ ਖੁਲ੍ਹਾਈਆ । ਬਿਨ ਅੱਖੀਆਂ ਮਾਰੇ ਝਾਤ, ਬਿਨ ਨੈਣਾਂ ਵੇਖ ਵਖਾਈਆ । ਬਿਨਾ ਸੂਰੀਆ ਚੰਦ ਤੋਂ ਮੇਟੇ ਅੰਧੇਰੀ ਰਾਤ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਇਕ ਵਖਾਈਆ । ਰਸਨਾ ਕਹੇ ਮੈਂ ਢੋਲੇ ਗਾਵਾਂ ਗੀਤ, ਸਤਿ ਸਚ ਸੁਣਾਈਆ । ਮੇਰੀ ਜਗਤ ਜਗਿਆਸੂਆਂ ਵਾਲੀ ਰੀਤ, ਮਨ ਮਨਸਾ ਵਿਚ ਵਡਿਆਈਆ । ਜਿਸ ਵੇਲੇ ਦੁਨੀਆਦਾਰਾਂ ਜਗਤ ਕੂੜ ਦੀ ਮਿਲੇ ਪ੍ਰੀਤ, ਸਚ ਦਾ ਨਾਤਾ ਜਾਣ ਤੁੜਾਈਆ । ਛਡ ਜਾਣ ਮੰਦਰ ਮਸੀਤ, ਭੱਜਣ ਵਾਹੋ ਦਾਹੀਆ । ਜਿਨ੍ਹਾਂ ਦੇ ਸਤਿਗੁਰ ਸ਼ਬਦ ਪ੍ਰਭੂ ਦੀ ਧਾਰ ਹੋ ਕੇ ਵਸਿਆ ਚੀਤ, ਚਿਤ ਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਆਦਿ ਜੁਗਾਦਿ ਜੁਗ ਚੌਕੜੀ ਉਹ ਸਦਾ ਠੰਢੇ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਇਕੋ ਏਕੰਕਾਰ ਨਾਲ ਉਨ੍ਹਾਂ ਦੀ ਪ੍ਰੀਤ, ਪ੍ਰੀਤਮ ਨਾਲ ਮਿਲਕੇ ਆਪਣੀ ਖ਼ੁਸ਼ੀ ਵਖਾਈਆ । ਮਾਨਸ ਜਨਮ ਲੱਖ ਚੁਰਾਸੀ ਵਿਚ ਜਾਣ ਜੀਤ, ਆਵਣ ਜਾਵਣ ਪੰਧ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਨਿਰਗੁਣ ਸਰਗੁਣ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸਚ ਸੁਆਮੀ ਸਦਾ ਸਦਾ ਸਦ ਲਾਸ਼ਰੀਕ, ਸ਼ਿਰਕਤ ਵਿਚ ਕਦੇ ਨਾ ਆਈਆ ।

### ✪ ੨੬ ਸਾਵਣ ਸ਼ਹਿਨਸ਼ਾਹੀ ਸੰਮਤ ੧੧ ਚਰਨ ਕੌਰ ਦੇ ਗ੍ਰਿਹਿ ਪਿੰਡ ਢਿਲਵੀਂ ਜ਼ਿਲਾ ਕਪੂਰਥਲਾ ✪

ਖ਼ੁਸ਼ੀਆਂ ਨਾਲ ਹੱਸੀ ਬਸੁਧਾ, ਧਰਨੀ ਧਰਤ ਆਪਣੀ ਖ਼ੁਸ਼ੀ ਬਣਾਈਆ । ਮੇਰਾ ਭਾਗ ਹੋਇਆ ਉਦਾ, ਉਦੈ ਅਸਤ ਪ੍ਰਭ ਦੇਵੇ ਮਾਣ ਵਡਿਆਈਆ । ਮੈਨੂੰ ਇਸ਼ਾਰਾ ਦੇ ਕੇ ਗਿਆ ਬੁੱਧਾ, ਬੁੱਧੀ ਤੋਂ ਪਰੇ ਧਿਆਨ ਲਗਾਈਆ । ਭੇਵ ਅਭੇਦਾ ਖੋਲ੍ਹਿਆ ਗੁੱਝਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਹਸ ਕੇ ਕਿਹਾ ਜਿਸ ਵੇਲੇ ਕਲਜੁਗ ਕੂੜ ਹੋਵੇ ਜੁਗਾ, ਧਰਮ ਦੀ ਧਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਮੇਰੀ ਪਵਿਤ੍ਰ ਹੋਈ ਮਿੱਟੀ ਖ਼ਾਕ, ਧੂੜ ਹੋ ਕੇ ਮਿੱਟੀ ਖ਼ਾਕ ਨੂੰ ਪ੍ਰਭੂ ਚਰਨ ਮਿਲੀ ਸਰਨਾਈਆ । ਪੂਰਬ ਪੂਰਬ ਪੂਰਾ ਕਰੇ ਭਵਿਖਤ ਵਾਕ, ਵਾਕਿਆ ਬੁੱਧ ਰਿਹਾ ਸਮਝਾਈਆ । ਸਤਿਗੁਰ ਸ਼ਬਦ ਦੀ ਧਾਰ

ਆਇਆ ਨਾਲ ਇਤਫ਼ਾਕ, ਇਤਫ਼ਾਕੀਆ ਆਪਣਾ ਖੇਲ ਖਲਾਈਆ । ਭਗਤ ਸੁਹੇਲੇ ਤਕੇ ਚਾਕ, ਚਾਕਰੀ ਸਭ ਦੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਇਕ ਵਡਿਆਈਆ । ਧਰਨੀ ਕਹੇ ਮੇਰਾ ਦਰ ਹੋਵੇ ਪਵਿਤ, ਪਤਿਤ ਪੁਨੀਤ ਦਏ ਵਡਿਆਈਆ । ਜਨ ਭਗਤਾਂ ਕਰੇ ਹਿਤ, ਹਿਤਕਾਰੀ ਹੋ ਕੇ ਮੇਲ ਮਿਲਾਈਆ । ਸਦ ਦਰਸ਼ਨ ਦੇਵੇ ਨਿਤ, ਨਿਜ ਲੋਚਨ ਨੈਣ ਨੈਣ ਉਠਾਈਆ । ਜਨ ਭਗਤਾਂ ਵਸੇ ਕਾਇਆ ਵਿਚ, ਅੰਮ੍ਰਿਤ ਆਪਣਾ ਆਪ ਸੁਹਾਈਆ । ਸੁਰਤੀ ਸ਼ਬਦ ਲਾਏ ਖਿਚ, ਪ੍ਰੇਮ ਪ੍ਰੀਤੀ ਵਿਚ ਬੰਧਾਈਆ । ਮਿਹਰਵਾਨ ਬਣ ਕੇ ਪਿਤ, ਪਤਿਪਰਮੇਸ਼ਵਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਦੇ ਭਗਤ ਸੁਹੇਲੇ ਚੰਗੇ, ਹਰਿ ਦੇਵੇ ਮਾਣ ਵਡਿਆਈਆ । ਜਿਨ੍ਹਾਂ ਨੂੰ ਮੇਰੇ ਉਤੇ ਲਾਵੇ ਅੰਗੇ, ਅੰਗੀਕਾਰ ਇਕ ਅਖਵਾਈਆ । ਸਾਹਿਬ ਸਤਿਗੁਰ ਬਣ ਸੂਰਾ ਸਰਬੰਗੇ, ਸਿਰ ਸਿਰ ਆਪਣਾ ਹੱਥ ਟਿਕਾਈਆ । ਓਢਣ ਬਿਨ ਰਹਿਣ ਨਾ ਦੇਵੇ ਨੰਗੇ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਿਸ ਦੀ ਯਾਦ ਵਿਚ ਪੂਰਬ ਵਕ਼ਤ ਲੰਘੇ, ਭੱਜੇ ਬਣ ਕੇ ਪਾਂਧੀ ਰਾਹੀਆ । ਉਸ ਨੇ ਮੇਰੇ ਸਫ਼ਰ ਮੇਟੇ ਲੰਮੇ, ਲਮਹ ਲਮਹ ਆਪਣਾ ਪੰਧ ਮੁਕਾਈਆ । ਅੰਤ ਕੰਤ ਭਗਵੰਤ ਆਇਆ ਉਸ ਬਿਆਸ ਦੇ ਕੰਢੇ, ਕੰਢੀ ਬਹਿ ਕੇ ਆਪਣਾ ਖੇਲ ਖਿਲਾਈਆ । ਜਿਸ ਦੀ ਗੋਬਿੰਦ ਵੰਡ ਕੇ ਗਿਆ ਵੰਡੇ, ਨਿਸ਼ਾਨਾ ਚਿੱਲਾ ਤੀਰ ਕਮਾਨ ਰਖਾਈਆ । ਲੀਕ ਮਾਰੀ ਸ਼ਬਦੀ ਧਾਰ ਖੰਡੇ, ਖੰਡਾ ਖੜਗ ਖੜਗ ਚਮਕਾਈਆ । ਮੇਰਾ ਮਾਲਕ ਖ਼ਾਲਕ ਸੁਆਮੀ ਸਤਿਨਾਮ ਸਚ ਜਨ ਭਗਤਾਂ ਆਪ ਵੰਡੇ, ਵੰਡਣਹਾਰ ਆਪ ਅਖਵਾਈਆ । ਜਿਸ ਦਾ ਖੇਲ ਸਦਾ ਬ੍ਰਹਿਮੰਡੇ, ਪੁਰੀ ਲੋਅ ਖੋਜੇ ਚਾਈਂ ਚਾਈਂਆ । ਹਰਿਜਨ ਸਾਚੇ ਚਾੜ੍ਹੇ ਨਾਮ ਦੇ ਡੰਡੇ, ਡੰਡਾਵਤ ਆਪਣੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਪਰਮਾਤਮ ਆਤਮ ਧਾਰ ਨਿਰਗੁਣ ਨਿਰਗੁਣ ਆਪੇ ਗੰਢੇ, ਗੰਢਣਹਾਰ ਗੋਪਾਲ ਸੁਆਮੀ ਆਪਣੀ ਦਇਆ ਕਮਾਈਆ ।

੭੪੭
੨੪

## ✪ ੨੬ ਸਾਵਣ ਸ਼ਹਿਨਸ਼ਾਹੀ ਸੰਮਤ ੧੧ ਪ੍ਰੀਤਮ ਸਿੰਘ ਦੇ ਗ੍ਰਹਿ ਪਿੰਡ ਢਿਲਵਾਂ ਜ਼ਿਲਾ ਕਪੂਰਥਲਾ ✪

ਸਾਵਣ ਕਹੇ ਪ੍ਰਭੂ ਮੇਰਾ ਦਿਵਸ ਦਿਹਾੜਾ ਛੱਬੀ, ਸ਼ਬੇ ਰੋਜ਼ ਤੇਰੀ ਓਟ ਤਕਾਈਆ । ਮੇਰੇ ਨਿਰਗੁਣ ਧਾਰ ਨੂਰ ਅਲਾਹੀ ਰੱਬੀ, ਰਹੀਮ ਰਹਿਮਾਨ ਤੇਰੇ ਹੱਥ ਵਡਿਆਈਆ । ਤੇਰਾ ਖੇਲ ਜੁਗ ਚੌਕੜੀ ਹੁੰਦਾ ਸਬਬੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਏ ਗਵਾਹੀਆ । ਮਿਹਰਵਾਨਾ ਸ੍ਰੀ ਭਗਵਾਨਾ ਆਪਣੀ ਸ੍ਰਿਸ਼ਟੀ ਤਕ ਲੈ ਲਬੀ, ਲੋਭ ਲਾਲਚ ਵਿਚ ਹਲਕਾਈਆ । ਕਲਜੁਗ ਕੂੜੀ ਕਿਰਿਆ ਪਾਪਾਂ ਭਾਰ ਦੱਬੀ, ਸਿਰ ਸਕੇ ਨਾ ਕੋਇ ਉਠਾਈਆ । ਅੰਤ ਵੇਖ ਲੈ ਮੁਹੰਮਦ ਵਾਲੀ ਚੌਧਵੀਂ ਸਦੀ, ਸਦਕੇ ਵਾਰੀ ਘੋਲ ਘੁਮਾਈਆ । ਤੇਰੇ ਪਿਆਰ ਵਿਚ ਸੁਰਤੀ ਦਿਸੇ ਕਿਸੇ ਨਾ ਬੱਧੀ, ਬੰਦਨਾ ਵਿਚ ਸੀਸ ਨਾ ਕੋਇ ਨਿਵਾਈਆ । ਸ਼ਾਹ ਸੁਲਤਾਨਾਂ ਕੂੜ ਕੁੜਿਆਰ ਦੀ ਦਿਸੇ ਗੱਦੀ, ਗਦਾਗਰ ਹੋਈ ਲੋਕਾਈਆ । ਪੁਰਖ ਅਕਾਲੇ ਦੀਨ ਦਿਆਲੇ

ਦੀਨ ਦੁਨੀ ਕੂੜੀ ਕਿਰਿਆ ਵਿਚੋਂ ਕੱਢੀ, ਫੜ ਬਾਹੋਂ ਪਾਰ ਲੰਘਾਈਆ । ਸ਼ਰਅ ਸ਼ਰੀਅਤ ਮਮਤਾ ਮੋਹ ਵਿਕਾਰ ਧਾਰ ਵਢੀ, ਖੰਡਾ ਖੜਗ ਨਾਮ ਉਠਾਈਆ । ਨਿਗਾਹ ਮਾਰ ਲੈ ਪੰਜ ਤਤ ਵਜੂਦ ਕਾਇਆ ਮਾਟੀ ਹੱਡੀ, ਮਾਸ ਨਾੜੀ ਧਿਆਨ ਲਗਾਈਆ । ਤੇਰੀ ਦੀਨ ਦੁਨੀ ਵਹਿੰਦੀ ਧਾਰ ਡਿੱਗੀ ਡੂੰਘੀ ਖੱਡੀ, ਸਚ ਕਿਨਾਰਾ ਨਜ਼ਰ ਕੋਇ ਨਾ ਆਈਆ । ਤੇਰਾ ਦਰਸ਼ਨ ਪਾਏ ਕੋਇ ਨਾ ਉਪਰ ਸ਼ਾਹਰਗੀ, ਨੌਂ ਦੁਆਰੇ ਪੰਧ ਨਾ ਕੋਇ ਮੁਕਾਈਆ । ਮੈਂ ਜਿਧਰ ਵੇਖਾਂ ਮੋਹ ਵਿਕਾਰਾ ਅਗਨੀ ਲੱਗੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਸਾਵਣ ਕਹੇ ਪ੍ਰਭੂ ਮੇਰਾ ਤੇਰੇ ਅਗੇ ਹਾੜਾ, ਹੋ ਨਿਮਾਣਾ ਸੀਸ ਨਿਵਾਈਆ । ਦਰੋਹੀ ਫਿਰੀ ਜੰਗਲ ਜੂਹ ਵਿਚ ਉਜਾੜਾ, ਪਹਾੜ ਟਿੱਲੇ ਪਰਬਤ ਰੋਵਣ ਮਾਰਨ ਧਾਹੀਆ । ਨੌ ਖੰਡ ਪ੍ਰਿਥਮੀ ਸੱਤ ਦੀਪ ਕਲਜੁਗ ਕੂੜ ਕੁਕਰਮ ਲੱਗਾ ਅਖਾੜਾ, ਮਾਇਆ ਮਮਤਾ ਮੋਹ ਨਾਚ ਨਚਾਈਆ । ਤੇਰਾ ਸਤਿਗੁਰ ਸ਼ਬਦ ਸੁਆਮੀ ਸਚ ਨਜ਼ਰ ਨਾ ਆਏ ਲਾੜਾ, ਲਾੜੀ ਮੌਤ ਸਭ ਨੂੰ ਰਹੀ ਪਰਨਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਰੰਗ ਚਾੜ੍ਹੇ ਨਾ ਕੋਇ ਗਾੜ੍ਹਾ, ਦੁਰਮਤ ਮੈਲ ਨਾ ਕੋਇ ਧੁਆਈਆ । ਫਿਰੀ ਦਰੋਹੀ ਮਾਨਸ ਮਾਨਵ ਮਾਨੁਖ ਵਿਚ ਬਹੱਤਰ ਨਾੜਾ, ਨਾੜੀ ਨਾੜ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਛੱਬੀ ਸਾਵਣ ਕਹੇ ਪ੍ਰਭੂ ਮੇਰਾ ਵੇਖ ਲੈ ਪਰਵਿਸ਼ਟਾ, ਪਰਮ ਪੁਰਖ ਧਿਆਨ ਲਗਾਈਆ । ਸਚ ਧਰਮ ਦਾ ਰਿਹਾ ਕੋਈ ਨਾ ਇਸ਼ਟਾ, ਇਸ਼ਟ ਦੇਵ ਨਾ ਕੋਇ ਮਨਾਈਆ । ਅੰਦਰੋਂ ਖੁਲ੍ਹੇ ਨਾ ਕਿਸੇ ਦ੍ਰਿਸ਼ਟਾ, ਅਨੁਭਵ ਪਰਦਾ ਨਾ ਕੋਇ ਖੁਲ੍ਹਾਈਆ । ਮਨਮੁਖ ਜੀਵ ਕਲਜੁਗ ਭਰਿਆ ਵਿਖ ਦਾ, ਵਿਸ ਰੂਪ ਨਾ ਕੋਇ ਬਦਲਾਈਆ । ਸਾਚਾ ਰੂਪ ਦਿਸੇ ਨਾ ਕੋਇ ਸਿੱਖ ਦਾ, ਸਿਖਿਆ ਗੋਬਿੰਦ ਗਏ ਭੁਲਾਈਆ । ਭਗਤ ਸੁਹੇਲਾ ਦੀਨ ਦੁਨੀ ਕੋਈ ਨਾ ਦਿਸਦਾ, ਜੋ ਭਗਵਨ ਮਿਲਕੇ ਖ਼ੁਸ਼ੀ ਬਣਾਈਆ । ਜਨ ਭਗਤ ਜਗਿਆਸੂ ਭਰਿਆ ਮੋਹ ਵਿਕਾਰੇ ਹਿਤ ਦਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਸਾਵਣ ਕਹੇ ਪ੍ਰਭੂ ਮੇਰਾ ਦਿਵਸ ਦਿਹਾੜਾ ਤਕ ਲੋਕਮਾਤ, ਮਾਤਰ ਭੂਮੀ ਧਿਆਨ ਲਗਾਈਆ । ਨੌਂ ਖੰਡ ਪ੍ਰਿਥਮੀ ਹੋਈ ਅੰਧੇਰੀ ਰਾਤ, ਸੱਤ ਦੀਪ ਸਤਿ ਚੰਦ ਨਾ ਕੋਇ ਰੁਸ਼ਨਾਈਆ । ਆਤਮ ਪਰਮਾਤਮ ਸੁਰਤੀ ਸ਼ਬਦ ਟੁੱਟਾ ਨਾਤ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਤੁਧ ਬਿਨ ਅੰਤ ਕੰਤ ਭਗਵੰਤ ਪੁਛੇ ਕੋਈ ਨਾ ਵਾਤ, ਮਿਹਰਵਾਨ ਪ੍ਰਭੂ ਸਿਰ ਹੱਥ ਨਾ ਕੋਇ ਟਿਕਾਈਆ । ਸਤਿ ਧਰਮ ਦੀ ਦੇਵੇ ਕੋਈ ਨਾ ਦਾਤ, ਵਸਤ ਅਗੰਮ ਨਾ ਕੋਇ ਵਰਤਾਈਆ । ਤੇਰਾ ਦਰਸ ਪਾਏ ਨਾ ਕੋਈ ਇਕਾਂਤ, ਇਕ ਇਕੱਲੇ ਤੇਰਾ ਰੂਪ ਅਨੂਪ ਨਜ਼ਰ ਕਿਸੇ ਨਾ ਆਈਆ । ਮੇਰੇ ਪਰਵਰਦਿਗਾਰ ਸਾਂਝੇ ਯਾਰ ਅੰਤਮ ਦੀਨ ਦੁਨੀ ਦੀ ਪੁਛ ਵਾਤ, ਵਾਰਸ ਹੋ ਕੇ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰੇ ਆਸ ਰਖਾਈਆ । ਸਾਵਣ ਕਹੇ ਮੇਰਾ ਦਿਵਸ ਤਕ ਲੈ ਲੋਕਮਾਤੀ, ਮਤਾ ਤੇਰੇ ਨਾਲ ਪਕਾਈਆ । ਤੇਰਾ ਖੇਲ ਸਦਾ ਬਹੁਭਾਂਤੀ, ਨਿਰਗੁਣ ਸਰਗੁਣ ਤੇਰੀ ਬੇਪਰਵਾਹੀਆ । ਮੈਂ ਮੰਗਾਂ ਇਕੋ ਅਗੰਮੀ ਦਾਤੀ, ਦਇਆਵਾਨ ਝੋਲੀ ਦੇਣੀ ਭਰਾਈਆ । ਜਨ ਭਗਤਾਂ ਅੰਮ੍ਰਿਤ ਬਖ਼ਸ਼ ਦੇ ਬੂੰਦ ਸਵਾਂਤੀ, ਨਿਝਰ ਝਿਰਨਾ ਕਵਲ ਨਾਭ ਵਿਚੋਂ ਚਵਾਈਆ । ਝਗੜਾ ਮੇਟ ਦੇ ਜ਼ਾਤ

ਪਾਤੀ, ਪਤਿਪਰਮੇਸ਼ਵਰ ਆਪਣਾ ਭੇਵ ਖੁਲ੍ਹਾਈਆ । ਆਤਮ ਪਰਮਾਤਮ ਪਰਮਾਤਮ ਆਤਮ ਇਕੋ ਜੋੜ ਲੈ ਨਾਤੀ, ਰਿਸ਼ਤਾ ਫ਼ਰਿਸ਼ਤਿਆਂ ਬਾਹਰ ਰਖਾਈਆ । ਤੂੰ ਮਾਲਕ ਖ਼ਾਲਕ ਪਾਰਬ੍ਰਹਮ ਪਤਿਪਰਮੇਸ਼ਵਰ ਕਮਲਾਪਾਤੀ, ਬੇਐਬ ਪਰਵਰਦਿਗਾਰ ਨੂਰ ਅਲਾਹੀਆ । ਤੇਰਾ ਲਹਿਣਾ ਦੇਣਾ ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਬਣੇ ਸਦਾ ਸਾਥੀ, ਸਗਲਾ ਸੰਗੀ ਬਹੁਰੰਗੀ ਇਕ ਅਖਵਾਈਆ । ਤੂੰ ਮਾਲਕ ਖ਼ਾਲਕ ਅਨਾਥ ਅਨਾਥੀ, ਦੀਨਨ ਆਪਣੀ ਗੋਦ ਟਿਕਾਈਆ । ਮੇਰੇ ਪਤਿਪਰਮੇਸ਼ਵਰ ਸਰਬ ਕਲਾ ਸਮਰਾਥੀ, ਸਮਰਥ ਤੇਰੇ ਹੱਥ ਵਡਿਆਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਜੀਵਾਂ ਜੰਤਾਂ ਦੇ ਦੇ ਗਾਥੀ, ਗਹਿਰ ਗੰਭੀਰ ਬੇਨਜ਼ੀਰ ਪਰਦਾ ਆਪਣਾ ਆਪ ਉਠਾਈਆ । ਕਲਜੁਗ ਵਿਚ ਸਤਿਜੁਗ ਸਤਿ ਧਰਮ ਚਲਾ ਦੇ ਰਾਥੀ, ਰਥ ਰਥਵਾਹੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਤ ਅਮੋਲਕ ਜਨ ਭਗਤਾਂ ਦੇ ਦੇ ਹਾਥੇ ਹਾਥੀ, ਜਗਤ ਉਧਾਰ ਰਹਿਣ ਕੋਇ ਨਾ ਪਾਈਆ ।

### ✪ ੨੬ ਸਾਵਣ ਸ਼ਹਿਨਸ਼ਾਹੀ ਸੰਮਤ ੧੧ ਹਜ਼ਾਰਾ ਸਿੰਘ ਦੇ ਗ੍ਰਿਹਿ ਪਿੰਡ ਢਿਲਵਾਂ ਜ਼ਿਲਾ ਕਪੂਰਥਲਾ ✪


੭੪੯ ੨੪

ਧਰਨੀ ਕਹੇ ਜਨ ਭਗਤੋ ਪ੍ਰਭ ਦੇ ਪਰਸੋ ਚਰਨ, ਚਰਨੋਦਕ ਧੁਰ ਦਾ ਜਾਮ ਪਿਆਈਆ । ਪਰਮ ਪੁਰਖ ਪਰਮਾਤਮ ਇਕੋ ਤਕੋ ਸਰਨ, ਦੂਸਰ ਓਟ ਨਾ ਕੋਇ ਰਖਾਈਆ । ਜੋ ਝਗੜਾ ਮੇਟੇ ਜ਼ਾਤ ਪਾਤ ਵਰਨ ਬਰਨ, ਊਚ ਨੀਚ ਧੁਰ ਦਾ ਰੰਗ ਰੰਗਾਈਆ । ਸ਼ਬਦੀ ਧਾਰ ਫੜਾਏ ਆਪਣਾ ਲੜਨ, ਪਲੂ ਪਲਕਾਂ ਦੇ ਪਿਛੇ ਗੰਢ ਬੰਧਾਈਆ । ਤ੍ਰੈਗੁਣ ਮਾਇਆ ਹਰਿਜਨ ਮੂਲ ਨਾ ਸੜਨ, ਅਗਨੀ ਤਤ ਤਤ ਮਿਟਾਈਆ । ਮੰਜ਼ਲ ਮਹਿਬੂਬ ਵਾਲੀ ਹਕ਼ੀਕ਼ੀ ਚੜ੍ਹਨ, ਬਿਨ ਕ਼ਦਮਾਂ ਕ਼ਦਮ ਉਠਾਈਆ । ਜੋਤੀ ਜਾਤੇ ਪੁਰਖ ਬਿਧਾਤੇ ਦਰਸ਼ਨ ਕਰਨ, ਬਿਨ ਲੋਚਨ ਨੈਣ ਅੱਖ ਨਜ਼ਰੀ ਆਈਆ । ਜੋ ਆਦਿ ਜੁਗਾਦੀ ਆਤਮ ਪਰਮਾਤਮ ਸਾਚਾ ਸੱਜਣ ਸੈਣ, ਸਾਕ ਤਨ ਮਾਟੀ ਖ਼ਾਕ ਆਪਣਾ ਦਏ ਦ੍ਰਿੜਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਗੁਰ ਸਿਫ਼ਤਾਂ ਵਿਚ ਸਾਰੇ ਕਰਦੇ ਗਾਇਨ, ਅੱਖਰਾਂ ਅੱਖਰਾਂ ਨਾਲ ਜੁੜਾਈਆ । ਸੋ ਸਾਹਿਬ ਸਤਿਗੁਰ ਕਦੇ ਨਾ ਹੋਵੇ ਤ੍ਰਫ਼ੈਨ, ਤਰਫ਼ਦਾਰੀ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਰਗ ਇਕ ਰਖਾਈਆ । ਧਰਨੀ ਕਹੇ ਜਨ ਭਗਤੋ ਪ੍ਰਭ ਦਾ ਮਾਂਗੋ ਇਕੋ ਦਰਸ, ਬਿਨ ਜਗਤ ਨੇਤਰ ਦਰਸ਼ਨ ਪਾਈਆ । ਜੋ ਅੰਤਸ਼ਕਰਨ ਮਨ ਵਾਸਨਾ ਮੇਟੇ ਹਰਸ, ਹਵਸ ਕੂੜੀ ਦਏ ਮਿਟਾਈਆ । ਰਹਿਮਤ ਵਿਚ ਕਰੇ ਤਰਸ, ਮਿਹਰਵਾਨ ਆਪਣਾ ਰੰਗ ਰੰਗਾਈਆ । ਅੰਮ੍ਰਿਤ ਮੇਘ ਦੇਵੇ ਬਰਸ, ਬੂੰਦ ਸਵਾਂਤੀ ਨਾਭੀ ਕਵਲ ਕਵਲ ਟਪਕਾਈਆ । ਦੇਵੇ ਵਡਿਆਈ ਉਤੇ ਫ਼ਰਸ਼, ਅਰਸ਼ੀ ਪ੍ਰੀਤਮ ਹੋਏ ਸਹਾਈਆ । ਉਸ ਦਾ ਖੇਲ ਤਕੋ ਅਸਚਰਜ, ਅਚਰਜ ਆਪਣਾ ਰੰਗ ਰੰਗਾਈਆ । ਜੋਧਾ ਸੂਰਬੀਰ ਬਣ ਮਰਦਾਨਾ ਮਰਦ, ਲੋਕਮਾਤ ਜਨ ਭਗਤਾਂ ਵੇਖੇ ਚਾਈਂ ਚਾਈਂਆ । ਸਭ ਦੀ ਮਨਜ਼ੂਰ ਕਰੇ ਅਰਜ਼, ਆਰਜ਼ੂ ਆਪਣੇ ਚਰਨ ਟਿਕਾਈਆ । ਮਨ ਕਲਪਣਾ ਮੇਟਣਹਾਰਾ ਅੰਧੇਰਾ ਗਰਦ, ਗਰਦਸ਼ ਕੂੜੀ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਜਨ ਭਗਤੋ ਸਦਾ ਪੂਜੋ ਇਕ ਭਗਵੰਤ, ਭਗਵਨ

ਇਕੋ ਨਜ਼ਰੀ ਆਈਆ । ਜੋ ਆਦਿ ਜੁਗਾਦੀ ਆਤਮ ਧਾਰ ਸਾਚਾ ਕੰਤ, ਕੰਤੂਹਲ ਨੂਰ ਅਲਾਹੀਆ । ਜੋ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਦੋ ਜਹਾਨ ਏਥੇ ਉਥੇ ਉਤਰ ਕਦੇ ਨਾ ਜਾਈਆ । ਸਤਿ ਸਚ ਕਰਮ ਕਾਂਡ ਤੋਂ ਬਾਹਰ ਬਣਾਏ ਬਣਤ, ਘੜਨ ਭੰਨਣਹਾਰ ਆਪਣਾ ਰੰਗ ਰੰਗਾਈਆ । ਜਿਸ ਦੀ ਮਹਿੰਮਾ ਸਦਾ ਅਗਣਤ, ਕਥਨੀ ਕਥ ਨਾ ਕੋਇ ਸਮਝਾਈਆ । ਸੋ ਬੋਧ ਅਗਾਧਾ ਬਣੇ ਪੰਡਤ, ਬੁੱਧੀ ਤੋਂ ਬਾਹਰ ਕਰੇ ਪੜ੍ਹਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਅਵਤਾਰ ਪੈਗ਼ੰਬਰਾਂ ਗੁਰੂਆਂ ਗਾਇਆ ਮੰਤ, ਸ਼ਬਦੀ ਸ਼ਬਦੀ ਢੋਲਾ ਕਲਮਾ ਗਾਈਆ । ਉਹ ਤੋੜਨਹਾਰਾ ਗੜ੍ਹ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਲੇਖਾ ਮੁਕਾਏ ਦੋਜ਼ਖ਼ ਬਹਿਸ਼ਤ ਜੱਨਤ, ਸਵਰਗਾਂ ਪੰਧ ਮੁਕਾਈਆ । ਇਕੋ ਇਕ ਏਕੰਕਾਰ ਵਖਾਏ ਬੰਕ, ਦੁਆਰਾ ਸਚਖੰਡ ਸੋਭਾ ਪਾਈਆ । ਜਿਥੇ ਲੇਖਾ ਨਹੀਂ ਰਾਓ ਰੰਕ, ਸ਼ਾਹ ਸੁਲਤਾਨ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਇਕ ਸੁਹਾਈਆ । ਧਰਨੀ ਕਹੇ ਜਨ ਭਗਤੋ ਇਕੋ ਪ੍ਰਭ ਦਾ ਰਖੋ ਇਸ਼ਟ, ਦੇਵ ਦੇਵਾ ਆਤਮ ਇਕੋ ਨਜ਼ਰੀ ਆਈਆ । ਜਿਸ ਦਾ ਲਹਿਣਾ ਦੇਣਾ ਨਾਲ ਦੀਨ ਦੁਨੀ ਸ੍ਰਿਸ਼ਟ, ਚਾਰੇ ਖਾਣੀ ਲੱਖ ਚੁਰਾਸੀ ਬੰਧਨ ਪਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਜਿਸ ਦਾ ਭੇਵ ਖੁਲ੍ਹਾਇਆ ਰਾਮ ਰਾਮਾ ਵਸ਼ਿਸ਼ਟ, ਵਿਸ਼ਿਆਂ ਤੋਂ ਬਾਹਰ ਗਿਆ ਦ੍ਰਿੜਾਈਆ । ਉਹ ਜੋਤੀ ਜਾਤਾ ਕਦੇ ਨਾ ਹੋਵੇ ਨਿਸ਼ਟ, ਨਾਸਤਕ ਰੂਪ ਨਾ ਕੋਇ ਦਰਸਾਈਆ । ਜੋ ਆਤਮ ਧਾਰ ਲੱਖ ਚੁਰਾਸੀ ਜੀਵ ਜੰਤ ਭੋਗੇ ਗ੍ਰਿਹਸਤ, ਭਗਵਨ
੭੫੦ ਆਪਣਾ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਬੰਕ ਇਕ ਵਡਿਆਈਆ । ੭੫੦
੨੪ ਧਰਨੀ ਕਹੇ ਜਨ ਭਗਤੋ ਪਰਮ ਪੁਰਖ ਦੀ ਰਖੋ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਜੋ ਅੰਤਸ਼ਕਰਨ ਕਰੇ ਬਿਬੇਕ, ਪਤਿਤ ਪੁਨੀਤ ਦਏ ੨੪
ਬਣਾਈਆ । ਤ੍ਰੈਗੁਣ ਮਾਇਆ ਮੇਟੇ ਸੇਕ, ਅਗਨੀ ਤਤ ਤਤ ਗੁਆਈਆ । ਧੁਰ ਦਾ ਸ਼ਬਦ ਦੇਵੇ ਸੰਦੇਸ਼, ਸ਼ਬਦ ਅਨਾਦੀ ਨਾਦ ਕਰੇ ਸ਼ਨਵਾਈਆ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਗਣਪਤ ਕਰੋੜ ਤੇਤੀਸਾ ਸੀਸ ਨਿਵਾਈਆ । ਸੋ ਵਸਣਹਾਰਾ ਸਚਖੰਡ ਸਾਚੇ ਦੇਸ਼, ਦਰਗਾਹ ਸਾਚੀ ਮੁਕ਼ਾਮੇ ਹਕ ਸੋਭਾ ਪਾਈਆ । ਉਹ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਤੁਹਾਡੇ ਅੰਤਰ ਕਰੇ ਪਰਵੇਸ਼, ਪਰਮ ਪੁਰਖ ਆਪਣਾ ਰੰਗ ਰੰਗਾਈਆ । ਨਾਮ ਖ਼ੁਮਾਰੀ ਮਸਤੀ ਦਏ ਹਮੇਸ਼, ਹਮ ਸਾਜਣ ਹੋ ਕੇ ਸਗਲਾ ਸੰਗ ਨਿਭਾਈਆ । ਕਲਜੁਗ ਕੂੜੀ ਕਿਰਿਆ ਮੇਟੇ ਕਲੇਸ਼, ਕਲ ਕਾਤੀਆਂ ਡੇਰਾ ਢਾਹੀਆ । ਸੋ ਸਾਹਿਬ ਸੁਆਮੀ ਅੰਤਰਜਾਮੀ ਜਿਸ ਦੀ ਧਾਰ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਸੋਭਾ ਪਾਈਆ । ਉਹ ਕਲਜੁਗ ਅੰਤ ਅਖ਼ੀਰ ਬੇਨਜ਼ੀਰ ਪਰਵਰਦਿਗਾਰ ਬਦਲ ਕੇ ਭੇਸ, ਜੋਤੀ ਜਾਤਾ ਪੁਰਖ ਬਿਧਾਤਾ ਡਗਮਗਾਈਆ । ਸਚ ਦੁਆਰ ਆਸਣ ਸਿੰਘਾਸਣ ਸੁਹਾਏ ਸੰਬਲ ਦੇਸ, ਦੇਸ ਦੇਸੰਤਰਾਂ ਪਿਛਲਾ ਪੰਧ ਮੁਕਾਈਆ । ਜੋ ਏਥੇ ਓਥੇ ਦੋ ਜਹਾਨਾਂ ਆਦਿ ਜੁਗਾਦਿ ਰਹੇ ਹਮੇਸ਼, ਹਮ ਸਾਜਣ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਮਹਿੰਮਾ ਗਾਏ ਸਹਸਰ ਮੁਖ ਸ਼ੇਸ਼, ਦੋ ਸਹਸਰ ਜਿਹਵਾ ਨਾਲ ਮਿਲਾਈਆ ।

✪ ੨੬ ਸਾਵਣ ਸ਼ਹਿਨਸ਼ਾਹੀ ਸੰਮਤ ੧੧ ਹਜ਼ਾਰਾ ਸਿੰਘ ਦੇ ਗ੍ਰਿਹਿ ਪਿੰਡ ਫਤੂ ਚਕ ਜ਼ਿਲਾ ਕਪੂਰਥਲਾ ✪

ਧਰਨੀ ਕਹੇ ਜਨ ਭਗਤੋ ਮਸਤਕ ਲਾਓ ਸਚੀ ਧੂੜ, ਟਿੱਕੇ ਧਰਮ ਧਾਰ ਖ਼ਾਕ ਰਮਾਈਆ । ਕਾਇਆ ਚੋਲੀ ਰੰਗ ਅਗੰਮਾ ਚਾੜ੍ਹੋ ਗੂੜ੍ਹ, ਆਦਿ ਜੁਗਾਦਿ ਜੁਗ ਚੌਕੜੀ ਉਤਰ ਕਦੇ ਨਾ ਜਾਈਆ । ਨਾਤਾ ਤੋੜੋ ਪੰਚ ਵਿਕਾਰਾ ਕੂੜ, ਮੋਹ ਵਿਕਾਰ ਹੰਕਾਰ ਰਹਿਣ ਕੋਇ ਨਾ ਪਾਈਆ । ਚਤੁਰ ਸੁਘੜ ਬਣੇ ਮੂਰਖ ਮੂੜ੍ਹ, ਅੰਧ ਅਗਿਆਨ ਦਾ ਡੇਰਾ ਢਾਹੀਆ । ਪੰਧ ਮੁਕਾਉ ਨੇੜਾ ਦੂਰ, ਆਵਣ ਜਾਵਣ ਰਹੇ ਨਾ ਰਾਈਆ । ਸਤਿਗੁਰ ਦਰਸ਼ਨ ਕਰੋ ਹਾਜ਼ਰ ਹਜ਼ੂਰ, ਹਜ਼ਰਤਾਂ ਦਾ ਮਾਲਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਧਰਨੀ ਕਹੇ ਜਨ ਭਗਤੋ ਪਰਮ ਪੁਰਖ ਬਣਾਓ ਧੁਰ ਦਾ ਸੰਗੀ, ਸਗਲਾ ਸਾਥੀ ਇਕ ਅਖਵਾਈਆ । ਦੇਵੇ ਵਸਤ ਨਾਮ ਅਨਮੰਗੀ, ਦਾਤ ਧੁਰ ਦੀ ਝੋਲੀ ਪਾਈਆ । ਪਿਠ ਹੋਣ ਨਾ ਦੇਵੇ ਨੰਗੀ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਅੰਮ੍ਰਿਤ ਸਰੋਵਰ ਧਾਰ ਨੁਹਾਏ ਗੰਗੀ, ਗੰਗੋਤਰੀ ਬੈਠੀ ਸੀਸ ਨਿਵਾਈਆ । ਤੁਹਾਡੇ ਨਾਲ ਪੂਰੀ ਕਰੇ ਪੂਰਬ ਸੰਧੀ, ਚਾਰ ਜੁਗ ਦਾ ਲਹਿਣਾ ਝੋਲੀ ਪਾਈਆ । ਦੀਨ ਮਜ਼੍ਹਬ ਤੋੜੇ ਪਾਬੰਦੀ, ਸ਼ਰਅ ਛੁਰੀ ਸ਼ਰੀਅਤ ਬਣੇ ਨਾ ਕੋਇ ਕਸਾਈਆ । ਆਤਮ ਧਾਰ ਦੇਵੇ ਸਚ ਸੁਗੰਧੀ, ਪਰਮਾਤਮ ਆਪਣਾ ਸੰਗ ਨਿਭਾਈਆ । ਲੱਖ ਚੁਰਾਸੀ ਜਮ ਕੀ ਫਾਂਸੀ ਕਟੇ ਤੰਗੀ, ਆਵਣ ਜਾਵਣ ਗੇੜ ਰਹੇ ਨਾ ਰਾਈਆ । ਪੀਆ ਪ੍ਰੀਤਮ ਪਰਮ ਪੁਰਖ ਹਰਿਜਨ ਬਣਾਏ ਆਪਣੇ ਭੁਜੰਗੀ, ਭੁਜੰਗਮ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ੭੫੧ ੭੫੧ ਧਰਨੀ ਕਹੇ ਜਨ ਭਗਤੋ ਪ੍ਰਭ ਦਾ ਮੇਲਾ ਕਰੋ ਕਾਇਆ ਮੰਦਰ, ਤਨ, ਮਾਟੀ ਖ਼ਾਕ ਸੋਭਾ ਪਾਈਆ । ਪ੍ਰਕਾਸ਼ ਤਕੋ ਆਪਣੇ ਅੰਦਰ, ਸਾਢੇ ਤਿੰਨ ਹੱਥ ਹੋਵੇ ਰੁਸ਼ਨਾਈਆ । ਬਜਰ ਕਪਾਟੀ ਤੋੜੋ ਜੰਦਰ, ਤ੍ਰੈਗੁਣ ਲੇਖਾ ਰਹੇ ਨਾ ਰਾਈਆ । ਜਗਤ ਅੰਧੇਰਾ ਮਿਟੇ ਖੰਡਰ, ਨੂਰ ਨੁਰਾਨਾ ਡਗਮਗਾਈਆ । ਮਨੂਆ ਦਹਿ ਦਿਸ਼ ਉਠ ਨਾ ਧਾਏ ਬੰਦਰ, ਮਨਸਾ ਜਗਤ ਨਾ ਕੋਇ ਹਲਕਾਈਆ । ਸਚ ਪ੍ਰੇਮ ਦਾ ਮਾਣੋ ਅਨੰਦਨ, ਅਨੰਦ ਅਨੰਦ ਵਿਚੋਂ ਵਖਾਈਆ । ਚਰਨ ਧੂੜੀ ਖ਼ਾਕ ਰਮਾਓ ਚੰਦਨ, ਮਸਤਕ ਟਿੱਕੇ ਆਪ ਲਗਾਈਆ । ਸਚ ਦੁਆਰ ਕਰੋ ਬੰਦਨ, ਬੰਦਗੀ ਵਿਚ ਸੀਸ ਝੁਕਾਈਆ । ਤੁਹਾਡਾ ਲਹਿਣਾ ਦੇਣਾ ਪੂਰਾ ਕਰੇ ਤਤ ਪੰਜਣ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣੇ ਰੰਗ ਰੰਗਾਈਆ । ਪੁਰਖ ਅਕਾਲਾ ਦੀਨ ਦਿਆਲਾ ਆਦਿ ਜੁਗਾਦਿ ਸਦਾ ਭੈ ਭੰਜਣ, ਭਵ ਸਾਗਰ ਪਾਰ ਕਰਾਈਆ । ਨਾਮ ਨਿਧਾਨਾ ਨਿਜ ਨੇਤਰ ਪਾਏ ਅੰਜਨ, ਜਗਤ ਅੰਧੇਰਾ ਦਏ ਮਿਟਾਈਆ । ਏਥੇ ਓਥੇ ਸਦਾ ਸੁਹੇਲਾ ਬਣੇ ਸੱਜਣ, ਸਖ਼ਾ ਸਹਾਈ ਇਕ ਅਖਵਾਈਆ । ਜਿਸ ਦੀ ਮੰਜ਼ਲ ਸੰਤ ਸੁਹੇਲੇ ਲੰਘਣ, ਹਰਿਜਨ ਬੈਠਣ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਚ ਧੁਰ ਦਾ ਨਾਮ ਆਇਆ ਵੰਡਣ, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਈਆ ।

## ✪ ੬ ਸਾਵਣ ਸ਼ਹਿਨਸ਼ਾਹੀ ਸੰਮਤ ੧੧ ਦੌਲਤ ਸਿੰਘ ਦੇ ਗ੍ਰਿਹਿ ਕਪੂਰਥਲਾ ✪



ਨਾਰਦ ਕਹੇ ਸੁਣ ਉਏ ਛੱਬੀ ਸਾਵਣਾ, ਸੋਹਣਿਆਂ ਸੱਜਣਾ ਆਪਣਾ ਨੈਣ ਉਠਾਈਆ । ਪਿਛਲੀ ਚਾਰ ਜੁਗ ਦੀ ਤਕ ਲੈ ਕਾਮਨਾ, ਆਸ਼ਾ ਤ੍ਰਿਸ਼ਨਾ ਸੰਗ ਰਲਾਈਆ । ਕੀ ਸੰਦੇਸ਼ਾ ਦਿਤਾ ਤੇਰੀ ਧਾਰ ਬਾਵਨਾ, ਹੁਕਮ ਹੁਕਮ ਵਿਚੋਂ ਦ੍ਰਿੜਾਈਆ । ਕੀ ਇਸ਼ਾਰਾ ਦੇ ਕੇ ਗਿਆ ਰਾਮ ਰਾਮਨਾ, ਰਮਈਆ ਹੋ ਕੇ ਭੇਵ ਚੁਕਾਈਆ । ਕੀ ਨਿਸ਼ਾਨਾ ਦੱਸਿਆ ਕ੍ਰਿਸ਼ਨ ਕਾਹਨਨਾ, ਘਨਈਆ ਪਰਦਾ ਕੀ ਉਠਾਈਆ । ਕਿਸ ਬਿਧ ਪੈਗ਼ੰਬਰਾਂ ਜਣਾਈ ਸੁਬਹ ਸ਼ਾਮਨਾ, ਸ਼ਬੇ ਰੋਜ਼ ਵੇਖ ਵਖਾਈਆ । ਕਿਸ ਬਿਧ ਰਸੂਲਾਂ ਪਕੜਿਆਂ ਦਾਮਨਾ, ਦਾਮਨਗੀਰ ਭੇਵ ਚੁਕਾਈਆ । ਕਵਣ ਧਾਰ ਗੁਰੂ ਗੁਰਦੇਵ ਜਣਾਇਆ ਨਾਮਨਾ, ਨਾਮ ਸਤਿ ਸਤਿ ਸੁਣਾਈਆ । ਕਵਣ ਕੂਟ ਖੇਲ ਖੇਲੇ ਸ੍ਰੀ ਭਗਵਾਨਨਾ, ਭਗਵਨ ਆਪਣਾ ਹੁਕਮ ਵਰਤਾਈਆ । ਨਿਗਾਹ ਮਾਰ ਲੈ ਚਾਰੇ ਕੁੰਟ ਤੇਰੇ ਵਿਚ ਅੰਧੇਰੀ ਸ਼ਾਮਨਾ, ਅੰਧ ਅਗਿਆਨ ਨਾ ਕੋਇ ਗੁਆਈਆ । ਮੇਰਿਆ ਮਿਤਰਾ ਮੇਰੀ ਪੁਛ ਲੈ ਅੰਤਸ਼ਕਰਨ ਦੀ ਭਾਵਨਾ, ਭੈ ਭਉ ਸਿਰ ਨਾ ਕੋਇ ਰਖਾਈਆ । ਮੈਂ ਇਕੋ ਇਕ ਏਕੰਕਾਰ ਦਾ ਢੋਲਾ ਗਾਵਣਾ, ਗਾ ਗਾ ਦੋ ਜਹਾਨ ਕਰਾਂ ਸ਼ਨਵਾਈਆ । ਇਕੋ ਪੁਰਖ ਅਕਾਲ ਦੀ ਚਰਨੀ ਸੀਸ ਝੁਕਾਵਣਾ, ਦੂਸਰ ਓਟ ਨਾ ਕੋਇ ਤਕਾਈਆ । ਇਕੋ ਮੰਨਣਾ ਪਤਤ ਪਾਵਨਾ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਕਲਜੁਗ ਅੰਤ ਆਪਣਾ ਹੁਕਮ ਵਰਤਾਵਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਉਹ ਸ਼ਾਹੋ ਭੂਪ ਸੁਲਤਾਨਨਾ, ਸ਼ਹਿਨਸ਼ਾਹ ਅਗੰਮ ਅਥਾਹੀਆ । ਜਿਸ ਦਾ ਸਤਿਗੁਰ ਸ਼ਬਦ ਸ਼ਬਦ ਬਲਵਾਨਨਾ, ਬਲਧਾਰੀ ਨਜ਼ਰੀ ਆਈਆ । ਉਹ ਲਹਿਣਾ ਦੇਣਾ ਤਕਣਾ ਵੇਦ ਪੁਰਾਨਨਾ, ਪਰਾ ਪਸੰਤੀ ਮਧਮ ਬੈਖਰੀ ਨਾਲ ਮਿਲਾਈਆ । ਹਰਫ਼ ਹਰੂਫ਼ ਵੇਖੇ ਅੰਜੀਲ ਕੁਰਾਨਨਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਜਿਸ ਦਾ ਹੁਕਮ ਵਰਤੇ ਦੋ ਜਹਾਨਨਾ, ਨਿਰਗੁਣ ਸਰਗੁਣ ਹੋ ਕੇ ਆਪ ਵਰਤਾਈਆ । ਉਸ ਦਾ ਪ੍ਰਕਾਸ਼ ਤਕ ਲੈ ਜ਼ਿਮੀਂ ਅਸਮਾਨਨਾ, ਜੋਤੀ ਜਾਤਾ ਡਗਮਗਾਈਆ । ਨਾਰਦ ਕਹੇ ਛੱਬੀ ਸਾਵਣ ਕੀ ਤੈਨੂੰ ਦੇਵੇ ਫ਼ਰਮਾਨਨਾ, ਫੁਰਨਿਆਂ ਤੋਂ ਬਾਹਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੁਕਮ ਕੀ ਵਰਤਾਈਆ । ਨਾਰਦ ਕਹੇ ਸਾਵਣਾ ਮੇਰਾ ਭੇਖ ਧਰ ਲੈ ਧਰਮੀ ਧਾਰ ਪਖੰਡੀ, ਬਵਰਾ ਨਜ਼ਰੀ ਆਈਆ । ਜਗਤ ਜਹਾਨ ਵੇਖ ਲੈ ਡੰਡੀ, ਡੰਡਾਵਤ ਸਾਰੇ ਗਏ ਬਦਲਾਈਆ । ਨਿਗਾਹ ਮਾਰ ਲੈ ਜੇਰਜ ਅੰਡੀ, ਉਤਭੁਜ ਸੇਤਜ ਵੇਖ ਵਖਾਈਆ । ਟੁੱਟੀ ਪ੍ਰੀਤ ਪ੍ਰੀਤਮ ਨਾਲ ਸਕੇ ਕੋਈ ਨਾ ਗੰਢੀ, ਗੰਢਣਹਾਰ ਗੋਪਾਲ ਸੁਆਮੀ ਨਜ਼ਰ ਕਿਸੇ ਨਾ ਆਈਆ । ਚਾਰੋਂ ਕੁੰਟ ਕੂੜ ਚਮਕਾਵੇ ਚੰਡੀ, ਚੰਡਾਲਕਾ ਆਪਣਾ ਰੂਪ ਬਦਲਾਈਆ । ਮਾਨਸ ਮਾਨਵ ਮਾਨੁਖ ਆਤਮ ਹੋ ਗਈ ਰੰਡੀ, ਹਰਿ ਹਰਿ ਕੰਤ ਨਾ ਕੋਇ ਹੰਢਾਈਆ । ਅੰਤ ਵਸੇਰਾ ਸਭ ਦਾ ਦਿਸੇ ਬਨਖੰਡੀ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਸਮੁੰਦ ਸਾਗਰ ਰੋਵਣ ਮਾਰਨ ਧਾਹੀਆ । ਨੌ ਖੰਡ ਪ੍ਰਿਥਮੀ ਸੱਤ ਦੀਪ ਮਿਤਰਾ ਧਾਰ ਹੋ ਗਈ ਅੰਧੀ, ਨਿਜ ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲ੍ਹਾਈਆ । ਸਚ ਵਸਤ ਕਿਸੇ ਦੁਆਰਿਉਂ ਮਿਲੇ ਮੂਲ ਨਾ ਮੰਗੀ, ਨਾਮ ਨਿਧਾਨ ਝੋਲੀ ਕੋਇ ਨਾ ਪਾਈਆ । ਮਨੂਆ ਕੂੜ ਕੁੜਿਆਰ ਬਣਿਆ ਫ਼ਰੰਗੀ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਫਿਰੀ ਦਰੋਹੀ ਪਰਕਿਰਤੀ ਪੰਝੀ, ਸਚ ਰੰਗ ਨਾ ਕੋਇ ਚੜ੍ਹਾਈਆ । ਉਹ ਵੇਖ ਲੈ ਕਲਜੁਗ ਬਾਣਾ ਪਹਿਨ ਕੇ ਜੰਗੀ, ਜੰਗਜੂ ਹੋ ਕੇ ਆਪਣਾ ਰੂਪ ਬਦਲਾਈਆ । ਜਿਸ ਨੇ ਸਭ ਨੂੰ ਦੇਣੀ ਤੰਗੀ, ਤੰਗ ਦਸਤ ਹੋਵੇ

ਲੋਕਾਈਆ । ਕਿਸੇ ਨੂੰ ਲਾਏ ਕੋਈ ਨਾ ਅੰਗੀ, ਅੰਗੀਕਾਰ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਮਿਟੇ ਕਿਸੇ ਨਾ ਪੰਧੀ, ਪਾਂਧੀ ਪੰਧ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਸਾਵਣਾ ਮੈਨੂੰ ਵੇਖ ਕੇ ਆਉਂਦਾ ਹਾਸਾ, ਬਿਨ ਰਸਨਾ ਜਿਹਵਾ ਬੁੱਲਾਂ ਦਿਆਂ ਵਖਾਈਆ । ਜ਼ਰਾ ਨਿਗਾਹ ਮਾਰ ਲੈ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰਾਂ ਧਿਆਨ ਲਗਾਈਆ । ਕੀ ਹੁਕਮ ਵਰਤੇ ਪੁਰਖ ਅਬਿਨਾਸ਼ਾ, ਕਰਨੀ ਦਾ ਕਰਤਾ ਕੀ ਆਪਣੀ ਕਾਰ ਕਮਾਈਆ । ਜੋ ਦੀਨ ਦੁਨੀ ਦਾ ਬਦਲਣ ਵਾਲਾ ਪਾਸਾ, ਪੇਸ਼ੀਨਗੋਈਆਂ ਸਭ ਦੀਆਂ ਵੇਖ ਵਖਾਈਆ । ਮੈਂ ਉਸ ਦਾ ਖੋਲ੍ਹ ਕੇ ਦੱਸਾਂ ਖੁਲਾਸਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਉਸ ਪ੍ਰਭੂ ਦੀ ਸ਼ਬਦ ਧਾਰ ਦੀ ਸੁਣ ਲੈ ਅਗੰਮੀ ਭਾਖਾ, ਜਗਤ ਅੱਖਰਾਂ ਸੰਗ ਨਾ ਕੋਇ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹਿ ਇਕ ਸੁਹਾਈਆ । ਨਾਰਦ ਕਹੇ ਸਾਵਣਾ ਮੇਰਾ ਅੰਤਸ਼ਕਰਨ ਕੰਬਦਾ, ਕਮਲਿਆ ਤੈਨੂੰ ਦਿਆਂ ਜਣਾਈਆ । ਉਹ ਵੇਖ ਲੈ ਮੁਹੰਮਦ ਦਾ ਸਮਾਂ ਜਾਂਦਾ ਲੰਘਦਾ, ਸਦੀ ਚੌਧਵੀਂ ਭੱਜੇ ਵਾਹੋ ਦਾਹੀਆ । ਈਸਾ ਖ਼ੁਸ਼ੀਆਂ ਨਾਲ ਆਪਣੇ ਹੱਥ ਰੰਗਦਾ, ਬਿਨ ਹੱਥਾਂ ਹੱਥ ਉਠਾਈਆ । ਗੋਬਿੰਦ ਖੇਲ ਤਕੇ ਪੰਜ ਦਾ, ਪੰਚਮ ਪੰਚਮ ਪੰਚਮ ਪਰਦਾ ਆਪ ਉਠਾਈਆ । ਮੈਨੂੰ ਬਚਨ ਯਾਦ ਆਉਂਦਾ ਜੋ ਗੋਬਿੰਦ ਹੁਕਮ ਕੀਤਾ ਪੁਰੀ ਅਨੰਦ ਦਾ, ਅਨੰਦ ਅਨੰਦ ਵਿਚੋਂ ਦਰਸਾਈਆ । ਮੈਂ ਨਿਗਾਹ ਮਾਰੀ ਕੀ ਹਾਲ ਹੋਣਾ ਬ੍ਰਹਿਮੰਡ ਦਾ, ਬ੍ਰਹਿਮਾਂਡ ਖੋਜ ਖੁਜਾਈਆ । ਕੀ ਲੇਖਾ ਹੋਣਾ ਚੰਡ ਪਰਚੰਡ ਦਾ, ਨਵ ਖੰਡ ਪ੍ਰਿਥਮੀ ਆਪਣਾ ਰੰਗ ਰੰਗਾਈਆ । ਕੀ ਖੇਲ ਹੋਣਾ ਕੂੜ ਪਖੰਡ ਦਾ, ਕਲਜੁਗ ਕੂੜੀ ਕਿਰਿਆ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਸਾਵਣਾ ਇਕ ਬਚਨ ਅਗੰਮਾ ਸੁਣ, ਅਣਸੁਣਤ ਦਿਆਂ ਜਣਾਈਆ । ਤੇਰੇ ਮੇਘ ਚ ਕਿਆ ਗੁਣ, ਮਿਤਰਾ ਦੇ ਜਣਾਈਆ । ਮੈਂ ਹੁਕਮ ਸੰਦੇਸ਼ਾ ਸੁਣਿਆ ਤੇਰੇ ਦਿਵਸ ਹੁਣ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਤੂੰ ਆਵਾਜ਼ ਸੁਣ ਲੈ ਕੀ ਦੇਵੇ ਸ਼ਬਦੀ ਧੁਨ, ਧੁਨ ਆਤਮਕ ਰਾਗ ਜਣਾਈਆ । ਜੋ ਮਾਲਕ ਖਾਲਕ ਕੁਨ, ਕੁੱਲ ਮਾਲਕ ਨੂਰ ਅਲਾਹੀਆ । ਉਸ ਨੇ ਭਗਤ ਸੁਹੇਲੇ ਲੋਕਮਾਤ ਲਏ ਚੁਨ, ਚਾਰੋਂ ਕੁੰਟ ਆਪਣਾ ਰੰਗ ਰੰਗਾਈਆ । ਜਿਸ ਦਾ ਨਾਮ ਕਲਮਾ ਮੰਤਰ ਫੁੰਨ, ਫੁਰਨਿਆਂ ਤੋਂ ਬਾਹਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਸਾਵਣਾ ਮੇਰੀ ਬੋਦੀ ਦਏ ਇਸ਼ਾਰਾ, ਸੈਨਤ ਜਗਤ ਬਾਹਰ ਲਗਾਈਆ । ਜਿਸ ਦੀ ਕਰੇ ਨਾ ਕੋਈ ਵਿਚਾਰਾ, ਵਿਚਰਕੇ ਦਸੇ ਨਾ ਕੋਇ ਸਮਝਾਈਆ । ਜਿਸ ਦਾ ਲਹਿਣਾ ਦੇਣਾ ਨਾਲ ਪੈਗੰਬਰ ਗੁਰ ਅਵਤਾਰਾ, ਅਵਤਰੀ ਆਪਣਾ ਹੁਕਮ ਵਰਤਾਈਆ । ਜਿਸ ਦਾ ਲੇਖਾ ਕਾਗਦ ਕ਼ਲਮ ਸ਼ਾਹੀ ਤੋਂ ਬਾਹਰਾ, ਕਾਤਬ ਲੇਖ ਨਾ ਕੋਇ ਦ੍ਰਿੜਾਈਆ । ਉਹ ਖੇਲ ਖੇਲੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਜਿਸ ਦਾ ਮੇਲਾ ਨਾਲ ਨਿਰਗੁਣ ਧਾਰਾ, ਜੋਤੀ ਜਾਤਾ ਡਗਮਗਾਈਆ । ਜਿਸ ਦਾ ਸ਼ਬਦੀ ਸ਼ਬਦ ਜੈਕਾਰਾ, ਨਾਦ ਧੁਨ ਧੁਨ ਸ਼ਨਵਾਈਆ । ਉਹ ਸ਼ਾਹੋ ਭੂਪ ਸਿਕਦਾਰਾ, ਸ਼ਹਿਨਸ਼ਾਹ ਧੁਰਦਰਗਾਹੀਆ । ਜਿਸ ਨੂੰ ਕਹਿੰਦੇ ਕਲ ਕਲਕੀ ਅਵਤਾਰਾ, ਕਲ ਕਾਤੀਆਂ ਡੇਰਾ ਢਾਹੀਆ । ਉਸ ਦਾ ਹੁਕਮ ਤਕ ਲੈ ਜਿਸ ਨੂੰ ਸਮਝੇ ਕੋਇ ਪੁਰਖ ਨਾ ਨਾਰਾ, ਨਰ ਨਰਾਇਣ


੭੫੩
੨੪

ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਾਵਣ ਕਹੇ ਨਾਰਦਾ ਮੇਰਾ ਸਾਹਿਬ ਸੁਆਮੀ ਆਦਿ, ਜੁਗ ਜੁਗਾਦੀ ਸੋਭਾ ਪਾਈਆ । ਜਿਸ ਦਾ ਹੁਕਮ ਵਰਤੇ ਬ੍ਰਹਿਮਾਦ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਆਪ ਵਰਤਾਈਆ । ਮੈਂ ਉਸ ਦਾ ਸੁਣਿਆ ਅਗੰਮਾ ਨਾਦ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਮੇਰੇ ਅੰਦਰੋਂ ਖੋਲ੍ਹਿਆ ਰਾਜ਼, ਪੜਦਾ ਪੜਦਿਆਂ ਵਿਚੋਂ ਚੁਕਾਈਆ । ਮੈਂ ਸਵਾਧਾਨ ਹੋ ਕੇ ਗਿਆ ਜਾਗ, ਜਾਗਰਤ ਜੋਤ ਜੋਤ ਕਰ ਰੁਸ਼ਨਾਈਆ । ਮੇਰੇ ਹੋਏ ਵਡ ਵਡ ਭਾਗ, ਭਗਵਨ ਦਿਤੀ ਮਾਣ ਵਡਿਆਈਆ । ਮੈਂ ਫਿਰਦਾ ਨਾਲ ਮਜਾਜ਼, ਆਪ ਆਪਣਾ ਰੂਪ ਵਟਾਈਆ । ਮੇਰਾ ਲਹਿਣਾ ਦੇਣਾ ਨਾਲ ਨਹੀਂ ਕਿਸੇ ਸਮਾਜ, ਦੀਨਾਂ ਮਜ਼੍ਹਬਾਂ ਸੰਗ ਨਾ ਕੋਇ ਰਖਾਈਆ । ਮੈਂ ਪ੍ਰਭੂ ਦਾ ਸਤਿ ਸਚ ਦਾ ਦੱਸਣਾ ਇਕ ਰਿਵਾਜ, ਰਵਾਇਤ ਜਗਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਇਕ ਸੁਹਾਈਆ । ਸਾਵਣ ਕਹੇ ਨਾਰਦਾ ਮੇਰਾ ਪਰਮ ਪੁਰਖ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੇ ਸਭ ਕੁਛ ਹੱਥ, ਕਥਨੀ ਕਥ ਸਕੇ ਨਾ ਰਾਈਆ । ਉਹ ਦੀਨ ਦੁਨੀ ਦੀ ਧਾਰ ਏਕੰਕਾਰ ਹੋ ਕੇ ਦੇਵੇ ਮਥ, ਮਥਨ ਕਰੇ ਖ਼ਲਕ ਖ਼ੁਦਾਈਆ । ਜਿਸ ਦੇ ਗੋਬਿੰਦ ਗਿਆ ਸਥਰ ਲਥ, ਯਾਰੜੇ ਸੇਜ ਹੰਢਾਈਆ । ਉਸ ਨੇ ਮੇਰੇ ਪਰਵਿਸ਼ਟੇ ਵਿਚ ਜਨ ਭਗਤਾਂ ਕੀਤਾ ਇਕੱਠ, ਸੋਹਣੀ ਖ਼ੁਸ਼ੀ ਬਣਾਈਆ । ਪਿਆਰ ਵਿਚ ਮਿਤਰਾ ਸਾਹਿਬ ਦੀ ਸਰਨੀ ਢਠ, ਨਿਵ ਨਿਵ ਲਾਗਾਂ ਪਾਈਆ ।
੭੫੪ ਜਿਸ ਨੇ ਖੇਲ ਖੇਲਿਆ ਬਿਨਾ ਮੰਦਰ ਮਸਜਿਦ ਸ਼ਿਵਦਵਾਲੇ ਮਠ, ਕਾਅਬਿਆਂ ਲਹਿਣਾ ਦੇਣਾ ਦਿਤਾ ਮੁਕਾਈਆ । ਮੇਰਾ ਵਕਤ ਸੁਹੰਜਣਾ ਕੀਤਾ ਨਠ ੭੫੪
੨੪ ਨਠ, ਬਣ ਬਣ ਪਾਂਧੀ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ੨੪
ਸਾਵਣ ਕਹੇ ਨਾਰਦਾ ਖ਼ੁਸ਼ੀਆਂ ਗਾ ਲੈ ਗੌਣ, ਬਿਨ ਰਸਨਾ ਜਿਹਵਾ ਬੱਤੀ ਦੰਦ ਸਲਾਹੀਆ । ਖ਼ੁਸ਼ੀ ਕਰਦੀ ਤਕ ਲੈ ਉਨੰਜਾ ਪੌਣ, ਪਵਣ ਸਵਾਸੀ ਨਾਲ ਮਿਲਾਈਆ । ਜਿਸ ਦੇ ਹੁਕਮ ਵਿਚ ਅਵਤਾਰ ਪੈਗ਼ੰਬਰ ਗੁਰੂ ਤਨ ਛਡ ਸਮਾਉਣ, ਆਪਣਾ ਆਪ ਭੇਟ ਕਰਾਈਆ । ਉਸ ਦਾ ਭੇਵ ਜਾਣੇ ਕੌਣ, ਗਤ ਕਹਿਣ ਕਿਛ ਨਾ ਪਾਈਆ । ਜਿਸ ਖੇਲ ਖਲਾਇਆ ਰਾਮਾ ਰੌਣ, ਰਾਵਣ ਆਪਣਾ ਹੁਕਮ ਵਰਤਾਈਆ । ਸੋ ਨਾਮ ਨਿਧਾਨਾ ਸ੍ਰੀ ਭਗਵਾਨਾ ਜਨ ਭਗਤਾਂ ਆਇਆ ਆਪ ਵਰਤਾਉਣ, ਬਿਨ ਹੱਥਾਂ ਹੱਥ ਉਠਾਈਆ । ਆਤਮ ਸੇਜਾ ਸਚ ਸਿੰਘਾਸਣ ਆਇਆ ਸੌਣ, ਸੇਜ ਸੁਹੰਜਣੀ ਦਏ ਵਡਿਆਈਆ । ਪੂਰਬ ਲਹਿਣਾ ਦੇਣਾ ਆਇਆ ਮੁਕਾਉਣ, ਮੁਕੰਮਲ ਆਪਣਾ ਰੰਗ ਰੰਗਾਈਆ । ਸਚ ਦੁਆਰ ਏਕੰਕਾਰ ਦਰਗਾਹ ਸਾਚੀ ਮੁਕ਼ਾਮੇ ਹਕ ਸਚਖੰਡ ਆਇਆ ਬਹਾਉਣ, ਥਿਰ ਘਰ ਆਪਣਾ ਸੰਗ ਬਣਾਈਆ । ਕਲਜੁਗ ਕੂੜੀ ਕਿਰਿਆ ਆਇਆ ਮਿਟਾਉਣ, ਮਿੱਟੀ ਖ਼ਾਕ ਨਿਸ਼ਾਨਾ ਰਹਿਣ ਕੋਇ ਨਾ ਪਾਈਆ । ਸਤਿਜੁਗ ਸਾਚਾ ਸਤਿ ਧਰਮ ਆਇਆ ਲਾਉਣ, ਲਗ ਮਾਤਰ ਡੇਰਾ ਢਾਹੀਆ । ਕਲਜੁਗ ਕੂੜੀ ਕਿਰਿਆ ਆਇਆ ਦਬਾਉਣ, ਬਾਹਰ ਸਕੇ ਨਾ ਕੋਇ ਕਢਾਈਆ । ਸ਼ਰਅ ਸ਼ੌਹ ਦਰਿਆਏ ਆਇਆ ਰੁੜ੍ਹਾਉਣ, ਅਗੇ ਹੋ ਨਾ ਕੋਇ ਅਟਕਾਈਆ । ਇਕੋ ਨਾਮ ਆਇਆ ਜਪਾਉਣ, ਤੂੰ ਮੇਰਾ ਮੈਂ ਤੇਰਾ ਢੋਲਾ ਦਏ ਸੁਣਾਈਆ । ਜਨ ਭਗਤਾਂ ਅੰਤਰ ਸਚ ਆਇਆ ਵਸਾਉਣ, ਵਾਸਤਾ ਆਪਣੇ ਨਾਲ ਰਖਾਈਆ । ਲੱਖ ਚੁਰਾਸੀ ਫੰਦ ਆਇਆ ਕਟਾਉਣ, ਜਮ ਕੀ ਫਾਸੀ ਦਏ ਤੁੜਾਈਆ । ਜੁਗ ਜਨਮ ਦੇ ਵਿਛੜੇ ਆਇਆ ਮਿਲਾਉਣ, ਛੱਬੀ ਸਾਵਣ ਕਹੇ ਮੇਰਾ

ਪਰਵਿਸ਼ਟਾ ਦਏ ਗਵਾਹੀਆ । ਚਾਰ ਜੁਗ ਦੇ ਰੁਠੜੇ ਆਇਆ ਮਨਾਉਣ, ਫੜ ਬਾਹੋਂ ਗੋਦ ਟਿਕਾਈਆ । ਨਾਮ ਨਿਧਾਨੇ ਨਾਲ ਆਇਆ ਪਰਚਾਉਣ, ਪਰਾਚੀਨ ਦਾ ਲੇਖ ਮੁਕਾਈਆ । ਅੰਮ੍ਰਿਤ ਮੇਘ ਆਇਆ ਬਰਸਾਉਣ, ਨਾਮ ਨਿਧਾਨਾ ਆਪ ਬਰਸਾਈਆ । ਸਾਚੇ ਮਾਰਗ ਆਇਆ ਲਗਾਉਣ, ਪੰਥ ਮਾਰਗ ਇਕੋ ਇਕ ਸਮਝਾਈਆ । ਮੰਜ਼ਲ ਹਕੀਕੀ ਆਇਆ ਚੜ੍ਹਾਉਣ, ਜਗਤ ਪੌੜੀ ਡੰਡਾ ਹੱਥ ਨਾ ਕੋਇ ਫੜਾਈਆ । ਅੰਮ੍ਰਿਤ ਜਾਮ ਆਇਆ ਪਿਆਉਣ, ਅੰਮਿਉਂ ਰਸ ਆਪ ਚੁਆਈਆ । ਸ਼ਬਦ ਨਾਦ ਧੁਨ ਆਇਆ ਸੁਣਾਉਣ, ਅਨਹਦ ਨਾਦੀ ਨਾਦ ਕਰੇ ਸ਼ਨਵਾਈਆ । ਜੋਤੀ ਜਾਤਾ ਆਇਆ ਜੋਤ ਜਗਾਉਣ, ਜੋਤੀ ਜਾਤਾ ਡਗਮਗਾਈਆ । ਹਰਿਜਨ ਭਗਤ ਸੁਹੇਲੇ ਥਿਰ ਘਰ ਆਇਆ ਬਹਾਉਣ, ਕੁੰਡੀ ਖਿੜਕੀ ਆਪ ਖੁਲ੍ਹਾਈਆ । ਦਰਗਾਹ ਸਾਚੀ ਸਚਖੰਡ ਆਇਆ ਟਿਕਾਉਣ, ਟਿੱਕੇ ਧੂੜੀ ਮਸਤਕ ਚਰਨ ਖ਼ਾਕ ਰਮਾਈਆ । ਆਵਣ ਜਾਵਣ ਲੱਖ ਚੁਰਾਸੀ ਪੰਧ ਆਇਆ ਮੁਕਾਉਣ, ਜਮ ਕੀ ਫਾਸੀ ਦਏ ਤੁੜਾਈਆ । ਸਾਵਣ ਕਹੇ ਨਾਰਦਾ ਧੁਰ ਦੀ ਖੇਲ ਆਇਆ ਖਲਾਉਣ, ਖ਼ਾਲਕ ਖ਼ਲਕ ਧੁਰ ਦਾ ਮਾਹੀਆ । ਨਾਰਦ ਕਹੇ ਸਾਵਣਾ ਉਸ ਦਾ ਰਲ ਕੇ ਗਾਈਏ ਗਾਉਣ, ਗਾ ਗਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਮੇਲ ਆਇਆ ਮਿਲਾਉਣ, ਪਾਰਬ੍ਰਹਮ ਬ੍ਰਹਮ ਬ੍ਰਹਮ ਪਾਰਬ੍ਰਹਮ ਰੰਗ ਆਪਣਾ ਆਪ ਰੰਗਾਈਆ ।

੭੫੫ ੭੫੫

੨੪ ✪ ਪਹਿਲੀ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪ ੨੪

ਨਾਰਦ ਕਹੇ ਮੈਂ ਬਿਨ ਲੱਤਾਂ ਬਾਹਵਾਂ ਦੋ ਜਹਾਨ ਨੱਠਾ, ਤਨ ਵਜੂਦ ਮਾਟੀ ਖ਼ਾਕ ਨਜ਼ਰ ਕੋਇ ਨਾ ਆਈਆ । ਸਤਿਗੁਰ ਸ਼ਬਦ ਮੇਰੇ ਅੰਤਸ਼ਕਰਨ ਬਖ਼ਸ਼ਿਆ ਹੱਠਾ, ਧੀਰਜ ਧਰਮ ਧਰਮ ਧਾਰ ਦ੍ਰਿੜਾਈਆ । ਸਚਖੰਡ ਦੁਆਰ ਅਵਤਾਰ ਪੈਗ਼ੰਬਰ ਗੁਰ ਮੈਨੂੰ ਸੰਦੇਸ਼ ਦੇਵਣ ਇਕੱਠਾ, ਚਾਰ ਜੁਗ ਦੇ ਭਵਿਖ ਰਹੇ ਦ੍ਰਿੜਾਈਆ । ਨਾਰਦਾ ਤੂੰ ਫਿਰਨਾ ਮੰਦਰ ਮਸਜਿਦ ਸ਼ਿਵਦਵਾਲੇ ਗੁਰੂਦੁਆਰ ਮਠਾ, ਕਾਅਬੇ ਕਾਇਆ ਵਾਲੇ ਫੋਲ ਫੁਲਾਈਆ । ਨਿਗਾਹ ਮਾਰਨੀ ਜਲ ਧਾਰ ਵਾਲੇ ਅੱਠ ਸੱਠਾ, ਗੰਗਾ ਗੰਗੋਤਰੀ ਜਮਨਾ ਸੁਰਸਤੀ ਨਾਲ ਮਿਲਾਈਆ । ਕਲਜੁਗ ਕੂੜੀ ਕਿਰਿਆ ਅਗਨੀ ਤਪਦਾ ਵੇਖਣਾ ਭੱਠਾ, ਨੌ ਖੰਡ ਪ੍ਰਿਥਮੀ ਸੱਤ ਦੀਪ ਫੋਲ ਫੁਲਾਈਆ । ਮਾਇਆ ਮਮਤਾ ਮੋਹ ਵਿਕਾਰ ਸਿਰ ਤੇ ਭਾਰ ਵੇਖਣਾ ਚੁਕਿਆ ਗੱਠਾ, ਜੀਵਾਂ ਜੰਤਾਂ ਸਾਧਾਂ ਸੰਤਾਂ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਘੁੰਮਿਆ ਬਿਨਾ ਕ਼ਦਮਾਂ ਤੋਂ ਉਤੇ ਧੌਲ, ਧਰਨੀ ਧਰਤ ਧਵਲ ਭੱਜਿਆ ਵਾਹੋ ਦਾਹੀਆ । ਮੈਨੂੰ ਆਦਿ ਜੁਗਾਦੀ ਯਾਦ ਅਵਤਾਰ ਪੈਗ਼ੰਬਰਾਂ ਗੁਰੂਆਂ ਵਾਲਾ ਕੌਲ, ਇਕ਼ਰਾਰਨਾਮਾ ਭੁਲ ਕਦੇ ਨਾ ਜਾਈਆ । ਮੈਂ ਚਾਰ ਜੁਗ ਦੇ ਸ਼ਾਸਤਰਾਂ ਦੇ ਸੁਣਦਾ ਰਿਹਾ ਬੋਲ, ਅੱਖਰ ਅੱਖਰਾਂ ਨਾਲ ਮਿਲ ਕੇ ਕਰਨ ਸ਼ਨਵਾਈਆ । ਮੈਂ ਜਗਤ ਵਿਦਿਆ ਜਾਣਦਾ ਰਿਹਾ ਪੰਡਤ ਪਾਂਧਾ ਰੌਲ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਅੱਖ ਖੁਲ੍ਹਾਈਆ । ਮੈਂ ਨਵ ਸੱਤ ਦੀਨ ਦੁਨੀ ਮਾਨਸ ਜ਼ਾਤੀ ਤਕਦਾ ਰਿਹਾ ਘੋਲ, ਖੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੇਖ ਵਖਾਈਆ । ਮੈਂ ਨਾਮ ਕਲਮਿਆਂ ਦੇ ਸੁਣਦਾ ਰਿਹਾ

ਵਜਦੇ ਢੋਲ, ਅਵਤਾਰ ਪੈਗ਼ੰਬਰ ਗੁਰ ਧੁਰ ਦਾ ਹੁਕਮ ਜਣਾਈਆ । ਮੇਰੇ ਕੋਲ ਪਰਮ ਪੁਰਖ ਦਾ ਇਕੋ ਹੁਕਮ ਅਨਮੋਲ, ਜਿਸ ਦੀ ਕ਼ੀਮਤ ਜਗਤ ਨਾ ਕੋਇ ਜਣਾਈਆ । ਜਿਸ ਦਾ ਭੇਵ ਅਭੇਦਾ ਦੋ ਜਹਾਨ ਸਕੇ ਕੋਈ ਨਾ ਖੋਲ੍ਹ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੇ ਮੈਂ ਸਚ ਦੱਸਾਂ ਮੈਨੂੰ ਚਾਰ ਜੁਗ ਦੇ ਸ਼ਾਸਤਰ ਕਰਨ ਮਖ਼ੌਲ, ਮਸਖ਼ਰੀ ਜਗਤ ਜਗਿਆਸੂ ਲੈਣ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਲਾਈਆ । ਨਾਰਦ ਕਹੇ ਮੈਂ ਬਣ ਪਾਂਧੀ ਰਿਹਾ ਦੌੜ, ਮੰਜ਼ਲ ਮੰਜ਼ਲ ਆਪਣਾ ਪੰਧ ਮੁਕਾਈਆ । ਮੈਂ ਜਗਤ ਜਹਾਨ ਦੇ ਤਕੇ ਪੌੜ, ਪੌੜੀ ਡੰਡਾ ਨਵ ਸੱਤ ਵੇਖ ਵਖਾਈਆ । ਮੈਂ ਲਹਿਣਾ ਦੇਣਾ ਤਕਿਆ ਕਲਜੁਗ ਅੰਤ ਬ੍ਰਾਹਮਣ ਗੌੜ, ਗੋਬਿੰਦ ਧਾਰਾ ਏਕੰਕਾਰਾ ਨਾਲ ਮਿਲਾਈਆ । ਮੈਂ ਚਾਰ ਜੁਗ ਦੇ ਸਰੋਵਰ ਤਕੇ ਜੌਹੜ, ਜਲ ਥਲ ਮਹੀਅਲ ਵੇਖ ਵਖਾਈਆ । ਮੈਂ ਦੀਨ ਦੁਨੀ ਦੀ ਆਸ਼ਾ ਤਕੀ ਕੌੜ, ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤ ਨਾ ਕੋਇ ਟਪਕਾਈਆ । ਪੰਚ ਵਿਕਾਰ ਸਕੇ ਕੋਈ ਨਾ ਹੋੜ, ਹੋੜਾ ਸੱਸੇ ਵਾਲਾ ਦਏ ਗਵਾਹੀਆ । ਆਤਮ ਪਰਮਾਤਮ ਮੇਲਾ ਸਕੇ ਕੋਈ ਨਾ ਜੋੜ, ਹੰ ਬ੍ਰਹਮ ਪਾਰਬ੍ਰਹਮ ਰੰਗ ਨਾ ਕੋਇ ਰੰਗਾਈਆ । ਜਿਧਰ ਤਕਿਆ ਸਤਿ ਧਰਮ ਦਾ ਮਾਰਗ ਹੋਇਆ ਸੌੜ, ਭੀੜੀ ਗਲੀ ਪਾਰ ਨਾ ਕੋਇ ਕਰਾਈਆ । ਸਚਖੰਡ ਦੁਆਰ ਕੋਈ ਸਕੇ ਨਾ ਬਹੁੜ, ਬਹੁੜੀ ਬਹੁੜੀ ਕਰਕੇ ਸਾਰੇ ਰੋਵਣ ਮਾਰਨ ਧਾਹੀਆ । ਜਾਂ ਨਿਗਾਹ ਮਾਰੀ ਸਤਿਗੁਰ ਸ਼ਬਦ ਚੜ੍ਹਿਆ ਅਗੰਮੇ ਘੋੜ, ਜਿਸ ਦਾ ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ । ਨਾਰਦ ਕਹੇ ਮੈਂ ਬਿਨ ਆਪਣੀ ਆਸਾ ਨੱਠਿਆ ਭੱਜਿਆ, ਭਜਨ ਬੰਦਗੀ ਵੇਖੀ ਥਾਉਂ ਥਾਈਆ । ਅਗਾ ਪਿਛਾ ਤਕਿਆ ਖੱਬਿਆ ਸੱਜਿਆ, ਸਾਜਣ ਮੀਤ ਨਜ਼ਰ ਕੋਇ ਨਾ ਆਈਆ । ਸੱਤ ਦੀਪ ਨੌ ਖੰਡ ਪ੍ਰਿਥਮੀ ਧਰਨੀ ਉਤੇ ਪਵਿਤ੍ਰ ਦਿਸੇ ਕੋਈ ਨਾ ਜਗਿਹਾ, ਜਾਗਰਤ ਜੋਤ ਬਿਨ ਵਰਨ ਗੋਤ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਕਲਜੁਗ ਕੂੜ ਕੁੜਿਆਰਾ ਅੰਗਿਆਰ ਮਘਿਆ, ਅਗਨੀ ਤਤ ਨਾ ਕੋਇ ਬੁਝਾਈਆ । ਕਿਸੇ ਮੇਲ ਨਾ ਮਿਲੇ ਸੂਰਾ ਸਰਬਗਿਆ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਦਰਸ ਕੋਇ ਨਾ ਪਾਈਆ । ਦੀਪਕ ਜੋਤ ਕਿਸੇ ਨਜ਼ਰ ਨਾ ਆਏ ਉਪਰ ਸ਼ਾਹਰਗਿਆ, ਨਵ ਦੁਆਰ ਡੇਰਾ ਕੋਇ ਨਾ ਢਾਹੀਆ । ਕਲਜੁਗ ਜੀਵ ਬੁੱਧੀ ਹੋਈ ਵਾਂਗ ਕਗਿਆ, ਹੰਸ ਰੂਪ ਗੁਰਮੁਖ ਨਜ਼ਰ ਕੋਇ ਨਾ ਆਈਆ । ਜਿਧਰ ਵੇਖਾਂ ਪੰਚ ਵਿਕਾਰਾ ਵਹਿਣ ਵਗਿਆ, ਧਰਮ ਦੀ ਧਾਰ ਰਿਹਾ ਰੁੜ੍ਹਾਈਆ । ਮੈਂ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਪਾਰ ਕੀਤੀ ਹੱਦਿਆ, ਹਦੂਦਾਂ ਪੰਧ ਮੁਕਾਈਆ । ਸਾਚਾ ਦੀਪਕ ਜੋਤ ਕਿਤੇ ਨਾ ਦਿਸੇ ਜਗਿਆ, ਬਿਨ ਤੇਲ ਬਾਤੀ ਕਮਲਾਪਾਤੀ ਕਰੇ ਰੁਸ਼ਨਾਈਆ । ਮੈਂ ਹੈਰਾਨ ਹੋ ਕੇ ਕਿਹਾ ਕੀ ਹਾਲ ਹੋਵੇ ਅਗਿਆ, ਭਵਿਖ ਪਿਛਲਾ ਨਾਲ ਮਿਲਾਈਆ । ਝਟ ਸ਼ੰਕਰ ਮੇਰੇ ਕੋਲ ਪੁੱਜਿਆ ਪੈਰ ਦੱਬਿਆ, ਆਹਟ ਸੁਣਨ ਕੋਇ ਨਾ ਪਾਈਆ । ਮੈਂ ਪ੍ਰੇਮ ਨਾਲ ਪੁਛੀ ਵਜਿਆ, ਸਚ ਸਚ ਦੇਣਾ ਦ੍ਰਿੜਾਈਆ । ਅਗੋਂ ਸ਼ੰਕਰ ਜਟਾ ਜੂਟ ਆਪਣੀ ਧਾਰ ਵਿਚੋਂ ਗੱਜਿਆ, ਕੂਕ ਕੂਕ ਸੁਣਾਈਆ । ਮੈਂ ਵੀ ਹੁਕਮ ਵਿਚ ਆਦਿ ਜੁਗਾਦਿ ਬੱਝਿਆ, ਹੁਕਮੇ ਅੰਦਰ ਸੇਵ ਕਮਾਈਆ । ਮੇਰਾ ਮਾਲਕ ਖ਼ਾਲਕ ਨੂਰ ਅਲਾਹੀ ਰੱਬਿਆ, ਮਹਿਬਾਨ ਬੀਦੋ ਇਕ ਅਖਵਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਕੋਈ ਨਾ ਜਾਣੇ ਕ਼ਦਿਆ, ਵੱਡਾ ਛੋਟਾ ਸਮਝ ਕਿਛ ਨਾ ਆਈਆ । ਉਸ ਦਾ ਸੰਦੇਸ਼ਾ ਸਤਿਗੁਰ ਸ਼ਬਦ ਦੇਵੇ ਜਿਸ ਅਗੇ

ਲੱਗੇ ਕੋਈ ਨਾ ਪੱਜਿਆ, ਉਹਲਾ ਰਹਿਣ ਕੋਇ ਨਾ ਪਾਈਆ । ਸੁਣ ਬਚਨ ਅਗੰਮਾ ਨਾਰਦ ਨੱਢਿਆ, ਬਾਲਿਆ ਤੈਨੂੰ ਦਿਆਂ ਦ੍ਰਿੜਾਈਆ । ਝਟ ਨੌ ਸੌ ਚੁਰਾਨਮੇ ਚੌਕੜੀ ਜੁਗ ਦਾ ਲੇਖਾ ਕੱਢਿਆ, ਜਿਸ ਦਾ ਅੱਖਰ ਸਮਝ ਕੋਇ ਨਾ ਪਾਈਆ । ਫੇਰ ਧਰਮ ਦੀ ਧਾਰ ਨਿਸ਼ਾਨਾ ਗੱਡਿਆ, ਤ੍ਰਿਸੂਲ ਤ੍ਰੈਲੋਕੀ ਧਾਰ ਵਖਾਈਆ । ਨਾਲ ਇਸ਼ਾਰਾ ਕੀਤਾ ਦੀਨ ਦੁਨੀ ਤਕ ਲੈ ਵਿਚ ਪਈ ਡੂੰਘੀ ਖੱਡਿਆ, ਬਾਹਰ ਸਕੇ ਨਾ ਕੋਇ ਕਢਾਈਆ । ਅਵਤਾਰ ਪੈਗ਼ੰਬਰ ਗੁਰ ਕਰੇ ਕੋਈ ਨਾ ਲੱਡਿਆ, ਨਾਮ ਰਸ ਨਾ ਕੋਇ ਚਖਾਈਆ । ਉਹ ਤਕ ਲੈ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਇਕ ਦੂਜੇ ਨਾਲ ਕਰੇ ਦਗ਼ਿਆ, ਫ਼ਰੇਬਾਂ ਵਿਚ ਖ਼ਲਕ ਖ਼ੁਦਾਈਆ । ਤੇਰਾ ਮੇਰਾ ਮੇਲ ਹੋਇਆ ਸਬੱਬਿਆ, ਸਹਿਜ ਨਾਲ ਦਿਆਂ ਜਣਾਈਆ । ਤੂੰ ਖ਼ੁਸ਼ੀਆਂ ਵਿਚ ਹੋਵੀਂ ਗਦ ਗਦਿਆ, ਆਪ ਆਪਣੀ ਲੈ ਅੰਗੜਾਈਆ । ਮੈਂ ਵਕ਼ਤ ਉਡੀਕਦਾ ਕ਼ਦੀਮ ਕਦਿਆ, ਕ਼ੁਦਰਤ ਦੇ ਕ਼ਾਦਰ ਦਿਤੀ ਵਡਿਆਈਆ । ਜਿਸ ਨੂੰ ਕਹਿੰਦੇ ਨੂਰ ਅਲਾਹੀ ਰੱਬਿਆ, ਯਾਮਬੀਨ ਕਹਿ ਕੇ ਸੀਸ ਨਿਵਾਈਆ । ਜਿਸ ਦੀ ਸਚ ਖ਼ੁਮਾਰੀ ਵਿਚ ਮਧਿਆ, ਮਸਤ ਮਸਤਾਨਾ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਦ੍ਰਿੜਾਈਆ । ਨਾਰਦ ਕਹੇ ਮੈਂ ਝਟ ਸ਼ੰਕਰ ਅਗੇ ਕੀਤੀ ਨਮਸਤੇ, ਬਿਨ ਸੀਸ ਸੀਸ ਨਿਵਾਈਆ । ਮੈਨੂੰ ਭੇਵ ਆਪਣਾ ਦੱਸ ਦੇ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੈਂ ਜੁਗ ਚੌਕੜੀ ਕੇਤੇ ਵੇਖੇ ਨਸਦੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਅਵਤਾਰ ਪੈਗ਼ੰਬਰ ਗੁਰ ਕੇਤੇ ਵੇਖੇ ਨਾਮ ਕਲਮਾ ਜਪਦੇ, ਸਤਿਗੁਰ ਸ਼ਬਦ

੭੫੭ ਸ਼ਬਦ ਸ਼ਨਵਾਈਆ । ਦੀਨ ਮਜ਼੍ਹਬ ਵੇਖੇ ਤਪਦੇ, ਜਗਤ ਮਾਇਆ ਅਗਨ ਤਪਾਈਆ । ਕੀ ਹੁਕਮ ਵਰਤਣੇ ਸ਼ੰਕਰਾ ਅਗੇ ਪਰਮੇਸ਼ਵਰ ਪਤਿ ਦੇ, ੭੫੭

੨੪ ਪਾਰਬ੍ਰਹਮ ਕੀ ਦ੍ਰਿੜਾਈਆ । ਕਿਸ ਬਿਧ ਝਗੜੇ ਮੁਕਣੇ ਮਨ ਮਤਿ ਦੇ, ਮਨ ਮਨਸਾ ਰਹੇ ਨਾ ਰਾਈਆ । ਸ਼ੰਕਰ ਹਸ ਕੇ ਕਿਹਾ ਨਾਰਦਾ ਤਕ ੨੪

ਲੈ ਮਾਨਸ ਮਾਨਸ ਪਿਆਸੇ ਇਕ ਦੂਜੇ ਦੀ ਰਤ ਦੇ, ਰਤਨ ਅਮੋਲਕ ਹੀਰਾ ਨਜ਼ਰ ਕੋਇ ਨਾ ਆਈਆ । ਸਤਿਗੁਰ ਸ਼ਬਦ ਸੰਦੇਸ਼ੇ ਦਿਤੇ ਮੂਲ ਨਾ ਮੈਨੂੰ ਬਿਨਾ ਅੱਖਰਾਂ ਖ਼ੁਸ਼ਖ਼ਤ ਦੇ, ਜਿਸ ਦਾ ਹਰਫ਼ ਹਰੂਫ਼ ਨਜ਼ਰ ਕੋਇ ਨਾ ਆਈਆ । ਉਹ ਵੇਖ ਲੈ ਗੋਬਿੰਦ ਧਾਰ ਸਚ ਪਿਆਰ ਜੋ ਸਥਰ ਘਤਦੇ, ਯਾਰੜੇ ਸੇਜ ਹੰਢਾਈਆ । ਉਸ ਦੇ ਹੁਕਮ ਸੰਦੇਸ਼ੇ ਆਪਣੇ ਵਤਨ ਵਤ ਦੇ, ਬੇਵਤਨਾਂ ਰਿਹਾ ਜਣਾਈਆ । ਜਿਸ ਦੇ ਨੂਰ ਜ਼ਹੂਰ ਬਿਨ ਤੇਲ ਬਾਤੀ ਜੋਤ ਲਟ ਲਟ ਦੇ, ਨੂਰ ਨੁਰਾਨਾ ਡਗਮਗਾਈਆ । ਹੁਣ ਲੇਖੇ ਸੁਣ ਲੈ ਘਟ ਘਟ ਦੇ, ਗਹਿਰ ਗੰਭੀਰ ਕੀ ਸੁਣਾਈਆ । ਜਿਸ ਝਗੜੇ ਮੇਟਣੇ ਦੀਨ ਮਜ਼੍ਹਬ ਦੀ ਵਟ ਦੇ, ਸ਼ਰਅ ਵੰਡ ਨਾ ਕੋਇ ਵੰਡਾਈਆ । ਉਸ ਦੇ ਤੀਰ ਅਣਿਆਲੇ ਕਲਜੁਗ ਅੰਤਮ ਜਾਣ ਫਟਦੇ, ਬਚਿਆ ਰਹਿਣ ਕੋਇ ਨਾ ਪਾਈਆ । ਉਹ ਵੇਖ ਲੈ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੇ ਕੌਲ ਜਾਂਦੇ ਟਪਦੇ, ਸਦੀ ਚੌਧਵੀਂ ਬੀਸਵੀਂ ਨਾਲ ਮਿਲਾਈਆ । ਚੰਦ ਸਿਤਾਰ ਨਿਸ਼ਾਨ ਵੇਖ ਲੈ ਛਪਦੇ, ਜਗਤ ਨਜ਼ਰ ਕੋਇ ਨਾ ਆਈਆ । ਚਾਰ ਜੁਗ ਦੇ ਕਲਮੇ ਵਾਸਤਾ ਘਤਦੇ, ਬਿਨ ਸੀਸ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਮੈਂ ਭੱਜ ਨਠ ਕੇ ਪੁਜਿਆ ਸਚ ਭੂਮਿਕਾ ਅਗੰਮ ਅਸਥਾਨ, ਜਿਥੇ ਧਰਨੀ ਧਰਤ ਧਵਲ ਧੌਲ ਜ਼ਿਮੀਂ ਅਸਮਾਨ ਨਜ਼ਰ ਕੋਇ ਨਾ ਆਈਆ । ਜਾਂ ਨਿਗਾਹ ਮਾਰੀ ਇਕੋ ਸਤਿਗੁਰ ਸ਼ਬਦ ਸ਼ਬਦ ਬਲਵਾਨ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਹੁਕਮ ਸੰਦੇਸ਼ਾ ਕੀਤਾ ਫ਼ਰਮਾਨ, ਫੁਰਨਿਆਂ ਬਾਹਰ ਦ੍ਰਿੜਾਈਆ । ਮੇਰੇ ਉਤੇ

ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਇਸ਼ਾਰਾ ਕੀਤਾ ਬਿਨਾ ਨੇਤਰਾਂ ਤਕ ਸ੍ਰੀ ਭਗਵਾਨ, ਬਿਨ ਤਤਾਂ ਵੇਖ ਵਖਾਈਆ । ਉਹ ਬਿਨ ਅੱਖਰਾਂ ਸੁਣ ਗਿਆਨ, ਬਿਨ ਸ਼ਾਸਤਰਾਂ ਸ਼ਬਦ ਪੜ੍ਹਾਈਆ । ਨਿਗਾਹ ਮਾਰ ਲੈ ਜ਼ਿਮੀਂ ਅਸਮਾਨ, ਦੋ ਜਹਾਨਾਂ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਦਾ ਢੋਲਾ ਗਾਣ, ਉਹ ਮਾਲਕ ਧੁਰਦਰਗਾਹੀਆ । ਜੋ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਨੌਜਵਾਨ, ਬਿਰਧ ਬਾਲ ਰੂਪ ਨਾ ਕੋਇ ਬਦਲਾਈਆ । ਏਥੇ ਓਥੇ ਸਚਖੰਡ ਨਿਵਾਸੀ ਹੁਕਮਰਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਅਖਵਾਈਆ । ਜਿਸ ਦੇ ਹੁਕਮ ਵਿਚ ਵਿਸ਼ਨ ਬ੍ਰਹਮਾ ਸ਼ਿਵ ਕਹੇ ਅਸੀਂ ਸਾਰੇ ਸੀਸ ਨਿਵਾਣ, ਬਿਨ ਹੱਥਾਂ ਹੱਥ ਬੰਧਾਈਆ । ਉਹ ਹੁਕਮ ਸੰਦੇਸ਼ਾ ਸਾਹਿਬ ਸੁਆਮੀ ਦੇਵੇ ਆਣ, ਆਨਨ ਫ਼ਾਨਨ ਆਪਣਾ ਹੁਕਮ ਜਣਾਈਆ । ਪੰਡਤਾ ਸੁਣ ਕੇ ਹੋ ਨਾ ਜਾਵੀਂ ਹੈਰਾਨ, ਹੈਰਾਨੀ ਵਿਚ ਕੁਰਲਾਈਆ । ਉਠ ਵੇਖ ਲੈ ਅਵਤਾਰ ਪੈਗ਼ੰਬਰਾਂ ਗੁਰੂਆਂ ਅੰਤਮ ਆਪਣੇ ਲਾ ਨਿਸ਼ਾਨ, ਨਿਸ਼ਾਨੇ ਦੀਨ ਦੁਨੀ ਤਜਾਈਆ । ਜਿਸ ਦਾ ਪੈਗ਼ੰਬਰਾਂ ਪੈਗ਼ਾਮ ਦਿਤਾ ਮਹਾਨ, ਸੰਦੇਸ਼ਾ ਧੁਰਦਰਗਾਹੀਆ । ਉਹ ਵੇਖਣਹਾਰਾ ਖੇਲ ਮਹਾਨ, ਮਹਿੰਮਾ ਆਪਣੀ ਆਪ ਪਰਗਟਾਈਆ । ਜਿਸ ਦੀ ਸਿਫ਼ਤ ਕਰ ਸਕੇ ਨਾ ਕੋਈ ਜ਼ਬਾਨ, ਮੁਖ ਦੰਦ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਨਾਰਦ ਕਹੇ ਸ਼ੰਕਰ ਸੁਣ ਮੇਰੀ ਇਕ ਬੇਨੰਤੀ, ਬਿਨੈ ਕਹਿ ਕੇ ਸੀਸ ਨਿਵਾਈਆ । ਮੈਨੂੰ ਯਾਦ ਸਤਿਗੁਰ ਸ਼ਬਦ ਦੀ ਇਕੋ ਪੰਗਤੀ, ਜਿਸ ਦਾ ਪਾਰਬ੍ਰਹਮ ਪਤਿਪਰਮੇਸ਼ਵਰ ਭੇਵ ਗਿਆ ਦ੍ਰਿੜਾਈਆ । ਇਹ ਵਿਦਿਆ ਅੱਖਰਾਂ ਵਾਲੀ ਨਹੀਂ ਕੋਈ ਪੰਗਤੀ, ਸ਼ਾਸਤਰਾਂ ਗੰਢ ਨਾ ਕੋਇ ਰਖਾਈਆ । ਇਸ ਵਿਚ ਹੰਕਾਰ ਨਹੀਂ ਕੋਈ ਹਉਮੇ ਹੰਗਤੀ, ਹੰ ਬ੍ਰਹਮ ਨਾ ਕੋਇ ਚਤੁਰਾਈਆ । ਇਸ ਵਿਚ ਸ਼ਨਵਾਈ ਨਹੀਂ ਕੋਈ ਕੰਨ ਦੀ, ਸਰਵਣਾਂ ਰੰਗ ਨਾ ਕੋਇ ਰੰਗਾਈਆ । ਇਸ ਵਿਚ ਆਸ਼ਾ ਨਹੀਂ ਕੋਈ ਮਨ ਦੀ, ਮਨਸਾ ਜਗਤ ਨਾ ਕੋਇ ਪਰਗਟਾਈਆ । ਇਸ ਵਿਚ ਲੋੜ ਨਹੀਂ ਕੋਈ ਧਨ ਦੀ, ਮਾਇਆ ਮਮਤਾ ਮੋਹ ਨਾ ਕੋਇ ਹਲਕਾਈਆ । ਇਸ ਵਿਚ ਧਾਰ ਨਹੀਂ ਕੋਈ ਕਰਮ ਦੀ, ਕਰਮ ਕਾਂਡ ਦਾ ਡੇਰਾ ਢਾਹੀਆ । ਇਸ ਵਿਚ ਆਸ਼ਾ ਨਹੀਂ ਕੋਈ ਭਰਮ ਦੀ, ਭਾਂਡਾ ਭਰਮ ਭਰਮ ਭੰਨਾਈਆ । ਇਸ ਦੀ ਮਾਤਾ ਜਨਣੀ ਨਹੀਂ ਕੋਈ ਜਨਮ ਦੀ, ਨਾ ਕੋਈ ਬਣੇ ਜਣੇਂਦੀ ਮਾਈਆ । ਇਸ ਦੀ ਤਨ ਵਜੂਦ ਮਾਟੀ ਖ਼ਾਕ ਨਹੀਂ ਕੋਈ ਚਰਮ ਦੀ, ਚੰਮ ਦ੍ਰਿਸ਼ਟੀ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸ਼ੰਕਰ ਕਹੇ ਨਾਰਦਾ ਸੁਣ ਖ਼ਬਰ ਅਗੰਮੀ ਆਜ, ਭੇਵ ਅਭੇਦਾ ਦਿਆਂ ਖੁਲ੍ਹਾਈਆ । ਆਦਿ ਤੋਂ ਸਤਿਗੁਰ ਸ਼ਬਦ ਪ੍ਰਭੂ ਦਾ ਸਮਾਜ, ਵਿਸ਼ਨ ਬ੍ਰਹਮਾ ਸ਼ਿਵ ਜਿਸ ਆਪਣੀ ਖੇਲ ਬਣਾਈਆ । ਸੋ ਸਤਿਗੁਰ ਸੂਰਾ ਹੋ ਕੇ ਗਿਆ ਜਾਗ, ਜਾਗਰਤ ਜੋਤ ਬਿਨ ਵਰਨ ਗੋਤ ਡਗਮਗਾਈਆ । ਪੰਡਤਾ ਤੇਰੇ ਵੱਡੇ ਵੱਡੇ ਹੋਏ ਭਾਗ, ਭਗਵਨ ਦੇਵੇ ਮਾਣ ਵਡਿਆਈਆ । ਮੈਨੂੰ ਇਕ ਵੇਰਾਂ ਪਿਆਰ ਵਿਚ ਪੁਛ ਲੈ ਨਾਲ ਵੈਰਾਗ, ਵੈਰਾਗੀ ਮਿਤਰਾ ਤੈਨੂੰ ਦਿਆਂ ਜਣਾਈਆ । ਮੈਂ ਸ਼ੰਕਰ ਮੈਂ ਸ਼ੰਭੂ ਭੋਲਾ ਨਾਥ ਮੈਨੂੰ ਸਤਿਗੁਰ ਸ਼ਬਦ ਕਿਹਾ ਉਏ ਬੱਚੂ ਪੰਜਾਂ ਸਾਲਾਂ ਤਕ ਕਿਸੇ ਘਰ ਜਗਦਾ ਰਹਿਣ ਨਾ ਦੇਵੀਂ ਚਰਾਗ਼, ਚਰਾਗਾਹਾਂ ਵਿਚ ਰੋਵੇ ਖ਼ਲਕ ਖ਼ੁਦਾਈਆ । ਮਾਤਲੋਕ ਦਾ ਫੇਰ ਪੰਡਤਾ ਉਜੜਿਆ ਵੇਖੀਂ ਬਾਗ਼, ਪੱਤ ਟਹਿਣੀ ਫਲ ਫੁੱਲ ਨਾ ਕੋਇ ਮਹਿਕਾਈਆ । ਨਾਰਦ ਹਸ ਕੇ ਕਿਹਾ ਸ਼ੰਕਰ ਕੀ ਤੇਰੇ ਹੱਥ ਪ੍ਰਭੂ ਫੜਾਈ ਵਾਗ, ਡੋਰੀ ਤੇਰੇ ਨਾਲ ਬੰਧਾਈਆ ।

੭੫੮
੨੪

ਸ਼ੰਕਰ ਕਿਹਾ ਨਾਰਦਾ ਅਵਤਾਰ ਪੈਗ਼ੰਬਰਾਂ ਗੁਰੂਆਂ ਸੰਦੇਸ਼ਾ ਦਿਤਾ ਸਾਥੋਂ ਸਾਡਾ ਮਾਲਕ ਆਵੇ ਬਾਦ, ਆਪ ਆਪਣਾ ਰੂਪ ਬਦਲਾਈਆ । ਜਿਸ ਦਾ ਇਕੋ ਕਲਮਾ ਵਾਹਿਦ, ਵਜਹ ਸਕੇ ਨਾ ਕੋਇ ਸਮਝਾਈਆ । ਨਾਰਦਾ ਤੂੰ ਸਾਰੀ ਸ੍ਰਿਸ਼ਟੀ ਵਿਚ ਵਜਾ ਦੇ ਨਾਦ, ਡੇਰੂ ਡੰਕਾ ਬਿਨ ਹੱਥਾਂ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਝਟ ਨਾਰਦ ਹੱਥ ਮਾਰਿਆ ਆਪਣੀ ਉਤੇ ਬੋਦੀ, ਅਗਾ ਪਿਛਾ ਵੇਖਣ ਕੋਇ ਨਾ ਪਾਈਆ । ਫੇਰ ਆਪਣੀ ਆਸ਼ਾ ਅੰਦਰੋਂ ਸੋਧੀ, ਸੁਦੀ ਵਦੀ ਵੰਡ ਨਾ ਕੋਇ ਵੰਡਾਈਆ । ਫੇਰ ਆਪਣਾ ਆਪ ਬਣਾਇਆ ਅਗੰਮਾ ਜੋਗੀ, ਜੁਗੀਸ਼ਰਾਂ ਬਾਹਰ ਖੇਲ ਖਲਾਈਆ । ਫੇਰ ਜਗਤ ਧਾਰ ਦਾ ਬਣਿਆ ਲੋਭੀ, ਲਾਲਚ ਵਿਚ ਆਪਣਾ ਆਪ ਕਰੇ ਹਲਕਾਈਆ । ਫੇਰ ਦੀਨ ਦੁਨੀ ਦੀ ਧਾਰ ਵਿਚ ਪੈ ਗਿਆ ਸੋਚੀ, ਸਮਝ ਸਮਝ ਵਿਚੋਂ ਉਲਟਾਈਆ । ਝਟ ਯਾਦ ਆ ਗਿਆ ਕੀ ਇਸ਼ਾਰਾ ਦੇ ਕੇ ਗਿਆ ਰਵੀਦਾਸ ਚਮਾਰਾ ਮੋਚੀ, ਰੰਬੀ ਆਰ ਨਾਲ ਗੰਢ ਪੁਆਈਆ । ਕੀ ਪਰਦਾ ਉਠਾਇਆ ਬਾਲਮੀਕ ਬਜਵਾੜੇ ਜਿਸ ਦਾ ਭੇਵ ਜਾਣੇ ਨਾ ਕੋਈ ਕੋਸ਼ ਕੋਸ਼ੀ, ਵਿਦਿਆ ਜਗਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਨਾਰਦ ਕਹੇ ਮੈਂ ਫੇਰ ਆਪਣੀ ਬੋਦੀ ਉਤੇ ਮਾਰਿਆ ਧੱਪਾ, ਬਿਨਾ ਹੱਥਾਂ ਪੰਜਾ ਦਿਤਾ ਛੁਹਾਈਆ । ਜਾਂ ਨੇਤਰ ਖੋਲ੍ਹਿਆ ਮੈਨੂੰ ਅੱਖਰ ਨਜ਼ਰ ਆਇਆ ਪੱਪਾ, ਪਾਰਬ੍ਰਹਮ ਪਤਿਪਰਮੇਸ਼ਵਰ ਜਿਸ ਦੇ ਵਿਚ ਸਮਾਈਆ । ਜਾਂ ਅੱਖ ਖੋਲ੍ਹੀ ਮੈਨੂੰ ਨਿਰਗੁਣ ਧਾਰ ਨਜ਼ਰ ਆਇਆ ਸਰਗੁਣ ਧਾਰ ਤਪਾ, ਸਤਿ ਸਰੂਪੀ ਸ਼ਾਹੋ ਭੂਪੀ ਇਕੋ ਵੇਖ ਵਖਾਈਆ । ਜਿਸ ਭੇਵ ਅਭੇਦਾ ਖੋਲ੍ਹ ਕੇ ਅਗਲਾ ਦੱਸਿਆ ਪਤਾ, ਪੱਤੀਦਾਰ ਨਜ਼ਰ ਕੋਇ ਨਾ ਆਈਆ । ਜਿਸ ਦਾ ਇਕੋ ਹੋਵੇ ਜਾਪ ਅਜਪਾ, ਬਿਨ ਰਸਨਾ ਜਿਹਵਾ ਬੱਤੀ ਦੰਦ ਪੜ੍ਹਾਈਆ । ਇਕੋ ਹੁਕਮ ਦਾ ਹੋਵੇ ਠੱਪਾ, ਜਗਤ ਮੋਹਰ ਨਾ ਕੋਇ ਲਗਾਈਆ । ਇਕੋ ਖਾਨਾ ਹੋਵੇ ਨੌ ਖੰਡ ਪ੍ਰਿਥਮੀ ਇਕੋ ਹੋਵੇ ਖਤਾ, ਦੂਸਰ ਵੰਡ ਨਾ ਕੋਇ ਵੰਡਾਈਆ । ਇਕੋ ਜਾਨਣਹਾਰਾ ਹੋਵੇ ਸਭ ਦੀ ਮਿਤ ਗਤਾ, ਗਹਿਰ ਗੰਭੀਰ ਬੇਨਜ਼ੀਰ ਇਕ ਅਖਵਾਈਆ । ਇਕੋ ਅੰਤਮ ਡੰਕਾ ਵਜਣਾ ਫ਼ਤਹ, ਫ਼ਾਤਿਆ ਕਰੇ ਖ਼ਲਕ ਖ਼ੁਦਾਈਆ । ਇਕੋ ਦਾ ਹੁਕਮ ਸੰਦੇਸ਼ ਫ਼ਰਮਾਣ ਹੋਣਾ ਮਤਾ, ਮਤ ਮਤਾਤਰਾਂ ਡੇਰਾ ਢਾਹੀਆ । ਇਕੋ ਦਾ ਸਥਰ ਗੁਰ ਅਵਤਾਰ ਪੈਗ਼ੰਬਰਾਂ ਗੁਰੂਆਂ ਹੋਣਾ ਘਤਾ, ਇਕੋ ਯਾਰੜਾ ਹੋਵੇ ਧੁਰ ਦਾ ਮਾਹੀਆ । ਇਕੋ ਛੱਪਰ ਛੰਨ ਛੁਹਾਈ ਹੋਣੀ ਛਤਾ, ਛਤਰਧਾਰੀ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰ ਦਏ ਵਡਿਆਈਆ । ਝਟ ਸ਼ੰਕਰ ਕਿਹਾ ਨਾਰਦਾ ਵੇਖ ਲੈ ਅਗਲਾ ਕਾਂਡ, ਕੀ ਕਲਜੁਗ ਹਿੱਸਾ ਰਿਹਾ ਵੰਡਾਈਆ । ਕੀ ਲਹਿਣਾ ਦੇਣਾ ਸਤਿਗੁਰ ਸ਼ਬਦ ਨਾਲ ਬ੍ਰਹਿਮਾਂਡ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਕੀ ਸਮਝਾਈਆ । ਨਾਰਦ ਕਹੇ ਮੈਂ ਨਿਗਾਹ ਮਾਰੀ ਦੀਨ ਦੁਨੀ ਵਿਚ ਝਗੜਾ ਤਕਿਆ ਦੀਨ ਮਜ਼੍ਹਬ ਆਂਢ ਗਵਾਂਢ, ਹਮਸਾਇਆ ਸਾਚਾ ਨਜ਼ਰ ਕੋਇ ਨਾ ਆਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਅੰਤਰ ਪਏ ਕੋਈ ਨਾ ਠਾਂਢ, ਅਗਨੀ ਤਤ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਨਾਰਦ ਕਹੇ ਸ਼ੰਕਰਾ ਕੁਛ ਆਪਣਾ ਖੋਲ੍ਹ ਦੇ ਭੇਵ ਪਰਦਾ, ਉਹਲਾ ਮਿਤਰਾ ਰਹਿਣ ਨਾ ਪਾਈਆ । ਮੈਨੂੰ ਕੋਈ ਸੰਦੇਸ਼ਾ ਦੱਸ ਦੇ ਪ੍ਰਭੂ ਦੇ ਘਰ ਦਾ, ਗਹਿਰ ਗੰਭੀਰ ਕੀ ਦ੍ਰਿੜ੍ਹਾਈਆ । ਕੁਛ ਲਹਿਣਾ ਤਕ

੭੫੯
੨੪

ਲੈ ਕੀ ਲੇਖਾ ਨਰਾਇਣ ਨਰ ਦਾ, ਕੀ ਆਪਣੀ ਵੰਡ ਵੰਡਾਈਆ । ਜਿਸ ਦਾ ਅਵਤਾਰ ਪੈਗ਼ੰਬਰ ਗੁਰ ਬਣਿਆ ਰਿਹਾ ਬਰਦਾ, ਸੇਵਕ ਹੋ ਕੇ ਸੇਵ ਕਮਾਈਆ । ਜੋ ਨਿਰਗੁਣ ਹੋ ਕੇ ਸਰਗੁਣ ਰੂਪ ਰਿਹਾ ਧਰਦਾ, ਧਰਨੀ ਧਰਤ ਧਵਲ ਧੌਲ ਵਡਿਆਈਆ । ਜੋ ਆਪਣੇ ਨਾਮ ਕਲਮੇ ਸਿਫ਼ਤੀ ਢੋਲੇ ਰਿਹਾ ਪੜ੍ਹਦਾ, ਜਗਤ ਵਿਦਿਆ ਨਾਲ ਸਲਾਹੀਆ । ਜੋ ਜੁਗ ਚੌਕੜੀ ਨਿਤ ਨਵਿਤ ਸਭ ਦੇ ਪੱਲੂ ਰਿਹਾ ਫੜਦਾ, ਜੁਗ ਚੌਕੜੀ ਆਪਣੀ ਕੰਨੀ ਗੰਢ ਬੰਧਾਈਆ । ਜੋ ਖੰਡਾ ਖੜਗ ਤਲਵਾਰ ਤੀਰ ਤਰਕਸ਼ ਫੜ ਕੇ ਰਿਹਾ ਲੜਦਾ, ਸ਼ੱਤਰੂ ਖੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੈਸ਼ ਬਣਾਈਆ । ਜੋ ਸੰਤਾਂ ਭਗਤਾਂ ਸੂਫ਼ੀਆਂ ਅੰਦਰ ਹਕ਼ੀਕ਼ੀ ਮੰਜ਼ਲ ਰਿਹਾ ਚੜ੍ਹਦਾ, ਕਾਮਲ ਮੁਰਸ਼ਦ ਧੁਰਦਰਗਾਹੀਆ । ਜੋ ਲੇਖਾ ਮੁਕਾਉਂਦਾ ਰਿਹਾ ਹੰਕਾਰ ਗੜ੍ਹ ਦਾ, ਹੰ ਬ੍ਰਹਮ ਆਪ ਦ੍ਰਿੜਾਈਆ । ਜਿਸ ਦਾ ਹਿਸਾਬ ਕਿਤਾਬ ਜੁਗ ਚੌਕੜੀ ਚੋਟੀ ਜੜ੍ਹ ਦਾ, ਚੇਤਨ ਆਪਣਾ ਹੁਕਮ ਜਣਾਈਆ । ਜਿਹੜਾ ਅਗਨੀ ਅੱਗ ਕਦੇ ਨਾ ਸੜਦਾ, ਜਨਮ ਮਰਨ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪਣੇ ਹੱਥ ਰਖਾਈਆ । ਸ਼ੰਕਰ ਕਹੇ ਨਾਰਦਾ ਸੁਣ ਅਗੰਮੀ ਤਬਲੀਕ, ਤਾਬਿਆਦਾਰੀ ਵਿਚ ਸੀਸ ਨਿਵਾਈਆ । ਜਿਸ ਦਾ ਆਦਿ ਜੁਗਾਦਿ ਨਾ ਕੋਇ ਸ਼ਰੀਕ, ਸ਼ਰਕਤ ਵਿਚ ਕਦੇ ਨਾ ਆਈਆ । ਜਿਸ ਦੇ ਵਿਚ ਹਕ ਤੌਫ਼ੀਕ, ਤੋਫ਼ੇ ਘਰ ਘਰ ਦਏ ਪਹੁੰਚਾਈਆ । ਜਿਸ ਦੀ ਅਵਤਾਰ ਪੈਗ਼ੰਬਰ ਗੁਰੂ ਕਰਨ ਤਸਦੀਕ਼, ਸ਼ਹਾਦਤ ਸ਼ਬਦ ਸਤਿਗੁਰੂ ਭੁਗਤਾਈਆ । ਜਿਸ ਦੀ ਸਭ ਨੇ ਰਖੀ ਉਡੀਕ, ਬਿਨ ਨੇਤਰਾਂ ਨੈਣ ਉਠਾਈਆ । ਜਿਸ ਦਾ ਮਾਰਗ ਬੜਾ ਬਾਰੀਕ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋ ਮੇਟਣਹਾਰਾ ਅੰਧੇਰਾ ਤਾਰੀਕ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋ ਹਰ ਘਟ ਵਸੇ ਕ਼ਰੀਬ, ਘਰ ਘਰ ਸੋਭਾ ਪਾਈਆ । ਜਿਸ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਿਤੀ ਤਰਤੀਬ, ਤਬੀਅਤ ਆਪਣੀ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਝਟ ਭਾਦਰੋਂ ਕਹੇ ਨਾਰਦਾ ਮੈਂ ਵੀ ਪੁਰਾਣਾ ਪ੍ਰਭੂ ਦਾ ਭਗਤ, ਜੁਗ ਚੌਕੜੀ ਚਲਿਆ ਆਈਆ । ਮੈਂ ਵੀ ਨਿਤ ਨਿਤ ਵੇਖਿਆ ਜਗਤ, ਦੀਨ ਦੁਨੀ ਸੰਗ ਰਖਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਤਕੀ ਸ਼ਕਤ, ਸ਼ਖ਼ਸੀਅਤ ਵੇਖੀ ਥਾਉਂ ਥਾਈਂਆ । ਮਾਨਸ ਜ਼ਾਤੀ ਖੇਲ ਵੇਖਿਆ ਬੂੰਦ ਰਕਤ, ਤਨ ਵਜੂਦਾਂ ਖੋਜ ਖੁਜਾਈਆ । ਪੇਸ਼ੀਨਗੋਈਆਂ ਦਾ ਹੁਕਮ ਸੁਣਦਾ ਰਿਹਾ ਸਖ਼ਤ, ਜਿਸ ਦਾ ਭੇਵ ਨਾ ਕੋਇ ਦ੍ਰਿੜਾਈਆ । ਮਿਤਰਾ ਹੁਣ ਉਸ ਸਮੇਂ ਦਾ ਆ ਗਿਆ ਵਕਤ, ਘੜੀ ਪਲ ਜਿਸ ਦੀ ਦਏ ਗਵਾਹੀਆ । ਮੇਰੇ ਕੋਲ ਸਭ ਦੀ ਪੁਰਾਣੀ ਲਿਖੀ ਹੋਈ ਸ਼ਰਤ, ਸ਼ਰਅ ਤੋਂ ਬਾਹਰ ਜਣਾਈਆ । ਕਲਜੁਗ ਅੰਤਮ ਜੋਤੀ ਜਾਤਾ ਪੁਰਖ ਬਿਧਾਤਾ ਆਵੇ ਉਤੇ ਧਰਤ, ਧਰਨੀ ਆਪਣਾ ਖੇਲ ਖਿਲਾਈਆ । ਜੋਤੀ ਸ਼ਬਦੀ ਵੇਸ ਵਟਾਏ ਪਰਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਜੋ ਸਭ ਦੀ ਪੁੱਠੀ ਕਰੇ ਨਰਦ, ਨਰ ਨਰਾਇਣ ਨੂਰ ਅਲਾਹੀਆ । ਕਲਜੁਗ ਕੂੜੀ ਕਿਰਿਆ ਸ਼ਰਅ ਮੇਟੇ ਕਰਦ, ਕ਼ਾਤਲ ਮਕ਼ਤੂਲ ਦਾ ਪੰਧ ਮੁਕਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਜਨ ਭਗਤਾਂ ਵੰਡੇ ਦਰਦ, ਦਰਦ ਦੁਖ ਭੈ ਭੰਜਨ ਦਇਆ ਕਮਾਈਆ । ਉਸ ਦਾ ਖੇਲ ਹੋਣਾ ਅਸਚਰਜ, ਅਚਰਜ ਲੀਲਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਭਾਦਰੋਂ ਕਹੇ ਸੁਣ ਲੈ ਸ਼ੰਕਰ ਕੈਲਾਸ਼ੀ, ਕਲਾਧਾਰੀਆ ਤੈਨੂੰ ਦਿਆਂ ਜਣਾਈਆ । ਤੇਰਾ ਮਾਲਕ ਇਕੋ

੭੬੦
੨੪

ਪੁਰਖ ਅਬਿਨਾਸ਼ੀ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦਾ ਸਤਿਗੁਰ ਸ਼ਬਦ ਲੱਖ ਚੁਰਾਸੀ ਅੰਦਰ ਕਰੇ ਤਲਾਸ਼ੀ, ਖ਼ਾਨਾ ਖ਼ਾਨਾ ਖੋਜ ਖੁਜਾਈਆ । ਬੇਸ਼ਕ ਕਲਜੁਗ ਕੂੜ ਕਰੇ ਬਦਮੁਆਸ਼ੀ, ਆਪ ਆਪਣਾ ਰੰਗ ਰੰਗਾਈਆ । ਸਚ ਧਰਮ ਦੀ ਧਾਰ ਦੂਧ ਹੋ ਗਿਆ ਛਾਛੀ, ਮੱਖਣ ਨਜ਼ਰ ਕੋਇ ਨਾ ਆਈਆ । ਉਹ ਵੇਖ ਲੈ ਅਵਤਾਰ ਪੈਗ਼ੰਬਰ ਗੁਰੂ ਐਸ ਸਮੇਂ ਦੇ ਸਾਰੇ ਅਭਿਲਾਸ਼ੀ, ਆਪਣੀ ਆਸ਼ਾ ਨਾਲ ਮਿਲਾਈਆ । ਜਿਨ੍ਹਾਂ ਦੇ ਪਿਆਰ ਵਿਚ ਨਿਰਗੁਣ ਨੂਰ ਜੋਤ ਪ੍ਰਕਾਸ਼ੀ, ਪ੍ਰਕਾਸ਼ ਕਰੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਧਰਮ ਇਕ ਪਰਗਟਾਈਆ । ਸ਼ੰਕਰ ਕਹੇ ਸੁਣ ਭਾਦਰੋਂ ਮੇਰੇ ਮਿਤਰ ਮੀਤ, ਸੱਜਣੂਆਂ ਦਿਆਂ ਜਣਾਈਆ । ਮੇਰੇ ਸਾਹਿਬ ਦੀ ਜੁਗ ਜੁਗ ਅਵਲੜੀ ਰੀਤ, ਜਗਤ ਜਗਿਆਸੂ ਸਮਝ ਕੋਇ ਨਾ ਆਈਆ । ਜਿਸ ਦੇ ਹੁਕਮ ਦਾ ਇਕੋ ਹੋਵੇ ਗੀਤ, ਤੂੰ ਮੇਰਾ ਮੈਂ ਤੇਰਾ ਢੋਲਾ ਧੁਰਦਰਗਾਹੀਆ । ਉਹ ਹੁਕਮ ਸੰਦੇਸ਼ਾ ਦੇਵੇ ਪਤਿਤ ਪੁਨੀਤ, ਪਾਰਬ੍ਰਹਮ ਪ੍ਰਭ ਆਪ ਦ੍ਰਿੜਾਈਆ । ਜੋ ਸਭ ਦੇ ਵਸਣਹਾਰਾ ਚੀਤ, ਅੰਦਰ ਘਰ ਘਰ ਡੇਰਾ ਲਾਈਆ । ਜਿਸ ਨੇ ਕਲਜੁਗ ਅੰਤਮ ਝਗੜਾ ਮੇਟਣਾ ਮੰਦਰ ਮਸੀਤ, ਪਾਹਨ ਪਾਥਰ ਸੀਸ ਨਾ ਕੋਇ ਨਿਵਾਈਆ । ਉਹ ਖੇਲ ਕਰੇ ਤ੍ਰੈਗੁਣ ਅਤੀਤ, ਤ੍ਰੈਭਵਨ ਧਨੀ ਆਪਣਾ ਹੁਕਮ ਸੁਣਾਈਆ । ਜਿਸ ਦੇ ਹੁਕਮ ਵਿਚ ਹੋਇਆ ਭੈ ਭੀਤ, ਆਪਣਾ ਬਲ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਸੁਣ ਸ਼ੰਕਰ ਸ਼ੰਭੂ, ਸ਼ਿਵ ਸ਼ਿਵੈ ਦਿਆਂ ਜਣਾਈਆ । ਉਠ ਨਿਗਾਹ ਮਾਰ ਲੈ ਵਿਚ ਦੇਸ ਜੰਬੂ, ਕੀ ਜੰਬਕ ਆਪਣੀ ਕਾਰ ਕਮਾਈਆ । ਜਿਸ ਦੇ ਭੈ ਵਿਚ ਵਿਸ਼ਨ ਬ੍ਰਹਮਾ ਕੰਬੂ, ਸਿਰ ਸਕੇ ਨਾ ਕੋਇ ਉਠਾਈਆ । ਦੇਵਤ ਸੁਰ ਕਰੋੜ ਤੇਤੀਸਾ ਜਿਸ ਦੇ ਕੋਲੋਂ ਮੰਗੂ, ਖ਼ਾਲੀ ਝੋਲੀਆਂ ਅਗੇ ਡਾਹੀਆ । ਉਹ ਸਾਹਿਬ ਸੂਰਾ ਸਰਬੰਗੂ, ਹਰਿ ਕਰਤਾ ਧੁਰਦਰਗਾਹੀਆ । ਜੋ ਜਗਤ ਜਹਾਨ ਦੀ ਮੰਜ਼ਲ ਲੰਘੂ, ਅਗੇ ਹੋ ਨਾ ਕੋਇ ਅਟਕਾਈਆ । ਜਿਸ ਦੇ ਹੁਕਮ ਵਿਚ ਧਰਤੀ ਉਤੇ ਛੇੜਨਾ ਜੰਗੂ, ਜਗਹ ਜਗਹ ਪਏ ਦੁਹਾਈਆ । ਦੀਨ ਮਜ਼੍ਹਬ ਹੋਵੇ ਤੰਗੂ, ਤੰਗ ਦਸਤ ਦਿਸੇ ਲੋਕਾਈਆ । ਜਿਸ ਦਾ ਖੇਲ ਕੁਛ ਹੋਣ ਵਾਲਾ ਵਿਚ ਖਟਮੰਡੂ, ਖੰਡਾ ਜਗਤ ਧਾਰ ਚਮਕਾਈਆ । ਜਿਸ ਨੇ ਸ਼ਰਅ ਸ਼ਰੀਅਤ ਕਰਨੀ ਰੰਡੂ, ਮੁਹੰਮਦ ਮਹਿਬੂਬ ਰਿਹਾ ਸਮਝਾਈਆ । ਜਿਸ ਨੇ ਈਸਾ ਲੇਖਾ ਵੇਖਣਾ ਅੰਤਮ ਕੰਢੂ, ਮੂਸਾ ਮੁਸਲਸਲ ਰਿਹਾ ਸਮਝਾਈਆ । ਜਿਸ ਨੇ ਨਾਨਕ ਨਿਰਗੁਣ ਧਾਰ ਕੀਤਾ ਸੰਧੂ, ਸੰਨਦ ਪਿਛਲੀ ਦਏ ਖੁਲ੍ਹਾਈਆ । ਜਿਸ ਗੋਬਿੰਦ ਗੋਬਿੰਦ ਲਗਾਇਆ ਅੰਗੂ, ਅੰਗੀਕਾਰ ਇਕ ਅਖਵਾਈਆ । ਉਹਦਾ ਅੰਤ ਨਾ ਆਵੇ ਜਗਤ ਮੁਹਾਣੇ ਵੰਝੂ, ਗਹਿਰ ਗੰਭੀਰ ਸਮਝ ਕੁਛ ਨਾ ਪਾਈਆ । ਉਸ ਦਾ ਨਾਮ ਨਿਧਾਨਾ ਦੋ ਜਹਾਨਾਂ ਇਕੋ ਹੋਵੇ ਛੰਦੂ, ਸ਼ਹਿਨਸ਼ਾਹ ਕਰੇ ਪੜ੍ਹਾਈਆ । ਜਿਸ ਨੂੰ ਸਭ ਨੇ ਮੰਨਣਾ ਦੀਨਾ ਬੰਧੂ, ਬੰਦਨਾ ਆਪਣੀ ਦਏ ਦਰਸਾਈਆ । ਜਿਸ ਨੇ ਭਗਤ ਸੁਹੇਲੇ ਚੁਕਣੇ ਆਪਣੇ ਕੰਧੂ, ਕੰਢੀ ਘਾਟ ਪਾਰ ਕਿਨਾਰੇ ਦਏ ਟਿਕਾਈਆ । ਜਿਸ ਕਲਜੁਗ ਕੂੜੀ ਕਿਰਿਆ ਮੇਟਣੀ ਗੰਦੂ, ਅੰਮ੍ਰਿਤ ਰਸ ਰਸ ਚਖਾਈਆ । ਉਹ ਦੀਨ ਦਿਆਲ ਠਾਕਰ ਸੁਆਮੀ ਸਭ ਦਾ ਹੋਏ ਬਖ਼ਸ਼ੰਦੂ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਸ਼ੰਕਰ ਮੇਰੀ ਇਕੋ ਇਕ ਬੇਨੰਤੀ, ਬਿਨੈ ਕਹਿ ਕੇ ਦਿਆਂ ਦ੍ਰਿੜਾਈਆ । ਕੀ ਹਾਲਤ ਹੋਣੀ ਜਗਤ ਜਨ

੭੬੨
੨੪

ਦੀ, ਭੇਵ ਦੇਣਾ ਖੁਲ੍ਹਾਈਆ । ਸ਼ੰਕਰ ਕਿਹਾ ਵਿਸ਼ਨੂੰ ਵੇਖ ਲੈ ਨਾਰਦਾ ਜਿਸ ਧਾਰ ਮੁਕਾਉਣੀ ਅੰਨ ਦੀ, ਅੰਤ ਸਮਝ ਕਿਛ ਨਾ ਆਈਆ । ਬ੍ਰਹਮੇ ਪਿਆਰ ਦੀ ਧਾਰ ਰਹਿਣ ਨਹੀਂ ਦੇਣੀ ਬ੍ਰਹਮ ਦੀ, ਪਾਰਬ੍ਰਹਮ ਮਿਲਣ ਕੋਇ ਨਾ ਪਾਈਆ । ਅੰਤ ਨਿਸ਼ਾਨੀ ਮਿਟਣੀ ਤਾਰਾ ਚੰਦ ਦੀ, ਸਦੀ ਚੌਧਵੀਂ ਆਪਣਾ ਆਪ ਸੁਹਾਈਆ । ਉਹ ਵੇਖ ਲੈ ਈਸਾ ਕਹਿੰਦਾ ਸਭ ਤੇ ਘੜੀ ਆਉਣੀ ਗ਼ਮ ਦੀ, ਚਿੰਤਾ ਸਕੇ ਨਾ ਕੋਇ ਮਿਟਾਈਆ । ਵਡਿਆਈ ਰਹਿਣੀ ਨਹੀਂ ਕਿਸੇ ਹੁਨਰ ਫ਼ਨ ਦੀ, ਅਕਲ ਬੁੱਧੀ ਨਾ ਕੋਇ ਚਤੁਰਾਈਆ । ਅੰਤ ਕ਼ੀਮਤ ਪੈਣੀ ਇਕੋ ਗੱਲ ਦੀ, ਜੋ ਗਲ ਫਾਂਸੀ ਸਭ ਦੀ ਦਏ ਕਟਾਈਆ । ਇਕੋ ਧਾਰ ਹੋਣੀ ਦੀਨ ਦੁਨੀ ਦੇ ਜਲ ਦੀ, ਜਲ ਥਲ ਮਹੀਅਲ ਇਕੋ ਰੰਗ ਰੰਗਾਈਆ । ਫੇਰ ਆਸ਼ਾ ਪੂਰੀ ਹੋਣੀ ਰਾਜੇ ਬਲ ਦੀ, ਜੋ ਬਾਵਨ ਗਿਆ ਦ੍ਰਿੜਾਈਆ । ਕਲਾ ਮਿਟਣੀ ਅੰਤਮ ਕਲਜੁਗ ਕਲ ਦੀ, ਕਲਕਾਤੀਆਂ ਡੇਰਾ ਢਾਹੀਆ । ਜ਼ਾਤ ਪਾਤ ਦੀਨ ਦੁਨੀ ਆਤਮ ਧਾਰ ਵੇਖਣੀ ਰਲਦੀ, ਮਜ਼੍ਹਬਾਂ ਰੰਗ ਨਾ ਕੋਇ ਰੰਗਾਈਆ । ਉਹ ਇਹ ਖੇਲ ਅਨੋਖੀ ਹੋਣੀ ਪ੍ਰਭੂ ਅਛਲ ਦੀ, ਅਛਲ ਛਲ ਆਪਣੀ ਖੇਲ ਖਿਲਾਈਆ । ਉਹ ਵੇਖ ਲੈ ਜੋਤ ਅਕਾਲਣ ਕੀ ਸ਼ਬਦ ਸੰਦੇਸ਼ਾ ਘਲਦੀ, ਸੁਨੇਹੜੇ ਕੀ ਸੁਣਾਈਆ । ਕਿਸੇ ਨੂੰ ਖ਼ਬਰ ਨਹੀਂ ਰਹਿਣੀ ਅਗਲੇ ਪਲ ਦੀ, ਪਲਕਾਂ ਦੇ ਪਿਛੇ ਬਹਿ ਕੇ ਕੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਸਾਹਿਬ ਇਕ ਗੁਸਾਈਆ । ਸ਼ੰਕਰ ਕਹੇ ਨਾਰਦਾ ਮੇਰੀ ਵੇਖ ਲੈ ਤਨ ਖ਼ਾਕੀ ਮਿੱਟੀ ਭਬੂਤ, ਚੰਮ ਦ੍ਰਿਸ਼ਟੀ ਬਾਹਰ ਤਕਾਈਆ । ਸਤਿਗੁਰ ਸ਼ਬਦ ਪ੍ਰਭੂ ਦਾ ਇਕੋ ਅਗੰਮਾ ਦੂਤ, ਜੋ ਸੰਦੇਸ਼ੇ ਰਿਹਾ ਸੁਣਾਈਆ । ਅਸੀਂ ਉਸ ਦੇ ਸਾਰੇ ਪੂਤ, ਪਿਤਾ ਇਕੋ ਇਕ ਅਖਵਾਈਆ । ਜਿਸ ਦਾ ਇਕੋ ਧਾਗਾ ਇਕੋ ਸੂਤ, ਇਕੋ ਗੰਢ ਰਿਹਾ ਪੁਆਈਆ । ਇਕੋ ਜਿਸ ਦੀ ਹੋਵੇ ਰੁਤ, ਰੁਤੜੀ ਇਕੋ ਇਕ ਮਹਿਕਾਈਆ । ਇਕੋ ਹੋਵੇ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਦਏ ਕਰਾਈਆ । ਜਿਸ ਨੇ ਧਾਰ ਬਦਲਣੀ ਵਿਚੋਂ ਕਾਇਆ ਮਾਟੀ ਬੁਤ, ਬੁਤਖ਼ਾਨਿਆਂ ਕਰੇ ਸਫਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਇਕ ਅਖਵਾਈਆ । ਸ਼ੰਕਰ ਕਹੇ ਨਾਰਦਾ ਮੇਰੇ ਕੋਲ ਪੁਰਾਣੇ ਹੁਕਮਨਾਮੇ, ਜਿਸ ਦਾ ਲੇਖ ਨਜ਼ਰ ਕੋਇ ਨਾ ਆਈਆ । ਜਿਸ ਦੇ ਹੁਕਮ ਵਿਚ ਅਵਤਾਰ ਪੈਗ਼ੰਬਰਾਂ ਗੁਰੂਆਂ ਪਾਏ ਜਾਮੇ, ਤਨ ਵਜੂਦ ਪੰਜ ਤਤ ਮਾਤ ਪਰਗਟਾਈਆ । ਜਿਸ ਦੇ ਹੁਕਮ ਸੰਦੇਸ਼ੇ ਪੈਗ਼ਾਮ ਸੁਣੇ ਨਾਮੇ, ਕਲਮੇ ਕਾਇਨਾਤ ਦ੍ਰਿੜਾਈਆ । ਜੋ ਵਸੇ ਸਚਖੰਡ ਗਰਾਮੇ, ਦਰਗਾਹ ਸਾਚੀ ਸੋਭਾ ਪਾਈਆ । ਜੋ ਸਭ ਦਾ ਮਾਲਕ ਖ਼ਾਲਕ ਅੰਤਰਜਾਮੇ, ਭੇਵ ਅਭੇਦਾ ਆਪਣੇ ਵਿਚ ਰਖਾਈਆ । ਜਿਸ ਦੇ ਵਿਸ਼ਨ ਬ੍ਰਹਮਾ ਸ਼ਿਵ ਗ਼ੁਲਾਮੇ, ਸਿਰ ਸਿਰ ਸਿਰ ਸਿਰ ਸਾਰੇ ਸੀਸ ਨਿਵਾਈਆ । ਉਸ ਦੇ ਡੰਕੇ ਸੁਣੇ ਦਮਾਮੇ, ਜੋ ਦੋ ਜਹਾਨ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਇਕ ਵਡਿਆਈਆ । ਝਟ ਸਤਿਗੁਰ ਸ਼ਬਦ ਕਹੇ ਸੁਣ ਸ਼ੰਕਰ ਸ਼ਹਾਨੇ, ਸਹਿਜ ਨਾਲ ਦ੍ਰਿੜਾਈਆ । ਤੇਰੇ ਉਤੇ ਪੁਰਖ ਅਕਾਲ ਹੋਇਆ ਮਿਹਰਵਾਨੇ, ਮਿਹਰਵਾਨ ਦਇਆ ਕਮਾਈਆ । ਜਿਸ ਦੇ ਸਭ ਨੇ ਮੰਨਣੇ ਭਾਣੇ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦੇ ਆਦਿ ਜੁਗਾਦਿ ਸਾਰੇ ਹੁਕਮਰਾਨੇ, ਹੁਕਮੇ ਵਿਚ ਸੇਵ ਕਮਾਈਆ । ਜਿਸ ਨੇ ਤਖ਼ਤੋਂ ਲਾਹੁਣੇ ਰਾਜੇ ਰਾਣੇ, ਸੀਸ ਤਾਜ ਨਾ ਕੋਇ ਸੁਹਾਈਆ । ਜਿਸ ਗੋਦ ਬਿਠਾਉਣੇ ਗ਼ਰੀਬ ਨਿਮਾਣੇ, ਕੋਝੇ ਕਮਲਿਆਂ ਗੋਦ ਉਠਾਈਆ । ਉਸ ਦਾ ਭੇਵ ਕੋਇ ਨਾ ਜਾਣੇ,

ਬੇਅੰਤ ਕਹਿ ਕੇ ਸਾਰੇ ਗਾਈਆ । ਉਹ ਬਣ ਕੇ ਸ਼ਾਹ ਸੁਲਤਾਨੇ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜੋ ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਧਾਰ ਆਏ ਵਿਚ ਮੈਦਾਨੇ, ਨਵ ਸੱਤ ਆਪਣਾ ਭੇਵ ਚੁਕਾਈਆ । ਜਿਸ ਨੇ ਸ਼ਰਅ ਦੇ ਉਖੇੜਨੇ ਸ਼ਾਮਿਆਨੇ, ਸ਼ਬੇ ਰੋਜ਼ ਇਕੋ ਰੰਗ ਰੰਗਾਈਆ । ਜਿਸ ਨੇ ਮੂਸਾ ਮੁਹੰਮਦ ਈਸਾ ਰਖਿਆ ਵਿਚ ਦਰਮਿਆਨੇ, ਦਰ ਦਰ ਦਾ ਭੇਵ ਚੁਕਾਈਆ । ਕਲਮਾ ਕਾਇਨਾਤ ਦੱਸੇ ਗਾਨੇ, ਸ਼ਰਅ ਸ਼ਰੀਅਤ ਵਿਚੋਂ ਪਰਗਟਾਈਆ । ਉਸ ਦਾ ਖੇਲ ਹੋਣਾ ਆਪਣੇ ਹੁਕਮ ਵਾਲੇ ਬਹਾਨੇ, ਦੂਸਰ ਸਮਝ ਕਿਛ ਨਾ ਆਈਆ । ਜਿਸ ਨੇ ਪਿਛੇ ਸਤਿਜੁਗ ਤ੍ਰੇਤਾ ਦੁਆਪਰ ਬਦਲ ਦਿਤੇ ਜ਼ਮਾਨੇ, ਕਲਜੁਗ ਅੰਤਮ ਦਏ ਬਦਲਾਈਆ । ਸ਼ੰਕਰ ਕਹੇ ਵਾਹਵਾ ਸਤਿਗੁਰ ਸ਼ਬਦ ਮੇਰੇ ਵਿਚ ਵੇਖ ਲੈ ਆਪਣੇ ਖ਼ਾਨੇ, ਪਰਦਾ ਸਕੇ ਨਾ ਕੋਇ ਅਟਕਾਈਆ । ਮੈਨੂੰ ਐਂ ਜਾਪਦਾ ਸਾਰੇ ਇਕ ਦੂਜੇ ਤੋਂ ਹੋ ਜਾਣੇ ਬੇਗਾਨੇ, ਸੰਗੀ ਰਹਿਣ ਕੋਇ ਨਾ ਪਾਈਆ । ਜਿਸ ਵੇਲੇ ਕਿਰਪਾ ਕੀਤੀ ਸ੍ਰੀ ਭਗਵਾਨੇ, ਆਪਣਾ ਖੇਲ ਵਖਾਈਆ । ਮਾਨਸ ਮਾਨਵ ਮਾਨੁਖ ਸਾਰੇ ਤਕਣੇ ਦਰਮਿਆਨੇ, ਅਮੀਰੀ ਗ਼ਰੀਬੀ ਵੰਡ ਨਾ ਕੋਇ ਵੰਡਾਈਆ । ਝਟ ਸ਼ੰਕਰ ਕਹੇ ਮੈਨੂੰ ਇਉਂ ਦਿਸਦਾ ਸਾਰੀ ਦੁਨੀਆ ਭਰਨ ਵਾਲੀ ਜੁਰਮਾਨੇ, ਜੁਰਮ ਮੁਆਫ਼ ਨਾ ਕੋਇ ਕਰਾਈਆ । ਪਿਛੋਂ ਰਹਿ ਜਾਣੇ ਅਫ਼ਸਾਨੇ, ਸਿਫ਼ਤਾਂ ਨਾਲ ਸਿਫ਼ਤ ਸਲਾਹੀਆ । ਉਹ ਵਕਤ ਯਾਦ ਆਉਂਦਾ ਜਿਸ ਵੇਲੇ ਰਵੀਦਾਸ ਨੇ ਆਪਣੇ ਆਪ ਨੂੰ ਮਿਣਿਆ ਤੇ ਲੰਬਾਈ ਹੋਈ ਸਾਢੇ ਤਿੰਨ ਹੱਥ ਕਾਨੇ, ਸਭ ਨੂੰ ਗਿਆ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪਣੇ ਹੱਥ ਰਖਾਈਆ । ਝਟ ਸ਼ੰਕਰ ਕਹੇ ਨਾਰਦਾ ਮੇਰੇ ਕੋਲ ਵੇਖ ਲੈ ਧਰਮ ਰਾਏ ਦੀ ਦਰਖ਼ਾਸਤ, ਦਸਖ਼ਤ ਚਿਤਰ ਗੁਪਤ ਨਾਲ ਮਿਲਾਈਆ । ਉਨ ਪਿਆਰ ਵਿਚ ਲਿਖਿਆ ਸ਼ੰਭੂ ਜੀ ਸ੍ਰਿਸ਼ਟੀ ਹੋ ਗਈ ਨਾਸਤਕ, ਨਾਮ ਵਾਲਾ ਨਜ਼ਰ ਕੋਇ ਨਾ ਆਈਆ । ਫੇਰ ਇਸ਼ਾਰਾ ਕੀਤਾ ਵਿਸ਼ਨੂੰ ਤੂੰ ਵੀ ਵੇਖ ਲੈ ਉਤੇ ਬੈਠਾ ਬਾਸ਼ਕ, ਸੇਜ ਸਾਂਗੋ ਪਾਂਗ ਤਜਾਈਆ । ਬ੍ਰਹਮਿਆ ਨਿਗਾਹ ਮਾਰ ਲੈ ਆਪਣੀ ਚੁਰਾਸੀ ਵਾਲੀ ਕਾਸ਼ਤ, ਚਾਰੇ ਖਾਣੀ ਫੋਲ ਫੁਲਾਈਆ । ਸਤਿਗੁਰ ਸ਼ਬਦ ਕਲਜੁਗ ਦੀ ਕਿਰਿਆ ਨੂੰ ਕਰ ਨਾ ਸਕੇ ਹੁਣ ਬਰਦਾਸ਼ਤ, ਧੀਰਜ ਧਰਮ ਨਾ ਕੋਇ ਰਖਾਈਆ । ਦਰੋਹੀ ਕਿਸੇ ਦੀ ਸੁਣਨੀ ਨਹੀਂ ਸਫ਼ਾਰਸ਼, ਅਪੀਲ ਦਲੀਲ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਕੂੜ ਦੀ ਰਹਿਣ ਨਹੀਂ ਦੇਣੀ ਇਮਾਰਤ, ਫ਼ਸੀਲ ਵੇਖਣ ਕੋਇ ਨਾ ਪਾਈਆ । ਸਦੀ ਚੌਧਵੀਂ ਕਹੇ ਮੇਰੀ ਅੰਤ ਦੀ ਇਕੋ ਜ਼ਿਆਰਤ, ਜ਼ੱਰੇ ਜ਼ੱਰੇ ਦਿਆਂ ਜਣਾਈਆ । ਪੈਗ਼ੰਬਰ ਕਹਿਣ ਸਾਡੀ ਕ਼ਲਮ ਸ਼ਾਹੀ ਵਾਲੀ ਅਬਾਰਤ, ਹਰਫ਼ ਹਰਫ਼ਾਂ ਨਾਲ ਲਿਖਾਈਆ । ਸਤਿਗੁਰ ਸ਼ਬਦ ਕਹੇ ਮੇਰੇ ਸ਼ਬਦ ਦੀ ਕਲਮਿਆਂ ਵਾਲੀ ਹੋਈ ਤਜਾਰਤ, ਸੌਦਾ ਦੀਨ ਦੁਨੀ ਹੱਟ ਵਿਕਾਈਆ । ਝਟ ਇਸ਼ਾਰਾ ਦਿਤਾ ਧੁਰ ਅਮਾਮ ਮੈਂ ਜਦੋਂ ਆਵਾਂ ਤੇ ਆਵਾਂ ਵਿਚ ਭਾਰਤ, ਮੁਹੰਮਦ ਦੀ ਸ਼ਹਾਦਤ ਬਿਨ ਕਲਮਿਆਂ ਦਏ ਗਵਾਹੀਆ । ਮੇਰਾ ਸਤਿਗੁਰ ਸ਼ਬਦ ਕਰੇ ਸ਼ਰਾਰਤ, ਸ਼ਰਅ ਦੀਨ ਦੁਨੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸ਼ੰਕਰ ਕਹੇ ਨਾਰਦਾ ਉਹ ਲੇਖਾ ਤਕ ਲੈ ਰਾਏ ਧਰਮ, ਧਰਮ ਦੀ ਧਰਮ ਧਾਰ ਜਣਾਈਆ । ਜਿਸ ਦੇ ਕੋਲ ਸਭ ਦਾ ਕਰਮ, ਕਾਂਡ ਗੋਦੀ ਵਿਚ ਰਖਾਈਆ । ਉਹ ਮੇਟਣਹਾਰਾ ਭਰਮ, ਭਾਂਡਾ ਭਰਮ ਭਉ ਭੰਨਾਈਆ । ਚਿਤਰ ਗੁਪਤ ਕਹੇ ਮੈਨੂੰ ਨਾ ਕੋਈ ਹਯਾ ਨਾ ਸ਼ਰਮ, ਸ਼ਰਅ ਵਾਲਿਆਂ ਦਿਆਂ ਸਮਝਾਈਆ । ਮੈਂ ਇਕੋ ਪ੍ਰਭੂ ਦੀ ਲੋੜੀ ਸ਼ਰਨ, ਦੂਜੀ ਓਟ ਨਾ ਕੋਇ ਤਕਾਈਆ ।

ਇਕੋ ਧੂੜੀ ਲਾਵਾਂ ਚਰਨ, ਬਿਨ ਟਿੱਕੇ ਖ਼ਾਕ ਰਮਾਈਆ । ਮੇਰਾ ਸਾਹਿਬ ਸੁਆਮੀ ਖੇਲ ਖੇਲੇ ਉਤੇ ਧਰਨ, ਧਵਲ ਦਾ ਲੇਖਾ ਵੇਖ ਵਖਾਈਆ । ਜੋ ਮਾਲਕ ਕਰਨੀ ਕਰਨ, ਕਰਤਾ ਪੁਰਖ ਨੂਰ ਅਲਾਹੀਆ । ਜਿਸ ਦੇ ਭੈ ਵਿਚ ਸਾਰੇ ਡਰਨ, ਸਿਰ ਸਕੇ ਨਾ ਕੋਇ ਉਠਾਈਆ । ਰਾਏ ਧਰਮ ਕਹੇ ਮੈਂ ਉਸ ਦੇ ਹੁਕਮ ਨਾਲ ਸਭ ਨੂੰ ਲੱਗਾ ਫੜਨ, ਲੇਖਾ ਲੇਖੇ ਵਿਚੋਂ ਪਰਗਟਾਈਆ । ਲਹਿੰਦਾ ਚੜ੍ਹਦਾ ਕੂਟਾਂ ਲੱਗਾ ਚੜ੍ਹਨ, ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਇਕ ਰੰਗਾਈਆ । ਨਾਰਦ ਕਹੇ ਸ਼ੰਕਰਾ ਕੀ ਸੰਦੇਸ਼ਾ ਪ੍ਰਭੂ ਭਗਵੰਤ, ਭਗਵਨ ਕੀ ਦ੍ਰਿੜਾਈਆ । ਜਿਸ ਦੀ ਮਹਿੰਮਾ ਸਦਾ ਅਗਣਤ, ਅੰਤ ਕਹਿਣ ਕੁਛ ਨਾ ਪਾਈਆ । ਜਿਸ ਨੂੰ ਆਦਿ ਜੁਗਾਦਿ ਗਾਉਂਦੇ ਸੰਤ, ਜੁਗ ਚੌਕੜੀ ਢੋਲੇ ਗਾਈਆ । ਜਿਸ ਨੇ ਤੇਰੀ ਬਣਾਈ ਬਣਤ, ਘੜਨ ਭੰਨਣਹਾਰ ਇਕ ਅਖਵਾਈਆ । ਕੀ ਉਸ ਦਾ ਲੇਖਾ ਨਾਲ ਜੀਵ ਜੰਤ, ਮਿਹਰਵਾਨ ਹੋ ਕੇ ਮੈਨੂੰ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਸ਼ੰਕਰ ਕਹੇ ਨਾਰਦਾ ਸੋ ਪੁਰਖ ਨਿਰੰਜਣ ਖੇਲ ਖਿਲਾਵੇਗਾ । ਹਰਿ ਪੁਰਖ ਨਿਰੰਜਣ ਵੇਖ ਵਖਾਵੇਗਾ । ਏਕੰਕਾਰਾ ਰੰਗ ਰੰਗਾਵੇਗਾ । ਆਦਿ ਨਿਰੰਜਣ ਡਗਮਗਾਵੇਗਾ । ਅਬਿਨਾਸ਼ੀ ਕਰਤਾ ਭੇਵ ਖੁਲ੍ਹਾਵੇਗਾ । ਸ੍ਰੀ ਭਗਵਾਨ ਪੜਦਾ ਲਾਹਵੇਗਾ । ਪਾਰਬ੍ਰਹਮ ਆਪ ਸਮਝਾਵੇਗਾ । ਸਤਿਗੁਰ ਸ਼ਬਦ ਸ਼ਬਦ ਉਠਾਵੇਗਾ । ਸਚਖੰਡ ਸਾਚਾ ਆਪ ਸੁਹਾਵੇਗਾ । ਦਰਗਾਹ ਸਾਚੀ ਨੂਰ ਰੁਸ਼ਨਾਵੇਗਾ । ਮੁਕ਼ਾਮੇ ਹਕ ਹੱਟ ਵਿਕਾਵੇਗਾ । ਥਿਰ ਘਰ ਆਪਣਾ ਭੇਵ ਚੁਕਾਵੇਗਾ । ਵਿਸ਼ਨੂੰ ਵਿਸ਼ਵ ਧਾਰ ਸਮਝਾਵੇਗਾ । ਬ੍ਰਹਮਾ ਬ੍ਰਹਮ ਪੜਦਾ ਆਪ ਉਠਾਵੇਗਾ । ਸ਼ੰਕਰ ਤੇਰੀ ਸ਼ਰਅ ਦ੍ਰਿੜਾਵੇਗਾ । ਹੁਕਮ ਸੰਦੇਸ਼ਾ ਇਕ ਸੁਣਾਵੇਗਾ । ਗਣਪਤ ਗਣੇਸ਼ਾ ਨਾਲ ਮਿਲਾਵੇਗਾ । ਕਰੋੜ ਤੇਤੀਸਾ ਗੰਢ ਪੁਆਵੇਗਾ । ਗਣ ਗੰਧਰਬ ਰਾਗ ਸੁਣਾਵੇਗਾ । ਕਿਨਰ ਯਸ਼ਪ ਨਾਚ ਨਚਾਵੇਗਾ । ਤ੍ਰੈਗੁਣ ਮਾਇਆ ਮੇਲ ਮਿਲਾਵੇਗਾ । ਪੰਜਾਂ ਤਤਾਂ ਵੰਡ ਵੰਡਾਵੇਗਾ । ਚਾਰੇ ਖਾਣੀ ਹੁਕਮ ਸੁਣਾਵੇਗਾ । ਅੰਡਜ ਜੇਰਜ ਉਤਭੁਜ ਸੇਤਜ ਆਪ ਉਠਾਵੇਗਾ । ਚਾਰੇ ਬਾਣੀ ਰਾਗ ਦ੍ਰਿੜਾਵੇਗਾ । ਪਰਾ ਪਸੰਤੀ ਮਧਮ ਬੈਖਰੀ ਢੋਲੇ ਗਾਵੇਗਾ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਆਪ ਹਿਲਾਵੇਗਾ । ਧਰਨੀ ਧਰਤ ਧਵਲ ਧੌਲ ਰੰਗ ਚੜ੍ਹਾਵੇਗਾ । ਤੇਈ ਅਵਤਾਰਾਂ ਸੰਗ ਰਲਾਵੇਗਾ । ਮੂਸਾ ਈਸਾ ਮੁਹੰਮਦ ਜੋੜ ਜੁੜਾਵੇਗਾ । ਨਾਨਕ ਗੋਬਿੰਦ ਗੰਢ ਪੁਆਵੇਗਾ । ਕਲਜੁਗ ਆਪਣਾ ਭੇਵ ਖੁਲ੍ਹਾਵੇਗਾ । ਦੇਵੀ ਦੇਵ ਆਪ ਅਖਵਾਵੇਗਾ । ਆਤਮ ਪਰਮਾਤਮ ਸੰਗ ਨਿਭਾਵੇਗਾ । ਪਾਰਬ੍ਰਹਮ ਬ੍ਰਹਮ ਸੰਗ ਰਖਾਵੇਗਾ । ਈਸ਼ ਜੀਵ ਨਾ ਵੰਡ ਵੰਡਾਵੇਗਾ । ਜਗਤ ਜਗਦੀਸ਼ ਹੁਕਮ ਵਰਤਾਵੇਗਾ । ਬੀਸ ਇਕੀਸ ਰੰਗ ਰੰਗਾਵੇਗਾ । ਇਕੋ ਕਲਮਾ ਇਕ ਹਦੀਸ, ਇਕੋ ਨਾਮ ਦ੍ਰਿੜਾਵੇਗਾ । ਇਕੋ ਛਤਰ ਝੁਲੇ ਸੀਸ, ਦੂਜਾ ਇਸ਼ਟ ਨਾ ਕੋਇ ਰਖਾਵੇਗਾ । ਇਕੋ ਮਾਣ ਬਖ਼ਸ਼ੇ ਹਸਤ ਕੀਟ, ਕੀਟ ਕੀਟਾਂ ਆਪਣੇ ਰੰਗ ਰੰਗਾਵੇਗਾ । ਇਕੋ ਸੁਆਮੀ ਬਣ ਕੇ ਬੀਠਲੋ ਬੀਠ, ਸਿਰ ਸਿਰ ਆਪਣਾ ਹੱਥ ਟਿਕਾਵੇਗਾ । ਕਲਜੁਗ ਕੌੜਾ ਭੰਨੇ ਰੀਠ, ਸਤਿਜੁਗ ਅੰਮ੍ਰਿਤ ਅੰਮ੍ਰਿਤ ਅੰਮ੍ਰਿਤ ਮੇਘ ਬਰਸਾਵੇਗਾ । ਆਪਣਾ ਖੇਲ ਕਰੇ ਅਨਡੀਠ, ਜਗ ਨੇਤਰ ਨਜ਼ਰ ਕਿਸੇ ਨਾ ਆਵੇਗਾ । ਦੀਨ ਦੁਨੀ ਨਾਲੋਂ ਕਰਵਟ ਬਦਲ ਕੇ ਪੀਠ, ਸਨਮੁਖ ਭਗਤਾਂ ਸੋਭਾ ਪਾਵੇਗਾ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠ, ਉਤਰ ਕਦੇ ਨਾ ਜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਆਪਣਾ ਖੇਲ

ਖਿਲਾਵੇਗਾ । ਸ਼ੰਕਰ ਕਹੇ ਪ੍ਰਭ ਖੇਲੇ ਖੇਲ ਅਗੰਮਾ, ਅਗੰਮੜੀ ਕਾਰ ਕਮਾਈਆ । ਜਿਸ ਨੂੰ ਸੀਸ ਨਿਵਾਏ ਵਿਸ਼ਨ ਨਾਲ ਬ੍ਰਹਮਾ, ਸ਼ੰਕਰ ਲਾਗੇ ਪਾਈਆ । ਜਿਸ ਅਵਤਾਰ ਪੈਗੰਬਰਾਂ ਗੁਰੂਆਂ ਦਿਤਾ ਜਰਮਾ, ਸੋਹਣਾ ਰੰਗ ਚੜ੍ਹਾਈਆ । ਜਿਸ ਨੇ ਆਤਮ ਪਰਮਾਤਮ ਦੱਸਿਆ ਧਰਮਾ, ਧਰਮ ਧਾਰ ਸਮਝਾਈਆ । ਉਹ ਪਰਮ ਪੁਰਖ ਪਰਮਾਤਮ ਪਰਮਾ, ਪਾਰਬ੍ਰਹਮ ਨੂਰ ਅਲਾਹੀਆ । ਜਿਸ ਨੇ ਅੰਤਮ ਸਭ ਕੁਛ ਕਰਨਾ, ਕਰਨੀ ਦਾ ਕਰਤਾ ਧੁਰਦਰਗਾਹੀਆ । ਝਗੜਾ ਮੇਟੇ ਵਰਨਾ ਬਰਨਾ, ਜ਼ਾਤ ਪਾਤ ਦਾ ਡੇਰਾ ਢਾਹੀਆ । ਇਕੋ ਇਕ ਸਭ ਨੂੰ ਬਖ਼ਸ਼ਣੀ ਸਰਨਾ, ਸਰਨਗਤ ਇਕ ਰਖਾਈਆ । ਜਨ ਭਗਤਾਂ ਖੋਲ੍ਹੇ ਹਰਨਾ ਫਰਨਾ, ਨਿਜ ਲੋਚਨ ਨੈਣ ਰੁਸ਼ਨਾਈਆ । ਜਿਸ ਦੀ ਮੰਜ਼ਲ ਬਿਨ ਪੌੜੀਉਂ ਹਰਿਜਨ ਜਨ ਹਰਿ ਚੜ੍ਹਨਾ, ਅਗੇ ਹੋ ਨਾ ਕੋਇ ਅਟਕਾਈਆ । ਜਿਨ੍ਹਾਂ ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਨਾ, ਸੋਹੰ ਸ਼ਬਦ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰ ਇਕ ਸੁਹਾਈਆ । ਝਟ ਭਾਦਰੋਂ ਕਹੇ ਸ਼ੰਕਰਾ ਮੇਰਾ ਦਿਵਸ ਦਿਹਾੜਾ ਚੰਗਾ, ਮੈਂ ਚੰਗੀ ਤਰਹ ਜਣਾਈਆ । ਆਹ ਨਿਗਾਹ ਮਾਰ ਲੈ ਜਟਾ ਜੂਟ ਧਾਰੀ ਕਿਸ ਦੁਆਰੇ ਬੈਠੀ ਗੰਗਾ, ਜਮਨਾ ਸੁਰਸਤੀ ਗੋਦਾਵਰੀ ਨਾਲ ਮਿਲਾਈਆ । ਜਿਨ੍ਹਾਂ ਦਾ ਪ੍ਰਭੂ ਦੇ ਹੁਕਮ ਵਿਚ ਵਕ਼ਤ ਲੰਘਾ, ਲੋਕਮਾਤ ਦਿਆਂ ਵਡਿਆਈਆ । ਉਹ ਕੁਛ ਮੰਗਣ ਆ ਗਈਆਂ ਮੰਗਾਂ, ਦਰ ਠਾਂਢੇ ਝੋਲੀ ਡਾਹੀਆ । ਕੁਛ ਉਨ੍ਹਾਂ ਨੂੰ ਦੱਸਦੇ ਢੰਗਾ, ਸਹਿਜ ਨਾਲ ਸਮਝਾਈਆ । ਸ਼ੰਕਰ ਕਿਹਾ ਨਾਰਦਾ ਤੂੰ ਵੀ ਪੁਰਾਣਾ ਪੰਡਾ, ਕੁਛ ਪਰਦਾ ਦੇ ਉਠਾਈਆ । ਨਾਰਦ ਕਿਹਾ ਭਾਦਰੋਂ ਮੈਂ ਘਰ ਘਰ ਦੇਵਣ ਆ ਗਿਆ ਗੰਢਾਂ, ਸੰਦੇਸ਼ਿਆਂ ਨਾਲ ਸੁਣਾਈਆ । ਉਹ ਤਕ ਲੈ ਸਤਿਗੁਰ ਸ਼ਬਦ ਦਾ ਸਤਰੰਗ ਦਾ ਡੰਡਾ, ਜੋ ਡੰਡਾਵਤ ਸਭ ਦੀ ਦਏ ਬਦਲਾਈਆ । ਉਹ ਤੁਹਾਡਾ ਪਵਿਤ੍ਰ ਕਰੇ ਤਟ ਕਿਨਾਰਾ ਕੰਢਾ, ਘਾਟਾਂ ਵੇਖ ਵਖਾਈਆ । ਗੋਦਾਵਰੀ ਰੋ ਪਈ ਮੈਨੂੰ ਯਾਦ ਆਉਂਦਾ ਗੋਬਿੰਦ ਵਾਲਾ ਖੰਡਾ, ਜੋ ਖੜਗਾਂ ਕਰੇ ਸਫ਼ਾਈਆ । ਸੁਰਸਤੀ ਕਹੇ ਮੈਂ ਹੈਰਾਨ ਹੋ ਗਈ ਅਚੰਭਾ, ਹੈਰਾਨੀ ਮੇਰੇ ਅੰਦਰ ਆਈਆ । ਜਮਨਾ ਕਹੇ ਮੈਨੂੰ ਕ੍ਰਿਸ਼ਨ ਦਾ ਸਮਾਂ ਨਹੀਂ ਦਿਸਦਾ ਲੰਬਾ, ਲਮਹ ਲਮਹ ਖੋਜ ਖੁਜਾਈਆ । ਝਟ ਕਲਜੁਗ ਆ ਗਿਆ ਮੋਢੇ ਹਿਲਾਵੇ ਨਾਲੇ ਹਲੂਣੇ ਕੰਧਾ, ਭੁਜਾਂ ਭੁਜਾਂ ਤੋਂ ਬਿਨਾ ਹਿਲਾਈਆ । ਨੀ ਚਾਰੇ ਦੱਸੋ ਤੁਹਾਡੇ ਵਿਚੋਂ ਕਿਸ ਦਾ ਅੰਮ੍ਰਿਤ ਰਹਿ ਗਿਆ ਠੰਡਾ, ਜਲ ਧਾਰਾ ਨਾਲ ਵਡਿਆਈਆ । ਕਿਹੜਾ ਪਵਿਤ੍ਰ ਰਹਿ ਗਿਆ ਪੰਡਾ, ਗਾਇਤਰੀ ਮੰਤਰ ਕਵਣ ਸੁਣਾਈਆ । ਤੁਹਾਡੇ ਕੰਢੇ ਘਾਟਾਂ ਉਤੇ ਤੁਹਾਡੇ ਸਾਹਮਣੇ ਲੈਂਦੇ ਚੰਦਾ, ਜਗਤ ਮਾਇਆ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਭਾਦਰੋਂ ਕਹੇ ਮੈਂ ਇਕੋ ਪੁਛਣ ਆਇਆ ਸਲਾਹ, ਸ਼ੰਕਰਾ ਮਸ਼ਵਰਾ ਦੇਣਾ ਜਣਾਈਆ । ਕਿਹੜੀ ਮੰਜ਼ਲ ਕਿਹੜਾ ਸਚਾ ਰਾਹ, ਰਹਿਬਰ ਕਵਣ ਅਖਵਾਈਆ । ਸ਼ੰਕਰ ਕਹੇ ਭਾਦਰੋਂ ਉਹ ਮੇਰਾ ਮਾਲਕ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਬਣੇ ਮਲਾਹ, ਬੇੜੇ ਸਭ ਦੇ ਕੰਧ ਉਠਾਈਆ । ਜਿਸ ਨੂੰ ਸਾਰਿਆਂ ਕਿਹਾ ਵਾਹ ਵਾਹ, ਵਾਹਿਗੁਰੂ ਕਹਿ ਕੇ ਸੀਸ ਨਿਵਾਈਆ । ਉਹ ਲਹਿਣਾ ਦੇਣਾ ਜਾਣੇ ਥਾਉਂ ਥਾਂ, ਥਾਨ ਥਨੰਤਰ ਫੋਲ ਫੁਲਾਈਆ । ਜਿਸ ਦੀ ਆਸ਼ਾ ਰਖ ਕੇ ਬੈਠੀ ਧਰਨੀ ਮਾਂ, ਮਮਤਾ ਵਿਚ ਰਹੀ ਕੁਰਲਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੇਰੀ ਅੰਤਮ ਪਕੜ ਲੈ ਬਾਂਹ, ਬਾਜ਼ੂ ਤੇਰੇ ਹੱਥ ਫੜਾਈਆ । ਮੇਰੇ ਉਤੋਂ ਮੇਟ ਦੇ ਗੁਨਾਹ, ਗ਼ੁਰਬਤ ਰਹਿਣ ਕੋਇ ਨਾ ਪਾਈਆ । ਕਲਜੁਗ ਜੀਵਾਂ ਬੁੱਧੀ


੭੬੫
੨੪

ਨਾ ਰਹੇ ਕਾਂ, ਕਾਗ ਹੰਸ ਦੇ ਬਣਾਈਆ । ਨਾ ਕੋਈ ਸੂਰ ਖਾਏ ਨਾ ਗਾਂ, ਪਸ਼ੂਆਂ ਖੱਲ ਨਾ ਕੋਇ ਲੁਹਾਈਆ । ਤੂੰ ਅਮਾਮ ਅਮਾਮਾਂ ਪੈਗ਼ੰਬਰਾਂ ਦਾ ਰਹਿਨੁਮਾ, ਕ਼ਦਮ ਬੋਸੀ ਵਿਚ ਸੀਸ ਨਿਵਾਈਆ । ਮੇਰੇ ਨੂਰ ਅਲਾਹ ਜ਼ਮਨੂ ਜ਼ਵੀ ਕੁਨਿਸਤੇ ਦੁਆ ਜੰਬਾ ਇਸਤੀ ਜ਼ਊ ਨੂਰੇ ਖ਼ੁਦਾ, ਖ਼ੁਦ ਮਾਲਕ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਇਕ ਦਰਸਾਈਆ । ਭਾਦਰੋਂ ਕਹੇ ਮੇਰੇ ਸਤਿਗੁਰ ਸ਼ਬਦ ਸਾਜਣਾ, ਮਿਤਰਾ ਤੇਰੇ ਹੱਥ ਵਡਿਆਈਆ । ਮੇਰੇ ਸ਼ਾਹੋ ਭੂਪ ਰਾਜ ਰਾਜਨਾ, ਸ਼ਹਿਨਸ਼ਾਹ ਤੇਰੀ ਸਰਨਾਈਆ । ਤੂੰ ਕਲਜੁਗ ਅੰਤਮ ਸਵਾਰੀਂ ਕਾਜਨਾ, ਕਰਤਾ ਪੁਰਖ ਜੋ ਦ੍ਰਿੜਾਈਆ । ਵੇਖੀਂ ਕਿਤੇ ਵਣਜ ਨਾ ਕਰੀਂ ਵਾਂਗ ਮਹਾਜਨਾਂ, ਸੂਦ ਅਸਲ ਨਾਲ ਵਡਿਆਈਆ । ਮੇਰੇ ਸਤਿਗੁਰ ਸ਼ਬਦ ਤੇਰੀ ਕਿਰਪਾ ਬਿਨਾ ਕਿਸੇ ਨਹੀਂ ਜਾਗਣਾ, ਨਿਜ ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲ੍ਹਾਈਆ । ਤੂੰ ਅੰਤਰ ਨਿਰੰਤਰ ਬਿਨ ਰਸਨਾ ਜਿਹਵਾ ਮਾਰਨੀ ਆਵਾਜ਼ਨਾ, ਸੁਰਤੀ ਸ਼ਬਦ ਸ਼ਬਦ ਨਾਲ ਉਠਾਈਆ । ਸਚ ਪਿਆਰ ਦਾ ਬਖ਼ਸ਼ੀਂ ਵੈਰਾਗਨਾ, ਵੈਰੀ ਅੰਦਰੋਂ ਬਾਹਰ ਕਢਾਈਆ । ਤੇਰੀ ਕਿਰਪਾ ਨਾਲ ਕਲਜੁਗ ਕੂੜ ਕੁੜਿਆਰ ਤਿਆਗਣਾ, ਤ੍ਰੈਗੁਣ ਲੇਖਾ ਰਹੇ ਨਾ ਰਾਈਆ । ਤੂੰ ਆਤਮ ਪਰਮਾਤਮ ਬਣਨਾ ਕੰਤ ਸੁਹਾਗਣਾ, ਸੇਜ ਸੁਹੰਜਣੀ ਦੇਣੀ ਵਡਿਆਈਆ । ਮੇਰੇ ਮੋਹਣ ਮਾਧਵ ਮਾਧਨਾ, ਮਧੁਰ ਧੁਨ ਦੇਣੀ ਸੁਣਾਈਆ । ਮੇਰਾ ਅੰਤ ਸਵਾਰੀਂ ਕਾਜਨਾ, ਕਰਨੀ ਦੇ ਕਰਤੇ ਤੇਰੀ ਓਟ ਤਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਬਦਲ ਸਮਾਜਨਾ, ਇਕੋ ਆਪਣਾ ਰੰਗ ਰੰਗਾਈਆ । ਚਾਰੋਂ ਕੁੰਟ ਨਾ ਫਿਰੇ ਭਾਜਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਸਤਿਗੁਰ ਸ਼ਬਦ ਕਿਹਾ ਸੁਣ ਭਾਦਰੋਂ ਤੇਰੀ ਪੂਰੀ ਕਰਾਂ ਸੱਧਰ, ਸਦਕੇ ਵਾਰੀ ਘੋਲ ਘੁਮਾਈਆ । ਤੇਰੇ ਪਿਆਰ ਦੀ ਹੋਵੇ ਕਦਰ, ਕ਼ੁਦਰਤ ਦਾ ਕ਼ਾਦਰ ਦਏ ਵਡਿਆਈਆ । ਤੂੰ ਸੁਣਨੀ ਧੁਨ ਮਧੁਰ, ਮਧ ਸੂਦਨ ਹੋ ਕੇ ਦਿਆਂ ਜਣਾਈਆ । ਪਰ ਯਾਦ ਰਖੀਂ ਭਾਦਰੋਂ ਜਦੋਂ ਤਿੰਨਾਂ ਦੇਸ਼ਾਂ ਦਾ ਸ਼ੁਰੂ ਹੋਇਆ ਗ਼ਦਰ, ਤੇਰਾ ਪਰਵਿਸ਼ਟਾ ਸੋਹਣਾ ਨਜ਼ਰੀ ਆਈਆ । ਫੇਰ ਹਾੜ ਸਤਾਰਾਂ ਅਗੇ ਲੱਗੇ ਵਧਣ, ਦੋਹਾਂ ਨੇ ਭੱਜਣਾ ਵਾਹੋ ਦਾਹੀਆ । ਬੇਸ਼ਕ ਤੁਹਾਡਾ ਦਿਸਦਾ ਨਹੀਂ ਬਦਨ, ਤਨ ਵਜੂਦ ਨਾ ਕੋਇ ਰਖਾਈਆ । ਦੋਵੇਂ ਇਸ਼ਾਰਾ ਦੇ ਦਿਉ ਕੀ ਖੇਲ ਹੋਵੇ ਵਿਚ ਅਦਨ, ਮੁਹੰਮਦ ਲੈ ਰਿਹਾ ਅੰਗੜਾਈਆ । ਕਿਸ ਬਿਧ ਮੂਸਾ ਧਾਰ ਆਪਣਾ ਪ੍ਰੇਮ ਆਵੇ ਛਡਣ, ਧਰਨੀ ਧਰਤ ਧਵਲ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਸਤਿਗੁਰ ਸ਼ਬਦ ਕਿਹਾ ਭਾਦਰੋਂ ਕਰ ਲੈ ਸਬਰ, ਸਾਵਰੀਆ ਦਏ ਵਡਿਆਈਆ । ਜੋ ਆਦਿ ਜੁਗਾਦੀ ਗਹਿਰ ਗਵਰ, ਗੰਭੀਰ ਬੇਨਜ਼ੀਰ ਇਕ ਅਖਵਾਈਆ । ਜਿਸ ਦੀ ਆਸ਼ਾ ਰਖ ਕੇ ਬੈਠੀ ਮੁਹੰਮਦ ਦੀ ਲਾਸ਼ ਵਿਚ ਕ਼ਬਰ, ਮਕ਼ਬਰਿਆਂ ਬਾਹਰ ਨੈਣ ਉਠਾਈਆ । ਉਹ ਅੰਤ ਆਵੇ ਕਰਨ ਅਦਲ, ਇਨਸਾਫ਼ ਆਪਣਾ ਦਏ ਸਮਝਾਈਆ । ਕਲਜੁਗ ਕੂੜੀ ਕਿਰਿਆ ਦੇਵੇ ਬਦਲ, ਬਦਲਾ ਚੁਕੇ ਥਾਉਂ ਥਾਈਂਆ । ਸ਼ਰਅ ਦੀ ਧਾਰ ਸ਼ਰਅ ਕਰੇ ਕ਼ਤਲ, ਕ਼ਾਤਲ ਮਕ਼ਤੂਲ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਚ ਆਪ ਪਰਗਟਾਈਆ । ਭਾਦਰੋਂ ਕਹੇ ਮੇਰਾ ਸਤਿਗੁਰ ਸ਼ਬਦ ਅਗੇ ਹਾੜਾ, ਨਿਵ ਨਿਵ ਲਾਗਾਂ ਪਾਈਆ । ਮੇਰਾ ਖ਼ੁਸ਼ੀਆਂ ਵਾਲਾ ਦਿਹਾੜਾ, ਲੋਕਮਾਤ ਵਜੀ ਵਧਾਈਆ । ਜਨ ਭਗਤਾਂ ਲੱਗਾ ਅਖਾੜਾ, ਦਰ ਠਾਂਢੇ ਸੋਭਾ ਪਾਈਆ ।



੭੬੬
੨੪

ਜਿਨ੍ਹਾਂ ਦਾ ਪੁਰਖ ਅਕਾਲ ਅਗੰਮੀ ਲਾੜਾ, ਦੂਜਾ ਕੰਤ ਨਾ ਕੋਇ ਹੰਢਾਈਆ । ਜੋ ਆਤਮ ਅੰਤਰ ਰੰਗ ਚਾੜ੍ਹੇ ਗਾੜ੍ਹਾ, ਆਦਿ ਜੁਗਾਦਿ ਉਤਰ ਕਦੇ ਨਾ ਜਾਈਆ । ਜੋ ਹੋਏ ਸਹਾਈ ਜੰਗਲ ਜੂਹ ਉਜਾੜ ਪਹਾੜਾ, ਟਿੱਲੇ ਪਰਬਤ ਸਮੁੰਦ ਸਾਗਰਾਂ ਵੇਖ ਵਖਾਈਆ । ਜੋ ਪਰਕਾਸ਼ ਦੇਵੇ ਬਹੱਤਰ ਨਾੜਾ, ਨਾੜੀ ਨਾੜੀ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਭਾਦਰੋਂ ਕਹੇ ਮੇਰੀ ਆਸ਼ਾ ਇਕੋ ਤਮੰਨਾ, ਜਨ ਭਗਤੋ ਦਿਆਂ ਜਣਾਈਆ । ਉਹ ਲੇਖਾ ਪੂਰਾ ਹੋਣਾ ਜੋ ਗੋਬਿੰਦ ਲਾਇਆ ਕੰਨਾ, ਕਾਇਨਾਤ ਸਮਝ ਕੋਇ ਨਾ ਆਈਆ । ਜਿਸ ਕਾਰਨ ਸਤਿਗੁਰ ਸ਼ਬਦ ਦਾ ਹੁਕਮ ਮੰਨਾ, ਮਨਸਾ ਜਗਤ ਨਾ ਕੋਇ ਜਣਾਈਆ । ਜਿਸ ਧਾਰ ਵਿਚੋਂ ਪਰਗਟਿਆ ਨੂਰੀ ਚੰਦ ਚੰਨਾ, ਗੋਬਿੰਦ ਧੁਰ ਦਾ ਮਾਹੀਆ । ਉਹ ਮੇਟਣ ਆਇਆ ਹੱਦ ਬੰਨਾ, ਬੰਧਨ ਰਹਿਣ ਕੋਇ ਨਾ ਪਾਈਆ । ਜਿਸ ਦਾ ਵਸੇਰਾ ਬਿਨਾ ਛੱਪਰ ਛੰਨਾ, ਜਗਤ ਮਹਲ ਨਾ ਕੋਇ ਰਖਾਈਆ । ਉਹ ਵਸਣਹਾਰਾ ਭਗਤਾਂ ਤਨਾਂ, ਸਾਢੇ ਤਿੰਨ ਹੱਥ ਡੇਰਾ ਲਾਈਆ । ਜਿਸ ਦਾ ਮਾਰਗ ਇਕੋ ਨਵਾਂ, ਨਵਖੰਡ ਪ੍ਰਿਥਮੀ ਰਿਹਾ ਸਮਝਾਈਆ । ਇਕੋ ਜੋਤ ਜਗਾਵੇ ਸ਼ਮਅ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਦੀ ਧਾਰ ਵਿਚੋਂ ਸਤਿਜੁਗ ਹੋਇਆ ਰਵਾਂ, ਕਲਜੁਗ ਆਪਣਾ ਪੰਧ ਮੁਕਾਈਆ । ਉਸੇ ਦੇ ਗੁਣ ਗਵਾਂ, ਗਾ ਗਾ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਭਾਦਰੋਂ ਕਹੇ ਜਨ ਭਗਤੋ ਮੇਰਾ ਖੇਲ ਆਦਿ ਜੁਗਾਦਿ ਨਿਤ ਨਵਿਤ, ਪ੍ਰਭ ਦਾ ਭੇਵ ਚੁਕਾਈਆ । ਜੋ ਸਭ ਦੇ ਨਾਲ ਕਰੇ ਹਿਤ, ਹਿਤਕਾਰੀ ਧੁਰਦਰਗਾਹੀਆ । ਠਗੌਰੀ ਰਹਿਣ ਨਾ ਦੇਵੇ ਚਿਤ, ਕੂੜੀ ਕਿਰਿਆ ਬਾਹਰ ਕਢਾਈਆ । ਧੁਰ ਦਾ ਬਣ ਕੇ ਪਰਮੇਸ਼ਵਰ ਪਿਤ, ਪੂਤ ਸਪੂਤੇ ਗੋਦ ਉਠਾਈਆ । ਉਸ ਦੀ ਕਿਰਪਾ ਨਾਲ ਮਾਨਸ ਜਨਮ ਜਾਣਾ ਜਿਤ, ਚੁਰਾਸੀ ਫਾਸੀ ਨਾ ਕੋਇ ਲਟਕਾਈਆ । ਸਾਚੀ ਸੇਜਾ ਜਾਣਾ ਲਿਟ, ਸਚ ਸਿੰਘਾਸਣ ਡੇਰਾ ਲਾਈਆ । ਜਿਥੇ ਨਾ ਕੋਇ ਪੱਥਰ ਇੱਟ, ਪਾਹਨਾ ਸੀਸ ਨਾ ਕੋਇ ਝੁਕਾਈਆ । ਨਾ ਕੋਈ ਬੂੰਦ ਨਾ ਕੋਈ ਰਿਤ, ਰਕਤ ਵੇਖਣ ਕੋਇ ਨਾ ਜਾਈਆ । ਨਾ ਕੋਈ ਵਾਰ ਨਾ ਕੋਈ ਥਿਤ, ਘੜੀ ਪਲ ਨਾ ਵੰਡ ਵੰਡਾਈਆ । ਇਕੋ ਪੁਰਖ ਅਕਾਲਾ ਦੀਨ ਦਿਆਲਾ ਜੋ ਸਭ ਦੇ ਵਸੇ ਵਿਚ, ਵਿਚੋਲਾ ਸਤਿਗੁਰ ਸ਼ਬਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਰ ਇਕ ਵਡਿਆਈਆ । ਭਾਦਰੋਂ ਕਹੇ ਮੇਰਾ ਸੋਹਣਾ ਚੜ੍ਹਿਆ ਮਹੀਨਾ, ਮਹਿਫ਼ਲ ਭਗਤਾਂ ਵੇਖ ਵਖਾਈਆ । ਮੈਂ ਨਿਗਾਹ ਮਾਰੀ ਲੋਕ ਤੀਨਾ, ਤ੍ਰੈਲੋਕੀ ਵੇਖ ਵਖਾਈਆ । ਧਰਤੀ ਉਤੇ ਵੇਖਿਆ ਕਿਸ ਬਿਧ ਕਲਜੁਗ ਜੀਵਾਂ ਜੀਣਾ, ਜੀਵਣ ਜੁਗਤੀ ਹੱਥ ਕਿਸੇ ਨਾ ਆਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰੋਂ ਕੁੰਟ ਵਜੇ ਹੰਕਾਰੀ ਬੀਨਾ, ਬੇਨੰਤੀ ਵਿਚ ਸੀਸ ਨਾ ਕੋਇ ਨਿਵਾਈਆ । ਸ਼ਾਹ ਸੁਲਤਾਨ ਰਾਜ ਰਾਜਾਨ ਹੋਇਆ ਕਮੀਨਾ, ਕੂੜੀ ਕਿਰਿਆ ਨਾ ਕੋਇ ਤਜਾਈਆ । ਜਗਤ ਜਗਿਆਸੂਆਂ ਮੁਸ਼ਕਲ ਹੋ ਗਿਆ ਜੀਣਾ, ਜ਼ਿੰਦਗੀ ਵਿਚੋਂ ਜ਼ਿੰਦਗੀ ਨਾ ਕੋਇ ਬਦਲਾਈਆ । ਕਾਇਆ ਚੋਲੀ ਚਾੜ੍ਹੇ ਰੰਗ ਕੋਈ ਨਾ ਭੀਨਾ, ਭਿੰਨੜੀ ਰੈਣ ਨਾ ਖ਼ੁਸ਼ੀ ਬਣਾਈਆ । ਠਾਂਢਾ ਹੋਏ ਕਿਸੇ ਨਾ ਸੀਨਾ, ਅਗਨੀ ਤਤ ਨਾ ਕੋਇ ਬੁਝਾਈਆ । ਮਾਰੂਥਲ ਤਪੇ ਜ਼ਮੀਨਾ, ਸਚ ਮੇਘ ਨਜ਼ਰ ਕੋਇ ਨਾ ਆਈਆ । ਸਤਿ ਧਰਮ ਚਾਰੋਂ ਕੁੰਟ ਗਿਆ ਛੀਨਾ, ਉੱਤਰ ਪੂਰਬ ਪੱਛਮ ਦੱਖਣ ਰਿਹਾ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੭੬੭
੨੪

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਭਾਦਰੋਂ ਕਹੇ ਜਨ ਭਗਤੋ ਦੋਵੇਂ ਸਵਾਰੋ ਭੁਜਾਂ, ਭੁਯੰਗੀਓ ਤੁਹਾਨੂੰ ਦਿਆਂ ਸੁਣਾਈਆ । ਪ੍ਰਭੂ ਦਾ ਖੇਲ ਜੁਗੋ ਜੁਗਾ, ਜੁਗ ਚੌਕੜੀ ਰੀਤੀ ਚਲੀ ਆਈਆ । ਕਲਜੁਗ ਅੰਤਮ ਜੋਤੀ ਧਾਰ ਹੋਇਆ ਉਘਾ, ਉਘਣ ਆਥਣ ਕਰੇ ਰੁਸ਼ਨਾਈਆ । ਜਿਸ ਦੇ ਨਾਮ ਦਾ ਲਏ ਕੋਈ ਨਾ ਭੁੱਗਾ, ਹਿੱਸਿਆਂ ਵੰਡ ਨਾ ਕੋਇ ਵੰਡਾਈਆ । ਮਾਨਵ ਜ਼ਾਤੀ ਇਕੋ ਧਰਮ ਦਾ ਦਿਸੇ ਮੁੱਦਾ, ਮੁਦਤਾਂ ਦਾ ਡੇਰਾ ਢਾਹੀਆ । ਖੇਲ ਕਰੇ ਉਤੇ ਬਸੁਧਾ, ਧਰਨੀ ਧਰਤ ਧਵਲ ਧੌਲ ਰੁਸ਼ਨਾਈਆ । ਧਰਮ ਦਾ ਦੀਪਕ ਫੇਰ ਜਗਾਏ ਬੁੱਝਾ, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੁਆਮੀ ਇਕ ਅਖਵਾਈਆ । ਭਾਦਰੋਂ ਕਹੇ ਜਨ ਭਗਤੋ ਮੇਰੀ ਸਭ ਦੇ ਅਗੇ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਸਭ ਦਾ ਇਕੋ ਮਿਤਰ ਮੁਰਾਰ, ਮੀਤ ਮੁਰਾਰਾ ਇਕ ਅਖਵਾਈਆ । ਜਿਸ ਨੂੰ ਕਹਿੰਦੇ ਸਾਂਝਾ ਯਾਰ, ਯਾਰੜਾ ਨੂਰ ਅਲਾਹੀਆ । ਉਸ ਦੇ ਸਭ ਕੁਛ ਅਖ਼ਤਿਆਰ, ਆਖ਼ਰ ਆਪਣਾ ਹੁਕਮ ਵਰਤਾਈਆ । ਜਿਸ ਦਾ ਖੇਲ ਸਦਾ ਜੁਗ ਚਾਰ, ਜੁਗ ਚੌਕੜੀ ਵੇਖੇ ਚਾਈਂ ਚਾਈਂਆ । ਸੋ ਕਲਜੁਗ ਅੰਤ ਜੋਤੀ ਜਾਤਾ ਹੋ ਕੇ ਦਏ ਦੀਦਾਰ, ਨਿਰਗੁਣ ਨਿਰਾਕਾਰ ਨਿਰੰਕਾਰ ਦਇਆ ਕਮਾਈਆ । ਤੁਹਾਡੀ ਸਭ ਦੀ ਮਨਜ਼ੂਰ ਕਰੇ ਨਿਮਸਕਾਰ, ਡੰਡਾਵਤ ਬੰਦਨਾ ਆਪਣੇ ਲੇਖੇ ਪਾਈਆ । ਸਭ ਦੇ ਰੋਗ ਸੋਗ ਦੁਖ ਦਏ ਨਿਵਾਰ, ਚਿੰਤਾ ਚਿਖਾ ਗ਼ਮੀ ਵਿਚੋਂ ਬਾਹਰ ਕਢਾਈਆ । ਲੱਖ ਚੁਰਾਸੀ ਵਿਚੋਂ ਕਰੇ ਪਾਰ, ਪਾਰਬ੍ਰਹਮ ਪ੍ਰਭ ਆਪਣੀ ਦਇਆ

੭੬੮ ਕਮਾਈਆ । ਤੁਸੀਂ ਉਸ ਪ੍ਰਭੂ ਦੇ ਬਣ ਗਏ ਯਾਰ, ਜਿਸ ਦਾ ਯਰਾਨਾ ਸਕੇ ਨਾ ਕੋਇ ਤੁੜਾਈਆ । ਤੁਸੀਂ ਉਸ ਦੇ ਪ੍ਰੇਮ ਦੀ ਆਤਮ ਧਾਰ, ਧਰਮੀਉਂ ੭੬੮

੨੪ ਤੁਹਾਨੂੰ ਦਿਆਂ ਜਣਾਈਆ । ਤੁਹਾਡਾ ਸਤਿ ਸਰੂਪ ਨਾ ਪੁਰਖ ਨਾ ਨਾਰ, ਇਸਤਰੀ ਮਰਦ ਨਾ ਵੰਡ ਵੰਡਾਈਆ । ਇਕੋ ਜੋਤ ਜੋਤ ਦੀ ਧਾਰ, ਦੂਸਰ ੨੪

ਰੂਪ ਨਾ ਕੋਇ ਦਰਸਾਈਆ । ਸੋ ਸਾਹਿਬ ਸੁਆਮੀ ਅੰਤਰਜਾਮੀ ਘਟ ਨਿਵਾਸੀ ਤੁਹਾਡੀ ਪਾਵੇ ਸਾਰ, ਪੁਰਖ ਅਬਿਨਾਸ਼ੀ ਹੋ ਕੇ ਵੇਖ ਵਖਾਈਆ । ਭਾਦਰੋਂ ਕਹੇ ਜਨ ਭਗਤੋ ਪ੍ਰਭੂ ਦੇ ਨਾਲ ਕਾਹਦਾ ਤਕਰਾਰ, ਝਗੜਾ ਕੰਮ ਕਿਸੇ ਨਾ ਆਈਆ । ਜਿਹੜਾ ਵੇਂਹਦਿਆਂ ਵੇਂਹਦਿਆਂ ਹੋ ਜਾਵੇ ਫ਼ਰਾਰ, ਚਾਰੇ ਕੂਟਾਂ ਨਜ਼ਰ ਕੋਇ ਨਾ ਆਈਆ । ਜਿਹੜਾ ਖ਼ੁਸ਼ੀਆਂ ਨਾਲ ਕਰੇ ਇਜ਼ਹਾਰ, ਸਿਫ਼ਤਾਂ ਨਾਲ ਸਿਫ਼ਤ ਸਲਾਹੀਆ । ਇਸ ਦਾ ਮੇਲਾ ਮਿਤਰਾ ਕੋਈ ਸਾਲ ਦੋ ਕਿ ਚਾਰ, ਚੌਥਾ ਜੁਗ ਦਏ ਗਵਾਹੀਆ । ਇਹ ਵਿਛੜਨ ਵਾਲਾ ਸੰਸਾਰ, ਸਗਲਾ ਸੰਗ ਨਾ ਕੋਇ ਨਿਭਾਈਆ । ਉਹ ਵੇਖੋ ਕਾਅਬਿਆਂ ਉਡਦੀ ਛਾਰ, ਮੱਕਾ ਮਦੀਨਾ ਰਹੇ ਕੁਰਲਾਈਆ । ਚੜ੍ਹਦਾ ਰੋਵੇ ਜ਼ਾਰੋ ਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਦੱਖਣ ਪਹਾੜ ਰਹੇ ਪੁਕਾਰ, ਸਾਡੀ ਚਲੇ ਨਾ ਕੋਇ ਚਤੁਰਾਈਆ । ਰੂਸਾ ਚੀਨਾ ਰਹੇ ਵੰਗਾਰ, ਉਚੀ ਕੂਕ ਕੂਕ ਸੁਣਾਈਆ । ਸ੍ਰਿਸ਼ਟੀ ਵਿਚ ਖੇਲ ਹੋਣਾ ਅਪਾਰ, ਅਪਰੰਪਰ ਸੁਆਮੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਚ ਆਪ ਪਰਗਟਾਈਆ । ਭਾਦਰੋਂ ਕਹੇ ਜਨ ਭਗਤੋ ਮੇਰੀਆਂ ਦੁਨੀਆ ਵਾਲੀਆਂ ਨਹੀਂ ਦਲੀਲਾਂ, ਜਗਿਆਸੂਆਂ ਵਾਲੀ ਨਾ ਕੋਇ ਪੜ੍ਹਾਈਆ । ਪ੍ਰਭੂ ਦੇ ਦੁਆਰੇ ਹੁੰਦੀਆਂ ਨਹੀਂ ਅਪੀਲਾਂ, ਵੁਕਲਾ ਨਜ਼ਰ ਕੋਇ ਨਾ ਆਈਆ । ਬਿਨਾ ਸਤਿਗੁਰ ਸ਼ਬਦ ਤੋਂ ਹੋਰ ਨਹੀਂ ਵਸੀਲਾ, ਜਗਤ ਵਿਸ਼ਾ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਚ ਆਪ ਪਰਗਟਾਈਆ । ਭਾਦਰੋਂ ਕਹੇ ਜਨ ਭਗਤੋ

੭੬੯
੨੪

ਮੇਰਾ ਬਚਨ ਮਿਤਰੋ ਸਚਾ, ਸਚ ਦਿਆਂ ਜਣਾਈਆ । ਮੈਨੂੰ ਦੱਸ ਕੇ ਗਿਆ ਗੋਬਿੰਦ ਪੁਰਖ ਅਕਾਲ ਦਾ ਬੱਚਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਕਲਜੁਗ ਅੰਤਮ ਭਾਂਡਾ ਦਿਸਦਾ ਕੱਚਾ, ਠੀਕਰ ਭੰਨੇ ਬੇਪਰਵਾਹੀਆ । ਜਿਹੜਾ ਕੂੜ ਵਿਕਾਰ ਹੋ ਕੇ ਘਰ ਘਰ ਅੰਦਰ ਨੱਚਾ, ਵੇਸਵਾ ਧਾਰ ਖੇਲ ਖਿਲਾਈਆ । ਮਾਇਆ ਮਮਤਾ ਰੂਪ ਹੋ ਕੇ ਲੂੰ ਲੂੰ ਰਚਾ, ਤਨ ਵਜੂਦਾਂ ਗਿਆ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਖੇਲ ਖਿਲਾਈਆ । ਕਲਜੁਗ ਕਹੇ ਭਾਦਰੋਂ ਤੂੰ ਕਿਉਂ ਮੇਰੀ ਕਰੇਂ ਬਦਨਾਮੀ, ਸੋਹਣਿਆ ਦੇ ਸਮਝਾਈਆ । ਮੈਂ ਪ੍ਰਭੂ ਦਾ ਪੁਤ ਅਨਾਮੀ, ਚੌਥਾ ਜੁਗ ਅਖਵਾਈਆ । ਮੈਨੂੰ ਅਵਤਾਰ ਪੈਗ਼ੰਬਰਾਂ ਗੁਰੂਆਂ ਦਿਤੀ ਸਲਾਮੀ, ਦੂਰੋਂ ਵੇਖੀ ਚਾਈਂ ਚਾਈਆ । ਮੇਰਾ ਤਕ ਲੈ ਅੰਧੇਰਾ ਸ਼ਾਮੀ, ਨੂਰੀ ਜੋਤ ਨਾ ਕੋਇ ਰੁਸ਼ਨਾਈਆ । ਦੁਨੀਆ ਤਕ ਲੈ ਮੈਂ ਸ਼ਰਅ ਦੀ ਬਣਾਈ ਗ਼ੁਲਾਮੀ, ਜ਼ੰਜੀਰ ਬਿਨ ਤੰਦਾਂ ਤੰਦ ਛੁਹਾਈਆ । ਮੇਰੀ ਸਭ ਤੋਂ ਵਖਰੀ ਕਹਾਣੀ, ਕਹਾਵਤ ਦਿਆਂ ਦ੍ਰਿੜਾਈਆ । ਮੇਰੇ ਉਤੇ ਪੁਰਖ ਅਕਾਲ ਕੀਤੀ ਮਿਹਰਵਾਨੀ, ਮਿਹਰਵਾਂ ਹੋਇਆ ਬੇਪਰਵਾਹੀਆ । ਮੇਰੀ ਗੁਰੂਆਂ ਅਵਤਾਰਾਂ ਪੈਗ਼ੰਬਰਾਂ ਸਾਰਿਆਂ ਦਿਤੀ ਨਿਸ਼ਾਨੀ, ਅਵਤਾਰਾਂ ਨਿਸ਼ਾਨੇ ਦਿਤੇ ਵਖਾਈਆ । ਸਤਿਗੁਰ ਸ਼ਬਦ ਮੈਨੂੰ ਸੰਦੇਸ਼ਾ ਦਿਤਾ ਜ਼ਬਾਨੀ, ਬਿਨ ਕ਼ਾਗਜ਼ ਕ਼ਲਮ ਸ਼ਾਹੀ ਲਿਖਾਈਆ । ਕਲਜੁਗ ਤੇਰੀ ਚੜ੍ਹਦੀ ਹੋਵੇ ਜਵਾਨੀ, ਚੜ੍ਹਦੇ ਲਹਿੰਦੇ ਤੇਰੀ ਵਜੇ ਵਧਾਈਆ । ਤੇਰੇ ਵਿਚ ਅੰਤ ਮੰਜ਼ਲ ਰਹੇ ਨਾ ਕੋਇ ਰੂਹਾਨੀ, ਰੂਹ ਬੁਤ ਸਾਰੇ ਰੋਵਣ ਮਾਰਨ ਧਾਹੀਆ । ਕਲਜੁਗ ਕਹੇ ਭਾਦਰੋਂ ਮੈਂ ਵੇਖੀ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਦਇਆ ਕਮਾਈਆ । ਕਲਜੁਗ ਕਹੇ ਭਾਦਰੋਂ ਮੈਨੂੰ ਪ੍ਰਭ ਨੇ ਦਿਤਾ ਮਾਣ, ਜੋ ਨਿਮਾਣਿਆਂ ਹੋਏ ਸਹਾਈਆ । ਮੈਂ ਉਸੇ ਦਾ ਗਾਵਾਂ ਗਾਣ, ਉਸੇ ਦਾ ਢੋਲਾ ਤੈਨੂੰ ਦਿਆਂ ਸੁਣਾਈਆ । ਮੈਂ ਕੋਈ ਬਾਲ ਨਹੀਂ ਅੰਞਾਣ, ਬੁਧਹੀਣ ਨਾ ਕੋਇ ਅਖਵਾਈਆ । ਮੈਂ ਸਤਿਜੁਗ ਤ੍ਰੇਤਾ ਦੁਆਪਰ ਨਾਲੋਂ ਸ਼ੈਤਾਨ, ਜਿਸ ਸ਼ਰਅ ਦੀ ਸ਼ਰਅ ਨਾਲ ਕੀਤੀ ਲੜਾਈਆ । ਮੇਰਾ ਭੇਦ ਪਾ ਸਕੇ ਨਾ ਕੋਇ ਇਨਸਾਨ, ਬੁਧੀ ਮਤਿ ਨਾ ਕੋਇ ਚਤੁਰਾਈਆ । ਮੈਂ ਪਿਤਾ ਪੂਤ ਕੀਤੇ ਇਕ ਦੂਜੇ ਤੋਂ ਬੇਈਮਾਨ, ਬੇਵਾ ਕੀਤੀ ਖ਼ਲਕ ਖ਼ੁਦਾਈਆ । ਆਪਣੇ ਮਾਲਕ ਨੂੰ ਸਕੇ ਨਾ ਕੋਈ ਪਛਾਣ, ਇਹ ਮੇਰੀ ਬੇਪਰਵਾਹੀਆ । ਮੈਂ ਸਾਰਿਆਂ ਦੇ ਕਾਇਆ ਮੰਦਰ ਵੜਿਆ ਵਿਚ ਮਕਾਨ, ਸਾਢੇ ਤਿੰਨ ਹੱਥ ਅੰਦਰ ਡੇਰਾ ਲਾਈਆ । ਮੇਰੇ ਹੁੰਦਿਆਂ ਬੇਸ਼ਕ ਸਾਰੀ ਸ੍ਰਿਸ਼ਟੀ ਗਾਏ ਨਾਲ ਜ਼ਬਾਨ, ਹਿਰਦੇ ਸਕੇ ਨਾ ਕੋਇ ਵਸਾਈਆ । ਕਿਉਂ ਮੈਂ ਕਲਜੁਗ ਕੂੜ ਕੁੜਿਆਰ ਸਤਿ ਦਾ ਬਣਿਆ ਮਹਿਮਾਨ, ਘਰ ਘਰ ਅੰਦਰ ਆਪਣਾ ਡੇਰਾ ਲਾਈਆ । ਮੈਂ ਜੂਠ ਝੂਠ ਦਾ ਜੀਵਾਂ ਜਗਿਆਸੂਆਂ ਦਿਤਾ ਦਾਨ, ਭਿਛਿਆ ਬਿਨਾ ਇਛਿਆ ਦਿਤੀ ਵਰਤਾਈਆ । ਉਹ ਮੇਰੇ ਹੁੰਦਿਆਂ ਕਿਸੇ ਦੀ ਸੁਰਤ ਜੁੜੇ ਨਾ ਨਾਲ ਸੀਤਾ ਰਾਮ, ਰਾਧੇ ਕਾਹਨ ਨਜ਼ਰ ਕਿਸੇ ਨਾ ਆਈਆ । ਹਕ਼ੀਕ਼ੀ ਪੀ ਸਕੇ ਕੋਈ ਨਾ ਜਾਮ, ਧੁਰ ਅਮਾਮ ਵੇਖੇ ਕੋਇ ਨਾ ਚਾਈਂ ਚਾਈਆ । ਮੇਰਾ ਖੇਲ ਮਿਟਾ ਨਾ ਸਕੇ ਸਤਿਨਾਮ, ਸਤਿ ਸਚ ਨਾਲ ਮੇਰਾ ਝੂਠ ਲਏ ਅੰਗੜਾਈਆ । ਮੈਂ ਫ਼ਤਿਹ ਦਾ ਡੰਕਾ ਵਜਾਇਆ ਵਿਚ ਜਹਾਨ, ਆਪ ਆਪਣਾ ਬਲ ਪਰਗਟਾਈਆ । ਜ਼ਰਾ ਸੁਣਨਾ ਲਾ ਕੇ ਕਾਨ, ਆਪਣਾ ਲੇਖਾ ਦਿਆਂ ਸਮਝਾਈਆ । ਮੈਂ ਸਾਰੇ ਇਨਸਾਨ ਬਣਾਉਣੇ ਹੈਵਾਨ, ਇਨਸਾਨ ਹੈਵਾਨ ਇਕ ਦੂਜੇ ਦਾ ਭੇਵ ਕੋਇ ਨਾ ਆਈਆ । ਚਾਰ ਸਾਲ ਤੋਂ ਬਾਦ ਪਤਾ ਨਹੀਂ ਕਿਸੇ ਦੇਸ਼ ਦਾ ਕੋਈ ਨਹੀਂ ਰਹਿਣਾ ਪ੍ਰਧਾਨ, ਵਾਗ ਡੋਰ

ਹੱਥ ਨਾ ਕੋਇ ਉਠਾਈਆ । ਕਲਜੁਗ ਕਹੇ ਫੇਰ ਮੈਂ ਬੈਠਾਂਗਾ ਨਾਲ ਆਰਾਮ, ਘਟ ਘਟ ਦੇ ਅੰਦਰ ਆਪਣਾ ਆਸਣ ਲਾਈਆ । ਨਾਲੇ ਰੂਹ ਦਾ ਪਿਆਵਾਂਗਾ ਜਾਮ, ਜਮਾਂ ਨੂੰ ਸੱਦਾ ਦੇਵਾਂ ਉਏ ਆਓ ਚਾਈਂ ਚਾਈਂਆ । ਉਸ ਵੇਲੇ ਰਾਏ ਧਰਮ ਮੈਨੂੰ ਮੰਨੇਗਾ ਭਗਵਾਨ, ਵਾਹ ਕਲਜੁਗ ਤੇਰੀ ਵਜੀ ਵਧਾਈਆ । ਲਾੜ੍ਹੀ ਮੌਤ ਮੇਰੇ ਚਰਨਾਂ ਵਿਚ ਆਣ ਕਰੇ ਪਰਨਾਮ, ਬਿਨਾ ਧੂੜੀਉਂ ਖ਼ਾਕ ਰਮਾਈਆ । ਮੜ੍ਹੀ ਗੋਰ ਮੈਂ ਸਭ ਦੇ ਬਣਾਵਾਂ ਅਸਥਾਨ, ਸੋਹਣੀ ਸੇਜਾ ਦਿਆਂ ਲਿਟਾਈਆ । ਇਹੋ ਆਸ਼ਾ ਰਖੀ ਅਵਤਾਰ ਪੈਗ਼ੰਬਰਾਂ ਗੁਰੂਆਂ ਸਦੀ ਚੌਧਵੀਂ ਦੇਵੇ ਬਿਆਨ, ਬਿਨ ਰਸਨਾ ਢੋਲੇ ਗਾਈਆ । ਕਲਜੁਗ ਕਹੇ ਮੈਂ ਸਭ ਤੋਂ ਚੰਗਾ ਜਿਸ ਦੇ ਵਾਸਤੇ ਧਰਤੀ ਉਤੇ ਆਪ ਆਏ ਭਗਵਾਨ, ਭਗਵਨ ਆਪਣਾ ਰੂਪ ਬਦਲਾਈਆ । ਉਸੇ ਨੂੰ ਪੈਗ਼ੰਬਰਾਂ ਕਿਹਾ ਅਮਾਮ, ਨੂਰ ਨੁਰਾਨਾ ਨੂਰ ਅਲਾਹੀਆ । ਉਸੇ ਨੂੰ ਸਜਦੇ ਕੀਤੇ ਸਲਾਮ, ਕ਼ਦਮ ਬੋਸੀ ਵਿਚ ਆਪਣਾ ਸ਼ੁਕਰ ਮਨਾਈਆ । ਉਸੇ ਨੂੰ ਕਲ ਕਲਕੀ ਕਹਿ ਕੇ ਅਵਤਾਰਾਂ ਕੀਤਾ ਪਰਵਾਨ, ਨਿਹਕਲੰਕਾ ਆਪਣਾ ਡੰਕ ਵਜਾਈਆ । ਕਲਜੁਗ ਕਹੇ ਭਾਦਰੋਂ ਮੈਨੂੰ ਵੀ ਉਸੇ ਨੇ ਦਿਤਾ ਦਾਨ, ਜੋ ਦਾਤਾ ਦਾਨੀ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨ, ਆਦਿ ਜੁਗਾਦਿ ਜੁਗ ਚੌਕੜੀ ਕਰਨੀ ਦਾ ਕਰਤਾ ਕ਼ੁਦਰਤ ਦਾ ਕ਼ਾਦਰ ਨਿਰਗੁਣ ਆਪਣਾ ਹੁਕਮ ਆਪ ਵਰਤਾਈਆ ।



੭੭੦

੨੪ ✪ ੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਹਰਿ ਸੰਗਤ ਨਵਿਤ ✪ ੨੪

ਸ਼ੰਕਰ ਕਹੇ ਮੇਰਾ ਹੁਕਮ ਚਲੇ ਉਤੋਂ ਕੈਲਾਸ਼ੀ, ਕਲ ਆਪਣੀ ਆਪ ਪਰਗਟਾਈਆ । ਦੀਨ ਦੁਨੀ ਦੀ ਅੰਤਰ ਧਾਰ ਤਕੀ ਬਦਮੁਆਸ਼ੀ, ਬਦੀ ਵੇਖੀ ਥਾਉਂ ਥਾਈਂਆ । ਧੁਰ ਦੇ ਹੁਕਮ ਨਾਲ ਸਤਿਗੁਰ ਸ਼ਬਦ ਲਈ ਤਲਾਸ਼ੀ, ਨਵ ਨਵ ਦਾ ਕੋਨਾ ਕੋਨਾ ਖੋਜ ਖੁਜਾਈਆ । ਸਚ ਪਿਆਰ ਮੁਹੱਬਤ ਦੀ ਦਿਸੇ ਨਾ ਕੋਇ ਆਬ ਪਾਸ਼ੀ, ਬੂੰਦ ਸਵਾਂਤੀ ਰਸ ਨਾ ਕੋਇ ਚੁਆਈਆ । ਨੌਂ ਖੰਡ ਪ੍ਰਿਥਮੀ ਜਗਤ ਵਿਦਿਆ ਵੇਖੀ ਭਾਸ਼ੀ, ਪ੍ਰਕਿਰਤੀ ਸੰਸਕ੍ਰਿਤੀ ਵਿਚ ਧਿਆਨ ਲਗਾਈਆ । ਜਾਂ ਨਿਗਾਹ ਮਾਰੀ ਸਰਗੁਣ ਦਿਸੇ ਲਾਸ਼ ਤੇ ਲਾਸ਼ੀ, ਲਸ਼ਕਰਾਂ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸ਼ੰਕਰ ਕਹੇ ਮੈਂ ਬਣ ਕੇ ਧਰਮ ਸ਼ੁਕੀਨ, ਸ਼ੌਕ ਆਪਣਾ ਪੂਰ ਕਰਾਈਆ । ਮੇਰਾ ਮਾਲਕ ਖ਼ਾਲਕ ਇਕ ਪ੍ਰਬੀਨ, ਪਾਰਬ੍ਰਹਮ ਧੁਰਦਰਗਾਹੀਆ । ਜਿਸ ਦਾ ਮਾਰਗ ਜੁਗ ਚੌਕੜੀ ਮਹੀਨ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕੀਤੀ ਤਕ਼ਸੀਮ, ਹਿੱਸੇ ਆਪਣੇ ਹੱਥ ਰਖਾਈਆ । ਉਸ ਦਾ ਲਹਿਣਾ ਦੇਣਾ ਉਤੇ ਜ਼ਮੀਨ, ਜ਼ਮੀਂ ਜ਼ਮਾਂ ਵਜੇ ਵਧਾਈਆ । ਮੇਰਾ ਅੰਤਸ਼ਕਰਨ ਕਦੇ ਨਾ ਹੋਏ ਗ਼ਮਗੀਨ, ਗ਼ਮੀ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਸ਼ੰਕਰ ਕਹੇ ਮੈਂ ਦੋ ਜਹਾਨ ਤਕੀ ਮਹਿਰਾਬ, ਮਹਿਬੂਬ ਵਲ ਧਿਆਨ ਲਗਾਈਆ । ਮੈਨੂੰ ਮਾਲਕ ਖ਼ਾਲਕ ਮਿਲਿਆ ਅਗੰਮਾ ਅਹਿਬਾਬ, ਮਿਤਰ ਪਿਆਰਾ ਦੋਸਤ ਧੁਰਦਰਗਾਹੀਆ ।

ਜੋ ਆਦਿ ਜੁਗਾਦਿ ਦੋ ਜਹਾਨ ਨਵਾਬ, ਨੌਬਤ ਆਪਣਾ ਨਾਮ ਖੜਕਾਈਆ । ਜਿਸ ਨੂੰ ਨਾ ਕੋਇ ਪੁੰਨ ਨਾ ਸੁਆਬ, ਇਕੋ ਰੰਗ ਵਸੇ ਧੁਰ ਦਾ ਮਾਹੀਆ । ਜਿਸ ਨੇ ਰਚਨਾ ਰਚੀ ਨਿਰਗੁਣ ਧਾਰ ਆਦਿ, ਅੰਤ ਵੇਖੇ ਥਾਉਂ ਥਾਈਆ । ਜਿਸ ਦਾ ਸਤਿਗੁਰ ਸ਼ਬਦ ਫਿਰੇ ਵਿਚ ਬ੍ਰਹਿਮਾਦ, ਭੱਜੇ ਵਾਹੋ ਦਾਹੀਆ । ਸਚ ਸੰਦੇਸ਼ਾ ਸੁਣੇ ਨਾਦ, ਧੁਨ ਅਨਾਦੀ ਆਪ ਪਰਗਟਾਈਆ । ਜੋ ਜਨ ਭਗਤਾਂ ਰਖੇ ਸਦਾ ਯਾਦ, ਯਾਦਾਸ਼ਤ ਆਪਣੇ ਵਿਚ ਛੁਪਾਈਆ । ਉਹਦਾ ਲੇਖਾ ਤਕਿਆ ਵਿਚ ਪੰਜ ਆਬ, ਪੰਚਮ ਦਾ ਮਾਲਕ ਰੂਪ ਵਟਾਈਆ । ਜਿਥੇ ਨਾ ਕੋਈ ਸੁਆਲ ਨਾ ਜੁਆਬ, ਜੁਆਬ ਤਲਬੀ ਨਜ਼ਰ ਕੋਇ ਨਾ ਆਈਆ । ਉਹ ਦੇਵਣਹਾਰਾ ਆਪ ਖ਼ਤਾਬ, ਮੁਖ਼ਾਤਬ ਹੋ ਕੇ ਦਏ ਦ੍ਰਿੜਾਈਆ । ਤਨ ਵਜੂਦ ਵਜਾਏ ਰਬਾਬ, ਸਿਤਾਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਸ਼ੰਕਰ ਕਹੇ ਮੇਰਾ ਸਭ ਦੇ ਨਾਲ ਤਅਲੁਕ, ਤਰਫ਼ਦਾਰੀ ਨਜ਼ਰ ਕੋਇ ਨਾ ਆਈਆ । ਮੈਂ ਨੂਰ ਨੁਰਾਨੀ ਨਿਰਗੁਣ ਧਾਰ ਦੀ ਵੇਖ ਝਲਕ, ਖ਼ਾਲਕ ਖ਼ਲਕ ਰੂਪ ਦਰਸਾਈਆ । ਨਿਗਾਹ ਮਾਰਾਂ ਉਤੇ ਫ਼ਲਕ, ਅਸਮਾਨਾਂ ਖੋਜ ਖੁਜਾਈਆ । ਫੇਰ ਤਕਾਂ ਦੀਨ ਦੁਨੀ ਜਗਤ ਦੀ ਖ਼ਲਕ, ਖ਼ਾਲਕ ਆਪਣੇ ਰੰਗ ਰੰਗਾਈਆ । ਮੈਂ ਪਰਤ ਕੇ ਵੇਖਾਂ ਆਪਣੀ ਪਲਕ, ਅੱਖੀਆਂ ਅੱਖੀਆਂ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਸ਼ੰਕਰ ਕਹੇ ਮੈਂ ਸ਼ੱਕ ਰਖਾਂ ਨਾ ਸ਼ਕੂਕ, ਸ਼ਿਕਵਾ ਰਹਿਣ ਕੋਇ ਨਾ ਪਾਈਆ ।



ਮੈਂ ਪ੍ਰਭ ਤੋਂ ਮੰਗਾਂ ਇਕ ਹਕੂਕ, ਜੋ ਹਿਕਮਤ ਨਾਲ ਦਏ ਸਮਝਾਈਆ । ਮੇਰਾ ਜਗਤ ਜਹਾਨ ਖੇਲ ਜਾਏ ਨਾ ਚੂਕ, ਚੁਕੰਨਾ ਸਭ ਨੂੰ ਦਏ ਬਣਾਈਆ । ਸਤਿਗੁਰ ਸ਼ਬਦ ਇਸ਼ਾਰਾ ਮਾਰੇ ਫੂਕ, ਬਿਨ ਪਵਣ ਸਵਾਸ ਸਵਾਸ ਹਿਲਾਈਆ । ਦੀਨ ਦੁਨੀ ਦਾ ਬਦਲਾਂ ਸਲੂਕ, ਸਾਜਣ ਮੀਤ ਰਹਿਣ ਕੋਇ ਨਾ ਪਾਈਆ । ਜਿਸ ਦਾ ਮਾਰਗ ਸਦਾ ਬਾਰੀਕ, ਪਾਰਬ੍ਰਹਮ ਪਤਿਪਰਮੇਸ਼ਵਰ ਨੇਤਰ ਲੋਚਨ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਲੋਕਮਾਤ ਆਪ ਕਰੇ ਤਸਦੀਕ਼, ਸ਼ਬਦ ਸ਼ਹਾਦਤ ਨਾਲ ਭੁਗਤਾਈਆ । ਜਿਸ ਦੀ ਸਾਰੇ ਕਰਨ ਉਡੀਕ, ਉਹ ਮਾਲਕ ਧੁਰਦਰਗਾਹੀਆ । ਉਸ ਦਾ ਨਾਮ ਕਲਮਾ ਹਕ ਤੌਫ਼ੀਕ਼, ਤੋਫ਼ੇ ਨਾਮ ਦਏ ਵਰਤਾਈਆ । ਉਸ ਦੀ ਟੁੱਟੇ ਨਾ ਕਦੇ ਪ੍ਰੀਤ, ਪ੍ਰੀਤਮ ਹੋ ਕੇ ਮਿਲੇ ਚਾਈਂ ਚਾਈਂਆ । ਸ਼ੰਕਰ ਕਹੇ ਮੈਂ ਪਿਛਲੇ ਲੇਖੇ ਤੇ ਮਾਰਾਂ ਲੀਕ, ਲਾਈਨ ਅਗਲੀ ਵੇਖ ਵਖਾਈਆ । ਜਿਸ ਨੇ ਦੀਨ ਦੁਨੀ ਦੀ ਬਦਲ ਦੇਣੀ ਤਾਰੀਖ਼, ਤਵਾਰੀਖ਼ ਦਏ ਉਲਟਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਨਾ ਮਾਂਗੇ ਕੋਈ ਭੀਖ, ਭਿਖਕ ਨਜ਼ਰ ਕੋਇ ਨਾ ਆਈਆ । ਹਰਿਜਨ ਸੰਤ ਸੁਹੇਲੇ *ਬਣਨ ਸੀਖ, ਸਿਖਿਆ ਸਤਿਗੁਰ ਸੰਗ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੁਆਮੀ ਇਕ ਅਖਵਾਈਆ । ਸ਼ੰਕਰ ਕਹੇ ਮੈਂ ਸਭ ਦੀ ਜਾਣਦਾ ਸ਼ਕਲ, ਤਨ ਵਜੂਦਾਂ ਵੇਖ ਵਖਾਈਆ । ਮੇਰੇ ਤੋਂ ਪਰੇ ਨਹੀਂ ਕੋਈ ਅਕਲ, ਆਕਲਾਂ ਦਿਆਂ ਭੇਵ ਚੁਕਾਈਆ । ਜਿਸ ਦਾ ਰਾਹ ਤਕੇ ਲਾੜੀ ਮੌਤ ਮਲਕਲ, ਆਪਣਾ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਸ਼ੰਕਰ ਕਹੇ ਮੈਂ ਤਕਿਆ ਨਾਲ ਆਪਣੀ ਸ਼ਕਤ, ਸ਼ਖ਼ਸੀਅਤ ਸਭ ਦੀ ਵੇਖ ਵਖਾਈਆ । ਸੰਤ ਸੁਹੇਲੇ ਵੇਖੇ ਭਗਤ, ਹਰਿਜਨ ਸਾਚੇ ਸੋਭਾ ਪਾਈਆ । ਜਿਨ੍ਹਾਂ ਦਾ ਧਰਮ ਧਾਰ ਦਾ ਵਕ਼ਤ, ਥਿਤ ਵਾਰ ਦਏ ਗਵਾਹੀਆ । ਉਹ ਲੇਖਾ ਜਾਣੇ ਸਭ ਦਾ

੭੭੧
੨੪

ਫ਼ਕਤ, ਫ਼ਿਕਰੇ ਨਾਮ ਵਾਲੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਮਾਲਕ ਇਕ ਅਖਵਾਈਆ । ਸ਼ੰਕਰ ਕਿਹਾ ਸਤਿ ਕਰਾਂ ਅਰਦਾਸ, ਅਰਜ਼ੋਈ ਦਿਆਂ ਜਣਾਈਆ । ਮੇਰਾ ਲੇਖਾ ਨਾਲ ਸ਼ੰਕਰ ਕੈਲਾਸ਼, ਅਕਲ ਕਲਧਾਰੀ ਹੋ ਕੇ ਦਿਆਂ ਦ੍ਰਿੜਾਈਆ । ਮੇਰਾ ਪਰਮ ਪੁਰਖ ਪਰਮਾਤਮ ਮੇਰੀ ਪੂਰੀ ਕਰੇ ਆਸ, ਹਿੱਸਾ ਵੰਡ ਰਹਿਣ ਕੋਇ ਨਾ ਪਾਈਆ । ਸ਼ੰਕਰ ਕਹੇ ਮੇਰਾ ਹੁਕਮ ਸੰਦੇਸ਼ਾ ਖ਼ਾਸ, ਖ਼ਾਸੀਯਤ ਦਿਆਂ ਸਮਝਾਈਆ । ਜਨ ਭਗਤੋ ਪ੍ਰਭੂ ਨੂੰ ਕਾਇਆ ਮੰਦਰ ਅੰਦਰ ਕਰਿਓ ਤਲਾਸ਼, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਦੇਵਾਂ ਪਰਕਾਸ਼, ਅੰਧ ਅੰਧੇਰਾ ਦੂਰ ਕਰਾਈਆ । ਜਨ ਭਗਤਾਂ ਕਾਇਆ ਮੰਦਰ ਅੰਦਰ ਪਾਵਾਂ ਰਾਸ, ਬਿਨ ਗੋਪੀ ਕਾਹਨ ਨਾਚ ਨਚਾਈਆ । ਮੈਨੂੰ ਪ੍ਰਭੂ ਦੇਵੇ ਸ਼ਾਬਾਸ਼, ਸਿਰ ਸਿਰ ਮੇਰੇ ਹੱਥ ਟਿਕਾਈਆ । ਸ਼ੰਕਰਾ ਤੂੰ ਰਹਿਣ ਵਾਲਾ ਵਿਚ ਪਰਭਾਸ, ਧੂੜੀ ਖ਼ਾਕ ਖ਼ਾਕ ਰਮਾਈਆ । ਤੇਰੇ ਧਰਮ ਦੀ ਤੈਨੂੰ ਮਿਲੇ ਸ਼ਾਬਾਸ਼, ਵਿਸ਼ਾ ਅਵਰ ਨਾ ਕੋਇ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਆਵੇ ਤੇਰੇ ਪਾਸ, ਪਾਸਾ ਦੀਨ ਦੁਨੀ ਉਲਟਾਈਆ । ਤੇਰਾ ਲਹਿਣਾ ਦੇਣਾ ਪੂਰਾ ਕਰੇ ਉਤੇ ਕੈਲਾਸ਼, ਕਲਧਾਰੀ ਹੁਕਮ ਵਰਤਾਈਆ । ਜਿਸ ਦੇ ਹੁਕਮ ਵਿਚ ਸਾਰੇ ਹੁੰਦੇ ਨਾਸ, ਉੱਤਰ ਭਜੀ ਵਿਚ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਵਸੇ ਸੁਆਸ ਸੁਆਸ, ਸਾਹ ਸਾਹ ਆਪਣਾ ਰੰਗ ਰੰਗਾਈਆ ।



## ੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਕੇਹਰ ਸਿੰਘ ਦੇ ਨਵਿਤ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ

ਸ਼ੰਕਰ ਕਹੇ ਮੈਂ ਪ੍ਰਭ ਦਾ ਬੜਾ ਸ਼ਰਧਾਲੂ, ਸ਼ਰਧਾ ਮੇਰੀ ਸਮਝ ਕਿਸੇ ਨਾ ਆਈਆ । ਮੇਰਾ ਮਿਹਰਵਾਨ ਮਹਿਬੂਬ ਬੜਾ ਕਿਰਪਾਲੂ, ਕਿਰਪਾ ਨਿਧ ਧੁਰਦਰਗਾਹੀਆ । ਜੋ ਜੁਗ ਚੌਕੜੀ ਵਕਤ ਸੰਭਾਲੂ, ਸੰਬਲ ਬਹਿ ਕੇ ਖ਼ੁਸ਼ੀ ਬਣਾਈਆ । ਜਨ ਭਗਤਾਂ ਲਹਿਣਾ ਦੇਣਾ ਪੂਰਾ ਕਰੇ ਜੋ ਸੰਦੇਸ਼ਾ ਦੇ ਕੇ ਗਿਆ ਨਾਨਕ ਸੁਤ ਕਾਲੂ, ਕਲਜੁਗ ਕੂੜੀ ਕਿਰਿਆ ਆਪ ਖਪਾਈਆ । ਭਗਤ ਸੁਹੇਲੇ ਸਾਜਣ ਮੀਤ ਆਪੇ ਭਾਲੂ, ਖੋਜਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸ਼ੰਕਰ ਕਹੇ ਮੈਂ ਵੇਖ ਵੇਖ ਕੇ ਹਸਦਾ, ਹਸਤੀ ਬੇਪਰਵਾਹੀਆ । ਮੇਰਾ ਅੰਤਸ਼ਕਰਨ ਭਰਿਆ ਜਸ ਦਾ, ਜਸ ਵੇਦ ਪੁਰਾਨੀ ਅੰਤ ਕਹਿਣ ਕਿਛ ਨਾ ਪਾਈਆ । ਪ੍ਰਭੂ ਦਾ ਖੇਲ ਅਖਲਣਾ ਅਲਖ ਦਾ, ਅਗੋਚਰ ਆਪਣੀ ਕਾਰ ਭੁਗਤਾਈਆ । ਅੰਤਮ ਲਹਿਣਾ ਦੇਣਾ ਪੂਰਾ ਕਰੇ ਹੱਥੋ ਹੱਥ ਦਾ, ਦੁਰਮਤ ਮੈਲ ਮੈਲ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਧੁਰਦਰਗਾਹੀਆ । ਸ਼ੰਕਰ ਕਹੇ ਮੈਂ ਖੇਲ ਨਹੀਂ ਕਰਦਾ ਸੁਣੀ, ਸਤਿ ਸਚ ਦ੍ਰਿੜਾਈਆ । ਮੈਂ ਸ੍ਰਿਸ਼ਟੀ ਵੇਖੀ ਵਿਚ ਦੀਨ ਦੁਨੀ, ਦੋ ਜਹਾਨਾਂ ਦਿਆਂ ਸੁਣਾਈਆ । ਗੁਰਮੁਖਾਂ ਚੋਟੀ ਜਾਏ ਕਦੇ ਨਾ ਮੁੰਨੀ, ਮੁਨੀਸ਼ਰ ਰੰਗ ਨਾ ਕੋਇ ਸਮਾਈਆ । ਓਢਣ ਸੀਸ ਦਿਸੇ ਕਿਸੇ ਨਾ ਚੁੰਨੀ, ਪਰਦਾ ਸਕੇ ਨਾ ਕੋਇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸ਼ੰਕਰ ਕਹੇ ਮੈਂ ਵੇਖੀ ਦੀਨ

ਦੁਨੀ ਦੀ ਧਾਰ, ਨਾਤਾ ਧਰਮ ਦਾ ਧਰਮ ਨਾਲ ਨਾ ਕੋਇ ਜੁੜਾਈਆ । ਪ੍ਰਭ ਦੀ ਸੁਣੇ ਨਾ ਕੋਇ ਗੁਫ਼ਤਾਰ, ਗੁਫ਼ਤ ਸ਼ਨੀਦ ਰਿਹਾ ਜਣਾਈਆ । ਜੋ ਸਭ ਦਾ ਪਾਲਣਹਾਰ, ਸਿਰ ਸਿਰ ਹੱਥ ਟਿਕਾਈਆ । ਉਹ ਲੇਖਾ ਲਹਿਣਾ ਜਾਣੇ ਨੌਜੁਆਨ, ਜੁਗ ਜੁਗ ਦਾ ਪਰਦਾ ਆਪ ਚੁਕਾਈਆ । ਪੁਰਖ ਅਕਾਲਾ ਹੋਵੇ ਮਿਹਰਵਾਨ, ਮਹਿਬੂਬ ਆਪਣਾ ਸੰਗ ਨਿਭਾਈਆ । ਜੋ ਏਥੇ ਉਥੇ ਦੋ ਜਹਾਨ ਦੇਵਣਹਾਰਾ ਦਾਨ, ਦਾਤਾ ਦਾਨੀ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਧੁਰਦਰਗਾਹੀਆ । ਸ਼ੰਕਰ ਕਹੇ ਮੈਂ ਦੀਨ ਦੁਨੀ ਨੂੰ ਤਕਿਆ, ਬਿਨ ਨੇਤਰ ਲੋਚਨ ਨੈਣ ਉਠਾਈਆ । ਫਿਰੀ ਦਰੋਹੀ ਮਦੀਨਾ ਮੱਕਿਆ, ਸਾਚਾ ਨੂਰ ਨਾ ਕੋਇ ਰੁਸ਼ਨਾਈਆ । ਸ਼ਰਅ ਦੀ ਕ਼ੀਮਤ ਦਿਸੇ ਕੋਈ ਨਾ ਟਕਿਆ, ਧਰਮ ਦਾ ਈਮਾਨ ਬੈਠਾ ਗੁਆਈਆ । ਮੇਰਾ ਗੋਬਿੰਦ ਨਾਲ ਵਅਦਾ ਪੱਕਿਆ, ਇਕ਼ਰਾਰ ਦਿਤਾ ਸਮਝਾਈਆ । ਮੈਂ ਜਗਤ ਜਹਾਨ ਨੱਸਿਆ, ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਦਿਤੀ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਭ ਦਾ ਹੋਏ ਸਹਾ, ਸਹਾਇਕ ਨਾਇਕ ਨਿਰਗੁਣ ਦਾਤਾ ਪੁਰਖ ਬਿਧਾਤਾ ਏਕਾ ਏਕ ਅਖਵਾਈਆ ।



## ✪ ੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਭਾਗ ਸਿੰਘ ਪਿੰਡ ਮਾਹਲ ਜ਼ਿਲਾ ਅੰਮ੍ਰਿਤਸਰ ✪

੭੭੩



ਭਾਦਰੋਂ ਸੱਤ ਕਹੇ ਮੈਂ ਸਤਿ ਸਤਿਵਾਦੀ, ਸਤਿ ਸਚ ਪ੍ਰਭ ਦੇਵੇ ਮਾਣ ਵਡਿਆਈਆ । ਇਕੋ ਪੁਰਖ ਅਕਾਲਾ ਦੀਨ ਦਿਆਲਾ ਰਿਹਾ ਅਰਾਧੀ, ਪਾਰਬ੍ਰਹਮ ਪਤਿਪਰਮੇਸ਼ਵਰ ਸੀਸ ਨਿਵਾਈਆ । ਜੋ ਮਾਲਕ ਖ਼ਾਲਕ ਆਦਿ ਜੁਗਾਦੀ, ਦੋ ਜਹਾਨਾਂ ਨੂਰ ਅਲਾਹੀਆ । ਜਿਸ ਦੇ ਪਿਆਰ ਵਿਚ ਸਤਿ ਧਰਮ ਜਾਏ ਸਾਧੀ, ਜਗਤ ਵਿਕਾਰ ਨਜ਼ਰ ਕੋਇ ਨਾ ਆਈਆ । ਸੋ ਧੁਰ ਫ਼ਰਮਾਨਾ ਦੇਵੇ ਬੋਧ ਅਗਾਧੀ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਜਿਸ ਦਾ ਨਾਮ ਸ਼ਬਦ ਨਾਦ ਧੁਨ ਅਨਾਦੀ, ਬਿਨ ਸਰਵਣਾਂ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਚ ਦਾ ਮਾਲਕ ਇਕ ਗੁਸਈਆਂ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੀ ਨਿਤ ਨਵਿਤ ਨਿਰਗੁਣ ਧਾਰ ਚਲੇ ਨਈਆ, ਨੌਕਾ ਦੋ ਜਹਾਨ ਚਲਾਈਆ । ਜੋ ਆਤਮ ਪਰਮਾਤਮ ਬਣੇ ਧੁਰ ਦਾ ਸਈਆ, ਸੱਜਣ ਸੱਜਣੂਆ ਇਕ ਅਖਵਾਈਆ । ਜਿਸ ਨੂੰ ਸਭ ਨੇ ਕਿਹਾ ਰਾਮ ਰਮਈਆ, ਰੂਪ ਰੰਗ ਰੇਖ ਨਜ਼ਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਧੁਰਦਰਗਾਹੀਆ । ਸਤਿ ਕਹੇ ਮੇਰਾ ਲੇਖਾ ਨਾਲ ਸਤਿਵੰਤ, ਸਤਿਗੁਰ ਸ਼ਬਦ ਦੇਵੇ ਵਡਿਆਈਆ । ਜੋ ਮਾਲਕ ਖ਼ਾਲਕ ਅਗੰਮੀ ਕੰਤ, ਕੰਤੂਹਲ ਇਕੋ ਨੂਰ ਅਲਾਹੀਆ । ਜੋ ਆਦਿ ਜੁਗਾਦੀ ਬਣਾਉਣ ਹਾਰਾ ਬਣਤ, ਘੜਨ ਭੰਨਣਹਾਰ ਆਪਣੇ ਹੱਥ ਰਖੇ ਵਡਿਆਈਆ । ਜਿਸ ਦਾ ਇਕੋ ਨਾਮ ਨਿਧਾਨਾ ਮੰਤ, ਬਿਨ ਰਸਨਾ ਜਿਹਵਾ ਢੋਲੇ ਦਏ ਸੁਣਾਈਆ । ਜੋ ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਆਪਣਾ ਭੇਵ ਚੁਕਾਈਆ । ਆਦਿ ਜੁਗਾਦੀ ਬਣੇ ਬੋਧ ਅਗਾਧਾ ਪੰਡਤ, ਨਿਰਅੱਖਰ ਧਾਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ

੨੪

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਧੁਰਦਰਗਾਹੀਆ । ਸਤਿ ਕਹੇ ਮੇਰਾ ਲੇਖਾ ਆਦਿ ਜੁਗਾਦੀ ਏਕ, ਏਕੰਕਾਰ
ਦਿਤੀ ਵਡਿਆਈਆ । ਸਤਿਗੁਰ ਸ਼ਬਦ ਦੀ ਰਖੀ ਟੇਕ, ਬਿਨ ਧੂੜੀ ਟਿੱਕੇ ਮਸਤਕ ਖ਼ਾਕ ਰਮਾਈਆ । ਜਿਸ ਨੇ ਮੇਰਾ ਅੰਤਸ਼ਕਰਨ ਕੀਤਾ ਬਿਬੇਕ,
ਦੁਰਮਤ ਮੈਲ ਰਹੀ ਨਾ ਰਾਈਆ । ਤ੍ਰੈਗੁਣ ਮਾਇਆ ਲਾ ਸਕੇ ਨਾ ਸੇਕ, ਅਗਨੀ ਤਤ ਤਤ ਬੁਝਾਈਆ । ਜਿਸ ਦੇ ਰੂਪ ਅਨੂਪ ਅਨੇਕ, ਅਵਤਾਰ
ਪੈਗ਼ੰਬਰ ਗੁਰੂ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਚੁਕਾਈਆ ।
ਸਤਿ ਕਹੇ ਮੈਂ ਆਦਿ ਜੁਗਾਦੀ ਸਤਿ, ਸਤਿ ਸਤਿ ਵਿਚ ਸਮਾਈਆ । ਮੇਰੀ ਧਾਰ ਬ੍ਰਹਮ ਮਤਿ, ਪਾਰਬ੍ਰਹਮ ਦਿਤੀ ਵਡਿਆਈਆ । ਮੇਰਾ ਏਕੰਕਾਰ
ਨਾਲ ਨੱਤ, ਰਿਸ਼ਤਾ ਫ਼ਰਿਸ਼ਤਿਆਂ ਬਾਹਰ ਰਖਾਈਆ । ਸੋ ਮੇਰੀ ਰਖਣਹਾਰਾ ਪੱਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਜੋ ਲੋਕਮਾਤ ਆਵੇ
ਵਤ, ਬੇਵਤਨਾਂ ਵੇਖ ਵਖਾਈਆ । ਜਿਸ ਦਾ ਹਡ ਮਾਸ ਨਾੜੀ ਦਿਸੇ ਕੋਈ ਨਾ ਰਤ, ਤਨ ਵਜੂਦ ਵੇਖਣ ਕੋਇ ਨਾ ਪਾਈਆ । ਜਿਸ ਦਾ ਵਸੇਰਾ
ਬਿਨਾ ਛੱਪਰ ਛੰਨ ਛਤ, ਚਾਰ ਦੀਵਾਰੀ ਸੰਗ ਨਾ ਕੋਇ ਰਖਾਈਆ । ਉਹ ਜਾਨਣਹਾਰਾ ਮੇਰੀ ਮਿਤ ਗਤ, ਪਾਰਬ੍ਰਹਮ ਪਤਿਪਰਮੇਸ਼ਵਰ ਅਗੰਮ
ਅਥਾਹੀਆ । ਜਿਸ ਦੀ ਯਾਦ ਵਿਚ ਆਦਿ ਜੁਗਾਦਿ ਜੁਗ ਚੌਕੜੀ ਸਬਰ ਬੈਠਾ ਘਤ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਸਤਿ ਕਹੇ ਮੇਰਾ ਆਦਿ ਜੁਗਾਦੀ ਇਕੋ
 ਨਾਮ, ਨਰ ਨਿਰੰਕਾਰ ਦਿਤੀ ਵਡਿਆਈਆ । ਅੰਮ੍ਰਿਤ ਰਸ ਪਿਆ ਕੇ ਜਾਮ, ਜਗਤ ਤ੍ਰਿਸ਼ਨਾ ਭੁਖ ਦਿਤੀ ਮਿਟਾਈਆ । ਅੰਤਰ ਮੇਟ ਅੰਧੇਰਾ ਸ਼ਾਮ, ੭੭੪
 ਨੂਰੀ ਚੰਦ ਚੰਦ ਰੁਸ਼ਨਾਈਆ । ਜਗਹ ਦੱਸ ਮੁਕਾਮ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੇਰਾ ਪੂਰਾ ਕਰੇ ਕਾਮ, ਕਾਮਨਾ ਅਵਰ ਨਾ ਕੋਇ ੨੪
ਜਣਾਈਆ । ਜੋ ਆਦਿ ਜੁਗਾਦਿ ਸਭ ਦਾ ਕਰੇ ਇੰਤਜ਼ਾਮ, ਬੰਦੋਬਸਤ ਆਪਣੇ ਹੱਥ ਰਖਾਈਆ । ਸੋ ਅੰਤ ਕੰਤ ਭਗਵੰਤ ਕਲਜੁਗ ਅੰਤ ਵੇਖੇ
ਨਾਮ, ਕਲਮੇ ਕਾਇਨਾਤ ਫੋਲ ਫੁਲਾਈਆ । ਸ਼ਰਅ ਦੀ ਸ਼ਰਅ ਵੇਖੇ ਗ਼ੁਲਾਮ, ਗ਼ੁਰਬਤ ਤਕੇ ਥਾਉਂ ਥਾਈਂਆ । ਇਸਮ ਆਜ਼ਮ ਵੇਖੇ ਇਸਲਾਮ,
ਨੂਰੇ ਚਸ਼ਮ ਚਸ਼ਮ ਖ਼ੁਦਾਈਆ । ਜਿਸ ਦਾ ਸਭ ਤੋਂ ਵਖਰਾ ਇਕ ਕਾਮ, ਕਦਮ ਕਦਮ ਨਾਲ ਬਦਲਾਈਆ । ਸੋ ਦੇਵਣਹਾਰ ਪੈਗਾਮ, ਪੈਗ਼ੰਬਰਾਂ
ਬਾਹਰ ਕਰੇ ਸ਼ਨਵਾਈਆ । ਜਿਸ ਨੂੰ ਕਹਿੰਦੇ ਧੁਰ ਅਮਾਮ, ਨੂਰ ਨੁਰਾਨਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਤਿ ਕਹੇ ਮੈਨੂੰ ਮੁਹੰਮਦ ਕਿਹਾ ਵਜ਼ੀਉਲ ਜ਼ਮਾ ਨੂਰੇ ਯਸ਼ ਜ਼ਖ਼ਮੀਉਲ ਜ਼ਮਾਂ
ਵਜ਼ੀ ਅਸਤਮ ਤਾਵਿਜ਼ਲੇ ਖ਼ੁਦਾ, ਖ਼ੁਦ ਮਾਲਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,
ਸਚ ਦਾ ਸੰਗ ਆਪ ਬਣਾਈਆ । ਸਤਿ ਕਹੇ ਮੇਰਾ ਸਚ ਦੇ ਨਾਲ ਰਿਸ਼ਤਾ, ਦੀਨ ਦੁਨੀ ਤੋਂ ਬਾਹਰ ਨਾਤਾ ਦੇਣਾ ਜਣਾਈਆ । ਚਾਰ ਜੁਗ ਦੇ
ਸ਼ਾਸਤਰ ਮੇਰਾ ਸੰਗ ਨਿਭਾਉਂਣ ਆਹਿਸਤਾ ਆਹਿਸਤਾ, ਜੁਗ ਜੁਗ ਪੱਲੂ ਗੰਢ ਬੰਧਾਈਆ । ਮੇਰੀ ਤਮਹੀਦ ਕੀਤੀ ਜਬਰਾਈਲ ਫ਼ਰਿਸ਼ਤਾ, ਫ਼ਰਸ਼ੇ
ਖ਼ਾਕੀ ਜ਼ਿਮੀਂ ਜ਼ਮਾਂ ਗਿਆ ਦ੍ਰਿੜਾਈਆ । ਮੇਰੇ ਉਤੇ ਸਭ ਨੇ ਕੀਤਾ ਨਿਸਚਾ, ਭਾਂਡਾ ਭਰਮ ਭਉ ਭੰਨਾਈਆ । ਮੈਂ ਕਰਨੀ ਦੇ ਕਾਰਨ ਕਰਕੇ ਦਿਸਦਾ,
ਕਰਤਬ ਆਪਣਾ ਦਿਆਂ ਦ੍ਰਿੜਾਈਆ । ਮੇਰਾ ਲਹਿਣਾ ਦੇਣਾ ਪੂਰਬ ਤਕੋ ਭਗਤ ਸੁਹੇਲੇ ਨਾਲ ਜਿਸ ਦਾ, ਜਿਸਮ ਜ਼ਮੀਰ ਬਾਹਰ ਸਮਝਾਈਆ ।

੭੭੫
੨੪

ਸਤਿ ਕਹੇ ਕਾਗ਼ਜ਼ ਕ਼ਲਮ ਸ਼ਾਹੀ ਮੇਰਾ ਲੇਖ ਧਰਮ ਧਾਰ ਵਿਚ ਲਿਖਦਾ, ਜਿਸ ਨੂੰ ਮੇਟ ਸਕੇ ਕੋਇ ਨਾ ਰਾਈਆ । ਮੇਰਾ ਰੂਪ ਅਨੂਪਾ ਗੋਬਿੰਦ ਧਾਰ ਸਾਚੇ ਸਿੱਖ ਦਾ, ਸਿੱਖੀ ਸਿਖਿਆ ਵਿਚੋਂ ਪਰਗਟਾਈਆ । ਮੇਰਾ ਭੇਵ ਅਭੇਦਾ ਆਦਿ ਜੁਗਾਦਿ ਕਦੇ ਨਾ ਮਿਟਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਮੈਂ ਬਣਿਆ ਨਹੀਂ ਕੋਈ ਪੱਥਰ ਇੱਟ ਦਾ, ਪਾਹਨਾਂ ਰੰਗ ਨਾ ਕੋਇ ਰੰਗਾਈਆ । ਮੇਰਾ ਰੂਪ ਨਹੀਂ ਕੋਈ ਬੂੰਦ ਰਿਤ ਦਾ, ਰਕਤ ਬੂੰਦ ਨਾ ਗੰਢ ਪੁਆਈਆ । ਮੇਰਾ ਸਚ ਪਿਆਰ ਅਬਿਨਾਸ਼ੀ ਅਚੁਤ ਦਾ, ਜੋ ਚੇਤਨ ਸਭ ਨੂੰ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਰੰਗ ਅਗੰਮ ਰੰਗਾਈਆ । ਸਤਿ ਕਹੇ ਮੈਂ ਸਭ ਦਾ ਮਿਤ ਮੀਤ, ਮਿਤਰੋ ਦਿਆਂ ਜਣਾਈਆ । ਮੇਰੀ ਆਦਿ ਜੁਗਾਦੀ ਪ੍ਰਭ ਚਲਾਈ ਰੀਤ, ਸਤਿਗੁਰ ਸ਼ਬਦ ਦਿਤੀ ਵਡਿਆਈਆ । ਮੈਂ ਨਿਰਗੁਣ ਧਾਰ ਪਤਿਤ ਪੁਨੀਤ, ਪਾਵਨ ਹੋ ਕੇ ਦਿਆਂ ਸੁਣਾਈਆ । ਮੇਰਾ ਇਕੋ ਢੋਲਾ ਇਕੋ ਗੀਤ, ਇਕੋ ਮਾਲਕ ਗੋਬਿੰਦ ਧੁਰ ਦਾ ਮਾਹੀਆ । ਜਿਸ ਮੈਨੂੰ ਕੀਤਾ ਠਾਂਢਾ ਸੀਤ, ਆਦਿ ਜੁਗਾਦਿ ਅਗਨੀ ਤਤ ਬੁਝਾਈਆ । ਮੇਰਾ ਲਹਿਣਾ ਦੇਣਾ ਨਾਲ ਨਹੀਂ ਮੰਦਰ ਮਸੀਤ, ਕਾਅਬਿਆਂ ਵੰਡ ਨਾ ਕੋਇ ਵੰਡਾਈਆ । ਮੈਂ ਹਰ ਘਟ ਵਸਾਂ ਚੀਤ, ਚਿਤ ਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਜਨ ਭਗਤ ਸੁਹੇਲੇ ਗੁਰੂ ਗੁਰ ਚੇਲੇ ਸਚ ਬਣਾ ਕੇ ਪ੍ਰੀਤ, ਪ੍ਰੀਤਮ ਮੇਲਾਂ ਧੁਰਦਰਗਾਹੀਆ । ਧਾਰ ਵਖਾਵਾਂ ਅਗੰਮ ਅਨਡੀਠ, ਜਿਥੇ ਜੋਤੀ ਜਾਤਾ ਪੁਰਖ ਬਿਧਾਤਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਚਾ ਸੰਗ ਬਣਾਈਆ । ਸਤਿ ਕਹੇ ਜਨ ਭਗਤੋ ਮੇਰਾ ਮੰਨੋ ਕਹਿਣਾ, ਬਿਨ ਰਸਨਾ ਜਿਹਵਾ ਦਿਆਂ ਜਣਾਈਆ । ਇਕੋ ਮਾਲਕ ਖ਼ਾਲਕ ਤਕੋ ਨਰ ਨਰਾਇਣਾ, ਜੋ ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਇਕੋ ਮੰਨੋ ਸਾਕ ਸੱਜਣ ਧੁਰ ਦਾ ਸੈਣਾ, ਆਤਮ ਪਰਮਾਤਮ ਆਪਣਾ ਰੰਗ ਰੰਗਾਈਆ । ਇਕੋ ਹੁਕਮ ਸੰਦੇਸ਼ਾ ਮੰਨੋ ਕਹਿਣਾ, ਦੂਸਰ ਸ਼ਬਦ ਨਾ ਕੋਇ ਸ਼ਨਵਾਈਆ । ਇਕੋ ਦੇ ਚਰਨ ਕਵਲ ਸਚ ਸਰਨਾਈ ਪੈਣਾ, ਪਾਰਬ੍ਰਹਮ ਪਤਿਪਰਮੇਸ਼ਵਰ ਸੀਸ ਨਿਵਾਈਆ । ਇਕੋ ਦੇ ਧਾਮ ਅਵਲੜੇ ਨਿਰਗੁਣ ਧਾਰ ਹੋ ਕੇ ਬਹਿਣਾ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਮਾਲਕ ਇਕ ਗੁਸਾਈਆ । ਸਤਿ ਕਹੇ ਜਨ ਭਗਤੋ ਦੀਨ ਦੁਨੀ ਦਾ ਵੇਖੋ ਧਰਮ, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਆਤਮ ਧਾਰ ਦਾ ਏਥੇ ਆ ਕੇ ਵੇਖੋ ਜਰਮ, ਬਿਨ ਤਤਾਂ ਤਕੋ ਜਗਤ ਜਣੇਂਦੀ ਮਾਈਆ । ਅੰਤਸ਼ਕਰਨ ਵਿਚੋਂ ਮੇਟੋ ਭਰਮ, ਭਾਂਡਾ ਭਰਮ ਭਉ ਭੰਨਾਈਆ । ਪਾਰਬ੍ਰਹਮ ਦੀ ਧਾਰ ਵੇਖੋ ਬ੍ਰਹਮ, ਈਸ਼ ਜੀਵ ਕੀ ਆਪਣਾ ਖੇਲ ਖਿਲਾਈਆ । ਦ੍ਰਿਸ਼ਟੀ ਕੂੜ ਮਿਟਾਓ ਚਰਮ, ਚੰਮ ਦ੍ਰਿਸ਼ਟੀ ਰਹਿਣ ਨਾ ਪਾਈਆ । ਇਕੋ ਪੁਰਖ ਅਕਾਲ ਦੇ ਪੂਜੋ ਚਰਨ, ਚਰਨੋਦਕ ਇਕੋ ਜਾਮ ਪਿਆਈਆ । ਜੋ ਦਿਨੇ ਜਾਗਦਿਆਂ ਖੋਲ੍ਹੇ ਹਰਨ ਫਰਨ, ਰਾਤੀਂ ਸੁਤਿਆਂ ਨੈਣ ਨੈਣ ਵਿਚੋਂ ਬਿਘਸਾਈਆ । ਜਿਸ ਦਾ ਆਦਿ ਜੁਗਾਦਿ ਅਵਤਾਰ ਪੈਗ਼ੰਬਰ ਗੁਰ ਢੋਲਾ ਪੜ੍ਹਨ, ਵਿਸ਼ਨ ਬ੍ਰਹਮਾ ਸ਼ਿਵ ਬਿਨ ਰਸਨਾ ਰਸ ਗਾਈਆ । ਉਸ ਦੀ ਮੰਜ਼ਲ ਜਨ ਭਗਤ ਸੁਹੇਲੇ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਸਤਿ ਕਹੇ ਮੈਂ ਸਾਚਾ ਘਾੜਨ ਆਇਆ ਘੜਨ, ਘੜਨ ਭੰਨਣਹਾਰ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਇਕ ਬਣਾਈਆ । ਸਤਿ ਕਹੇ ਸੱਤ ਭਾਦਰੋਂ ਧਰਮ ਧਾਰ ਪਰਵਿਸ਼ਟਾ, ਦੋ ਜਹਾਨ ਸ੍ਰੀ ਭਗਵਾਨ ਨੌਜਆਨ ਮਰਦ ਮਰਦਾਨ

੭੭੬
੨੪

ਰਿਹਾ ਜਣਾਈਆ । ਅੰਤਰ ਨਿਰੰਤਰ ਨਿਰਾਕਾਰ ਨਿਰੰਕਾਰ ਸਤਿ ਸਤਿ ਦੀ ਖੋਲ੍ਹੇ ਦ੍ਰਿਸ਼ਟਾ, ਦ੍ਰਿਸ਼ਟੀ ਸ੍ਰਿਸ਼ਟੀ ਅੰਤਰ ਪਰਦਾ ਆਪ ਚੁਕਾਈਆ । ਉਹ ਲੇਖਾ ਪੂਰਾ ਕਰੇ ਜੋ ਰਾਮ ਸੰਦੇਸ਼ਾ ਦਿਤਾ ਵਸ਼ਿਸ਼ਟਾ, ਵਿਸ਼ਵ ਦੀ ਧਾਰ ਧਾਰ ਨਾਲ ਮਿਲਾਈਆ । ਜਿਸ ਦਾ ਲੇਖ ਕਾਗ਼ਜ਼ ਕ਼ਲਮ ਸ਼ਾਹੀ ਨਾਲ ਕੋਈ ਨਾ ਲਿਖਦਾ, ਅੱਖਰਾਂ ਰੰਗ ਨਾ ਕੋਇ ਰੰਗਾਈਆ । ਉਹ ਭੇਵ ਅਭੇਦਾ ਖੋਲ੍ਹੇ ਜੁਗ ਚੌਕੜੀ ਭਵਿਖ ਦਾ, ਪੇਸ਼ੀਨਗੋਈਆਂ ਆਪਣਾ ਹੁਕਮ ਜਣਾਈਆ । ਜਿਸ ਦਾ ਹੁਕਮ ਸੰਦੇਸ਼ਾ ਨਿਤ ਨਵਿਤ ਦਾ, ਏਥੇ ਓਥੇ ਦੋ ਜਹਾਨ ਕਰੇ ਸ਼ਨਵਾਈਆ । ਜਿਸ ਦੀ ਧਾਰ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਲਿਟਦਾ, ਆਸਣ ਸਿੰਘਾਸਣ ਇਕੋ ਇਕ ਸੁਹਾਈਆ । ਸਤਿ ਧਰਮ ਕਹੇ ਮੈਂ ਉਸ ਦੇ ਚਰਨਾਂ ਵਿਚ ਲਿਟਦਾ, ਟਿੱਕਾ ਬਿਨ ਧੂੜੀ ਖ਼ਾਕ ਰਮਾਈਆ । ਮੈਂ ਪਿਆਸਾ ਇਕੋ ਪ੍ਰੀਤਮ ਪਿਆਰੇ ਇਕ ਦਾ, ਦੂਜਾ ਇਸ਼ਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹ ਇਕ ਸੁਹਾਈਆ । ਸਚ ਗ੍ਰਿਹ ਕਰੇ ਸੁਹੰਜਣਾ, ਹਰਿ ਕਰਤਾ ਧੁਰਦਰਗਾਹੀਆ । ਮਿਹਰਵਾਨ ਹੋਵੇ ਆਦਿ ਨਿਰੰਜਣਾ, ਨੂਰ ਨੁਰਾਨਾ ਅਗੰਮ ਅਥਾਹੀਆ । ਕਿਰਪਾ ਕਰੇ ਦਰਦ ਦੁਖ ਭੈ ਭੰਜਣਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੇ ਰੰਗ ਰੰਗਾਈਆ । ਆਤਮ ਪਰਮਾਤਮ ਬਣੇ ਧੁਰ ਦਾ ਸੱਜਣਾ, ਸਗਲਾ ਸੰਗੀ ਬਹੁਰੰਗੀ ਇਕ ਅਖਵਾਈਆ । ਨੇਤਰ ਨਾਮ ਨਿਧਾਨ ਪਾਵੇ ਅੰਜਣਾ, ਨਿਜ ਲੋਚਨ ਕਰੇ ਰੁਸ਼ਨਾਈਆ । ਜਨ ਭਗਤੋ ਜਿਸ ਨੇ ਏਥੇ ਓਥੇ ਦੋ ਜਹਾਨਾਂ ਪੜਦਾ ਕਜਣਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਉਹ ਖੋਜਿਆਂ ਦੀਨ ਦੁਨੀ ਵਿਚ ਕਿਸੇ ਨਾ ਲਭਣਾ, ਭਰਮੇ ਭੁਲੇ ਜਗਤ ਲੋਕਾਈਆ । ਜਿਸ ਨੇ ਲਹਿਣਾ ਦੇਣਾ ਪੂਰਾ ਕਰਨਾ ਅੰਤ ਸਭਨਾ, ਸਾਹਿਬ ਸੁਆਮੀ ਅੰਤਰਜਾਮੀ ਇਕ ਅਖਵਾਈਆ । ਜਿਸ ਨੂੰ ਨੂਰ ਅਲਾਹੀ ਪੈਗ਼ੰਬਰਾਂ ਕਿਹਾ ਰੱਬਨਾ, ਨੂਰ ਨੁਰਾਨਾ ਨੌਜਵਾਨਾ ਡਗਮਗਾਈਆ । ਜਿਸ ਨੂੰ ਕਹਿੰਦੇ ਗੋਪਾਲ ਮੂਰਤ ਮਦਨਾ, ਮਧਸੂਦਨ ਇਕ ਅਖਵਾਈਆ । ਜਿਸ ਦਾ ਇਕੋ ਦੀਪਕ ਜੋਤ ਜਗਣਾ, ਦੋ ਜਹਾਨ ਕਰੇ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਮੇਟੇ ਅਗਨਾ, ਅੰਮ੍ਰਿਤ ਮੇਘ ਮੇਘ ਬਰਸਾਈਆ । ਮਨ ਮਤ ਗੁਆਏ ਕਗਨਾ, ਹੰਸ ਗੁਰਮੁਖ ਆਪ ਪਰਗਟਾਈਆ । ਭਾਗ ਲਗਾਏ ਕਾਇਆ ਮਾਟੀ ਬਦਨਾ, ਸਾਢੇ ਤਿੰਨ ਹੱਥ ਸੋਭਾ ਪਾਈਆ । ਜਿਸ ਮਾਣ ਰਖਾਉਣਾ ਆਅਲਾ ਅਦਨਾ, ਊਚਾਂ ਨੀਚਾਂ ਇਕੋ ਘਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰ ਇਕ ਸੁਹਾਈਆ । ਸਤਿ ਕਹੇ ਮੈਂ ਵਡ ਵਡਭਾਗੀ, ਭਗਵਨ ਦਿਤੀ ਮਾਣ ਵਡਿਆਈਆ । ਮੇਰੇ ਅੰਤਸ਼ਕਰਨ ਬਖ਼ਸ਼ ਵੈਰਾਗੀ, ਬਿਰਹੋ ਵਿਛੋੜਾ ਤੀਰ ਚਲਾਈਆ । ਮੇਰੀ ਸੁਰਤੀ ਸੁਤੀ ਉਠੀ ਜਾਗੀ, ਨਿਰਗੁਣ ਧਾਰ ਲਈ ਅੰਗੜਾਈਆ । ਸਚ ਸਰਨਾਈ ਬੇਪਰਵਾਹੀ ਲਾਗੀ, ਦੂਸਰ ਓਟ ਨਾ ਕੋਇ ਰਖਾਈਆ । ਮਨੂਆ ਮਨ ਰਹੇ ਨਾ ਬਾਗ਼ੀ, ਤਨ ਵਜੂਦ ਵਜੇ ਵਧਾਈਆ । ਸਤਿਗੁਰ ਸ਼ਬਦ ਹੋਵੇ ਇਮਦਾਦੀ, ਸਿਰ ਸਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਨਾਮ ਇਕ ਦਰਸਾਈਆ । ਸਤਿ ਕਹੇ ਮੈਂ ਖ਼ਬਰ ਅਗੰਮੀ ਦੱਸਾਂ, ਦਹਿ ਦਿਸ਼ਾ ਤੋਂ ਬਾਹਰ ਧਿਆਨ ਲਗਾਈਆ । ਬਿਨਾ ਮੁਖ ਜ਼ਬਾਨ ਤੋਂ ਹੱਸਾਂ, ਹਸਤੀ ਤਕਾਂ ਧੁਰਦਰਗਾਹੀਆ । ਬਿਨ ਕ਼ਦਮਾਂ ਤੋਂ ਨੱਸਾਂ, ਭੱਜਾਂ ਵਾਹੋ ਦਾਹੀਆ । ਲੇਖਾ ਤਕਾਂ ਮਛਾਂ ਕਛਾਂ, ਜਲਾਂ ਥਲਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿ ਕਹੇ ਮੇਰੇ ਸਤਿਗੁਰ

ਸ਼ਬਦ ਬੰਨ੍ਹਾਈ ਗੰਢ, ਆਦਿ ਜੁਗਾਦਿ ਨਾ ਕੋਇ ਖੁਲ੍ਹਾਈਆ । ਮੈਂ ਵਿਸ਼ਨ ਬ੍ਰਹਮਾ ਸ਼ਿਵ ਪਾਈ ਠੰਢ, ਬਿਨ ਤਤਾਂ ਤਤ ਦ੍ਰਿੜਾਈਆ । ਤੇਈ ਅਵਤਾਰਾਂ ਨੰਗੀ ਹੋਣ ਨਾ ਦਿਤੀ ਕੰਡ, ਸਗਲਾ ਸੰਗੀ ਇਕ ਅਖਵਾਈਆ । ਪੈਗ਼ੰਬਰਾਂ ਮੈਨੂੰ ਨੂਰੀ ਸਮਝਿਆ ਚੰਦ, ਚੰਦ ਚਾਂਦਨੀ ਵੇਖ ਵਖਾਈਆ । ਨਾਨਕ ਗੋਬਿੰਦ ਧਾਰ ਮਾਣ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਮੇਰਾ ਆਦਿ ਜੁਗਾਦੀ ਇਕੋ ਢੋਲਾ ਛੰਦ, ਤੂੰ ਮੇਰਾ ਮੈਂ ਤੇਰਾ ਰਿਹਾ ਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੇਰਾ ਖ਼ੁਸ਼ੀ ਰਿਹਾ ਬੰਦ ਬੰਦ, ਪ੍ਰਭ ਦੀ ਬੰਦਗੀ ਵਿਚ ਆਪਣਾ ਆਪ ਟਿਕਾਈਆ । ਕੋਟਨ ਕੋਟ ਜੁਗ ਚੌਕੜੀਆਂ ਗਏ ਲੰਘ, ਪਾਂਧੀ ਬਣ ਕੇ ਭੱਜੇ ਵਾਹੋ ਦਾਹੀਆ । ਮੈਂ ਸਾਚੀ ਸੇਜ ਸੁਤਾ ਬਿਨਾ ਪਲੰਘ, ਜਿਸ ਦਾ ਪਾਵਾ ਚੂਲ ਬਾਡੀ ਬਣਤ ਨਾ ਕੋਇ ਬਣਾਈਆ । ਮੇਰਾ ਭਾਗ ਨਾ ਹੋਇਆ ਮੰਦ, ਭਾਗਹੀਣ ਨਾ ਕਦੇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਧੁਰਦਰਗਾਹੀਆ । ਸਤਿ ਕਹੇ ਮੇਰਾ ਸਤਿ ਸਮਾਜ, ਸਤਿਗੁਰ ਸ਼ਬਦ ਨਾਮ ਵਰਤਾਈਆ । ਕਲਜੁਗ ਅੰਤਮ ਪੂਰਾ ਕਰਾਂ ਕਾਜ, ਚਾਰੋਂ ਕੁੰਟ ਭੱਜਾਂ ਵਾਹੋ ਦਾਹੀਆ । ਨਵ ਸੱਤ ਬਦਲਾਂ ਰਾਜ ਰਈਅਤ ਤਕਾਂ ਥਾਉਂ ਥਾਈਂਆ । ਇਕੋ ਧਰਮ ਸੁਣਾਵਾਂ ਆਵਾਜ਼, ਇਕੋ ਕਲਮਾ ਨਾਮ ਸ਼ਨਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਜਾਏ ਜਾਗ, ਜਾਗਰਤ ਜੋਤ ਡਗਮਗਾਈਆ । ਸਾਚੇ ਮਾਰਗ ਜਾਵੇ ਲਾਗ, ਲਗ ਮਾਤਰ ਡੇਰਾ ਢਾਹੀਆ । ਘਟ ਘਟ ਅੰਦਰ ਦੀਪਕ ਜੋਤ ਜਗੇ ਚਰਾਗ਼, ਅੰਧ ਅੰਧੇਰਾ ਰਹੇ ਨਾ ਰਾਈਆ । ਜਨ ਭਗਤਾਂ ਕਾਇਆ ਮੰਦਰ ਅੰਦਰ ਲਗਾਵਾਂ ਭਾਗ, ਸਿੰਘ ਭਾਗ ਮਿਲੇ ਵਡਿਆਈਆ । ਸਤਿਜੁਗ ਮੇਰਾ ਸਾਚਾ ਮਹਿਕੇ ਬਾਗ਼, ਪੱਤ ਟਹਿਣੀ ਫੂਲ ਆਪ ਮਹਿਕਾਈਆ । ਇਕੋ ਧਰਮ ਦੀ ਧਾਰ ਵਜੇ ਰਬਾਬ, ਨਿਰਗੁਣ ਸਰਗੁਣ ਨਾਨਕ ਧਾਰ ਦਏ ਗਵਾਹੀਆ । ਇਕੋ ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਮਿਲੇ ਆਬ, ਬਿਨ ਰਸਨਾ ਰਸ ਚਖਾਈਆ । ਪੰਜ ਤਤ ਨੂਰ ਨੁਰਾਨਾ ਸ੍ਰੀ ਭਗਵਾਨਾ ਖੇਲ ਕਰੇ ਵਿਚ ਪੰਜ ਆਬ, ਪੰਚਮ ਆਪਣੀ ਗੰਢ ਪੁਆਈਆ । ਜਿਸ ਨੂੰ ਪੈਗ਼ੰਬਰਾਂ ਕਿਹਾ ਆਲੀ ਜਨਾਬ, ਜਨਾਬੇ ਆਲੀ ਕਹਿ ਕੇ ਸੀਸ ਨਿਵਾਈਆ । ਜਿਸ ਨੂੰ ਸਾਰਿਆਂ ਦਿਤਾ ਖ਼ਿਤਾਬ, ਮੁਖ਼ਾਤਬ ਹੋ ਕੇ ਸਭ ਨੂੰ ਦਏ ਸਮਝਾਈਆ । ਉਹ ਖ਼ਾਲਕ ਇਕੋ ਵਾਹਿਦ, ਵਅਦੇ ਸਭ ਦੇ ਪੂਰ ਕਰਾਈਆ । ਜੋਤੀ ਜਾਤਾ ਹੋ ਕੇ ਖੇਲੇ ਖੇਲ ਸ਼ਾਇਦ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜਿਸ ਦਾ ਸਭ ਦੇ ਅੰਤਮ ਪੂਰਾ ਹੋਵੇ ਅਹਿਦ, ਅਹਿਦਨਾਮੇ ਵੇਖ ਵਖਾਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਚਖੰਡ ਵਸੇ ਅਲਾਹਿਦ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦਾ ਹੁਕਮ ਵਰਤੇ ਕ਼ਵਾਇਦ, ਕ਼ਾਇਦਾ ਇਕੋ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੁਕਮ ਸੰਦੇਸ਼ਾ ਧਰਮ ਦੀ ਧਾਰ ਸਤਿਗੁਰ ਸ਼ਬਦ ਦੇਵੇ ਮਹਜ਼, ਮਹਿਫਲ ਭਗਤਾਂ ਸੰਤਾਂ ਸੂਫ਼ੀਆਂ ਸੰਗ ਆਪ ਰਖਾਈਆ ।

### ੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਗੁਰਦਿਤ ਸਿੰਘ ਦੇ ਗ੍ਰਿਹਿ ਪਿੰਡ ਤਲੇ ਜ਼ਿਲਾ ਅੰਮ੍ਰਿਤਸਰ

ਧਰਨੀ ਕਹੇ ਮੇਰੀ ਲੇਖੇ ਲੱਗੀ ਮਿੱਟੀ ਖ਼ਾਕ, ਖ਼ਾਲਸ ਪ੍ਰਭੂ ਦੇਵੇ ਮਾਣ ਵਡਿਆਈਆ । ਗ੍ਰਿਹਿ ਮੰਦਰ ਖੁਲ੍ਹਿਆ ਅਗੰਮਾ ਤਾਕ, ਪਰਦਾ ਪਰਦਿਆਂ

ਵਿਚੋਂ ਚੁਕਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਮੇਰੇ ਹੋਏ ਪਾਕ, ਪਤਿਤ ਪੁਨੀਤ ਦਿਤਾ ਬਣਾਈਆ । ਮੈਂ ਸੇਵਕ ਬਰਦੀ ਬਣਾਂ ਚਾਕ, ਚਾਕਰ ਹੋ ਕੇ ਭੱਜਾਂ ਵਾਹੋ ਦਾਹੀਆ । ਕਲਜੁਗ ਕੂੜ ਕਿਰਿਆ ਛਡੇ ਸੱਜਣ ਸਾਕ, ਰਿਸ਼ਤਾ ਫ਼ਰਿਸ਼ਤਿਆਂ ਨਾਲੋਂ ਤੁੜਾਈਆ । ਮੈਂ ਲਕੀਰਾਂ ਕੱਢਾਂ ਬਿਨਾ ਨਾਕ, ਨਿਵ ਨਿਵ ਲਾਗਾਂ ਪਾਈਆ । ਮੇਰੇ ਨਾਲ ਹਜ਼ਰਤ ਈਸਾ ਕਰਕੇ ਗਿਆ ਟਾਕ, ਇਸ਼ਾਰਾ ਜ਼ਿਮੀਂ ਅਸਮਾਨ ਜਣਾਈਆ । ਮੁਹੰਮਦ ਕ਼ਾਇਮ ਕੀਤਾ ਇਖ਼ਲਾਕ, ਖ਼ਾਲਕ ਖ਼ਲਕ ਗਿਆ ਸਮਝਾਈਆ । ਧੁਰ ਦਾ ਕਲਮਾ ਕਵਣ ਵੇਲਾ ਦਏ ਤਲਾਕ, ਹੁਕਮ ਹੁਕਮ ਵਿਚੋਂ ਬਦਲਾਈਆ । ਮੇਰਾ ਰੂਪ ਅਨੂਪ ਮੇਰੀ ਮਿੱਟੀ ਵਾਲੀ ਪੋਸ਼ਾਕ, ਪੋਸ਼ੀਦਾ ਆਪਣਾ ਆਪ ਰਖਾਈਆ । ਮੇਰਾ ਮਿਤਰ ਪਿਆਰਾ ਅਹਿਬਾਬ, ਮਹਿਬੂਬ ਨੂਰ ਅਲਾਹੀਆ । ਜਿਸ ਨੇ ਮੇਰੇ ਉਤੇ ਸਭ ਤੋਂ ਮੰਗਣਾ ਜਵਾਬ, ਜੁਆਬ ਤਲਬੀ ਵਿਚ ਖ਼ਲਕ ਖ਼ੁਦਾਈਆ । ਜਿਸ ਦੇ ਕੋਲ ਲੱਖ ਚੁਰਾਸੀ ਜੀਵ ਜੰਤ ਤਾਦਾਦ, ਬਚਿਆ ਰਹਿਣ ਕੋਇ ਨਾ ਪਾਈਆ । ਜਿਸ ਦੀਨਾਂ ਮਜ਼੍ਹਬਾਂ ਦੀ ਕੀਤੀ ਇਮਦਾਦ, ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਰੰਗ ਰੰਗਾਈਆ । ਉਹ ਸ਼ਬਦੀ ਸ਼ਬਦ ਸੁਣਾਏ ਅਗੰਮਾ ਨਾਦ, ਦੋ ਜਹਾਨ ਕਰੇ ਸ਼ਨਵਾਈਆ । ਧਰਨੀ ਕਹੇ ਉਸ ਦਾ ਹੁਕਮ ਸੁਣਿਆ ਬੋਧ ਅਗਾਧ, ਬੁੱਧੀ ਤੋਂ ਪਰੇ ਰਿਹਾ ਦ੍ਰਿੜਾਈਆ । ਮੈਂ ਚਾਰੋਂ ਕੁੰਟ ਰਹੀ ਭਾਗ, ਭੱਜਾਂ ਵਾਹੋ ਦਾਹੀਆ । ਕਵਣ ਵੇਲਾ ਕਿਰਪਾ ਕਰੇ ਮੇਰਾ ਕੰਤ ਸੁਹਾਗ, ਹਰਿ ਸੁਆਮੀ ਨੂਰ ਅਲਾਹੀਆ । ਮੇਰਾ ਅੰਤਸ਼ਕਰਨ ਬਿਨ ਸੁਰਤੀ ਜਾਏ ਜਾਗ, ਜਾਗਰਤ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਮੈਂ ਚਾਰੋਂ ਕੁੰਟ ਭੱਜੀ ਦੌੜੀ, ਬਿਨ ਕ਼ਦਮਾਂ ਕ਼ਦਮ ਟਿਕਾਈਆ । ਮੇਰੀ ਮੰਜ਼ਲ ਹੱਥ ਨਾ ਆਏ ਕੋਈ ਡੰਡਾ ਪੌੜੀ, ਸਹਾਰਾ ਵੇਖਣ ਕੋਇ ਨਾ ਪਾਈਆ । ਮੇਰੇ ਉਤੇ ਦੀਨ ਦੁਨੀ ਧਾਰ ਹੋਈ ਕੌੜੀ, ਅੰਮ੍ਰਿਤ ਰਸ ਨਾ ਕੋਇ ਰਖਾਈਆ । ਜਗਤ ਵਿਕਾਰ ਸਕੇ ਕੋਈ ਨਾ ਹੋੜੀ, ਹਿਰਦੇ ਹਰਿ ਨਾ ਕੋਇ ਟਿਕਾਈਆ । ਮਨ ਮਨਸਾ ਸਕੇ ਕੋਇ ਨਾ ਮੋੜੀ, ਮਮਤਾ ਮੋਹ ਨਾ ਕੋਇ ਮਿਟਾਈਆ । ਸਤਿ ਧਾਰ ਦਿਸੇ ਨਾ ਕੋਈ ਕੋਰੀ, ਸਚ ਸਚ ਨਾ ਕੋਇ ਜਣਾਈਆ । ਜਗਤ ਜਗਿਆਸੂ ਸਾਧ ਸੰਤ ਕਰਦੇ ਚੋਰੀ, ਠੱਗੀ ਚਾਰੋਂ ਕੁੰਟ ਨਜ਼ਰੀ ਆਈਆ । ਆਤਮ ਦਰਸੀ ਦਿਸੇ ਕੋਇ ਨਾ ਘੋਰੀ, ਅੰਧ ਘੋਰ ਨਾ ਕੋਇ ਗੁਆਈਆ । ਹਕ ਮੰਜ਼ਲ ਦਾ ਬਣੇ ਕੋਇ ਨਾ ਮੋਹਰੀ, ਅਗੇ ਕ਼ਦਮ ਨਾ ਕੋਇ ਉਠਾਈਆ । ਆਤਮ ਪਰਮਾਤਮ ਬੰਨ੍ਹੇ ਕੋਇ ਨਾ ਡੋਰੀ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਸਤਿਗੁਰ ਸ਼ਬਦ ਚੜ੍ਹੇ ਕੋਇ ਨਾ ਘੋੜੀ, ਵਾਗ ਨਾਮ ਹੱਥ ਨਾ ਕੋਇ ਉਠਾਈਆ । ਸਚ ਵਸਤ ਕਿਸੇ ਹੱਥ ਨਾ ਆਵੇ ਲੋੜੀ, ਲੁੜੀਂਦਾ ਸੱਜਣ ਮਿਲਣ ਕੋਇ ਨਾ ਪਾਈਆ । ਧਰਨੀ ਕਹੇ ਮੈਂ ਚਾਰੋਂ ਕੁੰਟ ਕਰਾਂ ਬਹੁੜੀ ਬਹੁੜੀ, ਦਰੋਹੀ ਤੇਰਾ ਨਾਮ ਖ਼ੁਦਾਈਆ । ਉਹ ਤਕ ਲੈ ਕਲਜੁਗ ਅੰਤਮ ਆਯੂ ਰਹਿ ਗਈ ਥੋੜੀ, ਬਹੁਤੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਮੈਂ ਚਾਰੋਂ ਕੁੰਟ ਤਕਿਆ, ਬਿਨ ਨੇਤਰ ਲੋਚਨ ਨੈਣ ਨੈਣ ਉਠਾਈਆ । ਆਤਮ ਪਰਮਾਤਮ ਨਾਤਾ ਦਿਸੇ ਕਿਸੇ ਨਾ ਪੱਕਿਆ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਸੁਰਤੀ ਸ਼ਬਦ ਨਾਤਾ ਕੋਈ ਜੋੜ ਨਾ ਸਕਿਆ, ਸਾਜਣ ਮੀਤ ਮਿਤਰ ਨਾ ਕੋਇ ਬਣਾਈਆ । ਦਰੋਹੀ ਵੇਖੀ ਮਦੀਨਾ ਮਕਿਆ, ਕਾਅਬੇ ਰਹੇ ਕੁਰਲਾਈਆ । ਧਰਮ ਧਾਰ ਪੈ ਗਈ ਵਿਚ ਟਕਿਆ, ਕ਼ੀਮਤ ਦੀਨ ਦੁਨੀ ਜਣਾਈਆ । ਅੰਮ੍ਰਿਤ ਰਸ ਨਿਝਰ ਧਾਰੋਂ ਬੂੰਦ ਸਵਾਂਤ ਕਿਸੇ ਨਾ ਛਕਿਆ, ਰਸਨਾ ਰਸ

ਨਾ ਕੋਇ ਤਜਾਈਆ । ਨੌ ਖੰਡ ਪ੍ਰਿਥਮੀ ਕੂੜ ਕੁੜਿਆਰ ਦਾ ਦਿਸੇ ਹੱਟਿਆ, ਸਚ ਧਰਮ ਨਾ ਕੋਇ ਵਿਕਾਈਆ । ਧਰਨੀ ਕਹੇ ਮੇਰੇ ਕੋਲ ਲੇਖ ਅਗੰਮਾ ਗੋਬਿੰਦ ਵਾਲਾ ਪਟਿਆ, ਜੋ ਪਟਨੇ ਵਾਲਾ ਗਿਆ ਸਮਝਾਈਆ । ਅੰਤ ਸਦੀ ਚੌਧਵੀਂ ਸਤਿ ਧਰਮ ਜਾਣਾ ਕਟਿਆ, ਕਟਾਕਸ਼ ਕਲਜੁਗ ਕਿਰਿਆ ਕੂੜ ਰਖਾਈਆ । ਦੀਨ ਦੁਨੀ ਪੂਜੇ ਪਾਹਨ ਪੱਥਰ ਵੱਟਿਆ, ਭੱਜੇ ਵਾਹੋ ਦਾਹੀਆ । ਸਤਿਗੁਰ ਨਾਮ ਸ਼ਬਦੀ ਲਾਏ ਕੋਈ ਨਾ ਠੱਪਿਆ, ਮੋਹਰ ਸ਼ੌਹਰ ਨਾ ਕੋਇ ਜਣਾਈਆ । ਦੀਨ ਦੁਨੀ ਰੁਲਣੀ ਵਿਚ ਖ਼ਾਕ ਮਿੱਟੀ ਘੱਟਿਆ, ਦੁਰਮਤ ਮੈਲ ਨਾ ਕੋਇ ਧੁਆਈਆ । ਚਾਰ ਕੁੰਟ ਦਹਿ ਦਿਸ਼ਾ ਪੈਣਾ ਰੱਟਿਆ, ਸਾਂਤਕ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਧਰਨੀ ਕਹੇ ਮੈਂ ਚਾਰੋਂ ਕੁੰਟ ਵੇਖਾਂ ਬਿਨਾ ਨੈਣ, ਨੇਤਰ ਅੱਖ ਨਾ ਕੋਇ ਉਠਾਈਆ । ਕੀ ਇਸ਼ਾਰਾ ਦਿਤਾ ਬਾਲਮੀਕ ਵਿਚ ਰਮਾਇਣ, ਰਾਮ ਰਾਮਾ ਕੀ ਸਮਝਾਈਆ । ਕੀ ਖੇਲ ਸਮਝਾਇਆ ਕ੍ਰਿਸ਼ਨ ਅਰਜਨ ਵਿਚ ਹਿੰਦਵਾਇਣ, ਭਾਗ ਭਗਵਤ ਨਾਲ ਵਡਿਆਈਆ । ਕੀ ਪੈਗ਼ੰਬਰਾਂ ਦਿਤਾ ਦੇਣ, ਧੁਰ ਕਲਮਿਆਂ ਨਾਲ ਸ਼ਨਵਾਈਆ । ਕੀ ਗੁਰੂਆਂ ਭੇਵ ਖੁਲ੍ਹਾਇਆ ਐਨ ਦਾ ਐਨ, ਪਰਦਾ ਪਰਦਿਆਂ ਵਿਚੋਂ ਉਠਾਈਆ । ਕਿਸ ਬਿਧ ਕਲਜੁਗ ਕਾਲੀ ਹੋਣੀ ਅੰਧੇਰੀ ਰੈਣ, ਸਤਿਜੁਗ ਸਚ ਚੰਦ ਨਾ ਕੋਇ ਚਮਕਾਈਆ । ਨਾਤਾ ਟੁਟਣਾ ਭਾਈ ਭੈਣ, ਪਿਤਾ ਪੂਤ ਗੋਦ ਨਾ ਕੋਇ ਸੁਹਾਈਆ । ਮਾਇਆ ਮਮਤਾ ਜਗਤ ਵਿਭਚਾਰਨ ਹੋਈ ਡੈਣ, ਨਵ ਸੱਤ ਆਪਣੇ ਅੰਗ ਲਗਾਈਆ । ਆਤਮ ਪਰਮਾਤਮ ਗਾਏ ਕੋਇ ਨਾ ਗਾਇਣ, ਗੋਬਿੰਦ ਮਿਲੇ ਕਿਸੇ ਨਾ ਮਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਤ੍ਰਫ਼ੈਣ, ਦੂਈ ਦੂਵੈਤੀ ਆਪਣਾ ਸੰਗ ਬਣਾਈਆ । ਚਾਰ ਵਰਨ ਅਠਾਰਾਂ ਬਰਨ ਆਏ ਨਾ ਚੈਨ, ਛਤ੍ਰੀ ਬ੍ਰਹਮਣ ਸ਼ੂਦਰ ਵੈਸ਼ ਰੋਵਨ ਮਾਰਨ ਧਾਹੀਆ । ਮੋਹ ਵਿਕਾਰਾ ਧਰਨੀ ਕਹੇ ਮੇਰੇ ਉਤੇ ਵਹਿੰਦਾ ਵਹਿਣ, ਅਗੇ ਹੋ ਨਾ ਕੋਇ ਅਟਕਾਈਆ । ਸਤਿ ਧਰਮ ਦਾ ਨੁਕਤਾ ਲੱਭੇ ਕਿਸੇ ਨਾ ਗ਼ੈਣ, ਗ਼ਫ਼ਲਤ ਸਕੇ ਨਾ ਕੋਇ ਮਿਟਾਈਆ । ਦਰੋਹੀ ਫਿਰੀ ਪੰਚ ਪੰਚਾਇਨ, ਪੰਚਮ ਸ਼ਬਦ ਨਾ ਕੋਇ ਸ਼ਨਵਾਈਆ । ਧਰਨੀ ਕਹੇ ਮੈਂ ਬਿਨ ਨੇਤਰਾਂ ਪਾਵਾਂ ਵੈਣ, ਰੋ ਰੋ ਸੁਣਾਵਾਂ ਧੁਰ ਦੇ ਮਾਹੀਆ । ਆਹ ਤਕ ਲੈ ਦੀਨ ਮਜ਼੍ਹਬ ਤੇਰੇ ਇਕ ਦੂਜੇ ਨਾਲ ਖਹਿਣ, ਖ਼ਤਰਾ ਦਿਸੇ ਖ਼ਲਕ ਖ਼ੁਦਾਈਆ । ਉਚ ਮੁਨਾਰੇ ਸਾਰੇ ਮੇਰੇ ਉਤੇ ਢਹਿਣ, ਮਹਲ ਅਟਲ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਸਹਾਇਕ ਨਾਇਕ ਦਿਸੇ ਕੋਇ ਨਾ ਸੈਣ, ਸਾਜਣ ਮੀਤ ਪਤਿਤ ਪੁਨੀਤ ਨਜ਼ਰ ਕੋਇ ਨਾ ਆਈਆ ।

### ✪ ੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਚਰਨ ਸਿੰਘ ਦੇ ਗ੍ਰਹਿ ਪਿੰਡ ਮਾਨਾਂਵਾਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਪ੍ਰਭੂ ਮੇਰੀ ਇਕ ਬੇਨੰਤੀ, ਬਿਨੈ ਕਰ ਕੇ ਸੀਸ ਨਿਵਾਈਆ । ਦੀਨ ਦੁਨੀ ਗੜ੍ਹ ਤੋੜ ਦੇ ਹਉਮੇ ਹੰਗਤੀ, ਹੰ ਬ੍ਰਹਮ ਆਤਮ ਆਤਮ ਪੜਦਾ ਦੇ ਚੁਕਾਈਆ । ਪਿਆਰ ਮੁਹੱਬਤ ਬਣਾ ਦੇ ਧਰਮ ਧਾਰ ਦੀ ਸੰਗਤੀ, ਚਾਰ ਵਰਨ ਅਠਾਰਾਂ ਬਰਨ ਇਕੋ ਰੰਗ ਰੰਗਾਈਆ । ਵਿਦਿਆ ਬਖ਼ਸ਼ ਦੇ ਸਤਿਗੁਰ ਸ਼ਬਦ ਅਗੰਮੇ ਪੰਡਤੀ, ਨਿਰਅੱਖਰ ਅੱਖਰ ਧਾਰ ਸਮਝਾਈਆ । ਮਨਸਾ ਕੂੜ ਕੁੜਿਆਰ ਮੁਕਾ ਦੇ ਮਨ ਦੀ, ਮਮਤਾ ਮੋਹ ਰਹਿਣ

੭੭੯
੨੪

ਕੋਇ ਨਾ ਪਾਈਆ । ਵਡਿਆਈ ਕਰ ਦੇ ਭਗਤ ਸੁਹੇਲੇ ਆਪਣੇ ਜਨ ਦੀ, ਜਾਗਰਤ ਜੋਤ ਬਿਨ ਵਰਨ ਗੋਤ ਡਗਮਗਾਈਆ । ਆਵਾਜ਼ ਸੁਣਾ ਦੇ ਸ਼ਬਦ ਨਾਦ ਧੁਨ ਬਿਨਾ ਕੰਨ ਦੀ, ਕਾਇਨਾਤ ਦੇ ਮਾਲਕ ਆਪਣਾ ਹੁਕਮ ਵਰਤਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਮੇਰੇ ਉਤੇ ਆਵਾਜ਼ ਆਵੇ ਧੰਨ ਧੰਨ ਦੀ, ਵਾਹਿਗੁਰੂ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਹੋ ਕਿਰਪਾਲ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਦੀਨਾਂ ਬੰਧਪ ਧੁਰ ਦੇ ਦੀਨ ਦਿਆਲ, ਦਇਆ ਨਿਧ ਠਾਕਰ ਤੇਰੇ ਅਗੇ ਵਾਸਤਾ ਪਾਈਆ । ਚਾਰੋਂ ਕੁੰਟ ਕਲਜੁਗ ਕੂੜੀ ਕਿਰਿਆ ਤੋੜ ਜੰਜਾਲ, ਪੰਚ ਵਿਕਾਰਾ ਮੇਰੇ ਉਤੇ ਰਹਿਣ ਨਾ ਪਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਕਾਇਆ ਮੰਦਰ ਵਖਾ ਸਚੀ ਧਰਮਸਾਲ, ਸਚ ਦਵਾਰਾ ਇਕੋ ਸੋਭਾ ਪਾਈਆ । ਸਚ ਪ੍ਰੀਤੀ ਬਖ਼ਸ਼ ਦੇ ਸ਼ਾਹ ਕੰਗਾਲ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਤੇਰਾ ਸਤਿਗੁਰ ਸ਼ਬਦ ਵਿਚੋਲਾ ਹੋਏ ਦਲਾਲ, ਸੁਰਤੀ ਸਤਿਗੁਰ ਤੇਰੇ ਨਾਲ ਮਿਲਾਈਆ । ਜੋਤੀ ਜਲਵਾ ਦੇ ਜਲਾਲ, ਅੰਧ ਅਗਿਆਨ ਦੇ ਗੁਆਈਆ । ਮੇਰੀ ਜੁਗ ਚੌਕੜੀ ਲੇਖੇ ਲਾ ਲੈ ਘਾਲ, ਕੋਟਨ ਕੋਟ ਜੁਗ ਤੇਰੀ ਸੇਵ ਕਮਾਈਆ । ਮੇਰੇ ਕੰਤ ਭਗਵੰਤ ਅੰਤ ਮੇਰੀ ਕਰ ਸੰਭਾਲ, ਸੰਬਲ ਦਾ ਮਾਲਕ ਹੋ ਕੇ ਵੇਖ ਚਾਈਂ ਚਾਈਂਆ । ਤੇਰਾ ਅਵਤਾਰ ਪੈਗ਼ੰਬਰਾਂ ਗੁਰੂਆਂ ਸ਼ਬਦੀ ਧਾਰ ਦਿਤਾ ਅਹਿਵਾਲ, ਨਾਮ ਕਲਮਿਆਂ ਕੀਤੀ ਸ਼ਨਵਾਈਆ । ਤੂੰ ਮਾਲਕ ਖ਼ਾਲਕ ਵਾਹਿਦ ਇਕੋ ਪੁਰਖ ਅਕਾਲ, ਏਕੰਕਾਰਾ ਨਿਰਾਕਾਰਾ ਨਜ਼ਰੀ ਆਈਆ । ਫਲ ਲਗਾ ਧਰਮ ਦਾ ਧਰਮ ਦੇ ਮੇਰੇ ਡਾਲ, ਪੱਤ ਟਹਿਣੀ ਦੀਨ ਦੁਨੀ ਮਾਨਵ ਜ਼ਾਤੀ ਦੇ ਮਹਿਕਾਈਆ । ਭਗਤ ਸੁਹੇਲੇ ਗੁਰੂ ਗੁਰ ਚੇਲੇ ਮੇਰੇ ਉਤੇ ਉਪਜਾ ਆਪਣੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਤੂੰ ਜੋਤੀ ਜਾਤਾ ਪੁਰਖ ਬਿਧਾਤਾ ਸਭ ਦੀ ਕਰਨਹਾਰ ਸੰਭਾਲ, ਪ੍ਰਿਤਪਾਲਾ ਪ੍ਰਿਤਪਾਲਕ ਖ਼ਾਲਕ ਮਾਲਕ ਇਕੋ ਨਜ਼ਰੀ ਆਈਆ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਮੇਰੇ ਤੇਰੇ ਅਗੇ ਮੇਰੀ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਮੇਰੇ ਪ੍ਰਭੂ ਮੇਰੇ ਉਤੇ ਕਲਜੁਗ ਕਿਰਿਆ ਮਿਟਾ ਦੇ ਕੂੜ, ਕਲਪਨਾ ਮੋਹ ਰਹਿਣ ਨਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਚਤੁਰ ਸੁਘੜ ਬਣਾ ਦੇ ਮੂੜ੍ਹ, ਮੂਰਖ ਮੁਗਧ ਨਜ਼ਰ ਕੋਇ ਨਾ ਆਈਆ । ਚਰਨ ਕਵਲ ਉਪਰ ਧਵਲ ਬਖ਼ਸ਼ ਦੇ ਆਪਣੀ ਧੂੜ, ਖ਼ਾਕੀ ਖ਼ਾਕ ਖ਼ਾਕ ਰਮਾਈਆ । ਤੇਰੇ ਨਾਮ ਝੂਲ ਲੈਣ ਸਰਬ ਪੰਘੂੜ, ਹੁਲਾਰਾ ਦੋ ਜਹਾਨ ਜਣਾਈਆ । ਮੇਰੀ ਨੌ ਖੰਡ ਪ੍ਰਿਥਮੀ ਕਲਜੁਗ ਅੰਤ ਹੋਈ ਮਜਬੂਰ, ਸੱਤ ਦੀਪ ਰੋਵਣ ਮਾਰਨ ਧਾਹੀਆ । ਕਿਰਪਾ ਨਿਧਾਨ ਨੌਜਵਾਨ ਸ੍ਰੀ ਭਗਵਾਨ ਹੋ ਹਜ਼ੂਰ, ਹਾਜ਼ਰ ਹੋ ਕੇ ਵੇਖ ਵਖਾਈਆ । ਮੈਂ ਤਕਣਾ ਚਾਹੁੰਦੀ ਤੇਰਾ ਅਗੰਮਾ ਨੂਰ, ਨੂਰ ਨੁਰਾਨੇ ਦੇਣਾ ਚਮਕਾਈਆ । ਜਗਤ ਸ਼ਰਅ ਮੇਟ ਦੇ ਗਾਂ ਸੂਰ, ਕ਼ਾਤਲ ਮਕ਼ਤੂਲ ਦਾ ਲੇਖਾ ਦੇ ਮੁਕਾਈਆ । ਜੋ ਆਸ਼ਾ ਰਖ ਕੇ ਗਿਆ ਤੇਰੀ ਮਨਸੂਰ, ਮਨਸਾ ਭਗਤਾਂ ਸੰਗ ਰਲਾਈਆ । ਜੋ ਕੂਕ ਕੇ ਕਿਹਾ ਮੂਸਾ ਉਤੇ ਕੋਹਤੂਰ, ਤੁਰੀਆ ਤੋਂ ਬਾਹਰ ਧਿਆਨ ਰਖਾਈਆ । ਜੋ ਆਸਾ ਰਖੀ ਸੂਲੀ ਚੜ੍ਹਨ ਲਗਿਆਂ ਈਸਾ ਜ਼ਰੂਰ, ਜ਼ਰੂਰਤ ਵੇਖਣੀ ਥਾਉਂ ਥਾਈਂਆ । ਜੋ ਮੁਹੰਮਦ ਮਵਜ਼ੀ ਕੁਜ਼ਾ ਨੁਰੇ ਰੁਸ਼ਨਾ ਜ਼ਾਵਿਸਤੋ ਜ਼ਮੀ ਜ਼ਲਹਿਕਮ ਜ਼ਵਾ ਨੂਰੇ ਖ਼ੁਦਾ ਖ਼ਜ਼ੀਉਲ ਜ਼ਮੀ ਜ਼ਮੀਨੇ ਜ਼ਜ਼ਖ ਨੂਰੇ ਪ੍ਰਤਖ ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਧਰਨੀ ਕਹੇ ਮੇਰੇ ਮਹਿਬੂਬ ਮੇਰਾ ਲਹਿਣਾ ਦੇਣਾ ਮੇਰੀ ਝੋਲੀ ਪਾ ਦੇ ਹਕ, ਹਕੀਕਤ ਦੇ ਮਾਲਕ

ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨੌਜਵਾਨ ਨਿਰਗੁਣ ਧਾਰ ਸਰਬ ਕਲਾ ਸਮਰਥ, ਸਮਰਥ ਤੇਰੀ ਓਟ ਤਕਾਈਆ ।

✪ ੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਦਲੀਪ ਸਿੰਘ ਦੇ ਗ੍ਰਿਹ ਪਿੰਡ ਮਾਨਾਂਵਾਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਨਿਗਾਹ ਮਾਰ ਪੁਰਖ ਅਕਾਲਾ, ਨਵ ਸੱਤ ਮੈਂ ਬੈਠੀ ਧਿਆਨ ਲਗਾਈਆ । ਧਰਮ ਦੀ ਧਾਰ ਰਿਹਾ ਨਾ ਕੋਇ ਉਜਾਲਾ, ਨੂਰ ਨੁਰਾਨੇ ਸ਼ਾਹ ਸੁਲਤਾਨੇ ਤੇਰਾ ਨੂਰੀ ਚੰਦ ਨਾ ਕੋਇ ਚਮਕਾਈਆ । ਚਾਰੋਂ ਕੁੰਟ ਹੋਇਆ ਅੰਧੇਰਾ ਕਾਲਾ, ਕੂੜੀ ਕਿਰਿਆ ਕਾਲੀ ਰੈਣ ਨਾ ਕੋਇ ਮਿਟਾਈਆ । ਮਿਹਰਵਾਨ ਮਹਿਬੂਬ ਨੌ ਸੌ ਚੁਰਾਨਵੇ ਚੌਕੜੀ ਜੁਗ ਦੀ ਮੇਰੀ ਪੂਰੀ ਕਰ ਦੇ ਘਾਲਾ, ਘਾਇਲ ਹੋ ਕੇ ਤੇਰੇ ਅਗੇ ਵਾਸਤਾ ਪਾਈਆ । ਸਤਿ ਧਰਮ ਦੀ ਸਾਚੀ ਦਿਸੇ ਨਾ ਕੋਇ ਧਰਮਸਾਲਾ, ਧਰਮ ਦੁਆਰ ਏਕੰਕਾਰ ਤੇਰਾ ਰੰਗ ਨਾ ਕੋਇ ਰੰਗਾਈਆ । ਜਿਧਰ ਤਕਾਂ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਮਾਇਆ ਮਮਤਾ ਪਿਆ ਜੰਜਾਲਾ, ਜਾਗਰਤ ਜੋਤ ਬਿਨ ਵਰਨ ਗੋਤ ਤੇਰਾ ਦਰਸ ਕੋਇ ਨਾ ਪਾਈਆ । ਧਰਨੀ ਕਹੇ ਮੇਰੀ ਹਾਲਤ ਹੋਈ ਬੇਹਾਲਾ, ਬਹਿਬਲ ਹੋ ਕੇ ਤੇਰੇ ਅਗੇ ਵਾਸਤਾ ਪਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਜੁਗ ਜੁਗ ਬਦਲਣਹਾਰਾ ਚਾਲਾ, ਚਾਲ ਅਵੱਲੜੀ ਦੇ ਸਮਝਾਈਆ । ਇਕੋ ਓਟ ਤੇਰੇ ਉਤੇ ਰਖੀ ਸ਼ਾਲਾ, ਸ਼ਹਿਨਸ਼ਾਹ ਤੇਰੀ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਧਰਨੀ ਕਹੇ ਮੇਰੇ ਭਗਵਾਨ, ਦਰ ਤੇਰੇ ਸੀਸ ਨਿਵਾਈਆ । ਤੂੰ ਮਾਲਕ ਖ਼ਾਲਕ ਨੌਜੁਆਨ, ਸ਼ਹਿਨਸ਼ਾਹ ਨੂਰ ਅਲਾਹੀਆ । ਆਦਿ ਜੁਗਾਦੀ ਹੁਕਮਰਾਨ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ । ਮੈਂ ਕੋਝੀ ਕਮਲੀ ਹੋ ਕੇ ਮੰਗਾਂ ਦਾਨ, ਦਾਤੇ ਦਾਨੀ ਦੇਣੀ ਦਇਆ ਕਮਾਈਆ । ਮੇਰੀ ਨਵ ਸੱਤ ਦਹਿ ਦਿਸ਼ਾ ਹੋਈ ਹੈਰਾਨ, ਹੈਰਤ ਵਿਚ ਮੇਰੀ ਦੁਹਾਈਆ । ਸਤਿ ਧਰਮ ਦਾ ਰਿਹਾ ਨਾ ਕੋਇ ਨਿਸ਼ਾਨ, ਨਿਸ਼ਾਨਾ ਧਰਮ ਨਾ ਕੋਇ ਝੁਲਾਈਆ । ਚਾਰ ਜੁਗ ਦੇ ਸ਼ਾਸਤਰਾਂ ਭੁਲਿਆ ਗਿਆਨ, ਅਵਤਾਰ ਪੈਗ਼ੰਬਰਾਂ ਗੁਰੂਆਂ ਮਿਲਣ ਕੋਇ ਨਾ ਪਾਈਆ । ਸਚਖੰਡ ਦੁਆਰਾ ਏਕੰਕਾਰਾ ਤੇਰਾ ਦਿਸੇ ਨਾ ਕਿਸੇ ਮਕਾਨ, ਮੁਕਾਮੇ ਹਕ ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਲਜੁਗ ਕੂੜ ਹੋਇਆ ਪਰਧਾਨ, ਨਵ ਸੱਤ ਭੱਜੇ ਵਾਹੋ ਦਾਹੀਆ । ਮਨ ਮਨੂਆ ਹੋਇਆ ਸ਼ੈਤਾਨ, ਸ਼ਰਅ ਜਗਤ ਕਰੇ ਲੜਾਈਆ । ਇਨਸਾਨ ਰੂਪ ਦਿਸੇ ਹੈਵਾਨ, ਬੁਧਿ ਬਿਬੇਕ ਨਾ ਕੋਇ ਕਰਾਈਆ । ਤੇਰਾ ਅੰਮ੍ਰਿਤ ਰਸ ਬੂੰਦ ਸਵਾਂਤੀ ਮਿਲੇ ਨਾ ਕਿਸੇ ਪੀਣ ਖਾਣ, ਨਿਜਰ ਝਿਰਨਾ ਨਾ ਕੋਇ ਝਿਰਾਈਆ । ਸ਼ਬਦ ਨਾਦ ਸੁਣੇ ਨਾ ਕੋਇ ਧੁਨਕਾਨ, ਅਨਹਦ ਨਾਦੀ ਨਾਦ ਨਾ ਕੋਇ ਸ਼ਨਵਾਈਆ । ਆਤਮ ਜੋਤੀ ਦੀਪਕ ਜਗੇ ਨਾ ਕੋਇ ਮਹਾਨ, ਬਿਨ ਤੇਲ ਬਾਤੀ ਨੂਰ ਨੁਰਾਨਾ ਨੂਰ ਨਾ ਕੋਇ ਚਮਕਾਈਆ । ਧਰਨੀ ਕਹੇ ਮੇਰੇ ਮਿਹਰਵਾਨ, ਮੇਰੇ ਉਤੇ ਇਕੋ ਦੇ ਗਿਆਨ, ਸ੍ਰਿਸ਼ਟ ਦ੍ਰਿਸ਼ਟ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੈਂ ਕਲਜੁਗ ਅੰਤਮ ਰੁਲੀ, ਮੇਢੀ ਸੀਸ ਨਾ ਕੋਇ ਗੁੰਦਾਈਆ । ਭਾਗ ਲੱਗੇ ਨਾ ਮੇਰੀ ਕੁੱਲੀ, ਮੰਦਰ ਸਚ ਨਾ ਕੋਇ ਸੁਹਾਈਆ ।

ਦੀਨ ਦੁਨੀ ਤੇਰਾ ਨਾਮ ਜਪਦੀ ਬੁੱਲੀਂ, ਹਿਰਦੇ ਹਰਿ ਨਾ ਕੋਇ ਵਸਾਈਆ । ਤੇਰੇ ਉਤੋਂ ਆਤਮਾ ਕੋਇ ਘੋਲ ਨਾ ਘੁਲੀ, ਘਾਇਲ ਹੋ ਨਾ ਕੋਇ ਵਖਾਈਆ । ਸਭ ਦੀ ਬੂੰਦ ਸਵਾਂਤੀ ਅੰਮ੍ਰਿਤ ਧਾਰ ਡੁਲੀ, ਬਿਨ ਰਸਨਾ ਰਸ ਨਾ ਕੋਇ ਚਖਾਈਆ । ਸਚ ਤਰਾਜ਼ੂ ਤੇਰੇ ਕੰਢੇ ਤੇਰੀ ਸ੍ਰਿਸ਼ਟੀ ਮੂਲ ਨਾ ਤੁਲੀ, ਤੋਲਣਹਾਰੇ ਵੇਖਣਾ ਥਾਉਂ ਥਾਈਂਆ । ਸਚ ਪਿਆਰ ਚਰਨ ਲਾਏ ਕੋਇ ਨਾ ਧੂਲੀ, ਧੂੜੀ ਖ਼ਾਕ ਨਾ ਕੋਇ ਰਮਾਈਆ । ਜਿਧਰ ਤਕਾਂ ਦੀਨਾਂ ਮਜ਼੍ਹਬਾਂ ਹੋਈ ਬੇ ਅਸੂਲੀ, ਅਸਲ ਵਸਲ ਯਾਰ ਤੇਰਾ ਨਾ ਕੋਇ ਰਖਾਈਆ । ਮੇਰੇ ਉਤੋਂ ਜੁਗ ਬਦਲਣਾ ਪ੍ਰਭ ਤੇਰੀ ਖੇਲ ਮਾਮੂਲੀ, ਕੂੜੀ ਕਿਰਿਆ ਕਰ ਸਫ਼ਾਈਆ । ਸਤਿ ਧਰਮ ਦੀ ਧਾਰ ਮੇਰੇ ਉਤੇ ਫਲੀ ਫੂਲੀ, ਪਤ ਟਹਿਣੀ ਆਪ ਮਹਿਕਾਈਆ । ਜੋ ਇਸ਼ਾਰਾ ਦੇ ਕੇ ਗਏ ਅਵਤਾਰ ਪੈਗ਼ੰਬਰ ਰਸੂਲੀ, ਕਲਮਾ ਕਾਇਨਾਤ ਦ੍ਰਿੜਾਈਆ । ਤੂੰ ਜਲਵਾਗਰ ਸ਼ਹਿਨਸ਼ਾਹ ਜਲੂਲੀ, ਨੂਰੇ ਨਿਜ਼ਾ ਨੂਰ ਅਲਾਹੀਆ । ਤੂੰ ਮਾਲਕ ਖ਼ਾਲਕ ਆਦਿ ਜੁਗਾਦਿ ਕੰਤ ਕੰਤੂਹਲੀ, ਕਾਹਨਾਂ ਦਾ ਕਾਹਨ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਮਿਹਬਾਨ ਨਿਰਗੁਣ ਨਿਰਗੁਣ ਸਰਗੁਣ ਬਖ਼ਸ਼ ਦੇ ਆਪਣੀ ਬਿਨਾ ਖ਼ਾਕ ਤੋਂ ਧੂਲੀ, ਧੂੜੀ ਖ਼ਾਕ ਲੱਖ ਚੁਰਾਸੀ ਤੇਰੀ ਲਏ ਰਮਾਈਆ ।



## ✪ ੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਮੰਗਲ ਸਿੰਘ ਦੇ ਗ੍ਰਹਿ ਪਿੰਡ ਸਾਰੰਗੜਾ ਜ਼ਿਲਾ ਅੰਮ੍ਰਿਤਸਰ ✪

੭੮੨ ੨੪

ਧਰਨੀ ਕਹੇ ਪ੍ਰਭੂ ਮੇਰੀ ਦੁਹਾਈ, ਦੋ ਜਹਾਨਾਂ ਮਾਲਕ ਖ਼ਾਲਕ ਤੇਰੀ ਓਟ ਤਕਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਲੇਖ ਤਕ ਇਕਾਈ, ਇਕ ਇਕੱਲੇ ਸਚ ਮਹਲੇ ਬਹਿ ਕੇ ਧਿਆਨ ਲਗਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਮੈਂ ਤੈਨੂੰ ਰਹੀ ਧਿਆਈ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਤੂੰ ਨਿਰਗੁਣ ਨਿਰਵੈਰ ਨਿਰਾਕਾਰ ਨੂਰ ਅਲਾਹੀ, ਆਲਮੀਨ ਯਾਮਬੀਨ ਤੇਰੇ ਹੱਥ ਵਡਿਆਈਆ । ਜ਼ਰਾ ਨਿਗਾਹ ਮਾਰ ਲੈ ਮੇਰੇ ਉਤੇ ਬਲ ਅਸਗਾਹੀ, ਜਲ ਥਲ ਮਹੀਅਲ ਵੇਖ ਵਖਾਈਆ । ਚਾਰੋਂ ਕੁੰਟ ਅੰਧੇਰਾ ਹੋ ਗਿਆ ਸ਼ਾਹੀ, ਸਾਚਾ ਚੰਦ ਨਾ ਕੋਇ ਚਮਕਾਈਆ । ਤੇਰੇ ਪੰਥ ਦਾ ਮਾਰਗ ਪੰਧ ਚੜ੍ਹੇ ਕੋਇ ਨਾ ਰਾਹੀ, ਰਹਿਬਰ ਕੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰਾ ਨੇਤਰ ਵਗੇ ਨੀਰ, ਬਿਨ ਨੈਣਾਂ ਛਹਿਬਰ ਲਾਈਆ । ਤੂੰ ਸ਼ਹਿਨਸ਼ਾਹ ਗਹਿਰ ਗੰਭੀਰ, ਗਵਰ ਇਕ ਅਖਵਾਈਆ । ਨੌ ਖੰਡ ਪ੍ਰਿਥਮੀ ਮੇਰੀ ਤਕ ਜਗੀਰ, ਆਪਣਾ ਧਿਆਨ ਲਗਾਈਆ । ਕਲਜੁਗ ਕੂੜ ਕੁਕਰਮ ਨੇ ਕੀਤਾ ਅਖ਼ੀਰ, ਆਖ਼ਰ ਤੇਰੇ ਅਗੇ ਵਾਸਤਾ ਪਾਈਆ । ਉਹ ਵੇਖ ਇਸ਼ਾਰਾ ਕਰਦਾ ਤੇਰੀ ਦਰਗਾਹ ਵਿਚੋਂ ਕਬੀਰ, ਕ਼ਬਰਾਂ ਤੋਂ ਬਾਹਰ ਰਿਹਾ ਜਣਾਈਆ । ਧਰਨੀਏ ਧਵਲੇ ਤੇਰਾ ਕੋਈ ਲੇਖਾ ਨਾਲ ਨਹੀਂ ਗ਼ਰੀਬ ਅਮੀਰ, ਸ਼ਰਅ ਵੰਡ ਨਾ ਕੋਇ ਵੰਡਾਈਆ । ਬਿਨਾ ਪੁਰਖ ਅਕਾਲ ਤੋਂ ਤੇਰੀ ਬਦਲ ਸਕੇ ਨਾ ਕੋਈ ਤਕਦੀਰ, ਤਦਬੀਰ ਨਜ਼ਰ ਕੋਇ ਨਾ ਆਈਆ । ਤੁਧ ਬਿਨ ਦੇਵੇ ਕੋਇ ਨਾ ਧੀਰ, ਧੀਰਜ ਧਰਮ ਨਾ ਕੋਇ ਰਖਾਈਆ । ਮੇਰੇ ਉਤੇ ਸੰਦੇਸ਼ਾ ਦੇ ਗਏ ਪੈਗ਼ੰਬਰ ਪੀਰ, ਪਰਾ ਪਸੰਤੀ ਮਧਮ ਬੈਖਰੀ ਢੋਲਿਆਂ ਨਾਲ ਗਾਈਆ । ਤੂੰ ਮਾਲਕ ਖ਼ਾਲਕ ਸ਼ਾਹ ਹਕੀਰ, ਸ਼ਹਿਨਸ਼ਾਹ

ਤੇਰੀ ਸਰਨਾਈਆ । ਬੇਸ਼ਕ ਤੇਰੀ ਨਜ਼ਰ ਨਹੀਂ ਆਉਂਦੀ ਤਸਵੀਰ, ਤਸੱਵਰ ਕਰਕੇ ਤੇਰਾ ਲੇਖਾ ਸਾਰੇ ਗਏ ਸਮਝਾਈਆ । ਮੈਂ ਕੋਝੀ ਕਮਲੀ ਤੇਰੇ ਦਰ ਦੀ ਦਰਵੇਸ਼ਣ ਹੋਈ ਫ਼ਕੀਰ, ਫ਼ਿਕਰਾ ਢੋਲਾ ਤੇਰਾ ਇਕੋ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰਗਾਹ ਸਾਚੀ ਸੀਸ ਨਿਵਾਈਆ । ਧਰਨੀ ਕਹੇ ਪ੍ਰਭੂ ਮੇਰਾ ਵੇਖ ਲੈ ਦੁਖ, ਦਰਦੀਆ ਦਰਦ ਲੈਣਾ ਵੰਡਾਈਆ । ਪਵਿਤ੍ਰ ਰਹੀ ਕੋਈ ਨਾ ਕੁੱਖ, ਭਗਤ ਜਣੇ ਕੋਇ ਨਾ ਮਾਈਆ । ਤੈਨੂੰ ਭੁਲ ਗਏ ਤੇਰੇ ਮਾਨਵ ਮਾਨੁਖ, ਮਾਨਸ ਤੇਰੇ ਰੰਗ ਨਾ ਕੋਇ ਸਮਾਈਆ । ਸਚ ਸੁਆਮੀ ਅੰਤਰਜਾਮੀ ਮੇਰੀ ਤ੍ਰਿਸ਼ਨਾ ਮੇਟ ਦੇ ਭੁਖ, ਸ਼ਾਹ ਕੰਗਾਲੇ ਦਇਆ ਕਮਾਈਆ । ਨਿਰਗੁਣ ਧਾਰੋਂ ਨਿਰਵੈਰ ਹੋ ਕੇ ਉਠ, ਜੋਤੀ ਜਾਤੇ ਡਗਮਗਾਈਆ । ਅੰਤ ਅਖ਼ੀਰ ਬੇਨਜ਼ੀਰ ਹੋ ਕੇ ਤੁਠ, ਮਿਹਰਵਾਨ ਮਹਿਬੂਬ ਸਿਰ ਮੇਰੇ ਹੱਥ ਟਿਕਾਈਆ । ਤੂੰ ਪਾਰਬ੍ਰਹਮ ਅਬਿਨਾਸ਼ੀ ਅਚੁਤ, ਚਤੁਰਭੁਜ ਤੇਰੀ ਬੇਪਰਵਾਹੀਆ । ਮੇਰੀ ਪਵਿਤ੍ਰ ਰਹੀ ਨਾ ਬੁਧਿ, ਬੁੱਧੀਹੀਣ ਹੋ ਕੇ ਦਿਆਂ ਦੁਹਾਈਆ । ਅੰਤ ਕੰਤ ਭਗਵੰਤ ਮੇਰੀ ਲੈ ਸੁਧ, ਬਸੁਧਾ ਹੋ ਕੇ ਤੇਰੇ ਅਗੇ ਵਾਸਤਾ ਪਾਈਆ । ਆਪਣਾ ਲਹਿਣਾ ਦੇਣਾ ਪੂਰਾ ਕਰ ਦੇ ਕਲਜੁਗ, ਜਗਤ ਜੁਗਤ ਦੇ ਮਾਲਕ ਲੇਖਾ ਪੂਰਬ ਦੇਣਾ ਚੁਕਾਈਆ । ਉਹ ਵੇਖ ਲੈ ਧਰਮ ਦੀ ਔਧ ਗਈ ਪੁਗ, ਪੂਜਣਯੋਗ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਢੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰਾ ਵੇਖ ਲੈ ਚੀਥੜ ਪਾਟਾ, ਪੀਤੰਬਰ ਸੀਸ ਨਾ ਕੋਇ ਸੁਹਾਈਆ । ਮੰਜ਼ਲ ਮਾਰ ਕੇ ਆ ਜਾ ਵਾਟਾ, ਧੁਰ ਦੇ ਮਾਲਕ ਬਿਨ ਕ਼ਦਮਾਂ ਪੰਧ ਮੁਕਾਈਆ । ਮੇਰੀ ਸੇਜ ਸੁਹੰਜਣੀ ਕਰ ਦੇ ਖਾਟਾ, ਸਚ ਸਿੰਘਾਸਣ ਸੋਭਾ ਪਾਈਆ । ਨਵ ਨਵ ਚਾਰ ਦਾ ਪੂਰਾ ਕਰ ਦੇ ਘਾਟਾ, ਵਸਤ ਅਮੁਲ ਨਾਮ ਅਤੁਟ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਝਟ ਨਾਰਦ ਆ ਗਿਆ ਸੰਦੇਸ਼ਾ ਦੇਵੇ ਏਕ, ਇਕ ਇਕੱਲਾ ਕੀ ਦ੍ਰਿੜਾਈਆ । ਧਰਨੀਏ ਧਵਲੇ ਜਿਸ ਦੀ ਰਖੀ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਉਹ ਕਰਨਹਾਰਾ ਬੁੱਧ ਬਿਬੇਕ, ਪਤਿਤ ਪੁਨੀਤ ਨੂਰ ਅਲਾਹੀਆ । ਜਿਸ ਤੇਰੇ ਉਤੋਂ ਕਲਜੁਗ ਅਗਨੀ ਮੇਟਣਾ ਸੇਕ, ਅੰਮ੍ਰਿਤ ਮੇਘ ਨਾਮ ਬਰਸਾਈਆ । ਜਿਸ ਦੇ ਪਿਆਰ ਵਿਚ ਸਤਿਗੁਰ ਸ਼ਬਦ ਸ੍ਰਿਸ਼ਟੀ ਬਣਾਉਣੀ ਨੇਕ, ਨਿੱਕੇ ਵੱਡੇ ਇਕੋ ਰੰਗ ਰੰਗਾਈਆ । ਉਸ ਦੇ ਰੂਪ ਅਨੂਪ ਆਦਿ ਜੁਗਾਦਿ ਅਨੇਕ, ਕਲਜੁਗ ਆਪਣਾ ਵੇਸ ਵਟਾਈਆ । ਜਿਸ ਦੇ ਹੁਕਮ ਵਿਚ ਤੇਰੇ ਉਤੇ ਜੁਗ ਬੀਤ ਗਏ ਕੇਤੇ ਕੇਤ, ਕੇਤੇ ਆਪਣਾ ਪੰਧ ਮੁਕਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਤੇਰੇ ਨਾਲ ਕਰੇ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਮੈਂ ਉਸ ਦਾ ਖੋਲ੍ਹਾਂ ਭੇਤ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋ ਆਦਿ ਜੁਗਾਦਿ ਰਹੇ ਹਮੇਸ਼, ਹਮ ਸਾਜਣ ਇਕ ਅਖਵਾਈਆ । ਸੋ ਸੁਆਮੀ ਅੰਤਰਜਾਮੀ ਕਲਜੁਗ ਅੰਤ ਸ੍ਰੀ ਭਗਵੰਤ ਵਸਣਹਾਰਾ ਸੰਬਲ ਦੇਸ, ਦੇਸ ਦੇਸੰਤਰਾਂ ਪੰਧ ਮੁਕਾਈਆ । ਜਿਸ ਤੇਰੇ ਉਤੋਂ ਮੇਟਣਾ ਕਲੇਸ਼, ਕਲ ਕਾਤੀਆਂ ਕਰੇ ਸਫ਼ਾਈਆ । ਜਿਸ ਦਾ ਯੋਧਾ ਸੂਰਬੀਰ ਬਹਾਦਰ ਸੁਤ ਦੁਲਾਰਾ ਗੋਬਿੰਦ ਦਸ ਦਸਮੇਸ਼, ਸਤਿਗੁਰ ਸ਼ਬਦ ਸ਼ਬਦ ਅਖਵਾਈਆ । ਜੋ ਆਦਿ ਜੁਗਾਦਿ ਦੋ ਜਹਾਨਾਂ ਨਰ ਨਰੇਸ਼, ਹੁਕਮਰਾਨ ਧੁਰਦਰਗਾਹੀਆ । ਤੇਰੀ ਬੇਨੰਤੀ ਆਰਜ਼ੂ ਉਸ ਦੇ ਚਰਨਾਂ ਵਿਚ ਹੋਈ ਪੇਸ਼, ਆਪ ਆਪਣਾ ਗਈ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਨਾਰਦ ਕਹੇ ਧਰਨੀਏ ਬਿਨ

੭੮੩
੨੪

ਨੇਤਰ ਲੈ ਤਕ, ਤਕਵਾ ਇਕੋ ਉਤੇ ਰਖਾਈਆ । ਜੋ ਸਭ ਦੇ ਪੂਰੇ ਕਰਨ ਵਾਲਾ ਹਕ, ਹਕੀਕ਼ਤ ਦਾ ਮਾਲਕ ਨੂਰ ਅਲਾਹੀਆ । ਜਿਸ ਦਾ ਅਵਤਾਰ ਪੈਗ਼ੰਬਰਾਂ ਗੁਰੂਆਂ ਨਾਲ ਵਅਦਾ ਪੱਕ, ਬਿਨਾ ਲੇਖ ਲਿਖਤ ਲਿਖਤ ਗਿਆ ਸਮਝਾਈਆ । ਉਹ ਤੇਰੇ ਉਤੇ ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਆਵੇ ਵਤ, ਬੇਵਤਨਾਂ ਦਾ ਮਾਲਕ ਦਇਆ ਕਮਾਈਆ । ਕਿਉਂ ਤੇਰੇ ਉਤੇ ਗੋਬਿੰਦ ਸਬਰ ਯਾਰੜਾ ਗਿਆ ਘਤ, ਮਾਛੂਵਾੜਾ ਸੇਜ ਸੁਹਾਈਆ । ਉਸ ਦਾ ਲਹਿਣਾ ਦੇਣਾ ਤੇਰੀ ਝੋਲੀ ਦੇਵੇ ਘਤ, ਵਸਤ ਅਮੋਲਕ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨੌਜਵਾਨ, ਬ੍ਰਹਮ ਬ੍ਰਹਿਮਾਦੀ ਸ਼ਬਦ ਨਿਸ਼ਾਨ, ਧਰਮ ਨਿਸ਼ਾਨਾ ਸ੍ਰੀ ਭਗਵਾਨਾ ਦੋ ਜਹਾਨਾਂ ਧਰਨੀਏ ਧਵਲੇ ਤੇਰੇ ਉਤੇ ਆਪ ਝੁਲਾਈਆ ।

### ੯ ਭਾਦਰੋਂ ਸ਼ਹਿਨਸ਼ਾਹੀ ਸੰਮਤ ਸੰਮਤ ੧੧ ਕਾਰਜ ਸਿੰਘ ਦੇ ਗ੍ਰਹਿ ਪਿੰਡ ਸਾਰੰਗੜਾ ਜ਼ਿਲਾ ਅੰਮ੍ਰਿਤਸਰ

ਧਰਨੀ ਕਹੇ ਪ੍ਰਭੂ ਮੇਰੀ ਬੇਨੰਤੀ ਨਹੀਂ ਕੋਈ ਲੁਕ ਦੀ, ਲੋਕ ਪਰਲੋਕ ਦੇ ਮਾਲਕ ਦਿਆਂ ਜਣਾਈਆ । ਮੈਂ ਬਿਨਾ ਸੀਸ ਤੋਂ ਤੇਰੇ ਕ਼ਦਮਾਂ ਝੁਕਦੀ, ਨਿਵ ਨਿਵ ਨਿਰੰਕਾਰ ਲਾਗਾਂ ਪਾਈਆ । ਮੇਰੀ ਮਨਸਾ ਕਹਿਣੇ ਮੂਲ ਨਾ ਰੁਕਦੀ, ਆਸ਼ਾ ਤੇਰੇ ਚਰਨ ਟਿਕਾਈਆ । ਮੈਂ ਵੀ ਵਣਜਾਰਨ ਹੋਈ ਤੇਰੀ ਇਕ ਤੁਕ ਦੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਤੇਰੀ ਲੱਖ ਚੁਰਾਸੀ ਸ੍ਰਿਸ਼ਟੀ ਦਾ ਭਾਰ ਚੁਕਦੀ, ਸੀਨੇ ਛਾਤੀ ਉਤੇ ਟਿਕਾਈਆ । ਮੈਂ ਪਿਆਸੀ ਪਿਆਰ ਵਾਲੀ ਰੁਤ ਦੀ, ਮਮਤਾ ਮੇਰੇ ਅੰਦਰ ਹਲਕਾਈਆ । ਤੇਰਾ ਖੇਲ ਤੇਰੀ ਧਾਰ ਅਬਿਨਾਸ਼ੀ ਅਚੁਤ ਦੀ, ਪਾਰਬ੍ਰਹਮ ਕੀ ਆਪਣਾ ਹੁਕਮ ਵਰਤਾਈਆ । ਮੇਰੀ ਗੋਦੀ ਬਿਨਾ ਭਗਤਾਂ ਖ਼ਾਲੀ ਦਿਸੇ ਮਾਂ ਪੁਤ ਦੀ, ਪਿਤਾ ਪੁਰਖ ਅਕਾਲ ਤੁਧ ਬਿਨ ਨਜ਼ਰ ਕੋਇ ਨਾ ਆਈਆ । ਮੈਂ ਹਾਲਤ ਤਕੀ ਕਾਇਆ ਮਾਟੀ ਪੰਜ ਭੁਤ ਦੀ, ਤਨ ਵਜੂਦਾਂ ਧਿਆਨ ਲਗਾਈਆ । ਮੇਰੀ ਕਥਾ ਕਹਾਣੀ ਕਲਜੁਗ ਅੰਤਮ ਇਕੋ ਦੁਖ ਦੀ, ਦੁਖੀਆਂ ਦੇ ਮਾਲਕ ਦਿਆਂ ਦ੍ਰਿੜਾਈਆ । ਵਡਿਆਈ ਰਹੀ ਕਿਸੇ ਨਾ ਕੁੱਖ ਦੀ, ਜਨਣੀ ਜਨ ਨਾ ਕੋਇ ਉਪਜਾਈਆ । ਰਸਨਾ ਪਵਿਤ੍ਰ ਰਹੀ ਕਿਸੇ ਨਾ ਮੁਖ ਦੀ, ਮਾਨਸ ਮਾਨਵ ਤੈਨੂੰ ਗਏ ਭੁਲਾਈਆ । ਪਤਾ ਨਹੀਂ ਮੇਰੇ ਉਤੇ ਕੀ ਹਾਲਤ ਹੋਣੀ ਉਲਟੇ ਰੁੱਖ ਦੀ, ਧਰਨੀ ਕਹੇ ਰੋ ਰੋ ਦਿਆਂ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰਾ ਸੁਣ ਅਗੰਮੜਾ ਦੁਖੜਾ, ਦਰਦੀਆ ਦਿਆਂ ਜਣਾਈਆ । ਪਵਿਤ੍ਰ ਰਿਹਾ ਨਾ ਕਿਸੇ ਦਾ ਮੁਖੜਾ, ਨੂਰੀ ਚੰਦ ਨਾ ਕੋਇ ਚਮਕਾਈਆ । ਜਗਤ ਜਹਾਨ ਕਲਜੁਗ ਕੂੜੀ ਕਿਰਿਆ ਕੀਤਾ ਭੁਖੜਾ, ਧੀਰਜ ਧੀਰ ਨਾ ਕੋਇ ਰਖਾਈਆ । ਸਤਿ ਸਤਿ ਵਿਚ ਦਿਸੇ ਨਾ ਕੋਇ ਮੁਖੜਾ, ਮਾਨਸ ਮਾਨਵ ਤੇਰੇ ਰੰਗ ਨਾ ਕੋਇ ਸਮਾਈਆ । ਦੀਨ ਦੁਨੀ ਜਗਤ ਕਸਾਈ ਬਣੀ ਬੁੱਚੜਾ, ਬੁਤਖ਼ਾਨਿਆਂ ਪਏ ਦੁਹਾਈਆ । ਤੇਰਾ ਸੰਸਾਰ ਮੇਰੇ ਨਿਰੰਕਾਰ ਮੇਰੇ ਉਤੇ ਦਿਸੇ ਉਜੜਾ, ਬਸਤੀ ਨਜ਼ਰ ਕੋਇ ਨਾ ਆਈਆ । ਤੇਰਾ ਲਹਿਣਾ ਦੇਣਾ ਸਤਿ ਧਰਮ ਦਾ ਵੇਖ ਲੈ ਉਖੜਾ, ਜੜ੍ਹ ਚੋਟੀ ਗਈ ਕੁਮਲਾਈਆ । ਮੇਰਾ ਜੋਬਨ ਹੋਇਆ ਬੁੱਢੜਾ, ਜਵਾਨੀ ਆਪਣਾ ਰੰਗ ਬਦਲਾਈਆ । ਮੇਰੇ ਉਤੇ ਨਵ ਸੱਤ ਤਕ ਲੈ ਗੁੰਝਲਾਂ, ਨਵ ਨਵ ਚਾਰ ਦੇ ਮਾਲਕ ਧਿਆਨ


੭੮੪
੨੪

ਲਗਾਈਆ । ਮੈਂ ਜੁਗ ਚੌਕੜੀ ਤੇਰਾ ਰਾਹ ਤਕਦੀ ਰਹੀ ਸਮਾਂ ਗਿਣ ਕੇ ਉਤੇ ਉਂਗਲਾਂ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੋਟਿਆਂ ਉਤੇ ਰਖਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਧਰਮ ਦੀ ਚੋਟੀ ਆਪ ਗੁੰਦ ਲਾ, ਮੇਰੀ ਮੇਂਢੀ ਸੀਸ ਦੇ ਵਡਿਆਈਆ । ਕੰਨੀ ਧਾਰ ਤਕ ਲੈ ਕੁੰਡਲਾ, ਬੁੰਦਾ ਧਰਮ ਨਾ ਕੋਇ ਰਖਾਈਆ । ਤੂੰ ਆਦਿ ਜੁਗਾਦੀ ਹੋਣਹਾਰ ਹੁੰਦਲਾ, ਧੁਰ ਦਾ ਮਾਲਕ ਨੂਰ ਅਲਾਹੀਆ । ਮੇਰੇ ਗਹਿਰ ਗੰਭੀਰ ਮਨੋਹਰ ਕੁੰਦਲਾ, ਗਵਰ ਤੇਰੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਆਪ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰੇ ਖੁਲ੍ਹੜੇ ਵੇਖ ਲੈ ਕੇਸ, ਕੇਸ਼ਵ ਆਪਣਾ ਧਿਆਨ ਲਗਾਈਆ । ਕੀ ਸੰਦੇਸ਼ਾ ਦੇਵੇ ਬਾਸ਼ਕ ਸਹੰਸਰ ਮੁਖ ਸ਼ੇਸ਼, ਸ਼ੇਸ਼ ਆਪਣਾ ਢੋਲਾ ਗਾਈਆ । ਕੀ ਆਸ਼ਾ ਰਖੀ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਮਹਿਖਾਸੁਰ ਕੀ ਗਿਆ ਦ੍ਰਿੜਾਈਆ । ਮੈਂ ਸੁਣਦੀ ਰਹੀ ਅਵਤਾਰ ਪੈਗ਼ੰਬਰਾਂ ਦੇ ਸੰਦੇਸ਼, ਗੁਰੂ ਗੁਰਦੇਵ ਢੋਲੇ ਗਾਈਆ । ਮੇਰੇ ਨਾਲ ਵਾਅਦਾ ਕੀਤਾ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਦੇ ਮਾਲਕ ਦਇਆ ਕਮਾਈਆ । ਪ੍ਰਭੂ ਦਾ ਅੰਤ ਅਵਲੜਾ ਹੋਵੇ ਭੇਸ, ਨਿਰਗੁਣ ਆਪਣਾ ਰੂਪ ਬਦਲਾਈਆ । ਧਰਨੀਏ ਤੇਰੇ ਉਤੇ ਵਸੇ ਸੰਬਲ ਦੇਸ, ਸਚ ਦੁਆਰੇ ਸੋਭਾ ਪਾਈਆ । ਜੋ ਮਾਲਕ ਹੋਵੇ ਅਗੰਮ ਨਰੇਸ਼, ਨਰ ਨਰਾਇਣ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਲਹਿਣਾ ਦੇਣਾ ਤੇਰਾ ਲੇਖਾ ਜਾਣੇ ਹਮੇਸ਼, ਜੋ ਹਮ ਸਾਜਣ ਹੋ ਕੇ
੭੯੫ ਤੇਰਾ ਲਹਿਣਾ ਦੇਣਾ ਪੂਰ ਕਰਾਈਆ । ੭੯੫

੨੪ ੨੪

✪ ੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਬੀਬੀ ਗੁਰਬਚਨ ਕੌਰ, ਬੀਬੀ ਛਿੰਦੋ ਦੇ ਗ੍ਰਿਹ ਪਿੰਡ ਧਨੋਏ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੇਰੇ ਨਿਰੰਕਾਰ, ਨਿਰਵੈਰ ਤੇਰੀ ਓਟ ਤਕਾਈਆ । ਮੇਰੇ ਸ਼ਾਹੋ ਭੂਪ ਸਿਕਦਾਰ, ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਮੈਨੂੰ ਸੰਦੇਸ਼ੇ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰ, ਸ਼ਬਦੀ ਸ਼ਬਦ ਸ਼ਬਦ ਜਣਾਈਆ । ਧਰਨੀਏ ਰਖੀਂ ਕਲਜੁਗ ਅੰਤਮ ਇੰਤਜ਼ਾਰ, ਆਪ ਆਪਣਾ ਧਿਆਨ ਲਗਾਈਆ । ਜਿਸ ਵੇਲੇ ਨਵ ਸੱਤ ਹੋਇਆ ਧੂੰਆਂਧਾਰ, ਧਰਮ ਦੀ ਧਾਰ ਰਹਿਣ ਕੋਇ ਨਾ ਪਾਈਆ । ਕੂੜੀ ਕਿਰਿਆ ਕਲਜੁਗ ਭਰੇ ਹੰਕਾਰ, ਹਉਮੇ ਹੰਗਤਾ ਗੜ੍ਹ ਨਾਲ ਮਿਲਾਈਆ । ਤਨ ਵਜੂਦ ਝੂਠਾ ਕਰਨ ਸ਼ਿੰਗਾਰ, ਸਤਿ ਧਰਮ ਰਹਿਣ ਕੋਇ ਨਾ ਪਾਈਆ । ਦੀਨਾਂ ਮਜ਼੍ਹਬਾਂ ਹੋਵੇ ਧੂੰਆਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਗ੍ਰੰਥ ਸ਼ਾਸਤਰ ਚਾਰ ਜੁਗ ਦੇ ਕਰਨ ਇਜ਼ਹਾਰ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਅਠਸਠ ਤੀਰਥ ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਜ਼ਾਰੋ ਜ਼ਾਰ, ਬਿਨ ਨੇਤਰ ਲੋਚਨ ਨੈਣਾਂ ਨੀਰ ਵਹਾਈਆ । ਅੰਮ੍ਰਿਤ ਰਸ ਬੂੰਦ ਸਵਾਂਤੀ ਕਿਸੇ ਮਿਲੇ ਨਾ ਠੰਢੀ ਠਾਰ, ਅਗਨੀ ਅੱਗ ਨਾ ਕੋਇ ਬੁਝਾਈਆ । ਉਸ ਵੇਲੇ ਤੇਰੇ ਉਤੇ ਕਲ ਕਲਕੀ ਆਵੇ ਅਵਤਾਰ, ਕਲ ਕਾਤੀਆਂ ਡੇਰਾ ਢਾਹੀਆ । ਅਮਾਮ ਅਮਾਮਾ ਨੂਰ ਕਰੇ ਉਜਿਆਰ, ਉਜਾਲਾ ਦੋ ਜਹਾਨ ਵਖਾਈਆ । ਪੈਗ਼ੰਬਰਾਂ ਗੁਫ਼ਤ ਸ਼ਨੀਦ ਕੀਤੀ ਗੁਫ਼ਤਾਰ, ਬਿਨ ਅਲਿਫ਼ ਯੇ ਪੜ੍ਹਾਈਆ । ਜਿਸ ਦੇ ਨਾਲ ਨਹੀਂ ਕੋਈ ਤਕਰਾਰ, ਮੁਤੱਸਬ ਸ਼ਰਅ ਨਾ ਕੋਇ ਰਖਾਈਆ । ਤੂੰ ਉਸ ਨੂੰ ਬਿਨ ਸੀਸ ਕਰੀਂ ਨਿਮਸਕਾਰ, ਸਜਦਾ ਕਰਕੇ ਖ਼ੁਸ਼ੀ ਬਣਾਈਆ ।

ਉਹ ਜੋਤੀ ਜਾਤਾ ਪੁਰਖ ਬਿਧਾਤਾ ਵੇਖੇ ਵਿਗਸੇ ਪਾਵੇ ਤੇਰੀ ਸਾਰ, ਵੇਖਣਹਾਰਾ ਨੂਰ ਅਲਾਹੀਆ । ਧਰਨੀ ਕਹੇ ਮੈਂ ਪ੍ਰਭੂ ਦਿਵਸ ਰੈਣ ਕਰਾਂ ਗਿਰਿਆਜ਼ਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੀ ਇਕ ਅਗੰਮੀ ਮੰਗ, ਜਗਤ ਵਾਸਨਾ ਨਾ ਕੋਇ ਰਖਾਈਆ । ਜੁਗ ਚੌਕੜੀ ਕੇਤੇ ਗਏ ਲੰਘ, ਬ੍ਰਹਮੇ ਮਨਵੰਤਰ ਆਪਣਾ ਪੰਧ ਮੁਕਾਈਆ । ਮੇਰੀ ਸੇਜ ਸੁਹੰਜਣੀ ਕਰੇ ਨਾ ਕੋਇ ਪਲੰਘ, ਸੁਖ ਆਸਣ ਪੁਰਖ ਅਬਿਨਾਸ਼ਣ ਡੇਰਾ ਕੋਇ ਨਾ ਲਾਈਆ । ਨਿਗਾਹ ਮਾਰ ਲੈ ਮੇਰੇ ਉਤੇ ਦੀਨ ਦੁਨੀ ਸ਼ਰਅ ਦੀ ਹੋਈ ਕੰਧ, ਸ਼ਰੀਅਤ ਆਪਣੀ ਵੰਡ ਬਣਾਈਆ । ਮੈਂ ਨਿਰਗੁਣ ਧਾਰ ਤੇਰਾ ਸੁਣਨਾ ਚਾਹੁੰਦੀ ਛੰਦ, ਢੋਲਾ ਅਗੰਮ ਅਥਾਹੀਆ । ਮਿਹਰਵਾਨਾ ਸ੍ਰੀ ਭਗਵਾਨਾ ਨੌਜੁਆਨਾ ਮੇਰੇ ਉਤੇ ਆ ਜਾ ਮਾਰ ਕੇ ਪੰਧ, ਸਚਖੰਡ ਨਿਵਾਸੀ ਆਪਣਾ ਪੰਧ ਮੁਕਾਈਆ । ਤੇਰੀ ਸਿਫ਼ਤ ਵਡਿਆਈ ਕਰਾਂ ਬਿਨ ਰਸਨਾ ਜਿਹਵਾ ਦੰਦ, ਬਿਨ ਅੱਖਰਾਂ ਅੱਖਰ ਮਿਲਾਈਆ । ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਬ੍ਰਹਿਮੰਡ ਖੰਡ ਆਉਣਾ ਲੰਘ, ਰਵ ਸਸ ਸੂਰੀਆ ਚੰਦ ਤੇਰੇ ਨਿਵ ਨਿਵ ਲਾਗਣ ਪਾਈਆ । ਮੇਰਾ ਖ਼ੁਸ਼ੀ ਕਰ ਦੇ ਬੰਦ ਬੰਦ, ਬੰਧਨ ਦੀਨ ਦੁਨੀ ਜੁੜਾਈਆ । ਮੇਰੇ ਉਤੇ ਬਖ਼ਸ਼ ਅਗੰਮਾ ਅਨੰਦ, ਅਨੰਦਪੁਰ ਵਾਸੀ ਗੋਬਿੰਦ ਮਿਲ ਕੇ ਵਜੇ ਵਧਾਈਆ । ਕਲਜੁਗ ਅੰਤ ਕੂੜੀ ਕਿਰਿਆ ਕਰਦੇ ਭੰਗ, ਭਾਵਨਾ ਤੇਰੇ ਅਗੇ ਰਖਾਈਆ । ਜੋ ਆਸਾ ਰਖ ਕੇ ਗਿਆ ਸਾਧੂ ਸਰਬੰਗ, ਸੋਹਲੇ ਢੋਲੇ ਤੇਰੇ ਚਰਨ ਟਿਕਾਈਆ । ਮੇਰੇ ਮਾਲਕ ਸੁਆਮੀ ਠਾਕਰ ਮਿਹਰਵਾਨਾ ਮੇਰਾ ਭਾਗ ਹੋਣ ਨਾ ਦੇਵੀਂ ਮੰਦ, ਮੰਦਭਾਗਣ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਕਰ ਦੇ ਮਿਹਰ ਮਿਹਰਵਾਨ, ਮਹਿਬਾਨ ਬੀਦੋ ਤੇਰੀ ਓਟ ਤਕਾਈਆ । ਸਚ ਧਰਮ ਝੁਲਾ ਨਿਸ਼ਾਨ, ਨਿਸ਼ਾਨਾ ਦੀਨ ਦੁਨੀ ਬਦਲਾਈਆ । ਤੂੰ ਆਦਿ ਜੁਗਾਦੀ ਮੇਰਾ ਰਾਮ, ਕਾਹਨ ਕਾਹਨਾ ਨੂਰ ਅਲਾਹੀਆ । ਮੈਂ ਤੇਰੇ ਚਰਨ ਕਵਲ ਕਰਾਂ ਪਰਨਾਮ, ਨਮਸਤੇ ਕਹਿ ਕੇ ਸੀਸ ਝੁਕਾਈਆ । ਮੇਰੇ ਉਤੋਂ ਕੂੜੀ ਕਿਰਿਆ ਕਢ ਦੇ ਜਗਤ ਜੁਗਤ ਹਰਾਮ, ਹਿਰਦੇ ਆਪਣਾ ਨਾਮ ਦਰਸਾਈਆ । ਸ਼ਰਅ ਦਾ ਰਹੇ ਨਾ ਕੋਇ ਗ਼ੁਲਾਮ, ਜ਼ੰਜੀਰ ਬੇਨਜ਼ੀਰ ਦੇਣੀ ਤੁੜਾਈਆ । ਮੇਰੀ ਆਸਾ ਮਨਸਾ ਨੌ ਸੌ ਚੁਰਾਨਮੇ ਚੌਕੜੀ ਜੁਗ ਦੀ ਵੇਖ ਤਮਾਮ, ਤਮਅ ਲਾਲਚ ਨਾ ਕੋਇ ਰਖਾਈਆ । ਨਵ ਸੱਤ ਮੇਟ ਅੰਧੇਰਾ ਸ਼ਾਮ, ਸ਼ਮਅ ਨੂਰ ਜੋਤ ਕਰ ਰੁਸ਼ਨਾਈਆ । ਜਲਵਾ ਵਖਾ ਦੇ ਸਦੀ ਚੌਧਵੀਂ ਆਪਣਾ ਅਮਾਮ, ਨੂਰ ਨੁਰਾਨੇ ਧੁਰਦਰਗਾਹੀਆ । ਮੈਨੂੰ ਸੰਦੇਸ਼ਾ ਦੇ ਦੇ ਬਿਨ ਅੱਖਰਾਂ ਅਗੰਮ ਪੈਗ਼ਾਮ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਦ੍ਰਿੜਾਈਆ । ਮੇਰਾ ਪੂਰਨ ਹੋਵੇ ਕਾਮ, ਕਾਮਨਾ ਤੇਰੇ ਚਰਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਧਰਮ ਤੇਰਾ ਈਮਾਨ, ਤੇਰੀ ਸ੍ਰਿਸ਼ਟ ਤੇਰਾ ਇਨਸਾਨ, ਕਾਇਨਾਤ ਦੇ ਮਾਲਕ ਖ਼ਾਲਕ ਤੇਰੇ ਅਗੇ ਵਾਸਤਾ ਪਾਈਆ ।

✪ ੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਅਵਤਾਰ ਸਿੰਘ ਦੇ ਗ੍ਰਿਹਿ ਪਿੰਡ ਕਾਉਂਕੇ ਜ਼ਿਲਾ ਅੰਮ੍ਰਿਤਸਰ ✪

ਨਾਰਦ ਕਹੇ ਸੁਣ ਧਰਤੀ ਮਾਤਾ, ਅੰਮੀਏ ਅੰਮੜੀਏ ਤੈਨੂੰ ਦਿਆਂ ਜਣਾਈਆ । ਕੀ ਖੇਲ ਪੁਰਖ ਬਿਧਾਤਾ, ਪਾਰਬ੍ਰਹਮ ਪਤਿਪਰਮੇਸ਼ਵਰ ਕੀ ਆਪਣਾ ਹੁਕਮ ਵਰਤਾਈਆ । ਆਦਿ ਜੁਗਾਦੀ ਸ਼ਬਦੀ ਧਾਰ ਜਿਸ ਦਾ ਤੇਰਾ ਨਾਤਾ, ਨਾਤਵਾਨੇ ਤੈਨੂੰ ਦਿਆਂ ਦ੍ਰਿੜਾਈਆ । ਉਹ ਨਵ ਸੱਤ ਦਾ ਤੇਰਾ ਵੇਖ ਰਿਹਾ ਖਾਤਾ, ਗਹਿਰ ਗਵਰ ਭੇਵ ਅਭੇਦ ਆਪ ਚੁਕਾਈਆ । ਉਹ ਸਭ ਦੀ ਪੁਛਣਹਾਰਾ ਵਾਤਾ, ਵਾਤਾਵਰਣ ਤਕੇ ਖ਼ਲਕ ਖ਼ੁਦਾਈਆ । ਕਿਉਂ ਤੇਰੇ ਉਤੇ ਹੋਈ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚਮਕਾਈਆ । ਉਸ ਦਾ ਲੇਖਾ ਤਕ ਲੈ ਜੋ ਹੋਣਾ ਬਹੁ ਬਿਧ ਭਾਂਤਾ, ਅਨਕ ਕਲ ਆਪਣਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਧੁਰਦਰਗਾਹੀਆ । ਨਾਰਦ ਕਹੇ ਧਰਨੀਏ ਹੋ ਜਾ ਸਾਵਧਾਨ, ਕੀ ਸਾਵਰੀਆ ਖੇਲ ਕਰਾਈਆ । ਹੁਕਮ ਸੰਦੇਸ਼ਾ ਸੁਣ ਸ੍ਰੀ ਭਗਵਾਨ, ਕੀ ਭਗਵਨ ਰਿਹਾ ਦ੍ਰਿੜਾਈਆ । ਕਮਲੀਏ ਰਹੀਂ ਨਾ ਮੂਲ ਨਿਧਾਨ, ਬਾਲੀਏ ਆਪਣੀ ਲੈ ਅੰਗੜਾਈਆ । ਤੇਰੇ ਉਤੇ ਪੁਰਖ ਅਕਾਲਾ ਦੀਨ ਦਿਆਲਾ ਬਦਲਣ ਵਾਲਾ ਵਿਧਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਨੀ ਤੂੰ ਸੁਣ ਲੈ ਬਿਨਾ ਤਨ ਵਜੂਦ ਕਾਨ, ਕਾਇਨਾਤ ਦਾ ਮਾਲਕ ਕੀ ਆਪਣਾ ਖੇਲ ਕਰਾਈਆ । ਆਪਣੇ ਉਤੇ ਤਕ ਲੈ ਮਾਨਸ ਜ਼ਾਤੀ ਪੰਜ ਤਤ ਇਨਸਾਨ, ਪ੍ਰਕ੍ਰਿਤੀ ਪੰਝੀ ਵੇਖ ਵਖਾਈਆ । ਲੱਖ ਚੁਰਾਸੀ ਕਰ ਧਿਆਨ, ਚਾਰੇ ਖਾਣੀ ਅੰਡਜ ਜੇਰਜ ਉਤਭੁਜ ਸੇਤਜ ਭੇਵ ਰਹੇ ਨਾ ਰਾਈਆ । ਤੇਰੇ ਉਤੇ ਨਵ ਸੱਤ ਧਰਮ ਦਾ ਰਿਹਾ ਨਾ ਕੋਇ ਈਮਾਨ, ਸਚ ਸੁਚ ਨਾ ਕੋਇ ਚਤੁਰਾਈਆ । ਕੂੜੀ ਕਿਰਿਆ ਹੋਈ ਪਰਧਾਨ, ਨਵ ਖੰਡ ਭੱਜੇ ਵਾਹੋ ਦਾਹੀਆ । ਮਨ ਮਨਸਾ ਫਿਰੇ ਸ਼ੈਤਾਨ, ਬੁਧਿ ਬਿਬੇਕ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਨਾਰਦਾ ਮੈਨੂੰ ਉਸੇ ਦੀ ਉਡੀਕ, ਜੋ ਮਾਲਕ ਧੁਰਦਰਗਾਹੀਆ । ਜਿਸ ਦੇ ਵਿਚ ਹਕ ਤੌਫ਼ੀਕ, ਜਲਵਾਗਰ ਨੂਰ ਅਲਾਹੀਆ । ਜੋ ਮੇਰੇ ਉਤੇ ਮੇਟੇ ਅੰਧੇਰਾ ਤਾਰੀਕ, ਨਿਰਗੁਣ ਨੂਰੀ ਚੰਦ ਕਰੇ ਰੁਸ਼ਨਾਈਆ । ਜਿਸ ਦੀ ਅਵਤਾਰ ਪੈਗ਼ੰਬਰਾਂ ਗੁਰੂਆਂ ਕੀਤੀ ਤਸਦੀਕ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਭਵਿਖਤਾਂ ਵਿਚ ਪੇਸ਼ੀਨਗੋਈਆਂ ਵਿਚ ਜਿਸ ਦੀ ਸਭ ਨੇ ਰਖੀ ਉਡੀਕ, ਆਮਦ ਵਿਚ ਖ਼ੁਸ਼ੀ ਵਿਚ ਉਸੇ ਦਾ ਰਾਹ ਤਕਾਂ ਚਾਈਂ ਚਾਈਆ । ਜਿਸ ਗ਼ਫ਼ਲਤ ਵਿਚੋਂ ਸਭ ਦੀ ਖੋਲ੍ਹਣੀ ਨੀਂਦ, ਸਵਾਧਾਨ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਨਾਰਦ ਕਹੇ ਧਰਨੀਏ ਸੋ ਪੁਰਖ ਨਿਰੰਜਣ ਆਵੇਗਾ । ਹਰਿ ਪੁਰਖ ਨਿਰੰਜਣ ਵੇਸ ਵਟਾਵੇਗਾ । ਏਕੰਕਾਰ ਰੂਪ ਧਰਾਵੇਗਾ । ਆਦਿ ਨਿਰੰਜਣ ਡਗਮਗਾਵੇਗਾ । ਸ੍ਰੀ ਭਗਵਾਨ ਸੋਭਾ ਪਾਵੇਗਾ । ਅਬਿਨਾਸ਼ੀ ਕਰਤਾ ਖੇਲ ਵਖਾਵੇਗਾ । ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਵੇਗਾ । ਸਤਿਗੁਰ ਸ਼ਬਦ ਸ਼ਬਦ ਉਠਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਵੇਗਾ । ਦੋ ਜਹਾਨਾਂ ਵੇਖ ਵਖਾਵੇਗਾ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੀ ਕਾਰ ਭੁਗਤਾਵੇਗਾ । ਅਵਤਾਰ ਪੈਗ਼ੰਬਰਾਂ ਗੁਰੂਆਂ ਨਾਲ ਜਗਾਵੇਗਾ । ਚਾਰ ਜੁਗ ਦੇ ਸ਼ਾਸਤਰ ਫੋਲ ਫੁਲਾਵੇਗਾ । ਨਾਮ ਕਲਮਿਆਂ ਪਰਦਾ ਲਾਹਵੇਗਾ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਆਪਣਾ ਧਿਆਨ ਲਗਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਵੇਗਾ । ਸਚ ਦਾ ਹੁਕਮ ਇਕ ਦ੍ਰਿੜਾਏਗਾ । ਦੀਨ ਦਿਆਲ ਦਇਆ ਕਮਾਏਗਾ । ਕਲਜੁਗ ਅੰਤਮ ਵੇਸ ਵਟਾਏਗਾ । ਨਰ ਨਰੇਸ਼ਾ ਨਾਉਂ ਧਰਾਏਗਾ । ਕਲ ਕਲੇਸ਼ਾ ਆਪ ਮਿਟਾਏਗਾ । ਗੋਬਿੰਦ ਦਸ ਦਸਮੇਸ਼ਾ ਨਾਲ ਰਖਾਏਗਾ । ਜੋ ਸ਼ਬਦ ਦੀ ਧਾਰ ਜਾਣੇ ਲੇਖਾ, ਲਿਖਤ ਭਵਿਖਤ ਸੰਗ ਰਖਾਏਗਾ । ਜੋ ਵਸੇ ਸੰਬਲ ਦੇਸਾ, ਸਾਢੇ ਤਿੰਨ ਹੱਥ ਸੋਭਾ ਪਾਏਗਾ । ਜਿਸ ਦਾ ਮੁੱਛ ਦਾੜ੍ਹੀ ਨਾ ਕੇਸਾ, ਰੂਪ ਰੰਗ ਨਾ ਕੋਇ ਜਣਾਏਗਾ । ਜੋ ਆਦਿ ਜੁਗਾਦਿ ਰਹੇ ਹਮੇਸ਼ਾ, ਹਮ ਸਾਜਣ ਇਕ ਅਖਵਾਏਗਾ । ਜਿਸ ਲਹਿਣਾ ਦੇਣਾ ਪੂਰਾ ਕਰਨਾ ਵਿਸ਼ਨ ਬ੍ਰਹਮਾ ਸ਼ਿਵ ਗਣਪਤ ਗਣੇਸ਼ਾ, ਕਰੋੜ ਤੇਤੀਸਾ ਵੇਖ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਏਗਾ । ਸਾਚਾ ਭੇਵ ਆਪ ਚੁਕਾਵੇਗਾ । ਪਰਦਾ ਪਰਦਿਆਂ ਵਿਚੋਂ ਉਠਾਵੇਗਾ । ਗ੍ਰਿਹਿ ਮੰਦਰ ਇਕ ਸੁਹਾਵੇਗਾ । ਸਾਚੇ ਮੰਦਰ ਜੋਤ ਰੁਸ਼ਨਾਵੇਗਾ । ਸ਼ਬਦ ਨਾਦ ਅਨਾਦੀ ਆਪ ਜਣਾਵੇਗਾ । ਬ੍ਰਹਮ ਬ੍ਰਹਿਮਾਦੀ ਆਪ ਸੁਣਾਵੇਗਾ । ਸੰਦੇਸ਼ਾ ਦੇ ਕੇ ਬੋਧ ਅਗਾਧੀ, ਅਲਖ ਅਗੋਚਰ ਕਾਰ ਕਮਾਵੇਗਾ । ਧੁਰ ਦਾ ਠਾਕਰ ਬਣ ਕੇ ਮੌਜ਼ੀ, ਮਜਲਸ ਭਗਤਾਂ ਨਾਲ ਰਖਾਵੇਗਾ । ਸੂਫ਼ੀਆਂ ਸੰਤਾਂ ਦੇ ਕੇ ਸੋਝੀ, ਸੁਰਤੀ ਸ਼ਬਦ ਨਾਲ ਜੁੜਾਵੇਗਾ । ਸਤਿ ਧਰਮ ਦਾ ਬਣਕੇ ਖੋਜੀ, ਲੱਖ ਚੁਰਾਸੀ ਫੋਲ ਫੁਲਾਵੇਗਾ । ਗੁਰਮੁਖਾਂ ਹਿਰਦੇ ਜਾਵੇ ਸੋਧੀ, ਵਦੀ ਸੁਦੀ ਵੰਡ ਨਾ ਕੋਇ ਵੰਡਾਵੇਗਾ । ਦੁਰਮਤ ਮੈਲ ਧੋਵੇ ਬਣਕੇ ਧੋਬੀ, ਕਲਜੁਗ ਕੂੜੀ ਕਿਰਿਆ ਦਾਗ਼ ਚੁਕਾਵੇਗਾ । ਲੱਖ ਚੁਰਾਸੀ ਦਾ ਭਗਤ ਰਹੇ ਕੋਇ ਨਾ ਰੋਗੀ,
੭੮੮ ਆਵਣ ਜਾਵਣ ਫੰਦ ਕਟਾਵੇਗਾ । ਦੀਨ ਮਜ਼੍ਹਬ ਦਾ ਜਿਸ ਨੂੰ ਹੋਇ ਕੋਇ ਨਾ ਲੋਭੀ, ਲਾਲਚ ਆਪਣਾ ਨਾਮ ਦ੍ਰਿੜਾਵੇਗਾ । ਧਰਨੀਏ ਹਰਿਜਨ ੭੮੮
੨੪ ਸੰਤ ਸੁਹੇਲੇ ਤੇਰੇ ਉਤੇ ਚੁੱਕੇ ਆਪਣੀ ਗੋਦੀ, ਗੋਦਾਵਰੀ ਦਾ ਕੰਢਾ ਗੋਬਿੰਦ ਧਾਰ ਨਾਲ ਸਮਝਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੨੪
ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਰਗ ਇਕ ਦ੍ਰਿੜਾਵੇਗਾ । ਧਰਨੀ ਕਹੇ ਨਾਰਦਾ ਮੇਰਾ ਸਾਹਿਬ ਹੋਵੇ ਅਲਖ, ਅਲਖ ਅਲਖਣਾ ਇਕੋ ਅਖਵਾਈਆ । ਧੰਨ ਭਾਗ ਮੇਰੇ ਉਤੇ ਹੋਵੇ ਪ੍ਰਤਖ, ਪਾਰਖੂ ਬਣੇ ਖ਼ਲਕ ਖ਼ੁਦਾਈਆ । ਕਲਜੁਗ ਕੂੜੀ ਕਿਰਿਆ ਕਰੇ ਵਖ, ਮਾਇਆ ਮਮਤਾ ਮੋਹ ਮਿਟਾਈਆ । ਮੇਰੀ ਖ਼ਾਲੀ ਝੋਲੀ ਭਰੇ ਸੱਖ, ਨਾਮ ਨਿਧਾਨਾ ਇਕ ਵਰਤਾਈਆ । ਨਿਜ ਨੇਤਰ ਘਰ ਸੁਆਮੀ ਖੋਲ੍ਹੇ ਅੱਖ, ਲੋਚਨ ਧੁਰ ਦੇ ਨਜ਼ਰੀ ਆਈਆ । ਸਚ ਪ੍ਰੇਮ ਦਾ ਮੈਨੂੰ ਦੇਵੇ ਰਸ, ਅੰਮ੍ਰਿਤ ਅਗੰਮਾ ਆਪ ਬਰਸਾਈਆ । ਮੈਂ ਖ਼ੁਸ਼ੀਆਂ ਵਿਚ ਪਵਾਂ ਹਸ, ਹਸਤੀ ਤਕਾਂ ਧੁਰਦਰਗਾਹੀਆ । ਦਿਵਸ ਰੈਣ ਜਿਸ ਦੇ ਹੁਕਮ ਵਿਚ ਰਹੀ ਨੱਸ, ਆਦਿ ਜੁਗਾਦਿ ਭੱਜਾਂ ਵਾਹੋ ਦਾਹੀਆ । ਉਹ ਮੇਰਾ ਲਹਿਣਾ ਦੇਣਾ ਰਖੇ ਮੇਰੇ ਹੱਥ, ਦੂਸਰ ਹੱਥ ਨਾ ਕੋਇ ਫੜਾਈਆ । ਮੇਰਾ ਸਾਹਿਬ ਪੁਰਖ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਉਸ ਦੇ ਕ਼ਦਮਾਂ ਜਾਵਾਂ ਢਠ, ਨਿਵ ਨਿਵ ਲਾਗਾਂ ਪਾਈਆ । ਜੋ ਧਰਮ ਦੀ ਧਾਰ ਏਕੰਕਾਰ ਉਲਟੀ ਗੇੜੇ ਲਠ, ਗੇੜਾ ਸਮਝ ਕਿਸੇ ਨਾ ਆਈਆ । ਕਲਜੁਗ ਲੇਖਾ ਮੇਰੇ ਉਤੋਂ ਕਰੇ ਭਠ, ਸਤਿਜੁਗ ਸਤਿ ਸਚ ਵਰਤਾਈਆ । ਜਨ ਭਗਤਾਂ ਭਗਤ ਦੁਆਰ ਹੋਵੇ ਇਕੱਠ, ਇਕੋ ਗ੍ਰਿਹਿ ਮਿਲਕੇ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਸਿਰ ਸੁਆਮੀ ਹੋ ਕੇ ਰਖੇ ਹੱਥ, ਜਗਤ ਹਥੇਲੀ ਨਜ਼ਰ ਕੋਇ ਨਾ ਆਈਆ ।

੭੮੯
੨੪

## ✪ ੧੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਜਗਮੋਹਣ ਸਿੰਘ ਦੇ ਗ੍ਰਿਹ ਪਿੰਡ ਬੋਪਾਰਾਏ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਕਹੇ ਧਰਨੀਏ ਤੇਰੀ ਅਗੰਮੀ ਪੁਕਾਰ, ਦੋ ਜਹਾਨ ਸ੍ਰੀ ਭਗਵਾਨ ਨੌਜਵਾਨ ਸੁਣੇ ਚਾਈਂ ਚਾਈਆ । ਨਿਮਾਣੀ ਹੋ ਕੇ ਨਾ ਕਰ ਗਿਰਿਆਜ਼ਾਰ, ਨਵ ਸੱਤ ਬਿਨ ਨੈਣਾਂ ਨੀਰ ਵਹਾਈਆ । ਪੁਰਖ ਅਕਾਲਾ ਦੀਨ ਦਿਆਲਾ ਆਦਿ ਜੁਗਾਦੀ ਪਾਵਣਹਾਰਾ ਸਾਰ, ਬ੍ਰਹਮ ਬ੍ਰਹਿਮਾਦੀ ਵੇਖੇ ਥਾਉਂ ਥਾਈਂਆ । ਜਿਸ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਲਹਿਣਾ ਦੇਣਾ ਲਿਆ ਵਿਚਾਰ, ਕਲਜੁਗ ਲੇਖਾ ਆਪਣੇ ਹੱਥ ਰਖਾਈਆ । ਜਿਸ ਦੇ ਹੁਕਮ ਵਿਚ ਵਿਸ਼ਨ ਬ੍ਰਹਮਾ ਸ਼ਿਵ ਸਦ ਰਹਿੰਦੇ ਖ਼ਬਰਦਾਰ, ਸੰਸਾਰੀ ਭੰਡਾਰੀ ਸੰਘਾਰੀ ਬੈਠਣ ਸੀਸ ਨਿਵਾਈਆ । ਜਿਸ ਦੇ ਸਚ ਸੰਦੇਸ਼ੇ ਦੇ ਕੇ ਗਏ ਤੇਈ ਅਵਤਾਰ, ਤ੍ਰੈਗੁਣ ਅਤੀਤਾ ਠਾਂਢਾ ਸੀਤਾ ਆਪਣਾ ਹੁਕਮ ਵਰਤਾਈਆ । ਜਿਸ ਦਾ ਪੈਗ਼ੰਬਰਾਂ ਕੀਤਾ ਇਜ਼ਹਾਰ, ਸਿਫ਼ਤਾਂ ਵਿਚ ਸਿਫ਼ਤੀ ਢੋਲੇ ਗਾਈਆ । ਜਿਸ ਦਾ ਗੁਰੂਆਂ ਬੋਲ ਜੈਕਾਰ, ਡੰਕਾ ਫ਼ਤਿਹ ਦਿਤਾ ਵਜਾਈਆ । ਸੋ ਸਾਹਿਬ ਸੁਆਮੀ ਸਭ ਦਾ ਸਾਂਝਾ ਯਾਰ, ਮੀਤ ਪਿਆਰਾ ਮਿਤਰ ਇਕ ਅਖਵਾਈਆ । ਜਿਸ ਨੂੰ ਕਹਿੰਦੇ ਪਰਵਰਦਿਗਾਰ, ਜਲਵਾਗਰ ਨੂਰ ਅਲਾਹੀਆ । ਉਹ ਏਥੇ ਉਥੇ ਵੇਖੇ ਵਿਗਸੇ ਵੇਖਣਹਾਰ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਫੋਲ ਫੁਲਾਈਆ । ਤੂੰ ਉਸ ਦੀ ਬਿਨਾ ਆਸ਼ਾ ਕਰ ਇੰਤਜ਼ਾਰ, ਜੋ ਤੇਰਾ ਲਹਿਣਾ ਦੇਣਾ ਤੇਰੀ ਝੋਲੀ ਦਏ ਟਿਕਾਈਆ । ਜਿਸ ਦੀ ਖ਼ਾਦਮ ਹੋ ਕੇ ਬਣੀ ਖ਼ਿਦਮਤਗਾਰ, ਚਾਕਰ ਹੋ ਕੇ ਸੇਵ ਕਮਾਈਆ । ਉਸ ਨੂੰ ਸਭ ਨੇ ਕਿਹਾ ਕਲ ਕਲਕੀ ਅਵਤਾਰ, ਨਿਹਕਲੰਕ ਨੂਰ ਅਲਾਹੀਆ । ਅਮਾਮ ਅਮਾਮਾ ਬਣੇ ਸਿਕਦਾਰ, ਚੌਦਾਂ ਲੋਕ ਚੌਦਾਂ ਤਬਕ ਜਿਸ ਨੂੰ ਸਯਦਿਆਂ ਵਿਚ ਸੀਸ ਝੁਕਾਈਆ । ਨੂਰ ਨੁਰਾਨਾ ਸ਼ਾਹ ਸੁਲਤਾਨਾ ਤੇਰੇ ਉਤੇ ਹੋਏ ਜ਼ਾਹਰ, ਜ਼ਾਹਰ ਜ਼ਹੂਰ ਆਪਣੀ ਕਲ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਇਕ ਗੁਸਾਈਆ । ਸਤਿਗੁਰ ਸ਼ਬਦ ਕਹੇ ਧਰਨੀਏ ਤੂੰ ਸਤਿ ਸਤਿ ਦੀ ਰਖੀ ਆਸ, ਆਸ਼ਾ ਪ੍ਰਭ ਦੇ ਉਤੇ ਰਖਾਈਆ । ਉਹ ਮਾਲਕ ਖ਼ਾਲਕ ਪੁਰਖ ਅਬਿਨਾਸ਼, ਹਰਿ ਕਰਤਾ ਧੁਰਦਰਗਾਹੀਆ । ਜੋ ਆਦਿ ਜੁਗਾਦੀ ਪਾਵੇ ਰਾਸ, ਜੁਗ ਚੌਕੜੀ ਬਿਨ ਗੋਪੀ ਕਾਹਨ ਖੇਲ ਖਿਲਾਈਆ । ਜੋ ਲਹਿਣਾ ਦੇਣਾ ਜਾਣੇ ਪਵਣ ਸਵਾਸ, ਸਾਹ ਸਾਹ ਆਪਣਾ ਭੇਵ ਚੁਕਾਈਆ । ਉਹ ਵੇਖਣਹਾਰਾ ਧਰਨੀ ਧਰਤ ਧਵਲ ਧੌਲ ਅਕਾਸ਼, ਅਕਾਸ਼ ਅਕਾਸ਼ਾਂ ਆਪਣਾ ਪੜਦਾ ਦਏ ਚੁਕਾਈਆ । ਜਿਸ ਦੀ ਜੁਗ ਚੌਕੜੀ ਬਣੀ ਰਹੀ ਦਾਸੀ ਦਾਸ, ਸੇਵਕ ਹੋ ਕੇ ਸੇਵ ਕਮਾਈਆ । ਉਹ ਹੁਕਮ ਸੰਦੇਸ਼ਾ ਦੇਵਣਹਾਰਾ ਸ਼ੰਕਰ ਉਤੇ ਕੈਲਾਸ਼, ਬ੍ਰਹਮਾ ਵਿਸ਼ਨ ਨਾਲ ਮਿਲਾਈਆ । ਤੂੰ ਹੋਵੀਂ ਨਾ ਅੰਤ ਉਦਾਸ, ਹੈਰਾਨਗੀ ਵਿਚ ਨਾ ਕੋਇ ਦੁਹਾਈਆ । ਉਹ ਕੂੜ ਕੁੜਿਆਰਾ ਏਕੰਕਾਰਾ ਤੇਰੇ ਉਤੋਂ ਕਰੇ ਨਾਸ, ਨਾਸਤਕ ਰਹਿਣ ਕੋਇ ਨਾ ਪਾਈਆ । ਸਤਿ ਧਰਮ ਦਾ ਸਚ ਕਰੇ ਪਰਕਾਸ਼, ਅੰਧ ਅੰਧੇਰਾ ਦੂਰ ਕਰਾਈਆ । ਉਹ ਲੇਖਾ ਯਾਦ ਕਰ ਲੈ ਜੋ ਆਸ਼ਾ ਰਖ ਕੇ ਗਿਆ ਭਗਤ ਰਵੀਦਾਸ, ਰਵ ਸਸ ਤੋਂ ਬਾਹਰ ਆਪਣਾ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਸੋ ਪੁਰਖ ਨਿਰੰਜਣ ਦਇਆ ਕਮਾਵੇਗਾ । ਹਰਿ ਪੁਰਖ ਨਿਰੰਜਣ ਵੇਖ ਵਖਾਵੇਗਾ । ਏਕੰਕਾਰਾ ਵੇਸ ਵਟਾਵੇਗਾ । ਆਦਿ ਨਿਰੰਜਣ ਡਗਮਗਾਵੇਗਾ । ਅਬਿਨਾਸ਼ੀ ਕਰਤਾ ਸੋਭਾ ਪਾਵੇਗਾ । ਸ੍ਰੀ ਭਗਵਾਨ ਸੰਗ ਨਿਭਾਵੇਗਾ । ਪਾਰਬ੍ਰਹਮ

ਪਰਦਾ ਆਪ ਉਠਾਵੇਗਾ । ਸਤਿਗੁਰ ਸ਼ਬਦ ਡੰਕ ਵਜਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਵੇਗਾ । ਤ੍ਰੈਗੁਣ ਮਾਇਆ ਭੇਵ ਖੁਲ੍ਹਾਵੇਗਾ । ਪੰਜ ਤਤ ਤਤ ਦਰਸਾਵੇਗਾ । ਜੋਤੀ ਜਾਤਾ ਡਗਮਗਾਵੇਗਾ । ਹੁਕਮ ਸੰਦੇਸ਼ਾ ਇਕ ਦ੍ਰਿੜ੍ਹਾਵੇਗਾ । ਨਰ ਨਰੇਸ਼ਾ ਫੇਰੀ ਪਾਵੇਗਾ । ਗੋਬਿੰਦ ਦਸ ਦਸਮੇਸ਼ਾ ਵੇਖ ਵਖਾਵੇਗਾ । ਕਲਜੁਗ ਕੂੜੀ ਕਿਰਿਆ ਕਲੇਸ਼ ਮਿਟਾਵੇਗਾ । ਜੋ ਆਦਿ ਜੁਗਾਦਿ ਰਹੇ ਹਮੇਸ਼, ਸੋ ਸਾਹਿਬ ਸੁਆਮੀ ਦਇਆ ਕਮਾਵੇਗਾ । ਭਾਗ ਲਗਾਵੇ ਸੰਬਲ ਦੇਸ, ਸਾਢੇ ਤਿੰਨ ਹੱਥ ਰੰਗ ਰੰਗਾਵੇਗਾ । ਤੂੰ ਉਸ ਦੇ ਹੋਣਾ ਪੇਸ਼, ਪੇਸ਼ਤਰ ਤੇਰਾ ਵੇਖ ਵਖਾਵੇਗਾ । ਜਿਸ ਨੂੰ ਸਭ ਨੇ ਮੰਨਿਆ ਨਰ ਨਰੇਸ਼, ਨਰ ਨਰਾਇਣ ਰੂਪ ਬਦਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਹੁਕਮ ਵਰਤਾਵੇਗਾ । ਪ੍ਰਭ ਸਚ ਹੁਕਮ ਵਰਤਾਏਗਾ । ਦੀਨ ਦਿਆਲ ਦਇਆ ਕਮਾਏਗਾ । ਕਾਲ ਮਹਾਕਾਲ ਆਪ ਉਠਾਏਗਾ । ਧਰਨੀਏ ਤੇਰੀ ਵੇਖੇ ਪਵਿਤ੍ਰ ਧਰਮਸਾਲ, ਧਵਲੇ ਤੇਰਾ ਭਾਰ ਚੁਕਾਏਗਾ । ਤ੍ਰੈਗੁਣ ਮਾਇਆ ਤੋੜ ਜਗਤ ਜੰਜਾਲ, ਜਾਗਰਤ ਜੋਤ ਡਗਮਗਾਏਗਾ । ਤੇਰੀ ਲੇਖੇ ਲਾਵੇ ਪੂਰਬ ਕੀਤੀ ਘਾਲ, ਪਿਛਲਾ ਲਹਿਣਾ ਝੋਲੀ ਪਾਏਗਾ । ਆ ਕੇ ਵੇਖੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਵੇਸ ਵਟਾਏਗਾ । ਤੂੰ ਆਪਣਾ ਆਪ ਲੈਣਾ ਸੰਭਾਲ, ਸੰਬਲ ਬਹਿ ਕੇ ਰੰਗ ਰੰਗਾਏਗਾ । ਜਿਸ ਦਾ ਸਤਿਗੁਰ ਸ਼ਬਦ ਇਕ ਹੋਏ ਦਲਾਲ, ਵਿਚੋਲਾ ਦੂਜਾ ਨਜ਼ਰ ਕੋਇ ਨਾ ਆਏਗਾ । ਸਤਿਜੁਗ ਸਾਚਾ ਆਪ ਉਠਾ ਕੇ ਬਾਲ, ਬਾਲੀ ਬੁਧਿ ਆਪ ਸਮਝਾਏਗਾ । ਚਰਨ ਪ੍ਰੀਤ ਬਖ਼ਸ਼ ਅਗੰਮੇ ਲਾਲ, ਲਾਲਨ ਆਪਣੀ ਗੋਦ ਟਿਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਏਗਾ । ਧਰਨੀ ਕਹੇ ਸਤਿਗੁਰ ਸ਼ਬਦ ਮੈਂ ਨਿਵ ਨਿਵ ਕਰਾਂ ਨਿਮਸਕਾਰ, ਡੰਡਾਵਤ ਬੰਦਨਾ ਸਜਦਿਆਂ ਵਿਚ ਸੀਸ ਝੁਕਾਈਆ । ਮੇਰਾ ਪਰਮ ਪੁਰਖ ਪਰਮਾਤਮ ਮੇਰੀ ਪਾਵੇ ਸਾਰ, ਮਹਾਸਾਰਥੀ ਹੋ ਕੇ ਦਇਆ ਕਮਾਈਆ । ਕੂੜੀ ਕਿਰਿਆ ਮੇਰਾ ਲਾਹੇ ਭਾਰ, ਭਾਂਡਾ ਭਰਮ ਭਉ ਭੰਨਾਈਆ । ਮੈਨੂੰ ਸੰਦੇਸ਼ੇ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰ, ਸ਼ਬਦੀ ਸ਼ਬਦ ਨਾਦ ਕਰ ਸ਼ਨਵਾਈਆ । ਸੋ ਸੁਆਮੀ ਅੰਤਰਜਾਮੀ ਮੇਰੀ ਪੈਜ ਦਏ ਸਵਾਰ, ਹਰਿ ਕਰਤਾ ਕਰਤਾ ਪੁਰਖ ਧੁਰਦਰਗਾਹੀਆ । ਕਲਜੁਗ ਕੂੜ ਕਲਪਨਾ ਮੇਰੇ ਉਤੋਂ ਕੱਢੇ ਬਾਹਰ, ਧਰਨੀ ਧਰਤ ਧਵਲ ਧੌਲ ਰਹਿਣ ਕੋਇ ਨਾ ਪਾਈਆ । ਮੈਂ ਉਸੇ ਦਾ ਕਰਦੀ ਇੰਤਜ਼ਾਰ, ਦਿਵਸ ਰੈਣ ਬੈਠੀ ਰਾਹ ਤਕਾਈਆ । ਕਵਣ ਵੇਲਾ ਮੇਰਾ ਆਵੇ ਮੀਤ ਮੁਰਾਰ, ਸਾਂਝਾ ਯਾਰ ਨੂਰ ਅਲਾਹੀਆ । ਠਾਕਰ ਸੁਆਮੀ ਮਿਲੇ ਜੋ ਸਭ ਦਾ ਪਰਵਰਦਿਗਾਰ, ਸਿਰ ਮੇਰੇ ਹੱਥ ਟਿਕਾਈਆ । ਮੈਂ ਚਰਨ ਧੂੜੀ ਲਾਵਾਂ ਛਾਰ, ਮਸਤਕ ਟਿੱਕੇ ਖ਼ਾਕ ਰਮਾਈਆ । ਹਾਜ਼ਰ ਹੋਵੇ ਦਰੇ ਦਰਬਾਰ, ਸਨਮੁਖ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਨਿਰਗੁਣ ਸ਼ਾਹੋ ਭੂਪ ਸਚੀ ਸਰਕਾਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਨਜ਼ਰੀ ਆਈਆ ।


੭੯੦ ੨੪

## ੧੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਮਹਿੰਦਰ ਸਿੰਘ ਦੇ ਗ੍ਰਿਹ ਪਿੰਡ ਬੋਪਾਰਾਏ ਜ਼ਿਲਾ ਅੰਮ੍ਰਿਤਸਰ

ਧਰਨੀ ਕਹੇ ਮੇਰੇ ਮਾਲਕ ਆਦਿ ਜੁਗਾਦੀ ਪਰਮ, ਪੁਰਖ ਪੁਰਖੋਤਮ ਤੇਰੀ ਇਕ ਸਰਨਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸਤਿਜੁਗ ਸਾਚੇ ਦੇ ਦੇ ਜਰਮ, ਧੁਰ ਦਾ ਬਣ ਆਪ ਜਣੇਂਦੀ ਮਾਈਆ । ਮੇਰਾ ਉਤਮ ਸ੍ਰੇਸ਼ਟ ਕਰਨੀ ਦੇ ਕਰਤੇ ਕਰ ਦੇ ਕਰਮ, ਕੂੜੀ ਕਿਰਿਆ ਡੇਰਾ ਢਾਹੀਆ । ਜ਼ਾਤ ਪਾਤ ਰਹੇ ਕੋਈ ਨਾ ਭਰਮ, ਭਾਂਡਾ ਭਰਮ ਭਉ ਭੰਨਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਬਦਲ ਦੇ ਚਰਮ, ਚੰਮ ਦ੍ਰਿਸ਼ਟੀ ਰਹਿਣ ਕੋਇ ਨਾ ਪਾਈਆ । ਝਗੜਾ ਮੁਕਾ ਦੇ ਦੀਨ ਮਜ਼੍ਹਬ ਵਰਨ ਬਰਨ, ਆਤਮ ਪਰਮਾਤਮ ਭੇਵ ਖੁਲ੍ਹਾਈਆ । ਮਾਨਵ ਜ਼ਾਤੀ ਇਕੋ ਤੇਰੀ ਲੱਗੇ ਸਰਨ, ਦੂਸਰ ਇਸ਼ਟ ਨਾ ਕੋਇ ਮਨਾਈਆ । ਜਨ ਭਗਤਾਂ ਖੋਲ੍ਹ ਦੇ ਨੇਤਰ ਹਰਨ ਫਰਨ, ਨਿਜ ਲੋਚਨ ਨੈਣ ਕਰ ਰੁਸ਼ਨਾਈਆ । ਤੂੰ ਕਰਨੀ ਦਾ ਕਰਤਾ ਸਭ ਕੁਛ ਕਰਨ, ਕੁਦਰਤ ਦੇ ਕਾਦਰ ਤੇਰੀ ਬੇਪਰਵਾਹੀਆ । ਮੈਂ ਚਾਹੁੰਦੀ ਤੇਰਾ ਨਾਮ ਨਿਧਾਨ ਸ੍ਰੀ ਭਗਵਾਨ ਸਾਰੇ ਪੜ੍ਹਨ, ਢੋਲਾ ਸੋਹਲਾ ਅਗੰਮ ਅਥਾਹੀਆ । ਤੇਰੀ ਮੰਜ਼ਲ ਹਕੀਕੀ ਲਾਸ਼ਰੀਕੀ ਨਵ ਸੱਤ ਚੜ੍ਹਨ, ਬਿਨ ਕਦਮਾਂ ਕਦਮ ਟਿਕਾਈਆ । ਸਚ ਦੁਆਰ ਏਕੰਕਾਰ ਤੇਰੀ ਦਰਗਾਹ ਵੜਨ, ਸਚਖੰਡ ਸਾਚੇ ਦੇਣੀ ਨਾਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਮੇਰੇ ਪੁਰਖ ਅਕਾਲੇ ਬੇਪਰਵਾਹ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਧਰਮ ਦੀ ਧਾਰ ਏਕੰਕਾਰ ਬਣ ਮਲਾਹ, ਸਤਿ ਸਤਿਵਾਦੀ ਆਪਣਾ ਰੰਗ ਰੰਗਾਈਆ । ਮੇਰੀ ਨਿਰਧਨ ਨਿਮਾਣੀ ਦੀ ਪਕੜ ਬਾਂਹ, ਸਿਰ ਮੇਰੇ ਹੱਥ ਟਿਕਾਈਆ । ਮੈਨੂੰ ਸਤਿ ਸਚ ਦੀ ਕਹੇ ਕੋਈ ਨਾ ਮਾਂ, ਮਮਤਾ ਕੂੜ ਕਲਜੁਗ ਹੋਈ ਹਲਕਾਈਆ । ਉਠ ਵੇਖ ਲੈ ਝਗੜਾ ਪਿਆ ਸੂਰ ਗਾਂ, ਮਾਨਸ ਮਾਨਵ ਮਾਨੁਖ ਪਸ਼ੂਆਂ ਖੱਲ ਲੁਹਾਈਆ । ਹਿਰਦੇ ਅੰਤਰ ਨਿਰੰਤਰ ਰਿਹਾ ਕਿਸੇ ਨਾ ਨਾਂ, ਨਾਉਂ ਨਿਰੰਕਾਰ ਤੇਰਾ ਨਜ਼ਰ ਕੋਇ ਨਾ ਆਈਆ । ਕਲਜੁਗ ਜੀਵਾਂ ਬੁੱਧੀ ਹੋਈ ਵਾਂਗ ਕਾਂ, ਕਾਗ ਵਾਂਗ ਸਰਬ ਕੁਰਲਾਈਆ । ਪਵਿਤ੍ਰ ਰਿਹਾ ਕੋਇ ਨਾ ਥਾਂ, ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦੁਆਰ ਦੇਣ ਗਵਾਹੀਆ । ਅਵਤਾਰ ਪੈਗ਼ੰਬਰ ਗੁਰ ਜੋ ਸੰਦੇਸ਼ਾ ਗਏ ਸੁਣਾ, ਸਤਿਗੁਰ ਸਾਚੇ ਤੇਰਾ ਹੁਕਮ ਹੁਕਮ ਜਣਾਈਆ । ਮੇਰੀ ਫਿਰੀ ਦਰੋਹੀ ਵਿਚ ਥਲ ਅਸਗਾਹ, ਟਿੱਲੇ ਪਰਬਤ ਸਮੁੰਦ ਸਾਗਰ ਨੇਤਰ ਨੈਣਾਂ ਨੀਰ ਰਹੇ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਵਸਤ ਆਪ ਵਰਤਾਈਆ । ਧਰਨੀ ਕਹੇ ਪ੍ਰਭੂ ਸਤਿ ਧਰਮ ਦਾ ਲਾ ਦੇ ਜੁਗ, ਜੁਗਤੀ ਸਤਿਗੁਰ ਸ਼ਬਦ ਨਾਲ ਬਣਾਈਆ । ਕਲਜੁਗ ਕੂੜ ਕੁੜਿਆਰ ਦੀ ਔਧ ਜਾਵੇ ਪੁਗ, ਅਗੇ ਅਵਰ ਨਾ ਕੋਇ ਵਧਾਈਆ । ਮੈਨੂੰ ਬਸੁਧਾ ਨੂੰ ਆਪਣੀ ਸਾਚੀ ਦੇ ਸੁਧ, ਵਦੀ ਸੁਦੀ ਵੰਡ ਨਾ ਕੋਇ ਵੰਡਾਈਆ । ਮੈਨੂੰ ਇਉਂ ਦਿਸਦਾ ਅੰਤ ਅਖ਼ੀਰ ਬੇਨਜ਼ੀਰ ਤੇਰੇ ਹੁਕਮ ਦਾ ਹੋਣ ਵਾਲਾ ਯੁਧ, ਯੁਧਿਸ਼ਟਰ ਦਾ ਲੇਖਾ ਕ੍ਰਿਸ਼ਨ ਕਾਹਨ ਨਾਲ ਪੂਰ ਕਰਾਈਆ । ਪਵਿਤ੍ਰ ਦਿਸੇ ਕਿਸੇ ਨਾ ਬੁਧਿ, ਬਿਬੇਕੀ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਮਾਰ ਧਿਆਨ, ਨਿਰਗੁਣ ਨਿਰਵੈਰ ਨਿਰਾਕਾਰ ਵੇਖ ਵਖਾਈਆ । ਤੂੰ ਆਦਿ ਜੁਗਾਦੀ ਮਿਹਰਵਾਨ, ਮਹਿਬੂਬ ਤੇਰੇ ਹੱਥ ਵਡਿਆਈਆ । ਮੇਰੀ ਕੋਝੀ ਕਮਲੀ ਦੀ ਕਰ ਕਲਿਆਣ, ਕਲਮਾ ਕਾਇਨਾਤ ਸਮਝਾਈਆ । ਮਾਨਵ ਜ਼ਾਤੀ

ਦੇ ਦੇ ਇਕ ਗਿਆਨ, ਆਤਮ ਪਰਮਾਤਮ ਪਰਮਾਤਮ ਆਤਮ ਭੇਵ ਰਹੇ ਨਾ ਰਾਈਆ । ਸਾਚੀ ਸ਼ਬਦ ਦੇ ਧੁਨਕਾਨ, ਅਨਹਦ ਨਾਦੀ ਨਾਦ ਦ੍ਰਿੜਾਈਆ । ਅੰਮ੍ਰਿਤ ਰਸ ਨਿਝਰ ਝਿਰਨਿਉਂ ਬਖ਼ਸ਼ ਪੀਣ ਖਾਣ, ਜਗਤ ਤ੍ਰਿਸ਼ਨਾ ਭੁਖ ਰਹੇ ਨਾ ਰਾਈਆ । ਭਾਗ ਲਗਾ ਦੇ ਸਾਢੇ ਤਿੰਨ ਹੱਥ ਮਕਾਨ, ਜੋਤੀ ਜਾਤੇ ਪੁਰਖ ਬਿਧਾਤੇ ਆਪਣਾ ਪਰਦਾ ਦੇ ਚੁਕਾਈਆ । ਤੂੰ ਮਾਲਕ ਖ਼ਾਲਕ ਰਹੀਮ ਰਹਿਮਾਨ, ਮਹਿਬਾਨ ਬੀਦੋ ਤੇਰੇ ਹੱਥ ਵਡਿਆਈਆ । ਮੈਂ ਮਾਂਗਤ ਹੋ ਕੇ ਤੇਰੇ ਦਰ ਤੇ ਡਿੱਗੀ ਆਣ, ਖ਼ਾਲੀ ਝੋਲੀ ਦੇਣੀ ਭਰਾਈਆ । ਮੇਰੀ ਬੇਨੰਤੀ ਕਰ ਪਰਵਾਨ, ਪਰਮ ਪੁਰਖ ਪਰਮਾਤਮ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਇਕ ਦੁਆਰਾ ਖੋਲ੍ਹੀਂ, ਖ਼ਾਲਕ ਖ਼ਲਕ ਦੇਣੀ ਵਡਿਆਈਆ । ਤੇਰੇ ਨਾਮ ਦੀ ਇਕੋ ਹੋਵੇ ਬੋਲੀ, ਅਨਬੋਲਤ, ਭੇਵ ਦੇਣਾ ਚੁਕਾਈਆ । ਸਚ ਤਰਾਜ਼ੂ ਮਾਨਵ ਜ਼ਾਤੀ ਸਾਰੀ ਤੋਲੀਂ, ਕੰਡਾ ਤਰਾਜ਼ੂ ਆਪਣੇ ਹੱਥ ਉਠਾਈਆ । ਮੈਂ ਦਰ ਦੁਆਰ ਏਕੰਕਾਰ ਤੇਰੇ ਹੋਈ ਗੋਲੀ, ਮੇਰੀ ਗੋਲਕ ਖ਼ਾਲੀ ਦੇਣੀ ਭਰਾਈਆ । ਸਤਿਜੁਗ ਅੰਤਰ ਮੇਰੇ ਅੰਦਰ ਮੌਲੀਂ, ਮੌਲਾ ਹੋ ਕੇ ਵੇਖ ਵਖਾਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਤੇਰੀ ਧਰਨੀ ਧਰਤੀ ਧੌਲੀ, ਧਵਲ ਹੋ ਕੇ ਮੰਗ ਮੰਗਾਈਆ । ਮੇਰਾ ਵਅਦਾ ਤਕ ਲੈ ਪੂਰਬ ਇਕ਼ਰਾਰ ਕੌਲੀ, ਕਵਲ ਨੈਣ ਤੇਰੇ ਹੱਥ ਵਡਿਆਈਆ । ਮਿਹਰਵਾਨਾ ਸ੍ਰੀ ਭਗਵਾਨਾ ਮੇਰਾ ਪੜਦਾ ਮੂਲ ਨਾ ਖੋਲ੍ਹੀ, ਸਿਰ ਮੇਰੇ ਹੱਥ ਟਿਕਾਈਆ । ਤੇਰੇ ਚਰਨ ਕਵਲ ਮੈਂ ਆਪਾ ਘੋਲ ਘੋਲੀ, ਦੂਸਰ ਵੰਡ ਨਾ ਕੋਇ ਰਖਾਈਆ । ਜੁਗ ਬਦਲਣਾ ਤੇਰੀ ਖੇਲ ਮਾਮੂਲੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੈਠਣ ਪੰਧ ਮੁਕਾਈਆ । ਤੂੰ ਮੇਰਾ ਮਹਿਬੂਬ ਅਸੂਲੀ, ਅਸਲ ਵਸਲ ਯਾਰ ਦੇਣਾ ਵਖਾਈਆ । ਤੂੰ ਬਣਨਾ ਸਭ ਦਾ ਕੰਤ ਕੰਤੂਹਲੀ, ਕਾਹਨਾਂ ਦੇ ਕਾਹਨ ਤੇਰੀ ਵਡਿਆਈਆ । ਧਰਮ ਦੀ ਧਰਮ ਧਾਰ ਦੇਣੀ ਧੂਲੀ, ਧੂੜੀ ਟਿੱਕੇ ਖ਼ਾਕ ਰਮਾਈਆ । ਕਲਜੁਗ ਅੰਤ ਲਹਿਣਾ ਦੇਣਾ ਮੇਰੇ ਪੁਰਖ ਅਕਾਲੇ ਦੀਨ ਦਿਆਲੇ ਲੱਖ ਚੁਰਾਸੀ ਕੋਲੋਂ ਵਸੂਲੀਂ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਵੇਖ ਵਖਾਈਆ । ਮੇਰਾ ਪਿਆਰ ਏਕੰਕਾਰ ਭਗਤੀ ਧਾਰ ਕਦੇ ਨਾ ਭੁਲੀਂ, ਅਭੁਲ ਤੇਰੇ ਅਗੇ ਵਾਸਤਾ ਪਾਈਆ । ਉਹ ਵੇਖ ਲੈ ਇਸ਼ਾਰਾ ਦੇਂਦਾ ਸ਼ੰਕਰ ਆਪਣੀ ਨਾਲ ਤ੍ਰਿਸੂਲੀ, ਤ੍ਰਲੋਕੀ ਆਪਣੀ ਕਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਸਚ ਕਾਰ ਸਮਝਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੋਂ ਮੇਟ ਦੇ ਕੂੜ, ਕਿਰਿਆ ਕੂੜ ਰਹਿਣ ਨਾ ਪਾਈਆ । ਸਾਚੀ ਬਖ਼ਸ਼ ਅਗੰਮੀ ਧੂੜ, ਧਰਮ ਦੀ ਧਾਰ ਨਾਲ ਵਡਿਆਈਆ । ਚਤੁਰ ਸੁਘੜ ਬਣਾ ਦੇ ਮੂਰਖ ਮੂੜ੍ਹ, ਦੁਰਮਤ ਮੈਲ ਮੈਲ ਧੁਆਈਆ । ਨਾਮ ਖ਼ੁਮਾਰੀ ਚਾੜ੍ਹ ਦੇ ਗੂੜ੍ਹ, ਦੋ ਜਹਾਨ ਉਤਰ ਕਦੇ ਨਾ ਜਾਈਆ । ਤੇਰੇ ਸਚ ਦਾ ਪੰਘੂੜਾ ਸਾਰੇ ਲੈਣ ਝੂਲ, ਝਲਕ ਆਪਣੀ ਦੇਣੀ ਵਖਾਈਆ । ਤੂੰ ਮਾਲਕ ਸੁਆਮੀ ਇਕ ਕੰਤੂਹਲ, ਹਰਿ ਕਰਤਾ ਨੂਰ ਅਲਾਹੀਆ । ਮੇਰਾ ਅਸਲ ਨਾਲ ਚੁਕਾ ਦੇ ਮੂਲ, ਮਕ਼ਰੂਜ਼ ਲਹਿਣਾ ਮੇਰੀ ਝੋਲੀ ਪਾਈਆ । ਜੁਗ ਬਦਲਣਾ ਤੇਰਾ ਆਦਿ ਜੁਗਾਦੀ ਅਸੂਲ, ਕਲਜੁਗ ਲਹਿਣਾ ਦੇਣਾ ਦੇਣਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਮੈਨੂੰ ਸਤਿਜੁਗ ਦੇ ਦੇ ਆਪਣਾ ਪੂਤ, ਪਿਤਾ ਪੁਰਖ ਅਕਾਲ ਦਇਆ ਕਮਾਈਆ । ਜਿਸ ਦੀ ਧਾਰ ਏਕਾ ਧਾਗਾ ਹੋਵੇ ਸੂਤ, ਸੂਤਰਧਾਰੀ ਤੇਰੇ ਹੱਥ ਵਡਿਆਈਆ । ਮੇਰੀ ਸੁਹੰਜਣੀ ਕਰੇ ਰੁਤ, ਰੁਤੜੀ ਤੇਰੇ ਨਾਲ

ਮਹਿਕਾਈਆ । ਤੂੰ ਮੇਰਾ ਸੁਆਮੀ ਅਬਿਨਾਸ਼ੀ ਅਚੁਤ, ਮੈਂ ਚਾਤ੍ਰਕ ਵਾਂਗ ਰਹੀ ਬਿਲਲਾਈਆ । ਪਿਆਰ ਬਖ਼ਸ਼ ਦੇ ਦੀਨ ਦੁਨੀ ਕਾਇਆ ਮਾਟੀ ਪੰਜ ਤਤ ਬੁਤ, ਬੁਤਖ਼ਾਨਿਆਂ ਵਜਦੀ ਰਹੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਸੁਹੰਜਣੀ ਕਰੇ ਕੋਈ ਨਾ ਰੁਤ, ਰੁਤੜੀ ਤੇਰੇ ਰੰਗ ਨਾ ਕੋਇ ਰੰਗਾਈਆ ।

✪ ੧੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਨਰਾਇਣ ਸਿੰਘ ਦੇ ਗ੍ਰਿਹਿ ਪਿੰਡ ਗੁਮਾਨ ਪੁਰ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਆਵੇ, ਨਿਰਗੁਣ ਨਿਰਵੈਰ ਹੋ ਕੇ ਆਪਣਾ ਫੇਰਾ ਪਾਈਆ । ਦੀਨ ਮਜ਼੍ਹਬ ਸਿਖ ਮੁਰੀਦ ਆਪਣੇ ਆਪ ਸਮਝਾਵੇ, ਮਨ ਮਤ ਬੁਧਿ ਤੋਂ ਬਾਹਰ ਕਰੋ ਪੜ੍ਹਾਈਆ । ਹਰਿ ਹਿਰਦੇ ਅੰਤਰ ਨਿਰੰਤਰ ਆਪਣਾ ਨਾਮ ਵਸਾਵੇ, ਵਸਲ ਯਾਰ ਕਰਾਓ ਧੁਰ ਦੇ ਮਾਹੀਆ । ਕਲਜੁਗ ਕੂੜੀ ਕਿਰਿਆ ਅੰਧੇਰ ਮਿਟਾਵੇ, ਸਤਿ ਧਰਮ ਸਚ ਚੰਦ ਕਰ ਰੁਸ਼ਨਾਈਆ । ਮੇਰੇ ਉਤੇ ਵੇਖੋ ਥਲ ਅਸਗਾਹੋ, ਸਮੁੰਦ ਸਾਗਰਾਂ ਖੋਜ ਖੁਜਾਈਆ । ਮੈਂ ਕੂਕ ਪੁਕਾਰਾਂ ਉਚੀ ਕਰਕੇ ਬਾਹੋਂ, ਦੋ ਜਹਾਨਾਂ ਬਾਹਰ ਸੁਣਾਈਆ । ਜੀਵਾਂ ਜੰਤਾਂ ਸਿਰ ਰਖੇ ਠੰਡੀ ਛਾਉਂ, ਅਗਨੀ ਅਗਨ ਨਾ ਲਾਗੇ ਰਾਈਆ । ਮੇਰੇ ਉਤੇ ਹਕੀਕ਼ਤ ਦਾ ਹਕ ਕਰੋ ਨਿਆਉਂ, ਅਦਲ ਇਨਸਾਫ਼ ਇਕ ਸਮਝਾਈਆ । ਮੈਂ ਜਿਧਰ ਤਕਾਂ ਸਾਚੇ ਨਾਮ ਦੀ ਹੋਏ ਵਾਹੋ ਵਾਹੋ, ਵਾਹਵਾ ਕਹਿ ਕੇ ਸਾਰੇ ਖ਼ੁਸ਼ੀ ਬਣਾਈਆ । ਦੀਨ ਦੁਨੀ ਆਪਣੀ ਤਕੋ ਮਾਰਗ ਘੁੱਥੀ ਰਾਹੋਂ, ਰਹਿਬਰੋ ਪੰਧ ਦੇਣਾ ਸਮਝਾਈਆ । ੭੯੩ ੨੪
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰੋ ਮੇਰੇ ਉਤੇ ਕਰੋ ਮਿਹਰਵਾਨੀ, ਮਿਹਰਵਾਨ ਹੋ ਕੇ ਦਇਆ ਕਮਾਈਆ । ਆ ਕੇ ਵੇਖੋ ਜਗਤ ਜਿਸਮ ਜਿਸਮਾਨੀ, ਜ਼ਮੀਰ ਤਕੋ ਖ਼ਲਕ ਖ਼ੁਦਾਈਆ । ਮਾਰਗ ਤਕੋ ਕਾਇਆ ਮੰਦਰ ਅੰਦਰ ਰੁਹਾਨੀ, ਰੂਹ ਬੁਤ ਧਿਆਨ ਲਗਾਈਆ । ਆਪਣਾ ਨੂਰ ਵੇਖੋ ਅਸਮਾਨੀ, ਬਿਨ ਸੂਰੀਆ ਚੰਦ ਚੰਦ ਰੁਸ਼ਨਾਈਆ । ਚਾਰ ਜੁਗ ਦੇ ਸ਼ਾਸਤਰ ਤਕੋ ਤਕੋ ਸ਼ਬਦ ਧਾਰ ਦੀ ਬਾਣੀ, ਬਾਨੀ ਹੋ ਕੇ ਵੇਖ ਵਖਾਈਆ । ਕਿਉਂ ਮੇਰੇ ਉਤੇ ਝਗੜਾ ਪਿਆ ਦੀਨਾਂ ਮਜ਼੍ਹਬਾਂ ਸ਼ਾਹ ਸੁਲਤਾਨੀ, ਸ਼ਰਅ ਸ਼ਰਅ ਕਰੇ ਲੜਾਈਆ । ਆਪਣੇ ਭਵਿਖਤ ਤਕੋ ਜੋ ਲਿਖ ਕੇ ਗਏ ਨਾਲ ਕ਼ਲਮ ਕਾਨੀ, ਕਾਤਬ ਹੋ ਕੇ ਕ਼ਲਮ ਸ਼ਾਹੀ ਰੰਗ ਰੰਗਾਈਆ । ਬਿਨਾ ਨੇਤਰਾਂ ਤਕੋ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਕਿਉਂ ਤੁਹਾਡੀ ਯਾਦ ਧਰਨੀ ਉਤੇ ਹੋ ਗਈ ਪੁਰਾਣੀ, ਪੂਰਨ ਬ੍ਰਹਮ ਨਾ ਕੋਇ ਜਣਾਈਆ । ਆ ਕੇ ਵੇਖੋ ਅਠਸਠ ਤੀਰਥ ਤਟ ਕਿਨਾਰੇ ਪਾਣੀ, ਜਲ ਧਾਰਾ ਖੋਜ ਖੁਜਾਈਆ । ਮੇਰੀ ਦੁਖਾਂ ਭਰੀ ਕਹਾਣੀ, ਰੋ ਰੋ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਸੁਣੋ ਗੁਰ ਪੈਗ਼ੰਬਰ ਅਵਤਾਰਾ, ਅਵਤਰੀ ਹੋ ਕੇ ਵੇਖ ਵਖਾਈਆ । ਸੋ ਪੁਰਖ ਨਿਰੰਜਣ ਹੋ ਕੇ ਮੈਨੂੰ ਦਏ ਸਹਾਰਾ, ਸਿਰ ਸਿਰ ਮੇਰੇ ਹੱਥ ਟਿਕਾਈਆ । ਹਰਿ ਪੁਰਖ ਨਿਰੰਜਣ ਕਰੇ ਪਿਆਰਾ, ਪ੍ਰੀਤਮ ਮੇਰਾ ਧੁਰਦਰਗਾਹੀਆ । ਏਕੰਕਾਰਾ ਦਏ ਅਧਾਰਾ, ਇਕ ਇਕੱਲਾ ਹੋਏ ਸਹਾਈਆ । ਆਦਿ ਨਿਰੰਜਣ ਕਰ ਉਜਿਆਰਾ, ਅੰਧ ਅੰਧੇਰਾ ਦਏ ਮਿਟਾਈਆ । ਅਬਿਨਾਸ਼ੀ ਕਰਤਾ ਮੇਰੀ ਪਾਵੇ ਸਾਰਾ, ਸਾਹਿਬ

ਸੁਲਤਾਨ ਨੂਰ ਅਲਾਹੀਆ । ਸ੍ਰੀ ਭਗਵਾਨ ਹੋ ਕੇ ਜ਼ਾਹਰਾ, ਜ਼ਾਹਰ ਜ਼ਹੂਰ ਡਗਮਗਾਈਆ । ਪਾਰਬ੍ਰਹਮ ਮੇਰਾ ਵੇਖਣਹਾਰਾ ਕਿਨਾਰਾ, ਤੱਟਾਂ ਘਾਟਾਂ ਫੋਲ ਫੁਲਾਈਆ । ਸਤਿਗੁਰ ਸ਼ਬਦ ਬਣੇ ਵਣਜਾਰਾ, ਵਣਜ ਕਰੇ ਥਾਉਂ ਥਾਈਆ । ਤੁਸੀਂ ਆਪਣੇ ਆਪਣੇ ਮਜ਼੍ਹਬਾਂ ਦਾ ਤਕੋ ਹਦੂਦ ਦਾਇਰਾ, ਸ਼ਰਅ ਖੋਜ ਖੁਜਾਈਆ । ਸਦੀ ਚੌਧਵੀਂ ਅੰਤ ਰਹੇ ਕੋਈ ਨਾ ਬਹਿਰਾ, ਅਨਸੁਣਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਨਿਵਾਸੀ ਹੁਕਮ ਆਪਣਾ ਸੁਣਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰੋ ਤੁਸੀਂ ਮੇਰੇ ਮਹਿਬੂਬ, ਮੁਹੱਬਤ ਵਿਚ ਦਿਆਂ ਜਣਾਈਆ । ਤੁਸੀਂ ਵਸੋ ਉਤੇ ਆਲੀਸ਼ਾਂ ਉਚ ਅਰੂਜ, ਦਰਗਾਹ ਸਾਚੀ ਸੋਭਾ ਪਾਈਆ । ਮੇਰੇ ਉਤੇ ਹਾਜ਼ਰ ਹੋ ਕੇ ਵੇਖੋ ਮੌਜੂਦ, ਜੋਤੀ ਧਾਰ ਆਉਣਾ ਚਾਈਂ ਚਾਈਂਆ । ਤੁਹਾਡਾ ਨਾਮ ਧਰਮ ਈਮਾਨ ਹੋਇਆ ਨੇਸਤੋ ਨਾਬੂਦ, ਚੋਟੀ ਜੜ੍ਹ ਨਜ਼ਰ ਕੋਇ ਨਾ ਆਈਆ । ਆ ਕੇ ਤਕੋ ਖ਼ਾਕੀ ਤਨ ਵਜੂਦ, ਪੰਜ ਤਤ ਪੁਤਲੇ ਫੋਲ ਫੁਲਾਈਆ । ਪਿਆਰ ਰਿਹਾ ਨਾ ਕਿਤੇ ਸਤਿ ਸਰੂਪ, ਸਤਿ ਸਤਿਵਾਦੀ ਰੰਗ ਨਾ ਕੋਇ ਰੰਗਾਈਆ । ਜਿਧਰ ਤਕਾਂ ਦੀਨਾਂ ਮਜ਼੍ਹਬਾਂ ਹੋਇਆ ਅੰਧ ਕੂਪ, ਅੰਧ ਅਗਿਆਨ ਨਾ ਕੋਇ ਮਿਟਾਈਆ । ਸਤਿ ਸਚ ਦਾ ਦਿਸੇ ਨਾ ਕੋਇ ਸਪੂਤ, ਪਿਤਾ ਪੂਤ ਗੋਦ ਨਾ ਕੋਇ ਸੁਹਾਈਆ । ਆ ਕੇ ਵੇਖੋ ਮੇਰੀ ਦਹਿ ਦਿਸ਼ਾ ਵਾਲੀ ਕੂਟ, ਕੂਕ ਕੂਕ ਕੇ ਦਿਆਂ ਸੁਣਾਈਆ । ਤੁਹਾਡੇ ਸਿਖ ਮੁਰੀਦ ਤੁਹਾਡੇ ਪਿਆਰ ਨਾਲੋਂ ਗਏ ਛੁਟ, ਛੁਟਕੀ ਲਿਵ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ
੭੯੪ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਤੁਧ ਬਿਨ ਸੁਹੰਜਣੀ ਕਰੇ ਕੋਇ ਨਾ ਰੁਤ, ੭੯੪
੨੪ ਰੁਤੜੀ ਤੇਰੇ ਨਾਮ ਨਾਲ ਨਾ ਕੋਇ ਮਹਿਕਾਈਆ । ੨੪

### ✪ ੧੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਅਜੀਤ ਸਿੰਘ ਦੇ ਗ੍ਰਹਿ ਪਿੰਡ ਗੁਮਾਨ ਪੁਰ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਨਿਗਾਹ ਮਾਰੋ ਮੇਰੀ ਖ਼ਾਕੀ ਮਿੱਟੀ ਉਤੇ ਜ਼ਿਮੀਂ ਜ਼ਮੀਨ, ਜ਼ਿਮੀਂ ਜ਼ਮਾਂ ਮਿਹਰਵਾਨ ਹੋ ਕੇ ਵੇਖ ਵਖਾਈਆ । ਆਤਮ ਪਰਮਾਤਮ ਨਿਰਗੁਣ ਨਿਰਗੁਣ ਧਾਰ ਸਕੇ ਕੋਈ ਨਾ ਚੀਨ, ਚਰਨ ਕਵਲ ਪ੍ਰਭ ਸੀਸ ਨਾ ਕੋਇ ਨਿਵਾਈਆ । ਝਗੜਾ ਤਕੋ ਮਾਇਆ ਤ੍ਰੈਗੁਣ ਤੀਨ, ਰਜੋ ਤਮੋ ਸਤੋ ਕੀ ਆਪਣੀ ਖੇਲ ਖਿਲਾਈਆ । ਸਤਿ ਦਾ ਮਾਰਗ ਦੀਨ ਦੁਨੀ ਦਾ ਹੋਇਆ ਮਹੀਨ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਕਲਜੁਗ ਕੂੜੀ ਕਿਰਿਆ ਸਭ ਨੂੰ ਕੀਤਾ ਅਧੀਨ, ਮਾਇਆ ਮਮਤਾ ਮੋਹ ਵਿਕਾਰ ਨਾਲ ਮਿਲਾਈਆ । ਮਾਨਸ ਮਾਨਵ ਕਾਇਆ ਚੋਲੀ ਰੰਗ ਚੜ੍ਹੇ ਨਾ ਕਿਸੇ ਰੰਗੀਨ, ਦੁਰਮਤ ਮੈਲ ਨਾ ਕੋਇ ਧੁਆਈਆ । ਮਨ ਮਨਸਾ ਸਤਿ ਧਰਮ ਲਿਆ ਛੀਨ, ਸਚ ਵਜੇ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰੋ ਮੇਰੇ ਉਤੇ ਹੋਇਆ ਗ਼ਜ਼ਬ, ਦੋ ਜਹਾਨਾਂ ਦਿਆਂ ਸੁਣਾਈਆ । ਨਿਗਾਹ ਮਾਰੋ ਆਪਣੇ ਆਪਣੇ ਦੀਨ ਵਿਚ ਮਜ਼੍ਹਬ, ਧਰਮ ਦੀ ਧਾਰ ਰੰਗ ਨਾ ਕੋਇ ਰੰਗਾਈਆ । ਕਲਜੁਗ ਕੂੜੀ ਕਿਰਿਆ ਮੈਨੂੰ ਕੀਤਾ ਤਅਜੁਬ, ਪਰੇਸ਼ਾਨੀ ਵਿਚ ਕੁਰਲਾਈਆ । ਸਤਿ ਸਤਿ ਚੁਕੇ ਕੋਇ ਨਾ ਕ਼ਦਮ, ਸਚ ਦੁਆਰ ਮੰਜ਼ਲ ਪੰਧ ਨਾ

ਕੋਇ ਮੁਕਾਈਆ । ਤਨ ਮਾਟੀ ਖ਼ਾਕ ਆਪਣੇ ਸਿੱਖਾਂ ਮੁਰੀਦਾਂ ਦੇ ਵੇਖੋ ਬਦਨ, ਸਾਢੇ ਤਿੰਨ ਹੱਥ ਫੋਲ ਫੁਲਾਈਆ । ਮਿਲੇ ਮੇਲ ਨਾ ਕਿਸੇ ਗੋਪਾਲ ਮੂਰਤ ਮਦਨ, ਮਧਸੂਦਨ ਵੇਖ ਵਖਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਘਰ ਘਰ ਲੱਗੀ ਅਗਨ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਦੀਪਕ ਜੋਤੀ ਬਿਨ ਤੇਲ ਬਾਤੀ ਦੀਏ ਮੂਲ ਨਾ ਜਗਣ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਅਨਹਦ ਸ਼ਬਦ ਅਨਾਦੀ ਸੁਣੇ ਕੋਈ ਨਾ ਨਦਨ, ਅਨਹਦ ਨਾਦੀ ਰਾਗ ਨਾ ਕੋਇ ਦ੍ਰਿੜਾਈਆ । ਮੈਂ ਕਲਜੁਗ ਅੰਤ ਦੁਖੀ ਹੋ ਕੇ ਤੁਹਾਨੂੰ ਲੱਗੀ ਸੱਦਣ, ਹੋਕਾ ਦੇਵਾਂ ਚਾਈਂ ਚਾਈਂਆ । ਮੇਰੀ ਧਰਨੀ ਧਰਤ ਧਵਲ ਧੌਲ ਨਵ ਸੱਤ ਲੱਗੀ ਅਗਨ, ਸਾਂਤਕ ਸਤਿ ਨਾ ਕੋਇ ਵਰਤਾਈਆ । ਮੇਰੀ ਬੇਨੰਤੀ ਮੰਨਜ਼ੂਰ ਕਰੋ ਬੰਦਨ, ਬੰਦਗੀ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰੋ ਆਪਣੇ ਆ ਕੇ ਵੇਖੋ ਸਿਖ ਮੁਰੀਦ, ਮੁਰਸ਼ਦ ਹੋ ਕੇ ਧਿਆਨ ਲਗਾਈਆ । ਸਤਿ ਸਚ ਦੀ ਰਹੀ ਕੋਈ ਨਾ ਦੀਦ, ਦੀਦਾ ਦਾਨਿਸਤਾ ਨਿਰਗੁਣ ਦਰਸ ਕੋਇ ਨਾ ਪਾਈਆ । ਆਤਮ ਪਰਮਾਤਮ ਧਾਰ ਹੋਏ ਨਾ ਕੋਈ ਸ਼ਹੀਦ, ਸ਼ਹਾਦਤ ਸਚ ਨਾ ਕੋਇ ਭੁਗਤਾਈਆ । ਤੁਹਾਡੇ ਹੁਕਮ ਦੀ ਰਹੀ ਨਾ ਕੋਇ ਤਾਕੀਦ, ਸਿਰ ਸਰ ਨਾ ਕੋਇ ਝੁਕਾਈਆ । ਮੇਰੀ ਆਸ਼ਾ ਭਰੀ ਇਕ ਉਮੀਦ, ਤ੍ਰਿਸ਼ਨਾ ਤੁਹਾਡੇ ਅਗੇ ਟਿਕਾਈਆ । ਜੋ ਧਰਮ ਦਾ ਮੇਰੇ ਉਤੇ ਬੀਜ ਕੇ ਗਏ ਬੀਜ, ਪੱਤ ਟਹਿਣੀ ਫੁਲ ਫੁਲਵਾੜੀ ਆ ਕੇ ਵੇਖੋ ਚਾਈਂ ਚਾਈਂਆ । ਤੁਹਾਡੇ ਮਿਲਣ ਦੀ ਮੇਰੇ ਅੰਤਸ਼ਕਰਨ ਆਉਂਦੀ ਰੀਝ, ਖ਼ੁਸ਼ੀਆਂ ਵਿਚ ਬੈਠੀ ਰਾਹ ਤਕਾਈਆ । ਮੇਰਾ ਦੁਆਰਾ ਬਿਨ ਕਦਮਾਂ ਲੰਘੇ ਦਹਲੀਜ਼, ਬਿਨ ਚਰਨਾਂ ਚਰਨ ਟਿਕਾਈਆ । ਤੁਸੀਂ ਪਰਮ ਪੁਰਖ ਪਰਮਾਤਮ ਦੇ ਜੋਤੀ ਸ਼ਬਦੀ ਧਾਰ ਸੁਤ ਅਜ਼ੀਜ਼, ਤੁਹਾਨੂੰ ਜੰਮਣ ਵਾਲੀ ਕੋਈ ਨਾ ਮਾਈਆ । ਆਪਣੇ ਦੀਨਾਂ ਮਜ਼੍ਹਬਾਂ ਦੀ ਆ ਕੇ ਵੇਖੋ ਤਾਮੀਜ਼, ਕੀ ਦੀਨ ਦੁਨੀ ਤਬਾ ਗਈ ਬਦਲਾਈਆ । ਝਗੜਾ ਵੇਖੋ ਊਚ ਨੀਚ, ਰਾਓ ਰੰਕ ਰੋਵਣ ਮਾਰਨ ਧਾਹੀਆ । ਆਤਮ ਧਾਰ ਸਕੇ ਨਾ ਕੋਇ ਪਤੀਜ, ਪਤਿਪਰਮੇਸ਼ਵਰ ਮਿਲਣ ਕੋਇ ਨਾ ਪਾਈਆ । ਗ਼ਫ਼ਲਤ ਵਿਚੋਂ ਖੋਲ੍ਹੇ ਕੋਇ ਨਾ ਨੀਂਦ, ਆਲਸ ਨਿੰਦਰਾ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਮੇਰੀ ਬੇਨੰਤੀ ਕਰੋ ਮਨਜ਼ੂਰ, ਮੰਜ਼ਲ ਪਿਛਲਾ ਪੰਧ ਮੁਕਾਈਆ । ਮੇਰੇ ਉਤੇ ਹੋਵੋ ਹਾਜ਼ਰ ਹਜ਼ੂਰ, ਹਜ਼ਰਤੋ ਭੱਜਣਾ ਵਾਹੋ ਦਾਹੀਆ । ਪੰਧ ਮੁਕਾਉਣਾ ਨੇੜਾ ਦੂਰ, ਦੋ ਜਹਾਨਾਂ ਵਾਟ ਨਾ ਕੋਇ ਰਖਾਈਆ । ਆਪਣਿਆਂ ਦੀਨਾਂ ਮਜ਼੍ਹਬਾਂ ਤਕੋ ਜ਼ਰੂਰ, ਜ਼ਰੂਰਤ ਸਭ ਦੀ ਦਿਆਂ ਸਮਝਾਈਆ । ਸ਼ਰਅ ਸ਼ਰੀਅਤ ਤਕੋ ਕ਼ੁਸੂਰ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੈਨੂੰ ਕਲਜੁਗ ਕੂੜੀ ਕਿਰਿਆ ਕੀਤਾ ਮਜਬੂਰ, ਕਾਮਨਾ ਤ੍ਰਿਸ਼ਨਾ ਰਹੀ ਸਤਾਈਆ । ਜਿਧਰ ਵੇਖੋ ਤੁਹਾਡੇ ਦੀਨਾਂ ਮਜ਼੍ਹਬਾਂ ਪਾਇਆ ਫ਼ਤੂਰ, ਫ਼ਤਵਾ ਲੱਗਾ ਥਾਉਂ ਥਾਈਆ । ਹਰ ਹਿਰਦੇ ਅੰਦਰ ਵੜਿਆ ਕੂੜ, ਤਨ ਵਜੂਦ ਵਜੇ ਨਾ ਕੋਇ ਵਧਾਈਆ । ਚਤੁਰ ਸੁਘੜ ਬਣ ਗਏ ਮੂਰਖ ਮੂੜ੍ਹ, ਬੁਧਿ ਬਿਬੇਕ ਨਾ ਕੋਇ ਕਰਾਈਆ । ਚਰਨੀ ਲਾਏ ਨਾ ਕੋਇ ਮਸਤਕ ਧੂੜ, ਟਿੱਕੇ ਖ਼ਾਕ ਨਾ ਕੋਇ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਵਕਤ ਇਕ ਸੁਹਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਮੈਨੂੰ ਆ ਕੇ ਦਿਉ ਦਿਲਾਸਾ, ਸਿਰ ਸਿਰ ਹੱਥ ਟਿਕਾਈਆ । ਸਤਿ ਸਚ ਦਿਉ ਭਰਵਾਸਾ, ਭਾਂਡਾ ਭਰਮ

੭੯੫
੨੪

ਭਉ ਭੰਨਾਈਆ । ਪੰਧ ਮੁਕਾਓ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰਾਂ ਡੇਰਾ ਢਾਹੀਆ । ਮੇਰੇ ਉਤੇ ਆ ਕੇ ਪਾਓ ਰਾਸਾ, ਬਿਨ ਗੋਪੀ ਕਾਹਨ ਖੇਲ ਖਿਲਾਈਆ । ਦੀਨ ਦੁਨੀ ਦਾ ਬਦਲੋ ਪਾਸਾ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਮੇਰੇ ਅੰਤਰ ਨਿਰੰਤਰ ਨਿਰਗੁਣ ਧਾਰ ਕਰੋ ਵਾਸਾ, ਵਾਸਤਕ ਆਪਣਾ ਭੇਵ ਚੁਕਾਈਆ । ਨਾਲ ਇਸ਼ਾਰਾ ਦਿਉ ਕੀ ਖੇਲ ਕਰੇ ਸ਼ੰਕਰ ਕੈਲਾਸ਼ਾ, ਕਲਧਾਰੀ ਕੀ ਆਪਣੀ ਕਲ ਵਰਤਾਈਆ । ਭੇਵ ਚੁਕਾਓ ਕੀ ਹੁਕਮ ਵਰਤੇ ਪੁਰਖ ਅਬਿਨਾਸ਼ਾ, ਧੁਰ ਕਰਤਾ ਕੀ ਦ੍ਰਿੜਾਈਆ । ਮੈਂ ਚਾਹੁੰਦੀ ਮੇਰੇ ਉਤੇ ਅਵਤਾਰ ਪੈਗ਼ੰਬਰੋ ਗੁਰੂਓ ਸਚ ਨਾਮ ਦੀ ਕਰੋ ਭਾਸ਼ਾ, ਇਕੋ ਕਲਮਾ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਮੇਰੇ ਉਤੇ ਆਓ ਜਲਦੀ, ਬਿਨ ਤਨ ਵਜੂਦ ਫੇਰਾ ਪਾਈਆ । ਖੇਲ ਵੇਖੋ ਕਲਜੁਗ ਕਲ ਦੀ, ਕਲਕਾਤੀ ਰਿਹਾ ਕਰਾਈਆ । ਨਵ ਸੱਤ ਅੱਗ ਵੇਖੋ ਬਲਦੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਧਾਰ ਤਕੋ ਪੰਚ ਵਿਕਾਰੇ ਦਲ ਦੀ, ਨੌ ਖੰਡ ਪ੍ਰਿਥਮੀ ਭੱਜੇ ਵਾਹੋ ਦਾਹੀਆ । ਮਾਇਆ ਮਮਤਾ ਫਿਰੇ ਛਲਦੀ, ਮਾਨਵ ਬਚਿਆ ਰਹਿਣ ਕੋਇ ਨਾ ਪਾਈਆ । ਮੇਰੀ ਆਸ਼ਾ ਪੂਰੀ ਕਰੋ ਬਾਵਨ ਬਲ ਦੁਆਰੇ ਜੋ ਦੋ ਜਹਾਨਾਂ ਸਲ ਦੀ, ਸਲਲ ਆਪਣੀ ਕਾਰ ਭੁਗਤਾਈਆ । ਵਕ਼ਤ ਸੁਹੰਜਣੀ ਘੜੀ ਹੋਵੇ ਨਾਨਕ ਵਾਲੀ ਇਕ ਗੱਲ ਦੀ, ਜਗਤ ਜਹਾਨ ਦਾ ਲੇਖਾ ਦੇਣਾ ਮੁਕਾਈਆ । ਮੈਂ ਵਣਜਾਰਨ ਤੁਹਾਡੇ ਪਿਆਰ ਦੀ ਘੜੀ ਪਲ ਦੀ, ਪਲਕਾਂ ਦੇ ਪਿਛੇ ਬਹਿ ਕੇ ਦਰਸ਼ਨ ਦੇਣਾ ਚਾਈਂ ਚਾਈਂਆ । ਮੇਰੀ ਦਰੋਹੀ ਵੇਖੋ ਜਲ ਥਲ ਦੀ, ਮਹੀਅਲ ਹੋ ਕੇ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਦੀਨਾਂ ਮਜ਼੍ਹਬਾਂ ਅੰਦਰ ਮਾਰੋ ਝਾਕੀ, ਬਿਨ ਨੇਤਰ ਲੋਚਨ ਨੈਣ ਨੈਣ ਉਠਾਈਆ । ਕਾਇਆ ਮੰਦਰ ਅੰਦਰ ਪਾੜ ਕੇ ਵੇਖੋ ਬਜਰ ਕਪਾਟੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਕਿਸੇ ਦੇ ਅੰਦਰ ਅੰਮ੍ਰਿਤ ਨਾਮ ਦਿਸੇ ਨਾ ਬੂੰਦ ਸਵਾਂਤੀ, ਨਿਝਰ ਝਿਰਨਾ ਕਵਲੀ ਨਾਭ ਨਾ ਕੋਇ ਚੁਆਈਆ । ਚਾਰੋਂ ਕੁੰਟ ਦਹਿ ਦਿਸ਼ਾ ਅੰਧੇਰੀ ਰਾਤੀ, ਸਤਿਗੁਰ ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਨਾਮ ਕਲਮਿਆਂ ਝਗੜਾ ਪਿਆ ਲੋਕਮਾਤੀ, ਦੀਨ ਮਜ਼੍ਹਬ ਕਰਨ ਲੜਾਈਆ । ਧੁਰ ਦਾ ਇਲਮ ਸਮਝੇ ਨਾ ਕੋਇ ਸਫ਼ਾਤੀ, ਸਫ਼ਾ ਸਫ਼ੇ ਵਿਚੋਂ ਬਦਲਾਈਆ । ਦੀਨ ਦੁਨੀ ਦੀ ਜ਼ਿੰਦਗੀ ਤਕੋ ਹਯਾਤੀ, ਜੀਵਣ ਜੀਵਣ ਵਿਚੋਂ ਵੇਖ ਵਖਾਈਆ । ਸਾਚੀ ਮੰਜ਼ਲ ਤੁਹਾਡਾ ਸਿਖ ਮੁਰੀਦ ਚੜ੍ਹੇ ਕੋਇ ਨਾ ਘਾਟੀ, ਘਾਟੇ ਵਿਚ ਖ਼ਲਕ ਖ਼ੁਦਾਈਆ । ਕਿਸੇ ਹੱਥ ਨਾ ਆਵੇ ਅੰਮ੍ਰਿਤ ਰਸ ਬਾਟੀ, ਧੁਰ ਦਾ ਮੇਘ ਨਾ ਕੋਇ ਬਰਸਾਈਆ । ਮੰਜ਼ਲ ਪੰਧ ਮੁਕੇ ਨਾ ਵਾਟੀ, ਚੁਰਾਸੀ ਫੰਦ ਨਾ ਕੋਇ ਕਟਾਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਬੈਠੀ ਰਹੀ ਇਕਾਂਤੀ, ਇਕ ਇਕੱਲੀ ਆਪਣਾ ਆਸਣ ਲਾਈਆ । ਜੁਗ ਚੌਕੜੀ ਵੇਖਦੀ ਰਹੀ ਖੇਲ ਤਮਾਸ਼ੀ, ਸਤਿਜੁਗ ਤ੍ਰੇਤਾ ਦੁਆਪਰ ਆਪਣੀ ਅੱਖ ਖੁਲ੍ਹਾਈਆ । ਧਰਨੀ ਕਹੇ ਸਦੀ ਚੌਧਵੀਂ ਅੰਤ ਅਖ਼ੀਰ ਘਰ ਘਰ ਵਧੀ ਬਦਮੁਆਸ਼ੀ, ਬਦੀ ਵਿਚ ਖ਼ਲਕ ਖ਼ੁਦਾਈਆ । ਗੁਰ ਅਵਤਾਰ ਪੈਗ਼ੰਬਰੋ ਤੁਹਾਨੂੰ ਮਖ਼ੌਲ ਹੁੰਦਾ ਨਾਲ ਹੁੰਦੀ ਹਾਸੀ, ਹਸਤੀ ਬੇਪਰਵਾਹ ਨਜ਼ਰ ਕਿਸੇ ਨਾ ਆਈਆ । ਕੂੜ ਕੁੜਿਆਰਾਂ ਕੋਲੋਂ ਮੇਰੀ ਕਰੋ ਖ਼ੁਲਾਸੀ, ਖ਼ਾਲਸ ਆਪਣਾ ਰੰਗ ਵਖਾਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਪਰਮ ਪੁਰਖ ਦੀ ਦਾਸਨ ਦਾਸੀ, ਨਿਤ ਨਵਿਤ ਸਾਚੀ ਸੇਵ ਕਮਾਈਆ । ਮੇਰੇ ਦੁਆਰ ਮੇਰੇ ਮੰਡਲ ਮੇਰੇ ਗ੍ਰਿਹਿ

੭੯੬ ੨੪

ਆਪਣੀ ਜੋਤ ਧਾਰ ਦੀ ਪਾਵੇ ਰਾਸੀ, ਸ਼ਬਦੀ ਸ਼ਬਦੀ ਸ਼ਬਦ ਨਾਚ ਵਖਾਈਆ । ਮੈਂ ਅੰਤ ਮਿੱਟੀ ਖ਼ਾਕ ਸਭ ਦੇ ਚਰਨ ਕਵਲ ਬਲ ਬਲ ਜਾਸੀ, ਬਲ ਬਲ ਆਪਣਾ ਆਪ ਕਰਾਈਆ । ਮੈਨੂੰ ਕੁਛ ਸੰਦੇਸ਼ਾ ਦੇ ਕੇ ਗਿਆ ਚਮਾਰ ਰਵੀਦਾਸੀ, ਰਵੀ ਆਪਣਾ ਭੇਵ ਖੁਲ੍ਹਾਈਆ । ਬਾਲਮੀਕ ਬਟਵਾਰੇ ਮੈਨੂੰ ਕਰਾਈ ਸ਼ਨਾਸੀ, ਸ਼ਨਾਖ਼ਤ ਪ੍ਰਭ ਦੀ ਗਿਆ ਦ੍ਰਿੜਾਈਆ । ਧਰਨੀਏ ਕਲਜੁਗ ਅੰਤ ਤੇਰਾ ਲਹਿਣਾ ਦੇਣਾ ਪੂਰਾ ਕਰੇ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਪੁਰਖ ਅਕਾਲਾ ਦੀਨ ਦਿਆਲਾ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼ੀ, ਸ਼ਾਹ ਪਾਤਸ਼ਾਹ ਏਕਾ ਏਕ ਏਕ ਅਖਵਾਈਆ ।

## ✪ ੧੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਸਵਰਨ ਸਿੰਘ ਦੇ ਗ੍ਰਹਿ ਪਿੰਡ ਗੁਮਾਨ ਪੁਰ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੇਰੇ ਪੁਰਖ ਅਕਾਲ ਅਤੀਤੇ, ਤ੍ਰੈਭਵਣ ਧਨੀ ਤੇਰੀ ਓਟ ਤਕਾਈਆ । ਤੇਰੇ ਹੁਕਮੇ ਅੰਦਰ ਜੁਗ ਚੌਕੜੀ ਕੇਤੇ ਬੀਤੇ, ਅਣਗਿਣਤ ਆਪਣਾ ਪੰਧ ਮੁਕਾਈਆ । ਮੈਂ ਜੁਗ ਚੌਕੜੀ ਤੇਰੀ ਤਕਦੀ ਰਹੀ ਰੀਤੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਈਆ । ਮਿਹਰਵਾਨ ਮੇਰੇ ਮਾਲਕ ਸੁਆਮੀ ਪਤਿਤ ਪੁਨੀਤੇ, ਪਾਰਬ੍ਰਹਮ ਪ੍ਰਭ ਦੇਣੀ ਮਾਣ ਵਡਿਆਈਆ । ਮੇਰਾ ਅੰਤਸ਼ਕਰਨ ਕਰ ਠਾਂਢਾ ਸੀਤੇ, ਅਗਨੀ ਤਤ ਬੁਝਾਈਆ । ਦੀਨ ਦੁਨੀ ਦੀ ਬਦਲ ਦੇ ਮੇਰੇ ਉਤੋਂ ਰੀਤੇ, ਰੀਤੀਵਾਨ ਆਪਣਾ ਰੰਗ ਰੰਗਾਈਆ । ਝਗੜਾ ਮੁਕਾ ਦੇ ਮੰਦਰ ਮਸੀਤੇ, ਕਾਇਆ ਕਾਅਬੇ ਕਰ ਰੁਸ਼ਨਾਈਆ । ਤੇਰਾ ਇਕੋ ਨਾਮ ਕਲਮਾ ਹੋਵੇ ਹਦੀਸੇ, ਹਜ਼ਰਤਾਂ ਤੋਂ ਬਾਹਰ ਦੇ ਸਮਝਾਈਆ । ਮੇਰੇ ਮਾਲਕ ਖ਼ਾਲਕ ਮਿਹਰਵਾਨ ਪਰਗਟ ਹੋ ਅਵਤਾਰ ਚੌਬੀਸੇ, ਚੌਬੀਸੇ ਜਗਦੀਸੇ ਆਪਣੀ ਕਲ ਵਰਤਾਈਆ । ਏਕਾ ਛਤਰ ਝੁੱਲੇ ਤੇਰੇ ਅਗੰਮੜੇ ਸੀਸੇ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਮੇਰੇ ਪੁਰਖ ਅਕਾਲ ਦੀਨਾ ਬੰਧੂ, ਬੰਦਨਾ ਤੇਰੇ ਚਰਨ ਟਿਕਾਈਆ । ਮੇਰੇ ਗਹਿਰ ਗੰਭੀਰ ਸਾਗਰ ਸੰਧੂ, ਸੁਖ ਸਾਗਰ ਰੂਪ ਤੇਰਾ ਵੇਖਾਂ ਚਾਈਂ ਚਾਈਂਆ । ਮੇਰੇ ਨਵ ਸੱਤ ਦੇ ਧਰਮ ਅਨੰਦੂ, ਅਨੰਦਪੁਰ ਵਾਸੀ ਨਾਲ ਮਿਲਾਈਆ । ਮੇਰੇ ਬਿਨਾ ਤਤਾਂ ਤੋਂ ਅੰਤਰ ਪਾ ਠੰਢੂ, ਵਸਤ ਅਗੰਮ ਦੇਣੀ ਵਰਤਾਈਆ । ਝਗੜਾ ਮੇਟ ਦੇ ਵਿਕਾਰ ਪੰਜੂ, ਪੰਚਮ ਸ਼ਬਦ ਧੁਨ ਕਰ ਸ਼ਨਵਾਈਆ । ਝਗੜਾ ਰਹੇ ਨਾ ਦੂਈ ਦੁਵੈਤ ਵਿਕਾਰ ਜੰਗੂ, ਸ਼ਰਅ ਸ਼ਰਅ ਦਾ ਲੇਖਾ ਦੇਣਾ ਮੁਕਾਈਆ । ਦੂਈ ਦੁਵੈਤੀ ਢਾਹ ਦੇ ਕੰਧੂ, ਪਰਦਾ ਪਰਦਿਆਂ ਵਿਚੋਂ ਉਠਾਈਆ । ਤੂੰ ਦੀਨ ਦਿਆਲ ਸਦ ਬਖ਼ਸ਼ੰਦੂ, ਬਖ਼ਸ਼ਿਸ਼ ਰਹਿਮਤ ਆਪਣੀ ਆਪ ਕਮਾਈਆ । ਮੈਂ ਨਿਮਾਣੀ ਭਿਖਾਰਨ ਹੋ ਕੇ ਤੇਰੇ ਦਰ ਤੋਂ ਮੰਗੂੰ, ਮਾਂਗਤ ਹੋ ਕੇ ਝੋਲੀ ਡਾਹੀਆ । ਦੀਨ ਦੁਨੀ ਦਾ ਨੇਤਰ ਰਹਿਣ ਨਾ ਦੇਵੀਂ ਅੰਧੂ, ਅੰਧ ਅਗਿਆਨ ਦੇਣਾ ਮਿਟਾਈਆ । ਬਿਨ ਤੇਰੀ ਕਿਰਪਾ ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਮੰਜ਼ਲ ਹਕ ਕੋਇ ਨਾ ਲੰਘੂ, ਸਚ ਦੁਆਰ ਮਿਲਣ ਕੋਇ ਨਾ ਆਈਆ । ਬਿਨ ਤੇਰੀ ਕਿਰਪਾ ਸਤਿਜੁਗ ਸਤਿ ਧਰਮ ਨਾ ਕੋਇ ਅਰੰਭੂ, ਕਲਜੁਗ ਕੂੜੀ ਕਿਰਿਆ ਨਾ ਕੋਇ ਮਿਟਾਈਆ । ਤੂੰ ਮੇਰਾ ਸਵੈ ਸ਼ਕਤ ਤੇਰੇ ਹੁਕਮ

੭੬੭
੨੪

੭੯੮
੨੪

ਦੀ ਧਾਰ ਸ਼ਿਵੈ ਸ਼ੰਭੂ, ਸ਼ੰਕਰ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਮੇਰੇ ਪਰਮ ਪੁਰਖ ਅਕਾਲੇ, ਅਕਲ ਕਲਧਾਰੀ ਤੇਰੀ ਸਰਨਾਈਆ । ਦੀਨਾਂ ਬੰਧੁ ਦੀਨ ਦਿਆਲੇ, ਦਇਆ ਨਿਧ ਤੇਰੀ ਵਡਿਆਈਆ । ਕਿਰਪਾ ਨਿਧ ਹੋਣਾ ਕਿਰਪਾਲੇ, ਕਿਰਪਨ ਹੋ ਕੇ ਮੰਗ ਮੰਗਾਈਆ । ਬੇਨੰਤੀ ਕਰਾਂ ਸਚ ਦੁਆਰ ਤੇਰੀ ਧਰਮਸਾਲੇ, ਧਰਮ ਦੁਆਰ ਆਸ ਰਖਾਈਆ । ਮੇਰੇ ਉਤੋਂ ਕਲਜੁਗ ਕੂੜੀ ਕਿਰਿਆ ਮੇਟ ਦਾਗ਼ ਕਾਲੇ, ਕਲਕਾਤੀਆਂ ਡੇਰਾ ਢਾਹੀਆ । ਆ ਕੇ ਵੇਖ ਮੁਰੀਦਾ ਹਾਲੇ, ਮੇਰੇ ਮੁਰਸ਼ਦ ਧੁਰਦਰਗਾਹੀਆ । ਮੇਰੇ ਉਤੋਂ ਤ੍ਰੈਗੁਣ ਮਾਇਆ ਤੋੜ ਜੰਜਾਲੇ, ਜਾਗਰਤ ਜੋਤ ਕਰ ਰੁਸ਼ਨਾਈਆ । ਹਰਿਜਨ ਭਗਤ ਸੁਹੇਲੇ ਉਠਾ ਆਪਣੇ ਬਾਲੇ, ਗੁਰਮੁਖ ਗੁਰ ਗੁਰ ਰੰਗ ਰੰਗਾਈਆ । ਅੰਤਰ ਨਿਰੰਤਰ ਆਪਣੇ ਨਾਮ ਦੀ ਬਖ਼ਸ਼ ਮਾਲੇ, ਮਨ ਕਾ ਮਣਕਾ ਦੇ ਭੁਆਈਆ । ਤੇਰੇ ਪਿਆਰ ਵਿਚ ਮੈਂ ਜੁਗ ਚੌਕੜੀ ਘਾਲਨ ਘਾਲੇ, ਘਾਇਲ ਹੋ ਕੇ ਰਹੀ ਸੁਣਾਈਆ । ਫਲ ਰਿਹਾ ਨਾ ਮੇਰੇ ਉਤੇ ਧਰਮ ਦੇ ਡਾਲੇ, ਪੱਤ ਟਹਿਣੀ ਗਈ ਕੁਮਲਾਈਆ । ਨਿਰਗੁਣ ਦੀਆ ਬਾਤੀ ਕਮਲਾਪਾਤੀ ਜੋਤ ਕੋਇ ਨਾ ਬਾਲੇ, ਸ਼ਬਦ ਨਾਦ ਨਾ ਕੋਇ ਸ਼ਨਵਾਈਆ । ਮੇਰੀ ਇਕ ਬੇਨੰਤੀ ਇਕ ਸਵਾਲੇ, ਇਕੋ ਆਸ ਤੇਰੇ ਚਰਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਮੇਰੇ ਨੂਰ ਅਲਾਹੀ ਪਰਵਰਦਿਗਾਰ, ਯਾਮਬੀਨ ਤੇਰੀ ਸਰਨਾਈਆ । ਮੇਰੇ ਨੂਰ ਨੁਰਾਨੇ ਸਾਂਝੇ ਯਾਰ, ਜਲਵਾਗਰ ਤੇਰੇ ਹੱਥ ਵਡਿਆਈਆ । ਤੂੰ ਕਰਨੀ ਦਾ ਕਰਤਾ ਕੁਦਰਤ ਦਾ ਕਾਦਰ ਏਕੰਕਾਰ, ਅਕਲ ਕਲਧਾਰੀ ਇਕ ਅਖਵਾਈਆ । ਮੈਂ ਸੱਜਦਿਆਂ ਵਿਚ ਕਰਾਂ ਨਿਮਸਕਾਰ, ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਮੇਰੇ ਅਮਾਮ ਅਮਾਮੇ ਨੂਰ ਅਲਾਹ ਮੇਰੀ ਪਾਉਣੀ ਸਾਰ, ਮਹਿਬਾਨ ਬੀਦੋ ਤੇਰੀ ਓਟ ਤਕਾਈਆ । ਮੈਂ ਧੂੜੀ ਖ਼ਾਕ ਮੰਗਦੀ ਛਾਰ, ਸ਼ਹਿਨਸ਼ਾਹ ਮਸਤਕ ਖ਼ਾਕ ਦੇਣੀ ਰਮਾਈਆ । ਤੂੰ ਨਿਰਗੁਣ ਧਾਰ ਆਉਣਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਤੇਰੀ ਆਸ ਰਖਾਈਆ । ਅਵਤਾਰ ਪੈਗ਼ੰਬਰ ਗੁਰੂ ਤੇਰਾ ਕਰਕੇ ਗਏ ਇਜ਼ਹਾਰ, ਸਿਫ਼ਤਾਂ ਵਿਚ ਸਿਫ਼ਤ ਸਲਾਹੀਆ । ਮੈਂ ਅੰਤ ਅਖ਼ੀਰ ਬੇਨਜ਼ੀਰ ਤੇਰਾ ਕਰ ਰਹੀ ਇੰਤਜ਼ਾਰ, ਬਿਨ ਨੈਣਾਂ ਨੈਣ ਉਠਾਈਆ । ਜੋਤੀ ਜਾਤੇ ਪੁਰਖ ਬਿਧਾਤੇ ਹੋਣਾ ਜ਼ਾਹਰ, ਜ਼ਾਹਰ ਜ਼ਹੂਰ ਕਰਨੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੁਰਖ ਅਕਾਲੇ ਦੀਨ ਦਿਆਲੇ ਗੰਭੀਰ ਗਹਿਰ ਗਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।

✪ ੧੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਕਰਤਾਰ ਸਿੰਘ ਦੇ ਗ੍ਰਿਹਿ ਪਿੰਡ ਭੋਜੀਆਂ ਜ਼ਿਲਾ ਅੰਮ੍ਰਿਤਸਰ ✪

ਹਰਿ ਸੰਗਤ ਵੇਖਣੀ ਪ੍ਰਭੂ ਸਾਚੀ ਸ਼ਰਧਾ, ਸਰਧਨ ਨਿਰਧਨ ਧਿਆਨ ਲਗਾਈਆ । ਜਨ ਭਗਤ ਸੁਹੇਲਾ ਬਣਾਉਣਾ ਆਪਣਾ ਬਰਦਾ, ਬੰਦੀਖ਼ਾਨਾ ਤੋੜ ਤੁੜਾਈਆ । ਭੇਵ ਚੁਕਾਉਣਾ ਆਪਣੇ ਗ੍ਰਿਹਿ ਘਰ ਦਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਇਸ਼ਨਾਨ ਕਰਾਉਣਾ ਅੰਤਰ ਆਤਮ ਸਾਚੇ ਸਰ ਦਾ, ਦੁਰਮਤ ਮੈਲ ਮੈਲ ਧੁਆਈਆ । ਨੂਰ ਜ਼ਹੂਰ ਵਖਾਉਣਾ ਨਰਾਇਣ ਨਰ ਦਾ, ਨਰ ਨਿਰੰਕਾਰ ਦਇਆ ਕਮਾਈਆ । ਆਤਮ ਪਰਮਾਤਮ

ਤੇਰਾ ਨਾਮ ਹੋਵੇ ਪੜ੍ਹਦਾ, ਕਲਮਾ ਕਾਇਨਾਤ ਸਿਫ਼ਤ ਸਲਾਹੀਆ । ਲੇਖਾ ਰਹੇ ਨਾ ਚੋਟੀ ਜੜ੍ਹ ਦਾ, ਚੇਤਨ ਸੁਰਤੀ ਦੇਣੀ ਕਰਾਈਆ । ਸੰਤ ਸੁਹੇਲਾ
ਤੇਰੀ ਮੰਜ਼ਲ ਜਾਏ ਚੜ੍ਹਦਾ, ਅਗੇ ਹੋ ਨਾ ਕੋਇ ਅਟਕਾਈਆ । ਤੇਰੇ ਪਿਆਰ ਵਿਚ ਲੇਖਾ ਰਹੇ ਨਾ ਹੰਕਾਰ ਗੜ੍ਹ ਦਾ, ਮਾਇਆ ਮੋਹ ਨਾ ਕੋਇ
ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਵਸਤ ਇਕ ਵਰਤਾਈਆ । ਹਰਿ
ਸੰਗਤ ਕਹੇ ਪ੍ਰਭੂ ਸਾਡੀ ਪੂਰੀ ਕਰਨੀ ਇਛਿਆ, ਸ੍ਰੀ ਭਗਵਾਨ ਦਇਆ ਕਮਾਈਆ । ਨਾਮ ਨਿਧਾਨਾ ਨੌਜਵਾਨਾ ਪਾਉਣੀ ਭਿਛਿਆ, ਵਸਤ ਅਮੋਲ
ਅਤੁਲ ਆਪ ਵਰਤਾਈਆ । ਏਥੇ ਓਥੇ ਦੋ ਜਹਾਨਾਂ ਕਰਨੀ ਰੱਛਿਆ, ਰਖਕ ਹੋ ਕੇ ਵੇਖ ਵਖਾਈਆ । ਲੱਖ ਚੁਰਾਸੀ ਵਿਚ ਹਰਿਜਨ ਰਹੇ ਮੂਲ
ਨਾ ਫਸਿਆ, ਫਾਂਸੀ ਜੰਮ ਦੇਣੀ ਕਟਾਈਆ । ਨਿਝਰ ਧਾਰ ਅੰਮਿਉਂ ਬੂੰਦ ਸਵਾਂਤੀ ਦੇਣਾ ਰਸਿਆ, ਬਿਨ ਰਸਨਾ ਰਸ ਚਖਾਈਆ । ਅੰਧ ਅੰਧੇਰ
ਅੰਦਰੋਂ ਮੇਟਣੀ ਅੰਧੇਰੀ ਮੱਸਿਆ, ਜੋਤੀ ਨੂਰ ਚੰਦ ਕਰ ਰੁਸ਼ਨਾਈਆ । ਤ੍ਰੈਗੁਣ ਮਾਇਆ ਮੂਲ ਡੱਸੇ ਨਾ ਡਸਣੀ ਡੱਸਿਆ, ਜ਼ਹਿਰ ਕਹਿਰ ਨਾ ਕੋਇ
ਵਰਤਾਈਆ । ਨੌ ਦੁਆਰ ਮਨ ਮਨੂਆ ਫਿਰੇ ਨਾ ਨੱਸਿਆ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਹਰਿ ਸੰਗਤ ਸਾਹਿਬ ਸੁਆਮੀ ਦਰ ਤੇਰਾ ਇਕੋ ਮੰਗਦੀ, ਮਾਂਗਤ ਹੋ ਕੇ
ਝੋਲੀ ਡਾਹੀਆ । ਤਨ ਵਜੂਦ ਖ਼ਾਕੀ ਮਾਟੀ ਰੰਗਦੀ, ਰੰਗਤ ਆਪਣਾ ਨਾਮ ਵਖਾਈਆ । ਪ੍ਰੀਤੀ ਜੋੜੀਂ ਧੁਰ ਦੇ ਅੰਗ ਦੀ, ਅੰਗੀਕਾਰ ਹੋਣਾ
੭੯੯ ਧੁਰਦਰਗਾਹੀਆ । ਮੰਜ਼ਲ ਮੁਕਾਉਣੀ ਜੇਰਜ ਅੰਡ ਦੀ, ਉਤਭੁਜ ਸੇਤਜ ਪੰਧ ਰਹੇ ਨਾ ਰਾਈਆ । ਵਾਸ਼ਨਾ ਰਹੇ ਨਾ ਕੂੜ ਵਿਕਾਰੇ ਧਨ ਦੀ, ਪੰਚਮ ੭੯੯
੨੪ ਸ਼ਬਦ ਦੇਣੀ ਸਚੀ ਸ਼ਨਵਾਈਆ । ਮੁਹੱਬਤ ਰਹੇ ਵਾਸੀ ਪੁਰੀ ਅਨੰਦ ਦੀ, ਗੋਬਿੰਦ ਮਿਲਕੇ ਵਜਦੀ ਰਹੇ ਵਧਾਈਆ । ਵਡਿਆਈ ਰਹੇ ਨਾ ਬੱਤੀ ੨੪
ਦੰਦ ਦੀ, ਅਜਪਾ ਜਾਪ ਵਿਚ ਸੁਰਤ ਸ਼ਬਦ ਦੇਣੀ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ,
ਸਚ ਦਾ ਪਰਦਾ ਆਪ ਖੁਲ੍ਹਾਈਆ । ਹਰਿ ਸੰਗਤ ਕਹੇ ਪ੍ਰਭੂ ਤੇਰਾ ਦਰਸ ਹੋਵੇ ਅਗੰਮ, ਬਿਨ ਜਗ ਨੇਤਰ ਨਜ਼ਰੀ ਆਈਆ । ਸਾਚਾ ਭੇਵ ਖੁਲ੍ਹਾ
ਦੇ ਬ੍ਰਹਮ, ਪਾਰਬ੍ਰਹਮ ਪਰਦਾ ਆਪ ਉਠਾਈਆ । ਨਿਹਕਰਮੀ ਸਾਡੇ ਉਤੇ ਕਰ ਦੇ ਕਰਮ, ਕਰਮ ਕਾਂਡ ਦਾ ਡੇਰਾ ਢਾਹੀਆ । ਅੰਤਸ਼ਕਰਨ ਵਿਚੋਂ
ਮੇਟ ਦੇ ਭਰਮ, ਭਾਂਡਾ ਭਰਮ ਭਉ ਭੰਨਾਈਆ । ਸਾਡੀ ਦ੍ਰਿਸ਼ਟੀ ਰਹੇ ਨਾ ਚਰਮ, ਚੰਮ ਦ੍ਰਿਸ਼ਟੀ ਦੇਣੀ ਗਵਾਈਆ । ਇਕੋ ਬਖ਼ਸ਼ਣੀ ਪੁਰਖ ਅਕਾਲੇ
ਸਰਨ, ਦੂਸਰ ਓਟ ਨਾ ਕੋਇ ਤਕਾਈਆ । ਨਿਜ ਨੇਤਰ ਖੋਲ੍ਹ ਦੇ ਹਰਨ ਫਰਨ, ਲੋਚਨ ਆਪਣੇ ਕਰ ਰੁਸ਼ਨਾਈਆ । ਬਿਨ ਅੱਖਰਾਂ ਤੇਰੇ ਸੰਤ
ਸੁਹੇਲੇ ਤੇਰੀ ਵਿਦਿਆ ਪੜ੍ਹਨ, ਨਿਰਅੱਖਰ ਧਾਰ ਦੇਣਾ ਦ੍ਰਿੜ੍ਹਾਈਆ । ਆਤਮ ਪਰਮਾਤਮ ਜੋਤੀ ਜਾਤੇ ਤੇਰਾ ਪੱਲੂ ਫੜਨ, ਸਤਿਗੁਰ ਸ਼ਬਦ ਸ਼ਬਦ ਦੇਣੀ
ਵਡਿਆਈਆ । ਸਾਡਾ ਲੇਖਾ ਚੁੱਕੇ ਆਵਣ ਜਾਵਣ ਲੱਖ ਚੁਰਾਸੀ ਮਰਨ, ਜਮ ਕੀ ਫਾਸੀ ਰਹਿਣ ਨਾ ਪਾਈਆ । ਤੂੰ ਪਾਰਬ੍ਰਹਮ ਪਤਿਪਰਮੇਸ਼ਵਰ
ਤਰਨੀ ਤਰਨ, ਤਾਰਨਹਾਰਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ
ਗ੍ਰਿਹ ਇਕ ਸੁਹਾਈਆ । ਹਰਿ ਸੰਗਤ ਕਹੇ ਸੂਰੇ ਸਰਬੰਗਣਾ, ਪਰਵਰਦਿਗਾਰ ਤੇਰੀ ਵਡਿਆਈਆ । ਮਹਿਬਾਨ ਬੀਦੋ ਤੇਰਾ ਦੁਆਰਾ ਇਕੋ ਮੰਗਣਾ,
ਦੂਸਰ ਗ੍ਰਿਹ ਕਦੇ ਨਾ ਜਾਈਆ । ਤੂੰ ਸ਼ਾਹੋ ਭੂਪ ਸੂਰਾ ਸਰਬੰਗਣਾ, ਨੂਰ ਨੁਰਾਨਾ ਨੂਰ ਅਲਾਹੀਆ । ਤੇਰਾ ਸਚ ਦਮਾਮਾ ਦੋ ਜਹਾਨਾਂ ਵਜਣਾ,

ਡੰਕਾ ਫ਼ਤਿਹ ਫ਼ਤਿਹ ਸ਼ਨਵਾਈਆ । ਤੇਰੇ ਚਰਨ ਧੂੜ ਜਨ ਭਗਤ ਸੁਹੇਲੇ ਕਰਨ ਮਜਨਾ, ਅਠਸਠ ਲੇਖਾ ਰਹੇ ਨਾ ਰਾਈਆ । ਜੋਤੀ ਜਾਤੇ ਪੁਰਖ ਬਿਧਾਤੇ ਤੇਰਾ ਨੂਰੀ ਦੀਪਕ ਇਕੋ ਜਗਣਾ, ਦੋ ਜਹਾਨ ਕਰੇ ਰੁਸ਼ਨਾਈਆ । ਤੂੰ ਲੇਖੇ ਲਾਉਣਾ ਆਅਲਾ ਅਦਨਾ, ਸ਼ਾਹ ਸੁਲਤਾਨਾਂ ਆਪਣਾ ਰੰਗ ਰੰਗਾਈਆ । ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਇਕੋ ਹੋਵੇ ਭਜਨਾ, ਭਜਨ ਬੰਦਗੀ ਤੇਰਾ ਰੂਪ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦੁਆਰ ਇਕ ਦਰਸਾਈਆ । ਹਰਿ ਸੰਗਤ ਕਹੇ ਪ੍ਰਭੂ ਹਭ ਆਸ਼ਾ ਕਰ ਦੇ ਪੂਰੀ, ਪਰਮ ਪੁਰਖ ਪ੍ਰਭ ਦਇਆ ਕਮਾਈਆ । ਪੰਧ ਮੁਕਾ ਦੇ ਨੇੜਾ ਦੂਰੀ, ਦੋ ਜਹਾਨ ਚਰਨ ਸਰਨ ਸਰਨਾਈਆ । ਕਲਜੁਗ ਕਿਰਿਆ ਮੇਟ ਦੇ ਕੂੜੀ, ਕੂੜ ਕੁੜਿਆਰ ਮਿਟਾਈਆ । ਸ਼ਾਹੋ ਭੂਪ ਹਾਜ਼ਰ ਹੋ ਹਜ਼ੂਰੀ, ਹਜ਼ਰਤਾਂ ਦੇ ਮਾਲਕ ਧੁਰਦਰਗਾਹੀਆ । ਆਪਣਾ ਦਰਸ ਦਿਖਾ ਦੇ ਨੂਰੀ, ਨੂਰ ਨੁਰਾਨਾ ਨਜ਼ਰੀ ਆਈਆ । ਤੂੰ ਸਰਬ ਕਲਾ ਭਰਪੂਰੀ, ਸਮਰਥ ਇਕ ਗੁਸਾਈਆ । ਕਲਜੁਗ ਅੰਤਮ ਸਭ ਦੀ ਕੱਟ ਮਜਬੂਰੀ, ਮੁਸ਼ਕਲ ਦੀਨ ਦੁਨੀ ਹਲ ਕਰਾਈਆ । ਹਰਿ ਸੰਗਤ ਬਿਨ ਚਰਨ ਬਖ਼ਸ਼ ਦੇ ਧੂੜੀ, ਧੂਲੀ ਟਿੱਕੇ ਖ਼ਾਕ ਰਮਾਈਆ । ਮਨਸਾ ਮੂਲ ਰਹੇ ਨਾ ਕੂੜੀ, ਕਿਰਿਆ ਕਰਮ ਕਾਂਡ ਦਾ ਲੇਖਾ ਆਪ ਚੁਕਾਈਆ । ਤੇਰੇ ਪਿਆਰ ਦੀ ਰੰਗਤ ਚੜ੍ਹੇ ਗੂੜ੍ਹੀ, ਦੋ ਜਹਾਨ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਹਰਿ ਸੰਗਤ ਕਹੇ ਪ੍ਰਭੂ ਤੇਰਾ ਇਕੋ ਹੋਵੇ ਦਰਸ, ਬਿਨ ਨੇਤਰ ਨੈਣਾਂ ਨਜ਼ਰੀ ਆਈਆ । ਆਤਮ ਪਰਮਾਤਮ ਮਿਟੇ ਹਰਸ, ਹਵਸ ਅਵਰ ਰਹੇ ਨਾ ਰਾਈਆ । ਅੰਮ੍ਰਿਤ ਮੇਘ ਦੇਣਾ ਬਰਸ, ਜਿਸ ਦਾ ਮੇਘਲਾ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਉਤੇ ਕਰਨਾ ਤਰਸ, ਰਹੀਮ ਰਹਿਮਤ ਰਹਿਮਾਨ ਆਪ ਕਮਾਈਆ । ਤੂੰ ਵਾਲੀ ਮਾਲਕ ਖ਼ਾਲਕ ਆਲੀਜ਼ਾਹ ਅਰਸ਼, ਸ਼ਾਹ ਸੁਲਤਾਨ ਤੇਰੀ ਵਡਿਆਈਆ । ਨਿਗਾਹਬਾਨ ਨਿਗਾਹ ਮਾਰਨੀ ਉਤੇ ਫ਼ਰਸ਼, ਫ਼ਰਸ਼ੇ ਖ਼ਾਕੀ ਵੇਖ ਵਖਾਈਆ । ਤੇਰੇ ਦਰਸ ਨੂੰ ਤੇਰੇ ਸੰਤ ਸੁਹੇਲੇ ਰਹੇ ਤਰਸ, ਦਿਵਸ ਰੈਣ ਬੈਠੇ ਧਿਆਨ ਲਗਾਈਆ । ਤੂੰ ਯੋਧਾ ਸੂਰਬੀਰ ਮਰਦਾਨਾ ਇਕੋ ਮਰਦ, ਮਿਹਰਵਾਨ ਮਹਿਬੂਬ ਇਕ ਅਖਵਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਧਾਰ ਹੋ ਕੇ ਵੰਡ ਦਰਦ, ਦਰਦਵੰਦ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਹਰਿਜਨ ਖ਼ੁਸ਼ੀ ਕਰ ਬੰਦ ਬੰਦ, ਬੰਦਗੀ ਸਭ ਦੀ ਆਪਣੇ ਲੇਖੇ ਲਾਈਆ । ਉਹ ਵਾਅਦਾ ਪੂਰਾ ਕਰ ਦੇ ਜੋ ਗੋਬਿੰਦ ਕਹਿ ਕੇ ਗਿਆ ਪੁਰੀ ਅਨੰਦ, ਅਨੰਦ ਦੇ ਮਾਲਕ ਅਨੰਦ ਅਨੰਦ ਵਿਚੋਂ ਵਰਤਾਈਆ । ਹਰਿ ਸੰਗਤ ਆਤਮ ਪਰਮਾਤਮ ਤੂੰ ਮੇਰਾ ਮੈਂ ਤੇਰਾ ਬਿਨ ਰਸਨਾ ਜਿਹਵਾ ਬੱਤੀ ਦੰਦ ਜਪਾ ਦੇ ਛੰਦ, ਛੰਤ ਦੀ ਬਣਤ ਆਪ ਬਣਾਈਆ । ਜਨ ਭਗਤਾਂ ਸੇਜ ਸੁਹਾ ਦੇ ਆਪ ਪਲੰਘ, ਬਿਨ ਪਾਵਾ ਚੂਲ ਆਸਣ ਲਾਈਆ । ਸਭ ਦੀ ਅੰਤਰ ਨਿਰੰਤਰ ਨਿਰਗੁਣ ਧਾਰ ਤਕ ਲੈ ਮੰਗ, ਦੇਵਣਹਾਰ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਰੂਪੀ ਸ਼ਾਹੋ ਭੂਪੀ ਬਿਨ ਰੰਗ ਰੂਪੀ ਆਤਮ ਧਾਰ ਲਗਾ ਲੈ ਆਪਣੇ ਅੰਗ, ਅੰਗੀਕਾਰ ਏਕੰਕਾਰ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।

## ✪ ੧੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਮਹਿੰਦਰ ਸਿੰਘ ਦੇ ਗ੍ਰਿਹ ਪਿੰਡ ਸੋਹਲ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਸਚਖੰਡ ਦੁਆਰਿਉਂ ਮਾਰ ਕੇ ਆਓ ਵਾਟਾਂ, ਦੋ ਜਹਾਨ ਨੌਜੁਆਨ ਮਰਦ ਮਰਦਾਨ ਪੰਧ ਮੁਕਾਈਆ । ਮੇਰੇ ਉਤੇ ਦੀਨਾਂ ਮਜ਼੍ਹਬਾਂ ਅੰਦਰ ਵੇਖੋ ਆਇਆ ਘਾਟਾ, ਸਤਿ ਸਚ ਧਰਮ ਦੀ ਵਸਤ ਗਏ ਡੁਲ੍ਹਾਈਆ । ਚਾਰੋਂ ਕੁੰਟ ਕਲਜੁਗ ਖੇਲ ਬਾਜ਼ੀਗਰ ਨਾਟਾ, ਨਟੂਆ ਹੋ ਕੇ ਆਪਣਾ ਸਵਾਂਗ ਵਰਤਾਈਆ । ਅੰਮ੍ਰਿਤ ਰਸ ਬਿਨ ਗੋਬਿੰਦ ਭਰੇ ਨਾ ਕੋਇ ਧਰਮ ਦੇ ਬਾਟਾ, ਅੰਮਿਉਂ ਰਸ ਜਾਮ ਨਾ ਕੋਇ ਪਿਆਈਆ । ਆਤਮ ਸੇਜਾ ਸੁੰਞੀ ਵੇਖੋ ਤੁਹਾਡੇ ਸਿੱਖਾਂ ਮੁਰੀਦਾਂ ਹੋਈ ਖਾਟਾ, ਸਿੰਘਾਸਣ ਆਸਣ ਨਜ਼ਰ ਕੋਇ ਨਾ ਆਈਆ । ਸਭ ਦਾ ਕਾਇਆ ਮਾਟੀ ਪੰਜ ਤਤ ਦਾ ਚੀਥੜ ਵੇਖੋ ਪਾਟਾ, ਤਨ ਸ਼ਿੰਗਾਰ ਰਹਿਣ ਕੋਇ ਨਾ ਪਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਸਤਿ ਸਚ ਦਾ ਪਿਆ ਸਨਾਟਾ, ਕਲਜੁਗ ਕੂੜ ਕੂਕੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਮੇਰੀ ਵੇਖੋ ਹਾਲਤ, ਹਾਏ ਉਫ਼ ਕਰ ਸੁਣਾਈਆ । ਧਰਮ ਦੀ ਰਹੀ ਨਾ ਕੋਇ ਅਦਾਲਤ, ਇਨਸਾਫ਼ ਸਚ ਨਾ ਕੋਇ ਕਮਾਈਆ । ਚਾਰ ਕੁੰਟ ਦਹਿ ਦਿਸ਼ਾ ਹੋਈ ਜਹਾਲਤ, ਪ੍ਰੇਮ ਪ੍ਰੀਤੀ ਰੰਗ ਨਾ ਕੋਇ ਰੰਗਾਈਆ । ਤੁਹਾਡੇ ਧਰਮ ਦੀ ਦੀਨਾਂ ਮਜ਼੍ਹਬਾਂ ਕੋਲੋਂ ਖ਼ੁਸ ਗਈ ਅਮਾਨਤ, ਵਸਤ ਸੰਭਲ ਨਾ ਕੋਇ ਰਖਾਈਆ । ਸਦੀ ਚੌਧਵੀਂ ਸਭ ਨੇ ਕੀਤੀ ਖ਼ਿਆਨਤ, ਖ਼ਿਜ਼ਾਂ ਰੁੱਤ ਗਈ ਬਦਲਾਈਆ । ਚਾਰੋਂ ਕੁੰਟ ਅੰਧੇਰੀ ਸ਼ਾਮਤ, ਸ਼ਮਅ ਨੂਰ ਜੋਤ ਨਾ ਕੋਇ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਮੇਰੇ ਉਤੇ ਲਿਆਂਦੀ ਕ਼ਿਆਮਤ, ਕਾਇਮ ਮੁਕ਼ਾਮ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਮੇਰਾ ਵੇਖੋ ਦੁਖ, ਦੁਖੀ ਹੋ ਕੇ ਰਹੀ ਜਣਾਈਆ । ਮੇਰੀ ਸੁਫਲ ਰਹੀ ਨਾ ਕੁਖ, ਭਗਤ ਜਨਮੇ ਕੋਇ ਨਾ ਮਾਈਆ । ਦਰੋਹੀ ਫਿਰੀ ਵਿਚ ਮਾਨਸ ਮਾਨੁਖ, ਮਾਨਵ ਸਾਰੇ ਤੁਧ ਨੂੰ ਗਏ ਭੁਲਾਈਆ । ਦੀਨ ਦਿਆਲੋ ਵਡ ਕਿਰਪਾਲੋ ਮੈਨੂੰ ਆਣ ਕੇ ਲਉ ਪੁਛ, ਪੁਸ਼ਤ ਪਨਾਹ ਮੇਰੀ ਹੱਥ ਟਿਕਾਈਆ । ਤੁਹਾਡੇ ਸਿਖ ਮੁਰੀਦ ਤੁਹਾਡੇ ਨਾਲੋਂ ਗਏ ਰੁਸ, ਸਾਚਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਅਵਤਾਰ ਪੈਗ਼ੰਬਰ ਗੁਰ ਸ਼ਬਦੀ ਧਾਰ ਬੋਲਣ ਇਕੱਠੇ, ਸਚਖੰਡ ਦੁਆਰ ਜਣਾਈਆ । ਅਸੀਂ ਬਿਨ ਕ਼ਦਮਾਂ ਆਈਏ ਨਠੇ, ਦੋ ਜਹਾਨਾਂ ਪੰਧ ਮੁਕਾਈਆ । ਪਹਿਲੋਂ ਵੇਖੀਏ ਤੀਰਥ ਅੱਠ ਸੱਠੇ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫੋਲ ਫੁਲਾਈਆ । ਨਿਗਾਹ ਮਾਰੀਏ ਮੰਦਰ ਮਸਜਿਦ ਸ਼ਿਵਦਵਾਲੇ ਮਠੇ, ਗੁਰੂਦੁਆਰ ਚਰਚਾਂ ਫੋਲ ਫੁਲਾਈਆ । ਸਾਡੇ ਕੋਲ ਧਰਨੀਏ ਪੁਰਖ ਅਕਾਲ ਦੇ ਧਰਮ ਦੇ ਪਿਛਲੇ ਵੇਖ ਲੈ ਪਟੇ, ਪਟਨੇ ਵਾਲਾ ਰਿਹਾ ਜਣਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਟਪੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਉਸ ਦੇ ਸਤਿਗੁਰ ਸ਼ਬਦ ਨਾਲ ਮਤੇ, ਜਗਤ ਮਸ਼ਵਰਾ ਸਲਾਹ ਨਾ ਕੋਇ ਰਖਾਈਆ । ਜਿਸ ਦਾ ਇਸ਼ਾਰਾ ਦਿਤਾ ਨਿਰਗੁਣ ਸਰਗੁਣ ਧਾਰ ਨਾਨਕ ਤੱਪੇ, ਗੁਰ ਗੋਬਿੰਦ ਗਿਆ ਦ੍ਰਿੜਾਈਆ । ਉਹ ਮਾਣ ਦੇਵਣਹਾਰਾ ਇਕੋ ਅੱਖਰ ਪੱਪੇ, ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਹੁਕਮ ਵਰਤਾਈਆ । ਜਿਸ ਦੇ ਕੌਲ ਇਕ਼ਰਾਰ ਦੋ ਜਹਾਨਾਂ ਪੱਕੇ, ਲਿਖਿਆ ਲੇਖ ਨਾ ਕੋਇ ਮਿਟਾਈਆ । ਜਿਸ ਅਵਤਾਰ

ਪੈਗ਼ੰਬਰ ਗੁਰੂ ਏਕਾ ਧਾਰ ਬਣਾਉਣੇ ਸਕੇ, ਦੀਨਾਂ ਮਜ਼੍ਹਬਾਂ ਸ਼ਰਅ ਵੰਡ ਨਾ ਕੋਇ ਰਖਾਈਆ । ਸਾਨੂੰ ਸਭ ਕੁਛ ਦਿਸਦਾ ਸਾਡਾ ਨਾਮ ਕਲਮਾ ਵਿਕਦਾ ਵਿਚ ਟਕੇ, ਗ੍ਰੰਥ ਸ਼ਾਸਤਰ ਹੱਟੋ ਹੱਟ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਧਰਨੀ ਧਰਤ ਧਵਲ ਧੌਲ ਨਿਰਗੁਣ ਧਾਰ ਆਵਾਂਗੇ । ਜੋਤੀ ਜਾਤਾ ਪੁਰਖ ਬਿਧਾਤਾ, ਸੋ ਪੁਰਖ ਨਿਰੰਜਣ ਨਾਲ ਮਿਲਾਵਾਂਗੇ । ਆਦਿ ਜੁਗਾਦੀ ਪਿਤ ਮਾਤਾ, ਹਰਿ ਪੁਰਖ ਨਿਰੰਜਣ ਵੇਖ ਵਖਾਵਾਂਗੇ । ਏਥੇ ਉਥੇ ਦੋ ਜਹਾਨ ਜਿਸ ਦਾ ਨਾਤਾ, ਏਕੰਕਾਰ ਆਪਣੀ ਗੰਢ ਪੁਆਵਾਂਗੇ । ਆਤਮ ਪਰਮਾਤਮ ਲੱਖ ਚੁਰਾਸੀ ਜੋ ਹੋਏ ਜੋਤੀ ਜਾਤਾ, ਆਦਿ ਨਿਰੰਜਣ ਦਰਦ ਦੁਖ ਭੈ ਭੰਜਨ ਆਪਣੀ ਗੰਢ ਰਖਾਵਾਂਗੇ । ਅਬਿਨਾਸ਼ੀ ਕਰਤਾ ਜੋ ਸੁਣਾਏ ਅਗੰਮੀ ਗਾਥਾ, ਸ੍ਰੀ ਭਗਵਾਨ ਧੁਰ ਦਾ ਜੋੜ ਜੁੜਾਵਾਗੇ । ਪਾਰਬ੍ਰਹਮ ਪਤਿਪਰਮੇਸ਼ਵਰ ਜੋ ਤੇਰੇ ਉਤੋਂ ਮੇਟੇ ਅੰਧੇਰੀ ਰਾਤਾ, ਨੂਰੀ ਚੰਦ ਚੰਦ ਚਮਕਾਵਾਂਗੇ । ਸਤਿਗੁਰ ਸ਼ਬਦ ਜੋ ਖੇਲੇ ਖੇਲ ਬਹੁ ਬਿਧ ਭਾਂਤਾ, ਰੂਪ ਅਨੂਪ ਉਸੇ ਦਾ ਵੇਖ ਵਖਾਵਾਂਗੇ । ਤੂੰ ਆਪਣਾ ਖੁੱਲ੍ਹਾ ਰਖੀਂ ਖਾਤਾ, ਸੱਤਾਂ ਦੀਪਾਂ ਪਰਦਾ ਆਪ ਚੁਕਾਵਾਂਗੇ । ਨਿਗਾਹ ਮਾਰੀਏ ਵਿਚ ਜ਼ਾਤਾਂ ਪਾਤਾਂ, ਦੀਨਾਂ ਮਜ਼੍ਹਬਾਂ ਫੋਲ ਫੁਲਾਵਾਂਗੇ । ਤੇਰਾ ਨਵ ਸੱਤ ਦਾ ਤਕੀਏ ਇਕ ਅਹਾਤਾ, ਸਮੁੰਦ ਸਾਗਰਾਂ ਟਿੱਲੇ ਪਰਬਤਾਂ ਜੰਗਲ ਜੂਹਾਂ ਵੇਖ ਵਖਾਵਾਂਗੇ । ਤੇਰਾ ਮਾਲਕ ਖ਼ਾਲਕ ਸਾਡੇ ਨਾਲ ਹੋਏ ਪੁਰਖ ਬਿਧਾਤਾ, ਬਸੁਧਾ ਤੇਰਾ ਲੇਖਾ ਤੇਰੀ ਝੋਲੀ ਪਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜੁਗ ਚੌਕੜੀ ਸਦਾ ਸੁਹੇਲਾ ਸਗਲਾ ਸਾਥਾ, ਅਨਾਥ ਅਨਾਥਾਂ ਵੇਖਣਹਾਰਾ ਥਾਉਂ ਥਾਈਆ ।

### ✪ ੧੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਵਰਿਆਮ ਸਿੰਘ ਦੇ ਗ੍ਰਿਹ ਪਿੰਡ ਮੱਲੀਆਂ ਜ਼ਿਲਾ ਅੰਮ੍ਰਿਤਸਰ ✪

ਪੁਰਖ ਅਕਾਲ ਕਹੇ ਸੁਣ ਧਰਨੀ ਧਵਲ ਧੌਲ ਧਰਤ, ਮਾਟੀ ਖ਼ਾਕ ਬਿਨ ਤਨ ਵਜੂਦ ਹਕ ਮਹਿਬੂਬ ਬਣ ਕੇ ਤੈਨੂੰ ਦਿਆਂ ਸਮਝਾਈਆ । ਨਿਰਗੁਣ ਧਾਰ ਏਕੰਕਾਰ ਸਾਂਝਾ ਯਾਰ ਹੋ ਕੇ ਆਵਾਂ ਪਰਤ, ਪਤਿਪਰਮੇਸ਼ਵਰ ਪਾਰਬ੍ਰਹਮ ਹੋ ਕੇ ਆਪਣਾ ਖੇਲ ਖਿਲਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਹੋ ਕੇ ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰਾਂ ਸ਼ਰਤ, ਸ਼ਰਅ ਸ਼ਰੀਅਤ ਜਗਤ ਜਹਾਨ ਨੌਜੁਆਨ ਹੋ ਕੇ ਵੇਖਾਂ ਚਾਈਂ ਚਾਈਆ । ਮੈਂ ਨੂਰ ਨੁਰਾਨਾ ਸ਼ਾਹ ਸੁਲਤਾਨਾ ਵਾਲੀ ਦੋ ਜਹਾਨ ਪ੍ਰੀਤਮ ਅਰਸ਼ੀ ਅਰਸ਼, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਨਿਵਾਸੀ ਇਕ ਅਖਵਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਆਵਾਂ ਉਤੇ ਧਰਤ, ਧਵਲੇ ਤੇਰਾ ਹੌਲਾ ਭਾਰ ਦਿਆਂ ਕਰਾਈਆ । ਤੂੰ ਨਿਰਗੁਣ ਧਾਰ ਦੀ ਸਦਾ ਉਡੀਕ ਰਖੀਂ ਮੇਰੀ ਆਮਦ ਦੇ ਬਹੁਤੇ ਨਹੀਂ ਬਰਸ, ਪੰਜ ਚਾਰ ਸਾਲ ਤੋਂ ਵੱਧ ਵਕਤ ਨਾ ਕੋਇ ਰਖਾਈਆ । ਜੋਧਾ ਸੂਰਬੀਰ ਮਰਦਾਨਾ ਬਣਾਂ ਮਰਦ, ਬਲਧਾਰੀ ਇਕ ਅਖਵਾਈਆ । ਕੋਝੀਏ ਕਮਲੀਏ ਤੇਰੀ ਆਣ ਕੇ ਵੰਡਾਂ ਦਰਦ, ਦੁਖੀਆਂ ਦਰਦੀਆਂ ਤੇਰੇ ਨਾਲ ਮਿਲਾਈਆ । ਸ਼ਰਅ ਛੁਰੀ ਕਿਸੇ ਕਰੇ ਨਾ ਕ਼ਤਲ ਕਰਦ, ਕ਼ਾਤਲ ਮਕ਼ਤੂਲ ਦਾ ਪੰਧ ਦਿਆਂ ਮੁਕਾਈਆ । ਤੇਰੀ ਬੇਨੰਤੀ ਮਨਜ਼ੂਰ ਹੋਵੇ ਅਰਜ਼, ਅਰਸ਼ੀ ਪ੍ਰੀਤਮ ਹੋ ਕੇ ਵੇਖਾਂ ਚਾਈਂ ਚਾਈਆ ।

੮੦੨
੨੪

ਕਲਜੁਗ ਨੂੰ ਮੇਟਣਾ ਮੇਰਾ ਧੁਰ ਦਾ ਬਣਦਾ ਫ਼ਰਜ਼, ਫ਼ਾਜ਼ਲ ਹੋ ਕੇ ਆਪਣਾ ਹੁਕਮ ਵਰਤਾਈਆ । ਮੈਂ ਸਭ ਦੀ ਆਸ਼ਾ ਪੂਰੀ ਕਰਾਂ ਗ਼ਰਜ਼, ਮਨਸਾ ਤਕਾਂ ਹੋ ਕੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਤੇਰੇ ਹੱਥ ਰਖਾਈਆ । ਧਰਨੀਏ ਸੋ ਪੁਰਖ ਨਿਰੰਜਣ ਹੋ ਕੇ ਆਵਾਂਗਾ । ਹਰਿ ਪੁਰਖ ਨਿਰੰਜਣ ਹੋ ਕੇ ਵੇਖ ਵਖਾਵਾਂਗਾ । ਏਕੰਕਾਰਾ ਹੋ ਕੇ ਹੁਕਮ ਵਰਤਾਵਾਂਗਾ । ਆਦਿ ਨਿਰੰਜਣ ਹੋ ਕੇ ਡਗਮਗਾਵਾਂਗਾ । ਅਬਿਨਾਸ਼ੀ ਕਰਤਾ ਹੋ ਕੇ ਸੋਭਾ ਪਾਵਾਂਗਾ । ਸ੍ਰੀ ਭਗਵਾਨ ਹੋ ਕੇ ਡੰਕ ਵਜਾਵਾਂਗਾ । ਪਾਰਬ੍ਰਹਮ ਹੋ ਕੇ ਭੇਵ ਖੁਲ੍ਹਾਵਾਂਗਾ । ਸਤਿਗੁਰ ਸ਼ਬਦ ਸ਼ਬਦ ਉਠਾਵਾਂਗਾ । ਸਚਖੰਡ ਦੁਆਰ ਇਕ ਸੁਹਾਵਾਂਗਾ । ਥਿਰ ਘਰ ਆਪਣਾ ਪਰਦਾ ਲਾਹਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਆਪ ਹਿਲਾਵਾਂਗਾ । ਕਰੋੜ ਤੇਤੀਸਾ ਸੁਰਪਤ ਇੰਦ ਨੈਣ ਅੱਖ ਖੁਲ੍ਹਾਵਾਂਗਾ । ਗਣ ਗੰਧਰਵ ਆਪ ਜਗਾਵਾਂਗਾ । ਤ੍ਰੈਗੁਣ ਮਾਇਆ ਪੰਜ ਤਤ ਵੇਖ ਵਖਾਵਾਂਗਾ । ਅਵਤਾਰ ਪੈਗ਼ੰਬਰ ਗੁਰ ਜੋਤੀ ਧਾਰ ਸੰਗ ਬਣਾਵਾਂਗਾ । ਬਿਨ ਕ਼ਦਮਾਂ ਧਰਨੀਏ ਤੇਰੇ ਉਤੇ ਆਵਾਂ ਤੁਰ, ਬਿਨ ਤਤਾਂ ਵੇਸ ਵਟਾਵਾਂਗਾ । ਮੇਰਾ ਇਕੋ ਮੰਤਰ ਨਾਮ ਜਾਏ ਫੁਰ, ਫੁਰਨੇ ਮਨ ਦੇ ਬੰਦ ਕਰਾਵਾਂਗਾ । ਇਕੋ ਤਾਲ ਤਲਵਾੜਾ ਹੋਵੇ ਇਕੋ ਵਜੇ ਅਨਾਦੀ ਸੁਰ, ਸੁਰਤੀ ਸ਼ਬਦ ਨਾਲ ਜੁੜਾਵਾਂਗਾ । ਜੋ ਸੰਦੇਸ਼ਾ ਦੇ ਕੇ ਗਿਆ ਗੋਬਿੰਦ ਅਨੰਦ ਪੁਰ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਬਾਹਰ ਵੇਖ ਵਖਾਵਾਂਗਾ । ਤੇਰੇ ਉਤੋਂ ਮੇਟਾਂ ਅੰਧੇਰਾ ਘੋਰ, ਨੂਰੀ ਚੰਦ ਚੰਦ ਚਮਕਾਵਾਂਗਾ । ਕਲਜੁਗ ਕੂੜ ਕੁੜਿਆਰ ਨਾ ਪਾਵੇ ਸ਼ੋਰ, ਸ਼ੌਹਰ ਬਾਂਕਾ ਹੋ ਕੇ ਹੁਕਮ ਸੁਣਾਵਾਂਗਾ ।
੮੦੩ ਤੂੰ ਤਕਣਾ ਨਾਲ ਗ਼ੌਰ, ਗਹਿਰ ਗੰਭੀਰ ਹੋ ਕੇ ਖੇਲ ਖਿਲਾਵਾਗਾ । ਤੇਰੇ ਉਤੇ ਦੀਨ ਦੁਨੀ ਦੀ ਆਸ਼ਾ ਕਰ ਦੇਵਾਂ ਅਵਰ ਦੀ ਔਰ, ਔਰ ਦਾ ੮੦੩
੨੪ ਔਰ ਰੂਪ ਬਦਲਾਵਾਂਗਾ । ਮਾਨਸ ਜ਼ਾਤੀ ਮਾਨਵ ਜਨਮ ਜਾਏ ਸੌਰ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਭੇਵ ਖੁਲ੍ਹਾਵਾਂਗਾ । ਸਭ ਦੀ ਆਪਣੇ ੨੪
ਹੱਥ ਵਿਚ ਫੜ ਕੇ ਡੋਰ, ਦੋ ਜਹਾਨਾਂ ਆਪਣੀ ਕਲ ਵਖਾਵਾਂਗਾ । ਸਤਿਜੁਗ ਨਾਲ ਤੇਰਾ ਨਾਤਾ ਦੇਵਾਂ ਜੋੜ, ਕਲਜੁਗ ਕੂੜ ਕੁੜਿਆਰ, ਬਾਹਰ ਕਢਾਵਾਂਗਾ । ਪ੍ਰਭੂ ਪਿਆਰ ਦੀ ਰਹੇ ਕੋਈ ਨਾ ਥੋੜ, ਭੰਡਾਰਾ ਅਤੋਟ ਅਤੁਟ ਵਰਤਾਵਾਂਗਾ । ਨਿਰਗੁਣ ਹੋ ਕੇ ਚੜ੍ਹਾਂ ਸ਼ਬਦ ਅਗੰਮੀ ਘੋੜ, ਨੌ ਖੰਡ ਪ੍ਰਿਥਮੀ ਸੱਤ ਦੀਪ ਚਰਨਾਂ ਹੇਠ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਹੋ ਕੇ ਜਾਵਾਂ ਬਹੁੜ, ਦੂਰ ਦੁਰਾਡਾ ਦੋ ਜਹਾਨਾਂ ਨਿਰਗੁਣ ਹੋ ਕੇ ਆਪਣਾ ਪੰਧ ਮੁਕਾਵਾਂਗਾ ।

### ✪ ੧੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਚੰਨਣ ਸਿੰਘ ਦੇ ਗ੍ਰਿਹਿ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਸੁਣ ਮੇਰੇ ਸ੍ਰੀ ਭਗਵਾਨਾ, ਭਗਵਨ ਕੰਤ ਭਗਵੰਤ ਦਰ ਤੇਰੇ ਮੰਗ ਮੰਗਾਈਆ । ਮੇਰੇ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਨੌਜੁਆਨਾ, ਸ਼ਬਦ ਅਨਾਦੀ ਤੇਰੀ ਬੇਪਰਵਾਹੀਆ । ਤੂੰ ਸ਼ਾਹੋ ਭੂਪ ਬਿਨ ਰੰਗ ਰੂਪ ਯੋਧਾ ਸੂਰਬੀਰ ਮਰਦ ਮਰਦਾਨਾ, ਮਹਾਬਲੀ ਅਗੰਮ ਅਥਾਹੀਆ । ਨਿਤ ਨਵਿਤ ਆਦਿ ਜੁਗਾਦਿ ਤੇਰਾ ਝੁਲਦਾ ਰਿਹਾ ਨਿਸ਼ਾਨਾ, ਜ਼ਿਮੀਂ ਜ਼ਮਾਂ ਮਹਿਬਾਂ ਆਪਣਾ ਰੂਪ ਦਰਸਾਈਆ । ਨਿਗਾਹ ਮਾਰ ਲੈ ਮੇਰੇ ਨਿਰਵੈਰ

ਨਿਰਾਕਾਰ ਨਿਰੰਕਾਰ ਬਿਨ ਤਤਾਂ ਵਾਲੇ ਕਾਹਨਾ, ਰਾਮ ਰਾਮਾ ਵੇਖ ਵਖਾਈਆ । ਮੇਰੇ ਭਗਵੰਤ ਕਿਉਂ ਮੇਰਾ ਪਿਆਰ ਹੋਇਆ ਬੇਗਾਨਾ, ਪ੍ਰੀਤਮ ਹੋ ਕੇ ਪ੍ਰੀਤ ਗਿਉਂ ਤੁੜਾਈਆ । ਮੇਰੇ ਸ਼ਹਿਨਸ਼ਾਹ ਸ਼ਾਹੋ ਭੂਪ ਸੁਲਤਾਨਾ, ਰਾਜ ਰਾਜਾਨ ਤੇਰੀ ਵਡਿਆਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪਹਿਰਨੇ ਵਾਲਾ ਜਾਮਾ, ਜੁਗ ਚੌਕੜੀ ਆਪਣਾ ਖੇਲ ਬਣਾਈਆ । ਕਲਜੁਗ ਅੰਤ ਮੈਂ ਹੋ ਗਈ ਹੈਰਾਨਾ, ਹੈਰਾਨਗੀ ਵਿਚ ਮੇਰੀ ਦੁਹਾਈਆ । ਤੇਰੇ ਅਵਤਾਰ ਪੈਗ਼ੰਬਰਾਂ ਗੁਰੂਆਂ ਹੁੰਦਿਆਂ ਕਿਉਂ ਮੇਰੇ ਉਤੇ ਬਦਲ ਗਿਆ ਜ਼ਮਾਨਾ, ਸਤਿ ਧਰਮ ਨਜ਼ਰ ਕੋਇ ਨਾ ਆਈਆ । ਨੌ ਖੰਡ ਪ੍ਰਿਥਮੀ ਕੂੜ ਕੁੜਿਆਰ ਹੋਇਆ ਪਰਧਾਨਾ, ਪੰਚ ਵਿਕਾਰਾ ਭੱਜੇ ਵਾਹੋ ਦਾਹੀਆ । ਮੈਂ ਸੰਦੇਸ਼ਾ ਸੁਣਨਾ ਚਾਹੁੰਦੀ ਤੇਰਾ ਇਕ ਫ਼ਰਮਾਨਾ, ਫ਼ਰਮਾਬਰਦਾਰ ਹੋ ਕੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਮੇਰੇ ਪੁਰਖ ਅਕਾਲੇ ਮੀਤਾ, ਸਾਹਿਬ ਸਤਿਗੁਰ ਸਾਜਣ ਦਰ ਤੇਰੇ ਵਾਸਤਾ ਪਾਈਆ । ਮੇਰਾ ਅੰਤਸ਼ਕਰਨ ਕਰ ਦੇ ਠਾਂਢਾ ਸੀਤਾ, ਅਗਨੀ ਤਤ ਤਤ ਬੁਝਾਈਆ । ਤੂੰ ਆਦਿ ਜੁਗਾਦੀ ਜੁਗ ਚੌਕੜੀ ਬਦਲਣ ਵਾਲਾ ਰੀਤਾ, ਰੀਤੀਵਾਨ ਇਕ ਅਖਵਾਈਆ । ਉਹ ਵਕਤ ਯਾਦ ਕਰ ਲਾ ਜੋ ਸੰਦੇਸ਼ਾ ਦਿਤਾ ਰਾਮ ਸੀਤਾ, ਬਨਵਾਸੀ ਹੋ ਕੇ ਗਿਆ ਦ੍ਰਿੜਾਈਆ । ਜੋ ਭੇਵ ਖੁਲ੍ਹਾਇਆ ਕ੍ਰਿਸ਼ਨ ਘਨਈਆ ਅਰਜਨ ਲਿਖਵਾਣ ਲੱਗੇ ਗੀਤਾ, ਅਠਾਰਾਂ ਧਿਆਏ ਬਾਹਰ ਸਮਝਾਈਆ । ਕੀ ਪੈਗ਼ੰਬਰਾਂ ਸ਼ਰਅ ਤੋਂ ਬਾਹਰ ਦੱਸੀ ਹਦੀਸਾ, ਹਜ਼ਰਤਾਂ ਦੇ ਮਾਲਕ ਕੀਤੀ ਪੜ੍ਹਾਈਆ । ਕੀ ਲਹਿਣਾ ਦੇਣਾ
੮੦੪ ਗੁਰੂ ਗੁਰਦੇਵ ਬੀਸ ਇਕੀਸਾ, ਗੁਰਦਾਸ ਕੀ ਗਿਆ ਸਮਝਾਈਆ । ਧਰਨੀ ਕਹੇ ਪ੍ਰਭੂ ਮੈਂ ਜੁਗ ਚੌਕੜੀ ਤੇਰਾ ਪੀਸਣ ਪੀਸਾ, ਸੇਵਕ ਹੋ ਕੇ ਸੇਵ ੮੦੪
੨੪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੀ ਵਸਤ ਅਗੰਮ ਵਰਤਾਈਆ । ਧਰਨੀ ੨੪
ਕਹੇ ਮੇਰੇ ਪੁਰਖ ਅਕਾਲੇ, ਅਕਲ ਕਲਧਾਰੀ ਤੇਰੀ ਆਸ ਰਖਾਈਆ । ਨਿਗਾਹ ਮਾਰ ਲੈ ਵਿਚੋਂ ਸਚਖੰਡ ਸਚੀ ਧਰਮਸਾਲੇ, ਬਿਨ ਨੈਣਾਂ ਨੈਣ ਉਠਾਈਆ । ਕੀ ਸੰਦੇਸ਼ਾ ਦੇ ਕੇ ਗਏ ਤੇਰੇ ਅਵਤਾਰ ਪੈਗ਼ੰਬਰ ਗੁਰ ਨਿੱਕੇ ਨੱਢੇ ਬਾਲੇ, ਬਾਲੀ ਬੁੱਧ ਕੀ ਜਣਾਈਆ । ਤੁਧ ਬਿਨ ਕਲਜੁਗ ਅੰਤ ਨਾ ਕੋਇ ਸੰਭਾਲੇ, ਸੰਬਲ ਦੇ ਮਾਲਕ ਤੇਰੀ ਆਸ ਰਖਾਈਆ । ਮੇਰੇ ਉਤੋਂ ਕਲਜੁਗ ਕੂੜੀ ਕਿਰਿਆ ਤੋੜ ਜੰਜਾਲੇ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ । ਮੈਂ ਨਹੀਂ ਚਾਹੁੰਦੀ ਮੇਰੇ ਉਤੇ ਤਤਾਂ ਵਾਲੇ ਗੁਰੂ ਹੋਣ ਬਾਹਲੇ, ਇਕੋ ਸਤਿਗੁਰ ਸ਼ਬਦ ਤੇਰਾ ਮੇਰਾ ਹੋਏ ਸਹਾਈਆ । ਜੋ ਫਲ ਲਗਾਵੇ ਧਰਮ ਦੇ ਡਾਲੇ, ਪੱਤ ਟਹਿਣੀ ਦਏ ਮਹਿਕਾਈਆ । ਘਟ ਘਟ ਅੰਤਰ ਨਿਰੰਤਰ ਜੋਤੀ ਜਾਤਾ ਹੋ ਕੇ ਦੀਪ ਅਗੰਮਾ ਬਾਲੇ, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਭਾਗ ਲਗਾਵੇ ਕਾਇਆ ਮਾਟੀ ਖਾਲੇ, ਪੰਜ ਤਤ ਵਜਦੀ ਰਹੇ ਵਧਾਈਆ । ਜਲਵਾਗਰ ਆਪਣਾ ਦੇ ਦੇ ਨੂਰ ਜਮਾਲੇ, ਜ਼ਹੂਰ ਆਪਣਾ ਇਕ ਦਰਸਾਈਆ । ਮਿਹਰਵਾਨਾ ਮਿਹਰਵਾਨਾ ਮੇਰੀ ਝੋਲੀ ਰਹੇ ਨਾ ਖ਼ਾਲੇ, ਵਸਤ ਅਤੋਟ ਅਤੁਟ ਦੇਣੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਕਰੇ ਨਾ ਕੋਈ ਪ੍ਰਿਤਪਾਲੇ, ਪ੍ਰਿਤਪਾਲਕ ਖ਼ਾਲਕ ਤੇਰੀ ਓਟ ਤਕਾਈਆ ।

### ✪ ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਗੁਰਬਖ਼ਸ਼ ਸਿੰਘ ਦੇ ਗ੍ਰਿਹਿ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਪ੍ਰਭੂ ਮੈਂ ਤਕੀਆਂ ਤੇਰੀਆਂ ਚਾਰੇ ਖਾਣੀਆਂ, ਲੱਖ ਚੁਰਾਸੀ ਜੂਨੀ ਧਿਆਨ ਲਗਾਈਆ । ਤੇਰੇ ਹੁਕਮ ਸੰਦੇਸ਼ੇ ਸੁਣੇ ਸ਼ਬਦ ਅਗੰਮੀ ਬਾਣੀਆਂ, ਸ਼ਾਸਤਰਾਂ ਖੋਜਿਆ ਥਾਉਂ ਥਾਈਆ । ਆਪਣੇ ਉਤੇ ਤੇਰੇ ਵੇਖੇ ਅਠਸਠ ਤੀਰਥ ਪਾਣੀਆਂ, ਜਲ ਧਾਰਾ ਖੇਲ ਖਿਲਾਈਆ । ਸੁਰਤੀ ਸ਼ਬਦੀ ਤਕਦੀ ਰਹੀ ਹਾਣ ਹਾਣੀਆਂ, ਨਿਰਗੁਣ ਨਿਰਗੁਣ ਤੇਰਾ ਰੰਗ ਵੇਖ ਵਖਾਈਆ । ਜੁਗ ਚੌਕੜੀ ਅਵਤਾਰ ਪੈਗ਼ੰਬਰ ਗੁਰ ਗਾਉਂਦੇ ਰਹੇ ਸਿਫ਼ਤਾਂ ਵਾਲੀਆਂ ਬਾਣੀਆਂ, ਢੋਲੇ ਸੋਹਲੇ ਰਾਗਾਂ ਨਾਦਾਂ ਵਿਚ ਦ੍ਰਿੜਾਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਬਣੀ ਰਹੀ ਬਾਲ ਅੰਞਾਣੀਆਂ, ਬਾਲੀ ਬੁਧਿ ਬੁਧਿ ਜਣਾਈਆ । ਤੂੰ ਮੇਰਾ ਸ਼ਾਹੋ ਭੂਪ ਅਧਾਰ ਪਰਾਣੀਆਂ, ਪਰਨਾਮ ਕਹਿ ਕੇ ਸੀਸ ਨਿਵਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਅੰਤਸ਼ਕਰਨ ਦੇ ਜਾਣ ਜਾਣੀਆਂ, ਜਾਨਣਹਾਰ ਵੇਖਣਾ ਨੈਣ ਉਠਾਈਆ । ਤੇਰੇ ਪਿਆਰ ਵਿਚ ਜੋ ਨਿਰਗੁਣ ਸਰਗੁਣ ਮੌਜਾਂ ਮਾਣੀਆਂ, ਸੁਖ ਸਾਗਰਾਂ ਵਿਚ ਰਖਾਈਆ । ਕਲਜੁਗ ਅੰਤ ਮੇਰੇ ਭਗਵੰਤ ਮੈਂ ਹੋਈ ਅੰਤ ਨਿਥਾਵੀਆਂ, ਥਾਨ ਥਨੰਤਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋ ਸਹਾਈਆ । ਧਰਨੀ ਕਹੇ ਪ੍ਰਭੂ ਜੁਗ ਜੁਗ ਮੇਰੇ ਉਤੇ ਹੁੰਦੀ ਰਹੀ ਮਿਹਰ, ਮਿਹਰਵਾਨ ਦਇਆ ਕਮਾਈਆ । ਕਿਉਂ ਕਲਜੁਗ ਅੰਤਮ ਲਾਈ ਦੇਰ, ਦੂਰ ਦੁਰਾਡੇ ਧੁਰਦਰਗਾਹੀਆ । ਮੇਰੇ ਉਤੋਂ ਕਲਜੁਗ ਪੰਧ ਮੁਕਾ ਦੇ ਨੇੜਨ ਨੇੜ, ਲੇਖਾ ਅਗੇ ਰਹੇ ਨਾ ਰਾਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਅਗੰਮਾ ਸ਼ੇਰ, ਭਬਕ ਦੋ ਜਹਾਨ ਸੁਣਾਈਆ । ਸਤਿਗੁਰ ਸ਼ਬਦ ਭੇਜ ਦਲੇਰ, ਭੈ ਭਉ ਦੇ ਚੁਕਾਈਆ । ਮੇਰੇ ਉਤੋਂ ਕਲਜੁਗ ਕੂੜੀ ਕਿਰਿਆ ਮੇਟ ਅੰਧੇਰ, ਅੰਧ ਆਤਮ ਰਹੇ ਨਾ ਰਾਈਆ । ਜੀਵਾਂ ਜੰਤਾਂ ਮਨਸਾ ਮਨ ਕਰੇ ਨਾ ਹੇਰ ਫੇਰ, ਬੁਧਿ ਬਿਬੇਕ ਦੇਣੀ ਕਰਾਈਆ । ਇਕ ਰੰਗ ਰੰਗਾ ਦੇ ਗੁਰੂ ਗੁਰ ਚੇਰ, ਚੇਲੇ ਗੁਰ ਆਪਣੇ ਰੰਗ ਸਮਾਈਆ । ਕੂੜ ਕੁੜਿਆਰਾਂ ਮਿੱਟੀ ਖ਼ਾਕ ਢਾਹ ਕੇ ਕਰਦੇ ਢੇਰ, ਮਮਤਾ ਮੋਹ ਮਹਲ ਅਟਲ ਰਹਿਣ ਕੋਇ ਨਾ ਪਾਈਆ । ਤੇਰਾ ਲੇਖਾ ਆਦਿ ਜੁਗਾਦਿ ਜੁਗ ਚੌਕੜੀ ਜ਼ਬਰ ਜ਼ੇਰ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਸਾਹਿਬ ਦੇਣੀ ਮਾਣ ਵਡਿਆਈਆ । ਧਰਨੀ ਕਹੇ ਮੈਂ ਜੁਗ ਜੁਗ ਤੇਰਾ ਮਾਣਦੀ ਰਹੀ ਰੰਗ, ਰੰਗ ਰੰਗੀਲੇ ਧੁਰ ਦੇ ਮਾਹੀਆ । ਕਲਜੁਗ ਅੰਤਮ ਦੇ ਦੇ ਸੰਗ, ਸਗਲੇ ਸੰਗੀ ਬਹੁਰੰਗੀ ਆਪਣੀ ਦਇਆ ਕਮਾਈਆ । ਨਵ ਸੱਤ ਮੇਰਾ ਖੇੜਾ ਹੋਣ ਨਾ ਦੇਵੀਂ ਭੰਗ, ਵਰਵੰਡ ਵਜਦੀ ਰਹੀ ਵਧਾਈਆ । ਮੈਂ ਹੈਰਾਨੀ ਵਿਚ ਹੋਈ ਦੰਗ, ਪਰੇਸ਼ਾਨੀ ਵਿਚ ਕੁਰਲਾਈਆ । ਮੇਰੇ ਨੇਤਰ ਲੋਚਨ ਨੈਣਾਂ ਵਗੇ ਅੰਝ, ਹੰਝੂ ਆਪਣੀ ਧਾਰ ਬਣਾਈਆ । ਮੇਰੇ ਸਾਹਿਬ ਸੂਰੇ ਸਰਬੰਗ, ਤੇਰੇ ਅਗੇ ਵਾਸਤਾ ਪਾਈਆ । ਤੂੰ ਲੋਕਮਾਤ ਜਗਤ ਜਹਾਨ ਆਉਣਾ ਲੰਘ, ਸਚਖੰਡ ਨਿਵਾਸੀ ਆਪਣਾ ਫੇਰਾ ਪਾਈਆ । ਮੇਰੀ ਸੇਜ ਸੁਹੰਜਣੀ ਸੁਹਾ ਦੇ ਪਲੰਘ, ਆਸਣ ਸਿੰਘਾਸਣ ਅਬਿਨਾਸ਼ਣ ਇਕ ਵਡਿਆਈਆ । ਮੇਰੀ ਸਦੀ ਸਦੀਵੀ ਦੀ ਪੂਰੀ ਕਰ ਦੇ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਅੰਮ੍ਰਿਤ ਧਾਰ ਨਰ ਨਿਰੰਕਾਰ ਵਹਾ ਦੇ ਗੰਗ, ਗੰਗੋਤਰੀ ਬੈਠੀ ਸੀਸ ਨਿਵਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਮੈਂ ਤੇਰਾ ਮਾਣਾਂ ਅਨੰਦ, ਅਨੰਦ ਅਨੰਦ ਵਿਚੋਂ ਦੇਣਾ ਵਖਾਈਆ । ਧਰਮ ਦਾ ਮੇਰੇ ਉਤੇ ਨੂਰੀ ਚਾੜ੍ਹ ਦੇ ਚੰਦ, ਚੰਦ ਚਾਂਦਨਾ ਇਕ ਚਮਕਾਈਆ । ਮੇਰਾ ਖ਼ੁਸ਼ੀ ਹੋਵੇ ਬੰਦ ਬੰਦ ਬੰਦਗੀ

ਵਿਚ ਤੇਰੇ ਚਰਨ ਸੀਸ ਨਿਵਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਸਦਾ ਬਖ਼ਸ਼ੰਦ, ਰਹਿਮਤ ਆਪਣੀ ਦੇਣੀ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਭੇਵ ਚੁਕਾ ਦੇ ਬ੍ਰਹਮ ਹੰ, ਪਾਰਬ੍ਰਹਮ ਪ੍ਰਭ ਪੜਦਾ ਆਪ ਉਠਾਈਆ ।



### ✪ ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਕਰਮ ਸਿੰਘ ਦੇ ਗ੍ਰਿਹਿ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਪ੍ਰਭੂ ਕਲਜੁਗ ਕੂੜ ਕੁੜਿਆਰ ਨਾਲ ਗਈ ਸੱਲੀਆਂ, ਅਣਿਆਲਾ ਮਾਇਆ ਮਮਤਾ ਤੀਰ ਰਿਹਾ ਚਲਾਈਆ । ਕਿਸੇ ਕੰਮ ਨਹੀਂ ਆਉਂਦੀਆਂ ਮੇਰੇ ਉਤੇ ਦਿਤੀਆਂ ਬਲੀਆਂ, ਸ਼ਹਾਦਤਾਂ ਰੰਗ ਨਾ ਕੋਇ ਰੰਗਾਈਆ । ਚਰਾਗਾਹਾਂ ਵਿਚ ਨਜ਼ਰ ਨਹੀਂ ਆਉਂਦੀਆਂ ਤੇਲ ਦੀਆਂ ਪਲੀਆਂ, ਮਕ਼ਬਰੇ ਰੋਵਣ ਮਾਰਨ ਧਾਹੀਆ । ਜੋ ਸੰਦੇਸ਼ੇ ਦਿਤੇ ਰਸੂਲਾਂ ਅਲੀਆਂ, ਅੱਲਾ ਤੇਰਾ ਹੁਕਮ ਸੁਣਾਈਆ । ਸਾਡਾ ਮਹਿਬੂਬ ਮਿਹਰਵਾਨ ਆਵੇ ਧਰਨੀਏ ਤੇਰੀ ਨਵ ਸੱਤ ਦੀ ਗਲੀਆਂ, ਕੂਚਾ ਕੂਚਾ ਫੋਲ ਫੁਲਾਈਆ । ਨਿਗਾਹ ਮਾਰੇ ਜਲ ਥਲੀਆਂ, ਮਹੀਅਲ ਖੋਜ ਖੁਜਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਕਲਜੁਗ ਅੰਤ ਮੈਂ ਇਕੋ ਇਕ ਇਕੱਲੀ ਆਂ, ਦੂਜਾ ਸੰਗੀ ਨਜ਼ਰ ਕੋਇ ਨਾ ਆਈਆ । ਤੇਰੇ ਵੈਰਾਗ ਵਿਚ ਜੋਤੀ ਜਾਤੇ ਹੋਈ ਝੱਲੀ ਆਂ, ਝਲਕ ਆਪਣੀ ਦੇਣੀ ਵਖਾਈਆ । ਮੈਂ ਤੇਰਾ ਦਰਸ਼ਨ ਕਰਕੇ ਪਾਵਾਂ ਜੱਲੀਆਂ, ਜਲਾਂ ਥਲਾਂ ਦੇ ਮਾਲਕ ਦੇਣੀ ਮਾਣ ਵਡਿਆਈਆ । ਮੇਰੀਆਂ ਆਸ਼ਾਂ ਪਿਆਰ ਵਾਲੀਆਂ ਰਹਿਣ ਨਾ ਠੱਲੀਆਂ, ਲਹਿਰ ਲਹਿਰ ਵਿਚੋਂ ਬਦਲਾਈਆ । ਮੇਰੇ ਉਤੇ ਕੂੜ ਕੁੜਿਆਰ ਦੀਆਂ ਵਜਦੀਆਂ ਟੱਲੀਆਂ, ਮੰਦਰ ਮਠ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਤਕ ਲੈ ਕਹਿਰ, ਨਵ ਸੱਤ ਧਿਆਨ ਲਗਾਈਆ । ਤੂੰ ਮਿਹਰਵਾਨ ਗੰਭੀਰ ਗਹਿਰ, ਗਵਰ ਤੇਰੀ ਵਡਿਆਈਆ । ਦੀਨ ਦੁਨੀ ਦੇ ਅੰਤਸ਼ਕਰਨ ਕੂੜ ਕੁੜਿਆਰ ਭਰਿਆ ਜ਼ਹਿਰ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਤੇਰੇ ਨਾਮ ਕਲਮਿਆਂ ਬਣਿਆ ਵੈਰ, ਸ਼ੱਤਰੂ ਘਰ ਘਰ ਨਜ਼ਰੀ ਆਈਆ । ਮਿਹਰਵਾਨਾ ਮੇਰੀ ਝੋਲੀ ਆਪਣੇ ਪਿਆਰ ਦਾ ਪਾ ਦੇ ਖ਼ੈਰ, ਖ਼ੈਰੀਅਤ ਆਪਣੀ ਵਸਤ ਵਰਤਾਈਆ । ਨਵ ਸੱਤ ਦਾ ਕਰ ਲੈ ਆ ਕੇ ਸੈਰ, ਪ੍ਰਿਥਮੀ ਪ੍ਰਿਥਮ ਤੇਰਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਧਰਨੀ ਕਹੇ ਮੇਰੇ ਦੇਵਣਹਾਰੇ ਸਚ ਸਲਾਹ, ਸਾਹਿਬ ਸੁਲਤਾਨ ਦੇਣੀ ਸਰਨਾਈਆ । ਮਿਹਰਵਾਨਾ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਮੇਰਾ ਨਿਥਾਵੀਂ ਦਾ ਰਿਹਾ ਨਾ ਕੋਈ ਥਾਂ, ਥਾਨ ਥਨੰਤਰ ਰੋਵਣ ਮਾਰਨ ਧਾਹੀਆ । ਕਲਜੁਗ ਅੰਤਮ ਪਕੜ ਬਾਂਹ, ਬਲਧਾਰੀ ਹੋਣਾ ਸਹਾਈਆ । ਮੈਨੂੰ ਪਿਆਰ ਦੀ ਬਣਾਏ ਨਾ ਕੋਈ ਮਾਂ, ਧਰਤ ਮਾਤਾ ਕਹਿ ਕੇ ਸੀਸ ਨਾ ਕੋਇ ਨਿਵਾਈਆ । ਮੇਰੇ ਉਤੇ ਮਾਨਵ ਮਾਨਸ ਮਾਨੁਖ ਸ਼ਰਅ ਸ਼ਰੀਅਤ ਵਿਚ ਖਾਏ ਸੂਰ ਗਾਂ, ਪਸ਼ੂਆਂ ਢੋਰਾਂ ਖੱਲ ਲੁਹਾਈਆ । ਹਰਿ ਹਿਰਦਿਉਂ ਭੁਲਿਆ ਤੇਰਾ ਨਾਂ, ਨਾਉਂ ਨਿਰੰਕਾਰ ਨਾ ਕੋਇ ਦ੍ਰਿੜਾਈਆ । ਜੀਵਾਂ ਜੰਤਾਂ ਬੁੱਧੀ ਹੋਈ ਕਾਂ, ਗੁਰਮੁਖ ਰੂਪ ਨਾ ਕੋਇ ਦਰਸਾਈਆ । ਤੁਧ ਬਿਨ ਦੇਵੇ ਕੋਈ ਨਾ ਠੰਢੀ ਛਾਂ,

ਅਗਨੀ ਤਤ ਨਾ ਕੋਇ ਬੁਝਾਈਆ । ਪੁਰਖ ਅਕਾਲੇ ਦੀਨ ਦਿਆਲੇ ਮੈਨੂੰ ਤੇਰੇ ਮਿਲਣ ਦਾ ਚਾਅ, ਚਾਉ ਘਨੇਰਾ ਇਕ ਜਣਾਈਆ । ਦਰਸ ਦਿਖਾ ਦੇ ਨਿਰਗੁਣ ਨਿਰਵੈਰ ਆਪ ਆ, ਜੋਤੀ ਜਾਤੇ ਫੇਰਾ ਪਾਈਆ । ਮੈਂ ਖ਼ੁਸ਼ੀਆਂ ਵਿਚ ਕਰਾਂ ਵਾਹ ਵਾਹ, ਵਾਹਵਾ ਤੇਰੀ ਵਜਦੀ ਰਹੇ ਵਧਾਈਆ । ਅਵਤਾਰ ਪੈਗ਼ੰਬਰ ਗੁਰੂ ਮੇਰੇ ਆਦਿ ਜੁਗਾਦਿ ਗਵਾਹ, ਸ਼ਹਾਦਤ ਤੇਰੇ ਨਾਮ ਵਾਲੀ ਭੁਗਤਾਈਆ । ਧਰਨੀਏ ਕਲਜੁਗ ਅੰਤ ਸ੍ਰੀ ਭਗਵੰਤ ਜੋਤੀ ਜਾਤਾ ਆਵੇ ਵੇਸ ਵਟਾ, ਪੁਰਖ ਬਿਧਾਤਾ ਫੇਰਾ ਪਾਈਆ । ਮੇਰੇ ਮਿਹਰਵਾਨਾ ਨੌਜੁਵਾਨਾ ਸ੍ਰੀ ਭਗਵਾਨਾ ਮੈਂ ਬਿਨਾ ਨੇਤਰਾਂ ਤਕਾਂ ਤੇਰਾ ਰਾਹ, ਮੇਰੇ ਰਹਿਬਰ ਆਉਣਾ ਧੁਰ ਦੇ ਮਾਹੀਆ । ਮੇਰਾ ਦੁਖੜਾ ਦੀਨ ਦੁਨੀ ਦਾ ਦੇਣਾ ਗੁਆ, ਸੁਖ ਆਪਣਾ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਹਕੀਕਤ ਦੇ ਮਾਲਕ ਕਰਨਾ ਹਕ ਨਿਆਂ, ਅਦਲ ਇਨਸਾਫ਼ ਆਪਣਾ ਦੇਣਾ ਜਣਾਈਆ ।

### ✪ ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਜਗੀਰ ਸਿੰਘ ਦੇ ਗ੍ਰਿਹ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੇਰੇ ਨਿਰੰਕਾਰੇ, ਨਿਰਵੈਰ ਹੋਣਾ ਆਪ ਸਹਾਈਆ । ਸਤਿ ਸਚ ਦੇ ਭਰ ਭੰਡਾਰੇ, ਖ਼ਾਲੀ ਨਜ਼ਰ ਕੋਇ ਨਾ ਆਈਆ । ਮੈਂ ਜੁਗ ਚੌਕੜੀ ਤੇਰੇ ਸਹਾਰੇ, ਓਟ ਅਵਰ ਨਾ ਕੋਇ ਤਕਾਈਆ । ਸੰਦੇਸ਼ੇ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰੇ, ਅਵਤਰੀ ਤੇਰਾ ਭੇਵ ਚੁਕਾਈਆ । ਪਿਛਲੇ ਜੁਗ ਚੌਕੜੀ ਵੇਖੇ ਸਾਰੇ, ਬਿਨ ਨੇਤਰ ਅੱਖ ਖੁਲ੍ਹਾਈਆ । ਤੇਰਾ ਦਰਸ਼ਨ ਪਾਉਣਾ ਚਾਹੁੰਦੀ ਕਲ ਕਲਕੀ ਅਵਤਾਰੇ, ਤੇਰਾ ਨੂਰ ਤਕਾਂ ਥਾਉਂ ਥਾਈਂਆ । ਅਮਾਮ ਅਮਾਮਾ ਹੋ ਜ਼ਾਹਰੇ, ਜ਼ਾਹਰ ਜ਼ਹੂਰ ਦੇਣੀ ਵਡਿਆਈਆ । ਮੈਂ ਸਦਾ ਸਦਾ ਤੇਰੇ ਸੁਣਦੀ ਰਹੀ ਇਸ਼ਾਰੇ, ਬਿਨ ਸਰਵਣਾਂ ਕੰਨਾਂ ਧਿਆਨ ਲਗਾਈਆ । ਅਛਲ ਛਲਧਾਰੀ ਵੇਖੀਂ ਹੁਣ ਦੇਵੀਂ ਨਾ ਲਾਰੇ, ਵਲ ਛਲ ਆਪਣਾ ਖੇਲ ਖਿਲਾਈਆ । ਮੈਨੂੰ ਕਲਜੁਗ ਰਿਹਾ ਲਲਕਾਰੇ, ਆਪਣਾ ਭੈ ਦ੍ਰਿੜਾਈਆ । ਮੈਂ ਨਵ ਸੱਤ ਕੂੜ ਕੁੜਿਆਰ ਦੇ ਲਾਉਣੇ ਜੈਕਾਰੇ, ਸਤਿ ਧਰਮ ਨਜ਼ਰ ਕੋਇ ਨਾ ਆਈਆ । ਮਾਇਆ ਮਮਤਾ ਮੋਹ ਲੱਗੇ ਅਖਾੜੇ, ਕੂੜੀ ਕਿਰਿਆ ਨਾਚ ਨਚਾਈਆ । ਅੱਗ ਲਗਾਉਣੀ ਬਹੱਤਰ ਨਾੜੇ, ਮਾਨਸ ਮਾਨਵ ਦੇਣੇ ਤਪਾਈਆ । ਦੁਹਾਈ ਫੇਰਨੀ ਜੰਗਲ ਜੂਹ ਉਜਾੜ ਪਹਾੜੇ, ਟਿੱਲੇ ਪਰਬਤ ਰੋਵਣ ਮਾਰਨ ਧਾਈਂਆ । ਮੇਰੇ ਭਗਵੰਤ ਮੇਰੇ ਮੰਨ ਲੈ ਹਾੜੇ, ਮਿੰਨਤਾਂ ਕਰ ਕਰ ਸੀਸ ਝੁਕਾਈਆ । ਮੇਰੇ ਉਤੇ ਧਰਮ ਦੇ ਰੰਗ ਚਾੜ੍ਹ ਦੇ ਗਾੜ੍ਹੇ, ਦੁਰਮਤ ਮੈਲ ਦੇ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਸਾਹਿਬ ਵੇਖ ਵਖਾਈਆ । ਧਰਨੀ ਕਹੇ ਮੇਰੇ ਸਤਿਗੁਰ ਸਾਚੇ ਸਾਹਿਬ ਸਈਆਂ, ਸੁਆਮੀ ਅੰਤਰਜਾਮੀ ਤੇਰੀ ਆਸ ਰਖਾਈਆ । ਨਿਰਗੁਣ ਦਾਤੇ ਪੁਰਖ ਬਿਧਾਤੇ ਮੇਰੀ ਪਕੜ ਲੈ ਬਹੀਆਂ, ਕਾਹਨ ਕਾਹਨਾ ਸ੍ਰੀ ਭਗਵਾਨਾ ਧੁਰ ਦੇ ਰਾਮਾ ਆਪਣੇ ਅੰਗ ਲਗਾਈਆ । ਮੇਰਾ ਲੇਖਾ ਤਕ ਲੈ ਬਿਨ ਅੱਖਰਾਂ ਵਾਲੀ ਕੱਢਕੇ ਬਹੀਆ, ਜਿਥੇ ਵਹੀ ਨਾਜ਼ਲ ਹੋ ਕੇ ਦਿਆਂ ਸੁਣਾਈਆ । ਮੈਂ ਸਰਨ ਸਰਨਾਈ ਪੁਰਖ ਸਮਰਥ ਤੇਰੀ ਪਈਆਂ, ਪਾਰਬ੍ਰਹਮ ਪ੍ਰਭ ਤੇਰੀ ਧੂੜੀ ਖ਼ਾਕ ਰਮਾਈਆ । ਮੇਰੀ ਸ਼ੌਹ ਦਰਿਆ ਡੁੱਬਣ ਨਾ ਦੇਵੀਂ ਨਈਆ, ਨੌਕਾ ਜਗਤ ਜਹਾਨ ਪਾਰ ਕਰਾਈਆ । ਜਿਸ

ਕਾਰਨ ਬੁਲ੍ਹੇ ਗਾਇਆ ਥਈਆ ਥਈਆ, ਦਹਿ ਦਿਸ਼ਾ ਦੇ ਮਾਲਕ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰ ਇਕ ਸੁਹਾਈਆ । ਧਰਨੀ ਕਹੇ ਮੇਰੇ ਮਾਲਕ ਨਿਗਾਹ ਮਾਰ ਲੈ ਉਤੇ ਧਵਲ, ਮੇਰਾ ਧਵਲਾ ਝਾਟਾ ਵੇਖ ਵਖਾਈਆ । ਮੇਰੀ ਬੁੱਧੀ ਹੋਈ ਬਵਲ, ਪਾਗ਼ਲਾਂ ਵਾਂਗ ਰਹੀ ਕੁਰਲਾਈਆ । ਤੂੰ ਨੂਰ ਅਲਾਹੀ ਅਵਲ, ਆਲਮੀਨ ਤੇਰੀ ਸਰਨਾਈਆ । ਆਪਣਾ ਵਅਦਾ ਤਕ ਲੈ ਕਵਲ, ਕੌਲ ਇਕਰਾਰਾਂ ਧਿਆਨ ਲਗਾਈਆ । ਮੇਰੇ ਮਿਹਰਵਾਨਾ ਮੇਰੇ ਉਤੇ ਸਤਿ ਸਰੂਪ ਹੋ ਕੇ ਮਵਲ, ਮੌਲਾ ਹੋ ਕੇ ਫੇਰਾ ਪਾਈਆ । ਤੇਰਾ ਰੂਪ ਅਨੂਪ ਤਕਾਂ ਸੁੰਦਰ ਸਾਵਲ ਸਵਲ, ਸਾਵਰੀਆ ਆਪਣਾ ਪੜਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰ ਇਕ ਵਡਿਆਈਆ । ਧਰਨੀ ਕਹੇ ਮੇਰੇ ਧਰਮ ਧਾਰ ਦੇ ਪਿਤਾ, ਪਤਿਪਰਮੇਸ਼ਵਰ ਹੋ ਕੇ ਵੇਖ ਵਖਾਈਆ । ਮੈਂ ਨਿਰਧਨ ਨਾਲ ਕਰਨਾ ਹਿਤਾ, ਹਿਤਕਾਰੀ ਹੋ ਕੇ ਧਿਆਨ ਰਖਾਈਆ । ਤੂੰ ਸੁਆਮੀ ਮੇਰਾ ਅਬਿਨਾਸ਼ੀ ਅਚੁਤਾ, ਚਤੁਰਭੁਜ ਤੇਰੀ ਬੇਪਰਵਾਹੀਆ । ਧਰਮ ਦੀ ਧਾਰ ਮੇਰੀ ਸੁਹਾ ਦੇ ਰੁਤਾ, ਰੁਤੜੀ ਆਪਣੇ ਨਾਮ ਨਾਲ ਮਹਿਕਾਈਆ । ਹੁਕਮ ਸੰਦੇਸ਼ਾ ਦੇ ਦੇ ਆਪਣੇ ਸਤਿਗੁਰ ਸ਼ਬਦ ਦੁਲਾਰੇ ਸੁਤਾ, ਪੂਤ ਸਪੂਤਾਂ ਲੈ ਉਠਾਈਆ । ਜੋ ਵੇਖ ਵਖਾਏ ਲੱਖ ਚੁਰਾਸੀ ਕਾਇਆ ਮਾਟੀ ਬੁਤਾ, ਬੁਤਖ਼ਾਨਿਆਂ ਫੋਲ ਫੁਲਾਈਆ । ਮੇਰਾ ਅੰਤ ਕੰਤ ਭਗਵੰਤ ਮੇਟ ਦੇ ਦੁਖਾ, ਦੁਖ ਦਲਿਦ੍ਰ ਰਹਿਣ ਕੋਇ ਨਾ ਪਾਈਆ । ਸਤਿ ਸਚ ਧਰਮ ਦਾ ਦੇ ਦੇ ਸੁਖਾ, ਸਤਿਜੁਗ ਸਾਚਾ ਨਾਲ ਮਿਲਾਈਆ । ਮੇਰੀ ਪਵਿਤ੍ਰ ਕਰ ਦੇ ਕੁੱਖਾ, ਮੈਂ ਧਰਮ ਦੀ ਬਣਾਂ ਜਣੇਂਦੀ ਮਾਈਆ । ਤੇਰੇ ਦਰਸ ਨਾਲ ਮੇਰਾ ਉਜਲ ਹੋਵੇ ਮੁਖਾ, ਦੁਰਮਤ ਮੈਲ ਰਹੇ ਨਾ ਰਾਈਆ । ਮੇਰਾ ਅੰਤਸ਼ਕਰਨ ਤੇਰੇ ਪਿਆਰ ਦਾ ਭੁਖਾ, ਭੁਖ ਤ੍ਰਿਸ਼ਨਾ ਦੇਣੀ ਗੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਮਾਲਕ ਸੁਆਮੀ ਅਬਿਨਾਸ਼ੀ ਅਚੁਤਾ, ਚੇਤਨ ਸਭ ਨੂੰ ਦੇ ਕਰਾਈਆ ।

### ✪ ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਸਿੰਘ ਦਲੀਪ ਦੇ ਗ੍ਰਿਹਿ ਪਿੰਡ ਗੱਗੋਬੂਆ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਪ੍ਰਭੂ ਮੇਰੀ ਮੇਟ ਉਦਾਸੀ, ਚਿੰਤਾ ਗ਼ਮੀ ਦੇ ਗੁਆਈਆ । ਮੇਰੀ ਸ਼ੁਧ ਕਰ ਦੇ ਰਾਸੀ, ਮੰਡਲ ਮੰਡਪ ਆਪਣੇ ਰੰਗ ਰੰਗਾਈਆ । ਧੁਰ ਸੰਦੇਸ਼ਾ ਦੇ ਦੇ ਸ਼ੰਕਰ ਕੈਲਾਸ਼ੀ, ਕਲਾਧਾਰੀ ਆਪ ਸੁਣਾਈਆ । ਜਗਤ ਵਿਕਾਰੀ ਮੇਰੇ ਉਤੇ ਰਹਿਣ ਨਾ ਦੇਵੀਂ ਲਾਸ਼ੀ, ਕੂੜ ਵਿਕਾਰਾਂ ਪੰਧ ਮੁਕਾਈਆ । ਲੱਖ ਚੁਰਾਸੀ ਵਿਚੋਂ ਕਰੇਂ ਤਲਾਸ਼ੀ, ਹਰਿਜਨ ਸਾਚੇ ਲਏਂ ਬਚਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਸਤਿ ਧਰਮ ਨੂੰ ਦੇ ਸ਼ਾਬਾਸ਼ੀ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਕਲਜੁਗ ਕੋਲੋਂ ਮੇਰੀ ਹੋਏ ਖ਼ੁਲਾਸੀ, ਖੁਲ੍ਹੀ ਮੇਂਢੀ ਸੀਸ ਦਿਆਂ ਦੁਹਾਈਆ । ਤੂੰ ਸਚਖੰਡ ਨਿਵਾਸੀ, ਦਰਗਾਹ ਸਾਚੀ ਸੋਭਾ ਪਾਈਆ । ਮੈਂ ਧਰਨੀ ਤੇਰੇ ਹੁਕਮ ਦੀ ਪਿਆਸੀ, ਤ੍ਰਿਸ਼ਨਾ ਵਿਚ ਰਹੀ ਕੁਰਲਾਈਆ । ਮੇਰੇ ਅੰਤਸ਼ਕਰਨ ਇਕੋ ਆਸ਼ਾ ਭਾਸੀ, ਭਾਵਨਾ ਤੇਰੇ ਚਰਨ ਟਿਕਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮਾਨਵ ਕਰੇ ਨਾ ਕੋਇ ਬਦਮੁਆਸ਼ੀ, ਬਦੀ ਦਾ ਲੇਖਾ ਦੇਣਾ ਚੁਕਾਈਆ ।

੮੦੯ ੨੪

ਤੁਧ ਬਿਨ ਸਚ ਕਰੇ ਨਾ ਕੋਇ ਸ਼ਨਾਸੀ, ਸ਼ਨਾਖ਼ਤ ਤੇਰੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਸਾਹਿਬ ਧੁਰ ਗੁਸਾਈਆ । ਧਰਨੀ ਕਹੇ ਮੇਰੇ ਪਰਮ ਪੁਰਖ ਕਿਰਪਾਲੂ, ਕਿਰਪਾ ਨਿਧ ਵੇਖ ਵਖਾਈਆ । ਕਲਜੁਗ ਅਗਨੀ ਰੇਤ ਤਪੇ ਬਾਲੂ, ਸਤਿ ਸਚ ਨਾ ਕੋਇ ਵਰਤਾਈਆ । ਤੁਧ ਬਿਨ ਮੇਰਾ ਵਕ਼ਤ ਨਾ ਕੋਇ ਸੰਭਾਲੂ, ਸੰਬਲ ਦੇ ਮਾਲਕ ਲਹਿਣਾ ਦੇਣਾ ਦੇਣਾ ਚੁਕਾਈਆ । ਮੈਂ ਚਾਹੁੰਦੀ ਮੇਰੇ ਉਤੇ ਸਤਿ ਧਰਮ ਹੋਵੇ ਚਾਲੂ, ਕਲਜੁਗ ਚਾਲੀ ਦੇਣੀ ਪਾਈਆ । ਮੇਰੀ ਆਸ਼ਾ ਪੂਰੀ ਕਰ ਦੇ ਜੋ ਨਾਨਕ ਕਹਿ ਕੇ ਗਿਆ ਪੁਤ ਕਾਲੂ, ਕਲਕਾਤੀਆਂ ਡੇਰਾ ਢਾਹੀਆ । ਆਪਣਾ ਸਤਿ ਧਰਮ ਦਾ ਵਸਲ ਦੇ ਵਸਾਲੂ, ਵਿਸ਼ਵ ਦੇ ਮਾਲਕ ਹੋਣਾ ਸਹਾਈਆ । ਤੁਧ ਬਿਨ ਪੰਚ ਵਿਕਾਰ ਮਾਨਵ ਅੰਦਰੋਂ ਸਕੇ ਨਾ ਕੋਇ ਨਿਕਾਲੂ, ਤਨ ਵਜੂਦਾਂ ਕਰੇ ਨਾ ਕੋਇ ਸਫ਼ਾਈਆ । ਤੂੰ ਸੁਆਮੀ ਠਾਕਰ ਘਰ ਘਰ ਅੰਦਰ ਸਦਾ ਸਮਾਲੂ, ਗ੍ਰਿਹ ਗ੍ਰਿਹ ਆਪਣਾ ਡੇਰਾ ਲਾਈਆ । ਮੇਰੇ ਦੁਖਾਂ ਦਾ ਤੁਧ ਬਿਨ ਬਣੇ ਕੋਇ ਨਾ ਝਾਲੂ, ਝਲਕ ਸਕੇ ਨਾ ਕੋਇ ਵਖਾਈਆ । ਮਿਹਰਵਾਨਾ ਮੇਰਾ ਤੋੜ ਦੇ ਜਗਤ ਜੰਜਾਲੂ, ਜਾਗਰਤ ਜੋਤ ਕਰ ਰੁਸ਼ਨਾਈਆ । ਮੇਰਾ ਕੂਕ ਪੁਕਾਰੇ ਪਰਬਤ ਹਿਮਾਲੂ, ਕੋਹ ਕੋਹਾਂ ਧਿਆਨ ਲਗਾਈਆ । ਫਲ ਲਗਾ ਦੇ ਸਾਚੇ ਡਾਲੂ, ਫੁੱਲ ਆਪਣਾ ਨਾਮ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਆਪਣੀ ਦਇਆ ਕਮਾਈਆ । ਧਰਨੀ ਕਹੇ ਮੇਰੇ ਠਾਕਰ ਸੁਆਮੀ ਸਿਧੂ, ਸਦ ਸਦ ਤੇਰੀ ਸਰਨਾਈਆ । ਮੈਨੂੰ ਬਖ਼ਸ਼ ਦੇ ਧਰਮ ਧਾਰ ਦੀ ਨਵ ਨਿਧੂ, ਨੌਂ ਅਠਾਰਾਂ ਪੰਧ ਮੁਕਾਈਆ । ਸਚ ਪ੍ਰੇਮ ਦੀ ਦੇ ਦੇ ਬਿਧੂ, ਬਿਧਾਤੇ ਬਿਧਨਾ ਲੇਖ ਮਿਟਾਈਆ । ਤੇਰਾ ਰੂਪ ਮੁਸਲਿਮ ਸਿਖ ਇਸਾਈ ਮੂਲ ਦਿਸੇ ਨਾ ਹਿੰਦੂ, ਅੱਖਰਾਂ ਰੰਗ ਨਾ ਕੋਇ ਰੰਗਾਈਆ । ਮੇਰੀ ਸੁਆਮੀ ਮੇਟ ਦੇ ਚਿੰਦੂ, ਚਿੰਤਾ ਨਜ਼ਰ ਕੋਇ ਨਾ ਆਈਆ । ਦੀਨ ਦਿਆਲ ਹੋ ਕੇ ਬਣ ਬਖ਼ਸ਼ਿੰਦੂ, ਰਹਿਮਤ ਆਪਣੀ ਆਪ ਕਮਾਈਆ । ਭਾਗ ਲਗਾ ਦੇ ਕਾਇਆ ਮਾਟੀ ਪਿੰਡੂ, ਇੰਡ ਬ੍ਰਹਿਮੰਡ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਧਰਨੀ ਕਹੇ ਮੇਰੇ ਦੀਨ ਦਿਆਲ ਦਰਦ ਦੁਖ ਭੰਜਨ, ਭਵ ਸਾਗਰ ਪਾਰ ਕਰਾਈਆ । ਮੈਨੂੰ ਧੂੜੀ ਬਖ਼ਸ਼ ਦੇ ਮਜਨ, ਮਮਤਾ ਮੈਲ ਧੁਆਈਆ । ਪ੍ਰੇਮ ਧਾਰ ਪਾ ਦੇ ਅੰਜਣ, ਬਿਨ ਲੋਚਨ ਕਰ ਰੁਸ਼ਨਾਈਆ । ਤੇਰੇ ਨਾਮ ਦੇ ਨਾਦ ਅਗੰਮੀ ਵਜਣ, ਬਿਨ ਸਰਵਣਾਂ ਕਰ ਸ਼ਨਵਾਈਆ । ਨਵ ਸੱਤ ਤੇਰੇ ਦੀਪਕ ਜੋਤੀ ਜਗਣ, ਭਗਤ ਸੁਹੇਲੇ ਡਗਮਗਾਈਆ । ਤੇਰੇ ਪਿਆਰ ਵਿਚ ਹੋਵਾਂ ਮਗਨ, ਮਸਤੀ ਵਿਚ ਖ਼ੁਸ਼ੀ ਬਣਾਈਆ । ਬਿਨ ਰਸਨਾ ਨਾਮ ਲਗਾ ਦੇ ਸਗਨ, ਗੰਢ ਆਪਣੇ ਨਾਲ ਰਖਾਈਆ । ਮੈਂ ਤੈਨੂੰ ਕਿਤੇ ਨਾ ਜਾਵਾਂ ਲੱਭਣ, ਘਰ ਸੁਆਮੀ ਆਉਣਾ ਚਾਈਂ ਚਾਈਆ । ਮੇਰਾ ਮਾਟੀ ਖ਼ਾਕ ਦਾ ਬਦਨ, ਜਗਤ ਵਜੂਦ ਨਾ ਕੋਇ ਜਣਾਈਆ । ਦੋ ਜਹਾਨਾਂ ਪਾਰ ਕਰ ਕੇ ਆ ਜਾ ਹੱਦਨ, ਹਦੂਦ ਮੇਰੀ ਵੇਖ ਵਖਾਈਆ । ਤੂੰ ਗੋਪਾਲ ਸੁਆਮੀ ਮੂਰਤ ਮਦਨ, ਮਧਸੂਦਨ ਤੇਰੇ ਹੱਥ ਵਡਿਆਈਆ । ਕਲਜੁਗ ਕੂੜੀ ਕਿਰਿਆ ਆ ਜਾ ਕੱਢਣ, ਕਰਮ ਕਾਂਡ ਦਾ ਡੇਰਾ ਢਾਹੀਆ । ਸਤਿਜੁਗ ਸਾਚਾ ਆ ਜਾ ਛਡਣ, ਮੇਰੇ ਗ੍ਰਿਹ ਦੇਣਾ ਟਿਕਾਈਆ । ਜਨ ਭਗਤਾਂ ਭਾਗ ਲਗਾਉਣਾ ਸਾਢੇ ਤਿੰਨ ਹੱਥ ਕਾਇਆ ਮਾਟੀ ਹੱਡਣ, ਨਾੜੀ ਨਾੜੀ ਕਰ ਰੁਸ਼ਨਾਈਆ । ਆਤਮ ਪਰਮਾਤਮ ਆਪਣੀ ਧਾਰ ਬਣਾ ਲੈ ਯਦਣ, ਯਦੀ ਯਦਪ ਆਪਣਾ ਹੁਕਮ ਵਰਤਾਈਆ । ਤੂੰ ਨੂਰ ਅਲਾਹੀ ਧੁਰ ਦਾ ਰੱਬਣ, ਰਹਿਮਤ

ਆਪਣੀ ਦੇਣੀ ਕਮਾਈਆ । ਮਿਹਰਵਾਨਾ ਨੌਜਵਾਨਾ ਸਤਿ ਸਚ ਦੀ ਚਾੜ੍ਹ ਦੇ ਰੰਗਣ, ਰੰਗਤ ਇਕੋ ਇਕ ਵਖਾਈਆ । ਅੰਤ ਕੰਤ ਭਗਵੰਤ ਲੱਗੀ ਮੰਗਣ, ਕਲਜੁਗ ਅੰਤਮ ਝੋਲੀ ਡਾਹੀਆ । ਤੂੰ ਮੇਰਾ ਮੈਂ ਤੇਰਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਸੁਣਾ ਦੇ ਛੰਦਨ, ਸੋਹਲਾ ਢੋਲਾ ਇਕੋ ਨਾਮ ਸਮਝਾਈਆ । ਇਕੋ ਤੇਰੇ ਚਰਨ ਕਵਲ ਹੋਵੇ ਬੰਦਨ, ਸੀਸ ਜਗਦੀਸ਼ ਅਵਰ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿ ਦਾ ਬਖ਼ਸ਼ ਅਨੰਦਨ, ਅਨੰਦ ਅਨੰਦ ਵਿਚੋਂ ਆਪ ਪਰਗਟਾਈਆ ।

### ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਮੁਖ਼ਤਿਆਰ ਸਿੰਘ ਦੇ ਗ੍ਰਿਹ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ

ਧਰਨੀ ਕਹੇ ਪ੍ਰਭੂ ਮਨੀ ਸਿੰਘ ਮੇਰੇ ਉਤੇ ਮਾਰੀਆਂ ਲਕੀਰਾਂ, ਪੁੱਠੀ ਕ਼ਲਮ ਨਾਲ ਖਿਚਾਈਆ । ਧਰਨੀਏ ਤੇਰੇ ਉਤੇ ਕਾਇਮ ਰਹਿਣੀਆਂ ਨਹੀਂ ਕਿਸੇ ਦੀਆਂ ਜਗੀਰਾਂ, ਮਾਲਕ ਨਜ਼ਰ ਕੋਇ ਨਾ ਆਈਆ । ਦੁਨੀਆ ਅੰਤਮ ਹੋਣੀ ਵਾਂਗ ਫ਼ਕੀਰਾਂ, ਫ਼ਿਕਰਾ ਸਚ ਸਕੇ ਨਾ ਕੋਇ ਗਾਈਆ । ਝਗੜਾ ਪੈਣਾ ਸ਼ਾਹ ਹਕੀਰਾਂ, ਅਮੀਰ ਗ਼ਰੀਬ ਕਰਨ ਲੜਾਈਆ । ਰਾਜ ਰਾਜਾਨਾਂ ਬਦਲ ਜਾਣੀਆਂ ਤਕਦੀਰਾਂ, ਸੀਸ ਤਾਜ ਨਾ ਕੋਇ ਟਿਕਾਈਆ । ਨੌਂ ਖੰਡ ਪ੍ਰਿਥਮੀ ਖੜਕਣੀਆਂ ਸ਼ਮਸ਼ੀਰਾਂ, ਖੰਡਾ ਖੰਡੇ ਨਾਲ ਟਕਰਾਈਆ । ਕਿਸੇ ਨੇ ਕਿਸੇ ਨੂੰ ਦੇਣੀਆਂ ਨਹੀਂ ਧੀਰਾਂ, ਧੀਰਜ ਨਜ਼ਰ ਕੋਇ ਨਾ ਆਈਆ । ਸ਼ਰਅ ਦੀਆਂ ਕੱਟੀਆਂ ਜਾਣੀਆਂ ਜ਼ੰਜੀਰਾਂ, ਜ਼ਮੀਰ ਦੀਨ ਦੁਨੀ ਬਦਲਾਈਆ । ਮਾਣ ਦਾ ਕਿਸੇ ਦੇ ਸੀਸ ਰਹਿਣਾ ਨਹੀਂ ਚੀਰਾ, ਦਾਗ਼ ਲੱਗੇ ਖ਼ਲਕ ਖ਼ੁਦਾਈਆ । ਅੰਮ੍ਰਿਤ ਰਸ ਪੀਏ ਕੋਈ ਨਾ ਸੀਰਾ, ਠੰਡਕ ਠੰਡ ਨਾ ਕੋਇ ਵਰਤਾਈਆ । ਤੇਰੇ ਉਤੇ ਧਵਲੇ ਸਭ ਦਾ ਬਦਲ ਜਾਣਾ ਵਤੀਰਾ, ਵਰਤਮਾਨ ਦਾ ਲੇਖਾ ਰਹੇ ਨਾ ਰਾਈਆ । ਤੇਰਾ ਪਿਆਰ ਹੋਣਾ ਖ਼ਮੀਰਾ, ਮੁਹੱਬਤ ਵਿਚ ਨਾ ਕੋਇ ਸਮਾਈਆ । ਜੋ ਗੋਬਿੰਦ ਮਾਣ ਦਿਤਾ ਛੀਂਬਿਆਂ ਝੀਰਾਂ, ਕੋਝਿਆਂ ਕਮਲਿਆਂ ਰੰਗ ਰੰਗਾਈਆ । ਅੰਤ ਬੇਨਜ਼ੀਰ ਪਾਉਣੀਆਂ ਭੀੜਾਂ, ਭੀੜੀ ਗਲੀ ਪਾਰ ਨਾ ਕੋਇ ਕਰਾਈਆ । ਤੇਰੇ ਸੀਸ ਸੁਹਾਗਣੇ ਰਹਿਣਾ ਮੂਲ ਨਹੀਂ ਲੀੜਾ, ਸਿਰ ਹੱਥ ਨਾ ਕੋਇ ਟਿਕਾਈਆ । ਕਲਜੁਗ ਕੂੜ ਕੁੜਿਆਰ ਨੇ ਚੁਕਣਾ ਬੀੜਾ, ਬਲ ਆਪਣਾ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਮਨੀ ਸਿੰਘ ਨੇ ਮੇਰੀ ਛਾਤੀ ਦਿਤੀ ਵਿੰਨ੍ਹ, ਕ਼ਲਮ ਤਿੱਖੀ ਨੋਕ ਨਾਲ ਖੁਭਾਈਆ । ਮੈਨੂੰ ਨਜ਼ਾਰਾ ਵਖਾਇਆ ਭਿੰਨ, ਭਿੰਨੜੀ ਰੈਣ ਨਾਲ ਵਡਿਆਈਆ । ਪ੍ਰਭੂ ਦਾ ਖੇਲ ਅੰਤਮ ਹੋਣਾ ਨਾ ਘੜੀ ਪਲ ਨਾ ਜਗਤ ਵਾਲੇ ਛਿੰਨ, ਪਲਕਾਂ ਦੀ ਧਾਰ ਵਿਚ ਆਪਣਾ ਹੁਕਮ ਵਰਤਾਈਆ । ਦੀਨ ਦੁਨੀ ਦਾ ਲੇਖਾ ਕਮਲੀਏ ਤੇਰੇ ਉਤੋਂ ਮੁਕਣਾ ਵਿਚ ਦਿਨ ਤਿੰਨ, ਤੀਨ ਲੋਕ ਦਾ ਲਹਿਣਾ ਦਏ ਚੁਕਾਈਆ । ਸਭ ਦੇ ਕੋਲੋਂ ਸਭ ਕੁਛ ਜਾਣਾ ਛਿੰਨ, ਖ਼ਾਲੀ ਹੱਥ ਦਿਸੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਧਰਨੀ ਕਹੇ ਮਨੀ ਸਿੰਘ ਨੇ ਮੇਰੇ ਉਤੇ ਕ਼ਲਮ ਰਖੀ ਤਿੱਖੀ, ਤ੍ਰੈਗੁਣ ਅਤੀਤੇ ਨਾਲ ਮਿਲਾਈਆ । ਪ੍ਰਭੂ ਦੇ ਪਿਆਰ ਬਿਨਾ ਕ਼ਾਇਮ ਰਹਿਣੀ ਨਹੀਂ ਕੋਈ ਸਿੱਖੀ, ਸਿਖਿਆ ਵਿਚ


੮੧੦
੨੪

ਸਿੱਖ ਨਾ ਕੋਇ ਸਮਾਈਆ । ਫੇਰ ਉਂਗਲੀ ਨਾਲ ਅਗੰਮੀ ਪੱਟੀ ਲਿਖੀ, ਹਰਫ਼ ਹਰੂਫ਼ ਮਿੱਟੀ ਉਤੇ ਦਰਸਾਈਆ । ਫੇਰ ਪ੍ਰਭ ਦੇ ਅਗੇ ਝੋਲੀ ਡਾਹ ਕੇ ਮੰਗੀ ਭਿੱਖੀ, ਕੂਕ ਕੂਕ ਸੁਣਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਵਸਤ ਅਗੰਮੀ ਆਪਣੇ ਪਿਆਰ ਵਾਲੀ ਸਿੱਟੀਂ, ਅਤੋਟ ਅਤੁਟ ਦੇਣੀ ਵਰਤਾਈਆ । ਝਟ ਇਸ਼ਾਰਾ ਹੋਇਆ ਆਹ ਵੇਖ ਲੈ ਹਾਹੇ ਵਾਲੀ ਟਿੱਪੀ, ਹੰ ਬ੍ਰਹਮ ਨਾਲ ਵਡਿਆਈਆ । ਜਿਹੜੀ ਪੁਰਖ ਅਕਾਲ ਦੇ ਚਰਨਾਂ ਵਿਚ ਲਿਟੀ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਜਿਸ ਦੀ ਜਗਤ ਧਾਰ ਤੋਂ ਬਾਹਰ ਦੀ ਮਿਤੀ, ਮਿਤਰਾ ਵੇਖਣਾ ਚਾਈਂ ਚਾਈਂਆ । ਝਟ ਮਨੀ ਸਿੰਘ ਨੇ ਇਕੋ ਮੰਗ ਮੰਗੀ ਤੇਰੇ ਸ਼ਬਦ ਦੀ ਇਕੋ ਹੋਵੇ ਲਿਪੀ, ਦੂਜੀ ਵਿਦਿਆ ਵੰਡ ਨਾ ਕੋਇ ਵੰਡਾਈਆ । ਧਰਨੀ ਕਹੇ ਮੈਂ ਝਟ ਦੁਹੱਥੜ ਮਾਰ ਕੇ ਪਿੱਟੀ, ਕੂਕ ਕੂਕ ਸੁਣਾਈਆ । ਇਹ ਕੀ ਖ਼ਬਰ ਸੰਤਾ ਦੱਸੇਂ ਅਨਡਿੱਠੀ, ਭੇਵ ਅਗੰਮ ਜਣਾਈਆ । ਝਟ ਬਿਨਾ ਅੱਖਰਾਂ ਤੋਂ ਵਖਾਈ ਮੈਨੂੰ ਚਿੱਠੀ, ਜਿਸ ਦੀ ਅਬਾਰਤ ਸਮਝ ਕੋਇ ਨਾ ਆਈਆ । ਧਰਨੀਏ ਤੇਰੀ ਖੇਲ ਬਿਨਾ ਪੁਰਖ ਅਕਾਲ ਤੋਂ ਜਾਣੀ ਨਹੀਂ ਨਜਿੱਠੀ, ਬਿਨਾ ਸੰਬਲ ਦੇ ਮਾਲਕ ਤੋਂ ਸੰਭਲ ਸਕੇ ਕੋਇ ਨਾ ਰਾਈਆ । ਇਹ ਪਿਆਰ ਦੀ ਧਾਰ ਧਰਨੀ ਕਹੇ ਮੈਨੂੰ ਲੱਗੀ ਮਿਠੀ, ਬਿਨ ਰਸਨਾ ਰਸ ਚਖਾਈਆ । ਜਾਂ ਗ਼ੌਰ ਨਾਲ ਤਕਿਆ ਨੂਰ ਨੁਰਾਨੀ ਖੇਲ ਦਿਸੀ ਚਿੱਟੀ, ਕਾਲਾ ਹਰਫ਼ ਹਰੂਫ਼ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਨਿਤ ਨਵਿਤੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਖੇਲ ਖਿਲਾਈਆ ।



੨੪ ੨੪

## ✪ ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਸਾਧੂ ਸਿੰਘ ਦੇ ਗ੍ਰਿਹ ਪਿੰਡ ਝਾਂਮਕੇ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਦਰਸ਼ਨ ਕਾਇਆ ਅੰਦਰ, ਸਾਢੇ ਤਿੰਨ ਹੱਥ ਅੰਤਰ ਨਿਰੰਤਰ ਵਜੇ ਵਧਾਈਆ । ਕਰੇ ਪਰਕਾਸ਼ ਅੰਧੇਰੀ ਡੂੰਘੀ ਕੰਦਰ, ਕਾਇਆ ਕਾਅਬਾ ਦੋ ਦੋ ਆਬਾ ਡਗਮਗਾਈਆ । ਤ੍ਰੈਗੁਣ ਅਤੀਤਾ ਠਾਂਢਾ ਸੀਤਾ ਬਜਰ ਕਪਾਟੀ ਤੋੜੇ ਜੰਦਰ, ਰਜੋ ਤਮੋ ਸਤੋ ਦਾ ਲੇਖਾ ਆਪ ਮੁਕਾਈਆ । ਮਨੂਆ ਮਨ ਦਹਿ ਦਿਸ਼ ਉਠ ਧਾਵੇ ਨਾ ਬੰਦਰ, ਸੁਰਤੀ ਸ਼ਬਦ ਸ਼ਬਦ ਬੰਧਾਈਆ । ਗ੍ਰਿਹ ਪਰਕਾਸ਼ ਦੇਵੇ ਬਿਨਾ ਸੂਰੀਆ ਚੰਦਰ, ਜੋਤੀ ਜਾਤਾ ਡਗਮਗਾਈਆ । ਦਇਆ ਕਮਾਏ ਤਨ ਵਜੂਦ ਅੰਧੇਰੇ ਖੰਡਰ, ਖੰਡਾ ਖੜਗ ਨਾਮ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਸਾਹਿਬ ਇਕ ਗੁਸਾਈਆ । ਸਤਿਗੁਰ ਦਰਸ਼ਨ ਤਨ ਵਜੂਦ, ਮਾਟੀ ਖ਼ਾਕ ਮਿਲੇ ਵਡਿਆਈਆ । ਭੇਵ ਖੁਲ੍ਹਾਏ ਆਲੀਸ਼ਾਨ ਅਰਸ਼ ਅਰੂਜ, ਅਰਸ਼ੀ ਪ੍ਰੀਤਮ ਧੁਰਦਰਗਾਹੀਆ । ਮੰਜ਼ਲ ਦੇਵੇ ਹਕ ਮਕ਼ਸੂਦ, ਦਰਗਾਹ ਸਾਚੀ ਪੜਦਾ ਆਪ ਉਠਾਈਆ । ਮਨ ਕਲਪਨਾ ਕੂੜੀ ਕਿਰਿਆ ਕਰੇ ਨੇਸਤੋ ਨਾਬੂਦ, ਜੜ੍ਹ ਚੋਟੀ ਰਹਿਣ ਕੋਇ ਨਾ ਪਾਈਆ । ਘਰ ਸੁਆਮੀ ਠਾਕਰ ਮਿਲੇ ਮਹਿਬੂਬ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਦਰਸ ਦਿਖਾਈਆ । ਨੌਂ ਦੁਆਰੇ ਪੰਧ ਰਹੇ ਨਾ ਹਦੂਦ, ਈੜਾ ਪਿੰਗਲ ਸੁਖਮਨ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਪਰਦਾ ਆਪ ਉਠਾਈਆ । ਸਤਿਗੁਰ ਦਰਸ਼ਨ ਕਾਇਆ ਮਾਟੀ,

ਮਟਕਾ ਵੇਖੇ ਚਾਈਂ ਚਾਈਂਆ । ਜੋਤ ਜਗਾਏ ਨੂਰ ਲਲਾਟੀ, ਨੂਰ ਨੁਰਾਨਾ ਡਗਮਗਾਈਆ । ਨਾਮ ਵਖਾਏ ਆਪਣੀ ਹਾਟੀ, ਜਗਤ ਵਣਜਾਰਾ ਨਾ ਕੋਇ ਜਣਾਈਆ । ਅੰਮ੍ਰਿਤ ਰਸ ਦੇਵੇ ਨਿਝਰ ਬਾਟੀ, ਬੂੰਦ ਸਵਾਂਤੀ ਨਾਭੀ ਕਵਲ ਵਿਚੋਂ ਪਲਟਾਈਆ । ਸਤਿਗੁਰ ਸ਼ਬਦ ਸੁਰਤ ਚੜ੍ਹਾਏ ਆਪਣੀ ਘਾਟੀ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਲੇਖਾ ਰਹੇ ਨਾ ਤੀਰਥ ਅਠ ਸਾਠੀ, ਸਰ ਸਰੋਵਰ ਇਕ ਨੁਹਾਈਆ । ਦੁਰਮਤ ਮੈਲ ਜਾਏ ਕਾਟੀ, ਸਤਿਗੁਰ ਦਰਸ ਵਡੀ ਵਡਿਆਈਆ । ਮਨੂਆ ਮਨ ਫਿਰੇ ਨਾ ਨਾਟੀ, ਨਟੂਆ ਆਪਣਾ ਰੰਗ ਰੰਗਾਈਆ । ਜੋਤ ਜਗਾਏ ਬਿਨਾ ਤੇਲ ਬਾਤੀ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਸਤਿਗੁਰ ਦਰਸ ਦੇਵੇ ਬਿਨਾ ਅੱਖਾਂ, ਜਗ ਨੇਤਰ ਲੋੜ ਰਹੇ ਨਾ ਰਾਈਆ । ਘਰ ਸੁਆਮੀ ਠਾਕਰ ਮਿਲੇ ਸਖ਼ਾ, ਸੁਖ਼ਨ ਆਪਣੇ ਪੂਰ ਕਰਾਈਆ । ਜਿਸ ਦੀ ਕ਼ੀਮਤ ਪਾ ਸਕੇ ਨਾ ਕੋਈ ਕਰੋੜੀ ਲੱਖਾਂ, ਗਣਤੀ ਗਣਤ ਨਾ ਕੋਇ ਗਿਣਾਈਆ । ਉਹ ਖੇਲੇ ਖੇਲ ਅਗੋਚਰ ਅਲਖਣਾ ਅਲੱਖਾ, ਅਗੰਮ ਅਥਾਹ ਬੇਪਰਵਾਹੀਆ । ਜੋ ਆਦਿ ਜੁਗਾਦਿ ਪੁਰਖ ਸਮਰਥਾ, ਸਾਹਿਬ ਸੁਲਤਾਨ ਨੂਰ ਅਲਾਹੀਆ । ਜਿਸ ਦਾ ਨਿਤ ਨਵਿਤ ਜੁਗ ਚੌਕੜੀ ਬਣਦਾ ਰਥਾ, ਰਥ ਰਥਵਾਹੀ ਹੋ ਕੇ ਵੇਖ ਵਖਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਸਤਿਗੁਰ ਸ਼ਬਦ ਸੁਣਾਵੇ ਕਥਾ, ਆਤਮਕ ਰਾਗ ਰਾਗ ਦ੍ਰਿੜਾਈਆ । ਜਿਸ ਦਾ ਖੇਲ ਯਥਾਰਥ ਯਥਾ, ਯਦੀ ਯਦਪ ਆਪਣਾ ਭੇਵ ਚੁਕਾਈਆ । ਉਹ ਜੋਤ ਜਗਾਏ ਦਇਆ ਕਮਾਏ ਜਨ ਭਗਤ ਸੁਹੇਲੇ ਮਸਤਕ ਮੱਥਾ, ਟਿੱਕੇ ਧੂੜੀ ਖ਼ਾਕ ਖ਼ਾਕ ਰਮਾਈਆ । ਲਹਿਣਾ ਦੇਣਾ ਚੁਕਾਏ ਤਤ ਅੱਠਾਂ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤਿ ਬੁਧਿ ਆਪਣੇ ਰੰਗ ਰੰਗਾਈਆ । ਸਤਿਗੁਰ ਦਰਸ ਦੀਦਾਰੀ ਨਿਰਗੁਣ ਧਾਰ ਹਰਿਜਨ ਪਿਆਰ ਅੰਤਰ ਆਵੇ ਨਠਾ, ਬਿਨ ਕ਼ਦਮਾਂ ਭੱਜੇ ਨਠੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਤਿਗੁਰ ਦਰਸ ਲੋੜੇ ਸਰਬ ਜਗ, ਜਾਗਰਤ ਜੋਤ ਧਿਆਨ ਲਗਾਈਆ । ਜੋ ਬੁਝਾਵਣਹਾਰਾ ਕੂੜ ਕੁੜਿਆਰੀ ਅੱਗ, ਅੰਮ੍ਰਿਤ ਮੇਘ ਨਾਮ ਬਰਸਾਈਆ । ਭੇਵ ਚੁਕਾਏ ਉਪਰ ਸ਼ਾਹ ਰਗ, ਨੌਂ ਦੁਆਰੇ ਡੇਰਾ ਢਾਹੀਆ । ਹੰਸ ਬਣਾਏ ਬਪੜੇ ਬਗ, ਮਾਣਕ ਮੋਤੀ ਚੋਗ ਚੁਗਾਈਆ । ਜਗਤ ਵਿਕਾਰ ਦੀ ਮੇਟੇਹੱਦ, ਹਦੂਦ ਆਪਣੀ ਦਏ ਦਰਸਾਈਆ । ਬਿਨਾ ਜਗਤ ਸਾਜ਼ ਸੁਣਾਏ ਨਦ, ਅਨਹਦ ਨਾਦੀ ਨਾਦ ਧੁਨ ਕਰੇ ਸ਼ਨਵਾਈਆ । ਅੰਮ੍ਰਿਤ ਰਸ ਸਚ ਪਿਆਏ ਮਦਿ, ਮਧੁਰ ਧੁਨ ਨਾਲ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਸਤਿਗੁਰ ਦਰਸ ਹਰਿਜਨ ਕਰਨ ਦਾ ਚਾਓ, ਚਾਓ ਘਨੇਰਾ ਇਕ ਰਖਾਈਆ । ਬਿਨ ਰਸਨਾ ਜਿਹਵਾ ਗਾਏ ਵਾਹੋ ਵਾਹੋ, ਵਾਹਵਾ ਵਾਹਿਗੁਰੂ ਤੇਰੀ ਬੇਪਰਵਾਹੀਆ । ਸੋ ਸਤਿਗੁਰ ਪੂਰਾ ਬਿਨ ਹੱਥਾਂ ਪਕੜੇ ਬਾਹੋਂ, ਬਿਨ ਤਤਾਂ ਗੋਦ ਉਠਾਈਆ । ਅੰਤਰ ਨਿਰੰਤਰ ਬਿਨ ਰਸਨ ਜਪਾਏ ਨਾਉਂ, ਨਾਉਂ ਨਿਰੰਕਾਰ ਆਪ ਦ੍ਰਿੜਾਈਆ । ਏਥੇ ਓਥੇ ਦੋ ਜਹਾਨਾਂ ਦੇਵੇ ਠੰਢੀ ਛਾਉਂ, ਅਗਨੀ ਤਤ ਨਾ ਲਾਗੇ ਰਾਈਆ । ਫੜ ਫੜ ਹੰਸ ਬਣਾਏ ਕਾਉਂ, ਕਾਗ ਹੰਸ ਰੂਪ ਬਦਲਾਈਆ । ਆਪੇ ਪਿਤਾ ਆਪੇ ਮਾਉਂ, ਆਪੇ ਹੋਏ ਜਣੇਂਦੀ ਮਾਈਆ । ਦੀਨ ਦਿਆਲਾ ਦਰਸ਼ਨ ਦੇਵੇ ਥਾਈਂ ਥਾਉਂ, ਥਾਨ ਥਨੰਤਰ ਆਪਣੇ ਰੰਗ ਰੰਗਾਈਆ । ਆਦਿ ਜੁਗਾਦੀ ਸਦ ਕਰਨਹਾਰ ਨਿਆਉਂ, ਨਿਆਂਕਾਰ ਇਕ ਅਖਵਾਈਆ । ਜਨ ਭਗਤਾਂ ਦਰਸ਼ਨ ਦੇਵੇ ਸਾਢੇ ਤਿੰਨ ਹੱਥ ਗਰਾਉਂ, ਬਾਹਰ ਖੋਜਣ

ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਇਕ ਵਖਾਈਆ । ਜਿਸ ਨੂੰ ਦਰਸ਼ਨ ਦੇਵੇ ਪੂਰਾ ਸਤਿਗੁਰ, ਗੋਬਿੰਦ ਗੋਬਿੰਦ ਮੇਲਾ ਸਹਿਜ ਸੁਭਾਈਆ । ਲਹਿਣਾ ਦੇਣਾ ਆਦਿ ਜੁਗਾਦੀ ਵੇਖੇ ਧੁਰ, ਧੁਰ ਮਸਤਕ ਲਹਿਣਾ ਦੇਣਾ ਦਏ ਚੁਕਾਈਆ । ਅੰਤਰ ਆਤਮ ਪਰਮਾਤਮ ਸ਼ਬਦ ਨਾਦ ਸੁਣਾਏ ਸੁਰ, ਸੁਰਤੀ ਸ਼ਬਦੀ ਨਾਲ ਮਿਲਾਈਆ । ਕਲਜੁਗ ਕੂੜੀ ਕਿਰਿਆ ਮੇਟੇ ਅੰਧੇਰ ਘੋਰ, ਪੰਚ ਵਿਕਾਰ ਹੰਕਾਰ ਦਏ ਮਿਟਾਈਆ । ਮਨੂਆ ਮਨ ਪਾਏ ਨਾ ਸ਼ੋਰ, ਸ਼ੌਹਰ ਬਾਂਕਾ ਹੋ ਕੇ ਵੇਖੇ ਚਾਈਂ ਚਾਈਂਆ । ਪੰਚ ਪਰਪੰਚ ਰਹੇ ਨਾ ਅੰਦਰ ਚੋਰ, ਠੱਗੀ ਠਗ ਨਾ ਕੋਇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹਿ ਇਕ ਸੁਹਾਈਆ । ਸਤਿਗੁਰ ਦਰਸ ਸਦਾ ਅਗੰਮਾ, ਜਗ ਨੇਤਰ ਲੋਚਨ ਵੇਖਣ ਕੋਇ ਨਾ ਪਾਈਆ । ਜੋ ਬਿਨਾ ਤੇਲ ਬਾਤੀ ਦੀਪ ਜਗਾਏ ਸ਼ਮਅ ਨੂਰ ਨੁਰਾਨਾ ਜੋਤੀ ਜਾਤਾ ਡਗਮਗਾਈਆ । ਜੋ ਆਦਿ ਜੁਗਾਦੀ ਮੇਟੇ ਸਗਲੀ ਤਮਾ, ਲਾਲਚ ਰਹਿਣ ਕੋਇ ਨਾ ਪਾਈਆ । ਲੇਖ ਮੁਕਾਏ ਰਾਏ ਧਰਮ ਲੱਖ ਚੁਰਾਸੀ ਜਮਾਂ, ਜਮ ਕੀ ਫਾਸੀ ਦਏ ਕਟਾਈਆ । ਸਚ ਸੁਹੰਜਣਾ ਚਰਨ ਕਵਲ ਬਣਾਏ ਅਗਲਾ ਸਮਾਂ, ਪੂਰਬ ਲਹਿਣਾ ਲਹਿਣੇ ਵਿਚ ਝੋਲੀ ਪਾਈਆ । ਲੇਖਾ ਜਾਣੇ ਪਵਣ ਸੁਆਸੀ ਦਮਾਂ, ਦਾਮਨਗੀਰ ਆਪ ਹੋ ਜਾਈਆ । ਹਰਖ ਸੋਗ ਚਿੰਤਾ ਮੇਟੇ ਗ਼ਮਾਂ, ਗ਼ਮਖਾਰ ਹੋ ਕੇ ਵੇਖ ਵਖਾਈਆ । ਸਤਿਗੁਰ ਸ਼ਬਦ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਧਾਰ ਸਚ ਦੁਆਰ ਸਦਾ ਨਵਾਂ, ਬਿਰਧ ਬਾਲ ਬੁਢੇਪਾ ਜੁਗ ਚੌਕੜੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਹੁਕਮ ਸੰਦੇਸ਼ ਨਰ ਨਰੇਸ਼ ਹੋ ਕੇ ਦੇਵੇ ਨਾਲ ਚਵਾਂ, ਚਾਓ ਘਨੇਰਾ ਇਕੋ ਇਕ ਜਣਾਈਆ ।



### ✪ ੧੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਗੰਡਾ ਸਿੰਘ ਦੇ ਗ੍ਰਿਹਿ ਪਿੰਡ ਦਰਾਜਕੇ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਪ੍ਰਭੁ ਮਨੀ ਸਿੰਘ ਨੇ ਲਿਖਿਆ ਪੱਤਰ, ਹਰਫ਼ ਉਂਗਲਾਂ ਨਾਲ ਬਣਾਈਆ । ਉਹ ਸੰਮਤ ਬਿਕਰਮੀ ਉਨ੍ਹੀ ਸੌ ਚੁਹੱਤਰ, ਦੂਸਰ ਸੰਗ ਨਾ ਕੋਇ ਰਖਾਈਆ । ਫੇਰ ਆਪਣੇ ਚੋਲੇ ਦੀ ਪਾੜ ਕੇ ਨਿੱਕੀ ਜਿਹੀ ਕਤਰ, ਉਸ ਦੇ ਨਾਲ ਦਿਤੀ ਲਟਕਾਈਆ । ਫੇਰ ਨਕ ਰਗੜਿਆ ਆਪਣੀ ਉਤੇ ਤੀਜੀ ਸਤਰ, ਤ੍ਰੈਗੁਣ ਤੋਂ ਬਾਹਰ ਵੇਖ ਵਖਾਈਆ । ਫੇਰ ਆਪਣੇ ਹੱਥਾਂ ਦਾ ਬਣਾ ਕੇ ਛਤਰ, ਸੀਸ ਸੀਸ ਉਤੇ ਦਿਤਾ ਟਿਕਾਈਆ । ਫਿਰ ਨਿਗਾਹ ਮਾਰੀ ਹਸ ਕੇ ਆਪਣੇ ਆਪ ਨੂੰ ਲੱਗਾ ਦੱਸਣ, ਧੁਰ ਦਾ ਹੁਕਮ ਜਣਾਈਆ । ਸੰਗਰੂਰ ਜੇਲ੍ਹ ਵਿਚ ਬਿਨਾ ਖ਼ੁਸ਼ੀ ਤੋਂ ਲੱਗਾ ਹਸਣ, ਰੈਣ ਨਵ ਦਸ ਦਾ ਵਕ਼ਤ ਸੁਹਾਈਆ । ਫੇਰ ਬਾਲਿਸ਼ਤਾਂ ਨਾਲ ਲੱਗਾ ਕੱਛਣ, ਪੈਮਾਨਾਂ ਹੱਥਾਂ ਵਾਲਾ ਬਣਾਈਆ । ਫੇਰ ਸੁਰਤੀ ਧਾਰ ਵਿਚ ਲੱਗਾ ਹਸਣ, ਬਿਨ ਕ਼ਦਮਾਂ ਕ਼ਦਮ ਉਠਾਈਆ । ਫੇਰ ਆਪਣੇ ਪਿਆਰ ਵਿਚ ਪ੍ਰੀਤੀ ਲੱਗਾ ਕਸਣ, ਗੰਢ ਬਿਨ ਤੰਦ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮਨੀ ਸਿੰਘ ਮੈਨੂੰ ਲਾਈਆਂ

ਉਂਗਲਾਂ ਤੀਨ, ਕ਼ਲਮ ਹੱਥ ਨਾ ਕੋਇ ਉਠਾਈਆ । ਅੰਦਰੋਂ ਪ੍ਰਭ ਦੇ ਹੋ ਅਧੀਨ, ਬੈਠਾ ਸੀਸ ਝੁਕਾਈਆ । ਫੇਰ ਖ਼ਾਕਾ ਖਿਚਿਆ ਮੇਰੀ ਉਤੇ ਜ਼ਮੀਨ, ਵੰਡ ਆਪਣੀ ਆਪ ਵੰਡਾਈਆ । ਨਾਲ ਇਸ਼ਾਰਾ ਦਿਤਾ ਕੀ ਲਹਿਣਾ ਦੇਣਾ ਹੋਣਾ ਰੂਸਾ ਚੀਨ, ਚੈਨ ਵਿਚ ਨਜ਼ਰ ਕੋਇ ਨਾ ਆਈਆ । ਫੇਰ ਮਾਰਗ ਤਕ ਮਹੀਨ, ਬੈਠਾ ਨੈਣ ਦਬਾਈਆ । ਫੇਰ ਬਣ ਕੇ ਬੁੱਧੀਹੀਨ, ਆਪਣਾ ਆਪ ਗਿਆ ਤਜਾਈਆ । ਮਸਤਕ ਹੱਥ ਮਾਰਿਆ ਮੇਰੇ ਸਾਹਿਬ ਨੇ ਸਭ ਕੁਛ ਲੈਣਾ ਛੀਨ, ਸ਼ਹਿਨਸ਼ਾਹ ਨਜ਼ਰ ਕੋਇ ਨਾ ਆਈਆ । ਫੇਰ ਝਗੜਾ ਹੋਇਆ ਗ਼ਮਗੀਨ, ਗ਼ਮੀ ਸਮਝ ਕੋਇ ਨਾ ਆਈਆ । ਫੇਰ ਨਿਗਾਹ ਮਾਰੀ ਮੇਰੇ ਪਰਮ ਪੁਰਖ ਦਾ ਲੇਖਾ ਬੜਾ ਪ੍ਰਾਚੀਨ, ਨੌ ਸੌ ਚੁਰਾਨਵੇ ਚੌਕੜੀ ਜੁਗ ਦੇਣ ਗਵਾਹੀਆ । ਮੈਂ ਕੋਈ ਸ਼ੋਹਦਾ ਨਹੀਂ ਕਮੀਨ, ਕੋਝਾ ਕਮਲਾ ਨਾ ਰੂਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੇਰੇ ਉਤੇ ਝਟ ਮਨੀ ਸਿੰਘ ਲਾਇਆ ਪੰਜਾ, ਪੰਜਾ ਪੰਜੇ ਨਾਲ ਦਬਾਈਆ । ਫੇਰ ਹਿੰਦਸਾ ਲਿਖਿਆ ਬਵੰਜਾ, ਪਾਂਜਾ ਦੂਆ ਜੋੜ ਜੁੜਾਈਆ । ਫੇਰ ਅੱਖਰ ਬਣਾਇਆ ਚੰਗਾ, ਕੀਤੀ ਉਂਗਲਾਂ ਨਾਲ ਲਿਖਾਈਆ । ਫੇਰ ਇਸ਼ਾਰਾ ਦਿਤਾ ਗੰਗਾ, ਮਈਆ ਭੱਜਣਾ ਵਾਹੋ ਦਾਹੀਆ । ਫੇਰ ਨਿਗਾਹ ਮਾਰੀ ਪੁਰੀ ਅਨੰਦਾ, ਅਨੰਦਪੁਰ ਵਾਸੀ ਵੇਖ ਵਖਾਈਆ । ਝਟ ਨੇਤਰ ਖੋਲ੍ਹਿਆ ਪੁਰਖ ਅਕਾਲੇ ਰੂਪ ਧਰਿਆ ਬੰਦਾ, ਪੰਜਾਂ ਤਤਾਂ ਵਿਚ ਸਮਾਈਆ । ਝਟ ਉਸੇ ਵੇਲੇ ਸੰਤ ਮਨੀ ਸਿੰਘ ਤੂੰ ਮੇਰਾ ਮੈਂ ਤੇਰਾ ਗਾਇਆ ਛੰਦਾ, ਰਸਨਾ ਜਿਹਵਾ ਜ਼ਬਾਨ ਨਾ ਕੋਇ ਹਿਲਾਈਆ ।
੮੧੪ ਫੇਰ ਖਲੋ ਗਿਆ ਇਕ ਟੰਗਾ, ਹੱਥ ਮਸਤਕ ਉਤੇ ਰਖਾਈਆ । ਫੇਰ ਫੜ ਕੇ ਬਿਨਾ ਲਕੜੀ ਤੋਂ ਡੰਡਾ, ਡੰਡਾਵਤ ਆਪਣੀ ਲਈ ਬਦਲਾਈਆ । ੮੧੪
੨੪ ਫੇਰ ਆਪਣਾ ਕਰਕੇ ਪਿੰਡਾ ਨੰਗਾ, ਪਿੱਠ ਜ਼ਿਮੀਂ ਨਾਲ ਰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ੨੪
ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਜਿਸ ਵੇਲੇ ਸੰਤ ਮਨੀ ਸਿੰਘ ਮੇਰੇ ਉਤੇ ਰਗੜੀ ਆਪਣੀ ਪਿੱਠ, ਪਾਸਾ ਆਪਣਾ ਨਾ ਮੂਲ ਬਦਲਾਈਆ । ਮੈਨੂੰ ਨਜ਼ਰੀ ਆਇਆ ਇਕੋ ਧਾਰ ਸਵਾ ਗਿੱਠ, ਮਾਰੂ ਡੰਡ ਦਾ ਪੰਧ ਚੁਕਾਈਆ । ਅਗੇ ਸਿੰਘਾਸਣ ਦਿਸਿਆ ਨੂਰ ਨੁਰਾਨਾ ਅਨਡਿਠ, ਜਿਸ ਦੀ ਪਾਵਾ ਚੂਲ ਘੜਤ ਨਾ ਕੋਇ ਘੜਾਈਆ । ਫੇਰ ਆਵਾਜ਼ ਸੁਣੀ ਅਗੰਮੀ ਮਿਠ, ਬਿਨ ਰਸਨਾ ਜਿਹਵਾ ਹੋਈ ਸ਼ਨਵਾਈਆ । ਜਾਂ ਫੇਰ ਤਕਿਆ ਮੇਰੇ ਉਤੇ ਮਿਲੀ ਬਿਨਾ ਅੱਖਰਾਂ ਤੋਂ ਚਿਟ, ਚਿੱਟੇ ਉਤੇ ਕਾਲਾ ਹਰਫ਼ ਨਾ ਕੋਇ ਲਿਖਾਈਆ । ਮੈਂ ਵੇਂਹਦੀ ਰਹਿ ਗਈ ਬਿਟ ਬਿਟ, ਮੇਰੀ ਚਲੀ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਧਰਨੀ ਕਹੇ ਫੇਰ ਮਨੀ ਸਿੰਘ ਹੋ ਗਿਆ ਚੁਪ, ਮੁਖ ਦੰਦ ਰਸਨਾ ਨਾ ਕੋਇ ਹਿਲਾਈਆ । ਬੁੱਕਲ ਵਿਚ ਕਰ ਅੰਧੇਰਾ ਘੁੱਪ, ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਫੇਰ ਗ਼ੁੱਸੇ ਵਿਚ ਕਿਹਾ ਕਿਉਂ ਮੇਰੇ ਸਾਹਿਬ ਗਿਉਂ ਛੁਪ, ਸ਼ੇਰਾ ਆਪਣਾ ਮੁਖ ਛੁਪਾਈਆ । ਬੇਸ਼ਕ ਮੈਂ ਬੁੱਢਾ ਤਨ ਦਾ ਤੇ ਅੰਦਰੋਂ ਤੇਰਾ ਪੁਤ, ਨੂਰ ਨੁਰਾਨਾ ਤੇਰਾ ਨਜ਼ਰੀ ਆਈਆ । ਝਟ ਸੰਦੇਸ਼ਾ ਮਿਲਿਆ ਮੈਂ ਸੁਹੰਜਣੀ ਕਰਾਂ ਅਗੰਮੀ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲੇ ਖੇਲ ਹੋ ਕੇ ਅਬਿਨਾਸ਼ੀ ਅਚੁਤ, ਚੇਤਨ ਆਪਣਾ ਭੇਵ ਖੁਲ੍ਹਾਈਆ ।

## ✪ ੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਮਿਲਖਾ ਸਿੰਘ ਸਮੁੰਦ ਸਿੰਘ ਦੇ ਘਰ ਪਿੰਡ ਮਾੜੀ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਸਤਿਗੁਰ ਸ਼ਬਦ ਦੇ ਸਹਾਰਾ, ਸਹਾਇਕ ਨਾਇਕ ਤੇਰੀ ਓਟ ਤਕਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਹੋ ਕੇ ਬਣ ਮੀਤ ਮੁਰਾਰਾ, ਮਿਤਰ ਪਿਆਰੇ ਆਪਣਾ ਰੰਗ ਰੰਗਾਈਆ । ਮੇਰੇ ਉਤੋਂ ਕਲਜੁਗ ਅੰਤ ਮੇਟ ਧੁੰਆਂਧਾਰਾ, ਕੂੜੀ ਕਿਰਿਆ ਨਵ ਸੱਤ ਰਹਿਣ ਨਾ ਪਾਈਆ । ਸਤਿ ਸਚ ਨਾਮ ਕਲਮੇ ਦਾ ਦਸ ਅਗੰਮ ਜੈਕਾਰਾ, ਜਿਸ ਦੀ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਅਨਾਦੀ ਸ਼ਬਦ ਦੀ ਦੇ ਧੁੰਨਕਾਰਾ, ਅਨਹਦ ਨਾਦੀ ਨਾਦ ਕਰ ਸ਼ਨਵਾਈਆ । ਅੰਮ੍ਰਿਤ ਰਸ ਬਖ਼ਸ਼ ਠੰਡੀ ਠਾਰਾ, ਅੰਮਿਉਂ ਰਸ ਧੁਰ ਦਾ ਆਪ ਚੁਆਈਆ । ਜੋਤੀ ਨੂਰ ਕਰ ਉਜਿਆਰਾ, ਦੋ ਜਹਾਨਾਂ ਡਗਮਗਾਈਆ । ਮੇਰੀ ਡੰਡਾਵਤ ਬੰਦਨਾ ਸਜਦਿਆਂ ਵਿਚ ਨਿਮਸਕਾਰਾ, ਕ਼ਦਮ ਬੋਸੀ ਕਰਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਸਤਿ ਵਰਤਾਈਆ । ਧਰਨੀ ਕਹੇ ਸਤਿਗੁਰ ਸ਼ਬਦ ਪਿਆਰੇ ਮੀਤਾ, ਮਿਤਰਾ ਤੇਰੀ ਓਟ ਤਕਾਈਆ । ਮੇਰੇ ਉਤੋਂ ਕੂੜੀ ਕਿਰਿਆ ਬਦਲ ਦੇ ਰੀਤਾ, ਰੀਤੀਵਾਨ ਤੇਰੇ ਹੱਥ ਵਡਿਆਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰੋਂ ਬਦਲ ਦੇ ਨੀਤਾ, ਅੰਤਸ਼ਕਰਨ ਵਿਚ ਕਰ ਸਫ਼ਾਈਆ । ਪਤਿਤ ਪਾਪੀ ਕਰ ਪੁਨੀਤਾ, ਦੁਰਮਤ ਮੈਲ ਦੇ ਗਵਾਈਆ । ਮੇਰੀ ਆਸ਼ਾ ਪੂਰੀ ਕਰ ਦੇ ਜੋ
੮੧੫ ਰਾਮ ਸੰਦੇਸ਼ਾ ਦੇ ਕੇ ਗਿਆ ਸੀਤਾ, ਸੁਰਤੀ ਸੀਤਾ ਰਾਮ ਸ਼ਬਦ ਵਿਚ ਸਮਾਈਆ । ਉਹ ਲਹਿਣਾ ਦੇਣਾ ਵੇਖ ਲੈ ਜੋ ਸੰਦੇਸ਼ਾ ਦਿਤਾ ਕਾਹਨ ਘਨਈਆ ੮੧੫
੨੪ ਅਰਜਨ ਲਿਖਣ ਲੱਗਿਆਂ ਗੀਤਾ, ਅਠਾਰਾਂ ਧਿਆਏ ਹਰਫ਼ ਹਰੂਫ਼ ਵਡਿਆਈਆ । ਜੋ ਪੈਗ਼ੰਬਰਾਂ ਵਾਅਦਾ ਕੌਲ ਇਕ਼ਰਾਰ ਕੀਤਾ, ਕ਼ੀਮਤ ਕਰਤੇ ੨੪
ਦੇਣੀ ਪਾਈਆ । ਜੋ ਗੁਰੂ ਗੁਰਦੇਵ ਸੁਆਮੀ ਰਖਿਆ ਚੀਤਾ, ਚੇਤਨ ਹੋ ਕੇ ਦੇਣਾ ਦ੍ਰਿੜਾਈਆ । ਧਰਨੀ ਕਹੇ ਮੇਰਾ ਪੂਰਬ ਵਕ਼ਤ ਪਿਛਲਾ ਬੀਤਾ, ਅਗੇ ਪਰਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਸੰਗ ਆਪ ਬਣਾਈਆ । ਧਰਨੀ ਕਹੇ ਸਤਿਗੁਰ ਸ਼ਬਦ ਮੇਰੇ ਉਤੋਂ ਕੂੜ ਬੁਝਾ ਦੇ ਅੱਗ, ਤ੍ਰੈਗੁਣ ਅਤੀਤੇ ਦਇਆ ਕਮਾਈਆ । ਅੰਮ੍ਰਿਤ ਮੇਘ ਬਰਸ ਦੇ ਉਤੇ ਜਗ, ਜਾਗਰਤ ਜੋਤ ਬਿਨ ਵਰਨ ਗੋਤ ਡਗਮਗਾਈਆ । ਕੂੜੀ ਕਿਰਿਆ ਨਾਲੋਂ ਦੀਨ ਦੁਨੀ ਕਰ ਅਲਗ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਰਹਿਣ ਕੋਇ ਨਾ ਪਾਈਆ । ਤੂੰ ਸਾਹਿਬ ਸੂਰਾ ਸਰਬਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਕਲਜੁਗ ਜੀਵਾਂ ਬੁੱਧੀ ਮੂਲ ਰਹੇ ਨਾ ਕਗ, ਕਾਗ ਹੰਸ ਰੂਪ ਦਰਸਾਈਆ । ਭੇਵ ਖੁਲ੍ਹਾ ਦੇ ਆਪਣਾ ਉਪਰ ਸ਼ਾਹਰਗ, ਨੌਂ ਦੁਵਾਰਿਆਂ ਡੇਰਾ ਢਾਹੀਆ । ਅੰਮ੍ਰਿਤ ਜਾਮ ਪਿਆ ਦੇ ਮਦਿ, ਨਾਭੀ ਕਵਲ ਕਵਲ ਉਲਟਾਈਆ । ਕੂੜ ਕੁੜਿਆਰ ਸ਼ਰਅ ਦੀ ਮੇਟ ਦੇ ਹੱਦ, ਹੱਦ ਹਦੂਦ ਮਹਿਬੂਬ ਆਪਣੀ ਇਕ ਵਖਾਈਆ । ਆਤਮ ਧਾਰ ਸਤਿ ਬਣਾ ਲੈ ਆਪਣੀ ਯਦ, ਯਦੀ ਯਦਪ ਆਪਣਾ ਰੰਗ ਰੰਗਾਈਆ । ਮੈਂ ਖ਼ੁਸ਼ੀ ਨਾਲ ਹੋਵਾਂ ਗਦ ਗਦ, ਤੇਰਾ ਢੋਲਾ ਸੋਹਲਾ ਇਕੋ ਇਕ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਸਤਿਗੁਰ ਸ਼ਬਦ ਮੈਂ ਤੇਰੀ ਰਖੀ ਓਟ, ਓੜਕ ਧਿਆਨ ਲਗਾਈਆ । ਮੇਰੇ ਉਤੇ ਜੁਗ ਲੰਘ ਗਏ ਕੋਟੀ ਕੋਟ, ਅਣਗਿਣਤ ਆਪਣਾ ਪੰਧ ਮੁਕਾਈਆ । ਮੈਂ

ਤੇਰਾ ਭੰਡਾਰਾ ਤਕਦੀ ਰਹੀ ਅਤੋਟ, ਅਤੁਟ ਦੇਣਾ ਵਰਤਾਈਆ । ਸਾਚੇ ਨਾਮ ਨਗਾਰੇ ਲਾ ਦੇ ਚੋਟ, ਚੋਟੀ ਚੜ੍ਹ ਕੇ ਵੇਖ ਵਖਾਈਆ । ਦੀਨ ਦੁਨੀ ਸ੍ਰਿਸ਼ਟੀ ਅੰਦਰੋਂ ਕਢ ਦੇ ਖੋਟ, ਮਾਨਸ ਮਾਨਵ ਪਰਦਾ ਪਰਦਿਆਂ ਵਿਚੋਂ ਉਠਾਈਆ । ਆਤਮ ਪਰਮਾਤਮ ਜੋਤੀ ਧਾਰ ਬਖ਼ਸ਼ ਦੇ ਜੋਤ, ਨੂਰ ਨੁਰਾਨਾ ਡਗਮਗਾਈਆ । ਨਵ ਨਵ ਪਰਦਾ ਖੋਲ੍ਹ ਦੇ ਸੋਇਆ ਰਹੇ ਕੋਈ ਨਾ ਸੋਤ, ਸੋਈ ਸੁਰਤੀ ਆਪ ਜਗਾਈਆ । ਮੇਰੇ ਉਤੇ ਕਲਪਣਾ ਵਧ ਗਈ ਬਹੁਤ, ਕੂੜੀ ਕਿਰਿਆ ਨਾਲ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪੜਦਾ ਆਪ ਚੁਕਾਈਆ । ਧਰਨੀ ਕਹੇ ਮੇਰੇ ਸਤਿਗੁਰ ਸ਼ਬਦ ਆਦਿ ਜੁਗਾਦੀ ਨਿਹਕਲੰਕਾ, ਕਲਕਾਤੀਆਂ ਡੇਰਾ ਦੇਣਾ ਢਾਹੀਆ । ਏਕਾ ਨਾਮ ਸ਼ਬਦ ਦੋ ਜਹਾਨ ਵਜਾ ਦੇ ਡੰਕਾ, ਪੁਰੀਆਂ ਲੋਆਂ ਕਰ ਸ਼ਨਵਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਮੇਰਾ ਸੂਹਾ ਦੇ ਬੰਕਾ, ਬੰਕਦੁਆਰੀ ਏਕੰਕਾਰੀ ਇਕੋ ਨਜ਼ਰੀ ਆਈਆ । ਲਹਿਣਾ ਦੇਣਾ ਮੁਕਾ ਦੇ ਰਾਓ ਰੰਕਾ, ਸ਼ਾਹ ਹਕੀਰ ਫ਼ਕੀਰ ਇਕੋ ਘਰ ਬਹਾਈਆ । ਸਤਿ ਧਰਮ ਸਤਿਜੁਗ ਬਣਾ ਦੇ ਬਣਤਾ, ਘੜਨ ਭੰਨਣਹਾਰ ਤੇਰੇ ਹੱਥ ਵਡਿਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਗੜ੍ਹ ਤੋੜ ਦੇ ਹਉਮੇ ਹੰਗਤਾ, ਹੰ ਬ੍ਰਹਮ ਪਾਰਬ੍ਰਹਮ ਪੜਦਾ ਦੇਣਾ ਉਠਾਈਆ । ਝਗੜਾ ਰਹੇ ਨਾ ਜਗਤ ਵਾਸ਼ਨਾ ਮਨੂਏ ਮਨ ਦਾ, ਮਮਤਾ ਮੋਹ ਨਾ ਕੋਇ ਹਲਕਾਈਆ । ਲੇਖਾ ਰਹੇ ਨਾ ਸਰਵਣ ਕੰਨ ਦਾ, ਧੁਨ ਆਤਮਕ ਸ਼ਬਦੀ ਰਾਗ ਦੇਣਾ ਸੁਣਾਈਆ । ਮੇਰਾ ਲੇਖਾ ਮੁਕ ਜਾਏ ਹਰਖ਼ ਸੋਗ ਗ਼ਮ ਦਾ, ਚਿੰਤਾ ਚਿਖਾ ਨਾ ਕੋਇ ਤਪਾਈਆ । ਆਪਣਾ
੮੧੬ ਮਾਨਵ ਰੂਪ ਬਣਾ ਲੈ ਆਪਣੇ ਬ੍ਰਹਮ ਦਾ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਮੇਰਾ ਨਵ ਸੱਤ ਰੰਗਿਆ ਹੋਵੇ ਤੇਰੇ ਸਚ ਧਰਮ ਦਾ, ਧਰਮ ੮੧੬
੨੪ ਦੀ ਧਾਰ ਇਕ ਦਰਸਾਈਆ । ਲਹਿਣਾ ਮੁਕਾ ਦੇ ਕੂੜ ਕਰਮ ਦਾ, ਕਰਮ ਕਾਂਡ ਦਾ ਡੇਰਾ ਢਾਹੀਆ । ਇਸ਼ਟ ਰਹੇ ਨਾ ਕੋਇ ਦ੍ਰਿਸ਼ਟੀ ਚਰਮ ੨੪
ਦਾ, ਚੰਮ ਦ੍ਰਿਸ਼ਟੀ ਲੇਖਾ ਦੇਣਾ ਮੁਕਾਈਆ । ਇਕੋ ਸਹਾਰਾ ਬਖ਼ਸ਼ ਦੇ ਆਪਣੀ ਸਰਨ ਦਾ, ਸਰਨਗਤ ਇਕੋ ਨਜ਼ਰੀ ਆਈਆ । ਲਹਿਣਾ ਦੇਣਾ ਰਹੇ ਨਾ ਵਰਨ ਬਰਨ ਦਾ, ਚਾਰ ਵਰਨ ਅਠਾਰਾਂ ਬਰਨ ਇਕੋ ਰੂਪ ਸਮਾਈਆ । ਤੂੰ ਮਾਲਕ ਖ਼ਾਲਕ ਸੁਆਮੀ ਤਾਰਨ ਤਰਨ ਦਾ, ਤਾਰਨਹਾਰ ਤੇਰੀ ਵਡਿਆਈਆ । ਮੈਨੂੰ ਸ਼ੌਕ ਨੌ ਖੰਡ ਪ੍ਰਿਥਮੀ ਇਕੋ ਤੇਰਾ ਨਾਮ ਕਲਮਾ ਪੜ੍ਹਨ ਦਾ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਮੇਰੇ ਉਤੇ ਮਾਰਗ ਹੋਵੇ ਤੇਰੀ ਹਕੀਕੀ ਇਕੋ ਮੰਜ਼ਲ ਚੜ੍ਹਨ ਦਾ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਸਤਿਗੁਰ ਸ਼ਬਦ ਮੇਰੇ ਉਤੇ ਹੋ ਕਿਰਪਾਲ, ਮਿਹਰਵਾਨ ਹੋ ਕੇ ਵੇਖ ਵਖਾਈਆ । ਤੂੰ ਦੀਨਾਂ ਬੰਧਪ ਦੀਨ ਦਿਆਲ, ਦਇਆਨਿਧ ਨੂਰ ਅਲਾਹੀਆ । ਮੈਂ ਨਿਮਾਣੀ ਕੋਝੀ ਕਮਲੀ ਕੰਗਾਲ, ਤੂੰ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਨੂਰ ਅਲਾਹੀਆ । ਮੈਂ ਚਾਹੁੰਦੀ ਸਤਿ ਧਰਮ ਦੀ ਮੇਰੇ ਉਤੇ ਇਕੋ ਹੋਵੇ ਧਰਮਸਾਲ, ਧਰਮ ਦੁਆਰਾ ਇਕੋ ਸੋਭਾ ਪਾਈਆ । ਤੂੰ ਆ ਕੇ ਵੇਖ ਮੁਰੀਦਾਂ ਹਾਲ, ਮੇਰੇ ਮੁਰਸ਼ਦ ਧੁਰਦਰਗਾਹੀਆ । ਮੇਰਾ ਤ੍ਰੈਗੁਣ ਮਾਇਆ ਕਟ ਜੰਜਾਲ, ਜਾਗਰਤ ਜੋਤ ਜੋਤ ਰੁਸ਼ਨਾਈਆ । ਮੈਂ ਜੁਗ ਚੌਕੜੀ ਤੇਰੀ ਘਾਲਣ ਲਈ ਘਾਲ, ਘਾਇਲ ਹੋ ਕੇ ਸੇਵ ਕਮਾਈਆ । ਤੂੰ ਮੇਰਾ ਮਧੁਸੂਦਨ ਮੁਕੰਦ ਮਨੋਹਰ ਲੱਖਮੀ ਨਰਾਇਣ ਗੋਪਾਲ, ਗੋਬਿੰਦ ਤੇਰੇ ਹੱਥ ਵਡਿਆਈਆ । ਫਲ ਲਗਾਵੇ ਮੇਰੇ ਡਾਲ, ਪਤ ਟਹਿਣੀ ਧਰਮ ਧਰਮ ਨਾਲ ਮਹਿਕਾਈਆ । ਮੈਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝੇ ਯਾਰ ਹੋਈ ਬੇਹਾਲ, ਬਹਿਬਲ

ਹੋ ਕੇ ਰਹੀ ਸੁਣਾਈਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਮੇਰੀ ਆ ਕੇ ਸੁਰਤ ਸੰਭਾਲ, ਸੰਬਲ ਦੇ ਮਾਲਕ ਸੰਬਲ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਮੇਰੀ ਕਰ ਪ੍ਰਿਤਪਾਲ, ਪ੍ਰਿਤਪਾਲਕ ਖ਼ਾਲਕ ਤੇਰੀ ਆਸ ਰਖਾਈਆ ।

### ✪ ੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਰਘੁਬੀਰ ਸਿੰਘ ਦੇ ਗ੍ਰਹਿ ਪਿੰਡ ਡਲੀਕੀ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਸਤਿਗੁਰ ਸ਼ਬਦ ਮੈਨੂੰ ਬਖ਼ਸ਼ ਦੇ ਇਕੋ ਸਤਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣੀ ਦਇਆ ਕਮਾਈਆ । ਤੇਰੇ ਚਰਨ ਕਵਲ ਵਾਸਤਾ ਰਹੀ ਘਤ, ਨਿਵ ਨਿਵ ਨਿਰਵੈਰ ਨਿਰਾਕਾਰ ਨਿਰੰਕਾਰ ਲਾਗਾਂ ਪਾਈਆ । ਕਲਜੁਗ ਅੰਤ ਮੇਰੀ ਰਖਣੀ ਪਤ, ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ । ਨਿਗਾਹ ਮਾਰ ਲੈ ਨੌ ਖੰਡ ਪ੍ਰਿਥਮੀ ਉਬਲੇ ਰਤ, ਸਾਂਤਕ ਸਤਿ ਨਾ ਕੋਇ ਕਰਾਈਆ । ਧੀਰਜ ਧਰਮ ਰਿਹਾ ਨਾ ਯਤਿ, ਸਤਿ ਸੰਤੋਖ ਵਿਚ ਨਾ ਕੋਇ ਸਮਾਈਆ । ਮੇਰਾ ਸੁਨੇਹੜਾ ਬਿਨਾ ਕ਼ਲਮ ਸ਼ਾਹੀ ਤੋਂ ਲਿਖਿਆ ਹੋਇਆ ਖ਼ਤ, ਬਿਨ ਹਰਫ਼ ਹਰੂਫ਼ ਕਰੇ ਸ਼ਨਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਕੂੜ ਕੁੜਿਆਰ ਬਦਲ ਦੇ ਮਤ, ਮਤ ਮਤਾਂਤਰਾਂ ਡੇਰਾ ਢਾਹੀਆ । ਮਾਇਆ ਅਗਨੀ ਕੋਈ ਨਾ ਜਾਵੇ ਤਪ, ਤਪੀਸ਼ਰਾਂ ਬਾਹਰ ਦੇ ਸਮਝਾਈਆ । ਨਿਗਾਹ ਮਾਰ ਲੈ ਤੇਜ ਵਾਏ ਪ੍ਰਿਥਮੀ ਆਕਾਸ਼ ਅਪ, ਪੰਚਮ ਪੰਜਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਮੇਰਾ ਤਕ ਲੈ ਅੰਤਸ਼ਕਰਨ, ਅੰਤਰਜਾਮੀ ਹੋ ਕੇ ਧਿਆਨ ਲਗਾਈਆ । ਮੇਰੇ ਨਾਲ ਵਾਅਦਾ ਆਦਿ ਜੁਗਾਦੀ ਪਰਨ, ਕੌਲ ਇਕ਼ਰਾਰ ਗੁਰ ਅਵਤਾਰ ਪੈਗ਼ੰਬਰ ਗਏ ਜਣਾਈਆ । ਮੈਂ ਤੇਰੀ ਧਰਮ ਦੀ ਧਾਰ ਲਈ ਸਰਨ, ਸਰਨਗਤ ਇਕੋ ਇਕ ਜਣਾਈਆ । ਤੂੰ ਨਿਰਗੁਣ ਧਾਰ ਕਿਰਪਾ ਆ ਜਾ ਕਰਨ, ਕਰਨੀ ਦਾ ਕਰਤਾ ਹੋ ਕੇ ਵੇਖ ਵਖਾਈਆ । ਦਰੋਹੀ ਮੈਂ ਕੁੜਿਆਰਾਂ ਹੱਥੋਂ ਲੱਗੀ ਸੜਨ, ਕਲਜੁਗ ਕਾਤੀ ਅਗਨੀ ਤਤ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਗ੍ਰਹਿ ਇਕ ਸੁਹਾਈਆ । ਧਰਨੀ ਕਹੇ ਸਤਿਗੁਰ ਸ਼ਬਦ ਆਦਿ ਜੁਗਾਦੀ ਸੱਜਣ, ਮੀਤ ਮੁਰਾਰਾ ਇਕ ਅਖਵਾਈਆ । ਤੈਨੂੰ ਕਹਿੰਦੇ ਦਰਦ ਦੁਖ ਭੈ ਭੰਜਣ, ਭਵ ਸਾਗਰ ਪਾਰ ਕਰਾਈਆ । ਮੇਰੇ ਗੋਪਾਲ ਮੂਰਤ ਮਦਨ, ਨੂਰ ਨੁਰਾਨੇ ਤੇਰੇ ਹੱਥ ਵਡਿਆਈਆ । ਮੈਂ ਅੰਤ ਅਖ਼ੀਰ ਬੇਨਜ਼ੀਰ ਤੇਰੀ ਧਾਰ ਲੱਗੀ ਸੱਦਣ, ਸਦਕੇ ਵਾਰੀ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰ ਇਕ ਪਰਗਟਾਈਆ । ਧਰਨੀ ਕਹੇ ਸਤਿਗੁਰ ਸ਼ਬਦ ਮੇਟ ਕਲੇਸ਼, ਕਲਕਾਤੀਆਂ ਡੇਰਾ ਢਾਹੀਆ । ਤੂੰ ਮਾਲਕ ਖ਼ਾਲਕ ਇਕੋ ਨਰ ਨਰੇਸ਼, ਨਰ ਨਿਰੰਕਾਰ ਦਿਤੀ ਮਾਣ ਵਡਿਆਈਆ । ਮੈਂ ਦਰ ਤੇਰੇ ਹੋਈ ਪੇਸ਼, ਪੇਸ਼ੀਨਗੋਈਆਂ ਆਪਣੇ ਹੱਥ ਉਠਾਈਆ । ਉਹ ਤਕ ਕੀ ਇਸ਼ਾਰਾ ਦਿੰਦਾ ਸਹੰਸਰ ਮੁਖ ਸ਼ੇਸ਼, ਬਾਸ਼ਕ ਤਸ਼ਕਾ ਕੀ ਰਿਹਾ ਦ੍ਰਿੜਾਈਆ । ਕੀ ਬਿਨ ਰਸਨਾ ਕਹਿ ਕੇ ਗਿਆ ਗਣੇਸ਼, ਗਣਪਤ ਆਪਣਾ ਭੇਵ ਖੁਲ੍ਹਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਕੀ ਲੇਖਾ ਜਣਾਇਆ ਕੀ ਸੁਨੇਹੜਾ ਦਿਤਾ ਨਿਗਾਹ ਮਾਰ ਲੈ ਸੰਬਲ ਦੇਸ, ਦੇਸ ਦੇਸਾਂਤਰਾਂ

ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਪੂਰ ਕਰਾਈਆ । ਧਰਨੀ ਕਹੇ ਸਤਿਗੁਰ ਸ਼ਬਦ ਮੇਰੇ ਉਤੇ ਆਪਣੀ ਕਰ ਮਿਹਰਵਾਨੀ, ਮਹਿਬੂਬ ਹੋ ਕੇ ਦਇਆ ਕਮਾਈਆ । ਸਤਿ ਧਰਮ ਦੀ ਬਖ਼ਸ਼ ਦੇ ਨਿਸ਼ਾਨੀ, ਨਿਸ਼ਾਨਾ ਕਲਜੁਗ ਕਿਰਿਆ ਕੂੜ ਮਿਟਾਈਆ । ਤੂੰ ਮਾਲਕ ਖ਼ਾਲਕ ਆਲਮੇ ਜਾਬਦਾਨੀ, ਦੋ ਜਹਾਨਾਂ ਤੇਰੀ ਵਜਦੀ ਰਹੇ ਵਧਾਈਆ । ਮੈਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਹੁਕਮ ਦੀ ਦਿੰਦੀ ਰਹੀ ਕ਼ੁਰਬਾਨੀ, ਕਰਬਲੇ ਦਾ ਲੇਖਾ ਵੇਖਣਾ ਚਾਈਂ ਚਾਈਆ । ਮੇਰੇ ਉਤੇ ਨਿਗਾਹ ਮਾਰ ਲੈ ਜਗਤ ਜਿਸਮ ਜਿਸਮਾਨੀ, ਰੂਹ ਬੁਤ ਫੋਲ ਫੁਲਾਈਆ । ਪ੍ਰੇਮ ਰਿਹਾ ਨਾ ਕਿਸੇ ਇਨਸਾਨ ਇਨਸਾਨੀ, ਇਨਸਾਨੀਅਤ ਹੱਥ ਕਿਸੇ ਨਾ ਆਈਆ । ਪ੍ਰੇਮ ਰਿਹਾ ਨਾ ਤੇਰੇ ਨਾਮ ਕਲਮੇ ਬਾਣੀ, ਬਾਣ ਅਣਿਆਲਾ ਤੀਰ ਨਾ ਕੋਇ ਚਲਾਈਆ । ਝਗੜਾ ਤਕ ਲੈ ਚਾਰੇ ਖਾਣੀ, ਖ਼ਾਲਸ ਰੰਗ ਨਾ ਕੋਇ ਸਮਾਈਆ । ਤੇਰੀ ਮਖ਼ਲੂਕ ਤੇਰੇ ਨਾਲੋਂ ਹੋਈ ਬੇਗਾਨੀ, ਬੇਵਾ ਰੂਪ ਦਿਸੇ ਲੋਕਾਈਆ । ਅਕਲ ਬੁੱਧੀ ਜਗਿਆਸੂਆਂ ਹੋਈ ਨਿਧਾਨੀ, ਨਿਜ ਨੇਤਰ ਲੋਚਨ ਨੈਣ ਅੱਖ ਨਾ ਕੋਇ ਖੁਲ੍ਹਾਈਆ । ਮੈਂ ਰਾਹ ਤਕਾਂ ਤੇਰਾ ਹੱਥ ਰਖ ਕੇ ਉਤੇ ਪੇਸ਼ਾਨੀ, ਪੇਸ਼ਤਰ ਦੇ ਲਹਿਣੇ ਨਾਲ ਮਿਲਾਈਆ । ਮੇਰੇ ਸੁਆਮੀ ਠਾਕਰ ਮੇਰੇ ਉਤੇ ਬਖ਼ਸ਼ ਦੇ ਮੰਜ਼ਲ ਇਕ ਰੁਹਾਨੀ, ਰੂਹੇ ਰਵਾਂ ਆਪਣੇ ਰੰਗ ਰੰਗਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਮੈਂ ਹੋਈ ਨਿਤਾਣੀ, ਨਿਮਾਣੀ ਹੋ ਕੇ ਓਟ ਤਕਾਈਆ । ਮੇਰਾ ਪਵਿਤ੍ਰ ਰਿਹਾ ਨਾ ਅਠਸਠ ਤੀਰਥ ਪਾਣੀ, ਪੁਨਹ ਪੁਨਹ ਤੈਨੂੰ ਸੀਸ ਨਿਵਾਈਆ । ਤੂੰ ਆਦਿ ਜੁਗਾਦੀ ਕਰਨੀ ਦਾ ਕਰਤਾ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਸਿਰ ਕਰ ਅਹਿਸਾਨੀ, ਅਹਿਸਾਨ ਮਿਹਰਵਾਨ ਮਿਹਰ ਨਜ਼ਰ ਨਾਲ ਮੇਰੀ ਝੋਲੀ ਦੇਣਾ ਟਿਕਾਈਆ ।



੮੧੮ ੨੪

## ੧੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਬੀਰ ਸਿੰਘ ਦੇ ਗ੍ਰਿਹ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ

ਧਰਨੀ ਕਹੇ ਸਤਿਗੁਰ ਸ਼ਬਦ ਮੈਂ ਤੇਰੀ ਨਿਮਾਣੀ ਨੰਨ੍ਹੀ ਬੱਚੀ, ਬਚਪਨ ਪਿਤਾ ਪਤਿਪਰਮੇਸ਼ਵਰ ਤੇਰੀ ਝੋਲੀ ਪਾਈਆ । ਬੇਸ਼ਕ ਮੇਰੀ ਧਾਰ ਮਾਟੀ ਕੱਚੀ, ਕੰਚਨ ਗੜ੍ਹ ਨਜ਼ਰ ਕੋਇ ਨਾ ਆਈਆ । ਮੈਂ ਆਪਣੀ ਕਥਾ ਕਹਾਣੀ ਦੱਸਾਂ ਸਚੀ, ਸਚ ਸਚ ਵਿਚੋਂ ਪਰਗਟਾਈਆ । ਮੇਰਾ ਅੰਤਸ਼ਕਰਨ ਕਲਜੁਗ ਅਗਨੀ ਨਾਲ ਰਿਹਾ ਮੱਚੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਨਿਗਾਹ ਮਾਰ ਲੈ ਪਰਕਿਰਤੀ ਵਿਚ ਪੱਚੀ, ਪੰਜਾਂ ਦੇ ਮਾਲਕ ਫੋਲ ਫੁਲਾਈਆ । ਲੂੰ ਲੂੰ ਤੇਰੀ ਧਾਰ ਦਿਸੇ ਨਾ ਰਚੀ, ਰਚਨਾ ਵੇਖਣ ਕੋਇ ਨਾ ਪਾਈਆ । ਮਮਤਾ ਘਰ ਘਰ ਵੇਸਵਾ ਹੋ ਕੇ ਨੱਚੀ, ਨੇਤਰ ਨੈਣ ਨਾ ਕੋਇ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸਾਹਿਬ ਇਕੋ ਨਜ਼ਰੀ ਆਈਆ । ਧਰਨੀ ਕਹੇ ਸਤਿਗੁਰ ਸ਼ਬਦ ਮੈਂ ਤੇਰੀ ਇਕੋ ਨੱਢੀ ਬਾਲੀ, ਬਾਲੀ ਬੁਧਿ ਦਿਆਂ ਜਣਾਈਆ । ਤੂੰ ਮੇਰੀ ਸੁਰਤ ਸੰਭਾਲੀ, ਸੰਬਲ ਬਹਿ ਕੇ ਆਪਣੀ ਖ਼ੁਸ਼ੀ ਬਣਾਈਆ । ਤੇਰਾ ਲਹਿਣਾ ਦੇਣਾ ਨਾਲ ਜੋਤ ਅਕਾਲੀ, ਅਕਲ ਕਲਧਾਰੀ ਤੇਰੇ ਰੰਗ ਸਮਾਈਆ । ਮਿਹਰਵਾਨ ਹੋ ਕੇ ਮੇਰੀ ਕਰੀਂ ਦਲਾਲੀ,

ਵਿਚੋਲਾ ਇਕੋ ਸੋਭਾ ਪਾਈਆ । ਮੇਰੀ ਝੋਲੀ ਤਕ ਲੈ ਖ਼ਾਲੀ, ਖ਼ਾਲਕ ਰੰਗ ਨਾ ਕੋਇ ਰੰਗਾਈਆ । ਸਤਿ ਧਰਮ ਦੀ ਵਸਤ ਮੇਰੇ ਉਤੋਂ ਲੱਭੇ ਨਾ
ਭਾਲੀ, ਖੋਜਿਆਂ ਹੱਥ ਕੋਇ ਨਾ ਆਈਆ । ਬਿਨਾ ਧੁਰ ਦੇ ਹੁਕਮ ਤੋਂ ਕਲਜੁਗ ਹੋਈ ਰੈਣ ਅੰਧੇਰੀ ਕਾਲੀ, ਕਲਾ ਕੂੜ ਦਿਤੀ ਵਰਤਾਈਆ ।
ਸਚ ਰਿਹਾ ਨਾ ਕੋਇ ਧਰਮਸਾਲੀ, ਧਰਮ ਦੁਆਰ ਨਾ ਕੋਇ ਚਤੁਰਾਈਆ । ਜਿਧਰ ਤਕਾਂ ਜਗਤ ਗੁਰੂ ਦਿਸਦੇ ਜਾਹਲੀ, ਧੁਰ ਦਾ ਸਤਿਗੁਰ ਬਿਨਾ
ਸ਼ਬਦ ਤੋਂ ਨਜ਼ਰ ਕੋਇ ਨਾ ਆਈਆ । ਤੇਰੇ ਬਿਨਾ ਸੁਆਮੀਆਂ ਮੇਰਾ ਬਾਗ਼ ਉਜੜਿਆ ਦਿਸੇ ਕੋਇ ਨਾ ਮਾਲੀ, ਮਾਨਵ ਬੂਟੇ ਹਰੇ ਸਿੰਚ ਨਾ ਕੋਇ
ਕਰਾਈਆ । ਮਿਹਰਵਾਨਾ ਮੇਰੇ ਉਤੇ ਕਿਰਪਾ ਕਰ ਦੇ ਸ਼ਾਲੀ, ਸ਼ਹਿਨਸ਼ਾਹ ਹੋ ਕੇ ਦਇਆ ਕਮਾਈਆ । ਮੈਂ ਮੰਗਤੀ ਤੇਰੇ ਦਰ ਦੀ ਹੋਈ ਸਵਾਲੀ,
ਸਵਾਲਣ ਹੋ ਕੇ ਮੰਗ ਮੰਗਾਈਆ । ਤੂੰ ਕਿਰਪਾ ਨਿਧ ਮੇਰੀ ਅੰਤਮ ਸੁਰਤ ਸੰਭਾਲੀ, ਸਤਿਗੁਰ ਸ਼ਬਦ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਸਤਿਗੁਰ ਸ਼ਬਦ ਮੈਂ ਕੋਝੀ ਕਮਲੀ
ਨੰਨ੍ਹੀ, ਜਗਤ ਰੇਖ ਸਮਝ ਕੋਇ ਨਾ ਪਾਈਆ । ਮੇਰੀ ਇਕ ਬੇਨੰਤੀ ਮੰਨੀਂ, ਮਨਸਾ ਤੇਰੇ ਚਰਨ ਟਿਕਾਈਆ । ਮੈਨੂੰ ਜੰਮਣ ਵਾਲੀ ਨਹੀਂ ਕੋਈ
ਜਨਣੀ, ਜਣੇਂਦੀ ਬਣੇ ਕੋਇ ਨਾ ਮਾਈਆ । ਮੇਰਾ ਸਾਕ ਸੱਜਣ ਨਹੀਂ ਕੋਈ ਤਨੀ, ਸਗਲਾ ਸੰਗੀ ਨਜ਼ਰ ਕੋਇ ਨਾ ਆਈਆ । ਮੈਂ ਕੋਈ ਖ਼ਬਰਾਂ
ਸੁਣਦੀ ਨਹੀਂ ਕੰਨੀਂ, ਕਾਇਨਾਤ ਨਾ ਕੋਇ ਸ਼ਨਵਾਈਆ । ਮੈਂ ਇਕੋ ਲਾਡਲੀ ਤੇਰੀ ਧਰਮ ਧਾਰ ਦੀ ਚੰਨੀ, ਚੰਦ ਚਾਂਦਨਾ ਮੇਰੇ ਉਤੇ ਦੇਣਾ ਚਮਕਾਈਆ ।
 ਮੈਨੂੰ ਆਪਣੀ ਬਿਨ ਹੱਥਾਂ ਫੜਾ ਦੇ ਕੰਨੀ, ਲੋਕਮਾਤ ਸਕੇ ਨਾ ਕੋਇ ਛੁਡਾਈਆ । ਮੈਂ ਨੇਤਰਹੀਣ ਰਵ੍ਹਾਂ ਨਾ ਅੰਨ੍ਹੀ, ਅੰਧ ਅਗਿਆਨ ਦੇਣਾ ਮੁਕਾਈਆ । ੮੧੯
 ਤੇਰੇ ਦਰ ਤੇ ਆਈ ਭੰਨੀ, ਦੂਰ ਦੁਰਾਡੇ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ੨੪
ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਸਤਿਗੁਰ ਸ਼ਬਦ ਮੈਂ ਬਾਲੀ ਬੁੱਧ ਅੰਵਾਣ, ਮੂਰਖ ਮੁਗਧ ਮੂੜ੍ਹ ਅਖਵਾਈਆ । ਤੂੰ ਦੇਵਣਹਾਰਾ ਚਤੁਰ
ਸੁਜਾਨ, ਸੁਘੜ ਤੇਰੀ ਬੇਪਰਵਾਹੀਆ । ਤੇਰੇ ਚਰਨ ਕਵਲ ਕਰਾਂ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਮੇਰੇ ਸੁਆਮੀਆਂ ਮੇਰੀ ਝੋਲੀ ਪਾ ਦੇ
ਦਾਨ, ਦਾਤੇ ਦਾਨੀ ਆਪਣੀ ਦਇਆ ਕਮਾਈਆ । ਮੈਨੂੰ ਸੰਦੇਸ਼ਾ ਦੇ ਕੇ ਗਿਆ ਬਾਵਨ ਧੁਰ ਫ਼ਰਮਾਨ, ਫੁਰਨਿਆਂ ਬਾਹਰ ਜਣਾਈਆ । ਮੈਨੂੰ
ਰਾਮ ਨੇ ਰਾਮ ਦੇ ਰਾਮ ਦਾ ਦਿਤਾ ਨਿਸ਼ਾਨ, ਨਿਸ਼ਾਨੇ ਦੀਨ ਦੁਨੀ ਉਲਟਾਈਆ । ਸੰਦੇਸੇ ਵਿਚ ਆਖਿਆ ਕ੍ਰਿਸ਼ਨ ਕਾਹਨ, ਕਾਹਨਾਂ ਦਾ ਕਾਹਨ
ਤੇਰਾ ਰੰਗ ਰੰਗਾਈਆ । ਪੈਗ਼ੰਬਰਾਂ ਇਸ਼ਾਰਾ ਦਿਤਾ ਤੇਰੇ ਉਤੇ ਆਏ ਧੁਰ ਅਮਾਮ, ਅਮਾਮ ਅਮਾਮਾ ਨੂਰ ਅਲਾਹੀਆ । ਜਿਸ ਦਾ ਕਲਮਿਆਂ
ਤੋਂ ਬਾਹਰ ਹੋਏ ਪੈਗਾਮ, ਬਿਨ ਅਲਿਫ਼ ਯੇ ਪੜ੍ਹਾਈਆ । ਜਿਸ ਦਾ ਇਕੋ ਹੋਵੇ ਇਸਲਾਮ, ਇਸਮ ਆਜ਼ਮ ਇਕ ਸਮਝਾਈਆ । ਜਿਸ ਦਾ ਨਿਰਗੁਣ
ਸਰਗੁਣ ਧਾਰ ਗੁਰੂਆਂ ਮੰਤਰ ਦਿਤਾ ਸਤਿਨਾਮ, ਨਾਮ ਨਾਮਾ ਰੰਗ ਰੰਗਾਈਆ । ਉਹ ਧਰਨੀਏ ਤੇਰਾ ਵੇਖੇ ਨਗਰ ਗਰਾਮ, ਖੇੜਾ ਨੌਂ ਖੰਡ ਧਿਆਨ
ਲਗਾਈਆ । ਧਰਨੀ ਕਹੇ ਸਤਿਗੁਰ ਸ਼ਬਦ ਮੈਂ ਏਸੇ ਕਰਕੇ ਬੈਠੀ ਕਰ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਕਵਣ ਵੇਲਾ ਮੇਰਾ ਆਵੇ ਸ੍ਰੀ
ਭਗਵਾਨ, ਹਰਿ ਕਰਤਾ ਧੁਰਦਰਗਾਹੀਆ । ਮੈਂ ਚਰਨ ਕਵਲ ਧਵਲ ਹੋ ਕੇ ਕਰਾਂ ਪਰਨਾਮ, ਨਮੋ ਨਮੋ ਕਹਿ ਕੇ ਸੀਸ ਨਿਵਾਈਆ । ਜੋ ਮੇਰੇ
ਉਤੇ ਆ ਕੇ ਮੇਟੇ ਅੰਧੇਰਾ ਸ਼ਾਮ, ਸ਼ਮਅ ਨੂਰ ਜੋਤ ਚੰਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ

ਧੁਰ ਦਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਏਕੋ ਏਕ ਧੁਰ ਦੀ ਧਾਰ ਸੁਣਾਂ ਪੈਗ਼ਾਮ, ਹੁਕਮ ਸੰਦੇਸ਼ਾ ਇਕੋ ਇਕ ਕਰੇ ਸ਼ਨਵਾਈਆ ।

### ✪ ੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਬੇਬੇ ਮੰਨੀ ਦੇ ਗ੍ਰਿਹ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਸਤਿਗੁਰ ਸ਼ਬਦ ਮੈਨੂੰ ਹਲੂਣਾ ਦਿਤਾ ਗੁਟ ਦਾ, ਫੜ ਬਾਹੋਂ ਦਿਤਾ ਹਿਲਾਈਆ । ਸੈਨਤ ਨਾਲ ਜਣਾਇਆ ਉਹ ਤਕ ਸੰਤ ਮਨੀ
ਸਿੰਘ ਚੂਰੀ ਕੁਟਦਾ, ਟੁਕੜੇ ਹੱਥਾਂ ਨਾਲ ਦਬਾਈਆ । ਨਾਲੇ ਅੰਤਰ ਢੋਲਾ ਗਾਏ ਇਕੋ ਤੁਕ ਦਾ, ਤੂੰ ਮੇਰਾ ਮੈਂ ਤੇਰਾ ਰਿਹਾ ਧਿਆਈਆ । ਨਾਲੇ
ਹਸ ਕੇ ਕਹੇ ਕਲਜੁਗ ਕੂੜਾ ਪੈਂਡਾ ਜਾਂਦਾ ਮੁਕਦਾ, ਅਗੇ ਪੰਧ ਨਾ ਕੋਇ ਵਧਾਈਆ । ਫੇਰ ਬਿਨਾ ਜ਼ਬਾਨੋਂ ਰੁਕਦਾ, ਰਸਨਾ ਜਿਹਵਾ ਨਾ ਕੋਇ
ਹਿਲਾਈਆ । ਫੇਰ ਜ਼ਿਮੀਂ ਅਸਮਾਨਾਂ ਬਾਹਰ ਝੁਕਦਾ, ਅੰਤਰ ਅੰਤਰ ਲਾਗੇ ਪਾਈਆ । ਫੇਰ ਆਪਣਾ ਰੂਪ ਅਨੂਪ ਦੱਸੇ ਸਤਿਗੁਰ ਸੁਤ ਦਾ, ਦੁਲਾਰਾ
ਹੋ ਕੇ ਖ਼ੁਸ਼ੀ ਬਣਾਈਆ । ਫੇਰ ਵਕ਼ਤ ਸੁਹੇਲਾ ਤਕੇ ਸਾਹਿਬ ਦੀ ਰੁਤ ਦਾ, ਰੁਤੜੀ ਜਗਤ ਨਾਲ ਮਹਿਕਾਈਆ । ਜਿਸ ਵੇਲੇ ਵਕਤ ਸੁਹੰਜਣਾ
ਹੋਇਆ ਅਬਿਨਾਸ਼ੀ ਅਚੁਤ ਦਾ, ਚੇਤਨ ਸਭ ਨੂੰ ਦਏ ਕਰਾਈਆ । ਲਹਿਣਾ ਦੇਣਾ ਵੇਖੇ ਕਾਇਆ ਮਾਟੀ ਪੰਜ ਭੂਤ ਦਾ, ਤਨ ਵਜੂਦਾਂ ਫੋਲ ਫੁਲਾਈਆ ।
੮੨੦ ਜਿਸ ਖੇਲ ਤਕਣਾ ਮਾਟੀ ਖ਼ਾਕ ਬੁਤ ਦਾ, ਬੁਤਖ਼ਾਨਿਆਂ ਵੇਖ ਵਖਾਈਆ । ਉਹ ਜੋਤੀ ਜਾਤਾ ਹੋ ਕੇ ਨਿਰਗੁਣ ਧਾਰੋਂ ਉਠਦਾ, ਤਨ ਵਜੂਦ ਪੰਧ ੮੨੦
੨੪ ਮੁਕਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਨੌਂ ਖੰਡ ਪ੍ਰਿਥਮੀ ਚਾਰੇ ਕੂਟਾਂ ਗੁਠ ਦਾ, ਦਹਿ ਦਿਸ਼ਾ ਫੋਲ ਫੁਲਾਈਆ । ਜਿਸ ਇਸ਼ਾਰਾ ਦਿਤਾ ੨੪
ਮੈਨੂੰ ਸੰਤਾ ਉਹ ਤਕ ਲੈ ਕੀ ਨਜ਼ਾਰਾ ਦੁਨੀਆ ਵਾਲੀ ਲੁਟ ਦਾ, ਲੁਟੇਰਾ ਕਲਜੁਗ ਨਾਲ ਮਿਲਾਈਆ । ਸ਼ਾਹ ਸੁਲਤਾਨਾਂ ਭੰਡਾਰਾ ਖ਼ਾਲੀ ਹੋਣਾ ਠਠ
ਦਾ, ਧਨ ਦੌਲਤ ਨਜ਼ਰ ਕੋਇ ਨਾ ਆਈਆ । ਸਤਿਗੁਰ ਸ਼ਬਦ ਹੋ ਕੇ ਵੇਖ ਲੈ ਕੁਠਦਾ, ਦੋ ਜਹਾਨਾਂ ਸਕੇ ਨਾ ਕੋਇ ਛੁਡਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਸੰਤ ਮਨੀ ਸਿੰਘ ਚੂਰੀ
ਕੁੱਟੇ ਉਂਗਲਾਂ ਨਾਲ ਪਾਏ ਵਿਚ ਘਿਉ, ਘਿਰਤ ਆਪਣਾ ਰੰਗ ਰੰਗਾਈਆ । ਫੇਰ ਇਸ਼ਾਰਾ ਦੇਵੇ ਵੇਖੋ ਧੁਰ ਦਾ ਦਿਉ, ਦੇਵਤਿਆਂ ਦਾ ਦੇਵ ਨਜ਼ਰੀ
ਆਈਆ । ਜੋ ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਸਭਨਾਂ ਬਣੇ ਪਿਉ, ਪਿਤਾ ਪੁਰਖ ਇਕ ਅਖਵਾਈਆ । ਜੋ ਭਗਤਾਂ ਸੰਤਾਂ ਆਤਮ ਧਾਰ ਬਣਾਏ
ਨੇਹੁ, ਰਿਸ਼ਤਾ ਫ਼ਰਿਸ਼ਤਿਆਂ ਬਾਹਰ ਜਣਾਈਆ । ਪਹਿਲੋਂ ਲੇਖਾ ਪੂਰਾ ਕਰੇ ਆਪਣੇ ਸਾਢੇ ਤਿੰਨ ਹੱਥ ਸੀਉਂ, ਰਵੀਦਾਸ ਚਮਾਰਾ ਗੰਢ ਪੁਆਈਆ ।
ਜਿਸ ਦੇ ਖੇਲ ਨੂੰ ਕੋਈ ਕਹਿ ਨਾ ਸਕੇ ਕਿਉਂ, ਕਰਨੀ ਦਾ ਕਰਤਾ ਆਪਣਾ ਹੁਕਮ ਵਰਤਾਈਆ । ਮਿਹਰਵਾਨ ਹੋ ਕੇ ਜਨ ਭਗਤਾਂ ਉਤੇ ਬਰਸੇ
ਮੇਹੋਂ, ਮੇਘਲਾ ਆਪਣਾ ਨਾਮ ਬਰਸਾਈਆ । ਨੌਂ ਖੰਡ ਪ੍ਰਿਥਮੀ ਕਲਜੁਗ ਅੰਤਮ ਤੋੜੇ ਵਿਹੋਂ, ਵਿਕਾਰ ਹੰਕਾਰ ਲੇਖਾ ਦਏ ਮੁਕਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਸੰਤ ਮਨੀ ਸਿੰਘ ਖ਼ੁਸ਼ੀਆਂ
ਨਾਲ ਚੂਰੀ ਗੁੰਨ੍ਹਦਾ, ਉਂਗਲਾਂ ਦਸਾਂ ਨਾਲ ਦਬਾਈਆ । ਨਾਲੇ ਲੇਖਾ ਤਕੀ ਜਾਏ ਪਾਪ ਪੁੰਨ ਦਾ, ਨੌਂ ਖੰਡ ਪ੍ਰਿਥਮੀ ਧਿਆਨ ਲਗਾਈਆ । ਨਾਲੇ

ਹੁਕਮ ਸੁਣੇ ਮਾਲਕ ਕੁਨ ਦਾ, ਕੁੱਲ ਮਾਲਕ ਕੀ ਜਣਾਈਆ । ਨਾਲੇ ਧਰਨੀ ਦੀ ਧੂੜ ਬਿਨਾ ਖ਼ਾਕ ਤੋਂ ਚੁੰਮਦਾ, ਰਸਨਾ ਰਸ ਨਾਲ ਵਡਿਆਈਆ । ਫੇਰ ਚੁਪ ਚਪੀਤਾ ਗ੍ਰਿਹਿ ਵੇਖੇ ਧੁਰ ਦੀ ਸੁੰਨ ਦਾ, ਸਮਾਧੀ ਵਿਚ ਆਪਣਾ ਆਪ ਟਿਕਾਈਆ । ਫੇਰ ਸੰਦੇਸ਼ਾ ਸ਼ਬਦ ਅਗੰਮਾ ਸੁਣਦਾ, ਜੋ ਢੋਲਾ ਦੇਵੇ ਧੁਰਦਰਗਾਹੀਆ । ਸੰਤਾ ਲੇਖਾ ਤਕ ਲੈ ਹੁਣ ਦਾ, ਸਹਿਜ ਸਹਿਜ ਨਾਲ ਸਮਝਾਈਆ । ਫੇਰ ਭਗਤ ਸੁਹੇਲੇ ਹਰਿਜਨ ਸਾਚੇ ਵੇਖੀਂ ਚੁਣਦਾ, ਚਾਰੋਂ ਕੁੰਟ ਧਿਆਨ ਲਗਾਈਆ । ਮੇਰਾ ਲੇਖਾ ਹੋਣਾ ਗੁਣ ਅਵਗੁਣ ਦਾ, ਗੁਣਵੰਤਾ ਹੋ ਕੇ ਦਇਆ ਕਮਾਈਆ । ਮੇਰਾ ਨਾਮ ਨਿਧਾਨਾ ਮੰਤਰ ਹੋਣਾ ਫੂੰਨ ਦਾ, ਫੁਰਨਿਆਂ ਬਾਹਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਮੇਰੇ ਉਤੇ ਸੰਤ ਨੇ ਕੁੱਟੀ ਚੂਰੀ, ਚੋਰੀ ਚੋਰੀ ਨਜ਼ਰ ਕਿਸੇ ਨਾ ਆਈਆ । ਮੇਰੇ ਸੁਆਮੀਆ ਮੈਂ ਤੇਰੀ ਕਰਾਂ ਮਜ਼ਦੂਰੀ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਨਾਲ ਸ਼ਬਦ ਕਰਾਂ ਮਸ਼ਹੂਰੀ, ਮਸ਼ਵਰਾ ਤੇਰੇ ਨਾਲ ਰਖਾਈਆ । ਮੇਰਾ ਪੰਧ ਰਹੇ ਨਾ ਦੂਰੀ, ਮੰਜ਼ਲ ਦੇਣੀ ਮੁਕਾਈਆ । ਮੇਰੀ ਕ਼ਲਮ ਤੇਰੀ ਭਰੇ ਹਜ਼ੂਰੀ, ਹਾਜ਼ਰ ਹੋ ਕੇ ਸੇਵ ਕਮਾਈਆ । ਤੂੰ ਤਨ ਵਜੂਦੋਂ ਬਾਹਰ ਮੇਰਾ ਮਾਲਕ ਹੋਣਾ ਨੂਰੀ, ਨੂਰ ਨੁਰਾਨਾ ਨਜ਼ਰੀ ਆਈਆ । ਤੂੰ ਸਾਹਿਬ ਸਰਬ ਕਲਾ ਭਰਪੂਰੀ, ਭਰਪੂਰ ਰਿਹਾ ਸਰਬ ਠਾਈਂਆ । ਮੈਨੂੰ ਤੁਧ ਬਿਨ ਦੁਨੀਆ ਦਿਸਦੀ ਕੂੜੀ, ਕੂੜ ਕਿਰਿਆ ਨਜ਼ਰੀ ਆਈਆ । ਮੈਂ ਸਚ ਦੱਸਾਂ ਤੂੰ ਜੋਤੀ ਜਾਮਾ ਪਹਿਨਣਾ ਜ਼ਰੂਰੀ, ਜ਼ਰੂਰਤ ਮੇਰੇ ਨਾਲ ਮਿਲਾਈਆ । ਉਹ ਤਕ ਲੈ ਕੀ ਆਸਾ ਰਖ ਕੇ ਗਿਆ ਮੂਸਾ ਕੋਹਤੂਰੀ, ਤੁਰੀਆ ਤੋਂ ਬਾਹਰ ਧਿਆਨ ਲਗਾਈਆ । ਕੀ ਯਾਦ ਕੀਤਾ ਈਸਾ ਚੜ੍ਹਨ ਲੱਗਿਆਂ ਸੂਲੀ, ਸੁਲਹਕੁਲ ਤੇਰੀ ਓਟ ਤਕਾਈਆ । ਕੀ ਆਸਾ ਰਖੀ ਮੁਹੰਮਦ ਰਸੂਲੀ, ਬਿਨ ਕਲਮਿਆਂ ਅੱਖ ਉਠਾਈਆ । ਕਿਸ ਬਿਧ ਨਾਨਕ ਧਾਰ ਗੋਬਿੰਦ ਲਾਈ ਧੂਲੀ, ਟਿੱਕੇ ਖ਼ਾਕ ਰਮਾਈਆ । ਸੰਤ ਮਨੀ ਸਿੰਘ ਕਿਹਾ ਮੈਂ ਤੇ ਸੇਵਕ ਤੇਰਾ ਮਾਮੂਲੀ, ਤੇਰੇ ਹੁਕਮ ਵਿਚ ਭੱਜਾਂ ਵਾਹੋ ਦਾਹੀਆ । ਸਾਡੀ ਆਸ਼ਾ ਤੋਂ ਬਾਹਰ ਤੇਰਾ ਹੋਣਾ ਇਕ ਅਸੂਲੀ, ਅਸਲ ਸਮਝ ਕੋਇ ਨਾ ਸਮਝਾਈਆ । ਮੈਨੂੰ ਐਉਂ ਜਾਪਦਾ ਤੂੰ ਅਵਤਾਰ ਪੈਗ਼ੰਬਰਾਂ ਗੁਰੂਆਂ ਕੋਲੋਂ ਕਰਨੀ ਵਸੂਲੀ, ਬਚਿਆ ਰਹਿਣ ਕੋਇ ਨਾ ਪਾਈਆ । ਧਰਨੀ ਕਹੇ ਮੈਂ ਉਸ ਵੇਲੇ ਰਹੀ ਭੂਲੀ, ਸਮਝ ਵਿਚੋਂ ਸਮਝ ਨਾ ਕੋਇ ਬਦਲਾਈਆ । ਮੈਂ ਤਕਦੀ ਰਹੀ ਕੋਈ ਪੰਜਾਂ ਤਤਾਂ ਵਾਲਾ ਮੇਰੇ ਉਤੇ ਰਿਹਾ ਝੂਲੀ, ਸਿੰਘ ਸ਼ੇਰ ਨਾਮ ਰਖਾਈਆ । ਹੁਣ ਪਤਾ ਲਗਾ ਉਹ ਮੇਰਾ ਸੁਆਮੀ ਕੰਤ ਕੰਤੂਹਲੀ, ਧੁਰ ਦਾ ਮਾਲਕ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਮਿੰਨਤ ਬੇਨੰਤੀ ਕਰੇ ਕ਼ਬੂਲੀ, ਮਿਹਰਵਾਨ ਹੋ ਕੇ ਸਿਰ ਮੇਰੇ ਹੱਥ ਟਿਕਾਈਆ ।



✪ ੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਮੋਤਾ ਸਿੰਘ, ਦਲੀਪ ਸਿੰਘ, ਰਣਜੀਤ ਸਿੰਘ, ਫੁਮਣ ਸਿੰਘ,
ਪਰਤਾਪ ਸਿੰਘ, ਗੁਲਾਬ ਕੌਰ ਡਲ ਦੇ ਨਵਿਤ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਪ੍ਰਭੂ ਮੇਰੀ ਪੂਰੀ ਕਰ ਦੇ ਆਸ, ਤ੍ਰਿਸ਼ਨਾ ਕਲਜੁਗ ਕਿਰਿਆ ਕੂੜ ਮਿਟਾਈਆ । ਚਰਨ ਕਵਲ ਬਣਾ ਲੈ ਦਾਸੀ ਦਾਸ, ਚਾਕਰ

ਹੋ ਕੇ ਤੇਰੀ ਸੇਵ ਕਮਾਈਆ । ਨਿਰਗੁਣ ਧਾਰ ਬਖ਼ਸ਼ ਪਰਕਾਸ਼, ਅੰਧ ਅੰਧੇਰਾ ਦੇ ਮਿਟਾਈਆ । ਜਨ ਭਗਤ ਸੁਹੇਲੇ ਸੱਦ ਲੈ ਆਪਣੇ ਪਾਸ, ਪਾਸਾ ਦੀਨ ਦੁਨੀ ਬਦਲਾਈਆ । ਨਾਮ ਨਿਧਾਨ ਜਪਾ ਦੇ ਸਵਾਸ ਸਵਾਸ, ਸਾਹ ਸਾਹ ਤੇਰੇ ਰੰਗ ਸਮਾਈਆ । ਤੂੰ ਮਾਲਕ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਤੇਰੀ ਸਰਨਾਈਆ । ਮੇਰੇ ਮੰਡਲ ਉਤੇ ਪਾ ਦੇ ਆਪਣੀ ਰਾਸ, ਬਿਨ ਗੋਪੀ ਕਾਹਨ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰ ਆਪ ਸੁਹਾਈਆ । ਧਰਨੀ ਕਹੇ ਜਨ ਭਗਤ ਸੁਹੇਲੇ ਬਣਾ ਦੇ ਮੇਰੇ ਸੱਜਣ, ਸਗਲੇ ਸਾਥੀ ਆਪਣੀ ਦਇਆ ਕਮਾਈਆ । ਸਭ ਦੇ ਪਰਦੇ ਆ ਜਾ ਕੱਜਣ, ਦੋ ਜਹਾਨਾਂ ਮਾਲਕ ਪੰਧ ਮੁਕਾਈਆ । ਮੇਰੇ ਉਤੋਂ ਵਿਕਾਰੀ ਹੰਕਾਰੀ ਗੜ੍ਹ ਭਾਂਡੇ ਭੱਜਣ, ਤਨ ਵਜੂਦ ਰਹਿਣ ਕੋਇ ਨਾ ਪਾਈਆ । ਨਵ ਸੱਤ ਤੇਰੇ ਸੰਤ ਸੁਹੇਲੇ ਦੀਪਕ ਜਗਣ, ਜੋਤੀ ਜਾਤੇ ਕਰਨੀ ਆਪ ਰੁਸ਼ਨਾਈਆ । ਤੇਰੀ ਨਾਮ ਖ਼ੁਮਾਰੀ ਵਿਚ ਹਰਿਜਨ ਹੋਵਨ ਮਗਨ, ਅਗਨੀ ਤਤ ਨਾ ਲਾਗੇ ਰਾਈਆ । ਪਵਿਤ੍ਰ ਕਰ ਦੇ ਸਾਢੇ ਤਿੰਨ ਹੱਥ ਦਾ ਬਦਨ, ਤਨ ਵਜੂਦ ਦੁਰਮਤ ਮੈਲ ਮੈਲ ਧੁਆਈਆ । ਕੂੜ ਕੁੜਿਆਰਾ ਕਲਜੁਗ ਮੇਰੇ ਅੰਦਰੋਂ ਆ ਜਾ ਕਢਣ, ਕਰਮ ਕਾਂਡ ਦਾ ਡੇਰਾ ਢਾਹੀਆ । ਸ਼ਰਅ ਕੂੜ ਮਿਟਾ ਦੇ ਹੱਦਨ, ਗ੍ਰਿਹ ਆਪਣਾ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਲੱਖ ਚੁਰਾਸੀ ਗਾਵੇ ਛੰਦਨ, ਮਾਨਵ ਜ਼ਾਤੀ ਇਕੋ ਨਾਮ ਧਿਆਈਆ । ਇਕੋ ਸੀਸ ਜਗਦੀਸ ਤੇਰੇ ਚਰਨ ਕਵਲ ਹੋਵੇ ਬੰਦਨ, ਦੂਸਰ ਇਸ਼ਟ ਰਹਿਣ ਕੋਇ ਨਾ ਪਾਈਆ । ਆਪਣੀ ਧੂੜੀ ਮੇਰੇ ਮਸਤਕ ਲਾ ਦੇ ਚੰਦਨ, ਚੰਦ



ਚਾਂਦਨੀ ਕਰ ਰੁਸ਼ਨਾਈਆ । ਸਚ ਵਸਤ ਸ੍ਰੀ ਭਗਵਾਨ ਆ ਜਾ ਵੰਡਣ, ਅਮੋਲ ਅਮੁਲ ਅਤੁਟ ਆਪ ਵਰਤਾਈਆ । ਮੇਰਾ ਅੰਤ ਅਖ਼ੀਰੀ ਵੇਖ ਲੈ ਕੰਢਣ, ਪਤਣ ਘਾਟ ਬੈਠੀ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਹਰਿਜਨ ਬਣਾ ਦੇ ਧਰਮ ਦੇ ਸਾਥੀ, ਸਗਲੇ ਸੰਗੀ ਆਪਣਾ ਰੰਗ ਰੰਗਾਈਆ । ਮਸਤਕ ਰੇਖ ਬਦਲ ਦੇ ਮਾਥੀ, ਪੂਰਬ ਲੇਖਾ ਰਹੇ ਨਾ ਰਾਈਆ । ਤੂੰ ਸਾਹਿਬ ਸੁਲਤਾਨ ਸਰਬ ਕਲਾ ਸਮਰਾਥੀ, ਹਰਿ ਕਰਤਾ ਅਗੰਮ ਅਥਾਹੀਆ । ਮੈਂ ਨਿਮਾਣੀ ਅਨਾਥ ਅਨਾਥੀ, ਦੀਨਨ ਹੋ ਕੇ ਮੰਗ ਮੰਗਾਈਆ । ਮੇਰਾ ਲਹਿਣਾ ਦੇਣਾ ਦੇ ਦੇ ਹੱਥੋ ਹਾਥੀ, ਜਗਤ ਉਧਾਰ ਵੰਡ ਨਾ ਕੋਇ ਵੰਡਾਈਆ । ਮੈਂ ਤੇਰਾ ਇਕੋ ਢੋਲਾ ਗਾਵਾਂ ਗਾਥੀ, ਬਿਨ ਰਸਨਾ ਜਿਹਵਾ ਕਥਨੀ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਦਰ ਆਪ ਸੁਹਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਮੇਰੇ ਉਤੇ ਬਖ਼ਸ਼ ਦੇ ਬੁੱਧੀ, ਬੁੱਧ ਬਿਬੇਕ ਦੇ ਕਰਾਈਆ । ਤੇਰੇ ਚਰਨ ਕਵਲ ਦੀ ਹੋਵੇ ਸੁਧੀ, ਵਦੀ ਸੁਦੀ ਦਾ ਡੇਰਾ ਢਾਹੀਆ । ਮੈਂ ਆਦਿ ਜੁਗਾਦਿ ਤੇਰੇ ਪਿਆਰ ਵਿਚ ਨੱਚੀ ਟੱਪੀ ਕੁੱਦੀ, ਕ਼ੁਦਰਤ ਦੇ ਮਾਲਕ ਭੱਜੀ ਵਾਹੋ ਦਾਹੀਆ । ਮੈਨੂੰ ਸਾਰਿਆਂ ਕਿਹਾ ਧਰਨੀ ਧਰਤ ਧਵਲ ਧੌਲ ਬਸੁਧੀ, ਬੇਸੁਧ ਹੋ ਕੇ ਅੰਤਮ ਦਿਆਂ ਜਣਾਈਆ । ਮੇਰੀ ਕਲਪਣਾ ਵੇਖ ਲੈ ਚੌਕੜੀ ਜੁਗ ਜੁਗੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਅੰਤਮ ਕੂੜ ਕੁੜਿਆਰ ਦੀ ਔਧ ਦਿਸਦੀ ਪੁੱਗੀ, ਅਗੇ ਅਵਰ ਨਾ ਹੋਰ ਵਧਾਈਆ । ਮੈਂ ਕਲਜੁਗ ਡੂੰਘੇ ਚਿੱਕੜ ਖੁਭੀ, ਫੜ ਬਾਹੋਂ ਬਾਹਰ ਲੈਣਾ ਕਢਾਈਆ । ਮੈਂ ਰੋਵਾਂ ਸਾਹ ਉਭੀ, ਹਾਏ ਉਫ਼ ਤੇਰੀ ਦੁਹਾਈਆ । ਮੈਨੂੰ ਰਮਜ਼ ਲਗਾ ਦੇ ਗੁੱਝੀ, ਸ਼ਬਦ ਸੰਦੇਸ਼ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਆਪ

ਵਰਤਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਮਾਰਗ ਦੇ ਦੇ ਏਕ, ਏਕੰਕਾਰ ਦਇਆ ਕਮਾਈਆ । ਤੇਰੀ ਸਭ ਨੂੰ ਹੋਵੇ ਟੇਕ, ਟਿੱਕੇ ਧੂੜੀ ਖ਼ਾਕ ਰਮਾਈਆ । ਪੁਰਖ ਅਕਾਲੇ ਦੀਨ ਦਿਆਲੇ ਕਰ ਦੇ ਬੁਧਿ ਬਿਬੇਕ, ਦੁਰਮਤ ਮੈਲ ਰਹੇ ਨਾ ਰਾਈਆ । ਕਲਜੁਗ ਤ੍ਰੈਗੁਣ ਲਾਏ ਨਾ ਸੇਕ, ਅਗਨੀ ਤਤ ਨਾ ਕੋਇ ਤਪਾਈਆ । ਹਰਿਜਨ ਬਣਾ ਲੈ ਆਪਣੇ ਨੇਕ, ਨਿੱਕੇ ਵੱਡੇ ਆਪਣੇ ਰੰਗ ਰੰਗਾਈਆ । ਸਚ ਸਚ ਦੇ ਨੇਤਰ ਲੈਣਾ ਪੇਖ, ਨੈਣ ਨੈਣ ਨੈਣ ਖੁਲ੍ਹਾਈਆ । ਮੇਰੇ ਉਤੋਂ ਜਨਮ ਕਰਮ ਦੀ ਬਦਲ ਦੇ ਰੇਖ, ਧਰਮ ਧਰਮ ਦੀ ਧਾਰ ਪਰਗਟਾਈਆ । ਲਹਿਣਾ ਦੇਣਾ ਪੂਰਾ ਕਰ ਦੇ ਮੁੱਲਾ ਸ਼ੇਖ਼, ਮੁਸਾਇਕਾਂ ਅਗਲਾ ਪੰਧ ਮੁਕਾਈਆ । ਤੇਰਾ ਜੋਤੀ ਜਾਮਾ ਤਕਾਂ ਅਗੰਮੜਾ ਭੇਖ, ਭੇਖਾਧਾਰੀ ਪਰਦਾ ਦੇਣਾ ਉਠਾਈਆ । ਮੈਨੂੰ ਸਭ ਨੇ ਜੋਤੀ ਜਾਤੇ ਤੇਰਾ ਦਿਤਾ ਸੰਦੇਸ਼, ਸੰਧਿਆ ਸਰਘੀ ਵੰਡ ਨਾ ਕੋਇ ਵੰਡਾਈਆ । ਕਲਜੁਗ ਅੰਤਮ ਆਵੇ ਨਰ ਨਰੇਸ਼, ਨਰ ਨਰਾਇਣਾ ਨੂਰ ਅਲਾਹੀਆ । ਜਿਸ ਦਾ ਸੂਰਾ ਸੁਤ ਦੁਲਾਰਾ ਨਾਲ ਸੰਗੀ ਹੋਵੇ ਦਸ ਦਸਮੇਸ਼, ਦਹਿ ਦਿਸ਼ਾ ਹੁਕਮ ਵਰਤਾਈਆ । ਧਰਨੀਏ ਉਹ ਤੇਰਾ ਆ ਕੇ ਕਟੇ ਕਲੇਸ਼, ਕਲਕਾਤੀਆਂ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੁਕਮ ਦਾ ਸੁਣਾਂ ਇਕੋ ਸਚ ਸੰਦੇਸ਼, ਦੂਜਾ ਨਾਦ ਸੁਣਨ ਕੋਇ ਨਾ ਪਾਈਆ ।



### ✪ ੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਸੱਜਣ ਸਿੰਘ ਦੇ ਗ੍ਰਿਹ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ✪

੮੨੩ ੨੪

ਨਾਰਦ ਕਹੇ ਚੌਦਾਂ ਭਾਦਰੋਂ ਪ੍ਰਭ ਦੇ ਅਗੇ ਪਾ ਲੈ ਵੈਣ, ਮਿਤਰਾ ਬਿਨ ਨੈਣਾਂ ਨੀਰ ਵਹਾਈਆ । ਚਕਰਵਰਤੀ ਹੋ ਕੇ ਆਇਆ ਤੈਨੂੰ ਕਹਿਣ, ਹੁਕਮ ਸੁਣਾਵਾਂ ਚਾਈਂ ਚਾਈਂਆ । ਵੇਖ ਲੈ ਮੇਰੇ ਨਾਲ ਗ਼ਰੀਬ ਨਿਮਾਣਾ ਨਾਈ ਸੈਣ, ਭੱਜਿਆ ਵਾਹੋ ਦਾਹੀਆ । ਬਾਲਮੀਕ ਹੱਥਾਂ ਉਤੇ ਚੁੱਕੀ ਫਿਰੇ ਰਮਾਇਣ, ਰਾਮ ਰਾਮਾ ਓਟ ਤਕਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਵਾਲਾ ਤਕ ਮਹਾਇਣ, ਇਕੱਠੇ ਹੋ ਕੇ ਕੀ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਮੂਲ ਨਾ ਆਵੇ ਚੈਨ, ਨਵ ਸੱਤ ਵੇਖਣ ਥਾਉਂ ਥਾਈਆ । ਕੀ ਖੇਲ ਕਰੇ ਕਰਨੀ ਦਾ ਕਰਤਾ ਆਪ ਨਰਾਇਣ, ਨਰ ਹਰਿ ਆਪਣਾ ਹੁਕਮ ਵਰਤਾਈਆ । ਜੋ ਸਭ ਦੇ ਨਾਲੋਂ ਹੋਣ ਲੱਗਾ ਤਰਫ਼ੈਨ, ਤਰਫ਼ਦਾਰੀ ਵੰਡ ਨਾ ਕੋਇ ਵੰਡਾਈਆ । ਜਿਸ ਦੀਨ ਦੁਨੀ ਦਾ ਨੁਕਤਾ ਮੇਟਣਾ ਗ਼ੈਨ, ਐਨ ਦਾ ਐਨ ਆਪਣਾ ਰੂਪ ਦਰਸਾਈਆ । ਤੇਰੇ ਉਤੇ ਨਾਤਾ ਤੋੜਨਾ ਭਾਈ ਭੈਣ, ਸਗਲਾ ਸੰਗੀ ਸੰਗ ਨਾ ਕੋਇ ਰਖਾਈਆ । ਜਿਸ ਕਲਜੁਗ ਕੂੜ ਵਹਾਉਣਾ ਅਗੰਮਾ ਵਹਿਣ, ਧਰਮ ਦੀ ਧਾਰ ਦਏ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਭਾਦਰੋਂ ਪ੍ਰਭ ਅਗੇ ਘਤ ਲੈ ਕੀਰਨਾ, ਸਚ ਦਿਆਂ ਸੁਣਾਈਆ । ਬੇਨੰਤੀ ਸੁਣ ਲੈ ਮੇਰੇ ਵੀਰਨਾ, ਸੱਜਣਾ ਦਿਆਂ ਸੁਣਾਈਆ । ਦੀਨ ਦੁਨੀ ਨੂੰ ਵੱਜਣ ਵਾਲਾ ਅਨੋਖਾ ਤੀਰਨਾ, ਤਿੱਖੀ ਮੁਖੀ ਸਮਝ ਕੋਇ ਨਾ ਪਾਈਆ । ਤੇਰੇ ਦਿਵਸ ਲੱਖ ਚੁਰਾਸੀ ਘਰ ਘਰ ਪਾਉਣਾ ਕੀਰਨਾ, ਧੀਰਜ ਧੀਰ ਨਾ ਕੋਇ ਧਰਾਈਆ । ਮਾਣ ਰਹਿਣਾ ਨਹੀਂ ਕਿਸੇ ਪੀਰ ਫ਼ਕੀਰਨਾ, ਫ਼ਿਕਰਾ ਸਚ ਨਾ ਕੋਇ ਸੁਣਾਈਆ । ਜਗਤ ਜਹਾਨ ਦੀਨ ਦਿਆਲ ਦੋ ਫਾੜ ਚੀਰਨਾ, ਦੋ ਧੜ ਕਰੇ ਲੋਕਾਈਆ । ਨਵ ਸੱਤ ਆਉਣ ਵਾਲੀ ਭੀੜਨਾ, ਭਾਰ ਸਕੇ ਨਾ ਕੋਇ ਵੰਡਾਈਆ ।

ਇਹ ਸਤਿਗੁਰ ਸ਼ਬਦ ਨੇ ਚੁਕਣਾ ਬੀੜਨਾ, ਭਾਰ ਆਪਣੇ ਕੰਧ ਟਿਕਾਈਆ । ਝਗੜਾ ਵੇਖਣਾ ਸ਼ਾਹ ਹਕੀਰਨਾ, ਹਕ਼ੀਕ਼ਤ ਦਾ ਮਾਲਕ ਆਪ ਵਖਾਈਆ । ਕਿਸੇ ਨਜ਼ਰ ਨਹੀਂ ਆਉਣੀ ਸਤਿ ਸਚ ਤਸਵੀਰਨਾ, ਤਸੱਵਰ ਕਰ ਨਾ ਕੋਇ ਸਮਝਾਈਆ । ਖੰਡਾ ਖੜਕੇ ਨਾਲ ਸ਼ਮਸ਼ੀਰਨਾ, ਤਿੱਖੀ ਧਾਰ ਧਾਰ ਦਰਸਾਈਆ । ਨਵ ਸੱਤ ਘੱਤੇ ਵਹੀਰਨਾ, ਵੈਰੀ ਦਿਸੇ ਖ਼ਲਕ ਖ਼ੁਦਾਈਆ । ਸੁਹਾਗੀ ਹੱਥ ਬੰਨ੍ਹੇ ਨਾ ਕੋਇ ਕਲੀਰਨਾ, ਮਹਿੰਦੀ ਰੰਗ ਨਾ ਕੋਇ ਰੰਗਾਈਆ । ਦੀਨ ਦੁਨੀ ਦੀ ਬਦਲਣ ਵਾਲੀ ਤਕਦੀਰਨਾ, ਤਕ਼ਦੀਰੀ ਆਪਣਾ ਹੁਕਮ ਵਰਤਾਈਆ । ਸ਼ਰਅ ਦੀ ਟੁੱਟਣ ਵਾਲੀ ਜ਼ੰਜੀਰਨਾ, ਕੜੀ ਕੜੀ ਦਏ ਬਦਲਾਈਆ । ਮਿਤਰਾ ਵਕ਼ਤ ਤਕ ਲੈ ਅਖ਼ੀਰਨਾ, ਆਖ਼ਰ ਦਿਆਂ ਸੁਣਾਈਆ । ਕਿਸੇ ਨੂੰ ਅੰਮ੍ਰਿਤ ਰਸ ਮਿਲੇ ਨਾ ਸੀਰਨਾ, ਦੁਧੀਂ ਬਣ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਧੁਰਦਰਗਾਹੀਆ । ਨਾਰਦ ਕਹੇ ਭਾਦਰੋਂ ਪਰਮ ਪੁਰਖ ਅਗੇ ਮਾਰ ਲੈ ਤਰਲਾ, ਤ੍ਰੈਲੋਆਂ ਬਾਹਰ ਧਿਆਨ ਲਗਾਈਆ । ਕੁਛ ਆਪਣੀ ਹਿੰਮਤ ਕਰ ਲਾ, ਨਿਰਗੁਣ ਧਾਰ ਲੈ ਅੰਗੜਾਈਆ । ਸਚ ਸੁਆਮੀ ਕੋਲੋਂ ਅਗੰਮਾ ਵਰ ਲਾ, ਦੇਵਣਹਾਰ ਹੋਏ ਸਹਾਈਆ । ਅੰਤ ਅਖੀਰੀ ਵਕ਼ਤ ਜਰ ਲਾ, ਜੋਰੂ ਜ਼ਰ ਜਗਤ ਰਹਿਣ ਕੋਇ ਨਾ ਪਾਈਆ । ਖੇਲ ਕਰੇ ਨਰਾਇਣ ਨਰਨਾ, ਨਿਰਾਕਾਰ ਨਿਰੰਕਾਰ ਅਗੰਮ ਅਥਾਹੀਆ । ਜਿਸ ਝਗੜਾ ਮੇਟਣਾ ਵਰਨਾਂ ਬਰਨਾਂ, ਬਰੇ ਆਜ਼ਮਾਂ ਖੇਲ੍ਹ ਖੁਲ੍ਹਾਈਆ । ਜਿਸ ਦੇ ਹੁਕਮ ਵਿਚ ਸਤਿਗੁਰ ਸ਼ਬਦ ਧਾਰ ਹੋ ਕੇ ਲੜਨਾ, ਸ਼ਸਤਰ ਹੱਥ ਨਾ ਕੋਇ ਫੜਾਈਆ । ਜਿਸ ਦਾ
੮੨੪ ੨੪ ਹੁਕਮ ਅਨੋਖਾ ਦਲ ਚੜ੍ਹਨਾ, ਚੜ੍ਹਦਿਉਂ ਲਹਿੰਦੇ ਲਹਿੰਦਿਉਂ ਚੜ੍ਹਦੇ ਆਪਣਾ ਹੁਕਮ ਵਰਤਾਈਆ । ਉਸ ਨੇ ਹੱਥੋ ਹੱਥੀ ਬਿਨ ਹੱਥਾਂ ਸਭ ਨੂੰ ਫੜਨਾ, ੮੨੪ ੨੪
ਜਗ ਨੇਤਰ ਵੇਖਣ ਕੋਇ ਨਾ ਪਾਈਆ । ਜਿਸ ਦਾ ਨਾਮ ਨਿਧਾਨ ਸਭ ਨੇ ਪੜ੍ਹਨਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਜਿਸ ਨੇ ਘਾੜਨ ਅਗੰਮਾ ਘੜਨਾ, ਘੜਨ ਭੰਨਣਹਾਰ ਇਕ ਅਖਵਾਈਆ । ਤੋੜਨਹਾਰ ਹੰਕਾਰ ਗੜ੍ਹਨਾ, ਹਉਮੇ ਹੰਗਤਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਨੇ ਖੇਲ ਅਗੰਮਾ ਕਰਨਾ, ਕਰਨੀ ਦਾ ਕਰਤਾ ਕਰਤਾ ਪੁਰਖ ਇਕ ਅਖਵਾਈਆ ।

### ✪ ੧੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਮਨੀ ਰਾਮ ਦੇ ਗ੍ਰਿਹ ਪਿੰਡ ਸਿਧਮ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੇਰੇ ਨਵ ਖੰਡ ਰਹੇ ਰੋ, ਬਿਨ ਅੱਖੀਆਂ ਨੇਤਰ ਨੈਣਾਂ ਨੀਰ ਵਹਾਈਆ । ਪੁਰਖ ਅਕਾਲੇ ਦੀਨ ਦਿਆਲੇ ਮੇਰੇ ਉਤੋਂ ਧਾਰ ਮੇਟ ਦੇ ਦੋ, ਦੁਤੀਆ ਭਾਵ ਭੇਵ ਰਹਿਣ ਕੋਇ ਨਾ ਪਾਈਆ । ਸਤਿ ਧਰਮ ਸਚ ਬਖ਼ਸ਼ ਦੇ ਲੋ, ਲੋਇਣ ਬਿਨ ਅੱਖੀਆਂ ਆਪ ਖੁਲ੍ਹਾਈਆ । ਕੂੜ ਕੁੜਿਆਰ ਮਿਟਾ ਦੇ ਗਰੋਹ, ਜਗਤ ਜੁਗਤ ਵੇਖਣ ਕੋਇ ਨਾ ਪਾਈਆ । ਏਕਾ ਨਾਮ ਸੁਣਾ ਦੇ ਸੋ, ਹੰ ਬ੍ਰਹਮ ਆਪਣੇ ਰੰਗ ਰੰਗਾਈਆ । ਤੁਧ ਬਿਨ ਮਾਲਕ ਦਿਸੇ ਅਵਰ ਨਾ ਕੋ, ਕੂੜ ਕੂੜ ਦਿਆਂ ਜਣਾਈਆ । ਮੇਰੇ ਮਿਹਰਵਾਨਾ ਨੌਜਵਾਨਾ ਮੇਰੀ ਆਸ਼ਾ ਕਲਪਣਾ ਨਾਲੋਂ ਕਰ ਨਿਰਮੋਹ, ਮੁਹੱਬਤ ਆਪਣੇ ਨਾਲ ਮਿਲਾਈਆ । ਜੋ ਵਸਤ ਸਤਿ ਧਰਮ ਦੀ ਕਲਜੁਗ ਲਈ ਖੋਹ, ਸਾਚੀ ਝੋਲੀ ਦੇਣੀ ਟਿਕਾਈਆ । ਮੈਂ ਧਰਨੀ ਹੋ ਕੇ ਤੇਰੇ ਚਰਨ

ਕਵਲ ਰਹੀ ਛੋਹ, ਬਿਨ ਧੂੜੀ ਮਸਤਕ ਟਿੱਕੇ ਖ਼ਾਕ ਰਮਾਈਆ । ਮੈਨੂੰ ਅਵਤਾਰ ਪੈਗ਼ੰਬਰਾਂ ਗੁਰੂਆਂ ਸੰਦੇਸ਼ਾ ਦਿਤਾ ਆਵੇ ਉਹ, ਵਾਹਿਗੁਰੂ ਕਹਿ ਕੇ ਜਿਸ ਨੂੰ ਸੀਸ ਨਿਵਾਈਆ । ਸਤਿ ਧਰਮ ਦਾ ਬੀਜ ਪੁਰਖ ਅਕਾਲੇ ਬੋ, ਹਰ ਹਿਰਦੇ ਅੰਤਰ ਨਿਰੰਤਰ ਦੇ ਟਿਕਾਈਆ । ਮੈਂ ਤੇਰੇ ਕੋਲੋਂ ਕੁਝ ਨਹੀਂ ਸਕੀਆਂ ਲਕੋ, ਸਭ ਕੁਛ ਤੇਰੇ ਭੇਟ ਕਰਾਈਆ । ਮੈਂ ਤੇਰਾ ਇਕੋ ਨਾਮ ਨਿਧਾਨਾ ਲੈਣਾ ਚਾਹੁੰਦੀ ਢੋਆ ਢੋ, ਦਰ ਠਾਂਡੇ ਦੇਣਾ ਵਰਤਾਈਆ । ਬੇਸ਼ਕ ਤੂੰ ਜੋਤੀ ਜਾਤਾ ਪੁਰਖ ਬਿਧਾਤਾ ਬਣਿਆ ਛੱਬੀ ਪੋਹ, ਵਦੀ ਸੁਦੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਮੇਰੇ ਮਿਹਰਵਾਨਾ ਮੇਰੀ ਖ਼ਾਲੀ ਝੋਲੀ ਭਰੀਂ, ਭਗਵਨ ਤੇਰੀ ਆਸ ਰਖਾਈਆ । ਤੂੰ ਕਿਰਪਾ ਨਿਧਾਨ ਇਕੋ ਹਰੀ, ਵਿਸ਼ਨ ਬ੍ਰਹਮਾ ਸ਼ਿਵ ਤੇਰੇ ਰੰਗ ਸਮਾਈਆ । ਮੈਂ ਸਚਖੰਡ ਦੁਆਰ ਏਕੰਕਾਰ ਖਰੀ, ਦਰਗਾਹ ਸਾਚੀ ਮੰਗ ਮੰਗਾਈਆ । ਤੂੰ ਨਿਗਾਹ ਮਾਰ ਲੈ ਜ਼ਰੀ, ਜ਼ੱਰਾ ਜ਼ੱਰਾ ਖੋਜ ਖੁਜਾਈਆ । ਕੀ ਵਿਕਾਰ ਪਿਆ ਸਾਢੇ ਤਿੰਨ ਹੱਥ ਕਾਇਆ ਘਰੀ, ਮੰਦਰ ਅੰਦਰ ਵੇਖਣਾ ਥਾਉਂ ਥਾਈਆ । ਮੈਂ ਕਲਜੁਗ ਕੂੜੀ ਕਿਰਿਆ ਕੋਲੋਂ ਫਿਰਦੀ ਡਰੀ, ਡਰਪੋਕ ਹੋ ਕੇ ਰਹੀ ਸੁਣਾਈਆ । ਚਾਰੋਂ ਕੁੰਟ ਕੂੜ ਕੁੜਿਆਰ ਦੀ ਬਣੀ ਗੜ੍ਹੀ, ਹੰਕਾਰ ਸਕੇ ਨਾ ਕੋਇ ਮਿਟਾਈਆ । ਮੇਰੇ ਉਤੇ ਪ੍ਰਭੂ ਧਰਮ ਦੀ ਧਾਰ ਬਣ ਗਈ ਗੜ੍ਹੀ, ਗੋਰਾਂ ਰੂਪ ਦਰਸਾਈਆ । ਮੈਂ ਸਨਮੁਖ ਤੇਰੇ ਖੜ੍ਹੀ, ਉਚੀ ਕੂਕ ਕੂਕ ਜਣਾਈਆ । ਮੇਰੀ ਮੁਸ਼ਕਲ ਵਾਲੀ ਮੇਟ ਦੇ ਘੜੀ, ਘੜਿਆਲ ਈਸਾ ਵਾਲਾ ਦਏ ਗਵਾਹੀਆ । ਬਿਨ ਤੇਰੀ ਕਿਰਪਾ ਤੇਰੀ ਦੁਨੀਆ ਮੰਜ਼ਲ ਕੋਇ ਨਾ ਚੜ੍ਹੀ, ਸਚਖੰਡ ਦੁਆਰ ਏਕੰਕਾਰ ਮਿਲਣ ਕੋਇ ਨਾ ਆਈਆ । ਮੈਂ ਜਗਤ ਜਹਾਨ ਦੀ ਅੱਖਰਾਂ ਵਾਲੀ ਵਿਦਿਆ ਪੜ੍ਹੀ, ਪੁਸਤਕਾਂ ਵੇਖ ਵਖਾਈਆ । ਅੰਤ ਤ੍ਰੈਗੁਣ ਮਾਇਆ ਵਿਚ ਸੜੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਤੂੰ ਆਦਿ ਜੁਗਾਦੀ ਜੁਗ ਚੌਕੜੀ ਬਦਲਣਹਾਰਾ ਲੜੀ, ਲੁੜੀਂਦਾ ਸੱਜਣ ਇਕ ਅਖਵਾਈਆ । ਮੈਂ ਸ਼ੌਹ ਦਰਿਆਏ ਜਾਂਦੀ ਹੜ੍ਹੀ, ਫੜ ਬਾਹੋਂ ਬਾਹਰ ਕਢਾਈਆ । ਮੇਰੀ ਪਵਿਤ੍ਰ ਰਹੀ ਕੋਇ ਨਾ ਥੜ੍ਹੀ, ਤਟ ਕਿਨਾਰੇ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੇ ਸੱਤ ਦੀਪ ਵੇਖ ਲੈ ਤਪਦੇ, ਅਗਨੀ ਅੱਗ ਨਾ ਕੋਇ ਬੁਝਾਈਆ । ਤੇਰਾ ਨਾਮ ਨਿਧਾਨਾ ਅੰਤਸ਼ਕਰਨ ਜੀਵ ਮੂਲ ਨਾ ਜਪਦੇ, ਅਜਪਾ ਜਾਪ ਵਿਚ ਨਾ ਕੋਇ ਸਮਾਈਆ । ਮੈਂ ਤੇਰੇ ਖੇਲ ਵੇਖਣੇ ਪਰਮੇਸ਼ਵਰ ਪਤਿ ਦੇ, ਪਾਰਬ੍ਰਹਮ ਦੇਣੇ ਦ੍ਰਿੜਾਈਆ । ਉਹ ਵੇਖ ਲੈ ਵਅਦੇ ਕੌਲ ਇਕਰਾਰ ਸਭ ਦੇ ਜਾਂਦੇ ਟਪਦੇ, ਭੱਜਣ ਵਾਹੋ ਦਾਹੀਆ । ਤੇਰੇ ਨਿਸ਼ਾਨੇ ਜਾਂਦੇ ਛਪਦੇ, ਜਗਤ ਜਹਾਨ ਨਾ ਕੋਇ ਰੁਸ਼ਨਾਈਆ । ਮਾਨਸ ਪਿਆਸੇ ਹੋ ਗਏ ਮਾਨਸ ਰਤ ਦੇ, ਮੁਹੱਬਤ ਵਿਚ ਨਾ ਕੋਇ ਸਮਾਈਆ । ਆਪਣੇ ਹਰਫ਼ ਹਰੂਫ਼ ਤਕ ਲੈ ਜੋ ਮੈਨੂੰ ਲੇਖ ਜਣਾਏ ਬਿਨਾ ਖ਼ੁਸ਼ਖ਼ਤ ਦੇ, ਅੱਖਰਾਂ ਸੰਗ ਨਾ ਕੋਇ ਬਣਾਈਆ । ਧਰਨੀ ਕਹੇ ਮੇਰੇ ਨਵ ਸੱਤ ਤੇਰੇ ਅਗੇ ਵਾਸਤਾ ਘਤਦੇ, ਨਿਵ ਨਿਵ ਲਾਗਣ ਪਾਈਆ । ਕੂੜ ਕੁੜਿਆਰ ਸ਼ਰਅ ਜ਼ੰਜੀਰ ਕਟ ਦੇ, ਕਟਾਕਸ਼ ਆਪਣਾ ਨਾਮ ਲਗਾਈਆ । ਭੰਡਾਰੇ ਖੋਲ੍ਹ ਦੇ ਸ਼ਬਦ ਅਗੰਮੇ ਹੱਟ ਦੇ, ਨਵ ਸੱਤ ਬ੍ਰਹਮ ਮਤ ਆਪ ਵਰਤਾਈਆ । ਤੇਰੇ ਹੁਕਮ ਸੰਦੇਸ਼ੇ ਹਰ ਹਿਰਦਾ ਜਾਣ ਫਟਦੇ, ਤੀਰ ਅਣਿਆਲਾ ਦੇਣਾ ਚਲਾਈਆ । ਮੇਰੇ ਉਤੋਂ ਝਗੜੇ ਮੇਟ ਦੇ ਹਦੂਦਾਂ ਵਟ ਦੇ, ਨਵ ਸੱਤ ਇਕੋ ਰੰਗ ਰੰਗਾਈਆ । ਮਾਨਵ ਮਾਨਸ ਮਾਨੁਖ ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਇਕੋ ਹੋਵਣ ਜਪਦੇ, ਇਕੋ ਇਸ਼ਟ ਦੇਵ ਮਨਾਈਆ ।

ਪਿਆਰੇ ਹੋਵਣ ਤੇਰੇ ਵਤਨ ਵਤ ਦੇ, ਬੇਵਤਨਾਂ ਦੇਣਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਖੁਲ੍ਹਾ ਦੇ ਆਪਣੀ ਬ੍ਰਹਮ ਮਤਿ ਦੇ, ਮਤ ਮਤਾਂਤਰ ਜਗਤ ਜਹਾਨ ਸ੍ਰੀ ਭਗਵਾਨ ਰਹਿਣ ਨਾ ਪਾਈਆ ।

✪ ੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਤੇਜਾ ਸਿੰਘ ਦੇ ਗ੍ਰਹਿ ਪਿੰਡ ਬਾਸਰਕੇ ਜ਼ਿਲਾ ਅੰਮ੍ਰਿਤਸਰ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਨਿਰਗੁਣ ਧਾਰ ਕਰੀਏ ਤਿਆਰੀ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਪੁਰਖ ਅਕਾਲ ਨਾਲ ਮਿਲਾਈਆ । ਸਲਾਹ ਮਸ਼ਵਰਾ ਕਰੀਏ ਸਚਖੰਡ ਦੁਆਰੀ, ਮਨਸਾ ਦੂਸਰ ਸੰਗ ਨਾ ਕੋਇ ਰਲਾਈਆ । ਨਿਰਗੁਣ ਜੋਤ ਨੂਰ ਕਰੀਏ ਉਜਿਆਰੀ, ਉਜਾਲਾ ਦੋ ਜਹਾਨ ਵਖਾਈਆ । ਸ਼ਬਦ ਨਾਦ ਸੁਣਾਈਏ ਧੁਨਕਾਰੀ, ਅਨਹਦ ਨਾਦੀ ਨਾਦ ਦ੍ਰਿੜਾਈਆ । ਧਰਨੀ ਧਰਤ ਧਵਲ ਧੌਲ ਵੇਖੀਏ ਕਲਜੁਗ ਅੰਤਮ ਵਾਰੀ, ਬਿਨ ਨੇਤਰ ਲੋਚਨ ਨੈਣਾਂ ਨੈਣ ਉਠਾਈਆ । ਨੌ ਖੰਡ ਪ੍ਰਿਥਮੀ ਨਿਗਾਹ ਮਾਰੀਏ ਸਾਰੀ, ਸਰ ਸਰੋਵਰਾਂ ਧਿਆਨ ਲਗਾਈਆ । ਕਲਜੁਗ ਰੈਣ ਤਕੀਏ ਅੰਧ ਅੰਧਿਆਰੀ, ਅੰਧ ਕੂਪ ਖੋਜ ਖੁਜਾਈਆ । ਨਾਲ ਸ਼ਰਅ ਜਗਤ ਦੇ ਵੇਖੀਏ ਪੁਜਾਰੀ, ਦੀਨਾਂ ਮਜ਼੍ਹਬਾਂ ਫੋਲ ਫੁਲਾਈਆ । ਅਠਸਠ ਤੀਰਥਾਂ ਤਕੀਏ ਖ਼ੁਆਰੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਪਰਦੇ ਮਾਤ ਉਠਾਈਆ । ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਤਕੀਏ ਕੀ ਆਸ਼ਾ ਪੁਰਖ ਨਾਰੀ, ਅੰਤਰ ਅੰਤਰ ਧਿਆਨ ਲਗਾਈਆ । ਦੀਨ ਮਜ਼੍ਹਬ ਤਕੀਏ ਆਤਮ ਪਰਮਾਤਮ ਵੇਖੀਏ ਯਾਰੀ, ਪਾਰਬ੍ਰਹਮ ਬ੍ਰਹਮ ਰੰਗ ਕਵਣ ਰੰਗਾਈਆ । ਮਨ ਮਨਸਾ ਕੂੜ ਵੇਖੀਏ ਕੁੜਿਆਰੀ, ਮਮਤਾ ਮੋਹ ਮੋਹ ਹਲਕਾਈਆ । ਸ਼ਾਹ ਸੁਲਤਾਨਾਂ ਤਕੀਏ ਦਰ ਦਰਬਾਰੀ, ਅਦਲ ਇਨਸਾਫ਼ ਕਵਣ ਕਮਾਈਆ । ਜੁਗ ਚੌਕੜੀ ਗ੍ਰੰਥ ਸ਼ਾਸਤਰ ਵੇਖੀਏ ਜੋ ਗ੍ਰੰਥਾਂ ਲੇਖ ਲਿਖਿਆ ਸਤਿਗੁਰ ਸ਼ਬਦ ਲਿਖਾਰੀ, ਕ਼ਲਮ ਸ਼ਾਹੀ ਕਾਗ਼ਜ਼ ਰੰਗ ਰੰਗਾਈਆ । ਧਰਨੀ ਧਰਤ ਧਵਲ ਧੌਲ ਤਕੀਏ ਜੋ ਰੋਵੇ ਜ਼ਾਰੋ ਜ਼ਾਰੀ, ਬਿਨ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਰੇ ਇਕੱਠੇ ਜਾਈਏ ਨਠ, ਬਿਨ ਕ਼ਦਮਾਂ ਕ਼ਦਮ ਉਠਾਈਆ । ਦੀਨ ਦੁਨੀ ਦਾ ਧੀਰਜ ਵੇਖੀਏ ਹਠ, ਸਤਿ ਸੰਤੋਖ ਫੋਲ ਫੁਲਾਈਆ । ਧਰਮ ਦੀ ਧਾਰ ਤਕੀਏ ਮਠ, ਸ਼ਿਵ ਸ਼ਿਵਾ ਨਾਲ ਮਿਲਾਈਆ । ਇਕੋ ਦੁਆਰ ਕਰੀਏ ਇਕੱਠ, ਹਰਿ ਭਗਤ ਦੁਆਰੇ ਸੋਭਾ ਪਾਈਆ । ਕਿਉਂ ਕਲਜੁਗ ਕੂੜੀ ਕਿਰਿਆ ਉਲਟੀ ਗੇੜੀ ਲਠ, ਨਵ ਸੱਤ ਰਹੀ ਭੁਆਈਆ । ਕਿਉਂ ਧਰਮ ਧਾਰ ਦਾ ਬੁਰਜ ਗਿਆ ਢਠ, ਜੜ੍ਹ ਚੇਤਨ ਚੋਟੀ ਵੇਖਣ ਕੋਇ ਨਾ ਪਾਈਆ । ਕਿਉਂ ਸਾਡੇ ਦੀਨ ਮਜ਼੍ਹਬ ਦਾ ਖੇੜਾ ਹੋਇਆ ਭਠ, ਕਲਜੁਗ ਭਠਿਆਲਾ ਅਗਨੀ ਰਿਹਾ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਲੋਕਮਾਤ ਨਿਰਗੁਣ ਧਾਰ ਚਲੀਏ, ਸਰਗੁਣ ਰੂਪ ਨਾ ਕੋਇ ਦਰਸਾਈਆ । ਸਚ ਦੁਆਰ ਜਾ ਕੇ ਮੱਲੀਏ, ਸਿੰਘਾਸਣ ਇਕੋ ਇਕ ਵਡਿਆਈਆ । ਫੇਰ ਫਿਰੀਏ ਜਲ ਥਲੀਏ, ਮਹੀਅਲ ਵੇਖ ਵਖਾਈਆ । ਜਗਤ ਮੰਦਰ ਮਠਾਂ ਆਵਾਜ਼

ਸੁਣੀਏ ਟੱਲੀਏ, ਘੜਿਆਲਾਂ ਕੀ ਸ਼ਨਵਾਈਆ । ਜਗਤ ਦਰਵੇਸ਼ਾਂ ਫ਼ਕੀਰਾਂ ਤਕੀਏ ਜੱਲੀਏ, ਮਸਤਕ ਖ਼ੁਮਾਰੀ ਨਾਮ ਸਾਧਾਂ ਸੰਤਾਂ ਵੇਖ ਵਖਾਈਆ । ਫੇਰ ਦੀਪਕ ਜੋਤੀ ਵੇਖੀਏ ਬਲੀਏ, ਕਵਣ ਗ੍ਰਿਹ ਹੋਵੇ ਰੁਸ਼ਨਾਈਆ । ਕਵਣ ਪ੍ਰਭੂ ਪਿਆਰ ਵਿਚ ਸੀਸ ਰਖ ਕੇ ਬੈਠਾ ਤਲੀਏ, ਆਪ ਆਪਣਾ ਆਪ ਮਿਟਾਈਆ । ਨਿਰਗੁਣ ਧਾਰ ਹੋ ਕੇ ਦੀਨ ਦੁਨੀ ਵਿਚ ਰਲੀਏ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਅਛਲ ਛਲ ਹੋ ਕੇ ਮਾਨਵ ਜ਼ਾਤੀ ਛਲੀਏ, ਵਲ ਛਲ ਸਮਝ ਕਿਸੇ ਨਾ ਆਈਆ । ਨਵ ਸੱਤ ਧਰਨੀ ਧਰਤ ਧਵਲ ਦੀ ਫਿਰੀਏ ਗਲੀਏ, ਕੂਚਾ ਕੂਚਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਅਵਤਾਰ ਪੈਗ਼ੰਬਰ ਗੁਰ ਧਰਨੀ ਉਤੇ ਜਾਈਏ ਦੌੜ, ਬਿਨ ਕ਼ਦਮਾਂ ਪੰਧ ਮੁਕਾਈਆ । ਸਾਡਾ ਇਕੋ ਹੋਵੇ ਡੰਡਾ ਪੌੜ, ਦੂਜੀ ਵੰਡ ਨਾ ਕੋਇ ਵੰਡਾਈਆ । ਸ਼ਬਦ ਅਗੰਮੀ ਚੜ੍ਹੀਏ ਘੋੜ, ਵਾਗਾਂ ਆਪਣੇ ਹੱਥ ਉਠਾਈਆ । ਦੀਨ ਦੁਨੀ ਤਕੀਏ ਰਸ ਮਿਠਾ ਕੌੜ, ਵਿਖ ਅੰਤਰ ਨਿਰੰਤਰ ਵੇਖ ਵਖਾਈਆ । ਮਾਰਗ ਤਕੀਏ ਧਰਮ ਦਾ ਕਿਸ ਬਿਧ ਹੋਇਆ ਸੌੜ, ਭੀੜੀ ਗਲੀ ਪਾਰ ਨਾ ਕੋਇ ਕਰਾਈਆ । ਮਨੂਆ ਮਨ ਗ੍ਰੰਥ ਸ਼ਾਸਤਰ ਸਕੇ ਕੋਈ ਨਾ ਹੋੜ, ਅਗੇ ਹੋ ਨਾ ਕੋਇ ਅਟਕਾਈਆ । ਸੁਰਤੀ ਸਤਿਗੁਰ ਸ਼ਬਦ ਨਾਲ ਜੁੜੇ ਕੋਈ ਨਾ ਜੋੜ, ਮਣਕਾ ਮਨ ਨਾ ਕੋਇ ਭੁਆਈਆ । ਕਲਜੁਗ ਕੂੜੀ ਕਿਰਿਆ ਕਿਉਂ ਸਭ ਨੂੰ ਰਹੀ ਰੋੜ੍ਹ, ਸ਼ੌਹ ਦਰਿਆ ਵਹਿਣ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡੀ ਆਸਾ ਮਨਸਾ ਸਚ ਦਰ ਕਰੇ ਪਰਵਾਨ, ਪਰਮ ਪੁਰਖ ਪਰਮਾਤਮ ਧੁਰ ਦਾ ਹੁਕਮ ਹੁਕਮ ਨਾਲ ਸੁਣਾਈਆ ।

੮੨੭ ੨੪ ੮੨੭ ੨੪

### ੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਜੀਤੋ ਦੇ ਗ੍ਰਿਹ ਪਿੰਡ ਬਾਸਰਕੇ ਜ਼ਿਲਾ ਅੰਮ੍ਰਿਤਸਰ

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਮੇਰੀ ਅੰਤਰ ਨਿਰੰਤਰ ਤਕੋ ਛਾਤੀ, ਆ ਕੇ ਖ਼ੁਸ਼ੀਆਂ ਧਿਆਨ ਲਗਾਈਆ । ਮੇਰੀ ਬਿਰਹੋਂ ਵੈਰਾਗ ਦੀ ਸੁਣੋ ਬਾਤੀ, ਬਾਤਨ ਭੇਵ ਦਿਆਂ ਖੁਲ੍ਹਾਈਆ । ਨਵ ਸੱਤ ਤਕੋ ਅੰਧੇਰੀ ਰਾਤੀ, ਅੰਧ ਕੂਪ ਖ਼ਲਕ ਖ਼ੁਦਾਈਆ । ਤਨ ਵਜੂਦ ਵੇਖੋ ਜ਼ਾਤੀ, ਮਜ਼੍ਹਬਾਂ ਫੋਲ ਫੁਲਾਈਆ । ਆਪਣੇ ਹੁਕਮ ਦੀ ਪੜ੍ਹੋ ਪਾਤੀ, ਪਤ੍ਰਕਾ ਤੁਹਾਨੂੰ ਦਿਆਂ ਵਖਾਈਆ । ਕਿਉਂ ਮੇਰੇ ਉਤੇ ਸਾਰੇ ਬਣੇ ਘਾਤੀ, ਘਾਉ ਰਹੇ ਲਗਾਈਆ । ਮੈਂ ਵਿਛੋੜੇ ਵਿਚ ਬੈਠੀ ਇਕਾਂਤੀ, ਇਕ ਇਕੱਲੀ ਡੇਰਾ ਲਾਈਆ । ਮੈਨੂੰ ਕਵਣ ਵੇਲਾ ਬਖ਼ਸ਼ੇ ਬੂੰਦ ਸਵਾਂਤੀ, ਆ ਕੇ ਮੁਖ ਚੁਆਈਆ । ਮੇਰੇ ਸਾਹਿਬ ਦਾ ਖੇਲ ਦੱਸੋ ਬਹੁ ਭਾਂਤੀ, ਕਿਸ ਬਿਧ ਆਪਣਾ ਹੁਕਮ ਵਰਤਾਈਆ । ਮੇਰਾ ਡੂੰਘਾ ਤਕੋ ਖਾਤੀ, ਖ਼ਤਰੇ ਵਿਚ ਖ਼ਲਕ ਖ਼ੁਦਾਈਆ । ਨਿਗਾਹ ਮਾਰੋ ਵਿਚ ਨਿਬਾਤਾਤੀ, ਬਨਸਪਤੀ ਫੋਲ ਫੁਲਾਈਆ । ਤੁਸੀਂ ਇਕੋ ਨਾਮ ਕਲਮੇ ਦੇ ਬਣ ਕੇ ਆਇਉ ਜਮਾਤੀ, ਇਕੋ ਸਿਖਿਆ ਨਾਲ ਲਿਆਈਆ । ਇਕੋ ਸੰਦੇਸ਼ ਦੱਸਣਾ ਸਫ਼ਾਤੀ, ਸਭਾ ਇਕੋ ਦੇਣੀ ਲਗਾਈਆ । ਮੇਰੇ ਉਤੇ ਕਰੋ ਪਰਭਾਤੀ, ਅੰਮ੍ਰਿਤ ਵੇਲਾ ਦੇਣਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਦਾ ਸਾਹਿਬ ਬੇਪਰਵਾਹੀਆ । ਧਰਨੀ ਕਹੇ ਅਵਤਾਰ ਪੈਗ਼ੰਬਰ

ਗੁਰ ਆਪਣਾ ਪੂਰਾ ਕਰੋ ਇਕਰਾਰ, ਇਕੱਲੀ ਹੋ ਕੇ ਮੰਗ ਮੰਗਾਈਆ । ਮੇਰਾ ਕਿਸੇ ਨਾਲ ਨਹੀਂ ਤਕਰਾਰ, ਝਗੜਾ ਜਗਤ ਨਾ ਕੋਇ ਰਖਾਈਆ । ਤੁਸੀਂ ਨਵ ਸੱਤ ਦੇ ਸ਼ਾਹਕਾਰ, ਸ਼ਹਿਨਸ਼ਾਹ ਤੁਹਾਨੂੰ ਦਿਤੀ ਵਡਿਆਈਆ । ਆਪਣੇ ਦੀਨਾਂ ਮਜ਼੍ਹਬਾਂ ਨਿਗਾਹ ਲਉ ਮਾਰ, ਆ ਕੇ ਤਕੋ ਥਾਉਂ ਥਾਈਂਆ । ਨਾਮ ਕਲਮਿਆਂ ਕਰੋ ਵਿਚਾਰ, ਜੋ ਸੰਦੇਸ਼ਿਆਂ ਵਿਚ ਦ੍ਰਿੜਾਈਆ । ਸ਼ਰਅ ਧਰਮ ਦੀ ਵੇਖੋ ਕਾਰ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੈਂ ਰੋਵਾਂ ਜ਼ਾਰੋ ਜ਼ਾਰ, ਨੇਤਰ ਨੇਤਰ ਨੇਤਰ ਨੀਰ ਵਹਾਈਆ । ਮੇਰਾ ਅੰਤਸ਼ਕਰਨ ਹੋਇਆ ਬੇਕ਼ਰਾਰ, ਧੀਰਜ ਧੀਰ ਨਾ ਕੋਇ ਧਰਾਈਆ । ਮੈਨੂੰ ਸ਼ਰਅ ਨੇ ਕੀਤਾ ਸ਼ਰਮਸਾਰ, ਧਰਮ ਦੀ ਧਾਰ ਨਾ ਕੋਇ ਵਡਿਆਈਆ । ਮੈਂ ਵੇਖਾਂ ਵਿਗਸਾਂ ਤੁਹਾਡਾ ਕਰਾਂ ਇੰਤਜ਼ਾਰ, ਰਾਹ ਤਕਾਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਆਪਣਾ ਪੂਰਾ ਕਰੋ ਵਾਅਦਾ, ਵਾਹਿਦ ਰੂਪ ਇਕ ਦਰਸਾਈਆ । ਮੇਰੇ ਨਾਲੋਂ ਨਾ ਹੋਵੇ ਅਲਾਹਿਦਾ, ਵਖਰੀ ਵੰਡ ਨਾ ਕੋਇ ਵੰਡਾਈਆ । ਧਰਮ ਦਾ ਧਰਮ ਤਕੋ ਫ਼ਾਇਦਾ, ਈਮਾਨ ਈਮਾਨ ਵਿਚੋਂ ਸਮਝਾਈਆ । ਇਕੋ ਕ਼ਾਨੂੰਨ ਹੋਵੇ ਇਕੋ ਹੋਵੇ ਕ਼ਾਇਦਾ, ਬਾਕਾਇਦਾ ਆਪਣਾ ਹੁਕਮ ਵਰਤਾਈਆ । ਮੇਰੇ ਉਤੇ ਕਲਜੁਗ ਕੂੜ ਦਾ ਲਉ ਜਾਇਜ਼ਾ, ਵੇਖੋ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਆਪਣਾ ਪੂਰਾ ਕਰ ਮੁਆਹਦਾ, ਮਿਹਰਵਾਨ ਹੋ ਕੇ ਆਪਣੀ ਦਇਆ ਕਮਾਈਆ ।



੨੪ ੨੪

## ✪ ੧੫ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਮੱਖਣ ਸਿੰਘ ਦੇ ਗ੍ਰਹਿ ਪਿੰਡ ਸੁਗਾ ਜ਼ਿਲਾ ਅੰਮ੍ਰਿਤਸਰ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਧਰਨੀਏ ਆਈਏ ਨਿਰਗੁਣ ਧਾਰ, ਜੋਤੀ ਜਾਤਾ ਪੁਰਖ ਬਿਧਾਤਾ ਦੇਵੇ ਮਾਣ ਵਡਿਆਈਆ । ਸਾਡਾ ਰੂਪ ਰੰਗ ਰੇਖ ਨਜ਼ਰ ਨਾ ਆਏ ਕੋਈ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵੇਖਣ ਕੋਇ ਨਾ ਪਾਈਆ । ਦੋ ਜਹਾਨਾਂ ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਪੰਧ ਆਈਏ ਮਾਰ, ਧਵਲੇ ਤੇਰੇ ਉਤੇ ਆਪਣਾ ਖੇਲ ਖਿਲਾਈਆ । ਸਾਡਾ ਹੁਕਮ ਸੰਦੇਸ਼ਾ ਸੁਣਨਾ ਅਗੰਮੀ ਧਾਰ, ਜਗਤ ਅੱਖਰ ਵਿਦਿਆ ਵੰਡ ਨਾ ਕੋਇ ਵੰਡਾਈਆ । ਜਿਸ ਦਾ ਕਾਗ਼ਜ਼ ਕ਼ਲਮ ਸ਼ਾਹੀ ਕਾਤਬ ਬਣੇ ਨਾ ਕੋਇ ਲਿਖਾਰ, ਲੇਖਾ ਲੇਖ ਨਾ ਕੋਇ ਦ੍ਰਿੜਾਈਆ । ਤੇਰਾ ਆਦਿ ਜੁਗਾਦੀ ਮਾਲਕ ਖ਼ਾਲਕ ਏਕੰਕਾਰ, ਅਕਲ ਕਲਧਾਰੀ ਨੂਰ ਅਲਾਹੀਆ । ਅਸੀਂ ਜੁਗ ਚੌਕੜੀ ਉਸੇ ਦੇ ਸੇਵਾਦਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਜਿਸ ਦਾ ਸਤਿਗੁਰ ਸ਼ਬਦ ਸਭ ਦਾ ਜ਼ੁਮੇਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਨੂਰ ਨੂਰ ਦਏ ਉਜਿਆਰ, ਉਜਾਲਾ ਕਰੇ ਬੇਪਰਵਾਹੀਆ । ਸੋ ਪੁਰਖ ਅਕਾਲਾ ਦੀਨ ਦਿਆਲਾ ਸਾਡਾ ਮਦਦਗਾਰ, ਦੂਜਾ ਨਜ਼ਰ ਕੋਇ ਨਾ ਆਈਆ । ਅਸੀਂ ਤੇਰੇ ਉਤੇ ਆਈਏ ਬਿਨ ਕ਼ਦਮਾਂ ਕ਼ਦਮ ਉਭਾਰ, ਨਿਰਗੁਣ ਨਿਰਗੁਣ ਨਿਰਗੁਣ ਵੇਸ ਵਟਾਈਆ । ਨਿਗਾਹ ਮਾਰੀਏ ਨੌ ਖੰਡ ਪ੍ਰਿਥਮੀ ਸੱਤ ਦੀਪ ਵਿਚ ਸੰਸਾਰ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਧਿਆਨ ਲਗਾਈਆ । ਚਾਰ ਜੁਗ ਦੇ ਸ਼ਾਸਤਰ ਤਕੀਏ ਜੋ ਸਿਫ਼ਤਾਂ ਨਾਲ ਕਰਨ ਇਜ਼ਹਾਰ, ਢੋਲੇ ਸੋਹਲੇ ਰਾਗ ਨਾਦ ਸ਼ਬਦ ਸ਼ਨਵਾਈਆ । ਅਠਸਠ ਤੀਰਥ ਤਕੀਏ

ਗੰਗਾ ਗੋਦਾਵਰੀ ਜਮਨਾ ਸੁਰਸਤੀ ਧਾਰ, ਜਲ ਥਲ ਮਹੀਅਲ ਵੇਖ ਵਖਾਈਆ । ਸ਼ਿਵਦਵਾਲੇ ਮਠ ਚਰਚ ਮਸੀਤਾਂ ਵੇਖੀਏ ਗੁਰੂਦੁਆਰ, ਕਾਇਆ ਕਾਅਬਿਆਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਧਰਨੀਏ ਅਸੀਂ ਆਈਏ ਨਾਲ ਚਾਅ, ਚਾਓ ਘਨੇਰਾ ਇਕ ਜਣਾਈਆ । ਸਾਡਾ ਸਭ ਦਾ ਇਕੋ ਹੋਵੇ ਰਾਹ, ਮਜ਼੍ਹਬੀ ਵੰਡ ਨਾ ਕੋਇ ਵੰਡਾਈਆ । ਇਕੋ ਸੁਹੰਜਣਾ ਹੋਵੇ ਥਾਂ, ਥਾਨ ਥਨੰਤਰ ਇਕ ਸੁਹਾਈਆ । ਇਕੋ ਸੰਦੇਸ਼ਾ ਹੋਵੇ ਧੁਰ ਦਾ ਨਾਂ, ਨਾਉਂ ਨਿਰੰਕਾਰ ਇਕ ਦ੍ਰਿੜਾਈਆ । ਲੇਖਾ ਰਹੇ ਸੂਰ ਨਾ ਗਾਂ, ਢੋਰਾਂ ਖੱਲ ਨਾ ਕੋਇ ਲੁਹਾਈਆ । ਇਕੋ ਦਰਸਾਈਏ ਸਭ ਦਾ ਪਿਤਾ ਮਾਂ, ਪੁਰਖ ਅਕਾਲਾ ਨੂਰ ਅਲਾਹੀਆ । ਜਿਸ ਨੂੰ ਸਾਰਿਆਂ ਕਹਿਣਾ ਵਾਹ ਵਾਹ, ਵਾਹਿਗੁਰੂ ਤੇਰੀ ਬੇਪਰਵਾਹੀਆ । ਜੋ ਹਕ ਦਾ ਹਕ ਕਰੇ ਨਿਆਂ, ਅਦਲ ਇਨਸਾਫ਼ ਆਪ ਕਮਾਈਆ । ਅਸੀਂ ਉਸੇ ਦੀ ਹਾਂ ਵਿਚ ਕਰਨੀ ਹਾਂ, ਆਪਣਾ ਬਲ ਨਾ ਕੋਇ ਪਰਗਟਾਈਆ । ਤੇਰਾ ਨਗਰ ਖੇੜਾ ਨੌ ਖੰਡ ਪ੍ਰਿਥਮੀ ਤਕੀਏ ਗਰਾਂ, ਸੱਤਾਂ ਦੀਪਾਂ ਵੇਖ ਵਖਾਈਆ । ਕੂੜੀ ਕਿਰਿਆ ਕਲਜੁਗ ਬੁੱਧੀ ਤਕੀਏ ਕਾਂ, ਜੋ ਕਾਗ ਵਾਂਗ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਤੇਰੇ ਉਤੇ ਆਈਏ ਨਾਲ ਖ਼ੁਸ਼ੀ, ਖ਼ੁਸ਼ੀਆਂ ਢੋਲੇ ਗਾਈਆ । ਤੂੰ ਪ੍ਰੇਮ ਪਿਆਰ ਨਾਲ ਪੁਛੀਂ, ਬਿਨ ਰਸਨਾ ਜਿਹਵਾ ਮੁਖ ਹਿਲਾਈਆ । ਤੇਰੀ ਧਾਰ ਵੇਖੀਏ ਦੁਖੀ, ਦਰਦੀ ਹੋ ਕੇ ਫੋਲ ਫੁਲਾਈਆ । ਨਿਗਾਹ ਮਾਰੀਏ ਤੇਰੀ ਨਵ ਸੱਤ ਦੀ ਧਾਰ ਕੁੱਖੀਂ, ਬਿਨ ਨੈਣਾਂ ਨੈਣ ਉਠਾਈਆ । ਜੇ ਪ੍ਰਭੂ ਪਿਆਰ ਦੀ ਭੁਖੀ, ਭੋਲੀਏ ਤੇਰੀ ਝੋਲੀ ਦੇਈਏ ਭਰਾਈਆ । ਤੂੰ ਧਰਮ ਦੀ ਧਾਰ ਨਾਲ ਉਠੀਂ, ਸਤਿ ਸਚ ਨਾਲ ਲੈਣੀ ਅੰਗੜਾਈਆ । ਅਸੀਂ ਫਿਰੀਏ ਤੇਰੀ ਚਾਰੇ ਗੁਠੀਂ, ਉੱਤਰ ਪੂਰਬ ਪੱਛਮ ਦੱਖਣ ਪੁਜੀਏ ਚਾਈਂ ਚਾਈਂਆ । ਆਲਸ ਨਿੰਦਰਾ ਵਿਚ ਰਹੀਂ ਨਾ ਸੁਤੀ, ਸਵਾਧਾਨ ਆਪਣਾ ਆਪ ਲੈਣਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡਾ ਵਕ਼ਤ ਸੁਹੰਜਣਾ ਆਉਣਾ, ਖ਼ੁਸ਼ੀਆਂ ਢੋਲੇ ਗਾਈਆ । ਧਰਨੀਏ ਤੇਰਾ ਦਰ ਸੁਹਾਉਣਾ, ਸੋਹਣੀ ਵਜੇ ਵਧਾਈਆ । ਪਰਦਾ ਅਗੰਮ ਉਠਾਉਣਾ, ਉਹਲਾ ਰਹੇ ਨਾ ਰਾਈਆ । ਨਵ ਸੱਤ ਵੇਖ ਵਖਾਉਣਾ, ਤਟ ਕਿਨਾਰੇ ਫੋਲ ਫੁਲਾਈਆ । ਦਰ ਦਰਵਾਜ਼ਾ ਇਕ ਖੁਲ੍ਹਾਉਣਾ, ਗ਼ਰੀਬ ਨਿਵਾਜ਼ਾ ਨਾਲ ਮਿਲਾਈਆ । ਧੁਰ ਦਾ ਢੋਲਾ ਅਗੰਮ ਸੁਣਾਉਣਾ, ਤੂੰ ਮੇਰਾ ਮੈਂ ਤੇਰਾ ਲੈਣਾ ਗਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਏਕਾ ਖੇਲ ਖਿਲਾਉਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਸਤਿਗੁਰ ਸ਼ਬਦ ਨਾਲ ਮਿਲਾਉਣਾ, ਮਿਲਣੀ ਹਰਿ ਜਗਦੀਸ਼ ਕਰਾਈਆ । ਜੋਤੀ ਜਾਤਾ ਨਾਲ ਰਲਾਉਣਾ, ਦੋ ਜਹਾਨਾਂ ਵਜੇ ਵਧਾਈਆ । ਕਲਜੁਗ ਕਿਰਿਆ ਕੂੜ ਮਿਟਾਉਣਾ, ਕਰੋਧ ਵਿਕਾਰ ਰਹਿਣ ਨਾ ਪਾਈਆ । ਸਭ ਦਾ ਹਿਰਦਾ ਸੋਧ ਵਖਾਉਣਾ, ਵਦੀ ਸੁਦੀ ਨਾ ਵੰਡ ਵੰਡਾਈਆ । ਮਾਨਵ ਜ਼ਾਤੀ ਇਕੋ ਰੰਗ ਰੰਗਾਉਣਾ, ਦੁਰਮਤ ਮੈਲ ਧੁਆਈਆ । ਅੰਮ੍ਰਿਤ ਆਤਮ ਨਿਝਰ ਰਸ ਬੂੰਦ ਸਵਾਂਤੀ ਆਪ ਟਪਕਾਉਣਾ, ਤ੍ਰਿਸ਼ਨਾ ਤ੍ਰਿਪਤ ਕਰਾਈਆ । ਸ਼ਬਦ ਅਨਾਦੀ ਰਾਗ ਜਣਾਉਣਾ, ਧੁਨ ਆਤਮਕ ਰਾਗ ਸੁਣਾਈਆ । ਦੀਆ ਬਾਤੀ ਕਮਲਾਪਾਤੀ ਹੋ ਕੇ ਜੋਤ ਜਗਾਉਣਾ, ਅੰਧ ਅੰਧੇਰ ਰਹੇ ਨਾ ਰਾਈਆ । ਸਚ ਸਿੰਘਾਸਣ ਤੇਰੇ ਉਤੇ ਆਸਣ ਲਾਉਣਾ, ਜਗ ਨੇਤਰ ਵੇਖਣ ਕੋਇ ਨਾ ਪਾਈਆ ।

ਕਲਜੁਗ ਕੂੜ ਨਿਸ਼ਾਨ ਮੇਟ ਮਿਟਾਉਣਾ, ਮਿੱਟੀ ਖ਼ਾਕ ਦੇਣੀ ਉਡਾਈਆ । ਸਤਿਗੁਰ ਸਾਚਾ ਮਾਰਗ ਇਕ ਦਰਸਾਉਣਾ, ਦਹਿ ਦਿਸ਼ਾ ਵਜੇ ਵਧਾਈਆ । ਸਚ ਸੁਆਮੀ ਅੰਤਰਜਾਮੀ ਇਕੋ ਇਕ ਮਨਾਉਣਾ, ਇਸ਼ਟ ਦੇਵ ਇਕੋ ਇਕ ਅਖਵਾਈਆ । ਆਤਮ ਪਰਮਾਤਮ ਸਭ ਨੇ ਨਾਅਰਾ ਲਾਉਣਾ, ਢੋਲਾ ਸੋਹਲਾ ਰਾਗ ਜਣਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਧਰਨੀਏ ਤੇਰੇ ਉਤੇ ਵਕ਼ਤ ਸੁਹੰਜਣਾ ਆਉਣਾ, ਸੋ ਪੁਰਖ ਨਿਰੰਜਣ ਹੋਏ ਸਹਾਈਆ । ਹਰਿ ਪੁਰਖ ਨਿਰੰਜਣ ਇਕ ਵੇਖ ਵਖਾਉਣਾ, ਏਕੰਕਾਰਾ ਰੰਗ ਰੰਗਾਈਆ । ਆਦਿ ਨਿਰੰਜਣ ਡਗਮਗਾਉਣਾ, ਜੋਤੀ ਜੋਤ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਸੋਭਾ ਪਾਉਣਾ, ਸਚ ਦੁਆਰ ਇਕ ਸੁਹਾਈਆ । ਸ੍ਰੀ ਭਗਵਾਨ ਵੇਸ ਵਟਾਉਣਾ, ਰੂਪ ਰੰਗ ਰੇਖ ਨਾ ਕੋਇ ਸਮਝਾਈਆ । ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਉਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਸਤਿਗੁਰ ਸ਼ਬਦ ਸ਼ਬਦ ਇਕ ਪਰਗਟਾਉਣਾ, ਤੇਰੇ ਪਰਗਣੇ ਨੌ ਖੰਡ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੇ ਹੁਕਮ ਵਿਚ ਜੋਤ ਧਾਰ ਹੋ ਕੇ ਤੇਰਾ ਦਰਦ ਵੰਡਾਉਣਾ, ਦੁਖਿਆਰਨੇ ਤੇਰਾ ਦੁਖ ਰਹਿਣ ਨਾ ਪਾਈਆ ।

## ✪ ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਕੇਸ਼ੋ ਰਾਮ ਦੇ ਗ੍ਰਿਹ ਪਿੰਡ ਜੰਡੋ ਕੀ ਸਰਹਾਲੀ ਜ਼ਿਲਾ ਅੰਮ੍ਰਿਤਸਰ ✪



ਸੋ ਪੁਰਖ ਨਿਰੰਜਣ ਕਹੇ ਧਰਨੀਏ ਤੂੰ ਮੇਰੀ ਅਗੰਮੀ ਧੂਲ, ਧੂੜੀ ਖ਼ਾਕ ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਹੋ ਕੇ ਚੁਕਾਵਾਂ ਮੂਲ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝਾ ਯਾਰ ਇਕ ਅਖਵਾਈਆ । ਸਚਖੰਡ ਦੁਆਰ ਏਕੰਕਾਰ ਤੇਰੀ ਬੇਨੰਤੀ ਕਰੇ ਮਨਜ਼ੂਰ, ਦਰਗਾਹ ਸਾਚੀ ਮੁਕ਼ਾਮੇ ਹਕ ਤੇਰੀ ਆਸਾ ਆਪਣੇ ਕ਼ਦਮ ਟਿਕਾਈਆ । ਜੋਤੀ ਜਾਤਾ ਹੋ ਕੇ ਵੇਖਾਂ ਜ਼ਰੂਰ, ਜ਼ਾਹਰ ਜ਼ਹੂਰ ਆਪਣਾ ਆਪ ਕਰਾਈਆ । ਤੂੰ ਨਿਰਗੁਣ ਧਾਰ ਮੇਰਾ ਜਲਵਾ ਤਕਣਾ ਨੂਰ, ਨੂਰ ਨੁਰਾਨਾ ਡਗਮਗਾਈਆ । ਤੇਰਾ ਪੰਧ ਮੁਕਾਵਾਂ ਨੇੜੇ ਦੂਰ, ਦੂਰ ਦੁਰਾਡਾ ਆਵਾਂ ਧੁਰ ਦਾ ਮਾਹੀਆ । ਨਵ ਸੱਤ ਹਰ ਘਟ ਵੇਖਾਂ ਕ਼ਸੂਰ, ਪਰਦਾ ਉਹਲਾ ਰਹਿਣ ਕੋਇ ਨਾ ਪਾਈਆ । ਜੋ ਕਲਜੁਗ ਕੁਕਰਮ ਪਾਇਆ ਫ਼ਤੂਰ, ਫ਼ਤਵਾ ਦੇਵਾਂ ਥਾਉਂ ਥਾਈਆ । ਤੇਰੀ ਆਸ਼ਾ ਹੋਣ ਨਾ ਦੇਵਾਂ ਮਜਬੂਰ, ਮੁਸ਼ਕਲ ਤੇਰੀ ਹਲ ਕਰਾਈਆ । ਨਾਮ ਖ਼ੁਮਾਰੀ ਦੇਵਾਂ ਸਰੂਰ, ਗ਼ਫ਼ਲਤ ਨਿੰਦਰਾ ਵਿਚੋਂ ਬਾਹਰ ਕਢਾਈਆ । ਸ਼ਬਦ ਅਨਾਦੀ ਦੇ ਕੇ ਤੂਰ, ਤੁਰੀਆ ਬਾਹਰ ਕਰਾਂ ਸ਼ਨਵਾਈਆ । ਮੈਂ ਸ਼ਾਹੋ ਭੂਪ ਸ਼ਹਿਨਸ਼ਾਹ ਤੇਰੀ ਆਸਾ ਮਨਸਾ ਕਰਾਂ ਪੂਰ, ਪੂਰਨ ਬ੍ਰਹਮ ਦਿਆਂ ਦ੍ਰਿੜ੍ਹਾਈਆ । ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਈਆ । ਜੁਗ ਬਦਲਣਾ ਮੇਰਾ ਆਦਿ ਜੁਗਾਦੀ ਦਸਤੂਰ, ਧਵਲੇ ਤੈਨੂੰ ਦਿਆਂ ਸੁਣਾਈਆ । ਤੇਰੇ ਉਤੇ ਸ਼ਰਅ ਮੇਟਾਂ ਕੂਰ, ਕੂੜੀ ਕਿਰਿਆ ਡੇਰਾ ਢਾਹੀਆ । ਮਨੂਆ ਮਨ ਨਾ ਰਹੇ ਗ਼ਰੂਰ, ਗ਼ੁਰਬਤ ਸਭ ਦੀ ਬਾਹਰ ਕਢਾਈਆ । ਸਤਿ ਧਰਮ ਦਾ ਰੂਪ ਦਰਸਾਵਾਂ ਅਗੰਮਾ ਕਪੂਰ, ਜੋ ਕਪਲਮੁਨ ਆਸ਼ਾ ਗਿਆ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਧਰਨੀਏ ਅੰਤਸ਼ਕਰਨ ਦੀ ਮਾਰੀਂ ਆਹ, ਉਫ਼ ਹਾਏ ਨਾ ਕੋਇ ਦੁਹਾਈਆ । ਮੈਂ ਵੇਖਣਹਾਰ ਮਿਹਰਵਾਂ, ਮਿਹਬਾਨ ਬੀਦੋ ਨੂਰ ਅਲਾਹੀਆ । ਦਰਗਾਹ ਸਚ

ਵਸਾਂ ਗਰਾਂ, ਸਚਖੰਡ ਸਾਚੇ ਸੋਭਾ ਪਾਈਆ । ਹੁਕਮ ਸੰਦੇਸ਼ਾ ਆਦਿ ਜੁਗਾਦੀ ਦੇਵਾਂ ਆ, ਨਿਰਗੁਣ ਸਰਗੁਣ ਆਪਣੀ ਖੇਲ ਖਿਲਾਈਆ । ਅਵਤਾਰ ਪੈਗ਼ੰਬਰ ਗੁਰ ਤੇਰਾ ਬਣਾਵਾਂ ਗਵਾਹ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਲਹਿਣਾ ਦੇਣਾ ਵੇਖਾਂ ਥਾਉਂ ਥਾਂ, ਥਾਨ ਥਨੰਤਰ ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਜੋ ਕਲਜੁਗ ਜੀਵਾਂ ਬੁੱਧੀ ਹੋਈ ਕਾਂ, ਕਾਗ ਵਾਂਗ ਕੁਰਲਾਈਆ । ਹਿਰਦੇ ਵਸੇ ਕਿਸੇ ਨਾ ਨਾਂ, ਨਰ ਨਿਰੰਕਾਰ ਮਿਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਪੁਰਖ ਅਕਾਲ ਕਹੇ ਧਰਨੀਏ ਤੂੰ ਆਪਣੀ ਸੁਰਤ ਸੰਭਾਲ, ਸੰਬਲ ਦਾ ਮਾਲਕ ਹੋ ਕੇ ਦਿਆਂ ਜਣਾਈਆ । ਮੈਂ ਤੇਰੀ ਲੇਖੇ ਲਾਵਾਂ ਘਾਲ, ਨਵ ਨਵ ਚਾਰ ਦਾ ਪੰਧ ਮੁਕਾਈਆ । ਫਲ ਲਗਾਵਾਂ ਤੇਰੇ ਡਾਲ, ਪੱਤ ਟਹਿਣੀ ਆਪ ਮਹਿਕਾਈਆ । ਭਗਤ ਸੁਹੇਲੇ ਗੁਰੂ ਗੁਰ ਚੇਲੇ ਉਪਜਾਵਾਂ ਧੁਰ ਦੇ ਲਾਲ, ਲਾਲਨ ਹੋ ਕੇ ਧੁਰ ਦਾ ਰੰਗ ਰੰਗਾਈਆ । ਝਗੜਾ ਮੇਟਾਂ ਸ਼ਾਹ ਕੰਗਾਲ, ਦੀਨ ਮਜ਼੍ਹਬ ਦਾ ਲੇਖਾ ਦਿਆਂ ਚੁਕਾਈਆ । ਅਵਤਾਰ ਪੈਗ਼ੰਬਰ ਗੁਰੂਆਂ ਜੋ ਮੇਰਾ ਦਿਤਾ ਅਹਿਵਾਲ, ਸ਼ਬਦ ਸੰਦੇਸ਼ਿਆਂ ਵਿਚ ਸੁਣਾਈਆ । ਮੈਂ ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਖੇਲ ਕਰਾਂ ਕਮਾਲ, ਕਾਮਲ ਮੁਰਸ਼ਦ ਹੋ ਕੇ ਵੇਖਾਂ ਚਾਈਂ ਚਾਈਂਆ । ਕੂੜੀ ਕਿਰਿਆ ਤ੍ਰੈਗੁਣ ਮੇਟਾਂ ਕੂੜ ਜੰਜਾਲ, ਜਾਗਰਤ ਜੋਤ ਬਿਨ ਵਰਨ ਗੋਤ ਕਰਾਂ ਰੁਸ਼ਨਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਹੋ ਕੇ ਦੇਵਾਂ ਧਨ ਮਾਲ, ਖ਼ਜ਼ਾਨਾ ਅਤੋਟ ਅਤੁਟ ਵਰਤਾਈਆ । ਸਤਿਜੁਗ ਸਤਿ ਸਚ ਤੇਰੇ ਉਤੇ ਆਵੇ ਖ਼ੁਸ਼ਹਾਲ, ਖ਼ੁਸ਼ਬਖ਼ਰੀ ਸਤਿਗੁਰ

ਸ਼ਬਦ ਸ਼ਬਦ ਸ਼ਨਵਾਈਆ । ਜੋ ਸੰਦੇਸ਼ਾ ਦੇ ਕੇ ਗਿਆ ਸਤਿਗੁਰ ਗੋਬਿੰਦ ਇਕ ਰਵਾਲ, ਸਰ ਸਰੋਵਰਾਂ ਬਾਹਰ ਬਾਹਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਰੰਗ ਅਗੰਮ ਰੰਗਾਈਆ । ਪੁਰਖ ਅਕਾਲ ਕਹੇ ਧਰਨੀਏ ਤੇਰੇ ਉਤੇ ਪਰਗਟਾਵਾਂ ਧਰਮ, ਧਵਲੇ ਤੈਨੂੰ ਦਿਆਂ ਜਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖਾਂ ਕਰਮ, ਕਰਮ ਕਾਂਡ ਦਾ ਡੇਰਾ ਢਾਹੀਆ । ਕਲਜੁਗ ਕੂੜੀ ਕਿਰਿਆ ਮੇਟਾਂ ਭਰਮ, ਭਾਂਡਾ ਭਰਮ ਭਉ ਭੰਨਾਈਆ । ਦ੍ਰਿਸ਼ਟੀ ਕਿਸੇ ਦੀ ਰਹਿਣ ਨਾ ਦੇਵਾਂ ਚਰਮ, ਚੰਮ ਦ੍ਰਿਸ਼ਟੀ ਲੇਖਾ ਨਜ਼ਰ ਕੋਇ ਨਾ ਆਈਆ । ਸਤਿਜੁਗ ਸਾਚੇ ਸਾਚਾ ਦਿਆਂ ਜਨਮ, ਧੁਰ ਦੀ ਬਣਾਂ ਆਪ ਜਣੇਂਦੀ ਮਾਈਆ । ਝਗੜਾ ਰਹੇ ਨਾ ਵਰਨ ਬਰਨ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਮਾਲਕ ਖ਼ਾਲਕ ਬਣਾਂ ਕਰਨੀ ਕਰਨ, ਕਰਤਾ ਪੁਰਖ ਇਕ ਹੋ ਜਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸਭ ਨੂੰ ਬਖ਼ਸ਼ਾਂ ਸਰਨ, ਪਾਰਬ੍ਰਹਮ ਬ੍ਰਹਮ ਮੇਲਾ ਮੇਲਾਂ ਸਹਿਜ ਸੁਭਾਈਆ । ਸੁਰਤੀ ਸ਼ਬਦ ਮੇਰੀ ਮੰਜ਼ਲ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਪੰਚ ਵਿਕਾਰ ਤਨ ਵਜੂਦ ਮੂਲ ਨਾ ਲੜਨ, ਮਾਟੀ ਖ਼ਾਕ ਕਰਨ ਸਫ਼ਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਸਾਰੇ ਪੜ੍ਹਨ, ਨਿਰਅੱਖਰ ਅੱਖਰ ਧਾਰ ਵਿਚ ਦੇਵਾਂ ਬਦਲਾਈਆ । ਭਾਗ ਲਗਾ ਕੇ ਤੇਰੇ ਨਵ ਸੱਤ ਦੇ ਘਰਨ, ਗ੍ਰਿਹਿ ਦੁਆਰਾ ਇਕ ਸੁਹਾਈਆ । ਜੋ ਅਵਤਾਰ ਪੈਗ਼ੰਬਰ ਗੁਰੂਆਂ ਵਾਅਦਾ ਕੀਤਾ ਪਰਨ, ਪਰਮ ਪੁਰਖ ਹੋ ਕੇ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨਿਰਗੁਣ ਨਿਰਗੁਣ ਸਦਾ ਸਦਾ ਹਾਰ ਭੰਨਣ ਘੜਨ, ਸਮਰਥ ਪੁਰਖ ਅਕਥ ਆਪਣਾ ਭੇਵ ਦਏ ਚੁਕਾਈਆ ।

## ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪੂਰਨ ਸਿੰਘ ਦੇ ਗ੍ਰਿਹ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ

ਸਤਿਗੁਰ ਸ਼ਬਦ ਕਹੇ ਧਰਨੀਏ ਆਪਣੀਆਂ ਖੋਲ੍ਹ ਕੇ ਰਖੀਂ ਅੱਖਾਂ, ਬਿਨ ਨੇਤਰ ਲੋਚਨ ਨੈਣਾਂ ਨੈਣ ਉਠਾਈਆ । ਧੁਰ ਮਾਲਕ ਖ਼ਾਲਕ ਪ੍ਰਿਤਪਾਲਕ ਆਵੇ ਸਖ਼ਾ, ਸਤਿਗੁਰ ਅੰਤਰਜਾਮੀ ਨਿਹਕਾਮੀ ਆਪਣਾ ਫੇਰਾ ਪਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਲੰਘ ਗਏ ਲੱਖਾਂ, ਸਤਿਜੁਗ ਤ੍ਰੇਤਾ ਦੁਆਪਰ ਆਪਣਾ ਪੰਧ ਮੁਕਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਤੇਰੀ ਕ਼ੀਮਤ ਪਾਏ ਵਿਚੋਂ ਕੱਖਾਂ, ਆਪ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਧਰਨੀਏ ਤੂੰ ਖ਼ੁਸ਼ੀਆਂ ਵਿਚ ਹੋਵੀਂ ਖ਼ੁਸ਼ਹਾਲ, ਗ਼ਮੀ ਗ਼ਮਖਾਰ ਦਏ ਮਿਟਾਈਆ । ਕਿਰਪਾ ਕਰੇ ਦੀਨ ਦਿਆਲ, ਦਇਆ ਨਿਧ ਹੋਵੇ ਆਪ ਸਹਾਈਆ । ਤੇਰੀ ਜੁਗ ਜੁਗ ਦੀ ਲੇਖੇ ਲਾਵੇ ਘਾਲ, ਲਹਿਣਾ ਦੇਣਾ ਤੇਰੀ ਝੋਲੀ ਪਾਈਆ । ਤੇਰਾ ਸਹਾਰਾ ਗੋਬਿੰਦ ਬਣੇ ਅਗੰਮਾ ਲਾਲ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰੀ ਧਰਮ ਦੀ ਧਰਮਸਾਲ, ਦੂਜਾ ਬੰਕ ਨਜ਼ਰ ਕੋਇ ਨਾ ਆਈਆ । ਜਿਥੇ ਝੁਕਣੇ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣਾ ਨੂਰ ਨੂਰ ਜੋਤ ਕਰੇ ਰੁਸ਼ਨਾਈਆ । ਸੋ ਸਾਹਿਬ ਸੁਆਮੀ ਅੰਤਰਜਾਮੀ ਤੇਰੀ ਸੁਰਤ ਲਏ ਸੰਭਾਲ, ਸੰਬਲ ਦਾ ਮਾਲਕ ਹੋ ਕੇ ਆਪਣੀ ਕਲ ਵਰਤਾਈਆ । ਉਹ ਤਕ ਲੈ ਜਿਸ ਕਲਜੁਗ ਵਿਚ ਸਤਿਜੁਗ ਬਦਲ ਦੇਣੀ ਚਾਲ, ਚਾਰ ਜੁਗ ਦੇ ਸ਼ਾਸਤਰ ਨਿਰਗੁਣ ਸਰਗੁਣ ਦੇਣ ਗਵਾਹੀਆ । ਜਿਸ ਦੇ ਹੁਕਮ ਵਿਚ ਨਾ ਕੋਈ ਜੁਆਬ ਨਾ ਕੋਈ ਸੁਆਲ, ਜੁਆਬ ਤਲਬੀ ਨਜ਼ਰ ਕੋਇ ਨਾ ਆਈਆ । ਉਹ ਆਪੇ ਵੇਖਣਹਾਰ ਮੁਰੀਦਾਂ ਹਾਲ, ਮੁਰਸ਼ਦ ਮਾਲਕ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਧਰਨੀਏ ਤੂੰ ਧਰਮ ਦੀ ਧਾਰ ਗਾਉਂਣੇ ਗੀਤ, ਗੋਬਿੰਦ ਢੋਲਾ ਧੁਰ ਦੇ ਮਾਹੀਆ । ਤੇਰਾ ਮਾਲਕ ਖ਼ਾਲਕ ਆਵੇ ਪਤਿਤ ਪੁਨੀਤ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਤੇਰਾ ਲਹਿਣਾ ਦੇਣਾ ਵੇਖੇ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਆਪਣਾ ਹੁਕਮ ਵਰਤਾਈਆ । ਤੇਰੀ ਕਾਇਆ ਮਾਟੀ ਕਰੇ ਠਾਂਡੀ ਸੀਤ, ਕਲਜੁਗ ਅਗਨੀ ਅੱਗ ਦਏ ਬੁਝਾਈਆ । ਸਤਿਜੁਗ ਸਾਚੀ ਧਰਮ ਸਚ ਦੀ ਲਾਵੇ ਰੀਤ, ਰੀਤੀਵਾਨ ਅਗੰਮ ਅਥਾਹੀਆ । ਝਗੜਾ ਰਹੇ ਨਾ ਮੰਦਰ ਮਸੀਤ, ਕਾਇਆ ਕਾਅਬਾ ਇਕ ਦਰਸਾਈਆ । ਝਗੜਾ ਮੇਟੇ ਹਸਤ ਕੀਟ, ਕੀਟ ਕੀਟਾਂ ਰੰਗ ਰੰਗਾਈਆ । ਜਿਸ ਦਾ ਹੁਕਮ ਵਰਤੇ ਅਨਡੀਠ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਉਹ ਸਾਹਿਬ ਸੁਆਮੀ ਬੀਠਲੋ ਬੀਠ, ਪਤਿਪਰਮੇਸ਼ਵਰ ਇਕ ਅਖਵਾਈਆ । ਜੋ ਕਲਜੁਗ ਕੂੜੀ ਕਿਰਿਆ ਭੰਨੇ ਕੌੜਾ ਰੀਠ, ਅੰਮ੍ਰਿਤ ਰਸ ਨਿਝਰ ਧਾਰ ਦਏ ਚੁਆਈਆ । ਹੱਥ ਰਖੇ ਤੇਰੀ ਪੁਸ਼ਤ ਪਨਾਹ ਪੀਠ, ਮਿਹਰਵਾਨ ਹੋ ਕੇ ਮਿਹਰ ਨਜ਼ਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਧਰਨੀਏ ਤੇਰਾ ਹੋਵੇ ਪ੍ਰਭੂ ਸਹਾਇਕ, ਸਗਲਾ ਸੰਗੀ ਧੁਰਦਰਗਾਹੀਆ । ਨਿਰਗੁਣ ਧਾਰ ਬਣੇ ਨਾਇਕ, ਨਰ ਨਰਾਇਣ ਨੂਰ ਅਲਾਹੀਆ । ਜਿਸ ਦਾ ਲਹਿਣਾ ਦੇਣਾ ਝਗੜਾ ਨਹੀਂ ਤ੍ਰੈਗੁਣ ਮਾਇਕ, ਮਾਇਆ ਮਮਤਾ ਮੋਹ ਮਿਟਾਈਆ । ਹਰਿਜਨ ਭਗਤ ਸੁਹੇਲੇ ਬਣਾਏ ਲਾਇਕ, ਮਨ ਮਨਸਾ ਕੂੜ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੮੩੩ ੨੪

ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਧਰਨੀ ਤੂੰ ਸੁਣ ਅਗੰਮੀ ਬੋਲੀ, ਅਨਬੋਲਤ ਕੀ ਦ੍ਰਿੜਾਈਆ । ਜਿਸ ਤੇਰੀ ਖ਼ਾਲੀ ਭਰਨੀ ਝੋਲੀ, ਝਲਕ ਆਪਣਾ ਨਾਮ ਵਰਤਾਈਆ । ਤੂੰ ਉਸ ਦੀ ਸੇਵਕ ਬਣਨਾ ਗੋਲੀ, ਚਾਕਰ ਰੂਪ ਅਖਵਾਈਆ । ਉਹ ਨਿਰਗੁਣ ਧਾਰ ਤੋਲ ਰਿਹਾ ਤੋਲੀ, ਨਾਮ ਖੰਡਾ ਹੱਥ ਉਠਾਈਆ । ਸਤਿ ਸਚ ਦੀ ਹੱਟੀ ਰਿਹਾ ਖੋਲ੍ਹੀ, ਖ਼ਾਲਕ ਖ਼ਲਕ ਆਪ ਵਰਤਾਈਆ । ਜਿਸ ਦੀ ਧਾਰ ਹਰ ਘਟ ਅੰਦਰ ਮੌਲੀ, ਮੌਲਾ ਰੂਪ ਨੂਰ ਅਲਾਹੀਆ । ਉਹ ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰੀ ਕਰੇ ਕੌਲੀ, ਕੌਲ ਆਪਣਾ ਨਾਲ ਨਿਭਾਈਆ । ਤੂੰ ਬੇਵਸ ਹੋ ਕੇ ਪਾ ਨਾ ਰੌਲੀ, ਰਹਿਮਤ ਮੇਰੇ ਉਤੇ ਕਮਾਈਆ । ਅੰਤਮ ਅੰਤ ਮੂਲ ਨਾ ਡੋਲੀਂ, ਧੀਰਜ ਧੀਰ ਦਿਆਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਧਰਨੀਏ ਤੇਰਾ ਮੀਤਾ ਪਰਵਰਦਿਗਾਰ, ਨੂਰ ਅਲਾਹ ਇਕ ਅਖਵਾਈਆ । ਜੋ ਜਲਵਾਗਰ ਆਪਣਾ ਖੇਲ ਕਰੇ ਅਪਾਰ, ਅਪਰੰਪਰ ਹੋ ਕੇ ਵੇਖ ਵਖਾਈਆ । ਜਿਸ ਸੰਦੇਸ਼ਾ ਦਿਤਾ ਪੈਗ਼ੰਬਰ ਗੁਰ ਅਵਤਾਰ, ਅਵਤਰੀ ਹੋ ਕੇ ਗਿਆ ਦ੍ਰਿੜਾਈਆ । ਸੋ ਜੋਤੀ ਜਾਤਾ ਪੁਰਖ ਬਿਧਾਤਾ ਕਲ ਕਲਕੀ ਲਏ ਅਵਤਾਰ, ਨੂਰ ਨੁਰਾਨਾ ਧੁਰ ਅਮਾਮਾ ਆਪ ਬਦਲਾਈਆ । ਜਿਸ ਦਾ ਸੰਦੇਸ਼ਾ ਸੁਣਦੀ ਰਹੀ ਵਾਰੋ ਵਾਰ, ਵਾਰਸ ਹੋ ਕੇ ਤੈਨੂੰ ਜਾਏ ਸੁਣਾਈਆ । ਉਹ ਤੇਰੇ ਉਤੋਂ ਮੇਟੇ ਧੁੰਆਂਧਾਰ, ਕਲਜੁਗ ਅੰਧ ਅਗਿਆਨ ਦਏ ਮਿਟਾਈਆ । ਤੂੰ ਰਹਿਣਾ ਖ਼ਬਰਦਾਰ, ਬੇਖ਼ਬਰੇ ਖ਼ਬਰ ਸੁਣਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਵੇਖੇ ਵਿਗਸੇ ਪਾਵੇ ਸਾਰ, ਵੇਖਣਹਾਰ ਇਕ ਅਖਵਾਈਆ । ਜਿਸ ਦੀ ਕਾਗ਼ਜ਼ ਕ਼ਲਮ ਸ਼ਾਹੀ ਬਣ ਸਕੇ ਨਾ ਕੋਇ ਲਿਖਾਰ, ਕਾਤਬ ਚਲੇ ਨਾ ਕੋਇ ਚਤੁਰਾਈਆ । ਸੋ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਵੇਖਣਹਾਰ ਧਰਨੀਏ ਧਰਤ ਧਵਲੇ ਤੇਰਾ ਭਾਰ, ਧੁਰ ਦਾ ਮਾਲਕ ਖਾਲਕ ਇਕੋ ਨੂਰ ਅਲਾਹੀਆ । ਸੋ ਕਲਜੁਗ ਅੰਤ ਸ੍ਰੀ ਭਗਵੰਤ ਤੇਰਾ ਹੋਏ ਮਦਦਗਾਰ, ਦੂਸਰ ਸੰਗ ਨਾ ਕੋਇ ਰਖਾਈਆ । ਨਾ ਕਰੀਂ ਬਿਨ ਨੇਤਰ ਨੈਣਾਂ ਰੋ ਰੋ ਗਿਰਿਆਜ਼ਾਰ, ਹੰਝੂਆਂ ਹਾਰ ਨਾ ਕੋਇ ਬਣਾਈਆ । ਤੂੰ ਜਿਸ ਦੀ ਤਾਬਿਆਦਾਰ, ਸੇਵਕ ਹੋ ਕੇ ਸੇਵ ਕਮਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਦਾ ਕਰ ਇੰਤਜ਼ਾਰ, ਜੋ ਨਿਰਗੁਣ ਆਵੇ ਧੁਰ ਦਾ ਮਾਹੀਆ । ਜੋ ਦੀਨਾਂ ਮਜ਼੍ਹਬਾਂ ਜ਼ਾਤਾਂ ਪਾਤਾਂ ਵਸੇ ਬਾਹਰ, ਬਿਨ ਰੂਪ ਰੰਗ ਰੇਖ ਆਪਣਾ ਭੇਵ ਦਏ ਚੁਕਾਈਆ । ਧਰਨੀ ਹਸ ਕੇ ਕਹੇ ਸਤਿਗੁਰ ਸ਼ਬਦ ਮੈਂ ਬਲ ਬਲ ਜਾਵਾਂ ਬਲਿਹਾਰ, ਮੇਰੇ ਉਤੇ ਆਵੇ ਮੇਰਾ ਮਾਹੀਆ । ਮੈਂ ਨਿਵ ਨਿਵ ਡੰਡਾਵਤ ਬੰਦਨਾ ਕਰ ਕੇ ਧੂੜੀ ਲਾਵਾਂ ਛਾਰ, ਸਯਦਿਆਂ ਵਿਚ ਕ਼ਦਮ ਬੋਸੀ ਕਰ ਕੇ ਸੀਸ ਨਿਵਾਈਆ । ਬਿਨ ਨੇਤਰ ਲੋਚਨ ਨੈਣਾਂ ਕਰਾਂ ਦਰਸ ਦੀਦਾਰ, ਸਨਮੁਖ ਹੋ ਕੇ ਵੇਖ ਵਖਾਈਆ । ਜੋ ਮੇਰੇ ਉਤੇ ਧਰਮ ਦਾ ਗੁਲਸ਼ਨ ਮਹਿਕਾਏ ਬਸੰਤ ਕਰੇ ਬਹਾਰ, ਕਲਜੁਗ ਖ਼ਿਜ਼ਾਂ ਰੁਤ ਦਏ ਬਦਲਾਈਆ । ਸੋ ਮਾਲਕ ਸੁਆਮੀ ਮੇਰਾ ਹੋਵੇ ਮੀਤ ਮੁਰਾਰ, ਮਿਤਰ ਪਿਆਰਾ ਇਕ ਅਖਵਾਈਆ । ਅਗੋਂ ਸਤਿਗੁਰ ਸ਼ਬਦ ਬੋਲ ਕਹੇ ਲਲਕਾਰ, ਧੁਰ ਦਾ ਹੁਕਮ ਦ੍ਰਿੜਾਈਆ । ਉਹ ਦੀਨਾਂ ਬੰਧਪ ਦੀਨ ਦਿਆਲਾ ਸਭ ਕੁਛ ਕਰਨੇਹਾਰ, ਕ਼ੁਦਰਤ ਦਾ ਕ਼ਾਦਰ ਅਗੰਮ ਅਥਾਹੀਆ । ਜਿਸ ਦਾ ਰੂਪ ਅਨੂਪ ਅਪਾਰ, ਅਪਰੰਪਰ ਸੁਆਮੀ ਇਕ ਅਖਵਾਈਆ । ਜੋ ਸਭ ਦਾ ਲਹਿਣਾ ਦੇਣਾ ਪੂਰਬ ਕਰਜ਼ਾ ਦਏ ਉਤਾਰ, ਮਕ਼ਰੂਜ਼ ਆਪਣਾ ਲੇਖ ਮੁਕਾਈਆ । ਧਰਨੀਏ ਧਵਲੇ ਤੇਰਾ ਲਹਿਣਾ ਦੇਣਾ ਤੇਰੀ ਝੋਲੀ ਦੇਵੇ ਡਾਰ, ਵਸਤ ਅਗੰਮ ਅਥਾਹ ਅਤੋਲ ਅਤੁਲ ਵਰਤਾਈਆ । ਧਰਨੀ ਕਹੇ ਸਤਿਗੁਰ ਸ਼ਬਦ ਮੈਂ ਉਸੇ

ਪ੍ਰਭੂ ਨੂੰ ਕਰਾਂ ਨਿਮਸਕਾਰ, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਜੋ ਕਰਨਹਾਰਾ ਮਿਹਰ, ਮਿਹਰਵਾਨ ਮਿਹਰਵਾਨ ਮਿਹਰਵਾਨ ਅਗੰਮ ਅਥਾਹੀਆ ।



### * ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਮੋਹਣ ਸਿੰਘ ਦੇ ਗ੍ਰਿਹਿ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ

ਸਤਿਗੁਰ ਸ਼ਬਦ ਕਹੇ ਧਰਨੀਏ ਆਪਣੀਆਂ ਖੋਲ੍ਹ ਕੇ ਰਖੀਂ ਅੱਖਾਂ, ਬਿਨ ਨੇਤਰ ਲੋਚਨ ਨੈਣਾਂ ਨੈਣ ਉਠਾਈਆ । ਧੁਰ ਮਾਲਕ ਖ਼ਾਲਕ ਪ੍ਰਿਤਪਾਲਕ ਆਵੇ ਸਖ਼ਾ, ਸਤਿਗੁਰ ਅੰਤਰਜਾਮੀ ਨਿਹਕਾਮੀ ਆਪਣਾ ਫੇਰਾ ਪਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਲੰਘ ਗਏ ਲੱਖਾਂ, ਸਤਿਜੁਗ ਤ੍ਰੇਤਾ ਦੁਆਪਰ ਆਪਣਾ ਪੰਧ ਮੁਕਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਤੇਰੀ ਕ਼ੀਮਤ ਪਾਏ ਵਿਚੋਂ ਕੱਖਾਂ, ਆਪ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਧਰਨੀਏ ਤੂੰ ਖ਼ੁਸ਼ੀਆਂ ਵਿਚ ਹੋਵੀਂ ਖ਼ੁਸ਼ਹਾਲ, ਗ਼ਮੀ ਗ਼ਮਖਾਰ ਦਏ ਮਿਟਾਈਆ । ਕਿਰਪਾ ਕਰੇ ਦੀਨ ਦਿਆਲ, ਦਇਆ ਨਿਧ ਹੋਵੇ ਆਪ ਸਹਾਈਆ । ਤੇਰੀ ਜੁਗ ਜੁਗ ਦੀ ਲੇਖੇ ਲਾਵੇ ਘਾਲ, ਲਹਿਣਾ ਦੇਣਾ ਤੇਰੀ ਝੋਲੀ ਪਾਈਆ । ਤੇਰਾ ਸਹਾਰਾ ਗੋਬਿੰਦ ਬਣੇ ਅਗੰਮਾ ਲਾਲ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰੀ ਧਰਮ ਦੀ ਧਰਮਸਾਲ, ਦੂਜਾ ਬੰਕ ਨਜ਼ਰ ਕੋਇ ਨਾ ਆਈਆ । ਜਿਥੇ ਝੁਕਣੇ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣਾ ਨੂਰ ਨੂਰ ਜੋਤ ਕਰੇ ਰੁਸ਼ਨਾਈਆ । ਸੋ ਸਾਹਿਬ ਸੁਆਮੀ ਅੰਤਰਜਾਮੀ ਤੇਰੀ ਸੁਰਤ ਲਏ ਸੰਭਾਲ, ਸੰਬਲ ਦਾ ਮਾਲਕ ਹੋ ਕੇ ਆਪਣੀ ਕਲ ਵਰਤਾਈਆ । ਉਹ ਤਕ ਲੈ ਜਿਸ ਕਲਜੁਗ ਵਿਚ ਸਤਿਜੁਗ ਬਦਲ ਦੇਣੀ ਚਾਲ, ਚਾਰ ਜੁਗ ਦੇ ਸ਼ਾਸਤਰ ਨਿਰਗੁਣ ਸਰਗੁਣ ਦੇਣ ਗਵਾਹੀਆ । ਜਿਸ ਦੇ ਹੁਕਮ ਵਿਚ ਨਾ ਕੋਈ ਜੁਆਬ ਨਾ ਕੋਈ ਸੁਆਲ, ਜੁਆਬ ਤਲਬੀ ਨਜ਼ਰ ਕੋਇ ਨਾ ਆਈਆ । ਉਹ ਆਪੇ ਵੇਖਣਹਾਰ ਮੁਰੀਦਾਂ ਹਾਲ, ਮੁਰਸ਼ਦ ਮਾਲਕ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਧਰਨੀਏ ਤੂੰ ਧਰਮ ਦੀ ਧਾਰ ਗਾਉਂਣੇ ਗੀਤ, ਗੋਬਿੰਦ ਢੋਲਾ ਧੁਰ ਦੇ ਮਾਹੀਆ । ਤੇਰਾ ਮਾਲਕ ਖ਼ਾਲਕ ਆਵੇ ਪਤਿਤ ਪੁਨੀਤ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਤੇਰਾ ਲਹਿਣਾ ਦੇਣਾ ਵੇਖੇ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਆਪਣਾ ਹੁਕਮ ਵਰਤਾਈਆ । ਤੇਰੀ ਕਾਇਆ ਮਾਟੀ ਕਰੇ ਠਾਂਡੀ ਸੀਤ, ਕਲਜੁਗ ਅਗਨੀ ਅੱਗ ਦਏ ਬੁਝਾਈਆ । ਸਤਿਜੁਗ ਸਾਚੀ ਧਰਮ ਸਚ ਦੀ ਲਾਵੇ ਰੀਤ, ਰੀਤੀਵਾਨ ਅਗੰਮ ਅਥਾਹੀਆ । ਝਗੜਾ ਰਹੇ ਨਾ ਮੰਦਰ ਮਸੀਤ, ਕਾਇਆ ਕਾਅਬਾ ਇਕ ਦਰਸਾਈਆ । ਝਗੜਾ ਮੇਟੇ ਹਸਤ ਕੀਟ, ਕੀਟ ਕੀਟਾਂ ਰੰਗ ਰੰਗਾਈਆ । ਜਿਸ ਦਾ ਹੁਕਮ ਵਰਤੇ ਅਨਡੀਠ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਉਹ ਸਾਹਿਬ ਸੁਆਮੀ ਬੀਠਲੋ ਬੀਠ, ਪਤਿਪਰਮੇਸ਼ਵਰ ਇਕ ਅਖਵਾਈਆ । ਜੋ ਕਲਜੁਗ ਕੂੜੀ ਕਿਰਿਆ ਭੰਨੇ ਕੌੜਾ ਰੀਠ, ਅੰਮ੍ਰਿਤ ਰਸ ਨਿਝਰ ਧਾਰ ਦਏ ਚੁਆਈਆ । ਹੱਥ ਰਖੇ

ਤੇਰੀ ਪੁਸ਼ਤ ਪਨਾਹ ਪੀਠ, ਮਿਹਰਵਾਨ ਹੋ ਕੇ ਮਿਹਰ ਨਜ਼ਰ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਧਰਨੀਏ ਤੇਰਾ ਹੋਵੇ ਪ੍ਰਭੂ ਸਹਾਇਕ, ਸਗਲਾ ਸੰਗੀ ਧੁਰਦਰਗਾਹੀਆ । ਨਿਰਗੁਣ ਧਾਰ ਬਣੇ ਨਾਇਕ, ਨਰ ਨਰਾਇਣ ਨੂਰ ਅਲਾਹੀਆ । ਜਿਸ ਦਾ ਲਹਿਣਾ ਦੇਣਾ ਝਗੜਾ ਨਹੀਂ ਤ੍ਰੈਗੁਣ ਮਾਇਕ, ਮਾਇਆ ਮਮਤਾ ਮੋਹ ਮਿਟਾਈਆ । ਹਰਿਜਨ ਭਗਤ ਸੁਹੇਲੇ ਬਣਾਏ ਲਾਇਕ, ਮਨ ਮਨਸਾ ਕੂੜ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਧਰਨੀ ਤੂੰ ਸੁਣ ਅਗੰਮੀ ਬੋਲੀ, ਅਨਬੋਲਤ ਕੀ ਦ੍ਰਿੜਾਈਆ । ਜਿਸ ਤੇਰੀ ਖ਼ਾਲੀ ਭਰਨੀ ਝੋਲੀ, ਝਲਕ ਆਪਣਾ ਨਾਮ ਵਰਤਾਈਆ । ਤੂੰ ਉਸ ਦੀ ਸੇਵਕ ਬਣਨਾ ਗੋਲੀ, ਚਾਕਰ ਰੂਪ ਅਖਵਾਈਆ । ਉਹ ਨਿਰਗੁਣ ਧਾਰ ਤੋਲ ਰਿਹਾ ਤੋਲੀ, ਨਾਮ ਖੰਡਾ ਹੱਥ ਉਠਾਈਆ । ਸਤਿ ਸਚ ਦੀ ਹੱਟੀ ਰਿਹਾ ਖੋਲ੍ਹੀ, ਖ਼ਾਲਕ ਖ਼ਲਕ ਆਪ ਵਰਤਾਈਆ । ਜਿਸ ਦੀ ਧਾਰ ਹਰ ਘਟ ਅੰਦਰ ਮੌਲੀ, ਮੌਲਾ ਰੂਪ ਨੂਰ ਅਲਾਹੀਆ । ਉਹ ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰੀ ਕਰੇ ਕੌਲੀ, ਕੌਲ ਆਪਣਾ ਨਾਲ ਨਿਭਾਈਆ । ਤੂੰ ਬੇਵਸ ਹੋ ਕੇ ਪਾ ਨਾ ਰੌਲੀ, ਰਹਿਮਤ ਮੇਰੇ ਉਤੇ ਕਮਾਈਆ । ਅੰਤਮ ਅੰਤ ਮੂਲ ਨਾ ਡੋਲੀਂ, ਧੀਰਜ ਧੀਰ ਦਿਆਂ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਧਰਨੀਏ ਤੇਰਾ ਮੀਤਾ ਪਰਵਰਦਿਗਾਰ, ਨੂਰ ਅਲਾਹ ਇਕ ਅਖਵਾਈਆ । ਜੋ ਜਲਵਾਗਰ ਆਪਣਾ ਖੇਲ ਕਰੇ ਅਪਾਰ, ਅਪਰੰਪਰ ਹੋ ਕੇ ਵੇਖ ਵਖਾਈਆ । ਜਿਸ ਸੰਦੇਸ਼ਾ ਦਿਤਾ ਪੈਗ਼ੰਬਰ ਗੁਰ ਅਵਤਾਰ, ਅਵਤਰੀ ਹੋ ਕੇ ਗਿਆ ਦ੍ਰਿੜਾਈਆ । ਸੋ ਜੋਤੀ ਜਾਤਾ ਪੁਰਖ ਬਿਧਾਤਾ ਕਲ ਕਲਕੀ ਲਏ ਅਵਤਾਰ, ਨੂਰ ਨੁਰਾਨਾ ਧੁਰ ਅਮਾਮਾ ਆਪ ਬਦਲਾਈਆ । ਜਿਸ ਦਾ ਸੰਦੇਸ਼ਾ ਸੁਣਦੀ ਰਹੀ ਵਾਰੋ ਵਾਰ, ਵਾਰਸ ਹੋ ਕੇ ਤੈਨੂੰ ਜਾਏ ਸੁਣਾਈਆ । ਉਹ ਤੇਰੇ ਉਤੋਂ ਮੇਟੇ ਧੂੰਆਂਧਾਰ, ਕਲਜੁਗ ਅੰਧ ਅਗਿਆਨ ਦਏ ਮਿਟਾਈਆ । ਤੂੰ ਰਹਿਣਾ ਖ਼ਬਰਦਾਰ, ਬੇਖ਼ਬਰੇ ਖ਼ਬਰ ਸੁਣਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਵੇਖੇ ਵਿਗਸੇ ਪਾਵੇ ਸਾਰ, ਵੇਖਣਹਾਰ ਇਕ ਅਖਵਾਈਆ । ਜਿਸ ਦੀ ਕਾਗ਼ਜ਼ ਕ਼ਲਮ ਸ਼ਾਹੀ ਬਣ ਸਕੇ ਨਾ ਕੋਇ ਲਿਖਾਰ, ਕਾਤਬ ਚਲੇ ਨਾ ਕੋਇ ਚਤੁਰਾਈਆ । ਸੋ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਵੇਖਣਹਾਰ ਧਰਨੀਏ ਧਰਤ ਧਵਲੇ ਤੇਰਾ ਭਾਰ, ਧੁਰ ਦਾ ਮਾਲਕ ਖਾਲਕ ਇਕੋ ਨੂਰ ਅਲਾਹੀਆ । ਸੋ ਕਲਜੁਗ ਅੰਤ ਸ੍ਰੀ ਭਗਵੰਤ ਤੇਰਾ ਹੋਏ ਮਦਦਗਾਰ, ਦੂਸਰ ਸੰਗ ਨਾ ਕੋਇ ਰਖਾਈਆ । ਨਾ ਕਰੀਂ ਬਿਨ ਨੇਤਰ ਨੈਣਾਂ ਰੋ ਰੋ ਗਿਰਿਆਜ਼ਾਰ, ਹੰਝੂਆਂ ਹਾਰ ਨਾ ਕੋਇ ਬਣਾਈਆ । ਤੂੰ ਜਿਸ ਦੀ ਤਾਬਿਆਦਾਰ, ਸੇਵਕ ਹੋ ਕੇ ਸੇਵ ਕਮਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਦਾ ਕਰ ਇੰਤਜ਼ਾਰ, ਜੋ ਨਿਰਗੁਣ ਆਵੇ ਧੁਰ ਦਾ ਮਾਹੀਆ । ਜੋ ਦੀਨਾਂ ਮਜ੍ਹਬਾਂ ਜ਼ਾਤਾਂ ਪਾਤਾ ਵਸੇ ਬਾਹਰ, ਬਿਨ ਰੂਪ ਰੰਗ ਰੇਖ ਆਪਣਾ ਭੇਵ ਦਏ ਚੁਕਾਈਆ । ਧਰਨੀ ਹਸ ਕੇ ਕਹੇ ਸਤਿਗੁਰ ਸ਼ਬਦ ਮੈਂ ਬਲ ਬਲ ਜਾਵਾਂ ਬਲਿਹਾਰ, ਮੇਰੇ ਉਤੇ ਆਵੇ ਮੇਰਾ ਮਾਹੀਆ । ਮੈਂ ਨਿਵ ਨਿਵ ਡੰਡਾਵਤ ਬੰਦਨਾ ਕਰ ਕੇ ਧੂੜੀ ਲਾਵਾਂ ਛਾਰ, ਸੱਯਦਿਆਂ ਵਿਚ ਕ਼ਦਮ ਬੋਸੀ ਕਰ ਕੇ ਸੀਸ ਨਿਵਾਈਆ । ਬਿਨ ਨੇਤਰ ਲੋਚਨ ਨੈਣਾਂ ਕਰਾਂ ਦਰਸ ਦੀਦਾਰ, ਸਨਮੁਖ ਹੋ ਕੇ ਵੇਖ ਵਖਾਈਆ । ਜੋ ਮੇਰੇ ਉਤੇ ਧਰਮ ਦਾ ਗੁਲਸ਼ਨ ਮਹਿਕਾਏ ਬਸੰਤ ਕਰੇ ਬਹਾਰ, ਕਲਜੁਗ ਖ਼ਿਜ਼ਾ ਰੁਤ ਦਏ ਬਦਲਾਈਆ ।

ਸੋ ਮਾਲਕ ਸੁਆਮੀ ਮੇਰਾ ਹੋਵੇ ਮੀਤ ਮੁਰਾਰ, ਮਿਤਰ ਪਿਆਰਾ ਇਕ ਅਖਵਾਈਆ । ਅੱਗੋਂ ਸਤਿਗੁਰ ਸ਼ਬਦ ਬੋਲ ਕਹੇ ਲਲਕਾਰ, ਧੁਰ ਦਾ ਹੁਕਮ ਦ੍ਰਿੜਾਈਆ । ਉਹ ਦੀਨਾਂ ਬੰਧਪ ਦੀਨ ਦਿਆਲਾ ਸਭ ਕੁਛ ਕਰਨੇਹਾਰ, ਕ਼ੁਦਰਤ ਦਾ ਕ਼ਾਦਰ ਅਗੰਮ ਅਥਾਹੀਆ । ਜਿਸ ਦਾ ਰੂਪ ਅਨੂਪ ਅਪਾਰ, ਅਪਰੰਪਰ ਸੁਆਮੀ ਇਕ ਅਖਵਾਈਆ । ਜੋ ਸਭ ਦਾ ਲਹਿਣਾ ਦੇਣਾ ਪੂਰਬ ਕ਼ਰਜ਼ਾ ਦਏ ਉਤਾਰ, ਮਕ਼ਰੂਜ਼ ਆਪਣਾ ਲੇਖ ਮੁਕਾਈਆ । ਧਰਨੀਏ ਧਵਲੇ ਤੇਰਾ ਲਹਿਣਾ ਦੇਣਾ ਤੇਰੀ ਝੋਲੀ ਦੇਵੇ ਡਾਰ, ਵਸਤ ਅਗੰਮ ਅਥਾਹ ਅਤੋਲ ਅਤੁਲ ਵਰਤਾਈਆ । ਧਰਨੀ ਕਹੇ ਸਤਿਗੁਰ ਸ਼ਬਦ ਮੈਂ ਉਸੇ ਪ੍ਰਭੂ ਨੂੰ ਕਰਾਂ ਨਿਮਸਕਾਰ, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਜੋ ਕਰਨਹਾਰਾ ਮਿਹਰ, ਮਿਹਰਵਾਨ ਮਿਹਰਵਾਨ ਮਿਹਰਵਾਨ ਇਕ ਅਖਵਾਈਆ ।

✪ ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਤੇਜਾ ਸਿੰਘ ਦੇ ਗ੍ਰਿਹ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ✪

ਧਰਨੀਏ ਤੇਰੇ ਨੇਤਰ ਨੀਰ ਵਿਚ ਨਰਾਇਣ, ਨੂਰ ਨੁਰਾਨਾ ਨੂਰ ਅਲਾਹੀਆ । ਜੋ ਤੇਰਾ ਪੂਰਬ ਦੇਵੇ ਲਹਿਣਾ ਦੇਣ, ਖ਼ਾਲੀ ਝੋਲੀ ਆਪ ਭਰਾਈਆ । ਤੇਰਾ ਸਗਲਾ ਸੰਗੀ ਬਣੇ ਸੈਣ, ਸਾਜਣ ਇਕ ਅਖਵਾਈਆ । ਆਸਾ ਪੂਰੀ ਕਰੇ ਜੋ ਰਾਮ ਸੰਦੇਸ਼ਾ ਦਿਤਾ ਬਾਲਮੀਕ ਰਮਾਇਣ, ਸੀਆ ਸਤਿਗੁਰ ਸ਼ਬਦ ਨਾਲ ਵਡਿਆਈਆ । ਆਸਾ ਮਨਸਾ ਤੇਰੀ ਵੇਖੇ ਜੋ ਗੰਗਾ ਜਮਨਾ ਸੁਰਸਤੀ ਕਿਹਾ ਤ੍ਰਿਬੈਣ, ਤ੍ਰਿਬੈਣੀ ਤੇਰਾ ਧਿਆਨ ਲਗਾਈਆ । ਤੇਰਾ ਮਾਲਕ ਖ਼ਾਲਕ ਖੇਲ ਖੇਲੇ ਵਿਚ ਹਿੰਦਵੈਣ, ਹਿੰਦ ਭਾਰਤ ਆਪਣਾ ਰੰਗ ਰੰਗਾਈਆ । ਤੂੰ ਬੈਠਣਾ ਨਾਲ ਚੈਨ, ਚੀਨਾ ਦਾ ਲੇਖਾ ਤੇਰੇ ਨਾਲ ਰਲਾਈਆ । ਬੇਸ਼ਕ ਤੇਰੇ ਉਤੇ ਦੀਨ ਮਜ਼੍ਹਬ ਖਹਿਣ, ਨਾਮ ਕਲਮਾ ਕਰੇ ਲੜਾਈਆ । ਲਾੜੀ ਮੌਤ ਬਣੇ ਡੈਣ, ਲੱਖ ਚੁਰਾਸੀ ਘਰ ਘਰ ਖਾਈਆ । ਤੂੰ ਧੀਰਜ ਨਾਲ ਰਹਿਣਾ ਬਣਨਾ ਨਹੀਂ ਤ੍ਰਫੈਣ, ਹਿਸਾ ਵੰਡ ਨਾ ਕੋਇ ਵੰਡਾਈਆ । ਮਾਨਵ ਜ਼ਾਤੀ ਸਮਝਣੀ ਨਹੀਂ ਪਰਾਇਣ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਵੇਖ ਵਖਾਈਆ । ਤੇਰਾ ਨਿਸ਼ਾਨਾ ਸ੍ਰੀ ਭਗਵਾਨਾ ਕਰੇ ਐਨ ਦਾ ਐਨ, ਜੋ ਐਨੁਲਹਕ ਹਕ ਕਹਿ ਕੇ ਗਿਆ ਸੁਣਾਈਆ । ਉਹ ਮਨਸਾ ਤਕ ਲੈ ਜੋ ਰਿਖਪ ਦੇਵ ਕੀਤੀ ਉਜੈਨ, ਬਿਨ ਅੱਖਰਾਂ ਅੱਖ ਉਠਾਈਆ । ਕਲਜੁਗ ਕੂੜ ਕੁੜਿਆਰਾ ਤੇਰੇ ਉਤੋਂ ਮੇਟੇ ਵਹਿਣ, ਵੰਝੀ ਧਾਰ ਨਾ ਕੋਇ ਵਡਿਆਈਆ । ਦਾੜ੍ਹਾਂ ਹੇਠ ਪ੍ਰਿਥਮੀ ਆਏ ਚਬਾਇਣ, ਚਤੁਰਭੁਜ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਦਾਤਾ ਪੁਰਖ ਬਿਧਾਤਾ ਤੇਰਾ ਦੇਵੇ ਦੇਣ, ਦੇਵਣਹਾਰ ਏਕੰਕਾਰ ਇਕ ਅਖਵਾਈਆ ।

✪ ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਨਿਰੰਜਣ ਸਿੰਘ ਦੇ ਗ੍ਰਿਹ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ✪

ਧਰਨੀਏ ਤੂੰ ਆਦਿ ਜੁਗਾਦਿ ਸੁਘੜ ਸੁਚੱਜੀ ਸਿਆਣੀ, ਸਤਿ ਸਚ ਨਾਲ ਮਿਲ ਕੇ ਤੇਰੀ ਵਜੇ ਵਧਾਈਆ । ਪ੍ਰਭੂ ਦੀ ਬਖ਼ਸ਼ਿਸ਼ ਤੇਰੇ ਉਤੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਸੋਭਾ ਪਾਈਆ । ਤੇਰੇ ਸੀਨੇ ਦੀ ਧਾਰ ਅਠਸਠ ਤੀਰਥ ਸਰ ਸਰੋਵਰ ਪਾਣੀ, ਜਲ ਧਾਰਾ ਮਿਲ ਕੇ ਖ਼ੁਸ਼ੀ ਬਣਾਈਆ । ਚਾਰ ਜੁਗ ਦੇ ਗ੍ਰੰਥ ਸ਼ਾਸਤਰ ਤੇਰੇ ਉਤੇ ਪ੍ਰਭੂ ਹੁਕਮ ਦੀ ਬਾਣੀ, ਗੁਰ ਅਵਤਾਰ ਪੈਗ਼ੰਬਰਾਂ ਸੰਗ ਰਖਾਈਆ । ਤੂੰ ਕਲਜੁਗ ਅੰਤ ਕਿਉਂ ਚਾਰ ਕੁੰਟ ਹੋਈ ਨਿਮਾਣੀ, ਬਲਹੀਣ ਹੀਣ ਅਖਵਾਈਆ । ਤੇਰਾ ਮਾਲਕ ਖ਼ਾਲਕ ਇਕ ਸੁਲਤਾਨੀ, ਸ਼ਹਿਨਸ਼ਾਹ ਨੂਰ ਅਲਾਹੀਆ । ਜਿਸ ਦੀ ਸਦਾ ਜੋਬਨ ਵਾਲੀ ਜਵਾਨੀ, ਬਿਰਧ ਰੂਪ ਨਾ ਕੋਇ ਜਣਾਈਆ । ਉਹ ਤੇਰੀ ਜਾਣੇ ਕਥਾ ਕਹਾਣੀ, ਕਹਿਣ ਦੀ ਲੋੜ ਰਹੇ ਨਾ ਰਾਈਆ । ਉਹ ਧੁਰ ਦਾ ਬਾਪ ਅਸਮਾਨੀ, ਇਸਮ ਆਜ਼ਮ ਇਕ ਅਖਵਾਈਆ । ਜਿਸ ਦਾ ਜਿਸਮ ਨਹੀਂ ਜਿਸਮਾਨੀ, ਜ਼ਮੀਰ ਜਗਤ ਨਾ ਕੋਇ ਜਣਾਈਆ । ਉਹ ਆਦਿ ਜੁਗਾਦੀ ਅਵਤਾਰ ਪੈਗ਼ੰਬਰਾਂ ਗੁਰੂਆਂ ਬਾਨੀ, ਮਾਲਕ ਖ਼ਾਲਕ ਨੂਰ ਅਲਾਹੀਆ । ਜਿਸ ਦੇ ਕੋਲ ਮੰਜ਼ਲ ਹਕ ਰੁਹਾਨੀ, ਰੂਹ ਬੁਤ ਦਏ ਵਡਿਆਈਆ । ਉਹ ਤੇਰੀ ਕਲਜੁਗ ਅੰਤਮ ਮੇਟੇ ਪਰੇਸ਼ਾਨੀ, ਚਿੰਤਾ ਚਿਖਾ ਵਿਚੋਂ ਬਾਹਰ ਕਢਾਈਆ । ਸਤਿ ਧਰਮ ਦੀ ਸਤਿਜੁਗ ਦਏ ਨਿਸ਼ਾਨੀ, ਨਿਸ਼ਾਨਾ ਕਲਜੁਗ ਕੂੜ ਮਿਟਾਈਆ । ਮਿਹਰਵਾਨ ਹੋ ਕੇ ਕਰੇ ਮਿਹਰਵਾਨੀ, ਮਹਿਬੂਬ ਇਕ ਅਖਵਾਈਆ । ਤੂੰ ਉਸ ਦੇ ਚਰਨ ਕਵਲ ਕਰੀਂ ਧਿਆਨੀ, ਨਿਜ ਨੇਤਰ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜਾਣ ਜਾਣੀ, ਜਾਨਣਹਾਰ ਏਕੰਕਾਰ ਇਕ ਅਖਵਾਈਆ ।



✪ ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਅਨੋਖ ਸਿੰਘ ਦੇ ਗ੍ਰਿਹ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ✪

ਧਰਨੀਏ ਪ੍ਰਭ ਵੇਖੇ ਤੇਰੇ ਦੁਖਾਂ ਵਾਲਾ ਖਰੜਾ, ਖੜਗ ਖੰਡੇ ਦੀ ਧਾਰ ਬਾਹਰ ਧਿਆਨ ਲਗਾਈਆ । ਮਨ ਕਲਪਣਾ ਦੂਈ ਦੁਵੈਤੀ ਸ਼ਰਅ ਦਾ ਤਕੇ ਝਗੜਾ, ਨਵ ਸੱਤ ਪਰਦਾ ਆਪ ਉਠਾਈਆ । ਤੇਰਾ ਲਹਿਣਾ ਦੇਣਾ ਵੇਖੇ ਜੋ ਲਿਖਿਆ ਵਿਚ ਪੁਰਾਣ ਗਰੜਾ, ਵੇਦ ਵਿਆਸਾ ਕੀ ਗਿਆ ਸਮਝਾਈਆ । ਜਿਸ ਦੇ ਨਾਲ ਦੋ ਜਹਾਨ ਲਗਣਾ ਰਗੜਾ, ਚੋਟੀ ਜੜ੍ਹ ਬਚਿਆ ਰਹਿਣ ਕੋਇ ਨਾ ਪਾਈਆ । ਤੂੰ ਪੁਰਖ ਅਕਾਲ ਦੀਨ ਦਿਆਲ ਦਾ ਇਕੋ ਚਰਨ ਕਵਲ ਪਕੜਾ, ਪਗਡੰਡੀਆਂ ਰਸਤਾ ਵੇਖਣ ਕੋਇ ਨਾ ਪਾਈਆ । ਜੋ ਝਗੜਾ ਮੇਟੇ ਕਲਜੁਗ ਜੀਵ ਬਗ ਬਪ ਬਗੜਾ, ਖੋਲ੍ਹਣਹਾਰਾ ਥਾਂਉ ਥਾਂਈਆ । ਜਿਸ ਲਹਿਣਾ ਦੇਣਾ ਖੇਲ ਮੁਕਾਉਣਾ ਗੋਰ ਮਰੜਾ, ਮੜ੍ਹੀ ਗੋਰ ਧਿਆਨ ਲਗਾਈਆ । ਉਸ ਦਾ ਹੁਕਮ ਸੰਦੇਸਾ ਫ਼ਰਮਾਨ ਅਗੰਮਾ ਕਰੜਾ, ਦੋ ਜਹਾਨ ਸਕੇ ਨਾ ਕੋਇ ਬਦਲਾਈਆ । ਕਲਜੁਗ ਕੂੜ ਕੁੜਿਆਰ ਜੋ ਨੇਤਰ ਬਦਲੇ ਦਰੜਾ, ਅੱਖ ਅੱਖ ਵਿਚੋਂ ਉਲਟਾਈਆ । ਮਾਇਆ ਮਮਤਾ ਮੋਹ ਵਿਕਾਰ ਜਾਏ ਜਰੜਾ, ਬੰਧਨ ਧੁਰ ਦਾ ਨਾਮ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨ, ਜਹਾਲਤ ਤਕੇ ਥਾਉਂ ਥਾਈਂਆ ।

### ✪ ੧੭ ਭਾਦਰੋ ਸ਼ਹਿਨਸ਼ਾਹੀ ਸੰਮਤ ੧੧ ਚਰਨ ਸਿੰਘ ਦੇ ਗ੍ਰਿਹਿ ਪਿੰਡ ਚੰਬਲ ਜ਼ਿਲਾ ਅੰਮ੍ਰਿਤਸਰ ✪

ਧਰਨੀਏ ਤੂੰ ਕਿਉਂ ਰੋਂਦੀ ਕੁਰਲਾਂਦੀ, ਹਾਹਾਕਾਰ ਵਿਚ ਕਰੇਂ ਹਾਲ ਦੁਹਾਈਆ । ਤੂੰ ਆਦਿ ਜੁਗਾਦਿ ਜੁਗ ਚੌਕੜੀ ਸ਼ਬਦ ਗੁਰੂ ਦੀ ਬਾਂਦੀ, ਬੰਦਨਾ ਵਿਚ ਬਹਿ ਕੇ ਇਕੋ ਸੀਸ ਨਿਵਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਰਹਿਣਾ ਗਾਂਦੀ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੇਰੇ ਉਤੋਂ ਕਲਜੁਗ ਕੂੜ ਕੁੜਿਆਰ ਪ੍ਰਭ ਮਿਟਾਵੇ ਅੰਧੇਰ ਆਂਧੀ, ਅੰਧ ਕੂਪ ਦਾ ਲੇਖਾ ਰਹੇ ਨਾ ਰਾਈਆ । ਝਗੜਾ ਰਹਿਣ ਨਾ ਦੇਵੇ ਸੋਨਾ ਚਾਂਦੀ, ਧੰਨ ਦੌਲਤ ਮਿੱਟੀ ਖ਼ਾਕ ਖ਼ਾਕ ਮਿਲਾਈਆ । ਤੂੰ ਲੋਕਮਾਤ ਮੂਲ ਨਾ ਰਹਿਣਾ ਪਛਤਾਂਦੀ, ਪਸ਼ਚਾਤਾਪ ਨਾ ਕੋਇ ਰਖਾਈਆ । ਖ਼ੁਸ਼ੀਆਂ ਨਾਲ ਸਚ ਦਾ ਰਸ ਰਹਿਣਾ ਪੀਂਦੀ ਖਾਂਦੀ, ਖ਼ਾਕਾ ਦੁਨੀਆ ਨਾ ਕੋਇ ਜਣਾਈਆ । ਜੇ ਤੇਰੀ ਸਾਹਿਬ ਬਿਨਾ ਪਤ ਜਾਂਦੀ, ਪੁਰਖ ਅਕਾਲਾ ਹੋਏ ਸਹਾਈਆ । ਤੈਨੂੰ ਸੁਗੰਦੜੀ ਆਦਿ ਜੁਗਾਦਿ ਗੁਰਾਂ ਦੀ, ਗੁਰੂ ਗੁਰਦੇਵ ਦੇਣ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਅਵਾਜ਼ ਸੁਣੇ ਦੁਖਾਂ ਵਾਲੀ ਸੁਰਾਂ ਦੀ, ਸੁਰਤੀ ਅਕਾਲ ਮੂਰਤੀ ਅਕਲ ਕਲਧਾਰੀ ਆਪੇ ਵੇਖ ਵਖਾਈਆ ।

### ✪ ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਦੀਦਾਰ ਸਿੰਘ ਦੇ ਗ੍ਰਿਹਿ ਰਾਤ ਨੂੰ ਪਿੰਡ ਜੱਟਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਪ੍ਰਭੂ ਮੇਰੇ ਆਦਿ ਜੁਗਾਦੀ ਸਨਬੰਧੀਆ, ਬੰਦਨਾ ਡੰਡਾਵਤ ਸਯਦਾ ਕਰਕੇ ਸੀਸ ਨਿਵਾਈਆ । ਨਿਰਗੁਣ ਨਿਰਾਕਾਰ ਨਿਰੰਕਾਰ ਮੇਰੇ ਉਤੇ ਤਕ ਲੈ ਸੰਧੀਆ, ਜੋ ਅਵਤਾਰ ਪੈਗ਼ੰਬਰਾਂ ਗੁਰੂਆਂ ਨਾਲ ਗਿਆ ਕਰਾਈਆ । ਮੇਰੇ ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਸ਼ਰਅ ਦੀਆਂ ਮੇਟ ਦੇ ਪਾਬੰਦੀਆਂ, ਸ਼ਰੀਅਤ ਇਕ ਦੇਣੀ ਸਮਝਾਈਆ । ਮੈਂ ਤੇਰਾ ਸੁਖ ਮਾਣਾਂ ਅਗੰਮ ਅਨੰਦੀਆ, ਅਨੰਦ ਅਨੰਦ ਦੇ ਮਾਲਕ ਦੇਣਾ ਵਰਤਾਈਆ । ਦੂਈ ਦੁਵੈਤ ਮਿਟਾ ਦੇ ਕੂੜ ਕੁੜਿਆਰ ਦੀਆਂ ਢਾਹ ਦੇ ਕੰਧੀਆਂ, ਮਾਨਸ ਮਾਨਵ ਮਾਨੁਖ ਇਕੋ ਦਰ ਸੁਹਾਈਆ । ਮਹਿਬੂਬ ਹੋ ਕੇ ਲਾ ਲੈ ਅੰਗੀ ਆ, ਅੰਗੀਕਾਰ ਇਕ ਹੋ ਜਾਈਆ । ਜਗਤ ਵਿਕਾਰ ਤਨ ਵਜੂਦ ਵਾਸ਼ਨਾ ਕਢ ਦੇ ਗੰਦੀਆਂ, ਮਾਟੀ ਖ਼ਾਕ ਤੇਰੇ ਨਾਮ ਦੀ ਵਜੇ ਵਧਾਈਆ । ਜੁਗ ਚੌਕੜੀਆਂ ਕੇਤੇ ਮੇਰੇ ਉਤੋਂ ਲੰਘੀਆਂ, ਆਪ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰ ਆਪ ਰਖਾਈਆ । ਧਰਨੀ ਕਹੇ ਪ੍ਰਭੂ ਕਿਰਪਾ ਕਰ ਗੁਰੂ ਮਹਾਰਾਜ, ਸਾਹਿਬ ਸਤਿਗੁਰ ਸੀਸ ਨਿਵਾਈਆ । ਆਤਮ ਪਰਮਾਤਮ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਬਣਾ ਸਮਾਜ, ਸਮਗ੍ਰੀ ਨਾਮ ਸਤਿ ਵਰਤਾਈਆ । ਮਿਹਰਵਾਨ ਹੋ ਕੇ ਮੇਰੇ ਸਵਾਰ ਕਾਜ, ਕਰਨੀ ਦੇ ਕਰਤੇ ਦਇਆ ਕਮਾਈਆ । ਸਤਿ ਧਰਮ ਦਾ ਸਤਿ ਸਤਿਵਾਦੀ ਬਖ਼ਸ਼ ਰਾਜ, ਰਈਅਤ ਆਪਣੇ ਰੰਗ ਰੰਗਾਈਆ । ਤੇਰਾ ਧਰਮ ਲੰਗੜਾ ਲੂਲ੍ਹਾ ਹੋਇਆ ਅਪਾਹਜ, ਨਵ ਸੱਤ ਵੇਖਣਾ ਥਾਉਂ ਥਾਈਂਆ । ਪਰਮ ਪੁਰਖ ਪਰਮਾਤਮ ਮੇਰੀ ਬੇਨੰਤੀ ਮੰਨ ਲੈ ਆਜ, ਆਜਜ਼ ਹੋ ਕੇ ਸੀਸ ਨਿਵਾਈਆ । ਤੈਨੂੰ ਨਿਰਗੁਣ ਦਾਤੇ ਕਹਿੰਦੇ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣਿਆਂ ਹੋਣਾ ਸਹਾਈਆ । ਮੈਂ ਬੇਨੰਤੀ ਕਰਦੀ ਨਵ ਸੱਤ ਵਿਚੋਂ ਪੰਜ ਆਬ, ਪੰਚਮ ਦੇ ਮਾਲਕ ਦੇਣੀ ਮਾਣ ਵਡਿਆਈਆ । ਮੇਰਾ ਲੇਖਾ ਲਹਿਣਾ ਦੇਣਾ ਰਹੇ ਨਾ ਦੋ ਦੋ ਆਬ, ਦੋ ਜਹਾਨਾਂ ਆਪਣਾ ਪਰਦਾ ਦੇਣਾ ਖੁਲ੍ਹਾਈਆ । ਮੇਰਾ ਲਹਿਣਾ

ਦੇਣਾ ਤਕੀਂ ਨਾ ਪੁੰਨ ਸੁਆਬ, ਸਤਿਗੁਰ ਹੋ ਕੇ ਦਇਆ ਕਮਾਈਆ । ਤੂੰ ਨਿਰਗੁਣ ਦਾਤਾ ਪੁਰਖ ਬਿਧਾਤਾ ਖੇਲ ਕਰੇਂ ਅਵਤਾਰ ਪੈਗ਼ੰਬਰਾਂ ਗੁਰੂਆਂ ਬਾਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੀ ਧਾਰ ਨਿਮਾਣੀ, ਨਿਮਰਤਾ ਵਿਚ ਸੀਸ ਨਿਵਾਈਆ । ਮੇਰਾ ਏਕੋ ਏਕ ਬਖ਼ਸ਼ ਦੇ ਹਾਣੀ, ਸਤਿਗੁਰ ਸ਼ਬਦ ਸ਼ਬਦ ਮਿਲਾਈਆ । ਤੇਰੇ ਕਲਮੇ ਦੀ ਨਾਮ ਨਿਧਾਨ ਦੱਸੇ ਬਾਣੀ, ਅਣਿਆਲਾ ਤੀਰ ਚਲਾਈਆ । ਮੇਰੇ ਉਤੇ ਪਵਿਤ੍ਰ ਹੋ ਜਾਏ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਦੁਰਮਤ ਮੈਲ ਧੁਆਈਆ । ਤੂੰ ਸ਼ਾਹੋ ਭੂਪ ਸੁਲਤਾਨੀ, ਸ਼ਹਿਨਸ਼ਾਹ ਨੂਰ ਅਲਾਹੀਆ । ਆਦਿ ਜੁਗਾਦੀ ਮੇਰੇ ਉਤੇ ਕਰ ਮਿਹਰਵਾਨੀ, ਮਹਿਬੂਬ ਤੇਰੀ ਓਟ ਤਕਾਈਆ । ਅੰਮ੍ਰਿਤ ਮੇਘ ਬਰਸ ਦੇ ਅਗੰਮਾ ਪਾਣੀ, ਜਗਤ ਸਰੋਵਰਾਂ ਲੋੜ ਰਹੇ ਨਾ ਰਾਈਆ । ਸ਼ਬਦੀ ਨਾਦ ਦੇ ਅਗੰਮ ਧੁੰਨਕਾਨੀ, ਅਨਹਦ ਨਾਦੀ ਨਾਦ ਵਜਾਈਆ । ਜੋਤੀ ਜਾਤੇ ਤੇਰਾ ਚਮਕੇ ਨੂਰ ਨੁਰਾਨੀ, ਨਵ ਸੱਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਮੇਰੇ ਮਾਲਕ ਠਾਕਰ ਹਕ ਮਹਿਬੂਬ, ਤੇਰੀ ਮੁਹੱਬਤ ਵਿਚ ਸੀਸ ਨਿਵਾਈਆ । ਮੇਰੇ ਉਤੇ ਹਾਜ਼ਰ ਹੋ ਮੌਜੂਦ, ਮਜਲਸ ਭਗਤਾਂ ਨਾਲ ਰਖਾਈਆ । ਸ਼ਰਅ ਸ਼ਰੀਅਤ ਮੇਟ ਹਦੂਦ, ਹੱਦ ਇਕੋ ਇਕ ਦਰਸਾਈਆ । ਤੇਰੀ ਆਲੀਸ਼ਾਨ ਆਲੀਜ਼ਾਹ ਤਕਾਂ ਅਰੂਜ, ਅਰਸ਼ ਫ਼ਰਸ਼ ਦੇ ਮਾਲਕ ਤੇਰਾ ਨੂਰ ਨਜ਼ਰੀ ਆਈਆ । ਤੇਰੀ ਮੰਜ਼ਲ ਇਕੋ ਹੋਵੇ ਹਕ ਮਕ਼ਸੂਦ, ਦੂਜਾ



ਗ੍ਰਿਹਿ ਨਜ਼ਰ ਕੋਇ ਨਾ ਆਈਆ । ਬੇਸ਼ਕ ਮੇਰਾ ਮਾਟੀ ਖ਼ਾਕ ਤਨ ਨਹੀਂ ਵਜੂਦ, ਧਰਨੀ ਧਰਤ ਧਵਲ ਧੌਲ ਹੋ ਕੇ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਮੇਰੇ ਉਤੇ ਕਰ ਮਿਹਰਵਾਨੀ, ਮਿਹਰਵਾਨ ਦਇਆ ਕਮਾਈਆ । ਮੇਰੀ ਬਾਲੀ ਬੁਧਿ ਅੰਞਾਣੀ, ਅਕਲ ਬੁੱਧੀ ਨਾ ਕੋਇ ਚਤੁਰਾਈਆ । ਮੇਰੀ ਪੂਰਬ ਪੂਰਬ ਰਹੀ ਜਵਾਨੀ, ਜੋਬਨਵੰਤੇ ਅਗੇ ਦੇਣੀ ਮਾਣ ਵਡਿਆਈਆ । ਮੇਰੀ ਕਥਾ ਕਹਾਣੀ ਨਾ ਤਕ ਪੁਰਾਣੀ, ਪੁਨਹ ਪੁਨਹ ਕਹਿ ਕੇ ਸੀਸ ਨਿਵਾਈਆ । ਮੈਂ ਨਵ ਸੱਤ ਕਲਜੁਗ ਕੂੜੀ ਕਿਰਿਆ ਕੀਤੀ ਨਿਮਾਣੀ, ਨਿਮਾਣੀ ਹੋ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰ ਇਕ ਪਰਗਟਾਈਆ । ਧਰਨੀ ਕਹੇ ਪਰਮ ਪੁਰਖ ਮੇਰੇ ਪੁਰਖ ਅਕਾਲ, ਅਕਲ ਕਲਧਾਰੀ ਤੇਰੀ ਵਡਿਆਈਆ । ਮੇਰੇ ਉਤੇ ਹੋ ਦਿਆਲ, ਦੀਨਨ ਆਪਣੇ ਰੰਗ ਰੰਗਾਈਆ । ਸਚ ਭੰਡਾਰਾ ਦੇ ਅਗੰਮਾ ਮਾਲ, ਨਾਮ ਨਿਧਾਨ ਇਕ ਵਰਤਾਈਆ । ਨਵ ਸੱਤ ਮੇਰੀ ਬਣਾ ਸਚੀ ਧਰਮਸਾਲ, ਧਰਮ ਦੁਆਰ ਇਕ ਵਖਾਈਆ । ਜੋਤੀ ਜਾਤਾ ਹੋ ਕੇ ਸੁਰਤ ਸੰਭਾਲ, ਸੰਬਲ ਆਪਣਾ ਆਸਣ ਲਾਈਆ । ਲੇਖਾ ਮੁਕਾ ਦੇ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਮੇਰੀ ਇਕੋ ਬੇਨੰਤੀ ਇਕੋ ਸੁਆਲ, ਅਰਜ਼ ਆਰਜ਼ੂ ਤੇਰੇ ਚਰਨ ਟਿਕਾਈਆ । ਕਲਜੁਗ ਕੂੜੀ ਕਿਰਿਆ ਕਰ ਜ਼ਵਾਲ, ਜ਼ਾਹਰ ਜ਼ਹੂਰ ਆਪਣਾ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰੀ ਪੂਰੀ ਕਰ ਦੇ ਆਸਾ, ਤ੍ਰਿਸ਼ਨਾ ਜਗਤ ਦੇ ਬੁਝਾਈਆ । ਤੇਰੇ ਉਤੇ ਰਖਿਆ ਭਰਵਾਸਾ, ਭਗਵਨ ਤੇਰੀ ਓਟ ਤਕਾਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਸ਼ਾਬਾਸ਼ਾ, ਆਦਿ ਜੁਗਾਦਿ ਤੇਰੀ ਸਰਨਾਈਆ । ਮੇਰੇ ਮੰਡਲ

ਮੰਡਪ ਖ਼ੁਸ਼ੀਆਂ ਵਾਲੀ ਪਾ ਦੇ ਰਾਸਾ, ਬਿਨ ਗੋਪੀ ਕਾਹਨ ਨਾਚ ਨਚਾਈਆ । ਮਾਨਸ ਮਾਨਵ ਮਾਨੁਖ ਅੰਤਰ ਨਿਰੰਤਰ ਨਿਰਗੁਣ ਨੂਰ ਕਰ ਪਰਕਾਸ਼ਾ, ਅੰਧ ਅੰਧੇਰ ਰਹੇ ਨਾ ਰਾਈਆ । ਨਾਮ ਜਪਾ ਦੇ ਸਵਾਸ ਸਵਾਸਾ, ਸਾਹ ਸਾਹ ਤੇਰਾ ਨਾਮ ਧਿਆਈਆ । ਨਿਜ ਗ੍ਰਿਹਿ ਅੰਦਰ ਜੋਤੀ ਜਾਤੇ ਹੋ ਕੇ ਵੇਖ ਤਮਾਸ਼ਾ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸਚ ਆਪ ਅਖਵਾਈਆ । ਪੁਰਖ ਅਕਾਲ ਕਹੇ ਸੁਣ ਧਰਨੀ ਧਵਲ, ਧਰਤੀ ਦਿਆਂ ਜਣਾਈਆ । ਮੇਰਾ ਆਦਿ ਜੁਗਾਦੀ ਅਲਾਹੀ ਨੂਰ ਅਵਲ, ਆਲਮੀਨ ਇਕ ਅਖਵਾਈਆ । ਮੈਂ ਹਰ ਘਟ ਅੰਤਰ ਜਾਵਾਂ ਮਵਲ, ਮੌਲਾ ਹੋ ਕੇ ਸੰਗ ਨਿਭਾਈਆ । ਮੇਰਾ ਸਭ ਦੇ ਨਾਲ ਇਕਰਾਰ ਕਵਲ, ਆਦਿ ਜੁਗਾਦੀ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਆਮੀ ਹੋਏ ਸਹਾਈਆ । ਧਰਨੀਏ ਤੂੰ ਧਵਲੇ ਮੂਲ ਨਾ ਡਰ, ਡਰਪੋਕ ਰੂਪ ਬਣਾਈਆ । ਤੇਰਾ ਮਾਲਕ ਖ਼ਾਲਕ ਇਕੋ ਹਰਿ, ਹਰਿ ਕਰਤਾ ਧੁਰਦਰਗਾਹੀਆ । ਜਿਸ ਜੁਗ ਚੌਕੜੀ ਬਖ਼ਸ਼ੇ ਵਰ, ਦਾਤਾ ਹੋ ਕੇ ਝੋਲੀ ਪਾਈਆ । ਉਹ ਦੂਰ ਦੁਰਾਡਾ ਨਿਰਗੁਣ ਧਾਰ ਆਏ ਤੇਰੇ ਘਰ, ਗ੍ਰਿਹਿ ਮੰਦਰ ਵੇਖ ਵਖਾਈਆ । ਨਵ ਸੱਤ ਦੀ ਧਾਰ ਤਕੇ ਸਰੋਵਰ ਸਰ, ਜਲ ਥਲ ਮਹੀਅਲ ਖੋਜ ਖੁਜਾਈਆ । ਤੂੰ ਸਾਹਿਬ ਸੁਲਤਾਨ ਦੀ ਸਰਨਾਈ ਜਾਈਂ ਪਰ, ਬਿਨ ਪਰਾ ਪਸੰਤੀ ਮਧਮ ਬੈਖਰੀ ਖ਼ੁਸ਼ੀਆਂ ਢੋਲੇ ਗਾਈਆ । ਉਹ ਮਾਲਕ ਖ਼ਾਲਕ ਨਰਾਇਣ ਨਰ, ਨਰ ਹਰਿ ਆਪਣੇ ਰੰਗ ਰੰਗਾਈਆ । ਜਿਸ ਦਾ ਭਾਣਾ ਜੁਗ ਚੌਕੜੀ ਰਹੀ ਜਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੈਠੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰ ਦਏ ਵਡਿਆਈਆ । ਧਰਨੀ ਕਹੇ ਪ੍ਰਭੂ ਤਕ ਲੈ ਅੰਤਸ਼ਕਰਨ, ਬਾਹਰ ਵੇਖਣ ਦੀ ਲੋੜ ਰਹੀ ਨਾ ਰਾਈਆ । ਮੈਂ ਇਕੋ ਪੂਜਾਂ ਤੇਰੇ ਚਰਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਮੈਂ ਚਾਹੁੰਦੀ ਮੇਰੇ ਉਤੋਂ ਝਗੜਾ ਮੇਟ ਦੇ ਵਰਨ ਬਰਨ, ਚਾਰ ਅਠਾਰਾਂ ਵੰਡ ਨਾ ਕੋਇ ਵੰਡਾਈਆ । ਦੀਨ ਮਜ਼੍ਹਬ ਤੇਰੇ ਨਾਮ ਕਲਮੇ ਉਤੋਂ ਮੂਲ ਨਾ ਲੜਨ, ਸ਼ਰਅ ਕਰੇ ਨਾ ਕੋਇ ਲੜਾਈਆ । ਸੁਰਤੀ ਧਾਰ ਏਕੰਕਾਰ ਤੇਰਾ ਸ਼ਬਦੀ ਪੱਲੂ ਫੜਨ, ਬਿਨ ਹੱਥਾਂ ਦੇਣਾ ਫੜਾਈਆ । ਬਿਨ ਕ਼ਦਮਾਂ ਮੰਜ਼ਲ ਚੜ੍ਹਨ, ਭੱਜਣ ਵਾਹੋ ਦਾਹੀਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਪੜ੍ਹਨ, ਧੁਰ ਦੀ ਸਿਖਿਆ ਇਕ ਸਿਖਾਈਆ । ਤ੍ਰੈਗੁਣ ਮਾਇਆ ਮੂਲ ਨਾ ਸੜਨ, ਅਗਨੀ ਤਤ ਨਾ ਕੋਇ ਤਪਾਈਆ । ਤੇਰੇ ਸਚ ਦੁਆਰ ਏਕੰਕਾਰ ਧੁਰ ਦਰਗਾਹ ਵੜਨ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਨਿਗਾਹ ਮਾਰ ਲੈ ਆਪਣੇ ਜਗਤ, ਜਗਤ ਜਗਿਆਸੂਆਂ ਵੇਖ ਵਖਾਈਆ । ਕੀ ਖੇਲ ਰਚਾਇਆ ਬੂੰਦ ਰਕਤ, ਤਨ ਵਜੂਦਾਂ ਪੰਜ ਤਤ ਮਿਲ ਕੇ ਵਜੇ ਵਧਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਮੇਰੇ ਉਤੇ ਪਰਗਟ ਕਰ ਦੇ ਆਪਣੇ ਭਗਤ, ਭਗਵਨ ਪਰਦਾ ਦੇਣਾ ਚੁਕਾਈਆ । ਮੇਰਾ ਸੁਹੰਜਣਾ ਕਰ ਦੇ ਵਕਤ, ਘੜੀ ਪਲ ਤੇਰਾ ਰਾਹ ਤਕਾਈਆ । ਤੇਰੀ ਆਦਿ ਜੁਗਾਦੀ ਇਕੋ ਸ਼ਕਤ, ਦੂਜਾ ਨਜ਼ਰ ਕੋਇ ਨਾ ਆਈਆ । ਸਤਿ ਧਰਮ ਦੀ ਮੇਰੇ ਉਤੇ ਬਣਾ ਦੇ ਬਣਤ, ਘੜਨ ਭੰਨਣਹਾਰ ਤੇਰੇ ਹੱਥ ਵਡਿਆਈਆ । ਗੁਰਮੁਖ ਗੁਰਸਿਖ ਹਰਿਜਨ ਮੇਰੇ ਉਤੇ ਹੋਣ ਸੰਤ, ਸਤਿਗੁਰ ਸ਼ਬਦ ਸ਼ਬਦ ਦਾ ਢੋਲਾ ਗਾਈਆ । ਤੂੰ ਪਰਮ ਪੁਰਖ ਪਰਮਾਤਮ ਬਣਨਾ ਅਗੰਮਾ ਕੰਤ, ਕੰਤੂਹਲ ਹੋ ਕੇ ਆਪਣਾ

ਰੰਗ ਰੰਗਾਈਆ । ਮੈਂ ਚਾਹੁੰਦੀ ਮੇਰੇ ਉਤੇ ਧਰਮ ਦੀ ਬਹਾਰ ਹੋਏ ਬਸੰਤ, ਪੱਤ ਟਹਿਣੀ ਫਲ ਫੂਲ ਆਪ ਮਹਿਕਾਈਆ । ਨਵ ਸੱਤ ਗੜ੍ਹ ਤੋੜ ਦੇ ਹਉਮੇ ਹੰਗਤ, ਹੰ ਬ੍ਰਹਮ ਆਪ ਜਣਾਈਆ । ਮੇਰੀ ਭੂਮਿਕਾ ਸਤਿ ਧਰਮ ਬਣਾ ਦੇ ਬਹਿਸ਼ਤ ਜੰਨੱਤ, ਕਲਜੁਗ ਕੂੜੀ ਕਿਰਿਆ ਬਾਹਰ ਹਟਾਈਆ । ਮੇਰੇ ਉਤੇ ਮਿਹਰਵਾਨਾ ਤੇਰਾ ਰਹੇ ਕੋਈ ਨਾ ਨਿੰਦਕ, ਚੁਗਲੀ ਸਰਵਣ ਸੁਣਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰ ਹਿਰਦੇ ਅੰਤਰ ਆਪਣੇ ਪਿਆਰ ਦੀ ਦੇ ਹਿੰਮਤ, ਹੌਸਲਾ ਪਿਆਰ ਵਾਲਾ ਵਧਾਈਆ ।

### ✪ ੧੭ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਗੁਰਬਚਨ ਸਿੰਘ ਦੇ ਗ੍ਰਹਿ ਪਿੰਡ ਉਸਮਾ ਜ਼ਿਲਾ ਅੰਮ੍ਰਿਤਸਰ ✪

ਨਾਰਦ ਕਹੇ ਸੁਣ ਨੀ ਧਰਨੀਏ ਮਈਆ, ਮੰਮੀਏ ਅੰਮੀਏ ਤੈਨੂੰ ਦਿਆਂ ਜਣਾਈਆ । ਕੀ ਖੇਲ ਕਰੇ ਤੇਰੇ ਉਤੇ ਅਗੰਮਾ ਸਈਆ, ਸਾਜਣ ਰਾਜਨ ਸ਼ਾਹੋ ਭੂਪ ਕੀ ਦ੍ਰਿੜਾਈਆ । ਕੀ ਆਸਾ ਰਖ ਕੇ ਗਿਆ ਰਾਮ ਰਮਈਆ, ਰਾਮ ਰਾਮਾ ਕੀ ਭੇਵ ਚੁਕਾਈਆ । ਕੀ ਸੰਦੇਸ਼ਾ ਦਿਤਾ ਨਿਰਗੁਣ ਸਰਗੁਣ ਧਾਰ ਘਨਈਆ, ਕਾਹਨ ਕਾਹਨਾ ਕੀ ਦ੍ਰਿੜਾਈਆ । ਨੀ ਆਪਣਾ ਲਹਿਣਾ ਦੇਣਾ ਖਾਤਾ ਕੱਢਕੇ ਤਕ ਲੈ ਵਹੀਆ, ਵਾਹਿਦ ਇਕੋ ਹੁਕਮ ਜਣਾਈਆ । ਕੀ ਪੈਗੰਬਰਾਂ ਤੇਰੇ ਉਤੇ ਪਾਈ ਸਹੀਆ, ਸ਼ਹਾਦਤ ਕੀ ਭੁਗਤਾਈਆ । ਕਿਹੜੀ ਧਾਰ ਗੁਰੂਆਂ ਚਲਾਈ ਨਈਆ, ਨੌਕਾ ਵੇਖਣੀ ਥਾਉਂ ਥਾਈਆ । ਨਿਗਾਹ ਮਾਰ ਲੈ ਨਵ ਸੱਤ ਤੇਰੀ ਪਤ ਗਈਆ, ਸੀਸ ਹੱਥ ਨਾ ਕੋਇ ਟਿਕਾਈਆ । ਨਾਤਾ ਰਿਹਾ ਨਾ ਭੈਣਾਂ ਭਈਆ, ਪਿਤਾ ਪੂਤ ਨਾ ਕੋਇ ਚਤੁਰਾਈਆ । ਉਹ ਵੇਖ ਲੈ ਲੰਘ ਗਿਆ ਗੋਬਿੰਦ ਵਾਲਾ ਢਈਆ, ਢੌਂਕਾ ਆਪਣਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਧਰਨੀਏ ਤੂੰ ਨਿਗਾਹ ਮਾਰ ਲੈ ਜਲਦੀ, ਜਗਤ ਸਮਾਜ ਸੰਗ ਨਾ ਕੋਇ ਰਖਾਈਆ । ਕੀ ਕ਼ੀਮਤ ਪੈਣੀ ਤੇਰੇ ਉਤੇ ਨਾਨਕ ਵਾਲੀ ਇਕ ਗੱਲ ਦੀ, ਜਿਸ ਨੂੰ ਕਥਨੀ ਕਥ ਸਕੇ ਨਾ ਰਾਈਆ । ਧਾਰ ਤਕ ਲੈ ਕਲਜੁਗ ਕਲ ਦੀ, ਕੀ ਕਾਤੀਆਂ ਰਿਹਾ ਲਗਾਈਆ । ਕੀ ਖ਼ਬਰ ਸੁਣੀ ਮਹੀਅਲ ਜਲ ਥਲ ਦੀ, ਸਮੁੰਦ ਸਾਗਰ ਟਿੱਲੇ ਪਰਬਤ ਕੀ ਦ੍ਰਿੜਾਈਆ । ਕੀ ਆਸ਼ਾ ਕਹਿੰਦੀ ਰਾਜੇ ਬਲ ਦੀ, ਬਾਵਨ ਧਾਰ ਕੀ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਵੱਡਾ ਵਡ ਵਡਿਆਈਆ । ਨਾਰਦ ਕਹੇ ਧਰਨੀਏ ਧਵਲੇ ਆਪਣਾ ਤਕ ਲੈ ਰੂਪ ਅਨੂਪ, ਕੀ ਰਿਹਾ ਜਣਾਈਆ । ਤੇਰਾ ਸਤਿ ਦਾ ਰਿਹਾ ਨਾ ਕੋਇ ਸਪੂਤ, ਪਿਤਾ ਪੂਤ ਨਾ ਕੋਇ ਵਡਿਆਈਆ । ਮੈਂ ਤੇਰੇ ਕੋਲੋਂ ਪੁਛਣਾ ਚਾਹੁੰਦਾ ਇਕ ਸਬੂਤ, ਸਹਿਜ ਨਾਲ ਦੇਣਾ ਸੁਣਾਈਆ । ਕੀ ਤੈਨੂੰ ਇਸ਼ਾਰਾ ਦਿਤਾ ਮੁਹੰਮਦ ਵਾਲੇ ਮਹਿਬੂਬ, ਨੂਰ ਨੁਰਾਨਾ ਸ਼ਾਹ ਸੁਲਤਾਨਾ ਕੀ ਦ੍ਰਿੜਾਈਆ । ਕਿਹੜੀ ਮੰਜ਼ਲ ਹਕ ਤੇਰੀ ਅਰਸ਼ ਅਰੂਜ, ਆਲੀਸ਼ਾਨ ਕਵਣ ਗਿਆ ਸਮਝਾਈਆ । ਮੇਰਾ ਇਸ਼ਾਰਾ ਬਿਨਾ ਰਮਜ਼ ਤੋਂ ਬੁਝ, ਜਗਤ ਬੁੱਧੀ ਨਾਲ ਮਿਲਾਈਆ । ਤੈਨੂੰ ਸਭ ਨੇ ਕਿਹਾ ਬਸੁਧ, ਬਸੁਧੇ ਤੈਨੂੰ ਦਿਆਂ ਸੁਣਾਈਆ । ਕਵਣ ਕੂਟੇ ਤੇਰਾ ਹੋਣਾ ਯੁਧ, ਯੁਧਿਸ਼ਟਰ ਦਾ ਲੇਖਾ ਪਿਛਲਾ ਦੇਣਾ ਦ੍ਰਿੜਾਈਆ । ਉਹ ਤਕ ਲੈ ਧਰਮ

੮੪੨ ੨੪

ਤੇਰੇ ਉਤੋਂ ਗਿਆ ਉਡ, ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਦਾ ਗ੍ਰਿਹਿ ਇਕ ਦਰਸਾਈਆ । ਨਾਰਦ ਕਹੇ ਧਰਨੀਏ ਆਦਿ ਜੁਗਾਦਿ ਦੀ ਮਾਤਾ, ਮਮਤਾ ਤੋਂ ਬਾਹਰ ਦਿਆਂ ਜਣਾਈਆ । ਕੀ ਖ਼ਬਰ ਸੰਦੇਸ਼ਾ ਦੇਵੇ ਧੁਰ ਦਾ ਦਾਤਾ, ਦੋ ਜਹਾਨਾਂ ਵਾਲੀ ਕੀ ਰਿਹਾ ਦ੍ਰਿੜਾਈਆ । ਮੈਨੂੰ ਆਪਣਾ ਖੋਲ੍ਹ ਵਖਾ ਦੇ ਖਾਤਾ, ਖ਼ਤਰੇ ਤੋਂ ਬਾਹਰ ਦਿਆਂ ਜਣਾਈਆ । ਮੈਨੂੰ ਇਉਂ ਦਿਸਦਾ ਤੇਰੇ ਉਤੇ ਹੋਈ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚਮਕਾਈਆ । ਮੈਂ ਕਲਜੁਗ ਦੀਆਂ ਸਭ ਤੋਂ ਵਖਰੀਆਂ ਸੁਣੀਆਂ ਬਾਤਾਂ, ਜੋ ਬਾਤਨ ਭੇਵ ਖੁਲ੍ਹਾਈਆ । ਮੈਂ ਤੇਰਾ ਨਵ ਸੱਤ ਦਾ ਲੁਟਣਾ ਹਾਤਾ, ਬਚਿਆ ਰਹਿਣ ਕੋਇ ਨਾ ਪਾਈਆ । ਉਸ ਦਾ ਪੂਰਾ ਹੋਵਣ ਵਾਲਾ ਘਾਟਾ, ਘਾਟੇ ਵਿਚ ਦਿਸੇ ਤੇਰੇ ਉਤੇ ਖ਼ਲਕ ਖ਼ੁਦਾਈਆ । ਅੰਮ੍ਰਿਤ ਰਸ ਰਿਹਾ ਨਾ ਗੋਬਿੰਦ ਧਾਰ ਬਾਟਾ, ਧੁਰ ਦਾ ਜਾਮ ਨਾ ਕੋਇ ਪਿਆਈਆ । ਨੀ ਤੇਰੀ ਸੁਹੰਜਣੀ ਖ਼ਾਲੀ ਹੋਈ ਖਾਟਾ, ਖਟੀਆ ਸਿੰਘਾਸਣ ਆਸਣ ਪੁਰਖ ਅਬਿਨਾਸ਼ਣ ਨਾ ਕੋਇ ਲਗਾਈਆ । ਨਾਰਦ ਕਹੇ ਮੈਂ ਮਾਰ ਕੇ ਆਇਆ ਵਾਟਾ, ਧੁਰਦਰਗਾਹੋਂ ਭੱਜਾ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦੁਆਰ ਇਕ ਪਰਗਟਾਈਆ । ਨਾਰਦ ਕਹੇ ਧਰਨੀਏ ਤੈਨੂੰ ਧੁਰ ਦੀ ਸੁਣਾਵਾਂ ਖ਼ਬਰ, ਬੇਖ਼ਬਰੇ ਦਿਆਂ ਜਣਾਈਆ । ਤੂੰ ਕਰਕੇ ਬੈਠੀਂ ਸਬਰ, ਧੀਰਜ ਧੀਰ ਨਾਲ ਵਡਿਆਈਆ । ਇਕ ਅਵਾਜ਼ ਸੁਣਨੀ ਮਧੁਰ, ਧੁਨ ਧੁਨ ਵਿਚੋਂ ਸ਼ਨਵਾਈਆ । ਤੇਰੇ ਉਤੇ ਪੈਣ ਵਾਲਾ ਗ਼ਦਰ, ਗਦਾਗਰ ਹੋਵੇ ਲੋਕਾਈਆ । ਤੇਰੀ ਆਸਾ ਪੂਰੀ ਹੋਵੇ ਸੱਧਰ, ਸਦਕੇ ਵਾਰੀ ਘੋਲ ਘੁਮਾਈਆ । ਪੁਰਖ ਅਕਾਲਾ ਦੀਨ ਦਿਆਲਾ ਕਰਨਵਾਲਾ ਅਦਲ, ਇਨਸਾਫ਼ ਆਪਣਾ ਦਏ ਜਣਾਈਆ । ਕਲਜੁਗ ਕੂੜੀ ਕਿਰਿਆ ਦੇਵੇ ਬਦਲ, ਬਦਲਾ ਚੁਕਾਵੇ ਥਾਉਂ ਥਾਈਂਆ । ਸ਼ਰਅ ਛੁਰੀ ਕਿਸੇ ਨਾ ਕਰੇ ਕ਼ਤਲ, ਕ਼ਾਤਲ ਮਕਤੂਲ ਦਾ ਪੰਧ ਮੁਕਾਈਆ । ਤੇਰਾ ਨਿਰਗੁਣ ਧਾਰ ਆ ਕੇ ਵੇਖੇ ਵਤਨ, ਬੇਵਤਨੇ ਤੈਨੂੰ ਦਿਆਂ ਦ੍ਰਿੜਾਈਆ । ਤੂੰ ਇਕ ਇਕੱਲੀ ਕਰ ਲਈਂ ਆਪਣਾ ਯਤਨ, ਯਥਾਰਥ ਦਿਆਂ ਸਮਝਾਈਆ । ਜਿਸ ਦਾ ਸੰਬਲ ਸਾਡੇ ਤਿੰਨ ਹੱਥ ਹੋਣਾ ਪਤਣ, ਘਾਟ ਇਕੋ ਇਕ ਵਖਾਈਆ । ਜੋ ਤੇਰੇ ਉਤੋਂ ਭਗਤ ਸੁਹੇਲੇ ਗੁਰੂ ਗੁਰ ਚੇਲੇ ਰਤਨ, ਅਮੋਲਕ ਹੀਰੇ ਆਪ ਪਰਗਟਾਈਆ । ਆਤਮ ਪਰਮਾਤਮ ਜਗਤ ਵਿਦਿਆ ਤੋਂ ਬਾਹਰ ਦੇਵੇ ਮਤਨ, ਮਤ ਮਤਾਂਤਰ ਡੇਰਾ ਢਾਹੀਆ । ਨਿਰਗੁਣ ਹੋ ਕੇ ਵਸੇ ਘਟ ਘਟਣ, ਹਰ ਘਟ ਆਪਣਾ ਡੇਰਾ ਲਾਈਆ । ਉਹ ਤਕ ਲੈ ਪੈਗ਼ੰਬਰਾਂ ਦਾ ਵਕ਼ਤ ਲੱਗਾ ਟੱਪਣ, ਅਗੇ ਹੋਰ ਨਾ ਕੋਇ ਵਧਾਈਆ । ਕਲਜੁਗ ਕੂੜ ਅੰਧੇਰਾ ਲੱਗਾ ਛਪਣ, ਸਤਿਜੁਗ ਸਤਿ ਕਰੇ ਰੁਸ਼ਨਾਈਆ । ਸਤਿਗੁਰ ਸ਼ਬਦ ਸਭ ਨੂੰ ਲੱਗਾ ਫੱਟਣ, ਬਚਿਆ ਰਹਿਣ ਕੋਇ ਨਾ ਪਾਈਆ । ਧੁਰ ਦੇ ਹੁਕਮ ਨਾਲ ਡੋਰੀ ਲੱਗਾ ਕੱਟਣ, ਕਟਾਖ਼ਸ਼ ਆਪਣਾ ਨਾਮ ਲਗਾਈਆ । ਦੀਨ ਦੁਨੀ ਦਾ ਬੁਰਜ ਲੱਗਾ ਢੱਠਣ, ਢੇਰੀ ਖ਼ਾਕ ਖ਼ਾਕ ਮਿਲਾਈਆ । ਤੇਰਾ ਲੇਖਾ ਮੁਕੇ ਅੱਠ ਸੱਠਨ, ਜਲਧਾਰਾ ਵੇਖਣਾ ਚਾਈਂ ਚਾਈਂਆ । ਝਗੜਾ ਰਹੇ ਨਾ ਮੰਦਰ ਮਠਨ, ਸ਼ਿਵਦਵਾਲਿਆਂ ਮੰਦਰਾਂ ਪੰਧ ਮੁਕਾਈਆ । ਇਕੋ ਨੂਰ ਜੋਤ ਪਰਕਾਸ਼ ਹੋਵੇ ਲਟ ਲਟਣ, ਦੋ ਜਹਾਨਾਂ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਦਾ ਸਮਰਥਣ, ਸਮਰਥ ਅਕਥ ਏਕਾ ਏਕ ਏਕ ਅਖਵਾਈਆ ।

੮੪੩
੨੪

## ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਦਰਬਾਰਾ ਸਿੰਘ ਦੇ ਗ੍ਰਿਹ ਪਿੰਡ ਵਰਿਆਂ ਜ਼ਿਲਾ ਅੰਮ੍ਰਿਤਸਰ

ਧਰਨੀ ਕਹੇ ਪ੍ਰਭੂ ਮੇਰੇ ਉਤੇ ਤੇਰਾ ਸੋਹੇ ਦੁਆਰਾ ਇਕੋ ਬੰਕ, ਬੰਕ ਦੁਆਰੀ ਹੋ ਕੇ ਦੇਣੀ ਵਡਿਆਈਆ । ਜਿਥੇ ਮਾਣ ਤਾਣ ਮਿਲੇ ਰਾਓ ਰੰਕ, ਊਚ ਨੀਚ ਜ਼ਾਤ ਪਾਤ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਤੇਰੇ ਨਾਮ ਨਿਧਾਨ ਦਾ ਸ੍ਰੀ ਭਗਵਾਨ ਵਜੇ ਡੰਕ, ਨਵ ਸੱਤ ਬ੍ਰਹਮ ਮਤ ਕਰੇ ਰੁਸ਼ਨਾਈਆ । ਮੇਰੀ ਆਸ਼ਾ ਪੂਰੀ ਕਰ ਦੇ ਜੋ ਆਸ਼ਾ ਰਖੀ ਜਨਕ, ਜਨਕ ਸਪੁਤਰੀ ਸੀਆ ਨਾਲ ਮਿਲਾਈਆ । ਜੋ ਸੰਦੇਸ਼ਾ ਦਿਤਾ ਰਾਮ ਮੈਨੂੰ ਚੁੱਕਣ ਲੱਗਿਆਂ ਧਨੁਸ਼, ਬਿਨ ਬਾਹੂ ਬਲ ਸਮਝਾਈਆ । ਧਰਨੀਏ ਤੇਰੇ ਉਤੇ ਖੇਲ ਹੋਣਾ ਵਾਰ ਅਨਕ, ਅਨਕ ਕਲਧਾਰੀ ਆਪਣਾ ਰੂਪ ਬਦਲਾਈਆ । ਕਲਜੁਗ ਅੰਤਮ ਲਹਿਣਾ ਦੇਣਾ ਵੇਖਣਾ ਪੁਰੀ ਘਨਕ, ਘਨਈਆ ਆਪਣਾ ਸਵਾਂਗ ਵਖਾਈਆ । ਜਿਸ ਵਿਚ ਰਹੇ ਕੋਈ ਨਾ ਸ਼ੰਕ, ਸਹਿਸਾ ਅੰਦਰ ਨਾ ਕੋਇ ਜਣਾਈਆ । ਸਚ ਪ੍ਰੇਮ ਦੀ ਜਨ ਭਗਤਾਂ ਲਾਏ ਤਨਕ, ਖਿੱਚੀ ਜਾਏ ਵਾਹੋ ਦਾਹੀਆ । ਮਨ ਕਾ ਮਣਕਾ ਫੇਰੇ ਆਪ ਮਨਕ, ਜਗਤ ਤਸਬੀਆਂ ਲੋੜ ਰਹੇ ਨਾ ਰਾਈਆ । ਤ੍ਰਿਸ਼ਨਾ ਮੇਟੇ ਕਾਮਨੀ ਕਨਕ, ਕ਼ੁਦਰਤ ਦਾ ਕ਼ਾਦਰ ਹੋਏ ਸਹਾਈਆ । ਜੋ ਇਸ਼ਾਰਾ ਕੀਤਾ ਬ੍ਰਹਮੇ ਪੁਤ ਸਨਕ, ਸੰਤ ਕੁਮਾਰ ਜਿਸ ਦੀ ਦਏ ਗਵਾਹੀਆ । ਜੋ ਪੁਰਖ ਅਕਾਲਾ ਦੀਨ ਦਿਆਲਾ ਤੇਰੀ ਬਣਾਏ ਨਵੀਂ ਬਣਤ, ਘੜਨ ਭੰਨਣਹਾਰ ਹੋ ਕੇ ਰੰਗ ਰੰਗਾਈਆ । ਤੇਰਾ ਗੁਲਸ਼ਨ ਮਹਿਕੇ ਰੁਤੜੀ ਹੋਵੇ ਬਸੰਤ, ਪੱਤ ਟਹਿਣੀ ਫਲ ਫੁਲ ਗੁਰਮੁਖ ਗੁਰਸਿਖ ਸੋਹਣੇ ਬੂਟੇ ਲਾਈਆ । ਮਾਲਕ ਬਣ ਕੇ ਧੁਰ ਦਾ ਕੰਤ, ਕੰਤੂਹਲ ਹੋ ਕੇ ਵੇਖ ਵਖਾਈਆ । ਬਿਨਾ ਭਗਤੀਉਂ ਬਣਾ ਕੇ ਭਗਤ ਸੰਤ, ਆਪਣੇ ਹੱਥ ਰਖੇ ਵਡਿਆਈਆ । ਦੇਵੇ ਮਾਣ ਵਡਿਆਈ ਵਿਚ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਆਪਣਾ ਭੇਵ ਖੁਲ੍ਹਾਏ ਅਗਣਤ, ਮਹਿੰਮਾ ਕਥ ਸਕੇ ਨਾ ਰਾਈਆ । ਇਕੋ ਨਾਮ ਕਲਮਾ ਦੇਵੇ ਮੰਤ, ਮੰਤਵ ਤੇਰਾ ਹਲ ਕਰਾਈਆ । ਤੂੰ ਧੁਰ ਦਾ ਢੋਲਾ ਗਾਉਣਾ ਛੰਤ, ਸੋਹੰ ਸਤਿ ਸਚ ਪੜ੍ਹਾਈਆ । ਤੇਰੇ ਉਤੋਂ ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਬਿਨ ਅੱਖਰਾਂ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਂਆ । ਧਰਨੀਏ ਤੇਰਾ ਲਹਿਣਾ ਦੇਣਾ ਪੂਰਬ ਪੁਰਾਣਾ, ਚਾਰ ਜੁਗ ਦੇ ਸ਼ਾਸਤਰ ਕਹਿਣ ਕਿਛ ਨਾ ਪਾਈਆ । ਤੇਰਾ ਮਾਲਕ ਸੁਆਮੀ ਠਾਕਰ ਇਕ ਭਗਵਾਨਾ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਚਰਨ ਕਵਲ ਤੈਨੂੰ ਬਖ਼ਸ਼ਿਆ ਅਗੰਮ ਟਿਕਾਣਾ, ਆਦਿ ਜੁਗਾਦਿ ਦਿਤਾ ਟਿਕਾਈਆ । ਤੂੰ ਉਸੇ ਦਾ ਢੋਲਾ ਗੀਤ ਗਾਣਾ, ਗੁਣ ਗਹਿਰ ਗੰਭੀਰ ਸੁਣਾਈਆ । ਜੋ ਤੇਰਾ ਲਹਿਣਾ ਦੇਣਾ ਲੇਖਾ ਜਾਣੇ ਜਾਣੀ ਜਾਣਾ, ਜਾਨਣਹਾਰ ਇਕ ਹੋ ਜਾਈਆ । ਉਹ ਤੇਰੇ ਉਤੇ ਕਮਲੀਏ ਜੋਤ ਸਰੂਪੀ ਪਹਿਰ ਬਾਣਾ, ਬਾਣ ਅਣਿਆਲਾ ਤੀਰ ਚਲਾਈਆ । ਜਿਸ ਤਖ਼ਤੋਂ ਲਾਹਿਆ ਰਾਜਾ ਰਾਣਾ, ਰਈਅਤ ਆਪਣਾ ਹੁਕਮ ਵਰਤਾਈਆ । ਉਹ ਸ਼ਾਹੋ ਭੂਪ ਸੁਲਤਾਨਾ, ਸ਼ਹਿਨਸ਼ਾਹ ਧੁਰਦਰਗਾਹੀਆ । ਉਸ ਦਾ ਸਤਿਗੁਰ ਸ਼ਬਦ ਦਏ ਫ਼ਰਮਾਨਾ, ਫ਼ੁਰਨਿਆਂ ਬਾਹਰ ਸੁਣਾਈਆ । ਉਹ ਵਾਲੀ ਬਣ ਕੇ ਦੋ ਜਹਾਨਾਂ, ਜਹਾਲਤ ਤੇਰੇ ਉਤੋਂ ਦਏ ਮਿਟਾਈਆ । ਸਤਿ ਦਾ ਸਚ ਕਰੇ ਪਰਧਾਨਾ, ਪਰਧਾਨਗੀ ਆਪਣਾ ਹੁਕਮ ਸਮਝਾਈਆ । ਜਨ ਭਗਤਾਂ ਦੇਵੇ ਗਿਆਨਾ, ਬਿਨ ਅੱਖਰਾਂ ਅੱਖਰ ਸਮਝਾਈਆ । ਚਰਨ ਪ੍ਰੀਤ ਬਖ਼ਸ਼ ਕੇ ਦਾਨਾ, ਵਸਤ ਅਤੋਲ ਅਤੁਲ ਝੋਲੀ ਦਏ ਟਿਕਾਈਆ । ਤੂੰ ਉਸ ਦਾ ਮੰਨਣਾ ਭਾਨਾ, ਜਿਸ ਦੇ ਭਾਣੇ ਵਿਚ ਸਦ ਸਮਾਈਆ ।

ਜਿਸ ਕਲਜੁਗ ਅੰਤਮ ਨਵ ਸੱਤ ਕਰਨਾ ਵੈਰਾਨਾ, ਵੈਰੀ ਘਰ ਘਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਖੇਲੇ ਖੇਲ ਮਹਾਨਾ, ਜੁਗਾ ਜੁਗੰਤ ਆਪਣਾ ਹੁਕਮ ਵਰਤਾਈਆ ।

✪ ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਸਵਰਨ ਸਿੰਘ ਦੇ ਗ੍ਰਿਹ ਪਿੰਡ ਤਰਨਤਾਰਨ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਪ੍ਰਭੂ ਮੇਰੇ ਉਤੇ ਮਾਰ ਕੇ ਵੇਖ ਲੈ ਫੇਰੀ, ਨਵ ਸੱਤ ਆਪਣਾ ਫੇਰਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਹੋਵੇ ਕੂੜ ਅੰਧੇਰੀ, ਫਲ ਫੁੱਲ ਪੱਤ ਟਹਿਣੀ ਸਤਿ ਧਰਮ ਦੇ ਵਖਾਈਆ । ਮੋਹ ਵਿਕਾਰਾ ਜਗਤ ਮੈਨੂੰ ਰਿਹਾ ਘੇਰੀ, ਘਿਰਨਾ ਵਿਚ ਮੇਰੀ ਦੁਹਾਈਆ । ਮੈਂ ਆਦਿ ਜੁਗਾਦਿ ਮਾਲਕ ਸੁਆਮੀ ਤੇਰੀ, ਤੁਧ ਬਿਨ ਇਸ਼ਟ ਨਾ ਕੋਇ ਮਨਾਈਆ । ਕਿਸੇ ਅਵਤਾਰ ਪੈਗ਼ੰਬਰ ਗੁਰੂ ਦੀ ਬਣੀ ਨਹੀਂ ਚੇਰੀ, ਸਿਰ ਸਰ ਨਾ ਕਿਸੇ ਨਿਵਾਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਬੈਠੀ ਰਹੀ ਨਾਲ ਦਲੇਰੀ, ਹੌਸਲਾ ਹਿੰਮਤ ਸੰਗ ਬਣਾਈਆ । ਮਿਹਰਵਾਨਾ ਮੇਰੇ ਉਤੇ ਕਰੀਂ ਆਪਣੀ ਮਿਹਰੀ, ਮਿਹਰ ਨਜ਼ਰ ਨਜ਼ਰ ਉਠਾਈਆ । ਕਲਜੁਗ ਅੰਤ ਕਰੀਂ ਨਾ ਦੇਰੀ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ
੮੪੪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਤਕ ਲੈ ਆਪਣੀ ਧਾਰ, ਧਵਲ ੮੪੪
੨੪ ਹੋ ਕੇ ਦਿਆਂ ਸੁਣਾਈਆ । ਨਿਗਾਹ ਮਾਰ ਲੈ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਨਵ ਸੱਤ ਰਿਹਾ ਨਾ ਕੋਈ ਧਰਮ ੨੪
ਦੁਆਰ, ਦੁਆਰਕਾ ਵਾਸੀ ਨਜ਼ਰ ਕੋਇ ਨਾ ਆਈਆ । ਮੈਂ ਰੋਵਾਂ ਜ਼ਾਰੋ ਜ਼ਾਰ, ਗਿਰਿਆਜ਼ਾਰ ਵਿਚ ਕੁਰਲਾਈਆ । ਤੂੰ ਮੇਰੇ ਮਾਲਕ ਮੇਰੀ ਪਾਉਣੀ ਸਾਰ, ਮਹਾਸਾਰਥੀ ਹੋ ਕੇ ਵੇਖ ਵਖਾਈਆ । ਤੈਨੂੰ ਸਭ ਨੇ ਮੰਨਿਆ ਕਲ ਕਲਕੀ ਅਵਤਾਰ, ਨਿਹਕਲੰਕ ਤੇਰੀ ਵਡਿਆਈਆ । ਅਮਾਮ ਅਮਾਮਾ ਨੂਰ ਕਰ ਉਜਿਆਰ, ਜੋਤੀ ਜਾਤਾ ਹੋ ਕੇ ਡਗਮਗਾਈਆ । ਮੈਂ ਤੇਰੀ ਸਦਾ ਸਦਾ ਸਦ ਸੇਵਾਦਾਰ, ਬਰਖ਼ੁਰਦਾਰ ਹੋ ਕੇ ਸੇਵ ਕਮਾਈਆ । ਤੂੰ ਬਖ਼ਸ਼ਣਹਾਰਾ ਏਕੰਕਾਰ, ਇਕ ਇਕੱਲਾ ਧੁਰਦਰਗਾਹੀਆ । ਮੇਰੀ ਬੇਨੰਤੀ ਸੁਣ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਮੇਰੇ ਉਤੇ ਰਹਿਣ ਨਾ ਦੇਣਾ ਅੰਧ ਅੰਧਿਆਰ, ਕੂੜ ਕੁੜਿਆਰਾ ਦੇਣਾ ਗੁਆਈਆ । ਮੈਂ ਮੰਗਤੀ ਤੇਰੇ ਦਰ ਭਿਖਾਰ, ਭਿਖਕ ਹੋ ਕੇ ਝੋਲੀ ਡਾਹੀਆ । ਸਤਿ ਸਚ ਵਸਤ ਦੇਣੀ ਡਾਰ, ਕਰਤੇ ਕ਼ੀਮਤ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅਵਰ ਨਾ ਕੋਇ ਸਿਕਦਾਰ, ਸ਼ਹਿਨਸ਼ਾਹ ਸਿਰ ਹੱਥ ਨਾ ਕੋਇ ਟਿਕਾਈਆ ।

✪ ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਤਰਿਪਤ ਸਿੰਘ ਦੇ ਗ੍ਰਿਹ ਪਿੰਡ ਪੰਡੋਰੀ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਪ੍ਰਭੂ ਮੇਰੀ ਨਵ ਨਵ ਚਾਰ ਦੀ ਆਸ਼ਾ ਕਰ ਦੇ ਤ੍ਰਿਪਤ, ਤ੍ਰਿਖਾ ਤ੍ਰਿਸ਼ਨਾ ਜਗਤ ਜਹਾਨ ਰਹਿਣ ਨਾ ਪਾਈਆ । ਆਦਿ ਜੁਗਾਦੀ

੮੪੫
੨੪

ਸ਼ਬਦੀ ਧਾਰ ਵੇਖ ਲੈ ਲਿਖਤ, ਨਿਰਗੁਣ ਦਾਤੇ ਪੁਰਖ ਬਿਧਾਤੇ ਆਪਣਾ ਡੇਰਾ ਲਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਲੇਖਾ ਤਕ ਲੈ ਆਪਣੀ ਸ੍ਰਿਸ਼ਟ, ਦੀਨ ਦੁਨੀ ਜਗਤ ਜਹਾਨ ਨੌਜਵਾਨ ਵੇਖ ਵਖਾਈਆ । ਤਨ ਵਜੂਦ ਅੰਤਰ ਨਿਰੰਤਰ ਤਕ ਲੈ ਦ੍ਰਿਸ਼ਟ, ਨਵ ਸੱਤ ਬ੍ਰਹਮ ਮਤ ਧਿਆਨ ਲਗਾਈਆ । ਕਲਜੁਗ ਕੁੜਿਆਰ ਵਿਚ ਸੰਸਾਰ ਸਰਬ ਕੀਤਾ ਭ੍ਰਿਸ਼ਟ, ਭਾਵਨਾ ਸਤਿ ਰਹਿਣ ਕੋਇ ਨਾ ਪਾਈਆ । ਉਹ ਲਹਿਣਾ ਦੇਣਾ ਪੂਰਾ ਕਰ ਦੇ ਜੋ ਰਾਮ ਇਸ਼ਾਰਾ ਦੇ ਕੇ ਗਿਆ ਗੁਰੂ ਵਸ਼ਿਸ਼ਟ, ਜਗਤ ਵਿਸ਼ਿਆਂ ਤੋਂ ਬਾਹਰ ਬਾਹਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਧਰਨੀ ਕਹੇ ਪ੍ਰਭੂ ਪੂਰਬ ਵੇਖ ਲੈ ਮੇਰਾ ਲੇਖਾ, ਚਾਰ ਜੁਗ ਦੇ ਸ਼ਾਸਤਰਾਂ ਨਾਲ ਮਿਲਾਈਆ । ਮੇਰੇ ਅੰਤਰ ਨਿਰੰਤਰ ਰਿਹਾ ਨਹੀਂ ਕੋਈ ਭੁਲੇਖਾ, ਭਾਂਡਾ ਭਰਮ ਭਉ ਦਿਤਾ ਭੰਨਾਈਆ । ਤੂੰ ਸ਼ਾਹੋ ਭੂਪ ਸੁਲਤਾਨ ਅਲਖਣਾ ਅਲੇਖਾ, ਅਲਖ ਅਗੋਚਰ ਤੇਰੀ ਵਡ ਵਡਿਆਈਆ । ਕਲਜੁਗ ਕੂੜ ਕੁਕਰਮ ਦੀ ਤਕ ਲੈ ਰੇਖਾ, ਰਿਖੀਆਂ ਮੁਨੀਆਂ ਅੰਦਰ ਖੋਜ ਖੁਜਾਈਆ । ਸ਼ਰਅ ਦੀ ਧਾਰ ਤਕ ਲੈ ਮੁਲਾਂ ਸ਼ੇਖ਼ਾਂ, ਮੁਸਾਇਕਾਂ ਅੰਤਰ ਨਿਰੰਤਰ ਫੋਲ ਫੁਲਾਈਆ । ਮੈਨੂੰ ਸੁਣਾ ਦੇ ਆਪਣਾ ਧੁਰ ਸੰਦੇਸ਼ਾ, ਧੁਰ ਦੇ ਮਾਲਕ ਹੁਕਮ ਜਣਾਈਆ । ਤੇਰਾ ਲੇਖਾ ਮੁਕ ਜਾਏ ਕਲਜੁਗ ਕਿਰਿਆ ਕੂੜ ਕਲੇਸ਼ਾ, ਕਲਕਾਤੀਆਂ ਕਰਨੀ ਆਪ ਸਫ਼ਾਈਆ । ਤੂੰ ਮਿਹਰਵਾਨ ਮਹਿਬੂਬ ਨਰ ਨਰੇਸ਼ਾ, ਨਿਰਾਕਾਰ ਨਿਰੰਕਾਰ ਅਗੰਮ ਅਥਾਹੀਆ । ਆ ਕੇ ਵੇਖ ਲੈ ਧਰਨੀ ਵਾਲੇ ਪਰਦੇਸਾ, ਪਰਦੇਸੀ ਹੋ ਕੇ ਫੇਰਾ ਪਾਈਆ । ਪੁਰਖ ਅਕਾਲੇ ਦੀਨ ਦਿਆਲੇ ਆਪਣਾ ਅਵਲੜਾ ਰਖੀਂ ਭੇਸਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜੋ ਸੰਦੇਸ਼ਾ ਦੇ ਕੇ ਗਿਆ ਸਤਿਗੁਰ ਗੋਬਿੰਦ ਦਸ ਦਸਮੇਸ਼ਾ, ਦਹਿ ਦਿਸ਼ਾ ਦਾ ਭੇਵ ਦੇਣਾ ਚੁਕਾਈਆ । ਤੂੰ ਆਦਿ ਅਨਾਦੀ ਜੁਗ ਜੁਗਾਦੀ ਰਹੇ ਹਮੇਸ਼ਾ, ਹਮ ਸਾਜਣ ਨੂਰ ਅਲਾਹੀਆ । ਜੁਗ ਬਦਲਣਾ ਸਾਹਿਬ ਸੁਆਮੀ ਤੇਰਾ ਪੇਸ਼ਾ, ਪੇਸ਼ੀਨਗੋਈਆਂ ਅਵਤਾਰ ਪੈਗ਼ੰਬਰਾਂ ਗੁਰੂਆਂ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਧਰਨੀ ਕਹੇ ਮੇਰੇ ਮਾਲਕ ਕੰਤ ਕੰਤੂਹਲ, ਸੁਆਮੀ ਅੰਤਰਜਾਮੀ ਤੇਰੀ ਵਡ ਵਡਿਆਈਆ । ਧਰਮ ਦੀ ਧਾਰ ਮੇਰੇ ਉਤੇ ਬਖ਼ਸ਼ ਅਗੰਮਾ ਅਸੂਲ, ਅਸਲ ਵਸਲ ਯਾਰ ਦੇਣਾ ਚਾਈਂ ਚਾਈਂਆ । ਮੈਂ ਨਿਰਗੁਣ ਦਾਤੇ ਪੁਰਖ ਬਿਧਾਤੇ ਤੇਰੇ ਚਰਨ ਕਵਲ ਦੀ ਲਾਵਾਂ ਧੂਲ, ਧੂੜੀ ਟਿੱਕੇ ਖ਼ਾਕ ਰਮਾਈਆ । ਮੇਰੇ ਮਿਹਰਵਾਨਾ ਨੌਜਵਾਨਾ ਮੇਰੀ ਬਖ਼ਸ਼ਣੀ ਭੂਲ, ਅਭੁਲ ਅਤੁਲ ਤੇਰੀ ਵਡ ਵਡਿਆਈਆ । ਭਗਤ ਉਧਾਰਨਾ ਤੇਰਾ ਆਦਿ ਆਦਿ ਦਾ ਅਸੂਲ, ਸੰਤਾਂ ਦੇਵੇਂ ਮਾਣ ਵਡਿਆਈਆ । ਤੂੰ ਮਿਹਰਵਾਨ ਮਹਿਬੂਬ ਤੇਰਾ ਹੁਕਮਨਾਮਾ ਮਾਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਮੇਰੇ ਉਤੇ ਤੇਰੇ ਧਰਮ ਦਾ ਪੰਘੂੜਾ ਹਰਿਜਨ ਲੈਣ ਝੂਲ, ਝੂਲਾ ਆਪਣਾ ਨਾਮ ਜਣਾਈਆ । ਧਰਨੀ ਕਹੇ ਮੈਂ ਤੇਰੇ ਚਰਨ ਕਵਲ ਆਪਣੀ ਸ਼ਰਧਾ ਚੜ੍ਹਾਵਾਂ ਫੂਲ, ਕਵਲਾਂ ਵਿਚ ਕਵਲ ਨੈਣ ਤੇਰਾ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਗ੍ਰਿਹ ਇਕ ਸੁਹਾਈਆ । ਧਰਨੀ ਕਹੇ ਪ੍ਰਭੂ ਮੇਰਾ ਗ੍ਰਿਹ ਮੰਦਰ ਕਰ ਸੁਹੰਜਣਾ, ਚਾਰ ਕੁੰਟ ਦੇ ਵਡਿਆਈਆ । ਮੇਰੇ ਆਦਿ ਅੰਤ ਦੇ ਸੱਜਣਾ, ਜੁਗ ਜੁਗਾਦੀ ਤੇਰੀ ਓਟ ਤਕਾਈਆ । ਪ੍ਰੇਮ ਪਿਆਰ ਦਾ ਦੇ ਦੇ ਮਜਨਾ, ਬਿਨ ਧੂੜੀ ਖ਼ਾਕ ਰਮਾਈਆ । ਮੇਰੇ ਧੁਰ ਦੇ ਗੋਪਾਲ ਮੂਰਤ ਮਦਨਾ, ਮਧੁਸੂਦਨ ਤੇਰਾ ਦਰਸ਼ਨ ਪਾਈਆ । ਮੈਨੂੰ ਇਕੋ ਚਾੜ੍ਹ ਦੇ ਰੰਗਣਾ, ਆਦਿ ਜੁਗਾਦਿ

ਉਤਰ ਕਦੇ ਨਾ ਜਾਈਆ । ਮੇਰੇ ਪੁਰਖ ਅਕਾਲੇ ਮੈਂ ਇਕੋ ਦੁਆਰਾ ਤੇਰਾ ਮੰਗਣਾ, ਦੂਜਾ ਗ੍ਰਿਹਿ ਨਾ ਵੇਖਣ ਪਾਈਆ । ਹਕ ਮਹਿਬੂਬ ਹੋ ਕੇ ਮੈਨੂੰ ਦੇ ਅਨੰਦਨਾ, ਮਹਿਬੂਬ ਆਪਣਾ ਭੇਵ ਚੁਕਾਈਆ । ਲੇਖੇ ਲਾ ਲੈ ਮੇਰੇ ਉਤੋਂ ਆਅਲਾ ਅਦਨਾ, ਸ਼ਾਹ ਹਕੀਰ ਇਕੋ ਘਰ ਬਹਾਈਆ । ਤੇਰੇ ਨਾਮ ਨਿਧਾਨ ਦਾ ਸ੍ਰੀ ਭਗਵਾਨ ਵਜੇ ਨਦਨਾ, ਅਨਾਦੀ ਧੁਨ ਕਰ ਸ਼ਨਵਾਈਆ । ਜੋਤੀ ਜਾਤੇ ਤੇਰਾ ਇਕੋ ਦੀਪਕ ਨਿਰਗੁਣ ਧਾਰ ਜਗਣਾ, ਬਿਨ ਤੇਲ ਬਾਤੀ ਕਮਲਾਪਾਤੀ ਡਗਮਗਾਈਆ । ਮੇਰਾ ਪਵਿਤ੍ਰ ਕਰ ਦੇ ਤਨ ਮਾਟੀ ਖ਼ਾਕ ਬਦਨਾ, ਧੂੜੀ ਆਪਣੇ ਚਰਨ ਛੁਹਾਈਆ । ਨੂਰ ਨੁਰਾਨੇ ਅਲਾਹੀ ਰੱਬਨਾ, ਯਾਮਬੀਨ ਤੇਰੀ ਓਟ ਤਕਾਈਆ । ਤੂੰ ਖੋਜਿਆਂ ਕਿਸੇ ਨਹੀਂ ਲਭਣਾ, ਭਾਲਿਆਂ ਹੱਥ ਕਿਛ ਨਾ ਆਈਆ । ਬੇਨੰਤੀ ਕਰ ਕੇ ਮੇਰੇ ਪਰਵਰਦਿਗਾਰ ਤੈਨੂੰ ਸੱਦਣਾ, ਸੱਦਾ ਦੇਵਾਂ ਚਾਈਂ ਚਾਈਆ । ਮੇਰੇ ਉਤੋਂ ਕਲਜੁਗ ਕੂੜ ਕੁੜਿਆਰਾ ਆ ਕੇ ਕਢਣਾ, ਪੰਚ ਵਿਕਾਰ ਕੁਕਰਮ ਦਾ ਡੇਰਾ ਢਾਹੀਆ । ਸਤਿਜੁਗ ਸਾਚਾ ਤੇਰੇ ਹੁਕਮ ਨਾਲ ਲੱਗਣਾ, ਧਰਨੀ ਕਹੇ ਮੇਰੇ ਉਤੇ ਧਰਮ ਦੀ ਧਾਰ ਦੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਤੇਰਾ ਪੱਲੂ ਕਦੇ ਨਾ ਛਡਣਾ, ਕੰਨੀ ਗੰਢ ਨਾ ਕੋਇ ਛੁਡਾਈਆ ।



## ✪ ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਮੱਖਣ ਸਿੰਘ ਦੇ ਗ੍ਰਿਹਿ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ✪

੮੪੬
੨੪

ਧਰਨੀ ਕਹੇ ਕਿਰਪਾ ਕਰ ਮੇਰੇ ਜਗਦੀਸ਼ੇ, ਜਗਦੀਸ਼ਵਰ ਈਸ਼ਵਰ ਤੇਰੀ ਆਸ ਰਖਾਈਆ । ਮੇਰੇ ਉਤੇ ਨਿਗਾਹ ਮਾਰ ਲੈ ਨਿਰਗੁਣ ਧਾਰ ਬੀਸ ਇਕੀਸੇ, ਏਕੰਕਾਰ ਪਰਵਰਦਿਗਾਰ ਆਪਣਾ ਧਿਆਨ ਲਗਾਈਆ । ਸ਼ਾਹੋ ਭੂਪ ਮੈਨੂੰ ਇਕ ਸੁਣਾ ਦੇ ਹਦੀਸੇ, ਹਜ਼ਰਤਾਂ ਤੋਂ ਬਾਹਰ ਕਰ ਸ਼ਨਵਾਈਆ । ਮੈਂ ਜੁਗ ਚੌਕੜੀ ਤੇਰੇ ਪੀਸਣ ਪੀਸੇ, ਨਿਤ ਨਵਿਤ ਸੇਵ ਕਮਾਈਆ । ਮੈਂ ਵੇਖਣਾ ਚਾਹੁੰਦੀ ਇਕੋ ਛਤਰ ਝੁੱਲੇ ਤੇਰੇ ਸੀਸੇ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਆਪਣੀ ਦਇਆ ਕਮਾਈਆ । ਧਰਨੀ ਕਹੇ ਮੇਰੇ ਆਦਿ ਜੁਗਾਦੀ ਮਾਲਕ, ਠਾਕਰ ਸੁਆਮੀ ਤੇਰੀ ਓਟ ਤਕਾਈਆ । ਨਿਗਾਹ ਮਾਰ ਲੈ ਆਪਣੀ ਵਿਚ ਖ਼ਲਕ ਖ਼ਾਲਕ, ਮਖ਼ਲੂਕ ਵੇਖਣੀ ਚਾਈਂ ਚਾਈਆ । ਤੁਧ ਬਿਨ ਦੀਨ ਦੁਨੀ ਰਿਹਾ ਕੋਈ ਨਾ ਪਾਲਕ, ਪ੍ਰਿਤਪਾਲਕ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਸ਼ਬਦੀ ਧਾਰ ਤਕ ਲੈ ਅਗੰਮੇ ਬਾਲਕ, ਮਿਹਰਵਾਨ ਹੋ ਕੇ ਧਿਆਨ ਲਗਾਈਆ । ਮੈਨੂੰ ਐਉਂ ਦਿਸਦਾ ਤੇਰਾ ਆਉਣਾ ਹੋਵੇ ਅਚਾਨਕ, ਅਚਨਚੇਤ ਆਪਣਾ ਫੇਰਾ ਪਾਈਆ । ਮੇਰਾ ਵਕਤ ਸੁਹੰਜਣਾ ਸਮਾਂ ਤਕ ਭਿਆਨਕ, ਭੈ ਭੀਤ ਹੋ ਕੇ ਰਹੀ ਸੁਣਾਈਆ । ਮੈਂ ਨਿਮਾਣੀ ਬੁੱਧਹੀਣ ਅਨਜਾਣਤ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਸਾਹਿਬ ਹੋਣਾ ਸਹਾਈਆ । ਧਰਨੀ ਕਹੇ ਮੇਰੇ ਪੁਰਖ ਅਕਾਲੇ ਸਾਹਿਬ, ਸਚ ਸੁਲਤਾਨ ਤੇਰੀ ਵਡਿਆਈਆ । ਨਿਗਾਹ ਮਾਰ ਲੈ ਸਤਿ ਧਰਮ ਹੋਇਆ ਗ਼ਾਇਬ, ਚਾਰ ਕੁੰਟ ਨਜ਼ਰ ਕੋਇ ਨਾ ਆਈਆ । ਮੇਰੇ ਮਿਹਰਵਾਨਾ ਨੌਜਵਾਨਾ ਤੇਰਾ ਸਭ ਦੇ ਨਾਲ ਅਹਿਦ, ਅਹਿਦਨਾਮੇ ਵੇਖਣੇ ਥਾਉਂ ਥਾਈਆ । ਤੂੰ ਮਾਲਕ

ਖ਼ਾਲਕ ਇਕੋ ਵਾਹਿਦ, ਲਾਸ਼ਰੀਕ ਨੂਰ ਅਲਾਹੀਆ । ਮੇਰੇ ਉਤੇ ਹੁਕਮ ਵਰਤਣਾ ਜਾਇਜ਼, ਨਜਾਇਜ਼ ਮੰਗ ਨਾ ਕੋਇ ਮੰਗਾਈਆ । ਸਤਿ ਧਰਮ ਕਰ ਰਾਇਜ, ਕੂੜੀ ਕਿਰਿਆ ਬਾਹਰ ਕਢਾਈਆ । ਸਦੀ ਚੌਧਵੀਂ ਅੰਤਮ ਮੈਂ ਵੇਖਣਾ ਚਾਹੁੰਦੀ ਤੇਰਾ ਨਤਾਇਜ, ਨਤੀਜਾ ਖ਼ੁਸ਼ੀਆਂ ਨਾਲ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਦਰ ਇਕ ਪਰਗਟਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸ਼ਾ ਕਰ ਦੇ ਪੂਰੀ, ਪੂਰਨ ਬ੍ਰਹਮ ਬ੍ਰਹਮ ਸਮਝਾਈਆ । ਤੇਰੇ ਨਾਮ ਦੀ ਮੇਰੇ ਉਤੇ ਹੋਏ ਮਸ਼ਹੂਰੀ, ਮਸ਼ਵਰਾ ਸਤਿਗੁਰ ਸ਼ਬਦ ਰਖਾਈਆ । ਸਭ ਦੇ ਅੰਦਰ ਦੇ ਦੇ ਸਚ ਸਬੂਰੀ, ਸਰੋਵਰ ਇਕੋ ਤਾਲ ਨੁਹਾਈਆ । ਕੂੜੀ ਕਿਰਿਆ ਕਰ ਦੇ ਦੂਰੀ, ਦੁਰਮਤ ਮੈਲ ਰਹੇ ਨਾ ਰਾਈਆ । ਮੈਂ ਤਕਣਾ ਚਾਹੁੰਦੀ ਤੇਰਾ ਇਕੋ ਅਗੰਮਾ ਚੰਦ ਨੂਰੀ, ਨੂਰ ਨੁਰਾਨੇ ਦੇਣਾ ਚਮਕਾਈਆ । ਮੈਂ ਮਾਂਗਤ ਹੋ ਕੇ ਖੜ੍ਹੀ ਦਰ ਹਜ਼ੂਰੀ, ਹਜ਼ਰਤਾਂ ਦੇ ਮਾਲਕ ਤੇਰੇ ਅਗੇ ਝੋਲੀ ਡਾਹੀਆ । ਮੇਰੇ ਉਤੋਂ ਕਿਰਿਆ ਮੇਟ ਦੇ ਕੂੜੀ, ਕੂੜ ਕੁਟੰਬ ਦੇਣਾ ਗੁਆਈਆ । ਦਰੇ ਦਰਬਾਰ ਬਖ਼ਸ਼ਣੀ ਚਰਨ ਧੂਰੀ, ਧੂੜੀ ਖ਼ਾਕ ਰਮਾਈਆ । ਉਹ ਆਸ਼ਾ ਵੇਖ ਲੈ ਮੂਸਾ ਵਾਲੀ ਕੋਹਤੂਰੀ, ਤੁਰੀਆ ਤੋਂ ਬਾਹਰ ਕੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਸਾਹਿਬ ਤੇਰੇ ਹੱਥ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰਾ ਰਿਹਾ ਕੋਈ ਨਾ ਸਕਾ, ਮੀਤ ਸਾਜਣ ਨਜ਼ਰ ਕੋਇ ਨਾ ਆਈਆ । ਤੂੰ ਇਕੋ ਵਾਹਿਦ ਨੂਰ ਅਲਾਹੀ ਯਕਾ, ਯਕੇ ਬਾਦ ਦੀਗਰੇ ਆਪਣਾ ਖੇਲ ਖਿਲਾਈਆ । ਤੇਰਾ ਸਭ ਦੇ ਨਾਲ ਵਾਅਦਾ
ੳ੪੭ ਪੱਕਾ, ਕੱਚੀ ਗੰਢ ਨਾ ਕੋਇ ਜਣਾਈਆ । ਉਹ ਸੰਦੇਸ਼ ਯਾਦ ਕਰ ਲੈ ਜੋ ਮੁਹੰਮਦ ਦਿਤਾ ਵਿਚ ਮੱਕਾ, ਕਾਅਬਿਆਂ ਬਾਹਰ *ਅਸਮਾਈਦ ਨਾਲ ੮੪੭
੨੪ ਮਿਲਾਈਆ । ਮੇਰੇ ਮਿਹਰਵਾਨਾ ਨੌਜਵਾਨਾ ਅੰਤਮ ਦੇਵੀਂ ਮੂਲ ਨਾ ਧੱਕਾ, ਫੜ ਬਾਹੋਂ ਨਾ ਬਾਹਰ ਧਕਾਈਆ । ਤੁਧ ਬਿਨ ਮੇਰੀ ਕ਼ੀਮਤ ਪਏ ਨਾ ੨੪
ਟਕਾ, ਕੌਡੀਆਂ ਜਗਤ ਵਿਕਾਈਆ । ਮੈਂ ਚਾਹੁੰਦੀ ਮੇਰੇ ਉਤੋਂ ਸ਼ਰਅ ਦਾ ਮੇਟ ਦੇ ਰੱਟਾ, ਝਗੜਾ ਮਾਨਵ ਜ਼ਾਤ ਨਾ ਕੋਇ ਜਣਾਈਆ । ਉਹ ਵੇਖ ਲੈ ਮੇਰੇ ਕੋਲ ਨੌ ਸੌ ਚੁਰਾਨਵੇ ਚੌਕੜੀ ਜੁਗ ਦਾ ਪਟਾ, ਜਿਸ ਦਾ ਹਰਫ਼ ਹਰੂਫ਼ ਸਕੇ ਨਾ ਕੋਇ ਬਦਲਾਈਆ । ਉਤੇ ਸਤਿਗੁਰ ਸ਼ਬਦ ਦਾ ਅਗੰਮਾ ਠੱਪਾ, ਮੋਹਰ ਨੇਤਰ ਲੋਚਨ ਨੈਣ ਨਾ ਕੋਇ ਜਣਾਈਆ । ਜਿਸ ਦੇ ਵਿਚੋਂ ਨਜ਼ਰੀ ਆਉਂਦਾ ਇਕੋ ਪੱਪਾ, ਪਤਿਪਰਮੇਸ਼ਵਰ ਜਿਸ ਨੂੰ ਦਏ ਵਡਿਆਈਆ । ਮੇਰਾ ਤੇਰੇ ਨਾਲ ਅਗੰਮੀ ਮਤਾ, ਮਤ ਮਤਾਂਤਰਾਂ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਤੇਰੇ ਧਰਮ ਦੀ ਧਾਰ ਮੇਰੀ ਸਤਾ, ਸਤਿ ਸਤਿਵਾਦੀ ਦੇਣੀ ਮਾਣ ਵਡਿਆਈਆ ।

## ✪ ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਕਰਨੈਲ ਸਿੰਘ ਦੇ ਗ੍ਰਿਹ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੇਰੇ ਮਾਲਕ ਦੋ ਜਹਾਨਾਂ ਜ਼ਬਰੂ, ਜ਼ਬਰਦਸਤ ਉਦੈ ਅਸਤ ਤੇਰੀ ਸਰਨਾਈਆ । ਮੇਰੇ ਆਦਿ ਜੁਗਾਦਿ ਜੁਗ ਚੌਕੜੀ ਦੇ ਗਭਰੂ, ਨੌਜਵਾਨ ਸ੍ਰੀ ਭਗਵਾਨ ਤੇਰੀ ਬੇਪਰਵਾਹੀਆ । ਮੇਰੀ ਆਸਾ ਮਨਸਾ ਤਕ ਲੈ ਸੱਧਰੂ, ਸਦਕੇ ਵਾਰੀ ਘੋਲ ਘੁਮਾਈਆ । ਤੁਧ ਬਿਨ ਮੇਰਾ ਰਿਹਾ

ਕੋਈ ਨਾ ਕ਼ਦਰੁ, ਕ਼ੁਦਰਤ ਦੇ ਕ਼ਾਦਰ ਦੇਣੀ ਵਡਿਆਈਆ । ਮੇਰੀ ਇਜ਼ਤ ਮਾਣ ਰੁਲ ਗਈ ਆਬਰੂ, ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਧਰਨੀ ਕਹੇ ਮੇਰੇ ਪਰਮ ਪੁਰਖ ਆਦਿ ਜੁਗਾਦੀ ਸ਼ਕਤੀ ਸ਼ਾਲੀ, ਸ਼ਹਿਨਸ਼ਾਹ ਤੇਰੀ ਸਰਨਾਈਆ । ਮੈਂ ਨਿਤ ਨਵਿਤ ਤੇਰੀ ਘਾਲ ਘਾਲੀ, ਘਾਇਲ ਹੋ ਕੇ ਸੇਵ ਕਮਾਈਆ । ਜੁਗ ਚੌਕੜੀ ਤੇਰੀ ਬਣੀ ਰਹੀ ਪੁਤਰੀ ਬਾਲੀ, ਨੱਢੀ ਹੋ ਕੇ ਮੰਗ ਮੰਗਾਈਆ । ਮੇਰੇ ਸਾਹਿਬ ਸੁਲਤਾਨਾ ਮੇਰੀ ਝੋਲੀ ਵੇਖ ਲੈ ਖ਼ਾਲੀ, ਧਰਮ ਦੀ ਵਸਤ ਰਹਿਣ ਕੋਇ ਨਾ ਪਾਈਆ । ਚਾਰੋਂ ਕੁੰਟ ਰੈਣ ਅੰਧੇਰੀ ਹੋਈ ਕਾਲੀ, ਕਲਜੁਗ ਆਪਣੀ ਕਲ ਵਰਤਾਈਆ । ਏਸ ਵਕ਼ਤ ਮੇਰੀ ਸੁਰਤ ਸੰਭਾਲੀਂ, ਸੰਬਲ ਦੇ ਮਾਲਕ ਦਇਆ ਕਮਾਈਆ । ਮੇਰੇ ਉਤੇ ਜਗਤ ਗੁਰੂ ਰਹੇ ਕੋਈ ਨਾ ਜਾਹਲੀ, ਜਾਗਰਤ ਜੋਤ ਇਕੋ ਕਰ ਰੁਸ਼ਨਾਈਆ । ਮੈਂ ਤੇਰੇ ਨਾਮ ਬਿਨ ਹੋਈ ਕੰਗਾਲੀ, ਜਗ ਸ਼ਾਹ ਵਸਤ ਸਕੇ ਨਾ ਕੋਇ ਵਰਤਾਈਆ । ਉਹ ਲੇਖਾ ਤਕ ਲੈ ਜੋ ਰਾਮ ਦੀ ਧਾਰ ਲਹਿਣਾ ਚੁਕਾਇਆ ਬਾਲੀ, ਬਲਧਾਰੀ ਤੇਰੀ ਵਡ ਵਡਿਆਈਆ । ਮੇਰੀ ਫਲ ਲਗਾ ਦੇ ਸਤਿ ਸਚ ਦੀ ਡਾਲੀ, ਪੱਤ ਟਹਿਣੀ ਦੇ ਮਹਿਕਾਈਆ । ਮੈਂ ਤੇਰੇ ਦਰ ਹੋਈ ਸਵਾਲੀ, ਮਾਂਗਤ ਹੋ ਕੇ ਮੰਗ ਮੰਗਾਈਆ । ਜੁਗ ਚੌਕੜੀ ਲੰਘ ਗਏ ਕੀਤੀ ਮੂਲ ਨਾ ਕਾਹਲੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਧਿਆਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਦਰ ਦੇਣੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰਾ ਖ਼ਾਲੀ ਭੰਡਾਰਾ ਕਰ ਭਰਪੂਰ, ਊਣਤਾ ਨਜ਼ਰ ਕੋਇ ਨਾ ਆਈਆ । ਮੈਂ ਮਾਂਗਤ ਖੜ੍ਹੀ ਹਜ਼ੂਰ, ਦਰ ਠਾਂਢੇ ਸੀਸ ਨਿਵਾਈਆ । ਮੇਰਾ ਲਹਿਣਾ ਦੇ ਜ਼ਰੂਰ, ਜ਼ਰੂਰਤ ਪਿਛਲੀ ਨਾਲ ਰਲਾਈਆ । ਕਲਜੁਗ ਕੂੜੀ ਕਿਰਿਆ ਗੜ੍ਹ ਤੋੜ ਗ਼ਰੂਰ, ਗ਼ੁਰਬਤ ਅੰਦਰੋਂ ਬਾਹਰ ਕਢਾਈਆ । ਮਨ ਮਨਸਾ ਮੇਟ ਕੂਰ, ਕੂੜੀ ਕਿਰਿਆ ਰਹਿਣ ਨਾ ਪਾਈਆ । ਜਗਤ ਵਾਸ਼ਨਾ ਨਾ ਰਹੇ ਫ਼ਤੂਰ, ਫ਼ਤਵਾ ਦੇਣਾ ਥਾਉਂ ਥਾਈਂਆ । ਇਕੋ ਤੇਰਾ ਨਾਮ ਕਲਮਾ ਮੇਰੇ ਉਤੇ ਹੋਏ ਮਸ਼ਹੂਰ, ਮਸ਼ਵਰਾ ਸਤਿਗੁਰ ਸ਼ਬਦ ਜਣਾਈਆ । ਤੂੰ ਆਦਿ ਜੁਗਾਦੀ ਜਲਵਾਗਰ ਨੂਰੋ ਨੂਰ, ਨੂਰ ਨੁਰਾਨਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ , ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਂ ਨਿਤ ਨਵਿਤ ਤੇਰੀ ਮਜ਼ਦੂਰ, ਮਜ਼ਦੂਰੀ ਵਿਚ ਤੇਰੀ ਸੇਵ ਕਮਾਈਆ ।

### ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਮੱਸਾ ਸਿੰਘ ਦੇ ਗ੍ਰਹਿ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ

ਧਰਨੀ ਕਹੇ ਪ੍ਰਭੂ ਮੇਰੀ ਪਤ ਆਇਉਂ ਰਖਣ, ਰਖਸ਼ਿਸ਼ ਰਖਿਆ ਕਰਨੀ ਥਾਉਂ ਥਾਈਂਆ । ਬਿਨ ਨੇਤਰ ਨਿਗਾਹ ਮਾਰ ਲੈ ਉੱਤਰ ਪੂਰਬ ਪੱਛਮ ਦੱਖਣ, ਚਾਰ ਕੁੰਟ ਬੈਕੁੰਠ ਨਿਵਾਸੀ ਧਿਆਨ ਲਗਾਈਆ । ਧਰਮ ਦੀ ਧਾਰ ਏਕੰਕਾਰ ਮੇਰੇ ਉਤੋਂ ਹੋਈ ਸੱਖਣ, ਸਤਿ ਵਸਤ ਦਸਤ ਹੱਥ ਨਾ ਕੋਇ ਉਠਾਈਆ । ਜੋਤੀ ਜਾਤੇ ਪੁਰਖ ਬਿਧਾਤੇ ਮੈਂ ਆਪਣਾ ਦੁਖੜਾ ਆਈ ਦੱਸਣ, ਦਹਿ ਦਿਸ਼ਾ ਦਾ ਲੇਖਾ ਦਿਆਂ ਜਣਾਈਆ । ਨੌ ਖੰਡ ਪ੍ਰਿਥਮੀ

ਦੀ ਮੇਰੇ ਉਤੇ ਹੋਈ ਅੰਧੇਰੀ ਮੱਸਣ, ਸਾਚਾ ਚੰਦ ਨਾ ਕੋਇ ਚਮਕਾਈਆ । ਮੈਂ ਬਿਰਹੁ ਵੈਰਾਗਣ ਹੋ ਕੇ ਆਈ ਨੱਸਣ, ਭੱਜੀ ਵਾਹੋ ਦਾਹੀਆ । ਨਿਗਾਹ ਮਾਰ ਲੈ ਦੀਪ ਵਿਚ ਲੱਖਣ, ਕਰੌਚ ਪੁਸ਼ਕਰ ਆਪਣਾ ਭੇਵ ਖੁਲ੍ਹਾਈਆ । ਸਾਨ ਸਲਮਲ ਕਿਸ ਬਿਧ ਹੋਵੇ ਹੱਤਣ, ਜੰਬੂ ਕਰਨੀ ਕੀ ਕਮਾਈਆ । ਕੁਸ਼ਾ ਤੇਰੇ ਤੇ ਕਿਹੜੀ ਧਾਰ ਹੋਵੇ ਲਟ ਲਟਣ, ਜੋਤੀ ਜਾਤੇ ਦੇਣੀ ਦ੍ਰਿੜਾਈਆ । ਤੂੰ ਵਾਸੀ ਘਟ ਘਟਣ, ਲੱਖ ਚੁਰਾਸੀ ਰਿਹਾ ਸਮਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੇਰਾ ਧਰਮ ਦੀ ਧਾਰ ਵੇਖੀਂ ਪਤਨ, ਪਤ੍ਰਕਾ ਪਿਛਲੀ ਫੋਲ ਫੁਲਾਈਆ । ਤੇਰਾ ਧਰਮ ਮੇਰੇ ਉਤੋਂ ਹੋਇਆ ਬੇਵਤਨ, ਵਤਨਾਂ ਦੇ ਮਾਲਕ ਸਚ ਰੰਗ ਨਾ ਕੋਇ ਰੰਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮੈਂ ਕਰ ਕਰ ਥੱਕੀ ਯਤਨ, ਯਥਾਰਥ ਮੇਰਾ ਲੇਖਾ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੈਨੂੰ ਆ ਕੇ ਵਖਾ ਦੇ ਝਲਕ, ਝੱਲੀ ਕੋਝੀ ਕਮਲੀ ਤੇਰੀ ਓਟ ਤਕਾਈਆ । ਤੂੰ ਮਾਲਕ ਵਾਲੀ ਦੋ ਜਹਾਨਾਂ ਖ਼ਲਕ, ਮਖ਼ਲੂਕ ਤਕਣੀ ਥਾਉਂ ਥਾਈਂਆ । ਨਿਗਾਹ ਮਾਰ ਲੈ ਉਤੋਂ ਫ਼ਲਕ, ਜ਼ਿਮੀਂ ਜ਼ਮਾਂ ਖੋਜ ਖੁਜਾਈਆ । ਮੇਰੀ ਦੁਖਾਂ ਵਿਚ ਨਿਕਲੇ ਕਲਕ, ਨੇਤਰਾਂ ਰੋ ਰੋ ਦਿਆਂ ਦੁਹਾਈਆ । ਸੁਖ ਚੈਨ ਕਿਸੇ ਆਵੇ ਘੜੀ ਨਾ ਪਲਕ, ਪਾਰਬ੍ਰਹਮ ਪਤਿਪਰਮੇਸ਼ਵਰ ਧੀਰਜ ਧੀਰ ਨਾ ਕੋਇ ਧਰਾਈਆ । ਉਹ ਨਿਗਾਹ ਮਾਰ ਲੈ ਜੋ ਸੰਦੇਸ਼ਾ ਦੇ ਕੇ ਗਿਆ ਜਨਕ, ਜਨਕ ਸਪੁਤਰੀ ਸੀਆ ਨਾਲ ਮਿਲਾਈਆ । ਮੇਰੇ ਅੰਤਸ਼ਕਰਨ ਵਿਚੋਂ ਮੇਟ ਦੇ ਸ਼ੰਕ, ਸਹਿਸਾ ਅੰਤਰ ਰਹੇ ਨਾ ਰਾਈਆ । ਮੇਰਾ ਸੁਹਾ ਦੇ ਅਗੰਮਾ ਬੰਕ, ਬੰਕ ਦੁਆਰੀ ਹੋ ਕੇ ਫੇਰਾ ਪਾਈਆ । ਮੈਂ ਨਿਰਧਨ ਤੇਰੀ ਆਸ਼ਾ ਵਿਚ ਬੈਠੀ ਰਹਾਂ ਅਟੰਕ, ਚਿੰਤਾ ਗ਼ਮ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਮੇਰੀ ਮੇਟ ਦੇ ਹਵਸ, ਤ੍ਰਿਸ਼ਨਾ ਕੂੜ ਜਗਤ ਮਿਟਾਈਆ । ਮਿਹਰਵਾਨ ਹੋ ਕੇ ਕਰ ਤਰਸ, ਤ੍ਰੈਗੁਣ ਅਤੀਤੇ ਆਪਣਾ ਰੰਗ ਰੰਗਾਈਆ । ਨਾਮ ਨਿਧਾਨਾ ਇਕੋ ਮੇਘ ਬਰਸ, ਨਵ ਸੱਤ ਮੇਰੀ ਅਗਨੀ ਦੇ ਬੁਝਾਈਆ । ਮੇਰਾ ਲੇਖੇ ਲਾ ਲੈ ਖ਼ੁਸ਼ੀਆਂ ਵਾਲਾ ਬਰਸ, ਸ਼ਹਿਨਸ਼ਾਹ ਸ਼ਾਹ ਸੁਲਤਾਨ ਦਰ ਤੇਰੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਭੇਵ ਅਭੇਦ ਖੁਲ੍ਹਾਈਆ । ਧਰਨੀ ਕਹੇ ਮੇਰੇ ਸਤਿਗੁਰ ਸੁਆਮੀ ਮਾਈ ਬਾਪ, ਪਿਤਾ ਪੁਰਖ ਅਕਾਲ ਤੇਰੀ ਓਟ ਤਕਾਈਆ । ਮੇਰੇ ਉਤੋਂ ਮੇਟ ਦੇ ਕਲਜੁਗ ਕੂੜਾ ਪਾਪ, ਕੁਕਰਮ ਦਾ ਲੇਖਾ ਦੇ ਮੁਕਾਈਆ । ਜਗਤ ਜੀਵਾਂ ਜੰਤਾਂ ਰਹੇ ਨਾ ਕੋਇ ਸੰਤਾਪ, ਸਤਿ ਸਤਿਵਾਦੀ ਹੋਣਾ ਆਪ ਸਹਾਈਆ । ਨਵ ਸੱਤ ਦੀ ਮੇਟ ਅੰਧੇਰੀ ਰਾਤ, ਨੂਰੀ ਚੰਦ ਚੰਦ ਚਮਕਾਈਆ । ਝਗੜਾ ਮੇਟ ਦੇ ਜ਼ਾਤ ਪਾਤ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਇਕੋ ਨਾਮ ਕਲਮਾ ਦੇ ਸਫ਼ਾਤ, ਸਫ਼ਾ ਹਸਤੀ ਕੂੜ ਕਿਰਿਆ ਦੇ ਚੁਕਾਈਆ । ਤੇਰੇ ਗੁਣ ਨਿਧਾਨ ਦੀ ਕੋਈ ਅੱਖਰਾਂ ਨਾਲ ਜਾਣ ਨਾ ਸਕੇ ਲੁਗਾਤ, ਹਰਫ਼ ਹਰੂਫ਼ ਨਾ ਕੋਇ ਚਤੁਰਾਈਆ । ਮੇਰੇ ਕੋਲ ਤੇਰਾ ਸੰਦੇਸ਼ਾ ਅਗੰਮੀ ਬਿਨ ਅੱਖਰਾਂ ਵਾਲੀ ਪਾਤ, ਪਤਿਪਰਮੇਸ਼ਵਰ ਆਪਣੇ ਵਿਚ ਟਿਕਾਈਆ । ਜਿਸ ਵਿਚ ਲੇਖਾ ਕਲਜੁਗ ਅੰਤ ਤੇਰੇ ਕੰਢੇ ਆਏ ਘਾਟ, ਦੋ ਜਹਾਨਾਂ ਪਤਣ ਚਰਨਾਂ ਹੇਠ ਦਬਾਈਆ । ਤੂੰ ਪੰਧ ਮਾਰ ਕੇ ਆ ਜਾ ਵਾਟ, ਨਿਰਗੁਣ ਦਾਤੇ ਧੁਰਦਰਗਾਹੀਆ । ਮੇਰੀ ਸੁਹੰਜਣੀ ਕਰ ਦੇ ਖਾਟ, ਸਚ ਸਿੰਘਾਸਣ ਆਸਣ ਲਾਈਆ । ਮੈਂ ਤੇਰੇ ਗੁਣ ਗਾਵਾਂ ਬਣ ਕੇ ਭਾਟ, ਭਟਨਾਗਰ ਤੇਰੀ ਸਿਫ਼ਤ ਸਲਾਹੀਆ । ਜੋਤੀ ਜੋਤ

੮੪੯
੨੪

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਉਤੇ ਈਸਾ ਮੂਸਾ ਵਾਲੀ ਪੂਰੀ ਕਰ ਦੇ ਟਾਕ, ਬਿਨ ਟੰਗ ਰਸਨਾ ਜਿਹਵਾ ਜੋ ਹਰਫ਼ਾਂ ਹਰੂਫ਼ ਜਣਾਈਆ ।

### ✪ ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਦਾਰਾ ਸਿੰਘ ਦੇ ਗ੍ਰਿਹਿ ਪਿੰਡ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੇਰੇ ਮਾਲਕ ਗੁਣੀ ਗਹੀਰ, ਗਹਿਰ ਗਵਰ ਤੇਰਾ ਧਿਆਨ ਲਗਾਈਆ । ਮੇਰੇ ਸਿਰ ਤੋਂ ਧਰਮ ਦਾ ਲੱਥਾ ਚੀਰ, ਓਢਣ ਉਪਰ ਨਾ ਕੋਇ ਟਿਕਾਈਆ । ਸਹਾਇਤਾ ਕਰੇ ਨਾ ਕੋਈ ਅਵਤਾਰ ਪੈਗ਼ੰਬਰ ਪੀਰ, ਰਖਕ ਨਜ਼ਰ ਕੋਇ ਨਾ ਆਈਆ । ਮਿਹਰਵਾਨਾ ਮੇਰੇ ਨੇਤਰ ਵਗੇ ਨੀਰ, ਨੈਣਾਂ ਛਹਿਬਰ ਲਾਈਆ । ਕਲਜੁਗ ਕਿਰਿਆ ਮੇਰੀ ਬਦਲ ਦਿਤੀ ਤਕਦੀਰ, ਤਕੱਬਰ ਵਿਚ ਖ਼ਲਕ ਖ਼ੁਦਾਈਆ । ਨਵ ਸੱਤ ਸ਼ਰਅ ਜ਼ੰਜੀਰ, ਬੰਧਨ ਸਕੇ ਨਾ ਕੋਇ ਤੁੜਾਈਆ । ਝਗੜਾ ਪਿਆ ਸ਼ਾਹ ਹਕੀਰ, ਨੀਚ ਊਚ ਕਰੇ ਲੜਾਈਆ । ਧਰਮ ਦਾ ਰਿਹਾ ਨਾ ਕੋਈ ਵੀਰ, ਭੈਣਾਂ ਸੰਗ ਨਾ ਕੋਇ ਨਿਭਾਈਆ । ਮਾਤ ਪਿਤ ਰਸ ਰਿਹਾ ਕਿਸੇ ਨਾ ਸੀਰ, ਪਿਤਾ ਪੂਤ ਰਹੇ ਕੁਰਲਾਈਆ । ਮੇਰਾ ਅੰਤਸ਼ਕਰਨ ਹੋਇਆ ਦਿਲਗੀਰ, ਚਿੰਤਾ ਵਿਚ ਮੇਰੀ ਦੁਹਾਈਆ । ਮੇਰੇ ਉਤੋਂ ਕਟ ਦੇ ਆ ਕੇ ਭੀਰ, ਦੁਖਾਂ ਦਰਦਾਂ ਡੇਰਾ ਢਾਹੀਆ । ਤੇਰੇ ਕੋਲ ਸਰਬ ਤਕ਼ਦੀਰ, ਤਰੀਕਾ ਆਪਣਾ ਲੈਣਾ ਵਰਤਾਈਆ । ਮੈਨੂੰ ਸੰਦੇਸ਼ਾ ਦੇ ਕੇ ਗਿਆ ਭਗਤਾਂ ਦਾ ਭਗਤ ਕਬੀਰ, ਕਾਅਬਿਆਂ ਬਾਹਰ ਕਰ ਸ਼ਨਵਾਈਆ । ਧਰਨੀਏ ਤੇਰੇ ਉਤੇ ਪੁਰਖ ਅਕਾਲਾ ਫੇਰ ਨਵੀਂ ਕਰੇ ਤਾਮੀਰ, ਪੂਰਬ ਲੇਖਾ ਰਹੇ ਨਾ ਰਾਈਆ । ਸ਼ਬਦੀ ਖੰਡਾ ਲੈ ਸ਼ਮਸ਼ੀਰ, ਸ਼ਰਅ ਦੇ ਲਹਿਣੇ ਦਏ ਮੁਕਾਈਆ । ਝਗੜਾ ਰਹੇ ਨਾ ਗਾਂ ਖ਼ੰਜੀਰ, ਪਸ਼ੂਆਂ ਖੱਲ ਨਾ ਕੋਇ ਲੁਹਾਈਆ । ਇਕੋ ਰੰਗ ਰੰਗਾਏ ਹਸਤ ਕੀਰ, ਕੀਟ ਕੀਟਾਂ ਦਏ ਵਡਿਆਈਆ । ਮਾਨਵ ਜ਼ਾਤੀ ਅੰਦਰੋਂ ਬਦਲ ਦਏ ਜ਼ਮੀਰ, ਅੰਤਸ਼ਕਰਨ ਕਰੇ ਸਫ਼ਾਈਆ । ਅੰਮ੍ਰਿਤ ਦੇ ਕੇ ਠੰਡਾ ਸੀਰ, ਅਗਨੀ ਤਤ ਤਤ ਬੁਝਾਈਆ । ਸ਼ਬਦ ਅਨਾਦੀ ਦੇਵੇ ਧੀਰ, ਧੀਰਜ ਧਰਮ ਧਾਰ ਜਣਾਈਆ । ਜੋਤੀ ਜਾਤਾ ਆਏ ਘਤ ਵਹੀਰ, ਬਿਨ ਕ਼ਦਮਾਂ ਕ਼ਦਮ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਮੇਰੇ ਗੁਰੂ ਗੁਰੂ ਗੁਰਦੇਵਾ, ਦੇਵ ਦੇਵਾ ਤੇਰੀ ਵਡਿਆਈਆ । ਤੂੰ ਸਾਹਿਬ ਅਲਖ ਅਭੇਵਾ, ਅਗੋਚਰ ਅਗੰਮ ਭੇਵ ਖੁਲ੍ਹਾਈਆ । ਕੀ ਸਿਫ਼ਤ ਕਰੇ ਤੇਰੀ ਕੋਈ ਜਿਹਵਾ, ਕਥਨੀ ਕਥ ਨਾ ਸਕੇ ਰਾਈਆ । ਤੂੰ ਆਦਿ ਜੁਗਾਦਿ ਸਦਾ ਨਿਹਕੇਵਾ, ਸਚਖੰਡ ਨਿਵਾਸੀ ਨੂਰ ਅਲਾਹੀਆ । ਮੇਰੇ ਮਸਤਕ ਲਾ ਦੇ ਅਗੰਮੀ ਥੇਵਾ, ਕੌਸਤਕ ਮਨੀਆ ਲੋੜ ਰਹੇ ਨਾ ਰਾਈਆ । ਤੂੰ ਖ਼ਸਮ ਸੁਆਮੀ ਮੇਰਾ ਦੂਜਾ ਕਰਾਂ ਨਾ ਕੋਇ ਕਰੇਵਾ, ਕਰਨੀ ਕਰਤੇ ਤੇਰੀ ਆਸ ਰਖਾਈਆ । ਮੈਨੂੰ ਅੰਮ੍ਰਿਤ ਫਲ ਲਗਾ ਦੇ ਮੇਵਾ, ਅੰਮਿਓਂ ਰਸ ਆਪਣਾ ਆਪ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਕ਼ਬੂਲ ਕਰ ਲੈ ਸੇਵਾ, ਸੇਵਕ ਯਾਚਕ ਹੋ ਕੇ ਮੰਗ ਮੰਗਾਈਆ ।


੮੫੦
੨੪

## ✪ ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਅਜ਼ੈਬ ਕੌਰ ਦੇ ਗ੍ਰਿਹ ਪਿੰਡ ਬਾਠ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਪ੍ਰਭੂ ਮੇਰੇ ਤੋਂ ਧਾਰ ਮੁਕ ਗਈ ਧਰਮ ਦੀ, ਸਤਿ ਸਚ ਤੇਰੇ ਰੰਗ ਨਾ ਕੋਇ ਸਮਾਈਆ । ਪੰਜ ਤਤ ਵਜੂਦ ਕਾਇਆ ਮਾਟੀ ਵਸਤ ਨਜ਼ਰ ਨਾ ਆਏ ਕਿਸੇ ਬ੍ਰਹਮ ਦੀ, ਪਾਰਬ੍ਰਹਮ ਤੇਰੇ ਰੰਗ ਨਾ ਕੋਇ ਸਮਾਈਆ । ਸ੍ਰਿਸ਼ਟੀ ਵਣਜਾਰੀ ਹੋ ਗਈ ਕੂੜ ਕੁੜਿਆਰੇ ਕਰਮ ਦੀ, ਮਾਇਆ ਮਮਤਾ ਮੋਹ ਵਿਚ ਹਲਕਾਈਆ । ਸਭ ਦੀ ਦ੍ਰਿਸ਼ਟੀ ਹੋ ਗਈ ਚੰਮ ਦੀ, ਚੰਮ ਦ੍ਰਿਸ਼ਟੀ ਵਿਚ ਖ਼ਲਕ ਖ਼ੁਦਾਈਆ । ਮੇਰੇ ਉਤੇ ਘੜੀ ਤਕ ਲੈ ਗ਼ਮ ਦੀ, ਗ਼ਮਖਾਰ ਹੋ ਕੇ ਵੇਖ ਵਖਾਈਆ । ਚੁਗਲੀ ਸੁਣ ਲੈ ਕਿਰਿਆ ਕੂੜ ਵਾਲੇ ਕੰਨ ਦੀ, ਸ਼ਬਦ ਅਨਾਦੀ ਧੁਨ ਨਾ ਕੋਇ ਸ਼ਨਵਾਈਆ । ਰੋਸ਼ਨੀ ਰਹੀ ਨਾ ਤੇਰੇ ਨਾਮ ਕਲਮੇ ਚੰਨ ਦੀ, ਕਲਜੁਗ ਅੰਧ ਅਗਿਆਨ ਅੰਧੇਰਾ ਗਿਆ ਛਾਈਆ । ਵਾਸਨਾ ਵਧ ਗਈ ਮਾਨਸ ਮਾਨਵ ਮਾਨੁਖ ਮਨ ਦੀ, ਮਮਤਾ ਮੋਹ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਹੋਇਆ ਕਹਿਰ, ਦੀਨ ਦੁਨੀ ਰਹੀ ਕੁਰਲਾਈਆ । ਕਿਰਪਾ ਨਿਧਾਨ ਹੋ ਕੇ ਕਰ ਦੇ ਮਿਹਰ, ਮਿਹਰਵਾਨ ਮਹਿਬਾਨ ਆਪਣੀ ਦਇਆ ਕਮਾਈਆ । ਮਾਨਵ ਜ਼ਾਤੀ ਤੇਰੇ ਨਾਲੋਂ ਬਣੇ ਕੋਈ ਨਾ ਗ਼ੈਰ, ਆਤਮ ਪਰਮਾਤਮ ਮੇਲਾ ਮੇਲਣਾ ਸਹਿਜ ਸੁਭਾਈਆ । ਕਲਜੁਗ ਕੂੜੀ ਕਿਰਿਆ ਵਿਖ ਅੰਦਰੋਂ ਕਢ ਦੇ ਜ਼ਹਿਰ, ਜ਼ਾਹਰ ਜ਼ਹੂਰ ਆਪਣਾ ਨੂਰ ਕਰ ਰੁਸ਼ਨਾਈਆ । ਮਿਹਰਵਾਨਾ ਸ੍ਰੀ ਭਗਵਾਨਾ ਸਦੀ ਚੌਧਵੀਂ
੮੫੧ ਅੰਤ ਲਾਈਂ ਨਾ ਦੇਰ, ਬੀਸ ਬੀਸੇ ਹਰਿ ਜਗਦੀਸੇ ਤੇਰੀ ਓਟ ਤਕਾਈਆ । ਨਵ ਸੱਤ ਮੇਰੇ ਉਤੋਂ ਮੇਟ ਦੇ ਮਨ ਮਨਸਾ ਵਾਲਾ ਹੇਰ ਫੇਰ, ਫੁਰਨੇ ੮੫੧
੨੪ ਮਨ ਦੇ ਬੰਦ ਕਰਾਈਆ । ਏਕਾ ਰੰਗ ਰੰਗਾ ਦੇ ਗੁਰੂ ਗੁਰ ਚੇਰ, ਚੇਲਾ ਗੁਰ ਇਕੋ ਰੰਗ ਸਮਾਈਆ । ਪੰਚ ਵਿਕਾਰਾ ਢਾਹ ਕੇ ਕਰ ਦੇ ਢੇਰ, ੨੪
ਸਤਿ ਸਚ ਤਨ ਵਜੂਦ ਦੇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਪ੍ਰਭੂ ਨਿਰਗੁਣ ਧਾਰ ਖੋਲ੍ਹ ਦੇ ਭੇਵ, ਪਰਦਾ ਉਹਲਾ ਰਹੇ ਨਾ ਰਾਈਆ । ਤੂੰ ਮਾਲਕ ਖ਼ਾਲਕ ਸਚਖੰਡ ਨਿਵਾਸੀ ਨਿਹਕੇਵ, ਨਿਹਚਲ ਤੇਰੀ ਵਜੇ ਵਧਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਅਲਖ ਅਭੇਵ, ਅਗੋਚਰ ਤੇਰੀ ਤੇਰੇ ਹੱਥ ਵਡਿਆਈਆ । ਸਤਿ ਸਚ ਦਾ ਅੰਮ੍ਰਿਤ ਰਸ ਦੇ ਦੇ ਮੇਵ, ਬਿਨ ਰਸਨਾ ਰਸ ਚਖਾਈਆ । ਤੇਰੀ ਸਿਫ਼ਤ ਕਰ ਸਕੇ ਨਾ ਕੋਈ ਰਸਨਾ ਜਿਹਵ, ਬੁੱਧੀ ਮਤ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਆਸ਼ਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੈਂ ਮੰਗਾਂ ਤੇਰਾ ਇਕ ਦੀਦਾਰਾ, ਬਿਨ ਨੇਤਰ ਲੋਚਨ ਨੈਣਾਂ ਦਰਸ਼ਨ ਪਾਈਆ । ਤੇਰਾ ਵੇਖਾਂ ਸਤਿਗੁਰ ਸ਼ਬਦ ਸ਼ਬਦ ਦੁਲਾਰਾ, ਦੂਲਹਾ ਧੁਰ ਦਾ ਸੋਭਾ ਪਾਈਆ । ਜੋਤੀ ਧਾਰ ਤਕਾਂ ਤੇਈ ਅਵਤਾਰਾ, ਅਵਤਰ ਤੇਰੇ ਸੰਗ ਸਮਾਈਆ । ਪੈਗ਼ੰਬਰਾਂ ਵੇਖਾਂ ਨੂਰ ਉਜਿਆਰਾ, ਮੂਸਾ ਈਸਾ ਮੁਹੰਮਦ ਸੰਗ ਲੈਣੇ ਮਿਲਾਈਆ । ਨਾਨਕ ਗੋਬਿੰਦ ਦਹਿ ਦਿਸ਼ਾ ਤੇਰੀ ਧਾਰ ਸੁਣਾਂ ਜੈਕਾਰਾ, ਦੂਜੀ ਆਵਾਜ਼ ਨਾ ਕੋਇ ਦ੍ਰਿੜਾਈਆ । ਧਰਨੀ ਧਰਤ ਧਵਲ ਧੌਲ ਤੇ ਆ ਕੇ ਪਾ ਸਾਰਾ, ਸਾਰਥੀ ਤੇਰੀ ਆਸ ਰਖਾਈਆ । ਕਲਜੁਗ ਕੂੜ ਕਿਰਿਆ ਮੇਟ ਅੰਧਿਆਰਾ, ਨਵ ਸੱਤ ਕਰ ਰੁਸ਼ਨਾਈਆ । ਤੂੰ ਸ਼ਾਹੋ ਭੂਪ ਸਿਕਦਾਰਾ, ਸ਼ਹਿਨਸ਼ਾਹ ਇਕ ਅਖਵਾਈਆ । ਮੇਰੀ ਤੇਰੇ ਚਰਨ ਕਵਲ ਉਪਰ ਧਵਲ ਨਿਮਸਕਾਰਾ, ਨਿਵ ਨਿਵ ਲਾਗਾਂ ਪਾਈਆ । ਮੈਂ ਬਸੁਧਾ ਹੋ ਕੇ ਰੋਵਾਂ ਜ਼ਾਰੋ ਜ਼ਾਰਾ,

ਦਰ ਤੇਰੇ ਆਸ ਰਖਾਈਆ । ਜੋਤੀ ਜਾਤੇ ਪੁਰਖ ਬਿਧਾਤੇ ਤੈਨੂੰ ਸਭ ਨੇ ਕਿਹਾ ਕਲ ਕਲਕੀ ਅਵਤਾਰਾ, ਅਮਾਮ ਅਮਾਮਾ ਤੇਰਾ ਨਾਮ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਸਾਹਿਬ ਦਇਆ ਕਮਾਈਆ । ਧਰਨੀ ਕਹੇ ਮੇਰੇ ਨਿਹਕਲੰਕਾ ਭੂਪ, ਭੂਪਤ ਭੂਪ ਤੇਰੀ ਸਰਨਾਈਆ । ਮੈਂ ਤੇਰਾ ਤਕਣਾ ਚਾਹੁੰਦੀ ਸਤਿ ਸਰੂਪ, ਜੋਤੀ ਜਾਤਾ ਪੁਰਖ ਬਿਧਾਤਾ ਇਕੋ ਨਜ਼ਰੀ ਆਈਆ । ਤੇਰਾ ਸ਼ਬਦ ਦੁਲਾਰਾ ਏਕੰਕਾਰਾ ਇਕੋ ਹੋਵੇ ਦੂਤ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਫਿਰੇ ਵਾਹੋ ਦਾਹੀਆ । ਮੇਰੇ ਨਵ ਸੱਤ ਵੇਖੇ ਚਾਰੇ ਕੁੰਟਾਂ ਕੂਚ, ਕੋਨਾ ਕੋਨਾ ਫੋਲ ਫੁਲਾਈਆ । ਮੇਰੇ ਕੋਲ ਤੇਰੇ ਹੁਕਮ ਦਾ ਆਦਿ ਜੁਗਾਦੀ ਅਗੰਮ ਸਬੂਤ, ਜਿਸ ਦੀ ਜਗਤ ਅੱਖਰ ਕਰ ਸਕਣ ਨਾ ਮੂਲ ਪੜ੍ਹਾਈਆ । ਮੈਂ ਚਾਹੁੰਦੀ ਤੂੰ ਹਰ ਵਕ਼ਤ ਮੇਰੇ ਉਤੇ ਦਿਸੇਂ ਮੌਜੂਦ, ਮੌਜੂਦਾ ਹੋ ਕੇ ਆਪਣਾ ਭੇਵ ਦੇਣਾ ਚੁਕਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਵਾਲੀ ਅਰਸ਼ ਅਰੂਜ, ਆਲੀਜਾਹ ਤੇਰਾ ਇਕੋ ਨੂਰ ਨਜ਼ਰੀ ਆਈਆ । ਮੇਰੇ ਮਿਹਰਵਾਨਾ ਮੇਰੇ ਤੋਂ ਸ਼ਰਅ ਦੀ ਮੇਟ ਹਦੂਦ, ਦੀਨਾਂ ਮਜ਼੍ਹਬਾਂ ਇਕੋ ਰੰਗ ਰੰਗਾਈਆ । ਮਾਨਵ ਜ਼ਾਤੀ ਭਾਗ ਲਗਾ ਦੇ ਤਨ ਵਜੂਦ, ਕਾਚੀ ਮਾਟੀ ਆਪਣਾ ਭੇਵ ਚੁਕਾਈਆ । ਇਕੋ ਮੰਜ਼ਲ ਹਕ ਦੱਸ ਮਕ਼ਸੂਦ, ਦਰਗਾਹ ਸਾਚੀ ਸਚ ਸਮਝਾਈਆ । ਕਲਜੁਗ ਕੂੜ ਕਿਰਿਆ ਕਰ ਨੇਸਤੋ ਨਾਬੂਦ, ਜੁਗ ਚੌਕੜੀ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਸਭ ਨੂੰ ਦੇ ਸੂਝ, ਬੁਧਿ ਬਿਬੇਕ ਦੇ ਕਰਾਈਆ । ਮੈਂ ਤੇਰੇ ਦਰ ਤੇ ਨਿਰਗੁਣ ਧਾਰ ਏਕੰਕਾਰ ਬੈਠੀ ਨੈਣ ਮੁੰਦ, ਲੋਚਨ ਅੱਖ ਨਾ ਕੋਇ ਖੁਲ੍ਹਾਈਆ । ਮੈਨੂੰ ਅੰਮ੍ਰਿਤ ਸਵਾਂਤੀ ਬਖ਼ਸ਼ ਦੇ ਬੂੰਦ, ਕਲਜੁਗ ਕੂੜੀ ਅਗਨ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਨੇਤਰ ਨਿਰਗੁਣ ਧਾਰ ਹੰਝੂ ਆਪੇ ਪੂੰਝ, ਅੱਥਰ ਸੱਥਰ ਦਰ ਤੇਰੇ ਤੇ ਰਹੀ ਵਹਾਈਆ ।

### ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਫਿਨੋ ਦੇ ਗ੍ਰਿਹ ਪਿੰਡ ਬਾਠ ਜ਼ਿਲਾ ਅੰਮ੍ਰਿਤਸਰ

ਧਰਨੀ ਕਹੇ ਪ੍ਰਭੂ ਮੇਰੇ ਖ਼ਾਲੀ ਭਰ ਭੰਡਾਰ, ਭਾਵਨੀ ਪੂਰਬ ਪੂਰ ਕਰਾਈਆ । ਵਸਤ ਅਗੰਮੀ ਨਿਰਗੁਣ ਡਾਰ, ਅਮੋਲ ਆਪਣੀ ਆਪ ਵਰਤਾਈਆ । ਤੂੰ ਦੇਵਣਹਾਰ ਕਰਤਾਰ, ਕ਼ੁਦਰਤ ਕ਼ਾਦਰ ਅਗੰਮ ਅਥਾਹੀਆ । ਮੈਂ ਮਾਂਗਤ ਬਣੀ ਭਿਖਾਰ, ਭਿਛਿਆ ਦੇਣੀ ਵਰਤਾਈਆ । ਬਿਨ ਨੈਣਾਂ ਨਿਗਾਹ ਮਾਰ, ਬਿਨ ਅੱਖਾਂ ਅੱਖ ਉਠਾਈਆ । ਸਤਿ ਦਾ ਰਿਹਾ ਨਾ ਕੋਇ ਉਜਿਆਰ, ਚੰਦ ਨੂਰ ਨਾ ਕੋਇ ਰੁਸ਼ਨਾਈਆ । ਕੂੜ ਦਾ ਹੋਇਆ ਧੂੰਆਂਧਾਰ, ਧਵਲ ਹੋ ਕੇ ਦਿਆਂ ਸੁਣਾਈਆ । ਮਾਇਆ ਮਮਤਾ ਕਰੇ ਖ਼ੁਆਰ, ਸਾਂਤਕ ਸਤਿ ਨਾ ਕੋਇ ਵਰਤਾਈਆ । ਮੇਰੇ ਉਤੇ ਜੀਵਾਂ ਜੰਤਾਂ ਤੇਰੇ ਨਾਮ ਦਾ ਕੀਤਾ ਵਪਾਰ, ਕਲਜੁਗ ਵਣਜ ਵਣਜ ਵਖਾਈਆ । ਸਤਿ ਦੀ ਵਜੇ ਨਾ ਕੋਇ ਸਿਤਾਰ, ਸੁਰਤ ਸ਼ਬਦ ਨਾ ਕੋਇ ਮਿਲਾਈਆ । ਜਿਧਰ ਤਕਾਂ ਉਧਰ ਪੰਚ ਵਿਕਾਰ, ਭੱਜੇ ਵਾਹੋ ਦਾਹੀਆ । ਤੇਰਾ ਪ੍ਰੇਮ ਹਰ ਹਿਰਦਿਉਂ ਹੋਇਆ ਫ਼ਰਾਰ, ਤਨ ਵਜੂਦਾਂ ਨਜ਼ਰ ਕੋਇ ਨਾ ਆਈਆ । ਤੂੰ ਮੇਰਾ ਆਦਿ ਜੁਗਾਦੀ ਪਰਵਰਦਿਗਾਰ, ਸਿਰ ਮੇਰੇ ਹੱਥ ਟਿਕਾਈਆ । ਨਿਰਗੁਣ ਦਾਤੇ ਧੁਰ ਦੇ ਯਾਰ, ਮਿਤਰਾ ਮੇਰਾ ਹੋ ਸਹਾਈਆ । ਮੈਂ ਰੋਵਾਂ ਜ਼ਾਰੋ

ਜ਼ਾਰ, ਬਿਨ ਨੇਤਰ ਨੀਰ ਵਹਾਈਆ । ਮੇਰੀ ਸਾਹਿਬ ਸੁਣੀ ਪੁਕਾਰ, ਦੂਰ ਦੁਰਾਡੇ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਧਰਨੀ ਕਹੇ ਮੇਰੀ ਪਾਵੀਂ ਸਾਰ, ਮਹਾਸਾਰਥੀ ਹੋ ਕੇ ਦਇਆ ਕਮਾਈਆ ।

### ✪ ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਮਹਿੰਦਰ ਸਿੰਘ ਦੇ ਗ੍ਰਿਹਿ ਪਿੰਡ ਬਾਠ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੇਰੇ ਪ੍ਰਭ ਕੰਤ ਸੁਹਾਗਣ, ਦੂਲਹੇ ਦੂਲਹ ਤੇਰੀ ਵਡਿਆਈਆ । ਮੈਂ ਤੇਰੇ ਪਿਆਰ ਦੀ ਹੋਈ ਵੈਰਾਗਣ, ਪ੍ਰੇਮ ਵਿਚ ਰਹੀ ਕੁਰਲਾਈਆ । ਮੇਰੇ ਕਰ ਦੇ ਵਡ ਵਡ ਭਾਗਣ, ਭਗਵਾਨ ਹੋ ਕੇ ਹੋ ਸਹਾਈਆ । ਮੇਰੇ ਤੋਂ ਕੂੜੀ ਕਿਰਿਆ ਮੇਟ ਦੇ ਦਾਗ਼ਣ, ਦੁਰਮਤ ਮੈਲ ਧੁਆਈਆ । ਮਾਨਸ ਮਾਨਵ ਮਾਨੁਖ ਤੇਰੇ ਮੇਰੇ ਉਤੋਂ ਜਾਗਣ, ਆਲਸ ਨਿੰਦਰਾ ਰਹਿਣ ਕੋਇ ਨਾ ਪਾਈਆ । ਮੇਰੇ ਭਗਵੰਤ ਧਰਮ ਦੀ ਧਾਰ ਸਾਜ ਦੇ ਸਾਜਣ, ਸਾਜਣ ਸਾਜ ਤੇਰੀ ਆਸ ਰਖਾਈਆ । ਮੇਰਾ ਕਲਜੁਗ ਅੰਤ ਸਵਾਰ ਕਾਜਣ, ਕਰਤੇ ਪੁਰਖ ਦੇ ਵਡਿਆਈਆ । ਤੂੰ ਸ਼ਾਹੋ ਭੂਪ ਰਾਜ ਰਾਜਨ, ਸ਼ਹਿਨਸ਼ਾਹ ਨੂਰ ਅਲਾਹੀਆ । ਮੇਰੀ ਬੇਨੰਤੀ ਸੁਣ ਅਵਾਜ਼ਣ, ਅਣਸੁਣਤ ਦਿਆਂ ਸੁਣਾਈਆ । ਮੈਂ ਦਿਵਸ ਰੈਣ ਤੈਨੂੰ ਲੱਗੀ ਅਰਾਧਣ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੂੰ ਮੇਰਾ ਸਵਾਰਥ ਆਪੇ ਆਪ ਆਪੇ ਸਾਧਨ, ਸਤਿਗੁਰ ਤੇਰੀ ਨਾਮ ਵਡਿਆਈਆ । ਮੈਂ ਹੋਵਾਂ ਵਡ ਵਡਭਾਗਣ, ਭਗਵਨ ਸਿਰ ਮੇਰੇ ਹੱਥ ਟਿਕਾਈਆ । ਦੀਨ ਦੁਨੀ ਹੰਸ ਬਣਾ ਦੇ ਕਾਗਣ, ਗੁਰਮੁਖ ਆਪਣੇ ਰੰਗ ਰੰਗਾਈਆ । ਕਲਜੁਗ ਕਿਰਿਆ ਕੂੜ ਸਰਬ ਤਿਆਗਣ, ਤ੍ਰੈਗੁਣ ਲੇਖਾ ਰਹੇ ਨਾ ਰਾਈਆ । ਆਤਮ ਪਰਮਾਤਮ ਬਣਾ ਸਮਾਜਣ, ਸਮਗ੍ਰੀ ਸਚ ਵਰਤਾਈਆ । ਤੂੰ ਸਭ ਦਾ ਗ਼ਰੀਬ ਨਿਵਾਜ਼ਣ, ਗ਼ਰੀਬ ਨਿਮਾਣਿਆਂ ਵੇਖ ਵਖਾਈਆ । ਖੇਲ ਖਿਲਾ ਦੇ ਦੇਸ ਮਾਝਣ, ਮਧੁਰ ਧੁਨ ਕਰ ਸ਼ਨਵਾਈਆ । ਤੇਰਾ ਲਹਿਣਾ ਦੇਣਾ ਦੋ ਦੋ ਆਬਣ, ਦੋ ਜਹਾਨ ਦੇ ਵਾਲੀ ਤੇਰੇ ਹੱਥ ਵਡਿਆਈਆ । ਮੇਰੇ ਤੇ ਨਿਗਾਹ ਮਾਰ ਲੈ ਮੱਕਾ ਕਾਅਬਣ, ਮਕਬਰਿਆਂ ਫੋਲ ਫੁਲਾਈਆ । ਤੂੰ ਮਾਲਕ ਬੋਧ ਅਗਾਧਣ, ਬੁੱਧੀ ਤੋਂ ਪਰੇ ਤੇਰੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਇਕ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰੇ ਧਰਮ ਦਾ ਤੇਰਾ ਚਰਨ ਹੋਵੇ ਪਿਆਰ, ਮੁਹੱਬਤ ਇਕੋ ਇਕ ਰਖਾਈਆ । ਤੂੰ ਠਾਕਰ ਸੁਆਮੀ ਰਹਿਣਾ ਸਦ ਮਦਦਗਾਰ, ਸਿਰ ਆਪਣਾ ਹੱਥ ਟਿਕਾਈਆ । ਮੈਂ ਮਾਂਗਤ ਹੋ ਕੇ ਮੰਗਾਂ ਮੰਗ ਭਿਖਾਰ, ਦਰਵੇਸ਼ਣ ਹੋ ਕੇ ਝੋਲੀ ਡਾਹੀਆ । ਤੂੰ ਦੇਵਣਹਾਰ ਕਰਤਾਰ, ਕ਼ੁਦਰਤ ਕ਼ਾਦਰ ਇਕ ਅਖਵਾਈਆ । ਮੇਰੇ ਉਤੇ ਜੁਗ ਚੌਕੜੀ ਕੇਤੇ ਲੰਘ ਗਏ ਵਿਚ ਸੰਸਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਤਕੇ ਸੇਵਾਦਾਰ, ਸੰਸਾਰੀ ਭੰਡਾਰੀ ਸੰਘਾਰੀ ਹੋ ਕੇ ਸੇਵ ਕਮਾਈਆ । ਤੇਰੇ ਨਾਮ ਸੰਦੇਸ਼ੇ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰ, ਕਲਮੇ ਕਾਇਨਾਤ ਦ੍ਰਿੜਾਈਆ । ਭਵਿਖਤਾਂ ਵਿਚ ਕਹਿ ਕੇ ਗਏ ਕਲਜੁਗ ਅੰਤ ਆਏ ਕਲ ਕਲਕੀ ਅਵਤਾਰ, ਕਲਕਾਤੀਆਂ ਡੇਰਾ ਢਾਹੀਆ । ਧਰਨੀ ਕਹੇ ਮੇਰੇ ਪੁਰਖ ਅਕਾਲੇ ਮੇਰੀ ਪੈਜ ਸਵਾਰ, ਸਿਰ ਸਿਰ ਮੇਰੇ ਹੱਥ ਟਿਕਾਈਆ । ਮੈਂ ਤੇਰੇ ਚਰਨ ਕਵਲ ਜਾਵਾਂ ਬਲਿਹਾਰ, ਬਲ ਬਲ


੮੫੩
੨੪

ਆਪਣਾ ਆਪ ਕਰਾਈਆ । ਤੇਰੀ ਧੂੜੀ ਲਾਵਾਂ ਛਾਰ, ਟਿੱਕਾ ਜਗ ਨੇਤਰ ਵੇਖਣ ਕੋਇ ਨਾ ਪਾਈਆ । ਮੇਰਾ ਲਹਿਣਾ ਦੇਣਾ ਪੂਰਬ ਮੇਰੀ ਝੋਲੀ ਦੇਣਾ ਡਾਰ, ਖ਼ਾਲੀ ਰਹਿਣ ਕੋਇ ਨਾ ਪਾਈਆ । ਮੈਂ ਅਰਜ਼ ਗੁਜ਼ਾਰਸ਼ ਤੇਰੇ ਅਗੇ ਰਹੀ ਗੁਜ਼ਾਰ, ਬੇਨੰਤੀ ਕਹਿ ਕੇ ਮੰਗ ਮੰਗਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਮੇਰੇ ਉਤੇ ਰਹੇ ਨਾ ਧੂੰਆਂਧਾਰ, ਕੂੜ ਕੁੜਿਆਰ ਦਾ ਡੇਰਾ ਢਾਹੀਆ । ਚਾਰ ਕੁੰਟ ਦਹਿ ਦਿਸ਼ਾ ਤੇਰੇ ਨਾਮ ਦਾ ਹੋਏ ਜੈਕਾਰ, ਤੂੰ ਮੇਰਾ ਮੈਂ ਤੇਰਾ ਢੋਲਾ ਸਾਰੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜੁਗ ਚੌਕੜੀ ਸਾਹਿਬ ਇਕ ਸਿਕਦਾਰ, ਸ਼ਹਿਨਸ਼ਾਹ ਇਕੋ ਇਕ ਨਜ਼ਰੀ ਆਈਆ ।

✪ ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਕੁੰਦਨ ਸਿੰਘ ਦੇ ਗ੍ਰਿਹਿ ਪਿੰਡ ਮਾਲ ਚੱਕ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਪ੍ਰਭੂ ਮੇਰੇ ਨੂਰੇ ਨਵਿੰਨ ਨਾਜ਼ਖ਼ਸੇ ਵਜ਼ੂ ਤਾਨੁਖ਼ਤੇ ਜ਼ਵਾਂ ਕਜ਼ੀਉਲ ਗ਼ਮੀ ਨਜ਼ੂਮੇ ਜ਼ਵਾ ਉਲਜ਼ੂ ਚਖ਼ਮੀ ਮੇਰੇ ਖ਼ੁਦਾ ਨਜ਼ਲ ਜ਼ਵਿਨ ਜ਼ਮੁੰਦੇ ਮੁਹੰਮਦ ਰਜ਼ੀ ਖ਼ਸੀ ਕਬੂ ਜ਼ਵੀ ਮਾਵਲਾਏ ਸੋਂਹੁਰੇ ਮਫ਼ਜ਼ ਮੇਰੇ ਅਲਾਹ ਮੁਰਸ਼ਦੇ ਦੁਆ ਜ਼ਮੀਨੇ ਖ਼ਾਕੀ ਕਲਅਲ ਲਵੀ ਜ਼ਮੂਤੇ ਜਗਨ ਅਰਸ਼ੇ ਨਿਜ਼ਾ ਫ਼ਰਸ਼ੇ ਦੁਆ ਦੋ ਜਹਾਂ ਮਾਲਕ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ
੮੫੪ ਪੂਰ ਕਰਾਈਆ । ਧਰਨੀ ਕਹੇ ਮੇਰੇ ਆਦਿ ਜੁਗਾਦੀ ਰਾਮ, ਰਮਈਆ ਤੇਰੀ ਆਸ ਤਕਾਈਆ । ਮੇਰੇ ਤਤਾਂ ਤੋਂ ਬਾਹਰ ਕਾਹਨ, ਕਾਹਨ ਕਾਹਨਾਂ ੮੫੪
੨੪ ਦੇ ਮਾਲਕ ਤੇਰੇ ਹੱਥ ਵਡਿਆਈਆ । ਮੇਰੇ ਪੈਗ਼ੰਬਰਾਂ ਦੇ ਅਮਾਮ, ਨੂਰੇ ਨੁਰਾਨ ਤੇਰਾ ਤਕਾਂ ਨੂਰ ਅਲਾਹੀਆ । ਮੇਰੇ ਗੁਰੂ ਗੁਰਦੇਵਾ ਤੇਰਾ ਵੇਖਾਂ ੨੪
ਖੇਲ ਮਹਾਨ, ਦਰਗਾਹ ਸਾਚੀ ਭੇਵ ਚੁਕਾਈਆ । ਮੇਰੀ ਮੰਜ਼ਲ ਕਰ ਆਸਾਨ, ਹਕ਼ੀਕ਼ਤ ਦੇ ਮਾਲਕ ਹੋਣਾ ਸਹਾਈਆ । ਬਿਨ ਅੱਖਰਾਂ ਦੇ ਗਿਆਨ, ਧੁਰ ਦਾ ਸ਼ਬਦ ਸ਼ਬਦ ਸ਼ਨਵਾਈਆ । ਤੂੰ ਸ਼ਾਹੋ ਭੂਪ ਸੁਲਤਾਨ, ਨੂਰ ਨੁਰਾਨਾ ਅਗੰਮ ਅਥਾਹੀਆ । ਤੇਰਾ ਸਤਿਗੁਰ ਸ਼ਬਦ ਬਲਵਾਨ, ਬਲਧਾਰੀ ਬੇਪਰਵਾਹੀਆ । ਮੈਂ ਬੇਨੰਤੀ ਕਰਦੀ ਬਾਲੀ ਬੁਧਿ ਅੰਞਾਣ, ਮੇਰੀ ਚਲੀ ਨਾ ਕੋਈ ਚਤੁਰਾਈਆ । ਤੂੰ ਮਾਲਕ ਖ਼ਾਲਕ ਵਾਲੀ ਦੋ ਜਹਾਨ, ਜ਼ਿਮੀਂ ਜ਼ਮਾਂ ਅਸਮਾਂ ਤੇਰੀ ਓਟ ਤਕਾਈਆ । ਤੂੰ ਮੇਰਾ ਪਰਮ ਪੁਰਖ ਮਿਹਰਵਾਂ ਮਹਿਬਾਨ, ਬੀਦੋ ਤੇਰੀ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਭਗਵਨ ਮੇਰੀ ਕਰ ਦੇ ਦਾਰੀ, ਦੀਨ ਦਿਆਲ ਦਇਆ ਕਮਾਈਆ । ਮੈਂ ਮੰਗਣਹਾਰੀ ਤੇਰੀ ਭਿਖਾਰੀ, ਭਿਖਕ ਝੋਲੀ ਦੇਣੀ ਭਰਾਈਆ । ਤੂੰ ਨਿਰਗੁਣ ਨੂਰ ਜੋਤ ਉਜਿਆਰੀ, ਮੈਂ ਮਿੱਟੀ ਖ਼ਾਕ ਨਜ਼ਰੀ ਆਈਆ । ਜੁਗ ਚੌਕੜੀ ਤੇਰੀ ਚਾਕਰੀ ਕਰਦੀ ਰਹੀ ਵਿਚ ਸੰਸਾਰੀ, ਸੰਸਾਰੀ ਭੰਡਾਰੀ ਸੰਘਾਰੀ ਮੇਰੀ ਦੇਣ ਗਵਾਹੀਆ । ਮੇਰਾ ਲਹਿਣਾ ਦੇਣਾ ਨਾਲ ਤੇਈ ਅਵਤਾਰੀ, ਚਾਰ ਜੁਗ ਦੇ ਸ਼ਾਸਤਰ ਸੰਦੇਸ਼ੇ ਰਹੇ ਸੁਣਾਈਆ । ਪੈਗ਼ੰਬਰਾਂ ਲੇਖਾ ਜਾਣਾਂ ਵਾਰੋ ਵਾਰੀ, ਅਲਿਫ਼ ਯੇ ਨਾਲ ਜਿਨ੍ਹਾਂ ਦਿਤੀ ਵਡਿਆਈਆ । ਗੁਰੂ ਗੁਰਦੇਵ ਤਕੇ ਮੀਤ ਮੁਰਾਰੀ, ਸਾਜਣ ਮੀਤ ਜੋ ਅਖਵਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਤੇਰੇ ਚਰਨ ਕਵਲ ਜਾਵਾਂ ਬਲਿਹਾਰੀ, ਬਲ ਬਲ ਆਪਣਾ ਆਪ ਕਰਾਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਸਿਕਦਾਰੀ, ਦੋ ਜਹਾਨਾਂ ਹੁਕਮ ਵਰਤਾਈਆ । ਮਿਹਰਵਾਨਾ

ਨੌਜਵਾਨਾ ਮੇਰੀ ਸੁਣ ਪੁਕਾਰੀ, ਪੁਨਹ ਪੁਨਹ ਕਹਿ ਕੇ ਸੀਸ ਨਿਵਾਈਆ । ਮੈਂ ਧਰਨੀ ਧਰਤ ਧਵਲ ਧੌਲ ਕਲਜੁਗ ਅੰਤਮ ਹੋਈ ਦੁਖਿਆਰੀ, ਦੁਖੀ ਹੋ ਕੇ ਰਹੀ ਸੁਣਾਈਆ । ਮਿਹਰਵਾਨਾ ਮੇਰੀ ਪਾ ਸਾਰੀ, ਸਿਰ ਮੇਰੇ ਹੱਥ ਟਿਕਾਈਆ । ਮੇਰੇ ਉਤੇ ਕਿਰਿਆ ਰਹਿਣ ਨਾ ਦੇਵੇਂ ਕਲਜੁਗ ਕੁੜਿਆਰੀ, ਕੁਕਰਮ ਦਾ ਲੇਖਾ ਦੇ ਮੁਕਾਈਆ । ਸਤਿਜੁਗ ਸਚ ਧਰਮ ਕਰ ਉਜਿਆਰੀ, ਸਚ ਸੁਚ ਨਾਲ ਵਡਿਆਈਆ । ਮੈਂ ਤੇਰੀ ਆਦਿ ਜੁਗਾਦਿ ਪਨਹਾਰੀ, ਪਨਘਟ ਬੈਠੀ ਵੇਖ ਵਖਾਈਆ । ਤੇਰਾ ਲਹਿਣਾ ਦੇਣਾ ਨਿਰਗੁਣ ਸਰਗੁਣ ਧਾਰ ਦੋਬਾਰੀ, ਦੋ ਜਹਾਨਾਂ ਪਰਦਾ ਆਪ ਉਠਾਈਆ । ਮੈਂ ਤੇਰੇ ਚਰਨ ਧੂੜ ਲਾਵਾਂ ਮਸਤਕ ਛਾਰੀ, ਬਿਨ ਟਿੱਕੇ ਖ਼ਾਕ ਰਮਾਈਆ । ਧਰਨੀ ਕਹੇ ਮੇਰੇ ਭਗਵੰਤ ਧੁਰ ਦੇ ਕੰਤ ਮੇਰੀ ਪੈਜ ਸਵਾਰੀ, ਕਲਜੁਗ ਦੇਵੀਂ ਮਾਣ ਵਡਿਆਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਤੇਰੀ ਬਣੀ ਰਹੀ ਪੁਜਾਰੀ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੂੰ ਕਲ ਕਲਕੀ ਨਿਹਕਲੰਕ ਜੋਤ ਸ਼ਬਦ ਦੀ ਧਾਰ ਅਗੰਮ ਅਵਤਾਰੀ, ਅਮਾਮ ਅਮਾਮਾ ਧੁਰ ਦੇ ਰਾਮਾ ਤੇਰੇ ਹੱਥ ਵਡਿਆਈਆ ।

### ✪ ੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਗੁਰਨਾਮ ਸਿੰਘ ਦੇ ਗ੍ਰਿਹ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੇਰੇ ਪੁਰਖ ਅਕਾਲ ਅਗੰਮੀ ਨੂਰਾ, ਨੂਰ ਨੁਰਾਨੇ ਸ਼ਾਹ ਸੁਲਤਾਨੇ ਦਰ ਤੇਰੇ ਮੰਗ ਮੰਗਾਈਆ । ਸਤਿਗੁਰ ਸ਼ਬਦ ਯੋਧਾ ਭੇਜ ਅਗੰਮੀ ਸੂਰਾ, ਸੋ ਪੁਰਖ ਨਿਰੰਜਣ ਮੇਰਾ ਹੋ ਸਹਾਈਆ । ਜਿਸ ਦਾ ਨਾਦ ਅਗੰਮੀ ਦੋ ਜਹਾਨਾਂ ਸੁਣੀ ਜਾਏ ਤੂਰਾ, ਤੁਰੀਆ ਦਾ ਲੇਖਾ ਅਵਰ ਰਹੇ ਨਾ ਰਾਈਆ । ਸੋ ਸਰਬ ਕਲਾ ਹੋਏ ਭਰਪੂਰਾ, ਏਥੇ ਓਥੇ ਦੋ ਜਹਾਨ ਵਜੇ ਵਧਾਈਆ । ਮੇਰੇ ਉਤੋਂ ਕਲਜੁਗ ਕੂੜੀ ਕਿਰਿਆ ਕਰੇ ਦੂਰਾ, ਸਤਿ ਧਰਮ ਦਏ ਪਰਗਟਾਈਆ । ਤੇਰੀ ਨਾਮ ਖ਼ੁਮਾਰੀ ਮਸਤੀ ਦਏ ਸਰੂਰਾ, ਸੁਰਤੀ ਸ਼ਬਦ ਨਾਲ ਮਿਲਾਈਆ । ਇਕੋ ਤੇਰਾ ਨਾਮ ਕਰੇ ਮਸ਼ਹੂਰਾ, ਇਕੋ ਢੋਲਾ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਤੇਰਾ ਸਤਿਗੁਰ ਸ਼ਬਦ ਹੋਏ ਬਲਵਾਨ, ਦੋ ਜਹਾਨਾਂ ਵੇਖ ਵਖਾਈਆ । ਜਿਸ ਦਾ ਹੁਕਮ ਵਰਤੇ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਨਾਮ ਦ੍ਰਿੜਾਈਆ । ਜੋ ਧਰਮ ਦਾ ਧਰਮ ਝੁਲਾਏ ਨਿਸ਼ਾਨ, ਨੌ ਖੰਡ ਪ੍ਰਿਥਮੀ ਦਏ ਵਖਾਈਆ । ਜਿਸ ਨੂੰ ਸੱਤ ਦੀਪ ਕਰਨ ਪਰਵਾਨ, ਸਿਰ ਸਕੇ ਨਾ ਕੋਇ ਉਠਾਈਆ । ਕਲਜੁਗ ਕੂੜੀ ਕਿਰਿਆ ਮੇਰੇ ਉਤੋਂ ਮੇਟੇ ਸ਼ਰਅ ਸ਼ੈਤਾਨ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਰਹਿਣ ਕੋਇ ਨਾ ਪਾਈਆ । ਮਾਨਸ ਮਾਨਵ ਮਾਨੁਖ ਸਾਰੇ ਤੇਰਾ ਇਕੋ ਢੋਲਾ ਗਾਣ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਮਿਲ ਕੇ ਵਜੇ ਵਧਾਈਆ । ਤੂੰ ਆਦਿ ਜੁਗਾਦੀ ਸ਼ਾਹੋ ਭੂਪ ਸੁਲਤਾਨ, ਸ਼ਹਿਨਸ਼ਾਹ ਦਰ ਤੇਰੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਤੇਰਾ ਸਤਿਗੁਰ ਸ਼ਬਦ ਮੇਰੀ ਪੂਰੀ ਕਰੇ ਮਨਸਾ, ਮਮਤਾ ਜਗਤ ਰਹੇ ਨਾ ਰਾਈਆ । ਗੁਰਮੁਖ ਸੰਤ ਬਣਾਏ ਹੰਸਾ, ਕਾਗ ਬੁੱਧੀ ਦਏ ਬਦਲਾਈਆ । ਸਤਿ ਸਚ ਧਰਮ ਦੀ ਚਾਲ ਬਣਾਏ ਸਹੰਸਾ, ਅਗਣਤ ਆਪਣਾ ਹੁਕਮ ਵਰਤਾਈਆ । ਆਤਮ ਪਰਮਾਤਮ ਤੇਰਾ ਹੋਵੇ ਬੰਸਾ, ਯਦ ਯਦੀ ਯਦਪ ਇਕੋ ਨਜ਼ਰੀ ਆਈਆ । ਗੜ੍ਹ ਤੋੜੇ ਹਉਮੇ ਹੰਗਤਾ, ਹੰ ਬ੍ਰਹਮ

ਦਏ ਸਮਝਾਈਆ । ਖੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਬਣਾਏ ਸੰਗਤਾ, ਇਕੋ ਘਰ ਦਏ ਵਡਿਆਈਆ । ਬੁੱਧੀ ਤੋਂ ਪਰੇ ਬੋਧ ਅਗਾਧੀ ਹੋਵੇ ਪੰਡਤਾ, ਨਿਰਅੱਖਰ ਕਰੇ ਪੜ੍ਹਾਈਆ । ਝਗੜਾ ਮੇਟੇ ਮਨੂਆ ਮਨ ਕਾ, ਮਣਕਾ ਦਏ ਭੁਆਈਆ । ਲੇਖਾ ਰਹੇ ਨਾ ਤਨ ਵਜੂਦ ਸਰੀਰ ਤਨ ਕਾ, ਮਾਟੀ ਖ਼ਾਕ ਸੋਭਾ ਪਾਈਆ । ਭੇਵ ਖੁਲ੍ਹਾਵੇ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪਰਦਾ ਲਾਹਵੇ ਬ੍ਰਹਮ ਕਾ, ਪਾਰਬ੍ਰਹਮ ਬ੍ਰਹਮ ਆਪਣਾ ਭੇਵ ਚੁਕਾਈਆ । ਮੇਰਾ ਲੇਖਾ ਮੇਟੇ ਦੀਨ ਦੁਨੀ ਵਿਚ ਗ਼ਮ ਕਾ, ਗ਼ਮਖਾਰ ਹੋ ਕੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਤੇਰਾ ਸਤਿਗੁਰ ਸ਼ਬਦ ਹੋਵੇ ਮਿਹਰਵਾਨ, ਮਿਹਰ ਨਜ਼ਰ ਨਾਲ ਤਰਾਈਆ । ਜਿਸ ਦੀ ਆਸ਼ਾ ਰਖ ਕੇ ਗਏ ਰਮਈਆ ਰਾਮ, ਕਾਹਨ ਘਨਈਆ ਹੋ ਕੇ ਓਟ ਤਕਾਈਆ । ਜਿਸ ਨੂੰ ਪੈਗ਼ੰਬਰਾਂ ਕਿਹਾ ਅਮਾਮ, ਰਸੂਲਾਂ ਦਾ ਰਸੂਲ ਨੂਰ ਅਲਾਹੀਆ । ਜਿਸ ਦਾ ਹੁਕਮ ਸੰਦੇਸ਼ਾ ਧੁਰ ਦਾ ਮੰਤਰ ਸਤਿਨਾਮ, ਸਤਿ ਸਤਿ ਦਾ ਡੰਕਾ ਦਏ ਵਜਾਈਆ । ਜਿਸ ਦਾ ਫ਼ਤਿਹ ਨਗਾਰਾ ਏਥੇ ਓਥੇ ਸਾਰੇ ਸੁਣਨ ਬਿਨਾ ਕਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨ ਕਰੇ ਸ਼ਨਵਾਈਆ । ਉਹ ਸਤਿਗੁਰ ਪੂਰਾ ਸ਼ਬਦੀ ਸ਼ਬਦ ਨੌਜਵਾਨ, ਬਿਰਧ ਬਾਲ ਰੂਪ ਨਾ ਕੋਇ ਵਟਾਈਆ । ਮੇਰੇ ਉਤੋਂ ਕਲਜੁਗ ਕੂੜਾ ਕੱਢੇ ਬਾਹਰ ਸ਼ੈਤਾਨ, ਸਤਿਜੁਗ ਸਤਿ ਧਰਮ ਦਏ ਪਰਗਟਾਈਆ । ਇਕੋ ਇਸ਼ਟ ਪੁਰਖ ਅਕਾਲ ਤੇਰਾ ਮਾਨਵ ਸਰਬ ਮਨਾਣ, ਦੂਸਰ ਸੀਸ ਨਾ ਕੋਇ ਨਿਵਾਈਆ । ਤੇਰਾ ਧਰਮ
੮੫੬ ੨੪ ਦਾ ਧਰਮ ਝੁੱਲੇ ਨਿਸ਼ਾਨ, ਗੋਬਿੰਦ ਮੇਲਾ ਮੇਲਣਾ ਸਹਿਜ ਸੁਭਾਈਆ । ਮੇਰੀ ਬੇਨੰਤੀ ਦਰਗਾਹ ਸਾਚੀ ਸਚਖੰਡ ਪੁਰਖ ਅਕਾਲੇ ਦੀਨ ਦਿਆਲੇ ਕਰਨੀ ਪਰਵਾਨ, ਪਰਾ ਪਸੰਤੀ ਮਧਮ ਬੈਖਰੀ ਧਾਰ ਦੀ ਧਾਰ ਵਿਚੋਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਜੋਤੀ ਜਾਤੇ ਪੁਰਖ ਬਿਧਾਤੇ ਮੇਰਾ ਲਹਿਣਾ ਦੇਣਾ ਪੂਰਾ ਕਰਨਾ ਵਿਚ ਜਹਾਨ, ਜਹਾਲਤ ਕੂੜੀ ਬਾਹਰ ਕਢਾਈਆ । ੮੫੬ ੨੪

### ੧੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਨਰਾਇਣ ਸਿੰਘ ਦੇ ਗ੍ਰਹਿ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ

ਧਰਨੀ ਕਹੇ ਮੇਰੇ ਮਾਲਕ ਖ਼ਾਲਕ ਕੁਦਰਤ ਕ਼ਾਦਰ ਕਰੀਮ, ਬੇਐਬ ਗ਼ੈਬ ਜਲਵਾਗਰ ਨੂਰ ਅਲਾਹੀਆ । ਮਿਹਰਵਾਨਾ ਨੌਜਵਾਨਾ ਮੇਰੇ ਉਤੇ ਤਕ ਲੈ ਨਾਮ ਕਲਮਿਆਂ ਵਾਲੀ ਤਕ਼ਸੀਮ, ਦੀਨਾਂ ਮਜ਼੍ਹਬਾਂ ਹੱਦਾਂ ਧਿਆਨ ਲਗਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਸਤਿਗੁਰ ਸ਼ਬਦ ਨਾਲ ਕਰ ਤਰਮੀਮ, ਦਰੁਸਤੀ ਦੋ ਜਹਾਨ ਦੇ ਮਾਲਕ ਦੇਣੀ ਕਰਾਈਆ । ਤੂੰ ਸਚਖੰਡ ਨਿਵਾਸੀ ਸ਼ਹਿਨਸ਼ਾਹ ਆਲੀਜ਼ਾਹ ਅਜ਼ੀਮ, ਕ਼ੁਦਰਤ ਦਾ ਕ਼ਾਦਰ ਇਕ ਅਖਵਾਈਆ । ਤੇਰਾ ਲਹਿਣਾ ਦੇਣਾ ਮੇਰੇ ਨਾਲ ਕ਼ਦੀਮ, ਕ਼ੁਦਰਤ ਦੇ ਕ਼ਾਦਰ ਵੇਖਣਾ ਚਾਈਂ ਚਾਈਂਆ । ਬੇਸ਼ਕ ਤੇਰੇ ਅਵਤਾਰ ਪੈਗ਼ੰਬਰ ਗੁਰੂ ਸ਼ਬਦ ਸ਼ਬਦ ਸ਼ਬਦ ਧਾਰ ਮੁਨੀਮ, ਲੇਖਾ ਕਰਨ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਬੇਪਰਵਾਹੀਆ । ਧਰਨੀ ਕਹੇ ਮੇਰੇ ਆਦਿ ਜੁਗਾਦੀ ਕ਼ੁਦਰਤ ਕ਼ਾਦਰਾ, ਸ਼ਹਿਨਸ਼ਾਹ ਤੇਰੀ ਸਰਨਾਈਆ । ਦੋ ਜਹਾਨਾਂ ਨੌਜਵਾਨਾ

ਵਡ ਬਹਾਦਰਾ, ਬੇਅੰਤ ਬੇਐਬ ਤੇਰੇ ਹੱਥ ਵਡਿਆਈਆ । ਸ੍ਰਿਸ਼ਟੀ ਦੀਨ ਦੁਨੀ ਦੇ ਕ਼ਾਦਰਾ, ਕ਼ੁਦਰਤ ਦੇ ਮਾਲਕ ਨੂਰ ਅਲਾਹੀਆ । ਮੈਂ ਨਿਮਾਣੀ ਧਰਨੀ ਜਿਸ ਨੂੰ ਸਾਰੇ ਕਹਿੰਦੇ ਮਾਦਰਾ, ਮਈਆ ਕਹਿ ਕੇ ਖ਼ੁਸ਼ੀ ਬਣਾਈਆ । ਮੇਰੇ ਉਤੇ ਕਰ ਦੇ ਸਚਾ ਆਦਲਾ, ਇਨਸਾਫ਼ ਇਕ ਕਮਾਈਆ । ਕਲਜੁਗ ਸਤਿਜੁਗ ਨਾਲ ਕਰ ਤਬਾਦਲਾ, ਕੂੜੀ ਕਿਰਿਆ ਰਹਿਣ ਨਾ ਪਾਈਆ । ਮੈਨੂੰ ਸੁਣਾ ਦੇ ਅਗੰਮਾ ਇਕੋ ਰਾਗਲਾ, ਨਾਦ ਅਨਾਦੀ ਧੁਨ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਮੇਰੇ ਮਾਲਕ ਅਗੰਮ ਅਥਾਹ ਮਹਿਬਾਨ, ਨਿਵ ਨਿਵ ਕ਼ਦਮ ਬੋਸੀ ਵਿਚ ਸੀਸ ਨਿਵਾਈਆ । ਮੇਰੀ ਸਿਫ਼ਤ ਕਰ ਨਾ ਸਕੇ ਜ਼ਬਾਨ, ਅੱਖਰਾਂ ਵਿਚ ਨਾ ਕੋਇ ਚਤੁਰਾਈਆ । ਬਿਨਾ ਬੁੱਧੀ ਤੋਂ ਦੇਵਣ ਵਾਲੇ ਗਿਆਨ, ਭੇਵ ਅਭੇਦਾ ਦੇਣਾ ਖੁਲ੍ਹਾਈਆ । ਕਲਜੁਗ ਕੂੜ ਮੇਰੇ ਉਤੋਂ ਮੇਟ ਨਿਸ਼ਾਨ, ਨਿਸ਼ਾਨਾ ਧਰਮ ਧਰਮ ਝੁਲਾਈਆ । ਮੇਰੀ ਬੇਨੰਤੀ ਕਰ ਪਰਵਾਨ, ਬਿਨੈ ਕਹਿ ਕੇ ਪੁਰਖ ਅਕਾਲ ਸੀਸ ਨਿਵਾਈਆ । ਤੂੰ ਨਿਰਗੁਣ ਨੂਰ ਸ਼ਾਹ ਸੁਲਤਾਨ, ਨੂਰ ਨੁਰਾਨਾ ਅਗੰਮ ਅਥਾਹੀਆ । ਮੇਰੇ ਉਤੇ ਨਿਗਾਹ ਮਾਰ ਲੈ ਮੇਰੇ ਭਗਵਾਨ, ਭਗਵਨ ਤੇਰੀ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਨਾਮ ਵਰਤਾਈਆ । ਧਰਨੀ ਕਹੇ ਮੇਰੇ ਨੂਰ ਅਲਾਹ ਪਰਵਰਦਿਗਾਰ, ਪਰਵਰਸ਼ ਮੇਰੀ ਕਰਨੀ ਚਾਈਂ ਚਾਈਂਆ । ਤੁਧ ਬਿਨ ਅਵਰ ਨਾ ਕੋਇ ਮਦਦਗਾਰ, ਸਜਣ ਸਖ਼ਾ ਨਜ਼ਰ ਕੋਇ ਨਾ ਆਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਤੇਰੀ ਤਲਬਗਾਰ, ਬਿਨ ਨੇਤਰ ਲੋਚਨ ਨੈਣਾਂ ਤੇਰਾ ਰਾਹ ਤਕਾਈਆ । ਤੂੰ ਆ ਕੇ ਮੇਰੀ ਪਾਉਣੀ ਸਾਰ, ਮਹਾਸਾਰਥੀ ਤੇਰੇ ਹੱਥ ਵਡਿਆਈਆ । ਮੈਂ ਨਿਮਾਣੀ ਤੇਰੀ ਬਰਖ਼ੁਰਦਾਰ, ਯਾਚਕ ਹੋ ਕੇ ਸੀਸ ਨਿਵਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੇਰੀ ਪੈਜ ਦੇਣੀ ਸਵਾਰ, ਸਿਰ ਸਰ ਮੇਰੇ ਹੱਥ ਟਿਕਾਈਆ । ਤੇਰੀ ਚਰਨ ਧੂੜੀ ਲਾਵਾਂ ਛਾਰ, ਟਿੱਕੇ ਮਸਤਕ ਰਾਮ ਨਾਮ ਛੁਹਾਈਆ । ਤੂੰ ਕ਼ੁਦਰਤ ਕ਼ਾਦਰ ਸਭ ਕੁਛ ਕਰਨੇਹਾਰ, ਕਰਤਾ ਪੁਰਖ ਇਕ ਅਖਵਾਈਆ । ਮੈਂ ਨਿਮਾਣੀ ਦਾ ਲੇਖਾ ਮੁਕਾ ਦੇ ਵਿਚ ਸਾਲ ਦੋ ਚਾਰ, ਚੌਥੇ ਜੁਗ ਦੇ ਮਾਲਕ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰ ਬੰਕ ਸੁਹਾਈਆ । ਧਰਨੀ ਕਹੇ ਪ੍ਰਭੂ ਤੂੰ ਆਦਿ ਜੁਗਾਦੀ ਸਭ ਦਾ ਖ਼ਾਲਕ, ਮਖ਼ਲੂਕ ਤੇਰੀ ਓਟ ਤਕਾਈਆ । ਅਵਤਾਰ ਪੈਗ਼ੰਬਰ ਗੁਰੂ ਤੇਰੇ ਬਾਲਕ, ਚਾਰ ਜੁਗ ਦੇ ਸੰਦੇਸ਼ੇ ਦੇ ਕੇ ਗਏ ਚਾਈਂ ਚਾਈਆ । ਤੂੰ ਸਭ ਦਾ ਬਣਨਾ ਕਲਜੁਗ ਅੰਤ ਅੰਤ ਪ੍ਰਿਤਪਾਲਕ, ਸਿਰ ਸਿਰ ਸਭ ਦੇ ਹੱਥ ਟਿਕਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਸਦੀ ਚੌਧਵੀਂ ਕਰੀਂ ਨਾ ਆਲਸ, ਗ਼ਫ਼ਲਤ ਨਜ਼ਰ ਕੋਇ ਨਾ ਆਈਆ । ਮੈਂ ਤੇਰਾ ਨੂਰ ਜ਼ਹੂਰ ਤਕਾਂ ਖ਼ਾਲਸ, ਖ਼ਾਲਸ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤ ਮੇਰੀ ਕੂੜ ਕਿਰਿਆ ਦੀ ਲਾਹੁਣੀ ਕਾਲਖ, ਕਲਕਾਤੀਆਂ ਲਹਿਣਾ ਦੇਣਾ ਦੇਣਾ ਮੁਕਾਈਆ ।

✪ ੨੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਸੁਖਦੇਵ ਸਿੰਘ ਦੇ ਗ੍ਰਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੇਰੇ ਪਰਮ ਪੁਰਖ ਪਿਆਰੇ ਮਿਤਰ, ਮੀਤ ਮੀਤੇ ਤੇਰੀ ਬੇਪਰਵਾਹੀਆ । ਮੇਰੇ ਉਤੇ ਦੀਨ ਦੁਨੀ ਦਾ ਵੇਖ ਚਲਿਤ੍ਰ, ਮਾਨਵ ਮਾਨਸ ਜ਼ਾਤੀ ਧਿਆਨ ਲਗਾਈਆ । ਤੇਰਾ ਸਤਿ ਸਰੂਪ ਸ਼ਾਹੋ ਭੂਪ ਕਿਸੇ ਨਜ਼ਰ ਨਾ ਆਵੇ ਚਿਤ੍ਰ, ਚਾਰੇ ਕੁੰਟਾਂ ਤਕਣਾ ਥਾਉਂ ਥਾਈਂਆ । ਉਹ ਲੇਖਾ ਤਕ ਲੈ ਜੋ ਇਸ਼ਾਰਾ ਦੇ ਕੇ ਗਿਆ ਵਿਸ਼ਵਾ ਮਿਤਰ, ਵਿਸ਼ਵ ਦਾ ਭੇਵ ਖੁਲ੍ਹਾਈਆ । ਨਿਰਗੁਣ ਧਾਰੋਂ ਨਿਰਵੈਰ ਹੋ ਕੇ ਨਿਤਰ, ਜੋਤੀ ਜਾਤਾ ਡਗਮਗਾਈਆ । ਤੇਰਾ ਨਾ ਕੋਈ ਮਾਤ ਨਾ ਕੋਈ ਪਿਤਰ, ਪਿਤਾ ਪੂਤ ਨਾ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਧਾਰ ਵੇਖ ਲੈ ਆਪਣੀ, ਆਪ ਆਪਾ ਵੇਖ ਵਖਾਈਆ । ਸਤਿ ਧਰਮ ਰਿਹਾ ਨਾ ਕਿਸੇ ਪਤ ਪਤਨੀ, ਪਤਿਪਰਮੇਸ਼ਵਰ ਤੇਰਾ ਭੈ ਸਿਰ ਨਾ ਕੋਇ ਰਖਾਈਆ । ਰਸਨਾ ਪਵਿਤ੍ਰ ਰਹੀ ਨਾ ਜੋ ਤੇਰਾ ਨਾਮ ਜਪਨੀ, ਸਤਿ ਸਤਿ ਸਤਿ ਨਾ ਕੋਇ ਵਡਿਆਈਆ । ਤੇਰੀ ਸ੍ਰਿਸ਼ਟੀ ਮੇਰੇ ਉਤੇ ਹੋਈ ਬੇਵਤਨੀ, ਵਤਨਾਂ ਦੇ ਮਾਲਕ ਵੇਖਣਾ ਚਾਈਂ ਚਾਈਂਆ । ਮਨ ਦੀ ਆਸ਼ਾ ਹੋ ਗਈ ਕਲਜੁਗ ਨਾਗਣੀ ਡੱਸਣੀ, ਘਰ ਘਰ ਡੰਗ ਲਗਾਈਆ । ਬਿਨ ਤੇਰੀ ਕਿਰਪਾ ਤੇਰੀ ਮੰਜ਼ਲ ਕਿਸੇ ਨਹੀਂ ਟਪਣੀ, ਟਾਪੂਆਂ ਪੰਧ ਨਾ ਕੋਇ ਮੁਕਾਈਆ । ਸਚ ਦੁਆਰ ਦੀ ਖੋਲ੍ਹੇ ਕੋਈ ਨਾ ਹੱਟਣੀ, ਸਚ ਨਾਮ ਨਾ ਕੋਇ ਵਰਤਾਈਆ । ਤੇਰੀ ਵਸਤ ਅਮੋਲਕ ਬਿਨ ਤੇਰੀ ਕਿਰਪਾ ਕਿਸੇ ਨਹੀਂ ਖਟਣੀ, ਖਟਕੇ ਵਿਚ ਲੋਕਾਈਆ । ਖ਼ਾਲੀ ਤਕ ਲੈ ਕਾਇਆ ਮੱਟਣੀ, ਤਨ ਵਜੂਦ ਤੇਰਾ ਰੰਗ ਨਾ ਕੋਇ ਰੰਗਾਈਆ । ਜੇ ਤੇਰੀ ਧਾਰ ਅਨੋਖੀ ਨਿਰਗੁਣ ਸਰਗੁਣ ਧਾਰ ਜਟਨੀ, ਜਟਾ ਜੂਟ ਪੰਧ ਮੁਕਾਈਆ । ਮੈਂ ਵੀ ਤੇਰੇ ਪਿਆਰ ਵਿਚ ਪਰਮ ਪੁਰਖ ਕਰਵਟ ਵਟਦੀ, ਪਾਸਾ ਦੀਨ ਦੁਨੀ ਨਾਲੋਂ ਬਦਲਾਈਆ । ਤੂੰ ਅੰਤ ਖੇਲ ਮੁਕਾਉਣੀ ਦੀਨ ਮਜ਼੍ਹਬ ਦੀ ਵੱਟ ਦੀ, ਝਗੜਾ ਸ਼ਰਅ ਰਹੇ ਨਾ ਰਾਈਆ । ਆਹ ਤਕ ਲੈ ਸਦੀ ਚੌਧਵੀਂ ਜਾਂਦੀ ਟਪਦੀ, ਭੱਜੇ ਵਾਹੋ ਦਾਹੀਆ । ਤੇਰੀ ਖੇਲ ਤਕਣੀ ਪੁਰਖ ਅਕਾਲੇ ਸਮਰਥ ਦੀ, ਸਮਰਥ ਦੇਣੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਮਹਿੰਮਾ ਆਦਿ ਜੁਗਾਦਿ ਅਕਥ ਦੀ, ਕਥਨੀ ਕਥ ਸਕੇ ਨਾ ਰਾਈਆ ।

✪ ੨੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਗੁਰਦਿਆਲ ਸਿੰਘ ਦੇ ਗ੍ਰਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਪ੍ਰਭ ਮੇਰੇ ਸੁਣ ਲੈ ਦੁਖੜੇ, ਦੁਖੀ ਹੋ ਕੇ ਦਰਦੀਆ ਦਿਆਂ ਜਣਾਈਆ । ਨਿਗਾਹ ਮਾਰ ਲੈ ਮਾਨਸ ਮਾਨਵ ਮਾਨੁਖ ਉਲਟੇ ਰੁਖੜੇ, ਤਨ ਵਜੂਦਾਂ ਧਿਆਨ ਲਗਾਈਆ । ਕਲਜੁਗ ਕੂੜੀ ਕਿਰਿਆ ਕੀਤੇ ਭੁਖੜੇ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਬੁਝਾਈਆ । ਭਾਗ ਲੱਗਾ ਕਿਸੇ ਨਾ ਕੁਖੜੇ, ਮੇਰੀ ਚਾਰ ਕੁੰਟ ਦੁਹਾਈਆ । ਉਜਲ ਰਿਹਾ ਨਾ ਕੋਈ ਮੁਖੜੇ, ਦੁਰਮਤ ਮੈਲ ਧੋਏ ਕੋਈ ਨਾ ਸ਼ਾਹੀਆ । ਮੇਰੇ ਉਤੋਂ ਧਰਮ ਦੇ ਬੂਟੇ ਅੰਤਮ ਉਖੜੇ, ਜੜ੍ਹ ਰਹਿਣ ਕਿਛ ਨਾ ਪਾਈਆ । ਵਿਕਾਰ ਹੰਕਾਰ ਮਾਨਸ ਮਾਨਵ ਕੁਠੜੇ, ਤਨ ਵਜੂਦ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੀ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੈਂ ਤਪਦੀ ਬਿਨਾ ਅੱਗ, ਬਿਨ ਕਾਸ਼ਟ ਸੜਾਂ ਥਾਉਂ ਥਾਈਂਆ । ਤੇਰੀ ਸਰਨ ਸਰਨਾਈ ਮੂਲ ਨਾ ਸਕਾਂ ਲਗ, ਲਗ ਮਾਤਰ ਦੇ ਮਾਲਕ ਵੇਖਣਾ ਥਾਉਂ ਥਾਈਂਆ । ਤੇਰੀ ਸ੍ਰਿਸ਼ਟੀ ਮੈਨੂੰ ਕੀਤਾ ਤੇਰੇ ਨਾਲੋਂ ਅਲਗ, ਧਾਰ ਵਖਰੀ ਵੰਡ ਵੰਡਾਈਆ । ਮੇਰੀ ਵਿਚਾਰ ਹੋ ਗਈ ਵਾਂਗ ਕਗ, ਹੰਸ ਰੂਪ ਗਈ ਬਦਲਾਈਆ । ਮੇਰੀ ਤ੍ਰਿਸ਼ਨਾ ਬਗੜਾ ਬਪ, ਸਤਿ ਚੋਗ ਨਾ ਕੋਇ ਚੁਗਾਈਆ । ਧੀਰਜ ਰਿਹਾ ਕੋਈ ਨਾ ਤਪ, ਸਤਿ ਸੰਤੋਖ ਨਾ ਕੋਇ ਧਰਾਈਆ । ਪਵਿਤ੍ਰ ਰਹੀ ਕੋਇ ਨਾ ਮਤ, ਬੁਧਿ ਬਿਬੇਕ ਨਾ ਕੋਇ ਕਰਾਈਆ । ਮੇਰੀ ਬਿਨਾ ਖ਼ੂਨ ਤੋਂ ਉਬਲੇ ਰਤ, ਰਤਨ ਅਮੋਲਕ ਹੀਰਾ ਮੇਰਾ ਵਜੂਦ ਰਿਹਾ ਨਾ ਰਾਈਆ । ਮੈਨੂੰ ਵਿਸਰਿਆ ਤੇਰਾ ਜਪ, ਨਾਮ ਨਿਧਾਨ ਨਾ ਕੋਇ ਸ਼ਨਵਾਈਆ । ਮੇਰੀ ਮਾਤ ਰਹੀ ਨਾ ਪਤ, ਪਤਿਪਰਮੇਸ਼ਵਰ ਦਿਆਂ ਦੁਹਾਈਆ । ਕਿਉਂ ਮੇਰੇ ਉਤੇ ਕਲਜੁਗ ਜੀਵਾਂ ਚੁਕੀ ਅੱਤ, ਨਵ ਸੱਤ ਕੂੜ ਕੁਕਰਮ ਰਹੇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੈਂ ਹੋਈ ਜਗਤ ਨਿਮਾਣੀ ਹੀਣੀ, ਸੀਸ ਤਾਜ ਨਾ ਕੋਇ ਟਿਕਾਈਆ । ਮੈਂ ਨੇਤਰ ਹੋਈ ਨਾਬੀਨੀ, ਤੇਰਾ ਦਰਸ ਮੂਲ ਨਾ ਪਾਈਆ । ਮੇਰੀ ਤ੍ਰਿਸ਼ਨਾ ਹੋਈ ਕਮੀਨੀ, ਧੀਰਜ ਧੀਰ ਨਾ ਕੋਇ ਰਖਾਈਆ । ਮੇਰੀ ਵਸਤ ਧਰਮ ਦੀ ਗਈ ਛੀਨੀ, ਕਲਜੁਗ ਲੁਟੇਰਾ ਲੁੱਟੇ ਥਾਉਂ ਥਾਈਂਆ । ਨਵ ਸੱਤ ਵਜੇ ਹੰਕਾਰੀ ਬੀਨੀ, ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਮੈਨੂੰ ਇਉਂ ਦਿਸਦਾ ਮੇਰੇ ਤੇ ਝਗੜਾ ਪੈਣਾ ਰੂਸੀ ਚੀਨੀ, ਚਾਰ ਕੁੰਟ ਦਾ ਲੇਖਾ ਮੇਰੇ ਉਤੇ ਰਿਹਾ ਕੁਰਲਾਈਆ । ਪਿਆਰ ਰਹਿਣਾ ਨਹੀਂ ਕਿਸੇ ਨਰ ਮਦੀਨੀ, ਇਸਤਰੀ ਪੁਰਸ਼ ਸੰਗ ਨਾ ਕੋਇ ਨਿਭਾਈਆ । ਮੈਂ ਖੇਲ ਤਕਣਾ ਤ੍ਰੈਗੁਣ ਮਾਇਆ ਤੀਨੀ, ਤ੍ਰੈਭਵਣ ਧਨੀ ਕੀ ਤੇਰੀ ਬੇਪਰਵਾਹੀਆ । ਪਵਿਤ੍ਰ ਰਹਿਣੀ ਨਹੀਂ ਕੋਈ ਮੇਰੀ ਜ਼ਮੀਨੀ, ਖ਼ਾਕ ਉਡਣੀ ਥਾਉਂ ਥਾਈਂਆ । ਮੁਸ਼ਕਲ ਹੋਣਾ ਮਾਨਸ ਮਾਨੁਖ ਜ਼ਿੰਦਗੀ ਜੀਣੀ, ਜੀਵਤ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਮੇਰਾ ਹਾਲ ਹੋ ਗਿਆ ਖ਼ਸਤਾ, ਖੁਲ੍ਹੀ ਮੈਂਢੀ ਦਿਆਂ ਦੁਹਾਈਆ । ਪਵਿਤ੍ਰ ਰਿਹਾ ਕੋਈ ਨਾ ਰਸਤਾ, ਰਹਿਬਰ ਰੰਗ ਨਾ ਕੋਇ ਰੰਗਾਈਆ । ਤੇਰਾ ਨਾਮ ਕਲਮਾ ਟਕਿਆਂ ਨਾਲੋਂ ਹੋਇਆ ਸਸਤਾ, ਕਲਜੁਗ ਹੱਟੋ ਹੱਟ ਵਿਕਾਈਆ । ਮੈਂ ਚਾਹੁੰਦੀ ਅੰਤਮ ਮੇਰੇ ਉਤੋਂ ਸਭ ਦਾ ਬੰਨ੍ਹ ਦੇ ਬਸਤਾ, ਬਸਤੀ ਆਪਣੀ ਲੈ ਟਿਕਾਈਆ । ਜਿਧਰ ਵੇਖਾਂ ਤੇਰਾ ਸਤਿਗੁਰ ਸ਼ਬਦ ਹੋਵੇ ਨਸਦਾ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਜਿਸ ਦਾ ਸੰਦੇਸ਼ ਹੋਏ ਤੇਰੇ ਭੰਡਾਰੇ ਜਸ ਦਾ, ਸਿਫ਼ਤਾਂ ਢੋਲੇ ਗਾਈਆ । ਨਾਲ ਅਵਤਾਰ ਪੈਗ਼ੰਬਰ ਗੁਰੂ ਹੋਵੇ ਹਸਦਾ, ਹਸਤੀ ਤੇਰੀ ਇਕੋ ਨਜ਼ਰੀ ਆਈਆ । ਮੇਰਾ ਨੌਂ ਖੰਡ ਖੇੜਾ ਤੇਰੀ ਕਿਰਪਾ ਨਾਲ ਫੇਰ ਵਸਦਾ, ਸੱਤ ਦੀਪ ਤੇਰਾ ਰੰਗ ਤਕਾਈਆ । ਤੂੰ ਮਾਲਕ ਖ਼ਾਲਕ ਤੇਰਾ ਖੇਲ ਅਲਖਣਾ ਅਲਖ ਦਾ, ਅਗੋਚਰ ਤੇਰਾ ਭੇਵ ਕੋਇ ਨਾ ਆਈਆ । ਤੁਧ ਬਿਨ ਸੁਆਮੀ ਮੇਰੀ ਪੈਜ ਕੋਈ ਨਾ ਰਖਦਾ, ਸਿਰ ਸਿਰ ਹੱਥ ਨਾ ਕੋਇ ਟਿਕਾਈਆ । ਅਗੇ ਲੇਖਾ ਮੁਕਾ ਦੇ ਮਾਨਵ ਜ਼ਾਤੀ ਵਖ ਦਾ, ਆਤਮ ਪਰਮਾਤਮ ਇਕੋ ਰੰਗ ਵਖਾਈਆ । ਤੇਰਾ ਦਰਸ਼ਨ ਹੋਵੇ ਸਾਖ਼ਿਆਤ ਪ੍ਰਤਖ ਦਾ, ਨੂਰ ਨੁਰਾਨੇ ਸ਼ਾਹ ਸੁਲਤਾਨੇ ਆਪਣਾ ਜ਼ਹੂਰ ਦੇਣਾ ਵਖਾਈਆ । ਧਰਨੀ ਕਹੇ ਮੈਂ ਪਿਆਰ ਚਾਹੁੰਦੀ ਇਕੋ ਤੇਰਾ ਪਰਮੇਸ਼ਵਰ ਪਤਿ ਦਾ, ਪਤ ਪਤਵੰਤੇ ਹੋਣਾ ਆਪ ਸਹਾਈਆ । ਤੂੰ ਆਦਿ ਜੁਗਾਦੀ ਮਾਲਕ ਸਭ ਦੀ


੮੫੯
੨੪

ਮਿਤ ਗਤ ਦਾ, ਗਤ ਮਿਤ ਤੇਰੇ ਚਰਨਾਂ ਹੇਠ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਸਾਚੀ ਵਸਤ ਮੇਰੀ ਝੋਲੀ ਕੋਈ ਨਾ ਘਤਦਾ, ਅਤੋਟ ਅਤੁਟ ਨਾਮ ਨਾ ਕੋਇ ਵਰਤਾਈਆ ।

✪ ੨੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਕਰਮ ਸਿੰਘ, ਸਵਰਨ ਸਿੰਘ ਦੇ ਗ੍ਰਿਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੇਰੇ ਧੁਰ ਦੇ ਕਮਲਾਪਾਤੀਆ, ਪਤਿਪਰਮੇਸ਼ਵਰ ਹੋਣਾ ਆਪ ਸਹਾਈਆ । ਮੇਰੇ ਕੋਲ ਤੇਰੀਆਂ ਆਦਿ ਜੁਗਾਦਿ ਦੀਆਂ ਪਾਤੀਆਂ, ਬਿਨ ਕਾਗਦ ਸ਼ਾਹੀ ਕਲਮਾਂ ਦੇਣ ਗਵਾਹੀਆ । ਜਿਸ ਕਾਰਨ ਨੌ ਖੰਡ ਪ੍ਰਿਥਮੀ ਤੇਰੀਆਂ ਹੋਈਆਂ ਅੰਧੇਰੀਆਂ ਰਾਤੀਆਂ, ਸੱਤ ਦੀਪ ਸਤਿ ਸਤਿਵਾਦ ਨਜ਼ਰ ਕੋਇ ਨਾ ਆਈਆ । ਮੇਰਾ ਸੀਨਾ ਪਾੜ ਕੇ ਵੇਖ ਲੈ ਛਾਤੀ ਆ, ਛਤਰਧਾਰੀ ਤੈਨੂੰ ਗਏ ਭੁਲਾਈਆ । ਅੰਮ੍ਰਿਤ ਰਸ ਨਿਝਰ ਝਿਰਨੇ ਤੇਰੀ ਮੂਲ ਰਹੀ ਨਾ ਦਾਤੀ ਆ, ਵਸਤ ਅਮੋਲਕ ਕਾਇਆ ਗੋਲਕ ਨਜ਼ਰ ਕੋਇ ਨਾ ਆਈਆ । ਮੇਰੇ ਉਤੇ ਕਲਜੁਗ ਕੂੜ ਕੁੜਿਆਰਾ ਮਾਰੇ ਕਾਤੀਆ, ਮੋਹ ਵਿਕਾਰੇ ਤੀਰ ਚਲਾਈਆ । ਚਾਰੇ ਕੁੰਟ ਵੇਖੇ ਮਾਰ ਝਾਤੀਆ, ਬਿਨ ਅੱਖਾਂ ਅੱਖ ਉਠਾਈਆ । ਕਿਰਪਾ ਕਰ ਦੇ ਮੇਰੇ ਧੁਰ ਦੇ ਕਮਲਾਪਾਤੀਆ, ਪਤਿਪਰਮੇਸ਼ਵਰ ਹੋਣਾ ਆਪ ਸਹਾਈਆ । ਨਿਰਗੁਣ ਧਾਰ ਨਿਰਵੈਰ ਤੇਰੇ ਚਰਨ ਕਵਲ ਇਕੋ ਮੇਰਾ ਨਾਤੀਆ, ਰਿਸ਼ਤਾ ਅਵਰ ਨਾ ਕੋਇ ਜਣਾਈਆ । ਨਿਗਾਹ ਮਾਰ ਲੈ ਲੋਕਮਾਤੀਆ, ਧਰਨੀ ਹੋ ਕੇ ਤੇਰੇ ਅਗੇ ਮੰਗ ਮੰਗਾਈਆ । ਤੇਰਾ ਸਤਿ ਸਚ ਮੇਰੇ ਉਤੋਂ ਪਾ ਗਿਆ ਵਫ਼ਾਤੀਆ, ਕਲਜੁਗ ਕੂੜ ਆਪਣਾ ਰੰਗ ਰੰਗਾਈਆ । ਧਰਮ ਦੀ ਰਹੀ ਨਾ ਕੋਈ ਪ੍ਰਭਾਤੀਆ, ਤੇਰੇ ਨਾਮ ਨਾ ਕੋਇ ਸਮਾਈਆ । ਜਿਧਰ ਵੇਖਾਂ ਕਲਜੁਗ ਕੂੜ ਕੁੜਿਆਰ ਦੀਆਂ ਖੁੱਲ੍ਹੀਆਂ ਹਾਟੀਆਂ, ਮੋਹ ਵਿਕਾਰ ਰਿਹਾ ਵਰਤਾਈਆ । ਪਵਿਤ੍ਰ ਰਹੀਆਂ ਨਾ ਕਾਇਆ ਚਾਟੀਆਂ, ਸਾਢੇ ਤਿੰਨ ਹੱਥ ਨਾ ਕੋਇ ਰੁਸ਼ਨਾਈਆ । ਤੇਰੀ ਮੰਜ਼ਲ ਚੜ੍ਹੇ ਕੋਇ ਨਾ ਘਾਟੀਆ, ਸਚਖੰਡ ਪੁੱਜਣ ਕੋਇ ਨਾ ਪਾਈਆ । ਤੇਰੀ ਸ੍ਰਿਸ਼ਟੀ ਬੈਠੀ ਦ੍ਰਿਸਟੀ ਅੰਦਰ ਅਧਵਾਟੀਆ, ਮੰਜ਼ਲ ਪੰਧ ਨਾ ਕੋਇ ਮੁਕਾਈਆ । ਸਭ ਦੇ ਤਨ ਵਜੂਦ ਚੀਥੜ ਵੇਖ ਲੈ ਪਾਟੀਆ, ਲੀਰੋ ਲੀਰ ਨਜ਼ਰੀ ਆਈਆ । ਆਵਣ ਜਾਵਣ ਲੱਖ ਚੁਰਾਸੀ ਜ਼ੰਜੀਰਾਂ ਜਾਵਣ ਨਾ ਕਾਟੀਆਂ, ਧਰਮ ਰਾਏ ਦਾ ਫੰਦ ਨਾ ਕੋਇ ਕਟਾਈਆ । ਮੇਰੇ ਉਤੇ ਖੇਲ ਕੂੜੀ ਕਿਰਿਆ ਕੀਤਾ ਬਾਜ਼ੀਗਰ ਨਾਟੀਆ, ਸਵਾਂਗ ਆਪਣਾ ਰਹੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਰੰਗ ਅਗੰਮ ਰੰਗਾਈਆ । ਧਰਨੀ ਕਹੇ ਪ੍ਰਭੂ ਮੇਰਾ ਅੰਤਸ਼ਕਰਨ ਤਕ, ਹਕੀਕਤ ਦੇ ਮਾਲਕ ਧਿਆਨ ਲਗਾਈਆ । ਮਿਹਰਵਾਨਾ ਸ੍ਰੀ ਭਗਵਾਨਾ ਮੇਰੀ ਝੋਲੀ ਪਾ ਦੇ ਪੂਰਬਲਾ ਹਕ, ਜੁਗ ਚੌਕੜੀ ਲੇਖਾ ਪਿਛਲਾ ਰਿਹਾ ਨਾ ਰਾਈਆ । ਉਹ ਇਸ਼ਾਰਾ ਤਕ ਲੈ ਜੋ ਦੇ ਕੇ ਗਿਆ ਐਨੁਲਹਕ, ਬਿਨ ਰਸਨਾ ਜਿਹਵਾ ਤੇਰਾ ਢੋਲਾ ਗਾਈਆ । ਹਜ਼ਰਤ ਈਸਾ ਰਹਿਣ ਨਾ ਦਿਤਾ ਸ਼ੱਕ, ਮੂਸਾ ਸ਼ਕਵੇ ਗਿਆ ਮਿਟਾਈਆ । ਮੁਹੰਮਦ ਲਕੀਰਾਂ ਕੱਢ ਕੇ ਨਾਲ ਨਕ, ਚੌਦਾਂ ਤਬਕਾਂ ਧਿਆਨ ਲਗਾਈਆ । ਪੈਗ਼ੰਬਰਾਂ ਕੀਤੀ ਸਿਫ਼ਤ ਤੇਰੀ ਅਨਥਕ, ਨੂਰ ਅਲਾਹ ਤੇਰੀ ਵਡ ਵਡਿਆਈਆ । ਅਵਤਾਰ ਤੇਰਾ ਸੰਦੇਸ਼ਾ ਦੇ ਕੇ ਗਏ

ਯਕ, ਹਰਫ਼ ਹਰਫ਼ਾਂ ਨਾਲ ਮਿਲਾਈਆ । ਗੁਰੂਆਂ ਕਿਹਾ ਅੰਤ ਧਰਨੀਏ ਤੇਰਾ ਪਰਦਾ ਲਏ ਢਕ, ਢਾਕਨਕੋਪਤ ਇਕ ਅਖਵਾਈਆ । ਮੇਰਾ ਲਹਿਣਾ ਦੇਣਾ ਪੂਰਾ ਕਰ ਦੇ ਪੱਕ, ਪਤਿਪਰਮੇਸ਼ਵਰ ਤੇਰੀ ਆਸ ਰਖਾਈਆ । ਉਹ ਵੇਖ ਲੈ ਕੀ ਇਸ਼ਾਰਾ ਦੇਂਦਾ ਸਲੀਬ ਦੀ ਧਾਰਾ ਵਾਲਾ ਕਲਕ, ਵਕਤ ਵਕਤ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਮੇਰਾ ਲੇਖਾ ਬਿਨ ਨੈਣਾਂ ਤਕ, ਤਕਵਾ ਤੇਰੇ ਉਤੇ ਰਖਾਈਆ ।

### ✪ ੨੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਨਾਜ਼ਰ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਪ੍ਰਭੂ ਮੈਂ ਤੇਰੀ ਪੁਤਰੀ ਸਪੁਤਰੀ ਸ਼ਹਿਜ਼ਾਦੀ, ਸ਼ਹਿਨਸ਼ਾਹ ਆਦਿ ਦੀ ਆਦਿ ਇਕ ਅਖਵਾਈਆ । ਮੇਰੀ ਬੇਨੰਤੀ ਅਵਰ ਕਾਹਦੀ, ਕੀ ਦਿਆਂ ਸੁਣਾਈਆ । ਤੂੰ ਆਦਿ ਜੁਗਾਦਿ ਅਨਾਦੀ, ਸਦ ਤੇਰੀ ਓਟ ਤਕਾਈਆ । ਤੂੰ ਮੋਹਣ ਮਾਧਵ ਮਾਧੀ, ਮੁਦਤਾਂ ਦਾ ਮਾਲਕ ਇਕ ਅਖਵਾਈਆ । ਮੇਰੇ ਸ੍ਰੀ ਭਗਵਾਨਾ ਨੌਜਵਾਨਾ ਮੇਰੀ ਕਿਸੇ ਨਾਲ ਹੋਈ ਨਾ ਸ਼ਾਦੀ, ਸ਼ਾਦਿਆਨੇ ਨਾ ਕੋਇ ਵਜਾਈਆ । ਨਾ ਕੋਈ ਮੇਰੀ ਮਈਆ ਨਾ ਕੋਈ ਪਿਤਾ ਨਾ ਦਾਦਾ ਦਾਦੀ, ਕੁਲ ਨਜ਼ਰ ਕੋਇ ਨਾ ਆਈਆ । ਨਾ ਮੇਰੇ ਸੀਸ ਸੁਹਾਗ ਦੀ ਦਿਸੇ ਪਰਾਂਦੀ, ਮੀਂਢੀ ਨਜ਼ਰ ਕੋਇ ਨਾ ਆਈਆ । ਮੈਂ ਆਦਿ
ਜੁਗਾਦਿ ਜੁਗ ਚੌਕੜੀ ਤੇਰੇ ਗੁਣ ਗਾਂਦੀ, ਤੂੰ ਮੇਰਾ ਇਕੋ ਧੁਰ ਦਾ ਮਾਹੀਆ । ਤੇਰੇ ਪਿਆਰ ਹੁਕਮ ਵਿਚ ਬਾਂਦੀ, ਬੰਦਨਾ ਕਹਿ ਕੇ ਸੀਸ ਨਿਵਾਈਆ । ਮੇਰੀ ਭੇਟ ਤੇਰੇ ਚਰਨਾਂ ਨਾ ਸੋਨਾ ਨਾ ਚਾਂਦੀ, ਜਗਤ ਮਾਇਆ ਨਾ ਕੋਇ ਚੜ੍ਹਾਈਆ । ਚਾਰੋਂ ਕੁੰਟ ਮੇਰੇ ਸੁਆਮੀਆਂ ਮੇਰੇ ਉਤੇ ਤਕ ਲੈ ਅੰਧੇਰਾ ਆਂਧੀ, ਸਾਚਾ ਚੰਦ ਨਾ ਕੋਇ ਚਮਕਾਈਆ । ਤੇਰੀ ਸ੍ਰਿਸ਼ਟੀ ਤੇਰੀ ਦੁਨੀਆ ਪਸ਼ੂਆਂ ਢੋਰਾਂ ਖਾਂਦੀ, ਕਾਗਾਂ ਮੁਖ ਰਖਾਈਆ । ਕੂੜ ਕੁੜਿਆਰੀਆਂ ਧਾਰਾਂ ਹੇਠ ਨਹਾਂਦੀ, ਤੇਰੇ ਸਰੋਵਰ ਗਏ ਭੁਲਾਈਆ । ਇੱਜ਼ਤ ਰਹੀ ਨਾ ਮੇਰੀ ਦੀਨ ਦੁਨੀਆਂ ਵਾਲੀ ਮਾਂ ਦੀ, ਮੁਹੱਬਤ ਵਿਚ ਨਾ ਕੋਇ ਸਮਾਈਆ । ਬੇਪਰਵਾਹ ਮੇਰੇ ਉਤੇ ਕਲਜੁਗ ਕੂੜ ਦੀ ਵਧੀ ਆਬਾਦੀ, ਨਵ ਸੱਤ ਤਕਣਾ ਥਾਉਂ ਥਾਈਂਆ । ਮੈਂ ਕਲਜੁਗ ਅੰਤਮ ਥੱਕੀ ਮਾਂਦੀ, ਦਰ ਤੇਰੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡਿਆਈ ਰਹੀ ਨਾ ਮੇਰੇ ਉਤੇ ਕਿਸੇ ਥਾਂ ਦੀ, ਥਨੰਤਰ ਰੰਗ ਨਾ ਕੋਇ ਰੰਗਾਈਆ ।

### ✪ ੨੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਸਰਮੁਖ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੇਰੀ ਤਕ ਜ਼ਿੰਦਗੀ ਜ਼ਿੰਦਗਾਨੀ, ਜ਼ਿੰਦਾ ਦਿਲ ਹੋ ਕੇ ਦਿਆਂ ਸੁਣਾਈਆ । ਮੇਰੀ ਦਰਦਾਂ ਭਰੀ ਕਹਾਣੀ, ਕਹਾਵਤ ਜਗਤ ਨਾ ਕੋਇ ਜਣਾਈਆ । ਮੇਰੇ ਉਤੇ ਤੇਰੀ ਸ੍ਰਿਸ਼ਟੀ ਹੋਈ ਬੇਗਾਨੀ, ਸਾਚੇ ਰੰਗ ਨਾ ਕੋਇ ਸਮਾਈਆ । ਤੇਰੀ ਮੰਜ਼ਲ ਚੜ੍ਹੇ ਨਾ ਕੋਇ ਰੁਹਾਨੀ, ਰਹਿਬਰ ਮਿਲਣ ਕੋਇ ਨਾ ਪਾਈਆ । ਤੂੰ ਕਿਰਪਾ ਕਰ ਮੇਰੇ ਪਰਮ ਪੁਰਖ ਅਸਮਾਨੀ, ਨੂਰ ਨੁਰਾਨੇ ਧੁਰਦਰਗਾਹੀਆ । ਤੇਰਾ ਕਲਮਾ ਭੁੱਲਿਆ ਕਲਾਮੀ,

ਕਾਇਨਾਤ ਗਈ ਭੁਲਾਈਆ । ਆਪਣਾ ਲੇਖਾ ਤਕ ਲੈ ਸੰਗ ਮੁਹੰਮਦ ਨਾਲ ਇਸਲਾਮੀ, ਇਸਮ ਆਜ਼ਮ ਧਿਆਨ ਲਗਾਈਆ । ਤੇਰੀ ਸ਼ਰਅ ਦੀ ਕਟੇ ਨਾ ਕੋਇ ਗ਼ੁਲਾਮੀ, ਗ਼ੁਰਬਤ ਸਭ ਦੇ ਅੰਦਰ ਆਈਆ । ਤੇਰੇ ਕਲਮਿਆਂ ਹੋਈ ਬਦਨਾਮੀ, ਬਦੀ ਵਿਚ ਤੇਰੀ ਖ਼ਲਕ ਖ਼ੁਦਾਈਆ । ਮੰਜ਼ਲ ਮਿਲੇ ਨਾ ਕਿਸੇ ਰੁਹਾਨੀ, ਸਚ ਦਰ ਨਾ ਕੋਇ ਵਡਿਆਈਆ । ਮੇਰੇ ਉਤੇ ਆ ਗਈ ਖ਼ਾਮੀ, ਖ਼ਾਲਸ ਰੰਗ ਨਾ ਕੋਇ ਸਮਾਈਆ । ਤੂੰ ਸਭ ਦਾ ਅੰਤਰਜਾਮੀ, ਘਟ ਘਟ ਵੇਖਣਾ ਚਾਈਂ ਚਾਈਂਆ । ਮੇਰੇ ਮਿਹਰਵਾਨਾ ਸੁਆਮੀ, ਸਮਾਂ ਅਗਲਾ ਤੇਰੇ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਧਰਨੀ ਕਹੇ ਪ੍ਰਭੂ ਮੈਂ ਤੇਰੀ ਆਦਿ ਜੁਗਾਦੀ ਰਖੀ ਓਟ, ਸਹਾਰਾ ਨਿਰੰਕਾਰਾ ਇਕ ਜਣਾਈਆ । ਮੇਰੇ ਉਤੇ ਦੀਨ ਦੁਨੀ ਦਾ ਤਕ ਲੈ ਖੋਟ, ਖਟੀਆ ਕਾਇਆ ਮਾਟੀ ਵੇਖ ਵਖਾਈਆ । ਤੇਰੇ ਮਾਨਵ ਤੇਰੇ ਆਲ੍ਹਣਿਉਂ ਡਿਗੇ ਬੋਟ, ਫੜ ਫੇਰ ਨਾ ਕੋਇ ਟਿਕਾਈਆ । ਮੈਨੂੰ ਦੁਖਾਂ ਨੇ ਲਾਈ ਚੋਟ, ਪੱਟੀ ਧਰਮ ਨਾ ਕੋਇ ਬੰਧਾਈਆ । ਮੇਰਾ ਲਹਿਣਾ ਦੇਣਾ ਤੇਰੇ ਨਾਲ ਜੁਗ ਚੌਕੜੀ ਕੋਟੀ ਕੋਟ, ਅਣਗਿਣਤ ਦੇ ਮਾਲਕ ਤੇਰੇ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਭੰਡਾਰ ਦੇਣਾ ਅਤੋਟ, ਅਤੋਟ ਅਤੁਟ ਦੇ ਮਾਲਕ ਆਪ ਵਰਤਾਈਆ ।



੨੪ ✪ ੨੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਗੁਰਦਿਆਲ ਸਿੰਘ ਦੇ ਗ੍ਰਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪ ੨੪

ਧਰਨੀ ਕਹੇ ਪ੍ਰਭੂ ਮੇਰੇ ਨਿਗਾਹ ਮਾਰ ਲੈ ਅੰਤਰ, ਅੰਤਸ਼ਕਰਨ ਦੇ ਮਾਲਕ ਧਿਆਨ ਲਗਾਈਆ । ਨਿਰਗੁਣ ਧਾਰ ਤਕ ਲੈ ਚਾਰੇ ਕੁੰਟ ਲੱਗੀ ਬਸੰਤਰ, ਸਚ ਮੇਘਲਾ ਨਜ਼ਰ ਕੋਇ ਨਾ ਆਈਆ । ਕੂਕ ਪੁਕਾਰ ਸੁਣ ਲੈ ਉਤੇ ਗਗਨ ਗਗਨੰਤਰ, ਗਹਿਰ ਗੰਭੀਰ ਦਿਆਂ ਦ੍ਰਿੜਾਈਆ । ਮੇਰੀ ਆਸ਼ਾ ਪੂਰੀ ਕਰ ਦੇ ਜੋ ਕਹਿ ਕੇ ਗਿਆ ਧਨਵੰਤਰ, ਧਰਮ ਧਾਰ ਸੁਣਾਈਆ । ਇਕੋ ਤੇਰਾ ਨਾਮ ਨਿਧਾਨਾ ਹੋਵੇ ਮੰਤਰ, ਮੰਤਵ ਮੇਰਾ ਹੱਲ ਕਰਾਈਆ । ਬਿਨਾ ਸ਼ਰਅ ਤੋਂ ਦੇ ਦੇ ਜੰਤਰ, ਜੀਵਾਂ ਜੰਤਾਂ ਗੰਢ ਪੁਆਈਆ । ਧਰਮ ਦੀ ਧਾਰ ਬਣਾ ਦੇ ਬਣਤਰ, ਘੜਨ ਭੰਨਣਹਾਰ ਤੇਰੀ ਬੇਪਰਵਾਹੀਆ । ਨਾਲੇ ਲੇਖਾ ਤਕ ਲੈ ਕੀ ਖੇਲ ਕਰੇ ਕੈਲਾਸ਼ੀ ਸ਼ੰਕਰ, ਸ਼ਰਅ ਜਗਤ ਕੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭੂ ਮੇਰਾ ਅੰਤਸ਼ਕਰਨ ਅੰਤਮ ਫੋਲ, ਪਰਦਾ ਰਹਿਣ ਕੋਇ ਨਾ ਪਾਈਆ । ਤੇਰੀ ਸ੍ਰਿਸ਼ਟੀ ਮੇਰੇ ਉਤੇ ਸੁਤੀ ਅਨਭੋਲ, ਸਚ ਨੇਤਰ ਨਾ ਕੋਇ ਖੁਲ੍ਹਾਈਆ । ਧਰਮ ਦੀ ਵਸਤ ਰਹੀ ਕਿਸੇ ਨਾ ਕੋਲ, ਖ਼ਾਲੀ ਦਿਸੇ ਲੋਕਾਈਆ । ਮੈਂ ਏਸੇ ਕਰਕੇ ਰਹੀ ਡੋਲ, ਧੀਰਜ ਧੀਰ ਨਾ ਕੋਇ ਜਣਾਈਆ । ਮੇਰੇ ਨਾਲ ਵਾਹਿਦੇ ਪੂਰੇ ਕਰ ਦੇ ਕੌਲ, ਇਕਰਾਰਨਾਮਿਆਂ ਰੰਗ ਰੰਗਾਈਆ । ਬੇਸ਼ਕ ਮੇਰਾ ਵਜੂਦ ਦੁਨੀਆ ਮੰਨੇ ਗੋਲ, ਅੰਤ ਕਹਿਣ ਕਿਛ ਨਾ ਪਾਈਆ । ਤੂੰ ਮੇਰੇ ਉਤੇ ਆਪਣੇ ਹੁਕਮ ਦਾ ਕਰ ਦੇ ਰੋਲ, ਰਹਿਬਰ ਹੋ ਕੇ ਦਇਆ ਕਮਾਈਆ । ਮੈਂ ਆਪਾ ਤੇਰੇ ਉਤੇ ਦੇਵਾਂ ਘੋਲ, ਘੋਲੀ ਘੋਲ ਘੁਮਾਈਆ । ਸਚ ਦੁਆਰਾ ਏਕਾ ਖੋਲ੍ਹ, ਦਰ ਦਰਵਾਜ਼ਾ ਦੋ ਜਹਾਨ ਵਖਾਈਆ ।

ਤੇਰੇ ਨਾਮ ਦਾ ਇਕੋ ਵਜੇ ਢੋਲ, ਡੰਕਾ ਦੋ ਜਹਾਨ ਕਰੇ ਸ਼ਨਵਾਈਆ । ਸਦ ਆ ਕੇ ਵਸਣਾ ਮੇਰੇ ਕੋਲ, ਦੂਰ ਦੁਰਾਡਾ ਪੰਧ ਮੁਕਾਈਆ । ਲੱਖ ਚੁਰਾਸੀ ਅੰਦਰ ਜਾਣਾ ਮੌਲ, ਮਾਲਕ ਹੋ ਕੇ ਆਪਣਾ ਰੂਪ ਦਰਸਾਈਆ । ਮੈਂ ਕੋਝੀ ਕਮਲੀ ਨਿਮਾਣੀ ਤੇਰੀ ਧੌਲ, ਧੌਲੇ ਝਾਟੇ ਨਾਲ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੇਰੀ ਪੂਰੀ ਕਰ ਤਮੰਨਾ, ਤਾਮਸ ਜਗਤ ਦੇ ਮਿਟਾਈਆ । ਸ਼ਰਅ ਦਾ ਰਹੇ ਕੋਈ ਨਾ ਬੰਨਾ, ਹਦੂਦਾਂ ਪੰਧ ਮੁਕਾਈਆ । ਲੇਖੇ ਲਾ ਲੈ ਗੋਬਿੰਦ ਵਾਲਾ ਕੰਨਾ, ਕਾਇਨਾਤ ਰੂਪ ਬਦਲਾਈਆ । ਜੋ ਇਸ਼ਾਰਾ ਦੇ ਕੇ ਗਿਆ ਧੰਨਾ, ਜੱਟਾਂ ਦੇ ਵਡਿਆਈਆ । ਜਿਸ ਦਾ ਲੇਖ ਲਿਖਿਆ ਸ਼ਬਦੀ ਧਾਰ ਚੌਦਾਂ ਸੌ ਤੀਸ ਅੰਕ ਦਾ ਪੰਨਾ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਮੇਰੇ ਅੰਤਰ ਤਕ ਲੈ ਕਾਮਨਾ, ਜਗਤ ਵਾਸ਼ਨਾ ਨਾ ਕੋਇ ਰਖਾਈਆ । ਜਨ ਭਗਤਾਂ ਫੜਾ ਦੇ ਆਪਣਾ ਦਾਮਨਾ, ਦਾਮਨਗੀਰ ਇਕੋ ਨਜ਼ਰੀ ਆਈਆ । ਸਤਿਗੁਰ ਸ਼ਬਦ ਹੋ ਕੇ ਹੋਣਾ ਜ਼ਾਮਨਾ, ਤੁਧ ਬਿਨ ਵਿਚੋਲਾ ਰਹਿਣ ਕੋਇ ਨਾ ਪਾਈਆ । ਉਹ ਆਸ਼ਾ ਮੇਰੀ ਕੀ ਸੰਦੇਸ਼ਾ ਮੈਨੂੰ ਦੇਵੇ ਬਾਵਨਾ, ਸਚਖੰਡ ਵਿਚੋਂ ਇਸ਼ਾਰੇ ਰਿਹਾ ਦ੍ਰਿੜਾਈਆ । ਕੀ ਹਸ ਹਸ ਆਖੇ ਰਾਮਨਾ, ਰਮਈਆ ਰਿਹਾ ਜਣਾਈਆ । ਨੈਣ ਉਠਾ ਕੇ ਤਕੇ ਕਾਹਨਨਾ, ਘਨਈਆ ਆਪਣਾ ਨੈਣ ਚੁਕਾਈਆ । ਕੀ ਪੈਗ਼ੰਬਰ ਦੇਣ ਪੈਗ਼ਾਮਨਾ, ਸੰਦੇਸ਼ੇ ਨੂਰ ਅਲਾਹੀਆ । ਗੁਰੂ ਗੁਰਦੇਵ ਕੀ ਸਚ ਸੰਦੇਸ਼ ਸੁਣਾਵਣਾ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਧਰਨੀਏ ਤੇਰਾ ਲਹਿਣਾ ਦੇਣਾ ਕਲਜੁਗ ਅੰਤ ਸ੍ਰੀ ਭਗਵੰਤ ਆਪ ਮੁਕਾਵਣਾ, ਦੂਜੇ ਹੱਥ ਨਾ ਕਿਛ ਫੜਾਈਆ । ਜਿਸ ਜੋਤੀ ਜਾਤਾ ਪੁਰਖ ਬਿਧਾਤਾ ਇਕ ਅਖਵਾਵਣਾ, ਨਿਹਕਲੰਕਾ ਕਲ ਕਲਕੀ ਰੂਪ ਬਦਲਾਈਆ । ਜਿਸ ਦਾ ਭੇਵ ਕੋਈ ਪਾ ਨਾ ਸਕੇ ਪੰਡਤ ਪਾਂਧਾ ਬ੍ਰਾਹਮਣਾ, ਸ਼ਾਸਤਰ ਅੰਤਰ ਕਹਿਣ ਕਿਛ ਨਾ ਪਾਈਆ । ਉਹ ਤੇਰੀ ਪੂਰੀ ਕਰੇ ਭਾਵਨਾ, ਤ੍ਰਿਸ਼ਨਾ ਕੂੜ ਜਗਤ ਚੁਕਾਈਆ । ਤੂੰ ਉਸ ਦੇ ਬਲ ਬਲ ਜਾਵਣਾ, ਆਪ ਆਪਣਾ ਭੇਟ ਚੜ੍ਹਾਈਆ । ਜਿਸ ਧੁਰ ਦਾ ਹੁਕਮ ਸੁਣਾਵਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਮੇਟੇ ਅੰਧੇਰੀ ਸ਼ਾਮਨਾ, ਸਤਿਜੁਗ ਸਾਚਾ ਚੰਦ ਕਰੇ ਰੁਸ਼ਨਾਈਆ ।

### ✪ ੨੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਉੱਤਮ ਸਿੰਘ ਦੇ ਗ੍ਰਿਹਿ ਪਿੰਡ ਵੈਰੋਵਾਲ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਪ੍ਰਭੂ ਮੈਨੂੰ ਨਾਮ ਦ੍ਰਿੜਾ ਦੇ ਸੋ, ਹੰ ਬ੍ਰਹਮ ਪਾਰਬ੍ਰਹਮ ਭੇਵ ਰਹੇ ਨਾ ਰਾਈਆ । ਸਤਿ ਪਰਕਾਸ਼ ਨਿਰਗੁਣ ਧਾਰ ਕਰ ਅਗੰਮੀ ਲੋ, ਬਿਨ ਨੇਤਰ ਲੋਚਨ ਨੈਣਾਂ ਕਰ ਰੁਸ਼ਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਕੂੜ ਕੁੜਿਆਰੀ ਮਾਇਆ ਨਾਲੋਂ ਕਰ ਨਿਰਮੋਹ, ਮੁਹੱਬਤ ਆਪਣੇ ਨਾਲ ਰਖਾਈਆ । ਮਾਨਸ ਮਾਨਵ ਮਾਨੁਖ ਸਰਗੁਣ ਧਾਰ ਨਿਰਗੁਣ ਨਾਲ ਜਾਣ ਛੋਹ, ਵਖਰਾ ਰਹਿਣ ਕੋਇ ਨਾ ਪਾਈਆ । ਮੈਨੂੰ ਤੁਧ ਬਿਨ ਦਿਸੇ ਅਵਰ ਨਾ ਕੋ, ਕੂਕ ਕੂਕ ਦਿਆਂ ਜਣਾਈਆ । ਮੇਰੇ ਤੋਂ ਪੰਚ ਵਿਕਾਰ ਮੇਟ ਦੇ ਗਰੋਹ, ਗੋਬਿੰਦ ਧਾਰ ਸ਼ਬਦ ਸਮਝਾਈਆ । ਦੁਤੀਆ ਭਾਵ ਰਹੇ ਨਾ ਦੋ, ਏਕੰਕਾਰ

ਏਕਾ ਰੰਗ ਦੇਣਾ ਰੰਗਾਈਆ । ਕਲਜੁਗ ਕੂੜ ਵਿਕਾਰਾ ਨਿਰਗੁਣ ਧਾਰ ਹੋ ਕੇ ਲਏ ਖੋਹ, ਘਟ ਘਟ ਅੰਤਰ ਵੇਖਣਾ ਥਾਉਂ ਥਾਈਂਆ । ਨਾਮ ਨਿਧਾਨਾ ਸ੍ਰੀ ਭਗਵਾਨਾ ਏਕਾ ਏਕ ਬੀਜ ਅਗੰਮਾ ਬੋ, ਬੋਧ ਅਗਾਧ ਤੋਂ ਪਰੇ ਕਰ ਪੜ੍ਹਾਈਆ । ਸਤਿ ਵਸਤ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਮੈਨੂੰ ਢੋਆ ਦੇ ਦੇ ਢੋਅ, ਗਹਿਰ ਗੰਭੀਰ ਬੇਨਜ਼ੀਰ ਬਿਨ ਜਗਤ ਨੇਤਰਾਂ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਪਰਦਾ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਸੰਦੇਸ਼ਾ ਦੇ ਦੇ ਹੰ ਬ੍ਰਹਮ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਇਕ ਜਣਾ ਦੇ ਧਰਮ, ਧਰਮ ਦੀ ਧਾਰ ਏਕੰਕਾਰ ਦੇ ਦ੍ਰਿੜਾਈਆ । ਆਤਮ ਪਰਮਾਤਮ ਦੀਨ ਦੁਨੀ ਲੱਖ ਚੁਰਾਸੀ ਜੀਵ ਜੰਤ ਦਾ ਬਦਲ ਦੇ ਕਰਮ, ਕਰਮ ਕਾਂਡ ਦਾ ਲੇਖਾ ਪੂਰਬ ਰਹੇ ਨਾ ਰਾਈਆ । ਇਕੋ ਓਟ ਤੇਰੀ ਸਭ ਨੂੰ ਹੋਵੇ ਸਰਨ, ਸਰਨਗਤ ਇਕ ਜਣਾਈਆ । ਝਗੜਾ ਮੇਟ ਦੇ ਵਰਨ ਬਰਨ, ਖੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਨਿਜ ਨੇਤਰ ਬਿਨ ਅੱਖੀਆਂ ਖੋਲ੍ਹ ਦੇ ਹਰਨ ਫਰਨ, ਅਨੁਭਵ ਆਪਣਾ ਭੇਵ ਚੁਕਾਈਆ । ਤੂੰ ਸਭ ਕੁਛ ਕਰਨੀ ਕਰਨ, ਕ਼ੁਦਰਤ ਦਾ ਕ਼ਾਦਰ ਨੂਰ ਅਲਾਹੀਆ । ਮੈਂ ਚਾਹੁੰਦੀ ਨੌਂ ਖੰਡ ਪ੍ਰਿਥਮੀ ਸੱਤ ਦੀਪ ਤੇਰਾ ਇਕੋ ਨਾਮ ਕਲਮਾ ਪੜ੍ਹਨ, ਇਕੋ ਹੋਵੇ ਬਿਨ ਹਰਫ਼ ਹਰੂਫ਼ ਪੜ੍ਹਾਈਆ । ਲਾਸ਼ਰੀਕ ਤੇਰੀ ਹਕ ਹਕ਼ੀਕ਼ਤ ਮੰਜ਼ਲ ਚੜ੍ਹਨ, ਦਰਗਾਹ ਸਾਚੀ ਸਚਖੰਡ ਸੋਭਾ ਪਾਈਆ । ਗ਼ਰੀਬ ਨਿਵਾਜ਼ੇ ਦਰ ਦਰਵਾਜ਼ਾ ਖੋਲ੍ਹਣਾ ਸਚ ਘਰ ਦਾ ਦਰਨ, ਭੀਤ ਬੰਦ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਮੈਨੂੰ ਦੇ ਦੇ ਨਾਮ ਨਿਰਾਲਾ, ਨਿਰਾਕਾਰ ਦਇਆ ਕਮਾਈਆ । ਤੂੰ ਕਿਰਪਾ ਨਿਧ ਪੁਰਖ ਅਕਾਲਾ, ਪਰਵਰਦਿਗਾਰ ਨੂਰ ਅਲਾਹੀਆ । ਸਤਿ ਧਰਮ ਦੀ ਇਕ ਬਣਾ ਧਰਮਸਾਲਾ, ਧਰਮ ਦੀ ਧਾਰ ਧਾਰ ਪਰਗਟਾਈਆ । ਜਿਥੇ ਬੈਠਣ ਸ਼ਾਹ ਕੰਗਾਲਾ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਇਕੋ ਨਾਮ ਨਿਧਾਨ ਤੇਰਾ ਹੋਏ ਉਜਾਲਾ, ਦੋ ਜਹਾਨ ਕਰੇ ਰੁਸ਼ਨਾਈਆ । ਮੇਰੀ ਨੌਂ ਸੌ ਚੁਰਾਨਵੇ ਚੌਕੜੀ ਜੁਗ ਦੀ ਲੇਖੇ ਲਾਉਣੀ ਘਾਲਾ, ਘਾਇਲ ਹੋ ਕੇ ਸੀਸ ਨਿਵਾਈਆ । ਹਰ ਹਿਰਦੇ ਅੰਦਰ ਮਨ ਕਾ ਮਣਕਾ ਫੇਰ ਬਣਾ ਦੇ ਮਾਲਾ, ਬਾਹਰ ਮਣਕੇ ਫੇਰਨ ਦੀ ਲੋੜ ਰਹੇ ਨਾ ਰਾਈਆ । ਤੈਨੂੰ ਪੈਗ਼ੰਬਰਾਂ ਕਿਹਾ ਨੂਰ ਅਲਾਹੀ ਤੁਆਲਾ, ਤਅੱਲੁਕ ਸਭ ਦੇ ਨਾਲ ਰਖਾਈਆ । ਤੇਰੀ ਧਾਰ ਨਿਰੰਕਾਰ ਕਾਹਨ ਘਨਈਆ ਬਣ ਗਵਾਲਾ, ਗੋਪਾਲ ਆਪਣਾ ਖੇਲ ਖਿਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਫਲ ਲਗਾ ਦੇ ਮੇਰੇ ਧਰਮ ਧਾਰ ਦੇ ਡਾਲਾ, ਪੱਤ ਟਹਿਣੀ ਆਪ ਮਹਿਕਾਈਆ । ਮੇਰੀ ਆਸ਼ਾ ਤਕ ਲੈ ਜੋ ਅਸ਼ਟਭੁਜ ਰਖ ਕੇ ਗਈ ਜਵਾਲਾ, ਸੁੰਬ ਨਿਸੁੰਬ ਦੀ ਧਾਰ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਤੇਰਾ ਇਕੋ ਹੋਵੇ ਕਲਮਾ ਕਲਾਮ, ਕਾਇਨਾਤ ਦੇਣਾ ਜਣਾਈਆ । ਮੈਂ ਤੇਰਾ ਨੂਰ ਅਲਾਹ ਤਕਾਂ ਅਮਾਮ, ਅਮਾਮ ਅਮਾਮੇ ਤੇਰਾ ਦਰਸ਼ਨ ਪਾਵਾਂ ਚਾਈਂ ਚਾਈਂਆ । ਤੂੰ ਮੇਰਾ ਨਗਰ ਸੁਹਾਉਣਾ ਗਰਾਮ, ਧਰਨੀ ਧਰਤ ਧਵਲ ਧੌਲ ਬੈਠੀ ਆਸ ਤਕਾਈਆ । ਸਦੀ ਚੌਧਵੀਂ ਮੈਨੂੰ ਪੈਗ਼ੰਬਰਾਂ ਦਿਤਾ ਪੈਗ਼ਾਮ, ਹਰਫ਼ ਹਰੂਫ਼ਾਂ ਨਾਲ ਮਿਲਾਈਆ । ਹਜ਼ਰਤ ਮੂਸਾ ਈਸਾ ਮੁਹੰਮਦ ਦੇ ਕੇ ਗਏ ਬਨਾਮ, ਵਹੀ ਨਾਜ਼ਿਲ ਹੋ ਕੇ ਜੋ ਜਬਰਾਈਲ ਗਿਆ ਜਣਾਈਆ । ਅੰਤ ਲੇਖਾ ਤਕ ਲੈ ਦੀਨ ਦੁਨੀ

੮੬੪
੨੪

ਅਵਾਮ, ਵੇਖਣਾ ਥਾਉਂ ਥਾਈਂਆ । ਬਿਨ ਰੈਣ ਤੋਂ ਮੇਰੇ ਉਤੇ ਹੋਈ ਸ਼ਾਮ, ਸ਼ਮਅ ਨੂਰ ਜੋਤ ਨਾ ਕੋਇ ਰੁਸ਼ਨਾਈਆ । ਈਮਾਨ ਦਾ ਰਿਹਾ ਨਾ ਕੋਇ ਗ਼ੁਲਾਮ, ਗ਼ੁਰਬਤ ਕੂੜ ਕੂੜ ਹਲਕਾਈਆ । ਧਰਮ ਦਾ ਦਿਸੇ ਨਾ ਕੋਇ ਨਿਸ਼ਾਨ, ਨਿਸ਼ਾਨੇ ਦੀਨ ਦੁਨੀ ਬਦਲਾਈਆ । ਕਿਰਪਾ ਕਰ ਸ੍ਰੀ ਭਗਵਾਨ, ਭਗਵਨ ਤੇਰੀ ਓਟ ਰਖਾਈਆ । ਨਿਗਾਹ ਮਾਰ ਅਗੰਮੇ ਰਾਮ, ਰਮਈਆ ਹੋ ਕੇ ਵੇਖ ਵਖਾਈਆ । ਮੇਰੀ ਆਸਾ ਤਕ ਲੈ ਨਿਰਗੁਣ ਸਰਗੁਣ ਕਾਹਨ, ਜੋਤੀ ਜਾਤੇ ਵੇਖ ਵਖਾਈਆ । ਪੈਗ਼ੰਬਰਾਂ ਦੇ ਪੈਗ਼ੰਬਰ ਰਹੀਮ ਰਹਿਮਾਨ, ਮਹਿਬਾਨ ਬੀਦੋ ਤੇਰੀ ਓਟ ਤਕਾਈਆ । ਗੁਰੂਆਂ ਦੇ ਗੁਰਦੇਵ ਸੁਆਮੀ ਨੌਜਵਾਨ, ਪੁਰਖ ਅਕਾਲ ਤੇਰੀ ਓਟ ਤਕਾਈਆ । ਧਰਨੀ ਕਹੇ ਮੈਨੂੰ ਨਿਰਗੁਣ ਦਾਤੇ ਸਤਿ ਸਚ ਦਾ ਦੇਣਾ ਦਾਨ, ਦਇਆਵਾਨ ਹੋ ਕੇ ਦਇਆ ਦੇਣੀ ਕਮਾਈਆ । ਮੈਂ ਨਿਰਧਨ ਸਰਧਨ ਤੇਰੇ ਚਰਨ ਕਰਾਂ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਤੂੰ ਸ਼ਾਹੋ ਭੂਪ ਸੁਲਤਾਨ, ਸਚਖੰਡ ਨਿਵਾਸੀ ਇਕ ਅਖਵਾਈਆ । ਮੇਰੀ ਬੇਨੰਤੀ ਕਰ ਪਰਵਾਨ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਰਹੀ ਦ੍ਰਿੜਾਈਆ । ਚਾਰ ਜੁਗ ਦੇ ਸ਼ਾਸਤਰ ਮੇਰੀ ਗਵਾਹੀ ਨਿਰਗੁਣ ਧਾਰ ਭੁਗਤਾਣ, ਸ਼ਹਾਦਤ ਦੇਵਣ ਚਾਈਂ ਚਾਈਂਆ । ਤੂੰ ਨਿਗਾਹ ਮਾਰ ਲੈ ਉਤੋਂ ਅਸਮਾਨ, ਅਸਮਾਨੀ ਬਾਪ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨਿਰਗੁਣ ਨਿਰਗੁਣ ਆਦਿ ਜੁਗਾਦੀ ਜਾਣੀ ਜਾਣ, ਜੁਗ ਜੁਗ ਭੇਵ ਅਭੇਦ ਆਪ ਖੁਲ੍ਹਾਈਆ ।





## ੨੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਸੋਹਣ ਸਿੰਘ ਦੇ ਗ੍ਰਿਹ ਪਿੰਡ ਰਾਮਪੁਰ ਜ਼ਿਲਾ ਅੰਮ੍ਰਿਤਸਰ

ਧਰਨੀ ਕਹੇ ਪ੍ਰਭੂ ਮੈਂ ਦਿਵਸ ਰੈਣ ਲਾਵਾਂ ਚਕਰ, ਚਕਰਵਰਤੀ ਨਜ਼ਰ ਕੋਇ ਨਾ ਆਈਆ । ਮੰਜ਼ਲ ਹਕ਼ੀਕ਼ੀ ਦਾ ਮਿਲੇ ਕੋਈ ਨਾ ਫ਼ੱਕਰ, ਫ਼ਿਕਰਾ ਹਕ ਨਾ ਕੋਇ ਸੁਣਾਈਆ । ਜਿਧਰ ਜਾਵਾਂ ਕੂੜ ਕੁੜਿਆਰੇ ਨਾਲ ਲੱਗੇ ਟੱਕਰ, ਸਤਿ ਧਰਮ ਵੇਖਣ ਕੋਇ ਨਾ ਪਾਈਆ । ਮਾਨਵ ਜ਼ਾਤੀ ਅੰਤਸ਼ਕਰਨ ਤਕਿਆ ਕੂੜ ਅਪਰਾਧਣ ਹੋਈ ਮਕਰ, ਫ਼ਰੇਬਾਂ ਵਿਚ ਖੇਲ ਖਿਲਾਈਆ । ਮੈਂ ਬਿਨਾ ਨੈਣ ਤੋਂ ਨਵ ਸੱਤ ਲੱਗੀ ਤਕਣ, ਲੋਚਣ ਅੱਖ ਨਾ ਕੋਇ ਖੁਲ੍ਹਾਈਆ । ਪੀਆ ਪ੍ਰੀਤਮ ਤੇਰਾ ਮੀਤ ਮੁਰਾਰਾ ਦਿਸਿਆ ਕੋਈ ਨਾ ਸਕਣ, ਸਾਜਣ ਸੰਗੀ ਸਾਥ ਨਾ ਕੋਇ ਨਿਭਾਈਆ । ਮੇਰੇ ਉਤੇ ਕਲਜੁਗ ਕੂੜ ਕੁੜਿਆਰੀ ਮਾਇਆ ਲੱਗੀ ਨਚਣ, ਚਾਰ ਕੁੰਟ ਦਹਿ ਦਿਸ਼ਾ ਆਪਣਾ ਨਾਚ ਵਖਾਈਆ । ਤੇਰੀ ਦੀਨ ਦੁਨੀ ਬਿਨਾ ਅਗਨੀ ਲੱਗੀ ਮਚਣ, ਪੰਚ ਵਿਕਾਰ ਰਿਹਾ ਜਲਾਈਆ । ਮੈਂ ਸਤਿ ਸਚ ਦਾ ਸੁਆਮੀਆ ਦੱਸਾਂ ਬਚਨ, ਕਥਾ ਕਹਾਣੀ ਦਿਆਂ ਦ੍ਰਿੜਾਈਆ । ਬਿਨ ਤੇਰੀ ਕਿਰਪਾ ਭਗਤ ਸੁਹੇਲਾ ਦਿਸੇ ਕੋਈ ਨਾ ਰਤਨ, ਅਮੋਲਕ ਹੀਰਾ ਵੇਖਣ ਕੋਇ ਨਾ ਪਾਈਆ । ਮਾਨਵ ਜ਼ਾਤੀ ਮੇਰੇ ਉਤੇ ਪੰਜ ਤਤ ਧਾਰ ਹੋਈ ਬੇਵਤਨ, ਸਾਚੇ ਗ੍ਰਿਹ ਨਾ ਕੋਇ ਟਿਕਾਈਆ । ਮੇਰਾ ਅੰਤਮ ਚਲੇ ਕੋਈ ਨਾ ਯਤਨ, ਯਥਾਰਥ ਤੈਨੂੰ ਦਿਆਂ ਸੁਣਾਈਆ । ਮੇਰਾ ਕੂੜ ਕੁੜਿਆਰਾ ਦਾਗ਼ਾ ਆ ਜਾ ਕੱਟਨ, ਕਟਾਕਸ਼ ਆਪਣਾ ਨਾਮ ਲਗਾਈਆ । ਸਤਿ ਧਰਮ ਦਾ ਖੋਲ੍ਹ ਦੇ ਹੱਟਨ, ਇਕੋ ਨਾਮ ਦੇਣਾ ਚਾਈਂ ਚਾਈਂਆ । ਭਾਗ ਲਗਾਉਣਾ ਸਾਢੇ ਤਿੰਨ ਹੱਥ ਕਾਇਆ ਮਟਨ, ਤਨ ਵਜੂਦਾਂ ਰੰਗ ਰੰਗਾਈਆ । ਤੇਰਾ ਨੂਰ ਜੋਤ ਪਰਕਾਸ਼ ਹੋਵੇ ਲਟ ਲਟਨ, ਸ਼ਬਦ ਨਾਦ ਕਰੇ ਸ਼ਨਵਾਈਆ । ਜੋਤੀ

੮੬੬
੨੪

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਇਕ ਰਖਾਈਆ । ਧਰਨੀ ਕਹੇ ਪ੍ਰਭੂ ਮੇਰਾ ਰੰਗ ਬਣਾ ਲੈ ਆਪਣਾ ਰੂਪ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਤੂੰ ਮੇਰਾ ਸ਼ਹਿਨਸ਼ਾਹ ਸ਼ਾਹੋ ਭੂਪ, ਪੁਰਖ ਅਕਾਲ ਤੇਰੀ ਵਡਿਆਈਆ । ਮਿਹਰਵਾਨਾ ਨੌਜੁਆਨਾ ਮੇਰੀ ਸੁਹੰਜਣੀ ਕਰ ਦੇ ਰੁਤ, ਰੁਤੜੀ ਆਪਣੇ ਪਿਆਰ ਨਾਲ ਮਹਿਕਾਈਆ । ਪਵਿਤ੍ਰ ਕਰ ਦੇ ਕਾਇਆ ਮਾਟੀ ਪੰਜ ਤਤ ਦੇ ਬੁਤ, ਬੁਤਖ਼ਾਨਿਆਂ ਕਰ ਸਫ਼ਾਈਆ । ਨਵ ਸੱਤ ਤੇਰੇ ਧਰਮ ਦੇ ਉਪਜਣ ਸੁਤ, ਦੁਲਾਰੇ ਹਰਿਜਨ ਲੈ ਪਰਗਟਾਈਆ । ਤੂੰ ਮਾਲਕ ਅਬਿਨਾਸ਼ੀ ਅਚੁਤ, ਚੇਤਨ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਇਕ ਸੁਹਾਈਆ । ਧਰਨੀ ਕਹੇ ਪ੍ਰਭੂ ਮੇਰਾ ਚੁਕ ਕੇ ਵੇਖ ਲੈ ਪਰਦਾ, ਪਰਦਾਨਸ਼ੀਂ ਧਿਆਨ ਲਗਾਈਆ । ਜਗਤ ਜਹਾਨ ਵੇਖ ਲੈ ਸੜਦਾ, ਅਗਨੀ ਤਤ ਨਾ ਕੋਇ ਬੁਝਾਈਆ । ਦੀਨ ਮਜ਼੍ਹਬ ਵੇਖ ਲੈ ਲੜਦਾ, ਤੇਰੀ ਸ਼ਰਅ ਕਰੇ ਲੜਾਈਆ । ਸਚ ਮੰਜ਼ਲ ਕੋਇ ਨਾ ਚੜ੍ਹਦਾ, ਤੇਰਾ ਦਰਸ ਕੋਇ ਨਾ ਪਾਈਆ । ਆਤਮ ਪਰਮਾਤਮ ਤੂੰ ਮੇਰਾ ਮੈਂ ਤੇਰਾ ਢੋਲਾ ਕੋਇ ਨਾ ਪੜ੍ਹਦਾ, ਜਗਤ ਅੱਖਰਾਂ ਗਾ ਗਾ ਤੇਰੀ ਕਰਨ ਸ਼ਨਵਾਈਆ । ਤੂੰ ਮਾਲਕ ਖ਼ਾਲਕ ਚੋਟੀ ਜੜ੍ਹ ਦਾ, ਆਦਿ ਜੁਗਾਦਿ ਤੇਰੇ ਹੱਥ ਵਡਿਆਈਆ । ਕਿਲ੍ਹਾ ਤੋੜ ਹੰਕਾਰੀ ਗੜ੍ਹ ਦਾ, ਹਉਮੇਂ ਹੰਗਤਾ ਦੇ ਮਿਟਾਈਆ । ਭੇਵ ਖੁਲ੍ਹਾ ਦੇ ਮਾਨਵ ਜਾਤੀ ਆਪਣੇ ਘਰ ਦਾ, ਗ੍ਰਿਹ ਮੰਦਰ ਇਕ ਵਖਾਈਆ । ਜਿਥੇ ਦੀਪਕ ਜੋਤ ਅਗੰਮੀ ਬਲਦਾ, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਜਿਸ ਧਾਰੋਂ ਸਤਿਗੁਰ ਸ਼ਬਦ ਦੋ ਜਹਾਨਾਂ ਘਲਦਾ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਆਪਣਾ ਹੁਕਮ ਸੁਣਾਈਆ । ਜਿਸ ਗ੍ਰਿਹ ਅੰਮ੍ਰਿਤ ਸਾਗਰ ਨੀਰ ਅਗੰਮਾ ਉਛਲਦਾ, ਆਦਿ ਜੁਗਾਦਿ ਮੁਕ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਨਾਮ ਵਰਤਾਈਆ । ਧਰਨੀ ਕਹੇ ਪ੍ਰਭੂ ਮੈਂ ਮੰਗਦੀ ਅਗੰਮੀ ਵਸਤ, ਇਕੋ ਏਕੰਕਾਰ ਦੇਣੀ ਵਰਤਾਈਆ । ਮੈਨੂੰ ਫੜਾਉਣੀ ਬਿਨਾ ਦਸਤ, ਬਿਨ ਹੱਥਾਂ ਮੇਰੀ ਝੋਲੀ ਦੇਣੀ ਰਖਾਈਆ । ਨਾਮ ਖ਼ੁਮਾਰੀ ਬਖ਼ਸ਼ਣੀ ਮਸਤ, ਮਸਤ ਮਸਤਾਨੀ ਰੂਪ ਦਰਸਾਈਆ । ਮੇਰਾ ਲੇਖਾ ਰਖਣਾ ਨਾਲ ਕੀਟ ਹਸਤ, ਰਾਓ ਰੰਕਾਂ ਰੰਗ ਰੰਗਾਈਆ । ਤੂੰ ਮਾਲਕ ਖ਼ਾਲਕ ਵਾਲੀ ਅਰਸ਼, ਅਰਸ਼ੀ ਪ੍ਰੀਤਮ ਤੇਰੇ ਹੱਥ ਵਡਿਆਈਆ । ਸਚ ਮੁਹੱਬਤ ਮੇਘ ਬਰਸ, ਬੂੰਦਾ ਬਾਂਦੀ ਨਾਮ ਪਰਗਟਾਈਆ । ਕੂੜੀ ਕਿਰਿਆ ਮੇਟ ਦੇ ਹਰਸ, ਹਵਸ ਵਿਕਾਰ ਰਹੇ ਨਾ ਰਾਈਆ । ਮੇਰੇ ਉਤੇ ਕਰਨਾ ਤਰਸ, ਰਹਿਮਤ ਆਪਣੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਬੇਨੰਤੀ ਸੁਣਨੀ ਉਤੇ ਫ਼ਰਸ਼, ਧਰਨੀ ਧਰਤ ਧਵਲ ਧੌਲ ਮਿੱਟੀ ਖ਼ਾਕੀ ਹੋ ਕੇ ਮੰਗ ਮੰਗਾਈਆ ।

### ✪ ੨੧ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਅਵਤਾਰ ਸਿੰਘ ਦੇ ਗ੍ਰਿਹ ਪਿੰਡ ਐਕਲਗਡਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਪ੍ਰਭੂ ਸੁਣ ਮੇਰੇ ਪ੍ਰਿਤਪਾਲ, ਪਰਮ ਪੁਰਖ ਪਰਮਾਤਮ ਤੇਰੀ ਓਟ ਤਕਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਮੇਰੀ ਕਰ ਸੰਭਾਲ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਦਇਆ ਕਮਾਈਆ । ਮੈਂ ਆਦਿ ਜੁਗਾਦੀ ਜੁਗ ਚੌਕੜੀ ਤੇਰੀ ਘਾਲੀ ਘਾਲ, ਨਿਤ

ਨਵਿਤ ਸਾਚੀ ਸੇਵ ਕਮਾਈਆ । ਸੰਬਲ ਦੇ ਮਾਲਕ ਮੇਰੀ ਸੁਰਤ ਸੰਭਾਲ, ਸਿਰ ਮੇਰੇ ਹੱਥ ਟਿਕਾਈਆ । ਬਿਨ ਤੇਰੇ ਨਾਮੇ ਹੋਈ ਕੰਗਾਲ, ਖ਼ਾਲੀ ਝੋਲੀ ਦਿਆਂ ਵਖਾਈਆ । ਨਾਮ ਭੰਡਾਰਾ ਦੇ ਦੇ ਅਤੋਟ ਅਤੁਟ ਧਨ ਮਾਲ, ਅਨਮੁਲੜੀ ਦਾਤ ਆਪ ਵਰਤਾਈਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਬਿਨ ਵਰਨ ਗੋਤ ਨੂਰ ਜ਼ਹੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸਾ ਆਦਿ ਜੁਗਾਦੀ, ਜੁਗ ਚੌਕੜੀ ਦਿਆਂ ਜਣਾਈਆ । ਤੂੰ ਮਾਲਕ ਬ੍ਰਹਮ ਬ੍ਰਹਿਮਾਦੀ, ਪਾਰਬ੍ਰਹਮ ਤੇਰੀ ਸਰਨਾਈਆ । ਮੈਂ ਬਿਨ ਰਸਨਾ ਜਿਹਵਾ ਨਿਰਗੁਣ ਤੈਨੂੰ ਰਹੀ ਅਰਾਧੀ, ਬਿਨ ਅੱਖਰਾਂ ਢੋਲੇ ਗਾਈਆ । ਬਿਨ ਹੱਥਾਂ ਹੋਈ ਬਾਂਦੀ, ਬਿਨ ਸੀਸ ਜਗਦੀਸ਼ ਝੁਕਾਈਆ । ਮੈਂ ਵਣਜਾਰਨ ਪੁਰਖ ਅਕਾਲੇ ਤੇਰੇ ਨਾਂ ਦੀ, ਨਾਉਂ ਨਿਰੰਕਾਰ ਇਕ ਦ੍ਰਿੜਾਈਆ । ਮੇਰੀ ਵਡਿਆਈ ਰਹੀ ਨਹੀਂ ਧਰਨੀ ਮਾਂ ਦੀ, ਕਲਜੁਗ ਮਮਤਾ ਕੂੜ ਰਹੀ ਕੁਰਲਾਈਆ । ਮੇਰੇ ਉਤੋਂ ਸ਼ਰਅ ਮੇਟ ਦੇ ਸੂਰ ਗਾਂ ਦੀ, ਢੋਰਾਂ ਪਸ਼ੂਆਂ ਪੰਖੀਆਂ ਖੱਲ ਨਾ ਕੋਇ ਲੁਹਾਈਆ । ਦੀਨ ਦੁਨੀ ਦੀ ਪਵਿਤ੍ਰ ਬੁੱਧੀ ਕਰ ਦੇ ਕਾਂ ਦੀ, ਕਾਗ ਵਾਂਗ ਨਾ ਕੋਇ ਕੁਰਲਾਈਆ । ਮੈਂ ਇਕੋ ਆਸ਼ਾ ਰਖੀ ਪਰਵਰਦਿਗਾਰ ਸਚੇ ਰਹਿਨੁਮਾ ਦੀ, ਦੂਸਰ ਓਟ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਮੇਰੇ ਪ੍ਰਭ ਮੈਨੂੰ ਪਿਆਰ ਦਾ ਬਖਸ਼ ਦੇ ਸਾਥ, ਰਹਿਮਤ ਨਿਰਗੁਣ
੮੬੭ ਆਪ ਕਮਾਈਆ । ਮੈਂ ਇਕੋ ਢੋਲਾ ਤੇਰਾ ਗਾਵਾਂ ਗਾਥ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਮੈਂ ਕੋਝੀ ਕਮਲੀ ਅਨਾਥਾਂ ਅਨਾਥ, ਤੂੰ ਮਾਲਕ ਖ਼ਾਲਕ ੮੬੭
੨੪ ਧੁਰਦਰਗਾਹੀਆ । ਤੂੰ ਸਾਹਿਬ ਸੁਆਮੀ ਸਰਬ ਕਲਾ ਸਮਰਾਥ, ਤੇਰੇ ਹੱਥ ਵਡਿਆਈਆ । ਮੇਰਾ ਲੇਖਾ ਲਹਿਣਾ ਦੇਣਾ ਪੂਰਾ ਕਰ ਦੇ ਮਸਤਕ ੨੪
ਮਾਥ, ਟਿੱਕੇ ਧੂੜੀ ਤੇਰੇ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਮੇਰੇ ਆਦਿ ਜੁਗਾਦੀ ਸਗਲੇ ਸੰਗੀ, ਸਤਿਗੁਰ ਤੇਰੀ ਇਕ ਸਰਨਾਈਆ । ਵਸਤ ਦੇ ਅਗੰਮੀ ਮੰਗੀ, ਜਗ ਵਾਸਨਾ ਨਾ ਕੋਇ ਜਣਾਈਆ । ਮੇਰੀ ਪੁਸ਼ਤ ਪਨਾਹ ਹੋਣ ਨਾ ਦੇਵੀਂ ਨੰਗੀ, ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਕੂੜ ਕੁੜਿਆਰਾ ਮੇਰੇ ਉਤੋਂ ਕਢ ਫ਼ਰੰਗੀ, ਫ਼ੈਸਲਾ ਧੁਰ ਦਾ ਆਪ ਸੁਣਾਈਆ । ਕਿਸੇ ਦੀ ਅੰਤਸ਼ਕਰਨ ਦੀ ਧਾਰ ਏਕੰਕਾਰ ਰਹੇ ਨਾ ਨੰਗੀ, ਮਨਸਾ ਮਨ ਨਾ ਕੋਇ ਹਲਕਾਈਆ । ਸਚ ਪ੍ਰਕਾਸ਼ ਦੇ ਦੇ ਨੂਰ ਅਲਾਹੀ ਚੰਦੀ, ਚੰਦ ਚਾਂਦਨਾ ਕਰ ਰੁਸ਼ਨਾਈਆ । ਗੁਰ ਅਵਤਾਰ ਪੈਗ਼ਬਰਾਂ ਦੀ ਪੂਰੀ ਕਰ ਦੇ ਸੰਧੀ, ਕੌਲ ਇਕਰਾਰ ਤੋੜ *ਤੋੜ ਨਿਭਾਈਆ । ਕਲਜੁਗ ਆਯੂ ਹੋਰ ਕਰੀਂ ਨਾ ਲੰਬੀ, ਲੰਮੀ ਪੈ ਕੇ ਸੀਸ ਨਿਵਾਈਆ । ਮੇਰੇ ਤੋਂ ਦੀਨ ਮਜ਼੍ਹਬ ਸ਼ਰਅ ਦੀ ਤੋੜ ਪਾਬੰਦੀ, ਸਤਿਗੁਰ ਸ਼ਬਦ ਸ਼ਬਦ ਦੇ ਵਡਿਆਈਆ । ਤੇਰਾ ਇਕੋ ਸਚ ਦੁਆਰ ਧਰਮ ਦੀ ਹੋਵੇ ਡੰਡੀ, ਡੰਡਾਵਤ ਬੰਦਨਾ ਸਯਦੇ ਧਾਰ ਸਭ ਦੀ ਦੇ ਬਦਲਾਈਆ । ਸ੍ਰੀ ਭਗਵਾਨਾ ਨੌਜੁਆਨਾ ਮੇਰੇ ਉਤੇ ਤਨ ਵਜੂਦ ਸ਼ਰੀਰ ਰਹੇ ਨਾ ਕੋਇ ਪਖੰਡੀ, ਭੇਖਾਧਾਰੀ ਭੇਖ ਨਾ ਕੋਇ ਵਟਾਈਆ । ਨਿਗਾਹ ਮਾਰ ਲੈ ਉਤਭੁਜ ਸੇਹਤਜ ਜੇਰਜ ਅੰਡੀ, ਚਾਰੇ ਖਾਣੀ ਖੋਜ ਖੁਜਾਈਆ । ਸੁਰਤ ਸੁਆਮੀ ਸਤਿਗੁਰ ਸ਼ਬਦ ਹਾਣੀ ਬਿਨ ਰਹੇ ਕੋਈ ਨਾ ਰੰਡੀ, ਕੰਤ ਸੁਹਾਗ ਬਣਨਾ ਧੁਰ ਦੇ ਮਾਹੀਆ । ਧਰਨੀ ਕਹੇ ਪ੍ਰਭੂ ਮੇਰਾ ਖੇਲ ਖਿਲਾ ਦੇ ਵਿਚ ਵਰਵੰਡੀ, ਬ੍ਰਹਿਮੰਡਾਂ ਆਪਣਾ ਸੰਗ ਬਣਾਈਆ । ਨਾਮ ਸਤਿ ਅਨਮੋਲ ਬਿਨਾ

ਕ਼ੀਮਤ ਤੋਂ ਵੰਡੀਂ, ਕਰਤੇ ਪੁਰਖ ਦੇਣੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸਾ ਤੇਰੇ ਚਰਨ, ਦੂਸਰ ਸੀਸ ਨਾ ਕੋਇ ਨਿਵਾਈਆ । ਮੇਰਾ ਨਵ ਨਵ ਚਾਰ ਦਾ ਪੂਰਾ ਕਰ ਦੇ ਪਰਨ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਤੇਰੀ ਸ਼ਨਵਾਈਆ । ਬਿਨ ਲੋਚਨ ਨੈਣ ਨਿਜ ਖੋਲ੍ਹ ਦੇ ਹਰਨ ਫ਼ਰਨ, ਦੀਦ ਈਦ ਕਰ ਰੁਸ਼ਨਾਈਆ । ਮੇਰੇ ਉਤੇ ਤੇਰੇ ਮਾਨਸ ਮਾਨਵ ਮਾਨੁਖ ਤੇਰੀ ਮੰਜ਼ਲ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਸਭ ਦੇ ਅੰਤਰ ਕਿਲਾ ਤੋੜ ਹੰਕਾਰੀ ਗੜ੍ਹਨ, ਹਉਮੇ ਹੰਗਤਾ ਰਹੇ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਆਤਮ ਢੋਲਾ ਸਾਰੇ ਪੜ੍ਹਨ, ਪਰਮਾਤਮ ਤੇਰੇ ਨਾਮ ਦੀ ਵਜੇ ਵਧਾਈਆ । ਸੁਰਤੀ ਸ਼ਬਦ ਲਗਾ ਲੈ ਆਪਣੇ ਲੜਨ, ਵਿਛੋੜਾ ਜਗਤ ਰਹੇ ਨਾ ਰਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਘਾੜਨ ਘੜਨ, ਸਮਰਥ ਤੇਰੇ ਹੱਥ ਵਡਿਆਈਆ । ਮੇਰੇ ਉਤੋਂ ਲੇਖਾ ਮੇਟ ਦੇ ਚੋਟੀ ਜੜ੍ਹਨ, ਚੇਤਨ ਸੁਰਤੀ ਸਭ ਦੀ ਦੇ ਕਰਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਕਰਨੀ ਕਰਨ, ਕ਼ੁਦਰਤ ਦਾ ਕ਼ਾਦਰ ਨੂਰ ਅਲਾਹੀਆ । ਝਗੜਾ ਮੇਟ ਦੇ ਵਰਨ ਬਰਨ, ਜ਼ਾਤ ਪਾਤ ਖੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਮੈਂ ਆਦਿ ਜੁਗਾਦੀ ਨਿਰਗੁਣ ਸਰਗੁਣ ਧਾਰ ਤੇਰੀ ਮੰਗਾਂ ਸਰਨ, ਸਰਨਗਤ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮੇਰੇ ਉਤੇ ਭੇਵ ਚੁਕਾ ਦੇ ਸੀਸ ਧੜਨ, ਤਨ ਵਜੂਦ
੮੬੮ ਹਕ਼ ਮਹਿਬੂਬ ਏਕੋ ਰੰਗ ਰੰਗ ਦੇਣਾ ਰੰਗਾਈਆ । ੮੬੮

੨੪ ੨੪

## ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਐਂਕਲਗਡਾ ਜ਼ਿਲਾ ਅੰਮ੍ਰਿਤਸਰ ਬੂਟਾ ਸਿੰਘ ਸੁਰਗਵਾਸੀ ਦੇ ਨਮਿਤ

ਧਰਨੀ ਕਹੇ ਸਤਿਗੁਰ ਸ਼ਬਦ ਬੜਾ ਮਿਹਰਵਾਨ, ਮਿਹਰਵਾਨਾ ਸ੍ਰੀ ਭਗਵਾਨਾ ਆਪਣੀ ਦਇਆ ਕਮਾਈਆ । ਜੋ ਲਹਿਣਾ ਦੇਣਾ ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡ ਖੰਡ ਆਪਣਾ ਭੇਵ ਚੁਕਾਈਆ । ਲੱਖ ਚੁਰਾਸੀ ਜੀਵ ਜੰਤ ਦੇਵੇ ਪੀਣ ਖਾਣ, ਜੀਵਣ ਜ਼ਿੰਦਗੀ ਆਪਣੇ ਹੁਕਮ ਵਿਚ ਰਖਾਈਆ । ਨਾਮ ਰਸਨਾ ਧੁਰ ਦਾ ਢੋਲਾ ਦੱਸੇ ਗਾਣ, ਸਿਫ਼ਤਾਂ ਨਾਲ ਸਿਫ਼ਤ ਵਡਿਆਈਆ । ਘਰ ਸਵਾਸੀ ਦਰਸ਼ਨ ਦੇਵੇ ਆਣ, ਠਾਕਰ ਧੁਰਦਰਗਾਹੀਆ । ਪੂਰਬ ਜਨਮ ਲਏ ਪਹਿਚਾਣ, ਪਰਦਾ ਉਹਲਾ ਰਹੇ ਨਾ ਰਾਈਆ । ਸੁਰਤੀ ਸ਼ਬਦ ਕਰੇ ਪਰਵਾਨ, ਮੇਲ ਮਿਲਾਏ ਸਹਿਜ ਸੁਭਾਈਆ । ਨਾਮ ਦ੍ਰਿੜਾਏ ਬਿਨਾ ਕਾਨ, ਤਨ ਅੰਤਰ ਦਏ ਵਸਾਈਆ । ਸਤਿ ਸਚ ਦਾ ਬਖ਼ਸ਼ ਗਿਆਨ, ਬੁੱਧ ਬਿਬੇਕ ਬਣਾਈਆ । ਬਿਨ ਮੰਗਿਆਂ ਦੇਣਾ ਦਾਨ, ਦਾਤਾ ਦਾਨੀ ਹੋਏ ਸਹਾਈਆ । ਚਰਨ ਧੂੜ ਬਖ਼ਸ਼ ਇਸ਼ਨਾਨ, ਦੁਰਮਤ ਮੈਲ ਧੁਆਈਆ । ਦਰ ਘਰ ਸਾਚੇ ਦੇਵੇ ਮਾਣ, ਸਿਰ ਸਿਰ ਆਪਣਾ ਹੱਥ ਟਿਕਾਈਆ । ਲੇਖ ਮੁਕਾਏ ਆਵਣ ਜਾਣ, ਲੱਖ ਚੁਰਾਸੀ ਫੰਦ ਕਟਾਈਆ । ਵਿਸ਼ਨ ਬ੍ਰਹਮਾ ਸ਼ਿਵ ਖ਼ੁਸ਼ੀ ਕਰਨ ਮਹਾਨ, ਗੁਰ ਅਵਤਾਰ ਪੈਗ਼ੰਬਰ ਰੰਗ ਰੰਗਾਈਆ । ਸਤਿਗੁਰ ਸ਼ਬਦ ਜਿਸ ਜਨ ਕਰੇ ਪਰਵਾਨ, ਪ੍ਰੀਤਮ ਹੋ ਕੇ ਦੇਵੇ ਮਾਣ ਵਡਿਆਈਆ । ਧਰਨੀ ਕਹੇ ਮੈਂ ਵੇਖਦੀ

ਰਹੀ ਨਾਲ ਧਿਆਨ, ਜੁਗ ਚੌਕੜੀ ਬਿਨ ਅੱਖਾਂ ਅੱਖ ਉਠਾਈਆ । ਪ੍ਰਭੂ ਦਾ ਭਗਤ ਮੇਰਾ ਬਣਦਾ ਰਹੇ ਨਿਸ਼ਾਨ, ਨਿਸ਼ਾਨਾ ਜਗਤ ਜਹਾਨ ਵਖਾਈਆ । ਧੰਨ ਭਾਗ ਸਤਿਗੁਰ ਸ਼ਬਦ ਪਰਵਾਨ ਕੀਤਾ ਬੂਟਾ ਸਿੰਘ ਪਹਿਲਵਾਨ, ਪਹਿਲੀ ਵਾਰ ਏਕੰਕਾਰ ਬਖ਼ਸ਼ ਸਚਖੰਡ ਦੁਆਰ ਜੋਤ ਜੋਤ ਜੋਤ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਬਿਨਾ ਭਗਤੀਉਂ ਦਿਤਾ ਦਾਨ, ਭਗਵਨ ਹੋ ਕੇ ਆਪਣੇ ਚਰਨ ਟਿਕਾਈਆ ।

### ✪ ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਧਾਰੜ ਜ਼ਿਲਾ ਅੰਮ੍ਰਿਤਸਰ ਬਲਵੰਤ ਕੌਰ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਪਰਮ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤੇ ਦੇ ਮਾਣ ਵਡਿਆਈਆ । ਨਿਰਗੁਣ ਧਾਰ ਮੇਰੇ ਮੰਡਲ ਪਾ ਰਾਸੀ, ਮਿਹਰਵਾਨ ਆਪਣੀ ਖ਼ੁਸ਼ੀ ਬਣਾਈਆ । ਕਲਜੁਗ ਕੂੜ ਕੁੜਿਆਰੀ ਮੇਰੇ ਅੰਦਰੋਂ ਕਢ ਉਦਾਸੀ, ਚਿੰਤਾ ਗ਼ਮੀ ਰਹੇ ਨਾ ਰਾਈਆ । ਤੂੰ ਮਾਲਕ ਸੁਆਮੀ ਘਨਕਪੁਰ ਵਾਸੀ, ਗਹਿਰ ਗੰਭੀਰ ਇਕ ਅਖਵਾਈਆ । ਤੇਰਾ ਭੇਵ ਪਾ ਸਕੇ ਨਾ ਕੋਈ ਪੰਡਤ ਕਾਸ਼ੀ, ਅਯੁਧਿਆ ਧਾਰ ਨਾ ਕੋਇ ਦ੍ਰਿੜਾਈਆ । ਮੈਨੂੰ ਤੇਰਾ ਖੇਲ ਤਕ ਕੇ ਆਉਂਦੀ ਹਾਸੀ, ਹਸ ਹਸ ਕੇ ਦਿਆਂ ਸੁਣਾਈਆ । ਕੀ ਤੇਰਾ ਪਿਆਰ ਜਗਤ ਮਦਿਰਾ ਮਾਸੀ, ਮਧੁਰ ਧੁਨ ਵਾਲਿਆ ਦੇਣਾ ਸਮਝਾਈਆ । ਝਟ ਹਸ ਕੇ ਸ਼ੰਕਰ ਕਹੇ ਕੈਲਾਸ਼ੀ, ਧਰਨੀਏ ਤੈਨੂੰ ਦਿਆਂ ਸੁਣਾਈਆ । ਉਹ ਵੇਖ ਲੈ ਰਾਏ ਧਰਮ ਹੱਥ ਫੜ ਕੇ ਬੈਠਾ ਫਾਸੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਤੇਰੇ ਉਤੇ ਸ੍ਰਿਸ਼ਟੀ ਦ੍ਰਿਸ਼ਟੀ ਰੂਪ ਬਣ ਗਈ ਛਾਛੀ, ਮੱਖਣ ਨਜ਼ਰ ਕੋਇ ਨਾ ਆਈਆ । ਕੋਟਾਂ ਵਿਚੋਂ ਜਨ ਭਗਤ ਪ੍ਰਭੂ ਮਿਲਣ ਦਾ ਅਭਿਲਾਸ਼ੀ, ਖ਼ਾਹਿਸ਼ ਅੰਤਰ ਅੰਤਰ ਜਣਾਈਆ । ਉਨ੍ਹਾਂ ਦਾ ਲੇਖੇ ਲਾਵੇ ਪਵਣ ਸਵਾਸੀ, ਸਾਹ ਸਾਹ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਕਰ ਦੇ ਰਹਿਮਤ, ਰਹਿਮਾਨ ਦਇਆ ਕਮਾਈਆ । ਮੇਰੀ ਆਸ਼ਾ ਨਾਲ ਹੋ ਜਾ ਸਹਿਮਤ, ਸਹਿਮ ਅੰਦਰੋਂ ਬਾਹਰ ਕਢਾਈਆ । ਕਲਜੁਗ ਕੂੜ ਕਿਰਿਆ ਮੇਟ ਦੇ ਜ਼ਹਮਤ, ਦੁਖਾਂ ਦਰਦਾਂ ਪੰਧ ਦੇਣਾ ਮੁਕਾਈਆ । ਮੇਰੀ ਲੇਖੇ ਲਾ ਲੈ ਚਾਰ ਜੁਗ ਦੀ ਮਿਹਨਤ, ਦਿਵਸ ਰੈਣ ਤੇਰੀ ਸੇਵ ਕਮਾਈਆ । ਸਤਿ ਸਚ ਦੀ ਬਖ਼ਸ਼ਿਸ਼ ਦੇ ਦੇ ਨਿਆਮਤ, ਨਾਮ ਨਿਧਾਨ ਵਰਤਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਜੋ ਮੇਰੇ ਪਿਆਰ ਵਿਚ ਤੇਰੇ ਕੋਲ ਰਖੀ ਅਮਾਨਤ, ਸਾਹਿਬ ਮੇਰੀ ਝੋਲੀ ਦੇਣੀ ਪਾਈਆ । ਕੂੜ ਕੁੜਿਆਰ ਕਰ ਮਮਾਨਤ, ਨਵ ਸੱਤ ਰਹੇ ਨਾ ਰਾਈਆ । ਮੇਰੀ ਆਸ਼ਾ ਕਰ ਦੇ ਸਹੀ ਸਲਾਮਤ, ਤ੍ਰਿਸ਼ਨਾ ਆਪਣੇ ਰੰਗ ਸਮਾਈਆ । ਕੀ ਹੋਇਆ ਪੈਗ਼ੰਬਰਾਂ ਕਿਹਾ ਅੰਤਮ ਆਉਣੀ ਕ਼ਿਆਮਤ, ਨਵ ਸੱਤ ਸਤ ਦੁਹਾਈਆ । ਤੂੰ ਸਾਹਿਬ ਮੇਰੇ ਸੁਲਤਾਨ ਜਨ ਭਗਤਾਂ ਰਖਣਾ ਸਹੀ ਸਲਾਮਤ, ਸੁਲਹਕੁਲ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਨਾਮ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰਾ ਅੰਤਸ਼ਕਰਨ ਸਾਫ਼ ਕਰ ਥੋਥਾ, ਪਵਿਤ੍ਰ ਮਿੱਟੀ ਖ਼ਾਕ ਬਣਾਈਆ । ਮੈਨੂੰ ਭੇਵ ਖੁਲ੍ਹਾ ਦੇ ਬਿਨ ਅੱਖਰਾਂ ਵਾਲੇ ਪੋਥਾ, ਪੁਸਤਕ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਮੇਰਾ ਵਿਚਾਰ ਰਹੇ ਨਾ ਹੋਛਾ, ਬੁਧਿ ਬਿਬੇਕ ਦੇਣੀ ਕਰਾਈਆ ।

ਮੈਂ ਨੌ ਸੌ ਚੁਰਾਨਵੇ ਚੌਕੜੀ ਜੁਗ ਰਹੀ ਖ਼ਾਮੋਸ਼ਾ, ਤੇਰੇ ਅਗੇ ਨਾ ਵਾਸਤਾ ਪਾਈਆ । ਕਲਜੁਗ ਅੰਤ ਮੇਰੇ ਮਿਹਰਵਾਨਾ ਕੋਈ ਦੁਖ ਨਾ ਸਹੇ ਬੇਦੋਸ਼ਾ, ਦੋਸ਼ੀਆਂ ਜ਼ਰੂਰ ਦੇਵੀਂ ਸਜ਼ਾਈਆ । ਜਨ ਭਗਤਾਂ ਨਾਮ ਖ਼ੁਮਾਰੀ ਦੇ ਮਦਹੋਸ਼ਾ, ਮਧੁਰ ਧੁਨ ਕਰ ਸ਼ਨਵਾਈਆ । ਮੇਰੀ ਇਕੋ ਮਨਸਾ ਇਕੋ ਲੋਚਾ, ਆਸਾ ਤੇਰੇ ਚਰਨ ਟਿਕਾਈਆ । ਮੈਂ ਦਿਵਸ ਰੈਣ ਪਈ ਰਹਿੰਦੀ ਵਿਚ ਸੋਚਾਂ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਗ੍ਰਿਹ ਇਕ ਸੁਹਾਈਆ । ਧਰਨੀ ਕਹੇ ਪ੍ਰਭੂ ਮੇਰੇ ਅੰਤਸ਼ਕਰਨ ਨਿਗਾਹ ਮਾਰ ਲੈ ਵਿਚ ਖ਼ਿੱਟਾ, ਸਤਿ ਸਤਿ ਧਿਆਨ ਲਗਾਈਆ । ਦੀਨ ਦੁਨੀ ਦਾ ਰੂਪ ਰਿਹਾ ਨਾ ਚਿੱਟਾ, ਕਲਜੁਗ ਕਾਲਖ ਟਿੱਕੇ ਗਿਆ ਲਗਾਈਆ । ਜਿਧਰ ਵੇਖੇਂ ਸ੍ਰਿਸ਼ਟੀ ਮੰਨੇ ਪੱਥਰ ਇੱਟਾਂ, ਪਾਹਨਾਂ ਸੀਸ ਨਿਵਾਈਆ । ਤੇਰੇ ਉਤੇ ਮਨੂਆ ਕਿਸੇ ਨਾ ਟਿਕਾ, ਟਿੱਕੇ ਧੂੜੀ ਖ਼ਾਕ ਨਾ ਕੋਇ ਰਮਾਈਆ । ਤੈਨੂੰ ਸਭ ਨੇ ਜਾਣਿਆ ਬੇਨਜ਼ਰਾਂ ਤੋਂ ਨਿੱਕਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜੁਗ ਚੌਕੜੀ ਲੰਘ ਗਏ ਤੇਰਾ ਚਲਾਇਆ ਨਹੀਂ ਕਿਸੇ ਨੇ ਸਿੱਕਾ, ਨਾਮ ਆਪਣਾ ਆਪਣਾ ਗਏ ਜਣਾਈਆ । ਤੂੰ ਕਿਰਪਾ ਕਰ ਦੇ ਮੇਰੇ ਮਿਹਰਵਾਨਾ ਇੱਕਾ, ਏਕੰਕਾਰ ਤੇਰੀ ਵਡਿਆਈਆ । ਦੀਨ ਦੁਨੀ ਦੇ ਅੰਦਰੋਂ ਰਸ ਕੂੜਾ ਕਢ ਦੇ ਫਿਕਾ, ਅੰਮ੍ਰਿਤ ਰਸ ਦੇ ਭਰਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਧੁਰ ਦਾ ਪਿਤਾ, ਪਤਿਪਰਮੇਸ਼ਵਰ ਇਕ ਅਖਵਾਈਆ । ਕਲਜੁਗ ਅੰਤ ਮੇਰੇ ਨਾਲ ਕਰ ਹਿਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਦੀਨ ਦੁਨੀ ਠਗੌਰੀ ਕਢ ਦੇ ਵਿਚੋਂ ਚਿੱਤਾ, ਚੇਤਨ ਸੁਰਤੀ ਦੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰਾ ਦਰਸ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਧਾਰ ਅਨਡਿੱਠਾ, ਜਗ ਨੇਤਰ ਜਗ ਜੀਵਣ ਦਾਤੇ ਨਜ਼ਰ ਕਿਸੇ ਨਾ ਆਈਆ ।



## ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਸ਼ਫ਼ੀ ਪੁਰ ਜ਼ਿਲਾ ਅੰਮ੍ਰਿਤਸਰ

ਧਰਨੀ ਰਹੇ ਪ੍ਰਭੂ ਮੈਨੂੰ ਆਪਣਾ ਬਖ਼ਸ਼ ਪ੍ਰੇਮ, ਜਗਤ ਪ੍ਰਾਣੀ ਆਪਣੇ ਪਿਆਰ ਵਿਚ ਬੰਧਾਈਆ । ਨਾਮ ਦਾ ਹਰ ਹਿਰਦੇ ਬਖ਼ਸ਼ ਦੇ ਨੇਮ, ਨਿਮਰਤਾ ਵਿਚ ਤੇਰੇ ਵਿਚ ਸਮਾਈਆ । ਮੇਰੀ ਆਸਾ ਤਕ ਲੈ ਜੋ ਵਾਅਦਾ ਕੀਤਾ ਗੋਬਿੰਦ ਨਾਲ ਕੁੰਡ ਹੇਮ, ਪੂਰਬ ਲਹਿਣਾ ਨਾਲ ਮਿਲਾਈਆ । ਉਹ ਵਕਤ ਸੁਹੰਜਣਾ ਵੇਖ ਲੈ ਸੇਮ, ਸਮਾਂ ਆਪਣਾ ਰੂਪ ਬਦਲਾਈਆ । ਕੀ ਆਸ਼ਾ ਰਖੀ ਚੌਦਾਂ ਰਤਨਾਂ ਵਿਚੋਂ ਕਾਮ ਧੇਨ, ਧਰਮ ਦੀ ਧਾਰ ਨਾਲ ਸੁਣਾਈਆ । ਕੀ ਨਿਗਾਹ ਮਾਰ ਕੇ ਵੇਖਿਆ ਭਗਤ ਸੈਨ, ਸੈਣੀ ਕੀ ਜਣਾਈਆ । ਪੂਰਬ ਤ੍ਰਿਸ਼ਨਾ ਵੇਖ ਲੈ ਜੋ ਬਾਲਮੀਕ ਕੀਤੀ ਵਿਚ ਰਮਾਇਣ, ਰਾਮ ਰਾਮ ਦੇ ਰਾਮਾ ਆਪਣੀ ਦਇਆ ਕਮਾਈਆ । ਜੋ ਸੰਦੇਸਾ ਅਰਜਨ ਦੱਸਿਆ ਧੁਰ ਫ਼ਰਮਾਨ ਬਣਾਇਆ ਕਹਿਣ, ਘਨਈਆ ਗਿਆ ਦ੍ਰਿੜਾਈਆ । ਜੋ ਪੈਗ਼ੰਬਰਾਂ ਹਰਫ਼ ਬਣਾ ਕੇ ਇਸ਼ਾਰਾ ਕੀਤਾ ਐਨ, ਏਸੇ ਵਕ਼ਤ ਧਿਆਨ ਲਗਾਈਆ । ਜੋ ਗੁਰੂਆਂ ਲਹਿਣਾ ਦੇਣਾ ਦੇ ਦੇ ਦੇਣ, ਤੇਰੇ ਅਗੇ ਵਾਸਤਾ ਪਾਈਆ । ਨਿਗਾਹ ਮਾਰ ਲੈ ਸਚਖੰਡ ਨਿਵਾਸੀ ਮੇਰੇ ਉਤੇ ਬਿਨਾ ਨੈਣ, ਕਵਲ ਨੈਣਾਂ ਵਾਲਿਆ ਤੇਰੇ ਹੱਥ ਵਡਿਆਈਆ । ਮੇਰੀ ਕਲਜੁਗ ਆਸ਼ਾ ਹੋਣ ਨਾ ਦੇਵੀਂ ਪਰਾਇਣ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਰਹੀ ਸੁਣਾਈਆ । ਮੈਂ ਮਿੱਟੀ ਖ਼ਾਕ ਧਰਨੀ ਆਸਾ ਰਖੀ ਤੇਰੀ ਵਿਚ ਹਿੰਦਵਾਇਣ, ਹਿੰਦ ਬਿੰਦ

੯੭੧
੨੪

ਦੇ ਮਾਲਕ ਹੋਣਾ ਆਪ ਸਹਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਸਭ ਦਾ ਪੂਰਬ ਦੇ ਦੇ ਲਹਿਣ ਦੇਣ, ਆਪਣੀ ਕਿਰਪਾ ਨਾਲ ਝੋਲੀ ਦੇਣੀ ਭਰਾਈਆ । ਮੇਰੇ ਉਤੋਂ ਕੂੜੀ ਕਿਰਿਆ ਕਲਜੁਗ ਮਿਟਾ ਦੇ ਵਹਿਣ, ਸਤਿ ਧਰਮ ਨਾ ਕੋਇ ਰੁੜ੍ਹਾਈਆ । ਚਾਰ ਵਰਨ ਅਠਾਰਾਂ ਬਰਨ ਨਾਤਾ ਜੋੜ ਕੇ ਭਾਈ ਭੈਣ, ਹਿੰਦੂ ਮੁਸਲਿਮ ਸਿੱਖ ਇਸਾਈ ਇਕੋ ਰੰਗ ਰੰਗਾਈਆ । ਤੇਰੇ ਨਾਮ ਕਲਮਿਆਂ ਉਤੋਂ ਮਾਨਸ ਮਾਨੁਖ ਮੂਲ ਨਾ ਖਹਿਣ, ਜਗਤ ਸ਼ਰਅ ਨਾ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਮੈਨੂੰ ਵਸਤ ਦੇ ਅਨਮੁਲੀ, ਨਾਮ ਨਿਧਾਨਾ ਝੋਲੀ ਪਾਈਆ । ਤੇਰੀ ਦਾਤ ਹੋਵੇ ਅਤੋਲ ਅਤੁਲੀ, ਨਿਖੁਟ ਕਦੇ ਨਾ ਜਾਈਆ । ਮੈਂ ਤੇਰੇ ਚਰਨ ਕਵਲਾਂ ਘੋਲ ਘੁਲੀ, ਆਪ ਆਪਣਾ ਘੋਲ ਘੁਮਾਈਆ । ਮੇਰੀ ਤ੍ਰਿਸ਼ਨਾ ਲੋਕਮਾਤ ਵੇਖ ਲੈ ਰੁਲੀ, ਚਾਰੋਂ ਕੁੰਟ ਮੇਰੀ ਦੁਹਾਈਆ । ਦੀਨ ਦੁਨੀ ਦਾ ਜਾਪ ਵੇਖ ਲੈ ਬੁੱਲੀਂ, ਹਿਰਦੇ ਹਰਿ ਨਾ ਕੋਇ ਵਸਾਈਆ । ਭਾਗ ਲੱਗੇ ਨਾ ਕਾਇਆ ਕੁੱਲੀ, ਸਾਢੇ ਤਿੰਨ ਹੱਥ ਨਾ ਕੋਇ ਵਡਿਆਈਆ । ਚਾਰੋਂ ਕੁੰਟ ਕੂੜ ਅੰਧੇਰੀ ਝੁੱਲੀ, ਮਾਨਸ ਮਾਨਵ ਰਹੀ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰੀ ਲੇਖੇ ਲਾ ਲੈ ਸੇਵ, ਸੇਵਕ ਹੋ ਕੇ ਸੇਵ ਕਮਾਈਆ । ਤੂੰ ਆਦਿ ਜੁਗਾਦਿ ਮੇਰਾ ਗੁਰਦੇਵ, ਦੇਵ ਦੇਵਾ ਤੇਰੇ ਹੱਥ ਵਡਿਆਈਆ । ਪੂਰਬ ਲਹਿਣਾ ਦੇਣਾ ਪੂਰਾ ਕਰ ਦੇ ਮਹਾਦੇਵ, ਸ਼ੰਕਰ ਕੈਲਾਸ਼ੀ ਨਾਲ ਮਿਲਾਈਆ । ਤੂੰ ਦਾਤਾ ਅਲਖ ਅਭੇਵ, ਅਗੋਚਰ ਤੇਰੇ ਹੱਥ ਵਡਿਆਈਆ । ਤੂੰ ਵਸਣਹਾਰਾ ਧਾਮ ਨਿਹਕੇਵ, ਨਿਹਚਲ ਬੈਠਾ ਸੋਭਾ ਪਾਈਆ । ਤੇਰੀ ਸਿਫ਼ਤ ਕਰ ਸਕੇ ਕੋਈ ਨਾ ਜਿਹਵ, ਕਥਨੀ ਕਥ ਨਾ ਕੋਇ ਦ੍ਰਿੜਾਈਆ । ਮੈਨੂੰ ਨਾਮ ਨਿਧਾਨਾ ਅੰਮ੍ਰਿਤ ਦੇ ਦੇ ਮੇਵ, ਬਿਨ ਰਸਨਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੈਨੂੰ ਦੇ ਦੇ ਵਸਤ ਅਨਡਿਠੀ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜਿਸ ਦੀ ਧਾਰ ਅਗੰਮੀ ਹੋਵੇ ਮਿਠੀ, ਰਸਨਾ ਰਸ ਨਾ ਕੋਇ ਚਖਾਈਆ । ਮੇਰੀ ਲੇਖੇ ਲਾ ਲੈ ਨੌ ਖੰਡ ਪ੍ਰਿਥਮੀ ਮਿੱਟੀ, ਸੱਤਾਂ ਦੀਪਾਂ ਰੰਗ ਚੜ੍ਹਾਈਆ । ਮੈਂ ਤੇਰੇ ਚਰਨ ਕ਼ਦਮਾਂ ਵਿਚ ਲਿਟੀ, ਲਿਟਾਂ ਖੋਲ੍ਹ ਕੇ ਦਿਆਂ ਦੁਹਾਈਆ । ਮੇਰੇ ਤੋਂ ਪੂਜਾ ਮਿਟਾ ਦੇ ਪੱਥਰ ਇੱਟੀ, ਪਾਹਨਾਂ ਸੀਸ ਨਾ ਕੋਇ ਨਿਵਾਈਆ । ਸਭ ਦੀ ਆਸ਼ਾ ਤੇਰੇ ਚਰਨ ਹੋਵੇ ਟਿਕੀ, ਧੂੜੀ ਮਸਤਕ ਖ਼ਾਕ ਰਮਾਈਆ । ਇਕੋ ਮਾਣ ਦੇ ਦੇ ਹਾਹੇ ਵਾਲੀ ਟਿੱਪੀ, ਹੰ ਬ੍ਰਹਮ ਆਪ ਬਣਾਈਆ । ਸਭ ਦੇ ਅੰਦਰ ਆਤਮ ਧਾਰ ਕਰ ਦੇ ਚਿੱਟੀ, ਕਲਜੁਗ ਕੂੜੀ ਕਾਲਖ ਦੇ ਮਿਟਾਈਆ । ਮੈਂ ਆਸਾ ਇਕੋ ਤੇਰੇ ਉਤੇ ਸਿੱਟੀ, ਦੂਸਰ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰਾ ਜਾਪ ਕਰ ਦੇ ਅੱਖਰ ਦੋ, ਦੋ ਜਹਾਨਾਂ ਮਾਲਕ ਦਇਆ ਕਮਾਈਆ । ਤੂੰ ਮਾਲਕ ਸੁਆਮੀ ਧੁਰ ਦਾ ਸੋ, ਹੰ ਬ੍ਰਹਮ ਤੇਰਾ ਰੂਪ ਨਜ਼ਰੀ ਆਈਆ । ਬਿਨ ਨੇਤਰਾਂ ਦੇ ਦੇ ਲੋ, ਲੋਚਨ ਤੀਜਾ ਆਪ ਖੁਲ੍ਹਾਈਆ । ਪੰਚ ਵਿਕਾਰ ਮੇਟ ਦੇ ਗਰੋਹ, ਮਾਇਆ ਮਮਤਾ ਮੋਹ ਮਿਟਾਈਆ । ਆਪਣਾ ਭੇਵ ਖੁਲ੍ਹਾ ਸੋ, ਸੋ ਪੁਰਖ ਨਿਰੰਜਣ ਤੇਰੇ ਹੱਥ ਵਡਿਆਈਆ । ਮਾਨਵ ਜ਼ਾਤੀ ਤੇਰੇ ਜੋਗੀ ਜਾਏ ਹੋ, ਹੋਕਾ ਦੇਣਾ ਥਾਉਂ ਥਾਈਆ । ਕੂੜ ਕੁੜਿਆਰਾ ਕਲਜੁਗ ਮੇਰੇ ਉਤੋਂ ਲੈ ਖੋਹ, ਖ਼ਾਲਸ ਆਪਣਾ ਰੰਗ ਰੰਗਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਤੇਰੇ ਨਾਲ ਜਾਵੇ ਛੋਹ, ਛੈਹਰ ਬਾਂਕੇ ਆਪਣੇ ਰੰਗ ਲੈਣਾ ਰੰਗਾਈਆ ।

✪ ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਬੰਡਾਲਾ ਜ਼ਿਲਾ ਅੰਮ੍ਰਿਤਸਰ ਕਰਮ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਮੇਰੀ ਮੇਟ ਅੰਧੇਰੀ ਰਾਤੀ, ਕਲਜੁਗ ਕਾਲਖ ਸ਼ਾਹੀ ਦਾਗ਼ ਮਿਟਾਈਆ । ਸਤਿ ਵਸਤ ਬਖ਼ਸ਼ ਦੇ ਦਾਤੀ, ਅਮੋਲ ਅਨਮੁਲ ਨਾਮ ਵਰਤਾਈਆ । ਤੂੰ ਸਾਹਿਬ ਸੁਆਮੀ ਮੇਰਾ ਕਮਲਾਪਾਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਜੁਗ ਚੌਕੜੀ ਪੂਰਬ ਮੇਰੇ ਕੋਲ ਤੇਰੀ ਪਾਤੀ, ਬਿਨ ਅੱਖਰਾਂ ਦਿਆਂ ਵਖਾਈਆ । ਕਲਜੁਗ ਅੰਤ ਤੇਰਾ ਵਕਤ ਸੁਹਾਉਣਾ ਧੁਰ ਦੇ ਕਮਲਾਪਾਤੀ, ਪਾਰਬ੍ਰਹਮ ਬ੍ਰਹਮ ਆਪਣੇ ਰੰਗ ਰੰਗਾਈਆ । ਝਗੜਾ ਮੇਟ ਦੀਨ ਦੁਨੀ ਸ਼ਰਅ ਜ਼ਾਤ ਪਾਤੀ, ਪਤ ਪਤਵੰਤੇ ਹੋਣਾ ਆਪ ਸਹਾਈਆ । ਮਾਨਸ ਮਾਨਵ ਇਕ ਦੂਜੇ ਦਾ ਰਹੇ ਕੋਈ ਨਾ ਘਾਤੀ, ਦੁਵੈਤ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਮਾਨਸ ਮਾਨਵ ਬਣਾ ਲੈ ਧੁਰ ਦੇ ਜਮਾਤੀ, ਜਗਤ ਵਿਦਿਆ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਦੁਆਰ ਇਕ ਵਖਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਕਰ ਪ੍ਰਕਾਸ਼, ਬਿਨ ਦੀਆ ਬਾਤੀ ਡਗਮਗਾਈਆ । ਮੇਰੀ ਜੁਗ ਪੁਰਾਣੀ ਆਸ, ਚੌਕੜੀ ਪੂਰਬ ਦਏ ਗਵਾਹੀਆ । ਕਵਣ ਵੇਲਾ ਆਵੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਤੇਰਾ ਲਹਿਣਾ ਦੇਣਾ ਲੇਖੇ ਲਾਵੇ ਸਤਿ ਧਰਮ ਦੀ ਵੇਖੇ ਰਾਸ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਮੈਂ ਨਿਗਾਹ ਮਾਰਦੀ ਰਹੀ ਉਤੇ ਅਕਾਸ਼, ਅਕਾਸ਼ ਅਕਾਸ਼ਾਂ ਵੇਖ ਵਖਾਈਆ । ਕਵਣ ਵੇਲਾ ਮੇਰਾ ਪਰਮ ਪੁਰਖ ਆਵੇ ਮੇਰੇ ਪ੍ਰਭਾਸ, ਜੰਗਲ ਜੂਹਾਂ ਉਜਾੜਾਂ ਫੇਰੇ ਪਾਈਆ । ਮੈਨੂੰ ਇਸ਼ਾਰਾ ਦੇਵੇ ਸ਼ੰਕਰ ਉਤੇ ਕੈਲਾਸ਼, ਕੈਲਾਸ਼ਧਾਰੀ ਰਿਹਾ ਸੁਣਾਈਆ । ਧਰਨੀਏ ਜਿਸ ਉਤੇ ਤੂੰ ਰਖਿਆ ਵਿਸ਼ਵਾਸ਼, ਵਿਸ਼ਿਆਂ ਤੋਂ ਬਾਹਰ ਆਪਣਾ ਖੇਲ ਵਰਤਾਈਆ । ਉਹ ਤੇਰੇ ਜਨ ਭਗਤਾਂ ਦੇਣ ਆਇਆ ਸ਼ਾਬਾਸ਼, ਸਿਰ ਸਿਰ ਆਪਣਾ ਹੱਥ ਟਿਕਾਈਆ । ਸਖ਼ਾ ਸੁਹੇਲਾ ਹੋ ਕੇ ਹਰਿਜਨ ਵਸੇ ਪਾਸ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਉਸ ਦੀ ਸੰਬਲ ਕਰੀਂ ਤਲਾਸ਼, ਨਵ ਸੱਤ ਦਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦੁਆਰ ਇਕ ਵਡਿਆਈਆ । ਧਰਨੀ ਕਹੇ ਪ੍ਰਭੂ ਮੈਂ ਤੈਨੂੰ ਤਕਾਂ ਸ਼ਰਕਣ ਗਰਬਣ, ਕੂੜ ਕੂੜਾ ਵੇਖ ਵਖਾਈਆ । ਤੂੰ ਜੋਧਾ ਸੂਰਬੀਰ ਮਰਦਾਨਾ ਮਰਦਨ, ਮਦਦ ਤੇਰੀ ਇਕੋ ਨਜ਼ਰੀ ਆਈਆ । ਕੀ ਤੇਰਾ ਲਹਿਣਾ ਦੇਣਾ ਨਾਲ ਦੇਸ਼ ਅਰਬਨ, ਅਰਬਾਂ ਖਰਬਾਂ ਦੇ ਮਾਲਕ ਦੇਣਾ ਸਮਝਾਈਆ । ਮੈਂ ਆਸ਼ਾਵੰਦ ਮੰਗਦੀ ਹੋ ਕੇ ਨਿਰਧਨ, ਸਰਧਨ ਦੇਣੀ ਮਾਣ ਵਡਿਆਈਆ । ਮੈਨੂੰ ਲੇਖਾ ਯਾਦ ਆਉਂਦਾ ਜਿਸ ਵੇਲੇ ਕ੍ਰਿਸ਼ਨ ਉਂਗਲੀ ਉਠਾਇਆ ਗਵਰਧਨ, ਗਵਾਲੇ ਧਾਰ ਆਪ ਸਮਝਾਈਆ । ਨਾਲ ਇਸ਼ਾਰਾ ਦਿਤਾ ਧਰਨੀਏ ਤੇਰੇ ਉਤੇ ਪ੍ਰਭ ਆਪ ਆਵੇ ਪੈਜ ਸਵਾਰੇ ਹਰਿਜਨ, ਕਲਜੁਗ ਅੰਤਮ ਵੇਖ ਵਖਾਈਆ । ਜਿਸ ਵੇਲੇ ਪਵਿਤ੍ਰ ਨਾ ਰਿਹਾ ਕੋਈ ਤਨ, ਜਿਸਮ ਜ਼ਮੀਰ ਸਕੇ ਨਾ ਕੋਇ ਬਦਲਾਈਆ । ਧੀਰਜ ਧਰੇ ਨਾ ਕੋਇ ਮਨੂਆ ਮਨ, ਮਨਸਾ ਕੂੜ ਹੋਵੇ ਹਲਕਾਈਆ । ਉਸ ਵੇਲੇ ਪਰਮ ਪੁਰਖ

ਪਰਮਾਤਮ ਤੇਰੇ ਉਤੇ ਭਗਤ ਸੁਹੇਲੇ ਉਪਜਾਏ ਸਾਚੇ ਚੰਨ, ਚੰਦ ਚਾਂਦਨਾ ਆਪਣਾ ਨੂਰ ਰੁਸ਼ਨਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਸੁਰਤੀ ਸ਼ਬਦ ਧਾਰ ਦੇਵੇ ਬੰਨ੍ਹ , ਮੇਲ ਮਿਲਾਏ ਸਹਿਜ ਸੁਭਾਈਆ । ਤੂੰ ਕਹਿਣਾ ਧੰਨ ਧੰਨ, ਧੰਨ ਧੰਨ ਪ੍ਰਭੂ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਭਗਵਾਨ, ਕਰੇ ਵਸੇਰਾ ਬਿਨ ਛੱਪਰੀ ਛੰਨ, ਬਿਨ ਜਗਤ ਮੰਦਰਾਂ ਆਪਣੀ ਸੋਭਾ ਪਾਈਆ ।

✪ ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਬੰਡਾਲਾ ਜ਼ਿਲਾ ਅੰਮ੍ਰਿਤਸਰ ਬੁੱਢਾ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੇਰੀ ਸੁਣ ਅਗੰਮੀ ਪੁਕਾਰ, ਬਿਨ ਰਸਨਾ ਜਿਹਵਾ ਬੱਤੀ ਦੰਦ ਜਗਤ ਵਿਦਿਆ ਬਾਹਰ ਸੁਣਾਈਆ । ਨਿਰਗੁਣ ਦਾਤੇ ਪੁਰਖ ਬਿਧਾਤੇ ਨਿਗਾਹ ਮਾਰ ਵਿਚ ਸੰਸਾਰ, ਨੌਂ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਵੇਖ ਵਖਾਈਆ । ਲਹਿਣਾ ਦੇਣਾ ਤਕ ਲੈ ਪੈਗ਼ੰਬਰ ਗੁਰ ਅਵਤਾਰ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਭੇਵ ਖੁਲ੍ਹਾਈਆ । ਚਾਰ ਜੁਗ ਦੇ ਸ਼ਾਸਤਰਾਂ ਤਕ ਇਜ਼ਹਾਰ, ਕਿਸ ਬਿਧ ਤੇਰੇ ਨਾਮ ਢੋਲੇ ਕਲਮੇ ਕਰਨ ਸ਼ਨਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖਣੀ ਨਿਗਾਹ ਮਾਰ, ਪੰਜ ਤਤ ਮਾਨਸ ਮਾਨਵ ਮਾਨੁਖ ਖੋਜ ਖੁਜਾਈਆ । ਕਵਣ ਵਕ਼ਤ ਸੁਹੰਜਣਾ ਘੜੀ ਪਲ ਪਾਉਣੀ ਸਾਰ, ਦਿਵਸ ਰੈਣ ਵੇਖਣਾ ਥਾਂਉ ਥਾਂਈਆ । ਸਤਿ ਧਰਮ ਦੀਨ ਦੁਨੀ ਦੀਪਕ ਰਿਹਾ ਨਾ ਕੋਇ ਉਜਿਆਰ, ਉਜਾਲਾ ਨਜ਼ਰ ਕੋਇ ਨਾ ਆਈਆ । ਮੇਰੇ ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਮੇਰੇ ਉਤੇ ਹੋਇਆ ਧੁੰਆਂਧਾਰ, ਦੀਆ ਬਾਤੀ ਕਮਲਾਪਾਤੀ ਤੇਰਾ ਨੂਰ ਨਾ ਕੋਇ ਚਮਕਾਈਆ । ਕਿਰਪਾ ਕਰ ਦੇ ਮੇਰੇ ਪਰਵਰਦਿਗਾਰ, ਸਾਂਝੇ ਯਾਰ ਤੇਰੀ ਓਟ ਤਕਾਈਆ । ਦੀਨਾਂ ਮਜ਼੍ਹਬਾਂ ਜ਼ਾਤਾਂ ਪਾਤਾਂ ਅੰਦਰੋਂ ਮੇਟ ਦੇ ਖਾਰ, ਖ਼ਾਲਸ ਆਪਣਾ ਰੰਗ ਰੰਗਾਈਆ । ਤੇਰਾ ਨਾਮ ਨਿਧਾਨਾ ਦੋ ਜਹਾਨ ਲੈਣ ਉਚਾਰ, ਸੋਹਲਾ ਢੋਲਾ ਇਕੋ ਰਾਗ ਦ੍ਰਿੜਾਈਆ । ਤੇਰਾ ਸੋਹੇ ਇਕੋ ਬੰਕ ਦੁਆਰ, ਮੰਦਰ ਮਸਜਿਦ ਸ਼ਿਵਦਵਾਲੇ ਮਠ ਲੋੜ ਰਹੇ ਨਾ ਰਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰੇ ਨਾਂ ਦੀ ਹੋਵੇ ਜੈ ਜੈ ਕਾਰ, ਇਕੋ ਸੋਹਲਾ ਢੋਲਾ ਦੇਣਾ ਪਰਗਟਾਈਆ । ਮੇਰੇ ਮਿਹਰਵਾਨਾ ਮੇਰੇ ਉਤੋਂ ਕਲਜੁਗ ਕੂੜ ਮੇਟ ਕੁੜਿਆਰ, ਕਲਕਾਤੀ ਰਹਿਣ ਨਾ ਪਾਈਆ । ਮੇਰੀ ਮੰਜ਼ਲ ਹਕ ਮਹਿਬੂਬ ਨਾ ਰਹੇ ਦੁਸ਼ਵਾਰ, ਦੂਤੀ ਦੁਸ਼ਮਣ ਨਜ਼ਰ ਕੋਇ ਨਾ ਆਈਆ । ਮੈਂ ਪਰਮ ਪੁਰਖ ਪਰਮਾਤਮ ਤੇਰੇ ਚਰਨ ਕਵਲ ਜਾਵਾਂ ਬਲਿਹਾਰ, ਬਲ ਬਲ ਆਪਣਾ ਆਪ ਕਰਾਈਆ । ਤੂੰ ਅੰਤ ਕੰਤ ਭਗਵੰਤ ਮੇਰੀ ਪਾਉਣੀ ਸਾਰ, ਸਤਿਗੁਰ ਸ਼ਬਦ ਸ਼ਬਦ ਨਾਲ ਵਡਿਆਈਆ । ਮੈਂ ਧਰਨੀ ਮਾਟੀ ਖ਼ਾਕ ਤੇਰੀ ਛਾਰ, ਜੁਗ ਜੁਗ ਚਰਨ ਛੋਹ ਕੇ ਖ਼ੁਸ਼ੀ ਬਣਾਈਆ । ਮੇਰੇ ਉਤੇ ਸਭ ਦਾ ਲਹਿਣਾ ਦੇਣਾ ਕ਼ਰਜ਼ਾ ਦੇ ਉਤਾਰ, ਮਕ਼ਰੂਜ਼ ਵੇਖਣਾ ਥਾਉਂ ਥਾਈਂਆ । ਸਭ ਦਾ ਪੂਰਾ ਕਰ ਕੌਲ ਇਕ਼ਰਾਰ, ਭਵਿਖਤਾਂ ਆਪਣੇ ਰੰਗ ਰੰਗਾਈਆ । ਤੂੰ ਕਲ ਕਲਕੀ ਜਗਦੀਸਾ ਚੌਬੀਸਾ ਨਿਰਗੁਣ ਧਾਰ ਅਵਤਾਰ, ਨਿਹਕਲੰਕਾ ਆਪਣੀ ਕਲ ਪਰਗਟਾਈਆ । ਨੂਰ ਅਲਾਹੀ ਪਰਵਰਦਿਗਾਰ, ਅਮਾਮ ਅਮਾਮਾ ਧੁਰਦਰਗਾਹੀਆ । ਮੈਂ ਤੇਰੇ ਚਰਨ ਕਵਲ ਕਰਦਾ ਨਿਮਸਕਾਰ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਤੂੰ ਸ੍ਰਿਸ਼ਟੀ ਦ੍ਰਿਸ਼ਟੀ ਵੇਖਣੀ ਬਿਨ ਨੇਤਰ ਲੋਚਨ ਨਿਗਾਹ ਮਾਰ, ਕਾਇਆ ਮੰਦਰ ਅੰਦਰ ਧਿਆਨ ਲਗਾਈਆ । ਜੀਵਾਂ ਜੰਤਾਂ

੯੭੪ ੨੪

ਸਾਧਾਂ ਸੰਤਾਂ ਵਧਿਆ ਵਿਕਾਰ, ਵਿਭਚਾਰ ਨਾਲ ਭਰੀ ਖ਼ਲਕ ਖ਼ੁਦਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਮੇਰਾ ਚੁਕਿਆ ਗਿਆ ਇਤਬਾਰ, ਬੇਇਤਬਾਰੀ ਵਿਚ ਖ਼ਲਕ ਖ਼ੁਦਾਈਆ । ਸਚਖੰਡ ਨਿਵਾਸੀ ਆ ਜਾ ਧੁਰ ਦੇ ਯਾਰ, ਮਿਤਰ ਪਿਆਰੇ ਨੂਰ ਅਲਾਹੀਆ । ਧਰਨੀ ਧਰਤ ਧਵਲ ਧੌਲ ਮੇਰੀ ਸੁਣ ਲੈ ਗਿਰਿਆਜ਼ਾਰ, ਬਿਨ ਨੇਤਰ ਨੈਣਾਂ ਨੀਰ ਵਹਾਈਆ । ਤੂੰ ਸ਼ਾਹੋ ਭੂਪ ਮੇਰਾ ਸਿਕਦਾਰ, ਸ਼ਹਿਨਸ਼ਾਹ ਧੁਰਦਰਗਾਹੀਆ । ਤੂੰ ਮਾਲਕ ਖ਼ਾਲਕ ਸਦਾ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਹੁਕਮੇ ਅੰਦਰ ਭੱਜਣ ਵਾਹੋ ਦਾਹੀਆ । ਵਿਸ਼ਨ ਬ੍ਰਹਮਾ ਸ਼ਿਵ ਕਰ ਸਕੇ ਨਾ ਕੋਇ ਇਨਕਾਰ, ਅਵਤਾਰ ਪੈਗ਼ੰਬਰ ਗੁਰ ਬੈਠੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਿਹਰਵਾਨਾ ਮਿਹਰਵਾਨਾ ਮਿਹਰਵਾਨਾ ਮੇਰੀ ਪਾਉਣੀ ਸਾਰ, ਮਹਾਸਾਰਥੀ ਹੋ ਕੇ ਵੇਖਣਾ ਚਾਈਂ ਚਾਈਂਆ ।

### ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਬੰਡਾਲਾ ਜ਼ਿਲਾ ਅੰਮ੍ਰਿਤਸਰ ਕਿਰਪਾ ਸਿੰਘ ਦੇ ਗ੍ਰਿਹਿ

ਧਰਨੀ ਕਹੇ ਪ੍ਰਭੂ ਜਨ ਭਗਤਾਂ ਚਾੜ੍ਹ ਦੇ ਰੰਗ, ਰੰਗਤ ਤਨ ਵਜੂਦ ਮਾਟੀ ਖ਼ਾਕ ਆਪ ਰੰਗਾਈਆ । ਆਤਮ ਪਰਮਾਤਮ ਸਚ ਬਖ਼ਸ਼ ਦੇ ਸੰਗ, ਪਾਰਬ੍ਰਹਮ ਬ੍ਰਹਮ ਆਪਣਾ ਮੇਲ ਮਿਲਾਈਆ । ਸ਼ਬਦ ਨਾਦ ਵਜਾ ਮਰਦੰਗ, ਧੁਨ ਆਤਮਕ ਰਾਗ ਸੁਣਾਈਆ । ਅੰਮ੍ਰਿਤ ਧਾਰ ਵਹਾ ਦੇ ਗੰਗ, ਨਿਝਰ ਝਿਰਨਿਉਂ ਆਪ ਝਿਰਾਈਆ । ਆਤਮ ਸੇਜ ਸੁਹਾ ਪਲੰਘ, ਬਿਨ ਛੱਪਰ ਛੰਨ ਦੇ ਵਡਿਆਈਆ । ਸਤਿ ਦੁਆਰ ਏਕੰਕਾਰ ਆਪੇ ਲੰਘ, ਮੰਜ਼ਲ ਤਕ ਚਾਈਂ ਚਾਈਂਆ । ਨਿਰਵੈਰ ਹੋ ਕੇ ਲਾ ਲੈ ਅੰਗ, ਅੰਗੀਕਾਰ ਇਕ ਅਖਵਾਈਆ । ਮੈਂ ਨਿਰਧਨ ਹੋ ਕੇ ਰਹੀ ਮੰਗ, ਧਰਨੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਮੇਰੇ ਉਤੇ ਬਖ਼ਸ਼ ਪਿਆਰ, ਪ੍ਰੀਤਮ ਹੋ ਕੇ ਦਇਆ ਕਮਾਈਆ । ਤਨ ਮਾਟੀ ਖ਼ਾਕੀ ਕਰ ਉਜਿਆਰ, ਦੀਆ ਬਾਤੀ ਕਮਲਾਪਾਤੀ ਇਕ ਜਗਾਈਆ । ਸਾਚੇ ਨਾਮ ਦੀ ਦੇ ਧੁਨਕਾਰ, ਨਾਦ ਅਨਾਦੀ ਧੁਨ ਕਰ ਸ਼ਨਵਾਈਆ । ਅੰਮ੍ਰਿਤ ਬਖ਼ਸ਼ ਦੇ ਠੰਡਾ ਠਾਰ, ਬਿਨ ਰਸਨਾ ਜਿਹਵਾ ਦੇ ਪਿਆਈਆ । ਪੰਧ ਮੁਕਾ ਦੇ ਕੂੜ ਕੁੜਿਆਰ, ਮਾਇਆ ਮਮਤਾ ਮੋਹ ਮਿਟਾਈਆ । ਅੰਦਰ ਰਹੇ ਨਾ ਧੂੰਆਂਧਾਰ, ਨੂਰੀ ਚੰਦ ਕਰ ਰੁਸ਼ਨਾਈਆ । ਤੂੰ ਸ਼ਾਹੋ ਭੂਪ ਸਿਕਦਾਰ, ਦੇਵਣਹਾਰ ਇਕ ਅਖਵਾਈਆ । ਮੈਂ ਮਾਂਗਤ ਤੇਰੀ ਭਿਖਾਰ, ਦਰ ਠਾਂਡੇ ਝੋਲੀ ਡਾਹੀਆ । ਧਰਨੀ ਕਹੇ ਮੈਂ ਰੋ ਰੋ ਕਰਾਂ ਗਿਰਿਆਜ਼ਾਰ, ਹੌਕਿਆਂ ਵਿਚ ਸੀਸ ਨਿਵਾਈਆ । ਕਿਰਪਾ ਕਰ ਮੇਰੇ ਨਿਰੰਕਾਰ, ਨਿਰਵੈਰ ਤੇਰੀ ਓਟ ਤਕਾਈਆ । ਕਲਜੁਗ ਕੁਕਰਮ ਮੇਰੇ ਵਿਚੋਂ ਕਢ ਬਾਹਰ, ਧਰਨੀ ਧਰਤ ਧੌਲ ਰਹਿਣ ਨਾ ਪਾਈਆ । ਸਤਿਜੁਗ ਸਚ ਕਰ ਉਜਿਆਰ, ਨੌ ਖੰਡ ਪ੍ਰਿਥਮੀ ਤੇਰਾ ਰੂਪ ਦਰਸਾਈਆ । ਤੇਰੇ ਭਗਤ ਸੁਹੇਲੇ ਗੁਰੂ ਗੁਰ ਚੇਲੇ ਮੇਲਾ ਮੇਲ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਜਿਸ ਦੀ ਦੇਣ ਗਵਾਹੀਆ । ਤੂੰ ਕਲ ਕਲਕੀ ਅਵਤਾਰ, ਨਿਹਕਲੰਕਾ ਤੇਰੇ ਹੱਥ ਵਡਿਆਈਆ । ਅਮਾਮ ਅਮਾਮਾ ਧੁਰ ਸਿਕਦਾਰ, ਦਰਗਾਹ ਸਾਚੀ ਤੇਰਾ ਨਜ਼ਰੀ ਆਏ ਨੂਰ ਅਲਾਹੀਆ । ਕਲਜੁਗ ਅੰਤ

ਸ੍ਰੀ ਭਗਵੰਤ ਮੇਰੀ ਪੈਜ ਸਵਾਰ, ਸਿਰ ਮੇਰੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮੇਰੀ ਆਸਾ ਮਨਸਾ ਪੂਰੀ ਕਰ ਪੂਰਬ ਲਹਿਣਾ ਦੇ ਉਧਾਰ, ਅਗਲਾ ਲੇਖਾ ਆਪਣੇ ਹੱਥ ਰਖਾਈਆ ।

## ✪ ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਬੰਡਾਲਾ ਜ਼ਿਲਾ ਅੰਮ੍ਰਿਤਸਰ ਜਸਵੰਤ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਮੇਰਾ ਕਲਜੁਗ ਕੂੜ ਦਾ ਕਟ ਦੇ ਰੋਗ, ਚਿੰਤਾ ਦੁਖ ਰਹਿਣ ਕੋਇ ਨਾ ਪਾਈਆ । ਸਤਿ ਧਰਮ ਦਾ ਸ੍ਰਿਸ਼ਟੀ ਅੰਦਰ ਦੇ ਦੇ ਜੋਗ, ਜੁਗਤੀ ਆਪਣਾ ਨਾਮ ਸਮਝਾਈਆ । ਕੂੜ ਵਾਸਨਾ ਮੇਟ ਦੇ ਭੋਗ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਹਲਕਾਈਆ । ਇਕੋ ਆਪਣਾ ਦੇਣਾ ਦਰਸ ਅਮੋਘ, ਨਿਰਗੁਣ ਹੋ ਕੇ ਨਜ਼ਰੀ ਆਈਆ । ਆਤਮ ਪਰਮਾਤਮ ਕਰ ਸੰਯੋਗ, ਮੇਲ ਮਿਲਾਉਣਾ ਧੁਰਦਰਗਾਹੀਆ । ਜਗਤ ਵਿਕਾਰੇ ਨਾਲੋਂ ਕਰ ਵਿਯੋਗ, ਵਿਛੋੜਾ ਦੇਣਾ ਥਾਉਂ ਥਾਈਂਆ । ਸ੍ਰਿਸ਼ਟੀ ਸਬਾਈ ਹਿਰਦਾ ਸੋਧ, ਸੁਦੀ ਵਦੀ ਦਾ ਲੇਖਾ ਦੇ ਮੁਕਾਈਆ । ਨਾਮ ਨਿਧਾਨਾ ਦੇ ਅਗਾਧ ਬੋਧ, ਬੁੱਧੀ ਤੋਂ ਪਰੇ ਨਾਮ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਸਚ ਬਖ਼ਸ਼ ਦੇ ਜੁਗਤੀ, ਜੁਗੀਸ਼ਰਾਂ ਬਾਹਰ ਦੇ ਵਡਿਆਈਆ । ਬਿਨਾ ਪਿਆਰ ਮੁਹੱਬਤ ਤੇਰੀ ਮੰਜ਼ਲ ਨਹੀਂ ਮੁਕਦੀ, ਪਾਂਧੀ ਪੰਧ ਨਾ ਕੋਇ ਮੁਕਾਈਆ । ਮੈਨੂੰ ਵਡਿਆਈ ਦੇ ਦੇ ਇਕੋ ਤੁਕ ਦੀ, ਤੂੰ ਮੇਰਾ ਮੈਂ ਤੇਰਾ ਸ੍ਰਿਸ਼ਟ ਸਬਾਈ ਇਕੋ ਢੋਲਾ ਗਾਈਆ । ਮੈਂ ਚਰਨ ਕਵਲ ਤੇਰੇ ਜਗਤ ਜਗਦੀਸ ਝੁਕਦੀ, ਨਿਵ ਨਿਵ ਲਾਗਾਂ ਪਾਈਆ । ਮੇਰੀ ਆਸ਼ਾ ਕਹਿਣੋ ਮੂਲ ਨਾ ਰੁਕਦੀ, ਰੁਕਮਣੀ ਦਾ ਲੇਖਾ ਕ੍ਰਿਸ਼ਨ ਕ੍ਰਿਸ਼ਨ ਨਾਲ ਦ੍ਰਿੜਾਈਆ । ਹੁਣ ਖੇਲ ਰਹੇ ਨਾ ਤੇਰੀ ਲੁਕ ਦੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਤੇਰੀ ਸ਼ਬਦੀ ਧਾਰ ਸ਼ੇਸ਼ ਵਾਂਗ ਹੋਵੇ ਬੁੱਕਦੀ, ਭਬਕ ਇਕੋ ਨਾਮ ਲਗਾਈਆ । ਮੇਰੇ ਉਤੋਂ ਖੇਲ ਮੁਕਾ ਦੇ ਕਲਜੁਗ ਲੁਕ ਦੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਉਹ ਵੇਖ ਲੈ ਮਾਇਆ ਮਮਤਾ ਸਭ ਨੂੰ ਫਿਰੇ ਕੁਟਦੀ, ਅੰਦਰ ਵੜ ਕੇ ਦਏ ਸਜ਼ਾਈਆ । ਦੀਨ ਦੁਨੀ ਦੀ ਚੋਗ ਜਾਏ ਨਿਖੁਟਦੀ, ਖ਼ਾਲੀ ਭੰਡਾਰੇ ਨਾ ਕੋਇ ਭਰਾਈਆ । ਮੈਂ ਇਕੋ ਓਟ ਤੇਰੇ ਉਤੇ ਸੁਟਦੀ, ਦੂਸਰ ਆਸ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮੇਰੇ ਉਤੇ ਹਾਲਤ ਤਕ ਲੈ ਮਾਨਸ ਮਾਨਵ ਮਾਨੁਖ ਦੀ, ਪੰਜਾਂ ਤਤਾਂ ਅੰਤਰ ਨਿਰੰਤਰ ਧਿਆਨ ਲਗਾਈਆ ।

## ✪ ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਬੰਡਾਲਾ ਜ਼ਿਲਾ ਅੰਮ੍ਰਿਤਸਰ ਤਰਲੋਕ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਮੇਰੇ ਉਤੇ ਤਪਦੀ ਤੇਰੀ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਹਤਜ ਸ਼ਾਂਤ ਨਾ ਕੋਇ ਕਰਾਈਆ । ਮਾਣ ਤਾਣ ਰਿਹਾ

੮੭੫
੨੪

ਨਾ ਤੇਰੇ ਚਾਰ ਜੁਗ ਦੇ ਸ਼ਾਸਤਰ ਨਾਮ ਕਲਮੇ ਬਾਣੀ, ਅੱਖਰ ਅੱਖਰ ਦੇਵਣਹਾਰ ਸਚ ਗਵਾਹੀਆ । ਪਵਿਤ੍ਰ ਰਿਹਾ ਨਾ ਅਠਸਠ ਤੀਰਥ ਜਲ ਸਰੋਵਰ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਹੀਆ । ਪਵਿਤ੍ਰ ਰਿਹਾ ਨਹੀਂ ਆਤਮ ਬ੍ਰਹਮ ਜੀਵ ਪ੍ਰਾਣੀ, ਮਾਨਸ ਮਾਨਵ ਮਾਨੁਖ ਧਰਮ ਧਰਮ ਨਾ ਕੋਇ ਰਖਾਈਆ । ਸਾਧਾਂ ਸੰਤਾਂ ਜੀਵਾਂ ਜੰਤਾਂ ਮੰਜ਼ਲ ਰਹੀ ਨਾ ਕੋਇ ਰੁਹਾਨੀ, ਰੂਹ ਬੁਤ ਅਬਿਨਾਸ਼ੀ ਅਚੁਤ ਪਤਤ ਪੁਨੀਤ ਨਾ ਕੋਇ ਕਰਾਈਆ । ਬਿਰਹੁ ਅਣਿਆਲਾ ਨਾਮ ਦਾ ਤੀਰ ਮਾਰੇ ਕੋਇ ਨਾ ਕਾਨੀ, ਕਾਇਨਾਤ ਦਾ ਪਰਦਾ ਨਾ ਕੋਇ ਉਠਾਈਆ । ਮੇਰੇ ਭਗਵੰਤ ਧੁਰ ਦੇ ਕੰਤ ਮੇਰੀ ਹੋਈ ਕਲਜੁਗ ਅੰਤ ਹੈਰਾਨੀ, ਹੈਰਤ ਵਿਚ ਕੁਰਲਾਈਆ । ਚਾਰ ਜੁਗ ਦੇ ਅਵਤਾਰ ਪੈਗ਼ੰਬਰਾਂ ਗੁਰੂਆਂ ਹੁੰਦਿਆ ਘਰ ਘਰ ਵਧ ਗਈ ਬੇਈਮਾਨੀ, ਸਤਿ ਸਚ ਵਿਚ ਨਾ ਕੋਇ ਸਮਾਈਆ । ਜਿਧਰ ਤਕਾਂ ਮਨ ਕਲਪਣਾ ਸਭ ਨੂੰ ਕੀਤਾ ਗ਼ੁਲਾਮੀ, ਸ਼ਰਅ ਜ਼ੰਜੀਰ ਨਾ ਕੋਇ ਕਟਾਈਆ । ਦਰਗਾਹ ਸਾਚੀ ਸਚਖੰਡ ਦੁਆਰ ਏਕੰਕਾਰ ਤੇਰੀ ਮੰਜ਼ਲ ਪਾਏ ਨਾ ਕੋਇ ਅਨਾਮੀ, ਆਵਣ ਜਾਵਣ ਲੱਖ ਚੁਰਾਸੀ ਪੰਧ ਨਾ ਕੋਇ ਮੁਕਾਈਆ । ਪ੍ਰਭੂ ਜਿਧਰ ਤਕਾਂ ਤੇਰੇ ਸਤਿ ਸਚ ਦੀ ਹੋਈ ਬਦਨਾਮੀ, ਬਦੀ ਵਿਚ ਖ਼ਲਕ ਖ਼ੁਦਾਈਆ । ਤੂੰ ਆਦਿ ਜੁਗਾਦਿ ਸਦਾ ਨਿਹਕਾਮੀ, ਨਿਰਗੁਣ ਤੇਰੀ ਓਟ ਤਕਾਈਆ । ਪਵਿਤ੍ਰ ਰਿਹਾ ਨਾ ਕੋਈ ਧਰਮ ਦੀਨ ਇਸਲਾਮੀ, ਸ਼ਰਅ ਸ਼ਰੀਅਤ ਸਾਚੇ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰ ਇਕ ਸੁਹਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਤਕ ਲੈ ਚਾਰੋਂ ਕੁੰਟ ਕੂੜ ਕੁਟੰਬ, ਸਾਚਾ ਮੀਤ ਮਿਤਰ ਨਜ਼ਰ ਕੋਇ ਨਾ ਆਈਆ । ਮਾਇਆ ਮਮਤਾ ਮੋਹ ਵਿਕਾਰੇ ਨਾਲ ਰਹੀ ਮੈਂ ਕੰਬ, ਧੀਰਜ ਧੀਰ ਨਾ ਕੋਇ ਰਖਾਈਆ । ਮੇਰੇ ਉਤੇ ਅਵਤਾਰ ਪੈਗ਼ੰਬਰਾਂ ਗੁਰੂਆਂ ਦਾ ਸਮਾਂ ਰਿਹਾ ਲੰਘ, ਸਦੀ ਚੌਧਵੀਂ ਕੂਕ ਕੂਕ ਸੁਣਾਈਆ । ਅੰਤ ਕੂੜ ਕੁੜਿਆਰ ਹੰਕਾਰ ਦੀ ਢਹਿਣ ਵਾਲੀ ਕੰਧ, ਬੁਰਜ ਨਜ਼ਰ ਕੋਇ ਨਾ ਆਈਆ । ਨਿਸ਼ਾਨ ਮਿਟਾਣਾ ਤਾਰਾ ਚੰਦ, ਮੁਹੰਮਦ ਵੇਖੇ ਨੈਣ ਉਠਾਈਆ । ਲਹਿਣਾ ਦੇਣਾ ਮੁਕਣਾ ਤਤ ਪੰਜ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰਿਹਾ ਕੁਰਲਾਈਆ । ਹਰ ਘਟ ਅੰਦਰ ਦੀਨ ਦੁਨੀ ਵਿਚ ਆਉਂਦਾ ਰੰਜ, ਰੰਜਸ਼ ਸਕੇ ਨਾ ਕੋਇ ਮੁਕਾਈਆ । ਕਲਜੁਗ ਵਹਿਣ ਡੂੰਘਾ ਸਾਗਰ ਹਾਥ ਨਾ ਆਵੇ ਵੰਝ, ਜਗਤ ਮੁਹਾਣੇ ਕੰਮ ਕਿਸੇ ਨਾ ਆਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਮੇਰੇ ਉਤੋਂ ਕੂੜ ਕੁੜਿਆਰ ਦਾ ਮੇਟ ਦੇ ਪੰਧ, ਮੁਸਾਫ਼ਿਰ ਸਫ਼ਰ ਵਿਚ ਨਾ ਕੋਇ ਰਖਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੋਹੰ ਢੋਲਾ ਤੇਰਾ ਇਕੋ ਹੋਵੇ ਛੰਦ, ਦੋ ਜਹਾਨ ਕਰਨੀ ਹਕ ਪੜ੍ਹਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਮੇਰਾ ਖ਼ੁਸ਼ੀ ਕਰ ਦੇ ਬੰਦ ਬੰਦ, ਬੰਦਗੀ ਵਿਚ ਸੀਸ ਨਿਵਾਈਆ । ਧਰਨੀ ਕਹੇ ਮੇਰੇ ਸੁਆਮੀ ਅੰਤਰਜਾਮੀ ਘਟ ਨਿਵਾਸੀ ਮੈਨੂੰ ਬਖ਼ਸ਼ ਦੇ ਅਗੰਮਾ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਬਿਨ ਜਲ ਧਾਰਾ ਮੇਰੇ ਅੰਤਸ਼ਕਰਨ ਪਾ ਦੇ ਠੰਡ, ਅਗਨੀ ਅੱਗ ਨਾ ਕੋਇ ਤਪਾਈਆ । ਸਤਿ ਸਤਿਵਾਦੀ ਹੋ ਕੇ ਨਾਮ ਅਗੰਮਾ ਵੰਡ, ਮਾਨਸ ਜ਼ਾਤੀ ਇਕੋ ਕਲਮਾ ਝੋਲੀ ਪਾਈਆ । ਤੂੰ ਦੀਨ ਦਿਆਲਾ ਸਾਹਿਬ ਸਰਬ ਕਲਾ ਬਖ਼ਸ਼ੰਦ, ਬਖ਼ਸ਼ਣਹਾਰ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮੇਰੀ ਸੇਜ ਸੁਹਾ ਦੇ ਮਾਟੀ ਖ਼ਾਕ ਪਲੰਘ, ਸੁਖ ਆਸਣ ਅਬਿਨਾਸ਼ਣ ਇਕੋ ਇਕ ਵਡਿਆਈਆ ।

੮੭੬
੨੪

✪ ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਬੰਡਾਲੀ ਜ਼ਿਲਾ ਅੰਮ੍ਰਿਤਸਰ ਸੰਤੋ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੈਂ ਨਿਰਗੁਣ ਧਾਰ ਤੈਨੂੰ ਸੱਦਾਂ ਉਚੇਚਾ, ਉਚੀ ਚੜ੍ਹ ਕੇ ਕੂਕ ਕੂਕ ਸੁਣਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਮੈਨੂੰ ਬੰਧਾਇਆ ਨੇਹਚਾ, ਨਿਹਚਲ ਧਾਮ ਦਾ ਮਾਲਕ ਤੇਰਾ ਲੇਖਾ ਦਏ ਮੁਕਾਈਆ । ਨਿਰਗੁਣ ਸਰਗੁਣ ਧਾਰ ਸੁਆਮੀ ਮੇਰਾ ਕਰ ਲੈ ਮੇਚਾ, ਨੌ ਖੰਡ ਸੱਤ ਦੀਪ ਲੰਬਾਈ ਚੁੜਾਈ ਸਮਝ ਕਿਸੇ ਨਾ ਆਈਆ । ਚਾਰ ਜੁਗ ਮਾਨਸ ਜ਼ਾਤੀ ਅਛਲ ਛਲਧਾਰੀ ਹੋ ਕੇ ਜੋ ਪਾਇਆ ਕਲਮੇ ਨਾਮ ਦਾ ਪੇਚਾ, ਪੇਚੀਦਾ ਆਪਣਾ ਆਪ ਰਖਾਈਆ । ਨਿਗਾਹ ਮਾਰ ਲੈ ਉਠ ਕੇ ਸਚਖੰਡ ਨਿਵਾਸੀਆ ਤੇਰਾ ਧਰਮ ਹੱਟ ਬਾਜ਼ਾਰਾਂ ਵੇਚਾ, ਕਰਨੀ ਦੇ ਕਰਤੇ ਤੇਰੀ ਕ਼ੀਮਤ ਜਗਤ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਨਿਰਗੁਣ ਧਾਰ ਹੋ ਕੇ ਉਤਰੀਂ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਮੇਰੀ ਖੇਲ ਤਕ ਲੈ ਜਗਤ ਜਹਾਨ ਵਿਚ ਦੁਤਰੀ, ਦੁਵੈਤ ਵਿਚ ਸਰਬ ਲੋਕਾਈਆ । ਸਤਿ ਰਿਹਾ ਕਿਸੇ ਨਾ ਪੁਤਰੀਂ, ਪਿਤਾ ਪੂਤ ਤੇਰੀ ਗੋਦ ਨਾ ਕੋਇ ਸੁਹਾਈਆ । ਦੁਹਾਈ ਫਿਰ ਗਈ ਚਾਰੇ ਨੁਕਰੀ, ਉੱਤਰ ਪੂਰਬ ਪੱਛਮ ਦੱਖਣ ਰਹੇ ਕੁਰਲਾਈਆ । ਮੇਰੇ ਵਾਅਦੇ ਕੌਲ ਇਕ਼ਰਾਰ ਕੋਲੋਂ ਮੂਲ ਨਾ ਮੁਕਰੀਂ, ਮੁਕ਼ੱਰਰ ਆਪਣਾ ਹੁਕਮ ਵਰਤਾਈਆ । ਮੈਂ ਤੇਰੀ ਕਦੇ ਨਾ ਹੋਵਾਂ ਨਾਸ਼ੁਕਰੀ, ਸ਼ੁਕਰਾਨੇ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਦਰ ਦੇਣੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰਾ ਲੇਖਾ ਰਖ ਲੈ ਆਪਣੇ ਆਪ ਨਾਲ, ਆਪ ਆਪੀ ਦਾ ਭੇਵ ਖੁਲ੍ਹਾਈਆ । ਮੈਂ ਨਿਰਧਨ ਹੋ ਗਈ ਕੰਗਾਲ, ਨਾਮ ਧਨ ਮਾਲ ਵਸਤ ਨਜ਼ਰ ਕੋਇ ਨਾ ਆਈਆ । ਅਵਤਾਰ ਪੈਗ਼ੰਬਰ ਗੁਰ ਕਰ ਨਾ ਸਕਣ ਸੰਭਾਲ, ਸੰਬਲ ਦੇ ਮਾਲਕ ਤੇਰੇ ਅਗੇ ਵਾਸਤਾ ਪਾਈਆ । ਜਿਧਰ ਤਕਾਂ ਨੌ ਖੰਡ ਮਾਇਆ ਮਮਤਾ ਪਿਆ ਜੰਜਾਲ, ਜਾਗਰਤ ਜੋਤ ਨਜ਼ਰ ਕੋਇ ਨਾ ਆਈਆ । ਮੇਰੇ ਦੀਪ ਖੰਡ ਸਚ ਦੀ ਰਹੀ ਨਾ ਕੋਇ ਧਰਮਸਾਲ, ਧਰਮ ਦੁਆਰ ਨਾ ਕੋਇ ਵਡਿਆਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੈਂ ਤੈਨੂੰ ਰਹੀ ਭਾਲ, ਦਿਵਸ ਰੈਣ ਤੇਰਾ ਧਿਆਨ ਲਗਾਈਆ । ਆ ਕੇ ਵੇਖ ਮੇਰਾ ਕੋਝੀ ਕਮਲੀ ਦਾ ਹਾਲ, ਮੁਰੀਦਾਂ ਦੇ ਮੁਰਸ਼ਦ ਆਪਣਾ ਫੇਰਾ ਪਾਈਆ । ਮੇਰੀ ਬੇਨੰਤੀ ਮੰਨ ਸੁਆਲ, ਅਰਜ਼ ਆਰਜ਼ੂ ਤੇਰੇ ਚਰਨ ਟਿਕਾਈਆ । ਫਲ ਲਗਾ ਦੇ ਮੇਰੇ ਤਨ ਮਾਟੀ ਵਾਲੇ ਡਾਲ, ਪੱਤ ਟਹਿਣੀ ਜੀਵ ਜੰਤ ਆਪਣੇ ਨਾਮ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਦੁਖੀ ਹੋ ਕੇ ਦੱਸੇ ਵਾਲ ਵਾਲ, ਵਾਲੀ ਦੋ ਜਹਾਨ ਸਿਰ ਮੇਰੇ ਹੱਥ ਦੇਣਾ ਟਿਕਾਈਆ ।



✪ ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਪਖੋ ਕੇ ਜ਼ਿਲਾ ਅੰਮ੍ਰਿਤਸਰ ਸ਼ਿੰਗਾਰਾ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੈਨੂੰ ਬਖ਼ਸ਼ ਦੇ ਧੁਰ ਦਾ ਨਾਮ, ਨਾਮ ਨਿਧਾਨਾ ਸ੍ਰੀ ਭਗਵਾਨਾ ਅਗੰਮ ਅਥਾਹ ਵਰਤਾਈਆ । ਕਿਰਪਾ ਕਰ ਮੇਰੇ ਸ਼ਾਹੋ ਭੂਪ ਸੁਲਤਾਨ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਮੈਨੂੰ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਤੇਰੇ ਉਤੇ ਮਾਣ, ਅਭਿਮਾਨ ਨਜ਼ਰ ਕੋਇ ਨਾ ਆਈਆ ।

ਤੂੰ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਇਕ ਅਗੰਮਾ ਕਾਹਨ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਮੇਰੀ ਭੂਮਿਕਾ ਸੁਹਾ ਦੇ ਸਚ ਗ੍ਰਾਮ, ਚਰਨ ਕਵਲ ਕਵਲ ਚਰਨ ਆਪ ਟਿਕਾਈਆ । ਮੈਨੂੰ ਸੰਦੇਸਾ ਦੇ ਕੇ ਗਏ ਦਸਰਥ ਬੇਟਾ ਰਾਮ, ਰਮਈਆ ਤੇਰਾ ਲਹਿਣਾ ਦੇਣਾ ਦਏ ਮੁਕਾਈਆ । ਮੈਨੂੰ ਪੁਰਖ ਬਿਧਾਤੇ ਪੈਗ਼ੰਬਰਾਂ ਦਿਤਾ ਪੈਗ਼ਾਮ, ਧੁਰ ਫ਼ਰਮਾਨਾ ਅਗੰਮ ਅਥਾਹੀਆ । ਗੁਰੂ ਗੁਰਦੇਵ ਸਮਝਾਂਦੇ ਗਏ ਤੇਰਾ ਲੇਖਾ ਅੰਤ ਹੱਥ ਭਗਵਾਨ, ਭਗਵਨ ਆਪਣਾ ਹੁਕਮ ਵਰਤਾਈਆ । ਮਿਹਰਵਾਨਾ ਮੇਰੀ ਤੇਰੇ ਚਰਨ ਕਵਲ ਪਰਨਾਮ, ਨਿਵ ਨਿਵ ਲਾਗਾਂ ਪਾਈਆ । ਸਤਿਗੁਰ ਸ਼ਬਦ ਧਾਰ ਕਰ ਪਰਧਾਨ, ਪਰਧਾਨਗੀ ਇਕੋ ਇਕ ਵਖਾਈਆ । ਕਲਜੁਗ ਕੂੜ ਕੁੜਿਆਰ ਮੇਟ ਨਿਸ਼ਾਨ, ਨਿਸ਼ਾਨਾ ਧਰਮ ਧਾਰ ਝੁਲਾਈਆ । ਮਾਨਸ ਜ਼ਾਤੀ ਬੁੱਧੀ ਬਿਬੇਕ ਕਰ ਇਨਸਾਨ, ਇਨਸਾਨੀਅਤ ਹਰ ਹਿਰਦੇ ਅੰਦਰ ਦੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭੂ ਮੇਰਾ ਲੇਖਾ ਮੇਟ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਤੇਰੀ ਸਰਨਾਈਆ । ਠਾਕਰ ਸੁਆਮੀ ਬਣ ਮੀਤ, ਮਿਤਰ ਪਿਆਰਾ ਇਕ ਅਖਵਾਈਆ । ਧੁਰ ਦਾ ਢੋਲਾ ਦੱਸ ਦੇ ਗੀਤ, ਗੋਬਿੰਦ ਮੇਲਾ ਹੋਵੇ ਸਹਿਜ ਸੁਭਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਬਦਲ ਦੇ ਨੀਤ, ਨੀਤੀਵਾਨ ਤੇਰੇ ਹੱਥ ਵਡਿਆਈਆ । ਕਲਜੁਗ ਜੀਵ ਕਰ ਦੇ ਪਤਤ ਪੁਨੀਤ, ਪਾਵਨ ਹੋ ਕੇ ਵੇਖ ਵਖਾਈਆ । ਮੈਂ ਚਾਹੁੰਦੀ ਝਗੜਾ ਰਹੇ ਨਾ ਮੰਦਰ ਮਸੀਤ, ਕਾਇਆ ਕਾਅਬਾ ਕਰ ਰੁਸ਼ਨਾਈਆ । ਤੇਰਾ ਇਕੋ ਨਾਮ ਕਲਮਾ ਹੋਵੇ ਹਦੀਸ, ਹਜ਼ਰਤਾਂ ਤੋਂ ਬਾਹਰ ਕਰਨੀ ਪੜ੍ਹਾਈਆ । ਤੇਰੀ ਸਭ ਤੋਂ ਵਖਰੀ ਹੋਵੇ ਤਬਲੀਕ, ਤਾਬਿਆਦਾਰੀ ਵਿਚ ਦਿਸੇ ਖ਼ਲਕ ਖ਼ੁਦਾਈਆ । ਦੂਰ ਦੁਰਾਡੇ ਮੇਰੇ ਨੇਰਨ ਨੇਰੇ ਹੋ ਨਜ਼ਦੀਕ, ਨਿਰਗੁਣ ਆਪਣਾ ਪੰਧ ਮੁਕਾਈਆ । ਕਲਜੁਗ ਝਗੜਾ ਮੇਟ ਸ਼ਰਅ ਸ਼ਰੀਕ, ਲਾਸ਼ਰੀਕ ਆਪਣਾ ਰੰਗ ਦੇਣਾ ਰੰਗਾਈਆ । ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਤੇਰੇ ਵਿਚ ਹਕ ਤੌਫ਼ੀਕ, ਸਾਂਝੇ ਯਾਰ ਹੋਣਾ ਅੰਤ ਸਹਾਈਆ । ਮੈਂ ਕੋਝੀ ਕਮਲੀ ਧਰਨੀ ਧਰਤ ਧਵਲ ਧੌਲ ਤੈਨੂੰ ਰਹੀ ਉਡੀਕ, ਆਸਾ ਆਪਣੀ ਚਰਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੇਰੇ ਨਿਰੰਕਾਰ, ਨਿਰਵੈਰ ਤੇਰੀ ਸਰਨਾਈਆ । ਮੈਂ ਮਾਂਗਤ ਦਰ ਭਿਖਾਰ, ਭਿੱਖਕ ਹੋ ਕੇ ਝੋਲੀ ਡਾਹੀਆ । ਸਚ ਵਸਤ ਅਗੰਮੀ ਦੇਣੀ ਡਾਰ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਮਾਨਵ ਜ਼ਾਤੀ ਬਖ਼ਸ਼ ਪਿਆਰ, ਮਾਨਵ ਏਕਾ ਰੰਗ ਰੰਗਾਈਆ । ਪੰਜ ਤਤ ਵੇਖਣਾ ਨਿਗਾਹ ਮਾਰ, ਬਿਨ ਨੈਣਾਂ ਨੈਣ ਉਠਾਈਆ । ਲੇਖਾ ਰਹੇ ਨਾ ਨੌਂ ਦੁਆਰ, ਜਗਤ ਤ੍ਰਿਸ਼ਨਾ ਕੂੜ ਮਿਟਾਈਆ । ਨਾਤਾ ਤੋੜ ਦੇ ਕਾਮ ਕਰੋਧ ਲੋਭ ਮੋਹ ਹੰਕਾਰ, ਮਾਇਆ ਮਮਤਾ ਨਾ ਕੋਇ ਲਲਚਾਈਆ । ਅੰਮ੍ਰਿਤ ਬਖ਼ਸ਼ ਦੇ ਠੰਡਾ ਠਾਰ, ਨਿਝਰ ਝਿਰਨਾ ਬੂੰਦ ਸਵਾਂਤੀ ਨਾਭੀ ਕਵਲ ਟਪਕਾਈਆ । ਸ਼ਬਦ ਅਨਾਦੀ ਦੇ ਸਚੀ ਧੁਨਕਾਰ, ਅਨਹਦ ਨਾਦੀ ਨਾਦ ਕਰ ਸ਼ਨਵਾਈਆ । ਦੀਆ ਬਾਤੀ ਕਮਲਾਪਾਤੀ ਜੋਤੀ ਜੋਤ ਕਰ ਉਜਿਆਰ, ਬਿਨ ਤੇਲ ਬਾਤੀ ਡਗਮਗਾਈਆ । ਘਰ ਸੁਆਮੀ ਠਾਕਰ ਮਿਲਣਾ ਧੁਰ ਦੇ ਸਾਂਝੇ ਯਾਰ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਸਚ ਦੁਆਰ ਏਕੰਕਾਰ ਆਪਣਾ ਵਖਾਉਣਾ ਘਰਬਾਰ, ਦਰਗਾਹ ਸਾਚੀ ਮੁਕਾਮੇ ਹਕ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਆਪ ਸਹਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਤੇਰੇ ਹੋਵਣ ਸੰਤ ਫ਼ਕੀਰ,

੯੭੮ ੨੪

ਫ਼ਿਕਰਾ ਢੋਲਾ ਤੇਰਾ ਨਾਮ ਧਿਆਈਆ । ਚਾਰ ਵਰਨ ਅਠਾਰਾਂ ਬਰਨ ਸ਼ਰਅ ਦੇ ਕਟ ਜ਼ੰਜੀਰ, ਸ਼ਰੀਅਤ ਰਹਿਣ ਕੋਇ ਨਾ ਪਾਈਆ । ਕਲਜੁਗ ਵਿਚੋਂ ਸਤਿਜੁਗ ਧਾਰ ਕਰ ਤਾਮੀਰ, ਮਹਲ ਅਟਲ ਇਕ ਸੁਹਾਈਆ । ਜਿਥੇ ਬੈਠਣ ਸ਼ਾਹ ਗ਼ਰੀਬ, ਮਾਨਸ ਵੰਡ ਨਾ ਕੋਇ ਵੰਡਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਨਿਰਗੁਣ ਸਰਗੁਣ ਦੇ ਤਰਤੀਬ, ਹੁਕਮ ਆਪਣਾ ਇਕ ਸਮਝਾਈਆ । ਲੱਖ ਚੁਰਾਸੀ ਜੀਵ ਜੰਤ ਤੇਰੇ ਸਾਰੇ ਹੋਣ ਅਜ਼ੀਜ਼, ਆਜ਼ਮ ਇਕੋ ਤੈਨੂੰ ਸੀਸ ਨਿਵਾਈਆ । ਧਰਨੀ ਕਹੇ ਮੈਂ ਚਾਹੁੰਦੀ ਮਾਨਵ ਜ਼ਾਤੀ ਅੰਦਰ ਤੇਰੇ ਪਿਆਰ ਦੀ ਹੋਏ ਤਮੀਜ਼, ਗ਼ੁਰਬਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਦਰਸ ਨੂਰ ਨੁਰਾਨਾ ਬਿਨਾ ਹੋਵੇ ਜਗਤ ਦੀ ਦੀਦ, ਦੀਦਾ ਦਾਨਿਸਤਾ ਨਿਰਗੁਣ ਨਿਰਗੁਣ ਨਜ਼ਰੀ ਆਈਆ ।

### ✪ ੨੨ ਭਦਾਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਠਠੀਆਂ ਜ਼ਿਲਾ ਅੰਮ੍ਰਿਤਸਰ ਬੰਸੋ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭ ਮੇਰੇ ਧੁਰ ਦੇ ਮਾਹੀ, ਮਿਹਰਵਾਨ ਮਹਿਬੂਬਾ ਤੇਰੀ ਓਟ ਤਕਾਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰੀ ਸਚੀ ਸ਼ਹਿਨਸ਼ਾਹੀ, ਸ਼ਾਹ ਸੁਲਤਾਨ ਦੋ ਜਹਾਨ ਤੇਰੀ ਵਡ ਵਡਿਆਈਆ । ਮੈਂ ਮਾਂਗਤ ਹੋ ਕੇ ਖ਼ਾਲੀ ਝੋਲੀ ਤੇਰੇ ਅਗੇ ਡਾਹੀ, ਵਸਤ ਅਤੋਲ ਅਤੁਲ ਦੇਣੀ ਵਰਤਾਈਆ । ਧਰਨੀ ਕਹੇ ਪ੍ਰਭ ਕਿਰਪਾ ਕਰਨੀ ਮੇਰੇ ਅਗੰਮੇ ਮਾਹੀ, ਮਿਹਰਵਾਨ ਆਪਣਾ ਰੰਗ ਰੰਗਾਈਆ । ਨਿਰਗੁਣ ਧਾਰ ਸਤਿਗੁਰ ਮੇਰੀ ਕਟ ਜੁਦਾਈ, ਜੁਜ਼ ਵਖਰਾ ਵੰਡ ਨਾ ਕੋਇ ਵੰਡਾਈਆ । ਮੇਰੇ ਉਤੇ ਨਿਰਗੁਣ ਦਾਤੇ ਆਉਣਾ ਚਾਈਂ ਚਾਈਂ, ਦੋ ਜਹਾਨਾਂ ਪੰਧ ਮੁਕਾਈਆ । ਮੈਂ ਨਿਰਧਨ ਹੋ ਕੇ ਰਹੀ ਧਿਆਈ, ਧਿਆਨ ਤੇਰੇ ਚਰਨ ਰਖਾਈਆ । ਮੇਰੇ ਉਤੇ ਨਿਗਾਹ ਮਾਰਨੀ ਬਲ ਅਸਗਾਹੀ, ਸਮੁੰਦ ਸਾਗਰਾਂ ਫੋਲ ਫੁਲਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਅੰਧੇਰਾ ਗਿਆ ਛਾਈ, ਸਤਿ ਸਚ ਨੂਰ ਜੋਤ ਨਾ ਕੋਇ ਰੁਸ਼ਨਾਈਆ । ਮੇਰੇ ਪਰਮ ਪੁਰਖ ਮਾਨਸ ਤੈਨੂੰ ਗਏ ਭੁਲਾਈ, ਭੈ ਵਿਚ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਕਿਰਿਆ ਸ਼ਰਅ ਬਣੀ ਕਸਾਈ, ਧਰਮ ਦੀ ਧਾਰ ਕ਼ਾਇਮ ਰਹਿਣ ਕੋਇ ਨਾ ਪਾਈਆ । ਅਜ ਨਿਗਾਹ ਮਾਰ ਲੈ ਦਿਵਸ ਦਿਹਾੜਾ ਤਕ ਲੈ ਬਾਈ, ਬਾਈਬਲ ਵਿਚ ਯਸੂਹ ਗਿਆ ਸਮਝਾਈਆ । ਮੁਹੰਮਦ ਕਿਹਾ ਮੇਰਾ ਆਵੇ ਨੂਰ ਅਲਾਹੀ, ਅਮਾਮ ਅਮਾਮਾ ਅਗੰਮ ਅਥਾਹੀਆ । ਜਿਸ ਦੀ ਯਾਦ ਵਿਚ ਸਦੀ ਚੌਧਵੀਂ ਭੱਜੇ ਵਾਹੋ ਦਾਹੀ, ਦਿਵਸ ਰੈਣ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰ ਇਕ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰਾ ਅੰਤਸ਼ਕਰਨ ਤਕ ਖ਼ਿਆਲ, ਬੁੱਧੀ ਜਗਤ ਨਾ ਕੋਇ ਰਖਾਈਆ । ਮੈਂ ਚਾਰ ਜੁਗ ਦੀ ਸੇਵਾ ਕਰਦੀ ਹੋਈ ਬੇਹਾਲ, ਬਹਿਬਲ ਹੋ ਕੇ ਰਹੀ ਕੁਰਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਅਵਤਾਰ ਪੈਗ਼ੰਬਰ ਗੁਰੂ ਰਹੇ ਮੇਰੇ ਨਾਲ, ਸਰਗੁਣ ਆਪਣਾ ਰੂਪ ਵਖਾਈਆ । ਸ਼ਸਤਰ ਤੀਰ ਕਮਾਨ ਖੰਡੇ ਚੁਕਦੇ ਰਹੇ ਢਾਲ, ਸ਼ਤਰੂਆਂ ਵਾਲਾ ਰੂਪ ਬਦਲਾਈਆ । ਮੈਂ ਖੇਲ ਤੇਰਾ ਤਕਦੀ ਰਹੀ ਕਮਾਲ, ਕਾਮਲ ਮੁਰਸ਼ਦ ਕੀ ਤੇਰੀ ਬੇਪਰਵਾਹੀਆ । ਅੰਤ ਮੇਰਾ ਇਕ ਸਵਾਲ, ਸਵਾਲਣ ਹੋ ਕੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ


੮੭੯
੨੪

ਸਾਹਿਬ ਹੋਣਾ ਸਹਾਈਆ । ਧਰਨੀ ਕਹੇ ਚਾਰ ਜੁਗ ਮੈਂ ਰਖਦੀ ਰਹੀ ਤੇਰੀ ਉਡੀਕ, ਨਿਰਗੁਣ ਦਾਤੇ ਧਿਆਨ ਲਗਾਈਆ । ਅੰਤ ਵੇਖ ਕਲਜੁਗ ਰੈਣ ਅੰਧੇਰੀ ਤਾਰੀਖ, ਨਵ ਸੱਤ ਧਿਆਨ ਲਗਾਈਆ । ਅਵਤਾਰ ਪੈਗ਼ੰਬਰ ਗੁਰੂ ਰਿਹਾ ਨਾ ਕੋਈ ਨਜ਼ਦੀਕ, ਦਰਗਾਹ ਸਾਚੀ ਸਚਖੰਡ ਤੇਰੇ ਆਸਣ ਗਏ ਲਗਾਈਆ । ਮੇਰੀ ਬਿਰਹੁ ਵਿਛੋੜੇ ਵਿਚ ਬਿਨ ਰਸਨਾ ਜਿਹਵਾ ਨਿਕਲੇ ਚੀਕ, ਰੋ ਰੋ ਦਿਆਂ ਦੁਹਾਈਆ । ਮੇਰੇ ਸੁਆਮੀ ਅੰਤਰਜਾਮੀ ਮੇਰੀ ਆ ਕੇ ਕਰ ਤਸਦੀਕ਼, ਸ਼ਹਾਦਤ ਅਵਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਧਰਨੀ ਕਹੇ ਪ੍ਰਭੂ ਮੈਂ ਆਦਿ ਜੁਗਾਦਿ ਤੇਰੇ ਸਬਰ ਲੱਬੀ, ਸੇਜ ਸੁਹੰਜਣੀ ਇਕ ਹੰਢਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਕਥਾ ਕਹਾਣੀ ਕਥੀ, ਸਿਫ਼ਤਾਂ ਵਾਲੇ ਢੋਲੇ ਗਾਈਆ । ਅੰਤ ਅਖ਼ੀਰ ਬੇਨਜ਼ੀਰ ਮੈਨੂੰ ਕੂੜੀ ਕਿਰਿਆ ਰਹੀ ਮਥੀ, ਮਥਨ ਕਲਜੁਗ ਰਿਹਾ ਕਰਾਈਆ । ਕੂੜ ਕੁੜਿਆਰਾ ਜਗਤ ਜਹਾਨ ਚਲੇ ਰਥੀ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਤੂੰ ਕਿਰਪਾ ਨਿਧਾਨ ਪੁਰਖ ਸਮਰਥੀ, ਸਾਹਿਬ ਸੁਆਮੀ ਇਕ ਅਖਵਾਈਆ । ਮੇਰਾ ਲਹਿਣਾ ਦੇਣਾ ਪੂਰਾ ਕਰ ਦੇ ਹੱਥੋ ਹੱਥੀ, ਜੋ ਗੁਰ ਅਵਤਾਰ ਪੈਗ਼ੰਬਰ ਗਏ ਜਣਾਈਆ । ਮੇਰਾ ਲੇਖ ਬਦਲ ਦੇ ਮਸਤਕ ਮੱਥੀ, ਕਰਵਟ ਆਪਣੀ ਲੈ ਬਦਲਾਈਆ । ਤੇਰੀ ਪਿਛਲੀ ਕਹਾਣੀ ਮੈਥੋਂ ਜਾਏ ਨਾ ਕਥੀ, ਕਥਨੀ ਕਥ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਧਰਨੀ ਕਹੇ ਪ੍ਰਭੂ ਮੇਰਾ ਬਣ ਜਾ ਸੰਗੀ ਸਗਲਾ, ਸਾਹਿਬ ਇਕ ਅਖਵਾਈਆ । ਮੈਨੂੰ ਭੇਵ ਖੁਲ੍ਹਾ ਦੇ ਅਗਲਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਤੂੰ ਸੁਆਮੀ ਧੁਰ ਦਾ ਰੰਗਲਾ, ਤੇਰਾ ਰੰਗ ਨੂਰ ਅਲਾਹੀਆ । ਕਲਜੁਗ ਜੀਵ ਜਹਾਨ ਵੇਖ ਲੈ ਕੰਗਲਾ, ਵਸਤ ਨਾਮ ਹੱਥ ਨਾ ਕੋਇ ਫੜਾਈਆ । ਦੋ ਨੇਤਰ ਵੇਖ ਲੈ ਅੰਧਲਾ, ਨਿਜ ਨੈਣ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਆਪਣੇ ਅੰਗ ਲਾ, ਅੰਗੀਕਾਰ ਏਕੰਕਾਰ ਇਕ ਅਖਵਾਈਆ ।



## ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ਸਵਰਨ ਸਿੰਘ ਦੇ ਗ੍ਰਹਿ

ਧਰਨੀ ਕਹੇ ਮੇਰੇ ਮਾਲਕ ਕੰਤ ਕੰਤੂਹਲ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰੀ ਬੇਪਰਵਾਹੀਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਮੇਰਾ ਅਸਲ ਚੁਕਾ ਦੇ ਮੂਲ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਜੋਤੀ ਜਾਤੇ ਪੁਰਖ ਬਿਧਾਤੇ ਸਚ ਧਰਮ ਦਾ ਬਖ਼ਸ਼ ਅਸੂਲ, ਅਸਲੀਅਤ ਕਾਬਲੀਅਤ ਮਾਨਵ ਜ਼ਾਤੀ ਵਿਚ ਟਿਕਾਈਆ । ਉਹ ਲਹਿਣਾ ਦੇਣਾ ਪੂਰਾ ਕਰ ਦੇ ਜੋ ਪੈਗ਼ੰਬਰ ਦੇ ਕੇ ਗਏ ਰਸੂਲ, ਸਿਫ਼ਤੀ ਢੋਲੇ ਅਲਿਫ਼ ਯੇ ਨਾਲ ਗਾਈਆ । ਤੂੰ ਨਿਰਗੁਣ ਦਾਤਾ ਮੇਰਾ ਕੰਤ ਕੰਤੂਹਲ, ਕਰਨੀ ਦਾ ਕਰਤਾ ਇਕ ਅਖਵਾਈਆ । ਸਤਿ ਸਤਿਵਾਦੀ ਮੇਰੀ ਤ੍ਰਿਸ਼ਨਾ ਜਾਈਂ ਨਾ ਭੂਲ, ਅਭੁਲ ਤੇਰੇ ਹੱਥ ਮੇਰੀ ਵਡਿਆਈਆ । ਮੈਂ ਤੇਰੇ ਪਿਆਰ ਮੁਹੱਬਤ ਵਾਲਾ ਨੌ ਖੰਡ ਸੱਤ ਦੀਪ ਪੰਘੂੜਾ ਲਵਾਂ ਝੂਲ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਹੁਲਾਰਾ ਦੇਣਾ ਲਗਾਈਆ । ਸਾਚਾ ਨਾਮ ਧੁਰ ਸੰਦੇਸ਼ਾ ਦੇਣਾ ਮਅਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਅਗੰਮ ਵਰਤਾਈਆ । ਧਰਨੀ ਕਹੇ ਪ੍ਰਭੂ ਗੁਰ ਅਵਤਾਰ ਪੈਗ਼ੰਬਰਾਂ ਰਖੀ ਇਛਿਆ, ਨਿਰਗੁਣ ਨਿਰਗੁਣ ਤੇਰੀ ਓਟ ਤਕਾਈਆ । ਸਚਖੰਡ ਨਿਵਾਸੀ ਸਤਿ ਧਰਮ ਸਤਿ ਵਸਤ ਦੀ ਪਾ ਦੇ ਭਿਛਿਆ, ਭਿੱਖਕ ਹੋ ਕੇ ਝੋਲੀ ਡਾਹੀਆ । ਮੇਰਾ ਪੱਲੂ ਨੌ ਖੰਡ ਸੱਤ ਦੀਪ ਤੇਰੇ ਕ਼ਦਮਾਂ ਵਿਚ ਵਿਛਿਆ, ਜਿਸ ਦੀ ਕੰਨੀ ਨਜ਼ਰ ਕੋਇ ਨਾ ਆਈਆ । ਦੋ ਜਹਾਨ ਸ੍ਰੀ ਭਗਵਾਨ ਜਗ ਨੇਤਰ ਕਿਸੇ ਨਾ ਦਿਸਿਆ, ਲੋਚਨ ਵੇਖਣ ਕੋਇ ਨਾ ਆਈਆ । ਜਿਸ ਸ੍ਰਿਸ਼ਟੀ ਨੂੰ ਤੂੰ ਆਦਿ ਜੁਗਾਦਿ ਬਣਾਇਆ ਮਿਥਿਆ, ਆਪਣਾ ਖੇਲ ਖਿਲਾਈਆ । ਮੇਰਾ ਚੌਥੇ ਜੁਗ ਕਲਜੁਗ ਲਹਿਣਾ ਦੇਣਾ ਪੂਰਾ ਕਰ ਦੇ ਹਿੱਸਿਆ, ਹਸਤੀ ਦੇ ਮਾਲਕ ਤੇਰੇ ਅਗੇ ਵਾਸਤਾ ਪਾਈਆ । ਆਹ ਵੇਖ ਲੈ ਧੁਰ ਫ਼ਰਮਾਨਾ ਗੋਬਿੰਦ ਵਾਲਾ ਮੇਰੇ ਕੋਲ ਲਿਖਿਆ, ਜਿਸ ਦਾ ਹਰਫ਼ ਹਰੂਫ਼ ਨਜ਼ਰ ਕੋਇ ਨਾ ਆਈਆ । ਤੇਰਾ ਖੇਲ ਹੋਣਾ ਅਨਡਿਠਿਆ, ਅਨਡਿਠ ਆਪਣਾ ਪਰਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਸਮਝਾਈਆ । ਧਰਨੀ ਕਹੇ ਪ੍ਰਭੂ ਤੂੰ ਸ਼ਹਿਨਸ਼ਾਹ ਸੂਰਾ ਸਰਬਗ, ਦਰ ਤੇਰੇ ਆਸ ਰਖਾਈਆ । ਮੇਰੀ ਧਾਰ ਕੂੜ ਕੁੜਿਆਰ ਨਾਲੋਂ ਕਰ ਅਲਗ, ਡੋਰੀ ਤੰਦ ਰਹਿਣ ਕੋਇ ਨਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਬਦਲ ਦੇ ਦੀਨ ਦੁਨੀ ਦੇ ਜਗ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ । ਤ੍ਰੈਗੁਣ ਮਾਇਆ ਤ੍ਰੈਗੁਣ ਅਤੀਤੇ ਬੁਝਾ ਦੇ ਅੱਗ, ਅੰਮ੍ਰਿਤ ਮੇਘ ਨਾਮ ਬਰਸਾਈਆ । ਤੇਰੀ ਸਰਨ ਸਰਨਾਈ ਸਚ ਸੁਆਮੀ ਜਾਵਾਂ ਲੱਗ, ਲਗ ਮਾਤਰ ਡੇਰਾ ਢਾਹੀਆ । ਕਲਜੁਗ ਜੀਵ ਵੇਖ ਲੈ ਬਪੜੇ ਬਗ, ਬਗੜੇ ਬੈਠੇ ਮੁਖ ਭੁਆਈਆ । ਮੈਂ ਚਾਹੁੰਦੀ ਮੇਰੇ ਪੁਰਖ ਅਕਾਲੇ ਦੀਨ ਦਿਆਲੇ ਜਨ ਭਗਤਾਂ ਦਰਸ਼ਨ ਦੇ ਉਪਰ ਸ਼ਾਹਰਗ, ਸ਼ਹਿਨਸ਼ਾਹ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਧਰਨੀ ਕਹੇ ਪ੍ਰਭੂ ਦਿਵਸ ਦਿਹਾੜਾ ਤਕ ਲੈ ਆਜ, ਨਿਰਧਨ ਹੋ ਕੇ ਮੰਗ ਮੰਗਾਈਆ । ਤੂੰ ਮਾਲਕ ਖ਼ਾਲਕ ਗ਼ਰੀਬ ਨਿਵਾਜ਼, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰਦਰਗਾਹੀਆ । ਸੋ ਪੁਰਖ ਨਿਰੰਜਣ ਤੇਰਾ ਏਕੋ ਏਕ ਸਮਾਜ, ਦੂਸਰੀ ਵੰਡ ਨਾ ਕੋਇ ਵੰਡਾਈਆ । ਹਰਿ ਪੁਰਖ ਨਿਰੰਜਣ ਮੇਰਾ ਅੰਤ ਸਵਾਰ ਕਾਜ, ਕਰਨੀ ਦੇ ਕਰਤੇ ਤੇਰੀ ਬੇਪਰਵਾਹੀਆ । ਏਕੰਕਾਰ ਮੇਰੀ ਰਖਣੀ ਲਾਜ, ਸਿਰ ਮੇਰੇ ਹੱਥ ਟਿਕਾਈਆ । ਆਦਿ ਨਿਰੰਜਣ ਜੋਤੀ ਜਾਤੇ ਜਾਣਾ ਜਾਗ, ਜਾਗਰਤ ਜੋਤ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤੇ ਮੇਰੇ ਉਤੇ ਲਾ ਦੇ ਭਾਗ, ਸ੍ਰੀ ਭਗਵਾਨ ਹੋ ਕੇ ਦਇਆ ਕਮਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਮੇਰਾ ਦੀਪਕ ਬੁਝਿਆ ਜਗਾ ਦੇ ਚਰਾਗ਼, ਬਿਨ ਤੇਲ ਬਾਤੀ ਕਮਲਾਪਾਤੀ ਕਰ ਰੁਸ਼ਨਾਈਆ । ਸਤਿਗੁਰ ਸ਼ਬਦ ਹੱਥ ਫੜਾ ਦੇ ਵਾਗ, ਵਿਸ਼ਨ ਬ੍ਰਹਮਾ ਸ਼ਿਵ ਜਿਸ ਦੇ ਹੁਕਮੇ ਅੰਦਰ ਬੈਠਣ ਸੇਵ ਕਮਾਈਆ । ਅਵਤਾਰ ਪੈਗ਼ੰਬਰ ਤੇਰਾ ਇਕੋ ਗਾਵਣ ਰਾਗ, ਰਾਗ ਰਾਗਣੀਆਂ ਇਕੋ ਢੋਲਾ ਗਾਈਆ । ਧਰਨੀ ਕਹੇ ਮੇਰੇ ਪਤਿਪਰਮੇਸ਼ਵਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸਰਨ ਸਰਨਾਈ ਜਾਵਾਂ ਲਾਗ, ਦੂਸਰ ਇਸ਼ਟ ਸ੍ਰਿਸ਼ਟ ਦ੍ਰਿਸ਼ਟ ਵਿਚ ਨਜ਼ਰ ਕੋਇ ਨਾ ਆਈਆ ।

✪ ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ਸੁਰੈਣ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮੇਰੇ ਉਤੇ ਧਰਮ ਦੀ ਧਾਰ ਦੇ ਪ੍ਰਸਾਦਿ, ਕਿਰਪਾ ਨਿਧਾਨ ਹੋ ਕੇ ਦਇਆ ਕਮਾਈਆ । ਜਿਹੜੀ ਵਸਤ ਸਤਿ ਸਤਿਵਾਦੀ ਤੇਰੀ ਅਗੰਮ ਆਦਿ, ਅੰਤ ਮਧ ਮੇਰੀ ਝੋਲੀ ਪਾਈਆ । ਚਾਰ ਜੁਗ ਤੋਂ ਵਖਰੀ ਬਖ਼ਸ਼ ਦੇ ਦਾਦ, ਅਣਮੁਲੀ ਆਪ ਵਰਤਾਈਆ । ਮੈਂ ਤੈਨੂੰ ਰਹੀ ਅਰਾਧ, ਦੂਜਾ ਇਸ਼ਟ ਨਾ ਕੋਇ ਮਨਾਈਆ । ਜਨ ਭਗਤਾਂ ਅੰਦਰ ਹੋ ਵਿਸਮਾਦ, ਬਿਸਮਲ ਆਪਣਾ ਆਪ ਕਰਾਈਆ । ਜਨ ਭਗਤਾਂ ਹਿਰਦਿਉਂ ਵਿਸਰੇ ਕਦੇ ਨਾ ਤੇਰੀ ਯਾਦ, ਵਿਛੋੜਾ ਜਗਤ ਨਾ ਕੋਇ ਰਖਾਈਆ । ਤੂੰ ਮਾਲਕ ਆਇਉਂ ਅਵਤਾਰ ਪੈਗ਼ੰਬਰਾਂ ਗੁਰੂਆਂ ਬਾਦ, ਦੋਹਰੀ ਕਲ ਵਰਤਾਈਆ । ਮੈਨੂੰ ਦੇਣੀ ਸਚ ਇਮਦਾਦ, ਰਹਿਮਤ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਤੇਰਾ ਪ੍ਰਸਾਦਿ ਧਾਰ ਇਕ ਦੀ ਦੋ, ਦੋ ਜਹਾਨ ਖ਼ੁਸ਼ੀ ਮਨਾਈਆ । ਆਪਣਾ ਨਾਮ ਭੰਡਾਰ ਬਖ਼ਸ਼ ਦੇ ਸੋ, ਹੰ ਬ੍ਰਹਮ ਆਪ ਜਣਾਈਆ । ਜਨ ਭਗਤਾਂ ਬਖ਼ਸ਼ ਲੈ ਧੁਰ ਦਾ ਮੋਹ, ਮੁਹੱਬਤ ਆਪਣੇ ਨਾਲ ਮਿਲਾਈਆ । ਨਿਰਗੁਣ ਦਾਤਾ ਆਪੇ ਹੋ, ਜੋਤੀ ਜਾਤੇ ਹੋਣਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਘਿਰਤ ਕਹੇ ਮੇਰਾ ਲੇਖਾ ਨਾਲ ਅਲਾਹੀ ਨੂਰ, ਨੂਰ ਨੁਰਾਨਾ ਦਏ ਵਡਿਆਈਆ । ਜੋ ਆਸਾ ਮਨਸਾ ਸਭ ਦੀ ਕਰੇ ਪੂਰ, ਪੂਰ ਰਿਹਾ ਸਰਬ ਠਾਂਈਆ । ਜੋ ਵਸਣਹਾਰਾ ਨੇੜੇ ਦੂਰ, ਘਰ ਮੰਦਰ ਬੈਠਾ ਸੋਭਾ ਪਾਈਆ । ਮੇਰੀ ਬੇਨੰਤੀ ਕਰੇ ਮਨਜ਼ੂਰ, ਆਰਜ਼ੂ ਆਪਣੇ ਚਰਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਆਪ ਵਡਿਆਈਆ । ਪ੍ਰਸਾਦਿ ਕਹੇ ਮੇਰੀ ਦੋ ਦੋ ਧਾਰਾ, ਸੋਹਣਾ ਰੰਗ ਰੰਗਾਈਆ । ਪ੍ਰਭ ਦਾ ਨਿਰਗੁਣ ਸਰਗੁਣ ਖੇਲ ਅਪਾਰਾ, ਜੋਤੀ ਜਾਤਾ ਡਗਮਗਾਈਆ । ਜਿਸ ਦਾ ਸ਼ਬਦੀ ਸ਼ਬਦ ਲਲਕਾਰਾ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਜਿਸ ਦਾ ਅੰਮ੍ਰਿਤ ਰਸ ਠੰਢਾ ਠਾਰਾ, ਅੰਮਿਉਂ ਰਸ ਆਪ ਚੁਆਈਆ । ਜੋ ਜੋਤੀ ਜਾਤਾ ਖੇਲ ਕਰੇ ਅਪਾਰਾ, ਅਪਰੰਪਰ ਸੁਆਮੀ ਇਕ ਅਖਵਾਈਆ । ਕਲ ਕਲਕੀ ਲਏ ਅਵਤਾਰਾ, ਨਿਹਕਲੰਕਾ ਡੰਕ ਵਜਾਈਆ । ਜਿਸ ਦਾ ਬਾਵਨ ਨਾਲ ਖੇਲ ਅਪਾਰਾ, ਦੋ ਸੇਰ ਘਿਰਤ ਦਏ ਸਮਝਾਈਆ । ਜਿਸ ਦਾ ਤੇਰਾਂ ਸੌ ਸਤਾਸੀ ਰਿਸ਼ੀਆਂ ਕੀਤਾ ਇਸ਼ਾਰਾ, ਆਟਾ ਦੋ ਸੇਰ ਮਿਲਾਈਆ । ਮਿਠਾ ਰਸ ਬਲ ਪ੍ਰੇਮ ਦੀ ਧਾਰਾ, ਨਿਰਗੁਣ ਸਰਗੁਣ ਨਾਲ ਜੁੜਾਈਆ । ਇਸ਼ਾਰਾ ਦਿਤਾ ਚਾਰ ਵੇਦ ਤੋਂ ਬਾਹਰਾ, ਹੁਕਮ ਸੰਦੇਸ਼ਾ ਇਕ ਸੁਣਾਈਆ । ਜਿਸ ਵੇਲੇ ਕਲਜੁਗ ਹੋਇਆ ਅੰਧ ਅੰਧਿਆਰਾ, ਨੂਰੀ ਚੰਦ ਨਾ ਕੋਇ ਚਮਕਾਈਆ । ਧਰਮ ਦਾ ਰਿਹਾ ਨਾ ਕੋਇ ਭੰਡਾਰਾ, ਵਸਤ ਸਤਿ ਨਾ ਕੋਇ ਵਰਤਾਈਆ । ਉਸ ਵੇਲੇ ਨਿਹਕਲੰਕ ਕਲ ਆਏ ਚਵੀਆਂ ਅਵਤਾਰਾ, ਚੌਬੀਸਾ ਧੁਰ ਦਰਗਾਹੀਆ । ਜੋਤੀ ਜਾਤਾ ਜ਼ਾਹਿਰ ਹੋਵੇ ਦੁਬਾਰਾ, ਦੋਹਰਾ ਡੰਕ ਵਜਾਈਆ । ਉਸ ਦਾ ਲੇਖ ਸਮਝੇ ਨਾ ਕੋਇ ਵਿਚ ਸੰਸਾਰਾ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਉਸ ਦਾ ਸੰਮਤ ਸ਼ਹਿਨਸ਼ਾਹੀ ਲੇਖਾ ਹੋਣਾ ਵਿਚ ਗਿਆਰਾਂ, ਪ੍ਰਵਿਸ਼ਟਾ ਬਾਈ ਭਾਦਰੋਂ ਨਾਲ ਮਿਲਾਈਆ । ਇਸ ਦਾ ਬਣ ਕੇ ਵੇਦ ਵਿਆਸ ਲਿਖਾਰਾ, ਗਰੜ ਪੁਰਾਣ ਵਿਚ ਗਿਆ ਜਣਾਈਆ । ਜੋਤੀ ਜੋਤ

੮੮੨
੨੪

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਬ ਲਹਿਣਾ ਚੁਕਾਏ ਆਪ ਉਧਾਰਾ, ਅਗਲਾ ਲੇਖਾ ਆਪਣੇ ਚਰਨ ਰਖਾਈਆ ।

✪ ੨੨ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ਹਰਿ ਸੰਗਤ ਜੰਡਿਆਲਾ ਨਵਿਤ ✪

ਨਾਰਦ ਕਹੇ ਧਰਨੀਏ ਮੈਂ ਤੇਰੇ ਕੋਲ ਪੁੱਜਾ, ਜਗਤ ਜਹਾਨ ਦਾ ਪੰਧ ਮੁਕਾਈਆ । ਕਿਉਂ ਧਰਮ ਦਾ ਦੀਪਕ ਤੇਰੇ ਉਤੇ ਬੁੱਝਾ, ਕਲਜੁਗ ਕੂੜ ਅੰਧੇਰਾ ਗਿਆ ਛਾਈਆ । ਧਰਮ ਦੀ ਧਾਰ ਵਸਦਾ ਦਿਸੇ ਕੋਈ ਨਾ ਝੁੱਗਾ, ਗ੍ਰਿਹ ਮੰਦਰ ਨਾ ਕੋਇ ਵਡਿਆਈਆ । ਧਰਨੀਏ ਤੇਰੇ ਨਾਮ ਦਾ ਮੁੱਲਾ ਸ਼ੇਖ਼ ਮੁਸਾਇਕ ਪੰਡਤ ਪਾਂਧੇ ਗ੍ਰੰਥੀ ਪੰਥੀ ਲੈਂਦੇ ਭੁੱਗਾ, ਟਕਿਆਂ ਕ਼ੀਮਤ ਰਹੇ ਪਾਈਆ । ਪਰਮ ਪੁਰਖ ਦਾ ਨਾਮ ਕਰੇ ਕੋਈ ਨਾ ਉਘਾ, ਉਘਣ ਆਥਣ ਪਈ ਦੁਹਾਈਆ । ਸਤਿ ਧਰਮ ਦਾ ਸੁਝੇ ਕਿਸੇ ਨਾ ਮੁੱਦਾ, ਮੁਦਤਾਂ ਦਾ ਮਾਲਕ ਨਜ਼ਰ ਕਿਸੇ ਨਾ ਆਈਆ । ਤੂੰ ਨਿਗਾਹ ਮਾਰ ਲੈ ਸਵਾਧਾਨ ਹੋ ਬਸੁਧਾ, ਸੁਧ ਆਪਣੀ ਲੈ ਪਰਗਟਾਈਆ । ਉਹ ਤਕ ਲੈ ਜੋ ਸੰਦੇਸ਼ਾ ਦੇ ਕੇ ਗਿਆ ਮਹਾਤਮਾ ਬੁੱਧਾ, ਆਪ ਆਪਣਾ ਧਿਆਨ ਰਖਾਈਆ । ਕਲਜੁਗ ਅੰਤ ਦੀਨ ਦੁਨੀ ਸ਼ਰਅ ਦਾ ਹੋਣਾ ਧਰਮ ਯੁੱਧਾ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਇਕ ਰੰਗਾਈਆ । ਧਰਨੀ ਕਹੇ ਪ੍ਰਭੂ ਮੇਰਾ ਲਹਿਣਾ ਜਗਤ ਅਨੋਖਾ ਅਵੱਲੜਾ, ਕਰਨੀ ਦੇ ਕਰਤੇ ਦਿਆਂ ਜਣਾਈਆ । ਮੇਰਾ ਖ਼ਾਲੀ ਵੇਖ ਲੈ ਪਲੜਾ, ਪੱਲੂ ਗੰਢ ਨਾ ਕੋਇ ਬੰਧਾਈਆ । ਮੇਰਾ ਪਿਆਰ ਏਕੰਕਾਰ ਤੇਰੇ ਦਰ ਦੁਆਰੇ ਖਲੜਾ, ਦਰਗਾਹ ਸਾਚੀ ਆਸਣ ਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਫੜਾ ਦੇ ਆਪਣਾ ਪਲੜਾ, ਪੱਲੂ ਗੰਢ ਦੇਣੀ ਬੰਧਾਈਆ । ਬੇਸ਼ਕ ਤੇਰਾ ਮਾਰਗ ਚਾਰ ਜੁਗ ਤੋਂ ਹੋਵੇ ਅਵੱਲੜਾ, ਅਵੱਲੜੀ ਕਾਰ ਕਮਾਈਆ । ਮੇਰਾ ਵਿਛੋੜਾ ਹੋਵੇ ਘੜੀ ਨਾ ਪਲੜਾ, ਪਲਕਾਂ ਦੇ ਪਿਛੇ ਬਹਿ ਕੇ ਦਰਸ਼ਨ ਦੇਣਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸਾ ਸਭ ਤੋਂ ਵਖਰੀ, ਵਖਰਿਆਂ ਦਿਆਂ ਜਣਾਈਆ । ਮਾਣ ਰਿਹਾ ਨਾ ਤੇਰੀ ਵਿਦਿਆ ਅੱਖਰੀ, ਅੱਖਰ ਅੱਖਰ ਦੇਣ ਗਵਾਹੀਆ । ਪੂਜਾ ਤਕ ਲੈ ਪਾਹਨਾਂ ਪੱਥਰੀ, ਇੱਟਾਂ ਸੀਸ ਨਿਵਾਈਆ । ਗੋਬਿੰਦ ਧਾਰ ਦਿਸੇ ਲੱਭੀ ਕੋਇ ਨਾ ਸਥਰੀ, ਯਾਰੜੇ ਤੇਰੀ ਸੇਜ ਹੰਢਾਈਆ । ਮੈਂ ਨੇਤਰ ਰੋਵਾਂ ਨਿਰਗੁਣ ਧਾਰ ਬਿਨਾ ਅੱਥਰੀ, ਹੰਝੂਆਂ ਹਾਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਝਟ ਨਾਰਦ ਕਹੇ ਧਰਨੀਏ ਕਿਉਂ ਰੋ ਰੋ ਮਾਰੇਂ ਚੀਕਾਂ, ਦੋ ਜਹਾਨ ਰਹੀ ਸੁਣਾਈਆ । ਵੇਖ ਲੈ ਤੇਰੇ ਪਿਛਲੇ ਉਤੇ ਪ੍ਰਭੂ ਮਾਰਨ ਵਾਲਾ ਲੀਕਾਂ, ਪੂਰਬ ਲਹਿਣਾ ਰਹੇ ਨਾ ਰਾਈਆ । ਜਿਸ ਦੀਆਂ ਅਵਤਾਰ ਪੈਗ਼ੰਬਰਾਂ ਗੁਰੂਆਂ ਰਖੀਆਂ ਉਡੀਕਾਂ, ਭਵਿਖਤਾਂ ਵਿਚ ਆਸਾ ਗਏ ਰਖਾਈਆ । ਉਹ ਮਾਲਕ ਖ਼ਾਲਕ ਨੀਕਨ ਨੀਕਾ, ਨਿਰਵੈਰ ਹੋ ਕੇ ਤੇਰਾ ਲਹਿਣਾ ਦੇਣਾ ਦਏ ਚੁਕਾਈਆ । ਬੇਸ਼ਕ ਧਰਮ ਦਾ ਫਲ ਹੋ ਗਿਆ ਫੀਕਾ, ਕਲਜੁਗ ਕੂੜਾ ਰੀਠਾ ਦਏ ਭੰਨਾਈਆ । ਉਸ ਦੇ ਵਿਚ ਹਕ ਤੌਫ਼ੀਕ਼ਾ, ਧੁਰ ਦਾ ਮਾਲਕ ਇਕ ਅਖਵਾਈਆ ।

ਜਿਸ ਦੀਆਂ ਆਦਿ ਜੁਗਾਦਿ ਟੁਟ ਸਕਣ ਨਾ ਕਦੇ ਪ੍ਰੀਤਾਂ, ਪ੍ਰੀਤਮ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਧਰਨੀਏ ਉਹ ਤਕ ਲੈ ਅਗੰਮਾ ਬਾਪ, ਪਿਤਾ ਪੁਰਖ ਅਕਾਲ ਵੇਖ ਵਖਾਈਆ । ਜਿਸ ਨੇ ਕਲਜੁਗ ਕੂੜ ਮੇਟਣਾ ਪਾਪ, ਪਤਤ ਪੁਨੀਤ ਤੈਨੂੰ ਦਏ ਕਰਾਈਆ । ਜਿਸ ਆਤਮ ਪਰਮਾਤਮ ਇਕੋ ਦੱਸਣਾ ਜਾਪ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਉਹ ਖੇਲ ਖਿਲਾਏ ਦਇਆ ਕਮਾਏ ਲੋਕਮਾਤ, ਮਾਤਰ ਭੂਮੀਏ ਤੇਰਾ ਲੇਖਾ ਦਏ ਚੁਕਾਈਆ । ਤੂੰ ਹੁਕਮ ਸੰਦੇਸ਼ਾ ਯਾਦ ਰਖਣਾ ਅੱਜ ਦੀ ਰਾਤ, ਰੈਣ ਭਿੰਨੜੀ ਨਾਲ ਮਿਲਾਈਆ । ਇਹ ਕੋਈ ਜਗਤ ਜਹਾਨ ਦੀ ਨਹੀਂ ਬਾਤ, ਬਾਤਨ ਪਰਦਾ ਦਿਤਾ ਖੁਲ੍ਹਾਈਆ । ਨਾਰਦ ਕਹੇ ਮੈਂ ਉਸ ਦਾ ਖੇਲ ਤਕਿਆ ਇਕ ਇਕਾਂਤ, ਇਕ ਇਕੱਲਾ ਰਿਹਾ ਕਰਾਈਆ । ਜਿਸ ਨੇ ਨਵ ਸੱਤ ਵੰਡੇ ਪ੍ਰਾਂਤ, ਹਿੱਸੇ ਦੀਨ ਦੁਨੀ ਪਾਈਆ । ਉਹ ਦੇਵਣਹਾਰਾ ਅੰਮ੍ਰਿਤ ਬੂੰਦ ਸਵਾਂਤ, ਅੰਮਿਉਂ ਰਸ ਅਗੰਮਾ ਆਪ ਚੁਆਈਆ । ਸੋ ਅੰਤ ਧਰਨੀਏ ਤੇਰੀ ਪੁਛੇ ਵਾਤ, ਸਿਰ ਤੇਰੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਧਰਨੀਏ ਨਿਗਾਹ ਮਾਰ ਲੈ ਸ਼ਾਹੋ ਭੂਪ ਇਕ ਰਾਜਾ, ਜਿਸ ਦੀ ਰਈਅਤ ਦੋ ਜਹਾਨ ਨਜ਼ਰ ਕਿਸੇ ਨਾ ਆਈਆ । ਜਿਸ ਨੂੰ ਅਵਤਾਰ ਪੈਗ਼ੰਬਰਾਂ ਮਾਰੀਆਂ ਆਵਾਜ਼ਾਂ, ਸੁਨੇਹੜੇ ਨਾਮ ਕਲਮੇ ਵਾਲੇ ਸੁਣਾਈਆ । ਤੇਰੀ ਆਸ਼ਾ ਕਹਿੰਦੀ ਕਲਗੀ ਧਰ ਅਗੰਮੇ ਆ ਜਾ, ਆਪ ਆਪਣਾ ਪੰਧ ਮੁਕਾਈਆ । ਤੂੰ ਸ਼ਾਹੋ ਭੂਪ ਗ਼ਰੀਬ ਨਿਵਾਜ਼ਾ, ਸਿਰ ਮੇਰੇ ਹੱਥ ਟਿਕਾਈਆ । ਸੋ ਪੁਰਖ ਅਕਾਲਾ ਧਰਨੀਏ ਤੇਰਾ ਪੂਰਾ ਕਰਨ ਵਾਲਾ ਕਾਜਾ, ਕਰਨੀ ਦਾ ਕਰਤਾ ਨੂਰ ਅਲਾਹੀਆ । ਉਸ ਦਾ ਨੂਰ ਜ਼ਹੂਰ ਕਮਲੀਏ ਤਕ ਲੈ ਸੰਬਲ ਦੇਸ ਦੇਸ ਵਿਚ ਮਾਝਾ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਜਿਸ ਦਾ ਲਹਿਣਾ ਦੇਣਾ ਨਿਰਗੁਣ ਸਰਗੁਣ ਧਾਰ ਦੋ ਦੋਆਬਾ, ਦੂਹਰੀ ਆਪਣੀ ਕਲ ਵਰਤਾਈਆ । ਜਿਸ ਨੂੰ ਮੁਹੰਮਦ ਕਿਹਾ ਉਹ ਅਮਾਮ ਨੂਰ ਅਲਾਹ ਅੰਤ ਆਵੇ ਸਦੀ ਚੌਧਵੀਂ ਵਿਚ ਪੰਜ ਆਬਾ, ਆਬੇ ਹਯਾਤ ਦੇਵੇ ਚਾਈਂ ਚਾਈਆ । ਜਿਸ ਦਾ ਲਹਿਣਾ ਦੇਣਾ ਨਾਲ ਨਹੀਂ ਸ਼ਰਅ ਵਾਲੀਆਂ ਕਿਤਾਬਾਂ, ਕੁਤਬਖ਼ਾਨਿਆਂ ਬਾਹਰ ਆਪਣਾ ਹੁਕਮ ਸੁਣਾਈਆ । ਉਸ ਦਾ ਇਕੋ ਜਲਵਾ ਇਕੋ ਹੋਵੇ ਮਹਿਰਾਬਾ, ਮਹਿਬੂਬ ਇਕੋ ਸੋਭਾ ਪਾਈਆ । ਇਕੋ ਸਯਦਾ ਹੋਵੇ ਇਕੋ ਹੋਵੇ ਅਦਾਬਾ, ਸੀਸ ਜਗਦੀਸ ਇਕ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਧਰਨੀਏ ਕਲਜੁਗ ਅੰਤਮ ਬਣ ਜਾ ਮੰਗਤੀ, ਮਾਂਗਤੇ ਆਪਣੀ ਝੋਲੀ ਡਾਹੀਆ । ਪਿਛਲਾ ਲੇਖਾ ਛਡ ਦੇ ਪੰਡਤੀ, ਜਗਤ ਨਛੱਤਰ ਨਾ ਕੋਇ ਚਤੁਰਾਈਆ । ਅਗਲੀ ਮੰਜ਼ਲ ਜਾਣੀ ਲੰਘਦੀ, ਅਗੇ ਹੋ ਨਾ ਕੋਇ ਅਟਕਾਈਆ । ਇਕੋ ਨਾਮ ਨਿਧਾਨਾ ਜਾਵੀਂ ਮੰਗਦੀ, ਤੂੰ ਹੀ ਤੂੰ ਹੀ ਰਾਗ ਅਲਾਈਆ । ਤੈਨੂੰ ਬਖ਼ਸ਼ੇ ਧਾਰ ਅਗੰਮੇ ਗੰਗ ਦੀ, ਗੰਗੋਤਰੀ ਜਿਸ ਨੂੰ ਸੀਸ ਨਿਵਾਈਆ । ਤੇਰੀ ਕਾਰ ਮੁਕੇ ਰਸਨਾ ਜਿਹਵਾ ਵਾਲੇ ਦੰਦ ਦੀ, ਮੁਖ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਮਾਲਕ ਇਕ ਗੁਸਾਂਈਆ । ਨਾਰਦ ਕਹੇ ਧਰਨੀਏ ਆਪਣੀ ਬਦਲ ਵਿਚਾਰ, ਵਿਚਰਕੇ ਦਿਆਂ ਸੁਣਾਈਆ । ਜ਼ਰਾ ਉਠ ਕੇ ਨਿਗਾਹ ਮਾਰ, ਨਵ ਸੱਤ ਵੇਖ ਵਖਾਈਆ । ਖੇਲ ਤਕ ਸਚੀ ਸਰਕਾਰ, ਸਾਹਿਬ ਕੀ ਆਪਣੀ ਕਲ ਵਰਤਾਈਆ । ਜੋਤੀ ਜਾਤਾ ਹੋ ਕੇ ਹੋਇਆ ਜ਼ਾਹਰ, ਜ਼ਾਹਰ ਜ਼ਹੂਰ

ਕਰੇ ਰੁਸ਼ਨਾਈਆ । ਜਿਸ ਨੂੰ ਸਯਦੇ ਕਰਦੇ ਪੈਗ਼ੰਬਰ ਗੁਰ ਅਵਤਾਰ, ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਉਹ ਭਗਤ ਸੁਹੇਲਾ ਬਣ ਕੇ ਮੀਤ ਮੁਰਾਰ, ਮਿਤਰ ਪਿਆਰਾ ਆਪਣਾ ਰੂਪ ਬਦਲਾਈਆ । ਸਚ ਦੁਆਰ ਏਕੰਕਾਰ ਦੀਆ ਬਾਤੀ ਕਰ ਉਜਿਆਰ, ਅੰਧ ਅੰਧੇਰਾ ਰਿਹਾ ਮਿਟਾਈਆ । ਹਰਿ ਭਗਤ ਸੁਹੇਲੇ ਕਰ ਤਿਆਰ, ਤ੍ਰੈਗੁਣ ਅਤੀਤਾ ਆਪਣਾ ਰੰਗ ਰੰਗਾਈਆ । ਆਪੇ ਗੁਪਤ ਆਪੇ ਜ਼ਾਹਰ, ਆਪੇ ਅੰਦਰ ਆਪੇ ਬਾਹਰ, ਨਿਰਗੁਣ ਸਰਗੁਣ ਆਪਣਾ ਖੇਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਸੁਣਾਈਆ । ਨਾਰਦ ਕਹੇ ਧਰਨੀਏ ਧੁਰ ਦਾ ਹੁਕਮ ਸੁਣਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਭੇਵ ਅਭੇਦ ਆਪ ਖੁਲ੍ਹਾਵੇਗਾ । ਦੇਵੀ ਦੇਵ ਰੂਪ ਬਦਲਾਵੇਗਾ । ਰਸਨਾ ਜਿਹਵਾ ਨਾ ਮੂਲ ਹਿਲਾਵੇਗਾ । ਸ਼ਿਵ ਸ਼ਵੈ ਆਪ ਅਖਵਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਉਠਾਵੇਗਾ । ਅਵਤਾਰ ਪੈਗ਼ੰਬਰ ਗੁਰੂ ਨਾਲ ਮਿਲਾਵੇਗਾ । ਜੋਤੀ ਜਾਤਾ ਡਗਮਗਾਵੇਗਾ । ਪੁਰਖ ਬਿਧਾਤਾ ਨਾਉਂ ਰਖਾਵੇਗਾ । ਸਤਿਗੁਰ ਸ਼ਬਦ ਸ਼ਬਦ ਜਗਾਵੇਗਾ । ਤੇਰਾ ਨਵ ਸੱਤ ਦਾ ਪਰਦਾ ਲਾਹਵੇਗਾ । ਜੰਬੂ ਦੀਪ ਆਪ ਵਡਿਆਵੇਗਾ । ਭਾਰਤ ਖੰਡ ਨੂਰ ਰੁਸ਼ਨਾਵੇਗਾ । ਸੰਬਲ ਬਹਿ ਕੇ ਸੋਭਾ ਪਾਵੇਗਾ । ਦੀਆ ਬਾਤੀ ਆਪਣਾ ਆਪ ਜਗਾਵੇਗਾ । ਕਮਲਾਪਾਤੀ ਨੂਰ ਚਮਕਾਵੇਗਾ । ਜਨ ਭਗਤਾਂ ਪੁਛੇ ਵਾਤੀ, ਸਿਰ ਸਿਰ ਆਪਣਾ ਹੱਥ ਟਿਕਾਵੇਗਾ । ਤੂੰ ਨਿਗਾਹ ਮਾਰੀਂ ਬਾਈ ਭਾਦਰੋਂ ਰਾਤੀ, ਮਾਝਾ ਦੇਸ ਆਪ ਸੁਹਾਵੇਗਾ । ਕਮਲੀਏ ਬਿਨ ਅੱਖਾਂ ਤੋਂ ਨੌ ਖੰਡ ਮਾਰੀਂ ਝਾਕੀ, ਤੇਰਾ ਲਹਿਣਾ ਦੇਣਾ ਪੂਰਬ ਦੇਵੇ ਬਾਕ਼ੀ, ਬਾਕ਼ਾਇਦਾ ਆਪਣਾ ਹੁਕਮ ਵਰਤਾਵੇਗਾ । ਬੇਸ਼ਕ ਤੇਰਾ ਤਨ ਵਜੂਦ ਖ਼ਾਕੀ, ਕੰਚਨ ਗੜ੍ਹ ਆਪ ਸੁਹਾਵੇਗਾ । ਨਾਰਦ ਕਹੇ ਧਰਨੀਏ ਮੈਂ ਉਸ ਦੀ ਸੁਣਾਵਾਂ ਬਾਤੀ, ਜੋ ਬਾਤਨ ਆਪਣਾ ਭੇਵ ਚੁਕਾਵੇਗਾ । ਤੇਰਾ ਲਹਿਣਾ ਦੇਣਾ ਪੂਰਾ ਕਰੇ ਲੋਕਮਾਤੀ, ਮਿਰਤੂ ਲੋਕ ਵੇਖ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਵ ਸਿੰਘ ਵਿਸ਼ਨੂੰ ਭਗਵਾਨ, ਅੰਤਮ ਤੇਰੀ ਪੁਛੇ ਵਾਤੀ, ਵਾਤਾਵਰਨ ਸ੍ਰਿਸ਼ਟ ਦ੍ਰਿਸ਼ਟ ਵੇਖ ਵਖਾਵੇਗਾ ।



### ✪ ੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ਸੰਤੋਖ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਮੈਨੂੰ ਪਾ ਦੇ ਅਗੰਮੀ ਭਿੱਖਿਆ ਭਿੱਖੀ, ਭੀਖਿਆ ਆਪਣੀ ਦਇਆ ਕਮਾਈਆ । ਆਸਾ ਮਨਸਾ ਪੂਰੀ ਕਰ ਦੇ ਜੋ ਰਖੀ ਸਪਤਸ ਰਿਖੀ, ਅਤਰੀ ਅੰਤਰ ਧਿਆਨ ਲਗਾਈਆ । ਤੇਰੀ ਸ਼ਬਦ ਦੀ ਧਾਰ ਸਤਿਜੁਗ ਜਾਏ ਲਿਖੀ, ਲੇਖ ਅਗਲਾ ਦੇ ਬਣਾਈਆ । ਨਵ ਸੱਤ ਤੇਰੇ ਪਿਆਰ ਦੀ ਹੋਵੇ ਸਿੱਖੀ, ਜ਼ਾਤ ਵੰਡ ਨਾ ਕੋਇ ਰਖਾਈਆ । ਜਿਸ ਦੀ ਧਾਰ ਹੋਵੇ ਤਿੱਖੀ, ਸ਼ਸਤਰ ਘਾਇਲ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਿਆਰ ਆਪ ਬੰਧਾਈਆ । ਧਰਨੀ ਕਹੇ ਮੇਰੇ ਨਰੇਸ਼, ਨਰ ਨਰਾਇਣ ਤੇਰੀ ਵਡਿਆਈਆ । ਮੇਰੇ ਉਤੇ ਧਰਮ ਦਾ ਦੇ ਉਪਦੇਸ਼, ਉਪਨਿਸ਼ਦਾਂ ਦਾ ਲੇਖਾ ਰਹੇ ਨਾ ਰਾਈਆ । ਤੇਰਾ ਦੋ ਜਹਾਨਾਂ ਇਕੋ ਹੋਵੇ ਸੰਦੇਸ਼, ਸੰਧਿਆ ਸਰਘੀ ਇਕੋ ਨਾਮ ਧਿਆਈਆ । ਕਲਜੁਗ ਕੂੜੀ ਕਿਰਿਆ ਮੇਟ ਕਲੇਸ਼, ਕਲ ਕਲਕੀ ਆਪਣਾ ਨਾਉਂ ਪਰਗਟਾਈਆ । ਤੇਰਾ

ਸ਼ਬਦ ਦਸ ਦਸਮੇਸ਼, ਸਿਰ ਮੇਰੇ ਹੱਥ ਰਖਾਈਆ । ਮੈਂ ਧਰਮ ਦੀ ਧਾਰ ਦਰ ਤੇਰੇ ਹੋਈ ਪੇਸ਼, ਪੇਸ਼ੀਨਗੋਈਆਂ ਪੂਰਬ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਬੰਕ ਦੁਆਰ ਸੁਹਾਈਆ । ਧਰਨੀ ਕਹੇ ਪ੍ਰਭੂ ਮੇਰੇ ਧਰਮ ਗੁਸਾਈਂਆ, ਗਹਿਰ ਗਵਰ ਤੇਰੀ ਸਰਨਾਈਆ । ਮੈਂ ਤਕੀਆਂ ਤੇਰੀਆਂ ਬੇਪਰਵਾਹੀਆਂ, ਬੇਪਰਵਾਹ ਤੇਰੀ ਵਡ ਵਡਿਆਈਆ । ਮੇਰੀਆਂ ਚਾਰੋਂ ਕੁੰਟ ਦੁਹਾਈਆਂ, ਦੋ ਜਹਾਨਾਂ ਦਿਆਂ ਸੁਣਾਈਆ । ਮੇਰੇ ਤੇ ਕਲਜੁਗ ਧਾਰ ਮਾਨਵ ਜ਼ਾਤੀ ਬਣੀ ਰੂਪ ਕਸਾਈਆਂ, ਸ਼ਰਅ ਸ਼ਰਅ ਸੰਗ ਰਲਾਈਆ । ਤੇਰਾ ਨਾਉਂ ਭੁਲ ਗਿਆ ਹਿੰਦਸਾ ਇਕ ਇਕਾਈਆਂ, ਜ਼ੀਰੋ ਸਿਫ਼ਰਾ ਕੰਮ ਕਿਸੇ ਨਾ ਆਈਆ । ਸਚ ਪ੍ਰੀਤ ਮੁਹੱਬਤਾਂ ਦਿਸਣ ਮੂਲ ਨਾ ਲਾਈਆਂ, ਪਿਆਰ ਵਿਚ ਨਾ ਕੋਇ ਸਮਾਈਆ । ਮੈਂ ਕੂਕ ਸੁਣਾਵਾਂ ਕਢ ਉਚੀਆਂ ਬਾਹੀਆਂ, ਬਿਨ ਹੱਥਾਂ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਦੁਆਰ ਇਕ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰਾ ਬੰਕ ਦੁਆਰਾ ਤੇਰਾ ਹੋਵੇ ਚਰਨ, ਹਟ ਬਾਜ਼ਾਰ ਇਕੋ ਨਜ਼ਰੀ ਆਈਆ । ਜਗਤ ਜਹਾਨ ਮਿਲੇ ਸਰਨ, ਸੁਆਮੀ ਦੇਣੀ ਮਾਣ ਵਡਿਆਈਆ । ਸਤਿ ਸਚ ਦਾ ਮੇਰਾ ਹੋਵੇ ਪ੍ਰਨ, ਪਰਾ ਪਸੰਤੀ ਮਧਮ ਬੈਖਰੀ ਮਿਲ ਕੇ ਵਜੇ ਵਧਾਈਆ । ਮੈਂ ਤੇਰਾ ਮੰਗਿਆ ਇਕੋ ਦਰਨ, ਦਰਦੀ ਹੋ ਕੇ ਦਰਦ ਲੈਣਾ ਵੰਡਾਈਆ । ਮੈਂ ਕਲਜੁਗ ਕੂੜੀ ਕਿਰਿਆ ਨਾਲ ਲੱਗੀ ਸੜਨ, ਅਗਨੀ ਅੱਗ ਦੇਣੀ ਬੁਝਾਈਆ । ਪੁਰਖ ਅਕਾਲੇ ਦੀਨ ਦਿਆਲੇ ਨਿਰਗੁਣ ਧਾਰ ਲਾਉਣਾ ਆਪਣੇ ਲੜਨ, ਕੰਨੀ
੯੮੬ ਕੰਨੀ ਨਾਲ ਬੰਧਾਈਆ । ਮੇਰੀ ਆਸ਼ਾ ਤੂੰ ਮੇਰਾ ਮੈਂ ਤੇਰਾ ਤੇਰਾ ਢੋਲਾ ਲੱਗੀ ਪੜ੍ਹਨ, ਸੋਹੰ ਸ਼ਬਦ ਸ਼ਬਦ ਜਣਾਈਆ । ਜੋਤੀ ਜੋਤ ਸਰੂਪ ਹਰਿ, ੯੮੬
੨੪ ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਉਤੇ ਲੇਖਾ ੨੪
ਪੂਰਾ ਕਰਨਾ ਸੀਸ ਧੜਨ, ਤਨ ਵਜੂਦਾਂ ਵੇਖਣਾ ਚਾਈਂ ਚਾਈਆ ।

### ✪ ੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ਦਲੀਪ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਜਨ ਭਗਤਾਂ ਬਖ਼ਸ਼ ਅਗੰਮ ਪਿਆਰ, ਪ੍ਰੀਤਮ ਹੋ ਕੇ ਦਇਆ ਕਮਾਈਆ । ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਡਗਮਗਾਈਆ । ਸਾਚੇ ਸ਼ਬਦ ਦੀ ਦੇ ਧੁਨਕਾਰ, ਅਨਹਦ ਨਾਦੀ ਰਾਗ ਸੁਣਾਈਆ । ਧੁਰ ਦਾ ਅੰਮ੍ਰਿਤ ਬਖ਼ਸ਼ ਦੇ ਠੰਡਾ ਠਾਰ, ਅਗਨੀ ਤਤ ਤਤ ਬੁਝਾਈਆ । ਰਾਤੀਂ ਸੁਤਿਆਂ ਦੇ ਦੀਦਾਰ, ਦਿਨੇ ਜਾਗਦਿਆਂ ਲੈਣਾ ਮਿਲਾਈਆ । ਅੱਠੇ ਪਹਿਰ ਰਖਣਾ ਖ਼ਬਰਦਾਰ, ਆਲਸ ਨਿੰਦਰਾ ਵਿਚੋਂ ਬਾਹਰ ਕਢਾਈਆ । ਤੂੰ ਮੇਰਾ ਮੈਂ ਤੇਰਾ ਤੇਰਾ ਨਾਮ ਲੈਣ ਉਚਾਰ, ਢੋਲੇ ਗਾਵਣ ਥਾਉਂ ਥਾਈਂਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਿਕਦਾਰ, ਸਚਖੰਡ ਨਿਵਾਸੀ ਇਕ ਅਖਵਾਈਆ । ਮੇਰੀ ਬੇਨੰਤੀ ਤੇਰੇ ਦਰੇ ਦਰਬਾਰ, ਦਰ ਠਾਂਢੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਨਾਮ ਵਰਤਾਈਆ । ਜਨ ਭਗਤ ਸੁਹੇਲੇ ਜੋ ਤੇਰੇ ਪਿਛੇ ਪਿਛੇ ਫਿਰਦੇ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਮਾਣ ਦੇ ਦੇ ਘਰ ਥਿਰ ਦੇ, ਸਚਖੰਡ ਨਿਵਾਸੀ ਹੋਣਾ ਆਪ ਸਹਾਈਆ । ਨਿਝਰ ਝਿਰਨੇ ਰਹਿਣ ਝਿਰਦੇ, ਅੰਮ੍ਰਿਤ ਰਸ

ਜਾਮ ਪਿਆਈਆ । ਮਾਣ ਬਖ਼ਸ਼ਣੇ ਧੁਰ ਦੇ ਪਿਰ ਦੇ, ਪੀਆ ਪ੍ਰੀਤਮ ਹੋ ਕੇ ਵੇਖ ਵਖਾਈਆ । ਤੇਰੇ ਨਾਲ ਆਦਿ ਜੁਗਾਦਿ ਰਹਿਣ ਮਿਲਦੇ, ਵਿਛੋੜਾ ਰਹਿਣ ਕੋਇ ਨਾ ਪਾਈਆ । ਪਰਦੇ ਲਾਹੁਣੇ ਬਜਰ ਕਪਾਟੀ ਸਿਲ ਦੇ, ਉਹਲਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਦਰ ਇਕ ਸੁਹਾਈਆ । ਧਰਨੀ ਕਹੇ ਪ੍ਰਭੂ ਭਗਤ ਸੁਹੇਲੇ ਤੇਰੇ ਸਾਜਣ, ਜੁਗ ਜੁਗ ਰੀਤੀ ਚਲੀ ਆਈਆ । ਤੂੰ ਸ਼ਹਿਨਸ਼ਾਹ ਗ਼ਰੀਬ ਨਿਵਾਜ਼ਣ, ਸਿਰ ਸਿਰ ਆਪਣਾ ਹੱਥ ਟਿਕਾਈਆ । ਦਾਤਾ ਦਾਨੀ ਧੁਰ ਦਾ ਰਾਜਨ, ਵਸਤ ਅਮੋਲਕ ਦੇਣੀ ਵਰਤਾਈਆ । ਅੰਤ ਸਵਾਰਨਾ ਸਭ ਦਾ ਕਾਜਨ, ਕਰਨੀ ਕਰਤੇ ਆਪਣਾ ਸੰਗ ਨਿਭਾਈਆ । ਦੀਨਾਂ ਦਰਦਾਂ ਦੁਖੀਆਂ ਸੁਣੀਂ ਅਵਾਜ਼ਣ, ਸਚਖੰਡ ਨਿਵਾਸੀ ਲੈ ਅੰਗੜਾਈਆ । ਵੇਖੀਂ ਜਨ ਭਗਤਾਂ ਨਾਲ ਸੌਦਾ ਕਰੀਂ ਨਾ ਵਾਂਗ ਮਹਾਜਨ, ਧਰਮ ਦੀ ਧਾਰ ਧਰਮ ਲੈਣਾ ਪਰਗਟਾਈਆ । ਦਿਵਸ ਰੈਣ ਬਿਨ ਰਸਨਾ ਜਿਹਵਾ ਤੈਨੂੰ ਸਾਰੇ ਅਰਾਧਣ, ਹਿਰਦੇ ਆਪਣਾ ਆਪ ਦੇਣਾ ਟਿਕਾਈਆ । ਤੂੰ ਸਾਹਿਬ ਸੁਆਮੀ ਮੋਹਣ ਮਾਧਵ ਮਾਦਨ, ਮਧੁਰ ਧੁਨ ਦੇਣੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਨ ਭਗਤਾਂ ਦੁਰਮਤ ਮੈਲ ਧੋਣਾ ਦਾਗ਼ਣ, ਦਗ਼ਾ ਫ਼ਰੇਬ ਅੰਤਰ ਰਹਿਣ ਕੋਇ ਨਾ ਪਾਈਆ ।



### ✪ ੨੩ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ਤੇਜਾ ਸਿੰਘ ਦੇ ਗ੍ਰਿਹ ✪

੯੯੭
੨੪

ਧਰਨੀ ਕਹੇ ਜਨ ਭਗਤੋ ਪ੍ਰਭ ਚਰਨ ਕਰੋ ਨਿਮਸਕਾਰ, ਸਤਿ ਧਰਮੀਉਂ ਸਚ ਦਿਆਂ ਸੁਣਾਈਆ । ਬਿਨਾ ਧੂੜੀ ਤੋਂ ਮਸਤਕ ਲਾਓ ਛਾਰ, ਟਿੱਕੇ ਅਗੰਮ ਨਾਮ ਰਮਾਈਆ । ਅੰਤਸ਼ਕਰਨ ਕਰੋ ਪਿਆਰ, ਹਿਰਦੇ ਹਰਿ ਵਸਾਈਆ । ਮਾਨਸ ਜਨਮ ਲਓ ਸਵਾਰ, ਚੁਰਾਸੀ ਫਾਸੀ ਗਲ ਲਓ ਕਟਾਈਆ । ਜਨਮ ਜਨਮ ਦਾ ਕ਼ਰਜ਼ਾ ਲਓ ਉਤਾਰ, ਲੇਖਾ ਅਵਰ ਰਹੇ ਨਾ ਰਾਈਆ । ਸਚ ਦੁਆਰ ਮੰਗੋ ਘਰ ਬਾਹਰ, ਗ੍ਰਿਹਿ ਇਕੋ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਜਨ ਭਗਤੋ ਪ੍ਰਭ ਅਗੇ ਕਰੋ ਅਰਦਾਸ, ਬੇਨੰਤੀ ਧਰਮ ਧਾਰ ਜਣਾਈਆ । ਸਦ ਰਹਿਣਾ ਸਾਡੇ ਪਾਸ, ਪ੍ਰਭ ਮਨਸਾ ਪੂਰ ਕਰਾਈਆ । ਪੰਚ ਵਿਕਾਰ ਕਰਨਾ ਨਾਸ, ਦੁਖ ਦਲਿਦ੍ਰਾਂ ਡੇਰਾ ਢਾਹੀਆ । ਲੇਖੇ ਲਾਉਣਾ ਸਵਾਸ ਸਵਾਸ, ਪਵਣ ਪਵਣਾਂ ਵਿਚ ਸਮਾਈਆ । ਸਾਡਾ ਲੇਖਾ ਰਹੇ ਨਾ ਪ੍ਰਿਥਮੀ ਆਕਾਸ਼, ਗਗਨ ਗਗਨੰਤਰਾਂ ਪੰਧ ਮੁਕਾਈਆ । ਇਕੋ ਜਲਵਾ ਤਕੀਏ ਤੇਰਾ ਨੂਰ ਪਰਕਾਸ਼, ਜੋਤੀ ਜਾਤਾ ਨਜ਼ਰੀ ਆਈਆ । ਸਾਡਾ ਬਣਿਆ ਰਹੇ ਵਿਸ਼ਵਾਸ਼, ਜਗਤ ਵਿਸ਼ਿਆਂ ਵਿਚ ਨਾ ਕੋਇ ਰੁੜ੍ਹਾਈਆ । ਮਨੂਆ ਮਨ ਨਾ ਹੋਵੇ ਬਦਮੁਆਸ਼, ਬਦੀ ਅੰਦਰੋਂ ਬਾਹਰ ਕਢਾਈਆ । ਅੰਤਮ ਸਾਡੀ ਲੇਖੇ ਲਾਉਣੀ ਲਾਸ਼, ਤਨ ਵਜੂਦ ਆਪਣੇ ਰੰਗ ਰੰਗਾਈਆ । ਸਾਡਾ ਲੇਖ ਚੁਕਾਉਣਾ ਸ਼ੰਕਰ ਨਾਲੋਂ ਕੈਲਾਸ਼, ਕਲਾਧਾਰੀ ਕਲ ਕਲਕੀ ਆਪਣੇ ਗ੍ਰਿਹਿ ਦੇਣੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਸਤਿਗੁਰ ਸ਼ਬਦ ਜਨ ਭਗਤਾਂ ਵਲ ਮਾਰ ਲੈ ਝਾਕੀ, ਬੇਪਰਵਾਹ ਆਪਣੀ ਦਇਆ ਕਮਾਈਆ । ਮੇਰਾ ਸੁਨੇਹੜਾ ਬਿਨਾ ਕ਼ਲਮ ਸ਼ਾਹੀ

ਦੀ ਪਾਤੀ, ਅੱਖਰਾਂ ਰੰਗ ਨਾ ਕੋਇ ਰੰਗਾਈਆ । ਤੂੰ ਸ਼ਾਹ ਸੁਲਤਾਨਾ ਕਮਲਾਪਾਤੀ, ਪਤਤ ਪਾਵਨ ਇਕ ਅਖਵਾਈਆ । ਹਰਿ ਸੰਗਤ ਤੇਰਾ ਸੰਗ ਰਖਾਇਆ ਸੋਲਾਂ ਰਾਤੀ, ਸੋਲਾਂ ਕਲਾ ਕ੍ਰਿਸ਼ਨ ਦਏ ਗਵਾਹੀਆ । ਆਤਮ ਧਾਰ ਬਣੇ ਤੇਰੇ ਜਮਾਤੀ, ਸੋਹਣਾ ਸਗਲਾ ਸੰਗ ਬਣਾਈਆ । ਸਭ ਦਾ ਸੀਨਾ ਠੰਡਾ ਰਖਣਾ ਛਾਤੀ, ਕਲਜੁਗ ਅਗਨ ਨਾ ਕੋਇ ਤਪਾਈਆ । ਤੂੰ ਆਦਿ ਜੁਗਾਦਿ ਪਿਤ ਮਾਤੀ, ਹਰਿਜਨ ਆਪਣੀ ਗੋਦ ਟਿਕਾਈਆ । ਅੰਮ੍ਰਿਤ ਬਖ਼ਸ਼ਣਾ ਬੂੰਦ ਸਵਾਂਤੀ, ਅੰਮਿਉਂ ਰਸ ਆਪ ਚੁਆਈਆ । ਇਕੋ ਰੰਗ ਰੰਗਾਉਣਾ ਜ਼ਾਤ ਪਾਤੀ, ਊਚ ਨੀਚ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਸਤਿਗੁਰ ਸ਼ਬਦ ਜਨ ਭਗਤਾਂ ਬਖ਼ਸ਼ ਦੇ ਖ਼ੁਸ਼ੀਆਂ, ਖ਼ੁਸ਼ਹਾਲੀ ਵਿਚ ਵਡਿਆਈਆ । ਮੰਜ਼ਲਾਂ ਦੱਸ ਦੇ ਉਚੀਆਂ, ਉਚ ਅਗੰਮ ਭੇਵ ਖੁਲ੍ਹਾਈਆ । ਤੇਰੇ ਨਾਲ ਲੱਗੀਆਂ ਰਹਿਣ ਰੁਚੀਆਂ, ਪ੍ਰੀਤੀ ਸਕੇ ਨਾ ਕੋਇ ਤੁੜਾਈਆ । ਆਤਮਾ ਅੰਤਰ ਰਹਿਣ ਸੁੱਚੀਆਂ, ਸੁਚ ਸੰਜਮ ਇਕ ਸਮਝਾਈਆ । ਜੋ ਤੇਰੇ ਪਿਆਰ ਵਿਚ ਕਟਦੇ ਆਏ ਬੁਤੀਆਂ, ਬੁਤਖ਼ਾਨਿਆਂ ਕਰੀਂ ਸਫ਼ਾਈਆ । ਸਚ ਦੀਆਂ ਸੁਹੰਜਣੀਆ ਹੋਣ ਰੁਤੀਆਂ, ਰੁਤੜੀ ਆਪਣੇ ਨਾਲ ਮਹਿਕਾਈਆ । ਪੂਰਬ ਪ੍ਰੀਤਾਂ ਗੰਢਣੀਆਂ ਟੁੱਟੀਆਂ, ਅਗੇ ਸਕੇ ਨਾ ਕੋਇ ਤੁੜਾਈਆ । ਸਭ ਨੂੰ ਖ਼ੁਸ਼ੀਆਂ ਵਿਚੋਂ ਖ਼ੁਸ਼ੀ ਪਿਆਰ ਵਿਚੋਂ ਦੇਣੀਆਂ ਛੁੱਟੀਆਂ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ
੮੮੮ ਸਿੰਘ ਵਿਸ਼ਨੂੰ ਭਗਵਾਨ ਮੇਰੀਆਂ ਪੂਰੀਆਂ ਕਰਨੀਆਂ ਜਨ ਭਗਤਾਂ ਨਾਲ ਮਿਲਾ ਤਰੁਟੀਆਂ, ਤੋਟ ਰਹਿਣ ਕੋਇ ਨਾ ਪਾਈਆ । ੮੮੮

੨੪ ੨੪

### ✪ ੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਮੂਧਲ ਜ਼ਿਲਾ ਅੰਮ੍ਰਿਤਸਰ ਗੁਰਦਿਆਲ ਸਿੰਘ ਦੇ ਗ੍ਰਿਹ ✪

ਭਾਦਰੋਂ ਕਹੇ ਮੇਰਾ ਦਿਵਸ ਦਿਹਾੜ ਚੌਬੀਸਾ, ਚਾਰ ਜੁਗ ਤੋਂ ਬਾਹਰ ਏਕੰਕਾਰ ਦਏ ਦ੍ਰਿੜਾਈਆ । ਸਤਿਜੁਗ ਤ੍ਰੇਤਾ ਦੁਆਪਰ ਮੈਂ ਖੇਲ ਵੇਖਦਾ ਰਿਹਾ ਬੀਸ ਬੀਸਾ, ਸਰਗੁਣ ਸਰਗੁਣ ਵਜਦੀ ਰਹੀ ਵਧਾਈਆ । ਮੈਂ ਲਹਿਣਾ ਦੇਣਾ ਤਕਦਾ ਰਿਹਾ ਇਕ ਨੌ ਦੀ ਧਾਰ ਉਨੀਸਾ, ਦੋ ਜਹਾਨਾਂ ਵੇਖ ਵਖਾਈਆ । ਕਲਜੁਗ ਅੰਤ ਸ੍ਰੀ ਭਗੰਵਤ ਕੀ ਖੇਲ ਕਰੇ ਜਗਦੀਸਾ, ਜਗਦੀਸ਼ਰ ਧੁਰਦਰਗਾਹੀਆ । ਜਿਸ ਦੇ ਸਚਖੰਡ ਦੁਆਰ ਛਤਰ ਝੁਲੇ ਅਗੰਮੀ ਸੀਸਾ, ਦੋ ਜਹਾਨ ਨੌਜਵਾਨ ਸ੍ਰੀ ਭਗਵਾਨ ਆਪਣਾ ਹੁਕਮ ਵਰਤਾਈਆ । ਉਸ ਦਾ ਇਕੋ ਨਾਮ ਅਗੰਮੀ ਇਕੋ ਹੁਕਮ ਹਦੀਸਾ, ਬਿਨ ਅੱਖਰਾਂ ਹਰਫ਼ ਹਰੂਫ਼ਾਂ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਭਾਦਰੋਂ ਕਹੇ ਮੇਰਾ ਸਤਿਗੁਰ ਸਾਹਿਬ ਸੁਆਮੀ ਆਦਿ, ਪੁਰਖ ਅਕਾਲਾ ਦੀਨ ਦਿਆਲਾ ਆਪ ਅਖਵਾਈਆ । ਜੋ ਖੇਲੇ ਖੇਲ ਜੁਗ ਜੁਗਾਦਿ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਜਿਸ ਦਾ ਸ਼ਬਦ ਅਗੰਮੀ ਨਾਦ, ਬਿਨ ਤੰਦ ਸਿਤਾਰ ਸੁਣਾਈਆ । ਜਿਸ ਦਾ ਹੁਕਮ ਵਰਤੇ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਆਪਣੀ ਕਾਰ ਕਮਾਈਆ । ਸੋ ਦੇਵਣਹਾਰ ਨਿਰਗੁਣ ਧਾਰਾ ਆਪਣੀ ਦਾਦ, ਵਸਤ ਅਮੋਲਕ ਅਗੰਮ ਅਥਾਹ ਆਪ ਵਰਤਾਈਆ । ਜਿਸ ਕਾਰਨ ਧਰਨੀ ਧਰਤ ਧਵਲ ਧੌਲ ਰਹੀ ਅਰਾਧ, ਬਿਨ ਰਸਨਾ ਜਿਹਵਾ ਬੱਤੀ ਦੰਦ ਢੋਲੇ ਗਾਈਆ । ਸੋ ਸਾਹਿਬ ਸੁਆਮੀ ਕੁਦਰਤ ਕ਼ਾਦਰ ਤੇਰੇ

ਅੰਤਸ਼ਕਰਨ ਹੋਏ ਵਿਸਮਾਦ, ਬਿਸਮਲ ਹੋ ਕੇ ਆਪਣਾ ਖੇਲ ਖਿਲਾਈਆ । ਜਿਸ ਨੂੰ ਸਭ ਨੇ ਕਿਹਾ ਮੋਹਣ ਮਾਧਵ ਮਾਧ, ਆਦਿ ਨਿਰੰਜਣ ਦਰਦ ਦੁਖ ਭੈ ਭੰਜਣ ਹਰਿ ਕਰਤਾ ਇਕ ਅਖਵਾਈਆ । ਧਰਨੀਏ ਤੇਰਾ ਵਡ ਵਡ ਕਰੇ ਭਾਗ, ਭਗਵਨ ਦੇਵੇ ਮਾਣ ਵਡਿਆਈਆ । ਜਿਸ ਦੀ ਸਰਨ ਸਰਨਾਈ ਇਕੋ ਗਈ ਲਾਗ, ਲਗ ਮਾਤਰ ਡੇਰਾ ਢਾਹੀਆ । ਮਾਨਵ ਜ਼ਾਤੀ ਅੰਤਸ਼ਕਰਨ ਸ਼ਬਦੀ ਧਾਰ ਦਏ ਵੈਰਾਗ, ਵੈਰੀ ਪੰਚ ਪਰਪੰਚ ਅੰਦਰੋਂ ਬਾਹਰ ਕਢਾਈਆ । ਹੰਸ ਬੁੱਧੀ ਬਣਾਏ ਫੜ ਫੜ ਕਾਗ, ਮਾਣਕ ਮੋਤੀ ਨਾਮ ਚੋਗ ਚੁਗਾਈਆ । ਆਤਮ ਜੋਤੀ ਬਲੇ ਚਰਾਗ਼, ਬਿਨ ਤੇਲ ਬਾਤੀ ਡਗਮਗਾਈਆ । ਨਿਰਗੁਣ ਧਾਰ ਹੋ ਤੇਰਾ ਦੁਰਮਤ ਮੈਲ ਧੋਵੇ ਦਾਗ਼, ਨਵ ਸੱਤ ਕਰੇ ਸਫ਼ਾਈਆ । ਕਲਜੁਗ ਸਾੜ ਨਾ ਸਕੇ ਤੈਨੂੰ ਤ੍ਰੈਗੁਣ ਮਾਇਆ ਆਗ, ਅੰਮ੍ਰਿਤ ਮੇਘ ਮੇਘ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਭਾਦਰੋਂ ਕਹੇ ਧਰਨੀਏ ਪੁਰਖ ਅਕਾਲਾ ਅਗੰਮੜਾ ਤਕ, ਬਿਨ ਨੇਤਰ ਲੋਚਨ ਨੈਣਾਂ ਧਿਆਨ ਲਗਾਈਆ । ਜੋ ਤੇਰਾ ਜੋਤੀ ਜਾਤਾ ਹੋ ਕੇ ਦੇਵੇ ਹਕ, ਹਕ਼ੀਕ਼ਤ ਦਾ ਮਾਲਕ ਬੇਪਰਵਾਹੀਆ । ਦੀਨ ਦੁਨੀ ਦੇ ਅੰਦਰੋਂ ਮਨ ਕਲਪਣਾ ਮੇਟੇ ਸ਼ਕ, ਸ਼ਕਵੇ ਸਾਰੇ ਦਏ ਚੁਕਾਈਆ । ਜਿਸ ਦੀ ਆਸ਼ਾ ਇਕੋ ਰਖ ਕੇ ਗਿਆ ਐਨੁਲਹਕ, ਹਕ ਹਕ ਦੀ ਅਵਾਜ਼ ਉਠਾਈਆ । ਉਹ ਪਾਰਬ੍ਰਹਮ ਪਤਿਪਰਮੇਸ਼ਵਰ ਸਦ ਅਣਥਕ, ਜੁਗ ਜੁਗ ਆਪਣਾ ਵੇਸ ਵਟਾਈਆ । ਤੇਰਾ ਕੂੜ ਕੂੜਿਆਰਾ ਕਲਜੁਗ ਧਾਗਾ ਦੇਵੇ ਕਟ, ਕਟਾਕਸ਼ ਆਪਣਾ ਨਾਮ ਲਗਾਈਆ । ਸਤਿ ਧਰਮ ਦਾ ਖੋਲ੍ਹੇ ਹੱਟ, ਹਟਵਾਣਾ ਬਣੇ ਧੁਰਦਰਗਾਹੀਆ । ਤੂੰ ਸਤਿ ਸਚ ਦਾ ਲਾਹਾ ਲੈਣਾ ਖਟ, ਖਟਕਾ ਅਵਰ ਰਹੇ ਨਾ ਰਾਈਆ । ਜੋ ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਗਗਨ ਗਗਨੰਤਰਾਂ ਤੇਰੇ ਉਤੇ ਆਵੇ ਟਪ, ਟਾਪੂਆਂ ਦਾ ਡੇਰਾ ਦੇਵੇ ਢਾਹੀਆ । ਤੇਰਾ ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਤਕੇ ਤਪ, ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਲੇਖਾ ਨਾਲ ਮਿਲਾਈਆ । ਤੂੰ ਖ਼ੁਸ਼ੀਆਂ ਵਿਚ ਇਕੋ ਢੋਲਾ ਗਾਉਣਾ ਜਪ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਭਾਦਰੋਂ ਕਹੇ ਧਰਨੀਏ ਪੁਰਖ ਅਕਾਲ ਹੋਏ ਸਹਾਈ, ਸਹਾਇਕ ਨਾਇਕ ਇਕੋ ਨਜ਼ਰੀ ਆਈਆ । ਜੋ ਮਾਲਕ ਖ਼ਾਲਕ ਨੂਰ ਅਲਾਹੀ, ਪਰਵਰਦਿਗਾਰ ਹਕ ਗੁਸਾਂਈਆ । ਤੇਰਾ ਲਹਿਣਾ ਦੇਣਾ ਦਏ ਚੁਕਾਈ, ਚੌਥੇ ਜੁਗ ਆਪਣਾ ਹੁਕਮ ਵਰਤਾਈਆ । ਜੋ ਅਵਤਾਰ ਪੈਗ਼ੰਬਰ ਗੁਰ ਕਰਕੇ ਗਏ ਸ਼ਨਵਾਈ, ਲੇਖਾ ਜਾਣੇ ਥਾਉਂ ਥਾਈਂਆ । ਸੋ ਖ਼ਾਲਕ ਹੋ ਕੇ ਵੇਖੇ ਬਣ ਬਣ ਮਾਹੀ, ਮਿਹਰਵਾਨ ਆਪਣੀ ਦਇਆ ਕਮਾਈਆ । ਤੂੰ ਕੂਕ ਪੁਕਾਰ ਕਰ ਕਰਕੇ ਉਚੀਆਂ ਬਾਂਹੀ, ਜਗਤ ਜਹਾਨ ਬਾਹਰ ਸੁਣਾਈਆ । ਉਹ ਅਮਾਮ ਅਮਾਮਾ ਸ਼ਾਹ ਸ਼ਹਾਨਾ ਅਗੰਮ ਅਥਾਹੀ, ਖ਼ੁਦ ਮਾਲਕ ਇਕ ਅਖਵਾਈਆ । ਜੋ ਤੇਰੀ ਅੰਤ ਕੰਤ ਭਗਵੰਤ ਕੱਟਣਹਾਰ ਜੁਦਾਈ, ਵਿਛੋੜਾ ਕਲਜੁਗ ਨਾਲੋਂ ਕਰਾਈਆ । ਸਤਿਜੁਗ ਮੇਲਾ ਮੇਲੇ ਸਹਿਜ ਸੁਭਾਈ, ਆਪ ਆਪਣੇ ਰੰਗ ਰੰਗਾਈਆ । ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈ, ਅੰਧ ਅੰਧੇਰਾ ਦਏ ਮਿਟਾਈਆ । ਭਗਤ ਸੰਤ ਸੂਫ਼ੀ ਗੁਰਮੁਖ ਗੁਰਸਿੱਖ ਲਏ ਉਪਜਾਈ, ਧਰਨੀਏ ਧਵਲੇ ਤੇਰੇ ਉਤੇ ਦਏ ਵਡਿਆਈਆ । ਤੂੰ ਉਸ ਸਾਹਿਬ ਦੇ ਚਰਨ ਧੂੜ ਖ਼ਾਕ ਰਮਾਈਂ, ਟਿੱਕੇ ਲਾਵੀਂ ਚਾਈਂ ਚਾਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਧਾਰ ਸਰਗੁਣ ਸਭ ਨੇ ਮੰਨਿਆ ਮਾਹੀ, ਮਹਿਬੂਬ ਇਕ ਅਖਵਾਈਆ । ਉਹ ਲਹਿਣਾ ਦੇਣਾ ਪੂਰਾ ਕਰੇ ਥਾਉਂ ਥਾਈਂ,


੮੮੯
੨੪

ਥਾਨ ਥਨੰਤਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਚ ਹੁਕਮ ਇਕ ਸੁਣਾਏਗਾ । ਦੀਨ ਦਿਆਲ ਦਇਆ ਕਮਾਏਗਾ । ਪੁਰਖ ਅਕਾਲ ਵੇਖ ਵਖਾਏਗਾ । ਕਾਲ ਮਹਾਕਾਲ ਆਪ ਹਿਲਾਏਗਾ । ਤੇਰੀ ਪੂਰੀ ਕਰੇ ਘਾਲ, ਕੀਤੀ ਸੇਵਾ ਝੋਲੀ ਪਾਏਗਾ । ਕਲਜੁਗ ਕੂੜ ਫਲ ਝਾੜ ਕੇ ਡਾਲ, ਪੱਤ ਟਹਿਣੀ ਸਤਿਜੁਗ ਆਪ ਮਹਿਕਾਏਗਾ । ਧਰਮ ਦੀ ਧਾਰ ਤੈਨੂੰ ਬਣਾਏ ਧਰਮਸਾਲ, ਸਚ ਦੁਆਰਾ ਇਕ ਵਖਾਏਗਾ । ਮਾਨਵ ਜ਼ਾਤੀ ਚਾੜ੍ਹ ਕੇ ਰੰਗ ਲਾਲ, ਲਾਲ ਗੁਲਾਲੇ ਆਪ ਰੰਗਾਏਗਾ । ਆ ਕੇ ਵੇਖੇ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਫੇਰਾ ਪਾਏਗਾ । ਜਿਸ ਦਾ ਲਹਿਣਾ ਦੇਣਾ ਨਾਲ ਸ਼ਾਹ ਕੰਗਾਲ, ਊਚਾਂ ਨੀਚਾਂ ਵੰਡ ਨਾ ਕੋਇ ਵੰਡਾਏਗਾ । ਤੈਨੂੰ ਵਸਤ ਅਮੋਲਕ ਦੇਵੇ ਨਾਮ ਧਨ ਮਾਲ, ਅਤੋਲ ਅਤੁਲ ਤੇਰੀ ਝੋਲੀ ਪਾਏਗਾ । ਤੂੰ ਧਰਨੀਏ ਰਖਣੀ ਆਪ ਸੰਭਾਲ, ਸੰਬਲ ਬਹਿ ਕੇ ਖੇਲ ਖਿਲਾਏਗਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਜੋਤ ਰੁਸ਼ਨਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋਤੀ ਜਾਤਾ ਪੁਰਖ ਬਿਧਾਤਾ ਤੇਰੀ ਸੁਰਤ ਲਏ ਸੰਭਾਲ, ਸਿਰ ਸਿਰ ਤੇਰੇ ਹੱਥ ਟਿਕਾਏਗਾ ।

### ✪ ੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਵੇਰਕਾ ਜ਼ਿਲਾ ਅੰਮ੍ਰਿਤਸਰ ਅਜੀਤ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਸ਼ਾਹੋ ਸੂਰੇ ਸਰਬੰਗੀ, ਹਰਿ ਕਰਤੇ ਤੇਰੀ ਬੇਪਰਵਾਹੀਆ । ਜੁਗ ਚੌਕੜੀ ਮੇਰੇ ਉਤੋਂ ਲੰਘੀ, ਕੋਟਨ ਕੋਟ ਧਾਰ ਆਪਣਾ ਪੰਧ ਮੁਕਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਮੇਰੇ ਧੁਰ ਦੇ ਸੰਗੀ, ਸਗਲੇ ਸਾਥੀ ਹਰਿ ਰਘੁਨਾਥੀ ਦਿਆਂ ਦ੍ਰਿੜਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮੇਰੀ ਪੁਸ਼ਤ ਹੋ ਗਈ ਨੰਗੀ, ਸੀਸ ਜਗਦੀਸ ਹੱਥ ਨਾ ਕੋਇ ਟਿਕਾਈਆ । ਪਵਿਤ੍ਰ ਜਲ ਰਿਹਾ ਨਾ ਜਮਨਾ ਸੁਰਸਤੀ ਗੋਦਾਵਰੀ ਗੰਗੀ, ਗੋਬਿੰਦ ਧਾਰ ਕੀ ਤੇਰੀ ਬੇਪਰਵਾਹੀਆ । ਮੋਹ ਵਿਕਾਰ ਕਲਜੁਗ ਮਾਇਆ ਦਾਗ਼ ਲਗਾਇਆ ਮੇਰੀ ਅੰਗੀ, ਪਤਤ ਪੁਨੀਤ ਨਾ ਕੋਇ ਬਣਾਈਆ । ਜਗਤ ਨੇਤਰਹੀਣ ਤੇਰੀ ਸ੍ਰਿਸ਼ਟੀ ਹੋਈ ਅੰਧੀ, ਨਿਜ ਨੇਤਰ ਨਾ ਕੋਇ ਖੁਲ੍ਹਾਈਆ । ਆਹ ਤਕ ਲੈ ਮੇਰੇ ਉਤੇ ਅਵਤਾਰ ਪੈਗ਼ੰਬਰਾਂ ਗੁਰੂਆਂ ਵਾਲੀ ਸੰਧੀ, ਵਾਅਦੇ ਭਵਿਖਤਾਂ ਵਾਲੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਅਵਤਾਰ ਪੈਗ਼ੰਬਰ ਗੁਰੂਆਂ ਦਿਤਾ ਸੰਦੇਸ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਉਹ ਮਾਲਕ ਨਰ ਨਰਾਇਣ ਨਰੇਸ਼, ਹਰਿ ਕਰਤਾ ਧੁਰਦਰਗਾਹੀਆ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਦੇਵਤ ਸੁਰ ਬੈਠਣ ਸੀਸ ਨਿਵਾਈਆ । ਸੋ ਸੁਆਮੀ ਅੰਤਰਜਾਮੀ ਕਲਜੁਗ ਅੰਤਮ ਵਸੇ ਸੰਬਲ ਦੇਸ, ਦੇਸ ਦੇਸੰਤਰਾਂ ਪੰਧ ਮੁਕਾਈਆ । ਜੋ ਕੂੜੀ ਕਿਰਿਆ ਤਨ ਮਾਟੀ ਮੇਟੇ ਕਲੇਸ਼, ਕਲਕਾਤੀਆਂ ਡੇਰਾ ਢਾਹੀਆ । ਜਿਸ ਦਾ ਯੋਧਾ ਇਕ ਗੋਬਿੰਦ ਦਸ ਦਸਮੇਸ, ਦੂਲਹਾ ਦੁਲਾਰਾ ਇਕੋ ਨਜ਼ਰੀ ਆਈਆ । ਜਿਸ ਨੂੰ ਸਭ ਨੇ ਮੰਨਿਆ ਕੇਸ਼ਵ ਕੇਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਧਰਨੀ

ਕਹੇ ਪ੍ਰਭੂ ਗੁਰ ਅਵਤਾਰ ਪੈਗ਼ੰਬਰਾਂ ਵਾਲੀਆਂ ਤਕ ਲੈ ਸੰਧੀਆਂ, ਪੇਸ਼ੀਨਗੋਈਆਂ ਨਾਲ ਮਿਲਾਈਆ । ਆਪਣੀਆਂ ਦੀਨਾਂ ਮਜ਼੍ਹਬਾਂ ਵਾਲੀਆਂ ਵੇਖ ਪਾਬੰਦੀਆਂ, ਸ਼ਰਅ ਸ਼ਰਅ ਵੰਡ ਵੰਡਾਈਆ । ਆਪਣੀਆਂ ਜੁਗ ਚੌਕੜੀ ਧਾਰ ਸਦੀ ਸਦੀਵੀਆਂ ਵੇਖ ਲੈ ਲੰਘੀਆਂ, ਸਤਿਜੁਗ ਤਰੇਤਾ ਦੁਆਪਰ ਕਲਜੁਗ ਦਏ ਗਵਾਹੀਆ । ਮੈਂ ਭਿਖਾਰਨ ਹੋ ਕੇ ਇਕੋ ਮੰਗ ਮੰਗੀਆ, ਮਾਂਗਤ ਹੋ ਕੇ ਝੋਲੀ ਡਾਹੀਆ । ਪੁਰਖ ਅਕਾਲੇ ਦੀਨ ਦਿਆਲੇ ਕੂੜ ਕੁੜਿਆਰ ਦੀਆਂ ਮੇਰੇ ਉਤੋਂ ਮੇਟ ਤੰਗੀਆਂ, ਮਾਇਆ ਮਮਤਾ ਮੋਹ ਵਿਕਾਰ ਰਹਿਣ ਨਾ ਪਾਈਆ । ਮਨ ਮਨਸਾ ਤਨ ਵਜੂਦਾਂ ਰਹਿਣ ਨਾ ਗੰਦੀਆਂ, ਅੰਮ੍ਰਿਤ ਮੇਘ ਦੇਣਾ ਵਰਸਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਜਣਾ ਕੇ ਛੰਦੀਆ, ਸੋਹੰ ਢੋਲਾ ਅਗੰਮ ਅਥਾਹੀਆ । ਦੂਈ ਦੁਵੈਤ ਢਾਹ ਦੇ ਕੰਧੀਆ, ਮਾਨਵ ਏਕਾ ਰੰਗ ਰੰਗਾਈਆ । ਪਰਕਾਸ਼ ਕਰ ਦੇ ਨੂਰ ਅਲਾਹੀ ਚੰਦੀਆ, ਅੰਧ ਅਗਿਆਨ ਦੇਣਾ ਮਿਟਾਈਆ । ਸਚਖੰਡ ਦੁਆਰ ਏਕੰਕਾਰ ਸਿੱਧੀਆਂ ਕਰ ਦੇ ਪਗਡੰਡੀਆਂ, ਡੰਡਾਵਤ ਬੰਦਨਾ ਇਕੋ ਇਕ ਸਰਨਾਈਆ । ਜੁਗ ਜਨਮ ਦੀਆਂ ਪ੍ਰੀਤਾਂ ਜਨ ਭਗਤਾਂ ਟੁੱਟੀਆਂ ਜਾਣ ਗੰਢੀਆਂ, ਗੰਢਣਹਾਰ ਗੁਪਾਲ ਸੁਆਮੀ ਆਪਣੀ ਦਇਆ ਕਮਾਈਆ । ਮੇਰਾ ਲਹਿਣਾ ਦੇਣਾ ਤਕ ਲੈ ਸੱਤ ਦੀਪ ਨੌਂ ਖੰਡੀਆਂ, ਬ੍ਰਹਿਮੰਡਾਂ ਦੇ ਮਾਲਕ ਧਿਆਨ ਲਗਾਈਆ । ਤੇਰੀ ਧਾਰ ਤੋਂ ਬਾਹਰ ਪੂਜਾ ਹੋਵੇ ਕਰੀਰਾਂ ਜੰਡੀਆਂ, ਪਾਹਨਾਂ ਪੱਥਰਾਂ ਦੀਨ ਦੁਨੀ ਸੀਸ ਝੁਕਾਈਆ । ਪੰਜ ਤਤ ਵਿਕਾਰੇ ਭੇਖ ਵਖਾਇਆ ਜਗਤ ਪਖੰਡੀਆਂ, ਨੌਂ ਦੁਆਰੇ ਵਾਸਨਾ ਨਾਲ ਰਖਾਈਆ । ਨਿਝਰ ਝਿਰਨਾ ਬੂੰਦ ਸਵਾਂਤੀ ਧਾਰਾਂ ਮਿਲਣ ਕਿਸੇ ਨਾ ਠੰਢੀਆਂ, ਨਾਭੀ ਕਵਲ ਨਾ
੮੯੧ ਕੋਇ ਉਲਟਾਈਆ । ਸਤਿ ਪਿਆਰ ਬਿਨਾ ਪ੍ਰਭੂ ਆਤਮਾ ਹੋਈਆਂ ਰੰਡੀਆਂ, ਹਰਿ ਕੰਤ ਸੁਹਾਗ ਨਾ ਕੋਇ ਹੰਢਾਈਆ । ਮੇਰਾ ਅੰਤ ਅਖ਼ੀਰੀ ਕਿਨਾਰਾ ੮੯੧
੨੪ ਤਕ ਲੈ ਕਲਜੁਗ ਕੰਢੀ ਆ, ਪਤਣ ਘਾਟ ਦੀਨ ਦੁਨੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ੨੪
ਸਾਚਾ ਵਰ, ਸਚ ਦੁਆਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਅਵਤਾਰ ਪੈਗ਼ੰਬਰ ਗੁਰ ਮੈਨੂੰ ਦੱਸ ਕੇ ਗਏ ਨਿਸ਼ਾਨੀਆਂ, ਨਿਸ਼ਾਨਾ ਦੀਨ ਦੁਨੀ ਤੋਂ ਬਾਹਰ ਲਗਾਈਆ । ਤੇਰੇ ਉਤੇ ਪੁਰਖ ਅਕਾਲ ਕਰੇ ਮਿਹਰਵਾਨੀਆਂ, ਮਹਿਬਾਨ ਬੀਦੋ ਜਲਵਾਗਰ ਨੂਰ ਅਲਾਹੀਆ । ਜਿਸ ਨੂੰ ਅਵਤਾਰ ਪੈਗ਼ੰਬਰਾਂ ਗੁਰੂਆਂ ਦਿਤੀਆਂ ਸਲਾਮੀਆਂ, ਨਿਵ ਨਿਵ ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਉਹ ਖੇਲੇ ਖੇਲ ਅਗੰਮ ਅਥਾਹ ਨਿਹਕਾਮੀਆ, ਨੇਹਕਾਮੀ ਆਪਣਾ ਹੁਕਮ ਵਰਤਾਈਆ । ਜਿਸ ਦੀਆਂ ਆਦਿ ਜੁਗਾਦਿ ਚਾਰ ਜੁਗ ਦੀਆਂ ਕਥਾ ਕਹਾਣੀਆਂ, ਰਸਨਾ ਜਿਹਵਾ ਢੋਲੇ ਸਾਰੇ ਗਾਈਆ । ਜਿਸ ਦਾ ਸ਼ਬਦ ਸੰਦੇਸਾ ਚਾਰੇ ਬਾਣੀਆਂ, ਪਰਾ ਪਸੰਤੀ ਮਧਮ ਬੈਖਰੀ ਸੋਹਲੇ ਰਹੀ ਦ੍ਰਿੜਾਈਆ । ਜੋ ਲੇਖਾ ਜਾਣੇ ਚਾਰੇ ਖਾਣੀਆਂ, ਅੰਡਜ ਜੇਰਜ ਉਤਭੁਜ ਸੇਹਤਜ ਵੇਖ ਵਖਾਈਆ । ਜੋ ਆਤਮ ਪਰਮਾਤਮ ਹੋ ਕੇ ਕਰੇ ਮਿਹਰਵਾਨੀਆਂ, ਮਿਹਰ ਮਿਹਰ ਨਜ਼ਰ ਉਠਾਈਆ । ਜੋ ਸੁਰਤ ਸ਼ਬਦ ਕਰੇ ਪਰਵਾਨੀਆ, ਪਰਮ ਪੁਰਖ ਆਪਣੇ ਰੰਗ ਰੰਗਾਈਆ । ਸੋ ਧਰਨੀਏ ਕਲਜੁਗ ਅੰਤ ਤੇਰੇ ਉਤੇ ਖੇਲੇ ਖੇਲ ਮਹਾਨੀਆ, ਮਹਿੰਮਾ ਕਥ ਕਥ ਰਖਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਦੇਵੇ ਦਾਤ ਮਹਾਨੀਆ, ਵਸਤ ਅਮੋਲਕ ਇਕ ਵਰਤਾਈਆ । ਲਹਿਣਾ ਦੇਣਾ ਮੁਕਾਏ ਤੇਰੇ ਉਤੇ ਜੀਵ ਪ੍ਰਾਣੀਆ, ਲੱਖ ਚੁਰਾਸੀ ਵੇਖ ਵਖਾਈਆ । ਉਹ ਕਲਜੁਗ ਅੰਤ ਪਰਗਟ ਹੋਵੇ ਦਾਤਾ ਗੁਣ ਨਿਧਾਨੀ ਆ, ਗਹਿਰ ਗੰਭੀਰ ਬੇਨਜ਼ੀਰ ਇਕ ਅਖਵਾਈਆ । ਜੋ ਏਕਾ ਨਾਮ ਕਲਮਾ ਕਰੇ ਪ੍ਰਧਾਨੀਆ, ਨਵ ਸੱਤ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਦਿ ਜੁਗਾਦਿ ਸ਼ਾਹ ਸੁਲਤਾਨੀਆ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕ ਅਖਵਾਈਆ ।

## ੨੪ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਵੇਰਕਾ ਜ਼ਿਲਾ ਅੰਮ੍ਰਿਤਸਰ ਹਰਨਾਮ ਕੌਰ ਦੇ ਗ੍ਰਿਹ

ਧਰਨੀ ਕਹੇ ਮੇਰੇ ਭਗਵਾਨ, ਭਗਵੰਤ ਕੰਤ ਤੇਰੀ ਓਟ ਤਕਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਮੇਰੀ ਬੇਨੰਤੀ ਕਰੀਂ ਪਰਵਾਨ, ਦਰਗਾਹ ਸਾਚੀ ਸਚਖੰਡ ਦੁਆਰੇ ਆਸ ਰਖਾਈਆ । ਮੇਰੇ ਆਦਿ ਜੁਗਾਦੀ ਬ੍ਰਹਮ ਬ੍ਰਿਮਿਹਾਦੀ ਸ਼ਾਹੋ ਭੂਪ ਸੁਲਤਾਨ, ਸ਼ਾਹ ਪਾਤਸ਼ਾਹ ਤੇਰਾ ਅੰਤ ਕਹਿਣ ਕਿਛ ਨਾ ਆਈਆ । ਮੈਂ ਭਿਖਕ ਭਿਖਾਰਨ ਹੋ ਕੇ ਮੰਗਾਂ ਦਾਨ, ਦਾਤੇ ਦਾਨੀ ਮੇਰੀ ਝੋਲੀ ਦੇਣੀ ਭਰਾਈਆ । ਪਰਵਰਦਿਗਾਰ ਸਾਂਝੇ ਯਾਰ ਮੇਰਾ ਤੇਰੇ ਉਤੇ ਈਮਾਨ, ਦੂਜਾ ਇਸ਼ਟ ਨਾ ਕੋਇ ਰਖਾਈਆ । ਮੈਂ ਚਾਹੁੰਦੀ ਕਲਜੁਗ ਅੰਤ ਜਨ ਭਗਤ ਸੁਹੇਲੇ ਮੇਰੇ ਉਤੇ ਕਰ ਪ੍ਰਵਾਨ, ਪਰਮ ਪੁਰਖ ਪਰਮਾਤਮ ਆਤਮ ਦੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਲੇਖੇ ਲਾਉਣਾ ਤਨ, ਮਾਟੀ ਖ਼ਾਕ ਦੇਣੀ ਵਡਿਆਈਆ । ਵਸੇਰਾ ਰਖਣਾ ਬਿਨ ਛਪਰੀ ਛੰਨ, ਸਚਖੰਡ ਦੁਆਰ ਦੇਣਾ ਟਿਕਾਈਆ । ਵਾਸਨਾ ਮੂਲ ਨਾ ਤਕੀਂ ਮਨ, ਮਮਤਾ ਮੋਹ ਜਗਤ ਦੇਣਾ ਚੁਕਾਈਆ । ਵਸਤ ਅਮੋਲਕ ਨਾਮ ਨਿਧਾਨਾ ਦੇਣਾ ਧਨ, ਅਤੋਲ ਅਤੁਲ ਆਪ ਵਰਤਾਈਆ । ਮਾਨਸ ਜਨਮ ਚੁਰਾਸੀ ਵਿਚੋਂ ਬੇੜਾ ਦੇਣਾ ਬੰਨ੍ਹ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਚਖੰਡ ਦੁਆਰ ਏਕੰਕਾਰ ਚਾੜ੍ਹਨਾ ਚੰਨ, ਜੋਤੀ ਜਾਤੇ ਆਪਣੀ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਗ੍ਰਿਹ ਆਪ ਟਿਕਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਬਖ਼ਸ਼ਣਾ ਸਚਖੰਡ ਦੁਆਰ, ਦਰਗਾਹ ਸਾਚੀ ਦੇਣੀ ਵਡਿਆਈਆ । ਚਰਨ ਪ੍ਰੀਤ ਦੇ ਅਧਾਰ, ਉਦਰ ਦਾ ਲੇਖਾ ਦੇਣਾ ਮੁਕਾਈਆ । ਮਾਨਸ ਜਨਮ ਪੈਜ ਦੇਣੀ ਸਵਾਰ, ਆਵਣ ਜਾਵਣ ਲੱਖ ਚੁਰਾਸੀ ਗੇੜ ਕਟਾਈਆ । ਸਤਿ ਸਰੂਪੀ ਸ਼ਾਹੋ ਭੂਪੀ ਸਤਿ ਮੇਲਣਾ ਜੋਤ ਜੋਤ ਨਿਰੰਕਾਰ, ਨਿਰਾਕਾਰ ਆਪਣੇ ਰੰਗ ਰੰਗਾਈਆ । ਤੂੰ ਸ਼ਾਹੋ ਭੂਪ ਸਿਕਦਾਰ, ਸ਼ਹਿਨਸ਼ਾਹ ਇਕ ਅਖਵਾਈਆ । ਜੁਗ ਜੁਗ ਭਗਤ ਸੁਹੇਲੇ ਦੇਣੇ ਤਾਰ, ਤਾਰਨਹਾਰ ਤੇਰੀ ਵਡਿਆਈਆ । ਮੈਂ ਧਰਨੀ ਧਵਲ ਧੌਲ ਮਾਂਗਤ ਹੋ ਕੇ ਮੰਗਾਂ ਮੰਗ ਦਰ ਤੇਰੇ ਭਿਖਾਰ, ਭਿਖਕ ਝੋਲੀ ਦੇਣੀ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਆਤਮ ਪੁੱਜੇ ਤੇਰੇ ਗ੍ਰਿਹ, ਮੰਦਰ ਇਕੋ ਸੋਭਾ ਪਾਈਆ । ਜਿਥੇ ਤ੍ਰੈਗੁਣ ਅਤੀਤਾ ਨਿਰਗੁਣ ਧਾਰ ਰਹੇ, ਤਨ ਵਜੂਦ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਜੋ ਸਤਿ ਸਰੂਪ ਹੈ, ਦੂਸਰ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰ ਇਕ ਸੁਹਾਈਆ । ਧਰਨੀ ਕਹੇ ਮੈਂ ਭਗਤਾਂ ਖ਼ਾਹਿਸ਼ਾਂ ਨਾਲ ਪਿਆਰੀ, ਪ੍ਰੀਤਮ ਤੈਨੂੰ ਦਿਆਂ ਜਣਾਈਆ । ਤੂੰ ਬਖ਼ਸ਼ਣਹਾਰ ਏਕੰਕਾਰੀ, ਨਿਰੰਕਾਰ ਤੇਰੀ ਸਰਨਾਈਆ । ਤੂੰ ਸ਼ਾਹੋ ਭੂਪ ਸਿਕਦਾਰੀ, ਪਰਵਰਦਿਗਾਰ ਨੂਰ ਅਲਾਹੀਆ । ਮੇਰੀ ਕਲਮਿਆਂ

ਤੋਂ ਬਾਹਰ ਪੁਕਾਰੀ, ਪੁਨਹ ਪੁਨਹ ਕਰਕੇ ਸੀਸ ਨਿਵਾਈਆ । ਮੇਰੇ ਸ਼ਹਿਨਸ਼ਾਹ ਸ਼ਾਹ ਸੁਲਤਾਨ ਤੂੰ ਦਾਤਾ ਵਡ ਸੰਸਾਰੀ, ਭੰਡਾਰੀ ਸੰਘਾਰੀ ਤੇਰੇ ਹੁਕਮੇ ਸੇਵ ਕਮਾਈਆ । ਸਚ ਵਸਤ ਦੇਣੀ ਬਣ ਦਾਤਾਰੀ, ਦਾਤਾ ਹੋ ਕੇ ਦੇਣੀ ਵਰਤਾਈਆ । ਜੋਤੀ ਜੋਤ ਸਰੂਪ ਹਰਿ , ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਹੋਵੇ ਤੇਰਾ ਮੇਲ, ਮਿਲਣੀ ਹਰਿ ਜਗਦੀਸ ਲੈਣੀ ਕਰਾਈਆ । ਮੇਰੇ ਆਦਿ ਜੁਗਾਦੀ ਸੱਜਣ ਸੁਹੇਲ, ਸਾਚੇ ਸੰਗੀ ਧੁਰਦਰਗਾਹੀਆ । ਸਦ ਵਸਣਹਾਰਾ ਧਾਮ ਨਵੇਲ, ਸਚਖੰਡ ਸਾਚੇ ਸੋਭਾ ਪਾਈਆ । ਤੇਰਾ ਆਦਿ ਜੁਗਾਦਿ ਅਚਰਜ ਖੇਲ, ਜੁਗ ਜੁਗ ਰੀਤੀ ਚਲੀ ਆਈਆ । ਤੇਰਾ ਦੀਪਕ ਜਗੇ ਬਿਨ ਬਾਤੀ ਬਿਨ ਤੇਲ, ਜਨ ਭਗਤਾਂ ਅੰਦਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਲੇਖੇ ਲਾਉਣਾ ਜਨਮ, ਮਰਨ ਦੀ ਲੋੜ ਰਹੇ ਨਾ ਰਾਈਆ । ਉਜਲ ਕਰਨਾ ਕਰਮ, ਕਰਮ ਕਾਂਡ ਦਾ ਡੇਰਾ ਢਾਹੀਆ । ਜਨ ਭਗਤਾਂ ਮੇਟਣਾ ਭਰਮ, ਭਾਂਡਾ ਭਰਮ ਭੰਨਾਈਆ । ਆਪਣੀ ਰਖਣਾ ਸਰਨ, ਚਰਨੋਦਕ ਜਾਮ ਪਿਆਈਆ । ਤੂੰ ਦਾਤਾ ਕਰਨੀ ਕਰਨ, ਕਰਤਾ ਪੁਰਖ ਇਕ ਅਖਵਾਈਆ । ਸੰਤ ਸੁਹੇਲੇ ਲਗਾਉਣੇ ਆਪਣੇ ਲੜਨ, ਕੰਨੀ ਗੰਢ ਨਾਮ ਵਾਲੀ ਪੁਆਈਆ । ਉਹ ਤੇਰੀ ਮੰਜ਼ਲ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਦਰਗਾਹ ਸਾਚੀ ਸਚਖੰਡ ਦੁਆਰੇ ਵੜਨ, ਥਿਰ ਘਰ ਮਿਲੇ ਮਾਣ ਵਡਿਆਈਆ । ਤੂੰ ਮੇਰਾ ਮੈਂ ਤੇਰਾ ਬਿਨ ਰਸਨਾ ਜਿਹਵਾ ਢੋਲਾ ਪੜ੍ਹਨ, ਆਤਮ ਪਰਮਾਤਮ ਮਿਲ ਕੇ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਦਿ ਜੁਗਾਦਿ ਕਰਨੀ ਕਰਨ, ਕਰਤਾ ਪੁਰਖ ਪੁਰਖੋਤਮ ਇਕ ਅਖਵਾਈਆ ।

### ੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਵੇਰਕਾ ਜ਼ਿਲਾ ਅੰਮ੍ਰਿਤਸਰ ਕਰਤਾਰ ਸਿੰਘ ਦੇ ਗ੍ਰਿਹ

ਧਰਨੀ ਕਹੇ ਪ੍ਰਭੂ ਕਲਜੁਗ ਜੀਵਾਂ ਬੁੱਧੀ ਕਰ ਬਿਬੇਕ, ਮਮਤਾ ਮੋਹ ਵਿਕਾਰ ਹੰਕਾਰ ਦੇ ਮਿਟਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਇਕੋ ਬਖ਼ਸ਼ ਟੇਕ, ਟਿੱਕੇ ਧੂੜੀ ਖ਼ਾਕ ਖ਼ਾਕ ਰਮਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਤੇਰਾ ਰੂਪ ਅਨੂਪਾ ਏਕ, ਅਨਕ ਕਲਧਾਰੀ ਆਪਣਾ ਰੰਗ ਰੰਗਾਈਆ । ਤ੍ਰੈਗੁਣ ਮਾਇਆ ਲਾਏ ਮੂਲ ਨਾ ਸੇਕ, ਅਗਨੀ ਤਤ ਨਾ ਕੋਇ ਤਪਾਈਆ । ਆਦਿ ਜੁਗਾਦੀ ਬਣਨਾ ਖੇਵਟ ਖੇਟ, ਬੇੜਾ ਆਪਣੇ ਕੰਧ ਉਠਾਈਆ । ਲੱਖ ਚੁਰਾਸੀ ਤੇਰੇ ਬੇਟੀ ਬੇਟ, ਪਿਤਾ ਪੂਤ ਲੈਣਾ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਪ੍ਰਭੂ ਕਲਜੁਗ ਜੀਵਾਂ ਦੇ ਦੇ ਸ਼ਬਦ ਬੋਧ ਅਗਾਧ, ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਹਰ ਹਿਰਦਾ ਤੈਨੂੰ ਲਏ ਅਰਾਧ, ਰਸਨਾ ਜਿਹਵਾ ਢੋਲੇ ਗਾਈਆ । ਤੂੰ ਮੇਟਣਹਾਰਾ ਵਾਦ ਵਿਵਾਦ, ਵਿਖ ਅੰਦਰੋਂ ਬਾਹਰ ਕਢਾਈਆ । ਸ਼ਬਦ ਅਗੰਮੀ ਸੁਣਾਏ ਨਾਦ, ਧੁਨ ਆਤਮਕ ਰਾਗ ਦ੍ਰਿੜਾਈਆ । ਮੇਰੇ ਮੋਹਣ ਮਾਧਵ ਮਾਧ, ਦਰ ਠਾਂਢੇ ਮੰਗ ਮੰਗਾਈਆ । ਹਰਿਜਨ ਭਗਤ ਬਣਾ ਲੈ ਆਪਣੇ ਸਾਧ, ਸਾਧਨਾ ਵਿਚ ਦਿਸੇ ਖ਼ਲਕ ਖ਼ੁਦਾਈਆ । ਜੋਤੀ ਜਾਤੇ ਮੋਹਣ ਮਾਧਵ ਮਾਧ, ਮਧੁਰ ਧੁਨ ਦੇਣੀ ਸੁਣਾਈਆ ।

ਮੇਰੇ ਉਤੇ ਸਤਿ ਧਰਮ ਕਰ ਆਬਾਦ, ਕਲਜੁਗ ਕੂੜੀ ਕਿਰਿਆ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ
ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਪ੍ਰਭੂ ਕਲਜੁਗ ਕੂੜ ਬੁਝਾ ਦੇ ਅੱਗ, ਤ੍ਰੈਗੁਣ ਅਤੀਤੇ ਦੇ ਵਡਿਆਈਆ ।
ਜੀਵ ਜੰਤ ਹੰਸ ਬਣਾ ਕਗ, ਦੁਰਮਤ ਮੈਲ ਮੈਲ ਧੁਆਈਆ । ਨੌ ਖੰਡ ਸੱਤ ਦੀਪ ਜਗ, ਜਾਗਰਤ ਜੋਤ ਜੋਤ ਕਰ ਰੁਸ਼ਨਾਈਆ । ਜਨ ਭਗਤਾਂ
ਦਰਸ਼ਨ ਦੇ ਉਪਰ ਸ਼ਾਹਰਗ, ਨੌ ਦੁਆਰੇ ਡੇਰਾ ਢਾਹੀਆ । ਤੂੰ ਸ਼ਾਹੋ ਭੂਪ ਸੂਰਾ ਸਰਬਗ, ਸ਼ਾਹ ਪਾਤਸ਼ਾਹ ਨੂਰ ਅਲਾਹੀਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਕਲਜੁਗ ਜੀਵਾਂ ਦੇ ਦੇ ਨਾਮ
ਨਿਧਾਨ, ਨਿਰਅੱਖਰ ਧਾਰ ਜਣਾਈਆ । ਸ਼ਾਸਤਰਾਂ ਤੋਂ ਬਾਹਰ ਦੇ ਗਿਆਨ, ਅਲਿਫ਼ ਯੇ ਤੋਂ ਬਾਹਰ ਦਏ ਸੁਣਾਈਆ । ਧੁਨ ਆਤਮਕ ਨਾਦ
ਸੁਣਾ ਸਚੀ ਧੁਨਕਾਨ, ਅਨਹਦ ਨਾਦੀ ਨਾਦ ਵਜਾਈਆ । ਨਿਝਰ ਝਿਰਨਾ ਬੂੰਦ ਸਵਾਂਤ ਬਖ਼ਸ਼ ਪੀਣ ਖਾਣ, ਜਗਤ ਤ੍ਰਿਸ਼ਨਾ ਭੁਖ ਰਹੇ ਨਾ ਰਾਈਆ ।
ਦੀਆ ਬਾਤੀ ਕਮਲਾਪਾਤੀ ਹਰ ਹਿਰਦੇ ਜੋਤ ਜਗਾ ਮਹਾਨ, ਅੰਧ ਅਗਿਆਨ ਅੰਦਰੋਂ ਬਾਹਰ ਕਢਾਈਆ । ਮਨੂਆ ਮਨ ਨਾ ਰਹੇ ਸ਼ੈਤਾਨ, ਦਹਿ
ਦਿਸ਼ਾ ਨਾ ਉਠ ਉਠ ਧਾਹੀਆ । ਨੌ ਦੁਆਰ ਕਿਰਪਾ ਕਰਨੀ ਮਹਾਨ, ਮਹਿੰਮਾ ਕਥ ਕਥ ਸੁਣਾਈਆ । ਸਚਖੰਡ ਨਿਵਾਸੀ ਮੇਰੇ ਧੁਰ ਦੇ ਕਾਹਨ,
ਰਾਮ ਰਾਮਾ ਮੰਗ ਮੰਗਾਈਆ । ਨੂਰ ਨੁਰਾਨੇ ਅਲਾਹੀ ਅਮਾਮ, ਅਮਲਾਂ ਤੋਂ ਰਹਿਤ ਤੇਰੀ ਬੇਪਰਵਾਹੀਆ । ਸਤਿ ਧਰਮ ਦਾ ਹਕ਼ੀਕ਼ੀ ਸਚ ਪਿਆ
੮੯੪ ਦੇ ਜਾਮ, ਮਸਤੀ ਨਾਮ ਖ਼ੁਮਾਰੀ ਦੇ ਚੜ੍ਹਾਈਆ । ਮੈਂ ਚਾਹੁੰਦੀ ਮੇਰੇ ਉਤੇ ਤੇਰਾ ਇਕੋ ਨਾਮ ਕਲਮਾ ਹੋਏ ਕਲਾਮ, ਕਾਇਨਾਤ ਇਕੋ ਇਕ ਪੜ੍ਹਾਈਆ । ੮੯੪
੨੪ ਇਕੋ ਦੀਨ ਮਜ਼੍ਹਬ ਹੋਏ ਇਸਲਾਮ, ਇਸਮ ਆਜ਼ਮ ਇਕ ਸਮਝਾਈਆ । ਸ਼ਰਅ ਦਾ ਰਹੇ ਨਾ ਕੋਇ ਗ਼ੁਲਾਮ, ਗ਼ੁਰਬਤ ਅੰਦਰੋਂ ਬਾਹਰ ਕਢਾਈਆ । ੨੪
ਪੈਗ਼ੰਬਰਾਂ ਦਾ ਪੂਰਾ ਕਰ ਪੈਗ਼ਾਮ, ਜੋ ਸੰਦੇਸ਼ਾ ਦਿਤਾ ਚਾਈਂ ਚਾਈਂਆ । ਧਰਨੀ ਕਹੇ ਪ੍ਰਭੂ ਮੇਰੀ ਨਮੋ ਨਮੋ ਪਰਨਾਮ, ਸਯਦਿਆਂ ਵਿਚ ਸੀਸ ਝੁਕਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ
ਮੇਰਾ ਅੰਤ ਕੰਤ ਨਵ ਸੱਤ ਕਰ ਇੰਤਜ਼ਾਮ, ਦੂਸਰ ਤੁਧ ਬਿਨ ਨਜ਼ਰ ਕੋਇ ਨਾ ਆਈਆ ।

## ✪ ੨੪ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਵੇਰਕਾ ਜ਼ਿਲਾ ਅੰਮ੍ਰਿਤਸਰ ਗੁਰਨਾਮ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਕਿਰਪਾ ਨਿਧਾਨ ਸ਼ਾਹੋ ਭੂਪ ਵਡ ਰਾਜਨ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰੀ ਓਟ ਤਕਾਈਆ । ਸਤਿਗੁਰ ਸ਼ਬਦ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਨਿਰਗੁਣ ਧਾਰ ਸਾਜਣ, ਸਗਲੇ ਸੰਗੀ ਬਹੁਰੰਗੀ ਤੇਰੀ ਓਟ ਤਕਾਈਆ । ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਗ਼ਰੀਬ ਨਿਵਾਜ਼ਣ, ਨਿਵਾਜ਼ਸ਼ ਵਿਚ ਸਭ ਨੂੰ ਸੀਸ ਝੁਕਾਈਆ । ਕਲਜੁਗ ਅੰਤ ਅਖ਼ੀਰ ਧਰਮ ਦੀ ਧਾਰ ਬਣ ਗਈ ਮਹਾਜਨ, ਸਤਿ ਵਿਚ ਨਾ ਕੋਇ ਸਮਾਈਆ । ਮਾਇਆ ਡਸਣੀ ਡੱਸੀ ਜਾਏ ਨਾਗਣ, ਅੰਮ੍ਰਿਤ ਵਿਖ ਰੂਪ ਬਦਲਾਈਆ । ਸਚ ਦਾ ਸਚ ਸੁਣੇ ਕੋਈ ਨਾ ਨਾਦਨ, ਧੁਨ ਆਤਮਕ ਰਾਗ ਨਾ ਕੋਇ ਦ੍ਰਿੜਾਈਆ । ਪ੍ਰਿਥਮੀ ਕਹੇ ਮੇਰਾ ਸਵਾਰੇ ਕੋਈ ਨਾ ਕਾਜਨ, ਸਿਰ ਹੱਥ ਨਾ ਕੋਇ ਟਿਕਾਈਆ । ਗੂੜ੍ਹੀ ਸੁਤੇ ਨੀਂਦ ਕਲਜੁਗ ਜੀਵ ਮੂਲ ਨਾ ਜਾਗਣ,

ਆਲਸ ਨਿੰਦਰਾ ਨਾ ਕੋਇ ਮਿਟਾਈਆ । ਮੇਰੇ ਅੰਤਸ਼ਕਰਨ ਆਏ ਵੈਰਾਗਣ, ਵੈਰੀ ਬਾਹਰ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਸਾਚੀ ਬਖ਼ਸ਼ ਦੇ ਧੂੜਾ, ਧੂਲ ਲਵਾਂ ਰਮਾਈਆ । ਮੈਨੂੰ ਚਾੜ੍ਹ ਦੇ ਰੰਗ ਗੂੜ੍ਹਾ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਤੇਰੇ ਪਿਆਰ ਵਿਚ ਮਾਨਵ ਰਹੇ ਕੋਇ ਨਾ ਮੂੜ੍ਹਾ, ਮੂਰਖ ਮੁਗਧਾਂ ਡੇਰਾ ਢਾਹੀਆ । ਸਾਚਾ ਬਖ਼ਸ਼ ਦੇ ਨਾਮ ਸਰੂਰਾ, ਸੁਰਤੀ ਸ਼ਬਦ ਵਿਚ ਮਿਲਾਈਆ । ਮੇਰੀ ਆਸਾ ਪੂਰੀ ਕਰ ਦੇ ਜੋ ਮੂਸਾ ਰਖ ਕੇ ਗਿਆ ਉਤੇ ਕੋਹਤੂਰਾ, ਤੁਰਤ ਆਪਣੀ ਦਇਆ ਕਮਾਈਆ । ਜਿਸ ਕਾਰਨ ਈਸਾ ਬੇਨੰਤੀ ਕੀਤੀ ਮਨਜ਼ੂਰਾ ਮਿਹਰਵਾਨ ਹੋ ਕੇ ਵੇਖ ਵਖਾਈਆ । ਜੋ ਮੁਹੰਮਦ ਨੇ ਤੈਨੂੰ ਤਸੱਵਰ ਕੀਤਾ ਹਜ਼ੂਰਾ, ਹਜ਼ਰਤਾਂ ਦੇ ਮਾਲਕ ਨੂਰ ਅਲਾਹੀਆ । ਜੋ ਸੰਦੇਸ਼ ਸੁਣਾ ਕੇ ਗਿਆ ਨਾਨਕ ਧਾਰ ਸੂਰਾ, ਸੋ ਪੁਰਖ ਨਿਰੰਜਣ ਦੇਣੀ ਮਾਣ ਵਡਿਆਈਆ । ਮੈਂ ਚਾਹੁੰਦੀ ਤੇਰਾ ਇਕੋ ਜੋਤ ਦਾ ਹੋਵੇ ਨੂਰਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਮਨੂਆ ਮਨ ਮਾਨਵ ਜ਼ਾਤੀ ਨਾ ਪਾਵੇ ਫ਼ਤੂਰਾ, ਬੁੱਧ ਬਿਬੇਕ ਦੇਣੀ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭੂ ਮੈਨੂੰ ਬਖ਼ਸ਼ ਦੇ ਨਾਮ ਖ਼ੁਮਾਰੀ, ਖ਼ਾਲਸ ਆਪਣਾ ਰੰਗ ਰੰਗਾਈਆ । ਜਨ ਭਗਤਾਂ ਪ੍ਰੀਤੀ ਪ੍ਰੇਮ ਬਖ਼ਸ਼ ਦੇ ਯਾਰੀ, ਯਾਰੜੇ ਸਥਰ ਤੇਰੀ ਸੇਜ ਹੰਢਾਈਆ । ਇਕੋ ਰੰਗ ਰੰਗਾ ਦੇ ਪੁਰਖ ਨਾਰੀ, ਨਰ ਨਰਾਇਣ ਆਪਣਾ ਨੈਣ ਉਠਾਈਆ । ਮੈਂ ਚਰਨ ਕਵਲ ਧਵਲ ਹੋ ਕੇ ਕਰਾਂ ਨਿਮਸਕਾਰੀ, ਨਿਵ ਨਿਵ ਲਾਗਾਂ ਪਾਈਆ । ਕਲਜੁਗ ਕੂੜੀ ਕਿਰਿਆ ਨਾ ਕਰੇ ਖ਼ੁਆਰੀ, ਖ਼ਾਲਸ ਆਪਣਾ ਰੰਗ ਰੰਗਾਈਆ । ਤੈਨੂੰ ਸਭ ਨੇ ਮੰਨਣਾ ਨਿਹਕਲੰਕ ਕਲ ਕਲਕੀ ਅਵਤਾਰੀ, ਅਮਾਮ ਅਮਾਮਾ ਨੂਰ ਅਲਾਹੀਆ । ਮੈਂ ਤੇਰੇ ਚਰਨ ਧੂੜ ਮਸਤਕ ਲਾਵਾਂ ਛਾਰੀ, ਟਿੱਕੇ ਧਰਮ ਧਾਰ ਰਮਾਈਆ । ਸਚ ਇਸ਼ਟ ਦੀ ਬਣਾਂ ਪੁਜਾਰੀ, ਪੂਜਣਯੋਗ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਮਾਨਵ ਚਾੜ੍ਹ ਅਗੰਮਾ ਰੰਗ, ਮਾਨਸ ਮਾਨੁਖ ਆਪਣਾ ਭੇਵ ਖੁਲ੍ਹਾਈਆ । ਨਿਰਗੁਣ ਧਾਰ ਹੋ ਕੇ ਅੰਦਰ ਲੰਘ, ਨੂਰ ਨੁਰਾਨੇ ਆਪਣਾ ਪੰਧ ਮੁਕਾਈਆ । ਸ਼ਬਦ ਨਾਦ ਜਣਾ ਦੇ ਬਿਨ ਰਸਨਾ ਜਿਹਵਾ ਦੰਦ, ਸਰਵਣਾਂ ਲੋੜ ਰਹੇ ਨਾ ਰਾਈਆ । ਜੋਤੀ ਪਰਕਾਸ਼ ਦੇ ਦੇ ਬਿਨਾ ਸੂਰੀਆ ਚੰਦ, ਅੰਧ ਅੰਧੇਰਾ ਦੇ ਮਿਟਾਈਆ । ਦੂਈ ਦੂਵੈਤੀ ਸ਼ਰਅ ਸ਼ਰਾਇਤੀ ਅੰਤਸ਼ਕਰਨ ਵਿਚੋਂ ਢਾਹ ਦੇ ਕੰਧ, ਭਾਂਡਾ ਭਰਮ ਭਉ ਭੰਨਾਈਆ । ਖ਼ੁਸ਼ੀ ਕਰ ਦੇ ਬੰਦ ਬੰਦ, ਬੰਦਗੀ ਇਕੋ ਇਕ ਸਮਝਾਈਆ । ਆਤਮ ਪਰਮਾਤਮ ਬਖ਼ਸ਼ ਅਨੰਦ, ਪਾਰਬ੍ਰਹਮ ਬ੍ਰਹਮ ਮੇਲਾ ਮੇਲਣਾ ਚਾਈਂ ਚਾਈਂਆ । ਸੁਰਤੀ ਸ਼ਬਦ ਇਕੋ ਢੋਲਾ ਹੋਵੇ ਛੰਦ, ਤੂੰ ਮੇਰਾ ਮੈਂ ਤੇਰਾ ਦੂਜਾ ਰਾਗ ਨਾ ਕੋਇ ਸੁਣਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਨਿਰਗੁਣ ਧਾਰ ਹੋ ਕੇ ਪਾ ਠੰਡ, ਅਗਨੀ ਤਤ ਤਤ ਬੁਝਾਈਆ । ਜੁਗ ਚੌਕੜੀ ਮੇਰੀ ਪਿਛਲੀ ਟੁੱਟੀ ਗੰਢ, ਗੰਢਣਹਾਰ ਗੁਪਾਲ ਸੁਆਮੀ ਆਪਣਾ ਰੰਗ ਰੰਗਾਈਆ । ਨਿਗਾਹ ਮਾਰ ਲੈ ਮੇਰੇ ਨਵ ਖੰਡ, ਸੱਤਾਂ ਦੀਪਾਂ ਪਰਦਾ ਆਪ ਚੁਕਾਈਆ । ਮੇਰਾ ਖੇਲ ਤਕ ਲੈ ਵਿਚ ਵਰਭੰਡ, ਵਰਭੰਡੀ ਮੇਟੇ ਕੂੜ ਲੋਕਾਈਆ । ਮੈਂ ਇਕੋ ਆਸ਼ਾ ਵਿਚ ਰਹੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰੀ ਸੇਜ ਸੁਹੰਜਣੀ ਮਾਟੀ ਖ਼ਾਕ ਕਰ ਪਲੰਘ, ਸੁਖ ਆਸਣ ਪੁਰਖ ਅਬਿਨਾਸ਼ਣ ਆਪਣਾ ਇਕ ਲਗਾਈਆ । ਮੇਰੇ ਸੁਆਮੀ

ਅੰਤਰਜਾਮੀ ਨਿਰਗੁਣ ਧਾਰ ਮਾਰ ਕੇ ਆ ਜਾ ਪੰਧ, ਦੂਰ ਦੁਰਾਡੇ ਆਪਣਾ ਪੈਂਡਾ ਆਪ ਮੁਕਾਈਆ । ਸਤਿ ਸਤਿਵਾਦੀ ਸਤਿਗੁਰ ਸ਼ਬਦ ਨਿਰਗੁਣ ਧਾਰ ਬਣਾ ਸਨਬੰਧ, ਨਾਤਾ ਬਿਧਾਤਾ ਹੋ ਕੇ ਆਪ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੇਰਾ ਕਰ ਦੇ ਪਵਿਤ੍ਰ ਘਰ, ਗ੍ਰਹਿ ਸੁਹੰਜਣਾ ਦੇ ਬਣਾਈਆ । ਅੰਮ੍ਰਿਤ ਧਾਰ ਬਹਾ ਦੇ ਸਰ, ਸਰੋਵਰ ਇਕੋ ਇਕ ਜਣਾਈਆ । ਤੂੰ ਮਾਲਕ ਨਰਾਇਣ ਨਰ, ਹਰਿ ਕਰਤਾ ਇਕ ਅਖਵਾਈਆ । ਮੈਂ ਮਾਂਗਾ ਠਾਂਢਾ ਦਰ, ਭਿਖਕ ਹੋ ਕੇ ਝੋਲੀ ਡਾਹੀਆ । ਤੇਰੀ ਸਰਨ ਸਰਨਾਈ ਜਾਣਾ ਪਰ, ਪਰਾ ਪਸੰਤੀ ਮਧਮ ਬੈਖਰੀ ਦਾ ਲੇਖਾ ਦੇਣਾ ਮੁਕਾਈਆ । ਮੇਰੇ ਸੁਆਮੀ ਅੰਤਰਜਾਮੀ ਮੈਨੂੰ ਦੇ ਦੇ ਆਪਣਾ ਅਗੰਮਾ ਵਰ, ਵਰ ਦਾਤੇ ਹੋਣਾ ਸਹਾਈਆ । ਕਿਰਪਾ ਨਿਧਾਨ ਹੋ ਕੇ ਕਿਰਪਾ ਕਰ, ਮੈਂ ਕਿਰਪਨ ਹੋ ਕੇ ਝੋਲੀ ਅਗੇ ਡਾਹੀਆ । ਤੇਰੀ ਸਰਨ ਸਰਨਾਈ ਲਗ ਕੇ ਜਾਵਾਂ ਤਰ, ਤਾਰਨਹਾਰ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਅਗੰਮੇ ਹਰਿ, ਹਰ ਹਿਰਦੇ ਅੰਤਰ ਨਿਰੰਤਰ ਨਿਰਗੁਣ ਨੂਰ ਜ਼ਹੂਰ ਜੋਤ ਕਰ ਰੁਸ਼ਨਾਈਆ ।



## ✪ ੨੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਰੂਪੋਵਾਲੀ ਜ਼ਿਲਾ ਅੰਮ੍ਰਿਤਸਰ ਗੁਲਜ਼ਾਰ ਸਿੰਘ ਦੇ ਗ੍ਰਹਿ ✪

ਨਾਰਦ ਕਹੇ ਧਰਨੀਏ ਮੈਂ ਧੁਰ ਦਾ ਆਇਆ ਹਲਕਾਰਾ, ਪਾਤੀ ਪਤ੍ਰਕਾ ਬਿਨ ਅੱਖਰਾਂ ਨਾਲ ਲਿਆਈਆ । ਪੁਰਖ ਅਕਾਲ ਦੀਨ ਦਿਆਲ ਅਗੰਮ ਅਥਾਹ ਦਿਤਾ ਇਸ਼ਾਰਾ, ਬਿਨ ਨੇਤਰ ਲੋਚਨ ਨੈਣ ਸੈਨਤ ਦਿਤੀ ਲਗਾਈਆ । ਸਤਿਗੁਰ ਸ਼ਬਦ ਗੁਰਦੇਵ ਕੀਤਾ ਹਕ ਪਿਆਰਾ, ਹਕ਼ੀਕ਼ਤ ਵਿਚੋਂ ਹਕ਼ੀਕ਼ਤ ਦਿਤੀ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਖ਼ੁਸ਼ੀਆਂ ਵਿਚ ਕੀਤਾ ਮੁਜ਼ਾਹਰਾ, ਸੰਸਾਰੀ ਭੰਡਾਰੀ ਸੰਘਾਰੀ ਢੋਲੇ ਦਿਤੇ ਗਾਈਆ । ਤੇਈ ਅਵਤਾਰਾਂ ਇਕੋ ਮਿਲਕੇ ਲਾਇਆ ਨਾਅਰਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਪੈਗ਼ੰਬਰਾਂ ਬਿਨ ਕ਼ਲਮ ਸ਼ਾਹੀ ਲੇਖ ਵਖਾਇਆ ਅਪਾਰਾ, ਅਲਿਫ਼ ਯੇ ਵੰਡ ਨਾ ਕੋਇ ਵੰਡਾਈਆ । ਗੁਰੂ ਗੁਰਦੇਵ ਦੱਸਿਆ ਨਜ਼ਾਰਾ, ਬਿਨ ਰਸਨਾ ਰਸ ਦਿਤਾ ਚਖਾਈਆ । ਮੈਂ ਹਸ ਕੇ ਕਿਹਾ ਕੀ ਖੇਲ ਹੋਏ ਵਿਚ ਸੰਸਾਰਾ, ਦੀਨ ਦੁਨੀ ਕੀ ਵਡਿਆਈਆ । ਝਟ ਸਤਿਗੁਰ ਸ਼ਬਦ ਕਿਹਾ ਤੂੰ ਧਰਨੀ ਧਰਤ ਧਵਲ ਧੌਲ ਵੇਖਣਾ ਚਾਰ ਦੀਵਾਰਾ, ਉੱਤਰ ਪੂਰਬ ਪੱਛਮ ਦੱਖਣ ਅੱਖ ਖੁਲ੍ਹਾਈਆ । ਨਵ ਖੰਡ ਭੱਜਣਾ ਵਾਰੋ ਵਾਰਾ, ਸੱਤਾਂ ਦੀਪਾਂ ਪੰਧ ਮੁਕਾਈਆ । ਸੰਬਲ ਨਿਵਾਸੀ ਨਿਰਗੁਣ ਦਾਤਾ ਪੁਰਖ ਬਿਧਾਤਾ ਤੇਰਾ ਬਣਿਆ ਰਹੇ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਨਾਰਦ ਕਹੇ ਮੈਂ ਖ਼ੁਸ਼ੀਆਂ ਵਿਚ ਸਭ ਨੂੰ ਕੀਤੀ ਨਿਮਸਕਾਰਾ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਸਚਖੰਡ ਵਿਚੋਂ ਹੋਇਆ ਰਵਾਨਾ, ਬਿਨ ਕ਼ਦਮਾਂ ਕ਼ਦਮ ਉਠਾਈਆ । ਜਲਵਾਗਰ ਤਕ ਨੂਰ ਨੁਰਾਨਾ, ਦੋ ਜਹਾਨ ਵੇਖਿਆ ਥਾਉਂ ਥਾਈਆ । ਥਿਰ ਘਰ ਬਹਿ ਕੇ ਗਾਇਆ ਤਰਾਨਾ, ਚਰਨ ਕਵਲ ਤੇਰੀ ਸਰਨਾਈਆ । ਸਤਿਗੁਰ ਸ਼ਬਦ ਅਗੰਮ ਸੁਣਾਇਆ

੮੯੭ ੨੪

ਗਾਣਾ, ਜਿਸ ਦੀ ਆਦਿ ਜੁਗਾਦਿ ਕਰੇ ਨਾ ਕੋਇ ਸ਼ਨਵਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਇਆ ਮਸਤਾਨਾ, ਖ਼ੁਸ਼ੀਆਂ ਵਿਚ ਢੋਲੇ ਗਾਈਆ । ਮੈਂ ਹਸ ਕੇ ਕਿਹਾ ਲੋਕਮਾਤ ਮੈਂ ਵੇਖਾਂ ਜਗਤ ਜਹਾਨਾ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਮੈਂ ਚਲਿਆ ਬਿਨਾ ਤਨ ਵਜੂਦ, ਪੰਜ ਤਤ ਨਜ਼ਰ ਕੋਇ ਨਾ ਆਈਆ । ਮੇਰਾ ਮਾਲਕ ਇਕ ਮਹਿਬੂਬ, ਮਹਿਬਾਨ ਬੀਦੋ ਨੂਰ ਅਲਾਹੀਆ । ਜਿਸ ਦੀ ਮੰਜ਼ਲ ਹਕ ਮਕ਼ਸੂਦ, ਸ਼ਾਹ ਸ਼ਹਾਨਾ ਡਗਮਗਾਈਆ । ਮੈਂ ਲੋਆਂ ਪੁਰੀਆਂ ਕਰਕੇ ਪਾਰ ਹਦੂਦ, ਪੂਰਬ ਪੰਧ ਲਿਆ ਮੁਕਾਈਆ । ਲੋਕਮਾਤ ਆ ਕੇ ਵੇਖਿਆ ਮੌਜੂਦ, ਮੌਜੂਦਾ ਤਕਿਆ ਧੁਰਦਰਗਾਹੀਆ । ਜਿਸ ਨੇ ਕਲਜੁਗ ਕੂੜੀ ਕਿਰਿਆ ਕਰਨੀ ਨੇਸਤੋ ਨਾਬੂਦ, ਕਲ ਕਲੇਸ਼ ਦੇਣਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਧਰਨੀਏ ਮੈਂ ਪੁੱਜਾ ਤੇਰੀ ਧਰਤ, ਧਵਲੇ ਦਿਆਂ ਦ੍ਰਿੜਾਈਆ । ਆਹ ਤਕ ਲੈ ਅਵਤਾਰ ਪੈਗ਼ੰਬਰਾਂ ਗੁਰੂਆਂ ਵਾਲੀ ਸ਼ਰਤ, ਬਿਨ ਸ਼ਰਅ ਦਿਆਂ ਵਖਾਈਆ । ਜਿਸ ਕਾਰਨ ਪੁਰਖ ਅਕਾਲ ਦੀਨ ਦਿਆਲ ਆਵੇ ਪਰਤ, ਪਤਿਪਰਮੇਸ਼ਵਰ ਨੂਰ ਅਲਾਹੀਆ । ਤੇਰਾ ਆਦਿ ਜੁਗਾਦਿ ਪੂਰਬ ਲਾਹਵੇ ਕ਼ਰਜ਼, ਮਕ਼ਰੂਜ਼ ਲਹਿਣਾ ਦਏ ਚੁਕਾਈਆ । ਤੇਰੀ ਮਨਜ਼ੂਰ ਕਰੇ ਅਰਜ਼, ਬੇਨੰਤੀ ਆਪਣੇ ਕ਼ਦਮ ਰਖਾਈਆ । ਜੁਗ ਬਦਲਣਾ ਜਿਸ ਦਾ ਫ਼ਰਜ਼, ਕਲਜੁਗ ਕੂੜਾ ਦਏ ਮਿਟਾਈਆ । ਉਸ ਦਾ ਖੇਲ ਹੋਣਾ ਅਸਚਰਜ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਤੇਰੀ ਜ਼ਰੂਰ ਵੰਡੇ ਦਰਦ, ਦੁਖੀਆਂ ਹੋਏ ਆਪ ਸਹਾਈਆ । ਸ਼ਰਅ ਛੁਰੀ ਕ਼ਤਲ ਕਰੇ ਕੋਇ ਨਾ ਕਰਦ, ਕ਼ਾਤਲ ਮਕ਼ਤੂਲ ਦਾ ਡੇਰਾ ਢਾਹੀਆ । ਯੋਧਾ ਸੂਰਬੀਰ ਬਣੇ ਮਰਦ, ਧੁਰ ਦਾ ਹੁਕਮ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਨਾਰਦ ਕਹੇ ਧਰਨੀਏ ਆਹ ਵੇਖ ਅਗੰਮੀ ਰੁੱਕਾ, ਬਿਨ ਅੱਖਰਾਂ ਲੇਖ ਜਣਾਈਆ । ਜਿਸ ਵਿਚ ਕਲਜੁਗ ਕੂੜੀ ਕਿਰਿਆ ਪੈਂਡਾ ਮੁਕਾ, ਅਗੇ ਅਵਰ ਨਾ ਕੋਇ ਵਧਾਈਆ । ਇਕੋ ਪ੍ਰਭੂ ਦਾ ਨਾਮ ਕਲਮਾ ਹੋਣਾ ਦੋ ਤੁਕਾ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਗਾਈਆ । ਸਦੀ ਚੌਧਵੀਂ ਅੰਤਮ ਵੇਲਾ ਢੁਕਾ, ਮੁਹੰਮਦ ਨੈਣ ਰਿਹਾ ਉਠਾਈਆ । ਈਸਾ ਲੇਖਾ ਵੇਖ ਲੈ ਚੁਕਾ, ਚਾਰੋਂ ਕੁੰਟ ਕੁਰਲਾਈਆ । ਮੂਸਾ ਤਕੇ ਪੰਜ ਤਤ ਕਾਇਆ ਬੁਤਾ, ਬੁਤਖ਼ਾਨਿਆਂ ਧਿਆਨ ਲਗਾਈਆ । ਗੋਬਿੰਦ ਧਾਰ ਕਹੇ ਮੇਰੇ ਪ੍ਰਭੂ ਸੁਹਾਉਣੀ ਰੁਤਾ, ਰੁਤੜੀ ਆਪਣੇ ਨਾਲ ਮਹਿਕਾਈਆ । ਕਲਜੁਗ ਖੇਲੇ ਖੇਲ ਅਬਿਨਾਸ਼ੀ ਅਚੁਤਾ, ਚੇਤਨ ਸਭ ਨੂੰ ਦਏ ਕਰਾਈਆ । ਕਲਜੁਗ ਜੀਵ ਰਹੇ ਕੋਈ ਨਾ ਸੁਤਾ, ਜਗਿਆਸੂਆਂ ਦਏ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਧਰਨੀਏ ਚਿੱਠੀ ਦਾ ਅਗੰਮਾ ਲੇਖ, ਲਿਖਾਰੀ ਕਾਤਬ ਨਜ਼ਰ ਕੋਇ ਨਾ ਆਈਆ । ਜਿਸ ਵਿਚ ਪਰਮ ਪੁਰਖ ਦਾ ਅਗੰਮਾ ਭੇਖ, ਭੇਖਾਧਾਰੀ ਵੇਸ ਵਟਾਈਆ । ਜਿਸ ਦਾ ਰੂਪ ਰੰਗ ਨਾ ਕੋਇ ਰੇਖ, ਤਤਵ ਤਤ ਨਜ਼ਰ ਕੋਇ ਨਾ ਆਈਆ । ਉਸ ਦਾ ਅਹਿਵਾਲ ਲਿਖ ਸਕੇ ਨਾ ਕੋਇ ਲੇਖ, ਵਰਨਣ ਕਰ ਨਾ ਕੋਇ ਦ੍ਰਿੜਾਈਆ । ਉਹ ਵਕਤ ਸੁਹੰਜਣਾ ਕਰੇ ਸੰਬਲ ਦੇਸ, ਦੇਸ ਦੇਸਾਂਤਰਾਂ ਡੇਰਾ ਢਾਹੀਆ । ਦੋ ਜਹਾਨਾਂ ਬਣੇ ਨਰੇਸ਼, ਨਰ ਨਰਾਇਣ ਨੂਰ ਅਲਾਹੀਆ । ਜਿਸ ਦਾ ਲਹਿਣਾ ਦੇਣਾ ਨਾਲ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ

ਵੇਖ ਵਖਾਈਆ । ਜਿਸ ਨੂੰ ਝੁਕਣੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਕਰੋੜ ਤੇਤੀਸਾ ਬੈਠਣ ਸੀਸ ਨਿਵਾਈਆ । ਉਹ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਰਹੇ ਹਮੇਸ਼, ਹਮ ਸਾਜਣ ਇਕ ਅਖਵਾਈਆ । ਧਰਨੀਏ ਤੂੰ ਉਸ ਦੇ ਚਰਨ ਕਵਲ ਹੋਣਾ ਪੇਸ਼, ਪੇਸ਼ੀਨਗੋਈਆਂ ਪਿਛਲੀਆਂ ਗੋਦ ਉਠਾਈਆ । ਜਿਸ ਕਲਜੁਗ ਕੂੜੀ ਕਿਰਿਆ ਤੇਰੇ ਉਤੋਂ ਮੇਟਣਾ ਕਲੇਸ਼, ਕਲਕਾਤੀਆਂ ਕਰੇ ਸਫ਼ਾਈਆ । ਉਹ ਸ਼ਾਹੋ ਭੂਪ ਸ਼ਹਿਨਸ਼ਾਹ ਨਰੇਸ਼, ਨਰ ਨਰਾਇਣ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਧਰਨੀਏ ਇਹ ਚਿੱਠੀ ਬੜੀ ਅਜੀਬ, ਜਗਤ ਵਿਦਿਆ ਸਮਝ ਕੋਇ ਨਾ ਪਾਈਆ । ਇਸ ਦੇ ਵਿਚ ਨੌ ਸੌ ਚੁਰਾਨਵੇ ਚੌਕੜੀ ਜੁਗ ਦੀ ਤਰਤੀਬ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੈਠੇ ਸੀਸ ਨਿਵਾਈਆ । ਸਤਿਗੁਰ ਸ਼ਬਦ ਦੀ ਸਾਰੇ ਕਰਨ ਦੀਦ, ਦੀਦਾ ਦਾਨਿਸਤਾ ਵੇਖ ਕੇ ਖ਼ੁਸ਼ੀ ਬਣਾਈਆ । ਉਹ ਤੇਰੀ ਆਸਾ ਮਨਸਾ ਪੂਰੀ ਕਰੇ ਉਮੀਦ, ਤ੍ਰਿਸ਼ਨਾ ਆਪਣੇ ਰੰਗ ਰੰਗਾਈਆ । ਤੇਰੀ ਗ਼ਫ਼ਲਤ ਵਿਚੋਂ ਲੱਖ ਚੁਰਾਸੀ ਖੋਲ੍ਹੇ ਨੀਂਦ, ਸੋਇਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਇਕ ਸੁਹਾਈਆ । ਨਾਰਦ ਕਹੇ ਧਰਨੀਏ ਇਹ ਰੁੱਕਾ ਅਗੰਮ ਅਥਾਹ, ਅਗੰਮੜੇ ਦਿਤੀ ਵਡਿਆਈਆ । ਜੋ ਮਾਲਕ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜੋ ਤੇਰਾ ਲਹਿਣਾ ਦੇਣਾ ਵੇਖੇ ਥਾਉਂ ਥਾਂ, ਥਾਨ ਥਨੰਤਰ ਜ਼ਿਮੀਂ ਅਸਮਾਨ ਫੋਲ ਫੁਲਾਈਆ । ਉਚੇ ਟਿੱਲੇ ਪਰਬਤ ਵੇਖੇ ਥਲ ਅਸਗਾਹ, ਜੂਹਾਂ ਜੰਗਲਾਂ ਪਰਦਾ ਦਏ ਉਠਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਵੇਖੇ ਹੰਸ ਬੁੱਧੀ ਕਾਂ, ਅੰਤਰ ਨਿਰੰਤਰ ਆਪਣਾ ਫੇਰਾ ਪਾਈਆ । ਰਸਨਾ ਜਿਹਵਾ ਬੱਤੀ ਦੰਦ ਢੋਲੇ ਸਿਫ਼ਤ ਸਲਾਹੀ ਵੇਖੇ ਨਾਂ, ਨਾਉਂ ਨਿਰੰਕਾਰ ਕੌਣ ਧਿਆਈਆ । ਸਾਢੇ ਤਿੰਨ ਹੱਥ ਮੰਦਰ ਵੇਖੇ ਗਰਾਂ, ਘਟ ਘਟ ਅੰਦਰ ਡੇਰਾ ਲਾਈਆ । ਅੰਤ ਕੰਤ ਭਗਵੰਤ ਤੇਰਾ ਹਕ ਕਰੇ ਨਿਆਂ, ਅਦਲ ਇਨਸਾਫ਼ ਆਪਣੇ ਹੱਥ ਰਖਾਈਆ । ਸਤਿ ਧਰਮ ਦਾ ਮਾਰਗ ਦੇਵੇ ਲਾ, ਸਤਿਜੁਗ ਸਚ ਰੰਗ ਰੰਗਾਈਆ । ਦੀਨ ਦੁਨੀ ਦਾ ਝਗੜਾ ਮੇਟੇ ਸੂਰ ਗਾਂ, ਪਸ਼ੂਆਂ ਖੱਲ ਨਾ ਕੋਇ ਲੁਹਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਸਾਰੇ ਰਸਨਾ ਜਿਹਵਾ ਬੱਤੀ ਦੰਦ ਕਰਨ ਵਾਹ ਵਾਹ, ਵਾਹਵਾ ਵਾਹਿਗੁਰੂ ਤੇਰੀ ਬੇਪਰਵਾਹੀਆ । ਸੋ ਪੁਰਖ ਅਕਾਲਾ ਦੀਨ ਦਿਆਲਾ ਜੋਤੀ ਜਾਤਾ ਆਪਾ ਕਰੇ ਨਿਆਂ, ਨਿਰਾਕਾਰ ਨਿਰੰਕਾਰ ਆਪਣਾ ਹੁਕਮ ਵਰਤਾਈਆ । ਤੇਰੀ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਕੜੇ ਬਾਂਹ, ਪਰਵਰਦਿਗਾਰ ਸਾਂਝਾ ਯਾਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਥਲ ਅਸਗਾਹ, ਜ਼ਿਮੀਂ ਜ਼ਮਾਂ ਤੇਰਾ ਧਿਆਨ ਰਖਾਈਆ ।

✪ ੨੮ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ਸੁਰਜਨ ਸਿੰਘ, ਮਹਿੰਦਰ ਸਿੰਘ, ਬਚਨ ਸਿੰਘ ਦੇ ਗ੍ਰਿਹ ✪

ਨਾਰਦ ਕਹੇ ਧਰਨੀਏ ਮੈਂ ਗਿਆ ਦੀਪ ਲਖਣ, ਬਿਨ ਕ਼ਦਮਾਂ ਪੰਧ ਮੁਕਾਈਆ । ਜਗਤ ਜਹਾਨ ਦੀ ਧਾਰਾ ਵੇਖੀ ਸੱਖਣ, ਸਤਿ ਸਰੂਪ ਨਜ਼ਰ

ਕੋਇ ਨਾ ਆਈਆ । ਤਤ ਵਿਰੋਲੇ ਕੋਈ ਨਾ ਨਾਮ ਮਧਾਣੇ ਮੱਖਣ, ਛਾਛ ਭਰੀ ਦਿਸੀ ਲੋਕਾਈਆ । ਮੈਂ ਝਟ ਹੱਥ ਉਤੇ ਮਾਰਿਆ ਹੱਥਨ, ਤਾਲੀ ਦਿਤੀ ਲਗਾਈਆ । ਬਿਨ ਰਸਨਾ ਜਿਹਵਾ ਕਥਾ ਲੱਗਾ ਕਥਨ, ਢੋਲੇ ਅਗੰਮ ਅਥਾਹੀਆ । ਪੁਰਖ ਅਕਾਲ ਨੂੰ ਲੱਗਾ ਦੱਸਣ, ਸੰਦੇਸ਼ਾ ਦੇਵਾਂ ਚਾਈਂ ਚਾਈਂਆ । ਚਾਰੋਂ ਕੁੰਟ ਲੱਗਾ ਨੱਸਣ, ਭੱਜਿਆ ਵਾਹੋ ਦਾਹੀਆ । ਜਗਤ ਅੰਧੇਰ ਦਿਸਿਆ ਮੱਸਣ, ਨੂਰੀ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਧਰਨੀਏ ਮੈਂ ਗਿਆ ਦੀਪ ਕਰੌਚ, ਕਲਾਧਾਰੀ ਕੀ ਖੇਲ ਵਖਾਈਆ । ਬਿਨ ਸਹਾਰੇ ਗਿਆ ਪਹੁੰਚ, ਪੰਜਾਂ ਤਤਾਂ ਬਿਨ ਆਪਣਾ ਪੰਧ ਮੁਕਾਈਆ । ਮੇਰੀ ਅਕਲ ਬੁੱਧੀ ਦੀ ਰਹੀ ਕੋਈ ਨਾ ਸੋਚ, ਸਮਝ ਵਿਚ ਨਾ ਕੋਇ ਸਮਝਾਈਆ । ਝਟ ਫੁਰਨਿਆਂ ਵਿਚ ਮੇਰੀ ਅੰਤਸ਼ਕਰਨ ਪਰਗਟੀ ਅਗੰਮੀ ਲੋਚ, ਲੋਚਨ ਨੈਣ ਦਿਤਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਧਰਨੀਏ ਮੈਂ ਪਹੁੰਚਿਆ ਦੇਸ ਪੁਸ਼ਕਰ, ਅਗਾ ਪਿਛਾ ਨਜ਼ਰ ਕੋਇ ਨਾ ਆਈਆ । ਨਿਰਗੁਣ ਧਾਰੋਂ ਆਇਆ ਉਤਰ, ਜੰਮਣ ਵਾਲੀ ਕੋਇ ਨਾ ਮਾਈਆ । ਪੁਰਖ ਅਕਾਲ ਦਾ ਬਣ ਕੇ ਪੁਤਰ, ਪਿਤਾ ਇਕੋ ਇਕ ਜਣਾਈਆ । ਮੈਂ ਮਾਰ ਕੇ ਚਕਰ ਕੀਤਾ ਸ਼ੁਕਰ, ਸ਼ੁਕਰਾਨੇ ਵਿਚ ਸੀਸ ਨਿਵਾਈਆ । ਜਾਂ ਨਿਗਹ ਮਾਰੀ ਚੜ੍ਹਦਾ ਲਹਿੰਦਾ ਦੱਖਣ ਪਹਾੜ ਨੁੱਕਰ, ਬਿਨ ਅੱਖਾਂ ਅੱਖ ਉਠਾਈਆ । ਉਹ ਸਾਰੇ ਪ੍ਰਭ ਦੇ ਨਾਲੋਂ ਮਾਨਵ ਹੋ ਗਏ ਨਮੁਕਰ, ਪ੍ਰੀਤੀ ਵਿਚ ਨਾ ਕੋਇ ਸਮਾਈਆ । ਝਗੜਾ ਤਕਿਆ ਅੰਨ ਦਾਣਾ ਟੁੱਕਰ, ਟੁਕੜਿਆਂ ਵਿਚ ਦਿਸੀ ਖ਼ਲਕ ਖ਼ੁਦਾਈਆ । ਮਾਨਵ ਜ਼ਾਤੀ ਰੂਪ ਧਰਿਆ ਬੁੱਚੜ, ਕਸਾਈ ਕ਼ਤਲਗਾਹ ਆਪਣੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਧਰਨੀਏ ਮੈਂ ਆਇਆ ਦੇਸ ਜੰਬੂ, ਦੀਪ ਦੀਪਾਂ ਧਿਆਨ ਲਗਾਈਆ । ਮਾਨਸ ਜ਼ਾਤੀ ਅੰਤਸ਼ਕਰਨ ਲੱਗਿਆ ਵੇਖਿਆ ਲੰਬੂ, ਕਲਜੁਗ ਅਗਨੀ ਅੱਗ ਤਪਾਈਆ । ਝਟ ਮੈਨੂੰ ਇਸ਼ਾਰਾ ਦਿਤਾ ਕੈਲਾਸ਼ ਉਤੋਂ ਸ਼ੰਕਰ ਸ਼ੰਭੂ, ਸ਼ਿਵ ਜੀ ਰਿਹਾ ਦ੍ਰਿੜਾਈਆ । ਮੇਰਾ ਹੁਕਮ ਸੰਦੇਸ਼ਾ ਅਗੰਮੜਾ ਜਿਸ ਨੂੰ ਸੁਣ ਕੇ ਨਵ ਸੱਤ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕੰਬੂ, ਥਰ ਥਰਾਹਟ ਵਿਚ ਦਿਸੇ ਲੋਕਾਈਆ । ਕਿਸੇ ਨਜ਼ਰ ਨਾ ਆਏ ਦੀਨ ਦਿਆਲ ਦੀਨਾ ਬੰਧੂ, ਬੰਦਗੀ ਵਿਚ ਸਚ ਨਾ ਕੋਇ ਸਮਾਈਆ । ਜਿਧਰ ਤਕਿਆ ਭਰਮ ਦਾ ਦਿਸਿਆ ਕੰਧੂ, ਭਾਂਡਾ ਭਰਮ ਨਾ ਕੋਇ ਭੰਨਾਈਆ । ਝਟ ਮੈਨੂੰ ਯਾਦ ਆ ਗਿਆ ਕੀ ਭਾਰਤ ਵਿਚ ਲਹਿਣਾ ਦੇਣਾ ਸਤਿਗੁਰ ਅਰਜਨ ਨਾਲ ਚੰਦੂ, ਚੰਦ ਸਿਤਾਰ ਨਿਸ਼ਾਨ ਮੁਹੰਮਦ ਦਏ ਗਵਾਹੀਆ । ਭਾਰਤ ਖੰਡ ਕੀ ਹੁਕਮ ਸੰਦੇਸ਼ਾ ਧੁਰ ਦਾ ਸ਼ਬਦ ਵੰਡੂ, ਵਸਤ ਕਵਣ ਵਰਤਾਈਆ । ਕਿਸ ਬਿਧ ਪੁਰਖ ਅਕਾਲਾ ਦੀਨ ਦਿਆਲਾ ਦੀਨ ਦੁਨੀ ਨੂੰ ਦੰਡੂ, ਡੰਡਾਵਤ ਸਭ ਦੀ ਦਏ ਬਦਲਾਈਆ । ਜਨ ਭਗਤਾਂ ਕਵਣ ਧਾਰ ਆਤਮ ਪਰਮਾਤਮ ਗੰਢੂ, ਸੁਰਤੀ ਸ਼ਬਦ ਸ਼ਬਦ ਜੁੜਾਈਆ । ਜੋਤੀ ਜਾਤਾ ਹੋ ਕੇ ਪਾਵੇ ਠੰਡੂ, ਅਗਨੀ ਅੱਗ ਨਾ ਕੋਇ ਤਪਾਈਆ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ ਸੰਦੂ, ਗਹਿਰ ਗੰਭੀਰ ਹੋਏ ਸਹਾਈਆ । ਹਰਿਜਨ ਸੰਤ ਲਗਾਏ ਅੰਗੂ, ਅੰਗੀਕਾਰ ਆਪ ਅਖਵਾਈਆ । ਕੀ ਲਹਿਣਾ ਦੇਣਾ ਮਾਤਾ ਗੁਜਰੀ ਨਾਲ ਗੰਗੂ, ਗੋਬਿੰਦ ਕੀ ਹੁਕਮ ਸਮਝਾਈਆ । ਕਿਹੜਾ ਢੋਲਾ ਗੀਤ ਕਵਣ ਗਾਏ ਛੰਦੂ, ਕਵਣ ਨਾਮ ਵਡਿਆਈਆ । ਕਿਸ ਬਿਧ ਝਗੜਾ ਮੁਕਣਾ ਬੋਦੀ ਧਾਰ ਜੰਵੂ,

ਜਗਤ ਆਪਣਾ ਖੇਲ ਵਖਾਈਆ । ਨਾਰਦ ਕਹੇ ਮੇਰਾ ਬਿਨ ਨੇਤਰਾਂ ਵਗ ਗਿਆ ਹੰਝੂ, ਨੈਣਾਂ ਛਹਿਬਰ ਲਾਈਆ । ਮੈਂ ਨਿਗਾਹ ਮਾਰੀ ਮਾਨਵ ਜ਼ਾਤੀ ਤਤ ਪੰਜੂ, ਪੰਚਮ ਸ਼ਬਦ ਨਾ ਕੋਇ ਸ਼ਨਵਾਈਆ । ਬਿਨ ਸਤਿਗੁਰ ਕਿਰਪਾ ਪਾਰ ਕਵਣ ਲੰਘੂ, ਵੰਝ ਮੁਹਾਣਾ ਹੱਥ ਨਾ ਕੋਇ ਫੜਾਈਆ । ਫੇਰ ਵੇਖਿਆ ਸਦੀ ਚੌਧਵੀਂ ਅੰਤ ਅਖ਼ੀਰ ਦਿਸਿਆ ਕੰਢੂ, ਕੰਢੀ ਘਾਟ ਬੈਠੇ ਸਾਰੇ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਧਰਨੀਏ ਮੈਂ ਪੁੱਜਿਆ ਦੇਸ ਸਲਮਲ, ਦੀਪ ਦੀਪਾਂ ਧਿਆਨ ਲਗਾਈਆ । ਨਿਗਾਹ ਮਾਰੀ ਘੜੀ ਪਲ ਪਲ, ਪਲਕਾਂ ਦੇ ਪਿਛੇ ਧਿਆਨ ਲਗਾਈਆ । ਸਮੁੰਦ ਸਾਗਰ ਤਕੇ ਜਲ ਥਲ, ਮਹੀਅਲ ਵੇਖਿਆ ਚਾਈਂ ਚਾਈਆ । ਕੂੜ ਕੁੜਿਆਰ ਵਿਚ ਸੰਸਾਰ ਗਿਆ ਰਲ, ਤਨ ਵਜੂਦਾਂ ਅੰਦਰ ਡੇਰਾ ਲਾਈਆ । ਮਾਇਆ ਮਮਤਾ ਸਭ ਨੂੰ ਰਹੀ ਛਲ, ਕਲਜੁਗ ਅਛਲ ਛਲ ਰੂਪ ਬਣਾਈਆ । ਕਾਇਆ ਖੇੜਾ ਤਕਿਆ ਬਣਿਆ ਝੱਲ, ਸਚ ਰੰਗ ਨਾ ਕੋਇ ਰੰਗਾਈਆ । ਭਾਗ ਲੱਗਾ ਦਿਸੇ ਨਾ ਕਾਇਆ ਮਾਟੀ ਖੱਲ, ਤਨ ਵਜੂਦ ਵਜੇ ਨਾ ਕੋਇ ਵਧਾਈਆ । ਜਿਧਰ ਤਕਿਆ ਪੰਚ ਵਿਕਾਰਾ ਦਲ, ਦਲਿਦ੍ਰੀ ਦਿਸੀ ਖ਼ਲਕ ਖ਼ੁਦਾਈਆ । ਬਿਨਾ ਪੁਰਖ ਅਕਾਲ ਤੋਂ ਇਹ ਮਸਲਾ ਹੋ ਸਕੇ ਨਾ ਹੱਲ, ਹਾਲਤ ਸਕੇ ਨਾ ਕੋਇ ਬਦਲਾਈਆ । ਕਲਜੁਗ ਕੂੜ ਕੁੜਿਆਰ ਵੇਖ ਲੈ ਕਲ, ਕਲਕਾਤੀ ਆਪਣਾ ਰੂਪ ਬਦਲਾਈਆ । ਜਿਸ ਨੇ ਬਿਨਾ ਸ਼ਕਤੀ ਤੋਂ ਧਾਰਿਆ ਆਪਣਾ ਬਲ, ਬਲਧਾਰੀ ਹੋ ਕੇ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਂਈਆ । ਨਾਰਦ ਕਹੇ ਧਰਨੀਏ ਮੈਂ ਪੁੱਜਿਆ ਦੀਪ ਸਾਨ, ਸਤਿਗੁਰ ਸ਼ਬਦ ਦਿਤੀ ਵਡਿਆਈਆ । ਮੈਂ ਵੇਖਿਆ ਜੀਵ ਜਗਤ ਇਨਸਾਨ, ਅੰਤਰ ਨਿਰੰਤਰ ਧਿਆਨ ਲਗਾਈਆ । ਚਾਰੋਂ ਕੁੰਟ ਸ਼ਰਅ ਹੋਈ ਸ਼ੈਤਾਨ, ਰੂਪ ਆਪਣਾ ਗਈ ਬਦਲਾਈਆ । ਕਿਸੇ ਨਜ਼ਰ ਨਾ ਆਏ ਗੋਪੀ ਕਾਹਨ, ਰਾਮ ਰਾਮਾ ਰੂਪ ਨਾ ਕੋਇ ਸਮਾਈਆ । ਧਰਮ ਰਿਹਾ ਨਾ ਕੋਈ ਈਮਾਨ, ਅਮਲਾਂ ਵਿਚ ਨਾ ਖ਼ਲਕ ਖ਼ੁਦਾਈਆ । ਸਚ ਕਰੇ ਨਾ ਕੋਇ ਕਲਾਮ, ਕਾਇਨਾਤ ਪਈ ਦੁਹਾਈਆ । ਮੈਨੂੰ ਫੇਰ ਇਸ਼ਾਰਾ ਦਿਤਾ ਧੁਰ ਅਮਾਮ, ਬਿਨ ਜਬਰਾਈਲ ਵਹੀ ਦਿਤਾ ਸੁਣਾਈਆ । ਨਾਰਦਾ ਵੇਖ ਲੈ ਖੇਲ ਤਮਾਮ, ਤਮਅ ਲਾਲਚ ਵਿਚ ਦਿਸੀ ਲੋਕਾਈਆ । ਕੂੜੀ ਕਿਰਿਆ ਕੀਤੀ ਗ਼ੁਲਾਮ, ਜ਼ੰਜੀਰ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਂਈਆ । ਨਾਰਦ ਕਹੇ ਧਰਨੀਏ ਮੈਂ ਤਕਿਆ ਦੀਪ ਕੁਸ਼ਾ, ਕੁਛ ਤੈਨੂੰ ਦਿਆਂ ਦ੍ਰਿੜਾਈਆ । ਮੈਂ ਚਾਰ ਜੁਗ ਦਾ ਪੁਰਾਣਾ ਪੰਡਤ ਮੈਥੋਂ ਪੁਛ ਲੈ ਪੁਛਾਂ, ਭੇਵ ਅਗਲਾ ਦਿਆਂ ਚੁਕਾਈਆ । ਬੇਸ਼ਕ ਜਗਤ ਜਹਾਨ ਧਰਮ ਨਾਲੋਂ ਰੁੱਸਾ, ਸਚ ਸੰਗ ਨਾ ਕੋਇ ਰਖਾਈਆ । ਮੇਰੇ ਅੰਤਰ ਵੇਖ ਨੀਂ ਆਇਆ ਗ਼ੁੱਸਾ, ਗ਼ੁਰਬਤ ਨਜ਼ਰ ਕੋਇ ਨਾ ਆਈਆ । ਮੈਂ ਸਭ ਦਾ ਤਕਿਆ ਅੰਦਰੋਂ ਬਾਹਰੋਂ ਜੁੱਸਾ, ਜ਼ਮੀਰ ਵੇਖੀ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਧੁਰਦਰਗਾਹੀਆ । ਨਾਰਦ ਕਹੇ ਧਰਨੀਏ ਤੇਰੇ ਵੇਖੇ ਦੀਪ ਸੱਤ, ਸਤਿ ਸਤਿਵਾਦੀ ਦਿਤੀ ਵਡਿਆਈਆ । ਪਿਆਰ ਮਿਲਿਆ ਨਾ ਕਿਤੇ ਬ੍ਰਹਮ ਮਤ, ਪਾਰਬ੍ਰਹਮ ਰੰਗ ਨਾ ਕੋਇ ਸਮਾਈਆ । ਝਗੜਾ ਪਿਆ ਪੰਜ ਤਤ, ਤਤਵ ਤਤ ਕਰੇ ਲੜਾਈਆ । ਨਵ ਸੱਤ ਉਬਲੇ ਦੀਨ ਦੁਨੀ ਦੀ ਰਤ, ਰਤਨ ਅਮੋਲਕ ਹੀਰਾ ਨਜ਼ਰ ਕੋਇ ਨਾ ਆਈਆ । ਕ਼ਾਇਮ

ਰਹੀ ਕਿਸੇ ਨਾ ਪਤ, ਪਤਿਪਰਮੇਸ਼ਵਰ ਮਿਲਣ ਕੋਇ ਨਾ ਪਾਈਆ । ਧੀਰਜ ਰਿਹਾ ਕੋਈ ਨਾ ਯਤ, ਸਤਿ ਸੰਤੋਖ ਵਿਚ ਨਾ ਕੋਇ ਸਮਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਦੀ ਜਾਨਣਹਾਰਾ ਮਿਤ ਗਤ, ਗਹਿਰ ਗੰਭੀਰ ਬੇਨਜ਼ੀਰ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹ ਇਕ ਸੁਹਾਈਆ । ਨਾਰਦ ਕਹੇ ਧਰਨੀਏ ਮੈਂ ਦੀਪਾਂ ਤੇਰਿਆਂ ਵੇਖਿਆ ਨਠ, ਭੱਜਿਆ ਵਾਹੋ ਦਾਹੀਆ । ਸਤਿ ਸਚ ਮੁਨਾਰਾ ਗਿਆ ਢਠ, ਚੋਟੀ ਜੜ੍ਹ ਨਜ਼ਰ ਕੋਇ ਨਾ ਆਈਆ । ਮੈਂ ਮਾਨਵ ਤਕੇ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤਿ ਬੁਧਿ ਅੱਠ, ਨਿਰਗੁਣ ਸਰਗੁਣ ਧਿਆਨ ਲਗਾਈਆ । ਕਲਜੁਗ ਕੂੜੀ ਕਿਰਿਆ ਕੀਤਾ ਇਕੱਠ, ਚਾਰੋਂ ਕੁੰਟ ਆਪਣੇ ਨਾਚ ਨਚਾਈਆ । ਫਿਰੀ ਦਰੋਹੀ ਮੰਦਰ ਮਸਜਿਦ ਸ਼ਿਵਦਵਾਲੇ ਮਠ, ਚਰਚਾਂ ਚਰਾਗਾਹਾਂ ਰਹੇ ਕੁਰਲਾਈਆ । ਧਰਮ ਦਾ ਰਿਹਾ ਕੋਈ ਨਾ ਹੱਟ, ਵਣਜਾਰਾ ਵਣਜ ਨਾ ਕੋਇ ਕਰਾਈਆ । ਜੋਤ ਪ੍ਰਕਾਸ਼ ਹੋਏ ਨਾ ਲਟ ਲਟ, ਅੰਧ ਅਗਿਆਨ ਨਾ ਕੋਇ ਚੁਕਾਈਆ । ਨਾਰਦ ਕਹੇ ਧਰਨੀਏ ਤੂੰ ਆਪਣੀ ਕਰਵਟ ਵੱਟ, ਪਾਸਾ ਦੀਨ ਦੁਨੀ ਨਾਲੋਂ ਬਦਲਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਤੇਰੇ ਉਤੇ ਆਵੇ ਝਟ, ਝਟਕੇ ਹਲਾਲੀ ਵਾਲੇ ਵੇਖੇ ਥਾਉਂ ਥਾਂਈਆ । ਕਲਜੁਗ ਕੂੜ ਕੁੜਿਆਰ ਦੀ ਡੋਰੀ ਦੇਵੇ ਕਟ, ਟੁੱਟੀ ਫੇਰ ਨਾ ਕੋਇ ਗੰਢਾਈਆ । ਕਲਜੁਗ ਕੂੜੀ ਕਿਰਿਆ ਦੂਈ ਦੁਵੈਤੀ ਮੇਟੇ ਫਟ, ਪੱਟੀ ਨਾਮ ਵਾਲੀ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਣਹਾਰਾ ਘਟ ਘਟ, ਗ੍ਰਿਹ ਅੰਤਰ ਨਿਰੰਤਰ ਆਪਣਾ ਆਸਣ ਲਾਈਆ ।



੨੪

## ✪ ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ਚਰਨ ਸਿੰਘ ਦੇ ਗ੍ਰਿਹ ✪

ਨਾਰਦ ਕਹੇ ਧਰਨੀਏ ਮੈਂ ਸੱਤ ਦੀਪ ਪੁੱਜਾ, ਪੂਜਣ ਯੋਗ ਪਰਮ ਪੁਰਖ ਦਿਤੀ ਵਡਿਆਈਆ । ਜਿਧਰ ਨਿਗਹ ਮਾਰੀ ਭਾਓ ਅੰਦਰੋਂ ਦਿਸਿਆ ਦੂਜਾ, ਦੁਵੈਤ ਵਿਚ ਖ਼ਲਕ ਖ਼ੁਦਾਈਆ । ਨੇਤਰ ਖੋਲ੍ਹ ਕੇ ਤਕਿਆ ਮੈਨੂੰ ਨਜ਼ਰ ਆਇਆ ਕਲਜੁਗ ਚੌਥਾ ਜੁਗਾ, ਆਪਣੀ ਲਏ ਅੰਗੜਾਈਆ । ਫੇਰ ਹੁਕਮ ਸੁਣਿਆ ਸਤਿਗੁਰ ਸ਼ਬਦ ਭੇਵ ਸਮਝ ਲੈ ਗੁਝਾ, ਜਿਸ ਦਾ ਰਾਜ਼ ਅਵਰ ਨਾ ਕੋਇ ਖੁਲ੍ਹਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋਵੇ ਉਘਾ, ਦੋ ਜਹਾਨ ਨੌਜਵਾਨ ਆਪਣਾ ਹੁਕਮ ਵਰਤਾਈਆ । ਸੰਦੇਸ਼ਾ ਸੁਣ ਲੈ ਜੋ ਦੇ ਕੇ ਗਿਆ ਬੁੱਧਾ, ਬੁੱਧੀ ਤੋਂ ਬਾਹਰ ਦ੍ਰਿੜ੍ਹਾਈਆ । ਜੋ ਇਸ਼ਾਰਾ ਕੀਤਾ ਕ੍ਰਿਸ਼ਨ ਯੁਧਿਸ਼ਟਰ ਕਲਜੁਗ ਕੂੜੀ ਕਿਰਿਆ ਦਾ ਹੋਵੇ ਯੁੱਧਾ, ਯਦੀ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਫੇਰ ਮੈਂ ਖ਼ੁਸ਼ੀ ਵਿਚ ਟੱਪਿਆ ਕੁੱਦਾ, ਕੁਦਰਤ ਦਾ ਮਾਲਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਮੈਂ ਸੱਤ ਦੀਪ ਆਇਆ ਤਕ, ਤਕਵਾ ਹਕ ਨਾ ਕੋਇ ਰਖਾਈਆ । ਮੈਂ ਹੁਕਮ ਸੁਣਿਆ ਵਾਹਿਦ ਯਕ, ਲਾਸ਼ਰੀਕ ਪਰਵਰਦਿਗਾਰ ਕੀ ਦ੍ਰਿੜ੍ਹਾਈਆ । ਮੈਨੂੰ ਦੀਨ ਦੁਨੀ ਉਤੇ ਅੰਤਰ ਪਿਆ ਸ਼ਕ, ਸ਼ਕਵਾ ਹੋਇਆ ਖ਼ਲਕ ਖ਼ੁਦਾਈਆ । ਕਿਸੇ ਨੂੰ ਮਾਲਕ

ਮਹਿਬੂਬ ਮਿਲਿਆ ਨਹੀਂ ਹਕ, ਹਕੀਕਤ ਦਾ ਰਾਜ਼ ਨਾ ਕੋਇ ਖੁਲ੍ਹਾਈਆ । ਮੈਂ ਫੇਰ ਫੜ ਕੇ ਆਪਣਾ ਨਕ, ਲਕੀਰ ਜ਼ਿਮੀਂ ਉਤੇ ਖਿਚਾਈਆ । ਜਾਂ ਨਿਗਹ ਮਾਰੀ ਮੈਨੂੰ ਲੇਖ ਦਿਸਿਆ ਜੋ ਮੁਹੰਮਦ ਵਾਅਦਾ ਪੱਕ, ਸਦੀ ਚੌਧਵੀਂ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਧਰਨੀਏ ਸੱਤ ਦੀਪ ਕਰਨ ਗਿਰਿਆਜ਼ਾਰੀ, ਬਿਨ ਨੈਣਾਂ ਨੀਰ ਵਹਾਈਆ । ਉਚੀ ਕੂਕਣ ਕਰਨ ਪੁਕਾਰੀ, ਦਰੋਹੀ ਤੇਰਾ ਨਾਮ ਖ਼ੁਦਾਈਆ । ਸਾਡੀ ਤਕ ਲੈ ਬੇਕਰਾਰੀ, ਕਰਾਰਾਂ ਵਾਲਿਆ ਧਿਆਨ ਲਗਾਈਆ । ਅਵਤਾਰ ਪੈਗ਼ੰਬਰ ਗੁਰ ਤੇਰਾ ਦੇ ਕੇ ਗਏ ਸਹਾਰੀ, ਸਹਾਇਕ ਨਾਇਕ ਇਕੋ ਨਜ਼ਰੀ ਆਈਆ । ਸ੍ਰੀ ਭਗਵੰਤ ਸਾਡੀ ਪਾ ਸਾਰੀ, ਮਹਾਸਾਰਥੀ ਵੇਖਣਾ ਥਾਉਂ ਥਾਈਂਆ । ਤੂੰ ਯੋਧਾ ਸੂਰਬੀਰ ਬਲੀ ਬਲਕਾਰੀ, ਬਲਧਾਰੀ ਇਕ ਅਖਵਾਈਆ । ਸਾਡੇ ਉਤੋਂ ਸਫ਼ਾ ਮੇਟ ਕੁੜਿਆਰੀ, ਕੂੜ ਕੁਟੰਬ ਦਾ ਡੇਰਾ ਢਾਹੀਆ । ਤੇਰਾ ਇਕੋ ਨਾਮ ਹੋਵੇ ਜੈਕਾਰੀ, ਢੋਲਾ ਸੋਹਲਾ ਇਕ ਦ੍ਰਿੜਾਈਆ । ਇਕੋ ਸ਼ਬਦ ਹੋਵੇ ਤੇਰਾ ਸਿਕਦਾਰੀ, ਦੂਸਰ ਸੀਸ ਤਾਜ ਨਾ ਕੋਇ ਵਖਾਈਆ । ਤੂੰ ਸ਼ਾਹੋ ਭੂਪ ਸਿਕਦਾਰੀ, ਪੁਰਖ ਅਕਾਲਾ ਨੂਰ ਅਲਾਹੀਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਕਲ ਕਲਕੀ ਤੇਰੀ ਆਈ ਵਾਰੀ, ਕਲ ਕਲੇਸ਼ ਮੇਰਾ ਦੇਣਾ ਗਵਾਈਆ । ਸੱਤ ਦੀਪ ਕਹਿਣ ਸਾਡੀ ਪੁਨਹ ਪੁਨਹ ਨਿਮਸਕਾਰੀ, ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਤੂੰ ਨਿਰਗੁਣ ਨੂਰ ਜੋਤ ਉਜਿਆਰੀ, ਅਮਾਮ ਅਮਾਮਾ ਆਪਣਾ ਰੂਪ ਦਰਸਾਈਆ । ਸਾਡੇ ਉਤੋਂ ਕੂੜੀ ਕਿਰਿਆ ਮੇਟ ਖ਼ੁਆਰੀ, ਖ਼ਾਲਸ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਚਰਨ ਕਵਲ ਬਲਿਹਾਰੀ, ਬਲ ਬਲ ਆਪਣਾ ਆਪ ਕਰਾਈਆ ।



## ✪ ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ ਅਜੀਤ ਸਿੰਘ ਦੇ ਗ੍ਰਹਿ ✪

ਨਾਰਦ ਕਹੇ ਧਰਨੀਏ ਸੱਤ ਦੀਪ ਵੇਖੇ ਮੈਂ ਆਪ, ਬਿਨ ਨੇਤਰ ਲੋਚਨ ਨੈਣਾਂ ਧਿਆਨ ਲਗਾਈਆ । ਸਾਰੇ ਦੁਖ ਵਿਛੋੜੇ ਵਿਚ ਰਹੇ ਕਾਂਪ, ਕਲਜੁਗ ਕੂੜੀ ਕਿਰਿਆ ਕੀਤੀ ਦੁਹਾਈਆ । ਬਿਰਹੁ ਵਿਚ ਕਹਿਣ ਸਾਡਾ ਲੇਖਾ ਮੁਕਾ ਅਗੰਮੀ ਬਾਪ, ਪਿਤਾ ਪੁਰਖ ਅਕਾਲ ਤੇਰੀ ਸਰਨਾਈਆ । ਮਾਇਆ ਮਮਤਾ ਮੋਹ ਵਿਕਾਰ ਮੇਟ ਦੇ ਤਾਪ, ਅਗਨੀ ਤ੍ਰਿਸ਼ਨਾ ਨਾ ਕੋਇ ਤਪਾਈਆ । ਆਤਮ ਪਰਮਾਤਮ ਸਭ ਦਾ ਇਕੋ ਕਰ ਦੇ ਜਾਪ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਨਵ ਸੱਤ ਮੇਟ ਦੇ ਪਾਪ, ਪਤਤ ਪੁਨੀਤ ਕਰ ਲੋਕਾਈਆ । ਤੇਰਾ ਖੇਲ ਤਕੀਏ ਬਹੁ ਭਾਂਤ, ਅਨਕ ਕਲਧਾਰੀ ਆਪਣੀ ਕਲ ਵਰਤਾਈਆ । ਸਾਡੇ ਉਤੋਂ ਮੇਟ ਅੰਧੇਰੀ ਰਾਤ, ਰੁਤੜੀ ਆਪਣੇ ਨਾਲ ਮਹਿਕਾਈਆ । ਝਗੜਾ ਰਹੇ ਨਾ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਆਪਣਾ ਲੇਖਾ ਪੂਰਬ ਵੇਖ ਲੈ ਖਾਤ, ਖਾਤਿਆਂ ਵਿਚੋਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਪੂਰ ਕਰਾਈਆ । ਨਾਰਦ ਕਹੇ ਧਰਨੀਏ ਸੱਤ ਦੀਪ ਰਹੇ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ ।

ਪੁਰਖ ਅਕਾਲੇ ਪਾਉਣੀ ਸਾਰ, ਮਹਾਸਾਰਥੀ ਤੇਰੀ ਸਰਨਾਈਆ । ਅਸੀਂ ਹੋਏ ਬੜੇ ਦੁਖਿਆਰ, ਦੁਖੀ ਹੋ ਕੇ ਰਹੇ ਜਣਾਈਆ । ਧਰਮ ਦਾ ਰਿਹਾ ਨਾ ਪ੍ਰਚਾਰ, ਪ੍ਰਾਚੀਨ ਦਾ ਲੇਖਾ ਸਾਰੇ ਗਏ ਮੁਕਾਈਆ । ਜਿਧਰ ਤਕੀਏ ਹਾਹਾਕਾਰ, ਹੌਕਿਆਂ ਭਰੀ ਲੋਕਾਈਆ । ਕਲਜੁਗ ਕੂੜ ਕਰੇ ਵਿਭਚਾਰ, ਕੁਕਰਮਾਂ ਵਿਚ ਖ਼ਲਕ ਖ਼ੁਦਾਈਆ । ਤੇਰਾ ਨਾਮ ਸੁਣੀਏ ਨਾ ਸਤਿ ਜੈਕਾਰ, ਸਚ ਵਿਚ ਨਾ ਕੋਇ ਸਮਾਈਆ । ਅਸੀਂ ਤੇਰੇ ਅਗੇ ਕਰੀਏ ਗਿਰਿਆਜ਼ਾਰ, ਰੋ ਰੋ ਦਈਏ ਸੁਣਾਈਆ । ਤੂੰ ਕਲ ਕਲਕੀ ਅਵਤਾਰ, ਨਿਹਕਲੰਕਾ ਨੂਰ ਅਲਾਹੀਆ । ਤੇਰੇ ਚਰਨ ਕਵਲ ਨਿਮਸਕਾਰ, ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਪੁਰਖ ਅਕਾਲੇ ਦੀਨ ਦਿਆਲੇ ਪਾ ਸਾਰ, ਸਤਿਗੁਰ ਹੋ ਕੇ ਹੋ ਸਹਾਈਆ । ਤੇਰੇ ਸਭ ਕੁਝ ਅਖ਼ਤਿਆਰ, ਮੁਖ਼ਤਿਆਰ ਗੁਰ ਅਵਤਾਰ ਪੈਗ਼ੰਬਰ ਨਾਲ ਮਿਲਾਈਆ । ਜੋਤੀ ਜਾਤੇ ਪੁਰਖ ਬਿਧਾਤੇ ਦੇ ਦੀਦਾਰ, ਨੂਰ ਨੁਰਾਨੇ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਨਾਰਦ ਕਹੇ ਧਰਨੀਏ ਸੱਤ ਦੀਪ ਮਾਰਦੇ ਕੂਕ ਕੂਕ ਹਾਕਾਂ, ਉੱਚੀ ਉੱਚੀ ਰਹੇ ਸੁਣਾਈਆ । ਸਤਿ ਧਰਮ ਦਾ ਖੋਲ੍ਹ ਪ੍ਰਭੂ ਤਾਕਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਸਤਿਗੁਰ ਸ਼ਬਦ ਪ੍ਰਸਿੱਧ ਕਰ ਦੇ ਕਾਕਾ, ਕਾਇਨਾਤ ਦਾ ਮਾਲਕ ਇਕ ਬਣਾਈਆ । ਤੇਰੇ ਨਾਮ ਕਲਮੇ ਨੂੰ ਮਾਰ ਸਕੇ ਕੋਈ ਨਾ ਡਾਕਾ, ਚੋਰੀ ਨਜ਼ਰ ਕੋਇ ਨਾ ਆਈਆ । ਤੇਰੇ ਕੋਲ ਸਾਡਾ ਆਦਿ ਆਦਿ ਦਾ ਖ਼ਾਕਾ, ਸੱਤ ਦੀਪ ਰਹੇ ਸੁਣਾਈਆ । ਤੂੰ ਮਾਲਕ ਖ਼ਾਲਕ ਛੈਹਰ ਬਾਂਕਾ, ਬਾਕਾਇਦਾ ਹੁਕਮ ਵਰਤਾਈਆ । ਰੂਹ ਬੁਤ
ੳ੦੩ ਤਨ ਵਜੂਦ ਕਰ ਦੇ ਪਾਕਾ, ਪਤਤ ਪੁਨੀਤ ਆਪ ਬਣਾਈਆ । ਕਲਜੁਗ ਕੂੜੀ ਕਿਰਿਆ ਸਾਡੇ ਉਤੇ ਰਹੇ ਨਾ ਸਾਤਾ, ਸਤਿ ਧਰਮ ਦੇਣਾ ਪਰਗਟਾਈਆ । ੯੦੩
੨੪ ਉਹ ਵੇਖ ਲੈ ਈਸਾ ਧਾਰ ਕੀ ਕਹੇ ਕਲਾਕਾ, ਕਲ ਆਪਣੀ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ੨੪
ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਪਰਦਾ ਸਕੇ ਕੋਈ ਨਾ ਢਾਕਾ, ਓਢਣ ਸੀਸ ਜਗਦੀਸ ਨਾ ਕੋਇ ਟਿਕਾਈਆ ।

### ✪ ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਮੈਣੀਆਂ ਕਹਾਰਾਂ ਜ਼ਿਲਾ ਅੰਮ੍ਰਿਤਸਰ ਜਗੀਰ ਸਿੰਘ ਦੇ ਗ੍ਰਿਹ ✪

ਨਾਰਦ ਕਹੇ ਧਰਨੀਏ ਸੱਤ ਦੀਪ ਮਾਰਨ ਚੀਕਾਂ, ਚੀਕ ਚਿਹਾੜਾ ਦੋ ਜਹਾਨ ਰਹੇ ਸੁਣਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡੇ ਉਤੋਂ ਦੀਨ ਮਜ਼੍ਹਬ ਮੇਟ ਦੇ ਲੀਕਾਂ, ਸ਼ਰਅ ਸ਼ਰੀਅਤ ਮਾਟੀ ਖ਼ਾਕੀ ਪੰਜ ਤਤ ਵੰਡ ਨਾ ਕੋਇ ਵੰਡਾਈਆ । ਮਿਹਰਵਾਨਾ ਨੌਜੁਆਨਾ ਸ੍ਰੀ ਭਗਵਾਨਾ ਤੇਰੇ ਵਿਚ ਹਕ ਤੌਫ਼ੀਕਾ, ਤਰਫ਼ਦਾਰੀ ਏਕੰਕਾਰੀ ਇਕ ਇਕੱਲੇ ਦੇਣੀ ਮਿਟਾਈਆ । ਨਿਗਹ ਮਾਰ ਲੈ ਮੇਰੇ ਉਤੇ ਝਗੜਾ ਪਿਆ ਮੰਦਰ ਮਸੀਤਾ, ਸ਼ਿਵਦਵਾਲੇ ਮਠ ਕਾਅਬੇ ਰਹੇ ਕੁਰਲਾਈਆ । ਮੈਂ ਚਾਹੁੰਦਾ ਸਤਿਜੁਗ ਦੀਆਂ ਧਰਮ ਧਾਰ ਚਲਾ ਦੇ ਰੀਤਾਂ, ਰੀਤੀਵਾਨ ਧੁਰਦਰਗਾਹੀਆ । ਆਦਿ ਜੁਗਾਦਿ ਪਤਤ ਪੁਨੀਤਾ, ਪਾਵਨ ਬਾਵਨ ਰੂਪ ਅਲਾਹੀਆ । ਮੇਰੇ ਉਤੇ ਸੰਦੇਸ਼ਾ ਦੇ ਕੇ ਗਿਆ ਰਾਮ ਨੂੰ ਸੀਤਾ, ਸੁਰਤੀ ਸਤਿ ਸਤਿਵਾਦ ਦ੍ਰਿੜ੍ਹਾਈਆ । ਕ੍ਰਿਸ਼ਨ ਰਾਧਾ ਕਿਹਾ ਕੀ ਖੇਲ ਕਰੇ ਤ੍ਰੈਗੁਣ ਅਤੀਤਾ, ਤ੍ਰੈਭਵਣ ਧਨੀ ਕੀ ਦ੍ਰਿੜ੍ਹਾਈਆ । ਕੀ ਇਸ਼ਾਰਾ ਕੀਤਾ ਅਰਜਨ ਲਿਖਣ ਲਗਿਆਂ ਗੀਤਾ, ਗੋਬਿੰਦ

ਭੇਵ ਅਭੇਦ ਖੁਲ੍ਹਾਈਆ । ਕੀ ਪੈਗ਼ੰਬਰਾਂ ਦਿਤੀਆਂ ਨਸੀਹਤਾਂ, ਮੂਸਾ ਈਸਾ ਕੀ ਵਡਿਆਈਆ । ਕੀ ਨਾਨਕ ਗੋਬਿੰਦ ਕੀਤੀਆਂ ਤਾਕੀਦਾਂ, ਹੁਕਮ ਹੁਕਮ ਨਾਲ ਜਣਾਈਆ । ਕਲਜੁਗ ਅੰਤ ਸਭ ਨੇ ਇਕੋ ਪੁਰਖ ਅਕਾਲ ਦੀਆਂ ਰਖਣੀਆਂ ਉਮੀਦਾਂ, ਦੂਸਰ ਓਟ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਨਾਰਦ ਕਹੇ ਧਰਨੀਏ ਤੇਰੇ ਸੱਤ ਦੀਪ ਪਾਉਂਦੇ ਰੌਲਾ, ਉੱਚੀ ਕੂਕ ਕੂਕ ਸੁਣਾਈਆ । ਸਾਡਾ ਪਰਵਰਦਿਗਾਰ ਸਾਂਝਾ ਯਾਰ ਆਵੇ ਮੌਲਾ, ਮਿਹਰਵਾਨ ਮਹਿਬਾਨ ਬੀਦੋ ਨੂਰ ਅਲਾਹੀਆ । ਨਿਰਗੁਣ ਧਾਰ ਪੂਰਾ ਕਰੇ ਇਕਰਾਰ ਕੌਲਾ, ਕਵਲ ਨੈਣਾਂ ਆਪਣਾ ਭੇਵ ਖੁਲ੍ਹਾਈਆ । ਤੇਰਾ ਲਹਿਣਾ ਦੇਣਾ ਧਰਨੀ ਧਰਤ ਧਵਲ ਧੌਲਾ, ਧਰਮ ਦੀ ਧਾਰ ਇਕ ਸਮਝਾਈਆ । ਮਾਨਵ ਜ਼ਾਤੀ ਭੇਵ ਖੁਲ੍ਹਾਏ ਪਰਦਾ ਉਹਲਾ, ਤਨ ਵਜੂਦਾਂ ਆਪਣਾ ਖੇਲ ਸਮਝਾਈਆ । ਸ਼ਬਦੀ ਧਾਰ ਸਚ ਸਚ ਸੁਣਾਏ ਬੋਲਾ, ਕਲਮਾ ਕਾਇਨਾਤ ਦ੍ਰਿੜਾਈਆ । ਇਕ ਦਰਵਾਜ਼ਾ ਗ਼ਰੀਬ ਨਿਵਾਜ਼ਾ ਸਤਿ ਸਚ ਦਾ ਹੋਵੇ ਖੋਲ੍ਹਾ, ਨਵ ਸੱਤ ਵਜਦੀ ਰਹੇ ਵਧਾਈਆ । ਮਨੂਆ ਮਨ ਪਾਏ ਨਾ ਰੌਲਾ, ਬੁੱਧੀ ਕਾਗ ਵਾਂਗ ਨਾ ਕੋਇ ਕੁਰਲਾਈਆ । ਸਭ ਦਾ ਮਾਲਕ ਸੁਆਮੀ ਇਕੋ ਹੋਵੇ ਢੋਲਾ, ਢੋਲ ਮਾਹੀ ਇਕੋ ਨਜ਼ਰੀ ਆਈਆ । ਜਿਸ ਦਾ ਅਵਤਾਰ ਪੈਗ਼ੰਬਰ ਗੁਰੂ ਬਣਿਆ ਰਿਹਾ ਗੋਲਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਧਰਨੀਏ ਸੱਤ ਦੀਪ ਕਰਦੇ ਹਾਹਾਕਾਰ, ਹੌਕਿਆਂ ਵਿਚ ਦੁਹਾਈਆ । ਕਿਰਪਾ ਕਰ ਆਪ ਨਿਰੰਕਾਰ, ਨਿਰਵੈਰ ਤੇਰੀ ਸਰਨਾਈਆ । ਮਿਹਰਵਾਨ ਧੁਰ ਦੇ ਪਰਵਰਦਿਗਾਰ, ਯਾਮਬੀਨ ਤੇਰੀ ਬੇਪਰਵਾਹੀਆ । ਨਵ ਸੱਤ ਸਾਡੀ ਵੇਖ ਧਾਰ, ਧਰਨੀ ਧਰਤ ਧਵਲ ਖੋਜ ਖੁਜਾਈਆ । ਚਾਰੋਂ ਕੁੰਟ ਧੂੰਆਂਧਾਰ, ਉੱਤਰ ਪੂਰਬ ਪੱਛਮ ਦੱਖਣ ਨਾ ਕੋਇ ਰੁਸ਼ਨਾਈਆ । ਮਾਨਵ ਜ਼ਾਤੀ ਹੋਈ ਵਿਭਚਾਰ, ਕੁਕਰਮਾਂ ਵਿਚ ਕੂੜ ਲੋਕਾਈਆ । ਰਸਨਾ ਜਿਹਵਾ ਬੱਤੀ ਦੰਦ ਤੇਰਾ ਨਾਮ ਰਹੇ ਉਚਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਅਵਤਾਰ ਪੈਗ਼ੰਬਰ ਗੁਰ ਪਾਏ ਕੋਈ ਨਾ ਸਾਰ, ਮਹਾਸਾਰਥੀ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਵਧਿਆ ਕੂੜ ਕੁੜਿਆਰ, ਕਲਜੁਗ ਆਪਣੀ ਕਲ ਵਰਤਾਈਆ । ਧਰਮ ਦਾ ਦਿਸੇ ਨਾ ਕੋਇ ਸਹਾਰ, ਸਤਿ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਇਆ ਧੂੰਆਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਨਿਝਰ ਝਿਰਨਾ ਅੰਮ੍ਰਿਤ ਰਸ ਦੇਵੇ ਨਾ ਕੋਈ ਠੰਡਾ ਠਾਰ, ਬੂੰਦ ਸਵਾਂਤੀ ਨਾਭੀ ਕਵਲ ਨਾ ਕੋਇ ਉਲਟਾਈਆ । ਸ਼ਬਦ ਅਨਾਦੀ ਸੁਣੇ ਨਾ ਕੋਇ ਧੁਨਕਾਰ, ਅਨਹਦ ਨਾ ਕੋਇ ਸ਼ਨਵਾਈਆ । ਦੀਆ ਬਾਤੀ ਕਮਲਾਪਾਤੀ ਜੋਤ ਨੂਰ ਨਾ ਕੋਇ ਉਜਿਆਰ, ਉਜਾਲਾ ਦੋ ਜਹਾਨ ਵੇਖਣ ਕੋਇ ਨਾ ਪਾਈਆ । ਧਰਨੀ ਕਹੇ ਮੇਰੀ ਪੁਨਹ ਪੁਨਹ ਨਿਮਸਕਾਰ, ਨਿਵ ਨਿਵ ਲਾਗਾਂ ਪਾਈਆ । ਮੇਰੇ ਸੱਤਾਂ ਦੀਪਾਂ ਪੈਜ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਮੈਨੂੰ ਨਾਰਦ ਕਿਹਾ ਧਰਨੀਏ ਵੇਖ ਲੈ ਕਲਜੁਗ ਅੰਤਮ ਵਾਰ, ਵਾਰਤਾ ਪਿਛਲੀ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦੁਆਰ ਏਕੰਕਾਰ ਪਰਵਰਦਿਗਾਰ ਮੇਰੀ ਸੁਣੀ ਪੁਕਾਰ, ਪੁਨਹ ਪੁਨਹ ਦਰ ਤੇਰੇ ਸੀਸ ਨਿਵਾਈਆ ।

**੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਨਿਜ਼ਾਮਪੁਰ ਜ਼ਿਲਾ ਅੰਮ੍ਰਿਤਸਰ ਗੁਰਾ ਸਿੰਘ, ਸਰਮੁਖ ਸਿੰਘ ਦੇ ਨਵਿਤ**

ਨਾਰਦ ਕਹੇ ਧਰਨੀਏ ਸੱਤ ਦੀਪ ਰਹੇ ਉਡੀਕ, ਆਸਾ ਦੀਨ ਦੁਨੀ ਬਾਹਰ ਰਖਾਈਆ । ਦੂਰ ਦੁਰਾਡਾ ਸਾਡਾ ਮਾਲਕ ਆਵੇ ਨਜ਼ਦੀਕ, ਸਚਖੰਡ ਨਿਵਾਸੀ ਧਰਨੀ ਧਵਲ ਡੇਰਾ ਲਾਈਆ । ਕਲਜੁਗ ਕੂੜੀ ਕਿਰਿਆ ਸਾਡੇ ਉਤੇ ਮੇਟੇ ਲੀਕ, ਲਾਈਨ ਆਪਣੀ ਇਕ ਜਣਾਈਆ । ਧਰਮ ਦਾ ਮਾਰਗ ਇਕ ਪ੍ਰਸਿਧ ਕਰਾਏ ਬਾਰੀਕ, ਪੰਧ ਇਕੋ ਇਕ ਦਰਸਾਈਆ । ਕਲਜੁਗ ਮੇਟੇ ਅੰਧੇਰਾ ਤਾਰੀਕ, ਅੰਧ ਅਗਿਆਨ ਦਏ ਗੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਨਾਰਦ ਕਹੇ ਧਰਨੀਏ ਸੱਤ ਦੀਪ ਖ਼ੁਸ਼ੀਆ ਨਾਲ ਦੇਣ ਇਸ਼ਾਰਾ, ਬਿਨ ਸੈਨਤ ਜਗਤ ਜਣਾਈਆ । ਕਿਰਪਾ ਕਰ ਕਰ ਕਰਤਾਰਾ, ਕੁਦਰਤ ਕ਼ਾਦਰ ਦਇਆ ਕਮਾਈਆ । ਪਰਗਟ ਹੋ ਚਵੀਆਂ ਅਵਤਾਰਾ, ਚੌਬੀਸਾ ਆਪਣਾ ਹੁਕਮ ਵਰਤਾਈਆ । ਅਸੀਂ ਤੇਰੀ ਕਰ ਕਰ ਥੱਕੇ ਇੰਤਜ਼ਾਰਾ, ਬਿਨ ਸੈਨਤ ਸੈਨਤ ਲਗਾਈਆ । ਅੰਤ ਕਲਜੁਗ ਵੇਖ ਕਿਨਾਰਾ, ਸਦੀ ਚੌਧਵੀਂ ਭੇਵ ਚੁਕਾਈਆ । ਦਰਗਾਹ ਸਾਚੀ ਸਚ ਪਰਵਰਦਿਗਾਰਾ, ਮਹਿਬੂਬ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਸੱਤ ਦੀਪ ਕਹਿਣ ਸੁਣ ਨਾਰਦ ਮੁਨੀ, ਮੁਨੀਸ਼ਰਾ ਦਈਏ ਜਣਾਈਆ । ਧਰਮ ਦੀ ਰਹੀ ਕੋਈ ਨਾ ਗੁਣੀ, ਗੁਣਵੰਤ ਨਜ਼ਰ ਕੋਇ ਨਾ ਆਈਆ । ਸੀਸ ਓਢਣ ਦਿਸੇ ਧਰਮ ਨਾ ਚੁੰਨੀ, ਪਰਦਾ ਪਰਦਿਆਂ ਵਿਚੋਂ ਨਾ ਕੋਇ ਉਠਾਈਆ । ਸਭ ਦੀ ਚੋਟੀ ਗਈ ਮੁੰਨੀ, ਮਿਹਰਵਾਨ ਸਿਰ ਹੱਥ ਨਾ ਕੋਇ ਟਿਕਾਈਆ । ਨਿਗਾਹ ਮਾਰ ਲੈ ਲੱਖ ਚੁਰਾਸੀ ਜੂਨੀ, ਚਾਰੇ ਖਾਣੀ ਫੋਲ ਫੁਲਾਈਆ । ਤੂੰ ਜੁਗ ਚੌਕੜੀ ਪੰਡਤ ਬੜਾ ਕ਼ਾਨੂੰਨੀ, ਸ਼ਰਅ ਦਾ ਰੰਗ ਵੇਖਣਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਆਪਣਾ ਹੁਕਮ ਵਰਤਾਈਆ । ਸੱਤ ਦੀਪ ਕਹਿਣ ਨਾਰਦ ਤੂੰ ਨਿਗਾਹ ਮਾਰ ਧਿਆਨ, ਨਵ ਸੱਤ ਵੇਖ ਵਖਾਈਆ । ਸਚ ਦਾ ਦਿਸੇ ਨਾ ਕੋਇ ਗਿਆਨ, ਵਿਦਿਆ ਹਕ ਨਾ ਕੋਇ ਪੜ੍ਹਾਈਆ । ਚਾਰੋਂ ਕੁੰਟ ਵਧਿਆ ਅਭਿਮਾਨ, ਹਉਮੇ ਵਿਚ ਖ਼ਲਕ ਖ਼ੁਦਾਈਆ । ਝਗੜਾ ਦਿਸੇ ਸ਼ਰਅ ਸ਼ੈਤਾਨ, ਸ਼ਰੀਅਤ ਬਣੀ ਰੂਪ ਕਸਾਈਆ । ਕਵਣ ਵੇਲਾ ਕਿਰਪਾ ਕਰੇ ਸ੍ਰੀ ਭਗਵਾਨ, ਮਿਹਰਵਾਨ ਹੋਏ ਸਹਾਈਆ । ਸਾਡੀ ਬੇਨੰਤੀ ਕਰੇ ਪਰਵਾਨ, ਦਰ ਠਾਂਡੇ ਮੰਗ ਮੰਗਾਈਆ । ਅਸੀਂ ਬਾਲੇ ਨੱਢੇ ਨਿਧਾਨ, ਸੱਤ ਦੀਪ ਹੋ ਕੇ ਸੀਸ ਨਿਵਾਈਆ । ਸਾਡਾ ਲਹਿਣਾ ਦੇਣਾ ਵੇਖੇ ਜਗਤ ਜਹਾਨ, ਜਾਗਰਤ ਜੋਤ ਕਰ ਰੁਸ਼ਨਾਈਆ । ਸਾਨੂੰ ਇਕੋ ਨਾਮ ਦਾ ਦੇਵੇ ਦਾਨ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਇਕੋ ਇਸ਼ਟ ਹੋਵੇ ਮਹਾਨ, ਇਕੋ ਢੋਲਾ ਸਿਫ਼ਤ ਸਲਾਹੀਆ । ਇਕੋ ਹੋਵੇ ਸ਼ਬਦੀ ਗਾਨ, ਆਤਮ ਪਰਮਾਤਮ ਰੰਗ ਰੰਗਾਈਆ । ਇਕੋ ਸਾਹਿਬ ਹੋਵੇ ਸੁਲਤਾਨ, ਹਰਿ ਕਰਤਾ ਧੁਰਦਰਗਾਹੀਆ । ਸੱਤ ਦੀਪ ਕਹਿਣ ਅਸੀਂ ਉਸ ਦੇ ਬਾਲ ਨਿਧਾਨ, ਬੱਚੇ ਨੰਨ੍ਹੇ ਨਜ਼ਰੀ ਆਈਆ । ਨਾਰਦ ਤੂੰ ਪੰਡਤ ਬੜਾ ਵਿਦਵਾਨ, ਵਿਦਿਆ ਦੇ ਭੇਵ ਦੇਣੇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਡੀ ਬੇਨੰਤੀ ਕਰੇ ਪਰਵਾਨ, ਪਰਮ ਪੁਰਖ ਪਰਮਾਤਮ ਆਪਣੀ ਦਇਆ ਕਮਾਈਆ ।

✪ ੨੯ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਨਿਜ਼ਾਮਪੁਰ ਜ਼ਿਲਾ ਅੰਮ੍ਰਿਤਸਰ ਪ੍ਰੀਤਮ ਸਿੰਘ ਦੇ ਗ੍ਰਹਿ, ਠਾਕਰ ਸਿੰਘ, ਕਰਤਾਰ ਸਿੰਘ, ਜਸਵੰਤ ਸਿੰਘ, ਬਲਵੰਤ ਸਿੰਘ, ਇੰਦਰ ਕੌਰ ਬੋਹੜ ✪

ਨਾਰਦ ਕਹੇ ਧਰਨੀਏ ਮੈਂ ਸੱਤ ਦੀਪ ਆਰ ਪਾਰ ਗਿਆ ਲੰਘ, ਧਵਲੇ ਬਿਨ ਕ਼ਦਮਾਂ ਕ਼ਦਮ ਉਠਾਈਆ । ਜਿਧਰ ਤੱਕਿਆ ਮਾਨਵ ਜ਼ਾਤੀ ਸੀਸ ਜਗਦੀਸ ਧਾਰ ਵਿਚੋਂ ਹੋਈ ਨੰਗ, ਓਢਣ ਨਜ਼ਰ ਕੋਇ ਨਾ ਆਈਆ । ਧਰਮ ਦੀ ਧਾਰ ਸੰਸਾਰ ਹੋਈ ਭੰਗ, ਭਾਂਡਾ ਭਰਮ ਭਉ ਨਾ ਕੋਇ ਭੰਨਾਈਆ । ਮੈਨੂੰ ਇਉਂ ਦਿਸਿਆ ਸ਼ਰਅ ਸ਼ਰੀਅਤ ਇਕ ਦੂਜੇ ਨਾਲ ਕਰਨ ਵਾਲੀ ਜੰਗ, ਮਮਤਾ ਮੋਹ ਦਏ ਮਿਟਾਈਆ । ਕਲਜੁਗ ਨਟੂਆ ਨੱਚੇ ਵਾਂਗ ਮਲੰਗ, ਡੌਰੂ ਡੰਕਾ ਕੂੜ ਰਿਹਾ ਵਜਾਈਆ । ਮੈਂ ਨਵ ਸੱਤ ਦਾ ਪਿਆਰ ਕਰਨਾ ਭੰਗ, ਮੁਹੱਬਤ ਵਿਚ ਰਹਿਣ ਕੋਇ ਨਾ ਪਾਈਆ । ਮੈਨੂੰ ਇਉਂ ਦਿਸਦਾ ਸਭ ਦਾ ਹਾਲ ਹੋਇਆ ਮੰਦ, ਮੰਦਭਾਗ ਦਿਸੇ ਲੋਕਾਈਆ । ਉਹ ਤਕ ਲੈ ਨਿਸ਼ਾਨ ਤਾਰਾ ਚੰਦ, ਉਮਤ ਉਮਤੀ ਨਜ਼ਰ ਕੋਇ ਨਾ ਆਈਆ । ਕੀ ਖੇਲ ਕਰੇ ਸੂਰਾ ਸਰਬਗ, ਹਰਿ ਕਰਤਾ ਧੁਰਦਰਗਾਹੀਆ । ਜੁਗ ਬਦਲਣਾ ਜਿਸ ਦੇ ਕੋਲ ਅਨੋਖਾ ਢੰਗ, ਤਰੀਕ਼ਾ ਸਮਝ ਸਕੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਗੁਸਾਂਈਆ । ਨਾਰਦ ਕਹੇ ਧਰਨੀਏ ਸੱਤ ਦੀਪ ਵੇਖੇ ਅੰਦਰ ਵੜ, ਬਿਨ ਤਨ ਵਜੂਦ ਮਾਟੀ ਖ਼ਾਕ ਧਿਆਨ ਲਗਾਈਆ । ਨਿਗਾਹ ਮਾਰੀ ਚੋਟੀ ਜੜ੍ਹ, ਚੇਤਨ ਹੋ ਕੇ ਖੋਜ ਖੁਜਾਈਆ । ਕੂੜ ਵਿਕਾਰੇ ਅੰਦਰ ਸਾਰੇ ਰਹੇ ਸੜ, ਸਾਂਤਕ ਸਤਿ ਨਾ ਕੋਇ ਵਰਤਾਈਆ । ਝਗੜਾ ਵੇਖਿਆ ਸੀਸ ਧੜ, ਤਨ ਵਜੂਦ ਰਹੇ ਕੁਰਲਾਈਆ । ਆਤਮ ਪਰਮਾਤਮ ਢੋਲਾ ਲਏ ਕੋਇ ਨਾ ਪੜ੍ਹ, ਰਸਨਾ ਜਿਹਵਾ ਸਾਰੇ ਰਹੇ ਗਾਈਆ । ਪ੍ਰਕਾਸ਼ ਦਿਸੇ ਨਾ ਬਹੱਤਰ ਨੜ, ਤਨ ਵਜੂਦ ਨਾ ਕੋਇ ਰੁਸ਼ਨਾਈਆ । ਮੈਂ ਲੱਖਣ ਕਰੌਚ ਪੁਸ਼ਕਰ ਜੰਬੂ ਦੀਪ ਵੇਖਿਆ ਧੜ, ਸਾਨ ਸਲਮਲ ਕੁਸ਼ਾ ਧਿਆਨ ਲਗਾਈਆ । ਚਾਰੋਂ ਕੁੰਟ ਮਾਇਆ ਮਮਤਾ ਮੋਹ ਵਿਕਾਰ ਦਾ ਵਗੇ ਹੜ੍ਹ, ਹਉਮੇ ਸਭ ਨੂੰ ਰਹੀ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਧੁਰਦਰਗਾਹੀਆ । ਨਾਰਦ ਕਹੇ ਧਰਨੀਏ ਸੱਤਾਂ ਦੀਪਾਂ ਅੰਦਰ ਧਰਿਆ ਧਿਆਨ, ਬਿਨ ਨੇਤਰ ਨੈਣ ਉਠਾਈਆ । ਧਰਮ ਦਾ ਰਿਹਾ ਨਾ ਕੋਇ ਨਿਸ਼ਾਨ, ਨਿਸ਼ਾਨੇ ਦੀਨ ਦੁਨੀ ਗਈ ਬਦਲਾਈਆ । ਕਿਸੇ ਨੂੰ ਮਿਲੇ ਨਾ ਸੁਰਤੀ ਅੰਦਰ ਸੀਤਾ ਰਾਮ, ਸ਼ਬਦੀ ਰੰਗ ਨਾ ਕੋਇ ਰੰਗਾਈਆ । ਨਾਤਾ ਤੁਟਿਆ ਸਾਚੇ ਕਾਹਨ, ਘਨਈਆ ਸੰਗ ਨਾ ਕੋਇ ਬਣਾਈਆ । ਨੂਰ ਨਜ਼ਰ ਨਾ ਆਏ ਅਗੰਮੇ ਅਮਾਮ, ਅਮਲਾਂ ਤੋਂ ਰਹਿਤ ਨਜ਼ਰ ਕੋਇ ਨਾ ਆਈਆ । ਗੁਰੂ ਗੁਰਦੇਵਾ ਕਰੇ ਨਾ ਕੋਇ ਪਰਨਾਮ, ਪਰਾ ਪਸੰਤੀ ਮਧਮ ਬੈਖਰੀ ਢੋਲੇ ਸਾਰੇ ਗਾਈਆ । ਮੈਂ ਵੇਖ ਕੇ ਹੋਇਆ ਹੈਰਾਨ, ਹੈਰਾਨੀ ਮੇਰੇ ਅੰਦਰ ਆਈਆ । ਕੀ ਖੇਲ ਕਰੇ ਭਗਵਾਨ, ਹਰਿ ਕਰਤਾ ਧੁਰਦਰਗਾਹੀਆ । ਕੀ ਲਹਿਣਾ ਦੇਣਾ ਜੀਵ ਜਗਤ ਜਹਾਨ, ਮਾਨਵ ਜ਼ਾਤੀ ਕੀ ਆਪਣਾ ਹੁਕਮ ਵਰਤਾਈਆ । ਨਵ ਸੱਤ ਸੁੰਞ ਮਸਾਣ, ਬੀਆਬਾਨ ਦਿਸੇ ਖ਼ਲਕ ਖ਼ੁਦਾਈਆ । ਮੈਨੂੰ ਇਉਂ ਦਿਸਿਆ ਪੁਸ਼ਕਰ ਹੋਣਾ ਪਹਿਲਾ ਯੁਧ ਦਾ ਮੈਦਾਨ, ਸੋਹਣਾ ਆਪਣਾ ਖੇਲ ਖਿਲਾਈਆ । ਫੇਰ ਕਰੌਚ ਲੱਗਣਾ ਨਿਸ਼ਾਨ, ਨਿਸ਼ਾਨਾ ਸਕੇ ਨਾ ਕੋਇ ਬਦਲਾਈਆ । ਇਹ ਹੁਕਮ ਵਰਤੇ ਵਾਲੀ ਦੋ ਜਹਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,



੯੦੬
੨੪

ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਧਰਨੀਏ ਸੱਤਾਂ ਦੀਪਾਂ ਹੋਣਾ ਯੁਧ, ਯੁਧਿਸ਼ਟਰ ਦਾ ਲੇਖਾ ਕਾਹਨ ਕ੍ਰਿਸ਼ਨ ਪੂਰ ਕਰਾਈਆ । ਪਵਿਤ੍ਰ ਰਹਿਣੀ ਨਹੀਂ ਕਿਸੇ ਦੀ ਬੁਧਿ, ਬੁੱਧ ਮਹਾਤਮਾ ਜੋ ਗਿਆ ਸਮਝਾਈਆ । ਉਮਤ ਉਮਤੀ ਸ਼ਰਅ ਸ਼ਰੀਅਤ ਵਿਚ ਜਾਣੀ ਕੁੱਦ, ਸਦੀ ਚੌਧਵੀਂ ਅੰਤ ਅਖ਼ੀਰ ਲਏ ਅੰਗੜਾਈਆ । ਈਮਾਨ ਧਰਮ ਦਾ ਨਿਸ਼ਾਨਾ ਜਾਣਾ ਉਡ, ਉਘਣ ਆਥਣ ਰਹਿਣ ਕੋਇ ਨਾ ਪਾਈਆ । ਆ ਵੇਖ ਲੈ ਸਭ ਦੀ ਔਧ ਗਈ ਪੁਗ, ਅਗੇ ਅਵਰ ਨਾ ਕੋਇ ਵਧਾਈਆ । ਲਹਿਣਾ ਦੇਣਾ ਮੁਕਣਾ ਅੰਤਮ ਕਲਜੁਗ, ਜੁਗਤੀ ਪ੍ਰਭ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਅਗੰਮ ਗੁਸਾਂਈਆ । ਸੱਤ ਦੀਪ ਕਹਿਣ ਨਾਰਦ ਸਾਡਾ ਅੰਤਸ਼ਕਰਨ ਰਿਹਾ ਰੋ, ਬਿਨ ਨੇਤਰ ਨੈਣਾਂ ਨੀਰ ਵਹਾਈਆ । ਸਾਡੇ ਉਤੇ ਝਗੜਾ ਹੋਣਾ ਧਾਰ ਦੋ, ਦੋ ਧੜ ਦਿਸੇ ਲੋਕਾਈਆ । ਧਰਮ ਦੀ ਧਾਰ ਅਧਰਮ ਨੇ ਲੈਣੀ ਖੋਹ, ਸਚ ਰੰਗ ਨਾ ਕੋਇ ਸਮਾਈਆ । ਸਚ ਪਰਕਾਸ਼ ਦੀ ਰਹੇ ਕੋਈ ਨਾ ਲੋ, ਅੰਧ ਅੰਧੇਰਾ ਜਾਣਾ ਛਾਈਆ । ਪੰਚਾਂ ਪੰਚਾਂ ਦੇਸ਼ਾਂ ਬਣੇ ਗਰੋਹ, ਨਾਤਾ ਜਗਤ ਜੁਗਤ ਜੁੜਾਈਆ । ਹੁਕਮ ਵਰਤੇ ਪੁਰਖ ਅਕਾਲਾ ਸੋ, ਸਾਹਿਬ ਸੁਆਮੀ ਅੰਤਰਜਾਮੀ ਆਪਣੀ ਖੇਲ ਖਿਲਾਈਆ । ਦੀਨ ਦੁਨੀ ਦੀ ਧਾਰ ਇਕ ਦੂਜੇ ਨਾਲੋਂ ਕਰੇ ਨਿਰਮੋਹ, ਮੁਹੱਬਤ ਵਿਚ ਨਾ ਕੋਇ ਸਮਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਦੇਵੇ ਕੋਈ ਨਾ ਚੋ, ਬੂੰਦ ਸਵਾਂਤੀ ਕਵਲ ਨਾਭੀ ਨਾ ਕੋਇ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਆਪੇ ਹੋ, ਬ੍ਰਹਮ ਬ੍ਰਹਿਮਾਦੀ ਹੋ ਕੇ ਵੇਖ ਵਖਾਈਆ ।



ਧਰਨੀ ਕਹੇ ਪ੍ਰਭੂ ਨਾਰਦ ਕੀ ਮੈਨੂੰ ਸੰਦੇਸ਼ਾ ਦਿਤਾ ਅੱਜ, ਧੁਰ ਦਾ ਹੁਕਮ ਦ੍ਰਿੜਾਈਆ । ਮੈਂ ਵੇਖਿਆ ਜਗਤ ਜਹਾਨ ਸ੍ਰਿਸ਼ਟੀ ਜਗ, ਤਨ ਵਜੂਦਾਂ ਫੋਲ ਫੁਲਾਈਆ । ਸਭ ਦੇ ਅੰਤਰ ਕਲਜੁਗ ਕਲਪਨਾ ਲੱਗੀ ਅੱਗ, ਸਾਂਤਕ ਸਤਿ ਨਾ ਕੋਇ ਕਰਾਈਆ । ਪ੍ਰਭੂ ਦਾ ਦਰਸ਼ਨ ਮਿਲੇ ਨਾ ਕਿਸੇ ਉਪਰ ਸ਼ਾਹਰਗ, ਨੌ ਦੁਆਰ ਦਾ ਡੇਰਾ ਢਾਹੀਆ । ਸ਼ਬਦ ਨਾਦ ਸੁਣੇ ਨਾ ਕੋਇ ਅਨਹਦ, ਨਾਦੀ ਨਾਦ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਨਾਰਦ ਮੈਂ ਸੁਣਿਆ ਅਗੰਮ ਫ਼ਰਮਾਨਾ, ਜੋ ਫੁਰਨਿਆਂ ਬਾਹਰ ਜਣਾਈਆ । ਕੀ ਕਲਜੁਗ ਅੰਤਮ ਵਰਤੇ ਭਾਣਾ, ਭਾਵੀ ਆਪਣਾ ਖੇਲ ਵਰਤਾਈਆ । ਜਿਸ ਤਖ਼ਤੋਂ ਲਾਹੁਣਾ ਰਾਜਾ ਰਾਣਾ, ਸੀਸ ਤਾਜ ਨਾ ਕੋਇ ਟਿਕਾਈਆ । ਨੌ ਖੰਡ ਪ੍ਰਿਥਮੀ ਕਰੇ ਵੈਰਾਨਾ, ਵੈਰੀ ਘਰ ਘਰ ਨਜ਼ਰੀ ਆਈਆ । ਇਹ ਹੁਕਮ ਵਰਤੇ ਸ੍ਰੀ ਭਗਵਾਨਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦਾ ਅੰਤਮ ਸਤਿ ਸਤਿ ਦਾ ਝੁੱਲੇ ਨਿਸ਼ਾਨਾ, ਨਿਸ਼ਾਨਾ ਅਵਰ ਨਾ ਕੋਇ ਰਖਾਈਆ । ਉਹ ਸੁਰਤੀ ਸ਼ਬਦ ਬਣੇ ਅਗੰਮੀ ਕਾਹਨਾ, ਤਨ ਵਜੂਦ ਨਜ਼ਰ ਕੋਇ ਨਾ ਆਈਆ । ਮੇਰੇ ਉਤੇ ਪਹਿਰੇ ਅਗੰਮੀ ਬਾਣਾ, ਬਾਣ ਅਣਿਆਲਾ ਤੀਰ ਚਲਾਈਆ । ਮੈਂ ਉਸ ਦੇ ਚਰਨ ਕਵਲ ਕਰਾਂ ਧਿਆਨਾ, ਬਿਨ ਨੈਣਾਂ ਨੈਣ ਉਠਾਈਆ । ਉਹ ਸ਼ਹਿਨਸ਼ਾਹ ਸ਼ਾਹੋ ਭੂਪ ਸੁਲਤਾਨਾ, ਪਾਤਸ਼ਾਹ ਅਗੰਮ

੯੦੮
੨੪

ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਬੇਨੰਤੀ ਕਰੇ ਪਰਵਾਨਾ, ਪਰਮ ਪੁਰਖ ਪੁਰਖੋਤਮ ਆਪਣੀ ਦਇਆ ਕਮਾਈਆ ।

✪ ੩੦ ਭਾਦਰੋਂ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਦਰਬਾਰ ਨਿਵਾਸੀ ਦਲੀਪ ਸਿੰਘ, ਰਤਨ ਸਿੰਘ, ਕਸ਼ਮੀਰ ਸਿੰਘ, ਸੁਲੱਖਣ ਸਿੰਘ, ਪ੍ਰੀਤਮ ਸਿੰਘ, ਭਜਨ ਸਿੰਘ, ਈਸ਼ਰ ਸਿੰਘ, ਜੋਗਾ ਸਿੰਘ, ਭਾਨ ਸਿੰਘ ਦੇ ਨਵਿਤ ✪

ਧਰਨੀ ਕਹੇ ਨਾਰਦਾ ਮੇਰੇ ਉਤੇ ਤਕ ਪ੍ਰਭੂ ਦੇ ਭਗਤ, ਭਗਵਨ ਦੇਵਣਹਾਰ ਵਡਿਆਈਆ । ਜਿਨ੍ਹਾਂ ਨੂੰ ਮਾਣ ਦੇਵੇ ਵਿਚੋਂ ਜਗਤ, ਸਿਰ ਸਿਰ ਆਪਣਾ ਹੱਥ ਟਿਕਾਈਆ । ਲੇਖੇ ਲਾ ਕੇ ਬੂੰਦ ਰਕਤ, ਤਨ ਵਜੂਦ ਆਪ ਵਡਿਆਈਆ । ਸਤਿ ਧਰਮ ਦੀ ਬਖ਼ਸ਼ ਸ਼ਕਤ, ਸੇਵਕ ਸੇਵਾ ਸਾਚੀ ਸਚ ਸਮਝਾਈਆ । ਜਿਸ ਦਾ ਸੁਹੰਜਣਾ ਹੋਇਆ ਵਕਤ, ਵਿਅਕਤੀਆਂ ਆਪਣੇ ਰੰਗ ਰੰਗਾਈਆ । ਜੋ ਭਗਤ ਉਧਾਰੇ ਫ਼ਕਤ, ਫ਼ਿਕਰਾ ਇਕੋ ਨਾਮ ਸੁਣਾਈਆ । ਉਹ ਮੇਰੀ ਸੁਹੰਜਣੀ ਕਰੇ ਧਰਤ, ਧਵਲ ਦਏ ਵਡਿਆਈਆ । ਨਿਰਗੁਣ ਦਾਤਾ ਹੋ ਕੇ ਆਇਆ ਪਰਤ, ਪਤਿਪਰਮੇਸ਼ਵਰ ਨੂਰ ਅਲਾਹੀਆ । ਪੂਰਬ ਪਿਛਲੀ ਪੂਰੀ ਕਰੇ ਸ਼ਰਤ, ਅਵਤਾਰ ਪੈਗ਼ੰਬਰਾਂ ਗੁਰੂਆਂ ਕੌਲ ਦਏ ਨਿਭਾਈਆ । ਯੋਧਾ ਸੂਰਬੀਰ ਮਰਦਾਨਾ ਬਣੇ ਮਰਦ, ਮਿਹਰਵਾਨ ਇਕ ਅਖਵਾਈਆ । ਜਨ ਭਗਤਾਂ ਵੰਡੇ ਦਰਦ, ਦੁਖੀਆਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਨਾਰਦ ਕਹੇ ਧਰਨੀਏ ਮੈਂ ਵੇਖੇ ਭਗਤ ਰੰਗੀਲੇ, ਪ੍ਰਭ ਦਿਤੀ ਮਾਣ ਵਡਿਆਈਆ । ਉਹ ਜੁਗ ਚੌਕੜੀ ਵਸਦੇ ਰਹਿਣੇ ਕ਼ਬੀਲੇ, ਦੀਨ ਦੁਨੀ ਨਾ ਕੋਇ ਭੁਲਾਈਆ । ਜਿਨ੍ਹਾਂ ਦੇ ਸਤਿਗੁਰ ਸ਼ਬਦ ਬਣਾਏ ਵਸੀਲੇ, ਮੇਲ ਮਿਲਾਇਆ ਸਹਿਜ ਸੁਭਾਈਆ । ਉਨ੍ਹਾਂ ਨੂੰ ਅਗੇ ਕਰਨੇ ਪੈਣ ਨਾ ਹੀਲੇ, ਜਗਤ ਯਤਨ ਦੀ ਲੋੜ ਰਹੇ ਨਾ ਰਾਈਆ । ਉਨ੍ਹਾਂ ਦੀ ਮੰਜ਼ਲ ਪ੍ਰਭ ਨੇ ਰਖਣੀ ਉਪਰ ਅੰਬਰ ਨੀਲੇ, ਜ਼ਿਮੀਂ ਅਸਮਾਨਾਂ ਪੰਧ ਮੁਕਾਈਆ । ਜਨ ਭਗਤ ਬਣਾਊ ਛੈਲ ਛਬੀਲੇ, ਸੋਹਣਾ ਆਪਣਾ ਰੰਗ ਰੰਗਾਈਆ । ਤਨ ਵਜੂਦ ਸੂਹਾ ਕੇ ਬਸਤਰ ਪੀਲੇ, ਪਾਰਬ੍ਰਹਮ ਪ੍ਰਭ ਦੇਵੇ ਮਾਣ ਵਡਿਆਈਆ । ਸਚਖੰਡ ਦੁਆਰ ਚੜ੍ਹਨਾ ਅਗੰਮੇ ਟੀਲੇ, ਪਰਬਤ ਚੋਟੀਆਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਨਾਰਦਾ ਮੈਂ ਦੱਸਾਂ ਸਚ ਪੁਕਾਰ, ਬਿਨ ਰਸਨਾ ਢੋਲਾ ਗਾਈਆ । ਮੇਰਾ ਪ੍ਰਭੂ ਮੇਰਾ ਨਿਰੰਕਾਰ, ਨਿਰਵੈਰ ਇਕ ਅਖਵਾਈਆ । ਜਿਸ ਜੁਗ ਚੌਕੜੀ ਖੇਲ ਖੇਲਿਆ ਵਿਚ ਸੰਸਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਵਰਤਾਈਆ । ਤਤਾਂ ਵਾਲੇ ਭੇਜ ਅਵਤਾਰ, ਪੈਗ਼ੰਬਰ ਗੁਰ ਸ਼ਬਦ ਸੰਦੇਸ਼ੇ ਢੋਲੇ ਰਿਹਾ ਸੁਣਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਮੇਰੀ ਪਾਵੇ ਸਾਰ, ਮਹਾਸਾਰਥੀ ਹੋ ਕੇ ਵੇਖ ਵਖਾਈਆ । ਜੋ ਮਾਨਵ ਜ਼ਾਤੀ ਦੇਵੇ ਇਕ ਅਧਾਰ, ਦੀਨ ਮਜ਼੍ਹਬ ਸ਼ਰਅ ਵੰਡ ਨਾ ਕੋਇ ਵੰਡਾਈਆ । ਜਿਸ ਆਤਮ ਪਰਮਾਤਮ ਨੂਰ ਕੀਤਾ ਉਜਿਆਰ, ਉਜਾਲਾ ਕਰੇ ਥਾਉਂ ਥਾਈਆ । ਸੋ ਮੈਨੂੰ ਦੇਵਣਹਾਰ ਅਧਾਰ, ਸਿਰ

ਮੇਰੇ ਹੱਥ ਟਿਕਾਈਆ । ਸਤਿ ਸਤਿ ਦਾ ਬਣਾ ਕੇ ਭਗਤ ਦੁਆਰ, ਹਰਿ ਭਗਤ ਲਏ ਗਲ ਲਾਈਆ । ਬੇਸ਼ਕ ਇਹ ਮੰਜ਼ਲ ਬੜੀ ਦੁਸ਼ਵਾਰ, ਬਿਨ ਸਤਿਗੁਰ ਕਿਰਪਾ ਚੜ੍ਹਨ ਕੋਇ ਨਾ ਪਾਈਆ । ਮੇਰਾ ਸਾਹਿਬ ਭਗਤ ਵਛਲ ਗਿਰਧਾਰ, ਜੋਤੀ ਜਾਤਾ ਇਕ ਅਖਵਾਈਆ । ਜੋ ਕਲਜੁਗ ਅੰਤ ਜਨ ਭਗਤਾਂ ਪੈਜ ਰਿਹਾ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਨਿਰਗੁਣ ਹੋ ਕੇ ਸਰਗੁਣ ਦੇਵੇ ਦਰਸ ਦੀਦਾਰ, ਜੋਤੀ ਜਾਤਾ ਨਜ਼ਰੀ ਆਈਆ । ਹਰਿਜਨ ਬਣਾ ਕੇ ਸਾਰੇ ਸੇਵਾਦਾਰ, ਸੇਵਾ ਸਚ ਕਮਾਈਆ । ਪੂਰਬ ਜਨਮ ਦਾ ਲਹਿਣਾ ਦੇਣਾ ਦੇ ਕੇ ਉਧਾਰ, ਅਗਲਾ ਲੇਖਾ ਆਪਣੇ ਨਾਲ ਰਖਾਈਆ । ਦੀਨ ਦੁਨੀ ਵਿਚੋਂ ਕੱਢਕੇ ਬਾਹਰ, ਮੇਲ ਮਿਲਾਵਾ ਸਹਿਜ ਸੁਭਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਸਚ ਜੈਕਾਰ, ਸੋਹੰ ਢੋਲਾ ਦਿਤਾ ਦ੍ਰਿੜਾਈਆ । ਹਰਿਜਨ ਸੰਤ ਸੁਹੇਲੇ ਗੁਰਮੁਖ ਗੁਰਸਿਖ ਬਖ਼ਸ਼ ਕੇ ਸਹਾਰ, ਸਦਾ ਸਦਾ ਸਦ ਆਪਣੇ ਰੰਗ ਰੰਗਾਈਆ । ਮੈਂ ਉਸ ਪ੍ਰਭੂ ਦੇ ਚਰਨ ਕਵਲ ਜਾਵਾਂ ਬਲਿਹਾਰ, ਬਲ ਬਲ ਆਪਣਾ ਆਪ ਕਰਾਈਆ । ਜੋ ਭਗਤਾਂ ਬਣਿਆ ਮੀਤ ਮੁਰਾਰ, ਮਿਤਰ ਪਿਆਰਾ ਇਕ ਅਖਵਾਈਆ । ਜਿਸ ਦਾ ਹੁਕਮ ਚਲੇ ਜੁਗ ਚਾਰ, ਚੌਕੜੀ ਆਪਣਾ ਰੰਗ ਰੰਗਾਈਆ । ਜਿਸ ਨੂੰ ਝੁਕਦੇ ਪੈਗ਼ੰਬਰ ਗੁਰ ਅਵਤਾਰ, ਅਵਤਰੀ ਆਪਣਾ ਖੇਲ ਖਿਲਾਈਆ । ਸੋ ਭਗਤਨ ਮੀਤਾ ਧੁਰ ਦਾ ਯਾਰ, ਯਾਰੜਾ ਸਥਰ ਸੇਜ ਅਗੰਮ ਹੰਢਾਈਆ । ਕਲ ਕਲਕੀ ਲਏ ਅਵਤਾਰ, ਕਲਜੁਗ ਲਹਿਣੇ ਦਏ ਮੁਕਾਈਆ । ਤਿਸ ਸਾਹਿਬ ਨੂੰ ਡੰਡਾਵਤ ਬੰਦਨਾ ਸੱਯਦਿਆਂ ਵਿਚ ਨਿਮਸਕਾਰ, ਨਿਵ ਨਿਵ ਲਾਗਾਂ ਪਾਈਆ । ਜੋ ਭਗਤ ਸੁਹੇਲੇ ਗੁਰੂ ਗੁਰ ਚੇਲੇ ਦਰ ਠਾਂਢੇ ਜਾਏ ਤਾਰ, ਤਾਰਨਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰ ਸਦਾ ਸਹਾਰ, ਸਹਾਇਕ ਨਾਇਕ ਇਕੋ ਇਕ ਅਖਵਾਈਆ ।


੯੦੯
੨੪

## ✪ ਪਹਿਲੀ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਅੱਸੂ ਕਹੇ ਸੋ ਪੁਰਖ ਨਿਰੰਜਣ ਮੇਰੀ ਆਸਾ ਕਰ ਦੇ ਪੂਰੀ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਹਰਿ ਪੁਰਖ ਨਿਰੰਜਣ ਆਪਣਾ ਪੰਧ ਮੁਕਾ ਦੇ ਨੇੜ ਦੂਰੀ, ਦੋ ਜਹਾਨ ਨੌਜੁਆਨ ਮਰਦ ਮਰਦਾਨ ਇਕੋ ਰੰਗ ਵਖਾਈਆ । ਏਕੰਕਾਰ ਤੇਰਾ ਦਰਸ ਮੰਗਾਂ ਹਾਜ਼ਰ ਹਜ਼ੂਰੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਦੂਜਾ ਨਜ਼ਰ ਕੋਇ ਨਾ ਆਈਆ । ਆਦਿ ਨਿਰੰਜਣ ਦਰਦ ਦੁਖ ਭੰਜਣ ਪ੍ਰਕਾਸ਼ ਦੇ ਅਗੰਮੀ ਨੂਰੀ, ਨਿਰਵੈਰ ਨਿਰਾਕਾਰ ਆਪਣਾ ਰੰਗ ਰੰਗਾਈਆ । ਅਬਿਨਾਸ਼ੀ ਕਰਤੇ ਮੇਰੀ ਤਕ ਲੈ ਮਜਬੂਰੀ, ਬਿਨ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਸ੍ਰੀ ਭਗਵਾਨ ਨੌ ਸੌ ਚੁਰਾਨਵੇ ਚੌਕੜੀ ਜੁਗ ਦੀ ਮੇਰੀ ਝੋਲੀ ਪਾ ਦੇ ਮਜ਼ਦੂਰੀ, ਨਿਤ ਨਵਿਤ ਤੇਰੀ ਸੇਵ ਕਮਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਮੇਰੇ ਅੰਤਸ਼ਕਰਨ ਆਸ਼ਾ ਰਹੇ ਨਾ ਕੂਰੀ, ਕੂੜੀ ਕਿਰਿਆ ਬਾਹਰ ਕਢਾਈਆ । ਸਤਿਗੁਰ ਸ਼ਬਦ ਯੋਧੇ ਸੂਰਬੀਰ ਬਲਵਾਨ ਸੂਰੀ, ਬਲਧਾਰੀ ਹੋਣਾ ਆਪ ਸਹਾਈਆ । ਵਿਸ਼ਨ ਬ੍ਰਹਮਾ ਸ਼ਿਵ ਆਦਿ ਜੁਗਾਦੀ ਮੇਰੇ ਸਗਲੇ ਸਾਥੀ ਮੇਰੀ ਮਨਸਾ ਨਾ ਰਹੇ ਅਧੂਰੀ, ਹਾਜ਼ਰ ਹੋ ਕੇ ਵੇਖਣਾ ਚਾਈਂ ਚਾਈਂਆ । ਅਵਤਾਰ ਪੈਗ਼ੰਬਰ ਗੁਰੂ ਮੇਰੀ ਆਸਾ ਮਨਸਾ ਤਕਣੀ ਜੋ ਇਸ਼ਾਰਾ ਦਿਤਾ ਮੂਸਾ ਉਤੇ ਕੋਹਤੂਰੀ, ਤੁਰੀਆ ਤੋਂ ਬਾਹਰ ਵੇਖ ਵਖਾਈਆ । ਮੇਰਾ ਲਹਿਣਾ ਤਕ ਲਓ ਜਿਸ ਕਾਰਨ

ਨਾਨਕ ਸਤਿਗੁਰ ਮੋਢੇ ਰਖੀ ਭੂਰੀ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਅੱਸੂ ਕਹੇ ਮੇਰੇ ਸਾਹਿਬ ਸੁਆਮੀ ਮੈਂ ਨਿਰਗੁਣ ਧਾਰ ਆਸਾਂ ਰਖੀਆਂ, ਤ੍ਰਿਸ਼ਨਾ ਜਗਤ ਨਾ ਨਾਲ ਮਿਲਾਈਆ । ਮੈਂ ਤੇਰਾ ਦਰਸ਼ਨ ਕਰਨਾ ਚਾਹੁੰਦਾ ਬਿਨ ਅੱਖੀਆਂ, ਜਗ ਨੇਤਰ ਲੋਚਨ ਦੀ ਲੋੜ ਰਹੇ ਨਾ ਰਾਈਆ । ਮੇਰੀ ਆਸ਼ਾ ਪੂਰਨ ਕਰ ਦੇ ਜੋ ਸੰਦੇਸ਼ਾ ਦਿਤਾ ਕਾਹਨ ਨੇ ਸਖ਼ੀਆਂ, ਰਾਧਾ ਰੁਕਮਨੀ ਨਾਲ ਮਿਲਾਈਆ । ਤੂੰ ਸ਼ਾਹੋ ਭੂਪ ਸੁਲਤਾਨ ਸਰਬ ਕਲਾ ਸਮਰਥੀਆ, ਬੇਪਰਵਾਹ ਅਗੰਮ ਅਥਾਹੀਆ । ਕੇਤੇ ਜੁਗ ਚੌਕੜੀਆਂ ਪਿਛੇ ਤੇਰੀਆਂ ਗਈਆਂ ਨਠੀਆਂ, ਭੱਜੀਆਂ ਵਾਹੋ ਦਾਹੀਆ । ਮੈਂ ਚਾਰ ਜੁਗ ਦੀਆਂ ਗੁਰ ਅਵਤਾਰ ਪੈਗ਼ੰਬਰਾਂ ਦੀਆਂ ਖ਼ਾਹਿਸ਼ਾਂ ਕੀਤੀਆਂ ਇਕੱਠੀਆਂ, ਦਰ ਤੇਰੇ ਦਿਆਂ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਅੱਸੂ ਕਹੇ ਪ੍ਰਭੂ ਮੈਂ ਆਦਿ ਜੁਗਾਦੀ ਮੰਗਤਾ, ਭਿਖਾਰੀ ਏਕੰਕਾਰੀ ਤੇਰਾ ਨਜ਼ਰੀ ਆਈਆ । ਮੇਰੇ ਅੰਤਰ ਨਿਰੰਤਰ ਗੜ੍ਹ ਤੋੜ ਦੇ ਹਉਮੇ ਹੰਗਤਾ, ਹੰ ਬ੍ਰਹਮ ਦੇ ਸਮਝਾਈਆ । ਤੂੰ ਬੋਧ ਅਗਾਧਾ ਪੰਡਤਾ, ਬੁੱਧੀ ਤੋਂ ਬਾਹਰ ਤੇਰੀ ਪੜ੍ਹਾਈਆ । ਮੈਂ ਚਾਹੁੰਦੀ ਨੌਂ ਖੰਡ ਪ੍ਰਿਥਮੀ ਤੇਰੀ ਇਕੋ ਹੋਵੇ ਸੰਗਤਾ, ਦੂਜਾ ਨਜ਼ਰ ਕੋਇ ਨਾ ਆਈਆ । ਤੇਰੇ ਪਿਆਰ ਵਿਚ ਲੱਖ ਚੁਰਾਸੀ ਦਿਸੇ ਜੀਵ ਜੰਤਾ, ਜਾਗਰਤ ਜੋਤ ਕਰ ਰੁਸ਼ਨਾਈਆ । ਤੇਰਾ ਨੂਰ ਜ਼ਹੂਰ ਨਜ਼ਰੀ ਆਵੇ ਤੇਰੇ ਭਗਤਾਂ ਸੰਤਾਂ, ਗੁਰਮੁਖ ਗੁਰਸਿਖ ਲੈ ਉਠਾਈਆ । ਤੂੰ ਠਾਕਰ ਸੁਆਮੀ

ਮੇਰਾ ਬੇਅੰਤਾ, ਬੇਐਬ ਨੂਰ ਅਲਾਹੀਆ । ਝਗੜਾ ਮੇਟ ਦੇ ਕਾਇਆ ਅੰਦਰ ਕੂੜ ਕੁੜਿਆਰੇ ਮਨ ਦਾ, ਮਨਸਾ ਮੋਹ ਗਵਾਈਆ । ਪ੍ਰਕਾਸ਼ ਕਰਦੇ ਆਪਣੇ ਨੂਰੀ ਚੰਨ ਦਾ, ਬਿਨ ਤੇਲ ਬਾਤੀ ਡਗਮਗਾਈਆ । ਲਾਲਚ ਰਹੇ ਨਾ ਕਿਸੇ ਮਾਇਆ ਧਨ ਦਾ, ਧਰਮ ਦੀ ਧਾਰ ਇਕ ਸਮਝਾਈਆ । ਵਣਜਾਰਾ ਰਹੇ ਨਾ ਕੋਈ ਚੁਗਲੀ ਕੰਨ ਦਾ, ਕਾਮ ਕਰੋਧ ਲੋਭ ਮੋਹ ਹੰਕਾਰ ਦੇਣਾ ਮਿਟਾਈਆ । ਪ੍ਰੀਤਮ ਪਿਆਰਾ ਬਣਨਾ ਆਪਣੇ ਜਨ ਦਾ, ਆਪੇ ਹੋਵੇ ਜਣੇਂਦੀ ਮਾਈਆ । ਘਰ ਸੁਹਾਉਣਾ ਬਿਨ ਛਪਰੀ ਛੰਨ ਦਾ, ਸਾਢੇ ਤਿੰਨ ਹੱਥ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਅੱਸੂ ਕਹੇ ਪ੍ਰਭੂ ਮੇਰੀ ਆਸ਼ਾ ਬਹੁ ਪੁਰਾਣੀ, ਪੁਰਾਨ ਅਠਾਰਾਂ ਕਹਿਣ ਕੁਛ ਨਾ ਪਾਈਆ । ਮੇਰਾ ਲੇਖਾ ਨਾ ਜਾਣੇ ਚਾਰ ਜੁਗ ਦੀ ਬਾਣੀ, ਬਾਣ ਅਣਿਆਲਾ ਤੀਰ ਨਾ ਕੋਇ ਚਲਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੇਰੀ ਅਗੰਮ ਅਥਾਹ ਅਕਥ ਕਹਾਣੀ, ਕਾਗ਼ਜ਼ ਸ਼ਾਹੀ ਲਿਖ ਸਕੇ ਨਾ ਰਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਮੇਰਾ ਇਕ ਨੂਰ ਨੁਰਾਨੀ, ਜੋਤੀ ਜਾਤਾ ਡਗਮਗਾਈਆ । ਤੇਰੇ ਚਰਨ ਕਵਲ ਨਿਮਸਕਾਰ ਕਰੀਂ ਪਰਵਾਨੀ, ਪਰਮ ਪੁਰਖ ਸਿਰ ਆਪਣਾ ਹੱਥ ਟਿਕਾਈਆ । ਉਹ ਵਕ਼ਤ ਸੁਹੰਜਣਾ ਯਾਦ ਕਰ ਲੈ ਜਿਸ ਵੇਲੇ ਸੰਦੇਸ਼ਾ ਦਿਤਾ ਦੁਰਗਾ ਅਸ਼ਟਭੁਜ ਭਵਾਨੀ, ਸੁੰਬ ਨਿਸੁੰਬ ਦੈਤਾਂ ਘਾਤ ਕਰਾਈਆ । ਰਾਮ ਨੇ ਕਿਹਾ ਮੇਰਾ ਰਾਮ ਖੇਲੇ ਖੇਲ ਮਹਾਨੀ, ਜਿਸ ਦਾ ਭੇਵ ਕੋਇ ਨਾ ਪਾਈਆ । ਕ੍ਰਿਸ਼ਨ ਕਿਹਾ ਉਹ ਕਾਹਨਾਂ ਦਾ ਕਾਹਨ ਸ਼ਹਿਨਸ਼ਾਹ ਉਪਰ ਅਸਮਾਨੀ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਪੈਗ਼ੰਬਰਾਂ ਤੇਰਾ ਜਲਵਾ ਨੂਰ ਕੀਤਾ ਪਰਵਾਨੀ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਤੇਰੇ ਢੋਲੇ ਗਾਈਆ । ਨਾਨਕ ਨਿਰਗੁਣ ਸਰਗੁਣ ਦਿਤੀ ਸਤਿਨਾਮ ਨਿਸ਼ਾਨੀ, ਨਿਸ਼ਾਨੇ ਦੋ ਜਹਾਨ ਬਦਲਾਈਆ । ਗੋਬਿੰਦ ਸ਼ਸਤਰ ਖੰਡਾ ਤੀਰ ਕਮਾਨੀ, ਚਿੱਲਾ ਜ਼ਿਮੀਂ ਅਸਮਾਨ ਚੜ੍ਹਾਈਆ । ਫੇਰ

ਸ਼ਬਦ ਬੋਲਿਆ ਬਿਨ ਰਸਨਾ ਜਿਹਵਾ ਕਲਾਮੀ, ਕਾਇਨਾਤ ਬਾਹਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਅੱਸੂ ਕਹੇ ਪ੍ਰਭੂ ਮੇਰਾ ਪਰਵਿਸ਼ਟਾ ਪਹਿਲਾ, ਪਰਮ ਪੁਰਖ ਦਿਆਂ ਜਣਾਈਆ । ਤੂੰ ਵਸਣਹਾਰਾ ਸਚਖੰਡ ਦੁਆਰ ਅਗੰਮੇ ਮਹਿਲਾ, ਮਹਲ ਅਟਲ ਇਕ ਸੁਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਵੇਖੀਂ ਹੋ ਨਾ ਜਾਵੀਂ ਅਣਗਹਿਲਾ, ਗਹਿਰ ਗੰਭੀਰ ਬੇਨਜ਼ੀਰ ਆਪਣਾ ਧਿਆਨ ਰਖਾਈਆ । ਕੂੜ ਕੁੜਿਆਰ ਵਿਚ ਸੰਸਾਰ ਨੌ ਖੰਡ ਪ੍ਰਿਥਮੀ ਤਕ ਲੈ ਫੈਲਾ, ਸੱਤ ਦੀਪ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਅੱਸੂ ਕਹੇ ਪ੍ਰਭੂ ਮੇਰਾ ਤਕ ਲੈ ਨਵ ਨਵ ਚਾਰ ਦਾ ਲਹਿਣਾ, ਪੂਰਬ ਪਿਛਲਾ ਵੇਖ ਵਖਾਈਆ । ਤੂੰ ਸੁਆਮੀ ਠਾਕਰ ਮੇਰਾ ਅੰਤਮ ਲੇਖਾ ਦੇਣਾ, ਦੇਵਣਹਾਰ ਤੇਰੀ ਵਡਿਆਈਆ । ਮੈਂ ਚਾਹੁੰਦਾ ਧਰਨੀ ਉਤੇ ਤੇਰਾ ਦਰਸ਼ਨ ਕਰਾਂ ਅਗੰਮੇ ਨੈਣਾਂ, ਬਿਨ ਜਗਤ ਲੋਚਨ ਦਰਸ਼ਨ ਪਾਈਆ । ਮੈਨੂੰ ਯਾਦ ਆਉਂਦੀ ਜੋ ਇਸ਼ਾਰਾ ਦਿਤਾ ਬਾਲਮੀਕ ਵਿਚ ਰਮਾਇਣਾ, ਰਾਮ ਰਾਮ ਤੇਰੀ ਦੁਹਾਈਆ । ਜਿਸ ਕਾਰਨ ਕ੍ਰਿਸ਼ਨ ਦਾ ਅਰਜਨ ਮੰਨਿਆ ਕਹਿਣਾ, ਭਗਤ ਭਗਵਾਨ ਮਿਲ ਕੇ ਵਜੇ ਵਧਾਈਆ । ਜਿਸ ਧਾਰ ਵਿਚ ਮੂਸਾ ਤੇਰੀ ਸਰਨ ਸਰਨਾਈ ਢਹਿਣਾ, ਤਨ ਮਾਟੀ ਖ਼ਾਕ ਨਜ਼ਰ ਕੋਇ ਨਾ ਆਈਆ । ਜਿਸ ਹੁਕਮ ਵਿਚ ਈਸਾ ਸਲੀਵ ਤਨ ਪਾਇਆ ਗਹਿਣਾ, ਫਾਸੀ ਆਪਣੇ ਗਲ ਲਟਕਾਈਆ । ਜਿਸ ਹੁਕਮ ਵਿਚ ਮੁਹੰਮਦ ਚਾਰ ਯਾਰੀ ਨਾਲ ਮਿਲ ਕੇ ਤੇਰਾ ਮੰਨਿਆ ਭਾਣਾ ਸਹਿਣਾ, ਨਿਵ ਨਿਵ ਸੀਸ ਨਿਵਾਈਆ । ਨਾਨਕ ਗੋਬਿੰਦ ਧਾਰ ਤੇਰੇ ਨਾਲੋਂ ਨਾ ਹੋਈ ਤਰਫ਼ੈਣਾਂ, ਤਰਫ਼ਦਾਰੀ ਨਜ਼ਰ ਕੋਇ ਨਾ ਆਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਸਦਾ ਸਦਾ ਸਦ ਸਚਖੰਡ ਵਿਚ ਨਹੀਂ ਬਹਿਣਾ, ਲੋਕਮਾਤੀ ਆਪਣਾ ਧਿਆਨ ਲਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਤੇਰਾ ਨਾਮ ਕਿਸੇ ਨਹੀਂ ਲੈਣਾ, ਰਸਨਾ ਜਿਹਵਾ ਸਭ ਦੀ ਹੋਈ ਹਲਕਾਈਆ । ਮਾਇਆ ਮਮਤਾ ਮੋਹ ਵਿਕਾਰ ਨਵ ਸੱਤ ਵਹੇ ਵਹਿਣਾ, ਅਗੇ ਹੋ ਨਾ ਕੋਇ ਅਟਕਾਈਆ । ਅੱਸੂ ਕਹੇ ਮੇਰੇ ਪੁਰਖ ਅਕਾਲੇ ਮੈਂ ਤੇਰੀ ਸਰਨ ਸਰਨਾਈ ਢਹਿਣਾ, ਢਹਿ ਢਹਿ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅੱਸੂ ਕਹੇ ਮੇਰੇ ਪਰਮ ਪੁਰਖ ਅਗੰਮ, ਅਗੰਮੜੇ ਤੇਰੀ ਸਰਨਾਈਆ । ਦੀਨ ਦਿਆਲ ਮੇਰੇ ਮੇਟ ਦੇ ਭਰਮ, ਭਾਂਡਾ ਭਰਮ ਭੰਨਾਈਆ । ਦੀਨ ਦੁਨੀ ਦੀ ਦ੍ਰਿਸ਼ਟੀ ਬਦਲ ਦੇ ਚਰਮ, ਚੰਮ ਦ੍ਰਿਸ਼ਟੀ ਰਹਿਣ ਕੋਇ ਨਾ ਪਾਈਆ । ਸਭ ਦਾ ਸਾਂਝਾ ਕਰ ਦੇ ਕਰਮ, ਨਿਹਕਰਮੀ ਆਪਣੇ ਰੰਗ ਰੰਗਾਈਆ । ਝਗੜਾ ਰਹੇ ਨਾ ਕੋਈ ਜ਼ਾਤ ਵਰਨ, ਬਰਨਾਂ ਲੇਖਾ ਦੇਣਾ ਮੁਕਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਸਾਰੇ ਤੇਰਾ ਢੋਲਾ ਪੜ੍ਹਨ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਸਤਿਗੁਰ ਦਾਤੇ ਸ਼ਬਦੀ ਧਾਰ ਬੰਨ੍ਹਾ ਲੈ ਲੜਨ, ਪੱਲੂ ਗੰਢ ਨਾ ਕੋਇ ਖੁਲ੍ਹਾਈਆ । ਹਰਿਜਨ ਸੰਤ ਸੁਹੇਲੇ ਤੇਰੀ ਮੰਜ਼ਲ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਸਚਖੰਡ ਦੁਆਰ ਏਕੰਕਾਰ ਪਰਵਰਦਿਗਾਰ ਸਾਂਝੇ ਯਾਰ ਤੇਰੇ ਵੜਨ ਦਰਨ, ਮੁਕਾਮੇ ਹਕ ਨਿਰਗੁਣ ਧਾਰ ਸੋਭਾ ਪਾਈਆ । ਮੇਰੇ ਮਿਹਰਵਾਨਾ ਨੌਜੁਆਨਾ ਸ੍ਰੀ ਭਗਵਾਨਾ ਲੇਖਾ ਮੁਕਾ ਦੇ ਸੀਸ ਧੜਨ, ਮਿੱਟੀ ਖ਼ਾਕ ਤਨ ਵਜੂਦਾਂ ਕਰ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਅੱਸੂ ਕਹੇ ਮੇਰੇ ਪੁਰਖ ਅਕਾਲੇ, ਅਕਲ ਕਲਧਾਰੀ ਦੇਣੀ ਵਡਿਆਈਆ । ਤੁਧ ਬਿਨ

ਮੇਰੀ ਸੁਰਤ ਨਾ ਕੋਇ ਸੰਭਾਲੇ, ਸੰਬਲ ਦੇ ਮਾਲਕ ਹੋਣਾ ਆਪ ਸਹਾਈਆ । ਕਲਜੁਗ ਕੂੜੀ ਕਿਰਿਆ ਦਾਗ਼ ਮੇਟ ਦੇ ਕਾਲੇ, ਕਲਕਾਤੀਆਂ ਡੇਰਾ ਢਾਹੀਆ । ਸਤਿ ਧਰਮ ਇਕ ਘਰ ਬਣਾ ਸਚੀ ਧਰਮਸਾਲੇ, ਨੌ ਖੰਡ ਪ੍ਰਿਥਮੀ ਇਕੋ ਰੰਗ ਰੰਗਾਈਆ । ਤੇਰੇ ਨਾਮ ਦੀ ਆਤਮ ਪਰਮਾਤਮ ਹੋਵੇ ਮਾਲੇ, ਮਨ ਕਾ ਮਣਕਾ ਦੇਣਾ ਭੁਆਈਆ । ਸਾਚਾ ਮਾਰਗ ਦੱਸ ਸੁਖਾਲੇ, ਅਗੇ ਹੋ ਨਾ ਕੋਇ ਅਟਕਾਈਆ । ਅੱਸੂ ਕਹੇ ਮੈਂ ਜੁਗ ਚੌਕੜੀ ਬਥੇਰੀ ਘਾਲਣ ਲਈ ਘਾਲੇ, ਸੇਵਕ ਹੋ ਕੇ ਸੇਵ ਕਮਾਈਆ । ਅੰਤ ਮੇਰੀ ਤੇਰੇ ਚਰਨ ਕਵਲ ਇਕ ਬੇਨੰਤੀ ਇਕ ਸਵਾਲੇ, ਅਰਜ਼ ਅਰਜ਼ੋਈ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਅੱਸੂ ਕਹੇ ਪ੍ਰਭੂ ਮੇਰਾ ਆਦਿ ਅੰਤ ਦਾ ਅਗੰਮ ਪਿਆਰ, ਪ੍ਰੀਤੀ ਨਿਰਗੁਣ ਧਾਰ ਰਖਾਈਆ । ਤੂੰ ਦੇਵਣਹਾਰ ਦਾਤਾਰ, ਤੇਰੇ ਹੱਥ ਵਡਿਆਈਆ । ਮੈਂ ਮਾਂਗਤ ਬਣਾਂ ਭਿਖਾਰ, ਖ਼ਾਲੀ ਝੋਲੀ ਅਗੇ ਡਾਹੀਆ । ਤੂੰ ਭਰਨਾ ਸਚ ਭੰਡਾਰ, ਅਤੋਟ ਅਤੁਟ ਆਪ ਵਰਤਾਈਆ । ਸਾਚਾ ਨਾਮ ਕਲਮਾ ਕਰ ਉਜਿਆਰ, ਦੋ ਜਹਾਨ ਵਜੇ ਵਧਾਈਆ । ਇਕੋ ਇਸ਼ਟ ਤੇਰਾ ਹੋਵੇ ਸਚੀ ਸਰਕਾਰ, ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਸ਼ਬਦ ਹੋਵੇ ਜੈਕਾਰ, ਇਕੋ ਡੰਕਾ ਵਜੇ ਥਾਉਂ ਥਾਈਂਆ । ਇਕੋ ਗ੍ਰਿਹਿ ਹੋਵੇ ਨਿਮਸਕਾਰ, ਇਕੋ ਸਯਦਾ ਸੀਸ ਨਿਵਾਈਆ । ਇਕੋ ਹੋਵੇ ਸਭ ਦਾ ਪਰਵਰਦਿਗਾਰ, ਸਾਂਝਾ ਯਾਰ ਨੂਰ ਅਲਾਹੀਆ । ਤੂੰ ਦੇਵਣਹਾਰ ਆਪ ਦਾਤਾਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਤੇਰਾ ਦੇ ਕੇ ਗਏ ਇਸ਼ਾਰ, ਸੈਨਤ ਸ਼ਬਦ ਵਾਲੀ ਲਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਆਏ ਕਲ ਕਲਕੀ ਅਵਤਾਰ, ਨਿਹਕਲੰਕਾ ਆਪਣਾ ਰੂਪ ਬਦਲਾਈਆ । ਅਮਾਮ ਅਮਾਮਾ ਖੇਲ ਕਰੇ ਅਪਾਰ, ਅਪਰੰਪਰ ਹੋ ਕੇ ਆਪਣਾ ਵੇਸ ਵਟਾਈਆ । ਤੂੰ ਜੋਤੀ ਜਾਤਾ ਪੁਰਖ ਬਿਧਾਤਾ ਸਚਖੰਡ ਨਿਵਾਸੀ ਸਿਰਜਣਹਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਅੱਸੂ ਕਹੇ ਮੈਂ ਮੰਗਤਾ ਤੂੰ ਦੇਵਣਹਾਰ ਅਤੁਟ ਭੰਡਾਰ, ਭੰਡਾਰੀ ਸੰਘਾਰੀ ਤੈਨੂੰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਵਸਤ ਆਪ ਵਰਤਾਈਆ । ਪੁਰਖ ਅਕਾਲ ਕਹੇ ਸੁਣ ਅੱਸੂ ਮੀਤ, ਆਦਿ ਜੁਗਾਦੀ ਹੋ ਕੇ ਦਿਆਂ ਜਣਾਈਆ । ਨਿਤ ਨਵਿਤ ਜੁਗ ਚੌਕੜੀ ਮੇਰੀ ਬਦਲਦੀ ਰਹੇ ਰੀਤ, ਰੀਤੀਵਾਨ ਇਕ ਅਖਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤਮ ਰਿਹਾ ਬੀਤ, ਆਪ ਆਪਣਾ ਪੰਧ ਮੁਕਾਈਆ । ਤੂੰ ਸਚ ਸੰਦੇਸ਼ਾ ਰਖਣਾ ਚੀਤ, ਚਿਤ ਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਮੈਂ ਝਗੜਾ ਮੇਟਣਾ ਮੰਦਰ ਮਸੀਤ, ਕਾਇਆ ਕਾਅਬਾ ਹਕ ਕਰਾਂ ਰੁਸ਼ਨਾਈਆ । ਮੈਂ ਮਾਲਕ ਖ਼ਾਲਕ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਇਕ ਅਖਵਾਈਆ । ਨੌ ਖੰਡ ਪ੍ਰਿਥਮੀ ਮੇਰਾ ਇਕੋ ਹੋਵੇ ਗੀਤ, ਤੂੰ ਮੇਰਾ ਮੈਂ ਤੇਰਾ ਸਾਰੇ ਲੈਣ ਗਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਅੰਤਰ ਨਿਰੰਤਰ ਕਰਾਂ ਠਾਂਡਾ ਸੀਤ, ਕਲਜੁਗ ਅਗਨੀ ਅੱਗ ਨਾ ਕੋਇ ਤਪਾਈਆ । ਜਨ ਭਗਤਾਂ ਸਾਚੇ ਸੰਤਾਂ ਬਖ਼ਸ਼ ਕੇ ਸਚ ਪ੍ਰੀਤ, ਪ੍ਰੀਤਮ ਹੋ ਕੇ ਮਿਲਣਾ ਚਾਈਂ ਚਾਈਂਆ । ਮੇਰਾ ਖੇਲ ਸਦਾ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਹੋ ਕੇ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਉਠਾਈਆ । ਅੱਸੂ ਕਹੇ ਪ੍ਰਭੂ ਮੇਰੇ ਕੋਲ ਜੁਗ ਚੌਕੜੀ ਪੁਰਾਣੀਆਂ ਚਿੱਠੀਆਂ, ਕਾਤਬ ਲਿਖਾਰੀ ਨਜ਼ਰ ਕੋਇ ਨਾ ਆਈਆ । ਜਿਸ ਵਿਚ ਖ਼ਬਰਾਂ ਜਗਤ ਨੇਤਰਾਂ ਅਨਡਿੱਠੀਆਂ, ਰਸਨਾ ਜਿਹਵਾ ਪੜ੍ਹ ਨਾ ਕੋਇ ਸੁਣਾਈਆ । ਜੁਗ ਚੌਕੜੀ

ਦੀਆਂ ਧਾਰਾਂ ਅਵਤਾਰਾਂ ਜੋ ਲਾਈਆਂ ਹਾਹੇ ਉਤੇ ਟਿੱਪੀਆਂ, ਸੱਸਾ ਹੋੜੇ ਨਾਲ ਮਿਲਾਈਆ । ਉਨ੍ਹਾਂ ਦੀਆਂ ਧਾਰਾਂ ਵੇਖ ਲੈ ਚਿੱਟੀਆਂ, ਕਾਲਖ ਟਿੱਕਾ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਪੂਰ ਕਰਾਈਆ । ਅੱਸੂ ਕਹੇ ਪ੍ਰਭੂ ਮੇਰੇ ਕੋਲ ਅਗੰਮਾ ਲੇਖ, ਬਿਨ ਅੱਖਰਾਂ ਦਿਆਂ ਲਿਖਾਈਆ । ਜਿਸ ਵਿਚ ਸਤਿਗੁਰ ਸ਼ਬਦ ਦਿਤਾ ਸੰਦੇਸ਼, ਸੰਧਿਆ ਸਰਘੀ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲਾ ਦੀਨ ਦਿਆਲਾ ਇਕ ਨਰੇਸ਼, ਨਰ ਨਰਾਇਣ ਨੂਰ ਅਲਾਹੀਆ । ਜਿਸ ਦਾ ਮੁਛ ਦਾੜ੍ਹੀ ਨਾ ਕੇਸ, ਤਨ ਵਜੂਦ ਨਾ ਕੋਇ ਰਖਾਈਆ । ਜਿਸ ਦਾ ਸੁਤ ਦੁਲਾਰਾ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਵੇਖ ਵਖਾਈਆ । ਜਿਸ ਸੰਦੇਸ਼ਾ ਦਿਤਾ ਉਹ ਕਲਜੁਗ ਅੰਤ ਆਵੇ ਸੰਬਲ ਦੇਸ਼, ਜੋਤੀ ਜਾਤਾ ਪੁਰਖ ਬਿਧਾਤਾ ਫੇਰਾ ਪਾਈਆ । ਜਿਸ ਦੇ ਦਰ ਅਵਤਾਰ ਪੈਗ਼ੰਬਰ ਗੁਰੂ ਹੋਣੇ ਪੇਸ਼, ਪੇਸ਼ੀਨਗੋਈਆਂ ਆਪਣਾ ਫੇਰਾ ਪਾਈਆ । ਨਾਲ ਲਹਿਣਾ ਦੇਣਾ ਤਕਣਾ ਕਲਜੁਗ ਕਿਰਿਆ ਕੂੜ ਕਲੇਸ਼, ਕਲਕਾਤੀਆਂ ਨਾਲ ਮਿਲਾਈਆ । ਜਿਸ ਝਗੜਾ ਮੁਕਾਉਣਾ ਮੁਸਾਇਕ ਮੁੱਲਾ ਸ਼ੇਖ਼, ਸ਼ਰਅ ਸ਼ਰੀਅਤ ਰਹਿਣ ਕੋਇ ਨਾ ਪਾਈਆ । ਉਸ ਦਾ ਲੇਖਾ ਹੋਣਾ ਦੇਸ ਬਦੇਸ, ਨਵ ਸੱਤ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਅੱਸੂ ਕਹੇ ਪ੍ਰਭੂ ਮੇਰੇ ਕੋਲ ਬਿਨ ਅੱਖਰਾਂ ਤੋਂ ਅਗੰਮੀ ਤਹਿਰੀਰ, ਜੋ ਪੈਗ਼ੰਬਰਾਂ ਦਿਤੀ ਜਣਾਈਆ । ਜਿਸ ਵਿਚ ਤੇਰਾ ਲੇਖਾ ਲਿਖਿਆ ਉਹ ਮਾਲਕ ਬੇਨਜ਼ੀਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦੇ ਕੋਲ ਅਗੰਮੀ ਤਦਬੀਰ, ਤਰੀਕਾ ਆਪਣੇ ਹੱਥ ਰਖਾਈਆ । ਜਿਨ ਸਦੀ ਚੌਧਵੀਂ ਅੰਤ ਸ਼ਰਅ ਦੀ ਕੱਟਣੀ ਜ਼ੰਜੀਰ, ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਪੈਗ਼ੰਬਰਾਂ ਜਿਸ ਨੂੰ ਦੱਸਿਆ ਲਾਤਸਵੀਰ, ਤਸੱਵਰ ਕਰ ਨਾ ਕੋਇ ਵਖਾਈਆ । ਗੁਰੂ ਗੁਰਦੇਵਾਂ ਕਿਹਾ ਗਹਿਰ ਗੰਭੀਰ, ਗਵਰ ਵਡ ਵਡਿਆਈਆ । ਸੋ ਲਹਿਣਾ ਦੇਣਾ ਲੇਖਾ ਜਾਣੇ ਅੰਤ ਅਖ਼ੀਰ, ਆਖ਼ਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਅੱਸੂ ਕਹੇ ਪ੍ਰਭੂ ਮੇਰੇ ਕੋਲ ਲੇਖ ਦਿਸੇ ਬਿਨਾ ਸਤਰ, ਅੱਖਰ ਵੰਡ ਨਾ ਕੋਇ ਵੰਡਾਈਆ । ਕਾਗ਼ਜ਼ ਦਿਸੇ ਕੋਈ ਨਾ ਪਤਰਾ, ਸ਼ਾਹੀ ਰੰਗ ਨਾ ਕੋਇ ਚੜ੍ਹਾਈਆ । ਜਦ ਹੁਕਮ ਸੁਣਾਂ ਅਗੰਮੀ ਤੇ ਆਵੇ ਸੱਤ ਦੋ ਦੀ ਧਾਰ ਬਹੱਤਰਾ, ਭੇਵ ਸਕੇ ਨਾ ਕੋਇ ਜਣਾਈਆ । ਜਾਂ ਹੁਕਮ ਸੁਣਾਂ ਤੇ ਸੰਦੇਸ਼ਾ ਮਿਲੇ ਚੁਹੱਤਰਾ, ਚਾਰ ਜੁਗ ਤੋਂ ਬਾਹਰ ਪੜ੍ਹਾਈਆ । ਜਾਂ ਨੀਚੇ ਤਕਾਂ ਕੀ ਬਣਤ ਬਣਾਈ ਸੱਤਰਾਂ, ਗੋਬਿੰਦ ਵੇਖ ਵਖਾਈਆ । ਅੱਸੂ ਕਹੇ ਮੈਂ ਮਾਰ ਮਾਰ ਕੇ ਥੱਕਿਆ ਟੱਕਰਾਂ, ਆਪ ਆਪਣੀ ਪਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਦਰ ਸਾਚੇ ਅਲਖ ਜਗਾਉਂਦਾ ਹਾਂ । ਸੋ ਪੁਰਖ ਨਿਰੰਜਣ ਸੀਸ ਨਿਵਾਉਂਦਾ ਹਾਂ । ਹਰਿ ਪੁਰਖ ਨਿਰੰਜਣ ਰਾਹ ਤਕਾਉਂਦਾ ਹਾਂ । ਏਕੰਕਾਰਾ ਵੇਖ ਵਖਾਉਂਦਾ ਹਾਂ । ਆਦਿ ਨਿਰੰਜਣ ਨੂਰ ਚਮਕਾਉਂਦਾ ਹਾਂ । ਸ੍ਰੀ ਭਗਵਾਨ ਸਰਬ ਗੁਣ ਗਾਉਂਦਾ ਹਾਂ । ਅਬਿਨਾਸ਼ੀ ਕਰਤੇ ਰੰਗ ਰੰਗਾਉਂਦਾ ਹਾਂ । ਪਾਰਬ੍ਰਹਮ ਭੇਵ ਚੁਕਾਉਂਦਾ ਹਾਂ । ਸਤਿਗੁਰ ਸ਼ਬਦ ਇਕੋ ਮੰਗ ਮੰਗਾਉਂਦਾ ਹਾਂ । ਨਿਮਸਕਾਰ ਕਰਾਂ ਨਾਲ ਅਦਬ, ਸਯਦਿਆਂ ਵਿਚ ਸੀਸ ਝੁਕਾਉਂਦਾ ਹਾਂ । ਧਰਨੀ ਵਿਚ ਹੋਇਆ ਗ਼ਜ਼ਬ, ਹੈਰਾਨੀ ਵਿਚ ਆਪ ਸੁਣਾਉਂਦਾ ਹਾਂ । ਆ ਕੇ ਤਕ ਲੈ ਦੀਨ ਦੁਨੀ ਦੇ ਮਜ਼੍ਹਬ, ਸ਼ਰਅ ਦੇ ਪਰਦੇ ਆਪ

ਫੁਲਾਉਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਉਂਦਾ ਹਾਂ । ਅੱਸੂ ਕਹੇ ਪ੍ਰਭੂ ਮੇਰੀ ਆਸਾ ਚਾਰ ਜੁਗ ਦੀ ਵੱਡੀ, ਵਡਿਆ ਤੇਰੇ ਅਗੇ ਰਖਾਈਆ । ਤੂੰ ਪਿਆਰ ਮੁਹੱਬਤ ਵਿਚ ਲਡਾਉਣੀ ਲੱਡੀ, ਪ੍ਰੇਮ ਰੰਗ ਰੰਗਾਈਆ । ਉਹ ਗੱਲ ਯਾਦ ਕਰ ਲੈ ਜਿਹੜੀ ਕਬੀਰ ਸੁਣਾਈ ਚਲਾਉਂਦਿਆਂ ਖੱਡੀ, ਕਲਜੁਗ ਅੰਤਮ ਵੇਖ ਵਖਾਈਆ । ਪ੍ਰਭੂ ਦੀ ਧਾਰ ਗਾਉਣੀ ਨਹੀਂ ਕਿਸੇ ਪਿਆਰ ਵਾਲੀ ਢੱਡੀ, ਸਾਰੰਗ ਸਾਰ ਕੋਇ ਨਾ ਪਾਈਆ । ਸਚ ਪ੍ਰੀਤੀ ਅੰਦਰੋਂ ਸਭ ਨੇ ਜਾਣੀ ਕੱਢੀ, ਹਿਰਦੇ ਹਰਿ ਨਾ ਕੋਇ ਵਸਾਈਆ । ਫੇਰ ਇਸ਼ਾਰਾ ਦਿਤਾ ਉਹ ਖੇਲ ਹੋਣੀ ਅੰਤ ਚੌਧਵੀਂ ਸਦੀ, ਸਦਮਾ ਹੋਵੇ ਥਾਉਂ ਥਾਈਂਆ । ਸਰਸੇ ਦੀ ਥਾਂ ਫ਼ਰਾਤ ਦੀ ਖ਼ੂਨ ਦੀ ਵਹਿਣੀ ਨਦੀ, ਗੋਬਿੰਦ ਦਾ ਲੇਖ ਨਾ ਕੋਇ ਮਿਟਾਈਆ । ਇਕ ਜੋਤ ਸੰਬਲ ਦੇਸ ਹੋਣੀ ਜਗੀ, ਕਬੀਰ ਬੇਨਜ਼ੀਰ ਗਿਆ ਸਮਝਾਈਆ । ਉਸ ਨੂੰ ਸਭ ਨੇ ਕਹਿਣਾ ਨੂਰ ਅਲਾਹੀ ਰੱਬੀ, ਯਾਮਬੀਨ ਕਹਿ ਕੇ ਸੀਸ ਨਿਵਾਈਆ । ਉਹ ਖੇਲ ਕਰੇ ਜਿਸ ਵੇਲੇ ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਅੱਗ ਹੋਣੀ ਲੱਗੀ, ਜਗਤ ਜੁਗਤ ਸਕੇ ਨਾ ਕੋਇ ਬੁਝਾਈਆ । ਚਾਰ ਕੁੰਟ ਦਹਿ ਦਿਸ਼ਾ ਮਾਨਸ ਮਾਨਵ ਮਾਨੁਖ ਕਰਨ ਬਦੀ, ਬਦਲਾ ਚੁਕੇ ਥਾਉਂ ਥਾਈਂਆ । ਉਸ ਵੇਲੇ ਕ਼ਾਇਮ ਰਹਿਣੀ ਨਹੀਂ ਕਿਸੇ ਬਾਦਸ਼ਾਹ ਦੀ ਗੱਦੀ, ਗਦਾਗਰ ਰੋਵਣ ਮਾਰਨ ਧਾਹੀਆ । ਪਿਛਲੀ ਕੀਤੀ ਜਗਤ ਜਗਿਆਸੂਆਂ ਦੀ ਜਾਂਦੀ ਰੱਦੀ, ਸੰਸਾਰੀਆਂ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਂਈਆ ।



ਅੱਸੂ ਕਹੇ ਪ੍ਰਭੂ ਮੈਨੂੰ ਬਖ਼ਸ਼ ਦੇ ਸਤਿ ਸਚ ਬਹਾਰਾਂ, ਖ਼ੁਸ਼ੀਆਂ ਢੋਲੇ ਤੇਰੇ ਤੇਰੇ ਗਾਈਆ । ਮੇਰੇ ਸ਼ਹਿਨਸ਼ਾਹੀ ਸੰਮਤ ਗਿਆਰਾਂ, ਇਕ ਇਕ ਨਾਲ ਮਿਲ ਕੇ ਵਜੇ ਵਧਾਈਆ । ਤੇਰਾ ਰੂਪ ਅਨੂਪ ਦੋ ਜਹਾਨ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਆਪਣਾ ਨੂਰ ਦੇਣਾ ਚਮਕਾਈਆ । ਪਰ ਮੈਨੂੰ ਐਉਂ ਦਿਸਦਾ ਮੁਹੰਮਦ ਦੀ ਯਾਦ ਵਿਚ ਜਦੋਂ ਝਗੜਾ ਛੇੜਨਾ ਤੇ ਛੇੜਨਾ ਵਿਚੋਂ ਕਾਹਿਰਾ, ਕਹਿਰ ਵਰਤੇ ਖ਼ਲਕ ਖ਼ੁਦਾਈਆ । ਉਮਤ ਨਬੀ ਰਸੂਲ ਕੋਈ ਨਾ ਰਹੇ ਬਾਹਿਰਾ, ਬਹਿਰਹਾਲ ਸਭ ਦਾ ਲੇਖਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਅੱਸੂ ਕਹੇ ਪ੍ਰਭੂ ਮੇਰੀ ਨਮੋ ਨਮੋ ਨਿਮਸਕਾਰਾ, ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਧਰਨੀ ਉਤੋਂ ਕਲਜੁਗ ਕੂੜ ਮੇਟ ਅੰਧਿਆਰਾ, ਅੰਧ ਅਗਿਆਨ ਰਹਿਣ ਨਾ ਪਾਈਆ । ਨਿਰਗੁਣ ਨਿਰਾਕਾਰ ਨਿਰੰਕਾਰ ਸਚ ਨਾਮ ਦੇ ਧੁਨਕਾਰਾ, ਅਨਹਦ ਨਾਦੀ ਨਾਦ ਵਜਾਈਆ । ਅੰਮ੍ਰਿਤ ਰਸ ਨਿਝਰ ਝਿਰਨਿਉਂ ਬਖ਼ਸ਼ ਦੇ ਠੰਢਾ ਠਾਰਾ, ਬੂੰਦ ਸਵਾਂਤੀ ਜਾਮ ਪਿਆਈਆ । ਜਨ ਭਗਤਾਂ ਮੇਲ ਮਿਲਾ ਵਿਛੜਿਆ ਰਹੇ ਨਾ ਕੋਈ ਵਿਚ ਸੰਸਾਰਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਤੂੰ ਜੋਤੀ ਜਾਤਾ ਪੁਰਖ ਬਿਧਾਤਾ ਨਿਹਕਲੰਕ ਕਲ ਕਲਕੀ ਅਵਤਾਰਾ, ਅਮਾਮ ਅਮਾਮਾ ਨੂਰ ਅਲਾਹੀਆ । ਤੇਰਾ ਹੁਕਮ ਵਰਤੇ ਸਚੀ ਸਰਕਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਅੱਸੂ ਕਹੇ ਪ੍ਰਭੂ ਹਰਿ ਭਗਤ ਸੁਹੇਲੇ ਤੇਰੇ ਖੜ੍ਹੇ ਦੁਆਰਾ, ਦਰ ਠਾਂਢੇ ਅਲਖ ਜਗਾਈਆ । ਪੂਰਬ ਲਹਿਣਾ ਦੇਣਾ ਲੇਖਾ ਰਹੇ ਨਾ ਜਗਤ ਦੀ ਧਾਰਾ, ਵਾਸ਼ਨਾ ਕੂੜ ਨਾ ਕੋਇ ਹਲਕਾਈਆ । ਸਤਿ ਸਚ ਬਖ਼ਸ਼ ਦੇ ਨਾਮ ਅਧਾਰਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਸੋਹੰ ਸ਼ਬਦ ਤੇਰਾ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਇਕ ਜੈਕਾਰਾ, ਦੋ ਜਹਾਨ ਕਰੇ ਸ਼ਨਵਾਈਆ । ਅੱਸੂ ਕਹੇ ਮੇਰੀ ਡੰਡਾਵਤ ਬੰਦਨਾ ਤੇਰੀ ਚਰਨ ਧੂੜ ਮਸਤਕ ਲਾਵਾਂ ਛਾਰਾ, ਸ਼ਹਿਨਸ਼ਾਹ ਟਿੱਕੇ ਖ਼ਾਕ ਰਮਾਈਆ ।

ਤੂੰ ਨੂਰ ਅਲਾਹ ਬੇਪਰਵਾਹ ਮੇਰਾ ਪਰਵਰਦਿਗਾਰਾ, ਮਹਿਬੂਬ ਮਹਿਬਾਨ ਬੀਦੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਦੂਸਰ ਅਵਰ ਨਾ ਕੋਇ ਸਹਾਰਾ, ਸਹਾਇਕ ਨਾਇਕ ਨਜ਼ਰ ਕੋਇ ਨਾ ਆਈਆ ।

## ✪ ੨ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਹੇਰਾਂ ਜ਼ਿਲਾ ਅੰਮ੍ਰਿਤਸਰ ਕੁਲਵੰਤ ਸਿੰਘ ਦੇ ਗ੍ਰਿਹ ✪

ਅੱਸੂ ਕਹੇ ਮੇਰਾ ਦਿਵਸ ਦਿਹਾੜਾ ਦੋ, ਦੋ ਜਹਾਨਾਂ ਸ੍ਰੀ ਭਗਵਾਨਾ ਨੌਜੁਆਨਾ ਧਿਆਨ ਲਗਾਈਆ । ਇਕੋ ਜਲਵਾ ਤਕਾਂ ਪੁਰਖ ਅਕਾਲਾ ਸੋ, ਅੰਤਰਜਾਮੀ ਇਕੋ ਵੇਖ ਵਖਾਈਆ । ਹੰ ਬ੍ਰਹਮ ਜੋ ਆਪੇ ਜਾਵੇ ਹੋ, ਨਿਰਗੁਣ ਆਪਣਾ ਖੇਲ ਖਿਲਾਈਆ । ਆਦਿ ਜੁਗਾਦੀ ਬਣਾਉਣਹਾਰਾ ਮੋਹ, ਮੁਹੱਬਤ ਆਪਣਾ ਨਾਮ ਪਰਗਟਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਹੋ ਕੇ ਬਖ਼ਸ਼ੇ ਲੋ, ਬਿਨ ਲੋਚਨ ਨੈਣ ਅੱਖ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅੱਸੂ ਕਹੇ ਮੇਰਾ ਦੂਜਾ ਪਰਵਿਸ਼ਟਾ, ਨਿਰਗੁਣ ਸਰਗੁਣ ਧਿਆਨ ਲਗਾਈਆ । ਮੇਰਾ ਬਿਨਾ ਤਤਾਂ ਤੋਂ ਦਿਸੇ ਇਸ਼ਟਾ, ਇਸ਼ਟ ਦੇਵ ਇਕ ਮਨਾਈਆ । ਮੇਰਾ ਲੇਖਾ ਨਾਲ
੯੧੫ ਰਾਮ ਵਸ਼ਿਸ਼ਟਾ, ਵਿਸ਼ਵ ਦਾ ਭੇਵ ਜੋ ਖੁਲ੍ਹਾਈਆ । ਬਿਨ ਨੇਤਰ ਲੋਚਨ ਨੈਣ ਜੋ ਨਿਰਗੁਣ ਧਾਰ ਦਿਸਦਾ, ਸਰਗੁਣ ਵੰਡ ਨਾ ਕੋਇ ਵੰਡਾਈਆ । ੯੧੫
੨੪ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਂਈਆ । ਦੋ ਅੱਸੂ ਕਹੇ ਉਹ ਤਕ ੨੪
ਲਓ ਸਤਿਗੁਰ ਸ਼ਬਦ ਦੇਵੇ ਸੰਦੇਸ਼ਾ, ਬਿਨ ਅੱਖਰਾਂ ਅੱਖਰ ਦ੍ਰਿੜਾਈਆ । ਨਿਰਗੁਣ ਧਾਰ ਤਕ ਅਗੰਮਾ ਨਰੇਸ਼ਾ, ਨਰ ਨਰਾਇਣ ਨੂਰ ਅਲਾਹੀਆ । ਜਿਸ ਦਾ ਸੁਤ ਦੁਲਾਰਾ ਗੋਬਿੰਦ ਦਸ ਦਸਮੇਸਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਉਹ ਆਦਿ ਜੁਗਾਦਿ ਰਹੇ ਹਮੇਸ਼ਾ, ਜੁਗ ਚੌਕੜੀ ਆਪਣਾ ਖੇਲ ਖਿਲਾਈਆ । ਜੋ ਕਲਜੁਗ ਅੰਤ ਧਾਰੇ ਅਗੰਮਾ ਭੇਸਾ, ਭਗਵੰਤ ਆਪਣਾ ਰੂਪ ਬਦਲਾਈਆ । ਜਿਸ ਦਾ ਫ਼ਰਮਾਨ ਕਲਮਿਆਂ ਬਾਹਰ ਹੋਏ ਸੰਦੇਸਾ, ਨਿਰਗੁਣ ਨਿਰਗੁਣ ਦਏ ਜਣਾਈਆ । ਜਿਸ ਦੀ ਸਿਫ਼ਤ ਕਰ ਨਾ ਸਕੇ ਸਹਸਰ ਮੁਖ ਸ਼ੇਸ਼ਾ, ਦੋ ਸਹਿਸਰ ਜਿਹਵਾ ਨਾ ਕੋਇ ਚਤੁਰਾਈਆ । ਜੁਗ ਚੌਕੜੀ ਜਿਸ ਦਾ ਸਮਝ ਸਕੇ ਕੋਈ ਨਾ ਭੇਸਾ, ਭੇਖਾਧਾਰੀ ਅਗੰਮ ਅਥਾਹੀਆ । ਉਹ ਕਲਜੁਗ ਅੰਤਮ ਵਸੇ ਸੰਬਲ ਦੇਸਾ, ਸਾਢੇ ਤਿੰਨ ਹੱਥ ਕਰੇ ਰੁਸ਼ਨਾਈਆ । ਜੋ ਕਲਜੁਗ ਕੂੜੀ ਕਿਰਿਆ ਕਰਮ ਕਾਂਡ ਦਾ ਮੇਟੇ ਕਲੇਸ਼ਾ, ਕਲਕਾਤੀਆਂ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੈਂ ਆਇਆ ਵਿਚੋਂ ਸਚਖੰਡ ਦੁਆਰ, ਸਤਿਗੁਰ ਸ਼ਬਦ ਦਿਤੀ ਵਡਿਆਈਆ । ਮਾਰਗ ਪੰਧ ਮਾਰ ਕੇ ਪੁਜਿਆ ਵਿਚ ਸੰਸਾਰ, ਬ੍ਰਹਿਮੰਡ ਖੰਡ ਲੇਖਾ ਰਹੇ ਨਾ ਰਾਈਆ । ਨਵ ਸੱਤ ਦੀਨ ਦੁਨੀ ਦੀ ਤਕ ਧਾਰ, ਧਰਤ ਧਵਲ ਧੌਲ ਵੇਖ ਵਖਾਈਆ । ਆਤਮ ਪਰਮਾਤਮ ਸਤਿ ਸਚ ਸੁਣੇ ਨਾ ਕੋਇ ਜੈਕਾਰ, ਬਿਨ ਰਸਨਾ ਜਿਹਵਾ ਢੋਲਾ ਕੋਇ ਨਾ ਗਾਈਆ । ਜਗਤ ਵਿਦਿਆ ਕੂਕ ਕੂਕ ਕਰੇ ਪੁਕਾਰ, ਨਵ ਨਵ ਨਵ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਸਤਿਗੁਰ ਸ਼ਬਦ ਦੱਸਿਆ ਹੁਕਮ ਅਪਾਰਾ, ਬਿਨ ਕਾਗ਼ਜ਼ ਕ਼ਲਮ ਸ਼ਾਹੀ ਦਿਤਾ ਲਿਖਾਈਆ । ਨੌ ਖੰਡ ਪ੍ਰਿਥਮੀ ਤਕਣਾ ਜੀਵ ਜੰਤ ਸੰਸਾਰਾ, ਬਿਨ ਨੇਤਰ ਲੋਚਨ ਨੈਣ ਨੈਣ ਉਠਾਈਆ । ਕਲਜੁਗ ਕੂੜੀ ਕਿਰਿਆ ਵੇਖਣਾ ਧੂੰਆਂਧਾਰਾ, ਟਿੱਲੇ ਪਰਬਤ ਫੋਲਣੇ ਥਾਉਂ ਥਾਈਂਆ । ਕਿਸ ਬਿਧ ਖੇਲ ਹੋਵੇ ਧਰਨੀ ਉਤੇ ਦੋਬਾਰਾ, ਦੋਹਰੀ ਆਪਣੀ ਕਲ ਵਰਤਾਈਆ । ਨਾਰਦ ਕਹੇ ਮੈਂ ਪੰਧ ਮਾਰਿਆ ਸਾਰਾ, ਭੱਜਿਆ ਵਾਹੋ ਦਾਹੀਆ । ਲੱਖਣ ਦੀਪ ਤਕਿਆ ਹਾਹਾਕਾਰਾ, ਕਰੌਚ ਰੋ ਰੋ ਰਿਹਾ ਵਖਾਈਆ । ਪੁਸ਼ਕਰ ਦੇਵੇ ਨਾ ਕੋਇ ਸਹਾਰਾ, ਜੰਬੂ ਰੰਗ ਨਾ ਕੋਇ ਰੰਗਾਈਆ । ਸਲਮਲ ਹੋਇਆ ਧੂੰਆਂਧਾਰਾ, ਸਾਨ ਨੂਰੀ ਚੰਦ ਨਾ ਕੋਇ ਚਮਕਾਈਆ । ਕੁਸ਼ਾ ਮਾਇਆ ਮਮਤਾ ਲੱਗਾ ਅਖਾੜਾ, ਮੋਹ ਵਿਕਾਰਾ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਸੁਣ ਦੋ ਅੱਸੂ, ਸੱਜਣਾ ਤੈਨੂੰ ਦਿਆਂ ਜਣਾਈਆ । ਕਿਉਂ ਤੇਰੇ ਵਿਚ ਕਲਜੁਗ ਅੰਧੇਰਾ ਹੋਇਆ ਰੈਣ ਮੱਸੂ, ਨੂਰੀ ਚੰਦ ਨਾ ਕੋਇ ਚਮਕਾਈਆ । ਅੱਸੂ ਕਹੇ ਮੈਂ ਸਚ ਸੰਦੇਸ਼ਾ ਦੱਸੂ, ਨੌ ਸੌ ਚੁਰਾਨਮੇ ਚੌਕੜੀ ਜੁਗ ਪਿਛਲਾ ਲੇਖਾ ਵੇਖ ਵਖਾਈਆ । ਨਾਰਦਾ ਮੇਰੇ ਦਿਵਸ ਸੰਦੇਸ਼ਾ ਦਿਤਾ ਮਸੀਹ ਯਸੂਹ, ਬਿਨ ਅੱਖਰਾਂ ਅੱਖਰ ਸੁਣਾਈਆ । ਅੰਤ ਅਖ਼ੀਰ ਮੇਰੀ ਉਮਤ ਏਸੇ ਦਿਨ ਬੇਮੁਹਾਣੀ ਨੱਸੂ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਮੇਰਾ ਗਾਡ ਅਗੰਮਾ ਰਾਡ ਇਕੋ ਕਸੂ, ਕ਼ਸਮ ਖਾ ਕੇ ਗਿਆ ਸੁਣਾਈਆ । ਅੰਤ ਅਖ਼ੀਰ ਬੇਨਜ਼ੀਰ ਧੁਰ ਦੇ ਹੁਕਮ ਨਾਲ ਸਭ ਨੂੰ ਡੱਸੂ, ਤੀਰ ਅਣਿਆਲਾ ਇਕ ਚਲਾਈਆ । ਜਿਸ ਦਾ ਖੇੜਾ ਹਕ਼ੀਕ਼ਤ ਵਾਲਾ ਸਾਢੇ ਤਿੰਨ ਹੱਥ ਦਾ ਇਕੋ ਵਸੂ, ਜਿਥੇ ਵਸਲ ਮਿਲੇ ਯਾਰ ਖ਼ੁਦਾਈਆ । ਦੁਨੀਆ ਦੀ ਧਾਰ ਹੋਣੀ ਢੋਰ ਪਸੂ, ਪੰਛੀ ਵੇਖਣ ਕੋਇ ਨਾ ਪਾਈਆ । ਨਾਲੇ ਦੋਹੱਥੜ ਮਾਰੀ ਡਿੱਗ ਪਿਆ ਧਰਨੀ ਉਤੇ ਖਾ ਕੇ ਗਸ਼ੂ, ਆਪਣੀ ਸੁਧ ਨਾ ਕੋਇ ਰਖਾਈਆ । ਪਤਾ ਨਹੀਂ ਉਸ ਵੇਲੇ ਕਿਹੜਾ ਮਾਨਸ ਮਾਨਵ ਮਾਨੁਖ ਬਚੂ, ਬਚਿਆ ਰਹਿਣ ਕੋਇ ਨਾ ਪਾਈਆ । ਪੁਸ਼ਕਰ ਦਾ ਅੰਗਿਆਰ ਭਠਿਆਲਾ ਤਪੂ, ਤਾਤ ਪਾਤ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅੱਸੂ ਕਹੇ ਨਾਰਦਾ ਮੇਰਾ ਸੁਣ ਵਿਚਾਰ, ਵਿਚਰਕੇ ਦਿਆਂ ਸੁਣਾਈਆ । ਕੀ ਸੰਦੇਸ਼ਾ ਦਿਤਾ ਮੁਹੰਮਦ ਚਾਰ ਯਾਰ, ਬਿਨ ਅਲਿਫ਼ ਯੇ ਦ੍ਰਿੜਾਈਆ । ਕੀ ਹੁਕਮ ਹੋਇਆ ਪਰਵਰਦਿਗਾਰ, ਸਾਂਝਾ ਯਾਰ ਕੀ ਸਮਝਾਈਆ । ਜਬਰਾਈਲ ਕਿਸ ਬਿਧ ਹਲਾਏ ਤਾਰ, ਤਰਹ ਤਰਹ ਦ੍ਰਿੜਾਈਆ । ਦੋ ਅੱਸੂ ਕਹੇ ਨਾਰਦਾ ਮੇਰਾ ਪਰਵਿਸ਼ਟਾ ਲੈ ਵਿਚਾਰ, ਵਿਚਰ ਕੇ ਲੈ ਸੁਣਾਈਆ । ਮੁਹੰਮਦ ਕ਼ਦਮ ਬੋਸੀ ਵਿਚ ਨੂਰ ਅਲਾਹੀ ਨੂੰ ਕਿਹਾ ਇਸਤਗੁਫ਼ਾਰ, ਗੁਫ਼ਤ ਸ਼ਨੀਦ ਤੇਰੀ ਬੇਪਰਵਾਹੀਆ । ਯਮ ਜ਼ੂ ਅਲਾਹ ਬਿਸਮਿਲੇ ਕੂਜ਼ਾ ਨੂਜ਼ੇ ਸਵਾਂ ਜ਼ਸਵੇ ਮੁਵਾ ਜ਼ਮੀਉਲ ਜ਼ਮੀ ਨਵਲਜੂ ਸ਼ਕਤੀ ਜ਼ਮਾ ਅਰਸ਼ੇ ਨਵਾਂ ਫ਼ਰਸ਼ੇ ਖ਼ੁਦਾ ਖ਼ੁਦ ਤੇਰੀ ਬੇਪਰਵਾਹੀਆ । ਅੱਸੂ ਕਹੇ ਨਾਰਦ ਮੁਹੰਮਦੇ ਦੁਆ ਦਸਤੇ ਜ਼ਵੂ ਯਕ ਮੁੰਬਾਏ ਯਕੀ ਫ਼ਰਸ਼ੇ ਨਜ਼ੂ ਯਖ਼ਤਮ ਬਾਈ ਜ਼ਵੀਉਲ ਜਮੁਸਤੋ ਮਵਿਸਤਾ ਨਜ਼ੂਅ ਨਵਜ਼ੀ ਕੋਜ਼ਾ ਕਮ ਬੰਸਤਮ ਮੇਰੇ ਮਹਿਬਾਨ ਬੀਦੋ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਦੋ ਅੱਸੂ ਕਹੇ ਨਾਰਦਾ ਮੇਰੀ ਕੀ ਸਿਫ਼ਤ ਸਲਾਹ, ਵਡਿਆਈ ਕਹਿਣ ਕਿਛ ਨਾ ਪਾਈਆ । ਮੂਸੇ ਯਾਦ ਕੀਤਾ ਇਕ ਅਲਾਹ, ਆਲਮੀਨ ਕਹਿ ਕੇ ਸੀਸ

ਨਿਵਾਈਆ । ਬਿਨ ਹੱਥਾਂ ਕੀਤੀ ਦੁਆ, ਬਿਨ ਨੈਣਾਂ ਨੈਣ ਉਠਾਈਆ । ਤੂੰ ਮੇਰਾ ਮਾਲਕ ਰਹਿਬਰ ਇਕ ਖ਼ੁਦਾ, ਖ਼ੁਦ ਮਾਲਕ ਅਗੰਮ ਅਥਾਹੀਆ । ਮੇਰੇ ਨਾਲੋਂ ਨਾ ਹੋਈਂ ਜੁਦਾ, ਜੁਜ਼ ਵਖਰਾ ਵੰਡ ਨਾ ਕੋਇ ਵੰਡਾਈਆ । ਮੈਂ ਤੇਰੇ ਉਤੋਂ ਹੋਇਆ ਫ਼ਿਦਾ, ਫ਼ਿਤਰਤ ਤੇਰੇ ਚਰਨ ਟਿਕਾਈਆ । ਤੂੰ ਮੇਰਾ ਨੂਰੀ ਅੱਬਾ, ਅੱਬਾਜਾਨ ਕਹਿ ਕੇ ਆਪਣੀ ਖ਼ੁਸ਼ੀ ਬਣਾਈਆ । ਮੈਨੂੰ ਇਕੋ ਲਾਲਚ ਇਕੋ ਲਬਾ, ਇਕੋ ਮੰਗ ਮੰਗਾਈਆ । ਤੇਰੇ ਹੁਕਮ ਵਿਚ ਅੰਤਮ ਜਗਤ ਜਹਾਨ ਹੋਵੇ ਬੱਝਾ, ਡੋਰੀ ਅਵਰ ਹੱਥ ਨਾ ਕਿਸੇ ਫੜਾਈਆ । ਕੋਹਤੂਰ ਉਤੇ ਜੋ ਤੇਰਾ ਜਲਵਾ ਤਕਿਆ ਰੱਬਾ, ਰੱਬੇ ਰਹੀਮ ਤੇਰੀ ਸਰਨਾਈਆ । ਵੇਖੀਂ ਅੰਤ ਦੇਵੀਂ ਮੂਲ ਨਾ ਦਗ਼ਾ, ਫ਼ਰੇਬ ਵਿਚ ਨਾ ਖੇਲ ਦੇਣਾ ਖਿਲਾਈਆ । ਝਟ ਇਕੋ ਨੂਰ ਨਜ਼ਰ ਆਇਆ ਜਿਸ ਦਾ ਨਾ ਪਿਛਾ ਨਾ ਅਗਾ, ਹਦ ਹਦੂਦ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਦੋ ਅੱਸੂ ਕਹੇ ਨਾਰਦਾ ਮੇਰੇ ਪ੍ਰਭ ਦਾ ਖੇਲ ਬੇਨਜ਼ੀਰਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਉਹ ਲੇਖਾ ਜਾਣੇ ਸ਼ਾਹ ਹਕੀਰਾ, ਸ਼ਹਿਨਸ਼ਾਹ ਧੁਰਦਰਗਾਹੀਆ । ਉਹ ਰੂਪ ਅਨੂਪ ਜਾਣੇ ਦੀਨ ਦੁਨੀ ਫ਼ਕੀਰਾ, ਫਿਕਰੇ ਢੋਲੇ ਆਪ ਸੁਣਾਈਆ । ਉਹ ਤਕ ਲੈ ਆਹ ਤਕ ਲੈ ਉਹ ਆਦਿ ਜੁਗਾਦਿ ਬਦਲਣ ਵਾਲਾ ਤਕ਼ਦੀਰਾ ਤਦਬੀਰਾ, ਤਦਬੀਰ ਆਪਣੇ ਹੱਥ ਰਖਾਈਆ । ਜਿਸ ਦੀ ਨਜ਼ਰ ਆਏ ਨਾ ਕੋਈ ਤਸਵੀਰਾ, ਤਸੱਵਰ ਕਰ ਨਾ ਕੋਇ ਸਮਝਾਈਆ । ਜਿਸ ਨੇ ਸ਼ਬਦ ਸੰਦੇਸ਼ਾ ਦਿਤਾ ਭਗਵਨ ਧਾਰ ਕਬੀਰਾ, ਕ਼ਬਰਾਂ ਬਾਹਰ ਦ੍ਰਿੜਾਈਆ ।
੬੧੭ ਮੇਰਾ ਲੇਖਾ ਆਦਿ ਜੁਗਾਦਿ ਗਹਿਰ ਗੰਭੀਰਾ, ਗਵਰ ਹੋ ਕੇ ਆਪਣਾ ਹੁਕਮ ਵਰਤਾਈਆ । ਕਲਜੁਗ ਅੰਤ ਸ੍ਰੀ ਭਗਵੰਤ ਹੋ ਕੇ ਕੱਟੇ ਰਾਹ ਭੀਰਾ, ੬੧੭
੨੪ ਤੰਗਦਸਤ ਵੇਖੇ ਖ਼ਲਕ ਖ਼ੁਦਾਈਆ । ਜਿਸ ਦਾ ਨਾ ਕੋਈ ਬਸਤਰ ਨਾ ਕੋਈ ਹੋਵੇ ਚੀਰਾ, ਤਨ ਵਜੂਦ ਨਜ਼ਰ ਕੋਇ ਨਾ ਆਈਆ । ਨਾਮ ਖੰਡਾ ੨੪
ਧੁਰ ਦਾ ਕਲਮਾ ਹੋਵੇ ਸ਼ਮਸ਼ੀਰਾ, ਜਗਤ ਸ਼ਸਤਰ ਹੱਥ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਮਾਲਕ ਅਗੰਮ ਅਥਾਹੀਆ । ਅੱਸੂ ਕਹੇ ਨਾਰਦਾ ਮੇਰੇ ਦਿਵਸ ਮੁਹੰਮਦ ਪੜ੍ਹੀ ਇਕ ਤਕਬੀਰ, ਜਿਸ ਦੀ ਤਹਿਰੀਰ ਨਜ਼ਰ ਕੋਇ ਨਾ ਆਈਆ । ਬਿਨਾ ਸ਼ਰਅ ਤੋਂ ਸ਼ਰਅ ਦੀ ਵੇਖੀ ਜ਼ੰਜੀਰ, ਕੜੀ ਕੜੀ ਨਾ ਕੋਇ ਬੰਧਾਈਆ । ਬਿਨਾ ਨੇਤਰਾਂ ਵਹਾਇਆ ਨੀਰ, ਬਿਨ ਨੈਣਾਂ ਛਹਿਬਰ ਲਾਈਆ । ਮੇਰਾ ਮਾਲਕ ਖ਼ਾਲਕ ਪੀਰਾਂ ਦਾ ਪੀਰ, ਪੈਗ਼ੰਬਰਾਂ ਦਾ ਪੈਗ਼ੰਬਰ ਨੂਰ ਅਲਾਹੀਆ । ਜਿਸ ਲਹਿਣਾ ਤਕਿਆ ਸਦੀ ਚੌਧਵੀਂ ਅੰਤ ਸ਼ਾਹ ਹਕੀਰ, ਲੇਖਾ ਆਪਣੇ ਹੱਥ ਰਖਾਈਆ । ਨਾਲੇ ਸੀਨੇ ਉਤੇ ਖਿੱਚੀ ਲਕੀਰ, ਬਿਨ ਕ਼ਲਮ ਸ਼ਾਹੀ ਦਿਤੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਦੋ ਅੱਸੂ ਕਹੇ ਨਾਰਦਾ ਮੇਰੇ ਦਿਵਸ ਜਬਰਾਈਲ ਕੀਤੀ ਤਸਦੀਕ਼, ਮੁਹੰਮਦ ਰਸੂਲ ਦਿਤਾ ਜਣਾਈਆ । ਉਸ ਦੀ ਰਖਣੀ ਉਡੀਕ, ਜੋ ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਦੇ ਵਿਚ ਹਕ ਤੌਫ਼ੀਕ਼, ਤੋਹਫ਼ੇ ਦੇਵੇ ਥਾਉਂ ਥਾਈਂਆ । ਜਿਸ ਦਾ ਮਾਰਗ ਬੜਾ ਬਾਰੀਕ, ਬਿਨ ਰਹਿਮਤ ਚੜ੍ਹਨ ਕੋਇ ਨਾ ਪਾਈਆ । ਉਹ ਮਾਲਕ ਲਾਸ਼ਰੀਕ, ਸ਼ਿਰਕਤ ਵਿਚ ਕਦੇ ਨਾ ਆਈਆ । ਨੇੜੇ ਵਸੇ ਦੂਰ ਵਸੇ ਵਸੇ ਸਦਾ ਨਜ਼ਦੀਕ, ਬਿਨ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਦੋ ਅੱਸੂ ਕਹੇ ਨਾਰਦਾ ਮੇਰਾ

ਦਿਵਸ ਦਿਹਾੜਾ ਰਖਣਾ ਯਾਦ, ਯਾਦਾਸ਼ਤ ਵਿਚ ਭੁਲ ਕਦੇ ਨਾ ਜਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਆਵੇ ਬਾਦ, ਨਿਰਗੁਣ ਨਿਰਵੈਰ ਆਪਨਾ ਵੇਸ ਵਟਾਈਆ । ਜਿਸ ਨੇ ਦੀਨਾਂ ਮਜ਼੍ਹਬਾਂ ਤੋਂ ਸਭ ਨੂੰ ਕਰਨਾ ਆਜ਼ਾਦ, ਸ਼ਰਅ ਦੀ ਵੰਡ ਰਹਿਣ ਕੋਇ ਨਾ ਪਾਈਆ । ਉਸ ਦਾ ਇਕੋ ਸ਼ਬਦ ਢੋਲਾ ਸੁਣਨਾ ਨਾਦ, ਕਲਮਾ ਇਕ ਦ੍ਰਿੜਾਈਆ । ਉਸੇ ਦੇ ਪਿਆਰ ਵਿਚ ਹੋਣਾ ਵਿਸਮਾਦ, ਬਿਸਮਿਲ ਆਪਨਾ ਆਪ ਲੈਣਾ ਕਰਾਈਆ । ਉਹ ਕਿਸੇ ਦੀ ਲਵੇ ਨਾ ਕੋਈ ਇਮਦਾਦ, ਆਮਦ ਆਪਨੀ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਦੋ ਅੱਸੂ ਕਹੇ ਨਾਰਦਾ ਮੇਰਾ ਦਿਵਸ ਦਿਹਾੜਾ ਹੋਣਾ ਲੋਕਮਾਤ, ਮਾਤਰ ਭੂਮੀ ਦਏ ਵਡਿਆਈਆ । ਜਿਸ ਵਿਚ ਖੇਲ ਖਿਲਾਉਣਾ ਕਮਲਾਪਾਤ, ਪਤਿਪਰਮੇਸ਼ਵਰ ਆਪਨੀ ਦਇਆ ਕਮਾਈਆ । ਭਗਤ ਭਗਵਾਨ ਜੋੜ ਕੇ ਨਾਤ, ਨਾਤਾ ਬਿਧਾਤਾ ਵੇਖ ਵਖਾਈਆ । ਦਰਸ਼ਨ ਦੇਵੇ ਇਕ ਇਕਾਂਤ, ਇਕ ਇਕੱਲਾ ਨਜ਼ਰੀ ਆਈਆ । ਸਤਿ ਸਚ ਦੀ ਬਖ਼ਸ਼ੇ ਦਾਤ, ਸਚ ਭੰਡਾਰਾ ਝੋਲੀ ਪਾਈਆ । ਜਿਸ ਦਾ ਸਭ ਤੋਂ ਵੱਡਾ ਹੋਣਾ ਖਾਤ, ਖਾਤਾ ਸਮਝ ਕਿਸੇ ਨਾ ਆਈਆ । ਉਹ ਕਲਜੁਗ ਅੰਤ ਮੇਟੇ ਰੈਣ ਅੰਧੇਰੀ ਰਾਤ, ਰੁਤੜੀ ਆਪਨੇ ਨਾਲ ਮਹਿਕਾਈਆ । ਜਿਸ ਦਾ ਸੰਬਲ ਹੋਣਾ ਸਚ ਪਰਾਂਤ, ਪਰਮ ਪੁਰਖ ਆਪਨਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਦੋ ਅੱਸੂ ਕਹੇ ਨਾਰਦ ਦੀਨ ਦੁਨੀ ਦਾ ਤਕ ਨਜ਼ਾਰਾ, ਨਜ਼ਰ ਨਜ਼ਰੀਏ ਤੋਂ ਬਾਹਰ ਦਿਆਂ ਸੁਣਾਈਆ । ਮੇਰੇ ਕੋਲ ਲੇਖ ਲਿਖਿਆ ਤੇਈ ਅਵਤਾਰਾ, ਪੈਗ਼ਾਮ ਪੈਗ਼ੰਬਰਾਂ ਦਿਆਂ ਦ੍ਰਿੜਾਈਆ । ਜੋ ਗੁਰੂਆਂ ਦਿਤਾ ਇਸ਼ਾਰਾ, ਬਿਨ ਸੈਨਤ ਸੈਨਤ ਗਏ ਜਣਾਈਆ । ਮੇਰਾ ਤਕ ਲੈ ਭਰਿਆ ਭੰਡਾਰਾ, ਅਤੋਟ ਅਤੁਟ ਦਿਆਂ ਵਖਾਈਆ । ਮੈਨੂੰ ਸਭ ਨੇ ਬਖ਼ਸ਼ਿਆ ਸਹਾਰਾ, ਸਿਰ ਮੇਰੇ ਹੱਥ ਟਿਕਾਈਆ । ਸ਼ਬਦ ਸੰਦੇਸ਼ਾ ਦਿਤਾ ਕਲ ਕਲਕੀ ਹੋਏ ਅਵਤਾਰਾ, ਨਿਹਕਲੰਕਾ ਨੂਰ ਅਲਾਹੀਆ । ਅਮਾਮ ਅਮਾਮਾ ਪਰਗਟ ਹੋਵੇ ਪਰਵਰਦਿਗਾਰਾ, ਸਾਂਝਾ ਯਾਰ ਅਗੰਮ ਅਥਾਹੀਆ । ਜਿਸ ਦਾ ਖੇਲ ਹੋਣਾ ਜਿਸ ਨੂੰ ਸਮਝੇ ਨਾ ਕੋਇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਭੇਵ ਨਾ ਕੋਇ ਖੁਲ੍ਹਾਈਆ । ਉਹ ਜੋਤੀ ਜਾਤਾ ਪੁਰਖ ਬਿਧਾਤਾ ਸਰਗੁਣ ਧਾਰ ਆਏ ਦੁਬਾਰਾ, ਦੋਹਰੀ ਆਪਨੀ ਕਲ ਵਰਤਾਈਆ । ਜਿਸ ਦਾ ਰੂਪ ਨਾ ਪੁਰਖ ਨਾ ਨਾਰਾ, ਇਸਤ੍ਰੀ ਮਰਦ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਸੰਗ ਆਪ ਸਮਝਾਈਆ । ਅੱਸੂ ਕਹੇ ਉਹ ਧੁਰ ਦਾ ਸੰਗੀ, ਸਗਲਾ ਸਾਥੀ ਇਕ ਅਖਵਾਈਆ । ਜਿਸ ਦੇ ਕੋਲੋਂ ਸਭ ਨੇ ਮੰਗ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਧਰਨੀ ਕਿਹਾ ਮੇਰੀ ਪੁਸ਼ਤ ਹੋਣ ਨਾ ਦੇਵੀਂ ਨੰਗੀ, ਓਢਣ ਸੀਸ ਦੇਣਾ ਟਿਕਾਈਆ । ਨੇਤਰ ਧਾਰ ਰੋਵੇ ਜਮਨਾ ਸੁਰਸਤੀ ਗੋਦਾਵਰੀ ਗੰਗੀ, ਬਿਨ ਨੈਣਾਂ ਨੀਰ ਵਹਾਈਆ । ਨਵ ਸੱਤ ਕਹਿਣ ਸਾਡੀ ਮੇਟਣੀ ਤੰਗੀ, ਦੁਖ ਦਲਿਦ੍ਰ ਡੇਰਾ ਢਾਹੀਆ । ਪੈਗ਼ੰਬਰ ਕਹਿਣ ਸਾਡੀ ਸਦੀ ਜਾਂਦੀ ਲੰਘੀ, ਬੀਸਵੀਂ ਚੌਧਵੀਂ ਵੇਖ ਵਖਾਈਆ । ਤਤ ਕਹਿਣ ਸਾਡਾ ਲਹਿਣਾ ਮੁਕਾਉਣਾ ਪ੍ਰਕਿਰਤੀ ਪੰਜ਼ੀ, ਪੰਚਮ ਲੇਖਾ ਦੇਣਾ ਚੁਕਾਈਆ । ਤੂੰ ਸ਼ਾਹੋ ਭੂਪ ਸੂਰਾ ਸਰਬੰਗੀ, ਹਰਿ ਕਰਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਅੱਸੂ ਕਹੇ ਨਾਰਦ ਅੱਜ ਦਿਹਾੜਾ ਤਕ ਸੁਲੱਖਣਾ, ਸੋਹਣਿਆਂ ਸਚ ਮਿਲੇ ਵਡਿਆਈਆ । ਪ੍ਰਭ ਦਵਾਰਿਉਂ

੬੧੮
੨੪

ਕੋਈ ਰਹੇ ਨਾ ਸੱਖਣਾ, ਜੋ ਹਿਰਦੇ ਹਰਿ ਹਰਿ ਵਸਾਈਆ । ਅੰਮ੍ਰਿਤ ਰਸ ਅੰਮਿਉਂ ਦੇਵੇ ਰਸਨਾ, ਬਿਨ ਰਸਨਾ ਰਸ ਚਖਾਈਆ । ਘਰ ਸੁਆਮੀ ਭਗਤਾਂ ਵਸਣਾ, ਠਾਕਰ ਹੋ ਕੇ ਮਿਲੇ ਚਾਈਂ ਚਾਈਆ । ਅੰਧ ਅਗਿਆਨ ਮੇਟੇ ਕਰੇ ਪਰਕਾਸ਼ ਬਿਨਾ ਰਵ ਸਸਨਾ, ਨੂਰੀ ਚੰਦ ਚੰਦ ਚਮਕਾਈਆ । ਮਿਹਰਵਾਨ ਮਹਿਬੂਬ ਕਿਰਪਾ ਕਰੇ ਅਲਖ ਅਲਖਣਾ, ਅਗੋਚਰ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਂਈਆ । ਹਰਿ ਗੁਸਾਂਈ ਇਕ ਭਗਵੰਤ, ਭਗਵਾਨ ਇਕ ਅਖਵਾਈਆ । ਜਿਸ ਨੂੰ ਗਾਉਂਦੇ ਜੀਵ ਜੰਤ, ਆਦਿ ਜੁਗਾਦਿ ਧਿਆਨ ਲਗਾਈਆ । ਉਹ ਬਣਾਵਣਹਾਰਾ ਬਣਤ, ਘੜਨ ਭੰਨਣਹਾਰਾ ਧੁਰਦਰਗਾਹੀਆ । ਜੋ ਠਾਕਰ ਬਣੇ ਸੁਆਮੀ ਕੰਤ, ਕੰਤੂਹਲ ਇਕ ਅਖਵਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਦੋ ਜਹਾਨ ਉਤਰ ਕਦੇ ਨਾ ਜਾਈਆ । ਨਾਮ ਨਿਧਾਨਾ ਦੇਵੇ ਮਨੂਆ ਮੰਤ, ਮਨਸਾ ਮਨ ਦੀ ਦਏ ਮਿਟਾਈਆ । ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਭੇਵ ਅਭੇਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹਿ ਇਕ ਸੁਹਾਈਆ । ਸਾਚਾ ਗ੍ਰਿਹਿ ਕਰੇ ਸੁਹੰਜਣਾ, ਹਰਿ ਕਰਤਾ ਮੀਤ ਮੁਰਾਰ, ਆਦਿ ਜੁਗਾਦੀ ਦਰਦ ਦੁਖ ਭੈ ਭੰਜਣਾ, ਸ਼ਾਹੋ ਭੂਪ ਸਚੀ ਸਰਕਾਰ । ਜਨ ਭਗਤਾਂ ਚਰਨ ਧੂੜ ਕਰਾਏ ਮਜਨਾ, ਦੁਰਮਤ ਮੈਲ ਦਏ ਉਤਾਰ । ਸੁਆਮੀ ਹੋ ਕੇ ਪਰਦਾ ਕਜਣਾ, ਸਿਰ ਸਿਰ ਹੱਥ ਰਖੇ ਕਰਤਾਰ । ਜਿਸ ਦਾ ਨਾਮ ਨਿਧਾਨਾ ਡੰਕਾ ਵਜਣਾ, ਦੋ ਜਹਾਨ ਕਰੇ ਨਿਮਸਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹੋ ਭੂਪ ਇਕ ਸਿਕਦਾਰ । ਸ਼ਾਹੋ ਭੂਪ ਇਕ ਸਿਕਦਾਰਾ, ਹਰਿ ਕਰਤਾ ਇਕ ਅਖਵਾਈਆ । ਜੋ ਭਗਤਾਂ ਕਰੇ ਪਿਆਰਾ, ਭਗਵਨ ਹੋ ਕੇ ਵੇਖ ਵਖਾਈਆ । ਜਿਸ ਨੂੰ ਝੁਕਦੇ ਪੈਗ਼ੰਬਰ ਗੁਰ ਅਵਤਾਰਾ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਜਿਸ ਦਾ ਆਦਿ ਜੁਗਾਦੀ ਖੇਲ ਨਿਆਰਾ, ਨਿਰਗੁਣ ਆਪਣੀ ਕਾਰ ਕਮਾਈਆ । ਚੌਬੀਸਾ ਜਗਦੀਸਾ ਹੋਏ ਅਵਤਾਰਾ, ਕਲ ਕਲਕੀ ਰੂਪ ਬਦਲਾਈਆ । ਜਿਸ ਦਾ ਸ਼ਬਦੀ ਸ਼ਬਦ ਹੋਏ ਜੈਕਾਰਾ, ਦੋ ਜਹਾਨ ਦਏ ਸੁਣਾਈਆ । ਦੀਨਾਂ ਮਜ਼੍ਹਬਾਂ ਵਸੇ ਬਾਹਰਾ, ਜ਼ਾਤ ਪਾਤ ਵਿਚ ਕਦੇ ਨਾ ਆਈਆ । ਏਕਾ ਨਾਦ ਕਰੇ ਧੁਨਕਾਰਾ, ਧੁਨ ਅਨਾਦੀ ਨਾਦ ਕਰੇ ਰੁਸ਼ਨਾਈਆ । ਏਕਾ ਜੋਤ ਨੂਰ ਹੋਵੇ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਜਿਸ ਦਾ ਸਭ ਤੋਂ ਵਖਰਾ ਘਰ ਬਾਰਾ, ਸਚਖੰਡ ਸਾਚੇ ਸੋਭਾ ਪਾਈਆ । ਸੋ ਲੇਖਾ ਜਾਣੇ ਆਦਿ ਜੁਗਾਦੀ ਆਪਣੀ ਧਾਰਾ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਭੇਵ ਕਹੇ ਮੈਂ ਆਦਿ ਜੁਗਾਦੀ ਖੁਲ੍ਹਦਾ, ਸਤਿਗੁਰ ਸ਼ਬਦ ਦਏ ਖੁਲ੍ਹਾਈਆ । ਮੈਂ ਵਣਜਾਰਾ ਨਹੀਂ ਕਿਸੇ ਕ਼ੀਮਤ ਮੁਲ ਦਾ, ਕੌਡੀਆਂ ਹੱਟ ਨਾ ਕੋਇ ਵਿਕਾਈਆ । ਜਗਤ ਤਰਾਜ਼ੂ ਕਿਸੇ ਨਹੀਂ ਤੁਲਦਾ, ਕੰਡਾ ਹੱਥ ਨਾ ਕੋਇ ਲਟਕਾਈਆ । ਮੈਨੂੰ ਸਹਾਰਾ ਨਹੀਂ ਕਿਸੇ ਕੁਲ ਦਾ, ਜ਼ਾਤ ਅਜ਼ਾਤੀ ਵੰਡ ਨਾ ਕੋਇ ਵੰਡਾਈਆ । ਜਗਤ ਮਾਇਆ ਵਿਚ ਕਦੇ ਨਹੀਂ ਰੁਲਦਾ, ਮਮਤਾ ਮੋਹ ਨਾ ਕੋਇ ਹਲਕਾਈਆ । ਮੈਂ ਵਣਜਾਰਾ ਨਹੀਂ ਰਸਨਾ ਬੁੱਲ ਦਾ, ਸਿਫ਼ਤਾਂ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਦੋ ਅੱਸੂ ਕਹੇ ਨਾਰਦਾ ਪ੍ਰਭ ਤਕ ਲੈ ਅਗੰਮੀ ਕੰਤ, ਕੰਤੂਹਲ

ਇਕ ਅਖਵਾਈਆ । ਜੋ ਲੋਕਮਾਤ ਬਣਾ ਕੇ ਰੁਤ ਬਸੰਤ, ਨਾਮ ਫੁਲਵਾੜੀ ਆਪ ਮਹਿਕਾਈਆ । ਜਿਸ ਦੀ ਮਹਿੰਮਾ ਸਦਾ ਅਗਣਤ, ਗਣਤੀ ਗਣਤ ਨਾ ਕੋਇ ਵਖਾਈਆ । ਉਹਦਾ ਰੂਪ ਅਨੂਪ ਅਨੰਤ, ਅਨਕ ਕਲਧਾਰੀ ਅਗੰਮ ਅਥਾਹੀਆ । ਜੋ ਲੇਖਾ ਜਾਣੇ ਜੀਵ ਜੰਤ, ਲੱਖ ਚੁਰਾਸੀ ਹੋਏ ਸਹਾਈਆ । ਜਨ ਭਗਤਾਂ ਬਣਾਏ ਬਣਤ, ਭਗਵਨ ਹੋ ਕੇ ਵੇਖ ਵਖਾਈਆ । ਨਾਮ ਨਿਧਾਨਾ ਦੇਵੇ ਮੰਤ, ਅੰਤਸ਼ਕਰਨ ਆਪ ਟਿਕਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਨਿਵਣ-ਸੁ-ਅੱਖਰ ਇਕ ਸਮਝਾਈਆ । ਦੋ ਅੱਸੂ ਕਹੇ ਨਾਰਦ ਜਿਸ ਪ੍ਰਭੂ ਨੇ ਤਾਰਨਾ ਸਿੰਘ ਕੁਲਵੰਤ, ਕੁਲ ਕੁੱਲ ਮਾਲਕ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਲਹਿਣਾ ਦੇਣਾ ਆਦਿ ਜੁਗਾਦਿ ਜੁਗਾ ਜੁਗੰਤ, ਜੁਗ ਚੌਕੜੀ ਨਿਰਗੁਣ ਨਿਰੁਗਣ ਨਿਰਗੁਣ ਆਪਣਾ ਹੁਕਮ ਵਰਤਾਈਆ ।

### ੩ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਹਰਿ ਸੰਗਤ ਨਵਿਤ

ਅੱਸੂ ਕਹੇ ਮੇਰਾ ਦਿਵਸ ਦਿਹਾੜਾ ਤੀਜਾ, ਤ੍ਰੈਭਵਣ ਧਨੀ ਦੇਣੀ ਮਾਣ ਵਡਿਆਈਆ । ਸਤਿ ਧਰਮ ਦਾ ਜਨ ਭਗਤਾਂ ਅੰਦਰ ਬੀਜ ਜਾਏ ਬੀਜਾ,
੯੨੦ ਪੱਤ ਟਹਿਣੀ ਤਨ ਵਜੂਦ ਆਪ ਮਹਿਕਾਈਆ । ਗੁਰਮੁਖਾਂ ਗੁਰਸਿਖਾਂ ਪੂਰੀਆਂ ਕਰਨੀਆਂ ਰੀਝਾਂ, ਸਿਰ ਸਿਰ ਆਪਣਾ ਹੱਥ ਟਿਕਾਈਆ । ਪੂਰਬ ੯੨੦
੨੪ ਆਸ਼ਾ ਤਕਣੀਆਂ ਉਮੀਦਾਂ, ਖ਼ਾਹਿਸ਼ਾਂ ਸਗਲਾ ਸੰਗ ਰਖਾਈਆ । ਗ਼ਫ਼ਲਤ ਵਿਚੋਂ ਖੋਲ੍ਹਣੀਆਂ ਨੀਂਦਾਂ, ਸੁਰਤੀ ਸ਼ਬਦ ਨਾਲ ਮਿਲਾਈਆ । ਜੋਤੀ ੨੪
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਅੱਸੂ ਕਹੇ ਮੇਰਾ ਦਿਵਸ ਆਇਆ ਲੋਕਮਾਤ, ਪਰਵਿਸ਼ਟਾ ਤੀਜਾ ਮਿਲੇ ਵਡਿਆਈਆ । ਪੁਰਖ ਅਕਾਲੇ ਦੇਣੀ ਦਾਤ, ਖ਼ਾਲੀ ਝੋਲੀ ਦੇਣੀ ਭਰਾਈਆ । ਮੇਰੀ ਸੁਹੰਜਣੀ ਕਰਨੀ ਰਾਤ, ਭਿੰਨੜੀ ਆਪਣੇ ਰੰਗ ਰੰਗਾਈਆ । ਜਨ ਭਗਤਾਂ ਸਚ ਜੋੜਨਾ ਨਾਤ, ਰਿਸ਼ਤਾ ਧੁਰ ਦਾ ਆਪ ਬਣਾਈਆ । ਲੇਖਾ ਲਿਖਣਾ ਨਾਲ ਕ਼ਲਮ ਦਵਾਤ, ਸ਼ਹਿਨਸ਼ਾਹੀ ਸ਼ਾਹੀ ਤੇਰਾ ਰੰਗ ਰੰਗਾਈਆ । ਗੁਰਮੁਖਾਂ ਪੁਛਣੀ ਵਾਤ, ਗੁਰ ਗੁਰ ਆਪਣੀ ਗੋਦ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਅੱਸੂ ਤਿੰਨ ਕਹੇ ਪ੍ਰਭੂ ਜਨ ਭਗਤਾਂ ਵਅਦੇ ਪੂਰੇ ਕਰ ਦੇ ਪੱਕੇ, ਕੱਚੀ ਗੰਢ ਨਾ ਕੋਇ ਰਖਾਈਆ । ਜਿਨ੍ਹਾਂ ਨੂੰ ਅਵਤਾਰ ਪੈਗ਼ੰਬਰ ਗੁਰੂ ਰਹੇ ਤਕੇ, ਬਿਨ ਅੱਖਾਂ ਅੱਖ ਉਠਾਈਆ । ਨਾਤਾ ਜੋੜਨਾ ਭੈਣ ਭਾਈ ਸਕੇ, ਸਗਲਾ ਸੰਗੀ ਆਪ ਹੋ ਜਾਈਆ । ਨਾਮ ਖ਼ੁਮਾਰੀ ਵਿਚ ਹੋਣ ਰਤੇ, ਰਤਨ ਅਮੋਲਕ ਹੀਰੇ ਲੈਣੇ ਬਣਾਈਆ । ਕਲਜੁਗ ਅਗਨੀ ਤਤ ਮੂਲ ਨਾ ਤਪੇ, ਤਾਮਸ ਤ੍ਰਿਸ਼ਨਾ ਦੇਣੀ ਮਿਟਾਈਆ । ਹਰਿਜਨ ਤੇਰਾ ਨਾਮ ਇਕੋ ਜਪੇ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਪਿਆਰ ਮੁਹੱਬਤ ਵਿਚ ਸੇਵਕ ਧਾਰ ਕਦੇ ਨਾ ਥੱਕੇ, ਥਕਾਵਟ ਵਿਚ ਕਦੇ ਨਾ ਆਈਆ । ਆਵਣ ਜਾਵਣ ਲੱਖ ਚੁਰਾਸੀ ਲਹਿਣੇ ਜਾਣ ਕਟੇ, ਕਟਾਕਸ਼ ਆਪਣਾ ਨਾਮ ਲਗਾਈਆ । ਦੀਨ ਦੁਨੀ ਦੇ ਜਨਮ ਕਰਮ ਦੇ ਮੇਟੇ ਰੱਟੇ, ਝਗੜਾ ਵੇਖਣਾ ਥਾਉਂ ਥਾਈਂਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਨ੍ਹਾਂ

ਨਾਲ ਪੁਰਾਣੇ ਪਟੇ, ਪਾਟਲ ਹੋ ਕੇ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਗ਼ਰੀਬ ਨਿਮਾਣਿਆਂ ਦੇਣੀ ਪੈਜ ਸੁਆਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਚ ਨੇਤਰ ਦੇਣਾ ਦਰਸ ਦੀਦਾਰ, ਲੋਚਨ ਆਪਣੇ ਰੰਗ ਰੰਗਾਈਆ । ਜੋ ਸੋਹਣ ਬੈਠੇ ਤੇਰੇ ਭਗਤ ਦੁਆਰ, ਭਗਵਨ ਮੇਲਾ ਮੇਲਣਾ ਚਾਈਂ ਚਾਈਂਆ । ਅੱਸੂ ਤਿੰਨ ਕਹੇ ਮੇਰੀ ਨਮੋਂ ਨਮੋਂ ਨਿਮਸਕਾਰ, ਜਨ ਭਗਤੋ ਡੰਡਾਵਤ ਵਿਚ ਸੀਸ ਝੁਕਾਈਆ । ਅੱਜ ਦਾ ਦਿਵਸ ਖ਼ੁਸ਼ੀਆਂ ਵਾਲਾ ਪ੍ਰੇਮ ਵਿਚ ਬੋਲਣਾ ਜੈਕਾਰ, ਜੈ ਜੈਕਾਰਾ ਸਿਫ਼ਤ ਸਲਾਹੀਆ । ਤੁਹਾਡਾ ਭਰਿਆ ਰਹੇ ਭੰਡਾਰ, ਭਾਂਡਾ ਭਰਮ ਭਉ ਭੰਨਾਈਆ । ਝਟ ਨਾਰਦ ਆ ਕੇ ਆਵਾਜ਼ ਲਈ ਮਾਰ, ਜ਼ੋਰ ਨਾਲ ਸੁਣਾਈਆ । ਅੱਸੂ ਤਿੰਨ ਹੋਣਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਦਿਆਂ ਜਣਾਈਆ । ਉਹ ਤਕ ਹੁਕਮ ਸਚੀ ਸਰਕਾਰ, ਕੀ ਕਰਤਾ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਅੱਸੂ ਤਿੰਨ ਉਠ ਕੇ ਨਿਗਾਹ ਮਾਰ, ਬਿਨ ਨੈਣਾਂ ਨੈਣ ਉਠਾਈਆ । ਪੰਜ ਅੱਸੂ ਰਾਹ ਤਕੇ ਮੀਤ ਮੁਰਾਰ, ਚਾਰੋਂ ਕੁੰਟ ਧਿਆਨ ਲਗਾਈਆ । ਕਿਸ ਬਿਧ ਕਿਰਪਾ ਕਰੇ ਆਪ ਨਿਰੰਕਾਰ, ਨਰ ਨਰਾਇਣ ਧੁਰਦਰਗਾਹੀਆ । ਸਤਿਗੁਰ ਅਰਜਨ ਸੈਨਤ ਰਿਹਾ ਮਾਰ, ਸ਼ਬਦੀ ਸ਼ਬਦ ਸ਼ਬਦ ਵਡਿਆਈਆ । ਰਾਵੀ ਕੰਢਾ ਰੋਵੇ ਜ਼ਾਰੋ ਜ਼ਾਰ, ਕੂਕ ਕੂਕ ਸੁਣਾਈਆ । ਮੈਨੂੰ ਤੇਰੀ ਅੰਤ ਇੰਤਜ਼ਾਰ, ਰਾਹ ਵੇਖਾਂ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅੱਸੂ ਪੰਜ ਕਹੇ ਜਨ ਭਗਤਾਂ ਧਾਰਾਂ ਹੋਵਣ ਗਾਂਦੀਆਂ, ਗਾ ਗਾ ਖ਼ੁਸ਼ੀ ਬਣਾਈਆ । ਸੀਸ ਕਿਸੇ ਨਾ ਹੋਣ ਪਰਾਂਦੀਆਂ, ਖੁਲ੍ਹੀ ਮੇਂਢੀ ਖ਼ੁਸ਼ੀ ਬਣਾਈਆ । ਅੰਦਰੋਂ ਬਣ ਪ੍ਰਭੂ ਦੀਆਂ ਬਾਂਦੀਆਂ, ਗੁਰਮੁਖ ਗੁਰਸਿਖ ਸਤਿਗੁਰ ਵਿਚ ਸਮਾਈਆ । ਜਗਤ ਸ਼ਿੰਗਾਰ ਕਰ ਸੋਨੇ ਚਾਂਦੀਆਂ, ਆਪਣੀ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਪੰਜ ਅੱਸੂ ਕਹੇ ਨੌ ਗੁਰਮੁਖ ਪੱਗਾਂ ਬੰਨ੍ਹਣ ਟੇਢੀਆਂ, ਪੁੱਠਾ ਸਿੱਧਾ ਪੇਚ ਸਮਝ ਕਿਛ ਨਾ ਆਈਆ । ਨੌ ਬੀਬੀਆਂ ਅਗੇ ਬੰਨ੍ਹਣ ਮੇਂਢੀਆਂ, ਸੱਜੇ ਖੱਬੇ ਨਾ ਕੋਇ ਵਖਾਈਆ । ਅੱਖਾਂ ਮੀਟ ਕੇ ਹੋਣ ਵੇਂਹਦੀਆਂ, ਅੰਦਰ ਤਕਣ ਧੁਰ ਦਾ ਮਾਹੀਆ । ਨੌ ਢੋਲਾ ਹੋਵਣ ਕਹਿੰਦੀਆਂ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਨੌ ਇਕ ਦੂਜੇ ਦੇ ਪਿਛੇ ਹੋਵਣ ਬਹਿੰਦੀਆਂ, ਸੋਹਣਾ ਸੰਗ ਰਖਾਈਆ । ਨੌਵਾਂ ਹੱਥੀਂ ਲਾਈਆਂ ਹੋਵਣ ਮਹਿੰਦੀਆਂ, ਪੋਟੇ ਪੰਜ ਪੰਜ ਰੰਗਾਈਆ । ਨੌ ਗੁਰਮੁਖਾਂ ਧਾਰਾ ਸਤਿਗੁਰ ਚਰਨ ਹੋਵਣ ਢਹਿੰਦੀਆਂ, ਮੁਖ ਅਸਮਾਨ ਵਲ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੰਜ ਅੱਸੂ ਕਹੇ ਨੌ ਗੁਰਮੁਖਾਂ ਡੰਡੇ ਫੜੇ ਹੋਵਣ ਵਾਂਗ ਵਾਗੀਆਂ, ਨੌ ਖੰਡ ਧਿਆਨ ਲਗਾਈਆ । ਨੌ ਗੁਰਮੁਖਾਂ ਰੂਪ ਬਣਾਇਆ ਹੋਵੇ ਰਾਗੀਆਂ, ਸੁਰੰਗੀ ਸਾਰੰਗਾਂ ਕਾਨਿਆਂ ਵੰਡ ਵੰਡਾਈਆ । ਨੌਵਾਂ ਬੱਧੀਆਂ ਹੋਵਣ ਤੜਾਗੀਆਂ, ਬੱਚੇ ਨੰਨ੍ਹੇ ਸੋਭਾ ਪਾਈਆ । ਨੌ ਲਡਾਉਂਦੇ ਹੋਵਣ ਲਾਡੀਆਂ, ਇਕ ਦੂਜੇ ਨਾਲ ਆਪਣਾ ਹੱਥ ਮਿਲਾਈਆ । ਨੌਵਾਂ ਨੇ ਬਸਤਰ ਧਾਰਾ ਰਖੀਆਂ ਹੋਵਣ ਸਾਦੀਆਂ, ਜਗਤ ਰੰਗਤ ਰੰਗ ਨਾ ਕੋਇ ਰੰਗਾਈਆ । ਇਹ ਸਾਰਾ ਲੇਖਾ ਲਹਿਣਾ ਦੇਣਾ ਸ਼ੁਰੂ ਹੋਣਾ ਕੋਲੋਂ ਆਦੀਆਂ, ਅੱਗਾ ਪਿਛਾ ਨਜ਼ਰ ਕੋਇ ਨਾ ਆਈਆ । ਪੰਜ

ਅੱਸੂ ਕਹੇ ਪਤਾ ਨਹੀਂ ਫੇਰ ਸ਼ਾਇਦ ਰਹਿਣੀਆਂ ਨਹੀਂ ਆਬਾਦੀਆਂ, ਨਿਸ਼ਾਨੇ ਧੁਰ ਦੇ ਨਜ਼ਰੀ ਆਈਆ । ਅਗੇ ਜਗਤ ਬੁੱਧੀ ਦਲੀਲਾਂ ਕਾਹਦੀਆਂ, ਕੁਦਰਤ ਦਾ ਮਾਲਕ ਆਪਣਾ ਹੁਕਮ ਵਰਤਾਈਆ । ਬੇਸ਼ਕ ਭਗਤਾਂ ਦੀਆਂ ਰਸਮਾਂ ਹੋਵਣ ਸਾਦੀਆਂ, ਦੋ ਜਹਾਨਾਂ ਦੇਣ ਹਿਲਾਈਆ । ਨੌਂ ਪੋਤੇ ਕੁੱਛੜ ਚੁਕੇ ਹੋਵਣ ਦਾਦੀਆਂ, ਉਂਗਲੀ ਫੜ ਨਾ ਕੋਇ ਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਸੁਣਾਏ ਧੁਰ ਦਾ ਨਾਦੀਆ, ਜਗਤ ਆਵਾਜ਼ ਸੰਗ ਨਾ ਕੋਇ ਬਣਾਈਆ ।

### ੫ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਆਦੀ ਜ਼ਿਲਾ ਗੁਰਦਾਸ ਪੁਰ ਧੁੱਸੀ ਤੇ ਸ਼ਾਮ ਨੂੰ

ਧਰਨੀ ਕਹੇ ਮੇਰਾ ਸੀਨਾ ਹੋਇਆ ਠੰਡਾ, ਸਤਿਗੁਰ ਸਰਨ ਮਿਲੀ ਸਰਨਾਈਆ । ਖ਼ੁਸ਼ੀ ਵਿਚ ਨੱਚੇ ਟੱਪੇ ਰਾਵੀ ਦਾ ਕੰਢਾ, ਸਤਿਗੁਰ ਅਰਜਨ ਬਿਨ ਨੇਤਰ ਲੋਚਨ ਨੈਣ ਵੇਖ ਵਖਾਈਆ । ਜੋ ਇਸ਼ਾਰਾ ਦੇ ਕੇ ਗਿਆ ਗੋਬਿੰਦ ਸਰਸੇ ਧਾਰ ਖੰਡਾ, ਖੜਗਾਂ ਬਾਹਰ ਜਣਾਈਆ । ਮੈਂ ਨਿਗਾਹ ਮਾਰ ਕੇ ਵੇਖਿਆ ਵਿਚ ਬ੍ਰਹਿਮੰਡਾਂ, ਬ੍ਰਹਿਮਾਂਡ ਧਿਆਨ ਲਗਾਈਆ । ਖ਼ੁਸ਼ੀ ਨਾਲ ਤਕਿਆ ਵਿਚ ਜੇਰਜ ਅੰਡਾ, ਉਤਭੁਜ ਸੇਹਤਜ ਫੋਲ ਫੁਲਾਈਆ । ਮੈਨੂੰ ਇਸ਼ਾਰਾ ਦੇਵੇ ਸੂਰੀਆ ਚੰਦਾ, ਚੰਦ ਸਿਤਾਰ ਖ਼ੁਸ਼ੀਆਂ ਨਾਲ ਜਣਾਈਆ । ਨੀ ਧਰਨੀਏ ਨਿਰਗੁਣ ਦਾਤਾ ਨਿਰਵੈਰ ਜੋਤੀ ਜਾਤਾ ਸਤਿ ਸਰੂਪ ਅਗੰਮੀ ਬੰਦਾ, ਜਿਸ ਦਾ ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਜੋ ਸੰਤ ਸੁਹੇਲੇ ਗੁਰਮੁਖ ਆਦਿ ਜੁਗਾਦਿ ਲਾਏ ਅੰਗਾ, ਅੰਗੀਕਾਰ ਇਕ ਅਖਵਾਈਆ । ਹਰਿਜਨ ਸਦਾ ਪੂਰੀਆਂ ਕਰੇ ਉਮੰਗਾਂ, ਤ੍ਰਿਸ਼ਨਾ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਮੇਰਾ ਰਾਵੀ ਦਾ ਕੰਢਾ ਘਾਟ, ਬੇਲੇ ਕਾਹੀ ਮਿਲੇ ਵਡਿਆਈਆ । ਜਿਥੇ ਕਲਜੁਗ ਦੀ ਅੰਤਮ ਮੁਕਣੀ ਵਾਟ, ਕੂੜੀ ਕਿਰਿਆ ਡੇਰਾ ਢਾਹੀਆ । ਸਤਿ ਧਰਮ ਦਾ ਸਾਚਾ ਹੋਵੇ ਥਾਟ, ਥਾਨੰਤਰ ਇਕੋ ਨਜ਼ਰੀ ਆਈਆ । ਜੋ ਲੇਖਾ ਪੂਰਾ ਕਰੇ ਹਰਿਜਨ ਜੋ ਧੰਨੇ ਧੰਨਾ ਜਾਟ, ਧਨਾਢ ਆਪਣਾ ਰੰਗ ਰੰਗਾਈਆ । ਜਿਨ੍ਹਾਂ ਕਾਰਨ ਦੂਰ ਦੁਰਾਡਾ ਪੰਧ ਮਾਰ ਕੇ ਆਏ ਵਾਟ, ਬਿਨ ਕ਼ਦਮਾਂ ਕ਼ਦਮ ਟਿਕਾਈਆ । ਮਿਹਰਵਾਨ ਹੋ ਕੇ ਅੰਤਰ ਨਿਰੰਤਰ ਖੋਲ੍ਹੇ ਬਜਰ ਕਪਾਟ, ਕੁੰਡੀ ਖਿੜਕੀ ਆਪ ਖੁਲ੍ਹਾਈਆ । ਜੋਤ ਜਗਾਏ ਸਤਿ ਲਲਾਟ, ਨੂਰ ਨੁਰਾਨਾ ਕਰ ਰੁਸ਼ਨਾਈਆ । ਭਾਗ ਲਗਾਏ ਕਾਇਆ ਮਾਟੀ ਮਾਟ, ਸਾਢੇ ਤਿੰਨ ਹੱਥ ਸੋਭਾ ਪਾਈਆ । ਸਚ ਸੁਹੰਜਣੀ ਸੇਜਾ ਕਰੇ ਆਤਮ ਖਾਟ, ਪਰਮਾਤਮ ਹੋ ਕੇ ਮਿਲੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਮੈਨੂੰ ਖ਼ੁਸ਼ੀਆਂ ਵਿਚ ਚੜ੍ਹੀ ਰੰਗਤ, ਰੰਗ ਰੰਗੀਲੇ ਮਾਹੀ ਦਿਤੀ ਵਡਿਆਈਆ । ਮੈਂ ਸੋਹਣੀ ਵੇਖੀ ਸੰਗਤ, ਭਗਤ ਸੁਹੇਲੇ ਗੁਰਮੁਖ ਬੈਠੇ ਆਸਣ ਲਾਈਆ । ਹਰ ਹਿਰਦਾ ਬੋਧ ਅਗਾਧਾ ਪੰਡਤ, ਸਚ ਵਿਦਿਆ ਨਾਮ ਵਾਲੀ ਪੜ੍ਹਾਈਆ । ਸਤਿਗੁਰ ਕੂੜ ਵਿਕਾਰਾ ਅੰਦਰੋਂ ਕਰੇ ਖੰਡਤ, ਖੰਡਾ ਖੜਗ ਨਾਮ ਚਲਾਈਆ । ਜੋ ਨਿਰਗੁਣ ਧਾਰ ਆਇਆ ਆਪਣੀ ਸਿੰਮਤ, ਦਿਸ਼ਾ ਕੂਟ ਅਵਰ ਨਾ ਕੋਇ

ਰਖਾਈਆ । ਪ੍ਰੇਮੀਆਂ ਦਾ ਪ੍ਰੇਮ ਸਚ ਦੀ ਹਿੰਮਤ, ਹੌਸਲਾ ਸਤਿਗੁਰ ਆਪ ਬੰਧਾਈਆ । ਮਨੂਆ ਮਨ ਗੁਰਮੁਖੋ ਕਦੇ ਨਾ ਕਰੇ ਇਲੱਤ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਸਤਿਗੁਰ ਸ਼ਬਦ ਦਾ ਦੇਵੇ ਸਾਚਾ ਖ਼ਿਲਤ, ਓਢਣ ਇਕੋ ਨਾਮ ਰਖਾਈਆ । ਧਰਨੀ ਕਹੇ ਮੈਨੂੰ ਹਰਿਜਨ ਗੁਰਮੁਖ ਗੁਰਸਿਖ ਪ੍ਰੇਮ ਪਿਆਰ ਵਿਚ ਅੰਤਰ ਨਿਰੰਤਰ ਇਕ ਦੂਜੇ ਦੀ ਧਾਰ ਵਿਚ ਹੋਏ ਮਿਲਤ, ਮਿਲਣੀ ਹਰਿ ਜਗਦੀਸ ਕਰਾਈਆ । ਮੈਂ ਚਾਹੁੰਦੀ ਮੇਰੇ ਸਾਹਿਬ ਸਤਿਗੁਰ ਪੁਰਖ ਅਕਾਲ ਦੀਨ ਦਿਆਲ ਦਾ ਧਰਨੀ ਕਹੇ ਕੋਈ ਨਾ ਹੋਵੇ ਨਿੰਦਕ, ਨਿੰਦਿਆ ਚੁਗਲੀ ਵਾਲਾ ਮੁਖ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਗੁਰਮੁਖੋ ਪ੍ਰਭ ਚਾੜ੍ਹਨਹਾਰਾ ਰੰਗ, ਰੰਗਤ ਇਕੋ ਇਕ ਰਖਾਈਆ । ਤੁਹਾਡੀ ਆਸਾ ਮਨਸਾ ਪੂਰੀ ਕਰੇ ਮੰਗ, ਤ੍ਰਿਸ਼ਨਾ ਅਗੇ ਰਹੇ ਨਾ ਰਾਈਆ । ਭਾਵੇਂ ਕਿਤਨੇ ਹੋਵਣ ਜੰਗ, ਝਗੜਾ ਦਿਸੇ ਜਗਤ ਲੋਕਾਈਆ । ਗੁਰਮੁਖਾਂ ਦਾ ਧਾਮ ਕ਼ਾਇਮ ਰਹੇ ਨਿਸ਼ੰਗ, ਧਰਨੀ ਕਹੇ ਮੈਂ ਪ੍ਰਭ ਅਗੇ ਵਾਸਤਾ ਪਾਈਆ । ਇਹ ਨਿਸ਼ਾਨ ਧੁਸੀ ਦਾ ਬੰਧ, ਬੰਦਗੀ ਵਾਲਿਆਂ ਦਏ ਸਮਝਾਈਆ । ਜੋ ਏਥੋਂ ਚਲ ਕੇ ਫੇਰ ਅਗੇ ਆਉਂਣਾ ਅਨੰਦ, ਅਨੰਦਪੁਰ ਵਾਸੀ ਪਰਦਾ ਦਏ ਉਠਾਈਆ । ਫੇਰ ਨੂਰ ਤਕਣਾ ਬਿਨਾ ਸੂਰੀਆ ਚੰਦ, ਜੋਤੀ ਜਾਤਾ ਡਗਮਗਾਈਆ । ਜੋ ਪਿਆਰ ਵਿਚ ਮੁਹੱਬਤ ਵਿਚ ਗੁਰਮੁਖੋ ਤੁਹਾਡੇ ਅੰਦਰ ਦੁਆਰੇ ਆਇਆ ਲੰਘ, ਅਗਲਾ ਪਿਛਲਾ ਪਿਛਲਾ ਅਗਲਾ ਦੋ ਜਹਾਨ ਦਾ ਲੇਖਾ ਰਿਹਾ ਨਾ ਰਾਈਆ । ਇਹ ਜਗਤ ਸਿੰਘਾਸਣ ਨਹੀਂ ਪਲੰਘ,
੯੨੩ ਸਚਖੰਡ ਦੁਆਰ ਦੀ ਧਾਰ ਨਜ਼ਰੀ ਆਈਆ । ਜਿਸ ਗ੍ਰਿਹਿ ਵਿਚ ਸਦਾ ਸਦਾ ਸਦਾ ਸਭ ਦਾ ਖ਼ੁਸ਼ੀਆਂ ਵਿਚ ਰਹੇ ਬੰਦ ਬੰਦ, ਬੰਦਗੀ ਵਿਚ ਵੱਡੇ ੯੨੩
੨੪ ਛੋਟੇ ਬਿਰਧ ਬਾਲ ਸਾਰੇ ਲਏ ਜਗਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਦਾ ਹੋਵੇ ਛੰਦ, ਬਿਨ ਰਸਨਾ ਜਿਹਵਾ ਢੋਲੇ ਸੋਹਲੇ ਰਾਗ ੨੪
ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਧਾਰ ਸਦਾ ਸੰਗ, ਸਗਲਾ ਸੰਗੀ ਬਹੁ ਰੰਗੀ ਆਪਣਾ ਖੇਲ ਖਿਲਾਈਆ ।

### ੫ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਹਰਿ ਸੰਗਤ ਨਵਿਤ

ਨਾਰਦ ਕਹੇ ਅੱਸੂ ਪੰਜ ਕਿਹੜਾ ਤੇਰਾ ਤਤ, ਤਤਵ ਭੇਵ ਦੇਣਾ ਖੁਲ੍ਹਾਈਆ । ਕਵਣ ਨਾੜੀ ਦਿਸੇ ਤੇਰਾ ਹਡ ਮਾਸ ਰਤ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਕਿਹੜੀ ਬੁੱਧੀ ਕਿਹੜੀ ਮਤ, ਮਨਸਾ ਆਪਣੀ ਦੇਣੀ ਸਮਝਾਈਆ । ਕਿਹੜਾ ਧੀਰਜ ਕਿਹੜਾ ਯਤ, ਸਤਿ ਸੰਤੋਖ ਕਵਣ ਵਖਾਈਆ । ਕਿਹੜੀ ਪ੍ਰੀਤੀ ਕਿਹੜਾ ਨਤ, ਸਗਲਾ ਸੰਗੀ ਕਵਣ ਬਣਾਈਆ । ਕਵਣ ਦੁਆਰਾ ਸਥਰ ਬੈਠਾ ਘਤ, ਸਤਿ ਸਚ ਦੇਣਾ ਸਮਝਾਈਆ । ਕਿਸ ਕਾਰਨ ਨਵ ਨਵ ਚਾਰ ਬਾਦ ਆਏ ਵਤ, ਬੇਵਤਨਾਂ ਦਾ ਭੇਵ ਦੇਣਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਅੱਸੂ ਕਹੇ ਮੇਰਾ ਪੰਜਵਾਂ ਦਿਵਸ ਦਿਹਾੜਾ, ਦੋ ਜਹਾਨ ਖ਼ੁਸ਼ੀ ਬਣਾਈਆ । ਮੇਰਾ ਇਕੋ ਅਗੇ ਬਿਨ ਰਸਨਾ ਜਿਹਵਾ ਹਾੜਾ, ਮੁਖ ਬੋਲ ਨਾ ਕੋਇ ਸੁਣਾਈਆ । ਜੋ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦੀ ਧਾਰ ਅਗੰਮੀ ਲਾੜਾ, ਲੱਖ ਚੁਰਾਸੀ

ਨਾਰ ਕੰਤ ਪਰਨਾਈਆ । ਜਿਸ ਦਾ ਏਥੇ ਓਥੇ ਦੋ ਜਹਾਨ ਅਖਾੜਾ, ਚਾਰੇ ਖਾਣੀ ਚਾਰੇ ਬਾਣੀ ਬਿਨ ਜਗਤ ਸ਼ਸਤਰਾਂ ਕਰੇ ਲੜਾਈਆ । ਜੋ ਵੇਖਣਹਾਰਾ ਜੰਗਲ ਜੂਹ ਉਜਾੜ ਪਹਾੜਾਂ, ਟਿੱਲੇ ਪਰਬਤ ਫੋਲ ਫੁਲਾਈਆ । ਉਹ ਜਨ ਭਗਤਾਂ ਚਾੜਨਹਾਰਾ ਰੰਗ ਗਾੜ੍ਹਾ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਅੱਸੂ ਕਹੇ ਮੇਰਾ ਦਿਵਸ ਦਿਹਾੜਾ ਚੰਗਾ, ਪੰਚਮ ਪੰਚ ਮਿਲੇ ਵਡਿਆਈਆ । ਮੇਰਾ ਪੂਰਬ ਜੁਗ ਚੌਕੜੀ ਖ਼ੁਸ਼ੀਆਂ ਨਾਲ ਲੰਘਾ, ਕਲਜੁਗ ਅੰਤਮ ਵੇਖਾਂ ਥਾਉਂ ਥਾਈਂਆ । ਧਰਮ ਦੀ ਧਾਰ ਕਲਜੁਗ ਕੀਤਾ ਨੰਗਾ, ਓਢਣ ਨਜ਼ਰ ਕੋਇ ਨਾ ਆਈਆ । ਉਹ ਤਕ ਲੈ ਦੁਹਾਈ ਦੇਂਦੀ ਫਿਰੇ ਗੰਗਾ, ਗੋਦਾਵਰੀ ਜਮਨਾ ਸੁਰਸਤੀ ਨਾਲ ਮਿਲਾਈਆ । ਕੀ ਸੰਦੇਸ਼ਾ ਦੇ ਕੇ ਗਿਆ ਸਾਧੂ ਸਰਬੰਗਾ, ਸਰਬੰਗ ਕੀ ਦ੍ਰਿੜਾਈਆ । ਕਿਸ ਬਿਧ ਮਾਨਸ ਜ਼ਾਤੀ ਹੋਣੀ ਭੰਗਾ, ਫਲੀ ਭੂਤ ਨਾ ਕੋਇ ਕਰਾਈਆ । ਕੀ ਇਸ਼ਾਰਾ ਕੀਤਾ ਪਰੀ ਅਰੰਭਾ, ਚੌਦਾਂ ਰਤਨਾਂ ਵਿਚੋਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਅੱਸੂ ਪੰਜ ਕਹੇ ਮੇਰਾ ਸਯਦਾ ਇਕ ਭਗਵੰਤ, ਭਗਵਨ ਸੀਸ ਨਿਵਾਈਆ । ਜਿਸ ਦਾ ਸ਼ਰਅ ਤੋਂ ਬਾਹਰ ਮੰਤ, ਬਿਨ ਅੱਖਰਾਂ ਨਿਰਅੱਖਰ ਧਾਰ ਸਮਝਾਈਆ । ਜਿਸ ਦਾ ਲਹਿਣਾ ਦੇਣਾ ਨਾਲ ਜੀਵ ਜੰਤ, ਚੁਰਾਸੀ ਆਪਣਾ ਖੇਲ ਖਿਲਾਈਆ । ਉਹ ਸਾਹਿਬ ਸੂਰਾ ਭਗਵੰਤ, ਹਰਿ ਭਗਵਨ ਇਕ ਅਖਵਾਈਆ । ਜਿਸ ਬਣਾਈ ਮੇਰੀ ਬਣਤ, ਘੜਨ ਭੰਨਣਹਾਰ ਧੁਰਦਰਗਾਹੀਆ । ਉਸ ਦੀ ਮਹਿੰਮਾ ਸਦਾ ਅਗਣਤ, ਗਣਤੀ ਗਣਤ ਨਾ ਕੋਇ ਗਿਣਾਈਆ । ਉਹ ਤੋੜਨਹਾਰਾ ਗੜ੍ਹ ਹੰਗਤ, ਹਉਮੇ ਦਏ ਚੁਕਾਈਆ । ਮਾਨਵ ਜ਼ਾਤੀ ਇਕ ਬਣਾਏ ਸੰਗਤ, ਸਗਲਾ ਸੰਗ ਇਕ ਰਖਾਈਆ । ਬਿਨਾ ਸ਼ਾਸਤਰਾਂ ਬਣੇ ਪੰਡਤ, ਬਿਨ ਅੱਖਰਾਂ ਦਏ ਸਮਝਾਈਆ । ਜਿਸ ਦਾ ਲੇਖਾ ਨਹੀਂ ਨਾਲ ਬਹਿਸ਼ਤ ਜੰਨੱਤ, ਸਵਰਗਾਂ ਵੰਡ ਨਾ ਕੋਇ ਵੰਡਾਈਆ । ਉਹ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਮਾਲਕ ਧੁਰ ਦਾ ਕੰਤ, ਕੰਤੂਹਲ ਇਕ ਅਖਵਾਈਆ । ਜੋ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਅੱਸੂ ਕਹੇ ਮੈਨੂੰ ਜੁਗ ਚੌਕੜੀ ਯਾਦ ਕਰਦੇ, ਅੰਤਸ਼ਕਰਨ ਧਿਆਨ ਲਗਾਈਆ । ਮੈਂ ਭੇਵ ਖੁਲ੍ਹਾਵਾਂ ਅਗੰਮੇ ਘਰ ਦੇ, ਜਿਥੇ ਛੱਪਰ ਛੰਨ ਨਾ ਕੋਇ ਛੁਹਾਈਆ । ਜਿਥੇ ਅਵਤਾਰ ਪੈਗ਼ੰਬਰ ਗੁਰੂ ਇਕੋ ਖੇਲ ਕਰਦੇ, ਦੂਸਰ ਰੂਪ ਨਾ ਕੋਇ ਬਦਲਾਈਆ । ਮੈਂ ਸਭ ਦੇ ਖੋਲ੍ਹਾਂ ਪਰਦੇ, ਪਰਦਾ ਪਰਦਿਆਂ ਵਿਚੋਂ ਉਠਾਈਆ । ਕੀ ਹੁਕਮ ਵਰਤੇ ਅਗੇ ਨਰਾਇਣ ਨਰ ਦੇ, ਨਰ ਨਿਰੰਕਾਰ ਕੀ ਜਣਾਈਆ । ਇਸ਼ਨਾਨ ਮਿਲਣੇ ਨਹੀਂ ਕਿਸੇ ਸਰੋਵਰ ਸਰ ਦੇ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਉਹ ਵੇਖ ਲੈ ਖੇਲ ਹੰਕਾਰ ਗੜ੍ਹ ਦੇ, ਹਉਮੇ ਹੰਗਤਾ ਮਿਲੀ ਵਡਿਆਈਆ । ਨਿਗਾਹ ਮਾਰ ਲੈ ਦਰੋਹੀ ਫਿਰਨੀ ਲਹਿੰਦੇ ਚੜ੍ਹਦੇ, ਮੁਹੰਮਦ ਧਾਰ ਦਏ ਗਵਾਹੀਆ । ਸ਼ਰਅ ਸ਼ਰੀਅਤ ਵਹਿਣ ਵੇਖ ਲੈ ਹੜ੍ਹਦੇ, ਸਦੀ ਚੌਧਵੀਂ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਅੱਸੂ ਪੰਜ ਕਹੇ ਮੇਰਾ ਲਹਿਣਾ ਦੇਣਾ ਆਦਿ ਜੁਗਾਦੀ ਰਾਵੀ, ਰਵੀਦਾਸ ਦਏ ਗਵਾਹੀਆ । ਮੇਰਾ ਪੈਗ਼ੰਬਰਾਂ ਲੇਖ ਜਣਾਇਆ ਮੁਸਾਵੀ, ਮੁਸਲਸਲ ਗਏ ਦ੍ਰਿੜਾਈਆ । ਅਰਜਨ ਕਿਹਾ ਇਹ ਲਹਿਣਾ ਦੇਣਾ ਨਾਲ ਦੀਨ ਦੁਨੀ

੬੨੪
੨੪

ਦੀ ਭਾਵੀ, ਭੈ ਭਉ ਸਿਰ ਨਾ ਕੋਇ ਰਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਣੀ ਨਿਥਾਵੀਂ, ਮਹਲ ਅਟਲ ਵਜੇ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਅੱਸੂ ਪੰਜ ਕਹੇ ਮੇਰਾ ਲਹਿਣਾ ਦੇਣਾ ਨਾਲ ਰਾਜੇ ਬਲ, ਬਾਵਨ ਧਾਰ ਸਮਝਾਈਆ । ਜਿਸ ਵੇਲੇ ਕੂੜ ਕੁੜਿਆਰ ਕਲਜੁਗ ਅੰਤਮ ਧਰਮ ਨੂੰ ਦੇਵੇ ਸਲ, ਸਤਿ ਰਹਿਣ ਕਿਛ ਨਾ ਪਾਈਆ । ਨੌ ਖੰਡ ਪ੍ਰਿਥਮੀ ਹੋਵੇ ਛਲ, ਕਪਟ ਵਿਚ ਦਿਸੇ ਖ਼ਲਕ ਖ਼ੁਦਾਈਆ । ਪਵਿਤ੍ਰ ਰਹੇ ਕੋਈ ਨਾ ਜਲ, ਅਠਸਠ ਰੋਵਣ ਮਾਰਨ ਧਾਹੀਆ । ਭਾਗ ਲੱਗਾ ਦਿਸੇ ਨਾ ਕਿਸੇ ਕਾਇਆ ਮਾਟੀ ਖੱਲ, ਖ਼ਾਲਕ ਖ਼ਲਕ ਰੰਗ ਨਾ ਕੋਇ ਰੰਗਾਈਆ । ਮੰਜ਼ਲ ਮਿਲੇ ਨਾ ਨਿਹਚਲ ਧਾਮ ਅਟਲ, ਸਚ ਦੁਆਰ ਨਾ ਕੋਇ ਸੁਹਾਈਆ । ਦਰੋਹੀ ਫਿਰੇ ਜਲ ਥਲ, ਮਹੀਅਲ ਰੋਵਣ ਮਾਰਨ ਧਾਹੀਆ । ਕਿਸੇ ਨੂੰ ਸਮਝ ਨਾ ਆਏ ਘੜੀ ਪਲ, ਪਲਕਾਂ ਦੇ ਪਿਛੇ ਦਿਸੇ ਨਾ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਪੰਜ ਅੱਸੂ ਕਹੇ ਮੇਰਾ ਪਰਵਿਸ਼ਟਾ ਲੇਖਾ ਰਖੇ ਸੰਗ ਰਵੀਦਾਸ, ਰਮਤਾ ਰਮਤਾ ਰਿਹਾ ਜਣਾਈਆ । ਬਾਲਮੀਕ ਜੋ ਲੇਖਾ ਲਿਖਿਆ ਖ਼ਾਸ, ਖ਼ਾਲਸ ਆਪਣਾ ਰੰਗ ਚੜ੍ਹਾਈਆ । ਮੈਨੂੰ ਉਸ ਉਤੇ ਵਿਸ਼ਵਾਸ਼, ਭਰੋਸਿਆਂ ਵਿਚ ਸੀਸ ਨਿਵਾਈਆ । ਪੁਰਖ ਅਕਾਲਾ ਦੀਨ ਦਿਆਲਾ ਜੋ ਵਸੇ ਉਤੇ ਆਕਾਸ਼, ਧਰਨੀ ਧਰਤ ਧਵਲ ਧੌਲ ਕਰੇ ਰੁਸ਼ਨਾਈਆ । ਜਨ ਭਗਤਾਂ ਮਾਨਸ ਜਨਮ ਕਰੇ ਰਾਸ, ਰਸਤਾ ਆਪਣਾ ਇਕ ਸਮਝਾਈਆ । ਨਾਮ ਜਪਾਏ ਸਵਾਸ ਸਵਾਸ, ਬਿਨ ਬੁੱਲਾਂ ਕਰੇ ਪੜ੍ਹਾਈਆ । ਬੂੰਦ ਸਵਾਂਤੀ ਨਾਲ ਬੁਝਾਏ ਪਿਆਸ, ਨਾਭੀ ਕਵਲ ਕਵਲ ਉਲਟਾਈਆ । ਅਨਾਦੀ ਸ਼ਬਦ ਦਏ ਧਰਵਾਸ, ਧਰਮ ਧਾਰ ਸਮਝਾਈਆ । ਨਿਰਗੁਣ ਜੋਤ ਕਰੇ ਪਰਕਾਸ਼, ਅੰਧ ਅੰਧੇਰ ਮਿਟਾਈਆ । ਜਨ ਭਗਤਾਂ ਵਸੇ ਸਦਾ ਪਾਸ, ਸਗਲਾ ਸੰਗ ਨਿਭਾਈਆ । ਰਾਵੀ ਕਹੇ ਮੇਰੇ ਅੰਦਰ ਆਇਆ ਇਕ ਕਿਆਸ, ਸਹਿਜ ਨਾਲ ਸਮਝਾਈਆ । ਕੀ ਇਸ਼ਾਰਾ ਦੇ ਕੇ ਗਿਆ ਵੇਦ ਵਿਆਸ, ਬੇਆਸ ਨਾਲ ਵਡਿਆਈਆ । ਮੇਰਾ ਸਾਹਿਬ ਮੈਨੂੰ ਦਏ ਸ਼ਾਬਾਸ਼, ਸਿਰ ਮੇਰੇ ਹੱਥ ਟਿਕਾਈਆ । ਜਿਸ ਵਿਚ ਕੂੜ ਕੁੜਿਆਰੀ ਧਾਰ ਦਾ ਲੇਖਾ ਮੁਕਣਾ ਪ੍ਰਿਥਮੀ ਆਕਾਸ਼, ਗਗਨ ਗਗਨੰਤਰਾਂ ਵਜੇ ਵਧਾਈਆ । ਸੋ ਦੀਨ ਦਿਆਲਾ ਆਪਣਾ ਖੇਲ ਕਰੇ ਤਮਾਸ਼, ਦੂਸਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਅੱਸੂ ਪੰਜ ਕਹੇ ਪ੍ਰਭੂ ਭਗਤਾਂ ਨੂੰ ਦਾਤ ਦੇਣੀ ਦੋਹਰੀ, ਦੂਹਰਾ ਰੰਗ ਰੰਗਾਈਆ । ਸਤਿਗੁਰ ਸ਼ਬਦ ਬਣਾਉਣਾ ਮੋਹਰੀ, ਮੋਹਰ ਆਪਣਾ ਨਾਮ ਸਮਝਾਈਆ । ਨਿਰਗੁਣ ਧਾਰ ਬਣਨਾ ਘੋਰੀ, ਅੰਤਸ਼ਕਰਨ ਤਕਣਾ ਥਾਉਂ ਥਾਈਆ । ਗੁਰਮੁਖਾਂ ਭੇਵ ਖੁਲ੍ਹਾਏ ਹੋਰ ਦਾ ਹੋਰੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਸਭ ਦਾ ਮਾਨਸ ਜਨਮ ਜਾਏ ਸੌਰੀ, ਸੁਰਤੀ ਸ਼ਬਦ ਨਾਲ ਜੁੜਾਈਆ । ਆਪਣੇ ਚਰਨ ਬੰਧਾਏ ਡੋਰੀ, ਪਲੂ ਗੰਢ ਪੁਆਈਆ । ਜਨ ਭਗਤਾਂ ਭਾਗ ਕਰੇ ਮਥੋਰੀ, ਮਿਥਿਆ ਦੱਸੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਪੰਜ ਅੱਸੂ ਕਹੇ ਪ੍ਰਭੂ ਤੇਰਾ ਵਕਤ ਹੋਵੇ ਸੁਹਾਵਾ, ਸੋਹਣੀ ਖ਼ੁਸ਼ੀ ਬਣਾਈਆ । ਜਨ ਭਗਤਾਂ ਤੇਰੇ ਉਤੇ ਦਾਅਵਾ, ਦਾਅਵੇਦਾਰ ਦੇਣੇ ਸਮਝਾਈਆ । ਆਪਣੇ ਨਾਲ ਸਭ ਦਾ ਵਜ਼ਨ ਕਰ ਲੈ ਸਾਵਾਂ, ਵਧ ਘਟ ਨਾ ਕੋਇ ਕਰਾਈਆ । ਦਰ ਆਇਆਂ ਦਾ ਆਪਣੇ ਦਰਗਾਹ ਲਾ ਲੈ ਨਾਂਵਾਂ, ਨਰ ਨਿਰੰਕਾਰ

੯੨੫
੨੪

ਸਕੇ ਨਾ ਕੋਇ ਤੁੜਾਈਆ । ਬੇਸ਼ਕ ਇਹ ਵਸਦੇ ਵਖ ਵਖ ਗਰਾਂਵਾਂ, ਸਚਖੰਡ ਸਾਚੇ ਦਰ ਇਕੋ ਸੋਭਾ ਪਾਈਆ । ਬੇਸ਼ਕ ਇਨ੍ਹਾਂ ਨੂੰ ਜਨਮ ਦਿਤਾ ਵਖ ਵਖ ਮਾਵਾਂ, ਤੂੰ ਆਤਮ ਧਾਰ ਬਣਨਾ ਸਭ ਦੀ ਜਣੇਂਦੀ ਮਾਈਆ । ਬੁੱਧੀ ਰਹੇ ਨਾ ਕਿਸੇ ਦੀ ਵਾਂਗ ਕਾਵਾਂ, ਗੁਰਮੁਖ ਹੰਸ ਦੇਣੇ ਬਣਾਈਆ । ਤੇਰਾ ਪਿਆਰ ਕਰਨ ਬਿਨ ਜਗਤ ਖ਼ਾਹਿਸ਼ ਤੋਂ ਨਾਲ ਚਾਵਾਂ, ਚਾਉ ਘਨੇਰਾ ਇਕ ਦ੍ਰਿੜਾਈਆ । ਰਾਤੀ ਸੁਤਿਆਂ ਦਿਨੇ ਜਾਗਦਿਆਂ ਫੜ ਉਠਾਉਣਾ ਭੁਜਾਂ ਬਾਹਵਾਂ, ਸੁਰਤੀ ਸ਼ਬਦ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਅੱਸੂ ਪੰਜ ਕਹੇ ਮੇਰਾ ਮਾਲਕ ਸੁਆਮੀ ਰਹੇ ਹਮੇਸ਼, ਹਮ ਸਾਜਣ ਇਕ ਅਖਵਾਈਆ । ਜਿਸ ਦਾ ਲਹਿਣਾ ਦੇਣਾ ਨਾਲ ਦਸ ਦਸਮੇਸ, ਗੋਬਿੰਦ ਗੋਬਿੰਦ ਗੋਬਿੰਦ ਧਾਰਾ ਇਕੋ ਰੰਗ ਰੰਗਾਈਆ । ਜਿਸ ਨੇ ਪਿਆਰ ਵਿਚ ਸਤਿਕਾਰ ਵਿਚ ਜਨ ਭਗਤਾਂ ਖੁਲ੍ਹੇ ਰਖਾਏ ਕੇਸ, ਕੇਸ ਗੜ੍ਹ ਦਾ ਲੇਖਾ ਨਾਲ ਮਿਲਾਈਆ । ਜਿਨ੍ਹਾਂ ਦੀ ਮਹਿੰਮਾ ਕਰੇ ਸਹਸ੍ਰ ਮੁਖ ਸ਼ੇਸ਼, ਦੋ ਸਹਸ੍ਰ ਜਿਹਵਾ ਨਾਲ ਮਿਲਾਈਆ । ਉਹ ਚਾਰ ਜੁਗ ਦੇ ਵਿਛੜੇ ਪੰਚਮ ਅੱਸੂ ਕਹੇ ਸਤਿਗੁਰ ਸ਼ਬਦ ਦੇ ਹੋਏ ਪੇਸ਼, ਪੇਸ਼ੀ ਅਗੇ ਰਹੇ ਨਾ ਰਾਈਆ । ਅਜ ਦਾ ਫ਼ੈਸਲਾ ਸਤਿਗੁਰ ਸ਼ਬਦ ਦਾ ਹੁਕਮ ਜਨ ਭਗਤੋ ਜਨਮ ਮਰਨ ਰਹੇ ਨਾ ਕੋਇ ਕਲੇਸ਼, ਮਾਤ ਗਰਭ ਦਸ ਦਸ ਮਾਸ ਅਗਨ ਨਾ ਕੋਇ ਤਪਾਈਆ । ਤੁਹਾਡਾ ਇਕੋ ਦਿਹਾੜਾ ਖ਼ੁਸ਼ੀਆਂ ਵਾਲਾ ਵਿਸ਼ੇਸ਼, ਵਿਸ਼ਿਆਂ ਤੋਂ ਬਾਹਰ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਅਗੰਮ ਅਥਾਹੀਆ । ਪੰਜ ਅੱਸੂ ਕਹੇ ਮੇਰਾ ਪਰਵਿਸ਼ਟਾ ਸ਼ਹਿਨਸ਼ਾਹੀ ਸੰਮਤ ਨਾਲ ਗਿਆਰਾ, ਜਿਸ ਦਾ ਭੇਵ ਨਾ ਕੋਇ ਪਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਜਨ ਭਗਤਾਂ ਬਖ਼ਸ਼ ਦੇ ਸਚ ਬਹਾਰਾ, ਪਰਵਰਦਿਗਾਰ ਸਾਂਝੇ ਯਾਰ ਆਪਣਾ ਰੰਗ ਰੰਗਾਈਆ । ਇਕੋ ਖ਼ੁਸ਼ੀ ਬਖ਼ਸ਼ ਦੇ ਪੁਰਖ ਨਾਰਾ, ਨਰ ਨਰਾਇਣ ਦੂਸਰ ਵੰਡ ਨਾ ਕੋਇ ਵੰਡਾਈਆ । ਮੇਰੀ ਮਨਸਾ ਪੂਰੀ ਹੋਵੇ ਜੋ ਦੱਸਦੇ ਗਏ ਤੇਈ ਅਵਤਾਰਾ, ਅਵਤਰ ਤੇਰਾ ਖੇਲ ਵੇਖਣਾ ਚਾਈਂ ਚਾਈਂਆ । ਜੋ ਪੈਗ਼ੰਬਰਾਂ ਦਿਤਾ ਇਸ਼ਾਰਾ, ਬਿਨ ਸੈਨਤ ਸੈਨਤ ਗਏ ਸਮਝਾਈਆ । ਜੋ ਗੁਰੂ ਗੁਰਦੇਵ ਦਿਤਾ ਅਧਾਰਾ, ਧੀਰਜ ਧਰਮ ਧਾਰ ਵਖਾਈਆ । ਸੋ ਮੇਰਾ ਲੇਖਾ ਪੂਰਾ ਕਰ ਦੇ ਗਿਰਵਰ ਗਿਰਧਾਰਾ, ਗਹਿਰ ਗੰਭੀਰ ਤੇਰੀ ਓਟ ਤਕਾਈਆ । ਤੇਰਾ ਭਗਤ ਸੁਹੇਲਾ ਜਗਤ ਵਿਚ ਨਾ ਹੋਏ ਖ਼ੁਆਰਾ, ਰਾਏ ਧਰਮ ਨਾ ਦਏ ਸਜ਼ਾਈਆ । ਅੱਜ ਖ਼ੁਸ਼ੀਆਂ ਵਾਲਾ ਬਿਨ ਜਗਤ ਖ਼ਾਹਿਸ਼ ਤੋਂ ਦਿਹਾੜਾ, ਸਤਿਗੁਰ ਸ਼ਬਦ ਤੇਰੀ ਵਡਿਆਈਆ । ਜੁਗ ਚੌਕੜੀ ਪਿਛਲਾ ਪੂਰਬ ਕਰਦੇ ਲਾਰਾ, ਅਗੇ ਅਵਰ ਨਾ ਕਿਛ ਰਖਾਈਆ । ਤੂੰ ਕਰਨਹਾਰ ਕਰਤਾਰਾ, ਕ਼ੁਦਰਤ ਕ਼ਾਦਰ ਨੂਰ ਅਲਾਹੀਆ । ਹਰਿ ਭਗਤ ਪ੍ਰਭੂ ਤੇਰਾ ਸਦਾ ਦਾ ਪਰਵਾਰਾ, ਬੰਸ ਸਰਬੰਸ ਵਿਛੜ ਕਦੇ ਨਾ ਜਾਈਆ । ਬਿਨਾ ਅੱਖੀਆਂ ਤੋਂ ਜ਼ਰੂਰ ਇਨ੍ਹਾਂ ਨੂੰ ਦੇਂਦਾ ਰਹੀਂ ਦੀਦਾਰਾ, ਬਿਨ ਲੋਚਨ ਨੈਣ ਨਜ਼ਰੀ ਆਈਆ । ਇਨ੍ਹਾਂ ਦਾ ਸ਼ਰੀਰ ਤੇ ਸਤਿਗੁਰ ਸ਼ਬਦ ਤੇਰਾ ਹੋਵੇ ਘਰਬਾਰਾ, ਨੌਂ ਦੁਵਾਰਿਆਂ ਤੋਂ ਬਾਹਰ ਆਪਣਾ ਡੇਰਾ ਲਾਈਆ । ਜਦੋਂ ਗੁਰਮੁਖ ਯਾਦ ਕਰੇ ਤੇ ਅੰਦਰੋਂ ਦਈਂ ਇਸ਼ਾਰਾ, ਬਿਨ ਸੈਨਤ ਸੈਨਤ ਦੇਣੀ ਸਮਝਾਈਆ । ਕਿਉਂ ਤੂੰ ਜੋਤੀ ਜਾਤਾ ਪੁਰਖ ਬਿਧਾਤਾ ਕਲ ਕਲਕੀ ਅਵਤਾਰਾ, ਚੌਬੀਸਾ ਜਗਦੀਸਾ ਨੂਰ ਅਲਾਹੀਆ । ਅਮਾਮ ਅਮਾਮਾ ਪਰਵਰਦਿਗਾਰਾ, ਪੜਦਾ ਪੜਦਿਆਂ ਵਿਚੋਂ ਦੇਣਾ ਉਠਾਈਆ । ਪੰਜ ਅੱਸੂ ਕਹੇ ਪ੍ਰਭੂ ਮੈਂ ਤੇਰੇ ਚਰਨਾਂ ਦੀ ਧੂੜ ਲਾਵਾਂ ਬਿਨਾ ਮਸਤਕ ਤੋਂ ਛਾਰਾ, ਸ਼ਹਿਨਸ਼ਾਹ ਖ਼ਾਕ ਤੇਰੀ ਅਗੰਮ ਰਮਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਤੇਰਾ ਭਰਿਆ ਰਹੇ ਭੰਡਾਰਾ, ਅਤੋਟ ਅਤੁਟ ਦੇਣਾ ਵਰਤਾਈਆ ।



### ੬ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ਹਜ਼ਾਰਾ ਸਿੰਘ ਦੇ ਗ੍ਰਿਹਿ

ਧਰਨੀ ਕਹੇ ਪ੍ਰਭੂ ਜਨ ਭਗਤਾਂ ਲੇਖੇ ਲਾਉਣੀ ਮਿੱਟੀ ਖ਼ਾਕ, ਖ਼ਾਕ ਛਾਰ ਹੋ ਕੇ ਜੋ ਤੇਰੀ ਆਸ ਰਖਾਈਆ । ਰੂਹ ਬੁਤ ਦੋਵੇਂ ਕਰਨੇ ਪਾਕ, ਪਤਤ ਪੁਨੀਤ ਦੇਣੀ ਵਡਿਆਈਆ । ਸਚਖੰਡ ਦੁਆਰ ਖੋਲ੍ਹ ਕੇ ਤਾਕ, ਗ੍ਰਿਹਿ ਮੰਦਰ ਆਪਣਾ ਇਕ ਵਖਾਈਆ । ਆਤਮ ਪਰਮਾਤਮ ਬਣਾ ਧੁਰ ਦਾ ਸਾਕ, ਦਰਗਾਹ ਦੇਣੀ ਸਾਚੀ ਥਾਈਆ । ਸ਼ਬਦ ਘੋੜ ਚੜ੍ਹਾ ਦੇ ਰਾਕ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪੰਧ ਮੁਕਾਈਆ । ਪੂਰਬ ਲਹਿਣਾ ਦੇਣਾ ਪੂਰਾ ਕਰਨਾ ਵਾਕ, ਪੂਰਨ ਸਤਿਗੁਰ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਲੇਖਾ ਰਹੇ ਨਾ ਮੜ੍ਹੀ ਗੋਰ, ਅਗਨੀ ਅੱਗ ਨਾ ਕੋਇ ਤਪਾਈਆ । ਸ਼ਬਦੀ ਧਾਰ ਆਪਣੇ ਨਾਲ ਲੈਣਾ ਤੋਰ, ਤੁਰਤ ਆਪਣਾ ਮੇਲ ਮਿਲਾਈਆ । ਅੰਤਸ਼ਕਰਨ ਦਾ ਅੰਤਰ ਇਕੋ ਹੋਵੇ ਫੁਰਨਾ ਫੋਰ, ਦੂਸਰ ਆਸ ਨਾ ਕੋਇ ਰਖਾਈਆ । ਪਾਰ ਕਰਨਾ ਵਿਚੋਂ ਲੱਖ ਚੁਰਾਸੀ ਘੋਰ, ਆਵਣ ਜਾਵਣ ਪੰਧ ਦੇਣਾ ਮੁਕਾਈਆ । ਜਨ ਭਗਤਾਂ ਮਾਨਸ ਜਨਮ ਜਾਵੇ ਸੌਰ, ਜੋ ਸਿਰ ਤੇਰੇ ਚਰਨ ਛੋਹ ਵਿਚ ਆਪਣੀ ਖ਼ੁਸ਼ੀ ਬਣਾਈਆ । ਸਤਿ ਸਚ ਦੀ ਬੰਨ੍ਹਣਾ ਨਾਲ ਡੋਰ, ਸ਼ਬਦੀ ਤੰਦ ਗੰਢਾਈਆ । ਧਰਨੀ ਕਹੇ ਪ੍ਰਭੂ ਮੈਨੂੰ ਭਗਤਾਂ ਦੀ ਸਦਾ ਲੋੜ, ਲੁੜੀਂਦੇ ਸਾਜਣ ਤੇਰੇ ਹੱਥ ਵਡਿਆਈਆ । ਤੁਧ ਬਿਨ ਅਵਰ ਨਾ ਦੀਸੇ ਕੋਈ ਹੋਰ, ਦੂਜਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਨ ਭਗਤਾਂ ਸਚਖੰਡ ਦੁਆਰ ਭਾਗ ਹੋਵੇ ਮਥੋਰ, ਮਿਥਿਆ ਛਡੀ ਜਗਤ ਲੋਕਾਈਆ ।

### ੬ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਅਲੜ੍ਹ ਪਿੰਡੀ ਜ਼ਿਲਾ ਗੁਰਦਾਸਪੁਰ ਕਿਸ਼ਨ ਸਿੰਘ ਦੇ ਗ੍ਰਿਹਿ

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਮੈਂ ਸੁਣਦੀ ਰਹੀ ਤੁਹਾਡੀਆਂ ਤਕ਼ਰੀਰਾਂ, ਚਾਰ ਜੁਗ ਆਪਣਾ ਧਿਆਨ ਲਗਾਈਆ । ਤੁਹਾਡੇ ਲੇਖ ਵੇਖਦੀ ਰਹੀ ਤਹਿਰੀਰਾਂ, ਜੋ ਹਰਫ਼ ਹਰੂਫ਼ ਨਾਲ ਵਡਿਆਈਆ । ਨਾਮ ਸੰਦੇਸੇ ਸੁਣਦੀ ਰਹੀ ਜੋ ਦਿਤੇ ਵਿਚ ਸਰੀਰਾਂ, ਤਨ ਵਜੂਦਾਂ ਵਿਚ ਟਿਕਾਈਆ । ਸ਼ਰਅ ਸ਼ਰੀਅਤ ਦੀਆਂ ਵੇਖਦੀ ਰਹੀ ਲਕੀਰਾਂ, ਹੱਦਾਂ ਦੀਨ ਮਜ੍ਹਬ ਰੰਗ ਰੰਗਾਈਆ । ਦੀਨ ਦੁਨੀ ਲੇਖਾ ਤਕਦੀ ਰਹੀ ਸ਼ਾਹ ਹਕੀਰਾਂ, ਊਚਾਂ ਨੀਚਾਂ ਪੜਦਾ ਪੜਦਿਆਂ ਵਿਚੋਂ ਚੁਕਾਈਆ । ਤੁਸਾਂ ਮਾਨਵ ਜ਼ਾਤੀ ਮੇਰੇ ਉਤੇ ਬੱਧੀ ਨਾਲ ਜ਼ੰਜੀਰਾਂ, ਸ਼ਰਅ ਬੰਧਨ ਸਕੇ ਨਾ ਕੋਇ ਤੁੜਾਈਆ । ਕਲਜੁਗ ਅੰਤ ਮੈਨੂੰ ਤੁਹਾਡਾ ਲੇਖਾ ਦਿਸੇ ਅਖ਼ੀਰਾ, ਆਖ਼ਰ ਦਿਆਂ ਸੁਣਾਈਆ । ਵੇਖੋ ਕੀ ਕੂਕ ਕੂਕ ਕੇ ਕਹਿੰਦਾ ਕਬੀਰਾ, ਦਰਗਾਹ ਸਚ ਸਚ ਵਿਚੋਂ ਕਰੇ

੬੨੭ ੨੪

ਸ਼ਨਵਾਈਆ । ਧਰਨੀਏ ਤੇਰੇ ਉਤੇ ਸਤਿਜੁਗ ਸਚ ਹੋਣਾ ਤਾਅਮੀਰਾ, ਕਲਜੁਗ ਕੂੜ ਰਹਿਣ ਕੋਇ ਨਾ ਪਾਈਆ । ਕਰੇ ਖੇਲ ਧੁਰ ਦਾ ਬੇਨਜ਼ੀਰਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਦੇ ਕੋਲ ਨਾਮ ਖੰਡਾ ਸ਼ਮਸ਼ੀਰਾ, ਜਗਤ ਸ਼ਸਤਰ ਸੰਗ ਨਾ ਕੋਇ ਰਖਾਈਆ । ਉਸ ਲਹਿਣੇ ਦੇਣੇ ਤਕਣੇ ਅਠਸਠ ਤੀਰਥ ਨੀਰਾ, ਜਲਧਾਰਾ ਖੋਜ ਖੁਜਾਈਆ । ਚਾਰ ਜੁਗ ਦੇ ਗ੍ਰੰਥ ਸ਼ਾਸਤਰਾਂ ਤਕਣੀਆਂ ਤਦਬੀਰਾਂ, ਤਰੀਕਾ ਨੀਕਣ ਨੀਕਾ ਹੋ ਕੇ ਵੇਖ ਵਖਾਈਆ । ਤੁਸੀਂ ਨਿਰਗੁਣ ਧਾਰ ਸਰਗੁਣ ਆਪਣੀਆਂ ਵਖਾਈਆਂ ਤਸਵੀਰਾਂ, ਤਤਾਂ ਵਾਲਾ ਰੂਪ ਬਣਾਈਆ । ਕੀ ਖੇਲ ਕਰੇ ਮੇਰਾ ਸ਼ਾਹੋ ਭੂਪ ਪੀਰਾਂ ਦਾ ਪੀਰਾ, ਪੀਰਨ ਪੀਰ ਨੂਰ ਅਲਾਹੀਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਦੋ ਜਹਾਨ ਜਗੀਰਾ, ਦੂਸਰ ਵੰਡ ਨਾ ਕੋਇ ਵੰਡਾਈਆ । ਜਿਸ ਲੇਖੇ ਲਾਇਆ ਰਵੀਦਾਸ ਚਮਾਰੇ ਇਕ ਕਸੀਰਾ, ਕ਼ੀਮਤ ਧਰਮ ਧਾਰ ਚੁਕਾਈਆ । ਉਹ ਅੰਤ ਮੇਰੀ ਧਾਰ ਵੇਖੇ ਦਿਲਗੀਰਾ, ਚਿੰਤਾ ਗ਼ਮੀ ਖੋਜ ਖੁਜਾਈਆ । ਮੇਰੇ ਉਤੇ ਸੀਸ ਦੇਵੇ ਚੀਰਾ, ਬਸਤਰ ਸਤਿ ਸਚ ਪਹਿਨਾਈਆ । ਦੀਨ ਦੁਨੀ ਦੀ ਅੰਦਰੋਂ ਬਦਲਣ ਵਾਲਾ ਜ਼ਮੀਰਾ, ਜ਼ੱਰਾ ਜ਼ੱਰਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮੇਰੇ ਅੰਤਸ਼ਕਰਨ ਦਏ ਧੀਰਾ, ਧੀਰਜ ਧਰਮ ਧਾਰ ਰਖਾਈਆ ।



## ੬ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਅਲੜ੍ਹ ਪਿੰਡੀ ਜ਼ਿਲਾ ਗੁਰਦਾਸਪੁਰ ਸੁਲੱਖਣੀ, ਵੀਰੋ ਦੇ ਗ੍ਰਿਹਿ

੬੨੮



ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਆਪਣੀਆਂ ਚਾਰ ਜੁਗ ਦੀਆਂ ਤਕੋ ਰੀਤਾਂ, ਰੀਤੀਵਾਨ ਹੋ ਕੇ ਧਿਆਨ ਲਗਾਈਆ । ਸਤਿਗੁਰ ਸ਼ਬਦ ਵੇਖੋ ਮੀਤਾ, ਮਿਤਰ ਪਿਆਰਾ ਕੀ ਸਮਝਾਈਆ । ਸ਼ਾਸਤਰ ਸੰਗ ਬਣਾਓ ਵੇਦ ਪੁਰਾਨਾਂ ਗੀਤਾ, ਰਾਮ ਰਾਮਾ ਭੇਵ ਚੁਕਾਈਆ । ਲਹਿਣਾ ਦੇਣਾ ਵੇਖੋ ਮੰਦਰ ਮਸੀਤਾ, ਮਸਲਾ ਮਸਲਿਆਂ ਵਿਚ ਖੋਜ ਖੁਜਾਈਆ । ਆਤਮ ਧਾਰ ਪਰਮਾਤਮ ਤਕੋ ਪ੍ਰੀਤਾ, ਪੜਦਾ ਪੜਦਿਆਂ ਵਿਚੋਂ ਉਠਾਈਆ । ਇਸ਼ਟ ਵੇਖੋ ਰਾਮ ਸੀਤਾ, ਰਾਧੇ ਕ੍ਰਿਸ਼ਨ ਕੀ ਵਡਿਆਈਆ । ਪੈਗ਼ੰਬਰੋ ਇਸ਼ਾਰਾ ਵੇਖੋ ਜੋ ਅਗੰਮਾ ਕੀਤਾ, ਵਾਹਿਦ ਅੱਲਾ ਇਕ ਦ੍ਰਿੜਾਈਆ । ਗੁਰੂ ਗੁਰਦੇਵ ਆਪਣੇ ਹੁਕਮ ਦਾ ਵੇਖੋ ਤਰੀਕਾ, ਜੋ ਧਰਮ ਧਾਰ ਦ੍ਰਿੜਾਈਆ । ਲਹਿਣਾ ਦੇਣਾ ਜਾਣੇ ਜੀਵ ਜੀਅ ਕਾ, ਨਵ ਸੱਤ ਫੋਲ ਫੁਲਾਈਆ । ਮੇਰੇ ਉਤੇ ਅੰਤਰ ਨਿਰੰਤਰ ਅੰਮ੍ਰਿਤ ਰਸ ਹੋਇਆ ਫੀਕਾ, ਅੰਮਿਉਂ ਰਸ ਨਾ ਕੋਇ ਚੁਆਈਆ । ਧਰਮ ਦੀ ਰਹੀ ਨਾ ਕੋਈ ਤੌਫ਼ੀਕ਼ਾ, ਕਲਜੁਗ ਕੂੜ ਰਿਹਾ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਂਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਆਤਮ ਧਾਰ ਦੇ ਬਣੋ ਵਸਲੀ, ਵਸਲ ਇਕੋ ਯਾਰ ਖ਼ੁਦਾਈਆ । ਆਪਣੇ ਗੁਰਮੁਖ ਗੁਰਸਿਖ ਮੁਰੀਦ ਮੁਰਸ਼ਦ ਲੱਭੋ ਅਸਲੀ, ਅਸਲੀਅਤ ਵਿਚੋਂ ਅਸਲ ਲਓ ਪਰਗਟਾਈਆ । ਆਤਮ ਧਾਰ ਪਰਮਾਤਮ ਵੇਖੋ ਨਸਲੀ, ਦੂਜਾ ਸੰਗ ਨਾ ਕੋਇ ਬਣਾਈਆ । ਤੁਹਾਡੀ ਪ੍ਰੀਤੀ ਕਲਜੁਗ ਕੂੜੀ ਕਿਰਿਆ ਹੇਠੋਂ ਗਈ ਮਸਲੀ, ਮੁਸਲਸਲ ਰੰਗ ਨਾ ਕੋਇ ਰੰਗਾਈਆ । ਦੀਨ ਦੁਨੀ ਦੀ ਧਾਰਾ ਹੋਈ ਦੋਫ਼ਸਲੀ, ਸਚ ਝੂਠ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ ।

੨੪

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਆਪਣੀ ਵੇਖੋ ਹਕ਼ੀਕ਼ਤ ਹਕ, ਹੁਕਮ ਪ੍ਰਭ ਦਾ ਨਾਲ ਮਿਲਾਈਆ । ਮੇਰੇ ਉਤੇ ਲਓ ਤਕ, ਤਰੀਕ਼ਾ ਦੀਨ ਦੁਨੀ ਬਦਲਾਈਆ । ਮੇਰਾ ਆ ਕੇ ਮੇਟੋ ਸ਼ੱਕ, ਸ਼ਿਕਵਾ ਦਿਉ ਗਵਾਈਆ । ਮੈਂ ਕਲਜੁਗ ਕੂੜੀ ਕਿਰਿਆ ਨਾਲ ਗਈ ਥੱਕ, ਥਕਾਵਟ ਵਿਚ ਮੇਰੀ ਦੁਹਾਈਆ । ਮੇਰੀ ਪਤ ਲਓ ਰਖ, ਸਿਰ ਮੇਰੇ ਹੱਥ ਰਖਾਈਆ । ਮੇਰੀ ਧਰਮ ਧਾਰ ਦੀ ਝੋਲੀ ਹੋਈ ਸਖ, ਸਖਣੀ ਸਕੇ ਨਾ ਕੋਇ ਭਰਾਈਆ । ਮੇਰੀ ਹਾਲਤ ਆ ਕੇ ਵੇਖੋ ਆਪਣੀ ਅੱਖ, ਅੱਖਰਾਂ ਵਾਲੀ ਚਲੇ ਨਾ ਕੋਇ ਚਤੁਰਾਈਆ । ਨੌ ਖੰਡ ਪ੍ਰਿਥਮੀ ਕੂੜ ਦੇ ਲਾਉਂਦੇ ਭੱਖ, ਧੁਰ ਭਾਖਿਆ ਸੁਣੇ ਨਾ ਕੋਇ ਖ਼ਲਕ ਖ਼ੁਦਾਈਆ । ਆਤਮ ਪਰਮਾਤਮ ਧਾਰ ਤੁਹਾਡੇ ਨਾਲੋਂ ਹੋਈ ਵਖ, ਸੁਰਤੀ ਸ਼ਬਦ ਨਾ ਕੋਇ ਸਮਾਈਆ । ਦੀਨ ਦੁਨੀ ਦੀ ਕ਼ੀਮਤ ਰਹੀ ਨਾ ਕੌਡੀ ਕੱਖ, ਕਲਜੁਗ ਹੱਟੋ ਹੱਟ ਵਿਕਾਈਆ । ਤੁਸੀਂ ਸਰਬ ਕਲਾ ਸਮਰਥ, ਪੁਰਖ ਅਕਾਲਾ ਦੇਵਣਹਾਰਾ ਵਡਿਆਈਆ । ਮੇਰਾ ਲਹਿਣਾ ਦੇਣਾ ਦਿਓ ਹੱਥੋ ਹੱਥ, ਅਗੇ ਉਧਾਰ ਨਾ ਕੋਇ ਬਣਾਈਆ । ਮੈਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੁਹਾਡਾ ਚਲਦਾ ਵੇਖਿਆ ਰਥ, ਰਥਵਾਹੀ ਹੋ ਕੇ ਆਪਣੀ ਸੇਵ ਕਮਾਈਆ । ਨਾਮ ਕਲਮਿਆਂ ਸੁਣੀ ਗਥ, ਜੋ ਸੋਹਲੇ ਢੋਲੇ ਗਏ ਦ੍ਰਿੜਾਈਆ । ਅੰਤ ਸਭ ਦੇ ਖ਼ਾਲੀ ਹੋਏ ਹੱਥ, ਸਚ ਵਸਤ ਨਜ਼ਰ ਕੋਇ ਨਾ ਆਈਆ । ਧਰਮ ਕਲਜੁਗ ਕੂੜੀ ਕਿਰਿਆ ਦਿਤਾ ਮਥ, ਮਥਰਾ ਦੇ ਕਾਹਨ ਤੇਰੇ ਰੰਗ ਨਾ ਕੋਇ ਸਮਾਈਆ । ਆ ਕੇ ਵੇਖ ਲੈ ਰਾਮ ਬੇਟੇ ਦਸਰਥ, ਦਹਿ ਦਿਸ਼ਾ ਅੱਖ ਉਠਾਈਆ । ਪੈਗ਼ੰਬਰ ਆਪਣੀ ਕਹਾਣੀ ਵੇਖੋ ਅਕਥ, ਕੀ ਕਲਮੇ ਗਏ ਸਮਝਾਈਆ । ਨਾਨਕ ਗੋਬਿੰਦ ਜਿਸ ਧਾਰ ਵਿਚ ਸਥਰ ਗਏ ਲਥ, ਜਗਤ ਯਾਰੜਾ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਆਪਣੀਆਂ ਪੂਰਬ ਕੱਢੋ ਕਾਪੀਆਂ, ਬਿਨ ਅੱਖਰਾਂ ਲੇਖ ਧਿਆਨ ਲਗਾਈਆ । ਆਪਣੀਆਂ ਆਪਣੀਆਂ ਸ਼ਰਅ ਦੀਆਂ ਤਕੋ ਪਾਤੀਆਂ, ਪਤਰਕਾ ਲਓ ਉਠਾਈਆ । ਲਹਿਣੇ ਦੇਣੇ ਵੇਖੋ ਵਾਤੀਆਂ, ਕੀ ਸੰਦੇਸੇ ਧੁਰਦਰਗਾਹੀਆ । ਕੀ ਝਗੜਾ ਦਿਸੇ ਜ਼ਾਤ ਪਾਤੀਆਂ, ਦੀਨਾਂ ਮਜ਼੍ਹਬਾਂ ਕੀ ਲੜਾਈਆ । ਕੀ ਕਲਜੁਗ ਕੂੜੀ ਕਿਰਿਆ ਮਾਰੇ ਕਾਤੀਆ, ਕ਼ਤਲਗਾਹ ਦਿਸੇ ਲੋਕਾਈਆ । ਸਚਖੰਡ ਦੁਆਰੇ ਤਕੋ ਮਾਰ ਕੇ ਝਾਤੀਆਂ, ਬਿਨ ਨੈਣਾਂ ਲੈਣ ਉਠਾਈਆ । ਮੇਰੇ ਉਤੇ ਹੋਈਆਂ ਅੰਧੇਰੀਆਂ ਰਾਤੀਆਂ, ਨੂਰੀ ਚੰਦ ਨਾ ਕੋਇ ਚਮਕਾਈਆ । ਅੰਮ੍ਰਿਤ ਮਿਲੇ ਨਾ ਬੂੰਦ ਸਵਾਂਤੀਆ, ਅਗਨੀ ਤਤ ਨਾ ਕੋਇ ਤਪਾਈਆ । ਮੇਰੀ ਪੁਛੇ ਕੋਇ ਨਾ ਵਾਤੀਆ, ਸਿਰ ਹੱਥ ਨਾ ਕੋਇ ਟਿਕਾਈਆ । ਕਲਜੁਗ ਕੂੜ ਕੁੜਿਆਰਾ ਮਾਰੇ ਕਾਤੀਆ, ਤੀਰ ਅਣਿਆਲਾ ਰਿਹਾ ਲਗਾਈਆ । ਮਾਨਸ ਮਾਨਵ ਮੇਰੇ ਉਤੇ ਇਕ ਦੂਜੇ ਦਾ ਕਰਨ ਘਾਤੀਆ, ਘਾਓ ਸਕੇ ਨਾ ਕੋਇ ਮਿਟਾਈਆ । ਪਰਕਾਸ਼ ਦਿਸੇ ਨਾ ਕਿਸੇ ਬਿਨ ਤੇਲ ਬਾਤੀਆ, ਨੂਰੀ ਚੰਦ ਨਾ ਕੋਇ ਚਮਕਾਈਆ । ਝਗੜਾ ਤਕ ਲਓ ਲੋਕਮਾਤੀਆ, ਮਾਤਰ ਭੂਮੀ ਹੋ ਕੇ ਰਹੀ ਸੁਣਾਈਆ । ਤੁਹਾਡਾ ਦੀਨ ਮਜ਼੍ਹਬ ਪਾਉਂਦਾ ਜਾਏ ਵਫ਼ਾਤੀਆ, ਕ਼ਾਇਮ ਮੁਕ਼ਾਮ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਮਿਹਰਵਾਨ ਹੋ ਕੇ ਪੁਛਣੀ ਵਾਤੀਆ, ਵਾਤਾਵਰਨ ਤੇਰੇ ਚਰਨ ਟਿਕਾਈਆ ।

੯੨੯
੨੪

## ✪ ੬ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ਓਗਰਾ ਹਰਿ ਸੰਗਤ ਨਵਿਤ ✪

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਪਰਮ ਪੁਰਖ ਕਰੋ ਨਿਮਸਕਾਰ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਨਿਵਾਈਆ । ਪ੍ਰੇਮ ਨਾਲ ਕਰੋ ਗੁਫ਼ਤਾਰ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਉਚੀ ਕੂਕ ਕਰੋ ਪੁਕਾਰ, ਸੋਹਲੇ ਸੁਣਾਓ ਥਾਉਂ ਥਾਈਂਆ । ਪੁਰਖ ਅਕਾਲੇ ਦੀਨ ਦਿਆਲੇ ਸਾਡੇ ਦੀਨ ਮਜ਼੍ਹਬ ਸਾਥੋਂ ਹੋਏ ਬਾਹਰ, ਸਚ ਪਿਆਰ ਵਿਚ ਨਾ ਕੋਇ ਸਮਾਈਆ । ਚਾਰੋਂ ਕੁੰਟ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵਧਿਆ ਵਿਕਾਰ, ਵਿਭਚਾਰ ਸਕੇ ਨਾ ਕੋਇ ਮਿਟਾਈਆ । ਮਨੂਆ ਮਨ ਕਰੇ ਹੰਕਾਰ, ਨਿਵਣ ਸੁ ਅੱਖਰ ਨਾ ਕੋਇ ਸਮਝਾਈਆ । ਨੌ ਖੰਡ ਪ੍ਰਿਥਮੀ ਹੋਇਆ ਧੂੰਆਂਧਾਰ, ਸੱਤ ਦੀਪ ਸਚ ਨਾ ਕੋਇ ਰੁਸ਼ਨਾਈਆ । ਜਿਧਰ ਤਕੀਏ ਸਾਡਾ ਨਾਮ ਕਲਮਾ ਹੋਇਆ ਖ਼ੁਆਰ, ਖ਼ਾਲਸ ਰੰਗ ਨਾ ਕੋਇ ਰੰਗਾਈਆ । ਮਾਨਸ ਮਾਨਵ ਮਾਨੁਖ ਬਣ ਗਏ ਠਗ ਚੋਰ ਯਾਰ, ਹਕ਼ੀਕ਼ਤ ਵਿਚ ਹਕ ਨਾ ਕੋਇ ਸਮਾਈਆ । ਸਾਡੀ ਬੇਨੰਤੀ ਤੇਰੇ ਦਰ ਸਚੇ ਦਰਬਾਰ, ਦਰਗਹ ਸਾਚੀ ਮੰਗ ਮੰਗਾਈਆ । ਜੋਤੀ ਜਾਤੇ ਹੋ ਜ਼ਾਹਰ, ਪੁਰਖ ਬਿਧਾਤੇ ਪਰਦਾ ਲਾਹੀਆ । ਦੀਨ ਦੁਨੀ ਤਕ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਸਚ ਦਾ ਰਿਹਾ ਨਾ ਕੋਇ ਦੁਆਰ, ਮੰਦਰ ਮਸਜਿਦ ਸ਼ਿਵਦਵਾਲੇ ਮਠ ਰਹੇ ਕੁਰਲਾਈਆ । ਨਵਖੰਡ ਰੋਵੇ ਜ਼ਾਰੋ ਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਨਿਗਾਹ ਮਾਰ ਪਰਵਰਦਿਗਾਰ, ਸਾਂਝੇ ਯਾਰ ਨੂਰ ਅਲਾਹੀਆ । ਅਸੀਂ ਤੇਰੀ ਕਰਦੇ ਇੰਤਜ਼ਾਰ, ਪੇਸ਼ੀਨਗੋਈਆਂ ਹੱਥ ਉਠਾਈਆ । ਤੂੰ ਦੋ ਜਹਾਨਾਂ ਹੋ ਜ਼ਾਹਰ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਤੇਰੀ ਸ਼ਬਦੀ ਸੁਣੀਏ ਗੁਫ਼ਤਾਰ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਤੂੰ ਨਿਰਗੁਣ ਦਾਤਾ ਸਭ ਦਾ ਸਾਂਝਾ ਯਾਰ, ਯਾਮਬੀਨ ਇਕ ਅਖਵਾਈਆ । ਤੇਰੇ ਸਭ ਕੁਛ ਅਖ਼ਤਿਆਰ, ਮੁਖ਼ਤਿਆਰ ਗੁਰ ਅਵਤਾਰ ਰਹੇ ਸੁਣਾਈਆ । ਤੂੰ ਚਾਰ ਜੁਗ ਦਾ ਸਿਕਦਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਵਜਦੀ ਰਹੀ ਵਧਾਈਆ । ਲੱਖ ਚੁਰਾਸੀ ਤੇਰੇ ਚਰਨ ਕਵਲ ਪਨਿਹਾਰ, ਦਾਸੀ ਹੋ ਕੇ ਸੇਵ ਕਮਾਈਆ । ਤੂੰ ਵੇਖਣਹਾਰਾ ਏਕੰਕਾਰ, ਅਕਲ ਕਲਧਾਰੀ ਇਕ ਅਖਵਾਈਆ । ਸਾਡੀ ਬੇਨੰਤੀ ਸੁਣਨੀ ਨਾਲ ਪਿਆਰ, ਪ੍ਰੇਮ ਪ੍ਰੀਤੀ ਵਿਚ ਜਣਾਈਆ । ਨਿਰਗੁਣ ਨੂਰ ਕਰ ਉਜਿਆਰ, ਜੋਤੀ ਜਾਤਾ ਹੋ ਕੇ ਡਗਮਗਾਈਆ । ਤੂੰ ਨਿਹਕਲੰਕ ਕਲ ਕਲਕੀ ਅਵਤਾਰ, ਕਲਕਾਤੀਆਂ ਕਰ ਸਫ਼ਾਈਆ । ਦਰ ਤੇਰੇ ਬੇਨੰਤੀ ਰਹੇ ਗੁਜ਼ਾਰ, ਗੁਜ਼ਾਰਸ਼ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਪ੍ਰਭ ਤੋਂ ਪੁਛੇ ਸਲਾਹ, ਮਸ਼ਵਰਾ ਦੀਨ ਦੁਨੀ ਬਾਹਰ ਜਣਾਈਆ । ਪੁਰਖ ਅਕਾਲੇ ਤੇਰਾ ਖੇਲ ਬੇਪਰਵਾਹ, ਅਗੰਮ ਅਥਾਹ ਤੇਰੀ ਵਡਿਆਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ, ਅਕਲ ਕਲਧਾਰੀ ਇਕ ਅਖਵਾਈਆ । ਤੂੰ ਵਾਲੀ ਦੋ ਜਹਾਂ, ਨਿਰਗੁਣ ਸਰਗੁਣ ਆਪਣਾ ਹੁਕਮ ਵਰਤਾਈਆ । ਤੇਰਾ ਲਹਿਣਾ ਦੇਣਾ ਜ਼ਿਮੀਂ ਅਸਮਾਂ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਵਜਦੀ ਰਹੇ ਵਧਾਈਆ । ਨਿਗਾਹ ਮਾਰ ਲੈ ਮਾਣ ਰਿਹਾ ਨਾ ਕਿਸੇ ਕਲਮੇ ਨਾਂ, ਕਾਇਨਾਤ ਰਹੀ ਕੁਰਲਾਈਆ । ਝਗੜਾ ਤਕ ਲੈ ਸੂਰ ਗਾਂ, ਮਾਨਸ ਮਾਨਵ ਮਾਨੁਖ ਪਸ਼ੂਆਂ ਖੱਲ ਲੁਹਾਈਆ । ਭਾਗ ਲੱਗਾ ਦਿਸੇ ਨਾ ਕਿਸੇ ਖੇੜੇ ਗਰਾਂ, ਸਾਢੇ ਤਿੰਨ ਹੱਥ ਵਜੇ ਨਾ ਕੋਇ ਵਧਾਈਆ । ਕਲਜੁਗ ਕੂੜ ਅੰਧੇਰਾ ਗਿਆ ਛਾ, ਸ਼ਹਿਨਸ਼ਾਹ ਤੇਰੇ ਰੰਗ ਨਾ ਕੋਇ ਸਮਾਈਆ । ਦੀਨ ਮਜ਼੍ਹਬ ਤੇਰੀ ਮੰਜ਼ਲ ਭੁੱਲੇ ਰਾਹ, ਰਹਿਬਰ ਰੰਗ ਨਾ ਕੋਇ

ਰੰਗਾਈਆ । ਢੋਲਾ ਗਾਏ ਕੋਈ ਨਾ ਸਾਹ ਸਾਹ, ਸਵਾਸ ਸਵਾਸ ਨਾ ਕੋਇ ਧਿਆਈਆ । ਦੁਖੀ ਹੋ ਕੇ ਪੁਕਾਰੇ ਧਰਤੀ ਮਾਂ, ਮੇਰੀ ਮੁਹੱਬਤ ਵਿਚ ਨਾ ਕੋਇ ਸਮਾਈਆ । ਮਾਨਸ ਜ਼ਾਤੀ ਕਲਜੁਗ ਕੂੜੀ ਕਿਰਿਆ ਕਰੇ ਗੁਨਾਹ, ਪਤਤ ਪੁਨੀਤ ਨਜ਼ਰ ਕੋਇ ਨਾ ਆਈਆ । ਮੇਰੇ ਮਿਹਰਵਾਨੇ ਸ੍ਰੀ ਭਗਵਾਨੇ ਕਲਜੁਗ ਅੰਤ ਮੇਰੇ ਉਤੇ ਚਰਨ ਛੁਹਾ, ਸ਼ਹਿਨਸ਼ਾਹ ਆਪਣਾ ਭੇਵ ਚੁਕਾਈਆ । ਤੈਨੂੰ ਸਾਰੇ ਗਏ ਗਾ, ਢੋਲੇ ਸਿਫ਼ਤਾਂ ਵਿਚ ਰਾਗ ਦ੍ਰਿੜਾਈਆ । ਅੰਤਮ ਆਵੇ ਬੇਪਰਵਾਹ, ਪੁਰਖ ਅਕਾਲਾ ਨੂਰ ਅਲਾਹੀਆ । ਜਿਸ ਨੂੰ ਪੈਗ਼ੰਬਰਾਂ ਕੀਤੀ ਦੁਆ, ਸਿਰ ਸਰ ਕ਼ਦਮਾਂ ਵਿਚ ਝੁਕਾਈਆ । ਤੂੰ ਮਾਲਕ ਅਗੰਮ ਅਥਾਹ, ਜਲਵਾਗਰ ਨੂਰ ਅਲਾਹੀਆ । ਮੇਰੇ ਉਤੋਂ ਧਰਨੀ ਕਹੇ ਕਲਜੁਗ ਕਰ ਅਲਵਿਦਾ, ਸਤਿਜੁਗ ਸਤਿ ਧਰਮ ਪਰਗਟਾਈਆ । ਅਵਤਾਰ ਪੈਗ਼ੰਬਰ ਗੁਰ ਬੈਠਣ ਇਕੋ ਥਾਂ, ਮੰਦਰ ਮਸਜਿਦ ਸ਼ਿਵਦਵਾਲੇ ਮਠ ਚਰਚ ਗੁਰੂਦੁਆਰ ਵੰਡ ਨਾ ਕੋਇ ਵੰਡਾਈਆ । ਇਕੋ ਤੇਰਾ ਨਾਉਂ ਨਿਰੰਕਾਰਾ ਜਪਿਆ ਜਾਏ ਨਾਂ, ਤੇਰੀ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਹੋ ਕੇ ਪਕੜਨੀ ਬਾਂਹ, ਨਿਰਵੈਰ ਹੋ ਕੇ ਆਪਣੀ ਦਇਆ ਕਮਾਈਆ ।

### ੯ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਨਿਆ ਸਾਲਾ ਜ਼ਿਲਾ ਗੁਰਦਾਸਪੁਰ ਸਵਰਗਵਾਸੀ ਕਰਮ ਸਿੰਘ ਦੇ ਨਵਿਤ

੯੩੧ ਧਰਨੀ ਕਹੇ ਜਨ ਭਗਤੋ ਪਰਮ ਪੁਰਖ ਦੀ ਰਖੋ ਯਾਦ, ਯਾਦਾਸ਼ਤ ਭੁਲ ਕਦੇ ਨਾ ਜਾਈਆ । ਜੋ ਸਭ ਦੀ ਸੁਣਨਹਾਰਾ ਫ਼ਰਿਆਦ, ਦੋ ੯੩੧
੨੪ ਜਹਾਨਾਂ ਮਾਲਕ ਨੂਰ ਅਲਾਹੀਆ । ਜਿਸ ਅਵਤਾਰ ਪੈਗ਼ੰਬਰਾਂ ਗੁਰੂਆਂ ਦਿਤੀ ਅਗੰਮ ਇਮਦਾਦ, ਵਸਤ ਅਮੁਲ ਅਤੁਲ ਵਰਤਾਈਆ । ਉਸ ੨੪
ਸੁਆਮੀ ਨੂੰ ਦਿਵਸ ਰੈਣ ਲੈਣਾ ਅਰਾਧ, ਹਿਰਦੇ ਅੰਦਰ ਲੈਣਾ ਵਸਾਈਆ । ਬਿਸਮਲ ਧਾਰ ਹੋਣਾ ਵਿਸਮਾਦ, ਜਗਤ ਵਿਸ਼ਾ ਨਾ ਕੋਇ ਜਣਾਈਆ । ਜਿਸ ਨੇ ਰਚਨਾ ਰਚੀ ਤੁਹਾਡੀ ਆਦਿ, ਅੰਤ ਹੋਏ ਆਪ ਸਹਾਈਆ । ਉਹ ਮਾਲਕ ਖ਼ਾਲਕ ਮੋਹਨ ਮਾਧਵ ਮਾਧ, ਮਧੁਰ ਧੁਨ ਦਏ ਸੁਣਾਈਆ । ਜੋ ਏਥੇ ਓਥੇ ਦੋ ਜਹਾਨਾਂ ਕਰੇ ਇਮਦਾਦ, ਸਦਾ ਹੋਏ ਸਹਾਈਆ । ਜੋ ਬਣਾਵਣਹਾਰਾ ਸੰਤ ਸਾਧ, ਸੂਫ਼ੀਆਂ ਸੰਤਾਂ ਨਾਲ ਮਿਲਾਈਆ । ਜਿਸ ਦਾ ਖੇੜਾ ਧਰਮ ਹੋਵੇ ਆਬਾਦ, ਜੜ੍ਹ ਸਕੇ ਨਾ ਕੋਇ ਉਖੜਾਈਆ । ਉਹ ਨੂਰ ਨੁਰਾਨਾ ਸ਼ਾਹ ਸੁਲਤਾਨਾ ਸਤਿ ਸਚ ਦਾ ਮਹਾਰਾਜ, ਮਹਿਬੂਬ ਅਗੰਮ ਅਥਾਹੀਆ । ਜਿਸ ਕਲਜੁਗ ਕੂੜੀ ਕਿਰਿਆ ਨਾਲੋਂ ਕਰਨਾ ਆਜ਼ਾਦ, ਜਗਤ ਸ਼ਰਅ ਬੰਧਨ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਰ ਮਿਲੇ ਵਡਿਆਈਆ । ਧਰਨੀ ਕਹੇ ਜਨ ਭਗਤੋ ਪਰਮ ਪੁਰਖ ਦੀ ਰਖੋ ਓਟ, ਓੜਕ ਧਿਆਨ ਰਖਾਈਆ । ਕਾਇਆ ਮੰਦਰ ਅੰਦਰੋਂ ਕਢਣੀ ਖੋਟ, ਖੋਟੇ ਖਰੇ ਰੂਪ ਬਦਲਾਈਆ । ਨਾਮ ਨਿਧਾਨ ਸ੍ਰੀ ਭਗਵਾਨ ਲਗਾਏ ਅਗੰਮੀ ਚੋਟ, ਚੋਟੀ ਚੜ੍ਹ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਅਗੰਮ ਦੇਣਾ ਰੰਗਾਈਆ । ਧਰਨੀ ਕਹੇ ਜਨ ਭਗਤੋ ਪਰਮ ਪੁਰਖ ਨੂੰ ਕਰੋ ਸਲਾਮ, ਸਜਦਿਆਂ ਵਿਚ ਸੀਸ ਨਿਵਾਈਆ । ਉਹ ਮਾਲਕ ਖ਼ਾਲਕ ਧੁਰ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜਿਸ ਦੀ ਜਬਰਾਈਲ ਦੱਸੇ ਕਲਾਮ, ਪੈਗ਼ਾਮ ਅਗੰਮ ਅਥਾਹੀਆ । ਉਹ ਦੇਵਣਹਾਰ ਹਕ਼ੀਕ਼ੀ ਜਾਮ, ਬਿਨ

ਰਸਨਾ ਰਸ ਚਖਾਈਆ । ਉਸ ਦਾ ਆਦਿ ਅੰਤ ਦਾ ਇਕੋ ਇਸਲਾਮ, ਇਸਮ ਆਜ਼ਮ ਇਕ ਵਖਾਈਆ । ਜਿਸ ਦੇ ਸਾਰੇ ਹੋਣ ਗ਼ੁਲਾਮ, ਬਰਦੇ ਬਣ ਕੇ ਸੀਸ ਨਿਵਾਈਆ । ਜੋ ਸ਼ਰਅ ਦੇ ਝਗੜੇ ਮੇਟੇ ਤਮਾਮ, ਤਮੰਨਾ ਕਲਜੁਗ ਕਿਰਿਆ ਕੂੜ ਮਿਟਾਈਆ । ਜਿਸ ਦਾ ਲਹਿਣਾ ਜ਼ਿਮੀਂ ਉਤੇ ਅਸਮਾਨ, ਨੂਰ ਨੁਰਾਨਾ ਨੂਰ ਅਲਾਹੀਆ । ਸੋ ਪੁਰਖ ਅਕਾਲਾ ਦੀਨ ਦਿਆਲਾ ਖੇਲੇ ਖੇਲ ਮਹਾਨ, ਪਰਵਰਦਿਗਾਰ ਸਾਂਝਾ ਯਾਰ ਆਪਣੀ ਕਲ ਵਰਤਾਈਆ । ਜਿਸ ਨੂੰ ਆਦਿ ਜੁਗਾਦਿ ਝੁਕਦੇ ਅਵਤਾਰ ਪੈਗ਼ੰਬਰ ਗੁਰ ਤਮਾਮ, ਤਮੰਨਾ ਦੀਨ ਦੁਨੀ ਨਾ ਕੋਇ ਰਖਾਈਆ । ਅੰਤ ਕੰਤ ਭਗਵੰਤ ਜਨ ਭਗਤਾਂ ਕਰੇ ਇੰਤਜ਼ਾਮ, ਬੰਦੋਬਸਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਰਅ ਦੇ ਲੇਖੇ ਮੁਕਾਏ ਤਮਾਮ, ਤਮੰਨਾ ਦੀਨ ਮਜ਼੍ਹਬ ਰਹਿਣ ਕੋਇ ਨਾ ਪਾਈਆ ।



✪ ੭ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਭੂਮਲੀ ਜ਼ਿਲਾ ਗੁਰਦਾਸਪੁਰ ਕਰਤਾਰ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਮਾਨਸ ਮਾਨਵ ਮਾਨੁਖ ਕਰ ਪਤਤ ਪੁਨੀਤ, ਪਰਮ ਪੁਰਖ ਪਰਮਾਤਮ ਆਪਣੀ ਦਇਆ ਕਮਾਈਆ । ਨਿਰਗੁਣ ਸਰਗੁਣ ਆਤਮ ਪਰਮਾਤਮ ਦੱਸ ਅਗੰਮੀ ਰੀਤ, ਰੀਤੀਵਾਨ ਸ੍ਰੀ ਭਗਵਾਨ ਤੇਰੇ ਹੱਥ ਵਡਿਆਈਆ । ਜੋਤੀ ਜਾਤੇ ਪੁਰਖ ਵਿਧਾਤੇ ਆਤਮ ਪਰਮਾਤਮ ਦੱਸ ਗੀਤ, ਪਾਰਬ੍ਰਹਮ ਬ੍ਰਹਮ ਢੋਲਾ ਗਾਵਣ ਚਾਈਂ ਚਾਈਂਆ । ਹਰ ਹਿਰਦੇ ਅੰਤਰ ਨਿਰੰਤਰ ਅੰਮ੍ਰਿਤ ਰਸ ਬਖ਼ਸ਼ ਠਾਂਡਾ ਸੀਤ, ਅਗਨੀ ਤਤਵ ਤਤ ਨਾ ਕੋਇ ਤਪਾਈਆ । ਪੁਰਖ ਅਕਾਲੇ ਦੀਨ ਦਿਆਲੇ ਵਸਣਾ ਹਰ ਘਟ ਚੀਤ, ਠਗੌਰੀ ਚਿਤ ਮਨ ਰਹੇ ਨਾ ਰਾਈਆ । ਤੂੰ ਮਾਲਕ ਖ਼ਾਲਕ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਤੇਰੀ ਸਰਨਾਈਆ । ਝਗੜਾ ਮੁਕਾ ਦੇ ਮੰਦਰ ਮਸੀਤ, ਕਾਇਆ ਕਾਅਬਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭੂ ਮਾਨਵ ਜ਼ਾਤੀ ਬਖ਼ਸ਼ ਪਿਆਰ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਘਰ ਮੰਦਰ ਅੰਦਰ ਕਰ ਉਜਿਆਰ, ਸਾਢੇ ਤਿੰਨ ਹੱਥ ਕਰ ਰੁਸ਼ਨਾਈਆ । ਸਾਚੀ ਬਖ਼ਸ਼ ਸ਼ਬਦ ਧੁਨਕਾਰ, ਅਨਹਦ ਨਾਦੀ ਨਾਦ ਕਰ ਸ਼ਨਵਾਈਆ । ਅੰਮ੍ਰਿਤ ਬਖ਼ਸ਼ ਅਗੰਮਾ ਠਾਂਡਾ ਠਾਰ, ਬਿਨ ਰਸਨਾ ਜਿਹਵਾ ਦੇ ਚਖਾਈਆ । ਜੀਵਾਂ ਜੰਤਾਂ ਪਾ ਸਾਰ, ਮਹਾਸਾਰਥੀ ਹੋ ਕੇ ਵੇਖ ਵਖਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਇਕ ਇਕੱਲਾ ਏਕੰਕਾਰ, ਵਾਹਿਦ ਤੇਰੇ ਹੱਥ ਵਡਿਆਈਆ । ਕਿਰਪਾ ਕਰ ਦੇ ਮੇਰੇ ਪਰਵਰਦਿਗਾਰ, ਸਾਂਝੇ ਯਾਰ ਨੂਰ ਅਲਾਹੀਆ । ਮੈਂ ਮੰਗਤੀ ਦਰ ਭਿਖਾਰ, ਭਿੱਖਕ ਹੋ ਕੇ ਝੋਲੀ ਡਾਹੀਆ । ਤੂੰ ਵਸਤ ਅਮੋਲਕ ਮੇਰੀ ਝੋਲੀ ਦੇਣੀ ਡਾਰ, ਅਤੋਟ ਅਤੁਟ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਇਕ ਰਖਾਈਆ । ਧਰਨੀ ਕਹੇ ਪ੍ਰਭ ਮਾਨਵ ਜ਼ਾਤੀ ਕਰ ਦੇ ਬੁਧਿ ਬਿਬੇਕ, ਪਤਤ ਪੁਨੀਤ ਆਪ ਬਣਾਈਆ । ਆਤਮ ਪਰਮਾਤਮ ਦੇ ਟੇਕ, ਈਸ਼ ਜੀਵ ਜਗਦੀਸ਼ ਆਪਣੇ ਰੰਗ ਰੰਗਾਈਆ । ਤ੍ਰੈਗੁਣ ਮਾਇਆ ਲਾਏ ਨਾ ਸੇਕ, ਕਲਜੁਗ ਕੂੜ ਅਗਨ ਨਾ ਕੋਇ ਤਪਾਈਆ । ਸਤਿ

ਸਤਿਵਾਦੀ ਹੋ ਕੇ ਖੋਲ੍ਹ ਦੇ ਭੇਤ, ਭੇਵ ਅਭੇਦਾ ਦੇ ਜਣਾਈਆ । ਸੁਰਤੀ ਸ਼ਬਦ ਕਰਾ ਦੇ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਦਰਸ਼ਨ ਦੇ ਦੇ ਨੇਤਨ ਨੇਤ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਮੇਰੇ ਉਤੇ ਰੁਤਿ ਸੁਹੰਜਣੀ ਮੌਲੇ ਚੇਤ, ਪੱਤ ਟਹਿਣੀ ਲੱਖ ਚੁਰਾਸੀ ਜੀਵ ਜੰਤ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮਾਨਵ ਤੇਰੇ ਚਰਨ ਕਵਲ ਹੋਣ ਪੁਜਾਰੀ, ਪੂਜਾ ਪਾਥਰ ਪਾਹਨ ਰਹਿਣ ਕੋਇ ਨਾ ਪਾਈਆ । ਏਕਾ ਇਸ਼ਟ ਹੋਵੇ ਜੋਤ ਨੂਰ ਉਜਿਆਰੀ, ਜੋਤੀ ਜਾਤੇ ਪੁਰਖ ਬਿਧਾਤੇ ਤੇਰੀ ਆਸ ਰਖਾਈਆ । ਜੋ ਸੰਦੇਸ਼ਾ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰੀ, ਅਵਤਰੀ ਹੋ ਕੇ ਵੇਖ ਵਖਾਈਆ । ਮੇਰੇ ਉਤੇ ਲਹਿਣਾ ਦੇਣਾ ਪੂਰਾ ਕਰ ਦੇ ਵਿਸ਼ਨ ਬ੍ਰਹਮਾ ਸ਼ਿਵ ਸੰਸਾਰੀ ਭੰਡਾਰੀ ਸੰਘਾਰੀ, ਸਤਿਗੁਰ ਸ਼ਬਦ ਨਾਲ ਵਡਿਆਈਆ । ਮੇਰੀ ਨਮੋ ਨਮੋ ਨਿਮਸਕਾਰੀ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਸਿਕਦਾਰੀ, ਸ਼ਹਿਨਸ਼ਾਹ ਨੂਰ ਅਲਾਹੀਆ । ਮੇਰੀ ਅੰਤ ਕੰਤ ਭਗਵੰਤ ਪੈਜ ਦੇਣੀ ਸਵਾਰੀ, ਸਿਰ ਮੇਰੇ ਹੱਥ ਟਿਕਾਈਆ । ਧਰਨੀ ਕਹੇ ਮੈਂ ਬਿਨ ਨੇਤਰ ਰੋਵਾਂ ਜ਼ਾਰੋ ਜ਼ਾਰੀ, ਜ਼ਾਹਰ ਜ਼ਹੂਰ ਤੇਰੇ ਅਗੇ ਵਾਸਤਾ ਪਾਈਆ । ਤੂੰ ਮਿਹਰਵਾਨ ਮਹਿਬੂਬ ਖ਼ਾਲਕ ਖ਼ਲਕ ਜਲਵਾਗਰ ਚੌਬੀਸਾ ਜਗਦੀਸਾ ਇਕ ਅਵਤਾਰੀ, ਅਵਤਰ ਹੋ ਕੇ ਵੇਖਣਾ ਥਾਉਂ ਥਾਈਂਆ । ਮੇਰੇ ਅਮਾਮ ਜਲਵਾਗਰ ਨੂਰ ਨੁਰਾਨਾ ਕਰਨਾ ਜ਼ਾਹਰੀ, ਜ਼ਾਹਰ ਜ਼ਹੂਰ ਮੇਰਾ ਪਰਦਾ ਦੇ ਉਠਾਈਆ । ਮੇਰੀ ਬੇਨੰਤੀ ਸੁਣ ਪੁਕਾਰੀ, ਪੁਨਹ ਪੁਨਹ ਸੀਸ ਨਿਵਾਈਆ । ਧਰਨੀ ਕਹੇ ਪ੍ਰਭੂ ਤੇਰੇ ਚਰਨ ਕਵਲ ਜਾਵਾਂ ਬਲਿਹਾਰੀ, ਬਲ ਬਲ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਲਹਿਣਾ ਦੇਣਾ ਲੇਖਾ ਪੂਰਾ ਕਰ ਦੇ ਕਲਜੁਗ ਅੰਤਮ ਵਾਰੀ, ਵਾਰਸ ਹੋ ਕੇ ਆਪਣੀ ਦਇਆ ਕਮਾਈਆ ।


੬੩੩
੨੪

### ੯ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਗੈਹਿਣਾ ਸਿੰਘ

ਗੈਹਿਣਾ ਸਿੰਘ ਤਨ ਖ਼ੁਸ਼ੀਆਂ ਪਾਉਣਾ ਗਹਿਣਾ, ਪੰਜ ਤਤ ਮਿਲੇ ਮਾਣ ਵਡਿਆਈਆ । ਤੇਰਾ ਲੇਖਾ ਬਾਲਮੀਕ ਰਿਸ਼ੀ ਲਿਖਿਆ ਵਿਚ ਰਮਾਇਣਾ, ਰਾਮ ਦੇ ਰਾਮ ਨਾਲ ਵਡਿਆਈਆ । ਪਰਭਾਸ ਵਿਚ ਤੇਰਾ ਹੁੰਦਾ ਸੀ ਰਹਿਣਾ, ਪੰਚਬਟੀ ਦਏ ਗਵਾਹੀਆ । ਤੇਰਾ ਨਾਉਂ ਹੁੰਦਾ ਸੀ ਨੈਣਾ, ਨੈਣੂ ਕਹਿ ਕੇ ਸਾਰੇ ਬੁਲਾਈਆ । ਵੈਰਾਗੀਆਂ ਨਾਲ ਹੁੰਦਾ ਸੀ ਬਹਿਣਾ, ਆਪਣੀ ਖ਼ੁਸ਼ੀ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਅਗੰਮ ਗੁਸਾਂਈਆ । ਗੈਹਿਣਾ ਸਿੰਘ ਆ ਗਿਆ ਬਾਲਮੀਕ, ਆਪਣਾ ਪੰਧ ਮੁਕਾਈਆ । ਜਿਹੜੀ ਤੈਨੂੰ ਬਖ਼ਸ਼ੀ ਤਰੀਕ, ਤਰੀਕੇ ਨਾਲ ਪਾਲ ਸਿੰਘ ਦਾ ਮੇਲ ਮਿਲਿਆ ਚਾਈਂ ਚਾਈਂਆ । ਜਿਸ ਦੀ ਕ਼ਲਮ ਵਿਚ ਤੌਫ਼ੀਕ਼, ਤੇਰਾ ਪੂਰਬ ਲੇਖ ਸਮਝਾਈਆ । ਜਿਸ ਦਾ ਲਹਿਣਾ ਬੜਾ ਬਾਰੀਕ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਪਰਮ ਪੁਰਖ ਪਰਮਾਤਮ ਵੇਖੇ ਨਜ਼ਦੀਕ, ਦੂਰ ਦੁਰਾਡਾ ਆਪਣਾ ਪੰਧ ਮੁਕਾਈਆ । ਪਿਛਲੇ ਜਨਮ ਦੀ ਸ਼ਹਾਦਤ ਵੇਖ ਤਾਰੀਖ਼, ਤਵਾਰੀਖ਼ ਧੁਰ ਦੀ ਆਪ ਸਮਝਾਈਆ । ਜਗਤ ਕਰਮ ਦੇ ਲੇਖੇ ਮਾਰ ਲੀਕ, ਭੁਲੇਖਾ

ਅੰਦਰੋਂ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਂਈਆ । ਨੈਣੂ ਤਕ ਲੈ ਨਾਲ ਨੈਣ ਅੱਖ, ਅੱਖਰਾਂ ਬਾਹਰ ਸਮਝਾਈਆ । ਤਰੇਤਾ ਦੁਆਪਰ ਕਲਜੁਗ ਰਿਹਾ ਵਖ, ਅੰਤ ਮੇਲਾ ਮਿਲਿਆ ਚਾਈਂ ਚਾਈਆ । ਅਗੇ ਝੋਲੀ ਰਹਿਣ ਨਾ ਦੇਵੇ ਸਖ, ਸਿਰ ਆਪਣਾ ਹੱਥ ਟਿਕਾਈਆ । ਜਿਉਂ ਭਾਵੇ ਤਿਉਂ ਲਏ ਰਖ, ਇਹ ਪ੍ਰਭ ਦੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਗੈਹਿਣਾ ਸਿੰਘ ਗੌਹੁ ਨਾਲ ਕਰਨਾ ਵਿਚਾਰ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਤੇਰਾ ਪੂਰਬਲਾ ਜਨਮ ਵੇਖ ਵਿਚ ਸੰਸਾਰ ਅੰਤਮ ਕਲਜੁਗ ਬੰਨ੍ਹੀ ਧਾਰ, ਧਰਨੀ ਧਰਤ ਧਵਲ ਧੌਲ ਦਿਤੀ ਵਡਿਆਈਆ । ਜਨਮ ਵਿਚੋਂ ਜਨਮ ਮਿਲਿਆ ਅਪਾਰ, ਅਪਰੰਪਰ ਸੁਆਮੀ ਵੇਖ ਵਖਾਈਆ । ਤੇਰਾ ਲਹਿਣਾ ਦੇਣਾ ਪੂਰਬ ਦਏ ਉਤਾਰ, ਕ਼ਰਜ਼ਾ ਜਗਤ ਰਹੇ ਨਾ ਰਾਈਆ । ਦੁਖ ਦਲਿਦ੍ਰ ਦਏ ਨਿਵਾਰ, ਸੁਖ ਸਾਗਰ ਰੂਪ ਸਮਾਈਆ । ਭੂਤ ਪ੍ਰੇਤ ਕੋਈ ਹੋ ਨਾ ਸਕੇ ਸਵਾਰ, ਜਿੰਨ ਖੁਵੀਸ ਨਾ ਕੋਇ ਚੁਤਰਾਈਆ । ਕਿਰਪਾ ਕਰੇ ਆਪ ਕਰਤਾਰ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਦਏ ਇਕ ਅਧਾਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ ।

ਪਾਲ ਸਿੰਘ ਤੇਰੀ ਪ੍ਰਭ ਕਰੇ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਦੀਨਾ ਬੰਧਪ ਬਣੇ ਦੀਨ ਦਿਆਲ, ਸਿਰ ਆਪਣਾ ਹੱਥ ਰਖਾਈਆ । ਧਰਮ ਦੀ ਧਾਰ ਬਣਾ ਕੇ ਲਾਲ, ਲਾਲਨ ਧੁਰ ਦਾ ਰੰਗ ਚੜ੍ਹਾਈਆ । ਸਾਚਾ ਮਾਰਗ ਬਖ਼ਸ਼ ਸੁਖਾਲ, ਸੁਖ ਸਾਗਰ ਵਿਚ ਰਖਾਈਆ । ਜਗਤ ਰੋਗ ਘਾਲਣੀ ਪਏ ਨਾ ਘਾਲ, ਦਿਲ ਦਲਿਦ੍ਰ ਦੂਰ ਕਰਾਈਆ । ਉਹ ਅੰਤਰ ਆਤਮ ਪਰਮਾਤਮ ਹੋ ਕੇ ਵਸੇ ਨਾਲ, ਮੇਲਾ ਰਖੇ ਚਾਈਂ ਚਾਈਆ । ਸਚ ਬੇਨੰਤੀ ਧਰਮ ਸਵਾਲ, ਕਰਮ ਆਪਣੇ ਰੰਗ ਰੰਗਾਈਆ । ਜਗਤ ਸੋਗ ਵਿਚੋਂ ਕਰ ਬਹਾਲ, ਰੋਗ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤਨ ਵਜੂਦ ਸਰੀਰ ਕਰੇ ਆਪ ਸੰਭਾਲ, ਸੰਬਲ ਦਾ ਮਾਲਕ ਹੋ ਕੇ ਵੇਖ ਵਖਾਈਆ ।

### ✪ ੧੯ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਸਵਰਗ ਵਾਸੀ ਗੁਰਬਚਨ ਕੌਰ ਕੱਲਾ ਦੇ ਨਵਿਤ ✪

ਧਰਨੀ ਕਹੇ ਮੈਨੂੰ ਕਲਜੁਗ ਅੰਤਮ ਖ਼ੁਸ਼ੀ ਬੜੀ, ਖ਼ੁਸ਼ਹਾਲੀ ਵਿਚ ਗੁਰ ਗੋਪਾਲ ਧਿਆਨ ਲਗਾਈਆ । ਮੈਂ ਨਿਰਗੁਣ ਧਾਰ ਪਰਮ ਪੁਰਖ ਦੀ ਸਰਨੀ ਪੜੀ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਮੇਰੇ ਉਤੇ ਪੁਰਖ ਅਕਾਲੇ ਕੀਤੀ ਸੁਹੰਜਣੀ ਘੜੀ, ਪਲ ਪਲਕਾਂ ਦੇ ਪਿਛੇ ਵੇਖ ਵਖਾਈਆ । ਸਤਿ ਧਰਮ ਦੀ ਧਾਰ ਮੇਰੇ ਉਤੇ ਦਿਸੇ ਗੜੀ, ਗੜ੍ਹੀ ਚਮਕੌਰ ਦਏ ਗਵਾਹੀਆ । ਮੈਂ ਸਚ ਦੁਆਰ ਏਕੰਕਾਰ ਦਰ ਖੜੀ, ਦਰਗਾਹ

ਸਾਚੀ ਸੀਸ ਨਿਵਾਈਆ । ਆਦਿ ਜੁਗਾਦਿ ਪ੍ਰਭ ਤੇਰੀ ਭਗਤਾਂ ਨਾਲ ਬਣੀ ਰਹੀ ਲੜੀ, ਤੰਦ ਸਿਤਾਰ ਨਾ ਕੋਇ ਤੁੜਾਈਆ । ਮੈਨੂੰ ਖ਼ੁਸ਼ੀ ਮੇਰੇ ਮਿਹਰਵਾਨਾ ਮੇਰੇ ਉਤੇ ਤੇਰੇ ਭਗਤਾਂ ਤਨ ਵਜੂਦ ਬਣੇ ਮੜ੍ਹੀ, ਖ਼ਾਕੀ ਖ਼ਾਕ ਰੰਗ ਰੰਗਾਈਆ । ਜਿਨ੍ਹਾਂ ਦੀ ਜੀਵਣ ਜ਼ਿੰਦਗੀ ਸ਼ੌਹ ਦਰਿਆ ਕਦੀ ਨਾ ਹੜ੍ਹੀ, ਚੁਰਾਸੀ ਵੰਡ ਨਾ ਕੋਇ ਵੰਡਾਈਆ । ਉਨ੍ਹਾਂ ਭਾਗ ਲੱਗਾ ਹਡ ਮਾਸ ਨੜੀ, ਤਨ ਵਜੂਦ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਮੜ੍ਹੀ ਕਹੇ ਮੈਂ ਭਗਤਾਂ ਤਨ ਵਜੂਦ ਕੀਤਾ ਖ਼ਾਕ, ਤਨ ਮਾਟੀ ਨਜ਼ਰ ਕੋਇ ਨਾ ਆਈਆ । ਆਤਮ ਧਾਰ ਤੱਕਿਆ ਪ੍ਰਭੂ ਦਾ ਸਾਕ, ਅੰਤ ਸਤਿਗੁਰ ਵਿਚ ਸਮਾਈਆ । ਜਿਸ ਦਾ ਖੁਲ੍ਹਾ ਸਦਾ ਤਾਕ, ਸਚਖੰਡ ਦੁਆਰ ਬੰਦ ਨਾ ਕੋਇ ਕਰਾਈਆ । ਸੋ ਸ਼ਬਦ ਘੋੜੇ ਚੜ੍ਹ ਕੇ ਰਾਕ, ਹਰਿਜਨ ਭੱਜਣ ਵਾਹੋ ਦਾਹੀਆ । ਮੈਨੂੰ ਯਾਦ ਆਉਂਦਾ ਅਵਤਾਰ ਪੈਗ਼ੰਬਰਾਂ ਗੁਰੂਆਂ ਵਾਲਾ ਵਾਕ, ਭਵਿਖਤ ਭਵਿਖਤਾਂ ਵਿਚੋਂ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਬਣੇ ਸੱਜਣ ਸਾਕ, ਸੁਹੇਲਾ ਇਕੋ ਨਜ਼ਰੀ ਆਈਆ । ਈਸਾ ਕਹੇ ਮੇਰਾ ਇਸ਼ਾਰਾ ਦੇਵੇ ਕਲਾਕ, ਜਗਤ ਘੜੀ ਪਲ ਵੰਡ ਨਾ ਕੋਇ ਵੰਡਾਈਆ । ਮੇਰੇ ਪਰਵਰਦਿਗਾਰ ਸਾਂਝੇ ਯਾਰ ਮੇਲ ਕਰਨਾ ਨਾਲ ਇਤਫ਼ਾਕ, ਇਤਫ਼ਾਕੀਆ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਂਈਆ । ਮੜ੍ਹੀ ਕਹੇ ਮੇਰੇ ਵਿਚ ਤਨ ਵਜੂਦ ਹੋਇਆ ਸੁਆਹ, ਮਾਟੀ ਨਜ਼ਰ ਕਿਛ ਨਾ ਆਈਆ । ਇਹ ਖੇਲ ਬੇਪਰਵਾਹ, ਜੋ ਬੇਪਰਵਾਹੀ ਵਿਚ ਸਮਾਈਆ । ਜੋ ਆਦਿ ਜੁਗਾਦਿ ਭਗਤਾਂ ਬਣੇ ਮਲਾਹ, ਖੇਵਟ ਖੇਟਾ ਧੁਰਦਰਗਾਹੀਆ । ਸ਼ਬਦ ਦਏ ਸਲਾਹ, ਮਸ਼ਵਰਾ ਇਕੋ ਨਾਮ ਦ੍ਰਿੜਾਈਆ । ਨਿਰਗੁਣ ਧਾਰ ਹੋ ਕੇ ਪਕੜੇ ਬਾਂਹ, ਫੜ ਬਾਹੋਂ ਆਪ ਉਠਾਈਆ । ਨਿਥਾਵਿਆਂ ਦੇਵੇ ਸਾਚਾ ਥਾਂ, ਥਾਨ ਥਨੰਤਰ ਇਕ ਸੁਹਾਈਆ । ਨਾਮ ਨਿਧਾਨ ਬਖ਼ਸ਼ ਕੇ ਨਾਂ, ਨਾਉਂ ਨਿਰੰਕਾਰ ਰੰਗ ਰੰਗਾਈਆ । ਸਚਖੰਡ ਦੁਆਰ ਸੁਹਾ ਕੇ ਗਰਾਂ, ਗ੍ਰਹਿ ਮੰਦਰ ਇਕ ਵਡਿਆਈਆ । ਜਿਥੇ ਆਪੇ ਪਿਤਾ ਆਪੇ ਬਣੇ ਮਾਂ, ਆਪ ਆਪਣੀ ਗੋਦ ਟਿਕਾਈਆ । ਆਵਣ ਜਾਵਣ ਲੱਖ ਚੁਰਾਸੀ ਲਹਿਣਾ ਰਹੇ ਨਾ ਵਿਚ ਜਹਾਂ, ਜੂਨੀ ਜੂਨ ਨਾ ਕੋਇ ਭੁਆਈਆ । ਆਤਮ ਪਰਮਾਤਮ ਮੇਲ ਮਿਲਾਏ ਆਪ ਆਪਣੇ ਗਰਾਂ, ਸਚਖੰਡ ਸਾਚੇ ਸਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਮੜ੍ਹੀ ਕਹੇ ਤਨ ਵਜੂਦ ਮਿੱਟੀ ਖ਼ਾਕ ਹੋਇਆ ਕੰਚਨ, ਤਨ ਨਜ਼ਰ ਕਿਛ ਨਾ ਆਈਆ । ਅਗਨੀ ਅੱਗ ਲੱਗਾ ਮੱਚਣ, ਧੂੰਆਂਧਾਰ ਧਾਰ ਬਣਾਈਆ । ਆਤਮਾ ਖ਼ੁਸ਼ੀਆਂ ਵਿਚ ਲੱਗਾ ਨੱਚਣ, ਧੁਰ ਦੇ ਢੋਲੇ ਗਾਈਆ । ਪ੍ਰਭੂ ਪਿਆਰ ਵਿਚ ਲੱਗਾ ਰਚਣ, ਲੂੰ ਲੂੰ ਦਾ ਲੇਖਾ ਜਾਏ ਚੁਕਾਈਆ । ਸਤਿ ਸਰੂਪੀ ਬਣ ਕੇ ਹੀਰਾ ਰਤਨ, ਦਰਗਹ ਸਾਚੀ ਸਚ ਸੁਹਾਈਆ । ਜੋ ਆਦਿ ਜੁਗਾਦੀ ਭਗਤਾਂ ਵਤਨ, ਗ੍ਰਹਿ ਮੰਦਰ ਸੋਭਾ ਪਾਈਆ । ਸੋ ਧਾਮ ਨਿਆਰਾ ਜਿਥੇ ਪ੍ਰਭ ਭਗਤਾਂ ਕਰੇ ਪਿਆਰਾ ਪ੍ਰੀਤਮ ਹੋ ਕੇ ਲੇਖਾ ਤੋੜੇ ਤਤਨ, ਤਤਵ ਤਤ ਰਹਿਣ ਕਿਛ ਨਾ ਪਾਈਆ । ਜਿਸ ਕਾਰਨ ਜੋਗੀ ਯਤੀ ਸਤੀ ਸਾਰੇ ਕਰਦੇ ਯਤਨ, ਯਥਾਰਥ ਮੰਜ਼ਲ ਹੱਥ ਕਿਸੇ ਨਾ ਆਈਆ । ਬਿਨਾ ਸਤਿਗੁਰ ਸ਼ਬਦ ਤੋਂ ਦਰਗਾਹ ਸਾਚੀ ਪੁੱਜੇ ਕੋਇ ਨਾ ਪਤਣ, ਘਾਟ ਕਿਨਾਰਾ ਵੇਖਣ ਕੋਇ ਨਾ ਪਾਈਆ । ਸਚਖੰਡ ਦੁਆਰ ਕਿਰਪਾ ਕੀਤੀ ਆਪ ਨਿਰੰਕਾਰ ਆਤਮ ਧਾਰ ਮਿਲਾਇਆ ਗੁਰਬਚਨ, ਗੁਰਬਚਨ ਕੌਰ ਆਪਣੇ ਰੰਗ ਸਮਾਈਆ ।


੯੩੫
੨੪

ਆਵਣ ਜਾਵਣ ਲੱਖ ਚੁਰਾਸੀ ਜਮ ਕੀ ਫਾਂਸੀ ਦੀਨ ਦੁਨੀ ਦਾ ਰਿਹਾ ਕੋਇ ਨਾ ਹੱਟਣ, ਜਗਤ ਵਣਜ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਨਾਮ ਨਿਧਾਨ ਰਸ ਦੇਵੇ ਰਸਨ, ਬਿਨ ਰਸਨਾ ਰਸ ਚਖਾਈਆ ।

## ੨੨ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਬੰਗਾ ਜ਼ਿਲਾ ਲੁਧਿਆਣਾ ਨਾਜ਼ਰ ਸਿੰਘ ਦੇ ਗ੍ਰਹਿ

ਧਰਨੀ ਕਹੇ ਪ੍ਰਭੂ ਮੇਰੇ ਨੇਤਰ ਵਗੇ ਨੀਰ, ਲੋਚਨ ਨੈਣ ਛਹਿਬਰ ਲਾਈਆ । ਨਿਗਾਹ ਮਾਰ ਲੈ ਬੇਨਜ਼ੀਰ, ਨਰ ਨਰਾਇਣ ਨੂਰ ਅਲਾਹੀਆ । ਉਹ ਸੰਦੇਸ਼ਾ ਸੁਣ ਲੈ ਜੋ ਦੇ ਕੇ ਗਿਆ ਕਬੀਰ, ਕ਼ਬਰਾਂ ਤੋਂ ਬਾਹਰ ਜਣਾਈਆ । ਅੰਤ ਕੰਤ ਸ੍ਰੀ ਭਗਵੰਤ ਬਦਲੇ ਤੇਰੀ ਤਕ਼ਦੀਰ, ਤਕੱਬਰ ਦੀਨ ਦੁਨੀ ਮਿਟਾਈਆ । ਜਿਸ ਦੇ ਕੋਲ ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਸ਼ਬਦ ਅਨਾਦਿ ਸ਼ਮਸ਼ੀਰ, ਜਗਤ ਸ਼ਸਤਰ ਹੱਥ ਨਾ ਕੋਇ ਉਠਾਈਆ । ਜੋ ਲਹਿਣਾ ਦੇਣਾ ਜਾਣੇ ਸ਼ਾਹ ਹਕੀਰ, ਸ਼ਹਿਨਸ਼ਾਹ ਹੋ ਕੇ ਵੇਖ ਵਖਾਈਆ । ਤੇਰੀ ਆਸਾ ਰਖ ਕੇ ਗਏ ਪੈਗ਼ੰਬਰ ਪੀਰ, ਪਰਮ ਪੁਰਖ ਪਰਮਾਤਮ ਤੇਰੀ ਓਟ ਤਕਾਈਆ । ਤੁਧ ਬਿਨ ਅੰਤ ਦੇਵੇ ਕੋਇ ਨਾ ਧੀਰ, ਧੀਰਜ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਮੇਰੇ ਪੁਰਖ ਅਕਾਲੇ ਮੀਤਾ, ਮਿਤਰਾ ਤੇਰੀ ਦੁਹਾਈਆ । ਮੇਰਾ ਅੰਤਸ਼ਕਰਨ ਨਾ ਹੋਵੇ ਠਾਂਡਾ ਸੀਤਾ, ਅਗਨੀ ਤਤ ਨਾ ਕੋਇ ਬੁਝਾਈਆ । ਆ ਕੇ ਵੇਖ ਲੈ ਕਲਕਾਤੀਆਂ ਵਾਲੀ ਰੀਤਾ, ਤਨ ਵਜੂਦਾਂ ਅੰਦਰ ਹਕ ਮਹਿਬੂਬ ਹੋ ਕੇ ਵੇਖ ਵਖਾਈਆ । ਪਿਆਰ ਰਿਹਾ ਨਾ ਮੰਦਰ ਮਸੀਤਾ, ਕਾਅਬੇ ਜਗਤ ਰਹੇ ਕੁਰਲਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਵਕ਼ਤ ਵੇਖ ਲੈ ਬੀਤਾ, ਪੂਰਬ ਲੇਖਾ ਲੇਖੇ ਨਾਲ ਮਿਲਾਈਆ । ਮੇਰੇ ਸਾਹਿਬ ਸੁਆਮੀ ਅੰਤਰਜਾਮੀ ਮੇਰੇ ਅੰਤਸ਼ਕਰਨ ਵਸਜਾ ਚੀਤਾ, ਚਿਤ ਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਮੇਰੇ ਆਦਿ ਜੁਗਾਦੀ ਪਰਵਰਦਿਗਾਰ, ਸਾਂਝੇ ਯਾਰ ਨੂਰ ਅਲਾਹੀਆ । ਮੇਰਾ ਪੂਰਬ ਲਹਿਣਾ ਦੇ ਉਧਾਰ, ਮਕ਼ਰੂਜ਼ ਕ਼ਰਜ਼ਾ ਦੇ ਚੁਕਾਈਆ । ਮੈਂ ਜੁਗ ਚੌਕੜੀ ਤੇਰਾ ਕਰਦੀ ਰਹੀ ਇੰਤਜ਼ਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਮੈਨੂੰ ਸੰਦੇਸ਼ੇ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰ, ਅਵਤਰੀ ਤੇਰਾ ਭੇਵ ਚੁਕਾਈਆ । ਮੈਂ ਮਿੱਟੀ ਖ਼ਾਕ ਹੋ ਕੇ ਰਹੀ ਹੁਸ਼ਿਆਰ, ਆਲਸ ਨਿੰਦਰਾ ਨਾ ਕੋਇ ਰਖਾਈਆ । ਤੂੰ ਦੇਵਣਹਾਰ ਮੇਰਾ ਦਾਤਾਰ, ਦਇਆਨਿਧ ਇਕ ਅਖਵਾਈਆ । ਸਤਿ ਸਚ ਦੇ ਮਾਲਕ ਮੇਰੀ ਪਾਉਣੀ ਸਾਰ, ਖ਼ਾਲਕ ਖ਼ਲਕ ਮਖ਼ਲੂਕ ਵੇਖ ਵਖਾਈਆ । ਮੇਰੇ ਉਤੇ ਤੇਰੇ ਨਾਮ ਕਲਮੇ ਦਾ ਹੋਇਆ ਤਕਰਾਰ, ਝਗੜਾ ਦੀਨ ਦੁਨੀ ਜਣਾਈਆ । ਸ਼ਰਅ ਦੀ ਸ਼ਰਅ ਨਾਲ ਹੋਈ ਖਾਰ, ਮਜ਼੍ਹਬ ਮਜ਼੍ਹਬ ਨਾਲ ਟਕਰਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਬਿਨ ਨੈਣਾਂ ਨਿਗਾਹ ਮਾਰ, ਬਿਨ ਨੇਤਰ ਅੱਖ ਖੁਲ੍ਹਾਈਆ । ਮੇਰੇ ਉਤੇ ਚਾਰੋਂ ਕੁੰਟ ਹੋਇਆ ਅੰਧਿਆਰ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਚਾਰ ਜੁਗ ਦੇ ਸ਼ਾਸਤਰ ਰਹੇ ਪੁਕਾਰ, ਬਿਨ ਰਸਨਾ ਕੂਕ ਕੂਕ ਸੁਣਾਈਆ । ਕਲ ਕਲਕੀ ਸਾਡੀ ਪਾਵੇ ਸਾਰ,

ਨਿਹਕਲੰਕਾ ਤੇਰੇ ਹੱਥ ਵਡਿਆਈਆ । ਅਮਾਮ ਅਮਾਮਾ ਨੂਰ ਅਲਾਹੀ ਪਰਵਰਦਿਗਾਰ, ਯਾਮਬੀਨ ਤੇਰੀ ਓਟ ਤਕਾਈਆ । ਤੂੰ ਸ਼ਾਹੋ ਭੂਪ ਸਿਕਦਾਰ,
ਸ਼ਹਿਨਸ਼ਾਹ ਇਕ ਅਖਵਾਈਆ । ਮੈਂ ਦਰਵੇਸ਼ਨ ਤੇਰੇ ਦਰ ਭਿਖਾਰ, ਮਾਂਗਤ ਹੋ ਕੇ ਝੋਲੀ ਡਾਹੀਆ । ਧਰਨੀ ਕਹੇ ਮੇਰੇ ਧਰਮ ਦੀ ਸੁਣੀਂ ਪੁਕਾਰ,
ਕੂਕ ਕੂਕ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ ।
ਧਰਨੀ ਕਹੇ ਮੇਰੀ ਆਸਾ ਪੁਰਖ ਅਕਾਲੇ ਅਗੰਮ, ਜਗਤ ਬੁੱਧੀ ਸਮਝ ਕਿਸੇ ਨਾ ਆਈਆ । ਮਿਹਰਵਾਨਾ ਸ੍ਰੀ ਭਗਵਾਨਾ ਸਤਿ ਦਾ ਸਚ ਚਲਾ ਦੇ
ਧਰਮ, ਅਧਰਮ ਦਾ ਡੇਰਾ ਢਾਹੀਆ । ਦੀਨ ਦੁਨੀ ਨੂੰ ਭੇਦ ਖੁਲ੍ਹਾ ਦੇ ਬ੍ਰਹਮ, ਪਾਰਬ੍ਰਹਮ ਪਰਦਾ ਆਪ ਚੁਕਾਈਆ । ਮੇਰੇ ਉੱਤਮ ਕਰ ਦੇ ਕਰਮ,
ਕਰਮ ਕਾਂਡ ਦਾ ਡੇਰਾ ਢਾਹੀਆ । ਮੈਂ ਤੇਰੀ ਇਕੋ ਤਕਾਂ ਸਰਨ, ਸਰਨਗਤ ਇਕ ਰਖਾਈਆ । ਤੂੰ ਕਰਤਾ ਪੁਰਖ ਕਰਨੀ ਕਰਨ, ਕ਼ੁਦਰਤ ਦਾ
ਕ਼ਾਦਰ ਨੂਰ ਅਲਾਹੀਆ । ਮੇਰਾ ਪਲੂ ਬਿਨ ਹੱਥਾਂ ਆ ਜਾ ਫੜਨ, ਬਿਨ ਕ਼ਦਮਾਂ ਪੰਧ ਮੁਕਾਈਆ । ਤੂੰ ਮਾਲਕ ਭੰਨਣ ਘੜਨ, ਸਮਰਥ ਅਕਥ
ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਭੇਵ ਆਪ ਚੁਕਾਈਆ । ਧੁਰ
ਦਾ ਭੇਵ ਮੇਰੇ ਸੁਆਮੀਆਂ ਜਾਏ ਚੁਕ, ਓਹਲਾ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਤੇਰੀ ਇਕੋ ਹੋਵੇ ਤੁਕ, ਤੁਖ਼ਮ ਤਾਅਸੀਰ, ਬੇਨਜ਼ੀਰ
ਦੇਣਾ ਬਦਲਾਈਆ । ਬਿਨ ਤਨ ਵਜੂਦ ਹਕ ਮਹਿਬੂਬ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤੈਨੂੰ ਜਾਏ ਝੁਕ, ਕਾਇਨਾਤ ਬਿਨ ਕਾਅਬਿਆਂ ਸੀਸ ਨਿਵਾਈਆ ।
੬੩੭ ਕਲਜੁਗ ਕੂੜ ਕੁੜਿਆਰੇ ਮੇਰੇ ਉਤੋਂ ਪੈਂਡਾ ਜਾਏ ਮੁਕ, ਸਤਿਜੁਗ ਸਚ ਸਚ ਦੇ ਵਡਿਆਈਆ । ਉਹ ਤਕ ਲੈ ਵਕ਼ਤ ਸੁਹੰਜਣਾ ਗੁਰ ਅਵਤਾਰ ੬੩੭
੨੪ ਪੈਗ਼ੰਬਰਾਂ ਵਾਲਾ ਰਿਹਾ ਢੁਕ, ਬੀਸ ਬੀਸੇ ਹਰਿ ਜਗਦੀਸੇ ਆਪਣੀ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ੨੪
ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਪਰਵਿਸ਼ਟਾ ਤਕ ਲੈ ਅੱਸੂ ਬਾਈ, ਬਾਈਬਲ ਵਿਚ ਯਸੂਹ ਕੀ ਗਿਆ ਸਮਝਾਈਆ ।
ਕੀ ਗੋਬਿੰਦ ਇਸ਼ਾਰਾ ਦਿਤਾ ਬੂਟਾ ਪੁੱਟਣ ਲੱਗਿਆਂ ਕਾਹੀ, ਕਾਇਨਾਤ ਕੀ ਦ੍ਰਿੜਾਈਆ । ਕੀ ਨਿਰਗੁਣ ਸਰਗੁਣ ਤੇਰੀ ਅੱਖਰਾਂ ਹਿੰਦਸਿਆਂ ਵਾਲੀ
ਜ਼ੀਰੋ ਸਿਫ਼ਰਾ ਬਣੇ ਦਹਾਈ, ਲੇਖਾ ਲੇਖਿਆਂ ਵਿਚੋਂ ਚੁਕਾਈਆ । ਤੂੰ ਮਾਲਕ ਖ਼ਾਲਕ ਇਕ ਗੁਸਾਂਈ, ਗਹਿਰ ਗੰਭੀਰ ਤੇਰੀ ਵਡਿਆਈਆ । ਮੈਂ
ਪਰਮ ਪੁਰਖ ਪਰਮਾਤਮ ਇਕੋ ਤੈਨੂੰ ਰਹੀ ਧਿਆਈ, ਦੂਜਾ ਇਸ਼ਟ ਨਾ ਕੋਇ ਮਨਾਈਆ । ਕਲਜੁਗ ਕੂੜੀ ਕਿਰਿਆ ਦੁਰਮਤ ਮੈਲ ਧੋ ਦੇ ਸ਼ਾਹੀ,
ਦਾਗ਼ ਰਹਿਣ ਕਿਛ ਨਾ ਪਾਈਆ । ਲੇਖਾ ਤਕ ਲੈ ਧੁਰ ਦੇ ਮਾਹੀ, ਮਹਿਬੂਬ ਨੂਰ ਅਲਾਹੀਆ । ਮੈਨੂੰ ਸਤਿਜੁਗ ਸਤਿ ਧਰਮ ਦੀ ਬਖ਼ਸ਼ ਦੇ ਸ਼ਹਿਨਸ਼ਾਹੀ,
ਸ਼ਾਹ ਪਾਤਸ਼ਾਹ ਆਪਣਾ ਹੁਕਮ ਵਰਤਾਈਆ । ਤੂੰ ਪੁਰਖ ਅਗੰਮੜਾ ਸਭ ਦਾ ਇਕ ਗੁਸਾਂਈ, ਗਹਿਰ ਗੰਭੀਰ ਨੂਰ ਅਲਾਹੀਆ । ਮੇਰੇ ਮਹਿਬੂਬਾ
ਆਪਣੀ ਤਕ ਲੈ ਦੀਨ ਦੁਨੀ ਵਾਲੀ ਖ਼ੁਦਾਈ, ਖ਼ੁਦ ਮਾਲਕ ਹੋ ਕੇ ਖੋਜ ਖੁਜਾਈਆ । ਮੈਂ ਚਰਨ ਕਵਲ ਧਰਨੀ ਧਰਤ ਧਵਲ ਧੌਲ ਕਹੇ ਧੂੜੀ ਖ਼ਾਕ
ਰਹੀ ਰਮਾਈ, ਮਸਤਕ ਟਿੱਕੇ ਲਾਵਾਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ
ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਤੇ ਪੁਰਖ ਬਿਧਾਤੇ ਤੁਧ ਬਿਨ ਦੂਜਾ ਅਵਰ ਕੋਇ ਨਾਹੀਂ, ਖੋਜਣ ਦੀ ਲੋੜ ਰਹੇ
ਨਾ ਰਾਈਆ ।

## ✪ ੨੩ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਰਜੋਵਾਲ ਜ਼ਿਲਾ ਲੁਧਿਆਣਾ ਗੁਰਚਰਨ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਮੇਰੇ ਪਰਮ ਪੁਰਖ ਪਰਮਾਤਮ ਧੁਰ ਦੇ ਮੌਲਾ, ਯਾਮਬੀਨ ਨਿਰਗੁਣ ਧਾਰ ਤੇਰੀ ਸਰਨਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਪੂਰਬ ਵੇਖ ਲੈ ਇਕ਼ਰਾਰ ਕੌਲਾ, ਬਿਨ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਮੈਂ ਕੂਕ ਪੁਕਾਰਾਂ ਮਿੱਟੀ ਖ਼ਾਕ ਧੌਲਾ, ਧਰਮ ਦੀ ਧਰਮ ਨਾਲ ਦੁਹਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਮੇਰਾ ਭਾਰ ਕਰ ਦੇ ਹੌਲਾ, ਕਲਜੁਗ ਕਿਰਿਆ ਕੂੜ ਕੂੜ ਮਿਟਾਈਆ । ਪ੍ਰੇਮ ਪਿਆਰ ਵਿਚ ਮੇਰੇ ਉਤੇ ਰਿਹਾ ਕੋਈ ਨਾ ਪੰਡਤ ਪਾਂਧਾ ਰੌਲਾ, ਮੁੱਲਾ ਸ਼ੇਖ਼ ਮੁਸਾਇਕ ਰਹੇ ਕੁਰਲਾਈਆ । ਤੂੰ ਜੋਤੀ ਜਾਤਾ ਪੁਰਖ ਬਿਧਾਤਾ ਸਾਵਲ ਸੌਲਾ, ਸਰਬ ਕਲਾ ਸਮਰਥ ਅਗੰਮ ਅਥਾਹੀਆ । ਮੇਰੇ ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਮੈਨੂੰ ਸੁਣਾ ਦੇ ਆਪਣਾ ਬੋਲਾ, ਅਨਬੋਲਤ ਧੁਰ ਦਾ ਰਾਗ ਦ੍ਰਿੜਾਈਆ । ਜਿਸ ਦੇ ਵਿਚ ਸਤਿ ਧਰਮ ਦੁਆਰਾ ਹੋਵੇ ਖੋਲ੍ਹਾ, ਵਸਤ ਨਾਮ ਸਤਿ ਸਤਿ ਵਰਤਾਈਆ । ਮਿਹਰਵਾਨਾ ਨਿਰਗੁਣ ਧਾਰ ਬਿਨ ਤਤਾਂ ਬਦਲ ਕੇ ਆ ਜਾ ਚੋਲਾ, ਚੋਜੀ ਪ੍ਰੀਤਮ ਆਪਣਾ ਵੇਸ ਵਟਾਈਆ । ਮੇਰੇ ਕਰਮ ਕੁਕਰਮ ਆਪਣੇ ਸ਼ਬਦੀ ਧਾਰ ਜੋਹ ਲੈ, ਦੂਸਰ ਲੋੜ ਰਹੇ ਨਾ ਰਾਈਆ । ਸਚ ਪਿਆਰ ਮੁਹੱਬਤ ਵਿਚ ਮਾਨਵ ਜ਼ਾਤੀ ਆਪੇ ਮੋਹ ਲੈ, ਆਤਮ ਪਰਮਾਤਮ ਆਪਣਾ ਰੰਗ ਰੰਗਾਈਆ । ਕੂੜੀ ਕਿਰਿਆ ਚਾਰੋਂ ਕੁੰਟ ਮੇਰੇ ਉਤੋਂ ਖੋਹ ਲੈ, ਨਵ ਸੱਤ ਨਜ਼ਰ ਕੋਇ ਨਾ ਆਈਆ । ਹਰਿਜਨ ਸੰਤ ਸੁਹੇਲੇ ਆਪਣੇ ਨਾਮ ਪਿਆਰ ਵਿਚ ਪਰੋ ਲੈ, ਪਾਰਬ੍ਰਹਮ ਪ੍ਰਭ ਆਪਣਾ ਭੇਵ ਚੁਕਾਈਆ । ਮਾਨਸ ਮਾਨਵ ਤੇਰੇ ਦਰ ਦਾ ਹੋ ਜਾਏ ਗੋਲਾ, ਦੂਸਰ ਇਸ਼ਟ ਨਾ ਕੋਇ ਰਖਾਈਆ । ਤੂੰ ਮੇਰਾ ਮੈਂ ਤੇਰਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਗਾਵੇ ਢੋਲਾ, ਢੋਲਕ ਛੈਣੇ ਦੀ ਲੋੜ ਰਹੇ ਨਾ ਰਾਈਆ । ਤੇਰਾ ਸਤਿਗੁਰ ਸ਼ਬਦ ਨਿਰਗੁਣ ਧਾਰ ਹੋਏ ਵਿਚੋਲਾ, ਤਤਾਂ ਲੇਖਾ ਦਏ ਚੁਕਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਹਰ ਘਟ ਦਿਸਣਾ ਘੋਲ ਘੋਲਾ, ਕਾਇਆ ਮੰਦਰ ਅੰਦਰ ਭੇਵ ਚੁਕਾਈਆ । ਅੰਤ ਅਖ਼ੀਰ ਬੇਨਜ਼ੀਰ ਮੇਰੇ ਉਤੇ ਕਰਮ ਕਾਂਡ ਦਾ ਬਣ ਜਾ ਤੋਲਾ, ਨਾਮ ਕੰਡਾ ਤਰਾਜ਼ੂ ਆਪਣੇ ਹੱਥ ਉਠਾਈਆ । ਪਾਰਬ੍ਰਹਮ ਬ੍ਰਹਮ ਆਪਣੇ ਨਾਲ ਛੋਹ ਲਾ, ਛੌਹਰ ਬਾਂਕੇ ਤੇਰੇ ਹੱਥ ਵਡਿਆਈਆ । ਮੈਂ ਤੇਰੇ ਚਰਨ ਆਪ ਆਪਾ ਘੋਲਾ, ਘੋਲੀ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਵੇਖ ਲੈ ਬਿਨ ਜਗਤ ਅੱਖੀਆਂ ਧਾਰ, ਲੋਚਨ ਨੈਣ ਨਾ ਕੋਇ ਵਡਿਆਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਿਕਦਾਰ, ਆਦਿ ਜੁਗਾਦੀ ਇਕ ਅਖਵਾਈਆ । ਤੇਰੇ ਹੁਕਮੇ ਅੰਦਰ ਪੈਗ਼ੰਬਰ ਗੁਰ ਅਵਤਾਰ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਮੈਂ ਨਿਮਾਣੀ ਰੋਵਾਂ ਜ਼ਾਰੋ ਜ਼ਾਰ, ਗਿਰਿਆਜ਼ਾਰੀ ਵਿਚ ਕੁਰਲਾਈਆ । ਕਲਜੁਗ ਕੂੜੀ ਕਿਰਿਆ ਕੀਤਾ ਖ਼ੁਆਰ, ਖ਼ਾਲਸ ਰੰਗ ਨਾ ਕੋਇ ਰੰਗਾਈਆ । ਜਿਧਰ ਤਕਾਂ ਹੋਇਆ ਵਿਭਚਾਰ, ਮਾਇਆ ਮਮਤਾ ਮੋਹ ਹਲਕਾਈਆ । ਸਤਿ ਧਰਮ ਦਾ ਰਿਹਾ ਨਾ ਕੋਇ ਦੁਆਰ, ਦੁਆਰਕਾ ਵਾਸੀ ਕ੍ਰਿਸ਼ਨ ਦਏ ਗਵਾਹੀਆ । ਰਾਮ ਰਾਮਾ ਕਰੇ ਨਾ ਕੋਇ ਸਤਿਕਾਰ, ਸਤਿ ਸਤਿਵਾਦੀ ਸਤਿ ਵਿਚ ਨਾ ਕੋਇ ਸਮਾਈਆ । ਪੈਗ਼ੰਬਰ ਦਏ ਨਾ ਕੋਇ ਅਧਾਰ, ਸ਼ਰਅ ਸ਼ਰੀਅਤ ਰੋਵੇ ਥਾਉਂ ਥਾਈਂਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਤੇਰਾ ਅੰਤ ਨਾ ਪਾਰਾਵਾਰ, ਬੇਅੰਤ ਤੇਰੀ ਬੇਪਰਵਾਹੀਆ । ਸਚਖੰਡ ਨਿਵਾਸੀ ਤੇਰੀ ਦਰਗਾਹ ਬਣਾਂ ਭਿਖਾਰ, ਮੁਕ਼ਾਮੇ ਹਕ ਝੋਲੀ ਡਾਹੀਆ । ਮੈਂ ਖ਼ਾਦਮ ਤੇਰੀ ਖ਼ਿਦਮਤਗਾਰ, ਜੁਗ ਜੁਗ ਤੇਰੀ ਸੇਵ ਕਮਾਈਆ ।



੬੩੮
੨੪

੯੩੯
੨੪

ਤੂੰ ਮੇਰਾ ਅਮਾਮ ਅਮਾਮਾ ਪਰਵਰਦਿਗਾਰ, ਜਲਵਾਗਰ ਨੂਰ ਅਲਾਹੀਆ । ਮੈਂ ਮਿੱਟੀ ਖ਼ਾਕ ਬਣ ਕੇ ਤਾਬਿਆਦਾਰ, ਲੱਖ ਚੁਰਾਸੀ ਆਪਣੇ ਕੰਧ ਉਠਾਈਆ । ਤੂੰ ਦੇਵਣਹਾਰ ਅਗੰਮ ਭੰਡਾਰ, ਅਤੋਟ ਅਤੁਟ ਸਦਾ ਵਰਤਾਈਆ । ਮੇਰੀ ਬੇਨੰਤੀ ਇਕ ਇਕੱਲੇ ਏਕੰਕਾਰ, ਦਰ ਤੇਰੇ ਕੂਕ ਸੁਣਾਈਆ । ਜੋਤੀ ਜਾਤੇ ਮੇਰੀ ਪਾ ਸਾਰ, ਮਹਾਸਾਰਥੀ ਆਪਣਾ ਰੰਗ ਰੰਗਾਈਆ । ਲਹਿਣਾ ਦੇਣਾ ਪੂਰਾ ਕਰ ਪੈਗ਼ੰਬਰ ਗੁਰ ਅਵਤਾਰ, ਪੜਦਾ ਪੜਦਿਆਂ ਵਿਚੋਂ ਉਠਾਈਆ । ਵਕ਼ਤ ਸੁਹੰਜਣਾ ਆਦਿ ਨਿਰੰਜਣਾ ਮੈਨੂੰ ਆ ਕੇ ਦੇ ਦੀਦਾਰ, ਦੀਦਾ ਦਾਨਿਸਤਾ ਤੇਰਾ ਦਰਸ਼ਨ ਪਾਈਆ । ਤੂੰ ਨੂਰ ਅਲਾਹ ਬੇਪਰਵਾਹ ਸਭ ਦਾ ਸਾਂਝਾ ਯਾਰ, ਹਕ ਹਕ਼ੀਕਤ ਦਾ ਪਰਦਾ ਦੇਣਾ ਖੁਲ੍ਹਾਈਆ । ਤੇਰਾ ਸੰਦੇਸ਼ਾ ਸੁਣਾਂ ਬਿਨ ਅੱਖਰਾਂ ਬੋਲ ਜੈਕਾਰ, ਸਰਵਣਾਂ ਲੋੜ ਰਹੇ ਨਾ ਰਾਈਆ । ਮੈਂ ਧਰਨੀ ਮਿੱਟੀ ਖ਼ਾਕ ਤੇਰੀ ਛਾਰ, ਚਰਨ ਛੋਹ ਕੇ ਖ਼ੁਸ਼ੀ ਬਣਾਈਆ । ਤੂੰ ਕਲ ਕਲਕੀ ਅਵਤਾਰ, ਨਿਹਕਲੰਕਾ ਬੇਪਰਵਾਹੀਆ । ਅਮਾਮ ਅਮਾਮਾ ਮੀਤ ਮੁਰਾਰ, ਮਿਤਰ ਪਿਆਰਾ ਇਕ ਅਖਵਾਈਆ । ਸਜਦਿਆਂ ਵਿਚ ਕਰਾਂ ਨਿਮਸਕਾਰ, ਨਿਵ ਨਿਵ ਲਾਗਾਂ ਪਾਈਆ । ਤੂੰ ਬਖ਼ਸ਼ਣਹਾਰ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤ ਤੇਰੀ ਓਟ ਤਕਾਈਆ । ਧਰਨੀ ਕਹੇ ਪਰਮ ਪੁਰਖ ਪਰਮਾਤਮ ਮੈਨੂੰ ਦੇਣਾ ਆਪ ਅਧਾਰ, ਸਿਰ ਸਿਰ ਮੇਰੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭੂ ਮੈਂ ਭਿਖਾਰਨ ਬਣੀ ਤੇਰੇ ਦਰ, ਦਰਦੀ ਹੋ ਕੇ ਦਰਦ ਵੰਡਾਈਆ । ਮਿਹਰਵਾਨ ਹੋ ਕੇ ਕਿਰਪਾ ਦੇਣੀ ਕਰ, ਕਿਰਪਾ ਨਿਧਾਨ ਤੇਰੀ ਸਰਨਾਈਆ । ਸਤਿਗੁਰ ਸ਼ਬਦ ਅਗੰਮੀ ਦੇ ਦੇ ਵਰ, ਵਸਤ ਅਮੋਲਕ ਇਕ ਵਰਤਾਈਆ । ਮੇਰਾ ਧਰਮ ਖ਼ਜ਼ਾਨਾ ਦੇ ਭਰ, ਕਲਜੁਗ ਕੂੜੀ ਕਿਰਿਆ ਬਾਹਰ ਕਢਾਈਆ । ਹਰ ਹਿਰਦੇ ਤੇਰਾ ਹੋਵੇ ਡਰ, ਭੈ ਭਉ ਆਪਣਾ ਇਕ ਸਮਝਾਈਆ । ਤੂੰ ਸੁਆਮੀ ਨਰਾਇਣ ਨਰ, ਕਰਤਾ ਪੁਰਖ ਅਗੰਮ ਅਥਾਹੀਆ । ਮੇਰਾ ਸੁਹੰਜਣਾ ਕਰ ਦੇ ਘਰ, ਨੌ ਖੰਡ ਪ੍ਰਿਥਮੀ ਇਕੋ ਰੰਗ ਰੰਗਾਈਆ । ਝਗੜਾ ਮੇਟ ਸ਼ਰਅ ਸ਼ਰ, ਦੀਨ ਮਜ਼੍ਹਬ ਕਰੇ ਨਾ ਕੋਇ ਲੜਾਈਆ । ਮਾਨਵ ਮਾਨਸ ਮਾਨੁਖ ਤੇਰੇ ਦਰ ਜਾਇਣ ਤਰ, ਤਾਰਨਹਾਰ ਸਮਰਥ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਵਸਤ ਅਗੰਮ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਤੇਰੀ ਦੀਨ ਦੁਨੀਆ ਹੋਈ ਦੁਖੀ, ਦਰਦੀਆਂ ਦਰਦ ਲੈਣਾ ਵੰਡਾਈਆ । ਮਾਨਵ ਜ਼ਾਤੀ ਤਕ ਲੈ ਭੁਖੀ, ਭੁੱਖਿਆਂ ਭੁਖ ਨਾ ਕੋਇ ਗਵਾਈਆ । ਭਗਤ ਜਨਮੇ ਕੋਇ ਨਾ ਕੁੱਖੀ, ਜਣੇਂਦੀ ਬਣੇ ਕੋਇ ਨਾ ਮਾਈਆ । ਭਾਗ ਲੱਗੇ ਨਾ ਉਲਟਾ ਰੁੱਖੀ, ਤਨ ਵਜੂਦ ਨਾ ਕੋਇ ਚਤੁਰਾਈਆ । ਤੂੰ ਨਿਰਗੁਣ ਧਾਰ ਹੋ ਕੇ ਉਠੀ, ਜੋਤੀ ਜਾਤੇ ਵੇਸ ਵਟਾਈਆ । ਕਿਰਪਾ ਨਿਧਾਨ ਹੋ ਕੇ ਤੁਠੀ, ਮਿਹਰ ਨਜ਼ਰ ਉਠਾਈਆ । ਉੱਤਰ ਪੂਰਬ ਪੱਛਮ ਦੱਖਣ ਮੇਰੀਆਂ ਚਾਰੇ ਵੇਖੀਂ ਗੁੱਠੀ, ਚੜ੍ਹਦਾ ਲਹਿੰਦਾ ਦੱਖਣ ਪਹਾੜ ਫੋਲ ਫੁਲਾਈਆ । ਮੇਰੀ ਪਤ ਮੇਰੇ ਭਗਵਾਨ ਗਈ ਲੁੱਟੀ, ਕਲਜੁਗ ਲੁਟੇਰਾ ਬਣਿਆ ਥਾਉਂ ਥਾਈਂਆ । ਸਭ ਦੀ ਪ੍ਰੀਤ ਤੇਰੇ ਚਰਨ ਕਵਲ ਟੁੱਟੀ, ਟੁੱਟਿਆਂ ਸਕੇ ਨਾ ਕੋਇ ਜੁੜਾਈਆ । ਤੂੰ ਮਿਹਰਵਾਨ ਮਿਹਰਵਾਨ ਮਿਹਰਵਾਨ ਮੈਂ ਤੇਰੀ ਆਦਿ ਜੁਗਾਦਿ ਕਰਦੀ ਬੁੱਤੀ, ਬੁਤਖ਼ਾਨਿਆਂ ਆਪਣੇ ਵਿਚ ਟਿਕਾਈਆ । ਮੇਰੀ ਜਾਗ ਖੋਲ੍ਹ ਦੇ ਸੁਰਤ ਰਹੇ ਨਾ ਸੁਤੀ, ਹਲੂਣਾ ਸ਼ਬਦ ਨਾਮ ਲਗਾਈਆ । ਤੂੰ ਪੁਰਖ ਪੁਰਖੋਤਮ ਅਬਿਨਾਸ਼ੀ ਅਚੁਤੀ, ਚੇਤਨ ਦੇਣਾ ਕਰਾਈਆ । ਮੇਰੇ ਉਤੇ ਸੁਹੰਜਣੀ ਕਰ ਦੇ ਰੁਤੀ, ਰੁਤੜੀ ਆਪਣਾ ਨਾਮ ਮਹਿਕਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਾਰਬ੍ਰਹਮ ਪਤਿਪਰਮੇਸ਼ਵਰ ਅਬਿਨਾਸ਼ੀ ਅਚੁੱਤੀ, ਚੇਤਨ ਹੋ ਕੇ ਚਿਤ ਠਗੌਰੀ ਦੇ ਚੁਕਾਈਆ ।

### ✪ ੨੩ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਮਹੌਣ ਜ਼ਿਲਾ ਲੁਧਿਆਣਾ ਉਜਾਗਰ ਸਿੰਘ ਦੇ ਗ੍ਰਹਿ ✪

ਅੱਸੂ ਕਹੇ ਪ੍ਰਭੂ ਮੇਰਾ ਪਰਵਿਸ਼ਟਾ ਤੇਈ, ਅਵਤਾਰ ਤੇਈ ਖ਼ੁਸ਼ੀ ਮਨਾਈਆ । ਕੀ ਇਸ਼ਾਰਾ ਦਿਤਾ ਸਤਿਗੁਰ ਨਾਨਕ ਉਤੇ ਵੇਈਂ, ਬਹਿਬਲ ਹੋ ਕੇ ਦਿਆਂ ਸੁਣਾਈਆ । ਤੇਰਾ ਲਹਿਣਾ ਦੇਣਾ ਲੇਖਾ ਲਿਖ ਕੇ ਗਏ ਕਈ, ਕੇਤੇ ਤੇਰੇ ਹੁਕਮ ਵਿਚ ਗੁਣ ਗਾਈਆ । ਮੇਰੇ ਸੁਆਮੀ ਅੰਤਰਜਾਮੀ ਤੇਰੀ ਸਭ ਤੋਂ ਨਿਰਾਲੀ ਦੇਹੀ, ਪੰਜ ਤਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਅੱਸੂ ਕਹੇ ਪ੍ਰਭੂ ਮੇਰਾ ਤੇਈ ਦਿਵਸ ਦਿਹਾੜਾ ਲੋਕਮਾਤ, ਮਾਤਰ ਭੂਮੀ ਨਾਲ ਮਿਲਾਈਆ । ਪੁਰਖ ਅਕਾਲੇ ਦੀਨ ਦਿਆਲੇ ਮੈਨੂੰ ਬਖ਼ਸ਼ਣੀ ਸਚ ਦਾਤ, ਵਸਤ ਅਮੋਲਕ ਇਕ ਵਰਤਾਈਆ । ਠਾਕਰ ਸੁਆਮੀ ਹੋ ਕੇ ਮਾਰ ਝਾਤ, ਪਰਵਰਦਿਗਾਰ ਸਾਂਝੇ ਯਾਰ ਅੱਖ ਉਠਾਈਆ । ਮੇਰੇ ਅੰਤ ਕੰਤ ਭਗਵੰਤ ਪੁਛ ਵਾਤ, ਵਾਰਸ ਹੋ ਕੇ ਖੋਜ ਖੁਜਾਈਆ । ਨਵ ਸੱਤ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਚਮਕਾਈਆ । ਆਤਮ ਪਰਮਾਤਮ ਸੁਣੇ ਕੋਈ ਨਾ ਬਾਤ, ਬਾਤਨ ਪਰਦਾ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਸਚ ਦਾ ਭੇਵ ਖੋਲ੍ਹ ਦੇ ਆਪ, ਹਰਿ ਕਰਤੇ ਦਇਆ ਕਮਾਈਆ । ਤੂੰ ਧੁਰਦਰਗਾਹੀ ਅਗੰਮੀ ਬਾਪ, ਪਿਤਾ ਪੁਰਖ ਅਕਾਲ ਤੇਰੀ ਸਰਨਾਈਆ । ਨਿਜ ਘਰ ਵਾਸੀ ਆਪਣਾ ਦੇ ਦੇ ਜਾਪ, ਬਿਨ ਰਸਨਾ ਜਿਹਵਾ ਕਰ ਪੜ੍ਹਾਈਆ । ਕਲਜੁਗ ਤ੍ਰੈਗੁਣ ਮਾਇਆ ਮੇਟ ਦੇ ਤਾਪ, ਅਗਨੀ ਤਤ ਨਾ ਕੋਇ ਤਪਾਈਆ । ਪੂਰਬ ਲੇਖਾ ਲਹਿਣਾ ਮੇਰਾ ਤਕ ਲੈ ਖਾਤ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਆਸਾ ਕਹੇ ਮੈਂ ਜੁਗ ਜੁਗ ਆਸ ਇਕੋ ਰਖੀ, ਰੱਖਕ ਤੈਨੂੰ ਦਿਆਂ ਜਣਾਈਆ । ਨਿਗਾਹ ਮਾਰੀਂ ਬਿਨਾ ਨੇਤਰ ਲੋਚਨ ਨੈਣ ਅੱਖੀ, ਦੀਨ ਦਿਆਲ ਦਇਆ ਕਮਾਈਆ । ਤੂੰ ਸਰਬ ਸੁਆਮੀ ਮੇਰੀ ਪੈਜ ਅੰਤਮ ਰਖੀ, ਮਿਹਰਵਾਨ ਤੇਰੀ ਵਡਿਆਈਆ । ਮੇਰੀ ਕ਼ੀਮਤ ਕੋਈ ਰਹੀ ਨਾ ਕੱਖੀ, ਕਲਜੁਗ ਕੂੜੇ ਹੱਟ ਵਿਕਾਈਆ । ਮੈਂ ਦੋ ਜਹਾਨ ਦੁਹਾਈ ਦੇ ਦੇ ਨੱਸੀ, ਭੱਜੀ ਵਾਹੋ ਦਾਹੀਆ । ਕਲਜੁਗ ਮਾਇਆ ਮਮਤਾ ਵਿਚ ਫਸੀ, ਤੰਦ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਅੱਸੂ ਕਹੇ ਪ੍ਰਭੂ ਮੇਰਾ ਲਹਿਣਾ ਦੇਣਾ ਬਾਕੀ, ਬਾਕਾਇਦਾ ਦਿਆਂ ਜਣਾਈਆ । ਤੂੰ ਪੁਰਖ ਅਕਾਲਾ ਮੇਰਾ ਸਾਥੀ, ਸਗਲਾ ਸੰਗੀ ਇਕ ਅਖਵਾਈਆ । ਮੇਰਾ ਪਰਦਾ ਖੋਲ੍ਹ ਕੇ ਵੇਖ ਲੈ ਤਾਕੀ, ਉਹਲਾ ਰਹਿਣ ਕੋਇ ਨਾ ਪਾਈਆ । ਮੇਰਾ ਤਨ ਵਜੂਦ ਨਹੀਂ ਕੋਈ ਖ਼ਾਕੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰੰਗ ਨਾ ਕੋਇ ਰੰਗਾਈਆ । ਤੇਰੀ ਚਰਨ ਪ੍ਰੀਤੀ ਮੇਰਾ ਨਾਤੀ, ਦੂਸਰ ਸੰਗ ਨਾ ਕੋਇ ਜਣਾਈਆ । ਅੰਤ ਪੁਛ ਮੇਰੀ ਵਾਤੀ, ਵਾਤਾਵਰਨ ਤੇਰੇ ਚਰਨ ਟਿਕਾਈਆ । ਧੁਰ ਦੀ


੯੪੦
੨੪

੯੪੧
੨੪

ਬਖ਼ਸ਼ ਦੇ ਬੂੰਦ ਸਵਾਂਤੀ, ਮੇਰੀ ਅਗਨੀ ਤਤ ਬੁਝਾਈਆ । ਤੇਰੀ ਸਭ ਤੋਂ ਵਖਰੀ ਜ਼ਾਤੀ, ਅਜ਼ਾਤੀ ਨੂਰ ਨੂਰ ਅਲਾਹੀਆ । ਮੇਰਾ ਲਹਿਣਾ ਦੇਣਾ ਚਾਰ ਜੁਗ ਦੇ ਸ਼ਾਸਤਰ ਨਹੀਂ ਕਾਗ਼ਜ਼ਾਤੀ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਮੇਰੇ ਕੋਲ ਸਤਿਗੁਰ ਸ਼ਬਦ ਦੀ ਅਗੰਮੀ ਪਾਤੀ, ਪਤ੍ਰਕਾ ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜੋ ਲਿਖੀ ਨਹੀਂ ਨਾਲ ਕ਼ਲਮ ਦਵਾਤੀ, ਹਰਫ਼ ਹਰੂਫ਼ਾਂ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਅੱਸੂ ਕਹੇ ਪ੍ਰਭੂ ਨਿਗਾਹ ਮਾਰ ਲੈ ਕਾਇਆ ਮਾਟੀ ਭਾਂਡੇ ਕੁੰਬ, ਚਾਰ ਜੁਗ ਦੇ ਮਾਲਕ ਧਿਆਨ ਲਗਾਈਆ । ਕੀ ਸੰਦੇਸਾ ਦਿਤਾ ਅਸ਼ਟਭੁਜ ਸੁੰਬ ਨਿਸੁੰਬ, ਧੁਰ ਦਾ ਹੁਕਮ ਹੁਕਮ ਦ੍ਰਿੜਾਈਆ । ਕੀ ਲਹਿਣਾ ਦੇਣਾ ਗੋਬਿੰਦ ਧਾਰ ਹੇਮ ਕੁੰਡ, ਕੁੰਡੀ ਖਿੜਕੀ ਬਾਹਰ ਰਖਾਈਆ । ਕੀ ਆਸ਼ਾ ਰਖ ਕੇ ਗਿਆ ਕਾਗ ਭਸੁੰਡ, ਕਲਜੁਗ ਅੰਤਮ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਅੱਸੂ ਕਹੇ ਪ੍ਰਭੂ ਮੇਰਾ ਸੰਦੇਸ਼ਾ ਬਿਨ ਪਾਣੀ ਪੌਣ, ਪਵਣ ਬਸੰਤਰਾਂ ਰੰਗ ਨਾ ਕੋਇ ਰੰਗਾਈਆ । ਤੇਰਾ ਭੇਵ ਪਾ ਸਕੇ ਕੌਣ, ਕਥਨੀ ਕਥ ਸਕੇ ਕੋਇ ਨਾ ਰਾਈਆ । ਮੈਂ ਪੂਰਬ ਕਥਾ ਆਇਆ ਸੁਣਾਉਣ, ਬਿਨ ਅੱਖਰਾਂ ਅੱਖਰ ਜਣਾਈਆ । ਜੋ ਲਹਿਣਾ ਦੇਣਾ ਰਾਮ ਦਾ ਲੇਖਾ ਰਾਮ ਰਾਵਣ ਰੌਣ, ਪਰਦਾ ਪਰਦਿਆਂ ਵਿਚੋਂ ਉਠਾਈਆ । ਉਹ ਸੰਦੇਸਾ ਦਰ ਠਾਂਢੇ ਆਇਆ ਘਲਾਉਣ, ਬਿਨ ਰਸਨਾ ਜਿਹਵਾ ਗਾਈਆ । ਜੋ ਭਗਤ ਸੁਹੇਲਾ ਤੇਰਾ ਆਦਿ ਜੁਗਾਦੀ ਤੂੰ ਉਸ ਦਾ ਅੰਤਰ ਆਤਮ ਆਇਉਂ ਪ੍ਰਚਾਉਂਣ, ਪਰਚਾ ਦੀਨ ਦੁਨੀ ਤੋਂ ਬਾਹਰ ਪਾਈਆ । ਕੁਛ ਲੇਖਾ ਤਕ ਲੈ ਕੀ ਤੇਰਾ ਨਾਤਾ ਵਿਚ ਮਹੌਣ, ਮੋਹਰ ਆਪਣਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਤੇਈ ਅੱਸੂ ਕਹੇ ਉਹ ਨਾਰਦ ਆਉਂਦਾ ਨਠਾ, ਭੱਜੇ ਵਾਹੋ ਦਾਹੀਆ । ਜਿਸ ਨੂੰ ਕਲਜੁਗ ਕਰੇ ਠੱਠਾ, ਮਸਖ਼ਰੀ ਰਿਹਾ ਉਡਾਈਆ । ਪੰਡਤਾ ਧਰਮ ਦਾ ਬੁਰਜ ਵੇਖ ਲੈ ਢੱਠਾ, ਮਹਲ ਵੇਖਣ ਕੋਇ ਨਾ ਪਾਈਆ । ਸਤਿਗੁਰ ਸ਼ਬਦ ਦਾ ਰਿਹਾ ਕੋਈ ਨਾ ਪੱਠਾ, ਚੇਲਾ ਗੁਰ ਨਾ ਕੋਇ ਸਮਾਈਆ । ਦਰੋਹੀ ਫਿਰ ਗਈ ਮੰਦਰ ਮਸਜਿਦ ਸ਼ਿਵਦਵਾਲੇ ਮਠਾ, ਗੁਰੂਦੁਆਰ ਧਿਆਨ ਲਗਾਈਆ । ਸਭ ਦਾ ਲੇਖਾ ਮੁਕਣਾ ਇਕੱਠਾ, ਬਹੁਤੀ ਵੰਡ ਨਾ ਕੋਇ ਵੰਡਾਈਆ । ਮੇਰੇ ਕੋਲ ਪੁਰਖ ਅਕਾਲ ਦਾ ਪਟਾ, ਪਟਨੇ ਵਾਲਾ ਦਏ ਗਵਾਹੀਆ । ਜਿਸ ਦਾ ਲਹਿਣਾ ਦੇਣਾ ਅੰਤਮ ਧਾਰ ਹੋਣਾ ਜੱਟਾ, ਜਟਾ ਜੂਟਾਂ ਕਰੇ ਸਫ਼ਾਈਆ । ਉਹ ਸੂਰਬੀਰ ਨੌਜਵਾਨ ਹੱਟਾ ਕੱਟਾ, ਬਲਧਾਰੀ ਇਕ ਅਖਵਾਈਆ । ਜਿਸ ਸਭ ਦਾ ਮੇਟਣਾ ਰੱਟਾ, ਲੇਖਾ ਜਾਣੇ ਖ਼ਲਕ ਖ਼ੁਦਾਈਆ । ਉਹ ਭੇਵ ਖੁਲ੍ਹਾਏ ਕਾਇਆ ਮੱਟਾ, ਸਾਢੇ ਤਿੰਨ ਹੱਥ ਫੋਲ ਫੁਲਾਈਆ । ਉਸ ਦਾ ਵੇਸ ਬਾਜ਼ੀਗਰ ਨੱਟਾ, ਜਗਤ ਜੀਅ ਸਮਝ ਸਕੇ ਨਾ ਰਾਈਆ । ਜਿਸ ਦੇ ਹੁਕਮ ਵਿਚ ਸਤਿਜੁਗ ਤਰੇਤਾ ਦੁਆਪਰ ਕਲਜੁਗ ਟੱਪਾ, ਅਗਲਾ ਪੰਧ ਮੁਕਾਈਆ । ਉਹ ਵਸਣਹਾਰਾ ਘਟ ਘਟਾ, ਲੱਖ ਚੁਰਾਸੀ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਇਕ ਵਖਾਈਆ । ਨਾਰਦ ਕਹੇ ਅੱਸੂ ਭਾਂਡੇ ਮਿੱਟੀ ਦੇ ਤਕ ਲੈ ਚਾਰ, ਚਾਰੇ ਜੁਗ ਸਰਨਾਈਆ । ਬਿਨ ਰਸਨਾ ਕਰਨ ਪੁਕਾਰ, ਕੂਕ ਕੂਕ ਸੁਣਾਈਆ । ਸਤਿਜੁਗ ਬੋਲੇ ਆਪਣੀ ਧਾਰ, ਘਿਰਤ ਵਿਚ ਸਮਾਈਆ । ਤਰੇਤਾ ਕੂਕ ਕੂਕ ਕਰੇ ਪੁਕਾਰ, ਬਲ ਬਾਵਨ ਵੇਖ ਵਖਾਈਆ । ਚਾਵਲ ਤੇਰਾ ਰੂਪ

ਅਪਾਰ, ਸਮਗਰੀ ਬੇਪਰਵਾਹੀਆ । ਦੁਆਪਰ ਕੂਕ ਬੋਲੇ ਲਲਕਾਰ, ਨਵ ਸੱਤ ਸਤ ਵਡਿਆਈਆ । ਕਾਹਨਾ ਕ੍ਰਿਸ਼ਨਾ ਤੇਰਾ ਸਹਾਰ, ਅਰਜਨ
ਮਿਲ ਕੇ ਵਜੇ ਵਧਾਈਆ । ਮੋਹਣ ਮਾਧਵ ਹੋ ਸਿਕਦਾਰ, ਗਹਿਰ ਗੰਭੀਰ ਖੇਲ ਖਿਲਾਈਆ । ਅੰਨ ਦਾਣਾ ਵਿਚ ਸੰਸਾਰ, ਦੇਵਣਹਾਰ ਇਕ
ਗੁਸਾਂਈਆ । ਜੋ ਵੇਖੇ ਵਿਗਸੇ ਪਾਵੇ ਸਾਰ, ਆਦਿ ਜੁਗਾਦਿ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ
ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਂਈਆ । ਚੌਥਾ ਭਾਂਡਾ ਕਹੇ ਮੈਂ ਕਲਜੁਗ ਕੂੜਾ ਕੱਚਾ, ਖ਼ਾਲੀ ਅੰਦਰੋਂ ਨਜ਼ਰੀ ਆਈਆ । ਮੇਰੇ ਵਿਚ
ਗੁਣ ਰਿਹਾ ਨਾ ਸਚਾ, ਸਚ ਮਿਲੇ ਨਾ ਕੋਇ ਵਡਿਆਈਆ । ਮੇਰਾ ਅੰਤਸ਼ਕਰਨ ਕੂੜੀ ਕਿਰਿਆ ਨਾਲ ਮਚਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ ।
ਮੈਂ ਨਵ ਦੁਆਰੇ ਭੱਜਾ, ਭੱਜਿਆ ਵਾਹੋ ਦਾਹੀਆ । ਪ੍ਰਭੂ ਨਾਮ ਮੂਲ ਨਾ ਜਪਾ, ਹਿਰਦੇ ਹਰਿ ਨਾ ਕੋਇ ਵਸਾਈਆ । ਮੈਨੂੰ ਮਿਲੇ ਕੋਈ ਨਾ ਪਤਾ,
ਪਤਿਪਰਮੇਸ਼ਵਰ ਨਜ਼ਰ ਕੋਇ ਨਾ ਆਈਆ । ਮੇਰਾ ਖ਼ਾਲੀ ਦਿਸੇ ਖਟਾ, ਵਸਤ ਹੱਥ ਨਾ ਕੋਇ ਟਿਕਾਈਆ । ਮੈਨੂੰ ਇਸ਼ਾਰਾ ਦੇ ਕੇ ਗਿਆ ਨਾਨਕ
ਤਪਾ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਜਿਸ ਵੇਲੇ ਵੇਈਂ ਦੇ ਵਿਚ ਛਪਾ, ਬਿਨ ਛੱਪਰ ਛੰਨਾਂ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਖ਼ਾਲੀ ਭਾਂਡਾ ਕਹੇ ਮੈਂ ਨਿੱਕਾ ਜਿਹਾ ਕੁੱਜਾ, ਕੁੰਭ ਨਾਲੋਂ
ਰੂਪ ਬਦਲਾਈਆ । ਮੇਰੇ ਅੰਤਰ ਆਤਮ ਜਗਤ ਵਿਕਾਰ ਮੂਲ ਨਾ ਬੁੱਝਾ, ਅਗਨੀ ਅੱਗ ਨਾ ਕੋਇ ਬੁਝਾਈਆ । ਮੈਨੂੰ ਅੰਤਮ ਅੰਤ ਇਕੋ ਦੁਆਰਾ
 ਸੁੱਝਾ, ਦੂਸਰ ਓਟ ਨਾ ਕੋਇ ਤਕਾਈਆ । ਮੇਰਾ ਪੁਰਖ ਅਕਾਲਾ ਦੀਨ ਦਿਆਲਾ ਮੇਰਾ ਭੇਵ ਜਾਣੇ ਗੁੱਝਾ, ਪੜਦਾ ਪੜਦਿਆਂ ਵਿਚੋਂ ਉਠਾਈਆ । ੯੪੨
 ਜਿਸ ਦੇ ਅਗੇ ਵਾਸਤਾ ਪਾਵੇ ਧਰਨੀ ਬਸੁਧਾ, ਧਰਨੀ ਰੋ ਰੋ ਦੇਵੇ ਦੁਹਾਈਆ । ਉਸ ਦਾ ਕਲਜੁਗ ਹੁਕਮ ਦਾ ਹੋਣ ਵਾਲਾ ਯੁੱਧਾ, ਯੁਧਿਸ਼ਟਰ ੨੪
ਦਾ ਲੇਖਾ ਲੇਖੇ ਵਿਚੋਂ ਕਢਾਈਆ । ਅੰਤ ਵਕ਼ਤ ਸੁਹੰਜਣਾ ਪੁੱਜਾ, ਪੂਜਣਯੋਗ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਇਕ ਖਿਲਾਈਆ । ਭਾਂਡਾ ਕਹੇ ਮੇਰਾ ਰੂਪ ਮਿੱਟੀ ਖ਼ਾਕ ਤਨ, ਵਜੂਦ ਵੇਖ ਵਖਾਈਆ ।
ਮੇਰਾ ਸਮਝੇ ਕੋਈ ਨਾ ਮਨ, ਮਨਸਾ ਵੰਡ ਨਾ ਕੋਇ ਵੰਡਾਈਆ । ਮੇਰਾ ਰੁਪਾ ਨਹੀਂ ਕੋਈ ਧਨ, ਧਨਾਢ ਰੰਗ ਨਾ ਕੋਇ ਰੰਗਾਈਆ । ਮੇਰਾ ਸਰਵਣ
ਨਹੀਂ ਕੋਈ ਕੰਨ, ਕਾਇਨਾਤ ਦਿਆਂ ਜਣਾਈਆ । ਮੇਰਾ ਨੂਰ ਨਹੀਂ ਕੋਈ ਚੰਨ, ਪ੍ਰਕਾਸ਼ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਇਕ ਵਰਤਾਈਆ । ਭਾਂਡਾ ਕਹੇ ਮੈਂ ਅੰਦਰੋਂ ਖ਼ਾਲੀ, ਚੌਥਾ ਦਿਓ ਵਖਾਈਆ ।
ਮੇਰੀ ਸਤਿਗੁਰ ਸ਼ਬਦ ਕਰੇ ਦਲਾਲੀ, ਵਿਚੋਲਾ ਇਕੋ ਨਜ਼ਰੀ ਆਈਆ । ਜਿਸ ਦਾ ਲਹਿਣਾ ਦੇਣਾ ਨਾਲ ਜੋਤ ਅਕਾਲੀ, ਅਕਲ ਕਲਧਾਰੀ ਨਾਲ
ਮਿਲ ਕੇ ਵਜੇ ਵਧਾਈਆ । ਜੋ ਸਭ ਦੀ ਸੁਰਤ ਰਿਹਾ ਸੰਭਾਲੀ, ਸੰਬਲ ਬਹਿ ਕੇ ਆਪਣਾ ਖੇਲ ਖਿਲਾਈਆ । ਸੋ ਆਦਿ ਜੁਗਾਦਿ ਵਾਲੀ, ਵਾਰਸ
ਇਕੋ ਇਕ ਅਖਵਾਈਆ । ਜੋ ਮੇਰਾ ਲੇਖਾ ਪੂਰਾ ਕਰੇ ਹਾਲੀ, ਹਾਲਤ ਤਿਸ ਨੂੰ ਦਿਆਂ ਸੁਣਾਈਆ । ਕਲਜੁਗ ਫਲ ਰਿਹਾ ਕਿਸੇ ਨਾ ਡਾਲੀ,
ਪੱਤ ਟਹਿਣੀ ਗਏ ਕੁਮਲਾਈਆ । ਕੂੜੀ ਕਿਰਿਆ ਖੇਲ ਹੋਈ ਨਿਰਾਲੀ, ਅਚਰਜ ਲੀਲਾ ਰਹੀ ਵਖਾਈਆ । ਪ੍ਰਭੂ ਪ੍ਰੀਤੀ ਮਿਲੇ ਕਿਤੋਂ ਨਾ ਭਾਲੀ,
ਖੋਜਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ ।

ਭਾਂਡਾ ਕਹੇ ਪ੍ਰਭੂ ਮੈਨੂੰ ਦੇ ਦੇ ਪਰੇਮ ਦਾਦ, ਵਸਤ ਅਗੰਮ ਅਥਾਹ ਵਰਤਾਈਆ । ਮੈਨੂੰ ਭਰ ਸਕੇ ਨਾ ਕੋਈ ਸੰਤ ਸਾਧ, ਫ਼ਕੀਰ ਫ਼ਿਕਰਾ ਹਕ ਨਾ ਕੋਇ ਸੁਣਾਈਆ । ਮੈਂ ਫਿਰ ਫਿਰ ਵੇਖੇ ਮੰਦਰ ਮਸਜਿਦ ਸ਼ਿਵਦਵਾਲੇ ਮਠ ਤਤਾਂ ਵਾਲੇ ਸਮਾਧ, ਸਮਗਰੀਆਂ ਖੋਜੀਆਂ ਚਾਈ ਚਾਈਆ । ਰਸਨਾ ਜਿਹਵਾ ਬੱਤੀ ਦੰਦ ਅੱਖਰਾਂ ਵਾਲੇ ਸੁਣਦਾ ਰਿਹਾ ਨਾਦ, ਢੋਲੇ ਸਿਫ਼ਤਾਂ ਵਾਲੇ ਸਿਫ਼ਤ ਸਲਾਹੀਆ । ਮੈਂ ਨਿਗਾਹ ਮਾਰੀ ਵਿਚ ਬ੍ਰਹਿਮਾਦ, ਬ੍ਰਹਿਮਾਂਡ ਖੋਜ ਖੁਜਾਈਆ । ਜਿਧਰ ਤਕਿਆ ਦਿਸਿਆ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਨਾ ਕੋਇ ਬਣਾਈਆ । ਤੂੰ ਮੇਰਾ ਮੋਹਣ ਮਾਧਵ ਮਾਧ, ਮਿਹਰਵਾਨ ਅਗੰਮ ਅਥਾਹੀਆ । ਆਦਿ ਜੁਗਾਦਿ ਬੋਧ ਅਗਾਧ, ਬੁੱਧੀ ਤੋਂ ਪਰੇ ਤੇਰੀ ਪੜ੍ਹਾਈਆ । ਮਾਟੀ ਖ਼ਾਲੀ ਕਾਚਾ ਭਾਂਡਾ ਤੈਨੂੰ ਰਿਹਾ ਅਰਾਧ, ਗੁਣ ਤੇਰੇ ਢੋਲੇ ਗਾਈਆ । ਪੁਰਖ ਅਕਾਲੇ ਦੀਨ ਦਿਆਲੇ ਆਪਣੀ ਕਿਰਪਾ ਦਾ ਮੇਰੇ ਅੰਦਰ ਪਾ ਪ੍ਰਸਾਦਿ, ਪ੍ਰਸਾਦੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮੇਰੇ ਅੰਤਸ਼ਕਰਨ ਰਹੇ ਨਾ ਵਾਦ ਵਿਵਾਦ, ਅੰਮ੍ਰਿਤ ਰਸ ਬਿਨ ਰਸਨਾ ਦੇਣਾ ਚਖਾਈਆ ।

### ✪ ੨੩ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਮਹੌਣ ਜ਼ਿਲਾ ਲੁਧਿਆਣਾ ਜਰਨੈਲ ਸਿੰਘ ਦੇ ਗ੍ਰਹਿ ✪



ਧਰਨੀ ਕਹੇ ਮੇਰੇ ਵੱਡੇ ਹੋਵਣ ਭਾਗ, ਭਗਵਨ ਦੇਵੇ ਮਾਣ ਵਡਿਆਈਆ । ਮੇਰੇ ਉਤੋਂ ਕਲਜੁਗ ਕੂੜ ਦੀ ਬੁਝੇ ਆਗ, ਤ੍ਰੈਗੁਣ ਤਤ ਨਾ ਕੋਇ ਤਪਾਈਆ । ਸਤਿ ਦੀਪਕ ਜੋਤ ਜਗੇ ਚਰਾਗ਼, ਚਰਾਗਾਹਾਂ ਕਰੇ ਰੁਸ਼ਨਾਈਆ । ਜਨ ਭਗਤਾਂ ਅੰਦਰ ਬਖ਼ਸ਼ੇ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਹਰਿਜਨ ਹੰਸ ਬਣਾਏ ਫੜ ਫੜ ਕਾਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਦੁਰਮਤ ਮੈਲ ਧੋਵੇ ਦਾਗ਼, ਪਤਤ ਪੁਨੀਤ ਆਪ ਅਖਵਾਈਆ । ਸਾਚਾ ਇਸ਼ਨਾਨ ਕਰਾਏ ਅਗੰਮੀ ਧੂੜ ਮਜਨ ਮਾਘ, ਮਮਤਾ ਮੋਹ ਵਿਕਾਰ ਚੁਕਾਈਆ । ਸੰਤ ਸੁਹੇਲੇ ਜਾਵਣ ਜਾਗ, ਸੁਰਤੀ ਸ਼ਬਦ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੇਰਾ ਹੋਇਆ ਵਕਤ ਸੁਹੰਜਣਾ, ਪ੍ਰਭ ਦੇਵੇ ਮਾਣ ਵਡਿਆਈਆ । ਕਿਰਪਾ ਕਰੇ ਆਦਿ ਨਿਰੰਜਣਾ, ਨਰ ਨਰਾਇਣ ਧੁਰਦਰਗਾਹੀਆ । ਜਿਸ ਦੇ ਚਰਨ ਧੂੜ ਕਰਾਂ ਮਜਨਾ, ਮੇਰੇ ਪਾਪਾਂ ਕਰੇ ਸਫ਼ਾਈਆ । ਸਦਾ ਸੁਹੇਲਾ ਹੋਵੇ ਸੱਜਣਾ, ਸਖ਼ਾ ਇਕ ਅਖਵਾਈਆ । ਜਿਸ ਮੇਰਾ ਪਰਦਾ ਕਜਣਾ, ਸਿਰ ਮੇਰੇ ਹੱਥ ਟਿਕਾਈਆ । ਜਿਸ ਮੇਰਾ ਪਰਦਾ ਕਜਣਾ, ਸਿਰ ਮੇਰੇ ਹੱਥ ਟਿਕਾਈਆ । ਜਿਸ ਦਾ ਨਾਮ ਨਿਧਾਨਾ ਡੰਕਾ ਵਜਣਾ, ਚਾਰੋਂ ਕੁੰਟ ਕਰੇ ਸ਼ਨਵਾਈਆ । ਜਿਸ ਦੇ ਹੁਕਮ ਵਿਚ ਲੱਖ ਚੁਰਾਸੀ ਜੀਵ ਜੰਤ ਬੱਝਣਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਮੈਂ ਖੁਸ਼ੀਆਂ ਗਾਵਾਂ ਗੀਤ, ਸਤਿਗੁਰ ਗੋਬਿੰਦ ਧਾਰ ਦਏ ਵਡਿਆਈਆ । ਜੋ ਜਨ ਭਗਤਾਂ ਕਰੇ ਸਚ ਪ੍ਰੀਤ, ਪ੍ਰੀਤਮ ਹੋ ਕੇ ਮੇਲਾ ਮੇਲੇ ਚਾਈਂ ਚਾਈਆ । ਮੇਰਾ ਧਾਮ ਸੁਹਾਏ ਬਿਨਾ ਮੰਦਰ ਮਸੀਤ, ਬਿਨ ਕਾਅਬਿਆਂ ਕਰੇ ਰੁਸ਼ਨਾਈਆ । ਮੈਨੂੰ ਸੁਆਮੀ ਮਿਲਿਆ ਤ੍ਰੈਗੁਣ ਅਤੀਤ, ਤ੍ਰੈਭਗਣ ਧਨੀ ਨੂਰ ਅਲਾਹੀਆ । ਮੇਰਾ ਖ਼ੁਸ਼ੀ ਹੋਇਆ

ਚੀਤ, ਚਿਤ ਵਿਤ ਠਗੌਰੀ ਰਹੀ ਨਾ ਰਾਈਆ । ਮੈਂ ਆਪਣਾ ਆਪ ਲਿਆ ਜੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਦਰ ਇਕ ਸੁਹਾਈਆ । ਧਰਨੀ ਕਹੇ ਮੈਂ ਇਕੋ ਮੰਗ ਮੰਗਦੀ, ਮਾਂਗਤ ਹੋ ਕੇ ਝੋਲੀ ਡਾਹੀਆ । ਪਰਮ ਪੁਰਖ ਜਗਤ ਘੜੀ ਹੋਵੇ ਲੰਘਦੀ, ਪਲ ਪਲ ਤੇਰਾ ਨਾਮ ਧਿਆਈਆ । ਮੇਰੇ ਉਤੋਂ ਖੇਲ ਮੁਕਾ ਦੇ ਭੁਖ ਨੰਗ ਦੀ, ਜਗਤ ਦਲਿਦ੍ਰ ਡੇਰਾ ਢਾਹੀਆ । ਖ਼ੁਸ਼ੀ ਦੇ ਦੇ ਆਪਣੇ ਅਨੰਦ ਦੀ, ਅਨੰਦ ਅਨੰਦ ਵਿਚੋਂ ਪਰਗਟਾਈਆ । ਵਡਿਆਈ ਤਕਾਂ ਤੇਰੇ ਭਗਤ ਚੰਦ ਦੀ, ਚੰਦ ਚਾਂਦਨੀ ਕਰ ਰੁਸ਼ਨਾਈਆ । ਵਡਿਆਈ ਹੋਵੇ ਤੇਰੇ ਇਕੋ ਛੰਦ ਦੀ, ਸੋ ਪੁਰਖ ਨਿਰੰਜਣ ਦਏ ਵਡਿਆਈਆ । ਮੇਰੀ ਆਸ਼ਾ ਪੂਰੀ ਕਰ ਦੇ ਬੰਦ ਬੰਦ ਦੀ, ਬੰਦਗੀ ਤੇਰੇ ਚਰਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਸ਼ਾ ਪੂਰੀ ਕਰਨੀ ਤਤ ਪੰਜ ਦੀ, ਪੰਚਮ ਮੀਤੇ ਠਾਂਢੇ ਸੀਤੇ ਦਰ ਆਪਣੇ ਦੇਣੀ ਵਡਿਆਈਆ ।

## ✪ ੨੩ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਸਰਹੰਦ ਸ਼ਹਿਰ ਗੁਰਦਰਸ਼ਨ ਸਿੰਘ ਦੇ ਗ੍ਰਿਹ ਰਾਮ ਸਰੂਪ ਸੁਖਰਾਮ ਦਾਸ ਕ੍ਰਿਸ਼ਨ ਕੁਮਾਰ ਦੇਵੀ ਦਿਆਲ ✪



ਧਰਨੀ ਕਹੇ ਮੇਰੇ ਪਰਵਦਿਗਾਰ ਨੂਰ ਅਲਾਹ, ਯਾਮਬੀਨ ਤੇਰੀ ਸਰਨਾਈਆ । ਜੋਤੀ ਜਾਤੇ ਪੁਰਖ ਬਿਧਾਤੇ ਅਗੰਮ ਅਥਾਹ, ਸੋ ਪੁਰਖ ਨਿਰੰਜਣ ਤੇਰੀ ਓਟ ਤਕਾਈਆ । ਜਲਵਾਗਰ ਖ਼ੁਦੀ ਤੋਂ ਬਾਹਰ ਮੇਰੇ ਖ਼ੁਦਾ, ਖ਼ਾਦਮ ਹੋ ਕੇ ਸੀਸ ਨਿਵਾਈਆ । ਮੇਰੇ ਸ੍ਰੀ ਭਗਵਾਨ ਨੌਜਵਾਂ, ਮਰਦ ਮਰਦਾਨੇ ਤੇਰੀ ਓਟ ਰਖਾਈਆ । ਪੁਰਖ ਅਕਾਲੇ ਦੀਨ ਦਿਆਲੇ ਬਿਨ ਹੱਥਾਂ ਮੇਰੀ ਪਕੜ ਲੈ ਬਾਂਹ, ਬਿਨ ਤਤਾਂ ਤਤ ਜਣਾਈਆ । ਤੂੰ ਮਾਲਕ ਖ਼ਾਲਕ ਦੋ ਜਹਾਂ, ਨਿਰਗੁਣ ਨਿਰਵੈਰ ਅਗੰਮ ਅਥਾਹੀਆ । ਮੈਂ ਧਰਮ ਦੀ ਧਾਰ ਰਹੀ ਨਾ ਧਰਨੀ ਮਾਂ, ਮਈਆ ਸਈਆ ਰੰਗ ਨਾ ਕੋਇ ਰੰਗਾਈਆ । ਮੇਰੇ ਉਤੇ ਝਗੜਾ ਤਕ ਲੈ ਸੂਰ ਗਾਂ, ਪੰਛੀ ਪਸ਼ੂ ਸਾਰੇ ਰੋਵਣ ਮਾਰਨ ਧਾਹੀਆ । ਕਲਜੁਗ ਜੀਵਾਂ ਬੁੱਧੀ ਹੋਈ ਵਾਂਗ ਕਾਂ, ਕਾਗ ਵਾਂਗ ਸਰਬ ਕੁਰਲਾਈਆ । ਹਿਰਦੇ ਵਸਿਆ ਦਿਸੇ ਕਿਸੇ ਨਾ ਨਾਂ, ਨਾਉਂ ਨਿਰੰਕਾਰ ਤੇਰੇ ਰੰਗ ਨਾ ਕੋਇ ਰੰਗਾਈਆ । ਮੇਰੇ ਮਾਲਕ ਖ਼ਾਲਕ ਪਵਿਤ੍ਰ ਰਿਹਾ ਕੋਈ ਨਾ ਥਾਂ, ਥਨੰਤਰ ਵੇਖਣ ਕੋਇ ਨਾ ਪਾਈਆ । ਆ ਕੇ ਵੇਖ ਲੈ ਮੇਰਾ ਗਰਾਂ, ਗ੍ਰਿਹ ਮੰਦਰ ਪਰਦਾ ਆਪ ਚੁਕਾਈਆ । ਤੇਰੇ ਚਰਨ ਕਵਲ ਧਵਲ ਹੋ ਕੇ ਬਲ ਬਲ ਜਾਂ, ਏਕਾ ਸਰਨ ਦੇਣੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਮੇਰੇ ਪੁਰਖ ਅਕਾਲ ਅਗੰਮੜੇ, ਬੇਅੰਤ ਬੇਐਬ ਤੇਰੀ ਵਡਿਆਈਆ । ਨਿਗਾਹ ਮਾਰ ਲੈ ਕਾਇਆ ਮਾਟੀ ਮਾਨਵ ਚੰਮੜੇ, ਚੰਮ ਦ੍ਰਿਸ਼ਟੀ ਵੇਖ ਵਖਾਈਆ । ਮੇਰੇ ਉਤੇ ਦੀਨ ਦੁਨੀ ਦੇ ਹਾਲ ਹੋਣੇ ਮੰਦੜੇ, ਮੰਦਭਾਗੀ ਦਿਸੇ ਲੋਕਾਈਆ । ਤੇਰੀ ਕ਼ੀਮਤ ਰਹੀ ਨਾ ਕੌਡੀ ਦਮੜੇ, ਦਾਮਨਗੀਰ ਤੇਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਤੇਰੇ ਦਰ ਜਗਾਵਾਂ ਅਲਖ, ਅਲਖ ਅਗੋਚਰ ਤੇਰੀ ਓਟ ਤਕਾਈਆ । ਨਿਰਗੁਣ

ਧਾਰ ਹੋ ਪ੍ਰਤਖ, ਪਤਿਪਰਮੇਸ਼ਵਰ ਆਪਣਾ ਰੂਪ ਬਦਲਾਈਆ । ਮੇਰਾ ਭਾਂਡਾ ਵੇਖ ਲੈ ਖ਼ਾਲੀ ਸਖ, ਸਚ ਵਸਤ ਰਹਿਣ ਨਾ ਪਾਈਆ । ਜਿਉਂ
ਭਾਵੇ ਮੇਰੀ ਪੈਜ ਲੈਣੀ ਰਖ, ਰਖਕ ਹੋ ਕੇ ਹੋਣਾ ਸਹਾਈਆ । ਸਚ ਪ੍ਰੀਤੀ ਖੇੜਾ ਹੋਇਆ ਭੱਖ, ਭਠ ਦਿਸੇ ਕੂੜ ਲੋਕਾਈਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦੇਣੀ ਵਡਿਆਈਆ । ਧਰਨੀ ਕਹੇ ਮੇਰੇ ਪ੍ਰਭੂ ਮੇਰੀ ਬੇਨੰਤੀ ਤੇਰੇ
ਅਗੇ ਅਰਦਾਸ, ਅਰਜ਼ੋਈ ਇਕ ਸੁਣਾਈਆ । ਤੂੰ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼, ਪਾਤਸ਼ਾਹ ਬੇਪਰਵਾਹੀਆ । ਕਲਜੁਗ ਕੂੜੀ ਕਿਰਿਆ ਤਕ ਲੈ ਤਨ
ਵਜੂਦ ਮਾਟੀ ਖ਼ਾਕ ਲਾਸ਼, ਸਰੀਰ ਅੰਦਰ ਧਿਆਨ ਲਗਾਈਆ । ਕੁਛ ਲਹਿਣਾ ਦੇਣਾ ਮੇਰੇ ਨਾਲ ਮਿਲਾ ਦੇ ਸ਼ੰਕਰ ਕੈਲਾਸ਼, ਕਲਾਧਾਰੀ ਦੇ ਵਡਿਆਈਆ ।
ਮੇਰੀ ਜੁਗ ਚੌਕੜੀ ਪੁਰਾਣੀ ਪੂਰਬ ਆਸ, ਤ੍ਰਿਸ਼ਨਾ ਤੇਰੇ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ
ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਤੂੰ ਧੁਰ ਦਾ ਮੀਤ ਮੁਰਾਰ, ਮਿਤਰ ਪਿਆਰਾ ਇਕ ਅਖਵਾਈਆ । ਸੋ
ਪੁਰਖ ਨਿਰੰਜਣ ਪਾਉਣੀ ਸਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਏਕੰਕਾਰ ਦੇਣਾ ਅਧਾਰ, ਦੂਸਰ ਓਟ ਨਾ ਕੋਇ ਰਖਾਈਆ । ਆਦਿ
ਨਿਰੰਜਣ ਕਰ ਉਜਿਆਰ, ਜੋਤੀ ਜਾਤਾ ਡਗਮਗਾਈਆ । ਅਬਿਨਾਸ਼ੀ ਕਰਤੇ ਕਰਨਾ ਪਿਆਰ, ਮੁਹੱਬਤ ਆਪਣਾ ਨਾਮ ਸਮਝਾਈਆ । ਸ੍ਰੀ ਭਗਵਾਨ
ਮੇਰਾ ਕ਼ਰਜ਼ਾ ਦੇਣਾ ਉਤਾਰ, ਮਕਰੂਜ਼ ਤੇਰੇ ਦਰ ਤੇ ਮੰਗ ਮੰਗਾਈਆ । ਪਾਰਬ੍ਰਹਮ ਹੋ ਜਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਸਤਿਗੁਰ
੯੪੫ ਸ਼ਬਦ ਬੋਲ ਜੈਕਾਰ, ਸੰਦੇਸ਼ਾ ਦੋ ਜਹਾਨ ਦ੍ਰਿੜਾਈਆ । ਬ੍ਰਹਮੇ ਬ੍ਰਹਮ ਕਰ ਉਜਿਆਰ, ਭੇਵ ਅਭੇਦਾ ਆਪ ਖੁਲ੍ਹਾਈਆ । ਵਿਸ਼ਨੂੰ ਵਿਸ਼ਵ ਭਰ ੯੪੫
੨੪ ਭੰਡਾਰ, ਖ਼ਾਲੀ ਝੋਲੀ ਰਹਿਣ ਨਾ ਪਾਈਆ । ਸ਼ੰਕਰ ਕੂੜੀ ਕਿਰਿਆ ਕਰ ਦੇ ਪਾਰ, ਸਤਿ ਤ੍ਰਿਸੂਲ ਇਕ ਚਮਕਾਈਆ । ਨੌ ਖੰਡ ਪ੍ਰਿਥਮੀ ਤੂੰ ੨੪
ਵੇਖਣੀ ਆਪਣੀ ਧਾਰ, ਜਗਤ ਅੱਖ ਨਾ ਕੋਇ ਖੁਲ੍ਹਾਈਆ । ਮੈਂ ਰੋਵਾਂ ਜ਼ਾਹਰੋ ਜ਼ਾਰ, ਜ਼ੱਰਾ ਜ਼ੱਰਾ ਰਿਹਾ ਕੁਰਲਾਈਆ । ਤੂੰ ਮਾਲਕ ਸੁਆਮੀ
ਮੇਰਾ ਕੰਤ ਭਤਾਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਨਿਹਕਲੰਕਾ ਕਲ ਕਲਕੀ ਬਣ ਇਕ ਅਵਤਾਰ, ਅਵਤਰੀ ਹੋ ਕੇ ਵੇਖ ਵਖਾਈਆ ।
ਅਮਾਮ ਅਮਾਮਾ ਪਾਉਣੀ ਸਾਰ, ਸਿਕਦਾਰ ਨੂਰ ਅਲਾਹੀਆ । ਮੈਂ ਤੇਰੀ ਤਲਬਗਾਰ, ਸੰਤ ਕੁਮਾਰ ਰਿਹਾ ਜਣਾਈਆ । ਬਰਾਹ ਨੇ ਦਿਤਾ ਅਗੰਮ
ਇਸ਼ਾਰ, ਸੈਨਤ ਅੱਖ ਨਾ ਕੋਇ ਦ੍ਰਿੜਾਈਆ । ਯਗੇ ਪੁਰਸ਼ ਕੀਤੀ ਵਿਚਾਰ, ਬਿਨ ਬੁੱਧੀ ਬੋਧ ਕਰਾਈਆ । ਹਾਵਗ਼ਰੀਬ ਕਿਹਾ ਤੂੰ ਪਾਵਣਹਾਰਾ
ਸਾਰ, ਦੂਜਾ ਨਜ਼ਰ ਕੋਇ ਨਾ ਆਈਆ । ਨਰ ਨਰਾਇਣ ਤੇਰੇ ਸਭ ਕੁਛ ਅਖ਼ਤਿਆਰ, ਹੁਕਮੇ ਅੰਦਰ ਆਪਣਾ ਹੁਕਮ ਵਰਤਾਈਆ । ਦਤਾ ਤ੍ਰੈ
ਕੂਕ ਗਿਆ ਪੁਕਾਰ, ਦੋ ਜਹਾਨ ਸੁਣਾਈਆ । ਰਿਖਪ ਆਸਾ ਰਖੀ ਦੀਨ ਦੁਨੀ ਤੋਂ ਬਾਹਰ, ਭੇਵ ਅਭੇਦ ਆਪਣੇ ਵਿਚ ਛੁਪਾਈਆ । ਪ੍ਰਿਥੁ
ਕਰ ਕਰ ਨਿਮਸਕਾਰ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਮਤਸਯ ਤੇਰੇ ਚਰਨਾਂ ਧੂੜੀ ਲਾ ਕੇ ਛਾਰ, ਟਿੱਕੇ ਖ਼ਾਕ ਰਮਾਈਆ । ਕਛਪ
ਹੋ ਕੇ ਆਪੇ ਜ਼ਾਹਰ, ਮਿੰਦਰਾ ਆਪਣੇ ਪਿਠ ਉਠਾਈਆ । ਧਨੰਤਰ ਤੇਰਾ ਖੇਲ ਨਿਆਰ, ਖੇਲ ਖੇਲਿਆ ਚਾਈਂ ਚਾਈਂਆ । ਹੰਸਾ ਬਾਵਨ ਪਾ
ਕੇ ਸਾਰ, ਪਾਰਬ੍ਰਹਮ ਪ੍ਰਭ ਆਪਣਾ ਰੂਪ ਜਣਾਈਆ । ਹਰੀ ਹਰ ਹੋ ਕੇ ਆਪ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਦੂਤਾਂ ਦੁਸ਼ਟਾਂ ਆਪ
ਸੰਘਾਰ, ਮੋਹਣ ਮਾਧਵ ਆਪਣੀ ਕਲ ਵਰਤਾਈਆ । ਬਾਵਨ ਤੇਰਾ ਰੂਪ ਅਗੰਮ ਨੇਤਰ ਦਿਸੇ ਨਾ ਵਿਚ ਸੰਸਾਰ, ਜਗ ਨੇਤਰ ਵੇਖਣ ਕੋਇ ਨਾ

ਪਾਈਆ । ਨਰ ਨਰਾਇਣ ਹੋ ਉਜਿਆਰ, ਉਜਾਲਾ ਕੀਤਾ ਥਾਉਂ ਥਾਈਂਆ । ਤੇਰਾ ਖੇਲ ਸਦਾ ਜੁਗ ਚਾਰ, ਜੁਗ ਚੌਕੜੀ ਵੇਖ ਵਖਾਈਆ । ਰਾਮ ਰਾਮਾ ਰੂਪ ਧਰ ਅਪਰ ਅਪਾਰ, ਖੇਲ ਖੇਲਿਆ ਚਾਈਂ ਚਾਈਂਆ । ਕਾਹਨਾ ਕ੍ਰਿਸ਼ਨਾ ਤ੍ਰੈਲੋਕੀ ਤੇਰੇ ਚਰਨ ਭਿਖਾਰ, ਮੁਕੰਦ ਮਨੋਹਰ ਲਖਮੀ ਨਰਾਇਣ ਤੇਰੀ ਵਡਿਆਈਆ । ਪਰਸ ਰਾਮ ਦੀ ਖੱਤਰੀ ਬਾਹਮਣ ਤੋਂ ਬਾਹਰ ਦੀ ਧਾਰ, ਜਗਤ ਸ਼ਸਤਰ ਨਾ ਕੋਇ ਲੜਾਈਆ । ਵੇਦ ਵਿਆਸਾ ਬਣ ਲਿਖਾਰ, ਲੇਖ ਲਿਖਿਆ ਚਾਈਂ ਚਾਈਂਆ । ਜੁਗ ਚੌਕੜੀ ਲੰਘਦੇ ਗਏ ਪਾਰ, ਪਾਰਬ੍ਰਹਮ ਤੇਰੀ ਸੇਵ ਕਮਾਈਆ । ਪੈਗ਼ੰਬਰਾਂ ਪੈਗ਼ਾਮ ਦਿਤਾ ਦਸਿਆ ਵਿਚੋਂ ਨਿਰਅੱਖਰ ਧਾਰ, ਮੂਸਾ ਈਸਾ ਮੁਹੰਮਦ ਕਰ ਸ਼ਨਵਾਈਆ । ਨਾਨਕ ਗੋਬਿੰਦ ਦੇ ਅਧਾਰ, ਜੈ ਜੈ ਕਾਰ ਕਰਾਵੇ ਖ਼ਲਕ ਖ਼ੁਦਾਈਆ । ਅੰਤਮ ਪਰਮ ਪੁਰਖ ਪਰਮਾਤਮ ਧਰਨੀ ਕਹੇ ਤੇਰੀ ਆਈ ਵਾਰ, ਵਾਰਸ ਹੋ ਕੇ ਵੇਖ ਵਖਾਈਆ । ਸੰਬਲ ਨਗਰੀ ਤੇਰਾ ਧਾਮ ਨਿਆਰ, ਸਾਢੇ ਤਿੰਨ ਹੱਥ ਵਜੇ ਵਧਾਈਆ । ਸ਼ਬਦੀ ਸ਼ਬਦ ਤੇਰਾ ਜੈਕਾਰ, ਬਿਨ ਕੰਨਾਂ ਸਰਵਣਾਂ ਕਰ ਸ਼ਨਵਾਈਆ । ਤੇਰਾ ਰੂਪ ਅਨੂਪਾ ਸ਼ਾਹੋ ਭੂਪਾ ਦਿਸ ਨਾ ਆਵੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਤੇਰੇ ਢੋਲੇ ਗਾਈਆ । ਮੈਂ ਅੰਤ ਕੰਤ ਭਗਵੰਤ ਤੇਰਾ ਕਰਦੀ ਇੰਤਜ਼ਾਰ, ਬਿਨ ਨੈਣਾਂ ਰਾਹ ਤਕਾਂ ਚਾਈਂ ਚਾਈਂਆ । ਤੂੰ ਸ਼ਾਹ ਸੁਲਤਾਨੇ ਨੌਜਵਾਨੇ ਮਰਦ ਮਰਦਾਨੇ ਮੈਨੂੰ ਬਖ਼ਸ਼ ਦੇ ਧੂੜੀ ਛਾਰ, ਟਿੱਕੇ ਖ਼ਾਕ ਖ਼ਾਕ ਰਮਾਈਆ । ਮੇਰੀ ਬੇਨੰਤੀ ਤੇਰੇ ਦਰ ਪੁਕਾਰ, ਪੁਨਹ ਪੁਨਹ ਸੀਸ ਝੁਕਾਈਆ । ਕਲਜੁਗ ਕੂੜੀ ਕਿਰਿਆ ਜੀਵਾਂ ਜੰਤਾਂ ਅੰਦਰੋਂ ਕੱਢਕੇ ਬਾਹਰ, ਸਾਧਾਂ ਸੰਤਾਂ ਰੰਗ ਰੰਗਾਈਆ । ਇਕੋ ਨਾਮ ਕਲਮਾ ਸ੍ਰਿਸ਼ਟ ਸੁਬਾਈ ਅੰਤਰ ਨਿਰੰਤਰ ਤੇਰਾ ਹੋਵੇ ਪਿਆਰ, ਮੁਹੱਬਤ ਆਪਣੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਦਰ ਆਪ ਸੁਹਾਈਆ । ਧਰਨੀ ਕਹੇ ਮੇਰੇ ਸੁਆਮੀ ਅੰਤਰਜਾਮੀ ਨਿਹਕਾਮੀ ਮੇਰੀ ਇਕ ਅਰਜ਼ੋਈ, ਜਗਤ ਖ਼ਾਹਿਸ਼ ਤਮੰਨਾ ਸੰਗ ਨਾ ਕੋਇ ਰਖਾਈਆ । ਤੁਧ ਬਿਨ ਮੇਰੀ ਸਾਰ ਪਾਏ ਨਾ ਕੋਈ, ਕੂਕ ਕੂਕ ਦਿਆਂ ਦੁਹਾਈਆ । ਨਵ ਸੱਤ ਤੇਰੇ ਨਾਮ ਮਿਲੇ ਨਾ ਢੋਈ, ਢੋਲਕ ਛੈਣੇ ਕੰਮ ਕਿਸੇ ਨਾ ਆਈਆ । ਮਾਨਵ ਜ਼ਾਤੀ ਸੁਰਤ ਸ਼ਬਦ ਸਕੇ ਨਾ ਕੋਇ ਪਰੋਈ, ਪਰੋਹਤ ਸਕੇ ਨਾ ਕੋਇ ਸਮਝਾਈਆ । ਮੇਰੇ ਮਾਲਕ ਖ਼ਾਲਕ ਪਰਵਰਦਿਗਾਰ ਨੂਰ ਅਲਾਹ ਮੇਰੀ ਦਰੋਹੀ, ਦੋ ਜਹਾਨਾਂ ਦਿਆਂ ਸੁਣਾਈਆ । ਆਤਮ ਪਰਮਾਤਮ ਤੇਰੇ ਨਾਲ ਕਿਸੇ ਨਾ ਛੋਹੀ, ਮਿਲ ਕੇ ਵਜੇ ਨਾ ਕੋਇ ਵਧਾਈਆ । ਜਿਧਰ ਤਕਾਂ ਘਰ ਘਰ ਕਾਇਆ ਮੰਦਰ ਅੰਦਰ ਪੰਜ ਗਰੋਹੀ, ਦਿਵਸ ਰੈਣ ਭੱਜਣ ਵਾਹੋ ਦਾਹੀਆ । ਸੁਰਤੀ ਉਠੇ ਕਿਸੇ ਨਾ ਸੋਈ, ਸਵਾਧਾਨ ਨਾ ਕੋਇ ਕਰਾਈਆ । ਅੰਮ੍ਰਿਤ ਬੂੰਦ ਸਵਾਂਤ ਕੋਇ ਨਾ ਚੋਈ, ਸਾਂਤਕ ਸਤਿ ਨਾ ਕੋਇ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰੀ ਪਤ ਗਈ ਖੋਹੀ, ਪਤਿਪਰਮੇਸ਼ਵਰ ਓਢਣ ਸੀਸ ਨਾ ਕੋਇ ਟਿਕਾਈਆ । ਮੇਰੇ ਉਤੇ ਅਵਤਾਰ ਪੈਗ਼ੰਬਰਾਂ ਗੁਰੂਆਂ ਲੇਖੇ ਲਾ ਕੇ ਭਵਿਖਤਾਂ ਵਾਲੀ ਪੇਸ਼ੀਨਗੋਈ, ਪੇਸ਼ ਹੋ ਕੇ ਪੇਸ਼ਤਰ ਤੈਨੂੰ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਪਿਆਰ ਮੁਹੱਬਤ ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਗਈ ਮੋਹੀ, ਨਾਤਾ ਬਿਧਾਤਾ ਇਕੋ ਇਕ ਲੈਣਾ ਜੁੜਾਈਆ ।


੯੪੬
੨੪

## ✪ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਸਰਹੰਦ ਸ਼ਹਿਰ ਵਿਚ ਗੁਰਦਰਸ਼ਨ ਸਿੰਘ ਦੇ ਗ੍ਰਹਿ ✪

ਸਤਿਗੁਰ ਸ਼ਬਦ ਸਦਾ ਬਖ਼ਸ਼ੰਦ, ਬਖ਼ਸ਼ਣਹਾਰ ਆਦਿ ਜੁਗਾਦਿ ਅਖਵਾਈਆ । ਜਨ ਭਗਤਾਂ ਦੇਵਣਹਾਰ ਸਦਾ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਅੰਤਰ ਨਿਰੰਤਰ ਚਾੜ੍ਹਨਹਾਰਾ ਨੂਰੀ ਚੰਦ, ਜੋਤੀ ਜਾਤਾ ਹੋ ਕੇ ਡਗਮਗਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸੇ ਛੰਦ, ਸੋਹੰ ਢੋਲਾ ਅਗੰਮ ਅਥਾਹੀਆ । ਖ਼ੁਸ਼ੀ ਕਰਾਏ ਬੰਦ ਬੰਦ, ਬੰਧਨ ਕੂੜ ਰਹੇ ਨਾ ਰਾਈਆ । ਭਾਂਡਾ ਭਰਮ ਭੁਲੇਖਾ ਢਾਹੇ ਕੰਧ, ਅੰਤਰ ਨਿਰੰਤਰ ਧਿਆਨ ਲਗਾਈਆ । ਸਚ ਦੁਆਰ ਨਿਰਗੁਣ ਧਾਰ ਹੋ ਕੇ ਜਾਵੇ ਲੰਘ, ਅਗੇ ਹੋ ਨਾ ਕੋਇ ਅਟਕਾਈਆ । ਆਤਮ ਸੇਜ ਸੁਹਾਏ ਪਲੰਘ, ਸਚ ਸਿੰਘਾਸਣ ਡੇਰਾ ਲਾਈਆ । ਪੰਜ ਵਿਕਾਰ ਮੇਟ ਕੇ ਜੰਗ, ਹੰ ਬ੍ਰਹਮ ਦਏ ਸਮਝਾਈਆ । ਮਾਨਸ ਜਨਮ ਹੋਵਣ ਨਾ ਦੇਵੇ ਭੰਗ, ਸਿਰ ਸਿਰ ਆਪਣਾ ਹੱਥ ਟਿਕਾਈਆ । ਕਾਇਆ ਚੋਲੀ ਚਾੜ੍ਹੇ ਰੰਗ, ਦੁਰਮਤ ਮੈਲ ਮੈਲ ਧੁਆਈਆ । ਲੇਖਾ ਜਾਣੇ ਤਤ ਪੰਜ, ਪੰਚਮ ਮੀਤਾ ਹੋ ਕੇ ਖੋਜ ਖੁਜਾਈਆ । ਮਨ ਕਲਪਣਾ ਰਹਿਣ ਨਾ ਦੇਵੇ ਰੰਜ, ਰੰਜਸ਼ ਅੰਦਰੋਂ ਬਾਹਰ ਕਢਾਈਆ । ਇਕੋ ਰੰਗ ਰੰਗਾਏ ਸਵੇਰ ਸੰਝ, ਸੰਧਿਆ ਸਰਘੀ ਮਿਲ ਕੇ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਸਦਾ ਮਿਹਰਵਾਨ ਮਿਹਰਵਾਨ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਆਦਿ ਜੁਗਾਦਿ ਨੌਜਵਾਨ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਧਰਨੀ ਧਰਤ ਧਵਲ ਧੌਲ ਹੁੰਦਾ ਪ੍ਰਧਾਨ, ਅਵਤਾਰ ਪੈਗ਼ੰਬਰ ਗੁਰ ਆਪਣਾ ਖੇਲ ਖਿਲਾਈਆ । ਧੁਰ ਸੰਦੇਸ਼ਾ ਦੇਵੇ ਨਾਮ ਨਿਧਾਨ, ਕਲਮਾ ਕਾਇਨਾਤ ਪੜ੍ਹਾਈਆ । ਜਗਤ ਜੁਗਤ ਸ਼ਾਸ਼ਤਰਾਂ ਦੇ ਗਿਆਨ, ਵਿਦਿਆ ਵਿਦਤ ਰੂਪ ਦਰਸਾਈਆ । ਭੇਵ ਅਭੇਦਾ ਖੋਲ੍ਹੇ ਆਣ, ਅਨਕ ਕਲਧਾਰੀ ਆਪਣੀ ਕਲ ਪਰਗਟਾਈਆ । ਜਿਸ ਦਾ ਖੇਲ ਜ਼ਿਮੀਂ ਅਸਮਾਨ, ਦੋ ਜਹਾਨ ਰਚਨ ਰਚਾਈਆ । ਸੋ ਭਗਤ ਵਛਲ ਭਗਵਾਨ, ਹਰਿ ਕਰਤਾ ਅਗੰਮ ਅਥਾਹੀਆ । ਜੋ ਲਹਿਣਾ ਦੇਣਾ ਦੇਵਣਹਾਰ ਨਬੀ ਨੂਹ ਇਨਸਾਨ, ਲੱਖ ਚੁਰਾਸੀ ਪਰਦਾ ਆਪ ਉਠਾਈਆ । ਜਿਸ ਨੂੰ ਸਭ ਨੇ ਧੁਰ ਦਾ ਮੰਨਿਆ ਰਾਮ, ਕਾਹਨ ਕਾਹਨਾ ਆਪ ਹੋ ਜਾਈਆ । ਜਿਸ ਉਤੇ ਪੈਗ਼ੰਬਰਾਂ ਆਉਂਦਾ ਈਮਾਨ, ਸਜਦਿਆਂ ਵਿਚ ਸੀਸ ਝੁਕਾਈਆ । ਜਿਸ ਨੇ ਨਾਨਕ ਦਾਤ ਦਿਤੀ ਸਤਿਨਾਮ, ਨਾਮ ਨਿਧਾਨਾ ਝੋਲੀ ਪਾਈਆ । ਜਿਸ ਦਾ ਡੰਕਾ ਫ਼ਤਿਹ ਮਹਾਨ, ਗੋਬਿੰਦ ਗਿਆ ਗਾਈਆ । ਸੋ ਪੁਰਖ ਅਕਾਲਾ ਨੌਜਵਾਨ, ਦੀਨ ਦਿਆਲ ਇਕ ਅਖਵਾਈਆ । ਜੋ ਦੇਵਣਹਾਰ ਗ਼ਰੀਬ ਨਿਮਾਣਿਆਂ ਮਾਣ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਿਸ ਦੇ ਪਿਆਰ ਵਿਚ ਰੋਗ ਸੋਗ ਸਰਬ ਮਿਟ ਜਾਣ, ਦੁਖ ਦਲਿਦ੍ਰ ਰਹੇ ਨਾ ਰਾਈਆ । ਅੰਤਰ ਆਤਮ ਨਿਝਰ ਝਿਰਨਾ ਮਿਲੇ ਪੀਣ ਖਾਣ, ਬੂੰਦ ਸਵਾਂਤੀ ਆਪ ਟਪਕਾਈਆ । ਸ਼ਬਦ ਅਨਾਦੀ ਦਏ ਧੁਨਕਾਨ, ਅਨਹਦ ਨਾਦੀ ਰਾਗ ਸੁਣਾਈਆ । ਆਤਮ ਜੋਤੀ ਜੋਤ ਜਗਾਏ ਮਹਾਨ, ਅੰਧ ਅੰਧੇਰਾ ਰਹੇ ਨਾ ਰਾਈਆ । ਘਰ ਠਾਕਰ ਸੁਆਮੀ ਮਿਲੇ ਆਣ, ਨੂਰ ਨੁਰਾਨਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਘਰ ਆਪ ਸੁਹਾਈਆ । ਸਤਿਗੁਰ ਸ਼ਬਦ ਲੇਖਾ ਜਾਣੇ ਕਾਇਆ ਮੰਦਰ, ਸਾਢੇ ਤਿੰਨ ਹੱਥ ਖੋਜ ਖੁਜਾਈਆ । ਬਜਰ ਕਪਾਟੀ ਤੋੜਨਹਾਰਾ ਜੰਦਰ, ਕੁੰਜੀ ਨਾਮ ਆਪਣੀ ਆਪ ਲਗਾਈਆ । ਭਾਗ ਲਗਾਏ ਡੂੰਘੀ ਖੰਡਰ, ਅੰਧ ਅੰਧੇਰਾ ਵੇਖ ਵਖਾਈਆ । ਮਨੂਆ ਮਨ ਦਹਿ ਦਿਸ਼ਾ ਉਠ ਨਾ ਧਾਏ

ਬੰਦਰ, ਦਿਵਸ ਰੈਣ ਭੱਜੇ ਨਾਂ ਵਾਹੋ ਦਾਹੀਆ । ਦੇਵੇ ਪ੍ਰਕਾਸ਼ ਬਿਨਾ ਸੂਰੀਆ ਚੰਦਰ, ਚੰਦ ਚਾਂਦਨੀ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਸਚਾ ਮਹਿਬੂਬ, ਮਹਿਬਾਨ ਇਕ ਅਖਵਾਈਆ । ਜਿਸ ਦਾ ਆਲੀਸ਼ਾਨ ਅਰੂਜ, ਅਰਸ਼ ਫ਼ਰਸ਼ ਦਾ ਮਾਲਕ ਨੂਰ ਅਲਾਹੀਆ । ਜਿਸ ਦੀ ਦੋ ਜਹਾਨਾਂ ਬਾਹਰ ਆਵਾਜ਼, ਸ਼ਬਦੀ ਧਾਰ ਕਰੇ ਸ਼ਨਵਾਈਆ । ਤਿਸ ਸਤਿਜੁਗ ਤਰੇਤਾ ਦੁਆਪਰ ਕਲਜੁਗ ਦੀਨ ਦੁਨੀ ਚਲਾਇਆ ਜਹਾਜ਼, ਬੇੜਾ ਚਪੂ ਆਪਣਾ ਨਾਮ ਰਖਾਈਆ । ਸੋ ਭਗਤਾਂ ਪੂਰੇ ਕਰਨਹਾਰਾ ਕਾਜ, ਕਰਤਾ ਪੁਰਖ ਇਕ ਅਖਵਾਈਆ । ਜਿਸ ਨੂੰ ਸਭ ਨੇ ਮੰਨਿਆ ਗੁਰੂ ਮਹਾਰਾਜ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਨੂਰ ਅਲਾਹੀਆ । ਸੋ ਸਾਹਿਬ ਸੁਆਮੀ ਅੰਤਰਜਾਮੀ ਦੁਰਮਤ ਮੈਲ ਧੋਵਣਹਾਰਾ ਦਾਗ਼, ਪਤਤ ਪੁਨੀਤ ਆਪ ਕਰਾਈਆ । ਫੜ ਫੜ ਹੰਸ ਬਣਾਏ ਕਾਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਕਾਇਆ ਮੰਦਰ ਅੰਦਰ ਸੁਰਤੀ ਜਾਵੇ ਜਾਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਤ੍ਰੈਗੁਣ ਮਾਇਆ ਬੁਝਾ ਕੇ ਆਗ, ਸਾਂਤਕ ਸਤਿ ਸਤਿ ਵਖਾਈਆ । ਜੋ ਸਚ ਸਰਨਾਈ ਜਾਵੇ ਲਾਗ, ਸਤਿਗੁਰ ਦੇਵੇ ਮਾਣ ਵਡਿਆਈਆ । ਸਤਿਗੁਰ ਸ਼ਬਦ ਗ਼ਰੀਬ ਨਿਮਾਣਿਆਂ ਕਰੇ ਵਡ ਵਡ ਭਾਗ, ਭਗਵਨ ਹੋ ਕੇ ਵੇਖ ਵਖਾਈਆ । ਘਰ ਦੀਪਕ ਜਗਾ ਚਰਾਗ਼, ਅੰਧ ਅੰਧੇਰਾ ਦਏ ਗਵਾਈਆ । ਬਿਨਾ ਕਰਨੀ ਕਰਤਬ ਅੰਤਸ਼ਕਰਨ ਉਪਜਾਏ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਮਨ ਕਲਪਣਾ ਹੋਏ ਤਿਆਗ, ਚਿੰਤਾ ਚਿਖਾ ਨਾ ਕੋਇ ਜਲਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ

, ਜਨ ਭਗਤ ਸੁਹੇਲੇ ਪਕੜਨਹਾਰਾ ਆਪੇ ਵਾਗ, ਡੋਰੀ ਅਵਰ ਹੱਥ ਨਾ ਕਿਸੇ ਫੜਾਈਆ ।

## ✪ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਰੌਣੀ ਜ਼ਿਲਾ ਲੁਧਿਆਣਾ ਸਰਦਾਰਾ ਸਿੰਘ ਦੇ ਗ੍ਰਿਹ ✪

ਸਤਿਗੁਰ ਸ਼ਬਦ ਸਦਾ ਸੁਖਦਾਈ, ਗਹਿਰ ਗੰਭੀਰ ਬੇਨਜ਼ੀਰ ਇਕ ਅਖਵਾਇੰਦਾ । ਜੁਗ ਜੁਗ ਖੇਲੇ ਖੇਲ ਹੋ ਕੇ ਬੇਪ੍ਰਵਾਹੀ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਰੰਗ ਰੰਗਾਇੰਦਾ । ਭਗਤ ਸੁਹੇਲੇ ਆਦਿ ਜੁਗਾਦਿ ਲਏ ਉਠਾਈ, ਜਗਤ ਆਲਸ ਨਿੰਦਰਾ ਵਿਚੋਂ ਬਾਹਰ ਕਢਾਇੰਦਾ । ਦੇਵੇ ਨਾਮ ਨਿਧਾਨਾ ਬਣ ਕੇ ਧੁਰ ਦਾ ਮਾਹੀ, ਮਹਿਬੂਬ ਹੋ ਕੇ ਆਪਣਾ ਭੇਵ ਚੁਕਾਇੰਦਾ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਬਖ਼ਸ਼ੇ ਸਚਾ ਥਾਈਂ, ਥਾਨ ਥਨੰਤਰ ਇਕ ਵਡਿਆਇੰਦਾ । ਜੋਤੀ ਜਾਤਾ ਹੋ ਕੇ ਪਕੜੇ ਬਾਹੀਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਇੰਦਾ । ਸਤਿਗੁਰ ਸ਼ਬਦ ਆਦਿ ਜੁਗਾਦੀ, ਨਿਰਗੁਣ ਆਪਣੀ ਕਾਰ ਕਮਾਇੰਦਾ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦੀ, ਪਾਰਬ੍ਰਹਮ ਸੰਗ ਨਿਭਾਇੰਦਾ । ਸਤਿ ਸਤਿ ਦਾ ਬਣ ਕੇ ਰੂਪ ਸਦਾ ਸਤਿਵਾਦੀ, ਸਤਿ ਰੰਗ ਰੰਗ ਰੰਗਾਇੰਦਾ । ਆਪਣੀ ਅਵਾਜ਼ ਸੁਣਾਏ ਧੁਨ ਅਨਾਦੀ, ਅਨਹਦ ਆਪਣਾ ਰਾਗ ਦ੍ਰਿੜਾਇੰਦਾ । ਬਿਸਮਲ ਧਾਰ ਹੋਈ ਵਿਸਮਾਦੀ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜਿਸ ਦਾ ਹੁਕਮ ਬੋਧ ਅਗਾਧੀ, ਮਨ ਮਤਿ ਬੁਧਿ ਤੋਂ ਪਰੇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ

ਦਾ ਸੰਗ ਆਪ ਨਿਭਾਇੰਦਾ । ਸਤਿਗੁਰ ਸ਼ਬਦ ਸਦਾ ਕੁਲਵੰਤ, ਕੁਲ ਭਗਤਾਂ ਵੇਖ ਵਖਾਈਆ । ਜਿਸ ਦਾ ਨਾਮ ਨਿਧਾਨਾ ਅਗੰਮੀ ਮੰਤ, ਮੰਤਵ ਹਰਿਜਨ ਪੂਰ ਕਰਾਈਆ । ਜਿਸ ਦੀ ਧਾਰ ਚਾਰ ਜੁਗ ਦੇ ਸੰਤ, ਸਤਿਗੁਰ ਦੇਵਣਹਾਰ ਵਡਿਆਈਆ । ਸੋ ਗੜ੍ਹ ਤੋੜਨਹਾਰਾ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਨਿਰਗੁਣ ਧਾਰ ਬਣ ਕੇ ਪੰਡਤ, ਜਗਤ ਵਿਦਿਆ ਬਾਹਰ ਪੜ੍ਹਾਈਆ । ਜਿਸ ਦਾ ਲੇਖਾ ਆਦਿ ਅੰਤ, ਜੁਗਾ ਜੁਗੰਤ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਸਤਿਗੁਰ ਸ਼ਬਦ ਸਦਾ ਸੰਗੀ, ਆਦਿ ਜੁਗਾਦਿ ਸੰਗ ਨਿਭਾਇੰਦਾ । ਕਾਇਆ ਮਾਟੀ ਚੋਲੀ ਦੇਵੇ ਰੰਗੀ, ਰੰਗਤ ਦੋ ਜਹਾਨ ਵਖਾਇੰਦਾ । ਜਨ ਭਗਤਾਂ ਪੁਸ਼ਤ ਹੋਵਣ ਨਾ ਦੇਵੇ ਨੰਗੀ, ਸਿਰ ਆਪਣਾ ਹੱਥ ਟਿਕਾਇੰਦਾ । ਆਤਮ ਧਾਰ ਦੇਵੇ ਅਨੰਦੀ, ਪ੍ਰਮਾਨੰਦ ਵਿਚ ਰਖਾਇੰਦਾ । ਤੂੰ ਮੇਰਾ ਮੈਂ ਤੇਰਾ ਦੱਸੇ ਛੰਦੀ, ਸੋਹੰ ਢੋਲਾ ਇਕ ਦ੍ਰਿੜਾਇੰਦਾ । ਬਜਰ ਕਪਾਟੀ ਤੋੜੇ ਜੰਦੀ, ਜ਼ਿੰਦਗੀ ਆਪਣੇ ਨਾਲ ਮਿਲਾਇੰਦਾ । ਲੱਖ ਚੁਰਾਸੀ ਕੱਟੇ ਫੰਦੀ, ਜਮ ਕੀ ਫਾਸ ਨਾ ਕੋਇ ਵਖਾਇੰਦਾ । ਨੂਰੀ ਚੰਦ ਚਾੜ੍ਹ ਕੇ ਚੰਦੀ, ਅੰਧ ਅਗਿਆਨ ਗਵਾਇੰਦਾ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਲੰਘੀ, ਸੋ ਕਲਜੁਗ ਅੰਤਮ ਫੇਰਾ ਪਾਇੰਦਾ । ਜਨ ਭਗਤਾਂ ਸਦ ਕੱਟਣਹਾਰਾ ਤੰਗੀ, ਦੁਖ ਦਲਿਦ੍ਰ ਡੇਰਾ ਢਾਇੰਦਾ । ਮਨੂਆ ਮਨ ਨਾ ਰਹੇ ਫ਼ਰੰਗੀ, ਫ਼ੈਸਲਾ ਇਕੋ ਹਕ ਸੁਣਾਇੰਦਾ । ਆਤਮ ਪਰਮਾਤਮ ਨਾਲ ਕਰੇ ਸੰਧੀ, ਨਾਤਾ ਬਿਧਾਤਾ ਆਪ ਜੁੜਾਇੰਦਾ । ਝਗੜਾ ਮੁਕੇ ਜੇਰਜ ਅੰਡੀ, ਉਤਭੁਜ ਸੇਹਤਜ ਡੇਰਾ ਢਾਇੰਦਾ । ਅੰਤ ਕੰਤ ਭਗਵੰਤ ਹਰਿਜਨ ਲੈ ਕੇ ਜਾਵੇ ਸਚਖੰਡੀ, ਦੁਆਰਾ ਏਕੰਕਾਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਬੰਕ ਇਕ ਵਡਿਆਇੰਦਾ । ਸਤਿਗੁਰ ਸ਼ਬਦ ਭਗਤ ਸੁਹੇਲਾ ਮੀਤਾ, ਮਿਤਰ ਇਕ ਅਖਵਾਈਆ । ਜੋ ਨਿਰਗੁਣ ਵਸੇ ਚੀਤਾ, ਠਗੌਰੀ ਚਿਤ ਰਹੇ ਨਾ ਰਾਈਆ । ਤਨ ਵਜੂਦ ਕਰੇ ਠਾਂਢਾ ਸੀਤਾ, ਅਗਨੀ ਤਤ ਬੁਝਾਈਆ । ਭਾਗ ਲਗਾਏ ਦਇਆ ਕਮਾਏ ਦਰਸ ਦਿਖਾਏ ਕਾਇਆ ਮੰਦਰ ਮਸੀਤਾ, ਕਾਅਬਾ ਇਕੋ ਇਕ ਨਜ਼ਰੀ ਆਈਆ । ਜਿਥੇ ਵਸੇ ਤ੍ਰੈਗੁਣ ਅਤੀਤਾ, ਤ੍ਰੈਭਵਣ ਧਨੀ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਘਰ ਆਪ ਸੁਹਾਈਆ । ਸਤਿਗੁਰ ਸ਼ਬਦ ਸਦਾ ਸੁਹੇਲਾ, ਸੰਗੀ ਇਕ ਅਖਵਾਈਆ । ਜਨ ਭਗਤਾਂ ਕਰੇ ਆਪਣਾ ਮੇਲਾ, ਮਿਲਣੀ ਹਰਿ ਜਗਦੀਸ਼ ਰਖਾਈਆ । ਬੰਕ ਦੁਆਰ ਇਕ ਸੁਹਾਏ ਗੁਰੂ ਗੁਰ ਚੇਲਾ, ਦੂਜਾ ਨਜ਼ਰ ਕੋਇ ਨਾ ਆਈਆ । ਜੋ ਆਦਿ ਜੁਗਾਦਿ ਅਚਰਜ ਖੇਲ ਖੇਲਾ, ਖ਼ਾਲਕ ਖ਼ਲਕ ਹੋ ਕੇ ਵੇਖੇ ਚਾਈਂ ਚਾਈਆ । ਜੋ ਵਸਣਹਾਰਾ ਧਾਮ ਨਵੇਲਾ, ਸਚਖੰਡ ਸਾਚੇ ਸੋਭਾ ਪਾਈਆ । ਸੋ ਜਨ ਭਗਤਾਂ ਕਲਜੁਗ ਅੰਤਮ ਬਣੇ ਸੱਜਣ ਸੁਹੇਲਾ, ਸਗਲਾ ਸੰਗੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ , ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਵਣ ਜਾਵਣ ਪਤਤ ਪਾਵਨ ਕੱਟਣਹਾਰਾ ਧਰਮ ਰਾਏ ਦੀ ਜੇਲਾ, ਮਿਹਰਵਾਨ ਹੋ ਕੇ ਆਪਣੀ ਦਇਆ ਕਮਾਈਆ ।

✪ ੨੪ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਹਰਬੰਸ ਪੁਰਾ ਜ਼ਿਲਾ ਲੁਧਿਆਣਾ ਗੁਰਨਾਮ ਸਿੰਘ, ਜਸਵੰਤ ਸਿੰਘ, ਪ੍ਰੇਮ ਸਿੰਘ, ਸ਼ਮਸ਼ੇਰ ਸਿੰਘ, ਰਾਜ ਸਿੰਘ, ਕਰਨੈਲ ਸਿੰਘ, ਇੰਦਰ ਸਿੰਘ ✪

ਧਰਨੀ ਕਹੇ ਮੇਰੇ ਸ੍ਰੀ ਭਗਵਾਨ, ਭਗਵਨ ਭਗਵੰਤ ਤੇਰੀ ਓਟ ਤਕਾਈਆ । ਮੇਰੇ ਆਦਿ ਜੁਗਾਦੀ ਕਾਹਨ, ਨਿਰਗੁਣ ਧਾਰ ਤੇਰੀ ਸਰਨਾਈਆ । ਜੋਬਨਵੰਤੇ ਨੌਜਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਮੇਰਾ ਲਹਿਣਾ ਦੇਣਾ ਤਕ ਲੈ ਹੋ ਕੇ ਨਿਗਾਹਬਾਨ, ਬਿਨ ਨੈਣਾਂ ਨੈਣ ਉਠਾਈਆ । ਨਵ ਸੱਤ ਮਾਰ ਧਿਆਨ, ਵੇਖਣਾ ਥਾਉਂ ਥਾਈਂਆ । ਕਲਜੁਗ ਕੂੜੀ ਕਿਰਿਆ ਹੋਈ ਪ੍ਰਧਾਨ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਮਨ ਕਲਪਣਾ ਹੋਈ ਸ਼ੈਤਾਨ, ਸ਼ਰਅ ਕੂੜ ਕਰੇ ਲੜਾਈਆ । ਤੇਰਾ ਪ੍ਰੇਮ ਪਿਆਰ ਰਿਹਾ ਨਾ ਕਿਸੇ ਵਿਚ ਇਨਸਾਨ, ਇਨਸਾਨੀਅਤ ਹੱਥ ਕਿਸੇ ਨਾ ਆਈਆ । ਮੈਂ ਭਿਖਾਰਨ ਹੋ ਕੇ ਮੰਗਾਂ ਦਾਨ, ਮੰਗਤੀ ਹੋ ਕੇ ਝੋਲੀ ਡਾਹੀਆ । ਵਸਤ ਅਮੋਲਕ ਏਕਾ ਦੇਵੇ ਨਾਮ ਨਿਧਾਨ, ਨਿਰਵੈਰ ਨਿਰਾਕਾਰ ਨਿਰੰਕਾਰ ਆਪ ਵਰਤਾਈਆ । ਮੈਨੂੰ ਤੇਰੇ ਉਤੇ ਮਾਣ, ਅਭਿਮਾਨ ਦੀਨ ਦੁਨੀ ਦੇਣਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੇਰੇ ਭਗਵੰਤ, ਭਗਵਨ ਤੇਰੀ ਓਟ ਤਕਾਈਆ । ਮੇਰੇ ਆਦਿ ਜੁਗਾਦੀ ਕੰਤ, ਕੰਤੂਹਲ ਤੇਰੀ ਸਰਨਾਈਆ । ਮੇਰੇ ਉਤੇ ਇਕੋ ਨਾਮ ਦੇ ਦੇ ਮਨੀਆ ਮੰਤ, ਮਨ ਮਨਸਾ ਕੂੜ ਦੇ ਗਵਾਈਆ । ਗੜ੍ਹ ਤੋੜ ਦੇ ਹਉਮੇ ਹੰਗਤ, ਹੰ ਬ੍ਰਹਮ ਆਪ ਸਮਝਾਈਆ । ਤੂੰ ਬੋਧ ਅਗਾਧਾ ਪੰਡਤ, ਜਗਤ ਸ਼ਾਸਤਰਾਂ ਬਾਹਰ ਤੇਰੀ ਪੜ੍ਹਾਈਆ । ਕਲਜੁਗ ਲੇਖਾ ਵੇਖ ਲੈ ਅੰਤ, ਅੰਤਸ਼ਕਰਨ ਤਕ ਖ਼ਲਕ ਖ਼ੁਦਾਈਆ । ਮੇਰੀ ਤੇਰੇ ਦਰ ਠਾਂਢੇ ਇਕ ਬੇਨੰਤ, ਅਰਜ਼ੋਈ ਕਰ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਧਰਨੀ ਕਹੇ ਮੇਰੇ ਪਰਮ ਪੁਰਖ ਕ਼ੁਦਰਤ ਦੇ ਕ਼ਾਦਰ ਕਰਨੇਹਾਰ, ਕਰੀਮ ਬੇਐਬ ਨੂਰ ਅਲਾਹੀਆ । ਤੁਧ ਬਿਨ ਅਵਰ ਨਾ ਕੋਇ ਮਦਦਗਾਰ, ਸਾਂਝਾ ਯਾਰ ਨਜ਼ਰ ਕੋਇ ਨਾ ਆਈਆ । ਮੈਂ ਆਦਿ ਜੁਗਾਦਿ ਤੇਰੀ ਖ਼ਿਦਮਤਗਾਰ, ਖ਼ਾਦਮ ਹੋ ਕੇ ਸੇਵ ਕਮਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਖ ਲੈ ਜੁਗ ਚਾਰ, ਚਾਰੇ ਕੁੰਟ ਚਾਰੇ ਖਾਣੀ ਧਿਆਨ ਲਗਾਈਆ । ਮੇਰਾ ਨਵ ਸੱਤ ਰਿਹਾ ਪੁਕਾਰ, ਉਚੀ ਕੂਕ ਕੂਕ ਦੁਹਾਈਆ । ਜੋਤੀ ਜਾਤੇ ਪੁਰਖ ਬਿਧਾਤੇ ਕਲਜੁਗ ਅੰਤ ਪਾ ਸਾਰ, ਮਹਾਸਾਰਥੀ ਹੋ ਕੇ ਵੇਖ ਵਖਾਈਆ । ਮੇਰੇ ਉਤੋਂ ਪਾਪਾਂ ਲਾਹ ਭਾਰ, ਪਤਤ ਪੁਨੀਤ ਦੇ ਬਣਾਈਆ । ਮੇਰੀ ਅੰਤਸ਼ਕਰਨ ਦੀ ਸੁਣ ਲੈ ਗਿਰਿਆਜ਼ਾਰ, ਗਿਰਵਰ ਗਿਰਧਾਰ ਗੋਬਿੰਦ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਮੇਰੇ ਪੁਰਖ ਅਕਾਲੇ ਦੀਨ, ਦੀਨਨ ਦਇਆ ਕਮਾਈਆ । ਮੈਂ ਤੈਨੂੰ ਰਹੀ ਚੀਨ, ਦੂਸਰ ਇਸ਼ਟ ਨਾ ਕੋਇ ਰਖਾਈਆ । ਤੂੰ ਨਿਗਾਹ ਮਾਰ ਲੈ ਲੋਕ ਤੀਨ, ਤ੍ਰੈਗੁਣ ਅਤੀਤੇ ਵੇਖ ਵਖਾਈਆ । ਮੈਂ ਨਿਮਾਣੀ ਕੋਝੀ ਕਮਲੀ ਮਸਕੀਨ, ਬਲ ਆਪਣਾ ਨਾ ਕੋਇ ਜਣਾਈਆ । ਤੇਰੀ ਦੀਨ ਦੁਨੀਆ ਤੇਰੀ ਰਹੀ ਨਾ ਮੂਲ ਅਧੀਨ, ਭੈ ਭਾਓ ਸਿਰ ਨਾ ਕੋਇ ਰਖਾਈਆ । ਸਭ ਦੀ ਮਨਸਾ ਆਸਾ ਹੋਈ ਕਮੀਨ, ਕਾਮਲ ਮੁਰਸ਼ਦ ਤੇਰਾ ਦਰਸ ਕੋਇ ਨਾ ਪਾਈਆ । ਤੂੰ ਸ਼ਾਹ ਪਾਤਸ਼ਾਹ ਰਹੀਮ, ਰਹਿਮਤ ਇਕ ਕਮਾਈਆ । ਜਿਸ ਬਿਧ

੯੫੦
੨੪

੯੫੧
੨੪

ਮਾਨਸ ਜ਼ਾਤੀ ਕੀਤੀ ਤਕਸੀਮ, ਅੰਤ ਲੇਖਾ ਦੇਣਾ ਮੁਕਾਈਆ । ਤੂੰ ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਮਰਦ ਮਰਦਾਨਾ ਕ਼ਦੀਮ, ਕ਼ੁਦਰਤ ਦਾ ਕ਼ਾਦਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਕਰ ਦੇ ਰਹਿਮਤ, ਮਿਹਰ ਨਜ਼ਰ ਉਠਾਈਆ । ਤੇਰੇ ਚਰਨ ਕਵਲ ਮੇਰੀ ਆਸਾ ਹੋਵੇ ਸਹਿਮਤ, ਦੂਸਰ ਰਾਹ ਨਾ ਕੋਇ ਤਕਾਈਆ । ਕਲਜੁਗ ਕੂੜੀ ਕਿਰਿਆ ਕਢ ਦੇ ਜ਼ਹਿਮਤ, ਜਹਾਂ ਤਹਾਂ ਹੋ ਸਹਾਈਆ । ਚਾਰ ਜੁਗ ਦੀ ਲੇਖੇ ਲਾ ਲੈ ਮਿਹਨਤ, ਦਰ ਠਾਂਢੇ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਸਰਨਾਈਆ । ਪੁਰਖ ਅਕਾਲ ਕਹੇ ਸੁਣ ਧਰਨੀ ਧਰਤ ਧਵਲ ਧੌਲ, ਧਰਮ ਧਾਰ ਜਣਾਈਆ । ਆਪਣੇ ਵਾਅਦੇ ਤਕ ਲੈ ਕੌਲ, ਇਕ਼ਰਾਰਨਾਮੇ ਖੋਜ ਖੁਜਾਈਆ । ਜੋ ਇਸ਼ਾਰਾ ਦਿਤਾ ਕ੍ਰਿਸ਼ਨ ਕਾਹਨ ਸਾਵਲ ਸੌਲ, ਤ੍ਰੈਲੋਕੀ ਧਾਰ ਦ੍ਰਿੜਾਈਆ । ਮੈਂ ਹਰ ਘਟ ਅੰਦਰ ਜਾਵਾਂ ਮੌਲ, ਮੌਲਾ ਹੋ ਕੇ ਵੇਖ ਵਖਾਈਆ । ਤੇਰਾ ਅੱਖਰ ਧਾਰ ਨਿਰਅੱਖਰ ਵਿਚ ਜਣਾਵਾਂ ਬੋਲ, ਅਨਬੋਲਤ ਆਪ ਸਮਝਾਈਆ । ਸਦੀ ਚੌਧਵੀਂ ਅੰਤ ਨਾ ਰਹਿਣਾ ਅਨਭੋਲ, ਭਾਂਡਾ ਭਰਮ ਭਉ ਭੰਨਾਈਆ । ਨਾਮ ਕੰਡੇ ਸ਼ਬਦ ਤਰਾਜ਼ੂ ਦੋ ਜਹਾਨ ਤੋਲਾਂ ਤੋਲ, ਲੱਖ ਚੁਰਾਸੀ ਆਪ ਉਠਾਈਆ । ਪ੍ਰਿਥਮੀ ਪ੍ਰਿਥਮ ਤੇਰੇ ਉਤੇ ਦੀਨ ਦੁਨੀ ਦਾ ਵੇਖ ਘੋਲ, ਤੂੰ ਘੋਲੀ ਜਾਣਾ ਆਪਣਾ ਆਪ ਘੁਮਾਈਆ । ਅੰਤ ਕੰਤ ਭਗਵੰਤ ਤੇਰਾ ਦਰਦ ਦੁਖ ਵੰਡੇ ਉਤੇ ਧੌਲ, ਧਰਮ ਧਰਮ ਧਰਮ ਧਾਰ ਸਮਝਾਈਆ । ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਲਏ ਵਿਰੋਲ, ਨਿਰਗੁਣ ਸਰਗੁਣ ਆਪਣੇ ਰੰਗ ਰੰਗਾਈਆ । ਸਤਿ ਧਰਮ ਦਾ ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਸਤਿਜੁਗ ਦੇਵੇ ਖੋਲ੍ਹ, ਕੁੰਡੀ ਖਿੜਕੀ ਬੰਦ ਨਾ ਕੋਇ ਕਰਾਈਆ । ਨਿਰਗੁਣ ਦਾਤਾ ਪੁਰਖ ਬਿਧਾਤਾ ਏਕਾ ਦੇਵੇ ਨਾਮ ਅਨਮੋਲ, ਅਨਮੁਲੜੀ ਵਸਤ ਆਪ ਵਰਤਾਈਆ । ਸਚ ਸੁਆਮੀ ਘਟ ਨਿਵਾਸੀ ਸਦ ਵਸੇ ਤੇਰੇ ਕੋਲ, ਦੂਰ ਦੁਰਾਡਾ ਪੰਧ ਮੁਕਾਈਆ । ਇਕੋ ਨਾਮ ਨਿਧਾਨਾ ਨੌਜਵਾਨਾ ਵਜਾਏ ਅਗੰਮਾ ਢੋਲ, ਜਿਸ ਦੀ ਆਵਾਜ਼ ਸੁਣਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀਏ ਤੇਰੇ ਉਤੇ ਧਰਮ ਕਮਾਵਾਂਗਾ । ਨਿਹਕਰਮੀ ਹੋ ਕੇ ਕਰਮ ਦ੍ਰਿੜਾਵਾਂਗਾ । ਭਾਂਡਾ ਭਰਮ ਭਰਮ ਭੰਨਾਵਾਂਗਾ । ਸਤਿਜੁਗ ਸਚ ਸਚ ਪਰਗਟਾਵਾਂਗਾ । ਕਾਇਆ ਮਾਟੀ ਭਾਂਡਾ ਕੱਚ, ਕੂੜੀ ਕਿਰਿਆ ਬਾਹਰ ਕਢਾਵਾਂਗਾ । ਮਨੂਆ ਮਨ ਪਏ ਨਾ ਨੱਚ, ਦਹਿ ਦਿਸ਼ਾ ਦਾ ਪੰਧ ਮੁਕਾਵਾਂਗਾ । ਸਾਚੀ ਦੇ ਕੇ ਇਕੋ ਮਤਿ, ਬ੍ਰਹਮ ਮਤਿ ਆਪ ਸਮਝਾਵਾਂਗਾ । ਮਾਨਵ ਜ਼ਾਤੀ ਬਖ਼ਸ਼ ਕੇ ਇਕੋ ਤਤ, ਤਤਵ ਤਤ ਭੇਵ ਖੁਲਾਵਾਂਗਾ । ਨਾੜ ਬਹੱਤਰ ਨਾ ਉਬਲੇ ਰਤ, ਅੰਮ੍ਰਿਤ ਮੇਘ ਨਾਮ ਬਰਸਾਵਾਂਗਾ । ਤੇਰੇ ਉਤੇ ਜ਼ਰੂਰ ਆਵਾਂ ਵਤ, ਬੇਵਤਨਾਂ ਵੇਖ ਵਖਾਵਾਂਗਾ । ਜਿਸ ਕਾਰਨ ਤੂੰ ਵਾਸਤਾ ਰਹੀ ਘਤ, ਤੇਰਾ ਸਬਰ ਸੇਜ ਲੇਖੇ ਲਾਵਾਂਗਾ । ਨਿਰਗੁਣ ਧਾਰ ਜੋੜ ਕੇ ਨਤ, ਸਰਗੁਣ ਆਪਣੀ ਗੰਢ ਪੁਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਧਰਮ ਦੀ ਧਾਰ ਤੈਨੂੰ ਬਖ਼ਸ਼ ਕੇ ਯਤਿ, ਸਤਿ ਤੇਰੀ ਗੋਦ ਟਿਕਾਵਾਂਗਾ ।

## ੨੪ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਦੁਰਾਹਾ ਜ਼ਿਲਾ ਲੁਧਿਆਣਾ ਨਛਤਰ ਸਿੰਘ ਦੇ ਗ੍ਰਿਹਿ



ਦੁਰਾਹਾ ਕਹੇ ਜਨ ਭਗਤੋ ਜਗਤ ਧਾਰ ਵਿਚ ਨਾ ਰਹਿਣਾ ਦੋ, ਦੂਆ ਏਕਾ ਏਕਾ ਰੂਪ ਸਮਾਈਆ । ਧੁਰ ਸੰਦੇਸ਼ਾ ਨਰ ਨਰੇਸ਼ਾ ਸੁਣੋ ਅਗੰਮਾ ਸੋ, ਸੋ ਪੁਰਖ ਨਿਰੰਜਣ ਆਪ ਦ੍ਰਿੜਾਈਆ । ਆਤਮ ਧਾਰ ਨਿਰਗੁਣ ਸਾਰੇ ਜਾਓ ਹੋ, ਹਾਹਾ ਟਿੱਪੀ ਆਪਣਾ ਰੰਗ ਵਖਾਈਆ । ਬਿਨਾ ਪੁਰਖ ਅਕਾਲ ਦੂਸਰ ਇਸ਼ਟ ਦਿਸੇ ਨਾ ਕੋ, ਸੀਸ ਬਿਨ ਜਗਦੀਸ ਨਾ ਕੋਇ ਨਿਵਾਈਆ । ਪਾਰਬ੍ਰਹਮ ਬ੍ਰਹਮ ਮੇਲ ਮਿਲਾਓ ਸਚ ਮੁਹੱਬਤ ਮੋਹ, ਵਿਕਾਰ ਹੰਕਾਰ ਜਗਤ ਨਾ ਕੋਇ ਜਣਾਈਆ । ਅੰਮ੍ਰਿਤ ਰਸ ਬੂੰਦ ਸਵਾਂਤੀ ਨਿਝਰ ਝਿਰਨਾ ਕਵਲ ਨਾਭੀ ਲੈਣਾ ਚੋ, ਜਗਤ ਤ੍ਰਿਸ਼ਨਾ ਕੂੜ ਰਹੇ ਨਾ ਰਾਈਆ । ਪੰਚ ਵਿਕਾਰਾ ਵਿਚ ਸੰਸਾਰਾ ਮੇਟਣਾ ਗਰੋਹ, ਗ੍ਰਿਹਿ ਮੰਦਰ ਅੰਦਰ ਤਨ ਵਜੂਦ ਵਜੇ ਵਧਾਈਆ । ਬਿਨ ਨੇਤਰ ਲੋਚਨ ਨੈਣ ਘਰ ਵੇਖੋ ਅਗੰਮੀ ਲੋ, ਲੋਇਣ ਆਪਣਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਦੁਰਾਹਾ ਕਹੇ ਜਨ ਭਗਤੋ ਜਗਤ ਧਾਰ ਛਡਣੀ ਦੋ ਧੜ, ਵਖਰੀ ਵੰਡ ਨਾ ਕੋਇ ਵੰਡਾਈਆ । ਏਕਾ ਅੱਖਰ ਨਿਰਅੱਖਰ ਧਾਰ ਜਾਣਾ ਪੜ੍ਹ, ਰਸਨਾ ਜਿਹਵਾ ਹੋਏ ਨਾ ਕੋਇ ਹਲਕਾਈਆ । ਇਕ ਦੁਆਰ ਜਾਣਾ ਖੜ੍ਹ, ਸਚ ਮਹਲ ਅਟਲ ਸੋਭਾ ਪਾਈਆ । ਇਕੋ ਮੰਜ਼ਲ ਜਾਣਾ ਚੜ੍ਹ, ਜਿਥੇ ਮਿਲੇ ਧੁਰ ਦਾ ਮਾਹੀਆ । ਸਚਖੰਡ ਦੁਆਰ ਬਿਨ ਕ਼ਦਮਾਂ ਜਾਣਾ ਵੜ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਦੁਰਾਹਾ ਕਹੇ ਮੇਰਾ ਦੋਹਰਾ ਇਕ ਸੰਦੇਸ਼, ਸੰਧਿਆ ਸਰਘੀ ਬਾਹਰ ਜਣਾਈਆ । ਸਭ ਦਾ ਮਾਲਕ ਇਕ ਨਰੇਸ਼, ਨਰ ਨਰਾਇਣ ਨੂਰ ਅਲਾਹੀਆ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਕਰੋੜ ਤੇਤੀਸਾ ਸੀਸ ਨਿਵਾਈਆ । ਜੋ ਆਦਿ ਜੁਗਾਦੀ ਰਹੇ ਹਮੇਸ਼, ਹਮ ਸਾਜਣ ਧੁਰਦਰਗਾਹੀਆ । ਜਿਸ ਦਾ ਲਹਿਣਾ ਦੇਣਾ ਕਲਜੁਗ ਅੰਤਮ ਨਾਲ ਦਸ ਦਸਮੇਸ਼, ਦਹਿ ਦਿਸ਼ਾ ਵੇਖ ਵਖਾਈਆ । ਉਹ ਮੇਟਣਹਾਰਾ ਕਲਜੁਗ ਕਿਰਿਆ ਕੂੜ ਮਲੇਛ, ਮਮਤਾ ਮੋਹ ਵਿਕਾਰ ਗਵਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਹਰ ਘਟ ਅੰਤਰ ਕਰੇ ਪਰਵੇਸ਼, ਪਰਾ ਪਸੰਤੀ ਮਧਮ ਬੈਖਰੀ ਧਾਰ ਨਾ ਕੋਇ ਦ੍ਰਿੜਾਈਆ । ਉਹ ਵਸਣਹਾਰਾ ਏਕੰਕਾਰਾ ਸੰਬਲ ਦੇਸ, ਸਾਢੇ ਤਿੰਨ ਹੱਥ ਆਪਣਾ ਰੰਗ ਰੰਗਾਈਆ । ਜਿਸ ਦੇ ਅਗੇ ਅਵਤਾਰ ਪੈਗ਼ੰਬਰ ਗੁਰੂ ਹੋਏ ਪੇਸ਼, ਪੇਸ਼ੀਨਗੋਈਆਂ ਆਪਣੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਦੁਰਾਹਾ ਕਹੇ ਜਨ ਭਗਤੋ ਦੀਨ ਦੁਨੀ ਦੀ ਤਕ ਲਓ ਦੋਹਰੀ ਧਾਰ, ਧਰਮ ਵਿਚ ਨਾ ਕੋਇ ਸਮਾਈਆ । ਜੋ ਸੰਦੇਸ਼ਾ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰ, ਅਵਤਰੀ ਹੋ ਕੇ ਮਾਤ ਦ੍ਰਿੜਾਈਆ । ਜੋ ਕਾਤਬ ਬਣ ਕੇ ਬਣੇ ਲਿਖਾਰ, ਲੇਖਾ ਲਿਖਿਆ ਚਾਈਂ ਚਾਈਂਆ । ਜੋ ਹੁਕਮ ਸੰਦੇਸ਼ਾ ਦਿਤਾ ਆਪ ਕਰਤਾਰ, ਕ਼ੁਦਰਤ ਕ਼ਾਦਰ ਗਿਆ ਦ੍ਰਿੜਾਈਆ । ਵੇਖੇ ਵਿਗਸੇ ਪਾਵੇ ਸਾਰ, ਵੇਖਣਹਾਰਾ ਨੂਰ ਅਲਾਹੀਆ । ਨੌ ਖੰਡ ਪ੍ਰਿਥਮੀ ਸੱਤ ਦੀਪ ਰਿਹਾ ਵਿਚਾਰ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਜਿਸ ਨੂੰ ਸਭ ਨੇ ਕਿਹਾ ਕਲ ਕਲਕੀ ਅਵਤਾਰ, ਨਿਹਕਲੰਕਾ ਡੰਕ ਵਜਾਈਆ । ਅਮਾਮ ਅਮਾਮਾ ਹੋ ਸਿਕਦਾਰ, ਹੁਕਮ ਸੰਦੇਸ਼ਾ ਦੇਵੇ ਧੁਰਦਰਗਾਹੀਆ । ਜੋ ਲਹਿਣਾ ਦੇਣਾ ਪੂਰਬ ਸਰਬ ਲਏ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੯੫੨ ੨੪

ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਂਈਆ । ਦੁਰਾਹਾ ਕਹੇ ਜਨ ਭਗਤੋ ਦੀਨ ਦੁਨੀ ਦੀ ਵੇਖੇ ਮੰਡੀ, ਮੰਡਲ ਮੰਡਪਾਂ ਵਿਚ ਧਿਆਨ ਲਗਾਈਆ । ਕਲਜੁਗ ਕੂੜੀ ਕਿਰਿਆ ਹੋਈ ਪਖੰਡੀ, ਨਵ ਸੱਤ ਭੱਜੇ ਵਾਹੋ ਦਾਹੀਆ । ਬਿਨਾ ਪ੍ਰਭੂ ਤੋਂ ਆਤਮਾ ਸਭ ਦੀ ਹੋਈ ਰੰਡੀ, ਕੰਤ ਸੁਹਾਗ ਨਾ ਕੋਇ ਹੰਡਾਈਆ । ਦੀਨ ਦੁਨੀ ਓਝੜ ਪੈ ਗਈ ਡੰਡੀ, ਡੰਡਾਵਤ ਬੰਦਨਾ ਸਾਰੇ ਗਏ ਭੁਲਾਈਆ । ਮੇਰਾ ਮਿਹਰਵਾਨ ਸ੍ਰੀ ਭਗਵਾਨ ਕਰਨਹਾਰ ਖੰਡ ਖੰਡੀ, ਖੰਡਾ ਖੜਗ ਨਾਮ ਉਠਾਈਆ । ਨਵ ਸੱਤ ਦੀ ਧਾਰ ਜਾਏ ਵੰਡੀ, ਵੰਡਣਹਾਰਾ ਇਕ ਅਖਵਾਈਆ । ਜਿਸ ਦੇ ਹੁਕਮ ਵਿਚ ਚਲਣੀ ਚੰਡੀ, ਚੰਡ ਪਰਚੰਡ ਰੂਪ ਬਦਲਾਈਆ । ਉਹ ਜਨ ਭਗਤਾਂ ਸਦਾ ਪਵਣ ਦੇਵੇ ਠੰਡੀ, ਕਲਜੁਗ ਅਗਨੀ ਅੱਗ ਬੁਝਾਈਆ । ਪਿਛਲੀ ਟੁੱਟੀ ਜਾਏ ਗੰਢੀ, ਗੰਢਣਹਾਰ ਗੋਪਾਲ ਸੁਆਮੀ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਦੁਰਾਹਾ ਕਹੇ ਜਨ ਭਗਤੋ ਜਗਤ ਦੇ ਦੋਵੇਂ ਰਾਹ ਦੇਣੇ ਛਡ, ਕਿਰਿਆ ਕੂੜ ਨਾ ਕੋਇ ਪਰਨਾਈਆ । ਮਾਇਆ ਮਮਤਾ ਨਾਲੋਂ ਹੋਣਾ ਅੱਡ, ਹਉਮੇ ਹੰਗਤਾ ਸੰਗ ਨਾ ਕੋਇ ਰਖਾਈਆ । ਕੂੜ ਨਿਸ਼ਾਨਾ ਜਗਤ ਜਹਾਨ ਦੇਣਾ ਵਢ, ਤੰਦੀ ਤੰਦ ਨਜ਼ਰ ਕੋਇ ਨਾ ਆਈਆ । ਇਕ ਨਾਮ ਨਿਧਾਨਾ ਤਨ ਵਜੂਦ ਅੰਦਰ ਦੇਣਾ ਗੱਡ, ਜਿਸ ਦੀ ਜੜ੍ਹ ਨਾ ਕੋਇ ਉਖੜਾਈਆ । ਲੇਖੇ ਲਾਉਣੇ ਆਪਣੇ ਮਾਸ ਨਾੜੀ ਹਡ, ਤਨ ਵਜੂਦ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ
 ਖੇਲ ਆਪ ਖਿਲਾਈਆ । ਦੁਰਾਹਾ ਕਹੇ ਮੇਰੇ ਉਤੇ ਸਪਤਸ ਰਿਖੀਆਂ ਲਾਇਆ ਡੇਰਾ, ਪੂਰਬ ਦਿਆਂ ਜਣਾਈਆ । ਬਾਲਮੀਕ ਤਿੰਨ ਦਿਨ ਕਰ ੯੫੩
 ਕੇ ਗਿਆ ਵਸੇਰਾ, ਰਾਮ ਤੀਰਥ ਦਏ ਗਵਾਹੀਆ । ਰਾਮ ਨੇ ਨੇਤਰ ਨਾਲ ਤਕਿਆ ਵਿਚ ਅੰਧੇਰਾ, ਲੋਚਨ ਨੈਣ ਉਠਾਈਆ । ਬਲ ਦਾ ਫਿਰ ੨੪
ਕੇ ਗਿਆ ਵਛੇਰਾ, ਅਸਵਮੇਧ ਯਗ ਦੁਹਾਈਆ । ਨਿਗਾਹ ਮਾਰ ਕੇ ਤਕਦਾ ਰਿਹਾ ਸਤਿਗੁਰ ਸ਼ਬਦ ਧਰਨੀ ਉਤੇ ਕਿਹੜਾ ਚੇਰਾ, ਚੇਲਾ ਗੁਰ ਕਵਣ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਦੁਰਾਹਾ ਕਹੇ ਮੇਰੇ ਉਤੇ ਤ੍ਰੇਤਾ ਯੁਗ ਬੀਤਾ, ਬੀਤੀ ਕਹਾਣੀ ਦਿਆਂ ਸੁਣਾਈਆ । ਮੈਂ ਆਦਿ ਜੁਗਾਦਿ ਸਭ ਦੀ ਵੇਖਦਾ ਨੀਤਾ, ਨੀਤੀਵਾਨ ਇਕ ਹੋ ਆਈਆ । ਮੇਰੇ ਧਾਮ ਉਤੇ ਰਾਮ ਵਿਛੋੜੇ ਵਿਚ ਰਹਿ ਕੇ ਗਈ ਸੀਤਾ, ਸੱਤ ਦਿਨ ਆਪਣੀ ਸੇਜ ਹੰਢਾਈਆ । ਇਹ ਖੇਲ ਜਗਤ ਦੀਆਂ ਅੱਖੀਆਂ ਬਾਹਰ ਅਨਡੀਠਾ, ਨੇਤਰ ਲੋਚਨ ਨੈਣ ਵੇਖਣ ਕੋਇ ਨਾ ਪਾਈਆ । ਜਨ ਭਗਤੋ ਇਥੋਂ ਇਕ ਦੀ ਧਾਰ ਮਿਲੇ ਤੇ ਜਗਤ ਦੀ ਦੂਜੀ ਛਡਣੀ ਰੀਤਾ, ਮੰਦਰ ਮਸੀਤਾਂ ਰੰਗ ਨਾ ਕੋਇ ਰੰਗਾਈਆ । ਘਰ ਸੁਆਮੀ ਮਿਲੇ ਤ੍ਰੈਗੁਣ ਅਤੀਤਾ, ਤ੍ਰੈਭਵਨ ਧਨੀ ਦਏ ਵਡਿਆਈਆ । ਜਿਸ ਦੇ ਵਿਚ ਹਕ ਤੌਫ਼ੀਕਾ, ਤੋਹਫ਼ੇ ਦੇਵੇ ਨਾਮ ਖ਼ੁਦਾਈਆ । ਤੁਹਾਡੀਆਂ ਆਸਾ ਮਨਸਾ ਪੂਰੀਆਂ ਕਰੇ ਉਮੀਦਾ, ਜੋ ਆਮਦ ਵਿਚ ਆਏ ਚਲ ਕੇ ਰਾਹੀਆ । ਤੁਹਾਡੀ ਆਸਾ ਕਾਮਨਾ ਵੇਖੇ ਪੋਸ਼ੀਦਾ, ਪਰਦਿਆਂ ਵਿਚੋਂ ਪਰਦੇ ਆਪ ਫੁਲਾਈਆ । ਤੁਹਾਨੂੰ ਦਰਸ਼ਨ ਦੇਵੇ ਸਨਮੁਖ ਤੇ ਸਿਧਾ ਰਖੇ ਦੀਦਾ, ਦੀਦਾ ਦਾਨਿਸਤਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਂਈਆ । ਦੁਰਾਹਾ ਕਹੇ ਮੇਰਾ ਆਦਿ ਆਦਿ ਦਾ ਪੁਰਾਣਾ ਭਵਿਖਤ, ਚਾਰ ਜੁਗ ਦੇ ਸ਼ਾਸਤਰ ਅੱਖਰਾਂ ਨਾਲ ਜਣਾਈਆ । ਪੁਰਾਣ ਗਰੜ ਵਿਚ

ਵੇਦ ਵਿਆਸ ਨੇ ਲਿਖੀ ਲਿਖਤ, ਕਾਂਡ ਅਠਾਰਵਾਂ ਨਾਲ ਮਿਲਾਈਆ । ਕਿਸ ਬਿਧ ਪੁਰਖ ਅਕਾਲੇ ਦੀਨ ਦਿਆਲੇ ਬ੍ਰਹਮਣ ਗੌੜ ਦੀ ਧਾਰ ਦੀਨ ਦੁਨੀ ਦੀ ਖੋਲ੍ਹਣੀ ਦ੍ਰਿਸ਼ਟ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਫੇਰ ਸੰਦੇਸ਼ਾ ਦੇ ਕੇ ਗਿਆ ਰਾਮ ਨੂੰ ਗੁਰੂ ਵਸ਼ਿਸ਼ਟ, ਵਿਸ਼ਿਆਂ ਬਾਹਰ ਸਮਝਾਈਆ । ਪੈਗ਼ੰਬਰਾਂ ਬਿਨ ਸ਼ਾਹੀ ਤੋਂ ਲਿਖੀ ਲਿਸਟ, ਅਲਿਫ਼ ਯੇ ਵੰਡ ਨਾ ਕੋਇ ਵੰਡਾਈਆ । ਨਾਨਕ ਨਿਰਗੁਣ ਧਾਰ ਸਤਿਨਾਮ ਦੀ ਦਿਤੀ ਕਿਸ਼ਤ, ਸੋਹਣਾ ਆਪਣਾ ਖੇਲ ਖਿਲਾਈਆ । ਗੋਬਿੰਦ ਪੁਰੀ ਅਨੰਦ ਵਿਚ ਪਹਿਲੇ ਦਿਨ ਇਕ ਪਿਆਰ ਦੀ ਬੰਨ੍ਹੀ ਸ਼ਿਸਤ, ਨਿਸ਼ਾਨਾ ਜ਼ਿਮੀਂ ਅਸਮਾਨ ਬਣਾਈਆ । ਦੁਰਾਹਾ ਕਹੇ ਨਾ ਮੇਰਾ ਲੇਖਾ ਸਵਰਗ ਨਾ ਨਾਲ ਬਹਿਸ਼ਤ, ਦੋਜ਼ਖ਼ਾਂ ਵੰਡ ਨਾ ਕੋਇ ਵੰਡਾਈਆ । ਮੈਨੂੰ ਆਦਿ ਦਾ ਪਿਆਰ ਮੇਰਾ ਪ੍ਰਭੂ ਦੇ ਨਾਲ ਇਸ਼ਕ, ਮਸ਼ੂਕ ਆਪਣਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦਖਾਏ ਇਕ ਅਗੰਮਾ ਦ੍ਰਿਸ਼, ਦਿਸ਼ਾ ਜਗਤ ਵੰਡ ਨਾ ਕੋਇ ਵੰਡਾਈਆ ।

## ✪ ੨੫ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਦੁਰਾਹਾ ਸ਼ਹਿਰ ਜ਼ਿਲਾ ਲੁਧਿਆਣਾ ਗੱਜਣ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭ ਮੇਰੇ ਬੇਪਰਵਾਹ, ਬੇਪਰਵਾਹੀ ਤੇਰੀ ਨਜ਼ਰੀ ਆਈਆ । ਚਾਰ ਜੁਗ ਦੇ ਸ਼ਾਸਤਰ ਬਣੇ ਗਵਾਹ, ਸ਼ਹਾਦਤ ਦੇਵਣ ਥਾਉਂ ਥਾਈਆ । ਅਵਤਾਰ ਪੈਗ਼ੰਬਰ ਗੁਰੂ ਗਏ ਜਣਾ, ਸੰਦੇਸ਼ਾ ਦੇ ਕੇ ਚਾਈਂ ਚਾਈਆ । ਬਿਨਾ ਪਰਮ ਪੁਰਖ ਤੋਂ ਪਕੜੇ ਕੋਈ ਨਾ ਬਾਂਹ, ਸਗਲਾ ਸੰਗ ਨਾ ਕੋਇ ਨਿਭਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਅੰਤਮ ਕਰ ਨਿਆਂ, ਦਰ ਤੇਰੇ ਵਾਸਤਾ ਪਾਈਆ । ਕਲਜੁਗ ਜੀਵ ਬੁੱਧੀ ਹੋਈ ਕਾਂ, ਕਾਗ ਵਾਂਗ ਕੁਰਲਾਈਆ । ਮੈਂ ਧਰਮ ਦੀ ਧਰਤੀ ਰਹੀ ਨਾ ਮਾਂ, ਸਚ ਸੀਰ ਨਾ ਕੋਇ ਰਖਾਈਆ । ਮੇਰਾ ਨੌਂ ਖੰਡ ਨਗਰ ਖੇੜਾ ਵੇਖ ਗਰਾਂ, ਸੱਤਾਂ ਦੀਪਾਂ ਪਰਦਾ ਲਾਹੀਆ । ਸੰਤ ਸੁਹੇਲੇ ਇਕ ਇਕੇਲੇ ਤੁਧ ਬਿਨ ਦੇਵੇ ਕੋਈ ਨਾ ਠੰਡੀ ਛਾਂ, ਅਗਨੀ ਅੱਗ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰਾ ਵੇਖ ਲੈ ਜਗਤ ਜਹਾਨ ਦਾ ਵਕਤ, ਦੀਨ ਦੁਨੀ ਧਿਆਨ ਲਗਾਈਆ । ਝਗੜਾ ਪਿਆ ਬੂੰਦ ਰਕਤ, ਦਰੋਹੀ ਦਿਸੇ ਖ਼ਲਕ ਖ਼ੁਦਾਈਆ । ਤੇਰਾ ਫ਼ਿਕਰਾ ਢੋਲਾ ਗਾਏ ਕੋਈ ਨਾ ਫ਼ਕਤ, ਫ਼ਕੀਰ ਨਜ਼ਰ ਕੋਇ ਨਾ ਆਈਆ । ਦੀਨ ਦੁਨੀ ਵਿਚ ਤਕ ਲੈ ਆਪਣੇ ਭਗਤ, ਭਗਵਨ ਆਪਣੀ ਦਇਆ ਕਮਾਈਆ । ਬਿਨ ਤੇਰੀ ਕਿਰਪਾ ਸਤਿ ਦਿਸੇ ਕੋਈ ਨਾ ਸ਼ਕਤ, ਸ਼ਖ਼ਸੀਅਤ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਨਾਮ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰਾ ਦੇ ਦੇ ਨਾਮ ਅਨਮੁੱਲਾ, ਕ਼ੀਮਤ ਜਗਤ ਨਾ ਕੋਇ ਰਖਾਈਆ । ਤੂੰ ਮਾਲਕ ਖ਼ਾਲਕ ਕੁਲਸੁਲਹ, ਸਗਲਾ ਸੰਗੀ ਇਕ ਅਖਵਾਈਆ । ਤੇਰਾ ਸਹਾਰਾ ਅਗੰਮੀ ਮਿਲੇ ਤੁਲ੍ਹਾ, ਕਲਜੁਗ ਨਈਆ ਨੌਕਾ ਹੋ ਕੇ ਪਾਰ ਲੰਘਾਈਆ । ਸਚ ਸਰੋਵਰਾਂ ਵਿਚੋਂ ਮੇਰੇ ਪਾਰ ਅੰਮ੍ਰਿਤ ਧਾਰ ਡੁਲ੍ਹਾ, ਸਚ ਰਸ ਨਾ ਕੋਇ ਰਖਾਈਆ । ਤੇਰਾ ਜੀਵ ਜਗਤ ਫਿਰੇ ਭੁੱਲਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਮਾਨਵ ਜ਼ਾਤੀ ਸਤਿ ਧਰਮ ਦਾ ਫੁੱਲ ਹੁੱਲਾ, ਫੁੱਲ ਟਹਿਣੀ ਸਕੇ ਨਾ ਕੋਇ ਮਹਿਕਾਈਆ । ਮਿਹਰਵਾਨਾ ਸ੍ਰੀ ਭਗਵਾਨਾ

ਆਪਣਾ ਦੁਆਰਾ ਕਰ ਦੇ ਖੁਲ੍ਹਾ, ਖ਼ਲਕ ਦੇ ਖ਼ਾਲਕ ਆਪਣਾ ਪੜਦਾ ਦੇ ਖੁਲ੍ਹਾਈਆ । ਨਿਗਾਹ ਮਾਰ ਲੈ ਕਲਜੁਗ ਕੂੜ ਅੰਧੇਰਾ ਝੁੱਲਾ, ਪਵਣ ਠੰਡ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਰ ਇਕ ਸੁਹਾਈਆ । ਧਰਨੀ ਕਹੇ ਮੈਨੂੰ ਬਖ਼ਸ਼ ਅਗੰਮਾ ਵਰ, ਦੇਵਣਹਾਰ ਤੇਰੀ ਵਡਿਆਈਆ । ਮੇਰਾ ਪਵਿਤ੍ਰ ਕਰ ਦੇ ਘਰ, ਗ੍ਰਹਿ ਮੰਦਰ ਵਜੇ ਵਧਾਈਆ । ਅੰਮ੍ਰਿਤ ਭੰਡਾਰਾ ਭਰ ਦੇ ਸਰੋਵਰ ਸਰ, ਜਲਾਂ ਥਲਾਂ ਰੰਗ ਰੰਗਾਈਆ । ਤੂੰ ਮਾਲਕ ਨਰਾਇਣ ਨਰ, ਹਰਿ ਕਰਤਾ ਇਕ ਅਖਵਾਈਆ । ਮੇਰਾ ਭੈ ਭਓ ਚੁਕਾ ਦੇ ਡਰ, ਧੀਰਜ ਧੀਰ ਦੇਣਾ ਧਰਾਈਆ । ਤੇਰਾ ਭਾਣਾ ਲਵਾਂ ਜਰ, ਸਿਰ ਆਪਣਾ ਹੱਥ ਰਖਾਈਆ । ਤੇਰੀ ਸਰਨੀ ਜਾਵਾਂ ਪਰ, ਧੂੜੀ ਟਿੱਕੇ ਖ਼ਾਕ ਰਮਾਈਆ । ਤੂੰ ਮਿਹਰਵਾਨ ਮੇਰਾ ਨਰਾਇਣ ਨਰ, ਹਰਿ ਕਰਤਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸਰਨੀ ਲਾਗ ਜਾਵਾਂ ਤਰ, ਤਾਰਨਹਾਰ ਤੇਰੀ ਵਡਿਆਈਆ ।

## ੨੫ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਦੁਰਾਹਾ ਸ਼ਹਿਰ ਜ਼ਿਲਾ ਲੁਧਿਆਣਾ ਭਾਗ ਸਿੰਘ ਦੇ ਗ੍ਰਹਿ



ਧਰਨੀ ਕਹੇ ਮੇਰੇ ਆਦਿ ਜੁਗਾਦੀ ਸੰਗੀ, ਪਰਮ ਪੁਰਖ ਪਰਮਾਤਮ ਤੇਰੀ ਓਟ ਤਕਾਈਆ । ਬਿਨ ਤੇਰੀ ਕਿਰਪਾ ਮੇਰੀ ਚੋਟੀ ਹੋਈ ਨੰਗੀ, ਓਢਣ ਸੀਸ ਨਾ ਕੋਇ ਰਖਾਈਆ । ਮੈਂ ਨਿਮਾਣੀ ਹੋ ਕੇ ਵਸਤ ਰਹੀ ਮੰਗੀ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੇਰੀ ਕਟ ਦੇ ਤੰਗੀ, ਤੰਗਦਸਤ ਨਾ ਰਹੇ ਲੋਕਾਈਆ । ਅੰਮ੍ਰਿਤ ਰਸ ਰਿਹਾ ਨਾ ਕਿਸੇ ਧਾਰ ਗੰਗੀ, ਗੰਗੋਤਰੀ ਰੰਗ ਨਾ ਕੋਇ ਰੰਗਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਨਿਰੰਤਰ ਮਨੂਆ ਮਨ ਹੋਇਆ ਫ਼ਰੰਗੀ, ਨਵ ਸੱਤ ਭੱਜੇ ਵਾਹੋ ਦਾਹੀਆ । ਤੇਰੀ ਪੂਰਬ ਧਾਰ ਦੀਨ ਦੁਨੀ ਦੀ ਲੰਘੀ, ਮੰਜ਼ਲ ਆਪਣਾ ਪੰਧ ਮੁਕਾਈਆ । ਕਲਜੁਗ ਅੰਤਮ ਲੇਖਾ ਤਕ ਲੈ ਕੰਢੀ, ਤਟ ਕਿਨਾਰੇ ਖੋਜ ਖੁਜਾਈਆ । ਮੈਂ ਸ਼ਰਅ ਦੀ ਹੋਈ ਪਾਬੰਦੀ, ਜ਼ੰਜੀਰ ਸਕੇ ਨਾ ਕੋਇ ਤੁੜਾਈਆ । ਨੌ ਖੰਡ ਪ੍ਰਿਥਮੀ ਓਜੜ ਹੋਈ ਡੰਡੀ, ਡੰਡਾਵਤ ਦੀਨ ਦੁਨੀ ਨਾ ਕੋਇ ਦ੍ਰਿੜਾਈਆ । ਬਿਨ ਤੇਰੇ ਮੇਰੇ ਪੁਰਖ ਅਕਾਲ ਮੈਂ ਸੁਹਾਗਣ ਹੋ ਗਈ ਰੰਡੀ, ਕੰਤ ਸੰਤ ਨਜ਼ਰ ਕੋਇ ਨਾ ਆਈਆ । ਜਗਤ ਜਗਿਆਸੂਆਂ ਵਾਸਨਾ ਹੋਈ ਪਾਖੰਡੀ, ਭੇਖ ਘਰ ਘਰ ਸੋਭਾ ਪਾਈਆ । ਤੇਰੇ ਨਾਮ ਦੀ ਪਵਣ ਦੇਵੇ ਕੋਈ ਨਾ ਠੰਡੀ, ਅਗਨੀ ਤਤ ਨਾ ਕੋਇ ਬੁਝਾਈਆ । ਮਾਨਵ ਜ਼ਾਤੀ ਪੂਜਾ ਕਰਕੇ ਕਰੀਰਾਂ ਜੰਡੀ, ਜੋਤੀ ਜਾਤਾ ਤੇਰਾ ਇਸ਼ਟ ਨਾ ਕੋਇ ਮੰਨਾਈਆ । ਮਿਹਰਵਾਨ ਹੋ ਕੇ ਇਕ ਨਾਮ ਵੰਡੀਂ, ਵਸਤ ਅਤੋਲ ਅਤੁਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਮੇਰੇ ਪਰਮ ਪੁਰਖ ਮੇਰੇ ਉਤੇ ਮਾਰ ਧਿਆਨ, ਬਿਨ ਨੇਤਰ ਨੈਣ ਉਠਾਈਆ । ਮੇਰੇ ਸਾਹਿਬ ਸ੍ਰੀ ਸੁਲਤਾਨ, ਹਰਿ ਕਰਤੇ ਧੁਰਦਰਗਾਹੀਆ । ਮੇਰੇ ਸ਼ਾਹੋ ਭੂਪ ਮਿਹਰਵਾਨ, ਮਹਿਬਾਨ ਬੀਦੋ ਨੂਰ ਅਲਾਹੀਆ । ਮੇਰਾ ਲੇਖਾ ਤਕ ਲੈ ਵਿਚ ਜਹਾਨ, ਦੀਨ ਦੁਨੀ ਖੋਜ ਖੁਜਾਈਆ । ਦਰੋਹੀ ਫਿਰੀ ਜ਼ਿਮੀਂ ਅਸਮਾਨ, ਹਾਹਾਕਾਰ ਸੁਣ ਖ਼ਲਕ ਖ਼ੁਦਾਈਆ । ਮੈਂ

ਨੇਤਰ ਨੀਰ ਲੱਗੀ ਵਹਾਣ, ਹੰਝੂਆਂ ਹਾਰ ਬਣਾਈਆ । ਪਵਿਤ੍ਰ ਰਿਹਾ ਨਾ ਕੋਇ ਅਸਥਾਨ, ਧਰਮ ਦੁਆਰ ਨਾ ਕੋਇ ਚਤੁਰਾਈਆ । ਮੈਂ ਧਰਨ ਨਿਮਾਣੀ ਦਰ ਠਾਂਢੇ ਮੰਗਾਂ ਦਾਨ, ਦਾਤੇ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭ ਮੇਰੇ ਬੇਨਜ਼ੀਰ, ਨਜ਼ਰੀਆ ਦੀਨ ਦੁਨੀ ਦੇ ਬਦਲਾਈਆ । ਲੇਖਾ ਤਕ ਸ਼ਾਹ ਹਕੀਰ, ਸ਼ਹਿਨਸ਼ਾਹ ਧੁਰਦਰਗਾਹੀਆ । ਮੇਰੇ ਸ਼ਰਅ ਦੇ ਕੱਟ ਜ਼ੰਜੀਰ, ਸ਼ਰੀਅਤ ਆਪਣੀ ਇਕ ਦ੍ਰਿੜਾਈਆ । ਤੇਰੇ ਕੋਲ ਹਕ ਤਕਬੀਰ, ਤਦਬੀਰ ਆਪਣੀ ਇਕ ਸਮਝਾਈਆ । ਤੂੰ ਸ਼ਾਹ ਪੀਰਾਂ ਦਾ ਪੀਰ, ਪੈਗ਼ੰਬਰ ਨੂਰ ਅਲਾਹੀਆ । ਮੇਰੇ ਉਤੋਂ ਦੀਨ ਦੁਨੀ ਬਦਲ ਦੇ ਜ਼ਮੀਰ, ਜ਼ਾਮਨ ਹੋ ਕੇ ਵੇਖ ਵਖਾਈਆ । ਕਲਜੁਗ ਕੀਤਾ ਅੰਤ ਅਖ਼ੀਰ, ਆਖ਼ਰ ਤੈਨੂੰ ਦਿਆਂ ਦ੍ਰਿੜਾਈਆ । ਮੇਰੀ ਬੰਧਾਏ ਕੋਈ ਨਾ ਧੀਰ, ਧੀਰਜ ਨਜ਼ਰ ਕੋਇ ਨਾ ਆਈਆ । ਅਵਤਾਰ ਪੈਗ਼ੰਬਰ ਗੁਰ ਘਤ ਕੇ ਗਏ ਵਹੀਰ, ਲੋਕਮਾਤ ਵਿਚੋਂ ਭੱਜੇ ਵਾਹੋ ਦਾਹੀਆ । ਬਿਨ ਤੇਰੇ ਨਾਮ ਖੰਡਾ ਸ਼ਸਤਰ ਦਿਸੇ ਨਾ ਕੋਇ ਸ਼ਮਸ਼ੀਰ, ਸ਼ਾਹ ਸੁਲਤਾਨ ਨਜ਼ਰ ਕੋਇ ਨਾ ਆਈਆ । ਮੇਰਾ ਅੰਤਸ਼ਕਰਨ ਹੋਇਆ ਦਿਲਗੀਰ, ਦਿਲ ਦੀ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰੇ ਸੁਆਮੀ ਧੁਰ ਦੇ ਕੰਤ, ਕੰਤੂਹਲ ਤੇਰੀ ਵਡਿਆਈਆ । ਤੂੰ ਮਾਲਕ ਖ਼ਾਲਕ ਆਦਿ ਜੁਗਾਦਿ ਬੇਅੰਤ, ਬੇਪਰਵਾਹ ਨੂਰ ਅਲਾਹੀਆ । ਤੇਰਾ ਨਾਮ ਨਿਧਾਨਾ ਇਕੋ ਮੰਤ, ਮੰਤਵ ਸਭ ਦੇ ਹੱਲ ਕਰਾਈਆ । ਕਲਜੁਗ ਅੰਤ ਸਤਿ ਦਾ ਰਿਹਾ ਨਾ ਕੋਇ ਸੰਤ, ਸਤਿ ਵਿਚ ਨਾ ਕੋਇ ਸਮਾਈਆ । ਦਰੋਹੀ ਫਿਰੀ ਵਿਚ ਜੀਵ ਜੰਤ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਮੇਰੇ ਉਤੇ ਮਿਹਰਵਾਨ ਗੜ੍ਹ ਤੋੜ ਦੇ ਹਉਮੇ ਹੰਗਤ, ਹੰ ਬ੍ਰਹਮ ਦੇ ਸਮਝਾਈਆ । ਸਤਿਜੁਗ ਸਚ ਬਣਾ ਬਣਤ, ਕਲਜੁਗ ਕੂੜੀ ਕਿਰਿਆ ਡੇਰਾ ਢਾਹੀਆ । ਦਰੋਹੀ ਮੇਰੀ ਤੇਰੇ ਅਗੇ ਮਿੰਨਤ, ਨਿਵ ਨਿਵ ਲਾਗਾਂ ਪਾਈਆ । ਤੂੰ ਆ ਜਾ ਮੇਰੀ ਸਿੰਮਤ, ਉੱਤਰ ਪੂਰਬ ਪੱਛਮ ਦੱਖਣ ਵੰਡ ਨਾ ਕੋਇ ਵੰਡਾਈਆ । ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝੇ ਯਾਰ ਮੇਰੀ ਮੰਨ ਮਿੰਨਤ, ਨਿਮਾਣੀ ਹੋ ਕੇ ਮੰਗ ਮੰਗਾਈਆ । ਮੇਰੇ ਉਤੇ ਕਲਜੁਗ ਕੂੜ ਕੁੜਿਆਰੇ ਮੇਟ ਦੇ ਨਿੰਦਕ, ਚੁਗਲੀ ਸਰਵਣ ਸੁਣਨ ਕੋਇ ਨਾ ਪਾਈਆ । ਮੇਰਾ ਹੌਸਲਾ ਬਣਾ ਦੇ ਨਾਲ ਰਲਾ ਦੇ ਹਿੰਮਤ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਵ ਸੱਤ ਨਿਰਗੁਣ ਧਾਰ ਮਿਟਾ ਦੇ ਚਿੰਤ, ਚਿੰਤਾ ਰਹਿਣ ਕੋਇ ਨਾ ਪਾਈਆ ।

### ✪ ੨੫ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਦੁਰਾਹਾ ਸ਼ਹਿਰ ਜ਼ਿਲਾ ਲੁਧਿਆਣਾ ਗੁਰਨਾਮ ਕੌਰ ਦੇ ਗ੍ਰਿਹ ✪

ਕਲਜੁਗ ਕਹੇ ਧਰਨੀਏ ਧਵਲ ਹੋ ਨਾ ਦੇ ਦੁਹਾਈ, ਚਾਰ ਕੁੰਟ ਕੁਰਲਾਈਆ । ਮੈਂ ਚੌਥਾ ਜੁਗ ਪਰਮ ਪੁਰਖ ਦਾ ਰਾਹੀ, ਮੁਸਾਫ਼ਰ ਦੋ ਜਹਾਨ ਅਖਵਾਈਆ । ਚਾਰੇ ਵੇਦ ਮੇਰੀ ਦੇਣ ਗਵਾਹੀ, ਅਥਰਬਣ ਕੂਕ ਕੂਕ ਸੁਣਾਈਆ । ਤੇਈ ਅਵਤਾਰਾਂ ਕੀਤੀ ਲਿਖਾਈ, ਲਿਖਿਆ ਲੇਖ ਧੁਰ ਦੇ

ਮਾਹੀਆ । ਪੈਗ਼ੰਬਰਾਂ ਮੇਰੇ ਨਾਮ ਦੀ ਕੀਤੀ ਰਸਾਈ, ਰਸਤਾ ਕਾਇਨਾਤ ਜਣਾਈਆ । ਨਾਨਕ ਗੋਬਿੰਦ ਮੈਨੂੰ ਧਰਮ ਦੀ ਫੜਾਈ ਸਾਈ, ਸੌਦਾ ਹਕੋ ਹਕ ਸਮਝਾਈਆ । ਮੈਂ ਕੂੜ ਕੁੜਿਆਰਾ ਵਿਚ ਸੰਸਾਰਾ ਭੱਜਾ ਵਾਹੋ ਦਾਹੀ, ਆਪਣਾ ਪੰਧ ਮੁਕਾਈਆ । ਮੇਰਾ ਪੁਰਖ ਅਕਾਲਾ ਦੀਨ ਦਿਆਲਾ ਸਿਰ ਮੇਰੇ ਹੱਥ ਟਿਕਾਈ, ਪੁਸ਼ਤ ਪਨਾਹ ਆਪ ਹੋ ਜਾਈਆ । ਮੇਰਾ ਮਾਲਕ ਖ਼ਾਲਕ ਜਲਵਾਗਰ ਨੂਰ ਅਲਾਹੀ, ਆਲਮੀਨ ਇਕ ਅਖਵਾਈਆ । ਜਿਸ ਦੇ ਹੁਕਮ ਵਿਚ ਮੈਂ ਦੀਨ ਦੁਨੀ ਦੇ ਅੰਤਰ ਨਿਰੰਤਰ ਕੂੜ ਕੁੜਿਆਰ ਦੀ ਲਾਈ ਸ਼ਾਹੀ, ਦੁਰਮਤ ਮੈਲ ਨਾ ਕੋਇ ਧੁਆਈਆ । ਮੈਂ ਫਿਰਾਂ ਜਲਾਂ ਥਲਾਂ ਅਸਗਾਹੀ, ਸਮੁੰਦ ਸਾਗਰਾਂ ਟਿੱਲੇ ਪਰਬਤਾਂ ਵੇਖ ਵਖਾਈਆ । ਮੇਰੇ ਹੁਕਮ ਦੀ ਧਰਨੀ ਤੇਰੇ ਉਤੇ ਪਏ ਦੁਹਾਈ, ਦੋਹਰੀ ਆਪਣੀ ਕਲ ਵਰਤਾਈਆ । ਮੈਂ ਨੌ ਖੰਡ ਪ੍ਰਿਥਮੀ ਖ਼ਾਕ ਦੇਣੀ ਉਡਾਈ, ਖ਼ਾਕਾ ਦੀਨ ਦੁਨੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਾਚਾ ਇਕ ਗੁਸਾਂਈਆ । ਕਲਜੁਗ ਕਹੇ ਧਰਨੀਏ ਮੇਰਾ ਮਾਲਕ ਇਕ ਖ਼ਾਵੰਦ, ਮਹਿਬਾਨ ਬੀਦੋ ਨੂਰ ਅਲਾਹੀਆ । ਜਿਸ ਦੇ ਹੁਕਮ ਵਿਚ ਪਾਬੰਦ, ਦਿਵਸ ਰੈਣ ਭੱਜਾਂ ਵਾਹੋ ਦਾਹੀਆ । ਜਿਸ ਦਾ ਖੇਲ ਵੇਖਣਾ ਤਾਰਾ ਚੰਦ, ਨੂਰ ਨੁਰਾਨਾ ਡਗਮਗਾਈਆ । ਜਿਸ ਦਾ ਲਹਿਣਾ ਦੇਣਾ ਗੋਬਿੰਦ ਧਾਰ ਪੁਰੀ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਉਸ ਨਿਰਗੁਣ ਧਾਰ ਮੈਨੂੰ ਸੁਣਾਇਆ ਅਗੰਮਾ ਛੰਦ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਜਿਸ ਕਾਰਨ ਦੀਨ ਦੁਨੀ ਦਿਤੀ ਵੰਡ, ਦੀਨਾਂ ਮਜ਼੍ਹਬਾਂ ਆਪਣਾ ਹੁਕਮ ਵਰਤਾਈਆ । ਉਹ ਅੰਤ ਕੰਤ ਭਗਵੰਤ ਮੇਰੇ ਹੱਥ ਫੜਾ ਚੰਡ ਪਰਚੰਡ, ਖੰਡਾ ਖੜਗ ਕੂੜ ਚਮਕਾਈਆ । ਜਿਸ ਦਾ ਲਹਿਣਾ ਦੇਣਾ ਮੇਰੇ ਨਾਲ ਹੋਵੇ ਖੰਡ ਬ੍ਰਹਿਮੰਡ, ਬ੍ਰਹਿਮਾਂਡ ਖੋਜਾਂ ਥਾਉਂ ਥਾਈਆ । ਮੇਰੇ ਹੁਕਮ ਵਿਚ ਤੇਰੇ ਸੀਨੇ ਪੈ ਸਕੇ ਨਾ ਠੰਡ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਅਵਤਾਰ ਪੈਗ਼ੰਬਰ ਗੁਰ ਸਭ ਸੁਤੇ ਦੇ ਕਰ ਕੰਡ, ਕਰਵਟ ਸਕੇ ਨਾ ਕੋਇ ਬਦਲਾਈਆ । ਉਠ ਨਿਗਹ ਮਾਰ ਲੈ ਮੈਂ ਸਾਧਾਂ ਸੰਤਾਂ ਜੀਵਾਂ ਜੰਤਾਂ ਜਗਿਆਸੂਆਂ ਅੰਤਰ ਆਤਮ ਕੀਤੀ ਰੰਡ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਉੱਤਰ ਪੂਰਬ ਪੱਛਮ ਦੱਖਣ ਮੇਰਾ ਕੂੜ ਫਿਰੇ ਪਾਖੰਡ, ਵਿਕਾਰ ਹੰਕਾਰ ਨੱਚੇ ਟੱਪੇ ਕੁੱਦੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਰਖਾਈਆ । ਕਲਜੁਗ ਕਹੇ ਧਰਨੀਏ ਮੈਂ ਸੂਰਬੀਰ ਬਲਵਾਨਾ, ਬਲਧਾਰੀ ਇਕ ਅਖਵਾਈਆ । ਜਿਸ ਸਤਿਜੁਗ ਤ੍ਰੇਤਾ ਦੁਆਪਰ ਬਦਲ ਦਿਤਾ ਜ਼ਮਾਨਾ, ਜ਼ਿਮੀਂ ਅਸਮਾਨ ਵੇਖਣ ਥਾਉਂ ਥਾਈਆ । ਮੇਰੇ ਕੋਲ ਲਹਿਣਾ ਦੇਣਾ ਸੀਆਪਤ ਰਾਮ ਰਾਮਾ, ਰਮਈਆ ਕੀ ਜਣਾਈਆ । ਕੀ ਇਸ਼ਾਰਾ ਦੇ ਕੇ ਗਿਆ ਘਨਈਆ ਕਾਹਨਾ, ਕਾਹਨ ਕਾਹਨਾ ਕੀ ਸਮਝਾਈਆ । ਕੀ ਪੈਗ਼ੰਬਰਾਂ ਦਿਤਾ ਪੈਗ਼ਾਮਾ, ਜਬਰਾਈਲ ਕੀ ਦ੍ਰਿੜਾਈਆ । ਕੀ ਨਾਨਕ ਨਿਰਗੁਣ ਸਰਗੁਣ ਸਤਿਨਾਮ ਬੋਲ ਕੇ ਨਾਮਾ, ਭੇਵ ਅਭੇਦਾ ਭੇਵ ਚੁਕਾਈਆ । ਕਿਸ ਬਿਧ ਗੋਬਿੰਦ ਫ਼ਤਿਹ ਡੰਕ ਵਜਾਇਆ ਦਮਾਮਾ, ਦੋਹਰੀ ਧਾਰ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਪਹਿਰੇ ਜਾਮਾ, ਤਨ ਵਜੂਦ ਮਾਟੀ ਖ਼ਾਕ ਜਗਤ ਨਜ਼ਰ ਕੋਇ ਨਾ ਆਈਆ । ਜਿਸ ਦੇ ਹੁਕਮ ਨਾਲ ਮੈਂ ਮਾਨਵ ਮਾਨਸ ਮਾਨੁਖ ਨਵ ਸੱਤ ਕੀਤਾ ਗ਼ੁਲਾਮਾ, ਸਿਰ ਸਕੇ ਨਾ ਕੋਇ ਉਠਾਈਆ । ਹਿਰਦੇ ਰਹਿਣ ਦਿਤਾ ਨਹੀਂ ਕਿਸੇ ਨਾਮਾ, ਨਾਉਂ ਨਿਰੰਕਾਰ ਰੰਗ ਨਾ ਕੋਇ ਰੰਗਾਈਆ । ਜਿਧਰ ਤਕੇ ਤੇਰੇ ਉਤੇ ਕੀਤੀ ਅੰਧੇਰੀ ਸ਼ਾਮਾ, ਸ਼ਮਅ ਨੂਰ ਜੋਤ ਨਾ ਕੋਇ ਰੁਸ਼ਨਾਈਆ । ਪਰਕਾਸ਼ ਰਿਹਾ ਕਿਸੇ ਨਾ ਭਾਨਾ, ਜੋਤੀ ਜੋਤ ਸਰੂਪ ਹਰਿ, ਆਪ

੬੫੭
੨੪

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮੇਰਾ ਸੰਗ ਰਖਾਈਆ । ਕਲਜੁਗ ਕਹੇ ਧਰਨੀਏ ਕਿਉਂ ਜਗਤ ਮਚਾਵੇਂ ਸ਼ੋਰ, ਕੂਕ ਕੂਕ ਸੁਣਾਈਆ । ਜ਼ਰਾ ਨਿਗਹ ਮਾਰ ਲੈ ਕਰ ਕੇ ਗ਼ੌਰ, ਗਹਿਰ ਗੰਭੀਰ ਕੀ ਸੁਣਾਈਆ । ਜਿਸ ਅਗੇ ਚਲੇ ਨਾ ਕਿਸੇ ਦਾ ਜ਼ੋਰ, ਜੋਰੂ ਜ਼ਰ ਸਾਰੇ ਸੀਸ ਨਿਵਾਈਆ । ਉਹ ਖੇਲ ਕਰਨ ਵਾਲਾ ਹੋਰ ਦਾ ਹੋਰ, ਅਵਰ ਦਾ ਅਵਰਾ ਰੂਪ ਬਦਲਾਈਆ । ਜਿਸ ਨੂੰ ਸਾਰੇ ਕਹਿੰਦੇ ਨਿਰਗੁਣ ਧਾਰ ਅਗੰਮਾ ਚੋਰ, ਆਦਿ ਜੁਗਾਦਿ ਅਛਲ ਛਲ ਅਖਵਾਈਆ । ਉਹ ਆਪਣੇ ਹੁਕਮੇ ਅੰਦਰ ਮੈਨੂੰ ਰਿਹਾ ਤੋਰ, ਤੁਰਤ ਆਪਣਾ ਹੁਕਮ ਸੁਣਾਈਆ । ਮੈਂ ਸੁਤ ਦੁਲਾਰਾ ਉਸ ਦਾ ਜਿਸ ਮੇਰਾ ਭਾਗ ਕੀਤਾ ਮਥੋਰ, ਮਿਥਿਆ ਦੱਸੀ ਲੋਕਾਈਆ । ਮੇਰੇ ਹੁਕਮ ਵਿਚ ਦੀਨ ਦੁਨੀ ਖਾਂਦੀ ਪਸ਼ੂ ਢੋਰ, ਪੰਛੀਆਂ ਖੱਲ ਰਹੇ ਲੁਹਾਈਆ । ਸਤਿ ਧਰਮ ਸਕੇ ਕੋਈ ਨਾ ਹੋੜ, ਹੋੜਾ ਸੱਸੇ ਵਾਲਾ ਦਏ ਗਵਾਹੀਆ । ਆਤਮ ਪਰਮਾਤਮ ਸਕੇ ਕੋਈ ਨਾ ਜੋੜ, ਜੋੜੀ ਜਗਦੀਸ ਨਾ ਕੋਇ ਰਖਾਈਆ । ਮੈਂ ਸਭ ਦਾ ਅੰਤਸ਼ਕਰਨ ਕੀਤਾ ਕੌੜ, ਮਿਠਾ ਰਸ ਨਾ ਕੋਇ ਚਖਾਈਆ । ਤੂੰ ਧਰਨੀ ਕੋਝੀ ਕਮਲੀ ਹੋ ਕੇ ਮੂਲ ਨਾ ਦੌੜ, ਆਪ ਆਪਣਾ ਪੰਧ ਮੁਕਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੈਨੂੰ ਚੜ੍ਹਾਇਆ ਆਪਣੇ ਸ਼ਬਦ ਅਗੰਮੇ ਘੋੜ, ਵਾਗ ਮੇਰੇ ਹੱਥ ਫੜਾਈਆ । ਮੈਂ ਦੀਨਾਂ ਮਜ਼੍ਹਬਾਂ ਜੀਵਾਂ ਜੰਤਾਂ ਸੀਸ ਮਾਰਨਾ ਪੌੜ, ਪੌੜੀ ਡੰਡਾ ਹੱਥ ਕਿਸੇ ਨਾ ਆਈਆ । ਮੇਰਾ ਲਹਿਣਾ ਦੇਣਾ ਅੰਤਮ ਨਾਲ ਬ੍ਰਾਹਮਣ ਗੌੜ, ਦੂਜਾ ਨਜ਼ਰ ਕੋਇ ਨਾ ਆਈਆ । ਮੇਰੇ ਕਾਰਨ ਨਿਹਕਲੰਕਾ ਕਲਜੁਗ ਅੰਤਮ ਜਾਵੇ ਬਹੁੜ, ਕਲ ਕਲਕੀ ਫੇਰਾ ਪਾਈਆ । ਅਮਾਮ ਅਮਾਮਾ ਮੇਰਾ ਮਾਰਗ ਵੇਖੇ ਭੀੜਾ ਸੌੜ, ਕੂਚਾ ਗਲੀ ਫੋਲ ਫੁਲਾਈਆ । ਇਹ ਵਕ਼ਤ ਅੰਤ ਰਹਿ ਗਿਆ ਥੋੜ, ਜਿਸ ਦਾ ਭੇਵ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਧਰਨੀਏ ਕਿਉਂ ਪ੍ਰਭ ਦੇ ਅਗੇ ਕਰੇਂ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਉਹ ਸ਼ਾਹੋ ਭੂਪ ਸਿਕਦਾਰ, ਸ਼ਹਿਨਸ਼ਾਹ ਅਗੰਮ ਅਥਾਹੀਆ । ਜਿਸ ਦੇ ਹੁਕਮ ਵਿਚ ਅਸੀਂ ਫਿਰਦੇ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜੀਏ ਵਾਹੋ ਦਾਹੀਆ । ਜੋ ਮੇਰਾ ਲਹਿਣਾ ਦੇਣਾ ਵੇਖੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਈਆ । ਮੈਂ ਮਾਣ ਰਹਿਣ ਦਿਤਾ ਨਹੀਂ ਤੇਈ ਅਵਤਾਰ, ਪੈਗ਼ੰਬਰਾਂ ਰੰਗ ਨਾ ਕੋਇ ਸਮਾਈਆ । ਗੁਰੂ ਗੁਰਦੇਵ ਦਰਸ ਹੋਏ ਨਾ ਕਿਸੇ ਦੀਦਾਰ, ਦੀਦ ਈਦ ਚੰਦ ਨਾ ਕੋਇ ਰੁਸ਼ਨਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠਾਂ ਕੀਤਾ ਹਾਹਾਕਾਰ, ਗੁਰੂਦੁਆਰ ਰਹੇ ਕੁਰਲਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਜ਼ਾਰੋ ਜ਼ਾਰ, ਅਠਸਠ ਤੀਰਥ ਧੀਰਜ ਧੀਰ ਨਾ ਕੋਇ ਧਰਾਈਆ । ਸਾਧ ਸੰਤ ਜਗਿਆਸੂ ਮੰਜ਼ਲ ਚੜ੍ਹੇ ਨਾ ਕੋਇ ਦੁਸ਼ਵਾਰ, ਸਚਖੰਡ ਵੇਖਣ ਕੋਇ ਨਾ ਪਾਈਆ । ਰਸਨਾ ਜਿਹਵਾ ਬੱਤੀ ਦੰਦ ਕਥਨੀ ਕਥ ਕਥ ਸਾਰੇ ਰਹੇ ਉਚਾਰ, ਢੋਲੇ ਦੀਨ ਦੁਨੀ ਵਿਚ ਗਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਮੇਲ ਮਿਲੇ ਨਾ ਕਿਸੇ ਸਿਰਜਣਹਾਰ, ਸਿਰ ਸਿਰ ਹੱਥ ਨਾ ਕੋਇ ਟਿਕਾਈਆ । ਕਲਜੁਗ ਕਹੇ ਧਰਨੀਏ ਮੈਂ ਤੇਰੇ ਉਤੇ ਆਪਣੇ ਜੁਗ ਦਾ ਸਿਕਦਾਰ, ਦੂਜਾ ਸ਼ਹਿਨਸ਼ਾਹ ਨਜ਼ਰ ਕੋਇ ਨਾ ਆਈਆ । ਮੇਰਾ ਮਾਲਕ ਖ਼ਾਲਕ ਇਕੋ ਏਕ ਏਕੰਕਾਰ, ਅਕਲ ਕਲਧਾਰੀ ਇਕ ਅਖਵਾਈਆ । ਜੋ ਮੇਰਾ ਲਹਿਣਾ ਦੇਣਾ ਪੂਰਬ ਕ਼ਰਜ਼ ਦਏ ਉਤਾਰ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਮੈਂ ਉਸ ਦੇ ਚਰਨ ਕਵਲ ਕਰਾਂ ਨਿਮਸਕਾਰ, ਨਿਵ ਨਿਵ ਲਾਗਾਂ ਪਾਈਆ । ਸੋ ਪੁਰਖ ਅਕਾਲਾ ਦੀਨ

ਦਿਆਲਾ ਮੈਨੂੰ ਦੇ ਅਧਾਰ, ਉਦਰ ਦਾ ਲੇਖਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਹੁਕਮ ਸਦਾ ਜੁਗ ਚਾਰ, ਆਦਿ ਜੁਗਾਦਿ ਜੁਗ ਚੌਕੜੀ ਨਾ ਕੋਈ ਮੇਟੇ ਮੇਟ ਮਿਟਾਈਆ ।

## ✪ ੨੫ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਮਕਸੂਦੜਾ ਜ਼ਿਲਾ ਲੁਧਿਆਣਾ ਸ੍ਰੀ ਰਾਮ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭ ਚਰਨ ਮੇਰੀ ਲੱਗੀ ਧੂੜੀ, ਖ਼ਾਕੀ ਮਿਟੀ ਹੋ ਕੇ ਖ਼ਾਕ ਰਮਾਈਆ । ਮੇਰੇ ਅੰਤਸ਼ਕਰਨ ਰੰਗਤ ਚੜ੍ਹ ਗਈ ਗੂੜ੍ਹੀ, ਆਦਿ ਜੁਗਾਦਿ ਉੱਤਰ ਕਦੇ ਨਾ ਜਾਈਆ । ਮੈਂ ਚਤੁਰ ਸੁਘੜ ਬਣ ਗਈ ਮੂਰਖ ਮੂੜ੍ਹੀ, ਪ੍ਰਭ ਦੇਵੇ ਮਾਣ ਵਡਿਆਈਆ । ਮੇਰੇ ਉਤੋਂ ਕਲਜੁਗ ਕਲਪਨਾ ਮੇਟੇ ਕੂੜੀ, ਜੂਠ ਝੂਠ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰਾ ਪਰਮ ਪੁਰਖ ਦੇਵਣਹਾਰ ਪੈਗ਼ਾਮ, ਸੰਦੇਸ਼ਾ ਅਗੰਮ ਦ੍ਰਿੜਾਈਆ । ਧਰਨੀਏ ਤੇਰਾ ਪੂਰਾ ਕਰਾਂ ਕਾਮ, ਕਰਨੀ ਕਰਤਾ ਹੋ ਕੇ ਵੇਖ ਵਖਾਈਆ । ਜਗਤ ਅੰਧੇਰਾ ਮੇਟਾਂ ਸ਼ਾਮ, ਸ਼ਮਅ ਨੂਰ ਜੋਤ ਕਰੇ ਰੁਸ਼ਨਾਈਆ । ਤੇਰਾ ਨਗਰ ਖੇੜਾ ਤਕ ਗਰਾਮ, ਗ੍ਰਿਹਿ ਮੰਦਰ ਵੇਖ ਵਖਾਈਆ । ਜਿਸ ਦੀ ਕ਼ੀਮਤ ਕੋਈ ਦੇ ਨਾ ਸਕੇ ਦਾਮ, ਦਾਮਨਗੀਰ ਨਜ਼ਰ ਕੋਇ ਨਾ ਆਈਆ । ਅੰਤ ਕਰਾਂ ਆਪ ਇੰਤਜ਼ਾਮ, ਬੰਦੋਬਸਤ ਆਪਣੇ ਹੱਥ ਰਖਾਈਆ । ਤੇਰਾ ਲਹਿਣਾ ਦੇਣਾ ਜੁਗ ਚੌਕੜੀ ਜੋ ਲੇਖਾ ਲਿਖਿਆ ਸ੍ਰੀ ਰਾਮ, ਰਾਮ ਰਾਮਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਾਲਕ ਇਕ ਗੁਸਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਭਗਤ ਰਹਿਣ ਸੁਹੰਦੇ, ਸੋਹਣੀ ਮਿਲੇ ਵਡਿਆਈਆ । ਤੇਰੀ ਧਾਰ ਵਿਚ ਰਹਿਣ ਬੰਦੇ, ਬੰਦਗੀ ਤੇਰੀ ਵਿਚ ਸਮਾਈਆ । ਤੂੰ ਨਿਰਗੁਣ ਧਾਰ ਤੋੜਨੇ ਜੰਦੇ, ਬਜਰ ਕਪਾਟ ਆਪ ਖੁਲ੍ਹਾਈਆ । ਅੰਤਸ਼ਕਰਨ ਰਹਿਣ ਨਾ ਦੇਵੀਂ ਗੰਦੇ, ਪਤਤ ਪੁਨੀਤ ਕਰੀਂ ਸਫ਼ਾਈਆ । ਜੋ ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਤੇਰਾ ਲੰਘੇ, ਫੜ ਬਾਹੋਂ ਗਲੇ ਲਗਾਈਆ । ਆਤਮ ਦੇਣਾ ਪਰਮਾਨੰਦੇ, ਅਨੰਦ ਅਨੰਦ ਵਿਚੋਂ ਪਰਗਟਾਈਆ । ਤੂੰ ਮੇਰਾ ਮੈਂ ਤੇਰਾ ਜੋ ਗਾਵਣ ਸੋਹੰ ਛੰਦੇ, ਸੋ ਪੁਰਖ ਨਿਰੰਜਣ ਹੋਣਾ ਆਪ ਸਹਾਈਆ । ਨਿਗਾਹ ਮਾਰ ਲੈ ਕਲਜੁਗ ਆਇਆ ਅੰਤਮ ਕੰਢੇ, ਘਾਟ ਪਤਣ ਬੈਠਾ ਡੇਰਾ ਲਾਈਆ । ਤੁਧ ਬਿਨ ਜਨ ਭਗਤਾਂ ਟੁੱਟੀ ਕੋਇ ਨਾ ਗੰਢੇ, ਗੰਢਣਹਾਰ ਗੁਪਾਲ ਸੁਆਮੀ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਧਰਨੀ ਕਹੇ ਪ੍ਰਭੂ ਮੇਰਾ ਗ੍ਰਿਹਿ ਕਰ ਸੁਹੰਜਣਾ, ਸਚ ਦੇ ਵਡਿਆਈਆ । ਤੂੰ ਮਾਲਕ ਆਦਿ ਨਿਰੰਜਣਾ, ਨੂਰ ਨੁਰਾਨਾ ਅਗੰਮ ਅਥਾਹੀਆ । ਤੇਰੀ ਧੂੜੀ ਹੋਵੇ ਮੇਰਾ ਮਜਨਾ, ਦੁਰਮਤ ਮੈਲ ਧੁਆਈਆ । ਜਨ ਭਗਤਾਂ ਬਣਨਾ ਸਾਕ ਸੱਜਣਾ, ਸਗਲਾ ਸੰਗ ਆਪ ਬਣਾਈਆ । ਕਲਜੁਗ ਅੰਤਮ ਪਰਦਾ ਕਜਣਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਤੂੰ ਗੋਪਾਲ ਮੂਰਤ ਮਦਨਾ, ਮਧ ਸੂਦਨ ਇਕ ਅਖਵਾਈਆ । ਸਭ ਦਾ ਲੇਖੇ ਲਾਉਣਾ ਕਾਇਆ ਮਾਟੀ ਬਦਨਾ, ਬਦੀ ਦਾ ਡੇਰਾ ਦੇਣਾ ਢਾਹੀਆ । ਦਰ


੯੫੯
੨੪

ਬਹਾਉਣਾ ਆਅਲਾ ਅਦਨਾ, ਊਚ ਨੀਚ ਨਾ ਕੋਇ ਜਣਾਈਆ । ਮੇਰਾ ਲੇਖਾ ਪੂਰਾ ਕਰ ਦੇ ਜੋ ਇਸ਼ਾਰਾ ਦੇ ਕੇ ਸਦਨਾ, ਸਦਕੇ ਵਾਰੀ ਘੋਲ ਘੁਮਾਈਆ । ਤੇਰਾ ਇਕੋ ਨਾਮ ਨਿਧਾਨਾ ਸੁਣਾਂ ਨਦਨਾ, ਅਨਹਦ ਨਾਦੀ ਨਾਦ ਦ੍ਰਿੜਾਈਆ । ਤੇਰਾ ਦੀਪਕ ਜੋਤੀ ਦੋ ਜਹਾਨ ਸ੍ਰੀ ਭਗਵਾਨ ਅਗੰਮਾ ਜਗਣਾ, ਜਾਗਰਤ ਜੋਤ ਬਿਨ ਵਰਨ ਗੋਤ ਦੇ ਰੁਸ਼ਨਾਈਆ । ਬਿਨ ਤੇਰੀ ਕਿਰਪਾ ਤੇਰੀ ਸਰਨ ਕਿਸੇ ਨਹੀਂ ਲੱਗਣਾ, ਚਰਨ ਕਵਲ ਉਪਰ ਧਵਲ ਮਿਲੇ ਨਾ ਕੋਇ ਵਡਿਆਈਆ । ਤੂੰ ਅੰਤ ਕੰਤ ਭਗਵੰਤ ਸਭ ਦਾ ਪਰਦਾ ਕੱਜਣਾ, ਓਢਣ ਨਾਮ ਸੀਸ ਟਿਕਾਈਆ । ਧਰਨੀ ਕਹੇ ਮੇਰੇ ਮਾਲਕ ਠਾਕਰ ਸੁਆਮੀ ਜੋਤੀ ਜਾਤੇ ਮੈਂ ਤੈਨੂੰ ਇਕੋ ਸੱਦਣਾ, ਸਦਕੇ ਵਾਰੀ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਨਾਮ ਨਗਾਰਾ ਦੋ ਜਹਾਨ ਵਜਣਾ, ਵਜਹ ਸਮਝ ਸਕੇ ਕੋਇ ਨਾ ਰਾਈਆ ।

## ✪ ੨੫ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਅਜਨੌਧ ਜ਼ਿਲਾ ਲੁਧਿਆਣਾ ਹਰਬੰਸ ਸਿੰਘ, ਜਗਦੀਸ ਸਿੰਘ, ਦਰਸ਼ਨ ਸਿੰਘ ਦੇ ਗ੍ਰਿਹ ✪


੬੯੦

੨੪

ਕਲਜੁਗ ਕਹੇ ਮੈਂ ਪ੍ਰਭੂ ਦਾ ਪੁਤਰ ਸਕਾ, ਚੌਥਾ ਜੁਗ ਖ਼ੁਸ਼ੀਆਂ ਨਾਲ ਜਣਾਈਆ । ਮੇਰਾ ਨਿਰਗੁਣ ਧਾਰ ਏਕੰਕਾਰ ਨਾਲ ਵਾਅਦਾ ਪੱਕਾ, ਜੁਗ ਚੌਕੜੀ ਜਿਸ ਨੂੰ ਸਕੇ ਨਾ ਕੋਇ ਬਦਲਾਈਆ । ਮੇਰਾ ਲਹਿਣਾ ਦੇਣਾ ਜਗਤ ਜਹਾਨ ਹੱਕਾ, ਹਕ਼ੀਕਤ ਦਾ ਮਾਲਕ ਦੇਵੇ ਚਾਈਂ ਚਾਈਂਆ । ਮੈਂ ਸਤਿ ਧਰਮ ਦੀ ਕ਼ੀਮਤ ਰਹਿਣ ਦਿਤੀ ਨਹੀਂ ਟਕਾ, ਕੌਡੀ ਕੌਡੀ ਹੱਟੋ ਹੱਟ ਵਿਕਾਈਆ । ਮੇਰਾ ਨੌਂ ਖੰਡ ਪ੍ਰਿਥਮੀ ਅਗੇ ਵੱਜਣ ਵਾਲਾ ਧੱਕਾ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਗਿਆ ਹਿਲਾਈਆ । ਸਾਚਾ ਖੇਲ ਕਰਾਉਣਾ ਮਦੀਨਾ ਮੱਕਾ, ਕਾਅਬਿਆਂ ਲੇਖਾ ਦਿਆਂ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੈਨੂੰ ਸਚ ਸੰਦੇਸ਼ਾ ਦੇਵੇ ਯਕਾ, ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਕਹੇ ਧਰਨੀਏ ਮੈਂ ਸੂਰਬੀਰ ਬਹਾਦਰ, ਪ੍ਰਭ ਦਿਤੀ ਮਾਣ ਵਡਿਆਈਆ । ਮੇਰਾ ਮਾਲਕ ਖ਼ਾਲਕ ਕਰਤਾ ਕ਼ਦੀਮ ਕ਼ਾਦਰ, ਕ਼ੁਦਰਤ ਦਾ ਮਾਲਕ ਨੂਰ ਅਲਾਹੀਆ । ਜਿਸ ਮੈਨੂੰ ਤੇਰੇ ਉਤੇ ਦਿਤਾ ਆਦਰ, ਸਿਰ ਸਿਰ ਮੇਰੇ ਹੱਥ ਟਿਕਾਈਆ । ਬੇਸ਼ਕ ਤੂੰ ਆਦਿ ਜੁਗਾਦੀ ਪੂਰਬ ਧਰਨੀ ਮਾਂ ਬਣੀ ਰਹੀ ਮਾਦਰ, ਦੀਨ ਦੁਨੀ ਆਪਣਾ ਰੰਗ ਰੰਗਾਈਆ । ਅੰਤ ਤੇਰੇ ਉਤੇ ਮੇਰਾ ਲੇਖਾ ਹੋਣਾ ਮਕ਼ਤੂਲ ਕ਼ਾਤਲ, ਸੀਸ ਧੜ ਵੰਡ ਵੰਡਾਈਆ । ਧਾਮ ਮੁਕ਼ੱਦਸ ਰਹੇ ਕੋਈ ਨਾ ਬਾਤੁਲ, ਪਵਿਤ੍ਰ ਨਜ਼ਰ ਕੋਇ ਨਾ ਆਈਆ । ਕਲਜੁਗ ਕਹੇ ਧਰਨੀਏ ਮੈਂ ਨੌਂ ਖੰਡ ਪ੍ਰਿਥਮੀ ਕਰਨੀ ਅੰਧੇਰੀ ਰਾਤਨ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਪ੍ਰਭੂ ਦਾ ਦਰਸ ਪਾ ਸਕੇ ਨਾ ਕੋਈ ਬਾਤਨ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੈਂ ਸਚ ਸੰਦੇਸ਼ਾ ਆਇਆ ਆਖਣ, ਧੁਰ ਦਾ ਹੁਕਮ ਨਾਮ ਦ੍ਰਿੜਾਈਆ । ਕੀ ਖੇਲ ਖੇਲੇ ਅਲਖਣਾ ਅਲਾਖਣ, ਅਲਖ ਅਗੋਚਰ ਕੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਧਰਨੀਏ ਮੈਂ ਜੋਧਾ ਸੂਰਬੀਰ

੯੬੧
੨੪

ਬਲੀ, ਬਲਧਾਰੀ ਇਕ ਅਖਵਾਈਆ । ਮੈਨੂੰ ਇਸ਼ਾਰਾ ਦੇ ਕੇ ਗਿਆ ਸੰਗ ਮੁਹੰਮਦ ਨਾਲ ਯਾਰ ਅਲੀ, ਅੱਲਾ ਹੂ ਨਾਅਰਾ ਨਾਲ ਲਗਾਈਆ । ਜਿਸ ਪਿਛੇ ਪੈਗ਼ੰਬਰਾਂ ਦਿਤੀ ਬਲੀ, ਤਨ ਵਜੂਦ ਸ਼ਹੀਦ ਕਰਾਈਆ । ਉਸ ਸਾਹਿਬ ਦੀ ਤਕਣੀ ਗਲੀ, ਜਿਸ ਦਾ ਮਾਰਗ ਪੰਧ ਮੁਕਾਈਆ । ਜਿਸ ਦੀ ਖ਼ਾਤਰ ਗੋਬਿੰਦ ਕਿਹਾ ਸੀਸ ਧਰਨਾ ਤਲੀ, ਤਲਬ ਅਵਰ ਨਾ ਕੋਇ ਜਣਾਈਆ । ਉਹ ਵਸਣਹਾਰਾ ਜਲੀ ਥਲੀ, ਮਹੀਅਲ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਕਲਜੁਗ ਕਹੇ ਧਰਨੀਏ ਮੈਂ ਯੋਧਾ ਬੜਾ ਬਲਵੰਤ, ਬਲਧਾਰੀ ਇਕ ਅਖਵਾਈਆ । ਮੇਰਾ ਮਾਲਕ ਇਕੋ ਕੰਤ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਦਾ ਲਹਿਣਾ ਦੇਣਾ ਨਾਲ ਜੀਵ ਜੰਤ , ਲੱਖ ਚੁਰਾਸੀ ਵਿਚ ਸਮਾਈਆ । ਉਸ ਬਣਾਈ ਮੇਰੀ ਬਣਤ, ਘੜਨ ਭੰਨਣਹਾਰ ਬੇਪਰਵਾਹੀਆ । ਕੁਛ ਲਹਿਣਾ ਯਾਦ ਕਰ ਲੈ ਜੋ ਰਾਮ ਇਸ਼ਾਰਾ ਦਿਤਾ ਸੀ ਹਨਵੰਤ, ਸਹਿਜ ਸਹਿਜ ਨਾਲ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਵਧੇ ਬੇਅੰਤ, ਸਤਿ ਰਹਿਣ ਕੋਇ ਨਾ ਪਾਈਆ । ਧਰਮ ਦਾ ਦਿਸੇ ਕੋਈ ਨਾ ਸੰਤ, ਸਚ ਵਿਚ ਨਾ ਕੋਇ ਸਮਾਈਆ । ਦਰੋਹੀ ਫਿਰਨੀ ਵਿਚ ਜੀਵ ਜੰਤ, ਨਵ ਸੱਤ ਸਤਿ ਕੁਰਲਾਈਆ । ਗੜ੍ਹ ਬਣਾਏ ਹਉਮੇਂ ਹੰਗਤ, ਹੰ ਬ੍ਰਹਮ ਨਾ ਕੋਇ ਦ੍ਰਿੜਾਈਆ । ਬੋਧ ਅਗਾਧਾ ਦਿਸੇ ਕੋਈ ਨਾ ਪੰਡਤ, ਬੁੱਧੀ ਤੋਂ ਪਰੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਕਲਜੁਗ ਕਹੇ ਧਰਨੀ ਮੈਨੂੰ ਪ੍ਰਭ ਨੇ ਦਿਤੀ ਥਾਪੀ, ਹੱਥ ਪੁਸ਼ਤ ਪਨਾਹ ਟਿਕਾਈਆ । ਮੇਰੇ ਕੋਲ ਉਸ ਦੀ ਬਿਨ ਅੱਖਰਾਂ ਵਾਲੀ ਕਾਪੀ, ਜਿਸ ਦੇ ਅੱਖਰ ਨਜ਼ਰ ਕੋਇ ਨਾ ਆਈਆ । ਮੈਂ ਲੋਕਮਾਤ ਬਣਿਆ ਪਰਤਾਪੀ, ਜਗਤ ਜਹਾਨ ਆਪਣਾ ਬਲ ਪਰਗਟਾਈਆ । ਮੈਂ ਦੀਨ ਦੁਨੀਆ ਕੀਤੀ ਪਾਪੀ, ਪੁਨੀਤ ਨਜ਼ਰ ਕੋਇ ਨਾ ਆਈਆ । ਮੈਂ ਤੇਰੇ ਉਤੇ ਕਰਨੀ ਅੰਧੇਰੀ ਰਾਤੀ, ਨੂਰੀ ਚੰਦ ਨਾ ਕੋਇ ਚਮਕਾਈਆ । ਝਗੜਾ ਪਾਉਣਾ ਜ਼ਾਤ ਪਾਤੀ, ਦੀਨ ਮਜ਼੍ਹਬ ਦੇਣੇ ਲੜਾਈਆ । ਮੇਰੀ ਵੇਖ ਲੈ ਤੇਰੇ ਉਤੇ ਕੂੜ ਕੁੜਿਆਰ ਦੀ ਆਉਣ ਵਾਲੀ ਵਾਟੀ, ਪੂਰਬ ਪੰਧ ਮੁਕਾਈਆ । ਤੂੰ ਆਪਣੀ ਸਵਾਰ ਕੇ ਰਖੀਂ ਖਾਟੀ, ਆਸਣ ਸਿੰਘਾਸਣ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਤੇਰੇ ਤਟ ਕਿਨਾਰੇ ਘਾਟੀ, ਮੰਜ਼ਲ ਮੰਜ਼ਲ ਲੇਖਾ ਦਏ ਮੁਕਾਈਆ ।

### ✪ ੨੫ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਸਾਹਨੇਵਾਲ ਜ਼ਿਲਾ ਲੁਧਿਆਣਾ ਗੁਰਵੰਤ ਕੌਰ ਦੇ ਗ੍ਰਿਹਿ ✪

ਕਲਜੁਗ ਕਹੇ ਧਰਨੀ ਮੇਰੀ ਜਗਤ ਵੇਖ ਵਡਿਆਈ, ਵਡ ਵੱਡਾ ਹੋ ਕੇ ਦਿਆਂ ਜਣਾਈਆ । ਚਾਰੋਂ ਕੁੰਟ ਖੇਲ ਖੇਲਾਂ ਹੋ ਕੇ ਬੇਪਰਵਾਹੀ, ਬੇਪਰਵਾਹੀ ਵਿਚ ਸਮਾਈਆ । ਮੈਂ ਮਹਾਬਲੀ ਜੋਧਾ ਹੋ ਕੇ ਧਰਮ ਦੀ ਜੜ੍ਹ ਦਿਆਂ ਉਖੜਾਈ, ਪੱਤ ਫੁੱਲ ਟਹਿਣੀ ਨਜ਼ਰ ਕੋਇ ਨਾ ਆਈਆ । ਮੇਰਾ ਡੰਕਾ ਵਜੇ ਥਲ ਅਸਗਾਹੀ, ਸਮੁੰਦ ਸਾਗਰਾਂ ਟਿੱਲੇ ਪਰਬਤਾਂ ਹੁਕਮ ਵਰਤਾਈਆ । ਮੈਂ ਨੌ ਖੰਡ ਪ੍ਰਿਥਮੀ ਫਿਰਾਂ ਚਾਈਂ ਚਾਈਂ, ਚਾਓ ਘਨੇਰਾ ਇਕ ਪਰਗਟਾਈਆ । ਮੇਰਾ ਹੁਕਮ ਵਰਤੇ ਨਾ ਕੋਈ ਮੇਟੇ ਮੇਟ ਮਿਟਾਈ, ਮੇਟਣਹਾਰਾ ਨਜ਼ਰ ਕੋਇ ਨਾ ਆਈਆ । ਮੇਰੀ ਖ਼ਾਤਰ ਪੁਰਖ ਅਕਾਲ ਦੀਨ ਦਿਆਲ ਤੇਰੇ ਉਤੇ

ਆਇਆ ਵਾਹੋ ਦਾਹੀ, ਭੱਜਿਆ ਬਿਨ ਕ਼ਦਮਾਂ ਚਰਨ ਉਠਾਈਆ । ਸਭ ਤੋਂ ਉੱਤਮ ਸ੍ਰੇਸ਼ਟ ਮੇਰੀ ਕੀਤੀ ਲਿਖਾਈ, ਜਿਸ ਦੀ ਕਾਤਬ ਸਾਰ ਕੋਇ ਨਾ ਪਾਈਆ । ਮੇਰੀ ਸ਼ਹਾਦਤ ਦੇਵਣ ਅਵਤਾਰ ਪੈਗ਼ੰਬਰ ਗੁਰ ਸ਼ਬਦੀ ਧਾਰ ਗਵਾਹੀ, ਧੁਰ ਸੰਦੇਸ਼ਿਆਂ ਨਾਲ ਸੁਣਾਈਆ । ਮੇਰਾ ਲਹਿਣਾ ਦੇਣਾ ਨਾਲ ਗੋਬਿੰਦ ਢਈਆ ਢਾਈ, ਦੂਸਰ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਰਖਾਈਆ । ਕਲਜੁਗ ਕਹੇ ਧਰਨੀਏ ਮੇਰਾ ਹੁਕਮ ਸੰਦੇਸ਼ਾ ਏਕ, ਏਕਾ ਦਿਤੀ ਵਡਿਆਈਆ । ਮੈਂ ਉਸੇ ਦੀ ਰਖੀ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਮੈਂ ਦੀਨ ਦੁਨੀ ਦੀ ਬੁਧਿ ਰਹਿਣ ਨਹੀਂ ਦਿਤੀ ਬਿਬੇਕ, ਸਤਿ ਵਿਚ ਨਾ ਕੋਇ ਸਮਾਈਆ । ਕੂੜ ਕੁੜਿਆਰ ਦਾ ਬਦਲਿਆ ਭੇਖ, ਭੇਖਾਧਾਰੀ ਕੀਤੀ ਖ਼ਲਕ ਖ਼ੁਦਾਈਆ । ਮਾਣ ਰਿਹਾ ਨਾ ਕਿਸੇ ਮੁੱਲਾ ਸ਼ੇਖ਼, ਮੁਸਾਇਕ ਰੋਵਣ ਮਾਰਨ ਧਾਹੀਆ । ਮੇਰਾ ਸੁਣ ਲੈ ਅਗੰਮ ਸੰਦੇਸ਼, ਸੰਦੇਸ਼ਾ ਦੇਵਾਂ ਚਾਈਂ ਚਾਈਆ । ਮੇਰੀ ਵਡਿਆਈ ਰਹੀ ਸਹੰਸਰ ਮੁਖ ਸ਼ੇਸ਼, ਦੋ ਸਹੰਸਰ ਜਿਹਵਾ ਨਾਲ ਗਾਈਆ । ਮੈਨੂੰ ਇਸ਼ਾਰਾ ਦੇ ਕੇ ਗਿਆ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਦਾ ਮਾਲਕ ਇਕ ਸਮਝਾਈਆ । ਕਲਜੁਗ ਤੇਰਾ ਪੁਰਖ ਅਕਾਲਾ ਦੀਨ ਦਿਆਲਾ ਮੇਟੇ ਕਲੇਸ਼, ਕਲਧਾਰੀ ਆਪ ਹੋ ਆਈਆ । ਜੋ ਆਦਿ ਜੁਗਾਦਿ ਰਹੇ ਹਮੇਸ਼, ਸਚਖੰਡ ਸਾਚੇ ਸੋਭਾ ਪਾਈਆ । ਉਹ ਮੇਰਾ ਨਰ ਨਰਾਇਣ ਨਰੇਸ਼, ਹਰਿ ਕਰਤਾ ਇਕ ਅਖਵਾਈਆ । ਜਿਸ ਦਾ ਮੁੱਛ ਦਾੜ੍ਹੀ ਨਾ ਕੋਈ ਕੇਸ, ਮੂੰਡ ਮੁੰਡਾਇਆ ਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ,
੯੬੨ ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਹੁਕਮ ੯੬੨
੨੪ ਵਰਤੇ ਅਗੰਮਾ ਵਿਸ਼ੇਸ਼, ਵਿਸ਼ਿਆਂ ਤੋਂ ਬਾਹਰ ਆਪਣੀ ਕਾਰ ਭੁਗਤਾਈਆ । ੨੪

## ✪ ੨੫ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਨਤ ਜ਼ਿਲਾ ਲੁਧਿਆਣਾ ਭਾਗ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਮੇਰੇ ਉਤੋਂ ਮੇਟ ਰੋਗ ਸੰਤਾਪ, ਕਲਜੁਗ ਕੂੜ ਕੁੜਿਆਰ ਡੇਰਾ ਢਾਹੀਆ । ਤ੍ਰੈਗੁਣ ਮਾਇਆ ਅਗਨੀ ਮਿਟਾ ਦੇ ਤਾਪ, ਤ੍ਰੈਗੁਣ ਅਤੀਤੇ ਠਾਂਢੇ ਸੀਤੇ ਅੰਮ੍ਰਿਤ ਮੇਘ ਨਾਮ ਵਰਸਾਈਆ । ਕਲਜੁਗ ਜੀਵਾਂ ਅੰਦਰੋਂ ਕੂੜੀ ਕਿਰਿਆ ਕਢ ਦੇ ਪਾਪ, ਪਤਤ ਪੁਨੀਤ ਆਪ ਕਰਾਈਆ । ਹਰਿ ਹਿਰਦੇ ਅੰਦਰ ਤੇਰਾ ਉਪਜੇ ਜਾਪ, ਤੂੰ ਮੇਰਾ ਮੈਂ ਤੇਰਾ ਢੋਲਾ ਸਾਰੇ ਗਾਈਆ । ਚਰਨ ਪ੍ਰੀਤੀ ਮਾਨਵ ਜ਼ਾਤੀ ਜੋੜਨਾ ਨਾਤ, ਰਿਸ਼ਤਾ ਫ਼ਰਿਸ਼ਤਿਆਂ ਬਾਹਰ ਜਣਾਈਆ । ਤੂੰ ਮਾਲਕ ਖ਼ਾਲਕ ਆਦਿ ਜੁਗਾਦਿ ਆਪ, ਕਰਤਾ ਪੁਰਖ ਇਕ ਅਖਵਾਈਆ । ਮੇਰਾ ਨੌ ਖੰਡ ਕੂੜ ਕਿਰਿਆ ਨਾਲ ਰਿਹਾ ਕਾਂਪ, ਸੱਤ ਦੀਪ ਦੇਣ ਦੁਹਾਈਆ । ਝਗੜਾ ਮੇਟ ਦੇ ਜ਼ਾਤ ਪਾਤ, ਦੀਨ ਦੁਨੀ ਇਕੋ ਰੰਗ ਰੰਗਾਈਆ । ਕਲਜੁਗ ਅੰਧ ਅੰਧੇਰ ਮਿਟਾ ਦੇ ਰਾਤ, ਨਿਰਗੁਣ ਨੂਰ ਚੰਦ ਕਰ ਰੁਸ਼ਨਾਈਆ । ਸਤਿਜੁਗ ਸਤਿ ਧਰਮ ਦਾ ਥਾਪਣ ਥਾਪ, ਸਤਿ ਸਤਿਵਾਦੀ ਹੋ ਕੇ ਦਇਆ ਕਮਾਈਆ । ਮੇਰਾ ਡੂੰਘਾ ਵੇਖ ਲੈ ਧਵਲ ਵਾਲਾ ਖਾਤ, ਧਰਤੀ ਹੋ ਕੇ ਦਿਆਂ ਸੁਣਾਈਆ । ਮੇਰੇ ਕੋਲ ਸੰਦੇਸ਼ੇ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰ ਲੇਖਾ ਵੇਖ ਲੈ ਬਿਨ ਚਿੱਠੀਆਂ ਵਾਲੇ ਪਾਤ, ਪਤ੍ਰਕਾ ਤੇਰਾ ਨਾਮ ਦ੍ਰਿੜਾਈਆ । ਅੰਤ ਕੰਤ ਭਗਵੰਤ ਸੁਆਮੀ ਪੁਛ ਮੇਰੀ ਵਾਤ, ਸਦੀ ਚੌਧਵੀਂ ਤੇਰੀ ਓਟ ਤਕਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੋਂ ਕਲਜੁਗ ਮੇਟ ਦੇ ਕੂੜ ਕੁੜਿਆਰਾ, ਸਚ ਧਰਮ ਦੇ ਪਰਗਟਾਈਆ । ਨੌ ਖੰਡ ਪ੍ਰਿਥਮੀ ਤਕ ਲੈ ਹਾਹਾਕਾਰਾ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਰੋਵੇ ਮਾਰੇ ਧਾਹੀਆ । ਸਚ ਸੁਆਮੀ ਕਿਸੇ ਮਿਲੇ ਨਾ ਮੀਤ ਮੁਰਾਰਾ, ਪਰਮ ਪੁਰਖ ਪਰਮਾਤਮ ਤੇਰਾ ਦਰਸ ਕੋਇ ਨਾ ਪਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਵਧਿਆ ਪੰਚ ਵਿਕਾਰਾ, ਮਾਇਆ ਮਮਤਾ ਮੋਹ ਨਾਲ ਮਿਲਾਈਆ । ਤੂੰ ਦੇਵਣਹਾਰ ਇਕ ਦਾਤਾਰਾ, ਦਇਆਨਿਧ ਇਕ ਅਖਵਾਈਆ । ਸਾਚੇ ਨਾਮ ਦਾ ਆਪ ਬਣ ਇਕ ਵਰਤਾਰਾ, ਸਤਿ ਸਤਿਵਾਦੀ ਹੋ ਕੇ ਦਇਆ ਕਮਾਈਆ । ਮੇਰਾ ਖ਼ਾਲੀ ਭਰ ਭੰਡਾਰਾ, ਅਤੋਟ ਅਤੁਟ ਝੋਲੀ ਪਾਈਆ । ਤੂੰ ਨਿਰਗੁਣ ਨੂਰ ਜੋਤ ਨਿਹਕਲੰਕ ਅਵਤਾਰਾ, ਅਵਤਰੀ ਤੇਰੀ ਆਸ ਰਖਾਈਆ । ਤੇਰਾ ਸੰਦੇਸ਼ਾ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰਾ, ਚਾਰ ਜੁਗ ਦੇ ਸ਼ਾਸਤਰਾਂ ਬਾਹਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਕਿਰਪਾ ਕਰ ਮੇਰੇ ਅਕਾਲ, ਅਕਲ ਕਲਧਾਰੀ ਦਇਆ ਕਮਾਈਆ । ਦੀਨਾਂ ਬੰਧਪ ਦੀਨ ਦਿਆਲ, ਦਇਆਨਿਧ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਮੇਰੀ ਲੇਖੇ ਲਾ ਲੈ ਚਾਰ ਜੁਗ ਦੀ ਘਾਲ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਸੇਵ ਕਮਾਈਆ । ਹਰਿਜਨ ਭਗਤ ਸੁਹੇਲੇ ਪਰਗਟ ਕਰ ਦੇ ਆਪਣੇ ਲਾਲ, ਗੁਰਮੁਖ ਆਪਣੇ ਰੰਗ ਰੰਗਾਈਆ । ਮੇਰਾ ਸਚ ਦੁਆਰ ਸੁਹਾ ਦੇ ਸਚੀ ਧਰਮਸਾਲ, ਗੁਰੂਦੁਆਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਇਕੋ ਘਰ ਬਣਾਈਆ । ਨਾਦ ਧੁਨ ਸ਼ਬਦ ਅਗੰਮੀ ਵਜਾ ਦੇ ਤਾਲ, ਤਲਵਾੜਾ ਇਕੋ ਇਕ ਦਰਸਾਈਆ । ਫਲ ਲਗਾ ਦੇ ਮੇਰੇ ਉਤੇ ਧਰਮ ਦੇ ਡਾਲ, ਕਲਜੁਗ ਕੂੜੀ ਕਿਰਿਆ ਬਾਹਰ ਕਢਾਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਮੈਨੂੰ ਦੇ ਦੇ ਸਚਾ ਧਨ ਮਾਲ, ਵਸਤ ਅਮੋਲਕ ਇਕ ਵਰਤਾਈਆ । ਤੂੰ ਸੰਬਲ ਵਿਚ ਬਹਿ ਕੇ ਮੇਰੀ ਸੁਰਤ ਸੰਭਾਲ, ਸਿਰ ਸਿਰ ਮੇਰੇ ਹੱਥ ਟਿਕਾਈਆ । ਲਹਿਣਾ ਦੇਣਾ ਲੇਖਾ ਪੂਰਾ ਕਰ ਦੇ ਸ਼ਾਹ ਕੰਗਾਲ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਮੇਰੇ ਉਤੇ ਪਰਗਟ ਕਰ ਦੇ ਸਤਿ ਧਰਮ, ਧਰਮ ਧਰਮ ਦੀ ਧਾਰ ਜਣਾਈਆ । ਸਤਿਜੁਗ ਸਾਚੇ ਦੇ ਦੇ ਜਰਮ, ਆਪ ਬਣ ਜਣੇਂਦੀ ਮਾਈਆ । ਮੇਰਾ ਉਤਮ ਕਰ ਦੇ ਕਰਮ, ਕਰਮ ਕਾਂਡ ਦਾ ਡੇਰਾ ਢਾਹੀਆ । ਹਰ ਹਿਰਦੇ ਮੇਟ ਦੇ ਭਰਮ, ਭਾਂਡਾ ਭਰਮ ਭਉ ਭੰਨਾਈਆ । ਦੀਨ ਦੁਨੀ ਦੀ ਦ੍ਰਿਸ਼ਟੀ ਰਹੇ ਨਾ ਚਰਮ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਤੂੰ ਸਭ ਕਿਛ ਕਰਨੀ ਕਰਨ, ਕਰਤਾ ਪੁਰਖ ਇਕ ਅਖਵਾਈਆ । ਮੈਂ ਤੇਰੀ ਲਾਗਾ ਸਰਨ, ਨਿਵ ਨਿਵ ਲਾਗਾਂ ਪਾਈਆ । ਤੂੰ ਮਾਲਕ ਭੰਨਣ ਘੜਨ, ਸਮਰਥ ਇਕ ਅਖਵਾਈਆ । ਮੈਨੂੰ ਆਪਣਾ ਫੜਾ ਦੇ ਲੜਨ, ਪੱਲੂ ਸਾਚੀ ਗੰਢ ਬੰਧਾਈਆ । ਮੈਂ ਚਾਹੁੰਦੀ ਸੰਤ ਸੁਹੇਲੇ ਸਤਿਗੁਰ ਸ਼ਬਦ ਤੇਰੀ ਮੰਜ਼ਲ ਚੜ੍ਹਨ, ਅਧਵਿਚਕਾਰ ਨਾ ਕੋਇ ਉਲਟਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਸਾਰੇ ਪੜ੍ਹਨ, ਬਿਨ ਰਸਨਾ ਰਸ ਦੇਣਾ ਚਖਾਈਆ । ਸਚਖੰਡ ਦੁਆਰ ਏਕੰਕਾਰ ਦਰ ਠਾਂਢੇ ਤੇਰੇ ਖੜ੍ਹਨ, ਦਰਗਹ ਸਾਚੀ ਸੋਭਾ ਪਾਈਆ । ਹਰਿਜਨ ਤੇਰੇ ਦੁਆਰੇ ਧੁਰ ਦੇ ਵੜਨ, ਦਰਗਹਿ ਸਾਚੀ ਮਿਲ ਕੇ ਖ਼ੁਸ਼ੀ ਮਨਾਈਆ । ਤੂੰ ਮਾਲਕ ਸੁਆਮੀ ਤਾਰਨ ਤਰਨ, ਤਾਰਨਹਾਰ ਇਕ ਅਖਵਾਈਆ । ਮੈਂ ਭਿਖਾਰਨ ਹੋ ਕੇ ਮੰਗਾਂ ਤੇਰਾ ਦਰਨ, ਦਰ ਦਰਵੇਸ਼ਣ ਰੂਪ ਵਖਾਈਆ ।

ਧਰਨੀ ਕਹੇ ਪ੍ਰਭੂ ਲੇਖਾ ਮੁਕਾ ਦੇ ਮੇਰੇ ਉਤੋਂ ਸੀਸ ਧੜਨ, ਚੋਟੀ ਜੜ੍ਹ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜ ਕੁੜਿਆਰ ਭਉ ਚੁਕਾ ਦੇ ਡਰਨ, ਭੈ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।

### ✪ ੨੫ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਲੁਧਿਆਣਾ ਸ਼ਹਿਰ ਸ਼ਿਮਲਾਪੁਰੀ ਬੱਗਾ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਮੇਰੇ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤੇ ਵੇਖ ਵਖਾਈਆ । ਨਿਗਾਹ ਮਾਰ ਲੈ ਆਪਣੀ ਜੂਨੀ ਵਿਚ ਚੁਰਾਸੀ, ਲੱਖ ਲੱਖ ਵਾਰ ਸੀਸ ਨਿਵਾਈਆ । ਹਰ ਘਟ ਅੰਤਰ ਆਈ ਉਦਾਸੀ, ਖ਼ੁਸ਼ੀਆਂ ਰੰਗ ਨਾ ਕੋਇ ਰੰਗਾਈਆ । ਮੈਨੂੰ ਵੇਖ ਕੇ ਆਵੇ ਹਾਸੀ, ਹਸਤੀ ਤਕਾਂ ਦੀਨ ਦੁਨੀ ਖ਼ਲਕ ਖ਼ੁਦਾਈਆ । ਪਵਿਤ੍ਰ ਪੰਡਤ ਪਾਂਧਾ ਰਿਹਾ ਕੋਈ ਨਾ ਵਿਚ ਕਾਸ਼ੀ, ਮੱਕੇ ਕਾਅਬੇ ਰਹੇ ਕੁਰਲਾਈਆ । ਸਚ ਦੁਆਰ ਪਾਏ ਕੋਈ ਨਾ ਰਾਸੀ, ਮੰਦਰ ਮਸਜਿਦ ਸ਼ਿਵਦਵਾਲੇ ਮਠ ਰਹੇ ਕੁਰਲਾਈਆ । ਆਤਮ ਅੰਤਰ ਰਿਹਾ ਨਾ ਕੋਈ ਪਵਣ ਸਵਾਸੀ, ਸਾਹ ਸਾਹ ਤੇਰਾ ਨਾਮ ਕੋਇ ਨਾ ਗਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਹੋ ਗਈ ਮਦਿਰਾ ਮਾਸੀ, ਮਾਨਸ ਤੇਰਾ ਰੰਗ ਗਏ ਗਵਾਈਆ । ਤੂੰ ਸ਼ਾਹੋ ਭੂਪ ਸੁਲਤਾਨ ਕੀ ਤੇਰਾ ਖੇਲ ਤਮਾਸੀ, ਨਿਰਗੁਣ ਦਾਤੇ ਦੇਣਾ ਦ੍ਰਿੜਾਈਆ । ਕਿਸ ਬਿਧ ਮੇਰੀ ਅੰਤ ਕਲਜੁਗ ਕੋਲੋਂ ਹੋਵੇ ਖ਼ੁਲਾਸੀ, ਖ਼ਾਲਸ ਆਪਣਾ ਗ੍ਰਿਹਿ ਬਣਾਈਆ । ਮੇਰਾ ਲੇਖਾ ਲਹਿਣਾ ਦੇਣਾ ਕੀ ਨਾਲ ਸ਼ੰਕਰ ਕੈਲਾਸ਼ੀ, ਕਲਾਧਾਰੀ ਦੇਣਾ ਦ੍ਰਿੜਾਈਆ । ਤੂੰ ਸ਼ਾਹੋ ਭੂਪ ਸਚਖੰਡ ਨਿਵਾਸੀ, ਦਰਗਹਿ ਸਾਚੀ ਸੋਭਾ ਪਾਈਆ । ਤੇਰਾ ਨੂਰ ਜੋਤ ਇਕ ਪ੍ਰਕਾਸ਼ੀ, ਪ੍ਰਕਾਸ਼ਵਾਨ ਹੋਇਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੀ ਵੇਖਾਂ ਅਗੰਮੀ ਹਸਤੀ, ਬਿਨ ਹਸਤ ਕਵਲਾਂ ਸੇਵ ਕਮਾਈਆ । ਮੇਰੀ ਧਰਮ ਧਾਰ ਦੀ ਤਕ ਲੈ ਬਸਤੀ, ਗ਼ਰੀਬਖ਼ਾਨੇ ਧਿਆਨ ਲਗਾਈਆ । ਖੇਲ ਰਹੀ ਨਾ ਕਲਜੁਗ ਅੰਤਮ ਮੇਰੇ ਵਸ ਦੀ, ਵਾਸਤਾ ਤੇਰੇ ਅਗੇ ਪਾਈਆ । ਮੈਂ ਅਵਤਾਰ ਪੈਗ਼ੰਬਰਾਂ ਗੁਰੂਆਂ ਫਿਰੀ ਦੱਸਦੀ, ਭੱਜੀ ਵਾਹੋ ਦਾਹੀਆ । ਵਡਿਆਈ ਰਹੀ ਨਾ ਨਾਮ ਕਲਮੇ ਜਸ ਦੀ, ਸਿਫ਼ਤਾਂ ਸਚ ਨਾ ਕੋਇ ਸਲਾਹੀਆ । ਖੇਲ ਤਕ ਲੈ ਕਲਜੁਗ ਰੈਣ ਅੰਧੇਰੀ ਮਸ ਦੀ, ਨੂਰੀ ਚੰਦ ਨਾ ਕੋਇ ਚਮਕਾਈਆ । ਪੂਜਾ ਰਹੀ ਨਾ ਕਿਸੇ ਰਵ ਸਸ ਦੀ, ਸੂਰੀਆ ਚੰਦ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰਾ ਵੇਖਾਂ ਅਗੰਮਾ ਨਜ਼ਾਰਾ, ਅਗੰਮੜੇ ਤੇਰੀ ਬੇਪਰਵਾਹੀਆ । ਤੂੰ ਸਭ ਦਾ ਪਰਵਰਦਿਗਾਰਾ, ਜਲਵਾਗਰ ਨੂਰ ਅਲਾਹੀਆ । ਤੂੰ ਆਦਿ ਜੁਗਾਦੀ ਏਕੰਕਾਰਾ, ਅਕਲ ਕਲਧਾਰੀ ਇਕ ਅਖਵਾਈਆ । ਤੂੰ ਦੇਵਣਹਾਰਾ ਦਾਤਾਰਾ, ਦਾਤਾ ਦਾਨੀ ਇਕ ਹੋ ਆਈਆ । ਮੇਰਾ ਖ਼ਾਲੀ ਭਰ ਭੰਡਾਰਾ, ਭਰਪੂਰ ਦੇ ਕਰਾਈਆ । ਮੈਂ ਮਾਂਗਤ ਖੜ੍ਹੀ ਤੇਰੇ ਦੁਆਰਾ, ਦਰੇ ਦਰਬਾਰ ਸੀਸ ਨਿਵਾਈਆ । ਤੂੰ ਸ਼ਾਹੋ ਭੂਪ ਕਲ ਕਲਕੀ ਅਵਤਾਰਾ, ਨਿਹਕਲੰਕਾ ਤੇਰੀ ਵਡਿਆਈਆ । ਤੇਰੇ ਚਰਨ ਧੂੜ ਲਾਵਾਂ ਛਾਰਾ, ਮਸਤਕ ਟਿੱਕੇ ਖ਼ਾਕ ਰਮਾਈਆ । ਤੈਨੂੰ

ਸਭ ਨੇ ਮੰਨਣਾ ਚਵੀਆਂ ਅਵਤਾਰਾ, ਚੌਬੀਸਾ ਜਗਦੀਸਾ ਤੇਰੀ ਵਡਿਆਈਆ । ਮੈਂ ਨਿਵ ਨਿਵ ਕਰਾਂ ਨਿਮਸਕਾਰਾ, ਡੰਡਾਵਤ ਬੰਦਨਾ ਸੀਸ ਝੁਕਾਈਆ । ਮੇਰਾ ਲਹਿਣਾ ਦੇਣਾ ਪੂਰਾ ਕਰ ਦੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਲੇਖ ਰਹੇ ਨਾ ਰਾਈਆ । ਤੂੰ ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਧਾਰ ਆਇਉਂ ਦੋਬਾਰਾ, ਦੋਹਰੀ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਅੰਤ ਨਾ ਪਾਰਾਵਾਰਾ, ਬੇਅੰਤ ਤੇਰੇ ਹੱਥ ਹੱਥ ਵਡਿਆਈਆ ।

### ✪ ੨੯ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਲੁਧਿਆਣਾ ਸ਼ਹਿਰ ਹਰਭਜਨ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਚਾਰੇ ਖਾਣੀ ਦੇ ਗਿਆਨ, ਅੰਡਜ ਜੇਰਜ ਉਤਭੁਜ ਸੇਹਤਜ ਤੇਰਾ ਇਕੋ ਢੋਲਾ ਗਾਈਆ । ਤੇਰਾ ਨਾਮ ਉਚਾਰਨ ਬਿਨਾ ਜ਼ਬਾਨ, ਮੁਖ ਦੰਦ ਦੀ ਲੋੜ ਨਾ ਕੋਇ ਰਖਾਈਆ । ਤੂੰ ਮਾਲਕ ਖ਼ਾਲਕ ਸ੍ਰੀ ਭਗਵਾਨ, ਹਰਿ ਕਰਤਾ ਇਕ ਅਖਵਾਈਆ । ਸ਼ਬਦੀ ਧਾਰ ਬਖ਼ਸ਼ ਧਿਆਨ, ਬਿਨ ਨੇਤਰ ਦਰਸ਼ਨ ਦੇਣਾ ਚਾਈਂ ਚਾਈਂਆ । ਤੂੰ ਆਤਮ ਧਾਰ ਸਭ ਦਾ ਰਾਮ, ਰਮਈਆ ਇਕ ਅਖਵਾਈਆ । ਤੂੰ ਆਦਿ ਜੁਗਾਦੀ ਲੱਖ ਚੁਰਾਸੀ ਕਾਹਨ, ਅੰਡਜ ਜੇਰਜ ਉਤਭੁਜ ਸੇਹਤਜ ਤੇਰੀ ਵਡ ਵਡਿਆਈਆ । ਤੂੰ ਸਭ ਨੂੰ ਦੇਵਣਹਾਰਾ ਮਾਣ, ਨਿਮਾਣਿਆਂ ਹੋਏਂ ਸਹਾਈਆ । ਮੇਰੀ ਬੇਨੰਤੀ ਕਰ ਪਰਵਾਨ, ਪਰਮ ਪੁਰਖ ਪ੍ਰਭ ਤੇਰੀ ਓਟ ਤਕਾਈਆ । ਤੂੰ ਸ਼ਾਹੋ ਭੂਪ ਸੁਲਤਾਨ, ਸ਼ਹਿਨਸ਼ਾਹ ਇਕ ਅਖਵਾਈਆ । ਤੂੰ ਸਚਖੰਡ ਨਿਵਾਸੀ ਧੁਰ ਦਾ ਹੁਕਮਰਾਨ, ਦੂਸਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਚਾਰੇ ਖਾਣੀ ਬਖ਼ਸ਼ ਪਿਆਰ, ਮੁਹੱਬਤ ਆਪਣਾ ਨਾਮ ਦ੍ਰਿੜਾਈਆ । ਇਕੋ ਸੀਸ ਝੁਕੇ ਤੇਰੇ ਦੁਆਰ, ਦੂਜਾ ਇਸ਼ਟ ਨਜ਼ਰ ਕੋਇ ਨਾ ਆਈਆ । ਇਕੋ ਢੋਲਾ ਸਾਰੇ ਲੈਣ ਉਚਾਰ, ਇਕੋ ਨਾਮ ਸ਼ਬਦ ਸ਼ਨਵਾਈਆ । ਇਕੋ ਮੰਦਰ ਹੋਵੇ ਤੇਰਾ ਗੁਰੂਦੁਆਰ, ਧਰਮਸਾਲ ਇਕ ਦ੍ਰਿੜਾਈਆ । ਇਕੋ ਨੂਰ ਜ਼ਹੂਰ ਤੇਰਾ ਹੋਵੇ ਉਜਿਆਰ, ਜੋਤੀ ਜਾਤਾ ਡਗਮਗਾਈਆ । ਇਕੋ ਭੂਪ ਸ਼ਾਹੋ ਸਿਕਦਾਰ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਇਕੋ ਰੂਪ ਰੰਗ ਤੇਰਾ ਹੋਵੇ ਮੇਰੇ ਨਿਰੰਕਾਰ, ਨਿਰਾਕਾਰ ਦੇਣਾ ਵਖਾਈਆ । ਤੂੰ ਦੀਨਾਂ ਮਜ਼੍ਹਬਾਂ ਵਸਣਹਾਰਾ ਬਾਹਰ, ਲੱਖ ਚੁਰਾਸੀ ਮਾਲਕ ਧੁਰਦਰਗਾਹੀਆ । ਮਾਨਵ ਜ਼ਾਤੀ ਵੇਖ ਵਿਚਾਰ, ਮਾਨਸ ਆਪਣੀ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਆਪਣੀ ਤਕ ਲੈ ਚਾਰੇ ਖਾਣੀ, ਖ਼ਾਨਦਾਨ ਤੇਰਾ ਆਤਮ ਧਾਰ ਨਜ਼ਰੀ ਆਈਆ । ਲਹਿਣਾ ਦੇਣਾ ਵੇਖ ਲੈ ਜੁਗ ਚੌਕੜੀ ਪੁਰਾਣੀ, ਪੁਰਾਣ ਅਠਾਰਾਂ ਸ਼ਾਸਤਰ ਵੇਦਾਂ ਨਾਲ ਮਿਲਾਈਆ । ਚਾਰ ਜੁਗ ਦੇ ਨਾਮ ਕਲਮੇ ਸਮਝ ਲੈ ਸਿਫ਼ਤਾਂ ਵਾਲੀ ਬਾਣੀ, ਢੋਲੇ ਸੋਹਲੇ ਸਿਫ਼ਤ ਸਲਾਹੀਆ । ਤੇਰੀ ਮਹਿੰਮਾ ਆਦਿ ਜੁਗਾਦਿ ਅਕਥ ਕਹਾਣੀ, ਕਥਨੀ ਕਥ ਸਕੇ ਨਾ ਰਾਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਸੁਲਤਾਨੀ, ਸਤਿਗੁਰ ਇਕੋ ਨੂਰ ਅਲਾਹੀਆ । ਮੇਰੇ ਉਤੇ ਪਰਮ ਪੁਰਖ ਪਰਮਾਤਮ ਕਲਜੁਗ ਅੰਤਮ ਕਰ ਮਿਹਰਵਾਨੀ, ਮਹਿਬੂਬ ਆਪਣੀ ਦਇਆ ਕਮਾਈਆ । ਕਲਜੁਗ ਕੂੜੀ ਕਿਰਿਆ ਮੇਟ ਨਿਸ਼ਾਨੀ, ਨਿਸ਼ਾਨਾ

ਤਾਰਾ ਚੰਦ ਰਹਿਣ ਨਾ ਪਾਈਆ । ਸਤਿਜੁਗ ਸਾਚਾ ਸਚ ਬਖ਼ਸ਼ ਦੇ ਦਾਨੀ, ਵਸਤ ਅਮੋਲਕ ਇਕ ਵਰਤਾਈਆ । ਨਿਗਹ ਮਾਰ ਲੈ ਆਪਣੀ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੇਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਮੰਜ਼ਲ ਦੱਸ ਇਕ ਅਸਾਨੀ, ਅਸਲ ਵਸਲ ਆਪਣਾ ਆਪ ਕਰਾਈਆ ।

## ✪ ੨੬ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਲੁਧਿਆਣਾ ਸ਼ਹਿਰ ਮਹਿੰਦਰ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਮੇਰੇ ਉਤੇ ਤਕ ਵਸੇਰਾ, ਚਾਰੇ ਖਾਣੀ ਆਸਣ ਲਾਈਆ । ਅੰਡਜ ਜੇਰਜ ਉਤਭੁਜ ਸੇਤਜ ਲਾਇਆ ਡੇਰਾ, ਸੁਖ ਆਸਣ ਬੈਠੀ ਸੋਭਾ ਪਾਈਆ । ਮੇਰੇ ਅੰਤਰ ਨਿਰੰਤਰ ਚਾਓ ਘਨੇਰਾ, ਖ਼ੁਸ਼ੀਆਂ ਵਿਚ ਤੈਨੂੰ ਦਿਆਂ ਦ੍ਰਿੜਾਈਆ । ਤੂੰ ਮਿਹਰਵਾਨ ਮਿਹਰਵਾਨ ਮੇਰੇ ਉਤੇ ਕੀਤੀ ਮਿਹਰਾ, ਮਿਹਰ ਨਜ਼ਰ ਉਠਾਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਸਿੰਘ ਸ਼ੇਰਾ, ਭੈ ਭਬਕ ਤੇਰੀ ਇਕੋ ਨਜ਼ਰੀ ਆਈਆ । ਤੂੰ ਲਹਿਣਾ ਦੇਣਾ ਲੇਖਾ ਮੇਰਾ ਤਕ ਲੈ ਕੇਰਾਂ, ਇਕ ਇਕੱਲੇ ਤੇਰੇ ਹੱਥ ਵਡਿਆਈਆ । ਨਿਗਾਹ ਮਾਰ ਲੈ ਕਲਜੁਗ ਅੰਤਮ ਵਕ਼ਤ ਦਿਸੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਮੇਰੇ ਉਤੇ ਨਵ ਸੱਤ ਹੋਣ ਵਾਲਾ ਅੰਧੇਰਾ, ਸਾਚਾ ਚੰਦ ਨਾ ਕੋਇ ਚਮਕਾਈਆ । ਮੈਂ ਧਰਤ ਨਿਮਾਣੀ ਬੈਠੀ ਕਰ ਕੇ ਵੱਡਾ ਜੇਰਾ, ਹੌਸਲਾ ਤੇਰਾ ਨਾਮ ਜਣਾਈਆ । ਮਿਹਰਵਾਨਾ ਮਿਹਰਵਾਨਾ ਮਿਹਰਵਾਨਾ ਮੈਨੂੰ ਕਲਜੁਗ ਕੂੜ ਨੇ ਪਾਇਆ ਘੇਰਾ, ਘਿਰਨਾ ਵਿਚ ਵੇਖੀ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਚਾਰੇ ਖਾਣੀ ਮੇਰੇ ਉਤੇ ਵਸਦੀ, ਦਿਵਸ ਰੈਣ ਆਪਣੀ ਖ਼ੁਸ਼ੀ ਬਣਾਈਆ । ਮੈਂ ਵਣਜਾਰਨ ਬਣ ਗਈ ਤੇਰੇ ਜਸ ਦੀ, ਸਿਫ਼ਤ ਸਲਾਹੀ ਢੋਲੇ ਗਾਈਆ । ਜਨ ਭਗਤਾਂ ਫਿਰਾਂ ਦੱਸਦੀ, ਭੱਜਾਂ ਵਾਹੋ ਦਾਹੀਆ । ਆਓ ਖੇਲ ਤਕੋ ਅਲਖਣਾ ਅਲਖ ਦੀ, ਅਲੱਖ ਅਗੋਚਰ ਕੀ ਦ੍ਰਿੜਾਈਆ । ਜਿਸ ਨੇ ਦੀਨ ਦੁਨੀ ਕ਼ੀਮਤ ਰਹਿਣ ਦੇਣੀ ਨਹੀਂ ਕੌਡੀ ਕੱਖ ਦੀ, ਹੱਟੋ ਹੱਟ ਵਿਕੇ ਸਰਬ ਲੋਕਾਈਆ । ਉਸ ਦੀ ਜੋਤ ਧਾਰ ਵੇਖੋ ਪ੍ਰਤਖ ਦੀ, ਪਾਰਬ੍ਰਹਮ ਪ੍ਰਭ ਆਪਣਾ ਰੂਪ ਬਦਲਾਈਆ । ਮੇਰੇ ਅੰਤਰ ਚਾਉ ਘਨੇਰਾ ਮੈਂ ਦੋ ਜਹਾਨਾਂ ਨਸਦੀ, ਭੱਜਾਂ ਵਾਹੋ ਦਾਹੀਆ । ਤੂੰ ਪੁਰਖ ਅਕਾਲੇ ਦੀਨ ਦਿਆਲੇ ਆਪਣੀ ਖੇਲ ਖਿਲਾ ਪ੍ਰਤਖ ਦੀ, ਪਰਦਾ ਉਹਲਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਧਰਨੀ ਕਹੇ ਪ੍ਰਭੂ ਤੇਰੀ ਚਾਰੇ ਖਾਣੀ ਮੇਰੇ ਉਤੇ ਲਾਇਆ ਟਿਕਾਣਾ, ਜਗਤ ਸਿੰਘਾਸਣ ਡੇਰਾ ਲਾਈਆ । ਤੂੰ ਨਿਗਾਹ ਮਾਰ ਮੇਰੇ ਮਿਹਰਵਾਨਾ, ਮਿਹਰ ਨਜ਼ਰ ਉਠਾਈਆ । ਨਵ ਸੱਤ ਕਰ ਧਿਆਨਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਮੇਰਾ ਚੀਥੜ ਵੇਖ ਹੋਇਆ ਪੁਰਾਣਾ, ਓਢਣ ਸੀਸ ਨਾ ਕੋਇ ਸੁਹਾਈਆ । ਮੈਨੂੰ ਚਾਰ ਜੁਗ ਦੇ ਸ਼ਾਸਤਰਾਂ ਤੇਰਾ ਭੁਲਾਇਆ ਗਾਣਾ, ਜੁਗ ਜੁਗ ਦੇ ਕਲਮੇ ਤੇਰੀ ਵੰਡ ਵੰਡਾਈਆ । ਤੂੰ ਸ਼ਾਹੋ ਭੂਪ ਸੁਲਤਾਨਾ, ਸ਼ਹਿਨਸ਼ਾਹ ਇਕ ਅਖਵਾਈਆ । ਮੈਂ ਤੇਰੀ ਮਸਤੀ ਵਿਚ ਆਪਣਾ ਰੂਪ ਕੀਤਾ ਦੀਵਾਨਾ, ਭੱਜਾਂ ਵਾਹੋ ਦਾਹੀਆ । ਤੂੰ ਮਾਲਕ ਮੇਰਾ ਅਗੰਮੀ ਕਾਹਨਾ, ਕਾਹਨ ਕਾਹਨਾ ਨੂਰ ਅਲਾਹੀਆ । ਮੈਂ ਚਾਹੁੰਦੀ ਚਾਰੇ ਖਾਣੀ ਤੇਰੀ ਚੜ੍ਹੀ ਰਹੇ ਵਿਚ ਬਬਾਣਾ,

ਸ਼ਬਦੀ ਸ਼ਬਦ ਆਪ ਉਠਾਈਆ । ਇਕੋ ਨਾਮ ਨਿਕਲੇ ਜਗਤ ਰਸਨ ਜ਼ਬਾਨਾ, ਢੋਲਾ ਇਕੋ ਗੀਤ ਦ੍ਰਿੜਾਈਆ । ਇਕੋ ਤੇਰਾ ਇਸ਼ਟ ਹੋਵੇ ਮਹਾਨਾ, ਇਕੋ ਸੀਸ ਜਗਦੀਸ ਸਰਬ ਨਿਵਾਈਆ । ਇਕੋ ਸ਼ਾਹ ਸੁਲਤਾਨ ਹੋਵੇ ਨੌਜਵਾਨਾ, ਦੂਸਰ ਸ਼ਹਿਨਸ਼ਾਹ ਰੰਗ ਨਾ ਕੋਇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੇ ਚਰਨ ਕਵਲ ਚਾਰੇ ਖਾਣੀ ਹੋਏ ਧਿਆਨਾ, ਧਵਲ ਹੋ ਕੇ ਦਰ ਤੇਰੇ ਮੰਗ ਮੰਗਾਈਆ ।

✪ ੨੬ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਲੁਧਿਆਣਾ ਸ਼ਹਿਰ ਕੁਲਦੀਪ ਕੌਰ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਚਾਰੇ ਖਾਣੀ ਤੇਰੀ ਬਣਤ, ਘਾੜਨ ਘੜਨਹਾਰ ਤੇਰੀ ਵਡ ਵਡਿਆਈਆ । ਤੇਰੀ ਮਹਿੰਮਾ ਸਦਾ ਅਗਣਤ, ਗਿਣਤੀ ਗਿਣ ਨਾ ਕੋਇ ਵਖਾਈਆ । ਤੂੰ ਸਭ ਦਾ ਸੁਆਮੀ ਕੰਤ, ਕੰਤੂਹਲ ਨੂਰ ਅਲਾਹੀਆ । ਸਭ ਤੇਰੇ ਜੀਵ ਜੰਤ, ਚੁਰਾਸੀ ਤੇਰਾ ਰੰਗ ਰੰਗਾਈਆ । ਅੰਤ ਲਹਿਣਾ ਦੇਣਾ ਤੇਰੇ ਹੱਥ ਮੇਰੇ ਭਗਵੰਤ, ਭਗਵਨ ਤੇਰੀ ਓਟ ਤਕਾਈਆ । ਤੈਨੂੰ ਪੁਕਾਰਦੇ ਗਏ ਚਾਰ ਜੁਗ ਦੇ ਸੰਤ, ਕੂਕ ਕੂਕ ਗਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਚਾਰੇ ਖਾਣੀ ਤੇਰਾ ਦਿਸੇ ਰੰਗ, ਰੰਗ ਰਤੜੇ ਤੇਰੀ ਵਡ ਵਡਿਆਈਆ । ਤੂੰ ਸਭ ਦੇ ਵਸੇਂ ਸੰਗ, ਸਗਲਾ ਸੰਗੀ ਇਕ ਹੋ ਜਾਈਆ । ਮੈਂ ਨਿਮਾਣੀ ਹੋ ਕੇ ਮੰਗਾਂ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰੇ ਮਿਹਰਵਾਨਾ ਚੁਰਾਸੀ ਆਪਣੇ ਲਾਉਣਾ ਅੰਗ, ਅੰਗੀਕਾਰ ਆਪ ਹੋ ਜਾਈਆ । ਅੰਮ੍ਰਿਤ ਧਾਰ ਵਹਾਉਣੀ ਗੰਗ, ਸਰ ਸਰੋਵਰ ਇਕੋ ਇਕ ਨੁਹਾਈਆ । ਮੇਰੇ ਉਤੇ ਮਾਨਵ ਕੋਈ ਰਹਿਣ ਨਾ ਦੇਵੀਂ ਤੰਗ, ਤੰਗ ਦਸਤੀ ਦੇਣੀ ਕਟਾਈਆ । ਪਿਛਲੇ ਜੁਗ ਪੂਰਬ ਗਏ ਲੰਘ, ਕਲਜੁਗ ਅੰਤਮ ਭੱਜੇ ਵਾਹੋ ਦਾਹੀਆ । ਜਿਸ ਦਾ ਮੁਕਣਵਾਲਾ ਪੰਧ, ਪਾਂਧੀ ਬੈਠਾ ਆਪਣਾ ਡੇਰਾ ਲਾਈਆ । ਮੈਂ ਤੇਰਾ ਸੁਣਨਾ ਚਾਹੁੰਦੀ ਇਕ ਅਗੰਮਾ ਛੰਦ, ਸੋਹਲਾ ਢੋਲਾ ਦੇਣਾ ਦ੍ਰਿੜਾਈਆ । ਜਿਸ ਨਾਲ ਖ਼ੁਸ਼ੀ ਖ਼ੁਸ਼ੀ ਹੋਵੇ ਮੇਰਾ ਬੰਦ ਬੰਦ, ਬੰਦਗੀ ਆਪਣੀ ਦੇਣੀ ਸਮਝਾਈਆ । ਕਿਸ ਬਿਧ ਕਲਜੁਗ ਧਾਰ ਸੰਸਾਰ ਵਿਚੋਂ ਜਾਏ ਲੰਘ, ਪਾਰਬ੍ਰਹਮ ਬੇੜਾ ਪਾਰ ਦੇਣਾ ਕਰਾਈਆ । ਮੈਂ ਧਰਤ ਨਿਮਾਣੀ ਮੇਰੀ ਸੇਜ ਵੇਖ ਪਲੰਘ, ਸਿੰਘਾਸਣ ਆਸਣ ਆਪਣਾ ਲਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਦਿ ਜੁਗਾਦਿ ਜੁਗ ਚੌਕੜੀ ਚਾਰੇ ਖਾਣੀ ਆਪਣਾ ਚਾੜ੍ਹਨਹਾਰਾ ਰੰਗ, ਰੰਗਤ ਸਤਿ ਸਚ ਨਾਮ ਦੇਣੀ ਰੰਗਾਈਆ ।

✪ ੨੬ ਅੱਸੂ ਸ਼ਹਿਨਸ਼ਾਹ ਸੰਮਤ ੧੧ ਲੁਧਿਆਣਾ ਸ਼ਹਿਰ ਫੂਲਾ ਰਾਣੀ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਚਾਰੇ ਖਾਣੀ ਤੇਰਾ ਭਰਵਾਸਾ, ਆਦਿ ਜੁਗਾਦਿ ਤੇਰੀ ਓਟ ਤਕਾਈਆ । ਤੂੰ ਸ਼ਹਿਨਸ਼ਾਹ ਸ਼ਾਹੋ ਸ਼ਾਬਾਸਾ, ਪੁਰਖ ਅਕਾਲ

ਇਕ ਅਖਵਾਈਆ । ਨਿਤ ਨਵਿਤ ਸਭ ਦੀ ਪੂਰੀ ਕਰਨਹਾਰਾ ਆਸਾ, ਤ੍ਰਿਸ਼ਨਾ ਤ੍ਰਿਖਾ ਦੂਰ ਕਰਾਈਆ । ਹਰ ਘਟ ਅੰਤਰ ਰਖ ਕੇ ਆਪਣਾ ਵਾਸਾ, ਵਾਸਤਾ ਆਪਣੇ ਨਾਲ ਜੁੜਾਈਆ । ਤੇਰਾ ਨੂਰ ਜ਼ਹੂਰ ਲੱਖ ਚੁਰਾਸੀ ਹੋਵੇ ਪ੍ਰਕਾਸਾ, ਘਟ ਘਟ ਅੰਦਰ ਸੋਭਾ ਪਾਈਆ । ਸਾਚੇ ਮੰਡਲ ਸਾਚੀ ਤੇਰੀ ਰਾਸਾ, ਰਸਤਾ ਤੇਰਾ ਇਕੋ ਨਜ਼ਰੀ ਆਈਆ । ਤੇਰਾ ਖੇਲ ਪ੍ਰਿਥਮੀ ਅਕਾਸ਼ਾ, ਗਗਨ ਗਗਨੰਤਰਾਂ ਤੇਰੀ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਚਾਰੇ ਖਾਣੀ ਤੇਰੀ ਰਖ ਕੇ ਬੈਠੀ ਓਟ, ਓੜਕ ਤੇਰਾ ਧਿਆਨ ਲਗਾਈਆ । ਜਿਸ ਦੇ ਹੁਕਮ ਵਿਚ ਜੁਗ ਲੰਘੇ ਕੋਟੀ ਕੋਟ, ਅਣਗਿਣਤ ਆਪਣਾ ਪੰਧ ਮੁਕਾਈਆ । ਉਹ ਕਲਜੁਗ ਅੰਤਮ ਪ੍ਰਗਟ ਹੋਵੇ ਨਿਰਗੁਣ ਧਾਰ ਜੋਤ, ਜੋਤੀ ਜਾਤਾ ਇਕ ਅਖਵਾਈਆ । ਜਿਸ ਦਾ ਨਾ ਕੋਈ ਵਰਨ ਨਾ ਕੋਈ ਗੋਤ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਖ਼ਸਮ ਸੁਆਮੀ ਬਣੇ ਖੌਂਤ, ਮਾਲਕ ਧੁਰਦਰਗਾਹ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਚਾਰੇ ਖਾਣੀ ਤੈਨੂੰ ਰਹੀ ਉਡੀਕ, ਬਿਨ ਗਿਣਤੀਆਂ ਗਣਤ ਗਿਣਾਈਆ । ਸੋ ਵੇਲਾ ਵਕਤ ਪਹੁੰਚਿਆ ਨਜ਼ਦੀਕ, ਆਪ ਆਪਣਾ ਪੰਧ ਮੁਕਾਈਆ । ਤੂੰ ਇਕ ਇਕੱਲਾ ਲਾਸ਼ਰੀਕ, ਸ਼ਰੀਕਤ ਸਭ ਦੀ ਦਏਂ ਗਵਾਈਆ । ਤੇਰੇ ਵਿਚ ਹਕ ਤੌਫ਼ੀਕ, ਤੋਹਫ਼ੇ ਦੇਣੇ ਥਾਉਂ ਥਾਈਆ । ਤੇਰੀ ਅਵਤਾਰ ਪੈਗ਼ੰਬਰ ਗੁਰੂਆਂ ਕੀਤੀ ਤਸਦੀਕ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਸਭ ਦੀ ਆਸਾ ਮਨਸਾ ਪੂਰੀ ਕਰ ਉਮੀਦ, ਤ੍ਰਿਸ਼ਨਾ ਆਪਣੇ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਭ ਦੀ ਗ਼ਫ਼ਲਤ ਵਿਚੋਂ ਖੋਲ੍ਹ ਨੀਂਦ, ਆਲਸ ਦੀਨ ਦੁਨੀ ਰਹਿਣ ਕੋਇ ਨਾ ਪਾਈਆ ।

### ✪ ੨੬ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਲੁਧਿਆਣਾ ਸ਼ਹਿਰ ਹਰਬੰਸ ਕੌਰ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਚਾਰੇ ਖਾਣੀ ਤੇਰਾ ਰਾਹ ਤਕਦੀ, ਤਕਵਾ ਤੇਰੇ ਉਤੇ ਰਖਾਈਆ । ਸਭ ਦੀ ਆਸਾ ਵੇਖ ਹਕੀਕਤ ਹਕ ਦੀ, ਹਕ ਦੇ ਮਾਲਕ ਤੇਰੇ ਅਗੇ ਵਾਸਤਾ ਪਾਈਆ । ਕਲਜੁਗ ਕੂੜੀ ਕਿਰਿਆ ਖੇਲ ਵੇਖ ਜਗਤ ਵਾਲੇ ਨਕ ਦੀ, ਬਿਨ ਨੇਤਰਾਂ ਨੈਣ ਉਠਾਈਆ । ਅਵਤਾਰ ਪੈਗ਼ੰਬਰ ਗੁਰੂਆਂ ਆਸਾਂ ਵੇਖ ਪਕ ਦੀ, ਜੋ ਪੱਕੀ ਤੇਰੇ ਨਾਲ ਗਏ ਪਕਾਈਆ । ਮੈਂ ਵੀ ਤੈਨੂੰ ਉਡੀਕਦੀ ਕਦ ਦੀ, ਕ਼ਦੀਮ ਦੇ ਮਾਲਕ ਧਿਆਨ ਲਗਾਈਆ । ਏਸੇ ਵੇਲੇ ਚਾਰੇ ਖਾਣੀ ਤੈਨੂੰ ਸੱਦ ਦੀ, ਹੋਕਾ ਦੇਵੇ ਥਾਉਂ ਥਾਈਆ । ਮੇਰੇ ਉਤੇ ਕੂੜੀ ਕਿਰਿਆ ਜਾਂਦੀ ਵਧਦੀ, ਧੀਰਜ ਧਰਮ ਨਾ ਕੋਇ ਧਰਾਈਆ । ਮੇਰੀ ਖ਼ੁਸ਼ੀ ਰਹੀ ਨਾ ਗਦ ਗਦ ਦੀ, ਗ਼ਮੀ ਗ਼ਮਖ਼ਾਰ ਮੇਰੇ ਅੰਦਰੋਂ ਨਾ ਕੋਇ ਕਢਾਈਆ । ਉਹ ਵੇਖ ਸਦੀ ਵੀਹਵੀਂ ਚੌਧਵੀਂ ਜਾਂਦੀ ਲਦ ਦੀ, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਤੇਰੀ ਚਾਰੇ ਖਾਣੀ ਹੋਈ ਚਕਨਾ ਚੂਰ, ਚਾਰ ਕੁੰਟ ਕੁਰਲਾਈਆ । ਤੂੰ ਮਾਲਕ ਹੋ ਹਾਜ਼ਰ ਹਜ਼ੂਰ, ਹਜ਼ਰਤਾਂ

ਦਾ ਲੇਖਾ ਪੂਰ ਕਰਾਈਆ । ਤੇਰਾ ਇਕੋ ਚਮਕੇ ਨੂਰ, ਨੂਰ ਨੁਰਾਨਾ ਡਗਮਗਾਈਆ । ਕਲਜੁਗ ਕੂੜੀ ਕਿਰਿਆ ਮੇਟ ਫ਼ਤੂਰ, ਫ਼ਤਵਾ ਸਭ ਦੇ ਉਤੇ ਲਗਾਈਆ । ਦੀਨਾਂ ਮਜ਼੍ਹਬਾਂ ਵੇਖ ਕ਼ਸੂਰ, ਬਚਿਆ ਰਹਿਣ ਕੋਇ ਨਾ ਪਾਈਆ । ਤੈਨੂੰ ਆਉਣਾ ਪਿਆ ਜ਼ਰੂਰ, ਜਰੂਰਤ ਤੇਰੇ ਚਰਨ ਟਿਕਾਈਆ । ਮੇਰੇ ਉਤੇ ਸਭ ਦਾ ਗੜ੍ਹ ਤੋੜ ਗ਼ਰੂਰ, ਵਿਕਾਰ ਹੰਕਾਰ ਦੇ ਮਿਟਾਈਆ । ਸਾਚੇ ਨਾਮ ਦੀ ਮਸਤੀ ਦੇ ਸਰੂਰ, ਸੁਰਤੀ ਸ਼ਬਦ ਨਾਲ ਜੁੜਾਈਆ । ਆਪਣਾ ਪੰਧ ਮੁਕਾ ਦੇ ਦੂਰ, ਦੂਰ ਦੁਰਾਡਾ ਨੇਰਨ ਨੇਰਾ ਹੋ ਕੇ ਫੇਰਾ ਪਾਈਆ । ਮੈਂ ਚਾਰ ਜੁਗ ਦੀ ਤੇਰੀ ਮਜ਼ਦੂਰ, ਸੇਵਕ ਹੋ ਕੇ ਸੇਵ ਕਮਾਈਆ । ਚਾਰੇ ਖਾਣੀ ਤੇਰਾ ਆਦਿ ਜੁਗਾਦੀ ਨੂਰ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਭ ਦੀ ਆਸਾ ਮਨਸਾ ਪੂਰ, ਪੂਰਬ ਲਹਿਣਾ ਦੇ ਚੁਕਾਈਆ ।

## ✪ ੨੯ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਲੁਧਿਆਣਾ ਸ਼ਹਿਰ ਸ਼ਿਮਲਾ ਪੁਰੀ ਜਸਵੰਤ ਸਿੰਘ ਦੇ ਗ੍ਰਿਹਿ ✪

ਨਾਰਦ ਕਹੇ ਪ੍ਰਭੂ ਮੈਂ ਆਇਆ ਥੱਕਾ ਟੁੱਟਾ, ਪਾਂਧੀ ਹੋ ਕੇ ਭੱਜਿਆ ਵਾਹੋ ਦਾਹੀਆ । ਤੇਰਾ ਢੋਲਾ ਗਾਵਾਂ ਬਿਨਾ ਬੁੱਲਾਂ ਬੁੱਟਾਂ, ਰਸਨਾ ਜਿਹਵਾ ਨਾ ਕੋਇ ਹਲਾਈਆ । ਮੈਂ ਜਗਤ ਜਹਾਨ ਵੇਖਿਆ ਕਲਜੁਗ ਪਾਈ ਲੁੱਟਾ, ਲੁਟੇਰਾ ਬਣਿਆ ਥਾਉਂ ਥਾਈਂਆ । ਸਚ ਪਿਆਰ ਤੇਰੇ ਨਾਲੋਂ ਦੀਨ ਦੁਨੀ ਦਾ ਟੁੱਟਾ, ਸਾਚੇ ਰੰਗ ਨਾ ਕੋਇ ਸਮਾਈਆ । ਸਭ ਦਾ ਭਾਗ ਦਿਸੇ ਨਿਖੁੱਟਾ, ਭਾਗਹੀਣ ਲੋਕਾਈਆ । ਮੈਨੂੰ ਸਤਿਗੁਰ ਸ਼ਬਦ ਹਲੂਣਾ ਦਿਤਾ ਫੜ ਕੇ ਗੁੱਟਾ, ਜ਼ੋਰ ਨਾਲ ਹਿਲਾਈਆ । ਉਹ ਵੇਖ ਲੈ ਕਿਸ ਬਿਧ ਪੁਰਖ ਅਕਾਲਾ ਦੀਨ ਦਿਆਲਾ ਜਨ ਭਗਤਾਂ ਉਤੇ ਤੁਠਾ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਅਣਗਿਣਤਾਂ ਵਿਚੋਂ ਮੇਲ ਮਿਲਾ ਕੇ ਇਕੋ ਮੁੱਠਾ, ਆਪ ਆਪਣਾ ਭੇਵ ਚੁਕਾਈਆ । ਲੁਕਿਆ ਰਹਿਣ ਨਾ ਦੇਵੇ ਕਿਸੇ ਗੁੱਠਾ, ਚਾਰੇ ਕੁੰਟ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਪ੍ਰਭੂ ਜੇ ਭਗਤ ਬਣਾਏ ਆਪਣੇ ਸੁਤ, ਅਪਰਾਧੀ ਲੈ ਤਰਾਈਆ । ਭਾਗ ਲਗਾ ਦੇ ਕਾਇਆ ਬੁਤ, ਬੁਤਖ਼ਾਨਿਆਂ ਕਰ ਸਫ਼ਾਈਆ । ਸਚ ਸੁਹੰਜਣੀ ਬਖ਼ਸ਼ ਦੇ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਦੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਪ੍ਰਭੂ ਮੈਂ ਵੇਖੇ ਤੇਰੇ ਭਗਤ ਸੁਹੇਲੇ ਜਗ, ਜਾਗਰਤ ਜੋਤ ਧਿਆਨ ਲਗਾਈਆ । ਮੈਂ ਚੜ੍ਹ ਗਿਆ ਉਪਰ ਸ਼ਾਹ ਰਗ, ਨਵ ਦੁਵਾਰਿਆਂ ਪੰਧ ਮੁਕਾਈਆ । ਜੋ ਆਤਮ ਧਾਰ ਤੇਰੀ ਸਰਨਾਈ ਗਏ ਲਗ, ਪਰਮਾਤਮ ਮਿਲ ਕੇ ਵਜੇ ਵਧਾਈਆ । ਉਥੇ ਪੋਹ ਸਕੇ ਨਾ ਕੂੜ ਅੱਗ, ਅਗਨੀ ਤਤ ਨਾ ਕੋਇ ਤਪਾਈਆ । ਇਕੋ ਪਰਸੇ ਜਾਣ ਤੇਰੇ ਪਗ, ਦੂਸਰ ਇਸ਼ਟ ਨਾ ਕੋਇ ਜਣਾਈਆ । ਜਗਤ ਧਾਰ ਨਾਲੋਂ ਹੋਏ ਅਲਗ, ਦੀਨਾਂ ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਗੁਰਮੁਖ ਬਣੇ ਬਗਲੇ ਬਪੜੇ ਬਗ, ਹੰਸ ਆਪਣਾ ਰੂਪ ਵਟਾਈਆ । ਵਾਸ਼ਨਾ ਰਹੀ ਨਾ ਮੂਲ ਕਗ, ਕਾਗ ਵਾਂਗ ਨਾ ਕੋਇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ ।

ਨਾਰਦ ਕਹੇ ਪ੍ਰਭੂ ਜੇ ਭਗਤਾਂ ਚਾੜ੍ਹਿਆ ਰੰਗ, ਅਨਡਿਠੜਾ ਆਪ ਰੰਗਾਈਆ । ਇਨ੍ਹਾਂ ਦੀ ਪੂਰੀ ਕਰ ਦੇ ਮੰਗ, ਤ੍ਰਿਸ਼ਨਾ ਕੂੜ ਜਗਤ ਬੁਝਾਈਆ । ਸਚ ਦੁਆਰੇ ਆਵੇਂ ਲੰਘ, ਨੌਂ ਦੁਆਰ ਦਾ ਡੇਰਾ ਢਾਹੀਆ । ਆਤਮ ਸੇਜ ਸੁਹਾ ਪਲੰਘ, ਸੁਖ ਆਸਣ ਸੋਭਾ ਪਾਈਆ । ਪ੍ਰਕਾਸ਼ ਦੇ ਦੇ ਬਿਨਾ ਸੂਰੀਆ ਚੰਦ, ਜੋਤੀ ਜਾਤਾ ਹੋ ਕੇ ਡਗਮਗਾਈਆ । ਸ਼ਬਦ ਧੁਨ ਸੁਣਾ ਦੇ ਅਨਹਦ, ਜਗਤ ਰਾਗ ਦਾ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਪ੍ਰਭੂ ਮੈਂ ਤੇਰੇ ਅਗੇ ਕਰਾਂ ਬੇਨੰਤੀਆਂ, ਬਿਨੈ ਬਿਨੈ ਦਿਆਂ ਸੁਣਾਈਆ । ਮੈਂ ਕੋਈ ਚਾਰ ਜੁਗ ਦੇ ਸ਼ਾਸਤਰਾਂ ਦੀਆਂ ਪੜ੍ਹਨੀਆਂ ਨਹੀਂ ਪੰਗਤੀਆਂ, ਅੱਖਰਾਂ ਹਰਫ਼ਾਂ ਸੰਗ ਨਾ ਕੋਇ ਰਖਾਈਆ । ਮੈਂ ਵਿਦਿਆ ਦੱਸਣੀ ਨਹੀਂ ਕੋਈ ਪੰਡਤੀਆ, ਬ੍ਰਾਹਮਣਾਂ ਵੰਡ ਨਾ ਕੋਇ ਵੰਡਾਈਆ । ਤੂੰ ਮੇਰਾ ਇਕੋ ਸੁਹਾਗ ਕੰਤੀਆ, ਕੰਤੂਹਲ ਤੇਰੀ ਸਰਨਾਈਆ । ਤੇਰੀਆਂ ਜੁਗ ਜੁਗ ਖ਼ੁਸ਼ੀਆਂ ਵਾਲੀਆਂ ਹੁੰਦੀਆਂ ਰਹੀਆਂ ਜੰਤੀਆਂ, ਅਵਤਾਰ ਪੈਗ਼ੰਬਰ ਗੁਰੂ ਢੋਲੇ ਗਾਈਆ । ਤੇਰੀਆਂ ਖੇਲਾਂ ਵੇਖਦਾ ਰਿਹਾ ਜਿਸ ਕਾਰਨ ਗੜ੍ਹ ਤੋੜਦਾ ਰਿਹਾ ਹਉਮੇ ਹੰਗਤੀਆ, ਹੰ ਬ੍ਰਹਮ ਆਪ ਸਮਝਾਈਆ । ਅੰਤ ਇਕੋ ਸੰਦੇਸ਼ਾ ਸੁਣਿਆ ਤੇਰਾ ਨਾਮ ਨਿਧਾਨ ਛੰਤੀਆ, ਧੁਰ ਦਾ ਰਾਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਲਕ ਹੋ ਕੇ ਦੇਣੀ ਵਡਿਆਈਆ । ਨਾਰਦ ਕਹੇ ਪ੍ਰਭੂ ਜਨ ਭਗਤਾਂ ਦੇ ਦੇ ਚਰਨ ਪ੍ਰੀਤੀ ਜੋਗ, ਜੁਗਤੀ ਜਗਤ ਨਾ ਕੋਇ ਜਣਾਈਆ । ਦੂਈ ਦੁਵੈਤੀ

ਅੰਦਰੋਂ ਕਢ ਦੇ ਰੋਗ, ਦੁਖ ਸੰਤਾਪ ਰਹਿਣ ਨਾ ਪਾਈਆ । ਘਰ ਸੁਆਮੀ ਦਰਸ਼ਨ ਦੇ ਅਮੋਘ, ਆਤਮ ਪਰਮਾਤਮ ਜੋੜ ਜੁੜਾਈਆ । ਤੂੰ ਮੇਰਾ

ਮੈਂ ਤੇਰਾ ਸੋਹੰ ਸ਼ਬਦ ਬਖ਼ਸ਼ ਦੇ ਚੋਗ, ਭਸਮੜ ਹੋ ਕੇ ਆਪਣੀ ਖੇਲ ਖਿਲਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਕਟ ਵਿਯੋਗ, ਵੈਰੀ ਰਹਿਣ ਕੋਇ ਨਾ ਪਾਈਆ । ਸਚ ਦੁਆਰ ਏਕੰਕਾਰ ਕਰ ਸੰਜੋਗ, ਜੁਗ ਚੌਕੜੀ ਵਿਛੜੇ ਮੇਲ ਮਿਲਾਈਆ । ਤੇਰੀ ਧਾਰ ਦੀ ਤੇਰੇ ਭਗਤ ਸੁਹੇਲੇ ਮਾਨਣ ਮੌਜ, ਮਜਲਸ ਤੇਰੇ ਨਾਲ ਰਖਾਈਆ । ਤੇਰਾ ਦਰਸ਼ਨ ਹੋਵੇ ਰੋਜ਼, ਰੁਜ਼ੀਨਾ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਪ੍ਰਭੂ ਜਨ ਭਗਤਾਂ ਦੁਖਾਂ ਢਾਹ ਦੇ ਡੇਰਾ, ਡੇਰਾ ਆਪਣੇ ਚਰਨ ਰਖਾਈਆ । ਤੂੰ ਮਾਲਕ ਖ਼ਾਲਕ ਸਿੰਘ ਸ਼ੇਰਾ, ਸ਼ਹਿਨਸ਼ਾਹ ਇਕ ਅਖਵਾਈਆ । ਤੇਰਾ ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਫੇਰਾ, ਫਿਰਤ ਫਿਰਤ ਵੇਖਣਾ ਚਾਂਈ ਚਾਂਈਆ । ਹਰਿਜਨ ਅੰਦਰੋਂ ਕਢ ਅੰਧੇਰਾ, ਅੰਧ ਅਗਿਆਨ ਰਹਿਣ ਨਾ ਪਾਈਆ । ਬਿਨਾ ਬੇਨੰਤੀਆਂ ਕਰ ਦੇ ਮਿਹਰਾ, ਮਿਹਰ ਨਜ਼ਰ ਇਕ ਉਠਾਈਆ । ਹਰਿਜਨ ਗ਼ਰੀਬ ਨਿਮਾਣਾ ਬਣਾ ਲੈ ਆਪਣਾ ਚੇਰਾ, ਚਿਰੀ ਵਿਛੁੰਨਿਆਂ ਲੈ ਮਿਲਾਈਆ । ਪਿਛਲਾ ਵਕਤ ਵਿਛੋੜੇ ਵਾਲਾ ਲੰਘ ਗਿਆ ਬਥੇਰਾ, ਅਗੇ ਅਵਰ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਜਨ ਭਗਤੋ ਪ੍ਰਭ ਅਗੇ ਬੇਨੰਤੀ ਕਰੀਏ ਇਕੱਠੇ, ਅੰਤਰ ਆਤਮ ਧਾਰ ਜੋੜ ਜੁੜਾਈਆ । ਸਰਨ ਸਰਨਾਈ ਬਿਨ ਸਰੀਰੋਂ ਜਾਈਏ ਢੱਠੇ, ਤਨ ਵਜੂਦ ਵੇਖਣ ਕੋਇ ਨਾ ਪਾਈਆ । ਸਚ ਦੁਆਰ ਤਕੀਏ ਇਕੋ ਮੰਦਰ ਮਸਜਿਦ ਸ਼ਿਵਦਵਾਲਾ ਮਠੇ, ਗੁਰੂਦੁਆਰ ਇਕੋ ਨਜ਼ਰੀ ਆਈਆ । ਇਕੋ ਗ੍ਰਹਿ ਵੇਖੀਏ ਤੀਰਥ ਅੱਠ ਸੱਠੇ, ਗੰਗਾ ਗੋਦਾਵਰੀ ਜਮਨਾ ਸੁਰਸਤੀ ਇਕੋ ਧਾਰ ਵਹਾਈਆ । ਇਕੋ ਨੂਰ ਨੁਰਾਨਾ

ਨੂਰ ਤਕੀਏ ਲਟ ਲਟੇ, ਜੋਤੀ ਜਾਤਾ ਡਗਮਗਾਈਆ । ਜਿਸ ਦੇ ਗੁਰ ਅਵਤਾਰ ਪੈਗ਼ੰਬਰਾਂ ਨਾਲ ਪਟੇ, ਪਟਨੇ ਵਾਲਾ ਦਏ ਗਵਾਹੀਆ । ਉਹ ਅੰਤ ਤੁਹਾਡੇ ਵਸੇ ਘਟ ਘਟੇ, ਗ੍ਰਿਹ ਮੰਦਰ ਅੰਦਰ ਡੇਰਾ ਲਾਈਆ । ਜੋ ਜੁਗ ਚੌਕੜੀ ਪਿਛੋਂ ਆਇਆ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੇ ਵੱਟੇ, ਵਟਾਂਦਰਾ ਸਮਝ ਕੋਇ ਨਾ ਆਈਆ । ਜਿਸ ਨੂੰ ਯਾਦ ਕੀਤਾ ਧੰਨੇ ਜੱਟੇ, ਜਟਾ ਜੂਟਾਂ ਬਾਹਰ ਵੇਖ ਵਖਾਈਆ । ਉਹ ਜ਼ਰੂਰ ਮਿਹਰਵਾਨ ਹੋ ਕੇ ਤੁਹਾਡੇ ਦੁਖ ਦਲਿਦ੍ਰ ਕਟੇ, ਕਟਾਕਸ਼ ਆਪਣਾ ਨਾਮ ਲਗਾਈਆ । ਭਾਗ ਲਗਾ ਕੇ ਕਾਇਆ ਮੱਟੇ, ਮਟਕੀ ਆਪਣੀ ਰੰਗ ਵਖਾਈਆ । ਤੁਹਾਡੇ ਤਨ ਵਜੂਦ ਰਹਿਣ ਨਾ ਦੇਵੇ ਫਟੇ, ਸਚ ਸਿੰਘਾਸਣ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਜਨ ਭਗਤੋ ਅੱਜ ਖੇਲਾਂ ਵੇਖੀਏ ਮਹਾਨੀਆਂ, ਮੋਹਣੀ ਦਾ ਮੋਹਣੀ ਰੂਪ ਧਿਆਨ ਲਗਾਈਆ । ਖ਼ਬਰਾਂ ਸੁਣੀਏ ਅਗੰਮੀ ਬਾਣੀਆਂ, ਜੋ ਬਾਣ ਅਣਿਆਲੇ ਤੀਰ ਚਲਾਈਆ । ਨਜ਼ਾਰਾ ਤਕੀਏ ਚਾਰੇ ਖਾਣੀਆਂ, ਕੀ ਆਪਣਾ ਭੇਵ ਸਮਝਾਈਆ । ਅਸੀਂ ਧਰਮ ਧਾਰ ਦੀਆਂ ਨਿਰਗੁਣ ਧਾਰ ਬਣੀਆਂ ਰਾਣੀਆਂ, ਜਗਤ ਰੰਗ ਨਾ ਕੋਇ ਵਖਾਈਆ । ਸਚ ਸਰਨਾਈ ਲੱਗੀਏ ਬਣ ਸਵਾਣੀਆਂ, ਆਪ ਆਪਣਾ ਰੂਪ ਬਦਲਾਈਆ । ਅੰਮ੍ਰਿਤ ਰਸ ਪੀਈਏ ਠੰਢਾ ਪਾਣੀਆਂ, ਬੂੰਦ ਸਵਾਂਤੀ ਨਾਭ ਕਵਲ ਟਪਕਾਈਆ । ਸ਼ਬਦ ਨਾਦ ਸੁਣਾਈਏ ਅਕਥ ਕਹਾਣੀਆਂ, ਅਨਹਦ ਨਾਦੀ ਨਾਦ ਦ੍ਰਿੜਾਈਆ । ਜੋ ਮਾਲਕ ਖ਼ਾਲਕ ਸਭ ਦਾ ਜਾਣ ਜਾਣੀਆਂ, ਜਾਣਨਹਾਰ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋ ਹੋਵੇ ਤਾਣ ਨਿਤਾਣੀਆਂ, ਨਿਮਾਣਾ ਆਪਣਾ ਮਾਣ ਆਪ ਰਖਾਈਆ ।


## ✪ ੨੬ ਅੱਸੂ ਸ਼ਹਿਨਸ਼ਾਹ ਸੰਮਤ ੧੧ ਕੌਰ ਦੇ ਗ੍ਰਿਹ ਪਿੰਡ ਸੰਗੋ ਵਾਲ ਲੁਧਿਆਣਾ ✪

ਹਰਿ ਸੰਗਤ ਅੱਜ ਮੇਲਾ ਹੋਇਆ ਸਬੱਬੀ, ਛੱਬੀ ਅੱਸੂ ਪ੍ਰਵਿਸ਼ਟਾ ਦਏ ਗਵਾਹੀਆ । ਗ੍ਰਿਹ ਨੂਰ ਅਲਾਹੀ ਵੇਖੋ ਰੱਬੀ, ਯਾਮਬੀਨ ਧੁਰਦਰਗਾਹੀਆ । ਜਿਸ ਦਾ ਸੰਦੇਸ਼ਾ ਦੇ ਕੇ ਗਏ ਰਸੂਲ ਨਬੀ, ਪੇਸ਼ੀਨਗੋਈਆਂ ਵਿਚ ਜਣਾਈਆ । ਉਸ ਦੀ ਜੋਤ ਨਿਰਾਕਾਰ ਹੋ ਕੇ ਜਗੀ, ਜਾਗਰਤ ਜੋਤ ਡਗਮਗਾਈਆ । ਜੋ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖੇ ਅੱਗ ਲੱਗੀ, ਨੌ ਖੰਡ ਪ੍ਰਿਥਮੀ ਧਿਆਨ ਲਗਾਈਆ । ਜਿਸ ਦਾ ਲਹਿਣਾ ਦੇਣਾ ਨਹੀਂ ਸੁਦੀ ਵਦੀ, ਘੜੀ ਪਲ ਜਗਤ ਵੰਡ ਨਾ ਕੋਇ ਵੰਡਾਈਆ । ਜਿਸ ਦਾ ਮੇਲ ਹੁੰਦਾ ਕਦੀ ਕਦੀ, ਅਵਤਾਰ ਪੈਗ਼ੰਬਰ ਗੁਰ ਗਏ ਸਮਝਾਈਆ । ਜੋ ਦੇਵਣਹਾਰਾ ਇਕੋ ਦੁਆਰ ਧੁਰ ਦਾ ਪਦੀ, ਪਤਿਪਰਮੇਸ਼ਵਰ ਇਕ ਅਖਵਾਈਆ । ਜੋ ਮਨ ਕਲਪਣਾ ਮੇਟਣਹਾਰਾ ਯਦੀ, ਯਦਪ ਆਪਣਾ ਗ੍ਰਿਹ ਵਖਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਜਾਂਦੀ ਲੰਘੀ, ਕਲਜੁਗ ਅੰਤਮ ਭੱਜੇ ਵਾਹੋ ਦਾਹੀਆ । ਸੋ ਭਗਤਾਂ ਨਾਲ ਸ਼ਬਦ ਧਾਰ ਨਾਲ ਕਢਣ ਵਾਲਾ ਬਦੀ, ਪੰਚ ਵਿਕਾਰਾਂ ਡੇਰਾ ਢਾਹੀਆ । ਭਾਗ ਲਗਾਇਆ ਕਾਇਆ ਮਾਟੀ ਡੂੰਘੀ ਖੱਡੀ, ਸਾਢੇ ਤਿੰਨ ਹੱਥ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਂਈਆ । ਜਨ ਭਗਤੋ ਜੁਗ ਜੁਗ ਵੱਡੇ ਹੋਵਣ ਭਾਗ, ਕਲਜੁਗ

ਅੰਤਮ ਖ਼ੁਸ਼ੀ ਬਣਾਈਆ । ਸਤਿਗੁਰ ਸ਼ਬਦ ਅੰਤਰ ਆਤਮ ਦਏ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਹੰਸ ਬੁੱਧੀ ਦੀਨ ਦੁਨੀ ਬਣੇ ਨਾ ਕਾਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਜਗਤ ਸੁੱਤਿਓ ਗ਼ਫ਼ਲਤ ਵਿਚੋਂ ਜਾਣਾ ਜਾਗ, ਨਿਜ ਲੋਚਣ ਨੈਣ ਨੈਣ ਰੁਸ਼ਨਾਈਆ । ਪੁਰਖ ਅਬਿਨਾਸ਼ੀ ਕਰਨੀ ਕਰਤਾ ਦੇਵਣਹਾਰਾ ਦਾਦ, ਵਸਤ ਅਮੋਲਕ ਇਕ ਵਰਤਾਈਆ । ਜਿਸ ਨੂੰ ਸਾਰੇ ਕਹਿੰਦੇ ਮੋਹਨ ਮਾਧਵ ਮਾਧ, ਮਧੁਰ ਧੁਨ ਕਰੇ ਸ਼ਨਵਾਈਆ । ਸੋ ਸੁਆਮੀ ਅੰਤਰ ਨਿਰੰਤਰ ਲੈਣਾ ਅਰਾਧ, ਰਸਨਾ ਜਿਹਵਾ ਮੁਖ ਬੱਤੀ ਦੰਦ ਨਾ ਕੋਇ ਹਲਾਈਆ । ਉਹ ਸ਼ਬਦ ਸੁਣਾਏ ਬੋਧ ਅਗਾਧ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਹਰਿ ਸੰਗਤ ਕਾਇਆ ਮੰਦਰ ਅੰਦਰ ਮਾਰ ਕੇ ਵੇਖੇ ਝਾਤੀ, ਬਿਨ ਨੇਤਰ ਨੈਣਾ ਨੈਣ ਉਠਾਈਆ । ਕੀ ਖੇਲ ਕਰੇ ਕਮਲਾਪਾਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਜੋ ਸਭ ਦਾ ਹੋਵੇ ਮਾਲਕ ਖ਼ਾਲਕ ਘਰ ਜਗਾਏ ਦੀਆ ਬਾਤੀ, ਕਮਲਾਪਾਤੀ ਇਕ ਅਖਵਾਈਆ । ਉਹ ਦੇਵਣਹਾਰਾ ਨਾਮ ਸਚਾ ਸੌਗਾਤੀ, ਬਿਨ ਅੱਖਰਾਂ ਨਿਰਅੱਖਰ ਧਾਰ ਰਿਹਾ ਵਰਤਾਈਆ । ਜਿਸ ਦੀ ਮੰਜ਼ਲ ਦੀਨ ਦੁਨੀ ਨਾਲੋਂ ਵਖਰੀ ਘਾਟੀ, ਪੌੜੀ ਡੰਡਾ ਇਕੋ ਇਕ ਵਖਾਈਆ । ਸੋ ਭਾਗ ਲਗਾਏ ਸਾਢੇ ਤਿੰਨ ਹੱਥ ਕਾਇਆ ਮਾਟੀ, ਮਟਕਾ ਵੇਖੇ ਚਾਈਂ ਚਾਈਂਆ । ਜਿਸ ਦਾ ਲਹਿਣਾ ਦੇਣਾ ਨਾਲ ਨਹੀਂ ਕਿਸੇ ਜ਼ਾਤੀ ਪਾਤੀ, ਬਰਨਾਂ ਵਰਨਾਂ ਵੰਡ ਨਾ ਕੋਇ ਵੰਡਾਈਆ । ਉਹ ਦਰਸ਼ਨ ਦੇਵਣਹਾਰਾ ਇਕ ਇਕਾਂਤੀ, ਇਕ ਇਕੱਲਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਨਾਮ ਵਰਤਾਈਆ । ਸਚ ਵਸਤ ਸਤਿਗੁਰ ਦਾਤਾ ਦੇਵੇ ਆਪ, ਆਪ ਆਪਣੀ ਦਇਆ ਕਮਾਇੰਦਾ । ਜੁਗ ਜਨਮ ਦੇ ਮੇਟੇ ਪਾਪ, ਦੁਰਮਤ ਮੈਲ ਅੰਤਰ ਨਿਰੰਤਰ ਆਪ ਧੁਆਇੰਦਾ । ਰੂਹ ਬੁਤ ਕਰੇ ਪਾਕ, ਪਤਤ* ਪੁਨੀਤ ਆਪ ਅਖਵਾਇੰਦਾ । ਬਜਰ ਕਪਾਟ ਖੋਲ੍ਹ ਕੇ ਤਾਕ, ਤ੍ਰੈਗੁਣ ਅਤੀਤਾ ਆਪਣਾ ਪਰਦਾ ਲਾਹਿੰਦਾ । ਬਿਨ ਅੱਖੀਆਂ ਵੇਖੇ ਮਾਰ ਕੇ ਝਾਕ, ਨਿਜ ਨੇਤਰ ਲੋਚਨ ਅੱਖ ਖੁਲ੍ਹਾਇੰਦਾ । ਆਤਮ ਪਰਮਾਤਮ ਬਣਾਏ ਧੁਰ ਦਾ ਸਾਕ, ਸਾਜਣ ਮੀਤ ਆਪ ਅਖਵਾਇੰਦਾ । ਨਿਜ ਘਰ ਬਹਿ ਕੇ ਕਰੇ ਬਾਤ, ਬਾਤਨ ਪਰਦਾ ਆਪ ਖੁਲ੍ਹਾਇੰਦਾ । ਲਹਿਣਾ ਦੇਣਾ ਚੁਕਾਏ ਲੋਕਮਾਤ, ਲੱਖ ਚੁਰਾਸੀ ਡੇਰਾ ਢਾਇੰਦਾ । ਅੰਤ ਕੰਤ ਭਗਵੰਤ ਹੋ ਕੇ ਪੁਛੇ ਵਾਤ, ਸਤਿਗੁਰ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰਦਾ ਆਇਆ, ਹਰਿ ਕਰਤਾ ਧੁਰਦਰਗਾਹੀਆ । ਭਗਤ ਸੁਹੇਲੇ ਜੁਗ ਜੁਗ ਆਪਣਾ ਮੇਲ ਮੇਲਦਾ ਆਇਆ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਕਲਜੁਗ ਅੰਤਮ ਵੇਖ ਵਖਾਇਆ, ਪਰਦਾ ਉਹਲਾ ਰਹੇ ਨਾ ਰਾਈਆ । ਛੱਬੀ ਪ੍ਰਵਿਸ਼ਟਾ ਅੱਸੂ ਆਪਣੇ ਰੰਗ ਰੰਗਾਇਆ, ਰੰਗਤ ਨਾਮ ਵਾਲੀ ਚੜ੍ਹਾਈਆ । ਦੀਨ ਦਿਆਲ ਦਇਆ ਨਿਧ ਹੋਏ ਸਹਾਇਆ, ਸਿਰ ਸਿਰ ਆਪਣਾ ਹੱਥ ਟਿਕਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਿਸ ਜਨ ਰਸਨਾ ਗਾਇਆ, ਤਿਸ ਆਵਣ ਜਾਵਣ ਪਤਤ ਪਾਵਨ ਦਏ ਕਟਾਈਆ । ਸਚਖੰਡ ਦੁਆਰ ਦਏ ਬਹਾਇਆ, ਦਰਗਾਹ ਸਾਚੀ ਮੇਲ ਮਿਲਾਈਆ । ਸੋ ਪੁਰਖ ਨਿਰੰਜਣ ਹੋਏ ਸਹਾਇਆ, ਹਰਿ ਪੁਰਖ ਨਿਰੰਜਣ ਬੇਪ੍ਰਵਾਹੀਆ । ਏਕੰਕਾਰ ਰੰਗ ਰੰਗਾਇਆ, ਆਦਿ ਨਿਰੰਜਣ ਡਗਮਗਾਈਆ । ਅਬਿਨਾਸ਼ੀ ਕਰਤਾ ਵੇਖ ਵਖਾਇਆ, ਸ੍ਰੀ ਭਗਵਾਨ

ਦਏ ਵਡਿਆਈਆ । ਪਾਰਬ੍ਰਹਮ ਪ੍ਰਭ ਆਪਣੇ ਘਰ ਟਿਕਾਇਆ, ਸਤਿਗੁਰ ਸ਼ਬਦ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਿਸ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਖੇਲ ਰਚਾਇਆ, ਰਚਣਹਾਰ ਏਕੰਕਾਰ ਪਰਵਰਦਿਗਾਰ ਸਾਂਝਾ ਯਾਰ ਅਗੰਮ ਅਥਾਹ ਬੇਪਰਵਾਹ ਇਕ ਅਖਵਾਈਆ ।

## ✪ ੨੯ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਲੁਧਿਆਣਾ ਸ਼ਹਿਰ ਹਰਬੰਸ ਸਿੰਘ ਦੇ ਗ੍ਰਹਿ ✪

ਨਾਰਦ ਕਹੇ ਵੇਦ ਨਦਮ ਵੇਮਚ ਮਦਮ ਤਵਚ ਸਦਮ ਕੁਵਚ ਯਦਮ ਮਹਿਬਾਨ ਤੇਰੀ ਵਡਿਆਈਆ । ਪਰਵਿਜ਼ਲੀ ਮੁਵਾ ਯਾਨੁਖ਼ਤੇ ਦੁਆ ਰਾਫ਼ਿਸਤੇ ਖ਼ੁਦਾ ਨੂਰ ਜ਼ਹੂਰ ਇਕ ਅਲਾਹੀਆ । ਪੁਰਾਨੇ ਪਰਸਤ ਕ਼ੁਰਾਨੇ ਵਨਸਤ ਅੰਜੀਲੇ ਜਵਸਤ ਵੇਦੇ ਬਵਸਤ ਰਮਾਇਣੇ ਸਵਸਤ ਗੀਤਾ ਦੁਵਾਸਤ ਸ਼ਾਸ਼ਤਰੇ ਸ਼ਬਬ ਕਲਮਾਏ ਜਬਬ, ਨੂਰੇ ਰੁਸ਼ਨਾ ਸ਼ਹਿਨਸ਼ਾਹ ਬੇਪਰਵਾਹ ਇਕ ਅਖਵਾਈਆ । ਬਾਰਾਂ ਅਕਸ਼ਰੇ ਪ੍ਰਸਿੱਧ ਦੁਰਗਾਏ ਨਵਿਦ ਬੁਧਾਏ ਸਵਿਦ ਮਨੂਆਏ ਚਵਿਦ ਰਸਨਾਏ ਖਵਿਦ ਆਸ਼ਾਏ ਬਵਿੰਦ ਜ਼ਵਨੀ ਜ਼ਵਾ ਮੰਜ਼ੀ ਮਵਾ ਜ਼ੁਖੋ ਜ਼ਮੀ ਅਸਮਾਨੇ ਨਵੀ ਸ਼ਰਫ਼ੁਲ ਖ਼ੁਦਾ ਮਾਰਫ਼ਤ ਰੁਵਾ ਜ਼ੀਬੇ ਜ਼ਨੀ ਕੁੰਨਿੰਦੇ ਮਵੀ ਸ਼ਰਫ਼ੁਲ ਸ਼ਰਫ਼ ਨੂਜੇ ਹਰਫ਼ ਬੇਕਫ਼ਨੀ ਨੁਵਾ ਜ਼ਮਿੰਦੀ ਜੁਵਾ ਅਵਤਾਰੇ ਅਦਾ ਪੈਗ਼ੰਬਰੇ ਦੁਆ ਗੁਰੂਏ ਨਵਾ ਜ਼ਮੀਨੋ ਜ਼ਮਾ ਅਸਮਾਨੇ ਰਹਿਨੁਮਾ ਸ਼ੋਫ਼ੂ ਸ਼ਫ਼ਿਸ ਨੀਜ਼ੋ ਖ਼ੁਮੂ ਪਮਜ਼ੀ ਜ਼ਮਾ ਹਸਤੇ ਬਦਸਤੇ ਜਿਸਮੋ ਜਮੰਨ ਨੂਰੇ ਚਵੰਨ ਹਸਤੀ ਅਜ਼ੂ ਬਸਤੀ ਰਜ਼ੂ ਦਾਮਨੇ ਦਵਿਦ ਸ਼ਹਿਨਸ਼ਾਹੇ ਸ਼ਵਿਦ ਅਰਸ਼ੇ ਅਵੀ ਫ਼ਰਸ਼ੇ ਜਵੀ ਨੂਰੇ ਨੁਜ਼ਾ ਮਿਹਰਵਾਨਾ ਮਿਹਰਵਾਨਾ ਮਿਹਰਵਾਨਾ ਮਿਹਰਵਾਨ ਇਕ ਅਖਵਾਈਆ । ਸਾਬਤੇ ਸਵੀ ਦੁਵਜਲੀ ਜਵੀ ਤੁਖ਼ਸਤੇ ਨਵੀ ਜੁਮਉਲ ਜ਼ੁਮਾ ਅਰਸ਼ੇ ਉਲਖੁਦਾ ਕਮੀਕੁਲ ਕਮਾ ਰੁਮਜ਼ੇ ਨੁਮਾ ਯੂਨੇ ਯਸ਼ੂਹ ਫ਼ਰਸ਼ੇ ਮਸ਼ੂ ਮੂਸਾ ਮਵੀ ਈਸਾ ਜਵੀ ਮੁਹੰਮਦੇ ਕਵੀ ਨਾਨਕੇ ਜ਼ਵੀ ਗੋਬਿੰਦੇ ਸ਼ਵੀ ਕ੍ਰਿਸ਼ਨੇ ਮੁਜ਼ਾ ਰਾਮੇ ਰਜ਼ਾ ਬਾਵਨੇ ਨਜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਤੇਰੀ ਵਡਿਆਈਆ । ਨਾਰਦ ਕਹੇ ਬ੍ਰਹਿਮਣੇ ਗੌੜਾ ਗੋਸ਼ੇ ਕਮੰਦ ਸ਼ਾਹੋ ਸ਼ਨੀਦਾ ਅਰਸ਼ੇ ਫਰਜੰਦ ਨੂਰੇ ਜ਼ਮੂ ਹਜ਼ਰਤੇ ਨੂਹ ਕਫ਼ਨੋ ਬਜ਼ੀ ਸ਼ਾਹੋ ਜ਼ਵੀ ਯਾਰੇ ਚਵੰਦ ਅਵਤਾਰੇ ਦਵੰਦ ਗੁਰੂਆਏ ਵਫੰਦ ਸਹਿਮਨ ਜ਼ਊ ਫ਼ਰਸ਼ੇ ਮਜ਼ੂ ਨੂਜ਼ੇ ਨਵਾ ਕੂਜ਼ੇ ਗੁਵਾ ਮੁਜਸਤੇ ਮੁਵਫ਼ ਤੋਜ਼ੀਨੇ ਕੁਵਫ਼ ਬਹਿਸ਼ਤੇ ਰਫ਼ੀ ਅਰਸ਼ੇ ਫ਼ਜ਼ੀ ਸਵਰਗੇ ਸਨੂ ਕਾਲੇ ਜ਼ਵੂ ਮੁਸ਼ਤਾਏ ਮੁਹੰਮਦ ਤਾਰੀਫ਼ੇ ਖ਼ੁਦਾ ਜ਼ਾਈਫ਼ੇ ਜੁਵਾ ਜਰਦੇ ਜ਼ਰੂਹ ਚੌਦੀਸੇ ਦਵੂ ਬੀਸੇ ਵਹੂ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਬਜ਼ਰਤੇ ਨਾਦਮ ਪੁਚੰਤੇ ਬਾਦਮ ਯੁਗੰਤੇ ਸੀਦਮ ਨੁਗੰਤੇ ਬੀਦਮ ਅਮੀਨਨ ਅਮਾਏ ਕਮੀਏ ਕਮਾਏ ਜੋਤੇ ਜ਼ਵੀਦਾ ਅਰਸ਼ੇ ਨਵੀਦਾ ਖੋਮੋ ਖੋਸਾਨੀ ਅਰਸ਼ੇ ਨੁਰਾਨੀ ਯਵੀਆ ਪੈਗ਼ਾਮੀ ਨੂਰੇ ਰੁਹਾਨੀ ਜ਼ਬੀਉਲ ਜ਼ਵਿਦ ਸ਼ਾਮਾਨੇ ਖ਼ਵਿਦ ਅਕਾਸ਼ੇ ਅਜ਼ੂ ਫ਼ਰਸ਼ੇ ਤਲੂ ਤਾਲਬੇ ਜ਼ਵਾ ਗਾਲਬੇ ਗੁਵਾ ਨਜ਼ੀਰੇ ਨਵੂ ਜਾਹਿਦੇ ਜਵੂ ਤਾਜ਼ੀਰੇ ਤਜ਼ਾ ਮੁਬੀਰੇ ਮੁਵਾ ਮੁਹਬਤੇ ਮਹੁਵ ਦੀਮਾਏ ਜ਼ਬਾ ਕਮੀਉਲ ਕਵਿਦ ਦਵੀਲ ਦਵਿਦ ਸ਼ਾਹੇ ਸ਼ਫ਼ਾ ਅਰਸ਼ਾਏ ਦੁਆ ਜ਼ਮੀਨਾਏ ਜ਼ਵਾ ਖ਼ਾਕਾਏ ਗੁਵਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਭੈਇਓ ਬਾਵਰੂਮ ਆਦਿ ਭੇਵ ਨੁਮ ਜੁਗਿੰਦ ਧਾਰ ਸੋਹੰ ਮਰਗਿੰਦ ਧਾਰ ਓਅੰ ਪ੍ਰਭੂ ਪ੍ਰੇਮ ਅੰਗ ਸੋਈ ਰੂਪ ਸਰਬੰਗ ਜੋਗ ਜੁਗਾਤੇ ਜੁਗੰਗ ਤ੍ਰੈਨਾਦ ਨਾਦਮ ਬ੍ਰਹਿਮ ਬ੍ਰਹਿਮਾਦਮ ਅਵਤਾਰੇ ਵਜ਼ੀ ਪੈਗ਼ੰਬਰੇ ਜ਼ਵੀ ਗੁਰੂਏ ਦਵੀ ਸ਼ਬਦੇ ਸ਼ਵੀ ਨੂਰੇ ਰਵੀ ਆਮੇ ਅਮੂ ਜ਼ਮਾਨੇ ਜ਼ਵੂ ਦਮਾਨੇ ਦਵੂ ਗੋਬਿੰਦੇ ਰਜ਼ੂ ਤਲਬਾਏ ਹਹੂ ਮਕੁਸਤਾ ਮੁਵਿਜ਼ ਅਰਸ਼ਾਏ ਖ਼ਵਿਜ਼ ਦੁਨਿਸਤਾ ਦੇਵੋ ਮੁਹਬਤੇ ਰਵੋ ਕੁਨਿੰਦਾ ਮਵਿਨ ਸ਼ਾਹੇ ਸ਼ਵਿੰਨ ਯਕੀਨੇ ਉਰਬਾ ਇਲਮੇ ਉਰਫ਼ਾ ਤਾਲਮੀਏ ਸ਼ਰਫਾ ਸ਼ਾਹੇ ਨਬੀ ਨੁਰਾਨੇ ਤਬੀ ਮਾਲਕਾਏ ਖਬੀ ਮਜ਼ੀਉਜ਼ਮਾ ਮੁਸਤਾਫ਼ੇ ਨੁਮਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਜਨ ਭਗਤੋ ਮੈਂ ਪ੍ਰਭੂ ਦੀ ਹੁਣ ਥੋੜੀ ਥੋੜੀ ਕਰਨ ਲੱਗਾ ਤਾਰੀਫ਼, ਤੋਹਫ਼ੇ ਘਰ ਘਰ ਦਿਆਂ ਪਹੁੰਚਾਈਆ । ਬੇਸ਼ਕ ਮੇਰੀ ਆਯੂ ਜੁਗ ਚੌਕੜੀ ਦੀ ਜ਼ਾਈਫ਼, ਬਿਰਧਾਂ ਵਿਚੋਂ ਬਿਰਧ ਨਜ਼ਰੀ ਆਈਆ । ਮੈਂ ਚਾਰ ਜੁਗ ਦੇ ਗ੍ਰੰਥਾਂ ਸ਼ਾਸਤਰਾਂ ਨਾਲੋਂ ਸ਼ਰੀਫ਼, ਸ਼ੁਰਫ਼ਾ ਕਹਿ ਕੇ ਮੈਨੂੰ ਸਾਰੇ ਰਹੇ ਬੁਲਾਈਆ । ਮੈਂ ਨਿਤ ਨਵਿਤ ਪ੍ਰਭ ਦਾ ਬਣਿਆ ਰਿਹਾ ਰਹੀਫ਼, ਜਿਸ ਦਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਜਨ ਭਗਤੋ ਮੈਂ ਪ੍ਰਭੂ ਦੀਆਂ ਦੱਸਿਆ ਕਰੂੰ ਕਹਾਣੀਆਂ, ਸੰਮਤ ਬਾਰਵਾਂ ਰਾਹ ਤਕਾਈਆ । ਪੁਰਖ ਅਕਾਲ ਦੀਆਂ ਕਿਤਨੀਆਂ ਸਹੇਲੀਆਂ ਕਿਤਨੀਆ ਰਾਣੀਆਂ, ਕਿਤਨੀਆਂ ਗੋਲੀਆਂ ਬਣ ਬਣ ਸੇਵ ਕਮਾਈਆ । ਕਿਤਨੀਆਂ ਪੜ੍ਹਨ ਵਾਲੀਆਂ ਬਾਣੀਆਂ, ਕਿਤਨੀਆਂ ਰਸਨਾ ਢੋਲੇ ਗਾਈਆ । ਕਿਤਨੀਆਂ ਨਹਾਉਂਦੀਆਂ ਵਿਚ ਪਾਣੀਆਂ, ਤਾਰੀਆਂ ਰਹੀਆਂ ਲਾਈਆ । ਕਿਤਨੀਆਂ ਬਣੀਆਂ ਜਗਤ ਦੀਆਂ ਸ਼ਾਹਣੀਆਂ, ਧਨ ਦੌਲਤ ਸੰਗ ਰਖਾਈਆ । ਕਿਤਨੀਆਂ ਹੋ ਗਈਆਂ ਅੱਖੋਂ ਕਾਣੀਆਂ, ਨੇਤਰ ਨੈਣ ਨਾ ਕੋਇ ਮਟਕਾਈਆ । ਕ਼ਿਤਨੀਆਂ ਮਿਲਿਆ ਮੇਲ ਅਗੰਮੇ ਹਾਣੀਆ, ਹਮ ਸਾਜਣ ਹੋ ਕੇ ਖੇਲ ਖਿਲਾਈਆ । ਕਿਤਨੀਆਂ ਲਾਸ਼ਾਂ ਹੋਣੀਆਂ ਬਿਨ ਪ੍ਰਾਣੀਆਂ, ਸਵਾਸ ਨਜ਼ਰ ਕੋਇ ਨਾ ਆਈਆ । ਕਿਤਨੀਆਂ ਫਲ ਰਹਿਣਾ ਨਹੀਂ ਟਾਹਣੀਆਂ, ਸਿੰਮਲ ਰੁੱਖ ਵਾਂਗ ਸਰਬ ਲਹਿਰਾਈਆ । ਕਿਤਨੀਆਂ ਜਗਤ ਪੀਸਣ ਪੀਸਦੀਆਂ ਹੋਵਣ ਵਾਂਗ ਦਾਣਿਆਂ, ਦਾਤਾ ਦਾਨੀ ਕੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਜਨ ਭਗਤੋ ਪ੍ਰਭੂ ਦਾ ਭੇਵ ਖੋਲ੍ਹਦਾ ਰਹਿਵਾਂ ਅਗਲਾ, ਪਿਛੇ ਦੀ ਲੋੜ ਰਹੀ ਨਾ ਰਾਈਆ । ਮੈਂ ਬੇਸ਼ਕ ਚਾਰ ਜੁਗ ਬਣਿਆ ਰਿਹਾ ਕੰਗਲਾ, ਬਿਨਾ ਧੋਤੀ ਬੋਦੀ ਤੋਂ ਵਸਤ ਹੱਥ ਕੋਇ ਨਾ ਆਈਆ । ਮੈਨੂੰ ਸਾਰੇ ਕਹਿੰਦੇ ਰਹੇ ਪਗ਼ਲਾ, ਮੈਂ ਭੱਜਿਆ ਵਾਹੋ ਦਾਹੀਆ । ਮੈਂ ਫਿਰਿਆ ਜੂਹਾਂ ਪਹਾੜਾਂ ਵਿਚ ਜੰਗਲਾਂ, ਟਿੱਲਿਆਂ ਪਰਬਤਾਂ ਧਿਆਨ ਲਗਾਈਆ । ਮੇਰੇ ਕੋਲ ਲਹਿਣਾ ਦੇਣਾ ਲੇਖਾ ਸਗਲਾ, ਸਭ ਨੂੰ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਜਨ ਭਗਤੋ ਪ੍ਰਭੂ ਦਾ ਹੁਕਮ ਕਾਮੀਕਾ ਕੋ ਕੁਨਿਸਤਾ ਕੀਨਾ ਕਜ਼ੂ ਕਵਲੇ ਊ ਜੁਸਤਾ ਆ ਸ਼ਾਨੇ ਜ਼ੂ ਜੁਵਸਤੇ ਰਾਹ ਮੁਵਿਸਤੇ ਖ਼ੁਦਾ ਖ਼ੁਦ ਮਾਲਕ ਬੇਪਰਵਾਹੀਆ । ਜਨ ਭਗਤੋ ਮੈਂ ਦੱਸਾਂ ਭੇਵ ਉਸ ਖ਼ਾਵੰਦ ਕਰੀਮ, ਜੋ ਕਰਮ ਕਾਂਡ ਦਾ ਲੇਖਾ ਵੇਖ ਵਖਾਈਆ । ਜਿਸ ਨੂੰ ਸਾਰੇ ਮੰਨਣ ਅਜ਼ੀਮ, ਆਲੀਸ਼ਾਂ ਆਲੀਜ਼ਾਹ ਨੂਰ ਅਲਾਹੀਆ । ਜਿਸ ਦੀ ਸਭ ਤੋਂ ਵਖਰੀ ਤਾਲੀਮ, ਤਾਰੀਫ਼ ਵਿਚ

ਖ਼ਲਕ ਖ਼ੁਦਾਈਆ । ਉਹ ਕਿਸ ਬਿਧ ਦੀਨ ਦੁਨੀ ਨੂੰ ਦਏ ਤਰਮੀਮ, ਤਰਤੀਬ ਆਪਣੇ ਹੱਥ ਰਖਾਈਆ । ਜਗਤ ਸ਼ਰਅ ਦੀ ਰਹਿਣ ਨਹੀਂ ਦੇਣੀ ਤਕਸੀਮ, ਹਿੱਸੇ ਵੰਡ ਨਾ ਕੋਇ ਵੰਡਾਈਆ । ਉਸ ਨੂੰ ਇਸ਼ਾਰਾ ਦੇਵੇ ਜੋ ਡੰਡਾ ਬਣਾਇਆ ਮੀਮ, ਦੀਨ ਦੁਨੀ ਦੁਨੀ ਸਮਝਾਈਆ । ਤੁਸੀਂ ਉਸ ਉਤੇ ਕਰਨਾ ਯਕੀਨ, ਜੋ ਯਕੇ ਬਾਅਦ ਦੀਗਰੇ ਆਪਣਾ ਖੇਲ ਖਿਲਾਈਆ । ਜਿਸ ਦਾ ਮਾਰਗ ਹੋਣਾ ਮਹੀਨ, ਮਾਰਗ ਵੇਖਣ ਕੋਇ ਨਾ ਪਾਈਆ । ਮੁਹੰਮਦ ਜਿਸ ਦੇ ਹੋਇਆ ਅਧੀਨ, ਸਜਦਿਆਂ ਵਿਚ ਸੀਸ ਝੁਕਾਈਆ । ਪੈਗ਼ੰਬਰਾਂ ਉਸ ਨੂੰ ਕਿਹਾ ਮਾਲਕ ਕ਼ਦੀਮ, ਕ਼ੁਦਰਤ ਦਾ ਕ਼ਾਦਰ ਇਕ ਅਖਵਾਈਆ । ਨਾ ਉਹ ਨਰ ਨਾ ਉਹ ਮਦੀਨ, ਇਸਤ੍ਰੀ ਮਰਦ ਵੰਡ ਨਾ ਕੋਇ ਵੰਡਾਈਆ । ਨਾ ਉਹ ਫ਼ਰਸ਼ ਵਸੇ ਨਾ ਉਹ ਅਰਸ਼ ਵਸੇ ਨਾ ਬੰਦ ਹੋਇਆ ਉਤੇ ਜ਼ਮੀਨ, ਦੋ ਜਹਾਨਾਂ ਮਾਲਕ ਇਕ ਅਖਵਾਈਆ । ਮੈਂ ਤੈਨੂੰ ਭੇਵ ਦੱਸਾਂਗਾ ਜੋ ਜੁਗ ਚੌਕੜੀ ਪ੍ਰਾਚੀਨ, ਪਰਾ ਪਸੰਤੀ ਮਧਮ ਬੈਖਰੀ ਬਾਹਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਜਨ ਭਗਤੋ ਤੁਹਾਨੂੰ ਸੁਣਾਵਾਂ ਵੱਡੀਆਂ ਵੱਡੀਆਂ ਬਾਤਾਂ, ਬਾਤਨ ਭੇਵ ਖੁਲ੍ਹਾਈਆ । ਤੁਹਾਡੀਆਂ ਚਾਰ ਜੁਗ ਨਾਲੋਂ ਖ਼ੁਸ਼ੀਆਂ ਵਾਲੀਆਂ ਬਣਾਵਾਂ ਰਾਤਾਂ, ਰੁਤੜੀਆਂ ਤੁਹਾਡੇ ਨਾਲ ਮਹਿਕਾਈਆ । ਤੁਹਾਡੇ ਲੇਖ ਲਿਖ ਸਕਣਗੀਆਂ ਨਹੀਂ ਕ਼ਲਮ ਦੁਆਤਾਂ, ਕਾਗ਼ਜ਼ਾਂ ਚਲੇ ਨਾ ਕੋਇ ਚੁਤਰਾਈਆ । ਤੁਹਾਡੇ ਧਰਮ ਦੁਆਰਿਆਂ ਦੀਆਂ ਸਭ ਤੋਂ ਵਖਰੀਆਂ ਹੋਵਣਗੀਆਂ ਛਾਤਾਂ, ਛੱਤ੍ਰੀ ਬ੍ਰਹਮਣ ਸ਼ੂਦਰ ਵੈਸ਼ ਸਮਝ ਕੋਇ ਨਾ ਪਾਈਆ । ਤੁਹਾਡਾ ਝਗੜਾ ਰਹਿਣ ਨਹੀਂ ਦੇਣਾ ਜ਼ਾਤਾਂ ਪਾਤਾਂ, ਦੀਨਾਂ ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਮੈਂ ਸਚ ਦੱਸਾਂ ਪਰਮ ਪੁਰਖ ਸੰਮਤ ਸ਼ਹਿਨਸ਼ਾਹੀ ਪਹਿਲੀ ਚੇਤ ਨੂੰ ਨਵਾਂ ਖੋਲ੍ਹ ਦੇਣਾ ਖਾਤਾ, ਪਿਛਲਾ ਖਾਤਾ ਰਹਿਣ ਕੋਇ ਨਾ ਪਾਈਆ । ਸਭ ਦਾ ਬਣ ਜਾਣਾ ਆਪੇ ਪਿਤਾ ਆਪੇ ਮਾਤਾ, ਪੂਤ ਸਪੂਤੇ ਲੈਣੇ ਗੋਦ ਉਠਾਈਆ । ਆਤਮ ਪਰਮਾਤਮ ਜੋੜ ਲੈਣਾ ਨਾਤਾ, ਜੁਗ ਜਨਮ ਦੇ ਵਿਛੜਿਓ ਲੈਣਾ ਮਿਲਾਈਆ । ਸਚਖੰਡ ਦੁਆਰ ਏਕੰਕਾਰ ਆਪਣਾ ਚਰਨ ਕਵਲ ਸਮਝਾਉਣਾ ਅਹਾਤਾ, ਦੂਸਰ ਵੰਡ ਨਾ ਕੋਇ ਵੰਡਾਈਆ । ਮਿਹਰਵਾਨ ਮਹਿਬੂਬ ਹੋ ਕੇ ਸਭ ਦਾ ਪੂਰਾ ਕਰੇ ਘਾਟਾ, ਵਾਧਾ ਆਪਣਾ ਨਾਮ ਜਣਾਈਆ । ਆਵਣ ਜਾਵਣ ਲੱਖ ਚੁਰਾਸੀ ਸਭ ਦੀ ਮੇਟੇ ਵਾਟਾ, ਵਟਣਾ ਇਕੋ ਵਾਰ ਚੜ੍ਹਾਈਆ । ਨਾਰਦ ਕਹੇ ਮੈਂ ਵੀ ਵੇਖਣਾ ਚਾਹੁੰਦਾ ਉਸ ਪ੍ਰਭ ਦੀ ਤੁਹਾਡੇ ਅੰਦਰ ਸੁਹੰਜਣੀ ਖਾਟਾ, ਜਿਸ ਦੀ ਬਾਡੀ ਬਣਤ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਹਰਿਜਨ ਹਰਿ ਸੰਤ ਭਗਤ ਸੁਹੇਲੇ ਵੇਖੇ ਆਪ ਮਾਰ ਕੇ ਵਾਟਾ, ਦੂਰ ਦੁਰਾਡਾ ਆਪਣਾ ਪੰਧ ਮੁਕਾਈਆ ।

### ✪ ੨੭ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਲੁਧਿਆਣਾ ਸ਼ਹਿਰ ਮਦਨ ਸਿੰਘ ਦੇ ਗ੍ਰਿਹ ✪

ਨਾਰਦ ਕਹੇ ਜਨ ਭਗਤੋ ਪ੍ਰਭੂ ਪ੍ਰਵਿਦ ਸੂਰ ਅਰਬਾ ਜੁਖ਼ੂਨੇ ਜ਼ਮਮ ਕਵਿਲਜ਼ੀ ਜ਼ਵਾ ਤਾਖ਼ੁਸ ਮਹਮ ਬਾਵਿਜ਼ਲੀ ਦੁਵਾ ਚੁਨਾਰੇ ਚੰਮਮ ਸ਼ਾਨੇ ਮੁਦਾ ਮੁਫ਼ਸਲੇ ਮਦੰਮ ਕਰੀਮੇ ਕ਼ਰਜ਼ੂ ਰਹੀਮੇ ਜ਼ਵਾ ਜ਼ੋਨੂ ਜ਼ਬਬ ਮਦੀਨਾਏ ਸ਼ਬਬ ਮੱਕਾਏ ਮੁਵਿਜ਼ ਕਾਅਬਾਏ ਜ਼ਵਿਜ਼ ਧਰਨੀਏ ਖ਼ਾਕ ਆਵਿਜ਼ਲੀ ਜ਼ੁਵਾਕ ਚਸ਼ਮੇ

ਨੁਰਾਂ ਫ਼ਰਸ਼ੇ ਮੁਵਾ ਅਰਸ਼ੇ ਕੁਜ਼ਾ ਨੂਰੇ ਖ਼ੁਦਾ ਖ਼ੁਦ ਮਾਲਕ ਇਕ ਅਖਵਾਈਆ । ਨਾਰਦੇ ਨਵੂ ਜੁਵਾਰਦੇ ਮਦੂ ਜ਼ਖਨੀਨ ਜ਼ਵੀ ਮੁਜ਼ੂਹਲ ਜ਼ਮੀ ਚਕਸਾਏ ਅਵਾ ਆਦਮੇ ਦੁਆ ਧਵਲੇ ਦਜ਼ੂ ਕਰਬਲਾਏ ਕਜ਼ੂ ਸ਼ਮੁਉਲ ਸ਼ਮਅ ਮਜ਼ੂਉਲ ਮਜ਼ਾ ਨੂਰੇ ਨਜ਼ਦ ਫ਼ਰਸ਼ੇ ਖ਼ਵੰਦ, ਖ਼ਸੀਨੋ ਕਮਾ ਜ਼ਮੀਨੋ ਜ਼ਮਾ ਜਬਰਾਈਲੇ ਜ਼ਵੀ ਅਸਰਾਈਲੇ ਫਵੀ ਹਮਜ਼ੀ ਮੁਮਮ ਮਨਕੀਜ਼ੀ ਮਕਕ ਜ਼ਕਹੂ ਜ਼ਮੀ ਹਕੀਕਤੇ ਰਵੀ ਵਜ਼ੀਹਤੇ ਤਮ ਤਮਮਮ ਦੁਵਾ ਮੁਹੰਮਦੇ ਨੁਵਾ ਖ਼ਦੀਉਲ ਖ਼ਵਿਦ ਜ਼ਬੀਉਲ ਜ਼ਵਿਦ ਜ਼ਾਖ਼ਮ ਜ਼ਖ਼ੀ ਕੋਨੇ ਗਜ਼ੀ ਕਰਬਲਾਏ ਕਵਿਦ ਅਲੀਏ ਨਵਿਦ ਹੁਸੈਨੇ ਜ਼ਵਿਦ ਸ਼ਾਹੇ ਸ਼ਵਿਦ ਅਬਾਸਾਏ ਰਵੂ ਤਨਫ਼ੇ ਜ਼ਵੂ ਹਰਫ਼ੇ ਹਰੀਫ਼ ਅਖਰੀ ਤਾਰੀਫ਼ ਸਿਫ਼ਤੇ ਸਲਾਹ ਦੁਵਸਤੇ ਦੁਆ ਰਹਿਬਰੇ ਨੁਵਾ ਸ਼ਰੀਉਲ ਮਲਾਹ ਸ਼ਰਕਤੇ ਸ਼ਕਿਦ ਬਰਕਤੇ ਨਵਿਜ਼ ਨੂਰੇ ਨੁਵਾ ਵਾਲੀ ਦੋ ਜਹਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਦਿ ਜੁਗਾਦਿ ਲੇਖਾ ਜਾਣੇ ਥਾਂਉ ਥਾਂ, ਥਾਨ ਥਨੰਤਰ ਗਗਨ ਗਗਨੰਤਰ ਜ਼ਿਮੀਂ ਅਸਮਾਨਾ ਨੌਜੁਵਾਨਾ ਮਰਦ ਮਰਦਾਨਾ ਸ੍ਰੀ ਭਗਵਾਨਾ ਏਕਾ ਏਕ ਏਕੰਕਾਰ ਵੇਖ ਵਖਾਈਆ ।

## ੨੭ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਲੁਧਿਆਣਾ ਸ਼ਹਿਰ ਗੁਰਦੇਵ ਸਿੰਘ ਦੇ ਗ੍ਰਹਿ



ਨਾਰਦ ਕਹੇ ਪ੍ਰਭੂ ਜਨ ਭਗਤਾਂ ਲਾਹ ਉਦਾਸੀਆਂ, ਚਿੰਤਾ ਗ਼ਮੀ ਬਾਹਰ ਕਢਾਈਆ । ਅੰਮ੍ਰਿਤ ਜਾਮ ਦੀਆਂ ਦੇ ਗਲਾਸੀਆਂ, ਧੁਰ ਦਾ ਅੰਮ੍ਰਿਤ ਹੱਥ ਫੜਾਈਆ । ਮਿਹਰ ਕਰ ਦੇ ਸਚਖੰਡ ਨਿਵਾਸੀਆ, ਸਚ ਦੀ ਕਰਨੀ ਕਾਰ ਕਮਾਈਆ । ਹਰ ਹਿਰਦੇ ਹੋਣ ਤੇਰੀਆਂ ਰਾਸੀਆਂ, ਖ਼ੁਸ਼ੀਆਂ ਢੋਲੇ ਗਾਈਆ । ਲੇਖਾ ਮੁਕਾ ਦੇ ਮਦਿਰਾ ਮਾਸੀਆ, ਮਸਤ ਖ਼ੁਮਾਰੀ ਨਾਮ ਚੜ੍ਹਾਈਆ । ਸੰਦੇਸਾ ਦੇ ਦੇ ਸ਼ੰਕਰ ਕੈਲਾਸ਼ੀਆ, ਕਲਾ ਆਪਣੀ ਇਕ ਜਣਾਈਆ । ਜਗਤ ਸ਼ਰਅ ਦੀਆਂ ਦੇ ਦੇ ਫਾਸੀਆਂ, ਫ਼ੈਸਲਾ ਆਪਣਾ ਹਕ ਸੁਣਾਈਆ । ਤੇਰਾ ਲਹਿਣਾ ਦੇਣਾ ਸੰਮਤ ਸ਼ਹਿਨਸ਼ਾਹੀ ਪੰਦਰਾਂ ਹੋਣਾ ਨਾਲ ਮਦਰਾਸੀਆਂ, ਮਧੁਰ ਧੁਨ ਦੇਣੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਪ੍ਰਭੂ ਜਨ ਭਗਤਾਂ ਦੇ ਦੇ ਅਗੰਮਾ ਜਾਮ, ਜਾਮਾਵੰਤ ਜਿਸ ਦੀ ਆਸ ਰਖਾਈਆ । ਰਸ ਚਖਾ ਦੇ ਧੁਰ ਦੇ ਰਾਮ, ਹਨਵੰਤ ਦਾ ਲਹਿਣਾ ਪੂਰ ਕਰਾਈਆ । ਤ੍ਰਿਸ਼ਨਾ ਮੁਕਾ ਦੇ ਧੁਰ ਦੇ ਕਾਹਨ, ਯੁਧਿਸ਼ਟਰ ਦਾ ਲੇਖਾ ਰਹੇ ਨਾ ਰਾਈਆ । ਸਤਿ ਆਬ ਦੀ ਲਾ ਸਕੇ ਨਾ ਕੋਇ ਮੀਜ਼ਾਨ, ਹਿਸਾਬ ਵਿਚ ਨਾ ਕੋਇ ਰਖਾਈਆ । ਕਿਰਪਾ ਕਰ ਗੁਣ ਨਿਧਾਨ, ਗੁਣਵੰਤ ਤੇਰੀ ਵਡਿਆਈਆ । ਨਿਗਾਹ ਮਾਰ ਲੈ ਵਿਚ ਜਹਾਨ, ਕਲਜੁਗ ਅੰਤਮ ਵੇਖ ਵਖਾਈਆ । ਹਰਿਜਨ ਤੇਰਾ ਰਾਹ ਤਕਾਨ, ਬਿਨ ਨੈਣਾਂ ਨੈਣ ਉਠਾਈਆ । ਤੂੰ ਸ਼ਾਹੋ ਭੂਪ ਸੁਲਤਾਨ, ਸ੍ਰੀ ਭਗਵਾਨ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਪ੍ਰਭੂ ਜਨ ਭਗਤਾਂ ਚਾੜ੍ਹ ਦੇ ਮਸਤੀਆਂ, ਮਸਤਕ ਲੇਖ ਦੇ ਬਦਲਾਈਆ । ਆਪਣੀਆਂ ਮਿਹਰਾਂ ਬਖ਼ਸ਼ ਦੇ ਸਸਤੀਆਂ, ਬਹੁਤੀ ਕ਼ੀਮਤ ਨਾ ਕੋਇ ਲਗਾਈਆ । ਨੌਂ ਖੰਡ ਪ੍ਰਿਥਮੀ ਤੇਰੇ ਭਗਤ ਹੋਵਣ ਤੇਰੀਆਂ ਹਸਤੀਆਂ, ਹਸਤ ਕੀਟਾਂ ਇਕੋ ਰੰਗ ਰੰਗਾਈਆ ।

ਬਿਨਾ ਸ਼ਰਅ ਤੋਂ ਧਾਰਾ ਹੋਵਣ ਵਸਦੀਆਂ, ਵਸੇਰਾ ਇਕੋ ਗ੍ਰਿਹਿ ਰਖਾਈਆ । ਖੇਲਾਂ ਮੁਕਾ ਦੇ ਰੈਣ ਅੰਧੇਰੀ ਮਸ ਦੀਆਂ, ਮਸਤ ਦੀਵਾਨੇ ਦੇ ਬਣਾਈਆ । ਕਿਰਨਾਂ ਬਖ਼ਸ਼ ਦੇ ਧੁਰ ਦੇ ਰਵ ਸਸ ਦੀਆਂ, ਨੂਰੀ ਚੰਦ ਚੰਦ ਚਮਕਾਈਆ । ਢੋਲੇ ਗਾਵਣ ਤੇਰੇ ਜਸ ਦੀਆਂ, ਸਿਫ਼ਤਾਂ ਨਾਲ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰੀਆਂ ਧਾਰਾ ਹੋਵਣ ਅਲਖਣਾ ਅਲਖ ਦੀਆਂ, ਅਲਖ ਅਗੋਚਰ ਤੇਰੀ ਵਡ ਵਡਿਆਈਆ ।

### ✪ ੨੭ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਲੁਧਿਆਣਾ ਸ਼ਹਿਰ ਨਿਰਵੈਰ ਸਿੰਘ ਦੇ ਗ੍ਰਿਹਿ ✪


੬੭੭
੨੪

ਨਾਰਦ ਕਹੇ ਜਨ ਭਗਤੋ ਪ੍ਰਭੂ ਦੇ ਨਾਮ ਦੀ ਪੀਉ ਮਦਿ, ਮਧੁਰ ਧੁਨ ਦਏ ਸੁਣਾਈਆ । ਆਤਮ ਧਾਰ ਬਣੋ ਉਸ ਦੀ ਯਦ, ਯਦੀ ਯਦਪ ਆਪਣਾ ਭੇਵ ਖੁਲ੍ਹਾਈਆ । ਧੁਰ ਦੇ ਹੁਕਮ ਦਾ ਸੁਣੋ ਨਦ, ਅਨਹਦ ਨਾਦੀ ਨਾਦ ਸੁਣਾਈਆ । ਖੁਸ਼ੀਆਂ ਵਿਚ ਹੋਵੇ ਗਦ ਗਦ, ਆਪ ਆਪਣੀ ਲਓ ਅੰਗੜਾਈਆ । ਕੂੜੀ ਕਿਰਿਆ ਅੰਦਰੋਂ ਕਰ ਬਧ, ਬਿਧਨਾ ਦਾ ਲੇਖਾ ਲਓ ਚੁਕਾਈਆ । ਜਗਤ ਵਾਸ਼ਨਾ ਮੁਕਾਓ ਹੱਦ, ਕੂੜ ਹਦੂਦਾਂ ਡੇਰਾ ਢਾਹੀਆ । ਘਰ ਸੁਆਮੀ ਸਤਿਗੁਰ ਸ਼ਬਦ ਲਓ ਸੱਦ, ਹੋਕਾ ਦੇਵੋ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਜਨ ਭਗਤੋ ਪ੍ਰਭੂ ਦਾ ਸਦਾ ਸਦਾ ਕਰੋ ਸ਼ੁਕਰ, ਸ਼ੁੱਕਰ ਪ੍ਰੋਹਤ ਬਲ ਦੁਆਰ ਬਾਵਨ ਗਿਆ ਦ੍ਰਿੜਾਈਆ । ਜੋ ਜੋਤੀ ਜਾਤਾ ਹੋ ਕੇ ਆਪਣੀ ਧਾਰੋਂ ਆਵੇ ਉਤਰ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਜੋ ਸੰਤ ਸੁਹੇਲੇ ਬਣਾਏ ਆਪਣੇ ਪੁਤਰ, ਪਿਤਾ ਹੋ ਕੇ ਪੂਤ ਗੋਦ ਉਠਾਈਆ । ਉਸ ਦੇ ਹੁਕਮ ਵਿਚ ਕਦੇ ਨਾ ਹੋਵੇ ਨਮੁਕਰ, ਆਪ ਆਪਣਾ ਆਪ ਤਜਾਈਆ । ਉਹਦਾ ਲੇਖਾ ਨਹੀਂ ਕੋਈ ਭਾਵ ਦੁੱਤਰ, ਦੂਤੀਆ ਲੇਖ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਜਨ ਭਗਤੋ ਮੈਂ ਸੰਦੇਸ਼ਾ ਦੇਣਾ ਸਭਨਾ, ਸਬਬ ਨਾਲ ਦਿਆਂ ਜਣਾਈਆ । ਪਰਮ ਪੁਰਖ ਨੂੰ ਲੋਕਮਾਤ ਕਿਤੇ ਨਹੀਂ ਲਭਣਾ, ਸੰਬਲ ਮਿਲੇ ਧੁਰ ਦਾ ਮਾਹੀਆ । ਬਾਹਰੋਂ ਤੱਕਿਓ ਨਾ ਕਾਇਆ ਮਾਟੀ ਬਦਨਾ, ਅੰਦਰ ਬੈਠਾ ਧੁਰ ਦਾ ਮਾਹੀਆ । ਇਸੇ ਦਾ ਇਸ਼ਾਰਾ ਦਿਤਾ ਜਿਸ ਨੂੰ ਕਹਿੰਦੇ ਕਸਾਈ ਸਧਨਾ, ਛੁਰੀ ਸ਼ਰਅ ਵਾਲੀ ਸੁਟਾਈਆ । ਇਸੇ ਦੀ ਯਾਦ ਕੀਤੀ ਰਵੀਦਾਸ ਚਮਾਰਾ ਜੋ ਹੋਇਆ ਅਦਨਾ, ਆਅਲਾ ਇਕੋ ਇਕ ਵਖਾਈਆ । ਜਿਸ ਦਾ ਨੂਰ ਜ਼ਹੂਰ ਪ੍ਰਕਾਸ਼ ਦੀਪਕ ਜਗਣਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਉਸ ਸੁਆਮੀ ਦੀ ਇਕੋ ਸਰਨ ਲਗਣਾ, ਜਿਸ ਦੇ ਚਰਨ ਕਵਲ ਸਕੇ ਨਾ ਕੋਇ ਬਦਲਾਈਆ । ਜਿਸ ਦੀ ਇਕੋ ਮੰਜ਼ਲ ਇਕੋ ਹਦੂਦ ਇਕੋ ਪਦਨਾ, ਪਤਿਪਰਮੇਸ਼ਵਰ ਇਕ ਅਖਵਾਈਆ । ਜਿਹੜਾ ਵਸੇ ਮੰਡਲ ਮੰਡਪ ਉਪਰ ਗਗਨਾ, ਗਗਨ ਗਗਨੰਤਰਾਂ ਆਪਣਾ ਖੇਲ ਵਖਾਈਆ । ਉਸ ਦੇ ਪਿਆਰ ਵਿਚ ਹੋਣਾ ਮਘਨਾ, ਮਸਤੀ ਨਾਮ ਖ਼ੁਮਾਰੀ ਵਾਲੀ ਚੜ੍ਹਾਈਆ । ਜੋ ਬੁਝਾਵਣਹਾਰਾ ਕਲਜੁਗ ਅਗਨਾ, ਅਗਨੀ ਤਤ ਤਤ ਗਵਾਈਆ । ਜਿਸ ਦੇ ਕੋਲੋਂ ਸਭ ਨੇ ਮੰਗਣਾ, ਮਾਂਗਤ ਹੋ ਕੇ ਝੋਲੀ ਡਾਹੀਆ । ਉਹ ਚਾੜ੍ਹਨਹਾਰਾ ਆਦਿ ਜੁਗਾਦਿ ਰੰਗਣਾ, ਰੰਗਤ ਇਕੋ ਇਕ ਵਖਾਈਆ । ਜਿਸ

ਨੇ ਰਵੀਦਾਸ ਚਮਾਰਾ ਦਿਤਾ ਕੰਗਣਾ, ਆਪ ਆਪਣੀ ਗੰਢ ਪੁਆਈਆ । ਉਹ ਤੁਹਾਡਾ ਲੇਖਾ ਮੁਕਾਏ ਤਤ ਪੰਜਨਾ, ਪੰਚਮ ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਅਗੰਮ ਅਥਾਹ ਬੇਪਰਵਾਹੀ ਵਾਲਾ ਛੰਦਨਾ, ਦੂਸਰ ਅਵਰ ਨਾ ਕੋਇ ਪੜ੍ਹਾਈਆ ।

### ✪ ੨੭ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਜਬੱਦੀ ਲੁਧਿਆਣਾ ਸ਼ਹਿਰ ਲਾਲ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਮੇਰੇ ਉਤੇ ਲਾ ਸਤਿਜੁਗਾ, ਸਤਿ ਧਰਮ ਦੀ ਧਾਰ ਏਕੰਕਾਰ ਦੇ ਪਰਗਟਾਈਆ । ਇਕੋ ਨਾਮ ਨਿਧਾਨਾ ਸ੍ਰੀ ਭਗਵਾਨ ਦੋ ਜਹਾਨ ਕਰ ਉਘਾ, ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰਾ ਢੋਲਾ ਗਾਈਆ । ਤੇਰੇ ਨਾਮ ਦਾ ਲਏ ਕੋਈ ਨਾ ਭੁੱਗਾ, ਜਗਤ ਕ਼ੀਮਤ ਕੋਇ ਨਾ ਪਾਈਆ । ਮੈਂ ਦੁਹਾਈ ਦੇ ਕੇ ਕਹਾਂ ਬਸੁਧਾ, ਸਿਰ ਸਰ ਤੇਰੇ ਚਰਨ ਨਿਵਾਈਆ । ਇਕੋ ਨੂਰ ਜੋਤ ਪ੍ਰਕਾਸ਼ ਕਰ ਉਘਾ, ਅੰਧ ਅੰਧੇਰਾ ਦੇ ਮਿਟਾਈਆ । ਉਹ ਲਹਿਣਾ ਲੇਖਾ ਪੂਰਾ ਕਰ ਦੇ ਜੋ ਇਸ਼ਾਰਾ ਦੇ ਕੇ ਗਿਆ ਬੁੱਧਾ, ਮਹਾਤਮ ਤੇਰੀ ਧਾਰ ਦ੍ਰਿੜਾਈਆ । ਕਲਜੁਗ ਜੀਵ ਕੂੜੀ ਕਿਰਿਆ ਦੇ ਵਿਚ ਖੁੱਭਾ, ਬਾਹਰ ਸਕੇ ਨਾ ਕੋਇ ਕਢਾਈਆ । ਮੈਂ ਰੋਵਾਂ ਮਾਰ ਕੇ ਭੁੱਬਾ, ਹੌਕਿਆਂ ਵਿਚ ਸੁਣਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰੇ ਇਸ਼ਟ ਦਾ ਸਭ ਨੂੰ ਭੁਲ ਗਿਆ ਮੁੱਦਾ, ਮੁਦਤਾਂ ਦੇ ਮਾਲਕ ਹੋਣਾ ਆਪ ਸਹਾਈਆ । ਮੈਨੂੰ ਇਉਂ ਦਿਸਦਾ ਚਾਰ ਕੁੰਟ ਦਹਿ ਦਿਸ਼ਾ ਮੇਰੇ ਉਤੇ ਹੋਣ ਵਾਲਾ ਯੁੱਧਾ, ਝਗੜੇ ਵਿਚ ਖ਼ਲਕ ਖ਼ੁਦਾਈਆ । ਕੂੜ ਵਿਕਾਰ ਹੰਕਾਰ ਰਿਹਾ ਕੁੱਦਾ, ਕੁਦਰਤ ਦੇ ਮਾਲਕ ਵੇਖਣਾ ਥਾਉਂ ਥਾਈਆ । ਦੀਨਾਂ ਮਜ਼੍ਹਬਾਂ ਅੰਦਰ ਆਈ ਦੁਬਧਾ, ਸਚ ਮੁਹੱਬਤ ਵਿਚ ਨਾ ਕੋਇ ਸਮਾਈਆ । ਧਰਮ ਦੁਆਰ ਧਰਮ ਗਿਆ ਉਡਾ, ਨਵ ਸੱਤ ਰਹਿਣ ਕਿਛ ਨਾ ਪਾਈਆ । ਕਲਜੁਗ ਕੂੜ ਕੁੜਿਆਰ ਮੇਰੇ ਉਤੇ ਆਪਣਾ ਆਪ ਚੜ੍ਹਾਇਆ ਗੁੱਡਾ, ਗਾਡ ਤੇਰਾ ਭੇਵ ਸਕੇ ਨਾ ਕੋਇ ਸਮਝਾਈਆ । ਤੂੰ ਆਦਿ ਜੁਗਾਦਿ ਨੌਜਵਾਨ ਕਦੇ ਨਾ ਹੋਇਆ ਬੁੱਢਾ, ਬੁਢਾਪੇ ਵਿਚ ਕਦੇ ਨਾ ਆਈਆ । ਉਹ ਲੇਖਾ ਪੂਰਾ ਕਰ ਦੇ ਜੋ ਇਸ਼ਾਰਾ ਕੀਤਾ ਦੁਰਗਾ, ਅਸ਼ਟਭੁਜ ਭੁਜ ਜਣਾਈਆ । ਕੀ ਲਹਿਣਾ ਦੇਣਾ ਤੇਰੇ ਨਾਲ ਗੋਬਿੰਦ ਗੁਰ ਦਾ, ਗੁਰਦੇਵ ਸੁਆਮੀ ਦੇਣਾ ਸਮਝਾਈਆ । ਮੇਰਾ ਲੇਖਾ ਤਕ ਲੈ ਨੌ ਸੌ ਚੁਰਾਨਵੇ ਚੌਕੜੀ ਜੁਗ ਧੁਰ ਦਾ, ਧੁਰ ਮਾਲਕ ਪਰਦਾ ਰਿਹਾ ਉਠਾਈਆ । ਮਾਣ ਰਿਹਾ ਨਾ ਕਿਸੇ ਦੇਵਤ ਸੁਰ ਦਾ, ਗਣਪਤ ਗਣੇਸ਼ ਸੀਸ ਨਾ ਕੋਇ ਨਿਵਾਈਆ । ਅਠਸਠ ਤੀਰਥ ਵੇਖ ਲੈ ਰੁੜ੍ਹਦਾ, ਬੇੜਾ ਪਾਰ ਨਾ ਕੋਇ ਕਰਾਈਆ । ਮੰਦਰ ਮਸਜਿਦ ਸ਼ਿਵਦੁਆਲੇ ਮਠ ਗੁਰੂਦੁਆਰ ਮੰਜ਼ਲ ਕੋਇ ਨਾ ਚੜ੍ਹਦਾ, ਹਕ਼ੀਕ਼ਤ ਸੰਗ ਨਾ ਕੋਇ ਰਖਾਈਆ । ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਖੇਲ ਤਕਿਆ ਹੰਕਾਰ ਗੜ੍ਹ ਦਾ, ਹਉਮੇ ਹੰਗਤਾ ਵਿਚ ਲੋਕਾਈਆ । ਆਤਮ ਪਰਮਾਤਮ ਤੇਰਾ ਨਾਮ ਕੋਇ ਨਾ ਪੜ੍ਹਦਾ, ਤੂੰ ਮੇਰਾ ਮੈਂ ਤੇਰਾ ਢੋਲਾ ਕੋਇ ਨਾ ਗਾਈਆ । ਮਾਨਸ ਮਾਨਵ ਮਾਨੁਖ ਦੂਈ ਦੁਵੈਤੀ ਦੇ ਵਿਚ ਸੜਦਾ, ਅਗਨੀ ਤਤ ਨਾ ਕੋਇ ਬੁਝਾਈਆ । ਤੂੰ ਭੇਵ ਖੁਲ੍ਹਾ ਦੇ ਮਿਹਰਵਾਨਾ ਚੋਟੀ ਜੜ੍ਹ ਦਾ, ਚੇਤਨ ਪਰਦਾ ਆਪ ਉਠਾਈਆ । ਮੈਨੂੰ ਸਹਾਰਾ ਬਖ਼ਸ਼ ਦੇ ਸਤਿਗੁਰ ਸਾਚੇ ਲੜ ਦਾ, ਕੰਨੀ ਇਕੋ ਗੰਢ ਪੁਆਈਆ । ਕਲਜੁਗ ਕੂੜ ਕੁੜਿਆਰਾ ਅੰਤ ਮੇਰੇ ਉਤੇ ਜਾਵੇ ਤੈਥੋਂ ਡਰਦਾ, ਭੱਜੇ ਵਾਹੋ ਦਾਹੀਆ । ਰਸ


੬੭੮
੨੪

ਬਖ਼ਸ਼ ਦੇ ਅੰਮ੍ਰਿਤ ਸਰੋਵਰ ਸਰ ਦਾ, ਥਲ ਅਸਗਾਹਾਂ ਆਪਣਾ ਰੰਗ ਰੰਗਾਈਆ । ਤੇਰਾ ਰੂਪ ਅਨੂਪ ਨਿਰਗੁਣ ਧਾਰ ਨਰਾਇਣ ਨਰ ਦਾ, ਦੂਜਾ ਨਜ਼ਰ ਕੋਇ ਨਾ ਆਈਆ । ਤੂੰ ਮਾਲਕ ਖ਼ਾਲਕ ਠਾਕਰ ਮੇਰੇ ਘਰ ਦਾ, ਨੌ ਖੰਡ ਵੇਖ ਵਖਾਈਆ । ਸਾਚਾ ਮਾਰਗ ਦੱਸ ਦੇ ਨਿਰਗੁਣ ਧਾਰ ਆਪਣੇ ਦਰ ਦਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਧਰਨੀ ਕਹੇ ਹਰਿ ਭਗਤ ਸੁਹੇਲਾ ਤੇਰਾ ਭਾਣਾ ਹੋਵੇ ਜਰਦਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਤੂੰ ਮੇਰਾ ਮੈਂ ਤੇਰਾ ਖੇਲ ਹੋਵੇ ਕਰਦਾ, ਕ਼ੁਦਰਤ ਦੇ ਕ਼ਾਦਰ ਦੇਣੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੁਧ ਬਿਨ ਆਦਿ ਜੁਗਾਦਿ ਜੁਗ ਚੌਕੜੀ ਸਰਗੁਣ ਧਾਰ ਕੋਇ ਨਾ ਤਰਦਾ, ਤਾਰਨਹਾਰ ਏਕੰਕਾਰ ਨਿਰਾਕਾਰ ਨਿਰੰਕਾਰ ਤੇਰੇ ਹੱਥ ਵਡਿਆਈਆ ।


੯੭੯
੨੪

### ✪ ੨੭ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਲੁਧਿਆਣਾ ਸ਼ਹਿਰ ਜ਼ੈਲਦਾਰ ਸੁਰਜਨ ਸਿੰਘ ਦੇ ਗ੍ਰਿਹ ✪

ਨਾਰਦ ਕਹੇ ਧਰਨੀ ਧੁਰ ਦਾ ਪਤੀਆ ਆਇਓ ਰੀ । ਨਾਮ ਰਤੀਆ ਖੇਲ ਖਿਲਾਇਓ ਰੀ । ਧੁਰ ਦਾ ਸਤੀਆ ਸਤਿ ਵਰਤਾਇਓ ਰੀ । ਸ਼ਬਦੀ ਨਾਤਾ ਨਾਤਾ ਬਿਧਾਤਾ ਜੋੜ ਜੁੜਾਇਓ ਰੀ । ਤੇਰੀ ਅੰਤਮ ਪੁਛੇ ਵਾਤਾ, ਭੇਵ ਅਭੇਦਾ ਆਪ ਖੁਲ੍ਹਾਇਓ ਰੀ । ਤੇਰਾ ਲੇਖਾ ਜਾਣੇ ਚਾਰ ਜੁਗ ਦੀ ਮਾਤਾ, ਭੂਮੀਏ ਪਰਦਾ ਆਪ ਉਠਾਇਓ ਰੀ । ਤੇਰਾ ਵੇਖਣਹਾਰਾ ਖਾਤਾ, ਨਵਖੰਡ ਫੋਲ ਫੁਲਾਇਓ ਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਵੇਸ ਆਪ ਵਟਾਇਓ ਰੀ । ਸਾਚਾ ਵੇਸ ਵਟਾਇਆ ਹੂ, ਹਕੀਕ਼ਤ ਹਕ ਜਣਾਈਆ । ਤੇਰਾ ਲਹਿਣਾ ਦੇਣਾ ਵੇਖ ਵਖਾਇਆ ਹੂ, ਪਰਦਾ ਪਰਦਿਆਂ ਵਿਚੋਂ ਉਠਾਈਆ । ਸਚ ਸੰਦੇਸਾ ਇਕ ਜਣਾਇਆ ਹੂ, ਹੋਕਾ ਹਕ ਦਿਤਾ ਦ੍ਰਿੜਾਈਆ । ਧੁਰ ਦਾ ਕਲਮਾ ਨਾਮ ਪੜ੍ਹਾਇਆ ਹੂ, ਹਰਿ ਆਪਣਾ ਰੰਗ ਰੰਗਾਈਆ । ਸਚ ਪੱਲੂ ਆਪ ਫੜਾਇਆ ਹੂ, ਸੋਹਣੀ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਲੇਖਾ ਪੂਰ ਕਰਾਇਆ ਹੂ । ਧਰਨੀ ਕਹੇ ਨਾਰਦਾ ਮੇਰਾ ਪਤੀਆ ਅਗੰਮਾ ਆਇਓ ਰੇ । ਗੋਬਿੰਦ ਸਤੀਆ ਨਾਲ ਮਿਲਾਇਓ ਰੇ । ਮੇਰੀ ਅਗਨੀ ਤਤੀਆ ਆਪ ਬੁਝਾਇਓ ਰੇ । ਸਚ ਸੰਦੇਸਾ ਨਾਮ ਇਕ ਰਤੀਆ ਆਪ ਦ੍ਰਿੜਾਇਓ ਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਇਓ ਰੇ । ਭੇਵ ਖੁਲ੍ਹਾਵਣਹਾਰਾ ਆਪੂ, ਆਪਣੀ ਦਇਆ ਕਮਾਇੰਦਾ । ਖੇਲੇ ਖੇਲ ਲੋਕਮਾਤੂ, ਮਤਾ ਆਪਣੇ ਨਾਲ ਰਖਾਇੰਦਾ । ਬਾਤਨ ਸਦਾ ਕਰੇ ਬਾਤੂ, ਪੜਦਾ ਪੜਦਿਆਂ ਵਿਚੋਂ ਚੁਕਾਇੰਦਾ । ਵੇਖਣਹਾਰਾ ਰੈਣ ਅੰਧੇਰੀ ਰਾਤੂ, ਕਲਜੁਗ ਆਪਣਾ ਫੇਰਾ ਪਾਇੰਦਾ । ਜੋ ਸੰਦੇਸਾ ਦੇ ਕੇ ਗਿਆ ਗੋਬਿੰਦ ਦਾਤੂ, ਦਿਹੁਰੇ ਆਪਣਾ ਹੁਕਮ ਵਰਤਾਇੰਦਾ । ਉਸ ਦਾ ਲਹਿਣਾ ਦੇਣਾ ਪੂਰਾ ਕਰੇ ਜਿਸ ਨੂੰ ਸਭ ਨੇ ਮੰਨਣਾ ਧੁਰ ਦਾ ਬਾਪੂ, ਪਿਤਾ ਪੁਰਖ ਅਕਾਲ ਆਪਣਾ ਖੇਲ ਖਿਲਾਇੰਦਾ । ਸਭ ਦੀ ਪੁਛਣਹਾਰਾ ਬਾਤੂ, ਵਾਤਾਵਰਨ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਇੰਦਾ । ਨਾਰਦ ਕਹੇ ਧਰਨੀਏ ਚਾਵਨੀਆ ਕਾ ਚੋਲਾ ਮੂ ਰਾਮ ਜ਼ਮੂ ਮੀਨਾ ਸੀਨਾ

ਤਖ਼ਤੋਂ ਜੀ ਜਾਦੀ ਸ਼ਾਹੇ ਸ਼ਾਹ ਸ਼ਹੀਨਾ ਹੂ । ਆਬੇ ਜ਼ਾਦੀ ਸ਼ਬਦੇ ਨਾਦੀ ਗੋਬਿੰਦ ਧਾਰ ਰਹੀਨਾ ਹੂ । ਤਖ਼ਤੇ ਸੂਧਮ ਸ਼ਾਹੇ ਮੂਦਨ ਦੋ ਜਹਾਨਾਂ ਵਾਲੀ ਊ । ਨੀਮਾ ਜ਼ੀਨਾ ਪਾਨੋ ਵੀੜੀ ਕਸਤੇ ਮੂਜ਼ਾ ਮੇਰਾ ਸ਼ਾਹ ਸ਼ਵੀਨਾ ਊ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਰੰਗੀਨਾ ਊ । ਰੰਗ ਰੰਗੀਨਾ ਮਤੀਆ ਈ । ਸ਼ਾਹੋ ਭੂਪ ਸਤੀਆ ਈ । ਨੌਜੁਆਨਾ ਯਤੀਆ ਈ । ਮਰਦ ਮਰਦਾਨਾ ਫ਼ਤੀਆ ਈ । ਲੋਕਮਾਤ ਪ੍ਰਧਾਨਾ ਸੋਇਆ ਅਗੰਮੀ ਖਟੀਆ ਈ । ਸ਼ਾਹ ਸੁਲਤਾਨਾ ਪ੍ਰਕਾਸ਼ ਬਿਨ ਤੇਲ ਵਟੀਆ ਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮੀਤ ਨਤੀਆ ਈ । ਨਾਤਾ ਮੀਤਾ ਜ਼ੀਕੋ ਜ਼ਮਾ ਜੋਹੂ ਜ਼ਬਰਾ ਜ਼ਾਤੀ ਊ । ਖੇਲੇ ਸੀਨਾ ਬਿਨ ਮਾਟੀ ਚੀਨਾ ਜੋਬਨ ਜ਼ੀਨਾ ਰਤਨਾ ਊ । ਕਾਇਆ ਕਾਅਬਾ ਕ਼ੁਦਰਤ ਕ਼ਾਦਰ ਸ਼ਾਹੋ ਸ਼ਹੀਨਾ ਸਤਨਾ ਊ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਲਕ ਸਚ ਦੁਆਰੇ ਵਤਨਾ ਊ । ਧਰਨੀ ਕਹੇ ਨਾਰਦ ਮੋਕੋ ਕਾਂਕੀ ਜ਼ੀਨਾ ਬੂ ਤਾਨਾ ਮਿਸਤੇ ਆਨਾ ਊ । ਚਾਨਾ ਚੀਕਾ ਛੀਊ ਸੀਕਾ ਸਨੇ ਰੰਗ ਰੰਗਾਨਾ ਊ । ਕ਼ਾਜ਼ੀ ਉਲਵਾ ਜਨਮੇ ਜ਼ੀਵਾ ਸ਼ਾਹੋ ਭੂਪ ਸੁਲਤਾਨਾ ਊ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਦਿ ਜੁਗਾਦੀ ਇਕ ਭਗਵਾਨਾ ਊ ।



## ੨੭ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਲੁਧਿਆਣਾ ਸ਼ਹਿਰ ਨਿਰੰਜਣ ਸਿੰਘ ਦੇ ਗ੍ਰਿਹ

ਨਾਰਦ ਕਹੇ ਧਰਨੀਏ ਸਚ ਦੀ ਦੱਸ ਕਹਾਣੀ, ਕਹਾਵਤ ਜਗਤ ਨਾਲ ਨਾ ਕੋਇ ਮਿਲਾਈਆ । ਭੇਵ ਅਭੇਦਾ ਖੋਲ੍ਹ ਦੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਪੜਦਾ ਰਹੇ ਨਾ ਰਾਈਆ । ਸ਼ਬਦ ਸੁਣਾ ਦੇ ਬੋਧ ਅਗਾਧਾ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਢੋਲਾ ਗਾਈਆ । ਬੇਖ਼ਬਰੇ ਖ਼ਬਰ ਸੁਣਾ ਦੇ ਅਠਸਠ ਤੀਰਥ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨਾਲ ਮਿਲਾਈਆ । ਭੇਵ ਰਹੇ ਨਾ ਸਤਿਗੁਰ ਸ਼ਬਦ ਅਗੰਮੇ ਹਾਣੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਨਾਲ ਲੇਖਾ ਦੱਸ ਦੇ ਕੀ ਲਹਿਣਾ ਤੇਰਾ ਨਾਲ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਕੀ ਆਪਣਾ ਹੁਕਮ ਵਰਤਾਈਆ । ਕੀ ਆਸਾ ਤੇਰੀ ਨੌ ਸੌ ਚੁਰਾਨਵੇ ਚੌਕੜੀ ਜੁਗ ਦੀ ਪੁਰਾਣੀ, ਪੁਰਾਣ ਅਠਾਰਾਂ ਜਿਸ ਦਾ ਭੇਵ ਕੋਇ ਨਾ ਪਾਈਆ । ਤੂੰ ਕੋਝੀਏ ਕਮਲੀਏ ਬੋਲਣਾ ਬਿਨਾ ਜ਼ਬਾਨੀ, ਬਿਨ ਰਸਨਾ ਜਿਹਵਾ ਬੁੱਲ ਹਿਲਾਈਆ । ਧਰਨੀ ਕਹੇ ਨਾਰਦਾ ਮੇਰਾ ਲੇਖਾ ਤਕ ਲੈ ਨਾਲ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੁਲਤਾਨੀ, ਪੁਰਖ ਅਕਾਲੇ ਹੱਥ ਵਡਿਆਈਆ । ਜਿਸ ਦੀ ਅਵਤਾਰ ਪੈਗ਼ੰਬਰਾਂ ਗੁਰੂਆਂ ਦਿਤੀ ਨਿਸ਼ਾਨੀ, ਪੇਸ਼ੀਨਗੋਈਆਂ ਭਵਿਖਤਾਂ ਵਿਚ ਗਏ ਸੁਣਾਈਆ । ਉਹ ਜਲਵਾਗਰ ਇਕੋ ਨੂਰ ਨੁਰਾਨੀ, ਦੋ ਜਹਾਨਾਂ ਸੋਭਾ ਪਾਈਆ । ਜੋ ਕਲਜੁਗ ਅੰਤਮ ਤੇਰੇ ਉਤੇ ਕਰੇ ਮਿਹਰਵਾਨੀ, ਮਿਹਬਾਨ ਬੀਦੋ ਨੂਰ ਅਲਾਹੀਆ । ਜਿਸ ਦਾ ਤਤ ਨਹੀਂ ਜਿਸਮ ਜਿਸਮਾਨੀ, ਤਨ ਵਜੂਦ ਨਜ਼ਰ ਕੋਇ ਨਾ ਆਈਆ । ਜਿਸ ਦਾ ਲੇਖ ਲਿਖ ਸਕੇ ਕੋਇ ਨਾ ਕਾਨੀ, ਕਾਤਬਾਂ ਚਲੇ ਨਾ ਕੋਇ ਚਤੁਰਾਈਆ । ਉਹ ਮਾਲਕ ਖ਼ਾਲਕ ਦੋ ਜਹਾਨੀ, ਪਰਵਰਦਿਗਾਰ ਇਕ ਅਖਵਾਈਆ । ਜੋ ਲਹਿਣਾ ਦੇਣਾ ਵੇਖਣਹਾਰਾ ਜ਼ਿਮੀਂ ਅਸਮਾਨੀ,

ਮੰਡਲ ਮੰਡਪ ਖੋਜ ਖੁਜਾਈਆ । ਉਹ ਦਾਤਾ ਗੁਣੀ ਗਹੀਰ ਗੁਣ ਨਿਧਾਨੀ, ਗਹਿਰ ਗਵਰ ਇਕ ਅਖਵਾਈਆ । ਜਿਸ ਦੇ ਹੁਕਮ ਵਿਚ ਅਵਤਾਰ ਪੈਗ਼ੰਬਰਾਂ ਗੁਰੂਆਂ ਦਿਤੀ ਕ਼ੁਰਬਾਨੀ, ਕਾਇਆ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਨਾਰਦਾ ਮੇਰਾ ਮਾਲਕ ਇਕ ਮਹਿਬੂਬ, ਮਹਿਬਾਨ ਨੂਰ ਅਲਾਹੀਆ । ਜਿਸ ਦੀ ਸਮਝੇ ਨਾ ਕੋਇ ਹਦੂਦ, ਕੰਢੀ ਘਾਟ ਨਜ਼ਰ ਕੋਇ ਨਾ ਆਈਆ । ਉਹ ਵਸਣਹਾਰਾ ਹਰ ਘਟ ਮੌਜ਼ੂਦ, ਲੱਖ ਚੁਰਾਸੀ ਡੇਰਾ ਲਾਈਆ । ਉਸ ਦਾ ਚਾਰ ਜੁਗ ਦੇ ਸ਼ਾਸਤਰ ਦੇਣ ਸਬੂਤ, ਕਲਮੇ ਕਾਇਨਾਤ ਵਿਚ ਜਣਾਈਆ । ਉਹਦਾ ਬਿਨਾ ਤਤਾਂ ਤੋਂ ਲੇਖਾ ਨਾਲ ਜਗਤ ਕਲਬੂਤ, ਕਾਇਆ ਕਾਅਬੇ ਸੋਭਾ ਪਾਈਆ । ਜਿਸ ਦਾ ਹਿਸਾਬ ਕਿਤਾਬ ਅੰਜੀਲ ਕ਼ੁਰਾਨ ਤੁਰਾਇਤ ਤਬੂਤ, ਤੋਬਾ ਤੋਬਾ ਕਰਕੇ ਪੈਗ਼ੰਬਰ ਬੈਠੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਨਾਰਦਾ ਮੇਰਾ ਮਾਲਕ ਅਗੰਮ ਅਥਾਹ, ਦੋ ਜਹਾਨਾਂ ਮਾਲਕ ਇਕ ਅਖਵਾਈਆ । ਜੋ ਜੁਗ ਜੁਗ ਬਦਲਣਹਾਰਾ ਰਾਹ, ਰਹਿਬਰ ਬਣੇ ਨੂਰ ਅਲਾਹੀਆ । ਜਿਸ ਦੇ ਸੰਦੇਸੇ ਸੁਣਾਂ ਨਾਲ ਚਾਅ, ਸ਼ਬਦੀ ਸ਼ਬਦ ਸ਼ਨਵਾਈਆ । ਉਹ ਕਲਜੁਗ ਅੰਤ ਸ੍ਰੀ ਭਗਵੰਤ ਮੇਰਾ ਬਣੇ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਅਵਤਾਰ ਪੈਗ਼ੰਬਰ ਗੁਰੂ ਬਣਾਏ ਮਲਾਹ, ਸ਼ਹਾਦਤ ਸ਼ਬਦ ਸਤਿਗੁਰ ਸ਼ਬਦ ਭੁਗਤਾਈਆ । ਮੇਰੀ ਨੌ ਖੰਡ ਪ੍ਰਿਥਮੀ ਵੇਖੇ ਥਾਂ, ਸੱਤਾਂ ਦੀਪਾਂ ਖੋਜ ਖੁਜਾਈਆ । ਇਕ ਪਰਗਟਾਏ ਆਪਣਾ ਨਾਂ, ਨਾਉਂ ਨਿਰੰਕਾਰ ਇਕ ਸਮਝਾਈਆ । ਕਲਜੁਗ ਜੀਵ ਹੰਸ ਬੁੱਧੀ ਹੋਏ ਵੇਖੇ ਕਾਂ, ਕਾਗ ਵਾਂਗ ਕੁਰਲਾਈਆ । ਉਹ ਲਹਿਣਾ ਦੇਣਾ ਲੇਖਾ ਜਾਣੇ ਸੂਰ ਗਾਂ, ਪਸ਼ੂ ਪੰਛੀਆਂ ਫੋਲ ਫੁਲਾਈਆ । ਜਨ ਭਗਤਾਂ ਪਕੜੇ ਬਾਂਹ, ਫੜ ਬਾਹੋਂ ਗੋਦ ਟਿਕਾਈਆ । ਜਿਸ ਨੂੰ ਸਭ ਨੇ ਕਹਿਣਾ ਵਾਹ ਵਾਹ, ਵਾਹਵਾ ਵਹਿਗੁਰੂ ਤੇਰੀ ਬੇਪਰਵਾਹੀਆ । ਉਹ ਧਰਨੀਏ ਅੰਤ ਤੇਰੇ ਉਤੇ ਕਰੇ ਨਿਆਂ, ਅਦਾਲਤ ਹਕ ਹਕ ਕਮਾਈਆ । ਤੇਰਾ ਨਗਰ ਖੇੜਾ ਵੇਖੇ ਗਰਾਂ, ਧਰਨੀ ਧਰਤ ਧਵਲ ਧੌਲ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਂਈਆ । ਨਾਰਦ ਕਹੇ ਧਰਨੀ ਮੇਰਾ ਮਾਲਕ ਕੀ ਕੁਛ ਕਹਿੰਦਾ, ਜਿਸ ਦੀ ਸਾਰ ਕਿਛ ਨਾ ਆਈਆ । ਮੈਂ ਬਿਨਾ ਸੀਸ ਤੋਂ ਉਸ ਦੀ ਚਰਨੀ ਢਹਿੰਦਾ, ਬਿਨ ਚਰਨਾਂ ਸੀਸ ਟਿਕਾਈਆ । ਉਸ ਦੀ ਸਰਨ ਸਰਨਾਈ ਬਹਿੰਦਾ, ਦਰ ਸਾਚੇ ਸੋਭਾ ਪਾਈਆ । ਜਿਸ ਦਾ ਲੱਖ ਲੱਖ ਆਦਿ ਜੁਗਾਦਿ ਜੁਗ ਚੌਕੜੀ ਗਾਹ ਗਹਿੰਦਾ, ਬਚਿਆ ਰਹਿਣ ਕੋਇ ਨਾ ਪਾਈਆ । ਉਹ ਖੇਲ ਖੇਲਣ ਵਾਲਾ ਅੰਤਮ ਦਿਸ਼ਾ ਲਹਿੰਦਾ, ਆਸ਼ਾ ਮੁਹੰਮਦ ਆਪਣੇ ਨਾਲ ਮਿਲਾਈਆ । ਈਸਾ ਜਿਸ ਦਾ ਭਾਣਾ ਸਹਿੰਦਾ, ਲਹਿਣਾ ਸਲੀਵ ਵਾਲਾ ਵਖਾਈਆ । ਮੂਸਾ ਜਿਸ ਦੀ ਧਾਰ ਵਿਚ ਮੂੰਹ ਦੇ ਭਾਰ ਢਹਿੰਦਾ, ਕੋਹਤੂਰ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਨਾਰਦਾ ਮੇਰਾ ਸੁਆਮੀ ਅਗੰਮ ਅਗੰਮੜਾ, ਤਨ ਮਾਟੀ ਖ਼ਾਕ ਨਜ਼ਰ ਕੋਇ ਨਾ ਆਈਆ । ਜਿਸ ਦਾ ਨਾ ਤਨ ਵਜੂਦ ਮਾਟੀ ਚਮੜਾ, ਚੰਮ ਦ੍ਰਿਸ਼ਟੀ ਨਾ ਕੋਇ ਜਣਾਈਆ । ਨਾ ਧਨ ਦੌਲਤ ਕੋਲ ਰਖੇ ਦਮੜਾ, ਮਾਇਆ ਮਮਤਾ ਨਾ ਕੋਇ ਵਡਿਆਈਆ । ਜੋ ਏਕਾ ਏਕ ਸ਼ਬਦ ਸੰਦੇਸ਼ ਸੁਣੰਦੜਾ, ਜੁਗ ਜੁਗ ਨਿਰਗੁਣ ਸਰਗੁਣ ਕਰ ਪੜ੍ਹਾਈਆ । ਜੋ ਚਾਰ ਜੁਗਾਂ ਦੇ ਸ਼ਾਸਤਰ ਕ਼ਲਮ ਸ਼ਾਹੀ ਨਾਲ ਲਖੰਦੜਾ,

੬੮੧
੨੪

ਅੱਖਰ ਅੱਖਰਾਂ ਮੇਲਾ ਮੇਲੇ ਸਹਿਜ ਸੁਭਾਈਆ । ਉਹ ਅੰਤ ਕੰਤ ਭਗਵੰਤ ਮੇਰਾ ਹੋਣ ਨਾ ਦੇਵੇ ਭਾਗ ਮੰਦੜਾ, ਮੰਦ ਭਾਗਣ ਲਏ ਤਰਾਈਆ । ਉਹ ਲਹਿਣਾ ਦੇਣਾ ਜਾਣੇ ਕਲਜੁਗ ਜੀਵ ਅੰਧੜਾ, ਨਿਜ ਨੇਤਰ ਲੋਚਨ ਵੇਖਣਹਾਰਾ ਥਾਉਂ ਥਾਈਆ । ਜਿਸ ਦਾ ਇਕੋ ਸ਼ਬਦ ਅਨਾਦੀ ਛੰਦੜਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਉਹ ਜਨ ਭਗਤ ਸੁਹੇਲੇ ਚੁਕੇ ਆਪਣੇ ਕੰਧੜਾ, ਕਲਜੁਗ ਕੂੜੀ ਕਿਰਿਆ ਵਿਚੋਂ ਬਾਹਰ ਕਢਾਈਆ । ਆਦਿ ਜੁਗਾਦਿ ਜੁਗ ਚੌਕੜੀ ਸਚ ਹੁਕਮ ਦਾ ਹੋ ਪਾਬੰਦੜਾ, ਸਤਿ ਸਰੂਪ ਹੋ ਕੇ ਖੇਲ ਖਿਲਾਈਆ । ਦੀਨ ਦਿਆਲ ਬਣ ਬਖ਼ਸ਼ੰਦੜਾ, ਬਖ਼ਸ਼ਿਸ਼ ਰਹਿਮਤ ਆਪਣੇ ਹੱਥ ਰਖਾਈਆ । ਉਹ ਦੇਵਣਹਾਰਾ ਸਾਚਾ ਅਨੰਦੜਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਿਸ ਨੇ ਨਿਸ਼ਾਨ ਮਿਟਾਉਣਾ ਤਾਰਾ ਚੰਦਨਾ, ਸਦੀ ਚੌਧਵੀਂ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜ਼ਿੰਦਗੀ ਜ਼ਿੰਦਗਾਨੀ ਇਨਸਾਨੀ ਸਭ ਦੀ ਵੇਖ ਵਖਾਈਆ ।

### ✪ ੨੭ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਲੁਧਿਆਣਾ ਸ਼ਹਿਰ ਹਰਚਰਨ ਸਿੰਘ ਦੇ ਗ੍ਰਿਹ ਸਰਾਭਾ ਨਗਰ ✪

ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰ ਵੇਖੋ ਖੇਲ ਕਲਜੁਗ ਕਲ ਦਾ, ਕਾਇਨਾਤ ਕਲਮਿਆਂ ਬਾਹਰ ਧਿਆਨ ਲਗਾਈਆ । ਕੀ ਹੁਕਮ ਵਰਤੇ ਮਹੀਅਲ ਜਲ ਥਲ ਕਾ, ਸਮੁੰਦ ਸਾਗਰ ਕੀ ਵਡਿਆਈਆ । ਦੀਪ ਖੰਡ ਆਪਣਾ ਆਪਣਾ ਵੇਖੋ ਮਜ਼੍ਹਬਾਂ ਵਾਲਾ ਹਲਕਾ, ਜਗਤ ਹਦੂਦਾਂ ਧਿਆਨ ਲਗਾਈਆ । ਅਗੇ ਪਤਾ ਨਹੀਂ ਲਗਦਾ ਕੀ ਖੇਲ ਹੋਣਾ ਘੜੀ ਪਲ ਕਾ, ਪਲਕਾਂ ਦੇ ਪਿਛੇ ਬਹਿ ਕੇ ਕੀ ਆਪਣਾ ਹੁਕਮ ਵਰਤਾਈਆ । ਨਜ਼ਾਰਾ ਤਕੋ ਮਹੀਅਲ ਰੂਪ ਥਲ ਕਾ, ਅਸਗਾਹਾਂ ਖੋਜ ਖੁਜਾਈਆ । ਕੀ ਹੁਕਮ ਵਰਤੇ ਸਤਿਗੁਰ ਸ਼ਬਦ ਅਟਲ ਕਾ, ਨਾ ਕੋਈ ਮੇਟੇ ਮੇਟ ਮਿਟਾਈਆ । ਬਾਵਨਾ ਨਾਲੇ ਲੇਖਾ ਵੇਖ ਲੈ ਰਾਜੇ ਬਲ ਕਾ, ਬਲ ਆਪਣਾ ਆਪ ਪਰਗਟਾਈਆ । ਕੀ ਖੇਲ ਧਰਨੀ ਉਤੇ ਹੋਵੇ ਅਛਲ ਅਛੱਲ ਕਾ, ਧੀਰਜ ਧਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰ ਵੇਖੋ ਆਪਣੀਆਂ ਹਦੂਦਾਂ, ਜਗਤ ਹੱਦਾਂ ਦੀ ਲੋੜ ਰਹੇ ਨਾ ਰਾਈਆ । ਕੀ ਖੇਲ ਵਰਤੇ ਧਰਨੀ ਉਤੇ ਮੌਜੂਦਾ, ਮੌਜੂਦ ਹੋ ਕੇ ਧਿਆਨ ਲਗਾਈਆ । ਕਿਹੜੀ ਮੰਜ਼ਲ ਹਕ ਰਹੀ ਮਕ਼ਸੂਦਾ, ਕਵਣ ਮਹਲ ਅਟਲ ਮਿਲੇ ਵਡਿਆਈਆ । ਨਿਗਾਹ ਮਾਰ ਲਉ ਸਿੱਖ ਮੁਰੀਦਾਂ ਤਨ ਵਜੂਦਾਂ, ਕਾਇਆ ਮਾਟੀ ਕਾਚੇ ਭਾਂਡੇ ਫੋਲ ਫੁਲਾਈਆ । ਕਵਣ ਦੁਆਰੇ ਸੁਆਮੀ ਠਾਕਰ ਮਿਲੇ ਮਹਿਬੂਬਾ, ਮੁਹੱਬਤ ਵਿਚ ਮਹਿਵ ਆਪਣਾ ਰੰਗ ਰੰਗਾਈਆ । ਜਿਸ ਦਾ ਸਤਿਜੁਗ ਤਰੇਤਾ ਦੁਆਪਰ ਕਲਜੁਗ ਦੇ ਕੇ ਆਏ ਸਬੂਤਾ, ਸਤਿ ਸਤਿ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਅਵਤਾਰ ਪੈਗ਼ੰਬਰ ਗੁਰ ਆਪਣੀਆਂ ਪੁਰਾਣੀਆਂ ਕੱਢੋ ਕਾਪੀਆਂ, ਬਿਨ ਅੱਖਰਾਂ ਅੱਖਰ ਜਣਾਈਆ । ਜਿਸ ਵਿਚ ਸਤਿਗੁਰ ਸ਼ਬਦ ਸ਼ਬਦ ਦੀਆਂ ਪਾਤੀਆਂ, ਪਤ੍ਰਕਾ ਸਮਝ ਕੋਇ ਨਾ ਪਾਈਆ । ਨਾਲ ਇਸ਼ਾਰਾ ਦਿਤਾ ਕਲਜੁਗ ਅੰਧੇਰੀ ਰਾਤੀਆ, ਰੁਤੜੀ ਹਕ ਨਾ ਕੋਇ ਮਹਿਕਾਈਆ । ਨਾਲੇ ਸਤਿਗੁਰ ਸ਼ਬਦ ਦੀਆਂ ਸੁਣੋ ਬਾਤੀਆਂ,

ਕੀ ਬਾਤਨ ਭੇਵ ਖੁਲ੍ਹਾਈਆ । ਕਿਸ ਬਿਧ ਸਭ ਦੀਆਂ ਪੁਛੇ ਵਾਤੀਆਂ, ਵਾਤਾਵਰਨ ਤਕੇ ਖ਼ਲਕ ਖ਼ੁਦਾਈਆ । ਮਾਨਸ ਮਾਨਵ ਮਾਨੁਖ ਖੋਜੇ ਹਯਾਤੀਆਂ, ਜੀਵਨ ਜੀਵਨ ਵਿਚੋਂ ਫੋਲ ਫੁਲਾਈਆ । ਆਪਣੀਆਂ ਮੰਜ਼ਲਾਂ ਤਕੇ ਘਾਟੀਆਂ, ਹਦ ਹਦੂਦਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਦਿ ਜੁਗਾਦਿ ਸਗਲਾ ਸਾਥੀਆ, ਸਗਲਾ ਸੰਗੀ ਬਹੁਰੰਗੀ ਇਕ ਅਖਵਾਈਆ ।

## ੨੭ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਗੁੜੇ ਜ਼ਿਲਾ ਲੁਧਿਆਣਾ ਅਜੈਬ ਸਿੰਘ ਦੇ ਗ੍ਰਿਹ

ਨਾਰਦ ਕਹੇ ਅਵਤਾਰ ਪੈਗ਼ੰਬਰ ਵੇਖੋ ਧਰਤ ਧਵਲ ਧੌਲ ਦੀ ਧਾਰ, ਧਰਮ ਦੁਆਰਿਉਂ ਧਿਆਨ ਲਗਾਈਆ । ਜੀਵਾਂ ਜੰਤਾਂ ਪਾਵੇ ਸਾਰ, ਸਾਧਾਂ ਸੰਤਾਂ ਵੇਖ ਵਖਾਈਆ । ਕਿਉਂ ਕਾਇਆ ਮੰਦਰ ਅੰਦਰ ਹੋਇਆ ਵਿਭਚਾਰ, ਕੂੜੀ ਕਿਰਿਆ ਨਾਲ ਹਲਕਾਈਆ । ਮਨੂਆ ਮਨ ਨਵ ਨਵ ਚਾਰ ਰਿਹਾ ਝਖ ਮਾਰ, ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਝਟ ਧਰਨੀ ਕਹੇ ਨਾਰਦਾ ਅਵਤਾਰ ਪੈਗ਼ਬਰਾਂ ਗੁਰੂਆਂ ਦੇ ਦੱਸ, ਦਸਤਗੀਰ ਨਾਲ ਮਿਲਾਈਆ । ਮੇਰੇ ਰਿਹਾ
੯੮੩ ਕਿਛ ਨਾ ਵਸ, ਵਾਸਤਾ ਸਭ ਦੇ ਅਗੇ ਪਾਈਆ । ਹਰ ਹਿਰਦੇ ਅੰਦਰੋਂ ਸਾਚੇ ਨਾਮ ਦਾ ਗਿਆ ਰਸ, ਰਸਨਾ ਕੂੜ ਹੋਈ ਹਲਕਾਈਆ । ਕੋਈ ੯੮੩
੨੪ ਮੇਟ ਸਕੇ ਨਾ ਰੈਣ ਅੰਧੇਰੀ ਮਸ, ਨੂਰੀ ਚੰਦ ਨਾ ਕੋਇ ਚਮਕਾਈਆ । ਆਤਮ ਪਰਮਾਤਮ ਗਾਏ ਕੋਈ ਨਾ ਜਸ, ਸਿਫ਼ਤਾਂ ਦੀ ਭਰੀ ਜਗਤ ਲੋਕਾਈਆ । ੨੪
ਬਿਨਾ ਕ਼ਦਮਾਂ ਜਾਣਾ ਨੱਸ, ਭੱਜਣਾ ਵਾਹੋ ਦਾਹੀਆ । ਝਟ ਨਾਰਦ ਨੇ ਧੋਤੀ ਲਈ ਕਸ, ਬੋਦੀ ਸਿਰ ਉਤੇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਧਰਨੀਏ ਮੈਂ ਸੋ ਪੁਰਖ ਨਿਰੰਜਣ ਆਪ ਜਣਾਉਂਦਾ ਹਾਂ । ਹਰਿ ਪੁਰਖ ਨਿਰੰਜਣ ਭੇਵ ਖੁਲ੍ਹਾਉਂਦਾ ਹਾਂ । ਏਕੰਕਾਰੇ ਪਰਦਾ ਲਾਹੁੰਦਾ ਹਾਂ । ਆਦਿ ਨਿਰੰਜਣ ਨੂਰ ਵੇਖ ਵਖਾਉਂਦਾ ਹਾਂ । ਸ੍ਰੀ ਭਗਵਾਨ ਸੰਗ ਨਿਭਾਉਂਦਾ ਹਾਂ । ਅਬਿਨਾਸ਼ੀ ਕਰਤਾ ਆਪਣੀ ਵੰਡ ਵੰਡਾਉਂਦਾ ਹਾਂ । ਪਾਰਬ੍ਰਹਮ ਮੇਲ ਮਿਲਾਉਂਦਾ ਹਾਂ । ਸਤਿਗੁਰ ਸ਼ਬਦ ਸ਼ਬਦ ਉਠਾਉਂਦਾ ਹਾਂ । ਕਲਜੁਗ ਅੰਤਮ ਵੇਲਾ ਵਕ਼ਤ ਸਮਝਾਉਂਦਾ ਹਾਂ । ਨਿਰਗੁਣ ਧਾਰ ਤਕ ਲੈ ਆਪਣੀ ਸ਼ਕਤ, ਸ਼ਕਤੀਸ਼ਾਲੀ ਤੇਰੇ ਅਗੇ ਵਾਸਤਾ ਪਾਉਂਦਾ ਹਾਂ । ਸਦੀ ਚੌਧਵੀਂ ਅੰਤ ਅਖ਼ੀਰ ਤਕ ਲੈ ਵਕ਼ਤ, ਬੇਨਜ਼ੀਰ ਆਪ ਦ੍ਰਿੜਾਉਂਦਾ ਹਾਂ । ਬਿਨ ਤੇਰੀ ਕਿਰਪਾ ਕੋਈ ਬਣੇ ਨਾ ਭਗਤ, ਖੇੜਾ ਸਭ ਦਾ ਭਠ ਵਖਾਉਂਦਾ ਹਾਂ । ਚਾਰ ਜੁਗ ਦਾ ਵਾਅਦਾ ਆਪਣੀ ਪੂਰਬ ਤਕ ਲੈ ਸ਼ਰਤ, ਸ਼ਰੀਅਤ ਦੇ ਮਾਲਕ ਤੈਨੂੰ ਸੁਣਾਉਂਦਾ ਹਾਂ । ਜੋਤੀ ਜਾਤੇ ਆ ਜਾ ਪਰਤ, ਪਤਿਪਰਮੇਸ਼ਵਰ ਵਾਸਤਾ ਪਾਉਂਦਾ ਹਾਂ । ਭਾਗ ਲਗਾ ਦੇ ਉਤੇ ਧਰਤ, ਧਰਨੀ ਧਵਲ ਧੌਲ ਤੇਰੇ ਚਰਨ ਟਿਕਾਉਂਦਾ ਹਾਂ । ਸ਼ਰਅ ਛੁਰੀ ਕ਼ਾਤਲ ਮਕ਼ਤੂਲ ਮੇਟ ਦੇ ਕਰਦ, ਕ਼ਤਲਗਾਹ ਦਾ ਪੰਧ ਮੁਕਾਉਂਦਾ ਹਾਂ । ਅੰਤ ਕੰਤ ਭਗਵੰਤ ਦੀਨਾਂ ਦੁਖੀਆਂ ਵੰਡ ਦਰਦ, ਦੁਖ ਭੰਜਨ ਤੇਰੀ ਸਰਨ ਤਕਾਉਂਦਾ ਹਾਂ । ਮੇਰੀ ਇਕੋ ਇਕ ਅਰਜ਼, ਆਰਜ਼ੂ ਤੇਰੇ ਅਗੇ ਟਿਕਾਉਂਦਾ ਹਾਂ । ਤੇਰਾ ਖੇਲ ਤਕਾਂ ਅਸਚਰਜ, ਅਚਰਜ ਤੇਰਾ ਰੂਪ ਵਖਾਉਂਦਾ

ਹਾਂ । ਤੂੰ ਯੋਧਾ ਸੂਰਬੀਰ ਮਰਦਾਨਾ ਇਕ ਮਰਦ, ਮਦਦ ਤੇਰੀ ਇਕ ਰਖਾਉਂਦਾ ਹਾਂ । ਕਲਜੁਗ ਕੂੜ ਅੰਧੇਰਾ ਮੇਟ ਦੇ ਗਰਦ, ਸਚ ਨੂਰ ਨੂਰ ਰੁਸ਼ਨਾਉਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮੇਰਾ ਹੋਣ ਨਾ ਦੇਵੀਂ ਹਰਜ, ਹਰਜਾਨੇ ਤੇਰੇ ਕ਼ਦਮ ਟਿਕਾਉਂਦਾ ਹਾਂ ।

### ✪ ੨੭ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਮਸਤਾਕ ਗੰਜ ਜ਼ਿਲਾ ਲੁਧਿਆਣਾ ਸਰਦਾਰ ਸਿੰਘ ਦੇ ਗ੍ਰਿਹਿ ✪

ਨਾਰਦ ਕਹੇ ਧਰਨੀਏ ਪ੍ਰਭੂ ਅਗੇ ਪਾ ਲੈ ਵਾਸਤਾ, ਧੁਰ ਦਾ ਵਸਲ ਮੰਗ ਮੰਗਾਈਆ । ਸਚ ਧਰਮ ਦਾ ਮੰਗ ਲੈ ਰਾਸਤਾ, ਰਹਿਬਰ ਹੋ ਕੇ ਦਏ ਵਖਾਈਆ । ਹੁਣ ਆ ਗਿਆ ਖ਼ੁਦਾ ਨਖ਼੍ਵਾਸਤਾ, ਖ਼ੁਦ ਆਪਣਾ ਫੇਰਾ ਪਾਈਆ । ਜਿਸ ਦਾ ਖੇਲ ਜੁਗ ਚੌਕੜੀ ਆਹਿਸਤਾ ਆਹਿਸਤਾ, ਜੁਗ ਚੌਕੜੀ ਫੇਰਾ ਪਾਈਆ । ਅਗੇ ਖੇਲ ਕਰਦਾ ਰਿਹਾ ਅਵਤਾਰ ਪੈਗ਼ੰਬਰਾਂ ਗੁਰੂਆਂ ਵਾਲੇ ਬਰਾਸਤਾ, ਸ਼ਬਦੀ ਸ਼ਬਦੀ ਡੰਕ ਸੁਣਾਈਆ । ਹੁਣ ਰੂਪ ਧਰਿਆ ਪੁਰਖ ਅਕਾਲੇ ਆਪਣਾ ਅਬਿਨਾਸ਼ ਦਾ, ਜਲਵਾਗਰ ਨੂਰ ਅਲਾਹੀਆ । ਉਹ ਮਾਲਕ ਖ਼ਾਲਕ ਸਰਬ ਗੁਣਤਾਸ ਦਾ, ਗੁਣਵੰਤਾ ਇਕ ਅਖਵਾਈਆ । ਜਿਸ ਕੋਲ ਲਹਿਣਾ ਦੇਣਾ ਪ੍ਰਿਥਮੀ ਆਕਾਸ਼ ਦਾ, ਧਰਨੀਏ ਤੇਰਾ ਦੁਖ ਵੰਡਾਈਆ । ਉਸ ਦਾ ਖੇਲ ਤਕ ਲੈ ਆਪਣੀ ਅਗੰਮੀ ਰਾਸ ਦਾ, ਬਿਨ ਗੋਪੀ ਕਾਹਨ ਨਾਚ ਨਚਾਈਆ । ਜਲਵਾ ਤਕ ਲੈ ਜਲਵਾਗਰ ਪ੍ਰਕਾਸ਼ ਦਾ, ਜੋਤੀ ਜਾਤਾ ਡਗਮਗਾਈਆ । ਹੁਣ ਵਕ਼ਤ ਸੁਹੇਲਾ ਤੇਰੇ ਵਿਸ਼ਵਾਸ਼ ਦਾ, ਵਿਸ਼ਿਆਂ ਦੇ ਬਾਹਰ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਨਾਰਦਾ ਮੈਂ ਮੰਗਣਹਾਰੀ ਮੰਗਤੀ, ਜੁਗ ਜੁਗ ਝੋਲੀ ਡਾਹੀਆ । ਮੈਨੂੰ ਇਕੋ ਦੇ ਦੇ ਆਪਣੇ ਨਾਮ ਦੀ ਪੰਗਤੀ, ਬਹੁਤੀ ਲੋੜ ਰਹੇ ਨਾ ਰਾਈਆ । ਪਿਆਰ ਬਖ਼ਸ਼ ਦੇ ਮਾਨਵ ਜ਼ਾਤੀ ਸੰਗਤੀ, ਦੀਨਾਂ ਮਜ਼੍ਹਬਾਂ ਡੇਰਾ ਢਾਹੀਆ । ਖੇਲ ਸਮਝਾ ਦੇ ਕਾਇਆ ਪੰਜ ਤਤ ਤਨ ਦੀ, ਤਤਵ ਤਤ ਤਤ ਦ੍ਰਿੜਾਈਆ । ਤ੍ਰਿਸ਼ਨਾ ਕੂੜੀ ਮੇਟ ਦੇ ਮਨ ਦੀ, ਮਨਸਾ ਮੋਹ ਨਾ ਕੋਇ ਹਲਕਾਈਆ । ਚੁਗਲੀ ਮੇਟ ਦੇ ਸਰਵਣ ਕੰਨ ਦੀ, ਜਗਤ ਕਰੇ ਨਾ ਕੋਇ ਸ਼ਨਵਾਈਆ । ਤ੍ਰਿਸ਼ਨਾ ਰਹੇ ਨਾ ਭੁਖ ਅੰਨ ਦੀ, ਤ੍ਰਿਪਤ ਤ੍ਰਿਪਤ ਤ੍ਰਿਪਤ ਕਰਾਈਆ । ਵਡਿਆਈ ਬਣਾ ਦੇ ਆਪਣੇ ਜਨ ਦੀ, ਆਪ ਬਣੇਂ ਜਣੇਂਦੀ ਮਾਈਆ । ਖੇਲ ਵਖਾ ਦੇ ਛੱਪਰ ਛੰਨ ਦੀ, ਮਹਲ ਅਟਲ ਨਾ ਕੋਇ ਚਤੁਰਾਈਆ । ਮੇਰੇ ਉਤੇ ਧਾਰ ਪ੍ਰਗਟਾ ਦੇ ਗੋਬਿੰਦ ਧੁਰ ਦੇ ਚੰਨ ਦੀ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਨਵ ਸੱਤ ਆਵਾਜ਼ ਆਵੇ ਧੰਨ ਧੰਨ ਦੀ, ਤੂੰ ਹੀ ਤੂੰ ਹੀ ਸਾਰੇ ਰਾਗ ਅਲਾਈਆ । ਕਿਸੇ ਨੂੰ ਭੁਲ ਨਾ ਰਹੇ ਬ੍ਰਹਮ ਦੀ, ਪਾਰਬ੍ਰਹਮ ਦਏ ਸਮਝਾਈਆ । ਖੇਲ ਖਲਾਏ ਆਪਣੇ ਕਰਮ ਦੀ, ਕਰਮ ਕਾਂਡ ਦਾ ਡੇਰਾ ਢਾਹੀਆ । ਦੀਨ ਦੁਨੀ ਦੀ ਦ੍ਰਿਸ਼ਟੀ ਬਦਲੇ ਚਰਮ ਦੀ, ਚੰਮ ਦ੍ਰਿਸ਼ਟੀ ਰਹੇ ਨਾ ਰਾਈਆ । ਖੇਲ ਮੁਕਾਏ ਜ਼ਾਤ ਪਾਤ ਵਰਨ ਦੀ, ਬਰਨਾਂ ਡੇਰਾ ਢਾਹੀਆ । ਇਕੋ ਓਟ ਬਖਸ਼ੇ ਪੁਰਖ ਅਕਾਲਾ ਆਪਣੇ ਸਰਨ ਦੀ, ਸਰਨਗਤ ਇਕ ਅਖਵਾਈਆ । ਆਪਣਾ ਮਾਰਗ ਦੱਸੇ ਮੰਜ਼ਲ ਚੜ੍ਹਨ ਦੀ, ਬਿਨ ਪੌੜੀ ਡੰਡੇ ਆਪ ਚੜ੍ਹਾਈਆ । ਇਕੋ ਸ਼ਬਦੀ ਤੁਕ ਦੱਸੇ ਅਗੰਮੀ ਪੜ੍ਹਨ ਦੀ, ਬਹੁਤੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਂਈਆ । ਨਾਰਦ ਕਹੇ ਧਰਨੀਏ ਮੇਰਾ ਮਾਲਕ ਅੱਲ ਅਜ਼ਹੂ ਜ਼ਮਾ ਨੂਜ਼ੇ ਰਵਾ ਅਰਸ਼ੇ ਫ਼ਿਜ਼ਾ ਕੂਨੀ ਜ਼ਾਕਮੂ ਦੁਵਿਸਤੇ ਦਊ ਜਾਮਉਲ ਕੁਜ਼ਲ ਜ਼ਾਕਮੰਬਾਏ ਆਵੀਜ਼ੋ ਨੂਰੇ ਨਿਜ਼ਾ ਅਰਸ਼ੇ ਖ਼ੁਦਾ ਖ਼ੁਦ ਮਾਲਕ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੇ ਅਗੇ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਬਿਨ ਹੱਥਾਂ ਦਸਤਾਂ ਅਗੰਮ ਦੁਆ, ਦੋ ਜਹਾਨਾਂ ਮਾਲਕ ਖ਼ਾਲਕ ਏਕੰਕਾਰ ਪਰਵਰਦਿਗਾਰ ਸਾਂਝਾ ਯਾਰ ਇਕ ਅਖਵਾਈਆ ।

### ੨੮ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਲੁਧਿਆਣਾ ਸ਼ਹਿਰ ਸਵਿਤ੍ਰੀ ਦੇਵੀ ਦੇ ਗ੍ਰਿਹਿ

ਸਤਿਗੁਰ ਸ਼ਬਦ ਦਰਦ ਦੁਖ ਭੈ ਭੰਜਣ, ਭਵ ਸਾਗਰ ਪਾਰ ਕਰਾਇੰਦਾ । ਨਾਮ ਨਿਧਾਨਾ ਨੇਤਰ ਪਾਵੇ ਅੰਜਣ, ਅੰਧ ਅਗਿਆਨ ਮਿਟਾਇੰਦਾ । ਆਤਮ ਧਾਰ ਬਣੇ ਸਾਚਾ ਸੱਜਣ, ਪਰਮਾਤਮ ਆਪਣਾ ਜੋੜ ਜੁੜਾਇੰਦਾ । ਭਾਗ ਲਗਾਏ ਕਾਇਆ ਮਾਟੀ ਬਦਨ, ਸਾਢੇ ਤਿੰਨ ਹੱਥ ਸੋਭਾ ਪਾਇੰਦਾ । ਹਰਿਜਨ ਗੁਰਮੁਖ ਹੀਰੇ ਬਣਾਏ ਚੰਦਨ, ਨਾਮ ਸੁਗੰਧੀ ਵਿਚ ਮਹਿਕਾਇੰਦਾ । ਨਿਜਾਨੰਦ ਦੇਵੇ ਆਪਣਾ ਸਚ ਅਨੰਦਨ, ਅਨੰਦ ਅਨੰਦ ਵਿਚੋਂ ਵਖਾਇੰਦਾ । ਆਦਿ ਜੁਗਾਦਿ ਜਨ ਭਗਤਾਂ ਟੁੱਟੀ ਆਏ ਗੰਢਣ, ਸੁਰਤੀ ਸ਼ਬਦੀ ਜੋੜ ਜੁੜਾਇੰਦਾ । ਕੂੜ ਵਿਕਾਰਾ ਆਏ ਖੰਡਣ, ਖੰਡਾ ਖੜਗ ਨਾਮ ਚਮਕਾਇੰਦਾ । ਸਾਚੀ ਵਸਤ ਆਏ ਵੰਡਣ, ਨਾਮ ਨਿਧਾਨਾ ਝੋਲੀ ਪਾਇੰਦਾ । ਪੰਧ ਮੁਕਾਏ ਦੋ ਜਹਾਨ ਬ੍ਰਹਿਮੰਡਣ, ਆਵਣ ਜਾਵਣ ਫੰਦ ਕਟਾਇੰਦਾ । ਦੀਨ ਦਿਆਲ ਬਣੇ ਬਖ਼ਸ਼ੰਦਨ, ਬਖ਼ਸ਼ਿਸ਼ ਰਹਮਿਤ ਆਪਣੇ ਹੱਥ ਰਖਾਇੰਦਾ । ਗ਼ਰੀਬ ਨਿਮਾਣਿਆਂ ਚੁੱਕੇ ਆਪਣੇ ਕੰਧਨ, ਦਰਗਾਹ ਸਾਚੀ ਸਚ ਬਹਾਇੰਦਾ । ਤੂੰ ਮੇਰਾ ਮੈਂ ਤੇਰਾ ਦੱਸੇ ਛੰਦਨ, ਸੋਹੰ ਢੋਲਾ ਅਗੰਮ ਪੜ੍ਹਾਇੰਦਾ । ਇਕੋ ਡੰਡਾਵਤ ਹੋਵੇ ਬੰਦਨ, ਇਸ਼ਟ ਦੇਵ ਇਕ ਵਖਾਇੰਦਾ । ਲਹਿਣਾ ਦੇਣਾ ਮੁਕਾਏ ਵਿਚ ਵਰਭੰਡਣ, ਭੰਡੀ ਜਗਤ ਨਾ ਕੋਇ ਜਣਾਇੰਦਾ । ਦੇਵੇ ਪ੍ਰਕਾਸ਼ ਬਿਨਾ ਸੂਰੀਆ ਚੰਦਨ, ਚੰਦ ਚਾਂਦਨਾ ਨੂਰ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਇੰਦਾ । ਸਤਿਗੁਰ ਸ਼ਬਦ ਸਦਾ ਸਦਾ ਕਿਰਪਾਲੂ, ਕਿਰਪਾ ਨਿਧ ਅਖਵਾਈਆ । ਆਦਿ ਜੁਗਾਦਿ ਦਿਆਲੂ, ਦਇਆ ਨਿਧ ਧੁਰਦਰਗਾਹੀਆ । ਜਨ ਭਗਤਾਂ ਸੁਰਤ ਸੰਭਾਲੂ, ਸਿਰ ਸਿਰ ਆਪਣਾ ਹੱਥ ਟਿਕਾਈਆ । ਦੇਵੇ ਨਾਮ ਸਚਾ ਧਨ ਮਾਲੂ, ਵਸਤ ਅਮੋਲਕ ਇਕ ਵਰਤਾਈਆ । ਜਿਸ ਲੇਖ ਬਣਾਇਆ ਨਾਨਕ ਧਾਰ ਤਤਾਂ ਵਾਲੇ ਕਾਲੂ, ਪਿਤਾ ਪੂਤ ਖ਼ੁਸ਼ੀ ਬਣਾਈਆ । ਸੋ ਸੁਹਾਵਣਹਾਰਾ ਸਚ ਦੁਆਰ ਸਚੀ ਧਰਮਸਾਲੂ, ਸਚਖੰਡ ਇਕ ਵਡਿਆਈਆ । ਜੋ ਜਨ ਭਗਤਾਂ ਬਣਿਆ ਰਹੇ ਸਦਾ ਪਾਲੂ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਜਿਸ ਦੀ ਘਾਲ ਆਦਿ ਜੁਗਾਦਿ ਗੁਰ ਅਵਤਾਰ ਪੈਗ਼ੰਬਰ ਘਾਲੂ, ਘਾਇਲ ਹੋ ਕੇ ਦੇਣਾ ਵਖਾਈਆ । ਉਹ ਫਲ ਲਗਾਵਣਹਾਰਾ ਭਗਤਾਂ ਡਾਲੂ, ਪੱਤ ਟਹਿਣੀ ਆਪ ਮਹਿਕਾਈਆ । ਜਿਸ ਦਾ ਧਰਮ ਧਰਮ ਦਾ ਖੇਲ ਹੋਣਾ ਚਾਲੂ, ਚਾਲ ਨਿਰਾਲੀ ਇਕ ਰਖਾਈਆ । ਕਲਜੁਗ ਕੂੜੀ ਕਿਰਿਆ ਮੇਟੇ ਜਾਹਲੂ, ਜੰਜਾਲਾ ਰਹਿਣ ਕੋਇ ਨਾ ਪਾਈਆ । ਸੋ ਸ੍ਰੀ ਭਗਵਾਨਾ ਨੌਜਵਾਨਾ ਇਕੋ ਇਕ ਸ਼ਾਹਲੂ,

ਸ਼ਹਿਨਸ਼ਾਹ ਇਕ ਅਖਵਾਈਆ । ਜੋ ਭਗਤਨ ਮੀਤ ਬਣੇ ਕਿਰਪਾਲੂ, ਕਿਰਪਾ ਨਿਧ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸ਼ਬਦ ਆਦਿ ਜੁਗਾਦਿ ਬਣਾਏ ਦਿਆਲੂ, ਵਿਚੋਲਾ ਇਕੋ ਇਕ ਨਜ਼ਰੀ ਆਈਆ ।

## ✪ ੨੮ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਲੁਧਿਆਣਾ ਸ਼ਹਿਰ ਚੰਦਾ ਸਿੰਘ ਕਾਲੋਨੀ ਮਲਕੀਅਤ ਸਿੰਘ ਦੇ ਗ੍ਰਿਹ ✪

ਸਤਿਗੁਰ ਸ਼ਬਦ ਆਦਿ ਜੁਗਾਦੀ ਪੂਰਾ, ਪੂਰਨ ਧਾਰ ਇਕ ਅਖਵਾਈਆ । ਏਥੇ ਓਥੇ ਦੋ ਜਹਾਨ ਸੂਰਾ, ਸੂਰਬੀਰ ਵਡ ਵਡਿਆਈਆ । ਨਿਤ ਨਵਿਤ ਹਾਜ਼ਰ ਹਜ਼ੂਰਾ, ਸਨਮੁਖ ਹੋ ਕੇ ਸੋਭਾ ਪਾਈਆ । ਸੁਣਾਉਣਹਾਰ ਅਗੰਮੀ ਤੂਰਾ, ਅਵਤਾਰ ਪੈਗ਼ੰਬਰਾਂ ਗੁਰੂਆਂ ਕਰੇ ਪੜ੍ਹਾਈਆ । ਬਖ਼ਸ਼ਣਹਾਰਾ ਸਾਚਾ ਨੂਰਾ, ਅੰਧ ਅਗਿਆਨ ਜਗਤ ਮਿਟਾਈਆ । ਦੇਵਣਹਾਰਾ ਹਕ ਸਰੂਰਾ, ਸੁਰਤੀ ਸ਼ਬਦ ਨਾਲ ਮਿਲਾਈਆ । ਜਨ ਭਗਤਾਂ ਜਨਮ ਰਹਿਣ ਨਾ ਦਏ ਅਧੂਰਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਆਪੇ ਬਣ ਸਰਬ ਕਲਾ ਭਰਪੂਰਾ, ਸਮਰਥ ਆਪਣਾ ਖੇਲ ਖਿਲਾਈਆ । ਆਦਿ ਜੁਗਾਦਿ ਧੁਰ ਦਾ ਨਾਮ ਕਰੇ ਮਸ਼ਹੂਰਾ, ਕਲਮੇ ਕਾਇਨਾਤ ਦ੍ਰਿੜਾਈਆ । ਅਵਤਾਰ ਪੈਗ਼ੰਬਰ ਗੁਰ ਜਿਸ ਦੇ ਮਜ਼ਦੂਰਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਸਦਾ ਸਦਾ ਨਿਹਕਰਮੀ, ਕਰਮ ਕਾਂਡ ਵਿਚ ਨਾ ਆਈਆ । ਦੋ ਜਹਾਨਾਂ ਸਾਚਾ ਧਰਮੀ, ਧਰਮ ਦੀ ਧਾਰ ਇਕ ਸਮਝਾਈਆ । ਲੇਖਾ ਜਾਣੇ ਵਿਸ਼ਨ ਬ੍ਰਹਮਾ ਸ਼ਿਵ ਬ੍ਰਹਮੀ, ਪਾਰਬ੍ਰਹਮ ਆਪਣਾ ਹੁਕਮ ਵਰਤਾਈਆ । ਜਿਸ ਦੀ ਆਦਿ ਜੁਗਾਦਿ ਸਾਰੇ ਲਗਦੇ ਸਰਨੀ, ਸੀਸ ਸਕੇ ਨਾ ਕੋਇ ਉਠਾਈਆ । ਉਹ ਮਾਲਕ ਕਰਨਾ ਕਰਨੀ, ਕੁਦਰਤ ਦਾ ਰੂਪ ਦਰਸਾਈਆ । ਜਿਸ ਖੇਲ ਮੇਟਣੀ ਵਰਨੀ ਬਰਨੀ, ਝਗੜਾ ਮੁਕਾਏ ਖ਼ਲਕ ਖ਼ੁਦਾਈਆ । ਜਿਸ ਦੀ ਇਕੋ ਤੁਕ ਸਭ ਨੇ ਪੜ੍ਹਨੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਜਿਸ ਦੀ ਮੰਜ਼ਲ ਹਕੀਕੀ ਸਭ ਨੇ ਚੜ੍ਹਨੀ, ਦਰਗਾਹ ਸਚ ਸਚ ਸੁਹਾਈਆ । ਸੋ ਹਰਿ ਭਗਤ ਸੁਹੇਲੇ ਆਪਣੇ ਬੰਧਾਏ ਲੜਨੀ, ਪਲੂ ਗੰਢ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲੇਖ ਮੁਕਾਏ ਸੀਸ ਧੜਨੀ, ਧੜਾ ਦੀਨ ਮਜ਼੍ਹਬ ਜਗਤ ਨਜ਼ਰ ਕੋਇ ਨਾ ਆਈਆ ।



## ✪ ੨੮ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਲੁਧਿਆਣਾ ਸ਼ਹਿਰ ਮੱਘਰ ਸਿੰਘ ਦੇ ਗ੍ਰਿਹ ✪

ਸਤਿਗੁਰ ਸ਼ਬਦ ਦੇਵਣਹਾਰਾ ਸਚ ਸੁਗੰਧੀ, ਰਸ ਆਪਣਾ ਆਪ ਜਣਾਈਆ । ਮੇਟਣਹਾਰਾ ਕੂੜ ਦੁਰਗੰਧੀ, ਵਿਖ ਅੰਦਰੋਂ ਬਾਹਰ ਕਢਾਈਆ । ਸੁਰਤ ਨਾਲ ਕਰੇ ਸੰਧੀ, ਲੇਖਾ ਲਿਖੇ ਚਾਈਂ ਚਾਈਆ । ਪੰਚ ਵਿਕਾਰ ਕਰੇ ਪਾਬੰਦੀ, ਸਿਰ ਸਕੇ ਨਾ ਕੋਇ ਉਠਾਈਆ । ਨੇਤਰ ਅੱਖ ਰਹਿਣ

ਨਾ ਦੇਵੇ ਅੰਧੀ, ਸਚ ਪ੍ਰਕਾਸ਼ ਦਏ ਚਮਕਾਈਆ । ਤ੍ਰੈਗੁਣ ਮਾਇਆ ਤੋੜੇ ਫੰਦੀ, ਜਗਤ ਜੰਜਾਲ ਨਾ ਕੋਇ ਜਣਾਈਆ । ਸਾਚਾ ਢੋਲਾ ਸੁਣਾਏ ਛੰਦੀ, ਧੁਰ ਦਾ ਰਾਗ ਸੁਣਾਈਆ । ਹਰਿਜਨ ਚੁੱਕੇ ਆਪਣੇ ਕੰਧੀ, ਖੇਵਟ ਖੇਟਾ ਆਪਣਾ ਰੂਪ ਬਦਲਾਈਆ । ਜਿਸ ਦੀ ਆਯੂ ਆਦਿ ਜੁਗਾਦਿ ਲੰਮੀ, ਅੰਤ ਕਹਿਣ ਕਿਛ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਸਦਾ ਸਦਾ ਬਹੁਰੰਗੀ, ਰੰਗਤ ਨਜ਼ਰ ਕਿਸੇ ਨਾ ਆਈਆ । ਸੁਹਾਵਣਹਾਰਾ ਸੇਜ ਪਲੰਘੀ, ਸੁਖਆਸਣ ਡੇਰਾ ਲਾਈਆ । ਕੂੜੀ ਕੱਢੇ ਵਾਸਨਾ ਗੰਦੀ, ਅੰਤਰ ਕਰੇ ਸਫ਼ਾਈਆ । ਪ੍ਰਕਾਸ਼ ਦੇਵੇ ਧੁਰ ਦਾ ਚੰਦੀ, ਸੂਰੀਆ ਚੰਦ ਦੀ ਲੋੜ ਨਾ ਕੋਇ ਰਖਾਈਆ । ਹਰਿਜਨ ਲਾਵੇ ਆਪਣੇ ਅੰਗੀ, ਅੰਗੀਕਾਰ ਆਪ ਹੋ ਜਾਈਆ । ਜਿਸ ਦੀ ਧਾਰ ਜਮਨਾ ਸੁਰਸਤੀ ਗੋਦਾਵਰੀ ਗੰਗੀ, ਗੋਬਿੰਦ ਆਪਣਾ ਖੇਲ ਖਿਲਾਈਆ । ਸੋ ਸ਼ਹਿਨਸ਼ਾਹ ਸੂਰਾ ਸਰਬੰਗੀ, ਧੁਰ ਮਾਲਕ ਇਕ ਅਖਵਾਈਆ । ਜਿਸ ਦੇ ਕੋਲ ਜੁਗ ਚੌਕੜੀ ਵਖਰਾ ਢੰਗੀ, ਤਰੀਕ਼ਾ ਸਮਝੇ ਕੋਇ ਨਾ ਰਾਈਆ । ਉਹ ਵੇਖਣਹਾਰਾ ਕਲਜੁਗ ਅੰਤਮ ਕੰਢੀ, ਘਾਟ ਪਤਣ ਫੋਲ ਫੁਲਾਈਆ । ਜੋ ਮੇਟਣਹਾਰਾ ਕੂੜ ਪਖੰਡੀ, ਮਾਇਆ ਮਮਤਾ ਮੋਹ ਗਵਾਈਆ । ਸਤਿ ਧਰਮ ਦੀ ਲਾਵਣਹਾਰਾ ਡੰਡੀ, ਡੰਡਾਵਤ ਸਭ ਦੀ ਦਏ ਬਦਲਾਈਆ । ਗੜ੍ਹ ਤੋੜਨਹਾਰ ਘਮੰਡੀ, ਹਉਮੇ ਹੰਗਤਾ ਦੂਰ ਕਰਾਈਆ । ਚਮਕਾਵਣਹਾਰਾ ਧਰਮ ਦੀ ਚੰਡੀ, ਨਾਮ ਖੰਡਾ ਹੱਥ ਉਠਾਈਆ । ਵੇਖਣਹਾਰਾ ਬ੍ਰਹਮ ਬ੍ਰਹਿਮੰਡੀ, ਬ੍ਰਹਿਮਾਂਡ ਖੋਜ ਖੁਜਾਈਆ । ਲਹਿਣਾ ਦੇਣਾ ਪੂਰਾ ਕਰੇ ਜੇਰਜ ਅੰਡੀ, ਉਤਭੁਜ ਸੇਤਜ ਲੇਖਾ ਰਹੇ ਨਾ ਰਾਈਆ । ਜਨ ਭਗਤਾਂ ਆਦਿ ਜੁਗਾਦਿ ਟੁੱਟੀ ਆਪੇ ਗੰਢੀ, ਗੰਢਣਹਾਰ ਗੁਪਾਲ ਸੁਆਮੀ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀਨ ਦੁਨੀ ਸਦਾ ਬਣੇ ਬਖ਼ਸ਼ੰਦੀ, ਬਖ਼ਸ਼ਿਸ਼ ਰਹਿਮਤ ਆਪਣੀ ਆਪ ਕਮਾਈਆ ।

### ✪ ੨੮ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਲੁਧਿਆਣਾ ਸ਼ਹਿਰ ਮਲਕੀਅਤ ਸਿੰਘ ਦੇ ਗ੍ਰਿਹ ✪

ਸਤਿਗੁਰ ਸ਼ਬਦ ਸਚਾ ਸਿਕਦਾਰਾ, ਸਿਰ ਸਿਰ ਆਪਣਾ ਹੁਕਮ ਚਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦਾ ਸੇਵਾਦਾਰਾ, ਸੰਸਾਰੀ ਭੰਡਾਰੀ ਸੰਘਾਰੀ ਨਾਉਂ ਪਰਗਟਾਇੰਦਾ । ਜਿਸ ਦਾ ਖੇਲ ਸਦਾ ਜੁਗ ਚਾਰਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਖ ਵਖਾਇੰਦਾ । ਜਿਸ ਦਾ ਨਾਮ ਸਤਿ ਜੈਕਾਰਾ, ਜੁਗ ਜੁਗ ਆਪ ਜਣਾਇੰਦਾ । ਜਿਸ ਦਾ ਰੂਪ ਤੇਈ ਅਵਤਾਰਾ, ਅਵਤਰੀ ਹੋ ਕੇ ਖੇਲ ਖਿਲਾਇੰਦਾ । ਜਿਸ ਦਾ ਪੈਗ਼ੰਬਰਾਂ ਲਾਇਆ ਨਾਅਰਾ, ਹਕ਼ੀਕ਼ਤ ਹਕ ਹਕ ਦ੍ਰਿੜਾਇੰਦਾ । ਜਿਸ ਦਾ ਗੁਰੂਆਂ ਕੀਤਾ ਇਸ਼ਾਰਾ, ਬਿਨ ਸੈਨਤ ਸੈਨਤ ਸਮਝਾਇੰਦਾ । ਜਿਸ ਦਾ ਲੱਖ ਚੁਰਾਸੀ ਵਿਚ ਪਸਾਰਾ, ਘਟ ਘਟ ਅੰਦਰ ਸੋਭਾ ਪਾਇੰਦਾ । ਜਿਸ ਦਾ ਤ੍ਰੈਗੁਣ ਜਗਤ ਭੰਡਾਰਾ, ਰਜੋ ਤਮੋ ਸਤੋ ਆਪ ਵਰਤਾਇੰਦਾ । ਜਿਸ ਦਾ ਪੰਜ ਤਤ ਅਕਾਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਖਿਲਾਇੰਦਾ । ਜਿਸ ਦਾ ਨੂਰ ਜੋਤ ਉਜਿਆਰਾ, ਦੀਆ ਬਾਤੀ ਕਮਲਾਪਾਤੀ ਆਪ ਜਗਾਇੰਦਾ । ਜਿਸ ਦਾ ਸ਼ਬਦ ਨਾਦ ਧੁਨਕਾਰਾ, ਅਨਹਦ ਨਾਦੀ ਨਾਦ ਦ੍ਰਿੜਾਇੰਦਾ । ਜਿਸ ਦਾ ਅੰਮ੍ਰਿਤ ਰਸ ਠੰਡਾ ਠਾਰਾ, ਬੂੰਦ ਸਵਾਂਤੀ ਆਪ ਟਪਕਾਇੰਦਾ ।

ਜੋ ਵਸਣਹਾਰਾ ਸਭ ਤੋਂ ਬਾਹਰਾ, ਸਚਖੰਡ ਸਾਚੇ ਸੋਭਾ ਪਾਇੰਦਾ । ਜਿਸ ਨੂੰ ਕਹਿੰਦੇ ਪਰਵਰਦਿਗਾਰਾ, ਸਾਂਝਾ ਯਾਰ ਨੂਰ ਚਮਕਾਇੰਦਾ । ਉਹ ਖੇਲੇ ਖੇਲ ਅਪਾਰਾ, ਅਪਰੰਪਰ ਹੋ ਕੇ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਇੰਦਾ । ਸਤਿਗੁਰ ਸ਼ਬਦ ਸ਼ਬਦ ਸਤਿਗੁਰ, ਸਤਿ ਸਤਿਵਾਦੀ ਇਕ ਅਖਵਾਇੰਦਾ । ਜਿਸ ਦਾ ਲੇਖਾ ਆਦਿ ਜੁਗਾਦੀ ਧੁਰ, ਧੁਰ ਮਸਤਕ ਲੇਖ ਸਰਬ ਬਣਾਇੰਦਾ । ਜਿਸ ਨੂੰ ਝੁਕਦੇ ਅਵਤਾਰ ਪੈਗੰਬਰ ਗੁਰ, ਨਿਵ ਨਿਵ ਸੀਸ ਨਿਵਾਇੰਦਾ । ਜਿਸ ਦੀ ਖ਼ਾਕ ਰਮਾਉਂਦੇ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ, ਧੂੜੀ ਟਿੱਕਿਆਂ ਨਾਲ ਵਡਿਆਇੰਦਾ । ਜਿਸ ਦਾ ਮੰਤਰ ਜਾਏ ਫੁਰ, ਫੁਰਨੇ ਸਭ ਦੇ ਬੰਦ ਕਰਾਇੰਦਾ । ਜੋ ਮਾਤਲੋਕ ਬਿਨ ਕ਼ਦਮਾਂ ਆਏ ਤੁਰ, ਤੁਰਤ ਆਪਣਾ ਪੰਧ ਮੁਕਾਇੰਦਾ । ਸੁਰਤੀ ਨਾਲ ਜਾਏ ਜੁੜ, ਸ਼ਬਦੀ ਆਪਣਾ ਰੰਗ ਰੰਗਾਇੰਦਾ । ਜਿਸ ਦੀ ਆਦਿ ਜੁਗਾਦਿ ਸਭ ਨੂੰ ਲੋੜ, ਲੁੜੀਂਦਾ ਸਾਜਣ ਇਕ ਹੋ ਜਾਇੰਦਾ । ਜੋ ਚੜ੍ਹੇ ਸਦਾ ਅਗੰਮੇ ਘੋੜ, ਵਾਗਾਂ ਆਪਣੇ ਹੱਥ ਰਖਾਇੰਦਾ । ਜਿਸ ਦੀ ਮੰਜ਼ਲ ਇਕੋ ਅਗੰਮਾ ਪੌੜ, ਪੌੜੀ ਡੰਡਾ ਨਜ਼ਰ ਕੋਇ ਨਾ ਆਇੰਦਾ । ਜੋ ਕਲਜੁਗ ਕੂੜੀ ਕਿਰਿਆ ਪਾਵਣਹਾਰਾ ਮੋੜ, ਸਤਿਜੁਗ ਸਚ ਧਰਮ ਪਰਗਟਾਇੰਦਾ । ਤਿਸ ਦੇ ਅਗੇ ਲੱਖ ਚੁਰਾਸੀ ਹੱਥ ਰਹੀ ਜੋੜ, ਸਿਰ ਸਰ ਨਾ ਕੋਇ ਉਠਾਇੰਦਾ । ਸੋ ਪੁਰਖ ਅਕਾਲਾ ਦੀਨ ਦਿਆਲਾ ਸਤਿਗੁਰ ਸ਼ਬਦ ਧਾਰ ਆਇਆ ਦੌੜ, ਭੱਜਿਆ ਵਾਹੋ ਦਾਹੀਆ । ਜਿਸ ਨੂੰ ਕਹਿੰਦੇ ਬ੍ਰਾਹਮਣ ਗੌੜ, ਸੋ ਆਪਣਾ ਰੂਪ ਵਖਾਈਆ । ਵੇਖਣਹਾਰਾ ਲੱਖ ਚੁਰਾਸੀ ਮਿਠਾ ਕੌੜ, ਫਲ ਦੀਨ ਦੁਨੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਿਸ ਦਾ ਮਾਰਗ ਆਦਿ ਜੁਗਾਦਿ ਬੜਾ ਸੌੜ, ਬਿਨ ਕਿਰਪਾ ਮੰਜ਼ਲ ਚੜ੍ਹਨ ਕੋਇ ਨਾ ਪਾਈਆ ।

### ✪ ੨੮ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਸਨੇਤ ਜ਼ਿਲਾ ਲੁਧਿਆਣਾ ਮੋਹਣ ਸਿੰਘ ਦੇ ਗ੍ਰਿਹ ✪

ਸਤਿਗੁਰ ਸ਼ਬਦ ਬੇਪਰਵਾਹੀ, ਆਦਿ ਜੁਗਾਦਿ ਬੇਪਰਵਾਹੀ ਵਿਚ ਸਮਾਇੰਦਾ । ਨਿਰਗੁਣ ਧਾਰ ਬਣੇ ਰਥਵਾਹੀ, ਜੁਗ ਜੁਗ ਆਪਣਾ ਰਥ ਚਲਾਇੰਦਾ । ਸ਼ਬਦ ਸੰਦੇਸ਼ਾ ਦੇਵੇ ਚਾਈਂ ਚਾਈਂ, ਨਾਮ ਨਿਧਾਨਾ ਲੋਕਮਾਤ ਪਰਗਟਾਇੰਦਾ । ਨਿਰਅੱਖਰ ਧਾਰ ਅੱਖਰਾਂ ਵਿਚ ਲਏ ਪਰਗਟਾਈ, ਚਾਰ ਜੁਗ ਦੇ ਸ਼ਾਸਤਰਾਂ ਗੰਢ ਪੁਆਇੰਦਾ । ਅਵਤਾਰ ਪੈਗੰਬਰਾਂ ਗੁਰੂਆਂ ਦੇਵੇ ਨਾਮ ਸਚਾ ਸੁਖਦਾਈ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈ, ਜੁਗ ਜੁਗ ਆਪਣਾ ਰੰਗ ਰੰਗਾਇੰਦਾ । ਭਗਤ ਸੁਹੇਲੇ ਲਏ ਉਠਾਈ, ਲੱਖ ਚੁਰਾਸੀ ਵਿਚੋਂ ਫੋਲ ਫੁਲਾਇੰਦਾ । ਵਸਤ ਅਮੋਲਕ ਦੇਵੇ ਥਾਉਂ ਥਾਈਂ, ਆਪ ਆਪਣੀ ਦਇਆ ਕਮਾਇੰਦਾ । ਹਕ਼ੀਕਤ ਹਕ ਦਾ ਬਣੇ ਗੁਸਾਂਈ, ਗਹਿਰ ਗੰਭੀਰ ਆਪ ਅਖਵਾਇੰਦਾ । ਜਿਸ ਨੂੰ ਸਭ ਨੇ ਮੰਨਿਆ ਧੁਰ ਦਾ ਮਾਹੀ, ਮਿਹਰਵਾਨ ਹੋ ਕੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਇੰਦਾ । ਸਤਿਗੁਰ ਸ਼ਬਦ ਆਦਿ ਜੁਗਾਦੀ ਡੂੰਘਾ ਸਾਗਰ, ਗਹਿਰ ਗਵਰ ਇਕ ਅਖਵਾਈਆ । ਜਿਸ ਦਾ ਲਹਿਣਾ ਦੇਣਾ ਨਾਲ ਕਾਇਆ ਗਾਗਰ, ਸਾਚੇ ਤਿੰਨ ਹੱਥ ਸੋਭਾ ਪਾਈਆ । ਮੇਲ ਮਿਲਾਏ ਕਰੀਮ ਕ਼ਾਦਰ, ਕ਼ੁਦਰਤ ਆਪਣਾ ਹੁਕਮ ਸੁਣਾਈਆ ।

ਦੋ ਜਹਾਨਾਂ ਬਣ ਕੇ ਸੂਰਬੀਰ ਬਹਾਦਰ, ਭੈ ਭਾਉ ਦੇਵੇ ਥਾਉਂ ਥਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਕਰੇ ਆਦਲ, ਇਨਸਾਫ਼ ਆਪਣੇ ਹੱਥ ਰਖਾਈਆ । ਕੂੜੀ ਕਿਰਿਆ ਕਰੇ ਤਬਾਦਲ, ਸਤਿ ਸਚ ਲਏ ਪਰਗਟਾਈਆ । ਲੇਖਾ ਮੁਕਾਏ ਮਕਤੂਲ ਕ਼ਾਤਲ, ਧਰਮ ਦੀ ਧਾਰ ਇਕ ਜਣਾਈਆ । ਸਚ ਦੁਆਰ ਵਖਾਏ ਬਾਤੁਲ, ਮੁਕੱਦਸ ਇਕੋ ਇਕ ਸਮਝਾਈਆ । ਜਨ ਭਗਤਾਂ ਭੇਵ ਚੁਕਾਏ ਬਾਤਨ, ਪਰਦਾ ਪਰਦਿਆਂ ਵਿਚੋਂ ਉਠਾਈਆ । ਕਲਜੁਗ ਮੇਟੇ ਰੈਣ ਅੰਧੇਰੀ ਰਾਤਨ, ਸਤਿਜੁਗ ਸਚ ਚੰਦ ਚਮਕਾਈਆ । ਗ਼ਰੀਬ ਨਿਮਾਣਿਆਂ ਪੁਛੇ ਵਾਤਨ, ਹੋਏ ਆਪ ਸਹਾਈਆ । ਆਪਣਾ ਦੱਸੇ ਆਪ ਮਹਾਤਮ, ਭੇਵ ਅਭੇਦਾ ਆਪ ਖੁਲ੍ਹਾਈਆ । ਹੁਕਮ ਸੁਣਾਏ ਧੁਰ ਪਰਮਾਤਮ, ਸੰਦੇਸ਼ਾ ਦੇਵੇ ਚਾਈਂ ਚਾਈਆ । ਜਿਸ ਦੀ ਸ਼ਰਅ ਮਜ਼੍ਹਬ ਨਹੀਂ ਕੋਈ ਧਾਰ ਸਨਾਤਮ, ਸਨਾਤਮ ਰੰਗ ਨਾ ਕੋਇ ਰੰਗਾਈਆ । ਉਹ ਲੱਖ ਚੁਰਾਸੀ ਪੁਛਣਹਾਰਾ ਵਾਤਨ, ਮਿਹਰਵਾਨ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਸ਼ਬਦੀ ਰੂਪ ਅਪਾਰਾ, ਤਨ ਵਜੂਦ ਨਾ ਕੋਇ ਰਖਾਈਆ । ਰਸਨਾ ਜਿਹਵਾ ਨਾ ਕੋਇ ਬੁਲਾਰਾ, ਮੁਖ ਦੰਦ ਨਾ ਕੋਇ ਵਡਿਆਈਆ । ਗੀਤ ਗਾਏ ਨਾ ਕੋਇ ਸੰਸਾਰਾ, ਵਾਸ਼ਨਾ ਜਗਤ ਨਾ ਕੋਇ ਰਖਾਈਆ । ਆਪੇ ਵਸੇ ਸਭ ਤੋਂ ਬਾਹਰਾ, ਸਚ ਦੁਆਰਾ ਇਕ ਸੁਹਾਈਆ । ਜਿਸ ਦਾ ਲਹਿਣਾ ਦੇਣਾ ਨਾਲ ਪੈਗ਼ੰਬਰ ਗੁਰ ਅਵਤਾਰਾ, ਮੇਲਾ ਮੇਲੇ ਚਾਈਂ ਚਾਈਆਂ । ਕਲਜੁਗ ਅੰਤਮ ਮੇਟੇ ਅੰਧ ਅੰਧਿਆਰਾ, ਕੂੜੀ ਕਿਰਿਆ ਬਾਹਰ ਕਢਾਈਆ । ਸਤਿਜੁਗ ਸਚ ਬੋਲੇ ਜੈਕਾਰਾ, ਸਤਿਗੁਰ ਸ਼ਬਦ ਕਰੇ ਪੜ੍ਹਾਈਆ । ਮਾਨਸ ਜ਼ਾਤੀ ਦੇਵੇ ਇਕ ਸਹਾਰਾ, ਨੌਂ ਖੰਡ ਪ੍ਰਿਥਮੀ ਆਪਣਾ ਰੰਗ ਰੰਗਾਈਆ । ਤੂੰ ਮੇਰਾ ਮੈਂ ਤੇਰਾ ਜਿਸ ਦਾ ਅਗੰਮ ਜੈਕਾਰਾ, ਜੋਤੀ ਜਾਤਾ ਇਕ ਅਖਵਾਈਆ । ਜਿਸ ਦਾ ਲਹਿਣਾ ਦੇਣਾ ਨਾਲ ਕਲਕੀ ਅਵਤਾਰਾ, ਨਿਹਕਲੰਕਾ ਆਪਣਾ ਡੰਕ ਵਜਾਈਆ । ਅਮਾਮ ਅਮਾਮਾ ਹੋ ਉਜਿਆਰਾ, ਰੂਪ ਅਨੂਪਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸ਼ਾਹੋ ਭੂਪ ਸਚੀ ਸਰਕਾਰਾ, ਸ਼ਹਿਨਸ਼ਾਹ ਇਕੋ ਇਕ ਅਖਵਾਈਆ ।

### ✪ ੨੮ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਝਮਟ ਜ਼ਿਲਾ ਲੁਧਿਆਣਾ ਮਹਿੰਦਰ ਸਿੰਘ ਦੇ ਗ੍ਰਿਹ ✪

ਸਤਿਗੁਰ ਸ਼ਬਦ ਸਦਾ ਮਿਹਰਵਾਨ, ਮਹਿਬਾਨ ਬੀਦੋ ਇਕ ਅਖਵਾਈਆ । ਜਿਸ ਦਾ ਲਹਿਣਾ ਦੇਣਾ ਆਦਿ ਜੁਗਾਦਿ ਦੋ ਜਹਾਨ, ਲੋਕ ਪਰਲੋਕ ਆਪਣਾ ਹੁਕਮ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੇ ਢੋਲੇ ਗਾਣ, ਸਿਫ਼ਤਾਂ ਵਾਲੀ ਸਿਫ਼ਤ ਸਲਾਹੀਆ । ਤ੍ਰੈਗੁਣ ਮਾਇਆ ਦੇਵਣਹਾਰਾ ਦਾਨ, ਰਜੋ ਤਮੋ ਸਤੋ ਆਪਣਾ ਰੰਗ ਰੰਗਾਈਆ । ਪੰਜ ਤਤ ਕਰਨ ਵਾਲਾ ਪ੍ਰਧਾਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣੀ ਖੇਲ ਖਿਲਾਈਆ । ਲੱਖ ਚੁਰਾਸੀ ਲੇਖਾ ਜਾਣੇ ਜੀਵ ਜਹਾਨ, ਅੰਡਜ ਜੇਰਜ ਉਤਭੁਜ ਸੇਹਤਜ ਆਪਣੀ ਵੰਡ ਵੰਡਾਈਆ । ਜੋਤੀ ਜਾਤਾ ਹੋ ਕੇ ਦਇਆਵਾਨ, ਦਇਆਨਿਧ ਇਕ ਅਖਵਾਈਆ । ਆਤਮ ਪਰਮਾਤਮ ਦੇਵੇ ਦਾਨ, ਕਮਲਾਪਾਤੀ ਜੋਤੀ ਜਾਤਾ ਹੋ ਕੇ ਡਗਮਗਾਈਆ । ਸ਼ਬਦ ਅਨਾਦੀ ਦਏ ਸਚੀ ਧੁਨਕਾਨ,

ਅਨਹਦ ਨਾਦੀ ਰਾਗ ਸੁਣਾਈਆ । ਅੰਮ੍ਰਿਤ ਆਤਮ ਬਖ਼ਸ਼ੇ ਪੀਣ ਖਾਣ, ਬੂੰਦ ਸਵਾਂਤੀ ਨਾਭੀ ਕਵਲ ਟਪਕਾਈਆ । ਲੇਖ ਮੁਕਾਏ ਨੌਂ ਦੁਆਰੇ ਜੀਵ ਜਹਾਨ, ਕੂੜੀ ਕਿਰਿਆ ਬਾਹਰ ਕਢਾਈਆ । ਭਗਤ ਸੁਹੇਲੇ ਕਰੇ ਪ੍ਰਵਾਨ, ਪ੍ਰੀਤਮ ਹੋ ਕੇ ਆਪਣਾ ਮੇਲ ਮਿਲਾਈਆ । ਸਾਚੇ ਸੰਤਾਂ ਦੇਵੇ ਮਾਣ, ਅੰਤਰ ਨਿਰੰਤਰ ਆਪਣਾ ਰੰਗ ਚੜ੍ਹਾਈਆ । ਗੁਰਮੁਖ ਵੇਖੇ ਮਾਰ ਧਿਆਨ, ਗੁਰਸਿਖ ਆਪਣੀ ਗੋਦ ਟਿਕਾਈਆ । ਧੁਰ ਦਾ ਨਾਮ ਕਲਮਾ ਕਰੇ ਪ੍ਰਧਾਨ, ਜੁਗ ਜੁਗ ਆਪਣਾ ਖੇਲ ਖਿਲਾਈਆ । ਚਾਰ ਜੁਗ ਦੇ ਸ਼ਾਸਤਰਾਂ ਦਏ ਗਿਆਨ, ਪੜਦਾ ਪੜਦਿਆਂ ਵਿਚੋਂ ਉਠਾਈਆ । ਸਤਿਜੁਗ ਤਰੇਤਾ ਦੁਆਪਰ ਕਲਜੁਗ ਵੇਖਣਹਾਰ ਸ੍ਰੀ ਭਗਵਾਨ, ਭਗਵਨ ਹੋ ਕੇ ਹੁਕਮ ਵਰਤਾਈਆ । ਕਲਜੁਗ ਅੰਤਮ ਹੋਵੇ ਜਾਣੀ ਜਾਣ, ਜਾਣਨਹਾਰ ਨੂਰ ਅਲਾਹੀਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਸੀਸ ਨਿਵਾਈਆ । ਜਿਸ ਦਾ ਅਵਤਾਰ ਪੈਗ਼ੰਬਰ ਗੁਰੂ ਗਾਉਂਦੇ ਗਾਨ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਨੇ ਸ਼ਰਅ ਸ਼ਰੀਅਤ ਦੀਨ ਦੁਨੀ ਕੀਤੀ ਪ੍ਰਧਾਨ, ਪਰਮ ਪੁਰਖ ਆਪਣਾ ਰੂਪ ਦਰਸਾਈਆ । ਸੋ ਮਾਲਕ ਖ਼ਾਲਕ ਨੌਜੁਆਨ, ਨੂਰ ਨੁਰਾਨਾ ਨੂਰ ਅਲਾਹੀਆ । ਸਚਖੰਡ ਨਿਵਾਸੀ ਸਚ ਸੰਦੇਸਾ ਜੁਗ ਜੁਗ ਦੇਵੇ ਆਣ, ਪੈਗ਼ਾਮ ਨੂਰ ਅਲਾਹੀਆ । ਜੋ ਸੁਣਿਆ ਜਾਏ ਬਿਨਾ ਕਾਨ, ਸਰਵਣਾਂ ਲੋੜ ਰਹੇ ਨਾ ਰਾਈਆ । ਬੋਲਿਆ ਜਾਏ ਬਿਨਾ ਜ਼ਬਾਨ, ਮੁਖ ਦੰਦ ਨਾ ਕੋਇ ਚਤੁਰਾਈਆ । ਉਹ ਸ਼ਾਹੋ ਭੂਪ ਸੁਲਤਾਨ, ਹਰਿ ਕਰਤਾ ਇਕ ਅਖਵਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਹਰਿਜਨ ਸਾਚੇ ਕਰੇ ਪ੍ਰਵਾਨ, ਪਰਮ ਪੁਰਖ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਸਤਿਗੁਰ ਸ਼ਬਦ ਸਹਿਜ ਸੁਖਦਾਈ, ਰੋਗ ਸੋਗ ਵਿਚ ਕਦੇ ਨਾ ਆਇੰਦਾ । ਚਾਰ ਜੁਗ ਦਾ ਨਿਰਗੁਣ ਬਣੇ ਮਾਹੀ, ਦੋ ਜਹਾਨਾਂ ਆਪਣਾ ਖੇਲ ਖਿਲਾਇੰਦਾ । ਸਚ ਸੰਦੇਸ਼ਾ ਨਵ ਸੱਤ ਰਿਹਾ ਸੁਣਾਈ, ਬ੍ਰਹਿਮੰਡਾਂ ਖੰਡਾਂ ਆਪ ਦ੍ਰਿੜ੍ਹਾਇੰਦਾ । ਜਿਸ ਦਾ ਭੇਵ ਅਭੇਦਾ ਲੋਕਮਾਤ ਕੋਈ ਜਾਣੇ ਨਾਹੀਂ, ਪੜਦਾ ਪੜਦਾ ਨਾ ਕੋਇ ਉਠਾਇੰਦਾ । ਉਹ ਕਲਜੁਗ ਅੰਤ ਸ੍ਰੀ ਭਗਵੰਤ ਮੇਟਣਹਾਰਾ ਕੂੜੀ ਸ਼ਾਹੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਜਿਸ ਕਾਰਨ ਗੋਬਿੰਦ ਬੂਟਾ ਪੁਟਿਆ ਕਾਹੀ, ਕਲਜੁਗ ਕੂੜ ਕੁੜਿਆਰੇ ਜੜ੍ਹ ਪੁਟਾਇੰਦਾ । ਛੋਟਿਆਂ ਬਾਲਿਆਂ ਨੀਹਾਂ ਹੇਠ ਦਬਾਈ, ਧਰਨੀ ਧਰਤ ਧਵਲ ਧੌਲ ਹੌਲਾ ਭਾਰ ਕਰਾਇੰਦਾ । ਸੋ ਸਤਿਗੁਰ ਸ਼ਬਦ ਆਦਿ ਜੁਗਾਦਿ ਖੇਲੇ ਖੇਲ ਚਾਈਂ ਚਾਈਂ, ਚਾਓ ਘਨੇਰਾ ਆਪਣਾ ਇਕ ਪਰਗਟਾਇੰਦਾ । ਕਲਜੁਗ ਅੰਤ ਲੇਖਾ ਜਾਣੇ ਥਾਂਉ ਥਾਂਈ, ਥਾਨ ਥਨੰਤਰ ਫੋਲ ਫੁਲਾਇੰਦਾ । ਜਿਸ ਦਾ ਰੂਪ ਰੰਗ ਰੇਖ ਦਿਸੇ ਕੋਈ ਨਾਹੀਂ, ਤਨ ਵਜੂਦ ਪੰਜ ਤਤ ਵੰਡ ਨਾ ਕੋਇ ਵੰਡਾਈਆ । ਉਹ ਨੂਰ ਨੁਰਾਨਾ ਸ਼ਾਹ ਸੁਲਤਾਨਾ ਇਕ ਅਲਾਹੀ, ਅਲਾਹ ਆਲਮੀਨ ਅਖਵਾਇੰਦਾ । ਜਿਸ ਨੂੰ ਸਾਰੇ ਮੰਨਦੇ ਧੁਰ ਗੁਸਾਂਈ, ਗੋਬਿੰਦ ਆਪਣਾ ਮੇਲ ਮਿਲਾਇੰਦਾ । ਸੋ ਸਤਿਗੁਰ ਸ਼ਬਦ ਨਿਰਗੁਣ ਨਿਰਗੁਣ ਦੋ ਜਹਾਨਾਂ ਬਣ ਕੇ ਰਾਹੀ, ਰਹਿਬਰ ਹੋ ਕੇ ਭੇਵ ਚੁਕਾਇੰਦਾ । ਜਿਸ ਦਾ ਲੇਖਾ ਨਾਲ ਖ਼ਲਕ ਖ਼ੁਦਾਈ, ਖ਼ਾਲਕ ਮਖ਼ਲੂਕ ਆਪਣੇ ਰੰਗ ਰੰਗਾਇੰਦਾ । ਸੋ ਪੁਰਖ ਅਕਾਲਾ ਦੀਨ ਦਿਆਲਾ ਏਕਾ ਡੰਕਾ ਫ਼ਤਿਹ ਰਿਹਾ ਵਜਾਈ, ਦੋ ਜਹਾਨ ਆਲਸ ਨਿੰਦਰਾ ਆਪ ਖੁਲ੍ਹਾਇੰਦਾ । ਭਗਤ ਸੁਹੇਲੇ ਗੁਰੂ ਗੁਰ ਚੇਲੇ ਗੁਰਮੁਖ ਰਿਹਾ ਜਗਾਈ, ਸੁਰਤੀ ਸ਼ਬਦ ਨਾਲ ਉਠਾਇੰਦਾ । ਘਰ ਸੁਆਮੀ ਮਿਲੇ ਚਾਈਂ ਚਾਈਂ, ਚਾਉ ਘਨੇਰਾ ਇਕ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ

੬੯੦
੨੪

ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪਾਵੇ ਸਾਰ ਜਲ ਥਲ ਮਹੀਅਲ ਅਸਗਾਹੀ, ਸਮੁੰਦ ਸਾਗਰ ਟਿੱਲੇ ਪਰਬਤ ਧਰਨੀ ਧਰਤ ਧਵਲ ਧੌਲ ਵੇਖ ਵਖਾਇੰਦਾ ।

### ✪ ੨੮ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਭਨਹੌੜ ਜ਼ਿਲਾ ਲੁਧਿਆਣਾ ਭਗਵਾਨ ਸਿੰਘ ਦੇ ਗ੍ਰਿਹ ✪

ਸਤਿਗੁਰ ਸ਼ਬਦ ਸਦਾ ਸੁਹੇਲਾ, ਆਦਿ ਅੰਤ ਇਕ ਅਖਵਾਈਆ । ਆਤਮ ਪਰਮਾਤਮ ਮਿਲਾਏ ਮੇਲਾ, ਪਾਰਬ੍ਰਹਮ ਬ੍ਰਹਮ ਆਪਣੇ ਰੰਗ ਰੰਗਾਈਆ । ਲੇਖਾ ਜਾਣੇ ਗੁਰੂ ਗੁਰ ਚੇਲਾ, ਚੇਲਾ ਗੁਰ ਆਪਣਾ ਸੰਗ ਨਿਭਾਈਆ । ਇਥੇ ਓਥੇ ਦੋ ਜਹਾਨਾਂ ਨਿਰਗੁਣ ਧਾਰ ਬਣ ਕੇ ਸੱਜਣ ਸੁਹੇਲਾ, ਸਗਲਾ ਸੰਗੀ ਬਹੁਰੰਗੀ ਨੂਰ ਅਲਾਹੀਆ । ਜੋ ਕੱਟਣਹਾਰਾ ਲੱਖ ਚੁਰਾਸੀ ਰਾਏ ਧਰਮ ਦੀ ਜੇਲਾ, ਫਾਸੀ ਜਮ ਕੀ ਦਏ ਕਟਾਈਆ । ਉਹ ਵਸਣਹਾਰਾ ਧਾਮ ਨਵੇਲਾ, ਸਚਖੰਡ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਜਨ ਭਗਤਾਂ ਅੰਦਰ ਵਸਦਾ, ਬਾਹਰ ਖੋਜਿਆਂ ਹੱਥ ਕਿਸੇ ਨਾ ਆਈਆ । ਜਿਸ ਦੇ ਕੋਲ ਭੰਡਾਰਾ ਧੁਰ ਦੇ ਜਸ ਦਾ, ਸਿਫ਼ਤੀ ਸਿਫ਼ਤਾਂ ਨਾਲ ਸਿਫ਼ਤ ਸਲਾਹੀਆ । ਪਿਆਲਾ ਦੇਵੇ ਅੰਮਿਉਂ ਰਸ ਦਾ, ਬਿਨ ਰਸਨਾ ਰਸ ਚਖਾਈਆ । ਸਾਚਾ
੬੬੧ ਮਾਰਗ ਆਤਮ ਪਰਮਾਤਮ ਆਪਣਾ ਦੱਸਦਾ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਤੀਰ ਅਣਿਆਲਾ ਇਕੋ ਕਸਦਾ, ਬਿਨ ਚਿੱਲੇ ਕਮਾਨ ਉਠਾਈਆ । ੬੬੧
੨੪ ਜਿਸ ਦਾ ਲਹਿਣਾ ਦੇਣਾ ਪੁਰਖ ਸਮਰਥ ਦਾ, ਸੋ ਪੁਰਖ ਨਿਰੰਜਣ ਵੇਖ ਵਖਾਈਆ । ਉਹ ਲੇਖ ਮੁਕਾਏ ਹੱਥੋ ਹੱਥ ਦਾ, ਜਗਤ ਉਧਾਰ ਨਾ ਕੋਇ ੨੪
ਜਣਾਈਆ । ਜੁਗ ਚੌਕੜੀ ਕੂੜੀ ਕਿਰਿਆ ਸਦਾ ਮਥਦਾ, ਕਲ ਕਾਤੀਆਂ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਭਗਤਾਂ ਵੇਖੇ ਭਗਤੀ, ਭਗਵਨ ਧਾਰ ਧਾਰ ਜਣਾਈਆ । ਲੇਖੇ ਲਾਵੇ ਚੁਰਾਸੀ ਵਿਚੋ ਹਰਿਜਨ ਵਿਅਕਤੀ, ਮਿਹਰਵਾਨ ਹੋ ਕੇ ਮਿਹਰ ਨਜ਼ਰ ਉਠਾਈਆ । ਅੰਤਰ ਆਤਮ ਬਖ਼ਸ਼ੇ ਸਾਚੇ ਨਾਮ ਦੀ ਸ਼ਕਤੀ, ਸ਼ਖ਼ਸ਼ੀਅਤ ਇਕੋ ਇਕ ਦ੍ਰਿੜਾਈਆ । ਨਿਰਗੁਣ ਧਾਰ ਵਖਾਏ ਹਸਤੀ, ਹਸਤ ਕੀਟਾਂ ਵਿਚ ਸਮਾਈਆ । ਜਿਸ ਦੀ ਸਚਖੰਡ ਦੁਆਰ ਬਸਤੀ, ਦਰਗਾਹ ਸਾਚੀ ਸੋਭਾ ਪਾਈਆ । ਚਾਰ ਜੁਗ ਦੀ ਬਾਣੀ ਭਰੀ ਉਸੇ ਦੇ ਜਸ ਦੀ, ਸਿਫ਼ਤਾਂ ਵਾਲੇ ਢੋਲੇ ਗਾਈਆ । ਉਹ ਕਲਜੁਗ ਰੈਣ ਖੇਲ ਮਿਟਾਏ ਅੰਧੇਰੀ ਮਸ ਦੀ, ਨੂਰੀ ਚੰਦ ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਸਤਿਗੁਰ ਸ਼ਬਦ ਭਗਤਾਂ ਸਦਾ ਸਾਥੀ, ਸਾਜਣ ਇਕ ਅਖਵਾਈਆ । ਹੋਏ ਸਹਾਈ ਅਨਾਥ ਅਨਾਥੀ, ਗ਼ਰੀਬ ਨਿਮਾਣਿਆਂ ਗੋਦ ਉਠਾਈਆ । ਵਸਤ ਅਗੰਮੀ ਨਿਰਗੁਣ ਧਾਰ ਦੇਵੇ ਦਾਤੀ, ਦਇਆਵਾਨ ਹੋ ਕੇ ਝੋਲੀ ਪਾਈਆ । ਭੇਵ ਚੁਕਾਏ ਲੋਕਮਾਤੀ, ਧਰਨੀ ਧਰਤ ਧਵਲ ਪੜਦਾ ਰਹੇ ਨਾ ਰਾਈਆ । ਜ਼ਿੰਦਗੀ ਵਿਚੋਂ ਜੀਵਣ ਜੀਵਣ ਵਿਚੋਂ ਬਦਲੇ ਹਯਾਤੀ, ਪਵਣ ਸਵਾਸਾ ਆਪਣਾ ਖੇਲ ਖਿਲਾਈਆ । ਘਰ ਪ੍ਰਕਾਸ਼ ਕਰਕੇ ਬਿਨ ਦੀਆ ਤੇਲ ਬਾਤੀ, ਜੋਤੀ ਜਾਤਾ ਹੋ ਕੇ ਡਗਮਗਾਈਆ । ਅੰਮ੍ਰਿਤ ਬਖ਼ਸ਼ੇ ਬੂੰਦ ਸਵਾਂਤੀ, ਨਿਝਰ ਝਿਰਨਿਉਂ ਆਪ ਝਿਰਾਈਆ ।

ਜਨ ਭਗਤਾਂ ਅੰਤ ਪੁਛੇ ਵਾਤੀ, ਨਿਰਗੁਣ ਧਾਰ ਹੋਏ ਸਹਾਈਆ । ਸਚਖੰਡ ਦੁਆਰ ਏਕੰਕਾਰ ਮੁਕਾਏ ਪਿਛਲਾ ਪੰਧ ਵਾਟੀ, ਅਗੇ ਅਵਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਨ ਭਗਤਾਂ ਸਚਖੰਡ ਦੁਆਰ ਚੜ੍ਹਾਏ ਆਪਣੀ ਘਾਟੀ, ਅਧਵਿਚਕਾਰ ਦੀਨ ਦੁਨੀ ਨਾ ਕੋਇ ਰਖਾਈਆ ।

### ✪ ੨੮ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਦਾਖਾ ਜ਼ਿਲਾ ਲੁਧਿਆਣਾ ਮਹਿੰਦਰ ਸਿੰਘ ਜੁਗਿਦਰ ਸਿੰਘ ਦੇ ਗ੍ਰਹਿ ✪

ਆਤਮਾ ਕਹੇ ਮੇਰੇ ਸ਼ਾਹੋ ਭੂਪ ਸੁਲਤਾਨਾ, ਸੋ ਪੁਰਖ ਨਿਰੰਜਣ ਤੇਰੀ ਬੇਪਰਵਾਹੀਆ । ਹਰਿ ਪੁਰਖ ਨਿਰੰਜਣ ਤੇਰਾ ਨੂਰ ਮਹਾਨਾ, ਜੋਤੀ ਜਾਤੇ ਨਜ਼ਰੀ ਆਈਆ । ਏਕੰਕਾਰ ਤੇਰਾ ਨਿਸ਼ਾਨਾ, ਲੋਕਮਾਤ ਸੋਭਾ ਪਾਈਆ । ਆਦਿ ਨਿਰੰਜਣ ਤੇਰਾ ਦਾਨਾ, ਦਾਤੇ ਦਾਨੀ ਦਇਆ ਕਮਾਈਆ । ਅਬਿਨਾਸ਼ੀ ਕਰਤੇ ਮੇਰੇ ਮਿਹਰਵਾਨਾ, ਮਹਿਬੂਬ ਤੇਰੀ ਵਡਿਆਈਆ । ਸ੍ਰੀ ਭਗਵਾਨ ਗੁਣ ਨਿਧਾਨਾ, ਗੁਣਵੰਤ ਦੇਣੀ ਸਰਨਾਈਆ । ਪਾਰਬ੍ਰਹਮ ਬਿਨ ਨੇਤਰਾਂ ਵੇਖਣਾ ਮਾਰ ਧਿਆਨਾ, ਪੜਦਾ ਪੜਦਿਆਂ ਵਿਚੋਂ ਉਠਾਈਆ । ਮੈਂ ਸਤਿਗੁਰ ਸ਼ਬਦ ਤੇਰਾ ਸੁਣਾਂ ਤਰਾਨਾ, ਤੁਰੀਆ ਤੋਂ ਪਰੇ ਦੇਣਾ ਦ੍ਰਿੜਾਈਆ । ਤੂੰ ਨਿਰਗੁਣ ਧਾਰ ਮੈਨੂੰ ਤ੍ਰੈਗੁਣ ਮਾਇਆ ਪੰਜ ਤਤ ਵਿਚ ਕੀਤਾ ਪ੍ਰਧਾਨਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰਜੋ ਤਮੋ ਸਤੋ ਨਾਲ ਜੋੜ ਜੁੜਾਈਆ । ਮੇਰਾ ਸੁਹਾ ਕੇ ਨਗਰ ਗਰਾਮਾ, ਖੇੜਾ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਆਤਮਾ ਕਹੇ ਪ੍ਰਭੂ ਮੈਂ ਤੇਰਾ ਆਦਿ ਜੁਗਾਦੀ ਨੂਰ, ਨੂਰ ਨੁਰਾਨਾ ਨਜ਼ਰੀ ਆਈਆ । ਤੂੰ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਈਆ । ਲੋਕਮਾਤ ਤੇਰਾ ਲਹਿਣਾ ਦੇਣਾ ਮੇਰੇ ਨਾਲ ਜ਼ਰੂਰ, ਜ਼ਰੂਰਤ ਤੇਰੇ ਨਾਲ ਰਖਾਈਆ । ਤੇਰਾ ਪੰਧ ਨਾ ਨੇੜੇ ਨਾ ਦੂਰ, ਗ੍ਰਹਿ ਮੰਦਰ ਇਕੋ ਇਕ ਵਖਾਈਆ । ਤੇਰੀ ਮਸਤੀ ਮੇਰਾ ਸਰੂਰ, ਤੇਰੀ ਖ਼ੁਮਾਰੀ ਮੇਰੀ ਖ਼ੁਸ਼ੀ ਬਣਾਈਆ । ਤੂੰ ਸ਼ਹਿਨਸ਼ਾਹ ਹਾਜ਼ਰ ਹਜ਼ੂਰ, ਹਜ਼ਰਤਾਂ ਦਾ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਆਤਮਾ ਕਹੇ ਪ੍ਰਭੂ ਤੂੰ ਮੇਰਾ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਇਕ ਅਖਵਾਈਆ । ਤੇਰਾ ਮੰਡਲ ਤੇਰੀ ਰਾਸੀ, ਤੇਰਾ ਮੰਡਪ ਵੇਖ ਵਖਾਈਆ । ਤੇਰਾ ਖੇਲ ਤੇਰੀ ਤਮਾਸ਼ੀ, ਸਦ ਤੇਰੇ ਰੰਗ ਵਿਚ ਸਮਾਈਆ । ਮੇਰਾ ਲਹਿਣਾ ਦੇਣਾ ਰਖਿਆ ਨਾਲ ਲੱਖ ਚੁਰਾਸੀ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਮੇਰਾ ਪਿਆਰ ਕਰਦੇ ਸ਼ੰਕਰ ਕੈਲਾਸ਼ੀ, ਕਲਾਧਾਰੀ ਤੇਰੀ ਸਰਨਾਈਆ । ਆਦਿ ਜੁਗਾਦਿ ਜੁਗ ਚੌਕੜੀ ਮੇਰੇ ਅੰਤਰ ਆਈ ਨਾ ਕਦੇ ਉਦਾਸੀ, ਚਿੰਤਾ ਗ਼ਮ ਨਾ ਕੋਇ ਰਖਾਈਆ । ਮੈਂ ਜਗਤ ਚੜ੍ਹਿਆ ਨਹੀਂ ਕਿਸੇ ਫਾਸੀ, ਸਲੀਵ ਗਲ ਨਾ ਕੋਇ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਆਤਮਾ ਕਹੇ ਪ੍ਰਭੂ ਮੈਂ ਤੇਰਾ ਰੂਪ ਅਗੰਮ, ਅਗੰਮੜੇ ਦੇ ਵਡਿਆਈਆ । ਮੇਰਾ ਲਹਿਣਾ ਦੇਣਾ ਜੁੜਿਆ ਨਾਲ ਕਾਇਆ ਮਾਟੀ ਚੰਮ, ਪੰਜਾਂ ਤਤਾਂ ਸੰਗ ਮਿਲਾਈਆ । ਤੇਰਾ ਖੇਲ ਵੇਖਿਆ ਪਾਰਬ੍ਰਹਮ ਧਾਰ ਬ੍ਰਹਮ, ਪੜਦਾ ਪੜਦਿਆਂ ਵਿਚੋਂ ਚੁਕਾਈਆ । ਈਸ਼ ਜੀਵ ਮੇਰਾ ਹੋਇਆ ਕਰਮ, ਕਰਮ

ਕਾਂਡ ਤੇਰੇ ਚਰਨ ਟਿਕਾਈਆ । ਆਦਿ ਅੰਤ ਜੁਗਾ ਜੁਗੰਤ ਮੈਂ ਲੋੜਾਂ ਤੇਰੀ ਇਕੋ ਸਰਨ, ਸਰਨਗਤ ਇਕ ਰਖਾਈਆ । ਤੂੰ ਮਾਲਕ ਖ਼ਾਲਕ ਮੇਰਾ ਤਰਨੀ ਤਰਨ, ਤਾਰਨਹਾਰ ਧੁਰਦਰਗਾਹੀਆ । ਤੇਰੀ ਕਿਰਪਾ ਨਾਲ ਤੇਰੇ ਭਗਤ ਸੁਹੇਲੇ ਤੇਰੀ ਮੰਜ਼ਲ ਚੜ੍ਹਨ, ਦਰਗਾਹ ਸਾਚੀ ਜਾਵਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਆਤਮਾ ਕਹੇ ਪ੍ਰਭੂ ਮੇਰਾ ਤੇਰੇ ਨਾਲ ਜੋੜਾ, ਜੋੜੀ ਆਦਿ ਜੁਗਾਦਿ ਬਣਾਈਆ । ਨਿਗਾਹ ਮਾਰ ਲੈ ਸੱਸੇ ਉਤੇ ਹੋੜਾ, ਹਾਹੇ ਟਿੱਪੀ ਨਾਲ ਮਿਲਾਈਆ । ਮੈਂ ਸਦਾ ਫਿਰਦਾ ਤੇਰੇ ਸ਼ਬਦ ਅਗੰਮੀ ਘੋੜਾ, ਭੱਜਾਂ ਵਾਹੋ ਦਾਹੀਆ । ਚੁਰਾਸੀ ਵਿਚ ਮੇਰਾ ਖੇਲ ਬੜਾ ਥੋੜਾ, ਚਾਰੇ ਖਾਣੀ ਰੰਗ ਰੰਗਾਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਭਗਤਾਂ ਧਾਰ ਹੋ ਕੇ ਤੇਰਾ ਗਾਵਾਂ ਦੋਹਰਾ, ਨਾਮ ਨਾਮਾ ਇਕ ਜਣਾਈਆ । ਇਕੋ ਘਰ ਵੇਖਾਂ ਪੇਕਾ ਸੌਹਰਾ, ਦੋ ਜਹਾਨਾਂ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਆਤਮਾ ਕਹੇ ਪ੍ਰਭੂ ਮੈਂ ਸੰਤਾਂ ਸੂਫ਼ੀਆਂ ਆਦਿ ਜੁਗਾਦਿ ਸਾਥੀ, ਸਗਲਾ ਸੰਗੀ ਅਖਵਾਈਆ । ਤੂੰ ਸਰਬ ਕਲਾ ਸਮਰਾਥੀ, ਬੇਪਰਵਾਹ ਨੂਰ ਅਲਾਹੀਆ । ਮੇਰਾ ਲਹਿਣਾ ਦੇਣਾ ਮੁਕਦਾ ਰਿਹਾ ਹਾਥੋ ਹਾਥੀ, ਜਗਤ ਉਧਾਰ ਨਾ ਕੋਇ ਜਣਾਈਆ । ਮਨ ਕਲਪਣਾ ਜਿਨ੍ਹਾਂ ਦੇ ਅੰਤਰ ਉਨ੍ਹਾਂ ਕੋਈ ਪੁਛੇ ਨਾ ਵਾਤੀ, ਸਿਰ ਹੱਥ ਨਾ ਕੋਇ ਟਿਕਾਈਆ । ਜੀਵ ਜੰਤ ਵੇਖਣ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਕਲਜੁਗ ਕੂੜ ਕੁੜਿਆਰਾ ਮਾਰੇ ਕਾਤੀ, ਜਗਤ ਸ਼ਸਤਰ ਨਜ਼ਰ ਕੋਇ ਨਾ ਆਈਆ । ਚਾਰੇ ਖਾਣੀ ਆਵਣ ਜਾਵਣ ਫੇਰ ਮੇਰਾ ਖੇਲ ਤਮਾਸ਼ੀ, ਅੰਡਜ ਜੇਰਜ ਉਤਭੁਜ ਸੇਤਜ ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਿਰਗੁਣ ਧਾਰ ਏਕੰਕਾਰ ਤੂੰ ਮੇਰਾ ਮਾਲਕ ਸ਼ਾਹੋ ਸ਼ਾਬਾਸ਼ੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਤਮ ਪਰਮਾਤਮ ਪਰਮਾਤਮ ਆਤਮ ਤੇਰੇ ਰੰਗ ਸਮਾਈਆ ।

## ✪ ੨੮ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਮੁੰਡਿਆਣੀ ਜ਼ਿਲਾ ਲੁਧਿਆਣਾ ਪੂਰਨ ਸਿੰਘ ਦੇ ਗ੍ਰਿਹਿ ✪

ਸਤਿਗੁਰ ਸ਼ਬਦ ਕਹੇ ਧਰਨੀਏ ਰਖੀਂ ਯਕੀਨ, ਭਰੋਸਾ ਪੁਰਖ ਅਕਾਲ ਜਣਾਈਆ । ਬੇਸ਼ਕ ਜੀਵ ਜੰਤ ਕਲਜੁਗ ਹੋਏ ਅਧੀਨ, ਮਾਇਆ ਮਮਤਾ ਬੈਠੀ ਆਪਣਾ ਰੰਗ ਰੰਗਾਈਆ । ਪਰਵਰਦਿਗਾਰ ਸਾਂਝਾ ਯਾਰ ਜਿਸ ਨੂੰ ਕਹਿੰਦੇ ਯਾਮਬੀਨ, ਨੂਰ ਨੁਰਾਨਾ ਸ਼ਾਹ ਸੁਲਤਾਨਾ ਇਕ ਅਖਵਾਈਆ । ਜਿਸ ਦਾ ਮਾਰਗ ਸਤਿਜੁਗ ਤਰੇਤਾ ਦੁਆਪਰ ਕਲਜੁਗ ਬੜਾ ਮਹੀਨ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜਿਸ ਨੇ ਦੀਨਾਂ ਮਜ਼੍ਹਬਾਂ ਦੀ ਕੀਤੀ ਤਕ਼ਸੀਮ, ਮਾਨਵ ਜ਼ਾਤੀ ਜ਼ਾਤ ਪਾਤ ਵਿਚ ਵੰਡ ਵੰਡਾਈਆ । ਉਹ ਕ਼ੁਦਰਤ ਦਾ ਕ਼ਾਦਰ ਇਕ ਕਰੀਮ, ਕਰਤਾ ਪੁਰਖ ਨੂਰ ਅਲਾਹੀਆ । ਜਿਸ ਦਾ ਲਹਿਣਾ ਦੇਣਾ ਨਾਲ ਨਰ ਮਦੀਨ, ਲੱਖ ਚੁਰਾਸੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਧਰਨੀ ਪ੍ਰਭ ਕਰਨਹਾਰ ਕਰਤਾਰਾ, ਕ਼ੁਦਰਤ ਕ਼ਾਦਰ ਇਕ ਅਖਵਾਈਆ । ਕਲਜੁਗ ਕੂੜ ਮੇਟੇ ਅੰਧਿਆਰਾ, ਤੇਰੇ ਉਤੇ ਨਵ ਸੱਤ ਰਹਿਣ ਨਾ ਪਾਈਆ । ਏਕਾ ਨੂਰ ਜੋਤ ਕਰੇ ਉਜਿਆਰਾ, ਚਾਰੇ ਕੁੰਟਾਂ ਡਗਮਗਾਈਆ ।

ਤੂੰ ਉਸ ਦੇ ਚਰਨ ਕਵਲ ਕਰੀਂ ਨਿਮਸਕਾਰਾ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਉਹ ਤੇਰਾ ਲੇਖਾ ਜਾਣੇ ਸਭ ਦਾ ਸਾਂਝਾ ਪਰਵਰਦਿਗਾਰਾ, ਪਤਿਪਰਮੇਸ਼ਵਰ ਅਗੰਮ ਅਥਾਹੀਆ । ਜਿਸ ਦਾ ਇਕੋ ਨਾਦ ਸ਼ਬਦ ਧੁਨਕਾਰਾ, ਅਨਹਦ ਨਾਦੀ ਨਾਦ ਸੁਣਾਈਆ । ਜੋ ਮਾਨਵ ਜ਼ਾਤੀ ਅੰਮ੍ਰਿਤ ਰਸ ਦੇਵੇ ਠੰਡਾ ਠਾਰਾ, ਕਲਜੁਗ ਅਗਨੀ ਅੱਗ ਬੁਝਾਈਆ । ਤੇਰਾ ਪਵਿਤ੍ਰ ਕਰੇ ਦੁਆਰਾ, ਗ੍ਰਿਹ ਇਕੋ ਇਕ ਸੁਹਾਈਆ । ਝਗੜਾ ਰਹੇ ਨਾ ਮੰਦਰ ਮਸਜਿਦ ਸ਼ਿਵਦਵਾਲਾ ਮਠ ਗੁਰੂਦੁਆਰਾ, ਚਰਚਾਂ ਵੰਡ ਨਾ ਕੋਇ ਵੰਡਾਈਆ । ਉਹ ਸਾਹਿਬ ਸੁਆਮੀ ਅੰਤਰਜਾਮੀ ਸਭ ਦਾ ਬਣੇ ਸਾਂਝਾ ਯਾਰਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਿਸ ਨੂੰ ਸਭ ਨੇ ਕਹਿਣਾ ਕਲ ਕਲਕੀ ਅਵਤਾਰਾ, ਨਿਹਕਲੰਕਾ ਅਗੰਮ ਅਥਾਹੀਆ । ਤਿਸ ਨੂੰ ਪੈਗ਼ੰਬਰਾਂ ਕਿਹਾ ਨੂਰ ਅਲਾਹੀ ਪਰਵਰਦਿਗਾਰਾ, ਅਮਾਮ ਅਮਾਮਾ ਇਕ ਅਖਵਾਈਆ । ਉਹ ਤੇਰਾ ਲਹਿਣਾ ਦੇਣਾ ਸਦੀ ਚੌਧਵੀਂ ਰਿਹਾ ਵਿਚਾਰਾ, ਬੀਸ ਬੀਸਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਧਰਨੀਏ ਤੇਰਾ ਮਿਟ ਜਾਏ ਕਲਜੁਗ ਕੂੜ ਕੁੜਿਆਰਾ ਅੰਧ, ਅਗਿਆਨ ਦੀਨ ਦੁਨੀ ਰਹਿਣ ਕੋਇ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਨੇ ਗਾਉਣਾ ਛੰਦ, ਸੋਹੰ ਢੋਲਾ ਵਜਦੀ ਰਹੇ ਵਧਾਈਆ । ਜਿਸ ਲੇਖ ਮੁਕਾਉਣਾ ਅੰਤ ਅਖ਼ੀਰ ਬੇਨਜ਼ੀਰ ਤਾਰਾ ਚੰਦ, ਸੂਰੀਆ ਆਪਣਾ ਪੰਧ ਮੁਕਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਏਥੇ ਓਥੇ ਸਦਾ ਬਖ਼ਸ਼ੰਦ, ਰਹਿਮਤ ਆਪਣੀ ਆਪ ਕਮਾਈਆ । ਤੇਰਾ ਖ਼ੁਸ਼ੀ ਕਰਾਏ ਬੰਦ ਬੰਦ, ਨੌ ਖੰਡ ਪ੍ਰਿਥਮੀ ਸੱਤ ਦੀਪ ਆਪਣਾ ਰੰਗ ਚੜ੍ਹਾਈਆ । ਤੇਰੇ ਸੀਨੇ ਪਾਵੇ ਠੰਡ, ਅਗਨੀ ਤਤ ਬੁਝਾਈਆ । ਤੇਰਾ ਭਾਗ ਹੋਣ ਨਾ ਦੇਵੇ ਮੰਦ, ਸਿਰ ਤੇਰੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਸੇਜ ਸੁਹਾਏ ਨਵ ਸੱਤ ਇਕ ਪਲੰਘ, ਜਿਸ ਦਾ ਪਾਵਾ ਚੂਲ ਬਾਡੀ ਬਣਤ ਨਾ ਕੋਇ ਬਣਾਈਆ ।

## ✪ ੨੮ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਰਕਬਾ ਜ਼ਿਲਾ ਲੁਧਿਆਣਾ ਨਾਹਰ ਸਿੰਘ ਦੇ ਗ੍ਰਿਹ ✪

ਜਨ ਭਗਤੋ ਪ੍ਰਭੂ ਦਾ ਰਖੋ ਇਕ ਸਹਾਰਾ, ਸਹਾਇਕ ਨਾਇਕ ਜੋ ਇਕ ਅਖਵਾਈਆ । ਜੋ ਨਿਰਗੁਣ ਸਰਗੁਣ ਲਏ ਅਵਤਾਰਾ, ਪੈਗ਼ੰਬਰ ਗੁਰ ਆਪਣਾ ਖੇਲ ਖਿਲਾਈਆ । ਨਾਮ ਨਿਧਾਨਾ ਬੋਲ ਜੈਕਾਰਾ, ਕਲਮਾ ਕਾਇਨਾਤ ਦ੍ਰਿੜਾਈਆ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰਾ, ਜੋਤੀ ਜਾਤਾ ਅੰਧ ਅੰਧੇਰ ਮਿਟਾਈਆ । ਸੋ ਕਲਜੁਗ ਅੰਤ ਸ੍ਰੀ ਭਗਵੰਤ ਮੇਟਣਹਾਰ ਅੰਧੇਰੀ ਰਾਤਾ, ਸਤਿਜੁਗ ਸਾਚਾ ਚੰਦ ਚਮਕਾਈਆ । ਜਿਸ ਝਗੜਾ ਮੇਟਣਾ ਜ਼ਾਤਾ ਪਾਤਾ, ਦੀਨਾਂ ਮਜ਼੍ਹਬਾਂ ਲੇਖਾ ਦਏ ਮੁਕਾਈਆ । ਆਤਮ ਪਰਮਾਤਮ ਜਨ ਭਗਤਾਂ ਜੋੜੇ ਨਾਤਾ, ਪਾਰਬ੍ਰਹਮ ਬ੍ਰਹਮ ਆਪਣਾ ਮੇਲ ਮਿਲਾਈਆ । ਅੰਮ੍ਰਿਤ ਆਤਮ ਬੂੰਦ ਸਵਾਂਤੀ ਬਖ਼ਸ਼ੇ ਆਪ ਸੁਵਾਤਾ, ਅਗਨੀ ਤਤ ਤਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਕਲਜੁਗ ਕਿਰਿਆ ਕੂੜ ਜਾਏ

ਨਠ, ਧਰਨੀ ਧਰਤ ਧਵਲ ਧੌਲ ਰਹਿਣ ਕੋਇ ਨਾ ਪਾਈਆ । ਮਾਇਆ ਮਮਤਾ ਪੰਚ ਵਿਕਾਰਾ ਖੇੜਾ ਹੋਵੇ ਭਠ, ਤ੍ਰੈਗੁਣ ਅਗਨੀ ਤਤ ਨਾ ਕੋਇ ਤਪਾਈਆ । ਲਹਿਣਾ ਦੇਣਾ ਮੁਕੇ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਦਰ ਘਰ ਬੈਠੇ ਸੀਸ ਨਿਵਾਈਆ । ਇਕ ਦੁਆਰ ਵਖਾਏ ਮੰਦਰ ਮਸਜਿਦ ਸ਼ਿਵਦਵਾਲਾ ਮਠ, ਗੁਰੁਦੁਆਰਾ ਚਰਚਾਂ ਇਕੋ ਰੰਗ ਰੰਗਾਈਆ । ਜਨ ਭਗਤਾਂ ਮੇਲ ਮਿਲਾਏ ਨਠ ਨਠ, ਆਤਮ ਅੰਤਰ ਭੱਜੇ ਵਾਹੋ ਦਾਹੀਆ । ਸਤਿ ਸੰਤੋਖ ਧੀਰਜ ਦੇਵੇ ਹਠ, ਕਲਜੁਗ ਤ੍ਰਿਸ਼ਨਾ ਕੂੜ ਮਿਟਾਈਆ । ਮਨ ਮਨੂਆ ਉਲਟੀ ਗੇੜੇ ਲਠ, ਦਹਿ ਦਿਸ਼ਾ ਨਾ ਉਠ ਉਠ ਧਾਹੀਆ । ਘਰ ਪ੍ਰਕਾਸ਼ ਜੋਤ ਕਰੇ ਲਟ ਲਟ, ਨੂਰ ਨੁਰਾਨਾ ਡਗਮਗਾਈਆ । ਸ਼ਬਦ ਨਾਦ ਸੁਣਾਏ ਅਨਹਦ, ਧੁਨ ਆਤਮਕ ਰਾਗ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਭਗਤਾਂ ਮੇਲ ਮਿਲਾਈਆ । ਸਾਚੇ ਭਗਤਾਂ ਮੇਲਣਹਾਰਾ, ਹਰਿ ਕਰਤਾ ਧੁਰਦਰਗਾਹ । ਸੰਤ ਸੁਹੇਲੇ ਵੇਖਣਹਾਰਾ, ਪੁਰਖ ਅਬਿਨਾਸ਼ੀ ਬੇਪਰਵਾਹ । ਗੁਰਮੁਖ ਗੁਰ ਗੁਰ ਰੰਗ ਰੰਗਾਵਣਹਾਰਾ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹ । ਹਰਿਜਨ ਸਾਚੇ ਚਰਨ ਧੂੜੀ ਮਸਤਕ ਲਾਵੇ ਛਾਰਾ, ਜੋਤੀ ਜਾਤਾ ਹੋ ਕੇ ਬਣੇ ਮਲਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਲੇਖਾ ਜਾਣੇ ਥਲ ਅਸਗਾਹ । ਥਲ ਅਸਗਾਹ ਵੇਖੇ ਪ੍ਰਭੂ ਆਪ, ਪਰਮ ਪੁਰਖ ਵੱਡੀ ਵਡਿਆਈਆ । ਜਨ ਭਗਤਾਂ ਕਰੇ ਵਡ ਪ੍ਰਤਾਪ, ਸਿਰ ਸਿਰ ਆਪਣਾ ਹੱਥ ਟਿਕਾਈਆ । ਆਤਮ ਪਰਮਾਤਮ ਦੱਸ ਕੇ ਜਾਪ, ਤੂੰ ਮੇਰਾ ਮੈਂ ਤੇਰਾ ਕਰੇ ਪੜ੍ਹਾਈਆ । ਕਲਜੁਗ ਅੰਤਮ ਮੇਟ ਅੰਧੇਰੀ ਰਾਤ, ਸਤਿਜੁਗ ਸਚ ਚੰਦ ਕਰੇ ਰੁਸ਼ਨਾਈਆ । ਝਗੜਾ ਰਹਿਣ ਨਾ ਦੇਵੇ ਜ਼ਾਤ ਪਾਤ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਸਭ ਦਾ ਇਕੋ ਹੋਵੇ ਮਾਈ ਬਾਪ, ਪਿਤਾ ਪੁਰਖ ਅਕਾਲ ਇਕ ਅਖਵਾਈਆ । ਇਕੋ ਚਰਨ ਪ੍ਰੀਤ ਜੋੜੇ ਨਾਤ, ਸਗਲਾ ਸੰਗ ਆਪ ਹੋ ਜਾਈਆ । ਕਲਜੁਗ ਅੰਤਮ ਪੁਛੇ ਵਾਤ, ਵੇਖਣਹਾਰਾ ਚਾਈਂ ਚਾਈਂਆ । ਜਿਸ ਦੀ ਸਭ ਤੋਂ ਵਖਰੀ ਗਾਥ, ਧੁਰ ਦਾ ਢੋਲਾ ਸਚ ਪੜ੍ਹਾਈਆ । ਉਹ ਮਾਲਕ ਖ਼ਾਲਕ ਅਨਾਥਾਂ ਨਾਥ, ਗ਼ਰੀਬ ਨਿਮਾਣਿਆਂ ਦਇਆ ਕਮਾਈਆ । ਲੇਖਾ ਜਾਣੇ ਸਰਬ ਕਲਾ ਸਮਰਾਥ, ਸਮਰਥ ਅਕਥ ਆਪਣਾ ਹੁਕਮ ਵਰਤਾਈਆ । ਜਿਸ ਦੇ ਹੁਕਮ ਵਿਚ ਕਲਜੁਗ ਅੰਤਮ ਧਰਨੀ ਉਤੋਂ ਜਾਵੇ ਨਾਠ, ਧਵਲ ਉਤੇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲੇ ਰਖਣਹਾਰਾ ਸਿਰ ਦੇ ਕਰ ਹਾਥ, ਪੁਸ਼ਤ ਪਨਾਹ ਆਪਣੀ ਦਇਆ ਕਮਾਈਆ ।

### ✪ ੨੮ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਬੁਢੇਲ ਜ਼ਿਲਾ ਲੁਧਿਆਣਾ ਗੁਰਨਾਮ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਸਤਿਗੁਰ ਸ਼ਬਦ ਅਗੰਮੇ ਮੀਤਾ, ਮਿਤਰ ਪਿਆਰੇ ਤੇਰੀ ਆਸ ਰਖਾਈਆ । ਮੇਰਾ ਅੰਤਸ਼ਕਰਨ ਕਰ ਦੇ ਠਾਂਢਾ ਸੀਤਾ, ਅਗਨੀ ਤਤ ਨਾ ਕੋਇ ਤਪਾਈਆ । ਮਾਨਵ ਜ਼ਾਤੀ ਮੇਰੇ ਉਤੋਂ ਬਦਲ ਦੇ ਰੀਤਾ, ਮਾਨਸ ਮਾਨਸ ਆਪ ਸਮਝਾਈਆ । ਤੂੰ ਸਾਹਿਬ ਸੁਲਤਾਨ ਤ੍ਰੈਗੁਣ ਅਤੀਤਾ, ਤ੍ਰੈਭਵਣ ਧਨੀ ਤੇਰੀ ਵਡਿਆਈਆ । ਤੂੰ ਲੱਖ ਚੁਰਾਸੀ ਪਰਖਣਹਾਰਾ ਨੀਤਾ, ਚਾਰੇ ਖਾਣੀ ਵਿਚ ਸਮਾਈਆ । ਨਿਗਾਹ ਮਾਰ ਲੈ ਹਰ ਘਟ ਚੀਤਾ,

ਚਿਤ ਵਿਤ ਠਗੌਰੀ ਭੇਵ ਰਹੇ ਨਾ ਰਾਈਆ । ਮੇਰੇ ਉਤੇ ਝਗੜਾ ਪਿਆ ਮੰਦਰ ਮਸੀਤਾ, ਕਾਇਆ ਕਾਅਬਾ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਧਰਨੀ ਕਹੇ ਸਤਿਗੁਰ ਸ਼ਬਦ ਮੈਨੂੰ ਦੇ ਦੇ ਨਾਮ ਵਸਤ ਅਨਮੁਲੀ, ਦੋ ਜਹਾਨਾਂ ਆਪ ਵਰਤਾਈਆ । ਤੂੰ ਮਾਲਕ ਖ਼ਾਲਕ ਸੁਲਹਕੁਲੀ, ਬੇਐਬ ਬੇਪਰਵਰਦਿਗਾਰ ਨੂਰ ਅਲਾਹੀਆ । ਬੇਸ਼ਕ ਸ੍ਰਿਸ਼ਟੀ ਤੇਰੀ ਤੈਨੂੰ ਭੁੱਲੀ, ਅਭੁਲ ਤੇਰੀ ਬੇਪਰਵਾਹੀਆ । ਭਾਗ ਲਗਾ ਦੇ ਮੇਰੀ ਨਵ ਖੰਡ ਦੀ ਕੁੱਲੀ, ਸੱਤਾਂ ਦੀਪਾਂ ਆਪਣਾ ਚਰਨ ਟਿਕਾਈਆ । ਕਲਜੁਗ ਦੀ ਕੂੜ ਕੁੜਿਆਰਾ ਦੀ ਫੁਲਵਾੜੀ ਵੇਖ ਲੈ ਫੁੱਲੀ, ਮਾਇਆ ਮਮਤਾ ਮੋਹ ਵਿਕਾਰ ਨਾਲ ਮਹਿਕਾਈਆ । ਤੇਰੀ ਚਰਨ ਪ੍ਰੀਤੀ ਆਤਮਾ ਦਿਸੇ ਕੋਈ ਨਾ ਘੁੱਲੀ, ਘੋਲੀ ਘੋਲ ਨਾ ਕੋਇ ਘੁਮਾਈਆ । ਤੇਰੀ ਸ੍ਰਿਸ਼ਟੀ ਪੁਰਖ ਅਕਾਲੇ ਤੇਰਾ ਨਾਮ ਜਪਦੀ ਬੁੱਲੀਂ, ਹਿਰਦੇ ਸਕੇ ਨਾ ਕੋਇ ਵਸਾਈਆ । ਬੂੰਦ ਸਵਾਂਤੀ ਅੰਮ੍ਰਿਤ ਧਾਰ ਨਿਝਰ ਝਿਰਨਿਉਂ ਸਭ ਦੀ ਡੁਲ੍ਹੀ, ਨਾਭੀ ਕਵਲ ਨਾ ਕੋਇ ਉਲਟਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਮੇਰੀ ਆਸ਼ਾ ਵੇਖ ਲੈ ਰੁਲੀ, ਧੀਰਜ ਧੀਰ ਨਾ ਕੋਇ ਧਰਾਈਆ । ਤੇਰੀ ਚੁਰਾਸੀ ਤੇਰੇ ਨਾਮ ਬਿਨਾ ਹੁੱਲੀ, ਸਿੰਮਲ ਵਾਂਗ ਫਲ ਫੁੱਲ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਮੇਰੇ ਸਤਿਗੁਰ ਸ਼ਬਦ ਮਿਹਰਵਾਨ ਮਿਹਰਵਾਨਾ, ਮਹਿਵ ਮਹਿਬੂਬ ਤੇਰੀ ਸਰਨਾਈਆ । ਮੈਨੂੰ ਇਕੋ ਬਖ਼ਸ਼ ਦੇ ਨਾਮ ਨਿਧਾਨਾ, ਗੁਣ ਨਿਧਾਨ ਤੇਰੀ ਬੇਪਰਵਾਹੀਆ । ਸੱਤ ਦੀਪ ਤੇਰਾ ਝੁਲਦਾ ਹੋਵੇ ਇਕ ਨਿਸ਼ਾਨਾ, ਜੋਤੀ ਜਾਤੇ ਪੁਰਖ ਬਿਧਾਤੇ ਡਗਮਗਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਦਾ ਹੋਵੇ ਗਾਣਾ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਤੂੰ ਮਾਲਕ ਸ਼ਾਹੋ ਭੂਪ ਜ਼ਿਮੀਂ ਅਸਮਾਨਾ, ਲੋਕ ਪ੍ਰਲੋਕ ਚੌਦਾਂ ਤਬਕ ਤੇਰੀ ਵਜਦੀ ਰਹੀ ਵਧਾਈਆ । ਮੇਰੀ ਬੇਨੰਤੀ ਇਕੋ ਕਰੀਂ ਪ੍ਰਵਾਨਾ, ਪਰਮ ਪੁਰਖ ਤੇਰੀ ਸਰਨਾਈਆ । ਤੂੰ ਦਾਤਾ ਦਾਨੀ ਗੁਣ ਨਿਧਾਨਾ, ਗਹਿਰ ਗੰਭੀਰ ਬੇਨਜ਼ੀਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਮੇਰੇ ਸਤਿਗੁਰ ਸ਼ਬਦ ਦੀਨ ਦਿਆਲ, ਦਇਆ ਨਿਧ ਤੇਰੀ ਸਰਨਾਈਆ । ਦੀਨਾਂ ਬੰਧਪ ਹੋ ਕਿਰਪਾਲ, ਕਿਰਪਾ ਨਿਧ ਦੇ ਵਡਿਆਈਆ । ਭਗਤ ਸੁਹੇਲੇ ਆਪਣੇ ਭਾਲ, ਚਾਰੇ ਕੁੰਟਾਂ ਫੋਲ ਫੁਲਾਈਆ । ਸੰਤ ਸੁਹੇਲੇ ਖੋਜ ਲੈ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਗੁਰਮੁਖ ਗੁਰਸਿਖ ਅੰਦਰ ਵੜ ਕੇ ਸੁਰਤ ਸੰਭਾਲ, ਸੰਬਲ ਦੇ ਮਾਲਕ ਹੋਣਾ ਆਪ ਸਹਾਈਆ । ਤੇਰਾ ਲੇਖਾ ਰਹੇ ਨਾ ਸ਼ਾਹ ਕੰਗਾਲ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਤੇਰੀ ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਅਵਲੜੀ ਚਾਲ, ਚਾਲ ਨਿਰਾਲੀ ਇਕ ਰਖਾਈਆ । ਮੇਰੀ ਬੇਨੰਤੀ ਮੰਨ ਸੁਆਲ, ਦਰ ਠਾਂਢੇ ਦਿਆਂ ਦ੍ਰਿੜਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੀ ਘਾਲਣ ਰਹੀ ਘਾਲ, ਸਤਿਗੁਰ ਸ਼ਬਦ ਤੇਰੀ ਸਰਨਾਈਆ । ਮੇਰੇ ਉਤੋਂ ਕਲਜੁਗ ਕੂੜ ਤੋੜ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਮਾਨਵ ਭਾਗ ਲਗਾ ਦੇ ਕਾਇਆ ਮਾਟੀ ਖਾਲ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਤੇਰਾ ਅੰਤਰ ਆਤਮ ਇਕੋ ਸਰੋਵਰ ਸੁਹਾਏ ਸਾਚਾ ਤਾਲ, ਬੂੰਦ ਸਵਾਂਤੀ ਆਪ ਟਪਕਾਈਆ । ਆ ਕੇ ਵੇਖ ਮੁਰੀਦਾਂ ਹਾਲ, ਮੇਰੇ ਮੁਰਸ਼ਦ ਧੁਰਦਰਗਾਹੀਆ । ਫਲ ਰਿਹਾ ਕਿਸੇ ਨਾ ਡਾਲ, ਪੱਤ ਟਹਿਣੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ

੬੯੬ ੨੪

੬੯੭
੨੪

ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਤੇਰਾ ਖੇਲ ਆਦਿ ਜੁਗਾਦਿ ਕਮਾਲ, ਕਮਲਾਪਤ ਬ੍ਰਹਮ ਮਤ ਪੰਜ ਤਤ ਆਪ ਦ੍ਰਿੜਾਈਆ ।

### ✪ ੨੯ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਬੋਪਾ ਰਾਏ ਜ਼ਿਲਾ ਲੁਧਿਆਣਾ ਗੁਰਦਿਆਲ ਕੌਰ ਦੇ ਗ੍ਰਿਹਿ ✪

ਧਰਨੀ ਕਹੇ ਸੋ ਪੁਰਖ ਨਿਰੰਜਣ ਕਰ ਮਿਹਰਵਾਨੀ, ਮਿਹਰਵਾਨ ਮਹਿਬੂਬ ਆਪਣੀ ਦਇਆ ਕਮਾਈਆ । ਹਰਿ ਪੁਰਖ ਨਿਰੰਜਣ ਧਰਮ ਦੀ ਧਾਰ ਬਖ਼ਸ਼ ਨਿਸ਼ਾਨੀ, ਲੋਕਮਾਤ ਆਪਣਾ ਰੰਗ ਰੰਗਾਈਆ । ਏਕੰਕਾਰ ਬਣ ਅਗੰਮਾ ਦਾਨੀ, ਵਸਤ ਅਮੋਲਕ ਇਕ ਵਰਤਾਈਆ । ਆਦਿ ਨਿਰੰਜਣ ਨੂਰ ਬਖ਼ਸ਼ ਨੁਰਾਨੀ, ਜੋਤੀ ਜਾਤੇ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤੇ ਆਪਣਾ ਖੇਲ ਦੱਸ ਮਹਾਨੀ, ਮਹਿੰਮਾ ਅਕਥ ਅਕਥ ਦ੍ਰਿੜਾਈਆ । ਸ੍ਰੀ ਭਗਵਾਨ ਲਹਿਣਾ ਦੇਣਾ ਤਕ ਲੈ ਜ਼ਿਮੀਂ ਅਸਮਾਨੀ, ਦੋ ਜਹਾਨਾਂ ਖੋਜ ਖੁਜਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਬਖ਼ਸ਼ ਚਰਨ ਧਿਆਨੀ, ਇਸ਼ਟ ਦੇਵ ਇਕੋ ਇਕ ਦ੍ਰਿੜਾਈਆ । ਸਤਿਗੁਰ ਸ਼ਬਦ ਮੇਰੀ ਕਰ ਕਲਿਆਣੀ, ਕਲਮਾ ਕਾਇਨਾਤ ਸਮਝਾਈਆ । ਮੈਂ ਜੁਗ ਚੌਕੜੀ ਖੇਲ ਤਕਦੀ ਰਹੀ ਭਗਵਾਨੀ, ਕੀ ਭਗਵਨ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਮੇਰੇ ਹੱਥ ਰਖਾਈਆ । ਧਰਨੀ ਕਹੇ ਸਤਿਗੁਰ ਸ਼ਬਦ ਨਿਗਾਹ ਮਾਰ ਲੈ ਵਿਚ ਤਤ ਪੰਜ, ਪੰਚਮ ਮੀਤੇ ਧਿਆਨ ਲਗਾਈਆ । ਦੀਨ ਦੁਨੀ ਦੇ ਅੰਦਰ ਵੇਖ ਲੈ ਰੰਜ, ਰੰਜਸ਼ ਵਿਚ ਖ਼ਲਕ ਖ਼ੁਦਾਈਆ । ਪੰਚ ਵਿਕਾਰਾ ਦਿਵਸ ਰੈਣ ਕਰੇ ਜੰਗ, ਮਨੂਆ ਮਨਸਾ ਨਾਲ ਲੜਾਈਆ । ਕਿਸੇ ਭੇਵ ਨਾ ਆਏ ਬ੍ਰਹਮ ਹੰ, ਪਾਰਬ੍ਰਹਮ ਮਿਲਣ ਕੋਇ ਨਾ ਪਾਈਆ । ਸਭ ਦਾ ਓਢਣ ਸੀਸ ਹੋਇਆ ਨੰਗ, ਸਿਰ ਹੱਥ ਨਾ ਕੋਇ ਟਿਕਾਈਆ । ਲੱਖ ਚੁਰਾਸੀ ਭਾਗ ਦਿਸੇ ਮੰਦ, ਮੰਦਭਾਗੀ ਹੋਈ ਖ਼ਲਕ ਖ਼ੁਦਾਈਆ । ਦੀਨ ਦੁਨੀ ਦਾ ਨਿਜ ਨੇਤਰ ਹੋਇਆ ਅੰਧ, ਲੋਇਣ ਕਰੇ ਨਾ ਕੋਇ ਰੁਸ਼ਨਾਈਆ । ਨੌਂ ਦੁਆਰੇ ਮੁਕੇ ਕੋਇ ਨਾ ਪੰਧ, ਜਗਤ ਵਾਸਨਾ ਕੂੜ ਨਾ ਕੋਇ ਗਵਾਈਆ । ਆਤਮ ਪਰਮਾਤਮ ਗਾਏ ਕੋਈ ਨਾ ਛੰਦ, ਸਾਚਾ ਢੋਲਾ ਨਾ ਕੋਇ ਦ੍ਰਿੜਾਈਆ । ਕਿਸੇ ਮਿਲੇ ਪ੍ਰਕਾਸ਼ ਨਾ ਸੂਰੀਆ ਚੰਦ, ਨੂਰ ਨੁਰਾਨਾ ਨੂਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਤ੍ਰਿਸ਼ਨਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਦੀਨ ਦੁਨੀ ਦਾ ਵੇਖ ਲੈ ਅੰਤਸ਼ਕਰਨ, ਬਿਨ ਨੇਤਰ ਲੋਚਨ ਨੈਣਾਂ ਧਿਆਨ ਲਗਾਈਆ । ਕਿਸੇ ਦਾ ਖੁਲ੍ਹਿਆ ਨਹੀਂ ਹਰਨ ਫਰਨ, ਤੇਰਾ ਨੂਰੀ ਦਰਸ ਕੋਇ ਨਾ ਪਾਈਆ । ਤੇਰੀ ਮੰਜ਼ਲ ਮੂਲ ਨਾ ਚੜ੍ਹਨ, ਦਰਗਾਹ ਸਾਚੀ ਹਕ ਪੰਧ ਨਾ ਕੋਇ ਮੁਕਾਈਆ । ਤੂੰ ਮਾਲਕ ਖ਼ਾਲਕ ਘਾੜਨ ਘੜਨ, ਸਮਰਥ ਤੇਰੀ ਬੇਪਰਵਾਹੀਆ । ਮੈਂ ਕਲਜੁਗ ਕੂੜੀ ਕਿਰਿਆ ਨਾਲ ਲੱਗੀ ਸੜਨ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਦਰੋਹੀ ਫਿਰ ਗਈ ਸੀਸ ਧੜਨ, ਤਨ ਵਜੂਦ ਅਗਨੀ ਤਤ ਤਤ ਤਪਾਈਆ । ਕਿਸੇ ਨੂੰ ਸਮਝ ਨਾ ਆਵੇ ਚੋਟੀ ਜੜ੍ਹਨ, ਚੇਤਨ ਤੇਰੇ ਰੰਗ ਨਾ ਕੋਇ ਸਮਾਈਆ । ਸਚਖੰਡ ਦੁਆਰ ਏਕੰਕਾਰ ਮੂਲ ਤੇਰੇ ਨਾ ਵੜਨ, ਦਰਗਾਹ ਸਾਚੀ ਸਚ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ

ਹੋਣਾ ਸਹਾਈਆ । ਧਰਨੀ ਕਹੇ ਸਤਿਗੁਰ ਸ਼ਬਦ ਦੀਨਾਂ ਮਜ਼੍ਹਬਾਂ ਮਾਰ ਲੈ ਝਾਕੀ, ਨਵ ਸੱਤ ਧਿਆਨ ਲਗਾਈਆ । ਮਾਨਸ ਮਾਨਵ ਬੰਦੇ ਤਕ ਲੈ ਖ਼ਾਕੀ, ਤਤਵ ਤਤ ਖੋਜ ਖੁਜਾਈਆ । ਸਭ ਦੇ ਅੰਦਰ ਹੋਈ ਅੰਧੇਰੀ ਰਾਤੀ, ਨੂਰੀ ਚੰਦ ਨਾ ਕੋਇ ਚਮਕਾਈਆ । ਅੰਮ੍ਰਿਤ ਮਿਲੇ ਨਾ ਬੂੰਦ ਸਵਾਂਤੀ, ਅਗਨੀ ਤਤ ਨਾ ਕੋਇ ਬੁਝਾਈਆ । ਬਿਨਾ ਪੜਦਿਆਂ ਪੜਦਾ ਖੋਲ੍ਹ ਕੇ ਮਾਰ ਲੈ ਝਾਕੀ, ਨਵ ਨਵ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਸਤਿਗੁਰ ਸ਼ਬਦ ਮੇਰੀ ਪੂਰਨ ਕਰ ਦੇ ਆਸਾ, ਆਸੂ ਤੇਰੇ ਚਰਨ ਟਿਕਾਈਆ । ਮੈਨੂੰ ਤੇਰੇ ਉਤੇ ਭਰਵਾਸਾ, ਦੂਸਰ ਅਵਰ ਨਾ ਕੋਇ ਰਖਾਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਸ਼ਾਬਾਸ਼ਾ, ਆਦਿ ਜੁਗਾਦਿ ਇਕ ਅਖਵਾਈਆ । ਤੇਰੀ ਦੋ ਜਹਾਨਾਂ ਮੰਡਲ ਰਾਸਾ, ਬਿਨ ਗੋਪੀ ਕਾਹਨ ਨਾਚ ਨਚਾਈਆ । ਮੇਰੇ ਉਤੇ ਤੇਰਾ ਨੂਰ ਹੋਵੇ ਪ੍ਰਕਾਸ਼ਾ, ਨਵ ਸੱਤ ਡਗਮਗਾਈਆ । ਤੂੰ ਲਹਿਣਾ ਦੇਣਾ ਵੇਖਣਹਾਰਾ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰਾਂ ਫੋਲ ਫੁਲਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਤੇਰਾ ਭੇਵ ਖੋਲ੍ਹਿਆ ਖ਼ੁਲਾਸਾ, ਖ਼ਾਲਸ ਰੂਪ ਗਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਧਰਨੀ ਕਹੇ ਸਤਿਗੁਰ ਸ਼ਬਦ ਮੇਰੀਆਂ ਆਸਾਂ ਤੇਰੇ ਚਰਨ ਰਖੀਆਂ, ਚਰਨੋਦਕ ਦੇਣਾ ਜਾਮ ਪਿਆਈਆ । ਤੂੰ ਮਾਲਕ ਖ਼ਾਲਕ ਅਲੱਖ ਅਲੱਖੀਆ, ਅਲਖ ਅਗੋਚਰ ਤੇਰੀ ਵਡ ਵਡਿਆਈਆ । ਬੇਸ਼ਕ ਲੱਖ ਚੁਰਾਸੀ ਤੇਰੀਆਂ ਸਖ਼ੀਆਂ, ਆਤਮ ਧਾਰ ਸੋਭਾ ਪਾਈਆ । ਤੂੰ ਲਹਿਣਾ ਦੇਣਾ ਮੁਕਾਉਣਾ ਹੱਥੋ ਹਥੀਆ, ਜਗਤ ਉਧਾਰ ਨਾ ਕੋਇ ਜਣਾਈਆ । ਮੇਰੇ ਮਾਲਕ ਸੁਆਮੀ ਸਰਬ ਕਲਾ ਸਮਰਥੀਆ, ਸਮਰਥ ਅਕਥ ਮਹਿੰਮਾ ਦੇਣੀ ਦ੍ਰਿੜਾਈਆ । ਮੈਂ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਠੀ ਆਂ, ਭੱਜਾਂ ਵਾਹੋ ਦਾਹੀਆ । ਮੇਰੀਆਂ ਉਚ ਮਹਲ ਅਟਾਰੀਆਂ ਧਰਮ ਵਾਲੀਆਂ ਢੱਠੀਆਂ, ਮੰਦਰ ਸਾਚਾ ਨਜ਼ਰ ਕੋਇ ਨਾ ਆਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਮੇਰੇ ਉਤੇ ਉਲਟੀ ਗੇੜ ਦੇ ਲਠੀਆ, ਕਲਜੁਗ ਅੰਦਰ ਸਤਿਜੁਗ ਦੇ ਬਦਲਾਈਆ । ਮੈਂ ਤੇਰੀ ਚਰਨ ਸਰਨ ਇਕੋ ਏਕੰਕਾਰ ਢੱਠੀਆਂ, ਬਿਨ ਧੂੜੀ ਤੇਰੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਅਗੰਮ ਅਥਾਹੀਆ । ਧਰਨੀ ਕਹੇ ਮੇਰੇ ਸਤਿਗੁਰ ਸ਼ਬਦ ਤੇਰੀਆਂ ਆਦਿ ਜੁਗਾਦਿ ਉਡੀਕਾਂ, ਬਿਨ ਨੇਤਰਾਂ ਰਾਹ ਤਕਾਈਆ । ਤੇਰਾ ਕਿਸੇ ਨਾਲ ਨਹੀਂ ਸ਼ਰੀਕਾ, ਪਰਵਰਦਿਗਾਰ ਤੇਰੀ ਬੇਪਰਵਾਹੀਆ । ਮੇਰੇ ਉਤੇ ਆਉਣ ਦਾ ਅਗਲਾ ਆਪਣਾ ਦੱਸ ਤਰੀਕਾ, ਕਲ ਕਵਣ ਕਵਣ ਵਰਤਾਈਆ । ਤੇਰਾ ਨੂਰ ਜ਼ਹੂਰ ਤਕਾਂ ਨੀਕਨ ਨੀਕਾ, ਬੇਅੰਤ ਅਗੰਮ ਅਥਾਹ ਤੇਰਾ ਦਰਸਨ ਪਾਈਆ । ਤੂੰ ਮਾਲਕ ਖ਼ਾਲਕ ਲੱਖ ਚੁਰਾਸੀ ਜੀਵ ਜੀਅ ਕਾ, ਜੀਵਾਂ ਜੰਤਾਂ ਸਾਧਾਂ ਸੰਤਾਂ ਵੇਖਣਹਾਰਾ ਥਾਉਂ ਥਾਈਂਆ । ਪੁਰਖ ਅਕਾਲੇ ਦੀਨ ਦਿਆਲੇ ਮੇਰੇ ਉਤੇ ਤੇਰੇ ਪਿਆਰ ਦਾ ਰਸ ਹੋ ਗਿਆ ਫੀਕਾ, ਰਸਨਾ ਰਸ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਧਰਨੀ ਕਹੇ ਸਤਿਗੁਰ ਸ਼ਬਦ ਮੈਂ ਤੇਰਾ ਤਕਦੀ ਰਾਹ, ਮੇਰੇ ਰਹਿਬਰ ਨੂਰ ਅਲਾਹੀਆ । ਜੋਤੀ ਜਾਤੇ ਪੁਰਖ ਬਿਧਾਤੇ ਬਿਨ ਤਤਾਂ ਫੇਰਾ ਪਾ, ਤਨ ਵਜੂਦ ਦੀ ਲੋੜ ਰਹੇ ਨਾ ਰਾਈਆ । ਸਚ ਸੁਆਮੀ ਅੰਤਰਜਾਮੀ ਹੋ ਕੇ ਬਣ ਮਲਾਹ, ਖੇਵਟ ਖੇਟਾ ਇਕੋ ਨਜ਼ਰੀ ਆਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਚੱਪੂ ਨਾਮ ਵਾਲਾ ਲਗਾ, ਨਈਆ ਨੌਕਾ ਬੇੜਾ ਇਕੋ


੬੬੮
੨੪

ਇਕ ਵਖਾਈਆ । ਮੇਰੀ ਤੇਰੇ ਅਗੇ ਦੁਆ, ਦੋਏ ਜੋੜ ਵਾਸਤਾ ਪਾਈਆ । ਮੇਰੇ ਸੁਆਮੀ ਅਗੰਮ ਅਥਾਹ, ਅਮਾਮ ਅਮਾਮਾ ਤੇਰੇ ਹੱਥ ਵਡਿਆਈਆ । ਜੁਗ ਬਦਲਣਾ ਤੇਰੀ ਅਦਾ, ਆਦਤ ਧੁਰ ਦੀ ਚਲੀ ਆਈਆ । ਕਲਜੁਗ ਕੂੜੀ ਕਿਰਿਆ ਦੇ ਮਿਟਾ, ਕਪਟ ਕੁਕਰਮ ਰਹਿਣ ਨਾ ਪਾਈਆ । ਸਤਿਜੁਗ ਸਚ ਧਰਮ ਦੇ ਲਗਾ, ਲਗ ਮਾਤਰ ਡੇਰਾ ਢਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਰੰਗ ਚੜ੍ਹਾ, ਦੁਰਮਤ ਮੈਲ ਦੇ ਧੁਆਈਆ । ਅੰਮ੍ਰਿਤ ਆਤਮ ਸਰੋਵਰ ਇਕੋ ਗੰਗ ਵਹਾ, ਜਲ ਥਲ ਮਹੀਅਲ ਆਪਣਾ ਖੇਲ ਖਿਲਾਈਆ । ਮਰਦ ਮਰਦਾਨੇ ਹੋ ਸਹਾ, ਮਹਿਬੂਬ ਆਪਣਾ ਫੇਰਾ ਪਾਈਆ । ਮੈਂ ਤੇਰੇ ਚਰਨ ਸਰਨ ਸੀਸ ਰਹੀ ਨਿਵਾ, ਨਿਵ ਨਿਵ ਲਾਗਾਂ ਪਾਈਆ । ਤੂੰ ਮੇਰਾ ਆਦਿ ਜੁਗਾਦਿ ਰਹਿਨੁਮਾ, ਦੂਜਾ ਨਜ਼ਰ ਕੋਇ ਨਾ ਆਈਆ । ਮੈਂ ਸੀਸ ਜਗਦੀਸ ਰਹੀ ਝੁਕਾ, ਧੂੜੀ ਖ਼ਾਕ ਖ਼ਾਕ ਰਮਾਈਆ । ਤੇਰੇ ਉਤੋਂ ਹੋਵਾਂ ਫ਼ਿਦਾ, ਆਪ ਆਪਣਾ ਭੇਟ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮੇਰੇ ਉਤੋਂ ਦੀਨ ਦਿਆਲੇ ਵਡ ਕਿਰਪਾਲੇ ਕਲਜੁਗ ਕੂੜੀ ਕਿਰਿਆ ਕਰਮ ਮਿਟਾ, ਸਤਿਜੁਗ ਸਤਿ ਸਤਿ ਧਰਮ ਧਰਮ ਉਪਜਾਈਆ ।

### ✪ ੨੯ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਮੁੱਲਾਂ ਪੁਰ ਜ਼ਿਲਾ ਲੁਧਿਆਣਾ ਹਰਚੰਦ ਸਿੰਘ ਦੇ ਗ੍ਰਿਹਿ ✪



ਕਲਜੁਗ ਕਹੇ ਧਰਨੀਏ ਕਿਉਂ ਮੈਥੋਂ ਰਹੀ ਡਰ, ਡਰਪੋਕ ਹੋ ਕੇ ਪ੍ਰਭ ਅਗੇ ਵਾਸਤਾ ਪਾਈਆ । ਮੈਂ ਵੀ ਚੌਥਾ ਜੁਗ ਆਇਆ ਤੇਰੇ ਘਰ, ਘਰਾਨੇ ਵਾਲੀਏ ਆਪਣਾ ਪੰਧ ਮੁਕਾਈਆ । ਤੂੰ ਖ਼ੁਸ਼ੀਆਂ ਨਾਲ ਆਪਣਾ ਖੋਲ੍ਹ ਕੇ ਰਖ ਦਰਵਾਜ਼ਾ ਦਰ, ਕੁੰਡੀ ਖਿੜਕੀ ਬੰਦ ਨਾ ਕੋਇ ਕਰਾਈਆ । ਮੇਰਾ ਮਾਲਕ ਖ਼ਾਲਕ ਇਕੋ ਨਰਾਇਣ ਨਰ, ਜਿਸ ਨੇ ਤੈਨੂੰ ਦਿਤੀ ਵਡਿਆਈਆ । ਉਹ ਸੁਆਮੀ ਅੰਤਰਜਾਮੀ ਮੇਰੇ ਸਿਰ ਤੇ ਹੱਥ ਰਿਹਾ ਧਰ, ਧਰਨੀਏ ਮੇਰੀ ਪੁਸ਼ਤ ਪਨਾਹ ਹੱਥ ਟਿਕਾਈਆ । ਹੁਣ ਉਸ ਸਾਹਿਬ ਦੇ ਹੁਕਮ ਦਾ ਭਾਣਾ ਜਰ, ਕਿਉਂ ਤੇਰਾ ਜ਼ੱਰਾ ਜ਼ੱਰਾ ਰਿਹਾ ਕੁਰਲਾਈਆ । ਤੂੰ ਮੇਰੇ ਹੁਕਮ ਦੀ ਵੇਖ ਲੈ ਸ਼ਰਅ ਸ਼ਰ, ਕੀ ਸ਼ਰੀਅਤ ਦਿਤੀ ਵਖਾਈਆ । ਮੈਂ ਪਿਆਰ ਵਿਚ ਇਕੱਠਾ ਰਹਿਣ ਦਿਤਾ ਨਹੀਂ ਨਾਰੀ ਨਰ, ਗੁਰੂ ਚੇਲਾ ਮੁਰਸ਼ਦ ਮੁਰੀਦ ਪ੍ਰੀਤ ਨਾ ਕੋਇ ਕਮਾਈਆ । ਪਵਿਤ੍ਰ ਰਹਿਣ ਦਿਤਾ ਨਹੀਂ ਕੋਈ ਜਲ, ਸਰ ਸਰੋਵਰਾਂ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਆਪਣਾ ਸੰਗ ਨਿਭਾਈਆ । ਕਲਜੁਗ ਕਹੇ ਧਰਨੀਏ ਕਿਉਂ ਪ੍ਰਭ ਦੇ ਅਗੇ ਕਰੇਂ ਪੁਕਾਰ, ਕੂਕ ਕੂਕ ਸੁਣਾਈਆ । ਕਿਉਂ ਰੋਵੇਂ ਜ਼ਾਰੋ ਜ਼ਾਰ, ਬਿਨ ਨੈਣਾਂ ਨੀਰ ਵਖਾਈਆ । ਕਿਉਂ ਨਿਮਾਣੀ ਹੋ ਕੇ ਧਰਨੀਏ ਧੂੜੀ ਲਾਵੇਂ ਛਾਰ, ਟਿੱਕੇ ਖ਼ਾਕ ਰਮਾਈਆ । ਮੈਂ ਵੀ ਉਸੇ ਦਾ ਤੇਰੇ ਉਤੇ ਬਣਿਆ ਸਿਕਦਾਰ, ਆਪਣਾ ਹੁਕਮ ਮਨਾਈਆ । ਮੇਰਾ ਲੇਖਾ ਨਾਲ ਪੈਗ਼ੰਬਰ ਗੁਰ ਅਵਤਾਰ, ਸਚ ਦੇ ਨਾਲ ਮੇਰੀ ਵਡਿਆਈਆ । ਮੈਂ ਤੇਰੇ ਉਤੇ ਆ ਕੇ ਕੂੜ ਦਾ ਕੀਤਾ ਪ੍ਰਚਾਰ, ਪ੍ਰਾਚੀਨ ਦਾ ਲੇਖਾ ਦਿਤਾ ਮੁਕਾਈਆ । ਤੂੰ ਕਮਲੀਏ ਮੇਰੇ ਉਤੋਂ ਜਾ ਬਲਿਹਾਰ, ਜਿਸ ਮਾਨਸ ਜ਼ਾਤੀ ਦਿਤੀ ਭੁਲਾਈਆ । ਹਿਰਦੇ ਵਸਿਆ ਰਹਿਣ ਦਿਤਾ ਨਹੀਂ ਕਿਸੇ ਨਿਰੰਕਾਰ, ਪਰਵਰਦਿਗਾਰ ਸੀਸ ਨਾ ਕੋਇ ਝੁਕਾਈਆ । ਕੂੜੀ ਮਾਇਆ ਵਿਚ ਫਸਾ ਕੇ ਸੰਸਾਰ, ਕਾਮ ਕਰੋਧ ਲੋਭ ਮੋਹ ਹੰਕਾਰ ਵਿਚ ਕੀਤਾ ਹਲਕਾਈਆ । ਨੌ ਖੰਡ ਪ੍ਰਿਥਮੀ ਹਰ

੯੯੯ ੨੪

ਘਟ ਅੰਦਰ ਵਧਿਆ ਹੰਕਾਰ, ਨਿਮਰਤਾ ਅੰਦਰੋਂ ਦਿਤੀ ਚੁਕਾਈਆ । ਜਿਧਰ ਵੇਖੇਂ ਉਧਰ ਧੂੰਆਂਧਾਰ, ਸਚ ਚੰਦ ਨਾ ਕੋਇ ਰੁਸ਼ਨਾਈਆ । ਮੈਂ
ਵੀ ਪ੍ਰਭੂ ਦਾ ਲਾਡਲਾ ਬੱਚਾ ਕਲਜੁਗ ਬਰਖ਼ੁਰਦਾਰ, ਸੇਵਕ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ
ਸਾਚਾ ਵਰ, ਸਚ ਦਾ ਮਾਲਕ ਦਇਆ ਕਮਾਈਆ । ਕਲਜੁਗ ਕਹੇ ਧਰਨੀਏ ਕਿਉਂ ਪ੍ਰਭੂ ਦੇ ਅਗੇ ਪਾਵੇਂ ਵਾਸਤਾ, ਰੋ ਰੋ ਦਏਂ ਦੁਹਾਈਆ ।
ਮੇਰਾ ਸਮਾਂ ਆਇਆ ਆਹਿਸਤਾ ਆਹਿਸਤਾ, ਸਤਿਜੁਗ ਤਰੇਤਾ ਦੁਆਪਰ ਤੇਰੇ ਉਤੇ ਗਏ ਫੇਰੀਆਂ ਪਾਈਆ । ਵੇਖ ਲੈ ਆ ਕੇ ਮੈਂ ਅਵਤਾਰਾਂ ਪੈਗ਼ੰਬਰਾਂ
ਗੁਰੂਆਂ ਦੇ ਧਰਮ ਦਾ ਬਦਲ ਦਿਤਾ ਰਾਸਤਾ, ਸਾਚੇ ਮਾਰਗ ਚਲਣ ਕੋਇ ਨਾ ਪਾਈਆ । ਮਾਨਸ ਮਾਨਵ ਮਾਨੁਖ ਵਣਜਾਰਾ ਕੀਤਾ ਪਸ਼ੂਆਂ ਪੰਛੀਆਂ
ਮਾਸ ਦਾ, ਅੰਮ੍ਰਿਤ ਰਸ ਰਸਨਾ ਲਗੇ ਕਿਸੇ ਨਾ ਰਾਈਆ । ਅੰਦਰ ਭਰੋਸਾ ਰਹਿਣ ਨਹੀ ਦਿਤਾ ਕਿਸੇ ਵਿਸ਼ਵਾਸ਼ ਦਾ, ਵਿਸ਼ਿਆਂ ਵਿਚ ਕੀਤੀ ਖ਼ਲਕ
ਖ਼ੁਦਾਈਆ । ਨੂਰ ਜ਼ਹੂਰ ਦਿਸੇ ਨਾ ਕੋਇ ਪ੍ਰਕਾਸ਼ ਦਾ, ਚਾਰੋ ਕੁੰਟ ਅੰਧ ਅੰਧੇਰਾ ਛਾਈਆ । ਧਰਨੀ ਹੁਣ ਤੇਰਾ ਵੇਲਾ ਮੈਨੂੰ ਕਹਿਣ ਸ਼ਾਬਾਸ਼ ਦਾ,
ਸ਼ਾਬਾ ਕਹਿ ਕੇ ਮੈਨੂੰ ਦੇ ਵਡਿਆਈਆ । ਮੈਂ ਤੇਰੇ ਉਤੇ ਅਜੇ ਖੇਲ ਕਰਾਉਣਾ ਮਾਨਸ ਮਾਨਸ ਵਾਲੀ ਲਾਸ਼ ਦਾ, ਲਸ਼ਕਰ ਜਗਤ ਜਹਾਨ ਰਹਿਣ
ਕੋਇ ਨਾ ਪਾਈਆ । ਮੈਂ ਪ੍ਰਭੂ ਦਾ ਭਗਤ ਕੋਈ ਰਹਿਣ ਨਹੀਂ ਦੇਣਾ ਸਵਾਸ ਸਵਾਸ ਦਾ, ਸਾਹ ਸਾਹ ਸਕੇ ਨਾ ਕੋਇ ਧਿਆਈਆ । ਤੇਰਾ ਘਰ
ਬਣਾਉਣਾ ਭਰਵਾਸ ਦਾ, ਮਹਲ ਅਟਲ ਨਾ ਕੋਇ ਰੁਸ਼ਨਾਈਆ । ਕੁਛ ਲੇਖਾ ਤਕ ਲੈ ਜੋ ਇਸ਼ਾਰਾ ਭਾਈ ਗੁਰਦਾਸ ਦਾ, ਵੀਹ ਇਕੀਹ ਕੀ ਦ੍ਰਿੜਾਈਆ ।
 ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਕਲਜੁਗ ਕਹੇ ਧਰਨੀਏ ੧੦੦੦
 ਕਿਉਂ ਪ੍ਰਭ ਦੇ ਅਗੇ ਕੱਢੇਂ ਹਾੜਾ, ਹਾਏ ਉਫ਼ ਕਰ ਕੁਰਲਾਈਆ । ਨੀ ਮੈਂ ਤੇਰੇ ਉਤੇ ਕੂੜ ਕਰਮ ਦਾ ਲਾਇਆ ਅਖਾੜਾ, ਤੂੰ ਵੇਖਣਾ ਚਾਈਂ ਚਾਈਂਆ । ੨੪
ਨੌ ਖੰਡ ਪ੍ਰਿਥਮੀ ਪੰਜ ਵਿਕਾਰ ਬਣਾਈ ਧਾੜਾ, ਬਚਿਆ ਰਹਿਣ ਕੋਇ ਨਾ ਪਾਈਆ । ਅਗਨੀ ਤਤ ਲਗਾਈ ਹਾੜਾ, ਜਗਤ ਜਹਾਨ ਰਹੀ ਜਲਾਈਆ ।
ਪ੍ਰਭੂ ਦਾ ਪਿਆਰ ਕਿਸੇ ਉਤੇ ਰਹਿਣ ਨਹੀਂ ਦਿਤਾ ਗਾੜ੍ਹਾ, ਸਾਚੇ ਰੰਗ ਨਾ ਕੋਇ ਰੰਗਾਈਆ । ਮੈਂ ਹੰਕਾਰ ਵਿਕਾਰ ਵਿਭਚਾਰ ਭਰਿਆ ਨਾੜੀ ਨਾੜਾ,
ਰੋਮ ਰੋਮ ਵਿਚ ਦਿਤਾ ਟਿਕਾਈਆ । ਸਤਿ ਧਰਮ ਨੂੰ ਮੈਂ ਚਬਾ ਦਿਆਂ ਆਪਣੀਆਂ ਥੱਲੇ ਦਾੜ੍ਹਾਂ, ਧਰਨੀਏ ਤੇਰੇ ਉਤੇ ਨਜ਼ਰ ਕੋਇ ਨਾ ਆਈਆ ।
ਮੈਂ ਜੂਠ ਝੂਠ ਦਾ ਬਣ ਕੇ ਸੋਹਣਾ ਲਾੜਾ, ਕੂੜ ਕੁੜਿਆਰ ਮਮਤਾ ਮੋਹ ਵਿਕਾਰ ਲਿਆ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਕਲਜੁਗ ਕਹੇ ਧਰਨੀਏ ਤੂੰ ਮੇਰੀ ਪਿਠ ਤੇ ਮਾਰ ਦੇ ਥਾਪੀ, ਥਪਕ
ਥਪਕ ਮੈਨੂੰ ਦੇ ਵਡਿਆਈਆ । ਮੈਂ ਤੇਰੇ ਉਤੇ ਪ੍ਰਭੂ ਦੇ ਪਿਆਰ ਦਾ ਰਹਿਣ ਦਿਤਾ ਨਹੀਂ ਕੋਈ ਜਾਪੀ, ਬਿਨ ਰਸਨਾ ਜਿਹਵਾ ਅਜਪਾ ਜਾਪ ਨਾ ਕੋਇ
ਜਪਾਈਆ । ਸਤਿ ਸਚ ਦਾ ਰਹਿਣ ਦਿਤਾ ਨਹੀਂ ਕੋਈ ਪ੍ਰਤਾਪੀ, ਪਤਿਪਰਮੇਸ਼ਵਰ ਮਿਲਣ ਕੋਇ ਨਾ ਪਾਈਆ । ਚਾਰੋਂ ਕੁੰਟ ਜਿਧਰ ਵੇਖੇਂ ਸਾਰੀ
ਸ੍ਰਿਸ਼ਟੀ ਦਿਸੇ ਪਾਪੀ, ਪਤਿਤ ਪੁਨੀਤ ਰਹਿਣ ਕੋਇ ਨਾ ਪਾਈਆ । ਚਾਰੇ ਕੁੰਟ ਤਕ ਲੈ ਮੇਰੀ ਜ਼ਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਝਗੜਾ
ਵੇਖ ਲੈ ਦੀਨ ਮਜ਼੍ਹਬ ਜ਼ਾਤ ਪਾਤੀ, ਮਾਨਵ ਮਾਨਵ ਰਹੇ ਕੁਰਲਾਈਆ । ਅੰਮ੍ਰਿਤ ਵੇਲਾ ਪਵਿਤ੍ਰ ਰਿਹਾ ਨਾ ਕੋਈ ਰਹੀ ਪ੍ਰਭਾਤੀ, ਸੰਧਿਆ ਰੰਗ ਨਾ
ਕੋਇ ਰੰਗਾਈਆ । ਨੀ ਧਰਨੀਏ ਮੇਰਾ ਮਾਲਕ ਇਕੋ ਕਮਲਾਪਾਤੀ, ਪਤਿਪਰਮੇਸ਼ਵਰ ਦਏ ਵਡਿਆਈਆ । ਆਹ ਵੇਖ ਲੈ ਉਸ ਦੇ ਹੁਕਮ ਦੀ

ਮੇਰੇ ਕੋਲ ਬਿਨ ਅੱਖਰਾਂ ਵਾਲੀ ਚਿੱਠੀ ਪਾਤੀ, ਜਿਸ ਨੂੰ ਜਗਤ ਵਿਦਿਆ ਸਮਝ ਸਕੇ ਨਾ ਰਾਈਆ । ਉਹ ਲਿਖੀ ਨਹੀਂ ਨਾਲ ਕਿਸੇ ਕ਼ਲਮ ਦਵਾਤੀ, ਕਾਗ਼ਜ਼ ਵੰਡ ਨਾ ਕੋਇ ਵੰਡਾਈਆ । ਮੇਰਾ ਖੇਲ ਤੇਰੇ ਉਤੇ ਹੋਣਾ ਲੋਕਮਾਤੀ, ਮਾਤਰ ਭੂਮੀਏ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਖੇਲੇ ਖੇਲ ਇਕ ਇਕਾਂਤੀ, ਇਕ ਇਕੱਲਾ ਜਗਤ ਮਹਲਾ ਜਲਾਂ ਥਲਾਂ ਵੇਖਣਹਾਰਾ ਥਾਂਉ ਥਾਂਈਆ ।

### ✪ ੨੯ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਮੋਹੀ ਜ਼ਿਲਾ ਲੁਧਿਆਣਾ ਪਾਖਰ ਸਿੰਘ ਦੇ ਗ੍ਰਹਿ ✪

ਕਲਜੁਗ ਕਹੇ ਧਰਨੀਏ ਮੇਰੀ ਕੂੜ ਦੀ ਤਕ ਲੈ ਸ਼ਾਹੀ, ਸ਼ਹਿਨਸ਼ਾਹ ਪੁਰਖ ਅਕਾਲ ਮੈਨੂੰ ਦਿਤੀ ਵਡਿਆਈਆ । ਮੈਨੂੰ ਖ਼ੁਸ਼ੀਆਂ ਨਾਲ ਦੇ ਵਧਾਈ, ਪ੍ਰੇਮ ਪ੍ਰੇਮ ਨਾਲ ਦ੍ਰਿੜ੍ਹਾਈਆ । ਮੈਂ ਤੇਰੇ ਉਤੇ ਖੇਲ ਕੀਤੀ ਅਗੰਮ ਅਥਾਹੀ, ਜੋ ਸਤਿਜੁਗ ਤਰੇਤਾ ਦੁਆਪਰ ਕਰ ਸਕਿਆ ਮੂਲ ਨਾ ਰਾਈਆ । ਮੈਂ ਹਰ ਹਿਰਦੇ ਅੰਦਰੋਂ ਪਿਆਰ ਕਢਿਆ ਧੁਰ ਦੇ ਮਾਹੀ, ਮੁਹੱਬਤ ਵਿਚ ਰਹਿਣ ਕੋਇ ਨਾ ਪਾਈਆ । ਜਗਤ ਪੰਥ ਦਾ ਪਿਆਰ ਅੰਦਰੋਂ ਕਢਿਆ ਧੁਰ ਦੇ ਮਾਹੀ, ਮੁਹੱਬਤ ਵਿਚ ਰਹਿਣ ਕੋਇ ਨਾ ਪਾਈਆ । ਹਰ ਹਿਰਦੇ ਅੰਦਰ ਕੂੜ ਕੁੜਿਆਰ ਦੀ ਅਗਨੀ ਲਾਈ, ਸਤਿ ਧਰਮ ਦਿਤਾ ਜਲਾਈਆ ।
੧੦੦੧ ਮਨੂਆ ਦਹਿ ਦਿਸ਼ ਉਠ ਉਠ ਭੱਜੇ ਵਾਹੋ ਦਾਹੀ, ਰੋਕ ਸਕੇ ਕੋਇ ਨਾ ਰਾਈਆ । ਮਾਇਆ ਮਮਤਾ ਕੀਤੀ ਹਲਕਾਈ, ਮੋਹ ਵਿਚ ਖ਼ਲਕ ਖ਼ੁਦਾਈਆ । ੧੦੦੧
੨੪ ਮੇਰਾ ਹੁਕਮ ਵਰਤਿਆ ਥਲ ਅਸਗਾਹੀ, ਟਿੱਲੇ ਪ੍ਰਬਤ ਸੀਸ ਨਿਵਾਈਆ । ਕੋਈ ਸਹਾਰਾ ਧਰਮ ਦੇਵੇ ਨਾ ਫੜ ਕੇ ਬਾਂਹੀ, ਬਾਹੂ ਬਲ ਨਾ ਕੋਇ ੨੪
ਜਣਾਈਆ । ਮੇਰੇ ਅੰਦਰ ਚਾਉ ਘਨੇਰਾ ਗੋਬਿੰਦ ਦਾ ਲੰਘ ਗਿਆ ਢਈਆ ਢਾਈ, ਰੋਕਣ ਵਾਲਾ ਨਜ਼ਰ ਕੋਇ ਨਾ ਆਈਆ । ਮੈਂ ਨਵ ਸੱਤ ਫਿਰਾਂ ਚਾਈਂ ਚਾਈਂ, ਭੱਜਾਂ ਵਾਹੋ ਦਾਹੀਆ । ਪੁਰਖ ਅਕਾਲਾ ਦੀਨ ਦਿਆਲਾ ਸਿਰ ਮੇਰੇ ਹੱਥ ਰਿਹਾ ਟਿਕਾਈ, ਮਿਹਰਵਾਨ ਹੋ ਕੇ ਮਿਹਰ ਨਜ਼ਰ ਉਠਾਈਆ । ਮੈਂ ਮਾਨਵ ਜ਼ਾਤੀ ਅੰਤਰ ਨਿਰੰਤਰ ਦਿਤੀ ਭੁਲਾਈ, ਬੁੱਧੀ ਬਿਬੇਕ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਕਲਜੁਗ ਕਹੇ ਧਰਨੀਏ ਕਿਉਂ ਨੇਤਰ ਵਹਾਏ ਨੀਰ, ਰੋ ਰੋ ਪ੍ਰਭ ਨੂੰ ਰਹੀ ਵਖਾਈਆ । ਆਪਣੇ ਅੰਤਰ ਧਰ ਲੈ ਧੀਰ, ਧੀਰਜ ਨਾਲ ਦਿਤਾ ਦਿੜ੍ਹਾਈਆ । ਮੈਂ ਚੌਥਾ ਜੁਗ ਜਲਾਂ ਥਲਾਂ ਦਾ ਤੇਰਾ ਪੀਰ, ਪੀਰਾਂ ਦੇ ਪੀਰ ਮੈਨੂੰ ਦਿਤੀ ਵਡਿਆਈਆ । ਮੇਰਾ ਖੇਲ ਵੇਖੀਂ ਅਖੀਰ, ਆਖ਼ਰ ਤੈਨੂੰ ਦਿਆਂ ਦ੍ਰਿੜ੍ਹਾਈਆ । ਜਿਸ ਨਵ ਖੰਡ ਦੀਨ ਦੁਨੀ ਸ਼ਰਅ ਦੇ ਪਾਏ ਜ਼ੰਜੀਰ, ਸੰਗਲ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਕਲਜੁਗ ਕਹੇ ਧਰਨੀਏ ਕਿਉਂ ਅੰਤਸ਼ਕਰਨ ਮਾਰੇਂ ਆਹ, ਹੌਕਿਆਂ ਵਿਚ ਰਹੀਂ ਕੁਰਲਾਈਆ । ਉਹ ਤਕ ਲੈ ਖੇਲ ਬੇਪਰਵਾਹ, ਪਰਮ ਪੁਰਖ ਕੀ ਜਣਾਈਆ । ਜਿਸ ਨੇ ਮੈਨੂੰ ਕੂੜ ਕੁਕਰਮ ਦਾ ਬਣਾਇਆ ਸ਼ਾਹ, ਵਸਤ ਅਨਮੋਲ ਅਤੁਲ ਵਰਤਾਈਆ । ਮੈਂ ਫਿਰਾਂ ਥਾਂ ਥਾਂ, ਨਵਖੰਡ ਬਚਿਆ ਰਹਿਣ ਕੋਇ ਨਾ ਪਾਈਆ । ਜੇ ਮੈਂ ਕਲਜੁਗ ਨਾ ਹੁੰਦਾ ਕਿੱਥੋਂ ਸ੍ਰਿਸ਼ਟੀ ਖਾਂਦੀ ਸੂਰ ਤੇ ਗਾਂ, ਪਸ਼ੂਆਂ ਖੱਲ ਕੌਣ ਲੁਹਾਈਆ ।

ਕੌਣ ਭੁਲਾਉਦਾ ਪ੍ਰਭੂ ਦਾ ਨਾਂ, ਨਾਉਂ ਨਿਰੰਕਾਰਾ ਯਾਦ ਕਿਸੇ ਨਾ ਆਈਆ । ਕੌਣ ਹੰਸ ਬੁੱਧੀ ਬਣਾਉਂਦਾ ਕਾਂ, ਕਾਗ ਵਾਂਗ ਸਰਬ ਕੁਰਲਾਈਆ । ਤੂੰ ਖ਼ੁਸ਼ੀ ਨਾਲ ਮੈਨੂੰ ਕਹਿ ਦੇ ਵਾਹ ਵਾਹ, ਵਾਹਵਾ ਵਾਹਵਾ ਕਲਜੁਗ ਤੇਰੀ ਵਡ ਵਡਿਆਈਆ । ਜਿਸ ਦਰੋਹੀ ਫੇਰੀ ਥਲ ਅਸਗਾਹ, ਮਹੀਅਲ ਆਪਣਾ ਰੰਗ ਰੰਗਾਈਆ । ਪਿਆਰ ਰਹਿਣ ਦਿਤਾ ਨਹੀਂ ਪੁਤਰ ਮਾਂ, ਪਿਤਾ ਪੂਤ ਕੋਲੋਂ ਕ਼ਤਲ ਕਰਾਈਆ । ਪਵਿਤ੍ਰ ਰਹਿਣ ਦਿਤਾ ਨਹੀਂ ਕੋਈ ਥਾਂ, ਗੁਰੂਦੁਆਰੇ ਮੰਦਰ ਮਸਜਿਦ ਸ਼ਿਵਦਵਾਲੇ ਮਠ ਰੋਵਣ ਮਾਰਨ ਧਾਹੀਆ । ਮੈਨੂੰ ਖ਼ੁਸ਼ੀਆਂ ਨਾਲ ਧਰਨੀਏ ਚੜ੍ਹਦਾ ਚਾਅ, ਚਾਓ ਘਨੇਰਾ ਇਕ ਸਮਝਾਈਆ । ਜਿਸ ਕਾਰਨ ਮੈਂ ਤੇਰੇ ਉਤੇ ਗਿਆ ਆ, ਆਇਆ ਆਪਣਾ ਹੁਕਮ ਵਰਤਾਈਆ । ਮੇਰਾ ਪਰਮ ਪੁਰਖ ਪਰਮਾਤਮ ਹੋਏ ਸਹਾ, ਸਹਾਇਤਾ ਕਰੇ ਥਾਂਉ ਥਾਂਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਧਰਨੀਏ ਤੂੰ ਮੇਰਾ ਕਰ ਸ਼ੁਕਰ, ਸ਼ੁਕਰੀਏ ਸ਼ੁਕਰਾਨੇ ਵਿਚ ਖ਼ੁਸ਼ੀ ਮਨਾਈਆ । ਮੈਂ ਆਪਣੇ ਵਾਅਦੇ ਉਤੋਂ ਨਹੀਂ ਜਾਣਾ ਮੁਕਰ, ਜੋ ਇਕ਼ਰਾਰਨਾਮਾ ਲਿਖਿਆ ਧੁਰ ਦੇ ਮਾਹੀਆ । ਮੈਂ ਵੇਖਣੀਆਂ ਚਾਰੇ ਕੂਟਾਂ ਉੱਤਰ, ਪੂਰਬ ਪੱਛਮ ਦੱਖਣ ਬਚਿਆ ਰਹਿਣ ਕੋਇ ਨਾ ਪਾਈਆ । ਮੈਂ ਪਰਮ ਪੁਰਖ ਦਾ ਲਾਡਲਾ ਚੌਥਾ ਪੁਤਰ, ਜਿਸਨੂੰ ਜਨਮੇ ਕੋਇ ਨਾ ਮਾਈਆ । ਮੈਂ ਦੀਨ ਦੁਨੀ ਨੂੰ ਰੱਜ ਕੇ ਖਾਣ ਨਹੀਂ ਦੇਣਾ ਟੁਕਰ, ਟੁਕੜੇ ਮੰਗਦੀ ਫਿਰੇ ਲੋਕਾਈਆ । ਸਦੀ ਚੌਧਵੀਂ ਅੰਤਮ ਸਾਰੇ ਹੋਣੇ ਭੁਖੜ, ਹਾਏ ਉਫ਼ ਕਰਕੇ ਦੇਣ ਦੁਹਾਈਆ । ਕਿਸੇ ਦਾ ਪਵਿਤ੍ਰ ਰਹਿਣ ਨਹੀਂ ਦੇਣਾ ਮੁਖੜ, ਰਸਨਾ ਜਿਹਵਾ ਢੋਲੇ
੧੦੦੨ ਕੋਇ ਨਾ ਗਾਈਆ । ਜਨਣੀ ਸੁਫਲ ਰਖ ਸਕੇ ਕੋਇ ਨਾ ਕੁਖੜ, ਭਗਤ ਜਨਮੇ ਕੋਇ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੧੦੦੨
੨੪ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਰਖਾਈਆ । ਕਲਜੁਗ ਕਹੇ ਧਰਨੀਏ ਮੈਂ ਆਇਆ ਤੇਰੇ ਉਤੇ, ਖ਼ੁਸ਼ੀਆਂ ਫੇਰਾ ਪਾਈਆ । ੨੪
ਜਗਤ ਜਹਾਨ ਜੀਵ ਮੇਰੀ ਨੀਂਦੇ ਸੁਤੇ, ਜਗਤ ਸੁਤਿਆਂ ਨਾ ਕੋਇ ਉਠਾਈਆ । ਮਾਇਆ ਮਮਤਾ ਵਿਚ ਵਿਗੁੱਤੇ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਦੀਨ ਦਿਆਲ ਨਾਲੋਂ ਸਾਰੇ ਰੁੱਸੇ, ਰੁੱਸਿਆਂ ਸਕੇ ਨਾ ਕੋਇ ਮਨਾਈਆ । ਮੈਂ ਕੂੜ ਵਿਕਾਰ ਭਰਿਆ ਸਭ ਦੇ ਜੁੱਸੇ, ਜਿਸਮ ਜ਼ਮੀਰ ਦਿਤੀ ਬਦਲਾਈਆ । ਅਵਤਾਰ ਪੈਗ਼ੰਬਰ ਗੁਰੂ ਬਾਤ ਕਿਸੇ ਨਾ ਪੁਛੇ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਕਲਜੁਗ ਕਹੇ ਧਰਨੀਏ ਮੈਨੂੰ ਪ੍ਰਭ ਨੇ ਦਿਤੀ ਦਾਤ, ਦਾਤੇ ਦਾਨੀ ਦਿਤੀ ਵਰਤਾਈਆ । ਮੈਂ ਲੈ ਕੇ ਆਇਆ ਲੋਕਮਾਤ, ਭੱਜਿਆ ਵਾਹੋ ਦਾਹੀਆ । ਤੂੰ ਕਮਲੀਏ ਮੇਰੇ ਵਲ ਝਾਕ, ਬਿਨ ਨੈਣਾਂ ਨੈਣ ਉਠਾਈਆ । ਮੇਰਾ ਖੇਲ ਤਕ ਤਮਾਸ਼, ਕੀ ਖੇਲਾਂ ਖੇਲ ਥਾਉਂ ਥਾਈਂਆ । ਮੇਰਾ ਹੁਕਮ ਵਰਤੇ ਵਿਚ ਪ੍ਰਿਥਮੀ ਆਕਾਸ਼, ਧਵਲੇ ਤੈਨੂੰ ਦਿਆਂ ਦ੍ਰਿੜਾਈਆ । ਮੈਂ ਤੇਰੇ ਉਤੇ ਖ਼ੁਸ਼ੀ ਦੀ ਪੈਣ ਦਿਤੀ ਨਹੀਂ ਕੋਈ ਰਾਸ, ਢੋਲੇ ਸਚ ਕੋਇ ਨਾ ਗਾਈਆ । ਸਤਿ ਧਰਮ ਨੂੰ ਕੀਤਾ ਨਾਸ, ਨਾਸਤਕ ਰੂਪ ਕੀਤੀ ਲੋਕਾਈਆ । ਅੰਮ੍ਰਿਤ ਦੀ ਥਾਂ ਮੁਖਾਂ ਵਿਚ ਪਾ ਕੇ ਗਊ ਦਾ ਮਾਸ, ਕੂੜ ਕੁੜਿਆਰ ਕੀਤੀ ਦੀਨ ਦੁਨੀ ਹਲਕਾਈਆ । ਮੈਨੂੰ ਪਿਆਰ ਨਾਲ ਦੇ ਸ਼ਾਬਾਸ਼, ਜਿਸ ਪਿਛਲੀ ਰੀਤੀ ਸਭ ਦੀ ਦਿਤੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮੇਰੀ ਪੂਰੀ ਕਰੇ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ ।

## ੨੯ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਢਹਿ ਪਈ ਜ਼ਿਲਾ ਲੁਧਿਆਣਾ ਧੰਨਾ ਸਿੰਘ ਦੇ ਗ੍ਰਿਹਿ

ਨਾਰਦ ਕਹੇ ਧਰਨੀਏ ਮੈਂ ਧੁਰਦਰਗਾਹੋਂ ਆਇਆ ਨਠਾ, ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਅਕਾਸ਼ ਪਤਾਲਾਂ ਗਗਨ ਗਗਨੰਤਰਾਂ ਪੰਧ ਮੁਕਾਈਆ । ਮੈਨੂੰ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤਤੀਸਾ ਦੇਵਤ ਸੁਰ ਸਾਰੇ ਕਰਨ ਠੱਠਾ, ਗਣ ਗਧੰਰਬ ਹਾਸੀਆਂ ਰਹੇ ਉਡਾਈਆ । ਨਾਰਦਾ ਕੀ ਕਲਜੁਗ ਵੇਖਣ ਚਲਿਆ ਕਲਜੁਗ ਕੂੜੀ ਕਿਰਿਆ ਤਪਦਾ ਭੱਠਾ, ਨਵ ਸੱਤ ਅਗਨੀ ਰਿਹਾ ਜਲਾਈਆ । ਪਹਿਲੋਂ ਨਿਗਾਹ ਮਾਰੀਂ ਅੱਠ ਸੱਠਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਵੇਖ ਵਖਾਈਆ । ਫੇਰ ਵੇਖੀਂ ਮੰਦਰ ਮਸਜਿਦ ਸ਼ਿਵਦਵਾਲੇ ਮਠਾ, ਗੁਰੂਦੁਆਰੇ ਚਰਚਾਂ ਧਿਆਨ ਲਗਾਈਆ । ਫੇਰ ਤਕ ਲਈਂ ਨੌ ਖੰਡ ਪ੍ਰਿਥਮੀ ਸੱਤ ਦੀਪ ਇਕੱਠਾ, ਬਿਨ ਨੇਤਰ ਲੋਚਨ ਨੈਣ ਉਠਾਈਆ । ਨਾਰਦ ਕਹੇ ਮੈਂ ਰਸਤੇ ਵਿਚ ਅਨੇਕ ਵਾਰੀ ਢੱਠਾ, ਫੇਰ ਉਠ ਉਠ ਭੱਜਿਆ ਵਾਹੋ ਦਾਹੀਆ । ਜਾਂ ਦੂਰ ਦੁਰਾਡੀ ਨਿਗਾਹ ਮਾਰੀ ਮਾਨਵ ਜ਼ਾਤੀ ਅੰਦਰ ਦਿਸਿਆ ਰੱਟਾ, ਝਗੜੇ ਵਿਚ ਦਿਸੀ ਖ਼ਲਕ ਖ਼ੁਦਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਜ਼ੀਰੋ ਨਾਲ ਜ਼ੀਰੋ ਹੋ ਗਈ ਬਟਾ, ਅੰਕ ਨਜ਼ਰ ਕੋਇ ਨਾ ਆਈਆ । ਮੈਂ ਸ਼ਬਦ ਸੰਦੇਸ਼ਾ ਫੇਰ ਸੁਣਿਆ ਸਤਿਗੁਰ ਸ਼ਬਦ ਫੇਰ ਸੁਣਾਇਆ ਟੱਪਾ, ਟਾਪੂਆਂ ਬਾਹਰ ਦਿਤਾ ਦ੍ਰਿੜਾਈਆ । ਕਲਜੁਗ ਸਭ ਦੇ ਉਤੇ ਪਾਇਆ ਛੱਪਾ, ਸਿਰ ਸਕੇ ਨਾ ਕੋਇ ਉਠਾਈਆ । ਜੋ ਸੰਦੇਸ਼ਾ ਦੇ ਕੇ ਆਇਆ ਸਤਿਗੁਰ ਨਾਨਕ ਤਪਾ, ਤਪੀਸ਼ਰ ਮੁਨੀਸ਼ਰ ਰਿਖੀਸ਼ਰ ਸਾਰੇ ਗਏ ਭੁਲਾਈਆ । ਜੋ ਗੋਬਿੰਦ ਡੰਕ ਵਜਾਇਆ ਫ਼ਤਹ, ਤਨ ਵਜੂਦਾਂ ਉਤੇ ਗੁਰਮੁਖ ਫ਼ਤਿਹ ਕੋਇ ਨਾ ਪਾਈਆ । ਦੀਨ ਦੁਨੀ ਅੰਦਰੋਂ ਹੋ ਗਈ ਮਨ ਮਤਾ, ਗੁਰਮਤ ਰੰਗ ਨਾ ਕੋਇ ਰੰਗਾਈਆ । ਧਰਮ ਧਾਰ ਦੀ ਰਹੀ ਕੋਈ ਨਾ ਸਤਾ, ਸਤਿ ਵਿਚ ਨਾ ਕੋਇ ਸਮਾਈਆ । ਦੀਨ ਮਜ਼੍ਹਬ ਦਾ ਲੇਖਾ ਵੇਖਿਆ ਤਤਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਨਾਰਦਾ ਜੇ ਤੂੰ ਪੁਰੀਆਂ ਲੋਆਂ ਲੰਘਿਆ, ਪਿਛਲਾ ਪੰਧ ਮੁਕਾਈਆ । ਕਿਉਂ ਮੇਰੇ ਕੋਲੋਂ ਸੰਗਿਆ, ਨਜ਼ਰ ਰਿਹਾ ਬਦਲਾਈਆ । ਝਟ ਨਾਰਦ ਮਾਰ ਕੇ ਆਪਣੇ ਕੰਧਿਆ, ਹਲੂਣਾ ਦਿਤਾ ਵਖਾਈਆ । ਧਰਨੀਏ ਮੈਂ ਹੈਰਾਨ ਹੋ ਗਿਆ ਤੇਰੇ ਉਤੇ ਤਕ ਕੇ ਝੂਠਾ ਧੰਦਿਆ, ਧਵਲੇ ਕੀ ਤੈਨੂੰ ਦਿਆਂ ਦ੍ਰਿੜਾਈਆ । ਮਾਨਸ ਮਾਨਵ ਮਾਨੁਖ ਅੰਦਰੋਂ ਹੋ ਗਿਆ ਅੰਧਿਆ, ਨਿਜ ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਬਜਰ ਕਪਾਟੀ ਤੋੜੇ ਕੋਇ ਨਾ ਜੰਦਿਆ, ਪੜਦਾ ਸਕੇ ਨਾ ਕੋਇ ਉਠਾਈਆ । ਅੰਮ੍ਰਿਤ ਧਾਰ ਮਿਲੇ ਕਿਸੇ ਨਾ ਠੰਢਿਆ, ਬੂੰਦ ਸਵਾਂਤੀ ਨਾਭੀ ਕਵਲ ਨਾ ਕੋਇ ਉਲਟਾਈਆ । ਆਤਮ ਪਰਮਾਤਮ ਨਾਤਾ ਕਿਸੇ ਨਾ ਗੰਢਿਆ, ਪਾਰਬ੍ਰਹਮ ਬ੍ਰਹਮ ਮਿਲਣ ਕੋਇ ਨਾ ਪਾਈਆ । ਜਿਧਰ ਵੇਖਿਆ ਕਲਜੁਗ ਕੂੜ ਕੁੜਿਆਰ ਦਾ ਚਮਕੇ ਖੰਡਿਆ, ਨਵ ਸੱਤ ਪ੍ਰਿਥਮੀ ਰਿਹਾ ਵਖਾਈਆ । ਧਰਮ ਦੀ ਧਾਰ ਨਾ ਕੋਈ ਪੌੜੀ ਨਾ ਕੋਈ ਡੰਡਿਆ, ਡੰਡਾਵਤ ਪ੍ਰਭ ਦੀ ਸਾਰੇ ਗਏ ਭੁਲਾਈਆ । ਮੈਂ ਤੇਰਾ ਅੰਤ ਅਖ਼ੀਰ ਵੇਖ ਕੇ ਆਇਆ ਕੰਢਿਆ, ਸੱਤਾਂ ਦੀਪਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਨਾਰਦ ਕਹੇ ਧਰਨੀਏ ਮੈਂ ਧੁਰਦਰਗਾਹੋਂ ਆਇਆ, ਸਤਿਗੁਰ ਸ਼ਬਦ ਦਿਤੀ ਵਡਿਆਈਆ । ਧੌਲੇ ਤੇਰੇ ਉਤੇ ਫੇਰਾ ਪਾਇਆ, ਧਰਮ ਦੀ ਧਰਮ ਧਾਰ ਨਾਲ ਜਣਾਈਆ । ਖੇਲ ਤਕਿਆ ਸ੍ਰਿਸ਼ਟ ਸਬਾਇਆ, ਦ੍ਰਿਸ਼ਟੀ ਅੰਦਰੋਂ ਵੇਖ ਵਖਾਈਆ । ਨਵ ਸੱਤ ਅੰਧੇਰਾ ਛਾਇਆ,

੧੦੦੩
੨੪

ਚਾਰ ਕੁੰਟ ਨਾ ਕੋਇ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਵੇਖੀ ਮਾਇਆ, ਮਮਤਾ ਮੋਹ ਵਿਚ ਸਰਬ ਹਲਕਾਈਆ । ਜਿਸ ਨੇ ਦੀਨ ਧਰਮ ਤੋਂ ਅੰਤ ਸਭ ਨੂੰ ਗਿਰਾਇਆ, ਕ਼ਾਇਮ ਨਜ਼ਰ ਕੋਇ ਨਾ ਆਈਆ । ਮਾਨਸ ਹੋ ਕੇ ਕਲਜੁਗ ਵਿਚ ਸੂਰ ਗਾਂ ਮਾਨਸਾਂ ਖਾਇਆ, ਪਸ਼ੂਆਂ ਢੋਰਾਂ ਖੱਲ ਲੁਹਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਆਪਣਾ ਠਾਕਰ ਭੁਲਾਇਆ, ਭਰਮੇ ਭੁੱਲੀ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਮੇਰੇ ਅੰਦਰ ਆਈ ਹੈਰਾਨੀ, ਹੈਰਤ ਵਿਚ ਦਿਆਂ ਜਣਾਈਆ । ਮੈਂ ਸ੍ਰਿਸ਼ਟੀ ਵੇਖੀ ਜਿਸਮ ਜਿਸਮਾਨੀ, ਤਤਵ ਤਤ ਖੋਜ ਖੁਜਾਈਆ । ਮੈਂ ਭੇਵ ਰਖਿਆ ਨਹੀਂ ਕੋਈ ਮਰਦ ਨਾਰ ਜ਼ਨਾਨੀ, ਬਾਲ ਬਿਰਧ ਵੰਡ ਨਾ ਕੋਇ ਵੰਡਾਈਆ । ਮੈਂ ਵੇਖੇ ਤਨ ਸਰੀਰ ਕਰਨ ਵਾਲੇ ਇਸ਼ਨਾਨੀ, ਪੂਜਾ ਤਕੀ ਥਾਉਂ ਥਾਈਆ । ਮੈਂ ਹੈਰਾਨ ਹੋ ਗਿਆ ਸਾਰੇ ਪ੍ਰਭ ਦੇ ਨਾਲ ਕਰਦੇ ਬੇਈਮਾਨੀ, ਬੇਵਾ ਹੋਈ ਖ਼ਲਕ ਖ਼ੁਦਾਈਆ । ਮੰਜ਼ਲ ਚੜ੍ਹੇ ਨਾ ਕੋਇ ਰੁਹਾਨੀ, ਰੂਹ ਬੁਤ ਮਿਲ ਕੇ ਵਜੇ ਨਾ ਕੋਇ ਵਧਾਈਆ । ਅੰਮ੍ਰਿਤ ਰਸ ਮਿਲੇ ਨਾ ਕਿਸੇ ਠੰਡਾ ਪਾਣੀ, ਆਬੇਹਯਾਤ ਨਾ ਕੋਇ ਪਿਆਈਆ । ਧਰਮ ਦੀ ਧਾਰ ਹੋਈ ਬਦਨਾਮੀ, ਕਲਜੁਗ ਕੂੜ ਕੁੜਿਆਰਾ ਨੱਚੇ ਟੱਪੇ ਥਾਉਂ ਥਾਈਂਆ । ਝਗੜਾ ਵੇਖਿਆ ਜਗਤ ਖਾਣੀ, ਅੰਡਜ ਜੇਰਜ ਉਤਭੁਜ ਸੇਹਤਜ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਨਾਰਦਾ ਤੂੰ ਆਇਆ ਧੁਰ ਹਲਕਾਰਾ, ਪਾਤੀ ਧਰਮ ਧਾਰ ਲਿਆਈਆ । ਤੈਨੂੰ ਭੇਜਣਵਾਲਾ ਇਕ ਨਿਰੰਕਾਰਾ, ਨਿਰਵੈਰ ਪੁਰਖ ਨੂਰ ਅਲਾਹੀਆ । ਜਿਸ ਦੀ ਧਾਰ ਵਿਚ ਤੇਈ ਅਵਤਾਰਾ, ਪੈਗ਼ੰਬਰ ਗੁਰ ਰੂਪ ਦਰਸਾਈਆ । ਜਿਸ ਦਾ ਨਾਮ ਕਲਮਾ ਉਜਿਆਰਾ, ਚਾਰ ਜੁਗ ਦਾ ਖੇਲ ਖਿਲਾਈਆ । ਜਿਸ ਦਾ ਸੰਦੇਸ਼ਾ ਹੁਕਮ ਲਿਖਾਰਾ, ਨਿਰਅੱਖਰ ਧਾਰ ਅੱਖਰਾਂ ਵਿਚ ਪਰਗਟਾਈਆ । ਤੂੰ ਸੰਦੇਸ਼ਾ ਲੈ ਕੇ ਆਇਉਂ ਸਭ ਤੋਂ ਬਾਹਰਾ, ਬਹਿਰਹਾਲ ਦੇਣਾ ਜਣਾਈਆ । ਕੀ ਖੇਲ ਕ਼ੁਦਰਤ ਦਾ ਕ਼ਾਦਰ ਇਕ ਕਰਤਾਰਾ, ਕਰਨਹਾਰ ਕੀ ਹੁਕਮ ਵਰਤਾਈਆ । ਝਟ ਨਾਰਦ ਰੋ ਪਿਆ ਜ਼ਾਰੋ ਜ਼ਾਰਾ, ਬਿਨ ਨੇਤਰਾਂ ਨੀਰ ਵਹਾਈਆ । ਧਰਨੀਏ ਮੈਂ ਕੀ ਦੱਸਾਂ ਕੀ ਹੁਕਮ ਵਰਤੇ ਮੇਰਾ ਪਰਵਾਦਿਗਾਰਾ, ਜਿਸ ਨੂੰ ਨਾ ਕੋਈ ਮੇਟੇ ਮੇਟ ਮਿਟਾਈਆ । ਜੋ ਵਾਅਦਾ ਕੌਲ ਕੀਤਾ ਇਕ਼ਰਾਰਾ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਉਹ ਕਲ ਕਲਕੀ ਲਏ ਅਵਤਾਰਾ, ਨਿਹਕਲੰਕਾ ਨਾਉਂ ਪਰਗਟਾਈਆ । ਅਮਾਮ ਅਮਾਮਾ ਹੋਏ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਨੂੰ ਸਭ ਨੇ ਮੰਨਣਾ ਚਵੀਆਂ ਅਵਤਾਰਾ, ਚੌਬੀਸਾ ਜਗਦੀਸਾ ਇਕ ਅਖਵਾਈਆ । ਉਹ ਨੌ ਖੰਡ ਪ੍ਰਿਥਮੀ ਤੇਰੇ ਉਤੇ ਪਾਵੇ ਸਾਰਾ, ਸੱਤਾਂ ਦੀਪਾਂ ਵੇਖੇ ਚਾਈਂ ਚਾਈਂਆ । ਸਤਿਗੁਰ ਸ਼ਬਦ ਇਕੋ ਕਰੇ ਜ਼ਾਹਰਾ, ਹੁਕਮ ਸੰਦੇਸ਼ਾ ਇਕ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਕੱਢੇ ਬਾਹਰਾ, ਧਰਨੀਏ ਤੇਰੇ ਉਤੋਂ ਲੇਖਾ ਦਏ ਮੁਕਾਈਆ । ਸਤਿਜੁਗ ਸਤਿ ਧਰਮ ਦਏ ਅਧਾਰਾ, ਸਿਰ ਆਪਣਾ ਹੱਥ ਦਏ ਟਿਕਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਆਪਣਾ ਬਦਲ ਦੇਵੇ ਸ਼ਬਦ ਧਾਰ ਦਾ ਨਾਅਰਾ, ਨਰ ਨਰਾਇਣ ਇਕ ਹੁਕਮ ਵਰਤਾਈਆ । ਤੂੰ ਉਸ ਦੇ ਚਰਨ ਕਵਲ ਕਰੀਂ ਨਿਮਸਕਾਰਾ, ਡੰਡਾਵਤ ਬੰਦਨਾ ਸਜਦਾ ਕਰ ਕੇ ਸੀਸ ਝੁਕਾਈਆ । ਧੂੜੀ ਮਸਤਕ ਚਰਨ ਲਾਈਂ ਛਾਰਾ, ਮਿੱਟੀ ਖ਼ਾਕ ਖ਼ਾਕ ਰਮਾਈਆ । ਉਸ ਦਾ ਰੂਪ ਅਨੂਪ ਹੋਣਾ ਸਭ ਤੋਂ ਨਿਆਰਾ, ਨਰ ਹਰਿ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

੧੦੦੪ ੨੪

ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਨਾਰਦਾ ਮੈਂ ਲੱਖ ਲੱਖ ਸ਼ੁਕਰ ਗੁਜ਼ਾਰਾਂ, ਗੁਜ਼ਾਰਿਸ਼ ਵਿਚ ਸੀਸ ਨਿਵਾਈਆ । ਜੋ ਮੇਰਾ ਪੰਧ ਮੇਰੇ ਕਲਜੁਗ ਬਰਸ ਹਜ਼ਾਰਾਂ, ਕੂੜੀ ਕਿਰਿਆ ਦੂਰ ਕਰਾਈਆ । ਮੈਂ ਜ਼ਰੂਰ ਮੰਨਾਂ ਉਸ ਨੂੰ ਕਲ ਕਲਕੀ ਅਵਤਾਰਾ, ਚੌਬੀਸਾ ਜਗਦੀਸਾ ਕਹਿ ਕੇ ਸੀਸ ਨਿਵਾਈਆ । ਉਹਦਾ ਧਰਮ ਦਾ ਜੈਕਾਰਾ, ਜੋ ਹਰ ਹਿਰਦੇ ਦਏ ਵਸਾਈਆ । ਉਸ ਦਾ ਧਰਮ ਨਿਸ਼ਾਨਾ ਵੇਖਾਂ ਵਿਚ ਸੰਸਾਰਾ, ਜਿਸ ਨੂੰ ਸੰਸਾਰੀ ਭੰਡਾਰੀ ਸੰਘਾਰੀ ਸੀਸ ਨਿਵਾਈਆ । ਜਿਸ ਦਾ ਹੁਕਮ ਮੰਨਣ ਪੈਗ਼ੰਬਰ ਗੁਰ ਅਵਤਾਰਾ, ਭਗਤ ਸੁਹੇਲੇ ਖ਼ੁਸ਼ੀਆਂ ਖ਼ੁਸ਼ੀਆਂ ਢੋਲੇ ਗਾਈਆ । ਉਹ ਮੇਰਾ ਮਹਿਬੂਬ ਜਲਵਾਗਰ ਨੂਰ ਕਰੇ ਉਜਿਆਰਾ, ਅਮਾਮ ਅਮਾਮਾ ਵੇਸ ਵਟਾਈਆ । ਜਿਸ ਦਾ ਕਲਮਾ ਵਾਹਿਦ ਜ਼ਮੀਉਲ ਕੁਜ਼ਾ ਜ਼ਮਨੇ ਜ਼ਊ ਸ਼ਰਫ਼ੇ ਜ਼ੁਆ ਜ਼ਾਮਿਸਤੇ ਜ਼ਨੂ ਦੁਵੱਜ਼ਾ ਮਵੀ ਕੁਲ ਜੰਬਾਏ ਸ਼ਊ ਸ਼ਬੇ ਰੋਜ਼ ਨੂਰ ਨੁਰਾਨਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਿਸ ਦਾ ਹੁਕਮ ਚਲੇ ਸਦਾ ਜੁਗ ਚਾਰਾ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ ।

## ✪ ੩੦ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਮਹਿੰਮਾ ਸਿੰਘ ਵਾਲਾ ਜ਼ਿਲਾ ਲੁਧਿਆਣਾ ਹਰੀ ਸਿੰਘ ਦੇ ਗ੍ਰਹਿ ✪



ਨਾਰਦ ਕਹੇ ਧਰਨੀਏ ਮੈਂ ਤੇਰਾ ਵੇਖਿਆ ਦੀਪ ਲੱਖਣ, ਅਲਖ ਅਲਖਣੇ ਮੈਨੂੰ ਦਿਤੀ ਵਡਿਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਵੇਖੀ ਸੱਖਣ, ਸਤਿ ਸਚ ਧਰਮ ਦੀ ਧਾਰ ਵਿਚ ਨਾ ਕੋਇ ਸਮਾਈਆ । ਮਾਨਵ ਜ਼ਾਤੀ ਪੈਜ ਆਵੇ ਕੋਈ ਨਾ ਰਖਣ, ਸਿਰ ਸਿਰ ਹੱਥ ਨਾ ਕੋਇ ਟਿਕਾਈਆ । ਮਨ ਕਲਪਣਾ ਵਿਚ ਜੀਵ ਜਹਾਨ ਸਾਰੇ ਨੱਸਣ, ਭੱਜਣ ਵਾਹੋ ਦਾਹੀਆ । ਕੂੜ ਕੁੜਿਆਰ ਕਥਾ ਕਹਾਣੀ ਸਾਰੇ ਦੱਸਣ, ਸਤਿ ਧਰਮ ਨਾ ਕੋਇ ਪੜ੍ਹਾਈਆ । ਕਲਜੁਗ ਸਭ ਨੂੰ ਕਰੀ ਜਾਣਾ ਮਥਣ, ਛਾਛ ਵਿਰੋਲੇ ਥਾਉਂ ਥਾਈਆ । ਕਿਸੇ ਦਾ ਚਲੇ ਕੋਈ ਨਾ ਯਤਨ, ਯਥਾਰਥ ਸਮਝ ਕਿਸੇ ਨਾ ਆਈਆ । ਪਵਿਤ੍ਰ ਘਾਟ ਰਿਹਾ ਕੋਈ ਨਾ ਪਤਣ, ਪਤਰਕਾ ਲੈ ਕੇ ਤੈਨੂੰ ਦਿਆਂ ਫੜਾਈਆ । ਧਰਮ ਦਾ ਰਿਹਾ ਕੋਈ ਨਾ ਹੱਟਣ, ਵਣਜਾਰਾ ਵਣਜ ਨਾ ਕੋਇ ਕਰਾਈਆ । ਮਨ ਮਨੂਆ ਫਿਰੇ ਨੱਟਣ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਸਭ ਦਾ ਖੇੜਾ ਹੋਇਆ ਭੱਠਣ, ਸਾਢੇ ਤਿੰਨ ਹੱਥ ਕਲਜੁਗ ਕੂੜੀ ਕਿਰਿਆ ਦਿਤਾ ਜਲਾਈਆ । ਔਹ ਵੇਖ ਲੈ ਹੰਕਾਰੀ ਬੁਰਜ ਅੰਤ ਲੱਗਾ ਢੱਠਣ, ਢਹਿ ਢੇਰੀ ਖ਼ਾਕ ਬਣਾਈਆ । ਸਤਿਗੁਰ ਸ਼ਬਦ ਤੀਰ ਅਣਿਆਲਾ ਲੱਗਾ ਕਸਣ, ਬਿਨ ਚਿੱਲੇ ਤੀਰ ਕਮਾਨ ਚਲਾਈਆ । ਜੋ ਰੈਣ ਅੰਧੇਰੀ ਮੇਟੇ ਮੱਸਣ, ਨੂਰੀ ਚੰਦ ਚੰਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਧਰਨੀਏ ਮੈਂ ਤੇਰੇ ਗਿਆ ਦੀਪ ਵਿਚ ਕਰੌਚ, ਕੁਰਹ ਕਾਇਨਾਤ ਫੋਲ ਫੁਲਾਈਆ । ਜਿਥੇ ਸਚਖੰਡ ਦੁਆਰੇ ਸਕੇ ਕੋਈ ਨਾ ਪਹੁੰਚ, ਦਰਗਹਿ ਸਾਚੀ ਮੁਕਾਮੇ ਹਕ ਚੜ੍ਹਨ ਕੋਇ ਨਾ ਪਾਈਆ । ਸਤਿ ਧਰਮ ਦੀ ਸਭ ਦੇ ਅੰਦਰੋਂ ਗਈ ਸੋਚ, ਸਮਝ ਬੁੱਧੀ ਨਾਲ ਚਲੇ ਨਾ ਕੋਇ ਚਤੁਰਾਈਆ । ਪਰਮ ਪੁਰਖ

ਪਰਮਾਤਮ ਮਿਲੇ ਨਾ ਕਿਸੇ ਖ਼ਸਮ ਖ਼ਸਮਾਨਾ ਖੌਂਤ, ਪਰਵਰਦਿਗਾਰ ਸਾਂਝਾ ਯਾਰ ਨੂਰ ਅਲਾਹੀ ਮਿਲਣ ਕੋਇ ਨਾ ਪਾਈਆ । ਨਾਮ ਕਲਮਿਆਂ ਤਕੀ ਅਦੌਤ, ਅਦਾਵਤ ਵਿਚ ਖ਼ਲਕ ਖ਼ੁਦਾਈਆ । ਕਲਜੁਗ ਕੂੜੀ ਕਿਰਿਆ ਪੰਚ ਵਿਕਾਰੇ ਵਾਲੇ ਚਲਾਈ ਰੌਂਸ, ਰੀਤੀ ਦੀਨ ਦੁਨੀ ਰਹੀ ਅਪਨਾਈਆ । ਨਾਲੇ ਡਰਾਵੇ ਦੇ ਕੇ ਧੌਂਸ, ਧੌਂਸਾ ਜੂਠ ਝੂਠ ਵਜਾਈਆ । ਮੈਂ ਸਭ ਦਾ ਵੱਡਾ ਪੀਰ ਵਲੀ ਗੌਂਸ, ਦਸਤਗੀਰ ਇਕ ਅਖਵਾਈਆ । ਮੇਰੀ ਹੱਦ ਹਦੂਦ ਇੱਕੀ ਸੌ ਕੋਸ ਕੋਸ, ਚਾਰੋਂ ਕੁੰਟ ਵੇਖ ਵਖਾਈਆ । ਕਿਸੇ ਨੂੰ ਆਉਣ ਨਾ ਦੇਵੇ ਹੋਸ਼, ਹੁਸ਼ਿਆਰੀ ਚਲੇ ਨਾ ਕੋਇ ਚਤੁਰਾਈਆ । ਵਿਦਿਆ ਵਡਿਆਈ ਰਹਿਣ ਦਿਤੀ ਨਹੀਂ ਕਿਸੇ ਕੋਸ਼, ਜੋ ਕੁਸ਼ੱਲਿਆ ਬੇਟਾ ਰਾਮ ਗਿਆ ਦ੍ਰਿੜਾਈਆ । ਮਾਇਆ ਮਮਤਾ ਨਾਲ ਦੀਨ ਦੁਨੀ ਕੀਤੀ ਮਧਹੋਸ਼, ਮਧੁਰ ਧੁਨ ਸੁਣਨ ਕੋਇ ਨਾ ਪਾਈਆ । ਪਵਿਤ੍ਰ ਰਹਿਣ ਦਿਤਾ ਨਹੀਂ ਕੋਈ ਕਾਇਆ ਪੋਸ਼, ਤਤਵ ਤਤ ਰੰਗ ਨਾ ਕੋਇ ਚੜ੍ਹਾਈਆ । ਉਸ ਪ੍ਰਭੂ ਦੇ ਉਤੇ ਕਾਹਦਾ ਕਿਸੇ ਦਾ ਰੋਸ, ਜੋ ਜੁਗ ਜੁਗ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਧਰਨੀਏ ਮੈਂ ਪੁਸ਼ਕਰ ਦੀਪ ਮਾਰਿਆ ਫੇਰਾ, ਬਿਨ ਲੱਤਾਂ ਬਾਹਵਾਂ ਭੱਜਿਆ ਵਾਹੋ ਦਾਹੀਆ । ਜਿਧਰ ਵੇਖਿਆ ਚਾਰੋ ਕੁੰਟ ਅੰਧੇਰਾ, ਅੰਧ ਆਤਮ ਪੜਦਾ ਕੋਇ ਨਾ ਲਾਹੀਆ । ਮਾਇਆ ਮਮਤਾ ਮੋਹ ਵਿਕਾਰੇ ਸਭ ਨੂੰ ਪਾਇਆ ਘੇਰਾ, ਘੇਰੇ ਵਿਚ ਖ਼ਲਕ ਖ਼ੁਦਾਈਆ । ਪੁਰਖ ਅਕਾਲਾ ਦੀਨ ਦਿਆਲਾ ਕਿਸੇ ਤਨ ਵਜੂਦ ਦਿਸੇ ਨਾ ਨੇਰਾ, ਨੇਤਰ ਦਰਸ ਕੋਇ ਨਾ ਪਾਈਆ । ਪਿਆਰ ਰਿਹਾ ਨਾ ਕਿਸੇ ਗੁਰੂ ਗੁਰ ਚੇਰਾ, ਚੇਲਾ ਗੁਰੂ ਸੰਗ ਨਾ ਕੋਇ ਬਣਾਈਆ । ਆਪ ਮੈਂ ਵੇਖਦਾ ਰਿਹਾ ਚਾਰ ਕੁੰਟ ਬਥੇਰਾ, ਬਿਨ ਅੱਖਾਂ ਅੱਖ ਉਠਾਈਆ । ਮੈਂ ਜਿਧਰ ਤਕਿਆ ਕਲਜੁਗ ਕੂੜ ਕੁੜਿਆਰ ਨੇ ਲਾਇਆ ਡੇਰਾ, ਡੇਰੇ ਦਿਉਹਰੇ ਖ਼ਾਲੀ ਨਜ਼ਰੀ ਆਈਆ । ਦੀਨਾਂ ਮਜ਼੍ਹਬਾਂ ਪਾਇਆ ਝੇੜਾ, ਝੇੜੇ ਵਿਚ ਖ਼ਲਕ ਖ਼ੁਦਾਈਆ । ਮੈਨੂੰ ਇਉਂ ਦਿਸਦਾ ਸਭ ਦਾ ਰੁੜ੍ਹਦਾ ਜਾਂਦਾ ਬੇੜਾ, ਬਿਨ ਪੁਰਖ ਅਕਾਲੇ ਬੰਨੇ ਕੋਇ ਨਾ ਲਾਈਆ । ਤੇਰਾ ਨੌ ਖੰਡ ਪ੍ਰਿਥਮੀ ਉਜੜਨ ਵਾਲਾ ਖੇੜਾ, ਖ਼ਬਰਦਾਰ ਤੈਨੂੰ ਦਿਆਂ ਕਰਾਈਆ । ਤੇਰੇ ਉਤੇ ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਆਪਣਾ ਦੇਣਾ ਗੇੜਾ, ਨਵ ਸੱਤ ਸੱਤ ਨਵ ਉਲਟੀ ਲਠ ਗਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਧਰਨੀਏ ਮੈਂ ਜੰਬੂ ਦੀਪ ਤਕਿਆ ਆਪ, ਬਿਨ ਨੈਣਾਂ ਨੈਣ ਉਠਾਈਆ । ਜਿਥੇ ਇਕੋ ਪ੍ਰਭੂ ਪਰਮਾਤਮ ਮਿਲੇ ਧੁਰ ਦਾ ਬਾਪ, ਪਤਿਪਰਮੇਸ਼ਵਰ ਨੂਰ ਅਲਾਹੀਆ । ਜਿਸ ਦਾ ਇਕੋ ਧਰਮ ਧਾਰ ਦਾ ਹੋਵੇ ਜਾਪ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਤ੍ਰੈਗੁਣ ਤੇਰਾ ਮੇਟੇ ਤਾਪ, ਅਗਨੀ ਤਤ ਨਾ ਕੋਇ ਤਪਾਈਆ । ਆਹ ਲੈ ਮੇਰੇ ਕੋਲ ਜਿਸ ਦੀ ਚਿੱਠੀ ਪਤ੍ਰਿਕਾ ਪਾਤ, ਬਿਨ ਹਰਫ਼ ਹਰੂਫ਼ ਲਿਖਾਈਆ । ਜਿਸ ਦਾ ਲਹਿਣਾ ਦੇਣਾ ਨਾਲ ਕਾਇਨਾਤ, ਦੀਨ ਦੁਨੀ ਆਪਣਾ ਹੁਕਮ ਵਰਤਾਈਆ । ਤੂੰ ਇਕ ਵਾਰ ਨਿਗਾਹ ਮਾਰ ਲੈ ਝਾਤ, ਪੜਦਾ ਪੜਦਿਆਂ ਵਿਚੋਂ ਉਠਾਈਆ । ਉਹ ਤੇਰੇ ਉਤੋਂ ਮੇਟਣਹਾਰਾ ਅੰਧੇਰੀ ਰਾਤ, ਸਤਿਜੁਗ ਸਚ ਕਰੇ ਰੁਸ਼ਨਾਈਆ । ਜਿਸ ਦੀ ਦੀਨ ਮਜ਼੍ਹਬ ਵਰਨ ਬਰਨ ਨਵ ਸੱਤ ਹੋਣੀ ਇਕ ਜਮਾਤ, ਦੂਸਰੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਸਮਝਾਈਆ । ਨਾਰਦ ਕਹੇ ਧਰਨੀਏ ਮੈਂ ਪਹੁੰਚਿਆ ਦੀਪ ਸਾਨ, ਸਹਿਜ ਨਾਲ ਧਿਆਨ ਲਗਾਈਆ । ਮਾਨਸ ਮਾਨਵ ਮਾਨੁਖ

ਪ੍ਰਭ ਨੂੰ ਭੁਲ ਗਿਆ ਇਨਸਾਨ, ਇਨਸਾਨੀਅਤ ਹੱਥ ਕਿਸੇ ਨਾ ਆਈਆ । ਇਸ਼ਟ ਰਿਹਾ ਨਾ ਗੋਪੀ ਕਾਹਨ, ਸੀਆ ਰਾਮ ਨਾ ਕੋਇ ਚਤੁਰਾਈਆ । ਅੱਲਾ ਹੂ ਨਾਅਰਾ ਕਰੇ ਨਾ ਕੋਈ ਪ੍ਰਵਾਨ, ਗਾਡ ਗੁੱਡ ਕਹਿ ਕੇ ਸੀਸ ਨਾ ਕੋਇ ਨਿਵਾਈਆ । ਸਤਿ ਨਾਮ ਹਰ ਹਿਰਦੇ ਦਿਸੇ ਨਾ ਕੋਇ ਪ੍ਰਧਾਨ, ਫ਼ਤਿਹ ਫ਼ਾਤਿਆ ਵਾਲਾ ਡੰਕਾ ਵਜਦਾ ਨਜ਼ਰ ਕਿਸੇ ਨਾ ਆਈਆ । ਮੈਂ ਵੇਖ ਵੇਖ ਲੱਗਾ ਪਛਤਾਣ, ਕੀ ਖੇਲ ਬਣਿਆ ਵਿਚ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਧਰਨੀਏ ਮੈਂ ਭੱਜਿਆ ਗਿਆ ਦੀਪ ਸਲਮਲ, ਸੁਲਹਕੁਲ ਦਿਤੀ ਵਡਿਆਈਆ । ਮੈਂ ਵੇਖੇ ਮਹੀਅਲ ਜਲ ਥਲ, ਸਮੁੰਦ ਸਾਗਰ ਟਿੱਲੇ ਪਰਬਤ ਫੋਲ ਫੁਲਾਈਆ । ਮੈਨੂੰ ਦੁਆਰਾ ਨਜ਼ਰ ਆ ਗਿਆ ਰਾਜਾ ਬਲ, ਬਲਖ ਕਹਿ ਕੇ ਜਿਸ ਨੂੰ ਸਾਰੇ ਗਾਈਆ । ਜਿਥੇ ਧਰਮ ਨਾਲ ਹੋ ਗਿਆ ਕਪਟ ਛਲ, ਕਲਮਾ ਬੈਠਾ ਆਪਣਾ ਰੂਪ ਬਦਲਾਈਆ । ਖੇਲ ਤਕਿਆ ਕਲਜੁਗ ਕਲ, ਕੀ ਕਲਕਾਤੀ ਕਾਰ ਕਮਾਈਆ । ਮੈਨੂੰ ਯਾਦ ਆ ਗਈ ਸਤਿਗੁਰ ਨਾਨਕ ਵਾਲੀ ਇਕ ਗੱਲ, ਜਿਸ ਦੀ ਅਜ ਤਕ ਸਮਝ ਕਿਸੇ ਨਾ ਆਈਆ । ਜਾਂ ਮੈਂ ਨਿਗਾਹ ਮਾਰੀ ਪ੍ਰਭ ਦੇ ਹੁਕਮ ਵਿਚ ਦੋ ਜਹਾਨ ਰਹੇ ਹਲ, ਜ਼ਿਮੀਂ ਅਸਮਾਨ ਭੱਜਣ ਵਾਹੋ ਦਾਹੀਆ । ਫੇਰ ਸ਼ਬਦ ਸੰਦੇਸ਼ਾ ਸਤਿਗੁਰ ਸ਼ਬਦ ਨੇ ਦਿਤਾ ਘਲ, ਅਣਸੁਣਤ ਆਪ ਦ੍ਰਿੜਾਈਆ । ਫਲ ਰਿਹਾ ਨਹੀਂ ਕਿਸੇ ਪੱਤ ਟਹਿਣੀ ਡਲ, ਬਿਰਖ ਸਚ ਰੰਗ ਨਾ ਕੋਇ ਰੰਗਾਈਆ । ਪੁਰਖ ਅਕਾਲੇ ਦੀਨ ਦਿਆਲੇ ਸਭ ਨਾਲ ਕੀਤਾ ਛਲ, ਅਛਲ ਅਛੱਲ ਹੋ ਕੇ ਖੇਲ ਖਿਲਾਈਆ । ਜਿਸ ਦਾ ਬਾਵਨ ਦੱਸ ਗਿਆ ਹੱਲ, ਹਾਲਤ ਵੇਖ ਦੀਨ ਦੁਨੀ ਦ੍ਰਿੜਾਈਆ । ਉਸ ਦਾ ਭਾਣਾ ਕਦੇ ਨਾ ਜਾਵੇ ਟਲ, ਅਟਲ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਧਰਨੀਏ ਮੈਂ ਦੀਪ ਪੁੱਜਾ ਕੁਸ਼ਾ, ਕੁਛ ਕਹਿਣ ਦੀ ਲੋੜ ਰਹੀ ਨਾ ਰਾਈਆ । ਨਾ ਉਥੇ ਦਾਹੜੀ ਦਿਸੀ ਤੇ ਨਾ ਦਿਸੀਆਂ ਮੁੱਛਾਂ, ਮੁਸ਼ਕਿਲ ਮੇਰੇ ਵਾਸਤੇ ਆਈਆ । ਮੈਂ ਕਿਸ ਨੂੰ ਪ੍ਰਭ ਦਾ ਭੇਦ ਪੁਛਾਂ, ਪੜਦਾ ਸਕੇ ਕੌਣ ਖੁਲ੍ਹਾਈਆ । ਬਾਹਰੋਂ ਚਿੱਟਾ ਤੇ ਅੰਦਰੋਂ ਕੂੜ ਕੁੜਿਆਰ ਦਾ ਜੁੱਸਾ, ਜਿਸਮ ਜ਼ਮੀਰ ਸਾਰੇ ਗਏ ਬਦਲਾਈਆ । ਸਚ ਪਿਆਰ ਹਰ ਹਿਰਦੇ ਅੰਦਰੋਂ ਖੁੱਸਾ, ਵਸਤ ਸਚ ਨਜ਼ਰ ਕੋਇ ਨਾ ਆਈਆ । ਮੈਨੂੰ ਇਉਂ ਦਿਸਦਾ ਜਗਤ ਮਾਨਵ ਪ੍ਰਭ ਦੇ ਨਾਲੋਂ ਰੁੱਸਾ, ਰੁਸਿਆਂ ਸਕੇ ਨਾ ਕੋਇ ਮਨਾਈਆ । ਮੈਨੂੰ ਫੇਰ ਚੜ੍ਹ ਗਿਆ ਗ਼ੁੱਸਾ, ਆਪ ਆਪਣਾ ਬਲ ਪਰਗਟਾਈਆ । ਮੈਂ ਦੋਵੇਂ ਮੀਟ ਕੇ ਆਪਣੀਆਂ ਮੁਠਾਂ, ਜ਼ੋਰ ਨਾਲ ਦਬਾਈਆ । ਮੇਰੇ ਪ੍ਰਭੂ ਜੇ ਮੇਰੇ ਉਤੇ ਤੁਠਾ, ਮਿਹਰ ਨਜ਼ਰ ਇਕ ਉਠਾਈਆ । ਮੈਂ ਚਾਹੁੰਦਾ ਪਹਿਲਾਂ ਜੇ ਕਲਜੁਗ ਬਦਲਣਾ ਤੇ ਬਦਲਣਾ ਏਸੇ ਗੁੱਠਾ, ਜਿਥੇ ਤੇਰਾ ਪਿਆਰ ਤੇਰੇ ਵਿਚ ਵਿਚ ਨਾ ਕੋਇ ਰਖਾਈਆ । ਝਟ ਸਤਿਗੁਰ ਸ਼ਬਦ ਮੈਨੂੰ ਹਲੂਣਾ ਦਿਤਾ ਬਿਨਾ ਬਾਹਵਾਂ ਗੁੱਟਾ, ਸਹਿਜ ਨਾਲ ਸੁਣਾਈਆ । ਨਾਰਦਾ ਔਹ ਵੇਖ ਕਲਜੁਗ ਜਗਤ ਡੋਰੀ ਨਾਲੋਂ ਟੁੱਟਾ, ਟੁੱਟਿਆਂ ਗੰਢ ਨਾ ਕੋਇ ਪੁਆਈਆ । ਕੂੜ ਕੁੜਿਆਰਾ ਜਾਵੇ ਪੁੱਟਾ, ਪਟਨੇਵਾਲਾ ਦੇਵੇ ਜੜ੍ਹ ਉਖੜਾਈਆ । ਜਿਸ ਨੂੰ ਪੁਰਖ ਅਕਾਲ ਬਣਾਇਆ ਆਪਣਾ ਸੁਤਾ, ਸੁਤ ਅਪਰਾਧਾਂ ਅਪਰਾਧੀਆਂ ਕਰੇ ਸਫ਼ਾਈਆ । ਉਹਦੇ ਨਾਲ ਅਬਿਨਾਸ਼ੀ ਅਚੁਤਾ, ਚਿਤਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਜੋ ਧਰਨੀ ਉਤੇ ਕਲਜੁਗ ਦੀ ਧਾਰ ਬਦਲ ਕੇ ਲਾਏ ਸਤਿਜੁਗਾ, ਜੁਗ ਚੌਕੜੀ ਦਾ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਭੇਵ ਜਾਣੇ ਕੋਈ ਨਾ ਗੁੱਝਾ, ਭੇਵ ਅਭੇਦ ਆਪਣੇ ਵਿਚ ਛੁਪਾਈਆ ।

✪ ੩੦ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਗੁਜ਼ਰਵਾਲ ਜ਼ਿਲਾ ਲੁਧਿਆਣਾ ਬਲਵੰਤ ਸਿੰਘ ਦੇ ਗ੍ਰਿਹਿ ✪

ਨਾਰਦ ਕਹੇ ਧਰਨੀਏ ਮੈਂ ਧੁਰ ਦਾ ਅਗੰਮਾ ਡਾਕੀਆ, ਬਿਨ ਤਨ ਵਜੂਦ ਹਕ ਮਹਿਬੂਬ ਮੈਨੂੰ ਦਿਤੀ ਵਡਿਆਈਆ । ਮੈਂ ਦੋ ਜਹਾਨਾਂ ਪੰਧ ਮੁਕਾਇਆ ਚੜ੍ਹ ਕੇ ਸ਼ਬਦ ਅਗੰਮੀ ਰਾਕੀਆ, ਜਗਤ ਤਨ ਵਜੂਦ ਸੰਗ ਨਾ ਕੋਇ ਰਖਾਈਆ । ਮੇਰੇ ਕੋਲ ਆਦਿ ਜੁਗਾਦਿ ਦੀਆਂ ਪੁਰਾਣੀਆਂ ਕਾਪੀਆਂ, ਜੋ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦਿਤੀਆਂ ਫੜਾਈਆ । ਮੇਰੀ ਪਿਠ ਤੇ ਮਾਰੀਆਂ ਥਾਪੀਆਂ, ਸਿਰ ਮੇਰੇ ਹੱਥ ਰਖਾਈਆ । ਅੰਦਰ ਵੜ ਕੇ ਵੇਖ ਲੈ ਵਾਤੀਆ, ਬਿਨ ਨੈਣਾਂ ਨੈਣ ਤਕਾਈਆ । ਡੂੰਘੇ ਤਕ ਲੈ ਖਾਤੀਆ, ਪੜਦਾ ਪੜਦਿਆਂ ਵਿਚੋਂ ਚੁਕਾਈਆ । ਤੂੰ ਫੇਰਾ ਪਾਉਣਾ ਵਿਚ ਲੋਕਮਾਤੀਆ, ਮਾਤਰ ਭੂਮੀ ਧਿਆਨ ਲਗਾਈਆ । ਕਿਉਂ ਸਭ ਦੇ ਹੁੰਦਿਆਂ ਹੋਈਆਂ ਅੰਧੇਰੀਆਂ ਰਾਤੀਆਂ, ਸਾਚਾ ਚੰਦ ਨਾ ਕੋਇ ਚਮਕਾਈਆ । ਕਿਉਂ ਝਗੜਾ ਪਿਆ ਜ਼ਾਤ ਪਾਤੀਆਂ, ਨਾਮ ਕਲਮਾ ਸਾਰੇ ਗਏ ਭੁਲਾਈਆ । ਕਲਜੁਗ ਕੂੜ ਕੁੜਿਆਰਾ ਕਿਸ ਬਿਧ ਮਾਰੇ ਕਾਤੀਆ, ਤੀਰ ਅਣਿਆਲਾ ਰਿਹਾ ਚਲਾਈਆ । ਜੀਵਾਂ ਜੰਤਾਂ ਸਾਧਾ ਸੰਤਾਂ ਵਿੰਨ੍ਹੀ ਜਾਏ ਛਾਤੀਆਂ, ਛਤਰਧਾਰੀ ਰਹਿਣ ਕੋਇ ਨਾ ਪਾਈਆ । ਸਾਚੀ ਮੰਜ਼ਲ ਸਭ ਨੂੰ ਭੁੱਲੀ ਘਾਟੀਆ, ਸਚ ਦੁਆਰ ਚੜ੍ਹਨ ਕੋਇ ਨਾ ਪਾਈਆ । ਆਤਮ ਸੇਜਾ ਵੇਖ ਲੈ ਖਾਟੀਆ, ਤਨ ਵਜੂਦਾਂ ਅੰਦਰ ਧਿਆਨ ਲਗਾਈਆ । ਕਿਉਂ ਸਭ ਦੀਆਂ ਤਨ ਵਜੂਦ ਕਫ਼ਨੀਆਂ ਪਾਟੀਆਂ, ਪਟਨੇਵਾਲਾ ਕੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਨਾਰਦ ਲੈ ਕੇ ਜਾ ਧੁਰ ਸੰਦੇਸ਼, ਜਿਸ ਦਾ ਅੱਖਰ ਸਮਝ ਕਿਸੇ ਨਾ ਆਈਆ । ਹੁਕਮ ਦੇਵੇ ਨਰ ਨਰੇਸ਼, ਨਰ ਨਰਾਇਣ ਧੁਰਦਰਗਾਹੀਆ । ਜੋ ਆਦਿ ਜੁਗਾਦਿ ਰਹੇ ਹਮੇਸ਼, ਹਮਸਾਜਣ ਇਕ ਅਖਵਾਈਆ । ਜਿਸ ਦਾ ਸੰਦੇਸ਼ਾ ਦੇ ਕੇ ਗਿਆ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਧਿਆਨ ਲਗਾਈਆ । ਉਹ ਕਿਸ ਬਿਧ ਵਸੇ ਸੰਬਲ ਦੇਸ, ਸਾਢੇ ਤਿੰਨ ਹੱਥ ਡੇਰਾ ਲਾਈਆ । ਕਵਣ ਧਾਰ ਮੇਟੇ ਕਲਜੁਗ ਕਲੇਸ਼, ਕਲ ਕਾਤੀਆਂ ਕਰੇ ਸਫ਼ਾਈਆ । ਜਿਸ ਨੂੰ ਝੁਕਣੇ ਵਿਸ਼ਨ ਬ੍ਰਹਮਾ ਸ਼ਿਵ ਗਨੇਸ਼, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਮੈਂ ਧਰਮ ਦੀ ਧਾਰ ਕ਼ਦਮ ਚੁਕਿਆ, ਬਿਨ ਕ਼ਦਮਾਂ ਕ਼ਦਮ ਟਿਕਾਈਆ । ਮੇਰਾ ਇਰਾਦਾ ਕੀਤਾ ਪੱਕਿਆ, ਮੁਹੰਮਦ ਸਹਿਜ ਨਾਲ ਸਮਝਾਈਆ । ਮੇਰੀ ਸਦੀ ਚੌਧਵੀਂ ਅੰਤ ਵੇਖ ਲੈ ਮੇਰਾ ਕਲਮਾ ਕਾਇਨਾਤ ਥਕਿਆ, ਥਕਾਵਟ ਵਿਚ ਖ਼ਲਕ ਖ਼ੁਦਾਈਆ । ਫਿਰੀ ਦਰੋਹੀ ਮਦੀਨਾ ਮੱਕਿਆ, ਕਾਅਬੇ ਕੂਕ ਕੂਕ ਜਣਾਈਆ । ਬਿਨ ਪਰਵਰਦਿਗਾਰ ਸਾਂਝੇ ਯਾਰ ਪੜਦਾ ਕਿਸੇ ਨਾ ਢਕਿਆ, ਜਿਸ ਦਾ ਐਹਨਲੁਹਕ ਨਾਅਰਾ ਲਾਈਆ । ਜੋ ਮੂਸਾ ਧਾਰ ਬਣਿਆ ਸਕਿਆ, ਕੋਹਤੂਰ ਰੰਗ ਰੰਗਾਈਆ । ਜਿਸ ਹਜ਼ਰਤ ਈਸਾ ਗਲ ਸਲੀਬ ਪਾਈ ਪਟਿਆ, ਫਾਸੀ ਜਗਤ ਵਾਲੀ ਲਟਕਾਈਆ । ਨਾਰਦ ਖਿੜ

ਖਿੜਾ ਕੇ ਹੱਸਿਆ, ਬਿਨ ਰਸਨਾ ਢੋਲੇ ਗਾਈਆ । ਸਤਿਗੁਰ ਸ਼ਬਦ ਉਠ ਵੇਖ ਲੈ ਹੋਈ ਅੰਧੇਰੀ ਮੱਸਿਆ, ਜਿਸ ਨਾਨਕ ਸਤਿਗੁਰ ਧਾਰ ਦਿਤੀ ਬਦਲਾਈਆ । ਜਿਸ ਦੇ ਹੁਕਮ ਵਿਚ ਗੁਰ ਅਰਜਨ ਅਗਨੀ ਲੋਹ ਤਪਿਆ, ਆਪ ਆਪਣਾ ਭੇਟ ਕਰਾਈਆ । ਜਿਸ ਦੀ ਧਾਰ ਵਿਚ ਗੁਰ ਤੇਗ਼ ਬਹਾਦਰ ਸੀਸ ਕਟਿਆ, ਕਟਾਕਸ਼ ਧੁਰ ਦਾ ਨਾਮ ਲਗਾਈਆ । ਜਿਸ ਦੇ ਹੁਕਮ ਵਿਚ ਨੀਹਾਂ ਹੇਠ ਦੱਬਿਆ ਬੱਚਿਆਂ, ਬਾਲੇ ਆਪਣਾ ਹੁਕਮ ਵਰਤਾਈਆ । ਜਿਸ ਦਾ ਖੇਲ ਸਦਾ ਸਮਰਥਿਆ, ਨਾ ਕੋਈ ਮੇਟੇ ਮੇਟ ਮਿਟਾਈਆ । ਜੋ ਮਾਛੂਵਾੜੇ ਕਲਜੁਗ ਨਾਲ ਹੋਇਆ ਇਕੱਠਿਆ, ਧਰਨੀ ਧਰਤ ਧਵਲ ਧੌਲ ਨਾਲ ਮਿਲਾਈਆ । ਮੇਰੇ ਢਈਏ ਤੋਂ ਬਾਦ ਦੀਨ ਦੁਨੀ ਹੋਣੀ ਜ਼ੀਰੋ ਨਾਲ ਬਟਿਆ, ਬਾਕੀ ਨਜ਼ਰ ਕੋਇ ਨਾ ਆਈਆ । ਉਮਤ ਦਾ ਲੇਖਾ ਜਾਣਾ ਕਟਿਆ, ਸਦੀ ਚੌਧਵੀਂ ਦਏ ਗਵਾਹੀਆ । ਨਾਰਦ ਕਹੇ ਮੈਂ ਸਚ ਖ਼ਬਰਾਂ ਸੁਣ ਕੇ ਨੱਠਿਆ, ਭੱਜਿਆ ਵਾਹੋ ਦਾਹੀਆ । ਧਰਮ ਦਾ ਬੁਰਜ ਮਨਾਰਾ ਵੇਖ ਲੈ ਢੱਠਿਆ, ਚੋਟੀ ਜੜ੍ਹ ਸਮਝ ਕੋਇ ਨਾ ਪਾਈਆ । ਜਿਧਰ ਤਕਾਂ ਕਲਜੁਗ ਕੂੜ ਕੁੜਿਆਰ ਪਾਇਆ ਰੱਟਿਆ, ਰੱਟਾ ਸਕੇ ਨਾ ਕੋਇ ਮੁਕਾਈਆ । ਬਿਨ ਭਗਤਾਂ ਲਾਹਾ ਕਿਸੇ ਨਾ ਖਟਿਆ, ਖਟਕੇ ਵਿਚ ਕੂੜ ਲੋਕਾਈਆ । ਪੁਰਖ ਅਕਾਲਾ ਦੀਨ ਦਿਆਲਾ ਸਤਿਗੁਰ ਸ਼ਬਦ ਭੇਜੇ ਤਨ ਵਜੂਦਾਂ ਵਟਿਆ, ਜੋਤੀ ਜਾਤਾ ਆਪਣਾ ਰੰਗ ਰੰਗਾਈਆ । ਜਿਸ ਦਾ ਪ੍ਰਕਾਸ਼ ਹੋਵੇ ਲਟ ਲਟਿਆ, ਨਿਰਗੁਣ ਧਾਰ ਡਗਮਗਾਈਆ । ਮੈਂ ਉਸ ਉਤੇ ਆਪਣੀ ਆਸ਼ਾ ਇਕੋ ਵਾਰ ਸਿਟਿਆ, ਜੋ ਸਿੱਟੇਬਾਜ਼ੀ ਵੇਖੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
੧੦੦੯ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਿਸ ਦੇ ਹੁਕਮ ਵਿਚ ਸਤਿਜੁਗ ਤਰੇਤਾ ਦੁਆਪਰ ੧੦੦੯
੨੪ ਗਿਆ ਨੱਠਿਆ, ਕਲਜੁਗ ਅੰਤਮ ਧਰਨੀ ਧਰਤ ਧਵਲ ਧੌਲ ਜ਼ਿਮੀਂ ਅਸਮਾਨ ਰਹਿਣ ਕੋਇ ਨਾ ਪਾਈਆ । ੨੪

✪ ੩੦ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਪਖੋਵਾਲ ਜ਼ਿਲਾ ਲੁਧਿਆਣਾ ਮੰਗਲ ਸਿੰਘ ਦੇ ਗ੍ਰਿਹ ✪

ਨਾਰਦ ਕਹੇ ਧਰਨੀਏ ਪ੍ਰਭ ਕਰੇ ਖੇਲ ਅਵੱਲਾ, ਆਦਿ ਜੁਗਾਦਿ ਧੁਰਦਰਗਾਹੀਆ । ਜੋ ਵੇਖਣਹਾਰਾ ਤੇਰਾ ਨਵ ਸੱਤ ਇਕ ਮਹੱਲਾ, ਪੜਦਾ ਪੜਦਿਆਂ ਵਿਚੋਂ ਚੁਕਾਈਆ । ਪਾਵੇ ਸਾਰ ਜਲਾ ਥਲਾ, ਮਹੀਅਲ ਖੋਜ ਖੁਜਾਈਆ । ਜੋ ਆਤਮ ਪਰਮਾਤਮ ਰੂਪ ਸਭ ਦੇ ਅੰਦਰ ਰਲਾ, ਨੂਰ ਨੁਰਾਨਾ ਨੂਰ ਅਲਾਹੀਆ । ਉਸ ਅਗੰਮੜੇ ਇਕ ਹੁਕਮ ਸੰਦੇਸਾ ਘੱਲਾ, ਬਿਨ ਅੱਖਰਾਂ ਦਿਤਾ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਪ੍ਰਭ ਦਾ ਸੁਣ ਫ਼ਰਮਾਨਾ, ਜਗਤ ਫੁਰਨਿਆਂ ਬਾਹਰ ਜਣਾਈਆ । ਕੀ ਖੇਲੇ ਖੇਲ ਵਿਚ ਜਹਾਨਾ, ਦੋ ਜਹਾਨਾਂ ਮਾਲਕ ਧੁਰਦਰਗਾਹੀਆ । ਜਿਸ ਦਾ ਅਵਤਾਰ ਪੈਗ਼ੰਬਰਾਂ ਗੁਰੂਆਂ ਗਾਇਆ ਤਰਾਨਾ, ਤੁਰੀਆ ਤੋਂ ਬਾਹਰ ਦ੍ਰਿੜਾਈਆ । ਉਸ ਦਾ ਖੇਲ ਖ਼ਾਲਕ ਮਖ਼ਲੂਕ ਦੀ ਧਾਰ ਹੋਏ ਮਹਾਨਾ, ਮਹਿੰਮਾ ਅਕਥ ਕਥ ਸਮਝਾਈਆ । ਉਹ ਖੇਲ ਕਰੇ ਜ਼ਿਮੀਂ ਅਸਮਾਨਾਂ, ਜ਼ਿਮੀਂ ਜ਼ਮਾ ਧਿਆਨ ਲਗਾਈਆ । ਜਿਸ ਨੂੰ ਪੈਗ਼ੰਬਰਾਂ ਕੀਤਾ ਸਲਾਮਾ, ਸਯਦਿਆਂ ਵਿਚ ਸੀਸ ਨਿਵਾਈਆ । ਜਿਸ ਦਾ ਸ਼ਬਦੀ ਡੰਕ ਵੱਜਾ ਦਮਾਮਾ, ਦੋ ਜਹਾਨ ਸ਼ਨਵਾਈਆ । ਉਹ ਨਿਰਗੁਣ ਧਾਰ ਪਹਿਰ ਕੇ ਜਾਮਾ, ਖੇਲੇ ਖੇਲ ਅਗੰਮ ਅਥਾਹੀਆ । ਜਿਸ ਦਾ ਇਸ਼ਾਰਾ

ਦੇ ਕੇ ਗਿਆ ਸੀਆ ਨੂੰ ਰਾਮਾ, ਰਘੁਪਤ ਹੋ ਕੇ ਗਿਆ ਸਮਝਾਈਆ । ਜਿਸ ਦਾ ਭੇਵ ਖੁਲ੍ਹਾਇਆ ਕ੍ਰਿਸ਼ਨਾ ਕਾਹਨਾ, ਘਨਈਆ ਸਈਆ ਹੋ ਕੇ ਬੂਝ ਬੁਝਾਈਆ । ਜਿਸ ਦਾ ਸਤਿਗੁਰ ਨਾਨਕ ਗਾਇਆ ਸਤਿਨਾਮਾ, ਨਾਮ ਨਿਧਾਨਾ ਇਕ ਜਣਾਈਆ । ਉਹ ਸ਼ਾਹੋ ਭੂਪ ਸੁਲਤਾਨਾ, ਨਿਰਵੈਰ ਪੁਰਖ ਇਕ ਅਖਵਾਈਆ । ਜਿਸ ਤੇਰੇ ਉਤੋਂ ਦੀਨ ਦੁਨੀ ਬਦਲ ਦੇਣਾ ਜ਼ਮਾਨਾ, ਜ਼ਿਮੀਂ ਜ਼ਮਾਂ ਦੋ ਜਹਾਨ ਵੇਖ ਵਖਾਈਆ । ਤੂੰ ਉਸ ਦਾ ਖ਼ੁਸ਼ੀਆਂ ਨਾਲ ਗਾਈਂ ਗਾਣਾ, ਤੂੰ ਮੇਰਾ ਮੈਂ ਤੇਰਾ ਦੂਜਾ ਰਾਗ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਪ੍ਰਭ ਸੰਦੇਸ਼ਾ ਦਿਤਾ ਅਗੰਮ, ਜਗਤ ਵਿਦਿਆ ਸਮਝ ਕਿਸੇ ਨਾ ਆਈਆ । ਜਿਸ ਦਾ ਭੇਵ ਪਾ ਸਕੇ ਕੋਈ ਨਾ ਬ੍ਰਹਮ, ਬ੍ਰਹਮਵੇਤਾ ਧਾਰ ਨਾ ਕੋਇ ਦ੍ਰਿੜਾਈਆ । ਜਿਸ ਵਿਚ ਦੀਨ ਦੁਨੀ ਦਾ ਨਹੀਂ ਕੋਈ ਕਰਮ, ਕਰਮ ਕਾਂਡ ਨਾ ਕੋਇ ਜਣਾਈਆ । ਜਿਸ ਵਿਚ ਸ਼ਰਅ ਨਹੀਂ ਕੋਇ ਧਰਮ, ਮਜ਼੍ਹਬੀ ਵੰਡ ਨਾ ਕੋਇ ਵੰਡਾਈਆ । ਲੇਖਾ ਨਹੀਂ ਕੋਈ ਵਰਨ ਬਰਨ, ਜ਼ਾਤ ਪਾਤ ਨਾ ਕੋਇ ਸਮਝਾਈਆ । ਉਹ ਮਾਲਕ ਖ਼ਾਲਕ ਕਰਨੀ ਕਰਨ, ਕਰਤਾ ਪੁਰਖ ਨੂਰ ਅਲਾਹੀਆ । ਜਿਸ ਦੀ ਸਰਨ ਸਰਨਾਈ ਸਾਰੇ ਪਰਨ, ਨਿਵ ਨਿਵ ਲਾਗਣ ਪਾਈਆ । ਜਿਸ ਦੀ ਮੰਜ਼ਲ ਸੂਫ਼ੀ ਸੰਤ ਫ਼ਕੀਰ ਚੜ੍ਹਨ, ਭਗਤ ਭਗਵਾਨ ਮਿਲ ਕੇ ਵਜੇ ਵਧਾਈਆ । ਉਹ ਤੇਰਾ ਫੜਨ ਵਾਲਾ ਲੜਨ, ਪੱਲੂ ਆਪਣੀ ਗੰਢ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਧਰਨੀਏ ਮੇਰੇ ਕੋਲ ਧੁਰ ਸ਼ਬਦ ਦੀਆਂ ਤਹਿਰੀਰਾਂ, ਜਗਤ ਵਿਦਿਆ ਅੱਖਰਾਂ ਬਾਹਰ ਜਣਾਈਆ । ਜਿਸ ਦਾ ਲਹਿਣਾ ਦੇਣਾ ਤਨ ਵਜੂਦ ਨਾਲ ਸਰੀਰਾਂ, ਮਾਟੀ ਖ਼ਾਕ ਵੇਖ ਵਖਾਈਆ । ਉਹਦਾ ਖੇਲ ਹੋਣਾ ਨਾਲ ਗ਼ਰੀਬ ਅਮੀਰਾਂ, ਬਚਿਆ ਰਹਿਣ ਕੋਇ ਨਾ ਪਾਈਆ । ਜਿਸ ਨੇ ਸਭ ਦੀਆਂ ਅੰਦਰੋਂ ਬਦਲ ਦੇਣੀਆਂ ਜ਼ਮੀਰਾਂ, ਜ਼ਿਮੀਂ ਜ਼ਮਾਂ ਵੇਖੇ ਚਾਈਂ ਚਾਈਂਆ । ਲਹਿਣਾ ਦੇਣਾ ਤਕੇ ਜਲ ਥਲ ਮਹੀਅਲ ਨੀਰਾਂ, ਟਿੱਲੇ ਪਰਬਤਾਂ ਖੋਜ ਖੁਜਾਈਆ । ਉਹ ਤੇਰੇ ਉਤੇ ਘੱਤ ਕੇ ਆਏ ਵਹੀਰਾਂ, ਵਾਹਿਦ ਮਾਲਕ ਧੁਰਦਰਗਾਹੀਆ । ਕਲਜੁਗ ਕਿਰਿਆ ਕੂੜ ਕਟੇ ਜ਼ੰਜੀਰਾਂ, ਸ਼ਰਅ ਛੁਰੀ ਰਹੇ ਨਾ ਕੋਇ ਕਸਾਈਆ । ਉਹ ਮਾਲਕ ਖ਼ਾਲਕ ਬਣੇ ਪੀਰਾਂ ਦਾ ਪੀਰਾ, ਪੀਰਨ ਪੀਰ ਇਕ ਅਖਵਾਈਆ । ਜਿਸ ਨੂੰ ਪੈਗ਼ੰਬਰਾਂ ਕਿਹਾ ਦਸਤਗੀਰਾ, ਯਾਮਬੀਨ ਕਹਿ ਕੇ ਸੀਸ ਨਿਵਾਈਆ । ਜੋ ਨੂਰ ਅਲਾਹੀ ਬੇਨਜ਼ੀਰਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪੜਦਾ ਆਪ ਉਠਾਈਆ । ਨਾਰਦ ਕਹੇ ਧਰਨੀਏ ਹੁਕਮ ਸੁਣ ਸ੍ਰੀ ਭਗਵਾਨ, ਭਗਵਨ ਕੀ ਦ੍ਰਿੜਾਈਆ । ਜਿਸ ਦਾ ਲਹਿਣਾ ਦੇਣਾ ਆਦਿ ਜੁਗਾਦਿ ਵਿਚ ਜਹਾਨ, ਦੀਨ ਦੁਨੀ ਵੇਖ ਵਖਾਈਆ । ਜਿਸ ਸਤਿਜੁਗ ਤਰੇਤਾ ਦੁਆਪਰ ਖੇਲਿਆ ਖੇਲ ਮਹਾਨ, ਕਲਜੁਗ ਅੰਤਮ ਵੇਖ ਵਖਾਈਆ । ਉਹ ਯੋਧਾ ਸੂਰਬੀਰ ਬਣ ਬਲਵਾਨ, ਬਲਧਾਰੀ ਆਪਣਾ ਆਪ ਅਖਵਾਈਆ । ਉਹ ਅੰਤ ਧਰਨੀਏ ਤੇਰੇ ਉਤੇ ਆਏ ਧਰਮ ਦੇ ਵਿਚ ਮੈਦਾਨ, ਸ਼ਰਅ ਦੀ ਵੰਡ ਨਾ ਕੋਇ ਵੰਡਾਈਆ । ਇਸ ਨੂੰ ਝੁਕਣੇ ਜ਼ਿਮੀਂ ਅਸਮਾਨ, ਚੌਦਾਂ ਲੋਕ ਚੌਦਾਂ ਤਬਕ ਨਿਵ ਨਿਵ ਲਾਗਣ ਪਾਈਆ । ਜਿਸ ਦੀ ਵਿਸ਼ਨ ਬ੍ਰਹਮਾ ਸ਼ਿਵ ਕਰਨ ਕਲਿਆਣ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਤੇਰੇ ਉਤੇ ਹੋਏ ਪ੍ਰਧਾਨ, ਪ੍ਰਧਾਨਗੀ ਆਪਣੀ ਇਕ ਵਖਾਈਆ । ਕੂੜ ਕੁੜਿਆਰ



੧੦੭੦
੨੪

ਵਿਕਾਰ ਦਾ ਤੇਰੇ ਉਤੇ ਬਦਲ ਦਏ ਵਿਧਾਨ, ਸਤਿ ਧਰਮ ਸਚ ਦਏ ਪਰਗਟਾਈਆ । ਕਲਜੁਗ ਕੂੜੀ ਕਿਰਿਆ ਰਹਿਣ ਨਾ ਦੇਵੇ ਸ਼ੈਤਾਨ, ਸ਼ਰਅ ਦਾ ਲੇਖਾ ਦਏ ਮੁਕਾਈਆ । ਮਾਨਸ ਜ਼ਾਤੀ ਇਕੋ ਰੰਗ ਰੰਗੇ ਇਨਸਾਨ, ਇਨਸਾਨੀਅਤ ਸਭ ਦੇ ਅੰਦਰ ਟਿਕਾਈਆ । ਧੁਨ ਸ਼ਬਦ ਸੁਣਾਏ ਬਿਨਾ ਕਾਨ, ਅਨਹਦ ਨਾਦੀ ਧੁਨ ਉਪਜਾਈਆ । ਦੀਪਕ ਜੋਤੀ ਜੋਤ ਜਗੇ ਮਹਾਨ, ਬਿਨ ਤੇਲ ਬਾਤੀ ਡਗਮਗਾਈਆ । ਤੂੰ ਵੇਖਣਾ ਖੇਲ ਉਸ ਨੌਜਵਾਨ, ਜੋ ਜੋਬਨਵੰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਧਰਨੀਏ ਕੀ ਖੇਲ ਕਰੇ ਮੇਰਾ ਭਗਵੰਤ, ਭਗਵਨ ਕੀ ਵਡਿਆਈਆ । ਜੋ ਮਾਲਕ ਖ਼ਾਲਕ ਲੱਖ ਚੁਰਾਸੀ ਜੀਵ ਜੰਤ, ਜਾਗਰਤ ਜੋਤ ਬਿਨ ਵਰਨ ਗੋਤ ਡਗਮਗਾਈਆ । ਨੀ ਜਿਸ ਤੇਰੀ ਆਦਿ ਜੁਗਾਦਿ ਬਣਾਈ ਬਣਤ, ਅੰਤ ਵੇਖੇ ਚਾਈਂ ਚਾਈਆ । ਤੇਰੀ ਖ਼ਿਜ਼ਾਂ ਦੀ ਰੁਤ ਬਦਲ ਦੇਵੇ ਤੇ ਆਏ ਬਹਾਰ ਬਸੰਤ, ਪੱਤ ਟਹਿਣੀ ਫਲ ਫੁੱਲ ਆਪ ਮਹਿਕਾਈਆ । ਉਹ ਸੁਆਮੀ ਠਾਕਰ ਧੁਰ ਦਾ ਕੰਤ, ਕੰਤ ਕੰਤੂਹਲ ਇਕ ਅਖਵਾਈਆ । ਜਿਸ ਦਾ ਇਕੋ ਨਾਮ ਫੁਰਨਾ ਮੰਤ, ਮੰਤਵ ਤੇਰਾ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਾਚਾ ਰੰਗ ਰੰਗਾਈਆ । ਨਾਰਦ ਕਹੇ ਧਰਨੀਏ ਸੋ ਪੁਰਖ ਨਿਰੰਜਣ ਦਇਆ ਕਮਾਵੇਗਾ । ਜੋਤੀ ਜਾਤਾ ਵੇਸ ਵਟਾਵੇਗਾ । ਪੁਰਖ ਬਿਧਾਤਾ ਇਕੋ ਆਵੇਗਾ । ਕਲਜੁਗ ਕੂੜੀ ਕਿਰਿਆ ਤੋੜੇ ਨਾਤਾ, ਸਤਿਜੁਗ ਸਚ ਚੰਦ ਚਮਕਾਵੇਗਾ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥਾ, ਸੋਹੰ

੧੦੧੧ ਸ਼ਬਦ ਸਚ ਪੜ੍ਹਾਵੇਗਾ । ਖੇਲ ਖੇਲੇ ਪੁਰਖ ਸਮਰਾਥਾ, ਸਮਰਥ ਪੁਰਖ ਆਪ ਹੋ ਜਾਵੇਗਾ । ਹੋਏ ਸਹਾਈ ਨਾਥ ਅਨਾਥਾ, ਗ਼ਰੀਬ ਨਿਮਾਣਿਆਂ ੧੦੧੧

੨੪ ਗੋਦ ਉਠਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਚੁਕਾਵੇਗਾ । ਸਚ ੨੪

ਪੜਦਾ ਆਪ ਚੁਕਾਏਗਾ । ਦੀਨ ਦਿਆਲ ਦਇਆ ਕਮਾਏਗਾ । ਜੋਤੀ ਜਾਤਾ ਡਗਮਗਾਏਗਾ । ਨਿਰਵੈਰ ਨਿਰਾਕਾਰ ਵੇਸ ਵਟਾਏਗਾ । ਸਾਕਾਰ ਆਪਣੇ ਰੰਗ ਰੰਗਾਏਗਾ । ਸ਼ਬਦ ਨਾਦ ਇਕ ਦ੍ਰਿੜਾਏਗਾ । ਅੰਮ੍ਰਿਤ ਜਾਮ ਆਪ ਪਿਆਏਗਾ । ਨੂਰੀ ਨੂਰ ਜੋਤ ਜੋਤ ਰੁਸ਼ਨਾਏਗਾ । ਸਾਢੇ ਤਿੰਨ ਹੱਥ ਮੰਦਰ ਆਪ ਵਡਿਆਏਗਾ । ਨਵ ਦੁਆਰੇ ਡੇਰਾ ਢਾਏਗਾ । ਜਗਤ ਵਾਸਨਾ ਬਾਹਰ ਕਢਾਏਗਾ । ਸੁਰਤੀ ਸ਼ਬਦ ਸ਼ਬਦ ਮਿਲਾਏਗਾ । ਨਾਭੀ ਕਵਲ ਕਵਲ ਉਲਟਾਏਗਾ । ਬਜਰ ਕਪਾਟੀ ਖੋਲ੍ਹ ਖੁਲ੍ਹਾਏਗਾ । ਈੜਾ ਪਿੰਗਲ ਸੁਖਮਨ ਪੰਧ ਮੁਕਾਏਗਾ । ਸਚ ਦੁਆਰਾ ਇਕ ਸੁਹਾਏਗਾ । ਆਤਮ ਪਰਮਾਤਮ ਮੇਲ ਮਿਲਾਏਗਾ । ਆਪਣਾ ਮਹਾਤਮ ਇਕ ਸਮਝਾਏਗਾ । ਕਲਜੁਗ ਮੇਟੇ ਅੰਧੇਰੀ ਰਾਤਨ, ਰੁਤੜੀ ਸਤਿਜੁਗ ਨਾਲ ਮਹਿਕਾਏਗਾ । ਆਪਣਾ ਭੇਵ ਖੁਲ੍ਹਾ ਕੇ ਬਾਤਨ, ਪੜਦਾ ਪੜਦਿਆਂ ਵਿਚੋਂ ਉਠਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਏਗਾ । ਸਾਚਾ ਹੁਕਮ ਇਕ ਵਰਤਾਵੇਗਾ । ਸਤਿਗੁਰ ਸ਼ਬਦ ਸ਼ਬਦ ਪਰਗਟਾਵੇਗਾ । ਧਰਮ ਦੀ ਧਾਰ ਮਾਰਗ ਅਗੰਮ ਵਖਾਵੇਗਾ । ਜੋਤੀ ਜਾਤਾ ਹੋ ਕੇ ਖੇਲ ਖਿਲਾਵੇਗਾ । ਪੁਰਖ ਬਿਧਾਤਾ ਹੋ ਕੇ ਵੇਖ ਵਖਾਵੇਗਾ । ਤੇਰੀ ਕਲਜੁਗ ਕਿਰਿਆ ਕੂੜ ਰੇਖ ਮਿਟਾਵੇਗਾ । ਸਾਚੀ ਬਖ਼ਸ਼ ਕੇ ਚਰਨ ਧੂੜ, ਟਿੱਕੇ ਮਸਤਕ ਨਾਮ ਰਮਾਵੇਗਾ । ਸਚ ਸੁਆਮੀ ਧਰ ਕੇ ਆਪਣਾ ਭੇਖ, ਕਲਜੁਗ ਕੂੜਾ ਭੇਖ ਮਿਟਾਵੇਗਾ । ਵਾਸਾ ਕਰੇ ਸੰਬਲ ਦੇਸ, ਸਾਢੇ ਤਿੰਨ ਹੱਥ ਰੰਗ ਰੰਗਾਵੇਗਾ । ਦੋ ਜਹਾਨਾਂ ਬਣ ਕੇ ਨਰ ਨਰੇਸ਼, ਨਰ ਨਰਾਇਣ ਨੂਰ ਚਮਕਾਵੇਗਾ । ਜਿਸ ਦੀ

ਮਹਿੰਮਾ ਕਰੇ ਸਹੰਸਰ ਮੁਖ ਸ਼ੇਸ਼, ਦੋ ਸਹੰਸਰ ਜਿਹਵਾ ਨਾਲ ਰਲਾਵੇਗਾ । ਉਸ ਦਾ ਸੁਣ ਲੈ ਅਗੰਮਾ ਸੰਦੇਸ਼, ਸੰਧਿਆ ਸਰਘੀ ਵੰਡ ਨਾ ਕੋਇ ਵੰਡਾਵੇਗਾ । ਤੇਰੇ ਉਤੋਂ ਮੇਟੇ ਕਲ ਕਲੇਸ਼, ਕਾਤੀਆਂ ਡੇਰਾ ਢਾਵੇਗਾ । ਜੋ ਸੰਦੇਸ਼ਾ ਦੇ ਕੇ ਗਿਆ ਗੋਬਿੰਦ ਦਸ ਦਸਮੇਸ਼, ਸੋ ਪੂਰਾ ਆਪ ਕਰਾਵੇਗਾ । ਤੂੰ ਉਸ ਦੇ ਹੋਣਾ ਪੇਸ਼, ਪੇਸ਼ਤਰ ਤੇਰਾ ਖੇਲ ਖਿਲਾਵੇਗਾ । ਜੋ ਆਦਿ ਜੁਗਾਦਿ ਰਹੇ ਹਮੇਸ਼, ਜੁਗ ਚੌਕੜੀ ਆਪਣੀ ਕਲ ਵਰਤਾਵੇਗਾ । ਉਹ ਵੇਖਣਹਾਰਾ ਧਰਨੀਏ ਤੇਰਾ ਲੋਕਮਾਤ ਦਾ ਵਦੇਸ਼, ਵਦੇਸ਼ੀ ਹੋ ਕੇ ਆਪ ਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਇਕੋ ਹੁਕਮ ਦੇਵੇ ਸਤਿ ਵਸ਼ੇਸ਼, ਵਿਸ਼ਿਆਂ ਤੋਂ ਬਾਹਰ ਆਪਣੀ ਕਾਰ ਕਮਾਵੇਗਾ ।

### ✪ ੩੧ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਪਖੋਵਾਲ ਜ਼ਿਲਾ ਲੁਧਿਆਣਾ ਕਰਮ ਸਿੰਘ ਦੇ ਗ੍ਰਿਹ ✪

ਸਤਿਗੁਰ ਸਚਾ ਜਾਣੀਏ, ਜੋ ਨਿਜ ਨੇਤਰ ਦੇਵੇ ਦਰਸ ਦੀਦਾਰ । ਸਤਿਗੁਰ ਸਚਾ ਜਾਣੀਏ, ਜੋ ਅੰਮ੍ਰਿਤ ਰਸ ਬਖ਼ਸ਼ੇ ਠੰਡਾ ਠਾਰ । ਸਤਿਗੁਰ ਸਚਾ ਜਾਣੀਏ, ਜੋ ਲੇਖਾ ਮੁਕਾਏ ਨੌਂ ਦੁਆਰ । ਸਤਿਗੁਰ ਸਚਾ ਜਾਣੀਏ, ਜੋ ਨਾਤਾ ਤੋੜੇ ਕਾਮ ਕਰੋਧ ਲੋਭ ਮੋਹ ਹੰਕਾਰ । ਸਤਿਗੁਰ ਸਚਾ ਜਾਣੀਏ,
 ਜੋ ਚਰਨ ਪ੍ਰੀਤੀ ਦੇਵੇ ਛਾਰ । ਸਤਿਗੁਰ ਸਚਾ ਜਾਣੀਏ, ਜੋ ਮਾਨਸ ਜਨਮ ਦਏ ਸਵਾਰ । ਸਤਿਗੁਰ ਸਚਾ ਜਾਣੀਏ, ਜੋ ਪਤਤ ਪਾਪੀ ਦੇਵੇ ਤਾਰ । ੧੦੧੨
 ਸਤਿਗੁਰ ਸਚਾ ਜਾਣੀਏ, ਜੋ ਲੱਖ ਚੁਰਾਸੀ ਵਿਚੋਂ ਕੱਢੇ ਬਾਹਰ । ਸਤਿਗੁਰ ਸਚਾ ਜਾਣੀਏ, ਜੋ ਸਚਖੰਡ ਵਖਾਏ ਸਚ ਦੁਆਰ । ਸਤਿਗੁਰ ਸਚਾ ੨੪
ਜਾਣੀਏ, ਜੋ ਮੇਲ ਮਿਲਾਏ ਆਪਣੇ ਨੂਰ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਕਰਤਾਰ । ਗੁਰਮੁਖ ਸਚਾ ਜਾਣੀਏ, ਜੋ ਲਾਏ ਪ੍ਰਭ ਸ਼ਰਨਾਈ । ਗੁਰਮੁਖ ਸਚਾ ਜਾਣੀਏ, ਜੋ ਅੰਤਰ ਹਰਿ ਲਿਵ ਲਾਈ । ਗੁਰਮੁਖ ਸਚਾ ਜਾਣੀਏ, ਜੋ ਚਲੇ ਸ਼ਬਦ ਰਜ਼ਾਈ । ਗੁਰਮੁਖ ਸਚਾ ਜਾਣੀਏ, ਜੋ ਮਾਇਆ ਮਮਤਾ ਮੋਹ ਤਜਾਈ । ਗੁਰਮੁਖ ਸਚਾ ਜਾਣੀਏ, ਜੋ ਏਕਾ ਓਟ ਓਟ ਰਖਾਈ । ਗੁਰਮੁਖ ਸਚਾ ਜਾਣੀਏ, ਜੋ ਕੂੜੀ ਕਿਰਿਆ ਦਏ ਤਜਾਈ । ਗੁਰਮੁਖ ਸਚਾ ਜਾਣੀਏ, ਜੋ ਸਤਿਗੁਰ ਪਿਆਰ ਵਿਚ ਸਮਾਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਂਈ । ਸਤਿਗੁਰ ਗੁਰਮੁਖ ਏਕਾ ਧਾਰ, ਦੂਜਾ ਰੂਪ ਨਜ਼ਰ ਕੋਇ ਨਾ ਆਇੰਦਾ । ਆਦਿ ਜੁਗਾਦਿ ਸ਼ਬਦ ਪਿਆਰ, ਜਗਤ ਤ੍ਰਿਸ਼ਨਾ ਨਾ ਕੋਇ ਰਖਾਇੰਦਾ । ਕਾਇਆ ਮੰਦਰ ਇਕ ਦਵਾਰ, ਸਚ ਸਿੰਘਾਸਣ ਸੋਭਾ ਪਾਇੰਦਾ । ਅੰਮ੍ਰਿਤ ਰਸ ਇਕੋ ਠੰਡਾ ਠਾਰ, ਬਿਨ ਸਰੋਵਰਾਂ ਆਪ ਪਰਗਟਾਇੰਦਾ । ਦੀਆ ਬਾਤੀ ਘਰ ਉਜਿਆਰ, ਬਿਨ ਤੇਲ ਬਾਤੀ ਡਗਮਗਾਇੰਦਾ । ਏਕਾ ਹੁਕਮ ਸੰਦੇਸ਼ਾ ਸੁਣੇ ਸੁਣਾਏ ਸੁਣਨੇਹਾਰ, ਦੂਜਾ ਨਜ਼ਰ ਕੋਇ ਨਾ ਆਇੰਦਾ । ਦੋਹਾਂ ਨਿਵਾਸ ਇਕ ਦੁਆਰ, ਆਤਮ ਪਰਮਾਤਮ ਮਿਲਕੇ ਖ਼ੁਸ਼ੀ ਬਣਾਇੰਦਾ । ਆਪੇ ਮੇਲਾ ਨਾਰ ਕੰਤ ਭਤਾਰ, ਸੁਹਾਗੀ ਆਪੇ ਆਪ ਅਖਵਾਇੰਦਾ । ਆਪੇ ਮੰਜ਼ਲ ਮੰਜ਼ਲ ਪੌੜੀ ਡੰਡੇ ਚੜ੍ਹੇ ਦੁਸ਼ਵਾਰ, ਦੂਤੀ ਦੁਸ਼ਮਨ ਨਜ਼ਰ ਕੋਇ ਨਾ ਆਇੰਦਾ । ਸਤਿਗੁਰ ਗੁਰਮੁਖ ਸੋਹੇ ਏਕਾ ਬੰਕ ਦੁਆਰ, ਦੂਜਾ ਦਰ ਨਾ ਕੋਇ ਵਡਿਆਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਇੰਦਾ । ਗੁਰਮੁਖ ਸਤਿਗੁਰ ਸਤਿਗੁਰ ਗੁਰਮੁਖ, ਭੇਵ ਕੋਇ ਨਾ ਰਾਇਆ । ਆਦਿ ਜੁਗਾਦਿ ਸਾਚਾ ਸੁਖ, ਬਿਨ ਕਰਮ ਕਾਂਡ ਰਖਾਇਆ । ਮਾਤ ਗਰਭ ਹੋਏ ਨਾ ਉਲਟਾ ਰੁੱਖ, ਜਨਣੀ ਕੁੱਖ ਨਾ ਕੋਇ ਵਡਿਆਇਆ । ਦੋ ਜਹਾਨਾਂ ਮੇਟੇ ਤ੍ਰਿਸ਼ਨਾ ਭੁਖ, ਤ੍ਰੈਗੁਣ ਅਤੀਤਾ ਰੰਗ ਰੰਗਾਇਆ । ਮੇਲਾ ਮੇਲੇ ਪਿਤਾ ਪੁਤ, ਪੂਤ ਸਪੂਤਾ ਗੋਦ ਉਠਾਇਆ । ਖੇਲ ਖਿਲਾਏ ਅਬਿਨਾਸ਼ੀ ਅਚੁਤ, ਚੇਤਨ ਆਪਣਾ ਰੰਗ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹਿਆ । ਸਤਿਗੁਰ ਸਚਾ ਮੰਨੀਏ, ਮਾਨਸ ਜਨਮ ਦਏ ਸਵਾਰ । ਸਤਿਗੁਰ ਸਚਾ ਧੰਨ ਧੰਨੀਏ, ਦੇਵਣਹਾਰ ਦਾਤਾਰ । ਸਤਿਗੁਰ ਸਾਚਾ ਵਸੇਰਾ ਰਖੇ ਬਿਨ ਛੱਪਰ ਛੰਨੀਏ, ਸੁਹਾਵਣਹਾਰਾ ਮਹਲ ਅਟਾਰ । ਸਤਿਗੁਰ ਸਾਚਾ ਸਰਨ ਲੱਗ ਬੇੜਾ ਬੰਨ੍ਹੀਏ, ਜੋ ਆਦਿ ਜੁਗਾਦਿ ਕਰੇ ਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਤਿਗੁਰ ਪੂਰਾ ਗੁਰਮੁਖਾਂ ਦੇਵੇ ਆਤਮ ਨੂਰਾ, ਨੂਰ ਨੁਰਾਨਾ ਆਪੇ ਹੋਏ ਉਜਿਆਰ ।

### ੩੧ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਪਖੋਵਾਲ ਜ਼ਿਲਾ ਲੁਧਿਆਣਾ ਸਰਦਾਰਾ ਸਿੰਘ ਦੇ ਗ੍ਰਿਹਿ

ਧੰਨ ਵਡਿਆਈ ਭਗਤ ਜਨ, ਆਦਿ ਜੁਗਾਦਿ ਗਾਏ ਪ੍ਰਭ ਦੇ ਗੀਤ । ਧੰਨ ਵਡਿਆਈ ਭਗਤ ਜਨ, ਆਤਮ ਪਰਮਾਤਮ ਨਾਤਾ ਜੋੜੇ, ਛਡੇ ਮੰਦਰ ਮਸੀਤ । ਧੰਨ ਵਡਿਆਈ ਭਗਤ ਜਨ, ਅੰਮ੍ਰਿਤ ਰਸ ਨਿਝਰ ਝਿਰਨਾ ਚਖੇ, ਕਾਇਆ ਕਰੇ ਠੰਡੀ ਸੀਤ । ਧੰਨ ਵਡਿਆਈ ਭਗਤ ਜਨ, ਮਾਇਆ ਮਮਤਾ ਮੋਹ ਤਜਾਏ ਰਹੇ ਤ੍ਰੈਗੁਣ ਅਤੀਤ । ਧੰਨ ਵਡਿਆਈ ਭਗਤ ਜਨ, ਏਕਾ ਸਾਚਾ ਢੋਲਾ ਗਾਏ ਤੂੰ ਮੇਰਾ ਮੈਂ ਤੇਰਾ ਧੁਰ ਦਾ ਗੀਤ । ਧੰਨ ਵਡਿਆਈ ਭਗਤ ਜਨ, ਮਨ ਮਮਤਾ ਹੰਗਤਾ ਦੂਰ ਕਰਾਏ ਅੰਤਰ ਦ੍ਰਿਸ਼ਟੀ ਪਵਿਤ ਰਖੇ ਨੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਬਖ਼ਸ਼ੇ ਅਗੰਮ ਪ੍ਰੀਤ । ਧੰਨ ਵਡਿਆਈ ਭਗਤ ਜਨ, ਗ੍ਰਿਹਿ ਇਕ ਵਖੰਦਾ । ਧੰਨ ਵਡਿਆਈ ਭਗਤ ਜਨ, ਮਮਤਾ ਦੂਰ ਕਰੰਦਾ । ਧੰਨ ਵਡਿਆਈ ਭਗਤ ਜਨ, ਜਗਤ ਸ਼ਰਅ ਨਾ ਕੋਇ ਰਖੰਦਾ । ਧੰਨ ਵਡਿਆਈ ਭਗਤ ਜਨ, ਅੰਤਰ ਆਤਮ ਰਹੇ ਨਾ ਅੰਧਾ । ਧੰਨ ਵਡਿਆਈ ਭਗਤ ਜਨ, ਸ਼ਬਦ ਅਨਾਦੀ ਸੁਣੇ ਅੰਤਰ ਲਏ ਅਨੰਦਾ । ਧੰਨ ਵਡਿਆਈ ਭਗਤ ਜਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤ ਸਦਾ ਬਖ਼ਸ਼ੰਦਾ । ਧੰਨ ਵਡਿਆਈ ਭਗਤ ਜਨ, ਪ੍ਰਭ ਸਰਨੀ ਲਾਗੇ । ਧੰਨ ਵਡਿਆਈ ਭਗਤ ਜਨ, ਚਰਨ ਧੂੜ ਮਜਨ ਕਰੇ ਅਗੰਮੇ ਮਾਘੇ । ਧੰਨ ਵਡਿਆਈ ਭਗਤ ਜਨ, ਬਿਨ ਆਲਸ ਨਿੰਦਰਾ ਜਾਗੇ । ਧੰਨ ਵਡਿਆਈ ਭਗਤ ਜਨ, ਅੰਤਰ ਉਪਜੇ ਇਕ ਵੈਰਾਗੇ । ਧੰਨ ਵਡਿਆਈ ਭਗਤ ਜਨ, ਦੁਰਮਤ ਮੈਲ ਧੋਵੇ ਦਾਗ਼ੇ । ਧੰਨ ਵਡਿਆਈ ਭਗਤ ਜਨ, ਹੰਸ ਬਣੇ ਕਾਗੇ । ਧੰਨ ਵਡਿਆਈ ਭਗਤ ਜਨ, ਪ੍ਰਭ ਪਾਏ ਕੰਤ ਸੁਹਾਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਹਾਜ਼ਰ ਹਜ਼ੂਰ ਦਿਸੇ ਸਦਾ ਆਗੇ । ਧੰਨ ਵਡਿਆਈ ਭਗਤ ਜਨ, ਗਾਉਂਦੇ ਗੋਬਿੰਦ ਗੀਤ, ਇਕੋ ਨਾਮ

ਧਿਆਈਆ । ਹਰਿਜੂ ਹਰਿ ਹਰਿ ਰਖਦੇ ਚੀਤ, ਚਿਤ ਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਜਗਤ ਅਵਲੜੀ ਚਲਦੇ ਲੋਕਮਾਤ ਰੀਤ, ਰੀਤੀ ਆਪਣੀ ਆਪ ਬਣਾਈਆ । ਝਗੜਾ ਮੁਕਾਉਂਦੇ ਹਸਤ ਕੀਟ, ਊਚ ਨੀਚ ਨਾ ਕੋਇ ਵਡਿਆਈਆ । ਇਕੋ ਚੜ੍ਹਾਉਂਦੇ ਰੰਗ ਬਸੀਠ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਆਤਮ ਰਸ ਬਿਨ ਰਸਨਾ ਚਖਦੇ ਮੀਠ, ਜਿਹਵਾ ਚਲੇ ਨਾ ਕੋਇ ਚਤੁਰਾਈਆ । ਪ੍ਰਭ ਠਾਕਰ ਮਿਲਕੇ ਬੀਠਲੋ ਬੀਠ, ਆਪਣੀ ਖ਼ੁਸ਼ੀ ਬਣਾਈਆ । ਘਰ ਵੇਖ ਅਗੰਮੜਾ ਬੀਠ, ਬੈਠਣ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਨਡੀਠ । ਧੰਨ ਵਡਿਆਈ ਭਗਤ ਜਨ, ਹਰਿ ਪਾਉਂਦੇ ਗਹਿਰ ਗੰਭੀਰ । ਧੰਨ ਵਡਿਆਈ ਭਗਤ ਜਨ, ਲੇਖੇ ਲਾਉਂਦੇ ਆਤਮਾ ਤਨ ਸਰੀਰ । ਧੰਨ ਵਡਿਆਈ ਭਗਤ ਜਨ, ਇਕੋ ਮੁਰਸ਼ਦ ਧੁਰ ਦਾ ਮੰਨਦੇ ਅੱਲਾ ਪੀਰ । ਧੰਨ ਵਡਿਆਈ ਭਗਤ ਜਨ, ਅੰਦਰੋਂ ਬਦਲ ਲੈਂਦੇ ਜ਼ਮੀਰ । ਧੰਨ ਵਡਿਆਈ ਭਗਤ ਜਨ, ਦੂਈ ਦੁਵੈਤੀ ਰਹਿਣ ਨਾ ਦੇਵਣ ਖ਼ਮੀਰ । ਧੰਨ ਵਡਿਆਈ ਭਗਤ ਜਨ, ਹਰਿ ਨਾਮ ਰਸ ਪੀਂਦੇ ਅਗੰਮਾ ਸੀਰ । ਧੰਨ ਵਡਿਆਈ ਭਗਤ ਜਨ, ਦੀਨ ਦੁਨੀ ਵਿਚ ਧਰਾਉਂਦੇ ਧੀਰ । ਧੰਨ ਵਡਿਆਈ ਭਗਤ ਜਨ, ਤਨ ਵਜੂਦ ਸਚ ਹੰਢਾਉਦੇ ਆਪਣਾ ਬਸਤਰ ਚੀਰ । ਧੰਨ ਵਡਿਆਈ ਭਗਤ ਜਨ, ਮੇਲ ਮਿਲਾਉਂਦੇ ਨਾਲ ਬੇਨਜ਼ੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲਹਿਣਾ ਦੇਣਾ ਸਭ ਦਾ ਵੇਖੇ ਅੰਤ ਅਖ਼ੀਰ । ਧੰਨ ਵਡਿਆਈ ਭਗਤ ਜਨ, ਸਚ ਸਰਨਾਈ ਢਠਦਾ । ਧੰਨ ਵਡਿਆਈ ਭਗਤ ਜਨ, ਲੇਖਾ ਮੁਕਾਵੇ ਤੀਰਥ ਅਠਸਠ ਦਾ । ਧੰਨ ਵਡਿਆਈ ਭਗਤ ਜਨ, ਸਹਾਰਾ ਲਏ ਨਾ ਮੰਦਰ ਮਸਜਿਦ ਸ਼ਿਵਦਵਾਲੇ ਮਠ ਦਾ । ਧੰਨ ਵਡਿਆਈ ਭਗਤ ਜਨ, ਜੋ ਬਿਨ ਕਦਮਾਂ ਪ੍ਰਭ ਚਰਨ ਦੁਆਰੇ ਨਠਦਾ । ਧੰਨ ਵਡਿਆਈ ਭਗਤ ਜਨ, ਸਚ ਸਰਨਾਈ ਏਕੰਕਾਰ ਅਗੰਮੇ ਢਠਦਾ । ਧੰਨ ਵਡਿਆਈ ਭਗਤ ਜਨ, ਜੋ ਲਹਿਣਾ ਦੇਣਾ ਮੁਕਾਵੇ ਆਪਣੇ ਕਾਇਆ ਮੱਟ ਦਾ । ਧੰਨ ਵਡਿਆਈ ਭਗਤ ਜਨ, ਜੋ ਦੀਨ ਦੁਨੀ ਦੀ ਸ਼ਰਅ ਟਪਦਾ । ਧੰਨ ਵਡਿਆਈ ਭਗਤ ਜਨ, ਆਦਿ ਜੁਗਾਦਿ ਇਕੋ ਸੋਹੰ ਨਾਮ ਜਪਦਾ । ਧੰਨ ਵਡਿਆਈ ਭਗਤ ਜਨ, ਉਹ ਪ੍ਰੇਮੀ ਪਿਆਰਾ ਬਣੇ ਪਰਮੇਸ਼ਵਰ ਪਤਿ ਦਾ । ਧੰਨ ਵਡਿਆਈ ਭਗਤ ਜਨ, ਵਣਜਾਰਾ ਰਹੇ ਨਾ ਬੂੰਦ ਰਕਤ ਰਤ ਦਾ । ਧੰਨ ਵਡਿਆਈ ਭਗਤ ਜਨ, ਉਹ ਮਾਲਕ ਹੋਵੇ ਧੀਰਜ ਸੰਤੋਖ ਸਤਿ ਦਾ । ਧੰਨ ਵਡਿਆਈ ਭਗਤ ਜਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਜੁਗ ਜਨ ਭਗਤਾਂ ਪੈਜ ਰਖਦਾ ।

### ੩੧ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਪਖੋਵਾਲ ਜ਼ਿਲਾ ਲੁਧਿਆਣਾ ਸਾਧੂ ਸਿੰਘ ਦੇ ਗ੍ਰਹਿ

ਧੰਨ ਵਡਿਆਈ ਸੰਤ ਜਨ, ਇਕੋ ਪੁਰਖ ਅਕਾਲ ਧਿਆਉਂਦੇ । ਧੰਨ ਵਡਿਆਈ ਸੰਤ ਜਨ, ਇਕੋ ਸਾਹਿਬ ਸੁਲਤਾਨ ਸੀਸ ਨਿਵਾਉਂਦੇ । ਧੰਨ ਵਡਿਆਈ ਸੰਤ ਜਨ, ਇਕੋ ਨਿਰਗੁਣ ਧਾਰ ਦਰਸਨ ਪਾਉਂਦੇ । ਧੰਨ ਵਡਿਆਈ ਸੰਤ ਜਨ, ਇਕੋ ਅੰਤਰ ਆਤਮ ਪਰਮਾਤਮ ਵੇਖ ਵਖਾਉਂਦੇ । ਧੰਨ ਵਡਿਆਈ ਭਗਤ ਜਨ, ਇਕੋ ਸ਼ਬਦ ਅਨਾਦ ਅਨਾਦੀ ਧੁਨ ਅਲਾਉਂਦੇ । ਧੰਨ ਵਡਿਆਈ ਸੰਤ ਜਨ, ਇਕੋ ਨਿਝਰ ਝਿਰਨਾ ਅੰਮ੍ਰਿਤ ਰਸ

ਚਖ ਵਖਾਉਂਦੇ । ਧੰਨ ਵਡਿਆਈ ਸੰਤ ਜਨ ਕੂੜੀ ਕਿਰਿਆ ਮੋਹ ਤਜਾਉਂਦੇ । ਧੰਨ ਵਡਿਆਈ ਸੰਤ ਜਨ, ਭਾਂਡਾ ਭਰਮ ਭਉ ਭੰਨਾਉਂਦੇ । ਧੰਨ ਵਡਿਆਈ ਸੰਤ ਜਨ, ਹਉਮੇ ਹੰਗਤਾ ਗੜ੍ਹ ਤੁੜਾਉਂਦੇ । ਧੰਨ ਵਡਿਆਈ ਸੰਤ ਜਨ, ਨਿਜ ਘਰ ਆਪਣਾ ਆਪ ਸੁਹਾਉਂਦੇ । ਧੰਨ ਵਡਿਆਈ ਸੰਤ ਜਨ, ਜਗਤ ਵਾਸਨਾ ਦੂਰ ਕਰਾਉਂਦੇ । ਧੰਨ ਵਡਿਆਈ ਭਗਤ ਜਨ, ਮਾਨਸ ਜਨਮ ਸੁਫਲ ਕਰਾਉਂਦੇ । ਧੰਨ ਵਡਿਆਈ ਸੰਤ ਜਨ, ਕਾਇਆ ਕੁਫ਼ਲ ਆਪ ਖੁਲ੍ਹਾਉਂਦੇ । ਧੰਨ ਵਡਿਆਈ ਸੰਤ ਜਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਜਣ ਵੇਖ ਵਖਾਉਂਦੇ । ਸੰਤ ਜਨ ਹਰਿ ਵਡ ਵਡਿਆਈ, ਪਾਵਣ ਪਰਮ ਪੁਰਖ ਕਰਤਾਰ । ਆਤਮ ਘਰ ਵਜੇ ਵਧਾਈ, ਖ਼ੁਸ਼ੀ ਹੋਵੇ ਅਗੰਮ ਅਪਾਰ । ਤਨ ਮੰਦਰ ਅੰਦਰ ਹੋਏ ਰੁਸ਼ਨਾਈ, ਮਿਟੇ ਅੰਧ ਅੰਧਿਆਰ । ਵਜਦੀ ਰਹੇ ਸਦਾ ਸ਼ਨਵਾਈ, ਨਾਦ ਸੁਣਨ ਸ਼ਬਦ ਧੁਨਕਾਰ । ਅੰਮ੍ਰਿਤ ਰਸ ਪੀਵਣ ਠੰਡਾ ਠਾਰ । ਜਗਤ ਤ੍ਰਿਸਨਾ ਭੁਖ ਮਿਟਾਈ, ਨਿਜ ਨੇਤਰ ਲੋਚਨ ਕਰਨ ਦਰਸ ਦੀਦਾਰ । ਘਰ ਠਾਕਰ ਸੁਆਮੀ ਮਿਲੇ ਧੁਰ ਦਾ ਮਾਹੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧੰਨ ਵਡਿਆਈ ਸੰਤ ਜਨ ਘਰ ਪਾਇਆ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਦਏ ਵਡਿਆਈਆ । ਧੰਨ ਵਡਿਆਈ ਸੰਤ ਜਨ ਘਰ ਮੰਦਰ ਹੋਈ ਰਹਿਰਾਸੀ, ਬਿਨ ਗੋਪੀ ਕਾਹਨ ਖ਼ੁਸ਼ੀ ਬਣਾਈਆ । ਧੰਨ ਵਡਿਆਈ ਸੰਤ ਜਨ ਨਿਰਗੁਣ ਧਾਰ ਜੋਤ ਪ੍ਰਕਾਸ਼ੀ, ਅੰਧ ਅੰਧੇਰਾ ਰਿਹਾ ਮਿਟਾਈਆ । ਧੰਨ ਵਡਿਆਈ
੧੦੧੫ ਸੰਤ ਜਨ ਆਵਣ ਜਾਵਣ ਹੋਏ ਖ਼ਲਾਸੀ, ਜਨਮ ਮਰਨ ਦੀ ਲੋੜ ਰਹੇ ਨਾ ਰਾਈਆ । ਧੰਨ ਵਡਿਆਈ ਸੰਤ ਜਨ, ਜੋਤੀ ਜੋਤ ਸਰੂਪ ਹਰਿ, ਆਪ ੧੦੧੫
੨੪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੇਲ ਮਿਲਾਏ ਆਪ ਅਬਿਨਾਸ਼ੀ, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਸੰਤ ਜਨ ਹਰਿ ਨਾਮ ੨੪
ਧਿਆਵਣ, ਇਕੋ ਇਸ਼ਟ ਮਨਾਈਆ । ਪਰਮ ਪੁਰਖ ਪਰਮਾਤਮ ਪਾਵਣ, ਦੂਜਾ ਸੰਗ ਨਾ ਕੋਇ ਰਖਾਈਆ । ਤੂੰ ਮੇਰਾ ਮੈਂ ਤੇਰਾ ਗਾਵਣ, ਸੋਹੰ ਵਜਦੀ ਰਹੇ ਵਧਾਈਆ । ਕੰਤ ਭਤਾਰ ਇਕੋ ਰਾਵਨ, ਸ਼ਾਹੋ ਭੂਪ ਇਕ ਸਰਨਾਈਆ । ਘਰ ਸੁਆਮੀ ਅਗੰਮਾ ਪਾਵਣ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਜੋ ਅੰਤਰ ਆਤਮ ਫੜਾਏ ਦਾਮਨ, ਦਾਮਨਗੀਰ ਆਪ ਅਖਵਾਈਆ । ਜਗਤ ਤ੍ਰਿਸ਼ਨਾ ਮਿਟੇ ਕਾਮਨੀ ਕਾਮਨ, ਕਾਮ ਕਰੋਧ ਲੋਭ ਮੋਹ ਹੰਕਾਰ ਦਏ ਗੁਆਈਆ । ਕੂੜ ਕੁੜਿਆਰੀ ਮੇਟੇ ਅੰਧੇਰੀ ਸ਼ਾਮਨ, ਸ਼ਮਅ ਨੂਰ ਜੋਤ ਕਰੇ ਰੁਸ਼ਨਾਈਆ । ਸਾਚਾ ਦਰਸ਼ਨ ਦੇਵੇ ਆਹਮਣੇ ਸਾਹਮਣੇ, ਸਨਮੁਖ ਹੋ ਕੇ ਨਜ਼ਰੀ ਆਈਆ । ਜੋ ਕਰਨਹਾਰਾ ਪਤਿਤ ਪਾਵਨ, ਪੁਨੀਤ ਆਪਣੇ ਰੰਗ ਰੰਗਾਈਆ । ਜਨ ਭਗਤਾਂ ਏਥੇ ਓਥੇ ਬਣੇ ਜ਼ਾਮਨ, ਸਗਲਾ ਸੰਗੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਂਈਆ । ਸੰਤ ਜਨ ਹਰਿ ਪ੍ਰਭ ਦੀ ਧਾਰਾ, ਦੂਜਾ ਨਜ਼ਰ ਕੋਇ ਨਾ ਆਈਆ । ਪੰਜ ਤਤ ਤਨ ਪਹਿਨ ਵਿਚ ਸੰਸਾਰਾ, ਜਗਤ ਜਗਿਆਸੂਆਂ ਖੇਲ ਖਿਲਾਈਆ । ਅੰਦਰ ਸੁਣ ਨਾਦ ਧੁਨਕਾਰਾ, ਧੁਨ ਆਤਮਕ ਰਾਗ ਜਣਾਈਆ । ਗ੍ਰਿਹ ਮੰਦਰ ਘਰ ਜੋਤੀ ਜਾਤਾ ਹੋਏ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਜੋ ਪਾਵਣਹਾਰਾ ਸਾਰਾ, ਗੁਪਤ ਜ਼ਾਹਰ ਆਪਣਾ ਖੇਲ ਖਿਲਾਈਆ । ਇਕੋ ਨਾਮ ਨਿਧਾਨਾ ਦੇ ਕੇ ਨਾਅਰਾ, ਤੂੰ ਮੇਰਾ ਮੈਂ ਤੇਰਾ ਦਏ ਜਪਾਈਆ । ਆਤਮ ਪਰਮਾਤਮ ਮੇਲ ਮਿਲਾਕੇ ਕਰਾਏ ਮੁਜ਼ਾਹਰਾ, ਮੁਸ਼ਕਿਲ ਅਗਲੀ ਹਲ ਕਰਾਈਆ । ਸ਼ਰਅ ਦਾ ਰਹਿਣ ਦੇਵੇ

ਕੋਈ ਨਾ ਦਾਇਰਾ, ਹਦੂਦਾਂ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਖੇਲੇ ਖੇਲ ਗੰਭੀਰ ਗਹਿਰਾ, ਗਵਰ ਹੋ ਕੇ ਆਪਣਾ ਮੇਲ ਮਿਲਾਈਆ ।

### ੩੧ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਪਖੋਵਾਲ ਜ਼ਿਲਾ ਲੁਧਿਆਣਾ ਸਰਵਣ ਸਿੰਘ ਦੇ ਗ੍ਰਹਿ

ਧੰਨ ਵਡਿਆਈ ਜਨ ਭਗਤ, ਭਗਵਨ ਮਿਲੇ ਚਾਈਂ ਚਾਈਂਆ । ਖੇਲ ਮੁਕੇ ਦੀਨ ਦੁਨੀ ਜਗਤ, ਜਾਗਰਤ ਜੋਤ ਵਿਚ ਸਮਾਈਆ । ਲੇਖੇ ਲੱਗੇ ਬੂੰਦ ਰਕਤ, ਮਿਲੇ ਮਾਣ ਜਣੇਂਦੀ ਮਾਈਆ । ਆਤਮ ਪਰਮਾਤਮ ਬਖ਼ਸ਼ੇ ਸਾਚੀ ਸ਼ਕਤ, ਤਨ ਵਜੂਦ ਕਰੇ ਸ਼ਨਵਾਈਆ । ਇਕੋ ਇਕ ਇਸ਼ਟ ਦੱਸੇ ਫ਼ਕਤ, ਫ਼ਿਕਰਾ ਢੋਲਾ ਇਕੋ ਗਾਈਆ । ਮਾਨਸ ਜਨਮ ਸੁਫਲਾ ਹੋਏ ਵਕ਼ਤ, ਘੜੀ ਪਲ ਪ੍ਰਭ ਦੇ ਰੰਗ ਰੰਗਾਈਆ । ਆਵਣ ਜਾਵਣ ਲੇਖੇ ਲੱਗੇ ਉਤੇ ਧਰਤ, ਧਰਨੀ ਧਵਲ ਧੌਲ ਵਜਦੀ ਰਹੇ ਵਧਾਈਆ । ਘਰ ਆਪਣੇ ਫੇਰ ਜਾਵੇ ਪਰਤ, ਸਚਖੰਡ ਸਾਚੇ ਡੇਰਾ ਲਾਈਆ । ਜੋਤੀ ਜਾਤੇ ਕਰੇ ਦਰਸ, ਪੁਰਖ ਬਿਧਾਤੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਭਗਤ ਜਨਾਂ ਵਡਿਆਈ ਬਹੁ ਵੱਡੀ, ਵਡ ਵੱਡਾ ਦਏ ਵਡਿਆਈਆ । ਜਿਨ੍ਹਾਂ ਦੀਨ ਦੁਨੀ ਕੁੜਿਆਰੀ ਛੱਡੀ, ਨਾਤਾ ਤੋੜਿਆ ਕੂੜ ਲੋਕਾਈਆ । ਧਰਮ ਨਿਸ਼ਾਨੇ ਸਤਿਗੁਰ ਚਰਨ ਇਕੋ ਗੱਡੀ, ਦੂਜਾ ਨਿਸ਼ਾਨ ਨਜ਼ਰ ਕੋਇ ਨਾ ਆਈਆ । ਦੂਈ ਦੁਵੈਤ ਅੰਦਰੋਂ ਕੱਢੀ, ਸਚ ਭਾਵਨਾ ਲਈ ਪਰਗਟਾਈਆ । ਨੇੜ ਆਵਣ ਨਾ ਦੇਣ ਬਦੀ, ਬਦੀ ਦਾ ਲੇਖਾ ਦੇਣ ਮੁਕਾਈਆ । ਆਤਮਾ ਪ੍ਰਭੂ ਪਿਆਰ ਵਿਚ ਹੋਵੇ ਮਧੀ, ਮਧੁਰ ਧੁਨ ਸੁਣ ਕੇ ਖ਼ੁਸ਼ੀ ਬਣਾਈਆ । ਘਰ ਦੀਪਕ ਜੋਤ ਹੋਵੇ ਜਗੀ, ਨੂਰ ਨੁਰਾਨਾ ਡਗਮਗਾਈਆ । ਜਗਤ ਤ੍ਰਿਸ਼ਨਾ ਬੁਝੀ ਹੋਵੇ ਅੱਗੀ, ਤਨ ਵਜੂਦ ਨਾ ਕੋਇ ਜਲਾਈਆ । ਸਾਚੀ ਧਾਰ ਦਿਸੇ ਦਸਮ ਦੁਆਰੀ ਬੱਗੀ, ਬੱਗੇ ਅਸਵ ਦਾ ਮਾਲਕ ਮਿਲੇ ਧੁਰ ਦਾ ਮਾਹੀਆ । ਨੂਰ ਨੁਰਾਨਾ ਨੂਰ ਤਕਣ ਰੱਬੀ, ਜੋਤੀ ਜਾਤਾ ਡਗਮਗਾਈਆ । ਜਿਸ ਦੀ ਇਕੋ ਮੰਜ਼ਲ ਇਕੋ ਪਦੀ, ਹਕ ਹਕ਼ੀਕ਼ਤ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧੰਨ ਵਡਿਆਈ ਭਗਤ ਜਨ ਪ੍ਰਭ ਦਾ ਰਖਣ ਭਉ, ਭੈ ਵਿਚ ਸੀਸ ਨਿਵਾਈਆ । ਬਿਨ ਰਸਨਾ ਜਿਹਵਾ ਕਰਨ ਵਾਹੋ ਵਾਹੋ, ਵਾਹਵਾ ਤੇਰੀ ਵਜਦੀ ਰਹੇ ਵਧਾਈਆ । ਸਦਾ ਮਿਲਣ ਦਾ ਰਖਣ ਚਾਓ, ਚਾਓ ਘਨੇਰਾ ਇਕ ਜਣਾਈਆ । ਬਣਾ ਕੇ ਰਖਣ ਪਿਤਾ ਮਾਉਂ, ਪੂਤ ਸਪੂਤੇ ਹੋ ਕੇ ਸੇਵ ਕਮਾਈਆ । ਭਾਗ ਲਗਾਵਣ ਆਪਣੇ ਖੇੜੇ ਗਰਾਉਂ, ਸਾਢੇ ਤਿੰਨ ਹੱਥ ਵਜੇ ਵਧਾਈਆ । ਜਿਥੇ ਪੁਰਖ ਅਕਾਲਾ ਦੀਨ ਦਿਆਲਾ ਬਿਨ ਹੱਥਾਂ ਪਕੜੇ ਬਾਹੋਂ, ਫੜ ਬਾਹੋਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਂਈਆ । ਧੰਨ ਵਡਿਆਈ ਭਗਤ ਜਨ ਘਰ ਪਾਉਂਦੇ ਠਾਕਰ ਸੁਆਮੀ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਮੇਲ ਮਿਲਦਾ ਨਾਲ ਅੰਤਰਜਾਮੀ, ਅੰਤਸ਼ਕਰਨ ਵੇਖੇ ਚਾਈਂ ਚਾਈਆ । ਜੋ ਜਗਤ ਅੰਧੇਰਾ ਮੇਟੇ ਸ਼ਾਮੀ, ਸ਼ਮਅ ਨੂਰ ਜੋਤ ਕਰੇ ਰੁਸ਼ਨਾਈਆ । ਆਤਮ ਪਰਮਾਤਮ ਰਿਸ਼ਤਾ ਜੋੜੇ ਬਾਹਮੀ, ਵਿਛੋੜਾ ਰਹਿਣ ਕੋਇ ਨਾ ਪਾਈਆ ।


੧੦੧੬ ੨੪

ਆਵਣ ਜਾਵਣ ਲੱਖ ਚੁਰਾਸੀ ਕਟੇ ਗ਼ੁਲਾਮੀ, ਜ਼ੰਜੀਰ ਨਜ਼ਰ ਕੋਇ ਨਾ ਆਈਆ । ਤੂੰ ਮੇਰਾ ਮੈਂ ਤੇਰਾ ਦੱਸ ਕਲਾਮੀ, ਕਲਮਾ ਕਾਇਨਾਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਦਾ ਬਣਿਆ ਰਹੇ ਸੁਆਮੀ, ਮਾਲਕ ਖ਼ਾਲਕ ਹੋ ਕੇ ਆਪਣੇ ਰੰਗ ਰੰਗਾਈਆ ।

✪ ੩੧ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਪੱਖੋਵਾਲ ਜ਼ਿਲਾ ਲੁਧਿਆਣਾ ਜਸਵੰਤ ਸਿੰਘ ਦੇ ਗ੍ਰਹਿ ✪

ਸਤਿਗੁਰ ਸਾਹਿਬ ਏਕ ਹੈ, ਆਦਿ ਜੁਗਾਦੀ ਏਕੰਕਾਰ । ਜਿਸ ਦੀ ਅਵਤਾਰ ਪੈਗੰਬਰਾਂ ਗੁਰੂ ਰਖੀ ਟੇਕ ਹੈ, ਦੋ ਜਹਾਨਾਂ ਸਿਰਜਣਹਾਰ । ਆਦਿ ਜੁਗਾਦੀ ਕਰੇ ਬੁੱਧ ਬਿਬੇਕ ਹੈ, ਪਤਤ ਪੁਨੀਤ ਸ਼ਾਹੋ ਭੂਪ ਸਚੀ ਸਰਕਾਰ । ਜਿਸ ਦਾ ਸਭ ਤੋਂ ਅਗੰਮਾ ਲੇਖ ਹੈ, ਕਾਤਬ ਸਮਝੇ ਨਾ ਕੋਇ ਲਿਖਾਰ । ਹਰ ਘਟ ਅੰਦਰ ਰਿਹਾ ਵੇਖ ਹੈ, ਵੇਖਣਹਾਰ ਸਰਬ ਸੰਸਾਰ । ਕਲਜੁਗ ਅੰਤਮ ਧਰਿਆ ਭੇਖ ਹੈ, ਨਿਹਕਲੰਕਾ ਕਲ ਅਵਤਾਰ । ਜੋ ਵਸੇ ਸੰਬਲ ਦੇਸ ਹੈ, ਸਾਢੇ ਤਿੰਨ ਹੱਥ ਕੰਤ ਭਤਾਰ । ਜੋਤੀ ਜਾਤਾ ਨਰ ਨਰੇਸ਼ ਹੈ, ਸ਼ਾਹੋ ਭੂਪ ਸਿਰਜਣਹਾਰ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼ ਹੈ, ਜ਼ਿਮੀਂ ਅਸਮਾਨ ਕਰਨ ਨਿਮਸਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰ,
੧੦੧੭ ਸਚ ਦਾ ਮਾਲਕ ਅਗੰਮ ਅਪਾਰ । ਸਤਿਗੁਰ ਸਾਚਾ ਆਪ ਪ੍ਰਭ, ਦੂਸਰ ਅਵਰ ਨਾ ਕੋਇ । ਜਨ ਭਗਤ ਸੁਹੇਲੇ ਲਏ ਲਭ, ਨਾਮ ਧਾਗੇ ਵਿਚ ੧੦੧੭
੨੪ ਪ੍ਰੋਏ । ਸਚ ਖ਼ੁਮਾਰੀ ਦਏ ਮਦਿ, ਅੰਦਰ ਬਾਹਰ ਆਪੇ ਹੋਏ । ਸੁਰਤੀ ਸ਼ਬਦੀ ਲਏ ਸੱਦ, ਦਰ ਘਰ ਸਾਚੇ ਦਏ ਢੋਏ । ਜਗਤ ਵਿਕਾਰੇ ਮੇਟੇ ੨੪
ਹੱਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚਾ ਬਖਸ਼ੇ ਲੋਏ । ਲੋ ਬਖਸ਼ੇ ਹਰਿ ਕਰਤਾਰਾ, ਲੋਇਣ ਅੱਖ ਖੁਲ੍ਹਾਈਆ । ਵੇਖੇ ਵਿਗਸੇ ਪਾਵੇ ਸਾਰਾ, ਭੇਵ ਅਭੇਦ ਖੁਲ੍ਹਾਈਆ । ਨਿਤ ਨਵਿਤ ਦਏ ਅਧਾਰਾ, ਸਿਰ ਸਿਰ ਹੱਥ ਟਿਕਾਈਆ । ਗੁਰਮੁਖ ਗੁਰਸਿਖ ਲਏ ਉਧਾਰਾ, ਸੰਤ ਭਗਤ ਆਪਣੇ ਰੰਗ ਰੰਗਾਈਆ । ਘਰ ਠਾਕਰ ਸੁਆਮੀ ਮਿਲੇ ਏਕੰਕਾਰਾ, ਅਕਲ ਕਲਧਾਰੀ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਖਿਲਾਈਆ । ਸਤਿਗੁਰ ਸਚਾ ਸ਼ਾਹੋ ਭੂਪ, ਹਰਿ ਕਰਤਾ ਅਗੰਮ ਅਥਾਹ । ਜਿਸ ਦਾ ਰੇਖ ਰੰਗ ਨਾ ਕੋਈ ਰੂਪ, ਵਸਣਹਾਰਾ ਹਰ ਘਟ ਥਾਂ । ਜਿਸ ਦਾ ਸ਼ਬਦ ਦੁਲਾਰਾ ਪੂਤ, ਪਿਤਾ ਪੁਰਖ ਅਕਾਲ ਬਣਿਆ ਪਿਤਾ ਮਾਂ । ਜੋ ਦੋ ਜਹਾਨਾਂ ਬਣਿਆ ਦੂਤ, ਸ਼ਬਦ ਸੰਦੇਸ਼ ਸੁਣਾਏ ਨਾਂ । ਵਸਣਹਾਰਾ ਚਾਰੇ ਕੂਟ, ਧਰਨੀ ਧਰਤ ਧਵਲ ਧੌਲ ਵੇਖੇ ਹਰ ਗਰਾਂ । ਖੋਜਣਹਾਰਾ ਕਾਇਆ ਮਾਟੀ ਪੰਜ ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਵੇਖ ਵਖਾ । ਸੁਹਾਵਣਹਾਰਾ ਸਾਚੀ ਰੁਤ, ਰੁਤੜੀ ਆਪਣੇ ਨਾਮ ਨਾਲ ਮਹਿਕਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਦਾਤਾ ਬੇਪ੍ਰਵਾਹੋ । ਸਤਿਗੁਰ ਸਾਚਾ ਸਾਹਿਬ ਸੁਲਤਾਨ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਆਦਿ ਜੁਗਾਦੀ ਧਰਮ ਨਿਸ਼ਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਜੋ ਸਤਿਜੁਗ ਤਰੇਤਾ ਦੁਆਪਰ ਕਲਜੁਗ ਦੇਵਣਹਾਰਾ ਦਾਨ, ਵਸਤ ਅਮੁਲ ਅਤੁਲ ਵਰਤਾਈਆ । ਜੋ ਅਵਤਾਰ ਪੈਗ਼ੰਬਰਾਂ ਗੁਰੂਆਂ ਬੇਨੰਤੀਆਂ ਕਰੇ

ਪ੍ਰਵਾਨ, ਪ੍ਰਵਾਨਗੀ ਸਤਿਗੁਰ ਸ਼ਬਦ ਹੱਥ ਫੜਾਈਆ । ਜੋ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਦੋ ਜਹਾਨਾਂ ਬਦਲ ਦੇਵੇ ਵਿਧਾਨ, ਰੀਤੀ ਨੀਤੀ ਦੀਨ ਦੁਨੀ ਬਦਲਾਈਆ । ਉਹ ਕਲਜੁਗ ਅੰਤ ਸ੍ਰੀ ਭਗਵੰਤ ਹੋ ਪ੍ਰਧਾਨ, ਹੁਕਮ ਸਤਿਗੁਰ ਸ਼ਬਦ ਸ਼ਬਦ ਵਰਤਾਈਆ । ਲੱਖ ਚੁਰਾਸੀ ਕਰਨਾ ਪਏ ਪਰਵਾਨ, ਸਿਰ ਸਕੇ ਨਾ ਕੋਇ ਉਠਾਈਆ । ਨੌਂ ਖੰਡ ਪ੍ਰਿਥਮੀ ਹੋਏ ਹੈਰਾਨ, ਹੈਰਤ ਵਿਚ ਹੋਏ ਖ਼ਲਕ ਖ਼ੁਦਾਈਆ । ਕੀ ਲੇਖਾ ਲਹਿਣਾ ਦੇਣਾ ਕਲਜੁਗ ਕੂੜ ਸ਼ੈਤਾਨ, ਕੀ ਸ਼ਰਅ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕੋ ਹੁਕਮਰਾਨ, ਹੁਕਮ ਧੁਰ ਦਾ ਇਕ ਸੁਣਾਈਆ । ਸਤਿਗੁਰ ਸ਼ਬਦ ਸਹਿਜ ਸੁਖਦਾਈ, ਦਾਤਾ ਦਾਨੀ ਇਕ ਅਖਵਾਈਆ । ਜੋ ਆਦਿ ਜੁਗਾਦੀ ਬਣਦਾ ਰਾਹੀ, ਰਹਿਬਰ ਹੋ ਕੇ ਵੇਖ ਵਖਾਈਆ । ਨਾਮ ਨਿਧਾਨਾ ਜਗਤ ਜਹਾਨ ਲਿਆਵੇ ਚਾਈਂ ਚਾਈਂ, ਵਸਤ ਅਮੋਲਕ ਇਕ ਵਰਤਾਈਆ । ਜਿਸ ਦੀਨਾਂ ਮਜ੍ਹਬਾਂ ਖੇਲ ਖਿਲਾਈ, ਖ਼ਾਲਕ ਖ਼ਲਕ ਵੰਡ ਵੰਡਾਈਆ । ਉਹ ਅੰਤਮ ਲਹਿਣਾ ਦੇਣਾ ਪੂਰਾ ਕਰੇ ਥਾਉਂ ਥਾਈਂ, ਥਾਨ ਥਨੰਤਰ ਵੇਖ ਵਖਾਈਆ । ਕਲਜੁਗ ਕੂੜ ਕੁੜਿਆਰ ਮੇਟੇ ਸ਼ਾਹੀ, ਸ਼ਹਿਨਸ਼ਾਹ ਆਪਣਾ ਹੁਕਮ ਸੁਣਾਈਆ । ਝਗੜਾ ਮੁਕੇ ਥਲ ਅਸਗਾਹੀ, ਜਲ ਥਲ ਮਹੀਅਲ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਦਿ ਜੁਗਾਦੀ ਬੇਪ੍ਰਵਾਹੀ, ਬੇਪ੍ਰਵਾਹ ਬੇਪ੍ਰਵਾਹੀ ਵਿਚ ਸਮਾਈਆ ।


੧੦੧੮

੨੪

### ✪ ੩੧ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਡਾਂਗੋ ਜ਼ਿਲਾ ਲੁਧਿਆਣਾ ਨਾਹਰ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਜਨ ਭਗਤੋ ਪ੍ਰਭ ਦੀ ਲਾਗੋ ਸਰਨ, ਓਟ ਇਕ ਤਕਾਈਆ । ਜੋ ਆਦਿ ਜੁਗਾਦੀ ਸਭ ਕੁਛ ਹਾਰ ਕਰਨ, ਕਰਤਾ ਪੁਰਖ ਅਗੰਮ ਅਥਾਹੀਆ । ਜੋ ਖੋਲ੍ਹਣਹਾਰਾ ਨੇਤਰ ਹਰਨ ਫਰਨ, ਨਿਜ ਲੋਚਨ ਨੈਣ ਕਰੇ ਰੁਸ਼ਨਾਈਆ । ਜੋ ਝਗੜਾ ਮੇਟੇ ਵਰਨ ਬਰਨ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਜੋ ਇਕੋ ਨਾਮ ਨਿਧਾਨਾ ਫੜਾਏ ਲੜਨ, ਪੱਲੂ ਆਪਣੀ ਗੰਢ ਬੰਧਾਈਆ । ਜਿਸ ਦਾ ਢੋਲਾ ਨਾਮ ਸਾਰੇ ਪੜ੍ਹਨ, ਕਲਮਾ ਕਾਇਨਾਤ ਦ੍ਰਿੜਾਈਆ । ਉਸ ਦੀ ਮੰਜ਼ਲ ਜੁਗ ਜੁਗ ਭਗਤ ਸੁਹੇਲੇ ਚੜ੍ਹਨ, ਬਿਨ ਭਗਤਾਂ ਮੰਜ਼ਲ ਪਾਰ ਨਾ ਕੋਇ ਕਰਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਤੋੜਨਹਾਰ ਹੰਕਾਰ ਗੜ੍ਹਨ, ਹਉਮੇ ਹੰਗਤਾ ਦਏ ਮਿਟਾਈਆ । ਲੇਖਾ ਜਾਣੇ ਚੋਟੀ ਜੜ੍ਹਨ, ਚੇਤਨ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਜਨ ਭਗਤੋ ਪ੍ਰਭ ਬਿਨ ਅਵਰ ਨਾ ਕੋਏ, ਦੂਸਰ ਨਜ਼ਰ ਕੋਇ ਨਾ ਆਈਆ । ਜੋ ਆਦਿ ਜੁਗਾਦੀ ਹੋਏ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਅੰਦਰੋਂ ਦੁਰਮਤ ਮੈਲ ਧੋਏ, ਪਤਿਤ ਪੁਨੀਤ ਬਣਾਈਆ । ਸਾਚੇ ਨਾਮ ਦੇ ਦਏ ਢੋਏ, ਵਸਤ ਅਮੋਲ ਅਤੁਲ ਵਰਤਾਈਆ । ਹਰਿਜਨ ਕਰੇ ਨਵੇਂ ਨਰੋਏ, ਆਤਮ ਧਾਰ ਬਲ ਪਰਗਟਾਈਆ । ਅੰਤਰ ਆਤਮ ਰਸ ਚੋਏ, ਸਾਂਤਕ ਸਤਿ ਸਤਿ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਜਨ ਭਗਤੋ ਪ੍ਰਭ ਬਿਨ ਅਵਰ ਨਾ ਕੋਈ

ਸਹਾਈ, ਸਖ਼ਾ ਸੁਹੇਲਾ ਨਜ਼ਰ ਕੋਇ ਨਾ ਆਈਆ । ਮੇਰੀ ਕੂਕ ਕੂਕ ਦੁਹਾਈ, ਦੋ ਜਹਾਨਾਂ ਦਿਆਂ ਜਣਾਈਆ । ਕਲਜੁਗ ਕੂੜ ਦੀ ਵੇਖੇ ਸ਼ਾਹੀ, ਕੀ ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਸਾਰੇ ਭੁਲਾਏ ਪਾਂਧੀ ਰਾਹੀ, ਮਾਰਗ ਪੰਧ ਚਲਣ ਕੋਇ ਨਾ ਪਾਈਆ । ਫਿਰੀ ਦਰੋਹੀ ਬਲ ਅਸਗਾਹੀ, ਟਿੱਲੇ ਪਰਬਤ ਰਹੇ ਕੁਰਲਾਈਆ । ਸਾਚਾ ਮਿਲੇ ਨਾ ਕੋਇ ਨਿਆਂਈ, ਅਦਲ ਇਨਸਾਫ਼ ਨਾ ਕੋਇ ਕਮਾਈਆ । ਸਿਰ ਦਏ ਨਾ ਕੋਈ ਠੰਡੀਆਂ ਛਾਈਂ, ਕਲਜੁਗ ਅਗਨੀ ਤਤ ਤਪਾਈਆ । ਬਿਨ ਪ੍ਰਭ ਕਿਰਪਾ ਮੇਲ ਮਿਲੇ ਨਾ ਕਿਸੇ ਧੁਰ ਦੇ ਮਾਹੀ, ਮਹਿਬੂਬ ਮਿਲਣ ਕੋਇ ਨਾ ਪਾਈਆ । ਮੈਂ ਸਚ ਸੰਦੇਸ਼ਾ ਸਤਿ ਸਤਿ ਰਹੀ ਸੁਣਾਈ, ਅਣਸੁਣਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਜਨ ਭਗਤੋ ਪ੍ਰਭ ਗਹਿਰ ਗੰਭੀਰ ਅਗੰਮਾ ਸਾਗਰ, ਅਥਾਹ ਰੂਪ ਦਰਸਾਈਆ । ਜੋ ਭਾਗ ਲਗਾਏ ਤੁਹਾਡੀ ਕਾਇਆ ਮਾਟੀ ਗਾਗਰ, ਸਾਵੇ ਤਿੰਨ ਹੱਥ ਰੰਗ ਰੰਗਾਈਆ । ਤੁਸੀਂ ਉਸ ਦੇ ਦਰ ਦੇ ਬਣੋ ਸੌਦਾਗਰ, ਵਣਜ ਨਾਮ ਕਰਨਾ ਚਾਈਂ ਚਾਈਂਆ । ਤੁਹਾਡਾ ਨਿਰਮਲ ਕਰਮ ਹੋਵੇ ਉਜਾਗਰ, ਦੁਰਮਤ ਮੈਲ ਰਹੇ ਨਾ ਰਾਈਆ । ਏਥੇ ਓਥੇ ਦੋ ਜਹਾਨਾਂ ਦੇਵੇ ਆਦਰ, ਆਦਰਸ਼ ਆਪਣਾ ਇਕ ਵਖਾਈਆ । ਉਹ ਕਰਤਾ ਕਰੀਮ ਕ਼ਾਦਰ, ਕ਼ੁਦਰਤ ਦਾ ਮਾਲਕ ਨੂਰ ਅਲਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਕਰੇ ਆਦਲ, ਇਨਸਾਫ਼ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਸਭ ਦਾ ਕਰੇ ਤਬਾਦਲ, ਤਬਦੀਲੀ ਵਿਚ ਦਿਸੇ ਖ਼ਲਕ ਖ਼ੁਦਾਈਆ ।



### ੩੧ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਖ਼ੁਸ਼ੀਆ ਸਿੰਘ ਦੇ ਗ੍ਰਹਿ ਪਿੰਡ ਡਾਂਗੋ ਜ਼ਿਲਾ ਲੁਧਿਆਣਾ

ਜਨ ਭਗਤ ਕਹਿਣ ਧਰਨੀਏ ਅਸੀਂ ਪ੍ਰਭ ਦੀ ਰਖੀਏ ਓਟ, ਦੂਸਰ ਇਸ਼ਟ ਨਾ ਕੋਇ ਮਨਾਈਆ । ਜੋ ਸਾਡੇ ਅੰਦਰੋਂ ਕੱਢੇ ਖੋਟ, ਕੂੜੀ ਕਿਰਿਆ ਬਾਹਰ ਕਢਾਈਆ । ਨਾਮ ਨਿਧਾਨ ਦੀ ਲਾਵੇ ਚੋਟ, ਚੋਟੀ ਚੜ੍ਹ ਕੇ ਵੇਖ ਵਖਾਈਆ । ਪਰਕਾਸ਼ ਕਰੇ ਆਪਣੀ ਨਿਰਮਲ ਜੋਤ, ਜੋਤੀ ਜਾਤਾ ਹੋ ਕੇ ਡਗਮਗਾਈਆ । ਦੇਵੇ ਵਡਿਆਈ ਉਤੇ ਧਰਨੀਏ ਤੇਰੇ ਮਾਤਲੋਕ, ਮਾਤਰ ਭੂਮੀਏ ਤੈਨੂੰ ਦਈਏ ਸੁਣਾਈਆ । ਜਿਸ ਦਾ ਇਕੋ ਕਲਮਾ ਇਕੋ ਨਾਮ ਹੋਵੇ ਸਲੋਕ, ਸੋਹਲਾ ਢੋਲਾ ਗਾਈਏ ਚਾਈਂ ਚਾਈਂਆ । ਜਿਸ ਦੇ ਮਾਰਗ ਉਤੋਂ ਸਕੇ ਕੋਈ ਨਾ ਰੋਕ, ਰੁਕਾਵਟ ਰਹਿਣ ਕੋਇ ਨਾ ਪਾਈਆ । ਜਿਸ ਪ੍ਰਭੂ ਨੂੰ ਖੋਜਦੇ ਕੋਟੀ ਕੋਟ, ਅਣਗਿਣਤ ਧਿਆਨ ਲਗਾਈਆ । ਉਹ ਭਗਤ ਸੁਹੇਲੇ ਤੇਰੇ ਉਤੋਂ ਆਲ੍ਹਣਿਉਂ ਡਿਗੇ ਉਠਾਏ ਬੋਟ, ਫੜ ਬਾਹੋਂ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਜਨ ਭਗਤ ਕਹਿਣ ਧਰਨੀਏ ਸਾਨੂੰ ਪ੍ਰਭੂ ਦਾ ਇਕ ਸਹਾਰਾ, ਦੂਜਾ ਕੰਤ ਨਾ ਕੋਇ ਹੰਢਾਈਆ । ਜੋ ਆਦਿ ਜੁਗਾਦੀ ਮੀਤ ਮੁਰਾਰਾ, ਮਿਤਰ ਪਿਆਰਾ ਇਕ ਅਖਵਾਈਆ । ਜੋ ਦੇਵਣਹਾਰਾ ਨਾਮ ਅਧਾਰਾ, ਨਾਮ ਨਿਧਾਨਾ ਝੋਲੀ ਪਾਈਆ । ਜਿਸ ਦਾ ਚਰਨ ਕਵਲ ਦਿਸੇ ਸਚ ਦੁਆਰਾ, ਜਗਤ

ਦੁਵਾਰਿਆਂ ਵੰਡ ਨਾ ਕੋਇ ਵੰਡਾਈਆ । ਜੋ ਸਾਜਣ ਮੀਤ ਹਮਾਰਾ, ਮਿਤਰ ਪਿਆਰਾ ਇਕ ਅਖਵਾਈਆ । ਜਿਸ ਦੇ ਚਰਨ ਕਵਲ ਕਰੀਏ ਨਿਮਸਕਾਰਾ, ਡੰਡਾਵਤ ਕਰਕੇ ਸੀਸ ਝੁਕਾਈਆ । ਧੂੜੀ ਲਾਈਏ ਮਸਤਕ ਛਾਰਾ, ਟਿੱਕੇ ਖ਼ਾਕ ਰਮਾਈਆ । ਉਹ ਧੁਰ ਦਾ ਪਰਵਰਦਿਗਾਰਾ, ਜਲਵਾਗਰ ਨੂਰ ਅਲਾਹੀਆ । ਜਿਸ ਦਾ ਆਤਮ ਪਰਮਾਤਮ ਸਚ ਜੈਕਾਰਾ, ਜੁਗ ਜੁਗ ਦਏ ਦ੍ਰਿੜਾਈਆ । ਕਲਜੁਗ ਅੰਤਮ ਲਏ ਅਵਤਾਰਾ, ਅਵਤਰੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹੋ ਭੂਪ ਸਚ ਸਿਕਦਾਰਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਇਕ ਅਖਵਾਈਆ ।

### ✪ ੩੧ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਡਾਂਗੋ ਲੁਧਿਆਣਾ ਹਰਚਰਨ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਮੈਨੂੰ ਰਾਤੀਂ ਸੁਤਿਆਂ ਆਇਆ ਖ਼ੁਆਬ, ਜਿਸ ਨੂੰ ਦੋ ਜਹਾਨ ਸਮਝ ਸਕੇ ਕੋਈ ਨਾ ਰਾਈਆ । ਮੈਨੂੰ ਨਿਰਗੁਣ ਧਾਰ ਸਤਿਗੁਰ ਨਾਨਕ ਸੁਣਾਈ ਰਬਾਬ, ਰਬੀਉਲ ਕਹਿ ਕੇ ਦਿਤਾ ਜਣਾਈਆ । ਮੁਹੰਮਦ ਇਸ਼ਾਰਾ ਦਿਤਾ ਆਪਣੇ ਹਕ ਅਹਿਬਾਬ, ਮਹਿਬੂਬ ਦਿਤਾ ਦ੍ਰਿੜਾਈਆ । ਅਵਤਾਰਾਂ ਕੀਤਾ ਐਹਲਾਦ, ਇਕੋ ਰਾਗ ਸੁਣਾਈਆ । ਗੁਰੂਆਂ ਮਾਰੀ ਆਵਾਜ਼, ਭੇਵ ਅਭੇਦ ਖੁਲ੍ਹਾਈਆ । ਗਣ ਗੰਧਰਬਾਂ ਵਜਾਏ ਸਾਜ, ਕਿੰਨਰ ਯਸ਼ਪ ਨਾਚ ਨਚਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਅਰਾਧ, ਕੂਕ ਕੂਕ ਸੁਣਾਈਆ । ਧਰਨੀਏ ਤੇਰੇ ਉਤੇ ਪੁਰਖ ਅਕਾਲਾ ਦੀਨ ਦਿਆਲਾ ਆਵੇ ਅਵਤਾਰ ਪੈਗ਼ੰਬਰਾਂ ਗੁਰੂਆਂ ਬਾਦ, ਨੂਰ ਨੁਰਾਨਾ ਸ਼ਾਹ ਸੁਲਤਾਨਾ ਆਪਣਾ ਫੇਰਾ ਪਾਈਆ । ਤੂੰ ਮਿੱਟੀ ਖ਼ਾਕ ਬਿਨ ਹਿਰਦਿਉਂ ਰਖਣਾ ਯਾਦ, ਬਿਨ ਸੁਰਤੀ ਸੁਰਤ ਲਗਾਈਆ । ਜੋ ਤੈਨੂੰ ਦੇਵੇ ਅਗੰਮੜੀ ਦਾਦ, ਵਸਤ ਅਮੋਲਕ ਇਕ ਵਰਤਾਈਆ । ਉਹ ਵੇਖਣਹਾਰਾ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਖੋਜ ਖੁਜਾਈਆ । ਜਿਸ ਦਾ ਲਹਿਣਾ ਦੇਣਾ ਆਦਿ ਜੁਗਾਦਿ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਉਹ ਸ਼ਬਦ ਅਗੰਮਾ ਤੇਰੇ ਉਤੇ ਵਜਾਏ ਨਾਦ, ਦੋ ਜਹਾਨ ਕਰੇ ਸ਼ਨਵਾਈਆ । ਜਿਸ ਨੂੰ ਪ੍ਰਭ ਦੀ ਕਿਰਪਾ ਬਿਨ ਕੋਈ ਸੁਣ ਸਕੇ ਨਾ ਜਗਿਆਸੂ ਸਾਧ, ਜੀਵਾਂ ਜੰਤਾਂ ਸਾਧਾਂ ਸੰਤਾਂ ਸਮਝ ਕਿਸੇ ਨਾ ਆਈਆ । ਉਸ ਵਿਚ ਸੰਦੇਸ਼ਾ ਹੋਣਾ ਬੋਧ ਅਗਾਧ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਉਹ ਮਾਲਕ ਖ਼ਾਲਕ ਮੋਹਣ ਮਾਧਵ ਮਾਧ, ਮਧੁਰ ਧੁਨ ਦਏ ਸੁਣਾਈਆ । ਜਿਸ ਨੂੰ ਅੱਖਰਾਂ ਵਿਚ ਸਾਰੇ ਰਹੇ ਅਰਾਧ, ਨਿਰਅੱਖਰ ਧਾਰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਚ ਦਾ ਹੁਕਮ ਇਕ ਵਰਤਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਸੋ ਪੁਰਖ ਨਿਰੰਜਣ ਵੇਸ ਵਟਾਵੇਗਾ । ਹਰਿ ਪੁਰਖ ਨਿਰੰਜਣ ਫੇਰਾ ਪਾਵੇਗਾ । ਏਕੰਕਾਰਾ ਰੰਗ ਰੰਗਾਵੇਗਾ । ਆਦਿ ਨਿਰੰਜਣ ਡਗਮਗਾਵੇਗਾ । ਅਬਿਨਾਸ਼ੀ ਕਰਤਾ ਸੋਭਾ ਪਾਵੇਗਾ । ਸ੍ਰੀ ਭਗਵਾਨ ਡੰਕ ਵਜਾਵੇਗਾ । ਪਾਰਬ੍ਰਹਮ ਭੇਵ ਖੁਲ੍ਹਾਵੇਗਾ । ਸਤਿਗੁਰ ਸ਼ਬਦ ਇਕ ਪਰਗਟਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਵੇਗਾ । ਅਵਤਾਰ ਪੈਗ਼ੰਬਰ ਗੁਰੂ ਖੇਲ ਖਿਲਾਵੇਗਾ । ਜੋਤੀ ਜਾਤਾ ਹੋ ਕੇ ਵੇਖ ਵਖਾਵੇਗਾ । ਦੋ ਜਹਾਨਾਂ ਪਰਦਾ ਉਹਲਾ ਆਪ ਉਠਾਵੇਗਾ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਫੋਲ ਫੁਲਾਵੇਗਾ । ਲਹਿਣਾ ਦੇਣਾ ਤਕੇ ਸੂਰੀਆ ਚੰਦਾ, ਚੰਦ ਸਿਤਾਰ


੧੦੨੦
੨੪

ਅੰਤਰ ਆਪਣਾ ਭੇਵ ਚੁਕਾਵੇਗਾ । ਤੇਰਾ ਭਾਗ ਹੋਣ ਨਾ ਦੇਵੇ ਮੰਦਾ, ਸਿਰ ਤੇਰੇ ਹੱਥ ਟਿਕਾਵੇਗਾ । ਜਿਸ ਦੀ ਧਾਰ ਗੋਬਿੰਦ ਸ਼ਬਦ ਅਗੰਮਾ ਖੰਡਾ, ਜਗਤ ਖੰਡਾ ਨਾਸ ਕਰਾਵੇਗਾ । ਜਿਸ ਆਦਿ ਜੁਗਾਦਿ ਸਤਿਜੁਗ ਤਰੇਤਾ ਦੁਆਪਰ ਕਲਜੁਗ ਪਾਈਆਂ ਵੰਡਾਂ, ਵੰਡਣਹਾਰਾ ਹੋ ਕੇ ਵੇਖ ਵਖਾਵੇਗਾ । ਜੋ ਮੇਟਣਹਾਰਾ ਭੇਖ ਪਖੰਡਾ, ਕੂੜੀ ਕਿਰਿਆ ਦੂਰ ਕਰਾਵੇਗਾ । ਤੇਰਾ ਸੀਨਾ ਕਰੇ ਠੰਡਾ, ਅੰਮ੍ਰਿਤ ਮੇਘ ਇਕ ਬਰਸਾਵੇਗਾ । ਨਾ ਕੋਈ ਪੂਜੇ ਕਰੀਰ ਜੰਡਾ, ਇਕੋ ਪੁਰਖ ਅਕਾਲ ਇਸ਼ਟ ਸਮਝਾਵੇਗਾ । ਤੂੰ ਮੇਰਾ ਮੈਂ ਤੇਰਾ ਸਭ ਦਾ ਹੋਣਾ ਛੰਦਾ, ਸਾਚੀ ਸਿਖਿਆ ਇਕ ਪਰਗਟਾਵੇਗਾ । ਦੁਵੈਤੀ ਵਿਚ ਰਹਿਣ ਦੇਵੇ ਕੋਈ ਨਾ ਬੰਦਾ, ਬੰਦਗੀ ਆਪਣੀ ਵਿਚ ਜਣਾਵੇਗਾ । ਸਭ ਦਾ ਭਾਰ ਉਠਾਏ ਆਪਣੇ ਕੰਧਾ, ਬਲਧਾਰੀ ਆਪਣਾ ਬਲ ਪਰਗਟਾਵੇਗਾ । ਹਿਰਦੇ ਅੰਦਰੋਂ ਮਾਨਵ ਰਹਿਣ ਦੇਵੇ ਕੋਈ ਨਾ ਗੰਦਾ, ਕਲਜੁਗ ਕੂੜੀ ਦੁਰਮਤ ਮੈਲ ਧੁਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ , ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਵੇਗਾ । ਸਚ ਹੁਕਮ ਇਕ ਵਰਤਾਏਗਾ । ਦੀਨ ਦਿਆਲ ਦਇਆ ਕਮਾਏਗਾ । ਜੋਤੀ ਜਾਤਾ ਵੇਸ ਵਟਾਏਗਾ । ਪੁਰਖ ਬਿਧਾਤਾ ਇਕੋ ਆਏਗਾ । ਨੌਂ ਖੰਡ ਪ੍ਰਿਥਮੀ ਵੇਖ ਵਖਾਏਗਾ । ਸੱਤਾਂ ਦੀਪਾਂ ਪਰਦਾ ਲਾਹੇਗਾ । ਮਾਨਵ ਜ਼ਾਤੀ ਭੇਵ ਚੁਕਾਏਗਾ । ਖੱਤਰੀ ਬ੍ਰਾਹਮਣ ਸ਼ੂਦਰ ਵੈਸ਼ ਲੇਖਾ ਜਾਣੇ ਕਮਲਾਪਾਤੀ, ਪਤਿਪਰਮੇਸ਼ਵਰ ਆਪਣਾ ਖੇਲ ਖਿਲਾਏਗਾ । ਤੇਰੇ ਉਤੇ ਤਕੇ ਕਲਜੁਗ ਅੰਧੇਰੀ ਰਾਤੀ, ਚਾਰੇ ਕੁੰਟ ਧਿਆਨ ਲਗਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ



ਕਰਨੀ ਕਾਰ ਕਮਾਏਗਾ । ਧਰਨੀ ਕਹੇ ਮੇਰੇ ਪੁਰਖ ਅਕਾਲ ਕਿਰਪਾ ਕਰਨੀ ਆਪ, ਆਪ ਆਪਣੀ ਦਇਆ ਕਮਾਈਆ । ਮੇਰਾ ਤ੍ਰੈਗੁਣ ਮਿਟੇ ਤਾਪ, ਤ੍ਰੈਭਵਣ ਧਨੀ ਤੇਰੀ ਸਰਨਾਈਆ । ਤੂੰ ਆਦਿ ਜੁਗਾਦੀ ਮਾਈ ਬਾਪ, ਪਿਤਾ ਪੁਰਖ ਅਕਾਲ ਤੇਰੀ ਵਡਿਆਈਆ । ਨਿਗਾਹ ਮਾਰਨੀ ਲੋਕਮਾਤ, ਮਾਤਰ ਭੂਮੀ ਹੋ ਕੇ ਦਿਆਂ ਦੁਹਾਈਆ । ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਹੋ ਗਈ ਨਾਰ ਕਮਜ਼ਾਤ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਮਿਹਰਵਾਨਾ ਸ੍ਰੀ ਭਗਵਾਨਾ ਆ ਕੇ ਪੁਛ ਵਾਤ, ਵਾਤਾਵਰਨ ਤਕ ਖ਼ਲਕ ਖ਼ੁਦਾਈਆ । ਆਤਮ ਪਰਮਾਤਮ ਸਭ ਦਾ ਤੁਟਿਆ ਨਾਤ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਈਸ਼ ਜੀਵ ਕਰੇ ਕੋਈ ਨਾ ਬਾਤ, ਬਾਤਨ ਪਰਦਾ ਨਾ ਕੋਇ ਖੁਲ੍ਹਾਈਆ । ਰਸਨਾ ਜਿਹਵਾ ਬੱਤੀ ਦੰਦ ਸਾਰੇ ਗਾਉਂਦੇ ਗਾਥ, ਹਿਰਦੇ ਹਰਿ ਨਾ ਕੋਇ ਵਸਾਈਆ । ਤੂੰ ਸਰਬ ਕਲਾ ਸਮਰਾਥ, ਤੇਰੇ ਹੱਥ ਵਡਿਆਈਆ । ਮੈਂ ਨਿਮਾਣੀ ਅਨਾਥਾਂ ਅਨਾਥ, ਦੀਨਨ ਹੋ ਕੇ ਮੰਗ ਮੰਗਾਈਆ । ਮੇਰੇ ਪੁਰਖ ਅਕਾਲੇ ਮੇਰਾ ਦੇਣਾ ਸਾਥ, ਸਗਲੇ ਸੰਗੀ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸ਼ਾ ਤੇਰੇ ਚਰਨ ਕਵਲ, ਕਵਲ ਨੈਣ ਦਿਆਂ ਦ੍ਰਿੜਾਈਆ । ਤੂੰ ਮਾਲਕ ਖ਼ਾਲਕ ਬਣ ਕੇ ਆ ਜਾ ਉਤੇ ਧਵਲ, ਧਵਲ ਦਾ ਹੌਲਾ ਭਾਰ ਦੇ ਕਰਾਈਆ । ਤੂੰ ਨੂਰ ਅਲਾਹੀ ਅਵਲ, ਯਾਮਬੀਨ ਤੇਰੀ ਸਰਨਾਈਆ । ਹਰ ਹਿਰਦੇ ਅੰਦਰ ਜਾ ਮਵਲ, ਮੌਲਾ ਰੂਪ ਇਕੋ ਬਣ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੇ ਦਰ ਦੀ ਮੰਗਤੀ, ਮਾਂਗਤ ਹੋ ਕੇ ਝੋਲੀ ਡਾਹੀਆ । ਮੈਨੂੰ ਬਖ਼ਸ਼ ਦੇ ਇਕੋ ਨਾਮ ਦੀ ਪੰਗਤੀ, ਪਾਰਬ੍ਰਹਮ ਬ੍ਰਹਮ ਆਪਣੇ ਰੰਗ ਰੰਗਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਵਰਨ ਬਰਨ ਦੀਨ ਮਜ਼੍ਹਬ ਆਪਣੀ ਬਣਾ ਲੈ

੧੦੨੧
੨੪

ਸੰਗਤੀ, ਸਾਚਾ ਸੰਗ ਆਪ ਰਖਾਈਆ । ਗੜ੍ਹ ਤੋੜ ਦੇ ਹਉਮੇ ਹੰਗਤੀ, ਹੰ ਬ੍ਰਹਮ ਦੇ ਦ੍ਰਿੜਾਈਆ । ਲੜਾਈ ਰਹੇ ਨਾ ਕਾਇਆ ਤਤ ਪੰਜ ਦੀ, ਪੰਚਮ ਮੀਤੇ ਹੋਣਾ ਆਪ ਸਹਾਈਆ । ਮੇਰੇ ਉਤੇ ਕਲਜੁਗ ਨੇ ਘੜੀ ਕੀਤੀ ਬੜੀ ਰੰਜ ਦੀ, ਦੁਖੀ ਹੋ ਕੇ ਰਹੀ ਕੁਰਲਾਈਆ । ਕੂੜ ਕੁੜਿਆਰੇ ਹਾਥ ਨਾ ਆਵੇ ਮੁਹਾਣੇ ਵੰਝ ਦੀ, ਡੂੰਘੇ ਸਾਗਰ ਰਿਹਾ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰੇ ਆ ਜਾ ਪੁਰਖ ਸੁਆਮੀਆਂ, ਕੁਦਰਤ ਦੇ ਕ਼ਾਦਰ ਨੂਰ ਅਲਾਹ । ਆਦਿ ਜੁਗਾਦੀ ਅੰਤਰਜਾਮੀਆਂ, ਦੋ ਜਹਾਨਾਂ ਬੇਪਰਵਾਹ । ਆਪਣੇ ਨਾਮ ਕਲਮੇ ਸ਼ਬਦ ਵੇਖ ਲੈ ਬਾਣੀਆਂ, ਗ੍ਰੰਥ ਸ਼ਾਸਤਰ ਫੋਲ ਫੁਲਾ । ਝਗੜਾ ਤਕ ਲੈ ਜਗਤ ਦੀਆਂ ਖਾਣੀਆਂ, ਅੰਡਜ ਜੇਰਜ ਉਤਭਜ ਸੇਤਜ ਰਹੀ ਕੁਰਲਾ । ਆਤਮ ਪਰਮਾਤਮ ਹਾਣ ਮਿਲੇ ਕਿਸੇ ਨਾ ਹਾਣੀਆਂ, ਸਾਚੀ ਨਾਰ ਸਾਚਾ ਕੰਤ ਕੋਈ ਨਾ ਰਹੀ ਹੰਢਾ । ਲੇਖੇ ਲੱਗੇ ਨਾ ਕਿਸੇ ਸਵਾਸ ਪ੍ਰਾਣੀਆਂ, ਪਰਮ ਪੁਰਖ ਤੇਰਾ ਮੇਲਾ ਮਿਲੇ ਕਿਸੇ ਨਾ । ਮੈਂ ਚਾਰ ਜੁਗ ਦੀਆਂ ਸੁਣਦੀ ਰਹੀ ਤੇਰੀਆਂ ਕਹਾਣੀਆਂ, ਜੋ ਅਵਤਾਰ ਪੈਗ਼ੰਬਰ ਗੁਰੂ ਗਏ ਦ੍ਰਿੜਾ । ਜੋਤੀ ਜਾਤੇ ਪੁਰਖ ਬਿਧਾਤੇ ਤੇਰੀਆਂ ਦੱਸਦੇ ਗਏ ਨਿਸ਼ਾਨੀਆਂ, ਨਿਹਕਲੰਕੀ ਕਲ ਕਲਕੀ ਅਮਾਮ ਅਮਾਮਾ ਆਏ ਰੂਪ ਵਟਾ । ਹੁਣ ਮੇਰੇ ਉਤੇ ਕਰ ਦੇ ਮਿਹਰਵਾਨੀਆਂ, ਮੇਰੇ ਪਰਵਰਦਿਗਾਰ ਨੂਰੀ ਖ਼ੁਦਾ । ਮੈਂ ਤੇਰੇ ਉਤੋਂ ਆਪਣਾ ਆਪ ਕਰਾਂ ਕ਼ੁਰਬਾਨੀਆਂ, ਬਿਨ ਤਨ ਸਰੀਰ ਹੋਵਾਂ ਫ਼ਿਦਾ । ਤੂੰ ਸ਼ਾਹੋ ਭੂਪ ਸੁਲਤਾਨੀਆਂ, ਕਿਉਂ ਨਿਰਗੁਣ ਧਾਰ ਹੋਇਓਂ ਜੁਦਾ । ਮਿਹਰਵਾਨਾ
੧੦੨੨ ਤੇਰੀਆਂ ਸਦਾ ਮੰਜ਼ਲਾਂ ਅਗੰਮ ਰੁਹਾਨੀਆਂ, ਮੇਰਾ ਬਣ ਜਾ ਦਿਲਰੁਬਾ । ਕਿਉਂ ਕਲਜੁਗ ਕੂੜ ਕੁੜਿਆਰਾ ਮੈਨੂੰ ਮਾਰੇ ਕਾਨੀਆਂ, ਅਣਿਆਲੇ ਤੀਰ ੧੦੨੨
੨੪ ਚਲਾ । ਕਿਉਂ ਸ਼ਰਅ ਕਰੇ ਸ਼ੈਤਾਨੀਆਂ, ਛੁਰੀਆਂ ਕਲਜੁਗ ਹੱਥ ਉਠਾ । ਮੈਂ ਤੇਰਾ ਤਕਾਂ ਇਕੋ ਚਰਨ ਧਿਆਨੀਆਂ, ਇਕੋ ਇਸ਼ਟ ਲਵਾਂ ਮਨਾ । ੨੪
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਨੀ ਕਹੇ ਮੇਰੀ ਨਿਰਗੁਣ ਨਿਰਗੁਣ ਨਿਰਗੁਣ ਤੇਰੇ ਅਗੇ ਇਕ ਦੁਆ ।

## ✪ ੩੧ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਲਾਲ ਸਿੰਘ ਦੇ ਗ੍ਰਿਹ ਪਿੰਡ ਸ਼ਾਹ ਪੁਰ ਜ਼ਿਲਾ ਲੁਧਿਆਣਾ ✪

ਧਰਨੀ ਕਹੇ ਬ੍ਰਹਮਿਆ ਵੇਖ ਲੈ ਆਪਣਾ ਬ੍ਰਹਮ, ਪਾਰਬ੍ਰਹਮ ਮਿਲਣ ਕੋਇ ਨਾ ਪਾਈਆ । ਤਨ ਵਜੂਦਾਂ ਅੰਦਰ ਰਿਹਾ ਕੋਈ ਨਾ ਧਰਮ, ਧਰਮ ਦੀ ਧਾਰ ਨਜ਼ਰ ਕੋਇ ਨਾ ਆਈਆ । ਸਭ ਦੀ ਦ੍ਰਿਸ਼ਟੀ ਹੋ ਗਈ ਕੂੜ ਕੁੜਿਆਰੀ ਚਰਮ, ਚੰਮ ਦ੍ਰਿਸ਼ਟੀ ਸਕੇ ਨਾ ਕੋਇ ਬਦਲਾਈਆ । ਹਰ ਹਿਰਦੇ ਅੰਦਰ ਵਸਿਆ ਭਰਮ, ਭਾਂਡਾ ਭਰਮ ਨਾ ਕੋਇ ਭੰਨਾਈਆ । ਹਕ ਦਾ ਕਰੇ ਕੋਈ ਨਾ ਕਰਮ, ਕਰਮ ਕਾਂਡ ਦੀ ਸਮਝ ਕੋਇ ਨਾ ਪਾਈਆ । ਨਿਗਾਹ ਮਾਰ ਲੈ ਵਰਨ ਬਰਨ, ਜ਼ਾਤੀ ਪਾਤੀ ਖੋਜ ਖੁਜਾਈਆ । ਮਾਨਸ ਮਾਨਵਾਂ ਨਾਲ ਲੜਨ, ਝਗੜਾ ਕਰੇ ਖ਼ਲਕ ਖ਼ੁਦਾਈਆ । ਆਤਮ ਪਰਮਾਤਮ ਢੋਲਾ ਮੂਲ ਨਾ ਪੜ੍ਹਨ, ਪਾਰਬ੍ਰਹਮ ਬ੍ਰਹਮ ਰੰਗ ਨਾ ਕੋਇ ਸਮਾਈਆ । ਤ੍ਰੈਗੁਣ ਮਾਇਆ ਦੇ ਵਿਚ ਸੜਨ, ਪੰਜ ਤਤ ਹੋਇਆ ਹਲਕਾਈਆ । ਨਵ ਖੰਡ ਬਣਿਆ ਹੰਕਾਰੀ ਗੜ੍ਹਨ, ਹਉਮੇ ਹੰਗਤਾ ਨਾ ਕੋਇ ਮਿਟਾਈਆ । ਤੂੰ ਨਿਰਗੁਣ ਧਾਰ ਕਿਸ ਦਾ ਫੜਿਆ ਲੜਨ, ਸਚ ਦੇ ਸਮਝਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਵਿਸ਼ਨੂੰ ਵਿਸ਼ਵ
ਦੀ ਤਕ ਲੈ ਧਾਰ, ਬ੍ਰਹਿਮੰਡ ਖੰਡ ਧਿਆਨ ਲਗਾਈਆ । ਧਰਮ ਦਾ ਰਿਹਾ ਨਾ ਤੇਰਾ ਭੰਡਾਰ, ਕਿਉਂ ਭੰਡਾਰੀ ਬੈਠਾ ਮੁਖ ਭੁਆਈਆ । ਮੇਰੇ
ਉਤੇ ਰੋਵੇ ਸਾਰਾ ਸੰਸਾਰ, ਸੰਕਟ ਵਿਚ ਦਏ ਦੁਹਾਈਆ । ਭੁੱਖਿਆਂ ਭੁਖ ਸਕੇ ਨਾ ਕੋਇ ਨਿਵਾਰ, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਕਰਾਈਆ । ਨਿਗਾਹ
ਮਾਰ ਲੈ ਜੇਰਜ ਖਾਣੀ ਹੋਈ ਖ਼ੁਆਰ, ਮਾਨਵ ਜ਼ਾਤੀ ਰੋਵੇ ਮਾਰੇ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ
ਸਾਚਾ ਹਰਿ, ਕੀ ਸਚ ਹੁਕਮ ਵਰਤਾਈਆ । ਧਰਨੀ ਕਹੇ ਸ਼ੰਕਰਾ ਮੇਰੇ ਉਤੇ ਮਾਰ ਲੈ ਝਾਕੀ, ਬਿਨ ਨੈਣਾਂ ਨੈਣ ਉਠਾਈਆ । ਚਾਰੋਂ ਕੁੰਟ ਤਕ
ਅੰਧੇਰੀ ਰਾਤੀ, ਨੂਰੀ ਚੰਦ ਨਾ ਕੋਇ ਚਮਕਾਈਆ । ਕਿਸੇ ਤਨ ਵਜੂਦ ਜਗੇ ਨਾ ਦੀਵਾ ਬਾਤੀ, ਕਮਲਾਪਾਤੀ ਵੇਖਣ ਕੋਇ ਨਾ ਪਾਈਆ । ਨਾ
ਕੋਈ ਪੀਵੇ ਅੰਮ੍ਰਿਤ ਰਸ ਬੂੰਦ ਸਵਾਂਤੀ, ਨਿਝਰ ਝਿਰਨਾ ਸਕੇ ਨਾ ਕੋਇ ਝਿਰਾਈਆ । ਹਰ ਹਿਰਦੇ ਅੰਦਰ ਮਨੂਆ ਕਰੇ ਬਦਮੁਆਸ਼ੀ, ਬਦੀ ਦਾ
ਲੇਖਾ ਦਿਤਾ ਮੁਕਾਈਆ । ਜੇ ਤੂੰ ਸ਼ੰਭੂ ਵਸਣਵਾਲਾ ਉਤੇ ਕੈਲਾਸ਼ੀ, ਕਲਾਧਾਰੀ ਇਕ ਅਖਵਾਈਆ । ਮੈਂ ਚਾਹੁੰਦੀ ਕੂੜ ਕੁੜਿਆਰ ਦਾ ਲੇਖਾ ਮੇਰੇ
ਉਤੇ ਰਹੇ ਨਾ ਲਾਸ਼ੀ, ਤਨ ਵਜੂਦ ਨਜ਼ਰ ਕੋਇ ਨਾ ਆਈਆ । ਮੜ੍ਹੀਆਂ ਗੋਰਾਂ ਅੰਦਰ ਕਰ ਵਾਸੀ, ਵਾਸਤਾ ਦੀਨ ਦੁਨੀ ਨਾਲੋਂ ਤੁੜਾਈਆ ।
ਜਿਨ੍ਹਾਂ ਦੇ ਅੰਦਰ ਭੁਲ ਗਿਆ ਪੁਰਖ ਅਬਿਨਾਸ਼ੀ, ਤਨ ਵਜੂਦ ਖ਼ਾਲੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
੧੦੨੩ ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਅਗੰਮ ਅਥਾਹੀਆ । ਧਰਨੀ ਕਹੇ ਵਿਸ਼ਨ ਬ੍ਰਹਮਾ ਸ਼ਿਵ ਤਿੰਨੇ ਮਾਰੋ ਧਿਆਨ, ਬਿਨ ਨੈਣਾਂ ਨੈਣ ਉਠਾਈਆ । ੧੦੨੩
੨੪ ਕਿਸ ਬਿਧ ਕੂੜੀ ਕਿਰਿਆ ਹੋਈ ਪਰਧਾਨ, ਨਵ ਸੱਤ ਭੱਜੇ ਵਾਹੋ ਦਾਹੀਆ । ਤੁਸੀਂ ਸੰਸਾਰੀ ਭੰਡਾਰੀ ਸੰਘਾਰੀ ਤਿੰਨੇ ਨੌਜੁਆਨ, ਬਲਧਾਰੀ ਇਕ ੨੪
ਅਖਵਾਈਆ । ਪ੍ਰਭ ਦਾ ਹੁਕਮ ਕਰੋ ਪ੍ਰਵਾਨ, ਪ੍ਰਵਾਨਗੀ ਪ੍ਰਭ ਦੇਵੇ ਚਾਈਂ ਚਾਈਂਆ । ਲੇਖਾ ਤਕੋ ਜ਼ਿਮੀਂ ਅਸਮਾਨ, ਧਰਨੀ ਧਰਤ ਧਵਲ ਧੌਲ
ਖੋਜ ਖੁਜਾਈਆ । ਤੁਸੀਂ ਪੁਰੀਆਂ ਵਿਚ ਬੈਠੇ ਕਿਉਂ ਹੈਰਾਨ, ਹੈਰਾਨੀ ਤੁਹਾਡੇ ਅੰਦਰ ਆਈਆ । ਮੈਨੂੰ ਇਉਂ ਜਾਪਦਾ ਕਲਜੁਗ ਵਕਤ ਪਹੁੰਚਿਆ ਆਣ,
ਅਵਤਾਰ ਪੈਗ਼ੰਬਰ ਗੁਰੂ ਦੇਣ ਗਵਾਹੀਆ । ਜਿਸ ਦਾ ਸਦੀ ਚੌਧਵੀਂ ਬੀਸਵੀਂ ਪੁਰਖ ਅਕਾਲ ਭੁਗਤਾਉਣਾ ਭੁਗਤਾਣ, ਨਾ ਕੋਈ ਮੇਟੇ ਮੇਟ ਮਿਟਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਧੁਰਦਰਗਾਹੀਆ । ਧਰਨੀ ਕਹੇ ਵਿਸ਼ਨ ਬ੍ਰਹਮਾ
ਸ਼ਿਵ ਤੁਸੀਂ ਤਕੋ ਮੇਰੀ ਲਾਚਾਰੀ, ਲਾਚਾਰ ਹੋ ਕੇ ਦਿਆਂ ਜਣਾਈਆ । ਜੇ ਤੂੰ ਸ਼ੰਕਰਾ ਬਣਿਉਂ ਸੰਘਾਰੀ, ਸ੍ਰਿਸ਼ਟ ਸੰਘਾਰ ਕੇ ਦੇ ਵਖਾਈਆ । ਲਿਹਾਜ
ਕਰੀਂ ਨਾ ਕਿਸੇ ਪੁਰਖ ਨਾਰੀ, ਜੋ ਪ੍ਰਭ ਨੂੰ ਗਏ ਭੁਲਾਈਆ । ਸ਼ੰਕਰਾ ਤੇਰੀ ਕਲਜੁਗ ਅੰਤਮ ਆਏ ਵਾਰੀ, ਵਾਰਸ ਹੋ ਕੇ ਵੇਖ ਵਖਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਵਿਸ਼ਨੂੰ ਵਿਸ਼ਵ ਦੀ
ਧਾਰ ਲੈ ਤਕ, ਵਿਸ਼ਿਆਂ ਤੋਂ ਬਾਹਰ ਧਿਆਨ ਲਗਾਈਆ । ਕਿਸੇ ਦਾ ਮਿਲੇ ਨਾ ਪੂਰਾ ਹਕ, ਹਕੀਕ਼ਤ ਸਮਝ ਕੋਇ ਨਾ ਪਾਈਆ । ਭੰਡਾਰੀਆ
ਤੇਰੇ ਉਤੇ ਪੈ ਗਿਆ ਸ਼ੱਕ, ਸ਼ਿਕਵਾ ਸਕੇ ਨਾ ਕੋਇ ਮਿਟਾਈਆ । ਤੂੰ ਕਿਉਂ ਆਪਣਾ ਖ਼ਾਲੀ ਵਖਾਵੇਂ ਹੱਥ, ਹਥੇਲੀਆਂ ਮੈਨੂੰ ਰਿਹਾ ਜਣਾਈਆ ।
ਮੈਂ ਪੁਰਖ ਅਕਾਲ ਦੇ ਅਗੇ ਸੱਥਰ ਰਹੀ ਘਤ, ਯਾਰੜਾ ਗੋਬਿੰਦ ਨਾਲ ਮਿਲਾਈਆ । ਜਿਹੜਾ ਸਭ ਦੀ ਰਖੇ ਪਤ, ਪਤਿਪਰਮੇਸ਼ਵਰ ਧੁਰਦਰਗਾਹੀਆ ।

ਮਿਹਰਵਾਨ ਹੋ ਕੇ ਮੇਰੇ ਉਤੇ ਆਏ ਵਤ, ਬੇਵਤਨਾਂ ਦਾ ਮਾਲਕ ਦਇਆ ਕਮਾਈਆ । ਤੇ ਆਪਣਾ ਰਾਹ ਵੇਖੇ ਡੂੰਘਾ ਖਤ, ਖਿਤੇ ਖਿਤੇ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪਰਦਾ ਆਪ ਚੁਕਾਈਆ । ਧਰਨੀ ਕਹੇ ਸ਼ੰਕਰਾ ਮੇਰੀ ਬੇਨੰਤੀ ਕਰ ਕ਼ਬੂਲ, ਸਹਿਜ ਨਾਲ ਦ੍ਰਿੜਾਈਆ । ਕਿਉਂ ਵਕ਼ਤ ਰਿਹਾ ਭੂਲ, ਅਭੁਲ ਰਿਹਾ ਸੁਣਾਈਆ । ਕਿਧਰ ਗਈ ਤੇਰੀ ਤ੍ਰਿਸੂਲ, ਤ੍ਰੈਲੋਕੀ ਵੇਖ ਵਖਾਈਆ । ਮੇਰਾ ਲਹਿਣਾ ਦੇਣਾ ਅਸਲ ਨਾਲ ਚੁਕਾ ਦੇ ਮੂਲ, ਦੂਸਰ ਮੰਗ ਨਾ ਕੋਇ ਮੰਗਾਈਆ । ਤੂੰ ਕਿਸ ਕਾਰਨ ਤਨ ਵਜੂਦ ਭਬੂਤੀ ਲਾਈ ਧੂਲ, ਧੂੜੀ ਖ਼ਾਕ ਰਮਾਈਆ । ਆਪਣਾ ਵਾਅਦਾ ਯਾਦ ਕਰ ਲੈ ਜੋ ਕੀਤਾ ਨਾਲ ਕੰਤ ਕੰਤੂਹਲ, ਕ਼ੁਦਰਤ ਦੇ ਕ਼ਾਦਰ ਨਾਲ ਰਖਾਈਆ । ਜਿਸ ਦੇ ਇਵਜ਼ ਵਿਚ ਸਦੀ ਚੌਧਵੀਂ ਵੀਹਵੀਂ ਲਹਿਣਾ ਦੇਣਾ ਸਭ ਤੋਂ ਕਰਨਾ ਵਸੂਲ, ਬਚਿਆ ਰਹਿਣ ਕੋਇ ਨਾ ਪਾਈਆ । ਧੁਰ ਦਾ ਹੁਕਮ ਮੰਨਣਾ ਮਾਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਆਦਿ ਜੁਗਾਦੀ ਸਤਿ ਅਸੂਲ, ਅਸਲ ਦਾ ਅਸਲ ਇਕੋ ਇਕ ਸਮਝਾਈਆ ।

## ✪ ੩੧ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਤੇਜਾ ਸਿੰਘ ਦੇ ਗ੍ਰਿਹ ਪਿੰਡ ਲਤਾਲਾ ਜ਼ਿਲਾ ਲੁਧਿਆਣਾ ✪



ਧਰਨੀ ਕਹੇ ਪ੍ਰਭੂ ਸਤਿਜੁਗ ਮੇਰੇ ਉਤੇ ਕਰ ਪਰਗਟ, ਪਰਗਟ ਸਤਿਗੁਰ ਸ਼ਬਦ ਨਾਲ ਵਡਿਆਈਆ । ਜੋ ਪਵਿਤ੍ਰ ਕਰੇ ਤਨ ਵਜੂਦ ਸਰੀਰ ਹਰ ਘਟ, ਮਾਟੀ ਖ਼ਾਕ ਕਰੇ ਸਫ਼ਾਈਆ । ਇਕੋ ਸਰ ਸਰੋਵਰ ਦਰਸਾਏ ਤੀਰਥ ਤਟ, ਇਕੋ ਕਿਨਾਰਾ ਏਕੰਕਾਰਾ ਦਏ ਸਮਝਾਈਆ । ਇਕੋ ਨਾਮ ਦਾ ਖੋਲ੍ਹੇ ਹੱਟ, ਦੂਜਾ ਗ੍ਰਿਹਿ ਨਜ਼ਰ ਕੋਇ ਨਾ ਆਈਆ । ਇਕੋ ਧਾਰ ਪਿਆਰ ਨਾਲ ਕਲਜੁਗ ਕੂੜੀ ਕਿਰਿਆ ਦੇਵੇ ਕਟ, ਕਟਾਕਸ਼ ਇਕੋ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਸਤਿਜੁਗ ਮੇਰੇ ਉਤੇ ਲਾ, ਨਵ ਸੱਤ ਦੇ ਵਡਿਆਈਆ । ਸਤਿਗੁਰ ਸ਼ਬਦ ਬਣਾ ਮਲਾਹ, ਖੇਵਟ ਖੇਟਾ ਇਕ ਅਖਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਬਦਲ ਦੇ ਰਾਹ, ਰਹਿਬਰ ਬਣ ਨੂਰ ਖ਼ੁਦਾਈਆ । ਆਤਮ ਪਰਮਾਤਮ ਭੇਵ ਖੁਲ੍ਹਾ, ਪਾਰਬ੍ਰਹਮ ਬ੍ਰਹਮ ਪਰਦਾ ਦੇ ਉਠਾਈਆ । ਸੁਰਤੀ ਸ਼ਬਦ ਸ਼ਬਦ ਮਿਲਾ, ਮੇਲਾ ਮੇਲ ਸਹਿਜ ਸੁਭਾਈਆ । ਜਗਤ ਵਾਸਨਾ ਦੂਰ ਕਰਾ, ਨਵ ਦੁਆਰ ਦਾ ਡੇਰਾ ਢਾਹੀਆ । ਸ਼ਬਦ ਅਨਾਦੀ ਧੁਨ ਸੁਣਾ, ਆਤਮਕ ਰਾਗ ਦ੍ਰਿੜਾਈਆ । ਨਿਝਰ ਝਿਰਨਾ ਬੂੰਦ ਸਵਾਂਤੀ ਆਤਮ ਜਾਮ ਪਿਆ, ਨਾਭੀ ਕਵਲ ਕਵਲ ਉਲਟਾਈਆ । ਮੇਰਾ ਮਾਲਕ ਖ਼ਾਲਕ ਤੂੰ ਇਕੋ ਇਕ ਖ਼ੁਦਾ, ਨੂਰ ਨੁਰਾਨਾ ਨੂਰ ਅਲਾਹੀਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਵੇਖ ਵਖਾ, ਵਾਅਦਾ ਪਿਛਲਾ ਸੰਗ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਪ੍ਰਭੂ ਸਤਿਜੁਗ ਮੇਰੇ ਉਤੇ ਸਤਿ ਬਖ਼ਸ਼ ਦੇ ਧਰਮ, ਅਧਰਮ ਦਾ ਲੇਖਾ ਦੇ ਮੁਕਾਈਆ । ਨਿਹਕਰਮੀ ਮੇਰੇ ਉਤੇ ਕਰ ਆਪਣਾ ਕਰਮ, ਕਲਜੁਗ ਕਰਮ ਕਾਂਡ ਦਾ ਡੇਰਾ ਢਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਪਿਆਰ ਬਖ਼ਸ਼ ਦੇ ਆਪਣਾ ਚਰਨ, ਚਰਨੋਦਕ ਇਕੋ ਜਾਮ ਪਿਆਈਆ । ਝਗੜਾ ਮੇਟ ਦੇ ਵਰਨ ਬਰਨ,

ਖੱਤਰੀ ਬ੍ਰਾਹਮਣ ਸ਼ੂਦਰ ਵੈਸ਼ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਤੇਰਾ ਢੋਲਾ ਗੀਤ ਸਾਰੇ ਪੜ੍ਹਨ, ਇਕੋ ਸਿਖਿਆ ਦੇਣੀ ਸਮਝਾਈਆ । ਇਕੋ ਮਾਰਗ ਤੇਰੀ ਮੰਜ਼ਲ ਚੜ੍ਹਨ, ਦੂਸਰ ਵੰਡ ਨਾ ਕੋਇ ਵੰਡਾਈਆ । ਦਰ ਦੁਆਰੇ ਤੇਰੇ ਅਗੰਮੇ ਖੜ੍ਹਨ, ਸਚਖੰਡ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਸਤਿਜੁਗ ਮੇਰਾ ਬਣਾ ਦੇ ਮੀਤ, ਮਿਤਰ ਪਿਆਰਾ ਇਕ ਅਖਵਾਈਆ । ਆਤਮ ਪਰਮਾਤਮ ਸਭ ਦਾ ਕਰ ਦੇ ਗੀਤ, ਗੀਤ ਗੋਬਿੰਦ ਢੋਲਾ ਇਕੋ ਗਾਈਆ । ਦੀਨ ਦੁਨੀ ਦੀ ਅੰਦਰੋਂ ਬਦਲ ਦੇ ਨੀਤ, ਨੀਤੀਵਾਨ ਤੇਰੇ ਹੱਥ ਵਡਿਆਈਆ । ਹਰ ਹਿਰਦੇ ਵਸ ਜਾ ਚੀਤ, ਚਿਤਵਿਤ ਠਗੌਰੀ ਰਹੇ ਨਾ ਰਾਈਆ । ਸਤਿਗੁਰ ਸ਼ਬਦ ਦੱਸ ਪ੍ਰੀਤ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਝਗੜਾ ਮੁਕਾ ਦੇ ਮੰਦਰ ਮਸੀਤ, ਕਾਇਆ ਕਾਅਬਾ ਇਕ ਸਮਝਾਈਆ । ਤੂੰ ਮਾਲਕ ਖ਼ਾਲਕ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਨੂਰ ਅਲਾਹੀਆ । ਤੇਰੇ ਹੁਕਮ ਵਿਚ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗਏ ਬੀਤ, ਅੰਤ ਹੋਣਾ ਆਪ ਸਹਾਈਆ । ਕਰਵਟ ਬਦਲ ਲੈ ਆਪਣੀ ਪੀਠ, ਸਨਮੁਖ ਹੋ ਕੇ ਸੋਭਾ ਪਾਈਆ । ਮੇਰੇ ਉਤੋਂ ਕੂੜੀ ਕਿਰਿਆ ਕਲਜੁਗ ਭੰਨ ਦੇ ਰੀਠ, ਅੰਮ੍ਰਿਤ ਰਸ ਆਪਣਾ ਨਾਮ ਚਖਾਈਆ । ਤੂੰ ਮੋਹਣ ਮਾਧਵ ਬੀਠਲੋ ਬੀਠ, ਪਰਮ ਪੁਰਖ ਪੁਰਖੋਤਮ ਤੇਰੀ ਇਕ ਸਰਨਾਈਆ । ਤੇਰਾ ਲੇਖਾ ਲਹਿਣਾ ਦੇਣਾ ਆਦਿ ਜੁਗਾਦਿ ਸਦਾ ਅਨਡੀਠ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਸਤਿਗੁਰੂ ਸਤਿਜੁਗ ਦੋਹਾਂ ਦਾ ਦੇ ਦੇ ਸੰਗ, ਸ਼ਬਦੀ ਧਾਰ ਧਾਰ ਵਡਿਆਈਆ । ਮੇਰੇ ਉਤੇ ਸਚ ਪ੍ਰੇਮ ਦਾ ਚਾੜ੍ਹ ਦੇ ਰੰਗ, ਕਸੁੰਭੜਾ ਰੂਪ ਰਹਿਣ ਕੋਇ ਨਾ ਪਾਈਆ । ਮੈਂ ਨਿਮਾਣੀ ਹੋ ਕੇ ਰਹੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਤੂੰ ਸਾਹਿਬ ਸੂਰਾ ਸਰਬਗ, ਹਰਿ ਕਰਤਾ ਇਕ ਅਖਵਾਈਆ । ਤੇਰੇ ਹੁਕਮ ਵਿਚ ਜੁਗ ਚੌਕੜੀਆਂ ਮੇਰੇ ਉਤੇ ਕੇਤੇ ਗਏ ਲੰਘ, ਪਾਂਧੀ ਬਣ ਕੇ ਭੱਜੇ ਵਾਹੋ ਦਾਹੀਆ । ਅੰਤ ਕੰਤ ਭਗਵੰਤ ਮੇਰੀ ਦਰਦ ਵੰਡ, ਦੁਖੀ ਹੋ ਕੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਸਤਿਜੁਗ ਸਾਚਾ ਆਪਣਾ ਭੇਜ ਦੇ ਬੱਚਾ, ਬਚਪਨ ਮੇਰੇ ਨਾਲ ਮਿਲਾਈਆ । ਜਿਸ ਦੇ ਅੰਦਰ ਤੇਰਾ ਪਿਆਰ ਹੋਵੇ ਸਚਾ, ਸਚ ਸਚ ਵਿਚ ਸਮਾਈਆ । ਭਾਗ ਲਗਾ ਦੇ ਕਾਇਆ ਮਾਟੀ ਪੰਜ ਤਤ ਕੱਚਾ, ਕੰਚਨ ਗੜ੍ਹ ਦੇ ਬਣਾਈਆ । ਲੂੰ ਲੂੰ ਅੰਦਰ ਹੋਵੇ ਰਚਾ, ਰਚਨਾ ਤੇਰੀ ਦਏ ਸਮਝਾਈਆ । ਸਚੇ ਸਤਿਗੁਰ ਇਕੋ ਤੇਰੀ ਹੋਵੇ ਮਤਾ, ਮਨ ਮਤ ਦਾ ਡੇਰਾ ਢਾਹੀਆ । ਕਲਜੁਗ ਕੂੜ ਕੁੜਿਆਰਾ ਮੇਟੇ ਤਤਾ, ਤਤਵ ਤਤ ਦਏ ਬਦਲਾਈਆ । ਸਤਿ ਸਚ ਦੀ ਪਰਗਟਾਵੇ ਸੱਤਾ, ਸਤਿ ਸਤਿਵਾਦੀ ਤੇਰੇ ਰੰਗ ਰੰਗਾਈਆ । ਆਤਮ ਪਰਮਾਤਮ ਜੋੜੇ ਨਤਾ, ਮੇਲਾ ਮੇਲੇ ਸਹਿਜ ਸੁਭਾਈਆ । ਬੀਜ ਬੀਜੇ ਕਾਇਆ ਮਾਟੀ ਸਾਚੇ ਵਤਾ, ਨਾਮ ਨਿਧਾਨਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਨਾਮ ਦੀ ਆਦਿ ਜੁਗਾਦਿ ਜੁਗ ਚੌਕੜੀ ਹੋਵੇ ਫ਼ਤਹ, ਫ਼ਾਤਿਆ ਹੋਵੇ ਕਲਜੁਗ ਕੂੜ ਲੋਕਾਈਆ ।



੧੦੨੫ ੨੪

✪ ੩੧ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਭਾਨ ਸਿੰਘ ਦੇ ਗ੍ਰਿਹ
ਪਿੰਡ ਲਤਾਲਾ ਜ਼ਿਲਾ ਲੁਧਿਆਣਾ ✪

ਧਰਨੀ ਕਹੇ ਮੇਰੇ ਸਾਹਿਬ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤੇ ਤੇਰੀ ਓਟ ਤਕਾਈਆ । ਮੇਰੇ ਸਚ ਦੁਆਰੇ ਪਾ ਦੇ ਆਪਣੀ ਰਾਸਾ, ਨਿਰਗੁਣ ਧਾਰ ਆਪਣਾ ਖੇਲ ਖਿਲਾਈਆ । ਕਲਜੁਗ ਕੂੜੀ ਕਿਰਿਆ ਕਰ ਵਿਨਾਸਾ, ਨਵ ਸੱਤ ਰਹਿਣ ਕੋਇ ਨਾ ਪਾਈਆ । ਮੇਰੀ ਤੇਰੇ ਚਰਨ ਕਵਲ ਇਕੋ ਅਗੰਮੀ ਆਸਾ, ਆਸ਼ਾਵੰਦ ਹੋ ਕੇ ਦਿਆਂ ਜਣਾਈਆ । ਸਤਿ ਧਰਮ ਘਰ ਘਰ ਅੰਦਰ ਹੋਵੇ ਪਰਕਾਸ਼ਾ, ਅੰਧ ਅੰਧੇਰਾ ਦੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲ ਆਪ ਮਿਲਾਈਆ । ਧਰਨੀ ਕਹੇ ਮੇਰੇ ਪਰਮ ਪੁਰਖ ਭਗਵੰਤ, ਭਗਵਨ ਤੇਰੀ ਓਟ ਤਕਾਈਆ । ਮਿਹਰਵਾਨ ਸੁਆਮੀ ਕੰਤ, ਕੰਤੂਹਲ ਤੇਰੀ ਬੇਪਰਵਾਹੀਆ । ਨਿਗਾਹ ਮਾਰ ਲੈ ਵਿਚ ਜੀਵ ਜੰਤ, ਲੋਕਮਾਤ ਧਿਆਨ ਲਗਾਈਆ । ਬੁੱਧੀ ਤੋਂ ਪਰੇ ਦਿਸੇ ਕੋਈ ਨਾ ਪੰਡਤ, ਜਗਤ ਵਿਦਿਆ ਸਾਰੇ ਹੋਈ ਹਲਕਾਈਆ । ਅਨੁਭਵ ਦ੍ਰਿਸ਼ਟੀ ਖੋਲ੍ਹੇ ਕੋਈ ਨਾ ਸੰਤ, ਸਤਿਗੁਰ ਸ਼ਬਦ ਰੰਗ ਨਾ ਕੋਇ ਰੰਗਾਈਆ । ਕਲਜੁਗ ਕੂੜੀ ਮਾਇਆ ਪਾਈ ਬੇਅੰਤ, ਪਰਦਾ ਸਕੇ ਨਾ ਕੋਇ ਉਠਾਈਆ । ਦ੍ਰਿਸ਼ਟੀ ਅੰਦਰ ਸਭ ਦੇ ਬਣਿਆ ਗੜ੍ਹ ਹੰਗਤ, ਹਉਮੇ ਸਕੇ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ
੧੦੨੬ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਮੇਰੇ ਪਰਮ ਪੁਰਖ ਆਦਿ ਨਿਰੰਜਣ, ਆਦਿ ਅਨਾਦੀ ਤੇਰੀ ਵਡਿਆਈਆ । ੧੦੨੬
੨੪ ਜੁਗ ਚੌਕੜੀ ਦਰਦ ਦੁਖ ਭੈ ਭੰਜਣ, ਕਲਜੁਗ ਸਾਗਰ ਬੇੜਾ ਪਾਰ ਦੇਣਾ ਕਰਾਈਆ । ਦੀਨ ਦੁਨੀ ਦੇ ਅੰਦਰ ਨਾਮ ਗਿਆਨ ਪਾ ਦੇ ਅੰਜਣ, ਅੰਧ ੨੪
ਅੰਧੇਰਾ ਦੇ ਮਿਟਾਈਆ । ਸਾਚੀ ਧੂੜ ਕਰਾ ਦੇ ਮਜਨ, ਦੁਰਮਤ ਮੈਲ ਧੁਆਈਆ । ਆਤਮ ਪਰਮਾਤਮ ਬਣ ਸੱਜਣ, ਸਗਲਾ ਸੰਗ ਰਖਾਈਆ । ਨਾਮ ਨਿਧਾਨਾ ਸੁਣਾ ਦੇ ਨਦਨ, ਅਨਹਦ ਨਾਦੀ ਨਾਦ ਵਜਾਈਆ । ਇਕੋ ਤੇਰੇ ਪਿਆਰ ਦੀ ਹਰ ਹਿਰਦੇ ਹੋਵੇ ਲਗਨ, ਲਗ ਮਾਤਰ ਕੂੜੀ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਘਰ ਵਜਦੀ ਰਹੇ ਵਧਾਈਆ । ਧਰਨੀ ਕਹੇ ਪ੍ਰਭੂ ਮੇਰੇ ਪਰਮ ਪੁਰਖ ਸੁਲਤਾਨਾ, ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਮੇਰੇ ਆਦਿ ਜੁਗਾਦੀ ਕਾਹਨਾ, ਰਾਮ ਰਾਮਾ ਨੂਰ ਅਲਾਹੀਆ । ਕਲਜੁਗ ਅੰਤਮ ਮਾਰ ਧਿਆਨਾ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਸਤਿ ਸਚ ਦਾ ਤੇਰਾ ਦਿਸੇ ਨਾ ਕੋਇ ਨਿਸ਼ਾਨਾ, ਕਲਜੁਗ ਕਿਰਿਆ ਕੂੜ ਹਲਕਾਈਆ । ਪੰਚ ਵਿਕਾਰ ਹੋਇਆ ਬਲਵਾਨਾ, ਨਾਮ ਕਲਮੇ ਦੀ ਚਲੇ ਨਾ ਕੋਇ ਚਤੁਰਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਹੋਏ ਵੈਰਾਨਾ, ਸਤਿ ਵਸਤ ਵਿਚ ਨਾ ਕੋਇ ਟਿਕਾਈਆ । ਤੇਰਾ ਨੂਰ ਨਜ਼ਰ ਨਾ ਆਏ ਨੂਰ ਨੁਰਾਨਾ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਮਾਲਕ ਖ਼ਾਲਕ ਆਦਿ ਜੁਗਾਦਿ ਵਾਲੀ ਦੋ ਜਹਾਨਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਖੇਲ ਖਿਲਾਈਆ ।

✪ ੩੧ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਸਰਦਾਰਾ ਸਿੰਘ ਦੇ ਗ੍ਰਿਹ ਪਿੰਡ ਸ਼ਾਹਜਹਾਨ ਪੁਰ ਜ਼ਿਲਾ ਲੁਧਿਆਣਾ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਹੋਈਏ ਸਰਬ ਤਿਆਰ, ਸਚਖੰਡ ਦੁਆਰ ਲਈਏ ਅੰਗੜਾਈਆ । ਪਰਮ ਪੁਰਖ ਨੂੰ ਕਰ ਨਿਮਸਕਾਰ, ਡੰਡਾਵਤ ਬੰਦਨਾ ਸਯਦਾ ਕਰਕੇ ਸੀਸ ਨਿਵਾਈਆ । ਸਤਿਗੁਰ ਸ਼ਬਦ ਦਾ ਲਈਏ ਪਿਆਰ, ਜੋ ਸਿਰ ਸਿਰ ਹੱਥ ਟਿਕਾਈਆ । ਨਿਰਗੁਣ ਹੋ ਜਾਈਏ ਵਿਚ ਸੰਸਾਰ, ਤਨ ਵਜੂਦ ਨਾ ਕੋਇ ਰਖਾਈਆ । ਧਰਨੀ ਦੀ ਸੁਣੀਏ ਕੂਕ ਪੁਕਾਰ, ਜੋ ਦੇਵੇ ਦਰੋਹੀ ਨਾਲ ਦੁਹਾਈਆ । ਦੀਨਾਂ ਮਜ਼੍ਹਬਾਂ ਵੇਖੀਏ ਕੀ ਕਰਮ ਕੀਤਾ ਮਨਮਤ ਦੀ ਧਾਰ, ਗੁਰਮਤ ਗਏ ਭੁਲਾਈਆ । ਕਿਸ ਬਿਧ ਵਧਿਆ ਵਿਭਚਾਰ, ਕੂੜ ਕੁਕਰਮ ਕੀ ਖੇਲ ਖਿਲਾਈਆ । ਕਿਸ ਬਿਧ ਕਲਜੁਗ ਰਿਹਾ ਲਲਕਾਰ, ਬਲ ਆਪਣਾ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕੀ ਸਾਚਾ ਹੁਕਮ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਕੋਲੋਂ ਲਈਏ ਮਨਜ਼ੂਰੀ, ਮਨਸਾ ਅਗੇ ਆਪਣੀ ਇਕ ਜਣਾਈਆ । ਬੇਨੰਤੀ ਕਰੀਏ ਸਚਖੰਡ ਹਜ਼ੂਰੀ, ਦਰਗਾਹ ਸਾਚੀ ਸੀਸ ਨਿਵਾਈਆ । ਅਸੀਂ ਦੀਨ ਦੁਨੀ ਦੀ ਵੇਖਣ ਚਲੇ ਮਜਬੂਰੀ, ਧਰਨੀ ਧਰਤ ਧਵਲ ਧੌਲ ਫੇਰਾ ਪਾਈਆ । ਨਾਲੇ ਆਸ਼ਾ ਵੇਖਣੀ ਜੋ ਮੂਸਾ ਰਖੀ ਉਤੇ ਕੋਹਤੂਰੀ, ਈਸਾ ਆਪਣਾ ਹਾਲ ਜਣਾਈਆ । ਮੁਹੰਮਦ ਕਹੇ ਮੇਰਾ ਲਹਿਣਾ ਦੇਣਾ ਸਦੀ ਚੌਧਵੀਂ ਉਮਤ ਵਾਲੀ ਮਜ਼ਦੂਰੀ, ਦੂਸਰ ਵੰਡ ਨਾ ਕੋਇ ਵੰਡਾਈਆ । ਅਵਤਾਰ ਕਹਿਣ ਆਪਣੀ ਧਰਮ ਦੀ ਧਾਰ ਵੇਖਣੀ ਕੂੜੀ, ਕੀ ਕੁਕਰਮ ਕਰੇ ਲੋਕਾਈਆ । ਗੁਰੂ ਗੁਰਦੇਵ ਕਹਿਣ ਅਸੀਂ ਤਕਣਾ ਕਿਸ ਬਿਧ ਰੰਗ ਚੜ੍ਹਿਆ ਗੂੜ੍ਹੀ, ਤਨ ਵਜੂਦਾਂ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਤਿਗੁਰ ਸ਼ਬਦ ਦੇ ਸਲਾਹ, ਮਸ਼ਵਰਾ ਸਾਡੇ ਨਾਲ ਪਕਾਈਆ । ਅਸੀਂ ਲੋਕਮਾਤ ਤਕੀਏ ਰਾਹ, ਭੱਜੀਏ ਵਾਹੋ ਦਾਹੀਆ । ਪੰਧ ਮੁਕਾਈਏ ਦੋ ਜਹਾਂ, ਪੁਰੀਆਂ ਲੋਆਂ ਕ਼ਦਮਾਂ ਹੇਠ ਦਬਾਈਆ । ਜਾ ਕੇ ਵੇਖੀਏ ਧਰਨੀ ਧਰਤ ਧਵਲ ਦਾ ਥਾਂ, ਨਵ ਸੱਤ ਫੇਰਾ ਪਾਈਆ । ਕਿਉਂ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਰਹੀ ਕੁਰਲਾ, ਕੂਕ ਕੂਕ ਦਏ ਦੁਹਾਈਆ । ਕਿਉਂ ਮਾਨਸ ਬੁੱਧੀ ਹੋਈ ਹੰਸ ਰੂਪ ਕਾਂ, ਕਾਗ ਵਾਂਗ ਕੁਰਲਾਈਆ । ਕਿਉਂ ਮਾਨਸ ਖਾਂਦੇ ਸੂਰ ਗਾਂ, ਝਗੜਿਆਂ ਵਿਚ ਪਈ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰੋ ਮੇਰੇ ਵਲ ਕਰੋ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਪਹਿਲੋਂ ਆਪਣਾ ਦਿਉ ਬਿਆਨ, ਬਿਨ ਹਰਫ਼ ਹਰੂਫ਼ ਦਿਉ ਲਿਖਾਈਆ । ਤੁਹਾਡਾ ਨਾ ਕੋਈ ਦੀਨ ਨਾ ਕੋਈ ਮਜ਼੍ਹਬ, ਨਾ ਕੋਈ ਹਿੰਦੂ ਮੁਸਲਿਮ ਸਿਖ ਈਸਾਈ ਸਾਰੇ ਏਕਾ ਨੂਰ ਜੋਤ ਮਹਾਨ, ਤਨ ਵਜੂਦ ਸੰਗ ਨਾ ਕੋਇ ਰਖਾਈਆ । ਤੁਸੀਂ ਨੌਂ ਖੰਡ ਪ੍ਰਿਥਮੀ ਫਿਰਨਾ ਬਣਕੇ ਨੌਜਵਾਨ, ਭੱਜਣਾ ਵਾਹੋ ਦਾਹੀਆ । ਕਲਜੁਗ ਕੂੜੀ ਕਿਰਿਆ ਵੇਖਣੀ ਸ਼ੈਤਾਨ, ਕੀ ਆਪਣਾ ਖੇਲ ਖਿਲਾਈਆ । ਕਿਉਂ ਦੀਨਾਂ ਮਜ਼੍ਹਬਾਂ ਅੰਦਰ ਆਇਆ ਅਭਿਮਾਨ, ਹੰਗਤਾ ਕੂੜ ਵਿਚ ਲੋਕਾਈਆ । ਕਿਉਂ ਸਭ ਨੂੰ ਭੁਲਿਆ ਕਲਮਾ ਨਾਮ, ਨਾਮ ਨਿਧਾਨ ਨਜ਼ਰ ਕਿਸੇ ਨਾ ਆਈਆ । ਕਿਉਂ ਵਿਛੜਿਆ ਸਭ ਤੋਂ ਸ੍ਰੀ ਭਗਵਾਨ, ਭਗਵਨ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ

ਸ਼ਬਦ ਕਹੇ ਤੇਈ ਅਵਤਾਰ ਪੈਗ਼ੰਬਰ ਗੁਰ ਸਹਿਬਾਨੋ ਅੱਸੂ ਦਾ ਮਹੀਨਾ ਵੇਖੋ ਅਖ਼ੀਰ, ਆਖ਼ਰ ਦਿਆਂ ਦ੍ਰਿੜਾਈਆ । ਤੁਹਾਡੇ ਕੋਲ ਸ਼ਰਅ ਦਾ ਨਹੀਂ ਕੋਈ ਜ਼ੰਜੀਰ, ਹਿੱਸਾ ਵੰਡ ਨਾ ਕੋਇ ਵੰਡਾਈਆ । ਤੁਹਾਡਾ ਤਨ ਵਜੂਦ ਨਹੀਂ ਕੋਈ ਸ਼ਰੀਰ, ਜੋਤੀ ਜਾਤਾ ਇਕੋ ਨੂਰ ਕਰੇ ਰੁਸ਼ਨਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਸਭ ਦਾ ਸ਼ਹਿਨਸ਼ਾਹ ਅਗੰਮਾ ਪੀਰ, ਪਾਰਬ੍ਰਹਮ ਪਤਿਪਰਮੇਸ਼ਵਰ ਇਕ ਅਖਵਾਈਆ । ਜੋ ਆਦਿ ਜੁਗਾਦੀ ਗਹਿਰ ਗੰਭੀਰ, ਅਗੰਮ ਅਥਾਹ ਨੂਰ ਅਲਾਹੀਆ । ਜਿਸ ਦੀ ਨਜ਼ਰ ਆਵੇ ਨਾ ਕਿਸੇ ਤਸਵੀਰ, ਤਸੱਵਰ ਕਰ ਨਾ ਕੋਇ ਦ੍ਰਿੜਾਈਆ । ਜੋ ਸਭ ਦੀ ਬਦਲਣਹਾਰ ਜ਼ਮੀਰ, ਹਰ ਘਟ ਅੰਦਰ ਡੇਰਾ ਲਾਈਆ । ਜਿਸ ਦਾ ਨਾਮ ਖੰਡਾ ਅਗੰਮੀ ਸ਼ਮਸ਼ੀਰ, ਸ਼ਰਅ ਦੇ ਲੇਖੇ ਦਏ ਮੁਕਾਈਆ । ਜਿਸ ਕਲਜੁਗ ਅੰਦਰ ਸਤਿਜੁਗ ਕਰਨਾ ਤਾਮੀਰ, ਸਤਿ ਧਰਮ ਦਾ ਮਾਰਗ ਦਏ ਲਗਾਈਆ । ਜਨ ਭਗਤਾਂ ਅੰਤਰ ਆਤਮ ਬਖ਼ਸ਼ੇ ਆਪਣਾ ਸੀਰ, ਬਿਨ ਰਸਨਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅਵਤਾਰ ਪੈਗ਼ੰਬਰ ਗੁਰੂ ਸਾਹਿਬਾਨੋ ਜੇ ਜਾਣਾ ਲੋਕਮਾਤ ਵਿਚ ਜਗ, ਸਤਿਗੁਰ ਸ਼ਬਦ ਰਿਹਾ ਜਣਾਈਆ । ਤੁਸਾਂ ਬਿਨ ਕ਼ਦਮਾਂ ਜਾਣਾ ਭੱਜ, ਦੋ ਜਹਾਨਾਂ ਪੰਧ ਮੁਕਾਈਆ । ਮਾਨਵ ਜ਼ਾਤੀ ਖੇਲ ਤਕਣਾ ਉਪਰ ਸ਼ਾਹਰਗ, ਨਵ ਦੁਵਾਰਿਆਂ ਪੰਧ ਮੁਕਾਈਆ । ਤਨ ਵਜੂਦਾਂ ਅੰਦਰ ਤਕਣੀ ਅੱਗ, ਕਵਣ ਅਗਨੀ ਤਤ ਤਪਾਈਆ । ਕੀ ਕਰੇ ਖੇਲ ਸੂਰਾ ਸਰਬਗ, ਹਰਿ ਕਰਤਾ ਧੁਰਦਰਗਾਹੀਆ । ਦੀਨਾਂ ਮਜ਼੍ਹਬਾਂ ਛਡਣੀ ਹੱਦ, ਹਦੂਦ ਇਕੋ
੧੦੨੮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ੧੦੨੮
੨੪ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰ ਜਾਓ ਲੋਕਮਾਤ, ਜੋਤੀ ਜਾਤੇ ਹੋ ਕੇ ਰੂਪ ਬਦਲਾਈਆ । ਕਲਜੁਗ ਵੇਖੋ ਅੰਧੇਰੀ ਰਾਤ, ਨੌ ਖੰਡ ਪ੍ਰਿਥਮੀ ਸੱਤ ੨੪
ਦੀਪ ਖੋਜ ਖੁਜਾਈਆ । ਝਗੜਾ ਤਕੋ ਦੀਨ ਮਜ਼੍ਹਬ ਜਾਤ ਪਾਤ, ਕੀ ਦੀਨ ਦੁਨੀ ਕਰੇ ਲੜਾਈਆ । ਆਪਣੇ ਨਾਮ ਕਲਮਿਆਂ ਦਾ ਵੇਖੋ ਡੂੰਘਾ ਖਾਤ, ਜੋ ਸਿੱਖਾਂ ਮੁਰੀਦਾਂ ਹੱਥ ਆਏ ਫੜਾਈਆ । ਆਪਣੇ ਗ੍ਰੰਥ ਸ਼ਾਸਤਰਾਂ ਦਾ ਹਿੱਸਾ ਤਕੋ ਜੋ ਲਿਖੇ ਨਾਲ ਕ਼ਲਮ ਸ਼ਾਹੀ ਦਵਾਤ, ਧੁਰ ਫ਼ਰਮਾਨਾ ਆਏ ਦ੍ਰਿੜਾਈਆ । ਧਰਨੀ ਧਰਤ ਧਵਲ ਧੌਲ ਦੇ ਤਕੋ ਹਾਲਾਤ, ਹਾਲਤ ਵੇਖੋ ਥਾਉਂ ਥਾਈਂਆ । ਰੂਹ ਬੁਤ ਤਨ ਵਜੂਦ ਮਾਟੀ ਖ਼ਾਕ ਪੰਜ ਤਤ ਰਿਹਾ ਕੋਈ ਨਾ ਪਾਕ, ਪਤਤ ਪੁਨੀਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਤਿਗੁਰ ਸ਼ਬਦ ਤੂੰ ਬਣਨਾ ਸਾਚਾ ਸਾਥੀ, ਸਗਲਾ ਸੰਗ ਬਣਾਈਆ । ਤੇਰਾ ਲਹਿਣਾ ਦੇਣਾ ਸਾਡੇ ਹੋਵੇ ਮਸਤਕ ਮਾਥੀ, ਪੂਰਬ ਆਪਣਾ ਰੰਗ ਰੰਗਾਈਆ । ਤੂੰ ਨਿਰਗੁਣ ਧਾਰ ਸਰਬ ਕਲਾ ਸਮਰਾਥੀ, ਸਮਰਥ ਅਕਥ ਇਕ ਅਖਵਾਈਆ । ਜਿਸ ਨੇ ਜੁਗ ਜੁਗ ਚਲਾਇਆ ਰਾਥੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਵਰਤਾਈਆ । ਦੀਨ ਦੁਨੀ ਤਕੀ ਅਨਾਥ ਅਨਾਥੀ, ਗ਼ਰੀਬ ਨਿਮਾਣਿਆਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਸਾਰੇ ਹੋਵੋ ਇਕੱਠੇ, ਇਕੋ ਜੋਤ ਧਾਰ ਸਮਾਈਆ । ਕ਼ਦਮ ਚੁਕਣਾ ਮਠੇ ਮਠੇ, ਹੌਲੀ ਹੌਲੀ ਪੰਧ ਮੁਕਾਈਆ । ਨਾਲ ਆਪਣੇ ਆਦਿ ਜੁਗਾਦਿ ਦੇ ਲੈ ਕੇ ਪਟੇ, ਜੋ ਪੁਰਖ ਅਕਾਲ ਦਿਤੇ ਲਿਖਾਈਆ । ਜਿਸ ਦੇ

ਹੁਕਮ ਵਿਚ ਤੁਹਾਡੇ ਜੁਗ ਚੌਕੜੀ ਟਪੇ, ਕਲਜੁਗ ਅੰਤਮ ਗਿਆ ਆਈਆ । ਤੁਸੀਂ ਭਵਿਖਤਾਂ ਵਾਲੇ ਨਾਲ ਲੈ ਕੇ ਪਤੇ, ਪੇਸ਼ੀਨਗੋਈਆਂ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅਸੀਂ ਕਰਨੀ ਇਕੱਤੀ ਅੱਸੂ ਦੀ ਰੈਣ ਤਿਆਰੀ, ਤ੍ਰੈਗੁਣ ਅਤੀਤੇ ਸੀਸ ਨਿਵਾਈਆ । ਰੂਪ ਧਰਨਾ ਅਗੰਮ ਅਪਾਰੀ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਸਾਡਾ ਸਭ ਦਾ ਇਕੋ ਹੋਵੇ ਜੈਕਾਰੀ, ਗੀਤ ਇਕੋ ਗਾਈਆ । ਇਕੋ ਦਰ ਹੋਵੇ ਦੁਆਰੀ, ਗ੍ਰਿਹ ਮੰਦਰ ਇਕ ਸੁਹਾਈਆ । ਇਕੋ ਕਰੀਏ ਸਤਿ ਸ਼ਿੰਗਾਰੀ, ਦੂਸਰ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਲੋਕਮਾਤ ਜਾਵਾਂਗੇ । ਨਿਰਗੁਣ ਨੂਰ ਜੋਤ ਜੋਤ ਰੁਸ਼ਨਾਵਾਂਗੇ । ਵਰਨ ਗੋਤ ਸਮਝ ਕਿਸੇ ਨਾ ਆਵਾਂਗੇ । ਜੀਵ ਜੰਤ ਤਕੀਏ ਕੋਟੀ ਕੋਟ, ਕੋਟਨ ਕੋਟਾਂ ਫੋਲ ਫੁਲਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕੋ ਇਕ ਮਨਾਵਾਂਗੇ । ਸਾਚਾ ਮਾਲਕ ਇਕ ਮੰਨਾਵਾਂਗੇ । ਪੁਰਖ ਅਕਾਲੇ ਸੀਸ ਨਿਵਾਵਾਂਗੇ । ਸੋ ਪੁਰਖ ਨਿਰੰਜਣ ਇਸ਼ਟ ਬਣਾਵਾਂਗੇ । ਹਰਿ ਪੁਰਖ ਨਿਰੰਜਣ ਸ੍ਰਿਸ਼ਟ ਸਬਾਈ ਇਕੋ ਇਕ ਦ੍ਰਿੜਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਸਮਝਾਵਾਂਗੇ । ਸਤਿਗੁਰ ਸ਼ਬਦ ਕਹੇ ਗੁਰ ਅਵਤਾਰ ਪੈਗ਼ੰਬਰੋ ਵੇਖੋ ਵਕ਼ਤ ਸੁਹੰਜਣਾ, ਪ੍ਰਭ ਦੇਵੇ ਮਾਣ ਵਡਿਆਈਆ । ਜੋ ਮਾਲਕ ਖ਼ਾਲਕ ਆਦਿ ਜੁਗਾਦਿ ਨਿਰੰਜਣਾ, ਨਿਰਗੁਣ ਨੂਰ ਨੂਰ ਅਲਾਹੀਆ । ਲੋਕਮਾਤ ਸਦਾ ਹੋਵੇ ਦਰਦ ਦੁਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਉਸ ਦੇ ਬਿਨਾ ਚਰਨਾਂ ਤੋਂ ਧੂੜੀ ਲਾਓ ਮਜਨਾ, ਬਿਨ ਧੂੜੀ ਖ਼ਾਕ ਰਮਾਈਆ । ਜਿਸ ਦਾ ਇਕੋ ਡੰਕਾ ਧਰਨੀ ਉਤੇ ਵਜਣਾ, ਨਵ ਸੱਤ ਕਰੇ ਸ਼ਨਵਾਈਆ । ਇਕੋ ਦੀਪਕ ਜੋਤੀ ਜਗਣਾ, ਦੋ ਜਹਾਨਾਂ ਡਗਮਗਾਈਆ । ਜਿਸ ਲੇਖੇ ਲਾਉਣਾ ਆਹਲਾ ਅਦਨਾ, ਸ਼ਾਹ ਕੰਗਾਲ, ਵੰਡ ਨਾ ਕੋਇ ਵੰਡਾਈਆ । ਜਿਸ ਝਗੜਾ ਮੇਟਣਾ ਕਾਇਆ ਮਾਟੀ ਬਦਨਾ, ਤਨ ਵਜੂਦਾਂ ਲੇਖਾ ਦਏ ਚੁਕਾਈਆ । ਜਿਸ ਸ਼ਰਅ ਦੀ ਮੇਟਣੀ ਹਦਨਾ, ਹਦੂਦ ਆਪਣੀ ਇਕ ਵਖਾਈਆ । ਉਹ ਨੂਰ ਅਲਾਹੀ ਰੱਬਨਾ, ਨੂਰ ਨੁਰਾਨਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰ ਜੇ ਧਰਨੀ ਉਤੇ ਜਾਣਾ, ਬਿਨ ਕ਼ਦਮਾਂ ਕ਼ਦਮ ਉਠਾਈਆ । ਸਭ ਨੇ ਇਕੋ ਢੋਲਾ ਗਾਉਣਾ, ਇਕੋ ਨਾਮ ਸਿਫ਼ਤ ਸਲਾਹੀਆ । ਇਕੋ ਬੰਕ ਦੁਆਰ ਸੁਹਾਉਣਾ, ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਰੰਗ ਸਰਬ ਰੰਗਾਉਣਾ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਇਕੋ ਸਭ ਨੇ ਮੰਨਣਾ ਭਾਣਾ, ਸਿਰ ਸਕੇ ਨਾ ਕੋਇ ਉਠਾਈਆ । ਇਕੋ ਬਿਨ ਨੇਤਰ ਕਰਨਾ ਧਿਆਨਾ, ਬਿਨ ਨੈਣਾਂ ਨੈਣ ਤਕਾਈਆ । ਲੱਖ ਚੁਰਾਸੀ ਜੀਵ ਜੰਤ ਤਕਣਾ ਜਹਾਨਾਂ, ਚਾਰੇ ਖਾਣੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਤਿਗੁਰ ਸ਼ਬਦ ਅਸੀਂ ਤੇਰਾ ਰੂਪ ਅਗੰਮ, ਅਗੰਮੜੇ ਦੇਣੀ ਮਾਣ ਵਡਿਆਈਆ । ਤੇਰੀ ਧਾਰੋਂ ਲੋਕਮਾਤ ਜਾਈਏ ਜੰਮ, ਜੰਮਣ ਵਾਲੀ ਦਿਸੇ ਅਵਰ ਕੋਇ ਨਾ ਮਾਈਆ । ਤੂੰ ਮਾਲਕ ਸਾਡਾ ਆਦਿ ਜੁਗਾਦੀ ਪਰਮ, ਪਰਮ ਪੁਰਖ

ਤੇਰੇ ਰੰਗ ਰੰਗਾਈਆ । ਤੇਰੇ ਹੁਕਮ ਦਾ ਸਾਡਾ ਇਕੋ ਹੋਇਆ ਧਰਮ, ਦੂਜੀ ਵੰਡ ਨਾ ਕੋਇ ਵੰਡਾਈਆ । ਇਕੋ ਢੋਲਾ ਗੀਤ ਕਲਮਾ ਨਾਮ ਸਾਰੇ ਪੜ੍ਹਨ, ਤੂੰ ਮੇਰਾ ਮੈਂ ਤੇਰਾ ਦੂਜਾ ਰਾਗ ਨਾ ਕੋਇ ਅਲਾਈਆ । ਇਕੋ ਦਰ ਦਵਾਰ ਸਾਰੇ ਵੜਨ, ਜਿਥੇ ਮਿਲੇ ਸੰਬਲ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਮੇਰਾ ਧੁਰ ਦਾ ਹੁਕਮਨਾਮਾ, ਬਿਨ ਅੱਖਰਾਂ ਲੇਖ ਲਿਖਾਈਆ । ਜਿਸ ਦਾ ਇਸ਼ਾਰਾ ਦੇ ਕੇ ਆਇਆ ਰਮਈਆ ਰਾਮਾ, ਸਈਆ ਹੋ ਕੇ ਆਪ ਜਣਾਈਆ । ਜਿਸ ਦਾ ਲੇਖ ਲਿਖਿਆ ਘਨਈਆ ਸ਼ਾਮਾ, ਸ਼ਬੇ ਰੋਜ਼ ਕਰੇ ਸ਼ਨਵਾਈਆ । ਜਿਸ ਦਾ ਸੰਦੇਸ਼ ਫ਼ਰਮਾਨ ਦਿਤਾ ਪੈਗ਼ਾਮਾ, ਪੈਗ਼ੰਬਰਾਂ ਕੀਤੀ ਸ਼ਨਵਾਈਆ । ਜਿਸ ਦਾ ਗੁਰੂ ਗੁਰਦੇਵ ਮੰਤਰ ਦੱਸਿਆ ਸਤਿਨਾਮਾ, ਨਾਮ ਨਾਮ ਜਿਸ ਦੀ ਵਜਦੀ ਰਹੀ ਵਧਾਈਆ । ਸੋ ਕਲਜੁਗ ਅੰਤ ਸ੍ਰੀ ਭਗਵੰਤ ਖੇਲੇ ਖੇਲ ਮਹਾਨਾ, ਖਾਲਕ ਖਲਕ ਸਮਝ ਕੋਇ ਨਾ ਪਾਈਆ । ਜਿਸ ਦਾ ਨੂਰ ਜ਼ਹੂਰ ਪਰਧਾਨਾ, ਜੋਤੀ ਜਾਤਾ ਹੋ ਕੇ ਡਗਮਗਾਈਆ । ਇਕੋ ਸ਼ਬਦ ਹੋਏ ਤਰਾਨਾ, ਇਕੋ ਰਾਗ ਦਏ ਸੁਣਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਹੋਏ ਪਰਧਾਨਾ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਇਕੋ ਧਰਮ ਝੁਲਾਏ ਨਿਸ਼ਾਨਾ, ਸਤਿ ਰੰਗਤ ਰੰਗ ਰੰਗਾਈਆ । ਇਕੋ ਰੂਪ ਹੋਏ ਗੋਪੀ ਕਾਹਨਾ, ਆਤਮ ਪਰਮਾਤਮ ਮਿਲ ਕੇ ਖ਼ੁਸ਼ੀ ਬਣਾਈਆ । ਏਕਾ ਸ਼ਾਹੋ ਭੂਪ ਹੋਏ ਸੁਲਤਾਨਾ, ਸ਼ਹਿਨਸ਼ਾਹ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ



ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਜੇ ਦੀਨ ਦੁਨੀ ਦੇ ਵਿਚ ਜਾਣਾ, ਲੋਕਮਾਤ ਧਿਆਨ ਲਗਾਈਆ । ਖੇਲ ਤਕਣਾ ਸ੍ਰੀ ਭਗਵਾਨਾ, ਕੀ ਭਗਵਨ ਆਪਣਾ ਹੁਕਮ ਵਰਤਾਈਆ । ਜੋ ਆਦਿ ਜੁਗਾਦੀ ਸੂਰਬੀਰ ਬਲੀ ਬਲਵਾਨਾ, ਬਲਧਾਰੀ ਨੂਰ ਅਲਾਹੀਆ । ਜਿਸ ਦਾ ਤਨ ਵਜੂਦ ਨਹੀਂ ਕੋਈ ਜਿਸਮ ਜਿਸਮਾਨਾ, ਜ਼ਮੀਰ ਜਗਤ ਨਾ ਕੋਇ ਰਖਾਈਆ । ਜੋ ਵਸਣਹਾਰਾ ਸਚਖੰਡ ਸਚੇ ਮਕਾਨਾ, ਦਰਗਾਹ ਸਾਚੀ ਮੁਕ਼ਾਮੇ ਹਕ ਸੋਭਾ ਪਾਈਆ । ਜੋ ਜਲਵਾਗਰ ਨੂਰ ਨੁਰਾਨਾ, ਨੂਰੋ ਨੂਰ ਕਰੇ ਰੁਸ਼ਨਾਈਆ । ਜੋ ਲੇਖਾ ਜਾਣੇ ਜ਼ਿਮੀਂ ਅਸਮਾਨਾ, ਬ੍ਰਹਿਮੰਡਾਂ ਖੰਡਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰ ਆਪਣਾ ਆਪਣਾ ਵੇਖਣਾ ਮਜ਼੍ਹਬ, ਇਕੱਠੇ ਹੋ ਕੇ ਧਿਆਨ ਲਗਾਈਆ । ਕਿਉਂ ਕਲਜੁਗ ਅੰਦਰ ਹੋਇਆ ਗ਼ਜ਼ਬ, ਹੈਰਾਨੀ ਵਿਚ ਖ਼ਲਕ ਖ਼ੁਦਾਈਆ । ਧਰਨੀ ਹੋ ਰਹੀ ਤੁਅਜਬ, ਧੀਰਜ ਧੀਰ ਨਾ ਕੋਇ ਧਰਾਈਆ । ਤੁਹਾਡਾ ਰਿਹਾ ਲੋਕਮਾਤ ਨਹੀਂ ਕੋਈ ਅਦਬ, ਅਦਾਬ ਵਿਚ ਸੀਸ ਨਾ ਕੋਇ ਨਿਵਾਈਆ । ਤੁਹਾਡੀ ਸਿਖਿਆ ਉਤੇ ਚਲੇ ਕੋਈ ਨਾ ਕ਼ਦਮ, ਕ਼ਦੀਮ ਦਾ ਮਾਲਕ ਕੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ ਲੋਕਮਾਤ ਵੇਖਣੀ ਧਰਨੀ ਧਰਤ, ਧਵਲ ਧਿਆਨ ਲਗਾਈਆ । ਨਾਲ ਆਪਣੀ ਆਪਣੀ ਤਕਣੀ ਸ਼ਰਤ, ਸ਼ਰਅ ਦਾ ਲੇਖਾ ਜੋੜ ਜੁੜਾਈਆ । ਜਿਸ ਕਾਰਨ ਨਿਰਗੁਣ ਧਾਰ ਪਤਿਪਰਮੇਸ਼ਵਰ ਆਉਣਾ ਪਰਤ, ਪਾਰਬ੍ਰਹਮ ਪ੍ਰਭ ਆਪਣਾ ਫੇਰਾ ਪਾਈਆ । ਆਪਣਾ ਵਾਅਦਾ ਕੌਲ ਇਕ਼ਰਾਰ ਤਕਣੀ ਸ਼ਰਤ, ਸ਼ਰਤੀਆ ਆਪਣਾ ਲੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ

ਨਾ ਕੋਇ ਰੰਗਾਈਆ । ਅਵਤਾਰ ਪੈਗ਼ਬਰ ਗੁਰ ਕਹਿਣ ਸਤਿਗੁਰ ਸ਼ਬਦ ਸਾਡਾ ਇਕੋ ਇਕ ਵਿਚਾਰ, ਬਿਨਾ ਵਿਚਰਿਆਂ ਦਈਏ ਜਣਾਈਆ । ਸਾਡੇ ਅਗੇ ਧਰਨੀ ਕਰੇ ਪੁਕਾਰ, ਕੂਕ ਕੂਕ ਸੁਣਾਈਆ । ਆ ਕੇ ਵੇਖੋ ਆਪਣਾ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਲਿਆਉਣਾ ਚਾਈਂ ਚਾਈਆ । ਆਪਣੇ ਮੰਦਰ ਮਸਜਿਦ ਸ਼ਿਵਦਵਾਲੇ ਮਠ ਵੇਖੋ ਗੁਰਦੁਆਰ, ਚਰਚਾਂ ਫੋਲ ਫੁਲਾਈਆ । ਵੇਦ ਪੁਰਾਨ ਅੰਜੀਲ ਕੁਰਾਨ ਗ੍ਰੰਥ ਸ਼ਾਸਤਰਾਂ ਪਾਓ ਸਾਰ, ਅੱਖਰ ਅੱਖਰਾਂ ਧਿਆਨ ਲਗਾਈਆ । ਆਪਣੇ ਆਪਣੇ ਮੁਰੀਦਾਂ ਸਿੱਖਾਂ ਦੇ ਅੰਤਸ਼ਕਰਨ ਕਰੋ ਵਿਚਾਰ, ਮਨ ਮਤਿ ਬੁੱਧੀ ਖੋਜੋ ਥਾਈਂ ਥਾਈਂਆ । ਕਿਉਂ ਤੁਹਾਡੇ ਹੁੰਦਿਆਂ ਧਰਤੀ ਉਤੇ ਵਧਿਆ ਵਿਭਚਾਰ, ਕਲਜੁਗ ਕਿਰਿਆ ਕੂੜ ਹਟਾਈਆ । ਕਿਉਂ ਮਨ ਕਲਪਣਾ ਆਈ ਵਿਚ ਹੰਕਾਰ, ਹਉਮੇ ਹੰਗਤਾ ਗੜ੍ਹ ਬਣੀ ਲੋਕਾਈਆ । ਕਿਉਂ ਨਵ ਸੱਤ ਹੋਇਆ ਅੰਧ ਅੰਧਿਆਰ, ਸਾਚਾ ਚੰਦ ਨਾ ਕੋਇ ਚਮਕਾਈਆ । ਦੀਆ ਬਾਤੀ ਕਮਲਾਪਾਤੀ ਨਜ਼ਰ ਨਾ ਆਏ ਵਿਚ ਸੰਸਾਰ, ਜੋਤੀ ਜਾਤਾ ਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰ ਜਿਸ ਵੇਲੇ ਧਰਨੀ ਉਤੇ ਪੁਜਣਾ, ਬਿਨ ਕ਼ਦਮਾਂ ਕ਼ਦਮ ਉਠਾਈਆ । ਤੁਹਾਡਾ ਨੌ ਖੰਡ ਪ੍ਰਿਥਮੀ ਸੱਤ ਦੀਪ ਇਕੋ ਦੁਆਰਾ ਸੁਝਣਾ, ਸ਼ਰਅ ਹਦੂਦਾਂ ਵੰਡ ਨਜ਼ਰ ਕੋਇ ਨਾ ਆਈਆ । ਤੁਸਾਂ ਫਿਰਨਾ ਆਥਣ ਉਗਣਾ, ਭੱਜਣਾ ਵਾਹੋ ਦਾਹੀਆ । ਬਿਨ ਮੇਰੇ ਹੁਕਮ ਤੋਂ ਕਿਸੇ ਨਹੀਂ ਰੁਕਣਾ, ਨਾ ਕੋਈ ਰੋਕੇ ਰੋਕ ਰੁਕਾਈਆ । ਕਿਸੇ ਮੰਦਰ ਮਸਜਿਦ ਸ਼ਿਵਦਵਾਲੇ ਮਠ ਅੰਦਰ ਨਹੀਂ ਲੁਕਣਾ, ਭੱਜਣਾ ਵਾਹੋ ਦਾਹੀਆ । ਕਲਜੁਗ ਕੂੜ ਕਿਰਿਆ ਦੀ ਵੇਖਣੀ ਰੁਤਨਾ, ਰੁਤੜੀ ਮਾਇਆ ਮਮਤਾ ਮੋਹ ਨਾਲ ਮਹਿਕਾਈਆ । ਨਿਗਾਹ ਮਾਰਨੀ ਪੰਜ ਤਤ ਵਜੂਦ ਬੁਤਨਾ, ਬੁਤਖ਼ਾਨਿਆਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਹੁਕਮ ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਦੋ ਜਹਾਨ ਕਦੇ ਨਾ ਮੁਕਣਾ, ਦੇਵਣਹਾਰ ਏਕੰਕਾਰ ਪਰਵਰਦਿਗਾਰ ਸਾਂਝਾ ਯਾਰ ਇਕ ਅਖਵਾਈਆ ।



### ✪ ੩੧ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਜਗਜੀਤ ਸਿੰਘ ਦੇ ਗ੍ਰਹਿ ਪਿੰਡ ਕਾਲਸਾ ਜ਼ਿਲਾ ਲੁਧਿਆਣਾ ✪

ਧਰਨੀ ਕਹੇ ਮੇਰੇ ਪੁਰਖ ਅਕਾਲ ਦਇਆ ਕਮਾਵੀਂ, ਮਿਹਰਵਾਨ ਮਹਿਬੂਬ ਤੇਰੀ ਇਕ ਸਰਨਾਈਆ । ਸਤਿ ਧਰਮ ਦਾ ਮਾਰਗ ਸਚ ਲਗਾਵੀਂ, ਲਗ ਮਾਤਰ ਡੇਰਾ ਢਾਈਆ । ਮੇਰਾ ਬੰਕ ਦੁਆਰ ਸੁਹਾਵੀਂ, ਮਹਲ ਅਟਲ ਇਕ ਵਡਿਆਈਆ । ਸੰਬਲ ਨਗਰ ਇਕ ਸੁਹਾਵੀਂ, ਸੋਭਾਵੰਤ ਤੇਰੀ ਸਰਨਾਈਆ । ਦੀਆ ਬਾਤੀ ਕਮਲਾਪਾਤੀ ਇਕ ਜਗਾਵੀਂ, ਦੋ ਜਹਾਨਾਂ ਨਜ਼ਰੀ ਆਈਆ । ਸ਼ਬਦ ਅਨਾਦੀ ਧੁਨ ਵਜਾਵੀਂ, ਨਿਰਗੁਣ ਸਰਗੁਣ ਕਰਨੀ ਆਪ ਸ਼ਨਵਾਈਆ । ਅੰਮ੍ਰਿਤ ਆਤਮ ਜਾਮ ਪਿਆਵੀਂ, ਨਿਝਰ ਝਿਰਨਾ ਆਪ ਝਿਰਾਈਆ । ਮੇਰੇ ਪਰਮ ਪੁਰਖ ਪਰਮਾਤਮ ਮੈਨੂੰ ਕਲਜੁਗ ਕੀਤਾ ਅੰਤ ਨਿਥਾਵੀਂ, ਘਰਾਨਾ ਨਜ਼ਰ ਕੋਇ ਨਾ ਆਈਆ । ਮੇਰਾ ਸਤਿ ਧਰਮ ਮੈਨੂੰ ਫੇਰ ਝੋਲੀ ਪਾਵੀਂ, ਸਤਿਜੁਗ ਸਾਚਾ ਨਾਲ ਮਿਲਾਈਆ । ਮੈਂ ਕੂਕ ਪੁਕਾਰਾਂ ਉਚੀ ਕੱਢਕੇ ਬਾਹੀਂ, ਬਿਨ ਹੱਥਾਂ ਹੱਥ ਉਠਾਈਆ । ਤੂੰ ਆਦਿ ਜੁਗਾਦੀ ਮੇਰਾ ਧੁਰ ਦਾ ਮਾਹੀ, ਮਹਿਬੂਬ ਇਕੋ ਇਕ ਗੁਸਾਂਈਆ ।

ਮੇਰੀ ਤੇਰੇ ਚਰਨ ਕਵਲ ਦੁਹਾਈ, ਦਰ ਠਾਂਢੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਪ੍ਰਭੂ ਮੈਨੂੰ ਬਖ਼ਸ਼ ਦੇ ਖ਼ੁਸ਼ੀਆਂ, ਖ਼ੁਸ਼ਹਾਲੀ ਕਰ ਖ਼ਲਕ ਖ਼ੁਦਾਈਆ । ਸਭ ਦੀਆਂ ਅੰਦਰੋਂ ਬਦਲ ਦੇ ਰੁਚੀਆਂ, ਰਚਨਾ ਆਪਣੀ ਦੇ ਸਮਝਾਈਆ । ਤਨ ਵਜੂਦਾਂ ਅੰਦਰ ਰੂਹਾਂ ਕਰ ਦੇ ਸੁੱਚੀਆਂ, ਦੁਰਮਤ ਮੈਲ ਰਹੇ ਨਾ ਰਾਈਆ । ਭਾਗ ਲਗਾ ਦੇ ਕਾਇਆ ਬੁਤੀਆਂ, ਬੁਤਖ਼ਾਨਿਆਂ ਕਰ ਸਫ਼ਾਈਆ । ਮੇਰੇ ਉਤੇ ਰੂਹਾਂ ਰਹਿਣ ਨਾ ਸੁਤੀਆਂ, ਸੁਤਿਆਂ ਲੈ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਢੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੈਨੂੰ ਦੇ ਦੇ ਵਸਤ ਅਨਮੋਲ, ਅਨਮੁਲੜੀ ਆਪ ਵਰਤਾਈਆ । ਸਤਿ ਸਤਿਵਾਦੀ ਸਭ ਕੁਛ ਤੇਰੇ ਕੋਲ, ਅਤੋਲ ਅਤੁਲ ਦੇਣਾ ਵਰਤਾਈਆ । ਆਪਣੇ ਨਾਮ ਦਾ ਸਚ ਵਜਾ ਦੇ ਢੋਲ, ਢਮੱਕਿਆ ਲੋੜ ਰਹੇ ਨਾ ਰਾਈਆ । ਤੇਰਾ ਸੁਣਾਂ ਅਗੰਮਾ ਇਕੋ ਬੋਲ, ਨਾਮ ਕਲਮੇ ਤੇਰੇ ਚਰਨ ਟਿਕਾਈਆ । ਸਚ ਦੁਆਰ ਏਕੰਕਾਰ ਮੇਰੇ ਉਤੇ ਖੋਲ੍ਹ, ਨਵ ਸੱਤ ਦੇ ਸਰਨਾਈਆ । ਹਰ ਘਟ ਅੰਦਰ ਜਾ ਮੌਲ, ਮੌਲਾ ਹੋ ਕੇ ਵੇਖ ਵਖਾਈਆ । ਮੇਰੇ ਪੂਰਬ ਲਹਿਣੇ ਪੂਰੇ ਕਰ ਦੇ ਕੌਲ, ਇਕਰਾਰ ਤੇਰੇ ਚਰਨ ਟਿਕਾਈਆ । ਮੈਂ ਕੋਝੀ ਕਮਲੀ ਨਿਮਾਣੀ ਧੌਲ, ਧਰਤ ਧਵਲ ਹੋ ਕੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੈਨੂੰ ਬਖ਼ਸ਼ ਦੇ ਆਪਣੇ ਚਰਨਾਂ ਧੂਲ, ਧੂੜੀ ਟਿੱਕੇ ਖ਼ਾਕ ਰਮਾਈਆ । ਮੇਰੇ ਤੇ ਚਤੁਰ ਸੁਘੜ ਬਣਾ ਦੇ ਮੂਰਖ ਮੂੜ੍ਹ, ਮੁਗਧ ਰਹਿਣ ਕੋਇ ਨਾ ਪਾਈਆ । ਮਾਨਵ ਜ਼ਾਤੀ ਅੰਤਰ ਨਿਰੰਤਰ ਰੰਗ ਚਾੜ੍ਹ ਦੇ ਗੂੜ੍ਹ, ਏਥੇ ਓਥੇ ਉਤਰ ਕਦੇ ਨਾ ਜਾਈਆ । ਆਤਮ ਪਰਮਾਤਮ ਧਾਰ ਤੇਰਾ ਝੂਟਣ ਨਾਮ ਪੰਘੂੜ, ਸਚ ਸੁਖ ਆਸਣ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸਾ ਕਰ ਦੇ ਪੂਰੀ, ਪੂਰਨ ਬ੍ਰਹਮ ਦੇ ਦ੍ਰਿੜਾਈਆ । ਦਰਸ਼ਨ ਦੇ ਦੇ ਆਪਣਾ ਨੂਰੀ, ਨੂਰ ਨੁਰਾਨੇ ਕਰ ਰੁਸ਼ਨਾਈਆ । ਕਲਜੁਗ ਕਿਰਿਆ ਮੇਟ ਦੇ ਕੂੜੀ, ਕੂੜ ਕੁਟੰਬ ਦੇ ਖਪਾਈਆ । ਜਿਸ ਕਾਰਨ ਸੂਲੀ ਚੜ੍ਹ ਗਿਆ ਮਨਸੂਰੀ, ਮਨਸਾ ਤੇਰੇ ਅਗੇ ਰਖਾਈਆ । ਮੇਰੀ ਦੇ ਦੇ ਪੂਰਬ ਪਿਛਲੀ ਮਜ਼ਦੂਰੀ, ਦਰ ਠਾਂਢੇ ਮੰਗ ਮੰਗਾਈਆ । ਮੇਰੇ ਪਰਮ ਪੁਰਖ ਪਰਮਾਤਮ ਮੇਰੇ ਉਤੇ ਆਈ ਮਜਬੂਰੀ, ਮਜਬੂਰ ਹੋ ਕੇ ਤੈਨੂੰ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਪ੍ਰਭੂ ਮੈਂ ਇਕੋ ਨਾਮ ਨਿਧਾਨਾ ਮੰਗਦੀ, ਬਹੁਤੀ ਆਸ ਨਾ ਕੋਇ ਰਖਾਈਆ । ਅੰਮ੍ਰਿਤ ਧਾਰ ਬਖ਼ਸ਼ ਦੇ ਆਪਣੇ ਗੰਗ ਦੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਲੋੜ ਨਾ ਕੋਇ ਰਖਾਈਆ । ਪ੍ਰੀਤੀ ਬਖ਼ਸ਼ ਦੇ ਆਤਮ ਪਰਮਾਤਮ ਸੰਗ ਦੀ, ਸੰਗਲ ਸ਼ਰਅ ਦੇ ਕਟਾਈਆ । ਮੇਰੇ ਉਤੇ ਤਾਕਤ ਰਹੇ ਨਾ ਵਿਕਾਰੇ ਪੰਜ ਦੀ, ਕਾਮ ਕਰੋਧ ਲੋਭ ਮੋਹ ਹੰਕਾਰ ਦੇਣਾ ਗਵਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਮੇਰੇ ਉਤੇ ਘੜੀ ਆਈ ਰੰਜ ਦੀ, ਰੰਜਸ਼ ਅੰਦਰੋਂ ਬਾਹਰ ਕਢਾਈਆ । ਮੈਂ ਵੈਰਾਗਣ ਪਿਆਸਣ ਤੇਰੇ ਸਚ ਅਨੰਦ ਦੀ, ਅਨੰਦ ਅਨੰਦ ਵਿਚੋਂ ਦੇਣਾ ਵਖਾਈਆ । ਭੇਵ ਦੱਸ ਦੇ ਕਿਸ ਬਿਧ ਨਿਸ਼ਾਨੀ ਮਿਟਣੀ ਤਾਰੇ ਚੰਦ ਦੀ, ਚੰਦ ਚਾਂਦਨੇ ਕੀ ਤੇਰੀ ਬੇਪਰਵਾਹੀਆ । ਕੀ ਖੇਲ ਵਰਤੇ ਸੂਰੇ ਸਰਬੰਗ ਦੀ, ਮਰਦ ਮਰਦਾਨੇ ਦੇਣਾ ਦ੍ਰਿੜਾਈਆ ।


੧੦੩੨ ੨੪

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਉਤੋਂ ਰੈਣ ਮੇਟ ਅੰਧੇਰੀ ਅੰਧ ਦੀ, ਅੰਧ ਅਗਿਆਨ ਦੇ ਚੁਕਾਈਆ ।

## ✪ ੩੧ ਅੱਸੂ ਸ਼ਹਿਨਸ਼ਾਹੀ ਸੰਮਤ ੧੧ ਨਿਹਾਲ ਕੌਰ ਦੇ ਗ੍ਰਿਹ ਪਿੰਡ ਕਾਮਲਪੁਰਾ ਜ਼ਿਲਾ ਲੁਧਿਆਣਾ ✪

ਧਰਨੀ ਕਹੇ ਮੈਂ ਪ੍ਰਭ ਦੇ ਪਾਵਾਂ ਦਰਸ, ਬਿਨ ਅੱਖਾਂ ਨੈਣ ਉਠਾਈਆ । ਜਿਸ ਮੇਰੇ ਉਤੇ ਕੀਤਾ ਤਰਸ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਮੇਰੀ ਅੰਤਰ ਮੇਟੀ ਹਰਸ, ਹਵਸ ਦਿਤੀ ਗੁਆਈਆ । ਅੰਮ੍ਰਿਤ ਮੇਘ ਬਰਸ, ਅਗਨੀ ਤਤ ਗਵਾਈਆ । ਵਡਿਆਈ ਦੇ ਕੇ ਉਤੇ ਫ਼ਰਸ਼, ਫ਼ਰਸਾਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੇਰਾ ਖ਼ੁਸ਼ੀਆਂ ਵਾਲਾ ਤਿਉਹਾਰ, ਪ੍ਰਭ ਦੇਵੇ ਮਾਣ ਵਡਿਆਈਆ । ਮੈਂ ਵੇਖ ਜਾਵਾਂ ਬਲਿਹਾਰ, ਬਲ ਬਲ ਆਪਣਾ ਆਪ ਕਰਾਈਆ । ਜੋ ਭਗਤਾਂ ਕਰੇ ਸਚ ਪਿਆਰ, ਪ੍ਰੀਤਮ ਧੁਰਦਰਗਾਹੀਆ । ਕਲਜੁਗ ਕੂੜੀ ਕਿਰਿਆ ਉਤਾਰੇ ਭਾਰ, ਦੁਰਮਤ ਮੈਲ ਧੁਆਈਆ । ਮੈਂ ਉਸ ਨੂੰ ਕਰਾਂ ਨਿਮਸਕਾਰ, ਜੋ ਆਇਆ ਧੁਰ ਦਾ ਮਾਹੀਆ । ਜਿਸ ਭਗਤਾਂ ਪੈਜ ਦੇਣੀ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਸ਼ਾਹੋ ਭੂਪ ਬਣ ਸਿਕਦਾਰ, ਮਿਹਰਵਾਨ ਮਿਹਰ ਨਜ਼ਰ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਵਿਚ ਹੋਈ ਖ਼ੁਸ਼ਹਾਲ, ਮੇਰੇ ਅੰਤਰ ਵਜੀ ਵਧਾਈਆ । ਕਿਰਪਾ ਕੀਤੀ ਦੀਨ ਦਿਆਲ, ਦਇਆਨਿਧ ਧੁਰਦਰਗਾਹੀਆ । ਮੇਰੀ ਧਰਮ ਬਣਾਈ ਸਚੀ ਧਰਮਸਾਲ, ਦੁਆਰਾ ਇਕੋ ਇਕ ਵਡਿਆਈਆ । ਫਲ ਲਗਾਵੇ ਮੇਰੇ ਡਾਲ, ਚਾਰ ਕੁੰਟ ਕੁੰਟ ਮਹਿਕਾਈਆ । ਜੋ ਆ ਕੇ ਵੇਖੇ ਮੁਰੀਦਾਂ ਹਾਲ, ਮੁਰਸ਼ਦ ਧੁਰਦਰਗਾਹੀਆ । ਮੇਰੀ ਬੇਨੰਤੀ ਮੰਨੇ ਸਵਾਲ, ਸਿਰ ਮੇਰੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਭਗਤ ਉਧਾਰੇ ਕਰ ਨਿਹਾਲ, ਨਿਹਚਲ ਆਪਣਾ ਧਾਮ ਜਣਾਈਆ ।



## ✪ ਪਹਿਲੀ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਜਗਰਾਉਂ ਜ਼ਿਲਾ ਲੁਧਿਆਣਾ ਮੇਹਰ ਦੇ ਗ੍ਰਿਹ ✪

ਧਰਨੀ ਕਹੇ ਮੈਂ ਸਾਚਾ ਕਰਮ ਕਮਾਵਾਂਗੀ । ਪੁਰਖ ਅਕਾਲੇ ਦੀਨ ਦਿਆਲੇ ਅਗੇ ਝੋਲੀ ਡਾਹਵਾਂਗੀ । ਗ਼ਰੀਬ ਨਿਮਾਣੀ ਹੋ ਕੇ ਮੰਗ ਮੰਗਾਵਾਂਗੀ । ਸਤਿਗੁਰ ਸ਼ਬਦ ਸੀਸ ਝੁਕਾਵਾਂਗੀ । ਅਵਤਾਰ ਪੈਗ਼ੰਬਰ ਗੁਰ ਨਾਲ ਮਿਲਾਵਾਂਗੀ । ਵਿਸ਼ਨ ਬ੍ਰਹਮਾ ਸ਼ਿਵ ਸਭ ਉਠਾਵਾਂਗੀ । ਬਿਨ ਰਸਨਾ ਜਿਹਵਾ ਕੂਕ ਕੂਕ ਦ੍ਰਿੜਾਵਾਂਗੀ । ਪ੍ਰਭੂ ਦਰੋਹੀ ਫਿਰੀ ਮੇਰੀ ਚਾਰੇ ਕੂਟ, ਹੋਕਾ ਹਕ ਹਕ ਸੁਣਾਵਾਂਗੀ । ਨੌਂ ਖੰਡ ਪ੍ਰਿਥਮੀ ਵਧਿਆ ਜੂਠ ਝੂਠ, ਦਰ ਠਾਂਡੇ

੧੦੩੪ ੨੪

ਅਲਖ ਜਗਾਵਾਂਗੀ । ਧਰਮ ਦਾ ਰਿਹਾ ਕੋਈ ਨਾ ਪੂਤ, ਪਤਿਪਰਮੇਸ਼ਵਰ ਅਗੇ ਵਾਸਤਾ ਪਾਵਾਂਗੀ । ਦਰੋਹੀ ਫੇਰੀ ਕਲਜੁਗ ਅਵਧੂਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਆਸ ਇਕ ਰਖਾਵਾਂਗੀ । ਧਰਨੀ ਕਹੇ ਮੈਂ ਰਖਾਂ ਆਸ ਇਕੋ, ਏਕੰਕਾਰ ਚਰਨ ਟਿਕਾਈਆ । ਅਬਿਨਾਸ਼ੀ ਕਰਤੇ ਮੇਰੇ ਪਿਤੋ, ਪਤਿਪਰਮੇਸ਼ਵਰ ਧੁਰਦਰਗਾਹੀਆ । ਮੇਰਾ ਖੇਲ ਤਕਣ ਵਾਲੇ ਨਿਤ ਨਵਿਤੋ, ਜੁਗ ਜੁਗ ਆਪਣਾ ਵੇਸ ਵਟਾਈਆ । ਕਲਜੁਗ ਅੰਤਮ ਕਰ ਹਿਤੋ, ਹਿਤਕਾਰੀ ਹੋ ਕੇ ਵੇਖ ਵਖਾਈਆ । ਪ੍ਰਗਟ ਹੋਇਆ ਬਿਨਾ ਦਿਵਸ ਦਿਹਾੜੀ ਥਿਤੋਂ, ਜਗਤ ਪਲ ਵੰਡ ਨਾ ਕੋਇ ਵੰਡਾਈਆ । ਕਲਜੁਗ ਕੂੜ. ਕਿਰਿਆ ਕਢ ਦੇ ਦੀਨ ਦੁਨੀ ਦੇ ਚਿਤੋਂ, ਚਿਤ ਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਮੇਰੇ ਉਤੇ ਕਲੇਸ਼ ਵਧ ਗਿਆ ਮੇਰੇ ਵਿਤੋਂ, ਵਿਤਕਰੇ ਵਿਚ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸਾ ਤੇਰੇ ਚਰਨਾਂ ਹੇਠ, ਧੂਲੀ ਖ਼ਾਕ ਰਮਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਰੇਠ, ਸਤਿਜੁਗ ਆਪਣਾ ਨਾਮ ਅੰਮ੍ਰਿਤ ਰਸ ਭਰਾਈਆ । ਮਾਇਆ ਮਮਤਾ ਮਿਟਾ ਦੇ ਸੇਠ, ਗ਼ਰੀਬ ਨਿਮਾਣਿਆਂ ਹੋ ਸਹਾਈਆ । ਮੈਂ ਤੇਰੇ ਚਰਨ ਕਵਲਾਂ ਰਹੀ ਲੇਟ, ਲਿਟਾਂ ਖੋਲ੍ਹ ਕੇ ਦਿਆਂ ਦੁਹਾਈਆ । ਮੈਨੂੰ ਇਕੋ ਤੇਰੇ ਉਤੇ ਟੇਕ, ਟਿੱਕੇ ਧੂੜੀ ਖ਼ਾਕ ਰਮਾਈਆ । ਮੇਰੇ ਉਤੇ ਦੀਨ ਦੁਨੀ ਦੀ ਕਰ ਦੇ ਬੁੱਧ ਬਿਬੇਕ, ਪਤਤ ਪੁਨੀਤ ਕਰ ਸਫ਼ਾਈਆ । ਸਚ ਧਰਮ ਦੀ ਫੁਲਵਾੜੀ ਮੌਲੇ ਚੇਤ, ਪੱਤ ਟਹਿਣੀ ਆਪ ਮਹਿਕਾਈਆ । ਗ਼ਰੀਬ ਨਿਮਾਣਿਆਂ ਨਾਲ ਕਰ ਹੇਤ, ਹਿਤਕਾਰੀ ਹੋ ਕੇ ਮੰਗ ਮੰਗਾਈਆ । ਤੂੰ ਮਾਲਕ ਸੁਆਮੀ ਨੇਤਨ ਨੇਤ, ਨਿਜ ਘਰ ਬੈਠਾ ਸੋਭਾ ਪਾਈਆ । ਮੈਨੂੰ ਆਦਿ ਜੁਗਾਦੀ ਤੇਰਾ ਭੇਤ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਵਰਤਾਈਆ । ਸਦੀ ਚੌਧਵੀਂ ਮੇਰਾ ਖੇੜਾ ਹੁੰਦਾ ਖੇਤ, ਧੀਰਜ ਸਕੇ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਤੂੰ ਆਦਿ ਜੁਗਾਦੀ ਧੁਰ ਦਾ ਲਾੜਾ, ਸਚਖੰਡ ਨਿਵਾਸੀ ਇਕ ਅਖਵਾਈਆ । ਮੈਂ ਜੁਗ ਜੁਗ ਤੇਰੇ ਅਗੇ ਕੱਢਾਂ ਹਾੜਾ, ਕਲਜੁਗ ਅੰਤਮ ਨਿਵ ਨਿਵ ਲਾਗਾ ਪਾਈਆ । ਮੇਰੇ ਉਤੇ ਕਲਜੁਗ ਕੂੜ ਰਹਿਣ ਨਾ ਦੇ ਅਖਾੜਾ, ਪੰਚ ਵਿਕਾਰ ਨਾ ਕੋਇ ਲੜਾਈਆ । ਸ਼ਰਅ ਛੁਰੀ ਜਗਤ ਦੁਖ ਦੇਵੇ ਕੋਈ ਨਾ ਧਾੜਾ, ਧਰਨੀ ਧਰਤ ਧਵਲ ਧੌਲ ਹੋ ਕੇ ਸੀਸ ਨਿਵਾਈਆ । ਮਾਨਵ ਜ਼ਾਤੀ ਪਰਕਾਸ਼ ਬਖ਼ਸ਼ ਬਹੱਤਰ ਨਾੜਾ, ਅੰਧ ਅੰਧੇਰਾ ਦੇ ਮਿਟਾਈਆ । ਸਚ ਪ੍ਰੀਤੀ ਰੰਗ ਚਾੜ੍ਹ ਦੇ ਗਾੜ੍ਹਾ, ਅੰਦਰ ਬਾਹਰ ਉਤਰ ਕਦੇ ਨਾ ਜਾਈਆ । ਪੁਰਖ ਅਕਾਲੇ ਦੀਨ ਦਿਆਲੇ ਮੈਂ ਮੰਗਣ ਆਈ ਤੇਰੇ ਵਾੜਾ, ਆਜਿਜ਼ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਆਪ ਵਰਤਾਈਆ । ਧਰਨੀ ਕਹੇ ਪ੍ਰਭੂ, ਮੈਂ ਅੱਜ ਖ਼ੁਸ਼ੀਆਂ ਵਿਚ ਤੇਰੀ ਕੀਤੀ ਜ਼ਿਆਰਤ, ਬਿਨ ਸਯਦਿਆਂ ਸੀਸ ਝੁਕਾਈਆ । ਮੈਨੂੰ ਪਿਛਲੀ ਤੇਰੀ ਅੱਖਰਾਂ ਵਾਲੀ ਯਾਦ ਇਕ ਅਬਾਰਤ, ਅਲਿਫ਼ ਯੇ ਰਹੀ ਸਮਝਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਤੇਰੀ ਕੀਤੀ ਸਫ਼ਾਰਸ਼, ਸਹਿਜ ਸਹਿਜ ਨਾਲ ਜਣਾਈਆ । ਜਿਸ ਵੇਲੇ ਨਾਮ ਕਲਮੇ ਸਾਡੇ ਰੂਪ ਬਣ ਗਏ ਤਜਾਰਤ, ਧਰਮ ਈਮਾਨ ਰਹਿਣ ਕੋਇ ਨਾ ਪਾਈਆ । ਉਸ ਵੇਲੇ ਪਰਵਰਦਿਗਾਰ ਸਾਂਝਾ ਯਾਰ ਆਵੇ ਵਿਚ ਭਾਰਤ, ਅਮਾਮ ਅਮਾਮਾ ਨੂਰ ਅਲਾਹੀਆ । ਮਾਨਵ ਜ਼ਾਤੀ ਸਭ ਦਾ ਬਣੇ ਵਾਰਸ, ਵਾਰਸ ਹੋ ਕੇ ਵੇਖ ਵਖਾਈਆ ।

ਹਿੰਦੂ ਮੁਸਲਿਮ ਸਿਖ ਈਸਾਈ ਕਰ ਸਕੇ ਨਾ ਕੋਇ ਸਫ਼ਾਰਸ਼, ਸਭ ਦਾ ਇਕੋ ਹੋਵੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭੂ ਮੈਨੂੰ ਖ਼ੁਸ਼ੀਆਂ ਦੇ ਦੀਦਾਰ, ਸਾਂਝੇ ਯਾਰ ਨੂਰ ਅਲਾਹੀਆ । ਮੈਂ ਤੇਰੀ ਖ਼ਾਦਮ ਖ਼ਿਦਮਤਗਾਰ, ਜੁਗ ਜੁਗ ਸੇਵ ਕਮਾਈਆ । ਮੈਨੂੰ ਸੰਦੇਸ਼ਾ ਅਵਤਾਰ ਪੈਗ਼ੰਬਰਾਂ ਗੁਰੂਆਂ ਦਿਤਾ ਵਾਰੋ ਵਾਰ, ਭਵਿਖਤਾਂ ਵਿਚ ਗਏ ਸੁਣਾਈਆ । ਕਲਜੁਗ ਅੰਤ ਕਲ ਕਲਕੀ ਆਏ ਅਵਤਾਰ, ਅਮਾਮ ਅਮਾਮਾ ਨੂਰ ਅਲਾਹੀਆ । ਮੈਂ ਪੁਰਖ ਅਕਾਲੇ ਦੀਨ ਦਿਆਲੇ ਤੇਰਾ ਕਰਦੀ ਅੱਜ ਇੰਤਜ਼ਾਰ, ਬਿਨ ਨੈਣਾਂ ਨੈਣ ਉਠਾਈਆ । ਕਿਰਪਾ ਨਿਧਾਨ ਹੋ ਕੇ ਫੇਰਾ ਮੇਰੇ ਉਤੇ ਮਾਰ, ਦੋ ਜਹਾਨਾਂ ਪੰਧ ਮੁਕਾਈਆ । ਪੁਰੀ ਲੋਅ ਬ੍ਰਹਿਮੰਡ ਖੰਡ ਤੇਰੀ ਚਰਨ ਧੂੜੀ ਲਾਵਣ ਛਾਰ, ਟਿੱਕੇ ਮਸਤਕ ਖ਼ਾਕ ਰਮਾਈਆ । ਤੂੰ ਖ਼ੁਸ਼ੀਆਂ ਨਾਲ ਮੇਰੇ ਮਹਿਬੂਬ ਦਰਸ਼ਨ ਦੇਣੇ ਭਗਤ ਦੁਆਰ, ਹਰਿ ਭਗਤਾਂ ਸੰਗ ਰਲਾਈਆ । ਮੈਂ ਵੀ ਕੋਝੀ ਕਮਲੀ ਬਿਨ ਸੀਸ ਕਰਾਂ ਨਿਮਸਕਾਰ, ਬਿਨ ਹੱਥਾਂ ਲਾਗਾ ਪਾਈਆ । ਤੂੰ ਮੇਰਾ ਲਹਿਣਾ ਦੇਣਾ ਪੂਰਬ ਕਰਮ ਲੈਣਾ ਵਿਚਾਰ, ਕਰਮ ਕਾਂਡ ਤੇਰੇ ਚਰਨ ਟਿਕਾਈਆ । ਮੈਂ ਖ਼ੁਸ਼ੀਆਂ ਵਿਚ ਜਾਵਾਂ ਬਲਿਹਾਰ, ਬਲ ਬਲ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਤੇ ਪੁਰਖ ਬਿਧਾਤੇ ਨਿਰਗੁਣ ਨੂਰ ਕਰਨਾ ਉਜਿਆਰ, ਨੂਰ ਨੁਰਾਨੇ ਸ਼ਾਹ ਸੁਲਤਾਨੇ ਸ੍ਰੀ ਭਗਵਾਨੇ ਤੇਰਾ ਦਰਸ਼ਨ ਪਾਈਆ ।


੧੦੩੫
੨੪

## ✪ ਪਹਿਲੀ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਰਾਤ ਦੇ ਸਮੇਂ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਕਾਰਤਕ ਕਹੇ ਧਰਨੀਏ ਮੇਰੀ ਤੈਨੂੰ ਵਧਾਈ, ਖ਼ੁਸ਼ਹਾਲੇ ਖ਼ੁਸ਼ੀਆਂ ਢੋਲੇ ਗਾਈਆ । ਤੇਰੇ ਉਤੇ ਨੂਰ ਨੁਰਾਨਾ ਆਇਆ ਧੁਰ ਦਾ ਮਾਹੀ, ਮਹਿਬੂਬ ਅਗੰਮ ਅਥਾਹੀਆ । ਜਿਸ ਦਾ ਨੂਰ ਜ਼ਹੂਰ ਕਰੇ ਰੁਸ਼ਨਾਈ, ਦੋ ਜਹਾਨਾਂ ਡਗਮਗਾਈਆ । ਉਹ ਤਕ ਲੈ ਅਵਤਾਰ ਪੈਗ਼ੰਬਰ ਗੁਰ ਬਣ ਕੇ ਆ ਗਏ ਪਾਂਧੀ ਰਾਹੀ, ਆਪਣਾ ਪੰਧ ਮੁਕਾਈਆ । ਇਕੱਠੇ ਹੋਏ ਏਕਾ ਥਾਈਂ, ਹਰਿ ਭਗਤ ਦੁਆਰ ਵਜੇ ਵਧਾਈਆ । ਤੂੰ ਆਪਣਾ ਬਿਨ ਅੱਖਾਂ ਨੈਣ ਉਠਾਈਂ, ਚਾਰੇ ਕੁੰਟ ਫਿਰਾਈਆ । ਬਿਨ ਰਸਨਾ ਢੋਲੇ ਗਾਈਂ, ਆਇਆ ਧੁਰ ਦਾ ਮਾਹੀਆ । ਝਟ ਧਰਨੀ ਆਵਾਜ਼ ਸੁਣੀ ਚਾਈਂ ਚਾਈਂ, ਬਿਨ ਸਰਵਣਾਂ ਹੋਈ ਸ਼ਨਵਾਈਆ । ਨਵ ਸੱਤ ਸੁਤੀ ਪਈ ਲਈ ਅੰਗੜਾਈ, ਆਪ ਆਪਣਾ ਲਿਆ ਜਗਾਈਆ । ਨਾਲੇ ਹਸ ਕੇ ਕਿਹਾ ਮੇਰੇ ਬੇਪਰਵਾਹੀ, ਤੇਰੀ ਬੇਪਰਵਾਹੀਆ । ਮੈਂ ਕਦ ਦਾ ਰਾਹ ਤਕਾਈ, ਚਾਰੇ ਕੁੰਟ ਵੇਖ ਵਖਾਈਆ । ਮੈਂ ਸੰਦੇਸਾ ਦਿਤਾ ਆਪਣੇ ਬਲ ਅਸਗਾਹੀ, ਸਮੁੰਦ ਸਾਗਰਾਂ ਸਮਝਾਈਆ । ਟਿੱਲੇ ਪਰਬਤਾਂ ਆਖਿਆ ਚਾਈਂ ਚਾਈਂ, ਸੋਇਆ ਰਹਿਣ ਕੋਇ ਨਾ ਪਾਈਆ । ਉੱਤਰ ਪੂਰਬ ਪੱਛਮ ਦੱਖਣ ਦਿਤਾ ਉਠਾਈ, ਆਲਸ ਨਿੰਦਰਾ ਵਿਚੋਂ ਬਾਹਰ ਕਢਾਈਆ । ਤੁਸਾਂ ਨਿਗਾਹ ਰਖਣੀ ਜਿਸ ਵੇਲੇ ਜੋਤੀ ਜਾਤਾ ਆਵੇ ਧੁਰ ਦਾ ਰਾਹੀ, ਬਿਨ ਕ਼ਦਮਾਂ ਕ਼ਦਮ ਉਠਾਈਆ । ਨਾਰਦਾ ਮੈਂ ਉਸ ਪ੍ਰਭੂ ਦੇ ਸਗਨ ਰਹੀ ਮਨਾਈ, ਸੋਹਣੀ ਖ਼ੁਸ਼ੀ ਬਣਾਈਆ । ਆਪਣੀ ਮੇਂਢੀ ਸੀਸ ਗੁੰਦਾਈ, ਸੋਹਣਾ ਰੰਗ ਰੰਗਾਈਆ । ਦੁਰਮਤ ਮੈਲ ਧੋ ਕੇ ਸ਼ਾਹੀ, ਪਾਪਾਂ ਕਰੀ ਸਫ਼ਾਈਆ । ਸੋਹਣਿਆ ਨਾਰਦਾ ਮੈਂ ਸਭ ਤੋਂ ਵਖਰੀ ਚਾਰ ਜੁਗ ਦੀ ਅਗੰਮੀ ਸੇਜ ਵਿਛਾਈ, ਜਿਸ ਨੂੰ ਸੰਬਲ

ਕਹਿ ਕੇ ਗੋਬਿੰਦ ਗਿਆ ਗਾਈਆ । ਮੇਰੇ ਧੰਨ ਭਾਗ ਜੇ ਉਸ ਦੀ ਹੋਈ ਆਵਾਜਾਈ, ਆਇਆ ਪੰਧ ਮੁਕਾਈਆ । ਮੇਰਾ ਇਕ ਸੁਨੇਹੜਾ ਉਸ ਨੂੰ ਦੇਣਾ ਸੁਣਾਈ, ਬਿਨ ਅੱਖਰਾਂ ਅੱਖਰ ਦ੍ਰਿੜਾਈਆ । ਮੈਂ ਨਿਮਾਣੀ ਧਰਨੀ ਧਰਤ ਧਵਲ ਧੌਲ ਤੇਰੀ ਧਾਰ ਦੀ ਜਾਈ, ਜਿਸ ਦਾ ਮਾਤ ਪਿਤ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲੇ ਦੀਨ ਦਿਆਲੇ ਮੇਰੀ ਅੰਤਮ ਪਕੜੀ ਬਾਹੀਂ, ਬਿਨ ਹੱਥਾਂ ਹੱਥ ਛੁਹਾਈਆ । ਨਾਰਦ ਕਿਹਾ ਧਰਨੀਏ ਮੈਂ ਵਾਸਤਾ ਦੇਵਾਂ ਪਾਈ, ਨਿਵ ਨਿਵ ਲਾਗਾਂ ਪਾਈਆ । ਨੀ ਉਹ ਜਲਵਾਗਰ ਨੂਰ ਨੁਰਾਨਾ ਖ਼ੁਦਾਈ, ਖ਼ੁਦ ਮਾਲਕ ਇਕ ਅਖਵਾਈਆ । ਸਦਾ ਆਪਣੀ ਚਲੇ ਰਜ਼ਾਈ, ਰਾਜ਼ਕ ਰਿਜ਼ਕ ਰਹੀਮ ਬੇਪਰਵਾਹੀਆ । ਜਿਸ ਦੇ ਹੁਕਮ ਵਿਚ ਦੋ ਜਹਾਨ ਖ਼ੁਦਾਈ, ਖ਼ੁਦ ਮਾਲਕ ਇਕ ਅਖਵਾਈਆ । ਨੀ ਜਿਨ੍ਹ ਗੋਬਿੰਦ ਨਾਲ ਕੀਤੀ ਸੀ ਜੁਦਾਈ, ਅੰਤ ਮਿਲਾਵਾ ਹੋਇਆ ਸਹਿਜ ਸੁਭਾਈਆ । ਹੁਣ ਪਿਛਲਾ ਝਗੜਾ ਰਿਹਾ ਨਹੀਂ ਢਈਆ ਢਾਈ, ਢੌਂਕਾ ਲਾ ਕੇ ਗਿਆ ਵਾਹੋ ਦਾਹੀਆ । ਉਸ ਅਗਲੀ ਨਵੀਂ ਖੇਲ ਰਚਾਈ, ਰਚਨਾ ਸਮਝ ਕਿਸੇ ਨਾ ਆਈਆ । ਨਿਰਗੁਣ ਜੋਤ ਰਿਹਾ ਚਮਕਾਈ, ਜੋਤੀ ਜਾਤਾ ਬਣਿਆ ਧੁਰ ਦਾ ਮਾਹੀਆ । ਸ਼ਬਦ ਸੰਦੇਸ਼ਾ ਰਿਹਾ ਸੁਣਾਈ, ਅਣਸੁਣਤ ਰਹਿਣ ਕੋਇ ਨਾ ਪਾਈਆ । ਝਟ ਧਰਨੀ ਦੋਵੇਂ ਉਠਾ ਕੇ ਬਾਹੀਂ, ਬਿਨ ਹੱਥਾਂ ਤਾਲੀ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਕੱਤਕ ਕਹੇ ਧਰਨੀਏ ਮੈਂ ਤੇਰੇ ਨਾਲ ਹਸਦਾ, ਖ਼ੁਸ਼ੀਆਂ ਵਿਚ ਜਣਾਈਆ । ਮੈਂ ਨਵ ਸੱਤ ਨਸਦਾ, ਭੱਜਾਂ ਵਾਹੋ ਦਾਹੀਆ । ਮੇਰੇ ਕੋਲ ਭਰਿਆ ਭੰਡਾਰਾ ਜਸ ਦਾ, ਸਿਫ਼ਤਾਂ ਢੋਲੇ ਗਾਈਆ । ਮੇਰੇ ਕੋਲ ਪੰਧ ਨਹੀਂ ਕੋਈ ਅੱਖ ਦਾ, ਨੇਤਰ ਨਾ ਕੋਇ ਚਤੁਰਾਈਆ । ਮੈਂ ਖੇਲ ਵੇਖਿਆ ਸਮਰਥ ਦਾ, ਤੈਨੂੰ ਦਿਆਂ ਦ੍ਰਿੜਾਈਆ । ਨੀ ਉਹ ਤੇਰੇ ਉਤੇ ਜੋਤੀ ਜਾਤਾ ਹੋ ਕੇ ਸੰਬਲ ਦੇ ਵਿਚ ਵਸਦਾ, ਸੰਭਾਲ ਕਰੇ ਥਾਉਂ ਥਾਈਂਆ । ਜਿਸ ਦੇ ਕੋਲ ਭੰਡਾਰਾ ਅੰਮਿਉਂ ਰਸ ਦਾ, ਬਿਨ ਰਸਨਾ ਦਏ ਚਖਾਈਆ । ਨੀ ਉਹ ਸ਼ਬਦ ਅਣਿਆਲਾ ਤੀਰ ਕਸਦਾ, ਬਿਨ ਚਿੱਲੇ ਕਮਾਨ ਚਲਾਈਆ । ਧਰਨੀਏ ਮੈਂ ਹੈਰਾਨ ਹੋ ਗਿਆ ਭਗਤਾਂ ਦੇ ਅੰਦਰ ਵਸਦਾ, ਹੋਰ ਲੱਭਣ ਦੀ ਲੋੜ ਰਹੇ ਨਾ ਰਾਈਆ । ਜੇ ਕਿਸੇ ਬਾਹਰੋਂ ਲਭਣਾ ਤੇ ਰੂਪ ਵੇਖਣਾ ਜੱਟ ਦਾ, ਸਿੱਧਾ ਸਾਧਾ ਨਜ਼ਰੀ ਆਈਆ । ਜੇ ਪ੍ਰਕਾਸ਼ ਤਕਣਾ ਲਟ ਲਟ ਦਾ, ਨੂਰ ਨੁਰਾਨਾ ਡਗਮਗਾਈਆ । ਨੀ ਤੇਰੇ ਉਤੇ ਓਸ ਨੇ ਸੰਸਾਰ ਵਣਜਾਰਾ ਬਣਾਉਣਾ ਇਕੋ ਹੱਟ ਦਾ, ਵਸਤ ਇਕੋ ਨਾਮ ਵਰਤਾਈਆ । ਮੈਨੂੰ ਇਉਂ ਜਾਪਦਾ ਉਹ ਇਕ ਇਕੱਲਾ ਬੈਠਾ ਪਿਛਲੀਆਂ ਡੋਰੀਆਂ ਸਾਰੀਆਂ ਕਟਦਾ, ਕਟਾਕਸ਼ ਆਪਣਾ ਨਾਮ ਲਗਾਈਆ । ਮੈਂ ਓਸੇ ਦੀ ਖ਼ੁਸ਼ੀ ਵਿਚ ਟਪਦਾ, ਟਾਪੂਆਂ ਤੇਰਿਆਂ ਉਤੇ ਭੱਜਾਂ ਵਾਹੋ ਦਾਹੀਆ । ਮੈਂ ਉਸ ਦਾ ਇਕੋ ਨਾਮ ਜਪਦਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਜਿਥੇ ਝਗੜਾ ਨਹੀਂ ਕਿਸੇ ਤਪ ਦਾ, ਸਾਧਨਾਂ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਕਾਰਤਕ ਕਹੇ ਧਰਨੀਏ ਮੈਂ ਤੈਨੂੰ ਖ਼ੁਸ਼ੀਆਂ ਨਾਲ ਦੱਸਾਂ ਕਹਾਣੀ, ਕਹਾਵਤ ਸਮਝ ਕਿਸੇ ਨਾ ਆਈਆ । ਨੀ ਉਹਦੀ ਮੰਜ਼ਲਾਂ ਤੋਂ ਬਾਹਰ ਦੀ ਬਾਣੀ, ਬਾਣ ਅਣਿਆਲੇ ਤੀਰ ਚਲਾਈਆ । ਜਿਥੇ ਪੁਜ ਨਾ ਸਕੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਚਲੇ ਨਾ ਕੋਇ ਚਤੁਰਾਈਆ । ਉਹ ਸ਼ਹਿਨਸ਼ਾਹੀ ਸੁਲਤਾਨੀ, ਦੋ ਜਹਾਨਾਂ ਮਾਲਕ ਇਕ ਅਖਵਾਈਆ । ਉਹ ਦਾਤਾ ਗੁਣ ਨਿਧਾਨੀ, ਗਹਿਰ ਗੰਭੀਰ ਨੂਰ ਅਲਾਹੀਆ । ਨੀ ਜੁਗ ਬਦਲਨਾ ਉਹਦੀ ਆਦਤ ਪੁਰਾਣੀ,

੧੦੩੭
੨੪

ਪੂਰਨ ਸਤਿਗੁਰ ਹੋ ਕੇ ਆਪਣਾ ਖੇਲ ਖਿਲਾਈਆ । ਜੋ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਭਗਤਾਂ ਸੰਤਾਂ ਗ੍ਰੰਥਾਂ ਸ਼ਾਸਤਰਾਂ ਦਿਤੀ ਨਿਸ਼ਾਨੀ, ਉਹ ਨਿਸ਼ਾਨਾ ਲੈ ਕੇ ਆਇਆ ਧੁਰਦਰਗਾਹੀਆ । ਇਹ ਕੋਈ ਲੇਖਾ ਨਹੀਂ ਧਰਨੀਏ ਜ਼ਬਾਨੀ, ਕਲਮ ਸ਼ਾਹੀ ਸ਼ਹਾਦਤਾਂ ਰਹੀ ਭੁਗਤਾਈਆ । ਇਹ ਕੋਈ ਮੰਜ਼ਲ ਨਹੀਂ ਰੁਹਾਨੀ, ਅੱਧ ਵਿਚ ਬੈਠੇ ਰੋਵਣ ਮਾਰਨ ਸਾਰੇ ਧਾਹੀਆ । ਇਹ ਕੋਈ ਧਾਰ ਨਹੀਂ ਜਿਸਮਾਨੀ, ਪੰਜਾਂ ਤਤਾਂ ਵੰਡ ਵੰਡਾਈਆ । ਇਹ ਇਕ ਤੇ ਇਕੋ ਇਹਦੀ ਮਿਹਰਬਾਨੀ, ਮਿਹਰਬਾਨ ਹੋਵੇ ਤੇ ਹੋਰ ਕਿਸੇ ਦੀ ਲੋੜ ਰਹੇ ਨਾ ਰਾਈਆ । ਨਾ ਝਗੜਾ ਜ਼ਿਮੀਂ ਰਹੇ ਨਾ ਰਹੇ ਅਸਮਾਨੀ, ਜ਼ਮੀਂ ਅਸਮਾਨਾਂ ਤੋਂ ਬਾਹਰ ਸਚਖੰਡ ਆਪਣੇ ਚਰਨ ਦੁਆਰ ਲਏ ਟਿਕਾਈਆ । ਪਰ ਇਕ ਇਹਦੇ ਵਿਚ ਵਾਧਾ ਏਨ ਤਾਰਨ ਲੱਗਿਆਂ ਏਹ ਨਹੀਂ ਵੇਖਣਾ ਇਹ ਮਰਦ ਕਿ ਜਨਾਨੀ, ਬਿਰਧ ਬਾਲ ਬੱਚਾ ਨੌਜਵਾਨ ਇਕੋ ਰੰਗ ਰੰਗਾਈਆ । ਏਨ ਇਹ ਨਹੀਂ ਵੇਖਣਾ ਇਹਦਾ ਮਸਤਕ ਲੇਖ ਕੀ ਹੈ ਪੇਸ਼ਾਨੀ, ਜਿਸਦੀ ਪੁਸ਼ਤ ਪਨਾਹ ਹੱਥ ਟਿਕਾਇਆ ਦਰਗਾਹ ਸਾਚੀ ਵਿਚ ਪਹੁੰਚਾਈਆ । ਓ ਨਾ ਇਹ ਕੋਈ ਲੈਣ ਆਇਆ ਕੁਰਬਾਨੀ, ਕਰਬਲੇ ਵਾਲਿਆਂ ਦਾ ਲੇਖਾ ਦਏ ਭੁਗਤਾਈਆ । ਨਾਰਦ ਕਹੇ ਧਰਨੀਏ ਮੈਂ ਹੈਰਾਨ ਹੋ ਗਿਆ ਇਹਦੀ ਸਭ ਤੋਂ ਵਖਰੀ ਤੇ ਸਭ ਤੋਂ ਨਿਰਾਲੀ ਜਵਾਨੀ, ਜੋਬਨਵੰਤਾ ਆਪ ਹੋ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਆ । ਨਾਰਦ ਕਹੇ ਕੱਤਕ ਜੀ, ਤੁਸੀਂ ਵੀ ਗਾਓ ਖ਼ੁਸ਼ੀਆਂ ਢੋਲੇ, ਪਹਿਲਾ ਪਰਵਿਸ਼ਟਾ ਨਾਲ ਮਿਲਾਈਆ । ਨਾਲੇ ਪੁਰਾਣਿਆਂ ਜੁਗਾਂ ਦੇ ਯਾਦ ਕਰ ਲਓ ਬੋਲੇ, ਜੋ ਅਣਬੋਲਤ ਗਿਆ ਸੁਣਾਈਆ । ਅਵਤਾਰ ਪੈਗ਼ੰਬਰ ਗੁਰੂ ਤਕ ਲਓ ਜਿਹੜੇ ਧਰਮ ਦੇ ਬਣੇ ਤੋਲੇ, ਨਾਮ ਕੰਡੇ ਤਰਾਜ਼ੂ ਹੱਥ ਉਠਾਈਆ । ਜਿਸ ਦੇ ਗਾ ਗਾ ਗਏ ਸੋਹਲੇ, ਰਾਗਾਂ ਨਾਦਾਂ ਵਿਚ ਜਣਾਈਆ । ਜੋ ਨਿਰਗੁਣ ਨਿਰਾਕਾਰ ਨਿਰੰਕਾਰ ਹੋ ਕੇ ਮੌਲੇ, ਮੌਲਾ ਆਪਣਾ ਰੂਪ ਬਦਲਾਈਆ । ਉਹ ਜ਼ਰੂਰ ਸ੍ਰਿਸ਼ਟੀ ਦੀ ਦ੍ਰਿਸ਼ਟੀ ਅੰਦਰ ਵੜ ਕੇ ਬੋਲੇ, ਬਾਹਰੋਂ ਵੇਖ ਨਾ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਧੁਰਦਰਗਾਹੀਆ । ਕੱਤਕ ਕਹੇ ਧਰਨੀਏ ਮੈਂ ਸੁਣਿਆ ਤੂੰ ਧਰਮ ਮਾਤਾ, ਧਰਮ ਦੀ ਦਾਤੀਏ ਕਿਥੇ ਬੈਠੀ ਧਰਮ ਗੁਆਈਆ । ਨਿਗਾਹ ਮਾਰ ਲੈ ਤੇਰੇ ਉਤੇ ਹੋਈ ਅੰਧੇਰੀ ਰਾਤਾ, ਸਾਚਾ ਚੰਦ ਨਾ ਕੋਇ ਚਮਕਾਈਆ । ਵਿਸ਼ਨੂੰ ਭੰਡਾਰੀ ਦਾ ਵੇਖ ਲੈ ਖਾਤਾ, ਕੋਈ ਭੁਖਾ ਮਰੇ ਕਿਸੇ ਦੇ ਭੰਡਾਰੇ ਰਿਹਾ ਭਰਾਈਆ । ਬ੍ਰਹਮੇ ਦੀ ਧਾਰ ਨੂੰ ਵੇਖ ਲੈ ਬ੍ਰਹਮ ਨੂੰ ਵੰਡ ਦਿਤਾ ਵਿਚ ਜ਼ਾਤਾ ਪਾਤਾ, ਤਤਾਂ ਨਾਲ ਤਤ ਦਿਤੇ ਟਕਰਾਈਆ । ਸ਼ੰਕਰ ਨੂੰ ਵੇਖ ਲੈ ਕਿਥੇ ਬਹਿ ਰਿਹਾ ਉਤੇ ਕੈਲਾਸ਼ਾ, ਆਪਣੀ ਕਲ ਨਾ ਕੋਈ ਵਖਾਈਆ । ਨੌ ਖੰਡ ਪ੍ਰਿਥਮੀ ਕਲਜੁਗ ਕੂੜ ਕੁੜਿਆਰ ਆਪਣਾ ਕਰੇ ਤਮਾਸ਼ਾ, ਸੱਤਾਂ ਦੀਪਾਂ ਕੂੜ ਕੁੜਿਆਰ ਰੰਗ ਰੰਗਾਈਆ । ਨਾਰਦ ਕਹੇ ਮੈਂ ਵੇਖ ਕੇ ਹੋਇਆ ਉਦਾਸਾ, ਉਦਾਸੀ ਮੇਰੇ ਅੰਦਰ ਆਈਆ । ਮੈਂ ਕਹਿਵਾਂ ਉਹ ਸ਼ੰਕਰਾ ਜੇ ਇਹੋ ਜਿਹੀ ਸ੍ਰਿਸ਼ਟੀ ਏ ਕਿਉਂ ਨਹੀਂ ਚਾੜ੍ਹ ਦੇਂਦਾ ਲਾਸ਼ ਉਤੇ ਲਾਸ਼ਾ, ਪ੍ਰਭ ਤੋਂ ਭੁੱਲਿਆਂ ਦੀ ਧਰਤੀ ਉਤੇ ਲੋੜ ਨਾ ਕੋਇ ਵਖਾਈਆ । ਜੇ ਤੂੰ ਬੱਚੂ ਨਹੀਂ ਬਦਲੇਂਗਾ ਪੁਰਖ ਅਕਾਲ ਤੈਥੋਂ ਹੁਕਮ ਨਾਲ ਬਦਲਾ ਦੇਵੇਗਾ ਪਾਸਾ, ਕਰਵਟ ਲੈਣੀ ਪਏ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਕੱਤਕ ਮੈਂ ਕਿਹੜਾ ਕਰਮ ਕਮਾਵਾਂ, ਸਚ ਦੇ ਸਮਝਾਈਆ । ਕੱਤਕ ਕਹੇ ਮੈਂ ਇਕੋ ਬੋਲ ਦ੍ਰਿੜਾਵਾਂ, ਜਗਤ ਬੁੱਧੀ ਨਾ ਕੋਇ ਚਤੁਰਾਈਆ ।

ਪਹਿਲੋਂ ਦੋਵੇਂ ਭੁਜਾ ਉਠਾ ਲੈ ਬਾਹਵਾਂ, ਹੱਥ ਹੱਥਾਂ ਨਾਲ ਮਿਲਾਈਆ । ਫੇਰ ਅੱਜ ਤੋਂ ਪਿਛਲਾ ਸਾਰਾ ਛਡ ਦੇ ਦਾਅਵਾ, ਹਕ ਹੱਥ ਨਾ ਕੋਇ ਰਖਾਈਆ । ਪ੍ਰਭੂ ਨੂੰ ਕਹਿ ਦੇ ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੈਂ ਇਕੋ ਤੇਰਾ ਸੰਗ ਰਖਾਵਾਂ, ਦੂਜੀ ਲੋੜ ਰਹੇ ਨਾ ਰਾਈਆ । ਤੇ ਮੰਗ ਮੰਗੀਂ ਨਾਲ ਚਾਵਾਂ, ਖ਼ੁਸ਼ੀਆਂ ਨਾਲ ਝੋਲੀ ਡਾਹੀਆ । ਨਾਰਦ ਨਾਲ ਕੱਤਕ ਕਹੇ ਮੈਂ ਵੀ ਕਹਿ ਦਊਂ ਵਾਹ ਵਾਹ, ਵਾਹਿਗੁਰੂ ਤੇਰੀ ਬੇਪਰਵਾਹੀਆ । ਅਗੇ ਦਾ ਲੇਖਾ ਤੇ ਕੁਛ ਆਪਣਾ ਇਹਦੀ ਝੋਲੀ ਪਾ ਦੇ ਨਾਵਾਂ, ਐਸਾ ਨਾਮ ਪਾਈਂ ਜਿਸ ਨੂੰ ਚਾਰ ਜੁਗ ਦੇ ਸ਼ਸਤਰ ਸਮਝ ਸਕਣ ਨਾ ਰਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰਾ ਸ਼ੁਕਰ ਮਨਾਵਾਂ, ਝੁਕ ਝੁਕ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਆ ਗਿਆ, ਆਂਹਦਾ ਓਏ ਕੱਤਕਾ, ਬੜੀਆਂ ਮਾਰਦਾ ਏਂ ਡੀਂਗਾਂ, ਉਹ ਪੰਜਾਬ ਵਿਚ ਆ ਕੇ ਪੰਜਾਬੀਆਂ ਵਾਲੀ ਆਕੜ ਲਈ ਬਣਾਈਆ । ਉਹ ਵੇਖ ਲੈ ਜੁਗ ਚੌਕੜੀਆਂ ਦੀਆਂ ਲਟਕਦੀਆਂ ਬਿਨਾ ਰੱਸੀਆਂ ਵਾਲੀਆਂ ਪੀਂਘਾਂ, ਹੁਲਾਰਾ ਸਮਝ ਕਿਸੇ ਨਾ ਆਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੀਆਂ ਧਾਰਾਂ ਸੁਤੀਆਂ ਬਿਨਾ ਨੀਂਦਾਂ, ਬਿਨ ਆਲਸ ਆਪਣਾ ਆਪ ਆਪਣੇ ਵਿਚ ਸਮਾਈਆ । ਮੈਨੂੰ ਇਹ ਦੱਸ ਏਸ ਵੇਲੇ ਕੌਣ ਮਰਿਆ ਤੇ ਕੌਣ ਜਿਉਂਦਾ, ਤੇ ਦੋਹਾਂ ਤੋਂ ਬਾਹਰ ਕਿਹੜਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਨਾਰਦ ਕਹੇ ਕੱਤਕ ਚਾਰ ਜੁਗ ਵਿਚ ਕਿਹੜਾ ਕੀਤਾ ਕਰਮ, ਆਪਣਾ ਕਰਮ ਕਾਂਡ ਦੇ ਸਮਝਾਈਆ । ਕਿਹੜਾ ਵੇਖਿਆ ਚੰਗਾ ਧਰਮ, ਧਰਮੀ ਹੋ ਕੇ ਭੇਵ ਖੁਲ੍ਹਾਈਆ । ਕਿਹੜਾ ਸੋਹਣਾ ਲੱਗਾ ਵਰਨ, ਕਵਣ ਬਰਨ ਵਜੇ ਵਧਾਈਆ । ਉਹ ਕਿਹੜੇ ਸਭ ਤੋਂ ਸ੍ਰੇਸ਼ਟ ਤੈਨੂੰ ਲੱਗੇ ਚਰਨ, ਅਵਤਾਰ ਪੈਗ਼ੰਬਰ ਗੁਰੂ ਤੇਰੇ ਉਤੇ ਗਏ ਫੇਰੀਆਂ ਪਾਈਆ । ਦੱਸ ਤੂੰ ਕਿਹੜੀ ਸਿਖਿਆ ਲੱਗਾ ਪੜ੍ਹਨ, ਕਵਣ ਸਚ ਗਿਆ ਸਮਝਾਈਆ । ਕਿਹੜੀ ਮੰਜ਼ਲ ਲੱਗਾ ਚੜ੍ਹਨ, ਕਵਣ ਰਾਹ ਭੱਜੇਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਇਕ ਵਖਾਈਆ । ਕੱਤਕ ਕਹੇ ਨਾਰਦਾ ਮੈਂ ਬਹੁਤਾ ਕੁਛ ਨਹੀਂ ਦੱਸਣਾ, ਸਭ ਕੁਛ ਤੈਨੂੰ ਦਿਆਂ ਸਮਝਾਈਆ । ਮੈਂ ਅਜੇ ਇਕ ਸਾਲ ਚੁੱਪ ਚੁੱਪ ਰਹਿ ਕੇ ਵਸਣਾ, ਫੇਰ ਹੌਲੀ ਹੌਲੀ ਪਰਦਾ ਦਿਆਂ ਉਠਾਈਆ । ਤੂੰ ਮੇਰੇ ਵੱਲੇ ਮੈਂ ਤੇਰੇ ਵੱਲੇ ਨੱਸਣਾ, ਭੱਜਣਾ ਵਾਹੋ ਦਾਹੀਆ । ਕਲਜੁਗ ਦੇ ਕੰਡਿਆਂ ਵਿਚ ਸ਼ਾਇਦ ਸਾਨੂੰ ਦੋਹਾਂ ਨੂੰ ਪੈ ਜਾਏ ਫਸਣਾ, ਰਾਹ ਨਜ਼ਰ ਕੋਇ ਨਾ ਆਈਆ । ਓਧਰੋਂ ਕਲਜੁਗ ਦੀ ਹੋ ਜਾਣੀ ਰੈਣ ਅੰਧੇਰੀ ਮਸਣਾ, ਸੂਰੀਆ ਚੰਦ ਜੋਤ ਨਾ ਕੋਇ ਡਗਮਗਾਈਆ । ਫੇਰ ਤੂੰ ਮੇਰੇ ਵੱਲੇ ਮੈਂ ਤੇਰੇ ਵੱਲੇ ਵੇਖ ਕੇ ਹਸਣਾ, ਪਰ ਦੋਹਾਂ ਦਾ ਚਾਰਾ ਚਲੇ ਕੋਇ ਨਾ ਰਾਈਆ । ਹਾਂ ਯਾਦ ਕਰ ਲੈ ਬਾਵਨ ਨੇ ਪਹਿਲੀ ਕੱਤਕ ਵਾਲੇ ਦਿਨ ਕਿਹਾ ਸੀ ਓਏ ਭਗਤੋ ਹਜ਼ਾਰਾਂ ਸਾਲਾਂ ਦੀ ਤਪਸਿਆ ਕਰਨ ਵਾਲਿਓ ਰਿਸ਼ੀਓ ਜਦੋਂ ਕਲਜੁਗ ਅੰਤਮ ਆਪ ਆਇਆ ਇਕੋ ਸੋਹੰ ਜਾਪ ਪਏਗਾ ਜਪਣਾ, ਦੂਜੀ ਲੋੜ ਰਹੇ ਨਾ ਰਾਈਆ । ਨਾ ਕੋਈ ਬੇੜੀ ਲਭਣੀ ਪਏ ਨਾ ਕੋਈ ਲਭਣਾ ਪਏ ਪਤਣਾ, ਇਕੋ ਮਲਾਹ ਬੇਪਰਵਾਹ ਸਭ ਨੂੰ ਬੰਨੇ ਦਏ ਲਗਾਈਆ । ਨਾਰਦ ਕਹੇ ਵਾਹ ਕੱਤਕਾ ਵਾਹ, ਓਸੇ ਦੀ ਬੇਪਰਵਾਹੀਆ । ਨਾਲੇ ਖ਼ੁਸ਼ੀਆਂ ਨਾਲ ਬੋਦੀ ਦਿਤੀ ਹਿਲਾ, ਪਵਣ ਪਵਣਾਂ ਵਿਚੋਂ ਚਲਾਈਆ । ਨਾਰਦ ਕਹਿੰਦਾ ਏ ਜੇ ਕੱਤਕਾ ਮੇਰੀ ਬੋਦੀ ਨਾ ਹਿੱਲੇ ਤੇ ਉਨੰਜਾ ਪਵਣ ਦਾ ਨਹੀਂ ਕੋਈ ਵਸਾਹ, ਕਿਹੜੇ ਵੇਲੇ ਬੰਦ ਹੋਵੇ ਕਿਹੜੇ ਵੇਲੇ ਭੱਜੇ ਵਾਹੋ ਦਾਹੀਆ ।

ਕੱਤਕ ਕਹਿੰਦਾ ਨਾਰਦਾ ਇਹ ਕੀ ਦਿਤਾ ਸੁਣਾ, ਮੈਨੂੰ ਦੇ ਦ੍ਰਿੜਾਈਆ । ਨਾਰਦ ਕਹਿੰਦਾ ਮੇਰੀ ਬੋਦੀ ਬੜੀ ਸ਼ਰਾਰਤਣ, ਬਿਨ ਅੱਖਰਾਂ ਤੋਂ ਅਬਾਰਤਣ, ਬਿਨਾ ਵਸਤੂਆਂ ਤੋਂ ਤਜਾਰਤਣ, ਪਰ ਇਹਦੇ ਵਿਚ ਗੁਣ, ਇਹਨੇ ਸਾਰੇ ਵੇਖੇ ਜਿਹੜੇ ਸੂਰ ਖਾਂਦੇ ਤੇ ਗਾਂ, ਬਚਿਆ ਰਹਿਣ ਕੋਇ ਨਾ ਪਾਈਆ । ਨਾਰਦ ਕਹੇ ਕੱਤਕਾ ਮੈਂ ਜ਼ਰੂਰ ਸਾਰੇ ਪ੍ਰਭੂ ਨੂੰ ਦੇਣੇ ਵਖਾ, ਨਵਾਂ ਖੰਡਾਂ ਸੱਤਾਂ ਦੀਪਾਂ ਵਿਚ ਜਾ ਜਾ ਫੇਰੀਆਂ ਪਾਈਆ । ਨਾਲੇ ਅਵਤਾਰ ਪੈਗ਼ੰਬਰ ਗੁਰੂ ਬਣਾਉਣੇ ਮਲਾਹ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ । ਮੈਂ ਕੋਈ ਪੰਡਤ ਨਹੀਂ ਮੈਂ ਕੋਈ ਜਿਸਮ ਨਹੀਂ ਜ਼ਮੀਰ ਨਹੀਂ ਤਨ ਨਹੀਂ ਵਜੂਦ ਨਹੀਂ ਮਾਟੀ ਖ਼ਾਕ ਨਹੀਂ ਮੇਰਾ ਮੰਤਰ ਨਹੀਂ ਕੋਈ ਸੋਹੰ ਸੁਅਹਾ, ਓਅੰਗ ਸੋਹੰ ਮੈਂ ਨੂਰ ਤੇ ਨੂਰ ਦਾ ਰੂਪ ਅਲਾਹ, ਤੇ ਮੇਰਾ ਮਾਲਕ ਬੇਪਰਵਾਹ ਸਤਿਗੁਰ ਸ਼ਬਦ ਸਦਾ ਸਹਾ, ਸਹਾਇਕ ਨਾਇਕ ਇਕੋ ਨਜ਼ਰੀ ਆਈਆ । ਪਰ ਮੈਂ ਕਦੇ ਕਿਸੇ ਦੇ ਅਗੇ ਮਿੰਨਤਾਂ ਨਾਲ ਕੀਤੀ ਨਹੀਂ ਦੁਆ, ਦੁਆਰਕਾ ਵਾਸੀ ਮੈਨੂੰ ਬਥੇਰੇ ਗਏ ਸਮਝਾਈਆ । ਮੈਨੂੰ ਰਾਮ ਵਿਸ਼ਸ਼ਟ ਨੇ ਸੱਦ ਕੇ ਆਖਿਆ ਨਾਰਦਾ ਸਾਨੂੰ ਇਕੋ ਰਾਗ ਦ੍ਰਿੜਾ, ਖ਼ੁਸ਼ੀਆਂ ਦੇ ਢੋਲੇ ਗਾਈਆ । ਝਟ ਮੈਂ ਪਿਠ ਲਈ ਬਦਲਾ, ਮੁਖ ਲਿਆ ਭੁਆਈਆ । ਮੈਂ ਕਦੇ ਕਿਸੇ ਸਰੀਰ ਦੇ ਢੋਲੇ ਨਹੀਂ ਗਾਏ ਤੇ ਨਾ ਕਿਸੇ ਨੂੰ ਵੇਖ ਕੇ ਹੋਇਆ ਰਜ਼ਾ, ਮੈਂ ਜੋਤੀ ਨੂਰ ਦਾ ਪ੍ਰਕਾਸ਼ ਤੇ ਪ੍ਰਕਾਸ਼ ਨੂੰ ਵੇਖ ਕੇ ਉਸੇ ਦੇ ਗੁਣ ਗਾਈਆ । ਮੇਰੇ ਉਤੇ ਕੋਈ ਨਾ ਪਾਇਉ ਦਬਾ, ਦਬਦਬੇ ਵਿਚ ਕਦੇ ਨਾ ਆਈਆ । ਕਿਉਂਕਿ ਮੈਨੂੰ ਇਕੋ ਮੇਰਾ ਪਰਮਾਤਮ ਲੱਭਾ, ਜਿਸ ਆਪਣਾ ਰੰਗ ਦਿਤਾ ਰੰਗਾਈਆ । ਓ ਬਾਕੀ, ਮਿਤਰੋ ਦੋਸਤੋ ਰਾਮ ਜੀ ਤੁਹਾਡੀ ਤੇ ਧਰਤੀ ਉਤੇ ਚਾਰ ਦਿਨ ਦੀ ਸਭਾ, ਤੇ ਫੇਰ ਸਭਾ ਲਾਉਣ ਵਾਲਿਉ ਤੁਹਾਡਾ ਨਿਸ਼ਾਨ ਰਹਿਣ ਕੋਇ ਨਾ ਪਾਈਆ । ਮੇਰਾ ਮਾਲਕ ਪਰਮਾਤਮ ਜਿਸ ਨੂੰ ਮੈਂ ਕਹਿੰਦਾ ਅੱਬਾ, ਅੰਮੀਜਾਨ ਓਸੇ ਨੂੰ ਕਹਿ ਕੇ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਚੁਕਾਈਆ । ਨਾਰਦ ਕਹੇ ਕੱਤਕ ਜੀ ਮੈਂ ਕਦੇ ਨਹੀਂ ਪਾਇਆ ਕੁੜਤਾ, ਜੁਗ ਚੌਕੜੀ ਠਰੂੰ ਠਰੂੰ ਕਰਕੇ ਆਪਣਾ ਝਟ ਲੰਘਾਈਆ । ਕੱਤਕ ਕਹੇ ਨਾਰਦ ਜੀ ਮੈਨੂੰ ਵੀ ਨਹੀਂ ਆਇਆ ਮੁੜ੍ਹਕਾ, ਪਸੀਨਾ ਰੰਗ ਨਾ ਕੋਇ ਰੰਗਾਈਆ । ਨਾਰਦ ਕਹੇ ਕੱਤਕਾ ਮੈਂ ਕਦੇ ਕੋਈ ਨਹੀਂ ਪੜ੍ਹਿਆ ਗੁਟਕਾ, ਅੱਖਰਾਂ ਢੋਲੇ ਕੋਇ ਨਾ ਗਾਈਆ । ਕੱਤਕ ਕਹੇ ਨਾਰਦਾ ਮੈਂ ਕਦੇ ਰੂਪ ਨਹੀਂ ਧਰਿਆ ਕਾਇਆ ਬੁਤ ਦਾ, ਤੇ ਆਦਿ ਜੁਗਾਦਿ ਮੈਨੂੰ ਸਾਰੇ ਕਹਿ ਕਹਿ ਗਾਈਆ । ਨਾਰਦ ਹਸ ਕੇ ਕਹਿੰਦਾ, ਸਾਡਾ ਪਿਆਰ ਅਬਿਨਾਸ਼ੀ ਅਚੁਤ ਦਾ, ਦੂਸਰ ਮੇਲ ਨਾ ਕੋਇ ਮਿਲਾਈਆ । ਕੱਤਕ ਕਹੇ ਨਾਰਦ ਜੀ ਸਾਡਾ ਵਕਤ ਸੁਹੰਜਣਾ ਰੁਤ ਦਾ, ਰੁਤੜੀ ਪ੍ਰਭ ਆਪਣੇ ਨਾਲ ਮਹਿਕਾਈਆ । ਅਗਲਾ ਵਕਤ ਦਿਸਦਾ ਕੁਛ ਸਮਾਂ ਚੁਪ ਦਾ, ਚੁਪ ਚੁਪੀਤੇ ਰਹਿ ਕੇ ਝਟ ਲੰਘਾਈਆ । ਕਿਉਂ ਹੁਣ ਖੇਲ ਹੋਣਾ ਪੁਰਖ ਅਕਾਲ ਦੁਲਾਰੇ ਸੁਤ ਦਾ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਨਾਰਦ ਕਹੇ ਕੱਤਕਾ ਮੈਂ ਨਛਤਰ ਗ੍ਰਹਿ ਵੇਖਾਂ ਕੀ ਓਹ ਸਮਾਂ ਠੀਕ ਢੁਕਦਾ, ਸੰਗਲੀ ਸੁਟ ਕੇ ਧਿਆਨ ਲਗਾਈਆ । ਜਾਂ ਨਿਗਾਹ ਮਾਰੀ ਨਾਰਦ ਕੀ ਤਕਦਾ, ਪ੍ਰਭੂ ਦਾ ਪਿਆਰ ਜ਼ਿਮੀਂ ਅਸਮਾਨ ਸਭ ਦੇ ਨਾਲੋਂ ਜਾਏ ਟੁੱਟਦਾ, ਟੁੱਟਿਆਂ ਸਕੇ ਨਾ ਕੋਇ ਗੰਢਾਈਆ । ਫੇਰ ਵੇਖਿਆ ਸ਼ਬਦ ਦਾ ਤੀਰ ਅਣਿਆਲਾ ਛੁਟਦਾ, ਜੋ ਦੋ ਜਹਾਨਾਂ ਵਿੰਨ੍ਹੇ ਥਾਉਂ ਥਾਈਆ । ਜਿਸ ਝਗੜਾ ਮਿਟਾਉਣਾ ਕਾਇਆ ਮਾਟੀ ਬੁਤ ਦਾ, ਬੁਤਖ਼ਾਨਿਆਂ ਕਰੇ ਸਫ਼ਾਈਆ । ਜਨ ਭਗਤਾਂ ਘਰ ਘਰ ਫਿਰੇ ਪੁਛਦਾ, ਗ੍ਰਿਹ ਗ੍ਰਿਹ ਮੰਦਰ ਵੇਖੇ ਚਾਈਂ ਚਾਈਆ । ਕੱਤਕ ਕਹੇ ਨਾਰਦਾ ਉਸ ਦਾ ਖੇਲ ਅਗੇ ਕੁਛ ਦੇ ਅਗੇ ਕੁਛ ਦਾ, ਅਵਰ

ਦਾ ਅਵਰ ਹੁਕਮ ਵਰਤਾਈਆ । ਇਹ ਤੇ ਭਗਤਾਂ ਨੂੰ ਸਮਾਂ ਸਭ ਤੋਂ ਵਖਰਾ ਦਿਤਾ ਲੁੱਟ ਦਾ, ਲੁਟੇਰੇ ਹੋ ਕੇ ਲੁੱਟਣ ਚਾਈਂ ਚਾਈਆ । ਕਿਉਂ ਪ੍ਰਭੂ ਦਾ ਪਰਕਾਸ਼ ਹੁਣ ਛੁਪਾਇਆ ਨਹੀਂ ਛੁਪਦਾ, ਉਗਣ ਆਥਣ ਇਕੋ ਕਰੇ ਰੁਸ਼ਨਾਈਆ । ਜਿਸ ਉਤੇ ਅਸਰ ਹੋਣਾ ਨਹੀਂ ਕਿਸੇ ਛਾਇਆ ਧੁੱਪ ਦਾ, ਗਰਮੀ ਸਰਦੀ ਵੰਡ ਨਾ ਕੋਇ ਵੰਡਾਈਆ । ਜਿਹੜਾ ਵਣਜਾਰਾ ਨਹੀਂ ਕਿਸੇ ਰੁਤ ਦਾ, ਬਾਰਾਂ ਮਾਸ ਇਕੋ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਸ ਵਟਾਏ ਅਬਿਨਾਸ਼ੀ ਅਚੁਤ ਦਾ, ਚੇਤਨ ਹੋ ਕੇ ਚੇਤਨ ਸਭ ਨੂੰ ਦਏ ਕਰਾਈਆ ।

✪ ੧੮ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ
ਦੀਵਾਲੀ ਦੀ ਰਾਤ ਕਿਰਪਾ ਕੀਤੀ ਜ਼ਿਲਾ ਅੰਮ੍ਰਿਤਸਰ ✪

ਨਾਰਦ ਕਹੇ ਰਾਮ ਵੇਖ ਲੈ ਆਪਣੀ ਦੁਨੀਆ ਵਾਲੀ ਦੀਵਾਲੀ, ਦਿਵਾਲਾ ਨਿਕਲਿਆ ਖ਼ਲਕ ਖ਼ੁਦਾਈਆ । ਅੰਤਰ ਨਿਰੰਤਰ ਸਭ ਦੀ ਧਾਰ ਹੋਈ ਕਾਲੀ, ਬਾਹਰ ਦੀਪਕਾਂ ਕਰਨ ਰੁਸ਼ਨਾਈਆ । ਘਰ ਮੰਦਰ ਸੋਹੇ ਨਾ ਕੋਇ ਧਰਮਸਾਲੀ, ਪਵਿਤ੍ਰ ਗ੍ਰਹਿ ਨਜ਼ਰ ਕੋਇ ਨਾ ਆਈਆ । ਫਲ
੧੦੪੦ ਰਿਹਾ ਨਾ ਕਿਸੇ ਪੱਤ ਡਾਲੀ, ਟਹਿਣੀ ਟਹਿਣੀ ਰੰਗ ਨਾ ਕੋਇ ਰੰਗਾਈਆ । ਮੈਂ ਵੈਰਾਗਣ ਹੋ ਕੇ ਬਣਾਂ ਸੁਆਲੀ, ਦਰ ਤੇਰੇ ਵਾਸਤਾ ਪਾਈਆ । ੧੦੪੦
੨੪ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਦੀਵਾਲੀ ਕਹੇ ਸੁਣ ਮੇਰੇ ੨੪
ਰਾਮ ਰਮਈਆ, ਰਮਤਾ ਰਮਤਾ ਦਿਆਂ ਜਣਾਈਆ । ਸੰਦੇਸ਼ਾ ਦੇਵਾਂ ਸਾਚੇ ਸਈਆ, ਕੀ ਸੁਨੇਹੜਾ ਰਿਹਾ ਦ੍ਰਿੜਾਈਆ । ਲੇਖਾ ਵੇਖ ਲੈ ਕੱਢਕੇ ਆਪਣੀ ਵਹੀਆ, ਬਿਨ ਅੱਖਰਾਂ ਅੱਖਰ ਧਿਆਨ ਲਗਾਈਆ । ਜੋ ਇਸ਼ਾਰਾ ਕੀਤਾ ਮਾਂ ਮਤਰੇਈ ਕਕਈਆ, ਦਸਰਥ ਸੰਗ ਨਾ ਕੋਇ ਰਖਾਈਆ । ਕੀ ਧਾਰ ਹੋਣੀ ਕਲਜੁਗ ਅੰਤਮ ਕੂੜ ਕੁੜਿਆਰ ਦੀ ਨਈਆ, ਮੋਹ ਵਿਕਾਰਾ ਹੜ੍ਹ ਵਗਾਈਆ । ਕੀ ਆਸ਼ਾ ਰਖ ਕੇ ਗਈ ਦੁਰਗਾ ਅਸ਼ਟਭੁਜ ਮਈਆ, ਸਿੰਘ ਅਸਵਾਰ ਧਿਆਨ ਲਗਾਈਆ । ਕੀ ਸੰਦੇਸ਼ਾ ਦੇ ਕੇ ਗਿਆ ਕਾਹਨ ਘਨਈਆ, ਘਨੀ ਸ਼ਾਮ ਕੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਰਾਮ ਜੀ ਬਾਹਰੋਂ ਜਗਦੇ ਵੇਖ ਲੈ ਦੀਵੇ, ਤੇਲ ਬਾਤੀ ਨਾਲ ਦੀਨ ਦੁਨੀ ਵਡਿਆਈਆ । ਤੇਰੀ ਨਾਮ ਮਸਤੀ ਵਿਚ ਕੋਈ ਨਾ ਖੀਵੇ, ਸਾਚਾ ਰੰਗ ਨਾ ਕੋਇ ਚੜ੍ਹਾਈਆ । ਸਚਖੰਡ ਦੁਆਰਿਉਂ ਵੇਖ ਲੈ ਹੋ ਕੇ ਨੀਵੇਂ, ਧਰਨੀ ਉਤੇ ਧਿਆਨ ਲਗਾਈਆ । ਸਚ ਪਿਆਰ ਕੋਈ ਨਾ ਜੀਵੇ, ਕੂੜ ਕਿਰਿਆ ਜਗਤ ਹਲਕਾਈਆ । ਸਭ ਦਾ ਲਹਿਣਾ ਤਕ ਲੈ ਅੰਤਮ ਸਾਡੇ ਤਿੰਨ ਹੱਥ ਸੀਵੇਂ, ਸ਼ਾਹ ਪਾਤਸ਼ਾਹ ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਰਾਮ ਜੀ ਦੀਵਾ ਬਾਤੀ ਕਿਹੜੇ ਕਾਰ, ਤੇਲ ਬੱਤੀ ਕੀ ਵਡਿਆਈਆ । ਜਿਨ੍ਹਾਂ ਦੇ ਅੰਤਰ ਵਸਿਆ ਨਹੀਂ ਨਿਰੰਕਾਰ, ਹਿਰਦੇ ਹਰਿ ਨਾ ਕੋਇ ਟਿਕਾਈਆ । ਉਹ ਫਿਰਦੇ ਵਿਚ ਅੰਧ ਅੰਧਿਆਰ, ਜਗਤ

ਲੋਚਨ ਨਾ ਕੋਇ ਰੁਸ਼ਨਾਈਆ । ਕਲਜੁਗ ਦਾ ਤਕ ਲੈ ਵਿਵਹਾਰ, ਕੀ ਵਿਵਹਾਰੀ ਕਾਰ ਕਮਾਈਆ । ਜਿਸ ਨੇ ਸ੍ਰਿਸ਼ਟੀ ਮਾਨਵ ਜ਼ਾਤੀ ਕੀਤੀ ਬੇਕਾਰ, ਬੇਰੁਜ਼ਗਾਰ ਹੋਈ ਲੋਕਾਈਆ । ਆਤਮ ਪਰਮਾਤਮ ਕਿਰਤ ਕਰੇ ਨਾ ਕੋਇ ਸੰਸਾਰ, ਸਾਚੀ ਕਰਨੀ ਨਾ ਕੋਇ ਕਮਾਈਆ । ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮਠ ਰੋਵਣ ਧਾਹਾਂ ਮਾਰ, ਕੂਕ ਕੂਕ ਸੁਣਾਈਆ । ਹਰਿ ਭਗਤ ਦੁਆਰਾ ਕਰੇ ਗਿਰਿਆਜ਼ਾਰ, ਹਾਏ ਉਫ਼ ਕਰ ਜਣਾਈਆ । ਪ੍ਰਭੂ ਦੀ ਧਾਰ ਤੋਂ ਜਗਤ ਜਹਾਨ ਹੋਇਆ ਬਾਹਰ, ਪਿਆਰ ਵਿਚ ਨਾ ਕੋਇ ਸਮਾਈਆ । ਦੀਆ ਬਾਤੀ ਜਗਤ ਮੰਦਰਾਂ ਉਤੇ ਕਰੇ ਉਜਿਆਰ, ਕਾਇਆ ਅੰਧੇਰਾ ਦੂਰ ਨਾ ਕੋਇ ਕਰਾਈਆ । ਨਾਲੇ ਰਾਮ ਨੂੰ ਕੀਤੀ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਝਟ ਰਾਮ ਨੇ ਕੀਤਾ ਇਸ਼ਾਰ, ਸਹਿਜ ਨਾਲ ਸੁਣਾਈਆ । ਨਾਰਦਾ ਸਤਿਜੁਗ ਕੂਕ ਰਿਹਾ ਪੁਕਾਰ, ਦੋ ਜਹਾਨ ਸੁਣਾਈਆ । ਮੇਰਾ ਮਾਰਗ ਹੋਵੇ ਅਪਰ ਅਪਾਰ, ਅਪਰੰਪਰ ਸੁਆਮੀ ਦਏ ਵਡਿਆਈਆ । ਕੋਈ ਦੀਵਾ ਬੱਤੀ ਅਗੇ ਜਗਾਏ ਨਾ ਭਗਤ ਦੁਆਰ, ਤੇਲ ਬਾਤੀ ਦੀ ਲੋੜ ਰਹੇ ਨਾ ਰਾਈਆ । ਜੋ ਬੁਝ ਜਾਏ ਫਿਰ ਹੋ ਨਾ ਸਕੇ ਉਜਿਆਰ, ਜਗਾਵਣ ਵਾਲਾ ਨਜ਼ਰ ਕੋਇ ਨਾ ਆਈਆ । ਹਰਿ ਭਗਤ ਦੁਆਰੇ ਅੰਦਰ ਹਰਿ ਭਗਤ ਉਹ ਹੋਣ ਜਿਨ੍ਹਾਂ ਦੇ ਅੰਦਰ ਪ੍ਰਭੂ ਦਾ ਦੀਪ ਸਦਾ ਰਹੇ ਤਿਆਰ, ਦਿਵਸ ਰੈਣ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਰਾਮ ਜੀ ਆਪਣਾ ਪੁਰਾਣਾ ਵੇਖੋ ਹਿਸਾਬ, ਜਗਤ ਅੰਕੜਿਆਂ ਬਾਹਰ ਧਿਆਨ ਲਗਾਈਆ । ਆਪਣੀ ਕੱਢਕੇ ਵੇਖੋ ਕਿਤਾਬ, ਬਿਨ ਹਰਫ਼ ਹਰੂਫ਼ ਲਿਖਾਈਆ । ਸੰਮਤ ਸ਼ਹਿਨਸ਼ਾਹੀ ਬਾਰਾਂ ਦਾ ਰਿਵਾਜ, ਸਹਿਜ ਨਾਲ ਸਮਝਾਈਆ । ਹੁਕਮ ਦੇਵੇ ਗ਼ਰੀਬ ਨਿਵਾਜ਼, ਨਾ ਕੋਇ ਮੇਟੇ ਮੇਟ ਮਿਟਾਈਆ । ਜੋ ਹੁਕਮ ਵਰਤਣਾ ਦੇਸ ਮਾਝ, ਲੇਖਾ ਲਿਖਣਾ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸ਼ਹਿਨਸ਼ਾਹੀ ਸੰਮਤ ਬਾਰਾਂ ਕਹੇ ਮੇਰੇ ਅੰਤਰ ਆਏ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਦੀਵਾਲੀ ਵਾਲੇ ਦਿਨ ਭਗਤ ਦੁਆਰੇ ਵੱਜਾ ਹੋਵੇਗਾ ਜੰਦ, ਜੰਦਰਾ ਕੁੰਜੀ ਹੱਥ ਨਾ ਕਿਸੇ ਫੜਾਈਆ । ਨੌਂ ਦਿਨ ਫੇਰ ਰਹੇਗਾ ਬੰਦ, ਅੰਦਰ ਵੜ ਦਰਸ ਕੋਇ ਨਾ ਪਾਈਆ । ਇਹ ਖੇਲ ਕਰੇ ਸੂਰਾ ਸਰਬੰਗ, ਹਰਿ ਕਰਤਾ ਧੁਰਦਰਗਾਹੀਆ । ਢਾਈ ਸਾਲ ਤਕ ਜੇਠੂਵਾਲ ਦੀ ਸੰਗਤ ਪਰਸ਼ਾਦ ਸਕੇ ਕੋਈ ਨਾ ਵੰਡ, ਭੋਗ ਘਰ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦਿਆਲ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪਣੀ ਆਪ ਕਮਾਈਆ ।



## ✪ ੧੯ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਗੁਰਮੀਤ ਕੌਰ ਦੇ ਗ੍ਰਿਹਿ ਪਿੰਡ ਪਹੂ ਵਿੰਡ ਵਾੜਾ ਜ਼ਿਲਾ ਫ਼ਿਰੋਜ਼ਪੁਰ ✪

ਧਰਨੀ ਕਹੇ ਪ੍ਰਭੂ ਮੇਰੇ ਅੰਤਸ਼ਕਰਨ ਖੋਲ੍ਹ ਦੇ ਤਾਕ, ਪਰਦਾ ਪਰਦਿਆਂ ਵਿਚੋਂ ਪਰਦਾਨਸ਼ੀਨ ਦੇਣਾ ਉਠਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰਾ ਕਰਦੇ ਵਾਕ, ਵਾਕ਼ਿਫ਼ਕਾਰ ਏਕੰਕਾਰ ਪਰਵਰਦਿਗਾਰ ਆਪਣੀ ਦਇਆ ਕਮਾਈਆ । ਜਨ ਭਗਤ ਸੁਹੇਲੇ ਗੁਰੂ

ਗੁਰ ਚੇਲੇ ਮੇਰੇ ਬਣਾ ਦੇ ਸੱਜਣ ਸਾਕ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸਗਲਾ ਸੰਗ ਜਣਾਈਆ । ਮਨੂਆ ਕੂੜ ਕਲਪਨਾ ਮਨਸਾ ਵਿਚ ਰਹੇ
ਨਾ ਆਕ, ਨਿਰਗੁਣ ਧਾਰ ਏਕੰਕਾਰ ਮਿਹਰਵਾਨ ਮਿਹਰ ਨਜ਼ਰ ਉਠਾਈਆ । ਮੈਂ ਆਦਿ ਜੁਗਾਦੀ ਤੇਰੀ ਸੇਵਕ ਚਾਕਰ ਚਾਕ, ਧਰਨੀ ਧਰਤ
ਧਵਲ ਧੌਲ ਹੋ ਕੇ ਸੇਵ ਕਮਾਈਆ । ਮੇਰੇ ਉਤੇ ਮਾਨਵ ਜ਼ਾਤੀ ਤਨ ਵਜੂਦ ਮਾਟੀ ਖ਼ਾਕ ਕਰ ਦੇ ਪਾਕ, ਪਤਿਤ ਪੁਨੀਤ ਆਪਣਾ ਰੰਗ ਰੰਗਾਈਆ ।
ਮਿਹਰਵਾਨਾ ਨੌਜੁਵਾਨਾ ਸ੍ਰੀ ਭਗਵਾਨਾ ਮੇਰੇ ਵਲ ਝਾਕ, ਬਿਨ ਨੇਤਰ ਲੋਚਨ ਨੈਣ ਨੈਣ ਅੱਖ ਉਠਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੇਰੀ
ਪੂਰਬ ਪੂਰੀ ਕਰ ਦੇ ਘਾਟ, ਲੇਖਾ ਅਵਰ ਰਹੇ ਨਾ ਰਾਈਆ । ਕਲਜੁਗ ਕੂੜੀ ਕਿਰਿਆ ਮੇਰੇ ਉਤੋਂ ਮੁਕਾ ਦੇ ਪੰਧ ਵਾਟ, ਸਤਿਜੁਗ ਸਾਚਾ ਕਰ
ਰੁਸ਼ਨਾਈਆ । ਮੇਰੀ ਸੇਜ ਸੁਹੰਜਣੀ ਸੋਹੇ ਖਾਟ, ਆਸਣ ਸਿੰਘਾਸਣ ਪੁਰਖ ਅਬਿਨਾਸ਼ਣ ਲੈਣਾ ਬਣਾਈਆ । ਪਵਿਤ੍ਰ ਕਰ ਦੇ ਹਰ ਹਿਰਦਾ ਤਨ
ਮਾਟੀ ਖ਼ਾਕ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣੇ ਰੰਗ ਰੰਗਾਈਆ । ਆਤਮ ਪਰਮਾਤਮ ਇਕੋ ਮੰਜ਼ਲ ਦੱਸਦੇ ਘਾਟ, ਪਾਰਬ੍ਰਹਮ ਬ੍ਰਹਮ ਮੇਲਾ
ਮੇਲਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ ।
ਧਰਨੀ ਕਹੇ ਪ੍ਰਭੂ ਮੇਰੇ ਉਤੇ ਧਰਮ ਦਾ ਚਾੜ੍ਹ ਦੇ ਰੰਗ, ਕਲਜੁਗ ਕਿਰਿਆ ਕੂੜ ਮਿਟਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਮੇਰੇ ਦਰ ਦੁਆਰੇ
ਲੰਘ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਪੰਧ ਮੁਕਾਈਆ । ਮੇਰੀ ਸੇਜ ਸੁਹੰਜਣੀ ਕਰ ਪਲੰਘ, ਬਿਨ ਪਾਵਾ ਚੂਲ ਆਪਣਾ ਆਸਣ ਲਾਈਆ । ਤੇਰਾ
੧੦੪੨ ਸਤਿਗੁਰ ਸ਼ਬਦ ਵਜਾਏ ਮਰਦੰਗ, ਨਾਦ ਅਨਾਦੀ ਕਰ ਸ਼ਨਵਾਈਆ । ਮੈਂ ਨਿਮਾਣੀ ਹੋ ਕੇ ਮੰਗਾਂ ਰਹੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ੧੦੪੨
੨੪ ਮੇਰੇ ਪਰਵਰਦਿਗਾਰ ਸਾਂਝੇ ਯਾਰ ਮੇਰੇ ਉਤੇ ਕੱਟ ਦੇ ਭੁਖ ਨੰਗ, ਦੀਨ ਦਿਆਲ ਦੀਨਾਂ ਅਨਾਥਾਂ ਹੋ ਸਹਾਈਆ । ਆਤਮ ਅੰਮ੍ਰਿਤ ਧਾਰ ਵਹਾ ਦੇ ੨੪
ਗੰਗ, ਗੰਗਾ ਗੰਗੋਤਰੀ ਦੀ ਲੋੜ ਰਹੇ ਨਾ ਰਾਈਆ । ਪੰਚ ਵਿਕਾਰ ਕਰੇ ਨਾ ਜੰਗ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਲੜਾਈਆ ।
ਵਸਤ ਅਮੋਲਕ ਕਾਇਆ ਗੋਲਕ ਆਪ ਵੰਡ, ਬਿਨ ਹੱਥਾਂ ਹੱਥ ਫੜਾਈਆ । ਨਿਗਾਹ ਮਾਰ ਲੈ ਉਤਭੁਜ ਸੇਤਜ ਜੇਰਜ ਅੰਡ, ਚਾਰੇ ਖਾਣੀ ਫੋਲ
ਫੁਲਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਮੇਰੇ ਉਤੋਂ ਮੇਟ ਦੇ ਭੇਖ ਪਾਖੰਡ, ਕਲਜੁਗ ਕੂੜੀ ਕਿਰਿਆ ਰਹੇ ਨਾ ਰਾਈਆ । ਮੈਂ ਉਚੀ ਕੂਕ
ਪੁਕਾਰਾਂ ਪਾਵਾਂ ਡੰਡ, ਡੰਡਾਵਤ ਵਿਚ ਲੰਮੀ ਪੈ ਕੇ ਸੀਸ ਨਿਵਾਈਆ । ਸਤਿ ਧਰਮ ਦੀ ਧਾਰ ਸਤਿਜੁਗ ਮੇਰੇ ਨਾਲ ਗੰਢ, ਕਲਜੁਗ ਨਾਤਾ ਕੂੜ
ਤੁੜਾਈਆ । ਮੇਰਾ ਪਿਆਰ ਹੋਣ ਨਾ ਦੇਵੀਂ ਰੰਡ, ਕੰਤ ਸੁਹਾਗੀ ਦੇਣੀ ਮਾਣ ਵਡਿਆਈਆ । ਕਰਵਟ ਬਦਲ ਆਪਣੀ ਕੰਡ, ਸਨਮੁਖ ਹੋ ਕੇ
ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ
ਕਹੇ ਪ੍ਰਭੂ ਸਤਿ ਧਰਮ ਚਲਾ ਦੇ ਰੀਤ, ਧਵਲ ਹੋ ਕੇ ਮੰਗ ਮੰਗਾਈਆ । ਆਤਮ ਪਰਮਾਤਮ ਬਖ਼ਸ਼ ਪ੍ਰੀਤ, ਪ੍ਰੀਤਮ ਮੇਲਾ ਮੇਲਣਾ ਚਾਈਂ ਚਾਈਆ ।
ਤੂੰ ਮੇਰਾ ਮੈਂ ਤੇਰਾ ਸਭ ਦਾ ਹੋਵੇ ਇਕੋ ਗੀਤ, ਇਕੋ ਢੋਲਾ ਦੇਣਾ ਦ੍ਰਿੜਾਈਆ । ਮਾਨਵ ਜ਼ਾਤੀ ਅੰਦਰੋਂ ਬਦਲ ਦੇ ਨੀਤ, ਨੀਤੀਵਾਨ ਤੇਰੇ ਹੱਥ
ਵਡਿਆਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਕਰ ਲੈ ਪਤਤ ਪੁਨੀਤ, ਪਤਤ ਪਾਵਨ ਤੇਰੀ ਬੇਪਰਵਾਹੀਆ । ਝਗੜਾ ਮੁਕਾ ਦੇ ਮੰਦਰ ਮਸੀਤ, ਕਾਇਆ
ਕਾਅਬਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ ।

ਧਰਨੀ ਕਹੇ ਪ੍ਰਭੂ ਮੇਰਾ ਕਲਜੁਗ ਅੰਤਮ ਮੇਟ ਦੇ ਦੁਖ, ਦੁਖੜਾ ਤੇਰੇ ਚਰਨ ਟਿਕਾਈਆ । ਮਾਇਆ ਮਮਤਾ ਵਾਲੀ ਮੇਟ ਦੇ ਭੁਖ, ਤ੍ਰਿਸ਼ਨਾ ਤ੍ਰਿਪਤ ਕਰਾਈਆ । ਜਨ ਭਗਤਾਂ ਧਾਰ ਬਖ਼ਸ਼ ਦੇ ਸੁਖ, ਸੁਖਸਾਗਰ ਵਿਚ ਸਮਾਈਆ । ਹਰਿਜਨ ਬਣਾ ਲੈ ਤਤਾਂ ਵਾਲੇ ਮਨੁਖ, ਮਾਨਸ ਆਪਣੀ ਗੋਦ ਟਿਕਾਈਆ । ਮੇਰੀ ਸੁਫਲ ਕਰਦੇ ਕੁੱਖ, ਭਗਤ ਸੁਹੇਲੇ ਵੇਖਾਂ ਚਾਈਂ ਚਾਈਂਆ । ਮੇਰਾ ਉਜਲ ਹੋਵੇ ਮੁਖ, ਦੁਰਮਤ ਮੈਲ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਗਾਹਬਾਨ ਹੋ ਕੇ ਨਿਰਗੁਣ ਧਾਰ ਆਪੇ ਪੁਛ, ਜੋਤੀ ਜਾਤੇ ਪੁਰਖ ਬਿਧਾਤੇ ਆਪਣੀ ਦਇਆ ਕਮਾਈਆ ।

### ✪ ੨੦ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਜਰਨੈਲ ਸਿੰਘ ਦੇ ਗ੍ਰਿਹ ਪਿੰਡ ਸ਼ਾਹਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਧਰਨੀ ਕਹੇ ਪ੍ਰਭੂ ਮੇਰਾ ਪੂਰਾ ਕਰ ਦੇ ਘਾਟਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਦੀ ਆਸਾ ਪੂਰ ਕਰਾਈਆ । ਅੰਮ੍ਰਿਤ ਰਸ ਭਰ ਦੇ ਨਿਰਗੁਣ ਧਾਰ ਗੋਬਿੰਦ ਵਾਲੇ ਬਾਟਾ, ਅੰਮਿਉਂ ਰਸ ਅਗੰਮ ਅਥਾਹ ਆਪਣਾ ਅਗੰਮ ਚੁਆਈਆ । ਕਲਜੁਗ ਕੂੜ ਕੁੜਿਆਰ ਦਾ ਲੇਖਾ ਜਾਏ ਕਾਟਾ, ਕਟਾਕਸ਼ ਆਪਣਾ ਨਾਮ ਲਗਾਈਆ । ਕੂੜੀ ਕਿਰਿਆ ਖੇਲ ਮੇਟ ਬਾਜ਼ੀਗਰ ਨਾਟਾ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਸਚ ਦੁਆਰ ਏਕੰਕਾਰ ਸਤਿਜੁਗ ਖੋਲ੍ਹ ਦੇ ਹਾਟਾ, ਵਸਤ ਨਾਮ ਨਿਧਾਨ ਸ੍ਰੀ ਭਗਵਾਨ ਆਪ ਵਰਤਾਈਆ । ਭਾਗ ਲਗਾ ਦੇ ਮਾਨਵ ਜ਼ਾਤੀ ਸਾਢੇ ਤਿੰਨ ਹੱਥ ਕਾਇਆ ਮਾਟਾ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੇਰੀ ਪੂਰੀ ਕਰ ਦੇ ਕਮੀ, ਕਾਮਲਾ ਆਸ਼ਾ ਤੇਰੇ ਚਰਨ ਟਿਕਾਈਆ । ਮੇਰੇ ਅੰਦਰੋਂ ਕਢ ਦੇ ਕਲਜੁਗ ਕੂੜ ਕੁੜਿਆਰ ਦੀ ਗ਼ਮੀ, ਗ਼ਮਖਾਰ ਹੋ ਕੇ ਹੋਣਾ ਸਹਾਈਆ । ਮਮਤਾ ਮੋਹ ਲਾਲਚ ਰਹੇ ਨਾ ਤਮੀ, ਤ੍ਰਿਸ਼ਨਾ ਕੂੜ ਨਾ ਕੋਇ ਹਲਕਾਈਆ । ਸਭ ਦੀ ਬਦਲ ਦੇ ਦ੍ਰਿਸ਼ਟੀ ਚੰਮੀ, ਚੰਮ ਦ੍ਰਿਸ਼ਟੀ ਰਹਿਣ ਨਾ ਪਾਈਆ । ਆਪਣਾ ਨਾਮ ਜਪਾ ਦੇ ਸਵਾਸ ਦਮੀ, ਦਾਮਨਗੀਰ ਆਪ ਅਖਵਾਈਆ । ਮੇਰੇ ਉਤੇ ਸਤਿਜੁਗ ਧਾਰ ਦੇ ਨਵੀਂ, ਨਵ ਖੰਡ ਆਪਣਾ ਹੁਕਮ ਵਰਤਾਈਆ । ਉਹ ਲਹਿਣਾ ਪੂਰਾ ਕਰ ਦੇ ਜੋ ਸੰਦੇਸ਼ਾ ਦਿਤਾ ਗੋਬਿੰਦ ਧਾਰ ਬਵੰਜਾ ਕਵੀ, ਬਾਵਨ ਅੱਖਰੀ ਸੰਗ ਮਿਲਾਈਆ । ਤੂੰ ਮਾਲਕ ਖ਼ਾਲਕ ਜੋਤੀ ਜਾਤਾ ਅਵਤਾਰ ਚਵੀ, ਚੌਬੀਸਾ ਜਗਦੀਸਾ ਇਕ ਅਖਵਾਈਆ । ਮੇਰਾ ਲਹਿਣਾ ਦੇਣਾ ਪਰਵਰਦਿਗਾਰ ਸਾਂਝੇ ਯਾਰ ਜ਼ਰੂਰ ਦਵੀਂ, ਦੇਵਣਹਾਰ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰਾ ਲੇਖਾ ਦੇ ਹਿਸਾਬ, ਲਹਿਣਾ ਪੂਰਬ ਝੋਲੀ ਪਾਈਆ । ਤੂੰ ਮਾਲਕ ਮਿਤਰ ਮੇਰਾ ਅਹਿਬਾਬ, ਮੀਤ ਮੁਰਾਰਾ ਇਕ ਅਖਵਾਈਆ । ਮੈਂ ਨਿਵ ਨਿਵ ਸਜਦਿਆਂ ਵਿਚ ਕਰਾਂ ਅਦਾਬ, ਨਮਸਤੇ ਕਹਿ ਕੇ ਸੀਸ ਨਿਵਾਈਆ । ਸਚ ਦੁਆਰ ਏਕੰਕਾਰ ਆਪਣਾ ਵਖਾ ਅਗੰਮ ਮਹਿਰਾਬ, ਮਹਿਬੂਬ ਪਰਦਾ ਆਪ ਉਠਾਈਆ । ਮੇਰਾ ਹਕੀਕਤ ਵਾਲਾ ਬਦਲ ਮਜ਼ਾਜ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਇਕ ਬਣਾ ਸਮਾਜ, ਸਮਗਰੀ ਨਾਮ ਹਕ ਵਰਤਾਈਆ । ਸੋਈ ਸੁਰਤੀ ਤਨ



੧੦੪੩ ੨੪

ਵਜੂਦਾਂ ਅੰਦਰ ਜਾਏ ਜਾਗ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ । ਕਲਜੁਗ ਜੀਵ ਹੰਸ ਬਣਾ ਫੜ ਫੜ ਕਾਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਦਿਵਸ ਰੈਣ ਅੱਠੇ ਪਹਿਰ ਤੇਰੇ ਪ੍ਰੇਮ ਦਾ ਉਪਜੇ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਆਤਮ ਪਰਮਾਤਮ ਤੇਰੀ ਚਰਨੀ ਜਾਏ ਲਾਗ, ਲਗ ਮਾਤਰ ਡੇਰਾ ਢਾਹੀਆ । ਬਿਨ ਤੇਲ ਬਾਤੀ ਕਮਲਾਪਾਤੀ ਜਗਾ ਚਰਾਗ਼, ਬਿਨ ਸੂਰੀਆ ਚੰਦ ਕਰ ਰੁਸ਼ਨਾਈਆ । ਮੇਰੀ ਕੋਝੀ ਕਮਲੀ ਦੇ ਵਡ ਵਡ ਕਰ ਦੇ ਭਾਗ, ਮੰਦਭਾਗਣ ਹੋ ਕੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਖੁਲ੍ਹਾਈਆ । ਧਰਨੀ ਕਹੇ ਪ੍ਰਭੂ ਮੇਰੀ ਆਦਿ ਜੁਗਾਦੀ ਤੇਰੇ ਅਗੇ ਅਰਜ਼ੋਈ, ਆਸਾ ਤ੍ਰਿਸ਼ਨਾ ਨਾਲ ਮਿਲਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਵੇਖ ਪੇਸ਼ੀਨਗੋਈ, ਭਵਿਖਤਾਂ ਆਪਣੀ ਗੰਢ ਬੰਧਾਈਆ । ਕਲਜੁਗ ਅੰਤਮ ਸਤਿ ਸਚ ਵਿਚ ਰਹੇ ਨਾ ਕੋਈ, ਸੂਫ਼ੀ ਸੰਤ ਫ਼ਕੀਰ ਨਜ਼ਰ ਕੋਇ ਨਾ ਆਈਆ । ਦੀਨਾਂ ਮਜ਼੍ਹਬਾਂ ਚਾਰੋਂ ਕੁੰਟ ਫਿਰੀ ਦਰੋਹੀ, ਦਰੋਹੀ ਦਰੋਹੀ ਕਰੇ ਖ਼ਲਕ ਖ਼ੁਦਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਮੇਰੇ ਉਤੇ ਅਣਹੋਣੀ ਹੋਈ, ਹੋਕਾ ਦੇ ਕੇ ਦਿਆਂ ਜਣਾਈਆ । ਉੱਤਰ ਪੂਰਬ ਪੱਛਮ ਦੱਖਣ ਮੇਰੀ ਪਤ ਗਈ ਖੋਹੀ, ਓਢਣ ਸੀਸ ਨਾ ਕੋਇ ਟਿਕਾਈਆ । ਜਗਤ ਦੁਆਰੇ ਮੈਨੂੰ ਮਿਲੇ ਕਿਤੇ ਨਾ ਢੋਈ, ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦੁਆਰੇ ਰਹੇ ਕੁਰਲਾਈਆ । ਤੇਰੀ ਦੁਨੀਆ ਤੇਰੇ ਨਾਲੋਂ ਹੋਈ ਨਿਰਮੋਹੀ, ਮੁਹੱਬਤ ਵਿਚ ਨਾ ਕੋਇ ਸਮਾਈਆ । ਆਤਮ ਪਰਮਾਤਮ ਸਕੇ ਕੋਈ ਨਾ ਛੋਹੀ, ਛੈਹਰ ਬਾਂਕੇ ਤੇਰਾ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੇਰਾ ਲਹਿਣਾ ਦੇਣਾ ਕਲਜੁਗ ਅੰਤਮ ਜਗ, ਜੋਤੀ ਜਾਤੇ ਪੁਰਖ ਬਿਧਾਤੇ ਦਿਆਂ ਦ੍ਰਿੜਾਈਆ । ਮੇਰੇ ਉਤੋਂ ਕੂੜ ਕੁੜਿਆਰ ਬੁਝਾ ਅੱਗ, ਅੰਮ੍ਰਿਤ ਮੇਘ ਨਾਮ ਬਰਸਾਈਆ । ਨਵ ਸੱਤ ਤਤੀ ਵਾਅ ਨਾ ਜਾਏ ਵਗ, ਪਵਣ ਪਵਣਾਂ ਰੂਪ ਬਦਲਾਈਆ । ਜਨ ਭਗਤ ਸੁਹੇਲੇ ਕਰ ਅਲਗ, ਹਰਿਜਨ ਆਪਣੇ ਰੰਗ ਰੰਗਾਈਆ । ਨਿਰਗੁਣ ਧਾਰ ਦਰਸ਼ਨ ਦੇ ਉਪਰ ਸ਼ਾਹਰਗ, ਨਵ ਦੁਆਰ ਦਾ ਡੇਰਾ ਢਾਹੀਆ । ਤੂੰ ਸ਼ਹਿਨਸ਼ਾਹ ਸੂਰਾ ਸਰਬਗ, ਹਰਿ ਕਰਤਾ ਇਕ ਅਖਵਾਈਆ । ਹੰਸ ਰੂਪ ਬਣਾ ਲੈ ਕਗ, ਕਾਗ ਹੰਸ ਰੂਪ ਵਖਾਈਆ । ਧੁਨ ਅਨਾਦੀ ਸ਼ਬਦ ਵਜਾ ਦੇ ਨਦ, ਅਨਹਦ ਨਾਦੀ ਨਾਦ ਸੁਣਾਈਆ । ਅੰਮ੍ਰਿਤ ਰਸ ਪਿਆ ਦੇ ਮਧ, ਨਿਝਰ ਝਿਰਨਾ ਬੂੰਦ ਸਵਾਂਤੀ ਕਵਲ ਨਾਭ ਟਪਕਾਈਆ । ਤੇਰਾ ਦੀਪਕ ਦੀਆ ਜੋਤੀ ਜਾਤੇ ਜਾਏ ਜਗ, ਜਾਗਰਤ ਜੋਤ ਕਰ ਰੁਸ਼ਨਾਈਆ । ਪੁਰਖ ਅਕਾਲੇ ਦੀਨ ਦਿਆਲੇ ਮੈਂ ਧਰਨੀ ਧਰਤ ਧਵਲ ਧੌਲ ਤੇਰੀ ਸਰਨ ਸਰਨਾਈ ਗਈ ਲੱਗ, ਵਖਰਾ ਰੂਪ ਨਾ ਕੋਇ ਦਰਸਾਈਆ । ਮੇਰੇ ਉਤੋਂ ਕਲਜੁਗ ਲੇਖਾ ਮੁਕਾ ਦੇ ਬਗਲਾ ਬਪੜਾ ਬਗ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਸਾਹਿਬ ਅਗੰਮ ਗੁਸਾਈਂਆ । ਧਰਨੀ ਕਹੇ ਪ੍ਰਭੂ ਮੈਨੂੰ ਬਖ਼ਸ਼ ਅਗੰਮੀ ਧੂੜ, ਟਿੱਕਾ ਮਸਤਕ ਨਾਮ ਰਖਾਈਆ । ਮੇਰੇ ਉਤੋਂ ਕਲਜੁਗ ਮੇਟ ਦੇ ਕੂੜ, ਕੂੜ ਕੁੜਿਆਰ ਰਹਿਣ ਨਾ ਪਾਈਆ । ਜੀਵ ਜੰਤ ਚਤੁਰ ਸੁਘੜ ਬਣਾ ਲੈ ਮੂੜ੍ਹ, ਮੂਰਖ ਆਪਣੇ ਰੰਗ ਰੰਗਾਈਆ । ਨਾਮ ਨਿਧਾਨ ਚਾੜ੍ਹ ਦੇ ਰੰਗ ਗੂੜ੍ਹ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਉਹ ਆਸਾ ਤਕ ਲੈ ਜੋ ਰਖ ਕੇ ਗਿਆ ਮਨਸੂਰ, ਤਤਾਂ ਵਾਲੀ ਖੱਲ ਲੁਹਾਈਆ । ਮੁਹੰਮਦ ਦੀ ਬੇਨੰਤੀ ਕਰ ਮਨਜ਼ੂਰ, ਜੋ ਬੰਦਗੀ ਵਿਚ ਸੀਸ

੧੦੪੪
੨੪

ਝੁਕਾਈਆ । ਲਹਿਣਾ ਤਕ ਲੈ ਮੂਸਾ ਵਾਲਾ ਉਤੇ ਕੋਹਤੂਰ, ਨੈਣ ਮੂੰਦ ਕੀ ਦ੍ਰਿੜਾਈਆ । ਜਿਸ ਬਿਧ ਈਸਾ ਤੇਰਾ ਹੋਏ ਮਸ਼ਕੂਰ, ਸ਼ੁਕਰੀਆ ਕਹਿ ਕੇ ਸੀਸ ਨਿਵਾਈਆ । ਨਿਰਗੁਣ ਧਾਰ ਸਰਗੁਣ ਨਾਨਕ ਕਿਹਾ ਤੇਰਾ ਲਹਿਣਾ ਦੇਣਾ ਜ਼ਰੂਰ, ਲੋਕਮਾਤ ਵੇਖ ਵਖਾਈਆ । ਜਿਸ ਗੋਬਿੰਦ ਮੰਨ ਕੇ ਹਾਜ਼ਰ ਹਜ਼ੂਰ, ਹਜ਼ਰਤਾਂ ਤੋਂ ਬਾਹਰ ਦਿਤਾ ਸਮਝਾਈਆ । ਪੁਰਖ ਅਕਾਲ ਦੀਨ ਦਿਆਲ ਤਕ ਲੈ ਅਗੰਮਾ ਨੂਰ, ਨੂਰ ਨੁਰਾਨਾ ਡਗਮਗਾਈਆ । ਜਿਸ ਦਾ ਆਦਿ ਜੁਗਾਦਿ ਇਕ ਦਸਤੂਰ, ਨਾ ਕੋਈ ਮੇਟੇ ਮੇਟ ਮਿਟਾਈਆ । ਧਰਨੀ ਤੇਰੀ ਆਸਾ ਮਨਸਾ ਪੂਰੀ ਕਰੇ ਪੂਰ, ਪੂਰਨ ਬ੍ਰਹਮ ਦਏ ਸਮਝਾਈਆ । ਇਕੋ ਨਾਮ ਕਰੇ ਮਸ਼ਹੂਰ, ਕਲਮਾ ਇਕੋ ਇਕ ਸੁਣਾਈਆ । ਦੂਈ ਦੁਵੈਤੀ ਕਰੇ ਦੂਰ, ਸ਼ਰਅ ਸ਼ਰੀਅਤ ਪੰਧ ਮੁਕਾਈਆ । ਜਨ ਭਗਤਾਂ ਬਖ਼ਸ਼ ਦੇ ਜਨਮ ਕਰਮ ਕ਼ੁਸੂਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਭੰਡਾਰਾ ਦੇ ਨਾਮ ਭਰਪੂਰ, ਅਤੋਟ ਅਤੁਟ ਵਰਤਾਈਆ । ਤੈਨੂੰ ਹੋਣਾ ਨਾ ਪਏ ਮਜਬੂਰ, ਮੁਸ਼ਕਲ ਤੇਰੀ ਹਲ ਕਰਾਈਆ । ਕਲਜੁਗ ਪੰਧ ਰਹੇ ਨਾ ਦੂਰ, ਨੇੜਨ ਨੇੜਾ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਧਰਨੀ ਕਹੇ ਪ੍ਰਭੂ ਮੈਨੂੰ ਦੇ ਦੇ ਮਜ਼ਦੂਰੀ, ਜੁਗ ਚੌਕੜੀ ਤੇਰੀ ਸੇਵ ਕਮਾਈਆ । ਤੂੰ ਮਾਲਕ ਮੇਰਾ ਹਜ਼ੂਰੀ, ਹਰ ਹਿਰਦੇ ਵੇਖਾਂ ਚਾਈਂ ਚਾਈਂਆ । ਮੇਰੀ ਤਕ ਲੈ ਸਬਰ ਸਬੂਰੀ, ਸਾਬਰ ਹੋ ਕੇ ਧਿਆਨ ਲਗਾਈਆ । ਮੈਂ ਕਲਜੁਗ ਅੰਤਮ ਤੇਰੀ ਆਸਾ ਰਖੀ ਜ਼ਰੂਰੀ, ਜ਼ਰੂਰਤ ਅਵਰ ਨਾ ਕੋਇ ਦ੍ਰਿੜਾਈਆ । ਮੇਰੇ ਮਿਹਰਵਾਨਾ ਨੌਜੁਆਨਾ ਸ੍ਰੀ ਭਗਵਾਨਾ ਨਵ ਸੱਤ ਇਕੋ ਬਖ਼ਸ਼ ਅਗੰਮੀ ਧੂੜੀ, ਬਿਨ ਚਰਨਾਂ ਟਿੱਕੇ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਆਪਣੀ ਬਖ਼ਸ਼ ਅਗੰਮੀ ਸ਼ਕਤ, ਸ਼ਖ਼ਸੀਅਤ ਦੀਨ ਦੁਨੀ ਬਦਲਾਈਆ । ਕਲਜੁਗ ਵੇਸ ਵੇਖ ਲੈ ਅੰਤਮ ਵਕ਼ਤ, ਘੜੀ ਪਲ ਤੇਰੇ ਚਰਨ ਟਿਕਾਈਆ । ਨਿਗਾਹ ਮਾਰ ਲੈ ਵਿਚ ਜਗਤ, ਦੀਨ ਦੁਨੀ ਖੋਜ ਖੁਜਾਈਆ । ਬਿਨ ਤੇਰੀ ਕਿਰਪਾ ਬਣੇ ਕੋਈ ਨਾ ਭਗਤ, ਭਗਵਨ ਭਗਤੀ ਵਿਚ ਨਾ ਕੋਇ ਸਮਾਈਆ । ਲੇਖੇ ਲਗੇ ਨਾ ਕਿਸੇ ਬੂੰਦ ਰਕਤ, ਹਡ ਮਾਸ ਨਾੜੀ ਪੰਜ ਤਤ ਕੰਮ ਕਿਸੇ ਨਾ ਆਈਆ । ਮੇਰੀ ਇਕੋ ਬੇਨੰਤੀ ਫ਼ਕਤ, ਫ਼ਿਕਰਾ ਢੋਲਾ ਇਕੋ ਦਿਆਂ ਸੁਣਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆ ਜਾ ਪਰਤ, ਪਤਿਪਰਮੇਸ਼ਵਰ ਵੇਸ ਵਟਾਈਆ । ਮੈਂ ਨਿਮਾਣੀ ਕੋਝੀ ਕਮਲੀ ਤੇਰੀ ਧਰਤ, ਧਵਲ ਹੋ ਕੇ ਮੰਗ ਮੰਗਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰੀ ਕਰ ਦੇ ਸ਼ਰਤ, ਜੋ ਸ਼ਰੀਅਤ ਅਸਲੀਅਤ ਵਿਚ ਤੇਰਾ ਲੇਖਾ ਗਏ ਸਮਝਾਈਆ । ਤੂੰ ਯੋਧਾ ਸੂਰਬੀਰ ਮਰਦਾਨਾ ਮਰਦ, ਮਦਦ ਤੇਰੀ ਇਕ ਰਖਾਈਆ । ਮੇਰਾ ਦੁਖਿਆਰਨ ਦਾ ਵੰਡ ਦਰਦ, ਦਰਦੀ ਹੋ ਕੇ ਵੇਖ ਵਖਾਈਆ । ਮੇਰੇ ਉਤੋਂ ਸ਼ਰਅ ਛੁਰੀ ਮੇਟ ਦੇ ਕਰਦ, ਕ਼ਾਤਲ ਮਕ਼ਤੂਲ ਦਾ ਡੇਰਾ ਢਾਹੀਆ । ਇਹੋ ਬੇਨੰਤੀ ਇਹੋ ਅਰਜ਼, ਆਸ਼ਾ ਤੇਰੇ ਅਗੇ ਰਖਾਈਆ । ਜੁਗ ਬਦਲਣਾ ਤੇਰਾ ਫ਼ਰਜ਼, ਕਲਜੁਗ ਸਤਿਜੁਗ ਲਹਿਣਾ ਦੇਣਾ ਝੋਲੀ ਪਾਈਆ । ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਮੇਰੀ ਇਹੋ ਗ਼ਰਜ਼, ਖ਼ਾਹਿਸ਼ ਆਪਣੀ ਦਿਆਂ ਦ੍ਰਿੜਾਈਆ । ਮੈਂ ਤੇਰਾ ਖੇਲ ਵੇਖਣਾ ਚਾਹੁੰਦੀ ਅਸਚਰਜ, ਅਚਰਜ ਲੀਲਾ ਦੇਣੀ ਵਖਾਈਆ । ਇਕੋ ਤੇਰਾ ਨਾਮ ਨਿਧਾਨਾ ਸ੍ਰੀ ਭਗਵਾਨਾ ਦੋ ਜਹਾਨਾ ਮਾਰੇ ਗਰਜ, ਭਬਕ ਇਕੋ ਇਕ ਸੁਣਾਈਆ । ਮੇਰੇ ਉਤੇ ਸਤਿ ਧਰਮ ਦੀ ਸਿਧੀ ਕਰ ਦੇ ਨਰਦ, ਜੋ ਨਰ ਸਿੰਘ ਹੋ ਕੇ ਪ੍ਰਹਿਲਾਦ ਗਿਆ ਦ੍ਰਿੜਾਈਆ । ਬਾਵਨ ਧਾਰ ਮੇਟ ਦੇ ਗਰਦ, ਬਲ

ਦੁਆਰਾ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਹੋਣ ਨਾ ਦੇਵੀਂ ਹਰਜ, ਸ੍ਰੀ ਭਗਵਾਨਾ ਆਪਣੇ ਚਰਨਾਂ ਵਿਚ ਲੈਣਾ ਟਿਕਾਈਆ ।

### ੨੦ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਬਲਵੰਤ ਸਿੰਘ ਦੇ ਗ੍ਰਹਿ ਪਿੰਡ ਤਲਵੰਡੀ ਜਲੋ ਕੇ ਜ਼ਿਲਾ ਫ਼ਿਰੋਜ਼ਪੁਰ

ਧਰਨੀ ਕਹੇ ਪ੍ਰਭੂ ਮੇਰੇ ਉਤੋਂ ਕੂੜ ਦੀਆਂ ਮੇਟ ਪਾਬੰਦੀਆਂ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਦੀਨ ਦੁਨੀ ਦੇ ਅੰਦਰੋਂ ਵਾਸ਼ਨਾ ਕਢ ਗੰਦੀਆਂ, ਅੰਮ੍ਰਿਤ ਰਸ ਅੰਮਿਉਂ ਆਪ ਚੁਆਈਆ । ਨਿਜ ਧਾਰ ਏਕੰਕਾਰ ਦੇ ਨਿਜ ਅਨੰਦੀਆ, ਅਨੰਦ ਅਨੰਦ ਵਿਚੋਂ ਪਰਗਟਾਈਆ । ਤੂੰ ਮੇਰਾ ਮੈਂ ਤੇਰਾ ਦੱਸ ਦੇ ਛੰਦੀਆ, ਸੋ ਪੁਰਖ ਨਿਰੰਜਣ ਹੰ ਬ੍ਰਹਮ ਆਪਣਾ ਮੇਲ ਮਿਲਾਈਆ । ਸਾਚਾ ਨੂਰ ਪਰਕਾਸ਼ ਕਰ ਦੇ ਚੰਦੀਆ, ਚੰਦ ਚਾਂਦਨਾ ਇਕੋ ਡਗਮਗਾਈਆ । ਕੂੜ ਕੁੜਿਆਰ ਦੀਆਂ ਅੰਦਰੋਂ ਢਾਹ ਦੇ ਕੰਧੀਆਂ, ਗੜ੍ਹ ਹੰਕਾਰ ਦੇਣਾ ਮਿਟਾਈਆ । ਲੇਖੇ ਤਕ ਲੈ ਅਵਤਾਰ ਪੈਗ਼ੰਬਰਾਂ ਗੁਰੂਆਂ ਵਾਲੀਆਂ ਸੰਧੀਆਂ, ਸੰਧਿਆ ਕਲਜੁਗ ਨਾਲ ਮਿਲਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਆਪਣੇ ਲਾ ਲੈ ਅੰਗੀਆ, ਅੰਗੀਕਾਰ ਆਪ ਹੋ ਜਾਈਆ । ਦਰ ਭਿਖਾਰਨ ਹੋ ਕੇ ਮੰਗਾਂ ਮੰਗੀਆਂ, ਮਾਂਗਤ ਹੋ ਕੇ ਝੋਲੀ ਡਾਹੀਆ । ਕੇਤੇ ਜੁਗ ਚੌਕੜੀ ਮੇਰੇ ਉਤੋਂ ਲੰਘੀਆਂ, ਕਲਜੁਗ
੧੦੪੬ ਅੰਤਮ ਹੋਣਾ ਆਪ ਸਹਾਈਆ । ਮਨੂਆ ਖੇਲ ਕਰੇ ਵਾਂਗ ਫ਼ਰੰਗੀਆਂ, ਦਹਿ ਦਿਸ਼ਾ ਭੱਜੇ ਵਾਹੋ ਦਾਹੀਆ । ਕੂੜ ਕੁੜਿਆਰ ਦੀਆਂ ਆਯੂ ਹੋਈਆਂ ੧੦੪੬
੨੪ ਲੰਬੀਆਂ, ਪੰਧ ਸਕੇ ਨਾ ਕੋਇ ਮੁਕਾਈਆ । ਤੂੰ ਮੇਰਾ ਮੈਂ ਤੇਰਾ ਗਾਏ ਕੋਈ ਨਾ ਛੰਦੀਆ, ਸੋਹਲਾ ਢੋਲਾ ਰਾਗ ਨਾ ਕੋਇ ਦ੍ਰਿੜਾਈਆ । ਪਰਵਰਦਿਗਾਰ ੨੪
ਸਾਂਝੇ ਯਾਰ ਦੀਨਾਂ ਮਜ਼੍ਹਬਾਂ ਤਕ ਲੈ ਡੰਡੀਆਂ, ਡੰਡਾਵਤ ਤੇਰੀ ਵਿਚ ਨਾ ਕੋਇ ਸਮਾਈਆ । ਤੇਰੀਆਂ ਧਾਰਾਂ ਤੇਰੇ ਵਿਛੋੜੇ ਵਿਚ ਹੋਈਆਂ ਰੰਡੀਆਂ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਜਗਤ ਜਹਾਨ ਬਣਿਆ ਰੂਪ ਪਾਖੰਡੀਆਂ, ਭੇਖਾਧਾਰੀ ਹੋਈ ਸ੍ਰਿਸ਼ਟ ਸਬਾਈਆ । ਲਹਿਣਾ ਦੇਣਾ ਕੂੜ ਕੁੜਿਆਰਾ ਮੇਟ ਦੇ ਡੰਬੀਆ, ਵਿਭਚਾਰਾਂ ਲੇਖਾ ਦੇ ਮੁਕਾਈਆ । ਤੂੰ ਸ਼ਾਹੋ ਭੂਪ ਸੂਰਾ ਸਰਬੰਗੀਆ, ਸ਼ਹਿਨਸ਼ਾਹ ਨੂਰ ਅਲਾਹੀਆ । ਕਲਜੁਗ ਕਿਨਾਰਾ ਵੇਖ ਲੈ ਅੰਤਮ ਕੰਢੀਆ, ਘਾਟ ਪਤਣ ਫੋਲ ਫੁਲਾਈਆ । ਵਿਦਿਆ ਰਹੀ ਨਾ ਪਾਂਧੇ ਪੰਡੀਆ, ਮੁੱਲਾ ਸ਼ੇਖ਼ ਮੁਸਾਇਕ ਨਾ ਕੋਇ ਚਤੁਰਾਈਆ । ਤੇਰੀਆਂ ਪ੍ਰੀਤਾਂ ਜਾਣ ਕਿਸੇ ਨਾ ਗੰਢੀਆਂ, ਵਿਛੋੜਾ ਜਗਤ ਨਾ ਕੋਇ ਮੁਕਾਈਆ । ਸਤਿ ਧਰਮ ਹੋਇਆ ਖੰਡ ਖੰਡੀਆ, ਨੌਂ ਖੰਡ ਰੋਵਣ ਮਾਰਨ ਧਾਹੀਆ । ਦੀਨ ਦੁਨੀ ਪੂਜੇ ਕਰੀਰਾਂ ਜੰਡੀਆਂ, ਸ਼ਾਹ ਪਾਤਸ਼ਾਹ ਤੇਰਾ ਇਸ਼ਟ ਨਾ ਕੋਇ ਮਨਾਈਆ । ਮਾਨਵ ਜ਼ਾਤੀ ਤਕ ਲੈ ਵੰਡੀਆਂ, ਮਾਨਸ ਮਾਨਵ ਮਾਨੁਖ ਤੇਰੇ ਰੰਗ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੀ ਹਾਲਤ ਤੇਰੇ ਤਰਸਯੋਗ, ਯੁਗਤੀ ਆਪਣੀ ਨਾਲ ਬਦਲਾਈਆ । ਸਤਿ ਦਾ ਰਿਹਾ ਕੋਈ ਨਾ ਜੋਗ, ਜੁਗਤੀ ਹੱਥ ਕਿਸੇ ਨਾ ਆਈਆ । ਹਉਮੇ ਘਰ ਘਰ ਲੱਗਾ ਰੋਗ, ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਆਤਮ ਪਰਮਾਤਮ ਮਿਲੇ ਨਾ ਕਿਸੇ ਸੰਯੋਗ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਸੁਰਤੀ ਸ਼ਬਦ ਕਰੇ ਕੋਈ ਨਾ ਭੋਗ, ਭਸਮੜ ਰੂਪ ਨਾ ਕੋਇ ਲੋਕਾਈਆ । ਨਵ ਸੱਤ

ਹੋਇਆ ਵਿਯੋਗ, ਵਿਛੋੜੇ ਵਿਚ ਸਰਬ ਕੁਰਲਾਈਆ । ਸ਼ਬਦ ਦਾ ਹੋਵੇ ਕੋਈ ਨਾ ਬੋਧ, ਬੁੱਧੀ ਤੋਂ ਪਰੇ ਨਾ ਕੋਇ ਪੜ੍ਹਾਈਆ । ਹਿਰਦਾ ਸਕੇ ਕੋਈ ਨਾ ਸੋਧ, ਵਦੀ ਸੁਦੀ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੈਨੂੰ ਅੰਤ ਅਖ਼ੀਰ ਤੇਰਾ ਸਹਾਰਾ, ਸਹਾਇਕ ਨਾਇਕ ਇਕੋ ਨਜ਼ਰੀ ਆਈਆ । ਤੂੰ ਪਰਮ ਪੁਰਖ ਮੇਰਾ ਕ਼ੁਦਰਤ ਕ਼ਾਦਰ ਕਰਤਾਰਾ, ਕਰੀਮ ਰਹੀਮ ਨੂਰ ਅਲਾਹੀਆ । ਜਲਵਾਗਰ ਪਰਵਰਦਿਗਾਰਾ, ਸਾਂਝਾ ਯਾਰ ਇਕ ਅਖਵਾਈਆ । ਤੇਰੀ ਕ਼ਦਮ ਬੋਸੀ ਵਿਚ ਕਰਾਂ ਨਿਮਸਕਾਰਾ, ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਤੂੰ ਚਰਨ ਧੂੜ ਮੂਰਖ ਮੂੜ੍ਹ ਬਖ਼ਸ਼ਣੀ ਛਾਰਾ, ਟਿੱਕੇ ਧਰਮ ਧਾਰ ਰਮਾਈਆ । ਮੇਰੇ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਤੇਰਾ ਖੇਲ ਤਕਾਂ ਅੰਧਿਆਰਾ, ਨਿਰੰਕਾਰ ਦੇਣਾ ਵਖਾਈਆ । ਕਲਜੁਗ ਕੂੜੀ ਕਿਰਿਆ ਮੇਟ ਅਧਿਆਰਾ, ਅੰਧ ਆਤਮ ਕਰ ਰੁਸ਼ਨਾਈਆ । ਸਚਖੰਡ ਦੁਆਰੇ ਕੂਕ ਕੂਕ ਪੁਕਾਰਾਂ, ਪੁਨਹ ਪੁਨਹ ਤੇਰੇ ਚਰਨਾਂ ਸੀਸ ਨਿਵਾਈਆ । ਮੇਰੇ ਮਿਹਰਵਾਨਾ ਨੌਜਵਾਨਾ ਮੈਨੂੰ ਦੇ ਅਧਾਰਾ, ਸਿਰ ਮੇਰੇ ਹੱਥ ਟਿਕਾਈਆ । ਤੂੰ ਕਲ ਕਲਕੀ ਨਿਹਕਲੰਕ ਚਵੀਆਂ ਅਵਤਾਰਾ, ਚੌਬੀਸਾ ਜਗਦੀਸਾ ਇਕ ਅਖਵਾਈਆ । ਅਮਾਮ ਅਮਾਮਾ ਜਲਵਾਗਰ ਨੂਰ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਤੇਰਾ ਸ਼ਬਦ ਨਾਦ ਧੁਨਕਾਰਾ, ਅਨਹਦ ਨਾਦੀ ਰਾਗ ਸ਼ਨਵਾਈਆ । ਤੇਰਾ ਬੂੰਦ ਸਵਾਂਤੀ ਅੰਮ੍ਰਿਤ ਰਸ ਠੰਡਾ ਠਾਰਾ, ਨਾਭੀ ਕਵਲ ਕਵਲ ਟਪਕਾਈਆ । ਮੈਂ ਮਾਂਗਤ ਹੋ ਕੇ ਦਰ ਤੇਰੇ ਬਣੀ ਭਿਖਾਰਾ, ਖ਼ਾਲੀ ਝੋਲੀ ਅਗੇ ਢਾਹੀਆ । ਧਰਨੀ ਕਹੇ ਪ੍ਰਭੂ ਮੈਨੂੰ ਵਸਤ ਦੇ ਦੇ ਥਾਰਾ, ਥਿਰ ਘਰ ਵਾਸੀ ਆਪਣੀ ਦਇਆ ਕਮਾਈਆ । ਮੇਰਾ ਲਹਿਣਾ ਦੇਣਾ ਪੂਰਬ ਦੇ ਦੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਏਕੰਕਾਰਾ, ਅਕਲ ਕਲ ਧਾਰੀ ਇਕ ਅਖਵਾਈਆ । ਕਲਜੁਗ ਅੰਤ ਸ੍ਰੀ ਭਗਵੰਤ ਤੁਧ ਬਿਨ ਅਵਰ ਨਾ ਕੋਇ ਸਹਾਰਾ, ਸੀਸ ਬਿਨ ਜਗਦੀਸ ਹੱਥ ਨਾ ਕੋਇ ਟਿਕਾਈਆ । ਮੇਰੀ ਬੇਨੰਤੀ ਮਨਜ਼ੂਰ ਕਰੀਂ ਨਿਮਸਕਾਰਾ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਧਰਨੀ ਕਹੇ ਮੈਂ ਰੋ ਰੋ ਕਰਿਆ ਗਿਰਿਆਜ਼ਾਰਾ, ਬਿਨ ਨੇਤਰ ਨੈਣਾਂ ਨੀਰ ਵਹਾਈਆ । ਤੂੰ ਮੇਰਾ ਸ਼ਾਹੋ ਭੂਪ ਸਿਕਦਾਰਾ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਮੰਗਾਂ ਤੇਰਾ ਦੁਆਰਾ, ਦੂਸਰ ਦਰ ਮੰਗਣ ਕੋਇ ਨਾ ਜਾਈਆ ।

### ✪ ੨੧ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਸੋਹਣ ਸਿੰਘ ਦੇ ਗ੍ਰਹਿ ਪਿੰਡ ਸ਼ਾਹ ਬੁੱਕਰ ਜ਼ਿਲਾ ਫ਼ਿਰੋਜ਼ਪੁਰ ✪

ਧਰਨੀ ਕਹੇ ਪ੍ਰਭੂ ਏਕਾ ਨਾਮ ਦ੍ਰਿੜ੍ਹਾ ਦੇ ਸੋ, ਸੋ ਪੁਰਖ ਨਿਰੰਜਣ ਆਪਣੀ ਦਇਆ ਕਮਾਈਆ । ਮੇਰੇ ਉਤੇ ਦੁਤੀਆ ਭੇਵ ਰਹੇ ਨਾ ਕੋ, ਦੂਆ ਏਕਾ ਏਕਾ ਰੰਗ ਸਮਾਈਆ । ਸ੍ਰਿਸ਼ਟੀ ਦ੍ਰਿਸ਼ਟੀ ਜਗਤ ਵਿਕਾਰੇ ਨਾਲੋਂ ਕਰ ਨਿਰਮੋਹ, ਮੁਹੱਬਤ ਆਪਣੇ ਨਾਲ ਜੁੜਾਈਆ । ਜੀਵਾਂ ਜੰਤਾਂ ਅੰਤਸ਼ਕਰਨ ਦੁਰਮਤ ਮੈਲ ਧੋ, ਪਤਤ ਪੁਨੀਤ ਆਪਣੀ ਦਇਆ ਕਮਾਈਆ । ਕੂੜ ਕੁੜਿਆਰਾ ਪੰਜ ਵਿਕਾਰਾ ਅੰਦਰੋਂ ਮੇਟ ਦੇ ਗਰੋਹ, ਮਾਇਆ ਮਮਤਾ ਮੋਹ

ਦੇਣਾ ਚੁਕਾਈਆ । ਆਤਮ ਪਰਮਾਤਮ ਤੇਰੇ ਨਾਲ ਸਭ ਦੀ ਜਾਏ ਛੋਹ, ਛੌਹਰ ਬਾਂਕੇ ਮੇਲਾ ਮੇਲਣਾ ਚਾਈਂ ਚਾਈਂਆ । ਕੂੜੀ ਕਿਰਿਆ ਕਲਜੁਗ
ਮੇਰੇ ਉਤੋਂ ਖੋਹ, ਸਤਿ ਸਚ ਵਸਤ ਦੇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ
ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰੀ ਬੇਨੰਤੀ ਕਰ ਪਰਵਾਨ, ਪਰਮ ਪੁਰਖ ਤੇਰੀ ਸਰਨਾਈਆ । ਆਦਿ ਜੁਗਾਦੀ ਮੇਰੇ ਨਿਗਾਹਬਾਨ,
ਬਿਨ ਨੈਣਾਂ ਨੈਣ ਉਠਾਈਆ । ਤੂੰ ਸਮਰਥ ਪੁਰਖ ਵਾਲੀ ਦੋ ਜਹਾਨ, ਪਰਵਰਦਿਗਾਰ ਅਗੰਮ ਅਥਾਹੀਆ । ਕਲਜੁਗ ਕੂੜੀ ਕਿਰਿਆ ਮੇਰੇ ਉਤੇ
ਹੋਈ ਪਰਧਾਨ, ਨਵ ਸੱਤ ਆਪਣਾ ਹੁਕਮ ਵਰਤਾਈਆ । ਧਰਮ ਦਾ ਰਿਹਾ ਨਾ ਕੋਇ ਨਿਸ਼ਾਨ, ਨਿਸ਼ਾਨਾ ਧਰਮ ਨਾ ਕੋਇ ਝੁਲਾਈਆ । ਆਤਮ
ਪਰਮਾਤਮ ਮਿਲੇ ਨਾ ਕਿਸੇ ਗਿਆਨ, ਜਗਤ ਵਿਦਿਆ ਦੀਨ ਦੁਨੀ ਵਡਿਆਈਆ । ਸੁਰਤੀ ਸ਼ਬਦ ਮਿਲੇ ਕੋਈ ਨਾ ਕਾਹਨ, ਰਾਮ ਰਾਮਾ ਰੰਗ
ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ ।
ਧਰਨੀ ਕਹੇ ਪ੍ਰਭੂ ਮੇਰੇ ਨੇਤਰਾਂ ਵਗਦਾ ਨੀਰ, ਨੇਤਰ ਲੋਚਨ ਅੱਖ ਰਹੀ ਸ਼ਰਮਾਈਆ । ਤੂੰ ਵਡ ਦਾਤਾ ਗੁਣੀ ਗਹੀਰ, ਗਹਿਰ ਗਵਰ ਧੁਰਦਰਗਾਹੀਆ ।
ਮਾਲਕ ਖ਼ਾਲਕ ਪੀਰਾਂ ਦਾ ਪੀਰ, ਪੈਗ਼ੰਬਰ ਨੂਰ ਅਲਾਹੀਆ । ਆਦਿ ਜੁਗਾਦੀ ਦਸਤਗੀਰ, ਸਾਜਣ ਮੀਤ ਇਕ ਅਖਵਾਈਆ । ਮੇਰੇ ਉਤੇ ਕਲਜੁਗ
ਕੂੜੀ ਕਿਰਿਆ ਕਰ ਅਖ਼ੀਰ, ਆਖ਼ਰ ਤੇਰੇ ਅਗੇ ਵਾਸਤਾ ਪਾਈਆ । ਜੋ ਫ਼ਿਕਰਿਆਂ ਵਿਚ ਤੇਰਾ ਸੰਦੇਸ਼ਾ ਦੇ ਕੇ ਗਏ ਫ਼ਕੀਰ, ਅਲਿਫ਼ ਯੇ ਨਾਲ
੧੦੪੮ ਵਡਿਆਈਆ । ਮੇਰੀ ਬਦਲ ਦੇ ਤਕਦੀਰ, ਤਕੱਬਰ ਦੀਨ ਦੁਨੀ ਮਿਟਾਈਆ । ਮੈਂ ਦਰਵੇਸ਼ਣ ਹੋਈ ਹਕੀਰ, ਨਿਮਾਣੀ ਹੋ ਕੇ ਮੰਗ ਮੰਗਾਈਆ । ੧੦੪੮
੨੪ ਮੇਰਾ ਲੇਖਾ ਪੂਰਾ ਕਰ ਦੇ ਜੋ ਕਹਿ ਕੇ ਗਿਆ ਕਬੀਰ, ਕਾਮਲ ਮੁਰਸ਼ਦ ਤੇਰੀ ਓਟ ਤਕਾਈਆ । ਸ਼ਰਅ ਸ਼ਰੀਅਤ ਤੋੜ ਜ਼ੰਜੀਰ, ਤਨ ਵਜੂਦਾਂ ੨੪
ਕਰ ਸਫ਼ਾਈਆ । ਤੂੰ ਮਾਲਕ ਮੇਰਾ ਬੇਨਜ਼ੀਰ, ਨਜ਼ਰੀਆ ਸਭ ਦਾ ਦੇ ਬਦਲਾਈਆ । ਦੀਨ ਦੁਨੀ ਦਾ ਅੰਤਸ਼ਕਰਨ ਬਦਲ ਜ਼ਮੀਰ, ਜ਼ਾਹਰ ਜ਼ਹੂਰ
ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ ।
ਧਰਨੀ ਕਹੇ ਪ੍ਰਭੂ ਮਿਹਰਵਾਨ ਹੋ ਕੇ ਆ ਜਾ, ਆਜਜ਼ ਹੋ ਕੇ ਸੀਸ ਨਿਵਾਈਆ । ਦੋ ਜਹਾਨ ਬਣ ਰਾਜਾ, ਰਈਅਤ ਵੇਖ ਖ਼ਲਕ ਖ਼ੁਦਾਈਆ ।
ਮੇਰਾ ਧਰਮ ਸਵਾਰ ਦੇ ਕਾਜਾ, ਕਰਨੀ ਦੇ ਕਰਤੇ ਦੇਣੀ ਮਾਣ ਵਡਿਆਈਆ । ਉਹ ਲੇਖਾ ਤਕ ਲੈ ਜੋ ਇਸ਼ਾਰਾ ਦੇ ਕੇ ਗਿਆ ਖਿਜ਼ਰ ਖੁਆਜਾ,
ਸੂਹ ਆਪਣੀ ਧਾਰ ਦ੍ਰਿੜਾਈਆ । ਮੈਂ ਬਿਨਾ ਜ਼ਬਾਨ ਤੋਂ ਤੈਨੂੰ ਮਾਰਾਂ ਆਵਾਜ਼ਾ, ਚੌਦਾਂ ਤਬਕਾਂ ਬਾਹਰ ਰਹੀ ਸੁਣਾਈਆ । ਤੇਰਾ ਜ਼ਹੂਰ ਬੇਨਜ਼ੀਰ
ਤਕਣਾ ਦੇਸ ਮਾਝਾ, ਮਜਲਸ ਭਗਤਾਂ ਸੰਗ ਬਣਾਈਆ । ਤੇਰਾ ਸਤਿਗੁਰ ਸ਼ਬਦ ਇਕੋ ਹੋਵੇ ਜਾਗਾ, ਦੂਸਰ ਲੋੜ ਰਹੇ ਨਾ ਰਾਈਆ । ਠਾਕਰ
ਸੁਆਮੀ ਮੇਰੇ ਗ੍ਰਿਹਿ ਆ ਜਾ ਭਾਗਾ, ਬਿਨ ਕ਼ਦਮਾਂ ਕ਼ਦਮ ਉਠਾਈਆ । ਮੇਰੇ ਅੰਤਰ ਉਪਜੇ ਇਕ ਵੈਰਾਗਾ, ਵੈਰੀ ਅੰਦਰੋਂ ਬਾਹਰ ਕਢਾਈਆ ।
ਕਲਜੁਗ ਜੀਵ ਹੰਸ ਬਣਾ ਦੇ ਕਾਗਾ, ਕਾਗ ਵਾਂਗ ਨਾ ਕੋਇ ਕੁਰਲਾਈਆ । ਮਾਨਵ ਜਾਤੀ ਆਤਮ ਪਰਮਾਤਮ ਮੇਲ ਮਿਲਾ ਲੈ ਕੰਤ ਸੁਹਾਗਾ,
ਨਾਰ ਕੰਤ ਆਪਣਾ ਨੂਰ ਕਰ ਰੁਸ਼ਨਾਈਆ । ਜੋ ਇਸ਼ਾਰਾ ਦੇ ਕੇ ਗਿਆ ਕ੍ਰਿਸ਼ਨ ਨੂੰ ਰਾਧਾ, ਰਹਿਬਰ ਹੋ ਕੇ ਵੇਖ ਵਖਾਈਆ । ਸੀਤਾ ਧਾਰ ਜਿਸ
ਰਾਮ ਭੇਵ ਖੁਲ੍ਹਾਇਆ ਬੋਧ ਅਗਾਧਾ, ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਤੂੰ ਮੋਹਣ ਮਾਧਵ ਮਾਧਾ, ਮਧੁਰ ਧੁਨ ਦੇ ਸੁਣਾਈਆ । ਮੇਰੇ ਉਤੇ ਨਵ

ਖੰਡ ਪ੍ਰਿਥਮੀ ਸੱਤ ਦੀਪ ਤੇਰਾ ਗੁਲਸ਼ਨ ਖਿੜਿਆ ਹੋਵੇ ਬਾਗ਼ਾ, ਪੱਤ ਟਹਿਣੀ ਫਲ ਫੁਲ ਦੇਣੀ ਮਹਿਕਾਈਆ । ਬਿਨ ਤੇਲ ਬਾਤੀ ਕਮਲਾਪਾਤੀ ਦੀਪਕ ਜੋਤ ਜਗਾ ਚਰਾਗ਼ਾ, ਚਰਾਗਾਹਾਂ ਕਰ ਰੁਸ਼ਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਇਕੋ ਇਕ ਪਾਰਬ੍ਰਹਮ ਬ੍ਰਹਮ ਬਖ਼ਸ਼ ਦੇਸ ਮਾਝਾ, ਸਮਗਰੀ ਸਚ ਸਚ ਵਰਤਾਈਆ । ਇਕੋ ਤਾਰ ਸਿਤਾਰ ਵਜਾਏ ਰਬਾਬਾ, ਰੱਬੇ ਆਲਮੀਨ ਯਾਮਬੀਨ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਦੇਣਾ ਅਵਤਾਰ ਪੈਗ਼ੰਬਰਾਂ ਗੁਰੂਆਂ ਬਾਅਦਾ, ਬੇਆਬਾਦ ਆਬਾਦ ਦੇਣਾ ਕਰਾਈਆ ।

✪ ੨੧ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਬਗੀਚਾ ਸਿੰਘ ਦੇ ਗ੍ਰਹਿ ਪਿੰਡ ਫ਼ਤਿਹ ਗੜ੍ਹ ਜ਼ਿਲਾ ਫ਼ਿਰੋਜ਼ਪੁਰ ✪

ਧਰਨੀ ਕਹੇ ਦੁਨੀਆਦਾਰੋ ਜਗਤ ਜੀਵਣ ਜੀਉ ਇਨਸਾਨੀ, ਤਨ ਵਜੂਦ ਮਾਟੀ ਖ਼ਾਕ ਅੰਦਰ ਰਖਾਈਆ । ਕੂੜੀ ਕਿਰਿਆ ਮਨ ਕਲਪਨਾ ਮਮਤਾ ਮੋਹ ਕੱਢੋ ਬੇਈਮਾਨੀ, ਪਿਆਰ ਮੁਹੱਬਤ ਵਿਚ ਸਤਿ ਸਤਿ ਸਰੂਪ ਸਮਾਈਆ । ਵਸਤ ਅਮੋਲਕ ਹਕ ਪ੍ਰੀਤੀ ਬਣੋ ਦਾਨੀ, ਜੀਵ ਜਹਾਨ ਨੌਜਵਾਨ ਮਰਦ ਮਰਦਾਨ ਹੋ ਕੇ ਦਿਉ ਵਰਤਾਈਆ । ਅੰਤਰ ਆਤਮ ਪਰਮਾਤਮ ਆਪਣੀ ਮੰਜ਼ਲ ਤਕੋ ਰੁਹਾਨੀ, ਰੂਹੇਰਵਾਂ ਆਪਣਾ ਰੰਗ ਰੰਗਾਈਆ । ਦੀਨ
 ਦੁਨੀ ਦਾ ਝਗੜਾ ਛਡੋ ਪ੍ਰਾਣੀ, ਪੂਰਬ ਲੇਖਾ ਰਹੇ ਨਾ ਰਾਈਆ । ਨਵੇਂ ਜੁਗ ਦੀ ਨਵੀਂ ਚੜ੍ਹੇ ਜਵਾਨੀ, ਜੋਬਨਵੰਤੇ ਹੋ ਕੇ ਲਉ ਅੰਗੜਾਈਆ । ੧੦੪੯
 ਸਤਿ ਸਚ ਦੀ ਬਣਾ ਕਮਾਨ ਤੇ ਤੀਰ ਅਣਿਆਲਾ ਮਾਰੋ ਨਿਸ਼ਾਨੀ, ਨਿਸ਼ਾਨੇ ਜਗਤ ਜੁਗਤ ਬਦਲਾਈਆ । ਉਹ ਲੇਖਾ ਲਹਿਣਾ ਪੂਰਾ ਕਰ ਲਓ ੨੪
ਜੋ ਇਸ਼ਾਰਾ ਦਿਤਾ ਦੁਰਗਾ ਆਦਿ ਸ਼ਕਤ ਭਵਾਨੀ, ਅਸ਼ਟਭੁਜ ਸਿੰਘ ਸ਼ੇਰ ਸ਼ੇਰ ਗਈ ਸਮਝਾਈਆ । ਜਿਸ ਦੀ ਧਾਰ ਵਿਚ ਬਾਵਨ ਦੱਸੀ ਅਗੰਮ ਕਹਾਣੀ, ਬਲ ਬਲ ਗਿਆ ਜਣਾਈਆ । ਰਾਮ ਨੇ ਹੱਥ ਧਰ ਕੇ ਮਸਤਕ ਉਤੇ ਪੇਸ਼ਾਨੀ, ਪੇਸ਼ਤਰ ਪਰਦਾ ਦਿਤਾ ਖੁਲ੍ਹਾਈਆ । ਕਾਹਨ ਹੋ ਕੇ ਜਾਣ ਜਾਣੀ, ਘਨਈਆ ਸਈਆ ਭੇਵ ਰਿਹਾ ਖੁਲ੍ਹਾਈਆ । ਮੂਸਾ ਜਲਵਾ ਤਕ ਅਗੰਮ ਨੂਰਾਨੀ, ਕੋਹਤੂਰ ਸੰਗ ਰਲਾਈਆ । ਈਸਾ ਦੀਨ ਦੁਨੀ ਸਮਝ ਕੇ ਫ਼ਾਨੀ, ਗਲ ਸਲੀਬ ਲਈ ਲਟਕਾਈਆ । ਮੁਹੰਮਦ ਚਾਰ ਯਾਰੀ ਨਾਲ ਭੇਵ ਖੋਲ੍ਹ ਕੁਰਾਨੀ, ਕਾਇਆ ਕਾਅਬਾ ਇਕ ਦ੍ਰਿੜਾਈਆ । ਨਾਨਕ ਨਿਰਗੁਣ ਧਾਰ ਕਰ ਮਿਹਰਵਾਨੀ, ਸਰਗੁਣ ਸਚ ਸਚ ਸਮਝਾਈਆ । ਗੋਬਿੰਦ ਅੰਮ੍ਰਿਤ ਧਾਰ ਬਖ਼ਸ਼ ਕੇ ਠੰਡਾ ਪਾਣੀ, ਅਗਨੀ ਤਤ ਤਤ ਬੁਝਾਈਆ । ਮਾਨਵ ਜ਼ਾਤੀ ਇਕੋ ਰੰਗ ਇਕੋ ਗ੍ਰਹਿ ਲੈਣਾ ਪਹਿਚਾਨੀ, ਦੂਜਾ ਦਰ ਨਜ਼ਰ ਕੋਇ ਨਾ ਆਈਆ । ਲੇਖਾ ਮੁਕੇ ਚਾਰ ਜੁਗ ਦੀ ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ, ਖ਼ਾਨਾ ਇਕੋ ਇਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਖੁਲ੍ਹਾਈਆ । ਧਰਨੀ ਕਹੇ ਜਗਿਆਸੂਓ ਮੇਰੇ ਉਤੇ ਜੀਓ ਸਚ ਦਾ ਧਰਮ, ਧਰਨੀ ਧਰਤ ਧਵਲ ਧੌਲ ਹੋ ਕੇ ਦਿਆਂ ਦ੍ਰਿੜਾਈਆ । ਤੁਸੀਂ ਨਿਰਗੁਣ ਧਾਰ ਪ੍ਰਭੂ ਦਾ ਵਰਨ, ਪਾਰਬ੍ਰਹਮ ਮਿਲ ਕੇ ਵਜੇ ਵਧਾਈਆ । ਪਿਛਲਾ ਕੂੜਾ ਬਦਲੋ ਆਪਣਾ ਕਰਮ, ਕਰਨੀ ਦਾ ਕਰਤਾ ਰੰਗ ਰੰਗਾਈਆ । ਜੇ ਤੁਹਾਡਾ ਜਨਣੀ ਦੀ ਕੁਖੋਂ ਹੋਇਆ ਜਰਮ, ਮਾਣ ਦਿਓ ਜਣੇਂਦੀ ਮਾਈਆ । ਤੁਹਾਡੀ ਦ੍ਰਿਸ਼ਟੀ ਰਹੇ ਨਾ

ਚਰਮ, ਚੰਮ ਦ੍ਰਿਸ਼ਟੀ ਲਓ ਬਦਲਾਈਆ । ਪ੍ਰਭੂ ਦੇ ਪਿਆਰ ਦਾ ਰਹੇ ਕੋਈ ਨਾ ਭਰਮ, ਭਾਂਡਾ ਭਰਮ ਭਓ ਲੈਣਾ ਭੰਨਾਈਆ । ਝਗੜਾ ਰਖੇ ਨਾ ਵਰਨ ਬਰਨ, ਜ਼ਾਤ ਪਾਤ ਨਾ ਵੰਡ ਵੰਡਾਈਆ । ਇਕੋ ਪੁਰਖ ਅਕਾਲੇ ਰਖੇ ਸਰਨ, ਸਰਨਗਤ ਇਕ ਜਣਾਈਆ । ਜੋ ਨਿਜ ਨੇਤਰ ਖੋਲ੍ਹੇ ਹਰਨ ਫਰਨ, ਲੋਇਣ ਆਪਣਾ ਆਪ ਵਖਾਈਆ । ਜਗਤ ਅੰਗਿਆਰ ਕੂੜੀ ਕਿਰਿਆ ਵਿਚ ਮੂਲ ਨਾ ਸੜਨ, ਤਤਵ ਤਤ ਨਾ ਕੋਇ ਤਪਾਈਆ । ਸਤਿ ਸਚ ਦੀ ਇਕੋ ਵਿਦਿਆ ਸਾਰੇ ਪੜ੍ਹਨ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਸ਼ਰਅ ਸ਼ਰੀਅਤ ਵਿਚ ਮੂਲ ਨਾ ਲੜਨ, ਨਾਮ ਕਲਮਾ ਕ਼ਾਤਲ ਮਕ਼ਤੂਲ ਨਾ ਰੂਪ ਵਖਾਈਆ । ਮੰਜ਼ਲ ਹਕ਼ੀਕ਼ੀ ਸਚਖੰਡ ਦੁਆਰੇ ਸਾਚੇ ਚੜ੍ਹਨ, ਪਾਂਧੀ ਬਣੋ ਥਾਉਂ ਥਾਈਂਆ । ਹਰ ਹਿਰਦੇ ਪ੍ਰਭੂ ਦਾ ਭੈ ਹੋਵੇ ਡਰਨ, ਮਨ ਹੰਗਤਾ ਦੂਰ ਕਰਾਈਆ । ਲੇਖਾ ਵੇਖੇ ਚੋਟੀ ਜੜ੍ਹਨ, ਜੜ੍ਹ ਚੇਤਨ ਖੋਜ ਖੁਜਾਈਆ । ਲਹਿਣਾ ਤਕੋ ਸੀਸ ਧੜਨ, ਹਡ ਮਾਸ ਨਾੜੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਸਚਾ ਮਾਰਗ ਇਕ ਅਪਾਰ, ਅਪਰੰਪਰ ਸੁਆਮੀ ਦਏ ਸਮਝਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਰੋ ਵਿਚਾਰ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਸਚ ਮੁਹੱਬਤ ਮਾਨਵ ਮਾਨਵ ਵੇਖੋ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵੇਖ ਖ਼ੁਸ਼ੀ ਬਣਾਈਆ । ਅੰਤਰ ਆਤਮ ਆਤਮ ਬਣੇ ਮਿਤਰ ਯਾਰ, ਯਾਰੜਾ ਸੇਜ ਸਰਬ ਹੰਢਾਈਆ । ਆਪਣੀ ਮਨਸਾ ਬਣਾਓ ਬਰਖ਼ੁਰਦਾਰ, ਸੇਵਕ ਹੋ ਕੇ ਸੇਵ ਕਮਾਈਆ । ਤਨ ਵਜੂਦ ਅੰਦਰ ਰਹੇ ਨਾ ਕੋਈ ਵਿਭਚਾਰ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਸਮਝਾਈਆ । ਧਰਨੀ ਕਹੇ ਮਾਨਵ ਜ਼ਾਤੀ ਇਕੋ ਬਣੋ ਕ਼ਬੀਲਾ, ਕਾਮਲ ਮੁਰਸ਼ਦ ਧਿਆਨ ਲਗਾਈਆ । ਸਚ ਪਿਆਰ ਬਣਾਓ ਵਸੀਲਾ, ਵਸਲੇ ਯਾਰ ਇਕ ਰਖਾਈਆ । ਆਪਣੀਆਂ ਆਪਣੀਆਂ ਬਦਲੋ ਦਲੀਲਾਂ, ਮਨ ਬੁੱਧੀ ਚਲੇ ਨਾ ਕੋਇ ਚਤੁਰਾਈਆ । ਪਰਮ ਪੁਰਖ ਪਰਮਾਤਮ ਇਕੋ ਧਾਰ ਸਭ ਦਾ ਹੋਏ ਵਸੀਲਾ, ਵਸਲ ਯਾਰ ਇਕ ਰਖਾਈਆ । ਆਪਣੀਆਂ ਆਪਣੀਆਂ ਬਦਲੋ ਕੂੜ ਕੁਕਰਮ ਦੀਆਂ ਲੀਕਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਮਾਨਵ ਜ਼ਾਤੀ ਇਕੋ ਧਾਰ ਬਣੋ ਮਨੁਖ, ਮਾਨਵ ਆਪਣੇ ਰੰਗ ਰੰਗਾਈਆ । ਦੁਨੀਦਾਰ ਹੋ ਕੇ ਦਿਓ ਕਿਸੇ ਨਾ ਦੁਖ, ਦਰਦੀ ਹੋ ਕੇ ਦਰਦ ਲੈਣਾ ਵੰਡਾਈਆ । ਸਭ ਨਾਲ ਸਾਂਝੀ ਕਰੋ ਆਪਣੀ ਭੁਖ, ਜਗਤ ਮਾਇਆ ਨਾ ਕੋਇ ਹਲਕਾਈਆ । ਆਤਮ ਪਰਮਾਤਮ ਮਾਣੋ ਸਾਚਾ ਸੁਖ, ਜਗਤ ਦਰਦ ਨਾ ਲਾਗੇ ਰਾਈਆ । ਸੁਫਲ ਕਰਾਓ ਜਨਣੀ ਕੁੱਖ, ਧੰਨ ਹੋਏ ਜਣੇਂਦੀ ਮਾਈਆ । ਪ੍ਰਭੂ ਪਿਆਰ ਦਾ ਮਾਰਗ ਪ੍ਰੇਮੀਆਂ ਕੋਲੋਂ ਲਓ ਪੁਛ, ਮੁਹੱਬਤ ਮੁਹੱਬਤ ਵਿਚੋਂ ਪਰਗਟਾਈਆ । ਜਗਤ ਵਾਸਨਾ ਕ਼ੀਮਤ ਸਮਝੋ ਤੁਛ, ਕਲਪਨਾ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਧੁਰਦਰਗਾਹੀਆ । ਧਰਨੀ ਕਹੇ ਜਗਿਆਸੂਓ ਆਪਣੀ ਵੇਖੋ ਜ਼ਾਤ, ਅਜ਼ਾਤੀ ਡੇਰਾ ਢਾਹੀਆ । ਆਪਣਾ ਰੂਪ ਤਕੋ ਪਾਰਜ਼ਾਤ, ਪਾਰਬ੍ਰਹਮ ਮਿਲ ਕੇ ਵਜੇ ਵਧਾਈਆ । ਕਲਜੁਗ ਵੇਖੇ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਮਨ ਕਲਪਨਾ ਛਡੋ ਕਮਜ਼ਾਤ, ਕੁਲਖਣੀ ਸੰਗ ਨਾ ਕੋਇ ਰਖਾਈਆ । ਮਾਨਵ ਮਾਨਵ ਮਾਨਸ ਇਕ ਦੂਜੇ ਨਾਲ ਪਿਆਰ ਦਾ ਜੋੜੋ ਨਾਤ, ਰਿਸ਼ਤਾ ਜਗ ਨਾ ਕੋਇ ਵਡਿਆਈਆ ।

੧੦੫੦ ੨੪

ਇਕੋ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖੇ ਕਾਇਨਾਤ, ਨਵ ਸੱਤ ਆਪਣਾ ਧਿਆਨ ਲਗਾਈਆ । ਪ੍ਰੇਮ ਪਿਆਰ ਦੀ ਸਭ ਨਾਲ ਕਰੇ ਬਾਤ, ਬਾਤਨ ਆਪਣਾ ਰੰਗ ਵਖਾਈਆ । ਬਿਨਾ ਨੇਤਰਾਂ ਤੋਂ ਆਪਣੇ ਅੰਦਰ ਮਾਰੇ ਝਾਤ, ਬਿਨ ਅੱਖੀਆਂ ਅੱਖ ਉਠਾਈਆ । ਆਪਣਾ ਗ੍ਰਿਹ ਵੇਖੇ ਪਰਾਂਤ, ਹਿੱਸਾ ਸਾਢੇ ਤਿੰਨ ਹੱਥ ਰੰਗ ਰੰਗਾਈਆ । ਜਿਸ ਵਿਚ ਬੈਠਾ ਇਕ ਇਕਾਂਤ, ਇਕ ਇਕੱਲਾ ਧੁਰ ਦਾ ਮਾਹੀਆ । ਜੋ ਦੇਵਣਹਾਰਾ ਅੰਮ੍ਰਿਤ ਬੂੰਦ ਸਵਾਂਤ, ਅਗਨੀ ਤਤ ਤਤ ਬੁਝਾਈਆ । ਜਿਸ ਦਾ ਲੇਖਾ ਸਦਾ ਬਹੁ ਬਿਧ ਭਾਂਤ, ਭੇਵ ਅਭੇਦਾ ਆਪ ਖੁਲ੍ਹਾਈਆ । ਇਕ ਦੂਜੇ ਦੀ ਪਿਆਰ ਮੁਹੱਬਤ ਵਿਚ ਪੁਛੇ ਵਾਤ, ਵਾਰਸ ਹੋ ਕੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਨੂਰ ਅਲਾਹੀਆ । ਦੀਨ ਦੁਨੀਆ ਦੀ ਨਵੀਂ ਬਣਾਓ ਬਣਤ, ਮਾਨਸ ਮਾਨਵ ਮਾਨੁਖ ਆਪਣਾ ਪ੍ਰੇਮ ਬਣਾਈਆ । ਸਭ ਦਾ ਇਕੋ ਸਾਂਝਾ ਹੋਵੇ ਕੰਤ, ਕੰਤੂਹਲ ਇਕੋ ਨਜ਼ਰੀ ਆਈਆ । ਆਪਣਾ ਅੰਤਰ ਆਤਮ ਬਣਾਓ ਸੰਤ, ਸਤਿਗੁਰ ਸਿਖਿਆ ਵਿਚ ਸਮਾਈਆ । ਗੜ੍ਹ ਤੋੜੋ ਹਉਮੇ ਹੰਗਤ, ਹੰ ਬ੍ਰਹਮ ਪਰਦਾ ਲੈਣਾ ਉਠਾਈਆ । ਸਚ ਵਿਦਿਆ ਬਣੋ ਪੰਡਤ, ਜਗਤ ਅੱਖਰਾਂ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਧਰਨੀ ਕਹੇ ਨਵੇਂ ਜੁਗ ਦੀ ਬਣਾਓ ਰੀਤੀ, ਰੀਤੀਵਾਨ ਆਪ ਅਖਵਾਈਆ । ਸਾਰੇ ਅੰਦਰੋਂ ਬਦਲੋ ਆਪਣੀ ਨੀਤੀ, ਨੀਤੀਵਾਨ ਦਏ ਵਡਿਆਈਆ । ਹਿੰਦੂ ਮੁਸਲਿਮ ਸਿੱਖ ਈਸਾਈ ਸਾਰੇ ਕਰੋ ਪ੍ਰੀਤੀ, ਪ੍ਰੀਤਮ ਇਕੋ ਸਭ ਦਾ

ਧੁਰ ਦਾ ਮਾਹੀਆ । ਪਿਛਲੀ ਕਹਾਣੀ ਪਿਛੇ ਗਈ ਬੀਤੀ, ਅਗਲਾ ਮਾਰਗ ਇਕੋ ਸੋਭਾ ਪਾਈਆ । ਝਗੜਾ ਛਡੋ ਹਸਤ ਕੀਟੀ, ਊਚ ਨੀਚ
੧੦੫੧

ਨਜ਼ਰ ਕੋਇ ਨਾ ਆਈਆ । ਤਨ ਵਜੂਦ ਚਾੜ੍ਹੋ ਰੰਗ ਮਜੀਠੀ, ਦੋ ਜਹਾਨ ਉਤਰ ਕਦੇ ਨਾ ਜਾਈਆ । ਅਗਲੀ ਖੇਲ ਕਰੋ ਅਨਡੀਠੀ, ਜਗ
੨੪
ਨੇਤਰ ਵੇਖਣ ਕੋਇ ਨਾ ਪਾਈਆ । ਰਸਨਾ ਬੋਲੀ ਕਰੋ ਮੀਠੀ, ਕਿਰਿਆ ਕੂੜ ਨਾ ਕੋਇ ਹਲਕਾਈਆ । ਤ੍ਰੈਗੁਣ ਤਪੇ ਨਾ ਮੂਲ ਅੰਗੀਠੀ, ਰਜੋ ਤਮੋ ਸਤੋ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰਾਹ ਇਕ ਦਰਸਾਈਆ । ਧਰਨੀ ਕਹੇ ਜਗਿਆਸੂਓ ਦੀਨ ਦੁਨੀ ਦਾ ਬਦਲੋ ਰਾਹ, ਰਹਿਬਰ ਇਕੋ ਵੇਖ ਵਖਾਈਆ । ਜੋ ਅੰਤਰ ਆਤਮ ਸਭ ਦਾ ਬਣੇ ਮਲਾਹ, ਖੇਵਟ ਖੇਟਾ ਬੇੜਾ ਆਪਣੇ ਕੰਧ ਉਠਾਈਆ । ਜਿਸ ਦੇ ਅਗੇ ਸਾਰੇ ਕਰਨ ਦੁਆ, ਦੋਏ ਜੋੜ ਵਾਸਤਾ ਪਾਈਆ । ਉਹ ਮਾਲਕ ਖ਼ਾਲਕ ਨੂਰ ਅਲਾਹ, ਨੂਰ ਨੁਰਾਨਾ ਅਗੰਮ ਅਥਾਹੀਆ । ਜੋ ਪੂਰਬ ਲਹਿਣੇ ਦੇਣੇ ਸਭ ਦੇ ਦਏ ਚੁਕਾ, ਲੇਖਾ ਰਹਿਣ ਕੋਇ ਨਾ ਪਾਈਆ । ਦੀਨ ਮਜ਼੍ਹਬ ਦੇ ਝਗੜੇ ਦਿਓ ਗੁਆ, ਗਵਾਹ ਸਤਿਗੁਰ ਸ਼ਬਦ ਬਣਾਈਆ । ਪ੍ਰਭੂ ਦਾ ਇਕੋ ਨਾਮ ਕਲਮਾ ਲਓ ਧਿਆ, ਧਰਮ ਦੀ ਧਾਰ ਇਕ ਰਖਾਈਆ । ਜਗਤ ਨੇਤਰਾਂ ਗੁਆਓ ਨਾ ਮੂਲ ਹਯਾ, ਲੋਚਨ ਨੈਣ ਨੈਣ ਬਿਗਸਾਈਆ । ਹੰਸ ਬੁੱਧੀ ਨਾ ਬਣਾਓ ਕਾਂ, ਕਾਗ ਵਾਂਗ ਨਾ ਕੋਇ ਕੁਰਲਾਈਆ । ਮਾਨਸ ਜ਼ਾਤੀ ਮੁਹੱਬਤ ਵਿਚ ਕੋਈ ਨਾ ਖਾਓ ਸੂਰ ਗਾਂ, ਪਸ਼ੂਆਂ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲਾ ਸਭ ਦੀ ਇਕੋ ਮਾਂ, ਦੂਜੀ ਦਿਸੇ ਨਾ ਕੋਇ ਜਣੇਂਦੀ ਮਾਈਆ । ਸਚਖੰਡ ਦੁਆਰ ਇਕੋ ਸਭ ਦਾ ਥਾਂ, ਥਨੰਤਰ ਸਾਚੇ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਨਵੇਂ ਜੁਗ ਦਾ ਰਸਤਾ ਬੜਾ ਅਜੀਬ, ਅਜਬ ਨਿਰਾਲਾ ਨਜ਼ਰੀ ਆਈਆ । ਜਿਸ ਨੂੰ ਮੰਨਣ

ਗ਼ਰੀਬ ਅਮੀਰ, ਵੱਡਾ ਛੋਟਾ ਰਹਿਣ ਕੋਇ ਨਾ ਪਾਈਆ । ਜਿਸ ਵਿਚ ਦੀਨਾਂ ਮਜ਼੍ਹਬਾਂ ਮਿਲਣੀ ਤਰਤੀਬ, ਤਰੀਕਾ ਪ੍ਰਭ ਆਪਣੇ ਹੱਥ ਰਖਾਈਆ । ਜਿਸ ਵਿਚ ਆਸਾ ਮਨਸਾ ਪੂਰੀ ਹੋਏ ਉਮੀਦ, ਤ੍ਰਿਸ਼ਨਾ ਜਗਤ ਰਹੇ ਨਾ ਰਾਈਆ । ਮਾਨਸ ਮਾਨਸ ਇਕ ਦੂਜੇ ਨੂੰ ਸਿੱਧੇ ਰਖੇ ਦੀਦ, ਨੇਤਰ ਲੋਚਨ ਨੈਣ ਅੱਖ ਨਾ ਕੋਇ ਬਦਲਾਈਆ । ਦੀਨ ਮਜ਼੍ਹਬ ਦੀ ਸ਼ਰਅ ਵਿਚ ਹੋਏ ਨਾ ਕੋਇ ਸ਼ਹੀਦ, ਕ਼ਾਤਲ ਮਕਤੂਲ ਰੂਪ ਨਾ ਕੋਇ ਬਣਾਈਆ । ਗ਼ਫ਼ਲਤ ਵਿਚੋਂ ਆਪਣੀ ਖੋਲ੍ਹੋ ਨੀਂਦ, ਸੋਈ ਆਪਣੀ ਸੁਰਤੀ ਲਊ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਵਡਿਆਈਆ । ਸਚ ਦਾ ਮਾਰਗ ਵੇਖੋ ਸਸਤਾ, ਕ਼ੀਮਤ ਜਗਤ ਨਾ ਕੋਇ ਜਣਾਈਆ । ਪ੍ਰਭੂ ਪਿਆਰ ਦਾ ਲੱਭੋ ਰਸਤਾ, ਰਹਿਬਰ ਤਕੋ ਨੂਰ ਅਲਾਹੀਆ । ਜਿਹੜਾ ਆਦਿ ਜੁਗਾਦੀ ਹਰ ਘਟ ਅੰਦਰ ਵਸਦਾ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਜੋ ਅੰਮ੍ਰਿਤ ਭੰਡਾਰਾ ਦੇਵੇ ਅਗੰਮੇ ਰਸ ਦਾ, ਬਿਨ ਰਸਨਾ ਜਿਹਵਾ ਦਏ ਚਖਾਈਆ । ਜਿਸ ਦਾ ਖੇਲ ਅਲੱਖਣਾ ਅਲੱਖ ਦਾ, ਅਲਖ ਅਗੋਚਰ ਆਪਣੀ ਕਾਰ ਕਮਾਈਆ । ਉਹ ਮਾਰਗ ਨਿਰਾਲਾ ਏਕੰਕਾਰਾ ਹੋ ਕੇ ਦੱਸਦਾ, ਦਹਿ ਦਿਸ਼ਾ ਦਾ ਪੰਧ ਮੁਕਾਈਆ । ਤੀਰ ਅਣਿਆਲਾ ਦੋ ਜਹਾਨਾਂ ਆਪਣਾ ਕਸਦਾ, ਬਿਨ ਚਿੱਲੇ ਕਮਾਨ ਖਿਚਾਈਆ । ਜਿਸ ਦੇ ਪਿਆਰ ਵਿਚ ਜੁਗ ਚੌਕੜੀ ਫਿਰੇ ਨਸਦਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜੇ ਵਾਹੋ ਦਾਹੀਆ । ਉਹ ਜੁਗ ਜੁਗ ਜਨ ਭਗਤਾਂ ਪੈਜ ਰਖਦਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਗਿਆਸੂਉ ਹੁਣ ਅਗੇ ਵੇਲਾ ਨਹੀਂ ਰਹਿਣਾ ਵਖ ਵਖ ਦਾ, ਵਖਰੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਮੇਰੇ ਉਤੇ ਵਸਣਵਾਲੀ ਸੁਣੋ ਮਨੁਖ ਜ਼ਾਤੀ, ਮਾਨੁਖਤਾ ਵਾਲਿਉ ਦਿਆਂ ਦ੍ਰਿੜਾਈਆ । ਇਕ ਸੰਦੇਸ਼ਾ ਸੁਣੋ ਬਿਨਾ ਅੱਖਰਾਂ ਵਾਲੀ ਪਾਤੀ, ਜਿਸ ਪਤ੍ਰਕਾ ਦਾ ਲੇਖ ਨਾ ਕੋਇ ਜਣਾਈਆ । ਨਾਲ ਤਕੋ ਕਲਜੁਗ ਅੰਧੇਰਾ ਰਾਤੀ, ਅੰਧ ਅੰਧੇਰਾ ਨਾ ਕੋਇ ਗਵਾਈਆ । ਤੁਸੀਂ ਸਾਰੇ ਜਨਮ ਲਿਆ ਲੋਕਮਾਤੀ, ਮਾਨਸ ਆਪਣਾ ਰੂਪ ਬਦਲਾਈਆ । ਤੁਹਾਡਾ ਦੀਨ ਮਜ਼੍ਹਬ ਵਖ ਵਖ ਭਾਂਤੀ, ਬਹੁ ਭਾਂਤੀ ਵੰਡ ਨਾ ਕੋਇ ਵੰਡਾਈਆ । ਤੁਹਾਡਾ ਆਤਮ ਇਕ ਇਕਾਂਤੀ, ਇਕ ਇਕੱਲਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਦੁਨੀਆ ਜਪੇ ਪ੍ਰਭੂ ਦਾ ਨਾਮ, ਨਾਮ ਨਿਧਾਨਾ ਇਕ ਅਖਵਾਈਆ । ਜਿਸ ਵਿਚ ਮੇਲਾ ਹੋਏ ਰਮਈਆ ਰਾਮ, ਕਾਹਨ ਕਾਹਨਾ ਮਿਲ ਕੇ ਵਜੇ ਵਧਾਈਆ । ਜਲਵਾ ਦਿਸੇ ਅਗੰਮ ਅਮਾਮ, ਨੂਰ ਨੁਰਾਨਾ ਮਿਲੇ ਨੂਰ ਅਲਾਹੀਆ । ਜਿਸ ਵਿਚ ਉਪਜੇ ਸਤਿਨਾਮ, ਸਤਿ ਸਤਿ ਵਿਚ ਸਮਾਈਆ । ਜਿਸ ਦੀ ਧਾਰ ਫ਼ਤਿਹ ਡੰਕ ਦੋ ਜਹਾਨ, ਜਗਤ ਹਿੱਸੇ ਵੰਡ ਨਾ ਕੋਇ ਵੰਡਾਈਆ । ਉਸ ਮਾਰਗ ਨੂੰ ਲਊ ਪਹਿਚਾਣ, ਜਿਸ ਮਾਰਗ ਨੂੰ ਸਕੇ ਨਾ ਕੋਇ ਬਦਲਾਈਆ । ਉਸ ਦੇ ਉਤੇ ਚਲੋ ਨਾਲ ਆਰਾਮ, ਜਗਤ ਔਕੜ ਵੇਖਣ ਕੋਇ ਨਾ ਪਾਈਆ । ਫੇਰ ਨਿਗਾਹ ਮਾਰੋ ਆਪਣੇ ਕਾਇਆ ਅੰਦਰ ਮਕਾਨ, ਖੇੜਾ ਸਾਢੇ ਤਿੰਨ ਹੱਥ ਫੋਲ ਫੁਲਾਈਆ । ਜਿਸ ਵਿਚ ਨਿਰਗੁਣ ਧਾਰ ਕਰੇ ਬਿਸਰਾਮ, ਜੋਤੀ ਜਾਤਾ ਆਸਣ ਲਾਈਆ । ਓਸੇ ਦਾ ਮਾਰਗ ਇਕ ਅਸਾਨ, ਜੋ ਮੁਸ਼ਕਿਲ ਸਾਰੀ ਹਲ ਕਰਾਈਆ । ਜਿਸ ਦਾ ਚਾਰ ਜੁਗ ਦੇ ਸ਼ਾਸਤਰ ਦੇਣ ਬਿਆਨ, ਕਲਮੇ ਕਾਇਨਾਤ ਦ੍ਰਿੜਾਈਆ । ਤੂੰ ਮੇਰਾ ਮੈਂ ਤੇਰਾ ਸਾਰੇ ਬੋਲੋ ਬਿਨਾ ਜ਼ਬਾਨ, ਰਸਨਾ ਰਸ ਨਾ ਕੋਇ ਚਖਾਈਆ । ਝਗੜਾ ਹੋਵੇ ਨਾ ਕਿਸੇ ਕਲਾਮ,

ਕਾਇਨਾਤ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਜੋ ਕਰਨੇਹਾਰਾ ਇੰਤਜ਼ਾਮ, ਬੰਦੋਬਸਤ ਉਦੇ ਅਸਤ ਜੁਗ ਚੌਕੜੀ ਆਪਣੇ ਹੱਥ ਰਖਾਈਆ ।

✪ ੨੨ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਇੰਦਰ ਸਿੰਘ ਦੇ ਗ੍ਰਹਿ ਪਿੰਡ ਕ਼ਾਦਰ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਆਪਣੀਆਂ ਆਪਣੀਆਂ ਕੱਢੋ ਭਵਿਖਤ ਬਾਣੀਆਂ, ਬਿਨ ਅੱਖਰਾਂ ਜਗਤ ਵਿਦਿਆ ਧਿਆਨ ਲਗਾਈਆ । ਬਿਨ ਨੈਣਾਂ ਵੇਖੋ ਅਠਸਠ ਤੀਰਥ ਪਾਣੀਆਂ, ਜਲ ਥਲ ਮਹੀਅਲ ਫੇਲ ਫੁਲਾਈਆ । ਸਿੱਖ ਮੁਰੀਦ ਤਕੋ ਆਪਣੇ ਧਰਮ ਧਾਰ ਦੀਆਂ ਸੁਆਣੀਆਂ, ਸੁਘੜ ਸੁਚੱਜੇ ਖੋਜ ਖੁਜਾਈਆ । ਅੰਤਰ ਨਿਰੰਤਰ ਵੇਖੋ ਕਰ ਧਿਆਨੀਆਂ, ਧਰਮ ਦੀ ਧਾਰ ਨਾਲ ਸੁਣਾਈਆ । ਕਵਣ ਮਿਲਿਆ ਸੁਰਤੀ ਧਾਰ ਸ਼ਬਦ ਸਾਚੇ ਹਾਣੀਆਂ, ਆਤਮ ਪਰਮਾਤਮ ਮਿਲ ਕੇ ਵਜੇ ਵਧਾਈਆ । ਨਿਗਾਹ ਮਾਰੋ ਜੀਵਤ ਜੀਵ ਪ੍ਰਾਣੀਆਂ, ਪ੍ਰੀਤਮ ਪਿਆਰੇ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਆਪਣੀਆਂ ਵੇਖੋ ਪੇਸ਼ੀਨਗੋਈਆਂ, ਪੇਸ਼ਤਰ ਸਭ ਨੂੰ ਦਿਆਂ ਦ੍ਰਿੜਾਈਆ । ਮੇਰੇ ਉਤੇ ਖੇਲਾਂ ਅਣਹੋਣੀਆਂ ਹੋਈਆਂ, ਹੋਕਾ ਦੇ ਕੇ ਦਿਆਂ ਦ੍ਰਿੜਾਈਆ । ਤੁਹਾਡੀਆਂ ਪ੍ਰੇਮ ਦੀਆਂ ਧਾਰਾਂ ਹਰ ਹਿਰਦਿਉਂ ਗਈਆਂ ਖੋਹੀਆਂ, ਸਤਿ ਸਚ ਸੰਗ ਨਾ ਕੋਇ ਰਖਾਈਆ । ਜਿਧਰ ਵੇਖੋ ਮੇਰੇ ਉਤੇ ਪਈਆਂ ਦਰੋਹੀਆਂ, ਦਰੋਹੀ ਦਰੋਹੀ ਕਰੇ ਖ਼ਲਕ ਖ਼ੁਦਾਈਆ । ਧਰਮ ਦੁਆਰ ਮਿਲੇ ਕਿਸੇ ਨਾ ਢੋਈਆਂ, ਸਿਰ ਸਿਰ ਹੱਥ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਮੇਰੀ ਵੇਖੋ ਆਣ ਕੇ ਹਾਲਤ, ਹਾਏ ਉਫ਼ ਮੇਰੀ ਦੁਹਾਈਆ । ਤੁਹਾਡੇ ਪਿਆਰ ਦੀ ਰਹੀ ਨਾ ਕੋਇ ਅਬਾਦਤ, ਨਾਮ ਰਸ ਹੱਥ ਕਿਸੇ ਨਾ ਆਈਆ । ਬੁੱਧੀ ਵਿਚ ਨਾ ਰਹੀ ਸਚ ਲਿਆਕਤ, ਕਿਰਿਆ ਕੂੜ ਕੂੜ ਹਲਕਾਈਆ । ਪ੍ਰੇਮ ਦੀ ਲੁੱਟੀ ਗਈ ਅਮਾਨਤ, ਅਮਲ ਵਿਚ ਨਾ ਖ਼ਲਕ ਖ਼ੁਦਾਈਆ । ਆਤਮਾ ਦਿਸੇ ਨਾ ਕੋਇ ਸਹੀ ਸਲਾਮਤ, ਸਚ ਰੰਗ ਨਾ ਕੋਇ ਸਮਾਈਆ । ਪੈਗ਼ੰਬਰੋ ਅੰਤ ਵੇਖੋ ਆਉਣ ਵਾਲੀ ਕਿਆਮਤ, ਕ਼ਾਇਮ ਮੁਕ਼ਾਮ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਆਪਣੀਆਂ ਵੇਖੋ ਅੰਤ ਨਿਸ਼ਾਨੀਆਂ, ਨਿਸ਼ਾਨੇ ਦੀਨ ਦੁਨੀ ਬਦਲਾਈਆ । ਮੇਰੀਆਂ ਜੁਗ ਜੁਗ ਰੀਤਾਂ ਆਦਿ ਜੁਗਾਦਿ ਪੁਰਾਣੀਆਂ, ਪੂਰਬ ਲੇਖਾ ਦਿਆਂ ਦ੍ਰਿੜਾਈਆ । ਕੋਟਨ ਵਾਰ ਉਤਪਤ ਹੋਈਆਂ ਚਾਰੇ ਖਾਣੀਆਂ, ਅੰਤ ਰਹਿਣ ਕੋਇ ਨਾ ਪਾਈਆ । ਤੁਸੀਂ ਨਿਗਾਹ ਮਾਰੋ ਮੇਰੇ ਉਤੇ ਕਰੋ ਮਿਹਰਵਾਨੀਆਂ, ਮਿਹਰਵਾਨ ਹੋ ਕੇ ਵੇਖ ਵਖਾਈਆ । ਮੈਂ ਧਰਨੀ ਧਰਤ ਧਵਲ ਧੌਲ ਨਿਮਾਣੀਆਂ, ਨਿਮਰਤਾ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਅਵਤਾਰ

ਪੈਗ਼ੰਬਰ ਗੁਰ ਕਹਿਣ ਧਰਨੀਏ ਨਿਗਾਹ ਮਾਰੀਏ ਉਤੇ ਤੇਰੀ ਧਰਤ, ਧਵਲੇ ਧਿਆਨ ਲਗਾਈਆ । ਨਿਰਗੁਣ ਧਾਰ ਆਈਏ ਪਰਤ, ਪਤਿਪਰਮੇਸ਼ਵਰ ਸੰਗ ਮਿਲਾਈਆ । ਤੇਰੀ ਆਸਾ ਮਨਸਾ ਪੂਰੀ ਕਰੀਏ ਸ਼ਰਤ, ਕੌਲ ਇਕਰਾਰ ਆਪਣਾ ਤੋੜ ਨਿਭਾਈਆ । ਬੇਸ਼ਕ ਸਾਡਾ ਵਸੇਰਾ ਉਤੇ ਅਰਸ਼, ਫ਼ਰਸ਼ ਵੇਖੀਏ ਚਾਈਂ ਚਾਈਂਆ । ਨਿਰਗੁਣ ਧਾਰ ਨਿਰਾਕਾਰ ਨਿਰੰਕਾਰ ਨਾਲ ਦੇਵੇ ਦਰਸ, ਆਦਰਸ਼ ਆਪਣਾ ਦਏ ਵਖਾਈਆ । ਤੇਰੀ ਨਵ ਨੌਂ ਚਾਰ ਦੀ ਮੇਟੇ ਹਰਸ, ਹਵਸ ਪਿਛਲੀ ਦਏ ਮੁਕਾਈਆ । ਨਾਮ ਨਿਧਾਨਾ ਅੰਮ੍ਰਿਤ ਮੇਘ ਦੇਵੇ ਬਰਸ, ਜਗਤ ਤ੍ਰਿਸ਼ਨਾ ਅਗਨ ਬੁਝਾਈਆ । ਤੇਰਾ ਪੂਰਬ ਲਹਿਣਾ ਜੋਤੀ ਜਾਤਾ ਲਾਹਵੇ ਕਰਜ਼, ਮਕਰੂਜ਼ ਹੋ ਕੇ ਤੇਰੀ ਝੋਲੀ ਪਾਈਆ । ਤੂੰ ਖੇਲ ਵੇਖਣਾ ਅਸਚਰਜ, ਅਚਰਜ ਲੀਲਾ ਦਏ ਵਖਾਈਆ । ਯੋਧਾ ਸੂਰਬੀਰ ਮਰਦਾਨਾ ਬਣੇ ਮਰਦ, ਮਰਦ ਮਰਦਾਨਾ ਇਕ ਅਖਵਾਈਆ । ਸ਼ਹਿਨਸ਼ਾਹੀ ਸੰਮਤ ਬਾਰਾਂ ਤੇਰਾ ਵੰਡੇ ਦਰਦ, ਦਰਦੀ ਹੋ ਕੇ ਵੇਖ ਵਖਾਈਆ । ਸ਼ਰਅ ਛੁਰੀ ਕਤਲ ਕਰੇ ਕੋਈ ਨਾ ਕਰਦ, ਕ਼ਾਤਲ ਮਕਤੂਲ ਦਾ ਡੇਰਾ ਢਾਹੀਆ । ਤੇਰੀ ਬੇਨੰਤੀ ਮਨਜ਼ੂਰ ਕਰੇ ਅਰਜ਼, ਆਰਜ਼ੂ ਆਪਣੇ ਚਰਨ ਰਖਾਈਆ । ਜੁਗ ਬਦਲਣਾ ਜਿਸ ਦਾ ਆਦਿ ਜੁਗਾਦੀ ਫ਼ਰਜ਼, ਫ਼ਾਜ਼ਲ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਧਰਨੀਏ ਤੇਰਾ ਵੇਖੀਏ ਆ ਕੇ ਧਰਮ, ਧਰਮ ਦੀ ਧਾਰ ਨਾਲ ਜਣਾਈਆ । ਨਵ ਸੱਤ ਦਾ ਤਕੀਏ ਕਰਮ, ਕਰਮ ਕਾਂਡ ਖੋਜ ਖੁਜਾਈਆ । ਤੇਰਾ ਚੌਥੇ ਜੁਗ ਦਾ ਮੇਟੀਏ
੧੦੫੪ ਭਰਮ, ਭਾਂਡਾ ਭਰਮ ਭੌ ਭੰਨਾਈਆ । ਧਰਮ ਦੀ ਧਾਰ ਸਤਿਜੁਗ ਤੇਰੇ ਉਤੇ ਲਏ ਜਰਮ, ਪੁਰਖ ਅਕਾਲ ਦਏ ਮਾਣ ਵਡਿਆਈਆ । ਤੇਰੇ ਉਤੇ ੧੦੫੪
੨੪ ਇਕੋ ਜ਼ਾਤ ਇਕੋ ਹੋਵੇ ਬਰਨ, ਦੂਸਰ ਵੰਡ ਨਾ ਕੋਇ ਵੰਡਾਈਆ । ਇਕੋ ਪੁਰਖ ਅਕਾਲਾ ਦੀਨ ਦਿਆਲਾ ਬਖ਼ਸ਼ੇ ਸਰਨ, ਸਰਨਗਤ ਇਕ ਜਣਾਈਆ । ੨੪
ਇਕੋ ਨੇਤਰ ਲੋਚਨ ਖੋਲ੍ਹੇ ਹਰਨ ਫਰਨ, ਲੋਚਨ ਇਕੋ ਕਰੇ ਰੁਸ਼ਨਾਈਆ । ਇਕੋ ਵਿਦਿਆ ਢੋਲੇ ਗੀਤ ਨਾਮ ਨਿਧਾਨ ਸਾਰੇ ਪੜ੍ਹਨ, ਪੁਸਤਕ ਇਕੋ ਸੋਭਾ ਪਾਈਆ । ਇਕੋ ਮੰਜ਼ਲ ਹਕ਼ੀਕ਼ਤ ਹਕ ਵਾਲੀ ਸਾਰੇ ਚੜ੍ਹਨ, ਪੌੜੀ ਡੰਡਾ ਇਕੋ ਨਜ਼ਰੀ ਆਈਆ । ਇਕੋ ਸਚ ਦੁਆਰ ਏਕੰਕਾਰ ਸਾਰੇ ਵੜਨ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਧਰਨੀ ਨਾ ਕਰ ਗਿਰਿਆਜ਼ਾਰੀ, ਬਿਨ ਨੇਤਰ ਨੈਣਾਂ ਨੀਰ ਵਹਾਈਆ । ਤੇਰਾ ਲਹਿਣਾ ਦੇਣਾ ਪੂਰਾ ਕਰੇ ਸ਼ਾਹੋ ਭੂਪ ਸਿਕਦਾਰੀ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੀ ਜੁਗ ਚੌਕੜੀ ਰਹੀ ਇੰਤਜ਼ਾਰੀ, ਬਿਨ ਜਗਤ ਆਸਾ ਮਨਸਾ ਰਾਹ ਤਕਾਈਆ । ਉਹ ਜੋਤੀ ਜਾਤਾ ਪੁਰਖ ਬਿਧਾਤਾ ਯੋਧਾ ਸੂਰਬੀਰ ਬਲਕਾਰੀ, ਮਹਾਬਲੀ ਇਕ ਅਖਵਾਈਆ । ਜਿਸ ਜੁਗ ਜੁਗ ਜਨ ਭਗਤਾਂ ਪੈਜ ਸਵਾਰੀ, ਸਿਰ ਸਿਰ ਆਪਣਾ ਹੱਥ ਟਿਕਾਈਆ । ਉਹ ਆਵੇ ਕਲਜੁਗ ਅੰਤਮ ਆਪਣੀ ਵਾਰੀ, ਵਾਰਸ ਹੋ ਕੇ ਵੇਖ ਵਖਾਈਆ । ਤੇਰੇ ਉਤੋਂ ਕਲਜੁਗ ਕੂੜੀ ਕਿਰਿਆ ਦਏ ਨਿਵਾਰੀ, ਸਤਿਜੁਗ ਸਚ ਸਚ ਪਰਗਟਾਈਆ । ਤੂੰ ਇਕੋ ਇਸ਼ਟ ਦੀ ਬਣੀਂ ਪੁਜਾਰੀ, ਪੁਜਾਰਨ ਹੋ ਕੇ ਸੀਸ ਨਿਵਾਈਆ । ਇਕੋ ਨਾਮ ਦਾ ਲਈਂ ਅਧਾਰੀ, ਦੂਸਰ ਓਟ ਨਾ ਕੋਇ ਤਕਾਈਆ । ਇਕੋ ਸ਼ਬਦ ਸੁਣੀ ਧੁਨਕਾਰੀ, ਅਨਹਦ ਨਾਦੀ ਨਾਦ ਕਰੀਂ ਸ਼ਨਵਾਈਆ । ਇਕੋ ਅੰਮ੍ਰਿਤ ਰਸ ਪੀਣਾ ਠੰਡਾ ਠਾਰੀ, ਨਿਝਰ ਝਿਰਨਿਉਂ ਦਏ ਝਿਰਾਈਆ । ਇਕੋ ਦੀਪਕ ਜੋਤ ਕਰੇ ਉਜਿਆਰੀ, ਕਮਲਾਪਾਤੀ ਡਗਮਗਾਈਆ । ਧਰਨੀਏ

੧੦੫੫
੨੪

ਤੂੰ ਜਾਈਂ ਉਸ ਸਾਹਿਬ ਦੇ ਬਲਿਹਾਰੀ, ਬਲ ਬਲ ਆਪਣਾ ਆਪ ਕਰਾਈਆ । ਜਿਸ ਨੂੰ ਸਭ ਨੇ ਮੰਨਿਆ ਨਿਹਕਲੰਕ ਅਵਤਾਰੀ, ਕਲ ਕਲਕੀ ਅਗੰਮ ਅਥਾਹੀਆ । ਅਮਾਮ ਅਮਾਮਾ ਨੂਰ ਨੁਰਾਨਾ ਸ਼ਾਹ ਸਿਕਦਾਰੀ, ਸ਼ਹਿਨਸ਼ਾਹ ਇਕ ਅਖਵਾਈਆ । ਜੋ ਲਹਿਣਾ ਦੇਣਾ ਕਰਜ਼ ਸਭ ਦੇ ਦਏ ਉਤਾਰੀ, ਬਾਕੀ ਰਹਿਣ ਕਿਛ ਨਾ ਪਾਈਆ । ਸਦੀ ਚੌਧਵੀਂ ਜਿਸ ਦੀ ਚਰਨ ਧੂੜ ਲਾਉਂਣੀ ਛਾਰੀ, ਸੰਗ ਮੁਹੰਮਦ ਚਾਰ ਯਾਰ ਸੀਸ ਨਿਵਾਈਆ । ਈਸਾ ਮੂਸਾ ਜਿਸ ਨੂੰ ਵੇਖਣ ਨੈਣ ਉਘਾੜੀ, ਬਿਨ ਅੱਖਾਂ ਅੱਖ ਖੁਲ੍ਹਾਈਆ । ਉਹ ਲਹਿਣਾ ਦੇਣਾ ਤੇਰਾ ਪੂਰਾ ਕਰੇ ਲੇਖਾ ਵੇਖੇ ਜੰਗਲ ਜੂਹ ਉਜਾੜ ਪਹਾੜੀ, ਟਿੱਲੇ ਪਰਬਤ ਸਮੁੰਦ ਸਾਗਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਖੇਲ ਸਦਾ ਜੁਗ ਚਾਰੀ, ਜੁਗ ਚੌਕੜੀ ਨਿਰਗੁਣ ਸਰਗੁਣ ਆਪਣਾ ਖੇਲ ਖਿਲਾਈਆ ।

## ੨੨ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਮਲ ਸਿੰਘ ਦੇ ਗ੍ਰਿਹ ਰਜੀਵਾਲਾ ਜ਼ਿਲਾ ਫ਼ਿਰੋਜ਼ਪੁਰ

ਧਰਨੀ ਕਹੇ ਮੇਰੇ ਪੁਰਖ ਅਕਾਲੇ ਦੀਨਾ ਬੰਧੂ, ਬੰਧਪ ਹੋ ਕੇ ਬੰਧਨ ਮੇਰੇ ਦੇ ਤੁੜਾਈਆ । ਆਦਿ ਜੁਗਾਦਿ ਦੀਨ ਦਿਆਲ ਸਦ ਬਖ਼ਸ਼ੰਦੂ, ਬਖ਼ਸ਼ਿਸ਼ ਰਹਿਮਤ ਨਿਰਗੁਣ ਧਾਰ ਆਪ ਕਮਾਈਆ । ਅੰਮ੍ਰਿਤ ਧਾਰ ਅਮੋਲਕ ਰਸ ਸੰਧੂ, ਸਿੰਧ ਸਾਗਰ ਏਕਾ ਏਕ ਦੇਣਾ ਵਹਾਈਆ । ਮੇਰੇ ਠਾਕਰ ਸੁਆਮੀ ਅੰਤਰਜਾਮੀ ਮੈਂ ਤੇਰਾ ਗਾਵਾਂ ਛੰਦੂ, ਸੋਹੰ ਢੋਲਾ ਅਗੰਮ ਅਥਾਹੀਆ । ਪਰਵਰਦਿਗਾਰ ਸਾਂਝੇ ਯਾਰ ਇਕ ਸੰਦੇਸ਼ਾ ਦੇ ਦੇ ਸ਼ੰਕਰ ਸ਼ਿਵ ਸ਼ੰਭੂ, ਸ਼ਬੇ ਰੋਜ਼ ਦੇ ਦ੍ਰਿੜਾਈਆ । ਮੇਰੀ ਧਾਰ ਤਕ ਲੈ ਨਿਰਗੁਣ ਨਿਰਾਕਾਰ ਦੇਸ਼ ਜੰਬੂ, ਪਰਦਾ ਪਰਦਿਆਂ ਵਿਚੋਂ ਉਠਾਈਆ । ਪੁਰਖ ਅਕਾਲੇ ਦੀਨ ਦਿਆਲੇ ਮੇਰਾ ਭਾਰ ਉਠਾ ਲੈ ਆਪਣੇ ਕੰਧੂ, ਦੋ ਜਹਾਨਾਂ ਆਪਣੇ ਕੰਧ ਉਠਾਈਆ । ਅੰਤ ਅਖ਼ੀਰ ਬੇਨਜ਼ੀਰ ਆਪਣਾ ਕੁਫ਼ਲ ਤੋੜ ਦੇ ਜੰਦੂ, ਕੁੰਜੀ ਇਕੋ ਇਕ ਲਗਾਈਆ । ਨਿਗਾਹ ਮਾਰ ਲੈ ਮੇਰੇ ਨਵ ਨੌ ਖੰਡੂ, ਸੱਤ ਦੀਪ ਧਿਆਨ ਲਗਾਈਆ । ਪਰਦਾ ਲਾਹ ਦੇ ਬ੍ਰਹਮ ਧਾਰ ਬ੍ਰਹਿਮੰਡੂ, ਪਾਰਬ੍ਰਹਮ ਪ੍ਰਭ ਪਰਦਾ ਆਪ ਚੁਕਾਈਆ । ਤੇਰੀ ਧਾਰ ਏਕੰਕਾਰ ਮੈਨੂੰ ਲੱਗੇ ਚੰਗੂ, ਚੰਗੀ ਤਰਹ ਦੇਣੀ ਸਮਝਾਈਆ । ਕਿਸ ਬਿਧ ਕਲਜੁਗ ਅੰਤ ਅਖ਼ੀਰ ਸਮਾਂ ਲੰਘੂ, ਆਪ ਆਪਣਾ ਪੰਧ ਮੁਕਾਈਆ । ਤੂੰ ਮੇਰਾ ਠਾਕਰ ਸੁਆਮੀ ਦੀਨਾ ਬੰਧੂ, ਬੰਦਨਾ ਵਿਚ ਮੰਗ ਮੰਗਾਈਆ । ਉਹ ਤਕ ਲੈ ਮੇਰੇ ਉਤੇ ਤ੍ਰੈਗੁਣ ਮਾਇਆ ਲਾਇਆ ਲੰਬੂ, ਅਗਨੀ ਤਤ ਨਾ ਕੋਇ ਬੁਝਾਈਆ । ਸਭ ਦਾ ਭਾਗ ਹੋਇਆ ਮੰਦੂ, ਮੰਦਭਾਗ ਦਿਸੇ ਲੋਕਾਈਆ । ਤੁਧ ਬਿਨ ਪਾਏ ਕੋਇ ਨਾ ਠੰਡੂ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਮੇਰੇ ਆਦਿ ਜੁਗਾਦੀ ਸੰਗੀਆ, ਸਗਲੇ ਸਾਥੀ ਤੇਰੀ ਸਰਨਾਈਆ । ਮੈਨੂੰ ਲਾ ਲੈ ਆਪਣੇ ਅੰਗੀਆ, ਅੰਗੀਕਾਰ ਇਕ ਅਖਵਾਈਆ । ਮੈਂ ਨਿਮਾਣੀ ਹੋ ਕੇ ਮੰਗ ਮੰਗੀਆ, ਮਾਂਗਤ ਹੋ ਕੇ ਝੋਲੀ ਡਾਹੀਆ । ਕਲਜੁਗ ਕੂੜ ਕੁੜਿਆਰਾ ਮੇਰੇ ਉਤੋਂ ਮੇਟ ਸ਼ਾਹ ਫ਼ਰੰਗੀਆ, ਫ਼ੈਸਲਾ ਆਪਣਾ ਹਕ ਸੁਣਾਈਆ । ਮੇਰਾ ਸੀਸ ਚੋਟੀ ਹੋਈ ਨੰਗੀਆ, ਓਢਣ ਉਪਰ ਨਾ ਕੋਇ ਰਖਾਈਆ । ਤੂੰ ਦੀਨ ਦਿਆਲ ਸਦਾ ਬਖ਼ਸ਼ੰਦੀਆ, ਰਹਿਮਤ ਆਪਣੀ ਦੇਣੀ ਕਮਾਈਆ । ਓਹ ਵੇਖ ਲੈ ਸਦੀ ਚੌਧਵੀਂ ਜਾਂਦੀ ਲੰਘੀਆ, ਮੁਹੰਮਦ ਸੰਗ ਚਾਰ

ਯਾਰ ਨੈਣ ਉਠਾਈਆ । ਈਸਾ ਦੀ ਧਾਰ ਸਦੀ ਬੀਸਵੀਂ ਚੌਥਾ ਸਾਲ ਪੱਖ ਪੰਝੀਆ, ਪੰਝੀ ਪਰਕਿਰਤੀ ਦਏ ਦੁਹਾਈਆ । ਮੂਸਾ ਨੇਤਰ ਨੀਰ ਵਹਾਏ ਅੰਝੀਆ, ਕੋਹਤੂਰ ਤੂਰ ਦੁਹਾਈਆ । ਸ਼ੰਕਰ ਧਾਰ ਬਾਣਾ ਪਹਿਨ ਕੇ ਦੱਸੇ ਜੰਗੀਆ, ਸ਼ਸਤਰ ਤੇਰਾ ਨਾਮ ਜਣਾਈਆ । ਨਵ ਸੱਤ ਤੇਰੇ ਹੁਕਮ ਦੀਆਂ ਦਿਸਣ ਵੰਡੀਆ, ਵੰਡਣਹਾਰਾ ਇਕੋ ਹੋਵੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੀ ਨਿਮਾਣੀ ਧਵਲ, ਧੌਲ ਹੋ ਕੇ ਸੀਸ ਨਿਵਾਈਆ । ਤੂੰ ਆਦਿ ਜੁਗਾਦੀ ਮੇਰਾ ਮਾਲਕ ਇਕੋ ਅਵਲ, ਏਕੰਕਾਰ ਤੇਰੀ ਵਡਿਆਈਆ । ਤੇਰਾ ਰੂਪ ਅਨੂਪਾ ਜਿਸ ਨੂੰ ਨਾ ਕੋਈ ਜਾਣੇ ਸੁੰਦਰ ਸਵਲ, ਸਾਂਵਰੀਆ ਭੇਵ ਕੋਇ ਨਾ ਆਈਆ । ਕੀ ਲੇਖਾ ਜਾਣੇ ਤੇਰੀ ਧਾਰ ਜੋ ਬ੍ਰਹਮਾ ਉਪਜਿਆ ਵਿਚੋਂ ਕਵਲ, ਨੈਣ ਤੇਰੇ ਹੱਥ ਤੇਰੀ ਵਡਿਆਈਆ । ਮੇਰੇ ਮਿਹਰਵਾਨਾ ਨੌਜਵਾਨਾ ਮੇਰੇ ਉਤੇ ਜਾ ਮਵਲ, ਮੌਲਾ ਆਪਣਾ ਖੇਲ ਵਖਾਈਆ । ਤੇਰਾ ਨੂਰ ਅਲਾਹੀ ਇਕੋ ਤਕਾਂ ਸਲਲ, ਸਾਹਿਬ ਸੁਆਮੀ ਪਰਦਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਮੇਰੇ ਮਾਲਕ ਮੇਰੇ ਉਤੇ ਕਰ ਦੇ ਰਹਿਮਤ, ਰਹੀਮ ਰਹਿਮਾਨ ਦਇਆ ਕਮਾਈਆ । ਮਿਹਰਵਾਨ ਮੇਰੇ ਨਾਲ ਹੋ ਸਹਿਮਤ, ਸਤਿ ਸਚ ਦੇ ਮਾਲਕ ਦੇ ਵਡਿਆਈਆ । ਕਲਜੁਗ ਕੂੜੀ ਕਿਰਿਆ ਮੇਰੇ ਉਤੋਂ ਮਿਟਾ ਦੇ ਜ਼ਹਿਮਤ, ਮਾਇਆ ਮਮਤਾ ਦੁਖ ਰੋਗ ਰਹੇ ਨਾ ਰਾਈਆ । ਮੇਰੀ ਨੌਂ ਸੌ ਚੁਰਾਨਵੇ ਚੌਕੜੀ ਜੁਗ ਦੀ ਝੋਲੀ ਪਾ ਦੇ ਮਿਹਨਤ, ਦਰ ਤੇਰੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਵਸਤ ਇਕ ਵਰਤਾਈਆ । ਪੁਰਖ ਅਕਾਲ ਕਹੇ ਧਰਨੀ ਧਵਲ ਧੌਲੇ ਨਾ ਕੁਰਲਾ, ਬਿਨ ਰਸਨਾ ਕੂਕ ਕੂਕ ਸੁਣਾਈਆ । ਮੈਂ ਆਦਿ ਜੁਗਾਦੀ ਮਾਲਕ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜੋਤੀ ਜਾਤਾ ਏਕੰਕਾਰਾ ਨੂਰ ਅਲਾਹ, ਪਰਵਰਦਿਗਾਰਾ ਸਾਂਝਾ ਯਾਰਾ ਧੁਰਦਰਗਾਹੀਆ । ਏਥੇ ਓਥੇ ਦੋ ਜਹਾਨਾਂ ਰਹਿਨੁਮਾ, ਰਹਿਬਰ ਹੋ ਕੇ ਵੇਖ ਵਖਾਈਆ । ਸਚ ਸੰਦੇਸ਼ਾ ਧੁਰ ਫ਼ਰਮਾਨਾ ਦੇਵਾਂ ਸੁਣਾ, ਪੈਗ਼ਾਮ ਇਕੋ ਇਕ ਜਣਾਈਆ । ਤੇਰਾ ਹਿੱਸਾ ਵੰਡ ਰਹੇ ਨਾ ਕੋਈ ਗੁਣਾਂ, ਵਖਰੀ ਧਾਰ ਨਾ ਕੋਇ ਰਖਾਈਆ । ਤੇਰੀ ਪੁਕਾਰ ਦਾਤਾਰ ਹੋ ਕੇ ਆਪ ਸੁਣਾਂ, ਨਿਰੰਕਾਰ ਹੋ ਕੇ ਵੇਖਾਂ ਥਾਉਂ ਥਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਮਾਨਵ ਜ਼ਾਤੀ ਛਾਣਾਂ ਪੁਣਾਂ, ਘਟ ਘਟ ਅੰਦਰ ਵੇਖਾਂ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਤੇਰੇ ਹੱਥ ਟਿਕਾਈਆ । ਧਰਨੀ ਨਾ ਕਰ ਗਿਰਿਆਜ਼ਾਰੀ, ਬਿਨ ਨੇਤਰ ਨੈਣਾਂ ਨੀਰ ਵਹਾਈਆ । ਮੈਂ ਆਦਿ ਜੁਗਾਦੀ ਏਕੰਕਾਰੀ, ਅਕਲ ਕਲਧਾਰੀ ਇਕ ਅਖਵਾਈਆ । ਧਵਲੇ ਤੇਰੀ ਪਾਵਾਂ ਸਾਰੀ, ਸਿਰ ਤੇਰੇ ਹੱਥ ਟਿਕਾਈਆ । ਅਵਤਾਰ ਪੈਗ਼ੰਬਰ ਗੁਰੂ ਬਾਅਦ ਮੇਰੀ ਆਈ ਵਾਰੀ, ਵਾਰਸ ਹੋ ਕੇ ਵੇਖ ਵਖਾਈਆ । ਤੂੰ ਨੇਤਰ ਲੋਚਨ ਨੈਣ ਅੱਖ ਉਘਾੜੀਂ, ਬਿਨ ਅੱਖਾਂ ਅੱਖ ਖੁਲ੍ਹਾਈਆ । ਮੇਰਾ ਰੂਪ ਅਨੂਪਾ ਨਾ ਕੋਈ ਮੁੱਛ ਨਾ ਕੋਈ ਦਾਹੜੀ, ਕੇਸ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦੀ ਹੋ ਕੇ ਫਿਰਾਂ ਤੇਰੇ ਪਿਛੇ ਅਗਾੜੀ, ਦੋ ਜਹਾਨਾਂ ਵੇਖਾਂ ਚਾਈਂ ਚਾਈਆ । ਤੇਰਾ ਲਹਿਣਾ ਦੇਣਾ ਪੂਰਾ ਕਰਾਂ ਜੰਗਲ ਜੂਹ ਉਜਾੜ ਪਹਾੜੀ, ਟਿੱਲੇ ਪਰਬਤਾਂ ਲੇਖੇ ਲਾਈਆ । ਤੇਰੀ ਕਿਸਮਤ ਹੋਣ ਨਾ ਦੇਵਾਂ ਮਾੜੀ, ਮਾੜੀ ਮੰਡਪ ਰਹਿਣ ਕੋਇ ਨਾ ਪਾਈਆ । ਮੈਂ ਇਕੋ ਹੁਕਮ ਸੰਦੇਸ਼ਾ ਦੇਵਾਂ ਸ਼ੰਕਰ ਧਾਰ ਜੋ ਲੇਖਾ ਜਾਣੇ ਰਾਏ ਧਰਮ ਨਾਲ

ਮੌਤ ਲਾੜੀ, ਚਿਤਰ ਗੁਪਤ ਆਪਣੀ ਗੰਢ ਪੁਆਈਆ । ਉਹ ਨਵ ਸੱਤ ਤੇਰੇ ਉਤੇ ਵੇਖੇ ਅਖਾੜੀ, ਦੀਨ ਦੁਨੀ ਦੁਨੀ ਦਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਹੇ ਧਰਨੀ ਨਾ ਰੋ ਵਹਾ ਅੱਥਰ, ਹੰਝੂਆਂ ਹਾਰ ਬਣਾਈਆ । ਨੀ ਤੇਰੇ ਉਤੇ ਮੇਰਾ ਗੋਬਿੰਦ ਲਥਾ ਸਥਰ, ਯਾਰੜਾ ਸੇਜ ਹੰਢਾਈਆ । ਮੈਂ ਪੂਜਾ ਮਿਟਾਉਣੀ ਪਾਹਨ ਪੱਥਰ, ਸਿਲ ਸਿਲਸਲਾ ਰਹਿਣ ਨਾ ਪਾਈਆ । ਦੀਨ ਦੁਨੀ ਨੂੰ ਕਰਨਾ ਮਥਨ, ਲੱਖ ਚੁਰਾਸੀ ਰਿੜਕਾਂ ਥਾਉਂ ਥਾਈਆ । ਤੇਰੇ ਉਤੇ ਇਕ ਚਲਾਉਣੀ ਕਥਨ, ਵਾਰਤਾ ਇਕੋ ਇਕ ਸਮਝਾਈਆ । ਇਕੋ ਢੋਲਾ ਗੀਤ ਆਵਾਂ ਦੱਸਣ, ਇਕੋ ਸਿਖਿਆ ਸਚ ਪੜ੍ਹਾਈਆ । ਇਕੋ ਧਰਮ ਚਲਾਵਾਂ ਰਥਨ, ਰਥ ਰਥਵਾਹੀ ਇਕ ਅਖਵਾਈਆ । ਕਲਜੁਗ ਮੇਟਾਂ ਅੰਧੇਰੀ ਮੱਸਨ, ਸਤਿਜੁਗ ਸਚ ਚੰਦ ਚਮਕਾਈਆ । ਅਵਤਾਰ ਪੈਗ਼ੰਬਰ ਗੁਰ ਸਾਰੇ ਵੇਖ ਵੇਖ ਹੱਸਣ, ਵਿਸ਼ਨ ਬ੍ਰਹਮਾ ਸ਼ਿਵ ਢੋਲੇ ਗਾਈਆ । ਤੂੰ ਵੀ ਇਕੋ ਪਿਆਰ ਦਾ ਲੈਣਾ ਰਸਨ, ਬਿਨ ਰਸਨਾ ਰਸ ਬਣਾਈਆ । ਸਾਚਾ ਢੋਲਾ ਗਾਉਣਾ ਜਸਨ, ਸਿਫ਼ਤੀ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਰਬ ਕਲਾ ਸਮਰਥਣ, ਅਕਥ ਆਪਣਾ ਹੁਕਮ ਜਣਾਈਆ ।



✪ ੨੩ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਗੁਰਨਾਮ ਸਿੰਘ ਦੇ ਗ੍ਰਹਿ ਪਿੰਡ ਗਾਲਬ ਰਣ ਸਿੰਘ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

੧੦੫੨ ੨੪

ਸਤਿਗੁਰ ਸ਼ਬਦ ਕਹੇ ਮੈਂ ਸਦਾ ਅਨਾਦੀ, ਆਦਿ ਜੁਗਾਦਿ ਜੁਗ ਚੌਕੜੀ ਆਪਣਾ ਖੇਲ ਖਿਲਾਈਆ । ਏਥੇ ਓਥੇ ਦੋ ਜਹਾਨਾਂ ਮੇਰਾ ਲੇਖਾ ਬ੍ਰਹਮ ਬ੍ਰਹਿਮਾਦੀ, ਬ੍ਰਹਿਮੰਡ ਵੇਖਾਂ ਚਾਈਂ ਚਾਈਂਆ । ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਰਿਹਾ ਵਿਸਮਾਦੀ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਚਾਰ ਜੁਗ ਦੇ ਸ਼ਾਸਤਰ ਮੇਰੀ ਧਾਰ ਰਹੇ ਅਰਾਧੀ, ਅੱਖਰਾਂ ਨਾਲ ਮਿਲ ਕੇ ਸਿਫ਼ਤਾਂ ਢੋਲੇ ਗਾਈਆ । ਮੇਰਾ ਭੇਵ ਅਭੇਦਾ ਬੁੱਧੀ ਤੋਂ ਪਰੇ ਬੋਧ ਅਗਾਧੀ, ਜਗਤ ਅਕਲ ਚਲੇ ਨਾ ਕੋਇ ਚਤੁਰਾਈਆ । ਮੇਰੀ ਮੰਜ਼ਲ ਹਦ ਹਦੂਦ ਸਮਝੇ ਕੋਇ ਨਾ ਹਾਦੀ, ਵੰਡਣ ਵੰਡ ਨਾ ਕੋਇ ਵੰਡਾਈਆ । ਮੇਰਾ ਖੇਲ ਸਦਾ ਤਨ ਵਜੂਦਾਂ ਵਿਚ ਬਾਡੀ, ਹਡ ਮਾਸ ਨਾੜੀ ਆਪਣਾ ਰੰਗ ਰੰਗਾਈਆ । ਮੇਰੀ ਖੇਲ ਆਪਣੇ ਆਪ ਵਿਚੋਂ ਸਦਾ ਜਾਗੀ, ਜਾਗਰਤ ਜੋਤ ਵਿਚ ਸਮਾਈਆ । ਮੇਰਾ ਤਾਲ ਤਲਵਾੜਾ ਬਿਨਾ ਸਾਜਾਂ ਤੋਂ ਅਨਰਾਗੀ, ਅਨਹਦ ਮੇਰੀ ਧੁੰਨ ਬੇਪਰਵਾਹੀਆ । ਮੈਂ ਲੱਤਾਂ ਪੈਰਾਂ ਵਾਲਾ ਬਣਿਆ ਕਦੇ ਨਹੀਂ ਪਾਂਧੀ, ਕ਼ਦਮਾਂ ਕ਼ਦਮਾਂ ਕ਼ਦਮ ਨਾ ਕੋਇ ਉਠਾਈਆ । ਮੇਰੀ ਆਸ਼ਾ ਅੱਖਰਾਂ ਵਿਚ ਨਿਰਅੱਖਰ ਧਾਰ ਆਪਣਾ ਆਪ ਗਾਂਦੀ, ਦੂਸਰ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਂਆ । ਸ਼ਬਦ ਕਹੇ ਮੈਂ ਅਨਹਦ ਅਗੰਮੀ ਧੁਨ, ਧੁਨ ਆਤਮਕ ਰਾਗ ਦ੍ਰਿੜਾਈਆ । ਸਰਵਣਾਂ ਨਾਲ ਮੈਨੂੰ ਸਕੇ ਕੋਈ ਨਾ ਸੁਣ, ਅਣਸੁਣਤ ਦਿਆਂ ਸਮਝਾਈਆ । ਮੇਰਾ ਮੁਖ ਦੰਦ ਜਿਹਵਾ ਨਹੀਂ, ਮੈਂ ਬਿਨਾ ਰਸਨਾ ਤੋਂ ਮੁਨ, ਮੁਨੀਸ਼ਰਾਂ ਭੇਵ ਨਾ ਕੋਇ ਜਣਾਈਆ । ਮੇਰਾ ਜਗਤ ਕਾਂਡ ਤੋਂ ਬਾਹਰ ਗੁਣ, ਅਵਗੁਣ ਨਜ਼ਰ ਕੋਇ ਨਾ ਆਈਆ । ਮੇਰਾ ਲੇਖਾ ਆਦਿ ਜੁਗਾਦੀ ਏਥੇ ਓਥੇ ਅਗੇ ਪਿਛੇ ਹੁਣ, ਘਟ ਘਟ ਆਪਣਾ ਖੇਲ ਖਿਲਾਈਆ । ਮੇਰਾ ਮਾਲਕ

ਖ਼ਾਲਕ ਇਕੋ ਕੁੰਨ, ਕੁੱਲ ਮਾਲਕ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਅਨਹਦ ਸ਼ਬਦ ਕਹੇ ਮੇਰੀ ਧੁਨਕਾਰੀ, ਬਿਨ ਤਾਲ ਤਲਵਾੜੇ ਸੋਭਾ ਪਾਈਆ । ਮੇਰੀ ਮੰਜ਼ਲ ਜਗਤ ਨੇਤਰਾਂ ਤੋਂ ਬਾਹਰੀ, ਅੱਖੀਆਂ ਵੇਖਣ ਕੋਇ ਨਾ ਪਾਈਆ । ਮੇਰਾ ਭੇਵ ਖੁਲ੍ਹਾਇਆ ਪੁਰਖ ਅਕਾਲੇ ਜੋਤ ਨਿਰੰਕਾਰੀ, ਨਰ ਨਰਾਇਣ ਦਿਤੀ ਵਡਿਆਈਆ । ਮੇਰੀ ਮੰਜ਼ਲ ਹਕ ਦੁਸ਼ਵਾਰੀ, ਕਾਇਆ ਮੰਦਰ ਅੰਦਰ ਸੋਭਾ ਪਾਈਆ । ਮੈਨੂੰ ਕੋਟਨ ਕੋਟ ਲਭਦੇ ਫਿਰਨ ਪੁਜਾਰੀ, ਪੂਜ ਪੂਜ ਧਿਆਨ ਲਗਾਈਆ । ਅਣਗਿਣਤ ਕਾਇਆ ਰਹੇ ਠਾਰੀ, ਜਲਧਾਰਾ ਸੀਸ ਕਰਾਈਆ । ਕੋਟਨ ਵਸੇ ਜੰਗਲ ਜੂਹ ਪਹਾੜੀ, ਟਿੱਲੇ ਪਰਬਤਾਂ ਫੇਰੀਆਂ ਪਾਈਆ । ਕੋਟਨ ਕੋਟ ਮੂੰਡ ਮੁੰਡਾ ਕੇ ਮੁੱਛ ਦਾੜ੍ਹੀ, ਭੱਜੇ ਵਾਹੋ ਦਾਹੀਆ । ਕੋਟਨ ਕੋਟ ਘਰ ਛਡ ਕੇ ਗਏ ਲਾੜ੍ਹੀ, ਵੈਰਾਗੀ ਤਿਆਗੀ ਹੋ ਕੇ ਫਿਰਨ ਵਾਹੋ ਦਾਹੀਆ । ਮੇਰੀ ਖੇਲ ਸ਼ਬਦ ਕਹੇ ਸਭ ਤੋਂ ਨਿਆਰੀ, ਨਿਰਾਕਾਰ ਦਿਤੀ ਵਡਿਆਈਆ । ਬਿਨ ਸਾਜਾਂ ਤੋਂ ਆਵਾਜ਼ ਬਿਨ ਸਿਤਾਰਾਂ ਤੋਂ ਧੁਨਕਾਰੀ, ਬਿਨ ਹੱਥਾਂ ਹੱਥ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਅਨਹਦ ਖ਼ੁਸ਼ੀਆਂ ਦੇ ਨਾਲ ਹੱਸਿਆ, ਹਸ ਹਸ ਕੇ ਰਿਹਾ ਜਣਾਈਆ । ਜਨ ਭਗਤੋ ਮੈਂ ਨੌਂ ਦੁਆਰ ਕਦੇ ਨਹੀਂ ਵਸਿਆ, ਜਗਤ ਵਾਸਨਾ ਨਾ ਕੋਇ ਰਖਾਈਆ । ਮੇਰਾ ਲੇਖਾ ਨਹੀਂ ਨਾਲ ਰੈਣ ਅੰਧੇਰੀ ਮੱਸਿਆ, ਕੂੜ ਕੁੜਿਆਰਾ ਵੰਡ ਨਾ ਕੋਇ ਵੰਡਾਈਆ । ਮੈਂ ਮੋਹ ਵਿਕਾਰੇ ਵਿਚ ਕਦੇ ਨਹੀਂ ਫਸਿਆ, ਜਗਤ ਤ੍ਰਿਸ਼ਨਾ ਨਾ ਕੋਇ ਹਲਕਾਈਆ । ਮੈਨੂੰ ਕੂੜ ਕਿਰਿਆ ਕਿਸੇ ਨਹੀਂ ਡੱਸਿਆ, ਜਗਤ ਰੰਗ ਨਾ ਕੋਇ ਰੰਗਾਈਆ । ਮੈਂ ਬਿਨਾ ਕਦਮਾਂ ਤੋਂ ਫਿਰਾਂ ਨੱਸਿਆ, ਭੱਜਾਂ ਵਾਹੋ ਦਾਹੀਆ । ਮੇਰਾ ਇਕੋ ਮਾਲਕ ਖ਼ਾਲਕ ਪੁਰਖ ਸਮਰਥਿਆ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜੋ ਮੇਰਾ ਲਹਿਣਾ ਦੇਣਾ ਰਖੇ ਆਪਣੇ ਹੱਥਿਆ, ਦੂਸਰ ਡੋਰੀ ਨਾ ਕੋਇ ਫੜਾਈਆ । ਮੈਂ ਹੁਕਮ ਸੁਣਾਵਾਂ ਆਦਿ ਜੁਗਾਦਿ ਇਕੱਠਿਆਂ, ਜੋ ਏਕੰਕਾਰ ਦਏ ਦ੍ਰਿੜਾਈਆ । ਮੇਰਾ ਗ੍ਰਿਹਿ ਮੰਦਰ ਟਿਕਾਣਾ ਸਾਢੇ ਤਿੰਨ ਹੱਥ ਕਾਇਆ ਮਠਿਆ, ਸ਼ਿਵਦਵਾਲੇ ਸਾਚੇ ਸੋਭਾ ਪਾਈਆ । ਜਿਥੇ ਮੇਰੇ ਪਿਆਰ ਦੀ ਧਾਰ ਜੋਤ ਜਗੇ ਲਟ ਲਟਿਆ, ਨੂਰ ਨੁਰਾਨਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਅਨਹਦ ਸ਼ਬਦ ਕਹੇ ਮੇਰੀ ਅਗੰਮ ਨਿਸ਼ਾਨੀ, ਜਗਤ ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਮੇਰੀ ਮੰਜ਼ਲ ਅਗੰਮ ਰੁਹਾਨੀ, ਰੂਹ ਬੁਤ ਨਾਲ ਮਿਲ ਕੇ ਵਜੇ ਵਧਾਈਆ । ਮੇਰੀ ਆਸ਼ਾ ਆਦਿ ਜੁਗਾਦਿ ਨਹੀਂ ਕੋਈ ਬੇਗਾਨੀ, ਦੂਸਰ ਵੰਡ ਨਾ ਕੋਇ ਵੰਡਾਈਆ । ਮੈਂ ਜਦ ਵਸਾਂ ਪਹਿਲੀ ਧਾਰ ਪੇਸ਼ਾਨੀ, ਪੇਸ਼ਤਰ ਦਿਆਂ ਜਣਾਈਆ । ਮੇਰੀ ਸਭ ਤੋਂ ਵਖਰੀ ਜਵਾਨੀ, ਜੋਬਨਵੰਤ ਇਕ ਅਖਵਾਈਆ । ਮੇਰੀ ਆਵਾਜ਼ ਬਿਨ ਜਿਹਵਾ ਜ਼ਬਾਨ ਤੋਂ ਧੁਨਕਾਨੀ, ਧੁਨੀ ਆਪਣੀ ਦਿਆਂ ਪਰਗਟਾਈਆ । ਜਿਸ ਨੂੰ ਜਗਤ ਵਿਦਿਆ ਨਾ ਸਮਝੇ ਨਾ ਕੋਇ ਜਾਣੇ ਅਨੁਭਵ ਦ੍ਰਿਸ਼ਟੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਅਨਹਦ ਸ਼ਬਦ ਕਹੇ ਨੌਂ ਦੁਆਰੇ ਵਾਸਨਾ ਢਾਹ, ਖ਼ਾਕੀ ਖ਼ਾਕ ਮਿਲਾਈਆ । ਦੁਰਮਤ ਮੈਲ ਮੈਲ ਧੁਆ, ਪਤਤ ਪੁਨੀਤ ਕਰਾਈਆ । ਫੇਰ ਪਰਦਾ ਆਪ ਉਠਾ, ਓਹਲਾ ਅੰਦਰੇ ਅੰਦਰ ਉਠਾਈਆ । ਫੇਰ ਨੱਚਾਂ ਟੱਪਾਂ ਕੁਦਾਂ ਨਾਲ ਚਾਅ, ਚਾਓ ਘਨੇਰਾ ਇਕ ਜਣਾਈਆ । ਰੂਪ ਅਨੂਪਾ ਲਵਾਂ

ਬਦਲਾ, ਸਤਿ ਸਰੂਪੀ ਇਕ ਅਖਵਾਈਆ । ਜਨ ਭਗਤ ਸੁਹੇਲੇ ਲਵਾਂ ਜਗਾ, ਗੁਰਮੁਖ ਮੇਲੇ ਮੇਲਾਂ ਚਾਈਂ ਚਾਈਂਆ । ਸੁਰਤ ਸਵਾਣੀ ਨਾਲ ਲਵਾਂ ਰਲਾ, ਹਾਣੀ ਹੋ ਕੇ ਸੰਗ ਬਣਾਈਆ । ਫਿਰ ਆਪਣੀ ਮੰਜ਼ਲ ਦਿਆਂ ਵਖਾ, ਜਿਥੇ ਦੂਜਾ ਚੜ੍ਹਨ ਕੋਇ ਨਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਬਾਹਰੋਂ ਕਹੇ ਮਸਤਕ ਤੇ ਮੇਰਾ ਅੰਦਰ ਨੂਰ ਰੁਸ਼ਨਾ, ਨੂਰ ਨੁਰਾਨਾ ਡਗਮਗਾਈਆ । ਫੇਰ ਮੇਰੇ ਸ਼ਬਦ ਦੀ ਸ਼ਬਦ ਦਏ ਗਵਾਹ, ਸ਼ਹਾਦਤ ਪੰਚਮ ਪੰਚ ਸ਼ਬਦ ਭੁਗਤਾਈਆ । ਸਭ ਦਾ ਮੇਲਾ ਹੋਵੇ ਸਹਿਜ ਸੁਭਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਹੰ ਬ੍ਰਹਮ ਜੋੜ ਜੁੜਾ, ਜੁਗਤੀ ਆਪਣੀ ਦਏ ਸਮਝਾਈਆ । ਪਹਿਲੀ ਮੰਜ਼ਲ ਪਹਿਲਾ ਰਾਹ, ਰਹਿਬਰ ਹੋ ਕੇ ਦਿਆਂ ਵਖਾਈਆ । ਦੂਜੇ ਦੂਈ ਦੁਵੈਤ ਚੁਕਾ, ਦੋਹਰਾ ਆਪਣਾ ਤਾਲ ਵਜਾਈਆ । ਤੀਜੇ ਤੀਜਾ ਨੇਤਰ ਨੈਣ ਖੁਲ੍ਹਾ, ਘਰ ਘਰ ਕਰਾਂ ਰੁਸ਼ਨਾਈਆ । ਚੌਥੇ ਚੌਥੀ ਮੰਜ਼ਲ ਆਪ ਪਹੁੰਚਾ, ਪੂਜਣ ਯੋਗ ਇਕ ਸਮਝਾਈਆ । ਪੰਚਮ ਮੀਤਾ ਬਣ ਕੇ ਰਹਿਨੁਮਾ, ਭੇਵ ਅਭੇਦਾ ਦਿਆਂ ਖੁਲ੍ਹਾਈਆ । ਮੇਰਾ ਸ਼ਬਦ ਅਨਾਦੀ ਅਨਹਦ ਜਿਸ ਨੂੰ ਅਕਲ ਬੁੱਧੀ ਜਾਣੇ ਕੋਇ ਨਾ, ਵਿਦਿਆ ਵਿਦਤ ਵਿਚ ਨਾ ਕੋਇ ਸਮਝਾਈਆ । ਸੰਤ ਭਗਤ ਸੁਹੇਲੇ ਜਿਨ੍ਹਾਂ ਪੱਲੂ ਦਿਤਾ ਫੜਾ, ਉਹ ਮੈਨੂੰ ਮਿਲ ਕੇ ਜਗਤ ਗਏ ਸੁਣਾਈਆ । ਅਵਤਾਰ ਪੈਗ਼ੰਬਰ ਗੁਰ ਮੇਰੀ ਕੀਤੀ ਸਿਫ਼ਤ ਸਲਾਹ, ਅੱਖਰਾਂ ਨਾਲ ਕੀਤੀ ਵਡਿਆਈਆ । ਚਾਰ ਜੁਗ ਦੇ ਸ਼ਾਸਤਰ ਹੋਏ ਗਵਾਹ, ਸ਼ਹਾਦਤ ਮੇਰੀ ਰਹੇ ਭੁਗਤਾਈਆ । ਮੈਂ ਕੋਈ ਜਗਤ ਰਬਾਬ ਨਹੀਂ ਤਨ ਸਾਜ ਨਹੀਂ ਨਾ ਕੋਈ ਮੈਨੂੰ ਉਂਗਲਾ ਨਾਲ ਸਕੇ ਵਜਾ, ਵਜਹ ਸਕੇ ਨਾ ਕੋਇ ਸਮਝਾਈਆ । ਮੈਂ ਆਪਣੀ ਧੁਨ ਆਪਣੀ ਧਾਰ ਵਿਚੋਂ ਲਵਾਂ ਪਰਗਟਾ, ਆਪ ਆਪਣੇ ਵਿਚ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਅਨਹਦ ਸ਼ਬਦ ਕਹੇ ਮੇਰੀ ਧਾਰ ਅਨਮੁਲੀ, ਕ਼ੀਮਤ ਜਗਤ ਕੋਇ ਨਾ ਪਾਈਆ । ਮੇਰਾ ਲੇਖਾ ਜਾਣੇ ਮਾਲਕ ਖਾਲਕ ਸੁਲਹਕੁਲੀ, ਕੁੱਲ ਮਾਲਕ ਵੇਖ ਵਖਾਈਆ । ਮੈਂ ਗਾਇਆ ਜਾਵਾਂ ਨਾ ਕਦੇ ਕਿਸੇ ਬੁੱਲੀਂ, ਰਸਨਾ ਜਿਹਵਾ ਚਲੇ ਕੋਇ ਨਾ ਚਤੁਰਾਈਆ । ਮੈਂ ਜਦੋਂ ਉਪਜਿਆ ਪਰਗਟ ਹੋਇਆ ਤੇ ਹੋਇਆ ਭਗਤਾਂ ਦੀ ਕਾਇਆ ਕੁੱਲੀ, ਕਾਅਬੇ ਆਪਣਾ ਰੰਗ ਰੰਗਾਈਆ । ਹਰਿਜਨ ਮੇਰੀ ਫਲ ਫੁਲਵਾੜੀ ਫੁੱਲੀ, ਲੋਕਮਾਤ ਮਹਿਕੇ ਟਹਿਕੇ ਚਾਈਂ ਚਾਈਂਆ । ਮੇਰੀ ਧਾਰ ਕਦੇ ਨਾ ਰੁਲੀ, ਜੁਗ ਜੁਗ ਮੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਅਨਹਦ ਸ਼ਬਦ ਕਹੇ ਮੈਨੂੰ ਸਾਰੇ ਕਹਿੰਦੇ ਸ਼ਬਦ, ਸ਼ਬਦ ਸ਼ਬਦ ਰੂਪ ਸਮਾਈਆ । ਮੇਰਾ ਸਭ ਤੋਂ ਵਖਰਾ ਮਜ਼੍ਹਬ, ਜ਼ਾਤ ਵੰਡ ਨਾ ਕੋਇ ਵੰਡਾਈਆ । ਮੇਰਾ ਸਭ ਤੋਂ ਵਖਰਾ ਅਦਬ, ਅਦਾਬ ਵਿਚ ਸਾਰੇ ਸੀਸ ਨਿਵਾਈਆ । ਮੇਰਾ ਭੇਵ ਨਿਰਾਲਾ ਅਨੋਖਾ ਦਿਸੇ ਗ਼ਜ਼ਬ, ਹੈਰਾਨੀ ਵਿਚ ਦਿਆਂ ਜਣਾਈਆ । ਜਿਨ੍ਹਾਂ ਮੈਨੂੰ ਅੰਦਰੋਂ ਸੁਣਿਆ ਉਹ ਬਾਹਰ ਹੋਏ ਨਾ ਕਦੇ ਤੁਅਜਬ, ਪਰੇਸ਼ਾਨੀ ਵਿਚ ਕਦੇ ਨਾ ਆਈਆ । ਮੈਂ ਜਦੋਂ ਕਰਾਂ ਤੇ ਕਰਾਂ ਭਗਤਾਂ ਦੀ ਮਦਦ, ਅੰਦਰ ਮਿਲ ਕੇ ਖ਼ੁਸ਼ੀ ਬਣਾਈਆ । ਮੇਰੇ ਪਿਆਰ ਵਿਚ ਰਹੇ ਨਾ ਕੋਇ ਤਸ਼ੱਦਦ, ਝਗੜਾ ਕੂੜ ਨਾ ਕੋਇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਅਨਹਦ ਸ਼ਬਦ ਕਹੇ ਮੈਂ ਸਚ ਦੱਸਾਂ ਨਾ ਮੇਰੀ ਚੋਟੀ ਨਾ ਮੇਰੀ ਜੜ੍ਹ, ਚੇਤਨ ਆਪਣਾ ਰੂਪ ਜਣਾਈਆ । ਨਾ ਮੈਂ ਅੰਦਰ ਨਾ ਮੈਂ ਬਾਹਰ ਨਾ ਮੈਂ ਦਰਵਾਜ਼ੇ ਅਗੇ ਸਕਾਂ ਖੜ੍ਹ, ਇਕੋ ਗ੍ਰਿਹ ਬੈਠਾ ਡੇਰਾ ਲਾਈਆ । ਨਾ ਕੋਈ ਅੱਖਰ

ਨਾ ਕੋਈ ਇਲਮ ਨਾ ਕੋਈ ਵਿਦਿਆ ਲਵਾਂ ਪੜ੍ਹ, ਆਦਿ ਜੁਗਾਦਿ ਮੇਰੀ ਅਗੰਮ ਪੜ੍ਹਾਈਆ । ਨਾ ਤਤਵ ਤਤ ਹੋ ਕੇ ਅਗਨੀ ਜਾਵਾਂ ਸੜ, ਗੋਰਾਂ ਵਿਚ ਨਾ ਡੇਰਾ ਲਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਐਸਾ ਘਾੜਨ ਦਿਤਾ ਘੜ, ਮੈਨੂੰ ਜੰਮਣ ਵਾਲੀ ਕੋਇ ਨਾ ਮਾਈਆ । ਨਾ ਮੇਰਾ ਕੋਈ ਸੀਸ ਨਾ ਕੋਈ ਧੜ, ਤਨ ਵਜੂਦ ਨਾ ਕੋਇ ਰਖਾਈਆ । ਜਨ ਭਗਤੋ ਸਚ ਪੁਛੋ ਅਨਹਦ ਸ਼ਬਦ ਕਹੇ ਮੈਂ ਹਰ ਹਿਰਦੇ ਅੰਦਰ ਬੈਠਾ ਵੜ, ਅੰਦਰ ਬੈਠਾ ਨਜ਼ਰ ਕਿਸੇ ਨਾ ਆਈਆ । ਮੇਰਾ ਤਾਲ ਸਿਤਾਰ ਬਿਨ ਤਾਲਾਂ ਵਜੇ ਕੜ ਕੜ, ਆਪ ਆਪਣੀ ਆਵਾਜ਼ ਸੁਣਾਈਆ । ਜੇ ਮੇਰਾ ਸਤਿ ਸਰੂਪ ਤਕਣਾ ਤੇ ਮਸਤਕ ਦੀ ਧਾਰ ਤੋਂ ਉਪਰ ਜਾਓ ਚੜ੍ਹ, ਜਿਥੇ ਚੜ੍ਹਦਾ ਲਹਿੰਦਾ ਦੱਖਣ ਪਹਾੜ ਨਜ਼ਰ ਕੋਇ ਨਾ ਆਈਆ । ਇਕੋ ਵੇਖੋ ਸਤਿ ਪੁਰਖ ਦਾ ਟਿਕਾਣਾ ਅਗੰਮੀ ਗੜ੍ਹ, ਜਿਸ ਦੀ ਚਾਰ ਦੀਵਾਰ ਸਮਝ ਕੋਇ ਨਾ ਪਾਈਆ । ਅਨਹਦ ਸ਼ਬਦ ਕਹੇ ਨਾ ਕੋਈ ਭੈ ਨਾ ਕੋਈ ਡਰ, ਭਉ ਸਿਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਜੁਗ ਚੌਕੜੀ ਨਿਰਗੁਣ ਧਾਰ ਜਿਸ ਨੇ ਮੈਨੂੰ ਨਿਰਗੁਣ ਧਾਰ ਦਿਤਾ ਵਰ, ਪੁਰਖ ਬਿਧਾਤਾ ਇਕੋ ਮੇਰਾ ਧੁਰ ਦਾ ਮਾਹੀਆ ।



## ✪ ੨੩ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਗੁਰਤੇਜ ਸਿੰਘ ਦੇ ਗ੍ਰਿਹ ਪਿੰਡ ਘਲ ਕਲਾਂ ਜ਼ਿਲਾ ਫ਼ਿਰੋਜ਼ਪੁਰ ✪

੧੦੬੦ ੨੪

ਨਾਰਦ ਕਹੇ ਧਰਨੀਏ ਆ ਵੇਖ ਹਾਹੇ ਉਤੇ ਟਿੱਪੀ, ਜਿਸ ਦੀ ਟੀਕਾ ਟਿਪਣੀ ਸਮਝ ਕਿਸੇ ਨਾ ਆਈਆ । ਵੈਰਾਗਣੇ ਤਿਆਗਣੇ ਆਪਣੀਆਂ ਸਵਾਰ ਕੇ ਵੇਖ ਲਿਟੀਂ, ਮੇਂਢੀ ਸੀਸ ਨਾ ਕੋਇ ਰਖਾਈਆ । ਦੀਨ ਦੁਨੀ ਦੀ ਧਾਰ ਤਕ ਲੈ ਪੂਜਦੀ ਪੱਥਰ ਇੱਟੀਂ, ਪਾਹਨਾਂ ਸੀਸ ਨਿਵਾਈਆ । ਪ੍ਰਭ ਦੀ ਧਾਰ ਦਿਸੇ ਕਿਸੇ ਨਾ ਚਿੱਟੀ, ਚੌਥੇ ਜੁਗ ਧਿਆਨ ਨਾ ਕੋਇ ਰਖਾਈਆ । ਤੇਰੀ ਖੇਲ ਕਮਲੀਏ ਕਿਸੇ ਕੋਲੋਂ ਨਾ ਜਾਏ ਨਜਿੱਠੀ, ਬਿਨ ਸੰਬਲ ਦੇ ਮਾਲਕ ਸੰਭਾਲ ਸਕੇ ਕੋਇ ਨਾ ਰਾਈਆ । ਝਟ ਧਰਨੀ ਦੋਹਥੜ ਮਾਰ ਕੇ ਪਿੱਟੀ, ਮੇਰੀ ਪਟਨੇ ਵਾਲੇ ਅਗੇ ਦੁਹਾਈਆ । ਮੈਂ ਮਿੱਟੀ ਖ਼ਾਕ ਉਤੇ ਲਿਟੀ, ਲੰਮੀ ਪੈ ਕੇ ਦਿਆਂ ਸੁਣਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੇਰੀ ਜਗਤ ਤੋਂ ਬਾਹਰ ਵੇਖ ਲੈ ਮਿਤੀ, ਮਿਤਰ ਪਿਆਰੇ ਖੋਜ ਖੁਜਾਈਆ । ਮਿਹਰਵਾਨਾ ਨੌਜਵਾਨਾ ਤੇਰੀ ਮਾਨਵ ਜ਼ਾਤੀ ਦੀ ਵਿਗੜੀ ਅਸਥਿਤੀ, ਥਿਤ ਵਾਰ ਰੰਗ ਨਾ ਕੋਇ ਰੰਗਾਈਆ । ਮਨ ਕਲਪਣਾ ਸਭ ਨੂੰ ਰਹੀ ਜਿੱਤੀ, ਹਾਰ ਵਿਚ ਖ਼ਲਕ ਖ਼ੁਦਾਈਆ । ਪ੍ਰੇਮ ਭਾਵਨਾ ਰਹੀ ਕੋਈ ਨਾ ਮਿਠੀ, ਕੁੜਾਵੇ ਰਸ ਭਰੀ ਲੋਕਾਈਆ । ਜਗਤ ਖੇਲ ਹੋਈ ਅਨਡਿੱਠੀ, ਨੇਤਰ ਵੇਖਣ ਕੋਇ ਨਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੈਨੂੰ ਨਾਰਦ ਕੀ ਕੁਛ ਕਹਿੰਦਾ, ਕੀ ਭੇਵ ਰਿਹਾ ਖੁਲ੍ਹਾਈਆ । ਝਟ ਨਾਰਦ ਕਹੇ ਧਰਨੀਏ ਤੂੰ ਸੰਭਾਲ ਲੈ ਆਪਣਾ ਲਹਿੰਗਾ, ਓਢਣ ਸੀਸ ਸੀਸ ਟਿਕਾਈਆ । ਕਲਜੁਗ ਕੂੜ ਕੁੜਿਆਰ ਵੇਖ ਲੈ ਧਰਮ ਨਾਲ ਖਹਿੰਦਾ, ਦਿਵਸ ਰੈਣ ਕਰੇ ਲੜਾਈਆ । ਉਹ ਝਗੜਾ ਤਕ ਲੈ ਦਿਸ਼ਾ ਲਹਿੰਦਾ, ਈਸਾ ਮੂਸਾ ਮੁਹੰਮਦ ਰਹੇ ਟਕਰਾਈਆ । ਸ਼ਰਅ ਦਾ ਬੁਰਜ ਜਾਂਦਾ ਢਹਿੰਦਾ, ਅਗੇ ਹੋ ਨਾ ਕੋਇ ਬਚਾਈਆ ।

ਪ੍ਰਭ ਦਾ ਭਾਣਾ ਅਵਤਾਰ ਪੈਗ਼ੰਬਰ ਸਹਿੰਦਾ, ਗੁਰੂ ਗੁਰਦੇਵ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਦਇਆ ਕਮਾਈਆ । ਨਾਰਦ ਕਹੇ ਧਰਨੀਏ ਸਦੀ ਚੌਧਵੀਂ ਕਰ ਹੋਸ਼, ਹੁਸ਼ਿਆਰੀ ਨਾਲ ਜਣਾਈਆ । ਮੈਂ ਜੁਗ ਚੌਕੜੀ ਰਿਹਾ ਖ਼ਾਮੋਸ਼, ਰਸਨਾ ਬਚਨ ਨਾ ਕੋਇ ਦ੍ਰਿੜਾਈਆ । ਉਹ ਵੇਖ ਲੈ ਦੀਨ ਦੁਨੀ ਦਾ ਤਨ ਵਜੂਦਾਂ ਲੱਬਣ ਵਾਲਾ ਪੋਸ਼, ਪੇਸ਼ੀਨਗੋਈਆਂ ਦੇਣ ਗਵਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਕਲਜੁਗ ਕੂੜ ਨੇ ਲਾਇਆ ਦੋਸ਼, ਦੋਸ਼ੀ ਹੋਈ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਧਰਨੀਏ ਮੈਨੂੰ ਖ਼ਬਰ ਆਈ ਅਣਹੋਣੀ, ਬੇਖ਼ਬਰੇ ਦਿਆਂ ਜਣਾਈਆ । ਤੇਰੀ ਦੁਰਮਤ ਮੈਲ ਪ੍ਰਭ ਨੇ ਧੋਣੀ, ਪਤਤ ਪੁਨੀਤ ਕਰੇ ਸਫ਼ਾਈਆ । ਕਲਜੁਗ ਕੂੜੀ ਕਿਰਿਆ ਹਰ ਹਿਰਦੇ ਅੰਦਰੋਂ ਖੋਹਣੀ, ਖ਼ਾਲਸ ਆਪਣਾ ਰੰਗ ਰੰਗਾਈਆ । ਜੋ ਇਸ਼ਾਰਾ ਦੇ ਕੇ ਗਿਆ ਅਵਤਾਰ ਮੋਹਣੀ, ਮੋਹਣ ਮਾਧਵ ਕੀ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਧਰਨੀਏ ਪ੍ਰਭ ਪਾਵਣਹਾਰਾ ਭਿਖ, ਭਿਖਾਰਨੇ ਤੇਰੀ ਝੋਲੀ ਦਏ ਭਰਾਈਆ । ਜੋ ਇਸ਼ਾਰਾ ਦੇ ਕੇ ਗਿਆ ਦੇਵ ਰਿਖ, ਰਿਖਵ ਦੇਵ ਅਠਵਾਂ ਅਵਤਾਰ ਦ੍ਰਿੜਾਈਆ । ਕਲਜੁਗ ਅੰਤਮ ਬਿਨਾ ਪੁਰਖ ਅਕਾਲ ਬਦਲੇ ਨਾ ਕੋਇ ਭਵਿਖ, ਭਾਂਡਾ ਭਰਮ ਨਾ ਕੋਇ ਭੰਨਾਈਆ । ਸਾਚੀ ਸਿਖਿਆ ਵਿਚ ਬਣਾਏ ਕੋਈ ਨਾ ਸਿੱਖ, ਸਾਖਿਆਤ
੧੦੬੧ ਨਜ਼ਰ ਕੋਇ ਨਾ ਆਈਆ । ਬਿਨਾ ਕਲਮ ਸ਼ਾਹੀ ਤੋਂ ਆਪਣੇ ਸੀਨੇ ਉਤੇ ਗਿਆ ਲਿਖ, ਕਾਗ਼ਜ਼ ਰੰਗ ਨਾ ਕੋਇ ਰੰਗਾਈਆ । ਅੰਦਰ ਪਰਗਟਾ ੧੦੬੧
੨੪ ਕੇ ਅਗੰਮੀ ਇਛ, ਆਸ਼ਾ ਆਪਣੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ੨੪
ਦਾ ਪਰਦਾ ਆਪ ਉਠਾਈਆ । ਧਰਨੀ ਕਹੇ, ਨਾਰਦ, ਕਿਰਪਾ ਕਰੇ ਅਗੰਮਾ ਹਰਿ, ਹਰਿ ਕਰਤਾ ਧੁਰਦਰਗਾਹੀਆ । ਮੇਰੀ ਆਸਾ ਮਨਸਾ ਲਏ ਵਰ, ਖ਼ਾਹਿਸ਼ ਆਪਣੇ ਨਾਲ ਰਖਾਈਆ । ਮੇਰਾ ਲਹਿਣਾ ਦੇਣਾ ਪੂਰਾ ਕਰੇ ਜੋ ਕਹਿਕੇ ਗਿਆ ਸਿੰਘ ਨਰ, ਨਰ ਸਿੰਘ ਹੋ ਕੇ ਪ੍ਰਹਿਲਾਦ ਗਿਆ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਚ ਭੰਡਾਰ ਦੇਵੇ ਭਰ, ਵਸਤ ਨਾਮ ਅਤੋਲ ਅਤੁਲ ਵਰਤਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਆਵੇ ਤੇਰੇ ਦਰ, ਗ੍ਰਿਹ ਮੰਦਰ ਇਕ ਸੁਹਾਈਆ । ਦੀਆ ਬਾਤੀ ਕਮਲਾਪਾਤੀ ਸੰਬਲ ਨਗਰੀ ਦੇਵੇ ਧਰ, ਧਰਨੀ ਧਰਤ ਧਵਲ ਧੌਲ ਕਰੇ ਰੁਸ਼ਨਾਈਆ । ਤੂੰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਤ ਭਾਣਾ ਲੈਣਾ ਜਰ, ਸਿਰ ਸਿਰ ਤੇਰੇ ਹੱਥ ਟਿਕਾਈਆ । ਕਰਨੀ ਦਾ ਕਰਤਾ ਕੁਦਰਤ ਦਾ ਕ਼ਾਦਰ ਆਪਣੀ ਕਰਨੀ ਲਏ ਕਰ, ਦੂਸਰ ਸੰਗ ਨਾ ਕੋਇ ਬਣਾਈਆ । ਤੇਰਾ ਭੈ ਭਉ ਚੁਕਾਏ ਡਰ, ਭਾਂਡਾ ਭਰਮ ਭਉ ਭੰਨਾਈਆ । ਕਲਜੁਗ ਕੂੜੀ ਕਿਰਿਆ ਤੋੜੇ ਹੰਕਾਰ ਗੜ੍ਹ, ਹਉਮੇ ਹੰਗਤਾ ਦਏ ਮਿਟਾਈਆ । ਨਿਰਗੁਣ ਧਾਰ ਤੇਰੇ ਅੰਤਰ ਜਾਏ ਵੜ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਤੂੰ ਸਾਚੀ ਸਿਖਿਆ ਧੁਰ ਦੀ ਵਿਦਿਆ ਲੈਣੀ ਪੜ੍ਹ, ਬਿਨ ਅੱਖਰਾਂ ਦਏ ਸਮਝਾਈਆ । ਤੇਰਾ ਲਹਿਣਾ ਦੇਣਾ ਮੇਟੇ ਬਿਨਾ ਸੀਸ ਧੜ, ਧਰਨੀ ਧਰਤ ਧਵਲ ਧੌਲ ਧੁਰ ਦਾ ਰੰਗ ਰੰਗਾਈਆ । ਤੂੰ ਦਰਸ਼ਨ ਕਰਨਾ ਸਚ ਦੁਆਰ ਖੜ੍ਹ, ਸਨਮੁਖ ਹੋ ਕੇ ਸੋਭਾ ਪਾਈਆ । ਸਰਨ ਸਰਨਾਈ ਬੇਪਰਵਾਹੀ ਜਾਣਾ ਪੜ, ਸੀਸ ਜਗਦੀਸ਼ ਇਕ ਨਿਵਾਈਆ । ਤੇਰੇ ਉਤੇ ਸਤਿਜੁਗ ਨਵਾਂ ਘਾੜਨ ਲਏ ਘੜ, ਘੜਨ ਭੰਨਣਹਾਰ ਆਪ ਹੋ ਜਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜ ਕੁੜਿਆਰਾ ਤੋੜੇ ਹੰਕਾਰੀ ਗੜ੍ਹ, ਹਉਮੇ ਹੰਗਤਾ ਹੰਕਾਰ ਵਿਕਾਰ ਰਹਿਣ ਕੋਇ ਨਾ ਪਾਈਆ ।

### ✪ ੨੩ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਸੀਤਲ ਸਿੰਘ ਦੇ ਗ੍ਰਿਹਿ ਪਿੰਡ ਡਗਰੂ ਜ਼ਿਲਾ ਫ਼ਰੀਦਕੋਟ ✪

ਨਾਰਦ ਕਹੇ ਧਰਨੀ ਸੁਣ ਮੇਰੀ ਅਗੰਮੀ ਮੰਮੀ, ਮਮਤਾ ਵਾਲੀਏ ਤੈਨੂੰ ਦਿਆਂ ਜਣਾਈਆ । ਤੇਰੇ ਉਤੇ ਜੋਤ ਪਰਕਾਸ਼ ਨੂਰ ਰਿਹਾ ਕਿਸੇ ਨਾ ਸ਼ਮੀ, ਸ਼ਮਾਂਦਾਨ ਵਿਚ ਜਹਾਨ ਨਜ਼ਰ ਕੋਇ ਨਾ ਆਈਆ । ਸਾਚਾ ਨਾਮ ਕਲਮਾ ਨਜ਼ਰ ਨਾ ਆਏ ਪਵਣ ਸਵਾਸੀ ਦਮੀ, ਦਾਮਨਗੀਰ ਸ਼ਾਹ ਹਕੀਰ ਸੰਗ ਨਾ ਕੋਇ ਬਣਾਈਆ । ਓਹ ਤਕ ਲੈ ਤੇਰੇ ਉਤੇ ਆਉਣ ਵਾਲੀ ਗ਼ਮੀ, ਗ਼ਮਖਾਰ ਹੋ ਕੇ ਦਰਦ ਸਕੇ ਨਾ ਕੋਇ ਵੰਡਾਈਆ । ਦੀਨ ਦੁਨੀ ਦੀ ਧਾਰ ਤਕ ਲੈ ਦ੍ਰਿਸ਼ਟੀ ਵਾਲੀ ਚੰਮੀ, ਚੰਮ ਦ੍ਰਿਸ਼ਟੀ ਸਕੇ ਨਾ ਕੋਇ ਬਦਲਾਈਆ । ਕੋੜੀਏ ਕਮਲੀਏ ਸਦੀ ਚੌਧਵੀਂ ਗੂੜ੍ਹੀ ਨੀਂਦ ਮੂਲ ਨਾ ਸਵੀਂ, ਆਲਸ ਨਿੰਦਰਾ ਵਿਚ ਕਦੇ ਨਾ ਆਈਆ । ਤੈਨੂੰ ਖ਼ਬਰ ਅਗੰਮੀ ਸੁਣਾਵਾਂ ਨਵੀਂ, ਨਵ ਸੱਤ ਦਿਆਂ ਦ੍ਰਿੜਾਈਆ । ਨੀ ਬਿਨ ਤਨ ਵਜੂਦਾਂ ਸਵਾਧਾਨ ਹੋ ਕੇ ਬਹਵੀਂ, ਬਿਨ ਅੱਖਾਂ ਅੱਖ ਖੁਲ੍ਹਾਈਆ । ਓਹ ਤਕ ਲੈ ਕੀ ਖੇਲ ਕਰੇ ਜੋਤੀ ਜਾਤਾ ਪੁਰਖ ਬਿਧਾਤਾ ਅਵਤਾਰ ਚਵੀ, ਚੌਬੀਸਾ ਜਗਦੀਸਾ ਆਪਣਾ ਹੁਕਮ ਵਰਤਾਈਆ । ਤੂੰ ਉਸ ਦੇ ਬਿਨ ਸੀਸ ਚਰਨੀ ਢਹਿਵੀਂ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਉਹ ਲੇਖਾ ਯਾਦ ਕਰ ਲੈ ਜੋ ਸੰਦੇਸ਼ਾ ਦੇ ਕੇ ਗਿਆ ਰਵੀਦਾਸ ਰਵੀ, ਪਾਨਹੇ ਗੰਢ ਕੀ ਦ੍ਰਿੜਾਈਆ । ਜਿਸ ਦੀ ਧਾਰ ਵਿਚ ਏਕਾ ਤੁਕ ਗਾ ਕੇ ਬਵੰਜਾ ਕਵੀ, ਗੋਬਿੰਦ ਗੋਬਿੰਦ ਗੋਬਿੰਦ ਸ਼ਬਦ ਸ਼ਬਦ ਸ਼ਬਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਨਾਰਦ ਕਹੇ ਧਰਨੀਏ ਮੈਂ ਤੈਨੂੰ ਕੀ ਦੇਵਾਂ ਪੈਗ਼ਾਮ, ਪੈਗ਼ੰਬਰਾਂ ਬਾਹਰ ਜਣਾਈਆ । ਕੀ ਖੇਲ ਕਰੇ ਅਗੰਮ ਅਮਾਮ, ਅਮਲਾਂ ਤੋਂ ਬਾਹਰ ਨੂਰ ਅਲਾਹੀਆ । ਜਿਸ ਨੂੰ ਸਯਦਿਆਂ ਵਿਚ ਸਾਰੇ ਕਰਨ ਸਲਾਮ, ਸਲਾਮਾਲੈਕਮ ਕਹਿ ਕੇ ਸੀਸ ਨਿਵਾਈਆ । ਉਹਦਾ ਖੇਲ ਅਨੋਖਾ, ਜਿਸ ਨੂੰ ਜਾਣੇ ਨਾ ਕੋਇ ਇਨਸਾਨ, ਅਕਲ ਆਕਲਾਂ ਚਲੇ ਨਾ ਕੋਇ ਚਤੁਰਾਈਆ । ਉਹ ਪਰਵਰਦਿਗਾਰ ਸਾਂਝਾ ਯਾਰ ਆਪਣਾ ਕਰਨ ਵਾਲਾ ਇੰਤਜ਼ਾਮ, ਬੰਦੋਬਸਤ ਆਪਣੇ ਹੱਥ ਰਖਾਈਆ । ਤੇਰੇ ਉਤੋਂ ਸ਼ਰਅ ਦੇ ਝਗੜੇ ਮੇਟੇ ਤਮਾਮ, ਤਮੰਨਾ ਕੂੜ ਰਹਿਣ ਨਾ ਪਾਈਆ । ਮਜ਼੍ਹਬਾਂ ਦਾ ਰਹਿਣ ਨਾ ਦੇਵੇ ਕੋਇ ਗ਼ੁਲਾਮ, ਗ਼ੁਰਬਤ ਸਭ ਦੇ ਅੰਦਰੋਂ ਬਾਹਰ ਦਏ ਕਢਾਈਆ । ਇਕੋ ਪਰਗਟ ਕਰੇ ਅਗੰਮਾ ਨਾਮ, ਨਰ ਨਰਾਇਣ ਆਪ ਪਰਗਟਾਈਆ । ਕਲਜੁਗ ਰੈਣ ਅੰਧੇਰੀ ਸ਼ਾਮ, ਸ਼ਾਹ ਪਾਤਸ਼ਾਹ ਇਕੋ ਨੂਰ ਜੋਤ ਕਰੇ ਰੁਸ਼ਨਾਈਆ । ਤੂੰ ਉਸ ਦੇ ਚਰਨ ਕਵਲਾਂ ਕਰਨੀ ਪਰਨਾਮ, ਕ਼ਦਮ ਬੋਸੀ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਧਰਨੀਏ ਮੈਨੂੰ ਆਈ ਖ਼ਬਰ ਹਜ਼ੂਰੀ, ਹਜ਼ਰਤਾਂ ਤੋਂ ਬਾਹਰ ਦ੍ਰਿੜਾਈਆ । ਉਹ ਮਾਲਕ ਖ਼ਾਲਕ ਜਲਵਾਗਰ ਨੂਰੀ, ਨੂਰ ਨੁਰਾਨਾ ਅਗੰਮ ਅਥਾਹੀਆ । ਜੋ ਨਿਰਗੁਣ ਸਰਗੁਣ ਧਾਰ ਸਦਾ ਦਸਤੂਰੀ, ਦੋ ਜਹਾਨਾਂ ਆਪਣਾ ਹੁਕਮ ਵਰਤਾਈਆ । ਜੋ ਸਭ ਦੀ ਆਸਾ

ਮਨਸਾ ਕਰੇ ਪੂਰੀ, ਪੂਰਬ ਲਹਿਣੇ ਦਏ ਚੁਕਾਈਆ । ਉਸ ਦੀ ਅਵਾਜ਼ ਜਿਸ ਧਾਰ ਵਿਚ ਮੂਸਾ ਸੁਣੀ ਉਤੇ ਕੋਹਤੂਰੀ, ਤੁਰੀਆ ਤੋਂ ਬਾਹਰ ਜਣਾਈਆ । ਮੂਸਾ ਮੁਸਲਸਲ ਜਿਸ ਦੀ ਕੀਤੀ ਮਸ਼ਹੂਰੀ, ਈਸਾ ਆਪਣੀ ਗੰਢ ਪੁਆਈਆ । ਮੁਹੰਮਦ ਮੰਜ਼ਲ ਦੱਸੀ ਨੇੜੇ ਦੂਰੀ, ਚੌਦਾਂ ਤਬਕਾਂ ਖੇਲ ਖਿਲਾਈਆ । ਨਾਨਕ ਨਿਰਗੁਣ ਸਰਗੁਣ ਧਾਰ ਮੋਢੇ ਰਖ ਕੇ ਭੂਰੀ, ਜ਼ਮੀਂ ਅਸਮਾਨਾਂ ਪੰਧ ਮੁਕਾਈਆ । ਗੋਬਿੰਦ ਅੰਮ੍ਰਿਤ ਰਸ ਚਾੜ੍ਹ ਸਰੂਰੀ, ਸੁਰਤੀ ਸੁਰਤ ਸ਼ਬਦ ਸਮਾਈਆ । ਉਹ ਤੇਰੀ ਧਾਰ ਵੇਖੇ ਹਜ਼ੂਰੀ, ਦਰ ਠਾਂਢੇ ਧਿਆਨ ਲਗਾਈਆ । ਕਲਜੁਗ ਕਿਰਿਆ ਮੇਟੇ ਕੂੜੀ, ਕੂੜ ਕੁਟੰਬ ਦਏ ਗਵਾਈਆ । ਤੇਰੇ ਉਤੇ ਆਪਣੇ ਚਰਨ ਛੁਹਾਏ ਧੂੜੀ, ਧੂੜੀ ਟਿੱਕੇ ਖ਼ਾਕ ਮਾਈਆ । ਮਾਨਵ ਜ਼ਾਤੀ ਚਤੁਰ ਸੁਘੜ ਬਣਾਏ ਮੂਰਖ ਮੂੜ੍ਹੀ, ਮੁਗਧਾਂ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਨਾਰਦ ਕਹੇ ਧਰਨੀਏ ਮੇਰੀ ਹਿਲਦੀ ਵੇਖ ਲੈ ਬੋਦੀ, ਦੋ ਜਹਾਨਾਂ ਕੀ ਜਣਾਈਆ । ਜੋ ਇਸ਼ਾਰਾ ਦੇ ਕੇ ਗਏ ਵੇਦੀ ਸੋਢੀ, ਬਿਨ ਅੱਖਰਾਂ ਅੱਖਰ ਪੜ੍ਹਾਈਆ । ਕਲਜੁਗ ਕੂੜੀ ਕਿਰਿਆ ਵਾਸ਼ਨਾ ਹੋਣੀ ਲੋਭੀ, ਮਾਇਆ ਮਮਤਾ ਸਰਬ ਹਲਕਾਈਆ । ਭਗਤ ਜਨ ਜਨਣੀ ਦਿਸੇ ਕਿਸੇ ਨਾ ਗੋਦੀ, ਗੋਦਾਵਰੀ ਕੰਢੇ ਗੋਬਿੰਦ ਗਿਆ ਦ੍ਰਿੜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਣੀ ਕਮਲੀ ਕੋਝੀ, ਆਤਮ ਪਰਮਾਤਮ ਰੰਗ ਨਾ ਕੋਇ ਰੰਗਾਈਆ । ਸਤਿ ਧਰਮ ਦੀ ਰਹੀ ਕਿਸੇ ਨਾ ਸੋਝੀ, ਸੁਦੀ ਵਦੀ ਭੇਵ ਨਾ ਕੋਇ ਖੁਲ੍ਹਾਈਆ । ਪੰਚ ਵਿਕਾਰ ਸਭ ਨੂੰ ਕਰੇ ਰੋਗੀ, ਸ਼ਫ਼ਾ ਹੱਥ ਕਿਸੇ ਨਾ ਆਈਆ । ਮਨ ਵਾਸਨਾ ਸਭ ਦੀ ਹੋਣੀ ਭੋਗੀ, ਭਸਮੜ ਰੂਪ ਨਾ ਕੋਇ ਬਣਾਈਆ । ਆਤਮ ਪਰਮਾਤਮ ਮਿਲੇ ਮੇਲ ਨਾ ਧਰਮ ਸੰਜੋਗੀ, ਸਾਚਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਨਾਰਦ ਕਹੇ ਧਰਨੀਏ ਤੂੰ ਖੇਲ ਵੇਖ ਲੈ ਆਪਣੇ ਜਗ, ਜਗ ਜੀਵਨ ਦਾਤਾ ਇਕ ਦ੍ਰਿੜਾਈਆ । ਕੀ ਹੁਕਮ ਦੇਵੇ ਸੂਰਾ ਸਰਬਗ, ਹਰਿ ਕਰਤਾ ਧੁਰਦਰਗਾਹੀਆ । ਤੇਰੇ ਉਤੇ ਮਾਨਵ ਜਾਤੀ ਹੋਈ ਕਗ, ਹੰਸ ਰੂਪ ਨਾ ਕੋਇ ਬਦਲਾਈਆ । ਓਹ ਤਕ ਲੈ ਨੌਂ ਖੰਡ ਪ੍ਰਿਥਮੀ ਲੱਗਣ ਵਾਲੀ ਅੱਗ, ਸੱਤ ਦੀਪ ਨਾ ਕੋਇ ਬੁਝਾਈਆ । ਬਿਨ ਪੁਰਖ ਅਕਾਲੇ ਦੀਨ ਦਿਆਲੇ ਦਰਸ਼ਨ ਮਿਲੇ ਨਾ ਕਿਸੇ ਉਪਰ ਸ਼ਾਹਰਗ, ਸ਼ਹਿਨਸ਼ਾਹ ਮਿਲਣ ਕੋਇ ਨਾ ਪਾਈਆ । ਬਿਨ ਸਤਿਗੁਰ ਸ਼ਬਦ ਨਾਮ ਨਿਧਾਨਾ ਜਾਮ ਪਿਆਏ ਕੋਇ ਨਾ ਮਧ, ਸਚ ਖ਼ੁਮਾਰ ਨਾ ਕੋਇ ਚੜ੍ਹਾਈਆ । ਬਿਨ ਠਾਕਰ ਸੁਆਮੀ ਪਰਵਰਦਿਗਾਰ ਸ਼ਰਅ ਦੀ ਮੇਟੇ ਕੋਈ ਨਾ ਹੱਦ, ਹਦੂਦਾਂ ਡੇਰਾ ਕੋਇ ਨਾ ਢਾਹੀਆ । ਬਿਨ ਪਰਮ ਪੁਰਖ ਪੁਰਖੋਤਮ ਆਤਮ ਪਰਮਾਤਮ ਬਣਾਏ ਕੋਈ ਨਾ ਯਦ, ਯਦੀ ਯਦਪ ਆਪਣਾ ਰੰਗ ਰੰਗਾਈਆ । ਤੂੰ ਏਕੰਕਾਰ ਇਕ ਇਕੱਲੇ ਧੁਰ ਦੇ ਮਾਹੀ ਸੱਦ, ਸੱਦਾ ਦੇਣਾ ਚਾਈਂ ਚਾਈਂਆ । ਜਿਸ ਦੇ ਹੁਕਮ ਵਿਚ ਕੇਤੇ ਜੁਗ ਚੌਕੜੀਆਂ ਗਏ ਲਦ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਉਹ ਮਾਲਕ ਖ਼ਾਲਕ ਨੂਰ ਨੁਰਾਨਾ ਸ਼ਾਹ ਸੁਲਤਾਨਾ ਤੇਰਾ ਮਾਹੀ ਆਵੇ ਰੱਬ, ਰੱਬੇ ਆਲਮੀਨ ਕਹਿ ਕੇ ਜਿਸ ਨੂੰ ਸਾਰੇ ਗਾਈਆ । ਤੇਰੀ ਸਾਰ ਪਾਏ ਝਬ, ਬਹੁਤੀ ਵੰਡ ਨਾ ਕੋਇ ਵੰਡਾਈਆ । ਸ਼ਬਦ ਅਗੰਮ ਸੁਣਾਏ ਨਦ, ਅਨਹਦ ਨਾਦੀ ਨਾਦ ਦ੍ਰਿੜਾਈਆ । ਤੂੰ ਖ਼ੁਸ਼ੀਆਂ ਵਿਚ ਹੋਣਾ ਗਦ ਗਦ, ਖ਼ੁਸ਼ੀ ਆਪਣੇ ਵਿਚ ਪਰਗਟਾਈਆ । ਤੇਰੇ ਉਤੇ ਸਭਾ ਮਲੇਛਾਂ ਮੇਟੇ ਸਭ, ਸਭਿਅਤਾ ਇਕੋ ਦਏ ਪਰਗਟਾਈਆ । ਕਲਜੁਗ ਕੂੜੀ ਕਿਰਿਆ ਦੇਵੇ ਬੱਧ, ਬੱਧਕ ਦਾ ਲੇਖਾ ਕ੍ਰਿਸ਼ਨ ਨਾਲ ਦ੍ਰਿੜਾਈਆ ।

੧੦੬੩
੨੪

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਨਿਰਾਕਾਰ ਨਿਰਵੈਰ ਨਿਰੰਕਾਰ ਆਪਣਾ ਆਪ ਬਣਾਏ ਸਬਬ, ਦੂਸਰ ਆਸ ਨਾ ਕੋਇ ਰਖਾਈਆ ।

### ✪ ੨੪ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਜਗਦੀਸ਼ ਦੇ ਗ੍ਰਿਹਿ ਪਿੰਡ ਡਗਰੂ ਜ਼ਿਲਾ ਫ਼ਰੀਦਕੋਟ ✪

ਧਰਨੀ ਕਹੇ ਜਨ ਭਗਤੋ ਪ੍ਰਭ ਦਾ ਰਖੋ ਭਰਵਾਸਾ, ਪਾਰਬ੍ਰਹਮ ਪਤਿਪਰਮੇਸ਼ਵਰ ਹੋਏ ਸਹਾਈਆ । ਜੋ ਲੇਖੇ ਲਾਵੇ ਮਾਨਵ ਜ਼ਾਤੀ ਪਵਣ ਸੁਆਸਾ, ਸਾਹ ਸਾਹ ਆਪਣਾ ਰੰਗ ਰੰਗਾਈਆ । ਕਾਇਆ ਮੰਦਰ ਅੰਦਰ ਭੇਵ ਖੁਲ੍ਹਾਏ ਪ੍ਰਿਥਮੀ ਅਕਾਸ਼ਾ, ਗਗਨ ਗਗਨੰਤਰ ਪਰਦਾ ਉਹਲਾ ਦਏ ਚੁਕਾਈਆ । ਸਚ ਦੁਆਰ ਏਕੰਕਾਰ ਪਾਏ ਰਾਸਾ, ਸੁਰਤੀ ਸ਼ਬਦੀ ਗੋਪੀ ਕਾਹਨ ਖੇਲ ਖਿਲਾਈਆ । ਅੰਤਰ ਨਿਰੰਤਰ ਨਿਰਗੁਣ ਧਾਰ ਕਰੇ ਵਾਸਾ, ਵਾਸਤਾ ਆਪਣੇ ਨਾਲ ਜਣਾਈਆ । ਜੋਤੀ ਨੂਰ ਨੂਰ ਕਰੇ ਪਰਕਾਸ਼ਾ, ਅੰਧ ਅਗਿਆਨ ਦਏ ਗੁਆਈਆ । ਲੇਖੇ ਲਾਵੇ ਤਨ ਵਜੂਦ ਹਡ ਨਾੜੀ ਮਾਸਾ, ਰਕਤ ਬੂੰਦ ਲੇਖਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਧਰਨੀ ਕਹੇ ਜਨ ਭਗਤੋ ਪ੍ਰਭ ਆਦਿ ਜੁਗਾਦੀ ਜਗਦੀਸ, ਜਗਦੀਸ਼ਰ ਇਕ ਅਖਵਾਈਆ । ਜਿਸ ਦੇ ਛਤਰ ਝੁਲੇ ਅਗੰਮੀ ਸੀਸ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜਿਸ ਦਾ ਇਕੋ ਨਾਮ ਕਲਮਾ ਹਦੀਸ, ਇਕੋ ਢੋਲਾ ਸਿਫ਼ਤ ਸਲਾਈਆ । ਜੋ ਲਹਿਣਾ ਦੇਣਾ ਮੇਟੇ ਕਲਜੁਗ ਅੰਤਮ ਬੀਸ, ਇਕੀਸਾ ਆਪਣਾ ਖੇਲ ਖਿਲਾਈਆ । ਜਿਸ ਦੇ ਹੁਕਮ ਅੰਦਰ ਲੱਖ ਚੁਰਾਸੀ ਜਾਏ ਪੀਸ, ਸਿਰ ਸਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਇਕ ਵਖਾਈਆ । ਧਰਨੀ ਕਹੇ ਜਨ ਭਗਤੋ ਪ੍ਰਭ ਦੀ ਇਕੋ ਰਖੋ ਸਰਨ, ਸਰਨਗਤ ਇਕ ਜਣਾਈਆ । ਜੋ ਮੇਟਣਹਾਰਾ ਜਨਮ ਮਰਨ, ਮਰ ਜੀਵਤ ਰੂਪ ਦਏ ਦਰਸਾਈਆ । ਜੋ ਆਤਮ ਧਾਰ ਪਰਮਾਤਮ ਬੰਨ੍ਹੇ ਆਪਣੇ ਲੜਨ, ਪਾਰਬ੍ਰਹਮ ਬ੍ਰਹਮ ਮੇਲਾ ਲਏ ਮਿਲਾਈਆ । ਜਿਸ ਦੀ ਮੰਜ਼ਲ ਸੂਫ਼ੀ ਸੰਤ ਫ਼ਕੀਰ ਚੜ੍ਹਨ, ਦੂਸਰ ਨਜ਼ਰ ਕੋਇ ਨਾ ਆਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਹਾਰ ਭੰਨਣ ਘੜਨ, ਸਮਰਥ ਅਕਥ ਇਕ ਅਖਵਾਈਆ । ਜੋ ਤੁਹਾਡਾ ਲੇਖਾ ਜਾਣੇ ਚੋਟੀ ਜੜ੍ਹਨ, ਜੜ੍ਹ ਚੇਤਨ ਵੇਖ ਵਖਾਈਆ । ਜਿਸ ਦੇ ਢੋਲੇ ਆਦਿ ਜੁਗਾਦਿ ਸਾਰੇ ਪੜ੍ਹਨ, ਸਿਫ਼ਤਾਂ ਨਾਲ ਸਿਫ਼ਤ ਸਲਾਹੀਆ । ਉਹ ਨਿਰਗੁਣ ਧਾਰ ਹੋ ਕੇ ਪੀਆ ਪ੍ਰੀਤਮ ਆਇਆ ਫੜਨ, ਫੜ ਬਾਹੋਂ ਗਲੇ ਲਗਾਈਆ । ਜਿਸ ਦਾ ਝਗੜਾ ਨਹੀਂ ਕੋਈ ਜ਼ਾਤ ਬਰਨ, ਵਰਨ ਵੰਡ ਨਾ ਕੋਇ ਵੰਡਾਈਆ । ਮਿਹਰਵਾਨ ਹੋ ਕੇ ਖੋਲ੍ਹਣਹਾਰਾ ਨੇਤਰ ਹਰਨ ਫਰਨ, ਨਿਜ ਲੋਚਨ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਂਆ । ਧਰਨੀ ਕਹੇ ਜਨ ਭਗਤੋ ਪ੍ਰਭ ਦਾ ਇਕੋ ਮੰਗੋ ਦਰਸ, ਦਿਵਸ ਰੈਣ ਧਿਆਨ ਲਗਾਈਆ । ਜੋ ਅੰਮ੍ਰਿਤ ਮੇਘ ਦੇਵੇ ਬਰਸ, ਦੀਨ ਦੁਨੀ ਦੀ ਤ੍ਰਿਖਾ ਬੁਝਾਈਆ । ਮਿਹਰਵਾਨ ਹੋ ਕੇ ਕਰੇ ਤਰਸ, ਰਹਿਮਤ ਆਪਣੀ ਸਚ ਕਮਾਈਆ । ਜਨਮ ਜਨਮ ਦੀ ਮੇਟੇ ਹਰਸ, ਹਵਸ ਪਿਛਲੀ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ

ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਜਨ ਭਗਤੋ ਪ੍ਰਭ ਦੇ ਚਰਨ ਕਵਲ ਕਰੋ ਡੰਡਾਵਤ, ਨਮੋ ਨਮੋ ਕਹਿ ਕੇ ਸੀਸ ਨਿਵਾਈਆ । ਤੁਹਾਡੇ ਅੰਦਰੋਂ ਕੂੜੀ ਕਿਰਿਆ ਕੱਢੇ ਬਗ਼ਾਵਤ, ਬਗ਼ਲਗੀਰ ਇਕ ਅਖਵਾਈਆ । ਨਾਮ ਨਿਧਾਨ ਦਏ ਨਿਆਮਤ, ਰਸ ਅਨਡਿੱਠਾ ਆਪ ਚਖਾਈਆ । ਤੁਹਾਨੂੰ ਏਥੇ ਓਥੇ ਦੋ ਜਹਾਨ ਰਖੇ ਸਹੀ ਸਲਾਮਤ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਟਣਹਾਰਾ ਅੰਧ ਅੰਧੇਰ ਅੰਧੇਰੀ ਸ਼ਾਮਤ, ਸ਼ਮਅ ਨੂਰ ਨੂਰ ਜੋਤ ਕਰੇ ਰੁਸ਼ਨਾਈਆ ।

### ✪ ੨੪ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਧੰਨਾ ਸਿੰਘ ਦੇ ਗ੍ਰਿਹ ਪਿੰਡ ਡਗਰੂ ਜ਼ਿਲਾ ਫ਼ਰੀਦਕੋਟ ✪

ਧਰਨੀ ਕਹੇ ਮੇਰੇ ਮਾਲਕ ਨਿਗਾਹ ਮਾਰ ਨਬੀ ਨੂਹ ਇਨਸਾਨ, ਚਾਰ ਕੁੰਟ ਦਹਿ ਦਿਸ਼ਾ ਆਪਣਾ ਭੇਵ ਚੁਕਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ੍ਰਿਸ਼ਟੀ ਕਾਇਨਾਤ ਤੇਰਾ ਖ਼ਾਨਦਾਨ, ਦੂਸਰ ਨਜ਼ਰ ਕੋਇ ਨਾ ਆਈਆ । ਜੋਤੀ ਜਾਤੇ ਪੁਰਖ ਬਿਧਾਤੇ ਕਰ ਪਹਿਚਾਨ, ਬੇਪਹਿਚਾਨ ਆਪਣਾ ਭੇਵ ਖੁਲ੍ਹਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰਗਾਹ ਸਾਚੀ ਕਰ ਪ੍ਰਵਾਨ, ਮੁਕ਼ਾਮੇ ਹਕ ਆਪਣਾ ਪਰਦਾ ਲਾਹੀਆ । ਸਾਚਾ ਕਲਮਾ
੧੦੬੫ ਧੁਰ ਦਾ ਨਾਮ ਦੇ ਦਾਨ, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਈਆ । ਬਿਨ ਨੇਤਰ ਲੋਚਨ ਨੈਣਾਂ ਅੱਖੀਆਂ ਮਾਰ ਧਿਆਨ, ਜੋਤੀ ਜਾਤੇ ੧੦੬੫
੨੪ ਹੋ ਕੇ ਵੇਖ ਵਖਾਈਆ । ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਈ ਸੁੰਨਸਾਨ, ਸਚ ਵਸਤ ਨਜ਼ਰ ਕੋਇ ਨਾ ਆਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਸੁਲਤਾਨ, ੨੪
ਸ਼ਾਹ ਪਾਤਸ਼ਾਹ ਇਕ ਅਖਵਾਈਆ । ਪਿਤਾ ਪੂਤ ਕਰ ਪਰਵਾਨ, ਪਰਮ ਪੁਰਖ ਆਪਣਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਧਰਨੀ ਕਹੇ ਪਰਵਰਦਿਗਾਰ ਮੇਰੀ ਦੁਆ, ਦਸਤ ਬਦਸਤ ਸੀਸ ਨਿਵਾਈਆ । ਮੁਹੰਮਦੇ ਜ਼ਬੀ ਅਰਸ਼ੇ ਨਵਾ ਫ਼ਰਸ਼ੇ ਮਜ਼ੀ ਤੋਜ਼ੂਨੇ ਖ਼ੁਦਾ ਜ਼ਬਲੋ ਜ਼ਵਿਗ ਮੋਜ਼ੀਨੇ ਸ਼ਵਾ ਜ਼ਕੀਤੁਲ ਜ਼ਮੂ ਸ਼ਮੀਉਲ ਸ਼ਵਯ ਕਮੁਸਤੋ ਨਜ਼ੂ ਵਜ਼ੀਅਤੇ ਵਜ਼ਾ ਜਗਮੇ ਨਗਿਦ ਦੀਨਾਏ ਫ਼ਜ਼ਿਗ ਨੂਰੇ ਜ਼ਹਾ ਰੁਸ਼ਨਾਏ ਜ਼ਵਾ ਕੁਜ਼ੀਨੇ ਕਮੂ ਜ਼ਮੀਨੇ ਜ਼ਵਿਦ ਧਰਤੀਏ ਖ਼ਾਕ ਅਲਾਹੀ ਪਾਕ ਪਤਤ ਪੁਨੀਤ ਆਪਣਾ ਰੰਗ ਰੰਗਾਈਆ । ਹਜ਼ਰਤੇ ਮੂਸਾ ਮੁਵਿਦ ਜ਼ਕੂਅਮ ਜ਼ਵਿਦ ਸਨੀਅਲ ਜ਼ਵੀ ਅਰਸ਼ੇ ਤਵੀ ਜ਼ੋਕੂ ਜ਼ੁਮਾ ਨੂਰੇ ਰਹਿਨੁਮਾ ਮੁਰਸ਼ਦੇ ਬਦੂ ਮੁਰੀਦੇ ਦੁਆ ਪਰਵਰਦਿਗਾਰੇ ਖ਼ੁਦਾ ਖ਼ੁਦ ਮਾਲਕ ਤੇਰੀ ਬੇਪਰਵਾਹੀਆ । ਹਜ਼ਰਤੇ ਮਸੀਹੇ ਮਵਿੰਨ ਯਸੂਹੇ ਕਵਿੰਨ ਜਾਮਅਲੂ ਮਵਿਸਤੇ ਰਜ਼ਾ ਅਗਸਤੇ ਦੁਵਾ ਜ਼ਮੀਉਲ ਜ਼ਵਿਦ ਅਰਸ਼ੇ ਕਵਿਦ ਅਜ਼ੀਅਨ ਅਤਾ ਤਜ਼ੀਉਲ ਜਪਾ ਜ਼ਕਵੀ ਜ਼ਵੂ ਚਸ਼ਮੇ ਨਰੂ ਜਾਹਿਦੇ ਮਵਿਦ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਈਸਾਏ ਸਲੀਬ ਤਖ਼ਤਾਏ ਨਜ਼ੀਬ ਨੌਜ਼ਾਨੇ ਸ਼ਵੀ ਫ਼ਰਸ਼ਾਨੇ ਵਸੀਹ ਦੋ ਜਹਾਨੇ ਤਬੀ ਤਜ਼ਲੋ ਜ਼ੰਬੂ ਫ਼ਜ਼ਲੋ ਵਜ਼ੂ ਕ੍ਰਿਸ਼ਮਾਏ ਕਬੂ ਕੁਨਿੰਦਾਏ ਦਵੂ ਬਰਸਤੇ ਬਰਾਹ ਜੁਨਹਾ ਦੁਵਾ ਜਕਮੀ ਜ਼ਵੀ ਜੋਜ਼ੂ ਸਮੀ ਅਕੀਜਉਲ ਪਿਤਾਏ ਪਿਦਰ ਦੂਜ਼ਾਏ ਪਿਸਰ ਨੂਰਾਏ ਬਰਦਰ ਸ਼ਹਾਏ ਜ਼ਵਦਰ ਜ਼ਮੀਉਲ ਜਮਾ ਚੀਨੇ ਜ਼ਵੀ ਰੁਹੀਨੇ

ਮਜ਼ੀ ਮਕ਼ਬਰਾਏ ਵਜ਼ੂ ਮੌਜੂਦੇ ਸ਼ਬੂ ਨੂਰੇ ਨੂਰ ਨੁਰਾਨੇ ਜ਼ਮੱਕ ਸ਼ਹਿਨਸ਼ਾਹੇ ਸ਼ਫ਼ੱਕ ਸ਼ਫ਼ਤੇ ਸ਼ਫ਼ੀ ਮੁਜੇਤਜਾਨੇ ਰਵੀ ਵਜ਼ੀਉਲ ਵਜ਼ਦ ਨਜ਼ੂਨੇ ਖਜ਼ੂਦ ਹਜ਼ਰਤੇ ਕੁਜ਼ਾ ਬਸ਼ਰਤੇ ਦੁਵਾ ਦੁਸਰਤੇ ਵਜ਼ਾ ਫ਼ਿਤਰਤੇ ਮੁਦਾ ਮੁਬੀਉਲ ਮਵੀ ਕੁਜ਼ਾਨੇ ਕਵੀ ਚਾਜ਼ੂਜ਼ਮਾ ਨੂਰੀ ਖ਼ੁਦਾ ਗਾਡੇ ਗਜ਼ੂ ਗਜ਼ੀਉਲ ਗੁਮਮ ਮੁਜਤਾਮੇ ਜੁਮਮਾਜੁਨੀਆ ਜਗੀ ਜ਼ਾਹੂ ਜ਼ਬੀ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਮਜ਼ਨ ਕਮੂ ਜ਼ਮਜ਼ਨ ਨਵੀ ਸ਼ਾਨੇ ਸ਼ਬੱਦ ਦੋ ਜਹਾਨੇ ਜ਼ਬਦ ਜ਼ੀਕੀ ਜ਼ਵਾ ਫ਼ਰਸ਼ੇ ਦੁਵਾ ਨੂਰੀ ਖ਼ੁਦਾ ਖਾਦਮੇ ਖ਼ਿਦਮਤ ਖ਼ੁਦ ਮਾਲਕ ਲੇਖੇ ਆਪ ਲਖਾਈਆ ।

### ੨੪ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਮੇਲਾ ਸਿੰਘ ਦੇ ਗ੍ਰਹਿ ਪਿੰਡ ਡਗਰੂ ਜ਼ਿਲਾ ਫ਼ਰੀਦਕੋਟ

ਧਰਨੀ ਕਹੇ ਪ੍ਰਭੂ ਮੇਰੇ ਦੁਖ ਭੰਜਨ, ਭਵ ਸਾਗਰਾਂ ਪਾਰ ਦੇਣਾ ਕਰਾਈਆ । ਮੇਰੇ ਸ਼ਾਹੋ ਭੂਪ ਆਦਿ ਜੁਗਾਦੀ ਨਿਰੰਜਣ, ਜੋਤੀ ਜਾਤੇ ਦੇਣੀ ਮਾਣ ਵਡਿਆਈਆ । ਜਨ ਭਗਤਾਂ ਧੂੜ ਕਰਾ ਦੇ ਆਪਣੇ ਮਜਣ, ਦੁਰਮਤ ਮੈਲ ਦੇਣੀ ਧੁਆਈਆ । ਸਾਚਾ ਨਾਮ ਨੇਤਰ ਪਾ ਦੇ ਅੰਜਣ, ਅੰਧ ਅਗਿਆਨ ਰਹੇ ਨਾ ਰਾਈਆ । ਆਤਮ ਪਰਮਾਤਮ ਬਣਾ ਲੈ ਸੱਜਣ, ਸਾਜਣ ਹੋ ਕੇ ਮੇਲ ਮਿਲਾਈਆ । ਤੇਰੇ ਸੰਤ ਸੁਹੇਲੇ ਕੂੜੀ ਕਿਰਿਆ ਮਾਤ
੧੦੬੬ ਤਜਣ, ਮਮਤਾ ਮੋਹ ਨਾ ਕੋਇ ਹਲਕਾਈਆ । ਸ਼ਬਦੀ ਧਾਰ ਹੋ ਕੇ ਗੱਜਣ, ਭੈ ਭਾਓ ਸਿਰ ਨਾ ਕੋਇ ਰਖਾਈਆ । ਘਰ ਘਰ ਤੇਰੇ ਨਾਮ ਨਿਧਾਨੀ ੧੦੬੬
੨੪ ਨਾਦ ਵਜਣ, ਬਿਨ ਢੋਲਕ ਛੈਣੇ ਕਰ ਸ਼ਨਵਾਈਆ । ਬਿਨ ਤੇਲ ਬਾਤੀ ਦੀਪਕ ਜਗਣ, ਜਾਗਰਤ ਜੋਤ ਕਰ ਰੁਸ਼ਨਾਈਆ । ਸਚ ਪਿਆਰ ਵਿਚ ੨੪
ਕਰਨਾ ਮਗਨ, ਮਸਤੀ ਨਾਮ ਖ਼ੁਮਾਰ ਚੜ੍ਹਾਈਆ । ਪਵਿਤ੍ਰ ਕਰਨਾ ਗੁਰਮੁਖਾਂ ਬਦਨ, ਤਨ ਵਜੂਦ ਦੁਰਮਤ ਮੈਲ ਧੁਆਈਆ । ਲੱਖ ਚੁਰਾਸੀ ਵਿਚੋਂ ਆਇਆ ਕਢਣ, ਫੜ ਬਾਹੋਂ ਪਾਰ ਕਰਾਈਆ । ਲੇਖੇ ਲਾਉਣਾ ਨਾੜੀ ਮਾਸ ਹਡਣ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣੇ ਰੰਗ ਰੰਗਾਈਆ । ਕਲਜੁਗ ਕੂੜੀ ਕਿਰਿਆ ਸ਼ਰਅ ਦੀ ਮੇਟਣੀ ਹੱਦਣ, ਹਦੂਦ ਆਪਣੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦਰਸ਼ਨ ਦੇਣਾ ਉਪਰ ਸ਼ਾਹ ਰਗਣ, ਨੌਂ ਦੁਆਰ ਏਕੰਕਾਰ ਪੰਧ ਦੇਣਾ ਮੁਕਾਈਆ ।

### ੨੪ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਗਹਿਣਾ ਸਿੰਘ ਦੇ ਗ੍ਰਹਿ ਪਿੰਡ ਡਗਰੂ ਜ਼ਿਲਾ ਫ਼ਰੀਦਕੋਟ

ਧਰਨੀ ਕਹੇ ਜਨ ਭਗਤੋਂ ਪਰਮ ਪੁਰਖ ਦਾ ਮਾਣੋ ਰੰਗ, ਰੰਗਤ ਆਪਣਾ ਨਾਮ ਰੰਗਾਈਆ । ਅੰਮ੍ਰਿਤ ਧਾਰ ਵਹਾਏ ਕਾਇਆ ਗੰਗ, ਲਹਿਰ ਲਹਿਰ ਵਿਚੋਂ ਬਦਲਾਈਆ । ਆਤਮ ਪਰਮਾਤਮ ਬਖ਼ਸ਼ੇ ਸੰਗ, ਸਗਲਾ ਸਾਥੀ ਆਪ ਹੋ ਜਾਈਆ । ਜਗਤ ਤ੍ਰਿਸ਼ਨਾ ਮੇਟੇ ਭੁਖ ਨੰਗ, ਵਸਤ ਸਤਿ ਸਚ ਵਰਤਾਈਆ । ਜਗਤ ਵਿਕਾਰ ਕਰੇ ਨਾ ਤੰਗ, ਪੰਚ ਵਿਕਾਰ ਰਹਿਣ ਨਾ ਪਾਈਆ । ਮਨੂਆ ਮਨਸਾ ਨਾਲ ਕਰੇ ਨਾ ਜੰਗ, ਝਗੜਾ ਕੂੜ

ਦਏ ਮਿਟਾਈਆ । ਕਿਰਪਾ ਕਰੇ ਆਪ ਸੂਰਾ ਸਰਬੰਗ, ਹਰਿ ਕਰਤਾ ਧੁਰਦਰਗਾਹੀਆ । ਤੁਹਾਡੀ ਮੰਜ਼ਲ ਤੁਹਾਡੇ ਅੰਦਰ ਵੇਖੇ ਲੰਘ, ਨੌ ਦੁਆਰ ਦਾ ਡੇਰਾ ਢਾਹੀਆ । ਤੁਹਾਨੂੰ ਸਤਿ ਸਰੂਪ ਆਪਣਾ ਦਰਸਾਏ ਹੰ, ਪਾਰਬ੍ਰਹਮ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਹੋਏ ਸਹਾਈਆ । ਧਰਨੀ ਕਹੇ ਜਨ ਭਗਤੋ ਪ੍ਰਭ ਦੀ ਸਰਨ ਮੰਗੋ ਸਰਨਾ, ਦੂਸਰ ਓਟ ਨਾ ਕੋਇ ਰਖਾਈਆ । ਜੋ ਲਹਿਣਾ ਦੇਣਾ ਦਏ ਚੁਕਾ, ਜੁਗ ਚੌਕੜੀ ਪੰਧ ਮੁਕਾਈਆ । ਭਾਂਡਾ ਭਰਮ ਦਏ ਭਨਾ, ਭੇਵ ਅਭੇਦ ਆਪ ਖੁਲ੍ਹਾਈਆ । ਸਾਚਾ ਮਾਰਗ ਦਏ ਸਮਝਾ, ਸਮਝ ਸਮਝ ਵਿਚੋਂ ਬਦਲਾਈਆ । ਅਗੰਮੀ ਰਮਜ਼ ਦਏ ਲਗਾ, ਨਾਮ ਇਸ਼ਾਰਾ ਇਕ ਸਮਝਾਈਆ । ਪ੍ਰੇਮ ਦਾ ਰਸ ਦਏ ਚਖਾ, ਬਿਨ ਰਸਨਾ ਰਸ ਜਣਾਈਆ । ਤੁਹਾਡੀ ਬੇਨੰਤੀ ਕ਼ਬੂਲ ਕਰੇ ਦੁਆ, ਦੋ ਜਹਾਨਾਂ ਮਾਲਕ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਇਕੋ ਇਕ ਸਦਾ, ਸਦਕੇ ਵਾਰੀ ਜਿਸ ਤੋਂ ਸਾਰੇ ਘੋਲ ਘੁਮਾਈਆ ।

### ✪ ੨੪ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਸੁੰਦਰ ਸਿੰਘ ਦੇ ਗ੍ਰਿਹ ਪਿੰਡ ਫ਼ਿਰੋਜ਼ਸ਼ਾਹ ਜ਼ਿਲਾ ਫ਼ਿਰੋਜ਼ਪੁਰ ✪



ਧਰਨੀ ਕਹੇ ਪ੍ਰਭੂ ਦੀਨ ਦੁਨੀ ਉਠਾ ਦੇ ਸੁਤੀ, ਸੋਇਆ ਜਗਤ ਰਹਿਣ ਕੋਇ ਨਾ ਪਾਈਆ । ਮਿਹਰਵਾਨ ਹੋ ਕੇ ਧਰਮ ਧਾਰ ਸੁਹਾ ਦੇ ਰੁਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਭਾਗ ਲਗਾ ਦੇ ਕਾਇਆ ਪੰਜ ਤਤ ਬੁਤੀਂ, ਬੁਤਖ਼ਾਨਿਆਂ ਕਰ ਰੁਸ਼ਨਾਈਆ । ਦੀਨ ਦੁਨੀ ਮੇਰੇ ਉਤੇ ਰਹੇ ਕੋਈ ਨਾ ਦੁਖੀ, ਦੁਖੀਆਂ ਦਰਦ ਦੇਣਾ ਮਿਟਾਈਆ । ਮਾਨਵ ਜ਼ਾਤੀ ਕਰ ਸੁਖੀ, ਸੁਖ ਸਾਗਰਾਂ ਵਿਚੋਂ ਪਰਗਟਾਈਆ । ਪਿਆਰ ਬਣਾ ਦੇ ਮਾਨਸ ਮਾਨੁਖੀ, ਮਾਨਵ ਆਪਣੇ ਰੰਗ ਰੰਗਾਈਆ । ਭਾਗ ਲਗਾ ਦੇ ਕਾਇਆ ਕੁੱਖੀ, ਭਗਤ ਜਨਮ ਦੇਵੇ ਧਰਮ ਧਾਰ ਦੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਇਕੋ ਜਗਾ ਦੇ ਦੀਆ ਬਾਤੀ, ਜੋਤੀ ਜੋਤ ਕਰ ਰੁਸ਼ਨਾਈਆ । ਮਿਹਰਵਾਨ ਹੋ ਕਮਲਾਪਾਤੀ, ਪਤਿਪਰਮੇਸ਼ਵਰ ਦਇਆ ਕਮਾਈਆ । ਕਲਜੁਗ ਮੇਟ ਅੰਧੇਰੀ ਰਾਤੀ, ਸਤਿਜੁਗ ਸਚ ਚੰਦ ਚਮਕਾਈਆ । ਆਪਣਾ ਖੇਲ ਵਖਾ ਬਹੁਭਾਂਤੀ, ਬਿਧਾਤੇ ਆਪਣਾ ਭੇਵ ਚੁਕਾਈਆ । ਨਿਗਾਹ ਮਾਰ ਲੈ ਲੋਕਮਾਤੀ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਅੰਮ੍ਰਿਤ ਬੂੰਦ ਬਖ਼ਸ਼ ਦੇ ਸਵਾਂਤੀ, ਅੰਮਿਉਂ ਰਸ ਆਪ ਚੁਆਈਆ । ਮੇਰੀ ਕਲਜੁਗ ਅੰਤਮ ਪੁਛ ਵਾਤੀ, ਵਾਰਸ ਹੋ ਕੇ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਦੀਨ ਦੁਨੀ ਦਾ ਅੰਤਸ਼ਕਰਨ ਕਰ ਸ਼ੁੱਧ, ਪਵਿਤ੍ਰ ਤਨ ਵਜੂਦ ਕਰਾਈਆ । ਨਿਰਮਲ ਸਭ ਦੀ ਕਰਦੇ ਬੁਧਿ, ਕੂੜੀ ਕਿਰਿਆ ਬਾਹਰ ਕਢਾਈਆ । ਸਚ ਦੁਆਰਾ ਏਕੰਕਾਰਾ ਤੇਰਾ ਜਾਏ ਸੁਝ, ਦੂਸਰ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜ ਕੁੜਿਆਰਾ ਦੀਪਕ ਜਾਏ ਬੁਝ, ਸਤਿ ਸਚ ਜੋਤ ਕਰ ਰੁਸ਼ਨਾਈਆ । ਕਲਜੁਗ ਵਕ਼ਤ ਅੰਤਮ ਰਿਹਾ ਪੁਜ, ਪੂਜਣ ਯੋਗ ਤੇਰੀ ਸਰਨਾਈਆ । ਆਪਣਾ ਭੇਵ ਖੁਲ੍ਹਾ ਦੇ ਗੁਝ,

੧੦੬੮
੨੪

ਪਰਦਾ ਪਰਦਿਆਂ ਵਿਚੋਂ ਉਠਾਈਆ । ਮੈਂ ਰੋ ਪੁਕਾਰਾਂ ਨਿਮਾਣੀ ਬਸੁਧ, ਬੇਸੁਧਾ ਹੋ ਕੇ ਦਿਆਂ ਦੁਹਾਈਆ । ਮੇਰੇ ਉਤੇ ਤੇਰੇ ਹੁਕਮ ਦਾ ਹੋਣਾ ਯੁਧ, ਜਿਸ ਨੂੰ ਸਕੇ ਨਾ ਕੋਇ ਮਿਟਾਈਆ । ਤੂੰ ਆ ਕੇ ਵੇਖਣਾ ਖ਼ੁਦ, ਖ਼ੁਦ ਮਾਲਕ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਸਹਾਇਤਾ ਕਰੇ ਨਾ ਕੋਈ ਬਿਨ ਤੁਧ, ਤੁਧ ਬਿਨ ਸੰਗੀ ਨਜ਼ਰ ਕੋਇ ਨਾ ਆਈਆ ।

### ✪ ੨੪ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਸਾਧੂ ਸਿੰਘ ਦੇ ਗ੍ਰਹਿ ਪਿੰਡ ਬਸਤੀ ਤੇਗਾ ਸਿੰਘ ਵਾਲੀ ਜ਼ਿਲਾ ਫ਼ਿਰੋਜ਼ਪੁਰ ✪

ਧਰਨੀ ਕਹੇ ਚੌਦਾਂ ਲੋਕ ਮੇਰੇ ਬਣੇ ਹਾਮੀ, ਹਮਸਾਜਣ ਹੋ ਕੇ ਸੰਗ ਬਣਾਈਆ । ਚੌਦਾਂ ਤਬਕ ਮੇਰਾ ਸੁਣੇ ਪੈਗ਼ਾਮੀ, ਪੈਗ਼ੰਬਰਾਂ ਦੀ ਧਾਰ ਨਾਲ ਮਿਲਾਈਆ । ਬੇਅੰਤ ਕੰਤ ਭਗਵੰਤ ਲੇਖਾ ਵੇਖੇ ਦੋ ਜਹਾਨ ਤਮਾਮੀ, ਤਮਅ ਲਾਲਚ ਜਗਤ ਨਾ ਕੋਇ ਰਖਾਈਆ । ਮੇਰਾ ਘਰ ਮੰਦਰ ਵੇਖੋ ਮਿੱਟੀ ਖ਼ਾਕ ਗਰਾਮੀ, ਗ੍ਰਹਿ ਗ੍ਰਹਿ ਪਰਦਾ ਆਪ ਚੁਕਾਈਆ । ਮੇਰੇ ਚਾਰ ਕੁੰਟ ਹੋਈ ਅੰਧੇਰੀ ਸ਼ਾਮੀ, ਸ਼ਮਅ ਨੂਰ ਜੋਤ ਨਾ ਕੋਇ ਰੁਸ਼ਨਾਈਆ । ਮਾਣ ਰਿਹਾ ਨਾ ਕਿਸੇ ਕਲਮੇ ਨਾਮ ਕਲਾਮੀ, ਕਾਇਨਾਤ ਗਈ ਭੁਲਾਈਆ । ਤੂੰ ਸ਼ਾਹੋ ਭੂਪ ਨਿਰਗੁਣ ਧਾਰ ਆਦਿ ਜੁਗਾਦੀ ਅੰਤਰਜਾਮੀ, ਅੰਤਸ਼ਕਰਨ ਵੇਖਣਾ ਥਾਉਂ ਥਾਈਂਆ । ਮੈਂ ਨਿਵ ਨਿਵ ਸਯਦਿਆਂ ਵਿਚ ਦਿਆਂ ਸਲਾਮੀ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੇਰੇ ਉਤੇ ਨਾਤਾ ਜੋੜ ਦੇ ਬਾਹਮੀ, ਬ੍ਰਾਹਮਣ ਗੌੜੇ ਆਪਣਾ ਰੰਗ ਰੰਗਾਈਆ । ਮੇਰੀ ਮੁਸ਼ਕਲ ਕਰ ਆਸਾਨੀ, ਅਹਿਸਾਨ ਸਿਰ ਨਾ ਕੋਇ ਰਖਾਈਆ । ਤੂੰ ਮੇਰਾ ਸ਼ਾਹੋ ਭੂਪ ਸੁਲਤਾਨੀ, ਸ਼ਹਿਨਸ਼ਾਹ ਜਲਵਾਗਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਵਖਾ ਦੇ ਅਗੰਮੀ ਝਲਕ, ਝਾਕੀ ਦੀਨ ਦੁਨੀ ਬਦਲਾਈਆ । ਤੂੰ ਦੋ ਜਹਾਨਾਂ ਮਾਲਕ, ਮਿਹਰਵਾਨ ਇਕ ਅਖਵਾਈਆ । ਦੀਨ ਦੁਨੀ ਤੇਰਾ ਇਸ਼ਾਰਾ ਵੇਖੇ ਪਲਕ, ਪਲਕਾਂ ਦੇ ਓਹਲੇ ਪਰਦਾ ਦੇਣਾ ਉਠਾਈਆ । ਕੀ ਲਹਿਣਾ ਦੇਣਾ ਤੇਰਾ ਨਾਲ ਮੌਤ ਮਲਕ, ਸ਼ੰਕਰ ਰਾਏ ਧਰਮ ਕੀ ਸਮਝਾਈਆ । ਉਹ ਲੇਖਾ ਤਕ ਲੈ ਜੋ ਸੰਦੇਸ਼ਾ ਦਿਤਾ ਬਦੇਹੀ ਜਨਕ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਬੇਸ਼ਕ ਤੇਰਾ ਖੇਲ ਵਾਰ ਅਨਕ, ਅਨਕ ਕਲ ਧਾਰੀ ਤੇਰੀ ਬੇਪਰਵਾਹੀਆ । ਤੇਰਾ ਵਸੇਰਾ ਵਾਸੀ ਪੁਰੀ ਘਨਕ, ਘਨਈਆ ਤੇਰਾ ਢੋਲਾ ਗਾਈਆ । ਜੋਤੀ ਨੂਰ ਲਾ ਦੇ ਤਨਕ, ਜੋਤੀ ਜਾਤੇ ਹੋ ਸਹਾਈਆ । ਮੇਰਾ ਅੰਤਸ਼ਕਰਨ ਦਾ ਮੇਟ ਦੇ ਸ਼ੰਕ, ਸ਼ੰਕਾ ਕੂੜ ਦੇਣਾ ਮਿਟਾਈਆ । ਮੇਰਾ ਸੁਹਾ ਦੇ ਦੁਆਰ ਬੰਕ, ਬੰਕ ਦੁਆਰੀ ਆਉਣਾ ਚਾਈਂ ਚਾਈਂਆ । ਇਕੋ ਰੰਗ ਰੰਗਾ ਦੇ ਰਾਓ ਰੰਕ, ਊਚ ਨੀਚ ਨਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਆਪਣਾ ਖੇਲ ਦੱਸ ਦੇ ਗਹਿਰਾ, ਗਹਿਰ ਗੰਭੀਰ ਭੇਵ ਚੁਕਾਈਆ । ਜਗਤ ਜਹਾਨ ਰਹਿਣ ਦੇਵੀਂ ਕੋਈ ਨਾ ਬਹਿਰਾ, ਬੋਧ ਅਗਾਧ ਕਰ ਪੜ੍ਹਾਈਆ । ਕਲਜੁਗ ਕੂੜ ਦੀਨ ਦੁਨੀ ਬਦਲ ਦੇ ਲਹਿਰਾ, ਲਹਿਰ ਲਹਿਰ ਵਿਚੋਂ ਬਦਲਾਈਆ । ਤੇਰੇ ਨਾਮ ਦਾ ਇਕੋ ਹੋਵੇ ਮੁਸ਼ਾਹਿਰਾ,

੧੦੬੯
੨੪

ਹਿੰਦੂ ਮੁਸਲਿਮ ਸਿਖ ਈਸਾਈ ਸਾਰੇ ਢੋਲਾ ਗਾਈਆ । ਜੋਤੀ ਜਾਤੇ ਹੋ ਜ਼ਾਹਿਰਾ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਨੌ ਖੰਡ ਪ੍ਰਿਥਮੀ ਇਕੋ ਸਤਿਗੁਰ ਸ਼ਬਦ ਦਾ ਲਾ ਕੇ ਪਹਿਰਾ, ਦੂਸਰ ਸੰਗ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਸਮਝਾਈਆ । ਧਰਨੀ ਕਹੇ ਪ੍ਰਭੂ ਮੇਰੀ ਇਕੋ ਸੁਹਾ ਦੇ ਬਸਤੀ, ਦੂਸਰ ਨਜ਼ਰ ਕੋਇ ਨਾ ਆਈਆ । ਨਾਮ ਖ਼ੁਮਾਰੀ ਚਾੜ੍ਹ ਦੇ ਮਸਤੀ, ਮਸਤ ਮਸਤਾਨਾ ਰੂਪ ਵਖਾਈਆ । ਧਾਰ ਬਖ਼ਸ਼ ਦੇ ਆਪਣੇ ਰਸ ਦੀ, ਬਿਨ ਰਸਨਾ ਰਸ ਚਖਾਈਆ । ਸ੍ਰਿਸ਼ਟੀ ਵਣਜਾਰਨ ਹੋ ਜਾਏ ਤੇਰੇ ਜਸ ਦੀ, ਸਿਫ਼ਤ ਸਲਾਹੀ ਤੇਰੇ ਢੋਲੇ ਗਾਈਆ । ਕਲਜੁਗ ਰੈਣ ਅੰਧੇਰੀ ਮੇਟ ਦੇ ਮਸ ਦੀ, ਨੂਰੀ ਚੰਦ ਕਰੇ ਰੁਸ਼ਨਾਈਆ । ਮੈਂ ਖ਼ੁਸ਼ੀਆਂ ਵਿਚ ਫਿਰਾਂ ਨਸਦੀ, ਨਵ ਸੱਤ ਭੱਜਾਂ ਵਾਹੋ ਦਾਹੀਆ । ਅਵਤਾਰ ਪੈਗ਼ੰਬਰਾਂ ਗੁਰੂਆਂ ਫਿਰਾਂ ਦੱਸਦੀ, ਤੇਰਾ ਖ਼ੁਸ਼ੀਆਂ ਢੋਲਾ ਗਾਈਆ । ਤੂੰ ਖੇਲ ਵਖਾ ਦੇ ਆਪਣੀ ਪਰਤਖ ਦੀ, ਪਾਰਬ੍ਰਹਮ ਪ੍ਰਭ ਪਰਦਾ ਆਪ ਚੁਕਾਈਆ । ਸਤਿਜੁਗ ਧਾਰ ਚਲਾ ਦੇ ਧਰਮ ਧਾਰ ਦੇ ਰਥ ਦੀ, ਰਥਵਾਹੀ ਹੋ ਕੇ ਸੋਭਾ ਪਾਈਆ । ਮੈਂ ਯਾਰੜੇ ਤੇਰਾ ਸਥਰ ਘਤਦੀ, ਗੋਬਿੰਦ ਮੇਲਾ ਸਹਿਜ ਸੁਭਾਈਆ । ਦੀਨ ਦੁਨੀ ਵਣਜਾਰਨ ਹੋ ਜਾਏ ਗੁਰਮਤ ਦੀ, ਮਨ ਮਤਿ ਅੰਦਰੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਸਾ ਪੂਰ ਕਰਾਈਆ । ਝਟ ਨਾਰਦ ਕਹੇ ਧਰਨੀਏ ਤੂੰ ਕੀ ਮੰਗੇਂ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਤੇਰਾ ਕਿਹੜਾ ਸਾਚਾ ਸੰਗ, ਸੰਗੀ ਕਵਣ ਅਖਵਾਈਆ । ਉਠ ਵੇਖ ਲੈ ਸਤਿਗੁਰ ਸ਼ਬਦ ਦਾ ਅਗੰਮੀ ਤੁਰੰਗ, ਜੋ ਪਰਾ ਪਸੰਤੀ ਮਧਮ ਬੈਖਰੀ ਤੁਰੀਆ ਦੀ ਧਾਰ ਤੋਂ ਪਰੇ ਦ੍ਰਿੜਾਈਆ । ਦੋ ਜਹਾਨਾਂ ਪਾਰ ਲੰਘ, ਪੁਰੀਆਂ ਲੋਆਂ ਚਰਨਾਂ ਹੇਠ ਦਬਾਈਆ । ਨਾਲ ਨਾਮ ਨਿਧਾਨ ਵਜਾਏ ਮਰਦੰਗ, ਨਿਰਗੁਣ ਧਾਰ ਕਰੇ ਸ਼ਨਵਾਈਆ । ਜਿਸ ਨੂੰ ਕਹਿੰਦੇ ਸੂਰਾ ਸਰਬਗ, ਉਹ ਕਰਤਾ ਧੁਰਦਰਗਾਹੀਆ । ਜਿਸ ਨੇ ਅੰਤਮ ਲੇਖਾ ਮੁਕਾਉਣਾ ਜਮਨਾ ਸੁਰਸਤੀ ਗੋਦਾਵਰੀ ਗੰਗ, ਗੰਗੋਤਰੀ ਭੇਵ ਰਹੇ ਨਾ ਰਾਈਆ । ਉਸ ਦੇ ਕੋਲ ਅਨੋਖਾ ਨਿਰਾਲਾ ਢੰਗ, ਭੇਵ ਸਕੇ ਨਾ ਕੋਇ ਖੁਲ੍ਹਾਈਆ । ਉਹ ਸਾਹਿਬ ਸੁਲਤਾਨ ਸੂਰਾ ਸਰਬੰਗ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੇ ਹੁਕਮ ਨਾਲ ਤੇਰੇ ਓਤੇ ਹੋਣਾ ਜੰਗ, ਜੰਗਜੂ ਬਣੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਧਰਨੀਏ ਸੁਣ ਲੈ ਧੁਰ ਦਾ ਢੋਲ ਢਮੱਕਾ, ਢਈਆ ਗੋਬਿੰਦ ਵਾਲਾ ਨਾਲ ਮਿਲਾਈਆ । ਜਿਸ ਦਾ ਸਦੀ ਚੌਧਵੀਂ ਵਾਇਦਾ ਇਕ਼ਰਾਰ ਪੱਕਾ, ਸੰਗ ਮੁਹੰਮਦ ਚਾਰ ਯਾਰ ਦੇਣ ਗਵਾਹੀਆ । ਜੋ ਮੂਸਾ ਧਾਰ ਬਣਿਆ ਸਕਾ, ਸਗਲਾ ਸੰਗ ਰਖਾਈਆ । ਜਿਸ ਈਸਾ ਭੇਵ ਚੁਕਾਇਆ ਯਕਾ, ਵਾਹਿਦ ਇਕੋ ਨੂਰ ਅਲਾਹੀਆ । ਜਿਸ ਨੇ ਨਿਰਗੁਣ ਧਾਰ ਸਰਗੁਣ ਨਾਨਕ ਵਲ ਤਕਾ, ਗੋਬਿੰਦ ਪਰਦਾ ਆਪ ਉਠਾਈਆ । ਉਹਦਾ ਅੰਤਮ ਲੇਖਾ ਨਾਲ ਹੋਣਾ ਬੂਰਾ ਕੱਕਾ, ਕਾਇਨਾਤ ਹੁਕਮ ਵਰਤਾਈਆ । ਸ਼ਰਅ ਦਾ ਲੇਖ ਮੁਕਾਉਣਾ ਲੇਖਾ ਵੇਖੇ ਮਦੀਨਾ ਮੱਕਾ, ਕਾਅਬਾ ?ਇਸਮਾਈਲ? ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਧੁਰਦਰਗਾਹੀਆ । ਨਾਰਦ ਕਹੇ ਧਰਨੀਏ ਕੀ ਰੋ ਰੋ ਕਰੇਂ ਪੁਕਾਰਾ, ਉਚੀ ਕੂਕ ਕੂਕ ਸੁਣਾਈਆ । ਤੇਰੇ ਉਤੇ ਬਦਲਣ ਵਾਲੀਆਂ ਬਹਾਰਾਂ, ਪੱਤ ਟਹਿਣੀ ਰਹੇ ਕੁਮਲਾਈਆ । ਕਰੇ ਖੇਲ ਹਰਿ ਅਗੰਮ ਅਪਾਰਾ, ਅਪਰੰਪਰ ਆਪਣਾ ਹੁਕਮ ਵਰਤਾਈਆ । ਜਿਸ ਆਸ਼ਾ ਪੂਰੀ ਕਰਨੀ

ਤੇਈ ਅਵਤਾਰਾ, ਤ੍ਰੈਗੁਣ ਅਤੀਤਾ ਹੋਏ ਸਹਾਈਆ । ਪੈਗ਼ੰਬਰਾਂ ਵਾਅਦਾ ਜਾਣ ਕੌਲ ਇਕ਼ਰਾਰਾ, ਕਰਨੀ ਦਾ ਕਰਤਾ ਨੂਰ ਅਲਾਹੀਆ । ਜਿਸ ਗੁਰੂਆਂ ਲੇਖਾ ਪੂਰਾ ਕਰਨਾ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਉਹ ਜੋਤੀ ਜਾਤਾ ਪੁਰਖ ਬਿਧਾਤਾ ਹੋ ਉਜਿਆਰਾ, ਦੋ ਜਹਾਨ ਸ੍ਰੀ ਭਗਵਾਨ ਕਰੇ ਰੁਸ਼ਨਾਈਆ । ਏਕਾ ਸ਼ਬਦ ਨਾਦ ਵਜਾਏ ਨਗਾਰਾ, ਨਿਰਗੁਣ ਧਾਰ ਆਪ ਦ੍ਰਿੜਾਈਆ । ਤੇਰੇ ਉਤੇ ਨੌ ਖੰਡ ਪ੍ਰਿਥਮੀ ਸੱਤ ਦੀਪ ਸ਼ਬਦੀ ਧਾਰ ਹੋਵੇ ਘਲੂਘਾਰਾ, ਘਾਇਲ ਹੁੰਦੀ ਵੇਖਣੀ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਏਕੰਕਾਰਾ, ਅਕਲ ਕਲਧਾਰੀ ਆਪਣਾ ਹੁਕਮ ਵਰਤਾਈਆ ।

✪ ੨੫ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਰਾਮ ਸਿੰਘ ਦੇ ਗ੍ਰਹਿ
ਗਵਾਲ ਟੋਲੀ ਫ਼ਿਰੋਜ਼ਪੁਰ ਛਾਉਣੀ ✪

ਧਰਨੀ ਕਹੇ ਪ੍ਰਭ ਮੇਰੇ ਉਤੋਂ ਮੇਟ ਕੂੜ ਅੰਧੇਰਾ, ਅੰਧਆਤਮ ਪਰਮਾਤਮ ਦੇ ਮਿਟਾਈਆ । ਇਕੋ ਰੰਗ ਰੰਗਾ ਦੇ ਸੰਝ ਸਵੇਰਾ, ਸਤਿ ਸਚ ਮਿਲ ਕੇ ਵਜੇ ਵਧਾਈਆ । ਆਤਮ ਪਰਮਾਤਮ ਸਭ ਨੂੰ ਨਾਮ ਜਣਾ ਦੇ ਤੂੰ ਮੇਰਾ ਮੈਂ ਤੇਰਾ, ਦੂਜਾ ਰਾਗ ਨਾਦ ਨਾ ਕੋਇ ਦ੍ਰਿੜਾਈਆ । ਹਰ ਘਟ ਅੰਤਰ ਨਿਰੰਤਰ ਪ੍ਰੇਮ ਪ੍ਰੀਤੀ ਕਰ ਦੇ ਚਾਉ ਘਨੇਰਾ, ਚਾਰ ਕੁੰਟ ਦਹਿ ਦਿਸ਼ਾ ਆਪਣੀ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਮੇਰੇ ਭਗਵੰਤ, ਭਗਵਨ ਤੇਰੀ ਆਸ ਰਖਾਈਆ । ਨਾਮ ਨਿਧਾਨਾ ਬਖ਼ਸ਼ ਅਗੰਮਾ ਮੰਤ, ਮੰਤਵ ਸਭ ਦਾ ਹੱਲ ਕਰਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਲੇਖੇ ਲਾਉਣਾ ਜੀਵ ਜੰਤ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ । ਤੂੰ ਮਾਲਕ ਖ਼ਾਲਕ ਆਦਿ ਜੁਗਾਦਿ ਬੇਅੰਤ, ਪਰਵਰਦਿਗਾਰ ਸਾਂਝੇ ਯਾਰ ਤੇਰੇ ਹੱਥ ਵਡਿਆਈਆ । ਪੁਰਖ ਅਕਾਲੇ ਦੀਨ ਦਿਆਲੇ ਗੜ੍ਹ ਤੋੜ ਦੇ ਹਉਮੇ ਹੰਗਤ, ਹੰ ਬ੍ਰਹਮ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਪ੍ਰਭੂ ਮੇਰਾ ਅੰਤਸ਼ਕਰਨ ਕਰ ਪਵਿਤ, ਪਤਤ ਪੁਨੀਤ ਕਰ ਖ਼ਲਕ ਖ਼ੁਦਾਈਆ । ਜੋਤੀ ਜਾਤੇ ਸਭ ਦਾ ਬਣ ਮਿਤ, ਮਿਤਰ ਪਿਆਰੇ ਦਇਆ ਕਮਾਈਆ । ਮਾਨਵ ਜ਼ਾਤੀ ਕਰ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਤੇਰਾ ਲੇਖਾ ਵੇਖਾਂ ਨਿਤ ਨਵਿਤ, ਨਿਵ ਨਿਵ ਲਾਗਾਂ ਪਾਈਆ । ਤੂੰ ਆਦਿ ਜੁਗਾਦੀ ਮੇਰਾ ਪਿਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਮੇਰੀ ਸੁਹੰਜਣੀ ਲੋਕਮਾਤ ਕਰਦੇ ਥਿਤ, ਦਿਵਸ ਰੈਣ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਕਰ ਮਿਹਰਵਾਨੀ, ਮਿਹਰ ਨਜ਼ਰ ਨਜ਼ਰ ਟਿਕਾਈਆ । ਮੇਰਾ ਲੇਖਾ ਬਦਲ ਮਸਤਕ ਵਿਚ ਪੇਸ਼ਾਨੀ, ਪੇਸ਼ੀਨਗੋਈਆਂ ਪੂਰਬ ਨਾਲ ਮਿਲਾਈਆ । ਕਲਜੁਗ ਕੂੜੀ ਕਿਰਿਆ ਮੇਟ ਤੁਗ਼ਿਆਨੀ, ਨਵ ਸੱਤ ਰਹਿਣ ਨਾ ਪਾਈਆ ।

ਸਤਿ ਸਤਿਵਾਦੀ ਸਤਿ ਧਰਮ ਦੀ ਬਖ਼ਸ਼ ਨਿਸ਼ਾਨੀ, ਨਿਸ਼ਾਨਾ ਜਗਤ ਜਹਾਨ ਬਦਲਾਈਆ । ਸਭ ਦੀ ਮੰਜ਼ਲ ਇਕੋ ਹੋਵੇ ਰੁਹਾਨੀ, ਰੂਹ ਬੁਤ ਆਪਣਾ ਭੇਵ ਚੁਕਾਈਆ । ਤੂੰ ਜੋਤੀ ਜਾਤਾ ਪੁਰਖ ਬਿਧਾਤਾ ਨਾਮ ਦਾ ਦਾਤਾ ਦਾਨੀ, ਵਸਤ ਅਮੋਲਕ ਇਕ ਵਰਤਾਈਆ । ਚਾਰ ਜੁਗ ਤੋਂ ਵਖਰੀ ਬੋਧ ਅਗਾਧੇ ਆਪਣੀ ਦੱਸ ਦੇ ਬਾਣੀ, ਪਾਰਬ੍ਰਹਮ ਪ੍ਰਭ ਆਪਣਾ ਭੇਵ ਖੁਲ੍ਹਾਈਆ । ਜਲਵਾਗਰ ਨੂਰ ਬਖ਼ਸ਼ ਨੁਰਾਨੀ, ਦੋ ਜਹਾਨਾਂ ਕਰ ਰੁਸ਼ਨਾਈਆ । ਤੈਨੂੰ ਈਸਾ ਮੰਨਿਆ ਬਾਪ ਅਸਮਾਨੀ, ਮੂਸਾ ਮੂੰਹ ਦੇ ਭਾਰ ਧਿਆਨ ਲਗਾਈਆ । ਮੁਹੰਮਦ ਤੇਰੀ ਗਾਈ ਕਲਾਮੀ, ਕਾਇਨਾਤ ਸੁਣਾਈਆ । ਨਾਨਕ ਨਿਰਗੁਣ ਸਰਗੁਣ ਧਾਰ ਸ਼ਬਦ ਜਣਾਇਆ ਸਤਿਨਾਮੀ, ਸਤਿ ਸਤਿ ਤੇਰੀ ਬੇਪਰਵਾਹੀਆ । ਗੋਬਿੰਦ ਕਿਹਾ ਸ਼ਾਹੋ ਭੂਪ ਅਨਾਮੀ, ਸਚਖੰਡ ਵਾਸੀ ਇਕ ਅਖਵਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮੇਰੀ ਸ਼ਰਅ ਦੀ ਕਟ ਗ਼ੁਲਾਮੀ, ਜ਼ੰਜੀਰ ਰਹਿਣ ਕੋਇ ਨਾ ਪਾਈਆ । ਮਾਨਵ ਜਾਤੀ ਤਕ ਤਮਾਮੀ, ਤਮਅ ਲੋਭ ਕੂੜ ਹੰਕਾਰ ਵੇਖ ਵਖਾਈਆ । ਮੇਰੇ ਅੰਤਸ਼ਕਰਨ ਕਟ ਪਰੇਸ਼ਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਪ੍ਰਭ ਮੈਨੂੰ ਬਖ਼ਸ਼ ਦੇ ਇਕੋ ਸਤਿ, ਸਤਿ ਸਤਿਵਾਦੀ ਹੋ ਕੇ ਦਇਆ ਕਮਾਈਆ । ਮਾਨਵ ਜ਼ਾਤੀ ਕੂੜ ਕਿਰਿਆ ਵਿਚ ਨਾ ਉਬਲੇ ਰਤ, ਰਤਨ ਅਮੋਲਕ ਹੀਰੇ ਦੇ ਬਣਾਈਆ । ਹਰ ਹਿਰਦੇ ਬਖ਼ਸ਼ ਦੇ ਬ੍ਰਹਮਮਤ, ਪਾਰਬ੍ਰਹਮ ਪ੍ਰਭ ਆਪਣਾ ਭੇਵ ਖੁਲ੍ਹਾਈਆ । ਆਤਮ ਪਰਮਾਤਮ ਜੋਤੀ ਧਾਰ ਜੋੜ ਦੇ ਨਤ, ਪਾਰਬ੍ਰਹਮ ਬ੍ਰਹਮ ਮਿਲ ਕੇ ਵਜੇ ਵਧਾਈਆ । ਸਚ
੧੦੭੧ ਦੁਆਰ ਏਕੰਕਾਰ ਵਾਸਤਾ ਰਹੀ ਘਤ, ਨਿਵ ਨਿਵ ਲਾਗਾਂ ਪਾਈਆ । ਤੂੰ ਸਰਬ ਕਲਾ ਸਮਰਥ, ਸਮਰਥ ਪੁਰਖ ਤੇਰੇ ਹੱਥ ਵਡਿਆਈਆ । ਜੋਤੀ ੧੦੭੧
੨੪ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਬਖ਼ਸ਼ ਦੇ ਇਕੋ ੨੪
ਧਰਮ, ਧਰਮ ਧਾਰ ਇਕ ਪਰਗਟਾਈਆ । ਸਤਿਜੁਗ ਸਾਚੇ ਦੇ ਦੇ ਜਰਮ, ਕਲਜੁਗ ਜਨਮ ਜਨਮ ਵਿਚੋਂ ਬਦਲਾਈਆ । ਦੀਨ ਦੁਨੀ ਦੇ ਅੰਦਰੋਂ ਕਢ ਦੇ ਭਰਮ, ਭਾਂਡਾ ਭਰਮ ਭਉ ਭੰਨਾਈਆ । ਝਗੜਾ ਮੇਟ ਦੇ ਜ਼ਾਤ ਪਾਤ ਵਰਨ ਬਰਨ, ਭੇਵ ਅਭੇਦਾ ਆਪ ਖੁਲ੍ਹਾਈਆ । ਇਕੋ ਸਤਿ ਸਤਿਵਾਦੀ ਤੇਰੀ ਹੋਵੇ ਸਰਨ, ਦੂਜਾ ਇਸ਼ਟ ਨਾ ਕੋਇ ਰਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਨੇਤਰ ਖੋਲ੍ਹ ਦੇ ਹਰਨ ਫਰਨ, ਨਿਜ ਲੋਚਨ ਨੈਣ ਕਰ ਰੁਸ਼ਨਾਈਆ । ਆਤਮ ਪਰਮਾਤਮ ਤੇਰਾ ਢੋਲਾ ਸਾਰੇ ਪੜ੍ਹਨ, ਤੂੰ ਮੇਰਾ ਮੈਂ ਤੇਰਾ ਵਜਦੀ ਰਹੇ ਵਧਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਘਾੜਨ ਘੜਨ, ਸਮਰਥ ਪੁਰਖ ਇਕ ਅਖਵਾਈਆ । ਲਹਿਣਾ ਦੇਣਾ ਏਕੰਕਾਰ ਵਿਚ ਸੰਸਾਰ ਮੇਟ ਦੇ ਸੀਸ ਧੜਨ, ਪੰਜ ਤਤ ਇਕੋ ਰੰਗ ਰੰਗਾਈਆ । ਮਾਨਵ ਜ਼ਾਤੀ ਆਪ ਬਨ੍ਹਾ ਲੈ ਆਪਣੇ ਲੜਨ, ਪੱਲੂ ਗੰਢ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਆਦਿ ਜੁਗਾਦੀ ਕਰਨੀ ਕਰਨ, ਕਰਨੀ ਦਾ ਕਰਤਾ ਇਕ ਅਖਵਾਈਆ ।

### ੨੫ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਗੁਰਚਰਨ ਕੌਰ ਦੇ ਗ੍ਰਿਹ ਹੀਰਾ ਮੰਡੀ ਗੇਟ ਫ਼ਿਰੋਜ਼ਪੁਰ ਸ਼ਹਿਰ

ਨਾਰਦ ਕਹੇ ਧਰਨੀਏ ਮੈਂ ਸਚਖੰਡ ਦੁਆਰਿਉਂ ਆਇਆ, ਬਿਨ ਕ਼ਦਮਾਂ ਆਪਣਾ ਕ਼ਦਮ ਉਠਾਈਆ । ਸਤਿਗੁਰ ਸ਼ਬਦ ਦਰਗਾਹ ਸਾਚੀ ਮੁਕ਼ਾਮੇ ਹਕ ਇਕ ਹੁਕਮ ਜਣਾਇਆ, ਨਿਰਅੱਖਰਾਂ ਨਿਰਅੱਖਰ ਧਾਰ ਸੁਣਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਇਕੋ ਰਾਗ ਦ੍ਰਿੜਾਇਆ, ਬਿਨ ਜਗਤ ਵਿਦਿਆ ਨਾਮ ਕਲਮਿਆਂ ਬਾਹਰ ਸੁਣਾਈਆ । ਖ਼ੁਸ਼ੀਆਂ ਨਾਲ ਵਿਸ਼ਨ ਬ੍ਰਹਮਾ ਸ਼ਿਵ ਭੇਵ ਖੁਲ੍ਹਾਇਆ, ਭੇਵ ਅਭੇਦਾ ਦਿਤਾ ਸਮਝਾਈਆ । ਫਿਰ ਸਤਿਜੁਗ ਤ੍ਰੇਤਾ ਦੁਆਪਰ ਨਿਉਂ ਨਿਉਂ ਸੀਸ ਝੁਕਾਇਆ, ਨਿਰਮਾਣਤਾ ਵਿਚ ਰਹੇ ਦ੍ਰਿੜਾਈਆ । ਨਾਰਦਾ ਜੇ ਧਰਨੀ ਧਰਤ ਧਵਲ ਧੌਲ ਉਤੇ ਜਾਣਾ ਖੇਲ ਵੇਖਣਾ ਬੇਪਰਵਾਹਿਆ, ਬੇਪਰਵਾਹ ਕੀ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਝਟ ਮੈਨੂੰ ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਪਿਛਲਾ ਚੇਤਾ ਆਇਆ, ਚੇਤਨ ਹੋ ਕੇ ਦਿਤਾ ਸੁਣਾਈਆ । ਮੇਰਾ ਪੁਰਖ ਅਕਾਲਾ ਦੀਨ ਦਿਆਲਾ ਲਹਿਣਾ ਦੇਣਾ ਜਾਣੇ ਸਰਬ ਸਬਾਇਆ, ਬਚਿਆ ਰਹਿਣ ਕੋਇ ਨਾ ਪਾਈਆ । ਝਟ ਮੈਂ ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਬਿਨ ਸੀਸ ਸੀਸ ਝੁਕਾਇਆ, ਬਿਨ ਹੱਥਾਂ ਧੂੜੀ ਖ਼ਾਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਧੁਰਦਰਗਾਹੀਆ । ਨਾਰਦ ਕਹੇ ਧਰਨੀਏ ਮੈਂ ਦੂਰ ਦੁਰਾਡਾ ਆਇਆ ਨਠ, ਬਣ ਪਾਂਧੀ ਪੰਧ ਮੁਕਾਈਆ । ਮੇਰੇ ਅੰਤਸ਼ਕਰਨ ਸਤਿਗੁਰ ਸ਼ਬਦ ਨੇ ਦਿਤਾ ਹਠ, ਧੀਰਜ ਧੀਰ ਧਰਮ ਧਾਰ ਦ੍ਰਿੜਾਈਆ । ਮੈਂ ਤੇਰੇ ਉਤੇ ਤਕ ਕੇ ਆਇਆ ਤੀਰਥ ਅਠਸਠ, ਜਲ ਧਾਰਾ ਅੰਤਰ ਨਿਰੰਤਰ ਧਿਆਨ ਲਗਾਈਆ । ਮੈਂ ਫਿਰ ਕੇ ਆਇਆ ਮੰਦਰ ਮਸਜਿਦ ਸ਼ਿਵਦਵਾਲੇ ਮਠ, ਗੁਰੂਦੁਆਰੇ ਚਰਚਾਂ ਚਰਾਗਾਹਾਂ ਫੋਲ ਫੁਲਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਸਤਿ ਧਰਮ ਦਾ ਦਿਸਿਆ ਨਾ ਕਿਤੇ ਇਕੱਠ, ਦੀਨ ਮਜ਼੍ਹਬ ਪ੍ਰੇਮ ਪ੍ਰੀਤੀ ਵਿਚ ਨਾ ਕੋਇ ਸਮਾਈਆ । ਧਰਮ ਦਾ ਬੁਰਜ ਤੇਰੇ ਉਤੋਂ ਗਿਆ ਢਠ, ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜ ਕੁੜਿਆਰਾ ਅਗਨੀ ਲਾਈ ਫਿਰੇ ਭਠਿਆਲਾ ਭਠ, ਸਾਂਤਕ ਸਤਿ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਕੀ ਵਰਤਾਈਆ । ਨਾਰਦ ਕਹੇ ਧਰਨੀਏ ਮੈਂ ਸਚਖੰਡ ਦਵਾਰਿਉਂ ਆਇਆ ਦੌੜਾ, ਦੋ ਜਹਾਨ ਨੌਜਵਾਨ ਮਰਦ ਮਰਦਾਨ ਹੋ ਕੇ ਪੰਧ ਮੁਕਾਈਆ । ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਮੈਂ ਪੰਧ ਮੁਕਾ ਕੇ ਆਇਆ ਸੌੜਾ, ਭੀੜੀ ਗਲੀ ਭੱਜਿਆ ਵਾਹੋ ਦਾਹੀਆ । ਜਾਂ ਤੇਰੇ ਉਤੇ ਨਿਗਾਹ ਮਾਰੀ ਜੀਵ ਜਹਾਨ ਜਗਤ ਹੋਇਆ ਕੌੜਾ, ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਰਸ ਨਾ ਕੋਇ ਟਪਕਾਈਆ । ਝਟ ਮੈਨੂੰ ਹੁਕਮ ਸੰਦੇਸ਼ਾ ਦਿਤਾ ਜੋਤੀ ਜਾਤੇ ਪੁਰਖ ਬਿਧਾਤੇ ਕੀ ਖੇਲ ਕਰੇ ਬ੍ਰਹਮਣ ਗੌੜਾ, ਗੋਬਿੰਦ ਧਾਰ ਏਕੰਕਾਰ ਆਪਣੀ ਕਲ ਵਰਤਾਈਆ । ਫੇਰ ਨਿਗਾਹ ਮਾਰੀ ਮੈਨੂੰ ਸੱਸੇ ਉਪਰ ਨਜ਼ਰ ਆਇਆ ਹੋੜਾ, ਸੋ ਪੁਰਖ ਨਿਰੰਜਣ ਆਪਣਾ ਭੇਵ ਚੁਕਾਈਆ । ਹੰ ਬ੍ਰਹਮ ਆਤਮ ਪਰਮਾਤਮ ਧਾਰ ਕਿਸ ਬਿਧ ਹੋਵੇ ਜੋੜਾ, ਹਾਹੇ ਟਿੱਪੀ ਭਗਤ ਭਗਵਾਨ ਮਿਲ ਕੇ ਵਜੇ ਵਧਾਈਆ । ਝਟ ਅਗੰਮੀ ਧਾਰ ਵਿਚ ਮੈਂ ਸ਼ਬਦੀ ਸੁਣਾਇਆ ਇਕੋ ਦੋਹਰਾ, ਦੋ ਜਹਾਨਾਂ ਸ੍ਰੀ ਭਗਵਾਨਾ ਆਪ ਸੁਣਾਈਆ । ਜਾਂ ਨਿਗਾਹ ਮਾਰੀ ਜੋਤੀ ਜਾਤਾ ਪੁਰਖ ਬਿਧਾਤਾ ਮੈਨੂੰ ਨਜ਼ਰੀ ਆਇਆ ਇਕੋ ਬਾਂਕਾ ਸ਼ੌਹਰਾ, ਸ਼ੌਹਰ ਜਿਸ ਨੂੰ ਕਹਿ ਕੇ ਸਾਰੇ ਸੀਸ ਨਿਵਾਈਆ । ਫੇਰ ਕੀ ਤੱਕਿਆ ਨੌ ਖੰਡ ਪ੍ਰਿਥਮੀ ਦਿਸੇ ਅੰਧ ਘੋਰਾ, ਅੰਧ ਅਗਿਆਨ ਸਕੇ ਨਾ ਕੋਇ ਮਿਟਾਈਆ ।

ਕਲਜੁਗ ਜੀਵਾਂ ਜਗਤ ਜਗਿਆਸੂਆਂ ਮਨ ਕਲਪਣਾ ਹੋ ਗਈ ਵਾਂਗ ਚੋਰਾ, ਸਤਿ ਸਤਿ ਵਿਚ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਨਾਰਦ ਕਹੇ ਧਰਨੀਏ ਮੈਂ ਆ ਕੇ ਤੇਰੇ ਉਤੇ ਤਕਿਆ ਕੀ, ਕਾਮਲ ਮੁਰਸ਼ਦ ਕੀ ਵਖਾਈਆ । ਪਵਿਤ੍ਰ ਰਿਹਾ ਕੋਈ ਨਾ ਜੀ, ਜੀਵਣ ਜੁਗਤੀ ਸਾਰੇ ਗਏ ਭੁਲਾਈਆ । ਪਿਆਰ ਰਿਹਾ ਕਿਸੇ ਨਾ ਪੁਤਰ ਧੀ, ਪੂਤ ਗੋਦ ਨਾ ਕੋਇ ਸੁਹਾਈਆ । ਅੰਤ ਵਾਸਾ ਦਿਸਦਾ ਸਭ ਦਾ ਸਾਢੇ ਤਿੰਨ ਹੱਥ ਸੀਂ, ਰਵੀਦਾਸ ਚਮਾਰਾ ਦਏ ਗਵਾਹੀਆ । ਧਰਮ ਧਾਰ ਦਾ ਬੀਜੇ ਕੋਈ ਨਾ ਬੀ, ਪੱਤ ਟਹਿਣੀ ਫਲ ਫੁਲ ਨਜ਼ਰ ਕੋਇ ਨਾ ਆਈਆ । ਉਹ ਲੇਖਾ ਪੂਰਾ ਹੋਣਾ ਜੋ ਗੁਰਦਾਸ ਨੇ ਕਿਹਾ ਵੀਹ ਇਕੀਹ, ਬੀਸ ਇਕੀਸਾ ਹਰਿ ਜਗਦੀਸਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਪਰਦਾ ਆਪ ਉਠਾਈਆ । ਨਾਰਦ ਕਹੇ ਧਰਨੀਏ ਮੈਂ ਤੇਰੇ ਉਤੇ ਧਰਮ ਧਾਰ ਕੋਈ ਨਾ ਤਕਿਆ, ਤਕਵਾ ਹਕ ਨਾ ਕੋਇ ਰਖਾਈਆ । ਸਾਜਣ ਮੀਤ ਦਿਸੇ ਕੋਈ ਨਾ ਸਕਿਆ, ਸਗਲਾ ਸੰਗ ਨਾ ਕੋਇ ਨਿਭਾਈਆ । ਨਿਗਾਹ ਮਾਰੀ ਮਦੀਨਾ ਮਕਿਆ, ਕਾਅਬਿਆਂ ਫੋਲ ਫੁਲਾਈਆ । ਝਗੜਾ ਵੇਖਿਆ ਬੂਰੇ ਕੱਕਿਆ, ਈਸਾ ਇਸਮ ਆਪਣੇ ਵਿਚ ਜਣਾਈਆ । ਸਤਿ ਪਿਆਰ ਰਿਹਾ ਨਾ ਜਿਨ੍ਹਾਂ ਗੋਬਿੰਦ ਅੰਮ੍ਰਿਤ ਛਕਿਆ, ਪ੍ਰੀਤੀ ਵਿਚ ਨਾ ਕੋਇ ਸਮਾਈਆ । ਕਲਜੁਗ ਕੂੜ ਕੁੜਿਆਰਾ ਆਪਣਾ ਖੇਲ ਕਰੇ ਜਗਤ ਹੱਥੋ ਹੱਥਿਆ, ਲਹਿਣਾ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ

੧੦੭੩ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਨਾਰਦਾ ਜੇ ਤੂੰ ਆਇਉਂ ਦੂਰ ੧੦੭੩

੨੪ ਦੁਰਾਡਾ, ਨਿਰਗੁਣ ਹੋ ਕੇ ਪੰਧ ਮੁਕਾਈਆ । ਨਿਗਾਹ ਮਾਰ ਲੈ ਦੀਨ ਦੁਨੀ ਪੰਜ ਤਤ ਨਾੜੀ ਮਾਸ ਹਾਡਾ, ਤਨ ਵਜੂਦਾਂ ਫੋਲ ਫੁਲਾਈਆ । ਹੁਣ ੨੪

ਭਰਮ ਭੁਲੇਖਾ ਕਾਹਦਾ, ਭਾਂਡਾ ਭਰਮ ਦੇਣਾ ਭੰਨਾਈਆ । ਸਤਿ ਸਚ ਦਾ ਸੁਣੇ ਕੋਇ ਨਾ ਨਾਦਾ, ਧੁਨ ਆਤਮਕ ਰਾਗ ਨਾ ਕੋਇ ਦ੍ਰਿੜਾਈਆ । ਸ਼ਬਦ ਸੁਣੇ ਨਾ ਕੋਇ ਬੋਧ ਅਗਾਧਾ, ਬੁੱਧੀ ਵਿਚ ਜੀਵ ਜੰਤ ਭੱਜਣ ਵਾਹੋ ਦਾਹੀਆ । ਕੀ ਮੇਰੇ ਉਤੇ ਖੇਲ ਵਰਤੇ ਪੁਰਖ ਪੁਰਖੋਤਮ ਮੋਹਣ ਮਾਧਵ ਮਾਧਾ, ਮਾਲਕ ਖ਼ਾਲਕ ਕੀ ਆਪਣੀ ਕਾਰ ਕਮਾਈਆ । ਉਹ ਵਕਤ ਯਾਦ ਕਰ ਲੈ ਜੋ ਸੰਦੇਸ਼ਾ ਦੇ ਕੇ ਗਿਆ ਕ੍ਰਿਸ਼ਨ ਰਾਧਾ, ਰਾਧਕਾ ਕਹਿ ਕੇ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਬੇਸ਼ਕ ਤੂੰ ਪ੍ਰਭ ਤੋਂ ਮੰਗਾਂ ਮੰਗੀਆਂ, ਮਾਂਗਤ ਹੋ ਕੇ ਝੋਲੀ ਡਾਹੀਆ । ਤੇਰੇ ਉਤੇ ਕੇਤੇ ਜੁਗ ਚੌਕੜੀਆਂ ਲੰਘੀਆਂ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜੇ ਵਾਹੋ ਦਾਹੀਆ । ਕਿਤਨੇ ਅਵਤਾਰ ਪੈਗ਼ੰਬਰ ਗੁਰੂ ਬਣਾਏ ਸੰਗੀਆ, ਤਨ ਵਜੂਦਾਂ ਵੇਖ ਵਖਾਈਆ । ਕਿਤਨੀਆਂ ਕਥਾਂ ਕਹਾਣੀਆਂ ਸੁਣੀਆਂ ਚੰਗੀਆਂ, ਚਾਰ ਜੁਗ ਦੇ ਸ਼ਾਸਤਰ ਰਹੇ ਦ੍ਰਿੜਾਈਆ । ਹੁਣ ਨਿਗਾਹ ਮਾਰ ਲੈ ਪਰਕਿਰਤੀ ਪੰਝੀਆਂ, ਰਜੋ ਤਮੋ ਸਤੋ ਵੇਖ ਵਖਾਈਆ । ਤੇਰੇ ਉਤੇ ਕਿਸੇ ਨੂੰ ਪਤਾ ਨਹੀਂ ਕਿਤਨੀਆਂ ਧਾਰਾਂ ਮੰਦੀਆਂ ਚੰਗੀਆਂ, ਗਿਣਤੀ ਗਣਤ ਨਾ ਕੋਇ ਗਿਣਾਈਆ । ਜਗਤ ਜਗਿਆਸੂਆਂ ਨੇਤਰ ਅੱਖੀਆਂ ਹੋਈਆਂ ਅੰਧੀਆਂ, ਨਿਜ ਨੇਤਰ ਲੋਚਨ ਨੈਣ ਨਾ ਕੋਇ ਖੁਲ੍ਹਾਈਆ । ਅੰਤਰ ਨਿਰੰਤਰ ਮੰਜ਼ਲਾਂ ਮੁਕ ਨਾ ਜਾਵਣ ਪੰਧੀਆਂ, ਨੌਂ ਦੁਆਰੇ ਡੇਰਾ ਕੋਇ ਨਾ ਢਾਹੀਆ । ਤੂੰ ਮੇਰਾ ਮੈਂ ਤੇਰਾ ਸੁਣੇ ਕੋਇ ਨਾ ਛੰਦੀਆਂ, ਅਨਹਦ ਨਾਦੀ ਰਾਗ ਨਾ ਕੋਇ ਸ਼ਨਵਾਈਆ । ਓਹ ਵੇਖ ਲੈ ਮੇਰੇ

ਕੋਲ ਜੁਗ ਚੌਕੜੀ ਪੁਰਾਣੀਆਂ ਸੰਧੀਆਂ, ਜਿਸ ਦੀ ਜਗਤ ਵਿਦਿਆ ਸਾਰ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਤਾ ਪੁਰਖ ਬਿਧਾਤਾ ਸ਼ਾਹ ਪਾਤਸ਼ਾਹ ਸੂਰਾ ਸਰਬੰਗੀਆ, ਕਰਨੀ ਦਾ ਕਰਤਾ ਇਕ ਅਖਵਾਈਆ ।

### ੨੫ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਸਰਦੂਲ ਸਿੰਘ ਦੇ ਗ੍ਰਿਹ ਫ਼ਿਰੋਜ਼ਪੁਰ ਛਾਉਣੀ

ਧਰਨੀ ਕਹੇ ਪ੍ਰਭੂ ਦੀਨ ਦੁਨੀ ਦੀ ਪਵਿਤ੍ਰ ਕਰ ਬੁਧਿ, ਪਤਤ ਪੁਨੀਤ ਆਪਣੇ ਰੰਗ ਰੰਗਾਈਆ । ਮਨ ਕਲਪਨਾ ਕੂੜੀ ਕਿਰਿਆ ਕਰ ਸ਼ੁੱਧ, ਹਉਮੇ ਹੰਗਤਾ ਗੜ੍ਹ ਤੁੜਾਈਆ । ਪੰਚ ਵਿਕਾਰ ਏਕੰਕਾਰ ਘਰ ਘਰ ਕਰੇ ਨਾ ਯੁਧ, ਤਨ ਵਜੂਦ ਹਕ ਮਹਿਬੂਬ ਆਪਣਾ ਭੇਵ ਖੁਲ੍ਹਾਈਆ । ਮੈਂ ਰੋ ਰੋ ਪੁਕਾਰਾਂ ਧਰਤ ਨਿਮਾਣੀ ਬਸੁਧ, ਬੇਸੁਧ ਹੋ ਕੇ ਤੇਰੇ ਅਗੇ ਵਾਸਤਾ ਪਾਈਆ । ਮੇਰੇ ਉਤੋਂ ਕਲਜੁਗ ਕੂੜ ਕੁੜਿਆਰਾ ਮੇਟ ਦੇ ਜੁਗ, ਸਤਿਜੁਗ ਸਤਿ ਧਰਮ ਧਰਮ ਪਰਗਟਾਈਆ । ਏਸ ਦੀ ਅੰਤ ਅਖ਼ੀਰ ਬੇਨਜ਼ੀਰ ਔਧ ਗਈ ਪੁਗ, ਪੂਜਣਯੋਗ ਤੇਰੇ ਅਗੇ ਵਾਸਤਾ ਪਾਈਆ । ਸਚ ਦੁਆਰ ਸਰਬ ਸੰਸਾਰ ਤੇਰਾ ਏਕਾ ਜਾਏ ਸੁਝ, ਆਤਮ ਪਰਮਾਤਮ ਮੇਲ ਮੇਲਣਾ ਚਾਈਂ ਚਾਈਆ । ਦੋ ਜਹਾਨਾਂ ਨੌਜਵਾਨਾ ਸ੍ਰੀ ਭਗਵਾਨਾ ਆਪਣਾ ਭੇਵ ਖੋਲ੍ਹ
੧੦੭੪ ਦੇ ਗੁਝ, ਪਰਦਾ ਉਹਲਾ ਤਨ ਵਜੂਦ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ੧੦੭੪
੨੪ ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਧਰਮ ਧਾਰ ਦਾ ਚਾੜ੍ਹ ਦੇ ਰੰਗ, ਰੰਗਤ ਕਲਜੁਗ ਕਿਰਿਆ ਕੂੜ ਮਿਟਾਈਆ । ੨੪
ਜੋ ਸੰਦੇਸ਼ਾ ਦੇ ਕੇ ਗਿਆ ਸਾਧੂ ਸਰਬੰਗ, ਸਰਬ ਦੇ ਮਾਲਕ ਦੇਣੀ ਮਾਣ ਵਡਿਆਈਆ । ਜੋ ਗੁਰ ਅਵਤਾਰ ਪੈਗ਼ੰਬਰਾਂ ਤੇਰਾ ਭੇਵ ਖੁਲ੍ਹਾਇਆ ਭੁਜੰਗ, ਭੁਜੰਗੀਆਂ ਲਹਿਣੇ ਦੇਣੇ ਪੂਰ ਕਰਾਈਆ । ਮੇਰੇ ਉਤੋਂ ਕਲਜੁਗ ਅੰਧ ਅੰਧੇਰਾ ਮੇਟ ਦੇ ਅੰਧ, ਸਤਿ ਸਚ ਕਰ ਰੁਸ਼ਨਾਈਆ । ਸਤਿਜੁਗ ਸਚ ਚਾੜ੍ਹ ਦੇ ਚੰਦ, ਜੋਤੀ ਜਾਤੇ ਕਰ ਰੁਸ਼ਨਾਈਆ । ਕੂੜੀ ਕਿਰਿਆ ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਕਢ ਦੇ ਗੰਦ, ਮਨਸਾ ਮਨ ਹੋਏ ਨਾ ਕੋਇ ਹਲਕਾਈਆ । ਹਰ ਘਟ ਅੰਦਰ ਜਗਤ ਦੁਆਰ ਵੇਖਣਾ ਲੰਘ, ਜੋਤੀ ਜਾਤੇ ਪੁਰਖ ਬਿਧਾਤੇ ਪੰਧ ਮੁਕਾਉਣਾ ਚਾਈਂ ਚਾਈਆ । ਮਿਹਰਵਾਨ ਹੋ ਕੇ ਆਤਮ ਧਾਰ ਪਰਮਾਤਮ ਆਪਣੇ ਲਾ ਲੈ ਅੰਗ, ਅੰਗੀਕਾਰ ਇਕ ਵਖਾਈਆ । ਅੰਮ੍ਰਿਤ ਸੋਮਾ ਨਿਝਰ ਧਾਰ ਵਹਾ ਦੇ ਗੰਗ, ਬੂੰਦ ਸਵਾਂਤੀ ਨਾਭ ਕਵਲ ਟਪਕਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਤੂੰ ਮੇਰਾ ਮੈਂ ਤੇਰਾ ਦੀਨ ਦੁਨੀ ਗਾਏ ਛੰਦ, ਸੋਹਲਾ ਢੋਲਾ ਇਕ ਸਮਝਾਈਆ । ਮੇਰਾ ਖ਼ੁਸ਼ੀ ਕਰ ਦੇ ਬੰਦ ਬੰਦ, ਬੰਦਗੀ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਸਤਿਜੁਗ ਕਰ ਪ੍ਰਕਾਸ਼, ਪ੍ਰਕਾਸ਼ ਹੋਵੇ ਖ਼ਲਕ ਖ਼ੁਦਾਈਆ । ਤੂੰ ਮਾਲਕ ਖ਼ਾਲਕ ਮੇਰਾ ਇਕ ਅਬਿਨਾਸ਼, ਅਬਿਨਾਸ਼ੀ ਕਰਤਾ ਨੂਰ ਅਲਾਹੀਆ । ਧਰਮ ਦੀ ਧਾਰ ਮੇਰੇ ਉਤੇ ਪੁਆ ਦੇ ਰਾਸ, ਆਤਮ ਪਰਮਾਤਮ ਗੋਪੀ ਕਾਹਨ ਮਿਲ ਕੇ ਵਜੇ ਵਧਾਈਆ । ਮੇਰਾ ਅੰਤਸ਼ਕਰਨ ਨਾ ਰਹੇ ਉਦਾਸ, ਚਿੰਤਾ ਗ਼ਮੀ ਗ਼ਮਖ਼ਾਰ ਦੇਣੀ ਮਿਟਾਈਆ । ਨਾਮ ਜਪਾਉਣਾ ਆਪਣਾ ਸਵਾਸ ਸਵਾਸ, ਸਾਹ ਸਾਹ ਆਪਣੀ ਧਾਰ ਪਰਗਟਾਈਆ ।

ਮੇਰਾ ਲਹਿਣਾ ਦੇਣਾ ਲੇਖਾ ਪੂਰਾ ਕਰ ਦੇ ਮਾਲਕ ਪ੍ਰਿਥਮੀ ਅਕਾਸ਼, ਸਚਖੰਡ ਨਿਵਾਸੀ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਸਤਿਜੁਗ ਮੇਰੇ ਉਤੇ ਹੋਵੇ ਪਰਗਟ, ਪਰਗਣਾ ਮੇਰਾ ਦੇ ਸੁਹਾਈਆ । ਪਰਕਾਸ਼ ਕਰ ਦੇ ਤਨ ਵਜੂਦ ਹਰ ਘਟ, ਮਾਨਸ ਮਾਨਵ ਮਾਨੁਖ ਆਪਣਾ ਭੇਵ ਚੁਕਾਈਆ । ਤੇਰਾ ਨੂਰ ਜ਼ਹੂਰ ਦਿਸੇ ਲਟ ਲਟ, ਜੋਤੀ ਜਾਤੇ ਪੁਰਖ ਬਿਧਾਤੇ ਏਕਾ ਨੂਰ ਦੇਣਾ ਚਮਕਾਈਆ । ਦੀਨ ਮਜ਼੍ਹਬ ਜ਼ਾਤ ਪਾਤ ਮੇਰੇ ਉਤੇ ਰਹੇ ਨਾ ਵੱਟ, ਮਾਨਵ ਜ਼ਾਤੀ ਏਕਾ ਰੰਗ ਰੰਗਾਈਆ । ਸ਼ਰਅ ਸ਼ਰੀਅਤ ਜਗਤ ਧਾਰ ਦੀ ਡੋਰੀ ਕਟ, ਕਟਾਕਸ਼ ਆਪਣਾ ਨਾਮ ਲਗਾਈਆ । ਸਤਿ ਧਰਮ ਦਾ ਖੋਲ੍ਹ ਦੇ ਹੱਟ, ਸ਼ੱਤਰੀ ਬ੍ਰਹਮਣ ਸ਼ੂਦਰ ਵੈਸ਼ ਦੀਨ ਮਜ਼੍ਹਬ ਇਕੋ ਵਸਤ ਵਰਤਾਈਆ । ਆਤਮ ਸੇਜ ਸ੍ਰਿਸ਼ਟ ਸੁਹਾ ਦੇ ਖਟ, ਸਿੰਘਾਸਣ ਆਸਣ ਸੋਭਾ ਪਾਈਆ । ਕਲਜੁਗ ਅੰਤ ਅਖ਼ੀਰ ਬੇਨਜ਼ੀਰ ਆਪਣੀ ਕਰਵਟ ਵਟ, ਪਾਸਾ ਦੀਨ ਦੁਨੀ ਬਦਲਾਈਆ । ਨਾਮ ਨਿਧਾਨਾ ਅੰਮ੍ਰਿਤ ਅੰਮਿਉਂ ਰਸ ਚਟ, ਧੁਰ ਦਾ ਮੇਘ ਆਪ ਬਰਸਾਈਆ । ਮੇਰੇ ਉਤੋਂ ਕਲਜੁਗ ਕੂੜ ਕੁੜਿਆਰ ਦਾ ਮੇਟ ਦੇ ਫੱਟ, ਸ਼ਰਅ ਛੁਰੀ ਕਸਾਈ ਨਜ਼ਰ ਕੋਇ ਨਾ ਆਈਆ । ਇਕੋ ਨਾਮ ਕਲਮਾ ਤੇਰਾ ਸ੍ਰਿਸ਼ਟ ਸਬਾਈ ਲਏ ਰਟ, ਤੂੰ ਮੇਰਾ ਮੈਂ ਤੇਰਾ ਢੋਲਾ ਸਾਰੇ ਗਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸਰਬ ਕਲਾ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਮੈਂ ਧਰਤ ਨਿਮਾਣੀ ਤੇਰੇ ਕੋਲੋਂ ਮੰਗਾਂ ਖ਼ਾਲੀ ਹੱਥ, ਵਸਤ ਅਗੰਮ ਅਥਾਹ ਦੇਣੀ ਵਰਤਾਈਆ । ਮਿਤਰ ਪਿਆਰੇ ਤੇਰੇ ਸਬਰ ਗਈ ਲਥ, ਯਾਰੜੇ ਤੇਰੀ ਸੇਜ ਹੰਢਾਈਆ । ਤੂੰ ਸਰਬ ਕਲਾ ਸਮਰਥ, ਸਮਰਥ ਪੁਰਖ ਅਗੰਮ ਅਥਾਹੀਆ । ਮੈਨੂੰ ਸਚ ਧਰਮ ਦੀ ਦੇ ਦੇ ਵਥ, ਵਾਸਤਾ ਤੇਰੇ ਅਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜ ਕਿਰਿਆ ਕੁੜਿਆਰ ਮਥ, ਮਥਨ ਕਰ ਕਿਰਿਆ ਕੂੜ ਖ਼ਲਕ ਖ਼ੁਦਾਈਆ ।

## ✪ ੨੬ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਬ੍ਰਹਮ ਕੁਮਾਰੀਆਂ ਦੇ ਆਸ਼ਰਮ ਵਿਚ ਫ਼ਿਰੋਜ਼ਪੁਰ ਸ਼ਹਿਰ ✪

ਬ੍ਰਹਮ ਕੁਮਾਰੀ ਆਤਮ ਧਾਰ ਤ੍ਰਿਪਤ, ਤ੍ਰੈਗੁਣ ਅਤੀਤਾ ਠਾਂਢਾ ਸੀਤਾ ਏਕੰਕਾਰ ਪਰਵਰਦਿਗਾਰ ਵੇਖ ਵਖਾਈਆ । ਕਿਸ ਮੰਜ਼ਲ ਗ੍ਰਿਹ ਟਿਕਾਣੇ ਹੋਈ ਅਸਥਿਤ, ਆਸਣ ਸਿੰਘਾਸਣ ਕਵਣ ਡੇਰਾ ਲਾਈਆ । ਬ੍ਰਹਮ ਵੇਤਾ ਅੰਤਰ ਨੇਤਾ ਸ਼ਵੈ ਸ਼ਿਵ ਕਿਸ ਦੁਆਰੇ ਮਿਲਿਆ ਮਿਤ, ਮਿਤਰ ਪਿਆਰਾ ਏਕੰਕਾਰਾ ਮਿਲ ਕੇ ਵਜੇ ਵਧਾਈਆ । ਕਵਣ ਪਿਆਰ ਵਿਚ ਸੰਸਾਰ ਮਨ ਕਲਪਣਾ ਰਹੇ ਨਾ ਵਿਚ ਚਿਤ, ਚਿਤਵਿਤ ਠਗੌਰੀ ਤਨ ਵਜੂਦ ਰਹਿਣ ਕੋਇ ਨਾ ਪਾਈਆ । ਕਵਣ ਵੇਲਾ ਕਵਣ ਘੜੀ ਝਟ ਵਕ਼ਤ ਕਿਹੜੀ ਥਿਤ, ਘੜੀ ਪਲ ਕਵਣ ਰੰਗ ਰੰਗਾਈਆ । ਸਚ ਦੁਆਰ ਕਿਹੜਾ ਗ੍ਰਿਹ ਕਿਹੜਾ ਮੰਦਰ ਜਿਥੇ ਪਰਮਾਤਮ ਆਤਮ ਕਰੇ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲ ਨਿਤ, ਨਿਤ ਨਵਿਤ ਜੀਵ ਜੰਤ ਸਾਧ ਸੰਤ ਵੇਖਣਹਾਰਾ ਸਾਚਾ ਚਾਈਂ ਚਾਈਆ । ਉਹ ਆਦਿ ਧਾਰ ਏਕੰਕਾਰ ਸ਼ਿਵ ਸ਼ਿਵੈ ਸਭ ਦਾ ਮਾਤ ਪਿਤ, ਪਿਤਾ ਪੂਤ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,

ਸਚ ਦਾ ਮਾਲਕ ਇਕ ਗੁਸਾਈਂਆ । ਤ੍ਰਿਪਤ ਧਾਰ ਜੋ ਮੇਟਣਹਾਰਾ ਤ੍ਰਿਸ਼ਨਾ, ਤ੍ਰੈਗੁਣ ਅਤੀਤਾ ਬੇਪਰਵਾਹੀਆ । ਜਿਸ ਦੀ ਯਾਦ ਵਿਚ ਸ਼ੰਕਰ ਸ਼ਿਵ ਬ੍ਰਹਮਾ ਵਿਸ਼ਨਾ, ਵਿਸ਼ਵ ਦਾ ਮਾਲਕ ਅਗੰਮ ਅਥਾਹੀਆ । ਜਿਸ ਦਾ ਆਦਿ ਜੁਗਾਦਿ ਨਿਤ ਨਵਿਤਨਾ, ਕਲਮ ਸ਼ਾਹੀ ਸ਼ਾਹੀ ਕਾਗਜ਼ਾਂ ਅੱਖਰਾਂ ਨਾਲ ਲੇਖ ਲਿਖਣਾ, ਚਾਰ ਜੁਗ ਦੇ ਸ਼ਾਸਤਰ ਸਿਫ਼ਤ ਸਲਾਹੀਆ । ਜਿਸ ਦੇ ਕੋਲ ਜੁਗ ਬਦਲਣ ਦੀ ਧਾਰ ਆਪਣੀ ਬਿਧਨਾ, ਅਨਕ ਕਲਧਾਰੀ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਧੁਰਦਰਗਾਹੀਆ । ਤ੍ਰਿਪਤ ਨਿਗਾਹ ਮਾਰਨੀ ਕੱਤਕ ਦਿਵਸ ਦਿਹਾੜਾ ਛੱਬੀ, ਪਰਵਿਸ਼ਟਾ ਸੋਹਣਾ ਰੰਗ ਰੰਗਾਈਆ । ਜਲਵਾਗਰ ਨੂਰ ਨੁਰਾਨਾ ਤਕਣਾ ਰੱਬੀ, ਪਾਰਬ੍ਰਹਮ ਬ੍ਰਹਮ ਆਪਣਾ ਖੇਲ ਵਖਾਈਆ । ਸਭ ਦਾ ਮਾਲਕ ਧੁਰਦਰਗਾਹੀ ਤਬੀ, ਜਗਤ ਰੋਗ ਸੋਗ ਦਏ ਮਿਟਾਈਆ । ਜਿਸ ਨੂੰ ਸੀਸ ਝੁਕਾਉਂਦੇ ਸਭੀ, ਡੰਡਾਵਤ ਬੰਦਨਾ ਸਯਦਿਆਂ ਵਿਚ ਲਾਗਣ ਪਾਈਆ । ਜਿਹੜਾ ਮਿਲਦਾ ਕਦੀ ਕਦੀ, ਕ਼ਦੀਮ ਦਾ ਮਾਲਕ ਇਕ ਅਖਵਾਈਆ । ਉਹ ਸਚ ਦੁਆਰੇ ਆ ਗਿਆ ਅਭੀ, ਸਚਖੰਡ ਨਿਵਾਸੀ ਆਪਣਾ ਨੂਰ ਜੋਤ ਕਰ ਰੁਸ਼ਨਾਈਆ । ਜਿਹੜਾ ਭਗਤਾਂ ਮਿਲਣ ਦਾ ਸਦਾ ਲਬੀ, ਲਾਲਚ ਮੁਹੱਬਤ ਵਾਲਾ ਰਖਾਈਆ । ਜਿਸ ਦੀ ਜ਼ਿਮੀਂ ਅਸਮਾਨਾਂ ਬਾਹਰ ਗੱਦੀ, ਦਰਗਾਹ ਸਾਚੀ ਸੋਭਾ ਪਾਈਆ । ਜੋ ਕਲਜੁਗ ਕੂੜੀ ਕਿਰਿਆ ਧਰਨੀ ਧਰਤ ਧਵਲ ਧੌਲ ਉਤੋਂ ਰਿਹਾ ਕੱਢੀ, ਨੌਂ ਖੰਡ ਪ੍ਰਿਥਮੀ ਸੱਤ ਦੀਪ ਰਹਿਣ ਕੋਇ ਨਾ ਪਾਈਆ । ਮਾਇਆ ਮਮਤਾ ਮੋਹ ਵਿਕਾਰ ਵਿਭਚਾਰ ਹੰਕਾਰ ਲੈਣ ਦੇਵੇ ਕਿਸੇ ਨਾ ਵਢੀ, ਰਿਸ਼ਵਤ
੧੦੭੬ ਕੂੜ ਨਾ ਕੋਇ ਜਣਾਈਆ । ਉਸ ਦੀ ਅੰਤ ਅਖ਼ੀਰ ਦੋ ਚਾਰ ਦੀ ਸਭ ਦੇ ਵਾਸਤੇ ਸਦੀ, ਸਦਮੇ ਵੇਖੇ ਖ਼ਲਕ ਖ਼ੁਦਾਈਆ । ਜਿਸ ਨੇ ਹਰ ਤਨ ੧੦੭੬
੨੪ ਵਜੂਦ ਸਰੀਰ ਅੰਦਰੋਂ ਨਾਮ ਸ਼ਬਦ ਦੀ ਧਾਰ ਨਾਲ ਕਢਣੀ ਬਦੀ, ਬਦਕਾਰੀ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ੨੪
ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਤ੍ਰਿਪਤ ਨਿਗਾਹ ਮਾਰਨੀ ਬਿਨ ਨੇਤਰਾਂ ਜਗਤ ਸੰਸਾਰ, ਨਿਜ ਨੇਤਰ ਨੈਣ ਅੱਖ ਖੁਲ੍ਹਾਈਆ । ਜੋਤੀ ਜਾਤਾ ਪੁਰਖ ਬਿਧਾਤਾ ਤਕਣਾ ਅਗੰਮ ਅਪਾਰ, ਅਲਖ ਅਗੋਚਰ ਨੂਰ ਅਲਾਹੀਆ । ਜਿਸ ਨੂੰ ਪੈਗ਼ੰਬਰਾਂ ਕਿਹਾ ਪਰਵਰਦਿਗਾਰ, ਸਯਦਿਆਂ ਵਿਚ ਸੀਸ ਝੁਕਾਈਆ । ਜਿਸ ਨੂੰ ਝੁਕਦੇ ਰਹੇ ਤੇਈ ਅਵਤਾਰ, ਰਾਮਾ ਕ੍ਰਿਸ਼ਨਾ ਢੋਲੇ ਗਾਈਆ । ਜਿਸ ਨੂੰ ਨਾਨਕ ਗੋਬਿੰਦ ਕੀਤਾ ?ਸਤਿਕਾਰ,? ਸਤਿਨਾਮ ਕਹਿ ਕੇ ਸਿਫ਼ਤ ਸਲਾਹੀਆ । ਉਹ ਕਲਜੁਗ ਅੰਤਮ ਆ ਗਿਆ ਜੋਤੀ ਜਾਤਾ ਹੋ ਕੇ ਖ਼ਬਰਦਾਰ, ਬੇਖ਼ਬਰਾਂ ਰਿਹਾ ਉਠਾਈਆ । ਉਠੋ ਵੇਖੋ ਨੇਤਰ ਖੋਲ੍ਹੋ ਜੀਵੋ ਜੰਤੋ ਸਾਧੋ ਸੰਤੋ ਵੇਖੋ ਸ਼ਾਹ ਪਾਤਸ਼ਾਹ ਸਚੀ ਸਰਕਾਰ, ਸਚ ਸੁਆਮੀ ਇਕੋ ਨਜ਼ਰੀ ਆਈਆ । ਜਿਸ ਕਲਜੁਗ ਕੂੜਾ ਦੀਨ ਦੁਨੀ ਦੇ ਅੰਦਰੋਂ ਕਢਣਾ ਬਾਹਰ, ਸਤਿਜੁਗ ਸਚ ਸਚ ਪਰਗਟਾਈਆ । ਉਹ ਅਗਲੇ ਸਾਲ ਵਿਚ ਹੋਣ ਵਾਲਾ ਜ਼ਾਹਿਰ, ਜ਼ਾਹਰ ਜ਼ਹੂਰ ਆਪਣਾ ਆਪ ਕਰਾਈਆ । ਦੂਜੇ ਸਾਲ ਜੋਤੀ ਜੋਤ ਕਰੇ ਉਜਿਆਰ, ਜੋਤੀ ਜਾਤਾ ਡਗਮਗਾਈਆ । ਤੀਜੇ ਸਾਲ ਨੌਂ ਖੰਡ ਪ੍ਰਿਥਮੀ ਮਾਰੇ ਮਾਰ, ਸੱਤਾਂ ਦੀਪਾਂ ਵੇਖ ਵਖਾਈਆ । ਹਿੰਦੂ ਮੁਸਲਿਮ ਸਿਖ ਈਸਾਈ ਪਾਰਸੀ ਬੋਧੀ ਜੈਨੀ ਸਾਰੇ ਰੋਵਣ ਧਾਹਾਂ ਮਾਰ, ਧੀਰਜ ਧੀਰ ਨਾ ਕੋਇ ਧਰਾਈਆ । ਚਾਰ ਕੁੰਟ ਦਹਿ ਦਿਸ਼ਾ ਧਰਤੀ ਉਤੇ ਉਡੇ ਛਾਰ, ਮਿੱਟੀ ਖ਼ਾਕ ਦੇਵੇ ਦੁਹਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਕਾਅਬੇ ਰੋਵਣ ਜ਼ਾਰੋ ਜ਼ਾਰ, ਬਿਨ ਨੇਤਰ ਨੈਣਾਂ ਨੀਰ ਵਹਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਕਰੇ ਪੁਕਾਰ, ਤੀਰਥ ਸੰਗ ਨਾ ਕੋਇ ਨਿਭਾਈਆ । ਗ੍ਰੰਥ ਸ਼ਾਸਤਰ ਵੇਦ ਪੁਰਾਨ ਅੰਜੀਲ

ਕੁਰਾਨ ਬਾਈਬਲ ਤੁਰੈਤ ਗੁਰੂ ਗ੍ਰੰਥ ਅੱਖਰ ਅੱਖਰ ਵੇਖਣ ਨੈਣ ਉਘਾੜ, ਕਵਣ ਦੁਆਰ ਏਕੰਕਾਰ ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਜਿਸ ਦੀਨ ਦੁਨੀ ਦਾ ਲਹਿਣਾ ਦੇਣਾ ਪੂਰਬ ਕਰਜ਼ਾ ਦੇਣਾ ਉਤਾਰ, ਕੁਦਰਤ ਦਾ ਕਾਦਰ ਇਕ ਅਖਵਾਈਆ । ਉਹ ਆ ਗਿਆ ਜੋਤ ਜਗਾ ਗਿਆ ਸ਼ਬਦ ਸੁਣਾ ਗਿਆ ਡੰਕ ਵਜਾ ਗਿਆ ਸਤਿ ਸਰੂਪ ਹੋ ਕੇ ਵਿਚ ਸੰਸਾਰ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਈਆ । ਜਿਹਨੂੰ ਤਕਦੇ ਰਹੇ ਜੁਗ ਚਾਰ, ਆਸਾ ਰਖਦੇ ਗਏ ਅਵਤਾਰ, ਪੈਗ਼ੰਬਰ ਝੁਕ ਕੇ ਸਯਦਿਆਂ ਵਿਚ ਕਹਿੰਦੇ ਗਏ ਪਰਵਰਦਿਗਾਰ, ਗੁਰੂ ਗੁਰਦੇਵ ਚਰਨ ਧੂੜੀ ਲਾਉਂਦੇ ਰਹੇ ਛਾਰ, ਚਾਰ ਜੁਗ ਦੇ ਸ਼ਾਸਤਰ ਆਸ ਰਖਾਈਆ । ਜਿਸ ਨੂੰ ਪਾਰਬ੍ਰਹਮ ਪਤਿਪਰਮੇਸ਼ਵਰ ਅਮਾਮ ਅਮਾਮਾ ਨੂਰ ਅਲਾਹ ਸਭ ਨੇ ਮੰਨਿਆ ਪਰਵਰਦਿਗਾਰ, ਯਾਮਬੀਨ ਕਹਿ ਕੇ ਸੀਸ ਨਿਵਾਈਆ । ਉਹ ਜੋਤੀ ਜਾਤਾ ਪੁਰਖ ਬਿਧਾਤਾ ਨਿਹਕਲੰਕਾ ਕਲ ਕਲਕੀ ਅਵਤਾਰ, ਕਲ ਕਲੇਸ਼ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਆਂ । ਉਹ ਆ ਗਿਆ ਨਿਰਗੁਣ ਦਾਤਾ ਸ਼ਿਵ ਸ਼ਵੈ ਸ਼ਕਤੀ, ਜਿਸ ਨੂੰ ਆਦਿ ਸ਼ਕਤ ਸੀਸ ਨਿਵਾਈਆ । ਉਹ ਭਗਤਾਂ ਭਗਵਨ ਵੇਖੇ ਕਾਇਆ ਮੰਦਰ ਅੰਦਰ ਸਤਿ ਸਤਿ ਦੀ ਭਗਤੀ, ਭਗਵਨ ਹੋ ਕੇ ਖੋਜ ਖੁਜਾਈਆ । ਜੋ ਲਹਿਣਾ ਦੇਣਾ ਤਨ ਵਜੂਦਾਂ ਜਾਣੇ ਬੂੰਦ ਰਕਤੀ, ਹਡ ਮਾਸ ਨਾੜੀ ਭੇਵ ਰਹੇ ਨਾ ਰਾਈਆ । ਓਹ ਪਰਮ ਪੁਰਖ ਪਰਮਾਤਮ ਸਰਬ ਆਤਮਾ ਦਾ ਮਾਲਕ ਇਕੋ ਵਿਅਕਤੀ, ਜਿਸ ਦੀ ਗਤ ਕਹਿਣ ਕਿਛ ਨਾ ਪਾਈਆ । ਓਹ ਧਰਤੀ ਉਤੇ ਧਵਲ ਉਤੇ ਧਰਮ ਦੀ ਧਾਰ ਦਾ ਮਾਲਕ ਆ ਗਿਆ ਸ਼ਰਤੀ, ਸ਼ਰਤੀਆ ਆਪਣਾ ਹੁਕਮ ਵਰਤਾਈਆ । ਜਿਸ ਨੂੰ ਸਾਰਿਆਂ ਮੰਨਣਾ ਨਿਧਪਰਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਉਸ ਦੀ ਇਕ ਦੋ ਤਿੰਨ ਸਾਲ ਦੀ ਸੋਹਣੀ ਬਰਸੀ, ਬਰਸ ਬਰਸ ਦਾ ਲੇਖਾ ਦਏ ਮੁਕਾਈਆ । ਜਿਸ ਨੇ ਸਭ ਦੀ ਮੇਟਣੀ ਹਵਸ ਹਰਸੀ, ਤ੍ਰਿਸ਼ਨਾ ਕੂੜੀ ਦਏ ਗਵਾਈਆ । ਉਹ ਅੰਮ੍ਰਿਤ ਮੇਘ ਨਾਮ ਨਿਧਾਨਾ ਸ੍ਰੀ ਭਗਵਾਨਾ ਬੂੰਦ ਸਵਾਂਤੀ ਕਾਇਆ ਮੰਦਰ ਅੰਦਰ ਨਾਭੀ ਕਵਲ ਉਲਟਾ ਕੇ ਰਿਹਾ ਬਰਸੀ, ਸਾਂਤਕ ਸਤਿ ਸਤਿ ਵਰਤਾਈਆ । ਜਿਸ ਦੀ ਆਤਮਾ ਨਿਰਗੁਣ ਧਾਰ ਪਰਮਾਤਮ ਹੋਵੇ ਦਰਸੀ, ਬਿਨ ਜਗਤ ਨੇਤਰਾਂ ਆਪਣਾ ਦਰਸ ਦਿਖਾਈਆ । ਉਸ ਦੀ ਕਿਸੇ ਗੁਰਮੁਖ ਵਿਰਲੇ ਕੋਲ ਸਤਿ ਸਚ ਦੀ ਪਰਚੀ, ਪ੍ਰਾਚੀਨ ਦੇ ਲੇਖੇ ਵੇਖ ਵਖਾਈਆ । ਜਿਸ ਦੇ ਕੋਲ ਸਭ ਦੀ ਆਦਿ ਜੁਗਾਦਿ ਦੀ ਅਰਜ਼ੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਅਗੰਮ ਅਥਾਹੀਆ । ਉਹ ਕਲਜੁਗ ਬਦਲਣ ਦਾ ਬੜਾ ਗ਼ਰਜ਼ੀ, ਗ਼ਰਜ਼ ਆਪਣੀ ਆਪਣੇ ਵਿਚੋਂ ਪਰਗਟਾਈਆ । ਪਰ ਹੁਣ ਉਸ ਨੇ ਬਗ਼ੈਰ ਕਿਸੇ ਦੀ ਇਛਿਆ ਤੋਂ ਵਰਤ ਲੈਣੀ ਆਪਣੀ ਮਰਜ਼ੀ, ਮਰੀਜ਼ ਵੇਖੇ ਖ਼ਲਕ ਖ਼ੁਦਾਈਆ । ਉਹਦਾ ਖੇਲ ਹੋਣਾ ਅਸਚਰਜੀ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਓਹ ਸ਼ਾਹੋ ਭੂਪ ਓਹ ਸੁਲਤਾਨ ਨੌਜਵਾਨ ਸ੍ਰੀ ਭਗਵਾਨ ਮਰਦ ਮਰਦਾਨ ਖੇਲ ਜਾਣੇ ਆਪਣੇ ਘਰ ਦੀ, ਗ੍ਰਿਹ ਬੈਠਾ ਵੇਖੇ ਬਾਉਂ ਬਾਈਆਂ । ਜਿਸ ਦੀ ਧਾਰ ਆਦਿ ਜੁਗਾਦਿ ਚੋਟੀ ਜੜ੍ਹ ਦੀ, ਚੇਤਨ ਆਪਣਾ ਭੇਵ ਚੁਕਾਈਆ । ਜਿਸ ਦੀ ਵਿਦਿਆ ਗ੍ਰੰਥ ਸ਼ਾਸਤਰਾਂ ਦੀ ਧਾਰ ਨਾਲ ਜਗਤ ਮਨ ਮਤਿ ਬੁੱਧੀ ਵਿਚ ਪੜ੍ਹਦੀ, ਅੱਖਰ ਅੱਖਰਾਂ ਨਾਲ ਮਿਲਾਈਆ । ਉਹ ਅੰਤਮ ਸ੍ਰਿਸ਼ਟੀ ਖੇਲ ਕਰੇ ਸੀਸ ਧੜ ਦੀ, ਦ੍ਰਿਸ਼ਟੀ ਅੰਦਰ ਆਪਣਾ ਪਰਦਾ ਲਾਹੀਆ । ਉਹ ਸ਼ਾਹੋ ਭੂਪ ਸੁਲਤਾਨ ਵੱਡਾ ਵਸ਼ਿਸ਼ਟੀ, ਵਿਸ਼ੇਸ਼ਤਾ ਵਿਚ ਆਪਣਾ ਗੁਣ ਦਏ ਸਮਝਾਈਆ । ਜਿਸ ਦੀ ਪਿਆਰ ਦੀ ਧਾਰ ਬਿਨ ਅੱਖਰਾਂ ਤੋਂ ਨਿਰਅੱਖਰ

ਧਾਰ ਸਭ ਕੁਛ ਲਿਖਦੀ, ਲੇਖ ਲੇਖਰਾਜ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਕੁਮਾਰੀ ਤ੍ਰਿਪਤ ਵੇਖਣੀ ਤ੍ਰੈਗੁਣ ਦੀ ਧਾਰ, ਤ੍ਰੈਗੁਣ ਅਤੀਤਾ ਦਏ ਵਖਾਈਆ । ਜੋ ਪਰਗਟ ਹੋਵੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਆਪਣਾ ਸੰਗ ਬਣਾਈਆ । ਜਿਸ ਨੂੰ ਪੂਜਦੇ ਰਹੇ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੈਠੇ ਨੈਣ ਉਠਾਈਆ । ਜਿਸ ਦੀ ਆਸਾ ਰਖ ਕੇ ਗਏ ਤੇਈ ਅਵਤਾਰ, ਪੈਗ਼ੰਬਰ ਗੁਰੂ ਬੈਠੇ ਧਿਆਨ ਲਗਾਈਆ । ਸੋ ਆ ਗਿਆ ਜੋਤ ਜਗਾ ਗਿਆ ਡਗਮਗਾ ਗਿਆ ਭੇਵ ਖੁਲ੍ਹਾ ਗਿਆ ਪਰਦਾ ਲਾਹ ਗਿਆ ਸ਼ਬਦ ਵਜਾ ਗਿਆ ਨਾਦ ਸੁਣਾ ਗਿਆ ਆਪ ਆਪਣੀ ਧਾਰ, ਧਰਨੀ ਧਰਤ ਧਵਲ ਧੌਲ ਉਤੇ ਆਪਣਾ ਰੰਗ ਰੰਗਾਈਆ । ਉਸ ਵਿਸ਼ਵ ਦੇ ਮਾਲਕ ਨੂੰ ਬਿਨਾ ਅੱਖਾਂ ਤੋਂ ਵੇਖਣਾ ਜੋ ਸਭ ਦੇ ਅੰਦਰ ਆਪਣਾ ਕਰੇ ਪਿਆਰ, ਪ੍ਰੀਤਮ ਹੋ ਕੇ ਆਪਣਾ ਰੰਗ ਰੰਗਾਈਆ । ਉਹ ਮਿਤਰਾਂ ਦਾ ਮਿਤਰ ਤੇ ਯਾਰਾਂ ਦਾ ਯਾਰ, ਸੱਜਣਾਂ ਦਾ ਸੱਜਣ ਇਕ ਅਖਵਾਈਆ । ਜਦੋਂ ਵਸੇ ਤਨ ਦੇ ਅੰਦਰ ਕਾਇਆ ਮੰਦਰ, ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਤ੍ਰਿਪਤ ਬ੍ਰਹਮ ਕੁਮਾਰੀ, ਕੁਮਾਰ ਵੇਖਣਾ ਸ਼ਬਦ ਅਨਾਦੀ ਧੁਰਦਰਗਾਹੀਆ । ਜਿਸ ਦੀ ਆਤਮਾ ਨਾਲ ਸਦਾ ਯਾਰੀ, ਵਿਛੋੜੇ ਵਿਚ ਕਦੇ ਨਾ ਆਈਆ । ਜਿਹੜਾ ਪ੍ਰੇਮ ਦਾ ਸਦਾ ਵਪਾਰੀ, ਵਣਜ ਇਕੋ ਇਕ ਕਰਾਈਆ । ਜਿਹੜਾ ਵੇਖਣਹਾਰਾ ਨੌ ਦੁਆਰੀ, ਘਰ ਘਰ ਅੰਦਰ ਖੋਜ ਖੁਜਾਈਆ । ਜਿਸ ਦੀ ਮੰਜ਼ਲ ਨਹੀਂ ਦੁਸ਼ਵਾਰੀ, ਦੁਸ਼ਮਣ ਪੰਜੇ ਅੰਦਰੋਂ ਬਾਹਰ ਕਢਾਈਆ । ਓਹ ਦੇਵਣਹਾਰਾ ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਠੰਡੀ ਠਾਰੀ, ਅੰਮਿਉਂ ਰਸ ਜਾਮ ਆਪ ਪਿਆਈਆ । ਓਹ ਬਖ਼ਸ਼ਣਹਾਰਾ ਸ਼ਬਦ ਅਗੰਮੀ ਨਾਦ ਧੁਨਕਾਰੀ, ਧੁਨ ਆਤਮਕ ਰਾਗ ਸੁਣਾਈਆ । ਜਿਹੜਾ ਜੋਤੀ ਜਾਤਾ ਪੁਰਖ ਬਿਧਾਤਾ ਜਗਾਵੇ ਦੀਪ ਜੋਤ ਉਜਿਆਰੀ, ਬਿਨ ਤੇਲ ਬਾਤੀ ਡਗਮਗਾਈਆ । ਓਹ ਮੰਚ ਉਤੇ ਬੈਠਾ ਸ਼ਾਹੋ ਭੂਪ ਸ਼ਹਿਨਸ਼ਾਹ ਸੁਲਤਾਨ ਜਿਸ ਦੀ ਆਦਿ ਜੁਗਾਦਿ ਸਿਕਦਾਰੀ, ਦੋ ਜਹਾਨਾਂ ਆਪਣਾ ਹੁਕਮ ਵਰਤਾਈਆ । ਓਹ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਪਰਵਰਦਿਗਾਰ ਸਾਂਝਾ ਯਾਰੀ, ਮੀਤ ਮੀਤਾ ਇਕ ਅਖਵਾਈਆ । ਓਹ ਬ੍ਰਹਮ ਦੀ ਧਾਰ ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਖੇਲ ਕਰੇ ਅਗੰਮ ਅਪਾਰੀ, ਅਲਖ ਅਗੋਚਰ ਇਕ ਅਖਵਾਈਆ । ਜਿਸ ਨੂੰ ਸ਼ਵੈ ਸ਼ਕਤੀ ਕਹਿ ਕੇ ਸਾਰੇ ਕਰਨ ਨਿਮਸਕਾਰੀ, ਨਮੋ ਨਮੋ ਕਹਿ ਕੇ ਸਾਰੇ ਸੀਸ ਨਿਵਾਈਆ । ਓਹ ਪਾਰਬ੍ਰਹਮ ਪਤਿਪਰਮੇਸ਼ਵਰ ਪਰਮ ਪੁਰਖ ਪੁਰਖੋਤਮ ਸਰਬ ਕਲਾ ਜਿਸ ਦਾ ਖੇਲ ਕਲਜੁਗ ਅੰਤਮ ਵਾਰੀ, ਕਲ ਕਾਤੀਆਂ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਏਥੇ ਓਥੇ ਦੋ ਜਹਾਨਾਂ ਲੇਖਾ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਰਗੁਣ ਨਿਰਗੁਣ ਅਗੰਮ ਅਥਾਹ ਬੇਪਰਵਾਹ ਆਪਣੀ ਖੇਲ ਕਰੇ ਬਣ ਵਡ ਸੰਸਾਰੀ, ਸੰਸਾਰ ਦਾ ਸਵਾਰਥ ਅਕਾਰਥ ਆਪਣੇ ਹੱਥ ਰਖਾਈਆ ।

੧੦੭੮
੨੪

## ੨੯ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਗੁਰਦੀਪ ਸਿੰਘ ਦੇ ਗ੍ਰਿਹ ਪਿੰਡ ਤੂਤਾਂ ਵਾਲਾ ਜ਼ਿਲਾ ਫ਼ਿਰੋਜ਼ਪੁਰ

ਧਰਨੀ ਕਹੇ ਪ੍ਰਭੂ ਮੇਰੇ ਉਤੇ ਪੁਕਾਰ ਕਰਦੇ ਅਸਗਾਹ ਬਲ, ਮਹੀਅਲ ਤੇਰਾ ਧਿਆਨ ਲਗਾਈਆ । ਆਸ਼ਾ ਰਖ ਕੇ ਗਏ ਬੈਠੇ ਸਮੁੰਦ ਸਾਗਰ ਜਲ, ਜਲਧਾਰਾ ਧਿਆਨ ਲਗਾਈਆ । ਪੂਰਬ ਲਹਿਣਾ ਤਕ ਲੈ ਜੋ ਕੌਲ ਕੀਤਾ ਨਾਲ ਬਲ, ਬਾਵਨ ਹੋ ਕੇ ਗਿਆ ਦ੍ਰਿੜਾਈਆ । ਕਲਜੁਗ ਅੰਤ ਕਿਸੇ ਟਾਹਣ ਰਿਹਾ ਨਾ ਫਲ, ਪੱਤ ਟਹਿਣੀ ਗਏ ਕੁਮਲਾਈਆ । ਨੌਂ ਖੰਡ ਪ੍ਰਿਥਮੀ ਮੇਰੇ ਉਤੇ ਵਧਿਆ ਛਲ, ਕਪਟ ਵਿਚ ਖ਼ਲਕ ਖ਼ੁਦਾਈਆ । ਪੁਰਖ ਅਕਾਲੇ ਦੀਨ ਦਿਆਲੇ ਸਚ ਸੰਦੇਸ਼ਾ ਮੈਨੂੰ ਘਲ, ਸ਼ਬਦੀ ਸ਼ਬਦ ਸ਼ਬਦ ਦ੍ਰਿੜਾਈਆ । ਮੈਂ ਹੋਵਾਂ ਤੇਰੇ ਵਲ, ਤੇਰਾ ਸੰਗ ਇਕ ਬਣਾਈਆ । ਕੂੜੀ ਕਿਰਿਆ ਮੇਟਾਂ ਕਲ, ਕਲ ਕਾਤੀਆਂ ਕਰਾਂ ਸਫ਼ਾਈਆ । ਪੰਚ ਵਿਕਾਰ ਰਹੇ ਨਾ ਦਲ, ਮਮਤਾ ਮੋਹ ਨਾ ਕੋਇ ਹਲਕਾਈਆ । ਦੂਈ ਦੁਵੈਤੀ ਮੇਟਾਂ ਸਲ, ਆਤਮ ਪਰਮਾਤਮ ਮੇਲਾ ਮੇਲਾਂ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੇਰੇ ਜਨਮ ਕਰਮ ਦੀ ਟੁੱਟੀ ਗੰਢੀਂ, ਕਲਜੁਗ ਅਗਨੀ ਤਤ ਤਤ ਬੁਝਾਈਆ । ਨਾਮ ਭੰਡਾਰਾ ਇਕੋ ਵੰਡੀਂ, ਚਾਰੇ ਕੁੰਟਾਂ ਆਪ ਵਰਤਾਈਆ । ਮੇਰੀ ਆਸ਼ਾ ਹੋਣ ਨਾ ਦੇਵੀਂ ਰੰਡੀ, ਕੰਤ ਸੁਹਾਗ ਤੇਰੀ ਸਰਨਾਈਆ । ਲੇਖਾ ਰਹਿਣ ਨਾ ਦੇਵੀਂ ਕਰੀਰ ਜੰਡੀ, ਇਕੋ ਇਸ਼ਟ ਦੇਣਾ ਪਰਗਟਾਈਆ । ਮਾਨਸ ਰਹੇ ਨਾ ਕੋਇ ਪਾਖੰਡੀ, ਭਾਡਾਂ ਭਰਮ ਭਓ ਦੇਣਾ ਭੰਨਾਈਆ । ਤੇਰੇ ਮਿਲਣ ਦਾ ਮਾਰਗ ਇਕੋ ਹੋਵੇ ਡੰਡੀ, ਡੰਡਾਵਤ ਸਭ ਨੂੰ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੋਂ ਕਲਜੁਗ ਅਗਨ ਮੇਟ ਦੇ ਤਤ, ਤਤਵ ਤਤ ਇਕ ਸਮਝਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਬਦਲ ਦੇ ਮਤਿ, ਮਨਮਤ ਦਾ ਲੇਖਾ ਦੇ ਮੁਕਾਈਆ । ਜਗਤ ਵਿਕਾਰ ਨਾ ਉਬਲੇ ਰਤ, ਰਕਤ ਬੂੰਦ ਲੇਖੇ ਲੈਣੀ ਲਾਈਆ । ਆਤਮ ਧਾਰ ਬਣਾ ਦੇ ਨਤ, ਪਰਮਾਤਮ ਮੇਲਾ ਮੇਲਣਾ ਚਾਈਂ ਚਾਈਂਆ । ਤੂੰ ਨਿਰਗੁਣ ਧਾਰ ਮੇਰੇ ਉਤੇ ਆਇਉਂ ਵਤ, ਬੇਵਤਨਾਂ ਦੇ ਮਾਲਕ ਦਇਆ ਕਮਾਈਆ । ਤੇਰੇ ਅਗੇ ਵਾਸਤਾ ਰਹੀ ਘਤ, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੋਂ ਕੂੜ ਕੁੜਿਆਰਾ ਕਢ ਭ੍ਰਿਸ਼ਟ, ਭਾਂਡਾ ਭਰਮ ਭੌ ਭੰਨਾਈਆ । ਏਕਾ ਮਾਰਗ ਦੱਸ ਦੇ ਸ੍ਰਿਸ਼ਟ, ਸ੍ਰੇਸ਼ਟ ਆਪਣਾ ਨਾਮ ਸਮਝਾਈਆ । ਜੋਤੀ ਜਾਤੇ ਇਕੋ ਤੇਰਾ ਹੋਵੇ ਇਸ਼ਟ, ਦੂਸਰ ਸੀਸ ਨਾ ਕੋਇ ਨਿਵਾਈਆ । ਲਹਿਣਾ ਪੂਰਾ ਕਰ ਦੇ ਰਾਮ ਵਸ਼ਿਸ਼ਟ, ਵਿਸ਼ਿਆਂ ਤੋਂ ਬਾਹਰ ਸੰਗ ਨਿਭਾਈਆ । ਤੇਰੀ ਆਦਿ ਜੁਗਾਦੀ ਭਵਿਖਤਾਂ ਵਾਲੀ ਲਿਖਤ, ਅਵਤਾਰ ਪੈਗੰਬਰ ਗੁਰੂ ਗਏ ਦ੍ਰਿੜਾਈਆ । ਕਲਜੁਗ ਕਿਰਿਆ ਕੂੜ ਕਰ ਦੇ ਨਿਸ਼ਟ, ਨਿਸ਼ਾਨਾ ਦੀਨ ਦੁਨੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੋਂ ਮੇਟ ਅੰਧੇਰੀ ਰਾਤ, ਨੂਰੀ ਚੰਦ ਕਰ ਰੁਸ਼ਨਾਈਆ । ਆਤਮ ਪਰਮਾਤਮ ਸਮਝਾ ਦੇ ਆਪਣੀ ਜ਼ਾਤ, ਪਾਰਬ੍ਰਹਮ ਬ੍ਰਹਮ ਆਪਣਾ ਭੇਵ ਚੁਕਾਈਆ । ਅੰਤ ਕੰਤ ਭਗਵੰਤ ਪੁਛ ਵਾਤ, ਵਾਤਾਵਰਨ ਤਕ ਖ਼ਲਕ ਖ਼ੁਦਾਈਆ । ਮੇਰੇ ਉਤੋਂ ਝਗੜਾ ਮੇਟ ਦੇ ਜ਼ਾਤ ਪਾਤ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਇਕੋ ਨੂਰ ਜ਼ਹੂਰ ਆਪਣਾ ਬਖ਼ਸ਼ ਦੇ ਕਮਲਾਪਾਤ,

ਪਤਿਪਰਮੇਸ਼ਵਰ ਦਇਆ ਕਮਾਈਆ । ਨਿਗਾਹ ਮਾਰ ਲੈ ਧਰਨੀ ਕਹੇ ਮੇਰੇ ਉਤੇ ਲੋਕਮਾਤ, ਬਿਨ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਜਾਮ ਬਖ਼ਸ਼ ਦੇ ਬੂੰਦ ਸਵਾਂਤ, ਸਵਾਂਤੀ ਇਕਾਂਤੀ ਆਪਣੀ ਇਕ ਵਰਤਾਈਆ ।

## ✪ ੨੯ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਸੁਲਖਣ ਸਿੰਘ ਦੇ ਗ੍ਰਹਿ ਪਿੰਡ ਰੁਕਨਾ ਮੁੰਗਲਾ ਜ਼ਿਲਾ ਫ਼ਿਰੋਜ਼ਪੁਰ ✪

ਨਾਰਦ ਕਹੇ ਧਰਨੀਏ ਤੇਰੇ ਉਤੇ ਤਕਿਆ ਅੰਧ ਘੋਰ, ਘੋਰੀ ਹੋ ਕੇ ਧਿਆਨ ਲਗਾਈਆ । ਦੀਨ ਦੁਨੀ ਦੀ ਅੰਤਸ਼ਕਰਨ ਦੀ ਧਾਰਾ ਹੋ ਗਈ ਹੋਰ ਦੀ ਹੋਰ, ਅਵਰ ਦਾ ਅਵਰ ਦੀਨ ਦੁਨੀ ਰੂਪ ਬਦਲਾਈਆ । ਮਾਨਸ ਮਾਨਵ ਇਕ ਦੂਜੇ ਨਾਲ ਕਰਦੇ ਖੋਰ, ਝਗੜੇ ਵਿਚ ਦਿਸੀ ਖ਼ਲਕ ਖ਼ੁਦਾਈਆ । ਸਚ ਦਾ ਮੰਤਰ ਫੁਰਨਾ ਫੁਰੇ ਕਿਸੇ ਨਾ ਫੋਰ, ਨਾਮ ਨਿਧਾਨਾ ਨਾਦੀ ਨਾਦ ਨਾ ਕੋਇ ਵਜਾਈਆ । ਮਾਨਸ ਜਨਮ ਜਗਤ ਜਗਿਆਸੂਆਂ ਜਾਏ ਮੂਲ ਨਾ ਸੌਰ, ਸਤਿਗੁਰ ਸਚ ਸੰਗ ਨਾ ਕੋਇ ਰਖਾਈਆ । ਮੈਂ ਹੈਰਾਨ ਹੋ ਗਿਆ ਧਰਮ ਦੀ ਚਾਰੋਂ ਕੁੰਟ ਕੱਟੀ ਗਈ ਡੋਰ, ਤੰਦਵ ਤੰਦੀ ਤੰਦ ਨਾ ਕੋਇ ਬੰਨ੍ਹਾਈਆ । ਝਟ ਮੈਨੂੰ ਪੰਚ ਵਿਕਾਰੇ ਪੈ ਗਏ ਚੋਰ, ਕਾਮ ਕਰੋਧ ਲੋਭ ਮੋਹ ਹੰਕਾਰ ਆਪਣੀ ਲੈ ਅੰਗੜਾਈਆ । ਮੈਂ ਉਚੀ ਕੂਕ
ੴ ਪਾਇਆ ਸ਼ੋਰ, ਦਰੋਹੀ ਦਿਤੀ ਥਾਉਂ ਥਾਈਂਆ । ਮੇਰਾ ਕੋਈ ਨਾ ਚਲਿਆ ਜ਼ੋਰ, ਬਲਹੀਣ ਹੋ ਕੇ ਦਿਆਂ ਦ੍ਰਿੜ੍ਹਾਈਆ । ਕਿਉਂ ਦੀਨ ਦੁਨੀ ਖਾਣ ੧੦੮੦
ਵਾਲੀ ਹੋ ਗਈ ਪੰਛੀ ਢੋਰ, ਪਸ਼ੂਆਂ ਖੱਲਾਂ ਰਹੇ ਲੁਹਾਈਆ । ਕਿਸੇ ਦਾ ਭਾਗ ਨਾ ਦਿਸੇ ਮਥੋਰ, ਮਥਰਾ ਦਾ ਕਾਹਨ ਰਿਹਾ ਜਣਾਈਆ । ਮੈਂ ਪ੍ਰਭੂ ਦਾ ਸੰਦੇਸ਼ਾ ਦੇਣ ਆਇਆ ਬਤੌਰ, ਆਪ ਆਪਣਾ ਫੇਰਾ ਪਾਈਆ । ਤੂੰ ਨਿਗਾਹ ਮਾਰ ਲੈ ਕਰ ਕੇ ਗ਼ੌਰ, ਕੀ ਗਹਿਰ ਗੰਭੀਰ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਧਰਨੀਏ ਪ੍ਰਭੂ ਪਿਆਰ ਵਿਚ ਪਾ ਗਲਵਕੜੀ, ਬਿਨ ਬਹੀਆਂ ਬਾਹੂ ਉਠਾਈਆ । ਜਿਸ ਦੀ ਮੁਹੱਬਤ ਵਿਚ ਆਦਿ ਜੁਗਾਦਿ ਜਕੜੀ, ਜ਼ੰਜੀਰ ਸਕਿਆ ਨਾ ਕੋਇ ਤੁੜਾਈਆ । ਤੂੰ ਹੋਵੀਂ ਨਾ ਦੀਨ ਦੁਨੀ ਨਾਲ ਮਨਮਤੜੀ, ਮਨਸਾ ਕਲਜੁਗ ਨਾਲ ਰਲਾਈਆ । ਤੂੰ ਸ਼ਾਹੋ ਭੂਪ ਸੁਲਤਾਨ ਇਕੋ ਤੋਲ ਤੋਲਣਾ ਅਗੰਮੀ ਤਕੜੀ, ਜਿਸ ਦਾ ਤਰਾਜ਼ੂ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਧਰਨੀਏ ਤੂੰ ਆਪਣੇ ਵੇਖ ਲੈ ਵਾਲ ਧੌਲੇ, ਧਵਲੇ ਬਿਨ ਅੱਖਾਂ ਧਿਆਨ ਲਗਾਈਆ । ਨਿਗਾਹ ਮਾਰ ਲੈ ਇਕਰਾਰ ਕੌਲੇ, ਵਾਅਦੇ ਪਿਛਲੇ ਵੇਖ ਵਖਾਈਆ । ਕਿਸ ਬਿਧ ਪੁਰਖ ਅਕਾਲਾ ਤੇਰੇ ਉਤੇ ਮੌਲੇ, ਮੌਲਾ ਆਪਣਾ ਰੂਪ ਪਰਗਟਾਈਆ । ਅੰਮ੍ਰਿਤ ਰਸ ਤੈਨੂੰ ਬਖ਼ਸ਼ੇ ਅਗੰਮੀ ਕਵਲੇ, ਕਵਲ ਦੀ ਧਾਰ ਬ੍ਰਹਮਾ ਕੀ ਸਮਝਾਈਆ । ਦੀਨ ਦੁਨੀ ਦੇ ਮਾਨਵ ਤਕੇ ਪਗਲੇ, ਵੇਖਣਹਾਰਾ ਥਾਉਂ ਥਾਈਆ । ਕਲਜੁਗ ਕੂੜ ਕੁੜਿਆਰੇ ਤਕੇ ਬਗਲੇ, ਬਪੜੇ ਵੇਖੇ ਥਾਉਂ ਥਾਈਂਆ । ਨੀ ਤੇਰੇ ਲਹਿਣੇ ਦੇਣੇ ਮੁਕਾਏ ਸਗਲੇ, ਸਗਲਾ ਸੰਗੀ ਹੋਏ ਸਹਾਈਆ । ਜਿਨ੍ਹ ਲੇਖੇ ਲਾਉਂਣੇ ਕੋਝੇ ਕਮਲੇ ਕੰਗਲੇ, ਗ਼ਰੀਬ ਨਿਮਾਣਿਆਂ ਆਪਣੀ ਗੋਦ ਟਿਕਾਈਆ । ਜੋ ਕਲਜੁਗ ਅੰਤ ਆਇਆ ਗੁਰ ਅਵਤਾਰ ਪੈਗ਼ੰਬਰਾਂ

ਪੀਰਾਂ ਬਦਲੇ, ਜੋਤੀ ਜਾਤਾ ਹੋ ਕੇ ਫੇਰਾ ਪਾਈਆ । ਉਸ ਦੀ ਵੇਖਣੀ ਹਦੂਦ ਹਕ ਮੰਜ਼ਲੇ, ਮੰਜ਼ਲ ਮੰਜ਼ਲ ਸਾਰੇ ਪੰਧ ਮੁਕਾਈਆ । ਜਿਸ ਦਾ ਇਕੋ ਢੋਲਾ ਹੋਣਾ ਨਾਮ ਨਿਧਾਨ ਅਗੰਮੀ ਗ਼ਜ਼ਲੇ, ਗਾਇਨ ਗਾ ਗਾ ਆਪ ਸੁਣਾਈਆ । ਜਿਸ ਦੇ ਸ਼ਬਦ ਅਗੰਮੀ ਸਾਜ਼ ਖੜਕਣੇ ਬਿਨ ਢੋਲਕ ਛੈਣੇ ਤਬਲੇ, ਤਬਲੀਗ ਸਭ ਨੂੰ ਦਏ ਜਣਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਤੇਰਾ ਪਰਦਾ ਅੰਤਮ ਕੱਜ ਲਏ, ਸਿਰ ਸਿਰ ਆਪਣਾ ਹੱਥ ਟਿਕਾਈਆ । ਨਾਰਦ ਕਹੇ ਧਰਨੀਏ ਤੂੰ ਖ਼ੁਸ਼ੀਆਂ ਦੇ ਵਿਚ ਭੱਜ ਲੈ, ਬਿਨ ਕ਼ਦਮਾਂ ਕ਼ਦਮ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲੇ ਤੇਰੇ ਉਤੋਂ ਆਪੇ ਲਭ ਲਏ, ਜਨ ਭਗਤਾਂ ਖੋਜਣ ਦੀ ਲੋੜ ਰਹੇ ਨਾ ਰਾਈਆ ।

### ✪ ੨੬ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਸੰਪੂਰਨ ਸਿੰਘ ਦੇ ਗ੍ਰਿਹ ਪਿੰਡ ਚਕ ਨਿਧਾਨਾ ਜ਼ਿਲਾ ਫਿਰੋਜ਼ਪੁਰ ✪

ਕਲਜੁਗ ਕਹੇ ਧਰਨੀਏ ਮੇਰਾ ਗਾ ਲੈ ਢੋਲਾ, ਬਿਨ ਰਸਨਾ ਜਿਹਵਾ ਬੱਤੀ ਦੰਦਾਂ ਸਿਫ਼ਤ ਸਲਾਹੀਆ । ਮੈਂ ਚੌਥਾ ਜੁਗ ਪਰਮ ਪੁਰਖ ਦਾ ਬਣ ਕੇ ਆਇਆ ਗੋਲਾ, ਗੋਲਕ ਧਰਮ ਧਾਰ ਦੀ ਤੇਰੇ ਉਤੋਂ ਖ਼ਾਲੀ ਦਿਤੀ ਕਰਾਈਆ । ਮੈਂ ਮਾਣ ਰਹਿਣ ਦਿਤਾ ਨਹੀਂ ਕਿਸੇ ਅਵਤਾਰ ਕਲਾ ਚੌਦਾਂ ਸੋਲਾ, ਆਪਣੀ ਕਲ ਦਿਤੀ ਵਰਤਾਈਆ । ਨੌ ਖੰਡ ਪ੍ਰਿਥਮੀ ਮਾਇਆ ਮਮਤਾ ਮੋਹ ਦਾ ਪਾ ਕੇ ਰੌਲਾ, ਧੀਰਜ ਧਰਮ ਦਿਤਾ ਹਿਲਾਈਆ । ਕੂੜ ਕੁੜਿਆਰ ਵਿਚ ਸੰਸਾਰ ਹੱਟ ਅਗੰਮਾ ਖੋਲ੍ਹਾ, ਖ਼ਲਕ ਦੇ ਮਾਲਕ ਮੈਨੂੰ ਦਿਤੀ ਮਾਣ ਵਡਿਆਈਆ । ਮੈਂ ਝੂਠ ਵਣਜਾਰਾ ਬਣ ਗਿਆ ਤੋਲਾ, ਦੀਨ ਦੁਨੀ ਤੋਲਾਂ ਥਾਉਂ ਥਾਈਆ । ਮੈਂ ਕਿਸੇ ਦੇ ਅੰਦਰ ਭੇਵ ਰਹਿਣ ਦਿਤਾ ਨਹੀਂ ਪਰਦਾ ਉਹਲਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਨੀ ਤੇਰੇ ਉਤੇ ਸਦੀ ਚੌਧਵੀਂ ਅੰਤ ਮੈਂ ਖੇਲਣ ਵਾਲਾ ਖ਼ੂਨ ਦਾ ਹੋਲਾ, ਹੌਲੀ ਹੌਲੀ ਆਪਣਾ ਖੇਲ ਪਰਗਟਾਈਆ । ਤੂੰ ਵਾਅਦਾ ਤਕ ਲੈ ਚਾਰ ਜੁਗ ਦਾ ਇਕਰਾਰ ਕੌਲਾ, ਕਵਲ ਨੈਣਾਂ ਕੀ ਤੈਨੂੰ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਕਲਜੁਗਾ ਮੇਰਾ ਪਰਮ ਪੁਰਖ ਭਗਵੰਤ, ਹਰਿ ਕਰਤਾ ਧੁਰਦਰਗਾਹੀਆ । ਜਿਸ ਨੂੰ ਜੁਗ ਚੌਕੜੀ ਗਾਉਂਦੇ ਭਗਤ ਸੰਤ, ਸੂਫ਼ੀ ਸੋਹਲੇ ਢੋਲੇ ਰਹੇ ਸੁਣਾਈਆ । ਜਿਸ ਦਾ ਨਾਮ ਨਿਧਾਨਾ ਅਗੰਮਾ ਮੰਤ, ਮੰਤਵ ਮੇਰਾ ਹਲ ਕਰਾਈਆ । ਜੋ ਲੇਖਾ ਜਾਣੇ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਉਹ ਤੇਰੇ ਕੂੜ ਕੁੜਿਆਰ ਦਾ ਕਰਨਹਾਰਾ ਅੰਤ, ਅੰਤਸ਼ਕਰਨ ਵੇਖੇ ਖ਼ਲਕ ਖ਼ੁਦਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਬਣਾਵੇ ਬਣਤ, ਘੜਨ ਭੰਨਣਹਾਰ ਧੁਰਦਰਗਾਹੀਆ । ਜਿਸ ਦੀ ਮਹਿੰਮਾ ਏਥੇ ਓਥੇ ਦੋ ਜਹਾਨ ਅਗਣਤ, ਕਥਨੀ ਕਥ ਸਕੇ ਨਾ ਰਾਈਆ । ਉਹ ਤੇਰਾ ਤੋੜਨਹਾਰਾ ਗੜ੍ਹ ਹਉਮੇ ਹੰਗਤ, ਹੰ ਬ੍ਰਹਮ ਪਾਰਬ੍ਰਹਮ ਸਭ ਨੂੰ ਦਏ ਸਮਝਾਈਆ । ਬੁੱਧੀ ਤੋਂ ਬਾਹਰ ਬੋਧ ਅਗਾਧਾ ਬਣ ਕੇ ਪੰਡਤ, ਤੂੰ ਮੇਰਾ ਮੈਂ ਤੇਰਾ ਸਿਖਿਆ ਸਚ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਗੁਸਾਈਆ । ਕਲਜੁਗ ਕਹੇ ਧਰਨੀਏ ਮੈਂ ਸੂਰਬੀਰ ਬਲਵਾਨ, ਬਲਧਾਰੀ ਇਕ ਅਖਵਾਈਆ । ਮੇਰਾ ਮਾਲਕ

ਖ਼ਾਲਕ ਵਾਲੀ ਦੋ ਜਹਾਨ, ਜੋਬਨਵੰਤਾ ਸ੍ਰੀ ਭਗਵੰਤਾ ਨੂਰ ਅਲਾਹੀਆ । ਜਿਸ ਨੇ ਨਿਰਗੁਣ ਧਾਰ ਮੈਨੂੰ ਦਿਤਾ ਦਾਨ, ਵਸਤ ਅਗੰਮ ਅਥਾਹ ਵਰਤਾਈਆ । ਮੈਂ ਫੇਰੀ ਦਰੋਹੀ ਵਿਚ ਜਹਾਨ, ਚਾਰ ਕੁੰਟ ਦਹਿ ਦਿਸ਼ਾ ਆਪਣਾ ਹੁਕਮ ਵਰਤਾਈਆ । ਧਰਮ ਰਹਿਣ ਦਿਤਾ ਨਹੀਂ ਵਿਚ ਜ਼ਮੀਂ ਅਸਮਾਨ, ਧਵਲੇ ਵੇਖਣਾ ਨੈਣ ਉਠਾਈਆ । ਜਿਧਰ ਤਕੇਂ ਮਾਨਵ ਜ਼ਾਤੀ ਤੈਨੂੰ ਦਿਸੇ ਬੇਈਮਾਨ, ਬੇਵਾ ਹੋਈ ਖ਼ਲਕ ਖ਼ੁਦਾਈਆ । ਸਾਬਤ ਰਹਿਣ ਦਿਤਾ ਨਹੀਂ ਕਿਸੇ ਦਾ ਧਰਮ ਈਮਾਨ, ਅਮਲ ਤਕਣੇ ਥਾਉਂ ਥਾਈਂਆ । ਮੇਰਾ ਕੂੜ ਹੋਇਆ ਪਰਧਾਨ, ਨਵ ਸੱਤ ਭੱਜੇ ਵਾਹੋ ਦਾਹੀਆ । ਤੂੰ ਹੋ ਨਾ ਜਾਈਂ ਹੈਰਾਨ, ਹੈਰਾਨੀ ਵਿਚ ਕੁਰਲਾਈਆ । ਮੇਰਾ ਲਹਿਣਾ ਦੇਣਾ ਨਾਲ ਸ਼ਰਅ ਸ਼ੈਤਾਨ, ਸ਼ਰੀਅਤ ਆਪਣਾ ਸੰਗ ਨਿਭਾਈਆ । ਮੈਂ ਯੋਧਾ ਸੂਰਬੀਰ ਬਲੀ ਬਲਵਾਨ, ਬਲਧਾਰੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਧਰਨੀ ਕਹੇ ਕਲਜੁਗਾ ਨਾ ਐਵੇਂ ਪਾ ਸ਼ੋਰ, ਉਚੀ ਕੂਕ ਕੂਕ ਸੁਣਾਈਆ । ਜ਼ਰਾ ਤਕ ਲੈ ਨਾਲ ਗ਼ੌਰ, ਗਹਿਰ ਗੰਭੀਰ ਕੀ ਹੁਕਮ ਵਰਤਾਈਆ । ਕਲਜੁਗ ਕੂੜੀ ਕਿਰਿਆ ਤੇਰੀ ਦਫ਼ਨ ਹੋਵੇ ਵਿਚ ਗੋਰ, ਮੜ੍ਹੀ ਮਸਾਣ ਰੋਵਣ ਮਾਰਨ ਧਾਹੀਆ । ਤੇਰੀ ਸਤਿ ਧਰਮ ਦੀ ਕੱਟੀ ਜਾਣੀ ਡੋਰ, ਕਟਾਕਸ਼ ਪ੍ਰਭ ਆਪਣਾ ਨਾਮ ਲਗਾਈਆ । ਜਿਸ ਲੇਖਾ ਰਹਿਣ ਨਹੀਂ ਦੇਣਾ ਠਗ ਚੋਰ, ਚਾਰੋਂ ਕੁੰਟ ਵੇਖ ਵਖਾਈਆ । ਤੇਰਾ ਮੇਟੇ ਅੰਧੇਰਾ ਘੋਰ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਦੀਨ ਦੁਨੀ ਦਾ ਲੇਖਾ ਕਰ ਦੇਵੇ ਅਵਰ ਕਾ ਔਰ, ਅਵਰ ਦਾ ਅਵਰ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਕਲਜੁਗ ਕਹੇ ਧਰਨੀਏ ਮੈਂ ਪ੍ਰਭ ਦਾ ਪੁਤ ਨਾਪਾਕ, ਪਾਕ ਰਹਿਣ ਕੋਇ ਨਾ ਪਾਈਆ । ਸਭ ਦੀ ਮਿੱਟੀ ਉਡਾਵਾਂ ਖ਼ਾਕ, ਧੂੜੀ ਜ਼ਮੀਂ ਅਸਮਾਨ ਵਖਾਈਆ । ਮੈਂ ਚੌਥਾ ਜੁਗ ਬਣ ਕੇ ਆਇਆ ਚਾਕ, ਚਾਕਰ ਹੋ ਕੇ ਸੇਵ ਕਮਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਮਨੂਆ ਕੀਤਾ ਆਕ, ਮਨ ਕਾ ਮਣਕਾ ਆਪ ਭੁਆਈਆ । ਸਚ ਦੁਆਰੇ ਖੋਲ੍ਹ ਸਕੇ ਕੋਈ ਨਾ ਤਾਕ, ਪਰਦਾ ਉਹਲਾ ਨਾ ਕੋਇ ਉਠਾਈਆ । ਮੈਂ ਜਗਤ ਅਸਵ ਚੜ੍ਹ ਕੇ ਪੂਰੇ ਕਰਾਂ ਤੇਰੇ ਵਾਕ, ਵਾਕਫ਼ਕਾਰ ਬਣਿਆ ਖ਼ਲਕ ਖ਼ੁਦਾਈਆ । ਧਰਮ ਦਾ ਰਹਿਣ ਦਿਤਾ ਨਹੀਂ ਕੋਈ ਸੱਜਣ ਸਾਕ, ਮੀਤ ਪਿਆਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਧਰਨੀ ਕਹੇ ਨਾਰਦਾ ਮੇਰਾ ਮਾਲਕ ਅਗੰਮ ਸੁਆਮੀ, ਸ਼ਹਿਨਸ਼ਾਹ ਇਕ ਅਖਵਾਈਆ । ਜੋ ਆਦਿ ਜੁਗਾਦੀ ਅੰਤਰਜਾਮੀ, ਅੰਤਸ਼ਕਰਨ ਵੇਖੇ ਖ਼ਲਕ ਖ਼ੁਦਾਈਆ । ਜਿਸ ਤੇਰੇ ਉਤੇ ਨਿਰਗੁਣ ਧਾਰ ਕੀਤੀ ਮਿਹਰਵਾਨੀ, ਮਿਹਰਵਾਨ ਮਹਿਬਾਨ ਬੀਦੋ ਨੂਰ ਅਲਾਹੀਆ । ਉਸ ਨੇ ਤੇਰੀ ਮੇਟਣੀ ਕੂੜ ਨਿਸ਼ਾਨੀ, ਨਿਸ਼ਾਨਾ ਸਤਿਜੁਗ ਸਚ ਝੁਲਾਈਆ । ਤੇਰਾ ਲਹਿਣਾ ਦੇਣਾ ਲੇਖਾ ਅੰਤਮ ਦਿਸੇ ਫ਼ਾਨੀ, ਫ਼ਨਾਫ਼ਿੱਲਾ ਦਿਸੇ ਖ਼ਲਕ ਖ਼ੁਦਾਈਆ । ਮੇਰੇ ਪਰਵਰਦਿਗਾਰ ਸਾਂਝੇ ਯਾਰ ਝਗੜਾ ਮੇਟਣਾ ਜਿਸਮ ਜਿਸਮਾਨੀ, ਰੂਹ ਬੁਤ ਅਬਿਨਾਸ਼ੀ ਅਚੁਤ ਆਪਣੇ ਰੰਗ ਰੰਗਾਈਆ । ਉਹ ਵੇਸ ਵਟਾਏ ਦਇਆ ਕਮਾਏ ਜੋਤ ਜਗਾਏ ਜਿਸ ਨੂੰ ਪੈਗ਼ੰਬਰਾਂ ਕਿਹਾ ਬਾਪ ਅਸਮਾਨੀ, ਇਸਮ ਆਜ਼ਮ ਇਕੋ ਇਕ ਅਖਵਾਈਆ । ਜਿਸ ਦਾ ਹਕੀਕਤ ਵਾਲਾ ਕਲਮਾ ਹੋਵੇ ਕਲਾਮੀ, ਕਾਇਨਾਤ ਕਰੇ ਪੜ੍ਹਾਈਆ । ਤੇਰੀ ਮੇਟੇ ਰੈਣ ਅੰਧੇਰੀ ਸ਼ਾਮੀ, ਸ਼ਮਅ ਨੂਰ ਜੋਤ ਕਰੇ ਰੁਸ਼ਨਾਈਆ । ਉਹ ਸ਼ਾਹੋ ਭੂਪ ਸੁਲਤਾਨੀ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਮਾਲਕ ਖ਼ਾਲਕ ਦੋ ਜਹਾਨੀ, ਦੋਹਰੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਖੇਲ ਵਖਾਈਆ ।

✪ ੨੭ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਕਰਨੈਲ ਸਿੰਘ, ਇਕਬਾਲ ਸਿੰਘ, ਰਾਜ ਸਿੰਘ ਅਜੈਬ ਸਿੰਘ, ਨਛੱਤਰ ਸਿੰਘ ਦੇ ਨਵਿਤ ਫ਼ਰੀਦਕੋਟ ✪

ਧਰਨੀ ਕਹੇ ਪ੍ਰਭੂ ਮੇਰੇ ਉਤੇ ਕਿਰਪਾ ਕਰ, ਕਿਰਪਾ ਨਿਧਾਨ ਨੌਜਵਾਨ ਸ੍ਰੀ ਭਗਵਾਨ ਤੇਰੀ ਓਟ ਤਕਾਈਆ । ਜੋਤੀ ਜਾਤੇ ਪੁਰਖ ਬਿਧਾਤੇ ਮੇਰਾ ਸੁਹੰਜਣਾ ਕਰ ਦੇ ਘਰ, ਅਬਿਨਾਸ਼ੀ ਕਰਤੇ ਪਰਵਰਦਿਗਾਰ ਸਾਂਝੇ ਯਾਰ ਤੇਰੀ ਸਰਨਾਈਆ । ਦੀਨ ਦਿਆਲ ਮੈਨੂੰ ਦੇ ਦੇ ਇਕੋ ਅਗੰਮਾ ਵਰ, ਵਾਰਸ ਹੋ ਕੇ ਵੇਖ ਵਖਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਧਰਮ ਧਾਰ ਮੇਰਾ ਬਣਾ ਦੇ ਸਰੋਵਰ ਸਰ, ਦੁਰਮਤ ਮੈਲ ਕਲਜੁਗ ਕੂੜ ਕੁੜਿਆਰ ਧੁਆਈਆ । ਦੀਨ ਦਿਆਲੇ ਮਾਇਆ ਮਮਤਾ ਮੋਹ ਵਿਕਾਰ ਚੁਕਾ ਦੇ ਡਰ, ਹਉਮੇ ਹੰਗਤਾ ਰਹਿਣ ਨਾ ਪਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਮੈਂ ਤੇਰਾ ਭਾਣਾ ਰਹੀ ਜਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਵ ਨਿਵ ਸੀਸ ਝੁਕਾਈਆ । ਮਿਹਰਵਾਨਾ ਨੌਜੁਆਨਾ ਮੇਰਾ ਖ਼ਾਲੀ ਭੰਡਾਰਾ ਭਰ, ਨਾਮ ਨਿਧਾਨ ਵਸਤ ਅਗੰਮ ਅਥਾਹ ਆਪ ਵਰਤਾਈਆ । ਦਰ ਦਰਵੇਸ਼ਣ ਹੋ ਕੇ ਤੇਰੇ ਦੁਆਰੇ ਗਈ ਖੜ੍ਹ, ਭਿਖਾਰਨ ਹੋ ਕੇ ਝੋਲੀ ਡਾਹੀਆ । ਮੇਰੇ ਉਤੋਂ ਤੋੜ ਹੰਕਾਰੀ ਗੜ੍ਹ, ਨਿਮਰਤਾ ਆਪਣੀ ਦੇ ਵਰਤਾਈਆ । ਝਗੜਾ ਮੁਕਾ ਦੇ ਚੇਤਨ ਜੜ੍ਹ, ਚੋਟੀ ਇਕੋ ਰੰਗ ਸਮਾਈਆ । ਮੈਂ ਤੇਰਾ ਪੱਲੂ ਇਕੋ ਲਿਆ ਫੜ, ਦੂਸਰ ਓਟ ਨਾ ਕੋਇ ਰਖਾਈਆ । ਮੇਰੇ ਉਤੇ ਸਤਿ ਧਰਮ ਦਾ ਘਾੜਨ ਦੇਣਾ ਘੜ, ਸਤਿਜੁਗ ਸਚ ਸਚ ਦੇਣਾ ਵਰਤਾਈਆ । ਕਲਜੁਗ ਕੂੜ ਕੁੜਿਆਰਾ ਏਕੰਕਾਰ ਤੇਰੇ ਹੁਕਮ ਵਿਚ ਜਾਏ ਹੜ੍ਹ, ਧਰਨੀ ਧਰਤ ਧਵਲ ਧੌਲ ਉਤੇ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਨਿਗਾਹ ਮਾਰ ਲੈ ਜਲਦੀ, ਬਿਨ ਨੇਤਰ ਲੋਚਨ ਨੈਣਾਂ ਅੱਖ ਉਠਾਈਆ । ਧਾਰ ਵੇਖ ਲੈ ਕਲਜੁਗ ਕਲ ਦੀ, ਕਲ ਕਾਤੀ ਆਪਣਾ ਫੇਰਾ ਪਾਈਆ । ਸਾਰ ਪਾ ਲੈ ਮਹੀਅਲ ਜਲ ਥਲ ਦੀ, ਥਲ ਅਸਗਾਹ ਰੋਵਣ ਮਾਰਨ ਧਾਈਆ । ਮੇਰੀ ਆਸ਼ਾ ਪੂਰੀ ਕਰ ਦੇ ਬਾਵਨ ਧਾਰ ਬਲ ਦੀ, ਤ੍ਰਿਸ਼ਨਾ ਤੇਰੇ ਚਰਨ ਟਿਕਾਈਆ । ਬੇਸ਼ਕ ਤੇਰੀ ਖੇਲ ਅਛਲ ਅਛੱਲ ਦੀ, ਵਲ ਛਲ ਆਪਣਾ ਭੇਵ ਦੇਣਾ ਖੁਲ੍ਹਾਈਆ । ਮੈਂ ਸਚ ਦੁਆਰ ਏਕੰਕਾਰ ਦਰਗਾਹ ਸਾਚੀ ਤੇਰਾ ਮਲਦੀ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਧਰਮ ਧਾਰ ਉਪਜਾ ਦੇ ਜੁਗ, ਯੁਗਤੀ ਆਪਣੀ ਨਾਲ ਰਲਾਈਆ । ਕਲਜੁਗ ਕੂੜ ਕੁੜਿਆਰਾ ਲੇਖਾ ਜਾਏ ਪੁਗ, ਪੂਜਣਯੋਗ ਤੇਰੀ ਸਰਨਾਈਆ । ਦੀਨ ਦੁਨੀ ਦੀ ਅੰਤਸ਼ਕਰਨ ਉਜਲ ਕਰ ਦੇ ਬੁੱਧ, ਬਿਬੇਕ ਆਪਣਾ ਰੰਗ ਰੰਗਾਈਆ । ਮਨ ਕਲਪਣਾ ਦਹਿ ਦਿਸ਼ਾ ਨਾ ਜਾਏ ਕੁੱਦ, ਕੁਦਰਤ ਦੇ ਕ਼ਾਦਰ ਹੋਣਾ ਆਪ ਸਹਾਈਆ । ਨਿਗਾਹ ਮਾਰ ਲੈ ਟਿੱਲੇ ਥਲ

ਅਸਗਾਹ ਸਾਗਰ ਸਮੁੰਦ, ਮਹੀਅਲ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਧਰਨੀ ਕਹੇ ਪ੍ਰਭੂ ਸਤਿਜੁਗ ਸਾਚਾ ਧਰਮ ਦੁਆਰਾ ਲਾ, ਧਰਮ ਦੀ ਧਾਰ ਧਾਰ ਵਡਿਆਈਆ । ਪੁਰਖ ਅਕਾਲੇ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਅਵਤਾਰ ਪੈਗ਼ੰਬਰ ਗੁਰੂ ਬਣਾ ਗਵਾਹ, ਸ਼ਹਾਦਤ ਚਾਰ ਜੁਗ ਭੁਗਤਾਈਆ । ਗ੍ਰੰਥ ਸ਼ਾਸਤਰ ਨਾਲ ਮਿਲਾ, ਸਗਲਾ ਸੰਗ ਇਕ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਉਠਾ, ਤ੍ਰੈਗੁਣ ਅਤੀਤੇ ਦਇਆ ਕਮਾਈਆ । ਕਰੋੜ ਤੇਤੀਸਾ ਦੇ ਹਿਲਾ, ਸੋਇਆ ਰਹਿਣ ਕੋਇ ਨਾ ਪਾਈਆ । ਸਤਿਗੁਰ ਸ਼ਬਦੀ ਆਪਣਾ ਡੰਕ ਵਜਾ, ਦੋ ਜਹਾਨਾਂ ਕਰ ਸ਼ਨਵਾਈਆ । ਰਾਓ ਰੰਕਾਂ ਫੋਲ ਫੁਲਾ, ਬਚਿਆ ਰਹਿਣ ਕੋਇ ਨਾ ਪਾਈਆ । ਤੂੰ ਆਦਿ ਜੁਗਾਦੀ ਬੇਪਰਵਾਹ, ਰਹਿਬਰ ਇਕੋ ਨੂਰ ਅਲਾਹੀਆ । ਤੂੰ ਮਾਲਕ ਵਾਹਿਦ ਇਕ ਖ਼ੁਦਾ, ਗਾਡ ਕਹਿ ਕੇ ਸੀਸ ਨਿਵਾਈਆ । ਕਾਹਨ ਕਾਹਨਾ ਇਕੋ ਰਿਹਾ ਅਖਵਾ, ਰਾਮ ਰਾਮਾ ਰੂਪ ਸਮਾਈਆ । ਮੂਸਾ ਤੈਨੂੰ ਰਿਹਾ ਧਿਆ, ਈਸਾ ਬਿਨ ਲੋਚਨ ਨੈਣ ਅੱਖ ਖੁਲ੍ਹਾਈਆ । ਮੁਹੰਮਦ ਢੋਲੇ ਰਿਹਾ ਗਾ, ਚਾਰ ਯਾਰੀ ਮਿਲ ਕੇ ਵਜੇ ਵਧਾਈਆ । ਨਾਨਕ ਨਿਰਗੁਣ ਸਰਗੁਣ ਸਤਿ ਸਤਿ ਨਾਮ ਰਿਹਾ ਦ੍ਰਿੜ੍ਹਾ, ਡੰਕਾ ਗੋਬਿੰਦ ਫ਼ਤਿਹ ਰਿਹਾ ਵਜਾਈਆ । ਅੰਤ ਸਭ ਨੇ ਧਰਨੀ ਕਹੇ ਮੈਨੂੰ ਦਿਤਾ ਸੁਣਾ, ਬਿਨ ਰਸਨਾ ਜਿਹਵਾ ਸ਼ਬਦ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਆਵੇ ਬੇਪਰਵਾਹ, ਬੇਪਰਵਾਹ ਨੂਰ ਅਲਾਹੀਆ । ਜੋ ਕਲਜੁਗ ਕੂੜੀ ਕਿਰਿਆ ਦਏ ਗੁਆ, ਧਰਨੀ ਧਰਤ ਧਵਲ ਧੌਲ ਤੇਰੇ

੧੦੮੪ ਉਤੇ ਰਹਿਣ ਨਾ ਪਾਈਆ । ਸਤਿਜੁਗ ਸਾਚੇ ਜਨਮ ਦਏ ਦੁਆ, ਸਤਿ ਸਤਿ ਵਿਚੋਂ ਪਰਗਟਾਈਆ । ਏਕਾ ਨਾਮ ਕਲਮਾ ਦਏ ਪੜ੍ਹਾ, ਦੂਸਰ ੧੦੮੪

੨੪ ਵੰਡ ਨਾ ਕੋਇ ਵੰਡਾਈਆ । ਇਕੋ ਮੰਦਰ ਮਸਜਿਦ ਸ਼ਿਵਦੁਵਾਲਾ ਮਠ ਗੁਰੂਦੁਆਰ ਦਏ ਵਖਾ, ਇਕੋ ਗ੍ਰਿਹਿ ਵਜਦੀ ਰਹੇ ਵਧਾਈਆ । ਇਕੋ ਨਾਮ ੨੪

ਨਿਧਾਨਾ ਸ੍ਰੀ ਭਗਵਾਨਾ ਦਏ ਦ੍ਰਿੜ੍ਹਾ, ਦੂਸਰ ਅੱਖਰ ਨਾ ਕੋਇ ਪੜ੍ਹਾਈਆ । ਧਰਨੀਏ ਤੂੰ ਲੱਖ ਲੱਖ ਲੈਣਾ ਸ਼ੁਕਰ ਮਨਾ, ਸ਼ੁਕਰਾਨੇ ਵਿਚ ਸੀਸ ਨਿਵਾਈਆ । ਉਹ ਖੇਲ ਕਰੇ ਮਾਲਕ ਖ਼ਾਲਕ ਅਲਾਹੀ ਨੂਰ ਖ਼ੁਦਾ, ਖ਼ੁਦੀ ਦਾ ਡੇਰਾ ਅੰਤਮ ਦੇਵੇ ਢਾਹੀਆ । ਮਿੱਟੀ ਖ਼ਾਕੇ ਤੇਰੇ ਨਾਲੋਂ ਕਦੇ ਨਾ ਹੋਵੇ ਜੁਦਾ, ਜੁਜ਼ ਵਖਰਾ ਵੰਡ ਨਾ ਕੋਇ ਵੰਡਾਈਆ । ਇਕੋ ਫ਼ਰਮਾਨ ਸ਼ੰਦੇਸ਼ਾ ਦੇਵੇ ਸਦਾ, ਹੁਕਮ ਇਕੋ ਇਕ ਜਣਾਈਆ । ਤੂੰ ਉਸ ਨੂੰ ਸੀਸ ਦੇਣਾ ਨਿਵਾ, ਨਿਵ ਨਿਵ ਲਾਗਣਾ ਪਾਈਆ । ਤੇਰੀ ਅੰਤ ਕੰਤ ਭਗਵੰਤ ਕਲਜੁਗ ਪਕੜੇ ਬਾਂਹ, ਸਿਰ ਸਰ ਆਪਣਾ ਹੱਥ ਟਿਕਾਈਆ । ਕਲਜੁਗ ਜੀਵਾਂ ਬੁੱਧੀ ਰਹਿਣ ਨਾ ਦੇਵੇ ਵਾਂਗ ਕਾਂ, ਦੁਰਮਤ ਮੈਲ ਦੇਵੇ ਧੁਆਈਆ । ਇਕੋ ਏਕੰਕਾਰਾ ਸਾਰੇ ਜਪਣ ਨਾਂ, ਤੂੰ ਮੇਰਾ ਮੈਂ ਤੇਰਾ ਕਹਿ ਕੇ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੇਰੇ ਪਰਮ ਪੁਰਖ ਮੇਰੀ ਆ ਕੇ ਪਾ ਲੈ ਸਾਰ, ਸਰਗੁਣ ਨਿਰਗੁਣ ਆਪਣਾ ਭੇਵ ਚੁਕਾਈਆ । ਜੋਤੀ ਜਾਤੇ ਪੁਰਖ ਬਿਧਾਤੇ ਮੇਰਾ ਲਹਿਣਾ ਦੇਣਾ ਕਰਜ਼ ਉਤਾਰ, ਮਕ਼ਰੂਜ਼ ਲੇਖਾ ਅਵਰ ਰਹੇ ਨਾ ਰਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਤੇਰਾ ਖੇਲ ਅਪਰ ਅਪਾਰ, ਅਲਖ ਅਗੋਚਰ ਆਪਣਾ ਪਰਦਾ ਦੇ ਖੁਲ੍ਹਾਈਆ । ਮੈਂ ਮਾਂਗਤ ਹੋ ਕੇ ਖੜ੍ਹੀ ਤੇਰੇ ਦੁਆਰ, ਦੁਆਰਕਾ ਵਾਸੀ ਕਾਹਨ ਕ੍ਰਿਸ਼ਨ ਆਪਣੇ ਨਾਲ ਮਿਲਾਈਆ । ਰਾਮ ਰਾਮਾ ਦੇ ਸਹਾਰ, ਦਸਰਥ ਬੇਟਾ ਮੇਰੀ ਦਏ ਗਵਾਹੀਆ । ਬਾਵਨ ਬਿਨ ਅੱਖਰਾਂ ਬਣ ਲਿਖਾਰ, ਸ਼ਹਾਦਤ ਧੁਰ ਦੀ ਦਏ ਭੁਗਤਾਈਆ । ਪੈਗ਼ੰਬਰ ਤੇਰਾ ਕਰਨ

੧੦੮੫
੨੪

ਇੰਤਜ਼ਾਰ, ਮੂਸਾ ਈਸਾ ਮੁਹੰਮਦ ਬੈਠੇ ਨੈਣ ਉਠਾਈਆ । ਗੁਰ ਗੁਰ ਤੇਰਾ ਵੇਖਣ ਨੂਰ ਉਜਿਆਰ, ਜੋਤੀ ਜਾਤੇ ਕਰ ਰੁਸ਼ਨਾਈਆ । ਧਰਨੀ ਕਹੇ ਮੈਂ ਰੋ ਰੋ ਕਰਾਂ ਗਿਰਿਆਜ਼ਾਰ, ਬਿਨ ਨੇਤਰ ਨੈਣਾਂ ਨੀਰ ਵਹਾਈਆ । ਸੰਬਲ ਦੇ ਮਾਲਕ ਜੋਤੀ ਜਾਤੇ ਹੋ ਜਾ ਜ਼ਾਹਿਰ, ਜ਼ਾਹਰ ਜ਼ਹੂਰ ਆਪਣੀ ਕਰ ਰੁਸ਼ਨਾਈਆ । ਮੇਰਾ ਹੌਲਾ ਕਰ ਦੇ ਅੰਤ ਕੰਤ ਭਗਵੰਤ ਕਲਜੁਗ ਕੂੜ ਕੁੜਿਆਰ ਦਾ ਭਾਰ, ਮਾਇਆ ਮਮਤਾ ਮੋਹ ਨਜ਼ਰ ਕੋਇ ਨਾ ਆਈਆ । ਮੈਂ ਦੁਖਿਆਰਨ ਤੇਰੇ ਅਗੇ ਕਰਾਂ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਤੂੰ ਵੇਖਣਹਾਰਾ ਇਕ ਇਕੱਲਾ ਏਕੰਕਾਰ, ਅਕਲ ਕਲਧਾਰੀ ਤੇਰੀ ਵਡ ਵਡਿਆਈਆ । ਮੈਂ ਚਾਹੁੰਦੀ ਤੇਰੀ ਚਰਨ ਕਵਲ ਧੂੜੀ ਲਾਵਾਂ ਛਾਰ, ਟਿੱਕੇ ਸਤਿ ਸਚ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਸੁਆਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਧਰਨੀ ਕਹੇ ਮੇਰੇ ਆਦਿ ਜੁਗਾਦੀ ਮਿਹਰਵਾਨਾ, ਮਹਿਬੂਬ ਕੀ ਤੇਰੀ ਬੇਪਰਵਾਹੀਆ । ਨਿਗਾਹ ਮਾਰ ਲੈ ਆਦਿ ਜੁਗਾਦਿ ਨੌਜਵਾਨਾ, ਨਿਰਗੁਣ ਹੋ ਕੇ ਵੇਖ ਵਖਾਈਆ । ਮੇਰੇ ਸ਼ਾਹੋ ਭੂਪ ਸੁਲਤਾਨਾ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਹੁੰਦਿਆਂ ਕਿਉਂ ਬਦਲ ਗਿਆ ਜ਼ਮਾਨਾ, ਜ਼ਮੀਂ ਜ਼ਮਾਂ ਦੋਵੇਂ ਰੋਵਣ ਮਾਰਨ ਧਾਹੀਆ । ਤੂੰ ਮਾਲਕ ਖ਼ਾਲਕ ਵਸਣਹਾਰ ਉਤੇ ਅਸਮਾਨਾ, ਇਸਮ ਆਜ਼ਮ ਆਪਣਾ ਦੇ ਸਮਝਾਈਆ । ਤੇਰਾ ਸੰਦੇਸ਼ਾ ਦੇ ਕੇ ਗਏ ਕ੍ਰਿਸ਼ਨਾ ਕਾਹਨਾ, ਘਣਈਆ ਸਈਆ ਪਰਦਾ ਗਿਆ ਉਠਾਈਆ । ਪੈਗ਼ੰਬਰਾਂ ਦਿਤਾ ਹਕ ਪੈਗ਼ਾਮਾ, ਯੂਵੀ ਜਵਾਂ ਅਰਸ਼ੇ ਨਵਾਂ ਫ਼ਰਸ਼ੇ ਖ਼ੁਦਾ ਨੂਰ ਅਲਾਹੀਆ । ਗੁਰੂ ਗੁਰਦੇਵ ਤੇਰਾ ਵਜਾ ਕੇ ਗਏ ਦਮਾਮਾ, ਡੰਕਾ ਜਗਤ ਜਹਾਨ ਸੁਣਾਈਆ । ਸਤਿਗੁਰ ਸ਼ਬਦ ਪਹਿਰਨਾ ਬਾਣਾ, ਰੂਪ ਰੰਗ ਰੇਖ ਵੇਖਣ ਕੋਇ ਨਾ ਪਾਈਆ । ਤੇਰਾ ਇਕੋ ਨਾਮ ਹੋਵੇ ਤੁਰੀਆ ਤੋਂ ਬਾਹਰ ਤਰਾਨਾ, ਸੁਖਨ ਸੁਖੋਪਤ ਜਗਤ ਸਮਝ ਕੋਇ ਨਾ ਪਾਈਆ । ਚਾਰੇ ਬਾਣੀ ਤੇਰਾ ਸੁਣਨ ਨਾਮ ਨਿਧਾਨਾ, ਪਰਾ ਪਸੰਤੀ ਮੱਧਮ ਬੈਖਰੀ ਵੇਖਣ ਨੈਣ ਉਠਾਈਆ । ਚਾਰੇ ਖਾਣੀ ਤੈਨੂੰ ਕਰਨ ਪਰਵਾਨਾ, ਅੰਡਜ ਜੇਰਜ ਉਤਭੁਜ ਸੇਤਜ ਸੀਸ ਨਿਵਾਈਆ । ਧਰਨੀ ਕਹੇ ਮੇਰੇ ਸਤਿਗੁਰ ਪੁਰਖ ਬਲਵਾਨਾ, ਬਲ ਧਾਰੀ ਤੇਰੀ ਓਟ ਤਕਾਈਆ । ਕਲਜੁਗ ਕੂੜੀ ਕਿਰਿਆ ਮੇਟ ਨਿਸ਼ਾਨਾ, ਸਤਿਜੁਗ ਸਚ ਧਰਮ ਪਰਗਟਾਈਆ । ਤੂੰ ਮੇਰਾ ਰਹੀਮ ਰਹਿਮਤਾਂ ਵਾਲਾ ਰਹਿਮਾਨਾ, ਰੂਹ ਬੁਤਾਂ ਕਰ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਤ ਅਮੋਲਕ ਮੇਰੀ ਝੋਲੀ ਪਾਉਣਾ ਅਗੰਮਾ ਦਾਨਾ, ਜਿਸ ਨੂੰ ਦਾਨਸ਼ਵਰ ਸਮਝ ਸਕੇ ਕੋਇ ਨਾ ਰਾਈਆ ।

## ੨੭ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਖੇਮ ਸਿੰਘ ਦੇ ਗ੍ਰਿਹ
## ਕੋਟਕਪੂਰਾ ਸ਼ਹਿਰ ਜ਼ਿਲਾ ਫ਼ਰੀਦਕੋਟ

ਧਰਨੀ ਕਹੇ ਪ੍ਰਭੂ ਮੇਰਾ ਦੀਨ ਦੁਨੀ ਦਾ ਤਕ ਲੈ ਕੋਟ, ਨਵ ਨਵ ਚਾਰ ਦੇ ਮਾਲਕ ਧਿਆਨ ਲਗਾਈਆ । ਮਾਨਸ ਮਾਨਵ ਮਾਨੁਖ ਤੇਰਾ ਨੂਰ ਅਲਾਹੀ ਅਗੰਮੀ ਜੋਤ, ਜੋਤੀ ਜਾਤੇ ਪੁਰਖ ਬਿਧਾਤੇ ਸਤਿ ਸਰੂਪ ਨਜ਼ਰੀ ਆਈਆ । ਨਿਰਗੁਣ ਨਿਰਵੈਰ ਨਿਰੰਕਾਰ ਸਭ ਦੇ ਅੰਦਰੋਂ ਕਢ ਦੇ

ਖੋਟ, ਮੂਰਖ ਮੂੜ ਅਗਿਆਨ ਆਪਣੇ ਰੰਗ ਰੰਗਾਈਆ । ਕਲਜੁਗ ਕੂੜ ਕੁੜਿਆਰਾ ਸਮਾਂ ਬੀਤ ਗਿਆ ਬਹੁਤ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਲੇਖਾ ਲਹਿਣਾ ਦੇਣਾ ਚੁਕਾਈਆ । ਨੌਂ ਦੁਆਰੇ ਜਗਤ ਵਾਸਨਾ ਧਰਮ ਦੀ ਧਾਰ ਖੋਲ੍ਹ ਦੇ ਸੋਤ, ਸੋਈ ਸੁਰਤ ਅਕਾਲ ਮੂਰਤ ਆਪ ਉਠਾਈਆ । ਪਰਮ ਪੁਰਖ ਪਰਮਾਤਮ ਆਤਮਾ ਤੇਰੀ ਗੋਤ, ਦੂਸਰ ਵਰਨ ਬਰਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਧਰਨੀ ਕਹੇ ਮੇਰੇ ਪ੍ਰਭੂ ਮੈਂ ਮਾਂਗਤ ਖੜ੍ਹੀ ਹਜ਼ੂਰ, ਹਾਜ਼ਰ ਹੋ ਕੇ ਸੀਸ ਨਿਵਾਈਆ । ਅੰਮ੍ਰਿਤ ਰਸ ਬਖ਼ਸ਼ ਦੇ ਕਪੂਰ, ਪਵਿਤ੍ਰ ਆਪਣਾ ਨਾਮ ਪਰਗਟਾਈਆ । ਜੋਤੀ ਜਾਤੇ ਉਜਾਲਾ ਦੇ ਦੇ ਨੂਰ, ਨੂਰ ਨੁਰਾਨਾ ਡਗਮਗਾਈਆ । ਮੇਰਾ ਪੰਧ ਮੁਕਾ ਦੇ ਨੇੜਾ ਦੂਰ, ਦੋ ਜਹਾਨਾਂ ਵਾਟ ਰਹੇ ਨਾ ਰਾਈਆ । ਮੇਰੀ ਬੇਨੰਤੀ ਬਿਨੈ ਕਰ ਮਨਜ਼ੂਰ, ਮਨਸਾ ਤੇਰੇ ਚਰਨ ਟਿਕਾਈਆ । ਜੋ ਆਸਾ ਰਖ ਕੇ ਗਿਆ ਮੂਸਾ ਉਤੇ ਕੋਹਤੂਰ, ਤੁਰਤ ਵੇਖਣਾ ਥਾਉਂ ਥਾਈਂਆ । ਜੋ ਸੰਦੇਸ਼ਾ ਦਿਤਾ ਸੂਲੀ ਚੜ੍ਹਨ ਲੱਗਿਆਂ ਮਨਸੂਰ, ਮਨਸਾ ਤੇਰੇ ਰੰਗ ਰੰਗਾਈਆ । ਮੈਂ ਦੁਖਾਂ ਵਿਚ ਹੋਈ ਮਜਬੂਰ, ਮਿਹਰਵਾਨ ਮੇਰਾ ਲਹਿਣਾ ਦੇਣਾ ਦੇਣਾ ਚੁਕਾਈਆ । ਮੇਰੇ ਤੋਂ ਕਲਜੁਗ ਕਿਰਿਆ ਮੇਟ ਦੇ ਕੂੜ, ਕੂੜ ਕੁਟੰਬ ਦੇ ਮਿਟਾਈਆ । ਮੈਂ ਚਾਹੁੰਦੀ ਤੇਰੀ ਇਕੋ ਧੂੜ, ਟਿੱਕੇ ਮਸਤਕ ਖ਼ਾਕ ਰਮਾਈਆ । ਦੀਨ ਦੁਨੀ ਚਤੁਰ ਸੁਘੜ ਬਣਾ ਦੇ ਮੂਰਖ ਮੂੜ੍ਹ, ਦੁਰਮਤ ਮੈਲ ਧੁਆਈਆ । ਕਾਇਆ ਮਾਟੀ ਤਨ ਖ਼ਾਕੀ ਰੰਗ ਚਾੜ੍ਹ ਦੇ ਗੂੜ੍ਹ, ਦੋ ਜਹਾਨਾਂ ਨੌਜੁਆਨਾ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਤੇਰਾ ਇਕੋ ਵਜੇ ਡੰਕਾ, ਡੌਰੂ ਜਗਤ ਨਜ਼ਰ ਕੋਇ ਨਾ ਆਈਆ । ਮੇਰਾ ਸਤਿ ਦੁਆਰ ਸੁਹਾ ਦੇ ਬੰਕਾ, ਗ੍ਰਿਹਿ ਮੰਦਰ ਦੇ ਵਡਿਆਈਆ । ਮਾਣ ਬਖ਼ਸ਼ ਦੇ ਰਾਓ ਰੰਕਾ, ਸ਼ਾਹ ਕੰਗਾਲਾਂ ਇਕੋ ਸੰਗ ਬਣਾਈਆ । ਓਹ ਲੇਖਾ ਲਹਿਣਾ ਪੂਰਾ ਕਰ ਦੇ ਜੋ ਸੰਦੇਸ਼ਾ ਦੇ ਕੇ ਗਿਆ ਜਨਕਾ, ਤ੍ਰੇਤਾ ਜੁਗ ਦਏ ਗਵਾਹੀਆ । ਦੀਨ ਦੁਨੀ ਦਾ ਅੰਦਰੋਂ ਫੇਰ ਦੇ ਮਨ ਕਾ ਮਣਕਾ, ਮਨਸਾ ਮਨਸਾ ਵਿਚੋਂ ਬਦਲਾਈਆ । ਤੂੰ ਮਾਲਕ ਖ਼ਾਲਕ ਵਾਸੀ ਪੁਰੀ ਘਨਕਾ, ਅਕਲ ਕਲਧਾਰੀ ਤੇਰੇ ਹੱਥ ਵਡਿਆਈਆ । ਗੜ੍ਹ ਤੋੜ ਦੇ ਹਉਮੇ ਹੰਗਤਾ, ਹੰ ਬ੍ਰਹਮ ਦੇ ਸਮਝਾਈਆ । ਤੂੰ ਬੋਧ ਅਗਾਧਾ ਪੰਡਤਾ, ਨਿਰਅੱਖਰ ਕਰ ਪੜ੍ਹਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਬਣਾ ਦੇ ਸੰਗਤਾ, ਸਗਲਾ ਸੰਗੀ ਆਪ ਹੋ ਜਾਈਆ । ਝਗੜਾ ਮੁਕਾ ਦੇ ਪੰਜ ਤਤ ਤਨ ਕਾ, ਤਤਵ ਤਤ ਇਕੋ ਭੇਵ ਖੁਲ੍ਹਾਈਆ । ਲੇਖਾ ਰਹੇ ਨਾ ਖ਼ੁਸ਼ੀ ਗ਼ਮ ਕਾ, ਗ਼ਮਖਾਰ ਲਹਿਣਾ ਦੇਣਾ ਦੇਣਾ ਮੁਕਾਈਆ । ਵਣਜਾਰਾ ਰਹੇ ਨਾ ਕੋਈ ਦ੍ਰਿਸ਼ਟੀ ਚੰਮ ਕਾ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਜਗਤ ਜਹਾਨ ਵਣਜਾਰਾ ਹੋਵੇ ਇਕੋ ਧਰਮ ਕਾ, ਧਰਮ ਦੀ ਧਾਰ ਦੇਣੀ ਪਰਗਟਾਈਆ । ਰੂਪ ਅਨੂਪ ਵਖਾਉਣਾ ਇਕੋ ਬ੍ਰਹਮ ਕਾ, ਪਾਰਬ੍ਰਹਮ ਪਰਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਭੇਵ ਖੋਲ੍ਹ ਦੇ ਆਪ, ਆਪ ਆਪਣੀ ਦਇਆ ਕਮਾਈਆ । ਜੁਗ ਚੌਕੜੀ ਮੇਰੇ ਉਤੋਂ ਮੇਟ ਸੰਤਾਪ, ਸਗਲੇ ਸੰਗੀ ਹੋ ਸਹਾਈਆ । ਕਲਜੁਗ ਕੂੜ ਕੁਕਰਮ ਰਹੇ ਨਾ ਪਾਪ, ਦੁਰਮਤ ਮੈਲ ਦੇਣੀ ਧੁਵਾਈਆ । ਜਗਤ ਅੰਧੇਰਾ ਮੇਟ ਦੇ ਰਾਤ, ਸ਼ਮਅ ਨੂਰ ਜੋਤ ਕਰ ਰੁਸ਼ਨਾਈਆ । ਅੰਤ ਕੰਤ ਭਗਵੰਤ ਮੇਰੀ ਪੁਛ ਵਾਤ, ਵਾਤਾਵਰਨ ਤਕ ਖ਼ਲਕ ਖ਼ੁਦਾਈਆ । ਚਰਨ ਪ੍ਰੀਤੀ ਇਕੋ

ਬਖ਼ਸ਼ ਦੇ ਆਪਣਾ ਨਾਤ, ਦੂਸਰ ਸੰਗ ਨਾ ਕੋਇ ਬਣਾਈਆ । ਮੇਰਾ ਕੂੜ ਕੁਕਰਮ ਦਾ ਲੇਖਾ ਮੁਕਾ ਦੇ ਖਾਤ, ਪਿਛਲਾ ਲਹਿਣਾ ਰਹੇ ਨਾ ਰਾਈਆ । ਲੇਖਾ ਲਿਖ ਦੇ ਨਾਲ ਕਲਮ ਦੁਆਤ, ਸ਼ਾਹੀ ਆਪਣਾ ਰੰਗ ਰੰਗਾਈਆ । ਪਰਗਟ ਹੋ ਕੇ ਵਿਚ ਲੋਕਮਾਤ, ਮਾਤਰ ਭੂਮੀ ਦੇ ਵਡਿਆਈਆ । ਤੂੰ ਮੇਰਾ ਸੁਆਮੀ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਬਿਨ ਨੈਣਾਂ ਮੇਰੇ ਵਲ ਝਾਕ, ਝਾਕੀ ਮਿੱਟੀ ਖ਼ਾਕੀ ਉਤੇ ਆਪਣੀ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸੋ ਪੁਰਖ ਨਿਰੰਜਣ ਕਹੇ ਧਰਨੀ ਨਿਰਗੁਣ ਦਾਤਾ ਹੋ ਕੇ ਆਵਾਂਗਾ, ਹਰਿ ਪੁਰਖ ਨਿਰੰਜਣ ਹੋ ਕੇ ਵੇਸ ਵਟਾਵਾਂਗਾ । ਏਕੰਕਾਰ ਹੋ ਕੇ ਭੇਵ ਚੁਕਾਵਾਂਗਾ । ਆਦਿ ਨਿਰੰਜਣ ਹੋ ਕੇ ਡਗਮਗਾਵਾਂਗਾ । ਅਬਿਨਾਸ਼ੀ ਕਰਤਾ ਹੋ ਕੇ ਫੇਰਾ ਪਾਵਾਂਗਾ । ਸ੍ਰੀ ਭਗਵਾਨਾ ਹੋ ਕੇ ਵੇਖ ਵਖਾਵਾਂਗਾ । ਪਾਰਬ੍ਰਹਮ ਆਪਣਾ ਪਰਦਾ ਆਪ ਚੁਕਾਵਾਂਗਾ । ਸਤਿਗੁਰ ਸ਼ਬਦ ਸ਼ਬਦ ਉਠਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਵਾਂਗਾ । ਅਵਤਾਰ ਪੈਗ਼ੰਬਰ ਗੁਰੂ ਸੰਗ ਬਣਾਵਾਂਗਾ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਡਗਮਗਾਵਾਂਗਾ । ਚਾਰ ਜੁਗ ਦਾ ਲਹਿਣਾ ਦੇਣਾ ਤੇਰੀ ਝੋਲੀ ਪਵਾਵਾਂਗਾ । ਚਾਰ ਜੁਗ ਦੇ ਸ਼ਾਸਤਰ ਫੋਲ ਫੁਲਾਵਾਂਗਾ । ਅੱਖਰ ਅੱਖਰ ਲੇਖ ਲਿਖਾਵਾਂਗਾ । ਪੱਤਰ ਪੱਤਰ ਗੰਢ ਪੁਆਵਾਂਗਾ । ਜੋ ਗੋਬਿੰਦ ਯਾਰੜਾ ਲੱਥਾ ਸਥਰ, ਸੇਜ ਸੁਹੰਜਣੀ ਸੋਭਾ ਪਵਾਵਾਂਗਾ । ਧਰਤੀਏ ਮੂਲ ਵਹਾ ਨਾ ਅਥਰ, ਤੇਰੇ ਹੰਝੂਆਂ ਹਾਰ ਬਣਾਵਾਂਗਾ । ਮੇਰੀ ਮਹਿੰਮਾ ਸਦਾ ਅਕਥਣ, ਅਕਥ ਕਥਾ ਆਪ ਦ੍ਰਿੜਾਵਾਂਗਾ । ਕਲਜੁਗ ਕੂੜੀ ਕਿਰਿਆ ਕਰਕੇ ਮਥਨ, ਸਤਿਜੁਗ ਸਚ ਚੰਦ ਆਪ ਚਮਕਾਵਾਂਗਾ । ਤੇਰੀ ਪੈਜ ਆਵਾਂ ਰਖਣ, ਨਿਰਗੁਣ ਹੋ ਕੇ ਵੇਸ ਵਟਾਵਾਂਗਾ । ਇਕੋ ਢੋਲਾ ਮੇਰਾ ਨਾਮ ਸਾਰੇ ਜਪਣ, ਤੂੰ ਮੇਰਾ ਮੈਂ ਤੇਰਾ ਰਾਗ ਦ੍ਰਿੜਾਵਾਂਗਾ । ਇਕੋ ਘਾਟ ਹੋਵੇ ਪਤਣ, ਸ੍ਰਿਸ਼ਟੀ ਇਕੋ ਘਰ ਸੁਹਾਵਾਂਗਾ । ਕਿਸੇ ਦਾ ਚਲੇ ਕੋਈ ਨਾ ਯਤਨ, ਯਥਾਰਥ ਆਪਣਾ ਹੁਕਮ ਵਰਤਾਵਾਂਗਾ । ਤੇਰਾ ਪਵਿਤ੍ਰ ਕਰਕੇ ਲੋਕਮਾਤ ਦਾ ਵਤਨ, ਬੇਵਤਨਾਂ ਆਪਣਾ ਖੇਲ ਖਿਲਾਵਾਂਗਾ । ਸਚ ਦੁਆਰ ਦਾ ਖੋਲ੍ਹ ਦੇ ਹੱਟਣ, ਸਚ ਨਾਮ ਇਕ ਵਰਤਾਵਾਂਗਾ । ਕਲਜੁਗ ਕੂੜੀ ਕਿਰਿਆ ਡੋਰੀ ਆਵਾਂ ਕਟਣ, ਕਟਾਕਸ਼ ਆਪਣਾ ਹੁਕਮ ਸਮਝਾਵਾਂਗਾ । ਅੰਮ੍ਰਿਤ ਆਤਮ ਨਿਝਰ ਝਿਰਨਿਉਂ ਬੂੰਦ ਸਵਾਂਤੀ ਆਵਾਂ ਝੱਟਣ, ਬਜਰ ਕਪਾਟੀ ਪਰਦਾ ਆਪ ਖੁਲ੍ਹਾਵਾਂਗਾ । ਸ਼ਬਦ ਅਨਾਦੀ ਨਾਦ ਘਰ ਘਰ ਸੁਣਾਵਾਂ ਨਦਨ, ਅਨਹਦ ਨਾਦੀ ਨਾਦ ਵਜਾਵਾਂਗਾ । ਜੋਤੀ ਦੀਪਕ ਕਾਇਆ ਮੰਦਰ ਅੰਦਰ ਜਗਣ, ਨੂਰ ਨੁਰਾਨਾ ਹੋ ਕੇ ਡਗਮਗਾਵਾਂਗਾ । ਭਾਗ ਲਗਾ ਕੇ ਸ੍ਰਿਸ਼ਟੀ ਕਾਇਆ ਮਾਟੀ ਬਦਨ, ਤਨ ਵਜੂਦਾਂ ਵੇਖ ਵਖਾਵਾਂਗਾ । ਤੂੰ ਖ਼ੁਸ਼ੀਆਂ ਨਾਲ ਫੇਰ ਲੱਗੀਂ ਭੱਜਣ, ਭਜਨ ਬੰਦਗੀ ਸਭ ਦੀ ਆਪ ਬਦਲਾਵਾਂਗਾ । ਇਕੋ ਚਰਨ ਧੂੜ ਕਰਾ ਕੇ ਮਜਨ, ਸਰ ਸਰੋਵਰ ਇਕ ਵਖਾਵਾਂਗਾ । ਤੇਰੇ ਪਰਦੇ ਆਵਾਂ ਕੱਜਣ, ਸਿਰ ਸਿਰ ਆਪਣਾ ਹੱਥ ਟਿਕਾਵਾਂਗਾ । ਤੇਰਾ ਲੇਖਾ ਰਹਿਣ ਨਾ ਦੇਵਾਂ ਅੱਧਣ, ਵਖਰੀ ਵੰਡ ਨਾ ਕੋਇ ਵੰਡਾਵਾਂਗਾ । ਮੈਂ ਨੂਰ ਅਲਾਹੀ ਨਜ਼ਰ ਇਕੋ ਆਵਾਂ ਰੱਬਨ, ਜਲਵਾ ਜਲਵਾਗਰ ਆਪ ਪਰਗਟਾਵਾਂਗਾ । ਜਿਸ ਨੂੰ ਕਹਿੰਦੇ ਗੁਪਾਲ ਮੂਰਤ ਮਦਨ, ਮੋਹਣੀ ਆਪਣਾ ਖੇਲ ਖਿਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਵਾਂਗਾ । ਧਰਨੀ ਕਹੇ ਪ੍ਰਭੂ ਮੈਂ ਤੇਰਾ ਸ਼ੁਕਰ ਮਨਾਵਾਂਗੀ । ਜੋਤੀ ਜਾਤੇ ਪੁਰਖ ਬਿਧਾਤੇ ਤੇਰੇ ਗੁਣ ਗਾਵਾਂਗੀ । ਦੀਨ ਦਿਆਲ ਦਇਆ ਨਿਧ ਠਾਕਰ, ਤੇਰੀ ਧੂੜੀ ਖ਼ਾਕ ਰਮਾਵਾਂਗੀ । ਅਗੰਮ ਅਥਾਹ ਮੇਰੇ ਗਹਿਰ ਗੰਭੀਰ ਸਾਗਰ,

੧੦੮੭
੨੪

ਸਰੋਵਰ ਤੇਰੇ ਵਿਚ ਨਹਾਵਾਂਗੀ । ਮੇਰਾ ਨਿਰਮਲ ਕਰਮ ਕਰਨਾ ਉਜਾਗਰ, ਦੁਰਮਤ ਮੈਲ ਮੈਲ ਧੁਆਵਾਂਗੀ । ਇਕੋ ਨਾਮ ਦੀ ਬਣਾ ਸੌਦਾਗਰ, ਵਣਜ ਇਕੋ ਇਕ ਰਖਾਵਾਂਗੀ । ਤੂੰ ਮੇਰਾ ਕਰੀਮ ਕ਼ਾਦਰ, ਕ਼ੁਦਰਤ ਦੇ ਮਾਲਕ ਤੇਰੀ ਓਟ ਤਕਾਵਾਂਗੀ । ਜੋ ਇਸ਼ਾਰਾ ਦੇ ਕੇ ਗਿਆ ਗੁਰ ਤੇਗ਼ ਬਹਾਦਰ, ਉਹ ਵਸਤ ਤੇਰੇ ਕੋਲੋਂ ਮੰਗ ਮੰਗਾਵਾਂਗੀ । ਤੂੰ ਮੇਰਾ ਪਿਦਰ ਮਾਦਰ, ਮਾਤ ਪਿਤ ਤੈਨੂੰ ਇਕ ਰਖਾਵਾਂਗੀ । ਮੇਰੀ ਆਲਸ ਖੋਲ੍ਹਣੀ ਨਿੰਦਰ, ਸਵਾਧਾਨ ਹੋ ਕੇ ਤੇਰਾ ਸ਼ੁਕਰ ਮਨਾਵਾਂਗੀ । ਮੇਰੇ ਗ੍ਰਿਹ ਦਾ ਕ਼ੁਫ਼ਲ ਤੋੜਨਾ ਜਿੰਦਰ, ਜ਼ਿੰਦਗਾਨੀ ਤੇਰੇ ਚਰਨ ਟਿਕਾਵਾਂਗੀ । ਜੋ ਆਸ਼ਾ ਰਖ ਕੇ ਗਿਆ ਕਾਹਨ ਵਾਸੀ ਮਥਰਾ ਬਨ ਬਿੰਦਰ, ਬਿੰਦੂ ਤੇਰਾ ਰਾਹ ਤਕਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਾਂਗਤ ਹੋ ਕੇ ਝੋਲੀ ਡਾਹਵਾਂਗੀ । ਪੁਰਖ ਅਕਾਲ ਕਹੇ ਧਰਨੀ ਨਿਰਗੁਣ ਜੋਤ ਜੋਤ ਰੁਸ਼ਨਾਵਾਂਗਾ । ਜੋਤੀ ਜਾਤਾ ਹੋ ਕੇ ਵੇਸ ਵਟਾਵਾਂਗਾ । ਪੁਰਖ ਬਿਧਾਤਾ ਕਰਨੀ ਕਾਰ ਕਮਾਵਾਂਗਾ । ਕਲਜੁਗ ਮੇਟ ਅੰਧੇਰੀ ਰਾਤਾ, ਸਤਿਜੁਗ ਸਤਿ ਚੰਦ ਚਮਕਾਵਾਂਗਾ । ਤੈਨੂੰ ਬਣਾ ਕੇ ਫੇਰ ਧਰਮ ਦੀ ਮਾਤਾ, ਧਰਨੀਏ ਤੇਰਾ ਦਰਦ ਵੰਡਾਵਾਂਗਾ । ਅੰਤਮ ਆ ਕੇ ਪੁਛਾਂ ਵਾਤਾ, ਵਾਰਸ ਹੋ ਕੇ ਖੇਲ ਖਿਲਾਵਾਂਗਾ । ਮੈਨੂੰ ਸਭ ਨੇ ਕਿਹਾ ਜੋਤੀ ਜਾਤਾ, ਜਾਗਰਤ ਜੋਤ ਇਕ ਪਰਗਟਾਵਾਂਗਾ । ਤੇਰਾ ਭੇਵ ਖੁਲ੍ਹਾਵਾਂ ਬਾਤਨ ਅਗੰਮੀ ਸੁਣਾਵਾਂ ਬਾਤਾ, ਜਗਤ ਵਿਦਿਆ ਨਾ ਕੋਇ ਦ੍ਰਿੜਾਵਾਂਗਾ । ਚਰਨ ਪ੍ਰੀਤੀ ਜੋੜ ਕੇ ਨਾਤਾ, ਰਿਸ਼ਤਾ ਫ਼ਰਿਸ਼ਤਿਆਂ ਬਾਹਰ ਸਮਝਾਵਾਂਗਾ । ਤੇਰੀ ਕਲਜੁਗ ਕੂੜ ਦੀ ਮੇਟ ਕੇ ਵਾਟਾ, ਅਗਲਾ


ਮਾਰਗ ਇਕ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਵਾਂਗਾ ।
੧੦੮੮


ਧਰਨੀ ਕਹੇ ਪ੍ਰਭੂ ਜਦ ਮੇਰੇ ਉਤੇ ਆਉਗੇ । ਦੀਨ ਦਿਆਲ ਵੇਸ ਵਟਾਉਗੇ । ਜੋਤੀ ਜਾਤੇ ਜੋਤ ਜਗਾਉਗੇ । ਸ਼ਬਦ ਅਨਾਦੀ ਨਾਦ ਸੁਣਾਉਗੇ ।
੨੪

ਬੋਧ ਅਗਾਧੀ ਆਪ ਪੜ੍ਹਾਉਗੇ । ਮੋਹਣ ਮਾਧਵ ਮਾਧੀ ਦਰਸ ਦਿਖਾਉਗੇ । ਮੈਂ ਨਿਮਾਣੀ ਕਮਲੀ ਕੋਝੀ ਤੈਨੂੰ ਰਹੀ ਅਰਾਧੀ, ਅਰਾਧਨਾ ਮੇਰੀ ਲੇਖੇ ਪਾਉਗੇ । ਮੈਂ ਚਾਰ ਜੁਗ ਦੀ ਸਿੱਧੀ ਸਾਦੀ, ਸਦਕੇ ਵਾਰੀ ਤੇਰੇ ਉਤੋਂ ਘੋਲੀ ਘੋਲ ਘੁਮਾਉਗੇ । ਮੇਰੇ ਪ੍ਰਭੂ ਪਰਮਾਤਮ ਜੁਗ ਬਦਲਣ ਦੀ ਤੈਨੂੰ ਵਾਦੀ, ਕੀ ਮੇਰਾ ਵਾਅਦਾ ਪੂਰ ਕਰਾਉਗੇ । ਉਹ ਵੇਖ ਲਓ ਕਲਜੁਗ ਦੀ ਕਿਤਨੀ ਵਧੀ ਆਬਾਦੀ, ਜਨ ਸੰਖਿਆ ਕਿਹੜੀ ਖਾਟ ਸੁਹਾਉਗੇ । ਤੇਰੀ ਖੇਲ ਪ੍ਰਭੂ ਕਿਸ ਬਿਧ ਵਰਤਣੀ ਡਾਹਢੀ, ਭੇਵ ਅਭੇਦ ਆਪ ਜਣਾਉਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਉਗੇ । ਪੁਰਖ ਅਕਾਲ ਕਹੇ ਧਰਨੀ ਰੂਪ ਅਨੂਪ ਪਰਗਟਾਵਾਂਗਾ । ਸ਼ਾਹੋ ਭੂਪ ਅਖਾਵਾਵਾਂਗਾ । ਸਤਿ ਸਰੂਪ ਦਰਸਾਵਾਂਗਾ । ਸਤਿਗੁਰ ਸ਼ਬਦ ਦੁਲਾਰਾ ਪੂਤ, ਇਕ ਉਠਾਵਾਂਗਾ । ਜੋ ਫਿਰੇ ਤੇਰੀ ਚਾਰੇ ਕੂਟ, ਦਹਿ ਦਿਸ਼ਾ ਆਪ ਦ੍ਰਿੜਾਵਾਂਗਾ । ਜੋ ਹਰ ਹਿਰਦੇ ਵੇਖੇ ਜੂਠ ਝੂਠ, ਕਾਮ ਕਰੋਧ ਲੋਭ ਮੋਹ ਹੰਕਾਰ ਵੇਖ ਵਖਾਵਾਂਗਾ । ਜਿਸ ਦਾ ਚਾਰ ਜੁਗ ਦੇ ਸ਼ਾਸਤਰ ਦੇਣ ਸਬੂਤ, ਸੋ ਮਾਲਕ ਹੋ ਕੇ ਕਾਰ ਕਮਾਵਾਂਗਾ । ਨਿਗਾਹ ਮਾਰ ਕੇ ਵਿਚ ਕਾਇਆ ਬੁਤ, ਬੁਤਖ਼ਾਨਿਆਂ ਪਰਦਾ ਲਾਹਵਾਂਗਾ । ਤੇਰੇ ਉਤੇ ਸੁਹੰਜਣੀ ਕਰਾਂ ਰੁਤ, ਰੁਤੜੀ ਆਪਣੇ ਨਾਲ ਮਹਿਕਾਵਾਂਗਾ । ਖੇਲ ਕਰਾਂ ਬਣ ਅਬਿਨਾਸ਼ੀ ਅਚੁਤ, ਚੇਤਨ ਆਪਣਾ ਹੁਕਮ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਵਾਂਗਾ । ਧਰਨੀ ਕਹੇ ਪ੍ਰਭੂ ਮੈਂ ਤੇਰੀ ਰਖਾਂ ਉਡੀਕ, ਆਮਦ ਵਿਚ ਧਿਆਨ

ਲਗਾਈਆ । ਮੈਨੂੰ ਸ਼ਬਦੀ ਦੱਸ ਤਰੀਕ, ਤਾਰੀਖ ਦੇ ਦ੍ਰਿੜਾਈਆ । ਕਿਸ ਬਿਧ ਮੇਰੇ ਉਤੋਂ ਮੇਟੇਂ ਅੰਧੇਰਾ ਤਾਰੀਕ, ਕਲਜੁਗ ਕਿਰਿਆ ਕੂੜ ਦਏਂ ਗਵਾਈਆ । ਕਿਸ ਬਿਧ ਸਾਚੇ ਨਾਮ ਕਲਮੇ ਕਰੇ ਤਬਲੀਗ਼, ਦੀਨ ਦੁਨੀ ਦੁਨੀ ਪੜ੍ਹਾਈਆ । ਮੇਰੀ ਆਸਾ ਮਨਸਾ ਪੂਰੀ ਕਰੇਂ ਉਮੀਦ, ਤ੍ਰਿਸ਼ਨਾ ਤ੍ਰਿਖਾ ਦੂਰ ਕਰਾਈਆ । ਕਿਸ ਧਾਰ ਨਾਲ ਚਾਰ ਜੁਗ ਦਾ ਲੇਖਾ ਕਰੇਂ ਤਸਦੀਕ, ਸ਼ਹਾਦਤ ਆਪਣਾ ਨਾਮ ਭੁਗਤਾਈਆ । ਤੂੰ ਸਚਖੰਡ ਦਾ ਵਸਨੀਕ, ਮੈਂ ਧਰਨੀ ਲੋਕਮਾਤ ਤੇਰਾ ਰਾਹ ਤਕਾਈਆ । ਕਵਣ ਕੂਟੇ ਆਏਂ ਮੇਰੇ ਨਜ਼ਦੀਕ, ਮੈਨੂੰ ਸਹਿਜ ਨਾਲ ਸਮਝਾਈਆ । ਤੂੰ ਮਾਲਕ ਲਾਸ਼ਰੀਕ, ਸ਼ਿਰਕਤ ਵਿਚ ਕਦੇ ਨਾ ਆਈਆ । ਮੈਨੂੰ ਸਾਚੀ ਦੱਸ ਪ੍ਰੀਤ, ਪ੍ਰੀਤਮ ਹੋ ਕੇ ਦੇ ਸਮਝਾਈਆ । ਮੇਰੀ ਕਾਇਆ ਕਰ ਦੇ ਠਾਂਡੀ ਸੀਤ, ਅਗਨੀ ਤਤ ਤਤ ਬੁਝਾਈਆ । ਮੇਰੇ ਉਤੋਂ ਝਗੜਾ ਮਿਟਾਉਣਾ ਮੰਦਰ ਮਸੀਤ, ਕਾਇਆ ਕਾਅਬਾ ਇਕ ਸਮਝਾਈਆ । ਕਲਜੁਗ ਵਿਚ ਸਤਿਜੁਗ ਬਦਲ ਦੇ ਰੀਤ, ਰੀਤੀਵਾਨ ਤੇਰੀ ਬੇਪਰਵਾਹੀਆ । ਤੂੰ ਹਰ ਘਟ ਵਸਣਾ ਚੀਤ, ਮਨ ਠਗੌਰੀ ਦੇ ਚੁਕਾਈਆ । ਝਗੜਾ ਰਹਿਣ ਨਾ ਦੇਵੀਂ ਹਸਤ ਕੀਟ, ਊਚਾਂ ਨੀਚਾਂ ਗੰਢ ਪੁਆਈਆ । ਬੇਸ਼ਕ ਤੇਰਾ ਰੂਪ ਸਦਾ ਅਨਡੀਠ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਮੈਨੂੰ ਚਾੜ੍ਹ ਦੇ ਰੰਗ ਬਸੀਠ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਮੇਰੇ ਵਲ ਕਰਵਟ ਬਦਲ ਲੈ ਪੀਠ, ਸਨਮੁਖ ਹੋ ਕੇ ਦਰਸ ਦਿਖਾਈਆ । ਕਲਜੁਗ ਜੀਵ ਰਹਿਣ ਦੇਣੇ ਨਹੀਂ ਕੌੜੇ ਰੀਠ, ਅੰਮ੍ਰਿਤ ਰਸ ਅੰਦਰ ਦੇਣਾ ਭਰਾਈਆ । ਹਰ ਰਸਨਾ ਨਾਮ ਬਖ਼ਸ਼ਣਾ ਮੀਠ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਤੂੰ ਮਾਲਕ ਖ਼ਾਲਕ
੧੦੮੯ ਪਤਤ ਪੁਨੀਤ, ਪਾਵਨ ਬਾਵਨ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ੧੦੮੯
੨੪ ਮਾਲਕ ਦਇਆ ਕਮਾਈਆ । ਪੁਰਖ ਅਕਾਲ ਕਹੇ ਧਰਨੀਏ ਮੈਂ ਕਲਜੁਗ ਕੂੜ ਮਿਟਾਵਾਂਗਾ । ਮੂਰਖ ਮੂੜ੍ਹ ਸੁਘੜ ਬਣਾਵਾਂਗਾ । ਤੈਨੂੰ ਬਖ਼ਸ਼ ਕੇ ਚਰਨ ੨੪
ਧੂੜ, ਟਿੱਕੇ ਸਚ ਖ਼ਾਕ ਰਮਾਵਾਂਗਾ । ਕਲਜੁਗ ਤੋੜ ਕੇ ਗੜ੍ਹ ਗ਼ਰੂਰ, ਹਉਮੇ ਹੰਗਤਾ ਮੇਟ ਮਿਟਾਵਾਂਗਾ । ਸਾਚੇ ਨਾਮ ਦਾ ਦੇ ਸਰੂਰ, ਸੁਰਤੀ ਸ਼ਬਦ ਨਾਲ ਜੁੜਾਵਾਂਗਾ । ਸਨਮੁਖ ਹੋ ਕੇ ਹਾਜ਼ਰ ਹਜ਼ੂਰ, ਹਜ਼ਰਤਾਂ ਦੇ ਲੇਖੇ ਪੂਰ ਕਰਾਵਾਂਗਾ । ਕਲਜੁਗ ਪਾਏ ਨਾ ਤੇਰੇ ਉਤੇ ਫ਼ਤੂਰ, ਫ਼ਤਵਾ ਇਕੋ ਵਾਰ ਲਾਵਾਂਗਾ । ਇਹ ਜੁਗ ਮੇਰੇ ਮਜ਼ਦੂਰ, ਮਜ਼ਦੂਰੀ ਸਭ ਦੀ ਵੇਖ ਵਖਾਵਾਂਗਾ । ਸਾਚੀ ਵਸਤ ਨਾਮ ਦੇ ਭਰਪੂਰ, ਤੇਰੀ ਊਣਤਾ ਤੇਰੀ ਝੋਲੀ ਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਵਾਂਗਾ । ਧਰਨੀ ਕਹੇ ਪ੍ਰਭੂ ਨਿਰਗੁਣ ਮੇਰੇ ਉਤੇ ਆਏਗਾ । ਸਤਿ ਅਮੋਲਕ ਵਸਤ ਇਕ ਵਰਤਾਏਗਾ । ਮੇਰੀ ਕਾਇਆ ਗੋਲਕ ਆਪ ਟਿਕਾਏਗਾ । ਦੀਨ ਦੁਨੀ ਖ਼ੁਸ਼ੀ ਨਾਲ ਵਰਤਾਏਗਾ । ਤੇਰਾ ਲਹਿਣਾ ਦੇਣਾ ਬੀਸ ਬੀਸੇ ਏਕਾ ਨਾਇਆ ਅਵਤਾਰ ਉਨੀ, ਉਂਨੀਸੇ ਕੀ ਆਪਣੀ ਖੇਲ ਖਿਲਾਏਗਾ । ਤੂੰ ਵਡ ਦਾਤਾ ਗੁਣ ਗੁਣੀ, ਗਹਿਰ ਗੰਭੀਰ ਕੀ ਆਪਣਾ ਹੁਕਮ ਵਰਤਾਏਗਾ । ਤੂੰ ਲੱਖ ਚੁਰਾਸੀ ਛਾਣੀ ਪੁਣੀ, ਕਿਸ ਬਿਧ ਸਭ ਦੇ ਲੇਖੇ ਝੋਲੀ ਪਾਏਗਾ । ਮੈਂ ਇਕੋ ਸੁਣਨੀ ਚਾਹੁੰਦੀ ਤੇਰੀ ਧੁਨੀ, ਧੁਨ ਆਤਮਕ ਰਾਗ ਕੀ ਦ੍ਰਿੜਾਏਗਾ । ਤੂੰ ਮਾਲਕ ਕੁੰਨ ਕੁੰਨੀ, ਕੁੱਲ ਮਾਲਕ ਕੀ ਹੁਕਮ ਵਰਤਾਏਗਾ । ਮੈਂ ਤੈਨੂੰ ਵੇਖਾਂ ਕਿਸ ਬਿਧ ਹੋਵੇਂ ਸੁਲਹਕੁਲੀ, ਸਭ ਦਾ ਸਾਚਾ ਸੰਗ ਨਿਭਾਏਗਾ । ਝਗੜਾ ਮੇਟ ਕੇ ਜਾਪ ਬੁੱਲੀਂ, ਅਜਪਾ ਜਾਪ ਆਪ ਜਪਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਏਗਾ । ਪੁਰਖ ਅਕਾਲ ਕਹੇ ਧਰਨੀ

ਮੈਂ ਆਪਣਾ ਖੇਲ ਖਿਲਾਵਾਂਗਾ । ਜੋਤੀ ਜੋਤ ਨੂਰ ਰੁਸ਼ਨਾਵਾਂਗਾ । ਭਗਤ ਸੁਹੇਲੇ ਆਪ ਉਠਾਵਾਂਗਾ । ਗੁਰ ਚੇਲੇ ਮੇਲ ਮਿਲਾਵਾਂਗਾ । ਸੱਜਣ ਸੁਹੇਲੇ ਰੰਗ ਰੰਗਾਵਾਂਗਾ । ਸਭ ਨਾਲੋਂ ਵਖਰੇ ਕਰ ਨਵੇਲੇ, ਆਪਣਾ ਭੇਵ ਦ੍ਰਿੜਾਵਾਂਗਾ । ਸੱਜਣ ਸੁਹੇਲੇ ਸੰਗ ਸੁਹਾਵਾਂਗਾ । ਆਤਮ ਪਰਮਾਤਮ ਕਰਕੇ ਮੇਲੇ, ਪਾਰਬ੍ਰਹਮ ਬ੍ਰਹਮ ਵਿਚ ਰਖਾਵਾਂਗਾ । ਆਵਣ ਜਾਵਣ ਕਟ ਕੇ ਧਰਮ ਰਾਏ ਦੀ ਜੇਲੇ, ਚੁਰਾਸੀ ਪੰਧ ਮੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਪਰਦਾ ਆਪ ਉਠਾਵਾਂਗਾ । ਧਰਨੀ, ਪਰਦਾ ਆਪ ਚੁਕਾਵਾਂਗਾ । ਭਗਤ ਭਗਵਾਨ ਮੇਲ ਮਿਲਾਵਾਂਗਾ । ਬਣ ਕੇ ਜਗਤ ਸੁਹੇਲ ਸੰਗ ਰਖਾਵਾਂਗਾ । ਦੀਪ ਜਗਾ ਕੇ ਬਿਨ ਬਾਤੀ ਤੇਲ ਡਗਮਗਾਵਾਂਗਾ । ਆਪਣੀ ਕਲ ਵਰਤਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਵਾਂਗਾ । ਧਰਨੀ ਕਹੇ ਪ੍ਰਭੂ ਮੇਰੀ ਨਮੋ ਨਮੋ ਡੰਡਾਵਤ, ਬੰਦਨਾ ਸਯਦਿਆਂ ਵਿਚ ਸੀਸ ਨਿਵਾਈਆ । ਮੇਰੇ ਉਤੋਂ ਕਲਜੁਗ ਕਿਰਿਆ ਕੂੜ ਮੇਟ ਬਗ਼ਾਵਤ, ਬਗ਼ਲਗੀਰ ਕਰ ਖ਼ਲਕ ਖ਼ੁਦਾਈਆ । ਸਾਚੇ ਨਾਮ ਦੀ ਦੇ ਸਖ਼ਾਵਤ, ਸੁਖ਼ਨ ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰ ਕਰਾਈਆ । ਧੁਰ ਦੇ ਨਾਮ ਦੀ ਦੇ ਅਮਾਨਤ, ਹਕ ਹਕ ਮੇਰੇ ਉਤੇ ਟਿਕਾਈਆ । ਕਲਜੁਗ ਮੇਟ ਅੰਧੇਰੀ ਰੈਣ ਸ਼ਾਮਤ, ਸਤਿਜੁਗ ਸਚ ਕਰ ਰੁਸ਼ਨਾਈਆ । ਮੈਂ ਮੂਰਖ ਮੂੜ੍ਹ ਅਨਜਾਣਤ, ਤੂੰ ਦੇਵਣਹਾਰ ਗੁਸਾਈਂਆ । ਧਰਨੀ ਕਹੇ ਮੇਰੇ ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਸਹੀ ਸਲਾਮਤ, ਸਦਾ ਸਦਾ ਦਰ ਤੇਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦੁਆਰ ਆਪਣੇ ਦੇ ਮਾਨਤ, ਮਾਣ ਨਿਮਾਣਿਆਂ ਆਪਣੇ ਅੰਗ ਲਗਾਈਆ ।



## ✪ ੨੮ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਮੱਘਰ ਸਿੰਘ ਦੇ ਗ੍ਰਿਹ ਪਿੰਡ ਬਰਗਾੜੀ ਜ਼ਿਲਾ ਫ਼ਰੀਦਕੋਟ ✪

ਧਰਨੀ ਕਹੇ ਪ੍ਰਭੂ ਮੇਰੇ ਵੇਖ ਲੈ ਡੂੰਘੇ ਸਾਗਰ, ਸਮੁੰਦ ਸਰੋਵਰਾਂ ਧਿਆਨ ਲਗਾਈਆ । ਨਿਗਾਹ ਮਾਰ ਲੈ ਸਾਢੇ ਤਿੰਨ ਹੱਥ ਕਾਇਆ ਮਾਟੀ ਗਾਗਰ, ਤਨ ਵਜੂਦਾਂ ਫੋਲ ਫੁਲਾਈਆ । ਤੇਰੇ ਨਾਮ ਦਾ ਬਣੇ ਨਾ ਕੋਇ ਸੌਦਾਗਰ, ਵਣਜ ਹਕ ਨਾ ਕੋਇ ਕਰਾਈਆ । ਨਿਰਮਲ ਕਰਮ ਹੋਏ ਨਾ ਕਿਸੇ ਉਜਾਗਰ, ਦੁਰਮਤ ਮੈਲ ਨਾ ਕੋਇ ਧੁਆਈਆ । ਸਚ ਦੁਆਰ ਏਕੰਕਾਰ ਮਿਲੇ ਕਿਸੇ ਨਾ ਆਦਰ, ਦਰਸ ਤੇਰਾ ਵੇਖਣ ਕੋਇ ਨਾ ਪਾਈਆ । ਤੂੰ ਕਰਤਾ ਕਰੀਮ ਕ਼ਾਦਰ, ਕ਼ੁਦਰਤ ਦਾ ਮਾਲਕ ਇਕ ਅਖਵਾਈਆ । ਆਦਿ ਜੁਗਾਦੀ ਸੂਰਬੀਰ ਬਹਾਦਰ, ਮਹਾਬਲੀ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਧੁਰਦਰਗਾਹੀਆ । ਧਰਨੀ ਕਹੇ ਪ੍ਰਭੂ ਤੇਰੇ ਚਰਨਾ ਮੇਰੀ ਕ਼ਦਮ ਬੋਸੀ, ਬਿਨ ਰਸਨਾ ਜਿਹਵਾ ਮੁਖ ਰਸ ਆਪਣੇ ਅੰਦਰ ਟਿਕਾਈਆ । ਮੇਰੇ ਉਤੇ ਦੀਨ ਦੁਨੀ ਹੋਈ ਦੋਸ਼ੀ, ਦੋਸ਼ ਵੇਖਣਾ ਥਾਉਂ ਥਾਈਆ । ਮੈਂ ਬੇਹਾਲ ਹੋਈ ਵਿਚ ਬੇਹੋਸ਼ੀ, ਸੁਰਤੀ ਸਚ ਰਹੀ ਨਾ ਰਾਈਆ । ਮਾਣ ਗਿਆ ਜਗਤ ਵਿਦਿਆ ਕੋਸ਼ੀ, ਕੁਸ਼ਲਤਾ ਵਿਚ ਦਿਸੇ ਨਾ ਖ਼ਲਕ ਖ਼ੁਦਾਈਆ । ਸਚ ਪਿਆਰ ਵਿਚ ਰਹੇ ਨਾ ਕੋਈ ਮਧਹੋਸ਼ੀ, ਮਧੁਰ ਧੁਨ ਸੁਣਨ ਕੋਇ ਨਾ ਪਾਈਆ । ਅਵਤਾਰ ਪੈਗ਼ੰਬਰ ਗੁਰ ਸਾਰੇ ਕਰ ਗਏ ਖ਼ਾਮੋਸ਼ੀ, ਨਾਅਰਾ

ਡੰਕ ਸ਼ਬਦ ਨਾ ਕੋਇ ਵਜਾਈਆ । ਦੁਨੀਆ ਕੂੜ ਕੁੜਿਆਰ ਦੀ ਧਾਰ ਹੋ ਗਈ ਪੋਸ਼ੀ, ਪੇਸ਼ੀਨਗੋਈਆਂ ਤੇਰੀਆਂ ਸਮਝ ਕਿਸੇ ਨਾ ਆਈਆ । ਪਰਦਾ ਲਾਹ ਨਾ ਸਕੇ ਕੋਈ ਪੰਡਤ ਪਾਂਧਾ ਜੋਸ਼ੀ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੈਂ ਮਸਤਕ ਲਾਵਾਂ ਤੇਰੀ ਧੂਲ, ਧਰਮ ਧਾਰ ਵਡਿਆਈਆ । ਮੇਰੇ ਉਤੋਂ ਕੂੜ ਦਾ ਮੇਟ ਅਸੂਲ, ਅਸਲ ਵਸਲ ਦੇ ਯਾਰ ਖ਼ੁਦਾਈਆ । ਜੋ ਸੰਦੇਸ਼ਾ ਦੇ ਕੇ ਗਏ ਪੈਗ਼ੰਬਰ ਰਸੂਲ, ਰਸਨਾ ਜਿਹਵਾ ਜਗਤ ਸੁਣਾਈਆ । ਸੋ ਪੁਰਖ ਅਕਾਲੇ ਕਰ ਕ਼ਬੂਲ, ਕਾਮਲ ਮੁਰਸ਼ਦ ਹੋ ਕੇ ਵੇਖ ਵਖਾਈਆ । ਮੇਰਾ ਅਸਲ ਚੁਕਾ ਦੇ ਮੂਲ, ਮਾਂਗਤ ਹੋ ਕੇ ਝੋਲੀ ਡਾਹੀਆ । ਤੂੰ ਧੁਰ ਦਾ ਕੰਤ ਕੰਤੂਹਲ, ਸੁਆਮੀ ਠਾਕਰ ਇਕ ਅਖਵਾਈਆ । ਇਸ਼ਾਰਾ ਦੇ ਦੇ ਸ਼ੰਕਰ ਧਾਰ ਤ੍ਰਿਸੂਲ, ਤ੍ਰੈਗੁਣ ਅਤੀਤੇ ਆਪ ਦ੍ਰਿੜਾਈਆ । ਤੇਰਾ ਹੁਕਮ ਹੋਵੇ ਮਾਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਤੇਰੇ ਚਰਨ ਕਵਲ ਮੇਰਾ ਹੋਵੇ ਸਿਰ ਸਰ, ਤਨ ਖ਼ਾਕੀ ਮਾਟੀ ਤੇਰੀ ਭੇਟ ਕਰਾਈਆ । ਤੂੰ ਕਿਰਪਾ ਨਿਧਾਨ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਕਲਜੁਗ ਕੂੜੀ ਕਿਰਿਆ ਮੇਰੇ ਉਤੋਂ ਜਾਏ ਹੜ੍ਹ, ਹਰ ਹਿਰਦੇ ਕਰ ਸਫ਼ਾਈਆ । ਪਵਿਤ੍ਰ ਕਰ ਦੇ ਨਾਰੀ ਨਰ, ਨਰ ਨਰਾਇਣ ਦਇਆ ਕਮਾਈਆ । ਮੈਂ ਮਾਂਗਤ ਹੋਈ ਤੇਰੇ ਦਰ, ਦਰਗਾਹ ਸਾਚੀ ਸੀਸ ਝੁਕਾਈਆ । ਤੂੰ ਪੁਰਖ ਅਕਾਲ
 ਕਿਰਪਾ ਮੇਰੇ ਉਤੇ ਕਰ, ਕਰਨਹਾਰ ਤੇਰੀ ਬੇਪਰਵਾਹੀਆ । ਸਤਿਜੁਗ ਸਾਚਾ ਧਰਨੀ ਧਰਤ ਧਵਲ ਉਤੇ ਧਰ, ਧੌਲ ਹੋ ਕੇ ਵਾਸਤਾ ਪਾਈਆ । ੧੦੯੧
 ਇਕੋ ਵਿਦਿਆ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤੇਰੀ ਜਾਏ ਪੜ੍ਹ, ਨਾਮ ਕਲਮਾ ਇਕ ਸਮਝਾਈਆ । ਝਗੜਾ ਮੁਕਾ ਦੇ ਸੀਸ ਧੜ, ਤਨ ਵਜੂਦ ਨਾ ਕੋਇ ੨੪
ਲੜਾਈਆ । ਹਉਮੇ ਕਿਲਾ ਤੋੜ ਹੰਕਾਰੀ ਗੜ੍ਹ, ਹੰ ਬ੍ਰਹਮ ਦੇ ਸਮਝਾਈਆ । ਜਗਤ ਜਹਾਨ ਅਗਨੀ ਅੱਗ ਜਾਏ ਨਾ ਸੜ, ਅੰਮ੍ਰਿਤ ਮੇਘ ਦੇਣਾ ਵਰਸਾਈਆ । ਪਰਮਾਤਮ ਬੰਧਾ ਲੈ ਆਪਣੇ ਲੜ, ਸੁਰਤੀ ਸ਼ਬਦ ਜੋੜ ਜੁੜਾਈਆ । ਮੈਂ ਸਚ ਦੁਆਰ ਏਕੰਕਾਰ ਤੇਰੇ ਢੋਲੇ ਰਹੀ ਪੜ੍ਹ, ਦਰਗਾਹ ਸਾਚੀ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਤੂੰ ਆਦਿ ਜੁਗਾਦੀ ਦੇਵਣ ਯੋਗ, ਯੁਗਤੀ ਤੇਰੀ ਬੇਪਰਵਾਹੀਆ । ਮੇਰਾ ਸਤਿਜੁਗ ਨਾਲ ਕਰ ਸੰਯੋਗ, ਮੇਲਾ ਮੇਲ ਸਹਿਜ ਸੁਭਾਈਆ । ਕਲਜੁਗ ਕੂੜੀ ਕਿਰਿਆ ਕਟ ਦੇ ਰੋਗ, ਹਉਮੇ ਹੰਗਤਾ ਦੂਰ ਕਰਾਈਆ । ਆਪਣਾ ਦਰਸ ਦੇ ਅਮੋਘ, ਪਰਦਾ ਪਰਦਿਆਂ ਵਿਚੋਂ ਉਠਾਈਆ । ਨਾਮ ਨਿਧਾਨ ਬਖ਼ਸ਼ ਦੇ ਚੋਗ, ਚੁਗਲੀ ਨਿੰਦਿਆ ਰਹੇ ਨਾ ਰਾਈਆ । ਚਰਨ ਪ੍ਰੀਤੀ ਦੇ ਦੇ ਜੋਗ, ਜੁਗੀਸ਼ਰਾਂ ਆਪਣੇ ਰੰਗ ਸਮਾਈਆ । ਆਤਮ ਪਰਮਾਤਮ ਤੇਰਾ ਹੋਵੇ ਭੋਗ, ਭਸਮੜ ਹੋ ਕੇ ਖੇਲ ਖਿਲਾਈਆ । ਜਗਤ ਸ਼ਰਅ ਪਾ ਨਾ ਸਕੇ ਵਿਯੋਗ, ਵਿਛੋੜਾ ਅੰਦਰੋਂ ਬਾਹਰ ਕਢਾਈਆ । ਮੇਰੇ ਉਤੇ ਤੇਰੀ ਮਾਨਵ ਜ਼ਾਤੀ ਮਾਣੇ ਮੌਜ, ਮਜਲਸ ਭਗਤਾਂ ਨਾਲ ਰਖਾਈਆ । ਤੇਰੇ ਸ਼ਬਦ ਦੀ ਬਿਨ ਤੇਰੀ ਕਿਰਪਾ ਨਾ ਹੋਵੇ ਖੋਜ, ਖੋਜਤ ਖੋਜਤ ਥੱਕੀ ਸਰਬ ਲੋਕਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਸਤਿ ਧਰਮ ਦਾ ਮੇਰੇ ਉਤੇ ਕਰ ਦੇ ਚੋਜ, ਚੋਜੀ ਪ੍ਰੀਤਮ ਹੋ ਕੇ ਵੇਖ ਵਖਾਈਆ । ਜਨ ਭਗਤ ਸੁਹੇਲੇ ਤੇਰਾ ਦਰਸ਼ਨ ਕਰਨ ਰੋਜ਼, ਰੋਜ਼ਾਨਾ ਆਪਣਾ ਰੰਗ ਰੰਗਾਈਆ । ਆਪਣਾ ਭੇਵ ਖੁਲ੍ਹਾ ਦੇ ਗੋਝ, ਪਰਦਾ ਪਰਦਿਆਂ ਵਿਚੋਂ ਉਠਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਸ਼ਬਦ ਨਾਮ ਨਿਧਾਨਾ ਅਗਾਧ ਬੋਧ, ਬੁਧੀ ਤੋਂ ਪਰੇ ਭੇਵ ਦੇਣਾ ਜਣਾਈਆ ।

### ✪ ੨੮ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਚੰਨਣ ਸਿੰਘ ਦੇ ਗ੍ਰਿਹਿ ਪਿੰਡ ਵਾਂਦਰ ਜ਼ਿਲਾ ਫ਼ਰੀਦਕੋਟ ✪

ਧਰਨੀ ਕਹੇ ਸੋ ਪੁਰਖ ਨਿਰੰਜਣ ਮੇਰੇ ਰਾਜਨ, ਸ਼ਾਹ ਸੁਲਤਾਨ ਨੌਜਵਾਨ ਤੇਰੀ ਸਰਨਾਈਆ । ਹਰਿ ਪੁਰਖ ਨਿਰੰਜਣ ਆਦਿ ਜੁਗਾਦੀ ਸਾਜਣ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਤੇਰੀ ਓਟ ਤਕਾਈਆ । ਏਕੰਕਾਰ ਵਜਾਵਣਹਾਰ ਅਗੰਮੀ ਨਾਦਨ, ਦੋ ਜਹਾਨ ਬ੍ਰਹਿਮੰਡ ਖੰਡ ਤੇਰੀ ਸ਼ਨਵਾਈਆ । ਆਦਿ ਨਿਰੰਜਣ ਹੋ ਮਿਹਰਵਾਨ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਅਬਿਨਾਸ਼ੀ ਕਰਤੇ ਦੇਣਾ ਦਾਨ, ਦਾਤੇ ਦਾਨੀ ਆਪ ਵਰਤਾਈਆ । ਸ੍ਰੀ ਭਗਵਾਨ ਕਿਰਪਾ ਕਰਨੀ ਮਹਾਨ, ਕਿਰਪਨ ਹੋ ਕੇ ਮੰਗ ਮੰਗਾਈਆ । ਪਾਰਬ੍ਰਹਮ ਪ੍ਰਭ ਮੇਰੀ ਕਰੀਂ ਪਹਿਚਾਨ, ਬਿਨ ਨੇਤਰ ਲੋਚਨ ਨੈਣ ਅੱਖ ਉਠਾਈਆ । ਸਤਿਗੁਰ ਸ਼ਬਦ ਆਦਿ ਜੁਗਾਦੀ ਨੌਜਵਾਨ, ਸੂਰਬੀਰ ਬਲਵਾਨ ਆਪਣੀ ਲੈ ਅੰਗੜਾਈਆ । ਵਿਸ਼ਨ ਬ੍ਰਹਮਾ ਸ਼ਿਵ ਦੱਸਣਾ ਖੇਲ ਮਹਾਨ, ਭੇਵ ਅਭੇਦਾ ਆਪ ਖੁਲ੍ਹਾਈਆ । ਅਵਤਾਰ ਪੈਗ਼ੰਬਰ ਗੁਰੂ ਬੇਨੰਤੀ ਕਰੋ ਪਰਵਾਨ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਰਹੀ ਸੁਣਾਈਆ । ਮੇਰੇ ਉਤੇ ਸਤਿਜੁਗ ਤ੍ਰੇਤਾ ਦੁਆਪਰ ਬੀਤਿਆ ਕਲਜੁਗ ਹੋਇਆ ਮਾਤ ਪਰਧਾਨ, ਨਵ ਸੱਤ ਆਪਣਾ ਖੇਲ ਖਿਲਾਈਆ । ਮਾਇਆ ਮਮਤਾ ਕਿਰਿਆ ਕੂੜ ਹੋਈ ਸ਼ੈਤਾਨ, ਸ਼ਰਅ ਸ਼ਰੀਅਤ ਆਪਣੀ ਕਲ ਵਰਤਾਈਆ । ਸਤਿ ਧਰਮ ਦਾ ਨਵ ਖੰਡ ਸੱਤ ਦੀਪ ਰਿਹਾ ਨਾ ਕੋਇ ਨਿਸ਼ਾਨ, ਨਿਸ਼ਾਨੀ ਦੀਨ ਦੁਨੀ ਬਦਲਾਈਆ । ਮੈਂ ਸਦੀ ਚੌਧਵੀਂ ਹੋਈ ਅੰਤ ਹੈਰਾਨ, ਹੈਰਾਨੀ ਵਿਚ ਮੇਰੀ ਦੁਹਾਈਆ । ਚਾਰ ਕੁੰਟ ਹੋਵੀਂ ਨਿਗਾਹਬਾਨ, ਉੱਤਰ ਪੂਰਬ ਪੱਛਮ ਦੱਖਣ ਵੇਖਣਾ ਚਾਈਂ ਚਾਈਂਆ । ਚਾਰ ਜੁਗ ਦੇ ਸ਼ਾਸਤਰ ਕੂਕ ਕੂਕ ਸੁਣਾਣ, ਦਰੋਹੀ ਦਰੋਹੀ ਕਰ ਸੁਣਾਈਆ । ਅਠਸਠ ਤੀਰਥ ਜਲ ਧਾਰਾ ਸਾਂਤਕ ਸਤਿ ਦਿਸੇ ਨਾ ਕੋਇ ਵਿਚ ਜਹਾਨ, ਅੰਮ੍ਰਿਤ ਮੇਘ ਮੇਘ ਨਾ ਕੋਇ ਬਰਸਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਫਿਰਦੇ ਬੇਈਮਾਨ, ਗੁਰੂਦੁਆਰੇ ਚਰਚਾਂ ਚਰਾਗਾਹਾਂ ਖੋਜ ਖੁਜਾਈਆ । ਫਿਰ ਗਈ ਦਰੋਹੀ ਮੇਰੇ ਵਿਚ ਜ਼ਿਮੀਂ ਅਸਮਾਨ, ਚੌਦਾਂ ਲੋਕ ਚੌਦਾਂ ਤਬਕ ਸੰਗ ਨਾ ਕੋਇ ਬਣਾਈਆ । ਸਚਖੰਡ ਨਿਵਾਸੀਓ ਸਾਰੇ ਇਕੱਠੇ ਹੋ ਕੇ ਆਉ ਮੇਰੇ ਧਰਮ ਵਾਲੇ ਮੈਦਾਨ, ਦੂਰ ਦੁਰਾਡੇ ਆਪਣਾ ਪੰਧ ਮੁਕਾਈਆ । ਆਪਣੇ ਨਾਮ ਕਲਮੇ ਮੰਤਰ ਅੱਖਰਾਂ ਵਾਲੇ ਵੇਖੋ ਕਲਾਮ, ਕਾਇਨਾਤ ਅੰਦਰ ਧਿਆਨ ਲਗਾਈਆ । ਜੋ ਸੰਦੇਸ਼ਾ ਦੇ ਕੇ ਗਏ ਪੇਸ਼ੀਨਗੋਈਆਂ ਵਿਚ ਪੈਗ਼ਾਮ, ਪੇਸ਼ਤਰ ਪਰਦਾ ਦਿਓ ਖੁਲ੍ਹਾਈਆ । ਨਿਗਾਹ ਮਾਰ ਲਓ ਆਪਣੇ ਦੀਨ ਮਜ਼੍ਹਬ ਵਿਚ ਈਮਾਨ, ਅਮਲ ਵੇਖੋ ਖ਼ਲਕ ਖ਼ੁਦਾਈਆ । ਹਿਰਦੇ ਵਸੇ ਨਾ ਕਿਸੇ ਭਗਵਾਨ, ਰਸਨਾ ਜਿਹਵਾ ਬੁੱਲਾਂ ਨਾਲ ਸਾਰੇ ਗਾਈਆ । ਅੰਮ੍ਰਿਤ ਰਸ ਮਿਲੇ ਨਾ ਕਿਸੇ ਪੀਣ ਖਾਣ, ਜਗਤ ਤ੍ਰਿਸ਼ਨਾ ਭੁਖ ਨਾ ਕੋਇ ਮਿਟਾਈਆ । ਸ਼ਬਦ ਅਨਾਦੀ ਸੁਣੇ ਨਾ ਕੋਇ ਧੁਨਕਾਨ, ਅਨਹਦ ਨਾਦੀ ਨਾਦ ਨਾ ਕੋਇ ਸ਼ਨਵਾਈਆ । ਦੀਪਕ ਜੋਤੀ ਕਾਇਆ ਮੰਦਰ ਨਜ਼ਰ ਨਾ ਆਏ ਮਹਾਨ, ਬਿਨ ਤੇਲ ਬਾਤੀ ਡਗਮਗਾਈਆ । ਮੇਰਾ ਨਵ ਖੰਡ ਦੁਆਰਾ ਹੋਇਆ ਸੁੰਞ ਮਸਾਣ, ਸਾਚਾ ਸੰਗ ਨਾ ਕੋਇ ਨਿਭਾਈਆ । ਧਰਨੀ ਕਹੇ ਮੈਂ ਰੋ ਰੋ ਕੇ ਚਾਰ ਜੁਗ ਤੋਂ ਵਖਰਾ ਦਿਆਂ ਬਿਆਨ,

੧੦੯੩
੨੪

ਜਿਸ ਨੂੰ ਕ਼ਲਮਬੰਦ ਸਕੇ ਨਾ ਕੋਇ ਕਰਾਈਆ । ਕੋਈ ਕਾਤਬ ਲੇਖ ਲਿਖਾਰੀ ਲਿਖ ਸਕੇ ਨਾ ਜਗਤ ਜਹਾਨ, ਕ਼ਲਮ ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਮੈਂ ਧਰਨੀ ਧਰਤ ਧਵਲ ਧੌਲ ਨੌ ਸੌ ਚੁਰਾਨਮੇ ਚੌਕੜੀ ਜੁਗ ਦਾ ਦੇਣ ਲੱਗੀ ਬਿਆਨ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੇਰੀ ਇਕੋ ਇਕ ਅਲਖ, ਅਲਖ ਅਗੋਚਰ ਦਿਆਂ ਦ੍ਰਿੜਾਈਆ । ਨਿਰਗੁਣ ਧਾਰ ਹੋ ਪਰਤਖ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਵੇਸ ਵਟਾਈਆ । ਜਿਉਂ ਭਾਵੇ ਮੈਨੂੰ ਲੈਣਾ ਰਖ, ਰਖਕ ਹੋ ਕੇ ਹੋਣਾ ਸਹਾਈਆ । ਧਰਮ ਧਾਰ ਦੀ ਮੇਰੀ ਝੋਲੀ ਵੇਖ ਲੈ ਸਖ, ਵਸਤ ਨਾਮ ਨਜ਼ਰ ਕੋਇ ਨਾ ਆਈਆ । ਮੈਂ ਸਚ ਸੁਨੇਹੁੜਾ ਇਕੋ ਰਹੀ ਦੱਸ, ਦਹਿ ਦਿਸ਼ਾ ਧਿਆਨ ਲਗਾਈਆ । ਲੱਖ ਚੁਰਾਸੀ ਜੀਵਾਂ ਜੰਤਾਂ ਤੇਰਾ ਰਿਹਾ ਪ੍ਰੇਮ ਨਾ ਰਸ, ਰਸਤਾ ਦੀਨ ਦੁਨੀ ਗਈ ਭੁਲਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸ਼ਬਦ ਅਣਿਆਲਾ ਤੀਰ ਮਾਰ ਕਸ, ਕ਼ਸਮ ਖਾ ਕੇ ਰਹੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰਾ ਧਰਮ ਨਿਸ਼ਾਨਾ ਗਿਆ ਮਿਟ, ਮਿੱਟੀ ਖ਼ਾਕ ਹੋ ਕੇ ਦਿਆਂ ਦੁਹਾਈਆ । ਤੇਰੇ ਚਰਨ ਕਵਲ ਧਵਲ ਹੋ ਕੇ ਰਹੀ ਲਿਟ, ਲਿਟਾਂ ਖੋਲ੍ਹ ਕੇ ਮੇਰੀ ਦੁਹਾਈਆ । ਦੁਨੀਆ ਦਾ ਇਸ਼ਟ ਹੋ ਗਿਆ ਪੱਥਰ ਇੱਟ, ਪਾਹਨਾਂ ਪੂਜੇ ਖ਼ਲਕ ਖ਼ੁਦਾਈਆ । ਤੇਰੇ ਸ਼ਾਸਤਰ ਸਤਿ ਧਰਮ ਦੇ ਗ੍ਰੰਥ ਟਕਿਆਂ ਉਤੇ ਰਹੇ ਵਿਕ, ਕ਼ੀਮਤ ਹੱਟੋ ਹੱਟ ਪੁਆਈਆ । ਤੇਰੇ ਨਾਮ ਨਿਧਾਨ ਦੀ ਸੁਰਤੀ ਵਿਚ ਰਹੀ ਕਿਸੇ ਨਾ ਸਿਕ, ਸ਼ਬਦੀ ਸ਼ਬਦ ਨਾ ਕੋਇ ਸਮਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਮੇਰਾ ਲੇਖ ਅਗੇ ਆਪੇ ਲਿਖ, ਭਵਿਖ ਪਿਛਲੇ ਨਾਲ ਮਿਲਾਈਆ । ਸਾਚਾ ਰਿਹਾ ਨਾ ਕੋਇ ਮੁਰੀਦ ਸਿੱਖ, ਪੰਡਤ ਪਾਂਧਾ ਤਿਲਕ ਲਲਾਟੀ ਜੋਤ ਨਾ ਕੋਇ ਰੁਸ਼ਨਾਈਆ । ਆਹ ਵੇਖ ਲੈ ਮੇਰੇ ਕੋਲ ਅਵਤਾਰ ਪੈਗ਼ੰਬਰਾਂ ਗੁਰੂਆਂ ਵਾਲੀ ਚਿਟ, ਜਿਸ ਦਾ ਹਰਫ਼ ਹਰੂਫ਼ ਸਮਝ ਕੋਇ ਨਾ ਪਾਈਆ । ਧਰਨੀਏ ਤੇਰੇ ਉਤੇ ਕਲਜੁਗ ਅੰਤਮ ਪੁਰਖ ਅਕਾਲਾ ਤੇਰਾ ਹੋਣਾ ਮਿਤ, ਮਿਤਰ ਪਿਆਰਾ ਇਕ ਅਖਵਾਈਆ । ਜੋ ਨਿਰਗੁਣ ਹੋ ਕੇ ਕਰੇ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਜਗਤ ਠਗੌਰੀ ਕੱਢੇ ਚਿਤ, ਮਨਸਾ ਮਨ ਦੂਰ ਕਰਾਈਆ । ਤੇਰੀ ਸੁਹੰਜਣੀ ਕਰੇ ਥਿਤ, ਘੜੀ ਪਲ ਆਪਣੇ ਰੰਗ ਰੰਗਾਈਆ । ਤੇਰਾ ਵਕਤ ਸੁਹੰਜਣਾ ਆਪੇ ਲਏ ਨਜਿੱਠ, ਸਿਰ ਤੇਰੇ ਹੱਥ ਟਿਕਾਈਆ । ਆਪਣਾ ਰੂਪ ਪਰਗਟਾਏ ਅਣਡਿੱਠ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਨਾਮ ਨਿਧਾਨਾ ਰਸ ਦੇਵੇ ਮਿਠ, ਅਨਰਸ ਆਪਣਾ ਆਪ ਚਖਾਈਆ । ਜੁਗ ਬਦਲਣਾ ਜਿਸ ਦੀ ਧਾਰ ਆਦਿ ਜੁਗਾਦਿ ਨਿਤ, ਨਵਿਤ ਤੇਰੇ ਆਵੇ ਚਲ ਕੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸ਼ਾਹੋ ਭੂਪ ਪੁਰਖ ਅਕਾਲਾ ਅਬਿਨਾਸ਼ੀ ਅਚੁਤ, ਪਰਵਰਦਿਗਾਰ ਸਾਂਝਾ ਯਾਰ ਏਕੰਕਾਰ ਅਕਲ ਕਲਧਾਰੀ ਆਪਣੀ ਕਲ ਲਏ ਪਰਗਟਾਈਆ ।

### ✪ ੨੮ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਸਤਿਨਾਮ ਸਿੰਘ ਦੇ ਗ੍ਰਿਹ ਪਿੰਡ ਦਬੜੀ ਖ਼ਾਨਾ ਜ਼ਿਲਾ ਫ਼ਰੀਦਕੋਟ ✪

ਧਰਨੀ ਕਹੇ ਪ੍ਰਭ ਬਖ਼ਸ਼ ਦੇ ਅੰਮ੍ਰਿਤ ਬੂੰਦ ਸਵਾਂਤੀ, ਸਤਿਗੁਰ ਦਾਤੇ ਪੁਰਖ ਬਿਧਾਤੇ ਦਇਆ ਕਮਾਈਆ । ਆਤਮ ਪਰਮਾਤਮ ਦੀਨ ਦੁਨੀ ਸਮਝਾ ਦੇ ਆਪਣੀ ਜ਼ਾਤੀ, ਪਾਰਬ੍ਰਹਮ ਬ੍ਰਹਮ ਆਪਣਾ ਭੇਵ ਖੁਲ੍ਹਾਈਆ । ਨਿਝਰ ਝਿਰਨਾ ਅੰਮ੍ਰਿਤ ਰਸ ਬਖ਼ਸ਼ ਦੇ ਬੂੰਦ ਸਵਾਂਤੀ, ਨਾਭੀ ਕਵਲ ਕਵਲ ਉਲਟਾਈਆ । ਮੈਂ ਤੇਰਾ ਖੇਲ ਤਕਦੀ ਰਹੀ ਸਦਾ ਬਹੁ ਭਾਂਤੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਿਆ ਚਾਈਂ ਚਾਈਂਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਕਲਜੁਗ ਮੇਰੇ ਉਤੋਂ ਮੇਟ ਕਰਾਂਤੀ, ਕਿਰਿਆ ਕੂੜ ਰਹਿਣ ਕੋਇ ਨਾ ਪਾਈਆ । ਮੇਰਾ ਪਵਿਤ੍ਰ ਸੀਨਾ ਕਰ ਦੇ ਕਰ ਦੇ ਠੰਡੀ ਛਾਤੀ, ਛਤਰਧਾਰੀਆ ਤੇਰੇ ਅਗੇ ਮੰਗ ਮੰਗਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਨਿਰਗੁਣ ਜੋਤ ਜਗਾ ਦੇ ਬਾਤੀ, ਬਿਨ ਤੇਲ ਬਾਤੀ ਡਗਮਗਾਈਆ । ਸਤਿ ਧਰਮ ਦੀ ਮੇਰੇ ਉਤੇ ਹੋਵੇ ਪਰਭਾਤੀ, ਪ੍ਰਭੂ ਆਪਣਾ ਰੰਗ ਦੇਣਾ ਰੰਗਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਮੇਰੀ ਪੁਛ ਵਾਤੀ, ਲਾਸ਼ਰੀਕ ਤੇਰੇ ਅਗੇ ਵਾਸਤਾ ਪਾਈਆ । ਮਾਇਆ ਮਮਤਾ ਮੋਹ ਵਿਕਾਰ ਕੂੜ ਕੁੜਿਆਰ ਰਹਿਣ ਦੇਣੀ ਕੋਈ ਨਾ ਹਾਟੀ, ਝੂਠਾ ਵਣਜ ਜਗਤ ਨਾ ਕੋਇ ਕਰਾਈਆ । ਸਚ ਦੁਆਰ ਏਕੰਕਾਰ ਆਪਣੀ ਮੰਜ਼ਲ ਦੱਸ ਦੇ ਘਾਟੀ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੋਂ ਮੇਟ ਦੇ ਮੇਰਾ ਸ਼ੰਕ, ਸਹਿਸਾ ਅੰਤਰ ਰਹਿਣ ਨਾ ਪਾਈਆ ।

ਨੌਂ ਖੰਡ ਸੁਹਾ ਦੇ ਮੇਰਾ ਬੰਕ, ਸੱਤ ਦੀਪ ਤੇਰੇ ਨਾਮ ਦੀ ਵਜੇ ਵਧਾਈਆ । ਇਕੋ ਰੰਗ ਰੰਗਾ ਦੇ ਰਾਓ ਰੰਕ, ਖੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਸਚ ਪਿਆਰ ਦੀ ਹਰ ਹਿਰਦੇ ਲਾ ਦੇ ਤਨਕ, ਜਗਤ ਜਗਿਆਸੂਆਂ ਸੋਈ ਸੁਰਤੀ ਦੇ ਜਗਾਈਆ । ਮਾਨਸ ਜ਼ਾਤੀ ਅੰਦਰੋਂ ਫੇਰ ਦੇ ਮਨ ਕਾ ਮਣਕ, ਮਨਸਾ ਕੂੜ ਨਾ ਹੋਏ ਹਲਕਾਈਆ । ਤੂੰ ਪਰਮਾਤਮ ਆਤਮ ਧਾਰ ਸਭ ਦਾ ਕੰਤ, ਕੰਤੂਹਲ ਇਕੋ ਇਕ ਅਖਵਾਈਆ । ਸਤਿਜੁਗ ਸਾਚੀ ਸਤਿ ਧਰਮ ਮੇਰੇ ਉਤੇ ਬਣਾ ਦੇ ਬਣਤ, ਘੜਨ ਭੰਨਣਹਾਰ ਤੇਰੀ ਓਟ ਤਕਾਈਆ । ਤੇਰਾ ਭਵਿਖਤਾਂ ਵਿਚ ਇਸ਼ਾਰਾ ਦੇ ਕੇ ਗਏ ਅਵਤਾਰ ਪੈਗ਼ੰਬਰ ਗੁਰੂ ਧੁਰ ਦੇ ਸੰਤ, ਭਗਤ ਭਗਵੰਤ ਤੇਰੀ ਓਟ ਤਕਾਈਆ । ਮੇਰੇ ਉਤੇ ਤੇਰਾ ਇਕੋ ਨਾਮ ਨਿਧਾਨਾ ਹੋਵੇ ਮੰਤ, ਪੁਰਖ ਅਕਾਲ ਇਕੋ ਤੇਰਾ ਇਸ਼ਟ ਮਨਾਈਆ । ਜੋਤੀ ਜਾਤੇ ਪੁਰਖ ਬਿਧਾਤੇ ਮਿਹਰ ਕਰ ਦੇ ਆਪਣੀ ਧਾਰਾ ਵਖਾ ਦੇ ਨਿਹਕਲੰਕ, ਕਲ ਕਲਕੀ ਆਪਣੀ ਕਲ ਵਰਤਾਈਆ । ਮਿਹਰਵਾਨ ਮਹਿਬੂਬ ਅਮਾਮ ਅਮਾਮਾ ਮੇਰਾ ਸੁਹਾ ਦੇ ਬੰਕ, ਬੰਕ ਦੁਆਰ ਮਿਲੇ ਵਡਿਆਈਆ । ਤੂੰ ਮੇਰਾ ਮੈਂ ਤੇਰਾ ਹਰ ਹਿਰਦੇ ਉਪਜੇ ਛੰਤ, ਸਾਚਾ ਢੋਲਾ ਇਕੋ ਇਕ ਗਾਈਆ । ਚਾਰ ਵਰਨ ਅਠਾਰਾਂ ਬਰਨ ਦੀਨ ਮਜ਼੍ਹਬ ਸਭ ਹੋਵੇ ਤੇਰੀ ਧਰਮ ਦੀ ਸੰਗਤ, ਸਗਲੇ ਸੰਗੀ ਬਹੁਰੰਗੀ ਆਪਣੀ ਖੇਲ ਵਖਾਈਆ । ਦੀਨ ਦੁਨੀ ਦਾ ਗੜ੍ਹ ਤੋੜ ਦੇ ਹਉਮੇ ਹੰਗਤ, ਹੰ ਬ੍ਰਹਮ ਸਭ ਨੂੰ ਦੇ ਦ੍ਰਿੜਾਈਆ । ਮੈਂ ਤੇਰੇ ਦੁਆਰ ਪਰਵਰਦਿਗਾਰ ਸਾਂਝੇ ਯਾਰ ਏਕੰਕਾਰ ਹੋਈ ਮੰਗਤ, ਦਰ ਠਾਂਢੇ ਖ਼ਾਲੀ ਝੋਲੀ ਰਹੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਮੇਰੇ ਪੁਰਖ ਅਕਾਲੇ ਮੇਰੀ ਆਸਾ ਵੇਖ ਬਹੁ ਪੁਰਾਣੀ, ਪੁਨਹ ਪੁਨਹ ਕਰਕੇ ਸੀਸ ਨਿਵਾਈਆ । ਤੂੰ ਸ਼ਹਿਨਸ਼ਾਹ ਸ਼ਾਹੋ ਭੂਪ ਸੁਲਤਾਨੀ, ਸਚਖੰਡ ਨਿਵਾਸੀ ਅਗੰਮ ਅਥਾਹੀਆ । ਮੇਰੀ ਕਲਜੁਗ ਅੰਤਮ ਦੁਖਾਂ ਵਾਲੀ ਕਹਾਣੀ,

ਧਰਮ ਨਿਸ਼ਾਨੀ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਮੇਲ ਮਿਲੇ ਕਿਸੇ ਨਾ ਹਾਣੀ, ਸੁਰਤੀ ਸ਼ਬਦ ਨਾ ਕੋਇ ਸਮਾਈਆ । ਮਨੂਆ ਕੂੜ ਮਨਸਾ ਵਿਚ ਕਰੇ ਸ਼ੈਤਾਨੀ, ਸ਼ਰੀਅਤ ਸ਼ਰਅ ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਤੂੰ ਮਾਲਕ ਖ਼ਾਲਕ ਦੋ ਜਹਾਨਾਂ ਨੂਰ ਅਲਾਹ ਅਸਮਾਨੀ, ਇਸਮ ਆਜ਼ਮ ਆਪਣਾ ਦੇ ਦ੍ਰਿੜਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮੇਰੇ ਅੰਦਰੋਂ ਕਢ ਹੈਰਾਨੀ, ਹੈਰਤ ਵਿਚ ਤੇਰੀ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਦੋ ਜਹਾਨੀ, ਦੋ ਜਹਾਨਾਂ ਮਾਲਕ ਖ਼ਾਲਕ ਤੇਰੀ ਆਸ ਰਖਾਈਆ ।

✪ ੨੮ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਹਰਚੰਦ ਸਿੰਘ ਦੇ ਗ੍ਰਿਹ ਪਿੰਡ ਹਰਿਰਾਏ ਪੁਰ ਜ਼ਿਲਾ ਬਠਿੰਡਾ ✪

ਧਰਨੀ ਕਹੇ ਪ੍ਰਭ ਮੇਰੇ ਉਤੇ ਕਿਰਪਾ ਕਰ, ਕਿਰਪਾ ਨਿਧਾਨ ਸ੍ਰੀ ਭਗਵਾਨ ਦਇਆ ਕਮਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਮੇਰੇ ਅਗੰਮੇ ਹਰਿ, ਕਰਤੇ ਪੁਰਖ ਕੁਦਰਤ ਦੇ ਕ਼ਾਦਰ ਤੇਰੀ ਇਕ ਸਰਨਾਈਆ । ਮਿਹਰਵਾਨਾ ਨੌਜਵਾਨਾ ਮੇਰਾ ਸੁਹੰਜਣਾ ਕਰ ਦੇ ਘਰ, ਗ੍ਰਿਹ ਮੰਦਰ ਨਵ ਸੱਤ ਅੰਦਰ ਵਜੇ ਵਧਾਈਆ । ਸਤਿ ਸੁਆਮੀ ਅੰਤਰਜਾਮੀ ਮੇਰਾ ਪਵਿਤ੍ਰ ਕਰ ਦੇ ਸਰ, ਸਰੋਵਰ ਇਕੋ ਇਕ ਵਖਾਈਆ । ਤੂੰ ਮੇਰਾ ਮਾਲਕ
੧੦੯੫ ਖ਼ਾਲਕ ਨਰਾਇਣ ਨਰ, ਦੋ ਜਹਾਨਾਂ ਵਾਲੀ ਧੁਰਦਰਗਾਹੀਆ । ਮੇਰਾ ਕਲਜੁਗ ਕੂੜ ਕੁੜਿਆਰੇ ਚੁਕਾ ਦੇ ਭੈ ਡਰ, ਸਿਰ ਮੇਰੇ ਹੱਥ ਟਿਕਾਈਆ । ੧੦੯੫
੨੪ ਮੈਂ ਜੁਗ ਚੌਕੜੀ ਤੇਰਾ ਭਾਣਾ ਰਹੀ ਜਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੨੪
ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭ ਮੇਰਾ ਧਰਮ ਦੁਆਰਾ ਏਕਾ ਖੋਲ੍ਹ, ਵਸਤ ਸਤਿ ਸਚ ਵਰਤਾਈਆ । ਸ਼ਬਦ ਅਗੰਮਾ ਇਕੋ ਬੋਲ, ਅਨਬੋਲਤ ਦੇ ਦ੍ਰਿੜਾਈਆ । ਦੋ ਜਹਾਨਾਂ ਵਜਾ ਦੇ ਧੁਰ ਦਾ ਢੋਲ, ਡੰਕਾ ਇਕੋ ਕਰ ਸ਼ਨਵਾਈਆ । ਹਭੇ ਵਸਤ ਤੇਰੇ ਕੋਲ, ਹਮਸਾਜਣ ਦੇਣੀ ਵਰਤਾਈਆ । ਜਿਸ ਦਾ ਭੇਵ ਪਾ ਸਕੇ ਨਾ ਕੋਈ ਪੰਡਤ ਪਾਂਧਾ ਰੌਲ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਹਰ ਘਟ ਅੰਦਰ ਅੰਤਸ਼ਕਰਨ ਜਾ ਮੌਲ, ਮੌਲਾ ਹੋ ਕੇ ਆਪਣਾ ਖੇਲ ਵਰਤਾਈਆ । ਚਾਰ ਜੁਗ ਦਾ ਲਹਿਣਾ ਦੇਣਾ ਮੇਰਾ ਪੂਰਾ ਕਰ ਦੇ ਕੌਲ, ਇਕ਼ਰਾਰ ਤੇਰੇ ਚਰਨ ਟਿਕਾਈਆ । ਮੈਂ ਮਿੰਨਤਾਂ ਕਰਦੀ ਦੀਨਨ ਹੋ ਕੇ ਧੌਲ, ਦਿਆਲ ਦੇਣੀ ਮਾਣ ਵਡਿਆਈਆ । ਪਰਮ ਪੁਰਖ ਪਰਮਾਤਮ ਤੇਰੇ ਉਤੋਂ ਆਪਾ ਆਪ ਦੇਵਾਂ ਘੋਲ, ਹਉਂ ਘੋਲੀ ਘੋਲ ਘੁਮਾਈਆ । ਮੇਰੇ ਉਤੋਂ ਆ ਕੇ ਕੂੜ ਦਾ ਤਤ ਵਿਰੋਲ, ਬਾਬਲ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੇਰਾ ਧਰਮ ਦੁਆਰਾ ਕਰ ਦੇ ਉਜਲਾ, ਉਗਣ ਆਥਣ ਤੇਰੀ ਵਜੇ ਵਧਾਈਆ । ਮੇਰਾ ਭੇਵ ਖੁਲ੍ਹਾ ਦੇ ਆਦਿ ਜੁਗਾਦਿ ਮੁਢਲਾ, ਮਧ ਦਾ ਪਰਦਾ ਰਹੇ ਨਾ ਰਾਈਆ । ਨਵ ਨਵ ਚਾਰ ਦੇ ਮਾਲਕ ਖੋਲ੍ਹ ਦੇ ਗੁੰਝਲਾ, ਗੋਬਿੰਦ ਪਰਦਾ ਪਰਦਿਆਂ ਵਿਚੋਂ ਚੁਕਾਈਆ । ਤੂੰ ਮੋਹਣ ਮਾਧਵ ਅਕਾਲ ਮੂਰਤ ਮਧਸੂਦਨ ਇਕ ਅਗੰਮੀ ਮੁੰਦਰਾ, ਮੁਦਤਾਂ ਦਾ ਮਾਲਕ ਨਜ਼ਰੀ ਆਈਆ । ਮੇਰਾ ਕੋਨਾ ਗੋਸ਼ਾਂ ਵੇਖ ਲੈ ਕੁੰਦਰਾ, ਸਮੁੰਦ ਸਾਗਰਾਂ ਫੋਲ ਫੁਲਾਈਆ । ਮੇਰਾ ਲੇਖਾ

ਜਗਤ ਧਾਰ ਨਹੀਂ ਕੋਈ ਉਂਗਲਾ, ਹਿੰਦਸਿਆਂ ਗਣਤ ਨਾ ਕੋਇ ਗਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਧਰਨੀ ਕਹੇ ਮੇਰੇ ਪਰਮ ਪੁਰਖ ਪੁਰਖੋਤਮ ਦਇਆ ਨਿਧ, ਠਾਕਰ ਸੁਆਮੀ ਤੇਰੀ ਬੇਪਰਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਸੁਦੀ ਵਦੀ ਦਾ ਲੇਖਾ ਨਜ਼ਰ ਕੋਇ ਨਾ ਆਈਆ । ਪਰਮ ਪੁਰਖ ਪਰਮਾਤਮ ਤੇਰੇ ਕੋਲ ਅਨੋਖੀ ਬਿਧ, ਬਿਧਨਾ ਦਾ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸਾ ਤਕ ਲੈ ਅਗੰਮ, ਅਗੰਮੜੇ ਤੇਰੇ ਚਰਨ ਟਿਕਾਈਆ । ਮੇਰਾ ਰੂਪ ਨਹੀਂ ਤਤਾਂ ਵਾਲਾ ਬ੍ਰਹਮ, ਪਾਰਬ੍ਰਹਮ ਪਰਦਾ ਦੇਣਾ ਉਠਾਈਆ । ਮੇਰਾ ਹਡ ਮਾਸ ਨਾੜੀ ਨਹੀਂ ਚਰਮ, ਚੰਮਦ੍ਰਿਸ਼ਟੀ ਨਾ ਕੋਇ ਰਖਾਈਆ । ਮੇਰਾ ਦੀਨ ਦੁਨੀ ਵਾਲਾ ਨਹੀਂ ਕੋਈ ਕਰਮ, ਕਰਮ ਕਾਂਡ ਨਾ ਕੋਇ ਜਣਾਈਆ । ਮੇਰਾ ਦੀਨਾਂ ਮਜ਼੍ਹਬਾਂ ਵਾਲਾ ਨਹੀਂ ਧਰਮ, ਹਿੱਸੇ ਦੀਨ ਦੁਨੀ ਰਖਾਈਆ । ਮੈਨੂੰ ਇਕੋ ਤੇਰੀ ਓਟ ਸਹਾਰਾ ਤੇਰੇ ਚਰਨ, ਚਰਨੋਦਕ ਤੇਰਾ ਲੈ ਕੇ ਖ਼ੁਸ਼ੀ ਬਣਾਈਆ । ਮੈਨੂੰ ਆਦਿ ਜੁਗਾਦਿ ਤੇਰੇ ਨਾਲ ਵਾਅਦਾ ਤੇਰੇ ਨਾਲ ਪ੍ਰਣ, ਪਰਮ ਪੁਰਖ ਪਰਮਾਤਮ ਦਿਆਂ ਦ੍ਰਿੜਾਈਆ । ਜੋਬਨਵੰਤੇ ਸ੍ਰੀ ਭਗਵੰਤੇ ਮੇਰਾ ਆਪੇ ਫੜ ਲੈ ਲੜਨ, ਪੱਲੂ ਆਪਣੇ ਨਾਲ ਬੰਧਾਈਆ । ਮੈਂ ਸਚ ਦੁਆਰ ਏਕੰਕਾਰ ਤੇਰੀ ਮੰਜ਼ਲ ਲੱਗੀ ਚੜ੍ਹਨ, ਚੌਥੇ ਜੁਗ ਦੇ ਮਾਲਕ ਹੋਣਾ ਆਪ ਸਹਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਹਾਰ ਭੰਨਣ ਘੜਨ, ਸਮਰਥ ਪੁਰਖ ਤੇਰੀ
੧੦੯੬ ਬੇਪਰਵਾਹੀਆ । ਮੇਰੇ ਉਤੋਂ ਝਗੜਾ ਮੁਕਾ ਦੇ ਸੀਸ ਧੜਨ, ਧੜੇਬਾਜ਼ੀ ਦੀਨ ਦੁਨੀ ਨਜ਼ਰ ਕੋਇ ਨਾ ਆਈਆ । ਜੀਵ ਜੰਤ ਸਾਧ ਸੰਤ ਆਤਮ ੧੦੯੬
੨੪ ਪਰਮਾਤਮ ਤੇਰਾ ਢੋਲਾ ਪੜ੍ਹਨ, ਪਰਮ ਪੁਰਖ ਤੇਰਾ ਨਾਮ ਧਿਆਈਆ । ਮੇਰੇ ਉਤੇ ਨਾ ਕੋਈ ਜ਼ਾਤ ਨਾ ਕੋਈ ਪਾਤ ਨਾ ਕੋਈ ਹੋਵੇ ਵਰਨ ਬਰਨ, ੨੪
ਦੀਨ ਮਜ਼੍ਹਬ ਤੇਰਾ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਤੂੰ ਆਦਿ ਜੁਗਾਦਿ ਰਹੇਂ ਹਮੇਸ਼, ਹਮਸਾਜਣ ਇਕ ਅਖਵਾਈਆ । ਮੇਰੇ ਉਤੋਂ ਕਲ ਕਲਕੀ ਹੋ ਕੇ ਮੇਟ ਕਲੇਸ਼, ਕਲ ਕਾਤੀਆਂ ਕਰ ਸਫ਼ਾਈਆ । ਗੋਬਿੰਦ ਸੂਰੇ ਤੇਰਾ ਸੰਗ ਹੋਵੇ ਦਸ ਦਸਮੇਸ਼, ਦਹਿ ਦਿਸ਼ਾ ਧਿਆਨ ਲਗਾਈਆ । ਮੈਂ ਸੁਣਦੀ ਕੀ ਮਹਿੰਮਾ ਤੇਰੀ ਕਰੇ ਸਹੰਸਰ ਮੁਖ ਸ਼ੇਸ਼, ਦੋ ਸਹੰਸਰ ਜਿਹਵਾ ਨਾਲ ਮਿਲਾਈਆ । ਪੁਰਖ ਅਕਾਲੇ ਦੀਨ ਦਿਆਲੇ ਮੈਂ ਤੇਰਾ ਦਰਸ਼ਨ ਕਰਨਾ ਚਾਹੁੰਦੀ ਸੰਬਲ ਦੇਸ਼, ਸਾਢੇ ਤਿੰਨ ਹੱਥ ਵਜਦੀ ਵੇਖਾਂ ਵਧਾਈਆ । ਤੂੰ ਸ਼ਾਹ ਸੁਲਤਾਨਾ ਨੌਜਵਾਨਾ ਮਰਦ ਮਰਦਾਨਾ ਜੋਤੀ ਜਾਤਾ ਇਕ ਨਰੇਸ਼, ਨਰ ਨਰਾਇਣ ਤੇਰੀ ਵਡ ਵਡਿਆਈਆ । ਮੈਂ ਤੇਰੇ ਦੁਆਰੇ ਨਿਰਗੁਣ ਦਾਤੇ ਹੋਈ ਪੇਸ਼, ਪੇਸ਼ੀਨਗੋਈਆਂ ਤੇਰੇ ਚਰਨ ਟਿਕਾਈਆ । ਤੇਰਾ ਇਕੋ ਹੁਕਮ ਸੁਣਨਾ ਚਾਹੁੰਦੀ ਵਿਸ਼ੇਸ਼, ਵਿਸ਼ਿਆਂ ਤੋਂ ਬਾਹਰ ਦੇਣਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਤੇਰੇ ਠਾਂਢੇ ਦਰਗਾਹ ਸਾਚੀ ਨਿਰਗੁਣ ਧਾਰ ਹੋਈ ਪੇਸ਼, ਪਿਛਲਾ ਲੇਖਾ ਨਾਲ ਮਿਲਾਈਆ ।

## ✪ ੨੯ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਬਸੰਤ ਕੌਰ ਦੇ ਗ੍ਰਿਹ ਪਿੰਡ ਸਮਾਲਸਰ ਜ਼ਿਲਾ ਬਠਿੰਡਾ ✪

ਧਰਨੀ ਕਹੇ ਪ੍ਰਭੂ ਮੈਂ ਤੇਰੀ ਘਾਲਣ ਰਹੀ ਘਾਲ, ਘਾਇਲ ਹੋ ਕੇ ਜੁਗ ਜੁਗ ਸੇਵ ਕਮਾਈਆ । ਜੋਤੀ ਜਾਤੇ ਮੇਰੀ ਆ ਕੇ ਸੁਰਤ ਸੰਭਾਲ, ਸੰਬਲ ਨਿਵਾਸੀ ਆਪਣੀ ਦਇਆ ਕਮਾਈਆ । ਸਤਿ ਵਸਤ ਮੈਨੂੰ ਦੇ ਦੇ ਆਪਣਾ ਧਨ ਮਾਲ, ਅਮੋਲਕ ਇਕੋ ਇਕ ਵਰਤਾਈਆ । ਮੇਰੀ ਬੇਨੰਤੀ ਮੰਨ ਸਵਾਲ, ਆਰਜ਼ੂ ਤੇਰੇ ਚਰਨ ਟਿਕਾਈਆ । ਧਰਮ ਦਾ ਫਲ ਲਗਾ ਦੇ ਦੀਨ ਦੁਨੀ ਦੇ ਡਾਲ, ਪੱਤ ਟਹਿਣੀ ਮਾਨਸ ਜ਼ਾਤੀ ਆਪ ਮਹਿਕਾਈਆ । ਨਿਰਗੁਣ ਦਾਤੇ ਆਤਮ ਪਰਮਾਤਮ ਹੋ ਕੇ ਸਭ ਦੇ ਵਸ ਨਾਲ, ਇਕ ਇਕੱਲੇ ਆਪਣਾ ਮੇਲ ਮਿਲਾਈਆ । ਕਲਜੁਗ ਕੂੜੀ ਕਿਰਿਆ ਤੋੜ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਦੀਨਾਂ ਬੰਧਪ ਹੋ ਦਿਆਲ, ਦੀਨ ਦੁਨੀ ਦੇ ਮਾਲਕ ਤੇਰੇ ਹੱਥ ਵਡਿਆਈਆ । ਮੈਂ ਅੰਤ ਅਖ਼ੀਰ ਹੋਈ ਬੇਹਾਲ, ਬੇਹਬਲ ਹੋ ਕੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭੂ ਮੇਰੀ ਕਲਜੁਗ ਅੰਤ ਮੇਟ ਬੇਚੈਨੀ, ਧੀਰਜ ਧਰਮ ਧਾਰ ਦ੍ਰਿੜ੍ਹਾਈਆ । ਨਵ ਖੰਡ ਰਹੇ ਨਾ ਰਾਤ ਅੰਧੇਰੀ ਰੈਣੀ, ਕਲਜੁਗ ਕੂੜ ਕੁੜਿਆਰ ਮਿਟਾਈਆ । ਤੂੰ ਮੇਰਾ ਆਦਿ ਜੁਗਾਦਿ ਸਾਕ ਸੈਣੀ, ਸੱਜਣ ਇਕ ਅਖਵਾਈਆ । ਓਹ ਆਸ਼ਾ ਤਕ ਲੈ ਜੋ ਇਸ਼ਾਰਾ ਦਿਤਾ ਗੰਗਾ ਜਮਨਾ ਸੁਰਸਤੀ ਤ੍ਰੈਬੈਣੀ, ਤ੍ਰੈਗੁਣ ਅਤੀਤੇ ਤੇਰੇ ਚਰਨ ਟਿਕਾਈਆ । ਕਲਜੁਗ ਅੰਤਮ ਨਦੀ ਕੂੜ ਦੀ ਵਹਿਣੀ, ਸਤਿ ਧਰਮ ਜਾਏ ਰੁੜ੍ਹਾਈਆ । ਜੋ ਕੂਕ ਕੇ ਕਿਹਾ ਭਗਤ ਸੈਣੀ, ਆਪ ਆਪਣਾ ਹਾਲ ਸੁਣਾਈਆ । ਤੂੰ ਮਾਲਕ ਨਰ ਨਰਾਇਣੀ, ਹਰਿ ਕਰਤਾ ਧੁਰਦਰਗਾਹੀਆ । ਸਾਡੀ ਬੇਨੰਤੀ ਇਕੋ ਇਕ ਕਹਿਣੀ, ਧਰਨੀ ਧਰਤ ਧਵਲ ਧੌਲ ਹੋ ਕੇ ਦਿਆਂ ਸੁਣਾਈਆ । ਮੇਰੇ ਉਤੋਂ ਤੇਰੇ ਹੁਕਮ ਨਾਲ ਕਲਜੁਗ ਕੂੜ ਕੁੜਿਆਰ ਕੰਧ ਢਹਿਣੀ, ਛੱਪਰ ਛੰਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰਾ ਅੰਤਸ਼ਕਰਨ ਉਠਾ ਦੇ ਸੋਤਾ, ਸੁਤੀ ਲੈ ਜਗਾਈਆ । ਮੇਰਾ ਦੁਰਮਤ ਪਾਪ ਕਲੇਵਰ ਜਾਏ ਧੋਤਾ, ਪਾਪਾਂ ਹੋਏ ਸਫ਼ਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਮੇਰਾ ਅੰਤਸ਼ਕਰਨ ਤੇਰੇ ਚਰਨ ਰੋਤਾ, ਰੋ ਰੋ ਦਿਆਂ ਦੁਹਾਈਆ । ਓਹ ਲੇਖਾ ਯਾਦ ਕਰ ਲੈ ਜਿਸ ਵੇਲੇ ਨਾਨਕ ਧਾਰ ਮਾਰਿਆ ਗੋਤਾ, ਗੌਤਮ ਦੀ ਧਾਰ ਕੀ ਦ੍ਰਿੜ੍ਹਾਈਆ । ਮੈਂ ਪੈ ਗਈ ਕਲਜੁਗ ਅੰਤਮ ਵਿਚ ਸੋਚਾਂ, ਸੋਚ ਸਮਝ ਚਲੇ ਨਾ ਕੋਇ ਚਤੁਰਾਈਆ । ਮੈਂ ਇਕੋ ਸਤਿਜੁਗ ਸਚ ਸਚ ਨੂੰ ਲੋਚਾਂ, ਲੋਚਨ ਨੈਣ ਆਪਣੀ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਪ੍ਰਭੂ ਮੈਂ ਨਿਰਗੁਣ ਧਾਰ ਤੈਨੂੰ ਤਕਦੀ, ਤਕਦੀਰ ਦੇ ਮਾਲਕ ਧਿਆਨ ਲਗਾਈਆ । ਮੈਂ ਖੇਲ ਵੇਖਣਾ ਚਾਹੁੰਦੀ ਇਕੋ ਯਕ ਦੀ, ਜੋ ਯਕੇ ਬਾਦ ਦੀਗਰੇ ਆਪਣਾ ਧਿਆਨ ਲਗਾਈਆ । ਮੇਰੀ ਆਸ਼ਾ ਆਦਿ ਜੁਗਾਦਿ ਪੱਕ ਦੀ, ਕੂੜਾ ਰੰਗ ਨਾ ਕੋਇ ਰੰਗਾਈਆ । ਮੈਂ ਕਥਾ ਕਹਾਣੀ ਦੱਸਾਂ ਸਚ ਦੀ, ਸੁਨੇਹੜਾ ਸਚ ਸਚ ਦ੍ਰਿੜ੍ਹਾਈਆ । ਮੇਰੇ ਉਤੇ ਦੀਨ ਦੁਨੀ ਕਲਜੁਗ ਅਗਨੀ ਦੇ ਵਿਚ ਮਚਦੀ, ਅੰਮ੍ਰਿਤ ਮੇਘ ਸਕੇ ਨਾ ਕੋਇ ਬਰਸਾਈਆ । ਮੈਂ ਤੇਰੀ ਧਾਰ ਵੇਖਣਾ ਚਾਹੁੰਦੀ ਪਰਮੇਸ਼ਵਰ ਪਤਿ ਦੀ, ਪਾਰਬ੍ਰਹਮ ਪ੍ਰਭ ਹੋਣਾ ਆਪ ਸਹਾਈਆ । ਤੇਰੇ ਚਰਨ ਕਵਲ ਧਵਲ ਹੋ ਕੇ ਵਾਸਤਾ ਘਤਦੀ, ਨਿਮਰਤਾ ਵਿਚ ਸੀਸ ਝੁਕਾਈਆ । ਤੂੰ ਇਕੋ

੧੦੬੮
੨੪

ਧਾਰ ਬਖ਼ਸ਼ ਦੇ ਬ੍ਰਹਮ ਮਤ ਦੀ, ਪਾਰਬ੍ਰਹਮ ਬ੍ਰਹਮ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਤੇਰੀ ਖੇਲ ਸਦਾ ਸਤਿ ਦੀ, ਸਤਿ ਸਤਿਵਾਦੀ ਹੋ ਕੇ ਵੇਖ ਵਖਾਈਆ ।

## ✪ ੨੯ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਜਸਵੰਤ ਸਿੰਘ ਦੇ ਗ੍ਰਿਹ ਪਿੰਡ ਰਾਜੇਆਣਾ ਜ਼ਿਲਾ ਫ਼ਰੀਦਕੋਟ ✪

ਨਾਰਦ ਕਹੇ ਧਰਨੀਏ ਮੈਂ ਸਚਖੰਡ ਦੁਆਰਿਉਂ ਆਇਆ ਦੌੜਾ, ਦੋ ਜਹਾਨਾਂ ਪੰਧ ਮੁਕਾਈਆ । ਸਚ ਸੰਦੇਸ਼ਾ ਸੁਣ ਲੈ ਕੀ ਦੇਵੇ ਬ੍ਰਾਹਮਣ ਗੌੜਾ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਜਿਸ ਦਾ ਏਥੇ ਓਥੇ ਨਿਰਗੁਣ ਸਰਗੁਣ ਇਕੋ ਪੌੜਾ, ਪੌੜੀ ਡੰਡਾ ਜਗਤ ਨਜ਼ਰ ਕਿਸੇ ਨਾ ਆਈਆ । ਜਿਸ ਦਾ ਮਾਰਗ ਰਸਤਾ ਦੀਨ ਦੁਨੀ ਤੋਂ ਸੌੜਾ, ਜਗਤ ਜਗਿਆਸੂ ਲੰਘ ਸਕੇ ਕੋਇ ਨਾ ਰਾਈਆ । ਜਿਸ ਮੈਨੂੰ ਇਕੋ ਵਸਤ ਦਿਤੀ ਸੱਸੇ ਉਪਰ ਵਖਾਇਆ ਹੋੜਾ, ਸੋ ਪੁਰਖ ਨਿਰੰਜਣ ਭੇਵ ਖੁਲ੍ਹਾਈਆ । ਹਾਹੇ ਉਪਰ ਟਿੱਪੀ ਹੰ ਬ੍ਰਹਮ ਬਣਾਇਆ ਜੋੜਾ, ਜੋੜੀ ਜਗਤ ਜਗਦੀਸ ਬਣਾਈਆ । ਜਿਸ ਦੀ ਕੋਝੀਏ ਕਮਲੀਏ ਤੈਨੂੰ ਅੰਤਮ ਲੋੜਾ, ਲੁੜੀਂਦਾ ਸਾਜਣ ਧੁਰਦਰਗਾਹੀਆ । ਓਨ ਹਸ ਕੇ ਕਿਹਾ ਮੇਰਾ ਵਕ਼ਤ ਰਹਿ ਗਿਆ ਥੋੜ੍ਹਾ, ਬੁੜੀਏ ਬਿੜਕੀਏ ਤੇਰਾ ਲੇਖਾ ਦਿਆਂ ਮੁਕਾਈਆ । ਇਕੋ ਬੋਧ ਅਗਾਧਾ ਯਾਦ ਕਰ ਲੈ ਸ਼ਬਦੀ ਧਾਰ ਗੋਬਿੰਦ ਵਾਲਾ ਦੋਹਰਾ, ਦੋ ਅੱਖਰਾਂ ਜਿਸ ਦੀ ਵੰਡ ਵੰਡਾਈਆ । ਉਹ ਪਾਰਬ੍ਰਹਮ ਪਤਿ ਪਰਮੇਸ਼ਵਰ ਜੋਤੀ ਜਾਤਾ ਬਾਂਕਾ ਛੋਹਰਾ, ਸ਼ੌਹਰ ਸਭ ਦਾ ਨੂਰ ਅਲਾਹੀਆ । ਜਿਸ ਤੇਰਾ ਕਲਜੁਗ ਅੰਤ ਲੇਖਾ ਮੁਕਾਉਣਾ ਅੰਧ ਘੋਰਾ, ਘੋਰੀ ਹੋ ਕੇ ਵੇਖੇ ਥਾਉਂ ਥਾਈਂਆ । ਲਹਿਣਾ ਦੇਣਾ ਮੁਕਾਏ ਠਗ ਚੋਰਾ, ਚਾਰੋਂ ਕੁੰਟ ਫੋਲ ਫੁਲਾਈਆ । ਤੇਰੇ ਉਤੇ ਜਨ ਭਗਤਾਂ ਭਾਗ ਕਰੇ ਮਥੋਰਾ, ਮਿਥਿਆ ਦਿਸੇ ਖ਼ਲਕ ਖ਼ੁਦਾਈਆ । ਉਸ ਦਾ ਵੇਸ ਹੋਣਾ ਅਵਰ ਦਾ ਔਰਾ, ਹੋਰ ਦਾ ਹੋਰ ਰੂਪ ਵਟਾਈਆ । ਜਿਸ ਦਾ ਹੁਕਮ ਫ਼ਰਮਾਨ ਸੰਦੇਸ਼ ਚਾਰ ਜੁਗ ਤੋਂ ਬਾਹਰ ਵਖਰਾ ਕੋਰਾ, ਜਗਤ ਮਿਲਾਵਟ ਨਜ਼ਰ ਕੋਇ ਨਾ ਆਈਆ । ਜਿਸ ਦਾ ਸ਼ਬਦ ਅਗੰਮੀ ਦੋ ਜਹਾਨਾਂ ਬ੍ਰਹਿਮੰਡਾਂ ਖੰਡਾਂ ਬਿਨਾ ਤਨ ਵਜੂਦ ਫਿਰੇ ਦੌੜਾ, ਆਦਿ ਜੁਗਾਦੀ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਧਰਨੀਏ ਮੇਰਾ ਦਰਗਾਹ ਸਾਚੀ ਦਾ ਸੁਣ ਪੈਗ਼ਾਮ, ਪੈਗ਼ੰਬਰਾਂ ਤੋਂ ਬਾਹਰ ਦਿਆਂ ਦ੍ਰਿੜਾਈਆ । ਜਿਸ ਵਿਚ ਸਯਦਾ ਨਹੀਂ ਕੋਈ ਸਲਾਮ, ਸਲਾਮਅਲੈਕਮ ਕਹਿ ਕੇ ਸੀਸ ਨਿਵਾਈਆ । ਨੀ ਉਹ ਮਾਲਕ ਖ਼ਾਲਕ ਨੂਰ ਅਲਾਹ ਅਗੰਮ ਅਮਾਮ, ਮਮਤਾ ਮੋਹ ਨਾ ਕੋਇ ਜਣਾਈਆ । ਜਿਸ ਤੇਰੇ ਉਤੇ ਦੀਨ ਦੁਨੀ ਵੇਖਣੀ ਅਵਾਮ, ਆਮ ਭੇਵ ਸਮਝੇ ਕੋਇ ਨਾ ਰਾਈਆ । ਜੋ ਕਲਜੁਗ ਕੂੜੀ ਕਿਰਿਆ ਮੇਟੇ ਅੰਧੇਰੀ ਰੈਣ ਸ਼ਾਮ, ਸ਼ਮਅ ਨੂਰ ਜੋਤ ਕਰੇ ਰੁਸ਼ਨਾਈਆ । ਚੌਦਾਂ ਤਬਕਾਂ ਲੇਖਾ ਰਹਿਣ ਨਾ ਦੇਵੇ ਤਮਾਮ, ਤਮਅ ਲਾਲਚ ਵੰਡ ਨਾ ਕੋਇ ਵੰਡਾਈਆ । ਜਿਸ ਦਾ ਇਕੋ ਕਲਮਾ ਕਾਇਨਾਤ ਹੋਣਾ ਨਾਮ, ਨਾਮ ਨਿਧਾਨਾ ਇਕ ਦ੍ਰਿੜਾਈਆ । ਓਸੇ ਦੇ ਗੀਤ ਢੋਲੇ ਸਾਰੇ ਗਾਣ, ਗਾ ਗਾ ਸ਼ੁਕਰ ਮਨਾਈਆ । ਜੋ ਮਾਲਕ ਖ਼ਾਲਕ ਹੋਵੇ ਦੋ ਜਹਾਨ, ਵਾਲੀ ਜ਼ਮੀਂ ਅਸਮਾਨ ਅਖਵਾਈਆ । ਜੋ ਸ਼ਰਅ ਮੇਟੇ ਜਗਤ

ਜੁਗਤ ਸ਼ੈਤਾਨ, ਸ਼ਰੀਅਤ ਆਪਣੇ ਰੰਗ ਰੰਗਾਈਆ । ਮੁਹੰਮਦ ਲਹਿਣਾ ਦੇਣਾ ਕਰੇ ਪਰਵਾਨ, ਚਾਰ ਯਾਰੀ ਬੈਠੀ ਸੀਸ ਨਿਵਾਈਆ । ਸਦੀ ਚੌਧਵੀਂ ਮੇਟ ਨਿਸ਼ਾਨ, ਨਿਸ਼ਾਨਾ ਧਰਮ ਧਾਰ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਧਰਨੀਏ ਮੈਨੂੰ ਖ਼ਬਰ ਅਗੰਮੀ ਦਿਤੀ ਨਿਹਕਲੰਕ, ਭੇਵ ਅਭੇਦ ਆਪਣੇ ਵਿਚ ਛੁਪਾਈਆ । ਜਿਸ ਦਾ ਇਕੋ ਨਾਮ ਦਮਾਮਾ ਵਜਣਾ ਡੰਕ, ਫ਼ਤਿਹ ਗੋਬਿੰਦ ਰੰਗ ਰੰਗਾਈਆ । ਜਿਸ ਤੇਰਾ ਸੁਹਾਉਣਾ ਦੁਆਰ ਬੰਕ, ਨਵ ਸੱਤ ਵੇਖੇ ਚਾਈਂ ਚਾਈਂਆ । ਭੇਵ ਖੁਲ੍ਹਾਏ ਰਾਓ ਰੰਕ, ਊਚ ਨੀਚ ਗੰਢ ਪੁਆਈਆ । ਤੇਰੇ ਅੰਦਰੋਂ ਕੱਢੇ ਸ਼ੰਕ, ਸੰਸਾ ਰਹਿਣ ਕੋਇ ਨਾ ਪਾਈਆ । ਇਕੋ ਨਾਮ ਦੀ ਲਾਏ ਤਨਕ, ਚਾਰੋਂ ਕੁੰਟ ਖਿੱਚੇ ਵਾਹੋ ਦਾਹੀਆ । ਦੀਨ ਦੁਨੀ ਦਾ ਮਨ ਕਾ ਮਣਕਾ ਫੇਰੇ ਮਨਕ, ਮਨਸਾ ਮਨਸਾ ਵਿਚੋਂ ਬਦਲਾਈਆ । ਜਿਸ ਦਾ ਸ਼ਬਦ ਅਣਿਆਲਾ ਤੀਰ ਸਮਝ ਸਕੇ ਨਾ ਕੋਇ ਧਨੁਸ਼, ਕਮਾਨ ਵੇਖਣ ਕੋਇ ਨਾ ਪਾਈਆ । ਜਿਸ ਨੂੰ ਆਦਿ ਜੁਗਾਦਿ ਜੁਗ ਚੌਕੜੀ ਗਾਉਂਦੇ ਸਾਧ ਸੰਤ ਸਹਸ, ਅਗਣਤ ਬੈਠੇ ਧਿਆਨ ਲਗਾਈਆ । ਉਸ ਨੇ ਤੇਰੇ ਉਤੇ ਚਾਰ ਵਰਨ ਅਠਾਰਾਂ ਬਰਨ ਦੀਨ ਦੁਨੀ ਬਣਾਏ ਇਕੋ ਬੰਸ, ਬੰਸਾਵਲੀ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਧਰਨੀਏ ਮੈਨੂੰ ਖ਼ਬਰ ਦਿਤੀ ਅਗੰਮੇ ਕਲਗੀ, ਜਿਸ ਨੂੰ ਕਲਕੀ ਕਹਿ ਕੇ ਸਾਰੇ ਗਾਈਆ । ਜਿਸ ਦੀ ਖੇਲ ਨਹੀਂ ਕਿਸੇ ਵਰਗੀ, ਵਰਗ ਸਕੇ ਕੋਇ ਨਾ ਲਾਈਆ । ਉਹਦੀ ਧਾਰ ਆਪਣੇ ਅਗੰਮੇ ਘਰ ਦੀ, ਘਰਾਨਾ ਵੇਖਣ ਕੋਇ ਨਾ ਪਾਈਆ । ਜਿਸ ਦੀ ਧਾਰ ਆਦਿ ਜੁਗਾਦਿ ਹਭ ਕੁਛ ਕਰਦੀ, ਕਰਤਾ ਪੁਰਖ ਨੂਰ ਅਲਾਹੀਆ । ਉਸ ਦੇ ਕੋਲੋਂ ਲੱਖ ਚੁਰਾਸੀ ਡਰਦੀ, ਸਿਰ ਸਕੇ ਨਾ ਕੋਇ ਉਠਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਆਸ਼ਾ ਓਸੇ ਕੋਲੋਂ ਪੜ੍ਹਦੀ, ਨਿਰਅੱਖਰ ਦਏ ਸਮਝਾਈਆ । ਓਸੇ ਦੀ ਖੇਲ ਤਨ ਵਜੂਦ ਸੀਸ ਧੜ ਦੀ, ਪੰਜ ਤਤ ਆਪਣਾ ਰੰਗ ਰੰਗਾਈਆ । ਉਹ ਲਹਿਣਾ ਦੇਣਾ ਅੰਤ ਤੇਰੀ ਝੋਲੀ ਪਾਏ ਬਾਕੀ ਰਹੇ ਨਾ ਚੇਤਨ ਜੜ੍ਹ ਦੀ, ਮਿਹਰਵਾਨ ਹੋ ਕੇ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਨਾਰਦ ਕਹੇ ਧਰਨੀ ਸੁਣ ਲੈ ਸ਼ਬਦ ਸਤਿਗੁਰੂ ਸੰਦੇਸ਼, ਸ਼ਬਦ ਸਤਿਗੁਰ ਕੀ ਜਣਾਈਆ । ਮੈਂ ਆਦਿ ਜੁਗਾਦੀ ਨਰ ਨਰੇਸ਼, ਨਰ ਨਰਾਇਣ ਦਿਤੀ ਵਡਿਆਈਆ । ਮੇਰਾ ਨਾ ਮੁੱਛ ਨਾ ਦਾੜ੍ਹੀ ਕੇਸ, ਮੂੰਡ ਮੁੰਡਾਇਆ ਨਾ ਰੂਪ ਬਣਾਈਆ । ਮੇਰਾ ਨਾਤਾ ਗੋਬਿੰਦ ਧਾਰ ਨਾਲ ਦਸ ਦਸਮੇਸ਼, ਦਹਿ ਦਿਸ਼ਾ ਖੇਲ ਖਿਲਾਈਆ । ਮੈਂ ਆਦਿ ਜੁਗਾਦਿ ਰਹਾਂ ਹਮੇਸ਼, ਜੀਵਣ ਮਰਨ ਨਾ ਰੂਪ ਬਦਲਾਈਆ । ਮੇਰਾ ਅੰਤਮ ਵਾਸਾ ਹੋਣਾ ਸੰਬਲ ਦੇਸ, ਸਾਢੇ ਤਿੰਨ ਹੱਥ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਧਰਨੀ ਕਹੇ ਨਾਰਦਾ ਮੈਂ ਸੁਣਿਆ ਸਰਬ ਅਹਿਵਾਲ, ਜੋ ਨਿਰਗੁਣ ਧਾਰ ਦਿਤਾ ਦ੍ਰਿੜਾਈਆ । ਤੂੰ ਨਿੱਕਾ ਨੰਨ੍ਹਾ ਨੱਢਾ ਬਾਲ, ਜੁਗ ਜੁਗ ਭੱਜੇਂ ਵਾਹੋ ਦਾਹੀਆ । ਤੇਰੇ ਅਗੇ ਕਰਾਂ ਸੁਆਲ, ਜਵਾਬਤਲਬੀ ਵਿਚ ਮੰਗ ਮੰਗਾਈਆ । ਸਚ ਦੱਸ ਕਿਸ ਬਿਧ ਪ੍ਰਭ ਲੇਖਾ ਮੁਕਾਵੇ ਸ਼ਾਹ ਕੰਗਾਲ, ਪਾਤਸ਼ਾਹ ਆਪਣਾ ਲੇਖ ਚੁਕਾਈਆ । ਧਰਨੀ ਉਤੇ ਮੇਰੀ ਕਰੇ ਸੰਭਾਲ, ਕਿਸ ਬਿਧ ਸੰਬਲ ਸੋਭਾ ਪਾਈਆ । ਕਿਸ ਬਿਧ ਅਵਤਾਰ ਪੈਗ਼ੰਬਰ ਗੁਰੂ ਰਖੇ ਨਾਲ, ਵਿਸ਼ਨ ਬ੍ਰਹਮਾ ਸ਼ਿਵ ਜੋੜ ਜੁੜਾਈਆ । ਕਿਸ ਬਿਧ ਹੁਕਮ


੧੦੯੯
੨੪

੧੧੦੦ ੨੪

ਜਣਾਏ ਕਾਲ ਮਹਾਂਕਾਲ, ਰਾਏ ਧਰਮ ਚਿਤਰ ਗੁਪਤ ਲਏ ਉਠਾਈਆ । ਲਾੜੀ ਮੌਤ ਕਿਸ ਬਿਧ ਕਰੇ ਹਾਲ ਹਾਲ, ਭੱਜੇ ਵਾਹੋ ਦਾਹੀਆ । ਕਵਣ ਵਕਤ ਸੁਹੰਜਣਾ ਕਿਹੜੀ ਥਿਤ ਆ ਕੇ ਵੇਖੇ ਮੁਰੀਦਾਂ ਹਾਲ, ਮੇਰਾ ਮੁਰਸ਼ਦ ਧੁਰਦਰਗਾਹੀਆ । ਕਵਣ ਕੁਟੇ ਪਹਿਲੋਂ ਕਰੇ ਜ਼ਵਾਲ, ਜ਼ਾਹਰ ਹੋ ਕੇ ਦਏ ਦ੍ਰਿੜਾਈਆ । ਅਵਤਾਰ ਪੈਗ਼ੰਬਰ ਗੁਰ ਕਿਸ ਬਿਧ ਆਪਣਾ ਭਵਿਖਤ ਦੇਣ ਵਖਾਲ, ਪੇਸ਼ੀਨਗੋਈਆਂ ਬਿਨ ਹੱਥਾਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਸੋ ਪੁਰਖ ਨਿਰੰਜਣ ਰੂਪ ਬਦਲਾਵੇਗਾ । ਹਰਿ ਪੁਰਖ ਨਿਰੰਜਣ ਵੇਸ ਵਟਾਵੇਗਾ । ਏਕੰਕਾਰਾ ਨੂਰ ਦਰਸਾਵੇਗਾ । ਜੋਤੀ ਜਾਤਾ ਡਗਮਗਾਵੇਗਾ । ਅਬਿਨਾਸ਼ੀ ਕਰਤਾ ਸੋਭਾ ਪਾਵੇਗਾ । ਸ੍ਰੀ ਭਗਵਾਨ ਹੁਕਮ ਵਰਤਾਵੇਗਾ । ਪਾਰਬ੍ਰਹਮ ਆਪ ਸੁਣਾਵੇਗਾ । ਸ਼ਬਦੀ ਸ਼ਬਦ ਡੰਕ ਵਜਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਉਠਾਵੇਗਾ । ਧੁਰ ਦਾ ਹੁਕਮ ਸੰਦੇਸ਼ ਇਕੋ ਇਕ ਦ੍ਰਿੜਾਵੇਗਾ । ਏਕਾ ਜੋਤ ਏਕਾ ਧਾਰ ਏਕਾ ਸ਼ਬਦ ਗੰਢ ਪੁਆਵੇਗਾ । ਏਕਾ ਰੂਪ ਆਪ ਨਿਰੰਕਾਰ, ਦੂਸਰ ਵੇਸ ਨਾ ਕੋਇ ਵਟਾਵੇਗਾ । ਜੋਤੀ ਜਾਤਾ ਹੋ ਕੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਵੇਗਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰਕੇ ਪਾਰ, ਧਰਨੀ ਧਰਤ ਧਵਲ ਧੌਲ ਤੇਰਾ ਦੁਆਰਾ ਬੰਕ ਵਡਿਆਵੇਗਾ । ਸਾਢੇ ਤਿੰਨ ਹੱਥ ਵੇਖ ਮੰਦਰ ਅਪਾਰ, ਸੋਹਣਾ ਆਪਣਾ ਰੂਪ ਜਣਾਵੇਗਾ । ਸੰਬਲ ਬਹਿ ਸਚੀ ਸਰਕਾਰ, ਸਾਚਾ ਸੋਹਲਾ ਢੋਲਾ ਰਾਗ ਜਣਾਵੇਗਾ । ਤੂੰ ਕੋਝੀਏ ਕਮਲੀਏ ਕਰੀਂ ਨਿਮਸਕਾਰ, ਤੇਰਾ ਸੀਸ ਜਗਦੀਸ ਆਪਣੇ ਲੇਖੇ ਲਾਵੇਗਾ । ਉਸ ਦੇ ਚਰਨ ਜਾਵੀਂ ਬਲਿਹਾਰ, ਬਲਿਹਾਰੀ ਤੇਰਾ ਦਰਦ ਦੁਖ ਮਿਟਾਵੇਗਾ । ਕਲਜੁਗ ਕੂੜਾ ਤੇਰੇ ਵਿਚੋਂ ਕੱਢੇ ਬਾਹਰ, ਧਵਲੇ ਤੇਰਾ ਭਾਰ ਦੂਰ ਕਰਾਵੇਗਾ । ਜੋ ਆਸਾ ਰਖ ਕੇ ਗਿਆ ਰਵੀਦਾਸ ਚਮਾਰ, ਚੰਮਦ੍ਰਿਸ਼ਟੀ ਸਭ ਦਾ ਡੇਰਾ ਢਾਵੇਗਾ । ਇਕੋ ਰੰਗ ਰੰਗਾਵੇ ਪੁਰਖ ਨਾਰ, ਨਾਰ ਕੰਤ ਆਪਣੀ ਖੇਲ ਖਿਲਾਵੇਗਾ । ਤੇਰੇ ਉਤੇ ਬਸੰਤ ਕਰੇ ਬਹਾਰ, ਭਗਤ ਸੁਹੇਲੇ ਗੁਲਸ਼ਨ ਬਾਗ਼ ਆਪ ਮਹਿਕਾਵੇਗਾ । ਤੂੰ ਵੇਖਣਾ ਨੌਂ ਖੰਡ ਪ੍ਰਿਥਮੀ ਸੱਤ ਦੀਪ ਏਕਾ ਦੀਪ ਹੋਏ ਉਜਿਆਰ, ਜੋਤੀ ਜਾਤਾ ਡਗਮਗਾਵੇਗਾ । ਏਕੋ ਅੰਮ੍ਰਿਤ ਰਸ ਦੇਵੇ ਠੰਡਾ ਠਾਰ, ਤੇਰੀ ਤ੍ਰਿਸ਼ਨਾ ਭੁਖ ਮਿਟਾਵੇਗਾ । ਇਕੋ ਸ਼ਬਦ ਦੇਵੇ ਧੁਨਕਾਰ, ਅਨਹਦ ਨਾਦੀ ਨਾਦ ਸੁਣਾਵੇਗਾ । ਇਕੋ ਮੰਦਰ ਮਸਜਿਦ ਸ਼ਿਵਦਵਾਲਾ ਮਠ ਹੋਏ ਗੁਰੂਦੁਆਰ, ਇਕੋ ਪੁਰਖ ਅਕਾਲਾ ਦੀਨ ਦਿਆਲਾ ਇਸ਼ਟ ਇਸ਼ਟ ਸੁਹਾਵੇਗਾ । ਤੂੰ ਮੇਰਾ ਮੈਂ ਤੇਰਾ ਸਭ ਨੇ ਕਰਨਾ ਜੈਕਾਰ, ਦੂਜਾ ਰਾਗ ਨਾ ਕੋਇ ਅਲਾਵੇਗਾ । ਨਾਰਦ ਕਹੇ ਧਰਨੀਏ ਮੇਰੀ ਡੰਡਾਵਤ ਬੰਦਨਾ ਸਯਦਿਆਂ ਵਿਚ ਨਿਮਸਕਾਰ, ਸੋ ਸੁਆਮੀ ਅੰਤਰਜਾਮੀ ਤੇਰੇ ਉਤੇ ਆਪਣਾ ਹੁਕਮ ਵਰਤਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨਿਰਗੁਣ ਸਰਗੁਣ ਸਦ ਪਾਵਣਹਾਰਾ ਸਾਰ, ਮਹਾਸਾਰਥੀ ਹੋ ਕੇ ਤੇਰਾ ਸੰਗ ਨਿਭਾਵੇਗਾ ।

✪ ੨੯ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਪ੍ਰੀਤਮ ਸਿੰਘ ਦੇ ਗ੍ਰਿਹ ਪਿੰਡ ਨਾਥੇਵਾਲ ਜ਼ਿਲਾ ਫ਼ਰੀਦਕੋਟ ✪

ਸਤਿਗੁਰ ਨਾਨਕ ਜਣਾਈ ਇਕ ਗੱਲ, ਹੋਰ ਹਉਮੇ ਝਖਣਾ ਝਾਖ । ਜੋ ਬਾਵਨ ਦੱਸੀ ਦੁਆਰੇ ਬਲ, ਬਿਨ ਅੱਖਰਾਂ ਨਿਰਅੱਖਰ ਧਾਰ ਆਖ ।

ਰਾਮ ਜਣਾਈ ਲੰਕਾ ਧਾਰ ਵਿਚ ਜਲ, ਹਨੂਵੰਤ ਸਮਝਾਇਆ ਸਾਖ । ਕ੍ਰਿਸ਼ਨ ਭੇਵ ਖੁਲ੍ਹਾਇਆ ਪਲ, ਅਰਜਨ ਪਰਦਾ ਲਾਹ ਪਰਤਾਖ । ਮੂਸਾ ਓਸੇ ਧਾਰ ਵਿਚ ਗਿਆ ਰਲ, ਜਿਸ ਗੱਲ ਦੀ ਹੋਰ ਨਹੀਂ ਕੋਈ ਸ਼ਾਖ਼ । ਈਸਾ ਓਸੇ ਮੰਜ਼ਲ ਪਿਆ ਚਲ, ਜਿਹੜੀ ਗੱਲ ਅੰਦਰੋਂ ਗਈ ਭਾਖ । ਮੁਹੰਮਦ ਓਹੋ ਦੁਆਰਾ ਲਿਆ ਮਲ, ਜਿਥੇ ਇਕ ਗੱਲ ਦਾ ਯਵਲੇ ਜ਼ੂ ਜਮਤਾ ਜ਼ਵੀ ਅਰਸ਼ੇ ਨਵਿਜ਼ ਯੋਜ਼ੂ ਜ਼ਮਾ ਰਹਿਮਤੇ ਖ਼ੁਦਾ ਨੂਰੇ ਨਿਜ਼ਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਧੁਰਦਰਗਾਹੀਆ । ਨਾਨਕ ਗੱਲ ਜਗਤ ਧਾਰ ਅਗੰਮੀ, ਅੱਖਰ ਲੇਖ ਨਾ ਕੋਇ ਬਣਾਈਆ । ਗਾਈ ਜਾਏ ਨਾ ਕਿਸੇ ਪਵਣ ਸੁਆਮੀ ਦਮੀ, ਰਸਨਾ ਜਿਹਵਾ ਨਾ ਕੋਇ ਚਤੁਰਾਈਆ । ਕਿਸੇ ਕ਼ਲਮ ਸ਼ਾਹੀ ਦੀ ਧਾਰ ਵਿਚੋਂ ਨਹੀਂ ਜੰਮੀਂ, ਕਾਗ਼ਜ਼ਾਂ ਰੰਗ ਨਾ ਕੋਇ ਰੰਗਾਈਆ । ਜਿਸ ਦੀ ਜੋਬਨ ਜਵਾਨੀ ਪੁਰਾਣੀ ਨਹੀਂ ਨਵੀਂ, ਨਵ ਨੌ ਚਾਰ ਸਮਝ ਕੋਇ ਨਾ ਪਾਈਆ । ਓਹ ਲਿਖੀ ਜਾਏ ਨਾ ਕਦੀ ਸ਼ਾਸਤਰਾਂ ਵਾਲੇ ਪੰਨੀ, ਹਰੂਫ਼ਾਂ ਵੰਡ ਨਾ ਕੋਇ ਵੰਡਾਈਆ । ਬੱਧੀ ਜਾਏ ਕਿਸੇ ਨਾ ਕੰਨੀ, ਹੱਥੋ ਹੱਥ ਨਾ ਕੋਇ ਟਿਕਾਈਆ । ਵਸੇ ਕਦੇ ਨਾ ਕਿਸੇ ਛੱਪਰ ਛੰਨੀ, ਜਗਤ ਦੁਆਰਿਆਂ ਡੇਰਾ ਕਦੇ ਨਾ ਲਾਈਆ । ਉਹਦਾ ਲੇਖਾ ਨਹੀਂ ਵਜੂਦ ਤਤ ਤਨੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਨਾ ਵੇਸ ਵਟਾਈਆ । ਓਹ ਸੁਣੀ ਜਾਏ ਕਦੇ ਨਾ ਕੰਨੀ, ਸਰਵਣਾਂ ਚਲੇ ਨਾ ਕੋਇ ਚਤੁਰਾਈਆ । ਓਹ ਜਗਤ ਮਾਇਆ ਵਾਲੀ ਨਹੀਂ ਕੋਈ ਧਨੀ, ਧਨਾਢ ਰੂਪ ਨਾ ਕੋਇ ਦਰਸਾਈਆ । ਸ਼ਰਅ ਵਿਚ ਜਾਏ ਕਦੇ ਨਾ ਡੰਨੀ, ਮਜ਼੍ਹਬਾਂ ਸੰਗ ਨਾ ਕੋਇ ਰਖਾਈਆ । ਨਾ ਘੜੀ ਜਾਏ ਨਾ ਭੰਨੀ, ਦੋਹਾਂ ਤੋਂ ਬਾਹਰ ਆਪਣਾ ਰੂਪ ਦਰਸਾਈਆ । ਓਹ ਬਣੀ ਨਹੀਂ ਕਿਸੇ ਦੀ ਵੰਨੀ, ਨਾਰ ਹੋ ਕੇ ਕੰਤ ਨਾ ਕੋਇ ਹੰਢਾਈਆ । ਕਿਸੇ ਦੀ ਦੁਖ਼ਤਰ ਬਣੀ ਨਹੀਂ ਚੰਨੀ, ਗੋਦੀ ਗੋਦ ਨਾ ਕੋਇ ਉਠਾਈਆ । ਓਹਦੀ ਧਾਰ ਨਹੀਂ ਕੋਈ ਉਚੀ ਲੰਮੀ, ਨੀਕਣ ਨੀਕਾ ਨਜ਼ਰ ਕੋਇ ਨਾ ਆਈਆ । ਓਹ ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਹੋਏ ਨਿਕੰਮੀ, ਨਿਹਕਰਮਣ ਰੂਪ ਨਾ ਕੋਇ ਅਖਵਾਈਆ । ਓਹ ਗਗਨ ਗਗਨੰਤਰ ਜ਼ਿਮੀਂ ਅਸਮਾਨ ਦੇ ਸਕੇ ਨਾ ਥੰਮ੍ਹੀ, ਸਹਾਰੇ ਦੀ ਲੋੜ ਨਾ ਕੋਇ ਰਖਾਈਆ । ਓਹ ਹੱਥ ਨਾ ਆਵੇ ਕਿਸੇ ਵਿਦਿਆ ਵਾਲੀ ਗੱਲੀਂ, ਬੁੱਧੀ ਨਾਲ ਚਲੇ ਨਾ ਕੋਇ ਚਤੁਰਾਈਆ । ਓਹ ਛਲ ਵਿਚ ਕਿਸੇ ਕੋਲੋਂ ਜਾਏ ਨਾ ਛਲੀ, ਅਛਲ ਅਛੱਲ ਆਪਣੀ ਖੇਲ ਖਿਲਾਈਆ । ਓਹਨੂੰ ਖੋਜਦੇ ਗਏ ਕੋਟਨ ਕੋਟ ਪੈਗ਼ੰਬਰ ਪੀਰ ਵਲੀ, ਵਲੀਐਹਦ ਧਿਆਨ ਲਗਾਈਆ । ਓਹ ਇਸ਼ਾਰਾ ਦੇ ਕੇ ਗਿਆ ਮੁਹੰਮਦ ਧਾਰ ਅਲੀ, ਅਬੂਬਕਰ ਨੇਤਰ ਨੈਣਾਂ ਨੀਰ ਵਹਾਈਆ । ਓਹਦਾ ਸੀਸ ਕਦੇ ਕਿਸੇ ਰੱਖਿਆ ਨਹੀਂ ਤਲੀ, ਤਲਬਾਂ ਦੀ ਵੰਡ ਨਾ ਕੋਇ ਵੰਡਾਈਆ । ਨਾਨਕ ਦੀ ਇਕ ਗੱਲ ਜਦੋਂ ਆਵੇ ਤੇ ਆਵੇ ਭਗਤਾਂ ਦੀ ਸਾਚੀ ਗਲੀ, ਨੌ ਦੁਵਾਰਿਆਂ ਦੇ ਉਤੇ ਆਪਣਾ ਹੁਕਮ ਸੁਣਾਈਆ । ਜਿਥੇ ਜੋਤ ਦੀ ਧਾਰ ਆਪੇ ਫੁਲੀ ਆਪੇ ਫਲੀ, ਪੱਤ ਟਹਿਣੀ ਵੰਡ ਨਾ ਕੋਇ ਵੰਡਾਈਆ । ਉਹ ਗੱਲ ਸਤਿਗੁਰ ਸ਼ਬਦ ਦੀ ਇਕ ਪਰੇਮ ਧਾਰ ਦੀ ਕਲੀ, ਕਲਮਿਆਂ ਤੋਂ ਬਾਹਰ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਇਕ ਗੱਲ ਨਾਨਕ ਧਾਰ ਸਦਾ ਨਾਦਨ, ਅਨਾਦ ਅਨਾਦੀ ਧੁੰਨ ਜਣਾਈਆ । ਬ੍ਰਹਮ ਧਾਰ ਸਦਾ ਬ੍ਰਹਿਮਾਦਨ, ਬ੍ਰਹਿਮੰਡਾਂ ਵੇਖੇ ਸਦਾ ਚਾਈਂ ਚਾਈਂਆ । ਜਿਸ ਦੀ ਖ਼ਬਰ ਆਦਿ ਜੁਗਾਦਿਨ, ਜੁਗ ਚੌਕੜੀ ਮੇਟਣ ਕੋਇ ਨਾ ਪਾਈਆ । ਓਹ ਇਕ ਗੱਲ ਅਵਤਾਰ ਪੈਗ਼ੰਬਰ ਗੁਰੂ ਸਦਾ ਅਰਾਧਣ, ਬਿਨ

ਮਨ ਮਨਸਾ ਢੋਲੇ ਗਾਈਆ । ਓਹ ਭਗਤਾਂ ਨਾਲ ਸਦਾ ਭਗਤੀ ਧਾਰ ਦੱਸੇ ਸਾਧਨ, ਸਿਦਕ ਸਬੂਰੀ ਆਪਣਾ ਸੰਗ ਜਣਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਮਾਰ ਕੇ ਅਵਾਜ਼ਨ, ਸੋਈ ਸੁਰਤੀ ਲਏ ਉਠਾਈਆ । ਓਹ ਵੇਖੇ ਨੂਰ ਨੁਰਾਨਾ ਸ਼ਾਹ ਸੁਲਤਾਨਾ ਸ਼ਾਹੋ ਭੂਪ ਰਾਜ ਰਾਜਨ, ਨਰ ਨਿਰੰਕਾਰਾ ਨੂਰ ਅਲਾਹੀਆ । ਜਿਸ ਨੇ ਆਦਿ ਜੁਗਾਦਿ ਸਾਚੀ ਸਾਜੀ ਸਾਜਨ, ਸਾਜਣਹਾਰ ਇਕ ਅਖਵਾਈਆ । ਉਸ ਦਾ ਭੇਵ ਇਕੋ ਬਾਤਨ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਾਚੀ ਗੱਲ ਅਗੰਮ ਅਥਾਹ, ਸਤਿਗੁਰ ਨਾਨਕ ਨਾਮ ਵਿਚੋਂ ਦ੍ਰਿੜਾਈਆ । ਜਿਸ ਦਾ ਸਤਿਗੁਰ ਸ਼ਬਦ ਸਦਾ ਮਲਾਹ, ਜੁਗ ਜੁਗ ਬੇੜਾ ਆਪਣੇ ਕੰਧ ਉਠਾਈਆ । ਜਿਸ ਦੀ ਅਕਲ ਬੁੱਧੀ ਦੇ ਸਕੇ ਨਾ ਕੋਇ ਸਲਾਹ, ਮਸ਼ਵਰੇ ਵਿਚ ਕਦੇ ਨਾ ਆਈਆ । ਓਹ ਹੱਥ ਨਾ ਆਵੇ ਬਲ ਅਸਗਾਹ, ਮਹੀਅਲ ਖੋਜਣ ਚਾਈਂ ਚਾਈਆ । ਉਸ ਦਾ ਮਾਲਕ ਇਕੋ ਬੇਪਰਵਾਹ, ਜੋ ਬੇਪਰਵਾਹੀ ਵਿਚ ਸਮਾਈਆ । ਜਿਸ ਉਤੇ ਸਤਿਗੁਰ ਦਇਆ ਦੇਵੇ ਕਮਾ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਬਿਨਾ ਜਗਤ ਸ਼ਾਸਤਰਾਂ ਤੋਂ ਇਕ ਗੱਲ ਦਏ ਸਮਝਾ, ਗੱਲ ਗੱਲ ਵਿਚੋਂ ਪਰਗਟਾਈਆ । ਜਿਸ ਗੱਲ ਵਿਚੋਂ ਨਜ਼ਰੀ ਆਵੇ ਨੂਰ ਅਲਾਹ, ਨੂਰ ਨੁਰਾਨਾ ਧੁਰਦਰਗਾਹੀਆ । ਭੇਵ ਖੁਲ੍ਹਾਏ ਪਰਦਾ ਲਾਹ, ਉਹਲਾ ਰਹਿਣ ਕੋਇ ਨਾ ਪਾਈਆ । ਓਹ ਗੱਲ ਕਹੇ ਵਾਹ ਵਾਹ, ਵਾਹਿਗੁਰੂ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਹਰਿ, ਸਚ ਦਾ ਸੰਗ ਆਪ ਨਿਭਾਈਆ । ਗੱਲ ਕਹੇ ਮੈਂ ਨਾਨਕ ਧਾਰਾ, ਧਰਮ ਧਰਮ ਜਣਾਈਆ । ਮੇਰਾ ਲਹਿਣਾ ਦੇਣਾ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਸਮਝ ਨਾ ਪਾਈਆ । ਮੇਰਾ ਨਾਤਾ ਨਾਲ ਨਿਰਗੁਣ ਜੋਤ ਜੋਤ ਨਿਰੰਕਾਰਾ, ਨਿਰਗੁਣ ਮੇਲਾ ਸਹਿਜ ਸੁਭਾਈਆ । ਜਿਸ ਦੀ ਸ਼ਬਦ ਆਵਾਜ਼ ਬਿਨ ਰਸਨਾ ਜਿਹਵਾ ਤੇ ਰਾਗ ਸੁਣਾਏ ਬਿਨ ਤੰਦ ਸਿਤਾਰਾ, ਆਪ ਆਪਣਾ ਨਾਦ ਦ੍ਰਿੜਾਈਆ । ਉਸ ਦਾ ਖੇਲ ਅਪਰ ਅਪਾਰਾ, ਅਲਖ ਅਗੋਚਰ ਇਕ ਅਖਵਾਈਆ । ਜਿਸ ਦਾ ਅੰਤ ਨਾ ਪਾਰਾਵਾਰਾ, ਬੇਅੰਤ ਕਹਿ ਕੇ ਸਾਰੇ ਸੀਸ ਨਿਵਾਈਆ । ਧੁਰ ਦੇ ਸ਼ਬਦ ਦੀ ਧੁਰ ਦੀ ਸਿਖਿਆ ਜਿਸ ਦਾ ਅੱਖਰਾਂ ਨਾਲ ਨਹੀਂ ਤਕਰਾਰਾ, ਝਗੜਾ ਦੀਨ ਦੁਨੀ ਨਾ ਕੋਇ ਜਣਾਈਆ । ਉਸ ਗੱਲ ਦਾ ਮਾਲਕ ਇਕੋ ਏਕੰਕਾਰਾ, ਜੋ ਜੁਗ ਜੁਗ ਜਨ ਭਗਤਾਂ ਦਏ ਸਮਝਾਈਆ । ਕਾਇਆ ਮੰਦਰ ਅੰਦਰ ਖੋਲ ਕੇ ਬੰਦ ਕਿਵਾੜਾ, ਤ੍ਰੈਗੁਣ ਅਤੀਤਾ ਪਰਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਨਕ ਧਾਰ ਇਕ ਗੱਲ ਸੁਣੀ ਸੰਤ ਕੁਮਾਰ, ਬ੍ਰਹ ਸੁਣ ਕੇ ਖ਼ੁਸ਼ੀ ਬਣਾਈਆ । ਯਗੈ ਪੁਰਸ਼ ਹੋਇਆ ਖ਼ਬਰਦਾਰ, ਹਾਵਗ਼ਰੀਵ ਗਾ ਗਾ ਢੋਲੇ ਗਾਈਆ । ਨਰ ਨਰਾਇਣ ਬਿਨ ਰਸਨਾ ਦਏ ਉਚਾਰ, ਕਪਲਮੁਨ ਕਹਿ ਕਹਿ ਆਪਣਾ ਰੰਗ ਰੰਗਾਈਆ । ਪਿਰਥੂ ਪ੍ਰਿਥਮ ਗੱਲ ਸੁਣ ਕੇ ਅਪਰ ਅਪਾਰ, ਮਤਸਯ ਮਿਲ ਕੇ ਖ਼ੁਸ਼ੀ ਬਣਾਈਆ । ਕੱਛਪ ਨੇ ਪਾਈ ਇਕ ਗੱਲ ਦੀ ਸਾਰ, ਸਮੁੰਦ ਸਾਗਰ ਰਿੜਕੇ ਚਾਈਂ ਚਾਈਂਆ । ਧਨੰਤਰ ਸੁਣ ਕੇ ਅਪਰ ਅਪਾਰ, ਖੇਲ ਖਿਲਾਇਆ ਖ਼ਲਕ ਖ਼ੁਦਾਈਆ । ਬਾਵਨ ਹੋ ਕੇ ਆਪ ਹੁਸ਼ਿਆਰ, ਪ੍ਰਹਿਲਾਦ ਇਕ ਗੱਲ ਦਿਤੀ ਸਮਝਾਈਆ । ਹਰੀ ਹਰਿ ਖੇਲ ਕੀਤਾ ਅਪਾਰ, ਧਰੂ ਦਾ ਪਰਦਾ ਅੰਦਰੇ ਅੰਦਰ ਉਠਾਈਆ । ਗਜ ਦਾ ਲਹਿਣਾ ਦੇਣਾ ਦਿਤਾ ਉਤਾਰ, ਤੰਦਵਾ ਤੰਦ ਤੰਦ ਕਟਾਈਆ । ਰਾਮ ਹਨੂਵੰਤ ਇਕੋ ਗੱਲ ਤੇ ਕਰ ਵਿਚਾਰ, ਗਲਵਕੜੀ

ਲਈ ਪਾਈਆ । ਇਕ ਗੱਲ ਦਾ ਖੇਲ ਅਪਾਰ, ਵੇਦ ਵਿਆਸਾ ਸੁਣ ਸੁਣ ਖ਼ੁਸ਼ੀ ਬਣਾਈਆ । ਕ੍ਰਿਸ਼ਨ ਇਕ ਗੱਲ ਅਰਜਨ ਦਿਤੀ ਪ੍ਰੇਮ ਨਾਲ ਆਧਾਰ, ਉਦਰ ਦਾ ਲੇਖਾ ਦਿਤਾ ਮੁਕਾਈਆ । ਚਾਰ ਜੁਗ ਦੇ ਸ਼ਾਸਤਰ ਇਕ ਗੱਲ ਉਤੇ ਕਰਨ ਇਜ਼ਹਾਰ, ਸਿਫ਼ਤਾਂ ਵਾਲੇ ਢੋਲੇ ਗਾਈਆ । ਸਤਿਗੁਰ ਨਾਨਕ ਦੀ ਇਕ ਗੱਲ ਜਿਸ ਗੱਲ ਵਿਚ ਮਿਲ ਜਾਏ ਇਕ ਏਕੰਕਾਰ, ਇਕ ਇਕੱਲਾ ਮਿਲੇ ਧੁਰ ਦਾ ਮਾਹੀਆ । ਦੂਜੀ ਲੋੜ ਰਹੇ ਨਾ ਵਿਚ ਸੰਸਾਰ, ਸਤਿਗੁਰ ਸ਼ਬਦ ਜਿਸ ਦੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਇਕ ਗੱਲ ਸਤਿਗੁਰ ਨਾਨਕ ਦੀ ਅੰਗਦ ਸੁਣੀ ਨਾਲ ਪਿਆਰ, ਪ੍ਰੀਤੀ ਵਿਚ ਸਮਾਈਆ । ਅਮਰਦਾਸ ਪਾਈ ਸਾਰ, ਬਿਨ ਸਰਵਣਾਂ ਵਜੀ ਵਧਾਈਆ । ਰਾਮਦਾਸ ਕੀਤਾ ਖ਼ਬਰਦਾਰ, ਰਾਮ ਰਾਮਾ ਪਰਦਾ ਆਪ ਉਠਾਈਆ । ਸਤਿਗੁਰ ਅਰਜਨ ਇਕ ਗੱਲ ਦਾ ਬਣ ਕੇ ਲੇਖ ਲਿਖਾਰ, ਗੁਰੂ ਗ੍ਰੰਥ ਗੁਰਦੇਵ ਦਿਤਾ ਬਣਾਈਆ । ਗੁਰੂ ਹਰਿ ਗੋਬਿੰਦ ਇਕ ਗੱਲ ਸੁਣ ਕੇ ਹੋ ਤਿਆਰ, ਸ਼ਸਤਰ ਆਪਣੇ ਤਨ ਪਹਿਨਾਈਆ । ਹਰਿਰਾਏ ਗੱਲ ਸੁਣੀ ਬਿਨ ਰਸਨਾ ਜਿਹਵਾ ਅੰਤਰ ਆਈ ਧੁਨਕਾਰ, ਜਗਤ ਨਾਦਾਂ ਬਾਹਰ ਵਜੀ ਵਧਾਈਆ । ਹਰਿਕ੍ਰਿਸ਼ਨ ਸੁਣ ਕੇ ਅਗੰਮੀ ਗੱਲ ਛਡ ਗਿਆ ਸੰਸਾਰ, ਬਾਲ ਅਵਸਥਾ ਇਕੋ ਗੱਲ ਵਿਚ ਸਮਾਈਆ । ਜਿਸ ਗੱਲ ਨਾਲ ਗੁਰ ਤੇਗ਼ ਬਹਾਦਰ ਆਪਣਾ ਸੀਸ ਦਿਤਾ ਵਾਰ, ਜਗਦੀਸ਼ ਨਾਲ ਮਿਲ ਕੇ ਵਜੀ ਵਧਾਈਆ । ਇਕ ਗੱਲ ਦਾ ਗੋਬਿੰਦ ਬਣਿਆ ਪਹਿਰੇਦਾਰ, ਖੰਡਾ ਆਪਣੇ ਹੱਥ ਉਠਾਈਆ । ਇਕ ਗੱਲ ਪਿਛੇ ਧਰਮ ਦੀ ਰਖਿਆ ਕੀਤੀ ਬਣ ਆਪ ਕਰਤਾਰ, ਕ਼ੁਦਰਤ ਦਾ ਕ਼ਾਦਰ ਹੋ ਕੇ ਵੇਖ ਵਖਾਈਆ । ਇਕ ਗੱਲ ਦਾ ਭੇਵ ਖੁਲ੍ਹਾਇਆ ਆਪਣੇ ਪੰਜ ਪਿਆਰ, ਪ੍ਰੇਮ ਪ੍ਰੇਮ ਵਿਚੋਂ ਜਣਾਈਆ । ਇਕ ਗੱਲ ਸੁਣ ਕੇ ਪੁਰਖ ਅਕਾਲ, ਪੰਥ ਖ਼ਾਲਸਾ ਦਿਤਾ ਰਚਾਈਆ । ਸਤਿਗੁਰ ਦੀ ਇਕ ਗੱਲ ਜੇ ਕੋਈ ਮੰਨੇ ਨਾ ਉਹ ਡੁੱਬੇ ਵਿਚ ਸੰਸਾਰ, ਚੁਰਾਸੀ ਵਿਚ ਕਦੇ ਨਾ ਆਈਆ । ਉਹ ਇਕ ਗੱਲ ਇਹ ਸਦਾ ਸਦਾ ਉਸ ਪ੍ਰਭੂ ਨੂੰ ਕਰੋ ਨਿਮਸਕਾਰ, ਡੰਡਾਵਤ ਵਿਚ ਓਸੇ ਨੂੰ ਸੀਸ ਨਿਵਾਈਆ । ਜਿਸ ਦੇ ਜੁਗ ਚੌਕੜੀ ਅਨੇਕ ਅਨੰਤ ਅਗਣਤ ਨਾਮ ਕ਼ਲਮ ਸ਼ਾਹੀ ਕਾਗ਼ਜ਼ਾਂ ਨਾਲ ਲਿਖੇ ਬਣ ਲਿਖਾਰ, ਕਾਤਬ ਹੋ ਕੇ ਕ਼ਲਮ ਦਿਤੀ ਚਲਾਈਆ । ਉਸ ਇਕ ਨਾਮ ਤੋਂ ਆਦਿ ਜੁਗਾਦਿ ਜੁਗ ਚੌਕੜੀ ਕੋਈ ਨਹੀਂ ਬਾਹਰ, ਜਿਸ ਗੱਲ ਵਿਚੋਂ ਦੋ ਜਹਾਨ ਸਤਿਗੁਰ ਨਾਨਕ ਧਾਰ ਦਿਤੇ ਪਰਗਟਾਈਆ । ਸੋ ਇਕ ਗੱਲ ਸਿੱਖਾਂ ਦੇ ਹਿਰਦੇ ਅੰਦਰ ਗੁਰ ਗੋਬਿੰਦ ਰਖ ਕੇ ਗਿਆ ਆਪ ਨਾਲ ਪਿਆਰ, ਬੰਸ ਸਰਬੰਸ ਦੀਨ ਦੁਨੀ ਵਿਚ ਜਗਤ ਭੇਟ ਕਰਾਈਆ । ਅਕਸਰ ਅਖ਼ੀਰ ਕਲਜੁਗ ਦੀ ਧਾਰ ਵਿਚ ਉਸ ਗੱਲ ਨੂੰ ਮੰਨੇਗਾ ਸਰਬ ਸੰਸਾਰ, ਨੌ ਖੰਡ ਪ੍ਰਿਥਮੀ ਸੱਤ ਦੀਪ ਓਸੇ ਗੱਲ ਦੀ ਕ਼ੀਮਤ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦਿ ਜੁਗ ਚੌਕੜੀ ਖੇਲ ਸ਼ਬਦ ਸ਼ਬਦ ਦੀ ਧਾਰ, ਸਤਿ ਸਤਿ ਦਾ ਸਤਿ ਆਪਣਾ ਖੇਲ ਖਿਲਾਈਆ ।

੧੧੦੩ ੨੪

## ✪ ੩੦ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਪ੍ਰੀਤਮ ਸਿੰਘ ਦੇ ਗ੍ਰਿਹਿ ਪਿੰਡ ਨਾਥੇਵਾਲ ਜ਼ਿਲਾ ਫ਼ਰੀਦਕੋਟ ✪

ਧਰਨੀ ਕਹੇ ਪ੍ਰਭੂ ਤੂੰ ਵਸਣਹਾਰਾ ਘਟ ਘਟ, ਲੱਖ ਚੁਰਾਸੀ ਆਪਣਾ ਡੇਰਾ ਲਾਈਆ । ਨੂਰ ਨੁਰਾਨੇ ਸ਼ਾਹ ਸੁਲਤਾਨੇ ਮੇਰੇ ਉਤੇ ਹੋ ਪਰਗਟ, ਪਰਗਣੇ ਦੀਨ ਦੁਨੀ ਮਜ਼੍ਹਬ ਮਜ਼੍ਹਬ ਵੇਖ ਵਖਾਈਆ । ਜੋਤੀ ਜਾਤੇ ਪੁਰਖ ਬਿਧਾਤੇ ਆਪਣੀ ਜੋਤ ਕਰ ਲਟ ਲਟ, ਨੂਰ ਨੁਰਾਨੇ ਸ਼ਾਹ ਸੁਲਤਾਨੇ ਆਪਣਾ ਰੰਗ ਵਖਾਈਆ । ਮੇਰੇ ਉਤੋਂ ਸ਼ਰਅ ਸ਼ਰੀਅਤ ਮੇਟ ਫੱਟ, ਦੁਵੈਤੀ ਰਹਿਣ ਕੋਇ ਨਾ ਪਾਈਆ । ਕਲਜੁਗ ਕੂੜ ਕੁੜਿਆਰ ਦੀ ਡੋਰੀ ਕਟ, ਕਟਾਕਸ਼ ਆਪਣਾ ਨਾਮ ਲਗਾਈਆ । ਭਾਗ ਲਗਾ ਕੇ ਕਾਇਆ ਪੰਜ ਤਤ, ਬੁਤਖ਼ਾਨਿਆਂ ਕਰ ਸਫ਼ਾਈਆ । ਸਚ ਦੁਆਰ ਏਕੰਕਾਰ ਤੇਰਾ ਏਕਾ ਵੇਖਾਂ ਹੱਟ, ਹਟਵਾਣੇ ਆਪਣਾ ਪਰਦਾ ਦੇਣਾ ਉਠਾਈਆ । ਇਕੋ ਸਰੋਵਰ ਇਕੋ ਵਖਾ ਦੇ ਤੀਰਥ ਤਟ, ਕਿਨਾਰਾ ਇਕੋ ਨਜ਼ਰੀ ਆਈਆ । ਇਕੋ ਨਾਮ ਨਿਧਾਨਾ ਸ੍ਰੀ ਭਗਵਾਨਾ ਸ੍ਰਿਸ਼ਟੀ ਤੇਰਾ ਲਏ ਰਟ, ਕਲਮਾ ਕਾਇਨਾਤ ਇਕ ਸਮਝਾਈਆ । ਇਕੋ ਅੰਮ੍ਰਿਤ ਰਸ ਨਿਝਰ ਝਿਰਨਿਉਂ ਦੇਣਾ ਝੱਟ, ਝਟਕੇ ਹਲਾਲੀ ਦਾ ਲੇਖਾ ਦੇਣਾ ਮੁਕਾਈਆ । ਦੀਨ ਮਜ਼੍ਹਬ ਦੀ ਧਾਰ ਏਕੰਕਾਰ ਰਹੇ ਕੋਈ ਨਾ ਵੱਟ, ਮਾਨਸ ਮਾਨਵ ਮਾਨੁਖ ਇਕੋ ਰੰਗ ਰੰਗਾਈਆ । ਮੈਂ ਤੇਰੇ ਚਰਨ ਕਵਲ ਧਵਲ ਹੋ ਕੇ ਰਹੀ ਢਠ, ਨਿਵ ਨਿਵ ਲਾਗਾਂ ਪਾਈਆ । ਨਿਗਾਹ ਮਾਰ ਲੈ ਮੇਰੇ ਉਤੇ ਮੰਦਰ ਮਸਜਿਦ ਸ਼ਿਵਦਵਾਲੇ ਮਠ, ਚਰਚਾਂ ਗੁਰੂਦੁਵਾਰਿਆਂ ਫੋਲ ਫੁਲਾਈਆ । ਦਰੋਹੀ ਫਿਰ ਗਈ ਤੀਰਥ ਅਠਸਠ, ਜਲਧਾਰਾ ਬਿਨ ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਪ੍ਰਭੂ ਤੂੰ ਮੇਰਾ ਕ਼ੁਦਰਤ ਦਾ ਕ਼ਾਦਰ, ਰਹੀਮ ਕਰੀਮ ਇਕ ਅਖਵਾਈਆ । ਸਚ ਦੁਆਰੇ ਬਖ਼ਸ਼ ਦੇ ਆਦਰ, ਅਦਲ ਇਨਸਾਫ਼ ਮੇਰੀ ਝੋਲੀ ਪਾਈਆ । ਸਚਖੰਡ ਨਿਵਾਸੀ ਯੋਧਾ ਸੂਰਬੀਰ ਬਹਾਦਰ, ਬਲਧਾਰੀ ਤੇਰੀ ਓਟ ਤਕਾਈਆ । ਝਗੜਾ ਮੇਟ ਦੇ ਜਗਤ ਮਕ਼ਤੂਲ ਕ਼ਾਤਲ, ਸ਼ਰਅ ਦੀ ਵੰਡ ਨਾ ਕੋਇ ਰਖਾਈਆ । ਆਪਣਾ ਗ੍ਰਿਹਿ ਵਖਾ ਦੇ ਧਾਮ ਮੁਕੱਦਸ ਬੈਤੁਲ, ਬੇਵਤਨਾਂ ਆਪਣੇ ਸੰਗ ਰਖਾਈਆ । ਕਲਜੁਗ ਮੇਟ ਰੈਣ ਅੰਧੇਰੀ ਰਾਤਨ, ਸਤਿਜੁਗ ਨੂਰੀ ਚੰਦ ਚੰਦ ਚਮਕਾਈਆ । ਮੈਂ ਇਕੋ ਬੇਨੰਤੀ ਦਰ ਤੇਰੇ ਆਈ ਆਖਣ, ਬਿਨ ਰਸਨਾ ਜਿਹਵਾ ਦਿਆਂ ਸੁਣਾਈਆ । ਪੁਰਖ ਅਕਾਲੇ ਦੀਨ ਦਿਆਲੇ ਮੈਨੂੰ ਬਖ਼ਸ਼ ਦੇ ਸਾਚਾ ਸਾਥਨ, ਸਗਲਾ ਸੰਗੀ ਆਪ ਹੋ ਜਾਈਆ । ਦਇਆ ਕਮਾ ਦੇ ਨਾਥ ਅਨਾਥਨ, ਦੀਨਨ ਹੋ ਕੇ ਤੇਰੇ ਅਗੇ ਵਾਸਤਾ ਪਾਈਆ । ਝਗੜਾ ਮੇਟ ਦੇ ਜ਼ਾਤ ਅਜ਼ਾਤਨ, ਮਾਨਵ ਇਕੋ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸਾ ਪੂਰਨ ਹੋਵੇ ਜਗ, ਯੁਗਤੀ ਆਪਣੀ ਦੇ ਦ੍ਰਿੜਾਈਆ । ਕਲਜੁਗ ਜੀਵ ਹੰਸ ਬਣਾ ਲੈ ਕਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਤ੍ਰੈਗੁਣ ਮਾਇਆ ਸਾੜ ਸਕੇ ਨਾ ਅੱਗ, ਅਗਨੀ ਤਤ ਨਾ ਕੋਇ ਤਪਾਈਆ । ਜਨ ਭਗਤਾਂ ਦਰਸ਼ਨ ਦੇ ਉਪਰ ਸ਼ਾਹਰਗ, ਸ਼ਹਿਨਸ਼ਾਹ ਆਪਣਾ ਪਰਦਾ ਦੇ ਉਠਾਈਆ । ਨਾਮ ਖ਼ੁਮਾਰੀ ਬਖ਼ਸ਼ ਦੇ ਮਦਿ, ਮਧੁਰ ਧੁਨ ਦੇ ਸੁਣਾਈਆ । ਜਗਤ ਵਾਸਨਾ ਮੇਟ ਕੇ ਹੱਦ, ਹੱਦ ਹਦੂਦ ਆਪਣੀ ਇਕ ਵਖਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਹੋਵਣ ਗਦ ਗਦ, ਗਦਾਗਰ ਦਾ ਲੇਖਾ ਰਹੇ ਨਾ ਰਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਧਾਰ ਹੋਵੇ ਨਾ ਕਦੇ ਅਲਗ, ਵਖਰੀ ਵੰਡ ਨਾ ਕੋਇ ਵੰਡਾਈਆ ।

### ✪ ੩੦ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਜੁਗਿੰਦਰ ਸਿੰਘ ਦੇ ਗ੍ਰਹਿ ਪਿੰਡ ਨਾਥੇਵਾਲ ਜ਼ਿਲਾ ਫ਼ਰੀਦਕੋਟ ✪

ਧਰਨੀ ਕਹੇ ਪ੍ਰਭੂ ਜਨ ਭਗਤਾਂ ਬਖ਼ਸ਼ ਦੇ ਅੰਮ੍ਰਿਤ ਰਸ, ਨਿਝਰ ਝਿਰਨਾ ਨਿਰੰਕਾਰ ਆਪ ਪਰਗਟਾਈਆ । ਮਨੂਆ ਮਨ ਸਭ ਦਾ ਹੋਵੇ ਵਸ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਸ਼ਬਦ ਅਣਿਆਲਾ ਤੀਰ ਮਾਰ ਕਸ, ਤਨ ਵਜੂਦਾਂ ਪਾਰ ਕਰਾਈਆ । ਅੰਦਰ ਰਹੇ ਨਾ ਰੈਣ ਅੰਧੇਰੀ ਮਸ, ਨੂਰੀ ਚੰਦ ਚੰਦ ਚਮਕਾਈਆ । ਤੇਰਾ ਮੇਲਾ ਹੋਵੇ ਹਸ ਹਸ, ਹਸਤੀ ਵੇਖਣ ਨੂਰ ਅਲਾਹੀਆ । ਸਦ ਭਗਤ ਭਗਵਾਨ ਦਾ ਇਕੋ ਹੋਵੇ ਜਸ, ਸਿਫ਼ਤ ਸਲਾਹੀ ਢੋਲੇ ਗਾਈਆ । ਮੈਂ ਵੀ ਵੇਖਾਂ ਨੱਸ ਨੱਸ, ਨੌਵਾਂ ਖੰਡਾਂ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੀ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਬਖ਼ਸ਼ ਸਚ ਪ੍ਰੀਤ, ਪ੍ਰੀਤਮ ਹੋ ਕੇ ਦਇਆ ਕਮਾਈਆ । ਆਤਮ ਪਰਮਾਤਮ ਸਭ ਦਾ ਹੋਵੇ ਗੀਤ, ਢੋਲਾ ਗਾਵਣ ਚਾਈਂ ਚਾਈਂਆ । ਅੰਦਰੋਂ ਪਵਿਤ੍ਰ ਕਰ ਦੇ ਨੀਤ, ਨੀਤੀਵਾਨ ਹੋ ਕੇ ਵੇਖ ਵਖਾਈਆ । ਕਾਇਆ ਮਾਟੀ ਕਰ ਦੇ ਠਾਂਡੀ ਸੀਤ, ਅਗਨੀ ਤਤ ਤਤ ਬੁਝਾਈਆ । ਮਾਨਸ ਜਨਮ ਲੈਣ ਜੀਤ, ਜਗ ਜੀਵਣ ਦਾਤੇ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਬਖ਼ਸ਼ ਦੇ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਅੰਦਰੋਂ ਕਰ ਦੇ ਬੁਧਿ ਬਿਬੇਕ, ਪਤਤ ਪੁਨੀਤ ਦੁਰਮਤ ਮੈਲ ਧੁਆਈਆ । ਤੂੰ ਆਦਿ ਜੁਗਾਦੀ ਏਕੰਕਾਰਾ ਏਕ, ਇਕ ਇਕੱਲਾ ਧੁਰਦਰਗਾਹੀਆ । ਤ੍ਰੈਗੁਣ ਮਾਇਆ ਲੱਗਣ ਨਾ ਦੇਣਾ ਸੇਕ, ਤਤਵ ਤਤ ਨਾ ਕੋਇ ਤਪਾਈਆ । ਦਰਸ਼ਨ ਦੇਣਾ ਨੇਤਨ ਨੇਤ, ਨਿਜ ਲੋਚਨ ਨੈਣ ਕਰ ਰੁਸ਼ਨਾਈਆ । ਆਤਮ ਪਰਮਾਤਮ ਬਖ਼ਸ਼ ਦੇ ਹੇਤ, ਪਾਰਬ੍ਰਹਮ ਬ੍ਰਹਮ ਮੇਲਾ ਮੇਲਣਾ ਸਹਿਜ ਸੁਭਾਈਆ । ਤਨ ਵਜੂਦ ਅੰਦਰ ਖੋਲ੍ਹ ਦੇ ਭੇਤ, ਭਾਂਡਾ ਭਰਮ ਭਰਮ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੈਂ ਮੰਗਤੀ ਹੋਈ ਵੈਰਾਗਣ, ਬਿਰਹੁ ਵਿਚ ਕੁਰਲਾਈਆ । ਮੈਨੂੰ ਕਰ ਦੇ ਵਡ ਵਡ ਭਾਗਣ, ਸਿਰ ਮੇਰੇ ਹੱਥ ਟਿਕਾਈਆ । ਜਨ ਭਗਤਾਂ ਨਾਲ ਹੋਵਾਂ ਸੁਹਾਗਣ, ਰੰਡੇਪਾ ਮਾਤ ਰਹੇ ਨਾ ਰਾਈਆ । ਹਰਿਜਨ ਸੰਤ ਸੁਹੇਲੇ ਤੇਰੇ ਮੇਰੇ ਉਤੇ ਜਾਗਣ, ਜਾਗਰਤ ਜੋਤ ਕਰ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਸਭ ਦੇ ਹਿਰਦਿਉਂ ਸੁਣਾਂ ਰਾਗਣ, ਦੂਸਰ ਅਵਰ ਨਾ ਕੋਇ ਸ਼ਨਵਾਈਆ । ਹਰਿਜਨ ਹੰਸ ਬਣਾ ਲੈ ਕਾਗਣ, ਕੁਦਰਤ ਦੇ ਕ਼ਾਦਰ ਆਪਣਾ ਰੰਗ ਰੰਗਾਈਆ । ਤੂੰ ਸ਼ਾਹੋ ਭੂਪ ਵਡ ਰਾਜ ਰਾਜਣ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਇਕ ਅਖਵਾਈਆ । ਤੂੰ ਆਦਿ ਜੁਗਾਦਿ ਗ਼ਰੀਬ ਨਿਵਾਜ਼ਣ, ਗ਼ਰੀਬ ਨਿਮਾਣਿਆਂ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ

ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਆਪ ਸਵਾਰਨੇ ਕਾਜਨ, ਕਰਨੀ ਦੇ ਕਰਤੇ ਤੇਰੇ ਹੱਥ ਵਡਿਆਈਆ ।

✪ ੩੦ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਸੁਰਜੀਤ ਕੌਰ ਦੇ ਗ੍ਰਹਿ ਪਿੰਡ ਨਾਥੇਵਾਲ ਜ਼ਿਲਾ ਫ਼ਰੀਦਕੋਟ ✪

ਧਰਨੀ ਕਹੇ ਪ੍ਰਭ ਮੇਰੇ ਏਕੰਕਾਰ, ਅਕਲ ਕਲਧਾਰੀ ਤੇਰੀ ਬੇਪਰਵਾਹੀਆ । ਦਰ ਠਾਂਢੇ ਅਰਜ਼ ਰਹੀ ਗੁਜ਼ਾਰ, ਗੁਜ਼ਾਰਿਸ਼ ਵਿਚ ਸੀਸ ਝੁਕਾਈਆ । ਤੂੰ ਆਦਿ ਜੁਗਾਦੀ ਬਖ਼ਸ਼ਣਹਾਰ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਜੋਤੀ ਜਾਤੇ ਤੂੰ ਦੇਵਣਹਾਰ ਦਾਤਾਰ, ਦਇਆਨਿਧ ਇਕ ਅਖਵਾਈਆ । ਧਰਨੀ ਕਹੇ ਮੇਰੇ ਅੰਤਸ਼ਕਰਨ ਆਈ ਵਿਚਾਰ, ਬਿਨ ਰਸਨਾ ਜਿਹਵਾ ਦਿਆਂ ਸੁਣਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਚਰਨ ਕਵਲ ਜਾਵਾਂ ਬਲਿਹਾਰ, ਬਲ ਬਲ ਆਪਣਾ ਆਪ ਕਰਾਈਆ । ਜੁਗ ਜੁਗ ਜਨ ਭਗਤਾਂ ਰਿਹਾ ਪੈਜ ਸੁਆਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਨਿਗਾਹ ਮਾਰ ਲੈ ਵਿਚ ਸੰਸਾਰ, ਸਤਿ ਸਤਿਵਾਦੀ ਆਪਣੀ ਅੱਖ ਖੁਲ੍ਹਾਈਆ । ਮਿਹਰਵਾਨ ਹੋ ਕੇ ਗੁਰਦਿਆਲ ਸਿੰਘ ਦਾ ਤਾਰਨਾ ਸਭ ਪਰਵਾਰ, ਗੁਰੂ ਦੇ ਲਾਲ ਆਪਣੀ ਗੋਦ ਟਿਕਾਈਆ । ਜਿਸ ਗ੍ਰਹਿ ਵਿਚ ਸਤਿਜੁਗ ਸਾਚੇ ਦੀਆ ਬਾਤੀ ਹੋਣਾ ਉਜਿਆਰ, ਕਮਲਾਪਾਤੀ ਤੇਰੀ ਖ਼ੁਸ਼ੀ ਦੀ ਵਜੇ ਵਧਾਈਆ ।
੧੧੦੬ ਸੋ ਗ੍ਰਹਿ ਮੰਦਰ ਸੋਹੇ ਬੰਕ ਦੁਆਰ, ਖ਼ੁਸ਼ੀ ਖ਼ੁਸ਼ੀ ਦੇ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ੧੧੦੬
੨੪ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਤੂੰ ਕਰਨਹਾਰਾ ਕਰਤਾਰਾ, ਮੇਰਾ ਮਾਲਕ ਇਕ ਅਖਵਾਈਆ । ਮੈਂ ਮਾਂਗਤ ਖੜ੍ਹੀ ਤੇਰੇ ੨੪
ਦੁਆਰਾ, ਦਰ ਠਾਂਢੇ ਝੋਲੀ ਡਾਹੀਆ । ਤੂੰ ਭਰਨਾ ਸਚ ਭੰਡਾਰਾ, ਸਤਿ ਸਤਿਵਾਦੀ ਵਸਤ ਨਾਮ ਵਰਤਾਈਆ । ਮੈਂ ਤੇਰੇ ਚਰਨ ਜਾਵਾਂ ਬਲਿਹਾਰਾ, ਸਿਰ ਸਰ ਤੇਰੀ ਭੇਟ ਚੜ੍ਹਾਈਆ । ਤੂੰ ਬਖ਼ਸ਼ਣਾ ਇਕੋ ਨਾਮ ਅਧਾਰਾ, ਉਦਰ ਦਾ ਲੇਖਾ ਰਹੇ ਨਾ ਰਾਈਆ । ਜਨ ਭਗਤਾਂ ਬਣਨਾ ਮੀਤ ਮੁਰਾਰਾ, ਮਿਤਰ ਪਿਆਰਾ ਇਕ ਅਖਵਾਈਆ । ਅੰਦਰੋਂ ਮੇਟਣਾ ਅੰਧ ਅੰਧਿਆਰਾ, ਅੰਧ ਅਗਿਆਨ ਦੇਣਾ ਚੁਕਾਈਆ । ਘਰ ਸੁਹੰਜਣਾ ਫੇਰ ਬਣਾਉਣਾ ਦੋਬਾਰਾ, ਦੋਹਰਾ ਆਪਣਾ ਖੇਲ ਖਿਲਾਈਆ । ਤੂੰ ਪਾਰਬ੍ਰਹਮ ਪਤਿਪਰਮੇਸ਼ਵਰ ਆਦਿ ਜੁਗਾਦੀ ਸਤਿ ਸਹਾਰਾ, ਸਹਾਇਕ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੀ ਨਿਮਾਣੀ ਬਸੁਧਾ, ਬਿਹਬਲ ਹੋ ਕੇ ਦਿਆਂ ਦੁਹਾਈਆ । ਤੂੰ ਜਨ ਭਗਤਾਂ ਪਵਿਤ੍ਰ ਕਰ ਦੇ ਬੁੱਧਾ, ਬੁੱਧਿ ਬਿਬੇਕ ਆਪ ਬਣਾਈਆ । ਸਚ ਪਿਆਰ ਦਾ ਮਾਰਗ ਕਰ ਦੇ ਸਿੱਧਾ, ਵਦੀ ਸੁਦੀ ਵੰਡ ਨਾ ਕੋਇ ਵੰਡਾਈਆ । ਮਨ ਕਲਪਣਾ ਮੇਟ ਦੇ ਬੁੱਧਾ, ਤਨ ਵਜੂਦ ਨਾ ਕੋਇ ਲੜਾਈਆ । ਆਪਣਾ ਭੇਵ ਖੋਲ੍ਹ ਦੇ ਗੁਝਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਤੇਰੇ ਪਿਆਰ ਦਾ ਇਕੋ ਹੋਵੇ ਮੁੱਦਾ, ਮੁਦਤਾਂ ਦੇ ਵਿਛੜੇ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰਾ ਲੇਖਾ ਵੇਖ ਪੁਰਾਣਾ, ਸਹਿਜ ਸਹਿਜ ਨਾਲ ਜਣਾਈਆ । ਰਾਵੀ ਦਾ ਕੰਢਾ ਤਕ ਟਿਕਾਣਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਜਿਥੇ ਸੁਰਜੀਤ ਦਾ ਲੇਖਾ

ਲਿਖਿਆ ਤੇ ਲਿਖਿਆ ਲੇਖ ਮਹਾਨਾ, ਮਹਿੰਮਾ ਅਕਥ ਅਕਥ ਸੁਣਾਈਆ । ਓਸ ਸ਼ਬਦ ਨੂੰ ਕਿਸੇ ਨਹੀਂ ਪਹਿਚਾਨਾ, ਪਰਦਾ ਸਕਿਆ ਨਾ ਕੋਇ ਉਠਾਈਆ । ਓਸੇ ਹੁਕਮ ਵਿਚ ਬਦਲ ਗਿਆ ਜ਼ਮਾਨਾ, ਜ਼ਿਮੀਂ ਜ਼ਮਾਂ ਦਏ ਗਵਾਹੀਆ । ਅਗਲਾ ਸ਼ਬਦ ਹੋਰ ਫ਼ਰਮਾਨਾ, ਫੁਰਨਿਆਂ ਤੋਂ ਬਾਹਰ ਸਮਝਾਈਆ । ਫੇਰ ਓਹੋ ਮੰਜ਼ਲ ਓਹੋ ਹਕ ਓਹੋ ਟਿਕਾਣਾ, ਘਰ ਸਚ ਮਿਲੇ ਵਡਿਆਈਆ । ਮਾਣ ਤਾਣ ਰਹੇ ਵਿਚ ਜ਼ਹਾਨਾ, ਜਾਗਰਤ ਜੋਤ ਜੋਤ ਰੁਸ਼ਨਾਈਆ । ਧਰਨੀ ਕਹੇ ਪ੍ਰਭੂ ਮੇਰੀ ਬੇਨੰਤੀ ਕਰੀਂ ਪਰਵਾਨਾ, ਪਰਮ ਪੁਰਖ ਪ੍ਰਭ ਤੇਰੀ ਆਸ ਰਖਾਈਆ । ਤੇਰਾ ਭਗਤ ਸੰਤ ਗੁਰਮੁਖ ਗੁਰਸਿਖ ਏਥੇ ਓਥੇ ਹੋਏ ਨਾ ਕਦੇ ਬੇਗਾਨਾ, ਦੂਸਰ ਰੂਪ ਨਾ ਕੋਇ ਬਦਲਾਈਆ । ਚਰਨ ਕਵਲ ਉਪਰ ਧਵਲ ਆਪਣਾ ਬਖ਼ਸ਼ ਦੇ ਇਕ ਧਿਆਨਾ, ਨਿਗਾਹ ਨਿਗਾਹ ਵਿਚੋਂ ਬਦਲਾਈਆ । ਸਚ ਪਰਵਾਰ ਹੋਵੇ ਪਰਵਾਨਾ, ਪਰਮ ਪੁਰਖ ਤੇਰੀ ਸ਼ਮਅ ਜੋਤ ਆਪ ਆਪਣੇ ਵਿਚ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਮਿਹਰਵਾਨ ਮਿਹਰਵਾਨਾ, ਮਿਹਰ ਨਜ਼ਰ ਨਜ਼ਰ ਉਠਾਈਆ ।

### ✪ ੩੦ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਗੁਰਦਿਆਲ ਸਿੰਘ ਦੇ ਗ੍ਰਹਿ ਪਿੰਡ ਰਾਮੂਵਾਲਾ ਜ਼ਿਲਾ ਫ਼ਰੀਦਕੋਟ ✪



ਧਰਨੀ ਕਹੇ ਪੁਰਖ ਅਕਾਲੇ ਹੱਥ ਮੇਰੇ ਸੀਸ ਟਿਕਾਉਣਾ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਮੇਰਾ ਲਹਿਣਾ ਦੇਣਾ ਪੂਰ ਕਰਾਉਣਾ, ਕਰਨੀ ਦੇ ਕਰਤੇ ਕੁਦਰਤ ਦੇ ਕ਼ਾਦਰ ਤੇਰੀ ਸਰਨਾਈਆ । ਸਤਿਗੁਰ ਸ਼ਬਦ ਸ਼ਬਦੀ ਧਾਰ ਹੋ ਕੇ ਡੰਕ ਵਜਾਉਣਾ, ਦੋ ਜਹਾਨਾਂ ਨੌਜਵਾਨਾ ਆਪ ਸੁਣਾਈਆ । ਭੇਵ ਅਭੇਦਾ ਅਛਲ ਅਛੇਦਾ ਅਗੰਮ ਅਥਾਹ ਆਪ ਖੁਲ੍ਹਾਉਣਾ, ਮਨ ਮਤਿ ਬੁਧਿ ਚਲੇ ਨਾ ਕੋਇ ਚਤੁਰਾਈਆ । ਪਰਵਰਦਿਗਾਰ ਸਾਂਝੇ ਯਾਰ ਏਕਾ ਜਲਵਾ ਨੂਰ ਚਮਕਾਉਣਾ, ਨੂਰ ਅਲਾਹ ਆਪਣਾ ਆਪ ਪਰਗਟਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਲਹਿਣਾ ਦੇਣਾ ਸਭ ਦਾ ਵੇਖ ਵਖਾਉਣਾ, ਭਵਿਖਤ ਪੇਸ਼ੀਨਗੋਈਆਂ ਪਰਦੇ ਪਰਦਿਆਂ ਵਿਚੋਂ ਖੁਲ੍ਹਾਈਆ । ਕਲਜੁਗ ਕੂੜ ਕੁੜਿਆਰਾ ਕਿਸ ਬਿਧ ਅੰਤ ਹਟਾਉਣਾ, ਨਵ ਸੱਤ ਰਹਿਣ ਨਾ ਪਾਈਆ । ਸਤਿਜੁਗ ਸਾਚਾ ਮੇਰੀ ਗੋਦੀ ਗੋਦ ਕਵਣ ਵਾਰ ਥਿਤ ਟਿਕਾਉਣਾ, ਸੰਮਤ ਸੰਮਤੀ ਭੇਵ ਚੁਕਾਈਆ । ਮਾਨਵ ਜ਼ਾਤੀ ਕਵਣ ਵਕ਼ਤ ਸੁਹੰਜਣਾ ਮੇਰੇ ਉਤੇ ਵਖਾਉਣਾ, ਨਿਜ ਨੇਤਰ ਲੋਚਨ ਨੈਣ ਕਰ ਰੁਸ਼ਨਾਈਆ । ਕਵਣ ਨਾਮ ਨਿਹਕਾਮ ਹੋ ਕੇ ਇਕੋ ਇਕ ਜਪਾਉਣਾ, ਬਿਨ ਰਸਨਾ ਜਿਹਵਾ ਢੋਲਾ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਨਜ਼ਰ ਆਪ ਉਠਾਈਆ । ਧਰਨੀ ਕਹੇ ਪ੍ਰਭੂ ਕਿਸ ਬਿਧ ਦੇਵੇਂ ਵਸਤ ਅਗੰਮ ਅਥਾਹ, ਅਟੋਟ ਅਤੁਟ ਵਰਤਾਈਆ । ਤੂੰ ਮਾਲਕ ਖ਼ਾਲਕ ਮੇਰਾ ਬੇਪਰਵਾਹ, ਬੇਐਬ ਨੂਰ ਅਲਾਹੀਆ । ਮੈਂ ਨੌ ਸੱਤ ਫਿਰਾਂ ਨਾਲ ਚਾ, ਭੱਜਾਂ ਵਾਹੋ ਦਾਹੀਆ । ਮੇਰੇ ਭਾਗ ਲਗਾਉਣਾ ਟਿੱਲੇ ਥਲ ਅਸਗਾਹ, ਜਲ ਥਲ ਮਹੀਅਲ ਰੰਗ ਰੰਗਾਈਆ । ਮੈਂ ਦੀਨ ਦੁਨੀ ਦੀ ਭਾਗਾਂ ਵਾਲੀ ਫੇਰ ਬਣਾਂ ਮਾਂ, ਮਮਤਾ ਕੂੜ ਨਾ ਕੋਇ ਰਖਾਈਆ । ਮੈਂ ਚਾਹੁੰਦੀ ਮੇਰੇ ਉਤੇ ਝਗੜਾ ਰਹੇ ਨਾ ਸੂਰ ਗਾਂ, ਪਸ਼ੂ ਪੰਛੀਆਂ ਖੱਲ ਨਾ ਕੋਇ ਲੁਹਾਈਆ । ਸਾਰੀ ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਤੇਰਾ ਇਕੋ ਉਪਜੇ ਨਾਂ, ਨਾਉਂ

ਨਿਰੰਕਾਰ ਦੇਣਾ ਦ੍ਰਿੜਾਈਆ । ਕਲਜੁਗ ਜੀਵਾਂ ਬੁੱਧੀ ਰਹੇ ਨਾ ਕਾਂ, ਹੰਸ ਗੁਰਮੁਖ ਲੈਣੇ ਬਣਾਈਆ । ਮੇਰੇ ਮਿਹਰਵਾਨਾ ਨੌਜੁਵਾਨਾ ਸ੍ਰੀ ਭਗਵਾਨਾ ਮੈਂ ਤੇਰਾ ਤਕਦੀ ਰਾਹ, ਬਿਨ ਨੇਤਰ ਲੋਚਨ ਨੈਣਾਂ ਨੈਣ ਉਠਾਈਆ । ਤੂੰ ਸਚ ਸੁਆਮੀ ਮੇਰਾ ਬਣਨਾ ਅੰਤ ਮਲਾਹ, ਖੇਵਟ ਖੇਟਾ ਹੋ ਕੇ ਬੇੜਾ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੇਰੇ ਅੰਤਸ਼ਕਰਨ ਅਗੰਮੇ ਤਕ, ਤਕਵਾ ਤੇਰੇ ਉਤੇ ਰਖਾਈਆ । ਮਿਹਰਵਾਨਾ ਮੇਰਾ ਕਲਜੁਗ ਅੰਤਮ ਦੇ ਦੇ ਹਕ, ਹਕ਼ੀਕ਼ਤ ਦੇ ਮਾਲਕ ਹੋਣਾ ਸਹਾਈਆ । ਕਲਜੁਗ ਕੂੜ ਕੁੜਿਆਰਾ ਮੇਰੇ ਉਤੋਂ ਮੇਟ ਦੇ ਸ਼ੱਕ, ਸ਼ਿਕਵਾ ਦੀਨ ਦੁਨੀ ਰਹਿਣ ਨਾ ਪਾਈਆ । ਤੂੰ ਮੇਰਾ ਠਾਕਰ ਸੁਆਮੀ ਪਰਮੇਸ਼ਵਰ ਪਤਿ, ਪਾਰਬ੍ਰਹਮ ਨੂਰ ਅਲਾਹੀਆ । ਤੇਰੇ ਚਰਨ ਕਵਲ ਧਵਲ ਹੋ ਕੇ ਵਾਸਤਾ ਰਹੀ ਘਤ, ਧਰਨੀ ਧਰਤ ਧੌਲ ਹੋ ਕੇ ਮੰਗ ਮੰਗਾਈਆ । ਮੇਰੇ ਮਿਹਰਵਾਨਾ ਨੌਜਵਾਨਾ ਜੋਤੀ ਜਾਤੇ ਮੇਰੇ ਉਤੇ ਆ ਜਾਣਾ ਵਤ, ਬੇਵਤਨਾਂ ਦੇ ਮਾਲਕ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਮੇਰੇ ਪੁਰਖ ਅਕਾਲੇ ਬਿਨ ਕ਼ਦਮਾਂ ਆ ਜਾ ਮੇਰੇ ਉਤੇ, ਉੱਤਰ ਪੂਰਬ ਪੱਛਮ ਦੱਖਣ ਵੇਖਣ ਕੋਇ ਨਾ ਪਾਈਆ । ਸਤਿ ਸੁਆਮੀ ਮੇਰੇ ਭਾਗ ਜਗਾ ਦੇ ਸੁਤੇ, ਆਲਸ ਨਿੰਦਰਾ ਦੀਨ ਦੁਨੀ ਵਿਚੋਂ ਬਾਹਰ ਕਢਾਈਆ । ਮੇਰੇ ਪਰਮ ਪੁਰਖ ਅਬਿਨਾਸ਼ੀ ਅਚੁਤੇ, ਚੇਤਨ ਸਭ ਨੂੰ ਦੇ ਕਰਾਈਆ । ਸਤਿ ਧਰਮ ਦੀ ਸੁਹਾ ਦੇ ਰੁਤੇ, ਰੁਤੜੀ
੧੧੦੮ ਆਪਣੇ ਨਾਲ ਮਹਿਕਾਈਆ । ਤੇਰਾ ਸਤਿਜੁਗ ਸੁਤ ਦੁਲਾਰਾ ਪਹਿਲਾ ਜੁਗ ਤੇਰੀ ਧਾਰੋਂ ਉਠੇ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਤੇਰਾ ਸਤਿਗੁਰ ੧੧੦੮
੨੪ ਸ਼ਬਦ ਸਾਹਿਬ ਸੁਆਮੀ ਤੁਠੇ, ਮਿਹਰਵਾਨ ਹੋ ਕੇ ਮੇਰਾ ਲਹਿਣਾ ਦਏ ਚੁਕਾਈਆ । ਭਾਗ ਲਗਾ ਦੇ ਮੇਰੀ ਚਾਰੇ ਕੂਟੇ ਗੁੱਠੇ, ਉੱਤਰ ਪੂਰਬ ਪੱਛਮ ੨੪
ਦੱਖਣ ਤੇਰੀ ਵਜਦੀ ਰਹੇ ਵਧਾਈਆ । ਅੰਮ੍ਰਿਤ ਜਾਮ ਰਸ ਪਿਆ ਦੇ ਆਪਣਾ ਇਕੋ ਘੁੱਟੇ, ਦੂਸਰ ਲੋੜ ਰਹੇ ਨਾ ਰਾਈਆ । ਕਲਜੁਗ ਕੂੜ ਕੁੜਿਆਰੇ ਕੋਲੋਂ ਮੇਰਾ ਪੱਲੂ ਛੁੱਟੇ, ਬੰਧਨ ਅਗੇ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਦਰ ਸਾਚੇ ਅਲਖ ਜਗਾਵਾਂਗੀ । ਸੋ ਪੁਰਖ ਨਿਰੰਜਣ ਵਾਸਤਾ ਪਾਵਾਂਗੀ । ਅਬਿਨਾਸ਼ੀ ਕਰਤੇ ਸੀਸ ਨਿਵਾਵਾਂਗੀ । ਸ੍ਰੀ ਭਗਵਾਨ ਧੂੜੀ ਖ਼ਾਕ ਰਮਾਵਾਂਗੀ । ਪਾਰਬ੍ਰਹਮ ਵੇਖ ਵੇਖ ਬਿਗਸਾਵਾਂਗੀ । ਸਤਿਗੁਰ ਸ਼ਬਦ ਸ਼ਬਦ ਆਪਣੇ ਅੰਗ ਲਗਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਤੇਰੇ ਚਰਨ ਟਿਕਾਵਾਂਗੀ । ਸਾਚੀ ਆਸ਼ਾ ਇਕ ਰਖਾਵਾਂਗੀ । ਚਰਨ ਭਰਵਾਸਾ ਮੰਗ ਮੰਗਾਵਾਂਗੀ । ਮੇਰੇ ਉਤੇ ਪਾਉਣੀ ਅਗੰਮੀ ਰਾਸਾ, ਏਕੋ ਤ੍ਰਿਸ਼ਨਾ ਤੇਰੇ ਚਰਨ ਟਿਕਾਵਾਂਗੀ । ਤੂੰ ਮਾਲਕ ਪ੍ਰਿਥਮੀ ਅਕਾਸ਼ਾ, ਗਗਨ ਗਗਨੰਤਰ ਤੇਰਾ ਖੇਲ ਵੇਖ ਵਖਾਵਾਂਗੀ । ਸਤਿਜੁਗ ਸਤਿ ਧਰਮ ਮੇਰਾ ਤੇਰੇ ਉਤੇ ਹੋਵੇ ਭਰਵਾਸਾ, ਕਲਜੁਗ ਅੰਧ ਅੰਧੇਰਾ ਤੇਰੇ ਕ਼ਦਮ ਟਿਕਾਵਾਂਗੀ । ਤੂੰ ਮੇਰਾ ਸ਼ਹਿਨਸ਼ਾਹ ਸ਼ਾਹੋ ਸ਼ਾਬਾਸਾ, ਸ਼ਾਹ ਪਾਤਸ਼ਾਹ ਤੇਰੇ ਦੁਆਰੇ ਆਪਣੀ ਖ਼ਾਲੀ ਝੋਲੀ ਭਰਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਸਾ ਤੇਰੇ ਅਗੇ ਟਿਕਾਵਾਂਗੀ । ਧਰਨੀ ਕਹੇ ਪ੍ਰਭ ਮੇਰਾ ਅੰਤ ਅਖ਼ੀਰੀ ਸਮਾਂ, ਕਲਜੁਗ ਧਾਰ ਧਾਰ ਜਣਾਈਆ । ਮੈਨੂੰ ਲਾਲਚ ਨਹੀਂ ਕੋਈ ਤਮਾ, ਮੋਹ ਜਗਤ ਨਾ ਕੋਇ ਰਖਾਈਆ । ਖ਼ੁਸ਼ੀ ਨਹੀਂ ਕੋਈ ਗ਼ਮਾ, ਤੇਰੇ ਭਾਣੇ ਵਿਚ ਸਮਾਈਆ ।

ਮੈਂ ਚਾਹੁੰਦੀ ਮੇਰੇ ਉਤੇ ਕਲਜੁਗ ਬਦਲ ਦੇ ਨਵਾਂ, ਨਵ ਸੱਤ ਦਾ ਪੰਧ ਮੁਕਾਈਆ । ਸਤਿ ਧਰਮ ਦੀ ਧਾਰ ਹੋਵੇ ਰਵਾਂ, ਰਹਿਬਰ ਹੋਵੇ ਇਕੋ ਨੂਰ ਅਲਾਹੀਆ । ਜੋਤੀ ਜੋਤ ਜਗਾ ਦੇ ਇਕੋ ਸ਼ਮਅ, ਬਿਨ ਤੇਲ ਬਾਤੀ ਕਰ ਰੁਸ਼ਨਾਈਆ । ਉਹ ਲੇਖਾ ਲਹਿਣਾ ਪੂਰਾ ਕਰ ਦੇ ਜੋ ਭੇਵ ਖੁਲ੍ਹਾਇਆ ਚੌਦਾਂ ਸੌ ਤੀਹ ਅੰਕ ਦਾ ਪੰਨਾ, ਪਾਰਬ੍ਰਹਮ ਪ੍ਰਭ ਆਪਣਾ ਪਰਦਾ ਲਾਹੀਆ । ਜੋ ਇਸ਼ਾਰਾ ਦੇ ਕੇ ਗਿਆ ਜੱਟ ਧੰਨਾ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਜੋ ਰਵੀਦਾਸ ਕਿਹਾ ਪਾਨਹਾ ਗੰਢਣ ਵਾਲੇ ਚੰਮਾ, ਚੰਮਦ੍ਰਿਸ਼ਟੀ ਬਾਹਰ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਮੰਗ ਇਕ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਤੇਰਾ ਸਤਿਜੁਗ ਸੁਤ ਦੁਲਾਰਾ ਆਵੇਗਾ । ਅਬਿਨਾਸ਼ੀ ਅਚੁਤ ਤੇਰਾ ਢੋਲਾ ਗਾਵੇਗਾ । ਮੇਰੀ ਸੁਹੰਜਣੀ ਹੋਵੇ ਰੁਤ, ਰੁਤੜੀ ਤੇਰੇ ਨਾਲ ਮਹਿਕਾਵੇਗਾ । ਜਿਸ ਦਾ ਮਾਲਕ ਤੇਰਾ ਗੋਬਿੰਦ ਦੁਲਾਰਾ ਸੁਤ, ਦੂਜਾ ਸੰਗ ਨਾ ਕੋਇ ਰਖਾਵੇਗਾ । ਜੋ ਭਾਗ ਲਗਾਵੇ ਕਾਇਆ ਮਾਟੀ ਪੰਜ ਤਤ ਬੁਤ, ਬੁਤਖ਼ਾਨਿਆਂ ਵੇਖ ਵਖਾਵੇਗਾ । ਕਲਜੁਗ ਕੂੜ ਕੁੜਿਆਰਾ ਮੇਰੇ ਉਤੋਂ ਜਾਵੇ ਛੁਪ, ਲਹਿੰਦੇ ਚੜ੍ਹਦੇ ਦੱਖਣ ਪਹਾੜ ਨਜ਼ਰ ਨਾ ਆਵੇਗਾ । ਮੇਰੇ ਉਤੇ ਰਹੇ ਨਾ ਮੂਲ ਅੰਧੇਰਾ ਘੁਪ, ਨੂਰੀ ਚੰਦ ਚੰਦ ਇਕ ਰੁਸ਼ਨਾਵੇਗਾ । ਮੇਰੀ ਚਾਰ ਜੁਗ ਦੀ ਤ੍ਰਿਸ਼ਨਾ ਮੇਟੇ ਭੁਖ, ਮਮਤਾ ਮੋਹ ਅਵਰ ਨਾ ਕੋਇ ਜਣਾਵੇਗਾ । ਤੂੰ ਆਤਮ ਪਰਮਾਤਮ ਸ੍ਰਿਸ਼ਟ ਸਬਾਈ ਦੇਣਾ ਸੁਖ, ਸੁਖ ਸਾਗਰ ਇਕੋ ਵੇਖ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ,
੧੧੦੯ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਰੰਗਾਉਣਾ ਮਾਨਸ ਮਾਨਵ ਮਾਨੁਖ, ਮਾਨੁੱਖਤਾ ਆਪਣਾ ਧਰਮ ਧਰਮ ਸਮਝਾਵੇਗਾ । ੧੧੦੯

੨੪ ੨੪

### ✪ ੩੦ ਕੱਤਕ ਸ਼ਹਿਨਸ਼ਾਹੀ ਸੰਮਤ ੧੧ ਕਰਤਾਰ ਸਿੰਘ ਦੇ ਗ੍ਰਿਹਿ ਪਿੰਡ ਚੜਿਕ ਜ਼ਿਲਾ ਫ਼ਰੀਦਕੋਟ ✪

ਨਾਰਦ ਕਹੇ ਧਰਨੀਏ ਮੈਂ ਤੈਨੂੰ ਕਰਨ ਆਇਆ ਮਖ਼ੌਲ, ਮਸਖ਼ਰੀ ਮਸਖ਼ਰਾ ਹੋ ਕੇ ਦਿਆਂ ਉਡਾਈਆ । ਨੀ ਮੈਂ ਆਦਿ ਜੁਗਾਦਿ ਜੁਗ ਚੌਕੜੀ ਪ੍ਰਭ ਦਾ ਪਾਂਧਾ ਰੌਲ, ਪੰਡਤ ਬੋਧ ਅਗਾਧਾ ਇਕ ਅਖਵਾਈਆ । ਤੂੰ ਮਿੱਟੀ ਖ਼ਾਕ ਧਰਤ ਨਿਮਾਣੀ ਧੌਲ, ਧਵਲੇ ਤੈਨੂੰ ਦਿਆਂ ਸੁਣਾਈਆ । ਮੇਰੇ ਕੋਲ ਚਾਰ ਜੁਗ ਦਾ ਗੁਰ ਅਵਤਾਰ ਪੈਗ਼ੰਬਰਾਂ ਵਾਲਾ ਕੌਲ, ਇਕਰਾਰਨਾਮਾ ਆਪਣੇ ਵਿਚ ਛੁਪਾਈਆ । ਜਿਸ ਨੂੰ ਦੁਨੀਦਾਰ ਸਕੇ ਕੋਈ ਨਾ ਫੋਲ, ਖੋਜਿਆਂ ਹੱਥ ਕਿਸੇ ਨਾ ਆਈਆ । ਉਸ ਵਿਚ ਇਕੋ ਅਗੰਮਾ ਪ੍ਰਭੂ ਦਾ ਬੋਲ, ਸ਼ਬਦ ਦੀ ਸ਼ਬਦ ਧਾਰ ਦ੍ਰਿੜਾਈਆ । ਤੂੰ ਧਰਨੀ ਧਵਲ ਰਹਿਣਾ ਅਡੋਲ, ਅਡੁਲ ਹੋ ਕੇ ਦਿਆਂ ਜਣਾਈਆ । ਪਰਮ ਪੁਰਖ ਪਰਮਾਤਮ ਦਾ ਇਕੋ ਸੁਣੀਂ ਅਗੰਮਾ ਬੋਲ, ਜੋ ਅਨਬੋਲਤ ਦਏ ਸੁਣਾਈਆ । ਨੀ ਤੇਰੇ ਉਤੇ ਦੀਨ ਦੁਨੀ ਦਾ ਹੋਵਣ ਵਾਲਾ ਘੋਲ, ਨਵ ਸੱਤ ਲਏ ਅੰਗੜਾਈਆ । ਦੀਨਾਂ ਮਜ਼੍ਹਬਾਂ ਸ਼ਰਅ ਦੀ ਧਾਰ ਇਕ ਦੂਜੇ ਨਾਲ ਕਰਨਾ ਕਲੋਲ, ਕਲਮਾ ਨਾਮ ਨਾਲ ਟਕਰਾਈਆ । ਜਗਤ ਦੁਆਰਾ ਜਗਤ ਜਗਦੀਸ਼ਰ ਦੇਣਾ ਖੋਲ੍ਹ, ਖ਼ਾਲਕ ਖ਼ਲਕ ਇਕ ਵਖਾਈਆ । ਜਿਥੇ ਜੋਤੀ ਜਾਤਾ ਹੋ ਕੇ ਜਾਏ ਮੌਲ, ਮੌਲਾ ਆਪਣਾ ਭੇਵ ਚੁਕਾਈਆ । ਤੂੰ ਉਸ ਦੇ ਉਤੋਂ ਆਪਣਾ ਆਪ ਦੇਵੀਂ ਘੋਲ, ਘੋਲੀ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਮੈਂ ਆਇਆ ਬਣ ਕੇ ਪਾਂਧੀ ਰਾਹੀ, ਬਿਨ ਕ਼ਦਮਾਂ ਕ਼ਦਮ ਟਿਕਾਈਆ । ਨੀ ਤੂੰ ਦੋਵੇਂ ਭੁਜਾ ਉਠਾ ਲੈ ਬਾਹੀਂ, ਬਿਨ ਬਾਹਵਾਂ ਲੈ ਅੰਗੜਾਈਆ । ਉਚੀ ਕੂਕ ਕੇ ਦੇ ਦੁਹਾਈ, ਦਰੋਹੀ ਤੇਰਾ ਨਾਮ ਖ਼ੁਦਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੇਰਾ ਹੋਣਾ ਸਹਾਈ, ਸਹਾਇਕ ਨਾਇਕ ਇਕੋ ਨਜ਼ਰੀ ਆਈਆ । ਮੇਰੀ ਕਲਜੁਗ ਕੂੜ ਕੁੜਿਆਰ ਦੀ ਧੋਣੀ ਸ਼ਾਹੀ, ਸ਼ਹਿਨਸ਼ਾਹ ਆਪਣਾ ਇਕੋ ਰੰਗ ਰੰਗਾਈਆ । ਲਹਿਣਾ ਦੇਣਾ ਪੂਰਾ ਕਰਦੇ ਗੋਬਿੰਦ ਦਾ ਲੰਘ ਗਿਆ ਢਈਆ ਢਾਈ, ਢੌਂਕੇ ਵਿਚ ਆਪਣਾ ਪੰਧ ਮੁਕਾਈਆ । ਮੈਂ ਤੇਰਾ ਖੇਲ ਵੇਖਣਾ ਚਾਹੁੰਦੀ ਥਲ ਅਸਗਾਹੀ, ਜਲ ਧਾਰਾ ਪਰਦਾ ਦੇਣਾ ਉਠਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਅਗੰਮ ਅਥਾਹੀ, ਅਲਖ ਅਗੋਚਰ ਇਕ ਅਖਵਾਈਆ । ਮੇਰੀ ਸਤਿਗੁਰ ਸ਼ਬਦ ਦਏ ਗਵਾਹੀ, ਸ਼ਹਾਦਤ ਤੇਰੇ ਨਾਮ ਭੁਗਤਾਈਆ । ਮਿਹਰਵਾਨ ਹੋ ਕੇ ਮਿਹਰ ਨਿਗਾਹ ਉਠਾਈ, ਬਿਨ ਨੈਣਾਂ ਨੈਣ ਤਕਾਈਆ । ਮੈਂ ਤੇਰਾ ਜਲਵਾ ਤਕਾਂ ਨੂਰ ਨੁਰਾਨੇ ਜਿਸ ਦਾ ਨੂਰ ਹੋਵੇ ਅਲਾਹੀ, ਆਲਮੀਨ ਕਹਿ ਕੇ ਸੀਸ ਨਿਵਾਈਆ । ਮੇਰੇ ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ, ਮੈਨੂੰ ਦੱਸ ਦੇ ਕਿਸ ਬਿਧ ਕਲਜੁਗ ਅੰਤਮ ਹੋਵੇ ਤਬਾਹੀ, ਤੋਬਾ ਤੋਬਾ ਕਰੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਚੜ੍ਹਾਈਆ । ਨਾਰਦ ਕਹੇ ਧਰਨੀਏ ਨੀ ਤੇਰੇ ਉਤੇ ਕੱਤਕ ਮਹੀਨਾ ਲੰਘਿਆ, ਕਰਮ ਕਾਂਡ ਦਾ ਭੇਵ ਨਾ ਕੋਇ ਖੁਲ੍ਹਾਈਆ । ਸਚ ਦੱਸ ਤੂੰ ਕੀ ਪ੍ਰਭੂ ਤੋਂ ਮੰਗਿਆ, ਮਾਂਗਤ ਹੋ ਕੇ ਝੋਲੀ ਡਾਹੀਆ । ਕੀ ਸੰਦੇਸ਼ਾ ਦੇਵੇ ਸੂਰਾ ਸਰਬੰਗਿਆ, ਸ਼ਾਹ ਪਾਤਸ਼ਾਹ ਆਪਣਾ ਹੁਕਮ ਜਣਾਈਆ । ਕਿਸ ਬਿਧ ਤੇਰਾ ਮੇਟੇ ਗ਼ਮ ਰੰਜਿਆ, ਰੰਜਸ਼ ਅੰਤਰ ਰਹਿਣ ਨਾ ਪਾਈਆ । ਜਿਸ ਲਹਿਣਾ ਦੇਣਾ ਮੁਕਾਉਣਾ ਤਾਰਾ ਚੰਦਿਆ, ਸਦੀ ਚੌਧਵੀਂ ਲੇਖਾ ਲੇਖੇ ਵਿਚੋਂ ਵਖਾਈਆ । ਜਿਨ ਈਸਾ ਮੂਸਾ ਮੁਹੰਮਦ ਮੁਕਾਉਣਾ ਪੰਧਿਆ, ਮੁਸਾਫ਼ਿਰ ਦੀਨ ਦੁਨੀ ਰਹਿਣ ਕੋਇ ਨਾ ਪਾਈਆ । ਜਿਸ ਦੇ ਹੁਕਮ ਵਿਚ ਸਭ ਨੇ ਲਾਉਣਾ ਆਪਣਾ ਪੰਜਿਆ, ਪੰਚਮ ਦਾ ਮਾਲਕ ਕੀ ਆਪਣਾ ਹੁਕਮ ਦ੍ਰਿੜ੍ਹਾਈਆ । ਔਹ ਵੇਖ ਲੈ ਕਲਜੁਗ ਮੁਸਾਫ਼ਿਰ ਆਪਣਾ ਪੰਧ ਮੁਕਾ ਕੇ ਤੇਰੇ ਉਤੋਂ ਲੰਘਿਆ, ਭੱਜੇ ਵਾਹੋ ਦਾਹੀਆ । ਨੀ ਵੇਖ ਲੈ ਪ੍ਰਭ ਤੋਂ ਪੁਛ ਲੈ ਤੇਰੀ ਕਿਹੜੀ ਕੂਟੇ ਹੋਣਾ ਜੰਗਿਆ, ਝਗੜਾ ਹੋਵੇ ਖ਼ਲਕ ਖ਼ੁਦਾਈਆ । ਗੁਰ ਅਵਤਾਰਾਂ ਪੈਗ਼ੰਬਰਾਂ ਦਾ ਹੁਕਮ ਬਿਨ ਜਗਤ ਦੁਆਰ ਤੋਂ ਵੇਖ ਲੈ ਟੰਗਿਆ, ਜਗਤ ਸਹਾਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਤੂੰ ਕੀ ਕੁਝ ਕੀਤਾ ਦਿਨ ਤੀਸ, ਮੈਨੂੰ ਦੇ ਦ੍ਰਿੜ੍ਹਾਈਆ । ਕਿਹੜਾ ਪੀਸਣ ਲਿਆ ਪੀਸ, ਸੇਵਕ ਹੋ ਕੇ ਸੇਵਾ ਕੀ ਕਮਾਈਆ । ਕੀ ਹੁਕਮ ਸੰਦੇਸ਼ਾ ਸੁਣਿਆ ਹਰਿ ਜਗਦੀਸ਼, ਜਗਦੀਸ਼ਰ ਕੀ ਦ੍ਰਿੜ੍ਹਾਈਆ । ਕਿਸ ਬਿਧ ਛਤਰ ਝੁਲਣਾ ਅਗੰਮੇ ਸੀਸ, ਜਿਸ ਦਾ ਧੜ ਨਜ਼ਰ ਕੋਇ ਨਾ ਆਈਆ । ਜਿਸ ਲਹਿਣਾ ਦੇਣਾ ਮੇਟਣਾ ਬੀਸ ਬੀਸ, ਇਕ ਇਕੀਸ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਧਰਨੀਏ ਕੱਤਕ ਦਿਵਸ ਦਿਹਾੜਾ ਅਖੀਰੀ ਅੱਜ ਦਾ, ਆਜਜ਼ੇ ਤੈਨੂੰ ਦਿਆਂ ਸੁਣਾਈਆ । ਜੋ ਪੁਰਖ ਅਕਾਲਾ ਦੀਨ ਦਿਆਲਾ ਜੁਗ ਜੁਗ ਪਰਦੇ ਕਜਦਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਓਹਦਾ ਨਾਮ ਦਮਾਮਾ ਦੋ ਜਹਾਨਾਂ ਵਜਦਾ,

ਸ਼ਬਦ ਅਨਾਦੀ ਨਾਦ ਸੁਣਾਈਆ । ਨੀ ਤੇਰਾ ਵੇਲਾ ਮਿੱਟੀ ਖ਼ਾਕੇ ਸਾਚੇ ਹੱਜ ਦਾ, ਹਜ਼ਰਤਾਂ ਦਾ ਮਾਲਕ ਤਕ ਲੈ ਨੂਰ ਅਲਾਹੀਆ । ਜਿਸ ਦਾ
ਦੀਪਕ ਜੋਤੀ ਇਕੋ ਜਗਦਾ, ਦੋ ਜਹਾਨਾਂ ਕਰੇ ਰੁਸ਼ਨਾਈਆ । ਓਹ ਖੇਲ ਖੇਲਣਵਾਲਾ ਤੇਰੇ ਉਤੇ ਕਲਜੁਗ ਕੂੜ ਕੁੜਿਆਰੀ ਅੱਗ ਦਾ, ਤਤਵ ਤਤਾਂ
ਦਏ ਜਲਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਗੁਰੂ ਗਿਆ ਸਦਦਾ, ਹੋਕੇ ਸ਼ਬਦ ਵਾਲੇ ਦ੍ਰਿੜਾਈਆ । ਓਹਦਾ ਨੂਰ ਨੁਰਾਨਾ ਵੇਖ ਲੈ ਰੂਪ ਸੂਰੇ
ਸਰਬਗ ਦਾ, ਕੁਦਰਤ ਦਾ ਕ਼ਾਦਰ ਕੀ ਆਪਣਾ ਵੇਸ ਵਟਾਈਆ । ਜਿਸ ਦੇ ਹੁਕਮ ਵਿਚ ਆਦਿ ਜੁਗਾਦਿ ਜੁਗ ਚੌਕੜੀ ਬਝਦਾ, ਬੰਧਨ ਸਕੇ
ਨਾ ਕੋਇ ਤੁੜਾਈਆ । ਜਿਸ ਨੂੰ ਜਗਤ ਜਹਾਨ ਫਿਰੇ ਲਭਦਾ, ਟਿੱਲੇ ਪਰਬਤ ਵੇਖਣ ਥਾਉਂ ਥਾਈਂਆ । ਓਹਦਾ ਮੇਲਾ ਕਲਜੁਗ ਅੰਤ ਸਬਬ ਦਾ,
ਜਿਸ ਦੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ
ਗੁਸਾਈਆ । ਨਾਰਦ ਕਹੇ ਧਰਨੀਏ ਕੱਤਕ ਕੋਲੋਂ ਲੈ ਲੈ ਹਕ ਸਲਾਹ, ਹਕੀਕ਼ਤ ਆਪਣਾ ਭੇਵ ਚੁਕਾਈਆ । ਨੀ ਤੇਰਾ ਪਰਦਾ ਉਹਲਾ ਦਏ ਉਠਾ,
ਮੁਖ ਘੁੰਗਟ ਰਹਿਣ ਕੋਇ ਨਾ ਪਾਈਆ । ਤੇਰਾ ਮੇਲ ਮਿਲਾਏ ਨਾਲ ਉਸ ਬੇਪਰਵਾਹ, ਜੋ ਬੇਪਰਵਾਹੀ ਵਿਚ ਸਮਾਈਆ । ਜਿਸ ਨੂੰ ਪੈਗ਼ੰਬਰਾਂ ਕਿਹਾ
ਖ਼ੁਦਾ, ਖ਼ੁਦ ਮਾਲਕ ਨੂਰ ਅਲਾਹੀਆ । ਜਿਸ ਦੇ ਅਗੇ ਸਜਦਿਆਂ ਵਿਚ ਕਰਦੇ ਗਏ ਦੁਆ, ਦੋਏ ਜੋੜ ਵਾਸਤਾ ਪਾਈਆ । ਓਹ ਨੂਰ ਨੁਰਾਨਾ
ਸ਼ਾਹ ਸੁਲਤਾਨਾ ਅਮਾਮ ਅਮਾਮਾ ਗਿਆ ਆ, ਜਿਸ ਦੀ ਆਮਦ ਵਿਚ ਸਾਰੇ ਸੀਸ ਨਿਵਾਈਆ । ਨੀ ਤੈਨੂੰ ਕਿਹੜਾ ਚੜ੍ਹਿਆ ਚਾ, ਚਾਉ ਘਨੇਰਾ
੧੧੧੧ ਦੇ ਸਮਝਾਈਆ । ਉਚੀ ਕੂਕ ਸੁਣਾ ਦੇ ਨਾਲ ਬਾਂਹ, ਬਾਹੂਬਲ ਆਪ ਪਰਗਟਾਈਆ । ਮੇਰਾ ਪਰਵਰਦਿਗਾਰ ਸਾਂਝਾ ਯਾਰ ਨੂਰ ਅਲਾਹ, ਆਲਮੀਨ ੧੧੧੧
੨੪ ਇਕ ਅਖਵਾਈਆ । ਜੋ ਮੇਰੀ ਆਸਾ ਮਨਸਾ ਪੂਰੀ ਦਏ ਕਰਾ, ਤ੍ਰਿਸ਼ਨਾ ਜਗਤ ਜੁਗਤ ਮਿਟਾਈਆ । ਮੇਰੇ ਕਰਮ ਕਾਂਡ ਦਾ ਡੇਰਾ ਦੇਵੇ ਢਾਹ, ੨੪
ਕੱਤਕ ਦਾ ਕਰਮ ਮੇਰੇ ਲੇਖੇ ਪਾਈਆ । ਮੈਨੂੰ ਇਕੋ ਨਾਮ ਦਏ ਸੁਣਾ, ਬਿਨ ਰਸਨਾ ਰਸਨ ਸਮਝਾਈਆ । ਮੈਂ ਚਰਨ ਕਵਲ ਹੋ ਨਿਮਾਣੀ ਧਵਲ
ਸੀਸ ਦਿਆਂ ਟਿਕਾ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,
ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਦਿ ਜੁਗਾਦੀ ਨਿਰਗੁਣ ਨਿਰਗੁਣ ਮੇਰਾ ਰਹਿਨੁਮਾ, ਰਹਿਮਤਾਂ ਦਾ ਮਾਲਕ
ਖ਼ਾਲਕ ਇਕੋ ਨਜ਼ਰੀ ਆਈਆ ।

## ✪ ਪਹਿਲੀ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਰਣਜੀਤ ਕੌਰ ਦੇ ਗ੍ਰਿਹਿ ਪਿੰਡ ਚੜਿਕ ਜ਼ਿਲਾ ਫ਼ਰੀਦਕੋਟ ✪

ਸਤਿਗੁਰ ਸਚਾ ਸ਼ਾਹੋ ਹੈ, ਆਦਿ ਜੁਗਾਦੀ ਏਕ । ਵਡ ਦਾਤਾ ਬੇਪਰਵਾਹੋ ਹੈ, ਬਖ਼ਸ਼ੇ ਚਰਨ ਸਰਨ ਸਚ ਟੇਕ । ਮਿਹਰਵਾਨ ਅਗੰਮ ਅਥਾਹੋ ਹੈ, ਖੇਲੇ ਖੇਲ ਵਾਰ ਅਨੇਕ । ਹੁਕਮ ਸੰਦੇਸ਼ਾ ਦੇਵੇ ਧੁਰਦਰਗਾਹੋਂ ਹੈ, ਜਨ ਭਗਤਾਂ ਕਰੇ ਬੁਧਿ ਬਿਬੇਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤ੍ਰੈਗੁਣ ਮਾਇਆ ਮੇਟੇ ਸੇਕ । ਸਤਿਗੁਰ ਸਚਾ ਸ਼ਾਹੋ ਭੂਪ, ਹਰਿ ਕਰਤਾ ਧੁਰਦਰਗਾਹ । ਖੇਲੇ ਖੇਲ ਬਿਨ ਰੰਗ ਰੂਪ, ਮਾਲਕ ਹੋ ਕੇ ਦੋ ਜਹਾਂ । ਭਾਗ ਲਗਾਏ ਕਾਇਆ ਪੰਜ ਭੂਤ, ਜਨ ਭਗਤਾਂ ਹੋਏ ਸਹਾ । ਵੇਖਣਹਾਰਾ ਚਾਰੇ ਕੂਟ, ਨਿਰਗੁਣ

ਨਿਰਵੈਰ ਆਪਣਾ ਭੇਵ ਲਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾ । ਸਤਿਗੁਰ ਸਾਚਾ ਆਦਿ ਹੈ, ਆਦਿ ਨਿਰੰਜਣ ਪੁਰਖ ਅਬਿਨਾਸ਼ । ਜੋ ਵਸੇ ਬ੍ਰਹਮ ਬ੍ਰਹਿਮਾਦ ਹੈ, ਜੁਗ ਜੁਗ ਖੇਲ ਖੇਲੇ ਤਮਾਸ਼ । ਵਜਾਵਣਹਾਰਾ ਸਾਚਾ ਨਾਦ ਹੈ, ਲੇਖਾ ਜਾਣੇ ਪਵਣ ਸਵਾਸ । ਮੇਟਣਹਾਰਾ ਵਾਦ ਵਿਵਾਦ ਹੈ, ਜਨ ਭਗਤ ਸੁਹੇਲੇ ਕਰੇ ਆਪਣੇ ਦਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਮਾਨਸ ਜਨਮ ਕਰੇ ਰਾਸ । ਸਤਿਗੁਰ ਸਾਚਾ ਆਦਿ ਨਿਰੰਜਣ, ਨਿਰਵੈਰ ਇਕ ਅਖਵਾਈਆ । ਨਿਰਗੁਣ ਸਰਗੁਣ ਦਰਦ ਦੁਖ ਭੈ ਭੰਜਣ, ਭਵ ਸਾਗਰ ਪਾਰ ਕਰਾਈਆ । ਚਰਨ ਧੂੜ ਕਰਾਏ ਸਾਚਾ ਮਜਨ, ਦੁਰਮਤ ਮੈਲ ਧੁਆਈਆ । ਨੇਤਰ ਨਾਮ ਨਿਧਾਨਾ ਪਾਏ ਕਜਲ, ਨੂਰ ਨੁਰਾਨਾ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗੀ ਆਪ ਅਖਵਾਈਆ । ਸਤਿਗੁਰ ਸਾਚਾ ਏਕੰਕਾਰਾ, ਅਕਲ ਕਲਧਾਰੀ ਇਕ ਅਖਵਾਈਆ । ਜੋ ਵੇਖਣਹਾਰ ਸਰਬ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਜਨ ਭਗਤਾਂ ਦੇਵਣਹਾਰ ਦਾਤਾਰਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਚਰਨ ਪ੍ਰੀਤੀ ਬਖ਼ਸ਼ ਪਿਆਰਾ, ਪ੍ਰੀਤਮ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤੀ ਕਰ ਉਜਿਆਰਾ, ਉਜਲ ਆਪਣਾ ਆਪ ਕਰਾਈਆ ।



## ਪਹਿਲੀ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਕਪੂਰ ਸਿੰਘ ਦੇ ਗ੍ਰਿਹਿ ਮੋਗਾ ਸ਼ਹਿਰ ਜ਼ਿਲਾ ਫ਼ਰੀਦਕੋਟ

ਧਰਨੀ ਕਹੇ ਪ੍ਰਭੂ ਜਨ ਭਗਤਾਂ ਹੋਵੇ ਗ੍ਰਿਹਿ ਸੁਹੰਜਣਾ, ਜੋਤੀ ਜਾਤੇ ਪੁਰਖ ਬਿਧਾਤੇ ਨਿਰਗੁਣ ਸਰਗੁਣ ਦੇਣੀ ਮਾਣ ਵਡਿਆਈਆ । ਮਿਹਰਵਾਨ ਨੌਜਵਾਨ ਸ੍ਰੀ ਭਗਵਾਨ ਦੀਪਕ ਧਾਰ ਜਗਾਉਣਾ ਨੂਰ ਦਰਦ ਦੁਖ ਭੈ ਭੰਜਣਾ, ਭਵ ਸਾਗਰ ਕਾਇਆ ਗਾਗਰ ਵਿਚੋਂ ਪਾਰ ਕਰਾਈਆ । ਨਿਜ ਨੇਤਰ ਨਾਮ ਨਿਧਾਨ ਪਾਉਣਾ ਅਗੰਮਾ ਅੰਜਣਾ, ਅੰਧ ਅਗਿਆਨ ਵਿਚ ਜਹਾਨ ਰਹਿਣ ਕੋਇ ਨਾ ਪਾਈਆ । ਤੂੰ ਮੇਰਾ ਸਚ ਸੁਆਮੀ ਅਕਾਲ ਮੂਰਤ ਮਦਨਾ, ਮਧਸੂਦਨ ਇਕ ਅਖਵਾਈਆ । ਤਨ ਵਜੂਦ ਮਾਟੀ ਖ਼ਾਕ ਪਵਿਤ੍ਰ ਕਰਨਾ ਬਦਨਾ, ਸ਼ਰੀਰ ਬੇਨਜ਼ੀਰ ਆਪਣੇ ਰੰਗ ਰੰਗਾਈਆ । ਹਰਿਜਨ ਲੇਖੇ ਲਾਉਣਾ ਆਅਲਾ ਅਦਨਾ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਤੇਰੀ ਚਰਨ ਧੂੜੀ ਇਕੋ ਹੋਵੇ ਮਜਨਾ, ਦੁਰਮਤ ਮੈਲ ਦੇਣੀ ਧੁਆਈਆ । ਤੂੰ ਆਦਿ ਜੁਗਾਦੀ ਏਥੇ ਓਥੇ ਦੋ ਜਹਾਨਾਂ ਸਗਲਾ ਸੱਜਣਾ, ਸਗਲਾ ਸੰਗੀ ਬਹੁਰੰਗੀ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਤੇਰੇ ਭਗਤ ਮੇਰਾ ਸੁਹਾਉਣ ਦੁਆਰਾ ਬੰਕ, ਗ੍ਰਿਹਿ ਮੰਦਰ ਮੇਰੇ ਵਜੇ ਵਧਾਈਆ । ਤੇਰੇ ਸ਼ਬਦ ਦੀ ਧਾਰ ਲੱਗੇ ਤਨਕ, ਸੁਰਤੀ ਸ਼ਬਦ ਵਿਚ ਸਮਾਈਆ । ਤੇਰਾ ਖੇਲ ਵੇਖਿਆ ਵਾਰ ਅਨਕ, ਅਨਕ ਕਲਧਾਰੀ ਤੇਰੇ ਹੱਥ ਵਡਿਆਈਆ । ਤੇਰਾ ਲਹਿਣਾ ਦੇਣਾ ਮੇਰੇ ਨਾਲ ਜੋ ਸੰਦੇਸ਼ਾ ਦਿਤਾ ਜਨਕ, ਦੇਹ ਬਦੇਹ ਆਪਣਾ ਹੁਕਮ ਦ੍ਰਿੜਾਈਆ । ਜੋ ਆਸ਼ਾ ਰਖੀ ਕੁਮਾਰ ਸੰਤ, ਬ੍ਰਹਮਾ ਬੇਟਾ ਭੇਵ ਗਿਆ ਚੁਕਾਈਆ । ਉਸ ਬਿਧ ਮੇਰੀ ਬਣਾਉਣੀ ਬਣਤ, ਘੜਨ ਭੰਨਣਹਾਰ ਤੇਰੀ ਵਡਿਆਈਆ । ਮੈਂ ਸੁਣਨਾ

ਚਾਹੁੰਦੀ ਭਗਤਾਂ ਅੰਤਰ ਇਕੋ ਮੰਤ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਤੂੰ ਬੋਧ ਅਗਾਧਾ ਸ਼ਬਦੀ ਧਾਰ ਅਗੰਮਾ ਪੰਡਤ, ਨਿਰਅੱਖਰ ਅੱਖਰ ਧਾਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਤੇਰੇ ਭਗਤ ਸੁਹੇਲੇ ਆਦਿ ਜੁਗਾਦੀ ਮਿਤ, ਮਿਤਰ ਪਿਆਰਾ ਹੋ ਕੇ ਵੇਖ ਵਖਾਈਆ । ਤੇਰਾ ਲਹਿਣਾ ਦੇਣਾ ਜੁਗ ਚੌਕੜੀ ਨਿਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਏ ਗਵਾਹੀਆ । ਪਰਵਰਦਿਗਾਰ ਸਾਂਝੇ ਯਾਰ ਹੋ ਕੇ ਕਰਨਾ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਠਗੌਰੀ ਰਹੇ ਨਾ ਕੋਇ ਮਨ ਚਿਤ, ਚੇਤਨ ਸੁਰਤੀ ਦੇਣੀ ਕਰਾਈਆ । ਤੇਰਾ ਲੇਖਾ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ, ਨਿਰਗੁਣ ਸਰਗੁਣ ਤੇਰੀ ਬੇਪਰਵਾਹੀਆ । ਮੇਰੇ ਉਤੇ ਸੁਹੰਜਣੀ ਕਰ ਦੇ ਮੱਘਰ ਦੀ ਪਹਿਲੀ ਥਿਤ, ਥਿਤ ਵਾਰ ਆਪਣੇ ਰੰਗ ਰੰਗਾਈਆ । ਮੇਰੇ ਪਰਮ ਪੁਰਖ ਪਰਮਾਤਮ ਸਚਖੰਡ ਨਿਵਾਸੀ ਧੁਰ ਦੇ ਪਿਤ, ਪਿਤਾ ਪੁਰਖ ਅਕਾਲ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਧਰਨੀ ਕਹੇ ਪ੍ਰਭੂ ਜਨ ਭਗਤ ਸੁਹੇਲੇ ਤੇਰੇ ਹੋਵਣ ਉਘੇ, ਉਗਣ ਆਥਣ ਮਿਲੇ ਵਡਿਆਈਆ । ਮੈਂ ਕਰਾਂ ਪੁਕਾਰ ਹੋ ਬੇਸੁਧੇ, ਬਸੁਧਾ ਹੋ ਕੇ ਦਿਆਂ ਜਣਾਈਆ । ਜਿਨ੍ਹਾਂ ਦੇ ਅੰਤਰ ਨਿਰੰਤਰ ਭੇਵ ਖੋਲ੍ਹਣੇ ਗੁੱਝੇ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਭਾਉ ਰਹਿਣ ਨਹੀਂ ਦੇਣੇ ਏਕਾ ਦੂਜੇ, ਦੂਜਾ ਏਕਾ ਏਕੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪਣੇ ਨਾਲ ਰਖਾਈਆ । ਧਰਨੀ ਕਹੇ ਪ੍ਰਭੂ ਤੇਰੀ ਆਦਿ ਜੁਗਾਦੀ ਜਨ ਭਗਤਾਂ ਨਾਲ ਪ੍ਰੀਤ, ਪ੍ਰੀਤਮ ਤੇਰੇ ਹੱਥ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਚਲਾਈ ਅਗੰਮੀ ਰੀਤ, ਰੀਤੀਵਾਨ ਤੇਰੀ ਬੇਪਰਵਾਹੀਆ । ਤੇਰਾ ਇਕੋ ਢੋਲਾ ਤੂੰ ਮੇਰਾ ਮੈਂ ਤੇਰਾ ਗੀਤ, ਆਤਮ ਪਰਮਾਤਮ ਮਿਲ ਕੇ ਵਜੇ ਵਧਾਈਆ । ਜਿਥੇ ਲੇਖਾ ਰਹੇ ਨਾ ਮੰਦਰ ਮਸੀਤ, ਕਾਇਆ ਕਾਅਬਾ ਇਕੋ ਨਜ਼ਰੀ ਆਈਆ । ਮਿਹਰਵਾਨ ਹੋ ਕੇ ਮਿਲੇ ਤ੍ਰੈਗੁਣ ਅਤੀਤ, ਤ੍ਰੈਭਵਨ ਧਨੀ ਆਪਣਾ ਭੇਵ ਚੁਕਾਈਆ । ਜਨ ਭਗਤਾਂ ਕਾਇਆ ਰਖਣੀ ਸਦਾ ਠੰਢੀ ਸੀਤ, ਅੰਮ੍ਰਿਤ ਮੇਘ ਨਾਮ ਬਰਸਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਦੀ ਸਦੀਵੀ ਰਹੀ ਬੀਤ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਤੂੰ ਮਾਲਕ ਖ਼ਾਲਕ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਤੇਰੀ ਵਡਿਆਈਆ । ਮੇਰਾ ਤੇਰੇ ਕ਼ਦਮਾਂ ਝੁਕੇ ਸੀਸ, ਜਗਦੀਸ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਦੇਣਾ ਬੀਸ ਇਕੀਸ, ਵੀਹ ਇਕੀਹ ਤੇਰਾ ਰੰਗ ਜਨ ਭਗਤਾਂ ਅੰਤਰ ਨਿਰੰਤਰ ਨਜ਼ਰੀ ਆਈਆ ।

ਮਮਾਂ ਕਹੇ ਮੇਰੀ ਸਚ ਧਰਮ ਦੀ ਧਾਰ ਵਿਚੋਂ ਪਰਗਟੇ ਓਹ, ਜਿਸ ਦਾ ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਓਹ ਪ੍ਰੀਤਮ ਹੋ ਕੇ ਭਗਤਾਂ ਕਰੇ ਮੋਹ, ਮੁਹੱਬਤ ਆਪਣੇ ਨਾਲ ਜੁੜਾਈਆ । ਨਾਮ ਜਣਾ ਕੇ ਸੋਹੰ ਸੋ, ਸਤਿਗੁਰ ਹੋ ਕੇ ਵੇਖ ਵਖਾਈਆ । ਜਿਸ ਦਾ ਲੇਖਾ ਅਗੇ ਰਹੇ ਨਾ ਦੋ, ਦੂਸਰ ਵੰਡ ਨਾ ਕੋਇ ਵੰਡਾਈਆ । ਜਨ ਭਗਤਾਂ ਨਾਮ ਨਿਧਾਨਾ ਕਾਇਆ ਮੰਦਰ ਅੰਦਰ ਢੋਆ ਦੇਵੇ ਢੋ, ਵਸਤ ਅਮੁਲ ਅਤੁਲ

ਵਰਤਾਈਆ । ਜਿਸ ਨੂੰ ਏਥੇ ਓਥੇ ਸਕੇ ਕੋਈ ਨਾ ਖੋਹ, ਠਗ ਚੋਰ ਯਾਰ ਨਾ ਕੋਇ ਚੁਰਾਈਆ । ਗ੍ਰਿਹਿ ਗ੍ਰਿਹਿ ਅੰਦਰ ਬਖ਼ਸ਼ੇ ਲੋ, ਲੋਇਣ ਆਪਣਾ ਇਕ ਖੁਲ੍ਹਾਈਆ । ਜਿਸ ਦਾ ਭੇਵ ਨਾ ਜਾਣੇ ਕੋ, ਜਨ ਭਗਤਾਂ ਦਏ ਸਮਝਾਈਆ । ਆਤਮ ਪਰਮਾਤਮ ਜਾਵੇ ਛੋਹ, ਨਿਰਗੁਣ ਨਿਰਗੁਣ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਘੱਘਾ ਕਹੇ ਜਨ ਭਗਤ ਪ੍ਰਭੂ ਦਾ ਬਣੇ ਘਰਾਨਾ, ਗ੍ਰਿਹਿ ਗ੍ਰਿਹਿ ਆਪਣਾ ਆਸਣ ਲਾਈਆ । ਹਰਿਜਨ ਕਦੇ ਨਾ ਕਰੇ ਬੇਗਾਨਾ, ਵਖਰੀ ਵੰਡ ਨਾ ਕੋਇ ਵੰਡਾਈਆ । ਦਿਵਸ ਰੈਣ ਦੇਵੇ ਨਾਮ ਤਰਾਨਾ, ਤੁਰੀਆ ਦੀ ਧਾਰ ਵਿਚੋਂ ਪਰਗਟਾਈਆ । ਆਪਣਾ ਭੇਵ ਖੁਲ੍ਹਾ ਦੇ ਨੌਜਵਾਨਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਵਸਤ ਅਮੋਲਕ ਦੇਵੇ ਦਾਨਾ, ਧੁਰ ਦੀ ਦਾਤ ਆਪ ਵਰਤਾਈਆ । ਨਾਮ ਪ੍ਰੀਤੀ ਪ੍ਰੇਮ ਭਗਤੀ ਤੇ ਨਾਮ ਧੰਨ ਦੌਲਤ ਦਾ ਦੇਵੇ ਖ਼ਜ਼ਾਨਾ, ਜਗਤ ਵਿਚ ਨਿਖੁਟ ਕਦੇ ਨਾ ਜਾਈਆ । ਜਿਸ ਦੇ ਨਾਲ ਜਗਤ ਦੀ ਸ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਭਗਤਾਂ ਦਾ ਬਦਲ ਜਾਏ ਜ਼ਮਾਨਾ, ਜਿਸ ਦੀ ਜ਼ਮੀਂ ਜ਼ਮਾਂ ਦੋਵੇਂ ਦੇਣ ਗਵਾਹੀਆ । ਅਵਤਾਰ ਪੈਗ਼ੰਬਰ ਵੇਖਣ ਉਤੋਂ ਅਸਮਾਨਾ, ਸਚਖੰਡ ਦੁਆਰਿਉਂ ਬਿਨ ਨੈਣਾਂ ਨੈਣ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਪਰਨਾਮਾ, ਨਿਵ ਨਿਵ ਸੀਸ ਝੁਕਾਈਆ । ਸਤਿਗੁਰ ਸ਼ਬਦ ਕਹੇ ਮੈਂ ਭਗਤਾਂ ਸੰਗ ਨਿਭਾਣਾ, ਸਗਲਾ ਸੰਗੀ ਇਕ ਹੋ ਆਈਆ । ਜਿਸ ਨੇ ਦੀਨ ਦੁਨੀ ਵਿਚੋਂ ਦਰਦ ਦੁਖ ਮਿਟਾਣਾ, ਮਿੱਟੀ ਖ਼ਾਕ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਰਾਰਾ ਕਹੇ ਮੇਰਾ ਭਗਤਾਂ ਨਾਲ ਪ੍ਰਭੂ ਬਣਾਇਆ ਰਿਸ਼ਤਾ, ਰਿਸ਼ਤੇਦਾਰੀ ਨਜ਼ਰ ਕੋਇ ਨਾ ਆਈਆ । ਜਿਸ ਦਾ ਭੇਵ ਪਾ ਸਕੇ ਨਾ ਜਬਰਾਈਲ ਫ਼ਰਿਸ਼ਤਾ, ਮੇਕਾਈਲ ਅਸਰਾਫ਼ੀਲ ਬੈਠਣ ਸੀਸ ਨਿਵਾਈਆ । ਜਿਹੜਾ ਪੁਰਖ ਅਕਾਲਾ ਦੀਨ ਦਿਆਲਾ ਜਗ ਨੇਤਰ ਕਿਸੇ ਨਹੀਂ ਦਿਸਦਾ, ਉਹ ਭਗਤਾਂ ਅੰਦਰ ਮਿਲ ਮਿਲ ਆਪਣੀ ਖ਼ੁਸ਼ੀ ਬਣਾਈਆ । ਜੋ ਸਚ ਸੁਆਮੀ ਅੰਤਰਜਾਮੀ ਹੋ ਕੇ ਲੇਖਾ ਫਿਰੇ ਲਿਖਦਾ, ਲਿਖਿਆ ਲੇਖ ਨਾ ਕੋਇ ਮਿਟਾਈਆ । ਪੁਰਖ ਅਕਾਲੇ ਦੀਨ ਦਿਆਲੇ ਗੋਬਿੰਦ ਧਾਰ ਗੁਰਮੁਖ ਬਣਨਾ ਰੂਪ ਸਾਚੇ ਸਿੱਖ ਦਾ, ਜਿਸ ਸਿੱਖੀ ਵਿਚੋਂ ਸਿਖਿਆ ਸਾਚੀ ਲਏ ਪਰਗਟਾਈਆ । ਭਗਤ ਭਗਵਾਨ ਦਾ ਵੇਰਵਾ ਨਹੀਂ ਕੋਈ ਦੂਰ ਨੇੜੇ ਵਿਥ ਦਾ, ਵਖਰੀ ਵੰਡ ਨਾ ਕੋਇ ਵੰਡਾਈਆ । ਸਾਚਾ ਬਚਨ ਸ਼ਬਦ ਸਤਿਗੁਰ ਯਾਦ ਰਖਣਾ ਪਹਿਲੀ ਮੱਘਰ ਦੀ ਥਿਤ ਦਾ, ਥਿਤ ਵਾਰ ਜਿਸ ਨੂੰ ਸਾਰੇ ਸੀਸ ਨਿਵਾਈਆ । ਇਹ ਹੁਕਮ ਅਗੰਮਾ ਓਸ ਅਬਿਨਾਸ਼ੀ ਅਚੁਤ ਦਾ, ਜੋ ਚੇਤਨ ਸਭ ਨੂੰ ਦਏ ਕਰਾਈਆ । ਭਗਤ ਭਗਵਾਨ ਦਾ ਆਤਮ ਪਰਮਾਤਮ ਅਗੇ ਦਾ ਮੇਲਾ ਜਿਉਂ ਨਾਤਾ ਪਿਤਾ ਪੁਤ ਦਾ, ਪੂਤ ਸਪੂਤੇ ਆਪਣੀ ਗੋਦ ਉਠਾਈਆ । ਜਿਸ ਮਿਹਰਵਾਨ ਦਾ ਭੰਡਾਰਾ ਦੇਂਦਿਆਂ ਕਦੇ ਨਹੀਂ ਮੁਕਦਾ, ਦੇਵਣਹਾਰ ਧੁਰਦਰਗਾਹੀਆ । ਉਸ ਦਾ ਲਾਇਆ ਬੂਟਾ ਭਗਤ ਕਦੇ ਨਹੀਂ ਸੁਕਦਾ, ਚਾਰ ਜੁਗ ਦੇ ਸ਼ਾਸਤਰ ਓਸੇ ਦਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਮੱਘਰ ਕਹੇ ਪ੍ਰਭੂ ਤੇਰੇ ਸਤਿਗੁਰ ਸ਼ਬਦ ਦਾ ਕੌਲ ਇਕਰਾਰ, ਇਕਰਾਰਨਾਮੇ ਚਾਰ ਜੁਗ ਦੇ ਨਾਲ ਮਿਲਾਈਆ । ਦੀਨ ਦੁਨੀ ਤੋਂ ਵਖਰੀ ਤੇਰੀ ਸਤਿ ਸਚ ਦੀ ਧਾਰ, ਧਰਮ ਦੀ ਧਾਰ ਤੇਰੀ ਬੇਪਰਵਾਹੀਆ । ਹਰਿਜਨ ਸੰਤ ਸੁਹੇਲੇ ਲੈਣੇ ਤਾਰ, ਤੁਰਤ ਆਪਣਾ ਭੇਵ ਚੁਕਾਈਆ । ਰਾਤੀਂ ਸੁਤਿਆਂ ਦੇਣਾ ਦੀਦਾਰ, ਦਿਨੇ ਜਾਗਦਿਆਂ ਆਪਣੇ ਰੰਗ ਰੰਗਾਈਆ । ਘਰ ਘਰ

ਗ੍ਰਿਹਿ ਗ੍ਰਿਹਿ ਗ਼ਰੀਬ ਨਿਮਾਣਿਆਂ ਸਤਿ ਸਚ ਦੇ ਭਰੀਂ ਭੰਡਾਰ, ਦੇਂਦਿਆਂ ਤੋਟ ਕਦੇ ਨਾ ਆਈਆ । ਤੂੰ ਦੇਵਣਹਾਰਾ ਏਕੰਕਾਰ, ਇਕ ਇਕੱਲਾ ਧੁਰ ਦਾ ਮਾਹੀਆ । ਗ਼ਰੀਬ ਨਿਮਾਣਿਆਂ ਪੈਜ ਦੇਣੀ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਧਾਰ ਉਤੇ ਸ਼ਬਦ ਦੀ ਧਾਰ ਹੋ ਕੇ ਰਹਿਣਾ ਬਰਕ਼ਰਾਰ, ਊਣਤਾ ਵਿਚ ਊਣਤਾ ਜਗਤ ਨਾ ਕੋਇ ਰਖਾਈਆ ।

ਜਨ ਭਗਤੋਂ ਤੁਹਾਡੇ ਨਾਲ ਨਹੀਂ ਹੋਵੇਗਾ ਛਲ, ਸ੍ਰਿਸ਼ਟੀ ਛਲ ਵਿਚ ਸਾਰੀ ਲੈਣੀ ਫਸਾਈਆ । ਤੁਹਾਡੇ ਨਾਲ ਨਹੀਂ ਹੋਵੇਗਾ ਵਲ, ਵਲਵਲਿਆਂ ਵਿਚ ਦੀਨ ਦੁਨੀ ਦਏ ਦੁਹਾਈਆ । ਤੁਹਾਡੇ ਅੰਦਰ ਜਾਵੇ ਰਲ, ਝਗੜਾ ਵੇਖੇ ਖ਼ਲਕ ਖ਼ੁਦਾਈਆ । ਤੁਹਾਡਾ ਹੋਵੇ ਨਾ ਵਿਛੋੜਾ ਪਲ, ਪਲਕਾਂ ਦੇ ਪਿਛੇ ਨਜ਼ਰ ਆਵੇ ਧੁਰ ਦਾ ਮਾਹੀਆ । ਇਹ ਅੱਜ ਦੀ ਘੜੀ ਸੁਲਖਣੀ ਕਪੂਰ ਸਿੰਘ ਦੇ ਘਰ ਦੀ ਗੱਲ, ਗਲਵਕੜੀ ਸਭ ਨਾਲ ਲਏ ਪਾਈਆ । ਭਾਵੇਂ ਕੋਈ ਜਲ ਵਸੇ ਭਾਵੇਂ ਵਸੇ ਵਿਚ ਥਲ, ਜੰਗਲ ਪਹਾੜਾਂ ਉਤੇ ਵੇਖੇ ਚਾਈਂ ਚਾਈਂਆ । ਸਮਰਾਟਾ ਇਹ ਓਹ ਵਾਅਦਾ ਓਹ ਕੌਲ ਇਕ਼ਰਾਰ ਜਿਹੜਾ ਕੀਤਾ ਸੀ ਨਾਲ ਰਾਜੇ ਬਲ, ਬਲ ਦਾ ਲਹਿਣਾ ਫੇਰ ਚੌਥੇ ਜੁਗ ਝੋਲੀ ਪਾਈਆ । ਓਹ ਲਾਲ ਬਸਤਰ ਪਹਿਨਣ ਵਾਲਿਆ ਜ਼ਰਾ ਹੁਣ ਬਦਲ

ਕੇ ਵੇਖ ਕਿਹੜਾ ਨਿਹਚਲ ਧਾਮ ਅਟਲ, ਤੈਨੂੰ ਸੁਤਿਆਂ ਸੁਤਿਆਂ ਸਭ ਕੁਛ ਦੇਣਾ ਵਖਾਈਆ । ਜਿਸ ਦੇ ਨਾਲ ਜ਼ਿਮੀਂ ਅਸਮਾਨ ਰਹੇ ਹਲ, ਥਰਥਰਾਹਟ
੧੧੧੫ ੨੪
ਵਿਚ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾ ਛਲ ਰਿਹਾ ਨਾ ਛਿਦਰ, ਸ਼ਹਿਨਸ਼ਾਹ ਪੂਰਬ ਲੇਖ ਚੁਕਾਈਆ । ਭਗਤੋ ਓਹ ਮਾਣ ਮਿਲਣਾ, ਜਿਹੜਾ ਤੁਹਾਨੂੰ ਅਗੇ ਲਗਾ ਦਏ ਬਿਦਰ, ਜਿਸ ਦੀ ਸੁਦਾਮਾ ਦਏ ਗਵਾਹੀਆ । ਅਗੇ ਪ੍ਰਭੂ ਇਧਰ ਜਾਂਦਾ ਸੀ ਉਧਰ ਜਾਂਦਾ ਸੀ ਹੁਣ ਆ ਗਿਆ ਤੁਹਾਡੇ ਪਿਆਰ ਵਾਲੀ ਵਿਚ ਸਿੱਧਰ, ਸਿੱਧਾ ਹੋ ਕੇ ਆਪਣਾ ਮਾਰਗ ਦਏ ਵਖਾਈਆ । ਜਿਸ ਦੇ ਕੋਲ ਆਦਿ ਜੁਗਾਦਿ ਜੁਗ ਚੌਕੜੀ ਅਨਕ ਕਲਾ ਦੀ ਬਿਧਨ, ਬਿਧਾਂ ਦਾ ਮਾਲਕ ਧੁਰਦਰਗਾਹੀਆ । ਭਗਤਾਂ ਦੇ ਤਨ ਵਜੂਦ ਸੀਨੇ ਨਾਮ ਨਿਧਾਨੇ ਨਾਲ ਆਏ ਵਿਧਨ, ਵਿਦਿਆ ਤੋਂ ਬਾਹਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਂਆ । ਛਲ ਕਹੇ ਪ੍ਰਭੂ ਤੇਰੀ ਅਛਲ ਅਛੱਲ ਦੀ ਆਦਿ ਜੁਗਾਦੀ ਧਾਰ, ਤੇਰੀ ਬੇਪਰਵਾਹੀਆ । ਪਰ ਅੱਜ ਤੋਂ ਅਸੀਂ ਤੇਰੇ ਭਗਤ ਨੂੰ ਕਰਾਂਗੇ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਤੇਰੇ ਪ੍ਰੇਮ ਦਾ ਹਰ ਹਿਰਦੇ ਆਵੇਗਾ ਪਿਆਰ, ਪ੍ਰੇਮ ਪ੍ਰੇਮ ਵਿਚੋਂ ਪਰਗਟਾਈਆ । ਖ਼ੁਸ਼ੀਆਂ ਦੀ ਖ਼ੁਸ਼ਹਾਲੀ ਵੇਖਾਂਗੇ ਬਹਾਰ, ਪੱਤ ਟਹਿਣੀ ਫਲ ਫੁਲ ਮਹਿਕਾਈਆ । ਜਿਸ ਦਾ ਵਿਛੋੜਾ ਝਲਿਆ ਪਿਛਲੇ ਜੁਗ ਵਿਚ ਸੰਸਾਰ, ਉਹ ਕਲਜੁਗ ਅੰਤਮ ਲਹਿਣੇ ਦਏ ਮੁਕਾਈਆ । ਭਗਤਾਂ ਦਾ ਭਗਤੀ ਵਿਚ ਤੇਰੇ ਦਰ ਤੇ ਹੋਵੇ ਅਧਿਕਾਰ, ਦਰਗਾਹ ਸਾਚੀ ਮਿਲ ਕੇ ਵਜੇ ਵਧਾਈਆ । ਪਰਮਾਰਥ ਸਵਾਰਥ ਦੋਹਾਂ ਵਿਚ ਪੈਜ ਦੇਣੀ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਭ ਦਾ ਧਰਮ ਤੇ ਧਰਮ ਦਾ ਜੈਕਾਰ, ਜੈ ਜੈਕਾਰ ਧੁਨ ਵਜਦੀ ਰਹੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ

ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਛਲ ਵਲ ਕਲਜੁਗ ਕਲ ਭਗਤਾਂ ਵਿਚੋਂ ਵਖਰਾ ਦਿਤਾ ਘੱਲ, ਜੋ ਸ੍ਰਿਸ਼ਟੀ ਵਿਚ ਜਾ ਕੇ ਜਾਏ ਰਲ, ਮਹਲ ਗੁਰਮੁਖਾਂ ਦੇ ਰਹਿਣ ਕੋਇ ਨਾ ਪਾਈਆ ।

ਓ ਯਸੂ, ਓ ਮਸੀਹ, ਆ ਕੇ ਆਪਣਾ ਵੇਖ ਲਿਬਾਸ, ਲਬਰੇਜ਼ ਵੇਖ ਖ਼ਲਕ ਖ਼ੁਦਾਈਆ । ਯੌਰੋਸ਼ਲਮ ਦੀ ਧਾਰ ਵਿਚੋਂ ਕਰ ਕਿਆਸ, ਬਿਨਾ ਅਕਲ ਬੁੱਧੀ ਤੋਂ ਖੋਜ ਖੁਜਾਈਆ । ਜਿਸ ਧਾਰ ਵਿਚ ਤੇਰੇ ਗਲ ਵਿਚ ਪਈ ਫਾਸ, ਸਲੀਬ ਸਲੀਬ ਵਿਚੋਂ ਪਰਗਟਾਈਆ । ਉਸ ਨੂੰ ਸਮਝ ਨਾ ਸਕੇ ਸ਼ੰਕਰ ਕੈਲਾਸ਼, ਕਲਾਧਾਰੀ ਕੀ ਕਲ ਆਪਣੇ ਹੱਥ ਰਖਾਈਆ । ਕੀ ਹੁਕਮ ਦੇਵੇ ਤੇਰਾ ਬਾਪ ਉਤੇ ਆਕਾਸ਼, ਅਸਮਾਨਾਂ ਦਾ ਮਾਲਕ ਧੁਰਦਰਗਾਹੀਆ । ਜਿਸ ਦੇ ਉਤੇ ਤੈਨੂੰ ਵਿਸ਼ਵਾਸ, ਵਿਸ਼ਵ ਦਾ ਪਰਦਾ ਦਿਤਾ ਖੁਲ੍ਹਾਈਆ । ਓਹ ਮਸੀਹ, ਜਿਸ ਵੇਲੇ ਤੇਰੀ ਸਲੀਬ ਤੋਂ ਅਲਗ ਕੀਤੀ ਸੀ ਲਾਸ਼, ਤੈਨੂੰ ਇਹੋ ਚਿੱਟਾ ਬਸਤਰ ਦਿਤਾ ਪਹਿਨਾਈਆ । ਤੂੰ ਹਸ ਕੇ ਕਿਹਾ ਮੇਰੀ ਵੀਹਵੀਂ ਸਦੀ ਦੇ ਅੰਤ ਇਹ ਖੇਲ ਹੋਵੇਗਾ ਖ਼ਾਸ, ਯੂਰਪ ਦੀ ਧਰਤੀ ਦਏ ਗਵਾਹੀਆ । ਜਿਸ ਦਾ ਲੇਖ ਲਿਖਿਆ ਸੀ ਬਲਗਾਰੀਆ ਯੁਗੋਸਲਾਵੀਆ ਦੇ ਪਾਸ, ਜੁਗਤੀ ਅੱਖਰਾਂ ਵਿਚ ਛੁਪਾਈਆ । ਨਾਲ ਲਹਿਣਾ ਦੇਣਾ ਸੀ ਬਲ ਦਾ ਜਿਸ ਦੇ ਯਗ ਵਿਚ ਓਥੋਂ ਵਸਤੂ ਆਈ ਸੀ ਖ਼ਾਸ, ਅਸਵਮੇਦ ਯਗ ਵਿਚ ਟਿਕਾਈਆ । ਉਸ ਵੇਲੇ ਬਰਾੜ ਸੀ ਸਮਰਾਟ, ਸੂਰਬੀਰ ਬਹਾਦੁਰ ਯੋਧਾ ਆਪਣਾ ਬਲ ਪਰਗਟਾਈਆ । ਇਹ ਅੱਜ ਦਾ ਨਹੀਂ ਇਹ ਚਾਰ ਜੁਗ ਦਾ ਇਤਹਾਸ, ਜੁਗ ਚੌਕੜੀ ਖੇਲ ਧੁਰ ਦੀ ਚਲੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਚਿੱਟਾ ਕਹੇ ਮੈਂ ਚਿੱਟਾ ਤੇ ਭਗਤ ਲਾਲ, ਲਾਲ ਚਿੱਟਾ ਇਕ ਦੂਜੇ ਵਿਚ ਸਮਾਈਆ । ਜਿਨ੍ਹਾਂ ਦਾ ਇਕੋ ਦੁਆਰਾ ਤੇ ਇਕੋ ਧਰਮਸਾਲ, ਗ੍ਰਿਹ ਇਕੋ ਸੋਭਾ ਪਾਈਆ । ਜਿਥੇ ਜਲਵਾ ਜੋਤ ਤੇ ਨੂਰ ਜਲਾਲ, ਜਗ ਵੇਖਣ ਨੇਤਰ ਤੇ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਦਾ ਬਿਨਾ ਸਤਿਗੁਰ ਸ਼ਬਦ ਤੋਂ ਕੋਈ ਹੋਰ ਨਹੀਂ ਦਲਾਲ, ਵਿਚੋਲਾ ਭੇਵ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦੁਆਰ ਇਕ ਸੁਹਾਈਆ । ਚਿੱਟਾ ਕਹੇ ਮੈਂ ਕੋਈ ਬਸਤਰ ਕਪੜਾ ਨਹੀਂ ਧਾਗਾ ਸੂਤ, ਸਚ ਸਚ ਦਿਆਂ ਜਣਾਈਆ । ਮੇਰਾ ਨਾਤਾ ਨਹੀਂ ਕੋਈ ਤਨ ਵਜੂਦ ਕਲਬੂਤ, ਹਡ ਮਾਸ ਨਾੜੀ ਮਿਲ ਕੇ ਖ਼ੁਸ਼ੀ ਬਣਾਈਆ । ਮੈਂ ਤੇ ਸਿਰਫ਼ ਭਗਤ ਭਗਵਾਨ ਦਾ ਦੇਣ ਆਇਆ ਸਬੂਤ, ਪੂਰਬ ਲੇਖਾ ਲੇਖੇ ਵਿਚੋਂ ਸਮਝਾਈਆ । ਭਗਵਾਨ ਨਾਲੋਂ ਸਦਾ ਭਗਤ ਹੁੰਦਾ ਮਜ਼ਬੂਤ, ਜੋ ਦੀਨ ਦੁਨੀ ਵਿਚ ਸਮਾਜ ਰਾਜ ਦੀਆਂ ਟੱਕਰਾਂ ਖਾ ਖਾ ਆਪਣਾ ਆਪ ਫੇਰ ਲਏ ਉਠਾਈਆ । ਪ੍ਰਭੂ ਜਦੋਂ ਕਿਰਪਾ ਕੀਤੀ ਭਗਤਾਂ ਦੇ ਸਿਰ ਤੇ ਰਖਿਆ ਤਾਜ, ਨਿਰਗੁਣ ਬਿਨ ਹੱਥਾਂ ਹੱਥ ਉਠਾਈਆ । ਜਦੋਂ ਮਿਹਰ ਕੀਤੀ ਤੇ ਅੰਦਰ ਮਾਰੀ ਅਵਾਜ਼, ਸੁਤਿਆਂ ਲਿਆ ਜਗਾਈਆ । ਜਦੋਂ ਕਿਰਪਾ ਕੀਤੀ ਤੇ ਨਵੀਂ ਸਾਜਣਾ ਲਈ ਸਾਜ, ਸਾਜਣ ਹੋ ਕੇ ਵੇਖੇ ਚਾਈਂ ਚਾਈਆ । ਗੁਰਮੁਖੋ ਗੁਰਸਿਖੋ ਸੂਫ਼ੀਓ ਸੰਤੋ ਭਗਤ ਭਗਵਾਨ ਕਦੇ ਨਹੀਂ ਹੁੰਦੇ ਨਾਰਾਜ਼, ਜਗਤ ਦੇ ਵਿਹਾਰ ਵਿਚ ਆਪਣਾ ਖੇਲ ਖੇਲਣ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਆ । ਚਿੱਟਾ ਬਸਤਰ ਕਹੇ ਮੈਂ

ਬਿਨ ਬਾਹਵਾਂ ਵਾਲਾ ਚੋਗਾ, ਜਿਸ ਨੂੰ ਅਲਫ਼ੀ ਕਹਿ ਕੇ ਸਾਰੇ ਗਾਈਆ । ਮੇਰਾ ਰੂਪ ਪਰਗਟਿਆ ਵਿਚ ਮੋਗਾ, ਮੇਰੇ ਜਨਮ ਨੂੰ ਜਨਮ ਵਿਚੋਂ ਮਿਲੀ ਵਡਿਆਈਆ । ਮੈਂ ਹੋ ਗਿਆ ਉਸ ਦੇ ਜੋਗਾ, ਜਿਸ ਦੀ ਜੁਗਤੀ ਸਮਝ ਕੋਇ ਨਾ ਪਾਈਆ । ਮੇਰਾ ਲਹਿਣਾ ਰਿਹਾ ਨਹੀਂ ਚੌਦਾਂ ਲੋਕਾ, ਚੌਦਾਂ ਤਬਕ ਨਾ ਕੋਇ ਵਡਿਆਈਆ । ਧੰਨ ਭਾਗ ਪਹਿਲੀ ਮੱਘਰ ਮੈਨੂੰ ਮਿਲ ਗਿਆ ਮੌਕਾ, ਜੋ ਮਸੀਹ ਅੱਖਰਾਂ ਤੋਂ ਬਿਨਾ ਨਿਰ ਅੱਖਰ ਧਾਰ ਗਿਆ ਸਮਝਾਈਆ । ਇਹ ਕਿਸੇ ਨੂੰ ਦੱਸਿਆ ਨਹੀਂ ਸੁਣਾਇਆ ਨਹੀਂ ਸਮਝਾਇਆ ਨਹੀਂ ਅੰਦਰੋਂ ਪ੍ਰਭੂ ਦੀ ਧਾਰ ਦੇ ਪਿਆਰ ਨੇ ਪੈਦਾ ਕੀਤਾ ਸ਼ੌਕਾ, ਜੋ ਸ਼ੌਕ ਤੇ ਸੋਗ ਦੋਵੇਂ ਖੇਲ ਵਖਾਈਆ । ਏਸ ਮੰਜ਼ਲ ਤੇ ਬਿਨਾ ਭਗਤਾਂ ਤੋਂ ਹੋਰ ਕੋਈ ਨਹੀਂ ਪਹੁੰਚਾ, ਦੁਆਰ ਨਜ਼ਰ ਕਿਸੇ ਨਾ ਆਈਆ । ਇਹੋ ਇਸ਼ਾਰਾ ਦਿਤਾ ਗੋਬਿੰਦ ਨੇ ਜਿਸ ਵੇਲੇ ਮੇਰਾ ਬੀਤ ਗਿਆ ਢਈਆ ਤੇ ਮੈਂ ਲਾ ਕੇ ਉਠਿਆ ਢੌਕਾ, ਆਪ ਆਪਣੀ ਲੈ ਅੰਗੜਾਈਆ । ਮੇਰਾ ਕਿਸੇ ਨੂੰ ਪਤਾ ਨਹੀਂ ਲਗਣਾ ਕੇਹੜਾ ਪਟਣਾ ਤੇ ਕੇਹੜਾ ਪੌਂਟਾ, ਕਵਣ ਦੁਆਰ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਸਰਗੁਣ ਆਪਣੀ ਖੇਲ ਖਿਲਾਏ ਆਪਣੇ ਮਾਰਗ ਦੀ ਆਪ ਚਲਾਏ ਰੌਂਸਾ, ਰੀਤੀ ਰੀਤੀ ਰੀਤੀ ਆਪਣੇ ਵਿਚੋਂ ਪਰਗਟਾਈਆ ।



## ✪ ਪਹਿਲੀ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

੧੧੧੭ ੨੪

ਧਰਨੀ ਕਹੇ ਚਾਰ ਜੁਗ ਦੇ ਸ਼ਾਸਤਰੋ ਮੈਨੂੰ ਦੱਸੋ ਆਪਣੀ ਕਥਾ, ਕਹਾਣੀ ਖ਼ੁਸ਼ੀਆਂ ਨਾਲ ਦ੍ਰਿੜਾਈਆ । ਪਰਦਾ ਲਾਹਵੋ ਯਥਾਰਥ ਯਥਾ, ਯਦੀ ਯਦਪ ਦਿਓ ਸਮਝਾਈਆ । ਕੀ ਲਹਿਣਾ ਦੇਣਾ ਦੀਨ ਦੁਨੀ ਦਾ ਤੁਹਾਡਾ ਹੱਥੋ ਹੱਥਾ, ਲੇਖਾ ਕਵਣ ਦਰ ਰਖਾਈਆ । ਕਿਉਂ ਦੀਨ ਦੁਨੀ ਤੁਹਾਨੂੰ ਟੇਕਦੀ ਮੱਥਾ, ਮਸਤਕ ਲੇਖ ਕੀ ਸਮਝਾਈਆ । ਕੀ ਤੁਹਾਡੀ ਧਾਰ ਦਾ ਚਲਦਾ ਰਥਾ, ਰਥਵਾਹੀਓ ਦਿਓ ਸਮਝਾਈਆ । ਝਟ ਨਾਰਦ ਆ ਕੇ ਜ਼ੋਰ ਦੀ ਹੱਸਾ, ਤਾਲੀ ਬਿਨ ਹੱਥਾਂ ਦਿਤੀ ਵਜਾਈਆ । ਧਰਨੀਏ ਮੈਂ ਪੁੱਜਾ ਪੰਧ ਮੁਕਾ ਕੇ ਮਸਾਂ, ਮੱਸਿਆ ਰੈਣ ਅੰਧੇਰੀ ਕਲਜੁਗ ਨਾਲ ਮਿਲਾਈਆ । ਬਿਨ ਕ਼ਦਮਾਂ ਆਇਆ ਨੱਸਾ, ਭੱਜਿਆ ਵਾਹੋ ਦਾਹੀਆ । ਮੈਂ ਇਕੋ ਧਾਰ ਤਕੀ ਹੋੜਾ ਉਤੇ ਸਸਾ, ਸਤਿਗੁਰ ਸ਼ਬਦ ਸ਼ਬਦ ਵਡਿਆਈਆ । ਹਾਹਾ ਟਿੱਪੀ ਤਕੀ ਨਾਲ ਅੱਖਾਂ, ਸਤਿ ਨੇਤਰ ਇਕ ਖੁਲ੍ਹਾਈਆ । ਮੈਨੂੰ ਭੁਲ ਗਿਆ ਕਿਸ਼ਨਾ ਸ਼ੁਕਲਾ ਪੱਖਾ, ਇਕੋ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਧਰਨੀ ਕਹੇ ਚਾਰ ਜੁਗ ਦੇ ਸ਼ਾਸਤਰੋ ਮੈਨੂੰ ਦੱਸੋ ਆਪਣੀ ਕਹਾਣੀ, ਕਹਾਵਤ ਜਗਤ ਨਾ ਕੋਇ ਜਣਾਈਆ । ਕੇਹੜਾ ਅੱਖਰ ਕੇਹੜੀ ਬਾਣੀ, ਬਾਣ ਅਣਿਆਲਾ ਤੀਰ ਲਗਾਈਆ । ਲਹਿਣਾ ਦੇਣਾ ਮੁਕਾਏ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਲੇਖ ਰਹੇ ਨਾ ਰਾਈਆ । ਸੁਰਤੀ ਸ਼ਬਦ ਮਿਲਾਏ ਹਾਣੀ, ਮੇਲ ਮਿਲਾਣਾ ਸਹਿਜ ਸੁਭਾਈਆ । ਲੇਖਾ ਰਹੇ ਨਾ ਜੀਵ ਪ੍ਰਾਣੀ, ਆਵਣ ਜਾਵਣ ਗੰਢ ਨਾ ਕੋਇ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਚਾਰ ਜੁਗ ਦੇ ਸ਼ਾਸਤਰੋ ਤੁਸੀਂ ਅੱਖਰਾਂ ਵਾਲੇ ਗ੍ਰੰਥ, ਪੂਜਣ ਯੋਗ

ਨਜ਼ਰੀ ਆਈਆ । ਤੁਹਾਡਾ ਸਭ ਦਾ ਕੇਹੜਾ ਕੇਹੜਾ ਪੰਥ, ਪੰਥੀਓ ਮੈਨੂੰ ਦਿਓ ਸਮਝਾਈਆ । ਤੁਹਾਡਾ ਖੇਲ ਕੇਹੜੀ ਧਾਰ ਵਿਚ ਬਹੁ ਗਿਣਤੀ ਅਗਣਤ ਅਸੰਖ, ਪਰਦਾ ਪਰਦਾ ਦਿਓ ਉਠਾਈਆ । ਤੁਹਾਡਾ ਕੇਹੜਾ ਚਿੱਲਾ ਤੀਰ ਕਮਾਨ ਧਨੁਖ, ਜੋ ਅਣਿਆਲਾ ਦਿਉਂ ਚਲਾਈਆ । ਕੇਹੜਾ ਨਾਮ ਨਿਧਾਨਾ ਸੰਖ, ਜਗਤ ਜੁਗਤ ਕਰੇ ਸ਼ਨਵਾਈਆ । ਕੇਹੜਾ ਪ੍ਰੇਮ ਪਿਆਰ ਵਾਲਾ ਬੰਸ, ਬੰਸਾਵਲੀ ਕਵਣ ਹੋ ਜਾਈਆ । ਕੇਹੜੀ ਧਾਰ ਹੋਵੇ ਹੰਸ, ਕਾਗ ਹੰਸ ਰੂਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਚਾਰ ਜੁਗ ਦੇ ਸ਼ਾਸਤਰੋ ਆਪਣਾ ਖ਼ੁਸ਼ੀਆਂ ਵਾਲਾ ਦੱਸੋ ਹਾਲ, ਹਾਲਤ ਬੀਤੀ ਦਿਓ ਦ੍ਰਿੜਾਈਆ । ਕੇਹੜਾ ਤੁਹਾਡਾ ਵਜੇ ਤਾਲ, ਕਵਣ ਰਾਗ ਕਰੇ ਸ਼ਨਵਾਈਆ । ਕੇਹੜੀ ਘਾਲਣ ਰਹੇ ਘਾਲ, ਸੇਵਕ ਹੋ ਕੇ ਸੇਵ ਕਮਾਈਆ । ਕੇਹੜਾ ਮੰਦਰ ਸੁਹਾਇਆ ਧਰਮਸਾਲ, ਕਵਣ ਬੰਕ ਦਿਤੀ ਵਡਿਆਈਆ । ਕਵਣ ਸ਼ਾਹ ਬਣਾਇਆ ਕੰਗਾਲ, ਭੁੱਖਿਆਂ ਭੁਖ ਮਿਟਾਈਆ । ਕਵਣ ਫਲ ਲਗਾਇਆ ਡਾਲ, ਪੱਤ ਟਹਿਣੀ ਕਵਣ ਮਹਿਕਾਈਆ । ਆਪਣੀ ਆਪਣੀ ਦੱਸੋ ਚਾਲ, ਕਿਸ ਬਿਧ ਭੱਜੇ ਵਾਹੋ ਦਾਹੀਆ । ਕੇਹੜੀ ਵਸਤ ਸਚਾ ਧਨ ਮਾਲ, ਕਵਣ ਦੁਆਰ ਦਿਓ ਵਰਤਾਈਆ । ਕਿਸ ਬਿਧ ਪੋਹ ਨਾ ਸਕੇ ਕਾਲ, ਮਹਾਕਾਲ ਨਾ ਭੈ ਰਖਾਈਆ । ਕਿਸ ਬਿਧ ਮੁਰਸ਼ਦ ਹੋ ਕੇ ਮੁਰੀਦਾਂ ਪੁਛੇ ਹਾਲ, ਹਾਲਾਤ ਵੇਖੋਂ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸ਼ਾਸਤਰ ਕਹਿਣ ਧਰਨੀਏ ਅਸੀਂ ਪੁਰਾਤਨ ਪੁਰਾਣੇ ਚਾਰ ਜੁਗ, ਯੁਗਤੀ ਨਾਲ ਪ੍ਰਭ ਨੇ ਦਿਤਾ ਪਰਗਟਾਈਆ । ਅੰਤ ਸਾਡੀ ਔਧ ਰਹੀ ਪੁਗ, ਪੂਜਣਯੋਗ ਆਪਣਾ ਹੁਕਮ ਵਰਤਾਈਆ । ਸਾਨੂੰ ਪੜ੍ਹ ਕੇ ਕਲਜੁਗ ਜੀਵਾਂ ਪਵਿਤ੍ਰ ਹੋਵੇ ਨਾ ਬੁੱਧ, ਬਿਬੇਕ ਨਜ਼ਰ ਕੋਇ ਨਾ ਆਈਆ । ਸਤਿ ਵਿਚ ਦਿਸੇ ਕਿਸੇ ਨਾ ਸੁਧ, ਸੁਰਤੀ ਸ਼ਬਦ ਨਾ ਕੋਇ ਸਮਾਈਆ । ਮਨੂਆ ਮਨ ਰਿਹਾ ਕੁੱਦ, ਭੱਜੇ ਵਾਹੋ ਦਾਹੀਆ । ਪੰਚ ਵਿਕਾਰਾ ਕਰੇ ਯੁੱਧ, ਘਰ ਘਰ ਵੇਖ ਲੜਾਈਆ । ਸਾਨੂੰ ਆਪਣੀ ਰਹੀ ਨਾ ਸੁਧ, ਬਸੁਧਾ ਤੈਨੂੰ ਦਈਏ ਸਮਝਾਈਆ । ਸਾਡਾ ਧਰਮ ਦਾ ਦੀਪਕ ਗਿਆ ਬੁਝ, ਜੋਤੀ ਨੂਰ ਨੂਰ ਨਾ ਕੋਇ ਚਮਕਾਈਆ । ਧਰਮ ਨਿਸ਼ਾਨਾ ਗਿਆ ਉਡ, ਖੋਜਿਆਂ ਹੱਥ ਕਿਸੇ ਨਾ ਆਈਆ । ਸਾਡੀ ਸਭ ਦੀ ਦੀਨ ਦੁਨੀ ਨੂੰ ਮਾਰਨਿੰਗ ਈਵਨਿੰਗ ਗੁੱਡ, ਗਾਡ ਦੇ ਹੁਕਮ ਵਿਚ ਸੀਸ ਨਿਵਾਈਆ । ਅਸੀਂ ਬੇਸ਼ਕ ਸੜਨਾ ਨਹੀਂ ਨਾਲ ਕਿਸੇ ਵੁਡ, ਤਨ ਵਜੂਦ ਨਾ ਕੋਇ ਵਖਾਈਆ । ਸਾਡਾ ਲਹਿਣਾ ਦੇਣਾ ਇਕੋ ਪੁਰਖ ਅਕਾਲ ਨਾਲ ਸ਼ੁਡ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਚਾਰ ਜੁਗ ਦੇ ਸ਼ਾਸਤਰ ਕਹਿਣ ਧਰਨੀਏ ਅਸੀਂ ਕੀ ਦੱਸੀਏ ਆਪਣੀ ਸੱਧਰ, ਸਦਮੇ ਵਿਚ ਦਈਏ ਦੁਹਾਈਆ । ਸਾਡੀ ਰਹੀ ਕੋਈ ਨਾ ਕਦਰ, ਕ਼ੁਦਰਤ ਦੇ ਕ਼ਾਦਰ ਦਈਏ ਸੁਣਾਈਆ । ਸਾਡੀ ਸੁਣੇ ਧੁਨ ਕੋਇ ਨਾ ਮਧਰ, ਆਤਮਕ ਨਾਦ ਸੁਣਨ ਕੋਇ ਨਾ ਪਾਈਆ । ਕਲਜੁਗ ਕੂੜ ਕੁੜਿਆਰੇ ਪਾਇਆ ਗ਼ਦਰ, ਨਵ ਸੱਤ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਚਾਰ ਜੁਗ ਦੇ ਸ਼ਾਸਤਰ ਕਹਿਣ ਧਰਨੀਏ ਤੂੰ ਸਾਡਾ ਅੰਤਸ਼ਕਰਨ ਚਾਰ ਜੁਗ ਚੀਨਾ, ਖੋਜ ਕੀਤੀ ਚਾਈਂ ਚਾਈਂਆ । ਸਾਡੇ ਵਿਚੋਂ ਦਿਸੇ ਨਾ ਕੋਇ ਕਮੀਨਾ, ਕੋਝਾ ਕਮਲਾ ਨਜ਼ਰ ਕੋਇ ਨਾ ਆਈਆ ।

ਸਾਡਾ ਸਭ ਦਾ ਮਾਲਕ ਇਕੋ ਰਾਮ ਰਹੀਮਾ, ਮਿਹਰਵਾਨ ਸ੍ਰੀ ਭਗਵਾਨ ਇਕ ਅਖਵਾਈਆ । ਜਿਸ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕੀਤੀ ਤਰਮੀਮਾ, ਤਕ਼ਸੀਮ ਕੀਤੀ ਖ਼ਲਕ ਖ਼ੁਦਾਈਆ । ਉਹ ਅੰਤ ਸ੍ਰੀ ਭਗਵੰਤ ਆ ਗਿਆ ਆਪਣੀ ਉਤੇ ਸੀਮਾ, ਹਦ ਹਦੂਦਾਂ ਵੇਖ ਵਖਾਈਆ । ਜਿਸ ਦਾ ਮਾਰਗ ਜਗਤ ਨਜ਼ਰ ਨਾ ਆਵੇ ਮਹੀਨਾ, ਮਹੀਨਾ ਮੱਘਰ ਦਏ ਗਵਾਹੀਆ । ਉਸ ਦਾ ਹੁਕਮ ਵਰਤਣਾ ਲੋਕ ਤੀਨਾ, ਤ੍ਰੈਲੋਕੀ ਆਪਣਾ ਹੁਕਮ ਵਰਤਾਈਆ । ਉਸ ਦਾ ਇਕੋ ਰੰਗ ਚੜ੍ਹਦਾ ਭੀਨਾ, ਭਿੰਨੜੀ ਰੈਣ ਦਏ ਗਵਾਹੀਆ । ਉਸ ਦੇ ਪਿਆਰ ਵਿਚ ਸਭ ਦਾ ਹੋਵੇ ਮਰਨਾ ਜੀਣਾ, ਦੂਜੀ ਲੋੜ ਨਾ ਕੋਇ ਰਖਾਈਆ । ਜਿਸ ਨੇ ਆਤਮਾ ਕਰਨੀ ਆਪਣੇ ਅਧੀਨਾ, ਪਰਮਾਤਮਾ ਹੋ ਕੇ ਹੁਕਮ ਸੁਣਾਈਆ । ਨੀ ਸਾਡਾ ਲਹਿਣਾ ਦੇਣਾ ਪੂਰਬਲਾ ਪ੍ਰਾਚੀਨਾ, ਪਿਛਲਾ ਚਾਰ ਜੁਗ ਦਾ ਚਲਿਆ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਵਖਾਈਆ । ਚਾਰ ਜੁਗ ਦੇ ਸ਼ਾਸਤਰ ਕਹਿਣ ਧਰਨੀਏ ਅਸੀਂ ਪ੍ਰਭੂ ਅਗੇ ਕਰਨ ਵਾਲੇ ਅਰਜ਼ੋਈ, ਸਚ ਦਈਏ ਸੁਣਾਈਆ । ਸਾਨੂੰ ਮਿਲੇ ਕੋਇ ਨਾ ਢੋਈ, ਢੋਲਕੀਆਂ ਛੈਣਿਆਂ ਨਾਲ ਸਾਨੂੰ ਰਹੇ ਪਰਚਾਈਆ । ਸਾਨੂੰ ਪੜ੍ਹ ਕੇ ਪ੍ਰਭੂ ਤੇਰਾ ਪਿਆਰਾ ਬਣੇ ਕੋਈ ਕੋਈ, ਕੋਟਾਂ ਵਿਚੋਂ ਕੋਈ ਭਗਤ ਸੁਹੇਲਾ ਨਜ਼ਰੀ ਆਈਆ । ਸਾਡੀ ਤੇਰੇ ਸਚਖੰਡ ਦੁਆਰ ਦਰੋਹੀ, ਦੋਏ ਜੋੜ ਵਾਸਤਾ ਪਾਈਆ । ਸਾਡੀ ਪਤ ਗਈ ਖੋਹੀ, ਖ਼ਲਕ ਦੇ ਖ਼ਾਲਕ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ ।
੧੧੧੯ ਚਾਰ ਜੁਗ ਦੇ ਸ਼ਾਸਤਰ ਕਹਿਣ ਧਰਨੀਏ ਉਹ ਤਕ ਲੈ ਮੱਘਰ ਮਹੀਨਾ ਚੜ੍ਹਿਆ, ਚੜ੍ਹਦਾ ਲਹਿੰਦਾ ਦੱਖਣ ਪਹਾੜ ਆਪਣੀ ਖ਼ੁਸ਼ੀ ਬਣਾਈਆ । ਉਸ ੧੧੧੯
੨੪ ਦੇ ਵਿਚ ਜਨ ਭਗਤਾਂ ਇਕੋ ਅੱਖਰ ਪੜ੍ਹਿਆ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਸਭ ਦੇ ਅੰਦਰੋਂ ਤੁਟੇ ਹੰਕਾਰੀ ਗੜ੍ਹਿਆ, ਹਉਮੇ ਹੰਗਤਾ ਰਹੇ ੨੪
ਨਾ ਰਾਈਆ । ਤ੍ਰੈਗੁਣ ਅਗਨ ਕੋਇ ਨਾ ਸੜਿਆ, ਤਤਵ ਤਤ ਨਾ ਕੋਇ ਤਪਾਈਆ । ਆਤਮ ਧਾਰ ਹਰਿਜਨ ਸੰਤ ਸੁਹੇਲਾ ਜਾਏ ਫੜਿਆ, ਪਰਮਾਤਮ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਚਾਰ ਜੁਗ ਦੇ ਸ਼ਾਸਤਰ ਕਹਿਣ ਧਰਨੀਏ ਸਾਡੀ ਇਕੋ ਇਕ ਅਰਦਾਸ, ਬਿਨ ਹੱਥਾਂ ਸੀਸ ਸੀਸ ਨਿਵਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਨੂੰ ਸੱਦ ਲੈ ਆਪਣੇ ਪਾਸ, ਪਾਸਾ ਦੀਨ ਦੁਨੀ ਬਦਲਾਈਆ । ਸਾਡੇ ਉਤੇ ਰਿਹਾ ਨਾ ਕਿਸੇ ਵਿਸ਼ਵਾਸ, ਵਿਸ਼ਿਆਂ ਵਿਚ ਖ਼ਲਕ ਖ਼ੁਦਾਈਆ । ਸਾਡਾ ਪਿਆਰ ਹੋਇਆ ਪਾਸ਼ ਪਾਸ਼, ਟੁਕੜੇ ਟੁਕੜੇ ਦੀਨ ਦੁਨੀ ਵਖਾਈਆ । ਸਾਡੇ ਵਿਚੋਂ ਪ੍ਰਭੂ ਨੂੰ ਕਰੇ ਨਾ ਕੋਇ ਤਲਾਸ਼, ਖੋਜਣ ਵਾਲਾ ਨਜ਼ਰ ਕੋਇ ਨਾ ਆਈਆ । ਬਿਨ ਹਰਿ ਨਾਮੇ ਸਭ ਦੀ ਖ਼ਾਲੀ ਦਿਸੇ ਲਾਸ਼, ਲਸ਼ਕਰ ਪੰਚ ਵਿਕਾਰਾ ਨਜ਼ਰੀ ਆਈਆ । ਤੇਰੇ ਨਾਲ ਪ੍ਰੇਮ ਨਾਲ ਕਰੀਏ ਬਚਨ ਬਲਾਸ, ਭਾਵਨਾ ਤੇਰੇ ਅਗੇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਧੁਰਦਰਗਾਹੀਆ । ਚਾਰ ਜੁਗ ਦੇ ਸ਼ਾਸਤਰ ਕਹਿਣ ਅਸੀਂ ਕਹੀਏ ਧਰਮ ਨਾਲ, ਸਤਿ ਸਚ ਜਣਾਈਆ । ਸਾਡੀ ਪ੍ਰਭੂ ਲੇਖੇ ਲਾ ਲੈ ਘਾਲ, ਜੋ ਘਾਇਲ ਹੋ ਕੇ ਸੇਵ ਕਮਾਈਆ । ਅਸੀਂ ਨੱਢੇ ਚਾਰ ਜੁਗ ਦੇ ਓਹਦੇ ਬਾਲ, ਪਿਤਾ ਪੁਰਖ ਅਕਾਲ ਬੇਪਰਵਾਹੀਆ । ਸਾਡੀ ਸੁਰਤ ਕਲਜੁਗ ਅੰਤ ਲੈ ਸੰਭਾਲ, ਸੰਬਲ ਦਾ ਮਾਲਕ ਹੋ ਕੇ ਵੇਖ ਵਖਾਈਆ । ਸਚਖੰਡ ਦੁਆਰ ਏਕੰਕਾਰ ਲੈ ਜਾ ਆਪਣੇ ਨਾਲ, ਲੋਕਮਾਤ ਦੀ ਆਸ ਨਾ ਕੋਇ ਰਖਾਈਆ । ਇਕੋ ਸਤਿਗੁਰ

ਸ਼ਬਦ ਸਭ ਦਾ ਸਾਂਝਾ ਹੋਵੇ ਬਹਾਲ, ਜਿਸ ਨੂੰ ਸ਼ਰਅ ਬੰਦ ਨਾ ਕੋਇ ਰਖਾਈਆ । ਨੌ ਖੰਡ ਤੇਰੇ ਉਤੇ ਵਜਾਵੇ ਤਾਲ, ਤਲਵਾੜਾ ਇਕੋ ਇਕ ਸਮਝਾਈਆ । ਜਨ ਭਗਤ ਸੁਹੇਲੇ ਪਰਗਟਾਏ ਆਪਣੇ ਲਾਲ, ਲਾਲਨ ਆਪਣਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਚਾਰ ਜੁਗ ਦੇ ਸ਼ਾਸਤਰ ਕਹਿਣ ਧਰਨੀ ਸਾਡਾ ਰਿਹਾ ਕੋਈ ਨਾ ਧਰਮ, ਧਰਮ ਦੁਆਰਿਆਂ ਵੇਖ ਵਖਾਈਆ । ਸਾਡਾ ਰਿਹਾ ਕੋਈ ਨਾ ਕਰਮ, ਕਰਮ ਕਾਂਡ ਦਾ ਡੇਰਾ ਢਾਹੀਆ । ਸਾਡਾ ਨਾ ਕੋਈ ਤਨ ਵਜੂਦ ਮਾਟੀ ਚਰਮ, ਹਡ ਮਾਸ ਨਾੜੀ ਸੰਗ ਨਾ ਕੋਇ ਰਖਾਈਆ । ਸਾਡੇ ਉਤੇ ਦੀਨ ਦੁਨੀ ਨੂੰ ਪੈ ਗਈ ਭਰਮ, ਭਾਂਡਾ ਭਰਮ ਨਾ ਕੋਇ ਭੰਨਾਈਆ । ਪਿਆਰ ਰਿਹਾ ਨਾ ਵਰਨ ਬਰਨ, ਖੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰੇ ਲੜਾਈਆ । ਅਸੀਂ ਵੀ ਚਾਹੁੰਦੇ ਅਗੇ ਇਕੋ ਪੁਰਖ ਅਕਾਲ ਦੀ ਹੋਵੇ ਸਰਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਇਕੋ ਢੋਲਾ ਮਾਨਵ ਜ਼ਾਤੀ ਸਾਰੇ ਪੜ੍ਹਨ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਇਕੋ ਮੰਜ਼ਲ ਗ੍ਰਿਹ ਘਰ ਸੁਆਮੀ ਚੜ੍ਹਨ, ਬਾਹਰ ਖੋਜਣ ਦੀ ਲੋੜ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਚਾਰ ਜੁਗ ਦੇ ਸ਼ਾਸਤਰ ਕਹਿਣ ਧਰਨੀਏ ਪ੍ਰਭੂ ਦੇ ਭਗਤ ਸੁਹੇਲੇ ਮਿਤ, ਮਿਤਰ ਪਿਆਰੇ ਆਪ ਪਰਗਟਾਈਆ । ਅੰਤਰ ਨਿਰੰਤਰ ਕਰੇ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਸਤਿ ਸੁਆਮੀ ਵਸੇ ਚਿਤ, ਚਿਤ ਵਿਤ ਠਗੌਰੀ ਰਹਿਣ ਮੂਲ ਨਾ ਪਾਈਆ । ਧੁਰਦਰਗਾਹੀ ਬਣੇ ਪਿਤ, ਪਤਿ ਪਰਮੇਸ਼ਵਰ ਇਕ ਅਖਵਾਈਆ । ਜਿਸ ਦਾ ਖੇਲ ਆਦਿ ਜੁਗਾਦਿ ਨਿਤ, ਨਿਰਗੁਣ ਸਰਗੁਣ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਚਾਰ ਜੁਗ ਦੇ ਸ਼ਾਸਤਰ ਕਹਿਣ ਧਰਨੀਏ ਪਰਮ ਪੁਰਖ ਖੇਲ ਖਿਲਾਵੇਗਾ । ਜੋਤੀ ਜਾਤਾ ਡਗਮਗਾਵੇਗਾ । ਦੀਨ ਦੁਨੀ ਆਪ ਬਦਲਾਵੇਗਾ । ਜਨ ਭਗਤਾਂ ਸੋਹੰ ਚੋਗ ਆਪ ਚੁਗਾਵੇਗਾ । ਆਤਮ ਦਰਸੀ ਦੱਸ ਕੇ ਜੋਗ, ਜੁਗੀਸ਼ਰ ਇਕੋ ਇਕ ਅਖਵਾਵੇਗਾ । ਹਉਮੇ ਹੰਗਤਾ ਕਟ ਕੇ ਰੋਗ, ਨਿਵੁਣ-ਸੁ-ਅੱਖਰ ਇਕ ਦ੍ਰਿੜਾਵੇਗਾ । ਜਗਤ ਮੋਹ ਵਿਕਾਰਾ ਮੇਟ ਕੇ ਸੋਗ, ਚਿੰਤਾ ਗ਼ਮ ਦੂਰ ਕਰਾਵੇਗਾ । ਆਤਮ ਰਹੇ ਨਾ ਕਿਸੇ ਵਿਜੋਗ, ਵਿਜੋਗੀ ਵਿਛੜੇ ਜੋੜ ਜੁੜਾਵੇਗਾ । ਜਨ ਭਗਤਾਂ ਦਰਸ਼ਨ ਦੇਂਦਾ ਰਹੇ ਅਮੋਘ, ਸੋਈ ਸੁਰਤ ਸੁਰਤ ਉਠਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਵੇਗਾ । ਚਾਰ ਜੁਗ ਦੇ ਸ਼ਾਸਤਰ ਕਹਿਣ ਧਰਨੀਏ ਪ੍ਰਭ ਸੁਣਾਏ ਇਕੋ ਗਾਥਾ, ਗਹਿਰ ਗੰਭੀਰ ਆਪ ਸੁਣਾਈਆ । ਤੂੰ ਵੀ ਟੇਕਣਾ ਉਸ ਨੂੰ ਮਾਥਾ, ਮਸਤਕ ਧੂੜੀ ਖ਼ਾਕ ਰਮਾਈਆ । ਉਹ ਸਰਬ ਕਲਾ ਸਮਰਾਥਾ, ਅਕਲ ਕਲਧਾਰੀ ਨੂਰ ਅਲਾਹੀਆ । ਜੋ ਲਹਿਣਾ ਦੇਣਾ ਦੇਵੇ ਹਾਥੋ ਹਾਥਾ, ਉਧਾਰ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਲੇਖ ਬਣਾਏ ਮਸਤਕ ਮਾਥਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਪਰਗਟਾਈਆ । ਚਾਰ ਜੁਗ ਦੇ ਸ਼ਾਸਤਰ ਕਹਿਣ ਧਰਨੀਏ ਸਾਡੀ ਚਲੇ ਨਾ ਕੋਇ ਦਲੀਲ, ਦਿਲਦਾਰ ਆਪਣਾ ਹੁਕਮ ਵਰਤਾਈਆ । ਸਾਡੀ ਸੁਣੇ ਨਾ ਕੋਇ ਅਪੀਲ, ਭੇਵ ਸਕੇ ਨਾ ਕੋਇ ਜਣਾਈਆ । ਸਾਡਾ ਵੁਕਲਾ ਨਹੀਂ ਕੋਈ ਵਕੀਲ, ਵਕਾਲਤਾਂ ਵੰਡ ਨਾ ਕੋਇ ਵੰਡਾਈਆ । ਸਾਡਾ ਸ਼ਾਹੋ ਭੂਪ ਸੁਲਤਾਨਾ ਕਲਜੁਗ ਕਿਰਿਆ ਕੂੜ

ਕਰੇ ਤਬਦੀਲ, ਤਬਦੀਲੀ ਆਪਣੇ ਹੱਥ ਰਖਾਈਆ । ਉਹ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਛੈਲ ਛਬੀਲ, ਨੂਰ ਨੁਰਾਨਾ ਇਕ ਅਖਵਾਈਆ । ਜਿਸ ਨੂੰ ਖ਼ੁਆਰ ਕਰ ਨਾ ਸਕਣ ਖ਼ਲੀਲ, ਖ਼ਾਦਮ ਹੋ ਕੇ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਚ ਦਾ ਰੰਗ ਰੰਗਾਈਆ । ਮੱਘਰ ਕਹੇ ਚਾਰ ਜੁਗ ਦੇ ਸ਼ਾਸਤਰੋ ਪ੍ਰਭੂ ਦਾ ਨਾਮ ਹੋਣਾ ਉਚੇਰਾ, ਊਚੋ ਊਚ ਦਏ ਵਡਿਆਈਆ । ਜਿਸ ਦਾ ਇਕੋ ਸਾਜਣ ਹੋਣਾ ਸਈਆ, ਸਨਮੁਖ ਹੋ ਕੇ ਵੇਖ ਵਖਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਗੋਬਿੰਦ ਵਾਲੇ ਢਈਆ, ਢੌਂਕਾ ਲਾਵੇ ਚਾਈਂ ਚਾਈਂਆ । ਜਿਸ ਨੇ ਪ੍ਰੇਮ ਵਿਚ ਗਾਉਣਾ ਥਈਆ ਥਈਆ, ਦਈਆ ਦਈਆ ਕਰ ਕੇ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਭੇਵ ਕੋਇ ਨਾ ਪਈਆ, ਨਿਹਕਲੰਕ ਆਪਣੀ ਕਲ ਵਰਤਾਈਆ ।

### ✪ ੨ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਆਤਮਾ ਸਿੰਘ ਮਲੂਵਾਲੇ ਦੇ ਨਵਿਤ ਹਰਿ ਭਗਤ ਦੁਆਰ ਪਿੰਡ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪



ਜਨ ਭਗਤਾਂ ਪ੍ਰਭ ਤਾਰਦਾ, ਜੁਗ ਜੁਗ ਬੇਪਰਵਾਹ । ਜਨਮ ਮਰਨ ਸਵਾਰਦਾ, ਚੁਰਾਸੀ ਪੰਧ ਮੁਕਾ । ਆਤਮ ਪਰਮਾਤਮ ਪੈਜ ਸਵਾਰਦਾ, ਜੋਤੀ ਜਾਤਾ ਆਪਣੇ ਵਿਚ ਮਿਲਾ । ਜੋ ਮਾਲਕ ਬਣੇ ਸਚੇ ਘਰਬਾਰ ਦਾ, ਸਚ ਦੁਆਰਾ ਇਕ ਸੁਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਅਗੰਮ ਅਥਾਹ । ਭਗਤ ਜਨਾਂ ਪ੍ਰਭ ਕਾਇਆ ਚੋਲੀ ਰੰਗਦਾ, ਚਾੜ੍ਹੇ ਰੰਗ ਨਿਰੰਕਾਰ । ਪਿਆਰ ਬਣੇ ਸਾਚੇ ਸੰਗ ਦਾ, ਦੋ ਜਹਾਨਾਂ ਪਾਵੇ ਸਾਰ । ਪ੍ਰੀਤਮ ਹੋਵੇ ਅੰਗੀਕਾਰ ਅੰਗ ਦਾ, ਆਪਣਾ ਆਪ ਮੇਲ ਮਿਲਾਏ ਸੰਸਾਰ । ਵਣਜਾਰਾ ਹੋਵੇ ਨਾਮ ਸ਼ਬਦ ਮਰਦੰਗ ਦਾ, ਸੁਣਾਏ ਧੁਨ ਆਪ ਕਰਤਾਰ । ਜਿਸ ਲੇਖ ਮੁਕਾਉਣਾ ਕਾਇਆ ਮਾਟੀ ਤਤ ਪੰਜ ਦਾ, ਪੰਚਮ ਪਰਦਾ ਦਏ ਉਤਾਰ । ਵਕ਼ਤ ਸੁਹਾਏ ਸੁਵੇਰ ਸੰਝ ਦਾ, ਅੱਠੇ ਪਹਿਰ ਪਾਵੇ ਸਾਰ । ਵਕਤ ਰਹੇ ਨਾ ਗ਼ਮੀ ਰੰਜ ਦਾ, ਖ਼ੁਸ਼ੀਆਂ ਦੱਸੇ ਆਪ ਬਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਏਕੰਕਾਰ । ਜਨ ਭਗਤ ਪ੍ਰਭ ਜੁਗ ਜੁਗ ਮੇਲੇ, ਮਿਲਣੀ ਹਰਿ ਜਗਦੀਸ਼ ਕਰਾਈਆ । ਨਿਤ ਨਵਿਤ ਆਪਣਾ ਖੇਲ ਖੇਲੇ, ਜੁਗ ਜੁਗ ਵੇਖੇ ਚਾਈਂ ਚਾਈਂਆ । ਸਤਿ ਸਚ ਬਣਾ ਸੁਹੇਲੇ, ਸਿਰ ਸਿਰ ਆਪਣਾ ਹੱਥ ਟਿਕਾਈਆ । ਦੀਨ ਦੁਨੀਆ ਨਾਲੋਂ ਕਰਕੇ ਵੇਹਲੇ, ਸਚਖੰਡ ਸਾਚੇ ਦਏ ਟਿਕਾਈਆ । ਨਾਤਾ ਰਹੇ ਨਾ ਧਰਮ ਰਾਏ ਦੀ ਜੇਲੇ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਸੰਗ ਆਪ ਬਣਾਈਆ । ਜਨ ਭਗਤਾਂ ਪ੍ਰਭ ਮੇਟਣਹਾਰਾ ਰੰਜਾ, ਰੰਜਸ਼ ਰਹਿਣ ਕੋਇ ਨਾ ਪਾਈਆ । ਭੇਵ ਖੁਲ੍ਹਾਏ ਸ਼ਬਦ ਅਨਾਦੀ ਪੰਜਾ, ਪੰਚਮ ਦੇਵੇ ਮਾਣ ਵਡਿਆਈਆ । ਨੇਤਰ ਵਗਣ ਨਾ ਦੇਵੇ ਅੰਞਾ, ਹੰਝੂਆਂ ਹਾਰ ਬਣਾਈਆ । ਮਾਇਆ ਧਾਰ ਲੇਖਾ ਮੂਲ ਨਾ ਜਾਣੇ ਕਾਰੂ ਗੰਜਾ, ਗਣਤੀ ਗਣਤ ਨਾ ਕੋਇ ਗਣਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਜਨ ਭਗਤਾਂ ਮੇਲੇ ਹਰਿ ਆਪ, ਆਪਣੀ ਦਇਆ ਕਮਾਈਆ । ਸਚ ਪ੍ਰੀਤੀ ਜੋੜੇ ਨਾਤ, ਨਾਤਵਾਂ ਹੋ ਕੇ ਵੇਖ ਵਖਾਈਆ । ਸਚ ਸੁਹੰਜਣੀ ਕਰੇ ਰਾਤ, ਰੁਤੜੀ ਆਪਣੇ ਨਾਲ ਮਹਿਕਾਈਆ । ਪ੍ਰੇਮ ਪ੍ਰੀਤੀ ਵਿਚ ਮਿਲੇ ਕਮਲਾਪਾਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦਾ ਨਿਰਗੁਣ ਸਰਗੁਣ ਲਹਿਣਾ ਦੇਣਾ ਵਿਚ ਲੋਕਮਾਤ, ਮਾਤਰ ਭੂਮੀ ਉਤੇ ਆਪਣਾ ਹੁਕਮ ਵਰਤਾਈਆ ।

ਜਨ ਭਗਤਾਂ ਪ੍ਰਭ ਲੇਖੇ ਲਾਏ ਜੀਵਣ, ਜੀਵਣ ਸਿੰਘ ਮਿਲੀ ਵਡਿਆਈਆ । ਨਾਤਾ ਤੁਟਿਆ ਸਾਢੇ ਤਿੰਨ ਹੱਥ ਸੀਵਣ, ਸੀਆਂ ਵੰਡ ਨਾ ਕੋਇ ਵੰਡਾਈਆ । ਪਿਆਰ ਮਿਲਿਆ ਨਿਰਅੱਖਰ ਧਾਰ ਨੀਵਣ, ਸਤਿ ਸਚ ਵਡਿਆਈਆ । ਨਾਮ ਰਸ ਸਚਖੰਡ ਦੁਆਰ, ਗੁਰਮੁਖ ਗੁਰਮੁਖਾਂ ਨਾਲ ਰਲ ਕੇ ਪੀਵਣ, ਬਿਨ ਰਸਨਾ ਰਸ ਚੱਖਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਜਨ ਭਗਤਾਂ ਪ੍ਰਭ ਨੇਤਰ ਵਗਣ ਨਾ ਦੇਵੇ ਅੰਝਾ, ਹੰਝੂਆਂ ਹਾਰ ਨਾ ਕੋਇ ਬਣਾਈਆ । ਚਿੰਤਾ ਗ਼ਮ ਮੇਟੇ ਰੰਜਾ, ਰੰਜਸ਼ ਅੰਦਰੋਂ ਦਏ ਕਢਾਈਆ । ਸਤਿ ਧਰਮ ਦਾ ਏਕਾ ਦਏ ਅਨੰਦਾ, ਅਨੰਦ ਅਨੰਦ ਵਿਚੋਂ ਵਖਾਈਆ । ਏਕਾ ਨਾਮ ਸੁਣਾਏ ਛੰਦਾ,
੧੧੨੨ ਸਾਚਾ ਢੋਲਾ ਧੁਰਦਰਗਾਹੀਆ । ਜਿਸ ਦੀ ਮਸਤੀ ਵਿਚ ਖ਼ੁਸ਼ੀ ਹੋਵੇ ਬੰਦਾ, ਬੰਦਗੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੧੧੨੨
੨੪ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸੰਨ ਬਿਕ੍ਰਮੀ ਉਨੀ ਸੌ ਅਠਵੰਜਾ, ਜਗਤ ਜੁਗਤ ਮਿਲੀ ਵਡਿਆਈਆ । ੨੪
ਜੋ ਜਗਤ ਦਿਹਾੜਾ ਭਗਤਾਂ ਵਾਲਾ ਚੰਗਾ, ਸਾਚਾ ਦਰ ਇਕੋ ਇਕ ਸੁਹਾਈਆ । ਜਿਸ ਦੀ ਜਨਣੀ ਹਰ ਕੌਰ ਆਪਣੇ ਲਾਇਆ ਅੰਗਾ, ਸਿਰ ਆਪਣੇ ਹੱਥ ਟਿਕਾਈਆ । ਹੀਰਾ ਸਿੰਘ ਮਾਣਿਆ ਅਨੰਦਾ, ਪਿਤਾ ਪੂਤ ਏਕਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਜੀਵਣ ਸਿੰਘ ਕਹੇ ਮੈਨੂੰ ਜੀਵਣ ਮਿਲ ਗਿਆ ਸੁਖ ਦਾ, ਨਾਤਾ ਤੁਟਿਆ ਜਗਤ ਲੋਕਾਈਆ । ਮੇਰਾ ਤਨ ਵਜੂਦ ਧਰਨੀ ਉਤੇ ਦਿਸਦਾ ਮੁਰਦਾ, ਮੈਂ ਮੁਰੀਦ ਮੁਰਸ਼ਦ ਵਿਚ ਮਿਲ ਕੇ ਆਪਣੀ ਖ਼ੁਸ਼ੀ ਬਣਾਈਆ । ਮੈਂ ਪਿਆਰਾ ਹੋਇਆ ਇਕੋ ਸ਼ਬਦ ਸਤਿਗੁਰ ਦਾ, ਸਤਿਗੁਰ ਸ਼ਬਦ ਵਿਚ ਮਿਲ ਕੇ ਵਜੇ ਵਧਾਈਆ । ਮੇਰਾ ਲੇਖਾ ਰਿਹਾ ਨਾ ਦੇਵਤ ਸੁਰ ਦਾ, ਸੁਰਤੀ ਜਗਤ ਨਾ ਕੋਇ ਭੁਆਈਆ । ਮੇਰਾ ਲਹਿਣਾ ਦੇਣਾ ਮੁਕਿਆ ਦੀਨ ਦੁਨੀ ਅੰਧ ਘੋਰ ਦਾ, ਸਚ ਦੁਆਰ ਏਕੰਕਾਰ ਦਿਤੀ ਵਡਿਆਈਆ । ਜੋ ਆਦਿ ਜੁਗਾਦਿ ਜਨ ਭਗਤਾਂ ਸਦਾ ਲੋੜਦਾ, ਲੁੜੀਂਦਾ ਸਾਜਣ ਅਗੰਮ ਅਥਾਹੀਆ । ਓਹ ਅੰਤ ਕੰਤ ਭਗਵੰਤ ਹੋ ਕੇ ਬਹੁੜਦਾ, ਦੋ ਜਹਾਨਾਂ ਪੰਧ ਮੁਕਾਈਆ । ਸ਼ਾਹ ਅਸਵਾਰ ਬਣਾਏ ਆਪਣੇ ਸ਼ਬਦੀ ਘੋੜ ਦਾ, ਦੋ ਜਹਾਨਾਂ ਪੰਧ ਮੁਕਾਈਆ । ਆਦਿ ਜੁਗਾਦਿ ਜਨ ਭਗਤਾਂ ਫਿਰੇ ਲੋੜਦਾ, ਲੁੜੀਂਦਾ ਸਾਜਣ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਦਇਆ ਕਮਾਈਆ । ਜੀਵਣ ਸਿੰਘ ਕਹੇ ਮੈਨੂੰ ਮਿਲਿਆ ਘਰ ਪੁਰਾਣਾ, ਪੂਰਬ ਲੇਖਾ ਨਾਲ ਮਿਲਾਈਆ । ਮੈਂ ਵੇਖ ਕੇ ਹੋਇਆ ਹੈਰਾਨਾ, ਚਾਰੇ ਕੁੰਟਾਂ ਇਕੋ ਇਕ ਰੁਸ਼ਨਾਈਆ ।

ਝਟ ਚੇਤ ਸਿੰਘ ਨੇ ਮੈਨੂੰ ਪਹਿਚਾਨਾ, ਹਸ ਕੇ ਦਿਤਾ ਸੁਣਾਈਆ । ਦੱਸ ਅਮਲੀਆ, ਅਮਲੀ ਕੋਲੋਂ ਕੀ ਪੀਣਾ ਖਾਣਾ, ਕੇਹੜੀ ਵਸਤ ਦਿਆਂ ਟਿਕਾਈਆ । ਝਟ ਪਾਲ ਸਿੰਘ ਨੇ ਦੋਹਾਂ ਦਾ ਇਕੋ ਰੰਗ ਵਖਾਣਾ, ਦੂਸਰ ਰੂਪ ਨਾ ਕੋਇ ਬਦਲਾਈਆ । ਇਹ ਘਰ ਸੁਹੰਜਣਾ ਜਿਥੇ ਵਸੇ ਸ੍ਰੀ ਭਗਵਾਨਾ, ਜਗਤ ਤ੍ਰਿਸ਼ਨਾ ਰਹੇ ਲੋੜ ਨਾ ਰਾਈਆ । ਜਨ ਭਗਤਾਂ ਨਾਲ ਮਿਲ ਕੇ ਇਕੋ ਗਾਉਣਾ ਤਰਾਨਾ, ਦੂਜਾ ਰਾਗ ਨਾ ਕੋਇ ਦ੍ਰਿੜਾਈਆ । ਆਤਮ ਪਰਮਾਤਮ ਪਰਮਾਤਮ ਆਤਮ ਵਿਚ ਸਮਾਣਾ, ਤਨ ਵਜੂਦਾਂ ਲੇਖਾ ਰਹੇ ਨਾ ਰਾਈਆ । ਕਿਰਪਾ ਕਰੀ ਆਪ ਭਗਵਾਨਾ, ਮਿਹਰਵਾਨ ਹੋ ਕੇ ਦਇਆ ਕਮਾਈਆ । ਸਚਖੰਡ ਦੁਆਰ ਦਿਤਾ ਟਿਕਾਣਾ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਦੀਨ ਦੁਨੀ ਮੁਕ ਗਿਆ ਆਵਣ ਜਾਣਾ, ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨਾਂ, ਦੋਹਰੀ ਧਾਰ ਏਕੰਕਾਰ ਆਪਣੀ ਖੇਲ ਖਿਲਾਈਆ ।

### ✪ ੬ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਵਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਪਿਆਰੋ ਜੇਠੂਵਾਲ ਵਾਲੀ ਦੇ ਨਵਿਤ ✪



ਆਦਿ ਜੁਗਾਦਿ ਖੇਲ ਪ੍ਰਭੂ ਅਲਖ ਦਾ, ਲਖ ਸਕੇ ਕੋਇ ਨਾ ਰਾਈਆ । ਨਿਰਗੁਣ ਸਰਗੁਣ ਰੂਪ ਧਰੇ ਪਰਤਖ ਦਾ, ਪਾਰਬ੍ਰਹਮ ਪ੍ਰਭ ਆਪਣਾ ਪਰਦਾ ਲਾਹੀਆ । ਆਤਮ ਪਰਮਾਤਮ ਭੇਵ ਚੁਕਾਏ ਵਖ ਦਾ, ਸਗਲਾ ਸੰਗੀ ਇਕ ਹੋ ਜਾਈਆ । ਮਾਲਕ ਬਣੇ ਸ਼ਾਹ ਸੁਲਤਾਨ ਕੌਡੀ ਕੱਖ ਦਾ, ਕ਼ੀਮਤ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਭਗਤ ਜਨਾਂ ਪ੍ਰਭ ਤਾਰਨਹਾਰਾ, ਆਦਿ ਜੁਗਾਦੀ ਆਪ । ਸੰਤ ਜਨਾਂ ਪ੍ਰਭ ਉਧਾਰਨਹਾਰਾ, ਏਕ ਜਪਾਏ ਜਾਪ । ਗੁਰਮੁਖਾਂ ਭੇਵ ਖੁਲ੍ਹਾਵਣਹਾਰਾ, ਸਚ ਸੰਦੇਸ਼ਾ ਦੇਵੇ ਨਾਮ ਅਗੰਮਾ ਪਾਤ । ਗੁਰਸਿਖਾਂ ਹਰਿ ਰੰਗ ਚੜ੍ਹਾਵਣਹਾਰਾ, ਸਚ ਪ੍ਰੀਤੀ ਏਕੰਕਾਰਾ ਬਖ਼ਸ਼ੇ ਦਾਤ । ਸੂਫ਼ੀਆਂ ਸੰਗ ਨਿਭਾਵਣਹਾਰਾ, ਜਲਵਾਗਰ ਹੋ ਕੇ ਪੁਛੇ ਵਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਰਨ ਸਚ ਸੁਆਮੀ ਜੋੜੇ ਨਾਤ । ਜਨ ਭਗਤਾਂ ਪ੍ਰਭ ਮੇਲਦਾ, ਨਿਰਗੁਣ ਸਰਗੁਣ ਖੇਲ ਅਪਾਰ । ਸਾਚੇ ਸੰਤਾਂ ਸੰਗ ਖੇਲ ਦਾ, ਸੁਰਤੀ ਸ਼ਬਦ ਦੇਵੇ ਧੁਨਕਾਰ । ਗੁਰਮੁਖਾਂ ਧਾਮ ਵਖਾਏ ਨਵੇਲ ਦਾ, ਜਿਥੇ ਵਸੇ ਆਪ ਸ਼ਹਿਨਸ਼ਾਹ ਨਿਰੰਕਾਰ । ਗੁਰਸਿਖਾਂ ਖੇਲ ਖਿਲਾਏ ਗੁਰੂ ਗੁਰ ਚੇਲ ਦਾ, ਸੁਰਤੀ ਸ਼ਬਦ ਸ਼ਬਦ ਅਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਪੈਜ ਸਵਾਰ । ਭਗਤ ਜਨਾਂ ਪ੍ਰਭ ਵੇਖਦਾ, ਬਿਨ ਨੇਤਰ ਲੋਚਨ ਨੈਣ ਉਠਾ । ਸੰਤ ਜਨਾਂ ਲੇਖਾ ਮੁਕਾਏ ਪੂਰਬ ਲੇਖ ਦਾ, ਲਹਿਣਾ ਝੋਲੀ ਪਾ । ਗੁਰਮੁਖਾਂ ਪਰਦਾ ਲਾਹੇ ਆਪਣੇ ਭੇਖ ਦਾ, ਜੋਤੀ ਜਾਤਾ ਕਰ ਰੁਸ਼ਨਾ । ਗੁਰਸਿਖਾਂ ਗ੍ਰਿਹਿ ਗ੍ਰਿਹਿ ਆਪੇ ਵੇਖਦਾ, ਵੇਖਣਹਾਰ ਨੂਰ ਅਲਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾ । ਭਗਤ ਜਨਾਂ ਪ੍ਰਭ ਆਦਿ ਜੁਗਾਦੀ ਪਿਤ, ਪਤਿਪਰਮੇਸ਼ਵਰ ਇਕ ਅਖਵਾ । ਸੰਤ

ਜਨਾਂ ਕਰੇ ਸਾਚਾ ਹਿਤ, ਹਿਤਕਾਰੀ ਹੋ ਕੇ ਆਪਣੇ ਅੰਗ ਲਗਾ । ਗੁਰਮੁਖਾਂ ਦਰਸ਼ਨ ਦੇਵੇ ਨਿਤ, ਨਿਜ ਲੋਚਨ ਨੈਣ ਕਰ ਰੁਸ਼ਨਾ । ਗੁਰਸਿਖਾਂ ਆਤਮ ਪਰਮਾਤਮ ਧਾਰ ਬਣੇ ਮਿਤ, ਮੇਲ ਮਿਲਾਵਾ ਸਹਿਜ ਸੁਭਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾ । ਜਨ ਭਗਤ ਜੁਗ ਜੁਗ ਰਖਦੇ ਓਟ, ਓੜਕ ਇਕ ਧਿਆਨ ਲਗਾਈਆ । ਸਾਚੇ ਸੰਤ ਨਾਮ ਨਗਾਰਾ ਲਾਵਣ ਚੋਟ, ਚੋਟੀ ਚੜ੍ਹ ਕੇ ਧਿਆਨ ਲਗਾਈਆ । ਗੁਰਮੁਖਾਂ ਸਾਚਾ ਬੰਕ ਦੁਆਰਾ ਤਕ ਕੋਟ, ਕਿਲਾ ਏਕੰਕਾਰਾ ਆਪਣਾ ਵੇਖ ਵਖਾਈਆ । ਗੁਰਸਿਖ ਆਲ੍ਹਣਿਉਂ ਡਿਗ ਨਾ ਸਕੇ ਬੋਟ, ਫੜ ਬਾਹੋਂ ਸਤਿਗੁਰ ਚਰਨ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਜਨ ਭਗਤਾਂ ਪ੍ਰਭ ਦੇਵੇ ਨਾਮ ਨਿਧਾਨ, ਨਿਰਅੱਖਰ ਵਿਚੋਂ ਪੜ੍ਹਾਈਆ । ਸਾਚੇ ਸੰਤਾਂ ਬਖ਼ਸ਼ੇ ਅੰਮ੍ਰਿਤ ਰਸ ਅਗੰਮਾ ਪੀਣ ਖਾਣ, ਜਗਤ ਤ੍ਰਿਸ਼ਨਾ ਭੁਖ ਰਹੇ ਨਾ ਰਾਈਆ । ਗੁਰਮੁਖਾਂ ਸਚ ਸੰਦੇਸ਼ਾ ਦੇਵੇ ਆਣ, ਜੁਗ ਜੁਗ ਸਾਚੀ ਸੇਵ ਕਮਾਈਆ । ਗੁਰਸਿਖਾਂ ਲਹਿਣਾ ਦੇਣਾ ਪੂਰਾ ਕਰੇ ਵਿਚ ਜਹਾਨ, ਜਾਗਰਤ ਜੋਤ ਬਿਨ ਵਰਨ ਗੋਤ ਆਪ ਦਰਸਾਈਆ । ਸਤਿਗੁਰ ਸ਼ਬਦ ਹੋ ਕੇ ਦੇਵੇ ਦਾਨ, ਦਾਤਾ ਦਾਨੀ ਇਕ ਅਖਵਾਈਆ । ਜਨ ਭਗਤ ਸੁਹੇਲੇ ਹੋਣ ਪ੍ਰਵਾਨ, ਸੰਤਨ ਸੰਗ ਆਪਣੀ ਗੰਢ ਪੁਆਈਆ । ਗੁਰਮੁਖ ਗੁਰਸਿਖ ਸਚ ਭੂਮਿਕਾ ਦੱਸ ਅਸਥਾਨ, ਗ੍ਰਹਿ ਇਕੋ ਇਕ ਵੇਖ ਵਖਾਈਆ । ਜਿਸ ਘਰ ਵਸੇ ਸ਼ਾਹੋ ਭੂਪ ਸੁਲਤਾਨ, ਹਰਿ ਕਰਤਾ ਧੁਰਦਰਗਾਹੀਆ । ਉਹ ਵੇਖਣਹਾਰਾ ਨੌਜਵਾਨ, ਨੌਂ ਖੰਡ ਪ੍ਰਿਥਮੀ ਨੌਬਤ ਨਾਮ ਜਣਾਈਆ । ਜੁਗ ਜੁਗ ਲੋਕਮਾਤ ਹੋ ਪ੍ਰਧਾਨ, ਸਤਿਜੁਗ ਤ੍ਰੇਤਾ ਦੁਆਪਰ ਆਪਣਾ ਖੇਲ ਖਿਲਾਈਆ । ਸੋ ਪੁਰਖ ਬਿਧਾਤਾ ਕਲਜੁਗ ਮੇਟੇ ਅੰਧੇਰੀ ਰਾਤਾ ਸਤਿਜੁਗ ਸਚ ਕਰੇ ਪ੍ਰਵਾਨ, ਪਰਮ ਪੁਰਖ ਆਪਣਾ ਰੰਗ ਰੰਗਾਈਆ । ਜਨ ਭਗਤ ਸੁਹੇਲੇ ਸਤਿ ਸਤਿ ਵਿਚ ਮਿਲ ਜਾਣ, ਜੋਤੀ ਜਾਤੇ ਮਿਲ ਕੇ ਵਜੇ ਵਧਾਈਆ । ਮਾਨਵ ਜ਼ਾਤੀ ਫੇਰ ਲੇਖਾ ਰਹੇ ਨਾ ਆਣ ਜਾਣ, ਪਾਂਧੀਆਂ ਪੰਧ ਦੇਣੇ ਮੁਕਾਈਆ । ਸਚਖੰਡ ਦੁਆਰੇ ਏਕੰਕਾਰ ਹੋਵੇ ਆਪ ਮਿਹਰਵਾਨ, ਮਹਿਬਾਨ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੁਗ ਜੁਗ ਭਗਤ ਸੰਤ ਗੁਰਮੁਖ ਗੁਰਸਿਖ ਲਏ ਪਹਿਚਾਨ, ਪੰਚਮ ਤਤ ਲੇਖਾ ਜਾਣੇ ਥਾਉਂ ਥਾਈਆ ।

✪ ੧੪ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਸੁਰਗਵਾਸੀ ਨਿਰੰਜਣ ਕੌਰ ਦੇ ਨਵਿਤ
ਪਿੰਡ ਜਲਾਲਾਬਾਦ ਨੱਥੂ ਵਾਲੀ ਖੂਹੀ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਚੌਦਾਂ ਲੋਕ ਧਰੋ ਧਿਆਨ, ਬਿਨ ਨੇਤਰ ਲੋਚਨ ਨੈਣਾਂ ਅੱਖ ਉਠਾਈਆ । ਚੌਦਾਂ ਤਬਕ ਹੋ ਸਵਾਧਾਨ, ਆਲਸ ਨਿੰਦਰਾ ਗ਼ਫ਼ਲਤ ਰਹਿਣ ਕੋਇ ਨਾ ਪਾਈਆ । ਚੌਦਾਂ ਰਤਨ ਵੇਖੇ ਆਪਣਾ ਆਪਣਾ ਨਿਸ਼ਾਨ, ਪਰਦਾ ਪਰਦਿਆਂ ਵਿਚੋਂ ਉਠਾਈਆ । ਚੌਦਾਂ ਵਿਦਿਆ ਸੁਣ ਲਓ ਬਿਨਾ ਕਾਨ, ਬਿਨ ਸਰਵਣਾਂ ਸ਼ਬਦ ਜਣਾਈਆ । ਚੌਦਾਂ ਮੱਘਰ ਖੇਲ ਮਹਾਨ, ਹਰਿ ਕਰਤਾ ਆਪ ਕਰਾਈਆ । ਆਦਿ ਜੁਗਾਦੀ ਹੋ ਮਿਹਰਵਾਨ, ਜੁਗ

ਜੁਗ ਆਪਣਾ ਹੁਕਮ ਵਰਤਾਈਆ । ਅਵਤਾਰ ਪੈਗ਼ੰਬਰਾਂ ਦੇਵੇ ਦਾਨ, ਗੁਰੂਆਂ ਵਸਤ ਅਮੁਲ ਅਤੁਲ ਝੋਲੀ ਆਪ ਭਰਾਈਆ । ਸਤਿ ਸਤਿਵਾਦੀ ਦੇ ਕੇ ਨਾਮ ਨਿਧਾਨ, ਨਿਰਗੁਣ ਸਰਗੁਣ ਦਏ ਸਮਝਾਈਆ । ਜੋਤੀ ਜਾਤਾ ਪੁਰਖ ਬਿਧਾਤਾ ਵਡ ਬਲਵਾਨ, ਬਲਧਾਰੀ ਇਕ ਅਖਵਾਈਆ । ਜਨ ਭਗਤ ਸੁਹੇਲੇ ਕਰ ਪ੍ਰਵਾਨ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਧਰਨੀ ਕਹੇ ਮੈਂ ਵੇਖਿਆ ਧਰਮ ਦੁਆਰ, ਪ੍ਰਭ ਮੇਰੇ ਉਤੇ ਦਿਤੀ ਮਾਣ ਵਡਿਆਈਆ । ਮੈਂ ਨਿਵ ਨਿਵ ਕਰਾਂ ਨਿਮਸਕਾਰ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਧੂੜੀ ਮਸਤਕ ਲਾਵਾਂ ਛਾਰ, ਟਿੱਕੇ ਸਚ ਖ਼ਾਕ ਰਮਾਈਆ । ਨਿਰਗੁਣ ਧਾਰ ਕਰਾਂ ਦੀਦਾਰ, ਬਿਨ ਨੇਤਰ ਲੋਚਨ ਨੈਣ ਦਰਸ਼ਨ ਪਾਈਆ । ਖ਼ੁਸ਼ੀਆਂ ਵਿਚ ਢੋਲੇ ਗਾ ਕਰਾਂ ਇਜ਼ਹਾਰ, ਸਿਫ਼ਤਾਂ ਵਿਚ ਸਿਫ਼ਤ ਸਲਾਹੀਆ । ਤੂੰ ਬਖ਼ਸ਼ਣਹਾਰ ਇਕ ਕਰਤਾਰ, ਕੁਦਰਤ ਕ਼ਾਦਰ ਇਕ ਅਖਵਾਈਆ । ਮੇਰੇ ਉਤੇ ਲਹਿਣਾ ਦੇਣਾ ਜੁਗ ਚੌਕੜੀ ਲਏ ਵਿਚਾਰ, ਵਿਚਰਨ ਦੀ ਲੋੜ ਰਹੇ ਨਾ ਰਾਈਆ । ਜੁਗ ਜੁਗ ਜਨ ਭਗਤ ਸੁਹੇਲੇ ਦੇਵੇ ਤਾਰ, ਤਾਰਨਹਾਰ ਤੇਰੀ ਬੇਪਰਵਾਹੀਆ । ਮੈਂ ਮਾਂਗਤ ਦਰ ਭਿਖਾਰ, ਭਿਖਕ ਹੋ ਕੇ ਝੋਲੀ ਡਾਹੀਆ । ਸੰਤ ਸਾਜਨ ਲਾਉਣੇ ਪਾਰ, ਗੁਰਮੁਖ ਗੁਰਸਿਖ ਗੋਦ ਉਠਾਈਆ । ਤੇਰਾ ਹਕ ਦਾ ਹਕ ਹੋਵੇ ਦਰਬਾਰ, ਮੰਜ਼ਲ ਸਚ ਸਚ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਆਪਣਾ ਦਰ ਵਖਾਈਆ । ਧਰਨੀ ਕਹੇ ਪ੍ਰਭੂ ਮੇਰੇ ਕੋਲ ਤੇਰੀ ਤਹਿਰੀਰ, ਸਿਫ਼ਤ ਸਲਾਹੀ ਢੋਲੇ ਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਖੇਲ ਕਰੇ ਅਖ਼ੀਰ, ਆਖ਼ਰ ਆਪਣਾ ਹੁਕਮ ਵਰਤਾਈਆ । ਜਗਤ ਸ਼ਰਅ ਦੀ ਤੋੜ ਜ਼ੰਜੀਰ, ਜਾਗਰਤ ਜੋਤ ਬਿਨ ਵਰਨ ਗੋਤ ਡਗਮਗਾਈਆ । ਜਨ ਭਗਤ ਸੁਹੇਲੇ ਆਪੇ ਦੇਵੇ ਧੀਰ, ਧੀਰਜ ਧੀਰ ਆਪ ਧਰਾਈਆ । ਅੰਮ੍ਰਿਤ ਰਸ ਨਿਝਰ ਦੇ ਕੇ ਸੀਰ, ਸੁਰਤੀ ਸ਼ਬਦ ਨਾਲ ਜੁੜਾਈਆ । ਝਗੜਾ ਮੁਕਾ ਕੇ ਸ਼ਾਹ ਹਕੀਰ, ਅਮੀਰ ਗ਼ਰੀਬ ਨਾ ਵੰਡ ਵੰਡਾਈਆ । ਭੇਵ ਖੁਲ੍ਹਾ ਕੇ ਬੇਨਜ਼ੀਰ, ਨਜ਼ਰਾਂ ਤੋਂ ਓਹਲੇ ਪਰਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਧਰਨੀ ਕਹੇ ਪ੍ਰਭੂ ਤੇਰੀ ਸ਼ਕਤੀ ਆਦਿ ਜੁਗਾਦਿ ਸ਼ਵੈ, ਸ਼ਬੋਰੋਜ਼ ਸੀਸ ਨਿਵਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਨਿਤ ਨਵਿਤ ਹੈ, ਹੋਸੀ ਭੀ ਤੇਰਾ ਨਾਮ ਇਕੋ ਇਕ ਜਣਾਈਆ । ਜਨ ਭਗਤ ਸੁਹੇਲੇ ਤੇਰਾ ਰਖਣ ਭੈ, ਭੌ ਅਵਰ ਨਾ ਕੋਇ ਜਣਾਈਆ । ਮੈਂ ਖ਼ੁਸ਼ੀਆਂ ਨਾਲ ਸਭ ਨੂੰ ਰਹੀ ਕਹਿ, ਬਿਨ ਰਸਨਾ ਜਿਹਵਾ ਰਹੀ ਦ੍ਰਿੜਾਈਆ । ਜਨ ਭਗਤੋ ਜਿਸ ਨੇ ਇਕ ਵਾਰ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਬੋਲੀ ਜੈ, ਜੈ ਜੈ ਕਾਰ ਦੋ ਜਹਾਨ ਕਰਾਈਆ । ਉਹਦਾ ਝਗੜਾ ਦੀਨ ਦੁਨੀ ਮਿਟੇ ਦੂਵੈ, ਦੁਵੈਤ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਵਿਚ ਹੋਵੇ ਲੈ, ਨੂਰ ਨੂਰ ਵਿਚ ਸਮਾਈਆ । ਸਚ ਦੁਆਰ ਸਚਖੰਡ ਜਾਵੇ ਆਪਣੇ ਗ੍ਰਿਹ, ਮੰਦਰ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਪ੍ਰਭੂ ਤੇਰਾ ਹੁਕਮ ਸੰਦੇਸ਼ਾ ਸਚ, ਸਾਜਣੂਆ ਸਚ ਤੇਰੀ ਵਡਿਆਈਆ । ਮੇਰੇ ਲੂੰ ਲੂੰ ਅੰਦਰ ਗਿਆ ਰਚ, ਤੇਰੀ ਰਚਨਾ ਤਕਾਂ ਚਾਈਂ ਚਾਈਂਆ । ਮੈਂ ਜਨ ਭਗਤਾਂ ਕਾਇਆ ਮਾਟੀ ਭਾਂਡੇ ਵੇਖਣ ਵਾਲੀ ਕੱਚ, ਕੰਚਨ ਗੜ੍ਹ ਤੇਰਾ ਪਿਆਰ ਨਜ਼ਰੀ ਆਈਆ । ਜਿਸ ਦੀ ਧਾਰ ਵਿਚ

੧੧੨੫
੨੪

ਇਕੋ ਇਕ ਮਿਲੇ ਸਚ, ਸਚ ਸਮਿਗਰੀ ਨਾਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਨਾਲ ਪਾਵਾਂ ਸ਼ੋਰ, ਛੋਹਰ ਬਾਂਕੇ ਕੀ ਤੇਰੀ ਬੇਪਰਵਾਹੀਆ । ਮੇਰੇ ਉਤੇ ਦੀਨ ਦੁਨੀ ਦਾ ਮਾਰਗ ਬਦਲ ਦਿਤਾ ਹੋਰ ਦਾ ਹੋਰ, ਅਵਰ ਦੀ ਅਵਰ ਖੇਲ ਖਿਲਾਈਆ । ਜਨ ਭਗਤਾਂ ਪ੍ਰੇਮ ਪਿਆਰ ਵਿਚ ਦਿਤਾ ਤੋਰ, ਮੁਹੱਬਤ ਆਪਣੀ ਵਿਚ ਸਮਾਈਆ । ਝਗੜਾ ਮੁਕਾ ਕੇ ਮੜ੍ਹੀ ਗੋਰ, ਗਹਿਰ ਗਵਰ ਆਪਣਾ ਰੰਗ ਰੰਗਾਈਆ । ਜੋ ਜਨ ਪੰਖੀ ਪੰਛੀ ਨਾ ਖਾਏ ਢੋਰ, ਪਸ਼ੂਆਂ ਖੱਲ ਨਾ ਕੋਇ ਲੁਹਾਈਆ । ਉਸ ਦਾ ਮਾਨਸ ਜਨਮ ਤੇਰੇ ਚਰਨ ਕਵਲ ਜਾਏ ਸੌਰ, ਸਾਚੇ ਦਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆਂ । ਧਰਨੀ ਕਹੇ ਜਨ ਭਗਤੋ ਭਗਤ ਸੁਹੇਲਾ ਕਦੇ ਨਾ ਹੋਵੇ ਮੁਰਦਾ, ਮੁਰਦਾ ਮੁਰੀਦ ਮੁਰਸ਼ਦ ਵਿਚ ਸਮਾਈਆ । ਜਿਸ ਹੁਕਮ ਮੰਨਿਆ ਸਾਚੇ ਸਤਿਗੁਰ ਦਾ, ਗੁਰ ਕੀ ਕਹਿਣੀ ਚਲੇ ਸ਼ਬਦ ਰਜ਼ਾਈਆ । ਉਹ ਮਾਲਕ ਬਣੇ ਸਚਖੰਡ ਦੁਆਰੇ ਧੁਰ ਦਾ, ਦਰਗਾਹ ਸਾਚੀ ਚਲੇ ਚਾਈਂ ਚਾਈਂਆ । ਸ਼ੌਹ ਦਰਿਆ ਕਦੇ ਨਾ ਰੁੜ੍ਹਦਾ, ਚੁਰਾਸੀ ਵੰਡ ਨਾ ਕੋਇ ਵੰਡਾਈਆ । ਉਹਦਾ ਲੇਖਾ ਮੁਕੇ ਅੰਧ ਘੋਰ ਦਾ, ਜੋਤੀ ਜੋਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਮੇਰੇ ਉਤੇ ਜਨ ਭਗਤ ਸੂਫ਼ੀ ਨਾਤਾ ਰਹੇ ਨਾ ਗੋਰ ਮੜ੍ਹ, ਜਲ ਧਾਰ ਨਾ ਕੋਇ ਵਡਿਆਈਆ । ਜੋ ਤੂੰ ਮੇਰਾ ਮੈਂ ਤੇਰਾ ਢੋਲਾ ਗਏ ਪੜ੍ਹ, ਸੋਹੰ ਅੱਖਰ ਬੇਪਰਵਾਹੀਆ । ਉਹ ਨਾਤਾ ਛਡ ਕੇ ਸੀਸ ਧੜ, ਤਨ ਵਜੂਦ ਡੇਰਾ ਢਾਹੀਆ । ਸਾਚੀ ਮੰਜ਼ਲ ਆਤਮ ਧਾਰ ਗਏ ਚੜ੍ਹ, ਅਗੇ ਹੋ ਨਾ ਕੋਇ ਅਟਕਾਈਆ । ਸਤਿਗੁਰ ਸ਼ਬਦ ਫੜ ਕੇ ਲੜ, ਸਚਖੰਡ ਭੱਜਣ ਵਾਹੋ ਦਾਹੀਆ । ਦਰਗਾਹ ਸਾਚੀ ਜਾਣ ਖੜ੍ਹ, ਸੋ ਪੁਰਖ ਨਿਰੰਜਣ ਮਿਲ ਕੇ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਜਨ ਭਗਤਾਂ ਆਤਮ ਕਰੇ ਹਾਸੀ, ਹਸ ਹਸ ਖ਼ੁਸ਼ੀ ਬਣਾਈਆ । ਲੋਕਮਾਤ ਹੋਵੇ ਬੰਦ ਖ਼ੁਲਾਸੀ, ਨਾਤਾ ਸ਼ਰਅ ਨਾ ਕੋਇ ਜਣਾਈਆ । ਲਹਿਣਾ ਦੇਣਾ ਮੁਕੇ ਲੱਖ ਚੁਰਾਸੀ, ਚਾਰੇ ਖਾਣੀ ਨਾ ਕੋਇ ਭੁਆਈਆ । ਮਾਨਸ ਜਨਮ ਹੋਵੇ ਰਹਿਰਾਸੀ, ਰਸਤਾ ਮਿਲੇ ਧੁਰਦਰਗਾਹੀਆ । ਲੇਖੇ ਲੱਗੇ ਗਾਇਆ ਸ਼ਬਦ ਸਵਾਸੀ, ਸਾਹ ਸਾਹ ਪ੍ਰਭ ਦੇ ਵਿਚ ਸਮਾਈਆ । ਪੰਧ ਮੁਕੇ ਪ੍ਰਿਥਮੀ ਆਕਾਸ਼ੀ, ਗਗਨ ਗਗਨੰਤਰ ਡੇਰਾ ਢਾਈਆ । ਸਚ ਦੁਆਰ ਹੋਵੇ ਵਾਸੀ, ਸਚਖੰਡ ਸਾਚੇ ਸੋਭਾ ਪਾਈਆ । ਜਿਥੇ ਇਕੋ ਨੂਰ ਜੋਤ ਪ੍ਰਕਾਸ਼ੀ, ਦੂਜਾ ਨਜ਼ਰ ਕੋਇ ਨਾ ਆਈਆ । ਲੇਖਾ ਰਹੇ ਨਾ ਨਾਲ ਸ਼ੰਕਰ ਕੈਲਾਸ਼ੀ, ਸ਼ੰਭੂ ਸ਼ੰਕਰ ਭੈ ਨਾ ਕੋਇ ਰਖਾਈਆ । ਧਰਨੀ ਕਹੇ ਜਨ ਭਗਤ ਆਤਮਾ ਆਪੇ ਕਰੇ ਤਲਾਸ਼ੀ, ਖੋਜੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਆਤਮਾ ਕਹੇ ਮੇਰਾ ਘਰ ਸਚਖੰਡ ਪੁਰਾਣਾ, ਪੁਰਾਨ ਅਠਾਰਾਂ ਭੇਵ ਕੋਇ ਨਾ ਪਾਈਆ । ਮੇਰਾ ਮਾਲਕ ਖ਼ਾਲਕ ਸ਼ਾਹ ਸੁਲਤਾਨਾ, ਸ਼ਹਿਨਸ਼ਾਹ ਨੂਰ ਅਲਾਹੀਆ । ਮੇਰਾ ਪਿਤਾ ਪੁਰਖ ਅਕਾਲ ਨੌਜਵਾਨਾ, ਬਿਰਧ ਬਾਲ ਨਾ ਰੂਪ ਵਟਾਈਆ । ਮੇਰਾ ਸਚਖੰਡ ਸਚਾ ਸਚ ਟਿਕਾਣਾ, ਜਿਸ ਨੂੰ ਸਕੇ ਨਾ ਕੋਇ ਬਦਲਾਈਆ । ਮੇਰਾ ਬਿਸਤਰ ਬਿਨ ਲੇਫ਼ ਤਲਾਈ ਸਿਰਾਣਾ, ਖਟੀਆ ਖਾਟ ਨਜ਼ਰ ਕੋਇ ਨਾ ਆਈਆ । ਮੇਰਾ ਪਿਆਰ

ਨਾਲ ਸ੍ਰੀ ਭਗਵਾਨਾ, ਜੋ ਭਗਵਨ ਅਗੰਮ ਅਥਾਹੀਆ । ਜਿਸ ਆਪਣੇ ਦਰ ਕੀਤਾ ਪ੍ਰਵਾਨਾ, ਪਰਮ ਪੁਰਖ ਹੋ ਕੇ ਦਿਤੀ ਵਡਿਆਈਆ । ਮੈਂ ਖ਼ੁਸ਼ੀਆਂ ਨਾਲ ਕਰਾਂ ਬਿਸਰਾਮਾ, ਸੁਖਆਸਣ ਸੋਭਾ ਪਾਈਆ । ਮੇਰੇ ਪਰਵਾਰ ਦਾ ਮੇਰੇ ਪਿਆਰ ਵਿਚੋਂ ਸ਼ੁਕਰਾਨਾ, ਖ਼ੁਸ਼ੀਆਂ ਢੋਲੇ ਗਾਈਆ । ਜਿਸ ਦਾ ਮਾਤਲੋਕ ਦਾ ਬਦਲ ਗਿਆ ਜ਼ਮਾਨਾ, ਦਰਗਾਹ ਸਾਚੀ ਮਿਲੀ ਮਾਣ ਵਡਿਆਈਆ । ਮੇਰਾ ਚੁਕਿਆ ਆਵਣ ਜਾਣਾ, ਲੇਖਾ ਧਰਤ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਵਖਾਇਆ ਇਕ ਮਹਾਨਾ, ਮਹਿੰਮਾ ਅਕਥ ਕਥਨੀ ਕਥ ਸਕੇ ਨਾ ਰਾਈਆ ।



### ✪ ੧੫ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਸੁਰਗਵਾਸੀ ਦਾਤੇ ਦੇ ਨਵਿਤ ਪਿੰਡ ਰਾਮਪੁਰ ਜ਼ਿਲਾ ਅੰਮ੍ਰਿਤਸਰ ✪

ਪੰਜ ਤਤ ਕਹਿਣ ਸਾਨੂੰ ਮਿਲੀ ਅਗੰਮੀ ਦਾਤ, ਦੀਨ ਦਿਆਲ ਦਿਤੀ ਵਡਿਆਈਆ । ਮਿਹਰਵਾਨ ਹੋਇਆ ਲੋਕਮਾਤ, ਧਰਨੀ ਧਰਤ ਧਵਲ ਧੌਲ ਸੋਭਾ ਪਾਈਆ । ਸਤਿਗੁਰ ਸ਼ਬਦ ਹੋ ਕੇ ਪੁਛੀ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਸਚ ਪ੍ਰੀਤ ਜੋੜ ਕੇ ਨਾਤ, ਰਿਸ਼ਤਾ ਧੁਰ ਦਾ ਆਪ ਸਮਝਾਈਆ । ਜੁਗ ਚੌਕੜੀ ਪਿਛਲਾ ਲੇਖਾ ਵੇਖ ਖਾਤ, ਲਹਿਣਾ ਪੂਰਬ ਨਾਲ ਮਿਲਾਈਆ । ਨਾਮ ਨਿਧਾਨਾ ਰਸ ਦੇ ਬੂੰਦ ਸਵਾਂਤ, ਅਨਰਸ ਆਪਣਾ ਦਿਤਾ ਚਖਾਈਆ । ਸੁਰਤੀ ਅੰਦਰ ਦਰਸ਼ਨ ਦੇਂਦਾ ਰਿਹਾ ਇਕਾਂਤ, ਇਕ ਇਕੱਲਾ ਧੁਰ ਦਾ ਮਾਹੀਆ । ਖੇਲ ਵਖਾਉਂਦਾ ਰਿਹਾ ਬਹੁ ਬਿਧ ਭਾਂਤ, ਭਾਵਨਾ ਆਪਣੇ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪੰਜ ਤਤ ਕਹਿਣ ਸਾਡੇ ਉਤੇ ਕੀਤਾ ਤਰਸ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਾਡੀ ਜਨਮ ਜਨਮ ਦੀ ਮੇਟੀ ਹਰਸ, ਹਵਸ ਪੂਰਬ ਰਹੀ ਨਾ ਰਾਈਆ । ਇਕਤਾਲੀ ਸਾਲ ਦੀ ਸੇਵਾ ਲਾ ਕੇ ਪੂਰੇ ਕੀਤੇ ਬਰਸ, ਦਿਵਸ ਰੈਣ ਆਪਣੀ ਖ਼ੁਸ਼ੀ ਬਣਾਈਆ । ਚਿੰਤਾ ਗ਼ਮ ਮਿਟਾ ਕੇ ਹਰਖ਼, ਸੋਗ ਅੰਦਰੋਂ ਦਿਤਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਪੰਜ ਤਤ ਕਹਿਣ ਸਾਡਾ ਲੇਖਾ ਰਿਹਾ ਨਾ ਜਗ, ਜਗਜੀਵਣ ਦਾਤੇ ਦਿਤੀ ਵਡਿਆਈਆ । ਬੇਸ਼ਕ ਦੁਨੀਆ ਵਿਚ ਸਾਨੂੰ ਸਾੜਿਆ ਨਾਲ ਅੱਗ, ਲਕੜੀ ਕਾਠ ਗੰਢ ਪੁਆਈਆ । ਸਾਡਾ ਮਾਲਕ ਇਕ ਸੂਰਾ ਸਰਬਗ, ਹਰਿ ਕਰਤਾ ਧੁਰਦਰਗਾਹੀਆ । ਜਿਸ ਨੇ ਤਤਾਂ ਨਾਲੋਂ ਤਤ ਕਰ ਅਲਗ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਧਰਨੀ ਲੇਖਾ ਰਹਿਣ ਦਿਤਾ ਨਾ ਰਾਈਆ । ਜਿਸ ਗ੍ਰਿਹਿ ਆਤਮਾ ਦੀਪਕ ਗਿਆ ਜਗ, ਓਸੇ ਘਰ ਮਿਲੇ ਵਡਿਆਈਆ । ਮਿਹਰਵਾਨ ਹੋਇਆ ਸੂਰਾ ਸਰਬਗ, ਹਰਿ ਕਰਤਾ ਧੁਰਦਰਗਾਹੀਆ । ਜਿਥੇ ਦੀਪਕ ਨੂਰ ਨੁਰਾਨਾ ਬਿਨ ਤੇਲ ਬਾਤੀ ਰਿਹਾ ਜਗ, ਜਾਗਰਤ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਸਾਡਾ ਪੰਜਾਂ ਦਾ ਇਕੋ ਨਾਮ ਦਾਤੇ, ਦਾਤਾ ਮਿਲ ਕੇ ਖ਼ੁਸ਼ੀ ਬਣਾਈਆ । ਜਿਸ ਅੰਤਮ ਪੁਛੀ ਆਪੇ ਵਾਤੇ, ਮੇਲ ਮਿਲਾਇਆ ਚਾਈਂ ਚਾਈਆ । ਝਗੜਾ ਮੁਕਾ ਕੇ ਲੋਕਮਾਤੇ, ਸਚਖੰਡ ਸਚ ਦਿਤੀ ਸਰਨਾਈਆ । ਲੇਖਾ ਲਿਖਾ ਕੇ ਨਾਲ ਕ਼ਲਮ

੧੧੨੭
੨੪

ਦਵਾਤੋ, ਸ਼ਾਹੀ ਸ਼ਹਿਨਸ਼ਾਹ ਆਪਣੇ ਰੰਗ ਰੰਗਾਈਆ । ਪੰਧ ਮੁਕਾਇਆ ਅਧਵਾਟੋ, ਚੁਰਾਸੀ ਵੰਡ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰ ਇਕ ਸੁਹਾਈਆ । ਸਚਖੰਡ ਦੁਆਰ ਪੰਜ ਤਤ ਕਹਿਣ ਗਏ ਸਮਾ, ਲੇਖਾ
ਚਾਰ ਜੁਗ ਤੋਂ ਪਹਿਲਾ ਨਜ਼ਰੀ ਆਈਆ । ਪੁਰਖ ਅਕਾਲੇ ਦੀਨ ਦਿਆਲੇ ਜਨ ਭਗਤਾਂ ਵਾਸਤੇ ਚਲਾਇਆ ਨਵਾਂ ਰਾਹ, ਰਹਿਬਰ ਹੋ ਕੇ ਆਪਣਾ
ਹੁਕਮ ਵਰਤਾਈਆ । ਤਤ ਆਤਮਾ ਹੋਣ ਨਾ ਦਿਤੀ ਜੁਦਾ, ਸਚਖੰਡ ਸਚ ਦਿਤੀ ਵਡਿਆਈਆ । ਦੋਹਾਂ ਇਕਾ ਦਰ ਬਹਾ, ਏਕਾ ਗ੍ਰਿਹ ਸੋਭਾ
ਪਾਈਆ । ਇਕਾ ਨੂਰ ਨੂਰ ਮਿਲਾ, ਏਕਾ ਜੋਤ ਜੋਤ ਸਮਾਈਆ । ਏਕਾ ਦਰ ਦੁਆਰ ਟਿਕਾ, ਟਿੱਕਾ ਧੂੜੀ ਬਿਨ ਖ਼ਾਕ ਮਸਤਕ ਲਾਈਆ ।
ਜਿਸ ਦਾ ਸਤਿਗੁਰ ਸ਼ਬਦ ਗਵਾਹ, ਸ਼ਹਾਦਤ ਆਪਣਾ ਨਾਮ ਭੁਗਤਾਈਆ । ਧਰਮ ਦਾ ਮਾਰਗ ਦਿਤਾ ਜਣਾ, ਜਾਗਰਤ ਜੋਤ ਆਪ ਸਮਝਾਈਆ ।
ਜਨ ਭਗਤਾਂ ਪੰਜਾਂ ਤਤਾਂ ਲੇਖਾ ਆਤਮਾ ਨਾਲ ਦਏ ਮੁਕਾ, ਤਤਾਂ ਵਿਚ ਤਤ ਫੇਰ ਮਿਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਪੰਜ ਤਤ ਕਹਿਣ ਸਾਨੂੰ ਮਿਲਿਆ ਘਰ ਟਿਕਾਣਾ, ਗ੍ਰਿਹਿ
ਮੰਦਰ ਮਿਲੀ ਵਡਿਆਈਆ । ਸਾਡਾ ਮੁਕਿਆ ਆਵਣ ਜਾਣਾ, ਚੁਰਾਸੀ ਵੰਡ ਨਾ ਕੋਇ ਵੰਡਾਈਆ । ਜੋਤ ਨੂਰ ਤਕਿਆ ਮਹਾਨਾ, ਜਿਸ ਵਿਚ
ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਹੋ ਕੇ ਗਏ ਸਮਾਈਆ । ਰੂਪ ਰੰਗ ਰੇਖ ਰਿਹਾ ਨਾ ਵਿਚ ਜਹਾਨਾ, ਮਿੱਟੀ ਖ਼ਾਕ ਵੰਡ ਨਾ ਕੋਇ ਵੰਡਾਈਆ ।
੧੧੨੮ ਝਗੜਾ ਮੁਕਿਆ ਜ਼ਿਮੀਂ ਅਸਮਾਨਾ, ਗਗਨ ਮੰਡਲਾਂ ਪੰਧ ਰਿਹਾ ਨਾ ਰਾਈਆ । ਪੁਰਖ ਅਕਾਲ ਦੀਨ ਦਿਆਲ ਕੀਤਾ ਪ੍ਰਵਾਨਾ, ਪਰਮ ਪੁਰਖ ਦਿਤੀ ੧੧੨੮
੨੪ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੰਜ ਤਤ ੨੪
ਕਹਿਣ ਬੇਸ਼ਕ ਦਾਤੇ ਨਾਮ ਸਰੀਰ, ਪੰਜ ਤਤ ਜਗਤ ਵਡਿਆਈਆ । ਜਿਸ ਦੇ ਅੰਦਰ ਨੂਰ ਨੁਰਾਨੀ ਇਕ ਤਸਵੀਰ, ਜਿਸ ਨੂੰ ਤਸੱਵਰ ਕਰ
ਨਾ ਕੋਇ ਸਮਝਾਈਆ । ਜੇਹੜੀ ਹੱਥ ਨਾ ਆਵੇ ਕਿਸੇ ਫ਼ਕੀਰ, ਜੋ ਫ਼ਿਕਰਿਆਂ ਵਾਲੇ ਢੋਲੇ ਗਾਈਆ । ਮੇਰਾ ਲਹਿਣਾ ਦੇਣਾ ਨਾਲ ਗਹਿਰ ਗੰਭੀਰ,
ਜੋ ਗਵਰ ਹੋ ਕੇ ਗਿਆ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ
ਸੁਣਾਈਆ । ਦਾਤੇ ਕਹੇ ਮੈਨੂੰ ਯਾਦ ਸੰਮਤ ਬਿਕ੍ਰਮੀ ਵੀਹ ਸੌ ਅੱਠ, ਜੇਠ ਮਹੀਨਾ ਨਜ਼ਰੀ ਆਈਆ । ਮੈਂ ਸਾਹਿਬ ਸਤਿਗੁਰ ਚਰਨੀ ਗਈ ਢਠ,
ਨਿਵ ਨਿਵ ਸੀਸ ਝੁਕਾਈਆ । ਮੇਰੇ ਹਿਰਦੇ ਅੰਦਰ ਰਿਹਾ ਨਾ ਹਠ, ਨੇਤਰ ਨੈਣਾਂ ਨੀਰ ਵਹਾਈਆ । ਕਲਪਨਾ ਅਗਨੀ ਲੱਗੀ ਮਠ, ਜਗਤ
ਬਿਰਹੋਂ ਅੰਤਰ ਅੰਤਰ ਆਪਣਾ ਰੰਗ ਬਦਲਾਈਆ । ਝਟ ਸਤਿਗੁਰ ਮੇਰੇ ਪੁਸ਼ਤ ਪਨਾਹ ਤੇ ਮਾਰਿਆ ਹੱਥ, ਸਹਿਜ ਨਾਲ ਸਮਝਾਈਆ । ਤੂੰ ਸੁਣ
ਸ਼ਬਦ ਅਕਥ, ਬਿਨ ਰਸਨਾ ਦਿਆਂ ਸੁਣਾਈਆ । ਜਗਤ ਵਾਸਨਾ ਜਗਤ ਦੀ ਵਥ, ਜਗਿਆਸੂਆਂ ਨਾਲ ਰਖਾਈਆ । ਤੇਰਾ ਨੂਰ ਤੇਰਾ ਆਤਮਾ
ਰੂਪ ਪੁਰਖ ਸਮਰਥ, ਸਮਰਥ ਵਿਚ ਮਿਲ ਕੇ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,
ਸਚ ਦਾ ਸੰਗ ਆਪ ਬਣਾਈਆ । ਤਤ ਕਹਿਣ ਅੰਤਰ ਨਿਰੰਤਰ ਆਇਆ ਧਰਵਾਸ, ਜਗਤ ਮਮਤਾ ਨਾ ਕੋਇ ਰਖਾਈਆ । ਇਕੋ ਨਾਮ ਇਕ
ਵਿਸ਼ਵਾਸ, ਇਕੋ ਸ਼ਬਦ ਵਿਚ ਸਮਾਈਆ । ਜਿਸ ਦੀ ਧਾਰ ਵਿਚੋਂ ਪੂਰੀ ਹੋਈ ਆਸ, ਤ੍ਰਿਸ਼ਨਾ ਜਗਤ ਦਿਤੀ ਮਿਟਾਈਆ । ਅੰਤ ਲੇਖਾ ਰਿਹਾ

ਨਾ ਨਾਲ ਸ਼ੰਕਰ ਕੈਲਾਸ਼, ਕਲਾਧਾਰੀ ਨਾ ਕੋਇ ਚਤੁਰਾਈਆ । ਚਿਤਰ ਗੁਪਤ ਲੇਖ ਵਖਾ ਸਕਿਆ ਨਾ ਕੋਇ ਖ਼ਾਸ, ਰਾਏ ਧਰਮ ਨਾ ਵੇਖਣ ਪਾਈਆ । ਲਾੜੀ ਮੌਤ ਫਿਰੇ ਉਦਾਸ, ਖ਼ੁਸ਼ੀ ਗ਼ਮੀ ਨਜ਼ਰ ਕੋਇ ਨਾ ਆਈਆ । ਸਤਿਗੁਰ ਸ਼ਬਦ ਕਰ ਆਪ ਤਲਾਸ਼, ਹਰਿਜਨ ਖੋਜਿਆ ਚਾਈਂ ਚਾਈਆ । ਜੋਤੀ ਧਾਰ ਹੋ ਕੇ ਆਇਆ ਪਾਸ, ਪਾਸਾ ਦੀਨ ਦੁਨੀ ਬਦਲਾਈਆ । ਆਤਮ ਧਾਰ ਲੇਖਾ ਲਾ ਪਵਣ ਸਵਾਸ, ਸਾਹ ਸਾਹ ਆਪਣੇ ਰੰਗ ਰੰਗਾਈਆ । ਪੰਧ ਮੁਕਾ ਪ੍ਰਿਥਮੀ ਆਕਾਸ਼, ਗਗਨ ਗਗਨੰਤਰਾਂ ਚਰਨਾਂ ਹੇਠ ਦਬਾਈਆ । ਸਚ ਦੁਆਰ ਦਰਗਾਹ ਸਾਚੀ ਸਚਖੰਡ ਟਿਕਾਇਆ ਚਰਨ ਪੁਰਖ ਅਬਿਨਾਸ਼, ਦੂਸਰ ਦਰ ਨਜ਼ਰ ਕੋਇ ਨਾ ਆਈਆ । ਨਾਲ ਲੇਖਾ ਮੁਕਾ ਤਤਾਂ ਵਾਲੀ ਲਾਸ਼, ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਜਗਤ ਨਾਤਾ ਮਾਤ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਲਕ ਇਕ ਗੁਸਾਈਆ । ਆਤਮਾ ਕਹੇ ਮੇਰਾ ਦਰ ਕਰ ਸੁਹੰਜਣਾ, ਸੋਭਾਵੰਤ ਆਪ ਸੁਹਾਈਆ । ਦੀਪਕ ਜਗੇ ਆਦਿ ਨਿਰੰਜਣਾ, ਨੂਰ ਨੁਰਾਨਾ ਡਗਮਗਾਈਆ । ਇਕੋ ਪ੍ਰੇਮ ਪਿਆਰ ਪ੍ਰੀਤੀ ਹੋਵੇ ਮਜਨਾ, ਦੂਸਰ ਲੋੜ ਰਹੀ ਨਾ ਰਾਈਆ । ਘਰ ਸੁਆਮੀ ਦਿਸੇ ਸੱਜਣਾ, ਹਰਿ ਕਰਤਾ ਨੂਰ ਅਲਾਹੀਆ । ਜਿਸ ਦਾ ਰੂਪ ਅਨੂਪ ਗੋਪਾਲ ਮੂਰਤ ਮਦਨਾ, ਜੋਤੀ ਜਾਤਾ ਡਗਮਗਾਈਆ । ਜਿਸ ਦੀ ਧਾਰ ਵਿਚ ਮਿਲ ਕੇ ਨਾ ਕੋਈ ਬੰਦਗੀ ਰਹੀ ਨਾ ਭਜਨਾ, ਸਿਮਰਨ ਦੀ ਲੋੜ ਨਾ ਕੋਇ ਰਖਾਈਆ । ਜਿਥੇ ਇਕੋ ਰੂਪ ਆਅਲਾ ਅਦਨਾ, ਵੱਡਾ ਛੋਟਾ ਵੰਡ ਨਾ ਕੋਇ ਵੰਡਾਈਆ । ਜਿਥੇ ਧੰਨਾ ਜੱਟ ਸੈਨ ਨਾਈ ਫਿਰੇ ਸਦਨਾ,
੧੧੨੯ ਰਵੀਦਾਸ ਆਪਣੀ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਬੰਕ ਇਕ ੧੧੨੯
੨੪ ਸੁਹਾਈਆ । ਆਤਮਾ ਕਹੇ ਮੈਂ ਭਗਤਾਂ ਮਿਲਿਆ ਜਾ, ਜਾਣਕਾਰੀ ਕੀਤੀ ਚਾਈਂ ਚਾਈਆ । ਸਭ ਨੇ ਖ਼ੁਸ਼ੀਆਂ ਵਿਚ ਕੀਤਾ ਵਾਹ ਵਾਹ, ਵਾਹਵਾ ੨੪
ਤੇਰੀ ਬੇਪਰਵਾਹੀਆ । ਪਾਲ ਸਿੰਘ ਨੇ ਆਵਾਜ਼ ਮਾਰੀ ਲੈ ਕੇ ਨਾਂ, ਬਿਨ ਰਸਨਾ ਦਿਤਾ ਸੁਣਾਈਆ । ਚੇਤ ਸਿੰਘ ਹਸ ਕੇ ਤਾੜੀ ਦਿਤੀ ਲਾ, ਦੋਹਾਂ ਹੱਥਾਂ ਹੱਥ ਮਿਲਾਈਆ । ਬਿਸ਼ਨ ਕੌਰ ਕਿਹਾ ਦਾਤੇ ਤੂੰ ਕਿਥੋਂ ਗਈ ਆ, ਕੇਹੜਾ ਪੰਧ ਮੁਕਾਈਆ । ਤੇਜਾ ਸਿੰਘ ਹਸ ਕੇ ਕਹੇ ਨਾ ਮੈਂ ਤੇਰਾ ਪੁਤ ਬਣਿਆ ਨਾ ਤੂੰ ਮੇਰੀ ਬਣੀ ਮਾਂ, ਪੈਂਤੀ ਸਾਲ ਲਾਰਿਆਂ ਵਿਚ ਲੰਘਾਈਆ । ਉਸ ਪ੍ਰਭੂ ਦਾ ਖੇਲ ਵੇਖ ਲੈ ਜਿਸ ਨੇ ਤੇਰਾ ਘਰ ਦਿਤਾ ਵਸਾ, ਪੁਤ ਪੋਤਰਿਆਂ ਨਾਲ ਸੋਭਾ ਪਾਈਆ । ਸੋਹਣ ਸਿੰਘ ਦਾ ਸੋਹਣਾ ਰਹਿ ਜਾਏ ਦੁਨੀਆ ਵਿਚ ਨਾਂ, ਨਾਮ ਨਿਧਾਨਾ ਪ੍ਰਭ ਵਸਤ ਝੋਲੀ ਦਿਤੀ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਸੁਹੇਲੇ ਅਗੇ ਪਿਛੇ ਸਾਰੇ ਸਚਖੰਡ ਦੇਵੇ ਪੁਚਾ, ਜਗਤ ਦੇ ਵਿਛੜੇ ਦਰਗਾਹ ਸਾਚੀ ਲਏ ਮਿਲਾਈਆ ।

## ✪ ੨੧ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਜਗਜੀਤ ਸਿੰਘ ਦੇ ਗ੍ਰਿਹਿ ਜੰਮੂ ਸ਼ਹਿਰ ✪

ਨਾਰਦ ਕਹੇ ਧਰਨੀਏ ਅੱਜ ਖ਼ੁਸ਼ੀਆਂ ਨਾਲ ਮੈਨੂੰ ਆਈ ਹਾਸੀ, ਹਸਮੁਖ ਹੋ ਕੇ ਤੈਨੂੰ ਦਿਆਂ ਜਣਾਈਆ । ਚਾਰ ਜੁਗ ਦੀ ਮੇਰੇ ਅੰਦਰੋਂ ਨਿਕਲੀ ਉਦਾਸੀ, ਹੈਰਾਨੀ ਪਰੇਸ਼ਾਨੀ ਆਪਣਾ ਰੂਪ ਬਦਲਾਈਆ । ਫੇਰ ਬਿਨਾ ਮੁਖ ਤੋਂ ਆਈ ਖਾਂਸੀ, ਬਿਨ ਜ਼ਬਾਨ ਤੋਂ ਸਵਾਸ ਤੋਂ ਆਪਣਾ ਰੂਪ

ਬਦਲਾਈਆ । ਝਟ ਮੈਨੂੰ ਇਸ਼ਾਰਾ ਦਿਤਾ ਸ਼ੰਕਰ ਕੈਲਾਸ਼ੀ, ਕਲਾ ਆਪਣੀ ਅਗੰਮ ਪਰਗਟਾਈਆ । ਬ੍ਰਹਮੇ ਬ੍ਰਹਮ ਧਾਰ ਦਵਾਇਆ ਵਿਸ਼ਵਾਸ਼ੀ, ਵਿਸ਼ਿਆਂ ਤੋਂ ਬਾਹਰ ਸਮਝਾਈਆ । ਵਿਸ਼ਨੂੰ ਆਪਣੀ ਧਾਰ ਕਰ ਪਰਕਾਸ਼ੀ, ਮੇਰਾ ਪਰਦਾ ਦਿਤਾ ਚੁਕਾਈਆ । ਸਤਿਗੁਰ ਸ਼ਬਦ ਇਸ਼ਾਰਾ ਦਿਤਾ ਨਾਰਦਾ ਤਕ ਲੈ ਬਾਵਨ ਵਾਲੇ ਰਿਸ਼ੀ ਤੇਰਾਂ ਸੌ ਸਤਾਸੀ, ਸਤਹ ਬੁਲੰਦੀ ਧਰਨੀ ਧਰਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਧਵਲੇ ਖੋਲ੍ਹ ਲੈ ਅੱਖੀਆਂ, ਬਿਨ ਨੇਤਰ ਨੈਣ ਉਠਾਈਆ । ਤੇਰੇ ਉਤੇ ਖੇਲ ਹੋਣਾ ਅਲਖਣਾ ਅਲੱਖੀਆ, ਅਲਖ ਅਗੋਚਰ ਕੀ ਆਪਣੀ ਕਾਰ ਕਮਾਈਆ । ਨਾਲੇ ਹਸ ਕੇ ਕਿਹਾ ਮੈਂ ਤੈਨੂੰ ਖ਼ਬਰਾਂ ਅਗੰਮੀਆਂ ਦੱਸੀਆਂ, ਦਹਿ ਦਿਸ਼ਾ ਸਮਝ ਕੋਇ ਨਾ ਪਾਈਆ । ਜਿਹੜੀਆਂ ਆਸ਼ਾ ਜੁਗ ਚੌਕੜੀ ਮੇਰੇ ਅੰਦਰ ਵਸੀਆਂ, ਵਾਸਤਾ ਨਿਰਗੁਣ ਨਾਲ ਰਖਾਈਆ । ਓਹ ਬੱਧੀਆਂ ਗਈਆਂ ਨਹੀਂ ਕਿਸੇ ਨਾਲ ਤਾਰਾਂ ਰੱਸੀਆਂ, ਗੰਢ ਸਕੇ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਧੁਰਦਰਗਾਹੀਆ । ਨਾਰਦ ਕਹੇ ਧਰਨੀਏ ਸਤਿਗੁਰ ਸ਼ਬਦ ਕੋਲੋਂ ਕਰ ਜਾਣਕਾਰੀ, ਅਣਜਾਣੇ ਤੈਨੂੰ ਦਿਆਂ ਜਣਾਈਆ । ਜਿਸ ਦੀ ਖੇਲ ਆਦਿ ਜੁਗਾਦਿ ਨਿਆਰੀ, ਨਿਰਗੁਣ ਸਰਗੁਣ ਹੋ ਕੇ ਆਪਣਾ ਹੁਕਮ ਵਰਤਾਈਆ । ਉਹ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਦ ਪਾਵਣਹਾਰਾ ਸਾਰੀ, ਮਹਾਸਾਰਥੀ ਹੋ ਕੇ ਆਪਣਾ ਖੇਲ ਖਿਲਾਈਆ । ਉਹ ਸ਼ਾਹੋ ਭੂਪ ਸ਼ਹਿਨਸ਼ਾਹ ਸਿਕਦਾਰੀ, ਰਾਜ
੧੧੩੦ ਰਾਜਾਨਾ ਨੌਜਵਾਨਾ ਇਕ ਅਖਵਾਈਆ । ਜੋ ਲਹਿਣਾ ਦੇਣਾ ਜਾਣੇ ਸਦਾ ਜੁਗ ਚਾਰੀ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਜਿਸ ਨੂੰ ਬਾਵਨ ੧੧੩੦
੨੪ ਧਾਰ ਲੱਗੀ ਪਿਆਰੀ, ਬਲ ਦੁਆਰ ਸੋਭਾ ਪਾਈਆ । ਉਹ ਨੂਰ ਨੁਰਾਨਾ ਸ਼ਾਹ ਸੁਲਤਾਨਾ ਜੋਤੀ ਜਾਤਾ ਏਕੰਕਾਰੀ, ਅਕਲ ਕਲ ਆਪਣੀ ਖੇਲ ਖਿਲਾਈਆ । ੨੪
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਧਰਨੀਏ ਆਹ ਵੇਖ ਪੁਰਾਣੀਆਂ ਕਾਪੀਆਂ, ਕਪਲ ਮੁਨ ਕੀ ਗਿਆ ਜਣਾਈਆ । ਜੇਹੜੀਆਂ ਬਿਨ ਅੱਖਰਾਂ ਤੋਂ ਛਾਪੀਆਂ, ਸ਼ਾਹੀ ਵੰਡ ਨਾ ਕੋਇ ਵੰਡਾਈਆ । ਬਿਨ ਅੱਖਾਂ ਮਾਰ ਲੈ ਝਾਕੀਆਂ, ਬਿਨ ਨੈਣਾਂ ਨੈਣ ਤਕਾਈਆ । ਏਹਦੇ ਵਿਚੋਂ ਦਿਸਣ ਅਗੰਮੀਆਂ ਪਾਤੀਆਂ, ਪਤ੍ਰਕਾ ਗੁਰ ਅਵਤਾਰ ਪੈਗ਼ੰਬਰ ਜੋ ਜਣਾਈਆ । ਕਲਜੁਗ ਹੋਣੀਆਂ ਅੰਤ ਅੰਧੇਰੀਆਂ ਰਾਤੀਆਂ, ਸਾਚਾ ਚੰਦ ਨਾ ਕੋਇ ਚਮਕਾਈਆ । ਝਗੜਾ ਪੈਣਾ ਜ਼ਾਤ ਪਾਤੀਆਂ, ਦੀਨ ਮਜ਼੍ਹਬ ਕਰੇ ਲੜਾਈਆ । ਨਾਮ ਕਲਮਾ ਇਕ ਦੂਜੇ ਮਾਰੇ ਕਾਤੀਆਂ, ਸ਼ਰਅ ਸ਼ਰੀਅਤ ਸੰਗ ਬਣਾਈਆ । ਕਲਜੁਗ ਕੂੜੀ ਕਿਰਿਆ ਖੇਲ ਹੋਣਾ ਡੂੰਘੇ ਖਾਤੀਆ, ਖ਼ਤਰਾ ਹੋਵੇ ਖ਼ਲਕ ਖ਼ੁਦਾਈਆ । ਉਸ ਵੇਲੇ ਪੁਰਖ ਅਕਾਲਾ ਦੀਨ ਦਿਆਲਾ ਪੁਛੇ ਵਾਤੀਆ, ਵਾਰਸ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਧਰਨੀ ਕਹੇ ਨਾਰਦ ਤੂੰ ਬਹੁ ਪੁਰਾਣਾ ਪਾਂਧਾ, ਪੰਡਤਾ ਦਿਆਂ ਸਮਝਾਈਆ । ਕਿਧਰੋਂ ਆਇਆ ਥੱਕਾ ਮਾਂਦਾ, ਜਗਤ ਜਹਾਨ ਪੰਧ ਮੁਕਾਈਆ । ਕਿਉਂ ਤੂੰ ਮੇਰਾ ਮੈਂ ਤੇਰਾ ਢੋਲਾ ਗਾਂਦਾ, ਬਿਨ ਅੱਖਰਾਂ ਸਿਫ਼ਤ ਸਲਾਹੀਆ । ਨਾਰਦ ਕਹੇ ਧਰਨੀਏ ਮੈਂ ਵਣਜਾਰਾ ਬਣਿਆ ਇਕੋ ਨਾਂ ਦਾ, ਨਾਉਂ ਨਿਰੰਕਾਰ ਇਕ ਸੁਣਾਈਆ । ਜਿਸ ਝਗੜਾ ਮੇਟਣਾ ਕਲਜੁਗ ਅੰਤਮ ਸੂਰ ਗਾਂ ਦਾ, ਢੋਰਾਂ ਪਸ਼ੂਆਂ ਖੱਲ ਨਾ ਕੋਇ ਲੁਹਾਈਆ । ਨੀ ਤੇਰਾ ਲਹਿਣਾ ਦੇਣਾ ਪੂਰਾ ਕਰਨਾ ਧਰਨੀ

ਮਾਂ ਦਾ, ਮਮਤਾ ਵਾਲੀਏ ਤੈਨੂੰ ਦਿਆਂ ਸੁਣਾਈਆ । ਉਹਦਾ ਵਕਤ ਸੁਹੰਜਣਾ ਖ਼ੁਸ਼ੀਆਂ ਵਾਲਾ ਚਾ ਦਾ, ਚਾਓ ਘਨੇਰਾ ਇਕ ਪਰਗਟਾਈਆ । ਜਿਸ
ਦਾ ਗੋਬਿੰਦ ਢੋਲਾ ਗਾਇਆ ਵਾਹ ਵਾਹ ਦਾ, ਵਾਹਵਾ ਤੇਰੀ ਬੇਪਰਵਾਹੀਆ । ਓਹ ਖ਼ਸਮ ਖ਼ਸਮਾਨਾ ਅਗੰਮ ਅਥਾਹ ਦਾ, ਅਲਖ ਅਗੋਚਰ ਨੂਰ
ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ
ਕਹੇ ਧਰਨੀਏ ਮੇਰੇ ਕੋਲ ਬੇਖ਼ਬਰਾਂ ਦੀਆਂ ਖ਼ਬਰਾਂ, ਬੇਖ਼ਬਰੇ ਤੈਨੂੰ ਦਿਆਂ ਜਣਾਈਆ । ਜਿਸ ਨੂੰ ਸੁਣ ਕੇ ਰਹੇ ਨਾਂ ਕੋਇ ਬੇਸਬਰਾ, ਸਬਰ ਸਬੂਰੀ
ਇਕ ਦਰਸਾਈਆ । ਜਿਸ ਵਿਚ ਦੀਨ ਦੁਨੀਆਂ ਦੀਆਂ ਧਾਰਾਂ ਮੇਟੇ ਗ਼ਦਰਾਂ, ਝਗੜਾ ਰਹੇ ਨਾ ਖ਼ਲਕ ਖ਼ੁਦਾਈਆ । ਆਤਮ ਪਰਮਾਤਮ ਪਾਵੇ ਕ਼ਦਰਾਂ,
ਕ਼ੁਦਰਤ ਦਾ ਕ਼ਾਦਰ ਨੂਰ ਅਲਾਹੀਆ । ਤੇਰੀਆਂ ਪੂਰੀਆਂ ਕਰੇ ਸਧਰਾਂ, ਸਦਮੇ ਤੇਰੇ ਦਏ ਮਿਟਾਈਆ । ਮਿਹਰਵਾਨ ਹੋ ਕੇ ਮਿਹਰ ਦੀਆਂ ਕਰੇ
ਨਜ਼ਰਾਂ, ਨਜ਼ਰੀਆ ਆਪਣਾ ਇਕ ਜਣਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰਾ ਇਕੋ ਵੇਖੇ ਸ਼ਜਰਾ, ਸ਼ਹਿਨਸ਼ਾਹ ਹੋ ਕੇ ਧਿਆਨ ਲਗਾਈਆ ।
ਤੂੰ ਯਾਦ ਕਰ ਲੈ ਜੋ ਮੁਹੰਮਦ ਨੂੰ ਸੰਦੇਸ਼ਾ ਦਿਤਾ ਈਲਜਬਰਾ, ਜਬਰਾਈਲ ਕੀ ਜਣਾਈਆ । ਸਦੀ ਚੌਧਵੀਂ ਨੂਰ ਨੁਰਾਨਾ ਉਤਰੇ ਉਤੋਂ ਅੰਬਰਾ, ਜ਼ਮੀਂ
ਜ਼ਮਾਂ ਧਿਆਨ ਲਗਾਈਆ । ਆਵਾਜ਼ ਸੁਣਾਏ ਅਗੰਮੇ ਮੰਬਰਾ, ਮਹਿਰਾਬਾਂ ਵੰਡ ਨਾ ਕੋਇ ਵੰਡਾਈਆ । ਨਿਗਾਹ ਮਾਰੇ ਜੂਹਾਂ ਕੰਦਰਾਂ, ਕਾਇਆ
ਕਾਅਬੇ ਫੋਲ ਫੁਲਾਈਆ । ਦੀਨ ਦੁਨੀ ਸ਼ਰਅ ਦਾ ਤੋੜੇ ਜੰਦਰਾ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਮਨੂਆ ਦਹਿ ਦਿਸ਼ਾ ਨਾ ਉਠ ਉਠ
੧੧੩੧ ਧਾਵੇ ਬੰਦਰਾ, ਬੰਦਗੀ ਆਪਣੀ ਇਕ ਵਖਾਈਆ । ਝਗੜਾ ਮੇਟ ਮਸੀਤਾਂ ਮੰਦਰਾਂ, ਦੁਆਰਾ ਇਕੋ ਇਕ ਦਰਸਾਈਆ । ਮਾਨਵ ਜ਼ਾਤੀ ਝਗੜਾ ੧੧੩੧
੨੪ ਰਹੇ ਨਾ ਪਸ਼ੂਆਂ ਡੰਗਰਾਂ, ਭੇਵ ਅਭੇਦਾ ਦਏ ਖੁਲ੍ਹਾਈਆ । ਪਰ ਇਕ ਗੱਲ ਯਾਦ ਰਖ ਜਿਸ ਖੇਲ ਵੇਖਣਾ ਜੂਹਾਂ ਜੰਗਲਾਂ, ਟਿੱਲੇ ਪਹਾੜਾਂ ਖੋਜ ੨੪
ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਧੁਰਦਰਗਾਹੀਆ । ਨਾਰਦ
ਕਹੇ ਧਰਨੀਏ, ਆਹ ਵੇਖ ਲੈ ਲਾਇਨਾਂ ਦੋ ਚਾਰ, ਚਾਰ ਜੁਗ ਦਾ ਭੇਵ ਖੁਲ੍ਹਾਈਆ । ਤੇਰਾਂ ਸੌ ਸਤਾਸੀ ਰਿਸ਼ੀਆਂ ਦੀ ਪੁਕਾਰ, ਪੁਨਹ ਪੁਨਹ
ਕਰਕੇ ਸੀਸ ਨਿਵਾਈਆ । ਬਾਵਨ ਖ਼ੁਸ਼ੀਆਂ ਨਾਲ ਸੁਣੇ ਸੁਣਨੇਹਾਰ, ਆਪ ਆਪਣੀ ਖ਼ੁਸ਼ੀ ਬਣਾਈਆ । ਨਾਲੇ ਚਰਨਾਂ ਨਾਲ ਧੂੜ ਉਡਾ ਕੇ ਛਾਰ,
ਸਭ ਦੇ ਉਤੇ ਦਿਤੀ ਸੁਟਾਈਆ । ਨਾਲੇ ਅੱਖਰ ਅੱਖਰ ਦੱਸ ਕੇ ਵੇਦ ਚਾਰ, ਬ੍ਰਹਮਾ ਦਾ ਲੇਖਾ ਪੂਰ ਕਰਾਈਆ । ਅਥਰਬਣ ਉਤੇ ਹੱਥ ਫੇਰਿਆ
ਨੌ ਵਾਰ, ਬਿਨ ਹੱਥਾਂ ਹੱਥ ਟਿਕਾਈਆ । ਰਿਸ਼ੀਓ ਹੋਣਾ ਖ਼ਬਰਦਾਰ, ਆਲਸ ਨਿੰਦਰਾ ਰਹਿਣ ਕੋਇ ਨਾ ਪਾਈਆ । ਕਲਜੁਗ ਅੰਤਮ ਕਲ ਕਲਕੀ
ਹੋਏ ਅਵਤਾਰ, ਨਿਹਕਲੰਕ ਨਾਉਂ ਰਖਾਈਆ । ਤੁਹਾਡਾ ਲਹਿਣਾ ਦੇਣਾ ਉਸ ਦੇ ਨਾਲ ਹੋਵੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਦੇਣ ਗਵਾਹੀਆ ।
ਜੁਗ ਜੁਗ ਵਿਛੜੇ ਆਪੇ ਮੇਲੇ ਮੇਲਣਹਾਰ, ਵਿਛੋੜਾ ਪੂਰਬ ਦਏ ਚੁਕਾਈਆ । ਨਾਲ ਹਸ ਕੇ ਕਿਹਾ ਤੁਸਾਂ ਸੰਮਤ ਸ਼ਹਿਨਸ਼ਾਹੀ ਵੇਖਣਾ ਇਕ ਇਕ
ਦੀ ਧਾਰ, ਏਕਾ ਏਕੇ ਨਾਲ ਮਿਲਾਈਆ । ਸੰਬਲ ਦਾ ਮਾਲਕ ਹੋ ਕੇ ਪਾਵੇ ਤੁਹਾਡੀ ਸਾਰ, ਸਤਿਗੁਰ ਸ਼ਬਦ ਸ਼ਬਦ ਵਡਿਆਈਆ । ਨਾਲੇ ਖ਼ੁਸ਼ੀਆਂ
ਨਾਲ ਬਾਵਨ ਕੀਤਾ ਇਸ਼ਾਰ, ਸੈਨਤ ਦਿਤੀ ਲਗਾਈਆ । ਜਿਸ ਭੋਜਨ ਦਾ ਤੁਸੀਂ ਵੇਖ ਕੇ ਆਏ ਭੰਡਾਰ, ਅੰਨ ਖਾ ਖਾ ਖ਼ੁਸ਼ੀ ਬਣਾਈਆ । ਉਨ੍ਹਾਂ
ਵਿਚੋਂ ਖ਼ੁਸ਼ੀਆਂ ਵਿਚ ਬਹੁਤਿਆਂ ਕਿਹਾ ਪੁਕਾਰ, ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ, ਸਚ ਦੀ ਕਰਨੀ ਕਾਰ ਕਮਾਈਆ । ਬਾਵਨ ਫੇਰ ਖ਼ੁਸ਼ੀਆਂ ਨਾਲ ਤੇਰਾਂ ਸੌ ਸਤਾਸੀ ਧਾਰ ਤਕੀ, ਰਿਸ਼ੀ ਰਿਖੀਸ਼ਰਾਂ ਵੇਖ ਵਖਾਈਆ । ਸਭ ਨੂੰ ਹੁਕਮ ਦਿਤਾ ਆਪਣੇ ਹਿਰਦੇ ਕਰੋ ਪੱਕੀ, ਕੱਚੀ ਗੰਢ ਨਾ ਕੋਇ ਰਖਾਈਆ । ਅੱਖਾਂ ਮੀਟੋ ਧਿਆਨ ਧਰੋ ਕੇਹੜੀ ਰੋਟੀ ਖਾਧੀ ਪੱਕੀ, ਪਕਵਾਨ ਕਿਹੜਾ ਨਜ਼ਰੀ ਆਈਆ । ਜਾਂ ਸਭ ਨੇ ਧਿਆਨ ਧਰਿਆ ਯੂਗੋਸਲਾਵੀਆ ਦੀ ਨਜ਼ਰ ਆਈ ਮੱਕੀ, ਜੋ ਨੌਂ ਦਾਣੇ ਲਿਆਂਦੇ ਚਾਈਂ ਚਾਈਂਆ । ਜਿਸ ਦਾ ਰਸ ਪਿਆਰ ਵਿਚ ਸਭ ਨੇ ਲਿਆ ਛਕੀ, ਸ਼ਿਕਵਾ ਅਵਰ ਰਿਹਾ ਨਾ ਰਾਈਆ । ਝਟ ਬਾਵਨ ਨੇ ਆਵਾਜ਼ ਦਿਤੀ ਹਕੀ, ਹਕ਼ੀਕ਼ਤ ਦਿਤੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਤੇਰਾਂ ਸੌ ਸਤਾਸੀ ਰਿਸ਼ੀ ਹੋਏ ਖ਼ਾਮੋਸ਼, ਮੁਖ ਦੰਦ ਜੇਹਵਾ ਨਾ ਕੋਇ ਹਿਲਾਈਆ । ਸਭ ਨੇ ਆਪਣੀ ਆਪਣੀ ਬਦਲੀ ਹੋਸ਼, ਮਨਸਾ ਮਨ ਦੀ ਦੂਰ ਕਰਾਈਆ । ਫੇਰ ਹੱਥ ਮਾਰਿਆ ਆਪਣੇ ਕਾਇਆ ਮਾਟੀ ਵਾਲੇ ਪੋਸ਼, ਤਨ ਵਜੂਦ ਵੇਖ ਵਖਾਈਆ । ਫੇਰ ਬਿਨਾ ਬੁੱਧੀ ਤੋਂ ਪੈ ਗਏ ਵਿਚ ਸੋਚ, ਸਮਝ ਜਗਤ ਨਾ ਕੋਇ ਜਣਾਈਆ । ਝਟ ਬਾਵਨ ਨੇ ਅੰਦਰੋਂ ਭਾਵਨਾ ਬਦਲੀ ਲੋਚ, ਆਸਾ ਆਸਾ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਝਟ ਨੌਂ ਦਾਣੇ ਹਸ ਕੇ ਲੱਗੇ ਕਹਿਣ, ਰਿਸ਼ੀਆਂ ਅੰਦਰ ਢੋਲੇ ਗਾਈਆ । ਤੁਹਾਡਾ ਕੁਛ ਲੇਖਾ ਲਿਖਿਆ ਜਾਣਾ ਵਿਚ ਰਮਾਇਣ, ਬਾਲਮੀਕ ਦਏ ਗਵਾਹੀਆ । ਤੁਹਾਡਾ ਕਾਹਨ ਨੇ ਬਣਨਾ ਸੈਣ, ਸੱਜਣ ਇਕ ਅਖਵਾਈਆ । ਪੈਗ਼ੰਬਰਾਂ ਬਣਨਾ ਮੁਹਾਇਣ, ਸੋਹਣਾ ਸੰਗ ਬਣਾਈਆ । ਗੁਰੂਆਂ ਦੇਣਾ ਦੇਣ, ਬਚਿਆ ਰਹਿਣ ਕੋਇ ਨਾ ਪਾਈਆ । ਕਲਜੁਗ ਅੰਤ ਕੂੜੀ ਕਿਰਿਆ ਵਹਿਣਾ ਵਹਿਣ, ਨਵ ਸੱਤ ਆਪਣਾ ਰੂਪ ਬਦਲਾਈਆ । ਪੁਰਖ ਅਕਾਲਾ ਦੀਨ ਦਿਆਲਾ ਤੁਹਾਡਾ ਲੇਖਾ ਲਹਿਣਾ ਆਵੇ ਦੇਣ, ਦੀਨ ਦੁਨੀ ਵਿਚੋਂ ਖੋਜ ਖੁਜਾਈਆ । ਤੁਸਾਂ ਬੈਠਣਾ ਨਾਲ ਚੈਨ, ਖੋਜਣ ਦੀ ਲੋੜ ਰਹੇ ਨਾ ਰਾਈਆ । ਝਟ ਇਸ਼ਾਰਾ ਦਿਤਾ ਉਠਕੇ ਚੌਦਾਂ ਰਤਨਾਂ ਵਿਚੋਂ ਕਾਮਧੇਨ, ਐਰਾਪਤ ਹਾਥੀ ਕੀ ਸੁਣਾਈਆ । ਕੀ ਲਹਿਣਾ ਦੇਣਾ ਤੁਹਾਡਾ ਵਿਚ ਹਿੰਦਵਾਇਣ, ਭਾਰਤ ਭਾਵਨਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨੌਂ ਦਾਣੇ ਕਹਿਣ ਰਿਸ਼ੀਓ ਪ੍ਰਭੂ ਨੇ ਤੁਹਾਡੇ ਉਤੇ ਕਰਨੀ ਮਿਹਰ, ਮਿਹਰਵਾਨ ਹੋ ਕੇ ਦਇਆ ਕਮਾਈਆ । ਤੁਹਾਨੂੰ ਮਾਨਸ ਜਨਮ ਮਿਲਣਾ ਫੇਰ, ਫੇਰੀ ਕਲਜੁਗ ਨਾਲ ਮਿਲਾਈਆ । ਲੇਖਾ ਜਾਣੇ ਸਤਿਗੁਰ ਸ਼ਬਦ ਹੋ ਕੇ ਸ਼ੇਰ, ਸਿੰਘ ਆਪਣਾ ਹੁਕਮ ਬਦਲਾਈਆ । ਤੁਹਾਡਾ ਚੁਰਾਸੀ ਵਾਲਾ ਮੂਲ ਨਾ ਹੋਵੇ ਗੇੜ, ਜੂਨੀ ਜੂਨ ਨਾ ਕੋਇ ਭੁਆਈਆ । ਅੰਤਮ ਲਹਿਣਾ ਦੇਣਾ ਦਏ ਨਬੇੜ, ਲੇਖਾ ਆਪਣੇ ਹੱਥ ਰਖਾਈਆ । ਸੰਮਤ ਸ਼ਹਿਨਸ਼ਾਹੀ ਗਿਆਰਾਂ ਹਿਸਾਬ ਰਹੇ ਨਾ ਜ਼ਬਰ ਜ਼ੇਰ, ਹਿੰਦਸਾ ਹਿੰਦਸਾ ਨਾ ਕੋਇ ਬਦਲਾਈਆ । ਉਸ ਵੇਲੇ ਤੁਹਾਡਾ ਪਕਵਾਨ ਤੇਰਾਂ ਸੌ ਸਤਾਸੀ ਹੋਵੇ ਸੇਰ, ਮੱਕੀ ਮੱਕਾ ਕਾਅਬਾ ਧਾਰ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਤੇਰਾਂ ਸੌ ਸਤਾਸੀ ਸੇਰ ਕਹੇ ਅਸੀਂ ਸਚ ਰੂਪ ਬਦਲਾਵਾਂਗੇ । ਰੂਪ ਅਨੂਪ ਆਪ ਦਰਸਾਵਾਂਗੇ । ਸ਼ਾਹੋ ਭੂਪ ਸੰਗ ਰਖਾਵਾਂਗੇ । ਅੰਗ ਅੰਗ ਨਾਲ ਮਿਲਾਵਾਂਗੇ । ਭੁਜੰਗ ਹੋ ਕੇ ਢੋਲੇ ਗਾਵਾਂਗੇ । ਮਰਦੰਗ ਧੁਰ ਦਾ ਨਾਮ ਸੁਣਾਵਾਂਗੇ । ਮਾਝਾ ਮਾਲਵਾ ਦੁਆਬਾ ਲੰਘ, ਜੰਮੂ ਆਪਣੀ ਗੰਢ ਪੁਆਵਾਂਗੇ । ਚਾਰ ਜੁਗ ਦੀ

ਡੋਰੀ ਇਕ ਪਤੰਗ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋੜ ਜੁੜਾਵਾਂਗੇ । ਆਤਮ ਪਰਮਾਤਮ ਧਾਰ ਹੋਵੇ ਬ੍ਰਹਮ ਹੰ, ਹੰ ਬ੍ਰਹਮ ਆਪਣਾ ਖੇਲ ਖਿਲਾਵਾਂਗੇ । ਜੋ ਪਿਛਲੀ ਪਿਛੇ ਗਈ ਲੰਘ, ਅਗਲਾ ਲਹਿਣਾ ਜਨ ਭਗਤਾਂ ਝੋਲੀ ਪਾਵਾਂਗੇ । ਸਾਡਾ ਲਹਿਣਾ ਦੇਣਾ ਲੇਖਾ ਹੋਵੇ ਨਾਲ ਪੰਜ, ਪੰਚਮ ਪਰਦਾ ਆਪ ਉਠਾਵਾਂਗੇ । ਨਾ ਕੋਈ ਹਰਖ਼ ਸੋਗ ਰੰਜ, ਰੰਜਸ਼ ਵਿਚ ਕਦੇ ਨਾ ਆਵਾਂਗੇ । ਫੇਰ ਖ਼ੁਸ਼ੀਆਂ ਨਾਲ ਦੀਨ ਦੁਨੀ ਦਾ ਵੇਖੀਏ ਜੰਗ, ਝਗੜੇ ਵਿਚ ਆਪਣੀ ਖ਼ੁਸ਼ੀ ਮਨਾਵਾਂਗੇ । ਛੱਬੀ ਪੋਹ ਦੀ ਸਾਡੀ ਵੰਡ, ਅੰਤਮ ਲੋਹਾਂ ਉਤੇ ਆਪਣਾ ਆਪ ਤਪਾਵਾਂਗੇ । ਫੇਰ ਖੇਲ ਵੇਖਣਾ ਵਿਚ ਨਵਖੰਡ, ਸੱਤਾਂ ਦੀਪਾਂ ਪਰਦਾ ਲਾਹਵਾਂਗੇ । ਚਾਰੇ ਕੂਟ ਪਵੇ ਡੰਡ, ਡੰਡਾਵਤ ਸਭ ਦੀ ਫੋਲ ਫੁਲਾਵਾਂਗੇ । ਫਿਰੇ ਦਰੋਹੀ ਵਿਚ ਵਰਭੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਵਾਂਗੇ । ਛੱਬੀ ਪੋਹ ਕਹੇ ਮੈਂ ਸ਼ਹਿਨਸ਼ਾਹੀ ਸੰਮਤ ਗਿਆਰਾਂ, ਇਕ ਇਕ ਨਾਲ ਮਿਲ ਕੇ ਵਜੇ ਵਧਾਈਆ । ਮੇਰੇ ਏਕੇ ਨਾਲ ਏਕਾ ਏਕੇ ਨਾਲ ਮਿਲਕੇ ਤਿੰਨਾਂ ਦੀ ਹੋਵੇ ਇਕ ਕਤਾਰਾ, ਤ੍ਰੈਲੋਕੀ ਧਾਰ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਨਾਲ ਦਏ ਇਸ਼ਾਰਾ, ਬਿਨ ਸੈਨਤ ਸੈਨਤ ਸਮਝਾਈਆ । ਰਜੋ ਤਮੋ ਸਤੋ ਨਾਲ ਰੋਵੇ ਜ਼ਾਰੋ ਜ਼ਾਰਾ, ਬਿਨ ਨੈਣਾਂ ਨੀਰ ਵਹਾਈਆ । ਤ੍ਰੈਲੋਕੀ ਕਰੇ ਪੁਕਾਰਾ, ਦਰੋਹੀ ਤੇਰਾ ਨਾਮ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਛੱਬੀ ਪੋਹ ਕਹੇ ਇਕ ਸੌ ਗਿਆਰਾਂ ਗੁਰਮੁਖ ਫੜ ਕੇ ਆਵਣ ਸੋਟੀਆਂ, ਸੱਜੇ ਖੱਬੇ ਹੱਥ ਫੜਾਈਆ । ਇਕ ਸੌ ਗਿਆਰਾਂ ਬੱਧੀਆਂ ਹੋਵਣ ਲੰਗੋਟੀਆਂ, ਰਿਖੀ ਰਖੀਸ਼ਰ ਆਪਣੀ ਕਾਰ ਕਮਾਈਆ । ਇਕ ਸੌ ਗਿਆਰਾਂ ਪਾਈਆਂ ਹੋਵਣ ਸੀਸ ਟੋਪੀਆਂ, ਮਸਤਕ ਟਿੱਕੇ ਲਾਲ ਲਗਾਈਆ । ਇਕ ਸੌ ਗਿਆਰਾਂ ਬਣੀਆਂ ਹੋਵਣ ਗੋਪੀਆਂ, ਬਿਨ ਕਾਹਨ ਖ਼ੁਸ਼ੀ ਬਣਾਈਆ । ਇਕ ਸੌ ਗਿਆਰਾਂ ਕੁੱਛੜ ਚੁਕੀਆਂ ਹੋਵਣ ਪੋਤੀਆਂ, ਸੱਤ ਸਾਲ ਤੋਂ ਵਧ ਉਮਰ ਨਾ ਕੋਇ ਜਣਾਈਆ । ਇਕ ਸੌ ਗਿਆਰਾਂ ਜਗਾਈਆਂ ਹੋਵਣ ਜੋਤੀਆਂ, ਦੀਪਕ ਚਾਰ ਮੁਖ ਸੁਹਾਈਆ । ਇਕ ਸੌ ਗਿਆਰਾਂ ਤੁਰੀਆਂ ਆਵਣ ਨਾ ਜਾਗਣ ਨਾ ਸੋਤੀਆਂ, ਅੱਖ ਅੱਖ ਵਿਚੋਂ ਬਦਲਾਈਆ । ਇਕ ਸੌ ਗਿਆਰਾਂ ਕੋਲ ਗਿਆਰਾਂ ਗਿਆਰਾਂ ਹੋਵਣ ਰੋਟੀਆਂ, ਸੀਸ ਸੀਸ ਉਤੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਛੱਬੀ ਪੋਹ ਕਹੇ ਇਕ ਸੌ ਗਿਆਰਾਂ ਪਾਉਂਦੇ ਆਵਣ ਭੰਗੜਾ, ਕਪੜਿਆਂ ਵੰਡ ਨਾ ਕੋਇ ਵੰਡਾਈਆ । ਇਕ ਸੌ ਗਿਆਰਾਂ ਰੂਪ ਬਣਿਆ ਹੋਵੇ ਅੰਧੜਾ, ਡੰਗੋਰੀਆਂ ਹੱਥਾਂ ਵਿਚ ਫੜਾਈਆ । ਇਕ ਸੌ ਗਿਆਰਾਂ ਗੁਰਮੁਖ ਬਣਿਆ ਹੋਵੇ ਲੰਗੜਾ, ਸਿੱਧਾ ਪੈਰ ਨਾ ਕੋਇ ਰਖਾਈਆ । ਇਕ ਸੌ ਗਿਆਰਾਂ ਕਰਦਾ ਆਵੇ ਝਗੜਾ, ਹੱਥੋਂ ਹੱਥ ਲੜਾਈਆ । ਇਕ ਸੌ ਗਿਆਰਾਂ ਦੇ ਕੋਲ ਕਲਜੁਗ ਦਾ ਹੋਵੇ ਖਰੜਾ, ਲੇਖਾ ਪਿਛਲਾ ਨਾਲ ਮਿਲਾਈਆ । ਇਕ ਸੌ ਗਿਆਰਾਂ ਗੁਰਮੁਖ ਰੂਪ ਬਣਿਆ ਹੋਵੇ ਬਗਲਾ ਬਪੜਾ, ਅੰਦਰੋਂ ਹੋਰ ਬਾਹਰੋਂ ਹੋਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਖਿਲਾਈਆ । ਛੱਬੀ ਪੋਹ ਕਹੇ ਇਕ ਸੌ ਗਿਆਰਾਂ ਬੀਬੀਆਂ ਹੋਵਣ ਗਾਂਦੀਆਂ, ਗੀਤ ਧੁਰ ਦੇ ਮਾਹੀਆ । ਇਕ ਸੌ ਗਿਆਰਾਂ ਲਾਲ ਪਾਈਆਂ ਹੋਵਣ ਪਰਾਂਦੀਆਂ, ਸੰਧੂਰ ਮੱਥੇ ਵਿਚ ਛੁਹਾਈਆ । ਇਕ ਸੌ ਗਿਆਰਾਂ ਮਿਠਾ ਰਸ ਹੋਵਣ ਖਾਂਦੀਆਂ, ਜਗਤ ਵੰਡ ਨਾ ਕੋਇ ਵੰਡਾਈਆ । ਇਕ ਸੌ ਗਿਆਰਾਂ ਛੱਲੇ ਪਾਏ ਹੋਵਣ ਚਾਂਦੀਆਂ, ਉਂਗਲ ਛੋਟੀ ਜਗਤ ਸੁਹਾਈਆ ।

੧੧੩੩
੨੪

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਛੱਬੀ ਪੋਹ ਕਹੇ ਮੇਰਾ ਵਕ਼ਤ ਦਿਹਾੜਾ ਸੋਹਣਾ ਹੋਵੇ ਜਗ, ਮੈਨੂੰ ਸੋਹਣੀ ਮਿਲੇ ਵਡਿਆਈਆ । ਗਿਆਰਾਂ ਲੋਹਾਂ ਹੇਠ ਬਲੇਗੀ ਅੱਗ, ਗਿਆਰਾਂ ਗਿਆਰਾਂ ਗੁਰਮੁਖ ਸੇਵ ਕਮਾਈਆ । ਗਿਆਰਾਂ ਵਿਚ ਇਕ ਪਾੜ ਕੇ ਸੁੱਟੀ ਜਾਏਗੀ ਪੱਗ, ਪੂਰਬ ਲੇਖੇ ਲੇਖ ਮੁਕਾਈਆ । ਗਿਆਰਾਂ ਮਾਰ ਕੇ ਕੋਲ ਰਖੇ ਜਾਣਗੇ ਕਗ, ਨੌ ਨੌ ਫੁਟ ਉਚੇ ਦੇਣੇ ਬੰਧਾਈਆ । ਨੌ ਨੌ ਗੁਰਮੁਖ ਮਾਝਾ ਮਾਲਵਾ ਦੁਆਬਾ ਜੰਮੂ ਬੈਠਣਗੇ ਅਲਗ ਅਲਗ, ਸੋਹਣਾ ਰੂਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਛੱਬੀ ਪੋਹ ਕਹੇ ਮੈਨੂੰ ਲੇਖਾ ਯਾਦ ਆ ਗਿਆ ਜੋ ਰਾਮ ਦੀ ਧਾਰ ਕੀਤਾ ਨਾਲ ਕੈਕੇਈ, ਸਹਿਜ ਨਾਲ ਸਮਝਾਈਆ । ਜਿਸ ਦਾ ਲੇਖਾ ਜਗਤ ਧਾਰ ਮਤਰਈ, ਮਤਾ ਸਮਝ ਕੋਇ ਨਾ ਪਾਈਆ । ਜਿਸ ਦਾ ਵਿਸ਼ਾ ਲਿਖਿਆ ਨਹੀਂ ਕਿਸੇ ਉਤੇ ਵਹੀ, ਕਾਗ਼ਜ਼ ਚਲੇ ਨਾ ਕੋਇ ਚਤੁਰਾਈਆ । ਨਾਲੇ ਰਾਮ ਸੰਦੇਸ਼ਾ ਦਿਤਾ ਭਰਤ ਭਈ, ਭਈਆ ਦਿਆਂ ਦ੍ਰਿੜਾਈਆ । ਨਾਲੇ ਹੱਥ ਨਾਲ ਪਾਏ ਸਹੀ, ਸਹਿਜ ਨਾਲ ਸੁਣਾਈਆ । ਜਿਸ ਵੇਲੇ ਕਲਜੁਗ ਅੰਤਮ ਸਭ ਦੀ ਪਤ ਗਈ, ਲਜਿਆ ਨਜ਼ਰ ਕੋਇ ਨਾ ਆਈਆ । ਗੋਬਿੰਦ ਦਾ ਲੰਘਣਾ ਢਈਆ ਢਈ, ਢੌਂਕਾ ਜਗਤ ਲਗਾਈਆ । ਉਸ ਵੇਲੇ ਖੇਲ ਹੋਣਾ ਜੋ ਇਸ਼ਾਰਾ ਕੀਤਾ ਦੁਰਗਾ ਅਸ਼ਟਭੁਜ ਮਈ, ਮਈਆ ਹੋ ਕੇ ਗਈ ਸਮਝਾਈਆ । ਛੱਬੀ ਪੋਹ ਸ਼ਹਿਨਸ਼ਾਹੀ ਸੰਮਤ ਗਿਆਰਾਂ ਜਨ ਭਗਤਾਂ ਲੰਗਰ ਪੱਕੇ ਮਕਈ, ਮੁਕੰਮਲ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਛੱਬੀ ਪੋਹ ਕਹੇ ਪੰਜਾਂ ਪਿਆਰਿਆਂ ਆਪਣਾ ਆਪ ਲੈਣਾ ਸੰਭਾਲ, ਸੰਬਲ ਦਾ ਵਾਸੀ ਖੇਲ ਖਿਲਾਈਆ । ਸੱਜੇ ਗੁਟ ਨਾਲ ਲਾਲ ਰੰਗ ਦਾ ਬੱਧਾ ਹੋਵੇ ਰੁਮਾਲ, ਗੰਢਾਂ ਪੰਜ ਪੰਜ ਬੰਧਾਈਆ । ਪੰਜਾਂ ਲਿਖਾਰੀਆਂ ਆਪਣੇ ਖੁਲ੍ਹੇ ਰਖਣੇ ਵਾਲ, ਪਗੜੀਆਂ ਸੀਸ ਉਤੇ ਟਿਕਾਈਆ । ਪੰਜਾਂ ਦਰਬਾਰੀਆਂ ਇਕ ਕੋਲ ਰਖਣੀ ਢਾਲ, ਪੂਰਬ ਲਹਿਣਾ ਗੋਬਿੰਦ ਸੰਗ ਬਣਾਈਆ । ਫੇਰ ਕਲਜੁਗ ਆ ਕੇ ਕਰੇ ਸੁਆਲ, ਆਪਣਾ ਸੰਗ ਬਣਾਈਆ । ਕਿਸ ਬਿਧ ਮੇਰਾ ਹੋਵੇ ਜ਼ਵਾਲ, ਮੈਨੂੰ ਦਿਉ ਸਮਝਾਈਆ । ਸਤਿਗੁਰ ਸ਼ਬਦ ਬਣੇ ਦਲਾਲ, ਵਿਚੋਲਾ ਧੁਰਦਰਗਾਹੀਆ । ਭੇਵ ਖੁਲ੍ਹਾਏ ਪੁਰਖ ਅਕਾਲ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਛੱਬੀ ਪੋਹ ਕਹੇ ਮੈਂ ਖ਼ੁਸ਼ੀਆਂ ਨਾਲ ਆਇਆ, ਜਨ ਭਗਤਾਂ ਦਿਆਂ ਜਣਾਈਆ । ਜਿਸ ਮੇਰਾ ਵਕ਼ਤ ਸੁਹਾਇਆ, ਸੋਹਣੀ ਦਿਤੀ ਵਡਿਆਈਆ । ਮੈਂ ਕੂੜ ਕੁੜਿਆਰੀ ਗੁਰਮੁਖਾਂ ਅੰਦਰੋਂ ਕਢਾਉਣੀ ਮਾਇਆ, ਮਮਤਾ ਮੋਹ ਵਿਕਾਰ ਰਹਿਣ ਕੋਇ ਨਾ ਪਾਈਆ । ਇਕ ਸੰਦੇਸ਼ ਨਰ ਨਰੇਸ਼ ਦਏ ਸੁਣਾਇਆ, ਕਾਇਆ ਮੰਦਰ ਅੰਦਰ ਦ੍ਰਿੜਾਈਆ । ਸੁਰਤੀ ਸ਼ਬਦ ਮੇਲ ਮਿਲਾਇਆ, ਸ਼ਬਦ ਸੁਰਤ ਵਿਚ ਮਿਲਾਈਆ । ਜਿਸ ਨੇ ਅਗਲਾ ਲੇਖ ਦੇਣਾ ਬਦਲਾਇਆ, ਬਦਲੀ ਕਰੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਦਿ ਅੰਤ ਜੁਗਾ ਜੁਗੰਤ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਖੇਲ ਰਿਹਾ ਖਿਲਾਇਆ, ਖੇਲਣਹਾਰ ਏਕੰਕਾਰ ਅਗੰਮ ਅਥਾਹੀਆ ।

## ✪ ੨੨ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਉੱਤਮ ਜੀਤ ਸਿੰਘ ਦੇ ਗ੍ਰਿਹ ਜੰਮੂ ਸ਼ਹਿਰ ✪

ਨੌ ਦਾਣੇ ਕਹਿਣ ਸਾਡਾ ਲੇਖਾ ਨਾਲ ਨਵ ਖੰਡ, ਨਵਾਂ ਖੰਡਾਂ ਵਿਚੋਂ ਕਿੰਪੁਰਖ ਮਿਲੇ ਵਡਿਆਈਆ । ਹਰਵਰਖ ਸਾਡੀ ਹੋਈ ਵੰਡ, ਭਾਰਤ ਮੇਲਾ ਲਿਆ ਮਿਲਾਈਆ । ਅਸੀਂ ਫਿਰਨਾ ਵਿਚ ਵਰਭੰਡ, ਭੱਜਣਾ ਵਾਹੋ ਦਾਹੀਆ । ਦੀਨ ਦੁਨੀ ਦਾ ਵੇਖਣਾ ਕੂੜ ਪਾਖੰਡ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਨ ਭਗਤਾਂ ਅੰਤਰ ਪਾਉਣੀ ਠੰਢ, ਕਲਜੁਗ ਅਗਨੀ ਬਾਹਰ ਕਢਾਈਆ । ਆਤਮ ਪਰਮਾਤਮ ਬੰਧਾਉਣੀ ਗੰਢ, ਸੁਰਤੀ ਸ਼ਬਦ ਨਾਲ ਮਿਲਾਈਆ । ਲੇਖਾ ਵੇਖਣਾ ਸੂਰੀਆ ਚੰਦ, ਮੰਡਲ ਮੰਡਪ ਧਿਆਨ ਲਗਾਈਆ । ਸਾਡਾ ਖ਼ੁਸ਼ੀ ਹੋਣਾ ਬੰਦ ਬੰਦ, ਬੰਦਗੀ ਸਚ ਵਿਚ ਸਮਾਈਆ । ਸਾਡਾ ਲੇਖਾ ਨਾਲ ਗੋਬਿੰਦ ਪੁਰੀ ਅਨੰਦ, ਅਨੰਦਪੁਰ ਛਡਣ ਲਗਿਆਂ ਗਿਆ ਸਮਝਾਈਆ । ਸਾਡੇ ਅੰਤਰ ਨਿਰੰਤਰ ਉਹ ਮੰਗ, ਜੋ ਮਾਂਗਤ ਹੋ ਕੇ ਦਈਏ ਸੁਣਾਈਆ । ਜੋ ਆਸ਼ਾ ਰਖੀ ਰਵੀਦਾਸ ਦੀ ਧਾਰ ਸਚ ਕਿਨਾਰੇ ਗੰਗ, ਗੰਗੋਤਰੀ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨੌਂ ਦਾਣੇ ਕਹਿਣ ਸਾਡਾ ਨਾਤਾ ਨਾਲ ਨੌ ਗ੍ਰਿਹਿ, ਬ੍ਰਿਹਿਸਪਤ ਆਪਣਾ ਰੰਗ ਰੰਗਾਈਆ । ਸ਼ਨੀ ਸਾਨੂੰ ਰਿਹਾ ਕਹਿ, ਕੂਕ ਕੂਕ ਸੁਣਾਈਆ । ਮੰਗਲ ਹਸ ਕੇ ਮੰਗੇ ਅਗੰਮੀ ਸੈਅ, ਸ਼ਹਿਨਸ਼ਾਹ ਅਗੇ ਝੋਲੀ ਡਾਹੀਆ । ਪੁਰਖ ਅਕਾਲੇ ਦੀਨ ਦਿਆਲੇ ਦੀਨ ਦੁਨੀ ਉਤੋਂ ਮੇਟ ਦੁਵੈ, ਦੁਵੈਸ਼ ਰਹਿਣ ਕੋਇ ਨਾ ਪਾਈਆ । ਤੇਰਾ ਹਰ ਥਾਂ ਹੋਵੇ
੧੧੩੫ ਭੈ, ਭੈ ਵਿਚ ਬ੍ਰਹਿਮੰਡ ਖੰਡ ਸੀਸ ਨਿਵਾਈਆ । ਤੇਰਾ ਇਕੋ ਨਾਮ ਨਿਧਾਨਾ ਸ੍ਰੀ ਭਗਵਾਨਾ ਦੋ ਜਹਾਨਾਂ ਰਹੈ, ਰਸਤਾ ਇਕੋ ਦੇਣਾ ਵਖਾਈਆ । ੧੧੩੫
੨੪ ਜਗਤ ਦੇ ਮਾਰਗ ਪੂਰਬ ਤਕਣੇ ਗਹਿ, ਗ੍ਰੈਹਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ੨੪
ਵਰ, ਸਚ ਦੀ ਕਰਨੀ ਕਾਰ ਕਮਾਈਆ । ਨੌਂ ਦਾਣੇ ਕਹਿਣ ਪਰਮ ਪੁਰਖ ਪ੍ਰਭ ਸਾਨੂੰ ਬਖ਼ਸ਼ ਦੇ ਨਵ ਨਿਧ, ਨਵ ਨਵ ਦਾ ਪੰਧ ਮੁਕਾਈਆ । ਜਨ ਭਗਤਾਂ ਕਾਰਜ ਕਰ ਦੇ ਸਿਧ, ਸੁਦੀ ਵਦੀ ਵੰਡ ਨਾ ਕੋਇ ਵੰਡਾਈਆ । ਤੇਰੇ ਕੋਲ ਅਗੰਮੀ ਬਿਧ, ਬਿਧਨਾ ਦਾ ਲੇਖਾ ਦੇ ਚੁਕਾਈਆ । ਅੰਤਰ ਆਤਮ ਨਿਰਗੁਣ ਧਾਰ ਹੋ ਕੇ ਵਿਧ, ਵਿਦਿਆ ਦਾ ਲੇਖਾ ਰਹੇ ਨਾ ਰਾਈਆ । ਅੰਮ੍ਰਿਤ ਧਾਰ ਵਹਾ ਦੇ ਸਾਗਰ ਸਿੰਧ, ਸਿੰਧੂ ਆਪਣੀ ਦਇਆ ਕਮਾਈਆ । ਮਸਤਕ ਧੂੜ ਰਮਾ ਦੇ ਇੰਜ, ਜੋ ਬਿੰਦਰਾਬਨ ਦਾ ਕਾਹਨ ਗਿਆ ਸਮਝਾਈਆ । ਤੂੰ ਜੋਤੀ ਜਾਤਾ ਪੁਰਖ ਬਿਧਾਤਾ ਲਹਿਣਾ ਦੇਣਾ ਪੂਰਾ ਕਰ ਦੇ ਵਿਚ ਹਿੰਦ, ਭਾਰਤ ਖੰਡੀ ਆਪਣਾ ਰੰਗ ਰੰਗਾਈਆ । ਅਸੀਂ ਆਦਿ ਜੁਗਾਦੀ ਤੇਰੀ ਬਿੰਦ, ਦੂਜਾ ਨਜ਼ਰ ਕੋਇ ਨਾ ਆਈਆ । ਤੂੰ ਮਿਹਰਵਾਨ ਬਖ਼ਸ਼ਿੰਦ, ਰਹਿਮਤ ਆਪਣੀ ਆਪ ਦਰਸਾਈਆ । ਜਨ ਭਗਤਾਂ ਅੰਦਰੋਂ ਮੇਟਣੀ ਚਿੰਦ, ਚਿੰਤਾ ਚਿਖਾ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਗੁਣੀ ਗਹਿੰਦ, ਗਹਿਰ ਗੰਭੀਰ ਗਵਰ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ ।

✪ ੨੨ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਬਾਗੋ ਦੇਵੀ ਦੇ ਨਵਿਤ ਜੰਮੂ ਸ਼ਹਿਰ ਵਜ਼ਾਰਤ ਰੋਡ ✪

ਧਰਨੀ ਕਹੇ ਮੇਰਾ ਭਾਗ ਹੋਣਾ ਉਦਾ, ਉਦੈ ਅਸਤ ਮਿਲੇ ਵਡਿਆਈਆ । ਮੈਂ ਖ਼ੁਸ਼ੀਆਂ ਵਿਚ ਫਿਰਾਂ ਧਵਲ ਹੋ ਬਸੁਧਾ, ਬੇਸੁਧ ਵੇਖਾਂ ਖ਼ਲਕ ਖ਼ੁਦਾਈਆ । ਜੋ ਇਸ਼ਾਰਾ ਦੇ ਕੇ ਗਿਆ ਸਮਾਧੀ ਵਿਚ ਬੁੱਧਾ, ਬੁੱਧੀ ਤੋਂ ਪਰੇ ਧਿਆਨ ਲਗਾਈਆ । ਉਸ ਦਾ ਵਕਤ ਸੁਹੰਜਣਾ ਪੁੱਜਾ, ਘੜੀ ਪਲ ਥਿਤ ਵਾਰ ਦਏ ਗਵਾਹੀਆ । ਕਲਜੁਗ ਅੰਤਮ ਮੇਰੇ ਉਤੇ ਕਿਰਿਆ ਕੂੜ ਦਾ ਉਜੜਨਾ ਝੁੱਗਾ, ਜਗਤ ਦੁਆਰ ਨਜ਼ਰ ਕੋਇ ਨਾ ਆਈਆ । ਇਕੋ ਧੁਰ ਦਾ ਹੁਕਮ ਹੋਵਣਾ ਉਘਾ, ਚਾਰੋਂ ਕੁੰਟ ਵਜੇ ਵਧਾਈਆ । ਜਿਸ ਵਿਚੋਂ ਸਤਿ ਧਰਮ ਪਵਿਤ੍ਰ ਨਿਕਲਣਾ ਦੁੱਧਾ, ਨਿਰਗੁਣ ਸਰਗੁਣ ਆਪਣਾ ਭੇਵ ਚੁਕਾਈਆ । ਮੇਰਾ ਲੇਖਾ ਲਹਿਣਾ ਪੂਰਾ ਹੋਣਾ ਜੋ ਸਤਿਗੁਰ ਅਰਜਨ ਇਸ਼ਾਰਾ ਦਿਤਾ ਬਾਬਾ ਬੁੱਢਾ, ਬਿਨ ਬੁੱਢੇਪਿਉਂ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਧਰਨੀ ਕਹੇ ਮੇਰਾ ਹੋਣਾ ਵਡ ਵਡ ਭਾਗ, ਭਗਵਨ ਦਏ ਵਡਿਆਈਆ । ਜਨ ਭਗਤ ਸੁਹੇਲੇ ਜਗਣੇ ਚਰਾਗ਼, ਚਾਰੋਂ ਕੁੰਟ ਕੁੰਟ ਰੁਸ਼ਨਾਈਆ । ਮੇਰੇ ਅੰਤਰ ਉਪਜੇ ਇਕ ਵੈਰਾਗ, ਬਿਰਹੋਂ ਨਾਲ ਸੁਣਾਈਆ । ਪ੍ਰਭੁ ਨੇ ਸਭ ਤੋਂ ਵਖਰਾ ਧਰਮ ਦਾ ਦੱਸਣਾ ਇਕ ਤਿਆਗ, ਤ੍ਰੈਗੁਣ ਅਤੀਤਾ ਆਪ ਜਣਾਈਆ । ਜਿਸ ਨਾਲ ਹੰਸ ਬਣਨਾ ਕਾਗ, ਦੁਰਮਤ ਮੈਲ ਰਹੇ ਨਾ ਰਾਈਆ । ਭਗਤ ਫੁਲਵਾੜੀ ਬਗੀਚਾ ਮਹਿਕਣਾ ਬਾਗ਼, ਗੁਲਸ਼ਨ ਆਪਣੇ ਰੰਗ ਰੰਗਾਈਆ । ਜੋ ਇਸ਼ਾਰਾ ਕੀਤਾ ਵਿਸ਼ਨੂੰ ਬਹਿ ਕੇ ਬਾਸ਼ਕ ਸ਼ੇਸ਼ਾ ਨਾਗ, ਬਿਨ ਰਸਨਾ ਢੋਲੇ ਗਾਈਆ । ਪ੍ਰਭ ਦਾ ਖੇਲ ਹੋਣਾ ਅਵਤਾਰ ਪੈਗ਼ੰਬਰਾਂ ਗੁਰੂਆਂ ਬਾਅਦ, ਜੋਤੀ ਜਾਤਾ ਹੋ ਕੇ ਖੇਲ ਖਿਲਾਈਆ । ਮਾਨਸ ਮਾਨਵ ਕਰੇ ਆਜ਼ਾਦ, ਮਾਨੁਖ ਆਪਣੇ ਰੰਗ ਰੰਗਾਈਆ । ਸਚ ਵਸਤ ਦੇ ਕੇ ਦਾਦ, ਖ਼ਾਲੀ ਝੋਲੀ ਆਪ ਭਰਾਈਆ । ਸਚਖੰਡ ਦੁਆਰ ਕਰ ਅਬਾਦ, ਦਰਗਾਹ ਸਚ ਸਚ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੁਰਾਸੀ ਵਿਚ ਹੋਣ ਨਾ ਦੇਵੇ ਬਰਬਾਦ, ਜਮ ਕੀ ਫਾਸੀ ਦਏ ਤੁੜਾਈਆ ।

✪ ੨੨ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਅਜੀਤ ਸਿੰਘ ਦੇ ਗ੍ਰਿਹ ਜੰਮੂ ਸ਼ਹਿਰ ਵਜ਼ਾਰਤ ਰੋਡ ✪

ਧਰਨੀ ਕਹੇ ਮੈਨੂੰ ਯਾਦ ਔਂਦਾ ਵਕ਼ਤ ਪੁਰਾਣਾ, ਪੁਨਹ ਪੁਨਹ ਕਰਕੇ ਸੀਸ ਨਿਵਾਈਆ । ਜੋ ਸੰਦੇਸ਼ਾ ਦੇ ਕੇ ਗਿਆ ਨਰ ਨਰਾਇਣਾ, ਪੰਚਮ ਪੰਚਮ ਗੰਢ ਪੁਆਈਆ । ਕਪਲ ਮੁਨ ਦਾ ਯਾਦ ਇਕ ਕਹਿਣਾ, ਜੋ ਬਿਨ ਰਸਨਾ ਗਿਆ ਸੁਣਾਈਆ । ਦੱਤਾਤ੍ਰੇ ਵੇਖੇ ਪ੍ਰੇਮ ਧਾਰ ਦੇ ਨੈਣਾ, ਨੇਤਰ ਨੇਤਰ ਵਿਚੋਂ ਬਦਲਾਈਆ । ਰਿਖਵ ਇਸ਼ਾਰਾ ਕੀਤਾ ਵਿਚ ਹਿੰਦਵਾਇਣਾ, ਭਾਰਤ ਆਪਣੀ ਗੰਢ ਪੁਆਈਆ । ਪ੍ਰਿਥੁ ਕਿਹਾ ਸਾਕ ਸੱਜਣ ਸੈਣਾ, ਸਤਿਗੁਰ ਪੁਰਖ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪ੍ਰਿਥੁ ਕਹੇ ਮੈਂ ਧਰਨੀ ਕੀਤਾ ਮਥਨ, ਧੁਰ ਦੇ ਹੁਕਮ ਮਿਲੀ ਵਡਿਆਈਆ । ਧਵਲ ਦੀ ਝੋਲੀ ਭਰੀ ਸੱਖਣ, ਵਸਤ ਸਚ ਪਰਗਟਾਈਆ ।

ਧੌਲ ਨੂੰ ਦਾਨ ਦਿਤਾ ਹੱਥਨ, ਖ਼ੁਸ਼ੀਆਂ ਝੋਲੀ ਪਾਈਆ । ਧਰਤ ਦੀ ਪੈਜ ਆਇਆ ਰਖਣ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪ੍ਰਿਭੁ ਕਹੇ ਮੈਂ ਧਰਨੀ ਵਿਚੋਂ ਕੱਢਿਆ ਅੰਨ, ਜਗਤ ਧਾਰ ਧਾਰ ਸਮਝਾਈਆ । ਸ੍ਰਿਸ਼ਟੀ ਬੇੜਾ ਦਿਤਾ ਬੰਨ੍ਹ, ਸੋਹਣਾ ਸੰਗ ਬਣਾਈਆ । ਜਗਤ ਤ੍ਰਿਸ਼ਨਾ ਪੂਰੀ ਕੀਤੀ ਮਨ, ਮਨਸਾ ਸੰਗ ਰਖਾਈਆ । ਜਿਸ ਨੂੰ ਖਾ ਕੇ ਸਾਰੇ ਕਹਿਣ ਧੰਨ ਧੰਨ, ਧੰਨ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਅੰਨ ਕਹੇ ਮੈਂ ਆਇਆ ਵਿਚ ਜਗ, ਪ੍ਰਭ ਦਿਤੀ ਮਾਣ ਵਡਿਆਈਆ । ਮੇਰਾ ਲਹਿਣਾ ਦੇਣਾ ਨਾਲ ਅੱਗ, ਅਗਨੀ ਮੇਰਾ ਤਤ ਤਪਾਈਆ । ਮੈਂ ਰਹਿ ਨਾ ਸਕਾਂ ਅਲਗ, ਵਖਰਾ ਗ੍ਰਿਹ ਨਾ ਕੋਇ ਜਣਾਈਆ । ਮੈਨੂੰ ਹੁਕਮ ਦਿਤਾ ਸੂਰੇ ਸਰਬਗ, ਹਰਿ ਕਰਤੇ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਮੇਰੀ ਰਖੀ ਕੋਈ ਨਾ ਹੱਦ, ਹਦੂਦਾਂ ਵੰਡ ਨਾ ਕੋਇ ਵੰਡਾਈਆ ।

### ✪ ੨੨ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਰਾਮ ਕੌਰ ਦੇ ਗ੍ਰਿਹ ਜੰਮੂ ਸ਼ਹਿਰ ਵਜ਼ਾਰਤ ਰੋਡ ✪



ਅੰਨ ਕਹੇ ਮੇਰਾ ਬਿਨਾ ਬੁੱਧੀ ਤੋਂ ਇਕ ਧਿਆਨ, ਧਰਮ ਧਾਰ ਜਣਾਈਆ । ਮੇਰਾ ਅੱਖਰਾਂ ਵਾਲਾ ਨਹੀਂ ਕੋਈ ਗਿਆਨ, ਜਗਤ ਵਿਦਿਆ ਨਾ ਕੋਇ ਪੜ੍ਹਾਈਆ । ਮੈਨੂੰ ਸਭ ਨੇ ਕੀਤਾ ਪਰਵਾਨ, ਮਾਨਸ ਮਾਨਵ ਆਪਣਾ ਸੰਗ ਬਣਾਈਆ । ਪਸ਼ੂ ਪੰਛੀ ਜੀਵ ਜੰਤ ਸਾਰੇ ਖਾਣ, ਖਾ ਖਾ ਖ਼ੁਸ਼ੀ ਬਣਾਈਆ । ਮੈਨੂੰ ਸਤਿਜੁਗ ਵਿਚ ਰਾਜੇ ਬਲ ਕੀਤਾ ਪਰਧਾਨ, ਪਰਧਾਨਗੀ ਮੇਰੇ ਅਸ਼ਵਮੇਧ ਯਗ ਵਿਚ ਮੇਰਾ ਪਹਿਲੀ ਵਾਰ ਪੱਕਿਆ ਪਕਵਾਨ, ਨਵ ਸੱਤ ਮੇਰੀ ਖ਼ੁਸ਼ੀ ਬਣਾਈਆ । ਜਗਤ ਜਗਿਆਸੂ ਤਪੱਸਵੀ ਮੁਨੀ ਰਿਸ਼ੀ ਮੈਨੂੰ ਦੇਵਣ ਮਾਣ, ਮੇਰਾ ਸਾਚਾ ਸੰਗ ਬਣਾਈਆ । ਮੈਂ ਪ੍ਰਸਿਧ ਹੋਇਆ ਵਿਚ ਜਹਾਨ, ਦੀਨ ਦੁਨੀ ਵਜੇ ਵਧਾਈਆ । ਮੇਰੇ ਕਾਰਨ ਬਾਵਨ ਪਰਗਟ ਹੋਇਆ ਭਗਵਾਨ, ਬਾਲਾਂ ਬਿਰਧਾਂ ਆਪਣਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿਵਾਦੀ ਦਿਤਾ ਦਾਨ, ਦਇਆਵਾਨ ਹੋ ਕੇ ਦਇਆ ਕਮਾਈਆ ।

### ✪ ੨੨ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਛੁੱਮਣ ਸਿੰਘ ਦੇ ਗ੍ਰਿਹ ਜੰਮੂ ਸ਼ਹਿਰ ਵਜ਼ਾਰਤ ਰੋਡ ✪

ਪਕਵਾਨ ਕਹੇ ਮੈਂ ਅੰਨ ਹੋ ਕੇ ਪਕਦਾ, ਭੋਜਨ ਮੇਰਾ ਨਾਮ ਵਡਿਆਈਆ । ਮੈਂ ਸੇਵਕ ਬਣਿਆ ਇਕੋ ਮਾਲਕ ਯਕ ਦਾ, ਦੂਜਾ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਮੂਲ ਨਾ ਅਕਦਾ, ਗ਼ੁੱਸਾ ਗਿਲਾ ਨਾ ਕੋਇ ਰਖਾਈਆ । ਮੈਨੂੰ ਅਮੀਰ ਗ਼ਰੀਬ ਛਕਦਾ, ਬਿਰਧ ਬਾਲ ਜਵਾਨ ਮੇਰਾ ਸੰਗ ਰਖਾਈਆ । ਮੈਂ ਸੰਦੇਸ਼ਾ ਦੇਵਾਂ ਇਕੋ ਹਕ ਦਾ, ਹਕੀਕਤ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਪਕਵਾਨ ਕਹੇ ਮੇਰਾ ਨਾਤਾ ਨਾਲ ਜਗਿਆਸੂ, ਜਗਤ ਧਾਰ ਦ੍ਰਿੜਾਈਆ । ਮੇਰਾ ਲੇਖਾ ਪਵਣ ਸਵਾਸੂ, ਸਾਹ ਸਾਹ ਆਪਣਾ ਰੰਗ ਰੰਗਾਈਆ । ਮੇਰਾ ਵਾਸਾ ਵਿਚ ਪ੍ਰਿਥਮੀ ਆਕਾਸੂ, ਦੋਹਾਂ ਵਿਚ ਰਹਿ ਕੇ ਆਪਣੀ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਪਕਵਾਨ ਕਹੇ ਮੈਂ ਪੱਕਣ ਵਾਲੀ ਰੋਟੀ, ਅਗਨੀ ਤਤ ਤਤ ਜਲਾਈਆ । ਸੜ ਕੇ ਮੇਰੀ ਵਾਸ਼ਨਾ ਰਹੇ ਨਾ ਖੋਟੀ, ਖ਼ਾਹਿਸ਼ ਦੀਨ ਦੁਨੀ ਬਦਲਾਈਆ । ਮੈਂ ਮੰਜ਼ਲ ਹਕ਼ੀਕ਼ੀ ਵੇਖਾਂ ਅਗੰਮੀ ਚੋਟੀ, ਚੋਟਾ ਹੋ ਕੇ ਧਿਆਨ ਲਗਾਈਆ । ਮੈਨੂੰ ਬਾਵਨ ਸਹਿਜ ਨਾਲ ਲਾਈ ਸੋਟੀ, ਸੁੱਤਿਆਂ ਦਿਤਾ ਉਠਾਈਆ । ਨਾਲ ਇਸ਼ਾਰਾ ਕੀਤਾ ਤੇਰਾਂ ਸੌ ਸਤਾਸੀ ਵੇਖ ਰਿਸ਼ੀ ਜਿਨ੍ਹਾਂ ਬੱਧੀ ਤੇੜ ਲੰਗੋਟੀ, ਬਸਤਰ ਤਨ ਨਾ ਕੋਇ ਰਖਾਈਆ । ਇਕੋ ਅੰਨ ਦੀ ਰਖ ਕੇ ਆਏ ਓਟੀ, ਭਗਵਨ ਸੰਗ ਨਾ ਕੋਇ ਰਖਾਈਆ । ਨਵੀਂ ਧਾਰ ਸੋਚਣੀ ਸੋਚੀ, ਸਚ ਸਚ ਸੁਣਾਈਆ । ਕਲਜੁਗ ਅੰਤਮ ਲਹਿਣਾ ਦੇਣਾ ਹੋਣਾ ਨਾਲ ਰਵਦਾਸ ਚਮਾਰੇ ਮੋਚੀ, ਚਮਰੇਟਾ ਆਪਣੀ ਗੰਢ ਬੰਧਾਈਆ । ਫੇਰ ਵੱਟਣੀ ਪਏ ਖ਼ਾਮੋਸ਼ੀ, ਮੁਖ ਬਚਨ ਨਾ ਕੋਇ ਸੁਣਾਈਆ । ਅੰਤਰ ਰਖਣੀ ਪਏ ਮਧਹੋਸ਼ੀ, ਮਧੁਰ ਧੁਨ ਨਾ ਕੋਇ ਸ਼ਨਵਾਈਆ । ਜਿਸ ਦਾ ਲੇਖਾ ਲੱਭੇ ਕਿਸੇ ਨਾ ਕੋਸ਼ੀ, ਕੁਸ਼ਲਤਾ ਕਹਿ ਨਾ ਕੋਇ ਦ੍ਰਿੜਾਈਆ । ਉਹ ਖੇਲ ਕਰੇ ਬਣ ਕੇ ਅਗੰਮਾ ਖ਼ਾਨਾਫ਼ਰੋਸ਼ੀ, ਫ਼ਰਿਸ਼ਤਿਆਂ ਬਾਹਰ ਆਪਣਾ ਹੁਕਮ ਵਰਤਾਈਆ । ਜਿਸ ਨੇ ਦੀਨ ਦੁਨੀ ਤਕਣੀ ਦੋਸ਼ੀ, ਦੋਸ਼ ਆਪਣਾ ਨਾ ਕਿਸੇ ਸਮਝਾਈਆ ।

ਜਿਸਦਾ ਭੇਵ ਪਾਏ ਕੋਇ ਨਾ ਜੋਸ਼ੀ, ਵਿਦਿਆ ਚਲੇ ਨਾ ਕੋਇ ਚਤੁਰਾਈਆ । ਉਹ ਦੋ ਜਹਾਨਾਂ ਬਣੇ ਰੂਪੋਸ਼ੀ, ਪੋਸ਼ੀਦਾ ਆਪਣਾ ਖੇਲ ਖਿਲਾਈਆ ।
੧੧੩੮

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਅੰਤਰ ਨਿਰੰਤਰ ਵੇਖਣਹਾਰ ਬੇਹੋਸ਼ੀ, ਹੋਸ਼ ਹਵਸ ਦੀਨ ਦੁਨੀ ਵੇਖ ਵਖਾਈਆ ।
੨੪

## ✪ ੨੨ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਭਾਗਨੇ ਦੇਵੀ ਦੇ ਗ੍ਰਿਹ ਜੰਮੂ ਸ਼ਹਿਰ ✪

ਧਰਨੀ ਕਹੇ ਮੈਂ ਹੋ ਕੇ ਭਾਗਾਂ ਭਰੀ, ਧਰਤ ਧਵਲ ਧੌਲ ਖ਼ੁਸ਼ੀ ਮਨਾਈਆ । ਪਰਮ ਪੁਰਖ ਪਰਮਾਤਮ ਕਿਰਪਾ ਕਰੀ, ਕਰਨੀ ਦਾ ਕਰਤਾ ਕ਼ੁਦਰਤ ਦਾ ਮਾਲਕ ਹੋਏ ਸਹਾਈਆ । ਜੋ ਮੇਰਾ ਲਹਿਣਾ ਦੇਣਾ ਪੂਰਾ ਕਰੇ ਘਰ ਘਰੀ, ਗ੍ਰਿਹਿ ਮੰਦਰ ਅੰਤਰ ਵੇਖੇ ਚਾਈਂ ਚਾਈਂਆ । ਮੇਰੀ ਅੰਤਸ਼ਕਰਨ ਧਾਰ ਠਰੀ, ਅਗਨੀ ਤਤ ਨਾ ਕੋਇ ਤਪਾਈਆ । ਮੈਂ ਇਕ ਸੁਆਮੀ ਪਰਮ ਪੁਰਖ ਦੀ ਸਰਨੀ ਪਰੀ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਢੋਲੇ ਗਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਹੋਇਆ ਮੇਰਾ ਹਰੀ, ਜੋ ਹਰ ਹਿਰਦੇ ਵੇਖੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਮੇਰੇ ਅੰਤਰ ਰਸ ਮਿਲਿਆ ਅਗੰਮਾ ਭੋਗ, ਭਗਵਨ ਦੇਵੇ ਮਾਣ ਵਡਿਆਈਆ । ਮੇਰਾ ਪੂਰਨ ਪੂਰਾ ਪਿਛਲਾ ਹੋਇਆ ਜੋਗ, ਜੁਗਤੀ ਜਗਤ ਨਾਲ ਵਡਿਆਈਆ । ਘਰ ਠਾਕਰ ਮੇਲਾ ਕੀਤਾ ਸੰਜੋਗ, ਜੁਗ ਵਿਛੜਿਆਂ ਜੋੜ ਜੁੜਾਈਆ । ਦਰਸ਼ਨ ਦੇ ਆਪ ਅਮੋਘ, ਅੰਮ੍ਰਿਤ ਰਸ ਦਏ ਚੁਆਈਆ । ਜਨ ਭਗਤਾਂ ਅੰਤਰ ਨਿਰੰਤਰ ਕਟ

ਦੇ ਰੋਗ, ਚਿੰਤਾ ਦੁਖ ਦਏ ਮਿਟਾਈਆ । ਕਰਮ ਦਾ ਰਹੇ ਨਾ ਕੋਇ ਸੋਗ, ਚਿੰਤਾ ਗ਼ਮ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਧਰਨੀ ਕਹੇ ਮੇਰੇ ਪਰਮ ਪੁਰਖ ਕਿਰਪਾਲ, ਕਿਰਪਾ ਨਿਧ ਇਕ ਅਖਵਾਈਆ । ਆਦਿ ਜਗਾਦੀ ਦੀਨ ਦਿਆਲ, ਦਇਆ ਨਿਧ ਅਗੰਮ ਅਥਾਹੀਆ । ਜੁਗ ਜੁਗ ਜਨ ਭਗਤ ਸੁਹੇਲੇ ਵੇਖੇ ਆਪਣੇ ਲਾਲ, ਹਰਿਜਨ ਸਾਚੇ ਮੇਲ ਮਿਲਾਈਆ । ਸਭ ਦੀ ਪੂਰੀ ਕਰੇ ਘਾਲ, ਕੀਤੀ ਘਾਲ ਲੇਖੇ ਪਾਈਆ । ਦੀਨਨਾਂ ਮੰਨ ਕੇ ਬੇਨੰਤੀ ਦਰ ਸਵਾਲ, ਆਸ਼ਾ ਆਪਣੇ ਨਾਲ ਮਿਲਾਈਆ । ਕੂੜੀ ਕਿਰਿਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਤਿਗੁਰ ਹੋ ਕੇ ਕਰੇ ਸੰਭਾਲ, ਸੰਬਲ ਦਾ ਮਾਲਕ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਦੁਖ ਕਹੇ ਮੈਂ ਗ੍ਰਿਹ ਮੰਦਰ ਜਾਣਾ ਛਡ, ਦਲਿਦ੍ਰ ਨਜ਼ਰ ਕੋਇ ਨਾ ਆਈਆ । ਪਵਿਤ੍ਰ ਕਰਾਂ ਸਭ ਦੇ ਹਡ, ਨਾੜੀ ਮਾਸ ਵੰਡ ਨਾ ਕੋਇ ਵੰਡਾਈਆ । ਭਾਗ ਲੱਗੇ ਅੰਧੇਰੀ ਖੱਡ, ਸਤਿ ਸਚ ਹੋਏ ਰੁਸ਼ਨਾਈਆ । ਧਰਮ ਦੀ ਧਾਰ ਧਰਮ ਨਿਸ਼ਾਨਾ ਸਤਿਗੁਰ ਸ਼ਬਦ ਦੇਵੇ ਗੱਡ, ਕੂੜ ਕੁੜਿਆਰਾ ਰਹਿਣ ਕੋਇ ਨਾ ਪਾਈਆ । ਮੇਰਾ ਲਹਿਣਾ ਦੇਣਾ ਲੇਖਾ ਦਿਵਸ ਦਿਹਾੜਾ ਅੱਜ, ਆਜਜ਼ ਹੋ ਕੇ ਸੀਸ ਨਿਵਾਈਆ । ਪੁਰਖ ਅਕਾਲਾ ਦੀਨ ਦਿਆਲਾ ਸਦਾ ਸਦਾ ਸਦ ਪਰਦੇ ਲਏ ਕੱਜ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ
੧੧੩੯ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਲਹਿਣਾ ਦੇਣਾ ਲੇਖਾ ਪੂਰਾ ਕਰੇ ਜਗ, ਜਾਗਰਤ ੧੧੩੯
੨੪ ਜੋਤ ਬਿਨ ਵਰਨ ਗੋਤ ਆਪਣੀ ਇਕ ਦਰਸਾਈਆ । ੨੪

### ✪ ੨੨ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਓਮ ਪਰਕਾਸ਼ ਅੰਬਾ ਰਾਏ ਅਖਨੂਰ ਜ਼ਿਲਾ ਜੰਮੂ ✪

ਧਰਨੀ ਕਹੇ ਮੈਂ ਖ਼ੁਸ਼ੀਆਂ ਢੋਲਾ ਗਾਵਣਾ, ਬਿਨ ਰਸਨਾ ਜਿਹਵਾ ਰਾਗ ਦ੍ਰਿੜਾਈਆ । ਮੈਨੂੰ ਸੰਦੇਸ਼ਾ ਦੇ ਕੇ ਗਿਆ ਬਾਵਨਾ, ਬਲ ਦੁਆਰ ਅਗੰਮ ਜਣਾਈਆ । ਤੇਰੇ ਉਤੇ ਲਹਿਣਾ ਦੇਣਾ ਹੋਣਾ ਰਾਮ ਰਾਵਨਾ, ਰਮਈਆ ਆਪਣਾ ਹੁਕਮ ਵਰਤਾਈਆ । ਲੇਖਾ ਤਕ ਲੈ ਕ੍ਰਿਸ਼ਨਾ ਕਾਹਨਨਾ, ਘਨਈਆ ਕੀ ਵਡਿਆਈਆ । ਕਿਸ ਬਿਧ ਪੈਗ਼ੰਬਰਾਂ ਪਕੜਨਾ ਦਾਮਨਾ, ਦਾਮਨਗੀਰ ਅਖਵਾਈਆ । ਗੁਰੂਆਂ ਮੰਤਰ ਜਣਾਉਣਾ ਸਤਿਨਾਮਨਾ, ਸਤਿ ਸਤਿ ਸਮਝਾਈਆ । ਅੰਤ ਕਲਜੁਗ ਹੋਣਾ ਅੰਧੇਰਾ ਸ਼ਾਮਨਾ, ਸ਼ਮਅ ਨੂਰ ਨਾ ਕੋਇ ਰੁਸ਼ਨਾਈਆ । ਚਾਰੋਂ ਕੁੰਟ ਕੂੜੀ ਕਿਰਿਆ ਵਧਣੀ ਕਾਮਨਾ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਦੀਨ ਦੁਨੀ ਅੰਧੇਰਾ ਹੋਵੇ ਸ਼ਾਮਨਾ, ਨੂਰੀ ਚੰਦ ਨਾ ਕੋਇ ਚਮਕਾਈਆ । ਭਾਗ ਲੱਗੇ ਨਾ ਕਿਸੇ ਗ੍ਰਾਮਨਾ, ਗ੍ਰਿਹ ਮੰਦਰ ਨਾ ਕੋਇ ਵਡਿਆਈਆ । ਉਸ ਵੇਲੇ ਕਿਰਪਾ ਕਰੇ ਸ੍ਰੀ ਭਗਵਾਨਨਾ, ਹਰਿ ਕਰਤਾ ਨੂਰ ਅਲਾਹੀਆ । ਜਿਸ ਦਾ ਦੀਪਕ ਜੋਤ ਹੋਵੇ ਰੁਸ਼ਨਾਨਨਾ, ਦੋ ਜਹਾਨਾਂ ਡਗਮਗਾਈਆ । ਜਨ ਭਗਤਾਂ ਹਿਰਦੇ ਬਖ਼ਸ਼ੇ ਚਾਨਨਾ, ਚੰਦ ਸਿਤਾਰ ਭੇਤ ਚੁਕਾਈਆ । ਧਰਮ ਦੀ ਧਾਰ ਪੂਰੀ ਕਰੇ ਕਾਮਨਾ, ਹਿਰਸ ਹਵਸ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ

੧੧੪੦
੨੪

ਇਕ ਦ੍ਰਿੜਾਈਆ । ਧਰਨੀ ਕਹੇ ਮੇਰੇ ਉਤੇ ਕਿਰਪਾ ਕੀਤੀ ਆਪ ਭਗਵੰਤ, ਭਗਵਨ ਗਿਆ ਸਮਝਾਈਆ । ਤੇਰਾ ਲਹਿਣਾ ਦੇਣਾ ਲੇਖਾ ਪੂਰਾ ਹੋਵੇ ਕਲਜੁਗ ਅੰਤ, ਅੰਤਸ਼ਕਰਨ ਤਕ ਖ਼ਲਕ ਖ਼ੁਦਾਈਆ । ਸਾਚਾ ਨਾਮ ਨਿਧਾਨਾ ਦੇਵੇ ਮੰਤ, ਮੰਤਵ ਸਭ ਦਾ ਹਲ ਕਰਾਈਆ । ਨੂਰ ਨੁਰਾਨਾ ਆਪ ਬਣਾਏ ਆਪਣੀ ਬਣਤ, ਘੜਨ ਭੰਨਣਹਾਰ ਵੇਖ ਵਖਾਈਆ । ਹਰਿਜਨ ਉਪਜਾਏ ਆਪਣੇ ਸੰਤ, ਭਗਤਨ ਮੇਲਾ ਸਹਿਜ ਸੁਭਾਈਆ । ਤੂੰ ਮੇਰਾ ਮੈਂ ਤੇਰਾ ਦੱਸਕੇ ਛੰਤ, ਸੰਸਾ ਅੰਦਰੋਂ ਦਏ ਗੁਆਈਆ । ਬੋਧ ਅਗਾਧਾ ਬਣ ਕੇ ਪੰਡਤ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਸਤਿਜੁਗ ਸਚ ਬਣਾਏ ਬਣਤ, ਘੜਨ ਭੰਨਣਹਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਮੇਰਾ ਲਹਿਣਾ ਦੇਣਾ ਕਰੇ ਪੂਰ, ਪੂਰਨ ਬ੍ਰਹਮ ਦ੍ਰਿੜਾਈਆ । ਮੇਰਾ ਮਾਲਕ ਖ਼ਾਲਕ ਬਣੇ ਹਜ਼ੂਰ, ਹਜ਼ਰਤਾਂ ਦਾ ਮਾਲਕ ਨੂਰ ਅਲਾਹੀਆ । ਚਾਰ ਜੁਗ ਦਾ ਪਿਛਲਾ ਬਖ਼ਸ਼ ਕੁਸੂਰ, ਕਸਰ ਇਸ਼ਾਰੀਏ ਨਾਲ ਉਡਾਈਆ । ਸਤਿਜੁਗ ਸਚ ਦੱਸ ਦਸਤੂਰ, ਸਿਖਿਆ ਦੇਵੇ ਥਾਉਂ ਥਾਈਂਆ । ਮਨ ਮਨਸਾ ਮੇਟ ਮਗ਼ਰੂਰ, ਗ਼ੁਰਬਤ ਅੰਦਰੋਂ ਬਾਹਰ ਕਢਾਈਆ । ਸਾਚੇ ਨਾਮ ਦਾ ਬਖ਼ਸ਼ ਸਰੂਰ, ਸੁਰਤੀ ਸ਼ਬਦ ਸ਼ਬਦ ਮਿਲਾਈਆ । ਜਨ ਭਗਤ ਆਸਾ ਮਨਸਾ ਕਰੇ ਪੂਰ, ਤ੍ਰਿਸ਼ਨਾ ਦੀਨ ਦੁਨੀ ਨਾ ਕੋਇ ਰਖਾਈਆ । ਪੰਧ ਮੁਕਾ ਕੇ ਨੇੜਾ ਦੂਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੇਰਾ ਮਾਲਕ ਆਦਿ ਨਿਰੰਜਣਾ, ਨਿਰਵੈਰ ਪੁਰਖ ਅਖਵਾਈਆ । ਆਦਿ ਜੁਗਾਦੀ ਸਾਕ ਸੱਜਣਾ, ਸਗਲਾ ਸੰਗ ਬਣਾਈਆ । ਚਰਨ ਧੂੜ ਕਰਾਏ ਮਜਨਾ, ਦੁਰਮਤ ਮੈਲ ਧੁਆਈਆ । ਮੇਰਾ ਪਵਿਤ੍ਰ ਕਰੇ ਬਦਨਾ, ਤਨ ਮਾਟੀ ਖ਼ਾਕ ਰੰਗ ਚੜ੍ਹਾਈਆ । ਮੇਰੇ ਉਤੇ ਲੇਖੇ ਲਾਵੇ ਆਅਲਾ ਅਦਨਾ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਕਲਜੁਗ ਸ਼ਰਅ ਦੀ ਮੇਟੇ ਹੱਦਨਾ, ਹਦੂਦ ਆਪਣੀ ਇਕ ਦ੍ਰਿੜਾਈਆ । ਜਿਸ ਦਾ ਦੀਪਕ ਜੋਤ ਜਗਣਾ, ਦੋ ਜਹਾਨ ਕਰੇ ਰੁਸ਼ਨਾਈਆ । ਜਿਸ ਜਨ ਭਗਤਾਂ ਸਚ ਦੁਆਰੇ ਸੱਦਣਾ, ਸਚਖੰਡ ਸਾਚੇ ਦਏ ਟਿਕਾਈਆ । ਉਹਦਾ ਨਾਮ ਦਮਾਮਾ ਡੰਕਾ ਅਗੰਮੀ ਵਜਣਾ, ਜਿਸ ਨੂੰ ਜਗਤ ਸਰਵਣ ਸੁਣਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਰਹਿਣ ਨਾ ਦੇਵੇ ਅਲਗਣਾ, ਫੜ ਫੜ ਬਾਹੋਂ ਮੇਲ ਮਿਲਾਈਆ ।

### ✪ ੨੩ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਸੋਮਨਾਥ ਦੇ ਗ੍ਰਿਹ ਪਿੰਡ ਅੰਬਾਰਾਏ ਅਖਨੂਰ ਜ਼ਿਲਾ ਜੰਮੂ ✪

ਧਰਮ ਯਗ ਦੀ ਅਗੰਮੀ ਰੁਤੀ, ਰੁਤੜੀ ਸਤਿਗੁਰ ਸ਼ਬਦ ਨਾਲ ਵਡਿਆਈਆ । ਘਿਰਤ ਦੀ ਦੇਣੀ ਪਏ ਨਾ ਕੋਈ ਅਹੂਤੀ, ਪਵਣ ਸੰਗ ਨਾ ਕੋਇ ਮਿਲਾਈਆ । ਤਨ ਰਮੌਣੀ ਪਏ ਨਾ ਖ਼ਾਕ ਭਬੂਤੀ, ਤਿਲਕ ਲਲਾਟ ਨਾ ਕੋਇ ਵਖਾਈਆ । ਸਤਿ ਦੀ ਧਾਰ ਸੰਦੇਸ਼ਾ ਦੇਵੇ ਬਣ ਕੇ ਦੂਤੀ, ਦੋ ਜਹਾਨ ਹੁਕਮ ਜਣਾਈਆ । ਜੋ ਭਾਗ ਲਗਾਏ ਕਾਇਆ ਪੰਜ ਤਤ ਕਲਬੂਤੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰੰਗ ਰੰਗਾਈਆ । ਜਿਸ ਦੀ

ਧਾਰ ਵਿਚ ਜੋਤ ਨਿਰੰਕਾਰ ਹੋਵੇ ਛੂਤੀ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ
ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਮ ਯਗ ਦੀ ਧਰਮ ਦੀ ਹੋਵੇ ਕਿਰਿਆ, ਜੁਗਤੀ ਭਗਤਾਂ ਨਾਲ ਬਣਾਈਆ । ਭਗਤ ਦੁਆਰਾ
ਪ੍ਰੇਮ ਨਾਲ ਹੋਵੇ ਖਿਰਿਆ, ਮੁਹੱਬਤ ਚਾਰੋਂ ਕੁੰਟ ਸੋਭਾ ਪਾਈਆ । ਅੰਮ੍ਰਿਤ ਰਸ ਸਭ ਦੇ ਅੰਦਰ ਹੋਵੇ ਸਿਰਿਆ, ਬਿਨ ਰਸਨਾ ਰਸ ਚਖਾਈਆ ।
ਸਤਿਗੁਰ ਸ਼ਬਦ ਵੇਖਣਹਾਰਾ ਹੋਵੇ ਘਰ ਥਿਰਿਆ, ਥਿਰ ਘਰ ਦੇਵੇ ਮਾਣ ਵਡਿਆਈਆ । ਹਰਿਜਨ ਮੇਲ ਮਿਲਾਵਾ ਹੋਵੇ ਵਿਛੜਿਆਂ ਚਿਰਿਆ, ਚਿਰੀ
ਵਿਛੁੰਨੇ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ ।
ਧਰਮ ਯੱਗ ਦੀ ਭਗਤਾਂ ਨਾਲ ਹੋਵੇ ਰੀਤੀ, ਜਗਤ ਸ਼ਰਅ ਨਾ ਕੋਇ ਰਖਾਈਆ । ਪਰਮ ਪੁਰਖ ਦੀ ਧਾਰ ਹੋਵੇ ਪ੍ਰੀਤੀ, ਪ੍ਰੀਤਮ ਇਕੋ ਨਜ਼ਰੀ ਆਈਆ ।
ਅੰਤਸ਼ਕਰਨ ਕਾਇਆ ਹੋਵੇ ਠਾਂਢੀ ਸੀਤੀ, ਅਗਨੀ ਤਤ ਨਾ ਕੋਇ ਤਪਾਈਆ । ਹਰ ਹਿਰਦੇ ਅੰਦਰ ਤੂੰ ਮੇਰਾ ਮੈਂ ਤੇਰਾ ਹੋਵੇ ਗੀਤੀ, ਸੋਹੰ ਢੋਲਾ
ਸਚ ਪੜ੍ਹਾਈਆ । ਮਨ ਮਨਸਾ ਤ੍ਰੈਗੁਣ ਨਾਲੋਂ ਹੋਵੇ ਅਤੀਤੀ, ਤ੍ਰੈਭਵਨ ਧਨੀ ਨਾਲ ਮਿਲ ਕੇ ਵਜੇ ਵਧਾਈਆ । ਜਨ ਭਗਤਾਂ ਇਕ ਇਕ ਖ਼ੂਨ ਦਾ
ਤੁਪਕਾ ਕਢਣਾ ਆਪਣੀ ਚੀਚੀ, ਦਸਤ ਦਾਇਆਂ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ
ਵਰ, ਸਚ ਦਾ ਮਾਲਕ ਇਕ ਗੁਸਾਈਆ । ਚੀਚੀ ਕਹੇ ਮੇਰਾ ਸੁਹਾਗੀ ਛਾਪ ਛੱਲਾ, ਕੰਤ ਭਗਵੰਤ ਦਏ ਵਡਿਆਈਆ । ਮੇਰਾ ਪੂਰਬ ਲਹਿਣਾ
੧੧੪੧ ਜਿਸ ਵੇਲੇ ਪਹਿਲੀ ਵਾਰ ਯਾਦ ਕੀਤਾ ਮੁਹੰਮਦ ਅੱਲਾ, ਅੱਲਾ ਹਕ ਹੂ ਦਾ ਨਾਅਰਾ ਲਾਈਆ । ਬਿਨ ਤੇਲ ਬਾਤੀ ਦੀਪਕ ਜੋਤੀ ਬਲਾ, ਬਲ ਬਾਵਨ ੧੧੪੧
੨੪ ਧਾਰ ਨਜ਼ਰੀ ਆਈਆ । ਚੌਦਾਂ ਤਬਕਾਂ ਤਕਿਆ ਇਕ ਇਕੱਲਾ, ਨੂਰ ਨੁਰਾਨਾ ਨਜ਼ਰੀ ਆਈਆ । ਜੋ ਵਸੇ ਜਲ ਥਲਾ, ਮਹੀਅਲ ਰਿਹਾ ਸਮਾਈਆ । ੨੪
ਜੋ ਹੁਕਮ ਸੰਦੇਸ਼ਾ ਰਿਹਾ ਘੱਲਾ, ਪੈਗ਼ਾਮ ਬੇਪਰਵਾਹੀਆ । ਜੋ ਵਸਣਹਾਰਾ ਧਾਮ ਅਟਲਾ, ਦਰਗਾਹ ਸਾਚੀ ਸਚਖੰਡ ਸਾਚੇ ਸੋਭਾ ਪਾਈਆ । ਉਹ
ਸੰਬਲ ਸਿੰਘਾਸਣ ਇਕੋ ਮੱਲਾ, ਅਬਿਨਾਸਣ ਹੋ ਕੇ ਡੇਰਾ ਲਾਈਆ । ਜਿਸ ਦਾ ਖੇਲ ਅਛਲ ਅਛੱਲਾ, ਵਲ ਛਲ ਆਪਣੀ ਖੇਲ ਖਿਲਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਯੱਗ ਕਹੇ ਮੇਰਾ ਖਾਣ
ਦਾ ਸਭ ਤੋਂ ਵਖਰਾ ਹੋਣਾ ਤਰੀਕਾ, ਜਗਤ ਸ਼ਾਸਤਰ ਕਹਿਣ ਕਿਛ ਨਾ ਪਾਈਆ । ਮੇਰਾ ਅਸੂਲ ਹੋਣਾ ਨੀਕਨ ਨੀਕਾ, ਨਿਕਿਆਂ ਵੱਡਿਆਂ ਇਕੋ
ਰੰਗ ਚੜ੍ਹਾਈਆ । ਮੇਰਾ ਪਿਆਰ ਹੋਣਾ ਜੀਵ ਜੀਅ ਕਾ, ਪਾਰਬ੍ਰਹਮ ਬ੍ਰਹਮ ਮਿਲ ਕੇ ਖ਼ੁਸ਼ੀ ਬਣਾਈਆ । ਮੈਂ ਲਹਿਣਾ ਦੇਣਾ ਮੁਕਾਉਣਾ ਸਾਢੇ
ਤਿੰਨ ਹੱਥ ਸੀਅ ਕਾ, ਜੋ ਰਵਦਾਸ ਚਮਾਰਾ ਗਿਆ ਜਣਾਈਆ । ਮੈਂ ਲੇਖਾ ਪੂਰਾ ਕਰਨਾ ਗੁਰਦਾਸ ਦੀ ਧਾਰ ਵੀਹ ਇਕੀਹ ਦਾ, ਏਕੰਕਾਰਾ ਆਪਣੇ
ਸੰਗ ਰਖਾਈਆ । ਮੈਂ ਦੇਣ ਦੇਣਾ ਮੁਹੰਮਦ ਰੋਜ਼ੇ ਤੀਹ ਦਾ, ਬਤੀਸ ਆਪਣੀ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਨਿਭਾਈਆ । ਯੱਗ ਕਹੇ ਮੇਰਾ ਚਾਰ ਜੁਗ ਤੋਂ ਵਖਰਾ ਹੋਣਾ ਜੋਗ, ਜੁਗਤੀ ਪ੍ਰਭ ਦੇਣੀ
ਸਮਝਾਈਆ । ਮੇਰਾ ਭਗਤਾਂ ਨਾਲ ਹੋਣਾ ਸੰਜੋਗ, ਦੂਸਰ ਸੰਗ ਨਾ ਕੋਇ ਬਣਾਈਆ । ਮੇਰਾ ਨਿਰਗੁਣ ਧਾਰ ਲਾਉਣਾ ਭੋਗ, ਭੋਗੀਆਂ ਰਸ
ਨਾ ਕੋਇ ਚਖਾਈਆ । ਜਿਸ ਨਾਲ ਸਾਚੇ ਸੰਤਾਂ ਮਿਟਣਾ ਵਿਯੋਗ, ਵਿਛੋੜਾ ਰਹਿਣ ਕੋਇ ਨਾ ਪਾਈਆ । ਹਰ ਹਿਰਦਾ ਅੰਤਰ ਦੇਣਾ ਸੋਧ, ਸੁਦੀ

ਵਦੀ ਦੀ ਵੰਡ ਨਾ ਕੋਇ ਵੰਡਾਈਆ । ਗੁਰਮੁਖਾਂ ਅੰਤਰ ਆਤਮ ਕਰਨਾ ਬੋਧ, ਬੁੱਧੀ ਤੋਂ ਪਰੇ ਪਰੇ ਜਣਾਈਆ । ਗੁਰਸਿਖਾਂ ਭੇਵ ਖੁਲਾਉਣਾ ਗੋਝ, ਸੁਰਤੀ ਸ਼ਬਦੀ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਤਾ ਹੋ ਕੇ ਦੇਵੇ ਦਰਸ ਅਮੋਘ, ਆਦਰਸ਼ ਆਪਣਾ ਦਏ ਜਣਾਈਆ ।

### ✪ ੨੩ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਝਮਾਂ ਅਖਨੂਰ ਜ਼ਿਲਾ ਜੰਮੂ ਜੀਵਣ ਸਿੰਘ ਦੇ ਗ੍ਰਿਹ ✪

ਛੱਬੀ ਪੋਹ ਕਹੇ ਮੇਰੇ ਯੱਗ ਦੀ ਵਖਰੀ ਹੋਣੀ ਤਾਸੀਰ, ਜਿਸ ਦਾ ਰਸ ਸਮਝ ਸਕੇ ਕੋਇ ਨਾ ਰਾਈਆ । ਜਿਸ ਜਨ ਭਗਤਾਂ ਅੰਦਰੋਂ ਬਦਲ ਦੇਣੀ ਜ਼ਮੀਰ, ਜ਼ਿਮੀਂ ਅਸਮਾਨ ਦੋਵੇਂ ਵੇਖ ਵਖਾਈਆ । ਜਿਸ ਦੀ ਆਸ਼ਾ ਰਖ ਕੇ ਗਿਆ ਕਬੀਰ, ਭੋਜਨ ਸਾਧੂਆਂ ਵਾਲਾ ਦ੍ਰਿੜਾਈਆ । ਜਿਸ ਦੀ ਅਮਰਦਾਸ ਕੀਤੀ ਤਾਮੀਰ, ਜਗਤ ਜੁਗਤ ਨਾਲ ਵਡਿਆਈਆ । ਜਿਸ ਨੂੰ ਚਾਰ ਜੁਗ ਦੇ ਸ਼ਾਸਤਰਾਂ ਵੰਡਿਆ ਵਿਚ ਖੰਡ ਖੀਰ, ਭੋਜਨ ਭਗਵਾਨ ਦਿਤੀ ਵਡਿਆਈਆ । ਜਿਸ ਦੀ ਬਲ ਨੂੰ ਬਾਵਨ ਦੱਸੀ ਤਦਬੀਰ, ਤਰੀਕਾ ਗਿਆ ਸਮਝਾਈਆ । ਕਲਜੁਗ ਅੰਤ ਵੇਖਣਾ ਅੰਤ ਅਖ਼ੀਰ, ਬਿਨ ਨੇਤਰ ਨੈਣ ਉਠਾਈਆ । ਦੀਨ ਦੁਨੀ ਸ਼ਰਅ ਦੀ ਚਲਣੀ ਉਤੇ ਲਕੀਰ, ਮਾਨਵ ਜ਼ਾਤੀ ਵੰਡ ਵੰਡਾਈਆ । ਫ਼ਿਕਰਿਆਂ ਵਿਚ ਵੰਡੇ ਜਾਣ ਫ਼ਕੀਰ, ਫ਼ਾਕਿਆਂ ਵਿਚ ਖ਼ਲਕ ਖ਼ੁਦਾਈਆ । ਸ਼ਰਅ ਦੀ ਬੱਝ ਜਾਏ ਜ਼ੰਜੀਰ, ਜਗਤ ਸਕੇ ਨਾ ਕੋਇ ਤੁੜਾਈਆ । ਉਸ ਵੇਲੇ ਕਿਰਪਾ ਕਰੇ ਬੇਨਜ਼ੀਰ, ਨਜ਼ਰਾਂ ਤੋਂ ਉਹਲੇ ਬੇਪਰਵਾਹੀਆ । ਜੋ ਦੋ ਜਹਾਨਾਂ ਪੈਂਡਾ ਆਵੇ ਚੀਰ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਛੱਬੀ ਪੋਹ ਜਨ ਭਗਤਾਂ ਪ੍ਰੇਮ ਦਾ ਹੋਵੇ ਲੰਗਰ ਭੋਜਨ, ਯੱਗ ਜੁਗਤੀ ਵਾਲਾ ਦ੍ਰਿੜਾਈਆ । ਕਾਗ ਭਸੁੰਡ ਵੇਖਣ ਆਵੇ ਅਠਾਈ ਹਜ਼ਾਰ ਛਡ ਕੇ ਯੋਜਨ, ਜ਼ਿਮੀ ਅਸਮਾਨਾਂ ਵਿਚ ਧਿਆਨ ਲਗਾਈਆ । ਅਵਤਾਰ ਪੈਗ਼ੰਬਰ ਗੁਰੂ ਤਕਣ ਮੌਜਨ, ਬਿਨ ਤਨ ਵਜੂਦ ਖ਼ੁਸ਼ੀ ਬਣਾਈਆ । ਵਿਸ਼ਨ ਬ੍ਰਹਮਾ ਸ਼ਿਵ ਬਿਨ ਤਨ ਵਜੂਦ ਸੋਚਣ, ਜਗਤ ਬੁੱਧੀ ਨਾ ਸੰਗ ਬਣਾਈਆ । ਕਰੋੜ ਤੇਤੀਸਾ ਵੇਖੇ ਆਪਣੇ ਲੋਚਨ, ਨੇਤਰ ਨੇਤਰ ਵਿਚੋਂ ਬਦਲਾਈਆ । ਬ੍ਰਹਮੇ ਦਾ ਲੇਖਾ ਪੂਰਾ ਕਰਨਾ ਜੋ ਲਹਿਣਾ ਕਪਾਲ ਮੋਚਨ, ਮਿਹਰਵਾਨ ਹੋ ਕੇ ਮਿਹਰ ਨਜ਼ਰ ਉਠਾਈਆ । ਜੋ ਆਸ਼ਾ ਰਖ ਕੇ ਗਿਆ ਭਗਤ ਤ੍ਰਿਲੋਚਨ, ਤੁਰੀਆ ਤੋਂ ਬਾਹਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਛੱਬੀ ਪੋਹ ਕਹੇ ਮੇਰੀਆਂ ਸਭ ਤੋਂ ਵਖਰੀਆਂ ਹੋਣੀਆਂ ਬਲੀਆਂ, ਬਲੀਦਾਨ ਸਮਝ ਕਿਸੇ ਨਾ ਆਈਆ । ਜੋ ਆਸ਼ਾ ਰਖੀਆਂ ਪੈਗ਼ੰਬਰਾਂ ਵਲੀਆਂ, ਵਲੀਅਹਿਦ ਧੁਰ ਦੇ ਹੋ ਕੇ ਗਏ ਜਣਾਈਆ । ਜਿਨ੍ਹਾਂ ਨਾਲ ਅੰਤਰ ਨਿਰੰਤਰ ਰੂਹਾਂ ਜਾਣ ਸੱਲੀਆਂ, ਆਰ ਪਾਰ ਤੀਰ ਅਣਿਆਲਾ ਨਾਮ ਲਗਾਈਆ । ਬਿਨ ਬਾਗ਼ਾਂ ਤੋਂ ਮਹਿਕਣ ਕਲੀਆਂ, ਬਿਨ ਫਲ ਫੁੱਲ ਮਹਿਕਾਈਆ । ਜਿਸ ਕਾਰਨ ਮੰਦਰਾਂ ਵਿਚ ਵਜਦੀਆਂ ਰਹੀਆਂ ਟੱਲੀਆਂ, ਜੁਗ ਚੌਕੜੀ ਰੀਤੀ ਚਲੀ ਆਈਆ । ਜਿਸ ਧਾਰ ਵਿਚ ਜਨ ਭਗਤਾਂ ਤਕੀਆਂ ਪ੍ਰਭ ਦੀਆਂ ਗਲੀਆਂ, ਕੂਚੇ ਧਰਮ ਧਾਰ ਫੋਲ ਫੁਲਾਈਆ । ਜਿਸ ਲਹਿਣੇ ਵਿਚ ਸੂਫ਼ੀਆਂ ਪਾਈਆਂ ਜੱਲੀਆਂ,


੧੧੪੨ ੨੪

ਨੱਚੇ ਟੱਪੇ ਕੁੱਦੇ ਚਾਈਂ ਚਾਈਆ । ਜਿਸ ਪਿਆਰ ਵਿਚ ਆਤਮਾਂ ਹੋਈਆਂ ਝੱਲੀਆਂ, ਝਲਕ ਤਕ ਨੂਰ ਅਲਾਹੀਆ । ਉਸ ਦੀਆਂ ਖੇਲਾਂ ਜੁਗ ਜੁਗ ਅਵੱਲੀਆਂ, ਅਵਲ ਅੱਲਾ ਹੋ ਕੇ ਖੇਲ ਖਿਲਾਈਆ । ਜਿਸ ਨੇ ਸਚ ਦੀ ਧਾਰ ਵਿਚ ਸਾਚੀਆਂ ਜਗਹ ਮੱਲੀਆਂ, ਸਿੰਘਾਸਣ ਆਸਣ ਇਕ ਵਡਿਆਈਆ । ਜਿਸ ਅਵਤਾਰ ਪੈਗ਼ੰਬਰਾਂ ਗੁਰੂਆਂ ਜਗਦੀਆਂ ਜੋਤਾਂ ਲੋਕਮਾਤ ਘੱਲੀਆਂ, ਸ਼ਬਦੀ ਸ਼ਬਦ ਨਾਲ ਕੁੜਮਾਈਆ । ਸਾਚੇ ਪ੍ਰੇਮ ਨਾਲ ਫਲੀਆਂ, ਫਲੀਭੂਤ ਦਿਤਾ ਕਰਾਈਆ । ਉਹ ਖੇਲ ਖੇਲੇ ਜਲ ਥਲੀਆਂ, ਮਹੀਅਲ ਵੇਖ ਵਖਾਈਆ । ਜਨ ਭਗਤਾਂ ਆਤਮਾ ਰਹਿਣ ਨਾ ਦੇਵੇ ਇਕੱਲੀਆਂ, ਦਿਵਸ ਰੈਣ ਮਿਲ ਕੇ ਵਜੇ ਵਧਾਈਆ । ਜਿਸ ਦੇ ਪਿਆਰ ਵਿਚ ਨੌ ਸੌ ਚੁਰਾਨਮੇ ਲਿਆਉਂਦੀਆਂ ਹੋਵਣ ਮੱਕੀ ਦੀਆਂ ਛੱਲੀਆਂ, ਗਿਣਤੀ ਦਾਣੇ ਨਾ ਕੋਇ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਪਾਵਣਹਾਰ ਤਰਥੱਲੀਆਂ, ਥਲ ਅਸਗਾਹਾਂ ਆਪਣਾ ਹੁਕਮ ਵਰਤਾਈਆ ।

## ✪ ੨੩ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਕੇਸਰ ਸਿੰਘ ਦੇ ਗ੍ਰਿਹ ਪਿੰਡ ਝਮਾਂ ਤਹਿਸੀਲ ਅਖਨੂਰ ਜ਼ਿਲਾ ਜੰਮੂ ✪

ਛੱਬੀ ਪੋਹ ਕਹੇ ਜਨ ਭਗਤੋ ਚੜ੍ਹੀਆਂ ਹੋਵਣ ਖ਼ੁਮਾਰੀਆਂ, ਮਸਤੀ ਨਾਮ ਵਾਲੀ ਰਖਾਈਆ । ਆਤਮਾ ਦੀਆਂ ਪਰਮਾਤਮਾ ਨਾਲ ਲੱਗੀਆਂ ਹੋਵਣ ਯਾਰੀਆਂ, ਯਰਾਨਾ ਸਕੇ ਨਾ ਕੋਇ ਤੁੜਾਈਆ । ਜਿਥੇ ਵੰਡ ਨਹੀਂ ਪੁਰਖ ਨਾਰੀਆਂ, ਨਿਰਗੁਣ ਨੂਰ ਜੋਤ ਜੋਤ ਰੁਸ਼ਨਾਈਆ । ਇਹ ਲਹਿਣੇ ਦੇਣੇ ਸਤਿਜੁਗ ਦੇ ਅਧਾਰੀਆ, ਕਲਜੁਗ ਅੰਤ ਪੂਰ ਕਰਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਤੁਹਾਡੀ ਆਈ ਵਾਰੀਆ, ਵਾਰਸ ਹੋ ਕੇ ਵੇਖੇ ਧੁਰਦਰਗਾਹੀਆ । ਜਿਹੜੀਆਂ ਰੂਹਾਂ ਅੱਜ ਤਕ ਰਹੀਆਂ ਕੁਆਰੀਆਂ, ਛੱਬੀ ਪੋਹ ਸਭ ਨੂੰ ਲਏ ਪਰਨਾਈਆ । ਫੇਰ ਫਿਰਨਾ ਪਏ ਨਾ ਬੰਕ ਦੁਆਰੀਆਂ, ਚੁਰਾਸੀ ਘਰ ਰਹਿਣ ਕੋਇ ਨਾ ਪਾਈਆ । ਲੋੜ ਰਹੇ ਨਾ ਵਿਸ਼ਨੂੰ ਭੰਡਾਰੀਆ, ਸ਼ੰਕਰ ਭੈ ਨਾ ਕੋਇ ਜਣਾਈਆ । ਬ੍ਰਹਮੇ ਕਰਨੀਆਂ ਨਾ ਪੈਣ ਉਸਾਰੀਆਂ, ਬ੍ਰਹਮ ਧਾਰ ਨਾ ਕੋਇ ਵਡਿਆਈਆ । ਜਨ ਭਗਤੋਂ ਤੁਸਾਂ ਕਰਕੇ ਆਉਣਾ ਹੁਸ਼ਿਆਰੀਆਂ, ਆਪ ਆਪਣੀ ਲੈ ਅੰਗੜਾਈਆ । ਤੁਹਾਡੀਆਂ ਪ੍ਰੇਮ ਦੀਆਂ ਪ੍ਰੇਮ ਵਿਚੋਂ ਪਰਗਟ ਹੋਵਣ ਧਾਰੀਆਂ, ਧਰਨੀ ਧਰਤ ਧਵਲ ਧੌਲ ਵੇਖ ਖ਼ੁਸ਼ੀ ਬਣਾਈਆ । ਤੁਹਾਡਾ ਰੂਪ ਅਗੰਮਾ ਹੋਣਾ ਉਸ ਪ੍ਰਭੂ ਦੀਆਂ ਲਾੜੀਆਂ, ਜੋ ਕੰਤ ਸੁਹਾਗ ਆਦਿ ਜੁਗਾਦਿ ਅਖਵਾਈਆ । ਜਿਸ ਪਾਰ ਕਰਾਉਣਾ ਜੰਗਲ ਜੂਹ ਉਜਾੜ ਪਹਾੜਾਂ ਵਾਲੀਆਂ ਖਾੜੀਆਂ, ਥਲ ਅਸਗਾਹਾਂ ਪਾਰ ਕਰਾਈਆ । ਪਰਕਾਸ਼ ਦੇਣਾ ਨਾੜ ਨਾੜੀਆਂ, ਅੰਧ ਅੰਧੇਰਾ ਅੰਦਰੋਂ ਦਏ ਗੁਆਈਆ । ਜਿਸ ਲੇਖੇ ਲਾਉਣਾ ਜੰਗਲ ਜੂਹਾਂ ਵਾਲੀਆਂ ਝਾੜੀਆਂ, ਪਾਹਨਾਂ ਪੱਥਰਾਂ ਦਏ ਗਵਾਹੀਆ । ਓਹ ਵੇਖਣਹਾਰਾ ਤੁਹਾਡੇ ਤਨ ਵਜੂਦ ਸਰੀਰ ਕਾਇਆ ਵਾਲੀਆਂ ਮਾੜੀਆਂ, ਅੰਦਰ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਛੱਬੀ ਪੋਹ ਕਹੇ ਜਨ ਭਗਤੋ ਚੜ੍ਹੀਆਂ ਹੋਵਣ ਖਰਮਸਤੀਆਂ, ਖ਼ੁਸ਼ੀਆਂ ਢੋਲੇ ਗਾਈਆ । ਸਭ ਦੀਆਂ ਰੂਹਾਂ ਪ੍ਰਭੂ ਦੇ ਪਿਆਰ ਵਿਚ ਹੋਵਣ ਹਸਦੀਆਂ, ਹਸਤ ਕੀਟ ਨਾ ਕੋਇ ਵਡਿਆਈਆ । ਅੰਤਰ ਖ਼ਾਹਿਸ਼ਾਂ ਭਰੀਆਂ ਹੋਵਣ ਜਸ ਦੀਆਂ, ਸਿਫ਼ਤਾਂ ਨਾਲ ਸਲਾਹੀਆ । ਸੰਗਤਾਂ ਖ਼ੁਸ਼ੀਆਂ ਨਾਲ ਆਵਣ ਹਸਦੀਆਂ, ਧੁਰ ਦੇ ਢੋਲੇ ਗਾਈਆ ।

ਸਦਾ ਭਗਤ ਦੁਆਰੇ ਰਹਿਣ ਵਸਦੀਆਂ, ਵਸਲ ਯਾਰ ਬਖ਼ਸ਼ੇ ਨੂਰ ਅਲਾਹੀਆ । ਪਿਆਰ ਮੁਹੱਬਤ ਵਿਚ ਫਿਰਨ ਨੱਸਦੀਆਂ, ਭੱਜਣ ਵਾਹੋ ਦਾਹੀਆ । ਪਿਆਸੀਆਂ ਹੋਵਣ ਅੰਮ੍ਰਿਤ ਰਸ ਦੀਆ, ਬਿਨ ਰਸਨਾ ਰਸ ਦਏ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਸਰਨਾਈ ਹੋਵਣ ਢਠਦੀਆਂ, ਢਹਿ ਢਹਿ ਧੂੜੀ ਖ਼ਾਕ ਰਮਾਈਆ ।

✪ ੨੩ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਜੀਵਣ ਸਿੰਘ ਦੇ ਨਵਿਤ ਪਿੰਡ ਝਮਾਂ ਤਹਿਸੀਲ ਅਖਨੂਰ ਜ਼ਿਲਾ ਜੰਮੂ ✪

ਜੀਵਣ ਸਿੰਘ ਸਦਾ ਜਗ ਜੀਓ, ਜੀਵਤ ਜੀ ਮਰਨ ਤੋਂ ਬਾਦ ਵੀ ਦਏ ਵਡਿਆਈਆ । ਤੇਰਾ ਪਰਮ ਪੁਰਖ ਪਰਮਾਤਮ ਬਣਿਆ ਧੁਰ ਦਾ ਪਿਉ, ਪੁਤ ਪੋਤਰਿਆਂ ਦੀ ਥਾਂ ਤੇਰਾ ਨਾਮ ਕਰੇ ਰੁਸ਼ਨਾਈਆ । ਤੇਰੇ ਪ੍ਰੇਮ ਦਾ ਰਸ ਮਿਠਾ ਤੇ ਸਭ ਤੋਂ ਵਖਰਾ ਘਿਰਤ ਘਿਉ, ਜਗਤ ਮਧਾਣੀਆਂ ਤੋਂ ਬਾਹਰ ਨਜ਼ਰੀ ਆਈਆ । ਚਾਰ ਜੁਗ ਤਕ ਤੇਰਾ ਨਾਮ ਰਹੇਗਾ ਤਿਉਂ ਦਾ ਤਿਉਂ, ਤ੍ਰੈਗੁਣ ਅਤੀਤਾ ਹੋਏ ਸਹਾਈਆ । ਜੇ ਕੋਈ ਪੁਛੇ ਤਾਰਿਆ ਕਿਉਂ, ਕੇਹੜੀ ਕੀਤੀ ਕਮਾਈਆ । ਤੂੰ ਫ਼ਰੀਦ ਦਾ ਉਹ ਸਾਥੀ ਜਿਸ ਵੇਲੇ ਬਰਸਦਾ ਸੀ ਮਿਉਂ, ਹੱਥ ਜੋੜ ਕੇ ਪ੍ਰਭ ਦੇ ਅਗੇ ਵਾਸਤਾ ਪਾਈਆ ।
੧੧੪੪ ਜੇ ਇਸ ਦੇ ਨਾਲ ਨਿਹੋਂ, ਕਿਉਂ ਮੈਨੂੰ ਵਿਛੋੜਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ੧੧੪੪
੨੪ ਵਰ, ਸਚ ਦਾ ਮਾਲਕ ਇਕ ਗੁਸਾਈਆ । ਝਟ ਆਵਾਜ਼ ਆਈ ਇਹ ਤਤਾਂ ਵਾਲਾ ਫ਼ਰੀਦ, ਅੰਤਰ ਮੇਰਾ ਧਿਆਨ ਲਗਾਈਆ । ਜੇ ਤੂੰ ਵੀ ੨੪
ਮੇਰੀ ਕਰਨੀ ਦੀਦ, ਦੀਦਾ ਦਾਨਿਸਤਾ ਦਰਸ਼ਨ ਦੇਵਾਂ ਚਾਈਂ ਚਾਈਆ । ਪਰ ਵੱਡੀ ਆਸ਼ਾ ਰਖਣੀ ਪੈਣੀ ਉਮੀਦ, ਤ੍ਰਿਸ਼ਨਾ ਤੋਂ ਬਾਹਰ ਸਮਝਾਈਆ । ਨਾਲੇ ਹੁਕਮ ਵਿਚ ਕੀਤੀ ਤਾਕੀਦ, ਖ਼ੁਸ਼ੀਆਂ ਨਾਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਆਪਣਾ ਭੇਵ ਖੁਲ੍ਹਾਈਆ । ਸ਼ਬਦ ਕਿਹਾ ਸੁਣ ਵੈਰਾਗੀ, ਵੈਰਾਗੀਆ ਦਿਆਂ ਦ੍ਰਿੜਾਈਆ । ਹੁਣ ਦੁਨੀਆ ਜਾਣੀ ਤਿਆਗੀ, ਛਡਣੀ ਖ਼ਲਕ ਖ਼ੁਦਾਈਆ । ਫੇਰ ਕਿਰਪਾ ਕਰੇ ਤੇਰਾ ਕੰਤ ਸੁਹਾਗੀ, ਮਾਲਕ ਧੁਰਦਰਗਾਹੀਆ । ਤੇਰਾ ਵਡ ਵਡ ਹੋਵੇ ਭਾਗੀ, ਭਾਗਵਾਨ ਤੈਨੂੰ ਦਏ ਬਣਾਈਆ । ਤੇਰੀ ਆਤਮਾ ਫੇਰ ਹੋਵੇ ਜਾਗੀ, ਜਾਗਰਤ ਜੋਤ ਜੋਤ ਰੁਸ਼ਨਾਈਆ । ਤੇਰੇ ਅੰਦਰ ਉਪਜਾਏ ਆਪਣਾ ਅਗੰਮਾ ਰਾਗੀ, ਜਗਤ ਰਾਗਾਂ ਤੋਂ ਬਾਹਰ ਸ਼ਨਵਾਈਆ । ਤੇਰਾ ਜੀਵਣ ਜ਼ਿੰਦਗੀ ਜਗਤ ਹੋਵੇ ਸਾਦੀ, ਸਾਧਨਾ ਤੇਰੇ ਵਿਚ ਰਖਾਈਆ । ਜਿਸ ਵੇਲੇ ਭਾਰਤ ਦੀ ਭਾਰਤ ਨਾਲੋਂ ਬਦਲੀ ਆਬਾਦੀ, ਕੰਢੀ ਘਾਟ ਤੇ ਤੇਰਾ ਕੰਢਾ ਦਏ ਬਦਲਾਈਆ । ਇਹੋ ਖੇਲ ਪ੍ਰਭੂ ਦੀ ਹੋਣੀ ਡਾਹਢੀ, ਜਿਸ ਨਾਲ ਪਾਕ ਹਿੰਦ ਵੰਡ ਦਿਤੀ ਵੰਡਾਈਆ । ਉਸ ਵੇਲੇ ਫ਼ਰੀਦ ਨੇ ਆਪਣਾ ਰੂਪ ਬਣਾ ਕੇ ਇਕ ਬਾਂਦੀ, ਬੰਦਨਾ ਵਿਚ ਸੀਸ ਨਿਵਾਈਆ । ਝਟ ਸੰਦੇਸ਼ਾ ਮਿਲਿਆ ਇਹ ਖੇਲ ਮੇਰੇ ਘਰਾਂ ਦੀ, ਘਰਾਨਾ ਮੇਰਾ ਧੁਰਦਰਗਾਹੀਆ । ਇਸ ਦੇ ਪਿਛੇ ਮੈਂ ਜ਼ਰੂਰ ਬਣਾਂਗਾ ਪਾਂਧੀ, ਪੰਧ ਮੁਕਾਏ ਮੇਲਾ ਮਿਲਿਆ ਚਾਈਂ ਚਾਈਆ । ਸਚਖੰਡ ਦੁਆਰ ਫੇਰ ਵਸਾਵਾਂ ਜਿਥੇ ਜਾ ਕੇ ਆਤਮਾ ਫੇਰ ਕਦੇ ਨਹੀਂ ਆਂਦੀ, ਜਨਮ ਮਰਨ ਵਿਚ ਕਦੇ ਨਾ ਆਈਆ । ਉਹ ਆਸ਼ਾ ਪੂਰੀ ਤੇ ਪੂਰਨ ਸਤਿਗੁਰ ਕੀਤੀ

ਧੁਰਾਂ ਦੀ, ਧੁਰ ਦਾ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਧਾਰ ਜਾਣੇ ਅੰਤਰ ਆਤਮ ਖ਼ਾਹਿਸ਼ਾਂ ਵਾਲੇ ਸੁਰਾਂ ਦੀ, ਸੁਰਤੀ ਤੋਂ ਬਾਹਰ ਆਪਣਾ ਹੁਕਮ ਵਰਤਾਈਆ ।

✪ ੨੩ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਸ਼ਾਂਤੀ ਦੇਵੀ ਦੇ ਗ੍ਰਿਹ
ਪਿੰਡ ਅੰਬਾ ਰਾਏ ਤਹਿਸੀਲ ਅਖਨੂਰ ਜ਼ਿਲਾ ਜੰਮੂ ✪

ਛੱਬੀ ਪੋਹ ਕਹੇ ਮੇਰਾ ਲੇਖਾ ਅਕਥ ਕਹਾਣੀ, ਕਥਨੀ ਕਥ ਸਕੇ ਨਾ ਰਾਈਆ । ਮੇਰਾ ਲਹਿਣਾ ਦੇਣਾ ਨਾਲ ਚਾਰ ਜੁਗ ਦੀ ਬਾਣੀ, ਅੱਖਰਾਂ ਅੱਖਰਾਂ ਮਿਲ ਕੇ ਖ਼ੁਸ਼ੀ ਬਣਾਈਆ । ਮੇਰਾ ਨਾਤਾ ਜੁੜਿਆ ਨਾਲ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਮਿਲ ਕੇ ਵਜੇ ਵਧਾਈਆ । ਮੇਰੀ ਜੁਗ ਚੌਕੜੀ ਆਸ਼ਾ ਦਿਸੇ ਪੁਰਾਣੀ, ਪੁਰਾਨ ਅਠਾਰਾਂ ਜਿਸ ਦਾ ਰਾਹ ਤਕਾਈਆ । ਮੇਰਾ ਲਹਿਣਾ ਦੇਣਾ ਨਾਲ ਸੁਰਤ ਸ਼ਬਦ ਹਾਣੀ, ਸਗਲਾ ਸੰਗੀ ਬਹੁਰੰਗੀ ਇਕ ਅਖਵਾਈਆ । ਮੈਂ ਸੰਦੇਸ਼ਾ ਦੇਵਾਂ ਹੋ ਕੇ ਜਾਣ ਜਾਣੀ, ਖ਼ੁਸ਼ੀਆਂ ਢੋਲੇ ਗਾਈਆ । ਜੋ ਭਗਤ ਦੁਆਰ ਛੱਬੀ ਪੋਹ ਨੂੰ ਵਿਆਹੀ ਆਏ ਸੁਆਣੀ, ਆਪਣੀ ਖ਼ੁਸ਼ੀ ਬਣਾਈਆ । ਗ੍ਰਿਹ ਦੁੱਧ ਰਿੜਕ ਕੇ ਆਏ ਨਾਲ ਮਧਾਣੀ, ਅਗੇ ਦੁੱਧ ਦੀ ਤੋਟ ਰਹੇ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਕਲਮਾ ਪੜ੍ਹੇ ਕਲਿਆਣੀ, ਸੋਹੰ ਢੋਲਾ ਸਾਚਾ ਗਾਈਆ । ਆਤਮਾ ਪ੍ਰਭੂ ਦੇ ਨਾਮ ਦੀ ਬਣੇ ਸ਼ਾਹਣੀ, ਘਾਟਾ ਦੀਨ ਦੁਨੀ ਚੁਕਾਈਆ । ਜੋ ਨਿਰਗੁਣ ਧਾਰ ਨਾਨਕ ਢੋਲਾ ਗਾਇਆ ਪਠਾਣੀ, ਅੱਠਤਰੇ ਸਤਾਨਵੇ ਆਪਣਾ ਖੇਲ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਛੱਬੀ ਪੋਹ ਕਹੇ ਜਨ ਭਗਤ ਘਰੋਂ ਕਰਕੇ ਆਵਣ ਬੰਦਨ, ਬੰਦਗੀ ਵਿਚ ਸੀਸ ਨਿਵਾਈਆ । ਮਸਤਕ ਲਾ ਕੇ ਆਵਣ ਚੰਦਨ, ਬਿੰਦੀ ਸੋਹਣੀ ਸੋਭਾ ਪਾਈਆ । ਅੰਤਰ ਆਤਮ ਹੋਵੇ ਅਨੰਦਨ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਕਲਪਣਾ ਛਡੀ ਹੋਵੇ ਭੇਖ ਪਖੰਡਣ, ਕਿਰਿਆ ਕੂੜ ਨਾ ਕੋਇ ਹਲਕਾਈਆ । ਜਗਤ ਵਿਕਾਰਾ ਅੰਦਰੋਂ ਕਢਣ, ਸਤਿ ਸਤਿਵਾਦੀ ਰੰਗ ਚੜ੍ਹਾਈਆ । ਖੇਲ ਵੇਖਣ ਬ੍ਰਹਮ ਬ੍ਰਹਿਮੰਡਣ, ਬ੍ਰਹਿਮਾਂਡ ਧਿਆਨ ਲਗਾਈਆ । ਤੂੰ ਮੇਰਾ ਮੈਂ ਤੇਰਾ ਗਾਵਣ ਛੰਦਨ, ਸੋਹੰ ਢੋਲਾ ਧੁਰਦਰਗਾਹੀਆ । ਜਗਤ ਜਹਾਨ ਰਿਹਾ ਹੱਦ ਲੰਘਣ, ਸ਼ਰਅ ਮਜ਼੍ਹਬ ਨਾ ਕੋਇ ਅਟਕਾਈਆ । ਸਤਿਗੁਰ ਸ਼ਬਦ ਦੇ ਲਾਗਣ ਅੰਗਣ, ਅੰਗੀਕਾਰ ਇਕ ਹੋ ਜਾਈਆ । ਬਿਨ ਰਸਨਾ ਜੇਹਵਾ ਵਸਤੂ ਮੰਗਣ, ਆਸ਼ਾ ਆਸ਼ਾ ਵਿਚੋਂ ਬਦਲਾਈਆ । ਇਕ ਇਕ ਛੁਹਾਰਾ ਸਭ ਨੇ ਲਿਆਉਣਾ ਜਿਸ ਨਾਲ ਲੱਗੇ ਸਗਨ, ਸੰਗੀ ਕਰਤਾ ਆਪਣਾ ਰੰਗ ਬਣਾਈਆ । ਜਿਸ ਦਾ ਲਹਿਣਾ ਦੇਣਾ ਤਤ ਪੰਜਣ, ਪੰਚਮ ਮੇਲਾ ਮੇਲੇ ਸਹਿਜ ਸੁਭਾਈਆ । ਜਨ ਭਗਤ ਧਾਰ ਹੋਵੇ ਨਾਲ ਬਵੰਜਣ, ਬਾਵਨ ਆਪਣੀ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਤ ਸਚ ਆਵੇ ਅਗੰਮੀ ਵੰਡਣ, ਦਾਨੀ ਹੋ ਕੇ ਦਇਆ ਕਮਾਈਆ ।

✪ ੨੩ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਬੰਤੀ ਦੇਵੀ ਦੇ ਗ੍ਰਿਹਿ
ਪਿੰਡ ਅੰਬਾਰਾਏ ਤਹਿਸੀਲ ਅਖਨੂਰ ਜ਼ਿਲਾ ਜੰਮੂ ✪

ਨਾਰਦ ਕਹੇ ਜਨ ਭਗਤੋ ਤੁਹਾਨੂੰ ਬ੍ਰਹਿਮੰਡ ਖੰਡ ਦੇਣ ਵਧਾਈਆਂ, ਖ਼ੁਸ਼ੀਆਂ ਵਾਲੇ ਢੋਲੇ ਗੀਤ ਰਾਗ ਸੁਣਾਈਆ। ਤੁਸਾਂ ਚਾਰ ਵਰਨ ਅਠਾਰਾਂ ਬਰਨ ਰੂਪ ਬਣਨਾ ਭਾਈ ਭਾਈਆਂ, ਦੂਸਰ ਵੰਡ ਨਾ ਕੋਇ ਵੰਡਾਈਆ। ਚਾਰ ਜੁਗ ਦੀਆਂ ਪਿਛਲੀਆਂ ਧੋਣੀਆਂ ਸ਼ਾਹੀਆਂ, ਕਾਲਖ ਟਿੱਕਾ ਰਹਿਣ ਕੋਇ ਨਾ ਪਾਈਆ। ਗ੍ਰੰਥ ਸ਼ਾਸਤਰ ਤੁਹਾਡੀਆਂ ਦੇਣ ਗਵਾਹੀਆਂ, ਸ਼ਹਾਦਤ ਸ਼ਬਦ ਗੁਰੂ ਭੁਗਤਾਈਆ। ਤੁਹਾਡਾ ਇਕੋ ਰੂਪ ਹੋਵੇ ਜੱਟ ਝੀਵਰ ਛੀਂਬੇ ਨਾਈਆਂ, ਕਮੀਨਾ ਵੰਡ ਨਾ ਕੋਇ ਵੰਡਾਈਆ। ਤੁਹਾਡਾ ਇਕ ਅੰਕੜਾ ਬਦਲ ਜਾਏ ਵਿਚ ਦਹਾਈਆਂ, ਏਕੇ ਨਾਲ ਜ਼ੀਰੋ ਸਿਫ਼ਰਾ ਮਿਲ ਕੇ ਵਜੇ ਵਧਾਈਆ। ਤੁਹਾਡੀਆਂ ਲੇਖੇ ਲੱਗਣੀਆਂ ਤੂੰ ਮੇਰਾ ਮੈਂ ਤੇਰਾ ਤੁਕਾਂ ਗਾਈਆਂ, ਆਤਮ ਪਰਮਾਤਮ ਸੰਗ ਬਣਾਈਆ। ਤੁਹਾਡੀਆਂ ਪ੍ਰੀਤਾਂ ਪ੍ਰੀਤਮ ਆਪਣੇ ਨਾਲ ਲਾਈਆਂ, ਲਾਵਣਹਾਰਾ ਇਕ ਅਖਵਾਈਆ। ਏਥੇ ਓਥੇ ਨਾ ਹੋਵਣ ਜੁਦਾਈਆਂ, ਜੁਜ਼ ਵਖਰਾ ਵੰਡ ਨਾ ਕੋਇ ਵੰਡਾਈਆ। ਸਭ ਨੇ ਆਪਣੀਆਂ ਭੁਜਾਂ ਸਵਾਰ ਕੇ ਆਉਣੀਆਂ ਬਾਹੀਂਆਂ, ਬਾਹੂ ਬਲ ਪਰਗਟਾਈਆ। ਨਿਮਸਕਾਰਾਂ ਕਰਕੇ ਆਉਣਾ ਆਪਣੀਆਂ ਮਾਈਆਂ, ਜੋ ਭਗਤਾਂ ਜਨਮ ਦੇਵਣ ਬਣਨ ਧੰਨ ਜਣੇਂਦੀ ਮਾਈਆ। ਤੁਹਾਡੀਆਂ ਲੇਖੇ ਲੱਗਣੀਆਂ ਕੀਤੀਆਂ ਵਾਹੀਆਂ, ਵਾਅਦੇ ਪੂਰਬਲੇ ਪੂਰ ਕਰਾਈਆ। ਤੁਸਾਂ ਲਾਲ
੧੧੪੬ ਕਰਕੇ ਆਉਣੀਆਂ ਕਲਾਈਆਂ, ਕਲਮਿਆਂ ਵਾਲਿਆਂ ਦਾ ਲੇਖਾ ਦੇਣਾ ਮੁਕਾਈਆ। ਮਾਝਾ ਮਾਲਵਾ ਦੁਆਬਾ ਜੰਮੂ ਖੇਲ ਖਿਲਾਉਣਾ ਢਾਈ ਢਾਈਆਂ, ੧੧੪੬
੨੪ ਢਈਆ ਗੋਬਿੰਦ ਵਾਲਾ ਨਾਲ ਮਿਲਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ੨੪
ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਲੇਖਾ ਜਾਣੇ ਥਾਉਂ ਥਾਈਂਆ, ਥਾਨ ਥਨੰਤਰ ਜਗਤ ਨਿਰੰਤਰ ਹੋ ਕੇ ਵੇਖ ਵਖਾਈਆ।

✪ ੨੩ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਕਿਸ਼ਨ ਲਾਲ ਦੇ ਗ੍ਰਿਹਿ
ਪਿੰਡ ਬੰਮਭੜਵਾ ਤਹਿਸੀਲ ਅਖਨੂਰ ਜ਼ਿਲਾ ਜੰਮੂ ✪

ਨਾਰਦ ਕਹੇ ਧਰਨੀਏ ਮੈਂ ਫਿਰ ਕੇ ਆਇਆ ਸ਼ਰਕਨ ਗਰਬੀ, ਮਸ਼ਰਕ ਮਗ਼ਰਬ ਧਿਆਨ ਲਗਾਈਆ। ਦੀਨ ਦੁਨੀ ਦੀ ਹਾਲਤ ਵੇਖੀ ਅੰਦਰੋਂ ਦਰਭੀ, ਮਾਇਆ ਮਮਤਾ ਮੋਹ ਵਿਚ ਹਲਕਾਈਆ। ਮੈਂ ਹਿੰਦਸਿਆਂ ਨਾਲ ਦੇਂਦਾ ਰਿਹਾ ਜ਼ਰਬੀ, ਅੰਕੜੇ ਅੰਕੜਿਆਂ ਨਾਲ ਮਿਲਾਈਆ। ਫੇਰ ਆਵਾਜ਼ ਸੁਣੀ ਵਿਚ ਅਰਬੀ, ਅਰਬ ਅਰਬਾਨੀਆਂ ਕੀ ਸੁਣਾਈਆ। ਜਿਸ ਵਿਚ ਰਿਹਾ ਕਿਸੇ ਦਾ ਨਹੀਂ ਕੋਈ ਦਰਦੀ, ਦਰਦੀਆਂ ਦਰਦ ਨਾ ਕੋਇ ਵੰਡਾਈਆ। ਜਗਤ ਸ਼ਰਅ ਧਾਰ ਹੋਈ ਕਰਦੀ, ਕਤਲਗਾਹ ਦਿਸੇ ਲੋਕਾਈਆ। ਦੀਨ ਦੁਨੀ ਵੇਖੀ ਮਰਦੀ, ਮੁਰਦਾ ਮੁਰੀਦ ਮੁਰਸ਼ਦ ਵਿਚ ਨਾ ਕੋਇ ਸਮਾਈਆ। ਇਕ ਹੋਰ ਖ਼ਬਰ ਦੱਸਾਂ ਕਲ ਦੀ, ਕਲਜੁਗ ਕੀ ਆਪਣੀ ਕਲਾ ਵਰਤਾਈਆ। ਜਿਸ ਖੇਲ ਬਦਲਣੀ ਜਲ ਥਲ ਦੀ, ਮਹੀਅਲ ਪਰਦਾ ਦਏ ਉਠਾਈਆ। ਜਿਸ ਨਾਲ ਆਸ਼ਾ ਰਲੀ ਬਲ ਦੀ, ਬਾਵਨ ਹੁਕਮ ਵਰਤਾਈਆ। ਕਿਸੇ ਨੂੰ ਖ਼ਬਰ ਨਹੀਂ ਘੜੀ ਪਲ ਦੀ,

ਪਲਕਾਂ ਦੇ ਪਿਛੇ ਕੀ ਆਪਣਾ ਹੁਕਮ ਵਰਤਾਈਆ । ਮੈਂ ਖੇਲ ਤਕੀ ਅਗੰਮੀ ਝੱਲ ਦੀ, ਝਲਕ ਤਕੀ ਨੂਰ ਅਲਾਹੀਆ । ਜੋ ਸਭ ਨੂੰ ਫਿਰੇ ਛਲਦੀ,
ਅਛਲ ਛਲ ਹੋ ਕੇ ਖੇਲ ਖਿਲਾਈਆ । ਜਨ ਭਗਤਾਂ ਪਿਆਰ ਵਿਚ ਰਲਦੀ, ਰਲ ਮਿਲ ਆਪਣਾ ਸੰਗ ਬਣਾਈਆ । ਜਿਸ ਦੀ ਝੌਂਪੜੀ ਪੰਜ
ਤਤ ਕਾਇਆ ਮਾਟੀ ਖੱਲ ਦੀ, ਖ਼ਾਲਕ ਹੋ ਕੇ ਆਪਣਾ ਡੇਰਾ ਲਾਈਆ । ਉਸ ਦੀ ਮੰਜ਼ਲ ਹਕੀਕੀ ਅਟਲ ਦੀ, ਉਚ ਅਗੰਮ ਅਥਾਹ ਨੂਰ ਅਲਾਹੀਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਧਰਨੀਏ ਮੈਂ
ਸਚ ਕਰਾਂ ਅਦਾਬ, ਬਿਨ ਸਯਦਿਆਂ ਸੀਸ ਦਿਆਂ ਝੁਕਾਈਆ । ਮੈਂ ਸੁਣੀ ਅਗੰਮੀ ਰਬਾਬ, ਜੋ ਬਿਨ ਤੰਦ ਸਿਤਾਰ ਕਰੇ ਸ਼ਨਵਾਈਆ । ਮੈਨੂੰ ਸੰਦੇਸ਼ਾ
ਦਿਤਾ ਇਕ ਚਨਾਬ, ਚੰਦ ਤਾਰਿਆਂ ਵਿਚੋਂ ਬਾਹਰ ਸ਼ਨਵਾਈਆ । ਮੇਰਾ ਵਹਿਣਾ ਵਿਚ ਵਹਿੰਦਾ ਆਬ, ਜਲ ਧਾਰਾ ਰੂਪ ਪਰਗਟਾਈਆ । ਮੇਰਾ
ਪੂਰਬ ਲਹਿਣਾ ਤਕ ਹਿਸਾਬ, ਖਵਾਜਾ ਖਿਜਰ ਨਾਲ ਮਿਲਾਈਆ । ਜਿਸ ਦਾ ਪਹਿਲਾ ਤੀਜਾ ਬਾਬ, ਭਾਗ ਦੂਜਾ ਸੋਭਾ ਪਾਈਆ । ਜਿਸ ਵਿਚੋਂ
ਇਕੋ ਪੁਰਖ ਅਕਾਲ ਦੀ ਮੰਗੀ ਅਮਦਾਦ, ਦੂਸਰ ਓਟ ਨਾ ਕੋਇ ਤਕਾਈਆ । ਜੋ ਮਾਲਕ ਹੋ ਕੇ ਵਾਹਿਦ, ਵਾਜਿਅ ਕਰੇ ਖ਼ਲਕ ਖ਼ੁਦਾਈਆ ।
ਜਿਸ ਦੀ ਬਹੁਤੀ ਨਹੀਂ ਤਾਦਾਦ, ਇਕ ਇਕੱਲਾ ਧੁਰਦਰਗਾਹੀਆ । ਜਿਸ ਦੀ ਸਤਿ ਸਚ ਜਾਇਦਾਦ, ਮਾਲਕ ਇਕੋ ਨੂਰ ਅਲਾਹੀਆ । ਉਹ
ਸਭ ਦਾ ਮੰਗਣ ਵਾਲਾ ਜੁਆਬ, ਜੁਆਬ ਤਲਬੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ
 ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਤੂੰ ਸੁਣ ਲੈ ਅਗੰਮੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਨਿਗਾਹ ੧੧੪੭
 ਮਾਰ ਲੈ ਚਾਰੇ ਖਾਣੀ, ਚਾਰੇ ਕੁੰਟ ਵੇਖ ਵਖਾਈਆ । ਅੰਮ੍ਰਿਤ ਰਸ ਤਕ ਲੈ ਪਾਣੀ, ਜਲਧਾਰਾ ਖੋਜ ਖੁਜਾਈਆ । ਸੁਘੜ ਸੁਚੱਜੀ ਬਣ ਸਵਾਣੀ, ੨੪
ਲੋਕਮਾਤ ਲੈ ਅੰਗੜਾਈਆ । ਤੇਰੀ ਪਿਛਲੀ ਕਥਾ ਹੋਈ ਪੁਰਾਣੀ, ਅਗਲਾ ਪਰਦਾ ਦਿਆਂ ਉਠਾਈਆ । ਪੁਰਖ ਅਕਾਲਾ ਬਣਿਆ ਜਾਣ ਜਾਣੀ,
ਜਾਣਨਹਾਰ ਇਕ ਹੋ ਆਈਆ । ਤੂੰ ਉਸ ਦੇ ਬਣਨਾ ਦਰ ਸੁਆਣੀ, ਨਿਮਰਤਾ ਵਿਚ ਸੀਸ ਨਿਵਾਈਆ । ਉਹ ਬਸੁਧਾ ਤੇਰੀ ਕਰੇ ਪਹਿਚਾਣੀ,
ਪਸ਼ਚਾਤਾਪ ਦਏ ਬਣਾਈਆ । ਜਿਸ ਲਹਿਣਾ ਦੇਣਾ ਤਕਣਾ ਅੰਜੀਲ ਕ਼ੁਰਾਨੀ, ਕੁਲਾ ਖੰਡ ਦਾ ਮਾਲਕ ਹੋ ਕੇ ਵੇਖ ਵਖਾਈਆ । ਤੂੰ ਉਸ ਦਾ
ਨੂਰ ਜ਼ਹੂਰ ਤਕਣਾ ਇਕ ਨੁਰਾਨੀ, ਜੋਤੀ ਜਾਤਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ
ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਧਰਨੀਏ ਚਨਾਬ ਕੀ ਕੁਛ ਕਹਿੰਦਾ, ਕਹਿ ਕਹਿ ਕੀ ਦ੍ਰਿੜਾਈਆ । ਕੀ ਇਸ਼ਾਰਾ ਦੇਵੇ
ਦਿਸ਼ਾ ਲਹਿੰਦਾ, ਲਹਿਣਾ ਪੂਰਬ ਨਾਲ ਮਿਲਾਈਆ । ਕਿਸ ਬਿਧ ਚਾਰ ਯਾਰ ਸੰਗ ਮੁਹੰਮਦ ਨਾਲ ਬਹਿੰਦਾ, ਮੱਕਾ ਕਾਅਬਾ ਵੰਡ ਨਾ ਕੋਇ ਵੰਡਾਈਆ ।
ਮੱਕਾ ਕਾਅਬਾ ਕੇਹੜੀ ਧਾਰ ਢਹਿੰਦਾ, ਅਗੇ ਹੋ ਨਾ ਕੋਇ ਅਟਕਾਈਆ । ਈਸਾ ਮੂਸਾ ਕੇਹੜੀ ਧਾਰ ਖਹਿੰਦਾ, ਜਗਤ ਲੇਖਾ ਲੇਖ ਨਾ ਕੋਇ ਸਮਝਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਚਨਾਬ ਕਹੇ ਮੇਰੀ ਨਾਰਦ
ਸੁਣ ਅਗੰਮੀ ਪੁਕਾਰ, ਬਿਨ ਰਸਨਾ ਢੋਲੇ ਗਾਈਆ । ਤੂੰ ਆਦਿ ਜੁਗਾਦੀ ਮੀਤ ਮੁਰਾਰ, ਮਿਤਰ ਪਿਆਰਾ ਇਕ ਅਖਵਾਈਆ । ਸਤਿ ਸਤਿਵਾਦੀ
ਸਾਂਝਾ ਯਾਰ, ਮੇਲ ਮਿਲਿਆ ਚਾਈਂ ਚਾਈਂਆ । ਮੇਰਾ ਲਹਿਣਾ ਦੇਣਾ ਵੇਖ ਉਧਾਰ, ਪੂਰਬ ਲੇਖਾ ਦੇ ਸਮਝਾਈਆ । ਮੈਨੂੰ ਪ੍ਰਿਥੁ ਨੇ ਕੀਤਾ ਸਵੀਕਾਰ,

ਖ਼ੁਸ਼ੀਆਂ ਰੰਗ ਰੰਗਾਈਆ । ਸੰਦੇਸਾ ਦਿਤਾ ਜਿਸ ਵੇਲੇ ਆਵੇ ਚਵੀਆਂ ਅਵਤਾਰ, ਜੋਤੀ ਜਾਤਾ ਡਗਮਗਾਈਆ । ਭਗਤਾਂ ਦੀ ਪੈਜ ਦੇਣੀ ਸਵਾਰ, ਲਹਿਣਾ ਤੇਰੇ ਨਾਲ ਰਖਾਈਆ । ਤੂੰ ਹੋਣਾ ਖ਼ਬਰਦਾਰ, ਆਲਸ ਨਿੰਦਰਾ ਵਿਚ ਕਦੇ ਨਾ ਆਈਆ । ਵੇਖਣਾ ਨੈਣ ਉਘਾੜ, ਬਿਨ ਲੋਚਨਾਂ ਰਾਹ ਤਕਾਈਆ । ਉਹ ਆਵੇ ਜੰਗਲ ਜੂਹਾਂ ਵਿਚੋਂ ਪਹਾੜ, ਪਾਂਧੀ ਹੋ ਕੇ ਪੰਧ ਮੁਕਾਈਆ । ਚਵੀ ਮੱਘਰ ਖ਼ੁਸ਼ੀਆਂ ਨਾਲ ਕੀਤੀ ਨਿਮਸਕਾਰ, ਚਰਨ ਛੋਹ ਕੇ ਖ਼ੁਸ਼ੀ ਬਣਾਈਆ । ਨਾਲ ਆਪਣਾ ਕਰੀਂ ਇਜ਼ਹਾਰ, ਪਰਦਾ ਪਰਦਿਆਂ ਵਿਚੋਂ ਉਠਾਈਆ । ਝਟ ਝਨਾਂ ਰੋ ਪਿਆ ਜ਼ਾਰੋ ਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਮੇਰਾ ਮੀਤ ਮੁਰਾਰਾ ਏਕੰਕਾਰ, ਇਕ ਇਕੱਲਾ ਇਕ ਅਖਵਾਈਆ । ਜਿਸ ਚਵੀ ਮੱਘਰ ਪੂਰਾ ਕੀਤਾ ਹਰਿ ਭਗਤ ਦੁਆਰ, ਥਿਤ ਵਾਰ ਸੋਹਣੀ ਵੰਡ ਵੰਡਾਈਆ । ਭਗਤਾਂ ਦਿਤਾ ਪਿਆਰ, ਪ੍ਰੇਮ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਚਨਾਬ ਕਹੇ ਮੇਰਾ ਇਕੋ ਮਾਲਕ ਨੂਰ ਅਲਾਹੀ ਚੰਨਾ, ਜੋ ਚੰਨ-ਆਬ ਵਿਚੋਂ ਨਜ਼ਰੀ ਆਈਆ । ਮੇਰਾ ਹੱਦ ਨਹੀਂ ਕੋਈ ਬੰਨਾ, ਵੰਡਣ ਵੰਡ ਨਾ ਕੋਇ ਰਖਾਈਆ । ਮੇਰਾ ਸੰਦੇਸ਼ਾ ਦੇ ਕੇ ਗਿਆ ਜੱਟ ਧੰਨਾ, ਪੱਥਰ ਪਾਹਨਾ ਨਾਲ ਸੁਣਾਈਆ । ਜਿਸ ਵੇਲੇ ਗੋਬਿੰਦ ਲਾਉਣਾ ਇਕੋ ਕੰਨਾ, ਕਾਇਨਾਤ ਤੋਂ ਬਾਹਰ ਪਰਦਾ ਦਿਆਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਚਨਾਬ ਕਹੇ ਮੇਰੀ ਇਕੋ ਇਕ ਅਰਦਾਸ, ਬੇਨੰਤੀ ਸਚ ਸੁਣਾਈਆ । ਮੈਂ ਜਾਣਾ ਚਾਹੁੰਦਾ ਭਗਤਾਂ ਪਾਸ, ਖ਼ੁਸ਼ੀ ਖ਼ੁਸ਼ੀ ਪੰਧ ਮੁਕਾਈਆ । ਚਵੀ ਮੱਘਰ ਨੌ ਗੁਰਸਿਖ ਮੇਰੇ ਵਿਚੋਂ ਨੌ ਭਰਨ ਗਿਲਾਸ, ਪਾਣੀ ਜਿਸ ਨੂੰ ਕਹੇ ਲੋਕਾਈਆ । ਛੱਬੀ ਪੋਹ ਨੂੰ ਮੇਰਾ ਅੰਮ੍ਰਿਤ ਬਣਾ ਕੇ ਸਤਿਗੁਰ ਭਗਤਾਂ ਦੀ ਪਾਵੇ ਵਿਚ ਰਾਸ, ਜਲ ਜਲ ਵਿਚ ਸਮਾਈਆ । ਚੰਨ ਵੇਖੇ ਉਤੋਂ ਆਕਾਸ਼, ਸੂਰੀਆ ਆਪਣੀ ਅੱਖ ਉਠਾਈਆ । ਸ਼ੰਕਰ ਖ਼ੁਸ਼ੀ ਨਾਲ ਤਕੇ ਬਹਿ ਕੈਲਾਸ਼, ਕਲ ਧਾਰੀ ਆਪਣੀ ਕਲ ਵਰਤਾਈਆ । ਬ੍ਰਹਮਾ ਚਲ ਕੇ ਆਵੇ ਪਾਸ, ਬ੍ਰਹਮ ਵੇਤਾ ਹੋ ਕੇ ਵੇਖ ਵਖਾਈਆ । ਵਿਸ਼ਨੂੰ ਵਿਸ਼ਵ ਦੀ ਧਾਰ ਪਾਵੇ ਰਾਸ, ਖ਼ੁਸ਼ੀਆਂ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਪੂਰਾ ਕਰੇ ਵਿਸ਼ਵਾਸ਼, ਵਿਸ਼ਵ ਦਾ ਮਾਲਕ ਹੋ ਕੇ ਸਾਚਾ ਸੰਗ ਬਣਾਈਆ ।



### ੨੪ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਸ਼ਿਵ ਰਾਮ ਦੇ ਗ੍ਰਹਿ ਅਖਨੂਰ ਜ਼ਿਲਾ ਜੰਮੂ

ਧਰਨੀ ਕਹੇ ਮੇਰੇ ਉਤੇ ਬੇਨੰਤੀ ਕਹੇ ਝਨਾਂ ਦਾ ਆਬ, ਆਬੇ ਹਯਾਤ ਦੇਣਾ ਖ਼ਲਕ ਖ਼ੁਦਾਈਆ । ਮਿਹਰਵਾਨ ਮਿਹਰ ਕਰਨੀ ਮਿਤਰ ਅਹਿਬਾਬ, ਮਿਤਰ ਪਿਆਰੇ ਤੇਰੇ ਹੱਥ ਵਡਿਆਈਆ । ਜਿਸ ਵਿਚ ਲੇਖਾ ਰਹੇ ਨਾ ਪੁੰਨ ਸਵਾਬ, ਸ਼ਰਅ ਸ਼ਰਅ ਨਜ਼ਰ ਕੋਇ ਨਾ ਆਈਆ । ਸਤਿ ਸਤਿਵਾਦੀ ਤੇਰੀ ਇਕ ਅਮਦਾਦ, ਦੂਸਰ ਲੋੜ ਨਾ ਕੋਇ ਰਖਾਈਆ । ਤੂੰ ਨੂਰ ਨੁਰਾਨਾ ਸ਼ਾਹ ਸੁਲਤਾਨਾ ਮਾਲਕ ਇਕ ਵਾਹਿਦ, ਵਾਹਵਾ ਤੇਰੀ ਵਡ ਵਡਿਆਈਆ । ਮੇਰਾ ਲਹਿਣਾ ਦੇਣਾ ਆਦਿ ਜੁਗਾਦਿ ਤੇਰੇ ਨਾਲ ਅਹਦ, ਅਹਦਨਾਮਾ ਵੇਖਣਾ ਚਾਈਂ ਚਾਈਂਆ । ਉਹ ਵਕਤ ਸੁਹੰਜਣਾ ਚਵੀ ਮੱਘਰ ਦਾ ਪੁਜਿਆ

੧੧੪੯
੨੪

ਸ਼ਾਇਦ, ਭੁਲੇਖਾ ਜਗਤ ਨਾ ਕੋਇ ਰਖਾਈਆ । ਜਿਸ ਵਿਚ ਸਤਿ ਹੁਕਮ ਹੋਣਾ ਰਾਇਜ, ਸੰਦੇਸ਼ ਮਿਲਣਾ ਧੁਰਦਰਗਾਹੀਆ । ਭੇਵ ਖੁਲ੍ਹਾਉਣਾ ਆਪਣਾ ਆਪ ਸਹਿਜ, ਮਹਿਵ ਪਰਦਾ ਆਪ ਚੁਕਾਈਆ । ਤੇਰਾ ਲਹਿਣਾ ਦੇਣਾ ਲੇਖਾ ਹੋਵੇ ਜਾਇਜ਼, ਜਾਇਜ਼ਾ ਲੈਣਾ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਮੇਰੀ ਧਵਲ ਦੀ ਧਾਰ ਵੇਖ ਅਖਨੂਰ, ਨੂਰ ਨੁਰਾਨੇ ਧਿਆਨ ਲਗਾਈਆ । ਤੂੰ ਸਰਬ ਕਲਾ ਭਰਪੂਰ, ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਤੇਰੇ ਸ਼ਬਦ ਨਾਦ ਦੀ ਤੂਰ, ਤੁਰੀਆ ਤੋਂ ਬਾਹਰ ਢੋਲੇ ਰਹੀ ਗਾਈਆ । ਮੇਰੀ ਆਸਾ ਮਨਸਾ ਪੂਰੀ ਕਰਨੀ ਮੇਰੇ ਮਾਲਕ ਹਕ ਹਜ਼ੂਰ, ਹਜ਼ਰਤਾਂ ਦੇ ਹਜ਼ਰਤ ਤੇਰੀ ਓਟ ਤਕਾਈਆ । ਜੋ ਆਸ਼ਾ ਰਖ ਕੇ ਗਿਆ ਮਨਸੂਰ, ਮਨਸਾ ਦੀਨ ਦੁਨੀ ਬਾਹਰ ਬਦਲਾਈਆ । ਜੋ ਇਸ਼ਾਰਾ ਦਿਤਾ ਮੂਸਾ ਉਤੇ ਕੋਹਤੂਰ, ਕ਼ੁਦਰਤ ਦੇ ਕ਼ਾਦਰ ਵੇਖਣਾ ਚਾਈਂ ਚਾਈਆ । ਤੇਰਾ ਜਲਵਾਗਰ ਇਕੋ ਹੋਵੇ ਨੂਰ, ਨੂਰ ਨੁਰਾਨੇ ਨਜ਼ਰੀ ਆਈਆ । ਮੇਰਾ ਪੰਧ ਰਹੇ ਨਾ ਦੂਰ, ਦੂਰ ਦੁਰਾਡੇ ਲਹਿਣਾ ਦੇਣਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਆਬ ਕਹੇ ਮੇਰੇ ਖ਼ੁਦਾ ਵਲੀਉਲ ਜ਼ਮੂ ਜੁਨੁਖ਼ਤੇ ਦੁਵਾ ਚਸ਼ਮੇ ਚਮੀ ਹਰਫ਼ੇ ਦਵੀ ਮੁਨਸਫ਼ੇ ਅਜ਼ਾ ਕ਼ੁਦਰਤੇ ਖ਼ੁਦਾ ਕ਼ੁਦਰਤੇ ਕ਼ਾਦਰ ਕਰੀਮ ਤੇਰੀ ਬੇਪਰਵਾਹੀਆ । ਆਬ ਕਹੇ ਮੈਂ ਪਰਬਤ ਚੋਟੀਆਂ ਵਾਲਾ ਵਹਿਣ, ਜਲਧਾਰਾ ਰੂਪ ਬਣਾਈਆ । ਇਕ ਸੰਦੇਸ਼ਾ ਧੁਰ ਦਾ ਆਇਆ ਕਹਿਣ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਸਭ ਦਾ ਮਾਲਕ ਖ਼ਾਲਕ ਇਕੋ ਸੱਜਣ ਸੈਣ, ਪਾਰਬ੍ਰਹਮ ਪਤਿਪਰਮੇਸ਼ਵਰ ਨਜ਼ਰੀ ਆਈਆ । ਜੋ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਭ ਦਾ ਦੇਵੇ ਲਹਿਣ ਦੇਣ, ਦੇਵਣਹਾਰ ਇਕ ਗੁਸਾਈਆ । ਉਹ ਨੂਰ ਨੁਰਾਨਾ ਸ਼ਾਹ ਸੁਲਤਾਨਾ ਜਨ ਭਗਤਾਂ ਦਰਸ਼ਨ ਦਿਖਾਏ ਆਪਣੇ ਨੈਣ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਜਿਸ ਦੇ ਹੁਕਮ ਵਿਚ ਆਦਿ ਜੁਗਾਦਿ ਜੁਗ ਚੌਕੜੀ ਸਾਰੇ ਬਹਿਣ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਦਾ ਲੇਖਾ ਵਿਸ਼ਵ ਦੀ ਧਾਰ ਬਾਲਮੀਕ ਲਿਖਿਆ ਵਿਚ ਰਮਾਇਣ, ਰਾਮ ਰਾਮਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਚਨਾਬ ਕਹੇ ਮੇਰਾ ਲੇਖਾ ਨਾਲ ਸੰਤ ਕੁਮਾਰ, ਬ੍ਰਹਮਾ ਸੁਤ ਸੁਤ ਵਡਿਆਈਆ । ਬਰਾਹ ਦੇ ਕੇ ਗਿਆ ਇਸ਼ਾਰ, ਬਿਨ ਸੈਨਤ ਸੈਨਤ ਜਗਤ ਸਮਝਾਈਆ । ਯਗਅ ਪੁਰਸ਼ ਕੀਤਾ ਪਿਆਰ, ਹਾਵਗਰੀਬ ਦਿਤੀ ਵਡਿਆਈਆ । ਨਰ ਨਰਾਇਣ ਦਿਤਾ ਅਧਾਰ, ਮਿਹਰ ਨਜ਼ਰ ਇਕ ਉਠਾਈਆ । ਕਪਲ ਮੁਨ ਬੋਲ ਜੈਕਾਰ, ਸਾਂਖ ਯੋਗ ਦਿਤਾ ਸਮਝਾਈਆ । ਦੱਤਾਤ੍ਰੈ ਖੋਲ੍ਹ ਕਿਵਾੜ, ਮੇਰਾ ਪਰਦਾ ਗਿਆ ਖੁਲ੍ਹਾਈਆ । ਰਿਖਵ ਬਖ਼ਸ਼ ਕੇ ਧੂੜੀ ਛਾਰ, ਮਸਤਕ ਟਿੱਕਾ ਦਿਤਾ ਰਮਾਈਆ । ਪ੍ਰਿਥੁ ਅੰਮ੍ਰਿਤ ਰਸ ਬਣਾ ਕੇ ਠੰਡਾ ਠਾਰ, ਜਲ ਧਾਰਾ ਰੂਪ ਸਮਾਈਆ । ਮਤਸਯ ਦੂਰ ਦੁਰਾਡਾ ਕਹਿ ਕੇ ਗਿਆ ਪੁਕਾਰ, ਸਮੁੰਦ ਸਾਗਰਾਂ ਖੋਜ ਖੁਜਾਈਆ । ਕਛਪ ਨਿਗਾਹ ਲਈ ਮਾਰ, ਮਿੰਦਰਾ ਆਪਣੀ ਪਿਠ ਉਠਾਈਆ । ਧਨੰਤਰ ਮੇਰਾ ਕੀਤਾ ਇਜ਼ਹਾਰ, ਬਿਨ ਸਿਫ਼ਤਾਂ ਸਿਫ਼ਤ ਸਲਾਹੀਆ । ਹੰਸ ਹੋ ਕੇ ਖੇਲ ਕੀਤਾ ਕਰਤਾਰ, ਕ਼ੁਦਰਤ ਮਾਲਕ ਭੇਵ ਖੁਲ੍ਹਾਈਆ । ਬਾਵਨ ਮੇਰਾ ਲਿਆ ਕੇ ਜਲ ਧਾਰ, ਰਾਜੇ ਬਲ ਦਿਤੀ ਵਡਿਆਈਆ । ਮੋਹਣੀ ਰੂਪ ਮੈਨੂੰ ਕੀਤਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਨਰ ਨਰਾਇਣ ਹਰਿ ਹਰੀ ਸਚ ਹੁਕਮ ਦੱਸ ਸਰਕਾਰ,

ਸਹਿਜ ਸਹਿਜ ਨਾਲ ਸਮਝਾਈਆ । ਮੇਰਾ ਲਹਿਣਾ ਦੇਣਾ ਪੂਰਬ ਲੇਖਾ ਮੈਂ ਦੱਸਾਂ ਨਾਲ ਪਿਆਰ, ਪ੍ਰੀਤਮ ਤੇਰੇ ਅਗੇ ਵਾਸਤਾ ਪਾਈਆ । ਸ਼ੰਕਰ ਕੈਲਾਸ਼ੀ ਮੈਨੂੰ ਸੰਦੇਸ਼ਾ ਦੇ ਕੇ ਗਿਆ ਆਪਣੀ ਵਾਰ, ਵਾਰਸ ਹੋ ਕੇ ਗਿਆ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਚਨਾਬ ਕਹੇ ਮੈਂ ਆਦਿ ਜੁਗਾਦੀ ਝੱਲਾ, ਭੱਜਾਂ ਵਾਹੋ ਦਾਹੀਆ । ਮੇਰਾ ਰੂਪ ਨਹੀਂ ਇਕੱਲਾ, ਪਾਹਨ ਪਾਥਰ ਮੇਰਾ ਸੰਗ ਬਣਾਈਆ । ਮੈਂ ਫਿਰਾਂ ਵਿਚ ਥਲਾਂ, ਅਸਗਾਹਾਂ ਰੰਗ ਰੰਗਾਈਆ । ਮੇਰਾ ਇਕੋ ਇਕ ਸੁਆਮੀ ਪਕੜਿਆ ਪੱਲਾ, ਪਲੂ ਆਪਣੇ ਨਾਲ ਬੰਧਾਈਆ । ਗਹਿਰ ਗੰਭੀਰ ਵਿਚ ਰਲਾ, ਰੂਪ ਆਪਣਾ ਲਿਆ ਬਦਲਾਈਆ । ਜਿਸ ਨੇ ਸ਼ਬਦ ਸੰਦੇਸ਼ਾ ਇਕੋ ਘੱਲਾ, ਸੁਨੇਹੜਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਚਨਾਬ ਕਹੇ ਮੇਰੇ ਪੁਕਾਰਦੇ ਇੱਟਾਂ ਪੱਥਰ, ਪਾਹਨਾ ਧਿਆਨ ਲਗਾਈਆ । ਨੇਤਰ ਵਰੋਲਣ ਅੱਥਰ, ਹੰਝੂਆਂ ਹਾਰ ਬਣਾਈਆ । ਬਿਨ ਰਸਨਾ ਜੇਹਵਾ ਕਥਨ, ਢੋਲੇ ਗਾਵਣ ਧੁਰ ਦੇ ਮਾਹੀਆ । ਸਾਡੀ ਪੈਜ ਆਵੀਂ ਰਖਣ, ਸਿਰ ਆਪਣਾ ਹੱਥ ਟਿਕਾਈਆ । ਜਿਉਂ ਬਿੰਦਰਾਬਨ ਵਾਸੀ ਗੋਕਲ ਦੀ ਧਾਰ ਜਮਨ ਕਿਨਾਰੇ ਖਾਦਾ ਮੱਖਣ, ਮੱਖਣ ਮੋਹਣ ਮਾਧਵ ਆਪਣਾ ਖੇਲ ਖਿਲਾਈਆ । ਅਸੀਂ ਵੀ ਤੇਰਾ ਯਾਰੜੇ ਬਣਨਾ ਸੱਥਰ, ਸੋਹਣੀ ਸੇਜ ਬਣਾਈਆ । ਸਾਡਾ ਲਹਿਣਾ ਦੇਣਾ ਦੇਣਾ ਹੱਥੋ ਹਥਨ, ਹਥੇਲੀਆਂ ਤੇਰੇ ਅਗੇ ਡਾਹੀਆ । ਤੇਰੇ ਦੀਪਕ ਭਗਤ ਸੁਹੇਲੇ ਮੇਰੇ ਕੰਢੀਂ ਘਾਟ ਜਗਣ, ਆਰ ਪਾਰ ਕਰਨ ਰੁਸ਼ਨਾਈਆ । ਮੈਂ ਤੇਰੀ ਮਸਤੀ ਵਿਚ ਹੋਣਾ ਮਗਨ, ਸਚ ਖ਼ੁਮਾਰੀ ਦੇਣੀ ਚੜ੍ਹਾਈਆ । ਜਿਸ ਵੇਲੇ ਮੇਰੇ ਉਤੋਂ ਲੱਗਾ ਲੰਘਣ, ਲਗ ਮਾਤਰ ਡੇਰਾ ਢਾਈਆ । ਮੈਨੂੰ ਇਉਂ ਜਾਪਦਾ ਦੋ ਚਾਰ ਸਾਲ ਵਿਚ ਲੱਗਣ ਵਾਲੀ ਅਗਨ, ਬਿਨਾ ਤੇਰੇ ਆਬ ਤੋਂ ਪ੍ਰਭੂ ਸਕੇ ਨਾ ਕੋਇ ਬੁਝਾਈਆ । ਤੂੰ ਗੋਪਾਲ ਮੂਰਤ ਮੋਹਣ ਮਾਧਵ ਮਦਨ, ਮਧਸੂਦਨ ਇਕ ਅਖਵਾਈਆ । ਤੇਰੇ ਨਾਮ ਦਮਾਮੇ ਨਵ ਖੰਡ ਪ੍ਰਿਥਮੀ ਵੱਜਣ, ਬਿਨ ਡੰਕਿਆਂ ਹੋਏ ਸ਼ਨਵਾਈਆ । ਮੈਂ ਜਲ ਦੀ ਧਾਰ ਜੋਤੀ ਜਾਤੇ ਪੁਰਖ ਬਿਧਤੇ ਸਤਿ ਸਰੂਪ ਤੈਨੂੰ ਆਵਾਂ ਸੱਦਣ, ਸਦਕੇ ਵਾਰੀ ਘੋਲ ਘੁਮਾਈਆ । ਝਟ ਨਿਗਾਹ ਮਾਰ ਲੈ ਕੁਝ ਝਗੜਾ ਛਿੜਨ ਵਾਲਾ ਵਿਚ ਅਦਨ, ਇਨਸਾਫ਼ ਹੱਥ ਕਿਸੇ ਨਾ ਆਈਆ । ਚੀਨਾ ਰੂਸਾ ਸਾਰੇ ਭੱਜਣ, ਪਤਾਲੀਂ ਵੰਡ ਦਿਤੀ ਵੰਡਾਈਆ । ਇੰਗਲੈਂਡ ਹਾਲੈਂਡ ਇਕ ਦੂਜੇ ਨਾਲ ਗੱਜਣ, ਗਜ ਦਾ ਲੇਖਾ ਸਤਿਜੁਗ ਵਾਲਾ ਪੂਰ ਕਰਾਈਆ । ਜੋ ਬਾਵਨ ਬਲ ਦੁਆਰੇ ਸ਼ੁਕਰ ਪ੍ਰੋਹਤ ਕਿਹਾ ਕਲਜੁਗ ਅੰਤਮ ਵੇਲੇ ਮਾਨਸ ਮਾਨਵ ਕੂੜੀ ਕਿਰਿਆ ਨਾਲ ਹੋਵੇ ਦਜਣ, ਅਗਨੀ ਅਗਨੀ ਅੱਗ ਤਪਾਈਆ । ਕਿਸੇ ਦਾ ਪਵਿਤ੍ਰ ਨਹੀਂ ਰਹਿਣਾ ਬਦਨ, ਪਤਿਤ ਪੁਨੀਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

ਸਚ ਦਾ ਮਾਲਕ ਇਕ ਅਖਵਾਈਆ । ਚਨਾਬ ਕਹੇ ਸੁਣ ਮਿਤਰ ਪਿਆਰੇ ਮੱਘਰਾ, ਤੇਰਾ ਪਰਵਿਸ਼ਟਾ ਚੌਬੀਸਾ ਨਜ਼ਰੀ ਆਈਆ । ਮੇਰੀਆਂ ਆਦਿ ਆਦਿ ਪੁਰਾਣੀਆਂ ਸਧਰਾਂ, ਸਯਦਾ ਤੈਨੂੰ ਦਿਆਂ ਸੁਣਾਈਆ । ਮੇਰੀਆਂ ਜਗਤ ਆਸ਼ਕਾਂ ਪਾਈਆ ਕ਼ਦਰਾਂ, ਕ਼ੁਦਰਤ ਦਾ ਕ਼ਾਦਰ ਅੰਤ ਮੇਰਾ ਲੇਖਾ ਪੂਰ ਕਰਾਈਆ । ਜੋ ਇਸ਼ਾਰਾ ਦਿਤਾ ਮੁੰਨਾ ਬਦਰਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਪਰ ਮੈਂ ਹੈਰਾਨ ਹੋ ਗਿਆ ਮੇਰੇ ਆਰ ਪਾਰ ਕੰਢੀ ਪੈਣ ਵਾਲਾ ਗ਼ਦਰਾ, ਗਦਾਗਰ ਦਿਸੇ ਜਗਤ ਲੋਕਾਈਆ । ਉਹ ਵੇਖ ਲੈ ਕਲਜੁਗ ਸਭ ਦਾ ਕੱਢਕੇ ਬੈਠਾ ਸ਼ਜਰਾ, ਲੈਂਡ ਮਾਰਕ ਧਿਆਨ ਧਿਆਨ



੧੧੫੦ ੨੪

ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਚਨਾਬ ਕਹੇ ਜਨ ਭਗਤੋ ਭਗਤੀ ਮਾਰਗ ਸਦਾ ਅਨਡਿਠ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸਫ਼ਰ ਪੰਧ ਮੁਕਾ ਸਕੇ ਕੋਈ ਨਾ ਸਵਾ ਗਿੱਠ, ਮਾਰੂਡੰਡ ਜਿਸ ਦੀ ਦਏ ਗਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਹੱਥ ਰਖੇ ਆਪ ਤੁਹਾਡੀ ਪਿੱਠ, ਪੁਸ਼ਤ ਪਨਾਹ ਆਪ ਟਿਕਾਈਆ । ਨਾਮ ਨਿਧਾਨਾ ਅੰਤਰ ਰਸ ਦੇਵੇ ਮਿਠ, ਬਿਨ ਰਸਨਾ ਜੇਹਵਾ ਦੇਵੇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਇਕੋ ਮਾਤ ਇਕੋ ਪਿਤ, ਪਤਿਪਰਮੇਸ਼ਵਰ ਦੂਜਾ ਨਜ਼ਰ ਕੋਇ ਨਾ ਆਈਆ ।

✪ ੨੪ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਬਾਰੀ ਰਾਮ ਦੇ ਗ੍ਰਹਿ ਪਿੰਡ ਦੇਈ ਪੁਰ ਤਹਿਸੀਲ ਅਖਨੂਰ ਜ਼ਿਲਾ ਜੰਮੂ ✪

ਧਰਨੀ ਕਹੇ ਪ੍ਰਭੂ ਮੇਰੇ ਉਤੇ ਸਚ ਪਰਗਟਾ ਦੇ ਧਰਮ, ਸਤਿ ਦੇ ਮਾਲਕ ਹੋਣਾ ਸਹਾਈਆ । ਦੀਨ ਦੁਨੀ ਦਾ ਬਦਲ ਦੇ ਕਰਮ, ਕਰਮ ਕਾਂਡ ਦਾ ਲੇਖਾ ਪੂਰਬ ਪੂਰ ਕਰਾਈਆ । ਅੰਤਰ ਦ੍ਰਿਸ਼ਟੀ ਰਹੇ ਕਿਸੇ ਨਾ ਚਰਮ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਦੀਨ ਮਜ਼੍ਹਬ ਦਾ ਮੇਟ ਦੇ ਭਰਮ, ਭਾਂਡਾ ਭਰਮ ਭੌ ਭੰਨਾਈਆ । ਝਗੜਾ ਰਹੇ ਨਾ ਜ਼ਾਤ ਪਾਤ ਬਰਨ, ਵਰਨਾਂ ਵੰਡ ਨਾ ਕੋਇ ਵੰਡਾਈਆ । ਇਕੋ ਪਾਰਬ੍ਰਹਮ ਬ੍ਰਹਮ ਤੇਰੀ ਹੋਵੇ ਸਰਨ, ਸਰਨਗਤ ਇਕੋ ਇਕ ਰਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਪੂਜੇ ਤੇਰੇ ਚਰਨ, ਕਾਇਨਾਤ ਕ਼ਦਮ ਬੋਸੀ ਕਰਕੇ ਸ਼ੁਕਰ ਮਨਾਈਆ । ਜਨ ਭਗਤਾਂ ਖੋਲ੍ਹ ਦੇ ਨੇਤਰ ਹਰਨ ਫਰਨ, ਨਿਜ ਲੋਚਨ ਨੈਣ ਕਰ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਸਾਰੇ ਪੜ੍ਹਨ, ਆਤਮ ਪਰਮਾਤਮ ਮਿਲ ਕੇ ਵਜੇ ਵਧਾਈਆ । ਸਚਖੰਡ ਨਿਵਾਸੀ ਤੇਰੀ ਮੰਜ਼ਲ ਚੜ੍ਹਨ, ਦਰਗਾਹ ਸਾਚੀ ਮੇਲ ਮੇਲਣਾ ਚਾਈਂ ਚਾਈਆ । ਮੈਂ ਕਲਜੁਗ ਅੰਤ ਬੇਨੰਤੀ ਆਈ ਕਰਨ, ਕਰਤੇ ਪੁਰਖ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਲੱਗੇ ਜੁਗ ਸਤਿ, ਕਲਜੁਗ ਕੂੜ ਕੁੜਿਆਰ ਮਿਟਾਈਆ । ਹਰ ਹਿਰਦੇ ਉਪਜੇ ਬ੍ਰਹਮ ਮਤਿ, ਪਾਰਬ੍ਰਹਮ ਪਰਦਾ ਦੇਣਾ ਉਠਾਈਆ । ਦੀਨ ਮਜ਼੍ਹਬ ਸ਼ਰਅ ਦੀ ਧਾਰ ਨਾ ਉਬਲੇ ਰਤ, ਮੁਤੱਸਬ ਨਜ਼ਰ ਕੋਇ ਨਾ ਆਈਆ । ਦੀਨ ਦਿਆਲ ਮੇਰੀ ਰਖਣੀ ਪਤ, ਸਿਰ ਮੇਰੇ ਹੱਥ ਟਿਕਾਈਆ । ਜੋਤੀ ਜਾਤੇ ਆ ਜਾ ਵਤ, ਬੇਵਤਨਾਂ ਦੇ ਮਾਲਕ ਫੇਰਾ ਪਾਈਆ । ਮੈਂ ਸਦੀ ਚੌਧਵੀਂ ਵਾਸਤਾ ਰਹੀ ਘਤ, ਨਿਵ ਨਿਵ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਕਲਜੁਗ ਮੇਟ ਕੂੜ ਕੁੜਿਆਰਾ, ਮਾਇਆ ਮਮਤਾ ਮੋਹ ਮਿਟਾਈਆ । ਚਾਰ ਕੁੰਟ ਰਹੇ ਨਾ ਧੂੰਆਂਧਾਰਾ, ਉੱਤਰ ਪੂਰਬ ਪੱਛਮ ਦੱਖਣ ਇਕੋ ਰੰਗ ਰੰਗਾਈਆ । ਸ਼ਰਅ ਦਾ ਰਹੇ ਨਾ ਕੋਇ ਵਣਜਾਰਾ, ਦੀਨ ਮਜ਼੍ਹਬ ਵੰਡ ਨਾ ਕੋਈ ਵੰਡਾਈਆ । ਤੇਰਾ ਇਕੋ ਨਾਮ ਹੋਵੇ ਜੈਕਾਰਾ, ਜੈ ਜੈਕਾਰ ਕਰੇ ਖ਼ਲਕ ਖ਼ੁਦਾਈਆ । ਤੇਰਾ ਇਕੋ ਹੋਵੇ ਦੁਆਰਾ, ਹਿੰਦੂ ਮੁਸਲਿਮ ਸਿਖ ਈਸਾਈ ਜਿਥੇ ਬੈਠ ਕੇ ਸੀਸ ਨਿਵਾਈਆ ।

ਤੇਰਾ ਇਕੋ ਨਾਮ ਹੋਵੇ ਭੰਡਾਰਾ, ਵਸਤ ਅਮੋਲਕ ਇਕ ਟਿਕਾਈਆ । ਤੂੰ ਸ਼ਾਹੋ ਭੂਪ ਸਿਕਦਾਰਾ, ਸ਼ਹਿਨਸ਼ਾਹ ਨੂਰ ਅਲਾਹੀਆ । ਨੌ ਖੰਡ ਸੱਤ ਦੀਪ ਪਾ ਸਾਰਾ, ਅਕਾਸ਼ ਪਤਾਲਾਂ ਆਪਣਾ ਧਿਆਨ ਲਗਾਈਆ । ਤੇਰੇ ਹੁਕਮ ਤੋਂ ਹੋਏ ਕੋਈ ਨਾ ਬਾਹਰਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜਾਤੇ ਹੋਣਾ ਜ਼ਾਹਰਾ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਕਲਜੁਗ ਕੂੜ ਮੇਟ ਪਸਾਰਾ, ਸਤਿਜੁਗ ਸਚ ਚੰਦ ਚਮਕਾਈਆ । ਲਹਿਣਾ ਦੇਣਾ ਪੂਰਾ ਕਰ ਦੇ ਪੈਗ਼ੰਬਰ ਗੁਰ ਅਵਤਾਰਾ, ਅਵਤਰੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਕਲਜੁਗ ਵੇਖ ਲੈ ਕੰਢੀ ਘਾਟ, ਪੱਥਰਾਂ ਉਤੇ ਧਿਆਨ ਲਗਾਈਆ । ਜਿਸ ਦੀ ਮੁਕਦੀ ਦਿਸੇ ਨਾ ਵਾਟ, ਅਗਲਾ ਪੰਧ ਨਾ ਕੋਇ ਰਖਾਈਆ । ਔਹ ਵੇਖ ਲੈ ਹਜ਼ਰਤ ਈਸਾ ਕਰਦਾ ਟਾਕ, ਅੱਖਰ ਅੱਖਰਾਂ ਨਾਲ ਮਿਲਾਈਆ । ਸਭ ਦਾ ਪੂਰਾ ਕਰਨਾ ਭਵਿਖਤ ਵਾਕ, ਪੇਸ਼ੀਨਗੋਈਆਂ ਮੁਹੰਮਦ ਨਾਲ ਮਿਲਾਈਆ । ਜੋ ਵੇਦ ਵਿਆਸਾ ਗਿਆ ਆਖ, ਕਲ ਕਲਕੀ ਤੇਰੀ ਬੇਪਰਵਾਹੀਆ । ਜੋ ਨਾਨਕ ਗੋਬਿੰਦ ਭਾਖਿਆ ਗਈ ਭਾਖ, ਭੇਖਾਧਾਰੀ ਆਪਣਾ ਪਰਦਾ ਦੇਣਾ ਉਠਾਈਆ । ਕਲਜੁਗ ਅੰਤਮ ਮੇਰੀ ਪਤ ਰਾਖ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਸਾਚਾ ਦਰਸ਼ਨ ਦੇ ਸਾਖ਼ਿਆਤ, ਸੁਖ਼ਨ ਪਿਛਲਾ ਪੂਰ ਕਰਾਈਆ । ਦੀਨ ਦੁਨੀ ਦਾ ਝਗੜਾ ਮੇਟੇ ਕਾਗ਼ਜ਼ਾਤ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਇਕੋ ਤੇਰਾ ਦੋ ਜਹਾਨਾਂ ਹੋਵੇ ਜਾਪ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਮਿਲਕੇ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਸਤਿਜੁਗ ਸਾਚਾ ਜਾਵੇ ਆ, ਆਮਦ ਵਿਚ ਖ਼ੁਸ਼ੀ ਬਣਾਈਆ । ਜਿਸ ਨੂੰ ਸਾਰੇ ਕਹਿਣ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ । ਅਵਤਾਰ ਪੈਗ਼ੰਬਰ ਗੁਰੂ ਬਣਨ ਗਵਾਹ, ਸ਼ਹਾਦਤ ਨਾਮ ਕਲਮੇ ਵਾਲੀ ਭੁਗਤਾਈਆ । ਕਲਜੁਗ ਅੰਧ ਅੰਧੇਰਾ ਦੇ ਗਵਾ, ਸਤਿਜੁਗ ਸਚ ਕਰ ਰੁਸ਼ਨਾਈਆ । ਆਸ਼ਾ ਪੂਰੀ ਕਰ ਦੇ ਜੋ ਰਖ ਕੇ ਗਿਆ ਬਾਬਾ ਆਦਮ ਨਾਲ ਮਾਈ ਹਵਾ, ਆਦਮ ਹਵਾ ਆਪਣੇ ਰੰਗ ਵਖਾਈਆ । ਚਾਰੋਂ ਕੁੰਟ ਅੰਧੇਰਾ ਦੇ ਮਿਟਾ, ਰੈਣ ਅੰਧੇਰੀ ਰਹਿਣ ਕੋਇ ਨਾ ਪਾਈਆ । ਕਲਜੁਗ ਕੂੜ ਕੁੜਿਆਰ ਦਾ ਡੇਰਾ ਢਾ, ਮਿੱਟੀ ਖ਼ਾਕ ਵਿਚ ਮਿਲਾਈਆ । ਸਤਿਜੁਗ ਸਚ ਧਾਮ ਉਪਜਾ, ਉਪਮਾ ਤੇਰੀ ਕਰੇ ਖ਼ਲਕ ਖ਼ੁਦਾਈਆ । ਤੂੰ ਮਾਲਕ ਖ਼ਾਲਕ ਵਾਹਿਦ ਇਕ ਖ਼ੁਦਾ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਮੈਂ ਚਰਨ ਕਵਲ ਸੀਸ ਰਹੀ ਨਿਵਾ, ਨਿਵ ਨਿਵ ਲਾਗਾਂ ਪਾਈਆ । ਅੰਤ ਅਖ਼ੀਰ ਮੇਰਾ ਗਵਾਹ ਬਣੇ ਝਨਾ, ਚੰਨ-ਆਬ ਆਪਣਾ ਰੂਪ ਵਖਾਈਆ । ਜੇਹੜਾ ਵਹਿਣਾਂ ਵਿਚ ਵਹਿਣ ਵਾਲਾ ਦਰਿਆ, ਦਰੇ ਦਰ ਤੇਰੇ ਸੀਸ ਨਿਵਾਈਆ । ਤੂੰ ਰਹਿਮਤਾਂ ਵਾਲਾ ਇਕ ਖ਼ੁਦਾ, ਖ਼ੁਦ ਮਾਲਕ ਇਕ ਅਖਵਾਈਆ । ਤੇਰੇ ਅਗੇ ਵਾਸਤਾ ਰਹੀ ਪਾ, ਦਰ ਠਾਂਡੇ ਮੰਗ ਮੰਗਾਈਆ । ਸਤਿ ਧਰਮ ਦਾ ਸਾਚਾ ਜੁਗ ਮੇਰੇ ਉਤੇ ਦੇ ਟਿਕਾ, ਟਿੱਕੇ ਮਸਤਕ ਧੂੜੀ ਖ਼ਾਕ ਨਾਮ ਰਮਾਈਆ । ਮੈਂ ਕੋਝੀ ਕਮਲੀ ਧਰਤ ਨਿਮਾਣੀ ਮੇਰੀ ਪਕੜ ਲੈ ਬਾਂਹ, ਸਿਰ ਮੇਰੇ ਹੱਥ ਟਿਕਾਈਆ । ਕਲਜੁਗ ਅੰਤ ਅਖ਼ੀਰ ਬੇਨਜ਼ੀਰ ਹਕ ਹਕੀਕਤ ਵਾਲਾ ਕਰ ਨਿਆਂ, ਅਦਲ ਇਨਸਾਫ਼ ਆਪਣਾ ਦੇਣਾ ਕਰਾਈਆ । ਮੈਂ ਤੇਰੇ ਚਰਨ ਕਵਲ ਧਵਲ ਹੋ ਕੇ ਬਲ ਬਲ ਜਾਂ, ਧਰਨੀ ਹੋ ਕੇ ਲਾਗਾਂ ਪਾਈਆ । ਤੂੰ ਆਦਿ ਜੁਗਾਦੀ ਪੁਰਖ ਅਕਾਲਾ ਪਿਤਾ ਮਾਂ, ਮਾਤ ਪਿਤ ਇਕੋ ਇਕ ਅਖਵਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਮੇਰਾ ਨਗਰ ਖੇੜਾ


੧੧੫੨
੨੪

ਵਸਾ ਦੇ ਗਰਾਂ, ਗ੍ਰਹਿ ਗ੍ਰਹਿ ਵਜਦੀ ਰਹੇ ਵਧਾਈਆ । ਤੇਰੇ ਚਰਨ ਕਵਲ ਸਦਾ ਸਦਾ ਸਦ ਬਲ ਬਲ ਜਾਂ ਬਲ ਬਲ ਆਪਣਾ ਆਪ ਕਰਾਈਆ । ਤੂੰ ਮੇਰਾ ਮਾਲਕ ਠਾਕਰ ਸੁਆਮੀ ਰਹਿਨੁਮਾ, ਰਹਿਬਰ ਇਕੋ ਨਜ਼ਰੀ ਆਈਆ । ਮੇਰਾ ਅੰਤਸ਼ਕਰਨ ਚਿੰਤਾ ਦੁਖ ਮੇਟ ਦੇ ਗ਼ਮਾ, ਗ਼ਮਖਾਰ ਹੋ ਕੇ ਆਪਣਾ ਰੰਗ ਰੰਗਾਈਆ । ਮੈਂ ਬੇਜ਼ਬਾਨ ਹੋ ਕੇ ਨਿਰਗੁਣ ਦਾਤੇ ਤੇਰੇ ਅਗੇ ਕਹਾਂ, ਕਹਾਵਤ ਜਗਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਉਤੇ ਨਿਰਗੁਣ ਜੋਤ ਜਗਾ ਅਗੰਮੀ ਸ਼ਮਅ, ਸ਼ਮਅ ਦੀਪ ਜੋਤ ਇਕੋ ਕਰੇ ਰੁਸ਼ਨਾਈਆ ।

### ✪ ੨੪ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਕੁਲਦੀਪ ਰਾਜ ਦੇ ਗ੍ਰਹਿ ਪਿੰਡ ਮੁਠੀ ਤਹਿਸੀਲ ਅਖਨੂਰ ਜ਼ਿਲਾ ਜੰਮੂ ✪

ਧਰਨੀ ਕਹੇ ਸੁਣ ਮੇਰੇ ਪ੍ਰਭੂ ਬੇਪਰਵਾਹ, ਬੇਅੰਤ ਕੰਤ ਭਗਵੰਤ ਤੇਰੀ ਵਡ ਵਡਿਆਈਆ । ਤੂੰ ਮਾਲਕ ਖ਼ਾਲਕ ਜੋਤੀ ਜਾਤਾ ਅਗੰਮ ਅਥਾਹ, ਨੂਰ ਨੁਰਾਨਾ ਨੌਜਵਾਨਾ ਸ੍ਰੀ ਭਗਵਾਨਾ ਇਕ ਅਖਵਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਬਣਨਹਾਰ ਮਲਾਹ, ਖੇਵਟ ਖੇਟਾ ਦੋ ਜਹਾਨ ਸ੍ਰੀ ਭਗਵਾਨ ਇਕ ਹੋ ਆਈਆ । ਮੈਂ ਆਦਿ ਜੁਗਾਦੀ ਧਰਨੀ ਧਰਤ ਜਿਸ ਨੂੰ ਚੁਰਾਸੀ ਜੂਨੀ ਕਹੇ ਸਾਡੀ ਮਾਂ, ਮਮਤਾ ਵਿਚ ਦੋ ਜਹਾਨ ਭੱਜਾਂ ਵਾਹੋ

ਦਾਹੀਆ । ਮੇਰੇ ਨੌ ਖੰਡ ਸੱਤ ਦੀਪ ਬਣਨ ਗਵਾਹ, ਸ਼ਹਾਦਤ ਦਿਵਸ ਰੈਣ ਭੁਗਤਾਈਆ । ਅਵਤਾਰ ਪੈਗ਼ੰਬਰ ਗੁਰ ਮੇਰੇ ਨਾਲ ਦੇਣ ਸਲਾਹ,

ਮਸ਼ਵਰਾ ਸਤਿਗੁਰ ਸ਼ਬਦ ਸ਼ਬਦ ਜਣਾਈਆ । ਮੇਰੇ ਮਿਹਰਵਾਨਾ ਨੌਜਵਾਨਾ ਮੇਰੀ ਮਨਜ਼ੂਰ ਕਰਨੀ ਇਕ ਦੁਆ, ਦੋਏ ਜੋੜ ਵਾਸਤਾ ਪਾਈਆ । ਤੂੰ ਰਹਿਬਰ ਰਹੀਮ ਮਾਲਕ ਇਕ ਨੂਰ ਅਲਾਹ, ਆਲਮੀਨ ਤੇਰਾ ਲੇਖਾ ਤੇਰੇ ਵਿਚੋਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਆਪ ਵਰਤਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੇ ਦਰ ਦੀ ਮੰਗਤੀ, ਮਾਂਗਤ ਹੋ ਕੇ ਝੋਲੀ ਡਾਹੀਆ । ਮਿਹਰਵਾਨਾ ਨੌਜਵਾਨਾ ਗੜ੍ਹ ਤੋੜ ਦੇ ਹਉਮੇ ਹੰਗਤੀ, ਹੰ ਬ੍ਰਹਮ ਦੇ ਸਮਝਾਈਆ । ਤੂੰ ਬੋਧ ਅਗਾਧਾ ਬਿਨ ਅੱਖਰ ਧਾਰ ਪੰਡਤੀ, ਵਿਦਿਆ ਸਤਿ ਸਤਿ ਧਾਰ ਦ੍ਰਿੜਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਕਲਪਨਾ ਰਹੇ ਨਾ ਜੀਵਾਂ ਮਨ ਕੀ, ਮਨਸਾ ਮਮਤਾ ਵਾਲੀ ਦੂਰ ਕਰਾਈਆ । ਚੁਗਲੀ ਨਿੰਦਿਆ ਮੇਟ ਦੇ ਸਰਵਣ ਕੰਨ ਦੀ, ਕਾਇਨਾਤ ਦੇ ਮਾਲਕ ਹੋਣਾ ਆਪ ਸਹਾਈਆ । ਤਨ ਵਜੂਦਾਂ ਅੰਦਰ ਆਪਣੀ ਧਾਰ ਜਣਾ ਦੇ ਬ੍ਰਹਮ ਦੀ, ਪਾਰਬ੍ਰਹਮ ਪ੍ਰਭ ਪਰਦਾ ਆਪ ਉਠਾਈਆ । ਸਾਚੀ ਰੀਤੀ ਦੱਸ ਦੇ ਆਪਣੇ ਧਰਮ ਦੀ, ਧਰਨੀ ਹੋ ਕੇ ਤੇਰੇ ਅਗੇ ਵਾਸਤਾ ਪਾਈਆ । ਦ੍ਰਿਸ਼ਟੀ ਰਹੇ ਨਾ ਕਿਸੇ ਚਰਮ ਦੀ, ਚੰਮ ਦ੍ਰਿਸ਼ਟੀ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੇ ਨਾਲ ਕਰ ਲੈ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਮੇਰਾ ਸੁਆਮੀ ਬਣ ਜਾ ਨੇਤਨ ਨੇਤ, ਨਿਜ ਨੇਤਰ ਕਰ ਰੁਸ਼ਨਾਈਆ । ਪੁਰਖ ਅਕਾਲੇ ਦੀਨ ਦਿਆਲੇ ਮੈਨੂੰ ਆਪਣਾ ਦੱਸ ਦੇ ਭੇਤ, ਭੇਵ ਅਭੇਦਾ ਆਪ ਖੁਲ੍ਹਾਈਆ । ਮੇਰੇ ਉਤੇ ਰੁਤ ਕਰਦੇ ਬਸੰਤੀ ਚੇਤ, ਚੇਤਨ ਕਰ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ

ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰਾ ਲਹਿਣਾ ਦੇਣਾ ਲੇਖਾ ਪੂਰਾ ਕਰ ਦੇ ਜਗ ਜਹਾਂ ਦੇ ਕੰਢੀ, ਕੰਢੀ ਘਾਟ ਬੈਠੀ ਧਿਆਨ ਲਗਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਤੇਰੀ ਵੰਡ ਵੰਡੀ, ਹਿੱਸੇ ਹਿੱਸਿਆਂ ਵਿਚੋਂ ਜਣਾਈਆ । ਮੇਰੇ ਉਤੇ ਇਕੋ ਮਾਰਗ ਪਾ ਦੇ ਸਿੱਧੀ ਡੰਡੀ, ਡੰਡਾਵਤ ਸਭ ਦੀ ਦੇ ਬਦਲਾਈਆ । ਕਿਸੇ ਦੀ ਆਤਮ ਪਰਮਾਤਮ ਰਹਿਣ ਨਾ ਦੇਵੀਂ ਰੰਡੀ, ਕੰਤ ਸੁਹਾਗ ਹੋ ਕੇ ਲੈ ਪਰਨਾਈਆ । ਕਲਜੁਗ ਕਿਰਿਆ ਕੂੜ ਮੇਟ ਪਾਖੰਡੀ, ਮਾਇਆ ਮਮਤਾ ਮੋਹ ਨਾ ਹੋਏ ਹਲਕਾਈਆ । ਜੀਵਾਂ ਜੰਤਾਂ ਅੰਦਰੋਂ ਵਾਸਨਾ ਕਢ ਦੇ ਗੰਦੀ, ਅੰਮ੍ਰਿਤ ਰਸ ਬੂੰਦ ਸਵਾਂਤੀ ਜਾਮ ਪਿਆਈਆ । ਸਚ ਪਰਕਾਸ਼ ਨੂਰ ਨੁਰਾਨਾ ਚਾੜ੍ਹ ਦੇ ਆਪਣਾ ਚੰਦੀ, ਜਗਤ ਜਹਾਨ ਡਗਮਗਾਈਆ । ਸ਼ਰਅ ਦੀ ਰਹੇ ਨਾ ਕੋਇ ਪਾਬੰਦੀ, ਦੀਨਾ ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਕਲਜੁਗ ਆਯੂ ਮੇਰੇ ਉਤੇ ਬਥੇਰੀ ਲੰਘੀ, ਅਗੇ ਅਵਰ ਨਾ ਕੋਇ ਵਧਾਈਆ । ਸਤਿਜੁਗ ਸਾਚਾ ਮੇਰੇ ਉਤੇ ਦੇ ਅਰੰਭੀ, ਜੋ ਅਰੰਭਾ ਪਰੀ ਚੌਦਾਂ ਰਤਨਾਂ ਵਿਚੋਂ ਗਈ ਆਸ ਰਖਾਈਆ । ਮੈਂ ਚਾਹੁੰਦੀ ਜੀਵ ਜੰਤ ਤੇਰਾ ਨਾਮ ਕਲਮਾ ਤੂੰ ਮੇਰਾ ਮੈਂ ਤੇਰਾ ਗਾਵਣ ਛੰਦੀ, ਸੋਹਲਾ ਢੋਲਾ ਇਕੋ ਰਾਗ ਦ੍ਰਿੜਾਈਆ । ਨੇਤਰ ਲੋਚਨ ਨੈਣ ਕਿਸੇ ਦੀ ਅੱਖ ਰਹੇ ਨਾ ਅੰਧੀ, ਅੰਧ ਅਗਿਆਨ ਸ੍ਰੀ ਭਗਵਾਨ ਦੇਣਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੀ ਧਾਰ ਵੇਖ ਲੈ ਭਗਵਤ, ਭਗਵਨ ਤੇਰੇ ਅਗੇ ਵਾਸਤਾ ਪਾਈਆ । ਮੇਰੇ ਉਤੋਂ ਮੇਟ ਅਦਾਵਤ, ਅਦਲ ਇਨਸਾਫ਼ ਆਪਣਾ ਦੇ ਸਮਝਾਈਆ । ਸਾਚੇ ਨਾਮ



ਦੀ ਦੇ ਨਿਆਮਤ, ਬਿਨ ਰਸਨਾ ਰਸ ਚਖਾਈਆ । ਲੱਖ ਚੁਰਾਸੀ ਜੀਵ ਜੰਤ ਤੇਰੀ ਮੇਰੇ ਉਤੇ ਅਮਾਨਤ, ਈਮਾਨਦਾਰੀ ਨਾਲ ਤੇਰੇ ਚਰਨ ਟਿਕਾਈਆ । ਮਿਹਰਵਾਨਾ ਤੂੰ ਹਰ ਹਿਰਦਿਉਂ ਕਢ ਬਗ਼ਾਵਤ, ਬਗ਼ਲਗੀਰ ਕਰ ਖ਼ਲਕ ਖ਼ੁਦਾਈਆ । ਸਾਚੇ ਕਲਮੇ ਦੀ ਕਰ ਸਖ਼ਾਵਤ, ਸੁਖ਼ਨ ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਲਕ ਹੋ ਕੇ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੇ ਨਾਲ ਕਰ ਲੈ ਕੌਲ ਇਕ਼ਰਾਰ, ਵਾਅਦਾ ਇਕੋ ਇਕ ਰਖਾਈਆ । ਦੂਸਰ ਰਹੇ ਨਾ ਕੋਇ ਤਕਰਾਰ, ਝਗੜਾ ਵੇਖਣ ਕੋਇ ਨਾ ਪਾਈਆ । ਤੂੰ ਜੋਤੀ ਜਾਤਾ ਪੁਰਖ ਬਿਧਾਤਾ ਸਭ ਕੁਛ ਕਰਨੇਹਾਰ, ਕ਼ੁਦਰਤ ਦਾ ਕ਼ਾਦਰ ਨੂਰ ਅਲਾਹੀਆ । ਮੈਂ ਮਾਂਗਤ ਹੋ ਕੇ ਮੰਗਾਂ ਤੇਰਾ ਦੁਆਰ, ਦੁਆਰਕਾਵਾਸੀ ਨਾਲ ਮਿਲਾਈਆ । ਮੈਨੂੰ ਰਾਮ ਰਮਈਆ ਹੋ ਕੇ ਸੰਦੇਸ਼ਾ ਦੇ ਕੇ ਗਿਆ ਵਿਚ ਸੰਸਾਰ, ਸਹਿਜ ਸਹਿਜ ਨਾਲ ਦ੍ਰਿੜਾਈਆ । ਵੇਦ ਵਿਆਸਾ ਬਣ ਲਿਖਾਰ, ਲੇਖ ਲਿਖਿਆ ਚਾਈਂ ਚਾਈਂਆ । ਤੂੰ ਕਰਨੀ ਦਾ ਕਰਤਾ ਕ਼ੁਦਰਤ ਦਾ ਕ਼ਾਦਰ ਚੌਬੀਸਾ ਜਗਦੀਸਾ ਨਿਹਕਲੰਕ ਕਲ ਕਲਕੀ ਅਵਤਾਰ, ਅਮਾਮ ਅਮਾਮਾ ਨੂਰ ਅਲਾਹੀਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਾਂਝਾ ਪਰਵਰਦਿਗਾਰ, ਯਾਮੁਬੀਨ ਮਹਿਬਾਨ ਬੀਦੋ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਸਾ ਪੂਰ ਕਰਾਈਆ । ਧਰਨੀ ਕਹੇ ਮੇਰੇ ਖ਼ੁਦਾਵੰਦ ਮਾਲਕ ਖ਼ੁਦ ਖ਼ਨਸੇ ਜ਼ੂ ਅਰਸ਼ੇ ਵਜ਼ੂ ਚਸ਼ਨਾਏ ਵਜ਼ੂਦ ਦੁਆਏ ਬਸੁਧ ਜਖਮੀਉਲ ਜ਼ਵੀ ਨੂਰੇ ਤਵੀ ਜ਼ੰਬਾਉਲ ਜ਼ਮਾ ਮੇਰੇ ਰਹਿਨੁਮਾ ਨੂਰ ਨੁਰਾਨੇ ਤੇਰੀ ਬੇਪਰਵਾਹੀਆ । ਮੇਰੇ ਮਵਜ਼ਲੇ ਜ਼ੁਹਕ ਸ਼ਾਹੇ ਫਕ ਕਲਮਾਏ ਤੁਵਕ ਦਸਤੇ ਦੁਆ ਮਨਜ਼ੂਰੇ ਖ਼ੁਦਾ, ਖ਼ੁਦ ਮਾਲਕ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਮੇਰੇ ਭਗਵਾਨਾ,

ਭਗਵਨ ਤੇਰੀ ਓਟ ਤਕਾਈਆ । ਤੂੰ ਮੇਰਾ ਮਿਹਰਵਾਨਾ, ਮਿਹਰ ਨਜ਼ਰ ਇਕ ਉਠਾਈਆ । ਵਸਤ ਅਮੋਲਕ ਮੇਰੀ ਝੋਲੀ ਪਾ ਦੇ ਦਾਨਾ, ਦਾਤੇ ਆਪਣੀ ਦਇਆ ਕਮਾਈਆ । ਤੂੰ ਨਿਰਗੁਣ ਜੋਤ ਆਦਿ ਜੁਗਾਦੀ ਨੌਜਵਾਨਾ, ਮਰਦ ਮਰਦਾਨਾ ਇਕ ਅਖਵਾਈਆ । ਮੈਂ ਚਾਹੁੰਦੀ ਮੇਰੇ ਉਤੇ ਕਲਜੁਗ ਬਦਲ ਜਾਏ ਜ਼ਮਾਨਾ, ਜ਼ਮੀਂ ਜ਼ਮਾਂ ਦੇ ਮਾਲਕ ਵੇਖਣਾ ਚਾਈਂ ਚਾਈਂਆ । ਤੂੰ ਮੇਰਾ ਖ਼ਸਮ ਖ਼ਸਮਾਨਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੈਂਡੇ ਮੰਗ ਮੰਗਾਈਆ । ਧਰਨੀ ਕਹੇ ਮੇਰੇ ਪਰਮ ਪੁਰਖ ਮੈਂ ਦਰ ਤੈਂਡੇ ਮੰਗਦੀ, ਆਸਾ ਇਕੋ ਇਕ ਰਖਾਈਆ । ਅਵਤਾਰ ਪੈਗ਼ੰਬਰ ਸਦੀ * ਵੇਖ ਲਓ ਜਾਂਦੀ ਲੰਘਦੀ, ਬਿਨ ਕ਼ਦਮਾਂ ਭੱਜੇ ਵਾਹੋ ਦਾਹੀਆ । ਦੀਨ ਦੁਨੀ ਦੀ ਧਾਰ ਵੇਖ ਲਓ ਭੁਖ ਨੰਗ ਦੀ, ਘਰ ਘਰ ਰਿਜ਼ਕ ਨਾ ਕੋਇ ਸਬਾਈਆ । ਖੇਲ ਵੇਖ ਲਉ ਕਾਇਆ ਤਤ ਪੰਜ ਦੀ, ਪੰਚ ਵਿਕਾਰ ਕਰੇ ਲੜਾਈਆ । ਨੌ ਖੰਡ ਪ੍ਰਿਥਮੀ ਮੇਰੇ ਉਤੇ ਪੁਰਖ ਅਕਾਲੇ ਦੀਨ ਦਿਆਲੇ ਤਿਆਰੀ ਹੋਈ ਜੰਗ ਦੀ, ਝਗੜਾ ਦਿਸੇ ਖ਼ਲਕ ਖ਼ੁਦਾਈਆ । ਪਤਾ ਨਹੀਂ ਕੀ ਹਾਲਤ ਹੋਣੀ ਬ੍ਰਹਿਮੰਡ ਦੀ, ਵਰਭੰਡ ਹੋ ਕੇ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਵਸਤ ਨਾਮ ਵਰਤਾਈਆ । ਧਰਨੀ ਕਹੇ ਮੇਰੇ ਧਰਮ ਦੇ ਪਿਤਾ, ਪਾਤਰ ਹੋ ਕੇ ਵੇਖ ਵਖਾਈਆ । ਮੇਰੇ ਨਾਲ ਕਰਨਾ ਹੇਤਾ, ਹਿਤਕਾਰੀ ਤੇਰੀ ਵਡ ਵਡਿਆਈਆ । ਤੂੰ ਪਾਰਬ੍ਰਹਮ ਪਤਿਪਰਮੇਸ਼ਵਰ ਅਚੁਤਾ, ਪਰਵਰਦਿਗਾਰ ਇਕ ਅਖਵਾਈਆ । ਅੰਤ ਅਖ਼ੀਰ ਬੇਨਜ਼ੀਰ ਮੇਰੀ ਸੁਹਾ ਦੇ ਰੁੱਤਾ, ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਝਟ ਨਾਰਦ ਆ ਗਿਆ, ਕਹੇ ਧਰਨੀਏ ਕਿਸ ਅਗੇ ਪਾਵੇਂ ਰੌਲਾ, ਕੂਕ ਕੂਕ ਸੁਣਾਈਆ । ਨੀ ਉਹ ਬੇਪਰਵਾਹ ਪਰਵਰਦਿਗਾਰ ਅਗੰਮੀ ਮੌਲਾ, ਜੋ ਮੌਲਿਆ ਹਰ ਘਟ ਥਾਈਂ ਨਜ਼ਰੀ ਆਈਆ । ਤੂੰ ਅਵਤਾਰ ਪੈਗ਼ੰਬਰਾਂ ਗੁਰੂਆਂ ਦਾ ਵਾਅਦਾ ਤਕ ਲੈ ਇਕ਼ਰਾਰ ਕੌਲਾ, ਕਵਲ ਨੈਣ ਕੀ ਜਣਾਈਆ । ਕੀ ਇਸ਼ਾਰਾ ਦੇ ਕੇ ਗਿਆ ਕਾਹਨਾ ਕ੍ਰਿਸ਼ਨਾ ਸੁੰਦਰ ਸੌਲਾ, ਸਾਵਰੀਆ ਕੀ ਜਣਾਈਆ । ਕੀ ਭੇਵ ਚੁਕਾਇਆ ਗੋਬਿੰਦ ਜਿੰਨ ਅੰਮ੍ਰਿਤ ਧਾਰ ਛਕਾਈ ਪਹੁਲਾ, ਬਿਨ ਰਸਨਾ ਰਸ ਚਖਾਈਆ । ਉਹ ਅੰਤ ਕੰਤ ਭਗਵੰਤ ਤੇਰੇ ਉਤੋਂ ਭਾਰ ਕਰੇ ਹੌਲਾ, ਹੌਲੀ ਹੌਲੀ ਆਪਣਾ ਹੁਕਮ ਵਰਤਾਈਆ । ਨੀ ਜਿਸ ਦਾ ਜੋਤੀ ਜਾਮਾ ਤੇ ਨਜ਼ਰ ਨਹੀਂ ਆਉਣਾ ਕਿਸੇ ਚੋਲਾ, ਚੋਜੀ ਪ੍ਰੀਤਮ ਹੋ ਕੇ ਖੇਲ ਖਿਲਾਈਆ । ਤੂੰ ਉਸੇ ਦਾ ਇਕੋ ਗਾਉਣਾ ਢੋਲਾ, ਜੋ ਢੋਲ ਮਾਹੀ ਦੋ ਜਹਾਨ ਨਜ਼ਰੀ ਆਈਆ । ਜਿਸ ਨੇ ਸਚ ਦੁਆਰਾ ਤੇਰੇ ਉਤੇ ਹੋਣਾ ਖੋਲ੍ਹਾ, ਖ਼ਲਕ ਦਾ ਖ਼ਾਲਕ ਹੋ ਕੇ ਪਰਦਾ ਦਏ ਉਠਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਉਸ ਦਾ ਸੁਣਨਾ ਬੋਲਾ, ਅਨਬੋਲਤ ਦਏ ਸੁਣਾਈਆ । ਜਿਸ ਦਾ ਸਤਿਗੁਰ ਸ਼ਬਦੀ ਸ਼ਬਦ ਹੋਏ ਵਿਚੋਲਾ, ਵਿਚਲਾ ਪਰਦਾ ਦਏ ਚੁਕਾਈਆ । ਲੱਖ ਚੁਰਾਸੀ ਨਿਰਗੁਣ ਧਾਰ ਬਣੇ ਤੋਲਾ, ਨਾਮ ਕੰਡਾ ਬ੍ਰਹਿਮੰਡਾਂ ਵਿਚ ਇਕੋ ਇਕ ਉਠਾਈਆ । ਜਿਸ ਦਾ ਨਾਨਕ ਸਤਿਗੁਰ ਬਣਿਆ ਗੋਲਾ, ਉਹ ਤੇਰੀ ਗੋਲਕ ਵੇਖੇ ਚਾਈਂ ਚਾਂਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਸ਼ਬਦੀ ਧਾਰ ਸ਼ਬਦ ਸ਼ਬਦ ਦਾ ਸੋਹਲਾ, ਸੋ ਪੁਰਖ ਨਿਰੰਜਣ ਆਪਣਾ ਭੇਵ ਦਏ ਖੁਲ੍ਹਾਈਆ ।

## ✪ ੨੫ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਝੰਡੂ ਰਾਮ ਦੇ ਗ੍ਰਹਿ ਜਿਓੜੀਆਂ ਸ਼ਹਿਰ ਜ਼ਿਲਾ ਜੰਮੂ ✪

ਧਰਨੀ ਕਹੇ ਪ੍ਰਭੂ ਮੇਰੇ ਉਤੇ ਦੀਨ ਦੁਨੀ ਪਾਏ ਬਹੁੜੀਆਂ, ਦਰੋਹੀ ਤੇਰਾ ਨਾਮ ਖ਼ੁਦਾਈਆ । ਹਰ ਹਿਰਦੇ ਅੰਦਰ ਵਾਸ਼ਨਾ ਤਕ ਲੈ ਕੌੜੀਆਂ, ਕੂੜੀ ਕਿਰਿਆ ਜਗਤ ਤ੍ਰਿਸ਼ਨਾ ਨਾਲ ਹਲਕਾਈਆ । ਤੇਰੀ ਮੰਜ਼ਲ ਹਕੀਕੀ ਚੜ੍ਹੇ ਕੋਈ ਨਾ ਪੌੜੀਆਂ, ਪੌੜੀ ਡੰਡਾ ਹੱਥ ਕਿਸੇ ਨਾ ਆਈਆ । ਧਰਮ ਦੀਆਂ ਗਲੀਆਂ ਹੋਈਆਂ ਸੌੜੀਆਂ, ਸਚ ਮਾਰਗ ਨਜ਼ਰ ਕਿਸੇ ਨਾ ਆਈਆ । ਮੈਂ ਦਿਵਸ ਰੈਣ ਫਿਰਦੀ ਦੌੜੀ ਆਂ, ਭੱਜਾਂ ਵਾਹੋ ਦਾਹੀਆ । ਕਲਜੁਗ ਕੂੜ ਕੁੜਿਆਰਾਂ ਪ੍ਰੀਤਾਂ ਤੇਰੇ ਨਾਲੋਂ ਛੋੜੀਆਂ, ਸਚ ਪ੍ਰੇਮ ਨਾ ਕੋਇ ਰਖਾਈਆ । ਮਨ ਕਲਪਨਾ ਸਕੇ ਕੋਈ ਨਾ ਹੋੜੀਆ, ਹੋੜਾ ਸੱਸੇ ਵਾਲਾ ਦਏ ਗਵਾਹੀਆ । ਆਤਮ ਪਰਮਾਤਮ ਮਿਲਣ ਮੂਲ ਨਾ ਜੋੜੀਆਂ, ਸਾਚਾ ਸੰਗ ਨਾ ਰਖਾਈਆ । ਤੂੰ ਨਿਗਾਹ ਮਾਰ ਲੈ ਮੇਰੇ ਵਿਚ ਅੰਧ ਘੋਰੀਆਂ, ਸਾਚਾ ਚੰਦ ਨਾ ਕੋਇ ਚਮਕਾਈਆ । ਕਲਜੁਗ ਕੂੜ ਕੁੜਿਆਰ ਕਰਦੇ ਚੋਰੀਆਂ, ਠੱਗੀ ਤੇਰੇ ਨਾਲ ਕਮਾਈਆ । ਮਾਨਸ ਜਨਮ ਰੂਹਾਂ ਕਿਸੇ ਨਾ ਸੌਰੀਆਂ, ਸੁਰਤੀ ਸ਼ਬਦ ਨਾ ਕੋਇ ਸਮਾਈਆ । ਦੀਨਾਂ ਮਜ਼੍ਹਬਾਂ ਵਧੀਆਂ ਖੋਰੀਆਂ, ਝਗੜੇ ਵਿਚ ਖ਼ਲਕ ਖ਼ੁਦਾਈਆ । ਬਿਨ ਤੇਰੀ ਕਿਰਪਾ ਭਾਗ ਹੋਣ ਨਾ ਕਿਸੇ ਮਥੋਰੀਆ, ਮਥਨ ਹੁੰਦੀ ਦਿਸੀ ਲੋਕਾਈਆ । ਮੇਰੇ ਪਰਮ ਪੁਰਖ ਪਰਮਾਤਮ ਮੈਂ ਤੇਰੇ ਉਤੇ ਸੁੱਟੀਆਂ ਡੋਰੀਆਂ, ਦੂਜੀ ਓਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ
੧੧੫੬ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਨਿਰਗੁਣ ਤੇਰੀ ਸਾਚੀ ਲੋੜੀਆ, ਲੁੜੀਂਦੇ ਸੱਜਣ ਦੇਣੀ ਮਾਣ ਵਡਿਆਈਆ । ੧੧੫੬

੨੪ ੨੪

## ✪ ੨੫ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਸਧਰੋ ਦੇਵੀ ਦੁਮਾਨਾ ਨਵਿਤ ਜਿਓੜੀਆਂ ਸ਼ਹਿਰ ਜੰਮੂ ✪

ਧਰਨੀ ਕਹੇ ਮੇਰੇ ਧਰਮ ਧਾਰ ਦੇ ਮਾਹੀ, ਮਹਿਬੂਬ ਤੇਰੀ ਸਰਨਾਈਆ । ਆਦਿ ਜੁਗਾਦੀ ਨਿਰਗੁਣ ਸਰਗੁਣ ਰਾਹੀ, ਰਹਿਬਰ ਤੇਰੀ ਓਟ ਤਕਾਈਆ । ਨਿਗਾਹ ਮਾਰ ਲੈ ਮੇਰੇ ਉਤੇ ਥਲ ਅਸਗਾਹੀ, ਜਲ ਥਲ ਮਹੀਅਲ ਖੋਜ ਖੁਜਾਈਆ । ਟਿੱਲੇ ਪਰਬਤ ਸਮੁੰਦ ਸਾਗਰ ਵੇਖਣੇ ਚਾਈਂ ਚਾਈਂ, ਬਿਨ ਨੇਤਰ ਲੋਚਣ ਨੈਣਾਂ ਅੱਖ ਖੁਲ੍ਹਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਮੇਰੇ ਉਤੇ ਅੰਧੇਰਾ ਗਿਆ ਛਾਈ, ਸ਼ਹਿਨਸ਼ਾਹ ਸਾਚਾ ਚੰਦ ਨਾ ਕੋਇ ਚਮਕਾਈਆ । ਮੇਰੀ ਤੇਰੇ ਅਗੇ ਸਚਖੰਡ ਦੁਆਰ ਦੁਹਾਈ, ਦਰਗਾਹ ਸਾਚੀ ਮੰਗ ਮੰਗਾਈਆ । ਮੇਰਾ ਲਹਿਣਾ ਦੇਣਾ ਪੂਰਬ ਦੇ ਚੁਕਾਈ, ਜੋ ਅਵਤਾਰ ਪੈਗ਼ੰਬਰ ਗੁਰੂ ਗਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੈਂ ਖ਼ੁਸ਼ੀਆਂ ਨਾਲ ਦੇਵਾਂ ਸੱਦਾ, ਸਦਕੇ ਵਾਰੀ ਆਪਣਾ ਆਪ ਘੋਲ ਘੁਮਾਈਆ । ਮੇਰੇ ਉਤੇ ਅਵਤਾਰ ਪੈਗ਼ੰਬਰ ਗੁਰੂਆਂ ਵਾਲੀਆਂ ਵੇਖ ਲੈ ਹੱਦਾਂ, ਹਦੂਦਾਂ ਦੀਨ ਦੁਨੀ ਫੋਲ ਫੁਲਾਈਆ । ਮਾਨਵ ਜ਼ਾਤੀ ਬਦਲੀਆਂ ਵੇਖ ਲੈ ਯਦਾਂ, ਯਦੀ ਯਦਪ ਆਪਣਾ ਫੇਰਾ ਪਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਤੇਰੇ ਹੁਕਮ ਵਿਚ ਬੱਧਾ, ਦੂਸਰਾ ਨਜ਼ਰ ਕੋਇ ਨਾ ਆਈਆ । ਏਸ ਵੇਲੇ ਮਾਨਵ ਜ਼ਾਤੀ ਕਰੇ ਦਗ਼ਾ, ਧੋਖੇ ਵਿਚ ਕੂੜ ਲੋਕਾਈਆ । ਧਰਮ ਦਾ ਵਧੇ ਕੋਈ ਨਾ ਅੱਗਾ, ਝੂਠ ਆਪਣਾ ਡੰਕ ਵਜਾਈਆ । ਕਲਜੁਗ ਜੀਵ ਬਪੜਾ ਹੋ ਗਿਆ ਬੱਗਾ, ਗੁਰਮੁਖ

ਹੰਸ ਨਜ਼ਰ ਕੋਇ ਨਾ ਆਈਆ । ਧਰਮ ਦੀ ਸੀਸ ਰਹੀ ਕਿਸੇ ਨਾ ਪੱਗਾ, ਓਢਣ ਹੱਥ ਨਾ ਕੋਇ ਟਿਕਾਈਆ । ਤੇਰਾ ਦਰਸ ਕਿਸੇ ਨੂੰ ਹੋਵੇ ਨਾ ਉਪਰ ਸ਼ਾਹਰਗਾ, ਨੌਂ ਦੁਆਰ ਪੰਧ ਨਾ ਕੋਇ ਰਖਾਈਆ । ਸ਼ਬਦੀ ਨਾਦ ਸੁਣੇ ਨਾ ਕੋਇ ਅਨਹਦਾ, ਧੁਨ ਆਤਮਕ ਰਾਗ ਨਾ ਕੋਇ ਸ਼ਨਵਾਈਆ । ਦੀਪਕ ਜੋਤ ਕਿਸੇ ਗ੍ਰਿਹਿ ਨਾ ਦਿਸੇ ਜਗਾ, ਤਨ ਵਜੂਦ ਨਾ ਕੋਇ ਰੁਸ਼ਨਾਈਆ । ਤੂੰ ਸਾਹਿਬ ਸੁਲਤਾਨ ਸੂਰਾ ਸਰਬਗਾ, ਹਰਿ ਕਰਤਾ ਇਕ ਅਖਵਾਈਆ । ਮੈਂ ਤੇਰੇ ਚਰਨ ਕਵਲ ਧਵਲ ਹੋ ਕੇ ਆਪਣਾ ਹੱਥ ਬੱਧਾ, ਬੰਦਗੀ ਵਿਚ ਸੀਸ ਨਿਵਾਈਆ । ਮੇਰੇ ਉਤੇ ਕਲਜੁਗ ਕਿਰਿਆ ਕੂੜ ਮੇਟ ਦੇ ਧੱਬਾ, ਦਾਗ਼ ਮੋਹ ਵਿਕਾਰ ਰਹਿਣ ਕੋਇ ਨਾ ਪਾਈਆ । ਤੂੰ ਮੇਰਾ ਪਿਤਾ ਪ੍ਰੀਤਮ ਧੁਰ ਦਾ ਅੱਬਾ, ਅੰਮੀਜਾਨ ਤੂੰ ਹੀ ਨਜ਼ਰੀ ਆਈਆ । ਮੈਂ ਤੇਰੀ ਸਰਨ ਸਰਨਾਈ ਇਕੋ ਲੱਗਾ, ਦੂਜਾ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਦੇਣਾ ਮੇਰੇ ਨਾਲ ਹੁੰਦਾ ਜੁਗ ਚੌਕੜੀ ਕਦੀ ਕਦਾ, ਕ਼ਦੀਮ ਦੇ ਮਾਲਕ ਦੇਣੀ ਮਾਣ ਵਡਿਆਈਆ ।

## ੨੫ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਯਸ਼ਪਾਲ ਰਜਵਾਲ ਜਿਉੜੀਆਂ ਸ਼ਹਿਰ ਜੰਮੂ

ਧਰਨੀ ਕਹੇ ਪ੍ਰਭੂ ਮੇਰਾ ਲੇਖਾ ਲੈ ਲੈ ਮਿੱਟੀ ਖ਼ਾਕ ਵਜੂਦ, ਮਾਟੀ ਹੋ ਕੇ ਧੂੜੀ ਖ਼ਾਕ ਰਮਾਈਆ । ਤੂੰ ਮਿਹਰਵਾਨ ਹਕ ਮਹਿਬੂਬ, ਮੁਹੱਬਤ ਤੇਰੀ ਵਿਚ ਸਮਾਈਆ । ਤੇਰਾ ਆਲੀਸ਼ਾਨ ਅਰੂਜ, ਆਲੀਜ਼ਾਹ ਤੇਰੀ ਵਡ ਵਡਿਆਈਆ । ਮੈਂ ਚਾਹੁੰਦੀ ਸ਼ਰਅ ਦੀ ਮੇਟ ਮੇਰੇ ਉਤੋਂ ਹਦੂਦ, ਮੁਤੱਸਬ ਰਹਿਣ ਕੋਇ ਨਾ ਪਾਈਆ । ਦੂਈ ਦੁਵੈਤ ਕਰ ਦੇ ਨੇਸਤੋ ਨਾਬੂਦ, ਜੜ੍ਹ ਲੋਕਮਾਤ ਉਖੜਾਈਆ । ਮਾਨਵ ਜ਼ਾਤੀ ਭਾਗ ਲਗਾ ਦੇ ਕਾਇਆ ਮਾਟੀ ਪੰਜ ਭੂਤ, ਤਤਵ ਤਤ ਆਪਣਾ ਰੰਗ ਰੰਗਾਈਆ । ਪਵਿਤ੍ਰ ਕਰ ਦੇ ਜਗਤ ਵਿਕਾਰੇ ਵਾਲੇ ਕਲਬੂਤ, ਕਾਇਆ ਕਾਅਬਾ ਇਕ ਸਮਝਾਈਆ । ਸਚ ਪ੍ਰੀਤੀ ਵਿਚ ਕਰ ਮਹਿਦੂਦ, ਹਦ ਦੀਨ ਦੁਨੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਦੀਨ ਦੁਨੀ ਦੀ ਬਦਲ ਦੇ ਆਦਤ, ਅਦਲ ਇਨਸਾਫ਼ ਆਪਣਾ ਇਕ ਜਣਾਈਆ । ਹਰ ਹਿਰਦਿਉਂ ਸਚ ਪਿਆਰ ਦੀ ਪਰਗਟਾ ਅਬਾਦਤ, ਅਵਲ ਅੱਲਾ ਤੇਰਾ ਨਾਮ ਨਜ਼ਰੀ ਆਈਆ । ਸਚ ਪਿਆਰ ਬਖ਼ਸ਼ ਸਦਾਕ਼ਤ, ਸਦਾ ਸਦਾ ਆਪਣਾ ਹੱਥ ਟਿਕਾਈਆ । ਕੂੜੀ ਕਿਰਿਆ ਮੇਟ ਜਹਾਲਤ, ਤਨ ਵਜੂਦਾਂ ਅੰਦਰ ਰਹਿਣ ਕੋਇ ਨਾ ਪਾਈਆ । ਸਾਚਾ ਨਾਮ ਬਖ਼ਸ਼ ਇਕ ਅਮਾਨਤ, ਈਮਾਨ ਧਰਮ ਆਪਣਾ ਇਕ ਸਮਝਾਈਆ । ਤੂੰ ਮਾਲਕ ਖ਼ਾਲਕ ਸਹੀ ਸਲਾਮਤ, ਸੁਲਹਕੁਲ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਲੇਖਾ ਬਣਾ ਦੇ ਸਤਿ ਸਤਿਵਾਦ, ਸਚ ਧਰਮ ਨਾਲ ਮਿਲਾਈਆ । ਤੂੰ ਸੁਆਮੀ ਮੇਰਾ ਆਦਿ ਜੁਗਾਦਿ, ਜੁਗ ਚੌਕੜੀ ਤੇਰੀ ਬੇਪਰਵਾਹੀਆ । ਸਚ ਦੀ ਵਸਤ ਬਖ਼ਸ਼ ਦੇ ਦਾਦ, ਦਾਤੇ ਦਾਨੀ ਝੋਲੀ ਪਾਈਆ । ਤੇਰੇ ਨਾਮ ਦਾ ਇਕੋ ਸੁਣਾਂ ਨਾਦ, ਨਾਦੀ ਧੁਨ ਦੇਣੀ ਪਰਗਟਾਈਆ । ਲਹਿਣਾ

ਦੇਣਾ ਵੇਖਾਂ ਵਿਚ ਬ੍ਰਿਹਿਮਾਦ, ਬ੍ਰਹਿਮਾਂਡ ਵਜਦੀ ਰਹੇ ਵਧਾਈਆ । ਤੂੰ ਮੇਰਾ ਮੋਹਣ ਮਾਧਵ ਮਾਧ, ਮਧੁਰ ਧੁਨ ਦੇਣੀ ਸੁਣਾਈਆ । ਤੇਰਾ ਸੰਦੇਸ਼ਾ ਹੋਵੇ ਬੋਧ ਅਗਾਧ, ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਹਰਿਜਨ ਸੰਤ ਸੁਹੇਲੇ ਹਰ ਘਟ ਅੰਦਰ ਆਪਣੀ ਬਖ਼ਸ਼ ਦੇ ਯਾਦ, ਯਾਦਾਸ਼ਤ ਪੂਰਬ ਨਾਲ ਮਿਲਾਈਆ । ਮੇਰੀ ਕੋਝੀ ਕਮਲੀ ਦੀ ਕਰ ਇਮਦਾਦ, ਸਿਰ ਮੇਰੇ ਹੱਥ ਟਿਕਾਈਆ । ਤੂੰ ਮਾਲਕ ਖ਼ਾਲਕ ਇਕੋ ਵਾਹਿਦ, ਵਾਹਵਾ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਮੇਰਾ ਧਰਮ ਦਾ ਖੇੜਾ ਨੌਂ ਖੰਡ ਪ੍ਰਿਥਮੀ ਕਰ ਅਬਾਦ, ਕਲਜੁਗ ਕਿਰਿਆ ਕੂੜ ਮਿਟਾਈਆ । ਜਗਤ ਜਗਿਆਸੂ ਤੇਰੇ ਵਿਚ ਹੋਣ ਵਿਸਮਾਦ, ਬਿਸਮਲ ਆਪਣਾ ਆਪ ਕਰਾਈਆ । ਹਰ ਹਿਰਦੇ ਉਪਜੇ ਤੇਰੀ ਯਾਦ, ਸੋਹਲਾ ਢੋਲਾ ਤੇਰਾ ਨਾਮ ਸੁਣਾਈਆ । ਮੇਰਾ ਖੇੜਾ ਉਜੜਿਆ ਕਰ ਆਬਾਦ, ਹਰਿਜਨ ਸਾਚੇ ਮਾਤ ਪਰਗਟਾਈਆ । ਦੀਨ ਦੁਨੀ ਦੀ ਸੁਰਤੀ ਅੰਦਰੋਂ ਜਾਏ ਜਾਗ, ਜੁਗਤੀ ਆਪਣੀ ਨਾਲ ਜਗਾਈਆ । ਮਾਇਆ ਮੋਹ ਨਾ ਡੱਸਣੀ ਡੱਸੇ ਨਾਗ, ਵਿਸ ਅੰਦਰੋਂ ਬਾਹਰ ਦੇਣੀ ਕਢਾਈਆ । ਹੰਸ ਬੁੱਧੀ ਰਹਿਣ ਨਾ ਕਾਗ, ਕਾਗੋਂ ਹੰਸ ਬਣਾਈਆ । ਦੁਰਮਤ ਮੈਲ ਧੋ ਦੇ ਦਾਗ਼, ਪਾਪਾਂ ਕਰ ਸਫ਼ਾਈਆ । ਘਰ ਸੁਆਮੀ ਕਰ ਦੇ ਵਡ ਵਡ ਭਾਗ, ਠਾਕਰ ਤੇਰੀ ਵਜਦੀ ਰਹੇ ਵਧਾਈਆ । ਜਨ ਭਗਤ ਸੁਹੇਲੇ ਗੁਰੂ ਗੁਰ ਚੇਲੇ ਤੇਰਾ ਇਕੋ ਨਾਮ ਲੈਣ ਅਰਾਧ, ਦੂਜਾ ਰਸ ਨਾ ਕੋਇ ਚਖਾਈਆ । ਤੂੰ ਮੇਰਾ ਮੋਹਣ ਮਾਧਵ ਮਾਧ, ਮਧੁਰ ਧੁਨ ਕਰੇਂ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
੧੧੫੮ ਧਰਨੀ ਕਹੇ ਮੇਰਾ ਪੂਰਬਲਾ ਧੋ ਦੇ ਦਾਗ਼, ਪਤਿਤ ਪੁਨੀਤ ਦੇਣੀ ਮਾਣ ਵਡਿਆਈਆ । ੧੧੫੮

੨੪

## ੨੫ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਰਤਨ ਸਿੰਘ ਦੇ ਗ੍ਰਹਿ ਪਿੰਡ ਹਮੀਰਪੁਰ ਕੋਨਾ ਜ਼ਿਲਾ ਜੰਮੂ

ਧਰਨੀ ਕਹੇ ਸਤਿਗੁਰ ਸ਼ਬਦ ਮੇਰੇ ਗੁਰਦੇਵਾ, ਦੇਵ ਆਤਮਾ ਪਰਮਾਤਮਾ ਹੋ ਕੇ ਦੇਣੀ ਮਾਣ ਵਡਿਆਈਆ । ਅੰਮ੍ਰਿਤ ਰਸ ਨਿਝਰ ਧਾਰ ਸ਼ਬਦੀ ਬਖ਼ਸ਼ ਅਗੰਮਾ ਮੇਵਾ, ਬਿਨ ਰਸਨਾ ਰਸ ਅਨਰਸ ਦੇਣਾ ਚਖਾਈਆ । ਤੂੰ ਵਸਣਹਾਰਾ ਦਰਗਾਹ ਸਾਚੀ ਸਚਖੰਡ ਧਾਮ ਨਿਹਕੇਵਾ, ਨਿਹਚਲ ਆਪਣਾ ਆਸਣ ਲਾਈਆ । ਤੇਰੀ ਸਿਫ਼ਤ ਕਰ ਸਕੇ ਨਾ ਕੋਈ ਰਸਨਾ ਜਿਹਵਾ, ਮਨ ਮਤਿ ਬੁਧਿ ਚਲੇ ਨਾ ਕੋਇ ਚਤੁਰਾਈਆ । ਨਿਰਗੁਣ ਧਾਰ ਆਦਿ ਜੁਗਾਦੀ ਅਲਖ ਅਭੇਵਾ, ਅਗੋਚਰ ਤੇਰਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਸਤਿਗੁਰ ਸ਼ਬਦ ਤੇਰਾ ਖੇਲ ਵੇਖਾਂ ਅਗੰਮਾ, ਅਗੰਮੜੇ ਦੇਣੀ ਮਾਣ ਵਡਿਆਈਆ । ਮੇਰੇ ਉਤੇ ਦੀਨ ਦੁਨੀ ਦਾ ਲਹਿਣਾ ਦੇਣਾ ਮੇਟਣਾ ਦ੍ਰਿਸ਼ਟੀ ਚੰਮਾ, ਚੰਮ ਦ੍ਰਿਸ਼ਟੀ ਰਹਿਣ ਕੋਇ ਨਾ ਪਾਈਆ । ਨਵ ਸੱਤ ਮੇਟਣਾ ਚਿੰਤਾ ਗ਼ਮਾ, ਗ਼ਮਖਾਰ ਹੋ ਕੇ ਵੇਖਣਾ ਥਾਉਂ ਥਾਈਂਆ । ਮਾਇਆ ਮਮਤਾ ਰਹੇ ਕੋਇ ਨਾ ਤਮਅ, ਲਾਲਚ ਵਿਚ ਨਾ ਕੋਇ ਹਲਕਾਈਆ । ਇਕੋ ਨੂਰ ਜੋਤ ਜਗਾਉਣਾ ਸ਼ਮਅ, ਬਿਨ ਤੇਲ ਬਾਤੀ ਡਗਮਗਾਈਆ । ਇਕੋ ਹੁਕਮ ਸੰਦੇਸ਼ ਸੁਣਾਉਣਾ ਬਿਨਾ ਕੰਨਾਂ, ਅੰਤਰ ਨਿਰੰਤਰ ਕਰਨੀ ਆਪ ਸ਼ਨਵਾਈਆ । ਇਕੋ ਨਾਮ ਜਪਾਉਣਾ ਬਿਨ ਰਸਨਾ ਜਿਹਵਾ ਪਵਣ ਸੁਆਮੀ ਦਮਾ, ਆਤਮ ਪਰਮਾਤਮ ਆਪਣੀ ਗੰਢ ਪੁਆਈਆ । ਦੀਨ ਮਜ਼੍ਹਬ ਸ਼ਰਅ ਦਾ ਰਹੇ ਕੋਈ

ਨਾ ਬੰਨਾ, ਜਗਤ ਹਦੂਦਾਂ ਪੰਧ ਮੁਕਾਈਆ । ਕਲਜੁਗ ਅਗਲਾ ਵਕ਼ਤ ਕਰੀਂ ਨਾ ਲੰਮਾ, ਲਮਹਾ ਲਮਹਾ ਆਪਣੇ ਲੇਖੇ ਲਾਈਆ । ਮੈਂ ਧਰਨੀ ਧਰਤ ਧਵਲ ਧੌਲ ਨਿਮਾਣੀ ਹੋ ਕੇ ਕਹਵਾਂ, ਕਹਿ ਕਹਿ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਦਾ ਮੇਰੇ ਉਤੋਂ ਬਦਲ ਦੇ ਸਮਾਂ, ਸਮਝ ਸਮਝ ਵਿਚੋਂ ਬਦਲਾਈਆ ।

✪ ੨੫ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਕੇਸਰੀ ਦੇਵੀ ਦੇ ਨਵਿਤ ਜੰਮੂ ਸ਼ਹਿਰ ✪

ਧਰਨੀ ਕਹੇ ਮੇਰੇ ਸਤਿਗੁਰ ਸ਼ਬਦ ਅਗੰਮੜੇ ਮੀਤਾ, ਮਿਤਰ ਪਿਆਰੇ ਸੀਸ ਨਿਵਾਈਆ । ਦੀਨ ਦੁਨੀ ਦੀ ਮੇਰੇ ਉਤੇ ਬਦਲ ਦੇ ਰੀਤਾ, ਰੀਤੀਵਾਨ ਤੇਰੀ ਸਰਨਾਈਆ । ਤੂੰ ਮਾਲਕ ਠਾਕਰ ਤ੍ਰੈਗੁਣ ਅਤੀਤਾ, ਤ੍ਰੈਭਵਨ ਧਨੀ ਤੇਰੀ ਬੇਪਰਵਾਹੀਆ । ਮਾਨਵ ਜ਼ਾਤੀ ਅੰਦਰੋਂ ਬਦਲ ਦੇ ਨੀਤਾ, ਬਾਹਰੋਂ ਕਹਿਣ ਦੀ ਲੋੜ ਰਹੇ ਨਾ ਰਾਈਆ । ਝਗੜਾ ਮੇਟ ਦੇ ਮੰਦਰ ਮਸਜਿਦ ਸ਼ਿਵਦਵਾਲੇ ਮਠ ਮਸੀਤਾ, ਗੁਰੂਦੁਆਰ ਚਰਚਾਂ ਵੰਡ ਨਾ ਕੋਇ ਵੰਡਾਈਆ । ਅੰਤਸ਼ਕਰਨ ਸਭ ਦਾ ਕਰ ਦੇ ਠਾਂਢਾ ਸੀਤਾ, ਕਲਜੁਗ ਅਗਨੀ ਅੱਗ ਨਾ ਕੋਇ ਤਪਾਈਆ । ਆਤਮ ਪਰਮਾਤਮ ਬਖ਼ਸ਼ ਦੇ ਆਪਣੀ ਪ੍ਰੀਤਾ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਇਕੋ ਹੁਕਮ ਨਾਮ ਕਲਮਾ ਦੱਸ ਹਦੀਸਾ, ਹਜ਼ਰਤਾਂ ਤੋਂ ਬਾਹਰ ਕਰ ਪੜ੍ਹਾਈਆ । ਸਤਿਗੁਰ ਸ਼ਬਦ ਤੂੰ ਆਦਿ ਜੁਗਾਦਿ
੧੧੫੯ ਮੇਰੇ ਉਤੇ ਅਹਿਸਾਨ ਕੀਤਾ, ਅਵਤਾਰ ਪੈਗ਼ੰਬਰ ਗੁਰ ਮੇਰਾ ਸੰਗ ਬਣਾਈਆ । ਹੁਣ ਨਿਗਾਹ ਮਾਰ ਲੈ ਕਲਜੁਗ ਅੰਤਮ ਬੀਤਾ, ਪੂਰਬ ਲੇਖਾ ਰਹੇ ੧੧੫੯
੨੪ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ੨੪
ਸਿੰਘ ਵਿਸ਼ਨੂੰ ਭਗਵਾਨ, ਸਿਰ ਮੇਰੇ ਹੱਥ ਟਿਕਾਈਆ ।

✪ ੨੫ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਬਚਨੋ ਦੇਵੀ ਸਰਵਾਲ ਜੰਮੂ ਸ਼ਹਿਰ ✪

ਧਰਨੀ ਕਹੇ ਮੇਰੇ ਸਤਿਗੁਰ ਸ਼ਬਦ ਦਿਆਲੂ, ਦਇਆਨਿਧ ਤੇਰੀ ਵਡਿਆਈਆ । ਮਿਹਰਵਾਨ ਮਹਿਬਾਨ ਬੀਦੋ ਕਿਰਪਾਲੂ, ਕਿਰਪਾਨਿਧ ਤੇਰੀ ਸਰਨਾਈਆ । ਤੁਧ ਬਿਨ ਮੇਰਾ ਵਕ਼ਤ ਨਾ ਕੋਇ ਸੰਭਾਲੂ, ਸੰਬਲ ਦੇ ਮਾਲਕ ਹੋਣਾ ਸਹਾਈਆ । ਉਹ ਲੇਖਾ ਲਹਿਣਾ ਪੂਰਾ ਕਰ ਦੇ ਜੋ ਨਾਨਕ ਕੌਲ ਕੀਤਾ ਨਾਲ ਲਾਲੂ, ਲਾਲੋ ਗਿਆ ਦ੍ਰਿੜ੍ਹਾਈਆ । ਮੇਰੇ ਉਤੇ ਕਲਜੁਗ ਦੀ ਧਾਰ ਮੇਟ ਕੇ ਸਤਿਜੁਗ ਕਰ ਦੇ ਚਾਲੂ, ਚਾਰ ਜੁਗ ਦਾ ਲੇਖਾ ਦੇ ਮੁਕਾਈਆ । ਤੁਧ ਬਿਨ ਮੇਰਾ ਦੁਖੜਾ ਕੌਣ ਘਾਲੂ, ਘਾਇਲ ਹੋ ਕੇ ਸੀਸ ਨਿਵਾਈਆ । ਤੇਰਾ ਹੁਕਮ ਆਦਿ ਜੁਗਾਦਿ ਬੇਮਿਸਾਲੂ, ਮਿਸਲ ਸਕੇ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਸਤਿਗੁਰ ਸ਼ਬਦ ਮੇਰੀਆਂ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਨਾਲ ਆਸ਼ਾਂ, ਆਸ਼ਾ ਦਿਆਂ ਜਣਾਈਆ । ਮੈਨੂੰ ਸਭ ਨੇ ਦਿਤਾ ਭਰਵਾਸਾ, ਭਾਂਡਾ ਭਰਮ ਭੰਨਾਈਆ । ਪੇਸ਼ੀਨਗੋਈਆਂ ਵਿਚ ਦਿਤਾ ਧਰਵਾਸਾ, ਭਵਿਖਤਾਂ ਵਿਚ ਜਣਾਈਆ । ਕਲਜੁਗ ਅੰਤਮ ਆਵੇ ਪੁਰਖ ਅਬਿਨਾਸ਼ਾ, ਜਿਸ ਨੂੰ

੧੧੬੦
੨੪

ਜਨਮੇ ਕੋਇ ਨਾ ਮਾਈਆ । ਖੇਲ ਖੇਲੇ ਪ੍ਰਿਥਮੀ ਅਕਾਸ਼ਾ, ਗਗਨ ਗਗਨੰਤਰਾਂ ਵੇਖ ਵਖਾਈਆ । ਦੋ ਜਹਾਨਾਂ ਪਾਵੇ ਰਾਸਾ, ਬਿਨ ਗੋਪੀ ਕਾਹਨ ਨਾਚ ਨਚਾਈਆ । ਕਲਜੁਗ ਕੂੜੀ ਕਿਰਿਆ ਤਕੇ ਤਮਾਸ਼ਾ, ਤਮਾਸ਼ਬੀਨ ਬਣ ਬੇਪਰਵਾਹੀਆ । ਮਾਨਵ ਜ਼ਾਤੀ ਬਿਨ ਹਰਿਨਾਮੇ ਖ਼ਾਲੀ ਵੇਖੇ ਲਾਸ਼ਾ, ਲਸ਼ਕਰ ਸ਼ਾਹੀ ਖੋਜ ਖੁਜਾਈਆ । ਨਾਲ ਸੰਦੇਸ਼ਾ ਦੇਵੇ ਸ਼ੰਕਰ ਕੈਲਾਸ਼ਾ, ਕਲਾਧਾਰੀ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਸਤਿਗੁਰ ਸ਼ਬਦ ਅਵਤਾਰ ਪੈਗ਼ੰਬਰ ਗੁਰੂਆਂ ਪੂਰੀਆਂ ਕਰ ਦੇ ਬਾਣੀਆਂ, ਬਾਣ ਅਣਿਆਲੇ ਤੀਰ ਚਲਾਈਆ । ਚਾਰ ਜੁਗ ਦੀਆਂ ਲੇਖੇ ਲਾ ਲੈ ਕਥਾ ਕਹਾਣੀਆਂ, ਅੱਖਰ ਅੱਖਰਾਂ ਨਾਲ ਮਿਲਾਈਆ । ਲਹਿਣਾ ਦੇਣਾ ਤਕ ਲੈ ਜੀਵ ਪ੍ਰਾਣੀਆਂ, ਤਨ ਵਜੂਦਾਂ ਫੋਲ ਫੁਲਾਈਆ । ਨਿਗਾਹ ਮਾਰ ਲੈ ਚਾਰੇ ਖਾਣੀਆਂ, ਅੰਡਜ ਜੇਰਜ ਉਤਭੁਜ ਸੇਤਜ ਪਰਦਾ ਲਾਹੀਆ । ਫਲ ਰਿਹਾ ਕਿਸੇ ਨਾ ਟਾਹਣੀਆਂ, ਫੁੱਲ ਸਕੇ ਨਾ ਕੋਇ ਮਹਿਕਾਈਆ । ਸਭ ਦੀਆਂ ਖ਼ਾਹਿਸ਼ਾਂ ਪਿਆਸੀਆਂ ਹੋਈਆਂ ਬਿਨਾ ਅੰਮ੍ਰਿਤ ਪਾਣੀਆਂ, ਤ੍ਰਿਸ਼ਨਾ ਸਕੇ ਨਾ ਕੋਇ ਬੁਝਾਈਆ । ਰੂਹਾਂ ਆਤਮਾ ਨਾਮ ਦੀਆਂ ਰਹੀਆਂ ਮੂਲ ਨਾ ਸ਼ਾਹਣੀਆਂ, ਖ਼ਾਲੀ ਹੱਥ ਰਹੀਆਂ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਸਤਿਗੁਰ ਸ਼ਬਦ ਅਵਤਾਰ ਪੈਗ਼ੰਬਰ ਗੁਰ ਜੋ ਮੇਰੀ ਭਰ ਕੇ ਗਏ ਹਾਮੀਂ, ਹਮਾਇਤ ਸਤਿਗੁਰ ਸ਼ਬਦ ਨਾਲ ਰਖਾਈਆ । ਤੂੰ ਵੇਖਣਹਾਰਾ ਅੰਤਰਜਾਮੀ, ਅੰਤਸ਼ਕਰਨ ਵੇਖਣਾ ਚਾਈਂ ਚਾਈਆ । ਕੀ ਹਾਲਤ ਹੋਈ ਮੇਰੇ ਉਤੇ ਨਾਮ ਕਲਮਿਆਂ ਵਾਲੀ ਕਲਾਮੀ, ਕਾਇਨਾਤ ਖੋਜ ਖੁਜਾਈਆ । ਸਤਿ ਧਰਮ ਦੀ ਦਿਸੇ ਨਾ ਕੋਈ ਨਿਸ਼ਾਨੀ, ਨਿਸ਼ਾਨਾ ਦੀਨ ਦੁਨੀ ਬਦਲਾਈਆ । ਮੇਰੇ ਉਤੇ ਮਿਹਰਵਾਨ ਹੋ ਕੇ ਕਰਨੀ ਮਿਹਰਵਾਨੀ, ਮਿਹਰ ਨਜ਼ਰ ਨਜ਼ਰ ਉਠਾਈਆ । ਕਲਜੁਗ ਕੂੜੀ ਕਿਰਿਆ ਮੇਟ ਤੁਗ਼ਿਆਨੀ, ਮਮਤਾ ਮੋਹ ਗੜ੍ਹ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਵਸਤ ਇਕ ਵਰਤਾਈਆ । ਧਰਨੀ ਕਹੇ ਸਤਿਗੁਰ ਸ਼ਬਦ ਗੁਰ ਅਵਤਾਰ ਪੈਗ਼ੰਬਰ ਮੈਨੂੰ ਮਾਰਦੇ ਹਾਕਾਂ, ਧੁਰ ਦਾ ਹੁਕਮ ਕੀ ਦਿਆਂ ਜਣਾਈਆ । ਮੇਰੇ ਉਤੋਂ ਦੀਨ ਦੁਨੀ ਦਾ ਮੇਟ ਦੇ ਸਾਕਾ, ਸਾਖ਼ਿਆਤ ਆਪਣਾ ਹੁਕਮ ਵਰਤਾਈਆ । ਧਰਮ ਦੀ ਧਾਰ ਖੋਲ੍ਹ ਦੇ ਤਾਕਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੇਰਾ ਚਾਰ ਜੁਗ ਦਾ ਪੂਰਾ ਕਰ ਦੇ ਘਾਟਾ, ਖ਼ਾਲੀ ਝੋਲੀ ਦੇ ਭਰਾਈਆ । ਪਿਛਲਾ ਪੰਧ ਮੁਕਾ ਦੇ ਵਾਟਾ, ਅਗਲਾ ਮਾਰਗ ਇਕ ਦਰਸਾਈਆ । ਕਲਜੁਗ ਖੇਲ ਮੁਕਾ ਦੇ ਸਵਾਂਗ ਬਾਜ਼ੀਗਰ ਨਾਟਾ, ਸਤਿਜੁਗ ਸਚ ਦੇ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਲਹਿਣਾ ਦੇਣਾ ਪੂਰਾ ਕਰ ਦੇ ਤੂੰ ਸਰਬ ਕਲਾ ਸਮਰਾਥਾ, ਸਮਰਥ ਅਕਥ ਤੇਰੇ ਹੱਥ ਵਡਿਆਈਆ ।

## ✪ ੨੬ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਪਰਭਾਤ ਸਿੰਘ ਦੇ ਗ੍ਰਿਹਿ ਪਿੰਡ ਹਮੀਰਪੁਰ ਕੋਨਾ ਜ਼ਿਲਾ ਜੰਮੂ ✪

ਨਾਰਦ ਕਹੇ ਜਨ ਭਗਤੋ ਤੁਹਾਨੂੰ ਦਿਆਂ ਵਧਾਈਆਂ, ਵਦੀ ਸੁਦੀ ਵੰਡ ਨਾ ਕੋਇ ਵੰਡਾਈਆ । ਮੈਂ ਪੰਧ ਮਾਰ ਕੇ ਆਇਆ ਵਿਚੋਂ ਬੇਲੇ ਕਾਈਆਂ,

ਭੱਜਿਆ ਵਾਹੋ ਦਾਹੀਆ । ਮੇਰੀਆਂ ਚਾਰ ਜੁਗ ਦੀਆਂ ਸਤਿ ਸ਼ਬਦ ਨਾਲ ਸਾਈਆਂ, ਵਾਅਦਾ ਕੌਲ ਇਕਰਾਰ ਪੂਰ ਕਰਾਈਆ । ਜੋ ਭਗਤਾਂ ਮੇਲ ਮੇਲੇ ਭਾਈ ਭਾਈਆਂ, ਸਗਲਾ ਸੰਗੀ ਆਪ ਹੋ ਜਾਈਆ । ਮੇਰੀਆਂ ਕੂਕ ਕੂਕ ਦੁਹਾਈਆਂ, ਦੋ ਜਹਾਨ ਸ਼ਨਵਾਈਆ । ਪ੍ਰਭ ਇਕੋ ਸਭ ਦਾ ਧੁਰ ਦਾ ਮਾਹੀਆ, ਮਹਿਬੂਬ ਇਕ ਅਖਵਾਈਆ । ਜਿਸ ਨੇ ਭਗਤਾਂ ਨਾਲ ਪ੍ਰੀਤਾਂ ਲਾਈਆਂ, ਪ੍ਰੀਤਮ ਹੋ ਕੇ ਵੇਖ ਵਖਾਈਆ । ਤੁਹਾਡੀਆਂ ਮੇਟਣ ਆਇਆ ਸ਼ਾਹੀਆਂ, ਦੁਰਮਤ ਮੈਲ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਜਨ ਭਗਤੋ ਮੈਂ ਦੱਸਾਂ ਖੇਲ ਅਪਾਰੀ, ਅਪਰੰਪਰ ਕੀ ਜਣਾਈਆ । ਜਿਸ ਦੀ ਜੁਗ ਚੌਕੜੀ ਪਿਛੋਂ ਆਈ ਵਾਰੀ, ਵਾਰਤਾ ਆਪਣੀ ਦਏ ਬਦਲਾਈਆ । ਸ਼ਬਦ ਸੰਦੇਸ਼ਾ ਦੇਵੇ ਧੁਰ ਦੀ ਧਾਰੀ, ਸਚਖੰਡ ਦੁਆਰ ਜਣਾਈਆ । ਧਰਨੀ ਧਰਤ ਧਵਲ ਧੌਲ ਕਰੇ ਖ਼ਬਰਦਾਰੀ, ਸੋਇਆ ਰਹਿਣ ਕੋਇ ਨਾ ਪਾਈਆ । ਜਿਸ ਦੀ ਆਸਾ ਰਖੀ ਜੁਗ ਚਾਰੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਓਹ ਕਰਨੀ ਦਾ ਕਰਤਾ ਕੁਦਰਤ ਦਾ ਕ਼ਾਦਰ ਕਲ ਕਲਕੀ ਅਵਤਾਰੀ, ਨਿਹਕਲੰਕ ਨਾਉਂ ਪਰਗਟਾਈਆ । ਅਮਾਮ ਅਮਾਮਾ ਨਿਰਗੁਣ ਜੋਤ ਕਰ ਉਜਿਆਰੀ, ਉਜਾਲਾ ਦੋ ਜਹਾਨ ਵਖਾਈਆ । ਉਹਦਾ ਲਹਿਣਾ ਦੇਣਾ ਚੰਨ ਆਬ ਦੇ ਆਰ ਪਾਰੀ, ਪਾਰਬ੍ਰਹਮ ਬ੍ਰਹਮ ਆਪਣਾ ਹੁਕਮ ਵਰਤਾਈਆ । ਜੋ ਲੇਖਾ ਵੇਖਣਹਾਰਾ ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਸਾਰੀ, ਬਚਿਆ ਰਹਿਣ ਕੋਇ ਨਾ ਪਾਈਆ । ਉਹ ਮਾਲਕ ਠਾਕਰ ਸੁਆਮੀ ਨਰ ਨਾਰੀ, ਨਰ ਨਰਾਇਣ ਅਗੰਮ

੧੧੬੧ ਅਥਾਹੀਆ । ਜੋ ਭਗਤ ਸੁਹੇਲੇ ਜਾਵੇ ਤਾਰੀ, ਤਾਰਨਹਾਰ ਇਕ ਅਖਵਾਈਆ । ਇਹ ਕੋਨਾ ਕੰਢੀ ਘਾਟ ਜਿਥੇ ਨਾਮ ਦਾ ਹੁੰਦਾ ਸੀ ਪੁਜਾਰੀ, ਪੂਜਾ ੧੧੬੧

੨੪ ਆਪਣੇ ਅੰਤਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਆਪ ਬਣਾਈਆ । ੨੪

ਨਾਰਦ ਕਹੇ ਭਗਤੋ ਏਸ ਧਰਨੀ ਉਤੇ ਮੂਸਾ ਕੀਤਾ ਧਿਆਨ, ਬਿਨਾ ਖ਼ਾਬ ਤੋਂ ਅੱਖ ਉਠਾਈਆ । ਹਜ਼ਰਤ ਈਸਾ ਆਪਣੇ ਸੀਨੇ ਉਤੇ ਲਾਇਆ ਨਿਸ਼ਾਨ, ਨਿਸ਼ਾਨੀ ਦੀਨ ਦੁਨੀ ਵਖਾਈਆ । ਹਜ਼ਰਤ ਮੁਹੰਮਦ ਆਪਣੀ ਲਿਖਿਆ ਵਿਚ ਕ਼ੁਰਾਨ, ਚੰਨ ਜੇ ਜ਼ੂ ਕਹਿ ਕੇ ਗਿਆ ਸੁਣਾਈਆ । ਜਿਸ ਦਾ ਭੇਵ ਅਜ ਤਕ ਕਢ ਸਕਿਆ ਨਹੀਂ ਇਸਲਾਮ, ਆਲਮਾਂ ਚਲੀ ਨਾ ਕੋਇ ਚਤੁਰਾਈਆ । ਏਸੇ ਧਾਰ ਨਾਨਕ ਆਪਣਿਆਂ ਪਊਆਂ ਵਿਚ ਲਾਇਆ ਨਿਸ਼ਾਨ, ਖੱਬੀ ਉਂਗਲ ਨਾਲ ਲਗਾਈਆ । ਗੋਬਿੰਦ ਖਿਚ ਕੇ ਤੀਰ ਕਮਾਨ, ਚਿੱਲਾ ਗਿਆ ਉਠਾਈਆ । ਨਾਲੇ ਹਸ ਕੇ ਕਿਹਾ ਵਾਹ ਮੇਰੇ ਭਗਵਾਨ, ਭਗਵਨ ਤੇਰੀ ਬੇਪਰਵਾਹੀਆ । ਜੋ ਸਭ ਦੇ ਲਹਿਣੇ ਦੇਣੇ ਬੇਨੰਤੀ ਕਰੇ ਪਰਵਾਨ, ਪਰਮ ਪੁਰਖ ਆਪਣੀ ਦਇਆ ਕਮਾਈਆ । ਸਤਿਗੁਰ ਸ਼ਬਦ ਹਸ ਕੇ ਕਿਹਾ ਇਹ ਖੇਲ ਬੜਾ ਮਹਾਨ, ਮਹਿੰਮਾ ਅਕਥ ਕਥ ਸਮਝਾਈਆ । ਗੋਬਿੰਦ ਕਲਜੁਗ ਅੰਤ ਕਰੇ ਖੇਲ ਆਪ ਨੌਜਵਾਨ, ਜੋਬਨਵੰਤ ਬੇਪਰਵਾਹੀਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਆਵੇ ਵਿਚ ਮੈਦਾਨ, ਬਲਧਾਰੀ ਹੋ ਕੇ ਆਪਣਾ ਬਲ ਪਰਗਟਾਈਆ । ਸਭ ਦੇ ਲਹਿਣੇ ਦੇਣੇ ਲੇਖੇ ਪੂਰਬ ਪੂਰੇ ਕਰੇ ਮਿਹਰਵਾਨ, ਕਰਨੀ ਦਾ ਕਰਤਾ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਮੈਨੂੰ ਪੁਰਾਣੀਆਂ ਯਾਦ ਔਂਦੀਆਂ ਰੀਤੀਆਂ, ਬਿਨ ਅੱਖਰਾਂ ਦਿਆਂ ਜਣਾਈਆ । ਜੋ ਪੁਰਾਨ ਅਠਾਰਾਂ ਵਿਚ ਵੇਦ ਵਿਆਸੇ ਧੁਰ ਦੇ ਸ਼ਬਦ ਦੀਆਂ ਗੱਲਾਂ ਕੀਤੀਆਂ, ਬਿਨ ਅੱਖਰਾਂ ਅੱਖਰ ਦ੍ਰਿੜਾਈਆ । ਮੁਹੰਮਦ ਕਿਹਾ ਜਿਸ ਦੇ ਹੁਕਮ ਵਿਚ ਚੌਦਾਂ ਸਦੀਆਂ

ਬੀਤੀਆਂ, ਆਪਣਾ ਪੰਧ ਮੁਕਾਈਆ । ਗੋਬਿੰਦ ਕਿਹਾ ਜਿਸ ਕਾਰਨ ਭਗਤਾਂ ਖ਼ੂਨ ਕਢਣਾ ਆਪਣੀਆਂ ਵਿਚੋਂ ਚੀਚੀਆਂ, ਚੀਕ ਚਿਹਾੜਾ ਪਏ ਵਿਚ ਖ਼ਲਕ ਖ਼ੁਦਾਈਆ । ਨੌ ਖੰਡ ਪ੍ਰਿਥਮੀ ਉਜੜਨੀਆਂ ਬਗੀਚੀਆਂ, ਬਿਨ ਬਾਗ਼ਬਾਨ ਤੋਂ ਰਾਖਾ ਨਜ਼ਰ ਕੋਇ ਨਾ ਆਈਆ । ਇਹ ਹਸ ਕੇ ਦੱਸਣ ਝਨਾਂ ਦੀਆਂ ਨਿੱਕੀਆਂ ਨਿੱਕੀਆਂ ਗੀਟੀਆਂ, ਖ਼ੁਸ਼ੀਆਂ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਦਿ ਜੁਗਾਦਿ ਬਦਲਣਹਾਰਾ ਰੀਤੀਆਂ, ਰੀਤੀਵਾਨ ਇਕ ਅਖਵਾਈਆ ।

### ✪ ੨੬ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਕਰੋੜ ਸਿੰਘ ਦੇ ਗ੍ਰਹਿ ਪਿੰਡ ਹਮੀਰਪੁਰ ਕੋਨਾ ਜ਼ਿਲਾ ਜੰਮੂ ✪

ਨਾਰਦ ਕਹੇ ਜਨ ਭਗਤੋ ਤੁਹਾਨੂੰ ਕੇਹੜੀ ਦੇਵਾਂ ਸਲਾਹ, ਮਸ਼ਵਰਾ ਕੀ ਜਣਾਈਆ । ਸਭ ਦਾ ਮਾਲਕ ਇਕ ਮਲਾਹ, ਬੇੜਾ ਦੋ ਜਹਾਨ ਚਲਾਈਆ । ਜੋ ਵੇਖਣਹਾਰਾ ਥਲ ਅਸਗਾਹ, ਮਹੀਅਲ ਖੋਜ ਖੁਜਾਈਆ । ਜੋ ਤੁਹਾਡਾ ਹੋਏ ਸਹਾ, ਸਿਰ ਆਪਣਾ ਹੱਥ ਟਿਕਾਈਆ । ਸਭ ਦੀ ਕ਼ਬੂਲ ਕਰੇ ਦੁਆ, ਨਮਸਤੇ ਆਪਣੇ ਚਰਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਜਨ ਭਗਤੋ ਮੈਂ ਧੁਰ ਦਾ ਦੱਸਾਂ ਭੇਤ, ਭੇਵ ਅਗੰਮ ਖੁਲ੍ਹਾਈਆ । ਜਿਸ ਦੀਨ ਦੁਨੀ ਦੀ ਧਾਰ ਬਦਲਣੀ ਤੇ ਭਗਤਾਂ ਵੇਖੇ ਨੇਤਨ ਨੇਤ, ਨਿਜ ਨੇਤਰ ਧਿਆਨ ਲਗਾਈਆ । ਉਹ ਨੌ ਖੰਡ ਪ੍ਰਿਥਮੀ ਜਾਨਣਹਾਰ ਖੇਤ, ਖਿੱਤਾ ਖਿੱਤਾ ਧਿਆਨ ਲਗਾਈਆ । ਉਹ ਸੁਣੇ ਕੀ ਪੁਕਾਰਦੀ ਚਨਾਬ ਵਾਲੀ ਰੇਤ, ਆਪਣਾ ਹਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਜਨ ਭਗਤੋ ਅੱਜ ਖ਼ੁਸ਼ੀਆਂ ਵਾਲਾ ਦਿਵਸ, ਦੀਪਕ ਦੀਵਾਲੀ ਪ੍ਰਭ ਦੀ ਨਜ਼ਰੀ ਆਈਆ । ਸਭ ਦੀ ਪੂਰੀ ਹੋਵੇ ਹਿਵਸ, ਹਿਰਸ ਅਗੇ ਰਹੇ ਨਾ ਰਾਈਆ । ਵੇਦ ਮਦਮਮ ਚਨਸ਼ਤਮ ਦੁਮਸਤੇ ਦੁਮਮਮ ਤਮੋਲਾ ਜ਼ਵੀਅਲ ਚਾਨੇ ਜ਼ੀ ਅਲਕਵਿਲਜ਼ ਕਲੂਨਾਏ ਮਵੱਲਲ ਫ਼ਰਸ਼ਾਏ ਅਵੱਲ ਅਰਸ਼ਾਏ ਅਵਸ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਅੰਤਰ ਆਤਮ ਦੇਵੇ ਰਸ, ਅੰਮਿਉਂ ਰਸ ਆਪਣਾ ਨਾਮ ਚਵਾਈਆ ।

### ✪ ੨੬ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਈਸ਼ਰ ਸਿੰਘ ਦੇ ਗ੍ਰਹਿ ਦੜ ਜ਼ਿਲਾ ਜੰਮੂ ✪

ਚੰਨ-ਆਬ ਯਦਮ ਜਲਧਾਰ ਸਦਮ ਪਾਹਨ ਕਾਰ ਕ਼ਦਮ ਪੁਰਾਨੇ ਪਵਸਤਮ ਨਮੁਸਤਵੰਗ ਨਮੁਸਤਵੰਗ ਨਮੁਸਤਵੰਗ ਬੇਦੇ ਬਵਿਲੀ ਅਰਸ਼ੇ ਜ਼ਵਿਲੀ ਕਜ਼ੂਹੂ ਨੁਵਾ ਜੂਨੇ ਜ਼ਵਾ ਜ਼ਕਮਮਮ ਜ਼ਨ ਫੇਉਮੈ ਦੀਜ਼ੇ ਗੋਅੰਗ ਤੁਖ਼ਮਮ ਕੁਊ ਜ਼ਮ ਜ਼ਮ ਜ਼ਖਵੀਉਲ ਅਰਸ਼ਾਨੇ ਜ਼ਵਿਦ ਜ਼ਮਤੂ ਜੁਮਾਊ ਕੁਨਿੰਦੇ ਰਜ਼ੂ ਸ਼ਰਫ਼ੇ ਸ਼ਵਾਊ ਤੁਖਲਮੰਬਾਈ ਜਸ ਗੋਬਿੰਦ ਦਾਇਮ ਦਾਇਮ ਦਾਇਮ ਦਵੀਏ ਜ਼ਮੂ ਚਨਾਬੇ ਰਜ਼ੂ ਜ਼ਖਲੀਅ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਆਬੇ ਚੰਨ ਚਵੰਨੀਆ, ਜੋਬਨਗੀ ਮਲਵਾ, ਜ਼ਖ਼ਮੇ ਜੂ ਜਵੰਨੀਆ, ਕੂਜ਼ੇ ਰੰਗ

ਮਜ਼ਾ । ਸ਼ਾਹੋ ਵਸਤ ਜਮੰਨੀਆ ਜ਼ਹੀਉਲ ਜ਼ਹਾ । ਜ਼ਵਾ ਚੌਦਾਂ ਤਬਕ ਚੁਖੰਨੀਆ, ਚਾਰੋਂ ਕੁੰਟ ਬੇਪਰਵਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਚੰਨਆਬ ਕਹੇ ਮੇਰੀਆਂ ਜੁਗ ਚੌਕੜੀ ਦੀਆਂ ਖੁਆਬਾਂ, ਖ਼ਬਰ ਖ਼ਬਰ ਵਿਚੋਂ ਜਣਾਈਆ । ਮੇਰੀਆਂ ਕੋਟਨ ਕੋਟ ਵਾਰ ਅਦਾਬਾਂ, ਨਿਵ ਨਿਵ ਸੀਸ ਝੁਕਾਈਆ । ਮੇਰਾ ਲੇਖ ਵੇਖਣਾ ਚਾਰ ਜੁਗ ਦੇ ਸ਼ਾਸਤਰਾਂ ਵਿਚ ਕਿਤਾਬਾਂ, ਕੁਤਬਖ਼ਾਨਿਆਂ ਬਾਹਰ ਖੋਜ ਖੁਜਾਈਆ । ਮੇਰਾ ਹਰਫ਼ ਹਰੂਫ਼ਾਂ ਨਾਲ ਸ਼ਰਅ ਦਾ ਬਣਿਆ ਇਕ ਮਹਿਰਾਬਾ, ਮਹਿਬੂਬ ਦਿਤੀ ਮਾਣ ਵਡਿਆਈਆ । ਮੇਰਾ ਜੁਗ ਜੁਗ ਦਾ ਲਹਿਣਾ ਤੇ ਲੇਖਾ ਅੰਤਮ ਪੰਜ-ਆਬਾ, ਪੰਚਮ ਦੀ ਧਾਰ ਹੋ ਕੇ ਦਿਆਂ ਸਚ ਸੁਣਾਈਆ । ਜੋ ਨਾਨਕ ਇਸ਼ਾਰਾ ਕੀਤਾ ਦਜਲੇ ਦੇ ਕੰਢੇ ਬਹਿ ਕੇ ਵਿਚ ਬਗ਼ਦਾਦ ਵਜਾ ਕੇ ਰਬਾਬਾ, ਬਿਨ ਸਿਤਾਰ ਤੋਂ ਸਿਤਾਰ ਹਿਲਾਈਆ ਚੌਦਾਂ ਲੋਕਾਂ ਤੋਂ ਬਾਹਰ ਸੁਣੀ ਗਈ ਅਵਾਜ਼ਾ, ਤ੍ਰੈਭਵਣ ਸੁਣਨ ਚਾਈਂ ਚਾਈਂਆ । ਜਿਸ ਵਿਚ ਸੰਦੇਸ਼ਾ ਦਿਤਾ ਕਲਜੁਗ ਅੰਤ ਸ੍ਰੀ ਭਗਵੰਤ ਜਦੋ ਆਇਆ ਆਵੇਗਾ ਸ਼ਹਿਨਸ਼ਾਹ ਰਾਜਾਂ ਦਾ ਰਾਜਾ, ਰਾਜ ਰਜਾਨ ਇਕ ਅਖਵਾਈਆ । ਜਦੋਂ ਰੂਪ ਧਰਿਆ ਅਨੂਪ ਧਰਿਆ ਸ਼ਾਹੋ ਭੂਪ ਧਰਿਆ ਹਰਿਆ ਵੇਦ ਵਿਆਸ ਲਿਖਿਆ ਹਮ ਸਵਤੀ ਮਸਤਵੀ ਮਜ਼ੂ ਮਸਤੇ ਵਜ਼ਾ ਆਵੇ ਤੇ ਆਵੇ ਦੇਸ ਮਾਝਾ, ਦੂਜਾ ਨਜ਼ਰ ਕੋਇ ਨਾ ਆਈਆ । ਉਸ ਵੇਲੇ ਮਾਨਵ ਨਾ ਸੋਇਆ ਨਾ ਜਾਗਾ, ਆਲਸ ਨਿੰਦਰਾ ਗ਼ਫ਼ਲਤ ਵਿਚ ਦਿਸੇ ਖ਼ਲਕ ਖ਼ੁਦਾਈਆ । ਉਹ ਬੇਪਰਵਾਹ ਬੇਪਰਵਾਹੀ ਦਾ ਰੂਪ ਸਭ ਤੋਂ ਵੱਡਾ ਬਣਨਾ ਪਾਂਧਾ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਉਸ ਦਾ ਇਕੋ ਖੇਲ ਤੇ ਇਕੋ ਧਾਰ ਜਨ ਭਗਤਾਂ ਦੇ ਗੁਣ ਹੋਵੇ ਗਾਂਦਾ, ਗਾ ਗਾ ਖ਼ੁਸ਼ੀ ਮਨਾਈਆ । ਸਤਿਜੁਗ ਬਣਾਉਂਦਾ ਹੋਵੇ ਤੇ ਕਲਜੁਗ ਹੋਵੇ ਢਾਂਦਾ, ਚਨਾਬ ਕਹੇ ਮੈਂ ਉਸ ਵੇਲੇ ਖਲੋਤਾ ਹੋਵਾਂ ਦੋਵੇਂ ਹੱਥ ਬਾਂਧਾ, ਬੰਦਗੀ ਵਿਚ ਸੀਸ ਨਿਵਾਈਆ । ਤੂੰ ਮੇਰਾ ਮੈਂ ਤੇਰਾ ਕੰਢੀ ਘਾਟ ਉਤੇ ਹੋਵੇ ਗਾਂਦਾ, ਗਾ ਗਾ ਖ਼ੁਸ਼ੀ ਪਰਗਟਾਈਆ । ਜਿਸ ਝਗੜਾ ਮਿਟਾਉਣਾ ਸੂਰ ਗਾਂ ਦਾ, ਪਸ਼ੂਆਂ ਖੱਲ ਨਾ ਕੋਇ ਲੁਹਾਈਆ । ਅਗੇ ਇਕੋ ਮਾਰਗ ਲਾਉਣਾ ਤੇ ਪਿਆਰ ਬਣਾਉਣਾ ਧਰਤੀ ਮਾਂ ਦਾ, ਮਮਤਾ ਪਿਛਲੀ ਦਏ ਮਿਟਾਈਆ । ਇਕੋ ਜੈਕਾਰਾ ਹੋਣਾ ਧੁਰ ਦੇ ਨਾਂ ਦਾ, ਨਾਉਂ ਨਿਰੰਕਾਰਾ ਸਾਰੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਚਨਾਬ ਕਹੇ ਭਗਤੋ ਮੈਂ ਕੋਈ ਪਾਣੀ ਨਹੀਂ ਜੇ ਵਗਦਾ, ਵਹਿਣਾਂ ਵਿਚ ਆਪਣਾ ਪੰਧ ਮੁਕਾਈਆ । ਮੈਂ ਜੁਗ ਚੌਕੜੀ ਉਸ ਪ੍ਰਭੂ ਨੂੰ ਰਿਹਾ ਲਭਦਾ, ਜਿਸ ਮੇਰੀ ਬਣਤ ਬਣਾਈਆ । ਧੰਨਭਾਗ ਹੁਣ ਵੇਲਾ ਬਣਿਆ ਸਬਬ ਦਾ, ਘਰ ਆਇਆ ਧੁਰ ਦਾ ਮਾਹੀਆ । ਜਿਨ੍ਹ ਝਗੜਾ ਮੇਟਣਾ ਦੀਨ ਮਜ਼੍ਹਬ ਦੀ ਹੱਦ ਦਾ, ਹਦੂਦ ਆਪਣੀ ਦਏ ਵਖਾਈਆ । ਜਿਸ ਨੇ ਇਕੋ ਕਲਮਾ ਕਾਇਨਾਤ ਪਰਗਟ ਕਰਨਾ ਅਲਾਹੀ ਨੂਰ ਰੱਬ ਦਾ, ਯਾਮਬੀਨ ਕਹਿ ਕੇ ਜਿਸ ਨੂੰ ਸਾਰੇ ਸੀਸ ਨਿਵਾਈਆ । ਮੈਨੂੰ ਇਉਂ ਜਾਪਦਾ ਚਨਾਬ ਕਹੇ ਚਾਰ ਜੁਗ ਤਕ ਜ਼ਰੂਰ ਲੇਖਾ ਯਾਦ ਰਹੇਗਾ ਅੱਜ ਦਾ, ਅਗਲਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਿਸ਼ੀ ਮੁਨੀ ਏਸੇ ਦਾ ਢੋਲਾ ਗਾਈਆ । ਕਿਉਂ ਪੁਰਖ ਅਕਾਲ ਦਾ ਡੰਕਾ ਸਦਾ ਰਹਿਣਾ ਵਜਦਾ, ਜਿਸ ਨੂੰ ਸਕੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਚਨਾਬ ਕਹੇ ਓ ਜਨ ਭਗਤੋ ਕੀ ਤੁਸੀਂ ਬਹੁਤੇ ਨਹੀਂ ਥੱਕੇ, ਥਕਾਵਟ ਮੈਨੂੰ ਦਿਉ ਸਮਝਾਈਆ । ਤੁਹਾਨੂੰ ਪਤਾ ਨਹੀਂ ਕੀ ਖੇਲ ਹੋਣਾ ਮਦੀਨੇ ਮੱਕੇ, ਕਾਅਬਿਆਂ ਵਿਚ ਪਏ ਦੁਹਾਈਆ ।

੧੧੬੩ ੨੪

੧੧੬੪
੨੪

ਚਾਰੋਂ ਕੁੰਟ ਇਕ ਦੂਜੇ ਨੂੰ ਮਿਲਣੇ ਧੱਕੇ, ਧੱਕੋ ਧੱਕੀ ਹੋਵੇ ਖ਼ਲਕ ਖ਼ੁਦਾਈਆ । ਮੇਰੇ ਪਰਵਰਦਿਗਾਰ ਸਾਂਝੇ ਯਾਰ ਨੇ ਸਾਰੀ ਸ੍ਰਿਸ਼ਟੀ ਲੰਘਾ ਦੇਣੀ ਵਿਚੋਂ ਸੂਈ ਦੇ ਨੱਕੇ, ਨਾਕਾਬੰਦੀ ਅਗੇ ਪਿਛੇ ਦੋਵੇਂ ਥਾਂ ਕਰਾਈਆ । ਕਿਸੇ ਦੀ ਕ਼ੀਮਤ ਨਹੀਂ ਰਹਿਣੀ ਜਗਤ ਵਾਲੇ ਟਕੇ, ਲੱਖ ਕਰੋੜੀ ਖ਼ਾਕ ਵਿਚ ਮਿਲਾਈਆ । ਤੁਹਾਨੂੰ ਹੌਲੀ ਹੌਲੀ ਹੌਲੀ ਸਾਰੇ ਦੱਸ ਦੇਣੇ ਪਤੇ, ਪਤਿਪਰਮੇਸ਼ਵਰ ਕੀ ਆਪਣਾ ਹੁਕਮ ਵਰਤਾਈਆ । ਕਿਸ ਕਾਰਨ ਗੋਬਿੰਦ ਨੇ ਬੋਲਿਆ ਡੰਕਾ ਫ਼ਤਿਹ, ਫ਼ਾਤਿਆ ਹੋਵੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਚਨਾਬ ਕਹੇ ਜਨ ਭਗਤੋ ਖ਼ੁਸ਼ੀ ਵਾਲੀ ਦਿਉਹਾਰੀ, ਦੋਹਰਾ ਤਾਲ ਬਣਾਈਆ । ਚੌਦਾਂ ਤਬਕਾਂ ਵਿਚ ਫਿਰੇ ਮੁਹੰਮਦ ਨਾਲ ਸੰਗ ਚਾਰ ਯਾਰੀ, ਭੱਜੇ ਵਾਹੋ ਦਾਹੀਆ । ਅਲੀ ਕੂਕ ਕੂਕ ਕੇ ਕਿਹਾ ਪੁਕਾਰੀ, ਢੋਲਾ ਇਕੋ ਇਕ ਸੁਣਾਈਆ । ਸਦੀ ਚੌਧਵੀਂ ਆਵਾਜ਼ ਰਹੀ ਮਾਰੀ, ਹੋਕਾ ਦੇਵੇ ਥਾਉਂ ਥਾਈਂਆ । ਆਓ ਕਲਮਿਆਂ ਦੇ ਵਪਾਰੀ, ਵਣਜ ਕਰੋ ਚਾਈਂ ਚਾਈਂਆ । ਉਹ ਨੂਰੀ ਅਲਾਹ ਪਰਵਰਦਿਗਾਰ ਸਭ ਦਾ ਸਾਂਝਾ ਯਾਰੀ, ਯਰਾਨੇ ਸਭ ਨਾਲੋਂ ਰਿਹਾ ਤੁੜਾਈਆ । ਮੈਨੂੰ ਇਉਂ ਦਿਸਦਾ ਧਰਤੀ ਉਤੇ ਆਉਣ ਵਾਲੀ ਖ਼ੁਆਰੀ, ਖ਼ਾਮਖ਼ਾਹ ਹੁੰਦੀ ਵੇਖੀ ਲੋਕਾਈਆ । ਕਿਸੇ ਦੀ ਪਤ ਨਹੀਂ ਰਹਿਣੀ ਪਗ ਤੇ ਦਾਹੜੀ, ਲਜਿਆਵਾਨ ਨਜ਼ਰ ਕੋਇ ਨਾ ਆਈਆ । ਚਨਾਬ ਨੇ ਕਿਹਾ ਸਭ ਨੇ ਲੁਕਣਾ ਜੰਗਲਾਂ ਤੇ ਮੇਰੀ ਕੰਢਿਆਂ ਵਾਲੀ ਵਿਚ ਝਾੜੀ, ਝਾੜੀ ਝਾੜੀ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਇਕ ਰਖਾਈਆ । ਧਰਨੀ ਕਹੇ ਵੇ ਚਨਾਬ ਮੈਨੂੰ ਕੋਈ ਗੱਲ ਦੱਸ ਸੁਚੱਜੀ, ਮੇਰੇ ਉਤੇ ਵਹਿਣ ਵਾਲਿਆ ਆਪਣਾ ਭੇਵ ਖੁਲ੍ਹਾਈਆ । ਮੈਂ ਵੀ ਉਸ ਪ੍ਰਭੂ ਦੇ ਹੁਕਮ ਵਿਚ ਬੱਝੀ, ਜੋ ਬੰਧਨ ਸਭ ਨੂੰ ਰਿਹਾ ਪਾਈਆ । ਚਨਾਬ ਕਹੇ ਧਰਨੀ ਅੰਮਾ ਉਸ ਦੀ ਜੋਤ ਵੇਖ ਅਗੰਮੀ ਜਗੀ, ਜਾਗਰਤ ਜੋਤ ਕਰੇ ਰੁਸ਼ਨਾਈਆ । ਨੀ ਤੇਰੇ ਉਤੇ ਬੁਝਾਉਣ ਆਇਆ ਅਗਨੀ ਲੱਗੀ, ਲਗ ਮਾਤਰ ਦਾ ਡੇਰਾ ਢਾਹੀਆ । ਓਹ ਨੌ ਖੰਡ ਪ੍ਰਿਥਮੀ ਫਿਰਦਾ ਅੱਜੀ ਪੱਜੀ, ਆਪਣਾ ਭੇਵ ਨਾ ਕਿਸੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਂਆ । ਝਟ ਨਾਰਦ ਆ ਕੇ ਕਹੇ ਓਏ ਝਨਾਊ, ਝੱਲਾਂ ਵਿਚ ਫਿਰਨ ਵਾਲਿਆ ਕੁਝ ਮੈਨੂੰ ਦੇ ਸਮਝਾਈਆ । ਤੈਨੂੰ ਦਿਸਦੇ ਨਹੀਂ ਕਿਥੇ ਫਿਰਦੇ ਕੇਤੂ ਤੇ ਰਾਹੂ, ਆਪਣਾ ਪੰਧ ਮੁਕਾਈਆ । ਨੌ ਗ੍ਰਹਿ ਰੋਵਣ ਵਾਹੋ ਦਾਹੂ, ਨੇਤਰਾਂ ਤੋਂ ਬਿਨਾ ਨੀਰ ਵਹਾਈਆ । ਤੈਨੂੰ ਪਤਾ ਨਹੀਂ ਕਿਉਂ ਤੂੰ ਅਜੇ ਪੰਜ ਸਾਲ ਦੱਸਣ ਡਹਿ ਪਿਆ ਅਗਾਹੂ, ਅਗੇ ਪਤਾ ਨਹੀਂ ਕਿਹੋ ਜਿਹਾ ਵਕ਼ਤ ਆਵੇ ਕਿਸ ਬਿਧ ਰੋਵੇ ਖ਼ਲਕ ਖ਼ੁਦਾਈਆ । ਤੂੰ ਸਹਿਜ ਨਾਲ ਦੱਸ ਆਪਣੀ ਧਰਤੀ ਮਾਊ, ਅੰਮੀ ਨੂੰ ਦੇ ਜਣਾਈਆ । ਓਹ ਮਾਲਕ ਖ਼ਾਲਕ ਬੇਪਰਵਾਹੂ, ਅਗੰਮ ਅਥਾਹ ਨੂਰ ਅਲਾਹੀਆ । ਜੋ ਕਲਜੁਗ ਉਜਾੜ ਕੇ ਤੇ ਸਤਿਜੁਗ ਤੇਰੇ ਉਤੇ ਵਸਾਊ, ਵਸਲੇ ਯਾਰ ਦੇਵੇ ਚਾਈਂ ਚਾਈਂਆ । ਜਿਸ ਨੂੰ ਹਜ਼ਰਤ ਮੁਹੰਮਦ ਕਿਹਾ ਮੁਰਦੇ ਮਕ਼ਬਰਿਆਂ ਵਿਚੋਂ ਜਗਾਊ, ਉਹ ਜੋਤੀ ਜਾਤਾ ਹੋ ਕੇ ਵੇਖ ਵਖਾਈਆ । ਜਿਸ ਦੀ ਆਸਾ ਰਖੀ ਉਹ ਆਬੇਹਯਾਤ ਪਲਾਊ, ਜਾਮ ਇਕੋ ਹਕ਼ੀਕ਼ੀ ਨਾਲ ਮਿਲਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਪਿਛਲੀ ਕੀਤੀ ਸਭ ਦੀ ਆਪਣੇ ਲੇਖੇ ਪਾਊ, ਅਗੇ ਆਪਣਾ ਹੁਕਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਨਾਰਦਾ ਤੂੰ ਕਿਧਰੋਂ ਆ ਗਿਆ ਪੰਡਾ,

ਫਿਰਦਾ ਫਿਰਦਾ ਆਪਣਾ ਪੰਧ ਮੁਕਾਈਆ । ਨਾਰਦ ਕਹੇ ਮੈਂ ਵੇਖਣ ਆਇਆ ਤੇਰੇ ਝਨਾਂ ਦਾ ਕੰਢਾ, ਝੱਲੀਏ ਤੈਨੂੰ ਦਿਆਂ ਸੁਣਾਈਆ । ਬੇਸ਼ਕ ਇਸ ਦੇ ਵਗਣ ਵਾਲਾ ਪਾਣੀ ਠੰਢਾ, ਏਸ ਦੇ ਆਰ ਪਾਰ ਅਗਨੀ ਲੱਗੇ ਥਾਉਂ ਥਾਈਂਆ । ਮੈਂ ਬੋਦੀ ਵਾਲਾ ਪੰਡਾ ਸਿਰੋਂ ਨਹੀਂ ਗੰਜਾ, ਸਭ ਕੁਝ ਤੈਨੂੰ ਦਿਆਂ ਸਮਝਾਈਆ । ਆਹ ਵੇਖ ਲੈ ਕਲਜੁਗ ਅੰਤ ਸਦੀ ਚੌਧਵੀਂ ਅਖ਼ੀਰ ਮੁਹੰਮਦ ਨੇ ਬਿਨਾ ਅੱਖਰਾਂ ਹਰਫ਼ਾਂ ਲਾਇਆ ਪੰਜਾ, ਪੰਜਾਂ ਦਰਿਆਵਾਂ ਦੇ ਅੰਦਰ ਆਵੇ ਮੇਰਾ ਮਾਹੀਆ । ਮੇਰਾ ਅਮਾਮ ਅਮਾਮਾ ਨੂਰ ਅਲਾਹੀ ਜੇਹੜਾ ਕਿਸੇ ਦੀ ਕੁੱਖ ਵਿਚੋਂ ਨਹੀਂ ਜੰਮਾ, ਜਨਣੀ ਗੋਦ ਨਾ ਕੋਇ ਉਠਾਈਆ । ਜਿਸ ਨੂੰ ਲਾਲਚ ਨਹੀਂ ਕੋਈ ਤਮਅ, ਤਾਮਸ ਮੇਟੇ ਖ਼ਲਕ ਖ਼ੁਦਾਈਆ । ਉਸ ਨੇ ਮਾਰਗ ਲਾਉਣਾ ਨਵਾਂ, ਨੌ ਖੰਡ ਪ੍ਰਿਥਮੀ ਇਕੋ ਰੰਗ ਰੰਗਾਈਆ । ਚੌਦਾਂ ਤਬਕ ਸੁਹਾਉਣਾ ਸਮਾਂ, ਸੋਹਣੀ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਦੀ ਕਹੇ ਧਰਨੀਏ ਮੈਂ ਵੀ ਚੌਧਵੀਂ ਆਈ, ਆਹਿਸਤਾ ਆਹਿਸਤਾ ਆਪਣਾ ਪੰਧ ਮੁਕਾਈਆ । ਮੈਨੂੰ ਸੰਦੇਸ਼ਾ ਦੇ ਕੇ ਗਿਆ ਬਾਬਾ ਆਦਮ ਹਵਾ ਮਾਈ, ਸਹਿਜ ਸਹਿਜ ਨਾਲ ਸੁਣਾਈਆ । ਬਿਨਾ ਅੱਖੀਆਂ ਤੋਂ ਬੈਠੀ ਨੈਣ ਉਠਾਈ, ਬਿਨ ਨੈਣਾਂ ਰਾਹ ਤਕਾਈਆ । ਉਹ ਪਰਵਰਦਿਗਾਰ ਸਾਂਝਾ ਯਾਰ ਕਿਸ ਬਿਧ ਆਵੇ ਨੂਰ ਅਲਾਹੀ, ਅੱਲਾ ਬੇਪਰਵਾਹ ਆਪਣਾ ਫੇਰਾ ਪਾਈਆ । ਜਿਸ ਨੇ ਪਿਛਲਿਆਂ ਦੀ ਪਿਛਲਿਆਂ ਨਾਲੋਂ ਕਰਨੀ ਜੁਦਾਈ, ਵਿਛੋੜਾ ਵੇਖੇ ਥਾਉਂ ਥਾਈਂਆ । ਆਬ ਤਕੇ ਥਲ ਅਸਗਾਹੀ, ਸਮੁੰਦ ਸਾਗਰਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ,
੧੧੬੫ ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਂਆ । ਨਾਰਦ ਕਹੇ ਧਰਨੀਏ ਧਰਤੇ ਧਵਲੇ ਧੌਲੇ ਆਪਣਾ ੧੧੬੫
੨੪ ਵੇਖ ਲੈ ਹਾਲ, ਹਾਲਤ ਵੇਖ ਜਗਤ ਲੋਕਾਈਆ । ਔਹ ਤਕ ਲੈ ਕੀ ਇਸ਼ਾਰਾ ਦੇਵੇ ਕਾਲ, ਮਹਾਕਾਲ ਕੀ ਸਮਝਾਈਆ । ਚਿਤਰਗੁਪਤ ਕੀ ੨੪
ਲੇਖੇ ਰਿਹਾ ਵਖਾਲ, ਰਾਏ ਧਰਮ ਅੰਕੜੇ ਕੀ ਸਮਝਾਈਆ । ਲਾੜੀ ਮੌਤ ਕਿਸ ਬਿਧ ਪਾਏ ਧਮਾਲ, ਨੱਚੇ ਟੱਪੇ ਕੁੱਦੇ ਚਾਈਂ ਚਾਈਂਆ । ਕਿਸ ਤਰੀਕੇ ਢੰਗ ਨਾਲ ਸੰਬਲ ਵਿਚ ਬਹਿ ਕੇ ਤੇਰੀ ਕਰੇ ਸੰਭਾਲ, ਸੰਬਲ ਦਾ ਮਾਲਕ ਬੇਪਰਵਾਹੀਆ । ਸਤਿਗੁਰ ਸ਼ਬਦ ਦੁਲਾਰਾ ਹੋਵੇ ਨਾਲ ਬਾਲ, ਦੂਲਹਾ ਇਕੋ ਇਕ ਪਰਗਟਾਈਆ । ਤੇਰੀ ਨੌ ਸੌ ਚੁਰਾਨਵੇ ਚੌਕੜੀ ਜੁਗ ਦੀ ਪੂਰੀ ਕਰੇ ਘਾਲ, ਜੋ ਘਾਲਣਾ ਲਈ ਘਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰਾ ਕਰੇ ਸਵਾਲ, ਆਸਾ ਤ੍ਰਿਸ਼ਨਾ ਨਾਲ ਮਿਲਾਈਆ । ਆਪਣਾ ਅਗੇ ਦੱਸੇ ਜਮਾਲ, ਜੋਤੀ ਜਾਤਾ ਹੋ ਕੇ ਡਗਮਗਾਈਆ । ਜਿਸ ਦਾ ਖੇਲ ਬੇਮਿਸਾਲ, ਮਿਸਲ ਸਕੇ ਨਾ ਕੋਇ ਬਣਾਈਆ । ਮੈਂ ਉਸ ਦਾ ਦੇਣ ਆਇਆ ਅਹਿਵਾਲ, ਸਚ ਨਾਲ ਸੁਣਾਈਆ । ਜੋ ਭਗਤ ਸੁਹੇਲੇ ਗੁਰਸਿਖ ਗੁਰਮੁਖ ਹਰਿਜਨ ਸਦ ਰਖੇ ਆਪਣੇ ਨਾਲ, ਮੇਲਾ ਮੇਲੇ ਚਾਈਂ ਚਾਈਂਆ । ਤੇਰੇ ਉਤੋਂ ਕਲਜੁਗ ਕਿਰਿਆ ਕੂੜ ਦਾ ਮੇਟੇ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾ ਜੁਗੰਤ ਤੇਰੀ ਕਰਨਹਾਰਾ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖੇ ਥਾਉਂ ਥਾਈਂਆ ।

ਧਰਨੀ ਕਹੇ ਰੈਣ ਸਬਾਈ ਮੈਨੂੰ ਪੈਂਦੀਆਂ ਰਹੀਆਂ ਹਾਕਾਂ, ਹੁਕਮ ਸੰਦੇਸ਼ ਮਿਲਦਾ ਰਿਹਾ ਮਾਹੀਆ । ਉਠ ਵੇਖ ਬਿਨਾ ਨੇਤਰਾਂ ਤੋਂ ਆਪਣਾ ਖ਼ਾਕਾ, ਖ਼ਾਕ ਮਿੱਟੀ ਹੋ ਕੇ ਧਿਆਨ ਲਗਾਈਆ । ਨੀ ਤੇਰਾ ਚੌਥੇ ਜੁਗ ਦਾ ਪਿਛਲੇ ਸਮੇਂ ਨਾਲੋਂ ਵਖਰਾ ਸਾਕਾ, ਸਤਿਜੁਗ ਤ੍ਰੇਤਾ ਦੁਆਪਰ ਜਿਸ ਦੀ ਦੇਣ ਗਵਾਹੀਆ । ਨੌ ਖੰਡ ਪ੍ਰਿਥਮੀ ਸੱਤ ਦੀਪ ਵੇਖ ਲੈ ਆਪਣਾ ਇਲਾਕਾ, ਅਕਲ ਬੁੱਧੀ ਤੋਂ ਬਾਹਰ ਧਿਆਨ ਲਗਾਈਆ । ਕੀ ਖੇਲ ਕਰੇ ਸਤਿਗੁਰ ਸ਼ਬਦ ਪੁਰਖ ਅਕਾਲ ਦਾ ਨਿੱਕਾ ਕਾਕਾ, ਕਾਇਨਾਤ ਦਾ ਪਰਦਾ ਆਪ ਉਠਾਈਆ । ਉਸ ਤੋਂ ਲਹਿਣਾ ਦੇਣਾ ਆਪਣੀ ਝੋਲੀ ਪਾ ਲੈ ਬਾਕਾ, ਜੋ ਬਾਕਾਇਦਾ ਆਪਣਾ ਹੁਕਮ ਵਰਤਾਈਆ । ਆਪਣੇ ਗ੍ਰਹਿ ਦਾ ਖੋਲ੍ਹ ਦੇ ਤਾਕਾ, ਪਰਦਾ ਨਜ਼ਰ ਕੋਇ ਨਾ ਆਈਆ । ਜਿਸ ਦਾ ਲੇਖਾ ਮੁਹੰਮਦ ਦੀ ਧਾਰ ਸਦੀ ਚੌਧਵੀਂ ਹੋਣਾ ਢਾਕਾ, ਸਪਾਰੇ ਪੂਰਬ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਧਰਨੀਏ ਆਪਣਾ ਪਿਛਲਾ ਵੇਖ ਹਿਸਾਬ, ਅੰਕੜੇ ਜਗਤ ਨਾ ਕੋਇ ਮਿਲਾਈਆ । ਬਿਨ ਅੱਖਰਾਂ ਤਕ ਕਿਤਾਬ, ਜੋ ਕੁਤਬਖ਼ਾਨਿਆਂ ਵਿਚ ਨਾ ਕਦੇ ਟਿਕਾਈਆ । ਬਿਨਾ ਇੱਟਾਂ ਪੱਥਰਾਂ ਤੋਂ ਵੇਖ ਮਹਿਰਾਬ, ਜਿਥੇ ਵਸੇ ਧੁਰ ਦਾ ਮਾਹੀਆ । ਬਿਨ ਸੀਸ ਜਗਦੀਸ ਕਰ ਆਦਾਬ, ਨਿਵ ਨਿਵ ਧੂੜੀ ਖ਼ਾਕ ਰਮਾਈਆ । ਜੋ ਤੈਨੂੰ ਕਲਜੁਗ ਕੂੜੀ ਕਿਰਿਆ ਨਾਲੋਂ ਕਰੇ ਆਜ਼ਾਦ, ਆਜ਼ਾਦੀ ਆਪਣੇ ਹੱਥ ਰਖਾਈਆ । ਤੂੰ ਉਸ ਨੂੰ ਮੰਨਣਾ ਮੋਹਣ ਮਾਧਵ ਮਾਧ, ਮਧੁਰ ਧੁਨ ਤੈਨੂੰ ਦਏ ਸੁਣਾਈਆ । ਬਿਨ ਰਸਨਾ ਜਿਹਵਾ ਲੈਣਾ ਅਰਾਧ, ਹਿਰਦੇ ਅੰਤਰ ਲੈਣਾ ਵਸਾਈਆ । ਉਸ ਦਾ ਸ਼ਬਦ ਸੰਦੇਸ਼ ਸੁਣ ਲੈ ਬੋਧ ਅਗਾਧ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਜਿਸ ਨੇ ਅਵਤਾਰ ਪੈਗ਼ੰਬਰ ਗੁਰੂਆਂ ਕੋਲੋਂ ਲੈਣਾ ਜਵਾਬ, ਜਵਾਬ ਤਲਬੀ ਮੰਗੇ ਥਾਉਂ ਥਾਈਂਆ । ਸੋ ਪੁਰਖ ਅਕਾਲਾ ਦੀਨ ਦਿਆਲਾ ਅੰਤ ਕੰਤ ਭਗਵੰਤ ਤੇਰੀ ਕਰੇ ਇਮਦਾਦ, ਸੀਸ ਜਗਦੀਸ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਧਰਨੀ ਕਹੇ ਮੈਂ ਰੈਣ ਸਬਾਈ ਤਕਦੀ ਰਹੀ ਬਿਨਾ ਅੱਖੀਆਂ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਮੈਨੂੰ ਇਸ਼ਾਰਾ ਦੇਵਣ ਕਾਹਨ ਦੀਆਂ ਸਖ਼ੀਆਂ, ਸਖ਼ਾ ਸੁਹੇਲਾ ਤਕ ਲੈ ਧੁਰ ਦਾ ਮਾਹੀਆ । ਜਿਸ ਦੇ ਸਬਰ ਵਿਚ ਆਦਿ ਜੁਗਾਦਿ ਅਵਤਾਰ ਪੈਗ਼ੰਬਰ ਗੁਰੂ ਧਾਰਾਂ ਲੱਥੀਆਂ, ਯਾਰੜਾ ਇਕੋ ਸੇਜ ਸੁਹਾਈਆ । ਜੋ ਵਸਣਹਾਰਾ ਘਟ ਘਟੀਆ, ਘਟ ਘਟ ਰਿਹਾ ਸਮਾਈਆ । ਭਾਗ ਲਗਾਏ ਕਾਇਆ ਮਟੀਆਂ, ਸਾਢੇ ਤਿੰਨ ਹੱਥ ਸੋਭਾ ਪਾਈਆ । ਜਿਸ ਦੇ ਕੋਲੋਂ ਜਨ ਭਗਤਾਂ ਖੱਟੀਆਂ ਖੱਟੀਆਂ, ਲਾਹਾ ਦੇਵੇ ਚਾਈਂ ਚਾਈਂਆ । ਉਹਦਾ ਰੂਪ ਅਨੂਪਾ ਵਾਂਗ ਬਾਜ਼ੀਗਰ ਨਟੀਆ, ਨਟੂਆ ਆਪਣਾ ਸ੍ਵਾਂਗ ਵਰਤਾਈਆ । ਹੁਕਮ ਵਿਚ ਜੁਗ ਚੌਕੜੀਆਂ ਟੱਪੀਆਂ, ਸਦੀ ਚੌਧਵੀਂ ਬੀਸਵੀਂ ਆਪਣਾ ਪੰਧ ਮੁਕਾਈਆ । ਜਿਸ ਦੇ ਹੁਕਮ ਵਿਚ ਦੀਨਾਂ ਮਜ਼੍ਹਬਾਂ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਰਖੀਆਂ ਪੱਤੀਆਂ, ਹਿੱਸੇਦਾਰ ਮਾਨਵ ਜ਼ਾਤੀ ਅਖਵਾਈਆ । ਜਿਸ ਦੇ ਭਾਣੇ ਵਿਚ ਅਰਜਨ ਧਾਰ ਬੈਠੀ ਲੋਹਾਂ ਤਤੀਆਂ, ਤਤਵ ਤਤ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਨੂਰ ਅਲਾਹੀਆ । ਧਰਨੀ ਕਹੇ ਮੈਂ ਵੀ ਰੈਣ ਸਬਾਈ ਫਿਰੀ ਭੱਜਦੀ, ਭਜਨ ਬੰਦਗੀ ਤਕੀ ਖ਼ਲਕ ਖ਼ੁਦਾਈਆ । ਕਲਜੁਗ ਕੂੜ

ਕੁੜਿਆਰੇ ਮੈਨੂੰ ਹਾਥ ਨਾ ਆਈ ਮੁਹਾਣੇ ਵੰਝ ਦੀ, ਜਲ ਥਲ ਮਹੀਅਲ ਵੇਖ ਵਖਾਈਆ । ਮੈਂ ਲੜਾਈ ਤਕੀ ਤਿਨ੍ਹਾਂ ਅੰਦਰ ਵਿਕਾਰ ਪੰਜ ਦੀ, ਕਾਮ ਕਰੋਧ ਲੋਭ ਮੋਹ ਹੰਕਾਰ ਲੜਦੇ ਥਾਉਂ ਥਾਈਆ । ਦੀਨ ਦੁਨੀ ਦੀ ਆਸ਼ਾ ਤਕੀ ਰੰਜ ਦੀ, ਰੰਜਸ਼ ਵਿਚ ਖ਼ਲਕ ਖ਼ੁਦਾਈਆ । ਸ਼ਾਹ ਸੁਲਤਾਨਾਂ ਵਾਸ਼ਨਾ ਵੇਖੀ ਜੰਗ ਦੀ, ਨਵ ਸੱਤ ਆਪਣਾ ਨੈਣ ਉਠਾਈਆ । ਪਤਾ ਨਹੀਂ ਕੀ ਖੇਲ ਵਰਤਣੀ ਅਗੇ ਸੂਰੇ ਸਰਬਗ ਦੀ, ਕਰਨੀ ਦਾ ਕਰਤਾ ਆਪਣਾ ਹੁਕਮ ਵਰਤਾਈਆ । ਮੇਰੇ ਉਤੇ ਖੇਲ ਹੋਈ ਰੈਣ ਅੰਧੇਰੀ ਅੰਧ ਦੀ, ਸਾਚਾ ਚੰਦ ਨਾ ਕੋਇ ਚਮਕਾਈਆ । ਮੈਨੂੰ ਇਉਂ ਦਿਸਦਾ ਇਕੋ ਧਾਰ ਸ਼ਬਦ ਰਹਿਣੀ ਹੰ ਬ੍ਰਹਮ ਦੀ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਦੀਨ ਦੁਨੀ ਦੀ ਦ੍ਰਿਸ਼ਟੀ ਬਦਲਣੀ ਚੰਮ ਦੀ, ਚੰਮ ਦ੍ਰਿਸ਼ਟੀ ਦਾ ਲੇਖਾ ਦਏ ਚੁਕਾਈਆ । ਸੂਝ ਦੇਣੀ ਆਪਣੇ ਬ੍ਰਹਮ ਦੀ, ਪਾਰਬ੍ਰਹਮ ਪ੍ਰਭ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਖੇਲੇ ਦੀਨ ਦੁਨੀ ਦੇ ਕਰਮ ਦੀ, ਕਰਮ ਕਾਂਡ ਦਾ ਲੇਖਾ ਸਭ ਦੀ ਝੋਲੀ ਪਾਈਆ ।

## ✪ ੨੭ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਪਰਤਾਪ ਸਿੰਘ ਦੇ ਗ੍ਰਹਿ ਦੜ ਜ਼ਿਲਾ ਜੰਮੂ ✪

ਨਾਰਦ ਕਹੇ ਜਨ ਭਗਤੋ ਮੇਰਾ ਕਲਜੁਗ ਨਾਲ ਜੁੱਟ, ਜੋੜੀਦਾਰ ਚੌਥਾ ਜੁਗ ਸੰਗੀ ਨਜ਼ਰੀ ਆਈਆ । ਮੈਂ ਖ਼ੁਸ਼ੀ ਨਾਲ ਝਨਾਂ ਤੇ ਫਿਰਦੇ ਨੂੰ ਫੜ ਲਿਆਂਦਾ ਸੱਜੇ ਗੁਟ, ਬਿਨ ਹੱਥਾਂ ਹੱਥ ਟਿਕਾਈਆ । ਇਹ ਮੁਖੋਂ ਬੋਲਦਾ ਨਹੀਂ ਹੌਲੀ ਹੌਲੀ ਹਲਾਵੇ ਬੁਟ, ਅੰਦਰੇ ਅੰਦਰ ਆਪਣੇ ਢੋਲੇ ਗਾਈਆ । ਮੈਨੂੰ ਇਸ਼ਾਰੇ ਕਰਦਾ ਨਾਰਦਾ ਮੈਂ ਚਾਰੋਂ ਕੁੰਟ ਪਾਉਣੀ ਲੁਟ, ਲੁਟੇਰਾ ਬਣਾਂ ਥਾਉਂ ਥਾਈਆ । ਨਵ ਸੱਤ ਧਰਮ ਦੀ ਜੜ੍ਹ ਦੇਣੀ ਪੁਟ, ਬਿਨ ਪਟਨੇ ਵਾਲੇ ਸਕੇ ਨਾ ਕੋਇ ਬਚਾਈਆ । ਉਮਤ ਉਮਤੀਆਂ ਵੇਖ ਲਉ ਭਾਗ ਗਏ ਨਿਖੁਟ, ਸਦੀ ਚੌਧਵੀਂ ਰੂਪ ਬਦਲਾਈਆ । ਸਿਖ ਮੁਰੀਦ ਗੁਰੂਆਂ ਪੈਗ਼ੰਬਰਾਂ ਨਾਲੋਂ ਗਏ ਟੁਟ, ਟੁੱਟਿਆਂ ਗੰਢ ਨਾ ਕੋਇ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਧੁਰਦਰਗਾਹੀਆ । ਕਲਜੁਗ ਕਹੇ ਭਗਤੋ ਤੁਸੀਂ ਮੇਰਾ ਕਰੋ ਆਗਮਨ, ਖ਼ੁਸ਼ੀਆਂ ਨਾਲ ਢੋਲੇ ਗਾਈਆ । ਮੈਂ ਨਾਰਦ ਦਾ ਫੜ ਕੇ ਆਇਆ ਦਾਮਨ, ਬਿਨ ਪਲੂ ਗੰਢ ਬੰਨਾਈਆ । ਮੇਰੀ ਅੰਤਮ ਵੇਖੋ ਕਾਮਨ, ਕਾਮਨਾ ਤੁਹਾਨੂੰ ਦਿਆਂ ਸਮਝਾਈਆ । ਮੈਂ ਪ੍ਰਵਾਹ ਨਹੀਂ ਕਰਦਾ ਰਾਮਾ ਰਾਮਨ, ਕ੍ਰਿਸ਼ਨਾ ਕਾਹਨਾ ਭੈ ਨਾ ਕੋਇ ਰਖਾਈਆ । ਮੈਂ ਲੇਖਾ ਨਹੀਂ ਜਾਣਦਾ ਪੈਗ਼ੰਬਰਾਂ ਵਾਲੀ ਕਲਾਮਨ, ਕਲਮਾ ਕਾਇਨਾਤ ਨਾ ਕੋਇ ਵਡਿਆਈਆ । ਮੈਨੂੰ ਡਰ ਨਹੀਂ ਰਿਹਾ ਸਤਿਨਾਮਨ, ਸਤਿ ਵਿਚ ਨਜ਼ਰ ਕੋਇ ਨਾ ਆਈਆ । ਮੇਰਾ ਲੇਖਾ ਲਹਿਣਾ ਦੇਣਾ ਕਿਸ ਬਿਧ ਹੋਇਆ ਨਾਲ ਬ੍ਰਾਹਮਣ, ਬ੍ਰਹਮਣ ਕੀ ਜਣਾਈਆ । ਸਾਡਾ ਸਨਮੁਖ ਆਹਮਣੇ ਸਾਹਮਣੇ, ਪਿਠ ਸਕੇ ਨਾ ਕੋਇ ਬਦਲਾਈਆ । ਬਿਨ ਅੱਖੀਆਂ ਹੋਵੇ ਚਾਨਣ, ਬਿਨ ਨੈਣਾਂ ਨੈਣ ਰੁਸ਼ਨਾਈਆ । ਕੀ ਹੁਕਮ ਸੰਦੇਸ਼ਾ ਦੇਵੇ ਸ੍ਰੀ ਭਗਵਾਨਨ, ਭਗਵਨ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਕਲਜੁਗ ਕਹੇ ਭਗਤੋ ਤੁਸੀਂ ਮੇਰਾ ਕਰੋ ਸ਼ੁਕਰਾਨਾ, ਸ਼ੁਕਰੀਏ ਵਿਚ ਢੋਲੇ ਗਾਈਆ । ਮੈਂ ਤੁਹਾਡਾ

੧੧੬੮
੨੪

ਦਰਸ਼ਨ ਪਾਣਾ, ਪਾ ਪਾ ਖ਼ੁਸ਼ੀ ਬਣਾਈਆ । ਕਿਉਂ ਤੁਹਾਡਾ ਪ੍ਰਭ ਦੇ ਨਾਲ ਯਰਾਨਾ, ਯਾਰੀ ਸਕੇ ਨਾ ਕੋਇ ਤੁੜਾਈਆ । ਤੁਹਾਡਾ ਮਾਲਕ ਇਕ ਸ੍ਰੀ ਭਗਵਾਨਾ, ਦੂਜਾ ਇਸ਼ਟ ਨਜ਼ਰ ਕੋਇ ਨਾ ਆਈਆ । ਤੁਹਾਡਾ ਸਭ ਦਾ ਇਕੋ ਗਾਣਾ, ਤੂੰ ਮੇਰਾ ਮੈਂ ਤੇਰਾ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਤੁਹਾਡਾ ਇਕੋ ਮੰਦਰ ਮਕਾਨਾ, ਭਗਤ ਦੁਆਰਾ ਸੋਭਾ ਪਾਈਆ । ਤੁਹਾਡਾ ਇਕੋ ਧਰਮ ਨਿਸ਼ਾਨਾ, ਸੱਤਾਂ ਦੀਪਾਂ ਸਤਿ ਜੋਤ ਕਰੇ ਰੁਸ਼ਨਾਈਆ । ਤੁਹਾਡਾ ਇਕੋ ਇਸ਼ਟ ਮਹਾਨਾ, ਇਸ਼ਟ ਦੇਵ ਸੁਆਮੀ ਇਕੋ ਸੋਭਾ ਪਾਈਆ । ਤੁਹਾਡਾ ਇਕੋ ਤੁਰੀਆ ਤੋਂ ਬਾਹਰ ਤਰਾਨਾ, ਤ੍ਰੈਗੁਣ ਅਤੀਤਾ ਮਿਲ ਕੇ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਕਲਜੁਗ ਕਹੇ ਜਨ ਭਗਤੋ ਹੁਣ ਉਡੀਕਾਂ ਕਾਹਦੀਆਂ, ਕ਼ੁਦਰਤ ਕ਼ਾਦਰ ਖੇਲ ਖਿਲਾਈਆ । ਜੁਗ ਬਦਲਣਾ ਜਿਸ ਦੀਆਂ ਵਾਦੀਆਂ, ਵਾਅਦੇ ਸਭ ਦੇ ਵੇਖ ਵਖਾਈਆ । ਮੇਰੀਆਂ ਉਜੜਨ ਵਾਲੀਆਂ ਆਬਾਦੀਆਂ, ਆਬਾਦਕਾਰ ਰਹਿਣ ਕੋਇ ਨਾ ਪਾਈਆ । ਪੋਤਰੇ ਕੁੱਛੜ ਚੁਕਣੇ ਮਿਲਣੇ ਨਹੀਂ ਦਾਦੀਆਂ, ਪਿਤਾ ਪੂਤ ਹੋਵੇ ਜੁਦਾਈਆ । ਮਾਂ ਪੁਤ ਲਡਾ ਸਕੇ ਨਾ ਲਾਡੀਆਂ, ਗੋਦੀ ਗੋਦ ਨਾ ਕੋਇ ਵਡਿਆਈਆ । ਰਾਗ ਗਾਉਣੇ ਮਿਲਣੇ ਨਹੀਂ ਢਾਡੀਆਂ, ਸੁਰੰਗੇ ਕੰਮ ਕਿਸੇ ਨਾ ਆਈਆ । ਰਾਹ ਲਭਣੇ ਨਹੀਂ ਗਾਡੀਆਂ, ਗਾਡ ਆਪਣਾ ਹੁਕਮ ਵਰਤਾਈਆ । ਝਨਾਂ ਦੇ ਆਸ ਪਾਸ ਰੁਲਣੀਆਂ ਹਾਡੀਆਂ, ਗੰਗਾ ਗੰਗੋਤਰੀ ਵੇਖੇ ਨੈਣ ਉਠਾਈਆ । ਜਿਸ ਦਾ ਇਸ਼ਾਰਾ ਦਿਤਾ ਹਜ਼ਰਤ ਈਸਾ ਵੀਹਵੀਂ ਸਦੀ ਕੀ ਹਾਲਤ ਹੋਣੀ ਬਾਡੀਆਂ, ਬਿਨਾ ਲਕੜੀ ਵੁਡਨ ਤੋਂ ਸੜੇ ਖ਼ਲਕ ਖ਼ੁਦਾਈਆ । ਸਭ ਨੇ ਲਹਿਣੇ ਦੇਣੇ ਦੇਣੇ ਜਿਨ੍ਹਾਂ ਨੇ ਸੂਰਾਂ ਨਾਲ ਗਊਆਂ ਖਾਧੀਆਂ, ਬਚਿਆ ਰਹਿਣ ਕੋਇ ਨਾ ਪਾਈਆ । ਕਲਜੁਗ ਜੀਵਾਂ ਕਲਜੁਗ ਕਹੇ ਮੈਂ ਤਕਣ ਵਾਲਾ ਉਪਾਧੀਆਂ, ਜੋ ਮਿਲ ਕੇ ਕੀਤੀਆਂ ਚਾਈਂ ਚਾਈਂਆ । ਮੰਦਰ ਮਸਜਿਦ ਸ਼ਿਵਦਵਾਲੇ ਮਠਾਂ ਚਰਚਾਂ ਵਿਚ ਹੋਣੀਆਂ ਨਹੀਂ ਕਿਸੇ ਦੀਆਂ ਸ਼ਾਦੀਆਂ, ਚਰਾਗਾਹਾਂ ਵਿਚ ਫਿਰੇ ਖ਼ਲਕ ਖ਼ੁਦਾਈਆ । ਲਾਗ ਲੈਣੇ ਨਹੀਂ ਕਿਸੇ ਲਾਗੀਆਂ, ਲਗ ਮਾਤਰ ਦਾ ਡੇਰਾ ਢਾਈਆ । ਇਸ਼ਟ ਰਹਿਣਾ ਨਹੀਂ ਹਕ਼ੀਕ਼ੀ ਮਜਾਜੀਆਂ, ਮਜ਼ਾ ਸਭ ਨੂੰ ਦੇਵੇ ਚਖਾਈਆ । ਤਸਬੀਆਂ ਹੱਥ ਨਹੀਂ ਰਹਿਣੀਆਂ ਕ਼ਾਜ਼ੀਆਂ, ਕਲਮਾ ਕਾਇਨਾਤ ਨਾ ਕੋਇ ਵਡਿਆਈਆ । ਸਿਰ ਝੁਕਣੇ ਨਹੀਂ ਸਯਦੇ ਵਿਚ ਨਿਮਾਜ਼ੀਆਂ, ਰੋਜ਼ੇ ਵੰਡ ਨਾ ਕੋਇ ਵੰਡਾਈਆ । ਕਲਜੁਗ ਕਹੇ ਜਨ ਭਗਤੋ ਮੇਰਾ ਜ਼ੋਰ ਨਹੀਂ ਕੋਲ ਪੰਜਾਬੀਆਂ, ਜਿਨ੍ਹਾਂ ਦਾ ਮਾਲਕ ਧੁਰਦਰਗਾਹੀਆ । ਮੈਂ ਨਿਉਂ ਨਿਉਂ ਕਰਾਂ ਆਦਾਬੀਆਂ, ਝੁਕ ਝੁਕ ਲਾਗਾਂ ਪਾਈਆ । ਦੀਨ ਦੁਨੀ ਦਾ ਮੇਲ ਹੋਣ ਨਹੀਂ ਦੇਣਾ ਦੇਵਰਾਂ ਨਾਲ ਭਾਬੀਆਂ, ਭੈਣ ਭਈਆ ਨਜ਼ਰ ਕੋਇ ਨਾ ਆਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਕਲਜੁਗ ਕਹੇ ਮੇਰੇ ਹੱਥ ਫੜਾਈਆਂ ਚਾਬੀਆਂ, ਰਾਏ ਧਰਮ ਨਾਲ ਮਿਲਕੇ ਦੋਜ਼ਖ਼ਾਂ ਦੇ ਬੂਹੇ ਦੇਣੇ ਖੁਲ੍ਹਾਈਆ । ਪਰ ਇਹ ਖੇਲ ਉਦੋਂ ਸ਼ੁਰੂ ਹੋਣਾ ਜਦੋਂ ਜਗਤ ਕਿਰਸਾਣਾ ਪਾਉਣੀਆਂ ਵਾਢੀਆਂ, ਕਲਜੁਗ ਕਹੇ ਮੇਰੀ ਫ਼ਸਲ ਮਾਨਵ ਜ਼ਾਤੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਸ਼ਬਦ ਸੁਣਾਏ ਨਾਦ ਅਨਾਦੀਆ, ਅਨਹਦ ਅਨਾਹਤ ਆਪਣਾ ਹੁਕਮ ਦ੍ਰਿੜਾਈਆ ।

੧੧੬੯
੨੪

## ੨੭ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਹਯਾਤ ਮੁਹੰਮਦ ਦੇ ਗ੍ਰਿਹ ਪਿੰਡ ਸਰੋਟ ਤਹਿਸੀਲ ਅਖਨੂਰ ਜ਼ਿਲਾ ਜੰਮੂ

ਜ਼ਮੀਨ ਖ਼ਾਕੀ ਕਹੇ ਮੇਰਾ ਮਾਲਕ ਇਕ ਖ਼ੁਦਾ, ਨੂਰ ਨੁਰਾਨਾ ਸ਼ਾਹ ਸੁਲਤਾਨਾ ਨੂਰ ਅਲਾਹੀਆ । ਜੋ ਆਦਿ ਜੁਗਾਦਿ ਨਾ ਹੋਏ ਜੁਦਾ, ਜੁਜ਼ ਵਖਰਾ ਵੰਡ ਨਾ ਕੋਇ ਵੰਡਾਈਆ । ਮੈਂ ਉਸ ਦੇ ਕ਼ਦਮਾਂ ਹੋਵਾਂ ਫ਼ਿਦਾ, ਫ਼ਿਤਰਤ ਓਸੇ ਦੀ ਝੋਲੀ ਪਾਈਆ । ਜਿਸ ਨੇ ਕੂੜ ਕਿਰਿਆ ਕਾਇਨਾਤ ਵਿਚੋਂ ਕਰਨੀ ਅਲਵਿਦਾ, ਮਾਰਗ ਰਸਤਾ ਅਗਲਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੇਰਾ ਨੂਰ ਨੁਰਾਨਾ ਇਕ ਮਲਾਹ, ਖੇਵਟ ਖੇਟਾ ਇਕ ਅਖਵਾਈਆ । ਜੋ ਵਸਣਹਾਰਾ ਸਚ ਦਰਗਾਹ, ਮੁਕ਼ਾਮੇ ਹਕ ਸੋਭਾ ਪਾਈਆ । ਜਿਸ ਨੂੰ ਸਾਰੇ ਕਹਿਣ ਨੂਰ ਅਲਾਹ, ਆਲਮੀਨ ਇਕ ਅਖਵਾਈਆ । ਮੈਂ ਉਸ ਨੂੰ ਬਿਨਾ ਸਯਦਿਆਂ ਸਿਰ ਦੇਵਾਂ ਝੁਕਾ, ਕ਼ਦਮਬੋਸੀ ਕਰਕੇ ਆਪਣੀ ਖ਼ੁਸ਼ੀ ਬਣਾਈਆ । ਮੇਰੀ ਕ਼ਬੂਲ ਕਰੇ ਦੁਆ, ਮਨਜ਼ੂਰੀ ਆਪਣੇ ਹੱਥ ਵਖਾਈਆ । ਮੇਰੇ ਉਤੇ ਪਰਗਟ ਕਰੇ ਅਲਲ ਸੁਬਹ, ਸ਼ਬ ਦਾ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਮੇਰਾ ਮਾਲਕ ਖ਼ਾਲਕ ਇਕ ਕ਼ਦੀਮ, ਕ਼ੁਦਰਤ ਕ਼ਾਦਰ ਇਕ ਅਖਵਾਈਆ । ਜੋ ਵਸਣਹਾਰਾ ਦਰਗਾਹ ਸਾਚੀ ਆਲੀਸ਼ਾਨ ਅਜ਼ੀਮ, ਸਚ ਦੁਆਰੇ ਸੋਭਾ ਪਾਈਆ । ਜਿਸ ਦੀ ਸਚ ਮੁਹੱਬਤ ਵਾਲੀ ਤਾਲੀਮ, ਤਹਿਜ਼ੀਬ ਆਪਣੀ ਦਏ ਸਮਝਾਈਆ । ਓਹ ਦੇਵਣਹਾਰਾ ਆਪ ਤਨਜ਼ੀਮ, ਤਰੀਕਾ ਆਪਣੇ ਹੱਥ ਰਖਾਈਆ । ਨਿਗਾਹ ਮਾਰੇ ਉਤੇ ਜ਼ਮੀਨ, ਜ਼ਮੀਂ ਜ਼ਮਾਂ ਵੇਖ ਵਖਾਈਆ । ਮੈਂ ਸ਼ੁਕਰਾਨੇ ਵਿਚ ਕਹਾਂ ਯਾਮਬੀਨ, ਮਿਹਰਵਾਨ ਮੇਰੇ ਨੂਰ ਖ਼ੁਦਾਈਆ । ਜਿਸ ਦੇ ਹੁਕਮ ਵਿਚ ਸਾਰੇ ਅਧੀਨ, ਸਿਰ ਸਰ ਸਕੇ ਨਾ ਕੋਇ ਉਠਾਈਆ । ਮੇਰੇ ਕੋਲ ਓਸ ਦੀ ਗੋਈਪੇਸ਼ੀਨ, ਪੇਸ਼ਤਰ ਹਜ਼ਰਤ ਗਿਆ ਸੁਣਾਈਆ । ਜਿਸ ਦਾ ਇਕੋ ਕ਼ਾਇਦਾ ਇਕੋ ਕੁਵਾਨੀਨ, ਕ਼ਾਨੂੰਨ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਮੇਰੀ ਦੁਆਏ ਜ਼ਵੀ ਅਰਸ਼ੇ ਮਜ਼ੂ ਖ਼ਵਜ਼ਨੇ ਜ਼ਵਿਦ ਜਮੰਬਾਏ ਮਜ਼ੂ ਜ਼ਖਮਲ ਜ਼ਵੀਉਲ ਜਕੁਸਤਾਏ ਖ਼ੁਦਾ ਖ਼ੁਦ ਮਾਲਕ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਹਜ਼ਰਤੇ ਨਵੀ ਜ਼ਿਲੀਉਲ ਗੋਸ਼ੇ ਕੰਮਬਾਜ਼ੀ ਜ਼ਵੂਲ ਜਮਿਸਤੇ ਮਵੀ ਹਜ਼ਰਤੇ ਨਬੀ ਨਸੂਲੇ ਮਵਲ ਜ਼ੂਏ ਜੰਗਮਮ ਮਵਿਸਤੀ ਫ਼ਰਸ਼ੇ ਜਗਾਏ ਅਰਸ਼ੇ ਦੁਆ ਦਸਤੇ ਜਖ਼ਮਮ ਦਨਿਲੂ ਨਲੀਲੂ ਮੇਰੇ ਵਜੰਜ਼ੀ ਮਹੁਵ ਮਹੁਸਲ ਮਜ਼ਹਫ਼ਤਾਏ ਜ਼ਊ ਰਸਤੂ ਜਖ਼ਮਮ ਮਵਿਸਤੀ ਨਵਿਸਤੀ ਅਜ਼ੀਮੇ ਅਜ਼ਾ ਮੇਰੇ ਰਹਿਨੁਮਾ ਰਹਿਬਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਮੇਰਾ ਮਾਲਕ ਇਕ ਇਕੱਲਾ, ਅਕਲ ਕਲਧਾਰੀ ਇਕ ਅਖਵਾਈਆ । ਜੋ ਵਸੇ ਦਰਗਾਹ ਸਾਚੀ ਸਚ ਮਹਲਾ, ਸਚਖੰਡ ਸਾਚੇ ਸੋਭਾ ਪਾਈਆ । ਜਿਸ ਨੇ ਨਾਮ ਕਲਮਾ ਕਾਇਨਾਤ ਘੱਲਾ, ਪੈਗ਼ਾਮ ਸੰਦੇਸ਼ਾ ਦੇਵੇ ਧੁਰਦਰਗਾਹੀਆ । ਉਹ ਅੰਤ ਕੰਤ ਭਗਵੰਤ ਨੂਰ ਅਲਾਹੀ ਹੋ ਕੇ ਫੜੇ ਪੱਲਾ, ਪੱਲੂ ਆਪਣੀ ਗੰਢ ਬੰਧਾਈਆ । ਉਹ ਵੇਖਣਹਾਰਾ ਜਲਾਂ ਥਲਾਂ, ਸਮੁੰਦ ਸਾਗਰਾਂ ਟਿੱਲੇ ਪਰਬਤਾਂ ਪਹਾੜ ਚੋਟੀਆਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਮੇਰਾ ਮਾਲਕ ਇਕ ਮਹਿਬੂਬ, ਮਹਿਬਾਨ ਬੀਦੋ ਨੂਰ ਅਲਾਹੀਆ । ਜੋ ਵਸੇ ਸਤਿ
ਸਚ ਅਰੂਜ, ਦਰਗਾਹ ਸਾਚੀ ਸੋਭਾ ਪਾਈਆ । ਜੋ ਸਭ ਨੂੰ ਰਖੇ ਮਹਿਫੂਜ਼, ਵੇਖਣਹਾਰਾ ਥਾਉਂ ਥਾਈਆ । ਜੋ ਜਾਨਣਹਾਰਾ ਕਾਇਆ ਕਲਬੂਤ,
ਤਨ ਵਜੂਦਾਂ ਪਰਦੇ ਆਪ ਉਠਾਈਆ । ਜੋ ਲਹਿਣੇ ਦੇਣੇ ਪੂਰੇ ਕਰੇ ਖ਼ਾਨਿਆਂ ਬੁਤ, ਬੁਤਖ਼ਾਨੇ ਵੇਖ ਵਖਾਈਆ । ਜੋ ਆਪਣੀ ਸੋਹਣੀ ਕਰੇ ਰੁਤ,
ਰੁਤੜੀ ਆਪਣੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ
ਕਮਾਈਆ । ਧਰਨੀ ਕਹੇ ਪਰਵਰਦਿਗਾਰ ਸਾਂਝਾ ਯਾਰ ਮੁਰੀਦਾਂ ਦੇਵੇ ਸਚ ਤਮੀਜ਼, ਪਰਦਾ ਪਰਦਿਆਂ ਵਿਚੋਂ ਉਠਾਈਆ । ਜ਼ਿੰਦਗੀ ਹਯਾਤੀ ਵਿਚੋਂ
ਜਿਸ ਬਿਧ ਹਯਾਤ ਬਣਾਇਆ ਆਪਣਾ ਅਜ਼ੀਜ਼, ਅਜ਼ਲ ਦਾ ਲੇਖਾ ਦਿਤਾ ਮੁਕਾਈਆ । ਨੂਰ ਨੁਰਾਨਾ ਪੂਰੀ ਕਰੇ ਰੀਝ, ਬਿਨ ਨੈਣਾਂ ਨੇਤਰ ਆਪਣਾ
ਨੂਰ ਕਰ ਰੁਸ਼ਨਾਈਆ । ਜਿਸ ਨਾਲ ਰੂਹ ਬੁਤ ਦੋਵੇਂ ਜਾਣ ਪਤੀਜ, ਮੇਲਾ ਹੋਵੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰਾ ਸੁਹੰਜਣਾ ਹੋਵੇ ਮਹਿਰਾਬਾ, ਮਹਿਬੂਬ ਮਿਲੇ ਨੂਰ
ਅਲਾਹੀਆ । ਜੋ ਲੇਖਾ ਮੁਕਾਏ ਦੋ ਦੋ ਆਬਾ, ਦੋਹਰੀ ਆਪਣੀ ਕਲ ਵਰਤਾਈਆ । ਜੋ ਆਸ਼ਾ ਪੂਰੀ ਕਰੇ ਚੰਨਆਬਾ, ਚਨਾਬ ਆਪਣੀ ਖ਼ੁਸ਼ੀ
ਬਣਾਈਆ । ਜਿਸ ਨੇ ਸਭ ਦਾ ਵੇਖਣਾ ਪੁੰਨ ਸੁਆਬਾ, ਲੇਖਾ ਜਾਣੇ ਥਾਉਂ ਥਾਈਆਂ । ਓਸ ਦਾ ਭਰਮ ਭੁਲੇਖਾ ਕਾਹਦਾ, ਭਾਂਡਾ ਭਰਮ ਭੌ
੧੧੭੦ ਭੰਨਾਈਆ । ਜਿਸ ਦਾ ਪੈਗ਼ੰਬਰਾਂ ਨਾਲ ਮੁਆਇਦਾ, ਕੌਲ ਇਕਰਾਰ ਤੋੜ ਨਿਭਾਈਆ । ਬਿਨਾ ਸੂਫ਼ੀਆਂ ਭਗਤਾਂ ਤੋਂ ਕੋਈ ਲੈ ਸਕੇ ਨਾ ਫ਼ਾਇਦਾ, ੧੧੭੦
੨੪ ਨੁਕ਼ਸਾਨ ਵਿਚ ਖ਼ਲਕ ਖ਼ੁਦਾਈਆ । ਓਸ ਦਾ ਕਿਸੇ ਨਾ ਆਵੇ ਜਾਇਜ਼ਾ, ਅੰਤ ਕਹਿਣ ਕਿਛ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ੨੪
ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਕਮਾਵੇ ਰਹਿਮਤ, ਰਹੀਮ
ਰਹਿਮਾਨ ਦਇਆ ਕਮਾਈਆ । ਮੇਰੇ ਨਾਲ ਹੋਵੇ ਸਹਿਮਤ, ਮੇਰੀ ਆਸ਼ਾ ਪੂਰ ਕਰਾਈਆ । ਜਿਸ ਝਗੜਾ ਮੇਟਣਾ ਧੋਤੀ ਤਹਿਮਤ, ਇਕੋ ਰੰਗ
ਦਏ ਰੰਗਾਈਆ । ਮੇਰੀ ਲੇਖੇ ਲਾਵੇ ਮਿਹਨਤ, ਸਦੀ ਸਦੀਵੀ ਜੋ ਬੈਠੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਮੈਂ ਸਯਦਾ ਕਰਾਂ ਸਹੀ ਸਲਾਮਤ, ਧੁਰਦਰਗਾਹੀ ਸੀਸ ਨਿਵਾਈਆ ।
ਜਿਸ ਦੀ ਉਮਤ ਮੇਰੀ ਨਿਆਮਤ, ਅਮਾਨਤ ਆਪਣੇ ਉਤੇ ਰਖਾਈਆ । ਜਿਸ ਦੀ ਕਲਮਾ ਦੇ ਕੇ ਗਿਆ ਜ਼ਮਾਨਤ, ਸ਼ਹਾਦਤ ਰਸੂਲਾਂ ਵਾਲੀ ਪਾਈਆ ।
ਉਸ ਦਾ ਲਹਿਣਾ ਦੇਣਾ ਧੁਰ ਦੇ ਹੁਕਮ ਦਾ ਜਾਣ ਸਕੇ ਨਾ ਕੋਇ ਅਣਜਾਣਤ, ਅਕਲ ਬੁੱਧੀ ਨਾ ਕੋਇ ਚਤੁਰਾਈਆ । ਪਤਾ ਨਹੀਂ ਕਿਸ ਬਿਧ
ਆਪਣੀ ਲਿਆਵੇ ਕ਼ਿਆਮਤ, ਕ਼ਾਇਮ ਮੁਕ਼ਾਮ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ
ਹਰਿ, ਸਚ ਦਾ ਮਾਲਕ ਇਕ ਅਖਵਾਈਆ । ਕ਼ਿਆਮਤ ਕਹੇ ਮੇਰਾ ਲਹਿਣਾ ਦੇਣਾ ਲੇਖਾ ਨਾਲ ਰੋਜ਼ੇ ਹਸ਼ਰ, ਭੇਵ ਅਭੇਦਾ ਦਿਆਂ ਖੁਲ੍ਹਾਈਆ ।
ਮੈਂ ਖ਼ੁਸ਼ੀਆਂ ਨਾਲ ਆਪਣਾ ਵਕ਼ਤ ਕੀਤਾ ਬਸਰ, ਬਸ਼ਰਤੇ ਆਪਣਾ ਪਰਦਾ ਦਿਆਂ ਉਠਾਈਆ । ਪਤਾ ਨਹੀਂ ਕੀ ਦੀਨ ਦੁਨੀ ਦਾ ਹੋਣਾ ਹਸ਼ਰ, ਹਾਸਲ
ਜ਼ਰਬ ਨਜ਼ਰ ਕਿਛ ਨਾ ਆਈਆ । ਕਿਸ ਬਿਧ ਲਹਿਣਾ ਦੇਣਾ ਮੁਕਣਾ ਨਾਲ ਇਸ਼ਾਰੀਏ ਕਸਰ, ਕਸਰ ਇਸ਼ਾਰੀਏ ਨਾਲ ਉਡਾਈਆ । ਧੁਰ ਦੇ

ਹੁਕਮ ਦਾ ਮੇਰਾ ਹੋਣਾ ਜਸ਼ਨ, ਖ਼ੁਸ਼ੀਆਂ ਢੋਲੇ ਗਾਈਆ । ਜਿਸ ਕਾਰਨ ਸ਼ਹਾਦਤ ਹੋਈ ਹੁਸੈਨ ਹਸਨ, ਅਬਾਸ ਦਏ ਗਵਾਹੀਆ । ਫ਼ਰਿਸ਼ਤੇ ਆਪਣੀ ਧਾਰ ਨੱਸਣ, ਭੱਜਣ ਵਾਹੋ ਦਾਹੀਆ । ਚੰਦ ਸਿਤਾਰ ਮਿਲ ਮਿਲ ਹਸਣ, ਨਿਸ਼ਾਨਾ ਉਮਤੀ ਉਮਤ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਮੇਰੇ ਮਾਲਕ ਹੱਥ ਆਪਣੀ ਤਦਬੀਰ, ਤਰੀਕਾ ਸਮਝ ਕੋਇ ਨਾ ਪਾਈਆ । ਚਾਰ ਜੁਗ ਦੇ ਸ਼ਾਸਤਰ ਜੋ ਕਰਕੇ ਗਏ ਤਹਿਰੀਰ, ਅੱਖਰ ਅੱਖਰਾਂ ਨਾਲ ਮਿਲਾਈਆ । ਨਾਮ ਕਲਮਿਆਂ ਵਿਚ ਹੋਈ ਤਕਰੀਰ, ਰਸਨਾ ਜਿਹਵਾ ਢੋਲੇ ਸਿਫ਼ਤ ਸਲਾਹੀਆ । ਕਿਸ ਬਿਧ ਸਦੀ ਚੌਧਵੀਂ ਹੋਣਾ ਅੰਤ ਅਖ਼ੀਰ, ਆਖ਼ਰ ਹੁਕਮ ਵਰਤੇ ਧੁਰਦਰਗਾਹੀਆ । ਜੋ ਵਾਹਿਦ ਬੇਨਜ਼ੀਰ, ਨਜ਼ਰ ਵਿਚ ਕਿਸੇ ਨਾ ਆਈਆ । ਜਿਸ ਦੀ ਖਿਚ ਸਕੇ ਨਾ ਕੋਇ ਤਸਵੀਰ, ਤਸੱਵਰ ਕਰ ਮੁਸੱਵਰ ਸਕੇ ਨਾ ਕੋਇ ਸਮਝਾਈਆ । ਓਹ ਪਰਵਰਦਿਗਾਰ ਪੀਰਾਂ ਦਾ ਪੀਰ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਸ਼ਰਅ ਤੋੜਨੇ ਜ਼ੰਜੀਰ, ਰਸਤਾ ਰਹਿਬਰ ਇਕੋ ਇਕ ਵਖਾਈਆ । ਜਿਸ ਦਾ ਆਬੇਹਯਾਤ ਅੰਮ੍ਰਿਤ ਰਸ ਹੋਣਾ ਸੀਰ, ਸੁਰਤੀ ਸ਼ਬਦ ਨਾਲ ਜੁੜਾਈਆ । ਉਹ ਇਕੋ ਰੰਗ ਰੰਗਾਏ ਸ਼ਾਹ ਹਕੀਰ, ਗ਼ਰੀਬ ਨਿਮਾਣਿਆਂ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਸਤਿ ਸਚ ਈਮਾਨ ਕਰੇ ਤਾਮੀਰ, ਕਾਮਲ ਮੁਰਸ਼ਦ ਹੋ ਕੇ ਵੇਖੇ ਚਾਈਂ ਚਾਈਂਆ ।



## ੨੮ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਭਗਤ ਸਿੰਘ ਦੇ ਗ੍ਰਹਿ ਪਿੰਡ ਕੀਰ ਜ਼ਿਲਾ ਜੰਮੂ

ਧਰਨੀ ਕਹੇ ਮੇਰੇ ਕੋਲ ਭਵਿਖਤਾਂ ਦਾ ਖਰੜਾ, ਜਿਸ ਦੀ ਗਿਣਤੀ ਗਣਤ ਨਾ ਕੋਇ ਗਿਣਾਈਆ । ਜਿਸ ਦਾ ਇਸ਼ਾਰਾ ਦਿਤਾ ਵੇਦ ਵਿਆਸ ਵਿਚ ਪੁਰਾਣ ਗਰੜਾ, ਅੱਖਰ ਅੱਖਰਾਂ ਨਾਲ ਅਲਾਈਆ । ਕਲਜੁਗ ਕੂੜ ਕੁੜਿਆਰ ਦਾ ਸਮਾਂ ਆਉਣਾ ਕਰੜਾ, ਦੀਨ ਦੁਨੀ ਚਲੇ ਨਾ ਕੋਇ ਚਤੁਰਾਈਆ । ਸ੍ਰਿਸ਼ਟੀ ਪੂਜੇ ਕ਼ਬਰਾਂ ਮਰੜਾਂ, ਮਸਾਣਾ ਸੀਸ ਨਿਵਾਈਆ । ਦੀਨ ਮਜ਼੍ਹਬ ਹੋਣਾ ਝਗੜਾ, ਸ਼ਰਅ ਸ਼ਰਅ ਨਾਲ ਟਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਮੇਰੇ ਉਤੇ ਸਪਤਸ ਰਿਖੀਆਂ ਦੱਸੀਆਂ ਸਾਖੀਆਂ, ਸੁਖ਼ਨ ਬਿਨਾ ਰਸਨਾ ਜੇਹਵਾ ਬੋਲ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਖੇਲੇ ਖੇਲ ਅਲਖਣਾ ਅਲਾਖੀਆ, ਅਲਖ ਅਗੋਚਰ ਬੇਪਰਵਾਹੀਆ । ਜਿਸ ਨੂੰ ਸਭ ਨੇ ਕਹਿਣਾ ਪੁਰਖ ਸਮਰਾਥੀਆ, ਹਰਿ ਕਰਤਾ ਧੁਰਦਰਗਾਹੀਆ । ਉਹ ਲੇਖਾ ਜਾਣੇ ਅਨਾਥ ਅਨਾਥੀਆ, ਗ਼ਰੀਬ ਨਿਮਾਣਿਆਂ ਵੇਖ ਵਖਾਈਆ । ਸਭ ਦਾ ਲਹਿਣਾ ਦੇਣਾ ਚੁਕਾਏ ਮਸਤਕ ਮਾਥੀਆ, ਪੂਰਬ ਵੇਖੇ ਚਾਈਂ ਚਾਈਂਆ । ਨਿਰਗੁਣ ਜੋਤ ਪ੍ਰਕਾਸ਼ ਕਰੇ ਜੋਤ ਲਲਾਟੀਆ, ਨੂਰ ਨੁਰਾਨਾ ਡਗਮਗਾਈਆ । ਕਲਜੁਗ ਅੰਤਮ ਮੇਟੇ ਵਾਟੀਆ, ਪੈਂਡਾ ਪੰਧ ਰਹੇ ਨਾ ਰਾਈਆ । ਸਾਡੀ ਇਕੋ ਆਵਾਜ਼ ਸਾਤਾ ਸਾਤੀਆ, ਸਹਿਜ ਸਹਿਜ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਝਗੜਾ ਮੇਟਣਾ ਜ਼ਾਤੀ ਹਮਜ਼ਾਤੀਆ, ਅਜਾਤੀ ਆਪਣਾ ਹੁਕਮ ਵਰਤਾਈਆ । ਧਰਨੀ ਕਹੇ ਮੈਨੂੰ ਇਸ਼ਾਰਾ ਦਿਤਾ ਅਗੰਮੀ ਰਾਮ, ਰਾਮ ਬੇਟਾ ਦਸਰਥ ਨਾਲ ਮਿਲਾਈਆ । ਉਠ ਨਿਗਾਹ

ਮਾਰ ਤਮਾਮ, ਤਮਅ ਲਾਲਚ ਨਾ ਕੋਇ ਰਖਾਈਆ । ਤਨ ਵਜੂਦ ਵੇਖ ਮਾਟੀ ਚਾਮ, ਪੰਜਾਂ ਤਤਾਂ ਧਿਆਨ ਰਖਾਈਆ । ਕਿਸ ਬਿਧ ਸ਼ਰਅ ਦੇ ਹੋਣੇ ਗ਼ੁਲਾਮ, ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਨਾਮ ਕਲਮਾ ਬਣੇ ਇਸਲਾਮ, ਇਸਮ ਆਜ਼ਮ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਮੈਨੂੰ ਕਾਹਨ ਨੇ ਮਾਰੀਆਂ ਕਾਨੀਆਂ, ਅਣਿਆਲਾ ਤੀਰ ਚਲਾਈਆ । ਅਗੰਮੀ ਸੁਣਾਈਆਂ ਬਾਣੀਆਂ, ਬਿਨ ਅੱਖਰਾਂ ਅੱਖਰ ਪੜ੍ਹਾਈਆ । ਕਲਜੁਗ ਦੱਸੀਆਂ ਅੰਤ ਨਿਸ਼ਾਨੀਆਂ, ਨਿਸ਼ਾਨਾ ਦੀਨ ਦੁਨੀ ਸਮਝਾਈਆ । ਮੰਜ਼ਲਾਂ ਰਹਿਣੀਆਂ ਨਹੀਂ ਰੁਹਾਨੀਆਂ, ਮੁਹੱਬਤ ਵਿਚ ਨਾ ਕੋਇ ਸਮਾਈਆ । ਆਤਮਾ ਹੋਣੀਆਂ ਬੇਗਾਨੀਆਂ, ਪਰਮਾਤਮ ਰੰਗ ਨਾ ਕੋਇ ਰੰਗਾਈਆ । ਗ੍ਰੰਥ ਸ਼ਾਸਤਰ ਬਣ ਜਾਣੇ ਦੀਨ ਦੁਨੀ ਦੀਆਂ ਕਹਾਣੀਆਂ, ਹਿਰਦੇ ਹਰਿ ਨਾ ਕੋਇ ਵਸਾਈਆ । ਦਰੋਹੀ ਫਿਰਨੀ ਚਾਰੇ ਖਾਣੀਆਂ, ਅੰਡਜ ਜੇਰਜ ਉਤਭੁਜ ਸੇਤਜ ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਆਪਣਾ ਹੁਕਮ ਵਰਤਾਈਆ । ਧਰਨੀ ਕਹੇ ਮੈਨੂੰ ਪੈਗ਼ੰਬਰਾਂ ਕੀਤੇ ਇਸ਼ਾਰੇ, ਹਜ਼ਰਤ ਹਜ਼ਰਤਾਂ ਸੰਗ ਸੰਗ ਬਣਾਈਆ । ਕੀ ਹੁਕਮ ਵਰਤਣੇ ਪਰਵਰਦਿਗਾਰੇ, ਪੈਗ਼ਾਮ ਦਿਤੇ ਥਾਉਂ ਥਾਈਂਆ । ਸਦੀ ਬੀਸਵੀਂ ਚੌਧਵੀਂ ਤਕਣੇ ਨਜ਼ਾਰੇ, ਨਜ਼ਰੀਆ ਆਪਣਾ ਇਕ ਬਣਾਈਆ । ਦੀਨ ਦੁਨੀ ਦੀ ਨਈਆ ਪੁਜਣੀ ਅੰਤ ਕਿਨਾਰੇ, ਸਾਹਿਲ ਸਮਝ ਕੋਇ ਨਾ ਪਾਈਆ । ਨਵ ਸੱਤ ਹੋਣੇ ਖ਼ੁਆਰੇ, ਸਾਚਾ ਰੰਗ ਨਾ ਕੋਇ ਰੰਗਾਈਆ । ਤਨ ਵਜੂਦਾਂ ਅੰਦਰ ਹੋਣੇ ਹਾਹਾਕਾਰੇ, ਹੌਕਿਆਂ ਵਿਚ ਖ਼ਲਕ ਖ਼ੁਦਾਈਆ । ਖੇਲੇ ਖੇਲ ਪਰਵਰਦਿਗਾਰੇ, ਸਾਂਝਾ ਯਾਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੈਨੂੰ ਸੰਦੇਸ਼ਾ ਦਿਤਾ ਸਤਿਗੁਰ ਨਾਨਕ, ਨਿਰਗੁਣ ਸਰਗੁਣ ਧਾਰ ਜਣਾਈਆ । ਤੇਰੇ ਉਤੇ ਹੋਣਾ ਵਕ਼ਤ ਭੈ ਭਿਆਨਕ, ਅੰਧ ਅੰਧੇਰਾ ਜਾਵੇ ਛਾਈਆ । ਸਤਿ ਧਰਮ ਦੀ ਰਹੇ ਨਾ ਕੋਇ ਅਮਾਨਤ, ਕਲਜੁਗ ਕੂੜੀ ਕਿਰਿਆ ਆਪਣਾ ਰੂਪ ਬਦਲਾਈਆ । ਮਾਨਵ ਜ਼ਾਤੀ ਦ੍ਰਿਸ਼ਟੀ ਵਿਚੋਂ ਹੋਏ ਅਣਜਾਣਤ, ਸ੍ਰਿਸ਼ਟੀ ਬੁੱਧੀ ਕੰਮ ਕਿਸੇ ਨਾ ਆਈਆ । ਉਸ ਵੇਲੇ ਪਰਮ ਪੁਰਖ ਪ੍ਰਭ ਤੇਰੇ ਉਤੇ ਖੇਲ ਕਰੇ ਅਚਾਨਕ, ਅਚਨਚੇਤ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੇਰੇ ਵੱਲੇ ਤੀਰ ਅਣਿਆਲਾ ਖਿਚਿਆ ਗੁਰ ਗੋਬਿੰਦ, ਸਿੰਘ ਆਪਣਾ ਰੂਪ ਬਦਲਾਈਆ । ਸਚ ਪਿਆਰ ਦੀ ਦਿਸੇ ਕੋਇ ਨਾ ਬਿੰਦ, ਪਿਆਰ ਵਿਚ ਨਜ਼ਰ ਕੋਇ ਨਾ ਆਈਆ । ਧਰਨੀ ਤੇਰੀ ਮੇਟੇ ਕੋਇ ਨਾ ਚਿੰਦ, ਚਿੰਤਾ ਦੂਰ ਨਾ ਕੋਇ ਕਰਾਈਆ । ਇਕ ਦੂਜੇ ਦੀ ਦੀਨ ਦੁਨੀ ਕਰੇ ਨਿੰਦ, ਨਿੰਦਿਆ ਵਿਚ ਖ਼ਲਕ ਖ਼ੁਦਾਈਆ । ਉਸ ਵੇਲੇ ਸ਼ਬਦ ਧਾਰ ਮੇਰਾ ਖੇਲ ਹੋਣਾ ਵਿਚ ਹਿੰਦ, ਭਾਰਤ ਆਪਣੀ ਗੰਢ ਪੁਆਈਆ । ਜੋਤੀ ਜਾਤਾ ਹੋਵੇ ਨਾਲ ਪੁਰਖ ਅਕਾਲਾ ਮਰਗਿੰਦ, ਸੂਰਬੀਰ ਇਕ ਅਖਵਾਈਆ । ਜਿਸ ਦਾ ਅੰਮ੍ਰਿਤ ਰਸ ਦੋ ਜਹਾਨਾਂ ਹੋਵੇ ਸਾਗਰ ਸਿੰਧ, ਬਿਨ ਵਹਿਣਾਂ ਵਹਿਣ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਧਰਨੀ ਕਹੇ ਮੈਨੂੰ ਸਤਿਗੁਰ ਸ਼ਬਦ ਸੁਣਾਇਆ ਤਰਾਨਾ, ਤੁਰੀਆ ਤੋਂ ਬਾਹਰ ਸੁਣਾਈਆ । ਮੈਂ ਹੋ ਗਈ ਹੈਰਾਨਾ, ਹੈਰਾਨੀ ਵਿਚ ਆਪਣਾ ਨੈਣ ਉਠਾਈਆ । ਝਟ ਸੁਣਿਆ ਅਗੰਮੀ ਗਾਣਾ, ਤੂੰ ਮੇਰਾ

ਮੈਂ ਤੇਰਾ ਇਕੋ ਢੋਲਾ ਸੋਹਲਾ ਹੋਣਾ ਥਾਉਂ ਥਾਈਆ । ਕਿਰਪਾ ਕਰੇ ਸ੍ਰੀ ਭਗਵਾਨਾ, ਭਗਵਨ ਆਪਣਾ ਹੁਕਮ ਵਰਤਾਈਆ । ਕਲਜੁਗ ਕੂੜੀ ਕਿਰਿਆ ਮੇਟ ਨਿਸ਼ਾਨਾ, ਸਤਿਜੁਗ ਸਚ ਦਏ ਪਰਗਟਾਈਆ । ਨੌ ਖੰਡ ਪ੍ਰਿਥਮੀ ਤੇਰਾ ਵਕਤ ਸੁਹਾਨਾ, ਸੱਤਾਂ ਦੀਪਾਂ ਵਜੇ ਨਾਮ ਵਧਾਈਆ । ਧਰਨੀ ਕਹੇ ਮੈਂ ਆਪਣੇ ਅੰਤਸ਼ਕਰਨ ਕੀਤਾ ਪਰਵਾਨਾ, ਪਰਮ ਪੁਰਖ ਸੀਸ ਨਿਵਾਈਆ । ਕ਼ਦਮਬੋਸੀ ਵਿਚ ਕਰਾਂ ਸਲਾਮਾ, ਸਜਦੇ ਵਿਚ ਆਪਣਾ ਸਿਰ ਝੁਕਾਈਆ । ਮੇਰੇ ਸ਼ਹਿਨਸ਼ਾਹ ਸੁਲਤਾਨਾ, ਅਮਾਮ ਅਮਾਮਾ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਮਾਲਕ ਆਦਿ ਜੁਗਾਦੀ ਦੋ ਜਹਾਨਾਂ, ਸਰਗੁਣ ਨਿਰਗੁਣ ਨਿਰਗੁਣ ਸਰਗੁਣ ਦੋਹਰੀ ਆਪਣੀ ਖੇਲ ਖਿਲਾਈਆ ।

## ✪ ੨੮ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਜਸਵੰਤ ਕੌਰ ਦੇ ਗ੍ਰਿਹ ਪਿੰਡ ਕੋਠੇ ਨਿਹਾਲਪੁਰ ਸਿੰਬਲ ਜ਼ਿਲਾ ਜੰਮੂ ✪

ਧਰਨੀ ਕਹੇ ਮੈਂ ਸੁਣ ਕੇ ਸ਼ਬਦ ਸੰਦੇਸ਼, ਆਪਣੇ ਨਾਲ ਲਈ ਅੰਗੜਾਈਆ । ਮੇਰਾ ਮਾਲਕ ਇਕ ਨਰੇਸ਼, ਨਰ ਨਰਾਇਣ ਇਕ ਅਖਵਾਈਆ । ਜਿਸ ਦਾ ਸੁਤ ਦੁਲਾਰਾ ਦਸ ਦਸਮੇਸ਼, ਗੋਬਿੰਦ ਸੂਰਾ ਇਕ ਅਖਵਾਈਆ । ਜੋ ਮੇਰੇ ਓਤੋਂ ਮੇਟੇ ਕਲੇਸ਼, ਕਲਕਾਤੀਆਂ ਕਰੇ ਸਫ਼ਾਈਆ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਕਰੋੜ ਤੇਤੀਸਾ ਸੀਸ ਨਿਵਾਈਆ । ਮੈਂ ਉਸ ਨੂੰ ਕਰਾਂ ਆਦੇਸ, ਨਿਵ ਨਿਵ ਲਾਗਾਂ ਪਾਈਆ । ਜੋ ਸਦਾ ਰਹੇ ਹਮੇਸ਼, ਹਮਸਾਜਣ ਇਕ ਹੋ ਆਈਆ । ਮੈਂ ਉਸ ਦੇ ਹੋਣਾ ਪੇਸ਼, ਪੇਸ਼ੀਨਗੋਈਆਂ ਹੱਥ ਉਠਾਈਆ । ਜਿਸ ਝਗੜਾ ਮੇਟਣਾ ਮੁੱਲਾ ਸ਼ੇਖ਼, ਮੁਸਾਇਕਾਂ ਆਪਣੇ ਰੰਗ ਰੰਗਾਈਆ । ਭਾਗ ਲਾਉਣਾ ਸੰਬਲ ਦੇਸ, ਸਾਢੇ ਤਿੰਨ ਹੱਥ ਵਜੇ ਵਧਾਈਆ । ਜਿਸ ਦੀ ਸਿਫ਼ਤ ਕਰੇ ਸਹੰਸਰ ਮੁਖ ਸ਼ੇਸ਼, ਦੋ ਸਹੰਸਰ ਜੇਹਵਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰ ਦਏ ਵਡਿਆਈਆ । ਧਰਨੀ ਕਹੇ ਮੈਂ ਧੁਰਦਰਗਾਹ ਦੀ ਸੁਣੀ ਖ਼ਬਰ ਅਪਾਰੀ, ਅਪਰੰਪਰ ਦਿਤੀ ਸੁਣਾਈਆ । ਮੇਰੇ ਅੰਤਸ਼ਕਰਨ ਆਈ ਹੁਸ਼ਿਆਰੀ, ਆਲਸ ਨਿੰਦਰਾ ਦਿਤੀ ਗੁਆਈਆ । ਮੈਂ ਬਿਨਾ ਨੇਤਰਾਂ ਵੇਖਿਆ ਨੈਣ ਉਘਾੜੀ, ਬਿਨ ਅੱਖਾਂ ਅੱਖ ਖੁਲ੍ਹਾਈਆ । ਮੈਨੂੰ ਨਜ਼ਰੀ ਆਇਆ ਜੋਤੀ ਜਾਤਾ ਨਿਰੰਕਾਰੀ, ਇਕ ਇਕੱਲਾ ਧੁਰ ਦਾ ਮਾਹੀਆ । ਜਿਸ ਦੇ ਹੁਕਮ ਵਿਚ ਪੈਗ਼ੰਬਰ ਗੁਰ ਅਵਤਾਰੀ, ਸੀਸ ਜਗਦੀਸ ਬੈਠੇ ਝੁਕਾਈਆ । ਉਹ ਸਾਰੇ ਖ਼ੁਸ਼ੀਆਂ ਵਿਚ ਤੂੰ ਮੇਰਾ ਮੈਂ ਤੇਰਾ ਰਹੇ ਉਚਾਰੀ, ਦੂਸਰ ਰਾਗ ਨਾ ਕੋਇ ਦ੍ਰਿੜਾਈਆ । ਇਕੋ ਧੁਨ ਹੋਵੇ ਧੁਨਕਾਰੀ, ਇਕੋ ਨਾਦ ਕਰੇ ਸ਼ਨਵਾਈਆ । ਇਕੋ ਰਸ ਮਿਲੇ ਠੰਡਾ ਠਾਰੀ, ਅੰਮਿਉਂ ਰਸ ਇਕੋ ਸੋਭਾ ਪਾਈਆ । ਇਕੋ ਜੋਤ ਹੋਵੇ ਉਜਿਆਰੀ, ਨੂਰ ਨੁਰਾਨਾ ਡਗਮਗਾਈਆ । ਇਕੋ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸਿਕਦਾਰੀ, ਪੁਰਖ ਅਕਾਲਾ ਸੋਭਾ ਪਾਈਆ । ਇਕੋ ਸਚ ਸਿੰਘਾਸਣ ਸੋਹੇ ਦਰਬਾਰੀ, ਜਿਸ ਦੀ ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਇਕੋ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਬੈਠਾ ਧੁਰਦਰਬਾਰੀ, ਦੋ ਜਹਾਨਾਂ ਮਾਲਕ ਇਕ ਅਖਵਾਈਆ । ਧਰਨੀ ਕਹੇ ਜਿਸ ਮੇਰੇ ਉਤੇ ਮੇਟਣੀ ਕਲਜੁਗ ਰੈਣ ਅੰਧਿਆਰੀ, ਸਤਿਜੁਗ ਸਾਚਾ ਚੰਦ ਚਮਕਾਈਆ । ਮੈਂ ਉਸ ਦੇ ਚਰਨ ਕਵਲ ਕਰਾਂ ਨਿਮਸਕਾਰੀ, ਨਿਵ

ਨਿਵ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਮੁਸ਼ਕਲ ਦੂਰ ਕਰੇ ਦੁਸ਼ਵਾਰੀ, ਦੋ ਜਹਾਨਾਂ ਰਹਿਣ ਕੋਇ ਨਾ ਪਾਈਆ ।

### ✪ ੨੮ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਸੇਵਾ ਸਿੰਘ ਦੇ ਗ੍ਰਿਹਿ ਪਿੰਡ ਕੀਰ ਪਿੰਡ ਜ਼ਿਲਾ ਜੰਮੂ ✪

ਧਰਨੀ ਕਹੇ ਪ੍ਰਭੂ ਸਾਚੇ ਨਾਮ ਦੀ ਲਾ ਦੇ ਚੋਟ, ਚੋਟੀ ਚੜ੍ਹ ਕੇ ਅੰਦਰ ਵੜ ਕੇ ਵੇਖ ਵਖਾਈਆ । ਮਨ ਵਾਸਨਾ ਕੂੜੀ ਕਿਰਿਆ ਅੰਦਰੋਂ ਕੱਢ ਦੇ ਖੋਟ, ਹਉਮੇ ਹੰਗਤਾ ਰਹਿਣ ਕੋਇ ਨਾ ਪਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਬਖ਼ਸ਼ ਅਤੋਟ, ਅਤੁਟ ਆਪਣੀ ਦਇਆ ਕਮਾਈਆ । ਤਨ ਵਜੂਦ ਨਗਾਰੇ ਆਪਣੀ ਲਾ ਦੇ ਚੋਟ, ਸੋਈ ਸੁਰਤੀ ਆਪ ਉਠਾਈਆ । ਭਾਗ ਲਗਾ ਦੇ ਪੰਜਾਂ ਤਤਾਂ ਵਾਲੇ ਕੋਟ, ਕਿਲਾ ਗੜ੍ਹ ਬੰਕ ਦੁਆਰ ਇਕ ਸੁਹਾਈਆ । ਪਰਕਾਸ਼ ਕਰਦੇ ਨਿਰਮਲ ਜੋਤ, ਜੋਤੀ ਜਾਤੇ ਅੰਧ ਅੰਧੇਰਾ ਦੇ ਮਿਟਾਈਆ । ਤੇਰਾ ਆਤਮਾ ਤੇਰੇ ਉਤੇ ਹੋਵੇ ਮੋਹਤ, ਮੁਹੱਬਤ ਆਪਣੇ ਨਾਲ ਰਖਾਈਆ । ਪ੍ਰਕਾਸ਼ ਕਰ ਦੇ ਮੇਰੇ ਉਤੇ ਮਾਤਲੋਕ, ਪਰਲੋਕ ਦੇ ਮਾਲਕ ਆਪਣਾ ਪਰਦਾ ਲਾਹੀਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਤੇਰਾ ਗਾਵਣ ਸਲੋਕ, ਸੋਹਲਾ ਢੋਲਾ ਇਕੋ ਦੇਣਾ ਸਮਝਾਈਆ । ਨਾਮ ਖ਼ੁਮਾਰੀ ਦੇ ਮਧਹੋਸ਼, ਮਧੁਰ ਧੁਨ ਨਾਦ ਕਰ ਸ਼ਨਵਾਈਆ । ਜੋਤੀ
੧੧੭੪ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਪ੍ਰਭੂ ਸਾਚੀ ਬਖ਼ਸ਼ ੧੧੭੪
੨੪ ਦੇ ਨਾਮ ਖ਼ੁਮਾਰੀ, ਦੀਨ ਦੁਨੀ ਦੇ ਅੰਤਰ ਧਿਆਨ ਲਗਾਈਆ । ਇਕੋ ਤੇਰਾ ਚਰਨ ਕਵਲ ਸਭ ਦਾ ਹੋਏ ਉਧਾਰੀ, ਉਦਰ ਦਾ ਲੇਖਾ ਦੇ ਮੁਕਾਈਆ । ੨੪
ਚਾਰ ਵਰਨ ਅਠਾਰਾਂ ਬਰਨ ਪੈਜ ਦੇ ਸਵਾਰੀ, ਦੀਨ ਮਜ਼੍ਹਬਾਂ ਵੰਡ ਦੇ ਵੰਡਾਈਆ । ਮੇਰੇ ਉਤੇ ਜੋ ਆਸਾ ਰਖ ਕੇ ਗਏ ਪੈਗ਼ੰਬਰ ਗੁਰ ਅਵਤਾਰੀ, ਅਵਤਰ ਹੋ ਕੇ ਵੇਖ ਵਖਾਈਆ । ਮੈਂ ਨੌ ਖੰਡ ਪ੍ਰਿਥਮੀ ਤੇਰੀ ਸਦਾ ਪਨਹਾਰੀ, ਜੁਗ ਜੁਗ ਤੇਰੀ ਸੇਵ ਕਮਾਈਆ । ਮੇਰੇ ਸਤਿ ਪੁਰਖ ਸੱਤ ਦੀਪ ਰਹੇ ਪੁਕਾਰੀ, ਕੂਕ ਕੂਕ ਸੁਣਾਈਆ । ਪੁਰਖ ਅਕਾਲੇ ਦੀਨ ਦਿਆਲੇ ਕਲਜੁਗ ਮੇਟ ਰੈਣ ਅੰਧਿਆਰੀ, ਅੰਧ ਅਗਿਆਨ ਦੇ ਗੁਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਆਪਣੀ ਕਰ ਪੁਜਾਰੀ, ਇਸ਼ਟ ਇਕੋ ਇਕ ਵਖਾਈਆ । ਤੂੰ ਸ਼ਾਹੋ ਭੂਪ ਨਿਰੰਕਾਰੀ, ਨਿਰਵੈਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰੀ ਨਵ ਖੰਡ ਸੁਹਾ ਦੇ ਬਸਤੀ, ਗ੍ਰਿਹਿ ਇਕੋ ਸੋਭਾ ਪਾਈਆ । ਸਚ ਪਿਆਰ ਦੀ ਦੇ ਦੇ ਮਸਤੀ, ਮਸਤ ਮਸਤਾਨੇ ਜੀਵ ਜੰਤ ਲੈ ਬਣਾਈਆ । ਸਭ ਨੂੰ ਇਕੋ ਨਜ਼ਰ ਆਵੇ ਤੇਰੀ ਹਸਤੀ, ਹਸਤ ਕੀਟ ਆਪਣਾ ਰੰਗ ਰੰਗਾਈਆ । ਮੇਰਾ ਲਹਿਣਾ ਦੇਣਾ ਦੇ ਦੇ ਦਸਤੀ, ਹੱਥੋ ਹੱਥ ਦੇਣਾ ਫੜਾਈਆ । ਮੈਂ ਜੁਗ ਚੌਕੜੀ ਤੇਰੇ ਹੁਕਮ ਵਿਚ ਰਹੀ ਨਸਦੀ, ਭੱਜਾਂ ਵਾਹੋ ਦਾਹੀਆ । ਵਣਜਾਰੀ ਬਣੀ ਰਹੀ ਤੇਰੇ ਜਸ ਦੀ, ਸਿਫ਼ਤਾਂ ਵਾਲੇ ਢੋਲੇ ਗਾਈਆ । ਹੁਣ ਮੇਰੇ ਉਤੇ ਰੈਣ ਅੰਧੇਰੀ ਮਸ ਦੀ, ਕਲਜੁਗ ਕੂੜ ਕੁੜਿਆਰ ਦੇ ਚੁਕਾਈਆ । ਲੋ ਦੇ ਦੇ ਆਪਣੇ ਨਿਜ ਨੇਤਰ ਅੱਖ ਦੀ, ਬਿਨ ਅੱਖੀਆਂ ਆਪਣਾ ਨੂਰ ਚਮਕਾਈਆ । ਮੇਰੀ ਮੰਗ ਮੇਰੇ ਪਰਵਰਦਿਗਾਰ ਸਾਂਝੇ ਯਾਰ ਹਕ ਦੀ, ਹਕੀਕਤ ਦੇ ਮਾਲਕ ਦੇਣੀ ਝੋਲੀ ਪਾਈਆ । ਮੈਂ ਨੌ ਸੌ

ਚੁਰਾਨਵੇ ਚੌਕੜੀ ਜੁਗ ਰਹੀ ਤਕਦੀ, ਵੇਖਦੀ ਰਹੀ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੈਨੂੰ ਬਖ਼ਸ਼ ਦੇ ਅਗੰਮ ਪਿਆਰਾ, ਪ੍ਰੇਮ ਪ੍ਰੀਤੀ ਵਿਚ ਹੋਵੇ ਸ੍ਰਿਸ਼ਟ ਸਬਾਈਆ । ਕਲਜੁਗ ਕੂੜੀ ਕਿਰਿਆ ਵੇਖ ਲੈ ਅੰਤ ਕਿਨਾਰਾ, ਨਈਆ ਨੌਕਾ ਕੰਢੀ ਬੈਠੀ ਡੇਰਾ ਲਾਈਆ । ਸਤਿ ਧਰਮ ਦਾ ਰਿਹਾ ਨਾ ਕੋਇ ਅਧਾਰਾ, ਸਚ ਵਿਚ ਨਾ ਕੋਇ ਸਮਾਈਆ । ਚਾਰੋਂ ਕੁੰਟ ਕੂੜ ਕੁੜਿਆਰਾ, ਨੌ ਖੰਡ ਪ੍ਰਿਥਮੀ ਆਪਣਾ ਡੰਕ ਵਜਾਈਆ । ਧਰਮ ਦਾ ਧਰਮ ਰਿਹਾ ਨਾ ਕੋਇ ਦੁਆਰਾ, ਧਰਨੀ ਧਰਤ ਧਵਲ ਧੌਲ ਹੋ ਕੇ ਰੋਵਾਂ ਮਾਰਾਂ ਧਾਹੀਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਸਿਕਦਾਰਾ, ਪਾਤਸ਼ਾਹ ਤੇਰੀ ਬੇਪਰਵਾਹੀਆ । ਮੇਰੇ ਉਤੇ ਤਕ ਲੈ ਧੂੰਆਂਧਾਰਾ, ਸਾਚਾ ਚੰਦ ਨਾ ਕੋਇ ਚਮਕਾਈਆ । ਦੀਨਾਂ ਮਜ਼੍ਹਬਾਂ ਲੱਗਾ ਅਖਾੜਾ, ਦਿਵਸ ਰੈਣ ਕਰੇ ਲੜਾਈਆ । ਪੰਜਾਂ ਤਤਾਂ ਅੰਦਰ ਝਗੜਾ ਪਾਇਆ ਲੱਗੀ ਅੱਗ ਬਹੱਤਰ ਨਾੜਾ, ਹਡ ਮਾਸ ਸ਼ਾਂਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਲਕ ਹੋ ਕੇ ਵੇਖ ਵਖਾਈਆ । ਕਲਜੁਗ ਕਹੇ ਪ੍ਰਭੂ ਕੀ ਧਰਨੀ ਰਹੀ ਪੁਕਾਰ, ਸਚ ਦੇ ਸੁਣਾਈਆ । ਮੈਂ ਵੀਂ ਤੇਰਾ ਬਰਖ਼ੁਰਦਾਰ, ਚੌਥਾ ਜੁਗ ਬਾਲਾ ਨੱਢਾ ਨਜ਼ਰੀ ਆਈਆ । ਮੇਰਾ ਲਹਿਣਾ ਦੇਣਾ ਵਿਚਾਰ, ਵਿਚਰਕੇ ਦਿਆਂ ਸੁਣਾਈਆ । ਮੈਂ ਨੌ ਖੰਡ ਪ੍ਰਿਥਮੀ ਕਰਨਾ ਧੂੰਆਂਧਾਰ, ਧਰਮ ਦੀ ਧਾਰ ਰਹਿਣ ਕੋਇ ਨਾ ਪਾਈਆ । ਮੈਂ ਅਠਸਠ ਤੀਰਥ ਵੇਖਣੇ ਵਿਚ ਸੰਸਾਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਧਿਆਨ ਲਗਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਫਿਰਨਾ ਗੁਰੂਦੁਆਰ, ਭੱਜਣਾ ਵਾਹੋ ਦਾਹੀਆ । ਚਾਰ ਜੁਗ ਦੇ ਸ਼ਾਸਤਰਾਂ ਗ੍ਰੰਥਾਂ ਪਾਉਣੀ ਸਾਰ, ਅੱਖਰ ਅੱਖਰ ਧਿਆਨ ਲਗਾਈਆ । ਤੂੰ ਸਾਹਿਬ ਸੁਲਤਾਨ ਮੇਰਾ ਸਿਕਦਾਰ, ਹਰਿ ਕਰਤਾ ਇਕ ਅਖਵਾਈਆ । ਮੇਰਾ ਵਾਅਦਾ ਕੌਲ ਇਕ਼ਰਾਰ, ਗੋਬਿੰਦ ਨਾਲ ਦਿਆਂ ਸਮਝਾਈਆ । ਮਾਛੂਵਾੜੇ ਜਿਸ ਨਾਲ ਕੀਤਾ ਤਕਰਾਰ, ਖ਼ੁਸ਼ੀਆਂ ਦਾ ਖ਼ੁਸ਼ੀਆਂ ਢੋਲਾ ਗਾਈਆ । ਓਨ ਸੰਦੇਸ਼ ਦਿਤਾ ਜਿਸ ਵੇਲੇ ਮੇਰਾ ਢਈਆ ਹੋਇਆ ਅੰਤ ਕਿਨਾਰ, ਆਰ ਪਾਰ ਸਮਝ ਕਿਸੇ ਨਾ ਆਈਆ । ਧਰਨੀ ਧਰਤ ਧਵਲ ਧੌਲ ਉਤੇ ਦੀਨ ਦੁਨੀ ਹੋਵੇ ਖ਼ੁਆਰ, ਖ਼ਾਲਸ ਰੰਗ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਨਾਮ ਵਰਤਾਈਆ । ਧਰਨੀ ਕਹੇ ਪ੍ਰਭੂ ਦੇ ਦੇ ਨਾਮ ਸਤਿ, ਸਤਿ ਸਤਿਵਾਦੀ ਸਭ ਦੀ ਝੋਲੀ ਪਾਈਆ । ਹਰ ਹਿਰਦੇ ਉਪਜੇ ਬ੍ਰਹਮ ਮਤ, ਪਾਰਬ੍ਰਹਮ ਮਿਲ ਕੇ ਵਜੇ ਵਧਾਈਆ । ਈਸ਼ ਜੀਵ ਝਗੜਾ ਰਹੇ ਨਾ ਤਤ, ਤਤਵ ਤਤ ਦੇ ਸਮਝਾਈਆ । ਕੂੜੀ ਕਿਰਿਆ ਵਿਚ ਨਾ ਉਬਲੇ ਰਤ, ਰਤਨ ਅਮੋਲਕ ਹੀਰੇ ਹਰਿਜਨ ਲੈ ਬਣਾਈਆ । ਤੂੰ ਸਰਬ ਕਲਾ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਕੂੜ ਕੁੜਿਆਰਾ ਮੇਰੇ ਉਤੋਂ ਮਥ, ਮਥਨ ਕਰ ਕੂੜ ਲੋਕਾਈਆ । ਮੇਰੇ ਖ਼ਾਲੀ ਵੇਖ ਲੈ ਹੱਥ, ਹੱਥੀਂ ਖ਼ਾਲੀ ਝੋਲੀ ਡਾਹੀਆ । ਵਸਤ ਅਮੋਲਕ ਕਿਰਪਾ ਨਿਧਾਨ ਹੋ ਕੇ ਘਤ, ਅਤੋਟ ਅਤੁਟ ਦੇ ਵਰਤਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਮੇਰੀ ਰਖਣੀ ਪਤ, ਪਤਿਪਰਮੇਸ਼ਵਰ ਤੇਰੇ ਅਗੇ ਵਾਸਤਾ ਪਾਈਆ । ਮੇਰੇ ਕੋਲ ਅਵਤਾਰ ਪੈਗ਼ੰਬਰਾਂ ਗੁਰੂਆਂ ਵਾਲੇ ਖ਼ਤ, ਜੋ ਹਰਫ਼ ਹਰੂਫ਼ ਨਜ਼ਰੀ ਆਈਆ । ਏਸੇ ਕਾਰਨ ਤੇਰੇ ਚਰਨ ਕਵਲ ਧਵਲ ਹੋ ਕੇ ਵਾਸਤਾ ਰਹੀ ਘਤ, ਧਰਨੀ ਧਰਤ ਆਪਣਾ ਸੀਸ ਨਿਵਾਈਆ । ਤੂੰ ਮੇਰੇ ਉਤੇ ਆਉਣਾ ਵਤ, ਬੇਵਤਨਾਂ ਦੇ ਮਾਲਕ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਜੀਵ

੧੧੭੫
੨੪

ਜੰਤ ਵੇਖਣੇ ਟਹਿਣੀ ਪੱਤ, ਫਲ ਫੁਲ ਫੋਲ ਫੁਲਾਈਆ । ਤੂੰ ਮੇਰੀ ਜਾਨਣੀ ਮਿਤ ਗਤ, ਗਤ ਮਿਤ ਤੇਰੀ ਆਸ ਰਖਾਈਆ । ਧਰਨੀ ਕਹੇ ਆਪਣਾ ਵਾਅਦਾ ਤਕ ਲੈ ਜਿਸ ਕਾਰਨ ਗੋਬਿੰਦ ਹੰਢਾਇਆ ਤੇਰਾ ਸਬਰ ਸਬ, ਯਾਰੜੇ ਸੂਲਾਂ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੇਰਾ ਕਰ ਲੈ ਧੁਰ ਸੰਜੋਗ, ਸਤਿਜੁਗ ਵਿਛੜੀ ਕਲਜੁਗ ਲੈ ਮਿਲਾਈਆ । ਅੰਤਰ ਆਤਮ ਦੇ ਕੇ ਸਾਚਾ ਭੋਗ, ਬਿਨ ਰਸਨਾ ਰਸ ਚਖਾਈਆ । ਮੇਰਾ ਤੇਰਾ ਇਕੋ ਹੋਵੇ ਜੋਗ, ਜੁਗਤੀ ਜਗਤ ਦੇਣੀ ਸਮਝਾਈਆ । ਮੇਰੇ ਅੰਦਰੋਂ ਕਢ ਦੇ ਚਿੰਤਾ ਸੋਗ, ਗ਼ਮੀ ਗ਼ਮਖਾਰ ਹੋ ਕੇ ਦੇ ਮਿਟਾਈਆ । ਤੇਰਾ ਨਾਮ ਕਲਮਾ ਹੋਵੇ ਅਗਾਧ ਬੋਧ, ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਆਪਣੀ ਸ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਲੈ ਸੋਧ, ਵਦੀ ਸੁਦੀ ਵੰਡ ਨਾ ਕੋਇ ਵੰਡਾਈਆ । ਤੂੰ ਸੂਰਬੀਰ ਬਹਾਦਰ ਯੋਧਨ ਯੋਧ, ਯੁਧਿਸ਼ਟਰ ਦਾ ਲੇਖਾ ਪੂਰ ਕਰਾਈਆ । ਮੇਰੇ ਉਤੋਂ ਕਲਜੁਗ ਕੂੜੀ ਕਿਰਿਆ ਲਾਹ ਦੇ ਬੋਝ, ਮਾਇਆ ਮਮਤਾ ਮੋਹ ਵਿਕਾਰ ਹੰਕਾਰ ਰਹਿਣ ਕੋਇ ਨਾ ਪਾਈਆ । ਏਕੰਕਾਰ ਇਕੋ ਤੇਰੀ ਰਖੀ ਓਟ, ਓੜਕ ਤੇਰੇ ਚਰਨ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਸ਼ਬਦ ਅਨਾਦਿ ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਸਾਹਿਬ ਸੁਆਮੀ ਅੰਤਰਜਾਮੀ ਇਕੋ ਤੇਰਾ ਸਤਿਗੁਰ ਸ਼ਬਦ ਬਹੁਤ, ਬਹੁਤੇ ਗੁਰੂ ਮੇਰੇ ਕੰਮ ਕਿਸੇ ਨਾ ਆਈਆ ।


੧੧੭੬


੨੪

## ✪ ੨੮ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਤੇਜਭਾਨ ਦੇ ਗ੍ਰਿਹ ਸਈ ਕਲਾ ਜ਼ਿਲਾ ਜੰਮੂ ✪

ਧਰਨੀ ਕਹੇ ਸੋ ਪੁਰਖ ਨਿਰੰਜਣ ਮੇਰੇ ਅਧਾਰੀਆ, ਆਦਿ ਜੁਗਾਦੀ ਤੇਰੀ ਆਸ ਰਖਾਈਆ । ਹਰਿ ਪੁਰਖ ਨਿਰੰਜਣ ਪਾਉਣੀ ਸਾਰੀਆ, ਮਹਾਸਾਰਥੀ ਹੋ ਕੇ ਵੇਖ ਵਖਾਈਆ । ਨਿਗਾਹ ਮਾਰ ਲੈ ਏਕੰਕਾਰੀਆ, ਅਕਲ ਕਲਧਾਰੀ ਧਿਆਨ ਲਗਾਈਆ । ਆਦਿ ਨਿਰੰਜਣ ਨਿਰਗੁਣ ਜੋਤ ਕਰ ਉਜਿਆਰੀਆ, ਉਜਾਲਾ ਹੋਵੇ ਥਾਉਂ ਥਾਈਆ । ਅਬਿਨਾਸ਼ੀ ਕਰਤੇ ਮੇਰੀ ਪਾਉਣੀ ਸਾਰੀਆ, ਸਾਜਣ ਹੋ ਕੇ ਸੰਗ ਬਣਾਈਆ । ਸ੍ਰੀ ਭਗਵਾਨ ਸੁਣ ਪੁਕਾਰੀਆ, ਪੁਨਹ ਪੁਨਹ ਸੀਸ ਨਿਵਾਈਆ । ਪਾਰਬ੍ਰਹਮ ਪ੍ਰਭ ਤੇਰੇ ਅਗੇ ਮੇਰੀਆਂ ਗਿਰਿਆਜ਼ਾਰੀਆਂ, ਬਿਨ ਨੇਤਰ ਲੋਚਨ ਨੈਣਾਂ ਨੀਰ ਵਹਾਈਆ । ਸਤਿਗੁਰ ਸ਼ਬਦ ਮੇਰੀਆਂ ਤਕ ਲੈ ਖ਼ੁਆਰੀਆਂ, ਦੁਖੀ ਹੋ ਕੇ ਰਹੀ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਮੇਰੇ ਲਹਿਣੇ ਦੇਣੇ ਤਕਣੇ ਕੀ ਹੁਕਮ ਸਚੀ ਸਰਕਾਰੀਆ, ਹਰਿ ਕਰਤਾ ਇਕ ਦ੍ਰਿੜਾਈਆ । ਅਵਤਾਰੋ ਵੇਖੋ ਕਿਸ ਬਿਧ ਪਰਮ ਪੁਰਖ ਦੀ ਆਉਣੀ ਵਾਰੀਆ, ਵਾਰਸ ਹੋ ਕੇ ਧਿਆਨ ਲਗਾਈਆ । ਪੈਗ਼ੰਬਰੋ ਉਸ ਮਹਿਬੂਬ ਦੀਆਂ ਦੱਸੋ ਯਾਰੀਆਂ, ਜੋ ਯਰਾਨੇ ਤੋੜ ਨਿਭਾਈਆ । ਗੁਰੂ ਗੁਰਦੇਵ ਪਰਦਿਆਂ ਵਿਚੋਂ ਪਰਦਾ ਲਾਹੋ ਕੀ ਖੇਲ ਧੁਰ ਦਰਬਾਰੀਆ, ਹਰਿ ਕਰਤਾ ਕੀ ਸੁਣਾਈਆ । ਸਤਿਜੁਗ ਤ੍ਰੇਤਾ ਦੁਆਪਰ ਮੇਰੇ ਉਤੇ ਖੇਲਾਂ ਹੋਈਆਂ ਨਿਆਰੀਆਂ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਕਲਜੁਗ ਅੰਤ ਦਹਿ ਦਿਸ਼ਾ ਰਾਤਾਂ ਅੰਧੇਰੀਆਂ ਕਾਲੀਆਂ, ਸਾਚਾ ਚੰਦ ਨਾ ਕੋਇ ਚਮਕਾਈਆ । ਕੀ ਆਸ਼ਾ ਰਖੀ ਅਸ਼ਟਭੁਜ ਜਵਾਲੀਆ, ਸਿੰਘ ਸ਼ੇਰ ਕੀ

ਜਣਾਈਆ । ਮਾਨਵ ਜ਼ਾਤੀ ਫਲ ਰਿਹਾ ਕਿਸੇ ਨਾ ਟਾਹਣੀਆਂ, ਪੱਤ ਫੁੱਲ ਗਏ ਕੁਮਲਾਈਆ । ਮੈਂ ਕੋਝੀ ਕਮਲੀ ਹੋਈ ਨਿਮਾਣੀਆਂ, ਨਿਮਰਤਾ ਵਿਚ ਸੀਸ ਨਿਵਾਈਆ । ਮੇਰੇ ਪਰਮ ਪੁਰਖ ਪਰਮਾਤਮ ਆਪਣੀਆਂ ਤਕ ਲੈ ਚਾਰੇ ਖਾਣੀਆਂ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਈਆ । ਨਿਗਾਹ ਮਾਰ ਲੈ ਚਾਰੇ ਬਾਣੀਆਂ, ਪਰਾ ਪਸੰਤੀ ਮਧਮ ਬੈਖਰੀ ਵੇਖ ਵਖਾਈਆ । ਚੌਥੇ ਜੁਗ ਦਰ ਤੇਰੇ ਬਣੀ ਸਵਾਲੀਆ, ਭਿਖਾਰਨ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਦਰ ਆਪ ਸੁਹਾਈਆ । ਧਰਨੀ ਕਹੇ ਮੇਰਾ ਦਰਦੀਆ ਵੰਡ ਲੈ ਦਰਦ, ਦੀਨ ਦੁਨੀ ਵੇਖ ਵਖਾਈਆ । ਤੂੰ ਯੋਧਾ ਸੂਰਬੀਰ ਮਰਦਾਨਾ ਮਰਦ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਮੇਰੇ ਉਤੋਂ ਸ਼ਰਅ ਛੁਰੀ ਮੇਟ ਦੇ ਕਰਦ, ਕ਼ਤਲਗਾਹ ਦਾ ਪੰਧ ਮੁਕਾਈਆ । ਮੇਰੀ ਚਰਨ ਕਵਲ ਧਵਲ ਨਿਮਾਣੀ ਦੀ ਅਰਜ਼, ਆਰਜ਼ੂ ਤੇਰੇ ਅਗੇ ਟਿਕਾਈਆ । ਜੁਗ ਬਦਲਣਾ ਤੇਰਾ ਫ਼ਰਜ਼, ਫ਼ਾਜ਼ਲ ਹੋ ਕੇ ਵੇਖ ਵਖਾਈਆ । ਤੇਰਾ ਖੇਲ ਤਕਣਾ ਅਸਚਰਜ, ਅਚਰਜ ਲੀਲਾ ਦੇਣੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਧਰਨੀ ਕਹੇ ਮੇਰੇ ਸਤਿਗੁਰ ਸਾਹਿਬ ਗੁਸਈਆ, ਗਹਿਰ ਗੰਭੀਰ ਤੇਰੀ ਸਰਨਾਈਆ । ਜੋਤੀ ਜਾਤੇ ਪੁਰਖ ਬਿਧਾਤੇ ਮੇਰੀ ਪਕੜ ਲੈ ਬਹੀਆ, ਬਾਹੂ ਬਲ ਆਪਣਾ ਨਾਲ ਮਿਲਾਈਆ । ਕਲਜੁਗ ਕੂੜੀ ਕਿਰਿਆ ਡੋਬ ਦੇ ਨਈਆ, ਨੌਕਾ ਨਾਮ ਆਪਣੀ ਇਕ ਚਲਾਈਆ । ਮੇਰਾ ਲਹਿਣਾ ਦੇਣਾ ਲੇਖਾ ਤਕ ਲੈ ਕੱਢਕੇ ਆਪਣੀ ਵਹੀਆ,
੧੧੭੭ ਹਿਸਾਬ ਅੰਕੜਿਆਂ ਨਾਲ ਮਿਲਾਈਆ । ਮੈਂ ਸਰਨ ਸਰਨਾਈ ਇਕੋ ਤੇਰੀ ਪਈਆਂ, ਪਾਰਬ੍ਰਹਮ ਤੇਰੀ ਧੂੜੀ ਖ਼ਾਕ ਰਮਾਈਆ । ਗੋਬਿੰਦ ਦੀ ਧਾਰ ੧੧੭੭
੨੪ ਲੰਘ ਗਿਆ ਢਈਆ, ਢੋਲਾ ਤੈਨੂੰ ਰਹੀ ਸੁਣਾਈਆ । ਮੇਰੇ ਉਤੇ ਤੇਰਾ ਸਤਿਗੁਰ ਸ਼ਬਦ ਇਕੋ ਹੋਵੇ ਗਵਈਆ, ਗਾਇਨ ਕਰੇ ਥਾਉਂ ਥਾਈਆ । ੨੪
ਮੈਂ ਧਰਨ ਨਿਮਾਣੀ ਜਗਤ ਜਗਿਆਸੂਆਂ ਮਈਆ, ਮਮਤਾ ਵਿਚ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਖੋਲ੍ਹ ਦੁਆਰਾ ਧਰਮ, ਧਰਮ ਧਰਮ ਦੀ ਧਾਰ ਇਕ ਪਰਗਟਾਈਆ । ਜਿਥੇ ਦ੍ਰਿਸ਼ਟੀ ਰਹੇ ਮੂਲ ਨਾ ਚਰਮ, ਚੰਮ ਦ੍ਰਿਸ਼ਟੀ ਦੇਣੀ ਮੁਕਾਈਆ । ਮਾਨਵ ਜ਼ਾਤੀ ਮੇਟ ਦੇ ਭਰਮ, ਭਾਂਡਾ ਭਰਮ ਭੌ ਭਨਾਈਆ । ਮੇਰਾ ਪਵਿਤ੍ਰ ਕਰਨਾ ਕਰਮ, ਕਰਮ ਕਾਂਡ ਦਾ ਡੇਰਾ ਢਾਈਆ । ਸਤਿਜੁਗ ਸਾਚੇ ਦੇ ਦੇ ਜਰਮ, ਆਪ ਬਣ ਜਣੇਂਦੀ ਮਾਈਆ । ਮੇਰੇ ਸੀਨੇ ਟਕਾਉਣਾ ਆਪਣਾ ਚਰਨ, ਚਰਨੋਦਕ ਜਾਮ ਦੇਣਾ ਪਿਆਈਆ । ਨੇਤਰ ਖੋਲ੍ਹ ਦੇ ਹਰਨ ਫਰਨ, ਨਿਜ ਲੋਚਨ ਨੈਣ ਕਰ ਰੁਸ਼ਨਾਈਆ । ਤੂੰ ਸਤਿਗੁਰ ਤਾਰਨ ਤਰਨ, ਤਾਰਨਹਾਰ ਤੇਰੀ ਵਡਿਆਈਆ । ਮੈਂ ਚਾਹੁੰਦੀ ਮੇਰੇ ਉਤੇ ਤੇਰੇ ਜੀਵ ਜੰਤ ਸਾਧ ਸੰਤ ਤੇਰਾ ਇਕੋ ਢੋਲਾ ਪੜ੍ਹਨ, ਤੂੰ ਮੇਰਾ ਮੈਂ ਤੇਰਾ ਦੂਜਾ* ਰਾਗ ਨਾ ਕੋਇ ਜਣਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਤੇਰੀ ਮੰਜ਼ਲ ਚੜ੍ਹਨ, ਪਰਵਰਦਿਗਾਰ ਸਾਂਝੇ ਯਾਰ ਤੇਰਾ ਦਰਸ਼ਨ ਪਾਈਆ । ਸਚਖੰਡ ਦੁਆਰ ਏਕੰਕਾਰ ਦਰਗਾਹ ਸਾਚੀ ਵੜਨ, ਸਾਚੇ ਧਾਮ ਮਿਲ ਕੇ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਝਟ ਕਲਜੁਗ ਆ ਗਿਆ ਕੀ ਧਰਨੀਏ ਮੰਗੇਂ ਮੰਗਾਂ, ਮੈਨੂੰ ਦੇ ਜਣਾਈਆ । ਮੇਰੇ ਨਾਲੋਂ ਤੈਨੂੰ ਕੇਹੜਾ ਸਮਾਂ ਮਿਲੇਗਾ ਚੰਗਾ, ਚੰਗੀ ਤਰਹ ਦੇ ਦ੍ਰਿੜਾਈਆ । ਔਹ ਵੇਖ ਲੈ ਕੀ ਖੇਲ ਹੋਇਆ ਜਮਨਾ ਸੁਰਸਤੀ ਗੰਗਾ, ਗੰਗੋਤਰੀ ਰਹੀ

ਸੁਣਾਈਆ । ਨਾਰੀ ਪੁਰਸ਼ ਜਿਨ੍ਹਾਂ ਵਿਚ ਨਹਾਉਂਦਾ ਨੰਗਾ, ਪਰਦਾ ਉਪਰ ਨਾ ਕੋਇ ਟਿਕਾਈਆ । ਪੰਡਤਾਂ ਪਾਂਧਿਆਂ ਹਾਲ ਹੋ ਗਿਆ ਮੰਦਾ, ਸ਼ਾਸਤਰ
ਵਿਦਿਆ ਨਾ ਕੋਇ ਵਡਿਆਈਆ । ਜਗਤ ਜਗਿਆਸੂਆਂ ਨੇਤਰ ਹੋ ਗਿਆ ਅੰਧਾ, ਇਹ ਮੇਰੀ ਬੇਪਰਵਾਹੀਆ । ਮਮਤਾ ਲਾਲਚ ਬਣਾਇਆ ਧੰਦਾ,
ਧਰਮ ਦੀ ਧਾਰ ਰਹਿਣ ਕੋਇ ਨਾ ਪਾਈਆ । ਮਨੂਆ ਮਨ ਵਾਸਨਾ ਵਿਚ ਕੀਤਾ ਗੰਦਾ, ਪਤਤ ਪੁਨੀਤ ਨਾ ਕੋਇ ਕਰਾਈਆ । ਸਾਚੀ ਮੰਜ਼ਲ
ਚੜ੍ਹ ਸਕੇ ਕੋਈ ਨਾ ਪੌੜੀ ਡੰਡਾ, ਡੰਡਾਵਤ ਸਭ ਦੀ ਦਿਤੀ ਬਦਲਾਈਆ । ਆਤਮਾ ਪਰਮਾਤਮਾ ਨਾਲੋਂ ਕੀਤਾ ਰੰਡਾ, ਕੰਤ ਸੁਹਾਗ ਨਾ ਕੋਇ ਹੰਢਾਈਆ ।
ਕਲਜੁਗ ਕਹੇ ਧਰਨੀਏ ਜਿਧਰ ਵੇਖੇਂ ਤੇਰੇ ਉਤੇ ਖੇਲ ਖਿਲਾਇਆ ਭੇਖ ਪਾਖੰਡਾ, ਮੇਰੇ ਵਰਗਾ ਖਿਲਾੜੀ ਨਜ਼ਰ ਕੋਇ ਨਾ ਆਈਆ । ਜੇ ਤੂੰ ਮੇਰਾ
ਅੰਤ ਕਰਾਉਣਾ ਚਾਹੁੰਦੀ ਤੇ ਵੇਖਣ ਵਾਲੀ ਕੰਢਾ, ਕੰਢੀ ਘਾਟ ਦਿਆਂ ਜਣਾਈਆ । ਨੌ ਖੰਡ ਪ੍ਰਿਥਮੀ ਖੜਕੇ ਖੰਡਾ, ਖੰਡਰ ਦਿਸੇ ਤੇਰੀ ਖ਼ਲਕ ਖ਼ੁਦਾਈਆ ।
ਸੋਹਣੀਆਂ ਪਾਵਣ ਵਾਲਾ ਵੰਡਾਂ, ਹਿੱਸੇ ਧੁਰ ਦੇ ਹੁਕਮ ਨਾਲ ਜਣਾਈਆ । ਆਪਣਾ ਲਹਿਣਾ ਦੇਣਾ ਹਿਸਾਬ ਅਗਲਾ ਕੱਢਾਂ, ਕੱਢਕੇ ਦਿਆਂ ਵਖਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਕਲਜੁਗ ਕਹੇ ਧਰਨੀਏ ਮੇਰਾ
ਸਭ ਤੋਂ ਵਖਰਾ ਅਸੂਲ, ਅਸਲ ਦਿਆਂ ਜਣਾਈਆ । ਮੇਰੀ ਕਰਨੀ ਨੂੰ ਕੋਈ ਨਾ ਜਾਵੇ ਭੂਲ, ਅਗਲੇ ਜੁਗ ਗਾਵਣ ਚਾਈਂ ਚਾਈਂਆ । ਮੈਂ ਮਾਣ
ਰਹਿਣ ਨਹੀਂ ਦਿਤਾ ਸ਼ੰਕਰ ਵਾਲੀ ਤ੍ਰਿਸੂਲ, ਤ੍ਰੈਲੋਕੀ ਰੰਗ ਨਾ ਕੋਇ ਰੰਗਾਈਆ । ਮਿਲਣ ਦਿਤਾ ਨਹੀਂ ਕੰਤ ਕੰਤੂਹਲ, ਆਤਮ ਪਰਮਾਤਮ ਸੰਗ
੧੧੭੮ ਨਾ ਕੋਇ ਬਣਾਈਆ । ਸ਼ਬਦ ਪੰਘੂੜਾ ਸਕੇ ਨਾ ਕੋਈ ਝੂਲ, ਹੁਲਾਰਾ ਹਕ ਨਾ ਕੋਇ ਰਖਾਈਆ । ਸਤਿਗੁਰ ਚਰਨ ਦੀ ਮਸਤਕ ਲਾ ਸਕੇ ਕੋਈ ੧੧੭੮
੨੪ ਨਾ ਧੂਲ, ਧੂੜੀ ਖ਼ਾਕ ਨਾ ਕੋਇ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ੨੪
ਹੋਏ ਸਹਾਈਆ । ਕਲਜੁਗ ਕਹੇ ਧਰਨੀਏ ਜੇ ਮੇਲਾ ਵੇਖਣਾ ਅੰਤ ਅਖ਼ੀਰ, ਆਖ਼ਰ ਦਿਆਂ ਦ੍ਰਿੜ੍ਹਾਈਆ । ਤੇਰੇ ਨੇਤਰ ਵਗਣਾ ਨੀਰ, ਨੈਣ ਹੰਝੂਆਂ
ਹਾਰ ਬਣਾਈਆ । ਮੇਰੇ ਕੋਲ ਬੜੀ ਅਨੋਖੀ ਤਦਬੀਰ, ਤਰੀਕ਼ਾ ਸਮਝ ਕਿਸੇ ਨਾ ਆਈਆ । ਜੋ ਪਿਛਲੀ ਕੀਤੀ ਉਤੇ ਮਾਰਨੀ ਲਕੀਰ, ਪਿਛਲਾ
ਲੇਖਾ ਪੂਰ ਦੇਣਾ ਮੁਕਾਈਆ । ਆਪਣੇ ਕੂੜ ਦਾ ਮਾਰਨਾ ਤੀਰ, ਅਣਿਆਲਾ ਇਕ ਵਖਾਈਆ । ਜਿਸ ਲਹਿਣਾ ਦੇਣਾ ਮੁਕਾਉਣਾ ਪੈਗ਼ੰਬਰ ਪੀਰ,
ਸ਼ਰਅ ਸ਼ਰੀਅਤ ਵਿਚੋਂ ਮਿਟਾਈਆ । ਮਾਨਵ ਜ਼ਾਤੀ ਮਿਲੇ ਕੋਈ ਨਾ ਧੀਰ, ਧੀਰਜ ਸਕੇ ਨਾ ਕੋਇ ਰਖਾਈਆ । ਕਿਸੇ ਹੱਥ ਨਹੀਂ ਆਉਣਾ ਨੀਰ,
ਜਲ ਥਲ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ ।
ਕਲਜੁਗ ਕਹੇ ਧਰਨੀਏ ਮੈਂ ਬੜਾ ਚਾਲਾਕ, ਚਾਲਾਕੀ ਸਮਝ ਕਿਸੇ ਨਾ ਆਈਆ । ਤੂੰ ਮਿੱਟੀ ਦਿਸਣ ਵਾਲੀ ਖ਼ਾਕ, ਖ਼ਾਕੇ ਤੈਨੂੰ ਦਿਆਂ ਦ੍ਰਿੜ੍ਹਾਈਆ ।
ਜ਼ਰਾ ਮੇਰੇ ਵਲ ਝਾਕ, ਨੇਤਰ ਨੈਣ ਅੱਖ ਮਟਕਾਈਆ । ਪੰਚ ਵਿਕਾਰਾ ਮੇਰਾ ਮਿਤਰ ਪਿਆਰਾ ਸਾਕ, ਸੱਜਣ ਕੂੜ ਕੁੜਿਆਰਾ ਨਾਲ ਮਿਲਾਈਆ ।
ਮੈਂ ਮਾਇਆ ਮਮਤਾ ਨਾਲ ਕਰਾਂ ਟਾਕ, ਦੂਸਰ ਅੱਖ ਨਾ ਕਦੇ ਮਿਲਾਈਆ । ਮੇਰਾ ਸਭ ਦੇ ਨਾਲ ਵਾਅਦਾ ਵੇਖ ਲੈ ਭਵਿਖਤਾਂ ਨਾਲ ਵਾਕ, ਵਾਕਫ਼ਿਕਾਰ
ਹੋ ਕੇ ਦਿਆਂ ਜਣਾਈਆ । ਮੈਨੂੰ ਯਾਦ ਕੀਤਾ ਹਜ਼ਰਤ ਈਸਾ ਆਪਣੇ ਉਤੇ ਕਲਾਕ, ਕਲਾਧਾਰੀ ਕਲਜੁਗ ਕੀ ਆਪਣੀ ਕਲ ਵਰਤਾਈਆ । ਜਿਸ
ਦੀਨ ਮਜ਼੍ਹਬ ਦਾ ਪੈਗ਼ੰਬਰਾਂ ਨਾਲੋਂ ਕਰਨਾ ਤਲਾਕ਼, ਅਗਲਾ ਸੰਗੀ ਨਜ਼ਰ ਕੋਇ ਨਾ ਆਈਆ । ਰੂਹ ਬੁਤ ਰਹਿਣ ਦੇਣਾ ਨਹੀਂ ਕੋਈ ਪਾਕ, ਪਲੀਤ

ਕਰਾਂ ਖ਼ਲਕ ਖ਼ੁਦਾਈਆ । ਮੇਰੇ ਹੁਕਮ ਦੇ ਸਾਰੇ ਹੋਣੇ ਚਾਕ, ਚਾਕਰ ਕਰਾਂ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਕਲਜੁਗ ਕਹੇ ਧਰਨੀਏ ਮੈਨੂੰ ਵੇਖ ਲੈ ਮੈਂ ਸੂਰਬੀਰ ਬਹਾਦਰ, ਯੋਧਾ ਇਕ ਅਖਵਾਈਆ । ਜਿਸ ਨੂੰ ਮਾਣ ਦਿਤਾ ਕਰੀਮ ਕ਼ਾਦਰ, ਕ਼ੁਦਰਤ ਦਾ ਕ਼ਾਦਰ ਦਏ ਵਡਿਆਈਆ । ਤੂੰ ਮੈਨੂੰ ਦੇ ਆਦਰ, ਆਦਰਸ਼ ਤੈਨੂੰ ਆਪਣਾ ਦਿਆਂ ਵਖਾਈਆ । ਮੇਰਾ ਕਰਮ ਹੋਇਆ ਉਜਾਗਰ, ਕੂੜੀ ਕਿਰਿਆ ਵਜੀ ਵਧਾਈਆ । ਮੈਂ ਸਾਰੀ ਸ੍ਰਿਸ਼ਟੀ ਕੀਤੀ ਆਪਣੇ ਵਿਕਾਰ ਵਾਲੀ ਸੌਦਾਗਰ, ਘਰ ਘਰ ਕੂੜ ਵਸਤ ਦਿਤੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਧਰਨੀ ਕਹੇ ਕਲਜੁਗ ਕਿਉਂ ਕੂੜ ਦਾ ਪਾਵੇਂ ਰੌਲਾ, ਕੂਕ ਕੂਕ ਸੁਣਾਈਆ । ਆਪਣਾ ਤਕ ਲੈ ਇਕ਼ਰਾਰ ਕੌਲਾ, ਕਵਲ ਨੈਣ ਕੀ ਜਣਾਈਆ । ਜਿਸ ਨੂੰ ਪੈਗ਼ੰਬਰਾਂ ਕਿਹਾ ਮੌਲਾ, ਨੂਰ ਨੁਰਾਨਾ ਨੂਰ ਅਲਾਹੀਆ । ਉਹ ਮੇਰੇ ਉਤੇ ਤੇਰਾ ਭਾਰ ਕਰੇ ਹੌਲਾ, ਨੌ ਖੰਡ ਸੱਤ ਦੀਪ ਰਹਿਣ ਕੋਇ ਨਾ ਪਾਈਆ । ਜਿਸ ਦਾ ਸਚ ਦੁਆਰ ਇਕੋ ਤੇ ਇਕੋ ਹੋਣਾ ਢੋਲਾ, ਨਾਮ ਨਿਧਾਨਾ ਇਕ ਦ੍ਰਿੜਾਈਆ । ਉਹ ਦੀਨ ਦੁਨੀ ਵਿਚ ਜੋਤੀ ਜਾਤਾ ਆਪਣਾ ਬਦਲੇ ਚੋਲਾ, ਚੋਜੀ ਆਪਣਾ ਖੇਲ ਖਿਲਾਈਆ । ਜਿਸ ਦਾ ਅਵਤਾਰ ਪੈਗ਼ੰਬਰ ਗੁਰੂ ਬਣਿਆ ਗੋਲਾ, ਸੇਵਕ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ ।

 ਧਰਨੀ ਕਹੇ ਕਲਜੁਗ ਤੇਰਾ ਵਕ਼ਤ ਰਹਿ ਗਿਆ ਥੋੜ੍ਹਾ, ਬੁੜਿਆ ਖਿੜਕਿਆ ਤੈਨੂੰ ਦਿਆਂ ਜਣਾਈਆ । ਕੂੜ ਨਾਲ ਤੇਰਾ ਨਹੀਂ ਰਹਿਣਾ ਜੋੜਾ, ਜੋੜੀ ੧੧੭੯
 ਗੰਢ ਨਾ ਕੋਇ ਬੰਧਾਈਆ । ਔਹ ਤਕ ਲੈ ਸੱਸੇ ਵਾਲਾ ਹੋੜਾ, ਸੋ ਪੁਰਖ ਕੀ ਸਮਝਾਈਆ । ਜੋ ਹੰ ਬ੍ਰਹਮ ਦਾ ਮਾਲਕ ਹੋ ਕੇ ਬਹੁੜਾ, ਦੋ ੨੪
ਜਹਾਨਾਂ ਵੇਖ ਵਖਾਈਆ । ਤੇਰਾ ਰਸ ਰਹਿਣ ਨਾ ਦੇਵੇ ਕੌੜਾ, ਕੂੜੀ ਕਿਰਿਆ ਬਾਹਰ ਕਢਾਈਆ । ਜੋਤੀ ਜਾਤਾ ਬਣਕੇ ਬ੍ਰਾਹਮਣ ਗੌੜਾ, ਵੇਦ ਵਿਆਸਾ ਲੇਖਾ ਪੂਰ ਕਰਾਈਆ । ਤੇਰਾ ਮਾਰਗ ਅਗੇ ਰਹੇ ਨਾ ਸੌੜਾ, ਭੀੜੀ ਗਲੀ ਦਏ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਕਲਜੁਗ ਤੇਰਾ ਵਕ਼ਤ ਗਿਆ ਲੰਘ, ਸਦੀ ਚੌਧਵੀਂ ਬੀਸਵੀਂ ਦਏ ਗਵਾਹੀਆ । ਤੇਰੇ ਟੁਟਣ ਵਾਲੇ ਅੰਗ, ਅੰਗੀਕਾਰ ਨਜ਼ਰ ਕੋਇ ਨਾ ਆਈਆ । ਤੇਰਾ ਬਦਲਣ ਵਾਲਾ ਰੰਗ, ਕੂੜੀ ਕਿਰਿਆ ਰੰਗਤ ਦਏ ਮਿਟਾਈਆ । ਤੇਰਾ ਅੰਤਮ ਹੋਣ ਵਾਲਾ ਜੰਗ, ਜੰਗਜੂ ਹੋਇਆ ਧੁਰਦਰਗਾਹੀਆ । ਕੁਝ ਅੰਤ ਅਖ਼ੀਰੀ ਉਸ ਤੋਂ ਲੈ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਜੇਹੜਾ ਤੇਰੀ ਕਟੇ ਭੁਖ ਨੰਗ, ਕੂੜੀ ਤ੍ਰਿਸ਼ਨਾ ਦਏ ਮਿਟਾਈਆ । ਤੇਰਾ ਭਾਗ ਹੋਣ ਨਾ ਦੇਵੇ ਮੰਦ, ਮੰਦ ਭਾਗਿਆਂ ਲਏ ਤਰਾਈਆ । ਉਸ ਨਿਸ਼ਾਨ ਮੇਟਣਾ ਤਾਰਾ ਚੰਦ, ਉਮਤ ਨਬੀ ਰਸੂਲ ਦੀ ਦਏ ਗਵਾਹੀਆ । ਧਰਨੀ ਕਹੇ ਮੇਰਾ ਖ਼ੁਸ਼ੀ ਕਰੇ ਬੰਦ ਬੰਦ, ਬੰਦਗੀ ਦੀਨ ਦੁਨੀ ਬਦਲਾਈਆ । ਦੀਨ ਮਜ਼੍ਹਬ ਦੀ ਰਹਿਣ ਨਾ ਦੇਵੇ ਕੰਧ, ਸ਼ਰਅ ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਜਗਤ ਜਹਾਨ ਹੋਏ ਕੋਈ ਨਾ ਅੰਧ, ਅੰਧ ਅਗਿਆਨ ਦਏ ਮਿਟਾਈਆ । ਜਿਸ ਦੇ ਹੁਕਮ ਵਿਚ ਸਾਰੇ ਹੋਣ ਪਾਬੰਦ, ਸਿਰ ਸਕੇ ਨਾ ਕੋਇ ਉਠਾਈਆ । ਉਸ ਨੇ ਸਭ ਦਾ ਢੋਲਾ ਗਾਉਣਾ ਛੰਦ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਤੂੰ ਮੇਰੇ ਉਤੋਂ ਜਾਣਾ ਵੰਞ, ਵੰਝ ਮੁਹਾਣਿਆਂ ਹਾਥ ਕੋਇ ਨਾ ਆਈਆ । ਅੰਤ

੧੧੮੦
੨੪

ਵਿਛੜਨ ਲੱਗਿਆਂ ਕਲਜੁਗਾ ਕਰੀਂ ਮੂਲ ਨਾ ਰੰਜ, ਰੰਜਸ਼ ਆਪਣੇ ਵਿਚ ਰਖਾਈਆ । ਆਪਣੀ ਝੋਲੀ ਪਾ ਕੇ ਲੈ ਜਾਣਾ ਵਿਕਾਰਾ ਪੰਜ, ਕਾਮ ਕਰੋਧ ਲੋਭ ਮੋਹ ਹੰਕਾਰ ਆਪਣੀ ਗੋਦ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਧਰਨੀ ਕਹੇ ਕਲਜੁਗ ਪ੍ਰਭ ਖੇਲੇ ਖੇਲ ਨਿਆਰਾ, ਨਿਰਾਕਾਰ ਨਿਰੰਕਾਰ ਬੇਪਰਵਾਹੀਆ । ਜਿਨ੍ਹ ਸਤਿਜੁਗ ਸਚ ਪਰਗਟਾਉਣਾ ਦੁਬਾਰਾ, ਦੋਹਰੀ ਆਪਣੀ ਕਲ ਵਰਤਾਈਆ । ਮੇਰੇ ਉਤੇ ਭਗਤ ਸੁਹੇਲੇ ਮੇਲੇ ਨਾਲ ਸ਼ਬਦ ਇਸ਼ਾਰਾ, ਸੋਈ ਸੁਰਤੀ ਆਪ ਉਠਾਈਆ । ਤੇਰਾ ਅੰਧ ਅੰਧੇਰਾ ਮੇਟੇ ਅੰਧਿਆਰਾ, ਨੂਰੀ ਚੰਦ ਕਰੇ ਰੁਸ਼ਨਾਈਆ । ਸ਼ਬਦ ਅਨਾਦੀ ਦੇ ਧੁਨਕਾਰਾ, ਧੁਨ ਆਤਮਕ ਰਾਗ ਸੁਣਾਈਆ । ਅੰਮ੍ਰਿਤ ਰਸ ਬਖ਼ਸ਼ ਕੇ ਠੰਢਾ ਠਾਰਾ, ਜਗਤ ਤ੍ਰਿਸ਼ਨਾ ਕੂੜ ਬੁਝਾਈਆ । ਭਗਤ ਸੁਹੇਲੇ ਬਣਾ ਆਪਣਾ ਪਰਿਵਾਰਾ, ਪਰਮ ਪੁਰਖ ਪ੍ਰਭ ਵੇਖੇ ਚਾਈਂ ਚਾਈਆ । ਦੀਨ ਦਿਆਲ ਹੋ ਕੇ ਦੇਵੇ ਚਰਨ ਸਹਾਰਾ, ਚਰਨ ਕਵਲ ਇਕ ਸਰਨਾਈਆ । ਸਾਚੇ ਨਾਮ ਦਾ ਦੇ ਜੈਕਾਰਾ, ਜੈ ਜੈਕਾਰ ਕਰਾਈਆ । ਭਗਤ ਵਛਲ ਬਣ ਗਿਰਧਾਰਾ, ਗਿਰਵਰ ਆਪਣਾ ਰੰਗ ਰੰਗਾਈਆ । ਭੇਦ ਖੁਲ੍ਹਾ ਕੇ ਪੁਰਖ ਨਾਰਾ, ਨਰ ਨਰਾਇਣ ਹੋ ਕੇ ਵੇਖ ਵਖਾਈਆ । ਜੋਤੀ ਜਾਤਾ ਹੋ ਕੇ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਨੂੰ ਸਭ ਨੇ ਮੰਨਿਆ ਕਲ ਕਲਕੀ ਅਵਤਾਰਾ, ਨਿਹਕਲੰਕ ਇਕ ਅਖਵਾਈਆ । ਅਮਾਮ ਅਮਾਮਾ ਹੋਇਆ ਜ਼ਾਹਰਾ, ਜ਼ਾਹਰ ਜ਼ਹੂਰ ਡਗਮਗਾਈਆ । ਉਹ ਤੇਰਾ ਲਹਿਣਾ ਦੇਣਾ ਰਿਹਾ ਵਿਚਾਰਾ, ਛੁਪਿਆ ਰਹਿਣ ਕੁਛ ਨਾ ਪਾਈਆ । ਹੁਕਮ ਸੰਦੇਸ਼ਾ ਦੇਵੇ ਆਪਣੀ ਧਾਰਾ, ਧਰਮ ਦੀ ਧਾਰ ਨਾਲ ਸੁਣਾਈਆ । ਕਲਜੁਗ ਕਹੇ ਧਰਨੀਏ ਮੈਂ ਵੀ ਉਸ ਦੇ ਹੁਕਮ ਦੀ ਕਰਾਂ ਇੰਤਜ਼ਾਰਾ, ਬੈਠਾ ਰਾਹ ਤਕਾਈਆ । ਕਿਸ ਵੇਲੇ ਆਵੇ ਮੇਰਾ ਪਰਵਰਦਿਗਾਰਾ, ਨੂਰ ਨੁਰਾਨਾ ਨੂਰ ਅਲਾਹੀਆ । ਪਾਰਬ੍ਰਹਮ ਪਤਿਪਰਮੇਸ਼ਵਰ ਮੇਰੀ ਪਾਵੇ ਸਾਰਾ, ਪੁਰਖ ਅਕਾਲਾ ਦੀਨ ਦਿਆਲਾ ਦਇਆ ਕਮਾਈਆ । ਮੈਂ ਉਸ ਦੀ ਚਰਨ ਧੂੜ ਮਸਤਕ ਲਾਵਾਂ ਛਾਰਾ, ਧੂੜੀ ਖ਼ਾਕ ਰਮਾਈਆ । ਭਗਤ ਭਗਤਾਂ ਨਾਲ ਮਿਲਕੇ ਤੂੰ ਮੇਰਾ ਮੈਂ ਤੇਰਾ ਲਾਵਾਂ ਜੈਕਾਰਾ, ਜੈ ਜੈ ਕਾਰ ਵਿਚ ਆਪਣਾ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਆ । ਝਟ ਨਾਰਦ ਆ ਗਿਆ ਕਹੇ ਕਲਜੁਗ ਕੀ ਧਰਨੀ ਨਾਲ ਕਰੇਂ ਬਾਤ, ਮਿਤਰਾ ਦੇ ਸਮਝਾਈਆ । ਤੂੰ ਕੀ ਕਰਮ ਕੀਤਾ ਲੋਕਮਾਤ, ਮਾਤਰ ਭੂਮੀ ਦਏ ਗਵਾਹੀਆ । ਨਿਗਾਹ ਮਾਰ ਲੈ ਅੱਜ ਦੀ ਰਾਤ, ਬਿਨ ਨੇਤਰ ਨੈਣਾਂ ਨੈਣ ਉਠਾਈਆ । ਕੀ ਹੁਕਮ ਸੰਦੇਸ਼ਾ ਦੇਵੇ ਕਮਲਾਪਾਤ, ਪਤਿਪਰਮੇਸ਼ਵਰ ਕੀ ਸਮਝਾਈਆ । ਬਿਨ ਨੇਤਰ ਲੋਚਨ ਨੈਣਾਂ ਮਾਰ ਲੈ ਝਾਤ, ਬਿਨ ਅੱਖੀਆਂ ਅੱਖ ਉਠਾਈਆ । ਜੋ ਲੇਖਾ ਲਿਖਿਆ ਜਾਏ ਨਾਲ ਕ਼ਲਮ ਦਵਾਤ, ਸ਼ਾਹੀ ਸ਼ਹਾਦਤ ਦਏ ਭੁਗਤਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਅੰਤ ਭਗਤਾਂ ਪੁਛੇ ਵਾਤ, ਮਿਹਰਵਾਨ ਹੋ ਕੇ ਮਿਹਰ ਨਜ਼ਰ ਉਠਾਈਆ । ਕਲਜੁਗ ਕਹੇ ਨਾਰਦਾ, ਮੇਰਾ ਵੀ ਓਹੋ ਬਾਪ, ਪਿਤਾ ਇਕੋ ਇਕ ਅਖਵਾਈਆ । ਜਿਸ ਦਾ ਬਿਨ ਰਸਨਾ ਕਰਾਂ ਜਾਪ, ਢੋਲਾ ਧੁਰਦਰਗਾਹੀਆ । ਮੈਂ ਬੜਾ ਖ਼ੁਸ਼, ਮੇਰੀ ਬਦਲੀ ਪਰਮ ਪੁਰਖ ਨੇ ਕਰਨੀ ਆਪ, ਅਵਤਾਰ ਪੈਗ਼ੰਬਰਾਂ ਗੁਰੂਆਂ ਸੰਗ ਨਾ ਕੋਇ ਬਣਾਈਆ । ਮੇਰਾ ਮਾਲਕ ਹੋ ਕੇ ਪੁਛੇ ਬਾਤ, ਸੁਆਮੀ ਹੋ ਕੇ ਦਏ ਵਡਿਆਈਆ । ਮੈਂ ਵੀ ਸਚਖੰਡ ਸਤਿਜੁਗ ਤ੍ਰੇਤਾ ਦੁਆਪਰ ਨਾਲ ਮਿਲ ਕੇ ਆਪਣਾ ਸੁਹਾਵਾਂ ਪਰਾਂਤ, ਸੋਹਣੇ ਦਰ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵਣਹਾਰਾ ਬੂੰਦ ਸਵਾਂਤ, ਅੰਮ੍ਰਿਤ ਅੰਮਿਉਂ ਰਸ ਅਨਰਸ ਆਪਣਾ ਆਪ ਪਿਆਈਆ ।

### ✪ ੨੯ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਸ਼ਿਵ ਸਿੰਘ ਦੇ ਗ੍ਰਿਹ ਸਈ ਕਲਾਂ ਜ਼ਿਲਾ ਜੰਮੂ ✪

ਧਰਨੀ ਕਹੇ ਧੁਰ ਦਾ ਪਤੀਆ ਆਇਆ ਹੂ, ਉਹਾਂ ਈਹਾਂ ਆਪਣਾ ਖੇਲ ਖਿਲਾਇਓ ਰੀ । ਜੋਗੀਆ ਯਤੀਆ ਜੋਬਨਵੰਤੀਆ ਵੇਸ ਵਟਾਇਉ ਉ, ਜ਼ਮਨੇ ਜ਼ੂ ਨੂਰੇ ਨਿਜ਼ਾ ਨੂਰ ਨੂਰ ਰੁਸ਼ਨਾਇਓ ਰੀ । ਭਗਵਨ ਸ਼ਾਹੇ ਬੇਪਰਵਾਹੂ ਆਪਣਾ ਖੇਲ ਖਿਲਾਇਉ ਉ, ਪਰਵਰਦਿਗਾਰ ਮਵਿਜ਼ਲੀ ਜ਼ੂ ਜ਼ਹਕਾ ਜ਼ਹੀ ਜੁਹੀਨਾ ਹੀ ਸ਼ਬਦੀ ਸਈਆ ਮੋਕੋ ਬੀਨਾ ਪਰਦਾ ਆਪ ਉਠਾਇਉ ਰੀ । ਮੁਰਸ਼ਦ ਮਹਿਬਾਨੇ ਮਹਿਬੂਬ ਨੂਰ ਰੁਸ਼ਨਾਇਉ ਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਇਉ ਰੀ । ਕਰਨੀ ਕਾਰ ਕਮਾਵਤ ਰੇ । ਭੇਵ ਅਭੇਦ ਖੁਲ੍ਹਾਵਤ ਰੇ । ਦੋ ਜਹਾਨਾਂ ਵੇਖ ਵਖਾਵਤ ਰੇ । ਸ਼ਬਦ ਅਨਾਦੀ ਨਾਦ ਵਜਾਵਤ ਰੇ । ਜੋਤੀ ਨੂਰ ਨੂਰ ਰੁਸ਼ਨਾਵਤ ਰੇ । ਜ਼ਾਹਰ ਜ਼ਹੂਰ ਪਰਦਾ ਆਪ ਉਠਾਵਤ ਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਵਤ ਰੇ । ਕਾਕੂ ਕਾਪਿਤੀਆ ਮਤਰੇ ਇਸਮੇ ਜ਼ਕਵੇ ਜ਼ੋ ਜਹਾਨਾ ਏ । ਜੋਬਨਵੰਤਾ ਸ਼ਾਹ ਸ਼ਵਿਜ਼ੀ ਨਦਮੇ ਅਸਤ ਨੂਰ ਨੁਰਾਨਾ ਏ । ਮੇਕਾ ਮੀਤਾ ਤੇਹੀ ਦੀਨੋ ਇਸਮੇ ਚਸ਼ਮਾ ਚਸ਼ਮਾ ਚਸ਼ਮਾ ਚੋਮਸ ਰੂਹ ਜ਼ਮਾਨੋ ਰੇ । ਨਾਨਕ ਮਿਤੀਆ ਗੋਬਿੰਦ ਰਤੀਆ ਸ਼ਾਹੋ ਭੂਪ ਸੁਲਤਾਨੋ ਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹੋ ਭੂਪ ਨੌਜਵਾਨੋ ਰੇ । ਨਵ ਜੋਬਨ ਕਾ ਮੀਤਾ ਈਹੂ, ਇਸਮੇ ਨੂਰ ਚੁਸ਼ਾਨਾ ਏ । ਸ਼ਾਹੇ ਸ਼ਵਿਦਾ ਅਲਫ਼ਲ ਜੁਗਾ ਮਸਤ ਰੂਪ ਮਸਤਾਨਾ ਏ । ਦੋ ਜਹਾਨਾਂ ਵਾਹਿਦ ਵਜੂਦਾ, ਪੈਗ਼ੰਬਰਾਂ ਹੁਕਮ ਸੁਨਾਨਾ ਏ । ਸ਼ਾਹੇ ਸ਼ਵੀਜਾ ਰਾਹੋ ਮਹਿਵੀ ਅਵਤਰ ਖੇਲ ਖਲਾਨਾ ਏ । ਵੇਦ ਅਦਮ ਭੇਵ ਮਦਮ ਮਵਿਸਤੀ ਮੁਲਾਸਤ ਹਜ਼ਵੇ ਹੂ, ਹਜ਼ਰਤ ਸ਼ਾਹ ਸੁਲਤਾਨਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਆਪਣਾ ਹੁਕਮ ਵਰਤਾਨਾ ਏ ।

### ✪ ੨੯ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਭਗਵਾਨ ਸਿੰਘ ਦੇ ਗ੍ਰਿਹ ਸਈ ਕਲਾਂ ਜ਼ਿਲਾ ਜੰਮੂ ✪

ਧਰਨੀ ਕਹੇ ਮੇਰਾ ਧਵਲਾ ਧਈਆ, ਰਹਿਬਰ ਨੂਰ ਅੱਲਾਹਤੂਆ । ਸਾਵਲ ਸੁੰਦਰੀਆ ਸਰਨੀ ਪਈਆ, ਕੋਮਲ ਨੈਣ ਮਹਾਤੂਆ । ਰਾਮ ਰਮਈਆ ਜੋਤ ਜਗਈਆ, ਸ਼ਾਹੋ ਭੂਪ ਅਫ਼ਲਾਤੂ ਆ । ਨਾਨਕ ਗੋਬਿੰਦ ਖੇਲ ਖਲਈਆ, ਭੇਵ ਕੋਇ ਨਾ ਪਾਤੂ ਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਾਹਿਬ ਇਕ ਵਧਾਤੂਆ । ਧਰਨੀ ਕਹੇ ਮੋਕੋ ਮੀਤਾ ਮਿਤਰੇ ਮੀਆ ਆਇਉ ਰੀ ।

ਜੋਤੀ ਜਾਤਾ ਠਾਂਢਾ ਸੀਤਾ, ਅਗਨੀ ਅੱਗ ਬੁਝਾਇਉ ਰੀ । ਤ੍ਰੈਭਵਣ ਧਨੀ ਤ੍ਰੈਗੁਣ ਅਤੀਤਾ, ਤਰੀਆ ਖੇਲ ਖਿਲਾਇਉ ਰੀ । ਚਾਰ ਚਵੰਨੀ ਦੱਸ ਖਵੰਨੀ ਖੇਲੇ ਖੇਲ ਆਪਣੀ ਰੀਤਾ, ਭੇਵ ਅਵੱਲਾ ਆਪਣਾ ਆਪ ਛੁਪਾਇਉ ਰੀ । ਜੋ ਸੀਤਾ ਰਾਮ ਇਸ਼ਾਰਾ ਕੀਤਾ, ਕਾਹਨਾ ਕ੍ਰਿਸ਼ਨਾ ਆਪਣਾ ਨਾਮ ਪਰਗਟਾਇਉ ਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਇਉ ਰੀ । ਧਰਨੀ ਕਹੇ ਮੇਰਾ ਪਰਦਾ ਕਾਜੂ, ਉਹਾਂ ਚੀਕਨ ਕਾ ਚਿਕਆਇਆ ਈ । ਦੋਵੇਂ ਨੈਣ ਨੀਰ ਤੇ ਵਾਝੂੰ, ਛਹਿਬਰ ਬੇਪਰਵਾਹਿਆ ਈ । ਮਾਨਵ ਜ਼ਾਤੀ ਪੀਰ ਸਭ ਦਾ ਸਾਂਝੂ, ਗੋਬਿੰਦ ਖੇਲ ਖਿਲਾਇਆ ਈ । ਇਸ ਦੇ ਅਗੇ ਹਸਤ ਬਾਂਧੂ, ਬੰਦਨਾ ਵਿਚ ਸੀਸ ਝੁਕਾਇਆ ਈ । ਮੇਰਾ ਠਾਕਰ ਸੁਆਮੀ ਸਰਬ ਬਖ਼ਸ਼ਾਂਦੂ, ਬਖ਼ਸ਼ਣਹਾਰਾ ਇਕੋ ਨਜ਼ਰੀ ਆਇਆ ਈ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰ ਨਰਾਇਣ ਨੂਰ ਪਰਗਟਾਇਆ ਈ ।

### ੨੯ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਗਿਆਨ ਚੰਦ ਮਨਵਾਲ ਕੈਂਪ ਸਈ ਕਲਾਂ ਜ਼ਿਲਾ ਜੰਮੂ



ਧਰਨੀ ਕਹੇ ਪਰਗਟਿਓ ਭਵਈਆ, ਭਾਵਨਾ ਮੇਰੀ ਪੂਰ ਕਰਾਈਆ । ਮਿਹਰਵਾਨ ਮੇਰਾ ਮੀਆਂ ਸਈਆ, ਸਾਜਣ ਇਕ ਅਖਵਾਈਆ । ਜਿਸ ਦੇ ਹੁਕਮ ਖੇਲ ਖਲਈਆ, ਗੋਬਿੰਦ ਬਾਲੇ ਨੀਹਾਂ ਹੇਠ ਦਬਾਈਆ । ਆ ਉਹ ਲੇਖਾ ਮੰਗੂ ਕਾਢੋ ਵਹੀਆ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰਾ ਮਹਿਬੂਬ ਅਵਜ਼ੀ ਅਵਲ ਨੂਰ ਅਲਾਹੀਆ । ਜਗਲੇ ਮਿਜ਼ਲੀ ਸ਼ੋਹੂ ਸ਼ਾਨਾ ਦੋਜ਼ਖ਼ ਬਹਿਸ਼ਤ ਨਵਿਜ਼ਲੀ ਆਅਲਾ ਚਸ਼ਮੇ ਦੀਦ ਚਸ਼ਮੇ ਜੋਦੂ ਚਸ਼ਮੇ ਅਧ ਚਸ਼ਮੇ ਮਦ, ਚਸ਼ਮ ਚਸ਼ਮ ਚਮਕਾਨਾ ਊ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਨਾ ਊ । ਧਰਨੀ ਕਹੇ ਮੇਰਾ ਧਰਮ ਦਿਆਲੂ, ਧੁਰ ਦਾ ਮਾਹੀ ਆਇਆ ਏ । ਪਰਮ ਪੁਰਖ ਮੇਰਾ ਬਣ ਕਿਰਪਾਲੂ, ਕਿਰਪਾਨਿਧ ਵੇਖ ਵਖਾਇਆ ਏ । ਮੇਰੇ ਸਿਰ ਤੇ ਦੇਵੇ ਧਰਮ ਦਾ ਸਾਲੂ, ਓਢਣ ਇਕੋ ਨਾਮ ਟਿਕਾਇਆ ਏ । ਜਿਸ ਨੂੰ ਦੀਨ ਦੁਨੀ ਨੌ ਖੰਡ ਪ੍ਰਿਥਮੀ ਭਾਲੂ, ਭਾਲਿਆਂ ਹੱਥ ਕਿਸੇ ਨਾ ਆਇਆ ਏ । ਜਿਸ ਦੇ ਹੁਕਮ ਵਿਚ ਅਵਤਾਰ ਪੈਗ਼ੰਬਰ ਗੁਰੂ ਘਾਲਣਾ ਘਾਲੂ, ਘਾਇਲ ਹੋ ਕੇ ਸੇਵ ਕਮਾਇਆ ਏ । ਉਹ ਅੰਤ ਕੰਤ ਭਗਵੰਤ ਕਲਜੁਗ ਅੰਤਮ ਆਪ ਸੰਭਾਲੂ, ਸੰਬਲ ਦਾ ਮਾਲਕ ਹੋ ਕੇ ਵੇਖ ਵਖਾਇਆ ਏ । ਮੇਰੇ ਉਤੋਂ ਤ੍ਰੈਗੁਣ ਮਾਇਆ ਮੇਟੇ ਜੰਜਾਲੂ, ਜਾਗਰਤ ਜੋਤ ਕਰੇ ਰੁਸ਼ਨਾਇਆ ਏ । ਸਤਿਜੁਗ ਸਚ ਧਰਮ ਕਰੇ ਉਜਾਲੂ, ਕਲਜੁਗ ਅੰਧ ਅੰਧੇਰ ਗੁਆਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਇਆ ਏ । ਧਰਨੀ ਕਹੇ ਮੈਂ ਨਮੋ ਨਮੋ ਕਰਾਂ ਨਿਮਸਕਾਰ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਕਿਰਪਾ ਕਰੇ ਮੇਰੇ ਉਤੇ ਮੇਰਾ ਨਿਰੰਕਾਰ, ਨਿਰਵੈਰ ਹੋ ਕੇ ਵੇਖ ਵਖਾਈਆ । ਨੂਰ ਨੁਰਾਨਾ ਬਣ ਕੇ ਪਰਵਰਦਿਗਾਰ, ਸਾਂਝਾ ਯਾਰ ਆਪਣਾ ਹੁਕਮ ਵਰਤਾਈਆ । ਮੇਰਾ ਚਾਰ ਜੁਗ ਦਾ ਲਹਿਣਾ ਦੇਣਾ ਪੂਰਬ ਕ਼ਰਜ਼ਾ ਦਏ ਉਤਾਰ, ਉੱਤਰ ਪੂਰਬ ਪੱਛਮ ਦੱਖਣ ਬਾਕੀ ਰਹਿਣ ਕੁਛ ਨਾ ਪਾਈਆ ।

ਮੈਂ ਖ਼ੁਸ਼ੀਆਂ ਵਿਚ ਢੋਲੇ ਗਾਵਾਂ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਦੀ ਧਾਰ, ਪਾਰਬ੍ਰਹਮ ਬ੍ਰਹਮ ਮਿਲ ਕੇ ਵਜੇ ਵਧਾਈਆ । ਮੇਰੇ ਨੌਂ ਖੰਡ ਸੱਤ ਦੀਪ ਕਰਨ ਜੈ ਜੈ ਕਾਰ, ਜੈ ਜੈ ਕਾਰ ਕਰੇ ਖ਼ਲਕ ਖ਼ੁਦਾਈਆ । ਧਰਨੀ ਕਹੇ ਮੈਂ ਧਵਲ ਹੋ ਕੇ ਜਾਵਾਂ ਬਲ ਬਲਹਾਰ, ਬਲ ਬਲ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹੋ ਭੂਪ ਸਚ ਸਿਕਦਾਰ, ਸਦਾ ਸਦਾ ਸਦ ਸਿਰ ਮੇਰੇ ਹੱਥ ਟਿਕਾਈਆ ।

## ✪ ੨੯ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਸੋਭਾ ਸਿੰਘ ਦੇ ਗ੍ਰਿਹਿ ਧੰਗਾਲੀ ਜ਼ਿਲਾ ਜੰਮੂ ✪

ਧਰਨੀ ਕਹੇ ਸਾਹਿਬ ਮੀਕੋ ਅਲਜ਼ੀਜ਼ਲ ਜ਼ੁਖ਼ਮਤੇ ਜ਼ੂ ਅਰਸ਼ੇ ਵਜ਼ੀ ਅਰਸ਼ੇ ਤਜ਼ੀ ਫ਼ਰਸ਼ੇ ਤਜ਼ੀ ਨੂਰੇ ਨਵਿਜ਼ ਸ਼ਾਹੇ ਸ਼ਵਿਜ਼ ਸ਼ਹਿਨਸ਼ਾਹ ਇਕ ਅਖਵਾਈਆ । ਧਰਨੀ ਕਹੇ ਮੇਰਾ ਪਰਮ ਪੁਰਖ ਪਰਮਾਤਮ, ਪੂਰਨ ਬ੍ਰਹਮ ਜਣਾਈਆ । ਜਿਸ ਦਾ ਸਮਝੇ ਨਾ ਕੋਇ ਮਹਾਤਮ, ਭੇਵ ਸਕੇ ਨਾ ਕੋਇ ਸਮਝਾਈਆ । ਉਹਦਾ ਲਹਿਣਾ ਦੇਣਾ ਮਾਨਵ ਜ਼ਾਤੀ ਸਾਰੀ ਜਾਤਮ, ਮਾਨਸ ਮਾਨੁਖ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਧਰਨੀ ਕਹੇ ਮੇਰਾ ਮਾਲਕ ਮੀਤੋ, ਮਿਤੀਆ ਧੁਰਦਰਗਾਹੀਆ । ਸ਼ਾਹੋ ਭੂਪ ਹਰਿ ਠਾਂਡਾ ਸੀਤੋ, ਅਗਨੀ ਤਤ ਬੁਝਾਈਆ । ਜੁਗ ਜੁਗ ਬਦਲਣਹਾਰਾ ਰੀਤੋ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਵਰਤਾਈਆ । ਜੀਵਾਂ ਜੰਤਾਂ ਪਰਖਣਹਾਰਾ ਨੀਤੋ, ਵੇਖਣਹਾਰਾ ਧੁਰਦਰਗਾਹੀਆ । ਜੋ ਝਗੜਾ ਮੇਟੇ ਮੰਦਰ ਮਸੀਤੋ, ਕਾਅਬਿਆਂ ਪਰਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਮਾਲਕ ਇਕ ਅਖਵਾਈਆ । ਧਰਨੀ ਕਹੇ ਸਾਹਿਬ ਹਮਾਰੋ, ਮੀਤੋ ਮੀਤਾ ਇਕ ਅਖਵਾਇਉ ਰੇ । ਜੋਤੀ ਜਾਤਾ ਨੂਰ ਉਜਿਆਰੋ, ਦੋ ਜਹਾਨਾਂ ਡਗਮਗਾਇਉ ਰੇ । ਜਿਸ ਦਾ ਖੇਲ ਸਰਬ ਸੰਸਾਰੋ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਆਪ ਜਗਾਇਉ ਰੇ । ਜੋ ਲਹਿਣਾ ਦੇਣਾ ਜਾਣੇ ਪੈਗ਼ੰਬਰ ਗੁਰ ਅਵਤਾਰੋ, ਤ੍ਰੈ ਲੋਅ ਬਾਹਰ ਤ੍ਰੈਭਵਨ ਹੋ ਕੇ ਧਨੀ ਆਪਣਾ ਹੁਕਮ ਵਰਤਾਇਉ ਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਇਉ ਰੇ । ਧਰਨੀ ਕਹੇ ਮੇਰਾ ਵੇਖੇ ਧਰਮ ਦੁਆਰਾ, ਕਲਜੁਗ ਅੰਤ ਧਿਆਨ ਲਗਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਪਾਵੇ ਸਾਰਾ, ਚਾਰ ਕੁੰਟ ਦਹਿ ਦਿਸ਼ਾ ਪਰਦਾ ਦਏ ਉਠਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤਕੇ ਧੂੰਆਂਧਾਰਾ, ਪੰਜ ਵਿਕਾਰਾ ਵੇਖੇ ਖ਼ਲਕ ਖ਼ੁਦਾਈਆ । ਦੀਨਾਂ ਮਜ਼੍ਹਬਾਂ ਤਕੇ ਸ਼ਰਅ ਸ਼ਰੀਅਤ ਵਾਲੀ ਖਾਰਾ, ਦੂਈ ਦੁਵੈਤੀ ਖੋਜ ਖੁਜਾਈਆ । ਮਨ ਮਨਸਾ ਕੂੜੀ ਕਿਰਿਆ ਵੇਖੇ ਅਖਾੜਾ, ਮੋਹ ਵਿਕਾਰਾ ਖੋਜੇ ਚਾਈਂ ਚਾਈਂਆ । ਸੋ ਸਾਹਿਬ ਸੁਲਤਾਨਾ ਨੌਜਵਾਨਾ ਜਿਸ ਨੂੰ ਸਭ ਨੇ ਮੰਨਿਆ ਧੁਰ ਦਾ ਲਾੜਾ, ਗਹਿਰ ਗੰਭੀਰ ਬੇਨਜ਼ੀਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਧਰਨੀ ਕਹੇ ਮੇਰਾ ਪਰਮ ਪੁਰਖ ਪਰਮਾਤਮ ਇਕਾ ਬੰਧੂ, ਬੰਧਨ ਮੇਰੇ ਦਏ ਕਟਾਈਆ । ਦੀਨ ਦਿਆਲ ਠਾਕਰ ਸੁਆਮੀ ਗਹਿਰ ਗੰਭੀਰ ਸਾਗਰ ਸੰਧੂ, ਅੰਮ੍ਰਿਤ ਮੇਘ ਆਪਣਾ ਨਾਮ ਬਰਸਾਈਆ । ਕਲਜੁਗ ਅੰਤ ਅੰਧ ਅਗਿਆਨ ਅੰਧੇਰਾ

੧੧੮੩
੨੪

ਮੇਟੇ ਅੰਧੂ, ਅੰਧ ਆਤਮ ਕਰੇ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਨਿਰਗੁਣ ਨਿਰਗੁਣ ਸੁਣਾਏ ਛੰਦੂ, ਸੋਹੰ ਢੋਲਾ ਅਗੰਮ ਅਥਾਹੀਆ । ਜੋ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਦੇਵਣਹਾਰ ਅਨੰਦੂ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਿਸ ਦੇ ਹੁਕਮ ਵਿਚ ਕਲਜੁਗ ਅੰਤ ਅਖ਼ੀਰ ਜਗਤ ਜਹਾਨ ਵਿਚੋਂ ਲੰਘੂ, ਧਰਨੀ ਧਰਤ ਧਵਲ ਧੌਲ ਰਹਿਣ ਮੂਲ ਨਾ ਪਾਈਆ । ਸਤਿਜੁਗ ਸਾਚਾ ਮੇਰੇ ਨਾਲ ਕਰੇ ਸਬੰਧੂ, ਸਗਲਾ ਸੰਗ ਵਖਾਈਆ । ਮੇਰੇ ਅੰਤਸ਼ਕਰਨ ਸੀਨੇ ਪਾਵੇ ਠੰਡੂ, ਅਗਨੀ ਅੱਗ ਅੱਗ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਮੇਰਾ ਮਾਲਕ ਇਕ ਸੁਆਮੀ, ਹਰਿ ਕਰਤਾ ਅਗੰਮ ਅਥਾਹੀਆ । ਜੋ ਆਦਿ ਜੁਗਾਦੀ ਅੰਤਰਜਾਮੀ, ਵੇਖਣਹਾਰਾ ਥਾਉਂ ਥਾਈਂਆ । ਜਿਸ ਦੇ ਹੁਕਮ ਵਿਚ ਕਲਜੁਗ ਕੂੜੀ ਕਿਰਿਆ ਹੋਈ ਪਰਧਾਨੀ, ਨਵ ਸੱਤ ਆਪਣਾ ਬਲ ਪਰਗਟਾਈਆ । ਸਤਿ ਧਰਮ ਦੀ ਮਿਟਦੀ ਗਈ ਨਿਸ਼ਾਨੀ, ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਅਵਤਾਰ ਪੈਗ਼ੰਬਰ ਗੁਰੂ ਅੰਦਰ ਹੋਈ ਹੈਰਾਨੀ, ਸਿਖ ਮੁਰੀਦ ਸਾਚਾ ਸੰਗ ਨਾ ਕੋਇ ਨਿਭਾਈਆ । ਮਨੂਆ ਮਨ ਮਨਸਾ ਨਾਲ ਮਿਲ ਕੇ ਕਰੇ ਸ਼ੈਤਾਨੀ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਮਾਣ ਰਿਹਾ ਨਾ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨੀ, ਖਾਣੀ ਬਾਣੀ ਸਗਲਾ ਸੰਗ ਨਾ ਕੋਇ ਨਿਭਾਈਆ । ਜਲਧਾਰਾ ਰੋਵੇ ਅਠਸਠ ਤੀਰਥ ਪਾਣੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਪਿਆਰ ਰਿਹਾ ਨਾ ਮਾਨਵ ਜ਼ਾਤੀ ਜੇਰਜ ਵਾਲੀ ਖਾਣੀ, ਪ੍ਰੀਤਮ ਦੀ ਪ੍ਰੀਤੀ ਵਿਚ ਨਾ ਕੋਇ ਸਮਾਈਆ ।
 ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ੧੧੮੪
 ਮਾਲਕ ਖ਼ਾਲਕ ਆਦਿ ਜੁਗਾਦੀ ਦੋ ਜਹਾਨੀ, ਨੂਰ ਨੁਰਾਨੀ ਨੂਰ ਨੂਰ ਜੋਤ ਕਰੇ ਰੁਸ਼ਨਾਈਆ । ੨੪

### ੨੯ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਲਛਮਣ ਸਿੰਘ ਦੇ ਗ੍ਰਿਹ ਅੰਦਰ ਵੜਦਿਆਂ ਹੀ ਧੰਗਾਲੀ ਕੈਂਪ ਜ਼ਿਲਾ ਜੰਮੂ

ਧਰਨੀ ਕਹੇ ਪ੍ਰਭੂ ਚਾੜ੍ਹੇ ਰੇ ਮਸਤੀ, ਮਸਲ ਮਸਲ ਲਏ ਅੰਗੜਾਈਆ । ਧਾਰ ਬਖ਼ਸ਼ ਆਪਣੇ ਰਸ ਦੀ, ਬਿਨ ਰਸਨਾ ਰਸ ਚਖਾਈਆ । ਮੈਂ ਵਣਜਾਰਨ ਹੋਵਾਂ ਤੇਰੇ ਜਸ ਦੀ, ਸਿਫ਼ਤਾਂ ਢੋਲੇ ਗਾਈਆ । ਬਿਨ ਕ਼ਦਮਾਂ ਹੋਵਾਂ ਨਸਦੀ, ਭੱਜਾਂ ਵਾਹੋ ਦਾਹੀਆ । ਖ਼ੁਸ਼ੀਆਂ ਹੋਵਾਂ ਹਸਦੀ, ਹਰਿਜਨ ਵੇਖ ਖ਼ੁਸ਼ੀ ਬਣਾਈਆ । ਮੇਰੀ ਆਸ਼ਾ ਨਹੀਂ ਕੋਈ ਰਵ ਸਸ ਦੀ, ਸੂਰੀਆ ਚੰਦ ਨਾ ਕੋਇ ਰੁਸ਼ਨਾਈਆ । ਮੇਰੇ ਉਤੋਂ ਮੇਟ ਰੈਣ ਅੰਧੇਰੀ ਮਸ ਦੀ, ਅੰਧ ਅਗਿਆਨ ਦੇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਆਪ ਵਰਤਾਈਆ । ਧਰਨੀ ਕਹੇ ਮੋਹੇ ਕਾਹੋ ਕਰੋ ਸਖ਼ਤੀ, ਸੁਖ਼ਨ ਅਗੰਮ ਜਣਾਈਆ । ਮੇਰਾ ਲਹਿਣਾ ਪੂਰਬ ਵੇਖੋ ਲਖਤੀ, ਲਿਖ ਲਿਖ ਗੁਰ ਅਵਤਾਰ ਪੈਗ਼ੰਬਰ ਕੀ ਜਣਾਈਆ । ਜਿਨ੍ਹਾਂ ਦੀ ਆਸ਼ਾ ਨਾਲ ਮੇਰੇ ਉਤੇ ਆਉਂਣੀ ਕੰਮਬਖ਼ਤੀ, ਕਮੀਨੀ ਹੋ ਕੇ ਦਿਆਂ ਸੁਣਾਈਆ । ਦਰੋਹੀ ਮੇਰਿਆ ਸੁਆਮੀਆਂ, ਮੇਰੇ ਉਤੇ ਤੇਰੀ ਸ੍ਰਿਸ਼ਟੀ ਨਹੀਂ ਰਹਿਣੀ ਵਸਦੀ, ਵਸਲ ਯਾਰ ਤੇਰਾ ਕਰਨ ਕੋਇ ਨਾ ਪਾਈਆ । ਕਲਜੁਗ ਆਸ਼ਾ ਨਾਗਣ ਸਭ ਨੂੰ ਫਿਰੇ ਡਸਦੀ, ਗ੍ਰਿਹਿ ਗ੍ਰਿਹਿ ਡੰਗ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ

ਹੋਣਾ ਸਹਾਈਆ । ਧਰਨੀ ਕਹੇ ਜਨ ਭਗਤੋ ਮੈਂ ਖ਼ੁਸ਼ੀਆਂ ਨਾਲ ਝੂਮਾਂ, ਝੂਮ ਝੂਮ ਖ਼ੁਸ਼ੀ ਬਣਾਈਆ । ਬਿਨ ਰਸਨਾ ਜਿਹਵਾ ਸਾਹਿਬ ਦੇ ਚਰਨ ਚੁੰਮਾਂ, ਬਿਨ ਲਬਾਂ ਲਬ ਛੁਹਾਈਆ । ਜਿਸ ਨੇ ਖੇਲ ਤਕਣਾ ਮੇਰੇ ਉਤੇ ਮਜ਼੍ਹਬਾਂ ਵਾਲੇ ਹਜੂਮਾਂ, ਲੇਖੇ ਜਾਣੇ ਥਾਉਂ ਥਾਈਂਆ । ਪਰ ਇਕ ਖ਼ੁਸ਼ੀ ਉਸ ਨੇ ਜ਼ਰੂਰ ਰੱਛਿਆ ਕਰਨੀ ਆਪਣਿਆਂ ਭਗਤਾਂ ਬੱਚਿਆਂ ਮਾਸੂਮਾਂ, ਨੰਨ੍ਹਿਆਂ ਬਾਲਿਆਂ ਆਪਣੀ ਗੋਦ ਉਠਾਈਆ । ਪਰ ਉਸ ਦਾ ਖੇਲ ਹੋਣਾ ਨਾਮਾਲੂਮਾ, ਸਮਝ ਵਿਚ ਨਾ ਕੋਇ ਸਮਝਾਈਆ । ਜਿਸ ਮੇਰੇ ਉਤੋਂ ਕਲਜੁਗ ਦਾ ਬਦਲ ਦੇਣਾ ਕ਼ਾਨੂੰਨਾ, ਕ਼ਾਇਦਾ ਕ਼ਵਾਇਦ ਪਿਛਲਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਮੇਰੇ ਉਤੇ ਭਗਤਾਂ ਸੇਜ ਸੁਹਾਈ ਗੱਦੀ, ਸੁਖਆਸਣ ਇਕ ਬਣਾਈਆ । ਜਿਸ ਦੇ ਹੁਕਮ ਵਿਚ ਬੀਤਦੀ ਜਾਂਦੀ ਸਦੀ, ਭੱਜੇ ਵਾਹੋ ਦਾਹੀਆ । ਮੈਂ ਉਸੇ ਦੇ ਹੁਕਮ ਵਿਚ ਬੱਧੀ, ਦਰ ਠਾਂਡੇ ਸੀਸ ਨਿਵਾਈਆ । ਸਪਤਸ ਰਿਖੀਆਂ ਦੀ ਆਸ਼ਾ ਕਾਰਨ ਜੁਗ ਚੌਕੜੀ ਦਾ ਮਾਲਕ ਆਵੇ ਕਦੀ ਕਦੀ, ਕ਼ਦੀਮ ਦਾ ਲੇਖਾ ਪੂਰ ਕਰਾਈਆ । ਏਥੇ ਉਨ੍ਹਾਂ ਦੀ ਧੂਣੀ ਦੀ ਰਾਖ ਦੱਬੀ, ਜਿਥੇ ਤੀਜੀ ਵਾਰ ਆਸਣ ਚਰਨਾਂ ਵਾਲਾ ਛੁਹਾਈਆ । ਜਲ ਦੀ ਧਾਰਾ ਕਦੀ ਹੁੰਦੀ ਸੀ ਨਿੱਕੀ ਜਿਹੀ ਡਿੱਗੀ, ਜਿਸ ਨੂੰ ਤਲਾਬ ਕਹਿ ਕੇ ਰਸਨਾ ਵਾਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਵਾਂ ਖੇਲ ਧਰਨੀ ਕਹੇ ਜਨ ਭਗਤੋਂ ਮੇਰੇ
੧੧੯੫ ਉਤੇ ਬੈਠਾ ਵਿਢੀ, ਜੋ ਵਿਡੋ ਵੇਖੇ ਖ਼ਲਕ ਖ਼ੁਦਾਈਆ । ੧੧੯੫

੨੪ ✪ ੨੯ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਲਛਮਣ ਸਿੰਘ ਦੇ ਗ੍ਰਹਿ ਰਾਤ ਨੂੰ ਸਈ ਧੰਗਾਲੀ ਕੈਂਪ ਜ਼ਿਲਾ ਜੰਮੂ ✪ ੨੪

ਸਤਿਗੁਰ ਸਚਾ ਜਾਣੀਏ, ਆਦਿ ਜੁਗਾਦਿ ਸਮਰਥ । ਸਤਿਗੁਰ ਸਚਾ ਜਾਣੀਏ, ਮਹਿੰਮਾ ਜੁਗ ਜੁਗ ਅਕਥ । ਸਤਿਗੁਰ ਸਚਾ ਜਾਣੀਏ, ਨਿਰਗੁਣ ਸਰਗੁਣ ਚਲਾਏ ਰਥ । ਸਤਿਗੁਰ ਸਚਾ ਜਾਣੀਏ, ਨਾਮ ਨਿਧਾਨਾ ਦੇਵੇ ਵਥ । ਸਤਿਗੁਰ ਸਚਾ ਜਾਣੀਏ, ਕੂੜ ਵਿਕਾਰਾ ਦੇਵੇ ਮਥ । ਸਤਿਗੁਰ ਸਚਾ ਜਾਣੀਏ, ਜਿਸ ਦਰਸ਼ਨ ਸਗਲ ਵਸੂਰੇ ਜਾਣ ਲਥ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਆਮੀ ਜਿਸ ਦੀ ਮਹਿੰਮਾ ਸਦਾ ਅਕਥ । ਸਤਿਗੁਰ ਸਚਾ ਜਾਣੀਏ, ਆਦਿ ਜੁਗਾਦੀ ਗਹਿਰ ਗੰਭੀਰ । ਸਤਿਗੁਰ ਸਚਾ ਜਾਣੀਏ, ਜੋ ਨਿਰਗੁਣ ਨਿਰਵੈਰ ਬੇਨਜ਼ੀਰ । ਸਤਿਗੁਰ ਸਚਾ ਜਾਣੀਏ, ਜੋ ਸ਼ਹਿਨਸ਼ਾਹ ਪੀਰਾਂ ਦਾ ਪੀਰ । ਸਤਿਗੁਰ ਸਚਾ ਜਾਣੀਏ, ਜਿਸ ਦੀ ਖਿੱਚ ਨਾ ਸਕੇ ਕੋਇ ਤਸਵੀਰ । ਸਤਿਗੁਰ ਸਚਾ ਜਾਣੀਏ, ਜੋ ਅੰਤਰ ਨਿਰੰਤਰ ਦੇਵੇ ਧੀਰ । ਸਤਿਗੁਰ ਸਚਾ ਜਾਣੀਏ, ਜੋ ਅੰਮ੍ਰਿਤ ਬਖ਼ਸ਼ੇ ਸੀਰ । ਸਤਿਗੁਰ ਸਚਾ ਜਾਣੀਏ, ਜੋ ਝਗੜਾ ਮੇਟੇ ਸ਼ਾਹ ਹਕੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਗੁਣੀ ਗਹੀਰ । ਸਤਿਗੁਰ ਸਚਾ ਜਾਣੀਏ, ਏਕਾ ਏਕ ਸ੍ਰੀ ਭਗਵੰਤ । ਸਤਿਗੁਰ ਸਚਾ ਜਾਣੀਏ, ਆਦਿ ਜੁਗਾਦੀ ਧੁਰ ਦਾ ਕੰਤ । ਸਤਿਗੁਰ ਸਚਾ ਜਾਣੀਏ, ਜਿਸ ਦਾ ਇਕੋ ਨਾਮ ਨਿਧਾਨਾ ਮੰਤ । ਸਤਿਗੁਰ ਸਚਾ ਜਾਣੀਏ, ਜਿਸ ਦੀ ਮਹਿੰਮਾ ਸਦਾ ਅਗਣਤ । ਸਤਿਗੁਰ ਸਚਾ ਜਾਣੀਏ,

ਜੋ ਹਰਿਜਨ ਬਣਾਏ ਸੰਤ । ਸਤਿਗੁਰ ਸਚਾ ਜਾਣੀਏ, ਜੋ ਗੜ੍ਹ ਤੋੜੇ ਹਉਮੇ ਹੰਗਤ । ਸਤਿਗੁਰ ਸਚਾ ਜਾਣੀਏ, ਜੋ ਮੇਲ ਮਿਲਾਏ ਭਗਤਾਂ ਸੰਗਤ । ਸਤਿਗੁਰ ਸਚਾ ਜਾਣੀਏ, ਜੋ ਬੋਧ ਅਗਾਧਾ ਹੋਏ ਪੰਡਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਆਮੀ ਤੋੜੇ ਹਉਮੇ ਹੰਗਤ । ਸਤਿਗੁਰ ਸਚਾ ਜਾਣੀਏ, ਪਰਮ ਪੁਰਖ ਕਿਰਪਾਲ । ਸਤਿਗੁਰ ਸਚਾ ਜਾਣੀਏ, ਦੀਨਾਂ ਬੰਧਪ ਦੀਨ ਦਿਆਲ । ਸਤਿਗੁਰ ਸਚਾ ਜਾਣੀਏ, ਸਚਖੰਡ ਵਖਾਏ ਸਚੀ ਧਰਮਸਾਲ । ਸਤਿਗੁਰ ਸਚਾ ਜਾਣੀਏ, ਜੋਤ ਜਗਾਏ ਬੇਮਿਸਾਲ । ਸਤਿਗੁਰ ਸਚਾ ਜਾਣੀਏ, ਜੋ ਆਪਣੀ ਗੋਦੀ ਲਏ ਸੁਵਾਲ । ਸਤਿਗੁਰ ਸਚਾ ਜਾਣੀਏ, ਨਾਤਾ ਤੋੜੇ ਕਾਲ ਮਹਾਕਾਲ । ਸਤਿਗੁਰ ਸਚਾ ਜਾਣੀਏ, ਗੁਰਮੁਖ ਉਠਾਏ ਆਪਣੇ ਬਾਲ । ਸਤਿਗੁਰ ਸਚਾ ਜਾਣੀਏ, ਲੱਖ ਚੁਰਾਸੀ ਵਿਚੋਂ ਕਰੇ ਬਹਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਚ ਕਰੇ ਪ੍ਰਿਤਪਾਲ । ਸਤਿਗੁਰ ਸਚਾ ਜਾਣੀਏ, ਦੇਵੇ ਘਰ ਸੁਹੰਜਣਾ । ਸਤਿਗੁਰ ਸਚਾ ਜਾਣੀਏ, ਚਰਨ ਧੂੜ ਕਰਾਏ ਮਜਨਾ । ਸਤਿਗੁਰ ਸਚਾ ਜਾਣੀਏ, ਨੇਤਰ ਨਾਮ ਪਾਏ ਅੰਜਣਾ । ਸਤਿਗੁਰ ਸਚਾ ਜਾਣੀਏ, ਦਰਦ ਦੁਖ ਹੋਏ ਭੈ ਭੰਜਣਾ । ਸਤਿਗੁਰ ਸਚਾ ਜਾਣੀਏ, ਜੋ ਦੇਵੇ ਸਚ ਅਨੰਦਨਾ । ਸਤਿਗੁਰ ਸਚਾ ਜਾਣੀਏ, ਜੋ ਇਕ ਜਣਾਏ ਛੰਦਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਚ ਕਰਾਏ ਬੰਦਨਾ । ਸਤਿਗੁਰ ਸਚਾ ਜਾਣੀਏ, ਜੋ ਇਕ ਜਣਾਏ ਇਕ ਇਕੱਲਾ ਧੁਰ ਦਾ ਸਾਕੀ । ਸਤਿਗੁਰ ਸਚਾ ਜਾਣੀਏ,

੧੧੮੬ ਜੋ ਲਹਿਣਾ ਦੇਣਾ ਦੇਵੇ ਬਾਕੀ । ਸਤਿਗੁਰ ਸਚਾ ਜਾਣੀਏ, ਜੋ ਬੰਦ ਕਿਵਾੜਾ ਖੋਲ੍ਹੇ ਤਾਕੀ । ਸਤਿਗੁਰ ਸਚਾ ਜਾਣੀਏ, ਜੋ ਭਾਗ ਲਗਾਏ ਕਾਇਆ ੧੧੮੬

੨੪ ਮਾਟੀ ਖ਼ਾਕੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕੋ ਪੁਛੇ ਵਾਤੀ । ਸਤਿਗੁਰ ੨੪

ਸਚਾ ਜਾਣੀਏ, ਧਾਮ ਵਖਾਏ ਨਿਹਚਲ । ਸਤਿਗੁਰ ਸਚਾ ਜਾਣੀਏ, ਬੇੜਾ ਪਾਰ ਕਰਾਏ ਜਲ ਥਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰਸ ਦਿਖਾਏ ਘੜੀ ਘੜੀ ਪਲ ਪਲ । ਸਤਿਗੁਰ ਸਚਾ ਜਾਣੀਏ, ਆਦਿ ਜੁਗਾਦੀ ਆਪ । ਸਤਿਗੁਰ ਸਚਾ ਜਾਣੀਏ, ਜੋ ਜਨ ਭਗਤਾਂ ਹੋਏ ਮਾਈ ਬਾਪ । ਸਤਿਗੁਰ ਸਚਾ ਜਾਣੀਏ, ਤ੍ਰੈਗੁਣ ਮੇਟੇ ਤਾਪ । ਸਤਿਗੁਰ ਸਚਾ ਜਾਣੀਏ, ਰੋਗ ਸੋਗ ਗੁਆਏ ਸੰਤਾਪ । ਸਤਿਗੁਰ ਸਚਾ ਜਾਣੀਏ, ਲੇਖਾ ਰਹਿਣ ਨਾ ਦੇਵੇ ਪਾਪ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਸਚ ਜਪਾਏ ਜਾਪ । ਸਤਿਗੁਰ ਸਚਾ ਜਾਣੀਏ, ਅਬਿਨਾਸ਼ੀ ਅਚੁਤ । ਸਤਿਗੁਰ ਸਚਾ ਜਾਣੀਏ, ਜੋ ਲੇਖਾ ਜਾਣੇ ਕਾਇਆ ਪੰਜ ਭੂਤ । ਸਤਿਗੁਰ ਸਚਾ ਜਾਣੀਏ, ਜਿਸ ਸਚਖੰਡ ਟਿਕਾਇਆ ਬਚਨ ਸਿੰਘ ਲਛਮਣ ਸਿੰਘ ਦਾ ਸੁਤ । ਸਤਿਗੁਰ ਸਚਾ ਜਾਣੀਏ, ਜੋ ਸੁਹੰਜਣੀ ਕਰੇ ਰੁਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖੇ ਲਾਏ ਕਾਇਆ ਬੁਤ । ਸਤਿਗੁਰ ਸਚਾ ਜਾਣੀਏ, ਹਰਿ ਸ਼ਹਿਨਸ਼ਾਹ ਸ਼ਾਬਾਸ਼ । ਸਤਿਗੁਰ ਸਚਾ ਜਾਣੀਏ, ਜੋ ਭਗਤਾਂ ਪੂਰੀ ਕਰੇ ਆਸ । ਸਤਿਗੁਰ ਸਚਾ ਜਾਣੀਏ, ਗੁਰਮੁਖ ਸਚਖੰਡ ਦੁਆਰ ਦਏ ਨਿਵਾਸ । ਸਤਿਗੁਰ ਸਚਾ ਜਾਣੀਏ, ਜੋ ਹਰਿਜਨ ਸੰਤ ਸੁਹੇਲੇ ਭੇਜੇ ਪਾਲ ਸਿੰਘ ਦੇ ਪਾਸ । ਸਤਿਗੁਰ ਸਚਾ ਜਾਣੀਏ, ਜੋ ਗੁਰਮੁਖ ਪੰਧ ਮੁਕਾਏ ਪ੍ਰਿਥਮੀ ਆਕਾਸ਼ । ਸਤਿਗੁਰ ਸਚਾ ਜਾਣੀਏ, ਮਾਨਸ ਜਨਮ ਕਰਾਏ ਰਹਿਰਾਸ । ਸਤਿਗੁਰ ਸਚਾ ਜਾਣੀਏ, ਜੋ ਭਗਤਾਂ ਬਦਲੇ ਲੋਕਮਾਤ ਆਵੇ ਖ਼ਾਸ । ਸਤਿਗੁਰ

ਸਚਾ ਜਾਣੀਏ, ਜੋ ਬੰਸ ਸਰਬੰਸ ਹੋਣ ਨਾ ਦੇਵੇ ਉਦਾਸ । ਸਤਿਗੁਰ ਸਚਾ ਜਾਣੀਏ, ਜੋ ਲਹਿਣਾ ਦੇਣਾ ਮੇਟੇ ਸ਼ੰਕਰ ਕੈਲਾਸ਼ । ਸਤਿਗੁਰ ਸਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਵਖਾਏ ਆਪਣਾ ਸਚਾ ਘਰ ਬਾਰ, ਜਿਥੇ ਇਕੋ ਪਏ ਰਾਸ ।

## ੨੯ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਗੂੜ੍ਹਾ ਰਾਮ ਦੇ ਗ੍ਰਿਹ ਸਈ ਕਲਾਂ ਜ਼ਿਲਾ ਜੰਮੂ

ਸਤਿਗੁਰ ਸਚਾ ਜਾਣੀਏ, ਜੋ ਆਦਿ ਜੁਗਾਦੀ ਏਕ । ਸਤਿਗੁਰ ਸਚਾ ਜਾਣੀਏ, ਜਨ ਭਗਤਾਂ ਦੇਵੇ ਸਾਚੀ ਟੇਕ । ਸਤਿਗੁਰ ਸਚਾ ਜਾਣੀਏ, ਜੋ ਬੁਧਿ ਕਰੇ ਬਿਬੇਕ । ਸਤਿਗੁਰ ਸਚਾ ਜਾਣੀਏ, ਜੋ ਸੁਰਤੀ ਸ਼ਬਦੀ ਨਾਲ ਕਰੇ ਨੇਕ । ਸਤਿਗੁਰ ਸਚਾ ਜਾਣੀਏ, ਜੋ ਆਤਮ ਪਰਮਾਤਮ ਕਰਾਏ ਹੇਤ । ਸਤਿਗੁਰ ਸਚਾ ਜਾਣੀਏ, ਜੋ ਕੂੜੀ ਕਿਰਿਆ ਕਰੇ ਖੇਤ । ਸਤਿਗੁਰ ਸਚਾ ਜਾਣੀਏ, ਜੋ ਦਰਸ਼ਨ ਦੇਵੇ ਨੇਤਨ ਨੇਤ । ਸਤਿਗੁਰ ਸਚਾ ਜਾਣੀਏ, ਜੋ ਅੰਤਰ ਅੰਤਸ਼ਕਰਨ ਖੋਲ੍ਹੇ ਭੇਤ । ਸਤਿਗੁਰ ਸਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚਾ ਲਏ ਚੇਤ । ਸਤਿਗੁਰ ਸਚਾ ਜਾਣੀਏ, ਆਦਿ ਜੁਗਾਦੀ ਏਕੰਕਾਰਾ । ਸਤਿਗੁਰ ਸਚਾ ਜਾਣੀਏ, ਬ੍ਰਹਮ ਬ੍ਰਹਿਮਾਦ ਜੋ
੧੧੮੭ ਵੇਖਣਹਾਰਾ । ਸਤਿਗੁਰ ਸਚਾ ਜਾਣੀਏ, ਦੋ ਜਹਾਨਾਂ ਪਾਵੇ ਸਾਰਾ । ਸਤਿਗੁਰ ਸਚਾ ਜਾਣੀਏ, ਲੱਖ ਚੁਰਾਸੀ ਵੇਖੇ ਵੇਖਣਹਾਰਾ । ਸਤਿਗੁਰ ਸਚਾ ੧੧੮੭
੨੪ ਜਾਣੀਏ, ਜਨ ਭਗਤਾਂ ਕਰੇ ਪਿਆਰਾ । ਸਤਿਗੁਰ ਸਚਾ ਜਾਣੀਏ, ਜਿਸ ਦਾ ਇਕੋ ਨਾਮ ਜੈਕਾਰਾ । ਸਤਿਗੁਰ ਸਚਾ ਜਾਣੀਏ, ਜਿਸ ਦਾ ਅਵਤਾਰ ੨੪
ਪੈਗ਼ੰਬਰ ਗੁਰ ਦੇਣ ਸਹਾਰਾ । ਸਤਿਗੁਰ ਸਚਾ ਜਾਣੀਏ, ਜਿਸ ਦਾ ਨੂਰ ਜੋਤ ਉਜਿਆਰਾ । ਸਤਿਗੁਰ ਸਚਾ ਜਾਣੀਏ, ਜੋ ਸ਼ਬਦੀ ਨਾਦ ਦਏ ਧੁਨਕਾਰਾ । ਸਤਿਗੁਰ ਸਚਾ ਜਾਣੀਏ, ਜਿਸ ਦਾ ਆਦਿ ਜੁਗਾਦਿ ਪਸਾਰਾ । ਸਤਿਗੁਰ ਸਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਾ ਅਵਤਾਰਾ ।

## ੨੯ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਰੋਸ਼ਨ ਲਾਲ ਦੇ ਗ੍ਰਿਹ ਧੰਗਾਲੀ ਕੈਂਪ ਜ਼ਿਲਾ ਜੰਮੂ

ਸਤਿਗੁਰ ਸਚਾ ਜਾਣੀਏ, ਪਰਮ ਪੁਰਖ ਸੁਲਤਾਨ । ਸਤਿਗੁਰ ਸਚਾ ਜਾਣੀਏ, ਵਾਲੀ ਦੋ ਜਹਾਨ । ਸਤਿਗੁਰ ਸਚਾ ਜਾਣੀਏ, ਜਿਸ ਦਾ ਸਤਿਗੁਰ ਸ਼ਬਦ ਬਲਵਾਨ । ਸਤਿਗੁਰ ਸਚਾ ਜਾਣੀਏ, ਜਿਸ ਨੂੰ ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਣ । ਸਤਿਗੁਰ ਸਚਾ ਜਾਣੀਏ, ਜੋ ਅਵਤਾਰਾਂ ਦੇਵੇ ਦਾਨ । ਸਤਿਗੁਰ ਸਚਾ ਜਾਣੀਏ, ਜੋ ਪੈਗ਼ੰਬਰਾਂ ਕਲਮਾ ਦਏ ਮਹਾਨ । ਸਤਿਗੁਰ ਸਚਾ ਜਾਣੀਏ, ਜੋ ਗੁਰੂ ਗੁਰਦੇਵ ਕਰੇ ਪਰਵਾਨ । ਸਤਿਗੁਰ ਸਚਾ ਜਾਣੀਏ, ਜੋ ਵੇਖਣਹਾਰਾ ਜ਼ਿਮੀਂ ਅਸਮਾਨ । ਸਤਿਗੁਰ ਸਚਾ ਜਾਣੀਏ, ਜੋ ਤ੍ਰੈਗੁਣ ਪੰਜ ਤਤ ਕਰੇ ਪਰਧਾਨ । ਸਤਿਗੁਰ ਸਚਾ ਜਾਣੀਏ, ਜੋ ਲੱਖ ਚੁਰਾਸੀ ਕਰੇ ਧਿਆਨ । ਸਤਿਗੁਰ ਸਚਾ ਜਾਣੀਏ, ਜਿਸ ਦਾ ਇਕੋ ਨਾਮ ਨਿਧਾਨ । ਸਤਿਗੁਰ ਸਚਾ ਜਾਣੀਏ, ਜਿਸ ਦਾ ਰੂਪ ਅਨੂਪ

ਮਹਾਨ । ਸਤਿਗੁਰ ਸਚਾ ਜਾਣੀਏ, ਜੋ ਜੁਗ ਜੁਗ ਕਰੇ ਕਲਿਆਨ । ਸਤਿਗੁਰ ਸਚਾ ਜਾਣੀਏ, ਜੋ ਕਲਜੁਗ ਅੰਤ ਹੋਵੇ ਪਰਧਾਨ । ਸਤਿਗੁਰ ਸਚਾ ਜਾਣੀਏ, ਜੋ ਕੂੜੀ ਕਿਰਿਆ ਮੇਟੇ ਨਿਸ਼ਾਨ । ਸਤਿਗੁਰ ਸਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨੌਜੁਵਾਨ ।

## ✪ ੨੯ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਕ੍ਰਿਸ਼ਨਾ ਦੇਵੀ ਧੰਗਾਲੀ ਕੈਂਪ ਜ਼ਿਲਾ ਜੰਮੂ ✪

ਸਤਿਗੁਰ ਸਚਾ ਜਾਣੀਏ, ਸੋ ਪੁਰਖ ਨਿਰੰਜਣ ਮੀਤਾ । ਸਤਿਗੁਰ ਸਚਾ ਜਾਣੀਏ, ਹਰਿ ਪੁਰਖ ਨਿਰੰਜਣ ਤ੍ਰੈਗੁਣ ਅਤੀਤਾ । ਸਤਿਗੁਰ ਸਚਾ ਜਾਣੀਏ, ਏਕੰਕਾਰਾ ਠਾਂਢਾ ਸੀਤਾ । ਸਤਿਗੁਰ ਸਚਾ ਜਾਣੀਏ, ਆਦਿ ਨਿਰੰਜਣ ਧੁਰ ਦਾ ਮੀਤਾ । ਸਤਿਗੁਰ ਸਚਾ ਜਾਣੀਏ, ਅਬਿਨਾਸ਼ੀ ਕਰਤਾ ਬਦਲਣਹਾਰਾ ਰੀਤਾ । ਸਤਿਗੁਰ ਸਚਾ ਜਾਣੀਏ, ਸ੍ਰੀ ਭਗਵਾਨ ਪਤਿਤ ਪੁਨੀਤਾ । ਸਤਿਗੁਰ ਸਚਾ ਜਾਣੀਏ, ਪਾਰਬ੍ਰਹਮ ਪ੍ਰਭ ਆਪੇ ਜਾਣੇ ਆਪਣਾ ਕੀਤਾ । ਸਤਿਗੁਰ ਸਚਾ ਜਾਣੀਏ, ਸਤਿਗੁਰ ਸ਼ਬਦ ਸਦਾ ਸਦਾ ਅਨਡੀਠਾ । ਸਤਿਗੁਰ ਸਚਾ ਜਾਣੀਏ, ਜੋ ਦੇਵੇ ਨਾਮ ਰਸ ਮੀਠਾ । ਸਤਿਗੁਰ ਸਚਾ ਜਾਣੀਏ, ਆਦਿ ਅੰਤ ਦਏ ਨਾ ਪੀਠਾ । ਸਤਿਗੁਰ ਸਚਾ ਜਾਣੀਏ, ਜੋ ਸੜਿਆ ਨਹੀਂ ਗੋਬਿੰਦ ਵਾਲੇ ਅੰਗੀਠਾ । ਉਹ ਸਤਿਗੁਰ ਕਲਜੁਗ
੧੧੯੮ ਅੰਤ ਪਛਾਣੀਏ, ਜੋ ਭਗਤਾਂ ਚਾੜ੍ਹੇ ਰੰਗ ਮਜੀਠਾ । ਆਤਮ ਪਰਮਾਤਮ ਮੇਲ ਮਿਲਾਵੇ ਹਾਣੀਏ, ਮਿਠਾ ਕਰੇ ਕੌੜਾ ਰੀਠਾ । ਦੋ ਜਹਾਨਾਂ ਬਣ ੧੧੯੮
੨੪ ਕੇ ਸ਼ਾਹ ਸੁਲਤਾਨੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦੀ ਧੁਰ ਦਾ ਮੀਤਾ । ਸਤਿਗੁਰ ੨੪
ਸਚਾ ਜਾਣੀਏ, ਸ਼ਬਦ ਗੁਰੂ ਗੁਰਦੇਵ । ਸਤਿਗੁਰ ਸਚਾ ਜਾਣੀਏ, ਆਦਿ ਜੁਗਾਦੀ ਨਿਹਕੇਵ । ਸਤਿਗੁਰ ਸਚਾ ਜਾਣੀਏ, ਜੋ ਵਸੇ ਨਿਹਚਲ ਧਾਮ ਨਿਹਕੇਵ । ਸਤਿਗੁਰ ਸਚਾ ਜਾਣੀਏ, ਜੋ ਜੁਗ ਜੁਗ ਭਗਤਾਂ ਕਰੇ ਸੇਵ । ਸਤਿਗੁਰ ਸਚਾ ਜਾਣੀਏ, ਜੋ ਦੇਵੇ ਨਾਮ ਰਸ ਮੇਵ । ਸਤਿਗੁਰ ਸਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦੀ ਅਲੱਖ ਅਭੇਵ । ਸਤਿਗੁਰ ਸਚਾ ਜਾਣੀਏ, ਨੂਰ ਨੁਰਾਨਾ ਨੂਰ । ਸਤਿਗੁਰ ਸਚਾ ਜਾਣੀਏ, ਜੋ ਸਦਾ ਸਦਾ ਹਜ਼ੂਰ । ਸਤਿਗੁਰ ਸਚਾ ਜਾਣੀਏ, ਸਰਬ ਕਲਾ ਭਰਪੂਰ । ਸਤਿਗੁਰ ਸਚਾ ਜਾਣੀਏ, ਆਦਿ ਜੁਗਾਦੀ ਯੋਧਾ ਸੂਰ । ਸਤਿਗੁਰ ਸਚਾ ਜਾਣੀਏ, ਜੋ ਆਸਾ ਮਨਸਾ ਕਰੇ ਪੂਰ । ਸਤਿਗੁਰ ਸਚਾ ਜਾਣੀਏ, ਜੋ ਵਸੇ ਕਦੇ ਨਾ ਨੇੜੇ ਦੂਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਮਸਤੀ ਦਏ ਸਰੂਰ । ਸਤਿਗੁਰ ਸਚਾ ਜਾਣੀਏ, ਜੋਧਾ ਸੂਰਬੀਰ ਬਲਵੰਤ । ਸਤਿਗੁਰ ਸਚਾ ਜਾਣੀਏ, ਆਦਿ ਜੁਗਾਦੀ ਅਗੰਮਾ ਕੰਤ । ਸਤਿਗੁਰ ਸਚਾ ਜਾਣੀਏ, ਪਰਮ ਪੁਰਖ ਭਗਵੰਤ । ਸਤਿਗੁਰ ਸਚਾ ਜਾਣੀਏ, ਜਿਸ ਦੀ ਮਹਿੰਮਾ ਸਦਾ ਅਨੰਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਚਾੜ੍ਹੇ ਰੰਗ ਬਸੰਤ । ਸਤਿਗੁਰ ਸਚਾ ਜਾਣੀਏ, ਜੋ ਕਲਜੁਗ ਅੰਤ ਸੁਹਾਏ । ਸਤਿਗੁਰ ਸਚਾ ਜਾਣੀਏ, ਜੋ ਜੋਤੀ ਜਾਤਾ ਵੇਸ ਵਟਾਏ । ਸਤਿਗੁਰ ਸਚਾ ਜਾਣੀਏ, ਜੋ ਸ਼ਬਦ ਨਾਦ ਦ੍ਰਿੜ੍ਹਾਏ । ਸਤਿਗੁਰ ਸਚਾ ਜਾਣੀਏ, ਜੋ ਭਗਤ ਸੁਹੇਲੇ ਮਾਤ ਉਠਾਏ । ਸਤਿਗੁਰ

ਸਚਾ ਜਾਣੀਏ, ਜੁਗ ਵਿਛੜੇ ਮੇਲ ਮਿਲਾਏ । ਸਤਿਗੁਰ ਸਚਾ ਜਾਣੀਏ, ਫੜ ਬਾਹੋਂ ਗੋਦ ਟਿਕਾਏ । ਸਤਿਗੁਰ ਸਚਾ ਜਾਣੀਏ, ਜੋ ਘਰ ਘਰ ਹੋਏ ਸਹਾਏ । ਸਤਿਗੁਰ ਸਚਾ ਜਾਣੀਏ, ਜੋ ਲਹਿਣਾ ਦੇਣਾ ਪੂਰਬ ਝੋਲੀ ਪਾਏ । ਸਤਿਗੁਰ ਸਚਾ ਜਾਣੀਏ, ਜੋ ਕੰਢੀ ਘਾਟਾਂ ਵੇਖ ਵਖਾਏ । ਸਤਿਗੁਰ ਸਚਾ ਜਾਣੀਏ, ਜੋ ਗ਼ਰੀਬ ਨਿਮਾਣਿਆਂ ਗਲੇ ਲਗਾਏ । ਸਤਿਗੁਰ ਸਚਾ ਜਾਣੀਏ, ਜੋ ਸਤਿਜੁਗ ਲੇਖਾ ਕਲਜੁਗ ਪੂਰ ਕਰਾਏ । ਸਤਿਗੁਰ ਸਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਹੋ ਕੇ ਆਪਣੇ ਰੰਗ ਰੰਗਾਏ ।

## ✪ ੩੦ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਖੇਮੋ ਦੇਵੀ ਦੇ ਗ੍ਰਿਹ ਧੰਗਾਲੀ ਕੈਂਪ ਜ਼ਿਲਾ ਜੰਮੂ ✪

ਸਤਿਗੁਰ ਸਚਾ ਜਾਣੀਏ, ਜੋਤੀ ਜਾਤਾ ਆਦਿ ਜੁਗਾਦਿ । ਸਤਿਗੁਰ ਸਚਾ ਜਾਣੀਏ, ਜੋ ਵਸਣਹਾਰਾ ਬ੍ਰਹਮ ਬ੍ਰਹਿਮਾਦ । ਸਤਿਗੁਰ ਸਚਾ ਜਾਣੀਏ, ਨਾਮ ਸੁਣਾਏ ਅਨਹਦ ਨਾਦ । ਸਤਿਗੁਰ ਸਚਾ ਜਾਣੀਏ, ਸਤਿ ਸਚ ਦੇਵੇ ਸਾਚੀ ਦਾਦ । ਸਤਿਗੁਰ ਸਚਾ ਜਾਣੀਏ, ਕੂੜ ਵਿਕਾਰ ਮੇਟੇ ਵਿਵਾਦ । ਸਤਿਗੁਰ ਸਚਾ ਜਾਣੀਏ, ਤਨ ਵਜੂਦਾਂ ਦੇਵੇ ਸਾਧ । ਸਤਿਗੁਰ ਸਚਾ ਜਾਣੀਏ, ਮਿਹਰਵਾਨ ਮੋਹਣ ਮਾਧਵ ਮਾਧ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੋ ਵਸਣਹਾਰ ਬਾਹਰ ਸੁੰਨ ਸਮਾਧ । ਸਤਿਗੁਰ ਸਚਾ ਜਾਣੀਏ, ਧੁਰ ਦਾ ਪਰਵਰਦਿਗਾਰ । ਸਤਿਗੁਰ ਸਚਾ ਜਾਣੀਏ, ਨੂਰ ਅਲਾਹੀ ਸਾਂਝਾ ਯਾਰ । ਸਤਿਗੁਰ ਸਚਾ ਜਾਣੀਏ, ਜੋ ਸੂਫ਼ੀ ਬਣਾਏ ਬਰਖ਼ੁਰਦਾਰ । ਸਤਿਗੁਰ ਸਚਾ ਜਾਣੀਏ, ਰਹਿਬਰ ਹੋਵੇ ਵਿਚ ਸੰਸਾਰ । ਸਤਿਗੁਰ ਸਚਾ ਜਾਣੀਏ, ਮੇਲ ਮਿਲਾਏ ਆਪਣੀ ਧਾਰ । ਸਤਿਗੁਰ ਸਚਾ ਜਾਣੀਏ, ਕਲਮਾ ਦਏ ਅਪਰ ਅਪਾਰ । ਸਤਿਗੁਰ ਸਚਾ ਜਾਣੀਏ, ਜੋ ਕੱਢੇ ਬਾਹਰ ਵਿਚੋਂ ਡੂੰਘੀ ਗ਼ਾਰ । ਸਤਿਗੁਰ ਸਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹੋ ਭੂਪ ਸਚੀ ਸਰਕਾਰ । ਸਤਿਗੁਰ ਸਚਾ ਜਾਣੀਏ, ਜਿਸ ਦਾ ਆਦਿ ਜੁਗਾਦੀ ਧਰਮ । ਸਤਿਗੁਰ ਸਚਾ ਜਾਣੀਏ, ਜੋ ਭੇਵ ਖੁਲ੍ਹਾਏ ਬ੍ਰਹਮ । ਸਤਿਗੁਰ ਸਚਾ ਜਾਣੀਏ, ਜੋ ਲੇਖਾ ਜਾਣੇ ਕਾਂਡ ਕਰਮ । ਸਤਿਗੁਰ ਸਚਾ ਜਾਣੀਏ, ਜੋਬਨਵੰਤਾ ਇਕ ਜੋ ਭਾਗ ਲਗਾਏ ਕਾਇਆ ਮਾਟੀ ਚਰਮ । ਸਤਿਗੁਰ ਸਚਾ ਜਾਣੀਏ, ਜਨ ਭਗਤਾਂ ਲੇਖੇ ਲਾਏ ਜਰਮ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦੀ ਮਾਲਕ ਧੁਰ ਪਰਮ । ਸਤਿਗੁਰ ਸਚਾ ਜਾਣੀਏ, ਜੋ ਪ੍ਰੇਮ ਪ੍ਰੀਤੀ ਬਖ਼ਸ਼ੇ ਸਿਕ । ਸਤਿਗੁਰ ਸਚਾ ਜਾਣੀਏ, ਜੋ ਨਿਰਗੁਣ ਧਾਰਾ ਕਰੇ ਹਿਤ । ਸਤਿਗੁਰ ਸਚਾ ਜਾਣੀਏ, ਪਾਰਬ੍ਰਹਮ ਅਬਿਨਾਸ਼ੀ ਅਚਿਤ । ਸਤਿਗੁਰ ਸਚਾ ਜਾਣੀਏ, ਜੋ ਖੇਲੇ ਖੇਲ ਨਿਤ ਨਵਿਤ । ਸਤਿਗੁਰ ਸਚਾ ਜਾਣੀਏ, ਜੋ ਭਗਤਾਂ ਕਰੇ ਸੁਹੰਜਣੀ ਥਿਤ । ਸਤਿਗੁਰ ਸਚਾ ਜਾਣੀਏ, ਆਦਿ ਜੁਗਾਦੀ ਪਿਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਲੇਖੇ ਲਾਏ ਤਨ ਵਜੂਦੀ ਰਿਤ ।

## ✪ ੩੦ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਕੁਲਵੰਤ ਸਿੰਘ ਦੇ ਗ੍ਰਿਹ ਧੰਗਾਲੀ ਕੈਂਪ ਜ਼ਿਲਾ ਜੰਮੂ ✪

ਸਤਿਗੁਰ ਸਚਾ ਜਾਣੀਏ, ਦੇਵੇ ਸਤਿ ਸੰਤੋਖ । ਸਤਿਗੁਰ ਸਚਾ ਜਾਣੀਏ, ਬਖ਼ਸ਼ੇ ਸਾਚੀ ਮੋਖ । ਸਤਿਗੁਰ ਸਚਾ ਜਾਣੀਏ, ਮੇਟੇ ਹਰਖ਼ ਸੋਗ਼ । ਸਤਿਗੁਰ ਸਚਾ ਜਾਣੀਏ, ਨਾਮ ਚੁਗਾਏ ਧੁਰ ਦੀ ਚੋਗ । ਸਤਿਗੁਰ ਸਚਾ ਜਾਣੀਏ, ਮੇਟੇ ਜਨਮ ਕਰਮ ਵਿਜੋਗ । ਸਤਿਗੁਰ ਸਚਾ ਜਾਣੀਏ, ਆਤਮ ਪਰਮਾਤਮ ਕਰੇ ਸੰਜੋਗ । ਸਤਿਗੁਰ ਸਚਾ ਜਾਣੀਏ, ਦੇਵੇ ਦਰਸ ਅਮੋਘ । ਸਤਿਗੁਰ ਸਚਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਵਾਮੀ ਰਸੀਆ ਹੋਵੇ ਆਤਮ ਭੋਗ । ਸਤਿਗੁਰ ਸਚਾ ਜਾਣੀਏ, ਪਰਮ ਪੁਰਖ ਬਿਧਾਤਾ । ਸਤਿਗੁਰ ਸਚਾ ਜਾਣੀਏ, ਆਤਮ ਪਰਮਾਤਮ ਜੋੜੇ ਨਾਤਾ । ਸਤਿਗੁਰ ਸਚਾ ਜਾਣੀਏ, ਅੰਮ੍ਰਿਤ ਬੂੰਦ ਪਿਆਏ ਸਵਾਂਤਾ । ਸਤਿਗੁਰ ਸਚਾ ਜਾਣੀਏ, ਦੇਵੇ ਦਰਸ ਇਕ ਇਕਾਂਤਾ । ਸਤਿਗੁਰ ਸਚਾ ਜਾਣੀਏ, ਜਨਮ ਕਰਮ ਦਾ ਲੇਖਾ ਮੇਟੇ ਖਾਤਾ । ਸਤਿਗੁਰ ਸਚਾ ਜਾਣੀਏ, ਅੰਤਮ ਅੰਤ ਪੁਛੇ ਵਾਤਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਬੂੰਦ ਸਵਾਂਤਾ ।



## ✪ ੩੦ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਬਿਸ਼ਨ ਸਿੰਘ ਦੇ ਗ੍ਰਿਹ ਧੰਗਾਲੀ ਕੈਂਪ ਜ਼ਿਲਾ ਜੰਮੂ ✪

ਸਤਿਗੁਰ ਸਚਾ ਜਾਣੀਏ, ਹੋਵੇ ਸਤਿਗੁਰ ਧੁਰ । ਸਤਿਗੁਰ ਸਚਾ ਜਾਣੀਏ, ਜੋਤੀ ਜਾਤਾ ਬਣੇ ਗੁਰ । ਸਤਿਗੁਰ ਸਚਾ ਜਾਣੀਏ, ਸ਼ਬਦ ਨਾਦ ਸੁਣਾਏ ਸੁਰ । ਸਤਿਗੁਰ ਸਚਾ ਜਾਣੀਏ, ਪ੍ਰਕਾਸ਼ ਕਰੇ ਅੰਧੇਰ ਘੁਰ । ਸਤਿਗੁਰ ਸਚਾ ਜਾਣੀਏ, ਜੋ ਅੰਤਰ ਆਤਮ ਨਾਲ ਪਏ ਤੁਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਮਨ ਮਨਸਾ ਮੇਟੇ ਸੁਰ । ਸਤਿਗੁਰ ਸਚਾ ਜਾਣੀਏ, ਦੇਵੇ ਸਾਚੀ ਬੁੱਧ । ਸਤਿਗੁਰ ਸਚਾ ਜਾਣੀਏ, ਹਰਿਜਨ ਨਿਰਮਲ ਕਰੇ ਦੁੱਧ । ਸਤਿਗੁਰ ਸਚਾ ਜਾਣੀਏ, ਮਾਣ ਦੁਵਾਏ ਉਤੇ ਬਸੁਧ । ਸਤਿਗੁਰ ਸਚਾ ਜਾਣੀਏ, ਪੰਚ ਵਿਕਾਰਾ ਮੇਟੇ ਯੁਧ । ਸਤਿਗੁਰ ਸਚਾ ਜਾਣੀਏ, ਜਿਸ ਦਾ ਦੁਆਰਾ ਜਾਏ ਸੁਝ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਜਾਣੇ ਆਥਣ ਉਗ । ਸਤਿਗੁਰ ਸਚਾ ਜਾਣੀਏ, ਆਦਿ ਜੁਗਾਦੀ ਸ਼ਕਤ । ਸਤਿਗੁਰ ਸਚਾ ਜਾਣੀਏ, ਜੋ ਵੇਖੇ ਆਪਣੀ ਧਾਰ ਭਗਤ । ਸਤਿਗੁਰ ਸਚਾ ਜਾਣੀਏ, ਜੋ ਸੁਹੰਜਣਾ ਕਰੇ ਵਕਤ । ਸਤਿਗੁਰ ਸਚਾ ਜਾਣੀਏ, ਜੋ ਲੇਖੇ ਲਾਵੇ ਬੂੰਦ ਰਕਤ । ਸਤਿਗੁਰ ਸਚਾ ਜਾਣੀਏ, ਜੋ ਪਾਰ ਕਰਾਏ ਦੀਨ ਦੁਨੀ ਵਿਚੋਂ ਹਰਿਜਨ ਸਾਚੇ ਫ਼ਕਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਬੂੰਦ ਰਕਤ ।

### ✪ ੩੦ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਜਲੰਧਰ ਸਿੰਘ ਦੇ ਗ੍ਰਹਿ ਧੰਗਾਲੀ ਕੈਂਪ ਜ਼ਿਲਾ ਜੰਮੂ ✪

ਸਤਿਗੁਰ ਸਚਾ ਆਪ ਪ੍ਰਭ, ਇਕ ਇਕੱਲਾ ਏਕੰਕਾਰ । ਸਤਿਗੁਰ ਸਚਾ ਆਪ ਪ੍ਰਭ, ਸਚਖੰਡ ਨਿਵਾਸੀ ਪਰਵਰਦਿਗਾਰ । ਸਤਿਗੁਰ ਸਚਾ ਆਪ ਪ੍ਰਭ, ਦੋ ਜਹਾਨਾਂ ਪਾਵੇ ਸਾਰ । ਸਤਿਗੁਰ ਸਚਾ ਆਪ ਪ੍ਰਭ, ਧਰਨੀ ਧਰਤ ਕਰੇ ਪਸਾਰ । ਸਤਿਗੁਰ ਸਚਾ ਆਪ ਪ੍ਰਭ, ਲੱਖ ਚੁਰਾਸੀ ਦਏ ਅਧਾਰ । ਸਤਿਗੁਰ ਸਚਾ ਆਪ ਪ੍ਰਭ, ਜੁਗ ਜੁਗ ਲਏ ਅਵਤਾਰ । ਸਤਿਗੁਰ ਸਚਾ ਆਪ ਪ੍ਰਭ, ਆਤਮ ਪਰਮਾਤਮ ਮੇਲਾ ਮੇਲੇ ਕੰਤ ਭਤਾਰ । ਸਤਿਗੁਰ ਸਚਾ ਆਪ ਪ੍ਰਭ, ਸ਼ਬਦ ਅਨਾਦ ਦਏ ਧੁਨਕਾਰ । ਸਤਿਗੁਰ ਸਚਾ ਆਪ ਪ੍ਰਭ, ਅੰਮ੍ਰਿਤ ਬਖ਼ਸ਼ੇ ਠੰਡਾ ਠਾਰ । ਸਤਿਗੁਰ ਸਚਾ ਆਪ ਪ੍ਰਭ, ਭਗਤ ਸੁਹੇਲੇ ਲਏ ਉਭਾਰ । ਸਤਿਗੁਰ ਸਚਾ ਆਪ ਪ੍ਰਭ, ਲੋਕਮਾਤ ਬਣੇ ਮੀਤ ਮੁਰਾਰ । ਸਤਿਗੁਰ ਸਚਾ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹੋ ਭੂਪ ਸਚਾ ਸਿਕਦਾਰ ।

### ✪ ੩੦ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਦੇਵਾ ਸਿੰਘ ਦੇ ਗ੍ਰਹਿ ਧੰਗਾਲੀ ਕੈਂਪ ਜ਼ਿਲਾ ਜੰਮੂ ✪

੧੧੬੧ ੨੪ ਸਤਿਗੁਰ ਸਚਾ ਆਪ ਪ੍ਰਭ, ਜੋਤੀ ਜਾਤਾ ਕਮਲਾਪਾਤੀ । ਸਤਿਗੁਰ ਸਚਾ ਆਪ ਪ੍ਰਭ, ਖੇਲੇ ਖੇਲ ਲੋਕਮਾਤੀ । ਸਤਿਗੁਰ ਸਚਾ ਆਪ ਪ੍ਰਭ, ਦੇਵਣਹਾਰਾ ਧੁਰ ਦੀ ਦਾਤੀ । ਸਤਿਗੁਰ ਸਚਾ ਆਪ ਪ੍ਰਭ, ਜਨ ਭਗਤਾਂ ਅੰਮ੍ਰਿਤ ਬਖ਼ਸ਼ੇ ਬੂੰਦ ਸਵਾਂਤੀ । ਸਤਿਗੁਰ ਸਚਾ ਆਪ ਪ੍ਰਭ, ਦਰਸ਼ਨ ਦੇਵੇ ਇਕ ਇਕਾਂਤੀ । ਸਤਿਗੁਰ ਸਚਾ ਆਪ ਪ੍ਰਭ, ਵੇਸ ਵਟਾਏ ਬਹੁ ਬਿਧ ਭਾਂਤੀ । ਸਤਿਗੁਰ ਸਚਾ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਮੇਟੇ ਜ਼ਾਤ ਪਾਤੀ । ਸਤਿਗੁਰ ਸਚਾ ਆਪ ਪ੍ਰਭ, ਨਿਰਗੁਣ ਗਹਿਰ ਗੰਭੀਰ । ਸਤਿਗੁਰ ਸਚਾ ਆਪ ਪ੍ਰਭ, ਜਿਸ ਦਾ ਰੂਪ ਰੰਗ ਰੇਖ ਨਾ ਕੋਇ ਸਰੀਰ । ਸਤਿਗੁਰ ਸਚਾ ਆਪ ਪ੍ਰਭ, ਜੋ ਸਭ ਨੂੰ ਕਰੇ ਤਾਮੀਰ । ਸਤਿਗੁਰ ਸਚਾ ਆਪ ਪ੍ਰਭ, ਜੋ ਅੰਮ੍ਰਿਤ ਰਸ ਬਖ਼ਸ਼ੇ ਠੰਡਾ ਸੀਰ । ਸਤਿਗੁਰ ਸਚਾ ਆਪ ਪ੍ਰਭ, ਜੁਗ ਜੁਗ ਦੇਵਣਹਾਰਾ ਸੀਰ । ਸਤਿਗੁਰ ਸਚਾ ਆਪ ਪ੍ਰਭ, ਦੀਨ ਦੁਨੀ ਦੀ ਬਦਲਣਹਾਰਾ ਜ਼ਮੀਰ । ਸਤਿਗੁਰ ਸਚਾ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਖੰਡਾ ਨਾਮ ਵਖਾਏ ਇਕੋ ਸ਼ਮਸ਼ੀਰ ।

### ✪ ੩੦ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਪੂਰਨ ਸਿੰਘ ਦੇ ਗ੍ਰਹਿ ਧੰਗਾਲੀ ਕੈਂਪ ਜ਼ਿਲਾ ਜੰਮੂ ✪

ਸਤਿਗੁਰ ਸਚਾ ਆਪ ਪ੍ਰਭ, ਪੂਰਨ ਪੁਰਖ ਅਬਿਨਾਸ਼ੀ । ਸਤਿਗੁਰ ਸਚਾ ਆਪ ਪ੍ਰਭ, ਸ਼ਹਿਨਸ਼ਾਹ ਸ਼ਾਹੋ ਭੂਪ ਸ਼ਾਬਾਸ਼ੀ । ਸਤਿਗੁਰ ਸਚਾ ਆਪ ਪ੍ਰਭ, ਜੋਤੀ ਜਾਤਾ ਸਚਖੰਡ ਨਿਵਾਸੀ । ਸਤਿਗੁਰ ਸਚਾ ਆਪ ਪ੍ਰਭ, ਜੋ ਖੇਲੇ ਖੇਲ ਪ੍ਰਿਥਮੀ ਆਕਾਸ਼ੀ । ਸਤਿਗੁਰ ਸਚਾ ਆਪ ਪ੍ਰਭ, ਜੋ

ਮੰਡਲ ਮੰਡਪ ਪਾਵੇ ਰਾਸੀ । ਸਤਿਗੁਰ ਸਚਾ ਆਪ ਪ੍ਰਭ, ਜੋ ਆਤਮ ਧਾਰ ਕਰੇ ਪ੍ਰਕਾਸ਼ੀ । ਸਤਿਗੁਰ ਸਚਾ ਆਪ ਪ੍ਰਭ, ਜੋ ਭਗਤਾਂ ਮੇਟੇ ਜਨਮ ਜਨਮ ਉਦਾਸੀ । ਸਤਿਗੁਰ ਸਚਾ ਆਪ ਪ੍ਰਭ, ਜੋ ਜੁਗ ਜੁਗ ਸੇਵਕ ਹੋਵੇ ਦਾਸ ਦਾਸੀ । ਸਤਿਗੁਰ ਸਚਾ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨਹਾਰਾ ਬੰਦ ਖ਼ੁਲਾਸੀ । ਸਤਿਗੁਰ ਸਚਾ ਆਪ ਪ੍ਰਭ, ਆਦਿ ਜੁਗਾਦਿ ਤੋੜੇ ਬੰਧਨਾ । ਸਤਿਗੁਰ ਸਚਾ ਆਪ ਪ੍ਰਭ, ਅੰਤਰ ਦੇਵੇ ਸੁਖ ਅਨੰਦਨਾ । ਸਤਿਗੁਰ ਸਚਾ ਆਪ ਪ੍ਰਭ, ਨੂਰ ਨੁਰਾਨਾ ਚਾੜ੍ਹੇ ਚੰਦਨਾ । ਸਤਿਗੁਰ ਸਚਾ ਆਪ ਪ੍ਰਭ, ਸਚ ਸ਼ਬਦ ਸੁਣਾਏ ਛੰਦਨਾ । ਸਤਿਗੁਰ ਸਚਾ ਆਪ ਪ੍ਰਭ, ਤਨ ਵਜੂਦ ਚਾੜ੍ਹੇ ਰੰਗਣਾ । ਸਤਿਗੁਰ ਸਚਾ ਆਪ ਪ੍ਰਭ, ਮਾਨਸ ਜਨਮ ਹੋਣ ਨਾ ਦੇਵੇ ਭੰਗਣਾ । ਸਤਿਗੁਰ ਸਚਾ ਆਪ ਪ੍ਰਭ, ਸ਼ਾਹੋ ਭੂਪ ਸੂਰਾ ਸਰਬੰਗਣਾ । ਸਤਿਗੁਰ ਸਚਾ ਆਪ ਪ੍ਰਭ, ਜਿਸ ਭਗਤ ਦੁਆਰੇ ਭਗਤਾਂ ਅੰਦਰ ਲੰਘਣਾ । ਸਤਿਗੁਰ ਸਚਾ ਆਪ ਪ੍ਰਭ, ਜੋ ਨਾਤਾ ਤੋੜੇ ਵਿਕਾਰ ਪੰਜਣਾ । ਸਤਿਗੁਰ ਸਚਾ ਆਪ ਪ੍ਰਭ, ਨੇਤਰ ਨਾਮ ਨਿਧਾਨਾ ਪਾਵੇ ਅੰਜਣਾ । ਸਤਿਗੁਰ ਸਚਾ ਆਪ ਪ੍ਰਭ, ਦੀਨ ਦਿਆਲ ਸਦਾ ਬਖ਼ਸ਼ੰਦਣਾ । ਸਤਿਗੁਰ ਸਚਾ ਆਪ ਪ੍ਰਭ, ਦੇਵਣਹਾਰਾ ਪਰਮਾਨੰਦਨਾ । ਸਤਿਗੁਰ ਸਚਾ ਆਪ ਪ੍ਰਭ, ਜੋ ਉਠਾਏ ਆਪਣੇ ਕੰਧਨਾ । ਸਤਿਗੁਰ ਸਚਾ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਖਿਲਾਏ ਵਿਚ ਵਰਭੰਡਣਾ ।





### ੩੦ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਬਚਨੋ ਦੇਵੀ ਦੇ ਗ੍ਰਿਹਿ ਧੰਗਾਲੀ ਕੈਂਪ ਜ਼ਿਲਾ ਜੰਮੂ

ਸਤਿਗੁਰ ਸਚਾ ਆਪ ਪ੍ਰਭ, ਬੇਅੰਤ ਅਗੰਮ ਅਥਾਹ । ਸਤਿਗੁਰ ਸਚਾ ਆਪ ਪ੍ਰਭ, ਨਿਰਗੁਣ ਨਿਰਵੈਰ ਨੂਰ ਅਲਾਹ । ਸਤਿਗੁਰ ਸਚਾ ਆਪ ਪ੍ਰਭ, ਆਦਿ ਜੁਗਾਦੀ ਬੇਪਰਵਾਹ । ਸਤਿਗੁਰ ਸਚਾ ਆਪ ਪ੍ਰਭ, ਜੁਗ ਚੌਕੜੀ ਬਣੇ ਮਲਾਹ । ਸਤਿਗੁਰ ਸਚਾ ਆਪ ਪ੍ਰਭ, ਅਵਤਾਰ ਪੈਗ਼ੰਬਰਾਂ ਗੁਰੂਆਂ ਦੇਵੇ ਸ਼ਬਦ ਸਲਾਹ । ਸਤਿਗੁਰ ਸਚਾ ਆਪ ਪ੍ਰਭ, ਸਿਫ਼ਤਾਂ ਵਿਚ ਕਰਾਏ ਵਾਹ ਵਾਹ । ਸਤਿਗੁਰ ਸਚਾ ਆਪ ਪ੍ਰਭ, ਲੇਖਾ ਜਾਣੇ ਥਲ ਅਸਗਾਹ । ਸਤਿਗੁਰ ਸਚਾ ਆਪ ਪ੍ਰਭ, ਜਨ ਭਗਤਾਂ ਹੋਏ ਸਹਾ । ਸਤਿਗੁਰ ਸਚਾ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾ । ਸਤਿਗੁਰ ਸਚਾ ਆਪ ਪ੍ਰਭ, ਬਿਨ ਰੂਪ ਰੰਗ । ਸਤਿਗੁਰ ਸਚਾ ਆਪ ਪ੍ਰਭ, ਸ਼ਾਹੋ ਭੂਪ ਸੂਰਾ ਸਰਬਗ । ਸਤਿਗੁਰ ਸਚਾ ਆਪ ਪ੍ਰਭ, ਨਾਮ ਨਿਧਾਨਾ ਵਜਾਏ ਮਰਦੰਗ । ਸਤਿਗੁਰ ਸਚਾ ਆਪ ਪ੍ਰਭ, ਅੰਮ੍ਰਿਤ ਧਾਰ ਵਹਾਏ ਅਗੰਮੀ ਗੰਗ । ਸਤਿਗੁਰ ਸਚਾ ਆਪ ਪ੍ਰਭ, ਜਨ ਭਗਤਾਂ ਅੰਦਰ ਜਾਏ ਲੰਘ । ਸਤਿਗੁਰ ਸਚਾ ਆਪ ਪ੍ਰਭ, ਆਤਮ ਸੇਜ ਸੁਹਾਏ ਪਲੰਘ । ਸਤਿਗੁਰ ਸਚਾ ਆਪ ਪ੍ਰਭ, ਕੱਟਣਹਾਰਾ ਭੁਖ ਨੰਗ । ਸਤਿਗੁਰ ਸਚਾ ਆਪ ਪ੍ਰਭ, ਹਰਿਜਨ ਲਗਾਏ ਆਪਣੇ ਅੰਗ । ਸਤਿਗੁਰ ਸਚਾ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਤਾ ਸੂਰਾ ਸਰਬੰਗ ।

### ★ ੩੦ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਸਵਰਨੋ ਦੇਵੀ ਦੇ ਗ੍ਰਿਹ ਧੰਗਾਲੀ ਕੈਂਪ ਜ਼ਿਲਾ ਜੰਮੂ ★

ਸਤਿਗੁਰ ਸਚਾ ਆਪ ਪ੍ਰਭ, ਚੌਕੜੀ ਜੁਗਾ ਜੁਗੰਤਰ । ਸਤਿਗੁਰ ਸਚਾ ਆਪ ਪ੍ਰਭ, ਸਤਿ ਸਤਿ ਬਣਾਏ ਬਣਤਰ । ਸਤਿਗੁਰ ਸਚਾ ਆਪ
ਪ੍ਰਭ, ਖੇਲੇ ਖੇਲ ਗਗਨ ਗਗਨੰਤਰ । ਸਤਿਗੁਰ ਸਚਾ ਆਪ ਪ੍ਰਭ, ਨਾਮ ਨਿਧਾਨ ਜਣਾਏ ਮੰਤਰ । ਸਤਿਗੁਰ ਸਚਾ ਆਪ ਪ੍ਰਭ, ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਵਸੇ ਸਦਾ ਨਿਰੰਤਰ । ਸਤਿਗੁਰ ਸਚਾ ਆਪ ਪ੍ਰਭ, ਗੋਬਿੰਦ
ਗੋਬਿੰਦ ਗੋਬਿੰਦਾ । ਸਤਿਗੁਰ ਸਚਾ ਆਪ ਪ੍ਰਭ, ਦੀਨ ਦਿਆਲ ਸਦਾ ਬਖ਼ਸ਼ੰਦਾ । ਸਤਿਗੁਰ ਸਚਾ ਆਪ ਪ੍ਰਭ, ਗਹਿਰ ਗਵਰ ਗੁਣੀ ਗਹਿੰਦਾ ।
ਸਤਿਗੁਰ ਸਚਾ ਆਪ ਪ੍ਰਭ, ਵਸਤ ਅਮੋਲਕ ਨਾਮ ਦੇਂਦਾ । ਸਤਿਗੁਰ ਸਚਾ ਆਪ ਪ੍ਰਭ, ਜਨ ਭਗਤਾਂ ਰਖੇ ਸਦਾ ਜ਼ਿੰਦਾ । ਸਤਿਗੁਰ ਸਚਾ ਆਪ
ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰ ਸਦਾ ਰਹਿੰਦਾ । ਸਤਿਗੁਰ ਸਚਾ ਆਪ
ਪ੍ਰਭ, ਮਿਹਰਵਾਨ ਮਹਿਬੂਬ । ਸਤਿਗੁਰ ਸਚਾ ਆਪ ਪ੍ਰਭ, ਵਸੇ ਅਰਸ਼ ਅਰੂਜ । ਸਤਿਗੁਰ ਸਚਾ ਆਪ ਪ੍ਰਭ, ਹਰ ਘਟ ਦਿਸੇ ਮੌਜੂਦ । ਸਤਿਗੁਰ
ਸਚਾ ਆਪ ਪ੍ਰਭ, ਮੰਜ਼ਲ ਹਕ ਦੱਸੇ ਮਕਸੂਦ । ਸਤਿਗੁਰ ਸਚਾ ਆਪ ਪ੍ਰਭ, ਜੁਗ ਜੁਗ ਕੂੜੀ ਕਿਰਿਆ ਕਰੇ ਨੇਸਤੋ ਨਾਬੂਦ । ਸਤਿਗੁਰ ਸਚਾ
ਆਪ ਪ੍ਰਭ, ਨੌ ਖੰਡ ਪ੍ਰਿਥਮੀ ਦੱਸੇ ਇਕ ਹਦੂਦ । ਸਤਿਗੁਰ ਸਚਾ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ
੧੧੯੩ ਸਾਚਾ ਵਰ, ਜੁਗ ਜੁਗ ਮੇਟਣਹਾਰਾ ਦੂਜ । ਸਤਿਗੁਰ ਸਚਾ ਆਪ ਪ੍ਰਭ, ਸਚਖੰਡ ਨਿਵਾਸੀ । ਸਤਿਗੁਰ ਸਚਾ ਆਪ ਪ੍ਰਭ, ਜੋਤੀ ਜੋਤ ਨੂਰ ੧੧੯੩
੨੪ ਪ੍ਰਕਾਸ਼ੀ । ਸਤਿਗੁਰ ਸਚਾ ਆਪ ਪ੍ਰਭ, ਜੋ ਅੰਤਰ ਘਟ ਨਿਵਾਸੀ । ਸਤਿਗੁਰ ਸਚਾ ਆਪ ਪ੍ਰਭ, ਜੋ ਲੇਖਾ ਜਾਣੇ ਸ਼ੰਕਰ ਕੈਲਾਸ਼ੀ । ਸਤਿਗੁਰ ੨੪
ਸਚਾ ਆਪ ਪ੍ਰਭ, ਭਗਤਾਂ ਅੰਦਰੋਂ ਮੇਟੇ ਉਦਾਸੀ । ਸਤਿਗੁਰ ਸਚਾ ਆਪ ਪ੍ਰਭ, ਆਪੇ ਹੋਏ ਨਾਮ ਸਵਾਸੀ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ
ਸ਼ਾਹੋ ਸ਼ਾਬਾਸੀ ।

### ★ ੩੦ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਬਲਬੀਰ ਸਿੰਘ ਅੰਗ੍ਰੇਜ਼ ਸਿੰਘ ਦੇ ਗ੍ਰਿਹ ਧੰਗਾਲੀ ਕੈਂਪ ਜ਼ਿਲਾ ਜੰਮੂ ★

ਸਤਿਗੁਰ ਸਚਾ ਆਪ ਪ੍ਰਭ, ਨਿਤ ਨਵਿਤ ਸਦਾ ਬਖ਼ਸ਼ੰਦੂ । ਸਤਿਗੁਰ ਸਚਾ ਆਪ ਪ੍ਰਭ, ਠਾਕਰ ਸੁਆਮੀ ਸਾਗਰ ਸਿੰਧੂ । ਸਤਿਗੁਰ ਸਚਾ
ਆਪ ਪ੍ਰਭ, ਜੀਵ ਜੰਤ ਵੇਖੇ ਆਪਣੀ ਬਿੰਦੂ । ਸਤਿਗੁਰ ਸਚਾ ਆਪ ਪ੍ਰਭ, ਜੋ ਖੇਲ ਖਿਲਾਏ ਮੁਸਲਿਮ ਹਿੰਦੂ । ਸਤਿਗੁਰ ਸਚਾ ਆਪ ਪ੍ਰਭ, ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਾਹਿਬ ਗੁਣੀ ਗਹਿੰਦੂ । ਸਤਿਗੁਰ ਸਚਾ ਆਪ ਪ੍ਰਭ, ਨੌਜਵਾਨਾ ।
ਸਤਿਗੁਰ ਸਚਾ ਆਪ ਪ੍ਰਭ, ਸ਼ਾਹ ਸੁਲਤਾਨਾ । ਸਤਿਗੁਰ ਸਚਾ ਆਪ ਪ੍ਰਭ, ਮਰਦ ਮਰਦਾਨਾ । ਸਤਿਗੁਰ ਸਚਾ ਆਪ ਪ੍ਰਭ, ਵਾਲੀ ਦੋ ਜਹਾਨਾਂ ।
ਸਤਿਗੁਰ ਸਚਾ ਆਪ ਪ੍ਰਭ, ਜੁਗ ਜੁਗ ਪਹਿਰੇ ਬਾਨਾ । ਸਤਿਗੁਰ ਸਚਾ ਆਪ ਪ੍ਰਭ, ਕਲਜੁਗ ਅੰਤ ਹੋਏ ਪ੍ਰਧਾਨਾ । ਸਤਿਗੁਰ ਸਚਾ ਆਪ ਪ੍ਰਭ,

ਹਰਿਜਨ ਵੇਖੇ ਵਿਚ ਜਹਾਨਾ । ਸਤਿਗੁਰ ਸਚਾ ਆਪ ਪ੍ਰਭ, ਭਗਤ ਸੁਹੇਲੇ ਬਖ਼ਸ਼ੇ ਚਰਨ ਧਿਆਨਾ । ਸਤਿਗੁਰ ਸਚਾ ਆਪ ਪ੍ਰਭ, ਆਤਮ ਜੋਤੀ ਬਣੇ ਕਾਹਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਚਾ ਆਪ ਪ੍ਰਭ, ਬਿਨ ਮੰਗਿਆਂ ਦੇਵੇ ਦਾਨਾ । ਸਤਿਗੁਰ ਸਚਾ ਆਪ ਪ੍ਰਭ, ਸ਼ਮਅ ਨੂਰ ਜੋਤ ਰੁਸ਼ਨਾਨਾ । ਸਤਿਗੁਰ ਸਚਾ ਆਪ ਪ੍ਰਭ, ਖੇਲੇ ਖੇਲ ਸਦਾ ਬਿਧਨਾਨਾ । ਸਤਿਗੁਰ ਸਚਾ ਆਪ ਪ੍ਰਭ, ਦੀਨ ਦੁਨੀ ਬਦਲੇ ਜ਼ਮਾਨਾ । ਸਤਿਗੁਰ ਸਚਾ ਆਪ ਪ੍ਰਭ, ਲੇਖਾ ਜਾਣੇ ਜ਼ਮੀਂ ਅਸਮਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਕਰਤਾ ਕਰਤਾ ਪੁਰਖ ਭਗਵਾਨਾ । ਸਤਿਗੁਰ ਸਚਾ ਆਪ ਪ੍ਰਭ, ਚੋਟੀ ਚੜ੍ਹ ਕੇ ਵੇਖੇ ਸ਼ਿਖ਼ਰ । ਸਤਿਗੁਰ ਸਚਾ ਆਪ ਪ੍ਰਭ, ਪਰਦਾ ਲਾਹੇ ਬਜਰ ਕਪਾਟੀ ਪੱਥਰ । ਸਤਿਗੁਰ ਸਚਾ ਆਪ ਪ੍ਰਭ, ਨੇਤਰ ਵਿਰੋਲਣ ਨਾ ਦੇਵੇ ਅਥਰ । ਸਤਿਗੁਰ ਸਚਾ ਆਪ ਪ੍ਰਭ, ਭਗਤਾਂ ਸੇਜ ਹੰਢਾਏ ਸਥਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਸ਼ਬਦ ਜਣਾਏ ਅਕਥੀ ਕਥਨ । ਸਤਿਗੁਰ ਸਚਾ ਆਪ ਪ੍ਰਭ, ਬਿਨ ਤਤਾਂ ਤਤ ਸਰੀਰ । ਸਤਿਗੁਰ ਸਚਾ ਆਪ ਪ੍ਰਭ, ਸ਼ਾਹ ਪੀਰਾਂ ਦਾ ਪੀਰ । ਸਤਿਗੁਰ ਸਚਾ ਆਪ ਪ੍ਰਭ, ਦਰ ਦਰਵੇਸ਼ੀ ਫ਼ਕੀਰ । ਸਤਿਗੁਰ ਸਚਾ ਆਪ ਪ੍ਰਭ, ਨਜ਼ਰੀਏ ਬਾਹਰ ਦਿਸੇ ਬੇਨਜ਼ੀਰ । ਸਤਿਗੁਰ ਸਚਾ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਬਦਲ ਦੇਵੇ ਤਕ਼ਦੀਰ । ਸਤਿਗੁਰ ਸਚਾ ਆਪ ਪ੍ਰਭ, ਏਕਾ ਏਕ ਬੇਪਰਵਾਹਿਆ । ਸਤਿਗੁਰ ਸਚਾ ਆਪ ਪ੍ਰਭ, ਲੇਖਾ ਜਾਣੇ ਥਾਉਂ ਥਾਂਇਆ । ਸਤਿਗੁਰ ਸਚਾ ਆਪ ਪ੍ਰਭ, ਰਚਨ ਰਚਾਏ ਤ੍ਰੈਗੁਣ ਮਾਇਆ । ਸਤਿਗੁਰ ਸਚਾ ਆਪ ਪ੍ਰਭ, ਜਨ ਭਗਤਾਂ ਹੋਏ ਆਪ ਸਹਾਇਆ । ਸਤਿਗੁਰ ਸਚਾ ਆਪ ਪ੍ਰਭ, ਹਰਿਜਨ ਗੋਦੀ ਲਏ ਉਠਾਇਆ । ਸਤਿਗੁਰ ਸਚਾ ਆਪ ਪ੍ਰਭ, ਸਿਰ ਸਿਰ ਆਪਣਾ ਹੱਥ ਟਿਕਾਇਆ । ਸਤਿਗੁਰ ਸਚਾ ਆਪ ਪ੍ਰਭ, ਕਲਜੁਗ ਅੰਤਮ ਲਏ ਤਰਾਇਆ । ਸਤਿਗੁਰ ਸਚਾ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਦੋ ਜਹਾਨ ਸ਼ਾਹੋ ਭੂਪ ਭੂਪ ਸੁਲਤਾਨ, ਕਰਨੀ ਦਾ ਕਰਤਾ ਇਕ ਅਖਵਾਇਆ ।

### ✪ ੩੦ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਵਕੀਲ ਸਿੰਘ ਦੇ ਗ੍ਰਿਹਿ ਧੰਗਾਲੀ ਕੈਂਪ ਜ਼ਿਲਾ ਜੰਮੂ ✪

ਸਤਿਗੁਰ ਸਚਾ ਆਪ ਪ੍ਰਭ, ਮਾਲਕ ਬ੍ਰਹਿਮੰਡ ਖੰਡ ਤ੍ਰੈ ਭਵਣ । ਸਤਿਗੁਰ ਸਚਾ ਆਪ ਪ੍ਰਭ, ਲੇਖਾ ਜਾਣੇ ਲੱਖ ਚੁਰਾਸੀ ਸਵਾਸ ਪਵਣ । ਸਤਿਗੁਰ ਸਚਾ ਆਪ ਪ੍ਰਭ, ਅੰਮ੍ਰਿਤ ਮੇਘ ਨਿਰਾਲਾ ਬਖ਼ਸ਼ੇ ਸਵਣ । ਸਤਿਗੁਰ ਸਚਾ ਆਪ ਪ੍ਰਭ, ਜੋ ਵਸੇ ਕੂਟੇ ਚਾਰੇ ਚਵਨ । ਸਤਿਗੁਰ ਸਚਾ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲਹਿਣਾ ਦੇਣਾ ਮੇਟੇ ਜ਼ਾਤ ਵਰਨ । ਸਤਿਗੁਰ ਸਚਾ ਆਪ ਪ੍ਰਭ, ਦੋ ਜਹਾਨਾਂ ਵਾਲੀ । ਸਤਿਗੁਰ ਸਚਾ ਆਪ ਪ੍ਰਭ, ਫਲ ਵੇਖਣਹਾਰਾ ਚੁਰਾਸੀ ਲੱਖ ਡਾਲੀ । ਸਤਿਗੁਰ ਸਚਾ ਆਪ ਪ੍ਰਭ, ਤ੍ਰੈਗੁਣ ਮਾਇਆ ਤੋੜੇ ਜਗਤ ਜੰਜਾਲੀ । ਸਤਿਗੁਰ ਸਚਾ ਆਪ ਪ੍ਰਭ, ਭੇਵ ਖੁਲ੍ਹਾਏ ਪੁਰਖ ਅਕਾਲਾ ਆਪ ਹਾਲੀ । ਸਤਿਗੁਰ ਸਚਾ ਆਪ ਪ੍ਰਭ, ਕਲਜੁਗ

ਮੇਟੇ ਰੈਣ ਅੰਧੇਰੀ ਕਾਲੀ । ਸਤਿਗੁਰ ਸਚਾ ਆਪ ਪ੍ਰਭ, ਜਿਸ ਦਾ ਲਹਿਣਾ ਦੇਣਾ ਮਸ਼ਰਕ ਮਗ਼ਰਬ ਜਨੂਬਣ ਦਿਸੇ ਸ਼ਮਾਲੀ । ਸਤਿਗੁਰ ਸਚਾ
ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਰਿਹਾ ਭਾਲੀ । ਸਤਿਗੁਰ ਸਚਾ
ਆਪ ਪ੍ਰਭ, ਨਿਰਗੁਣ ਨਿਰਾਕਾਰ । ਸਤਿਗੁਰ ਸਚਾ ਆਪ ਪ੍ਰਭ, ਵਸਣਹਾਰ ਸਚ ਸਚੇ ਦਰਬਾਰ । ਸਤਿਗੁਰ ਸਚਾ ਆਪ ਪ੍ਰਭ, ਕਲਜੁਗ ਅੰਤਮ
ਹੋਵੇ ਜ਼ਾਹਰ । ਸਤਿਗੁਰ ਸਚਾ ਆਪ ਪ੍ਰਭ, ਕਲ ਕਲਕੀ ਲਏ ਅਵਤਾਰ । ਸਤਿਗੁਰ ਸਚਾ ਆਪ ਪ੍ਰਭ, ਨਾਮ ਸ਼ਬਦ ਕਰੇ ਜੈਕਾਰ । ਸਤਿਗੁਰ
ਸਚਾ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਵਸਤ ਦੇਵੇ ਆਪ ਕਰਤਾਰ । ਸਤਿਗੁਰ
ਸਚਾ ਆਪ ਪ੍ਰਭ, ਕੁਦਰਤ ਕ਼ਾਦਰ । ਸਤਿਗੁਰ ਸਚਾ ਆਪ ਪ੍ਰਭ, ਜਨ ਭਗਤਾਂ ਦੇਵੇ ਦਰਗਾਹ ਆਦਰ । ਸਤਿਗੁਰ ਸਚਾ ਆਪ ਪ੍ਰਭ, ਦੋ
ਜਹਾਨਾਂ ਬਣੇ ਪਿਦਰ ਮਾਦਰ । ਸਤਿਗੁਰ ਸਚਾ ਆਪ ਪ੍ਰਭ, ਹਰਿਜਨ ਕਰੇ ਜਗਤ ਉਜਾਗਰ । ਸਤਿਗੁਰ ਸਚਾ ਆਪ ਪ੍ਰਭ, ਭਾਗ ਲਗਾਏ ਕਾਇਆ
ਗਾਗਰ । ਸਤਿਗੁਰ ਸਚਾ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹੋ ਭੂਪ ਦਾਤਾ ਦਾਨੀ
ਵਣਜ ਕਰਾਏ ਧੁਰ ਦਾ ਬਣ ਸੌਦਾਗਰ । ਸਤਿਗੁਰ ਸਚਾ ਜਾਣੀਏ, ਜਿਸ ਦਿਤਾ ਤਨ ਵਜੂਦ । ਸਤਿਗੁਰ ਸਚਾ ਜਾਣੀਏ, ਜੋ ਅਸਲ ਨਾਲ ਚੁਕਾਏ
ਸੂਦ । ਸਤਿਗੁਰ ਸਚਾ ਜਾਣੀਏ, ਸੁਤਿਆਂ ਜਾਗਦਿਆਂ ਦੇਵੇ ਸੂਝ । ਸਤਿਗੁਰ ਸਚਾ ਜਾਣੀਏ, ਪਰਦਾ ਲਾਹ ਕੇ ਬੁਝਾਏ ਆਪਣੀ ਬੂਝ । ਜੋਤੀ
੧੧੯੫ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖ ਮੁਕਾਏ ਅੰਤਸ਼ਕਰਨ ਗੁਝ । ਸਤਿਗੁਰ ਸਚਾ ਆਪ ਪ੍ਰਭ, ਜੋਤੀ ੧੧੯੫
੨੪ ਜਾਤਾ ਅਗੰਮ । ਸਤਿਗੁਰ ਸਚਾ ਆਪ ਪ੍ਰਭ, ਜਨਣੀ ਕੁੱਖ ਪਏ ਕਦੇ ਨਾ ਜੰਮ । ਸਤਿਗੁਰ ਸਚਾ ਆਪ ਪ੍ਰਭ, ਤਨ ਵਜੂਦ ਨਾ ਰਖੇ ਕਾਇਆ ੨੪
ਮਾਟੀ ਚੰਮ । ਸਤਿਗੁਰ ਸਚਾ ਆਪ ਪ੍ਰਭ, ਲੇਖਾ ਜਾਣੇ ਆਤਮ ਧਾਰ ਬ੍ਰਹਮ । ਸਤਿਗੁਰ ਸਚਾ ਆਪ ਪ੍ਰਭ, ਜੁਗ ਜੁਗ ਪਰਗਟਾਏ ਧੁਰ ਦਾ
ਧਰਮ । ਸਤਿਗੁਰ ਸਚਾ ਆਪ ਪ੍ਰਭ, ਦੀਨ ਦੁਨੀ ਦਾ ਮੇਟਣਹਾਰਾ ਭਰਮ । ਸਤਿਗੁਰ ਸਚਾ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਜਾਣੇ ਸਾਚਾ ਕਰਮ । ਸਤਿਗੁਰ ਸਚਾ ਜਾਣੀਏ, ਕਾਰਜ ਕਰੇ ਸਿਧ । ਸਤਿਗੁਰ ਸਚਾ ਜਾਣੀਏ,
ਮੇਲ ਮਿਲਾਏ ਆਪਣੀ ਬਿਧ । ਸਤਿਗੁਰ ਸਚਾ ਜਾਣੀਏ, ਘਰ ਦੇਵੇ ਨੌ ਨਿਧ । ਸਤਿਗੁਰ ਸਚਾ ਜਾਣੀਏ, ਤਨ ਮਨ ਅੰਤਰ ਦਏ ਵਿਧ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਬਣਾਏ ਆਪਣੇ ਸਾਚੇ ਰਿੰਦ । ਸਤਿਗੁਰ ਸਚਾ ਆਪ ਪ੍ਰਭ,
ਬੇਅੰਤ ਬੇਐਬ । ਸਤਿਗੁਰ ਸਚਾ ਆਪ ਪ੍ਰਭ, ਦੋ ਜਹਾਨਾਂ ਸਤਿਗੁਰ ਸਾਹਿਬ । ਸਤਿਗੁਰ ਸਚਾ ਆਪ ਪ੍ਰਭ, ਅਵਤਾਰ ਪੈਗ਼ੰਬਰ ਗੁਰ ਭੇਜੇ ਆਪਣੇ
ਨਾਇਬ । ਸਤਿਗੁਰ ਸਚਾ ਆਪ ਪ੍ਰਭ, ਆਪਣਾ ਖੇਲੇ ਖੇਲ ਅਜਾਇਬ । ਸਤਿਗੁਰ ਸਚਾ ਆਪ ਪ੍ਰਭ, ਜੁਗ ਜੁਗ ਪੂਰਾ ਕਰੇ ਵਾਇਦ । ਸਤਿਗੁਰ
ਸਚਾ ਆਪ ਪ੍ਰਭ, ਹਰਿਜਨ ਰਹਿਣ ਨਾ ਦੇਵੇ ਅਲਾਹਿਦ । ਸਤਿਗੁਰ ਸਚਾ ਆਪ ਪ੍ਰਭ, ਜਨ ਭਗਤਾਂ ਲੱਖ ਚੁਰਾਸੀ ਕਟੇ ਕ਼ੈਦ । ਸਤਿਗੁਰ ਸਚਾ
ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਲੇਖਾ ਪੂਰਾ ਕਰੇ ਫ਼ਰਾਇਜ਼ । ਸਤਿਗੁਰ
ਪੂਰਾ ਜਾਣੀਏ, ਸਤਿਗੁਰ ਸਾਚਾ ਸ਼ਬਦ । ਸਤਿਗੁਰ ਪੂਰਾ ਜਾਣੀਏ, ਜੋ ਸਭ ਨੂੰ ਦੇਵੇ ਅਦਬ । ਸਤਿਗੁਰ ਪੂਰਾ ਜਾਣੀਏ, ਜੋ ਹਰ ਘਟ ਹੋਵੇ

ਜਜ਼ਬ । ਸਤਿਗੁਰ ਪੂਰਾ ਜਾਣੀਏ, ਜੋ ਝਗੜਾ ਮੇਟੇ ਦੀਨ ਮਜ਼੍ਹਬ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੀਨ ਦੁਨੀ ਕਲਜੁਗ ਅੰਤਮ ਕਰੇ ਤਅਜੁਬ । ਸਤਿਗੁਰ ਸਚਾ ਆਪ ਪ੍ਰਭ, ਜਗਤ ਵਿਦਿਆ ਬਾਹਰ । ਸਤਿਗੁਰ ਸਚਾ ਆਪ ਪ੍ਰਭ, ਸ਼ਬਦੀ ਸ਼ਬਦ ਹੋਵੇ ਜ਼ਾਹਰ । ਸਤਿਗੁਰ ਸਚਾ ਆਪ ਪ੍ਰਭ, ਦੋ ਜਹਾਨਾਂ ਪਾਵੇ ਸਾਰ । ਸਤਿਗੁਰ ਸਚਾ ਆਪ ਪ੍ਰਭ, ਜੋਤੀ ਜਾਤਾ ਲਏ ਅਵਤਾਰ । ਸਤਿਗੁਰ ਸਚਾ ਆਪ ਪ੍ਰਭ, ਕਲਜੁਗ ਮੇਟੇ ਅੰਧ ਅੰਧਿਆਰ । ਸਤਿਗੁਰ ਸਚਾ ਆਪ ਪ੍ਰਭ, ਹਰਿ ਭਗਤ ਸੁਹੇਲੇ ਜਾਵੇ ਤਾਰ । ਸਤਿਗੁਰ ਸਚਾ ਆਪ ਪ੍ਰਭ, ਗੁਰਮੁਖ ਗੁਰਸਿਖ ਬਖ਼ਸ਼ੇ ਚਰਨ ਪਿਆਰ । ਸਤਿਗੁਰ ਸਚਾ ਆਪ ਪ੍ਰਭ, ਅੰਮ੍ਰਿਤ ਰਸ ਦੇਵੇ ਠੰਡਾ ਠਾਰ । ਸਤਿਗੁਰ ਸਚਾ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਲਾਏ ਪਾਰ ਕਿਨਾਰ । ਸਤਿਗੁਰ ਸਚਾ ਜਾਈਏ, ਜੋ ਧੁਰ ਦਾ ਸਾਚਾ ਸਈਆ । ਸਤਿਗੁਰ ਸਚਾ ਜਾਣੀਏ, ਆਦਿ ਜੁਗਾਦੀ ਪਿਤ ਮਈਆ । ਸਤਿਗੁਰ ਸਚਾ ਜਾਣੀਏ, ਨਾਮ ਚੜ੍ਹਾਏ ਸਾਚੀ ਨਈਆ । ਸਤਿਗੁਰ ਸਚਾ ਜਾਈਏ, ਜੋ ਲੇਖ ਮੁਕਾਏ ਰਾਏ ਧਰਮ ਦੀ ਵਹੀਆ । ਸਤਿਗੁਰ ਸਚਾ ਜਾਣੀਏ, ਜੋ ਲੋਕਮਾਤ ਪਕੜੇ ਬਹੀਆ । ਸਤਿਗੁਰ ਸਚਾ ਜਾਣੀਏ, ਜੋ ਆਇਆ ਗੋਬਿੰਦ ਬਾਦ ਢਈਆ । ਸਤਿਗੁਰ ਸਚਾ ਜਾਣੀਏ, ਜੋਤੀ ਜੋਤ ਨੂਰ ਰੁਸ਼ਨਈਆ । ਸਤਿਗੁਰ ਸਚਾ ਜਾਣੀਏ, ਸ਼ਬਦ ਨਾਦ ਬਜਈਆ । ਸਤਿਗੁਰ ਸਚਾ ਜਾਣੀਏ, ਅੰਮ੍ਰਿਤ ਰਸ ਜਾਮ ਪੀਵਈਆ । ਸਤਿਗੁਰ ਸਚਾ ਜਾਈਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ
੧੧੯੬ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਸਈ ਵਿਚ ਆ ਕੇ ਭਗਤਾਂ ਦੇ ਲੇਖ ਉਤੇ ਪਾਏ ਸਹੀਆ । ੧੧੯੬

੨੪ ੨੪

## ✪ ੩੦ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਬਾਬੂ ਰਾਮ ਦੇ ਗ੍ਰਹਿ ਪਿੰਡ ਦੀਵਾਨ ਗੜ੍ਹ ਜ਼ਿਲਾ ਜੰਮੂ ✪

ਧਰਨੀ ਕਹੇ ਮੇਰੇ ਪਰਮ ਪੁਰਖ ਕਰਤਾਰ, ਕ਼ੁਦਰਤ ਦੇ ਕ਼ਾਦਰ ਬੇਐਬ ਨੂਰ ਅਲਾਹੀਆ । ਪੁਰਖ ਅਕਾਲੇ ਦੀਨ ਦਿਆਲੇ ਪਾ ਸਾਰ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਨੈਣ ਉਠਾਈਆ । ਮੈਨੂੰ ਸੰਦੇਸ਼ੇ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰ, ਸ਼ਬਦ ਅਨਾਦੀ ਧੁਨ ਕਰ ਸ਼ਨਵਾਈਆ । ਮੈਂ ਜੁਗ ਚੌਕੜੀ ਕਰਦੀ ਰਹੀ ਇੰਤਜ਼ਾਰ, ਸਤਿਜੁਗ ਤ੍ਰੇਤਾ ਦੁਆਪਰ ਰਾਹ ਤਕਾਈਆ । ਕਲਜੁਗ ਅੰਤਮ ਦੇ ਅਧਾਰ, ਸਿਰ ਮੇਰੇ ਹੱਥ ਟਿਕਾਈਆ । ਨੌ ਖੰਡ ਪ੍ਰਿਥਮੀ ਤਕ ਲੈ ਧੂੰਆਂਧਾਰ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਸੱਤ ਦੀਪ ਹਾਹਾਕਾਰ, ਧੀਰਜ ਧਰਮ ਨਾ ਕੋਇ ਰਖਾਈਆ । ਜਲ ਥਲ ਮਹੀਅਲ ਕਰ ਰਹੇ ਇਜ਼ਹਾਰ, ਧੁਰ ਦੇ ਮਾਹੀ ਤੇਰੇ ਢੋਲੇ ਗਾਈਆ । ਅਠਸਠ ਤੀਰਥ ਤਕ ਲੈ ਆਪ ਆਪਣੀ ਵਿਚੋਂ ਧਾਰ, ਮਹੀਅਲ ਪਰਦਾ ਆਪ ਉਠਾਈਆ । ਚਾਰੇ ਕੁੰਟ ਹਾਹਾਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਮੇਰਾ ਲੇਖਾ ਵੇਖ ਲੈ ਕਲਜੁਗ ਕਾਤੀ, ਕ਼ਤਲਗਾਹ ਬਣੀ ਲੋਕਾਈਆ । ਨਵ ਸੱਤ ਅੰਧੇਰਾ ਰਾਤੀ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਆਤਮ ਪਰਮਾਤਮ ਦਿਸੇ ਨਾ ਕੋਇ ਜਮਾਤੀ, ਤੇਰਾ ਸੰਗੀ ਸੰਗ ਨਾ ਕੋਇ ਬਣਾਈਆ । ਕਲਜੁਗ ਕੂੜ ਕੁੜਿਆਰ

ਮਾਰੇ ਕਾਤੀ, ਜਗਤ ਅਣਿਆਲਾ ਤੀਰ ਚਲਾਈਆ । ਜਿਸ ਸਤਿ ਧਰਮ ਦੀ ਵਿੰਨ੍ਹ ਦਿਤੀ ਛਾਤੀ, ਛਤਰਧਾਰੀ ਬਚਿਆ ਰਹਿਣ ਕੋਇ ਨਾ ਪਾਈਆ । ਸਚ ਪ੍ਰੇਮ ਦੀ ਦਿਸੇ ਕੋਇ ਨਾ ਲਲਾਟੀ, ਉਜਾਲਾ ਨਜ਼ਰ ਕੋਇ ਨਾ ਆਈਆ । ਝਗੜਾ ਪਿਆ ਲੋਕਮਾਤੀ, ਦੀਨ ਮਜ਼੍ਹਬ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰਗਾਹ ਸਚ ਦੇਣੀ ਸਰਨਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਤਕ ਲੈ ਕਲਜੁਗ ਕੂੜ ਕੁੜਿਆਰਾ, ਸਤਿ ਸਚ ਧਰਮ ਨਜ਼ਰ ਕੋਇ ਨਾ ਆਈਆ । ਜੀਵ ਜੰਤ ਹੋਇਆ ਦੁਖਿਆਰਾ, ਸਾਧ ਸੰਤ ਦੇਣ ਦੁਹਾਈਆ । ਜਗਤ ਸ਼ਾਸਤਰਾਂ ਰਿਹਾ ਨਾ ਕੋਇ ਪਿਆਰਾ, ਮੁਹੱਬਤ ਵਿਚ ਨਾ ਕੋਇ ਸਮਾਈਆ । ਅੱਖਰ ਅੱਖਰ ਕਰੇ ਪੁਕਾਰਾ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਤੂੰ ਮਿਹਰਵਾਨ ਮਹਿਬੂਬ ਸਚਾ ਸਿਕਦਾਰਾ, ਹਰਿ ਕਰਤਾ ਇਕ ਅਖਵਾਈਆ । ਜੋਤੀ ਜਾਤੇ ਪੁਰਖ ਬਿਧਾਤੇ ਹੋ ਜ਼ਾਹਰਾ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਸਤਿਗੁਰ ਸ਼ਬਦ ਦਏ ਇਸ਼ਾਰਾ, ਹੁਕਮ ਹੁਕਮ ਵਿਚੋਂ ਜਣਾਈਆ । ਜੋ ਦੀਨ ਦੁਨੀ ਵੇਖੇ ਸਰਬ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਪਰਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਪ੍ਰਭੂ ਮੇਰਾ ਲਹਿਣਾ ਤਕ ਲੈ ਜਗਤ ਜੁਗ ਅਖ਼ੀਰੀ, ਆਖ਼ਰ ਦਿਆਂ ਦ੍ਰਿੜਾਈਆ । ਮੇਰੇ ਅੰਤਸ਼ਕਰਨ ਆਈ ਦਿਲਗੀਰੀ, ਚਿੰਤਾ ਦੁਖ ਵਿਚ ਮੇਰੀ ਦੁਹਾਈਆ । ਕਾਇਆ ਰਹੀ ਨਾ ਕਿਸੇ ਦੀ ਪੀਰੀ, ਮੁਰੀਦ ਮੁਰਸ਼ਦ ਸੰਗ ਨਾ ਕੋਇ ਨਿਭਾਈਆ । ਚਾਰੋਂ ਕੁੰਟ ਵਝਿਆ ਸ਼ਰਅ ਜ਼ੰਜੀਰੀ,
੧੧੯੭ ਸੰਗਲ ਮਜ਼੍ਹਬ ਨਾ ਕੋਇ ਤੁੜਾਈਆ । ਅੰਤਸ਼ਕਰਨ ਬਦਲ ਸਕੇ ਨਾ ਕੋਇ ਜ਼ਮੀਰੀ, ਮਨਸਾ ਮਨ ਨਾ ਕੋਇ ਮਿਟਾਈਆ । ਤੂੰ ਮਾਲਕ ਖ਼ਾਲਕ ੧੧੯੭
੨੪ ਬੇਨਜ਼ੀਰੀ, ਨਜ਼ਰੀਆ ਮੇਰੇ ਉਤੋਂ ਬਦਲਾਈਆ । ਸਤਿ ਧਰਮ ਦੀ ਕਰ ਤਾਮੀਰੀ, ਸਤਿਜੁਗ ਸਚ ਸਚ ਪਰਗਟਾਈਆ । ਕਲਜੁਗ ਕੂੜ ਕੁੜਿਆਰ ੨੪
ਬਸਤਰ ਲਾਹ ਦੇ ਚੀਰੀ, ਤਨ ਵਜੂਦ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਇਕ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਵੇਖ ਪਾਬੰਦੀ, ਸ਼ਰਅ ਸ਼ਰੀਅਤ ਧਿਆਨ ਲਗਾਈਆ । ਮੈਂ ਫਸ ਗਈ ਦੀਨ ਮਜ਼੍ਹਬ ਦੀ ਵਿਚ ਫੰਦੀ, ਪਲੂ ਸਕੇ ਨਾ ਕੋਇ ਛੁਡਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਮੇਰੇ ਨਾਲ ਕੀਤੀ ਸੰਧੀ, ਕੌਲ ਇਕ਼ਰਾਰ ਗਏ ਤੁੜਾਈਆ । ਕਲਜੁਗ ਅੰਤ ਪੁਰਖ ਅਕਾਲ ਹੋਵੇ ਸੂਰਾ ਸਰਬੰਗੀ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੇ ਹੁਕਮ ਵਿਚ ਬੀਸਵੀਂ ਚੌਧਵੀਂ ਸਦੀ ਜਾਵੇ ਲੰਘੀ, ਆਪਣਾ ਪੰਧ ਮੁਕਾਈਆ । ਉਹ ਧਰਨੀਏ ਤੇਰੀ ਕਟੇ ਤੰਗੀ, ਤੰਗਦਸਤ ਵੇਖੇ ਖ਼ਲਕ ਖ਼ੁਦਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਜਗਤ ਫ਼ਰੰਗੀ, ਫ਼ੈਸਲਾ ਆਪਣਾ ਹੁਕਮ ਸਮਝਾਈਆ । ਨਾਤਾ ਤਕਣਾ ਪਰਕਿਰਤੀ ਪੰਝੀ, ਪੰਚਮ ਤਤ ਖੋਜ ਖੁਜਾਈਆ । ਉਹਦਾ ਸਤਿਗੁਰ ਸ਼ਬਦ ਇਕੋ ਹੋਣਾ ਦੁਲਾਰਾ ਜੰਗੀ, ਦੂਲਹਾ ਇਕੋ ਸੋਭਾ ਪਾਈਆ । ਤੇਰੀ ਪੁਸ਼ਤ ਪਨਾਹ ਹੋਣ ਨਾ ਦੇਵੇ ਨੰਗੀ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਅੰਤਰ ਆਸ਼ਾ ਕਰੇ ਠੰਢੀ, ਕਲਜੁਗ ਅਗਨੀ ਅੱਗ ਬੁਝਾਈਆ ।

## ✪ ੩੦ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਮਾਇਆ ਦੇਵੀ ਦੇ ਗ੍ਰਿਹ ਪਿੰਡ ਮਘੋਵਾਲੀ ਜ਼ਿਲਾ ਜੰਮੂ ✪

ਧਰਨੀ ਕਹੇ ਪ੍ਰਭੂ ਮੈਂ ਤੇਰੇ ਅਗੇ ਸਵਾਲੀਆ, ਨਿਰਧਨ ਹੋ ਕੇ ਮੰਗ ਮੰਗਾਈਆ । ਧਰਮ ਦੀ ਧਾਰ ਮੇਰੀ ਝੋਲੀ ਹੋਈ ਖਾਲੀਆ, ਸਤਿ ਵਸਤ ਰਹਿਣ ਕੋਇ ਨਾ ਪਾਈਆ । ਮੇਰੇ ਮਸਤਕ ਚੜ੍ਹੀਆਂ ਰਹੀਆਂ ਨਾ ਲਾਲੀਆਂ, ਪ੍ਰੇਮ ਰੰਗ ਨਾ ਕੋਇ ਰੰਗਾਈਆ । ਤੂੰ ਮਾਲਕ ਖ਼ਾਲਕ ਧੁਰ ਦਾ ਵਾਲੀਆ, ਵਾਰਸ ਹੋ ਕੇ ਵੇਖਣਾ ਚਾਈਂ ਚਾਈਂਆ । ਨੌ ਖੰਡ ਮੇਰੀ ਹੋਈ ਰੈਣ ਅੰਧੇਰੀ ਕਾਲੀਆ, ਕਲਜੁਗ ਕੂੜ ਅੰਧੇਰਾ ਛਾਈਆ । ਪੱਤ ਰਿਹਾ ਨਾ ਕਿਸੇ ਡਾਲੀ ਆ, ਫਲ ਫੁੱਲ ਨਜ਼ਰ ਕੋਇ ਨਾ ਆਈਆ । ਮੈਂ ਜੁਗ ਜੁਗ ਤੇਰੀਆਂ ਘਾਲਾਂ ਘਾਲੀਆਂ, ਸਤਿਜੁਗ ਤ੍ਰੇਤਾ ਦੁਆਪਰ ਸੇਵ ਕਮਾਈਆ । ਕਲਜੁਗ ਅੰਤਮ ਕਰ ਰਖਵਾਲੀਆ, ਰਖਕ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਵੇਖ ਵਖਾਈਆ । ਧਰਨੀ ਕਹੇ ਪ੍ਰਭੂ ਮੈਂ ਜੁਗਾ ਜੁਗੰਤਰ ਮੰਗਦੀ, ਝੋਲੀ ਤੇਰੇ ਅਗੇ ਡਾਹੀਆ । ਮੇਰੇ ਉਤੇ ਸਦੀ ਸਦੀਵੀ ਵੇਖ ਲੈ ਲੰਘਦੀ, ਆਪ ਆਪਣਾ ਪੰਧ ਮੁਕਾਈਆ । ਦੀਨ ਦੁਨੀ ਦੀ ਤਿਆਰੀ ਹੋਈ ਜੰਗ ਦੀ, ਜੰਗਜੂ ਦਿਸੇ ਲੋਕਾਈਆ । ਨੌ ਖੰਡ ਪ੍ਰਿਥਮੀ ਘੜੀ ਆਉਣੀ ਤੰਗ ਦੀ, ਤੰਗਦਸਤ ਦਿਸੇ ਤੇਰੀ ਖ਼ਲਕ ਖ਼ੁਦਾਈਆ । ਵਡਿਆਈ ਰਹਿਣੀ ਨਹੀਂ ਜਮਨਾ ਸੁਰਸਤੀ ਗੋਦਾਵਰੀ ਗੰਗ ਦੀ, ਅਠਸਠ ਤੀਰਥ ਰੋਵਣ ਮਾਰਨ ਧਾਈਆ । ਅੰਤ ਨਿਸ਼ਾਨੀ ਮਿਟਣੀ ਤਾਰਾ ਚੰਦ ਦੀ, ਉਮਤ ਨਬੀ ਰਸੂਲ ਸੰਗ ਮੁਹੰਮਦ ਦਏ ਗਵਾਹੀਆ ।
੧੧੯੮ ਇਕੋ ਆਵਾਜ਼ ਆਉਣੀ ਤੂੰ ਮੇਰਾ ਮੈਂ ਤੇਰਾ ਛੰਦ ਦੀ, ਦੂਸਰ ਸਰਵਣ ਸੁਣਨ ਕਿਛ ਨਾ ਪਾਈਆ । ਮੇਰੇ ਉਤੇ ਕਲਾ ਮੇਟਣੀ ਅੰਧੇਰੇ ਅੰਧ ਦੀ, ੧੧੯੮
੨੪ ਅੰਤਰ ਨਿਰੰਤਰ ਆਪਣੀ ਕਰ ਰੁਸ਼ਨਾਈਆ । ਦੀਨ ਦੁਨੀ ਦੀ ਵਾਸਨਾ ਮਨ ਦੀ ਰਹੇ ਨਾ ਗੰਦ ਦੀ, ਬੁਧਿ ਬਿਬੇਕ ਦੇਣੀ ਬਣਾਈਆ । ਜੋਤੀ ੨੪
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੋਂ ਮੇਟ ਦੁਬਿਦਾ, ਨਫ਼ਰਤ ਰਹਿਣ ਕੋਇ ਨਾ ਪਾਈਆ । ਇਕੋ ਮਾਰਗ ਆਪਣਾ ਦੱਸ ਦੇ ਸਿੱਧਾ, ਦੀਨ ਮਜ਼੍ਹਬ ਦੀ ਵੰਡ ਨਾ ਕੋਇ ਵੰਡਾਈਆ । ਤੇਰੇ ਕੋਲ ਆਦਿ ਜੁਗਾਦੀ ਸ਼ਬਦ ਗੁਰੂ ਦੀ ਬਿਧਾ, ਬਿਧਨਾ ਦਾ ਲੇਖਾ ਆਪਣੇ ਚਰਨ ਟਿਕਾਈਆ । ਤੇਰੇ ਪਿਆਰ ਨਾਲ ਹਰ ਹਿਰਦਾ ਜਾਏ ਵਿੱਧਾ, ਤਨ ਮਨ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਗ੍ਰਿਹ ਵਜੇ ਵਧਾਈਆ । ਧਰਨੀ ਕਹੇ ਪ੍ਰਭੂ ਤੇਰਾ ਸਤਿ ਧਰਮ ਦਾ ਵਜੇ ਡੰਕਾ, ਡੌਰੂ ਤੇਰਾ ਨਾਮ ਖ਼ੁਦਾਈਆ । ਮੇਰਾ ਇਕੋ ਸੁਹਾ ਦੇ ਬੰਕਾ, ਬੰਕ ਦੁਆਰਾ ਤੇਰਾ ਨਜ਼ਰੀ ਆਈਆ । ਇਕੋ ਮਾਣ ਬਖ਼ਸ਼ ਦੇ ਰਾਓ ਰੰਕਾ, ਅਮੀਰ ਗ਼ਰੀਬ ਦਾ ਡੇਰਾ ਦੇਣਾ ਢਾਹੀਆ । ਕੁਛ ਲੇਖਾ ਲਹਿਣਾ ਯਾਦ ਕਰ ਲੈ ਭਗਤ ਸੁਹੇਲੇ ਜਨਕਾ, ਕੀ ਕਹਿ ਕੇ ਗਿਆ ਦ੍ਰਿੜਾਈਆ । ਪੁਰਖ ਅਕਾਲਾ ਦੀਨ ਦਿਆਲਾ ਅੰਤਮ ਖੇਲ ਕਰੇ ਵਿਚ ਪੁਰੀ ਘਨਕਾ, ਘਨਕਪੁਰ ਵਾਸੀ ਆਪਣੀ ਕਲ ਵਰਤਾਈਆ । ਮੇਰੇ ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਮੇਰਾ ਮੇਟ ਦੇ ਸ਼ੰਕਾ, ਸ਼ੰਕਰ ਬ੍ਰਹਮਾ ਵਿਸ਼ਨ ਨਾਲ ਮਿਲਾਈਆ । ਤੇਰਾ ਰੂਪ ਅਨੂਪ ਮੈਂ ਤਕਦੀ ਰਹੀ ਵਾਰ ਅਨਕਾ, ਅਨਕ ਕਲਧਾਰੀ ਤੇਰੀ ਬੇਪਰਵਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਸਤਿਜੁਗ ਮੇਰੇ ਉਤੇ ਬਣਾ ਦੇ ਬਣਤਾ, ਘੜਨ ਭੰਨਣਹਾਰ ਆਪਣੀ ਦਇਆ ਕਮਾਈਆ । ਦੀਨ ਦੁਨੀ ਦੇ ਅੰਦਰੋਂ ਗੜ੍ਹ ਤੋੜ ਦੇ ਹਉਮੇ ਹੰਗਤਾ, ਹੰ ਬ੍ਰਹਮ ਦੇ ਸਮਝਾਈਆ ।

ਬਿਨਾ ਅੱਖਰਾਂ ਜਗਤ ਜਹਾਨ ਬਣ ਪੰਡਤਾ, ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਝਗੜਾ ਰਹੇ ਨਾ ਮੂਲ ਮਨ ਕਾ, ਮਨਸਾ ਕੂੜ ਦੇਣੀ ਮਿਟਾਈਆ । ਭੰਡਾਰਾ ਦੇ ਦੇ ਨਾਮ ਸਚੇ ਧਨ ਕਾ, ਮਾਇਆ ਮਮਤਾ ਨਾ ਹੋਏ ਹਲਕਾਈਆ । ਲਹਿਣਾ ਦੇਣਾ ਪੂਰਾ ਕਰ ਦੇ ਆਪਣੇ ਭਗਤ ਜਨ ਕਾ, ਧੁਰ ਦੀ ਬਣ ਜਣੇਂਦੀ ਮਾਈਆ । ਓਹਲਾ ਰਹੇ ਨਾ ਪਾਰਬ੍ਰਹਮ ਬ੍ਰਹਮ ਕਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਇਕੋ ਸਹਾਰਾ ਹੋਵੇ ਤੇਰੇ ਚਰਨ ਕਾ, ਚਰਨੋਦਕ ਜਾਮ ਪਿਆਈਆ । ਲੇਖਾ ਰਹੇ ਨਾ ਵਰਨ ਬਰਨ ਕਾ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਸਭ ਦਾ ਮਾਰਗ ਹੋਵੇ ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਨ ਕਾ, ਸੋਹੰ ਸ਼ਬਦ ਸਚ ਪੜ੍ਹਾਈਆ । ਮਾਰਗ ਹੋਵੇ ਤੇਰੀ ਮੰਜ਼ਲ ਚੜ੍ਹਨ ਕਾ, ਦਰਗਾਹ ਸਾਚੀ ਸੋਭਾ ਪਾਈਆ । ਪਿਆਰ ਹੋਵੇ ਤੇਰੇ ਦਰਸ਼ਨ ਕਰਨ ਕਾ, ਨਿਜ ਨੇਤਰ ਲੋਚਨ ਨੈਣ ਦੇਣੀ ਰੁਸ਼ਨਾਈਆ । ਤੂੰ ਮਾਲਕ ਖ਼ਾਲਕ ਭੰਨਣ ਘੜਨ ਕਾ, ਘੜਨ ਭੰਨਣਹਾਰ ਇਕ ਅਖਵਾਈਆ । ਧਰਨੀ ਕਹੇ ਮੇਰਾ ਗ਼ਮ ਮੁਕਾ ਦੇ ਡਰਨ ਕਾ, ਭੈ ਭੌ ਚੁਕਾਈਆ । ਮੇਰਾ ਪਿਆਰ ਬਣਾ ਦੇ ਆਪਣਾ ਪੱਲੂ ਫੜਨ ਕਾ, ਬਿਨ ਹੱਥਾਂ ਹੱਥ ਫੜਾਈਆ । ਝਗੜਾ ਮਿਟਾ ਦੇ ਚੋਟੀ ਚੜ੍ਹਨ ਕਾ, ਚੇਤਨ ਆਪਣਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਮਾਲਕ ਕਰਨੀ ਕਰਨ ਕਾ, ਕਰਤਾ ਪੁਰਖ ਇਕ ਅਖਵਾਈਆ ।



## ✪ ੩੦ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਪ੍ਰਕਾਸ਼ ਸਿੰਘ ਦੇ ਗ੍ਰਿਹ ਪਿੰਡ ਮਘੋਵਾਲੀ ਜ਼ਿਲਾ ਜੰਮੂ ✪

੧੧੯੯
੨੪

ਧਰਨੀ ਕਹੇ ਮੇਰੇ ਮਾਲਕ ਧੁਰ ਦੇ ਆਦਿ, ਪੁਰਖ ਪੁਰਖੋਤਮ ਤੇਰੀ ਸਰਨਾਈਆ । ਤੇਰਾ ਖੇਲ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਤੇਰੀ ਬੇਪਰਵਾਹੀਆ । ਮੈਂ ਤੇਰੇ ਹੁਕਮ ਦੀ ਸੁਣਦੀ ਰਹੀ ਨਾਦ, ਢੋਲੇ ਧੁਰਦਰਗਾਹੀਆ । ਦੀਨ ਦੁਨੀ ਦੇ ਤਕਦੀ ਰਹੀ ਫ਼ਸਾਦ, ਝਗੜੇ ਅਵਤਾਰ ਪੈਗ਼ੰਬਰਾਂ ਗੁਰੂਆਂ ਵੇਖ ਵਖਾਈਆ । ਮੇਰੇ ਕੋਲ ਸਭ ਦੀ ਗਿਣਤੀ ਅੰਕੜਿਆਂ ਵਾਲੀ ਤਾਦਾਦ, ਹਿੰਦਸਿਆਂ ਵਿਚ ਦਿਆਂ ਜਣਾਈਆ । ਨਾਲੇ ਝੁਕ ਝੁਕ ਕਰਾਂ ਆਦਾਬ, ਸੀਸ ਸੀਸ ਨਿਵਾਈਆ । ਮੇਰੇ ਸਭ ਤੋਂ ਆਅਲਾ ਜਨਾਬ, ਆਲੀਜ਼ਾਹ ਤੇਰੀ ਵਡਿਆਈਆ । ਮੇਰਾ ਅੰਤਮ ਵੇਖ ਮਜ਼ਾਜ, ਤਬੀਅਤ ਅੰਦਰੋਂ ਫੋਲ ਫੁਲਾਈਆ । ਧਰਮ ਦਾ ਰਿਹਾ ਕੋਇ ਨਾ ਰਾਜ, ਹਕੂਮਤ ਸਚ ਨਾ ਕੋਇ ਕਰਾਈਆ । ਧਰਮ ਦਾ ਰਿਹਾ ਨਾ ਕੋਇ ਸਮਾਜ, ਸਚ ਵਿਚ ਨਾ ਕੋਇ ਸਮਾਈਆ । ਮੇਰੀ ਬੇਨੰਤੀ ਸੁਣ ਲੈ ਆਜ, ਆਜਜ਼ ਹੋ ਕੇ ਦਿਆਂ ਦ੍ਰਿੜਾਈਆ । ਮੇਰੀ ਅੰਤ ਕੰਤ ਭਗਵੰਤ ਰਖ ਲੈ ਲਾਜ, ਸਿਰ ਮੇਰੇ ਹੱਥ ਟਿਕਾਈਆ । ਤੂੰ ਸ਼ਹਿਨਸ਼ਾਹ ਗੁਰੂ ਮਹਾਰਾਜ, ਮਿਹਰਵਾਨ ਧੁਰਦਰਗਾਹੀਆ । ਮੈਨੂੰ ਦੇ ਨਾ ਦੇਵੀਂ ਜਵਾਬ, ਮਿਹਰਵਾਨ ਹੋ ਕੇ ਹੋਣਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਮਨਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੇਰੀ ਸਚ ਦੀ ਪੂਰੀ ਕਰ ਦੇ ਮਨਸਾ, ਮਾਨਵ ਆਪਣੇ ਰੰਗ ਰੰਗਾਈਆ । ਦੀਨ ਮਜ਼੍ਹਬ ਇਕੋ ਬਣਾ ਦੇ ਬੰਸਾ, ਬੰਸਾਵਲੀ ਇਕੋ ਇਕ ਸਮਝਾਈਆ । ਸਾਚੇ ਰੂਪ ਪਰਗਟਾ ਦੇ ਹੰਸਾ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਮਨੂਆ ਮਨ ਮਾਰ ਦੇ ਕੰਸਾ, ਧੁਰ ਦੇ ਕਾਹਨ ਦਇਆ ਕਮਾਈਆ । ਤੇਰਾ ਖੇਲ ਅਨੇਕ ਅਨਕ ਕਲਧਾਰੀ ਸਹੰਸਾ, ਸਹੰਸਰ ਮੁਖ ਬਾਸ਼ਕ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ

ਦੇਣਾ ਸਾਚਾ ਵਰ, ਸਚ ਦਾ ਦਰ ਆਪ ਸੁਹਾਈਆ । ਧਰਨੀ ਕਹੇ ਪ੍ਰਭੂ ਮੇਰਾ ਕਰ ਦੇ ਦਰ ਪਵਿਤ, ਪਤਿਤ ਪੁਨੀਤ ਬਣਾਈਆ । ਹਰ ਹਿਰਦੇ ਵਸਣਾ ਚਿਤ, ਠਗੌਰੀ ਮਨ ਰਹੇ ਨਾ ਰਾਈਆ । ਜਨ ਭਗਤਾਂ ਦਰਸ਼ਨ ਦੇਣਾ ਨਿਤ, ਨਿਜ ਨੇਤਰ ਕਰ ਰੁਸ਼ਨਾਈਆ । ਤੇਰਾ ਖੇਲ ਸਦਾ ਨਵਿਤ, ਨਿਰਗੁਣ ਵੇਖਣਾ ਚਾਈਂ ਚਾਈਂਆ । ਤੂੰ ਮਾਲਕ ਖ਼ਾਲਕ ਮੇਰਾ ਪਿਤ, ਪਤ ਪਰਮੇਸ਼ਵਰ ਇਕ ਅਖਵਾਈਆ । ਕਲਜੁਗ ਅੰਤਮ ਕਰਨਾ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਮੇਰੀ ਸੁਹੰਜਣੀ ਕਰਨੀ ਥਿਤ, ਘੜੀ ਪਲ ਨਾ ਵੰਡ ਵੰਡਾਈਆ । ਤੇਰੇ ਚਰਨਾਂ ਜਾਵਾਂ ਲਿਟ, ਲਿਟਾਂ ਖੋਲ੍ਹ ਕੇ ਦਿਆਂ ਦੁਹਾਈਆ । ਮੇਰੇ ਉਤੋਂ ਕੂੜਾ ਲੇਖਾ ਮੇਟ ਦੇ ਪੱਥਰ ਇੱਟ, ਪਾਹਨਾਂ ਸੀਸ ਨਾ ਕੋਇ ਨਿਵਾਈਆ । ਤੇਰੇ ਗ੍ਰੰਥ ਸ਼ਾਸਤਰ ਟਕਿਆਂ ਵਿਚ ਜਾਣ ਨਾ ਵਿਕ, ਕ਼ੀਮਤ ਜਗਤ ਕੋਇ ਨਾ ਪਾਈਆ । ਮੇਰਾ ਠੰਡਾ ਕਰ ਦੇ ਸੀਨਾ ਸ਼ਾਂਤ ਕਰਦੇ ਅੰਦਰੋਂ ਹਿਕ, ਹਿਕਮਤ ਆਪਣੀ ਨਾਲ ਕਰਾਈਆ । ਤੂੰ ਮਾਲਕ ਖ਼ਾਲਕ ਸਭ ਦਾ ਇਕ, ਏਕੰਕਾਰ ਤੇਰੀ ਸਰਨਾਈਆ । ਤੇਰੇ ਚਰਨ ਕਵਲ ਧਵਲ ਹੋ ਕੇ ਜਾਵਾਂ ਟਿਕ, ਟਿੱਕੇ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਆਸਾ ਮਨਸਾ ਖ਼ਾਹਿਸ਼ ਸਭ ਤੋਂ ਵੱਡੀ ਸਭ ਤੋਂ ਨਿਕ, ਨਿੱਕੀ ਨਿਕੰਮੀ ਹੋ ਕੇ ਤੇਰੇ ਚਰਨ ਟਿਕਾਈਆ ।

## ✪ ੩੦ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਦੇਵੀ ਸਿੰਘ ਦੇ ਗ੍ਰਹਿ ਪਿੰਡ ਮਘੋਵਾਲੀ ਜ਼ਿਲਾ ਜੰਮੂ ✪

ਧਰਨੀ ਕਹੇ ਪ੍ਰਭੂ ਮੇਰਾ ਧਰਮ ਨਾ ਰਿਹਾ ਸੁਹਾਗ, ਸਤਿ ਨਜ਼ਰ ਕੋਇ ਨਾ ਆਈਆ । ਮੇਰੇ ਕਲਜੁਗ ਅੰਤ ਨਿਖੁੱਟੇ ਭਾਗ, ਭਗਵਨ ਤੇਰੇ ਰੰਗ ਨਾ ਕੋਇ ਸਮਾਈਆ । ਨਿਜ ਨੇਤਰ ਲੋਚਨ ਨੈਣ ਖੁਲ੍ਹੇ ਕਿਸੇ ਨਾ ਜਾਗ, ਆਲਸ ਨਿੰਦਰਾ ਨਾ ਕੋਇ ਮਿਟਾਈਆ । ਅੰਤਸ਼ਕਰਨ ਨਾ ਉਪਜੇ ਵੈਰਾਗ, ਵੈਰੀ ਪੰਜ ਬਾਹਰ ਨਾ ਕੋਇ ਕਢਾਈਆ । ਮਾਇਆ ਮਮਤਾ ਕਰੇ ਨਾ ਕੋਇ ਤਿਆਗ, ਤ੍ਰੈਗੁਣ ਅਤੀਤੇ ਤੇਰੇ ਰੰਗ ਨਾ ਕੋਇ ਸਮਾਈਆ । ਸਚ ਜੋਤ ਜਗੇ ਨਾ ਕੋਇ ਚਰਾਗ਼, ਬਿਨ ਤੇਲ ਬਾਤੀ ਨਾ ਕੋਇ ਰੁਸ਼ਨਾਈਆ । ਕਲਜੁਗ ਜੀਵਾਂ ਬੁੱਧੀ ਹੋਈ ਕਾਗ, ਕਾਗ ਵਾਂਗ ਰਹੇ ਕੁਰਲਾਈਆ । ਸਚ ਸਰਨਾਈ ਏਕੰਕਾਰੇ ਤੇਰੀ ਜਾਏ ਕੋਇ ਨਾ ਲਾਗ, ਲਗ ਮਾਤਰ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਮੇਰਾ ਅੰਤਮ ਵੇਖ ਲੈ ਦੁਖੜਾ, ਦੁਖਿਆਰਨ ਹੋ ਕੇ ਦਿਆਂ ਜਣਾਈਆ । ਉੱਤਮ ਰਿਹਾ ਕਿਸੇ ਨਾ ਮੁਖੜਾ, ਦੁਰਮਤ ਮੈਲ ਨਾ ਕੋਇ ਧੁਆਈਆ । ਜਗਤ ਜਗਿਆਸੂ ਉਲਟਾ ਦਿਸੇ ਰੁਖੜਾ, ਦਸ ਦਸ ਮਾਸ ਪੰਧ ਨਾ ਕੋਇ ਮੁਕਾਈਆ । ਮਾਇਆ ਮਮਤਾ ਹੋਇਆ ਭੁਖੜਾ, ਜਗਤ ਤ੍ਰਿਸ਼ਨਾ ਨਾ ਕੋਇ ਮਿਟਾਈਆ । ਮੇਰੇ ਅੰਦਰ ਪਿਆਰ ਰਿਹਾ ਨਾ ਕਿਸੇ ਮਨਮੁਖੜਾ, ਮਾਨਵ ਸੰਗ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਦਰ ਆਪ ਸੁਹਾਈਆ । ਧਰਨੀ ਕਹੇ ਪ੍ਰਭੂ ਮੇਰਾ ਦੁਖ ਦਲਿਦ੍ਰ ਕਟ, ਕਟਾਕਸ਼ ਆਪਣਾ ਨਾਮ ਲਗਾਈਆ । ਦੀਨ ਦੁਨੀ ਦੇ ਅੰਦਰੋਂ ਕਢ ਵਟ, ਵਟਣਾ ਆਪਣਾ ਨਾਮ ਛੁਹਾਈਆ । ਸ਼ਰਅ ਸ਼ਰੀਅਤ ਮੇਟ ਦੇ ਫਟ, ਪੱਟੀ ਨਾਮ ਵਾਲੀ ਬੰਧਾਈਆ । ਤੂੰ ਵਸਣਹਾਰਾ ਘਟ ਘਟ, ਘਟ ਘਟ ਰਿਹਾ ਸਮਾਈਆ । ਮੈਂ ਤੇਰੇ ਸਬਰ ਵਾਸਤਾ

ਰਹੀ ਘਤ, ਨਿਵ ਨਿਵ ਲਾਗਾਂ ਪਾਈਆ । ਦੀਨ ਦੁਨੀ ਦੀ ਬਦਲ ਦੇ ਮਤ, ਬੁੱਧ ਬਿਬੇਕ ਆਪ ਕਰਾਈਆ । ਸਤਿ ਸਚ ਰੰਗ ਰੰਗਾ ਦੇ ਪੰਜ ਤਤ, ਤਤਵ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਤੁਧ ਬਿਨ ਮੇਰਾ ਦੂਜਾ ਨਾਹੀ ਕੋਇ, ਸਗਲਾ ਸੰਗੀ ਨਜ਼ਰ ਕੋਇ ਨਾ ਆਈਆ । ਦੁਰਮਤ ਮੈਲ ਕੋਇ ਨਾ ਧੋਏ, ਪਾਪਾਂ ਕਰੇ ਨਾ ਕੋਇ ਸਫ਼ਾਈਆ । ਮੈਂ ਕਲਜੁਗ ਅੰਤਮ ਰਹੀ ਰੋਏ, ਬਿਨ ਨੈਣਾਂ ਨੀਰ ਵਹਾਈਆ । ਮੇਂਢੀ ਸੀਸ ਰਹੀ ਖੋਹੇ, ਸੁਹਾਗੀ ਰੂਪ ਨਾ ਕੋਇ ਬਣਾਈਆ । ਮੈਂ ਵਾਸਤਾ ਪਾਵਾਂ ਹੱਥ ਜੋੜ ਕੇ ਦੋਏ, ਦੋ ਜਹਾਨਾਂ ਮਾਲਕ ਹੋਣਾ ਸਹਾਈਆ । ਸਚ ਵਸਤ ਨਾਮ ਮੈਨੂੰ ਦੇ ਦੇ ਢੋਏ, ਅਗੰਮ ਅਥਾਹ ਮੇਰੀ ਝੋਲੀ ਆਪ ਭਰਾਈਆ । ਮੇਰੇ ਉਤੇ ਸਤਿ ਧਰਮ ਦੀ ਹੋਏ ਲੋਏ, ਲੋਇਣ ਭਗਤਾਂ ਨਿਜ ਨੇਤਰ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਭਗਤ ਸੁਹੇਲੇ ਉਠਾ ਸੋਏ, ਸੁਰਤੀ ਵਿਚ ਅਕਾਲ ਮੂਰਤ ਸੋਇਣ ਰਹਿਣ ਕੋਇ ਨਾ ਪਾਈਆ ।

### ✪ ੩੦ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਸਰਦਾਰਾ ਸਿੰਘ ਦੇ ਗ੍ਰਿਹ ਦਰਵਾਜ਼ੇ ਅੰਦਰ ਵੜਦਿਆਂ ਪਿੰਡ ਸੀੜ ਜ਼ਿਲਾ ਜੰਮੂ ✪



ਮੱਘਰ ਕਹੇ ਮੇਰਾ ਪ੍ਰਵਿਸ਼ਟਾ ਤੀਸ, ਤੀਸ ਬਤੀਸਾ ਦੇਣ ਗਵਾਹੀਆ । ਖ਼ੁਸ਼ੀਆ ਢੋਲੇ ਗਾਵਣ ਰਾਗ ਛਤੀਸ, ਖੱਤਰੀ ਬ੍ਰਾਹਮਣ ਸ਼ੂਦਰ ਵੈਸ਼ ਰਹੇ ਸੁਣਾਈਆ । ਜਿਸ ਦਾ ਲਹਿਣਾ ਬੀਸ ਇਕੀਸ, ਇਕ ਇਕੱਲਾ ਇਕ ਅਖਵਾਈਆ । ਜਿਸ ਦੇ ਛਤਰ ਝੁੱਲਣਾ ਸੀਸ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਜਿਸ ਦਾ ਇਕੋ ਨਾਮ ਕਲਮਾ ਹੋਣਾ ਹਦੀਸ, ਹਰ ਹਿਰਦੇ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਮੱਘਰ ਕਹੇ ਮੇਰਾ ਤੀਸਵਾਂ ਪ੍ਰਵਿਸ਼ਟਾ, ਪ੍ਰੀਸ਼ਦ ਰਾਜਾ ਧਿਆਨ ਲਗਾਈਆ । ਨਿਗਾਹ ਮਾਰੇ ਰਾਮ ਧਾਰ ਵਸ਼ਿਸ਼ਟਾ, ਵਿਸ਼ਿਆਂ ਤੋਂ ਬਾਹਰ ਖੋਜ ਖੁਜਾਈਆ । ਕਿਸ ਬਿਧ ਦੀਨ ਦੁਨੀ ਦਾ ਇਕੋ ਹੋਣਾ ਇਸ਼ਟਾ, ਇਸ਼ਟ ਦੇਵ ਇਕ ਮਨਾਈਆ । ਜਨ ਭਗਤਾਂ ਪੂਰਾ ਕਰਨਾ ਨਿਸਚਾ, ਨਿਹਚਲ ਧਾਮ ਦਏ ਵਡਿਆਈਆ । ਲਹਿਣਾ ਦੇਣਾ ਮੁਕਾਉਣਾ ਜਿਸ ਜਿਸ ਦਾ, ਜਿਸਮ ਜ਼ਮੀਰ ਵੇਖ ਵਖਾਈਆ । ਜਿਹੜਾ ਪੁਰਖ ਅਕਾਲਾ ਜਗ ਨੇਤਰ ਨਹੀਂ ਦਿਸਦਾ, ਸੋ ਲੋਚਨ ਨੈਣ ਨਿਜ ਕਰੇ ਰੁਸ਼ਨਾਈਆ । ਜਿਸ ਭੇਵ ਚੁਕਾਉਣਾ ਕਲਜੁਗ ਕੂੜੀ ਕਿਰਿਆ ਵਿਸ ਦਾ, ਵਿਸ਼ਵ ਦਾ ਪਰਦਾ ਆਪ ਉਠਾਈਆ । ਉਸ ਦਾ ਅੰਮ੍ਰਿਤ ਸੋਮਾ ਇਕੋ ਰਿਸਦਾ, ਰਿਸਕ ਰਿਸਕ ਆਪਣਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਧੁਰਦਰਗਾਹੀਆ । ਮੱਘਰ ਤੀਸ ਕਹੇ ਮੇਰਾ ਮਹੀਨਾ ਜਾਂਦਾ ਮੁਕਦਾ, ਮੁਕੰਮਲ ਦਿਆਂ ਜਣਾਈਆ । ਮੈਂ ਬਿਨਾ ਪ੍ਰਭੂ ਤੋਂ ਆਦਿ ਜੁਗਾਦਿ ਕਿਸੇ ਨਾ ਝੁਕਦਾ, ਸੀਸ ਅਵਰ ਨਾ ਕਿਸੇ ਨਿਵਾਈਆ । ਮੈਂ ਨੌ ਸੌ ਚੁਰਾਨਮੇ ਚੌਕੜੀ ਜੁਗ ਵਣਜਾਰਾ ਬਣਿਆ ਰਿਹਾ ਇਕੋ ਤੁਕ ਦਾ, ਸੋਹੰ ਢੋਲਾ ਗਾਵਾਂ ਚਾਈਂ ਚਾਈਂਆ । ਜਿਸ ਦਾ ਸ਼ਬਦ ਅਗੰਮਾ ਬੱਬਰ ਹੋ ਕੇ ਬੁਕਦਾ, ਦੋ ਜਹਾਨ ਕਰੇ ਸ਼ਨਵਾਈਆ । ਉਸ ਦਾ ਭੇਵ ਨਹੀਂ ਹੁਣ ਲੁਕ ਦਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਿਸ ਦੇ ਹੁਕਮ

੧੨੦੧ ੨੪

ਵਿਚ ਕਲਜੁਗ ਪੈਂਡਾ ਜਾਂਦਾ ਮੁਕਦਾ, ਭੱਜੇ ਵਾਹੋ ਦਾਹੀਆ । ਕੂੜ ਕੁੜਿਆਰਾ ਬੂਟਾ ਜਾਂਦਾ ਸੁਕਦਾ, ਹਰਾ ਸਿੰਚ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸੁਹੇਲਾ ਆਪਣੀ ਰੁਤ ਦਾ, ਰੁਤੜੀ ਆਪਣੇ ਹੁਕਮ ਵਿਚ ਮਹਿਕਾਈਆ ।

## ✪ ੩੦ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਸਰਦਾਰਾ ਸਿੰਘ ਦੇ ਗ੍ਰਹਿ ਪਿੰਡ ਸੀੜ ਜ਼ਿਲਾ ਜੰਮੂ ✪

ਨਾਰਦ ਕਹੇ ਮੇਰੇ ਆਸ਼ਾ ਆਈ ਅੰਤਰੀ, ਅੰਤਸ਼ਕਰਨ ਧਿਆਨ ਲਗਾਈਆ । ਮੈਂ ਨੌ ਸੌ ਚੁਰਾਨਵੇ ਚੌਕੜੀ ਜੁਗ ਦੀ ਪ੍ਰਭ ਦੇ ਚਰਨਾਂ ਵਿਚੋਂ ਚੁਰਾਈ ਜੰਤਰੀ, ਜਿਸ ਦਾ ਹਰਫ਼ ਹਰੂਫ਼ ਸਮਝ ਕੋਇ ਨਾ ਆਈਆ । ਝਟ ਮੈਨੂੰ ਸਤਿਗੁਰ ਸ਼ਬਦ ਪੁਛਦਾ ਧੁਰ ਦਾ ਮੰਤਰੀ, ਹੁਕਮ ਹੁਕਮ ਵਿਚੋਂ ਦ੍ਰਿੜਾਈਆ । ਨਾਰਦਾ ਇਹਨੂੰ ਹੱਥ ਨਾ ਲਾ ਇਹਦੇ ਵਿਚ ਜੁਗਾਂ ਜੁਗਾਂ ਦੀ ਬਸੰਤਰੀ, ਜਿਸ ਨੂੰ ਅਗਨੀ ਕਹਿ ਕੇ ਸਾਰੇ ਗਾਈਆ । ਕਿਤੇ ਲੈ ਨਾ ਜਾਵੀਂ ਗਗਨ ਗਗਨੰਤਰੀ, ਮੰਡਲ ਮੰਡਪਾਂ ਨਾਲ ਰਖਾਈਆ । ਇਸ ਦਾ ਭੇਵ ਪਾ ਸਕਿਆ ਨਹੀਂ ਧਨਵੰਤਰੀ, ਸਮਝ ਕਿਛ ਨਾ ਆਈਆ । ਇਹ ਬੜੀ ਗੁਣ ਨਿਧਾਨ ਗੁਣਵੰਤਰੀ, ਗੁਣ ਕਹਿਣ ਕਿਛ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੈਂ ਪੁਛਿਆ ਸਤਿਗੁਰ ਸ਼ਬਦ ਮੰਤ੍ਰਾਲੇ, ਮੰਤਵ ਮੈਨੂੰ ਦੇ ਸਮਝਾਈਆ । ਇਹ ਰਖਣੀ ਕੇਹੜੇ ਵਿਦਿਆਲੇ, ਕਵਣ ਵਿਦਿਆਰਥੀਆਂ ਦੇਣੀ ਪੜ੍ਹਾਈਆ । ਕੇਹੜੇ ਦੱਸਣੇ ਹਰਫ਼ ਹਰੂਫ਼ ਸੁਖਾਲੇ, ਅੱਖਰਾਂ ਨਾਲ ਮਿਲਾਈਆ । ਕੇਹੜੇ ਮੰਦਰ ਸੁਹਾਉਣੀ ਧਰਮਸਾਲੇ, ਗੁਰੂਦੁਆਰ ਕਿਸ ਟਿਕਾਈਆ । ਕੇਹੜਾ ਸਿਖਿਆ ਇਹਦੀ ਸਿਖਾਲੇ, ਕਰੇ ਸਚ ਪੜ੍ਹਾਈਆ । ਝਟ ਸਤਿਗੁਰ ਸ਼ਬਦ ਦਿਤਾ ਅਹਿਵਾਲੇ, ਅਹਿਲ ਨਾਲ ਜਣਾਈਆ । ਨਾਰਦਾ ਇਹਦੇ ਹਰਫ਼ ਨਹੀਂ ਨੀਲੇ ਕਾਲੇ, ਸ਼ਾਹੀ ਕ਼ਲਮ ਨਾ ਕੋਇ ਲਿਖਾਈਆ । ਇਹ ਜੁਗ ਜੁਗ ਘਾਲਣਾ ਘਾਲੇ, ਨਿਤ ਨਿਤ ਸੇਵ ਕਮਾਈਆ । ਜਿਸ ਨੂੰ ਪਰਮ ਪੁਰਖ ਪਰਮਾਤਮ ਆਪਣੇ ਚਰਨਾਂ ਹੇਠਾਂ ਡਾਲੇ, ਦੂਸਰ ਜਗਹ ਨਾ ਕੋਇ ਟਿਕਾਈਆ । ਇਸ ਦੇ ਹੁਕਮ ਵਿਚ ਪਿਛੇ ਜੁਗ ਬੀਤ ਗਏ ਬਾਹਲੇ, ਗਣਤੀ ਗਣਤ ਨਾ ਕੋਇ ਗਿਣਾਈਆ । ਅਵਤਾਰ ਪੈਗ਼ੰਬਰ ਗੁਰ ਕਰ ਗਏ ਖੇਲ ਨਿਰਾਲੇ, ਨਿਰਗੁਣ ਸਰਗੁਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਸ ਦੀ ਸਾਰ ਆਪੇ ਪਾ ਲਏ, ਪਾਵਣਹਾਰ ਇਕ ਅਖਵਾਈਆ ।


੧੨੦੨
੨੪

## ✪ ੩੦ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਗੁਰਨਾਮ ਸਿੰਘ ਦੇ ਗ੍ਰਹਿ ਪਿੰਡ ਸੀੜ ਜ਼ਿਲਾ ਜੰਮੂ ✪

ਨਾਰਦ ਕਹੇ ਸਤਿਗੁਰ ਸ਼ਬਦ ਇਹ ਜੰਤਰੀ ਕਾਹਦੀ, ਮੈਨੂੰ ਦੇ ਸਮਝਾਈਆ । ਸਤਿਗੁਰ ਸ਼ਬਦ ਕਿਹਾ ਇਹਦੇ ਵਿਚ ਵਡਿਆਈ ਵਾਹ ਵਾਹ ਦੀ, ਵਾਹਵਾ ਕਹਿ ਕੇ ਖ਼ੁਸ਼ੀ ਬਣਾਈਆ । ਇਹ ਵਣਜਾਰਨ ਜੁਗ ਚੌਕੜੀ ਰਾਹ ਦੀ, ਰਸਤਾ ਵੇਖੇ ਚਾਈਂ ਚਾਈਂਆ । ਇਹ ਖੇਵਟ ਥਲ

ਅਸਗਾਹ ਦੀ, ਮਹੀਅਲ ਖੋਜ ਖੁਜਾਈਆ । ਇਹ ਖ਼ਬਰ ਸੰਦੇਸ਼ੇ ਦੇਂਦੀ ਕੀ ਵਡਿਆਈ ਹੋਣੀ ਪ੍ਰਭੂ ਦੇ ਨਾਂ ਦੀ, ਕੀ ਨਾਮ ਨਿਧਾਨ ਦਏ ਸਮਝਾਈਆ । ਇਹ ਸੁਰਤੀ ਵੇਖੇ ਦੀਨ ਦੁਨੀ ਦੀ ਧਰਨੀ ਮਾਂ ਦੀ, ਮਮਤਾ ਵਿਚ ਖੋਜ ਖੁਜਾਈਆ । ਇਹ ਉਸ ਵੇਲੇ ਖ਼ਬਰ ਦੱਸਦੀ ਜਿਸ ਵੇਲੇ ਦੀਨ ਦੁਨੀ ਦੀ ਦ੍ਰਿਸ਼ਟੀ ਹੁੰਦੀ ਕਾਂ ਦੀ, ਪਸ਼ੂ ਪੰਛੀਆਂ ਖੱਲ ਲੁਹਾਈਆ । ਇਹ ਖ਼ਬਰ ਦੇਵੇ ਸਚਖੰਡ ਸਚੇ ਗਰਾਂ ਦੀ, ਦਰਗਾਹ ਸਾਚੀ ਭੇਵ ਖੁਲ੍ਹਾਈਆ । ਇਹਦੀ ਮਿਸਲ ਆਪਣੀ ਸਲਾਹ ਦੀ, ਮਸ਼ਵਰਾ ਸੰਗ ਨਾ ਕਿਸੇ ਰਖਾਈਆ । ਪਰ ਇਸ ਦੀ ਖੇਲ ਆਪਣੇ ਦਾਅ ਦੀ, ਜੁਗ ਚੌਕੜੀ ਆਪਣਾ ਦਾਉ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਨਾਰਦ ਕਹੇ ਜੰਤਰੀਏ ਤੂੰ ਆਪਣਾ ਖੋਲ੍ਹ ਦੇ ਭੇਵ, ਕੁਛ ਮੈਨੂੰ ਦੇ ਸਮਝਾਈਆ । ਮੈਂ ਵੀ ਕਰ ਲਾਂ ਸੇਵ, ਸੇਵਕ ਹੋ ਕੇ ਸੇਵ ਕਮਾਈਆ । ਜੰਤਰੀ ਕਹੇ ਨਾਰਦਾ ਮੇਰਾ ਮਾਲਕ ਜੋ ਵਸੇ ਧਾਮ ਨਿਹਕੇਵ, ਨਿਹਚਲ ਆਪਣਾ ਆਸਣ ਲਾਈਆ । ਜਿਸ ਦੀ ਨਾ ਰਸਨਾ ਨਾ ਜਿਹਵ, ਬੱਤੀ ਦੰਦ ਨਾ ਸਿਫ਼ਤ ਸਲਾਹੀਆ । ਉਹ ਠਾਕਰ ਮੇਰਾ ਜੋ ਸਭ ਦਾ ਦੇਵੀ ਦੇਵ, ਦੇਵਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਲਹਿਣਾ ਦੇਣਾ ਆਪਣੇ ਹੱਥ ਰਖਾਈਆ ।

੧੨੦੩ ✪ ੩੦ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਜੁਗਿੰਦਰ ਸਿੰਘ ਦੇ ਗ੍ਰਿਹ ਪਿੰਡ ਸੀੜ ਜ਼ਿਲਾ ਜੰਮੂ ✪ ੧੨੦੩

੨੪ ਜੰਤਰੀ ਕਹੇ ਨਾਰਦਾ ਮੇਰਾ ਲੇਖਾ ਨਹੀਂ ਕੋਈ ਵਾਧੂ, ਵਿਦਿਆ ਵਾਲਾ ਸਮਝ ਕੋਇ ਨਾ ਪਾਈਆ । ਭੇਵ ਮੇਰਾ ਪਾ ਸਕੇ ਕੋਈ ਨਾ ਸਾਧੂ, ੨੪
ਸੁਰਤੀ ਵਿਚ ਨਾ ਕੋਇ ਲਿਆਈਆ । ਮੇਰਾ ਲਹਿਣਾ ਦੇਣਾ ਬੋਧ ਅਗਾਧੂ, ਬੁੱਧੀ ਤੋਂ ਪਰੇ ਮੇਰੀ ਪੜ੍ਹਾਈਆ । ਮੈਨੂੰ ਨਾਰਦਾ ਉਹ ਸਮਝੇ ਜੇਹੜਾ ਮੇਰੇ ਪਰਮ ਪੁਰਖ ਦੀ ਸਰਨੀ ਲਾਗੂ, ਦੂਜਾ ਭੇਵ ਕੋਇ ਨਾ ਪਾਈਆ । ਵੇਖ ਮੈਂ ਕੋਈ ਵਸਣ ਵਾਲੀ ਨਹੀਂ ਪੰਜਾਬੂ, ਪੰਚਮ ਗੰਢ ਨਾ ਕੋਇ ਪੁਆਈਆ । ਮੈਂ ਕੀਤਾ ਨਹੀਂ ਕਿਸੇ ਨੂੰ ਕਦੇ ਅਦਾਬੂ, ਸਯਦਿਆਂ ਵਿਚ ਸੀਸ ਨਾ ਕੋਇ ਨਿਵਾਈਆ । ਮੈਨੂੰ ਕਰ ਸਕੇ ਨਾ ਕੋਇ ਕ਼ਾਬੂ, ਬਿਨ ਕਾਮਲ ਮੁਰਸ਼ਦ ਮੇਰਾ ਸੰਗ ਨਾ ਕੋਇ ਰਖਾਈਆ । ਮੇਰਾ ਸਤਿਗੁਰ ਸ਼ਬਦ
ਆਦਿ ਜੁਗਾਦੀ ਇਕੋ ਆਗੂ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਨਾਰਦ ਕਹੇ ਮੈਂ ਝਟ ਪੱਤਰੀ ਖੋਲ੍ਹੀ, ਬਿਨ ਵਰਕਿਆਂ ਦਿਤਾ ਉਲਟਾਈਆ । ਅੰਦਰੋਂ ਅਗੰਮੀ ਸੁਣੀ ਬੋਲੀ, ਅਨਬੋਲਤ ਦਿਤੀ ਜਣਾਈਆ । ਮੈਂ ਪੰਡਤਾ ਉਸ ਪ੍ਰਭੂ ਦੀ ਗੋਲੀ, ਜਿਸ ਦੀ ਗੋਲਕ ਵੇਖਣ ਕੋਇ ਨਾ ਪਾਈਆ । ਮੈਨੂੰ ਜਗਤ ਵਿਚ ਨਾ ਕੋਈ ਰੋਲੀਂ, ਰੌਲਾ ਪਾ ਕੇ ਦਿਆਂ ਸੁਣਾਈਆ । ਮੈਂ ਇਕੋ ਦੇ ਚਰਨਾਂ ਘੋਲ ਘੋਲੀ, ਆਪਣਾ ਆਪ ਘੋਲ ਘੁਮਾਈਆ । ਇਕੋ ਦੀ ਪ੍ਰੀਤ ਵਿਚ ਮੌਲੀ, ਜੋ ਮੇਰਾ ਮੌਲਾ ਧੁਰ ਦਾ ਮਾਹੀਆ । ਮੇਰਾ ਲਹਿਣਾ ਦੇਣਾ ਅਵਤਾਰ ਪੈਗ਼ੰਬਰ ਗੁਰੂਆਂ ਨਾਲ ਕੌਲੀ, ਵਾਅਦੇ ਸਭ ਦੇ ਵੇਖ ਵਖਾਈਆ । ਮੇਰਾ ਉਸ ਵੇਲੇ ਵਕ਼ਤ ਸੁਹੰਜਣਾ ਹੁੰਦਾ ਜਿਸ ਵੇਲੇ ਭਾਰ ਚੁਕ ਸਕੇ ਨਾ ਧੌਲੀ, ਧਰਮ ਦੀ ਧਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਮੈਂ ਪੁਰਾਣਾ ਪੰਡਤ ਮੇਰੀ ਬੋਦੀ ਵੇਖ ਲੈ ਹਿਲਦੀ, ਬਿਨ ਪਵਣ ਹੁਲਾਰੇ ਖਾਈਆ । ਨੀ ਤੂੰ ਮੈਨੂੰ ਆਸ਼ਾ ਦੱਸਦੇ ਆਪਣੇ ਦਿਲ ਦੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਕਿਸ ਬਿਧ ਬਿਨ ਅੱਖਰਾਂ ਵਾਲੀਏ ਮਿਲਦੀ, ਮਿਲਣੀ ਕਵਣ ਕਰਾਈਆ । ਜੰਤਰੀ ਕਿਹਾ ਨਾਰਦਾ ਮੇਰੀ ਖੇਲ ਅਗੰਮੇ ਛਿਨ ਦੀ, ਜਿਸ *ਦਾ ਵਕਤ ਨਾ ਕੋਇ ਸਮਝਾਈਆ । ਮੇਰਾ ਭੇਦ ਨਾ ਪੁਛ ਕਮਲਿਆ ਕੋਝਿਆ ਮੂਰਖਾ ਇਹ ਸ੍ਰਿਸ਼ਟੀ ਦਾ ਅੰਤਮ ਲੇਖਾ ਤੇ ਮੇਰੀ ਲੇਖਣੀ ਦਿਨ ਤਿੰਨ ਦੀ, ਤਿੰਨਾਂ ਦਿਨਾਂ ਵਿਚ ਤ੍ਰੈਲੋਕੀ ਰਹਿਣ ਕੋਇ ਨਾ ਪਾਈਆ । ਜ਼ਰਾ ਅੱਖ ਤਕ ਮੇਰੀ ਨਿਸ਼ਾਨੀ ਵੇਖ ਲੈ ਚਿੰਨ੍ਹ ਦੀ, ਚਿੰਤਾ ਅੰਦਰ ਨਾ ਕੋਇ ਰਖਾਈਆ । ਮੇਰੀ ਖੇਲ ਇੰਨ ਬਿੰਨ ਦੀ, ਬਿੰਦਰਾਬਨ ਦੇ ਕਾਹਨ ਮੇਰੀ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੇ ਹੁਕਮ ਵਿਚ ਮੈਂ ਦੋ ਜਹਾਨਾਂ ਮਿਣਦੀ, ਮਿਣਤੀ ਆਪਣੇ ਵਿਚ ਛੁਪਾਈਆ ।

## ੩੦ ਮੱਘਰ ਸ਼ਹਿਨਸ਼ਾਹੀ ਸੰਮਤ ੧੧ ਜੁਗਿੰਦਰ ਸਿੰਘ, ਸੰਤੋਖ ਸਿੰਘ, ਸੋਹਣ ਸਿੰਘ, ਜਗਦੀਸ਼ ਸਿੰਘ ਦੇ ਨਵਿਤ ਪਿੰਡ ਸੀੜ ਜ਼ਿਲਾ ਜੰਮੂ



ਜੰਤਰੀ ਕਹੇ ਮੇਰਾ ਜਗਤ ਨਹੀਂ ਵਿਧਾਨ, ਕ਼ਾਇਦਾ ਕ਼ਾਨੂੰਨ ਨਜ਼ਰ ਕੋਇ ਨਾ ਆਈਆ । ਮੇਰਾ ਲੇਖਾ ਦੋ ਜਹਾਨ, ਜ਼ਮੀਂ ਅਸਮਾਨ ਆਪਣੇ ਵਿਚ ਬੰਦ ਕਰਾਈਆ । ਮੇਰੇ ਵਿਚ ਛੁਪ ਕੇ ਬੈਠੇ ਨੌਂ ਸੌ ਚੁਰਾਨਵੇ ਚੌਕੜੀ ਜੁਗ ਦੇ ਰਾਮ ਕਾਹਨ, ਪੈਗ਼ੰਬਰ ਈਮਾਨ ਨਾਲ ਆਪਣਾ ਡੇਰਾ ਲਾਈਆ । ਗੁਰੂ ਗੁਰਦੇਵਾਂ ਅੰਦਰ ਛੁਪਾ ਕੇ ਸਤਿਨਾਮ, ਸਤਿ ਸਤਿ ਆਪਣਾ ਰੰਗ ਰੰਗਾਈਆ । ਮੇਰੀ ਕਰ ਸਕੇ ਨਾ ਕੋਈ ਪਹਿਚਾਨ, ਬੇਪਹਿਚਾਨ ਹੋ ਕੇ ਪ੍ਰਭ ਚਰਨਾਂ ਹੇਠਾ ਆਸਣ ਲਾਈਆ । ਮੈਂ ਕਦੇ ਨਹੀਂ ਵਿਕੀ ਵਿਸ਼ਨ ਬ੍ਰਹਮਾ ਸ਼ਿਵ ਵਾਲੀ ਦੁਕਾਨ, ਹੱਟੋ ਹੱਟ ਨਾ ਕੋਇ ਭੁਆਈਆ । ਮੇਰੀ ਸਿਖਿਆ ਸੁਣੀ ਨਹੀਂ ਕਿਸੇ ਨੇ ਕਾਨ, ਕਾਇਨਾਤ ਨਾ ਕੋਇ ਜਣਾਈਆ । ਮੇਰਾ ਲਹਿਣਾ ਦੇਣਾ ਨਾਲ ਸ੍ਰੀ ਭਗਵਾਨ, ਭਗਵਨ ਆਪਣੇ ਰੰਗ ਰੰਗਾਈਆ । ਮੇਰੇ ਵਿਚ ਇਕੋ ਹੁਕਮ ਜੋ ਸਦਾ ਸਦਾ ਬਲਵਾਨ, ਬਲਧਾਰੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਾਚਾ ਧੁਰਦਰਗਾਹੀਆ । ਨਾਰਦ ਕਹੇ ਮੈਂ ਵੀ ਪੰਡਤ ਪੁਰਾਣਾ ਆਦੀਆ, ਆਦਿ ਪੁਰਖ ਦਿਤੀ ਵਡਿਆਈਆ । ਮੈਂ ਵੀ ਜੋਤ ਦੀ ਧਾਰ ਸ਼ਬਦੀ ਬੋਧ ਅਗਾਧੀਆ, ਅੱਖਰਾਂ ਵਾਲੀ ਕਰਾਂ ਨਾ ਕੋਇ ਪੜ੍ਹਾਈਆ । ਜੁਗ ਜੁਗ ਵੇਖਣਾ ਮੇਰੀ ਬਣ ਗਈ ਆਦੀਆ, ਆਦਤ ਪ੍ਰਭ ਨੇ ਦਿਤੀ ਬਣਾਈਆ । ਮੇਰੀ ਮਨਸਾ ਅਨਸਾ ਸਾਦੀਆ, ਸਿਧਾ ਸਾਧਾ ਨਜ਼ਰੀ ਆਈਆ । ਮੇਰੇ ਕੋਲ ਸ਼ਰਮ ਹਯਾ ਕਾਹਦੀਆ, ਪਰਦਾ ਦੇ ਉਠਾਈਆ । ਮੇਰਾ ਵੀ ਮਾਲਕ ਇਕੋ ਅਨਾਦੀਆ, ਅਨਾਦ ਅਨਾਦੀ ਜੋ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਜੰਤਰੀ ਕਹੇ ਨਾਰਦਾ ਪਹਿਲੋਂ ਮੇਰੇ ਪ੍ਰਭ ਦੇ ਚਰਨ ਚੁੰਮ, ਬਿਨ ਰਸਨਾ ਰਸ ਚਖਾਈਆ ।

੧੨੦੫
੨੪

ਫਿਰ ਚਾਰੋਂ ਕੁੰਟ ਘੁੰਮ, ਨਿਵ ਨਿਵ ਲਾਗਾ ਪਾਈਆ । ਫੇਰ ਉਸ ਦੇ ਵੇਖ ਗੁਣ, ਜੋ ਅਵਗੁਣ ਦਏ ਮਿਟਾਈਆ । ਫੇਰ ਸਤਿਗੁਰ ਸ਼ਬਦ ਦਾ ਹੁਕਮ ਸੁਣ, ਜੋ ਸੁਨੇਹੜੇ ਰਿਹਾ ਘਲਾਈਆ । ਮੈਂ ਵੀ ਓਸੇ ਦੀ ਜਾਣਾਂ ਧੁਨ, ਜੋ ਧੁਨੀ ਨਾਦ ਵਜਾਈਆ । ਜੋ ਮਾਲਕ ਖ਼ਾਲਕ ਕੁੰਨ, ਕੁੱਲ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਨਾਰਦ ਕਹੇ ਧਰਨੀਏ ਮੈਂ ਧੁਰ ਦੀ ਜੰਤਰੀ ਦਾ ਵੇਖਿਆ ਲਗਨ, ਲਗ ਮਾਤਰ ਡੇਰਾ ਢਾਹੀਆ । ਮੇਰਾ ਵੇਖ ਲੈ ਨੰਗਾ ਹੋ ਗਿਆ ਬਦਨ, ਓਢਣ ਤਨ ਨਾ ਕੋਇ ਰਖਾਈਆ । ਮੈਂ ਫਿਰੇ ਮੰਡਲ ਗਗਨ, ਭੱਜਿਆ ਵਾਹੋ ਦਾਹੀਆ । ਕੀ ਖੇਲ ਹੁਕਮ ਵਰਤਣਾ ਮੂਰਤ ਮਦਨ, ਮਧ ਸੂਧਨ ਕੀ ਦ੍ਰਿੜਾਈਆ । ਨੌ ਖੰਡ ਵੇਖ ਲੈ ਆਪਣੀ ਹੱਦਨ, ਹਦੂਦਾਂ ਧਿਆਨ ਲਗਾਈਆ । ਬਿਨ ਅੱਖਰਾਂ ਤੋਂ ਜੋ ਜੰਤਰਾਲਿਆ ਤਕਿਆ ਉਹ ਸਾਫ਼ ਕਹੇ ਤੇਰੇ ਉਤੇ ਲੱਗਣ ਵਾਲੀ ਅਗਨ, ਅਗਨੀ ਸਕੇ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਹਾਏ ਉਫ਼ ਕਰ ਲੈ ਲਿਆ ਹਾਵਾ, ਹੌਕਿਆਂ ਵਿਚ ਜਣਾਈਆ । ਵੇ ਨਾਰਦਾ ਪੰਡਤਾ ਮੈਂ ਕਿਧਰ ਨੂੰ ਜਾਵਾਂ, ਕਵਣ ਕੂਟੇ ਆਪਣਾ ਪੰਧ ਬਣਾਈਆ । ਝਟ ਨਾਰਦ ਕਿਹਾ ਧਰਨੀਏ ਨੀ ਮੈਂ ਵੀ ਅਜੇ ਨਿਥਾਵਾਂ, ਘਰ ਨਜ਼ਰ ਕੋਇ ਨਾ ਆਈਆ । ਆ ਦੋਵੇਂ ਉਚੀਆਂ ਕੱਢੀਏ ਬਾਹਵਾਂ, ਵਾਸਤਾ ਪ੍ਰਭੂ ਦੇ ਅਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਬੇਪਰਵਾਹੀਆ । ਝਟ ਜੰਤਰੀ ਕਹੇ ਨਾਰਦਾ ਤੂੰ ਕਿਉਂ ਮੇਰੀਆਂ ਕਰੇਂ ਬਾਤਾਂ, ਬਾਤਨ ਭੇਵ ਨਾ ਕੋਈ ਸਮਝਾਈਆ । ਮੇਰੇ ਵਿਚ ਪਹਿਲੀ ਸਤਰ ਵੇਖ ਲੈ ਜਿਸ ਵਿਚ ਹਿੱਸਾ ਵੰਡਿਆ ਜ਼ਾਤਾਂ ਪਾਤਾਂ, ਆਖ਼ਰ ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਫੇਰ ਅਗਲਾ ਵੇਖ ਲੈ ਖਾਤਾ, ਖ਼ਤਰੇ ਵਿਚ ਖ਼ਲਕ ਖ਼ੁਦਾਈਆ । ਦੂਜੀ ਲਾਈਨ ਵਿਚ ਧਰਨੀ ਧਰਤ ਧਵਲ ਦਾ ਇਕੋ ਅਹਾਤਾ, ਚਾਰ ਦੀਵਾਰੀ ਨਜ਼ਰ ਕੋਇ ਨਾ ਆਈਆ । ਨਾ ਕੋਈ ਛੱਪਰ ਛੰਨ ਨਾ ਕੋਈ ਰਹਿਣੀ ਛਾਤਾ, ਛਤਰਧਾਰੀ ਨਜ਼ਰ ਕੋਇ ਨਾ ਆਈਆ । ਫੇਰ ਵੇਖ ਲੈ ਸਭ ਦਾ ਇਕੋ ਹੋਣਾ ਦਾਤਾ, ਦਾਤਾ ਦਾਨੀ ਇਕ ਅਖਵਾਈਆ । ਜਿਸ ਲਹਿਣਾ ਦੇਣਾ ਲੇਖਾ ਪੂਰਾ ਕਰਨਾ ਲੋਕਮਾਤਾ, ਲੋਕਮਾਤ ਆਪਣਾ ਹੁਕਮ ਵਰਤਾਈਆ । ਜਨ ਭਗਤਾਂ ਦੇਵੇ ਨਾਮ ਸੌਗਾਤਾ, ਵਸਤ ਸਚ ਸਚ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਜੰਤਰੀ ਕਹੇ ਨਾਰਦਾ ਮੈਂ ਤੈਨੂੰ ਆਈ ਸਮਝਾਉਣ, ਸਮਝ ਸਮਝ ਵਿਚੋਂ ਬਦਲਾਈਆ । ਮੇਰਾ ਭੇਵ ਪਾ ਨਾ ਸਕੇ ਪਾਣੀ ਪੌਣ, ਉਨੰਜਾ ਪਵਣ ਰਹੀ ਕੁਰਲਾਈਆ । ਮੇਰੇ ਵਿਚ ਲੇਖਾ ਵੇਖ ਲੈ ਲਿਖਿਆ ਰਾਮ ਰੌਣ, ਬਿਨ ਅੱਖਰਾਂ ਅੱਖਰ ਲੇਖ ਬਣਾਈਆ । ਕਾਹਨ ਕ੍ਰਿਸ਼ਨ ਲਹਿਣਾ ਲਿਖਿਆ ਜੋ ਤੈਨੂੰ ਆਈ ਸੁਣਾਉਣ, ਸੰਦੇਸ਼ਾ ਦੇਵਾਂ ਚਾਈਂ ਚਾਈਂਆ । ਕਲਜੁਗ ਅੰਤ ਜੋ ਸਭ ਦਾ ਲੇਖਾ ਆਏ ਮੁਕਾਉਣ, ਮੁਕੰਮਲ ਆਪਣਾ ਹੁਕਮ ਵਰਤਾਈਆ । ਜਨ ਭਗਤ ਸੁਹੇਲੇ ਆਏ ਮਿਲਾਉਣ, ਵਿਛੜਿਆਂ ਮੇਲ ਮਿਲਾਈਆ । ਇਕੋ ਨਾਮ ਨਿਧਾਨ ਆਏ ਸਮਝਾਉਣ, ਸਿਖਿਆ ਸਚ ਸਮਝਾਈਆ । ਆਪਣਾ ਆਪ ਹਿਰਦੇ ਆਏ ਵਸਾਉਣ, ਵਾਸਤਾ ਆਪਣੇ ਨਾਲ ਜੁੜਾਈਆ । ਦੀਨ ਦੁਨੀ ਵਿਚ ਸੁਤੇ ਆਏ ਉਠਾਉਣ, ਫੜ ਬਾਹੋਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਰਗ ਇਕ ਦਰਸਾਈਆ ।

ਪਤਰੀ ਕਹੇ ਨਾਰਦਾ ਤੂੰ ਆਪਣੇ ਸਿਰ ਤੇ ਚੁਕ ਲੈ ਚਾਰ ਜੁਗ ਦੀ ਬੀੜ, ਅੱਖਰਾਂ ਵਾਲੇ ਗ੍ਰੰਥ ਉਠਾਈਆ । ਨਾਰਦ ਕਿਹਾ ਮੇਰੀ ਤੇ ਪੀੜ ਕਰਦੀ ਹੱਡੀ ਰੀੜ, ਬਲ ਨਜ਼ਰ ਕੋਇ ਨਾ ਆਈਆ । ਮੈਂ ਮਾਤਲੋਕ ਵਿਚ ਜਾਣਾ ਰਾਹ ਵਿਚ ਬੜੀ ਭੀੜ, ਦੇਵਤ ਸੁਰ ਕਰੋੜ ਤੇਤੀਸਾ ਬੈਠੇ ਝੁਰਮਟ ਪਾਈਆ । ਮੈਂ ਛੇਤੀ ਛੇਤੀ ਪੁਜਣਾ ਪੰਧ ਮੁਕਾਉਣਾ ਪਿੰਡ ਸੀੜ, ਸੀੜੀ ਪੌੜੀ ਡੰਡਾ ਚੜ੍ਹਨ ਕੋਇ ਨਾ ਪਾਈਆ । ਜਿਥੇ ਲਹਿਣਾ ਦੇਣਾ ਮੁਕਦਾ ਹਸਤ ਕੀੜ, ਕੀਟ ਕੀਟਾਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਆਪ ਖਿਲਾਈਆ । ਨਾਰਦ ਕਹੇ ਜਨ ਭਗਤੋ ਮੈਂ ਭੱਜਾ ਨਠਾ ਆਇਆ ਮੇਰੀ ਬੋਦੀ ਨੂੰ ਲੱਗੀ ਹਵਾ, ਠੰਡੀ ਠਾਰ ਹੋ ਕੇ ਮੈਨੂੰ ਰਹੀ ਸੁਣਾਈਆ । ਪ੍ਰਭੂ ਦੇ ਅਗੇ ਕੁਛ ਮੇਰੀ ਕਰ ਦੁਆ, ਦੋਏ ਜੋੜ ਵਾਸਤਾ ਪਾਈਆ । ਕਿਸ ਬਿਧ ਜੁਗ ਬਦਲਣਾ ਨਵਾਂ, ਨਵ ਨਵ ਚਾਰ ਦਾ ਪੰਧ ਮੁਕਾਈਆ । ਮੈਂ ਖ਼ੁਸ਼ੀਆਂ ਦੇ ਵਿਚ ਕਹਵਾਂ, ਕਹਿ ਕਹਿ ਰਹੀ ਸੁਣਾਈਆ । ਨਾਰਦ ਕਹੇ ਬੋਦੀ ਹਿਲਾ ਕੇ ਪਹਿਲਾਂ ਉਸ ਦੀ ਚਰਨੀ ਢਵ੍ਹਾਂ, ਢਹਿ ਕੇ ਧੂੜੀ ਖ਼ਾਕ ਰਮਾਈਆ । ਮੈਂ ਫੇਰ ਪੁਛਾਂ ਪ੍ਰਭੂ ਜਿਨ੍ਹਾਂ ਭਗਤਾਂ ਦੇ ਕੋਲੋਂ ਰੋਟੀ ਖਾਧੀ ਸੀ ਜਵਾਂ, ਕੱਚੇ ਗੰਢਿਆਂ ਭੋਗ ਲੁਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਅਖਵਾਈਆ । ਬੋਦੀ ਕਹੇ ਨਾਰਦਾ ਸੁਣ ਮੇਰੀ ਅਗੰਮੀ ਗੱਲ, ਅਨੋਖੀ ਦਿਆਂ ਜਣਾਈਆ । ਪਰਮ ਪੁਰਖ ਸਭ ਦੇ ਨਾਲ ਖੇਡ ਰਿਹਾ ਛਲ, ਅਛਲ ਛਲ ਧਾਰੀ ਹੋ ਕੇ ਆਪਣਾ ਛਲ ਕਮਾਈਆ । ਮਾਨਵ ਜ਼ਾਤੀ ਹੋਇਆ ਭਗਤਾਂ ਵਲ, ਵਲਵਲੇ ਸਭ ਦੇ ਵੇਖ ਵਖਾਈਆ । ਲਹਿਣਾ ਦੇਣਾ ਚੁਕਾਏ ਵਿਚੋਂ ਕਲਜੁਗ ਕਲ, ਕਲਮਾ ਨਾਮ ਆਪਣਾ ਇਕ ਪੜ੍ਹਾਈਆ । ਜਿਸ ਲਹਿਣਾ ਦੇਣਾ ਲੇਖਾ ਪੂਰਾ ਕਰਨਾ ਰਾਜੇ ਬਲ, ਬਾਵਨ ਦੀ ਧਾਰ ਦਏ ਗਵਾਹੀਆ । ਜਿਨ੍ਹਾਂ ਦਾ ਅਸ਼ਵਮੇਧ ਯਗ ਦੀ ਧਾਰ ਲੰਗਰ ਜਾਣਾ ਚਲ, ਚਲਦੀ ਫਿਰਦੀ ਵੇਖੇ ਖ਼ਲਕ ਖ਼ੁਦਾਈਆ । ਜੁਗ ਚੌਕੜੀ ਦਾ ਪੂਰਬ ਮਿਲਣਾ ਫਲ, ਅਗੇ ਫਲੀਭੂਤ ਦਏ ਬਣਾਈਆ । ਜਨਮ ਮਰਨ ਦਾ ਮੇਟਣਾ ਸੱਲ, ਆਵਣ ਜਾਵਣ ਰਹੇ ਨਾ ਰਾਈਆ । ਬੋਦੀ ਕਹੇ ਨਾਰਦਾ ਅੰਤ ਭਗਵੰਤ ਭਗਵਨ ਦੀ ਧਾਰ ਵਿਚ ਬਿਰਧ ਬਾਲ ਜਵਾਨ ਸਾਰੇ ਜਾਣੇ ਰਲ, ਵਖਰਾ ਕਹਿਣ ਕੋਇ ਨਾ ਪਾਈਆ । ਏਥੇ ਹੁਣ ਨਿਮਸਕਾਰ ਕਰ ਤੇ ਆਪਾਂ ਜਾਈਏ ਚਲ, ਭੱਜੀਏ ਵਾਹੋ ਦਾਹੀਆ । ਜੰਮੂ ਸੰਗਤ ਨੂੰ ਦੱਸ ਜਾ ਝਨਾਂ ਦੇ ਨੌਵਾਂ ਗਿਲਾਸਾਂ ਦਾ ਭੁਲ ਨਹੀਂ ਜਾਣਾ ਜਲ, ਲਿਆਉਣਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਸੁਹੇਲਾ ਭਗਤਾਂ ਹੋਇਆ ਆਪ ਵਲ, ਵਲਵਲੇ ਸਭ ਦੇ ਵੇਖ ਵਖਾਈਆ ।

### ✪ ਪਹਿਲੀ ਪੋਹ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਪੋਹ ਕਹੇ ਮੈਂ ਮਹੀਨਾ ਦਸਵਾਂ, ਦਸ ਦਸ ਮਾਸ ਮਾਤ ਗਰਭ ਰਹਿਣ ਵਾਲਿਉ ਸਭ ਨੂੰ ਦਿਆਂ ਜਣਾਈਆ । ਆਦਿ ਜੁਗਾਦਿ ਜੁਗ ਚੌਕੜੀ ਮੇਰੇ ਪ੍ਰਭ ਦੀਆਂ ਬਦਲਦੀਆਂ ਰਸਮਾਂ, ਅਸੂਲ ਮਾਕੂਲ ਆਪਣਾ ਆਪ ਪਰਗਟਾਈਆ । ਜਿਸ ਦੇ ਪਿਆਰ ਵਿਚ ਅਵਤਾਰ ਪੈਗ਼ੰਬਰਾਂ ਗੁਰੂਆਂ ਖਾਧੀਆਂ

੧੨੦੭
੨੪

ਕ਼ਸਮਾਂ, ਸੌਗੰਦੀਆਂ ਵਿਚ ਜਣਾਈਆ । ਜਿਸ ਝਗੜਾ ਮੇਟਣਾ ਜਗਤ ਜ਼ਮੀਰ ਜਿਸਮਾਂ, ਤਨ ਵਜੂਦਾਂ ਵੇਖ ਵਖਾਈਆ । ਜਿਸ ਦਾ ਅਕਲ ਬੁੱਧੀ ਤੋਂ ਬਾਹਰ ਹੋਣਾ ਕਰਿਸ਼ਮਾਂ, ਵਿਦਿਆ ਵਿਚ ਵਿੱਦਤ ਸਮਝ ਕਿਛ ਨਾ ਆਈਆ । ਜਿਸ ਦਾ ਲੇਖ ਨਿਰਾਲਾ ਸਤਿਗੁਰ ਸ਼ਬਦ ਅਗੰਮੇ ਲਿਖਣਾ, ਲੇਖ ਦ੍ਰਿੜਾਏ ਧੁਰਦਰਗਾਹੀਆ । ਜਿਸ ਦੀਨ ਦੁਨੀ ਜਣਾਈ ਮਿਥਨਾ, ਮਿਥਿਆ ਦੱਸੇ ਖ਼ਲਕ ਖ਼ੁਦਾਈਆ । ਓਹ ਪੁਰਖ ਅਕਾਲਾ ਦੀਨ ਦਿਆਲਾ ਬਣ ਕੇ ਧੁਰ ਦਾ ਪਿਤਨਾ, ਪਤਿਪਰਮੇਸ਼ਵਰ ਹੋ ਕੇ ਵੇਖ ਵਖਾਈਆ । ਜਿਸ ਕਲਜੁਗ ਅੰਤ ਨਜਿੱਠਣਾ, ਮਾਲਕ ਖ਼ਾਲਕ ਆਪਣੇ ਹੱਥ ਰਖੇ ਵਡਿਆਈਆ । ਸਤਿਜੁਗ ਸਤਿ ਧਰਮ ਦਾ ਰਸ ਦੇਖੇ ਮਿਠਣਾ, ਅਨਰਸ ਆਪ ਚਖਾਈਆ । ਜਿਸ ਦੇ ਪਿਆਰ ਵਿਚ ਦੋ ਜਹਾਨ ਵਿਕਣਾ, ਦੀਨ ਦੁਨੀ ਕ਼ੀਮਤ ਰਹੇ ਨਾ ਰਾਈਆ । ਜੋ ਆਤਮ ਪਰਮਾਤਮ ਕਰੇ ਹਿਤਨਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਜਿਸ ਦਾ ਖੇਲ ਨਿਤ ਨਵਿਤਨਾ, ਜੁਗ ਜੁਗ ਵੇਸ ਵਟਾਈਆ । ਸੋ ਵੇਖਣਹਾਰਾ ਮੇਰੀ ਥਿਤਨਾ, ਪਹਿਲਾ ਪਰਵਿਸ਼ਟਾ ਧਿਆਨ ਲਗਾਈਆ । ਮੈਂ ਉਸ ਦੇ ਚਰਨਾਂ ਵਿਚ ਲਿਟਨਾ, ਆਪ ਆਪਣਾ ਦਿਆਂ ਮਿਟਾਈਆ । ਜਿਸ ਝਗੜਾ ਮੇਟਣਾ ਪੱਥਰ ਇੱਟਣਾ, ਪਾਹਨਾ ਸੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਹੋ ਆਈਆ । ਪੋਹ ਕਹੇ ਮੇਰਾ ਪਰਵਿਸ਼ਟਾ ਆਇਆ, ਦਸਮ ਧਾਰ ਮਿਲੇ ਵਡਿਆਈਆ । ਮੈਂ ਇਕੋ ਨੂਰ ਨੁਰਾਨਾ ਵੇਖ ਵਖਾਇਆ, ਜੋਤੀ ਜਾਤਾ ਧੁਰਦਰਗਾਹੀਆ । ਜੋ ਨਾਮ ਨਿਧਾਨ ਸ੍ਰੀ ਭਗਵਾਨ ਹੋ ਕੇ ਰਿਹਾ ਸੁਣਾਇਆ, ਅਨਹਦ ਨਾਦੀ ਨਾਦ ਜਣਾਈਆ । ਅੰਮ੍ਰਿਤ ਅੰਮਿਉਂ ਰਸ ਰਿਹਾ ਜਾਮ ਪਿਆਇਆ, ਬਿਨ ਰਸਨਾ ਰਸ ਚਖਾਈਆ । ਜੋ ਦੀਪਕ ਜੋਤੀ ਜੋਤ ਰਿਹਾ ਜਗਾਇਆ, ਬਿਨ ਤੇਲ ਬਾਤੀ ਡਗਮਗਾਈਆ । ਓਹ ਪਤਿਪਰਮੇਸ਼ਵਰ ਮੇਰਾ ਵਕ਼ਤ ਦਏ ਸੁਹਾਇਆ, ਸੋਹਣੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪੋਹ ਕਹੇ ਮੇਰਾ ਲੋਕਮਾਤ ਆਇਆ ਵਕ਼ਤ, ਵਿਅਕਤੀਆਂ ਦਿਆਂ ਜਣਾਈਆ । ਮੇਰੇ ਸਾਹਿਬ ਦੀ ਵੇਖੋ ਸ਼ਕਤ, ਸ਼ਕਤੀਸ਼ਾਲੀ ਇਕ ਅਖਵਾਈਆ । ਜੋ ਮਾਣ ਦੇਵੇ ਹਰਿਜਨ ਸੁਹੇਲੇ ਭਗਤ, ਭਗਵਨ ਆਪਣੇ ਰੰਗ ਰੰਗਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦ, ਦੁਖੀਆਂ ਹੋਏ ਸਹਾਈਆ । ਲੇਖੇ ਲਾਏ ਬੇਨੰਤੀ ਅਰਜ਼, ਆਰਜ਼ੂ ਸਭ ਦੀ ਫੋਲ ਫੁਲਾਈਆ । ਕਲਜੁਗ ਬਦਲਣਾ ਜਿਸ ਨੂੰ ਗ਼ਰਜ਼, ਗਰਜ ਕੇ ਆਪਣਾ ਹੁਕਮ ਦਏ ਵਰਤਾਈਆ । ਦੀਨ ਦੁਨੀ ਦੀ ਪੁੱਠੀ ਸਿਧੀ ਵੇਖੇ ਨਰਦ, ਨਰ ਨਰਾਇਣ ਹੋ ਕੇ ਫੇਰਾ ਪਾਈਆ । ਨਵਖੰਡ ਪ੍ਰਿਥਮੀ ਮੇਟੇ ਅੰਧੇਰਾ ਗਰਦ, ਅੰਧ ਅਗਿਆਨ ਦਏ ਚੁਕਾਈਆ । ਪੋਹ ਕਹੇ ਬੇਸ਼ਕ ਮੇਰਾ ਮਹੀਨਾ ਦਿਸਦਾ ਸਰਦ, ਠੰਡਕ ਜਗਤ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਪੋਹ ਕਹੇ ਮੇਰਾ ਵਕ਼ਤ ਸੁਹੰਜਣਾ, ਪ੍ਰਭ ਦੇਵੇ ਮਾਣ ਵਡਿਆਈਆ । ਕਿਰਪਾ ਕਰੇ ਆਦਿ ਨਿਰੰਜਣਾ, ਨਿਰਵੈਰ ਭੇਵ ਖੁਲ੍ਹਾਈਆ । ਜਿਸ ਦਾ ਦੀਪਕ ਇਕੋ ਜਗਣਾ, ਦੋ ਜਹਾਨ ਕਰੇ ਰੁਸ਼ਨਾਈਆ । ਸਭ ਦਾ ਬਣੇ ਦਰਦ ਦੁਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਮੈਂ ਵੀ ਓਸੇ ਕੋਲੋਂ ਮੰਗਣਾ, ਭਗਤੋ ਸਭ ਨੂੰ ਦਿਆਂ ਜਣਾਈਆ । ਜਿਸ ਤੁਹਾਡੇ ਤਨ ਵਜੂਦ ਚਾੜ੍ਹਨੀ ਰੰਗਣਾ, ਦੁਰਮਤ ਮੈਲ ਧੁਆਈਆ । ਨਾਮ ਨਿਧਾਨਾ ਪਾਵੇ ਕੰਗਣਾ, ਜਗਤ ਧਾਤ ਵੰਡ ਨਾ ਕੋਇ ਵੰਡਾਈਆ । ਮਾਲਕ ਬਣਕੇ ਮੂਰਤ ਗੋਪਾਲ ਮਦਨਾ, ਮਧਸੂਧਨ ਹੋ ਕੇ ਵੇਖ ਵਖਾਈਆ । ਜਿਸ ਇਕੋ ਰੰਗ ਰੰਗਾਇਆ ਆਅਲਾ

ਅਦਨਾ, ਊਚਾਂ ਨੀਚਾਂ ਵੰਡ ਨਾ ਕੋਇ ਵੰਡਾਈਆ । ਜਿਸ ਦਾ ਇਕੋ ਡੰਕਾ ਰਾਓ ਰੰਕਾਂ ਅੰਦਰ ਵਜਣਾ, ਨਵ ਸੱਤ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਪੋਹ ਕਹੇ ਮੈਂ ਆਇਆ ਦੀਨ ਦੁਨੀ ਦੀ ਵਿਚ ਧਾਰ, ਧਰਨੀ ਧਰਤ ਧੌਲ ਫੇਰਾ ਪਾਈਆ । ਸੋ ਪੁਰਖ ਨਿਰੰਜਣ ਮੈਨੂੰ ਦਏ ਅਧਾਰ, ਬਿਨ ਸੀਸ ਹੱਥ ਟਿਕਾਈਆ । ਹਰਿ ਪੁਰਖ ਨਿਰੰਜਣ ਮੇਰੀ ਪਾਵੇ ਸਾਰ, ਮਹਾਸਾਰਥੀ ਹੋ ਕੇ ਵੇਖ ਵਖਾਈਆ । ਏਕੰਕਾਰਾ ਦਏ ਅਧਾਰ, ਉਦਰ ਦਾ ਲੇਖਾ ਰਹੇ ਨਾ ਰਾਈਆ । ਆਦਿ ਨਿਰੰਜਣ ਜੋਤ ਕਰੇ ਉਜਿਆਰ, ਬਿਨ ਤੇਲ ਬਾਤੀ ਡਗਮਗਾਈਆ । ਅਬਿਨਾਸ਼ੀ ਕਰਤਾ ਕਰੇ ਖ਼ਬਰਦਾਰ, ਧੁਰ ਸੰਦੇਸ਼ਾ ਇਕ ਜਣਾਈਆ । ਸ੍ਰੀ ਭਗਵਾਨ ਚਰਨ ਧੂੜੀ ਬਖ਼ਸ਼ੇ ਛਾਰ, ਟਿੱਕੇ ਸਤਿ ਨਾਮ ਲਗਾਈਆ । ਪਾਰਬ੍ਰਹਮ ਵੇਖੇ ਵੇਖਣਹਾਰ, ਬਿਨ ਨੈਣਾਂ ਨੈਣ ਉਠਾਈਆ । ਸਤਿਗੁਰ ਸ਼ਬਦ ਮੇਰਾ ਕਰੇ ਸ਼ਿੰਗਾਰ, ਸੋਹਣੀ ਵੰਡ ਵੰਡਾਈਆ । ਮੈਂ ਹੋ ਕੇ ਖ਼ਬਰਦਾਰ, ਹੋਕਾ ਦੇਵਾਂ ਥਾਉਂ ਥਾਈਂਆ । ਦੁਨੀਆਦਾਰੋ ਜਗਤ ਜਗਿਆਸੂਓ ਨੀਂਦਰ ਗ਼ਫ਼ਲਤ ਵਿਚੋਂ ਹੋਵੋ ਬਾਹਰ, ਆਲਸ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲਾ ਦੀਨ ਦਿਆਲਾ ਜੋਤੀ ਜਾਤਾ ਹੋਇਆ ਜ਼ਾਹਰ, ਜ਼ਾਹਰ ਜ਼ਹੂਰ ਹੋ ਕੇ ਡਗਮਗਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦੇ ਸਭ ਕੁਛ ਅਖ਼ਤਿਆਰ, ਮਾਂਗਤ ਹੋ ਕੇ ਝੋਲੀ ਕਦੇ ਨਾ ਡਾਹੀਆ । ਓਹ ਲੇਖਾ ਲਹਿਣਾ ਦੇਣਾ ਜਾਣੇ ਸਚਖੰਡ ਸਚੇ ਦਰਬਾਰ, ਦਰਗਾਹ ਸਾਚੀ ਵੇਖ ਵਖਾਈਆ । ਨੂਰ ਨੁਰਾਨਾ ਸ਼ਾਹ ਸੁਲਤਾਨਾ ਬਿਨ ਤੇਲ ਬਾਤੀ ਆਪਣਾ ਦੀਪ ਕਰੇ ਉਜਿਆਰ, ਦੋ ਜਹਾਨਾਂ ਡਗਮਗਾਈਆ । ਉਸ ਨੂੰ ਕਰਨੀ ਸਰਬ ਨੇ ਨਿਮਸਕਾਰ, ਡੰਡਾਵਤ ਬੰਦਨਾ ਸੱਯਦਿਆਂ ਵਿਚ ਸੀਸ ਝੁਕਾਈਆ । ਜਿਸ ਨੂੰ ਸਭ ਨੇ ਮੰਨਿਆ ਕਲ ਕਲਕੀ ਅਵਤਾਰ, ਅਮਾਮ ਅਮਾਮਾ ਆਪਣਾ ਖੇਲ ਵਖਾਈਆ । ਜੋ ਵੇਖੇ ਵਿਗਸੇ ਵੇਖਣਹਾਰ, ਵੇਖਣਹਾਰਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਪੋਹ ਕਹੇ ਮੇਰਾ ਪਹਿਲਾ ਦਿਵਸ ਦਿਹਾੜਾ, ਦਿਉਹੜੀ ਸੀਸ ਨਿਵਾਈਆ । ਮੈਂ ਵੇਖਾਂ ਪੁਰਖ ਅਕਾਲ ਅਗੰਮੀ ਲਾੜਾ, ਜੋ ਲੱਖ ਚੁਰਾਸੀ ਆਤਮ ਧਾਰ ਰਿਹਾ ਪਰਨਾਈਆ । ਜਿਸ ਦਾ ਪੁਰੀਆਂ ਲੋਆ ਬ੍ਰਹਿਮੰਡਾਂ ਖੰਡਾਂ ਬਾਹਰ ਅਖਾੜਾ, ਗਗਨ ਗਗਨੰਤਰ ਵੇਖਣ ਕੋਇ ਨਾ ਪਾਈਆ । ਓਹ ਅੰਤ ਕੰਤ ਭਗਵੰਤ ਜਨ ਭਗਤਾਂ ਰੰਗ ਚਾੜ੍ਹੇ ਗਾੜ੍ਹਾ, ਦੋ ਜਹਾਨ ਉਤਰ ਕਦੇ ਨਾ ਜਾਈਆ । ਧਰਨੀ ਧਰਤ ਧਵਲ ਧੌਲ ਵੇਖੇ ਅਖਾੜਾ, ਨਵ ਸੱਤ ਬ੍ਰਹਮ ਮਤ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਲਕ ਇਕ ਅਖਵਾਈਆ । ਪੋਹ ਕਹੇ ਮੇਰਾ ਦਿਵਸ ਸੁਹਾਵਣਾ ਲੋਕਮਾਤ, ਮਤਾ ਗੁਰ ਅਵਤਾਰ ਪੈਗ਼ੰਬਰਾਂ ਨਾਲ ਪਕਾਈਆ । ਜੋ ਚਾਰ ਜੁਗ ਦੇ ਕੇ ਗਏ ਦਾਤ, ਦਾਨੀ ਹੋ ਕੇ ਜਗਤ ਵਰਤਾਈਆ । ਜਿਸ ਦਾ ਹੁਕਮ ਸੰਦੇਸ਼ਾ ਦੇਂਦੇ ਗਏ ਨਾਲ ਕ਼ਲਮ ਦੁਆਤ, ਕਾਗਦ ਸ਼ਾਹੀ ਜੋੜ ਜੁੜਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਅੰਤਮ ਪਰਗਟ ਹੋਇਆ ਆਪ, ਆਪ ਆਪਣਾ ਵੇਸ ਵਟਾਈਆ । ਜਿਸ ਦਾ ਤੂੰ ਮੇਰਾ ਮੈਂ ਤੇਰਾ ਜਾਪ, ਜਗ ਜੀਵਣ ਦਾਤਾ ਹੋ ਕੇ ਦਏ ਵਡਿਆਈਆ । ਤ੍ਰੈਗੁਣ ਮੇਟੇ ਤੀਨੋ ਤਾਪ, ਅਗਨੀ ਤਤ ਦਏ ਗੁਆਈਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਚ ਕਰੇ ਰੁਸ਼ਨਾਈਆ । ਜਨ ਭਗਤਾਂ ਚਰਨ ਪ੍ਰੀਤੀ ਜੋੜੇ ਨਾਤ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

ਸਚ ਦੀ ਕਰਨੀ ਕਾਰ ਕਮਾਈਆ । ਪੋਹ ਕਹੇ ਮੇਰਾ ਦਿਵਸ ਸੁਹਾਵਣਾ ਪਹਿਲਾ, ਪਹਿਲੀ ਵਾਰ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਸਚਖੰਡ ਵਸੇ ਅਗੰਮੇ ਮਹਿਲਾ, ਮਹਲ ਅਟਲ ਵੇਖਣ ਕੋਇ ਨਾ ਪਾਈਆ । ਜੋ ਆਦਿ ਜੁਗਾਦਿ ਕਦੇ ਨਾ ਹੋਵੇ ਅਨਗਹਿਲਾ, ਆਲਸ ਨਿੰਦਰਾ ਵਿਚ ਕਦੇ ਨਾ ਆਈਆ । ਓਹ ਦੋ ਜਹਾਨਾਂ ਸ੍ਰੀ ਭਗਵਾਨਾ ਹੋ ਕੇ ਕਰੇ ਸੈਲਾ, ਸੈਰਗਾਹ ਬਣਾਏ ਖ਼ਲਕ ਖ਼ੁਦਾਈਆ । ਜੋ ਭਗਤਾਂ ਅੰਦਰ ਵੇਖੇ ਪਹਿਲਾਂ, ਚਹਿਲ ਪਹਿਲ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਝਟ ਨਾਰਦ ਆ ਗਿਆ ਕਹੇ ਸੁਣ ਲੈ ਪੋਹ ਪਿਆਰਿਆ, ਮਿਤਰਾ ਤੈਨੂੰ ਦਿਆਂ ਜਣਾਈਆ । ਜੁਗ ਚੌਕੜੀ ਤੂੰ ਫਿਰਿਆ ਵਿਚ ਸੰਸਾਰਿਆ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੱਜਿਆ ਵਾਹੋ ਦਾਹੀਆ । ਆਪਣਾ ਲਹਿਣਾ ਦੇਣਾ ਤਕ ਪੈਗ਼ੰਬਰ ਗੁਰੂ ਅਵਤਾਰਿਆ, ਤਨ ਵਜੂਦਾਂ ਸੰਗ ਬਣਾਈਆ । ਜਿਨ੍ਹਾਂ ਖੇਲਿਆ ਖੇਲ ਵਿਚ ਸੰਸਾਰਿਆ, ਸੰਸਾਰੀ ਭੰਡਾਰੀ ਸੰਘਾਰੀ ਸੰਗ ਰਖਾਈਆ । ਹੁਣ ਕਲਜੁਗ ਅੰਤਮ ਉਸ ਪ੍ਰਭੂ ਦੀ ਵਾਰਿਆ, ਜੋ ਵਾਰਸ ਹੋਵੇ ਧੁਰ ਦਾ ਮਾਹੀਆ । ਜਿਸ ਕੂੜੀ ਕਿਰਿਆ ਮੇਟਣਾ ਅੰਧ ਅੰਧਿਆਰਿਆ, ਸਤਿਜੁਗ ਸਚ ਕਰੇ ਰੁਸ਼ਨਾਈਆ । ਲਹਿਣਾ ਦੇਣਾ ਸਭ ਦਾ ਕ਼ਰਜ਼ ਦਏ ਉਤਾਰਿਆ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਜਿਸ ਲੇਖਾ ਇਕ ਦੋ ਤਿੰਨ ਚਾਰ ਪੰਜ ਦੀ ਧਾਰ ਵਿਚਾਰਿਆ, ਛੇ ਸੱਤ ਅੱਠ ਨੌ ਦਸ ਰਹਿਣ ਕੋਇ ਨਾ ਪਾਈਆ । ਦਸ ਦਸ ਬੀਸ ਦਾ ਭੇਵ ਨਿਆਰਿਆ, ਬੀਸ ਬੀਸਾ ਆਪ ਸਮਝਾਈਆ । ਇਕ ਇਕੀਸਾ

ਏਕੰਕਾਰਿਆ, ਇਕ ਇਕੱਲਾ ਧੁਰ ਦਾ ਮਾਹੀਆ । ਜੋ ਤੇਰਾ ਮੇਟੇ ਅੰਧ ਅੰਧਿਆਰਿਆ, ਨੂਰੀ ਚੰਦ ਕਰੇ ਰੁਸ਼ਨਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਚੰਦ ਸਿਤਾਰਿਆ, ਸਤਹ ਬੁਲੰਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਇਕ ਉਠਾਈਆ । ਨਾਰਦ ਕਹੇ ਸੁਣ ਪੋਹ ਪਿਆਰੇ ਠੰਡਿਆ, ਤੈਨੂੰ ਦਿਆਂ ਦ੍ਰਿੜਾਈਆ । ਤੇਰਾ ਲੇਖਾ ਧਰਨੀ ਧਰਤ ਧਵਲ ਤੋਂ ਬਾਹਰ ਟੰਗਿਆ, ਜ਼ਮੀਂ ਅਸਮਾਨਾਂ ਵੇਖਣ ਕੋਇ ਨਾ ਪਾਈਆ । ਤੂੰ ਮੈਥੋਂ ਪੁਛ ਨਾਲੇ ਮੈਨੂੰ ਕਹਿ ਪੁਰਾਣੇ ਪੰਡਿਆ, ਪੰਡਤਾ ਮੈਨੂੰ ਦੇ ਦ੍ਰਿੜਾਈਆ । ਮੈਂ ਫੇਰ ਭੇਵ ਖੋਲ੍ਹਾਂ ਕੋਟਨ ਕੋਟ ਕੋਟ ਬ੍ਰਹਿਮੰਡਿਆ, ਬ੍ਰਹਿਮੰਡਾਂ ਖੰਡਾਂ ਪਰਦਾ ਦਿਆਂ ਉਠਾਈਆ । ਨਾਲ ਲੇਖਾ ਦੱਸਾਂ ਕੀ ਲਹਿਣਾ ਗੋਬਿੰਦ ਵਾਲੇ ਖੰਡਿਆ, ਖੜਗਾਂ ਧਾਰ ਕੀ ਚਤੁਰਾਈਆ । ਕਿਸ ਬਿਧ ਹੁਕਮ ਵਰਤਣਾ ਸਤ ਰੰਗ ਡੰਡਿਆ, ਡੰਡਾਵਤ ਸਭ ਦੀ ਦਿਆਂ ਬਦਲਾਈਆ । ਲੇਖਾ ਮੁਕਾਵੇ ਜੇਰਜ ਅੰਡਿਆ, ਉਤਭੁਜ ਸੇਤਜ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਪੋਹ ਕਹੇ ਸੁਣ ਨਾਰਦ ਪਾਂਧੇ, ਬੋਦੀ ਵਾਲਿਆ ਤੈਨੂੰ ਦਿਆਂ ਜਣਾਈਆ । ਮੇਰੇ ਉਤੇ ਅਹਿਸਾਨ ਬੜੇ ਨੇ ਧਰਤੀ ਮਾਂ ਦੇ, ਮਮਤਾ ਵਿਚ ਵੇਖੇ ਨੈਣ ਉਠਾਈਆ । ਕਿਉਂ ਕਲਜੁਗ ਜੀਵ ਅੰਦਰੋਂ ਰੂਪ ਬਣ ਗਏ ਕਾਂ ਦੇ, ਕਾਗ ਵਾਂਗ ਕੁਰਲਾਈਆ । ਵਣਜਾਰੇ ਰਹੇ ਨਾ ਪ੍ਰਭੂ ਦੇ ਨਾਂ ਦੇ, ਹਿਰਦੇ ਹਰਿ ਨਾ ਕੋਇ ਵਸਾਈਆ । ਸੁਹਾਗੀ ਚੂੜੇ ਲਾਲ ਨਹੀਂ ਰਹੇ ਬਾਂਹ ਦੇ, ਕੰਤ ਸੁਹਾਗ ਨਾ ਕੋਇ ਹੰਢਾਈਆ । ਜਗਤ ਵਣਜਾਰੇ ਬਣ ਗਏ ਵਿਚ ਹਾਂ ਦੇ, ਸਚ ਝੂਠ ਸਮਝੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਨਾਰਦ ਕਹੇ ਪੋਹ ਜੀ, ਔਹ ਵੇਖ ਲਓ ਨੂਰ ਅਲਾਹੀ ਰੱਬੀ, ਮਹਿਬਾਨ ਬੀਦੋ ਕਹਿ

ਕੇ ਸੀਸ ਨਿਵਾਈਆ । ਜਿਸ ਦਾ ਮੇਲ ਹੋਇਆ ਸਬੱਬੀ, ਸਮਝ ਵਿਚ ਨਾ ਕੋਇ ਸਮਝਾਈਆ । ਜਿਸ ਦੇ ਹੁਕਮ ਵਿਚ ਬੀਤਦੀ ਜਾਂਦੀ ਵੀਹਵੀਂ ਚੌਧਵੀਂ ਸਦੀ, ਸਦਮੇ ਵਿਚ ਖ਼ਲਕ ਖ਼ੁਦਾਈਆ । ਉਹ ਵੇਖਣਹਾਰਾ ਜਗਤ ਵਿਕਾਰ ਦੀ ਨਦੀ, ਵਹਿਣਾਂ ਖੋਜ ਖੁਜਾਈਆ । ਬੇਸ਼ਕ ਧਰਨੀ ਉਤੇ ਆਉਂਦਾ ਕਦੀ ਕਦੀ, ਕ਼ਦੀਮ ਦਾ ਮਾਲਕ ਨੂਰ ਅਲਾਹੀਆ । ਜਿਸ ਨੂੰ ਪੈਗ਼ੰਬਰਾਂ ਕਿਹਾ ਨੂਰ ਅਲਾਹੀ ਰੱਬੀ, ਰਬੇਆਲਮੀਨ ਕਹਿ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤੇਰਾ ਵਕ਼ਤ ਸੁਹਾਏ ਪੋਹ ਛੱਬੀ, ਸ਼ਹਿਨਸ਼ਾਹ ਹੋ ਕੇ ਰੰਗ ਰੰਗਾਈਆ । ਪੋਹ ਕਹੇ ਮੇਰਾ ਛੱਬੀ ਪਰਵਿਸ਼ਟਾ ਕਿਸ ਬਿਧ ਹੋਵੇ ਚੰਗਾ, ਪੰਡਤਾ ਮੈਨੂੰ ਦੇ ਜਣਾਈਆ । ਕੀ ਮੈਂ ਪਵਿਤ੍ਰ ਜਲ ਮੰਗਾਵਾਂ ਵਿਚੋਂ ਗੰਗਾ, ਗੋਦਾਵਰੀ ਜਮਨਾ ਸੁਰਸਤੀ ਨਾਲ ਮਿਲਾਈਆ । ਕੀ ਮੈਂ ਖ਼ੁਸ਼ੀਆਂ ਵਿਚ ਵਜਾਵਾਂ ਮਰਦੰਗਾ, ਬਿਨ ਸਾਰੰਗ ਸਾਜ਼ ਖੜਕਾਈਆ । ਕੀ ਮੈਂ ਨੌ ਖੰਡ ਪ੍ਰਿਥਮੀ ਲੰਘਾਂ, ਭੱਜਾਂ ਵਾਹੋ ਦਾਹੀਆ । ਨਾਰਦ ਕਿਹਾ ਮਿਤਰਾ ਉਸ ਦੇ ਕੋਲੋਂ ਮੰਗ ਅਗੰਮੀ ਮੰਗਾ, ਮਾਂਗਤ ਹੋ ਕੇ ਝੋਲੀ ਡਾਹੀਆ । ਜੇਹੜਾ ਸਚ ਪ੍ਰੇਮ ਦਾ ਰੰਗੇ ਰੰਗਾ, ਦੋ ਜਹਾਨ ਉਤਰ ਕਦੇ ਨਾ ਜਾਈਆ ਓਹ ਭੇਵ ਖੁਲ੍ਹਾਏ ਬ੍ਰਹਮ ਹੰਗਾ, ਹੰ ਬ੍ਰਹਮ ਆਪ ਸਮਝਾਈਆ । ਜਿਸ ਦੇ ਹੁਕਮ ਵਿਚ ਪਿਛਲਾ ਵਕ਼ਤ ਲੰਘਾ, ਅਗੇ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਛੱਬੀ ਪੋਹ ਕਹੇ ਮੇਰਾ ਦਿਵਸ ਆਵੇਗਾ । ਸੁਹੰਜਣਾ ਪ੍ਰਭੂ ਸੁਹਾਵੇਗਾ । ਸਾਚਾ ਨੇਤਰ ਅੰਜਣਾ ਆਪ ਪਾਵੇਗਾ । ਧੂੜੀ ਮਜਣਾ ਖ਼ਾਕ ਰਮਾਵੇਗਾ । ਲੇਖੇ ਲਾਵੇ ਆਅਲਾ ਅਦਨਾ, ਅਦਲ ਇਨਸਾਫ਼ ਆਪ ਕਮਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਵੇਗਾ । ਛੱਬੀ ਪੋਹ ਕਹੇ ਮੇਰਾ ਇਕੋ ਹੋਣਾ ਇਰਾਦਾ, ਇਸ਼ਟ ਦੇਵ ਇਕ ਮਨਾਈਆ । ਇਕੋ ਸ਼ਬਦ ਹੋਵੇ ਬੋਧ ਅਗਾਧਾ, ਬੁੱਧੀ ਤੋਂ ਬਾਹਰ ਪੜ੍ਹਾਈਆ । ਮੇਰਾ ਤਨ ਵਜੂਦ ਹੋਵੇ ਸਾਦਾ, ਸਾਦਗੀ ਇਕ ਸਮਝਾਈਆ । ਜੋ ਇਸ਼ਾਰਾ ਦੇ ਕੇ ਗਿਆ ਕ੍ਰਿਸ਼ਨ ਰਾਧਾ, ਰਾਧਕਾ ਗਿਆ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਬਣ ਕੇ ਮੋਹਨ ਮਾਧਵ ਮਾਧਾ, ਮਧੁਰ ਧੁਨ ਦਏ ਸੁਣਾਈਆ । ਜਿਸ ਦੇ ਪਿਆਰ ਵਿਚ ਸਤਿਗੁਰ ਨਾਨਕ ਵਜਾਈ ਰਬਾਬਾ, ਸਿਤਾਰ ਸਿਤਾਰ ਵਿਚੋਂ ਬਦਲਾਈਆ । ਓਹ ਸ਼ਾਹੋ ਭੂਪ ਬਿਨ ਰੰਗ ਰੂਪ ਧੁਰ ਦਾ ਨਵਾਬਾ, ਨਬੀ ਰਸੂਲਾਂ ਵੇਖ ਵਖਾਈਆ । ਜਿਸ ਨੂੰ ਸਯਦਿਆਂ ਵਿਚ ਕਰਦੇ ਆਦਾਬਾ, ਨਿਵ ਨਿਵ ਸੀਸ ਝੁਕਾਈਆ । ਜਿਸ ਦੀ ਸਿਫ਼ਤ ਵਿਚ ਚਾਰ ਜੁਗ ਦੇ ਗ੍ਰੰਥ ਸ਼ਾਸਤਰ ਲਿਖੀਆਂ ਗਈਆਂ ਕਿਤਾਬਾਂ, ਅੱਖਰ ਅੱਖਰਾਂ ਨਾਲ ਮਿਲਾਈਆ । ਓਹ ਆਪਣਾ ਜ਼ਰੂਰ ਪੂਰਾ ਕਰੇ ਵਾਅਦਾ, ਵਾਹਿਦ ਆਪਣਾ ਪਰਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਛੱਬੀ ਪੋਹ ਕਹੇ ਵਿਸ਼ਨ ਬ੍ਰਹਮਾ ਸ਼ਿਵ ਆਉਣਗੇ । ਸੰਸਾਰੀ ਭੰਡਾਰੀ ਸੰਘਾਰੀ ਫੇਰਾ ਪਾਉਣਗੇ । ਆ ਕੇ ਵੇਖਣ ਬੰਕ ਦੁਆਰੀ, ਭਗਤ ਦੁਆਰੇ ਸੀਸ ਝੁਕਾਉਣਗੇ । ਜਿਥੇ ਜਗੇ ਜੋਤ ਨਿਰੰਕਾਰੀ, ਉਜਾਲਾ ਵੇਖ ਕੇ ਖ਼ੁਸ਼ੀ ਮਨਾਉਣਗੇ । ਕਰੋੜ ਤੇਤੀਸ ਕਰੇ ਨਿਮਸਕਾਰੀ, ਧੂੜੀ ਖ਼ਾਕ ਸਰਬ ਰਮਾਉਣਗੇ । ਅਵਤਾਰ ਤੇਈ ਵੇਖਣ ਨਾਲ ਹੁਸ਼ਿਆਰੀ, ਬਿਨ ਨੇਤਰ ਲੋਚਨ ਨੈਣ ਅੱਖ ਖੁਲ੍ਹਾਉਣਗੇ । ਪੈਗ਼ੰਬਰ ਧੂੜੀ ਲਾਉਣ ਛਾਰੀ, ਕ਼ਦਮਬੋਸੀ ਕਰਕੇ ਆਪਣਾ ਸ਼ੁਕਰ ਮਨਾਉਣਗੇ । ਗੁਰੂ ਗੁਰਦੇਵ ਬੋਲ ਜੈਕਾਰੀ, ਤੂੰ ਹੀ ਤੂੰ ਹੀ ਢੋਲਾ ਰਾਗ ਅਲਾਉਣਗੇ । ਸਤਿਗੁਰ ਸ਼ਬਦ ਆਪਣਾ ਖੇਲ ਖੇਲੇ ਆਪਣੀ ਵਾਰੀ,

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਸਮਝਾਉਣਗੇ । ਪੋਹ ਕਹੇ ਸੁਣ ਨਾਰਦਾ ਮੇਰੀ ਆਸ਼ਾ ਪੁਰਾਣੀ, ਪੁਰਾਨ ਅਠਾਰਾਂ ਸਮਝ ਨਾ ਆਈਆ । ਜਗਤ ਵਿਦਿਆ ਬਾਹਰ ਕਹਾਣੀ, ਅਕਲ ਬੁੱਧੀ ਨਾ ਕੋਇ ਚਤੁਰਾਈਆ । ਸਮਝ ਸਕੇ ਨਾ ਕੋਇ ਵਿਦਵਾਨੀ, ਵਿਦਿਆ ਜਗਤ ਨਾ ਕੋਇ ਵਡਿਆਈਆ । ਜਿਸ ਦਾ ਭੇਵ ਦੱਸਿਆ ਪੁਰਖ ਅਕਾਲੇ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਗਿਆ ਦ੍ਰਿੜਾਈਆ । ਜਿਸ ਵੇਲੇ ਅੰਧ ਅੰਧੇਰਾ ਹੋਇਆ ਜ਼ਿਮੀਂ ਅਸਮਾਨੀ, ਨੂਰੀ ਚੰਦ ਨਾ ਕੋਇ ਚਮਕਾਈਆ । ਪਵਿਤ੍ਰ ਰਿਹਾ ਕੋਈ ਨਾ ਪਾਣੀ, ਆਬੇਹਯਾਤ ਜਾਮ ਨਾ ਕੋਇ ਪਿਆਈਆ । ਮੰਜ਼ਲ ਹਕ ਨਾ ਰਹੀ ਰੁਹਾਨੀ, ਰੂਹ ਬੁਤ ਰੋਵਣ ਮਾਰਨ ਧਾਹੀਆ । ਪਿਤਾ ਪੁਰਖ ਅਕਾਲ ਕਿਸੇ ਨਾ ਮਿਲੇ ਉਤੇ ਅਸਮਾਨੀ, ਇਸਮ ਆਜ਼ਮ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਜਨ ਭਗਤੋ ਛੱਬੀ ਪੋਹ ਨੂੰ ਆਉਣਾ ਨਾਲ ਦਲੇਰੀ, ਬਲ ਆਪਣਾ ਆਪ ਪਰਗਟਾਈਆ । ਸਭ ਦੀ ਆਸ਼ਾ ਇਕੋ ਹੋਣੀ ਮੈਂ ਨਿਰਗੁਣ ਧਾਰ ਤੇਰੀ, ਦੂਜਾ ਸੰਗੀ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲਾ ਕਰੇ ਆਪਣੀ ਮਿਹਰੀ, ਮਿਹਰ ਨਜ਼ਰ ਉਠਾਈਆ । ਆਤਮਾ ਬਣਾਏ ਆਪਣੀ ਚੇਰੀ, ਚਿਰੀ ਵਿਛੁੰਨਿਆਂ ਲਏ ਮਿਲਾਈਆ । ਜਿਸ ਦੀ ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਫੇਰੀ, ਫਿਰਤ ਫਿਰਤ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ

ਗੁਸਾਈਆ । ਨਾਰਦ ਕਹੇ ਜਨ ਭਗਤੋ ਆਪਣੀਆਂ ਆਪਣੀਆਂ ਦੱਸਣੀਆਂ ਜਵਾਨੀਆਂ, ਜੋਬਨਵੰਤਿਓ ਦਿਓ ਵਖਾਈਆ । ਸਤਿਜੁਗ ਦੀਆਂ ਪਰਗਟ ਕਰਨ ਆਉਣੀਆ ਨਿਸ਼ਾਨੀਆਂ, ਨਿਸ਼ਾਨਾ ਦੀਨ ਦੁਨੀ ਬਦਲਾਈਆ । ਅੰਦਰੋਂ ਕੱਢਕੇ ਆਉਣੀਆਂ ਬੇਈਮਾਨੀਆਂ, ਕੂੜੀ ਕਿਰਿਆ ਸੰਗ ਨਾ ਕੋਇ ਰਖਾਈਆ । ਤੂੰ ਮੇਰਾ ਮੈਂ ਤੇਰਾ ਪੜ੍ਹਦੇ ਆਉਣਾ ਬਾਣੀਆਂ, ਬਾਣ ਅਣਿਆਲਾ ਤੀਰ ਪ੍ਰਭੂ ਦਏ ਚਲਾਈਆ । ਹਸ ਹਸ ਕੇ ਕਹਿੰਦੇ ਆਉਣਾ ਸਾਡਾ ਝਗੜਾ ਮੁਕਿਆ ਚਾਰੇ ਖਾਣੀਆਂ, ਅੰਡਜ ਜੇਰਜ ਉਤਭੁਜ ਸੇਤਜ ਵੰਡ ਨਾ ਕੋਇ ਵੰਡਾਈਆ । ਅਸੀਂ ਉਸ ਪ੍ਰਭੂ ਦੀਆਂ ਬਣੀਆਂ ਸਵਾਣੀਆਂ, ਜੋ ਆਦਿ ਜੁਗਾਦੀ ਧੁਰ ਦਾ ਮਾਹੀਆ । ਜੋ ਸਚਖੰਡ ਦੁਆਰ ਏਕੰਕਾਰ ਦੇਵੇ ਮਾਣੀਆਂ, ਨਿਮਾਣਿਆਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਨਾਰਦ ਕਹੇ ਜਨ ਭਗਤੋ ਖ਼ਸਮ ਬਣੋ ਕਿ ਸੁਵਾਣੀ, ਸਹਿਜ ਨਾਲ ਦਿਉ ਸੁਣਾਈਆ । ਸੁਰਤ ਬਣੋ ਕਿ ਸ਼ਬਦ ਹਾਣੀ, ਮੇਲਾ ਸਹਿਜ ਸੁਭਾਈਆ । ਅੰਮ੍ਰਿਤ ਰਸ ਬਣੋ ਕਿ ਜਲ ਧਾਰ ਪਾਣੀ, ਭੇਵ ਦਿਉ ਖੁਲ੍ਹਾਈਆ । ਚਰਨਾਂ ਵਿਚ ਰਹਿਣਾ ਕਿ ਵਸਣਾ ਚਾਰ ਖਾਣੀ, ਪਰਦਾ ਦੇਣਾ ਉਠਾਈਆ । ਪਿਛਲੀ ਕੀਤੀ ਤੁਹਾਡੀ ਪਿਛੇ ਹੋਈ ਪੁਰਾਣੀ, ਅਗੇ ਨਵਾਂ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਜਨ ਭਗਤੋ ਆਪਣੀਆਂ ਚੜ੍ਹ ਕੇ ਵੇਖੋ ਮੰਜ਼ਲਾਂ ਕੋਟੀਆਂ, ਕੋਟਾਂ ਵਿਚੋਂ ਧਿਆਨ ਲਗਾਈਆ । ਨਿਗਾਹ ਮਾਰੋ ਆਪਣੀਆਂ ਚੋਟੀਆਂ, ਚੋਟੇ ਬਣਕੇ ਵੇਖ ਵਖਾਈਆ । ਤੁਹਾਡੇ ਅੰਦਰ ਵਾਸਨਾ ਰਹਿਣ ਨਾ ਖੋਟੀਆਂ, ਖੋਟੇ ਖਰੇ ਰੂਪ ਬਦਲਾਈਆ । ਤੁਹਾਡੀਆਂ ਦੁਰਮਤ ਮੈਲਾਂ ਜਾਣ ਧੋਤੀਆਂ, ਪਤਿਤ ਪੁਨੀਤ ਆਪ ਬਣਾਈਆ । ਤੁਹਾਡੀਆਂ ਆਤਮਾ ਰਹਿਣ ਨਾ ਸੋਤੀਆਂ, ਸੁਤੀਆਂ ਲਏ ਜਗਾਈਆ । ਸਭ ਨੇ ਯਾਦ ਰਖਣਾ ਤੁਹਾਡੀਆਂ ਧਾਰਾਂ ਪ੍ਰਭ ਦੀਆਂ ਗੋਤੀਆਂ,

ਆਤਮ ਪਰਮਾਤਮ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸੱਤ ਰੰਗਾ ਕਹੇ ਭਗਤੋ ਤੁਹਾਡਾ ਵਕ਼ਤ ਸੁਹਾਵਣਾ ਲੱਕੀ, ਖ਼ੁਸ਼ੀਆਂ ਢੋਲੇ ਗਾਈਆ । ਤੁਹਾਡੀ ਪ੍ਰਭੂ ਦੇ ਨਾਲ ਪੱਕੀ, ਵਾਅਦਾ ਭੁਲ ਕਦੇ ਨਾ ਜਾਈਆ । ਤੁਹਾਡਾ ਪੈਗ਼ੰਬਰਾਂ ਨਾਲ ਲੇਖ ਹਕੀ, ਹਕ਼ੀਕਤ ਦਾ ਮਾਲਕ ਦਏ ਸਮਝਾਈਆ । ਤੁਹਾਡੇ ਪਿਆਰ ਵਿਚ ਆਪਣੀ ਧਾਰ ਨਾਲ ਰਿਹਾ ਤਕੀ, ਤਕਵਾ ਤੁਹਾਡਾ ਰਿਹਾ ਬਣਾਈਆ । ਤੁਹਾਡਾ ਲਹਿਣਾ ਦੇਣਾ ਜੋ ਬਾਵਨ ਦੀ ਧਾਰ ਮੱਕੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਰੰਗਾ ਕਹੇ ਮੈਂ ਵੀ ਵੇਖਾਂ ਖੇਲ ਸ਼ਾਹ ਨਵਾਬੇ, ਕੀ ਕਰਤਾ ਕਾਰ ਕਮਾਈਆ । ਜੋ ਲਹਿਣਾ ਦੇਣਾ ਚੁਕਾਏ ਜਲ ਜਲ ਆਬੇ, ਆਬੇਹਯਾਤ ਦਏ ਪਿਆਈਆ । ਜਿਸ ਦਾ ਖੇਲ ਹੋਣਾ ਦੇਸ ਮਾਝੇ, ਮਜਲਸ ਭਗਤਾਂ ਨਾਲ ਰਖਾਈਆ । ਫੇਰ ਨਿਗਾਹ ਮਾਰਨੀ ਵਿਚ ਕਾਅਬੇ, ਕ਼ਬਰਾਂ ਵਿਚ ਮੁਰੀਦ ਮੁਰਸ਼ਦ ਸਾਰੇ ਵੇਖ ਵਖਾਈਆ । ਫੇਰ ਸਜਦਿਆਂ ਵਾਲੇ ਤਕਣੇ ਆਦਾਬੇ, ਉਮਤ ਉਮਤੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਭਗਤੋ ਨਾਰਦ ਕਹੇ ਮੈਨੂੰ ਗੱਲਾਂ ਨਹੀਂ ਆਉਂਦੀਆਂ ਬਾਹਲੀਆਂ, ਬਹੁਤਾ ਸ਼ੋਰ ਨਾ ਕੋਇ ਮਚਾਈਆ । ਤੁਹਾਡੇ ਅੰਦਰ ਚੜ੍ਹੀਆਂ ਹੋਵਣ ਲਾਲੀਆਂ, ਲਾਲਨ ਮਿਲ ਕੇ ਵਜੇ ਵਧਾਈਆ । ਤੁਹਾਡੀਆਂ ਝੋਲੀਆਂ ਹੋਵਣ ਖ਼ਾਲੀਆਂ, ਖ਼ਾਲੀ ਝੋਲੀ ਪ੍ਰਭ ਦੇ ਅਗੇ ਡਾਹੀਆ ।
੧੨੧੨ ਤੁਹਾਡੀਆਂ ਆਸ਼ਾਂ ਬਣੀਆਂ ਹੋਵਣ ਸਵਾਲੀਆਂ, ਸਵਾਲ ਇਕੋ ਇਕ ਜਣਾਈਆ । ਪ੍ਰਭੂ ਪਹਿਲੋਂ ਸਾਡੇ ਅੰਦਰੋਂ ਰਾਤਾਂ ਮੇਟ ਅੰਧੇਰੀਆਂ ਕਾਲੀਆਂ, ਕੁਲ
੨੪ ਮਾਲਕ ਹੋ ਕੇ ਵੇਖ ਵਖਾਈਆ । ਅਸੀਂ ਨਹੀਂ ਵੇਖਣਾ ਚਾਹੁੰਦੇ ਜਗਤ ਦੀਆਂ ਦੀਵਾਲੀਆਂ, ਦੀਪਕ ਸਾਡੇ ਅੰਤਰ ਦੇ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਜਨ ਭਗਤੋ ਮੰਗਦੇ ਮੰਗਦੇ ਨਾ ਜਾਣਾ ਥਕ, ਥਕਾਵਟ ਵਿਚ ਕਦੇ ਨਾ ਆਈਆ । ਪ੍ਰਭੂ ਕੋਲੋਂ ਮੰਗਣਾ ਤੁਹਾਡਾ ਹਕ, ਹਕ਼ੀਕਤ ਦੇ ਮਾਲਕ ਅਗੇ ਵਾਸਤਾ ਪਾਈਆ । ਪਤਾ ਨਹੀਂ ਕਿਸ ਵੇਲੇ ਮਿਹਰਵਾਨ ਹੋ ਕੇ ਨਾਮ ਵਸਤੂ ਤੁਹਾਡੀ ਝੋਲੀ ਅੰਦਰ ਦੇਵੇ ਰਖ, ਰਖਕ ਹੋ ਕੇ ਰਛਿਆ ਕਰੇ ਥਾਉਂ ਥਾਈਂਆ । ਤੁਹਾਡਾ ਵਿਛੋੜਾ ਮੇਟੇ ਰਹਿਣ ਨਾ ਦੇਵੇ ਵਖ, ਵਖਰਾ ਗ੍ਰਿਹ ਨਾ ਕੋਇ ਰਖਾਈਆ । ਉਹ ਮਿਹਰਵਾਨ ਹੋ ਕੇ ਨਿਜ ਨੇਤਰ ਦਿਭ ਨੇਤਰ ਖੋਲ੍ਹ ਕੇ ਅੱਖ, ਬਿਨ ਅੱਖਰਾਂ ਤੋਂ ਆਪਣਾ ਨਾਮ ਦਏ ਸਮਝਾਈਆ । ਸਦਾ ਸਦਾ ਸਦ ਪ੍ਰਭੂ ਭਗਤਾਂ ਦਾ ਕਰਦਾ ਆਇਆ ਪੱਖ, ਜਗਤ ਹਿੱਸਾ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਭਗਤੋ ਪ੍ਰਭੂ ਨੇ ਨਵੀਂ ਦੱਸਣੀ ਡੰਡਾਵਤ, ਬੰਦਗੀ ਬੰਦਗੀ ਵਿਚੋਂ ਬਦਲਾਈਆ । ਪ੍ਰੇਮ ਪਿਆਰ ਦੀ ਕਰਨੀ ਸਖ਼ਾਵਤ, ਸੁਖ਼ਨ ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰ ਕਰਾਈਆ । ਗੁਰਸਿਖੋ ਗੁਰਸਿਖ ਨਾਲ ਕਰੇ ਨਾ ਕੋਇ ਅਦਾਵਤ, ਝਗੜਾ ਅੰਦਰੋਂ ਦੇਣਾ ਮੁਕਾਈਆ । ਪ੍ਰਭੂ ਦਾ ਪਿਆਰ ਤੇ ਗੁਰਸਿਖਾਂ ਦੀ ਨਿਆਮਤ, ਗੁਰਸਿਖੋ ਗੁਰਸਿਖਾਂ ਵਿਚ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਆ । ਨਾਰਦ ਕਹੇ ਜਨ ਭਗਤੋ ਮੇਰੀ ਆਹ ਪਈ ਤਸਬੀ ਤੇ ਔਹ ਸੁੱਟੀ ਮਾਲਾ, ਇਕੋ ਮਾਲਕ ਨੂੰ ਸੀਸ ਨਿਵਾਈਆ । ਜਿਸ ਨੇ ਸਭ ਦਾ ਕਢ ਦਿਤਾ ਦਵਾਲਾ,

ਧਨ ਦੌਲਤ ਨਜ਼ਰ ਕੋਇ ਨਾ ਆਈਆ । ਕਲਜੁਗ ਦਾ ਕਰਮ ਕੁਕਰਮ ਮੇਟਣਾ ਕਾਲਾ, ਕਾਲਖ ਟਿੱਕੇ ਸਭ ਦੇ ਦਏ ਗੁਆਈਆ । ਤ੍ਰੈਗੁਣ ਮਾਇਆ ਮੇਟਣਾ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਭ ਦਾ ਹਲ ਕਰੇ ਸਵਾਲਾ, ਜੋ ਸਵਾਲੀ ਹੋ ਕੇ ਮੰਗ ਮੰਗਾਈਆ । ਨਾਰਦ ਕਹੇ ਮੇਰਾ ਜੀ ਕਰਦਾ ਜਨ ਭਗਤੋ ਛੱਬੀ ਪੋਹ ਨੂੰ ਹਰਿ ਭਗਤ ਦੁਆਰ ਤੇ ਨੌਂ ਸੌ ਚੁਰਾਨਵੇ ਦੀਪਕਾਂ ਦੀ ਵੇਖਾਂ ਦੀਪ ਮਾਲਾ, ਦੀਆ ਬਾਤੀ ਕਮਲਾਪਾਤੀ ਆਪਣੇ ਹੱਥ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਹਰਿ ਭਗਤ ਸੰਤ ਸੁਹੇਲਿਆਂ ਕਰੇ ਆਪ ਸੰਭਾਲਾ, ਸੰਬਲ ਦਾ ਮਾਲਕ ਹੋ ਕੇ ਵੇਖ ਵਖਾਈਆ ।

### ✪ ੨ ਪੋਹ ਸ਼ਹਿਨਸ਼ਾਹੀ ਸੰਮਤ ੧੧ ਦਿਲਬਾਗ ਸਿੰਘ ਦੇ ਨਵਿਤ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੇਰੇ ਅੰਤਰ ਆਏ ਵੈਰਾਗ, ਵੈਰਾਗਣ ਹੋ ਕੇ ਦਿਆਂ ਜਣਾਈਆ । ਮੈਂ ਚਾਹੁੰਦੀ ਪ੍ਰਭੂ ਤੇਰਿਆਂ ਭਗਤਾਂ ਦਾ ਟਹਿਕਿਆ ਰਹੇ ਬਾਗ਼, ਬਾਗ਼ੀਚਾ ਗੁਲਸ਼ਨ ਤੇਰਾ ਨਜ਼ਰੀ ਆਈਆ । ਦੁਰਮਤ ਮੈਲ ਸਭ ਦਾ ਧੋਵਣਾ ਦਾਗ਼, ਕੂੜੀ ਕਿਰਿਆ ਰਹੇ ਨਾ ਰਾਈਆ । ਦੀਪਕ ਜੋਤ ਜਗਾਉਣਾ ਚਰਾਗ਼, ਬਿਨ ਤੇਲ ਬਾਤੀ ਕਰ ਰੁਸ਼ਨਾਈਆ । ਜਗਤ ਤ੍ਰਿਸ਼ਨਾ ਤ੍ਰੈਗੁਣ ਮੇਟਣੀ ਆਗ, ਅਗਨੀ ਤਤ ਬੁਝਾਈਆ । ਗੁਰਮੁਖ ਹੰਸ ਬਣਾਉਣੇ ਫੜ ਫੜ ਕਾਗ, ਕਾਗੋਂ ਹੰਸ ਉਡਾਈਆ । ਤੇਰੀ ਸਰਨ ਸਰਨਾਈ ਹਰਿਜਨ ਜਾਵਣ ਲਾਗ, ਨਿਵ ਨਿਵ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੇ ਭਗਤਾਂ ਮੰਗਦੀ ਜੀਵਣ, ਜ਼ਿੰਦਗੀ ਵਿਚੋਂ ਜ਼ਿੰਦਗੀ ਦੇਣੀ ਬਦਲਾਈਆ । ਤੇਰੇ ਪਿਆਰ ਵਿਚ ਸਾਰੇ ਥੀਵਣ, ਹਉਮੇ ਹੰਗਤਾ ਗੜ੍ਹ ਦੇਣਾ ਤੁੜਾਈਆ । ਬਿਨ ਸੀਸ ਜਗਦੀਸ ਸਾਰੇ ਤੈਨੂੰ ਨੀਵਣ, ਨਿਵ ਨਿਵ ਲਾਗਣ ਪਾਈਆ । ਤੂੰ ਝਗੜਾ ਮੇਟਣਾ ਸਾਢੇ ਤਿੰਨ ਹੱਥ ਕਾਇਆ ਸੀਵਣ, ਸਈਆ ਹੋ ਕੇ ਵੇਖ ਵਖਾਈਆ । ਮੈਂ ਚਾਹੁੰਦੀ ਚਰਨ ਚਰਨੋਦਕ ਸਾਰੇ ਤੇਰਾ ਪੀਵਣ, ਅਨਰਸ ਆਪਣਾ ਦੇਣਾ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੇ ਭਗਤਾਂ ਰਹੀ ਲੋੜ, ਲੁੜੀਂਦੇ ਸਾਜਣ ਦੇਣੀ ਵਡਿਆਈਆ । ਮੇਰੀ ਜਗਤ ਤ੍ਰਿਸ਼ਨਾ ਪੂਰੀ ਕਰਨੀ ਥੋੜ, ਬਹੁਤੀ ਮੰਗ ਨਾ ਕੋਇ ਮੰਗਾਈਆ । ਤੂੰ ਦੋ ਜਹਾਨਾਂ ਸ੍ਰੀ ਭਗਵਾਨਾ ਫਿਰਨ ਵਾਲਾ ਅਗੰਮੇ ਘੋੜ, ਜੋ ਭੱਜੇ ਵਾਹੋ ਦਾਹੀਆ । ਮੇਰੀ ਆਸਾ ਮਨਸਾ ਜਨ ਭਗਤਾਂ ਅੰਦਰੋਂ ਵਿਖ ਕਢਣੀ ਕੌੜ, ਕੁੜੱਤਣ ਰਹਿਣ ਕੋਇ ਨਾ ਪਾਈਆ । ਪੰਜ ਵਿਕਾਰਾ ਏਕੰਕਾਰਾ ਦੇਣਾ ਹੋੜ, ਹੋਕਾ ਦੇਵੇ ਥਾਉਂ ਥਾਈਂਆ । ਸਚ ਦੱਸ ਦੇ ਕਿਸ ਬਿਧ ਤੇਰੇ ਸ਼ਬਦ ਦਾ ਵਜਣਾ ਮੇਰੇ ਸੀਨੇ ਪੌੜ, ਪੌੜੀ ਡੰਡਾ ਨਜ਼ਰ ਕੋਇ ਨਾ ਆਈਆ । ਕਿਸ ਬਿਧ ਖੇਲ ਕਰੇ ਬ੍ਰਾਹਮਣ ਗੌੜ, ਬ੍ਰਹਮਾ ਭੇਵ ਭੇਵ ਕੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰਿਆਂ ਭਗਤਾਂ ਰਹਾਂ ਪੂਜਦੀ, ਪੂਜਣਯੋਗ ਦੇਣੀ ਵਡਿਆਈਆ । ਮੈਨੂੰ

੧੨੧੩
੨੪

ਸੁਰਤੀ ਦੇਣੀ ਸਾਚੀ ਬੂਝ ਦੀ, ਸਮਝ ਸਮਝ ਵਿਚੋਂ ਬਦਲਾਈਆ । ਹਰ ਹਿਰਦਿਉ ਵਾਸਨਾ ਕਢਣੀ ਦੂਜ ਦੀ, ਦੁੱਤੀਆ ਭਾਉ ਨਾ ਕੋਇ ਰਖਾਈਆ । ਮੈਂ ਖੇਲ ਤਕਾਂ ਤੇਰੇ ਸ਼ਬਦ ਗੁਰੂ ਅਵਧੂਤ ਦੀ, ਜੋ ਦੋ ਜਹਾਨਾਂ ਹੁਕਮ ਵਰਤਾਈਆ । ਮੈਂ ਵਣਜਾਰਨ ਤੇਰੀ ਪੰਜ ਤਤ ਕਾਇਆ ਭੂਤ ਦੀ, ਪੰਚਮ ਮੇਲਾ ਮੇਲਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਚਾੜ੍ਹਨਾ ਆਪਣਾ ਰੰਗ, ਰੰਗਤ ਅਗੰਮ ਰੰਗਾਈਆ । ਜੋ ਬਿਨ ਪੈਸੇ ਧੇਲੇ ਤੇਰਾ ਦੇਵੇ ਸੰਗ, ਸਗਲੇ ਸੰਗੀ ਤੇਰੀ ਬੇਪਰਵਾਹੀਆ । ਜੁਗ ਚੌਕੜੀ ਕੇਤੇ ਮੇਰੇ ਉਤੇ ਗਏ ਲੰਘ, ਆਪ ਆਪਣਾ ਪੰਧ ਮੁਕਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਅਗੇ ਹੋਈ ਨਹੀਂ ਮੈਂ ਕਦੇ ਤੰਗ, ਤੰਗਦਸਤ ਨਾ ਕਦੇ ਰਖਾਈਆ । ਅਗੇ ਹਰਿਜਨ ਸਾਚੇ ਨਾਮ ਧਾਰਾ ਨਾਲ ਰੰਗ, ਰੰਗਤ ਕੂੜ ਰਹਿਣ ਨਾ ਪਾਈਆ । ਸਦਾ ਸਦਾ ਸਚ ਤੇਰਾ ਨਾਮ ਵਜੇ ਮਰਦੰਗ, ਧੁਨ ਅਨਾਦੀ ਨਾਦ ਕਰੇ ਸ਼ਨਵਾਈਆ । ਤੇਰਾ ਲਹਿਣਾ ਦੇਣਾ ਲੇਖਾ ਹੋਵੇ ਨਾਲ ਪੰਜ, ਪੰਚਮ ਮੀਤੇ ਦੇਣੀ ਮਾਣ ਵਡਿਆਈਆ । ਨਾ ਕੋਈ ਹਰਖ਼ ਸੋਗ ਨਾ ਰੰਜ, ਚਿੰਤਾ ਚਿਖਾ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਲੇਖੇ ਲਾ ਲੈ ਤਨ ਵਜੂਦ ਮਿੱਟੀ, ਖ਼ਾਕ ਆਪਣੇ ਰੰਗ ਰੰਗਾਈਆ । ਮੈਂ ਤੇਰੇ ਚਰਨ ਕਵਲ ਧਵਲ ਹੋ ਕੇ ਲਿਟੀ, ਲਿਟਾਂ ਖੋਲ੍ਹ ਕੇ ਦਿਆਂ ਦੁਹਾਈਆ । ਤੇਰੀ ਖੇਲ ਅਗੰਮ ਅਥਾਹ ਦੀ ਪ੍ਰਭੂ ਮੇਰੇ
੧੨੧੪ ਉਤੇ ਧਰਮ ਚਲਾ ਦੇ ਹੱਟੀ, ਹਟਵਾਣਾ ਹੋ ਕੇ ਵੇਖ ਵਖਾਈਆ । ਅੰਤ ਅਖ਼ੀਰ ਬੇਨਜ਼ੀਰ ਜਨ ਭਗਤਾਂ ਭਰਨੀ ਪਏ ਨਾ ਚੱਟੀ, ਚੇਟਕ ਆਪਣਾ ੧੨੧੪
੨੪ ਨਾਮ ਦੇਣਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ੨੪
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲੇ ਲਹਿਣੇ ਦੇਣੇ ਪੂਰਬ ਦਿਤੇ ਕਟੀ, ਅਗੇ ਕਟਾਕਸ਼ ਹਰਿਜਨ ਆਪਣਾ ਨਾਮ ਲਗਾਈਆ ।

### ✪ ੫ ਪੋਹ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਨਿਹਾਲ ਬਾਈ ਬਟਾਲਾ ਦੇ ਨਮਿਤ ਪਰਲੋਕ ਸਿਧਾਰਨ ਉਪਰਾਂਤ ✪

ਭਗਤ ਉਧਾਰੇ ਆਪ ਪ੍ਰਭ, ਹਰਿ ਕਰਤਾ ਧੁਰਦਰਗਾਹੀਆ । ਸੰਤ ਉਧਾਰੇ ਆਪ ਪ੍ਰਭ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਗੁਰਮੁਖ ਉਧਾਰੇ ਆਪ ਪ੍ਰਭ, ਪਤਿਪਰਮੇਸ਼ਵਰ ਨੂਰ ਅਲਾਹੀਆ । ਗੁਰਸਿਖ ਉਧਾਰੇ ਆਪ ਪ੍ਰਭ, ਨਿਰਗੁਣ ਨਿਰਵੈਰ ਆਪਣੀ ਕਲ ਵਰਤਾਈਆ । ਹਰਿਜਨ ਉਧਾਰੇ ਆਪ ਪ੍ਰਭ, ਵੇਖਣਹਾਰਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਭਗਤ ਉਧਾਰੇ ਆਪ ਪ੍ਰਭ, ਉਧਾਰਨਹਾਰਾ ਏਕੰਕਾਰ । ਸੰਤ ਉਧਾਰੇ ਆਪ ਪ੍ਰਭ, ਵੇਖੇ ਵਿਗਸੇ ਪਾਵੇ ਸਾਰ । ਗੁਰਮੁਖ ਉਧਾਰੇ ਆਪ ਪ੍ਰਭ, ਲੋਕਮਾਤੀ ਖੇਲ ਨਿਆਰ । ਗੁਰਸਿਖ ਉਧਾਰੇ ਆਪ ਪ੍ਰਭ, ਵੇਖਣਹਾਰਾ ਕਾਇਆ ਮਾਟੀ ਬੰਕ ਦੁਆਰ । ਹਰਿਜਨ ਉਧਾਰੇ ਆਪ ਪ੍ਰਭ, ਜੁਗ ਜੁਗ ਖੇਲ ਸਚੀ ਸਰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ

ਇਕ ਗੁਸਾਈਆਂ । ਭਗਤ ਉਧਾਰੇ ਆਪ ਪ੍ਰਭ, ਆਦਿ ਜੁਗਾਦੀ ਇਕ ਇਕੱਲਾ । ਸੰਤ ਉਧਾਰੇ ਆਪ ਪ੍ਰਭ, ਵੇਖਣਹਾਰਾ ਸਚਖੰਡ ਸਚ ਮਹਲਾ ।
ਗੁਰਮੁਖ ਉਧਾਰੇ ਆਪ ਪ੍ਰਭ, ਪਾਰ ਲੰਘਾਏ ਮਹੀਅਲ ਜਲ ਥਲਾ । ਗੁਰਸਿਖ ਉਧਾਰੇ ਆਪ ਪ੍ਰਭ, ਦੇਵੇ ਮਹਲ ਅਟਲਾ । ਹਰਿਜਨ ਉਧਾਰੇ ਆਪ
ਪ੍ਰਭ, ਦੀਨ ਦੁਨੀ ਮੇਟੇ ਸੱਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਣਹਾਰਾ ਨੇਹਚਲ ਧਾਮ
ਅਵੱਲਾ । ਭਗਤ ਉਧਾਰੇ ਆਪ ਪ੍ਰਭ, ਦੇਵੇ ਨਾਮ ਨਿਧਾਨ । ਸੰਤ ਉਧਾਰੇ ਆਪ ਪ੍ਰਭ, ਬਖ਼ਸ਼ੇ ਸਚ ਅਸਥਾਨ । ਭਗਤ ਉਧਾਰੇ ਆਪ ਪ੍ਰਭ, ਗ੍ਰਹਿ
ਮੰਦਰ ਵੇਖੇ ਆਣ । ਭਗਤ ਉਧਾਰੇ ਆਪ ਪ੍ਰਭ, ਨਾਮ ਸੁਣਾਏ ਸਚੀ ਧੁਨਕਾਨ । ਭਗਤ ਉਧਾਰੇ ਆਪ ਪ੍ਰਭ, ਲੋਕਮਾਤੀ ਕਰ ਪਹਿਚਾਨ । ਭਗਤ
ਉਧਾਰੇ ਆਪ ਪ੍ਰਭ, ਵੇਖਣਹਾਰਾ ਵਾਲੀ ਦੋ ਜਹਾਨ । ਭਗਤ ਉਧਾਰੇ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ
ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਭਗਤ ਉਧਾਰੇ ਆਪ ਪ੍ਰਭ, ਦੀਨ ਦਿਆਲ ਸਦਾ ਬਖ਼ਸ਼ੰਦ । ਭਗਤ ਉਧਾਰੇ ਆਪ ਪ੍ਰਭ,
ਖ਼ੁਸ਼ੀ ਰਖਾਏ ਬੰਦ ਬੰਦ । ਭਗਤ ਉਧਾਰੇ ਆਪ ਪ੍ਰਭ, ਅੰਤਰ ਆਤਮ ਦਏ ਅਨੰਦ । ਭਗਤ ਉਧਾਰੇ ਆਪ ਪ੍ਰਭ, ਸੋਹੰ ਸ਼ਬਦ ਜਪਾਏ ਛੰਦ ।
ਭਗਤ ਉਧਾਰੇ ਆਪ ਪ੍ਰਭ, ਦੂਈ ਦੁਵੈਤੀ ਢਾਹੇ ਕੰਧ । ਭਗਤ ਉਧਾਰੇ ਆਪ ਪ੍ਰਭ, ਆਵਣ ਜਾਵਣ ਮੇਟੇ ਪੰਧ । ਭਗਤ ਉਧਾਰੇ ਆਪ ਪ੍ਰਭ,
ਸਚ ਦੁਆਰਾ ਆਪੇ ਲੰਘ । ਭਗਤ ਉਧਾਰੇ ਆਪ ਪ੍ਰਭ, ਵੇਖਣਹਾਰਾ ਸੇਜ ਪਲੰਘ । ਭਗਤ ਉਧਾਰੇ ਆਪ ਪ੍ਰਭ, ਆਦਿ ਜੁਗਾਦੀ ਚਾੜ੍ਹਨਹਾਰਾ
 ਰੰਗ । ਭਗਤ ਉਧਾਰੇ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰ ਨਿਭਾਏ ਆਪਣਾ ੧੨੧੫
 ਸੰਗ । ਭਗਤ ਉਧਾਰੇ ਆਪ ਪ੍ਰਭ, ਮੰਜ਼ਲ ਚੁਕਾਏ ਵਾਟੀ । ਭਗਤ ਉਧਾਰੇ ਆਪ ਪ੍ਰਭ, ਪਾਰ ਕਰਾਏ ਆਵਣ ਜਾਵਣ ਘਾਟੀ । ਭਗਤ ਉਧਾਰੇ ੨੪
ਆਪ ਪ੍ਰਭ, ਜਨਮ ਮਰਨ ਮੇਟੇ ਪੰਧ ਵਾਟੀ । ਭਗਤ ਉਧਾਰੇ ਆਪ ਪ੍ਰਭ, ਸਚ ਸੇਜ ਸੁਹਾਏ ਆਪਣੀ ਖਾਟੀ । ਭਗਤ ਉਧਾਰੇ ਆਪ ਪ੍ਰਭ, ਲੇਖੇ
ਲਾਏ ਕਾਇਆ ਪੰਜ ਤਤ ਮਾਟੀ । ਭਗਤ ਉਧਾਰੇ ਆਪ ਪ੍ਰਭ, ਜਿਸ ਮਈਆ ਜਨਮ ਦਿਤਾ ਅਮੀਰ ਸਿੰਘ ਗੁਲਾਟੀ । ਭਗਤ ਉਧਾਰੇ ਆਪ ਪ੍ਰਭ,
ਦੁਰਮਤ ਮੈਲ ਦੇਵੇ ਕਾਟੀ । ਭਗਤ ਉਧਾਰੇ ਆਪ ਪ੍ਰਭ, ਆਪੇ ਲੇਖੇ ਲਾਏ ਜੀਵਣ ਜ਼ਿੰਦਗੀ ਹਯਾਤੀ । ਭਗਤ ਉਧਾਰੇ ਆਪ ਪ੍ਰਭ, ਆਪਣੇ ਗ੍ਰਹਿ
ਦੀਪ ਜਗਾਏ ਕਮਲਾਪਾਤੀ । ਭਗਤ ਉਧਾਰੇ ਆਪ ਪ੍ਰਭ, ਲਹਿਣਾ ਦੇਣਾ ਲੇਖਾ ਰਹੇ ਨਾ ਲੋਕਮਾਤੀ । ਭਗਤ ਉਧਾਰੇ ਆਪ ਪ੍ਰਭ, ਦਰਗਾਹ ਸਾਚੀ
ਅੰਮ੍ਰਿਤ ਦੇਵੇ ਬੂੰਦ ਸਵਾਂਤੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮੇਟਣਹਾਰ ਅੰਧੇਰੀ ਰਾਤੀ । ਭਗਤ
ਉਧਾਰੇ ਆਪ ਪ੍ਰਭ, ਜੁਗ ਜੁਗ ਖੇਲ ਅਪਾਰ । ਸੰਤ ਉਧਾਰੇ ਆਪ ਪ੍ਰਭ, ਫੜ ਫੜ ਲਾਏ ਪਾਰ । ਗੁਰਮੁਖ ਉਧਾਰੇ ਆਪ ਪ੍ਰਭ, ਲੱਖ ਚੁਰਾਸੀ
ਵਿਚੋਂ ਕਰੇ ਬਾਹਰ । ਗੁਰਸਿਖ ਉਧਾਰੇ ਆਪ ਪ੍ਰਭ, ਜਮ ਕੀ ਫਾਸੀ ਰਖੇ ਬਾਹਰ । ਹਰਿਜਨ ਉਧਾਰੇ ਆਪ ਪ੍ਰਭ, ਗ੍ਰਹਿ ਦੇਵੇ ਦਰਸ ਅਪਾਰ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਾ ਮੀਤਾ ਏਕੰਕਾਰ । ਭਗਤ ਉਧਾਰੇ ਆਪ ਪ੍ਰਭ, ਆਦਿ
ਜੁਗਾਦੀ ਖੇਲ । ਭਗਤ ਉਧਾਰੇ ਆਪ ਪ੍ਰਭ, ਧੁਰ ਦਾ ਸੱਜਣ ਸੁਹੇਲ । ਭਗਤ ਉਧਾਰੇ ਆਪ ਪ੍ਰਭ, ਮੇਲੇ ਸੰਜੋਗੀ ਮੇਲ । ਭਗਤ ਉਧਾਰੇ ਆਪ
ਪ੍ਰਭ, ਵਖਾਏ ਧਾਮ ਨਵੇਲ । ਭਗਤ ਉਧਾਰੇ ਆਪ ਪ੍ਰਭ, ਰਾਏ ਧਰਮ ਦੀ ਕਟੇ ਜੇਲ । ਭਗਤ ਉਧਾਰੇ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ, ਨਿਰਗੁਣ ਸਰਗੁਣ ਬਣੇ ਸੱਜਣ ਸੁਹੇਲ ।

### ੨੧ ਪੋਹ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਦਰਬਾਰ ਨਿਵਾਸੀ ਨਿਹੰਗ ਸਿੰਘ, ਪ੍ਰੀਤਮ ਸਿੰਘ, ਦਲੀਪ ਸਿੰਘ, ਰਤਨ ਸਿੰਘ ਈਸ਼ਰ ਸਿੰਘ, ਭਾਨ ਸਿੰਘ, ਕਸ਼ਮੀਰ ਸਿੰਘ, ਜੋਗਾ ਸਿੰਘ, ਜਗੀਰ ਸਿੰਘ

ਨਾਰਦ ਕਹੇ ਸੁਣ ਧਰਮ ਧਾਰ ਬਸੁਧਾ, ਧਵਲੇ ਤੈਨੂੰ ਦਿਆਂ ਜਣਾਈਆ । ਨਿਗਾਹ ਮਾਰ ਕੀ ਇਸ਼ਾਰਾ ਦੇ ਕੇ ਗਿਆ ਬੁੱਧਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਕਲਜੁਗ ਅੰਤ ਸ੍ਰੀ ਭਗਵੰਤ ਤੇਰਾ ਭਾਗ ਕਰੇ ਉਦਾ, ਜਿਸ ਦੀ ਉਦੈ ਅਸਤ ਹੋਵੇ ਰੁਸ਼ਨਾਈਆ । ਜੋ ਕਲਜੁਗ ਕੂੜੀ ਕਿਰਿਆ ਵੇਖਣਹਾਰਾ ਮੁੱਦਾ, ਮੁਦਤਾਂ ਦਾ ਮਾਲਕ ਦਇਆ ਕਮਾਈਆ । ਜਿਸ ਸਤਿਜੁਗ ਸਤਿ ਪਰਕਾਸ਼ ਕਰਨਾ ਉਘਾ, ਚਾਰ ਕੁੰਟ ਕੁੰਟ ਰੁਸ਼ਨਾਈਆ ।

ਤੇਰੀ ਜਵਾਨੀ ਜੋਬਨ ਫੇਰ ਹੋਵੇ ਯੁਵਾ, ਬੁਢੇਪਾ ਕਲ ਰਹੇ ਨਾ ਰਾਈਆ । ਦਿਵਸ ਰੈਣ ਅੱਠੇ ਪਹਿਰ ਦਿਸੇ ਅਲਲਸੁਬਹ, ਅੰਮ੍ਰਿਤ ਰਸ ਇਕੋ ਇਕ
੧੨੧੬

ਭਰਾਈਆ । ਦੀਪਕ ਪਰਕਾਸ਼ ਕਰੇ ਜੋਤ ਧਾਰ ਬੁੱਝਾ, ਬਿਨ ਤੇਲ ਬਾਤੀ ਡਗਮਗਾਈਆ । ਜਿਸ ਦੇ ਹੁਕਮ ਵਿਚ ਅਵਤਾਰ ਪੈਗ਼ੰਬਰ ਗੁਰੂ ਰਿਹਾ
੨੪
ਰੁਝਾ, ਰੁਝੇਵਾਂ ਦੀਨ ਮਜ਼੍ਹਬ ਜਣਾਈਆ । ਓਹ ਬਦਲਣਹਾਰਾ ਤੇਰੇ ਉਤੋਂ ਕਲਜੁਗਾ, ਕਲ ਕਾਤੀਆਂ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਸੁਣ ਧਰਨੀ ਧਰਤ, ਧਵਲੇ ਦਿਆਂ ਜਣਾਈਆ । ਆਪਣਾ ਵਾਅਦਾ ਕੌਲ ਇਕਰਾਰ ਤਕ ਲੈ ਸ਼ਰਤ, ਸ਼ਰਅ ਤੋਂ ਬਾਹਰ ਧਿਆਨ ਲਗਾਈਆ । ਤੇਰਾ ਸੁਆਮੀ ਠਾਕਰ ਬੇਪਰਵਾਹੀ ਆਇਆ ਪਰਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦਾ ਖੇਲ ਸਦਾ ਉਤੇ ਅਰਸ਼, ਅਰਸ਼ੀ ਪ੍ਰੀਤਮ ਧੁਰਦਰਗਾਹੀਆ । ਸਤਿ ਪਿਆਰ ਮੁਹੱਬਤ ਮੇਘ ਰਿਹਾ ਬਰਸ, ਨਾਮ ਨਿਧਾਨਾ ਰਸ ਟਪਕਾਈਆ । ਉਸ ਦਾ ਖ਼ੁਸ਼ੀਆਂ ਵਾਲਾ ਬਰਸ, ਬਰਸੀ ਛੱਬੀ ਪੋਹ ਵਡਿਆਈਆ । ਜਨ ਭਗਤਾਂ ਉਤੇ ਕਰੇ ਤਰਸ, ਰਹਿਮਤ ਆਪਣਾ ਨਾਮ ਦਰਸਾਈਆ । ਸਭ ਦੀ ਪੂਰਬ ਮੇਟੇ ਹਰਸ, ਜਨਮ ਜਨਮ ਦਾ ਲੇਖਾ ਝੋਲੀ ਪਾਈਆ । ਮਾਣ ਦੇਵੇ ਉਤੇ ਫ਼ਰਸ਼, ਫ਼ਰਸ਼ੇ ਖ਼ਾਕੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਧਰਨੀਏ ਧਵਲੇ ਲੈ ਸੁਣ, ਅਣਸੁਣਤ ਦਿਆਂ ਜਣਾਈਆ । ਸਾਚੇ ਸਾਹਿਬ ਦੇ ਤਕ ਲਓ ਗੁਣ, ਗੁਣ ਨਿਧਾਨ ਬੇਪਰਵਾਹੀਆ । ਜੋ ਲੱਖ ਚੁਰਾਸੀ ਕਰੇ ਛਾਣ ਪੁਣ, ਖੋਜੇ ਥਾਉਂ ਥਾਈਂਆ । ਵੇਖ ਵਖਾਏ ਰਿਖ ਮੁਨ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਉਸ ਦਾ ਭੇਵ ਜਾਣੇ ਕਵਣ ਗੁਣ, ਕਹਿਣ ਕਿਛ ਨਾ ਪਾਈਆ । ਜੋ ਉਪਜਾਵਣਹਾਰਾ ਸਾਚੀ ਧੁਨ, ਧੁਨ ਆਤਮਕ ਰਾਗ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਨਾਰਦ ਕਹੇ ਤੈਨੂੰ ਸਾਰੇ ਕਹਿੰਦੇ ਧੌਲ, ਧਰਮ ਧਾਰ ਜਣਾਈਆ । ਤੂੰ ਆਪਣਾ ਤਕ ਲੈ ਕੌਲ, ਇਕਰਾਰਨਾਮਾ ਵੇਖ ਵਖਾਈਆ । ਕਿਸ ਬਿਧ ਜਨ ਭਗਤਾਂ ਅੰਤਰ ਰਸ ਮਿਲੇ ਪਾਹੁਲ, ਬਿਨ ਰਸਨਾ ਰਸ ਚਖਾਈਆ । ਕਿਸ ਬਿਧ ਪਰਮ ਪੁਰਖ ਹਿਰਦੇ ਜਾਏ ਮੌਲ, ਮੌਲਾ ਆਪਣਾ ਖੇਲ ਖਿਲਾਈਆ । ਜਿਸ ਦਾ ਭੇਵ ਕੋਈ ਪਾ ਸਕੇ ਨਾ ਰੌਲ, ਗਿਣਤੀ ਗਣਤ ਨਾ ਕੋਇ ਗਿਣਾਈਆ । ਓਹ ਤੇਰਾ ਲਹਿਣਾ ਦੇਣਾ ਕਲਜੁਗ ਕੂੜਾ ਭਾਰ ਕਰੇ ਹੌਲ, ਹੌਲੀ ਹੌਲੀ ਆਪਣਾ ਖੇਲ ਖਿਲਾਈਆ । ਜਿਸ ਦਾ ਇਸ਼ਾਰਾ ਦੇ ਕੇ ਗਿਆ ਕ੍ਰਿਸ਼ਨਾ ਸਾਂਵਲ ਸੁੰਦਰ ਸੌਲ, ਸਾਂਵਰੀਆ ਹੋ ਕੇ ਭੇਵ ਖੁਲ੍ਹਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਤੇਰਾ ਖੇਲ ਵੇਖੇ ਅਡੋਲ, ਅਡੁਲ ਡੁਲ ਕਦੇ ਨਾ ਜਾਈਆ । ਤੂੰ ਕੋਝੀ ਕਮਲੀ ਰਹੀਂ ਨਾ ਮੂਲ ਅਨਭੋਲ, ਸੁਤੀਏ ਲੈ ਅੰਗੜਾਈਆ । ਓਹ ਸਚ ਤਰਾਜ਼ੂ ਤੇਰੇ ਉਤੇ ਤੋਲੇ ਤੋਲ, ਨਾਮ ਕੰਢਾ ਹੱਥ ਉਠਾਈਆ । ਜਿਸ ਨੇ ਸਚ ਦੁਆਰਾ ਲਿਆ ਖੋਲ੍ਹ, ਭਗਤ ਦੁਆਰੇ ਸੋਭਾ ਪਾਈਆ । ਜਿਸ ਦਾ ਆਤਮ ਪਰਮਾਤਮ ਧੁਰ ਦਾ ਸਾਚਾ ਬੋਲ, ਅਨਬੋਲਤ ਰਾਗ ਦ੍ਰਿੜਾਈਆ । ਸੋ ਸੁਆਮੀ ਅੰਤਰਜਾਮੀ ਜਨ ਭਗਤਾਂ ਕਰੇ ਚੋਹਲ, ਚੋਲਾ ਕਾਇਆ ਮਾਟੀ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਖੇਲ ਤਕ ਪੁਰਖ ਸਮਰਾਥਾ, ਕੀ ਕਰਤਾ ਖੇਲ ਖਿਲਾਈਆ । ਜਿਸ ਦਾ ਲਹਿਣਾ ਦੇਣਾ ਜੁਗ ਜੁਗ ਹੱਥੇ ਹਾਥਾ, ਜਗਤ ਉਧਾਰ ਨਾ ਕੋਇ ਰਖਾਈਆ । ਓਹ ਸਦਾ ਸੁਹੇਲਾ ਜਨ ਭਗਤਾਂ ਦੇਵੇ ਸਾਥਾ, ਸਗਲਾ ਸੰਗੀ ਇਕ ਅਖਵਾਈਆ । ਜੋ ਸਦਾ ਸਦਾ ਸਹਾਇਕ ਹੋਵੇ ਅਨਾਥ ਅਨਾਥਾ, ਗ਼ਰੀਬ ਨਿਮਾਣਿਆਂ ਦਏ ਵਡਿਆਈਆ । ਜੁਗ ਚੌਕੜੀ ਚਲਾਵਣਹਾਰਾ ਰਾਥਾ, ਰਥ ਰਥਵਾਹੀ ਧੁਰਦਰਗਾਹੀਆ । ਸੋ ਸਾਹਿਬ ਸੁਆਮੀ ਛੱਬੀ ਪੋਹ ਜਨ ਭਗਤਾਂ ਦੇਵੇ ਸਾਥਾ, ਸਗਲਾ ਸੰਗੀ ਇਕ ਹੋ ਆਈਆ । ਜਿਸ ਦਾ ਸੰਦੇਸ਼ਾ ਦੇ ਕੇ ਗਿਆ ਤ੍ਰੈਲੋਕੀ ਨਾਥਾ, ਕਾਹਨਾ ਕਾਹਨ ਕਾਹਨ ਵਡਿਆਈਆ । ਜਿਸ ਦੀ ਸ਼ਬਦੀ ਧਾਰ ਅਗੰਮੀ ਗਾਥਾ, ਲਿਖਣ ਪੜ੍ਹਨ ਵਿਚ ਕਦੇ ਨਾ ਆਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਦੇਵੇ ਦਰਸ ਹਰਿਜਨ ਸਗਲ ਵਸੂਰੇ ਜਾਏ ਲਾਥਾ, ਸੰਤਾਪ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਧਰਨੀਏ ਆਪਣੇ ਗ੍ਰਿਹ ਤਕ ਭਗਤ ਦੁਆਰ, ਜਨ ਭਗਤ ਸੁਹੇਲੇ ਸੋਭਾ ਪਾਈਆ । ਜਿਨ੍ਹਾਂ ਦਾ ਪੂਰਬ ਲਹਿਣਾ ਦੇਣਾ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੰਗ ਬਣਾਈਆ । ਓਹ ਸਤਿ ਸਚ ਦੇ ਬਣਕੇ ਸੇਵਾਦਾਰ, ਦਿਵਸ ਰੈਣ ਸੇਵ ਕਮਾਈਆ । ਅੰਤਰ ਅੰਤਰ ਸਚ ਪ੍ਰੀਤੀ ਕਰਨ ਪਿਆਰ, ਪ੍ਰੀਤਮ ਮਿਲ ਕੇ ਖ਼ੁਸ਼ੀ ਬਣਾਈਆ । ਮੈਂ ਚਾਹੁੰਦਾ, ਧਰਨੀ, ਤੂੰ ਉਨ੍ਹਾਂ ਦੇ ਜਾਵੀਂ ਬਲਹਾਰ, ਬਲ ਬਲ ਆਪਣਾ ਆਪ ਕਰਾਈਆ । ਖ਼ੁਸ਼ੀਆਂ ਨਾਲ ਕਰੀਂ ਇਜ਼ਹਾਰ, ਸੋਹਣੇ ਢੋਲੇ ਗਾਈਆ । ਨਾਰਦ ਕਹੇ ਮੈਂ ਵੀ ਕਰਾਂ ਜੈ ਜੈਕਾਰ, ਢੋਲਾ ਇਕ ਸੁਣਾਈਆ । ਧਰਨੀ ਕਹੇ ਨਾਰਦਾ, ਉਨ੍ਹਾਂ ਦੀ ਧੂੜੀ ਮੇਰੀ ਛਾਰ, ਮੇਰੇ ਮਸਤਕ ਵਜੇ ਵਧਾਈਆ । ਮੈਂ ਚਾਹੁੰਦੀ ਹਰਿ ਭਗਤ ਦੁਆਰ ਰਹਿਣ ਵਾਲੇ ਭਗਤਾਂ ਦੇ ਗਲ ਵਿਚ ਇਕ ਇਕ ਹੋਵੇ ਹਾਰ, ਛੱਬੀ ਪੋਹ ਆਪਣੀ ਰੁਤ ਸੁਹਾਈਆ । ਮਸਤਕ ਖੰਡੇ ਦੀ ਛੋਹੀ ਹੋਵੇ ਧਾਰ, ਖੜਗਾਂ ਵੰਡ ਨਾ ਕੋਇ ਵੰਡਾਈਆ । ਤੂੰ ਮੇਰਾ ਮੈਂ ਤੇਰਾ ਬੋਲਦੇ ਹੋਣ ਜੈਕਾਰ, ਤੂੰ ਹੀ ਤੂੰ ਹੀ ਢੋਲਾ ਗਾਈਆ । ਹਰਿ ਸੰਗਤ ਦੇ ਹੋਵਣ ਵਿਚ ਅਧਕਾਰ, ਅਧ

੧੨੧੮
੨੪

ਵਿਚ ਆਪਣਾ ਖੇਲ ਖਿਲਾਈਆ । ਨਾਰਦ ਕਹੇ ਧਰਨੀਏ ਮੈਂ ਵੀਂ ਵੇਖਾਂ ਜ਼ਰੂਰ ਵਿਵਹਾਰ, ਦੂਰ ਦੁਰਾਡਾ ਪੰਧ ਮੁਕਾਈਆ । ਧਰਨੀ ਕਹੇ ਮੈਂ ਵੀ ਕਰਾਂ ਇੰਤਜ਼ਾਰ, ਬਿਨ ਅੱਖਾਂ ਅੱਖ ਖੁਲ੍ਹਾਈਆ । ਦੋਹਾਂ ਦਾ ਵਾਅਦਾ ਇਕ ਇਕਰਾਰ, ਕੌਲ ਛੱਬੀ ਪੋਹ ਜਣਾਈਆ । ਇਹ ਵੇਲਾ ਸੋਹਣਾ ਹੋਵੇ ਵਕ਼ਤ ਚਾਰ, ਚਾਰ ਚਾਰ ਦਾ ਸੰਗ ਬਣਾਈਆ । ਵੰਡ ਨਹੀਂ ਕੋਈ ਪੁਰਖ ਨਾਰ, ਬਿਰਧ ਬਾਲ ਹਿੱਸਾ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰ ਸਚ ਪਿਆਰ, ਪ੍ਰੀਤਮ ਹੋ ਕੇ ਆਪਣਾ ਰੰਗ ਰੰਗਾਈਆ ।

## ✪ ੨੬ ਪੋਹ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਦੇ ਸਮੇਂ ✪

ਛੱਬੀ ਪੋਹ ਕਹੇ ਮੇਰੀ ਭਿੰਨੜੀ ਰੈਣ ਆਈ ਸ਼ਬ, ਸ਼ਬੇਰੋਜ਼ ਜਨ ਭਗਤਾਂ ਦਿਆਂ ਵਡਿਆਈਆ । ਮਿਹਰਵਾਨ ਨੌਜਵਾਨ ਸ੍ਰੀ ਭਗਵਾਨ ਮੇਰੇ ਉਤੇ ਕਿਰਪਾ ਕਰ ਦੇ ਹਬ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਆਪਣੀ ਦਇਆ ਕਮਾਈਆ । ਤੂੰ ਨੂਰ ਅਲਾਹ ਅਗੰਮ ਅਥਾਹ ਬੇਪਰਵਾਹੀ ਰੱਬ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਆਸ ਰਖਾਈਆ । ਮੈਂ ਜੁਗ ਚੌਕੜੀ ਪੂਰਬ ਵੇਖੇ ਸਭ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਧਿਆਨ ਲਗਾਈਆ । ਤੇਰਾ ਨੂਰ ਜ਼ਹੂਰ ਤਕਦਾ ਰਿਹਾ ਜਲਵਾਗਰ ਨਾਲ ਸਬਬ, ਜਿਸ ਦਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਪੁਰਖ ਅਕਾਲ ਕਹੇ ਸੁਣ ਪੋਹ ਛੱਬੀ ਮੇਰੇ ਦੁਲਾਰੇ ਸੁਤ, ਸੁੱਤਿਆ ਲੈ ਅੰਗੜਾਈਆ । ਜ਼ਰਾ ਖੇਡ ਤਕ ਅਬਿਨਾਸ਼ੀ ਅਚੁਤ, ਚੇਤਨ ਦੋ ਜਹਾਨ ਕਰਾਈਆ । ਜਿਸ ਦੀ ਧਰਮ ਧਾਰ ਦੀ ਮੌਲਣੀ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਜਿਸ ਇਕੋ ਉਠਾਣਾ ਬਿਨ ਤਤਾਂ ਤੋਂ ਸ਼ਬਦ ਦੁਲਾਰਾ ਸੁਤ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜੋ ਲੱਖ ਚੁਰਾਸੀ ਵੇਖੇ ਖ਼ਾਨਾ ਬੁਤ, ਤਨ ਵਜੂਦਾਂ ਫੋਲ ਫੁਲਾਈਆ । ਜਿਸ ਦਾ ਲਹਿਣਾ ਦੇਣਾ ਨਾਲ ਅਬਿਨਾਸ਼ੀ ਅਚੁਤ, ਨਿਰਗੁਣ ਆਪਣਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਕਹੇ ਮੇਰੇ ਸ਼ਬਦ ਦੁਲਾਰੇ ਦੂਲੇ, ਬਿਨ ਤਤਾਂ ਲੈ ਅੰਗੜਾਈਆ । ਹੁਕਮ ਸੁਣਨਾ ਕੰਤ ਕੰਤੂਹਲੇ, ਹਰਿ ਕਰਤਾ ਕੀ ਸੁਣਾਈਆ । ਜਿਸ ਨੂੰ ਜੁਗ ਚੌਕੜੀ ਕਦੇ ਨਾ ਭੁਲੇ, ਨਵ ਨਵ ਚਾਰ ਦਏ ਗਵਾਹੀਆ । ਜਿਸ ਦਾ ਆਦਿ ਜੁਗਾਦਿ ਇਕ ਅਸੂਲੇ, ਦੂਸਰ ਹੁਕਮ ਨਾ ਕਇ ਬਦਲਾਈਆ । ਓਹ ਮਾਲਕ ਕੰਤ ਕਤੂਹਲੇ, ਨਿਰਗੁਣ ਨੂਰ ਨੂਰ ਅਲਾਹੀਆ । ਜਿਸ ਤੈਨੂੰ ਝੁਲਾਏ ਆਪਣੇ ਝੂਲੇ, ਬਿਨ ਜਨਣੀ ਗੋਦ ਟਿਕਾਈਆ । ਜਿਸ ਦੇ ਹੁਕਮ ਵਿਚ ਵਿਸ਼ਨ ਬ੍ਰਹਮਾ ਸ਼ਿਵ ਫੂਲੇ, ਮਹਿਕ ਆਪਣੇ ਵਿਚੋਂ ਮਹਿਕਾਈਆ । ਸਾਚੀ ਬਖ਼ਸ਼ ਚਰਨ ਦੀ ਧੂਲੇ, ਧੂੜੀ ਟਿੱਕੇ ਖ਼ਾਕ ਰਮਾਈਆ । ਧੁਰ ਦਾ ਖੇਲ ਦੱਸ ਮਾਕੂਲੇ, ਸਚ ਫ਼ਰਮਾਨਾ ਇਕ ਸੁਣਾਈਆ । ਉਨ੍ਹਾਂ ਕਿਰਪਾ ਨਾਲ ਤ੍ਰੈਗੁਣ ਮਾਇਆ ਪੰਜ ਤਤ ਵਸੂਲੇ, ਬਖ਼ਸ਼ਿਸ਼ ਰਹਿਮਤ ਧੁਰ ਦੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਛੱਬੀ ਪੋਹ ਕਹੇ ਮੇਰੇ

ਪਰਮ ਪੁਰਖ ਜੇ ਸਤਿਗੁਰ ਤੇਰਾ ਸ਼ਬਦ ਦੁਲਾਰਾ, ਸ਼ਬਦੀ ਸ਼ਬਦ ਇਕ ਅਖਵਾਈਆ । ਜਿਸ ਦਾ ਅੰਤ ਨਾ ਪਾਰਾਵਾਰਾ, ਬੇਅੰਤ ਰੂਪ ਅਲਾਹੀਆ । ਜਿਸ ਦਾ ਇਕੋ ਤੂੰ ਹੀ ਕੰਤ ਭਤਾਰਾ, ਦੂਜਾ ਸੰਗ ਨਾ ਕੋਇ ਰਖਾਈਆ । ਜੋ ਵਸੇ ਨਿਹਚਲ ਧਾਮ ਨਿਆਰਾ, ਸਚਖੰਡ ਸਾਚੇ ਸੋਭਾ ਪਾਈਆ । ਜਿਸ ਦਾ ਨੂਰ ਤੇਰੀ ਜੋਤ ਉਜਿਆਰਾ, ਜ਼ਹੂਰ ਇਕੋ ਇਕ ਪਰਗਟਾਈਆ । ਜਿਸ ਦਾ ਲਹਿਣਾ ਦੇਣਾ ਅਗੰਮ ਅਪਾਰਾ, ਅਪਰੰਪਰ ਇਹ ਤੇਰੀ ਬੇਪਰਵਾਹੀਆ । ਜਿਸ ਨੇ ਤੈਨੂੰ ਮਿਤਰ ਬਣਾਇਆ ਯਾਰਾ, ਸਾਜਣ ਸਚ ਸੁਣਾਈਆ । ਓਹ ਖੇਲੇ ਖੇਲ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਦਏ ਗਵਾਹੀਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਤੇਰੀ ਚਲਦੀ ਰਹੀ ਧਾਰਾ, ਲੱਖ ਚੁਰਾਸੀ ਖੇਲ ਖਿਲਾਈਆ । ਰੂਪ ਧਰਦਾ ਰਿਹੋਂ ਪੈਗ਼ੰਬਰ ਗੁਰ ਅਵਤਾਰਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਨਾਮ ਸ਼ਬਦ ਦਾ ਦੇਂਦਾ ਰਿਹੋਂ ਸਹਾਰਾ, ਕਲਮਿਆਂ ਨਾਲ ਵਡਿਆਈਆ । ਗ੍ਰੰਥ ਸ਼ਾਸਤਰਾਂ ਕਰਦਾ ਰਿਹੋਂ ਮਜ਼ਾਹਰਾ, ਸਿਫ਼ਤਾਂ ਸਿਫ਼ਤ ਵਡਿਆਈਆ । ਅੱਖਰਾਂ ਨਾਲ ਬੋਲ ਜੈਕਾਰਾ, ਢੋਲੇ ਰਾਗ ਦ੍ਰਿੜਾਈਆ । ਆਪ ਫੇਰ ਵਸ ਕੇ ਸਭ ਤੋਂ ਬਾਹਰਾ, ਭੇਵ ਅਭੇਦਾ ਇਕ ਛੁਪਾਈਆ । ਛੱਬੀ ਪੋਹ ਕਹੇ ਮੈਂ ਕਰਾਂ ਨਿਮਸਕਾਰਾ, ਨਿਵ ਨਿਵ ਸੀਸ ਝੁਕਾਈਆ । ਅੱਜ ਮੇਰਾ ਉੱਤਮ ਸ੍ਰੇਸ਼ਟ ਨੌ ਸੌ ਚੁਰਾਨਮੇ ਚੌਕੜੀ ਜੁਗ ਤੋਂ ਬਾਦ ਤਿਉਹਾਰਾ, ਦਿਵਸ ਆਪਣਾ ਰੰਗ ਰੰਗਾਈਆ । ਇਕ ਹੁਕਮ ਸੰਦੇਸ਼ਾ ਦੇ ਦੇ ਬਿਨ ਰਸਨਾ ਜਿਹਵਾ ਕਰ ਇਸ਼ਾਰਾ, ਬਿਨ ਲੋਚਣ ਨੈਣ ਨੈਣ ਸਮਝਾਈਆ । ਤੂੰ ਸ਼ਾਹੋ ਭੂਪ ਮੇਰਾ ਨਿਰੰਕਾਰਾ, ਨਿਰਵੈਰ ਪੁਰਖ ਅਲਾਹੀਆ । ਜਿਸ ਤਰਹ ਆਦਿ ਜੁਗਾਦਿ ਜੁਗ ਚੌਕੜੀ ਤੂੰ ਬਦਲਦਾ
੧੨੧੯ ਰਿਹੋਂ ਦੋਬਾਰਾ, ਦੋਹਰੀ ਆਪਣੀ ਖੇਲ ਖਿਲਾਈਆ । ਮੈਂ ਨਿਵ ਨਿਵ ਕਰਾਂ ਨਿਮਸਕਾਰਾ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਜੋਤੀ ੧੨੧੯
੨੪ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਛੱਬੀ ਪੋਹ ਕਹੇ ਮੇਰੇ ਭਗਵਾਨਾ, ੨੪
ਭਗਵਨ ਤੇਰੀ ਬੇਪਰਵਾਹੀਆ । ਮੈਂ ਖ਼ੁਸ਼ੀਆਂ ਨਾਲ ਮੰਗਾਂ ਦਾਨਾ, ਦਾਤੇ ਦਾਨੀ ਦੇਣਾ ਵਰਤਾਈਆ । ਤੂੰ ਮਾਲਕ ਰਹੀਮ ਰਹਿਮਾਨਾ, ਨੂਰ ਨੁਰਾਨਾ ਨੂਰ ਅਲਾਹੀਆ । ਤੂੰ ਸ਼ਾਹੋ ਭੂਪ ਸੁਲਤਾਨਾ, ਸ਼ਹਿਨਸ਼ਾਹ ਅਗੰਮ ਅਥਾਹੀਆ । ਜੋਧਾ ਸੂਰਬੀਰ ਮਰਦਾਨਾ, ਭੈ ਸਭ ਨੂੰ ਰਿਹਾ ਜਣਾਈਆ । ਲੱਖ ਚੁਰਾਸੀ ਤੇਰਾ ਖੇਲ ਮਹਾਨਾ, ਮਹਿਮਾ ਕਥ ਕਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਛੱਬੀ ਪੋਹ ਕਹੇ ਮੇਰੇ ਪਰਮ ਪੁਰਖ ਸਮਰਥ, ਸਾਹਿਬ ਤੇਰੀ ਸਰਨਾਈਆ । ਮੇਰੇ ਵੇਖ ਲੈ ਖ਼ਾਲੀ ਹੱਥ, ਵਸਤ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜ ਦਾ ਚਲਦਾ ਰਥ, ਰਥਵਾਹੀ ਤੇਰਾ ਹੁਕਮ ਮੰਨੇ ਚਾਈਂ ਚਾਈਆ । ਜੋ ਤੇਰੇ ਪਿਆਰ ਵਿਚ ਤੇਰੇ ਸਥਰ ਗਿਆ ਲਥ, ਯਾਰੜੇ ਸੇਜ ਹੰਢਾਈਆ । ਓਸ ਦੀ ਓਸ ਨੂੰ ਦੇ ਦੇ ਵਥ, ਵਸਤ ਆਪਣੀ ਆਪ ਵਰਤਾਈਆ । ਮੈਂ ਤੈਨੂੰ ਖ਼ੁਸ਼ੀਆਂ ਨਾਲ ਟੇਕਾਂ ਮੱਥ, ਮਸਤਕ ਧੂੜੀ ਖ਼ਾਕ ਰਮਾਈਆ । ਨੇਤਰ ਨੀਰ ਵਹਾਵਾਂ ਅੱਥ, ਹੰਝੂਆਂ ਹਾਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਧੁਰਦਰਗਾਹੀਆ । ਛੱਬੀ ਪੋਹ ਕਹੇ ਪ੍ਰਭੂ ਮੈਂ ਦਰ ਦਾ ਬਣਿਆ ਭਿਖਾਰੀ, ਭਿੱਖਕ ਹੋ ਕੇ ਝੋਲੀ ਡਾਹੀਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਆਈ ਤੇਰੀ ਵਾਰੀ, ਵਾਹਵਾ ਤੇਰੀ ਬੇਪਰਵਾਹੀਆ । ਅਵਤਾਰ ਪੈਗ਼ੰਬਰ ਗੁਰੂ ਕਰ ਕੇ ਗਏ ਇਸ਼ਾਰੀ, ਸੈਨਤ ਤੇਰਾ ਨਾਮ ਲਗਾਈਆ । ਭੇਵ ਅਭੇਦਾ ਖੋਲ੍ਹ ਕੇ ਗਏ ਤੂੰ ਕਲਕੀ ਅਵਤਾਰੀ, ਅਕਲ ਕਲ ਆਪਣੀ ਖੇਲ ਖਿਲਾਈਆ । ਲਹਿਣਾ ਦੇਣਾ

ਜੁਗ ਚੌਕੜੀ ਸਭ ਦਾ ਦੇਵੇ ਵਾਰੋ ਵਾਰੀ, ਵਾਰਸ ਹੋ ਕੇ ਵੇਖ ਵਖਾਈਆ । ਮੈਂ ਤੇਰੇ ਚਰਨ ਧੂੜ ਲਾਵਾਂ ਛਾਰੀ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਮੇਰੀ ਇਕ ਬੇਨੰਤੀ ਇਕੋ ਵਾਰ ਨਿਮਸਕਾਰੀ, ਡੰਡਾਵਤ ਕਹਿ ਕੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰੇ ਆਸ ਰਖਾਈਆ । ਛੱਬੀ ਪੋਹ ਕਹੇ ਪ੍ਰਭੂ ਮੇਰੀ ਇਕੋ ਇਕ ਅਰਜ਼ੋਈ, ਅਰਜ਼ ਆਰਜ਼ੂ ਤੇਰੇ ਚਰਨ ਟਿਕਾਈਆ । ਤੁਧ ਬਿਨ ਅਵਰ ਨਾ ਦੀਸੇ ਕੋਈ, ਦੂਤੀਆ ਭਾਓ ਨਜ਼ਰ ਕੋਇ ਨਾ ਆਈਆ । ਦੋ ਜਹਾਨ ਮਿਲੇ ਨਾ ਢੋਈ, ਸਿਰ ਹੱਥ ਨਾ ਕੋਇ ਟਿਕਾਈਆ । ਸਾਰੇ ਤੇਰੇ ਨਾਮ ਦੀ ਪਾ ਕੇ ਗਏ ਦਰੋਹੀ, ਦੋ ਜਹਾਨਾਂ ਵੇਖ ਵਖਾਈਆ । ਤੁਧ ਬਿਨ ਮੇਰੀ ਆਸਾ ਪੂਰੀ ਕਦੇ ਨਾ ਹੋਈ, ਹੋਕਾ ਦੇ ਕੇ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੇ ਦਿਵਸ ਖ਼ੁਸ਼ੀ ਬਣਾਈਆ । ਛੱਬੀ ਪੋਹ ਕਹੇ ਪ੍ਰਭੂ ਵਿਸ਼ਨ ਬ੍ਰਹਮਾ ਸ਼ਿਵ ਦੇ ਦੇ ਸੱਦਾ, ਸਦਕੇ ਵਾਰੀ ਘੋਲ ਘੁਮਾਈਆ । ਤੇਈ ਅਵਤਾਰ ਤੇਰੇ ਹੁਕਮ ਵਿਚ ਆਵੇ ਬੱਧਾ, ਸਿਰ ਸਕੇ ਨਾ ਕੋਇ ਉਠਾਈਆ । ਪੈਗ਼ੰਬਰਾਂ ਇਕ ਆਵਾਜ਼ ਦੇਣੀ ਇਕੋ ਸੁਣਾਉਣਾ ਨੱਦਾ, ਧੁਨ ਧੁਨੀਉਂ ਬਾਹਰ ਜਣਾਈਆ । ਗੁਰੂ ਗੁਰਦੇਵ ਆਉਣ ਸਚ ਦੁਆਰੇ ਆਪਣੀ ਜਗਹ, ਬਿਨ ਕ਼ਦਮਾਂ ਕ਼ਦਮ ਉਠਾਈਆ । ਦੇਵਤ ਸੁਰ ਤੇਰੀ ਸਰਨੀ ਹੋਵੇ ਲੱਗਾ, ਇੰਦ ਇੰਦਰਾਸਣ ਸਰਬ ਤਜਾਈਆ । ਇਕੋ ਸ਼ਬਦ ਨਗਾਰਾ ਸਭ ਦਾ ਹੋਵੇ ਵਜਾ, ਦੂਜਾ ਨਾਦ ਨਾ ਕੋਇ ਸ਼ਨਵਾਈਆ । ਜੁਗ ਚੌਕੜੀ ਜੋ ਤੇਰੀ ਕਰ ਕੇ ਗਏ ਗਜਾ, ਦਰ ਦਰ ਮੰਗ ਕੇ ਖ਼ੁਸ਼ੀ ਬਣਾਈਆ ।
੧੨੨੦ ਤੇਰੇ ਹੁਕਮ ਦੀ ਮੰਨਦੇ ਰਹੇ ਰਜ਼ਾ, ਰਾਜ਼ਕ ਰਿਜ਼ਕ ਰਹੀਮ ਤੇਰੀ ਬੇਪਰਵਾਹੀਆ । ਮੈਂ ਅੱਜ ਓਨ੍ਹਾਂ ਦੇ ਬਚਨਾਂ ਦਾ ਲੈਣਾ ਚਾਹੁੰਦਾ ਮਜ਼ਾ, ਬਿਨ ਰਸਨਾ ੧੨੨੦
੨੪ ਰਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਪੁਰਖ ੨੪
ਅਕਾਲ ਕਹੇ ਛੱਬੀ ਪੋਹ ਸਤਿਗੁਰ ਸ਼ਬਦ ਮੇਰਾ ਸੂਰਬੀਰ, ਬਲਧਾਰੀ ਇਕ ਅਖਵਾਈਆ । ਜਿਸ ਦੇ ਕੋਲ ਮੇਰੇ ਨਾਮ ਦਾ ਅਣਿਆਲਾ ਤੀਰ, ਦੋ ਜਹਾਨ ਚਲਾਈਆ । ਜਿਸ ਦੇ ਹੁਕਮ ਵਿਚ ਅਵਤਾਰ ਪੈਗ਼ੰਬਰ ਪੀਰ, ਗੁਰੂ ਗੁਰਦੇਵ ਸੇਵ ਕਮਾਈਆ । ਜੋ ਸਭ ਨੂੰ ਦੇਵਣਹਾਰਾ ਧੀਰ, ਧੀਰਜਵਾਨ ਇਕ ਅਖਵਾਈਆ । ਜਿਸ ਦੇ ਕੋਲ ਹਕ ਤਦਬੀਰ, ਤਰੀਕਾ ਸਮਝ ਕੋਇ ਨਾ ਪਾਈਆ । ਮੈਂ ਉਸ ਨੂੰ ਇਕੋ ਵਾਰ ਦੇ ਛਡੀ ਵਾਦ ਅਸ਼ੀਰ, ਸਿਰ ਆਪਣਾ ਹੱਥ ਟਿਕਾਈਆ । ਜਿਸ ਨੇ ਕਲਜੁਗ ਕਰਨਾ ਅੰਤ ਅਖ਼ੀਰ, ਆਪ ਆਪਣਾ ਖੇਲ ਖਿਲਾਈਆ । ਸਤਿ ਸਚ ਕਰਨਾ ਤਾਮੀਰ, ਮਹਲ ਅਟਲ ਇਕ ਵਡਿਆਈਆ । ਦੀਨ ਦੁਨੀ ਬਦਲਣੀ ਜ਼ਮੀਰ, ਅੰਤਰ ਨਿਰੰਤਰ ਵੇਖ ਵਖਾਈਆ । ਜਿਸ ਦੇ ਕੋਲ ਮੇਰੇ ਹੁਕਮ ਦੀ ਸ਼ਮਸ਼ੀਰ, ਸ਼ਰਅ ਦਾ ਲੇਖਾ ਦਏ ਮੁਕਾਈਆ । ਜਿਸ ਦੀ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜਗੀਰ, ਜਗਹ ਜਗਹ ਆਪਣਾ ਹੁਕਮ ਵਰਤਾਈਆ । ਓਹ ਸਭ ਦੀ ਬਦਲਣਹਾਰਾ ਤਕਦੀਰ, ਤਕੱਬਰ ਦੀਨ ਦੁਨੀ ਮਿਟਾਈਆ । ਜਿਸ ਨੇ ਪਿਛਲੀ ਕੀਤੀ ਉਤੇ ਮਾਰਨੀ ਲਕੀਰ, ਲਾਇਨ ਐਨ ਦੇਣੀ ਵਖਾਈਆ । ਧਰਨੀ ਧਰਤ ਧਵਲ ਧੌਲ ਰਹਿਣ ਨਹੀਂ ਦੇਣਾ ਖ਼ਮੀਰ, ਅਸਲ ਅਸਲ ਵਿਚੋਂ ਪਰਗਟਾਈਆ । ਜਿਸ ਦਾ ਇਕੋ ਪ੍ਰੇਮ ਦਾ ਬਸਤਰ ਹੋਣਾ ਚੀਰ, ਚਿਰੀ ਵਿਛੁੰਨਿਆਂ ਲਏ ਮਿਲਾਈਆ । ਛੱਬੀ ਪੋਹ ਕਹੇ ਮੈਂ ਆਪਣੇ ਨੱਕ ਨਾਲ ਕੱਢਾਂ ਲਕੀਰ, ਬਿਨ ਮਿੱਟੀ ਖ਼ਾਕ ਦਿਆਂ ਵਖਾਈਆ । ਮੇਰੇ ਨੂਰ ਨੁਰਾਨੇ ਸ਼ਾਹ ਸੁਲਤਾਨੇ ਮੈਨੂੰ ਬਿਨਾ ਅੱਖੀਆਂ ਤੋਂ ਸਤਿਗੁਰ ਸ਼ਬਦ ਦੀ ਵਖਾ ਤਸਵੀਰ, ਜਿਸ ਨੂੰ ਮੁਸੱਵਰ ਤਸੱਵਰ ਕਰ ਨਾ

ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰੂ ਵਿਸ਼ਨ ਬ੍ਰਹਮਾ ਸ਼ਿਵ ਸੁਣੋ ਹੁਕਮ ਅਪਾਰਾ, ਅਪਰੰਪਰ ਕੀ ਜਣਾਈਆ । ਜੋ ਨਿਰਗੁਣ ਸਰਗੁਣ ਖੇਲੇ ਖੇਲ ਵਿਚ ਸੰਸਾਰਾ, ਜੋਤੀ ਜਾਤਾ ਹੋ ਕੇ ਵੇਸ ਵਟਾਈਆ । ਜੋ ਨੂਰ ਅਲਾਹੀ ਪਰਵਰਦਿਗਾਰਾ, ਸ਼ਾਹੋ ਭੂਪ ਅਗੰਮ ਅਥਾਹੀਆ । ਸੋ ਧਰਨੀ ਧਰਤ ਧਵਲ ਧੌਲ ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਆਪਣੀ ਕਲ ਵਰਤਾਈਆ । ਜਿਸ ਦਾ ਛੱਬੀ ਪੋਹ ਦਾ ਖ਼ੁਸ਼ੀਆਂ ਵਾਲਾ ਤਿਉਹਾਰਾ, ਤ੍ਰੈਗੁਣ ਅਤੀਤਾ ਰਿਹਾ ਜਣਾਈਆ । ਜਿਸ ਦਾ ਸੁਹੰਜਣਾ ਹਰਿ ਭਗਤ ਦੁਆਰਾ, ਭਗਵਨ ਹੋ ਕੇ ਹੁਕਮ ਵਰਤਾਈਆ । ਇਕੱਠੇ ਹੋ ਕੇ ਚਲੋ ਪੈਗ਼ੰਬਰ ਗੁਰ ਅਵਤਾਰਾ, ਆਪਣਾ ਪੰਧ ਮੁਕਾਈਆ । ਸਾਰੇ ਇਕੱਠੇ ਲਾਵੋ ਇਕੋ ਨਾਅਰਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦਾ ਭਵਿਖਤਾਂ ਵਿਚ ਦੇ ਕੇ ਆਏ ਇਸ਼ਾਰਾ, ਪੇਸ਼ੀਨਗੋਈਆਂ ਵਿਚ ਜਣਾਈਆ । ਓਹ ਅਮਾਮ ਅਮਾਮਾ ਨਿਹਕਲੰਕ ਕਲ ਕਲਕੀ ਅਵਤਾਰਾ, ਅਕਲ ਕਲਧਾਰੀ ਇਕ ਅਖਵਾਈਆ । ਜਿਸ ਦਾ ਖੇਲ ਹੋਣਾ ਚਾਰ ਜੁਗ ਤੋਂ ਬਾਹਰਾ, ਭੇਵ ਸਕੇ ਕੋਇ ਨਾ ਪਾਈਆ । ਓਸ ਦੇ ਦਰ ਤੇ ਬਿਨਾ ਸੀਸ ਤੋਂ ਕਰੀਏ ਜਾ ਨਿਮਸਕਾਰਾ, ਬਿਨ ਸਯਦਿਆਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰ ਸਚਖੰਡ ਵਿਚੋਂ ਲਓ ਅੰਗੜਾਈ, ਬਿਨ ਤਤਾਂ ਖ਼ੁਸ਼ੀ ਬਣਾਈਆ । ਇਕ ਦੂਜੇ ਨਾਲ ਬਿਨਾ ਜ਼ਬਾਨ ਤੋਂ ਕਰੋ ਸਲਾਹੀ, ਤਨ ਵਜੂਦ ਨਜ਼ਰ ਕੋਇ ਨਾ ਆਈਆ । ਚਾਰ ਜੁਗ ਦੇ ਸ਼ਾਸਤਰ ਤੁਹਾਡੀ ਦੇਣ ਗਵਾਹੀ, ਸ਼ਹਾਦਤ ਇਕੋ ਵਾਰ ਭੁਗਤਾਈਆ । ਖ਼ੁਸ਼ੀਆਂ ਦਾ ਦਿਵਸ ਦਿਹਾੜਾ ਬਿਨਾ ਕ਼ਦਮਾਂ ਤੋਂ ਬਣੋ ਰਾਹੀ, ਭੱਜੋ ਵਾਹੋ ਦਾਹੀਆ । ਵਿਸ਼ਨ ਬ੍ਰਹਮਾ ਸ਼ਿਵ ਫੜ ਅਗੇ ਲਓ ਲਾਈ, ਬਚਿਆ ਰਹਿਣ ਕੋਇ ਨਾ ਪਾਈਆ । ਸੁਰਪਤ ਰਾਜਾ ਇੰਦ ਪਿਛੇ ਆਵੇ ਚਾਈਂ ਚਾਈਂ, ਕਰੋੜ ਤੇਤੀਸਾ ਸੰਗ ਮਿਲਾਈਆ । ਗਣ ਗੰਧਰਬ ਕਿੱਨਰ ਯੱਸ਼ਪ ਢੋਲੇ ਸੋਹਲੇ ਗਾਣ ਬਿਨ ਹੱਥਾਂ ਉਠਾਵਣ ਬਾਹੀਂ, ਵਾਹਵਾ ਤੇਰੀ ਬੇਪਰਵਾਹੀਆ । ਨਾਲੇ ਬਿਨਾ ਸਰੀਰ ਤੋਂ ਬਣ ਅਗੰਮੇ ਰਾਹੀ, ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰ ਤੁਸੀਂ ਸਾਰੇ ਇਕ ਜੋਤ ਦੀ ਧਾਰ, ਦੂਜਾ ਨਜ਼ਰ ਕੋਇ ਨਾ ਆਈਆ । ਨਾ ਕੋਈ ਮੰਦਰ ਨਾ ਦੁਆਰ, ਘਰਬਾਰ ਨਾ ਕੋਇ ਰਖਾਈਆ । ਨਾ ਕੋਈ ਨਾਮ ਕਲਮਾ ਨਾ ਰਸਨਾ ਵਾਲੀ ਜੈ ਜੈ ਕਾਰ, ਅੱਖਰਾਂ ਵਾਲੀ ਨਾ ਕੋਇ ਲਿਖਾਈਆ । ਨਾ ਕੋਈ ਦੀਨ ਮਜ਼੍ਹਬ ਸ਼ਰਅ ਦੀ ਕਟਾਰ, ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਨਾ ਕੋਈ ਮੂੰਡ ਮੁੰਡਾਇਆ ਨਾ ਸੀਸ ਬੰਨ੍ਹੇ ਦਸਤਾਰ, ਤਨ ਵਜੂਦ ਵੰਡ ਨਾ ਕੋਇ ਵੰਡਾਈਆ । ਸਾਰੇ ਇਕੋ ਵਾਰ ਹੋਵੋ ਖ਼ਬਰਦਾਰ, ਬੇਖ਼ਬਰ ਖ਼ਬਰ ਪਹੁੰਚਾਈਆ । ਤੁਹਾਡਾ ਲੋਕਮਾਤ ਹੁੰਦਾ ਇੰਤਜ਼ਾਰ, ਛੱਬੀ ਪੋਹ ਉਡੀਕੇ ਚਾਈਂ ਚਾਈਂਆ । ਸਾਰੇ ਇਕ ਦੂਜੇ ਵਲ ਕਰਨ ਇਸ਼ਾਰ, ਬਿਨ ਸੈਨਤ ਸੈਨਤ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਰੇ ਇਕੱਠੇ ਨੱਸੀਏ, ਭੱਜੀਏ ਵਾਹੋ ਦਾਹੀਆ । ਖ਼ੁਸ਼ੀਆਂ ਦੇ ਵਿਚ ਹਸੀਏ, ਹਸਤੀ ਤਕ ਬੇਪਰਵਾਹੀਆ । ਜਨ ਭਗਤ ਦੁਆਰੇ ਵਸੀਏ, ਆਪਣਾ ਪੰਧ ਮੁਕਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰੂ ਮੇਰਾ ਅਗੰਮ ਸੰਦੇਸ਼ਾ, ਬਿਨ ਅੱਖਰਾਂ ਦਿਆਂ ਦ੍ਰਿੜਾਈਆ । ਸਭ ਦਾ ਇਕੋ ਮਾਹੀ ਮਹਿਬੂਬ ਨਰ ਨਰੇਸ਼ਾ, ਨਰ ਨਰਾਇਣ ਨੂਰ ਅਲਾਹੀਆ । ਜਿਸ ਦਾ ਨਾ ਮੁੱਛ ਦਾਹੜੀ ਕੋਈ ਕੇਸਾ, ਮੁੰਡ ਮੁੰਡਾਇਆ ਨਜ਼ਰੀ ਕੋਇ ਨਾ ਆਈਆ । ਜੋ ਆਦਿ ਜੁਗਾਦੀ ਬਦਲੇ ਭੇਸਾ, ਭੇਖਾਧਾਰੀ ਇਕ ਅਖਵਾਈਆ । ਜਿਸ ਦਾ ਅੰਤ ਅਖ਼ੀਰੀ ਬੇਨਜ਼ੀਰੀ ਲਹਿਣਾ ਦੇਣਾ ਨਾਲ ਗੋਬਿੰਦ ਦਸ ਦਸਮੇਸਾ, ਦਹਿ ਦਿਸ਼ਾ ਬਾਹਰ ਸਮਝਾਈਆ । ਤੁਸਾਂ ਓਸ ਨੂੰ ਲਭਨਾ ਸਤਿਗੁਰ ਸ਼ਬਦ ਕਹੇ, ਤੇ ਲਭਣਾ ਵਿਚੋਂ ਸੰਬਲ ਦੇਸਾ, ਦੂਜਾ ਧਾਮ ਨਜ਼ਰ ਕੋਇ ਨਾ ਆਈਆ । ਭਗਤ ਉਧਾਰਨਾ ਜਿਸ ਦਾ ਪੇਸ਼ਾ, ਪੇਸ਼ੀਨਗੋਈਆਂ ਵਿਚ ਆਏ ਸਮਝਾਈਆ । ਉਹ ਆਦਿ ਜੁਗਾਦਿ ਰਹੇ ਹਮੇਸ਼ਾ, ਜਨਮ ਮਰਨ ਨਾ ਕੋਇ ਜਣਾਈਆ । ਜਿਸ ਕਲਜੁਗ ਅੰਤ ਮੇਟਣਾ ਕਲੇਸ਼ਾ, ਕਲ ਕਲਕੀ ਨੂਰ ਅਲਾਹੀਆ । ਉਹਦਾ ਲਹਿਣਾ ਦੇਣਾ ਦੋ ਜਹਾਨ ਦੇਸ ਪਰਦੇਸਾ, ਬ੍ਰਹਿਮੰਡਾਂ ਖੰਡਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਛੱਬੀ ਪੋਹ ਤੇਰੀ ਪੂਰਬ ਕੀ ਸਲਾਹ, ਮਸ਼ਵਰਾ ਦੇ ਜਣਾਈਆ । ਸੰਮਤ ਸ਼ਹਿਨਸ਼ਾਹੀ ਗਿਆਰਾਂ ਕਹੇ ਵਾਹ ਵਾਹ, ਵਾਹਵਾ ਪ੍ਰਭੂ ਦੀ ਬੇਪਰਵਾਹੀਆ । ਜਿਸ ਨੇ ਵਕ਼ਤ ਸੁਹੰਜਣਾ ਦਿਤਾ ਸੁਹਾ, ਸੋਹਣੀ ਦਿਤੀ ਵਡਿਆਈਆ । ਚਾਰ ਜੁਗ ਦੇ ਅਵਤਾਰ ਪੈਗ਼ੰਬਰ ਗੁਰੂ ਦੀਨ ਦੁਨੀ ਦੇ ਮਲਾਹ, ਬੇੜਾ ਜਗਤ ਵਾਲਾ ਚਲਾਈਆ । ਨਾਮ ਕਲਮਾ ਗਏ
੧੨੨੨ ਅਲਾਹ, ਅੱਖਰਾਂ ਵਿਚ ਸੁਣਾਈਆ । ਮੁਖੋਂ ਕਹਿ ਕੇ ਗਏ ਓਹ ਮਾਲਕ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ੧੨੨੨
੨੪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ ਅੱਜ ਦਿਵਸ ਦਿਹਾੜਾ ਲੋਕਮਾਤ, ੨੪
ਸੋਹਣੀ ਖ਼ੁਸ਼ੀ ਬਣਾਈਆ । ਅਵਤਾਰ ਪੈਗ਼ੰਬਰ ਗੁਰੂ ਤੁਹਾਡੀ ਇਕੋ ਦਿਸੇ ਜਮਾਤ, ਦੂਸਰ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲ ਦੀ ਸੁਹੰਜਣੀ ਹੋਈ ਰਾਤ, ਭਿੰਨੜੀ ਰੈਣ ਖ਼ੁਸ਼ੀ ਬਣਾਈਆ । ਸਾਰਿਆਂ ਇਕੱਠਿਆਂ ਇਕੋ ਵਾਰ ਦੱਸਣੀ ਬਾਤ, ਬਾਤਨ ਪਰਦਾ ਦੇਣਾ ਖੁਲ੍ਹਾਈਆ । ਸਚਖੰਡ ਨਿਵਾਸੀਓ ਧਰਤੀ ਉਤੇ ਵੇਖੋ ਮਾਰ ਝਾਤ, ਭਗਤ ਦੁਆਰੇ ਧਿਆਨ ਲਗਾਈਆ । ਜਿਥੇ ਭਗਤ ਸੁਹੇਲੇ ਬੈਠੇ ਜਿਨ੍ਹਾਂ ਦਾ ਇਕੋ ਪਿਤਾ ਤੇ ਇਕੋ ਮਾਤ, ਦੂਜਾ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਦੀ ਸਾਹਿਬ ਸੁਆਮੀ ਪੁਛਣ ਆਇਆ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਨਾਲੇ ਖ਼ਸਮ ਬਣੇ ਸੁਆਮੀ ਬਣੇ ਨਾਲੇ ਹੋਵੇ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਜਿਸ ਦਾ ਕਦੇ ਨਾ ਹੋਵੇ ਦਿਹਾਂਤ, ਜੰਮਣ ਮਰਨ ਵਿਚ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਨਾ ਕਦੇ ਕਰੇ ਪਸ਼ਚਾਤਾਪ, ਚਿੰਤਾ ਗ਼ਮੀ ਨਾ ਕੋਈ ਰਖਾਈਆ । ਜਿਸ ਦਾ ਦੋ ਜਹਾਨਾਂ ਇਕੋ ਜਾਪ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰੂ ਇਕੋ ਨੂਰ ਜੋਤ ਅਗੰਮ, ਤਨ ਮਾਟੀ ਖ਼ਾਕ ਨਜ਼ਰ ਕੋਇ ਨਾ ਆਈਆ । ਬਿਨ ਜਨਣੀ ਛੱਬੀ ਪੋਹ ਪ੍ਰਭੂ ਦੇ ਦੁਆਰੇ ਪ੍ਰਭੂ ਦੀ ਧਾਰੋਂ ਪਏ ਜੰਮ, ਜਨਣੀ ਇਕੋ ਨਜ਼ਰੀ ਆਈਆ । ਜਿਸ ਨੇ ਸਭ ਨੂੰ ਵਖਾਉਣਾ ਆਤਮ ਧਾਰ ਤਕੋ ਸ੍ਰਿਸ਼ਟੀ ਦਾ ਅੰਤਸ਼ਕਰਨ ਬ੍ਰਹਮ, ਪਾਰਬ੍ਰਹਮ ਆਪਣਾ ਹੁਕਮ ਵਰਤਾਈਆ । ਨਵ ਸੱਤ ਮੇਟਣਾ ਭਰਾਂਤ ਵਾਲਾ ਭਰਮ, ਭਾਂਡਾ ਭਰਮ ਭੌ ਭੰਨਾਈਆ । ਸਤਿ ਸਚ ਦਾ ਸਤਿਵਾਦੀ ਹੋ

ਕੇ ਦੱਸਣਾ ਕਰਮ, ਕਰਮ ਕਾਂਡ ਦਾ ਡੇਰਾ ਢਾਹੀਆ । ਆਦਿ ਜੁਗਾਦੀ ਜਿਸ ਦਾ ਇਕੋ ਧਰਮ, ਧਰਮ ਦੀ ਧਾਰ ਇਕ ਪਰਗਟਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ
ਜੁਗਾਦੀ ਕਰਤਾ, ਕਰਨਹਾਰ ਅਖਵਾਈਆ । ਜ਼ਿੰਦਗੀ ਵਿਚ ਜੀਵਣ ਵਿਚ ਕਦੇ ਨਾ ਮਰਤਾ, ਜਨਮ ਮਰਨ ਨਾ ਕੋਇ ਰਖਾਈਆ । ਮੈਂ ਸਭ
ਦੇ ਦੁਖ ਕਲੇਸ਼ ਹਰਤਾ, ਨਿਤ ਨਿਤ ਵੇਖ ਵਖਾਈਆ । ਮੈਂ ਇਕੋ ਵਣਜਾਰਾ ਧੁਰ ਦੇ ਦਰ ਦਾ, ਦੂਜਾ ਨਜ਼ਰ ਕੋਇ ਨਾ ਆਈਆ । ਮੇਰੇ ਭੈ
ਵਿਚ ਜਗਤ ਜਹਾਨ ਡਰਦਾ, ਸਿਰ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਪੈਗ਼ੰਬਰ ਮੇਰਾ ਕਲਮਾ ਨਾਮ ਸੰਦੇਸ਼ ਪੜ੍ਹਦਾ, ਅੱਖਰਾਂ ਵਿਚ ਸਿਫ਼ਤ
ਸਲਾਹੀਆ । ਮੈਂ ਨਿਤ ਨਿਤ ਜੁਗ ਜੁਗ ਨਵਾਂ ਘਾੜਨ ਘੜਦਾ, ਘੜਨਹਾਰ ਇਕ ਅਖਵਾਈਆ । ਮੈਂ ਮਾਲਕ ਦੋ ਜਹਾਨਾਂ ਗੜ੍ਹ ਦਾ, ਇਹ ਮੇਰੀ
ਬੇਪਰਵਾਹੀਆ । ਮੇਰਾ ਲਹਿਣਾ ਦੇਣਾ ਲੇਖਾ ਚੋਟੀ ਜੜ੍ਹ ਦਾ, ਚੇਤਨ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਦੇਵਣਹਾਰਾ ਸਾਚਾ ਵਰ, ਸਚ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ ਅਵਤਾਰੋ ਭਗਤ ਦੁਆਰ ਵੇਖੋ ਨਾਲ ਚਾਅ, ਚਾਉ ਘਨੇਰਾ
ਇਕ ਜਣਾਈਆ । ਸੰਤ ਕੁਮਾਰ ਕਹੇ ਮੈਂ ਗਿਆ ਆ, ਸੋਹਣੀ ਖ਼ੁਸ਼ੀ ਬਣਾਈਆ । ਬਰਾਹ ਕਹੇ ਮੈਂ ਵੇਖਿਆ ਬੇਪਰਵਾਹ, ਯਗਾ ਪੁਰਸ਼ ਨਾਲ
ਮਿਲਾਈਆ । ਹਾਵਗਰੀਵ ਕਹੇ ਮੈਨੂੰ ਸੋਹਣਾ ਲੱਗਾ ਥਾਂ, ਨਰ ਨਰਾਇਣ ਸਿਫ਼ਤ ਸਲਾਹੀਆ । ਕਪਲ ਮੁਨ ਕਹੇ ਮੈਂ ਢੋਲਾ ਲਵਾਂ ਗਾ, ਦੱਤਾਤ੍ਰੇ
੧੨੨੩ ਸੀਸ ਨਿਵਾਈਆ । ਰਿਖਵ ਕਹੇ ਇਹੋ ਪਿਤਾ ਤੇ ਇਹੋ ਮਾਂ, ਪ੍ਰਿਥੂ ਕਹੇ ਏਸੇ ਦੀ ਬੇਪਰਵਾਹੀਆ । ਮਤਸਯ ਕਹੇ ਇਹ ਵਸੇ ਥਲ ਅਸਗਾਹ, ੧੨੨੩
੨੪ ਕੱਛਪ ਕਹੇ ਆਪਣਾ ਰੰਗ ਰੰਗਾਈਆ । ਧਨੰਤਰ ਕਹੇ ਸਭ ਦੇ ਲਹਿਣੇ ਦੇਣੇ ਦਏ ਮੁਕਾ, ਮੋਹਣੀ ਆਪਣਾ ਰੂਪ ਵਟਾਈਆ । ਹੰਸਾ ਕਹੇ ਏਸੇ ੨੪
ਦੇ ਗੁਣ ਬਿਨ ਰਸਨਾ ਜੇਹਵਾ ਰਹੇ ਗਾ, ਸਿਫ਼ਤਾਂ ਸਿਫ਼ਤ ਸਲਾਹੀਆ । ਹਰੀ ਹਰਿ ਕਹੇ ਮੇਰਾ ਲੇਖਾ ਜਾਣੇ ਕੋਈ ਨਾ, ਨਰਸਿੰਘ ਹੋ ਕੇ ਆਪਣੀ
ਖੇਲ ਖਿਲਾਈਆ । ਨਰ ਨਰਾਇਣ ਸਕੇ ਨਾ ਕੋਈ ਵਡਿਆ, ਭੇਵ ਸਕੇ ਨਾ ਕੋਇ ਜਣਾਈਆ । ਬਾਵਨ ਕਹੇ ਮੈਂ ਸਭ ਤੋਂ ਨਿੱਕਾ ਵੱਡਾ ਰੂਪ ਬਣਾ,
ਛੋਟਾ ਆਪਣਾ ਆਪ ਰਖਾਈਆ । ਬਲ ਦੇ ਨਾਲ ਨਾਤਾ ਲਿਆ ਜੁੜਾ, ਬਲ ਦੁਆਰੇ ਆਇਆ ਵਾਹੋ ਦਾਹੀਆ । ਜਿਸ ਦਾ ਅਸਵਮੇਧ ਯਗ ਦਾ
ਲਹਿਣਾ ਨੌ ਖੰਡ ਪ੍ਰਿਥਮੀ ਅਸਵ ਦਿਤਾ ਦੁੜਾ, ਭੱਜਿਆ ਵਾਹੋ ਦਾਹੀਆ । ਰਿਸ਼ੀਆਂ ਮੁਨੀਆਂ ਲਿਆ ਮੰਗਾ, ਤੱਪਸਵੀਆਂ ਸੰਗ ਬਣਾਈਆ । ਭਾਂਤ
ਭਾਂਤ ਦਾ ਪਕਵਾਨ ਲਿਆ ਪਕਾ, ਸੋਹਣੀ ਖ਼ੁਸ਼ੀ ਬਣਾਈਆ । ਪ੍ਰੇਮ ਪ੍ਰੀਤੀ ਵਿਚ ਲਿਆ ਛਕਾ, ਖ਼ੁਸ਼ੀਆਂ ਢੋਲੇ ਗਾਈਆ । ਸਾਰੇ ਬਲ ਦੇ ਦੁਆਰੇ
ਕਹਿਣ ਵਾਹ ਵਾਹ, ਵਾਹਵਾ ਰਾਜਨ ਤੇਰੇ ਹੱਥ ਵਡਿਆਈਆ । ਅੱਗੋਂ ਬਾਵਨ ਬੋਲ ਕੇ ਰਿਹਾ ਸੁਣਾ, ਚਾਰ ਵੇਦ ਜਿਸ ਦੀ ਦੇਣ ਗਵਾਹੀਆ । ਓ
ਰਿਖੀਓ ਮੁਨੀਓ ਕਿਸ ਦਾ ਭੋਗ ਆਏ ਲਵਾ, ਸਚ ਦਿਉ ਸੁਣਾਈਆ । ਕਿਸ ਬਿਧ ਪ੍ਰਭੂ ਨੂੰ ਪਰਗਟ ਲਿਆ ਕਰਾ, ਪਰਗਣਾ ਬਲ ਦਾ ਸੋਭਾ
ਪਾਈਆ । ਸਾਰੇ ਹੋ ਗਏ ਹੈਰਾਂ, ਹੈਰਾਨੀ ਵਿਚ ਵੇਖਣ ਥਾਈਂ ਥਾਈਂਆ । ਝਟ ਬਾਵਨ ਨੇ ਇਸ਼ਾਰਾ ਕੀਤਾ ਜਬ ਤਕ ਹੰਸ ਬੁੱਧੀ ਨਾ ਹੋਵੇ ਕਾਂ,
ਕਾਗ ਹੰਸ ਨਾ ਰੂਪ ਬਦਲਾਈਆ । ਓਨਾਂ ਚਿਰ ਨਾ ਆਵੇ ਬੇਪਰਵਾਹ, ਜੋਤੀ ਜਾਤਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਛੱਬੀ ਪੋਹ ਕਹੇ ਓਹ ਐਹੋ ਦਿਵਸ ਦਿਹਾੜਾ, ਚਾਰ ਜੁਗ ਦੇ ਸ਼ਾਸਤਰ

ਸਮਝ ਸਕੇ ਨਾ ਰਾਈਆ । ਬਲ ਬਾਵਨ ਅਗੇ ਕਢੇ ਹਾੜ੍ਹਾ, ਹੌਕਿਆਂ ਵਿਚ ਦੁਹਾਈਆ । ਬਾਵਨ ਬਿਨਾ ਨਾਚ ਤੋਂ ਲਾ ਕੇ ਅਖਾੜਾ, ਛੋਟਾ ਵੱਡਾ ਆਪਣਾ ਰੂਪ ਬਦਲਾਈਆ । ਨਾ ਉਹ ਬਾਲ ਤੇ ਨਾ ਉਹ ਲਾੜਾ, ਬੁੱਢਾ ਸੋਹਣਾ ਰੂਪ ਵਖਾਈਆ । ਨਾ ਮੁਖ ਦੰਦ ਨਾ ਦਿਸਣ ਦਾਹੜਾਂ, ਮੁੱਛ ਦਾੜ੍ਹੀ ਨਾ ਕੋਇ ਵਧਾਈਆ । ਜਾਂ ਬਲ ਨੇ ਫੇਰ ਤਕਿਆ ਨਾ ਜਿਸਮ ਦਿਸੇ ਨਾ ਨਾੜਾਂ, ਹਡ ਮਾਸ ਵੇਖਣ ਕੋਇ ਨਾ ਪਾਈਆ । ਬਾਵਨ ਨੇ ਫੇਰ ਰੂਪ ਧਰ ਲਿਆ ਦੋਬਾਰਾ, ਸੋਹਣਾ ਖੇਲ ਖਿਲਾਈਆ । ਨਾਲੇ ਖ਼ੁਸ਼ੀ ਨਾਲ ਦਿਤਾ ਇਸ਼ਾਰਾ, ਕਲਜੁਗ ਦਿਤਾ ਵਖਾਈਆ । ਔਹ ਵੇਖ ਲੈ ਅੰਧ ਅੰਧਿਆਰਾ, ਨੂਰ ਨੁਰਾਨਾ ਨੂਰ ਨਾ ਕੋਇ ਰੁਸ਼ਨਾਈਆ । ਮੇਰਾ ਖੇਲ ਹੋਣਾ ਦੋਬਾਰਾ, ਦੋਹਰੀ ਕਲ ਵਰਤਾਈਆ । ਜਿਸ ਦਾ ਭੇਵ ਪਾਏ ਨਾ ਕੋਇ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਤਿੰਨੇ ਲਏ ਬੁਲਾਈਆ । ਨਾਲੇ ਹੱਥ ਤੇ ਹੱਥ ਮਾਰਿਆ ਮੇਰਾ ਖੇਲ ਸਭ ਤੋਂ ਨਿਆਰਾ, ਨਿਰਾਕਾਰ ਨਿਰੰਕਾਰ ਹੋ ਕੇ ਦਿਆਂ ਵਖਾਈਆ । ਮੈਂ ਚਾਹੁੰਦਾ ਐ ਰਾਜਨ ਤੇਰਾ ਵੱਡਾ ਹੋਵੇ ਦਰਬਾਰਾ, ਸੋਹਣੀ ਵਜੇ ਵਧਾਈਆ । ਪਰ ਮੈਨੂੰ ਵਸਣ ਲਈ ਇਕ ਧਾਮ ਬਖ਼ਸ਼ ਦੇ ਜਿਸ ਵਿਚ ਕਰਾਂ ਗੁਜ਼ਾਰਾ, ਕਰਮ ਢਾਈ ਮੰਗ ਮੰਗਾਈਆ । ਨਾਲੇ ਪੰਡਤ ਹੋ ਕੇ ਗਾਵਾਂ ਤੇਰੀਆਂ ਵਾਰਾਂ, ਸੋਹਣੇ ਢੋਲੇ ਦਿਆਂ ਸੁਣਾਈਆ । ਕਿਉਂ ਨਾਲੇ ਰਿਸ਼ੀਆਂ ਵਲ ਵੇਖਿਆ ਨਾ ਇਹ ਪੁਰਖ ਤੇ ਨਾ ਇਹ ਨਾਰਾਂ, ਇਸਤਰੀ ਮਰਦ ਰੂਪ ਨਾ ਕੋਇ ਵਖਾਈਆ । ਇਹਨਾਂ ਦੇ ਹੁੰਦਿਆਂ ਇਹਨਾਂ ਦੇ ਪਿਆਰ ਵਿਚ ਪਰਗਟ ਨਹੀਂ ਹੋਇਆ ਕਰਤਾਰਾ, ਕਰਨੀ ਦਾ ਕਰਤਾ ਆਪਣਾ ਰੂਪ ਬਦਲਾਈਆ । ਮੈਂ ਤੇ ਬੁੱਢਾ ਬ੍ਰਾਹਮਣ ਬਣ ਕੇ ਭਿਖਾਰਾ, ਭੱਜਿਆਂ ਵਾਹੋ ਦਾਹੀਆ । ਮੈਂ ਅੰਨ ਪਾਣੀ ਤੇਰਾ ਮੁਖ ਨਹੀਂ ਲਾਇਆ ਨਾ ਰਸਨ ਛੁਹਾਇਆ ਨਾ ਕੀਤਾ ਪਿਆਰਾ, ਪ੍ਰੇਮ ਪ੍ਰੀਤੀ ਵਿਚ ਦਿਆਂ ਸੁਣਾਈਆ । ਝਟ ਬਲ ਰੋ ਪਿਆ ਜ਼ਾਰੋ ਜ਼ਾਰਾ, ਨੈਣਾਂ ਨੀਰ ਵਹਾਈਆ । ਮੈਂ ਭਗਤ ਉਸ ਪ੍ਰਭੂ ਦਾ ਪਿਆਰਾ, ਜੋ ਭਗਵਨ ਧੁਰਦਰਗਾਹੀਆ । ਜਿਸ ਦੇ ਨਾਮ ਦਾ ਮੇਰੇ ਅੰਦਰ ਧੁਨਕਾਰਾ, ਧੁਨ ਨਾਦੀ ਨਾਦ ਸੁਣਾਈਆ । ਇਹ ਘਰਬਾਰ ਸਭ ਤੁਮਾਰਾ, ਮੇਰਾ ਕੁਛ ਨਜ਼ਰ ਨਾ ਆਈਆ । ਢਾਈ ਕਰਮਾਂ ਸਾਰੀ ਧਰਤ ਜਿਥੋਂ ਚਾਹੋਂ ਆਪਣਾ ਬਣਾ ਲਓ ਦੁਆਰਾ, ਸੋਹਣੀ ਵੰਡ ਵੰਡਾਈਆ । ਬਾਵਨ ਪ੍ਰੇਮ ਨਾਲ ਜਲ ਮੰਗਾਇਆ ਚੂਲੀ ਛਡਾਈ ਸ਼ੁਕਰ ਪਰੋਹਤ ਨੂੰ ਕਿਹਾ ਆ ਜਾ ਮਿਤਰਾ ਯਾਰਾ, ਓ ਤੇਰੀਤੇਰੀ ਤੇਰੇ ਨਾਲ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਸ਼ੁਕਰ ਪਰੋਹਤ ਨੇ ਸੱਤ ਚੂਲੀਆਂ ਛਡੀਆਂ ਪਾਣੀ, ਹੱਥਾਂ ਉਤੋਂ ਰੁੜ੍ਹਾਈਆ । ਉਸ ਵੇਲੇ ਬਾਵਨ ਨੇ ਬੋਲੀ ਇਕ ਅਗੰਮੀ ਬਾਣੀ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਨਾਲੇ ਆਤਮ ਕਿਹਾ ਨਾਲੇ ਪਰਮਾਤਮ ਕਿਹਾ ਦੋਹਾਂ ਦੀ ਧਾਰ ਸਕੇ ਨਾ ਕੋਇ ਪਛਾਣੀ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਫੇਰ ਕਿਹਾ ਮੈਂ ਹੀ ਰਾਜਾ ਤੇ ਮੈਂ ਹੀ ਰਾਣੀ, ਦੂਜਾ ਕੰਤ ਨਾ ਕੋਇ ਹੰਢਾਈਆ । ਫੇਰ ਕਿਹਾ ਮੈਂ ਹੀ ਜ਼ਮੀਂ ਤੇ ਮੈਂ ਅਸਮਾਨੀ, ਦੋ ਜਹਾਨੀ ਆਪਣੀ ਖੇਲ ਖਿਲਾਈਆ । ਫੇਰ ਕਿਹਾ ਮੈਂ ਹੀ ਫ਼ਕੀਰ ਦਰਵੇਸ਼ ਭਿਖਾਰੀ ਮੈਂ ਹੀ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਇਕ ਅਖਵਾਈਆ । ਫੇਰ ਬੋਲਿਆ ਇਹ ਰਸਨਾ ਨਹੀਂ ਜ਼ਬਾਨੀ, ਕਾਇਆ ਕਲਮਾ ਕਾਇਨਾਤ ਨਾ ਕੋਇ ਜਣਾਈਆ । ਓਹ ਨਹੀਂ ਇਹ ਕੋਈ ਮੰਜ਼ਲ ਨਹੀਂ ਰੁਹਾਨੀ, ਰੂਹ ਬੁਤ ਨਾ ਕੋਇ ਵਡਿਆਈਆ । ਇਹ ਜੋਤ ਓਹ ਜਿਸ ਨੂੰ ਨਿਰਾਕਾਰ ਨਿਰੰਕਾਰ ਕਹੇ ਜਿਸ ਦਾ ਖੇਲ ਮਹਾਨੀ, ਮਹਿੰਮਾ ਕਥ ਕਥ ਵਡਿਆਈਆ । ਫੇਰ ਇਸ਼ਾਰਾ ਦਿਤਾ ਓਏ ਬਲ ਜ਼ਰਾ ਨਿਗਾਹ ਮਾਰ ਲੈ ਸਤਿਜੁਗ ਗਿਆ ਤ੍ਰੇਤਾ ਗਿਆ ਦੁਆਪਰ ਗਿਆ

ਔਹ ਕਲਜੁਗ ਦੀ ਨਿਸ਼ਾਨੀ, ਨਿਸ਼ਾਨਾ ਧਰਮ ਨਜ਼ਰ ਕੋਇ ਨਾ ਆਈਆ । ਨਾਲੇ ਲੱਖ ਚੁਰਾਸੀ ਜੀਵ ਜੰਤ ਸਾਰੇ ਪੁਣੀਂ ਛਾਣੀਂ, ਖੋਜਣਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਛੱਬੀ ਪੋਹ ਫੇਰ ਇਕ ਦਮ ਬਾਵਨ ਟੇਕ ਲਏ ਆਪਣੇ ਗੋਡੇ, ਬਲ ਅਗੇ ਧਿਆਨ ਲਗਾਈਆ । ਫੇਰ ਹਲੂਣ ਕੇ ਬਲ ਦੇ ਮੋਢੇ, ਇਸ਼ਾਰਾ ਦਿਤਾ ਕਰਾਈਆ । ਝਟ ਬਲ ਨੇ ਆਪਣੇ ਅੰਤਸ਼ਕਰਨ ਹਿਰਦੇ ਸੋਧੇ, ਸੁਦੀ ਵਦੀ ਵੰਡ ਨਾ ਕੋਇ ਵੰਡਾਈਆ । ਨਾ ਕੋਈ ਲਾਲਚ ਰਖਿਆ ਨਾ ਕੋਈ ਲੋਭੇ, ਮਮਤਾ ਜਗਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਬਲ ਕਹੇ ਹਾਏ ਹਾਏ ਹਾਏ ਉਹ ਪੁਰਾਣਿਆਂ ਪੰਡਿਆ, ਪੰਡਤਾ ਦਿਆਂ ਜਣਾਈਆ । ਮੈਂ ਪ੍ਰੇਮ ਦਾ ਪਕਵਾਨ ਸੱਤਾਂ ਰੰਗਾਂ ਵਿਚ ਬੰਨ੍ਹ ਕੇ ਵੰਡਿਆ, ਜਿਸ ਦੀ ਤੋਟ ਰਹੀ ਨਾ ਰਾਈਆ । ਮੈਂ ਇਕੋ ਪੌੜੀ ਤਕੀ ਇਕੋ ਮੰਜ਼ਲ ਵੇਖੀ ਇਕੋ ਚੜ੍ਹਿਆ ਡੰਡਿਆ, ਜਿਸ ਨੇ ਮੇਰੀ ਡੰਡਾਵਤ ਦਿਤੀ ਬਦਲਾਈਆ । ਬਾਵਨ ਇਸ਼ਾਰਾ ਕੀਤਾ ਬਲ ਨੂੰ ਲੱਫੜ ਮਾਰਿਆ ਖੇਲ ਵਖਾਇਆ ਔਹ ਵੇਖ ਕਲਜੁਗ ਵਿਚ ਗੋਬਿੰਦ ਦਾ ਖੰਡਿਆ, ਜੋ ਖੜਗਾਂ ਕਰੇ ਸਫ਼ਾਈਆ । ਨਾਲੇ ਪ੍ਰੇਮ ਪਿਆਰ ਦਾ ਅੰਮ੍ਰਿਤ ਅਗੰਮਾ ਵੰਡਿਆ, ਬਿਨ ਰਸਨਾ ਦਿਤਾ ਚਖਾਈਆ । ਝਟ ਬਲ ਨੇ ਆਪਣੇ ਘੁੱਟ ਕੇ ਦੰਦਿਆ, ਦੰਦਾਂ ਹੇਠਾਂ ਜੀਭ ਲਈ ਰਖਾਈਆ । ਝਟ ਬਾਵਨ ਨੇ ਇਸ਼ਾਰਾ ਕੀਤਾ ਬਲ ਔਹ ਵੇਖ ਲੈ ਕਲਜੁਗ ਵਿਚ ਨਿਸ਼ਾਨ ਹੋਣਾ ਤਾਰਾ ਚੰਦਿਆ, ਕ਼ੁਦਰਤ ਦਾ ਕ਼ਾਦਰ ਕੀ ਆਪਣਾ ਖੇਲ ਕਰਾਈਆ । ਸ਼ਰਅ ਦੇ ਨਾਲ ਸ਼ਰਅ ਟਕਰਾਉਣੀ ਪ੍ਰਭ ਦਾ ਨਾਮ ਕਲਮਾ ਢਾਲ ਬਣੇ ਤਲਵਾਰ ਬਣੇ ਤੇ ਮਾਰੇ ਬੰਦਗੀ ਵਾਲੇ ਬੰਦਿਆਂ, ਧਰਮ ਦੀ ਧਾਰ ਰਹਿਣ ਕੋਇ ਨਾ ਪਾਈਆ । ਓਸੇ ਵੇਲੇ ਫੇਰ ਬਾਵਨ ਨੇ ਕਿਹਾ ਐ ਬਲ ਮੈਂ ਤੈਥੋਂ ਸਿਰਫ ਢਾਈ ਕ਼ਦਮਾਂ ਥਾਂ ਮੰਗਿਆ, ਬਹੁਤੀ ਮੰਗ ਨਾ ਕੋਇ ਮੰਗਾਈਆ । ਓਸੇ ਵੇਲੇ ਬਲ ਨੇ ਖ਼ੁਸ਼ੀਆਂ ਦੇ ਵਿਚ ਮੰਨਿਆ, ਆਪਣੀ ਮਨਸਾ ਦਿਤੀ ਰਖਾਈਆ । ਬਾਵਨ ਕਿਹਾ ਆਹ ਮੇਰੀ ਲਾਇਨ ਐਨ ਇਹੋ ਗੋਬਿੰਦ ਦਾ ਅੰਤਮ ਹੋਣਾ ਕੰਨਿਆ, ਗੁਰੂ ਗ੍ਰੰਥ ਜਿਸ ਦੀ ਦਏ ਗਵਾਹੀਆ । ਉਸ ਤੋਂ ਅਗੇ ਨਾ ਕੋਈ ਦੀਨ ਚਲੇ ਨਾ ਮਜ਼੍ਹਬ ਚਲੇ ਨਾ ਸ਼ਰਅ ਰਹੇ ਨਾ ਹੱਦ ਰਹੇ ਨਾ ਬੰਨਿਆ, ਲੇਖਾ ਸਭ ਦਾ ਦਏ ਮੁਕਾਈਆ । ਜੋ ਸ੍ਰਿਸ਼ਟੀ ਹੋਣੀ ਖੰਨ ਖੰਨਿਆਂ, ਹਿੱਸਿਆਂ ਵਿਚ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਬਲ ਕਿਹਾ ਐ ਬਾਵਨ ਮੇਰੇ ਭਗਵਾਨ, ਮੇਰੀ ਤੇਰੇ ਚਰਨ ਦੁਹਾਈਆ । ਮੇਰਾ ਪਰਵਾਨ ਕਰ ਪਕਵਾਨ, ਜੋ ਤੇਰੇ ਅਗੇ ਰਖਾਈਆ । ਬਾਵਨ ਨੇ ਜ਼ਿਮੀਂ ਵੇਖੀ ਫੇਰ ਵੇਖਿਆ ਅਸਮਾਨ, ਅਸਮਾਨ ਜ਼ਿਮੀਂ ਤੋਂ ਬਾਹਰ ਆਪਣੇ ਅੰਦਰ ਧਿਆਨ ਲਗਾਈਆ । ਫੇਰ ਕੀਤਾ ਧਿਆਨ, ਦੋ ਜਹਾਨਾਂ ਪਰੇ ਖੋਜ ਖੁਜਾਈਆ । ਫੇਰ ਬੋਲਿਆ ਬਿਨਾ ਜ਼ਬਾਨ, ਸ਼ਬਦ ਦਾ ਸ਼ਬਦ ਦਿਤਾ ਸੁਣਾਈਆ । ਐ ਬਲ ਤੇਰੀ ਧਾਰ ਵਿਚ ਮੈਂ ਆਇਆ ਤੇ ਸਤਿਜੁਗ ਦਾ ਅੰਤ ਕਰਾਨ, ਕਰਨੀ ਦਾ ਕਰਤਾ ਹੋ ਕੇ ਦਿਆਂ ਦ੍ਰਿੜਾਈਆ । ਤ੍ਰੇਤੇ ਵਾਸਤੇ ਆਉਣਾ ਰਾਮ, ਰਾਮ ਦੀ ਰਾਮ ਪਾਏ ਦੁਹਾਈਆ । ਫੇਰ ਆ ਜਾਣਾ ਕ੍ਰਿਸ਼ਨ ਕਾਹਨ, ਘਨਈਆ ਹੋ ਕੇ ਖੇਲ ਖਿਲਾਈਆ । ਫੇਰ ਪੈਗ਼ੰਬਰਾਂ ਨੂੰ ਦੇਣਾ ਪੈਗ਼ਾਮ, ਸੰਦੇਸ਼ੇ ਧੁਰ ਸੁਣਾਈਆ । ਫੇਰ ਨਾਨਕ ਨੂੰ ਦੇ ਕੇ ਸਤਿਨਾਮ, ਮੰਤਰ ਦੇਣਾ ਜਣਾਈਆ । ਗੋਬਿੰਦ ਨੂੰ ਵਾਹਿਗੁਰੂ ਦੀ ਫ਼ਤਿਹ ਦਾ ਡੰਕਾ ਦੇਣਾ ਵਿਚ ਜਹਾਨ, ਜੋ ਬਿਨ ਹੱਥਾਂ ਜਾਏ ਖੜਕਾਈਆ । ਸਚ ਪੁਛੇਂ ਜਦੋਂ ਸਾਰੇ

ਹੀ ਲੰਘ ਗਏ ਫੇਰ ਆਪ ਹੋ ਕੇ ਆਵਾਂ ਭਗਵਾਨ, ਭਗਤਾਂ ਦਾ ਮੇਲਾ ਸਹਿਜ ਸੁਭਾਈ ਲਵਾਂ ਕਰਾਈਆ । ਉਸ ਨੂੰ ਸਕੇ ਕੋਈ ਨਾ ਜਾਣ, ਜੋ ਜਾਣੀ ਜਾਣਨਹਾਰ ਇਕੋ ਧੁਰ ਦਾ ਮਾਹੀਆ । ਜਿਸ ਦੀ ਅੱਖਰ ਕਰ ਨਾ ਸਕਣ ਕਲਿਆਣ, ਕਲਮੇ ਸਮਝ ਨਾ ਕੋਇ ਸਮਝਾਈਆ । ਉਸ ਵੇਲੇ ਮੇਰਾ ਐਸਾ ਹੋਣਾ ਵਿਧਾਨ, ਜਿਸ ਨੂੰ ਜਗਤ ਵਿਦਿਆ ਸਮਝ ਸਕੇ ਕੋਇ ਨਾ ਰਾਈਆ । ਐਸਾ ਹੋਣਾ ਫ਼ਰਮਾਨ, ਜੋ ਬਿਨਾ ਅੱਖਰਾਂ ਤੋਂ ਬਿਨਾ ਵਿਦਿਆ ਤੋਂ ਦਿਆਂ ਦ੍ਰਿੜਾਈਆ । ਪਰ ਉਸ ਨੂੰ ਮੇਰੀ ਕਿਰਪਾ ਤੋਂ ਬਗ਼ੈਰ ਕੋਈ ਨਹੀਂ ਕਰੇਗਾ ਪਰਵਾਨ, ਪਰਵਾਨਾ ਹੱਥ ਨਾ ਕਿਸੇ ਫੜਾਈਆ । ਝਟ ਬਲ ਚਰਨੀ ਡਿੱਗਾ ਆਣ, ਚਰਨਾਂ ਉਤੇ ਸੀਸ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਬਲ ਕਿਹਾ ਮੇਰੇ ਸਾਹਿਬ ਸੁਆਮੀਆਂ, ਸਾਜਣ ਸਾਚੇ ਮੀਤ । ਮੇਰੇ ਅੰਤਸ਼ਕਰਨ ਦੇ ਅੰਤਰਜਾਮੀਆ, ਤੇਰੀ ਵੇਖਾਂ ਅਗੰਮੜੀ ਰੀਤ । ਧੁਰ ਦੇ ਸ਼ਬਦ ਦੇ ਨਾਮ ਦੇ ਬਾਨੀਆ, ਮੈਨੂੰ ਕਰ ਦੇ ਠਾਂਡਾ ਸੀਤ । ਇਹ ਸਭ ਤੇਰੀਆਂ ਖਾਣੀਆਂ ਪਕਾਣੀਆਂ, ਜੁਗ ਜੁਗ ਦੀ ਚਲੀ ਰੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਤ੍ਰੈਗੁਣ ਅਤੀਤ । ਬਾਵਨ ਕਿਹਾ, ਬਲ, ਪਹਿਲੋਂ ਆਪਣਾ ਪੂਰਾ ਕਰ ਇਕ਼ਰਾਰ, ਕਰਮਾਂ ਢਾਈ ਮੰਗ ਮੰਗਾਈਆ । ਬਲ ਨੇ ਮੁਖ ਚੋਂ ਬਚਨ ਦਿਤਾ ਉਚਾਰ, ਖ਼ੁਸ਼ੀ ਨਾਲ ਸੁਣਾਈਆ । ਬਲਖ ਦੀ ਧਰਤੀ ਕਰਨ ਲੱਗੀ ਪੁਕਾਰ, ਤੂੰ ਹੀ ਤੂੰ ਹੀ ਤੇਰੀ ਵਡ ਵਡਿਆਈਆ । ਝਟ ਬਾਵਨ ਨੇ ਕੀਤਾ ਆਕਾਰ, ਆਪਣਾ ਆਪ ਬਦਲਾਈਆ । ਪਹਿਲਾ ਕ਼ਦਮ ਚੁਕਿਆ ਡੋਵਰ ਰਖਿਆ ਜਿਸ ਦੀ ਗ੍ਰੰਥ ਸ਼ਾਸਤਰ ਪਾਇਨ ਨਾ ਸਾਰ, ਗਰੜ ਪੁਰਾਨ ਦਏ ਗਵਾਹੀਆ । ਦੂਸਰਾ ਕ਼ਦਮ ਟਰਾਂਨਟੋ ਦੀ ਧਾਰ, ਅਗੇ ਲੇਖਾ ਸਮਝ ਕਿਛ ਨਾ ਆਈਆ । ਪਤਾ ਨਹੀਂ ਕਿਹੜਾ ਰੂਪ ਬਣਾ ਕੇ ਵਖਾ ਦਿਤਾ ਬਲ ਨੂੰ ਜਿਸ ਵਿਚ ਕਈ ਕੋਟ ਛੁਪ ਗਏ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸਾਰੇ ਚਰਨੀ ਡਿਗ ਡਿਗ ਸੀਸ ਨਿਵਾਈਆ । ਓਸ ਫੜ ਕੇ ਕ਼ਦਮ ਕੀਤੀ ਪੁਕਾਰ, ਪੁਨਹ ਪੁਨਹ ਪੁਨਹ ਸੀਸ ਨਿਵਾਈਆ । ਝਟ ਬਾਵਨ ਨੇ ਆਪਣਾ ਆਪ ਸੰਕੋਚ ਲਿਆ ਤੇ ਆ ਗਿਆ ਗਿਠਮੁਠ ਦਾ ਰੂਪ ਬਣਾ ਕੇ ਫੇਰ ਦੂਜੀ ਵਾਰ, ਦੋਹਰੀ ਆਪਣੀ ਖੇਲ ਖਿਲਾਈਆ । ਨਾਲੇ ਹਸ ਕੇ ਕਿਹਾ, ਐ ਬਲ, ਪ੍ਰਭੂ ਦਾ ਲਹਿਣਾ ਦੇਣਾ ਸਦਾ ਜੁਗ ਚਾਰ, ਜੁਗ ਚੌਕੜੀ ਖੇਲ ਚਲਿਆ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਵੇ ਆਪਣੀ ਧਾਰ, ਧਰਨੀ ਧਰਤ ਧਵਲ ਧੌਲ ਆਪਣਾ ਫੇਰਾ ਪਾਈਆ । ਤੇਰੇ ਪਿਆਰ ਵਿਚ ਨਾਮ ਕਲਮੇ ਦਏ ਉਚਾਰ, ਸੋਹਣੇ ਢੋਲੇ ਸੋਹਲੇ ਰਾਗ ਸੁਣਾਈਆ । ਰਾਗ ਨਾਦ ਉਸ ਦਾ ਕਰਨ ਇਜ਼ਹਾਰ, ਆਪ ਆਪਣੀ ਸੁਰ ਬਣਾਈਆ । ਪਰ ਤੈਨੂੰ ਸਚ ਦੱਸਾਂ ਜਿਸ ਵੇਲੇ ਬਣ ਕੇ ਆਇਆ ਕਲ ਕਲਕੀ ਅਵਤਾਰ, ਨਿਹਕਲੰਕ ਆਪਣੀ ਕਲ ਪਰਗਟਾਈਆ । ਅਮਾਮ ਅਮਾਮਾ ਨੂਰ ਉਜਿਆਰ, ਜੋਤੀ ਜਾਤਾ ਨੂਰ ਅਲਾਹੀਆ । ਪਹਿਲੋਂ ਉਨ ਵੱਡਾ ਹੋਣਾ ਤੇ ਫੇਰ ਏਡਾ ਛੋਟਾ ਬਣਨਾ ਕਿ ਲਭਣਾ ਨਹੀਂ ਵਿਚ ਕਿਸੇ ਸੰਸਾਰ, ਜਗ ਨੇਤਰ ਵੇਖਣ ਕੋਈ ਨਾ ਪਾਈਆ । ਜਿਹੜਾ ਮੈਂ ਤੈਨੂੰ ਪਹਿਲੋਂ ਦੱਸਿਆ ਗੋਬਿੰਦ ਦਾ ਓਹ ਬਣਨਾ ਮਿਤਰ ਮੁਰਾਰ, ਮਾਛੂਵਾੜੇ ਦੀ ਸੇਜ ਹੰਢਾਈਆ । ਫੇਰ ਦੋਬਾਰਾ ਹੋਵੇ ਜ਼ਾਹਰ, ਸੰਬਲ ਆਪਣੀ ਕਲ ਵਰਤਾਈਆ । ਗੋਬਿੰਦ ਸ਼ਬਦ ਗੁਰੂ ਤੇ ਜੋਤ ਦਾ ਜੋਤ ਹੋਵੇ ਉਜਿਆਰ, ਜੋਤੀ ਜਾਤਾ ਸੋਭਾ ਪਾਈਆ । ਆਪਣਾ ਹੁਕਮ ਕਰੇ ਸਭ ਤੋਂ ਬਾਹਰ, ਜਿਸ ਦਾ ਅੱਖਰ ਅੱਖਰ ਸਮਝੇ ਨਾ ਕੋਇ ਸਮਝਾਈਆ । ਝਟ ਬਲ ਨੇ ਧਿਆਨ ਧਰ ਕੇ ਅੰਦਰ ਕੀਤੀ ਪੁਕਾਰ, ਆਪਣਾ

ਸਵਾਸ ਮਸਤਕ ਤੋਂ ਉਪਰ ਲਿਆ ਖਿਚਾਈਆ । ਸਵਾ ਗਿਠ ਦੇ ਵਿਚ ਕਰਕੇ ਉਜਿਆਰ, ਅਗੇ ਪਿਛੇ ਵੇਖ ਵਖਾਈਆ । ਮਾਰੂ ਡੰਡ ਨੂੰ ਕਿਹਾ ਤੇਰਾ ਵੀ ਨਹੀਂ ਕੋਈ ਵਿਹਾਰ, ਤੇਰਾ ਸੰਗ ਨਾ ਕੋਇ ਚਤੁਰਾਈਆ । ਦਸਮ ਦੁਆਰੀ ਨੂੰ ਕਿਹਾ ਓਹ ਤੂੰ ਵੀ ਅਧਵਿਚਕਾਰ, ਬੈਠੀ ਆਸਣ ਲਾਈਆ । ਮੇਰਾ ਮਹਿਬੂਬ ਮੇਰਾ ਸੁਆਮੀ ਮਾਲਕ ਬੈਠਾ ਆਪਣੇ ਸਚੇ ਦਰੇ ਦਰਬਾਰ, ਸਚਖੰਡ ਸਾਚੇ ਸੋਭਾ ਪਾਈਆ । ਝਟ ਪ੍ਰੇਮ ਵਿਚ ਬਿਨਾ ਨੇਤਰਾਂ ਤੋਂ ਨਿਗਾਹ ਲਈ ਮਾਰ, ਬਿਨਾ ਅੱਖੀਆਂ ਦਰਸ਼ਨ ਪਾਈਆ । ਬਿਨਾ ਰਸਨਾ ਤੋਂ ਸੁਣੀ ਸ਼ਬਦ ਦੀ ਧਾਰ, ਅਣਸੁਣਤ ਦਿਤੀ ਦ੍ਰਿੜਾਈਆ । ਓਏ ਬਲ, ਹੁਣ ਮੈਂ ਤੇਰੇ ਆਇਆ ਇਕ ਦੇ ਦੁਆਰ, ਤੇਰੇ ਦੁਆਰ ਨੂੰ ਦਵਾਂ ਵਡਿਆਈਆ । ਪਰ ਕਲਜੁਗ ਵਿਚ ਜਿਸ ਵੇਲੇ ਸਤਿ ਧਰਮ ਤੋਂ ਦੂਰ ਹੋ ਗਿਆ ਸੰਸਾਰ, ਅਵਤਾਰ ਪੈਗ਼ੰਬਰਾਂ ਗੁਰੂਆਂ ਮੇਰੇ ਸ਼ਬਦ ਨਾਮ ਦਾ ਰੰਗ ਨਾ ਕੋਇ ਚੜ੍ਹਾਈਆ । ਉਸ ਵੇਲੇ ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਹੋਵਾਂ ਜ਼ਾਹਰ, ਜ਼ਾਹਰ ਹੋ ਕੇ ਆਪਣਾ ਖੇਲ ਖਿਲਾਈਆ । ਚਾਰ ਜੁਗ ਦੇ ਨਹੀਂ ਨੌਂ ਸੌ ਚੁਰਾਨਮੇ ਚੌਕੜੀ ਜੁਗ ਜਨਮ ਦੇ ਵਿਛੜੇ ਇਕੱਠੇ ਕਰ ਲਵਾਂ ਏਕਾ ਵਾਰ, ਏਹ ਮੇਰੀ ਬੇਪਰਵਾਹੀਆ । ਮੈਂ ਕੋਈ ਸ਼ਾਸਤਰ ਤੇ ਸਿਮਰਤ ਤੇ ਵੇਦ ਪੁਰਾਨਾਂ ਦਾ ਦੱਸਣਾ ਨਹੀਂ ਵਿਵਹਾਰ, ਰਸਨਾ ਜਿਹਵਾ ਨਾ ਕੋਈ ਕਰਾਂ ਪੜ੍ਹਾਈਆ । ਜਿਸ ਨੂੰ ਚਾਹਵਾਂਗਾ ਓਸੇ ਨੂੰ ਦੇਵਾਂਗਾ ਤਾਰ, ਇਹ ਮੇਰੀ ਬੇਪਰਵਾਹੀਆ । ਕਿਉਂ ਮੈਂ ਮਾਲਕ ਖ਼ਾਲਕ ਦੋ ਜਹਾਨਾਂ ਦਾ ਮੁਖ਼ਤਿਆਰ, ਮੁਖ਼ਤਾਰ ਸਭ ਕੁਛ ਆਪਣੇ ਹੁਕਮ ਵਿਚ ਚਲਾਈਆ । ਬਲ ਕਿਹਾ ਪ੍ਰਭੂ ਮੈਂ ਤੇਰੀ ਭਗਤੀ ਦਾ ਆਪਣੇ ਅੰਦਰ ਭਰਿਆ ਭੰਡਾਰ, ਦਿਵਸ ਰੈਣ ਤੇਰੇ ਢੋਲੇ ਗਾਈਆ । ਨੌਂ ਖੰਡ ਪ੍ਰਿਥਮੀ ਤੇਰੇ ਚਰਨਾਂ ਉਤੋਂ ਦਿਤੀ ਵਾਰ, ਭੇਟਾ ਤੇਰੇ ਅਗੇ ਟਿਕਾਈਆ । ਭਗਤ ਬਣਨਾ ਬੜਾ ਦੁਸ਼ਵਾਰ, ਬਿਨ ਭਗਤੀਉਂ ਕੋਈ ਪ੍ਰਭੂ ਨੂੰ ਮਿਲਣ ਕਦੇ ਨਾ ਪਾਈਆ । ਝਟ ਬਾਵਨ ਕਿਹਾ ਓ ਬਲ ਜਿਸ ਨੇ ਮੇਰਾ ਰੂਪ ਬਣਾਇਆ ਸਾਕਾਰ, ਤੇ ਤਤਾਂ ਖੇਲ ਖਿਲਾਈਆ । ਓਹ ਸ਼ਹਿਨਸ਼ਾਹ ਸਭ ਦਾ ਸਿਕਦਾਰ, ਪਾਤਸ਼ਾਹ ਅਗੰਮ ਅਥਾਹੀਆ । ਜਦੋਂ ਚਾਹਵੇ ਜਿਸ ਨੂੰ ਚਾਹਵੇ ਬਿਨਾ ਭਗਤੀਉਂ ਲਾ ਦੇਵੇ ਪਾਰ, ਪਰਮ ਪੁਰਖ ਆਪਣੇ ਰੰਗ ਰੰਗਾਈਆ । ਓਹਦੇ ਚਰਨਾਂ ਦੀ ਧੂੜ ਤੇ ਸਚਖੰਡ ਦਾ ਦੁਆਰ, ਦੋਵੇਂ ਇਕੋ ਰੂਪ ਦਏ ਵਖਾਈਆ । ਬਾਵਨ ਫੇਰ ਵੇਖਿਆ ਓ ਬਲ, ਬੇਸ਼ਕ ਓਸ ਵੇਲੇ ਕਲਜੁਗ ਨੇ ਕਰਨਾ ਧੂੰਆਂਧਾਰ, ਧੁਰ ਦੇ ਹੁਕਮ ਵਿਚ ਕਲਜੁਗ ਸੇਵ ਕਮਾਈਆ । ਫਿਰ ਵੀ ਭਗਤ ਸੁਹੇਲਾ ਹੋ ਕੇ ਫੜ ਬਾਹੋਂ ਲਵਾਂ ਉਬਾਰ, ਕੋੜ੍ਹਿਆਂ ਕਮਲਿਆਂ ਆਪਣੇ ਗਲੇ ਲਗਾਈਆ । ਪਰ ਇਕ ਗੱਲ ਯਾਦ ਰਖੀਂ ਇਹ ਵਕਤ ਓਦੋਂ ਸੁਹਾਉਣਾ ਹੋਵੇਗਾ, ਜਦੋਂ ਨਾਮੇ ਦੀ ਧਾਰ ਦਾ ਬਣੇਗਾ ਭਗਤ ਦੁਆਰ, ਜਿਸ ਦੀ ਸੱਤਰ ਬਹੱਤਰ ਚੁਹੱਤਰ ਤੇ ਪੰਜ ਪੰਜ ਦੇਣ ਗਵਾਹੀਆ । ਇਹਨਾਂ ਅੱਖਰਾਂ ਦਾ ਚਾਰ ਜੁਗ ਦੇ ਸ਼ਾਸਤਰ ਕਰ ਨਹੀਂ ਸਕਦੇ ਵਿਸਥਾਰ, ਜਗਤ ਦੇ ਵਿਦਿਆ ਵਾਲੇ ਭੇਵ ਨਾ ਕੋਇ ਪਾਈਆ । ਪਰ ਯਾਦ ਰਖੀਂ ਬਲ ਨੌਂ ਸੌ ਚਰਾਨਵੇ ਚੌਕੜੀ ਜੁਗ ਪ੍ਰਭੂ ਦੇ ਨਾਮ ਦੇ ਡੰਕ ਵਜਦੇ ਰਹੇ ਸੰਸਾਰ, ਓਸੇ ਦੇ ਗੁਣ ਗਾਈਆ । ਪਰ ਕਲਜੁਗ ਅੰਤ ਭਗਤਾਂ ਦਾ ਐਸਾ ਬਣਨਾ ਮੀਤ ਮੁਰਾਰ, ਮਿਤਰ ਪਿਆਰਾ ਹੋ ਕੇ ਆਪਣੀ ਗੋਦ ਟਿਕਾਈਆ । ਆਪ ਭਾਵੇਂ ਮਾਤਲੋਕ ਵਿਚ ਕੁਛ ਕਰੇ ਪਰ ਭਗਤਾਂ ਨੂੰ ਜ਼ਰੂਰ ਸਚਖੰਡ ਲਿਆਵੇਗਾ ਆਪਣੀ ਗੋਦ ਉਠਾਲ, ਬਿਨਾ ਲੱਤਾਂ ਬਾਹਵਾਂ ਤੋਂ ਭੱਜੇ ਵਾਹੋ ਦਾਹੀਆ । ਪਰ ਓਹ ਵਕਤ ਯਾਦ ਰਖੀਂ ਓਹ ਲੇਖਾ ਓਦੋਂ ਮੁਕਣਾ ਜਿਸ ਵੇਲੇ ਸੰਮਤ ਸ਼ਹਿਨਸ਼ਾਹੀ ਇਕ ਇਕ ਨੂੰ ਮਿਲਾ ਕੇ ਤੇ ਆਉਣਾ ਗਿਆਰਾਂ ਦਾ ਸਾਲ, ਸਾਲ ਬਸਾਲਾ ਆਪਣੀ ਖੇਲ ਖਿਲਾਈਆ । ਕਿਉਂ ਪ੍ਰਭੂ ਦੇ ਭਗਤ ਤੇ ਪ੍ਰਭੂ ਦੇ ਲਾਲ, ਤੇ ਲਾਲਨ ਹੋ ਕੇ

੧੨੨੮
੨੪

ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਛੱਬੀ ਪੋਹ ਕਹੇ ਬਾਵਨ ਨੇ ਬਲ ਨੂੰ ਵਰ ਦਿਤੇ ਅਤੁਟ, ਬਿਨਾ ਲੇਖ ਲੇਖਣੀ ਦਿਤੀ ਵਡਿਆਈਆ । ਸ਼ਬਦ ਸੁਣਾਏ ਬਿਨਾ ਬੁੱਲਾਂ ਬੁਟ, ਜੇਹਵਾ ਰਸਨਾ ਨਾ ਕੋਇ ਹਲਾਈਆ । ਲੇਖ ਲਿਖੇ ਬਿਨਾ ਕ਼ਲਮ ਸ਼ਾਹੀ ਤੇ ਉਂਗਲਾਂ ਹੱਥਾਂ ਗੁਟ, ਲਾਲ ਰੰਗ ਦਿਤਾ ਚੜ੍ਹਾਈਆ । ਨਾਲੇ ਇਸ਼ਾਰਾ ਕੀਤਾ ਭਗਤ ਭਗਵਾਨ ਪ੍ਰੀਤੀ ਕਦੇ ਨਾ ਜਾਵੇ ਟੁਟ, ਟੁਟਿਆਂ ਆਪਣੀ ਗੰਢ ਪੁਆਈਆ । ਆਤਮ ਪਰਮਾਤਮ ਨਾਤਾ ਕਦੇ ਨਾ ਜਾਵੇ ਛੁਟ, ਛੁਟਕੀ ਲਿਵ ਫੇਰ ਲਏ ਲਗਾਈਆ । ਪਰ ਇਕ ਪ੍ਰਭੂ ਵਿਚ ਵੱਡਾ ਗੁਣ, ਜਦੋਂ ਚਾਹੇ ਲੋਕਮਾਤ ਦੇ ਬੂਟੇ ਪੁੱਟ, ਤੇ ਸਚਖੰਡ ਆਪਣੇ ਦਰ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਆਪਣਾ ਹੁਕਮ ਵਰਤਾਈਆ । ਛੱਬੀ ਪੋਹ ਕਹੇ ਔਹ ਵੇਖੋ ਗੁਰੂ ਅਵਤਾਰ ਪੈਗ਼ੰਬਰ ਕਿੱਡੇ ਸੋਹਣੇ ਬੈਠੇ ਅਸਥਾਨ, ਆਪਣਾ ਆਸਣ ਲਾਈਆ । ਨਾਲੇ ਨੂਰ ਨਾਲੇ ਜੋਤ ਨਾਲੇ ਪਰਕਾਸ਼ ਨਾਲੇ ਸਤਿ ਸਰੂਪ ਭਗਵਾਨ, ਭਗਵਨ ਵਿਚ ਸਮਾਈਆ । ਨਾਲੇ ਦਾਤੇ ਨਾਲੇ ਭਿਖਾਰੀ ਨਾਲੇ ਮੰਗਤੇ ਨਾਲੇ ਮੰਗਣ ਦਾਨ, ਆਪਣੀ ਝੋਲੀ ਡਾਹੀਆ । ਨਾਲੇ ਵੇਖਣ ਜ਼ਿਮੀਂ ਅਸਮਾਨ, ਦੋ ਜਹਾਨਾਂ ਰਾਹ ਤਕਾਈਆ । ਨਾਲੇ ਤਕਣ ਆਪਣੇ ਫ਼ਰਮਾਨ, ਜੋ ਭਵਿਖਤਾਂ ਵਿਚ ਆਏ ਲਿਖਾਈਆ । ਨਾਲੇ ਸੁਣਾਉਣ ਸੀਤਾ ਰਾਮ, ਕੀ ਰਮਈਆ ਕਰੇ ਧੁਰਦਰਗਾਹੀਆ । ਨਾਲ ਸੰਦੇਸ਼ੇ ਦੇਵਣ ਕਾਹਨ, ਕਾਹਨ ਤੇਰੇ ਕਾਹਨ ਦੀ ਕੀ ਵਡਿਆਈਆ । ਪੈਗ਼ੰਬਰ ਕਹਿਣ ਸਾਡਾ ਅਮਾਮ, ਜਲਵਾਗਰ ਨੂਰ ਅਲਾਹੀਆ । ਗੁਰੂ ਗੁਰਦੇਵ ਕਹਿਣ ਅਸੀਂ ਓਸੇ ਦੇ ਰੂਪ ਵਿਚੋਂ ਹੋਏ ਪਰਧਾਨ, ਜਿਸ ਨੇ ਮਾਤਲੋਕ ਦਿਤੀ ਵਡਿਆਈਆ । ਜਿਸ ਦਾ ਸੰਦੇਸ਼ਾ ਸੁਣਿਆ ਬਿਨਾ ਕਾਨ, ਅਨਾਦੀ ਧੁਨ ਵਿਚ ਸ਼ਨਵਾਈਆ । ਓਹ ਸ਼ਾਹੋ ਭੂਪ ਅੰਤ ਆਵੇ ਸੁਲਤਾਨ, ਮਾਲਕ ਧੁਰਦਰਗਾਹੀਆ । ਜਿਸ ਨੂੰ ਸਾਰੇ ਕਰਨ ਪਰਵਾਨ, ਸਿਰ ਸਕੇ ਨਾ ਕੋਇ ਉਠਾਈਆ । ਸਾਨੂੰ ਇਉਂ ਜਾਪਦਾ ਸਭ ਨੂੰ ਓਹ ਮਾਲਕ ਖ਼ਾਲਕ ਵਾਲੀ ਦੋ ਜਹਾਨ, ਦੋਹਰੀ ਆਪਣੀ ਕਲ ਵਰਤਾਈਆ । ਜਿਸ ਨੇ ਆਪਣਾ ਹੁਕਮ ਸੁਣਾਉਣਾ ਬਿਨਾ ਕਾਨ, ਸ਼ਬਦੀ ਸ਼ਬਦ ਸ਼ਬਦ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਛੱਬੀ ਪੋਹ ਕਹੇ ਪ੍ਰਭੂ ਮੇਰਾ ਪੁਰਾਣਾ ਤੇਰੇ ਨਾਲ ਲਹਿਣਾ, ਸਤਿਜੁਗ ਦਏ ਗਵਾਹੀਆ । ਤੈਨੂੰ ਜ਼ਰੂਰ ਪਏਗਾ ਦੇਣਾ, ਮੁਕਰ ਕਦੇ ਨਾ ਜਾਈਆ । ਮੈਂ ਚਾਹੁੰਦਾ ਜੇ ਤੂੰ ਸਤਿਗੁਰ ਹੈਂ ਤੇ ਭਗਤਾਂ ਨੂੰ ਦਰਸ਼ਨ ਦੇਵੀਂ ਦਿਨੇ ਜਾਗਦਿਆਂ ਤੇ ਰਾਤੀਂ ਸੁਤਿਆਂ ਆਪਣੇ ਨੈਣਾਂ, ਸਾਖ਼ਿਆਤ ਨਜ਼ਰੀ ਆਈਆ । ਫੇਰ ਮੈਂ ਚਾਹੁੰਦਾ ਤੂੰ ਇਹਨਾਂ ਦੇ ਅੰਦਰ ਵੜ ਕੇ ਬਹਿਣਾ, ਕਾਇਆ ਮੰਦਰ ਸੋਭਾ ਪਾਈਆ । ਫੇਰ ਮੈਂ ਚਾਹੁੰਦਾ ਇਨ੍ਹਾਂ ਅੰਦਰ ਬਲ ਬਖ਼ਸ਼ ਦੇ ਹਰ ਹਿਰਦੇ ਵਿਚ ਜਿਨ੍ਹਾਂ ਤੇਰਾ ਭਾਣਾ ਸਹਿਣਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਹੋਰ ਕਿਰਪਾ ਕਰ ਦੇ ਆਪਣੇ ਪਿਆਰ ਦਾ ਅੰਤਰ ਨਿਰੰਤਰ ਪਾ ਦੇ ਗਹਿਣਾ, ਦੋ ਜਹਾਨ ਸਕੇ ਨਾ ਕੋਇ ਚੁਰਾਈਆ । ਮਿਹਰਵਾਨ ਹੋ ਜਾ ਏਨ੍ਹਾਂ ਨੂੰ ਲਾੜੀ ਮੌਤ ਨਾ ਖਾਏ ਡੈਣਾ, ਰਾਏ ਧਰਮ ਨਾ ਦਏ ਸਜ਼ਾਈਆ । ਕਿਰਪਾਲੂ ਹੋਰ ਕਿਰਪਾ ਕਰ ਦੇ ਚੁਰਾਸੀ ਵਿਚ ਨਾ ਪਏ ਪੈਣਾ, ਜਮ ਕੀ ਫਾਸੀ ਦੇਣੀ ਕਟਾਈਆ । ਹੋਰ ਮਿਹਰਵਾਨ ਹੋ ਜਾ ਇਹ ਤੇਰੇ ਭਗਤ ਨਹੀਂ ਤਰਫ਼ੈਣਾਂ, ਸੁਤ ਦੁਲਾਰੇ ਤੇਰੇ ਨਜ਼ਰੀ ਆਈਆ । ਛੱਬੀ ਪੋਹ ਕਹੇ ਮੈਂ ਚਾਹੁੰਦਾ ਜਨ ਭਗਤੋ ਜੇ ਭਗਤ ਜੇ ਤੇ ਬਣ ਜਾਓ ਭਾਈ ਭੈਣਾਂ, ਬੁਰੀ ਅੱਖ ਨਾ ਕੋਇ ਉਠਾਈਆ । ਵੇਖ ਲਓ ਤੁਹਾਡੇ ਵੇਂਹਦਿਆਂ ਜਗਤ

ਜਹਾਨ ਕਿਸ ਵਹਿਣ ਵਿਚ ਵਹਿਣਾ, ਅਗੇ ਹੋ ਨਾ ਕੋਇ ਅਟਕਾਈਆ । ਜਗਤ ਜਹਾਨ ਧੁਰ ਦੇ ਹੁਕਮ ਦੇ ਨਾਲ ਖਹਿਣਾ, ਖ਼ਾਲਸ ਨਜ਼ਰ ਕੋਇ ਨਾ ਆਈਆ । ਓਹ ਬਾਲਮੀਕੀ ਯਾਦ ਰੱਖ ਕਿਸ ਤਰੀਕੇ ਨਾਲ ਲਿਖੀ ਸੀ ਰਮਾਇਣਾ, ਓਹ ਚਮਿਆਰਾ ਕਿਸ ਤਰੀਕੇ ਨਾਲ ਪ੍ਰਭ ਦੇ ਨਾਲ ਗੰਢ ਪੁਆਈਆ । ਤੁਸੀਂ ਕੇਹਦੇ ਸਾਕ ਕੇਹੜਾ ਤੁਹਾਡਾ ਸੱਜਣ ਕੇਹੜਾ ਤੁਹਾਡਾ ਸੈਣਾ, ਕਿਸ ਦੇ ਨਾਲ ਮਿਲ ਕੇ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਹੁਕਮ ਵਰਤਾਈਆ । ਛੱਬੀ ਪੋਹ ਕਹੇ ਜਨ ਭਗਤੋ ਓਏ ਅਗੇ ਲੜਾਈਆਂ ਝਗੜੇ ਹੁੰਦੇ ਰਹੇ ਤੀਰ ਕਮਾਨਾਂ ਤੇ ਖੰਡੇ, ਜਗਤ ਸ਼ਰਅ ਵਿਚ ਲੜਾਈਆ । ਅਵਤਾਰ ਪੈਗ਼ੰਬਰਾਂ ਨੂੰ ਵੰਡ ਦਿਤੀਆਂ ਵੰਡੇ, ਹਿੱਸੇ ਥੋੜੇ ਥੋੜੇ ਪਾਈਆ । ਨਾਮ ਦੇ ਚੜ੍ਹਾ ਕੇ ਨਿੱਕੇ ਨਿੱਕੇ ਡੰਡੇ, ਪੌੜੀਆਂ ਉਤੇ ਲਮਕਾਈਆ । ਆਪਣੇ ਆਪਣੇ ਧਰਮ ਤੇ ਮਜ਼੍ਹਬ ਦੇ ਝੁਲਾ ਕੇ ਝੰਡੇ, ਦੀਨ ਦੁਨੀ ਗਏ ਵਖਾਈਆ । ਪਰ ਫੇਰ ਵੀ ਪ੍ਰਭ ਨੇ ਸਭ ਨੂੰ ਜਣਾਇਆ ਕਲਜੁਗ ਅੰਤਮ ਆਉਂਣਾ ਕੰਢੇ, ਕੰਢੀ ਘਾਟ ਸਾਰੇ ਬੈਠੇ ਆਸਣ ਲਾਈਆ । ਅੰਤ ਅਖ਼ੀਰ ਇਕੋ ਗਾਉਣਾ ਸਭ ਨੇ ਛੰਦੇ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਪਿਛਲਿਆਂ ਜੁਗ ਪਿਛੇ ਬੜੇ ਲੰਮੇ ਲੰਮੇ ਲੰਘੇ, ਆਪਣਾ ਪੰਧ ਮੁਕਾਈਆ । ਪਰ ਯਾਦ ਰਖਿਓ, ਜਿਸ ਵੇਲੇ ਗੋਬਿੰਦ ਦੀ ਧਾਰ ਬਣੀ ਤੇ ਸ਼ਬਦ ਦੀ ਧਾਰ ਵਿਚੋਂ ਆਵਾਜ਼ ਆਈ, ਗੋਬਿੰਦ, ਦੋ ਇਕ ਦੀ ਧਾਰ ਮੇਰੀ ਇੱਕੀ ਤੇ ਤੇਰੇ ਇੱਕੀ ਹੋਵਣੇ ਕੰਘੇ ਦੇ ਦੰਦੇ, ਦੰਦੀਆਂ ਪੀਹਣ ਵਾਲਾ ਨਜ਼ਰ ਕੋਇ ਨਾ ਆਈਆ । ਜਿੰਨਾਂ ਚਿਰ ਮੈਂ ਦੋਬਾਰਾ ਨਾ ਆਇਆ ਓਨਾਂ ਚਿਰ ਨਿਸ਼ਾਨ ਮਿਟਣਾ ਨਹੀਂ ਤਾਰਾ ਤੇ ਚੰਦੇ, ਚੰਦ ਸਿਤਾਰ ਵੇਖਣ ਰਾਹ ਤਕਾਈਆ । ਉਹ ਖੇਲ ਐਸਾ ਹੋਣਾ ਪ੍ਰਭੂ ਦੇ ਨਾਮ ਉਤੋਂ ਲੜਨੇ ਬੰਦਿਆਂ ਨਾਲ ਬੰਦੇ, ਬੰਦਗੀ ਵਾਲਾ ਰਹਿਣ ਕੋਇ ਨਾ ਪਾਈਆ । ਇਹ ਖੇਲ ਹੋਣੇ ਤੁਹਾਡੇ ਵੇਂਹਦਿਆਂ ਵੇਂਹਦਿਆਂ ਬੜੇ ਅਚੰਭੇ, ਅਚਾਨਕ ਆਪਣਾ ਹੁਕਮ ਦੇਣਾ ਵਰਤਾਈਆ । ਮੁਹੰਮਦ ਨੇ ਆਸ ਰਖੀ ਇਹ ਜਦੋਂ ਸ਼ੁਰੂ ਹੋਵੇ ਤੇ ਹੋਵੇ ਮੇਰੇ ਯਕ ਸ਼ੰਬੇ, ਯਕੇ ਬਾਦ ਦੀਗਰਾ ਹੁਕਮ ਨਾ ਕੋਇ ਸੁਣਾਈਆ । ਪਤਾ ਨਹੀਂ ਭਗਤੋ ਕਿਹੜਾ ਵੇਲਾ ਕੇਹੜੀ ਸੁਲਖਣੀ ਘੜੀ ਤੇ ਤੁਹਾਡਾ ਪ੍ਰਭੂ ਆਪਣਾ ਖੇਲ ਅਰੰਭੇ, ਅਰੰਭਾ ਪਰੀ ਚੌਦਾਂ ਰਤਨਾਂ ਵਾਲੀ ਗਈ ਸਮਝਾਈਆ । ਇਹ ਕੋਈ ਖੇਲ ਤੁਹਾਡਾ ਨਹੀਂ ਭਗਵਾਨ ਦੀ ਧਾਰ ਤੇ ਜਿਸ ਨੇ ਕਰਾਉਣੇ ਦੀਨ ਦੁਨੀ ਦੇ ਦੰਗੇ, ਦਗਿਆਂ ਵਿਚ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਛੱਬੀ ਪੋਹ ਕਹੇ ਓਏ ਨਾਰਦਾ ਤੂੰ ਕਿਉਂ ਲੁਕਿਆ, ਓਹ ਮੇਰੇ ਦੂਰ ਦੂਰ ਬੋਦੀ ਹਿਲਾਈਆ । ਨਾਰਦ ਕਹੇ ਓਏ ਮਿਤਰਾ ਮੈਨੂੰ ਐ ਦਿਸਦਾ ਜਿਵੇਂ ਪਿਛਲਿਆਂ ਦਾ ਪੈਂਡਾ ਮੁਕਿਆ, ਅਗੇ ਰਾਹ ਖੇੜਾ ਨਜ਼ਰ ਕੋਇ ਨਾ ਆਈਆ । ਪ੍ਰਭ ਨੂੰ ਮਿਲਣ ਵਾਸਤੇ ਸਭ ਨੇ ਬਥੇਰਿਆਂ ਲਾਏ ਤੁੱਕਿਆ, ਤੋੜਾ ਲਾ ਕੇ ਗਏ ਸਮਝਾਈਆ । ਪਰ ਬ੍ਰਾਹਮਣ ਕਹਿੰਦਾ ਮੈਂ ਉਹ ਬੁੱਢਾ ਉਹ ਪੁਰਾਣਾ ਪੰਡਾ ਜੇਹੜਾ ਆਦਿ ਜੁਗਾਦਿ ਇਕੋ ਪ੍ਰਭੂ ਨੂੰ ਝੁਕਿਆ, ਦੂਜੇ ਸੀਸ ਨਾ ਕਦੇ ਨਿਵਾਈਆ । ਨਾ ਮੈਂ ਹਰਿਆ ਨਾ ਮੈਂ ਸੁਕਿਆ, ਆਪਣਾ ਆਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਖੇਲ ਇਕ ਵਖਾਈਆ । ਨਾਰਦ ਕਹੇ ਛੱਬੀ ਪੋਹ ਮਿਤਰਾ ਮੈਂ ਸੁਣੀਆਂ ਬੜੀਆਂ ਗੱਲਾਂ, ਦੂਰੋਂ ਦੂਰੋਂ ਧਿਆਨ ਲਗਾਈਆ । ਮੈਂ ਜਾਣਦਾ ਘੜੀ ਘੜੀ ਪਲ ਪਲਾਂ, ਪਲਕਾਂ ਦੇ ਪਿਛੇ ਬੈਠਾ ਵੇਖ ਵਖਾਈਆ । ਜੇਹੜਾ ਫਿਰਦਾ ਜੰਗਲਾਂ ਜੂਹਾਂ ਤੇ ਵਿਚ ਝੱਲਾਂ, ਝੱਲਾ ਹੋ ਕੇ ਭੱਜੇ

੧੨੩੦
੨੪

ਵਾਹੋ ਦਾਹੀਆ । ਜਿਸ ਨੂੰ ਮੁਹੰਮਦ ਵਰਗਿਆਂ ਰਸੂਲਾਂ ਕਿਹਾ ਅੱਲਾ, ਆਲਮੀਨ ਤੇਰੀ ਬੇਪਰਵਾਹੀਆ । ਮੈਨੂੰ ਏਉਂ ਜਾਪਦਾ ਉਹ ਫੇਰ ਇਕ ਇਕੱਲਾ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਜਿਸ ਦਾ ਹੁਕਮ ਵਰਤਣਾ ਜਲਾਂ ਥਲਾਂ, ਮਹੀਅਲ ਆਪਣਾ ਫੇਰਾ ਪਾਈਆ । ਓਹ ਐਉਂ ਜਾਪਦਾ ਜਿਵੇਂ ਆਪਣਿਆਂ ਭਗਤਾਂ ਦਾ ਮੇਟਣ ਆ ਗਿਆ ਸੱਲਾ, ਸਲਲ ਹੋ ਕੇ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਧੁਰਦਰਗਾਹੀਆ । ਨਾਰਦ ਕਹੇ ਭਗਤੋ, ਓ ਮਿਤਰੋ, ਓ ਪਿਆਰਿਓ ਸੱਜਣੋ ਓ ਸੰਗੀਓ ਸਾਥੀਓ ਮੈਂ ਸਚ ਦੱਸਾਂ ਇਹ ਪ੍ਰਭੂ ਬੜਾ ਧੋਖੇਬਾਜ਼, ਜੁਗ ਜੁਗ ਆਪਣੀ ਖੇਲ ਖਿਲਾਈਆ । ਆਪਣੇ ਨਾਮ ਦੀ ਵਡਿਆਈ ਵਾਸਤੇ ਆਪਣੀ ਬਦਲ ਦੇਂਦਾ ਆਵਾਜ਼, ਅੱਖਰਾਂ ਨਾਲ ਅੱਖਰ ਦਏ ਬਦਲਾਈਆ । ਫੇਰ ਨਵੀਂ ਤੋਂ ਨਵੀਂ ਸਾਜਣਾ ਲਏ ਸਾਜ਼, ਇਹ ਇਹਦੀ ਬੇਪਰਵਾਹੀਆ । ਕਦੀ ਸਤਿਜੁਗ ਨੂੰ ਕਦੀ ਤ੍ਰੇਤੇ ਨੂੰ ਕਦੀ ਦੁਆਪਰ ਨੂੰ ਦੇ ਕੇ ਰਾਜ, ਰਈਅਤ ਲੱਖ ਚੁਰਾਸੀ ਸੰਗ ਬਣਾਈਆ । ਕਦੀ ਕਲਜੁਗ ਦੀ ਖੋਲ੍ਹ ਕੇ ਜਾਗ, ਕੂੜੀ ਕਿਰਿਆ ਪੱਲੂ ਦਏ ਫੜਾਈਆ । ਸੋਹਣਾ ਮਾਇਆ ਮਮਤਾ ਮੋਹ ਦਾ ਲਗਾ ਕੇ ਬਾਗ਼, ਕੂੜ ਕੁੜਿਆਰਾ ਬੂਟਾ ਲਾਇਆ ਥਾਉਂ ਥਾਈਆ । ਪਰ ਯਾਦ ਰਖਿਓ, ਇਹ ਉਸ ਵਕ਼ਤ ਇਸ਼ਾਰਾ ਹੋਇਆ ਸੀ ਜਿਸ ਵੇਲੇ ਗੋਬਿੰਦ ਨੇ ਪਹਿਲੇ ਦਿਨ ਉਡਾਇਆ ਸੀ ਬਾਜ਼, ਬਾਜ਼ੀ ਦੀਨ ਦੁਨੀ ਉਲਟਾਈਆ । ਓ ਮੇਰੇ ਤੋਂ ਬਾਦ ਆਵੇਗਾ ਮੇਰਾ ਮਹਾਰਾਜ, ਚੌਬੀਸਾ ਧੁਰਦਰਗਾਹੀਆ । ਜਿਸ ਨੇ ਸਭ ਤੋਂ ਲੈਣਾ ਜਵਾਬ, ਬਚਿਆ ਰਹਿਣ ਕੋਇ ਨਾ ਪਾਈਆ । ਜੋ ਪੇਸ਼ੀਨਗੋਈਆਂ ਵਿਚ ਪੈਗ਼ੰਬਰਾਂ ਲਿਆ ਖ਼ੁਆਬ, ਸਭ ਦੇ ਲੇਖੇ ਵੇਖੇ ਥਾਉਂ ਥਾਈਆ । ਜਿਸ ਨੂੰ ਜੁਗ ਜੁਗ ਸਾਰਿਆਂ ਕੀਤਾ ਆਦਾਬ, ਸਯਦਿਆਂ ਵਿਚ ਸੀਸ ਨਿਵਾਈਆ । ਓਨ ਇਕ ਗੱਲ ਕਰਨੀ ਬਿਨਾ ਕਿਸੇ ਕਰਨੀ ਤੋਂ ਆਪਣਿਆਂ ਭਗਤਾਂ ਦੀ ਜ਼ਰੂਰ ਕਰਨੀ ਇਮਦਾਦ, ਸਿਰ ਸਿਰ ਆਪਣਾ ਹੱਥ ਟਿਕਾਈਆ । ਨਾਲੇ ਦੁਰਮਤ ਦੇ ਧੋਣੇ ਅੰਦਰੋਂ ਦਾਗ਼, ਪਾਪਾਂ ਕਰੇ ਸਫ਼ਾਈਆ । ਗੁਰਮੁਖਾਂ ਦੇ ਪਿਛੇ ਆਪਣੀ ਖੋਲ੍ਹ ਕੇ ਜਾਗ, ਰਾਤੀ ਸੁਤਿਆਂ ਘਰ ਘਰ ਦਰਸ ਵਖਾਈਆ । ਫੇਰ ਵੱਡੇ ਵੱਡੇ ਕਰਨੇ ਭਾਗ, ਭਾਗਾਂ ਵਾਲੇ ਦੇਣੇ ਬਣਾਈਆ । ਜਗਤ ਦੀਆਂ ਦੀਪ ਮਾਲਾਂ ਨੂੰ ਛਡ ਕੇ ਤੇ ਭਗਤ ਦੁਆਰੇ ਉਤੇ ਜਗਾ ਕੇ ਚਰਾਗ਼, ਓਹ ਨੌ ਸੌ ਚੁਰਾਨਵੇ ਚੌਕੜੀ ਜੁਗ ਦੇ ਵਿਛੜੇ ਹੋਏ ਚਰਾਗ਼ੋ ਤੁਹਾਡੀ ਕਰ ਦੇਣੀ ਰੁਸ਼ਨਾਈਆ । ਤੁਸੀਂ ਬੇਸ਼ਕ ਧਰਮ ਰਾਏ ਦੇ ਅਗੇ ਫਿਰਨਾ ਨਾਲ ਮਜਾਜ, ਆਕੜ ਨਾਲ ਜਾਣਾ ਚਾਈਂ ਚਾਈਆ । ਕਹਿਣਾ, ਓਏ ਅਸੀਂ ਨਹੀਂ ਸੰਤ ਅਸੀਂ ਨਹੀਂ ਸਾਧ, ਅਸੀਂ ਨਾਮ ਜਪਣ ਦਾ ਕਲਮੇ ਪੜ੍ਹਨ ਦਾ ਕੋਈ ਨਹੀਂ ਰਖਿਆ ਰਿਵਾਜ, ਅਸੀਂ ਕਿਸੇ ਗ੍ਰੰਥ ਸ਼ਾਸਤਰ ਦੇ ਨਹੀਂ ਮੁਹਤਾਜ, ਸਾਡਾ ਕੋਈ ਨਹੀਂ ਨੁਵਾਬ, ਸਾਡਾ ਇਕੋ ਸ਼ਹਿਨਸ਼ਾਹ ਪਾਤਸ਼ਾਹ, ਜਿਸ ਨੇ ਸਭ ਦੀ ਸਾਜਣਾ ਲਈ ਸਾਜ, ਸਾਜਣ ਹੋ ਕੇ ਮਿਲਿਆ ਧੁਰ ਦਾ ਮਾਹੀਆ । ਓਹ ਆਇਆ ਸਭ ਤੋਂ ਬਾਦ, ਆਪਣਾ ਫੇਰਾ ਪਾਈਆ । ਹੁਣ ਸਾਨੂੰ ਕੀ ਲੋੜ ਤੇ ਕੇਹੜੀ ਪੜ੍ਹੀਏ ਕਿਤਾਬ, ਤੇ ਕੁਤਬਖ਼ਾਨਿਆਂ ਨੂੰ ਫੋਲਣ ਕਾਹਨੂੰ ਜਾਈਆ । ਕਿਉਂ ਇਕੋ ਮਹਿਬੂਬ ਮਿਲਿਆ ਇਕੋ ਸਾਹਿਬ ਮਿਲਿਆ ਜਿਸ ਦਾ ਸਭ ਤੋਂ ਵਖਰਾ ਹਿਸਾਬ, ਲੇਖਾ ਆਪਣੇ ਹੱਥ ਰਖਾਈਆ । ਆਹ ਕਹਿੰਦਾ, ਨਾਰਦ, ਮੈਂ ਛੱਬੀ ਪੋਹ ਬਣਿਆ ਬੁੱਢਾ ਓਏ ਬੜਾ ਪੁਰਾਣਾ ਮੈਂ ਨੌ ਖੰਡ ਵੇਖੇ, ਸੱਤ ਦੀਪ ਵੇਖੇ, ਅਵਤਾਰ ਵੇਖੇ, ਪੈਗ਼ੰਬਰ ਵੇਖੇ, ਭਗਤ ਵੇਖੇ, ਸੰਤ ਵੇਖੇ, ਪੁਰੀ ਵੇਖੇ ਖੇਲ ਵੇਖੇ, ਮੈਂ ਨਹੀਂ ਤਕਿਆ ਕੀ ਖੇਲ ਹੋਣਾ, ਪਰ ਮੇਰੀ ਅੱਜ ਜਾਗ ਖੁਲ੍ਹ ਗਈ, ਅੱਖਾਂ ਖੁਲ੍ਹ ਗਈਆਂ ਤੇ ਮੈਨੂੰ ਨਜ਼ਰ ਆਇਆ ਵਿਚ ਪੰਜਾਬ,

ਜੋ ਪੰਜਾਂ ਤਤਾਂ ਦੇ ਲੇਖੇ ਦਏ ਮੁਕਾਈਆ । ਕਿਉਂ ਜਿਸ ਦਿਨ ਸਤਿਗੁਰ ਨਾਨਕ ਨੇ ਪਹਿਲੇ ਦਿਨ ਵਜਾਈ ਸੀ ਰਬਾਬ, ਤੰਦ ਸਿਤਾਰ ਸਿਤਾਰ ਵਿਚੋਂ ਹਿਲਾਈਆ । ਓਸੇ ਦਾ ਮਰਦਾਨੇ ਨੂੰ ਆਇਆ ਸੀ ਖ਼ੁਆਬ, ਜੋ ਬਗ਼ਦਾਦ ਆਇਆ ਸਮਝਾਈਆ । ਉਸ ਰਬਾਬ ਦੀ ਧਾਰ ਵਿਚ ਹੋਣਾ ਫ਼ਸਾਦ, ਝਗੜਾ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰ ਇਕ ਵਡਿਆਈਆ । ਨਾਰਦ ਕਹੇ ਛੱਬੀ ਪੋਹ, ਭਈ ਕਿੱਡਾ ਸੋਹਣਾ ਦਿਹਾੜਾ ਤੇਰਾ ਚੰਗਾ, ਚੰਗਾ ਨਜ਼ਰੀ ਆਈਆ । ਔਹ ਤਕ ਲੈ ਦੂਰ ਦੁਰਾਡੇ ਜਮਨਾ ਸੁਰਸਤੀ ਗੋਦਾਵਰੀ ਤੇ ਨਾਲ ਖਲੋਤੀ ਗੰਗਾ, ਗਊ ਮਾਤਾ ਹੱਥ ਵਿਚ ਫੜ ਕੇ ਵੇਖਣ ਨੈਣ ਉਠਾਈਆ । ਨਾਲੇ ਸੋਚਣ ਕਿਸ ਬਿਧ ਭਗਤ ਦੁਆਰਾ ਜਾਏ ਲੰਘਾ, ਆਪਣਾ ਕ਼ਦਮ ਉਠਾਈਆ । ਪਰ ਮੈਂ ਪੰਡਤ ਅਗੋਂ ਸਿਰੋਂ ਦਿਸਿਆ ਨੰਗਾ, ਬੋਦੀ ਰਿਹਾ ਹਿਲਾਈਆ । ਫੇਰ ਨਿਗਾਹ ਮਾਰੀ ਇਕ ਸੁਣਾਇਆ ਛੰਦਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਨਾਲੇ ਉਨ੍ਹਾਂ ਨੂੰ ਸਹਿਜ ਨਾਲ ਕਿਹਾ ਕਮਲੀਓ ਜੇ ਬਾਹਰੋਂ ਵੇਖੋਗੀਆਂ ਤੇ ਤਤਾਂ ਵਾਲਾ ਬੰਦਾ, ਅੰਦਰ ਵੇਖੋਗੀਆਂ ਉਹ ਮਾਲਕ ਧੁਰ ਦਾ ਮਾਹੀਆ । ਜਿਸ ਨੂੰ ਸਜਦੇ ਕਰਦੇ ਤਾਰਾ ਚੰਦਾ, ਸੂਰੀਆ ਆਪਣਾ ਆਪ ਛੁਪਾਈਆ । ਜਿਸ ਦਾ ਨੌਂ ਸੌ ਚੁਰਾਨਵੇ ਚੌਕੜੀ ਦਾ ਸਫ਼ਰ ਲੰਬਾ, ਲਮਹ ਲਮਹ ਲਮਹ ਕਰਕੇ ਦਿਤਾ ਮੁਕਾਈਆ । ਨੀ ਹੁਣ ਹੈਰਾਨ ਹੋ ਜਾਓਗੀਆਂ ਉਸ ਦਾ ਖੇਲ ਬੜਾ ਅਚੰਭਾ, ਹੈਰਾਨੀ ਵਿਚ ਸਭ ਨੂੰ ਰਿਹਾ ਪਾਈਆ । ਤੁਹਾਨੂੰ ਵੇਖੇ ਚੰਗੀ ਤਰਹ ਉਸ ਦੀਆਂ ਹਿਲਦੀਆਂ ਦੋ ਟੰਗਾਂ, ਦੋ ਟੰਗਾਂ ਵਾਲਾ ਹੋ ਕੇ ਦੋ ਜਹਾਨ ਰਿਹਾ ਭਵਾਈਆ । ਇਹ ਉਸ ਬੜਾ ਚੰਗਾ ਸੋਚਿਆ ਢੰਗਾ, ਜੇਹੜਾ ਤਰੀਕਾ ਚਾਰ ਜੁਗ ਨਾ ਕਿਸੇ ਸਮਝਾਈਆ । ਨਾ ਕੋਈ ਤੀਰ ਨਾ ਕੋਈ ਭੱਥਾ ਨਾ ਕੋਈ ਹੱਥ ਵਿਚ ਫੜੇ ਖੰਡਾ, ਨਾ ਕੋਈ ਫ਼ੌਜ ਤੇ ਲਸ਼ਕਰ ਸ਼ਾਹੀ ਨਜ਼ਰੀ ਆਈਆ । ਮੈਂ ਹੈਰਾਨ ਹੋ ਗਿਆ ਇਕੋ ਬਣਾ ਕੇ ਸੱਤ ਰੰਗ ਦਾ ਡੰਡਾ, ਡੰਡਾਵਤ ਸਭ ਦੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰ ਇਕ ਵਖਾਈਆ । ਗੰਗਾ ਕਹੇ ਸੁਣ ਵੇ ਪੰਡਤਾ ਪਾਂਧਿਆ, ਸਾਡੀ ਇਕ ਅਰਦਾਸ । ਭਗਤ ਦੁਆਰੇ ਔਂਦੇ ਜਾਂਦਿਆਂ, ਤੈਨੂੰ ਦਈਏ ਸ਼ਾਬਾਸ । ਬਿਨ ਰਸਨਾ ਪੀਂਦਿਆ ਖਾਂਦਿਆ, ਜੀਵਤ ਬਿਨਾ ਸਵਾਸ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੋਹਣਿਆ ਤੂੰ ਆ ਜਾ ਸਾਡੇ ਪਾਸ । ਝਟ ਨਾਰਦ ਕਹੇ ਮੈਂ ਬੋਦੀ ਰਿਹਾ ਸਵਾਰ, ਮੱਥੇ ਤਿਊੜੀ ਨਾ ਕੋਇ ਰਖਾਈਆ । ਨੀ ਮੈਂ ਪੁਜਿਆ ਭਗਤ ਦੁਆਰ, ਆਪਣਾ ਪੰਧ ਮੁਕਾਈਆ । ਇਕੋ ਮੰਨਿਆ ਧੁਰ ਦਾ ਯਾਰ, ਜੋ ਨੂਰ ਨੁਰਾਨਾ ਨੂਰ ਅਲਾਹੀਆ । ਜੋ ਜੁਗ ਜੁਗ ਖੇਲ ਕਰੇ ਅਪਾਰ, ਅਪਰੰਪਰ ਸੁਆਮੀ ਇਕ ਅਖਵਾਈਆ । ਪਹਿਲੋਂ ਬਾਹਰੋਂ ਉਸ ਨੂੰ ਕਰੋ ਨਿਮਸਕਾਰ, ਡੰਡਾਵਤ ਵਿਚ ਸੀਸ ਝੁਕਾਈਆ । ਫੇਰ ਧੂੜੀ ਲਾਓ ਛਾਰ, ਕਿਉਂ ਚੰਦਨ ਦੇ ਟਿੱਕੇ ਭਗਤ ਸੁਹੇਲੇ ਲਾ ਕੇ ਗਏ ਚਾਈਂ ਚਾਈਂਆ । ਫੇਰ ਬਣੋ ਭਿਖਾਰ, ਖ਼ਾਲੀ ਝੋਲੀਆਂ ਅਗੇ ਡਾਹੀਆ । ਕਿਰਪਾ ਕਰ ਸਾਡੇ ਕਰਤਾਰ, ਕ਼ੁਦਰਤ ਦੇ ਕ਼ਾਦਰ ਧੁਰਦਰਗਾਹੀਆ । ਸਾਡਾ ਕਲਜੁਗ ਦਾ ਲਹਿਣਾ ਦੇਣਾ ਅੰਤਰ ਲੈ ਵਿਚਾਰ, ਵਿਚਰਕੇ ਦਈਏ ਸੁਣਾਈਆ । ਦੀਨ ਦੁਨੀ ਹੋਈ ਵਿਭਚਾਰ, ਕੁਕਰਮਾਂ ਭਰੀ ਲੋਕਾਈਆ । ਸਾਡੇ ਤੀਰਥ ਤਟ ਕਿਨਾਰ ਹੋਏ ਖ਼ੁਆਰ, ਜਗਤ ਰਹੀ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਗੰਗਾ ਗੋਦਾਵਰੀ ਜਮਨਾ ਸੁਰਸਤੀ ਚਾਰੇ ਜੋੜਨ ਹੱਥ, ਭਗਤੋ ਭਗਤ ਦੁਆਰੇ ਸੀਸ ਨਿਵਾਈਆ ।

੧੨੩੨
੨੪

ਨਾਲੇ ਕਹਿਣ ਪ੍ਰਭੂ ਤੂੰ ਪੁਰਖ ਸਮਰਥ, ਤੇਰੀ ਬੇਪਰਵਾਹੀਆ । ਜਿਸ ਤਰਹ ਤੂੰ ਭਗਤਾਂ ਨੂੰ ਦੇਂਦਾ ਏਂ ਵਥ, ਏਸੇ ਤਰਹ ਸਾਡੀ ਝੋਲੀ ਦੇ ਭਰਾਈਆ । ਕਿਉਂ ਤੂੰ ਬੇਪਰਵਾਹ ਅਗੰਮ ਅਥਾਹ ਤੇਰੇ ਗੋਬਿੰਦ ਗਿਆ ਸਥਰ ਲਥ, ਓਹ ਸੋਹਣੀ ਤੇਰੀ ਸੇਜ ਹੰਢਾਈਆ । ਜੇ ਹੁਣ ਤੂੰ ਕਲਜੁਗ ਅੰਤ ਭਗਤਾਂ ਵਲ ਕੀਤੀ ਆਪਣੀ ਅੱਖ, ਓ ਅੱਖੀਆਂ ਵਾਲਿਆਂ ਨੂੰ ਆਪਣੀਆਂ ਅੱਖੀਆਂ ਵਿਚ ਮਿਲਾਈਆ । ਸਾਨੂੰ ਐਂ ਦਿਸਦਾ ਤੂੰ ਸਭ ਤੋਂ ਨਿਰਾਲਾ ਤੇ ਵਖਰਾ ਏਨ੍ਹਾਂ ਦਾ ਕੀਤਾ ਪੱਖ, ਸਿਰ ਇਹਨਾਂ ਦੇ ਹੱਥ ਟਿਕਾਈਆ । ਏਸੇ ਕਰਕੇ ਛੱਬੀ ਪੋਹ ਦਾ ਦਿਹਾੜਾ ਤੇ ਭਗਤਾਂ ਨਾਲ ਰਿਹਾ ਵਸ, ਭਗਤਾਂ ਤੋਂ ਬਿਨਾ ਦੂਜਾ ਨਜ਼ਰ ਕੋਇ ਨਾ ਆਈਆ । ਏਹ ਭਗਤ ਸੁਹੇਲੇ ਚੰਗੇ ਜਿਨ੍ਹਾਂ ਦਾ ਪ੍ਰਭੂ ਹੋ ਕੇ ਗਾਵੇ ਜਸ, ਸਿਫ਼ਤਾਂ ਦੇ ਢੋਲੇ ਗਾਈਆ । ਮਿਹਰਵਾਨ ਹੋ ਕੇ ਬਿਨਾ ਮੰਗਿਆਂ ਏਹਨਾਂ ਦੇ ਅੰਦਰ ਦੇਵੇ ਰਸ, ਅੰਤਰ ਆਤਮ ਆਪਣਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਗੰਗਾ ਕਹੇ ਨੀ ਜਮਨਾ ਸੁਰਸਤੀ, ਸੁਤੀਓ ਲਉ ਅੰਗੜਾਈਆ । ਨੀ ਗੋਦਾਵਰੀ ਉਹ ਗੋਬਿੰਦ ਦੀ ਧਾਰ ਤਕ ਅਗੰਮੀ ਹਸਤੀ, ਬਿਨ ਨੇਤਰਾਂ ਵੇਖ ਵਖਾਈਆ । ਨਾਰਦ ਕਹੇ ਓ ਚੌਖੱਟੀਓ ਔਹ ਭਗਤਾਂ ਦੀ ਵੇਖੋ ਬਸਤੀ, ਜਿਥੇ ਭਗਤ ਸੁਹੇਲੇ ਆਸਣ ਲਾਈਆ । ਓਥੇ ਵੇਖੋ ਪ੍ਰਭੂ ਦੀ ਧਾਰ ਕਿੱਡੀ ਸਸਤੀ, ਬਿਨਾ ਸਵਾਸਾਂ ਤੇ ਨਾਮਾਂ ਤੋਂ ਝੋਲੀ ਪਾਈਆ । ਇਕੋ ਵਡਿਆਈ ਤੇ ਇਕੋ ਖੇਲ ਜਸ ਦੀ, ਸਿਫ਼ਤਾਂ ਨਾਲ ਸਾਲਾਹੀਆ । ਜਿਨ੍ਹਾਂ ਦੇ ਅੰਤਰ ਨਿਰੰਤਰ ਆਤਮਾ ਪਰਮਾਤਮਾ ਦੇ ਪਿਆਰ ਵਿਚ ਹਸਦੀ, ਬਿਨਾ ਬੁੱਲਾਂ ਤੋਂ ਰਹੀ ਮੁਸਕਰਾਈਆ । ਦੁਨੀਆ ਦੀ ਧਾਰ ਵਿਚ ਨਹੀਂ ਫਸਦੀ, ਦੀਨਾਂ ਮਜ਼੍ਹਬਾਂ ਦਾ ਲੇਖਾ ਰਹੇ ਮੁਕਾਈਆ । ਇਹ ਆਸ਼ਾ ਪੂਰੀ ਹੋਈ ਏਸ ਧਰਤੀ ਉਤੇ ਲਵ ਤੇ ਕੁਸ਼ ਦੀ, ਬਾਲਮੀਕ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੇ ਲੇਖੇ ਰਿਹਾ ਮੁਕਾਈਆ । ਨਾਰਦ ਕਹੇ ਛੱਬੀ ਪੋਹ ਕੁਛ ਅਵਤਾਰ ਪੈਗ਼ੰਬਰਾਂ ਗੁਰੂਆਂ ਦੀ ਲੈ ਦਲੀਲ, ਜੋ ਬਿਨਾ ਜ਼ਬਾਨ ਤੋਂ ਦੇਣ ਸੁਣਾਈਆ । ਜਿਨ੍ਹਾਂ ਦੀ ਦਰਗਾਹ ਵਿਚ ਮਨਜ਼ੂਰ ਹੋਈ ਅਪੀਲ, ਜੋ ਆਸਾ ਰਖ ਕੇ ਗਏ ਧੁਰਦਰਗਾਹੀਆ । ਓ ਮਾਲਕ ਜਿਨ੍ਹਾਂ ਦਾ ਛੈਲ ਛਬੀਲ, ਨੂਰ ਨੁਰਾਨਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਅਖਵਾਈਆ । ਵਾਹਵਾ ਵਾਹਵਾ ਵਾਹਵਾ ਆਸ਼ਾ ਔਣ ਲਿਟਦੀਆਂ, ਪੱਲੂ ਗਲ ਵਿਚ ਪਾਈਆ । ਬਿਨ ਹੱਥਾਂ ਤੋਂ ਔਣ ਪਿਟਦੀਆਂ, ਵਾਹਵਾ ਤੇਰੀ ਬੇਪਰਵਾਹੀਆ । ਹੰਝੂ ਅੱਖਾਂ ਦੇ ਵਿਚੋਂ ਸਿਟਦੀਆਂ, ਨੈਣਾਂ ਨੀਰ ਵਹਾਈਆ । ਕਿਉਂ ਓਹ ਵਣਜਾਰੀਆਂ ਸਤਿਗੁਰ ਸ਼ਬਦ ਅਗੰਮੀ ਚਿਟ ਦੀਆਂ, ਜੋ ਚਿੱਟੇ ਉਤੇ ਕਾਲਾ ਰਿਹਾ ਪਾਈਆ । ਹੁਕਮ ਵਿਚ ਕੋਟਨ ਕੋਟ ਜੁਗ ਚੌਕੜੀਆਂ ਟਿਕਦੀਆਂ, ਜੋ ਟਿੱਕੇ ਗੁਰਮੁਖਾਂ ਦੇ ਮਸਤਕ ਰਿਹਾ ਲਗਾਈਆ । ਅਨਕ ਵਾਰ ਭਗਤਾਂ ਦੀਆਂ ਖ਼ਾਹਿਸਾਂ ਉਸ ਦੇ ਪਿਆਰ ਵਿਚ ਵਿਕਦੀਆਂ, ਜਿਸ ਦੀ ਕ਼ੀਮਤ ਕਰਤਾ ਆਪੇ ਪਾਈਆ । ਕੋਟਨ ਕੋਟ ਉਸੇ ਦੇ ਪਿਆਰ ਵਿਚ ਸਿਕਦੀਆਂ, ਆਪਣਾ ਆਪ ਸੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਵਕਤ ਇਕ ਵਡਿਆਈਆ । ਛੱਬੀ ਪੋਹ ਕਹੇ ਜਨ ਭਗਤੋ ਮੈਨੂੰ ਇਉਂ ਲਗਦਾ ਤੁਸਾਂ ਅੱਜ ਖਾਧੀ ਮਕਈ ਦੀ ਰੋਟੀ, ਦੰਦਾਂ ਦਾਹੜਾਂ ਹੇਠ ਦਬਾਈਆ । ਪਰ ਯਾਦ ਕਰਿਉ ਏਸ ਦੇ ਪਿਛੇ ਤੁਹਾਡਾ ਲਹਿਣਾ ਦੇਣਾ ਮੁਕ ਗਿਆ ਜਨਮ ਕੋਟਨ ਕੋਟੀ, ਕੋਟਨ ਕੋਟੀ ਜਨਮ ਦਾ ਲੇਖਾ ਦਿਤਾ ਮੁਕਾਈਆ । ਤੁਸੀਂ ਫੇਰ ਮਾਤਾ ਗਰਭ

ਵਿਚ ਨਹੀਂ ਬਣਨਾ ਬੇਟੀ, ਰਕਤ ਬੂੰਦ ਜੋੜ ਨਾ ਕੋਇ ਜੁੜਾਈਆ । ਤੁਹਾਡੇ ਅੰਦਰ ਰਹਿਣ ਨਹੀਂ ਦੇਣੀ ਵਾਸਨਾ ਖੋਟੀ, ਖੋਟਿਉਂ ਖਰੇ ਦੇਣਾ ਬਣਾਈਆ । ਉਸ ਜਿਸ ਕਾਰਨ ਤੁਹਾਨੂੰ ਬੰਨ੍ਹਾ ਦਿਤੀ ਲੰਗੋਟੀ, ਧਰਮ ਦੀ ਧਾਰ ਵਿਚ ਦੇਣਾ ਜੁੜਾਈਆ । ਜਿਸ ਪਿਆਰ ਵਿਚ ਹੱਥ ਵਿਚ ਫੜਾ ਦਿਤੀ ਸੋਟੀ, ਬਲਧਾਰੀ ਦੇਣੇ ਵਖਾਈਆ । ਤੁਹਾਨੂੰ ਬਿਨਾ ਭਗਤੀ ਤੋਂ ਚਾੜ੍ਹ ਕੇ ਧੁਰ ਦੀ ਚੋਟੀ, ਓ ਅੰਦਰ ਦੇ ਚੋਟਿਓ ਤੁਹਾਨੂੰ ਆਪਣੇ ਨਾਮ ਦੀ ਚੋਟ ਦੇਣੀ ਲਗਾਈਆ । ਬੇਸ਼ਕ ਤੁਹਾਡੀ ਆਯੂ ਕਲਜੁਗ ਵਿਚ ਬਹੁਤ ਛੋਟੀ, ਹਜ਼ਾਰਾਂ ਬਰਸਾਂ ਤਪੱਸਿਆ ਨਾ ਕੋਇ ਕਮਾਈਆ । ਫਿਰ ਵੀ ਤੁਹਾਨੂੰ ਮਿਲਾ ਕੇ ਆਪਣੀ ਓਸ ਅਗੰਮੀ ਜੋਤੀ, ਜਿਸ ਜੋਤ ਵਿਚੋਂ ਤੁਹਾਡੀ ਜੋਤ ਦਿਤੀ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਭਗਤੋ ਭਗਤ ਦੁਆਰੇ ਆ ਕੇ ਨਾ ਰਹਿਣਾ ਸੁਤੇ, ਸੁੱਤਿਓ ਲਓ ਅੰਗੜਾਈਆ । ਜਿਸ ਨੇ ਭਾਗ ਲਗਾਉਣਾ ਤੁਹਾਡੇ ਕਾਇਆ ਬੁਤੇ, ਬੁਤਖ਼ਾਨਿਆਂ ਕਰੇ ਸਫ਼ਾਈਆ । ਉਸ ਨੂੰ ਅੱਜ ਕਹਿ ਦਿਉ ਜਾਂ ਭਗਤ ਬਣਾ ਲੈ ਜਾ ਆਪਣੇ ਬਣਾ ਪੁਤੇ, ਜਾਂ ਸੁਤ ਦੁਲਾਰੇ ਬਣਾ ਕੇ ਆਪਣੀ ਗੋਦ ਟਿਕਾਈਆ । ਤੁਹਾਡੀ ਆਤਮਾ ਦੀ ਧਾਰ ਏਥੇ ਓਥੇ ਦੋ ਜਗਤ ਵਾਸਨਾ ਕੋਈ ਨਾ ਲੁੱਟੇ, ਪ੍ਰਭੂ ਲੁਟੇਰਿਆ ਲੁਟੇਰਿਆ ਲੁਟੇਰਿਆ ਸਾਨੂੰ ਲੁਟ ਕੇ ਲੈ ਜਾ ਆਪਣੀ ਧੁਰਦਰਗਾਹੀਆ । ਜਿਥੇ ਫੇਰ ਰਾਏ ਧਰਮ ਮੂਲ ਨਾ ਕੁੱਟੇ, ਮਾਰ ਕੁੱਟ ਦਾ ਲੇਖਾ ਰਹੇ ਨਾ ਰਾਈਆ । ਆਵਣ ਜਾਣ ਗੇੜਾ ਚੁੱਕੇ, ਚੁਕੰਨੇ ਹੋ ਕੇ ਸੁਣਨਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦੁਆਰ ਇਕ ਵਡਿਆਈਆ । ਸਤਰੰਗਾ ਕਹੇ ਕੁਛ ਮੇਰੇ ਅੰਦਰ ਵਿਚਾਰਾ, ਜਨ ਭਗਤੋ ਓ ਤੁਹਾਨੂੰ ਦਿਆਂ ਸੁਣਾਈਆ । ਤੁਸੀਂ ਦੱਸੋ ਕੀ ਖੇਲ ਕਰੇ ਕਰਤਾਰਾ, ਕ਼ੁਦਰਤ ਦਾ ਕ਼ਾਦਰ ਕੀ ਆਪਣੀ ਕਾਰ ਕਮਾਈਆ । ਕਿਸ ਬਿਧ ਪਰਗਟ ਹੋ ਗਿਆ ਚਵੀਆਂ ਅਵਤਾਰਾ, ਚੌਬੀਸਾ ਜਗਦੀਸਾ ਆਪਣਾ ਰੂਪ ਬਦਲਾਈਆ । ਜਿਸ ਦਾ ਲਹਿਣਾ ਦੇਣਾ ਨਾਲ ਪੈਗ਼ੰਬਰ ਗੁਰ ਅਵਤਾਰਾ, ਗੁਰੂ ਗੁਰਦੇਵ ਆਪਣਾ ਰੰਗ ਰੰਗਾਈਆ । ਸ਼ਬਦੀ ਸ਼ਬਦ ਦਾ ਲਾ ਕੇ ਨਾਅਰਾ, ਨਰ ਨਰਾਇਣ ਰਿਹਾ ਸੁਣਾਈਆ । ਬਿਨਾ ਤਤਾਂ ਤੋਂ ਹੋ ਕੇ ਜ਼ਾਹਰਾ, ਜ਼ਾਹਰ ਜ਼ਹੂਰ ਆਪਣਾ ਵੇਸ ਵਟਾਈਆ । ਬਿਨਾ ਭਗਤੀਉਂ ਤੁਹਾਨੂੰ ਕਰੇ ਪਿਆਰਾ, ਪ੍ਰੀਤਮ ਹੋ ਕੇ ਆਪਣੀ ਗੋਦ ਟਿਕਾਈਆ । ਪਰ ਤੁਸੀਂ ਸਚ ਦੱਸੋ, ਪ੍ਰਭੂ ਦੇ ਪਿਆਰ ਵਿਚ ਆਤਮਾ ਦੀ ਧਾਰ ਵਿਚ ਧਰਮ ਦੀਆਂ ਬਣੋਗੇ ਨਾਰਾਂ, ਇਸਤਰੀ ਪੁਰਸ਼ ਜਗਤ ਵੰਡ ਨਾ ਕੋਇ ਵੰਡਾਈਆ । ਸਾਰੇ ਭਗਤ ਜਨ ਆਪਣੇ ਆਪਣੇ ਹੱਥ ਵਿਚ ਫੜਨ ਇਕ ਇਕ ਛੁਹਾਰਾ, ਛੋਹਰੋ ਬਾਂਕਿਓ ਆਪਣੇ ਮੁਖ ਨੂੰ ਸਗਨ ਲਉ ਲਗਾਈਆ । ਪਰ ਯਾਦ ਰਖਿਓ ਅੱਜ ਤੋਂ ਵਾਅਦਾ ਤੁਹਾਡੇ ਨਾਲ ਕੌਲ ਇਕਰਾਰਾ, ਜਿਸ ਨੂੰ ਕੋਈ ਮੇਟ ਨਾ ਸਕੇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਤੁਹਾਡੀ ਦੇਣ ਗਵਾਹੀਆ । ਤੁਸੀਂ ਜਦੋਂ ਜਾਉਗੇ ਤੇ ਜਾਉਗੇ ਵਿਚ ਸਚਖੰਡ ਦੁਆਰਾ, ਰਾਹ ਵਿਚ ਨਾ ਕੋਇ ਅਟਕਾਈਆ । ਏਸੇ ਤਰਹ ਤੁਹਾਡੇ ਨਾਲ ਚਲਾਂਗਾ ਤੇ ਤੁਹਾਡੇ ਉਤੇ ਦੇਵਾਂਗਾ ਪਹਿਰਾ, ਆਹ-ਆਹ ਕਰਕੇ ਸਭ ਨੂੰ ਰਿਹਾ ਸੁਣਾਈਆ । ਕਿਉਂ ਮੈਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਾ ਖੇਲ ਕੀਤਾ ਅਪਾਰਾ, ਅਪਰੰਪਰ ਹੋ ਕੇ ਆਪਣੀ ਕਾਰ ਦਿਆਂ ਭੁਗਤਾਈਆ । ਮੈਂ ਕੋਈ ਬੰਦਾ ਨਹੀਂ ਇਨਸਾਨ ਨਹੀਂ, ਸ਼ਬਦ ਗੁਰੂ ਤੇ ਗੁਰੂ ਦਾ ਖੇਲ ਅਪਾਰਾ, ਅਪਰੰਪਰ ਹੋ ਕੇ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦਰ ਇਕ ਵਡਿਆਈਆ ।

੧੨੩੩ ੨੪

ਛੱਬੀ ਪੋਹ ਕਹੇ ਪ੍ਰਭੂ ਲਾ ਦੇ ਆਪਣੀ ਛਹਿਬਰ, ਸੋਹਣਾ ਰੰਗ ਰੰਗਾਈਆ । ਤੂੰ ਮਿਹਰਵਾਨ ਮਿਹਰਵਾਨ ਮਿਹਰਵਾਨ ਇਕ ਰਹਿਬਰ, ਨੂਰ ਨੁਰਾਨਾ
ਨੂਰ ਅਲਾਹੀਆ । ਇਕ ਅੱਖਰ ਇਕ ਵਰਡ ਜਿਹਨੂੰ ਕਹਿ ਦੇਂਦੇ ਆਲਟੂਗੈਦਰ, ਵਾਹਵਾ ਆਲਮੀਨ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਆਪਣਾ ਵਰ, ਵਾਗ ਦੂਜਿਆਂ ਹੱਥ ਨਾ ਕਦੇ ਫੜਾਈਆ । ਸਤਿਗੁਰ ਸ਼ਬਦ ਕਹੇ, ਭਗਤੋ,
ਦੂਸਰ ਹੱਥ ਨਾ ਵਾਗ ਫੜਾਵਾਂਗਾ । ਸ਼ਾਹ ਅਸਵਾਰ ਇਕ ਅਖਵਾਵਾਂਗਾ । ਦੋ ਜਹਾਨਾਂ ਬਿਨ ਤਤਾਂ ਅਸਵ ਦੌੜਾਵਾਂਗਾ । ਸ੍ਰੀ ਭਗਵਾਨਾ ਹੋ ਕੇ ਖੇਲ
ਖਿਲਾਵਾਂਗਾ । ਨੌਜਵਾਨਾ ਹੋ ਕੇ ਰੰਗ ਰੰਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ
ਦਾ ਸੰਗ ਆਪ ਬਣਾਵਾਂਗਾ । ਨਾਰਦ ਸਾਰੀਆਂ ਪੁਰਾਣੀਆਂ ਕੱਢੀ ਔਂਦਾ ਚਿੱਠੀਆਂ, ਬਿਨਾ ਚਿੱਠੀ ਰਸੈਣ ਤੋਂ ਪੰਧ ਮੁਕਾਈਆ । ਖ਼ਬਰਾਂ ਦੱਸੀ ਜਾਂਦਾ
ਮਿਠੀਆਂ ਮਿਠੀਆਂ, ਬਿਨ ਰਸਨਾ ਢੋਲੇ ਗਾਈਆ । ਸੰਦੇਸ਼ੇ ਦੇਵੇ ਜਿਨ੍ਹਾਂ ਦੀਆਂ ਆਸਾਂ ਇਕ ਪ੍ਰਭੂ ਉਤੇ ਟਿਕੀਆਂ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ ।
ਉਹਨਾਂ ਦਾ ਰੂਪ ਬਣ ਗਿਆ ਜੋ ਹਾਹੇ ਉਤੇ ਟਿੱਪੀਆਂ, ਹੰ ਬ੍ਰਹਮ ਪਾਰਬ੍ਰਹਮ ਵਿਚ ਸਮਾਈਆ । ਧਾਰਾਂ ਹੋ ਗਈਆਂ ਚਿੱਟੀਆਂ, ਕਾਲਾ ਰੰਗ ਨਾ
ਕੋਇ ਰਖਾਈਆ । ਅੰਤ ਉਹਨਾਂ ਨੂੰ ਗਿਣਨੀਆਂ ਨਹੀਂ ਪੈਣੀਆਂ ਗਿੱਟੀਆਂ, ਬਿਨਾ ਸੋਚਣ ਸਮਝਣ ਤੋਂ ਸਚਖੰਡ ਦੁਆਰ ਜਾਣਾ ਚਾਈਂ ਚਾਈਂਆ ।
ਜਿਨ੍ਹਾਂ ਦੀਆਂ ਸਦਾ ਬਹਾਰਾਂ ਖ਼ੁਸ਼ੀਆਂ ਵਾਲੀਆਂ ਹੋਣੀਆਂ ਮਿਤੀਆਂ, ਦਿਵਸ ਵਾਰ ਵੰਡ ਨਾ ਕੋਇ ਵੰਡਾਈਆ । ਅਜ ਦਾ ਦਿਹਾੜਾ ਤੇ ਅਜ ਦੀਆਂ
 ਥਿੱਤੀਆਂ, ਤੇ ਅੱਜ ਦੀ ਰੈਣ ਤੁਹਾਡੀ ਦਏ ਗਵਾਹੀਆ । ਭਾਵੇਂ ਜੁਗ ਚੌਕੜੀਆਂ ਪਿਛੇ ਲੰਘ ਗਈਆਂ ਕਿਤੀਆਂ, ਆਪਣਾ ਪੰਧ ਮੁਕਾਈਆ । ਜੋਤੀ ੧੨੩੪
 ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰ ਇਕ ਸੁਹਾਈਆ । ਸਚ ਦੁਆਰਾ ਕਹੇ ਓ ਪ੍ਰਭੂ ਕੇਹੜੇ ੨੪
ਤੇਰੇ ਭਗਤ, ਭਗਵਨ ਦੇ ਵਖਾਈਆ । ਅਸੀਂ ਤੱਕੀਏ ਵਿਚ ਜਗਤ, ਜਗਜੀਵਨ ਦਾਤੇ ਧਿਆਨ ਲਗਾਈਆ । ਜਿਨ੍ਹਾਂ ਨਾਲ ਤੇਰਾ ਵਾਅਦਾ ਕੌਲ
ਇਕ਼ਰਾਰ ਸ਼ਰਤ, ਧੁਰ ਦਾ ਸੰਗ ਬਣਾਈਆ । ਜਿਨ੍ਹਾਂ ਪਿਛੇ ਆਇਉਂ ਪਰਤ, ਪਤਿਪਰਮੇਸ਼ਵਰ ਰੂਪ ਬਦਲਾਈਆ । ਜੋ ਪਰਗਟਾ ਕੇ ਉਪਰ ਧਰਤ,
ਧਵਲ ਦਏ ਵਡਿਆਈਆ । ਭਾਗ ਲਗਾ ਕੇ ਵਾਲੀ ਅਰਸ਼, ਅਰਸ਼ੀ ਪ੍ਰੀਤਮ ਖੇਲ ਖਿਲਾਈਆ । ਮਾਣ ਦੇ ਕੇ ਗਿਆਰਾਂ ਸ਼ਹਿਨਸ਼ਾਹੀ ਸੰਮਤ ਬਰਸ,
ਬਰਸੀ ਭਗਤਾਂ ਰਿਹਾ ਮਨਾਈਆ । ਮਿਹਰਵਾਨ ਹੋ ਕੇ ਕੀਤਾ ਤਰਸ, ਰਹਿਮਤ ਆਪ ਕਮਾਈਆ । ਜਨਮ ਜਨਮ ਦੀ ਮੇਟੀ ਹਰਸ, ਅਗੇ ਹਵਸ
ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਦੁਆਰ
ਕਹੇ ਮੈਂ ਆਦਿ ਜੁਗਾਦੀ ਮੰਗਤਾ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰੇ ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਪਿਆਰ ਬਖ਼ਸ਼ ਦੇ ਸਾਚੀ ਸੰਗਤਾ,
ਸੰਗਲ ਸ਼ਰਅ ਵਾਲਾ ਕਟਾਈਆ । ਗੜ੍ਹ ਤੋੜ ਦੇ ਹਉਮੇ ਹੰਗਤਾ, ਹੰ ਬ੍ਰਹਮ ਦੇ ਜਣਾਈਆ । ਤੂੰ ਬੋਧ ਅਗਾਧਾ ਬੁੱਧੀ ਤੋਂ ਬਾਹਰ ਦਾ ਪੰਡਤਾ,
ਨਿਰਅੱਖਰ ਕਰ ਪੜ੍ਹਾਈਆ । ਪਰਕਾਸ਼ ਦੇ ਦੇ ਆਪਣੇ ਨੂਰ ਅਗੰਮੀ ਚੰਨ ਕਾ, ਅੰਧ ਅੰਧੇਰ ਗੁਆਈਆ । ਝਗੜਾ ਰਹੇ ਨਾ ਮਨੂਏ ਮਨ ਕਾ,
ਮਮਤਾ ਮੋਹ ਦੇਣਾ ਮਿਟਾਈਆ । ਮਾਰਗ ਦੱਸਣਾ ਆਪਣੇ ਧਰਮ ਕਾ, ਧਰਨੀ ਧਰਤ ਧਵਲ ਸੁਹਾਈਆ । ਅਗਲਾ ਲੇਖਾ ਪਿਛਲਾ ਲੇਖਾ ਵੇਖਣਾ
ਭਗਤਾਂ ਜਰਮ ਕਾ, ਜਨਮ ਜਨਮ ਦਾ ਪੰਧ ਮੁਕਾਈਆ । ਝਗੜਾ ਰਹਿਣ ਨਹੀਂ ਦੇਣਾ ਕਾਇਆ ਮਾਟੀ ਚਰਮ ਕਾ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ ।

ਪੰਧ ਮੁਕਾ ਦੇ ਵਰਨ ਬਰਨ ਕਾ, ਖੱਤਰੀ ਬ੍ਰਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਏਕਾ ਨਾਮ ਨਿਧਾਨਾ ਤੇਰਾ ਹੋਵੇ ਪੜ੍ਹਨ ਕਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਇਕੋ ਮਾਰਗ ਹੋਵੇ ਤੇਰੇ ਮੰਜ਼ਲ ਚੜ੍ਹਨ ਕਾ, ਅਗੇ ਹੋ ਨਾ ਕੋਇ ਅਟਕਾਈਆ । ਇਕੋ ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਤੇਰਾ ਹੋਵੇ ਸਚਖੰਡ ਵੜਨ ਕਾ, ਉੱਤਰ ਪੂਰਬ ਪੱਛਮ ਦੱਖਣ ਵੰਡ ਨਾ ਕੋਇ ਵੰਡਾਈਆ । ਇਕੋ ਸਹਾਰਾ ਏਕੰਕਾਰਾ ਪਰਵਰਦਿਗਾਰਾ ਤੇਰਾ ਹੋਵੇ ਸਰਨ ਕਾ, ਸਰਨਗਤ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਾਚਾ ਸੰਗੀ ਬਣ ਜਾ ਆਪ, ਪ੍ਰਭ ਆਪਣੀ ਦਇਆ ਕਮਾਈਆ । ਜੁਗ ਜਨਮ ਦਾ ਮੇਟ ਦੇ ਪਾਪ, ਪਤਤ ਪੁਨੀਤ ਦੇ ਕਰਾਈਆ । ਝਗੜਾ ਰਹੇ ਨਾ ਤ੍ਰੈਗੁਣ ਤੀਨੋ ਤਾਪ, ਰਜੋ ਤਮੋ ਸਤੋ ਨਾ ਕੋਇ ਲੜਾਈਆ । ਸਚ ਸੁਆਮੀ ਅੰਤਰਜਾਮੀ ਬਣ ਜਾ ਧੁਰ ਦਾ ਬਾਪ, ਪਿਤਾ ਪੁਰਖ ਅਕਾਲ ਗੋਦ ਉਠਾਈਆ । ਤੁਧ ਬਿਨ ਦੂਜਾ ਦਿਸੇ ਨਾ ਕੋਇ ਲੋਕਮਾਤ, ਮਾਤਰ ਭੂਮੀ ਦਏ ਗਵਾਹੀਆ । ਜਨ ਭਗਤਾਂ ਲੇਖੇ ਲਾਉਣੀ ਅੱਜ ਦੀ ਰਾਤ, ਛੱਬੀ ਪੋਹ ਜਗਤ ਵਡਿਆਈਆ । ਦਿਵਸ ਦਿਵਸ ਦਿਵਸ ਵਧਦੀ ਜਾਏ ਜਮਾਤ, ਸੋਹਣਾ ਸੰਗ ਬਣਾਈਆ । ਤੂੰ ਦਰਸ਼ਨ ਦੇਂਦੇ ਰਹਿਣਾ ਆਪ ਇਕਾਂਤ, ਇਕ ਇਕੱਲੇ ਮਿਲਣਾ ਚਾਈਂ ਚਾਈਂਆ । ਹਰਿਜਨ ਅੰਤਰ ਰਖਣਾ ਸ਼ਾਂਤ, ਅਗਨੀ ਤਤ ਨਾ ਕੋਇ ਤਪਾਈਆ । ਨੌ ਖੰਡ ਪ੍ਰਿਥਮੀ ਆਪਣਾ ਬਣਾਉਣਾ ਪਰਾਂਤ, ਸੱਤਾਂ ਦੀਪਾਂ ਇਕੋ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਸਾਹਿਬ ਹੋਣਾ ਸਹਾਈਆ । ਧੁਰ ਦੇ ਸਾਹਿਬ ਹੋਣਾ ਸਹਾਇਕ, ਆਪਣੀ ਦਇਆ ਕਮਾ । ਆਦਿ ਜੁਗਾਦੀ ਧੁਰ ਦੇ ਨਾਇਕ, ਮਿਹਰਵਾਨ ਮਿਹਰਵਾਨ ਮਿਹਰਵਾਂ । ਜਨ ਭਗਤਾਂ ਕਰਨੀ ਹਮਾਇਤ, ਸਿਰ ਸਿਰ ਆਪਣਾ ਹੱਥ ਟਿਕਾ । ਝਗੜਾ ਮੇਟਣਾ ਸ਼ਰਅ ਸ਼ਰਾਇਤ, ਅੰਤਰ ਪਰਦਾ ਦੇਣਾ ਖੁਲ੍ਹਾ । ਸਾਚੇ ਨਾਮ ਦੀ ਕਰਨੀ ਅਨਾਇਤ, ਬਖ਼ਸ਼ਿਸ਼ ਕਰਨੀ ਨੂਰ ਅਲਾਹ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਭ ਦੀ ਕ਼ਬੂਲ ਕਰ ਦੁਆ । ਛੱਬੀ ਪੋਹ ਕਹੇ ਮੈਂ ਆਪਣਾ ਵਕ਼ਤ ਕਰਾਂ ਸੁਹੰਜਣਾ, ਸੋਹਣੀ ਰੁਤ ਸੁਹਾਈਆ । ਕਿਰਪਾ ਕਰ ਮੇਰੇ ਨਿਰੰਜਣਾ, ਨਰ ਨਰਾਇਣ ਤੇਰੀ ਸਰਨਾਈਆ । ਦੀਨ ਦਿਆਲ ਦਰਦ ਦੁਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਜਨ ਭਗਤਾਂ ਨੇਤਰ ਪਾ ਦੇ ਨਾਮ ਅੰਞਣਾ, ਅਗਿਆਨ ਅੰਧ ਦੇਣਾ ਮਿਟਾਈਆ । ਆਤਮ ਪਰਮਾਤਮ ਬਣਨਾ ਧੁਰ ਦਾ ਸੱਜਣਾ, ਸਗਲਾ ਸੰਗ ਰਖਾਈਆ । ਬਿਨਾ ਚਰਨਾਂ ਤੋਂ ਕਰਾ ਦੇ ਆਪਣਾ ਮਜਨਾ, ਪ੍ਰੇਮ ਧੂੜੀ ਖ਼ਾਕ ਰਮਾਈਆ । ਲੇਖੇ ਲਾ ਲੈ ਆਅਲਾ ਅਦਨਾ, ਗ਼ਰੀਬ ਨਿਮਾਣਿਆਂ ਹੋ ਸਹਾਈਆ । ਤੂੰ ਗੋਪਾਲ ਮੂਰਤ ਮਦਨਾ, ਮਧ ਸੂਧਨ ਇਕ ਅਖਵਾਈਆ । ਜੋ ਇਸ਼ਾਰਾ ਦੇ ਕੇ ਗਿਆ ਤੇਰੇ ਦੁਆਰੇ ਸਧਨਾ, ਕ਼ਸਾਈ ਕ਼ਸਮ ਖਾ ਕੇ ਛੁਰੀ ਸੁਟਾਈਆ । ਕਲਜੁਗ ਅੰਤਮ ਤੇਰੀ ਕਿਰਪਾ ਬਿਨਾ ਕਿਸੇ ਨਹੀਂ ਮੂਲ ਤੂੰ ਲਭਣਾ, ਖੋਜਿਆਂ ਹੱਥ ਕਿਸੇ ਨਾ ਆਈਆ । ਹੁਣ ਲਹਿਣਾ ਦੇਣਾ ਪੂਰਾ ਕਰ ਦੇ ਸਭਨਾ, ਸਭਾ ਭਗਤਾਂ ਵੇਖ ਵਖਾਈਆ । ਤੈਥੋਂ ਰਹੇ ਕੋਈ ਨਾ ਅੱਡਨਾ, ਵਿਛੋੜਾ ਨਜ਼ਰ ਕੋਇ ਨਾ ਆਈਆ । ਅੱਜ ਵਾਅਦਾ ਕੌਲ ਇਕਰਾਰ ਕਰ ਲਾ ਜੋ ਭਗਤ ਬਣਿਆ ਇਸ ਨੂੰ ਮੂਲ ਨਹੀਂ ਛਡਣਾ, ਵਿਛੋੜੇ ਵਿਚ ਕਦੇ ਨਾ ਆਈਆ । ਅੰਦਰੋਂ ਆਤਮਾ ਤੇ ਬਾਹਰੋਂ ਪ੍ਰੇਮ ਕਰਾਉਣਾ ਬਦਨਾ, ਤਨ ਵਜੂਦਾਂ ਰੰਗ ਚੜ੍ਹਾਈਆ । ਨੌ ਖੰਡ ਵਿਚ ਭਗਤਾਂ ਦੀਪਕ ਜਗਣਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਦਰਸ਼ਨ ਦੇਵੇ ਉਪਰ ਸ਼ਾਹਰਗਣਾ, ਨਵ

ਦੁਆਰ ਦਾ ਡੇਰਾ ਢਾਈਆ । ਇਕੋ ਮੰਜ਼ਲ ਬਖ਼ਸ਼ਣੀ ਇਕੋ ਬਖ਼ਸ਼ਣਾ ਪਦਨਾ, ਪਦ ਯਾਤਰਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਨਾਮ ਵਰਤਾਈਆ । ਸਚ ਵਸਤ ਦੇ ਦੇ ਅਗੰਮਾ ਦਾਨ, ਨਾਮ ਨਿਧਾਨਾ ਆਪ ਵਰਤਾਈਆ । ਬਿਨ ਰਸਨਾ ਪਿਆ ਦੇ ਜਾਮ, ਹਕ਼ੀਕ਼ੀ ਇਕ ਵਰਤਾਈਆ । ਸ਼ਰਅ ਦਾ ਰਹੇ ਨਾ ਕੋਇ ਗ਼ੁਲਾਮ, ਸ਼ਰਕਤ ਅੰਦਰੋਂ ਦੇਣੀ ਕਢਾਈਆ । ਧੁਰ ਦਾ ਬਣ ਆਪ ਅਮਾਮ, ਅਮਲ ਵੇਖਣੇ ਖ਼ਲਕ ਖ਼ੁਦਾਈਆ । ਤੇਰੀ ਰਸੂਲਾਂ ਤੋਂ ਪਰੇ ਦੀ ਹੋਵੇ ਕਲਾਮ, ਕਾਇਨਾਤ ਦ੍ਰਿੜਾਈਆ । ਤੂੰ ਮਾਲਕ ਖ਼ਾਲਕ ਇਕ ਅਮਾਮ, ਨੂਰ ਨੁਰਾਨਾ ਧੁਰਦਰਗਾਹੀਆ । ਸੂਫ਼ੀਆਂ ਦਾ ਕਰ ਲੈ ਇੰਤਜ਼ਾਮ, ਬੰਦੋਬਸਤ ਆਪਣੇ ਹੱਥ ਰਖਾਈਆ । ਝਗੜਾ ਮੇਟ ਕੇ ਕਾਇਆ ਚਾਮ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਮਨਸਾ ਪੂਰੀ ਕਰਨੀ ਜੋ ਸੰਦੇਸ਼ਾ ਦੇ ਕੇ ਗਿਆ ਰਾਮ, ਬਨਵਾਸੀ ਹੋ ਕੇ ਧਿਆਨ ਲਗਾਈਆ । ਜੋ ਇਸ਼ਾਰਾ ਦਿਤਾ ਅਰਜਨ ਨੂੰ ਕਾਹਨ, ਘਨਈਆ ਹੋ ਕੇ ਗਿਆ ਸੁਣਾਈਆ । ਜੋ ਮੂਸਾ ਨੇ ਕਿਹਾ ਮੇਰਾ ਸਾਹਿਬ ਮੇਟੇ ਅੰਧੇਰੀ ਸ਼ਾਮ, ਸ਼ਮਅ ਨੂਰ ਕਰ ਰੁਸ਼ਨਾਈਆ । ਈਸਾ ਇਸਮ ਦੱਸਿਆ ਸਭ ਨੂੰ ਤਮਾਮ, ਤਰਹ ਤਰਹ ਨਾਲ ਦ੍ਰਿੜਾਈਆ । ਮੁਹੰਮਦ ਇਸ਼ਾਰਾ ਦਿਤਾ ਨਾਲ ਚਾਰ ਯਾਰੀ ਅਵਾਮ, ਨਿਰਅੱਖਰ ਅੱਖਰਾਂ ਧਾਰ ਜਣਾਈਆ । ਨਾਨਕ ਨਿਰਗੁਣ ਸਰਗੁਣ ਦੱਸਕੇ ਮੰਤਰ ਸਤਿਨਾਮ, ਨਾਮ ਨਾਮ ਵਿਚੋਂ ਪਰਗਟਾਈਆ । ਗੋਬਿੰਦ ਮਾਰਗ ਦੱਸ ਦੇ ਆਸਾਨ, ਅਸਲ ਗਿਆ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਖੇਲ ਕਰੇ ਮਹਾਨ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਜਨ ਭਗਤ ਸੁਹੇਲੇ ਲਏ ਪਹਿਚਾਨ, ਗੁਰ ਚੇਲੇ ਵੇਖ ਵਖਾਈਆ । ਰਾਤੀਂ ਸੁਤਿਆਂ ਦਰਸ਼ਨ ਦੇਵੇ ਆਣ, ਆਨਨ ਫ਼ਾਨਨ ਆਪਣਾ ਪਰਦਾ ਲਾਹੀਆ । ਅੰਤਰ ਅੰਤਰ ਦੇਵੇ ਗਿਆਨ, ਅੰਤਸ਼ਕਰਨ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰ ਇਕ ਵਖਾਈਆ । ਭਗਤ ਦੁਆਰ ਕਹੇ ਜਨ ਭਗਤੋ ਪ੍ਰਭੂ ਬਣਾਉਣਾ ਮੀਤ, ਮਿਤਰ ਇਕ ਅਖਵਾਈਆ । ਜਿਸ ਦੀ ਆਦਿ ਜੁਗਾਦੀ ਰੀਤ, ਰੀਤੀਵਾਨ ਧੁਰਦਰਗਾਹੀਆ । ਜੋ ਵੇਖਣਹਾਰਾ ਸਭ ਦੀ ਨੀਤ, ਅੰਦਰ ਬੈਠਾ ਧੁਰ ਦਾ ਮਾਹੀਆ । ਜਿਸ ਤੁਹਾਡੀ ਕਾਇਆ ਕਰਨੀ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਝਗੜਾ ਮੇਟ ਕੇ ਮੰਦਰ ਮਸੀਤ, ਕਾਇਆ ਕਾਅਬਾ ਇਕ ਵਖਾਈਆ । ਸਾਰੇ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸੋਹੰ ਢੋਲਾ ਗੌਣਾ ਗੀਤ, ਜੋ ਗੋਬਿੰਦ ਗਿਆ ਸਮਝਾਈਆ । ਜਿਸ ਨਾਲ ਸਭ ਨੂੰ ਕਰੇ ਪਤਤ ਪੁਨੀਤ, ਦੁਰਮਤ ਮੈਲ ਧੁਆਈਆ । ਸਦ ਵਸੇ ਤੁਹਾਡੇ ਬੀਚ, ਬਾਹਰ ਰਹਿਣ ਕੋਇ ਨਾ ਪਾਈਆ । ਜਿਸ ਦੇ ਘਰ ਗ੍ਰਹਿ ਕੋਈ ਨਹੀਂ ਊਚ ਤੇ ਨੀਚ, ਜ਼ਾਤ ਪਾਤ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਉਹ ਮਾਣ ਦੇਵਣਹਾਰਾ ਹਸਤ ਕੀਟ, ਸ਼ਾਹ ਸੁਲਤਾਨਾਂ ਆਪਣਾ ਹੁਕਮ ਵਰਤਾਈਆ । ਪਰ ਓਸ ਦਾ ਖੇਲ ਕਲਜੁਗ ਅੰਤ ਅਨਡੀਠ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਦੀਨ ਦੁਨੀ ਵੱਲ ਸੁਤਾ ਦੇ ਕਰ ਪੀਠ, ਕਰਵਟ ਆਪਣੀ ਨਾ ਕੋਇ ਬਦਲਾਈਆ । ਜਨ ਭਗਤਾਂ ਅੰਤਰ ਰਸ ਬਖ਼ਸ਼ ਕੇ ਮੀਠ, ਅਨਰਸ ਰਿਹਾ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਇਕ ਵਖਾਈਆ । ਸਚ ਦਰ ਵਖਾਏਗਾ । ਦੀਨ ਦਿਆਲ ਦਇਆ ਕਮਾਏਗਾ । ਸ਼ਾਹ ਕੰਗਾਲ ਰੰਗ ਰੰਗਾਏਗਾ । ਜਲਵਾ ਨੂਰ ਜਮਾਲ ਪਰਗਟਾਏਗਾ । ਦੀਪਕ ਜੋਤੀ ਬਾਲ, ਅੰਧੇਰ ਚੁਕਾਏਗਾ । ਕਾਇਆ ਵਖਾ ਕੇ ਸਚੀ ਧਰਮਸਾਲ, ਧਰਮ ਦੁਆਰਾ ਇਕ ਵਡਿਆਏਗਾ । ਭਗਤ ਸੁਹੇਲੇ ਆਪੇ ਭਾਲ,

ਆਪਣਾ ਸੰਗ ਬਣਾਏਗਾ । ਝਗੜਾ ਮੁਕਾ ਕੇ ਸ਼ਾਹ ਕੰਗਾਲ, ਕੋਝੇ ਕਮਲੇ ਗੋਦ ਟਿਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਲੇਖਾ ਪੂਰ ਕਰਾਏਗਾ । ਸਚ ਲੇਖਾ ਪੂਰ ਕਰਾਵਾਂਗਾ । ਹਾਜ਼ਰ ਹਜ਼ੂਰ ਹੋ ਕੇ ਦਰਸ ਦਿਖਾਵਾਂਗਾ । ਜੋ ਆਸਾ ਰਖੀ ਮੂਸਾ ਉਤੇ ਕੋਹਤੂਰ, ਸੋ ਲਹਿਣਾ ਸਭ ਦੀ ਝੋਲੀ ਪਾਵਾਂਗਾ । ਜਿਸ ਨੂੰ ਈਸਾ ਕਿਹਾ ਹਜ਼ੂਰ, ਹਜ਼ਰਤਾਂ ਦਾ ਮਾਲਕ ਹੋ ਕੇ ਰੰਗ ਰੰਗਾਵਾਂਗਾ । ਜਿਸ ਨੂੰ ਮੁਹੰਮਦ ਕਿਹਾ ਗ਼ਫ਼ੂਰ, ਗ਼ਫ਼ਲਤ ਸਭ ਦੀ ਦੂਰ ਕਰਾਵਾਂਗਾ । ਜਿਸ ਨੂੰ ਨਾਨਕ ਕੀਤਾ ਮਨਜ਼ੂਰ, ਮਨਜ਼ੂਰੀ ਸਭ ਦੀ ਵੇਖ ਵਖਾਵਾਂਗਾ । ਜਿਸ ਨੂੰ ਗੋਬਿੰਦ ਪਿਤਾ ਮੰਨਿਆ ਜ਼ਰੂਰ, ਜ਼ਰੂਰਤ ਸਭ ਦੀ ਝੋਲੀ ਪਾਵਾਂਗਾ । ਬੇਸ਼ਕ ਪ੍ਰਭੂ ਦਾ ਖੇਲ ਅਗੰਮਾ ਨੂਰ, ਨੂਰ ਨੁਰਾਨਾ ਹੋ ਕੇ ਡਗਮਗਾਵਾਂਗਾ । ਕਲਜੁਗ ਲੇਖ ਮਿਟਾ ਕੇ ਕੂੜੋ ਕੂੜ, ਕੂੜੀ ਕਿਰਿਆ ਡੇਰਾ ਢਾਹਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਵਾਂਗਾ । ਸਤਿਗੁਰ ਸ਼ਬਦ ਭਗਤ ਸੁਹੇਲੇ ਤਾਰਨੇ, ਬਣ ਕੇ ਜਗਤ ਮਲਾਹ । ਸਭ ਦੇ ਕਾਜ ਸਵਾਰਨੇ, ਪੂਰਬ ਲਹਿਣ ਚੁਕਾ । ਪੂਰਬ ਕਰਮ ਨਾ ਮੂਲ ਵਿਚਾਰਨੇ, ਲਹਿਣਾ ਹੱਥੋ ਹੱਥ ਫੜਾ । ਜੋ ਸੰਦੇਸ਼ੇ ਦਿਤੇ ਗੋਬਿੰਦ ਯਾਰ ਨੇ, ਸਥਰ ਸੇਜ ਹੰਢਾ । ਓਹ ਪੱਕੇ ਵਾਅਦੇ ਕੌਲ ਇਕ਼ਰਾਰ ਨੇ, ਜਿਸ ਨੂੰ ਸਕੇ ਨਾ ਕੋਇ ਮਿਟਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਦਏ ਖਿਲਾ । ਸਤਿਗੁਰ ਸ਼ਬਦ ਜਨ ਭਗਤ ਵੇਖਣੇ ਜਗ, ਜਗਜੀਵਣ ਦਾਤਾ ਦਏ ਸੁਣਾਈਆ । ਅੰਤਰ ਵੜ ਕੇ ਬੁਝਾਉਣੀ ਤ੍ਰਿਸ਼ਨਾ ਅੱਗ, ਤਤਵ ਤਤ ਨਾ ਕੋਇ ਤਪਾਈਆ । ਹੰਸ ਬਣਾਉਣੇ ਫੜ ਫੜ ਕਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਦਰਸ਼ਨ ਦੇਣਾ ਉਪਰ ਸ਼ਾਹਰਗ, ਸ਼ਹਿਨਸ਼ਾਹ ਮੇਲਣਾ ਚਾਈਂ ਚਾਈਆ । ਕੋਈ ਰਹਿਣ ਨਹੀਂ ਦੇਣਾ ਅਲਪਗ, ਸਰਬਗ ਨਾਲ ਮਿਲ ਕੇ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਸਭ ਦਾ ਬਣਾਂ ਸੰਗੀ, ਸਗਲਾ ਸਾਥੀ ਇਕ ਅਖਵਾਈਆ । ਜੁਗ ਚੌਕੜੀ ਆਸਾ ਮਨਸਾ ਪੂਰੀ ਕਰਾਂ ਜੋ ਪੂਰਬ ਮੰਗ ਮੰਗੀ, ਲੇਖਾ ਅਵਰ ਰਹੇ ਨਾ ਰਾਈਆ । ਜਨਮ ਕਰਮ ਦੀ ਮੇਟਾਂ ਤੰਗੀ, ਤੰਗਦਸਤ ਦਾ ਡੇਰਾ ਢਾਹੀਆ । ਸਭ ਨੂੰ ਕਰਾਂ ਕਾਰ ਅੰਗੀ, ਆਪਣੇ ਅੰਗ ਲਗਾਈਆ । ਨੂਰ ਨੁਰਾਨਾ ਨੂਰ ਚਮਕਾਵਾਂ ਚੰਦੀ, ਜੋਤੀ ਜੋਤ ਜੋਤ ਰੁਸ਼ਨਾਈਆ । ਦੀਨ ਮਜ਼੍ਹਬ ਤੋੜ ਪਾਬੰਦੀ, ਸ਼ਰਅ ਦਾ ਲੇਖਾ ਦਿਆਂ ਮੁਕਾਈਆ । ਜਨ ਭਗਤਾਂ ਨਿਜ ਨੇਤਰ ਲੋਚਨ ਨੈਣ ਅੱਖ ਰਹਿਣ ਨਾ ਦੇਵਾਂ ਅੰਧੀ, ਅੰਧ ਅਗਿਆਨ ਦਿਆਂ ਗੁਆਈਆ । ਪਿਛਲੀ ਜੋ ਪਿਛੇ ਲੰਘੀ, ਅਗੇ ਆਪਣਾ ਸੰਗ ਬਣਾਈਆ । ਝਗੜਾ ਰਹਿਣ ਨਾ ਦੇਵਾਂ ਪ੍ਰਕਿਰਤੀ ਪੰਜੀ, ਪੰਜ ਤਤ ਦੇਵਾਂ ਮਾਣ ਵਡਿਆਈਆ । ਮਨੂਆ ਝਗੜਾ ਕਰੇ ਨਾ ਬਣ ਕੇ ਜੰਗੀ, ਸ਼ਸਤਰ ਹਉਮੇ ਵਾਲਾ ਦਿਆਂ ਸੁਟਾਈਆ । ਤੂੰ ਮੇਰਾ ਮੈਂ ਤੇਰਾ ਹਰ ਹਿਰਦੇ ਦੱਸਣਾ ਛੰਦੀ, ਸੋਹੰ ਢੋਲਾ ਸਿਫ਼ਤ ਸਾਲਾਹੀਆ । ਸਭ ਦਾ ਭਾਰ ਚੁਕਣਾ ਆਪਣੇ ਕੰਧੀ, ਸਿਰ ਬੋਝ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਸੰਗੀ ਇਕ ਹੋ ਆਈਆ । ਧੁਰ ਦਾ ਸੰਗੀ ਬਣ ਕੇ ਆਇਆ, ਹਰਿ ਕਰਤਾ ਬੇਪਰਵਾਹ । ਜਨ ਭਗਤ ਸੁਹੇਲੇ ਲਏ ਤਰਾਇਆ, ਆਦਿ ਜੁਗਾਦੀ ਹੋ ਮਲਾਹ । ਸਾਚਾ ਸੰਗ ਆਪ ਰਖਾਇਆ, ਨਿਰਗੁਣ ਸਰਗੁਣ ਜੋੜ ਜੁੜਾ । ਭੇਵ ਅਭੇਦਾ ਦਏ ਖੁਲ੍ਹਾਇਆ, ਬਜਰ ਕਪਾਟੀ ਪਰਦਾ

ਆਪ ਤੁੜਾ । ਅੰਮ੍ਰਿਤ ਆਤਮ ਜਾਮ ਪਿਆਇਆ, ਨਿਝਰ ਝਿਰਨਾ ਆਪ ਝਿਰਾ । ਜੋਤੀ ਦੀਪਕ ਦਏ ਜਗਾਇਆ, ਬਿਨ ਤੇਲ ਬਾਤੀ ਕਰ ਰੁਸ਼ਨਾ । ਦਰਸ਼ਨ ਦੇਵੇ ਥਾਉਂ ਥਾਂਇਆ, ਦੂਰ ਦੁਰਾਡਾ ਪੰਧ ਮੁਕਾ । ਜਿਨ੍ਹਾਂ ਖ਼ੁਸ਼ੀ ਨਾਲ ਛੱਬੀ ਪੋਹ ਮਨਾਇਆ, ਮਨਸਾ ਮਨ ਪੂਰਨ ਪੂਰੀ ਦਏ ਕਰਾ । ਰੋਗਾਂ ਸੋਗਾਂ ਡੇਰਾ ਢਾਇਆ, ਦਰਦੀਆਂ ਦਰਦ ਲਏ ਵੰਡਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸਾਹਿਬ ਹੋ ਸਹਾ । ਛੱਬੀ ਪੋਹ ਕਹੇ ਜਨ ਭਗਤੋ ਤੁਹਾਡਾ ਲਹਿਣਾ ਦੇਣਾ ਨਾਲ ਪੁਰਖ ਅਕਾਲ, ਅਕਲ ਕਲਧਾਰੀ ਗੰਢ ਪੁਆਈਆ । ਜੋ ਆਦਿ ਜੁਗਾਦੀ ਦੀਨ ਦਿਆਲ, ਦਇਆ ਨਿਧ ਇਕ ਅਖਵਾਈਆ । ਜੋ ਨਾਤਾ ਤੋੜੇ ਕਾਲ ਮਹਾਕਾਲ, ਸਿਰ ਸਿਰ ਆਪਣਾ ਹੱਥ ਟਿਕਾਈਆ । ਹਰਿ ਭਗਤ ਸੁਹੇਲੇ ਬਣਾ ਕੇ ਆਪਣੇ ਲਾਲ, ਗੋਦੀ ਗੋਦ ਲਏ ਉਠਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਤਿਗੁਰ ਸ਼ਬਦ ਹੋ ਕੇ ਕਰੇ ਸੰਭਾਲ, ਸੰਬਲ ਵਿਚ ਬਹਿ ਕੇ ਆਪਣਾ ਰੰਗ ਚੜ੍ਹਾਈਆ । ਜੋਤੀ ਜਲਵਾ ਦੇ ਜਲਾਲ, ਨੂਰ ਨੁਰਾਨਾ ਕਰ ਰੁਸ਼ਨਾਈਆ । ਜਨਮ ਜਨਮ ਦੀ ਲੇਖੇ ਲਾਏ ਘਾਲ, ਕੀਤੀ ਘਾਲ ਝੋਲੀ ਪਾਈਆ । ਅਗੇ ਜਨਮ ਮਰਨ ਦਾ ਰਹੇ ਨਾ ਕੋਇ ਸਵਾਲ, ਕਰਮ ਕਰਮ ਦਾ ਪੰਧ ਮੁਕਾਈਆ । ਫਲ ਲਗਾਵੇ ਜਨ ਭਗਤਾਂ ਕਾਇਆ ਡਾਲ, ਪੱਤ ਟਹਿਣੀ ਰੋਮ ਰੋਮ ਮਹਿਕਾਈਆ । ਲਹਿਣਾ ਦੇਣਾ ਪੂਰਾ ਕਰੇ ਲੱਖ ਚੁਰਾਸੀ ਵਿਚੋਂ ਭਾਲ, ਖੋਜੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਛੱਬੀ ਪੋਹ ਕਹੇ ਜਨ ਭਗਤੋ ਤੁਹਾਡੇ ਅੰਤਰ ਚਾਓ ਘਨੇਰਾ, ਖ਼ੁਸ਼ੀਆਂ ਢੋਲੇ ਗਾਈਆ । ਤੁਸਾਂ ਦਿਵਸ ਦਿਹਾੜਾ ਸੁਹਾਇਆ ਮੇਰਾ, ਮੈਂ ਨਿਵ ਨਿਵ ਲਾਗਾਂ ਪਾਈਆ । ਤੁਸਾਂ ਢੋਲਾ ਗਾਇਆ ਤੂੰ ਮੇਰਾ ਮੈਂ ਤੇਰਾ ਦਿਉਰਾ, ਦੋ ਜਹਾਨ ਵਜੀ ਵਧਾਈਆ । ਤੁਹਾਡਾ ਮਿਤਰ ਪਿਆਰਾ ਸਤਿਗੁਰ ਸ਼ਬਦ ਬਾਂਕਾ ਛੋਰਾ, ਸ਼ੌਹਰ ਮਿਲਿਆ ਧੁਰ ਦਾ ਮਾਹੀਆ । ਜਿਸ ਦਾ ਖੇਲ ਅਵਰ ਦਾ ਔਰਾ, ਅਵਰ ਦੀ ਅਵਰੀ ਕਾਰ ਕਮਾਈਆ । ਉਹ ਤੁਹਾਨੂੰ ਵੇਖਣ ਵਾਲਾ ਤਕੇ ਨਾਲ ਗ਼ੌਰਾ, ਗਹਿਰ ਗੰਭੀਰ ਹੋ ਕੇ ਖੋਜ ਖੁਜਾਈਆ । ਜਿਸ ਨੂੰ ਪਿਆਰ ਨਾਲ ਤੁਸੀਂ ਕਰਦੇ ਚੌਰਾ, ਚਾਰ ਜੁਗ ਦੇ ਲੇਖੇ ਦਏ ਮੁਕਾਈਆ । ਤੁਹਾਡਾ ਮਾਨਸ ਜਨਮ ਆਵਣ ਜਾਵਣ ਸੌਰਾ, ਕਰਮ ਦਾ ਲੇਖਾ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਛੱਬੀ ਪੋਹ ਕਹੇ ਮੇਰਾ ਦਿਵਸ ਅੱਜ ਦਾ ਤਿਉਹਾਰ, ਸੋਹਣਾ ਰੂਪ ਬਣਾਈਆ । ਜਿਸ ਵਿਚ ਭਗਤਾਂ ਖਿੜੀ ਗੁਲਜ਼ਾਰ, ਗੁਲਸ਼ਨ ਸੋਹਣਾ ਨਜ਼ਰੀ ਆਈਆ । ਬਸੰਤ ਦਿਸੇ ਬਹਾਰ, ਪੱਤ ਟਹਿਣੀ ਰਹੀ ਮਹਿਕਾਈਆ । ਇਕੋ ਰੂਪ ਦਿਸੇ ਨਾਰੀ ਨਾਰ, ਇਸਤਰੀ ਮਰਦ ਵੰਡ ਨਾ ਕੋਇ ਵੰਡਾਈਆ । ਸਤਿ ਸ਼ਬਦ ਸਚ ਸੁਣ ਧੁਨਕਾਰ, ਅਨਹਦ ਨਾਦੀ ਰਾਗ ਦ੍ਰਿੜਾਈਆ । ਅੰਮ੍ਰਿਤ ਰਸ ਪੀਵਣ ਠੰਡਾ ਠਾਰ, ਅਮਿਉਂ ਰਸ ਆਪ ਪਿਆਈਆ । ਜੋਤੀ ਜਾਤਾ ਪੁਰਖ ਬਿਧਾਤਾ ਦੀਆ ਬਾਤੀ ਕਮਲਾਪਾਤੀ ਕਰੇ ਉਜਿਆਰ, ਉਜਾਲਾ ਦੇਵੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗੀ ਇਕ ਅਖਵਾਈਆ । ਛੱਬੀ ਪੋਹ ਕਹੇ ਜਨ ਭਗਤੋ ਤੁਹਾਡਾ ਮਿਟੇ ਧੁੰਦੂਕਾਰਾ, ਅੰਧ ਅਗਿਆਨ ਦਏ ਗੁਆਈਆ । ਕਿਰਪਾ ਕਰੇ ਆਪ ਨਿਰੰਕਾਰਾ, ਨਿਰਵੈਰ ਹੋਏ ਸਹਾਈਆ । ਜਿਸ ਦਾ ਆਦਿ ਜੁਗਾਦਿ ਪਸਾਰਾ, ਕਲਜੁਗ ਅੰਤਮ ਵੇਖ ਵਖਾਈਆ । ਸਾਚੇ ਨਾਮ ਦਾ ਦਏ ਭੰਡਾਰਾ, ਅਤੋਟ ਅਤੁਟ ਆਪ ਵਰਤਾਈਆ । ਜਿਸ ਦਾ ਲੇਖ ਅਗੰਮ

ਅਪਾਰਾ, ਅਗੋਚਰ ਰਿਹਾ ਸੁਣਾਈਆ । ਸੋ ਤੁਹਾਡੀ ਪਾਵਣਹਾਰਾ ਸਾਰਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਿਸ ਨੇ ਆਪਣਾ ਰੂਪ ਧਰਿਆ
ਦੋਬਾਰਾ, ਦੋਹਰਾ ਸਭ ਨੂੰ ਰੰਗ ਚੜ੍ਹਾਈਆ । ਘਰ ਘਰ ਠਾਕਰ ਬਣ ਕੇ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਇਕ ਰਖਾਈਆ । ਛੱਬੀ ਪੋਹ ਕਹੇ ਜਨ ਭਗਤੋ ਮੇਰੀ ਸਭ ਨੂੰ ਡੰਡਾਵਤ,
ਬਿਨ ਸਜਦੇ ਸੀਸ ਨਿਵਾਈਆ । ਪ੍ਰੇਮੀਓ ਭਗਤਾਂ ਨਾਲ ਕਰਿਓ ਨਾ ਕੋਇ ਅਦਾਵਤ, ਮੁਹੱਬਤ ਵਿਚ ਸਮਾਈਆ । ਪ੍ਰਭੂ ਦੁਵਾਰਿਉਂ ਮਿਲੇ ਨਾਮ ਨਿਆਮਤ,
ਅਣਮੁਲੀ ਦਾਤ ਵਰਤਾਈਆ । ਜੋ ਆਦਿ ਜੁਗਾਦੀ ਸਹੀ ਸਲਾਮਤ, ਸਚਖੰਡ ਨਿਵਾਸੀ ਇਕ ਅਖਵਾਈਆ । ਜਿਸ ਦੇ ਹੁਕਮ ਵਿਚ ਆਉਣ ਵਾਲੀ
ਕ਼ਿਆਮਤ, ਕ਼ਾਇਮ ਮੁਕ਼ਾਮ ਰਹਿਣ ਕੋਇ ਨਾ ਪਾਈਆ । ਚਾਰੋਂ ਕੁੰਟ ਅੰਧੇਰੀ ਸ਼ਾਮਤ, ਸ਼ਮਅ ਨੂਰ ਜੋਤ ਨਾ ਕੋਇ ਰੁਸ਼ਨਾਈਆ । ਜੁਗ ਚੌਕੜੀ
ਪਿਛੋਂ ਭਗਤੋ ਤੁਹਾਨੂੰ ਅਜ ਦਿਤੀ ਤੁਹਾਡੀ ਅਮਾਨਤ, ਤੁਹਾਡੀ ਝੋਲੀ ਪਾਈਆ । ਲੇਖਾ ਅਗੇ ਨਾ ਰਹੇ ਕੋਈ ਬਨਾਵਟ, ਸੋਹਣੀ ਆਪਣੀ ਗੰਢ ਰਖਾਈਆ ।
ਬਿਨਾ ਮੰਗਿਆਂ ਕੀਤੀ ਸਖ਼ਾਵਤ, ਰਹਿਮਤ ਰਹੀਮ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ
ਵਰ, ਸਚ ਦੁਆਰ ਇਕ ਵਖਾਈਆ । ਸਚ ਦੁਆਰ ਅਗੰਮੜਾ, ਜਨ ਭਗਤ ਦੁਆਰਾ ਏਕ । ਜਿਥੇ ਝਗੜਾ ਨਹੀਂ ਮਾਟੀ ਚੰਮੜਾ, ਬੁੱਧੀ ਕਰੇ
ਬਿਬੇਕ । ਸਭ ਦਾ ਇਕੋ ਨਜ਼ਰੀ ਆਏ ਅੰਮੀ ਅੰਮੜਾ, ਇਕੋ ਬਖ਼ਸ਼ੇ ਚਰਨ ਟੇਕ । ਲਾਲਚ ਰਖਾਏ ਨਾ ਕੋਈ ਦਮੜੀ ਦਮੜਾ, ਤ੍ਰੈਗੁਣ ਮਾਇਆ
 ਮੇਟੇ ਸੇਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵਣਹਾਰਾ ਟੇਕ । ਜਨ ਭਗਤਾਂ ਟੇਕ ਬਖ਼ਸ਼ਦਾ, ਆਦਿ ੧੨੩੯
 ਜੁਗਾਦੀ ਆਪ । ਜੋਤੀ ਜਾਤਾ ਹੋ ਕੇ ਪਰਤਦਾ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਕਰੇ ਵੇਸ ਅਨੇਕ । ਜੋ ਵਣਜਾਰਾ ਆਪਣੇ ਪੂਰਬ ਲਹਿਣੇ ੨੪
ਲੇਖੇ ਸ਼ਰਤ ਦਾ, ਆਦਿ ਜੁਗਾਦੀ ਧਾਰੇ ਭੇਖ । ਜਿਸ ਦੇ ਹੁਕਮ ਵਿਚ ਭਾਣਾ ਵਰਤਦਾ, ਨਾ ਕੋਈ ਸਕੇ ਮੇਟ । ਉਹ ਕਲਜੁਗ ਅੰਤਮ ਲਹਿਣਾ
ਦੇਣਾ ਲੇਖਾ ਪੂਰਾ ਕਰੇ ਧਰਨੀ ਧਰਤ ਦਾ, ਜੋ ਕਰੇ ਸਾਚਾ ਹੇਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ
ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਪਿਆਰਾ ਹੋਵੇ ਭਗਤਾਂ ਹੇਤ ਦਾ, ਹਿਤਕਾਰੀ ਏਕੰਕਾਰੀ ਹੋ ਕੇ
ਵੇਖ ਵਖਾਈਆ ।

### ✪ ੨੭ ਪੋਹ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਦੇ ਸਮੇਂ ✪

ਸਤਾਈ ਪੋਹ ਕਹੇ ਦੋ ਸੱਤ ਦਾ ਮੇਲਾ, ਮਿਲਣੀ ਹਰਿ ਜਗਦੀਸ਼ ਕਰਾਈਆ । ਇਕੋ ਰੂਪ ਹੋ ਗਿਆ ਗੁਰੂ ਗੁਰ ਚੇਲਾ, ਦੂਜਾ ਨਜ਼ਰ ਕੋਇ ਨਾ ਆਈਆ । ਮੇਲ ਮਿਲਿਆ ਹਰਿ ਧੁਰ ਦੇ ਸੱਜਣ ਸੁਹੇਲਾ, ਸਾਜਣ ਮੀਤ ਇਕ ਅਖਵਾਈਆ । ਜਿਸ ਦਾ ਵਕ਼ਤ ਕਦੇ ਨਾ ਹੋਏ ਦੁਹੇਲਾ, ਜੁਗ ਜੁਗ ਆਪਣਾ ਰੰਗ ਰੰਗਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਅਗੰਮ ਅਕੇਲਾ, ਅਕਲ ਕਲਧਾਰੀ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਮੇਲਾ ਕਹੇ ਮੇਰਾ ਦੋ ਸੱਤ ਦਾ ਹੋਇਆ ਮਿਲਾਪ,

ਮਿਲਣੀ ਹਰਿ ਜਗਦੀਸ਼ ਕਰਾਈਆ । ਮੇਰੇ ਅੰਤਸ਼ਕਰਨ ਰਿਹਾ ਨਾ ਪਾਪ, ਪਵਿਤ ਕੀਤਾ ਧੁਰਦਰਗਾਹੀਆ । ਮਿਹਰਵਾਨ ਹੋ ਕੇ ਬਖ਼ਸ਼ਿਆ ਜਾਪ, ਤੂੰ
ਮੇਰਾ ਮੈਂ ਤੇਰਾ ਸੋਹੰ ਢੋਲਾ ਦਿਤਾ ਸੁਣਾਈਆ । ਮੇਰੇ ਅੰਤਸ਼ਕਰਨ ਰਿਹਾ ਨਾ ਕੋਇ ਸੰਤਾਪ, ਸਤਿ ਸਚ ਦਿਤਾ ਪਰਗਟਾਈਆ । ਮਿਹਰਵਾਨ ਹੋ
ਕੇ ਪੁਛੀ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਮੇਰੀ ਸੁਹੰਜਣੀ ਕੀਤੀ ਰਾਤ, ਰੁਤੜੀ ਆਪਣੇ ਨਾਲ ਮਹਿਕਾਈਆ । ਜੋੜ ਜੁੜਾਇਆ ਭਗਤਾਂ
ਵਾਲੀ ਜਮਾਤ, ਅੱਖਰ ਇਕੋ ਇਕ ਸਮਝਾਈਆ । ਲੇਖ ਲਿਖਾਇਆ ਕ਼ਲਮ ਦੁਆਤ, ਸ਼ਾਹੀ ਮੇਟਣ ਕੋਇ ਨਾ ਪਾਈਆ । ਨਿਰਗੁਣ ਹੋ ਕੇ
ਮਾਰੀ ਝਾਤ, ਧੁਰਦਰਗਾਹੀ ਭੱਜਿਆ ਵਾਹੋ ਦਾਹੀਆ । ਕਲਜੁਗ ਅੰਤਮ ਪੁਛੀ ਵਾਤ, ਵਾਤਾਵਰਨ ਤਕ ਖ਼ਲਕ ਖ਼ੁਦਾਈਆ । ਸਾਚਾ ਵਕ਼ਤ ਸੁਹੰਜਣਾ
ਕੀਤਾ ਲੋਕਮਾਤ, ਧਰਨੀ ਧਰਤ ਧਵਲ ਧੌਲ ਵਜੀ ਵਧਾਈਆ । ਸਤਾਈ ਪੋਹ ਕਹੇ ਮੈਂ ਹੋ ਗਿਆ ਆਪ ਇਕਾਂਤ, ਇਕ ਇਕੱਲਾ ਆਪਣਾ ਰੂਪ
ਵਖਾਈਆ । ਫੇਰ ਵੇਖੇ ਚਾਰ ਜੁਗ ਦੇ ਖਾਤ, ਖਾਤੇ ਡੂੰਘੇ ਫੋਲ ਫੁਲਾਈਆ । ਜਾਂ ਨਿਗਾਹ ਮਾਰੀ ਚਾਰੋਂ ਕੁੰਟ ਅੰਧੇਰੀ ਰਾਤ, ਸਾਚਾ ਚੰਦ ਨਾ
ਕੋਇ ਚਮਕਾਈਆ । ਦੀਨ ਦੁਨੀ ਦਾ ਖੇਲ ਬਹੁ ਬਿਧ ਭਾਂਤ, ਦੀਨਾਂ ਮਜ਼੍ਹਬਾਂ ਰੰਗ ਰੰਗਾਈਆ । ਹਿਰਦਾ ਕਿਸੇ ਨਾ ਦਿਸਿਆ ਸ਼ਾਂਤ, ਅਗਨੀ
ਤਤ ਨਾ ਕੋਇ ਬੁਝਾਈਆ । ਮੈਂ ਖੋਜੇ ਨੌ ਪਰਾਂਤ, ਦੀਪਾਂ ਸੱਤਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ
ਸਾਚਾ ਵਰ, ਸਚ ਦਾ ਮਾਲਕ ਵੇਖ ਵਖਾਈਆ । ਸਤਾਈ ਪੋਹ ਕਹੇ ਮੇਲ ਮਿਲਾਇਆ ਮੇਰੇ ਪ੍ਰਭੂ ਮੀਤੇ, ਮਿਤਰ ਪਿਆਰੇ ਦਿਤੀ ਵਡਿਆਈਆ ।
੧੨੪੦ ਮੇਰਾ ਅੰਤਸ਼ਕਰਨ ਹੋਇਆ ਠਾਂਢਾ ਸੀਤੇ, ਅਗਨੀ ਤਤ ਤਤ ਬੁਝਾਈਆ । ਮੈਂ ਨਿਗਾਹ ਮਾਰੀ ਕਿਸ ਬਿਧ ਪਿਛਲੇ ਜੁਗ ਬੀਤੇ, ਸਤਿਜੁਗ ਤ੍ਰੇਤਾ
੨੪ ਦੁਆਪਰ ਆਪਣਾ ਪੰਧ ਮੁਕਾਈਆ । ਕਲਜੁਗ ਵਾਸਤੇ ਕੀ ਕੌਲ ਇਕ਼ਰਾਰ ਪੈਗ਼ੰਬਰਾਂ ਗੁਰੂਆਂ ਕੀਤੇ, ਵਾਅਦੇ ਵਾਅਦਿਆਂ ਵਿਚੋਂ ਵੇਖ ਵਖਾਈਆ ।
ਕਿਸ ਬਿਧ ਲੇਖਾ ਤੱਕਿਆ ਦੀਨ ਦੁਨੀ ਮੰਦਰ ਮਸੀਤੇ, ਕਾਅਬਿਆਂ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਾਈ ਪੋਹ ਕਹੇ ਮੇਰਾ ਲੇਖਾ ਅਜਬ, ਅਜੀਬ ਦਿਆਂ ਦ੍ਰਿੜਾਈਆ । ਦੀਨ ਦੁਨੀ
ਦਾ ਲਹਿਣਾ ਵੇਖਾਂ ਤੇ ਹੋਣ ਵਾਲਾ ਗ਼ਜ਼ਬ, ਹੈਰਾਨੀ ਵਿਚ ਸੁਣਾਈਆ । ਨਾਲੇ ਪੁਰਖ ਅਕਾਲ ਨੂੰ ਕਰਾਂ ਅਦਬ, ਕ਼ਦਮਾਂ ਵਿਚ ਸੀਸ ਨਿਵਾਈਆ ।
ਕਿਸ ਬਿਧ ਲਹਿਣਾ ਦੇਣਾ ਮੁਕਣਾ ਦੀਨ ਮਜ਼੍ਹਬ, ਜ਼ਾਤ ਪਾਤ ਰਹਿਣ ਕੋਇ ਨਾ ਪਾਈਆ । ਮਾਨਵ ਜ਼ਾਤੀ ਤੇਰੇ ਵਿਚ ਹੋਣੀ ਜਜ਼ਬ, ਜਗਹ ਵਖਰੀ
ਵੰਡ ਨਾ ਕੋਇ ਵੰਡਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਕਿਸ ਬਿਧ ਉਠਾਵੇਂ ਆਪਣਾ ਕ਼ਦਮ, ਕ਼ੁਦਰਤ ਦੇ ਕ਼ਾਦਰ ਆਪਣਾ ਖੇਲ ਖਿਲਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਦੋ ਸੱਤ ਕਹਿਣ ਅਸੀਂ ਦੋਵੇਂ
ਹੋਏ ਇਕੱਠੇ, ਮੇਲ ਮਿਲਾਇਆ ਧੁਰਦਰਗਾਹੀਆ । ਪ੍ਰਭ ਦੇ ਪਿਆਰ ਵਿਚ ਬਣ ਗਏ ਪੱਠੇ, ਮੁਰੀਦ ਮੁਰਸ਼ਦ ਵੰਡ ਨਾ ਕੋਇ ਵੰਡਾਈਆ । ਬਿਨ
ਕ਼ਦਮਾਂ ਫਿਰੀਏ ਨਠੇ, ਭੱਜੀਏ ਵਾਹੋ ਦਾਹੀਆ । ਸਾਨੂੰ ਸਾਰੇ ਕਰਦੇ ਠੱਠੇ, ਮਖ਼ੌਲ ਰਹੇ ਉਡਾਈਆ । ਅਸੀਂ ਇਕੋ ਹੁਕਮ ਨੂੰ ਬੰਨ੍ਹਿਆ ਆਪਣੀ ਗੱਠੇ,
ਗੰਢ ਸਕੇ ਨਾ ਕੋਇ ਖੁਲ੍ਹਾਈਆ । ਨਾਲੇ ਤਕੀਏ ਉਸ ਪ੍ਰਭੂ ਦੇ ਪਟੇ, ਜੋ ਪਟਨੇ ਵਾਲਾ ਗਿਆ ਸਮਝਾਈਆ । ਜਿਸ ਦੀ ਕ਼ੀਮਤ ਰੁਪਾ ਸੋਨਾ ਚਾਂਦੀ
ਨਹੀਂ ਕੋਈ ਟਕੇ, ਹੱਟੇ ਹੱਟ ਨਾ ਕੋਇ ਵਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ

ਮਾਲਕ ਇਕ ਗੁਸਾਈਆ । ਸਤਾਈ ਪੋਹ ਕਹੇ ਦੋ ਸਤ ਦਾ ਮੇਰਾ ਇਕ ਗਰੋਹ, ਸੋਹਣਾ ਸੰਗ ਬਣਾਈਆ । ਇਸ ਦਾ ਲੇਖਾ ਨਾਲ ਸੋਹੰ ਸੋ,
ਸੋ ਪੁਰਖ ਨਿਰੰਜਣ ਹੋਏ ਸਹਾਈਆ । ਆਤਮ ਪਰਮਾਤਮ ਧਾਰ ਰਹੇ ਨਾ ਦੋ, ਦੂਆ ਏਕਾ ਏਕਾ ਦੂਏ ਵਿਚ ਸਮਾਈਆ । ਜੋ ਸਤਿ ਸਤਿਵਾਦੀ ਹੋ
ਕੇ ਬਖ਼ਸ਼ੇ ਲੋ, ਲੋਇਣ ਆਪਣਾ ਆਪ ਖੁਲ੍ਹਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਦੇਵੇ ਚੋਅ, ਬੂੰਦ ਸਵਾਂਤੀ ਆਪ ਟਪਕਾਈਆ । ਸਤਿ ਸਤਿਵਾਦੀ
ਆਪੇ ਹੋ, ਹੋਕਾ ਦੇਵੇ ਥਾਉਂ ਥਾਈਂਆ । ਸੰਮਤ ਸ਼ਹਿਨਸ਼ਾਹੀ ਗਿਆਰਾਂ ਤੇ ਦਿਵਸ ਦਿਹਾੜਾ ਸਤਾਈ ਪੋਹ, ਵਦੀ ਸੁਦੀ ਵੰਡ ਨਾ ਕੋਇ ਵੰਡਾਈਆ ।
ਜਿਸ ਦਾ ਭੇਵ ਨਾ ਜਾਣੇ ਕੋ, ਕੋਟਨ ਕੋਟ ਬੈਠੇ ਧਿਆਨ ਲਗਾਈਆ । ਉਹ ਭਗਤਾਂ ਜੋਗਾ ਗਿਆ ਹੋ, ਹੌਕੇ ਵਿਚ ਵੇਖੇ ਖ਼ਲਕ ਖ਼ੁਦਾਈਆ ।
ਆਤਮ ਪਰਮਾਤਮ ਬਖ਼ਸ਼ੇ ਮੋਹ, ਮੁਹੱਬਤ ਆਪਣੇ ਨਾਲ ਰਖਾਈਆ । ਪਾਰਬ੍ਰਹਮ ਬ੍ਰਹਮ ਨਾਲ ਜਾਵੇ ਛੋਹ, ਸ਼ੌਹਰ ਬਾਂਕਾ ਸੋਹਣਾ ਨਜ਼ਰੀ ਆਈਆ ।
ਕੂੜੀ ਕਿਰਿਆ ਜਨ ਭਗਤਾਂ ਅੰਦਰੋਂ ਲਏ ਖੋਹ, ਖ਼ਾਲਸ ਆਪਣਾ ਰੰਗ ਰੰਗਾਈਆ । ਸਚ ਨਾਮ ਦਾ ਢੋਆ ਦੇਵੇ ਢੋ, ਵਸਤ ਅਗੰਮ ਆਪ ਵਰਤਾਈਆ ।
ਬਿਨ ਜਗਤ ਨੇਤਰਾਂ ਦੇਵੇ ਲੋ, ਲੋਚਨ ਨੈਣ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,
ਸਚ ਦਾ ਮਾਲਕ ਇਕ ਅਖਵਾਈਆ । ਸਤਾਈ ਪੋਹ ਕਹੇ ਮੇਰੇ ਪ੍ਰਭੂ ਦੀ ਅਗੰਮੀ ਸਤਿਆ, ਸਤਿ ਸਤਿਵਾਦੀ ਇਕ ਅਖਵਾਈਆ । ਜੋ ਪ੍ਰੇਮ ਪ੍ਰੀਤੀ
ਅੰਦਰ ਮੱਤਿਆ, ਮਤਸ ਜਿਸ ਦਾ ਲੇਖਾ ਗਿਆ ਸਮਝਾਈਆ । ਜੋ ਸਚ ਖ਼ੁਮਾਰੀ ਵਿਚ ਰਤਿਆ, ਰਤਨ ਅਮੋਲਕ ਹੀਰੇ ਹਰਿਜਨ ਲਏ ਬਣਾਈਆ ।
੧੨੪੧ ਜਿਸ ਦੇ ਅਗੇ ਸਭ ਨੇ ਵਾਸਤਾ ਘੱਤਿਆ, ਸਬਰ ਗੋਬਿੰਦ ਯਾਰ ਹੰਢਾਈਆ । ਜਿਸ ਖੇਲ ਖਿਲਾਇਆ ਲੋਹਾਂ ਤਤੀਆਂ, ਤਵੀ ਰਵੀ ਆਪਣਾ ਹੁਕਮ ੧੨੪੧
੨੪ ਵਰਤਾਈਆ । ਜੋ ਘਰ ਘਰ ਜਗਾਵਣਹਾਰਾ ਬੱਤੀਆ, ਬਾਤਨ ਪਰਦਾ ਦਏ ਉਠਾਈਆ । ਬੀਜ ਬੀਜੇ ਸਾਚੇ ਵੱਤੀਆ, ਨਾਮ ਨਿਧਾਨਾ ਇਕ ਪਰਗਟਾਈਆ । ੨੪
ਜਿਸ ਲਹਿਣਾ ਦੇਣਾ ਪੂਰਾ ਕਰਨਾ ਜੁਗ ਛਤੀਆ, ਛਤੀ ਰਾਗ ਦੇਣ ਗਵਾਹੀਆ । ਜੋ ਲੇਖਾ ਜਾਣੇ ਘਟ ਘਟੀਆ, ਲੱਖ ਚੁਰਾਸੀ ਫੋਲ ਫੁਲਾਈਆ ।
ਉਹਲਾ ਰਹਿਣ ਨਾ ਦੇਵੇ ਕਾਇਆ ਮੱਟੀਆ, ਮਟਕੇ ਸਭ ਦੇ ਫੋਲ ਫੁਲਾਈਆ । ਜਿਸ ਦਾ ਲਹਿਣਾ ਦੇਣਾ ਕੋਈ ਸਮਝ ਨਾ ਸਕੇ ਵਿਚ ਚੌਦਾਂ ਲੋਕ
ਹੱਟੀਆ, ਚੌਦਾਂ ਤਬਕ ਨਾ ਭੇਵ ਖੁਲ੍ਹਾਈਆ । ਉਸ ਉਤੇ ਬਿਨਾ ਭਗਤਾਂ ਡੋਰਾਂ ਕਿਸੇ ਨਾ ਸੱਟੀਆ, ਆਸਾ ਜਗਤ ਨਾ ਕੋਇ ਰਖਾਈਆ । ਜੋਤ
ਦੀਪ ਜਗਾਏ ਬਿਨਾ ਵੱਟੀਆਂ, ਬਿਨ ਤੇਲ ਬਾਤੀ ਡਗਮਗਾਈਆ । ਓਹ ਖੇਲ ਕਰੇ ਕਲਜੁਗ ਬਾਜ਼ੀਗਰ ਨਟੀਆ, ਸਵਾਂਗੀ ਆਪਣਾ ਸਵਾਂਗ ਬਦਲਾਈਆ ।
ਜਿਸ ਦੇ ਪਿਆਰ ਵਿਚ ਜਨ ਭਗਤਾਂ ਰੂਹਾਂ ਗਈਆਂ ਫਟੀਆਂ, ਅਣਿਆਲਾ ਤੀਰ ਚਲਾਈਆ । ਜਿਨ ਝਗੜਾ ਮੁਕਾਇਆ ਦੀਨ ਮਜ਼੍ਹਬ ਜ਼ਾਤ ਪਾਤ
ਖੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚੂਹੜੇ ਚਮਿਆਰ ਜੱਟੀਆਂ, ਜਟਾ ਜੂਟ ਵੰਡ ਨਾ ਕੋਇ ਵੰਡਾਈਆ । ਓਹ ਇਕੋ ਪੜ੍ਹਾਵਣਹਾਰਾ ਪੱਟੀਆ, ਤੂੰ ਮੇਰਾ
ਮੈਂ ਤੇਰਾ ਢੋਲਾ ਗਾਈਆ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਿਛੜੀਆਂ ਆਤਮਾ ਕੀਤੀਆਂ ਇਕੱਠੀਆਂ, ਮੇਲਾ ਮਿਲਿਆ ਸਹਿਜ ਸੁਭਾਈਆ ।
ਦੂਰ ਦੁਰਾਡਿਉਂ ਜੋ ਭੱਜ ਭੱਜ ਆਈਆਂ ਨਠੀਆਂ, ਆਪਣਾ ਪੰਧ ਮੁਕਾਈਆ । ਉਨ੍ਹਾਂ ਲੇਖ ਮੁਕਾਇਆ ਤੀਰਥ ਅੱਠ ਸੱਠੀਆ, ਗੰਗਾ ਗੋਦਾਵਰੀ ਜਮਨਾ
ਸੁਰਸਤੀ ਲੋੜ ਰਹੇ ਨਾ ਰਾਈਆ । ਉਨ੍ਹਾਂ ਜਗਤ ਜਹਾਨ ਦੀਆਂ ਹੱਦਾਂ ਟੱਪੀਆਂ, ਟਾਪੂਆਂ ਪੰਧ ਮੁਕਾਈਆ । ਉਨ੍ਹਾਂ ਦੀਆਂ ਪ੍ਰਭ ਦੇ ਨਾਲ ਪੈ ਗਈਆਂ
ਹਿੱਸੇ ਪੱਤੀਆਂ, ਧੁਰ ਦੀ ਗੰਢ ਬੰਨ੍ਹਾਈਆ । ਜਿਸ ਦਾ ਵਜ਼ਨ ਨਾ ਤੋਲੇ ਨਾ ਰਤੀਆਂ, ਜਗਤ ਤਰਾਜ਼ੂ ਕੰਡਾ ਨਾ ਕੋਇ ਤੁਲਾਈਆ । ਜੋਤੀ ਜੋਤ

੧੨੪੨
੨੪

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਦੋ ਸਤ ਕਹੇ ਅਸੀਂ ਦੋਵੇਂ ਗਏ ਜੁੜ, ਜੋੜੀ ਹਰਿ ਜਗਦੀਸ਼ ਬਣਾਈਆ । ਜਨ ਭਗਤੋ ਤੁਹਾਡੇ ਪਿਆਰ ਦੀ ਰਹੇ ਨਾ ਥੁੜ, ਥੁੜੇ ਥਿੜਕਿਓ ਦਏ ਵਡਿਆਈਆ । ਜੋ ਸਚਖੰਡ ਦਵਾਰਿਉਂ ਆਇਆ ਮੁੜ, ਮੁੜ ਕੇ ਆਪਣਾ ਰੂਪ ਬਦਲਾਈਆ । ਚੜ੍ਹ ਕੇ ਸ਼ਬਦ ਅਗੰਮੇ ਘੋੜ, ਵੇਖੇ ਥਾਉਂ ਥਾਈਂਆ । ਕਲਜੁਗ ਅੰਤ ਓਸ ਪ੍ਰਭੂ ਨੂੰ ਤੁਹਾਡੀ ਪੈ ਗਈ ਲੋੜ, ਲੁੜੀਂਦੇ ਸੱਜਣੋ ਤੁਹਾਨੂੰ ਲਿਆ ਮਿਲਾਈਆ । ਦੀਨ ਦੁਨੀ ਦਿਤੀ ਹੋੜ, ਹੋੜਾ ਸੱਸੇ ਵਾਲਾ ਦਏ ਗਵਾਹੀਆ । ਤੁਸੀਂ ਕਰਕੇ ਵੇਖਿਓ ਗ਼ੌਰ, ਗਹਿਰ ਗੰਭੀਰ ਕੀ ਆਪਣਾ ਖੇਲ ਖਲਾਈਆ । ਜੇਹੜਾ ਲੱਖ ਚੁਰਾਸੀ ਅੰਦਰ ਵੜ ਕੇ ਬੈਠਾ ਚੋਰ, ਚੋਰੀ ਚੋਰੀ ਆਪਣੀ ਖੇਲ ਖਿਲਾਈਆ । ਤੁਹਾਡੇ ਸਾਹਮਣੇ ਜੋਤੀ ਜਾਤਾ ਅਵਰ ਕਾ ਔਰ, ਅਵਰਾ ਖੇਲ ਖਿਲਾਈਆ । ਪ੍ਰੀਤਮ ਹੋ ਕੇ ਆਪਣੇ ਨਾਲ ਲਏ ਤੋਰ, ਤੁਰੀਆ ਤੋਂ ਪਰੇ ਆਪਣਾ ਹੁਕਮ ਸੁਣਾਈਆ । ਬੇਸ਼ਕ ਧਰਤੀ ਉਤੇ ਅੰਧਘੋਰ, ਘੋਰੀ ਹੋ ਕੇ ਭੱਜੇ ਵਾਹੋ ਦਾਹੀਆ । ਤੁਹਾਡੇ ਸਭ ਦੇ ਭਾਗ ਮਥੋਰ, ਜਿਨ੍ਹਾਂ ਮਿਲਿਆ ਧੁਰ ਦਾ ਮਾਹੀਆ । ਆਪਣੇ ਹੱਥ ਫੜ ਕੇ ਡੋਰ, ਦੋ ਜਹਾਨਾਂ ਰਿਹਾ ਉਡਾਈਆ । ਔਹ ਵੇਖੋ ਰਾਏ ਧਰਮ ਕੂਕ ਪੁਕਾਰੇ ਪਾਵੇ ਸ਼ੋਰ, ਸ਼ਹਿਨਸ਼ਾਹ ਰਿਹਾ ਸੁਣਾਈਆ । ਤੇਰੇ ਅਗੇ ਨਹੀਂ ਮੇਰਾ ਜ਼ੋਰ, ਤਾਕ਼ਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਅਗੰਮ ਅਥਾਹੀਆ । ਦੋ ਸੱਤ ਕਹਿਣ ਸਾਡਾ ਵੇਖੋ ਇਕੋ ਰੂਪ, ਦੂਜਾ ਨਜ਼ਰ ਕੋਇ ਨਾ ਆਈਆ । ਸਾਡਾ ਮਾਲਕ ਸ਼ਾਹੋ ਭੂਪ, ਸ਼ਹਿਨਸ਼ਾਹ ਧੁਰਦਰਗਾਹੀਆ । ਜਿਸ ਦਾ ਆਦਿ ਜੁਗਾਦਿ ਸਤਿ ਸਰੂਪ, ਸਤਿ ਸਤਿਵਾਦੀ ਵਡ ਵਡਿਆਈਆ । ਜਿਸ ਦਾ ਇਕੋ ਸ਼ਬਦ ਦੁਲਾਰਾ ਪੂਤ, ਪਿਤਾ ਪੁਰਖ ਅਕਾਲ ਸੋਭਾ ਪਾਈਆ । ਉਸ ਦਾ ਹੁਕਮ ਸੰਦੇਸ਼ਾ ਅਗੰਮਾ ਦੂਤ, ਦੋ ਜਹਾਨ ਭੱਜੇ ਵਾਹੋ ਦਾਹੀਆ । ਜਿਸ ਦੇ ਹੁਕਮ ਵਿਚ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰ ਗਏ ਕੂਚ, ਕੂਚਾ ਗਲੀ ਰਹਿਣ ਕੋਇ ਨਾ ਪਾਈਆ । ਓਹ ਕਲਜੁਗ ਅੰਤ ਸ੍ਰੀ ਭਗਵੰਤ ਆਪਣਾ ਖੇਲ ਕਰੇ ਮਜ਼ਬੂਤ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਜੋ ਵਖ ਵਖ ਰੂਪ ਬਣਾਏ ਕਾਇਆ ਕਲਬੂਤ, ਦੀਨਾਂ ਮਜ਼੍ਹਬਾਂ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਦੋ ਸਤ ਕਹਿਣ ਅਸਾਂ ਪੁਰਖ ਅਕਾਲਾ ਇਕ ਮਨਾਉਣਾ, ਨਿਵ ਨਿਵ ਸੀਸ ਝੁਕਾਈਆ । ਇਕੋ ਦਾ ਢੋਲਾ ਗਾਉਣਾ, ਜੋ ਮਾਲਕ ਧੁਰਦਰਗਾਹੀਆ । ਇਕੋ ਦਾ ਨਾਦ ਵਜਾਉਣਾ, ਜਿਸ ਦਾ ਸੁਰ ਤਾਲ ਸਮਝ ਕੋਇ ਨਾ ਪਾਈਆ । ਇਕੋ ਦਾ ਡੰਕ ਵਜਾਉਣਾ, ਜੋ ਦੋ ਜਹਾਨ ਕਰੇ ਸ਼ਨਵਾਈਆ । ਇਕੋ ਦਾ ਦਰਸ਼ਨ ਪਾਉਣਾ, ਜੋ ਜੋਤੀ ਜਾਤਾ ਨੂਰ ਅਲਾਹੀਆ । ਇਕੋ ਮਾਲਕ ਵੇਖ ਵਖਾਉਣਾ, ਜੋ ਮਿਹਰ ਨਜ਼ਰ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਦੋ ਸਤ ਕਹਿਣ ਅਸੀਂ ਰੂਪ ਬਣਾਇਆ ਹਾਹਾ ਸੱਸਾ, ਸਤਿਗੁਰ ਸ਼ਬਦ ਦਿਤੀ ਵਡਿਆਈਆ । ਜਿਨ੍ਹਾਂ ਮਿਲ ਕੇ ਮੇਟਣੀ ਰੈਣ ਅੰਧੇਰੀ ਮੱਸਾ, ਨੂਰੀ ਚੰਦ ਚੰਦ ਚਮਕਾਈਆ । ਦੀਨ ਦੁਨੀ ਸ਼ਰਅ ਦਾ ਕਟਣਾ ਰੱਸਾ, ਰਸਤਾ ਇਕੋ ਦੇਣਾ ਵਖਾਈਆ । ਸਚ ਦੁਆਰ ਏਕੰਕਾਰ ਵਖਾਉਣਾ ਵੱਸਾ, ਵਾਸਤਾ ਭਗਤਾਂ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਦੋ ਸੱਤ ਕਹਿਣ ਸਾਡਾ ਜਗਤ ਹਿੰਦਸਾ ਬਣਦਾ ਸਤਾਈ, ਸਤਿ ਸਤਿਵਾਦੀ

ਦਿਤਾ ਸਮਝਾਈਆ । ਅਸੀਂ ਸਚ ਸੰਦੇਸ਼ਾ ਰਹੇ ਸੁਣਾਈ, ਸੁਣਨਾ ਚਾਈਂ ਚਾਈਂਆ । ਜਿਸ ਦਾ ਲੇਖਾ ਅਗੇ ਲਿਖਿਆ ਕਿਤੇ ਨਾਹੀਂ, ਅੱਖਰਾਂ ਵੰਡ ਨਾ ਕੋਇ ਵੰਡਾਈਆ । ਜਿਸ ਦਾ ਮਾਲਕ ਬੇਪਰਵਾਹੀ, ਬੇਪਰਵਾਹੀ ਵਿਚ ਸਮਾਈਆ । ਜੋ ਜੁਗ ਜੁਗ ਖੇਲ ਰਿਹਾ ਖਿਲਾਈ, ਖੇਲਣਹਾਰ ਆਪ ਹੋ ਜਾਈਆ । ਜਿਸ ਨੂੰ ਕਹਿੰਦੇ ਆਦਿ ਜੁਗਾਦਿ ਵੱਡਾ ਦਾਈ, ਦਾਉ ਆਪਣਾ ਰਿਹਾ ਲਗਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਬਦਲਦੀ ਸ਼ਾਹੀ, ਸ਼ਹਿਨਸ਼ਾਹ ਆਪਣਾ ਹੁਕਮ ਸੁਣਾਈਆ । ਓਹ ਜੋਤੀ ਜਾਤਾ ਪੁਰਖ ਬਿਧਾਤਾ ਸਚਖੰਡ ਦਾ ਮਾਹੀ, ਮਹਿਬੂਬ ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਦਾ ਲਹਿਣਾ ਦੇਣਾ ਨਾਲ ਸਚੇ ਸ਼ਹਿਨਸ਼ਾਹੀ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਸਭ ਦਾ ਨਾਤਾ ਜੋੜੇ ਭੈਣਾਂ ਭਾਈ, ਪਿਤਾ ਪੂਤ ਗੋਦ ਉਠਾਈਆ । ਜਿਸ ਲਹਿਣਾ ਦੇਣਾ ਪੂਰਾ ਕੀਤਾ ਗੋਬਿੰਦ ਢਈਆ ਢਾਈ, ਢੌਂਕੇ ਦਾ ਮਾਲਕ ਨੂਰ ਅਲਾਹੀਆ । ਸੋ ਸ਼ਬਦ ਸੰਦੇਸ਼ਾ ਰਿਹਾ ਸੁਣਾਈ, ਅਣਸੁਣਤ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਕਰ ਰੁਸ਼ਨਾਈ, ਨੂਰ ਨੁਰਾਨਾ ਰਿਹਾ ਚਮਕਾਈਆ । ਭਰਮ ਭੁਲੇਖਾ ਰਹੇ ਨਾ ਰਾਈ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋ ਪੂਰਨ ਸਤਿਗੁਰ ਪੂਰਨ ਵਿਚ ਸਮਾਈ, ਪੂਰਨ ਰੂਪ ਨਜ਼ਰੀ ਆਈਆ । ਜਿਸ ਦਾ ਲੇਖਾ ਲਹਿਣਾ ਦੇਣਾ ਤਤ ਵਜੂਦ ਤਨ ਸਰੀਰ ਜਗਤ ਅਥਾਹੀ, ਅਥਾਹ ਆਪਣਾ ਰੰਗ ਰੰਗਾਈਆ । ਸਤਾਈ ਪੋਹ ਕਹੇ ਏਸ ਤਨ ਵਜੂਦ ਦਾ ਲੇਖਾ ਬਣਿਆ ਚੱਕ ਸਤਾਈ, ਦੂਆ ਨਿਰਗੁਣ ਸਰਗੁਣ ਸਾਤਾ ਸਤਿ ਨਾਲ ਮਿਲ ਕੇ ਵਜੀ ਵਧਾਈਆ । ਜੇ ਪੂਰਨ ਨਾ ਹੁੰਦਾ ਸ਼ੇਰ ਸਿੰਘ ਨੂੰ ਤਤਾਂ ਵਾਲੀ ਕਰਨੀ ਨਾ ਪੈਂਦੀ ਜੁਦਾਈ, ਜੁਜ਼ ਆਪਣਾ ਵੰਡ ਨਾ ਕੋਇ ਵੰਡਾਈਆ । ਭਾਵੇਂ ਆਦਿ ਤੋਂ ਲੈ ਕੇ ਅੰਤ ਤਕ ਏਸ ਦੀ ਸਮਝੀ ਨਹੀਂ ਕਿਸੇ ਲੰਬਾਈ, ਲੰਮਾ ਚੌੜਾ ਵੇਖਣ ਕੋਇ ਨਾ ਪਾਈਆ । ਉਹ ਰੂਪ ਅਨੂਪਾ ਸ਼ਾਹੋ ਭੂਪਾ ਬਣਿਆ ਅਲਾਹੀ, ਅਲਹਿਦਾ ਆਪਣਾ ਹੁਕਮ ਵਰਤਾਈਆ । ਨਾਲੇ ਮਿਤਰ ਦੋਸਤ ਸਾਜਣ ਭਗਤੋ ਨਾਲੇ ਤੁਹਾਡਾ ਮਾਹੀ, ਮਹਿਬੂਬ ਇਕ ਅਖਵਾਈਆ । ਜੇ ਏਸ ਦਾ ਲੇਖਾ ਸੁਣਨਾ ਫੇਰ ਅੱਖੀਆਂ ਲਉ ਖੁਲ੍ਹਾਈ, ਨੈਣ ਬੰਦ ਨਾ ਕੋਇ ਰਖਾਈਆ । ਔਹ ਤਕ ਲਉ ਜਿਸ ਦੇ ਪਿਆਰ ਵਿਚ ਗੋਬਿੰਦ ਖੰਡਾ ਗਿਆ ਉਠਾਈ, ਖੜਗਾਂ ਡੇਰਾਂ ਢਾਹੀਆ । ਉਹ ਧੁਰ ਦਾ ਮਾਲਕ ਗੋਬਿੰਦ ਨਾਲ ਉਹਦਾ ਗੁਸਾਈਂ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦੀ ਨਾ ਕੋਈ ਜ਼ਾਤ ਨਾ ਕੋਈ ਪਾਤ ਨਾ ਕੋਈ ਵੰਡ ਵੰਡਾਈ, ਹਿੱਸਾ ਨਜ਼ਰ ਕੋਇ ਨਾ ਆਈਆ । ਪਤਾ ਨਹੀਂ ਕਿਸ ਬਿਧ ਸਚਖੰਡ ਨਿਵਾਸੀ ਭਗਤੋ ਤੁਹਾਡੇ ਨਾਲ ਯਾਰੀ ਲਾਈ, ਯਰਾਨਾ ਤੁਹਾਡੇ ਨਾਲ ਨਿਭਾਈਆ । ਬੇਸ਼ਕ ਇਹ ਕਰਨ ਵਾਲਾ ਦੋ ਜਹਾਨਾਂ ਦੀ ਵਾਹੀ, ਜਿਸ ਨੂੰ ਵਾਹਿਗੁਰੂ ਕਹਿ ਕੇ ਸਾਰੇ ਗਾਈਆ । ਇਹ ਤਨ ਵਜੂਦ ਜਿਸ ਦਾ ਲਹਿਣਾ ਦੇਣਾ ਨਾਲ ਸਤਾਈ, ਸੱਤਿਆ ਸਭ ਨੂੰ ਦਏ ਸਮਝਾਈਆ । ਜਿਸ ਅੰਦਰ ਸਤਿਗੁਰ ਧਾਰ ਸ਼ਬਦ ਸਮਾਈ, ਸਮਾਂ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਦੋ ਸੱਤ ਕਹੇ ਮੈਂ ਅੱਖਰਾਂ ਵਾਲਾ ਅੰਕ, ਕ਼ਲਮ ਸ਼ਾਹੀ ਮੇਰਾ ਰੂਪ ਬਣਾਈਆ । ਮੇਰਾ ਇਕੋ ਦੁਆਰਾ ਤੇ ਇਕੋ ਬੰਕ, ਗ੍ਰਿਹਿ ਇਕੋ ਨਜ਼ਰੀ ਆਈਆ । ਮੇਰਾ ਅੰਤਰ ਅੰਤਰ ਰਿਹਾ ਕੋਈ ਨਾ ਸ਼ੰਕ, ਸਹਿਸਾ ਦਿਤਾ ਚੁਕਾਈਆ । ਮੈਨੂੰ ਯਾਦ ਆ ਗਿਆ ਜੋ ਵਾਅਦਾ ਕੌਲ ਇਕ਼ਰਾਰ ਕੀਤਾ ਰਾਮ ਦੁਆਰੇ ਜਨਕ, ਸੀਤਾ ਸਚ ਸਚ ਦ੍ਰਿੜਾਈਆ । ਨੀ ਸਈਆ ਮਈਆ ਓਹ ਖੇਲ ਖੇਲੇ ਵਾਰ ਅਨਕ, ਰਾਮ ਦਾ ਰਾਮ ਅਗੰਮ ਅਥਾਹੀਆ । ਨਿਗਾਹ ਮਾਰ ਲੈ ਜਿਸ ਦਾ ਜੁਗ ਜੁਗ ਵਜਣਾ ਡੰਕ, ਡੌਰੂ ਆਪਣਾ ਨਾਮ

ਜਣਾਈਆ । ਜਿਸ ਅੰਤ ਇਕ ਦੁਆਰਾ ਸੁਹਾਉਣਾ ਬੰਕ, ਬੰਕ ਦੁਆਰੀ ਆਪ ਹੋ ਜਾਈਆ । ਜਿਸ ਲੇਖੇ ਲਾਉਣੇ ਰਾਓ ਰੰਕ, ਗ਼ਰੀਬ ਨਿਮਾਣਿਆਂ ਦਏ ਵਡਿਆਈਆ । ਸਚ ਨਾਮ ਦੀ ਲਾ ਕੇ ਤਨਕ, ਸੋਈ ਸੁਰਤੀ ਲਏ ਉਠਾਈਆ । ਪਤਾ ਨਹੀਂ ਉਹ ਕਿਸ ਬਿਧ ਪਰਗਟ ਹੋਣਾ ਵਿਚ ਪੁਰੀ ਘਨਕ, ਘਨਈਏ ਦਾ ਲੇਖਾ ਦਏ ਚੁਕਾਈਆ । ਫੇਰ ਨਵੀਂ ਬਣਾ ਕੇ ਬਣਤ, ਆਪਣਾ ਰੂਪ ਬਦਲਾਈਆ । ਜਿਸ ਨੂੰ ਸਮਝੇ ਨਾ ਕੋਈ ਸਾਧ ਨਾ ਸੰਤ, ਜਗਤ ਵਿਦਿਆ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਦੋ ਸਤ ਕਹੇ ਭਗਤੋ ਮੈਂ ਖੋਲ੍ਹਣ ਲੱਗਾ ਪਰਦਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੈਂ ਧਿਆਨ ਧਰਿਆ ਲਹਿੰਦਾ ਚੜ੍ਹਦਾ, ਦੱਖਣ ਪਹਾੜ ਵੇਖ ਵਖਾਈਆ । ਦੀਨ ਦੁਨੀ ਦਾ ਖੇਲ ਵੇਖਿਆ ਹੰਕਾਰ ਗੜ੍ਹ ਦਾ, ਹਉਮੇ ਵਿਚ ਲੋਕਾਈਆ । ਜੀਵ ਜੰਤ ਵੇਖਿਆ ਸੜਦਾ, ਕਲਜੁਗ ਮਾਇਆ ਰਹੀ ਜਲਾਈਆ । ਜਗਤ ਜਗਿਆਸੂ ਵੇਖਿਆ ਢੋਲੇ ਗੀਤ ਨਾਮ ਕਲਮੇ ਪੜ੍ਹਦਾ, ਅੱਖਰਾਂ ਵਾਲੇ ਸਿਫ਼ਤ ਸਲਾਹੀਆ । ਮੈਂ ਹੈਰਾਨ ਹੋ ਗਿਆ ਬਿਨਾ ਭਗਤਾਂ ਤੋਂ ਪ੍ਰਭੂ ਅੰਦਰ ਕਿਸੇ ਨਹੀਂ ਵੜਦਾ, ਗ੍ਰਿਹ ਮੰਦਰ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਝਟ ਨਾਰਦ ਕਹੇ ਪੋਹ ਸਤਾਈ ਸੱਜਣਾ ਓਏ ਨਾ ਮਾਰ ਤੂੰ ਸ਼ੇਖ਼ੀਆਂ, ਮੈਂ ਸਹਿਜ ਨਾਲ ਜਣਾਈਆ । ਵੇਖ ਪੁਰਾਣੀਆਂ ਲੇਖੀਆਂ, ਬਿਨ ਅੱਖਰਾਂ ਦਿਆਂ ਵਖਾਈਆ । ਜੇਹੜੀਆਂ ਜਗਤ ਨੇਤਰਾਂ ਨਾਲ ਕਿਸੇ ਨਹੀਂ ਵੇਖੀਆਂ, ਰਸਨਾ ਨਾਲ ਨਾ ਕੋਇ ਪੜ੍ਹਾਈਆ । ਉਸ ਵਿਚ ਲਹਿਣਾ ਦੇਣਾ ਦੋ ਜਹਾਨ ਦੇਸ ਪਰਦੇਸੀਆਂ, ਬ੍ਰਹਿਮੰਡ ਖੰਡ ਹੁਕਮ ਜਣਾਈਆ । ਜਿਸ ਦਾ ਹੁਕਮ ਸੰਦੇਸ਼ਾ ਦਿਤਾ ਗੁਰ ਅਵਤਾਰ ਪੈਗ਼ੰਬਰਾਂ ਲੋਕਮਾਤ ਦੇ ਬਦੇਸ਼ੀਆ, ਜਗਤ ਜਹਾਨ ਜਹਾਨ ਦ੍ਰਿੜਾਈਆ । ਜਿਸ ਦਾ ਲਹਿਣਾ ਦੇਣਾ ਗੋਬਿੰਦ ਨਾਲ ਦਸ ਦਸਮੇਸ਼ੀਆਂ, ਦਹਿ ਦਿਸ਼ਾ ਵੇਖ ਵਖਾਈਆ । ਜੋ ਆਦਿ ਜੁਗਾਦਿ ਰਹੇ ਹਮੇਸ਼ੀਆ, ਹਮਸਾਜਣ ਇਕ ਅਖਵਾਈਆ । ਜਿਸ ਦੇ ਅਗੇ ਸਭ ਨੇ ਭੁਗਤਣੀਆਂ ਪੇਸ਼ੀਆਂ, ਪੇਸ਼ੀਨਗੋਈਆਂ ਹੱਥ ਉਠਾਈਆ । ਲਹਿਣੇ ਮੁਕਣੇ ਗਣਪਤ ਗਣੇਸ਼ੀਆਂ, ਦੇਵਤ ਸੁਰ ਨਾ ਕੋਇ ਚਤੁਰਾਈਆ । ਕਲਜੁਗ ਕੂੜ ਕਿਰਿਆ ਤਕਣੀ ਜਿਸ ਕਲੇਸ਼ੀਆ, ਕਲ ਕਾਤੀ ਆਪਣਾ ਰੂਪ ਜਣਾਈਆ । ਜਿਸ ਲਹਿਣਾ ਦੇਣਾ ਦੀਨ ਦੁਨੀ ਚੁਕਾਉਣਾ ਮਲੇਛੀਆ, ਵੇਖਣਹਾਰਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਦੋ ਸਤ ਕਹੇ ਮੇਰਾ ਮਾਲਕ ਨੂਰ ਨੁਰਾਨੀ, ਹਰਿ ਕਰਤਾ ਇਕ ਅਖਵਾਈਆ । ਜਿਸ ਦੀ ਸ਼ਬਦ ਅਗੰਮੀ ਬਾਣੀ, ਜੁਗ ਜੁਗ ਬਾਣ ਅਣਿਆਲਾ ਤੀਰ ਚਲਾਈਆ । ਜਿਸ ਦਾ ਆਦਿ ਜੁਗਾਦਿ ਖੇਲ ਮਹਾਨੀ, ਮਹਿੰਮਾ ਅਕਥ ਕਥ ਸਮਝਾਈਆ । ਜਿਸ ਦਾ ਲਹਿਣਾ ਦੇਣਾ ਵੇਦ ਪੁਰਾਨੀ, ਸ਼ਾਸਤਰ ਸਿਮਰਤ ਰੰਗ ਰੰਗਾਈਆ । ਸੋ ਸੰਦੇਸ਼ਾ ਦੇਵੇ ਅੰਜੀਲ ਕੁਰਾਨੀ, ਅੱਖਰ ਅੱਖਰਾਂ ਨਾਲੋਂ ਬਦਲਾਈਆ । ਜਿਸ ਦਾ ਨਾਮ ਨਿਧਾਨਾ ਸਤਿਨਾਮੀ, ਸਤਿ ਸਤਿਵਾਦੀ ਹੋ ਕੇ ਦਏ ਦ੍ਰਿੜਾਈਆ । ਜੋ ਦੇਵਣਹਾਰਾ ਸਤਿਗੁਰ ਸ਼ਬਦ ਸ਼ਬਦ ਪੈਗ਼ਾਮੀ, ਧੁਰ ਦਾ ਹੁਕਮ ਇਕ ਸੁਣਾਈਆ । ਉਸ ਦੀ ਕਰੇ ਨਾ ਕੋਇ ਪਹਿਚਾਨੀ, ਬੇਪਹਿਚਾਨ ਇਕ ਅਖਵਾਈਆ । ਕਲਜੁਗ ਅੰਤ ਭਗਤਾਂ ਉਤੇ ਕਰੇ ਮਿਹਰਵਾਨੀ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਪਤਾ ਨਹੀਂ ਕਿਉਂ ਬਣ ਕੇ ਆ ਗਿਆ ਦਾਤਾ ਦਾਨੀ, ਦਇਆਵਾਨ ਆਪ ਹੋ ਜਾਈਆ । ਸਭ ਦਾ ਬਣ ਕੇ ਜਾਣ ਜਾਣੀ, ਵੇਖਣਹਾਰਾ ਥਾਉਂ ਥਾਈਆ ।

ਜਨ ਭਗਤਾਂ ਬਖ਼ਸ਼ ਕੇ ਮੰਜ਼ਲ ਰੁਹਾਨੀ, ਰੂਹ ਬੁਤ ਮੇਲਾ ਮੇਲਿਆ ਸਹਿਜ ਸੁਭਾਈਆ । ਜਿਸ ਨੂੰ ਈਸਾ ਕਿਹਾ ਮੇਰਾ ਬਾਪ ਆਵੇ ਅਸਮਾਨੀ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦੀ ਮੁਹੰਮਦ ਸੁਣੀ ਕਲਾਮੀ, ਕਾਇਨਾਤ ਗਿਆ ਦ੍ਰਿੜਾਈਆ । ਓਹ ਬਣ ਕੇ ਧੁਰ ਅਮਾਮੀ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜਨ ਭਗਤਾਂ ਲਹਿਣਾ ਦੇਣਾ ਮੁਕਾਵੇ ਜਿਸਮ ਜਿਸਮਾਨੀ, ਜਿਸਮ ਜ਼ਮੀਰ ਬੇਨਜ਼ੀਰ ਅੰਦਰੋਂ ਦਏ ਬਦਲਾਈਆ । ਜਿਸ ਦਾ ਲਹਿਣਾ ਦੇਣਾ ਨਾਲ ਚਾਰੇ ਖਾਣੀ, ਚਾਰੇ ਬਾਣੀ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਸਤਾਈ ਪੋਹ ਕਹੇ ਜਨ ਭਗਤੋ ਤੁਹਾਡਾ ਕਿੱਡਾ ਵੱਡਾ ਭਾਗ, ਭਗਵਨ ਦਏ ਵਡਿਆਈਆ । ਤੁਹਾਡਾ ਕਿੱਡਾ ਵੱਡਾ ਵੈਰਾਗ, ਪ੍ਰੇਮ ਪ੍ਰੀਤੀ ਰਿਹਾ ਪਰਗਟਾਈਆ । ਤੁਹਾਡਾ ਕਿੱਡਾ ਵੱਡਾ ਤਿਆਗ, ਜਗਤ ਦੀਨ ਦੁਨੀ ਆਏ ਤਜਾਈਆ । ਤੁਹਾਡਾ ਕਿੱਡਾ ਵੱਡਾ ਚਰਾਗ਼, ਬਿਨ ਤੇਲ ਬਾਤੀ ਡਗਮਗਾਈਆ । ਤੁਹਾਡਾ ਕਿੱਡਾ ਵੱਡਾ ਕੰਤ ਸੁਹਾਗ, ਆਦਿ ਜੁਗਾਦਿ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਸਿਰ ਆਪਣਾ ਹੱਥ ਰਖਾਈਆ । ਰੈਣ ਕਹੇ ਮੈਂ ਭਿੰਨੜੀ ਭਿੰਨੀ, ਭਗਤੋਂ ਦਿਆਂ ਜਣਾਈਆ । ਤੁਹਾਡੀ ਭਗਤੀ ਜੁਗ ਜਨਮ ਦੀ ਮੈਥੋਂ ਜਾਏ ਨਾ ਗਿਣੀ, ਦੋ ਸੱਤ ਦਾ ਮਾਲਕ ਜੋ ਆਪਣੇ ਵਿਚ ਛੁਪਾਈਆ । ਜਿਸ ਦਾ ਲਹਿਣਾ ਕੋਈ ਜਾਣ ਸਕੇ ਨਾ ਲੋਕ ਤਿੰਨੀ, ਤ੍ਰੈਲੋਕ ਭੇਵ ਨਾ ਕੋਇ ਖੁਲ੍ਹਾਈਆ । ਤੁਹਾਡੀ ਪੂਰਬਲੀ ਵਸਤ ਵੇਖੋ ਇੰਨੀ, ਜਿਸ ਦਾ ਭਾਰ ਨਾ ਕੋਇ ਉਠਾਈਆ । ਤੁਹਾਡੇ ਅੰਦਰ ਨਾਮ ਖ਼ੁਮਾਰੀ ਪ੍ਰਭੂ ਦੀ ਪ੍ਰੀਤੀ ਤੇ ਮਸਤੀ ਭਿੰਨੀ, ਭਿੰਨੜੀ ਰੈਣ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਆਪ ਵਰਤਾਈਆ । ਰੈਣ ਕਹੇ ਮੈਂ ਭਾਗਾਂ ਭਰੀ, ਮੇਰਾ ਭਰਮ ਰਿਹਾ ਨਾ ਰਾਈਆ । ਪੁਰਖ ਅਕਾਲੇ ਕਿਰਪਾ ਕਰੀ, ਕਿਰਪਨ ਹੋ ਕੇ ਸੀਸ ਨਿਵਾਈਆ । ਜੋ ਭਗਤਾਂ ਮੀਤਾ ਇਕੋ ਨਰਾਇਣ ਨਰੀ, ਨਰ ਨਰਾਇਣ ਇਕ ਅਖਵਾਈਆ । ਆਤਮ ਧਾਰ ਜਿਸ ਨੇ ਵਰੀ, ਕੰਤ ਕੰਤੂਹਲ ਧੁਰ ਦਾ ਮਾਹੀਆ । ਮੈਂ ਵੀ ਉਸ ਦੀ ਸਰਨੀ ਪਰੀ, ਨਿਵ ਨਿਵ ਲਾਗਾਂ ਪਾਈਆ । ਜਿਸ ਦੀ ਖ਼ਬਰ ਸਤਿਗੁਰ ਸ਼ਬਦ ਸੁਣਾਏ ਖਰੀ, ਸਹਿਜ ਸਿਹਜ ਦ੍ਰਿੜਾਈਆ । ਭਿੰਨੜੀਏ ਕਲਜੁਗ ਮੂਲ ਨਾ ਡਰੀਂ, ਅੰਧ ਅੰਧੇਰ ਵੇਖਣਾ ਥਾਉਂ ਥਾਈਂਆ । ਪ੍ਰਭੂ ਦਾ ਭਾਣਾ ਸਿਰ ਤੇ ਜਰੀਂ, ਸਿਰ ਪ੍ਰਭ ਚਰਨਾਂ ਵਿਚ ਟਿਕਾਈਆ । ਉਸ ਨੇ ਕੋਈ ਰਹਿਣ ਨਹੀਂ ਦੇਣਾ ਸ਼ਰਈ, ਸ਼ਰੀਅਤ ਦਾ ਲੇਖਾ ਦੇਣਾ ਮੁਕਾਈਆ । ਨਾਲ ਫ਼ੈਸਲਾ ਕੀਤਾ ਅੱਜ ਤੋਂ ਜਨ ਭਗਤ ਕੀਤੇ ਬਰੀ, ਜ਼ਮਾਨਤ ਕਿਸੇ ਦੀ ਲੋੜ ਰਹੇ ਨਾ ਰਾਈਆ । ਜਿਨ੍ਹਾਂ ਇਕ ਵਾਰ ਗਾਇਆ ਓਨ੍ਹਾਂ ਦੀ ਆਤਮਾ ਲਈ ਵਰੀ, ਵਰ ਦਾਤਾ ਇਕੋ ਇਕ ਅਖਵਾਈਆ । ਜਿਸ ਦਾ ਰੂਪ ਅਲਾਹੀ ਨਰਾਇਣ ਨਰੀ, ਨਰ ਹਰਿ ਕਰਤਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਦੋ ਸੱਤ ਕਹੇ ਅਸੀਂ ਖ਼ੁਸ਼ੀਆਂ ਦੇ ਵਿਚ ਹਸਦੇ, ਹਸਤੀ ਤਕ ਬੇਪਰਵਾਹੀਆ । ਜਨ ਭਗਤ ਸੁਹੇਲੇ ਸਚਖੰਡ ਦੁਆਰੇ ਖ਼ੁਸ਼ੀਆਂ ਦੇ ਵਿਚ ਨਸਦੇ, ਭੱਜਣ ਵਾਹੋ ਦਾਹੀਆ । ਜੋ ਵਣਜਾਰੇ ਪ੍ਰਭੂ ਦੇ ਜਸ ਦੇ, ਸਿਫ਼ਤੀ ਢੋਲੇ ਗਾਈਆ । ਜਿਨ੍ਹਾਂ ਦੇ ਇਸ਼ਾਰੇ ਨਹੀਂ ਕੋਈ ਅੱਖ ਦੇ, ਸੈਨਤ ਤਤ ਨਾ ਕੋਇ ਸਮਝਾਈਆ । ਉਹ ਪਿਆਰੇ ਹੋ ਗਏ ਪ੍ਰਭੂ ਪ੍ਰਤੱਖ ਦੇ, ਸਾਖ਼ਿਆਤ ਵੇਖ ਕੇ ਖ਼ੁਸ਼ੀ ਬਣਾਈਆ । ਉਹ ਵਸੇਰੇ ਛਡ ਕੇ ਰਹਿਣੇ ਵਖ ਦੇ, ਘਰ ਇਕੋ ਸੋਭਾ ਪਾਈਆ ।

੧੨੪੫ ੨੪

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਾਈ ਪੋਹ ਕਹੇ ਭਗਤੋ ਤੁਹਾਡਾ ਪ੍ਰਭੂ ਜਗਤ ਦਾ ਸੁਆਮੀ, ਸੰਬਲ ਬੈਠਾ ਸੋਭਾ ਪਾਈਆ । ਪ੍ਰੇਮੀਆਂ ਦਾ ਅੰਤਰਜਾਮੀ, ਚੁਰਾਸੀ ਦਾ ਖੇਲ ਖਿਲਾਈਆ । ਜਿਸ ਨੂੰ ਸਾਰਿਆਂ ਦਿਤੀ ਸਲਾਮੀ, ਸਜਦਿਆਂ ਵਿਚ ਸੀਸ ਝੁਕਾਈਆ । ਅੱਖਰਾਂ ਨਾਲ ਕਹਿ ਕੇ ਗਏ ਅਨਾਮੀ, ਇਨਾਮ ਲੈਣ ਵਾਲਾ ਨਜ਼ਰ ਕੋਇ ਨਾ ਆਈਆ । ਓਹ ਮਾਲਕ ਦੋ ਜਹਾਨੀ, ਦੋਹਰਾ ਆਪਣਾ ਵੇਸ ਵਟਾਈਆ । ਤੁਹਾਡੀ ਭਗਤੀ ਭਗਤੋ ਕਈ ਜੁਗ ਦੀ ਪੁਰਾਨੀ, ਪੁਰਾਣ ਅਠਾਰਾਂ ਦੇ ਨਾ ਸਕਣ ਗਵਾਹੀਆ । ਕਿਸੇ ਦੇ ਕੋਲ ਨਹੀਂ ਕੋਈ ਨਿਸ਼ਾਨੀ, ਨਿਸ਼ਾਨਾ ਸਕੇ ਨਾ ਕੋਇ ਵਖਾਈਆ । ਕੀ ਵਿਚਾਰੀ ਲਿਖੇ ਕ਼ਲਮ ਤੇ ਕਾਨੀ, ਜੋ ਹੁਕਮ ਦੇ ਅੰਦਰ ਭੱਜੇ ਵਾਹੋ ਦਾਹੀਆ । ਜਦੋਂ ਤੁਹਾਡਾ ਵਾਅਦਾ ਹੋਇਆ ਅਵਤਾਰ ਪੈਗ਼ੰਬਰਾਂ ਗੁਰੂਆਂ ਨਾਲ ਹੋਇਆ ਬਿਨਾ ਜ਼ਬਾਨ ਤੋਂ ਸ਼ਬਦ ਦੀ ਕਲਾਮੀ, ਸ਼ਬਦ ਸ਼ਬਦ ਨਾਲ ਸਮਝਾਈਆ । ਜਿਸ ਵੇਲੇ ਕਲਜੁਗ ਅੰਤਮ ਰੈਣ ਅੰਧੇਰੀ ਹੋਈ ਸ਼ਾਮੀ, ਸ਼ਮਅ ਨੂਰ ਜੋਤ ਨਾ ਕੋਇ ਰੁਸ਼ਨਾਈਆ । ਉਸ ਵੇਲੇ ਖੇਲ ਕਰੇ ਪੁਰਖ ਅਕਾਲਾ ਅਗੰਮ ਅਮਾਮੀ, ਜੋਤੀ ਜਾਤਾ ਹੋ ਕੇ ਵੇਖ ਵਖਾਈਆ । ਜਿਸ ਝਗੜਾ ਮੇਟਣਾ ਸਰਬ ਤਮਾਮੀ, ਤਮਅ ਲਾਲਚ ਨਾ ਕੋਇ ਰਖਾਈਆ । ਮਾਨਸ ਜ਼ਾਤੀ ਕਟ ਗ਼ੁਲਾਮੀ, ਗ਼ੁਰਬਤ ਅੰਦਰੋਂ ਦੇਣੀ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਾਈ ਪੋਹ ਕਹੇ ਜਨ ਭਗਤੋ ਮੈਂ ਸਭ ਨੂੰ ਰਿਹਾ ਝੁਕ, ਨਿਵ ਨਿਵ ਸੀਸ ਝੁਕਾਈਆ । ਧੰਨ ਭਾਗ ਮੇਰੇ ਜਿਸ ਵਿਚ ਤੁਸਾਂ ਤੂੰ ਮੇਰਾ ਮੈਂ ਤੇਰਾ ਗਾਈ ਸੋਹੰ ਤੁਕ, ਆਤਮ ਪਰਮਾਤਮ ਰੰਗ ਰੰਗਾਈਆ । ਤੁਹਾਡੇ ਅੰਤਰ ਓਹਲਾ ਰਿਹਾ ਕੋਈ ਨਾ ਲੁਕ, ਪਰਦਾਨਸ਼ੀਂ ਪਰਦਾ ਦਿਤਾ ਉਠਾਈਆ । ਤੁਹਾਡਾ ਲੇਖਾ ਲਹਿਣਾ ਦੇਣਾ ਆਵਣ ਜਾਵਣ ਗਿਆ ਮੁਕ, ਮੁਕੰਮਲ ਆਪਣਾ ਹੁਕਮ ਵਰਤਾਈਆ । ਸਚਖੰਡ ਦੁਆਰ ਜਾਂਦਿਆਂ ਕਿਸੇ ਨਹੀਂ ਜਾਣਾ ਰੁਕ, ਅਗੇ ਹੋ ਨਾ ਕੋਇ ਅਟਕਾਈਆ । ਸਚ ਪੁਛੋ ਸਤਿਗੁਰ ਸ਼ਬਦ ਦੇ ਹੁਕਮ ਨਾਲ ਇਹ ਤੁਹਾਨੂੰ ਆਪਣੀ ਹੱਥੀਂ ਖੜੇਗਾ ਚੁਕ, ਚੁਕੰਨੇ ਹੋ ਕੇ ਅੰਤ ਸਮੇਂ ਵੇਖਣਾ ਚਾਈਂ ਚਾਈਂਆ । ਤੁਹਾਡਾ ਪਿਆਰ ਵਾਲਾ ਏਥੇ ਰਹਿ ਜਾਣਾ ਮੁਖ, ਸਰੀਰ ਸੰਗ ਨਾ ਕੋਇ ਰਖਾਈਆ । ਨੌਂ ਸੌ ਚੁਰਾਨਮੇ ਚੌਕੜੀ ਜੁਗ ਦੇ ਭੁੱਖਿਓ ਤੁਹਾਡੀ ਮਿਟਾਉਣੀ ਭੁਖ, ਤ੍ਰਿਸ਼ਨਾ ਅਗੇ ਨਾ ਕੋਇ ਰਖਾਈਆ । ਮਾਤ ਗਰਭ ਦੀ ਥਾਂ ਤੁਹਾਡਾ ਸਚਖੰਡ ਬੂਟਾ ਲਾਉਣਾ ਰੁੱਖ, ਰੁੱਖੀਆਂ ਸੁੱਕੀਆਂ ਖਾਣ ਵਾਲਿਓ ਆਪਣੇ ਵਿਚ ਲੈਣਾ ਮਿਲਾਈਆ । ਜਿਸ ਦੇ ਵਾਸਤੇ ਸਾਰੇ ਅਵਤਾਰ ਪੈਗ਼ੰਬਰ ਗੁਰੂ ਸੁਖਣਾ ਗਏ ਸੁਖ, ਪੰਜਾਬੀ ਬੋਲੀ ਸੁਖੀ ਸਾਂਦੀ ਤੁਹਾਡੇ ਘਰ ਆ ਗਿਆ ਤੁਹਾਡਾ ਮਾਹੀਆ । ਹੁਣ ਵੇਖਿਓ ਕਿਧਰ ਨੂੰ ਬਦਲ ਜਾਂਦਾ ਰੁਖ਼, ਅਗਾ ਪਿਛਾ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਸਤਾਈ ਪੋਹ ਕਹੇ ਜਨ ਭਗਤੋ ਮੈਨੂੰ ਆਇਆ ਬੜਾ ਅਨੰਦਨਾ, ਅਨੰਦ ਤੁਹਾਡੇ ਅੰਤਰ ਵੇਖ ਵਖਾਈਆ । ਜੋ ਇਕੋ ਪ੍ਰਭੂ ਨੂੰ ਕਰਦੇ ਬੰਦਨਾ, ਦੂਸਰ ਸੀਸ ਨਾ ਕੋਇ ਨਿਵਾਈਆ । ਓਸੇ ਦੀ ਚਰਨ ਧੂੜ ਦਾ ਟਿੱਕਾ ਲਾ ਕੇ ਮਸਤਕ ਚੰਦਨਾ, ਚੰਦ ਸੂਰੀਆ ਦਾ ਲੇਖਾ ਦਿਤਾ ਮੁਕਾਈਆ । ਜਿਸ ਨੇ ਜੁਗ ਜਨਮ ਦੇ ਵਿਛੜਿਆਂ ਨੂੰ ਆਪਣੇ ਨਾਲ ਗੰਢਣਾ, ਅਗੇ ਸਕੇ ਨਾ ਕੋਇ ਤੁੜਾਈਆ । ਤੁਹਾਡੇ ਪਿਆਰ ਵਿਚ ਸਾਚਾ ਪਿਆਰ ਤੁਹਾਨੂੰ ਵੰਡਣਾ, ਤੁਹਾਡੇ ਕਾਇਆ ਮੰਦਰ ਅੰਦਰ ਦੇਣਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਤੁਹਾਡੀ ਭਗਤੀ ਪ੍ਰਭ ਦੀ ਯਾਦ, ਜੋ ਹਰ ਹਿਰਦੇ ਦਿਤੀ ਟਿਕਾਈਆ । ਤੁਹਾਡਾ ਤਨ ਵਜੂਦ ਖੇੜਾ ਕਰ ਆਬਾਦ, ਸੋਹਣਾ ਨਗਰ ਸੁਹਾਈਆ । ਨਾਮ ਸਤਿ ਦੀ ਦੇ ਕੇ ਦਾਦ, ਅਤੋਟ ਅਤੁਟ ਵਰਤਾਈਆ । ਭੇਵ ਖੁਲ੍ਹਾ ਕੇ ਬੋਧ ਅਗਾਧ, ਬੁੱਧੀ ਤੋਂ ਪਰੇ ਦਿਤਾ ਸਮਝਾਈਆ । ਤੁਹਾਡਾ ਮਾਲਕ ਸੁਆਮੀ ਤੁਹਾਡੇ ਵਿਚ ਹੋਇਆ ਵਿਸਮਾਦ, ਰੂਪ ਅਨੋਖਾ ਆਪਣੇ ਵਿਚ ਰਖਾਈਆ । ਜੋ ਆਇਆ ਸਭ ਤੋਂ ਬਾਦ, ਆਪ ਆਪਣਾ ਫੇਰਾ ਪਾਈਆ । ਉਸ ਦਾ ਸੁਣਾਉ ਖ਼ੁਸ਼ੀਆਂ ਵਾਲਾ ਨਾਦ, ਧੁਨ ਆਤਮਕ ਰਾਗ ਦ੍ਰਿੜਾਈਆ । ਜਦੋਂ ਮਿਲਿਆ ਕਰੇਗਾ ਤੇ ਬੱਚਿਆਂ ਵਾਂਗ ਕਰੇਗਾ ਲਾਡ, ਫੜ ਬਾਹੋਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਸਤਾਈ ਪੋਹ ਕਹੇ ਪ੍ਰਭੂ ਤੂੰ ਦੋ ਸਤ ਦਾ ਮਾਲਕ, ਮਿਹਬਾਨ ਬੀਦੋ ਇਕ ਅਖਵਾਈਆ । ਨੂਰ ਅਲਾਹੀ ਅਗੰਮਾ ਖ਼ਾਲਕ, ਤੇਰੇ ਹੱਥ ਵਡਿਆਈਆ । ਸਤਿਗੁਰ ਸ਼ਬਦ ਤੇਰਾ ਬਣੇ ਸਾਲਸ, ਵਿਚੋਲਾ ਅਵਰ ਨਾ ਕੋਇ ਰਖਾਈਆ । ਜਿਸ ਦੇ ਹੁਕਮ ਵਿਚ ਜਨ ਭਗਤ ਨਿਕਲਣੇ ਖ਼ਾਲਸ, ਖ਼ਾਲਸਾ ਰੂਪ ਵਖਾਈਆ । ਜਿਨ੍ਹਾਂ ਨੂੰ ਮਜ਼੍ਹਬ ਦਾ ਨਹੀਂ ਕੋਈ ਲਾਲਸ, ਲਾਲਚ ਵਿਚ ਕਦੇ ਨਾ ਆਈਆ । ਓਹ ਆਦਿ ਜੁਗਾਦੀ ਤੇਰੇ ਬਾਲਕ, ਬੱਚੇ ਨੰਨ੍ਹੇ ਨਜ਼ਰੀ ਆਈਆ । ਤੂੰ ਸਹੀ ਸਲਾਮਤ ਉਨ੍ਹਾਂ ਦਾ ਬਣਨਾ ਪ੍ਰਿਤਪਾਲਕ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੇ ਮਾਲਕ ਹੋਣਾ ਆਪ ਸਹਾਈਆ । ਸਤਿਗੁਰ ਸ਼ਬਦ ਕਹੇ ਸੁਣ ਨੀ ਕ਼ਲਮੇ ਕਾਨੀਏ, ਕੋਝੀਏ ਕਮਲੀਏ ਲੈ ਅੰਗੜਾਈਆ । ਆਪਣੇ ਅੰਦਰ ਕਰ ਸਾਵਧਾਨੀਏ, ਸਤਿ ਸਰੂਪ ਵਿਚ ਸਮਾਈਆ । ਤੂੰ ਸਮਝ ਨਾ ਸਕੀ ਨਿਰਅੱਖਰ ਧਾਰ ਬਾਣੀਏ, ਅੱਖਰਾਂ ਨਾਲ ਆਪਣੀ ਖ਼ੁਸ਼ੀ ਬਣਾਈਆ । ਤੈਨੂੰ ਕੀ ਪਤਾ ਭਗਤਾਂ ਦੀ ਕੇਹੜੀ ਮੰਜ਼ਲ ਰੁਹਾਨੀਏ, ਜ਼ਮੀਂ ਅਸਮਾਨਾਂ ਵਿਚ ਵੇਖਣ ਕੋਇ ਨਾ ਪਾਈਆ । ਨੀ ਤੇਰਾ ਲਹਿਣਾ ਦੇਣਾ ਨਾਲ ਜ਼ਿਮੀ ਅਸਮਾਨੀਏ, ਉਂਗਲਾਂ ਵਿਚ ਵੜ ਕੇ ਆਪਣੀ ਖ਼ੁਸ਼ੀ ਬਣਾਈਆ । ਜ਼ਰਾ ਨਿਗਾਹ ਮਾਰ ਲੈ ਓਹ ਮਾਲਕ ਤਕ ਜਿਸ ਨੂੰ ਸਾਰਿਆਂ ਕਿਹਾ ਬੇਪਹਿਚਾਨੀਏ, ਪਹਿਚਾਨ ਵਿਚ ਪਹਿਚਾਨ ਨਾ ਕੋਇ ਸਮਝਾਈਆ । ਓਹ ਲੇਖਾ ਵੇਖਣ ਆ ਗਿਆ ਚਾਰੇ ਖਾਣੀਏ, ਖ਼ਾਲਸ ਆਪਣਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਅਗੰਮ ਅਥਾਹੀਆ । ਕ਼ਲਮ ਕਹੇ ਮੇਰੇ ਮਾਲਕਾ ਮੈਂ ਕੀ ਲਿਖਣਯੋਗ, ਮੇਰੀ ਕੀ ਚਤੁਰਾਈਆ । ਜਦੋਂ ਕਿਰਪਾ ਕੀਤੀ ਸਤਿਗੁਰ ਸ਼ਬਦ ਆਪਣੇ ਪ੍ਰੇਮ ਦਾ ਦਿਤਾ ਸੰਜੋਗ, ਮੇਲਾ ਲਿਆ ਮਿਲਾਈਆ । ਮੇਰਾ ਨਾ ਹਰਖ਼ ਰਿਹਾ ਨਾ ਸੋਗ, ਚਿੰਤਾ ਚਿਖਾ ਨਾ ਕੋਇ ਜਲਾਈਆ । ਮੈਂ ਲਿਖਣ ਜੋਗੀ ਨਹੀਂ ਤੇਰੇ ਨਾਮ ਪਿਆਰ ਦੀ ਕਾਗ਼ਜ਼ਾਂ ਉਤੇ ਨਠ ਨਠ ਚੁਗਦੀ ਚੋਗ, ਜੇਹਵਾ ਆਪਣੀ ਵਿਚੋਂ ਕਢਾਇਆ । ਮੈਨੂੰ ਤੇਰੇ ਪਿਆਰ ਦੇ ਅੱਖਰਾਂ ਵਿਚੋਂ ਪ੍ਰੇਮ ਦੀ ਮਿਲੇ ਮੌਜ, ਮਹਿਬੂਬ ਤੇਰੀ ਬੇਪਰਵਾਹੀਆ । ਚਾਰ ਜੁਗ ਵਿਚ ਗੁਰ ਅਵਤਾਰ ਪੈਗ਼ੰਬਰਾਂ ਜਿਤਨੀ ਜਿਤਨੀ ਤੇਰੀ ਕੀਤੀ ਖੋਜ, ਖੋਜੀ ਬਣ ਕੇ ਤੇਰਾ ਉਤਨਾ ਉਤਨਾ ਲੇਖਾ ਗਏ ਲਿਖਾਈਆ । ਮੈਨੂੰ ਕੋਈ ਨਹੀਂ ਆਈ ਸੋਝ, ਸੋਝੀ ਵਿਚ ਨਾ ਕੋਇ ਅੰਗੜਾਈਆ । ਮੈਨੂੰ ਤੇ ਇਉਂ ਜਾਪਦਾ ਪ੍ਰਭੂ ਤੇਰੇ ਹੁਕਮ ਦਾ ਬੜਾ ਵੱਡਾ ਬੋਝ, ਸਿਰ ਸਕੇ ਨਾ ਕੋਇ ਉਠਾਈਆ । ਭਾਵੇਂ ਮੈਂ ਕੋਟਨ ਕੋਟ ਜੁਗ ਚੌਕੜੀ ਲਿਖਦੀ ਰਵ੍ਹਾਂ ਰੋਜ਼, ਦਿਵਸ ਰੈਣ ਭੱਜਾਂ ਵਾਹੋ ਦਾਹੀਆ । ਪਰ ਫੇਰ ਵੀ ਮੈਨੂੰ ਪਤਾ ਨਹੀਂ ਲਗਦਾ ਤੇਰਾ ਅਗਲਾ



੧੨੪੭ ੨੪

ਕੇਹੜਾ ਚੋਜ, ਚੋਜੀ ਪ੍ਰੀਤਮ ਕੀ ਆਪਣੀ ਖੇਲ ਖਿਲਾਈਆ । ਮੈਂ ਆਦਿ ਅੰਤ ਦੀ ਕਰ ਨਾ ਸਕੀ ਸੋਚ, ਸਮਝ ਵਿਚ ਚਲੀ ਨਾ ਕੋਇ ਚਤੁਰਾਈਆ । ਮੈਨੂੰ ਪਤਾ ਨਹੀਂ ਕੀ ਹੁਣ ਖੇਲ ਕੀਤਾ ਵਿਚ ਜੰਬੂ ਦੀਪ ਤੇ ਅਗੇ ਕੀ ਖੇਲ ਹੋ ਜਾਣਾ ਕਰੌਚ, ਕੀ ਕਲਾ ਦੇਣੀ ਵਰਤਾਈਆ । ਮੇਰੀ ਦੁਹਾਈ ਤੇਰੇ ਹੁਕਮ ਤਕ ਮੇਰੀ ਨਹੀਂ ਕੋਈ ਪਹੁੰਚ, ਵੇਖਣ ਕੁਛ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੇ ਮਾਲਕ ਤੇਰੇ ਹੱਥ ਵਡਿਆਈਆ । ਕਾਨੀ ਕਹੇ ਪ੍ਰਭੂ ਮੈਂ ਵੇਖੇ ਬੜੇ ਬੜੇ ਤੇਰੇ ਰੂਪ ਸਰਗੁਣ ਧਾਰ ਤੇਰੇ ਕਾਤਬ, ਕ਼ੁਦਰਤ ਦੇ ਕ਼ਾਦਰ ਤੇਰੇ ਢੋਲੇ ਗਾਈਆ । ਮੈਂ ਪਰ ਅੱਜ ਤੇਰੇ ਸਾਹਮਣੇ ਹੋ ਕੇ ਕਹਾਂ ਮੁਖ਼ਾਤਬ, ਬਿਨਾ ਮੁਖ ਤੋਂ ਦਿਆਂ ਸੁਣਾਈਆ । ਓਏ ਮਾਲਕਾ ਸੁਆਮੀਆਂ ਓਏ ਠਾਕਰਾ ਅੰਤਰਜਾਮੀਆਂ ਮੈਂ ਜਦੋਂ ਭੱਜੀ ਤੇ ਭੱਜੀ ਤੇਰੀ ਜਾਨਬ, ਆਪਣਾ ਪੰਧ ਮੁਕਾਈਆ । ਮੈਂ ਹੈਰਾਨ ਹੋ ਗਈ ਮੇਰੇ ਨਾਲ ਲੇਖ ਲਿਖਣ ਵਾਲਾ ਕੋਈ ਨਹੀਂ ਰਿਹਾ ਤੇ ਇਕ ਤੂੰ ਰਿਹਾ ਸਹੀ ਸਲਾਮਤ, ਸਾਹਿਬ ਸੂਰਾ ਮੇਰਾ ਨਜ਼ਰੀ ਆਈਆ । ਹੁਣ ਅੰਤ ਕੰਤ ਭਗਵੰਤ ਮੈਂ ਹੋ ਗਈ ਤੇਰੀ ਤਾਲਬ, ਦੂਸਰ ਓਟ ਨਾ ਕੋਇ ਰਖਾਈਆ । ਮੈਂ ਚਾਹੁੰਦੀ ਏਨ੍ਹਾਂ ਭਗਤਾਂ ਵਾਸਤੇ ਆਪਣਾ ਹੁਕਮ ਲਿਖਾ ਦੇ ਵਾਜਬ, ਜਿਸ ਦਾ ਲੇਖਾ ਸਕੇ ਨਾ ਕੋਇ ਮਿਟਾਈਆ । ਸਚਖੰਡ ਨਿਵਾਸੀਆ ਪੁਰਖ ਅਬਿਨਾਸ਼ੀਆ ਜੇ ਤੂੰ ਏਨ੍ਹਾਂ ਦੇ ਪਿਛੇ ਪਿਛੇ ਆਪਣਾ ਕੀਤਾ ਤਆਕ਼ੁਬ, ਭੱਜਿਆ ਵਾਹੋ ਦਾਹੀਆ । ਮੇਰੀ ਨਿਮਾਣੀ ਦੀ ਲਾਜ ਰਖੀਂ ਤੇ ਭਗਤਾਂ ਦੀ ਵੇਖੀਂ ਸ਼ਰਾਫ਼ਤ, ਸ਼ਰਅ ਵਿਚੋਂ ਸਭ ਨੂੰ ਬਾਹਰ ਕਢਾਈਆ । ਮੈਂ ਕੋਈ ਵਿਦਵਾਨ ਨਹੀਂ ਆਰਫ਼, ਇਲਮ ਵਿਚ ਨਾ ਕੋਇ ਚਤੁਰਾਈਆ । ਮੈਂ ਭਗਤਾਂ ਨੂੰ ਇਕ ਗੱਲ ਦੱਸਣੀ ਇਸ ਪ੍ਰਭੂ ਨਾਲ ਖ਼ੁਸ਼ੀਆਂ ਨਾਲ ਆਤਮਾ ਪਰਮਾਤਮਾ ਪਰਮਾਤਮਾ ਆਤਮਾ ਇਕ ਦੂਜੇ ਦਾ ਕਰ ਲਓ ਤੁਆਰਫ਼, ਦੂਸਰੇ ਦੀ ਲੋੜ ਰਹੀ ਨਾ ਰਾਈਆ । ਪ੍ਰਭੂ ਮੈਂ ਕੋਟਨ ਜੁਗਾਂ ਦੀ ਥੱਕੀ ਟੁੱਟੀ ਮਾਂਦੀ ਅਜ ਪਹਿਲੀ ਵਾਰ ਆਪਣੀ ਜ਼ਬਾਨ ਤੋਂ ਜੇਹੜੀ ਵਿਚੋਂ ਕਟਾਈ ਇਨ੍ਹਾਂ ਗ਼ਰੀਬਾਂ ਦੀ ਕਰਨ ਲੱਗੀ ਸਫ਼ਾਰਸ਼, ਨਿਵ ਨਿਵ ਸੀਸ ਨਿਵਾਈਆ । ਮੇਰੇ ਤੋਂ ਲਿਖੀ ਹੋਈ ਭਗਤਾਂ ਦੀ ਕਦੀ ਨਾ ਬਦਲ ਜਾਏ ਇਬਾਰਤ, ਅੱਖਰ ਅੱਖਰ ਦੇਣ ਗਵਾਹੀਆ । ਮੈਂ ਕੋਈ ਪ੍ਰਭੂ ਤੇਰੇ ਘਰੋਂ ਕਰਨੀ ਨਹੀਂ ਤਜਾਰਤ, ਸੌਦਾਗਰਾਂ ਵਾਲੀ ਨੀਤੀ ਨਾ ਕੋਇ ਰਖਾਈਆ । ਅਵਤਾਰਾਂ ਕਿਹਾ ਪੈਗ਼ੰਬਰਾਂ ਕਿਹਾ ਗੁਰੂਆਂ ਕਿਹਾ ਜਦੋਂ ਆਵੇਗਾ ਤੇ ਆਵੇਗਾ ਵਿਚ ਭਾਰਤ, ਭਾਰ ਭਗਤਾਂ ਦਾ ਆਪਣੇ ਸਿਰ ਟਿਕਾਈਆ । ਝਟ ਨਾਰਦ ਕਹਿੰਦਾ ਕੁਛ ਮੈਂ ਵੀ ਕਰ ਲਵਾਂ ਸ਼ਰਾਰਤ, ਕ਼ਲਮੇ ਤੈਨੂੰ ਦਿਆਂ ਸੁਣਾਈਆ । ਚਲ ਜ਼ਰਾ ਉਸ ਦੇ ਚਰਨਾਂ ਦੀ ਕਰ ਜ਼ਿਆਰਤ, ਜੋ ਜ਼ੱਰੇ ਜ਼ੱਰੇ ਵਿਚ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਕਲਮੇ ਤੂੰ ਬੜਾ ਸੋਹਣਾ ਲਿਖਦੀ, ਲਿਖ ਲਿਖ ਆਪਣੀ ਖ਼ੁਸ਼ੀ ਬਣਾਈਆ । ਪਰ ਸਚ ਦੱਸ ਕੀ ਵਡਿਆਈ ਸਿੱਖ ਦੀ, ਜੋ ਗੋਬਿੰਦ ਗਿਆ ਸਮਝਾਈਆ । ਕ਼ਲਮ ਕਹੇ ਨਾਰਦਾ ਮੈਨੂੰ ਕੁਝ ਨਹੀਂ ਦਿਸਦੀ, ਦੀਦੇ ਜਗਤ ਦੇ ਕੰਮ ਕਿਸੇ ਨਾ ਆਈਆ । ਮੈਂ ਕੀ ਕਰਾਂ ਸ੍ਰਿਸ਼ਟੀ ਭਰ ਗਈ ਅੰਦਰੋਂ ਵਿਖ ਦੀ, ਵਿਸ ਭਰੀ ਲੋਕਾਈਆ । ਮੈਂ ਤੇ ਉਸ ਸਾਹਿਬ ਦੇ ਚਰਨਾਂ ਉਤੇ ਲਿਟਦੀ, ਲੰਮੀ ਪੈ ਕੇ ਦਿਆਂ ਦੁਹਾਈਆ । ਓਹ ਪ੍ਰਭੂ ਓਹ ਮੇਰਿਆ ਮਾਲਕਾ ਸੁਆਮੀਆਂ ਤੈਨੂੰ ਛਡ ਕੇ ਦੁਨੀਆ ਵਣਜਾਰੀ ਹੋ ਗਈ ਪੱਥਰ ਇੱਟ ਦੀ, ਮੰਦਰ ਮਸਜਿਦਾਂ ਸੀਸ ਨਿਵਾਈਆ । ਕ਼ਲਮ ਕਹੇ ਮੈਂ ਦੋ ਮੂੰਹ ਬਣਾ ਕੇ ਪਿਟਦੀ, ਪਟਨੇ ਵਾਲਿਆ ਮੇਰੀ ਆ ਕੇ ਵੇਖ ਲੈ ਹਾਲਤ ਤੇ ਨੈਣਾਂ ਨੀਰ ਨੀਰ ਵਹਾਈਆ ।

ਝਟ ਨਾਰਦ ਨੇ ਇਕ ਨਿਸ਼ਾਨੀ ਕਢ ਲਈ ਚਿਟ ਦੀ, ਚਿੱਟਾ ਹਰਫ਼ ਚਿਟੇ ਉਤੇ ਸੋਭਾ ਪਾਈਆ । ਨੀ ਕ਼ਲਮੇ ਨੀ ਕਾਨੀਏ ਤੂੰ ਕੀ ਕਹੇਂ ਜਿੰਨਾਂ ਚਿਰ ਪ੍ਰਭੂ ਦੀ ਕਿਰਪਾ ਨਾ ਹੋਵੇ ਉਨਾਂ ਚਿਰ ਭਗਤਾਂ ਦੀ ਸੁਰਤੀ ਕਦੇ ਨਹੀਂ ਟਿਕਦੀ, ਮੱਥੇ ਟਿੱਕੇ ਲਾਉਣ ਵਾਲਾ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਖਿਲਾਈਆ । ਕ਼ਲਮ ਕਹੇ ਸੁਣ ਲੈ ਪੰਡਤਾ ਬ੍ਰਾਹਮਣਾ, ਓਏ ਨਾਰਦਾ ਤੈਨੂੰ ਦਿਆਂ ਸੁਣਾਈਆ । ਜ਼ਰਾ ਮੇਰੇ ਵਲ ਮੁਖ ਤਾਂ ਕਰ ਸਾਹਮਨਾ, ਸਾਹਮਣੇ ਹੋ ਕੇ ਅੱਖਾਂ ਲੈ ਉਠਾਈਆ । ਜੇ ਮੈਂ ਨਾ ਹੁੰਦੀ ਕਿਸੇ ਨੂੰ ਕੀ ਪਤਾ ਲੱਗਣਾ ਸੀ ਕੇਹੜਾ ਅਵਤਾਰ ਤੇ ਕੇਹੜਾ ਪੈਗ਼ੰਬਰ ਕੇਹੜਾ ਬਣਿਆ ਜ਼ਾਮਨਾ, ਜ਼ਾਮਨ ਕਵਣ ਅਖਵਾਈਆ । ਮੈਂ ਓਹ ਵਿਚੋਲੀ ਜੇਹੜੀ ਅੱਖਰਾਂ ਨਾਲ ਅੱਖਰ ਮਿਲਾ ਕੇ ਸਤਿਗੁਰ ਸ਼ਬਦ ਦਾ ਫੜਾਵਾਂ ਦਾਮਨਾ, ਦਾਮਨਗੀਰ ਸਭ ਨੂੰ ਇਕੋ ਗਿਆ ਸਮਝਾਈਆ । ਜਿਸ ਨੇ ਅੰਤ ਸਭ ਦੀ ਮੇਟਣੀ ਕਾਮਨਾ, ਕਾਮਲ ਮੁਰਸ਼ਦ ਹੋ ਕੇ ਆਵੇ ਧੁਰ ਦਾ ਮਾਹੀਆ । ਮੈਂ ਉਸ ਦਾ ਗੀਤ ਤੇ ਉਸ ਦਾ ਢੋਲਾ ਗਾਵਨਾ, ਉਸੇ ਦੀ ਸਿਫ਼ਤ ਸਲਾਹੀਆ । ਪਰ ਸਚ ਦੱਸਾਂ ਉਹ ਪ੍ਰਭੂ ਬਿਨਾ ਭਗਤਾਂ ਤੋਂ ਕਿਸੇ ਨਹੀਂ ਰਾਵਣਾ, ਰਾਮ ਦਾ ਰਾਮ ਜੋ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ, ਕ਼ਲਮੇ ਨੀ ਤੂੰ ਕਾਨੀ ਬੜੀ ਚਾਲਾਕ, ਚਾਲਾਕੇ ਤੈਨੂੰ ਦਿਆਂ ਜਣਾਈਆ । ਮੂਧੇ ਮੂੰਹ ਚਲਣ ਵਾਲੀਏ ਜ਼ਰਾ ਮੇਰੇ ਵਲ ਝਾਕ, ਬਿਨ ਨੈਣਾਂ ਨੈਣ ਉਠਾਈਆ । ਆਪਣਾ ਖੋਲ੍ਹ ਕੇ ਵੇਖ ਤਾਕ, ਪਰਦਾ

੧੨੪੯ ਪਰਦਿਆਂ ਵਿਚੋਂ ਆਪ ਚੁਕਾਈਆ । ਨੀਂ ਸਚ ਦੱਸ ਤੇਰਾ ਕੇਹਦੇ ਨਾਲ ਸਾਕ, ਸੱਜਣ ਕਿਸ ਨੂੰ ਲਿਆ ਬਣਾਈਆ । ਜੇਹੜਾ ਅਵਤਾਰ ਪੈਗ਼ੰਬਰ ੧੨੪੯

੨੪ ਗੁਰੂ ਆਇਆ ਤੂੰ ਉਸ ਦੀ ਚੜ੍ਹ ਗਈਉਂ ਢਾਕ, ਓਸੇ ਦੇ ਹੁਕਮ ਵਿਚ ਭੱਜੀ ਵਾਹੋ ਦਾਹੀਆ । ਧੁਰ ਦੇ ਨਾਮ ਕਲਮੇ ਲਿਖ ਲਿਖ ਤੂੰ ਦੁਨੀਆ ੨੪

ਵਿਚ ਰਹਿਣ ਨਹੀਂ ਦਿਤਾ ਇਤਫ਼ਾਕ, ਸ਼ਰਅ ਦੇ ਹਿੱਸੇ ਵਖ ਵਖ ਸਮਝਾਈਆ । ਪਰ ਯਾਦ ਰਖ ਜਿਸ ਵੇਲੇ ਹਜ਼ਰਤ ਈਸਾ ਉਸ ਨੂਰੀ ਅੱਲਾ ਦਾ ਇਕ ਵੇਖਿਆ ਕਲਾਕ, ਉਸ ਦੀ ਕਲਾ ਕ਼ੁਦਰਤ ਦੇ ਵਿਚ ਨਜ਼ਰੀ ਆਈਆ । ਫੇਰ ਉਸ ਧਿਆਨ ਧਰਿਆ ਅਵਤਾਰ ਪੈਗ਼ੰਬਰ ਗੁਰੂ ਬੈਠੇ ਵਿਚ ਨਿੱਕੇ ਨਿੱਕੇ ਬਲਾਕ, ਬਰੈਕਟ ਵਿਚ ਆਸਣ ਦਿਤੇ ਵਖਾਈਆ । ਫੇਰ ਹੈਰਾਨ ਹੋ ਕੇ ਤਕਿਆ ਸਾਰੇ ਦਿਸੇ ਮਿੱਟੀ ਖ਼ਾਕ, ਤਨ ਵਜੂਦ ਰਹਿਣ ਕੋਇ ਨਾ ਪਾਈਆ । ਫੇਰ ਕਿਹਾ ਤੂੰ ਮੇਰੇ ਗਾਡ ਤੂੰ ਹੀ ਇਕੋ ਪਾਕ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਕਲਮ ਕਹੇ ਨਾਰਦਾ ਮੇਰੇ ਬਿਨਾ ਕੋਈ ਕਰ ਨਾ ਸਕੇ ਤਹਿਰੀਰ, ਤਕ਼ਰੀਰ ਨਿਸ਼ਾਨ ਨਾ ਕੋਇ ਰਖਾਈਆ । ਸਤਿਗੁਰ ਸ਼ਬਦ ਮੇਰਾ ਪਾਤਸ਼ਾਹ ਤੇ ਮੈਂ ਹੁਕਮ ਮੰਨਣ ਵਾਲਾ ਉਸ ਦਾ ਵਜ਼ੀਰ, ਜੁਗ ਜੁਗ ਆਪਣੀ ਸੇਵ ਕਮਾਈਆ । ਮੈਂ ਨਾ ਜੇ ਹੋਵਾਂ ਫਿਰ ਚਾਰ ਜੁਗ ਦੇ ਸ਼ਾਸਤਰਾਂ ਦੀ ਕਰੇ ਨਾ ਕੋਇ ਤਾਮੀਰ, ਦੀਨ ਦੁਨੀ ਵਿਚ ਵੇਖਣ ਕੋਇ ਨਾ ਪਾਈਆ । ਮੇਰੇ ਲੇਖ ਵਿਚ ਸਭ ਦਾ ਹੁੰਦਾ ਰਿਹਾ ਅਖ਼ੀਰ, ਆਖ਼ਰ ਦਿਆਂ ਦ੍ਰਿੜਾਈਆ । ਮੈਨੂੰ ਇਕੋ ਮਿਠਾ ਰਸ ਮਿਲਦਾ ਰਿਹਾ ਪ੍ਰਭੂ ਦੇ ਨਾਮ ਦਾ ਸੀਰ, ਜੋ ਨਿਤ ਨਿਤ ਜੁਗ ਜੁਗ ਪੀ ਪੀ ਖ਼ੁਸ਼ੀ ਬਣਾਈਆ । ਜੁਗ ਚੌਕੜੀਆਂ ਬੀਤ ਗਏ ਮੇਰੀ ਬਦਲੀ ਨਹੀਂ ਕਿਸੇ ਤਕ਼ਦੀਰ, ਤਦਬੀਰ ਅਵਰ ਨਾ ਕੋਇ ਸਮਝਾਈਆ । ਸਾਰੇ ਚਾਹੁੰਦੇ ਰਹੇ ਪੀਰ ਫ਼ਕੀਰ, ਮੇਰੇ ਵਲ ਧਿਆਨ ਲਗਾਈਆ । ਜੇ ਧੁਰ ਦਾ ਪੈਗ਼ਾਮ ਆਵੇ ਇਲਹਾਮ ਹੋਵੇ ਅਸੀਂ ਵੀ ਏਸ

ਪਿਆਰ ਵਿਚ ਆਪਣਾ ਲਹਿਣਾ ਪਰਗਟਾਈਏ ਵਿਚੋਂ ਸ਼ਰੀਰ, ਸ਼ਰਅ ਸ਼ਰਅ ਸੰਗ ਰਖਾਈਆ । ਪਰ ਕ਼ਲਮ ਕਹੇ ਇਕ ਦਿਨ ਲਿਖਦਿਆਂ ਲਿਖਦਿਆਂ
ਲਿਖਦਿਆਂ ਮੈਨੂੰ ਇਕ ਸ਼ਬਦ ਉਤੇ ਨੌ ਵਾਰ ਚੁੱਕਿਆ ਕਬੀਰ, ਚੁੱਕਕੇ ਮਸਤਕ ਨਾਲ ਠੁਕਰਾਈਆ । ਨੀ ਕ਼ਲਮੇ ਨੀ ਕਾਨੀਏ ਨੀ ਜੋਬਨ ਵਾਲੀਏ
ਜਵਾਨੀਏ ਜੇ ਤੂੰ ਲੇਖ ਨਾ ਲਿਖੇਂ ਤੇ ਕਿਸੇ ਨੂੰ ਪਤਾ ਨਾ ਲੱਗੇ ਕਿ ਦੀਨ ਦੁਨੀਆ ਵਿਚ ਕੇਹੜੀ ਆਉਣ ਵਾਲੀ ਭੀੜ, ਭਵਿਖਤਾਂ ਭੇਵ ਨਾ ਕੋਇ ਖੁਲ੍ਹਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕੋ ਹੁਕਮ ਵਰਤਾਈਆ । ਕ਼ਲਮ ਕਹੇ ਮੈਂ
ਕਰਾਂ ਨਾ ਕਦੇ ਗੁਸਤਾਖੀ, ਗ਼ੁੱਸੇ ਵਿਚ ਕਦੇ ਨਾ ਆਈਆ । ਜਦੋਂ ਮਿਹਰਵਾਨ ਮਿਹਰ ਕਰੇ ਤੇ ਮੇਰਾ ਬਣੇ ਸਾਥੀ, ਸਗਲਾ ਸੰਗ ਬਣਾਈਆ ।
ਉਸ ਦੀ ਮੰਨਾਂ ਆਖੀ, ਅੱਖਰਾਂ ਗੰਢ ਰਖਾਈਆ । ਜਿਸ ਦਾ ਲਹਿਣਾ ਦੇਣਾ ਅਲਖਣਾ ਅਲਾਖੀ, ਅਗੰਮ ਅਥਾਹ ਬੇਪਰਵਾਹੀਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਕ਼ਲਮੇ ਜੇ ਤੂੰ ਆਦਿ
ਜੁਗਾਦੀ ਲਿਖਣ ਵਾਲੀ, ਲਿਖ ਲਿਖ ਲੇਖ ਬਣਾਈਆ । ਜੇ ਤੂੰ ਸਿਫ਼ਤ ਕਰੇਂ ਜੋਤ ਅਕਾਲੀ, ਜੁਗ ਜੁਗ ਸੇਵ ਕਮਾਈਆ । ਤੈਨੂੰ ਇਕ ਖ਼ਬਰ
ਦੱਸਾਂ ਸੁਖਾਲੀ, ਸਹਿਜ ਨਾਲ ਸੁਣਾਈਆ । ਨਿਗਾਹ ਮਾਰ ਲੈ ਕਲਜੁਗ ਫੁੱਲ ਰਿਹਾ ਕਿਸੇ ਨਾ ਡਾਲੀ, ਪੱਤ ਟਹਿਣੀ ਗਏ ਕੁਮਲਾਈਆ । ਦੀਨ
ਦੁਨੀਆ ਤੇਰੇ ਸਚੇ ਲੇਖ ਲਿਖੇ ਤੋਂ ਹੋ ਗਈ ਖ਼ਾਲੀ, ਸਤਿ ਵਸਤ ਅੰਦਰ ਨਾ ਕੋਇ ਟਿਕਾਈਆ । ਕਲਜੁਗ ਨੂੰ ਤਕ ਕਿਸ ਬਿਧ ਚੜ੍ਹੀ ਲਾਲੀ, ਜੋਬਨਵੰਤਾ
 ਭੱਜੇ ਵਾਹੋ ਦਾਹੀਆ । ਜੇ ਤੂੰ ਹੁਣ ਸੁਰਤ ਨਾ ਸੰਭਾਲੀ, ਆਪਣਾ ਆਪ ਆਪਣੇ ਵਿਚੋਂ ਪਰਗਟਾਈਆ । ਕਿਸ ਬਿਧ ਰੈਣ ਮਿਟੇ ਅੰਧੇਰੀ ਕਾਲੀ, ੧੨੫੦
 ਅੰਧ ਅਗਿਆਨ ਰਹਿਣ ਨਾ ਪਾਈਆ । ਕ਼ਲਮ ਕਿਹਾ ਵੇ ਨਾਰਦਾ ਮੈਂ ਹੋ ਗਈ ਬੇਹਾਲੀ, ਬਹਿਬਲ ਹੋ ਕੇ ਦਿਆਂ ਸੁਣਾਈਆ । ਮੇਰੇ ਲੇਖ ਨੇ ੨੪
ਦੱਸਿਆ ਅੰਤ ਆਉਣਾ ਸਭ ਦਾ ਮਾਲੀ, ਮਾਲਕ ਇਕ ਅਖਵਾਈਆ । ਜਿਸ ਦਾ ਜਲਵਾ ਜੋਤ ਨੂਰ ਜਲਾਲੀ, ਦੋ ਜਹਾਨਾਂ ਕਰੇ ਰੁਸ਼ਨਾਈਆ ।
ਉਸ ਦੀ ਘਾਲਣ ਰਹੀ ਘਾਲੀ, ਨਿਤ ਨਿਤ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,
ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਕਮਲੀਏ ਤੇਰੀ ਸੇਵਾ ਹੋਵੇ ਪਰਵਾਨ, ਸਚ ਦਿਆਂ ਦ੍ਰਿੜਾਈਆ । ਸੁਣ ਸੰਦੇਸ਼ਾ ਸ੍ਰੀ ਭਗਵਾਨ,
ਹਰਿ ਕਰਤਾ ਕੀ ਜਣਾਈਆ । ਜਿਸ ਜੁਗ ਜੁਗ ਕੀਤਾ ਖੇਲ ਮਹਾਨ, ਸਤਿਜੁਗ ਤ੍ਰੇਤਾ ਦੁਆਪਰ ਆਪਣਾ ਹੁਕਮ ਵਰਤਾਈਆ । ਓਹ ਕਲਜੁਗ
ਹੋਇਆ ਪਰਧਾਨ, ਜੋਧਾ ਸੂਰਬੀਰ ਨੂਰ ਅਲਾਹੀਆ । ਜਿਸ ਭਗਤ ਸੁਹੇਲੇ ਕੀਤੇ ਪਰਵਾਨ, ਪਰਵਾਨੇ ਆਪਣੇ ਲਏ ਬਣਾਈਆ । ਨੀ ਓਹ ਤੇਰੇ
ਲੇਖ ਵਿਚੋਂ ਸਭ ਨੂੰ ਦੇਣ ਲੱਗਾ ਦਾਨ, ਦਾਤਾ ਹੋ ਕੇ ਦਇਆ ਕਮਾਈਆ । ਕ਼ਲਮ ਕਹੇ ਕਾਨੀ ਮੈਂ ਨਾਰਦਾ ਬਣੀ ਅੰਞਾਨ, ਆਪਣੀ ਚਲੇ ਨਾ
ਕੋਇ ਚਤੁਰਾਈਆ । ਜੇ ਸਤਿਗੁਰ ਸ਼ਬਦ ਕਿਰਪਾ ਕੀਤੀ ਮੈਂ ਵੀ ਨੱਚਾਂ ਟੱਪਾਂ ਕਾਗ਼ਜ਼ਾਂ ਉਤੇ ਵਿਚ ਜਹਾਨ, ਸੋਹਣਾ ਆਪਣਾ ਨਾਚ ਵਖਾਈਆ । ਜੇ
ਓਹ ਮਿਹਰਵਾਨ ਹੋ ਗਿਆ ਤੇ ਮੈਂ ਵੀ ਉਸ ਨੂੰ ਕਹਿ ਦੇਣਾ ਜਜਮਾਨ, ਇਹ ਪੰਜਾਬੀ ਬੋਲੀ ਪੰਜਾਬੀਆਂ ਵਿਚੋਂ ਮੈਨੂੰ ਨਜ਼ਰੀ ਆਈਆ । ਕ਼ਲਮ ਕਹੇ
ਮੈਂ ਅੱਜ ਲਿਖ ਦੇਣਾ ਓ ਪ੍ਰਭੂ ਜੇ ਤੂੰ ਵਸਦਾ ਉਤੇ ਅਸਮਾਨ, ਜ਼ਰਾ ਇਹਨਾਂ ਭਗਤਾਂ ਵਲ ਮਾਰ ਧਿਆਨ ਜੋ ਤੇਰਾ ਰਾਹ ਤਕਾਈਆ । ਏਥੇ ਓਥੇ
ਲੇਖਾ ਰਹੇ ਨਾ ਕਿਸੇ ਦਾ ਆਪਣੇ ਗ੍ਰਿਹਿ ਕਰੀਂ ਪਰਵਾਨ, ਪਰਮ ਪੁਰਖ ਤੇਰੇ ਹੱਥ ਵਡਿਆਈਆ । ਤੂੰ ਕਰਨੀ ਦਾ ਕਰਤਾ ਕੁਦਰਤ ਦਾ ਕ਼ਾਦਰ ਰਹਿਮਤਾਂ

ਦਾ ਰਹਿਮਾਨ, ਨੂਰ ਨੁਰਾਨਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੀ ਵਸਤ ਆਪ ਵਰਤਾਈਆ । ਸਤਾਈ ਪੋਹ ਕਹੇ ਮੇਰੇ ਸਾਹਿਬ ਸਤਿ ਸਤਿਵਾਦੀਆ, ਸਤਿਗੁਰ ਸ਼ਾਹੋ ਭੂਪ । ਮੇਰੇ ਮਾਲਕ ਆਦਿ ਜੁਗਾਦੀਆ, ਤੇਰਾ ਖੇਲ ਬਿਨਾ ਰੰਗ ਰੂਪ । ਜੁਗ ਬਦਲਣਾ ਤੇਰੀ ਵਾਦੀਆ, ਮੇਰੇ ਮਾਲਕ ਹਕ ਮਹਿਬੂਬ । ਹੁਣ ਵੇਖ ਲੈ ਕਲਜੁਗ ਕੂੜ ਅਬਾਦੀਆਂ, ਨਿਗਾਹ ਮਾਰ ਲੈ ਵਿਚ ਪੰਜ ਭੂਤ । ਆਤਮ ਪਰਮਾਤਮ ਹੋਈਆਂ ਕਿਸੇ ਨਾ ਸ਼ਾਦੀਆਂ, ਝਗੜਾ ਦਿਸਿਆ ਚਾਰੇ ਕੂਟ । ਜਨ ਭਗਤਾਂ ਤੇਰੇ ਨਾਲ ਪ੍ਰੀਤਾਂ ਡਾਢੀਆਂ, ਏਕਾ ਧਾਗਾ ਇਕ ਬਣਾ ਲੈ ਸੂਤ । ਸਤਿਗੁਰ ਸ਼ਬਦ ਹੋ ਕੇ ਲਾੜਾ ਲੈ ਲਾੜੀਆਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਵਖਾਉਣਾ ਅਰਸ਼ ਅਰੂਜ । ਪੁਰਖ ਅਕਾਲ ਕਹੇ ਸੁਣ ਸ਼ਬਦੀ ਸੁਤ ਦੁਲਾਰੇ, ਦੂਲ੍ਹਿਆ ਦਿਆਂ ਜਣਾਈਆ । ਮੇਰੇ ਭਗਤ ਨਾ ਰਹਿਣ ਕੁਆਰੇ, ਮੇਲ ਮੇਲਣਾ ਚਾਈਂ ਚਾਈਆ । ਜਿਨ੍ਹਾਂ ਰਸਨਾ ਲਾਏ ਛੁਹਾਰੇ, ਸੋਹਣਾ ਸਗਨ ਬਣਾਈਆ । ਓਨ੍ਹਾਂ ਦੇ ਪਰਵਾਰ ਤਾਰਨੇ ਸਾਰੇ, ਬਚਿਆ ਰਹਿਣ ਕੋਇ ਨਾ ਪਾਈਆ । ਦਰਸ਼ਨ ਦੇਣਾ ਹੋ ਕੇ ਜ਼ਾਹਰੇ, ਜ਼ਾਹਰ ਜ਼ਹੂਰ ਨਜ਼ਰੀ ਆਈਆ । ਵੰਡ ਰਖਣੀ ਨਹੀਂ ਪੁਰਖ ਤੇ ਨਾਰੇ, ਬਿਰਧ ਬਾਲਾਂ ਹਿੱਸਾ ਨਾ ਕੋਇ ਜਣਾਈਆ । ਵੱਡੇ ਛੋਟੇ ਭਗਤ ਮੇਰੇ ਦੁਲਾਰੇ, ਬੱਚੇ ਸੋਹਣੇ ਨੰਨ੍ਹੇ ਨਜ਼ਰੀ ਆਈਆ । ਜਿਨ੍ਹਾਂ ਨੂੰ ਪ੍ਰੇਮ ਦੇ ਦੇਣੇ ਹੁਲਾਰੇ, ਦੋ ਜਹਾਨਾਂ ਪਾਰ ਕਰਾਈਆ । ਜਿਥੇ ਨਾ ਕੋਈ ਮੰਡਲ ਮੰਡਪ ਨਾ ਕੋਈ ਸੂਰੀਆ ਚੰਦ ਸਿਤਾਰੇ, ਵਿਸ਼ਨ ਬ੍ਰਹਮਾ ਸ਼ਿਵ ਨਜ਼ਰ ਕੋਇ
੧੨੫੧ ਨਾ ਆਈਆ । ਨਾ ਕੋਈ ਕਾਤਬ ਨਾ ਲਿਖਾਰੇ, ਨਾ ਕੋਈ ਰਸਨਾ ਸ਼ਬਦ ਉਚਾਰੇ, ਨਾ ਕੋਈ ਕੰਨੀ ਸੁਣੇ ਧੁਨਕਾਰੇ, ਰਾਗ ਨਾਦ ਨਾ ਕੋਇ ਵਡਿਆਈਆ । ੧੨੫੧
੨੪ ਨਾ ਕੋਈ ਤਤ ਪੰਜ ਪਸਾਰੇ, ਨਾ ਕੋਈ ਬ੍ਰਹਮ ਮਤਿ ਦਏ ਅਧਾਰੇ, ਅੱਖਰਾਂ ਵਾਲੀ ਨਾ ਕੋਇ ਪੜ੍ਹਾਈਆ । ਇਕੋ ਨੂਰ ਜੋਤ ਉਜਿਆਰੇ, ਜਿਥੇ ੨੪
ਬੈਠਾ ਸ਼ਾਹੋ ਭੂਪ ਸਰਕਾਰੇ, ਨੂਰ ਨੁਰਾਨਾ ਸੋਭਾ ਪਾਈਆ । ਜਨ ਭਗਤਾਂ ਖੜਨਾ ਓਸ ਦੁਆਰੇ, ਜਿਥੇ ਨਾ ਕੋਈ ਮੰਜ਼ਲ ਤੇ ਨਾ ਕੋਈ ਚੁਬਾਰੇ, ਜਿਥੇ ਚੋਟੀ ਦਾ ਮਾਲਕ ਚੋਟਾ ਇਕੋ ਸੋਭਾ ਪਾਈਆ । ਜਿਹੜਾ ਆਦਿ ਜੁਗਾਦਿ ਜੁਗ ਚੌਕੜੀ ਆਪਣਿਆਂ ਭਗਤਾਂ ਨਾ ਕਦੇ ਵਿਸਾਰੇ, ਵਿਸਰਿਆਂ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕੋ ਨਜ਼ਰੀ ਆਈਆ । ਸਤਿਗੁਰ ਸ਼ਬਦ ਕਹੇ ਮੇਰੇ ਪੁਰਖ ਅਕਾਲੇ ਪਿਤਾ, ਪਰਮ ਪੁਰਖ ਤੇਰੀ ਸਰਨਾਈਆ । ਮੇਰਾ ਭਗਤਾਂ ਦੇ ਨਾਲ ਹਿਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਐਸੀ ਕਿਰਪਾ ਕਰਨੀ ਅਗੇ ਰਹਿਣ ਨਹੀਂ ਦੇਣਾ ਕੋਈ ਦੋਚਿਤਾ, ਚਿਤ ਵਿਤ ਠਗੌਰੀ ਅੰਦਰੋਂ ਦੇਣੀ ਕਢਾਈਆ । ਸਭ ਨੂੰ ਪ੍ਰੇਮ ਵਿਚ ਬਣਾ ਕੇ ਆਪਣਾ ਮਿਤਾ, ਮਿਤਰ ਪਿਆਰੇ ਤੇਰੇ ਵਿਚ ਮਿਲਾਈਆ । ਨੌਂ ਖੰਡ ਪ੍ਰਿਥਮੀ ਮੇਰਾ ਨਿੱਕਾ ਜਿਹਾ ਖਿਤਾ, ਜੋ ਕੋਟਨ ਕੋਟ ਬ੍ਰਹਿਮੰਡਾਂ ਖੰਡਾਂ ਵਿਚੋਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਏਸ ਜਨਮ ਦੀ ਨਹੀਂ ਕੋਈ ਭਗਤੀ, ਭਗਤੀ ਦੀ ਲੋੜ ਨਾ ਕੋਇ ਰਖਾਈਆ । ਤੁਹਾਡਾ ਪੂਰਬਲਾ ਲਹਿਣਾ ਤੇ ਦੇਣਾ ਪਿਆ ਸ਼ਰਤੀ, ਕਿਉਂ ਸ਼ਰਤ ਅਵਤਾਰ ਪੈਗ਼ੰਬਰ ਗੁਰੂ ਪ੍ਰਭੂ ਨਾਲ ਗਏ ਲਗਾਈਆ । ਧੁਰ ਦੇ ਨਾਮ ਤੇ ਧੁਰ ਦੇ ਹੁਕਮ ਨਾਲ ਤੁਹਾਨੂੰ ਕੀਤਾ ਭਰਤੀ, ਵੱਡਾ ਛੋਟਾ ਕ਼ਦ ਨਾ ਕੋਇ ਵਖਾਈਆ । ਤੁਹਾਨੂੰ ਸੰਭਾਲਣ ਵਾਲਾ ਇਕੋ ਨਿਧ ਪਰਤੀ, ਜਿਸ ਨੂੰ ਪਰਮੇਸ਼ਵਰ ਕਹਿ ਕੇ ਸਾਰੇ ਗਾਈਆ । ਸਤਿਗੁਰ ਸ਼ਬਦ ਕਹੇ ਪਤਾ

ਨਹੀਂ ਕਿਉਂ ਦਿਆਲੂ ਹੋ ਗਿਆ ਤੇ ਕਿਉਂ ਭਾਗ ਲਗਾ ਦਿਤਾ ਏਸ ਆ ਕੇ ਧਰਤੀ, ਧਰਨੀ ਧਰਤ ਧਵਲ ਧੌਲ ਦਾ ਲੇਖਾ ਪੂਰ ਕਰਾਈਆ । ਜਿਸ ਨੇ ਖੇਲ ਦਰਸਾਇਆ ਮਾਲਕ ਬਣ ਕੇ ਅਰਸ਼ੀ, ਅਰਸ਼ੀ ਪ੍ਰੀਤਮ ਅਗੰਮ ਅਥਾਹੀਆ । ਸੰਮਤ ਸ਼ਹਿਨਸ਼ਾਹੀ ਗਿਆਰਾਂ ਇਕ ਇਕ ਦੀ ਧਾਰ ਆਤਮਾ ਪਰਮਾਤਮਾ ਦੀ ਮਨਾਉਣ ਆ ਗਿਆ ਬਰਸੀ, ਬਰਸਾਂ ਦੀ ਉਮਰ ਵਾਲਿਓ ਤੁਹਾਡਾ ਲੇਖਾ ਆਪਣੇ ਨਾਲ ਮਿਲਾਈਆ । ਮਿਹਰਵਾਨ ਹੋ ਕੇ ਕੀਤਾ ਤਰਸੀ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਆਵਣ ਜਾਵਣ ਜਨਮ ਕਰਮ ਮਰਨ ਦੀ ਮੇਟੇ ਹਰਸੀ, ਹਵਸ ਜਗਤ ਨਾ ਕੋਇ ਰਖਾਈਆ ।

### ✪ ੨੮ ਪੋਹ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦਵਾਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਸਵੇਰੇ ਸ਼ਾਦੀਆਂ ਦੇ ਸਮੇਂ ✪

ਸੰਮਤ ਸ਼ਹਿਨਸ਼ਾਹੀ ਯਾਰਾਂ ਕਹੇ ਇਕ ਇਕ ਦਾ ਹੋਇਆ ਮਿਲਾਪ, ਮਿਲਣੀ ਹਰਿ ਜਗਦੀਸ਼ ਕਰਾਈਆ । ਆਤਮ ਪਰਮਾਤਮ ਬਣਿਆ ਜਾਪ, ਜਗਤ ਅਵਰ ਨਾ ਕੋਇ ਪੜ੍ਹਾਈਆ । ਜਨ ਭਗਤਾਂ ਹੋਏ ਵਡ ਪਰਤਾਪ, ਪਰਤਾਪੀ ਦੇਵੇ ਮਾਣ ਵਡਿਆਈਆ । ਜਿਨ੍ਹਾਂ ਦਾ ਲੇਖਾ ਨਾਲ ਅਗੰਮੀ

ਬਾਪ, ਪਿਤਾ ਪੁਰਖ ਅਕਾਲ ਗੋਦ ਟਿਕਾਈਆ । ਕੋਟਨ ਕੋਟ ਜਨਮ ਉਤਾਰ ਕੇ ਪਾਪ, ਪਤਿਤ ਪੁਨੀਤ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਇਕ ਇਕ ਦਾ ਹੋਇਆ ਸੰਗ, ਹਰਿ ਸੰਗੀ ਇਕ ਅਖਵਾਈਆ । ਆਦਿ ਜੁਗਾਦੀ ਜੁਗ ਚੌਕੜੀ ਜਿਸ ਪੂਰੀ ਕੀਤੀ ਮੰਗ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤ੍ਰਿਸ਼ਨਾ ਪੂਰ ਕਰਾਈਆ । ਭਗਤ ਭਗਵਾਨ ਬਣਾ ਕੇ ਸੰਗ, ਸਗਲਾ ਸੰਗੀ ਹੋ ਕੇ ਵੇਖ ਵਖਾਈਆ । ਮਰਦ ਮਰਦਾਨਾ ਹੋ ਕੇ ਵਜਾਏ ਮਰਦੰਗ, ਸੋਈ ਸੁਰਤੀ ਆਪ ਉਠਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਣ ਨਿਰਗੁਣ ਧਾਰ ਆਪੇ ਲੰਘ, ਮੰਜ਼ਲ ਬੈਠਾ ਸੋਭਾ ਪਾਈਆ । ਕਰੇ ਖੇਲ ਸੂਰਾ ਸਰਬੰਗ, ਹਰਿ ਕਰਤਾ ਧੁਰ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਇਕ ਬਣਾਈਆ । ਇਕ ਇਕ ਕਹੇ ਸਾਡਾ ਇਕੋ ਘਰ, ਦੂਜਾ ਨਜ਼ਰ ਕੋਇ ਨਾ ਆਈਆ । ਸਚ ਸਵਾਮੀ ਇਕੋ ਅਗੰਮਾ ਵਰ, ਜੋ ਜਨਮ ਮਰਨ ਨਾ ਕੋਇ ਰਖਾਈਆ । ਜਿਸ ਦਾ ਸੁਹੰਜਣਾ ਹੋਏ ਦਰ, ਦਰਗਾਹ ਸਾਚੀ ਸੋਭਾ ਪਾਈਆ । ਭੈ ਭੌ ਚੁਕਾਏ ਡਰ, ਸਿਰ ਆਪਣਾ ਹੱਥ ਟਿਕਾਈਆ । ਜੋ ਕਿਰਪਾ ਰਿਹਾ ਕਰ, ਹਰਿ ਕਰਤਾ ਧੁਰਦਰਗਾਹੀਆ । ਨਿਰਗੁਣ ਧਾਰ ਨਰਾਇਣ ਨਰ, ਨੂਰ ਨੁਰਾਨਾ ਇਕ ਅਖਵਾਈਆ । ਜਿਸ ਦੀ ਸਰਨ ਸਰਨਾਈ ਸਾਰੇ ਗਏ ਪਰ, ਪਰਾ ਪਸੰਤੀ ਮਧਮ ਬੈਖਰੀ ਜਿਸ ਦੇ ਢੋਲੇ ਗਾਈਆ । ਓਹ ਵਸਣਹਾਰਾ ਬਾਹਰ ਸ਼ਰੀਅਤ ਸ਼ਰ, ਬੰਧਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਇਕ ਇਕ ਕਹੇ ਇਕ ਇਕ ਦਾ ਮੀਤਾ, ਮਿਤਰ ਪਿਆਰਾ ਇਕ ਅਖਵਾਈਆ । ਜੋ ਜੁਗ ਜੁਗ ਬਦਲਣਹਾਰਾ ਰੀਤਾ, ਰੀਤੀਵਾਨ ਅਗੰਮ ਅਥਾਹੀਆ । ਜੋਤੀ ਧਾਰ ਤ੍ਰੈਗੁਣ ਅਤੀਤਾ, ਤ੍ਰੈਭਵਣ ਧਨੀ ਆਪ ਹੋ ਆਈਆ । ਜੋ

ਭਗਤਾਂ ਅੰਤਰ ਕਰੇ ਠਾਂਢਾ ਸੀਤਾ, ਅਗਨੀ ਜਗਤ ਨਾ ਕੋਇ ਜਲਾਈਆ । ਸਚ ਧਾਰ ਬਖ਼ਸ਼ ਕੇ ਸਚ ਪ੍ਰੀਤਾ, ਪ੍ਰੀਤਮ ਹੋ ਕੇ ਵੇਖ ਵਖਾਈਆ । ਝਗੜਾ ਮੁਕਾ ਕੇ ਮੰਦਰ ਮਸੀਤਾ, ਗੁਰੂਦਵਾਰ ਇਕੋ ਇਕ ਦਰਸਾਈਆ । ਜਿਥੇ ਧਰਮ ਧਾਰ ਹਦੀਸਾ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਮਿਹਰਵਾਨ ਹੋਏ ਜਗਦੀਸ਼ਾ, ਜਗਦੀਸ਼ਰ ਦਇਆ ਕਮਾਈਆ । ਪੂਰਬ ਲਹਿਣਾ ਸਭ ਦੀ ਝੋਲੀ ਪਾਵੇ ਜੋ ਪੂਰਬ ਕਰਮ ਕੀਤਾ, ਕਰਨੀ ਦਾ ਕਰਤਾ ਹੋ ਕੇ ਵੇਖ ਵਖਾਈਆ । ਜੋ ਇਸ਼ਾਰਾ ਦੇ ਕੇ ਗਿਆ ਘਨਈਆ ਕਾਹਨ ਵਿਚ ਗੀਤਾ, ਧਿਆਏ ਅਠਾਰਾਂ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰ ਇਕ ਸੁਹਾਈਆ । ਇਕ ਇਕ ਕਹੇ ਮੈਂ ਏਕਾ ਅੱਖਰ ਪੜ੍ਹਿਆ, ਪੁਸਤਕ ਹੱਥ ਨਾ ਕੋਇ ਉਠਾਈਆ । ਇਕੋ ਮੰਜ਼ਲ ਚੜ੍ਹਿਆ, ਜਿਥੇ ਮਿਲੇ ਧੁਰ ਦਾ ਮਾਹੀਆ । ਇਕ ਦਵਾਰੇ ਖੜ੍ਹਿਆ, ਸਚ ਗ੍ਰਿਹਿ ਸੋਭਾ ਪਾਈਆ । ਜਿਥੇ ਪਰਮ ਪੁਰਖ ਪਰਮਾਤਮ ਮੇਰਾ ਪੱਲੂ ਫੜਿਆ, ਇਕ ਨਾਲ ਮਿਲ ਕੇ ਵਜੀ ਵਧਾਈਆ । ਮੇਰਾ ਲਹਿਣਾ ਦੇਣਾ ਆਤਮ ਪਰਮਾਤਮ ਧਾਰ ਜਗਤ ਨਾਤਾ ਸੀਸ ਧੜਿਆ, ਤਨ ਵਜੂਦ ਖੇਲ ਖਿਲਾਈਆ । ਸਚ ਸਵਾਮੀ ਅੰਤਰਜਾਮੀ ਨਿਰਗੁਣ ਹੋ ਕੇ ਪੱਲੂ ਫੜਿਆ, ਬਿਨ ਹੱਥਾਂ ਹੱਥ ਉਠਾਈਆ । ਮੈਂ ਉਸ ਸਾਹਿਬ ਸਵਾਮੀ ਚਰਨ ਕਵਲ ਸਰਨਾਈ ਪਰਿਆ, ਧੂੜੀ ਖ਼ਾਕ ਰਮਾਈਆ । ਜਿਸ ਨਾਲ ਇਕ ਇਕ ਦਾ ਕਾਰਜ ਸਰਿਆ, ਅਗਲਾ ਲੇਖਾ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਇਕ ਕਹੇ ਮੇਰਾ ਇਕੋ ਰੂਪ ਏਕਾ, ਏਕੰਕਾਰ ਦਿਤੀ ਵਡਿਆਈਆ । ਜਿਸ ਨੇ ਬਖ਼ਸ਼ੀ ਧੁਰ ਦੀ ਟੇਕਾ, ਟਿੱਕੇ ਮਸਤਕ ਖ਼ਾਕ ਰਮਾਈਆ । ਮੇਰਾ ਅੰਤਸ਼ਕਰਨ ਕਰ ਬਿਬੇਕਾ, ਪਤਿਤ ਪੁਨੀਤ ਬਣਾਈਆ । ਤ੍ਰੈਗੁਣ ਲਾ ਨਾ ਸਕੇ ਸੇਕਾ, ਅਗਨੀ ਤਤ ਨਾ ਕੋਇ ਜਲਾਈਆ । ਮੈਨੂੰ ਇਕੋ ਘਰ ਵਖਾਇਆ ਸੌਹਰਾ ਪੇਕਾ, ਦੂਸਰ ਵੰਡ ਨਾ ਕੋਇ ਵੰਡਾਈਆ । ਜਿਸ ਘਰ ਸਤਿਗੁਰ ਸ਼ਬਦ ਸ਼ਬਦ ਦਾ ਠੇਕਾ, ਦੂਜਾ ਸੰਗ ਨਾ ਕੋਇ ਰਖਾਈਆ । ਮੈਨੂੰ ਪੁਰਾਤਨ ਨੌਂ ਸੌ ਚੁਰਾਨਮੇ ਚੌਕੜੀ ਜੁਗ ਦਾ ਚੇਤਾ, ਚੇਤਨ ਹੋ ਕੇ ਦਿਆਂ ਦ੍ਰਿੜਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਭ ਦਾ ਇਕੋ ਹੋਣਾ ਨੇਤਾ, ਜੋ ਨਿਜ ਨੇਤਰ ਵੇਖ ਵਖਾਈਆ । ਜਿਸ ਧਰਮ ਧਾਰ ਦਾ ਅਗਲਾ ਖੋਲ੍ਹਣਾ ਭੇਤਾ, ਸਤਿਜੁਗ ਸਚ ਦਏ ਵਡਿਆਈਆ । ਸਚ ਸਿੰਘਾਸਣ ਹੋਣਾ ਲੇਟਾ, ਸੇਜ ਸੁਹੰਜਣੀ ਸੋਭਾ ਪਾਈਆ । ਜੋਤੀ ਜਾਤਾ ਹੋ ਕੇ ਬਣੇ ਖੇਵਟ ਖੇਟਾ, ਮਲਾਹ ਬੇਪਰਵਾਹ ਇਕ ਅਖਵਾਈਆ । ਜਿਨ ਭਗਤ ਸੁਹੇਲਾ ਬਣਾਉਣਾ ਬੇਟੀ ਬੇਟਾ, ਪਿਤਾ ਪੂਤ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਇਕ ਕਹੇ ਮੈਂ ਏਕਾ ਇਕੋ, ਇਕ ਇਕ ਨਾਲ ਮਿਲ ਕੇ ਵਜੀ ਵਧਾਈਆ । ਜਨ ਭਗਤੋ ਭਗਤ ਦਵਾਰੇ ਟਿਕੋ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਚਰਨ ਕਵਲ ਇਕ ਪ੍ਰਭੂ ਦੇ ਵਿਕੋ, ਦੂਸਰ ਓਟ ਨਾ ਕੋਇ ਰਖਾਈਆ । ਜੋ ਇਸ਼ਾਰਾ ਦੇ ਕੇ ਗਿਆ ਗੋਬਿੰਦ ਸਿਖੋ, ਸਿਖਿਆ ਆਪਣੇ ਅੰਦਰ ਲੈਣੀ ਟਿਕਾਈਆ । ਮਾਨਵ ਜ਼ਾਤੀ ਦੀਨ ਮਜ਼੍ਹਬ ਜ਼ਾਤ ਪਾਤ ਰੂਪ ਦਿਸੇ ਇਕੋ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਸਚ ਪਿਆਰ ਦਾ ਸਗਨਾਂ ਵਾਲਾ ਦਿਹਾੜਾ ਇਕੋ ਮਿਥੋ, ਬਹੁਤੀ ਲੋੜ ਰਹੇ ਨਾ ਰਾਈਆ । ਪੋਹ ਅਠਾਈ ਉਤਮ ਸ੍ਰੇਸ਼ਟ ਚਾਰ ਜੁਗ ਦੀ ਥਿਤੋ, ਥਿਤ ਵਾਰ ਆਪਣਾ ਰੰਗ ਰੰਗਾਈਆ । ਆਤਮ ਪਰਮਾਤਮ ਧਾਰ ਪਿਆਰੇ ਮਿਤੋ, ਮਿਤਰ ਪਿਆਰਾ ਦਏ ਵਡਿਆਈਆ । ਤੁਸੀਂ ਭਗਤ

ਸੁਹੇਲੇ ਬਣਨਾ ਹਿਤੋਂ, ਹਿਤਕਾਰੀ ਹੋ ਕੇ ਵੇਖ ਵਖਾਈਆ । ਜੋ ਤੁਹਾਡਾ ਨਾਤਾ ਜੋੜੇ ਤੁਹਾਡੇ ਚਿਤੋ, ਚਿਤਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਇਕ ਕਹੇ ਮੈਂ ਇਕੋ ਏਕਾ ਚੰਗਾ, ਚੰਗੀ ਤਰਹ ਜਣਾਈਆ । ਮੈਂ ਇਕੋ ਭਿਖਿਆ ਮੰਗਾਂ, ਮਾਂਗਤ ਹੋ ਕੇ ਝੋਲੀ ਡਾਹੀਆ । ਮੈਂ ਇਕ ਇਕ ਰੰਗਣ ਰੰਗਾਂ, ਆਦਿ ਜੁਗਾਦੀ ਉਤਰ ਨਾ ਜਾਈਆ । ਮੈਂ ਇਕੋ ਮੰਜ਼ਲ ਲੰਘਾਂ, ਜਿਥੇ ਮਿਲੇ ਬੇਪਰਵਾਹੀਆ । ਮੈਂ ਕਦੇ ਗਿਆ ਨਹੀਂ ਗੋਦਾਵਰੀ ਗੰਗਾ, ਗੰਗੋਤਰੀ ਵੇਖਣ ਪਾਈਆ । ਮੈਂ ਬਣਿਆ ਨਹੀਂ ਕਦੇ ਕੋਈ ਪੰਡਾ, ਡੰਡਾਵਤ ਵਿਚ ਸੀਸ ਝੁਕਾਈਆ । ਮੈਂ ਫਿਰਦਾ ਵਿਚ ਬ੍ਰਹਿਮੰਡਾਂ, ਭੱਜਾਂ ਵਾਹੋ ਦਾਹੀਆ । ਮੈਂ ਵੇਖਾਂ ਜੇਰਜ ਅੰਡਾ, ਉਤਭੁਜ ਸੇਤਜ ਖੋਜ ਖੁਜਾਈਆ । ਮੈਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤਕੀਆਂ ਵੰਡਾਂ, ਮਾਨਵ ਜ਼ਾਤੀ ਖੋਜ ਖੁਜਾਈਆ । ਅੰਤ ਨਿਗਾਹ ਮਾਰੀ ਕਲਜੁਗ ਦਿਸਿਆ ਅੰਤਮ ਕੰਢਾ, ਕੰਢੀ ਘਾਟ ਵੇਖ ਵਖਾਈਆ । ਜਾਂ ਗਹੁ ਕਰਕੇ ਤਕਿਆ ਜਗਤ ਸੰਸਾਰ ਅੰਤਰ ਨਿਰੰਤਰ ਆਤਮ ਪਰਮਾਤਮ ਧਾਰ ਰੰਡਾ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਕਿਸੇ ਕੰਮ ਨਾ ਆਵੇ ਹਲਵਾ ਖੀਰ ਮੰਡਾ, ਜਗਤ ਰਸਨਾ ਰਸ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਇਕ ਸੁਹਾਈਆ । ਇਕ ਕਹੇ ਮੈਂ ਇਕ ਇਕੱਲਾ, ਅਕਲ ਕਲਧਾਰੀ ਦਿਤੀ ਵਡਿਆਈਆ । ਮੈਂ ਵਸਾਂ ਸਦਾ ਸਚ ਮਹਲਾ, ਗ੍ਰਿਹਿ ਇਕੋ ਸੋਭਾ ਪਾਈਆ । ਮੈਂ ਵੇਖਾਂ ਜਲਾਂ ਥਲਾਂ, ਮਹੀਅਲ ਖੋਜ ਖੁਜਾਈਆ । ਮੈਂ ਜਾਣਾਂ ਘੜੀ ਪਲਾਂ, ਥਿਤ ਵਾਰਾਂ ਪਰਦਾ ਲਾਹੀਆ । ਮੈਂ ਲਹਿਣਾ ਦੇਣਾ ਤਕਾਂ ਰਾਮ ਕਾਹਨ ਨੂਰ ਅਲਾਹੀ ਅੱਲਾ, ਆਲਮਾਂ ਤੋਂ ਬਾਹਰ ਦਿਆਂ ਜਣਾਈਆ । ਮੈਂ ਨਾਮ ਸਤਿ ਵਾਹਿਗੁਰੂ ਫੜਿਆ ਵੇਖਿਆ ਪੱਲਾ, ਪਲਕ ਪਲਕ ਖੋਜ ਖੁਜਾਈਆ । ਮੈਂ ਫਿਰਿਆ ਨੌ ਖੰਡ ਪ੍ਰਿਥਮੀ ਸੱਤ ਦੀਪ ਦੇ ਝੱਲਾ, ਜੰਗਲ ਜੂਹਾਂ ਪੰਧ ਮੁਕਾਈਆ । ਜਿਧਰ ਤਕਿਆ ਕੂੜ ਵਿਕਾਰ ਦਾ ਦਲਾ, ਦਲਿਦ੍ਰੀ ਦਿਸੀ ਲੋਕਾਈਆ । ਸਤਿ ਧਰਮ ਦਾ ਕਿਸੇ ਹੱਥ ਨਾ ਦਿਸਿਆ ਛੱਲਾ, ਜਗਤ ਕੰਗਣ ਕੰਮ ਕਿਸੇ ਨਾ ਆਈਆ । ਮੈਨੂੰ ਚੇਤਾ ਆ ਗਿਆ ਕੀ ਗੋਬਿੰਦ ਇਸ਼ਾਰਾ ਦਿਤਾ ਡੱਲਾ, ਥਲ ਮਾਰੂ ਦੇਣ ਗਵਾਹੀਆ । ਕਲਜੁਗ ਅੰਤ ਆਪਣਾ ਬੋਲਣਾ ਹੱਲਾ, ਹਾਲਤ ਵਿਗੜੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਇਕ ਕਹੇ ਮੈਂ ਇਕ ਦਾ ਮੰਗਤਾ, ਮਾਂਗਤ ਹੋ ਕੇ ਝੋਲੀ ਡਾਹੀਆ । ਪ੍ਰੇਮ ਬਖ਼ਸ਼ ਦੇ ਸਾਚੀ ਸੰਗਤਾ, ਸਤਿਗੁਰ ਹੋ ਕੇ ਹੋ ਸਹਾਈਆ । ਲੇਖਾ ਮੁਕਾ ਦੇ ਭੁਖਾ ਨੰਗਤਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਪ੍ਰੇਮ ਪਿਆਰ ਬਖ਼ਸ਼ ਦੇ ਕਾਇਆ ਮਾਟੀ ਤਨ ਕਾ, ਤਨ ਵਜੂਦਾਂ ਰੰਗ ਰੰਗਾਈਆ । ਹੰਕਾਰ ਮੇਟ ਦੇ ਮਨਸਾ ਮਨ ਕਾ, ਮਨੂਆ ਦੇ ਬਦਲਾਈਆ । ਪ੍ਰਕਾਸ਼ ਕਰ ਦੇ ਆਪਣੇ ਚੰਨ ਕਾ, ਨੂਰੀ ਚੰਨ ਚੰਨ ਰੁਸ਼ਨਾਈਆ । ਲਾਲਚ ਰਹੇ ਕਿਸੇ ਨਾ ਧਨ ਕਾ, ਧਨ ਦੌਲਤ ਆਪਣਾ ਪਿਆਰ ਦੇਣਾ ਵਰਤਾਈਆ । ਵਣਜਾਰਾ ਰਹੇ ਕੋਈ ਨਾ ਕੰਨ ਕਾ, ਕਾਇਨਾਤ ਦਾ ਲੇਖਾ ਦੇਣਾ ਮੁਕਾਈਆ । ਵਸੇਰਾ ਵਖਾ ਦੇ ਆਪਣੇ ਛੱਪਰ ਛੰਨ ਕਾ, ਜੋ ਬਿਨ ਬਾਡੀਆਂ ਬਣਤ ਬਣਾਈਆ । ਮੈਂ ਇਕੋ ਆਸ ਰਖਾਂ ਇਕ ਇਕ ਕਹੇ ਤੂੰ ਸਵਾਮੀ ਹੋਣਾ ਸਾਚੇ ਜਨ ਕਾ, ਭਗਤਾਂ ਦੇਣੀ ਮਾਣ ਵਡਿਆਈਆ । ਲੇਖਾ ਰਹੇ ਨਾ ਧਰਮ ਰਾਏ ਦੇ ਡੰਨ ਕਾ, ਡੰਕਾ ਆਪਣਾ ਨਾਮ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ,


੧੨੫੪ ੨੪

ਸਾਚਾ ਦਰ ਇਕ ਵਖਾਈਆ । ਇਕ ਕਹੇ ਮੇਰਾ ਇਕ ਦਾ ਇਕ ਇਸ਼ਾਰਾ, ਜੋ ਸੈਨਤ ਸਭ ਨੂੰ ਇਕ ਸਮਝਾਈਆ । ਜੋ ਖੇਲੇ ਖੇਲ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਜਿਸ ਦੀ ਸੇਵ ਕਮਾਈਆ । ਉਹ ਨਿਰਗੁਣ ਧਾਰ ਨਿਹਕਲੰਕ ਅਵਤਾਰਾ, ਕਲ ਕਲਕੀ ਬੇਪਰਵਾਹੀਆ । ਅਮਾਮ ਅਮਾਮਾ ਬਣ ਸਿਕਦਾਰਾ, ਧੁਰ ਅਮਾਮ ਇਕ ਅਖਵਾਈਆ । ਜੋਤੀ ਨੂਰ ਨੂਰ ਚਮਤਕਾਰਾ, ਦੋ ਜਹਾਨ ਕਰੇ ਰੁਸ਼ਨਾਈਆ । ਸ਼ਬਦੀ ਧਾਰ ਦਏ ਧੁਨਕਾਰਾ, ਅਨਹਦ ਨਾਦੀ ਨਾਦ ਸੁਣਾਈਆ । ਅੰਮ੍ਰਿਤ ਰਸ ਬਖ਼ਸ਼ੇ ਠੰਡੀ ਠਾਰਾ, ਅਗਨੀ ਤਤ ਬੁਝਾਈਆ । ਜੋ ਜਨ ਭਗਤਾਂ ਕਰੇ ਪਿਆਰਾ, ਪ੍ਰੀਤਮ ਹੋ ਕੇ ਵੇਖ ਵਖਾਈਆ । ਸੋ ਸਵਾਮੀ ਪਰਗਟ ਹੋ ਕੇ ਆਪ ਦੋਬਾਰਾ, ਦੋਹਰੀ ਕਲ ਵਰਤਾਈਆ । ਸਤਿਜੁਗ ਸਚ ਚਲਾਏ ਵਿਵਹਾਰਾ, ਵਿਵਹਾਰੀ ਆਪਣਾ ਹੁਕਮ ਵਰਤਾਈਆ । ਇਕੋ ਮਾਣ ਦੇਵੇ ਪੁਰਖ ਨਾਰਾ, ਇਸਤਰੀ ਮਰਦ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੇ ਮਾਲਕ ਹੋ ਸਹਾਈਆ । ਇਕ ਕਹੇ ਮੇਰਾ ਇਕ ਇਕ ਦੇ ਨਾਲ ਰਿਸ਼ਤਾ, ਦੂਜਾ ਸੰਗੀ ਨਾ ਕੋਇ ਬਣਾਈਆ । ਜਿਸ ਦਾ ਇਸ਼ਾਰਾ ਦੇਂਦਾ ਗਿਆ ਜਬਰਾਈਲ ਫ਼ਰਿਸ਼ਤਾ, ਪੈਗ਼ਾਮ ਮੁਹੰਮਦ ਮਹਿਬੂਬ ਦਿਤਾ ਸੁਣਾਈਆ । ਉਸ ਦਾ ਲੇਖਾ ਲਹਿਣਾ ਆਹਿਸਤਾ ਆਹਿਸਤਾ, ਸਹਿਜ ਸਹਿਜ ਆਪਣੀ ਖੇਲ ਖਿਲਾਈਆ । ਸਦੀ ਚੌਧਵੀਂ ਅੰਤ ਅਖ਼ੀਰ ਇਕੋ ਜਿਸ ਦਾ ਹੋਣਾ ਇਸ਼ਟਾ, ਇਸ਼ਟ ਦੇਵ ਇਕ ਸਮਝਾਈਆ । ਜੋ ਲੇਖਾ ਜਾਣੇ ਦੀਨ ਦੁਨੀ ਸ੍ਰਿਸ਼ਟਾ, ਸ੍ਰੇਸ਼ਟ ਆਪਣਾ ਹੁਕਮ ਵਰਤਾਈਆ । ਜਿਸ ਦਾ ਲੇਖ ਜਣਾਇਆ ਰਾਮ ਚੰਦਰ
 ਵਸ਼ਿਸ਼ਟਾ, ਵਿਸ਼ਿਆਂ ਤੋਂ ਬਾਹਰ ਸਮਝਾਈਆ । ਉਸ ਦਾ ਧਰਮ ਦੀ ਧਾਰ ਹੋਣਾ ਗ੍ਰਹਿਸਤਾ, ਗ੍ਰਹਿ ਆਪਣੇ ਰੰਗ ਰੰਗਾਈਆ । ਜਨ ਭਗਤਾਂ ੧੨੫੫
 ਅੰਦਰ ਬਖ਼ਸ਼ਣਾ ਨਿਸਚਾ, ਸਾਚੀ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ੨੪
ਸਚ ਦੀ ਕਰਨੀ ਕਾਰ ਕਮਾਈਆ । ਇਕ ਕਹੇ ਮੈਂ ਇਕ ਨੂੰ ਰਿਹਾ ਅਰਾਧੀ, ਭਗਤੋ ਦਿਆਂ ਜਣਾਈਆ । ਮੇਰੀ ਆਦਿ ਜੁਗਾਦਿ ਦੀ ਵਾਦੀ, ਵਾਅਦੇ ਪਿਛਲੇ ਪੂਰ ਕਰਾਈਆ । ਸਤਿਗੁਰ ਸ਼ਬਦ ਬਣ ਅਨਾਦੀ, ਧੁਰ ਦਾ ਹੁਕਮ ਸੁਣਾਈਆ । ... ... ... ... ...

### ✪ ੨੯ ਪੋਹ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਲੋਹੜੀ ਵਾਲੀ ਰਾਤ ✪

ਜਨ ਭਗਤਾਂ ਸਦਾ ਲੋਹੜੀ, ਲੁੜੀਂਦਾ ਸਾਜਣ ਦਏ ਵਡਿਆਈਆ । ਚਰਨ ਪ੍ਰੀਤੀ ਬਖ਼ਸ਼ੇ ਗੁੜ ਦੀ ਰੋੜੀ, ਬਿਨ ਰਸਨਾ ਰਸ ਚਖਾਈਆ । ਸ਼ਬਦੀ ਧਾਰ ਚੜ੍ਹਾ ਕੇ ਘੋੜੀ, ਵਾਗਾਂ ਆਪਣੇ ਹੱਥ ਰਖਾਈਆ । ਭਗਤ ਭਗਵਾਨ ਬਣਾ ਕੇ ਜੋੜੀ, ਸੋਹਣਾ ਧੁਰ ਦਾ ਰੰਗ ਰੰਗਾਈਆ । ਜਗਤ ਵਿਕਾਰਾ ਅੰਦਰੋਂ ਹੋੜੀ, ਹੋੜਾ ਸੱਸੇ ਵਾਲਾ ਦਏ ਵਖਾਈਆ । ਮਨ ਮਨਸਾ ਆਪਣੇ ਵੱਲ ਮੋੜੀ, ਮੇਲ ਮਿਲਾਏ ਸਹਿਜ ਸੁਭਾਈਆ । ਜਨ ਭਗਤਾਂ

ਜੁਗ ਜੁਗ ਵਸਤ ਇਹ ਦਿਤੀ ਥੋੜੀ, ਥੋੜਾ ਥੋੜਾ ਰਸ ਝੋਲੀ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਆਪ ਗਿਆ ਬਹੁੜੀ, ਆਪ ਆਪਣੀ ਦਇਆ ਕਮਾਈਆ । ਵਿਕਾਰ ਮਧ ਅੰਤਰ ਰਹਿਣ ਨਾ ਦੇਵੇ ਕੌੜੀ, ਰਸ ਅੰਮ੍ਰਿਤ ਨਾਮ ਭਰਾਈਆ । ਪਾਰ ਕਰਾ ਦੇ ਭੀੜੀ ਗਲੀ ਸੌੜੀ, ਮਾਰਗ ਇਕੋ ਇਕ ਵਖਾਈਆ । ਰਾਗਾਂ ਵਿਚੋਂ ਰਾਗ ਉਪਜਿਆ ਗੌੜੀ, ਲੋਹੜੀ ਦੇ ਦਿਨ ਦੀ ਇਹੋ ਵੱਡੀ ਵਡਿਆਈਆ । ਨਾਨਕ ਧਾਰ ਜੋ ਸ਼ਬਦ ਜਣਾਇਆ ਪੌੜੀ, ਏਸੇ ਦਿਵਸ ਕੀਤੀ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਲੋਹੜੀ ਕਹੇ ਮੈਂ ਜੁਗ ਜੁਗ ਲੋੜਦੀ, ਆਸ਼ਾ ਆਪਣੇ ਅੰਦਰ ਰਖਾਈਆ । ਭਗਤ ਭਗਵਾਨ ਨਾਲ ਜੋੜਦੀ, ਜੁਗ ਜੁਗ ਦੀ ਰੀਤੀ ਚਲੀ ਆਈਆ । ਮੇਰਾ ਦਿਵਸ ਓਹ ਜਿਸ ਵਿਚ ਸਭ ਤੋਂ ਪਹਿਲਾਂ ਪੂਜਾ ਹੋਈ ਬੋਹੜ ਦੀ, ਪਿਪਲਾਂ ਸੀਸ ਨਿਵਾਈਆ । ਯਗੈ ਪੁਰਸ਼ ਦੀ ਧਾਰ ਹਾਵਗਰੀਵ ਦੇ ਮੋੜਦੀ, ਪਰਦਾ ਪਰਦਿਆਂ ਵਿਚੋਂ ਖੁਲ੍ਹਾਈਆ । ਬਾਵਨ ਦੀ ਧਾਰ ਜਿਸ ਦੀ ਖੇਲ ਬ੍ਰਾਹਮਣ ਗੌੜ ਦੀ, ਬਿਨ ਅੱਖਰਾਂ ਅੱਖਰ ਜਣਾਈਆ । ਮੇਰੀ ਆਦਿ ਜੁਗਾਦੀ ਧਾਰ ਸਦਾ ਦੌੜਦੀ, ਭੱਜੇ ਵਾਹੋ ਦਾਹੀਆ । ਮੇਰਾ ਦਿਵਸ ਦਿਹਾੜਾ ਉਹ ਜਿਸ ਵਿਚ ਪੂਜਾ ਚਲੀ ਪਹਿਲੀ ਵਾਰ ਤਲਾਬ ਜੌਹੜ ਦੀ, ਜਲ ਧਾਰਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਲੋਹੜੀ ਕਹੇ ਮੈਂ ਜੁਗ ਜੁਗ ਲੋੜਦੀ ਸਾਜਣ, ਸਜਣੂਆਂ ਧੁਰਦਰਗਾਹੀਆ । ਜੋ ਦੋ ਜਹਾਨਾਂ ਰਾਜਨ, ਸ਼ਾਹੋ ਭੂਪ ਨੂਰ ਅਲਾਹੀਆ । ਮੇਰਾ ਦਿਵਸ ਉਹ ਜਿਸ ਵਿਚ ਜਗਤ ਦਾ ਲਹਿਣਾ ਦੇਣਾ ਦੇਣਾ ਲਹਿਣਾ ਬਣਿਆ ਨਾਲ ਮਹਾਜਨ, ਜਗਤ ਹੱਟਾਂ ਖੇਲ ਖਿਲਾਈਆ । ਮੇਰੇ ਦਿਵਸ ਪਹਿਲੀ ਵਾਰ ਕਪਲ ਮੁਨ ਮਾਰੀ ਆਵਾਜ਼ਨ, ਖ਼ੁਸ਼ੀਆਂ ਨਾਲ ਸੁਣਾਈਆ । ਸਾਂਖ ਯੋਗ ਦੱਸਿਆ ਆਪਣੀ ਮਾਤਨ, ਰੀਤੀ ਦੀਨ ਦੁਨੀ ਬਦਲਾਈਆ । ਮੇਰੇ ਦਿਵਸ ਜਗਤ ਦੰਦਾਸਾ ਸ਼ੁਰੂ ਹੋਇਆ ਸੀ ਦਾਤਨ, ਕੁਦਰਤ ਦੇ ਰੰਗ ਨੂੰ ਜਗਤ ਰੰਗ ਵਿਚ ਬਦਲਾਈਆ । ਮੇਰੇ ਦਿਵਸ ਵਿਚ ਮਤਸਯ ਜਲ ਧਾਰ ਕੀਤਾ ਉਦਘਾਟਨ, ਮਛ ਕਛ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਲੋਹੜੀ ਕਹੇ ਮੇਰੇ ਦਿਵਸ ਭਗਤਾਂ ਭਗਵਾਨ ਨਾਲ ਮਿਲਿਆ ਮੇਲ, ਮੇਲਾ ਹਰਿ ਜਗਦੀਸ਼ ਕਰਾਈਆ । ਦੀਨ ਦੁਨੀ ਨੂੰ ਕਲਪਣਾ ਦਾ ਚੜ੍ਹਿਆ ਤੇਲ, ਹਉਮੇ ਹੰਗਤਾ ਸੰਗ ਰਖਾਈਆ । ਪਿਆਰ ਤੁਟਿਆ ਸੱਜਣ ਸੁਹੇਲ, ਸਾਚਾ ਸੰਗ ਨਾ ਕੋਇ ਬਣਾਈਆ । ਲੋਹੜੀ ਕਹੇ ਜਨ ਭਗਤਾਂ ਪ੍ਰਭ ਦੇ ਪਿਆਰ ਵਿਚ ਵਧੀ ਵੇਲ, ਵੇਲਾ ਵਕਤ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਲੋਹੜੀ ਕਹੇ ਮੇਰੇ ਦਿਵਸ ਰਿੜਕਿਆ ਗਿਆ ਸਾਗਰ, ਸਗਲੀ ਸ੍ਰਿਸ਼ਟ ਜਣਾਈਆ । ਅੰਮ੍ਰਿਤ ਭਰਿਆ ਗਿਆ ਅਗੰਮੀ ਗਾਗਰ, ਜਿਸ ਨੂੰ ਵੇਖਣ ਕੋਇ ਨਾ ਪਾਈਆ । ਵਣਜਾਰੇ ਬਣਾਏ ਧਰਮ ਸੌਦਾਗਰ, ਸੋਹਣੀ ਵਸਤ ਵਖਾਈਆ । ਨਿਰਮਲ ਕਰਮ ਕਰ ਉਜਾਗਰ, ਦੇਵੇ ਮਾਣ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਲੋਹੜੀ ਕਹੇ ਸਮੁੰਦ ਸਾਗਰ ਲੇਖਾ ਮੁਕਾਇਆ ਅੱਧ, ਹਿੱਸਾ ਵੰਡ ਆਪਣੇ ਹੱਥ ਰਖਾਈਆ । ਇਕ ਪਾਸੇ ਅੰਮ੍ਰਿਤ ਤੇ ਇਕ ਪਾਸੇ ਮਦਿ, ਵੇਖਣਹਾਰਾ ਬੇਪਰਵਾਹੀਆ । ਰਾਕਸ਼ਸ਼ ਦੇਵਤ ਦੋਵੇਂ ਲਏ ਸੱਦ, ਪ੍ਰੇਮ ਨਾਲ ਬੁਲਾਈਆ ।

੧੨੫੬
੨੪

ਦੋਵੇਂ ਇਕ ਦੂਜੇ ਨਾਲੋਂ ਅਗੇ ਬਹਿਣ ਵਧ, ਆਪਣੀ ਖ਼ੁਸ਼ੀ ਵਖਾਈਆ । ਲੋਹੜੀ ਕਹੇ ਮੇਰਾ ਦਿਵਸ ਸੁਹਾਵਣਾ ਜਿਸ ਵਿਚ ਕਲਸ ਜਗ

ਰਾਕਸ਼ ਮਦਿ ਵਿਚ ਲਪਟਾਈਆ । ਦੋਹਾਂ ਦੀ ਧਾਰ ਦਿਤੀ ਵੰਡ, ਪ੍ਰਭ ਆਪਣੀ ਖੇਲ ਵਖਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਰਹੇ ਹੰਢ, ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਲੋਹੜੀ ਕਹੇ ਜਨ ਭਗਤਾਂ ਮਿਲੇ ਦੀਨ ਦਿਆਲਾ, ਅੰਮ੍ਰਿਤ ਰਸ ਚਖਾਈਆ । ਰਾਕਸ਼ਾਂ ਮਿਲੇ ਮਦਿ ਪਿਆਲਾ, ਮਿੱਟੀ ਖ਼ਾਕ ਸਿਰ ਵਿਚ ਛਾਹੀਆ । ਸਰਗੁਣ ਦੀ ਧਾਰ ਨਿਰਗੁਣ ਦਾ ਖੇਲ ਖੇਲ ਨਿਰਾਲਾ, ਦੋਵੇਂ ਰੰਗ ਮੇਰੇ ਦਿਵਸ ਵਿਚ ਰਖਾਈਆ । ਮੈਂ ਗ਼ਮੀ ਖ਼ੁਸ਼ੀ ਦੋਹਾਂ ਵਿਚ ਹੋਈ ਬੇਹਾਲਾ, ਆਪ ਆਪਣਾ ਗਈ ਭੁਲਾਈਆ । ਪਰਮ ਪੁਰਖ ਪਰਮਾਤਮ ਆਪਣਾ ਖੇਲ ਕੀਤਾ ਭਗਤਾਂ ਮਾਰਗ ਦੇ ਸੁਖਾਲਾ, ਸਚ ਰੰਗ ਰੰਗਾਈਆ । ਮੂਰਖ ਮੁਗਧ ਕਰ ਬੇਹਾਲਾ, ਜਗਤ ਵਾਸਨਾ ਵਿਚ ਹਲਕਾਈਆ । ਲੋਹੜੀ ਕਹੇ ਜਨ ਭਗਤੋ ਤੁਹਾਡੇ ਧੰਨਭਾਗ ਜਿਨ੍ਹਾਂ ਅੰਤਰ ਪ੍ਰਭੂ ਪ੍ਰੇਮ ਦੀ ਮਾਲਾ, ਜਗਤ ਮਣਕੇ ਫੇਰਨ ਦੀ ਲੋੜ ਰਹੀ ਨਾ ਰਾਈਆ । ਤੁਹਾਡਾ ਘਰ ਗ੍ਰਿਹਿ ਮੰਦਰ ਸਰੀਰ ਪ੍ਰਭੂ ਦੀ ਧਰਮਸਾਲਾ, ਦੁਆਰਾ ਸਾਚਾ ਸੋਭਾ ਪਾਈਆ । ਲੋਹੜੀ ਕਹੇ ਲੁੜੀਂਦਾ ਸਾਜਣ ਮਿਲਿਆ ਘਰ ਗੋਪਾਲਾ, ਗੋਬਿੰਦ ਮੇਲਾ ਸਹਿਜ ਸੁਭਾਈਆ । ਮੇਰਾ ਨਿੱਕਾ ਜਿਹਾ ਅਹਿਵਾਲਾ, ਅਹਿਲ ਨਾਲ ਦਿਤਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਵੇਖਣਹਾਰਾ ਸ਼ਾਹ ਕੰਗਾਲਾ, ਪਾਤਸ਼ਾਹ ਆਪਣਾ ਰੰਗ ਰੰਗਾਈਆ ।

੧੨੫੭

੨੪

## ✪ ਪਹਿਲੀ ਮਾਘ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਦੇ ਸਮੇਂ ✪

ਧਵਲ ਕਹੇ ਜਨ ਭਗਤੋ ਖ਼ੁਸ਼ੀਆਂ ਵਾਲਾ ਦਿਹਾੜਾ ਮਾਘ, ਪਹਿਲਾ ਪਰਵਿਸ਼ਟਾ ਦਏ ਵਡਿਆਈਆ । ਹਰ ਹਿਰਦਾ ਅੰਤਰ ਅੰਤਰ ਹੋਵੇ ਬਾਗ਼ ਬਾਗ਼, ਰੋਮ ਰੋਮ ਕਲੀ ਕਲੀ ਮਹਿਕਾਈਆ । ਅੰਤਰ ਨਿਰੰਤਰ ਉਪਜੇ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਦੁਰਮਤ ਮੈਲ ਧੋਵੇ ਦਾਗ਼, ਪਾਪਾਂ ਕਰੇ ਸਫ਼ਾਈਆ । ਘਰ ਜੋਤ ਜਗਾਏ ਚਰਾਗ਼, ਅੰਧ ਅੰਧੇਰ ਮਿਟਾਈਆ । ਫੜ ਫੜ ਹੰਸ ਬਣਾਏ ਕਾਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਹਰਿ ਭਗਤ ਸੁਹੇਲੇ ਸਾਜਣ ਜਾਵਣ ਜਾਗ, ਨਿਜ ਨੇਤਰ ਲੋਚਨ ਨੈਣ ਨੈਣ ਖੁਲ੍ਹਾਈਆ । ਵਕ਼ਤ ਸੁਹੰਜਣਾ ਹੋਵਣ ਵਡ ਵਡ ਭਾਗ, ਭਗਵਨ ਦੇਵੇ ਮਾਣ ਵਡਿਆਈਆ । ਕਲਜੁਗ ਕਿਰਿਆ ਕੂੜ ਮਿਟਾਏ ਆਗ, ਅਗਨੀ ਤਤ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਜਨ ਭਗਤੋ ਸਚ ਮਾਘ ਦਾ ਕਰੋ ਮਜਨ, ਦੁਰਮਤ ਮੈਲ ਰਹੇ ਨਾ ਰਾਈਆ । ਧੁਰ ਸੁਆਮੀ ਤਕੋ ਸੱਜਣ, ਹਰਿ ਕਰਤਾ ਧੁਰ ਦਰਗਾਹੀਆ । ਜਿਸ ਦੇ ਨਾਮ ਦਮਾਮੇ ਵੱਜਣ, ਦੋ ਜਹਾਨਾਂ ਕਰੇ ਸ਼ਨਵਾਈਆ । ਨੌਂ ਖੰਡ ਪ੍ਰਿਥਮੀ ਦੀਪਕ ਜੋਤੀ ਜਗਣ, ਅੰਧ ਅੰਧੇਰਾ ਦੂਰ ਕਰਾਈਆ । ਜਿਸ ਦਾ ਲਹਿਣਾ ਦੇਣਾ ਜਨ ਭਗਤਾਂ ਸਾਚੇ ਬਦਨ, ਤਨ ਵਜੂਦਾਂ ਵੇਖ ਵਖਾਈਆ । ਜੋ ਨਾਮ ਦੀਪਕ ਦੇਵੇ ਸਦਨ, ਸਦਾ ਸਦ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਧਰਨੀ ਕਹੇ ਜਨ ਭਗਤੋ ਪ੍ਰਭ ਚਰਨ ਧੂੜ ਕਰੋ ਇਸ਼ਨਾਨ, ਇਸ਼ਟ ਦੇਵ ਇਕ ਮਨਾਈਆ । ਪਵਿਤ੍ਰ ਵੇਖੋ ਇਕ ਅਸਥਾਨ, ਜੋ ਪਤਤ ਪੁਨੀਤ ਦਏ ਕਰਾਈਆ । ਇਕੋ ਨਾਮ ਢੋਲਾ ਸੁਣੋ ਕਾਨ, ਗੀਤ ਗੋਬਿੰਦ ਇਕ ਅਲਾਹੀਆ । ਏਕਾ ਮੰਦਰ ਤਕੋ ਮਕਾਨ, ਗ੍ਰਿਹ ਇਕੋ ਇਕ ਸੁਹਾਈਆ । ਇਕੋ ਚਰਨ ਕਵਲ ਕਰੋ ਧਿਆਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਇਕੋ ਸ਼ਾਹੋ ਭੂਪ ਸੁਲਤਾਨ, ਹਰਿ ਕਰਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਮਾਘ ਕਹੇ ਜੁਗ ਜੁਗ ਜਨ ਭਗਤ ਸੁਹੇਲਾ ਧੁਰ ਦਾ ਨਹਾਵਣ ਨਹਾਵੇ, ਜਗਤ ਮਜਨਾ ਲੋੜ ਰਹੇ ਨਾ ਰਾਈਆ । ਦੁਰਮਤ ਮੈਲ ਨਿਰੰਤਰ ਗਵਾਵੇ, ਪਾਪਾਂ ਕਰੇ ਸਫ਼ਾਈਆ । ਚਰਨ ਕਵਲ ਇਕੋ ਸੀਸ ਨਿਵਾਵੇ, ਦੂਸਰ ਓਟ ਨਾ ਕੋਇ ਤਕਾਈਆ । ਜਗਤ ਤੀਰਥ ਤਟ ਕਿਨਾਰੇ ਨਾ ਵੇਖਣ ਪਾਵੇ, ਪਾਂਧੀ ਬਣੇ ਜਗਤ ਨਾ ਰਾਈਆ । ਪੁਰਖ ਅਕਾਲਾ ਦੀਨ ਦਿਆਲਾ ਆਪਣੀ ਦਇਆ ਕਮਾਵੇ, ਸਿਰ ਆਪਣਾ ਹੱਥ ਰਖਾਈਆ । ਘਰ ਸੁਆਮੀ ਵੇਖ ਵਖਾਵੇ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਮਾਘ ਕਹੇ ਜਨ ਭਗਤੋ ਮੇਰਾ ਦਿਵਸ ਸੁਲਖਣਾ, ਪ੍ਰਭ ਦੇਵੇ ਮਾਣ ਵਡਿਆਈਆ । ਹਰਿ ਭਗਤ ਸੁਹੇਲੇ ਵਰੋਲੇ ਲੱਖ ਚੁਰਾਸੀ ਵਿਚੋਂ ਮੱਖਣਾ, ਨਾਮ ਮਧਾਣਾ ਇਕ ਟਿਕਾਈਆ । ਕਿਰਪਾ ਕਰੇ ਅਲਖ ਅਲਖਣਾ, ਅਗੋਚਰ ਦਇਆ ਕਮਾਈਆ । ਜੋ ਜੁਗ ਜੁਗ ਚਲਾਵੇ ਰਥਨਾ,



ਰਥਵਾਹੀ ਬਣੇ ਧੁਰ ਦਾ ਮਾਹੀਆ । ਜਿਸ ਨੇ ਜਗਤ ਜਹਾਨ ਮਥਣਾ, ਬਚਿਆ ਰਹਿਣ ਕੋਇ ਨਾ ਪਾਈਆ । ਉਹ ਜਨ ਭਗਤ ਕਦੇ ਨਾ ਮੋੜੇ

੧੨੫੮



ਸਖਣਾ, ਸਚ ਵਸਤ ਨਾਮ ਵਰਤਾਈਆ । ਧੂੜੀ ਚਰਨ ਛੁਹਾਏ ਮਥਨਾ, ਮਸਤਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੨੪

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਮਾਘ ਕਹੇ ਜਨ ਭਗਤੋ ਪ੍ਰਭ ਚਰਨ ਧੂੜ ਸਚਾ ਨਹਾਉਣਾ, ਆਦਿ ਜੁਗਾਦਿ ਮਿਲੇ ਵਡਿਆਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਉਣਾ, ਆਤਮ ਪਰਮਾਤਮ ਮਿਲ ਕੇ ਖ਼ੁਸ਼ੀ ਬਣਾਈਆ । ਘਰ ਸੁਆਮੀ ਠਾਕਰ ਇਕ ਮਨਾਉਣਾ, ਨਿਵ ਨਿਵ ਸੀਸ ਝੁਕਾਈਆ । ਮਿਹਰਵਾਨ ਮਹਿਬੂਬ ਇਕ ਧਿਆਉਣਾ, ਦਰ ਇਕੋ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਮਾਲਕ ਕਹੇ ਮੇਰਾ ਜਨ ਭਗਤਾਂ ਨਾਲ ਸੰਗ, ਸਗਲਾ ਸੰਗੀ ਪੁਰਖ ਅਕਾਲ ਜਣਾਈਆ । ਜੋ ਨਾਮ ਨਿਧਾਨਾ ਚਾੜ੍ਹੇ ਰੰਗ, ਰੰਗਤ ਉਤਰ ਕਦੇ ਨਾ ਜਾਈਆ । ਸ਼ਬਦ ਧਾਰ ਵਜਾਏ ਮਰਦੰਗ, ਦੀਨ ਦੁਨੀ ਸੁਣਾਈਆ । ਓਹ ਸਾਹਿਬ ਸੂਰਾ ਸਰਬਗ, ਹਰਿ ਕਰਤਾ ਆਪ ਅਖਵਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਗਏ ਲੰਘ, ਭੱਜਣ ਵਾਹੋ ਦਾਹੀਆ । ਉਹ ਆਤਮਾ ਸੇਜ ਸੁਹਾਏ ਪਲੰਘ, ਸੁਖਆਸਣ ਸੋਭਾ ਪਾਈਆ । ਭਾਗ ਹੋਣ ਨਾ ਦੇਵੇ ਕਦੇ ਮੰਦ, ਮੰਦਭਾਗੀਆਂ ਲਏ ਉਠਾਈਆ । ਜਿਸ ਲੇਖੇ ਲਾਉਣਾ ਨਿਸ਼ਾਨ ਤਾਰਾ ਚੰਦ, ਸੂਰੀਆ ਖੋਜ ਖੁਜਾਈਆ । ਉਹ ਭਗਤਾਂ ਦੇਵਣਹਾਰ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਕਲਜੁਗ ਅੰਤਮ ਬਣ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਰਿਹਾ ਵਰਤਾਈਆ । ਭਗਤਾਂ ਆਵਣ ਜਾਵਣ ਮੇਟ ਕੇ ਪੰਧ, ਲੇਖਾ ਅਗਲਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਰੰਗ ਆਪ ਰੰਗਾਈਆ । ਮਾਘ ਕਹੇ ਮੇਰਾ ਧਰਮ ਧਰਮ

ਪੈਗ਼ਾਮਾ, ਸ੍ਰਿਸ਼ਟ ਦ੍ਰਿਸ਼ਟ ਜਣਾਈਆ । ਜੋ ਸੰਦੇਸ਼ਾ ਦੇ ਕੇ ਗਿਆ ਸੀਆ ਨੂੰ ਰਾਮਾ, ਰਾਮ ਰਾਮਾ ਭੇਵ ਚੁਕਾਈਆ । ਜੋ ਇਸ਼ਾਰਾ ਦਿਤਾ ਘਨਈਏ ਰਾਧਾ, ਰਾਧਾ ਖੇਲ ਤਕਣਾ ਸ੍ਰੀ ਭਗਵਾਨਾ, ਭਗਵਨ ਆਪਣਾ ਹੁਕਮ ਵਰਤਾਈਆ । ਜਿਸ ਦਾ ਵੇਸ ਹੋਣਾ ਜ਼ਿਮੀਂ ਅਸਮਾਨਾ, ਬ੍ਰਹਿਮੰਡ ਖੰਡ ਆਪਣਾ ਰੂਪ ਰੰਗ ਰੰਗਾਈਆ । ਪੈਗ਼ੰਬਰਾਂ ਕਿਹਾ ਧੁਰ ਅਮਾਮਾ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਗੁਰੂ ਗੁਰਦੇਵਾਂ ਕਿਹਾ ਸਾਹਿਬ ਸੁਲਤਾਨਾ, ਪੁਰਖ ਅਕਾਲਾ ਵਡ ਵਡਿਆਈਆ । ਜੋਤੀ ਧਾਰ ਪਹਿਨ ਕੇ ਜਾਮਾ, ਜੋਤੀ ਜਾਤਾ ਇਕ ਅਖਵਾਈਆ । ਲਹਿਣਾ ਦੇਣਾ ਜਾਣੇ ਜ਼ਿਮੀਂ ਅਸਮਾਨਾ, ਦੋ ਜਹਾਨਾਂ ਖੋਜ ਖੁਜਾਈਆ । ਜਨ ਭਗਤ ਸੁਹੇਲੇ ਕਰੇ ਪਰਵਾਨਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਬੇਨੰਤੀ ਕਰੇ ਪਰਵਾਨਾ, ਪਰਮ ਪੁਰਖ ਪ੍ਰਭ ਆਪਣੀ ਦਇਆ ਕਮਾਈਆ ।

### ✪ ੪ ਮਾਘ ਸ਼ਹਿਨਸ਼ਾਹੀ ਸੰਮਤ ੧੧ ਪਿਆਰੇ ਲਾਲ ਦਰਸ਼ਨ ਸਿੰਘ ਦੇ ਗ੍ਰਿਹ ਪਿੰਡ ਦੁਸਾਂਝ ਜ਼ਿਲਾ ਜਲੰਧਰ ✪

ਧਰਨੀ ਕਹੇ ਪ੍ਰਭੂ ਜਨ ਭਗਤਾਂ ਬਖ਼ਸ਼ ਪਿਆਰ, ਪੀਆ ਪ੍ਰੀਤਮ ਹੋ ਕੇ ਦਇਆ ਕਮਾਈਆ । ਘਰ ਸੁਆਮੀ ਦਰਸ਼ਨ ਦੇ ਦੀਦਾਰ, ਨਿਜ ਗ੍ਰਿਹਿ ਪਰਦਾ ਆਪ ਉਠਾਈਆ । ਮੇਰੇ ਆਦਿ ਜੁਗਾਦੀ ਏਕੰਕਾਰ, ਅਕਲ ਕਲਧਾਰੀ ਤੇਰੀ ਬੇਪਰਵਾਹੀਆ । ਮੈਂ ਮਾਂਗਤ ਹੋ ਕੇ ਮੰਗਾਂ ਭਿਖਾਰ, ਦਰ ਤੇਰੇ ਅਲਖ ਜਗਾਈਆ । ਤੂੰ ਦੇਵਣਹਾਰ ਦਾਤਾਰ, ਦਾਤਾ ਦਾਨੀ ਧੁਰਦਰਗਾਹੀਆ । ਮੇਰੀ ਆਸ਼ਾ ਪੂਰੀ ਕਰ ਦੇ ਸਚਖੰਡ ਨਿਵਾਸੀ ਧੁਰ ਦੇ ਯਾਰ, ਮਿਤਰ ਪਿਆਰੇ ਹੋਣਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਆਪਣੀ ਦੱਸ ਅਗੰਮੀ ਬੋਲੀ, ਅਨਬੋਲਤ ਰਾਗ ਦ੍ਰਿੜਾਈਆ । ਜਨ ਭਗਤ ਸੁਹੇਲੇ ਅੰਤਰ ਆਤਮ ਜਾਵਣ ਮੌਲੀ, ਮੌਲਾ ਆਪਣਾ ਰੰਗ ਰੰਗਾਈਆ । ਜੁਗ ਚੌਕੜੀ ਲਹਿਣੇ ਤਕ ਲੈ ਇਕਰਾਰ ਕੌਲੀ, ਕਵਲ ਨੈਣ ਬਿਨ ਨੈਣਾਂ ਨੈਣ ਉਠਾਈਆ । ਕੋਝੀ ਕਮਲੀ ਮੈਂ ਨਿਮਾਣੀ ਧਰਤ ਧਵਲੀ, ਧਵਲ ਹੋ ਕੇ ਆਸ ਰਖਾਈਆ । ਮੇਰੀ ਬੇਨੰਤੀ ਮੰਨ ਲੈ ਮੈਂ ਕੋਝੀ ਕਮਲੀ, ਕਮਲਾਪਤ ਤੇਰੀ ਓਟ ਰਖਾਈਆ । ਤੂੰ ਮੋਹਣ ਮਾਧਵ ਮੇਰਾ ਸਾਵਲ ਸਵਲੀ, ਸਾਵਰੀਆ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਅੰਤਰ ਦੇ ਦੇ ਆਪਣਾ ਦਰਸ, ਨਿਜ ਲੋਚਨ ਨੈਣ ਕਰ ਰੁਸ਼ਨਾਈਆ । ਨਿਜਰ ਧਾਰੋਂ ਬੂੰਦ ਸਵਾਂਤੀ ਅਗੰਮੀ ਬਰਸ, ਜਗਤ ਤ੍ਰਿਸ਼ਨਾ ਪਿਆਸ ਮਿਟਾਈਆ । ਕੂੜੀ ਕਿਰਿਆ ਮੇਟ ਦੇ ਹਰਸ, ਹਵਸ ਅਵਰ ਨਾ ਕੋਇ ਰਖਾਈਆ । ਮਿਹਰਵਾਨ ਹੋ ਕੇ ਕਰ ਦੇ ਤਰਸ, ਰਹਿਮਤ ਆਪ ਕਮਾਈਆ । ਮੇਰਾ ਸੁਹੰਜਣਾ ਹੋਵੇ ਤੇਰਾ ਬਰਸ, ਬਰਸੀ ਪ੍ਰੀਤਮ ਆਪਣੇ ਰੰਗ ਰੰਗਾਈਆ । ਨਿਗਾਹ ਮਾਰ ਲੈ ਮੇਰੇ ਉਤੇ ਫ਼ਰਸ਼, ਫ਼ਰਸ਼ੇ ਖ਼ਾਕੀ ਧਿਆਨ ਲਗਾਈਆ । ਤੂੰ ਵਸਣਹਾਰਾ ਉਤੇ ਅਰਸ਼, ਅਰਸ਼ੀ ਪ੍ਰੀਤਮ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ


੧੨੫੯
੨੪

ਬਖ਼ਸ਼ ਅਗੰਮੜੀ ਪ੍ਰੀਤ, ਪ੍ਰੀਤਮ ਹੋ ਕੇ ਦਇਆ ਕਮਾਈਆ । ਕਾਇਆ ਮਾਟੀ ਤਨ ਵਜੂਦ ਕਰ ਦੇ ਠਾਂਡਾ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਵਣ ਗੀਤ, ਆਤਮ ਪਰਮਾਤਮ ਮਿਲ ਕੇ ਵਜੇ ਵਧਾਈਆ । ਠਗੌਰੀ ਜਗਤ ਕੂੜੀ ਕਿਰਿਆ ਰਹੇ ਮੂਲ ਨਾ ਚੀਤ, ਚੇਤਨ ਸੁਰਤੀ ਦੇਣੀ ਕਰਾਈਆ । ਲੱਖ ਚੁਰਾਸੀ ਵਿਚ ਪਰਖਣਹਾਰੇ ਨੀਤ, ਨੀਤੀਵਾਨ ਤੇਰੀ ਵਡ ਵਡਿਆਈਆ । ਜਨ ਭਗਤਾਂ ਝਗੜਾ ਮੁਕਾ ਦੇ ਮੰਦਰ ਮਸੀਤ, ਕਾਇਆ ਕਾਅਬਾ ਇਕ ਦਰਸਾਈਆ । ਕਿਰਪਾ ਕਰ ਦੇ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰੇ ਸਾਜਣ ਮੀਤ ਮਹਿਬੂਬ, ਮਿਹਰਵਾਨ ਤੇਰੀ ਵਡਿਆਈਆ । ਜਨ ਭਗਤਾਂ ਗ੍ਰਿਹਿ ਹੋ ਮੌਜੂਦ, ਦੂਰ ਦੁਰਾਡਾ ਪੰਧ ਮੁਕਾਈਆ । ਦੀਨ ਦੁਨੀ ਦੀ ਛਡ ਹਦੂਦ, ਹੁਜਰਾ ਇਕੋ ਇਕ ਸੁਹਾਈਆ । ਤੇਰਾ ਆਲੀਸ਼ਾਨ ਦਿਸੇ ਅਰੂਜ, ਨੂਰ ਨੁਰਾਨਾ ਡਗਮਗਾਈਆ । ਮੇਲ ਮਿਲਾ ਮੰਜ਼ਲ ਹਕ ਮਕਸੂਦ, ਬਾਤਨ ਪਰਦਾ ਆਪ ਚੁਕਾਈਆ । ਲੇਖਾ ਰਹੇ ਨਾ ਹਜ਼ਾਰਾ ਦਰੂਦ, ਸ਼ਰਅ ਵੰਡ ਨਾ ਕੋਇ ਵੰਡਾਈਆ । ਪ੍ਰੇਮ ਪ੍ਰੀਤੀ ਤੇਰਾ ਹੋਵੇ ਸਬੂਤ, ਸਾਬਤ ਆਪਣਾ ਰੰਗ ਰੰਗਾਈਆ । ਭਾਗ ਲਗਾ ਦੇ ਕਾਇਆ ਕਲਬੂਤ, ਕਾਅਬਾ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਕਰ ਦੇ ਵਡ ਵਡ ਭਾਗ, ਭਗਵਨ ਤੇਰੇ ਹੱਥ ਵਡਿਆਈਆ । ਘਰ ਦੀਪਕ ਜੋਤ ਜਗਾ

੧੨੬੦ ਚਰਾਗ਼, ਅੰਧ ਅੰਧੇਰਾ ਦੇ ਮਿਟਾਈਆ । ਸਚ ਪ੍ਰੀਤੀ ਬਖ਼ਸ਼ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਗੁਰਮੁਖ ਹੰਸ ਬਣਾ ਕਾਗ, ਕਾਗ ੧੨੬੦

੨੪ ਹੰਸ ਰੂਪ ਬਦਲਾਈਆ । ਦੁਰਮਤ ਮੈਲ ਧੋ ਦੇ ਦਾਗ਼, ਪਤਿਤ ਪੁਨੀਤ ਆਪ ਜਣਾਈਆ । ਸੋਈ ਸੁਰਤੀ ਜਨ ਭਗਤਾਂ ਜਾਏ ਜਾਗ, ਜਾਗਰਤ ੨੪

ਜੋਤ ਕਰ ਰੁਸ਼ਨਾਈਆ । ਤ੍ਰੈਗੁਣ ਮਾਇਆ ਆਪ ਬੁਝਾ ਦੇ ਆਗ, ਤ੍ਰੈਗੁਣ ਅਤੀਤੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਸੁਆਮੀ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਭਗਤਾਂ ਅੰਤਰ ਕਰ ਨਿਵਾਸ, ਨਿਜ ਘਰ ਆਪਣਾ ਡੇਰਾ ਲਾਈਆ । ਸਾਚੀ ਜੋਤ ਦੇ ਪਰਕਾਸ਼, ਅੰਧ ਅਗਿਆਨ ਦੇ ਮਿਟਾਈਆ । ਪੰਧ ਮੁਕਾ ਦੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਲੇਖ ਰਹੇ ਨਾ ਰਾਈਆ । ਸਾਚੇ ਮੰਡਲ ਵਖਾ ਦੇ ਰਾਸ, ਬਿਨ ਗੋਪੀ ਕਾਹਨ ਨਾਚ ਨਚਾਈਆ । ਸਤਿਗੁਰ ਸ਼ਬਦ ਦਾ ਦੇ ਧਰਵਾਸ, ਧੀਰਜ ਧਰਮ ਧਾਰ ਸਮਝਾਈਆ । ਲੇਖੇ ਲਾਉਣਾ ਸਵਾਸ ਸਵਾਸ, ਸਾਹ ਸਾਹ ਤੇਰੇ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਮੇਰੇ ਪ੍ਰਭੂ ਦਰਦ ਦੁਖ ਭੈ ਭੰਜਨਾ, ਬੇਪਰਵਾਹ ਤੇਰੀ ਸਰਨਾਈਆ । ਜਨ ਭਗਤਾਂ ਨੇਤਰ ਨਾਮ ਨਿਧਾਨ ਪਾ ਦੇ ਅੰਜਣਾ, ਦੁਰਮਤ ਮੈਲ ਦੇਣੀ ਧੁਆਈਆ । ਕਿਰਪਾ ਕਰ ਸਵਾਮੀ ਸੱਜਣਾ, ਸਤਿਗੁਰ ਤੇਰੇ ਹੱਥ ਵਡਿਆਈਆ । ਤੁਧ ਬਿਨ ਪਰਦਾ ਕਿਸੇ ਨਾ ਕੱਜਣਾ, ਸਿਰ ਸਿਰ ਹੱਥ ਨਾ ਕੋਇ ਟਿਕਾਈਆ । ਲੇਖੇ ਲਾ ਲੈ ਆਅਲਾ ਅਦਨਾ, ਊਚਾਂ ਨੀਚਾਂ ਵੰਡ ਨਾ ਕੋਇ ਵੰਡਾਈਆ । ਸਤਿ ਸਚ ਆਪਣੀ ਵਖਾ ਦੇ ਰਚਨਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਭਾਗ ਲਗਾ ਦੇ ਕਾਇਆ ਮਾਟੀ ਕੱਚਨਾ, ਕੰਚਨ ਗੜ੍ਹ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਗ੍ਰਿਹਿ ਵਜਦੀ ਰਹੇ ਵਧਾਈਆ । ਧਰਨੀ

ਕਹੇ ਸਦਾ ਭਗਤ ਪਿਆਸਾ ਪਿਆਰ, ਪਿਆਰੇ ਲਾਲ ਦਏ ਗਵਾਹੀਆ । ਦਰਸ਼ਨ ਸਿੰਘ ਮਾਂਗੇ ਦਰਸ ਦੀਦਾਰ, ਦੀਦ ਈਦ ਚੰਦ ਰੁਸ਼ਨਾਈਆ । ਦੋਹਾਂ ਦਾ ਇਕੋ ਘਰ ਹੋਵੇ ਤੇਰਾ ਚਰਨ ਦੁਆਰ, ਬੰਕ ਦੁਆਰ ਮਿਲੇ ਵਡਿਆਈਆ । ਸ਼ਬਦ ਨਾਦ ਦੇ ਧੁਨਕਾਰ, ਧੁਨ ਆਤਮਕ ਰਾਗ ਸੁਣਾਈਆ । ਅੰਮ੍ਰਿਤ ਰਸ ਬਖ਼ਸ਼ਣਾ ਠੰਡਾ ਠਾਰ, ਨਿਝਰ ਝਿਰਨਾ ਬੂੰਦ ਸਵਾਂਤੀ ਕਵਲ ਨਾਭ ਟਪਕਾਈਆ । ਆਤਮ ਜੋਤੀ ਕਰ ਉਜਿਆਰ, ਬਿਨ ਤੇਲ ਬਾਤੀ ਡਗਮਗਾਈਆ । ਘਰ ਸੁਹੰਜਣਾ ਕਰ ਆਪ ਕਰਤਾਰ, ਕ਼ੁਦਰਤ ਕ਼ਾਦਰ ਦਇਆ ਕਮਾਈਆ । ਤੂੰ ਸ਼ਾਹੋ ਭੂਪ ਸਿਕਦਾਰ, ਕਰਤਾ ਪੁਰਖ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਅੰਤਰ ਨਿਰੰਤਰ ਚਾੜ੍ਹ ਦੇ ਰੰਗ, ਰੰਗਤ ਆਪਣੀ ਇਕ ਪਰਗਟਾਈਆ । ਸਚ ਦੁਆਰ ਵੇਖਣਾ ਲੰਘ, ਨਵ ਦੁਆਰ ਦਾ ਡੇਰਾ ਢਾਹੀਆ । ਨਾਦੀ ਸ਼ਬਦ ਸੁਣਾ ਮਰਦੰਗ, ਧੁਨ ਆਤਮਕ ਇਕ ਦ੍ਰਿੜਾਈਆ । ਆਤਮ ਸੇਜ ਸੁਹਾ ਪਲੰਘ, ਬਿਨ ਪਾਵਾ ਚੂਲ ਸੋਭਾ ਪਾਈਆ । ਭੇਵ ਚੁਕਾ ਦੇ ਬ੍ਰਹਮ ਹੰ, ਪਾਰਬ੍ਰਹਮ ਪ੍ਰਭ ਪਰਦਾ ਆਪ ਉਠਾਈਆ । ਆਤਮ ਪਰਮਾਤਮ ਬਖ਼ਸ਼ ਦੇ ਸੰਗ, ਸਗਲਾ ਸੰਗੀ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਵਸਤ ਨਾਮ ਵਰਤਾਈਆ । ਧਰਨੀ ਕਹੇ ਪ੍ਰਭੂ ਤੂੰ ਦੇਵਣਹਾਰ ਸਮਰਥ, ਤੇਰੇ ਹੱਥ ਵਡਿਆਈਆ । ਤੇਰੀ ਮਹਿੰਮਾ ਸਦਾ ਅਕਥ, ਜੁਗ ਜੁਗ ਢੋਲੇ ਗਾਈਆ । ਜਨ ਭਗਤਾਂ ਬਖ਼ਸ਼ ਅਗੰਮੀ ਵਥ, ਵਸਤ ਅਤੋਲ

ਅਤੁਲ ਵਰਤਾਈਆ । ਖ਼ਾਲੀ ਰਹੇ ਕੋਈ ਨਾ ਹੱਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ
੧੨੬੧

ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਅਜ ਦਿਵਸ ਦਿਹਾੜਾ ਮਾਘ ਚਾਰ, ਚਾਰ ਜੁਗ ਦਾ ਲੇਖਾ ਦੇ ਮੁਕਾਈਆ । ਕਿਰਪਾ ਕਰ ਆਪ ਨਿਰੰਕਾਰ, ਨਿਰਵੈਰ ਤੇਰੇ ਹੱਥ ਵਡਿਆਈਆ । ਜਨ ਭਗਤ ਸੁਹੇਲੇ ਫੜ ਬਾਹੋਂ ਦੇ ਤਾਰ, ਤਾਰਨਹਾਰ ਦਇਆ ਕਮਾਈਆ । ਆਪਣੇ ਮਿਤਰ ਬਣਾ ਲੈ ਯਾਰ, ਯਾਰੜੇ ਆਪਣੀ ਗੰਢ ਪੁਆਈਆ । ਇਕ ਵਖਾਉਣਾ ਸਚਖੰਡ ਦੁਆਰ, ਦਰਗਾਹ ਸਾਚੀ ਸਚ ਟਿਕਾਈਆ । ਜਿਥੋਂ ਆਉਣਾ ਪਏ ਨਾ ਦੂਜੀ ਵਾਰ, ਜਨਣੀ ਜਨਮ ਦੇਵੇ ਕੋਇ ਨਾ ਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਲਹਿਣਾ ਦੇਣਾ ਰਹੇ ਨਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸੰਗ ਬਣਾਈਆ । ਤੂੰ ਨਿਰਗੁਣ ਨਿਰਵੈਰ ਕਲ ਕਲਕੀ ਅਵਤਾਰ, ਕਲ ਕਾਤੀਆਂ ਕਰ ਸਫ਼ਾਈਆ । ਮੈਂ ਨਿਮਾਣੀ ਮੰਗਤੀ ਤੇਰੇ ਦਰ ਭਿਖਾਰ, ਭਿੱਖਕ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਰ ਵਜਦੀ ਰਹੇ ਵਧਾਈਆ । ਮਾਘ ਕਹੇ ਮੇਰਾ ਦਿਵਸ ਦਿਹਾੜਾ ਚੌਥਾ, ਚੌਥੇ ਜੁਗ ਜਣਾਈਆ । ਜਨ ਭਗਤਾਂ ਪ੍ਰਭੂ ਮਾਰਗ ਦੱਸਿਆ ਸੌਖਾ, ਭੀੜੀ ਗਲੀ ਨਾ ਕੋਇ ਰਖਾਈਆ । ਪੜ੍ਹਨਾ ਪਏ ਕਿਸੇ ਨਾ ਪੋਥਾ, ਪੁਸਤਕ ਬਗ਼ਲ ਨਾ ਕੋਇ ਉਠਾਈਆ । ਹਰਿਜਨ ਰਹੇ ਕੋਇ ਨਾ ਸੋਤਾ, ਸੁੱਤਿਆਂ ਲਏ ਜਗਾਈਆ । ਸਚ ਦੁਆਰ ਮਾਰਨ ਵਾਲਾ ਗੋਤਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਨੇ ਭਗਤਾਂ ਦੁਰਮਤ ਮੈਲ ਪਾਪ ਕਲੇਵਰ ਧੋਤਾ, ਕਲਜੁਗ ਕਿਰਿਆ ਕੂੜ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਸਿਰ ਰਖ ਹੱਥ, ਕਲਜੁਗ ਧਿਆਨ ਲਗਾਈਆ । ਤੂੰ ਸਰਬ ਕਲਾ ਸਮਰਥ, ਬੇਪਰਵਾਹ

ਅਗੰਮ ਅਥਾਹੀਆ । ਸਚ ਪ੍ਰੇਮ ਦੀ ਦੇ ਦੇ ਵਥ, ਵਸਤ ਅਮੋਲਕ ਇਕ ਵਰਤਾਈਆ । ਤੇਰੀ ਮਹਿੰਮਾ ਗਾਵਣ ਅਕਥ, ਧੁਰ ਦੇ ਢੋਲੇ ਗਾਈਆ । ਤੇਰੇ ਸਰਬ ਚਰਨ ਜਾਵਣ ਢਠ, ਕਵਲ ਨੈਣ ਅੱਖ ਅੱਖ ਦੇਣੀ ਖੁਲ੍ਹਾਈਆ । ਸਭ ਦੇ ਲੇਖੇ ਲਾਉਣੇ ਜਗਤ ਧਾਰ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤਿ ਬੁਧਿ ਸੰਗ ਰਲਾਈਆ । ਜਨ ਭਗਤਾਂ ਬਖ਼ਸ਼ਣਾ ਅੰਤਸ਼ਕਰਨ ਹਠ, ਸਤਿ ਸੰਤੋਖ ਵਿਚ ਸਮਾਈਆ । ਸਭ ਦਾ ਇਕੋ ਦੁਆਰ ਹੋਵੇ ਇਕੱਠ, ਦੂਜਾ ਦਰ ਵੇਖਣ ਕੋਇ ਨਾ ਪਾਈਆ । ਧਰਨੀ ਕਹੇ ਪ੍ਰਭੂ ਮੈਂ ਚਰਨ ਕਵਲ ਧਵਲ ਨਿਮਾਣੀ ਹੋ ਕੇ ਜਾਵਾਂ ਢਠ, ਬਿਨ ਧੂੜੀ ਤੇਰੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦਰਸ ਦਿਖਾਉਣਾ ਨਠ ਨਠ, ਬਿਨ ਕ਼ਦਮਾਂ ਭੱਜਣਾ ਦੋ ਜਹਾਨ ਵਾਹੋ ਦਾਹੀਆ ।

### ✪ ੫ ਮਾਘ ਸ਼ਹਿਨਸ਼ਾਹੀ ਸੰਮਤ ੧੧ ਸੰਤੋਖ ਸਿੰਘ ਸੋਢੀਆਂ ਦੇ ਨਵਿਤ ਪਿੰਡ ਦੁਸਾਂਝ ਜ਼ਿਲਾ ਜਲੰਧਰ ✪

ਮਾਘ ਕਹੇ ਮੇਰੀ ਬੇਨੰਤੀ ਕਰ ਪਰਵਾਨ, ਪਰਵਿਸ਼ਟਾ ਪੰਜ ਪੰਜ ਨਾਲ ਮਿਲਾਈਆ । ਨਿਗਾਹ ਮਾਰ ਸ੍ਰੀ ਭਗਵਾਨ, ਭਗਵਨ ਹੋ ਕੇ ਵੇਖ ਵਖਾਈਆ । ਸਚਖੰਡ ਨਿਵਾਸੀ ਧੁਰ ਦੇ ਕਾਹਨ, ਰਾਮ ਰਾਮਾ ਨੂਰ ਅਲਾਹੀਆ । ਜੋਤੀ ਜਾਤੇ ਕਰ ਪਹਿਚਾਨ, ਬੇਪਹਿਚਾਨ ਪਰਦਾ ਆਪ ਉਠਾਈਆ । ਤੈਨੂੰ ਝੁਕਦੇ ਜ਼ਿਮੀਂ ਅਸਮਾਨ, ਦੋ ਜਹਾਨ ਲਾਗਣ ਪਾਈਆ । ਬ੍ਰਹਿਮੰਡ ਖੰਡ ਤੇਰੇ ਢੋਲੇ ਗਾਣ, ਪੁਰੀ ਲੋਅ ਵਜਦੀ ਰਹੇ ਵਧਾਈਆ । ਸਚ ਦੁਆਰ ਇਕੋ ਮੰਗਾਂ ਦਾਨ, ਦਾਤਾ ਹੋ ਕੇ ਝੋਲੀ ਦੇਣੀ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਮਾਘ ਕਹੇ ਪ੍ਰਭ ਜਨ ਭਗਤਾਂ ਤਰਸ ਕਮਾਣਾ, ਰਹਿਮਤ ਆਪਣੀ ਆਪ ਕਮਾਈਆ । ਜਗਤ ਜਗਦੀਸ਼ ਹੋ ਕੇ ਵੇਖ ਵਖਾਉਣਾ, ਬਿਨ ਨੇਤਰ ਲੋਚਨ ਨੈਣ ਅੱਖ ਉਠਾਈਆ । ਸਿਰ ਸਿਰ ਆਪਣਾ ਹੱਥ ਟਿਕਾਉਣਾ, ਦੂਸਰ ਓਟ ਨਾ ਕੋਇ ਜਣਾਈਆ । ਅੰਮ੍ਰਿਤ ਆਤਮ ਜਾਮ ਪਿਆਉਣਾ, ਰਸ ਨਿਝਰ ਅਗੰਮ ਝਿਰਾਈਆ । ਸ਼ਬਦ ਅਨਾਦੀ ਨਾਦ ਵਜਾਉਣਾ, ਧੁਨ ਆਤਮਕ ਰਾਗ ਦ੍ਰਿੜਾਈਆ । ਦੀਪਕ ਜੋਤੀ ਡਗਮਗਾਉਣਾ, ਬਿਨ ਤੇਲ ਬਾਤੀ ਕਰ ਰੁਸ਼ਨਾਈਆ । ਜਨ ਭਗਤ ਸੁਹੇਲਾ ਗੋਦ ਉਠਾਉਣਾ, ਫੜ ਬਾਹੋਂ ਗਲੇ ਲਗਾਈਆ । ਅੰਤਰ ਆਤਮ ਪਰਦਾ ਲਾਹੁਣਾ, ਨਿਜ ਨੇਤਰ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਸਰਨਾਈਆ । ਮਾਘ ਕਹੇ ਪ੍ਰਭੂ ਜਨ ਭਗਤਾਂ ਦੇ ਦੇ ਦਾਤ, ਦਾਤੇ ਦਾਨੀ ਦਇਆ ਕਮਾਈਆ । ਕਲਜੁਗ ਅੰਤਮ ਪੁਛ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਬਿਨਾ ਜ਼ਬਾਨ ਤੋਂ ਕਰ ਬਾਤ, ਬਾਤਨ ਪਰਦਾ ਦੇ ਉਠਾਈਆ । ਅੰਮ੍ਰਿਤ ਬਖ਼ਸ਼ ਬੂੰਦ ਸਵਾਂਤ, ਅਗਨੀ ਤਤ ਗੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਜਨ ਭਗਤ ਕਹਿਣ ਪ੍ਰਭੂ ਪੰਚਮ ਪਰਵਿਸ਼ਟਾ ਆਇਆ, ਆਪਣੀ ਖ਼ੁਸ਼ੀ ਬਣਾਈਆ । ਹਰਿਜਨ ਚਰਨ ਧੂੜੀ ਦੇ ਨੁਹਾਇਆ, ਦੁਰਮਤ ਮੈਲ ਰਹੇ ਨਾ ਰਾਈਆ । ਤ੍ਰੈਗੁਣ ਲੇਖਾ ਮੇਟ ਮਾਇਆ, ਮਮਤਾ ਮੋਹ ਹੰਕਾਰ ਗੁਆਈਆ । ਸਚ ਸੁਆਮੀ ਬਖ਼ਸ਼ ਆਪਣੀ ਸਾਚੀ ਸਾਇਆ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਜਨ ਭਗਤ ਕਹਿਣ ਪ੍ਰਭ ਦੇ ਨਾਮ ਖ਼ੁਮਾਰੀ, ਮਸਤ ਮਸਤਾਨੇ ਆਪ ਬਣਾਈਆ । ਤੇਰੇ ਨਾਮ ਦੇ ਹੋਈਏ ਅਧਾਰੀ, ਉਦਰ ਦਾ ਲੇਖਾ ਰਹੇ ਨਾ ਰਾਈਆ । ਸਾਡੀ ਪੈਜ ਦੇਣੀ ਸਵਾਰੀ, ਸਿਰ ਸਿਰ ਆਪਣਾ ਹੱਥ ਟਿਕਾਈਆ । ਵੰਡ ਰਹੇ ਨਾ ਪੁਰਖ ਨਾਰੀ, ਨਰ ਨਰਾਇਣ ਇਕੋ ਰੰਗ ਰੰਗਾਈਆ । ਤੂੰ ਸ਼ਾਹੋ ਭੂਪ ਸਿਕਦਾਰੀ, ਸ਼ਹਿਨਸ਼ਾਹ ਇਕ ਅਖਵਾਈਆ । ਸਾਡੀ ਤੇਰੇ ਚਰਨ ਕਵਲ ਨਿਮਸਕਾਰੀ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਤੇਰੇ ਦਰ ਤੇ ਬਣੀਏ ਪੁਜਾਰੀ, ਪੂਜਾ ਸਿਲ ਰਹਿਣ ਕੋਇ ਨਾ ਪਾਈਆ । ਤੂੰ ਕਿਰਪਾ ਕਰੀਂ ਅਪਾਰੀ, ਅਪਰੰਪਰ ਦੇਣੀ ਮਾਣ ਵਡਿਆਈਆ । ਸਾਚੀ ਪ੍ਰੀਤੀ ਨਿਭ ਜਾਏ ਤੋੜ ਯਾਰੀ, ਯਰਾਨੇ ਸਕੇ ਨਾ ਕੋਇ ਤੁੜਾਈਆ । ਹਰਿਜਨ ਕਰੇ ਨਾ ਕੋਇ ਗ਼ਦਾਰੀ, ਗੁਰੂ ਗੁਰਦੇਵ ਲੇਖਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਜਨ ਭਗਤ ਕਹਿਣ ਸਾਡੇ ਅੰਦਰੋਂ ਮੇਟ ਤਾਰੀਕੀ, ਅੰਧੇਰਾ ਰਹਿਣ ਕਿਛ ਨਾ ਪਾਈਆ । ਤੇਰੇ ਵਿਚ ਹਕ ਤੌਫ਼ੀਕੀ, ਤਾਕ਼ਤਵਰ ਨੂਰ ਅਲਾਹੀਆ । ਸਾਡੀ ਕਾਇਆ ਕਰ ਠਾਂਡੀ ਸੀਤੀ, ਅਗਨੀ ਤਤ ਨਾ ਕੋਇ ਤਪਾਈਆ । ਕਲਜੁਗ ਵਿਚ ਸਤਿਜੁਗ ਬਦਲ ਰੀਤੀ, ਰੀਤੀਵਾਨ ਹੋ ਸਹਾਈਆ । ਲੇਖਾ ਰਹੇ ਨਾ ਮੰਦਰ ਮਸੀਤੀ, ਕਾਅਬਾ ਇਕੋ ਇਕ ਵਖਾਈਆ । ਤੇਰੇ ਚਰਨ ਉਪਰ ਧਵਲ ਮਿਲਦੀ ਰਹੇ ਪ੍ਰੀਤੀ, ਪ੍ਰੀਤਮ ਮਿਲਣਾ ਚਾਈਂ ਚਾਈਆ । ਤੂੰ ਵਾਹਿਦ ਲਾਸ਼ਰੀਕੀ, ਵਾਹਿਦ ਨੂਰ ਅਲਾਹੀਆ । ਤੇਰੇ ਵਿਚ ਹਕ ਤੌਫ਼ੀਕੀ, ਤੋਹਫ਼ੇ ਦੇਣੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਤੇਰੀ ਭੁਲ ਜਾਣ ਨਾ ਰੀਤੀ, ਰੀਤੀਵਾਨ ਆਪਣਾ ਰੰਗ ਦੇਣਾ ਰੰਗਾਈਆ ।



## ✪ ੫ ਮਾਘ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਬਤਾਲਾ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੇਰੇ ਸਾਹਿਬ ਸੂਰੇ ਸਰਬਗ, ਹਰਿ ਕਰਤੇ ਤੇਰੀ ਓਟ ਤਕਾਈਆ । ਮੇਰੇ ਮਿਹਰਵਾਨ ਨੌਜਵਾਨ ਸ੍ਰੀ ਭਗਵਾਨ ਮੇਰੇ ਉਤੋਂ ਬੁਝਾ ਦੇ ਅੱਗ, ਨਵ ਸੱਤ ਤਤਵ ਤਤ ਨਾ ਕੋਇ ਤਪਾਈਆ । ਨਿਰਗੁਣ ਧਾਰ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖ ਲੈ ਜਗ, ਜਾਗਰਤ ਜੋਤ ਬਿਨ ਵਰਨ ਗੋਤ ਨਜ਼ਰ ਕੋਇ ਨਾ ਆਈਆ । ਕਲਜੁਗ ਜੀਵ ਬਗਲੇ ਬਣ ਗਏ ਬਪ, ਕਾਗ ਹੰਸ ਰੂਪ ਨਾ ਕੋਇ ਬਦਲਾਈਆ । ਆਤਮ ਧਾਰ ਤੇਰੇ ਨਾਲੋਂ ਹੋਏ ਅਲਗ, ਸਗਲਾ ਸੰਗ ਨਾ ਕੋਇ ਬਣਾਈਆ । ਮਿਹਰਵਾਨ ਮਹਿਬੂਬ ਤੇਰਾ ਦਰਸ਼ਨ ਪਾਏ ਨਾ ਕੋਇ ਉਪਰ ਸ਼ਾਹਰਗ, ਸ਼ਹਿਨਸ਼ਾਹ ਮਿਲਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੋਂ ਮੇਟ ਦੇ ਕਲਜੁਗ ਕੂੜ, ਕਿਰਿਆ ਕੁਕਰਮ ਰਹਿਣ ਕੋਇ ਨਾ ਪਾਈਆ । ਜੀਵ ਜੰਤ ਚਤੁਰ ਸੁਘੜ ਬਣਾ ਮੂਰਖ ਮੂੜ, ਅੰਧ ਆਤਮ ਕਰ ਰੁਸ਼ਨਾਈਆ । ਨਾਮ ਨਿਧਾਨ ਰੰਗ ਚਾੜ੍ਹ ਦੇ ਗੂੜ੍ਹ, ਦੁਰਮਤ ਮੈਲ ਅੰਤਰ ਨਿਰੰਤਰ ਦੇ ਧੁਆਈਆ । ਸਤਿ ਸਤਿਵਾਦੀ ਜਨ ਭਗਤਾਂ ਬਖ਼ਸ਼ ਆਪਣੀ ਧੂੜ, ਚਰਨ ਚਰਨੋਦਕ ਮਸਤਕ ਟਿੱਕੇ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ

ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰਾ ਦੁਆਰਾ ਕਰ ਪਵਿਤ, ਪਤਤ ਪੁਨੀਤ ਹੋ ਸਹਾਈਆ । ਤੇਰਾ ਖੇਲ ਆਦਿ ਜੁਗਾਦੀ ਨਿਤ, ਨਵਿਤ ਆਪਣਾ ਖੇਲ ਖਿਲਾਈਆ । ਠਾਕਰ ਸੁਆਮੀ ਮੇਰੇ ਧੁਰ ਦੇ ਪਿਤ, ਪਤਿ ਪਰਮੇਸ਼ਵਰ ਤੇਰੀ ਓਟ ਤਕਾਈਆ । ਕਲਜੁਗ ਅੰਤ ਸ੍ਰੀ ਭਗਵਾਨ ਕਰ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਜਗਤ ਜਗਿਆਸੂਆਂ ਠਗੌਰੀ ਰਹਿਣ ਨਾ ਦੇਵੀਂ ਚਿਤ, ਮਨਸਾ ਮਨ ਨਾ ਕੋਇ ਹਲਕਾਈਆ । ਮੇਰੀ ਸੁਹੰਜਣੀ ਸੁਹਾਵਣੀ ਕਰ ਦੇ ਥਿਤ, ਪਰਵਿਸ਼ਟਾ ਪੰਜ ਮਾਘ ਵਡਿਆਈਆ । ਨਿਰਗੁਣ ਸਰਗੁਣ ਤੇਰਾ ਖੇਲ ਖੇਲ ਗਏ ਅਵਤਾਰ ਪੈਗ਼ੰਬਰ ਗੁਰ ਕਿਤ, ਕੇਤੇ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਮੇਰੇ ਸਾਹਿਬ ਕਮਲਾਪਾਤ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਮੇਰੇ ਉਤੇ ਵੇਖ ਅੰਧੇਰੀ ਰਾਤ, ਕਲਜੁਗ ਅੰਧ ਅੰਧੇਰਾ ਛਾਈਆ । ਅੰਮ੍ਰਿਤ ਮਿਲੇ ਨਾ ਕਿਸੇ ਬੂੰਦ ਸਵਾਂਤ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਝਗੜਾ ਤਕ ਜ਼ਾਤ ਪਾਤ, ਦੀਨ ਮਜ਼੍ਹਬ ਕਰੇ ਲੜਾਈਆ । ਤੇਰਾ ਦਰਸ ਨਿਜ ਨੇਤਰ ਨਾ ਹੋਵੇ ਕਿਸੇ ਇਕਾਂਤ, ਇਕ ਇਕੱਲੇ ਤੈਨੂੰ ਮਿਲਣ ਕੋਇ ਨਾ ਪਾਈਆ । ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਮੇਰੀ ਪੁਛ ਬਾਤ, ਪਰਵਰਦਿਗਾਰ ਸਾਂਝੇ ਯਾਰ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭ ਮੇਰੀਆਂ ਅੰਤ ਅੰਤ ਉਡੀਕਾਂ, ਬਿਨ ਨੈਣਾਂ ਨੈਣ ਉਠਾਈਆ । ਜੋ ਅਵਤਾਰ ਪੈਗ਼ੰਬਰ ਗੁਰੂਆਂ ਦੱਸੀਆਂ ਤਰੀਕਾਂ, ਤਵਾਰੀਖ਼ਾਂ ਬਾਹਰ ਜਣਾਈਆ । ਤੇਰਾ ਖੇਲ ਹਕ ਹਕੀਕ਼ਤ ਕੀਂ ਕਾ, ਕਲਮਿਆਂ ਬਾਹਰ ਪੜ੍ਹਾਈਆ । ਤੇਰੇ ਵਿਚ ਅਗੰਮ ਤੌਫ਼ੀਕਾ, ਤੋਹਫ਼ਾ ਦੇਣਾ ਚਾਈਂ ਚਾਈਂਆ । ਆਤਮ ਪਰਮਾਤਮ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਦੇ ਪ੍ਰੀਤਾਂ, ਪ੍ਰੀਤਮ ਹੋ ਕੇ ਵੇਖ ਵਖਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਮਾਨਵ ਜ਼ਾਤੀ ਤੇਰਾ ਇਕੋ ਢੋਲਾ ਗਾਏ ਗੀਤਾ, ਤੂੰ ਮੇਰਾ ਮੈਂ ਤੇਰਾ ਦੂਜਾ ਰਾਗ ਨਾ ਕੋਇ ਅਲਾਈਆ । ਅੰਤਸ਼ਕਰਨ ਸਭ ਦਾ ਕਰ ਦੇ ਠਾਂਢਾ ਸੀਤਾ, ਅਗਨੀ ਤਤ ਤਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੈਂ ਦਰ ਭਿਖਾਰਨ ਮੰਗਤੀ, ਭਿੱਖਕ ਹੋ ਕੇ ਝੋਲੀ ਡਾਹੀਆ । ਦੀਨ ਦੁਨੀ ਗੜ੍ਹ ਤੋੜ ਦੇ ਹਉਮੇ ਹੰਗਤੀ, ਹੰ ਬ੍ਰਹਮ ਦੇ ਸਮਝਾਈਆ । ਪਿਆਰ ਬਣਾ ਦੇ ਚਾਰ ਵਰਨ ਅਠਾਰਾਂ ਬਰਨ ਇਕੋ ਸੰਗਤੀ, ਹਿੰਦੂ ਮੁਸਲਿਮ ਸਿਖ ਈਸਾਈ ਵੰਡ ਨਾ ਕੋਇ ਵੰਡਾਈਆ । ਤ੍ਰਿਸ਼ਨਾ ਕੂੜ ਰਹੇ ਨਾ ਮਨ ਦੀ, ਮਨਸਾ ਮੋਹ ਨਾ ਕੋਇ ਹਲਕਾਈਆ । ਅੰਤ ਨਿਸ਼ਾਨੀ ਮੇਟ ਦੇ ਤਾਰਾ ਚੰਨ ਦੀ, ਮੁਹੰਮਦ ਆਸਾ ਨਾਲ ਮਿਲਾਈਆ । ਮੇਰੇ ਉਤੇ ਘੜੀ ਰਹੇ ਨਾ ਗ਼ਮ ਦੀ, ਗ਼ਮਖ਼ਾਰ ਖ਼ੁਸ਼ੀ ਦੇਣੀ ਪਰਗਟਾਈਆ । ਸ੍ਰਿਸ਼ਟੀ ਵਣਜਾਰਨ ਰਹੇ ਨਾ ਦ੍ਰਿਸ਼ਟੀ ਚੰਮ ਦੀ, ਚੰਮ ਦ੍ਰਿਸ਼ਟੀ ਦਾ ਲੇਖਾ ਦੇਣਾ ਮੁਕਾਈਆ । ਤੇਰੀ ਇਕੋ ਧਾਰ ਹੋਵੇ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਦੀ ਪਰਮ ਪੁਰਖ ਪ੍ਰਭ ਆਪਣਾ ਰੰਗ ਰੰਗਾਈਆ । ਸਭ ਨੂੰ ਇਕੋ ਓਟ ਹੋਵੇ ਤੇਰੀ ਸਰਨ ਦੀ, ਦੂਜਾ ਇਸ਼ਟ ਨਾ ਕੋਇ ਰਖਾਈਆ । ਖੇਲ ਮੁਕਾ ਦੇ ਕਾਇਆ ਮਾਟੀ ਧੜਨ ਦੀ, ਤਨ ਵਜੂਦ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਜ਼ਲ ਦੱਸ ਦੇ ਆਪਣੀ ਚੜ੍ਹਨ ਦੀ, ਨਾਮ ਪੌੜੀ ਡੰਡਾ ਇਕੋ ਇਕ ਵਖਾਈਆ । ਧਰਨੀ ਕਹੇ ਪ੍ਰਭੂ ਮੇਰੇ ਆਦਿ ਜੁਗਾਦੀ ਰਾਮ, ਰਮਈਆ ਤੇਰੀ ਬੇਪਰਵਾਹੀਆ । ਮੇਰੇ ਸਤਿ

੧੨੬੪
੨੪

ਸਤਿਵਾਦੀ ਸ਼ਾਮ, ਸ਼ਮਅ ਨੂਰ ਜੋਤ ਕਰ ਰੁਸ਼ਨਾਈਆ । ਮੇਰੇ ਸ਼ਾਹੋ ਭੂਪ ਅਮਾਮ, ਸ਼ਹਿਨਸ਼ਾਹ ਅਗੰਮ ਅਥਾਹੀਆ । ਤੇਰੇ ਚਰਨ ਕਵਲ ਪਰਨਾਮ,
ਬਿਨ ਸੀਸ ਸੀਸ ਝੁਕਾਈਆ । ਮੈਂ ਚਾਹੁੰਦੀ ਦੀਨ ਮਜ਼੍ਹਬ ਦਾ ਝਗੜਾ ਮੇਟ ਤਮਾਮ, ਸ਼ਰਅ ਦੀ ਵੰਡ ਨਾ ਕੋਇ ਵੰਡਾਈਆ । ਇਕੋ ਨਾਮ ਕਲਮਾ
ਦੇ ਪੈਗ਼ਾਮ, ਪੈਗ਼ੰਬਰਾਂ ਬਾਹਰ ਕਰ ਸ਼ਨਵਾਈਆ । ਆਤਮ ਪਰਮਾਤਮ ਤੇਰਾ ਹੋਵੇ ਇਸਲਾਮ, ਇਸਮ ਆਜ਼ਮ ਇਕ ਸਮਝਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਇਕ ਰਖਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਤੇਰਾ
ਇਕੋ ਹੋਵੇ ਜਾਪ, ਦੂਸਰ ਰੰਗ ਨਾ ਕੋਇ ਰੰਗਾਈਆ । ਕਲਜੁਗ ਕੂੜੀ ਕਿਰਿਆ ਮੇਟ ਦੇ ਤਾਪ, ਤ੍ਰੈਗੁਣ ਅਤੀਤੇ ਆਪਣਾ ਰੰਗ ਰੰਗਾਈਆ ।
ਦੀਨ ਦੁਨੀ ਅੰਦਰੋਂ ਕਢ ਸੰਤਾਪ, ਝਗੜਾ ਸ਼ਰਅ ਰਹੇ ਨਾ ਰਾਈਆ । ਪੁਰਖ ਅਕਾਲੇ ਦੀਨ ਦਿਆਲੇ ਬਣ ਕਮਲਾਪਾਤ, ਪਤਿਪਰਮੇਸ਼ਵਰ ਹੋ ਕੇ
ਵੇਖ ਵਖਾਈਆ । ਪਰਵਰਦਿਗਾਰ ਸਾਂਝੇ ਯਾਰ ਮਾਰ ਝਾਤ, ਬਿਨ ਨੇਤਰ ਲੋਚਨ ਨੈਣਾਂ ਅੱਖ ਉਠਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪੁਛ ਵਾਤ,
ਵਾਤਾਵਰਨ ਤਕ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ ।
ਧਰਨੀ ਕਹੇ ਪ੍ਰਭੂ ਮੇਰੇ ਉਤੋਂ ਮੇਟ ਦੇ ਕੂੜ ਕੁੜਿਆਰ, ਕਲ ਕਾਤੀ ਰਹਿਣ ਨਾ ਪਾਈਆ । ਨਵ ਸੱਤ ਬ੍ਰਹਮ ਮਤ ਕਰ ਉਜਿਆਰ, ਜੋਤੀ ਜਾਤੇ
ਪੁਰਖ ਬਿਧਾਤੇ ਤੇਰੇ ਅਗੇ ਮੰਗ ਮੰਗਾਈਆ । ਨਵ ਸੱਤ ਤੇਰਾ ਹੋਵੇ ਜੈ ਜੈਕਾਰ, ਜੀਵ ਜੰਤ ਸਾਧ ਸੰਤ ਤੇਰਾ ਇਕੋ ਢੋਲਾ ਗਾਈਆ । ਆਤਮ
੧੨੬੫ ਪਰਮਾਤਮ ਪਰਮਾਤਮ ਆਤਮ ਤੇਰੀ ਹੋਵੇ ਧਾਰ, ਧਰਨੀ ਧਰਤ ਧਵਲ ਧੌਲ ਚਾਰੋਂ ਕੁੰਟ ਵਜੇ ਵਧਾਈਆ । ਭਗਤ ਵਛਲ ਮੇਰੇ ਗਿਰਧਾਰ, ਭਗਵਨ ੧੨੬੫
੨੪ ਮੇਰੀ ਆਸਾ ਪੂਰ ਕਰਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਦੇਣੇ ਤਾਰ, ਤਾਰਨਹਾਰ ਤੇਰੇ ਹੱਥ ਵਡਿਆਈਆ । ਮੈਂ ਸਤਿਜੁਗ ਤ੍ਰੇਤਾ ਦੁਆਪਰ ੨੪
ਕਲਜੁਗ ਤੇਰਾ ਕਰਦੀ ਰਹੀ ਇੰਤਜ਼ਾਰ, ਬਿਨ ਨੇਤਰ ਲੋਚਨ ਨੈਣਾਂ ਅੱਖ ਉਠਾਈਆ । ਕਵਣ ਵੇਲਾ ਕਲ ਕਲਕੀ ਆਵੇ ਅਵਤਾਰ, ਨਿਹਕਲੰਕਾ
ਆਪਣਾ ਫੇਰਾ ਪਾਈਆ । ਅਮਾਮ ਅਮਾਮਾ ਹੋਵੇ ਸਿਕਦਾਰ, ਦੋ ਜਹਾਨਾਂ ਵੇਖ ਵਖਾਈਆ । ਲਹਿਣਾ ਦੇਣਾ ਜਾਣੇ ਪੈਗ਼ੰਬਰ ਗੁਰ ਅਵਤਾਰ, ਭਵਿਖਤਾਂ
ਪਰਦਾ ਪਰਦਿਆਂ ਵਿਚੋਂ ਉਠਾਈਆ । ਸੋ ਸੁਆਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਪਰਵਰਦਿਗਾਰ ਸਾਂਝੇ ਯਾਰ ਤੇਰਾ ਖੇਲ ਵਿਚ ਸੰਸਾਰ,
ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਮੈਂ ਕੋਝੀ ਕਮਲੀ ਮਿੱਟੀ ਖ਼ਾਕ ਤੇਰੀ ਚਰਨ ਧੂੜੀ ਲਾਵਾਂ ਛਾਰ, ਸ਼ਹਿਨਸ਼ਾਹ
ਤੇਰੇ ਰੰਗ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ ।
ਧਰਨੀ ਕਹੇ ਪ੍ਰਭੂ ਮਿਹਰਵਾਨ ਹੋ ਕੇ ਤੁਠ, ਚਾਰੋਂ ਕੁੰਟ ਧਿਆਨ ਲਗਾਈਆ । ਕਲਜੁਗ ਕੂੜ ਕੁੜਿਆਰਾ ਮੇਰੀ ਗੋਦੀ ਵਿਚੋਂ ਜਾਏ ਉਠ, ਸਤਿਜੁਗ
ਸਚ ਦੇ ਵਡਿਆਈਆ । ਜੋ ਤੇਰੇ ਤੇਰੇ ਨਾਲੋਂ ਗਏ ਰੁਠ, ਆਤਮ ਮੇਲਾ ਮੇਲ ਸਹਿਜ ਸੁਭਾਈਆ । ਅੰਮ੍ਰਿਤ ਜਾਮ ਪਿਆ ਦੇ ਘੁਟ, ਬਿਨ ਰਸਨਾ
ਰਸ ਚਖਾਈਆ । ਜਿਨ੍ਹਾਂ ਦੀ ਲਿਵ ਗਈ ਛੁਟ, ਛੁਟਕੀ ਲਿਵ ਲੈ ਲਗਾਈਆ । ਨਾਮ ਭੰਡਾਰਾ ਦੇ ਅਤੁਟ, ਅਤੋਟ ਆਪ ਵਰਤਾਈਆ । ਤੇਰੇ
ਉਤੇ ਇਕੋ ਓਟ, ਓੜਕ ਦਰ ਤੇਰੇ ਵਾਸਤਾ ਪਾਈਆ । ਸ਼ਬਦ ਨਗਾਰੇ ਲਾ ਦੇ ਚੋਟ, ਚੋਟੀ ਚੜ੍ਹ ਕੇ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ
ਮੇਰੇ ਅੰਤਸ਼ਕਰਨ ਵਿਚੋਂ ਕਢ ਦੇ ਖੋਟ, ਖੋਟੇ ਖਰੇ ਲੈ ਬਣਾਈਆ । ਤੂੰ ਸਚ ਸੁਆਮੀ ਪੁਰਖ ਅਕਾਲਾ ਸਤਿਗੁਰ ਇਕੋ ਬਹੁਤ, ਬਹੁਤੇ ਗੁਰੂਆਂ

ਲੋੜ ਰਹੇ ਨਾ ਰਾਈਆ । ਮੈਂ ਪਰਕਾਸ਼ ਤਕਾਂ ਤੇਰਾ ਨਿਰਮਲ ਜੋਤ, ਜੋਤੀ ਜਾਤੇ ਪੁਰਖ ਬਿਧਾਤੇ ਆਪਣਾ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਤੇਰੀ ਆਵੇ ਨਾ ਕਿਸੇ ਸੋਚ, ਸੋਚ ਸਮਝ ਅਕਲ ਬੁਧੀ ਜਗਤ ਚਲੇ ਨਾ ਕੋਇ ਚਤੁਰਾਈਆ ।

### ੬ ਮਾਘ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ

ਭਗਤ ਜਨਾਂ ਹਰਿ ਮੀਤੜਾ, ਪਰਮ ਪੁਰਖ ਕਰਤਾਰ । ਸੰਤ ਜਨਾਂ ਮਿਲਾਏ ਮੇਲ ਅਨਡੀਠੜਾ, ਧੁਰ ਦਰਗਾਹੀ ਕੰਤ ਭਤਾਰ । ਗੁਰਮੁਖਾਂ ਰੰਗ ਚਾੜ੍ਹੇ ਮਜੀਠੜਾ, ਉਤਰ ਨਾ ਜਾਏ ਵਿਚ ਸੰਸਾਰ । ਗੁਰਸਿਖਾਂ ਮਿਠਾ ਕਰੇ ਕੌੜਾ ਰੀਠੜਾ, ਵਿਖ ਅੰਦਰੋਂ ਕੱਢੇ ਬਾਹਰ । ਹਰਿਜਨ ਵਖਾਏ ਧਾਮ ਅਨੜੀਠੜਾ, ਪਰਦਾ ਪਰਦਿਆਂ ਵਿਚੋਂ ਉਤਾਰ । ਜੁਗ ਜੁਗ ਵੇਖਣਹਾਰਾ ਕਾਇਆ ਚੀਥੜਾ, ਜੋਤੀ ਜਾਤਾ ਅਗੰਮ ਅਪਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹੋ ਭੂਪ ਸਚੀ ਸਰਕਾਰ । ਭਗਤ ਜਨਾਂ ਸਦ ਰੰਗਦਾ, ਰੰਗਤ ਅਗੰਮ ਅਥਾਹੀਆ । ਸਾਚੇ ਸੰਤਾਂ ਅੰਦਰ ਆਪੇ ਲੰਘਦਾ, ਬਿਨ ਕ਼ਦਮਾਂ ਕ਼ਦਮ ਉਠਾਈਆ । ਗੁਰਮੁਖਾਂ ਵਣਜ ਕਰਾਏ ਸਾਚੇ ਸੰਗ ਦਾ, ਸਗਲਾ ਸੰਗੀ ਆਪ ਹੋ ਜਾਈਆ । ਗੁਰਸਿਖਾਂ ਇਸ਼ਨਾਨ ਕਰਾਏ ਚਰਨ ਧੂੜ ਗੰਗ ਦਾ, ਗੰਗੋਤਰੀ ਲੇਖਾ ਰਹੇ ਨਾ ਰਾਈਆ । ਹਰਿਜਨ ਭੇਵ ਖੁਲ੍ਹਾਵੇ ਆਤਮ ਸੇਜ ਪਲੰਘ ਦਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਕਰਤਾ ਅਗੰਮ ਅਥਾਹੀਆ । ਭਗਤ ਜਨਾਂ ਪ੍ਰਭ ਮੇਲਦਾ, ਮੇਲਣਹਾਰ ਕਰਤਾਰ । ਸੰਤ ਜਨਾਂ ਖੇਲ ਖਿਲਾਏ ਸੱਜਣ ਸੁਹੇਲ ਦਾ, ਆਦਿ ਜੁਗਾਦੀ ਏਕੰਕਾਰ । ਗੁਰਮੁਖਾਂ ਭੇਵ ਖੁਲ੍ਹਾਏ ਬਿਨ ਬਾਤੀ ਤੇਲ ਦਾ, ਜੋਤੀ ਜਾਤਾ ਡਗਮਗਾਏ । ਗੁਰਮੁਖਾਂ ਗੁਰਸਿਖਾਂ ਧਾਮ ਵਖਾਏ ਆਪਣਾ ਨਵੇਲ ਦਾ, ਪਰਦਾ ਉਹਲਾ ਅੰਤ ਉਠਾਏ । ਹਰਿਜਨ ਲੇਖ ਵਖਾਏ ਗੁਰੂ ਗੁਰ ਚੇਲ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਏ । ਭਗਤ ਜਨਾਂ ਪ੍ਰਭ ਸੱਜਣਾ, ਸਤਿਗੁਰ ਦੀਨ ਦਿਆਲ । ਸੰਤ ਜਨਾਂ ਕਰਾਏ ਮਜਨਾ, ਬਣਾਏ ਧੁਰ ਦੇ ਲਾਲ । ਗੁਰਮੁਖਾਂ ਬਣੇ ਪਰਦਾ ਕਜਣਾ, ਨਾਮ ਨਿਧਾਨਾ ਦਏ ਦੁਸ਼ਾਲ । ਗੁਰਸਿਖ ਸਾਚੇ ਚਰਨ ਕਵਲ ਦੇਵੇ ਜਗ੍ਰਨਾ, ਧਰਮ ਦੁਆਰ ਦਏ ਵਖਾਲ । ਹਰਿਜਨ ਨਾਮ ਖ਼ੁਮਾਰੀ ਕਰੇ ਮਗਨਾ, ਕਰਨੀ ਦਾ ਕਰਤਾ ਪੁਰਖ ਅਕਾਲ । ਖੇਲ ਖਿਲਾਏ ਮੂਰਤ ਗੁਪਾਲ ਮਦਨਾ, । ਮੋਹਨ ਮਾਧਵ ਧੁਰ ਦਾ ਸੱਜਣਾ, । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਚੁਕਾਏ ਆਅਲਾ ਅਦਨਾ, ਅਦਲ ਇਨਸਾਫ਼ ਆਪ ਕਮਾਏ ।

✪ ੬ ਮਾਘ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਭਗਤ ਸੁਹੇਲਾ ਆਪ ਪ੍ਰਭ, ਆਦਿ ਜੁਗਾਦੀ ਮੀਤ । ਭਗਤ ਸੁਹੇਲਾ ਆਪ ਪ੍ਰਭ, ਜੁਗ ਜੁਗ ਚਲਾਏ ਰੀਤ । ਗੁਰਮੁਖ ਸੁਹੇਲਾ ਆਪ ਪ੍ਰਭ, ਕਰਾਏ ਪਤਤ ਪੁਨੀਤ । ਗੁਰਸਿਖ ਸੁਹੇਲਾ ਆਪ ਪ੍ਰਭ, ਸਦ ਵਸਣਹਾਰਾ ਚੀਤ । ਹਰਿਜਨ ਸੁਹੇਲਾ ਆਪ ਪ੍ਰਭ, ਅੰਤਰ ਪਰਖਣਹਾਰਾ ਨੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਚ ਇਕ ਪ੍ਰੀਤ । ਭਗਤ ਜਨਾਂ ਪ੍ਰਭ ਤਾਰਦਾ, ਤਾਰਨਹਾਰਾ ਏਕ । ਸਾਚੇ ਸੰਤਾਂ ਪੈਜ ਸਵਾਰਦਾ, ਨਿਤ ਨਿਤ ਬਖ਼ਸ਼ੇ ਆਪਣੀ ਟੇਕ । ਗੁਰਮੁਖਾਂ ਪੰਧ ਨਿਵਾਰਦਾ, ਤ੍ਰੈਗੁਣ ਜਗਤ ਲਾਏ ਨਾ ਸੇਕ । ਗੁਰਸਿਖ ਆਪਣੇ ਆਪ ਉਭਾਰਦਾ, ਇਕ ਇਕੱਲਾ ਏਕੰਕਾਰ ਏਕ । ਹਰਿਜਨ ਰੋਗ ਸੋਗ ਨਿਵਾਰਦਾ, ਅੰਤਸ਼ਕਰਨ ਕਰੇ ਬੁਧਿ ਬਿਬੇਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਜੋ ਖੇਲ ਕਰੇ ਅਨੇਕ । ਭਗਤ ਜਨਾਂ ਪ੍ਰਭੁ ਸੁਣਾਏ ਅਗੰਮੀ ਬੋਲਾ, ਅਨਬੋਲਤ ਆਪ ਜਣਾਏ ਮੀਤ । ਸਾਚੇ ਸੰਤਾਂ ਇਕੋ ਸੁਣਾਏ ਢੋਲਾ, ਬਿਨ ਰਸਨਾ ਜੇਹਵਾ ਗੀਤ । ਗੁਰਮੁਖਾਂ ਬਣੇ ਆਪ ਵਿਚੋਲਾ, ਝਗੜਾ ਮੁਕਾਏ ਮੰਦਰ ਮਸੀਤ । ਗੁਰਸਿਖਾਂ ਕਰੇ ਭਾਰ ਹੌਲਾ, ਮਿਹਰਵਾਨ ਤ੍ਰੈਗੁਣ ਅਤੀਤ । ਹਰਿਜਨ ਵਸੇ ਸਦਾ ਕੋਲਾ, ਚਰਨ ਪ੍ਰੀਤੀ ਬਖ਼ਸ਼ੇ ਪ੍ਰੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਸਚ ਚਲਾਏ ਰੀਤ । ਭਗਤ ਜਨ ਪ੍ਰਭ ਚਰਨ ਕਵਲ ਸੁਹਾਉਂਦੇ, ਸੋਹਣੀ ਮਿਲੇ ਵਡਿਆਈਆ । ਸੰਤ ਸੁਹੇਲੇ ਨਿਵ ਨਿਵ ਸੀਸ ਨਿਵਾਉਂਦੇ, ਬਿਨ ਚਰਨਾਂ ਧੂੜੀ ਖ਼ਾਕ ਰਮਾਈਆ । ਗੁਰਮੁਖ ਇਕੋ ਢੋਲਾ ਗਾਉਂਦੇ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਗੁਰਸਿਖ ਨਿਵ ਨਿਵ ਸੀਸ ਝੁਕਾਉਂਦੇ, ਚਰਨ ਕਵਲ ਕਵਲ ਸਰਨਾਈਆ । ਹਰਿਜਨ ਆਪਣਾ ਆਪ ਭੇਟ ਚੜ੍ਹਾਉਂਦੇ, ਮਾਣ ਤਾਣ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਜਨ ਭਗਤਾਂ ਪ੍ਰਭ ਲੇਖਾ ਮੇਟੇ ਜਨਮ ਦਾ, ਏਥੇ ਓਥੇ ਪੰਧ ਮੁਕਾਈਆ । ਸਾਚੇ ਸੰਤਾਂ ਲਹਿਣਾ ਰਹੇ ਨਾ ਕੋਈ ਕਰਮ ਦਾ, ਕਰਮ ਕਾਂਡ ਦਾ ਡੇਰਾ ਢਾਹੀਆ । ਗੁਰਮੁਖ ਰਹੇ ਕੋਈ ਨਾ ਭਰਮਦਾ, ਭਰਾਂਤ ਦਾ ਲੇਖਾ ਨਜ਼ਰ ਕੋਇ ਨਾ ਆਈਆ । ਗੁਰਸਿਖ ਵਣਜਾਰਾ ਰਹੇ ਨਾ ਕੋਈ ਵਰਨ ਬਰਨ ਦਾ, ਜ਼ਾਤ ਅਜ਼ਾਤੀ ਵੰਡ ਨਾ ਕੋਇ ਵੰਡਾਈਆ । ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਰੰਗ ਆਪ ਰੰਗਾਈਆ । ਸਾਚੇ ਸੰਤ ਹੋਣ ਪ੍ਰਵਾਨਾ, ਪਰਮ ਪੁਰਖ ਦਏ ਵਡਿਆਈਆ । ਗੁਰਮੁਖਾਂ ਲੇਖ ਮੁਕਾਏ ਦੋ ਜਹਾਨਾਂ, ਨਿਰਗੁਣ ਸਰਗੁਣ ਆਪਣੀ ਦਇਆ ਕਮਾਈਆ । ਗੁਰਸਿਖ ਸਾਚੇ ਚਰਨ ਧੂੜੀ ਇਕ ਇਸ਼ਨਾਨ ਕਰਾਨਾ, ਦੁਰਮਤ ਮੈਲ ਰਹੇ ਨਾ ਰਾਈਆ । ਹਰਿਜਨ ਬਿਨ ਮੰਗਿਆਂ ਦੇਵੇ ਦਾਨਾ, ਵਸਤ ਅਮੁਲ ਇਕ ਵਰਤਾਈਆ । ਕਲਜੁਗ ਅੰਤ ਸ੍ਰੀ ਭਗਵਾਨ । ਜਿਸ ਦੀ ਆਸ਼ਾ ਰਖ ਕੇ ਗਿਆ ਰਮਈਆ ਰਾਮਾ, ਘਨਈਆ ਸ਼ਾਮ ਗਿਆ ਜਣਾਈਆ । ਜਿਸ ਨੂੰ ਪੈਗ਼ੰਬਰਾਂ ਕਿਹਾ ਧੁਰ ਅਮਾਮਾ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜਿਸ ਦਾ ਗੋਬਿੰਦ ਡੰਕ ਵਜਾਇਆ ਦਮਾਮਾ, ਦੋ ਜਹਾਨ ਕਰੇ ਰੁਸ਼ਨਾਈਆ । ਉਹ ਸ਼ਾਹੋ ਭੂਪ ਸੁਲਤਾਨਾ, ਹਰਿ ਕਰਤਾ ਇਕ ਅਖਵਾਈਆ । ਜਲਵਾਗਰ ਨੂਰ ਨੁਰਾਨਾ, ਬਿਨ ਤਤਵ ਤਤ ਡਗਮਗਾਈਆ । ਕਲਜੁਗ ਅੰਤ ਪਹਿਰ

ਕੇ ਜਾਮਾ, ਵੇਸ ਅਵਲੜਾ ਆਪ ਵਟਾਈਆ । ਜਨ ਭਗਤ ਸੁਹੇਲੇ ਕਰ ਪ੍ਰਵਾਨਾ, ਪਰਮ ਪੁਰਖ ਦਏ ਵਡਿਆਈਆ । ਸਾਚਾ ਮੰਤਰ ਦ੍ਰਿੜਾ ਕੇ ਨਾਮਾ, ਤੂੰ ਮੇਰਾ ਮੈਂ ਤੇਰਾ ਦਿਤਾ ਦ੍ਰਿੜਾਈਆ । ਜੋ ਕਲਜੁਗ ਅੰਤ ਮੇਟੇ ਅੰਧੇਰੀ ਸ਼ਾਮਾ, ਸ਼ਮਅ ਨੂਰ ਕਰੇ ਰੁਸ਼ਨਾਈਆ । ਸੋ ਭਗਤ ਸੁਹੇਲਾ ਇਕ ਇਕੇਲਾ ਭਾਗ ਲਗਾਏ ਨਗਰ ਖੇੜਾ ਗਰਾਮਾ, ਗ੍ਰਿਹ ਆਪਣਾ ਇਕ ਸੁਹਾਈਆ । ਹਰਿਜਨ ਸਾਚੇ ਮਾਣ ਦਵਾਏ ਸਚਖੰਡ ਸਚੇ ਮਕਾਨਾ, ਗ੍ਰਿਹ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ, ਭਗਵਨ ਹੋ ਕੇ ਆਪਣੀ ਕਲ ਵਰਤਾਈਆ ।

## ✪ ੧੧ ਮਾਘ ਸ਼ਹਿਨਸ਼ਾਹੀ ਸੰਮਤ ੧੧ ਅਜੀਤ ਸਿੰਘ ਦੇ ਗ੍ਰਿਹ ਬਟਾਲਾ ਸ਼ਹਿਰ ਜ਼ਿਲਾ ਗੁਰਦਾਸਪੁਰ ✪

ਪੂਰਨ ਸਤਿਗੁਰ ਆਪ ਪ੍ਰਭ, ਸਭ ਕਿਛ ਕਰਨ ਕਰਾਵਣ ਯੋਗ । ਪੂਰਨ ਸਤਿਗੁਰ ਆਪ ਪ੍ਰਭ, ਆਦਿ ਜੁਗਾਦਿ ਆਤਮ ਪਰਮਾਤਮ ਮੇਲੇ ਸਚ ਸੰਯੋਗ । ਪੂਰਨ ਸਤਿਗੁਰ ਆਪ ਪ੍ਰਭ, ਅੰਤਰ ਨਿਰੰਤਰ ਕਟਣ ਵਾਲਾ ਹਉਮੇ ਰੋਗ । ਪੂਰਨ ਸਤਿਗੁਰ ਆਪ ਪ੍ਰਭ, ਗ੍ਰਿਹ ਮੰਦਰ ਅੰਦਰ



ਨਿਜ ਨੇਤਰ ਦੇਵੇ ਦਰਸ ਅਮੋਘ । ਪੂਰਨ ਸਤਿਗੁਰ ਆਪ ਪ੍ਰਭ, ਏਥੇ ਓਥੇ ਦੋ ਜਹਾਨਾਂ ਮੇਟੇ ਵਿਯੋਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੇਵੇ ਦਰਸ ਅਗੰਮ ਅਮੋਘ । ਸਤਿਗੁਰ ਪੂਰਨ ਆਪ ਹੈ, ਆਦਿ ਪੁਰਖ ਅਗੰਮ । ਪੂਰਨ ਸਤਿਗੁਰ ਆਪ ਹੈ, ਪਤਿਪਰਮੇਸ਼ਵਰ ਪਾਰਬ੍ਰਹਮ । ਪੂਰਨ ਸਤਿਗੁਰ ਆਪ ਹੈ, ਜੋ ਆਦਿ ਜੁਗਾਦੀ ਮੇਟਣਹਾਰਾ ਭਰਮ । ਪੂਰਨ ਸਤਿਗੁਰ ਆਪ ਹੈ, ਜੋ ਲੇਖਾ ਜਾਣੇ ਜੀਵ ਜੰਤ ਕਰਮ । ਪੂਰਨ ਸਤਿਗੁਰ ਆਪ ਹੈ, ਜੋ ਨਿਰਗੁਣ ਨਿਰਗੁਣ ਸਰਗੁਣ ਸਰਗੁਣ ਜਣਾਏ ਧਰਮ । ਪੂਰਨ ਸਤਿਗੁਰ ਆਪ ਹੈ, ਜਿਸ ਦਾ ਜਨਣੀ ਕੁੱਖੋਂ ਹੋਏ ਕਦੇ ਨਾ ਜਰਮ । ਪੂਰਨ ਸਤਿਗੁਰ ਆਪ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕੋ ਪਰਮ । ਪੂਰਨ ਸਤਿਗੁਰ ਆਪ ਪ੍ਰਭ, ਬਿਨ ਤਤ ਵਜੂਦ ਸਰੀਰ । ਪੂਰਨ ਸਤਿਗੁਰ ਆਪ ਪ੍ਰਭ, ਜੋ ਸਤਿਗੁਰ ਸ਼ਬਦ ਕਰੇ ਤਾਅਮੀਰ । ਪੂਰਨ ਸਤਿਗੁਰ ਆਪ ਪ੍ਰਭ, ਜਿਸ ਦੀ ਵਿਸ਼ਨ ਬ੍ਰਹਮਾ ਸ਼ਿਵ ਤਸਵੀਰ । ਪੂਰਨ ਸਤਿਗੁਰ ਆਪ ਪ੍ਰਭ, ਜੋ ਨਿਰਗੁਣ ਨਿਰਾਕਾਰ ਨਿਰੰਕਾਰ ਬੇਨਜ਼ੀਰ । ਪੂਰਨ ਸਤਿਗੁਰ ਆਪ ਪ੍ਰਭ, ਜਿਸ ਦਾ ਆਦਿ ਅੰਤ ਨਾ ਜਾਣੇ ਕੋਇ ਅਖ਼ੀਰ । ਪੂਰਨ ਸਤਿਗੁਰ ਆਪ ਪ੍ਰਭ, ਜੋ ਆਦਿ ਜੁਗਾਦੀ ਜਨ ਭਗਤਾਂ ਦੇਵਣਹਾਰਾ ਧੀਰ । ਪੂਰਨ ਸਤਿਗੁਰ ਆਪ ਪ੍ਰਭ, ਜੋ ਸ਼ਰਅ ਸ਼ਰੀਅਤ ਕੱਟਣਹਾਰ ਜ਼ੰਜੀਰ । ਪੂਰਨ ਸਤਿਗੁਰ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਆਦਿ ਜੁਗਾਦੀ ਜੁਗ ਜੁਗ ਬਦਲੇ ਨਾ ਕੋਇ ਤਾਅਮੀਰ ।

## ੧੧ ਮਾਘ ਸ਼ਹਿਨਸ਼ਾਹੀ ਸੰਮਤ ੧੧ ਸੁਰਜੀਤ ਸਿੰਘ ਦੇ ਗ੍ਰਿਹ ਬਟਾਲਾ ਸ਼ਹਿਰ ਜ਼ਿਲਾ ਗੁਰਦਾਸਪੁਰ

ਪੂਰਨ ਸਤਿਗੁਰ ਆਪ ਪ੍ਰਭ, ਆਦਿ ਜੁਗਾਦੀ ਇਕ ਇਕੱਲਾ । ਪੂਰਨ ਸਤਿਗੁਰ ਆਪ ਪ੍ਰਭ, ਜੋ ਵਸਣਹਾਰਾ ਜਲਾ ਥਲਾ । ਪੂਰਨ ਸਤਿਗੁਰ ਆਪ ਪ੍ਰਭ, ਜੋ ਆਤਮ ਧਾਰ ਪਰਮਾਤਮ ਹੋ ਕੇ ਰਲਾ । ਪੂਰਨ ਸਤਿਗੁਰ ਆਪ ਪ੍ਰਭ, ਜੋ ਭਾਗ ਲਗਾਏ ਭਗਤਾਂ ਸਾਢੇ ਤਿੰਨ ਹੱਥ ਮਹਲਾ । ਪੂਰਨ ਸਤਿਗੁਰ ਆਪ ਪ੍ਰਭ, ਜੋ ਦੂਈ ਦੁਵੈਤੀ ਮੇਟਣਹਾਰਾ ਸੱਲਾ । ਪੂਰਨ ਸਤਿਗੁਰ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੋ ਸਚ ਸੰਦੇਸਾ ਨਾਮ ਨਿਧਾਨਾ ਰਿਹਾ ਘੱਲਾ । ਪੂਰਨ ਸਤਿਗੁਰ ਆਪ ਪ੍ਰਭ, ਨੂਰ ਨੁਰਾਨਾ ਨੂਰ । ਪੂਰਨ ਸਤਿਗੁਰ ਆਪ ਪ੍ਰਭ, ਜੋ ਹਰ ਘਟ ਹਾਜ਼ਰ ਹਜ਼ੂਰ । ਪੂਰਨ ਸਤਿਗੁਰ ਆਪ ਪ੍ਰਭ, ਜੋ ਮਸਤੀ ਦੇਵੇ ਨਾਮ ਸਰੂਰ । ਪੂਰਨ ਸਤਿਗੁਰ ਆਪ ਪ੍ਰਭ, ਹਉਮੇ ਹੰਗਤਾ ਗੜ੍ਹ ਤੋੜੇ ਗ਼ਰੂਰ । ਪੂਰਨ ਸਤਿਗੁਰ ਆਪ ਪ੍ਰਭ, ਜੋ ਸ਼ਬਦ ਅਨਾਦੀ ਦੇਵੇ ਤੂਰ । ਪੂਰਨ ਸਤਿਗੁਰ ਆਪ ਪ੍ਰਭ, ਜਨ ਭਗਤਾਂ ਆਸਾ ਮਨਸਾ ਕਰੇ ਪੂਰ । ਪੂਰਨ ਸਤਿਗੁਰ ਆਪ ਪ੍ਰਭ, ਜੋ ਪੰਧ ਮੁਕਾਏ ਨੇੜੇ ਦੂਰ । ਪੂਰਨ ਸਤਿਗੁਰ ਆਪ ਪ੍ਰਭ, ਜਨਮ ਜਨਮ ਦੇ ਬਖ਼ਸ਼ ਦੇਵੇ ਕ਼ਸੂਰ । ਪੂਰਨ ਸਤਿਗੁਰ ਆਪ ਪ੍ਰਭ, ਜਿਸ ਦਾ ਨਾਮ ਕਲਮਾ ਅਵਤਾਰ ਪੈਗ਼ੰਬਰ ਗੁਰੂਆਂ ਕੀਤਾ ਮਸ਼ਹੂਰ । ਪੂਰਨ ਸਤਿਗੁਰ ਆਪ ਪ੍ਰਭ, ਚਾਰ ਜੁਗ ਦੇ ਸ਼ਾਸਤਰ ਜਿਸ ਦੇ ਮਜ਼ਦੂਰ । ਪੂਰਨ ਸਤਿਗੁਰ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹੋ ਭੂਪ ਸਰਬ ਕਲਾ ਭਰਪੂਰ । ਪੂਰਨ ਸਤਿਗੁਰ ਆਪ ਪ੍ਰਭ, ਹਰਿ ਸ਼ਾਹੋ ਸ਼ਹਾਨਾ । ਪੂਰਨ ਸਤਿਗੁਰ ਆਪ ਪ੍ਰਭ, ਸੋ ਪੁਰਖ ਨਿਰੰਜਣ ਨੌਜਵਾਨਾ । ਪੂਰਨ ਸਤਿਗੁਰ ਆਪ ਪ੍ਰਭ, ਹਰਿ ਪੁਰਖ ਨਿਰੰਜਣ ਸ਼ਾਹ ਸੁਲਤਾਨਾ । ਪੂਰਨ ਸਤਿਗੁਰ ਆਪ ਪ੍ਰਭ, ਏਕੰਕਾਰ ਬਲੀ ਬਲਵਾਨਾ । ਪੂਰਨ ਸਤਿਗੁਰ ਆਪ ਪ੍ਰਭ, ਆਦਿ ਨਿਰੰਜਣ ਡਗਮਗਾਨਾ । ਪੂਰਨ ਸਤਿਗੁਰ ਆਪ ਪ੍ਰਭ, ਅਬਿਨਾਸ਼ੀ ਕਰਤਾ ਵਾਲੀ ਦੋ ਜਹਾਨਾ । ਪੂਰਨ ਸਤਿਗੁਰ ਆਪ ਪ੍ਰਭ, ਸ੍ਰੀ ਭਗਵਾਨ ਨੌਜਵਾਨਾ । ਪੂਰਨ ਸਤਿਗੁਰ ਆਪ ਪ੍ਰਭ, ਪਾਰਬ੍ਰਹਮ ਖੇਲੇ ਖੇਲ ਮਹਾਨਾ । ਪੂਰਨ ਸਤਿਗੁਰ ਆਪ ਪ੍ਰਭ, ਜੋ ਸਚਖੰਡ ਸੁਹਾਏ ਸਚ ਟਿਕਾਨਾ । ਪੂਰਨ ਸਤਿਗੁਰ ਆਪ ਪ੍ਰਭ, ਜਿਸ ਦਾ ਥਿਰ ਘਰ ਚਰਨ ਕਵਲ ਮਹਾਨਾ । ਪੂਰਨ ਸਤਿਗੁਰ ਆਪ ਪ੍ਰਭ, ਜੋ ਸੁਤ ਦੁਲਾਰਾ ਸ਼ਬਦ ਕਰੇ ਪਰਧਾਨਾ । ਪੂਰਨ ਸਤਿਗੁਰ ਆਪ ਪ੍ਰਭ, ਜੋ ਵਿਸ਼ਨ ਬ੍ਰਹਮਾ ਸ਼ਿਵ ਪਰਗਟਾਏ ਨਿਸ਼ਾਨਾ । ਪੂਰਨ ਸਤਿਗੁਰ ਆਪ ਪ੍ਰਭ, ਜੋ ਤ੍ਰੈਗੁਣ ਮਾਇਆ ਪੰਜ ਤਤ ਖੇਲ ਖਿਲਾਏ ਜਗਤ ਜਹਾਨਾ । ਪੂਰਨ ਸਤਿਗੁਰ ਆਪ ਪ੍ਰਭ, ਜੋ ਚਾਰੇ ਖਾਣੀ ਲੱਖ ਚੁਰਾਸੀ ਦੇਵੇ ਦਾਨਾ । ਪੂਰਨ ਸਤਿਗੁਰ ਆਪ ਪ੍ਰਭ, ਜੋ ਪੁਰੀ ਲੋਅ ਬ੍ਰਹਿਮੰਡ ਖੰਡ ਗਗਨ ਗਗਨੰਤਰ ਸੁਹਾਏ ਅਗੰਮ ਅਸਥਾਨਾ । ਪੂਰਨ ਸਤਿਗੁਰ ਆਪ ਪ੍ਰਭ, ਜਿਸ ਦਾ ਲਹਿਣਾ ਦੇਣਾ ਤ੍ਰੈਭਵਣ ਜ਼ਿਮੀਂ ਅਸਮਾਨਾ । ਪੂਰਨ ਸਤਿਗੁਰ ਆਪ ਪ੍ਰਭ, ਜੋ ਅਵਤਰ ਹੋ ਕੇ ਪਹਿਰੇ ਬਾਨਾ । ਪੂਰਨ ਸਤਿਗੁਰ ਆਪ ਪ੍ਰਭ, ਜੋ ਸ਼ਬਦੀ ਸ਼ਬਦ ਸੁਣਾਏ ਤਰਾਨਾ । ਪੂਰਨ ਸਤਿਗੁਰ ਆਪ ਪ੍ਰਭ, ਜੋ ਅੰਮ੍ਰਿਤ ਰਸ ਪਰਗਟਾਏ ਮਹਾਨਾ । ਪੂਰਨ ਸਤਿਗੁਰ ਆਪ ਪ੍ਰਭ, ਜੋ ਦੀਪਕ ਜੋਤ ਜਗਾਏ ਬਿਨ ਤੇਲ ਬਾਤੀ ਖੇਲੇ ਖੇਲ ਮਹਾਨਾ । ਪੂਰਨ ਸਤਿਗੁਰ ਆਪ ਪ੍ਰਭ, ਜਿਸ ਪੈਗ਼ੰਬਰਾਂ ਦਿਤਾ ਧੁਰ ਕਲਮਾ ਅਗੰਮ ਪੈਗ਼ਾਮਾ । ਪੂਰਨ ਸਤਿਗੁਰ ਆਪ ਪ੍ਰਭ, ਜਿਸ ਗੁਰੂ ਗੁਰਦੇਵ ਦੱਸਿਆ ਨਾਮਾ । ਪੂਰਨ ਸਤਿਗੁਰ ਆਪ ਪ੍ਰਭ, ਜਿਸ ਚਾਰ ਜੁਗ ਦੇ ਸ਼ਾਸਤਰ ਅੱਖਰਾਂ ਨਾਲ ਕੀਤੇ ਪ੍ਰਧਾਨਾ । ਪੂਰਨ ਸਤਿਗੁਰ ਆਪ

ਪ੍ਰਭ, ਜੋ ਜੁਗ ਜੁਗ ਜਨ ਭਗਤਾਂ ਦੇਵੇ ਮਾਨਾ । ਪੂਰਨ ਸਤਿਗੁਰ ਆਪ ਪ੍ਰਭ, ਸਾਚੇ ਸੰਤਾਂ ਵੇਖੇ ਮਾਰ ਧਿਆਨਾ । ਪੂਰਨ ਸਤਿਗੁਰ ਆਪ ਪ੍ਰਭ, ਗੁਰਮੁਖ ਆਪਣੀ ਗੋਦ ਉਠਾਨਾ । ਪੂਰਨ ਸਤਿਗੁਰ ਆਪ ਪ੍ਰਭ, ਗੁਰਸਿਖਾਂ ਦੇਵੇ ਦਰਸ ਗੁਣ ਨਿਧਾਨਾ । ਪੂਰਨ ਸਤਿਗੁਰ ਆਪ ਪ੍ਰਭ, ਮੁਰੀਦ ਮੁਰਸ਼ਦ ਕਰੇ ਪ੍ਰਵਾਨਾ । ਪੂਰਨ ਸਤਿਗੁਰ ਆਪ ਪ੍ਰਭ, ਜੁਗ ਚੌਕੜੀ ਬਦਲਦਾ ਜਾਵੇ ਨਿਸ਼ਾਨਾ । ਪੂਰਨ ਸਤਿਗੁਰ ਆਪ ਪ੍ਰਭ, ਜੋ ਕਲਜੁਗ ਅੰਤਮ ਸੰਦੇਸ਼ਾ ਦੇਵੇ ਧੁਰ ਫ਼ਰਮਾਨਾ । ਪੂਰਨ ਸਤਿਗੁਰ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦੀ ਧਾਰ ਨੌਜਵਾਨਾ, ਮਰਦ ਮਰਦਾਨਾ ਆਪਣਾ ਹੁਕਮ ਵਰਤਾਈਆ ।

### ✪ ੧੧ ਮਾਘ ਸ਼ਹਿਨਸ਼ਾਹੀ ਸੰਮਤ ੧੧ ਮੋਹਣ ਸਿੰਘ ਦੇ ਗ੍ਰਿਹ ਪਿੰਡ ਤਾਰਾ ਚਕ ਜ਼ਿਲਾ ਗੁਰਦਾਸਪੁਰ ✪

ਸਤਿਗੁਰ ਸ਼ਬਦ ਕਹੇ ਮੈਂ ਸਾਚਾ ਮੀਤ, ਮਿਤਰ ਪਿਆਰਾ ਆਦਿ ਜੁਗਾਦਿ ਅਖਵਾਈਆ । ਬਿਨਾ ਤਨ ਵਜੂਦ ਤੋਂ ਠਾਂਢਾ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਬਿਨ ਰਸਨਾ ਜੇਹਵਾ ਅਗੰਮੀ ਗੀਤ, ਬਿਨ ਅੱਖਰਾਂ ਕਰਾਂ ਸ਼ਨਵਾਈਆ । ਬਿਨ ਵਸਾਂ ਦਿਉਰੇ ਮੰਦਰ ਮਸੀਤ, ਸ਼ਿਵਦਵਾਲੇ

ਮਠਾਂ ਹੱਥ ਕਿਤੇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਮੇਰੀ ਅਵਲੜੀ ਰੀਤ, ਰੀਤੀਵਾਨ ਹੋ ਕੇ ਦਇਆ ਕਮਾਈਆ । ਗੁਰ ਅਵਤਾਰ

ਪੈਗ਼ੰਬਰਾਂ ਦੱਸ ਕੇ ਸਚ ਪ੍ਰੀਤ, ਹਕੀਕਤ ਹਕ ਕਲਮਾ ਨਾਮ ਸਮਝਾਈਆ । ਜੁਗ ਬਦਲਣਾ ਮੇਰੇ ਪਿਆਰ ਦੀ ਸਾਚੀ ਰੀਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾਈਆ । ਚਾਰ ਜੁਗ ਦੇ ਸ਼ਾਸਤਰ ਮੇਰਾ ਸਿਫ਼ਤੀ ਢੋਲਾ ਗੀਤ, ਅੱਖਰਾਂ ਨਾਲ ਅੱਖਰ ਮਿਲ ਕੇ ਸੋਹਲੇ ਗਾਈਆ । ਮੈਂ ਸਦਾ ਸੁਹੇਲਾ ਪੁਨੀਤ, ਪਤਤਾਂ ਕਰਾਂ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਦੋ ਜਹਾਨਾਂ ਬਣਾਂ ਮਲਾਹ, ਖੇਵਟ ਖੇਟਾ ਇਕੋ ਨਜ਼ਰੀ ਆਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਦੇਵਾਂ ਸਲਾਹ, ਨਾਮ ਨਿਧਾਨਾ ਇਕ ਦ੍ਰਿੜਾਈਆ । ਜਿਸ ਦੀ ਸਿਫ਼ਤ ਵਿਚ ਸਾਰੇ ਕਹਿਣ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ । ਮੇਰਾ ਖੇਲ ਥਲ ਅਸਗਾਹ, ਮਹੀਅਲ ਆਪਣਾ ਰੰਗ ਰੰਗਾਈਆ । ਲੱਖ ਚੁਰਾਸੀ ਪਕੜਨਹਾਰਾ ਬਾਂਹ, ਚਾਰੇ ਖਾਣੀ ਫੋਲ ਫੁਲਾਈਆ । ਵਸਣਹਾਰ ਅਗੰਮੇ ਥਾਂ, ਹਰ ਘਟ ਅੰਤਰ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਜਾਤਾ, ਜੋਤੀ ਜਾਤੇ ਦਿਤੀ ਵਡਿਆਈਆ । ਮੇਰਾ ਮਾਲਕ ਪੁਰਖ ਬਿਧਾਤਾ, ਪਾਰਬ੍ਰਹਮ ਪਤਿਪਰਮੇਸ਼ਵਰ ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਅਗੰਮੜੀ ਅਗੰਮੀ ਦਿਤੀ ਦਾਤਾ, ਵਸਤ ਅਮੋਲਕ ਇਕ ਵਰਤਾਈਆ । ਮੇਰਾ ਖੇਲ ਸਦਾ ਸਦ ਲੋਕਮਾਤਾ, ਧਰਨੀ ਧਰਤ ਧਵਲ ਧੌਲ ਵੇਖਾਂ ਚਾਈਂ ਚਾਈਆ । ਕਲਜੁਗ ਅੰਤਮ ਭੇਵ ਅਭੇਦਾ ਖੋਲ੍ਹਾਂ ਜਿਸ ਦੀ ਅਗੰਮੀ ਹੋਵੇ ਗਾਥਾ, ਕੀ ਅਗੰਮੜਾ ਕਾਰ ਕਮਾਈਆ । ਸੰਦੇਸ਼ਾ ਦੇਵੇ ਪੁਰਖ ਸਮਰਾਥਾ, ਹਰਿ ਕਰਤਾ ਧੁਰਦਰਗਾਹੀਆ ।

ਜੋ ਹੋਵੇ ਸਹਾਈ ਅਨਾਥ ਅਨਾਥਾ, ਦੀਨਨ ਆਪਣੇ ਰੰਗ ਰੰਗਾਈਆ । ਲਹਿਣਾ ਦੇਣਾ ਚੁਕਾਏ ਸਭ ਦਾ ਪੂਰਬ ਮਸਤਕ ਮਾਥਾ, ਲੇਖਾ ਲੇਖੇ ਵਿਚੋਂ ਖੋਜ ਖੁਜਾਈਆ । ਮੈਂ ਓਸ ਦਾ ਬਣ ਕੇ ਦਾਸੀ ਦਾਸਾ, ਨਿਤ ਨਿਤ ਸੇਵ ਕਮਾਈਆ । ਕਲਜੁਗ ਅੰਤ ਉਸੇ ਦਾ ਰਖ ਭਰਵਾਸਾ, ਨਿਵ ਨਿਵ ਸੀਸ ਝੁਕਾਈਆ । ਜਿਸ ਦਾ ਖੇਲ ਹੋਣਾ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰਾਂ ਵੇਖ ਵਖਾਈਆ । ਜੋ ਵੇਖਣਹਾਰਾ ਲੱਖ ਚੁਰਾਸੀ ਜੀਵ ਜੰਤ ਤਮਾਸ਼ਾ, ਤਮਾਸ਼ਬੀਨ ਧੁਰਦਰਗਾਹੀਆ । ਜਿਸ ਦਾ ਨੂਰ ਜੋਤ ਪ੍ਰਕਾਸ਼ਾ, ਜੋਤੀ ਜਾਤਾ ਡਗਮਗਾਈਆ । ਮੈਂ ਉਸ ਦੀ ਜੁਗ ਚੌਕੜੀ ਰਖ ਕੇ ਬੈਠਾ ਆਸਾ, ਨੌ ਸੌ ਚੁਰਾਨਵੇ ਜੁਗ ਚੌਕੜੀ ਦੇਣ ਗਵਾਹੀਆ । ਜਿਸ ਦੀ ਯਾਦ ਵਿਚ ਰਾਹ ਤਕੇ ਸ਼ੰਕਰ ਉਤੇ ਕੈਲਾਸ਼ਾ, ਕਲਾਧਾਰੀ ਬਿਨ ਨੈਣਾਂ ਨੈਣ ਉਠਾਈਆ । ਬ੍ਰਹਮਾ ਬਦਲ ਕੇ ਆਪਣਾ ਪਾਸਾ, ਕਰਵਟ ਕਰਵਟ ਵਿਚੋਂ ਬਦਲਾਈਆ । ਵਿਸ਼ਨੂੰ ਵਿਸ਼ਵ ਦਾ ਤਕੇ ਖ਼ੁਲਾਸਾ, ਬਿਨ ਅੱਖਰਾਂ ਫੋਲ ਫੁਲਾਈਆ । ਸਤਿਗੁਰ ਸ਼ਬਦ ਕਹੇ ਮੈਂ ਸਭ ਨੂੰ ਦੇਵਣਹਾਰ ਦਿਲਾਸਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸ਼ਾਹੋ ਸ਼ਾਬਾਸਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਇਕ ਏਕੰਕਾਰ ਸਭ ਦਾ ਮਾਹੀਆ ।



## ✪ ੧੧ ਮਾਘ ਸ਼ਹਿਨਸ਼ਾਹੀ ਸੰਮਤ ੧੧ ਵਿਰਸਾ ਸਿੰਘ ਦੇ ਗ੍ਰਿਹਿ ਪਿੰਡ ਸ੍ਰੀ ਹਰਿ ਗੋਬਿੰਦਪੁਰ ਜ਼ਿਲਾ ਗੁਰਦਾਸਪੁਰ ✪

੧੨੭੧

੨੪ ਚਮੁਖੀਆ ਕਹੇ ਮੇਰੀ ਚਾਰੋਂ ਕੁੰਟ ਲੋ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਪੁਰਖ ਅਕਾਲੇ ਦੀਨ ਦਿਆਲੇ ਮੈਨੂੰ ਬਖ਼ਸ਼ੀ ਲੋ, ਲੋਇਣ ਅਗੰਮਾ ਇਕ ਖੁਲ੍ਹਾਈਆ । ਮੈਂ ਬਿਨਾ ਸਰਵਣਾ ਤੋਂ ਸ਼ਬਦ ਸੁਣਿਆ ਸੋ, ਬਿਨ ਅੱਖਰਾਂ ਢੋਲਾ ਗਾਈਆ । ਹੰ ਬ੍ਰਹਮ ਰੂਪ ਗਿਆ ਹੋ, ਹੋਕਾ ਦੇ ਕੇ ਦਿਆਂ ਸੁਣਾਈਆ । ਜਿਸ ਦਾ ਭੇਵ ਨਾ ਜਾਣੇ ਕੋ, ਕੋਟ ਬ੍ਰਹਿਮੰਡ ਦਾ ਮਾਲਕ ਇਕ ਅਖਵਾਈਆ । ਜਿਸ ਦੀ ਆਦਿ ਜੁਗਾਦੀ ਧਾਰ ਦੋ, ਨਿਰਗੁਣ ਸਰਗੁਣ ਵੇਸ ਵਟਾਈਆ । ਸਾਚਾ ਰਸ ਅਗੰਮਾ ਦੇਵੇ ਚੋ, ਬਿਨ ਰਸਨਾ ਰਸ ਚਖਾਈਆ । ਪ੍ਰੀਤਮ ਹੋ ਕੇ ਕਰੇ ਮੋਹ, ਮੁਹੱਬਤ ਆਪਣੇ ਨਾਲ ਜੁੜਾਈਆ । ਜਿਸ ਦੇ ਨਾਲ ਜਾਵੇ ਛੋਹ, ਸ਼ੌਹਰ ਬਾਂਕਾ ਆਪਣੀ ਗੰਢ ਪੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਚਮੁਖੀਆ ਕਹੇ ਮੇਰੀ ਬਹੁ ਪੁਰਾਣੀ ਆਸ, ਆਸ਼ਾ ਅੰਤਰ ਅੰਤਰ ਜਣਾਈਆ । ਮੇਰਾ ਤੇਲ ਬਾਤੀ ਨਾਲ ਪ੍ਰਕਾਸ਼, ਜਗਤ ਜੁਗਤ ਨਾਲ ਵਡਿਆਈਆ । ਕੀ ਮੇਰਾ ਲਹਿਣਾ ਦੇਣਾ ਉਪਰ ਕੰਢੇ ਬਿਆਸ, ਜਲ ਧਾਰ ਵਹਿਣ ਕੀ ਸੁਣਾਈਆ । ਕੀ ਆਸਾ ਰਖ ਕੇ ਗਿਆ ਵੇਦ ਵਿਆਸ, ਪੁਰਾਨ ਅਠਾਰਾਂ ਦਾ ਮਾਲਕ ਆਪਣਾ ਭੇਵ ਜਣਾਈਆ । ਕੀ ਇਸ਼ਾਰਾ ਦਿਤਾ ਸ਼ੰਕਰ ਉਤੋਂ ਕੈਲਾਸ਼, ਕਲਾਧਾਰੀ ਕੀ ਸਮਝਾਈਆ । ਬ੍ਰਹਮੇ ਕਿਸ ਬਿਧ ਧਰਵਾਇਆ ਧਰਵਾਸ, ਧਰਮ ਧਰਮ ਨਾਲ ਸਮਝਾਈਆ । ਵਿਸ਼ਨੂੰ ਵਿਸ਼ਵ ਦਾ ਭੇਵ ਖੋਲ੍ਹ ਖ਼ੁਲਾਸ, ਖ਼ਾਲਕ ਪਰਦਾ ਦਿਤਾ ਉਠਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਾਚੇ ਕੰਢੇ ਆਵੇ ਪੁਰਖ ਅਬਿਨਾਸ਼, ਘਾਟ ਪਤਣ ਵੇਖ ਵਖਾਈਆ । ਜਿਸ ਦੀ ਆਤਮ ਪਰਮਾਤਮ ਪੈਣੀ ਰਾਸ, ਭਗਤ ਭਗਵਾਨ ਮਿਲ ਕੇ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ

੨੪

ਵਰ, ਸਚ ਦਾ ਮਾਲਕ ਇਕ ਅਖਵਾਈਆ । ਚਮੁਖੀਆ ਕਹੇ ਮੇਰੇ ਵਿਚੋਂ ਪੁਕਾਰਨ ਬੱਤੀਆਂ, ਕੂਕ ਕੂਕ ਸੁਣਾਈਆ । ਚਾਰ ਜੁਗ ਅਵਤਾਰ ਪੈਗ਼ੰਬਰਾਂ ਗੁਰੂਆਂ ਧਰਨੀ ਧਰਤ ਧਵਲ ਤੇ ਰਖੀਆਂ ਪੱਤੀਆਂ, ਹਿੱਸੇ ਮਜ਼੍ਹਬਾਂ ਵਾਲੇ ਵੰਡ ਵੰਡਾਈਆ । ਪ੍ਰਭ ਦਾ ਨਾਮ ਨਿਧਾਨਾ ਜਗਤ ਵਰਤਾਇਆ ਵਿਚ ਰਤੀਆਂ, ਜਿਸ ਦੀ ਕ਼ੀਮਤ ਨਾ ਕੋਇ ਚੁਕਾਈਆ । ਭੇਵ ਅਭੇਦਾ ਖੁਲ੍ਹਾਇਆ ਰਾਗ ਛਤੀਆਂ, ਢੋਲੇ ਸੋਹਲੇ ਸਿਫ਼ਤ ਸਾਲਾਹੀਆ । ਗੁਣ ਗਾਇਆ ਦੰਦ ਬੱਤੀਆਂ, ਬਤੀਸੇ ਮਿਲ ਕੇ ਵਜੇ ਵਧਾਈਆ । ਵਡਿਆਈ ਦਿਤੀ ਮਨ ਮਤੀਆਂ, ਅਕਲ ਬੁੱਧੀ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਚਮੁਖੀਆ ਕਹੇ ਵੇਦ ਵਿਆਸ ਮੈਨੂੰ ਦਿਤੀ ਸਿਖਿਆ, ਜਗਤ ਵਿਦਿਆ ਸਮਝ ਕਿਛ ਨਾ ਆਈਆ । ਜਿਸ ਦਾ ਲੇਖਾ ਕਾਨੀ ਪੁੱਠੀ ਕਰਕੇ ਲਿਖਿਆ, ਸ਼ਾਹੀ ਸ਼ਰਅ ਧਾਰ ਨਾ ਕੋਇ ਜਣਾਈਆ । ਬਿਨਾ ਨੇਤਰਾਂ ਤੋਂ ਸਭ ਕੁਛ ਦਿਸਿਆ, ਬਿਨ ਅੱਖਾਂ ਅੱਖ ਖੁਲ੍ਹਾਈਆ । ਫੇਰ ਪ੍ਰੇਮ ਦੀ ਪਾਈ ਭਿਛਿਆ, ਬਿਨ ਹੱਥਾਂ ਹੱਥ ਉਠਾਈਆ । ਕਲਜੁਗ ਅੰਤ ਅੰਧੇਰਾ ਜਿਸ ਵੇਲੇ ਸਚ ਕਿਤੇ ਨਾ ਦਿਸਿਆ, ਚਾਰੋਂ ਕੁੰਟ ਅੰਧੇਰਾ ਛਾਈਆ । ਹਉਮੇ ਹੰਗਤਾ ਘਰ ਘਰ ਕੂੜੀ ਹੋਵੇ ਵਿਸਿਆ, ਵਿਖ ਭਰੀ ਹੋਵੇ ਲੋਕਾਈਆ । ਸਚ ਸਿੰਘਾਸਣ ਬਿਨ ਪ੍ਰਭੂ ਕਿਰਪਾ ਕੋਇ ਨਾ ਹੋਵੇ ਲਿਟਿਆ, ਅਬਿਨਾਸ਼ਣ ਮਿਲਣ ਕੋਇ ਨਾ ਪਾਈਆ । ਮਨੂਆ ਕਿਸੇ ਨਾ ਹੋਵੇ ਟਿਕਿਆ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਜਗਤ ਪੂਜਾ ਹੋਣੀ ਪੱਥਰ ਇੱਟਿਆ, ਗ੍ਰੰਥ ਸ਼ਾਸਤਰਾਂ ਰੰਗ ਰੰਗਾਈਆ । ਉਸ ਵੇਲੇ ਕਲਜੁਗ ਅੰਤ ਖੇਲ ਕਰੇ ਪਰਮ ਪੁਰਖ ਸਮਰਥਿਆ, ਹਰਿ ਕਰਤਾ ਧੁਰਦਰਗਾਹੀਆ । ਜੋ ਭਗਤਾਂ ਲਹਿਣਾ ਦੇਣਾ ਦੇਵੇ ਹੱਥੋ ਹੱਥਿਆ, ਪੂਰਬ ਲੇਖਾ ਝੋਲੀ ਪਾਈਆ । ਦੀਪਕ ਕਹੇ ਮੈਂ ਖਿੜ ਖਿੜਾ ਕੇ ਹੱਸਿਆ, ਖ਼ੁਸ਼ੀਆਂ ਢੋਲੇ ਗਾਈਆ । ਉਹ ਕਵਣ ਵੇਲਾ ਜਿਸ ਵੇਲੇ ਆਏ ਮਾਹੀ ਨੱਸਿਆ, ਧੁਰ ਦਾ ਮਾਲਕ ਬੇਪਰਵਾਹੀਆ । ਕਲਜੁਗ ਰੈਣ ਮੇਟੇ ਅੰਧੇਰੀ ਮੱਸਿਆ, ਸਤਿਜੁਗ ਸਚ ਚੰਦ ਕਰੇ ਰੁਸ਼ਨਾਈਆ । ਚਾਰੋਂ ਕੁੰਟ ਇਕੋ ਨਾਮ ਚਲਾਏ ਗੱਥਿਆ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਮਿਲ ਕੇ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਦੋ ਜਹਾਨ, ਦੋ ਜਹਾਨਾਂ ਮਾਲਕ ਖ਼ਾਲਕ ਪ੍ਰਿਤਪਾਲਕ ਬੇਪਰਵਾਹੀਆ ।


੧੨੭੨
੨੪

### ✪ ੧੧ ਮਾਘ ਸ਼ਹਿਨਸ਼ਾਹੀ ਸੰਮਤ ੧੧ ਅਵਤਾਰ ਸਿੰਘ ਦੇ ਗ੍ਰਿਹ ਪਿੰਡ ਮਾੜੀ ਪਨੂੰਆ ਜ਼ਿਲਾ ਗੁਰਦਾਸਪੁਰ ✪

ਸਤਿਗੁਰ ਸ਼ਬਦ ਕਹੇ ਮੇਰਾ ਵਕ਼ਤ ਸੁਹੰਜਣਾ, ਪੁਰਖ ਅਕਾਲ ਦੀਨ ਦਿਆਲ ਸੋਹਣੀ ਦਏ ਵਡਿਆਈਆ । ਮੇਰਾ ਦੀਆ ਦੀਪਕ ਦੋ ਜਹਾਨ ਜਗਣਾ, ਬਿਨ ਤੇਲ ਬਾਤੀ ਕਮਲਾਪਾਤੀ ਕਰੇ ਰੁਸ਼ਨਾਈਆ । ਮੇਰਾ ਨਾਮ ਨਿਧਾਨਾ ਡੰਕਾ ਵਜਣਾ, ਨਵ ਸੱਤ ਬ੍ਰਹਮਮਤ ਆਪ ਸਮਝਾਈਆ । ਮੈਂ ਮੀਤ ਮੁਰਾਰਾ ਬਣਨਾ ਸੱਜਣਾ, ਸਤਿਗੁਰ ਸਾਚਾ ਇਕ ਅਖਵਾਈਆ । ਜਿਸ ਦੇ ਹੁਕਮ ਨਾਲ ਕਲਜੁਗ ਕੂੜ ਕੁੜਿਆਰਾ ਭੱਜਣਾ, ਭੱਜੇ ਵਾਹੋ ਦਾਹੀਆ । ਧਰਮ ਨਗਾਰਾ ਇਕੋ ਵਜਣਾ, ਚਾਰ ਕੁੰਟ ਕਰੇ ਰੁਸ਼ਨਾਈਆ । ਜਨ ਭਗਤਾਂ ਪਰਦਾ ਕਜਣਾ, ਸਿਰ ਆਪਣਾ ਹੱਥ ਟਿਕਾਈਆ । ਲੇਖੇ ਲਾਉਣਾ ਕਾਇਆ ਮਾਟੀ ਬਦਨਾ, ਤਨ ਵਜੂਦਾਂ ਰੰਗ ਰੰਗਾਈਆ । ਭੇਵ ਮਿਟਾਉਣਾ ਆਅਲਾ ਅਦਨਾ, ਗ਼ਰੀਬ ਨਿਮਾਣਿਆਂ ਗੋਦ ਸੁਹਾਈਆ । ਜਗਤ ਸ਼ਰਅ

ਦੀ ਮੇਟਣੀ ਹੱਦਨਾ, ਦੀਨਾਂ ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਹਰਿ ਸੰਤ ਸੁਹੇਲੇ ਸਾਚੇ ਲਭਣਾ, ਗੁਰਮੁਖ ਗੁਰ ਗੁਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਜੋਧਾ ਸੂਰਬੀਰ ਬਲਵਾਨਾ, ਬਲਧਾਰੀ ਇਕ ਅਖਵਾਈਆ । ਨਿਰਗੁਣ ਧਾਰ ਮਰਦ ਮਰਦਾਨਾ, ਬੇਐਬ ਨੂਰ ਅਲਾਹੀਆ । ਮੇਰਾ ਜੁਗ ਜੁਗ ਖੇਲ ਮਹਾਨਾ, ਨਿਤ ਨਿਤ ਆਪਣਾ ਹੁਕਮ ਵਰਤਾਈਆ । ਲੇਖਾ ਜਾਣਾ ਜੀਵ ਜਹਾਨਾ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਧੁਰ ਦਾ ਦੇਵਾਂ ਨਾਮ ਨਿਧਾਨਾ, ਧਰਮ ਨਿਸ਼ਾਨਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਮੈਂ ਜੁਗ ਜੁਗ ਖੇਲ ਖਿਲੰਦੜਾ, ਵਡ ਖਿਲਾੜੀ ਬੇਪਰਵਾਹ । ਗੁਰ ਅਵਤਾਰ ਪੈਗ਼ੰਬਰ ਹੁਕਮ ਵਰਤੰਦੜਾ, ਨਾਮ ਸੰਦੇਸ਼ਾ ਇਕ ਸੁਣਾ । ਕਾਗ਼ਜ਼ ਕ਼ਲਮ ਸ਼ਾਹੀ ਲੇਖ ਲਿਖੰਦੜਾ, ਗ੍ਰੰਥ ਸ਼ਾਸਤਰ ਰੰਗ ਰੰਗਾ । ਨਾਮ ਕਲਮੇ ਜਗਤ ਪੜ੍ਹੰਦੜਾ, ਅੱਖਰ ਅੱਖਰਾਂ ਜੋੜ ਜੁੜਾ । ਸਚ ਸੰਦੇਸ਼ੇ ਸਦ ਸੁਣੰਦੜਾ, ਸੁਖ ਸਾਗਰ ਰੂਪ ਬੇਪਰਵਾਹ । ਜਨ ਭਗਤ ਸੁਹੇਲੇ ਉਠਾਵਾਂ ਆਪਣੇ ਕੰਧੜਾ, ਦੋ ਜਹਾਨਾਂ ਬਣਾਂ ਮਲਾਹ । ਤੂੰ ਮੇਰਾ ਮੈਂ ਤੇਰਾ ਗਾਉਂਣਾ ਛੰਦੜਾ, ਸੋਹੰ ਢੋਲਾ ਵਡ ਵਡਿਆ । ਆਤਮ ਪਰਮਾਤਮ ਦੇਵਾਂ ਅਨੰਦੜਾ, ਬਜਰ ਕਪਾਟੀ ਪਰਦਾ ਆਪ ਉਠਾ । ਸ਼ਬਦੀ ਧੁੰਨ ਨਾਦ ਸੁਣੰਦੜਾ, ਅਨਹਦ ਰਾਗ ਦ੍ਰਿੜਾ । ਅੰਮ੍ਰਿਤ ਆਤਮ ਜਾਮ ਪਿਲੰਦੜਾ, ਨਾਭੀ ਕਵਲ ਕਵਲ ਉਲਟਾ । ਦੀਪਕ ਜੋਤੀ ਜੋਤ ਜਗੰਦੜਾ, ਬਿਨ
੧੨੭੩ ਤੇਲ ਬਾਤੀ ਕਰ ਰੁਸ਼ਨਾ । ਦੀਨ ਦਿਆਲ ਬਣ ਬਖ਼ਸ਼ੰਦੜਾ, ਬਖ਼ਸ਼ਿਸ਼ ਰਹਿਮਤ ਆਪ ਕਮਾ । ਭਗਤ ਸੁਹੇਲੇ ਵੇਖ ਵਖੰਦੜਾ, ਲੱਖ ਚੁਰਾਸੀ ਫੋਲ ੧੨੭੩
੨੪ ਫੁਲਾ । ਸਾਚਾ ਢੋਲਾ ਇਕ ਸੁਣੰਦੜਾ, ਨਾਮ ਨਿਧਾਨਾ ਆਪ ਉਪਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ੨੪
ਹਰਿ, ਸਚ ਦਾ ਮਾਲਕ ਬਣ ਬੇਪਰਵਾਹ । ਸਤਿਗੁਰ ਸ਼ਬਦ ਕਹੇ ਮੈਂ ਦਾਤਾ ਦਾਨੀ, ਦਇਆਵਾਨ ਅਖਵਾਈਆ । ਮੇਰਾ ਨਾਉਂ ਗੁਣ ਨਿਧਾਨੀ, ਗੁਣਵੰਤਾ ਵਡ ਵਡਿਆਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਉਤੇ ਕਰਾਂ ਮਿਹਰਵਾਨੀ, ਮਿਹਰ ਨਜ਼ਰ ਨਜ਼ਰ ਉਠਾਈਆ । ਮਸਤਕ ਭਾਗ ਬਣਾਵਾਂ ਪੇਸ਼ਾਨੀ, ਪੇਸ਼ਤਰ ਆਪਣਾ ਰੰਗ ਰੰਗਾਈਆ । ਤਨ ਵਜੂਦ ਮੰਜ਼ਲ ਦੇਵਾਂ ਰੁਹਾਨੀ, ਰੂਹ ਬੁਤ ਮਿਲ ਕੇ ਵਜੇ ਵਧਾਈਆ । ਮੇਰਾ ਖੇਲ ਉਪਰ ਅਸਮਾਨੀ, ਇਸਮ ਆਜ਼ਮ ਵੇਖਣ ਕੋਇ ਨਾ ਪਾਈਆ । ਮੈਂ ਮਾਲਕ ਦੋ ਜਹਾਨੀ, ਦੋਹਰੀ ਆਪਣੀ ਕਲ ਵਰਤਾਈਆ । ਮੈਨੂੰ ਝੁਕਦੇ ਜ਼ਮੀਂ ਅਸਮਾਨੀ, ਬ੍ਰਹਿਮੰਡ ਖੰਡ ਸੀਸ ਨਿਵਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤਾਂ ਮੰਜ਼ਲ ਦੇਵਾਂ ਇਕ ਰੁਹਾਨੀ, ਰਹਿਮਤ ਆਪਣੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਭ ਦਾ ਜਾਣ ਜਾਣੀ, ਜਾਨਣਹਾਰ ਏਕੰਕਾਰ ਪਰਵਰਦਿਗਾਰ ਸਾਂਝਾ ਯਾਰ ਅਗੰਮ ਅਥਾਹੀਆ ।

## ੧੧ ਮਾਘ ਸ਼ਹਿਨਸ਼ਾਹੀ ਸੰਮਤ ੧੧ ਰਣਧੀਰ ਸਿੰਘ ਦੇ ਗ੍ਰਹਿ ਪਿੰਡ ਮਾੜੀ ਪਨੂੰਆ ਜ਼ਿਲਾ ਗੁਰਦਾਸਪੁਰ

ਸਤਿਗੁਰ ਸ਼ਬਦ ਕਹੇ ਮੈਂ ਸੁਤ ਦੁਲਾਰਾ ਹਰਿ ਦਾ, ਆਦਿ ਅੰਤ ਜੁਗਾ ਜੁਗੰਤ ਧੁਰ ਦੀ ਸੇਵ ਕਮਾਈਆ । ਮੈਂ ਮਾਲਕ ਸਚਖੰਡ ਦੁਆਰੇ

ਸਾਚੇ ਘਰ ਦਾ, ਗ੍ਰਿਹ ਮੰਦਰ ਇਕੋ ਸੋਭਾ ਪਾਈਆ । ਥਿਰ ਘਰ ਆਪਣਾ ਆਸਣ ਧਰਦਾ, ਦਰਗਾਹ ਸਾਚੀ ਸੋਭਾ ਪਾਈਆ । ਮੇਰਾ ਸੰਗ ਨਰਾਇਣ ਨਰ ਦਾ, ਦੂਸਰ ਮੀਤ ਨਾ ਕੋਇ ਜਣਾਈਆ । ਜੁਗ ਜੁਗ ਸਾਚੇ ਘਾੜਨ ਘੜਦਾ, ਵਿਸ਼ਨ ਬ੍ਰਹਮਾ ਸ਼ਿਵ ਦਏ ਵਡਿਆਈਆ । ਬਿਨ ਅੱਖਰਾਂ ਅਗੰਮੀ ਵਿਦਿਆ ਆਪੇ ਪੜ੍ਹਦਾ, ਨਿਰਅੱਖਰ ਧਾਰ ਆਪ ਸਮਝਾਈਆ । ਮੇਰਾ ਲਹਿਣਾ ਦੇਣਾ ਚੋਟੀ ਜੜ੍ਹ ਦਾ, ਚੇਤਨ ਆਪਣਾ ਰੰਗ ਰੰਗਾਈਆ । ਮੈਂ ਲੱਖ ਚੁਰਾਸੀ ਅੰਦਰ ਜੋਤੀ ਜਾਤਾ ਹੋ ਕੇ ਵੜਦਾ, ਸਚ ਸੁਆਮੀ ਹੋ ਕੇ ਸੋਭਾ ਪਾਈਆ । ਨਿਰਭੈ ਹੋ ਕਦੇ ਨਾ ਡਰਦਾ, ਭੈ ਸਭ ਨੂੰ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੇਰੀ ਆਦਿ ਜੁਗਾਦਿ ਮਿਹਰਵਾਨੀ, ਮਿਹਰਵਾਨ ਹੋ ਕੇ ਦਿਆਂ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣਾ ਦਾਨੀ, ਦਇਆਵਾਨ ਹੋ ਕੇ ਵਸਤ ਅਗੰਮ ਵਰਤਾਈਆ । ਲੱਖ ਚੁਰਾਸੀ ਰਜੋ ਤਮੋ ਸਤੋ ਪੰਜ ਤਤ ਪਰਗਟਾ ਨਿਸ਼ਾਨੀ, ਨਿਸ਼ਾਨਾ ਦੀਨ ਦੁਨੀ ਵਖਾਈਆ । ਜੋਤੀ ਨੂਰ ਜਗਾ ਮਹਾਨੀ, ਨੂਰ ਨੁਰਾਨਾ ਡਗਮਗਾਈਆ । ਸ਼ਬਦੀ ਸ਼ਬਦ ਸੁਣਾ ਬਾਣੀ, ਅਨਹਦ ਆਪਣਾ ਰਾਗ ਸੁਣਾਈਆ । ਅੰਮ੍ਰਿਤ ਰਸ ਬਖ਼ਸ਼ ਠੰਢਾ ਪਾਣੀ, ਅੰਮਿਉਂ ਰਸ ਆਪਣਾ ਆਪ ਪਰਗਟਾਈਆ । ਸਰਗੁਣ ਉਤੇ ਕਰਾਂ ਮਿਹਰਵਾਨੀ, ਨਿਰਗੁਣ ਹੋ ਕੇ ਵੇਖ ਵਖਾਈਆ । ਅਵਤਰ ਰੂਪ ਧਰਾਂ ਜਗਤ ਜਹਾਨੀ, ਭੇਵ ਅਭੇਦਾ ਆਪ ਚੁਕਾਈਆ । ਨਾਮ ਨਿਧਾਨਾ ਕਰ ਪਰਧਾਨੀ, ਸਚ ਸੰਦੇਸ਼ਾ ਇਕ ਸੁਣਾਈਆ । ਆਤਮ ਪਰਮਾਤਮ ਦੇ ਗਿਆਨੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਪਾਰਬ੍ਰਹਮ ਬ੍ਰਹਮ ਮੇਲਾ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਹੋ ਕੇ ਵੇਖ ਵਖਾਈਆ । ਈਸ਼ ਜੀਵ ਵਖਾਵਾਂ ਖੇਲ ਮਹਾਨੀ, ਮਹਿੰਮਾ ਅਕਥ ਕਥ ਸਮਝਾਈਆ । ਧਰਨੀ ਧਰਤ ਧਵਲ ਧੌਲ ਧਰਮ ਦੀ ਧਾਰ ਕਰਾਂ ਪਰਧਾਨੀ, ਸਤਿ ਸਤਿ ਆਪਣਾ ਹੁਕਮ ਵਰਤਾਈਆ । ਜੁਗ ਚੌਕੜੀ ਧੁਰ ਦੀ ਵੰਡ ਵੰਡਾਨੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਖੇਲ ਵਖਾਈਆ । ਪੈਗ਼ੰਬਰਾਂ ਬਖ਼ਸ਼ ਪਦ ਨਿਰਬਾਨੀ, ਕਲਮਾ ਹਕ ਹਕ ਸਮਝਾਈਆ । ਗੁਰੂਆਂ ਬਖ਼ਸ਼ ਨਾਮ ਗੁਣ ਨਿਧਾਨੀ, ਨਾਮ ਸਤਿ ਸਤਿ ਦ੍ਰਿੜਾਈਆ । ਮੇਰਾ ਖੇਲ ਬਹੁ ਬਿਧ ਭਾਨੀ, ਬਹੁ ਭਾਂਤੀ ਆਪਣਾ ਰੰਗ ਰੰਗਾਈਆ । ਜੋਧਾ ਸੂਰਬੀਰ ਵਡ ਬਲਵਾਨੀ, ਬਲਧਾਰੀ ਇਕ ਅਖਵਾਈਆ । ਕਲਜੁਗ ਕਿਰਿਆ ਕੂੜ ਵੇਖਾਂ ਮਾਰ ਧਿਆਨੀ, ਬਿਨ ਨੈਣਾਂ ਨੈਣ ਉਠਾਈਆ । ਜਨ ਭਗਤ ਸੁਹੇਲੇ ਕਰਾਂ ਪ੍ਰਵਾਨੀ, ਪਰਮ ਪੁਰਖ ਨਾਲ ਮੇਲਾਂ ਸਹਿਜ ਸੁਭਾਈਆ । ਮੇਰੀ ਆਦਿ ਜੁਗਾਦਿ ਇਕ ਜਵਾਨੀ, ਜੋਬਨਵੰਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਲਹਿਣਾ ਦੇਣਾ ਲੇਖਾ ਦੋ ਜਹਾਨੀ, ਦੋਹਰੀ ਆਪਣੀ ਕਲ ਵਰਤਾਈਆ ।



੧੨੭੪
੨੪

### ✪ ੧੨ ਮਾਘ ਸ਼ਹਿਨਸ਼ਾਹੀ ਸੰਮਤ ੧੧ ਮੋਹਨ ਸਿੰਘ ਦੇ ਗ੍ਰਿਹ ਪਿੰਡ ਕਾਦੀਆਂ ਜ਼ਿਲਾ ਗੁਰਦਾਸਪੁਰ

ਸਤਿਗੁਰ ਸ਼ਬਦ ਕਹੇ ਮੈਂ ਸਦਾ ਸਦਾ ਧਨਵੰਤ, ਧਨਾਢੀ ਧੁਰ ਦਾ ਇਕ ਅਖਵਾਈਆ । ਆਦਿ ਜੁਗਾਦਿ ਜੁਗ ਚੌਕੜੀ ਮੇਰਾ ਸਿਫ਼ਤਾਂ ਵਾਲਾ ਮੰਤ, ਢੋਲੇ ਸੋਹਲੇ ਰਾਗਾਂ ਨਾਦਾਂ ਵਿਚ ਸਮਝਾਈਆ । ਅਵਤਾਰ ਪੈਗ਼ੰਬਰ ਗੁਰ ਗਾਉਂਦੇ ਰਹਿਣ ਸੰਤ, ਸੂਫ਼ੀ ਫ਼ਕੀਰ ਫ਼ਿਕਰਿਆਂ ਵਿਚ ਜਣਾਈਆ ।

ਮੈਂ ਜੁਗ ਜੁਗ ਦੀਨ ਦੁਨੀ ਬਣਾਉਂਦਾ ਰਹਵਾਂ ਬਣਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਖੇਲ ਖਿਲਾਈਆ । ਮੇਰਾ ਲੇਖਾ ਜਾਣੇ ਕੋਇ ਨਾ ਆਦਿ ਅੰਤ, ਬੇਅੰਤ ਹੋ ਕੇ ਆਪਣਾ ਹੁਕਮ ਵਰਤਾਈਆ । ਮੇਰਾ ਲਹਿਣਾ ਦੇਣਾ ਨਾਲ ਚੁਰਾਸੀ ਜੀਵ ਜੰਤ, ਚਾਰੇ ਖਾਣੀ ਚਾਰੇ ਬਾਣੀ ਆਪਣਾ ਭੇਵ ਚੁਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਣਾਉਦਾ ਰਹਵਾਂ ਬਣਤ, ਘੜਨ ਭੰਨਣਹਾਰ ਹੋ ਕੇ ਵੇਖ ਵਖਾਈਆ । ਮੇਰੀ ਸਦਾ ਸਦਾ ਮਹਿੰਮਾ ਬੇਅੰਤ, ਸ਼ਾਸਤਰ ਸਿਮਰਤ ਵੇਦ ਪੁਰਾਨ ਕਹਿਣ ਕਿਛ ਨਾ ਪਾਈਆ । ਮੈਂ ਇਕ ਇਕੱਲਾ ਦੋ ਜਹਾਨਾਂ ਪੰਡਤ, ਜਗਤ ਵਿਦਿਆ ਬਾਹਰ ਮੇਰੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਜਿਸ ਦਾ ਦੋ ਜਹਾਨ ਝੁੱਲੇ ਨਿਸ਼ਾਨ, ਨਿਸ਼ਾਨਾ ਸਕੇ ਨਾ ਕੋਇ ਬਦਲਾਈਆ । ਜੋ ਨਿਰਗੁਣ ਸਰਗੁਣ ਸਭ ਦਾ ਬਣੇ ਪਰਧਾਨ, ਪਰਧਾਨਗੀ ਆਪਣਾ ਹੁਕਮ ਪਰਗਟਾਈਆ । ਖੇਲਾਂ ਖੇਲ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਹੁਕਮ ਵਰਤਾਈਆ । ਧਰਮ ਦਾ ਧਰਮ ਝੁਲਾਵਾਂ ਨਿਸ਼ਾਨ, ਜਗਤ ਜਹਾਨ ਸੋਭਾ ਪਾਈਆ । ਨਾਮ ਕਲਮਿਆਂ ਦਾ ਦੇਵਾਂ ਦਾਨ, ਅਵਤਾਰ ਪੈਗੰਬਰਾਂ ਗੁਰੂਆਂ ਝੋਲੀ ਜਗਤ ਭਰਾਈਆ । ਬਿਨ ਅੱਖਰਾਂ ਦੇ ਗਿਆਨ, ਅੱਖਰਾਂ ਨਾਲ ਕਰਾਵਾਂ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਸਤਿਗੁਰ ਸ਼ਬਦ ਕਹੇ ਮੈਂ ਮਹਾਬਲੀ ਜਗ ਸੂਰਾ, ਸੂਰਬੀਰ ਇਕ ਅਖਵਾਈਆ । ਮੇਰਾ ਰੂਪ ਅਗੰਮੀ ਨੂਰਾ, ਤਨ ਵਜੂਦ ਨਾ ਕੋਇ ਰਖਾਈਆ ।

੧੨੭੫ ਦੋ ਜਹਾਨੀ ਹਾਜ਼ਰ ਹਜ਼ੂਰਾ, ਹਜ਼ਰਤਾਂ ਤੋਂ ਬਾਹਰ ਆਪਣਾ ਖੇਲ ਖਿਲਾਈਆ । ਚਾਰ ਜੁਗ ਮੇਰੇ ਸਰਬ ਮਜ਼ਦੂਰਾ, ਚਾਕਰ ਹੋ ਕੇ ਭੱਜਣ ਵਾਹੋ ਦਾਹੀਆ । ੧੨੭੫

੨੪ ਮੇਰਾ ਹੁਕਮ ਸਰਬ ਕਲਾ ਭਰਪੂਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਮੈਂ ਅੰਤ ਕਲਜੁਗ ਕੂੜੀ ਕਿਰਿਆ ਕਰਮ ਮੇਟਣਾ ਕੂੜਾ, ਜਗਤ ਜੁਗਤ ੨੪

ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਸਾਚੀ ਚਰਨ ਬਖ਼ਸ਼ਣੀ ਧੂੜਾ, ਟਿੱਕੇ ਮਸਤਕ ਖ਼ਾਕ ਨਾਮ ਰਮਾਈਆ । ਚਤੁਰ ਸੁਘੜ ਬਣਾਉਣਾ ਮੂਰਖ ਮੂੜ੍ਹਾ, ਅੰਧ ਅਗਿਆਨ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਕਰਤਾ, ਕਰਤਾ ਪੁਰਖ ਦਏ ਵਡਿਆਈਆ । ਜੀਵਤ ਰੂਪ ਕਦੇ ਨਾ ਮਰਤਾ, ਜੀਵਣ ਮਰਨ ਸੰਗ ਨਾ ਕੋਇ ਰਖਾਈਆ । ਮੇਰਾ ਲਹਿਣਾ ਦੇਣਾ ਲੇਖਾ ਨਰਾਇਣ ਨਰ ਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੁਗ ਚੌਕੜੀ ਸਭ ਕੁਛ ਕਰਦਾ, ਕੁਦਰਤ ਕਾਦਰ ਦਿਤੀ ਵਡਿਆਈਆ । ਜਿਸ ਅਵਤਾਰ ਪੈਗੰਬਰ ਗੁਰੂ ਬਣਾਇਆ ਆਪਣਾ ਬਰਦਾ, ਬੰਦਗੀ ਵਿਚ ਸਾਰੇ ਸੀਸ ਨਿਵਾਈਆ । ਭੇਵ ਖੁਲ੍ਹਾ ਕੇ ਸਾਚੇ ਘਰ ਦਾ, ਸਚਖੰਡ ਪਰਦਾ ਦਿਤਾ ਚੁਕਾਈਆ । ਸ਼ਬਦ ਅਨਾਦੀ ਧੁਨ ਅਗੰਮੀ ਘਲਦਾ, ਬਿਨ ਸਰਵਣਾ ਕਰਾਂ ਸ਼ਨਵਾਈਆ । ਅੰਮ੍ਰਿਤ ਰਸ ਭੰਡਾਰਾ ਦੇਵਾਂ ਬੂੰਦ ਸਵਾਂਤੀ ਜਲ ਦਾ, ਜਲ ਥਲ ਮਹੀਅਲ ਲੋੜ ਰਹੇ ਨਾ ਰਾਈਆ । ਮੇਰਾ ਲੇਖਾ ਆਦਿ ਜੁਗਾਦੀ ਅਛਲ ਅਛੱਲ ਦਾ, ਵਲ ਛਲ ਆਪਣਾ ਖੇਲ ਖਿਲਾਈਆ । ਕਿਸੇ ਨੂੰ ਪਤਾ ਨਹੀਂ ਘੜੀ ਪਲ ਦਾ, ਪਰਦਾ ਸਕੇ ਨਾ ਕੋਇ ਉਠਾਈਆ । ਅੰਤ ਲੇਖਾ ਪੂਰਾ ਕਰਨਾ ਕਲਜੁਗ ਕਲ ਦਾ, ਕਲ ਕਾਤੀਆਂ ਕਰਾਂ ਸਫ਼ਾਈਆ । ਮੁਲ ਪਾਉਣਾ ਨਾਨਕ ਵਾਲੀ ਇਕ ਗੱਲ ਦਾ, ਜਿਸ ਦੀ ਸ਼ਬਦ ਸ਼ਬਦ ਸ਼ਨਵਾਈਆ । ਲਹਿਣਾ ਦੇਣਾ ਵੇਖਣਾ ਰਾਜੇ ਬਲ ਦਾ, ਬਾਵਨ ਪਰਦਾ ਭੇਵ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਤਾ ਹੋ ਕੇ ਆਤਮ ਪਰਮਾਤਮ ਧਾਰ ਭਗਤਾਂ ਵਿਚ ਰਲਦਾ, ਰੂਪ ਅਨੂਪ ਸ਼ਾਹੋ ਭੂਪ ਸਤਿ ਸਰੂਪ ਆਪਣਾ ਆਪ ਦ੍ਰਿੜਾਈਆ ।

### ✪ ੧੨ ਮਾਘ ਸ਼ਹਿਨਸ਼ਾਹੀ ਸੰਮਤ ੧੧ ਚੰਨਣ ਸਿੰਘ ਦੇ ਗ੍ਰਿਹਿ ਪਿੰਡ ਠੀਕਰੀ ਜ਼ਿਲਾ ਗੁਰਦਾਸਪੁਰ ✪

ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਰਾਜਨ, ਸ਼ਾਹੋ ਭੂਪ ਬਿਨ ਰੰਗ ਰੂਪ ਇਕ ਅਖਵਾਈਆ । ਜੁਗ ਚੌਕੜੀ ਨਿਤ ਨਵਿਤ ਸਾਜਾਂ ਸਾਜਨ, ਰਚਨਹਾਰ ਏਕੰਕਾਰ ਦਿਤੀ ਵਡਿਆਈਆ । ਦੀਨ ਦਿਆਲ ਬਣਾਂ ਗ਼ਰੀਬ ਨਿਵਾਜਨ, ਦੀਨਨ ਆਪਣਾ ਰੰਗ ਰੰਗਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਖੋਲ੍ਹਾਂ ਜਾਗਨ, ਨਾਮ ਕਲਮਾ ਕਰ ਸ਼ਨਵਾਈਆ । ਬਿਨ ਰਸਨਾ ਜੇਹਵਾ ਮਾਰਾਂ ਆਵਾਜ਼ਨ, ਮੁਖ ਦੰਦ ਬਿਨ ਤੇਰੇ ਢੋਲੇ ਦਿਆਂ ਦ੍ਰਿੜਾਈਆ । ਲੋਕਮਾਤ ਕਰਾਂ ਵਡ ਵਡ ਭਾਗਨ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਦਾ ਸਦਾ ਮੈਨੂੰ ਅਰਾਧਨ, ਸਿਫ਼ਤੀ ਸਿਫ਼ਤੀ ਸਿਫ਼ਤੀ ਰਾਗ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੈਂ ਸ਼ਾਹੋ ਭੂਪ ਸੁਲਤਾਨਾ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਮੇਰਾ ਲਹਿਣਾ ਦੇਣਾ ਲੇਖਾ ਦੋ ਜਹਾਨਾਂ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਮੀਂ ਅਸਮਾਨ ਆਪਣਾ ਹੁਕਮ ਚਲਾਈਆ । ਮੇਰਾ ਹੁਕਮ ਸੰਦੇਸ਼ਾ ਨਾਮ ਗੁਣ ਨਿਧਾਨਾ, ਗਹਿਰ ਗੰਭੀਰ ਬੇਨਜ਼ੀਰ ਹੋ ਕੇ ਦਿਆਂ ਦ੍ਰਿੜਾਈਆ । ਚਾਰ ਜੁਗ ਦੇ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਮੇਰਾ ਸਿਫ਼ਤੀ ਗਾਵਣ ਗਾਣਾ, ਅੱਖਰਾਂ ਨਾਲ ਅੱਖਰ ਮਿਲਾ ਕੇ ਢੋਲਾ ਰਾਗ ਸੁਣਾਈਆ । ਮੈਂ ਅੰਤਰ ਨਿਰੰਤਰ ਲੱਖ ਚੁਰਾਸੀ ਹੋਵਾਂ ਜਾਣੀਜਾਣਾ, ਚਾਰੇ ਖਾਣੀ ਚਾਰੇ ਬਾਣੀ ਆਪਣਾ ਹੁਕਮ ਵਰਤਾਈਆ । ਮੇਰਾ ਰੂਪ ਅਨੂਪਾ ਜਗ ਨੇਤਰ ਸਕੇ ਨਾ ਕੋਇ ਪਹਿਚਾਨਾ, ਬੇਪਹਿਚਾਨ ਹੋ ਕੇ ਆਪਣਾ ਖੇਲ ਖਿਲਾਈਆ । ਅਵਤਾਰ ਪੈਗ਼ੰਬਰ ਗੁਰ ਮੇਰੇ ਹੁਕਮ ਦਾ ਸੁਣ ਫ਼ਰਮਾਨਾ, ਸੰਦੇਸ਼ਾ ਦੇਵਣ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਸਰਬ ਕਲਾ ਸਮਰਥ, ਸਤਿ ਸਤਿਵਾਦੀ ਇਕ ਅਖਵਾਈਆ । ਮੇਰੀ ਮਹਿੰਮਾ ਸਦਾ ਅਕਥ, ਕਥਨੀ ਕਥ ਸਕੇ ਨਾ ਰਾਈਆ । ਜੁਗ ਚੌਕੜੀ ਚਲਾਵਾਂ ਰਥ, ਰਥਵਾਹੀ ਬਣ ਕੇ ਧੁਰ ਦਾ ਮਾਹੀਆ । ਨਾਮ ਕਲਮਿਆਂ ਦੱਸਾਂ ਗਥ, ਜਗਤ ਵਿਦਿਆ ਨਾਲ ਵਡਿਆਈਆ । ਜਨ ਭਗਤ ਸੁਹੇਲੇ ਸਿਰ ਰਖਾਂ ਆਪਣਾ ਹੱਥ, ਬਿਨ ਹੱਥਾਂ ਹੱਥ ਟਿਕਾਈਆ । ਮੇਰੇ ਪਿਆਰ ਵਿਚ ਗੋਬਿੰਦ ਸਬਰ ਬੈਠਾ ਘਤ, ਯਾਰੜਾ ਸੇਜ ਹੰਢਾਈਆ । ਮੇਰਾ ਖੇਲ ਜੁਗਾ ਜੁਗੰਤ ਵਤ, ਬੇਵਤਨਾਂ ਵੇਖਾਂ ਚਾਓ ਚਾਈਂਆ । ਮੇਰਾ ਸੁਆਮੀ ਇਕੋ ਪਰਮੇਸ਼ਵਰ ਪਤਿ, ਦੂਸਰ ਨਜ਼ਰ ਕੋਇ ਨਾ ਆਈਆ । ਮੈਂ ਕਲਜੁਗ ਅੰਤਮ ਲੱਖ ਚੁਰਾਸੀ ਵੇਖਣਹਾਰਾ ਉਬਲਦੀ ਰਤ, ਘਟ ਘਟ ਅੰਦਰ ਧਿਆਨ ਲਗਾਈਆ । ਲਹਿਣਾ ਦੇਣਾ ਮੁਕਾਵਾਂ ਤ੍ਰੈਗੁਣ ਮਾਇਆ ਪੰਜ ਤਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰਜੋ ਤਮੋ ਸਤੋ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਸ਼ਬਦ ਅਨਾਦ ਇਕੋ ਮਤ, ਮਨ ਮਤ ਦਾ ਲੇਖਾ ਰਹੇ ਨਾ ਰਾਈਆ ।


੧੨੭੬
੨੪

## ੧੨ ਮਾਘ ਸ਼ਹਿਨਸ਼ਾਹੀ ਸੰਮਤ ੧੧ ਕਰਤਾਰ ਸਿੰਘ ਦੇ ਗ੍ਰਿਹ ਪਿੰਡ ਭੂਮਲੀ ਜ਼ਿਲਾ ਗੁਰਦਾਸਪੁਰ

ਸਤਿਗੁਰ ਸ਼ਬਦ ਕਹੇ ਮੈਂ ਸ਼ਹਿਨਸ਼ਾਹ ਅਗੰਮ, ਅਗੰਮੜੇ ਦਿਤੀ ਮਾਣ ਵਡਿਆਈਆ । ਜਨਣੀ ਕੁੱਖੋਂ ਕਦੇ ਨਾ ਪਵਾਂ ਜੰਮ, ਜਣੇਂਦੀ ਬਣੇ ਕੋਇ ਨਾ ਮਾਈਆ । ਹਰਖ ਸੋਗ ਨਾ ਹੋਏ ਕੋਈ ਗ਼ਮ, ਚਿੰਤਾ ਚਿਖਾ ਨਾ ਕੋਇ ਜਲਾਈਆ । ਮੇਰਾ ਨਾਤਾ ਨਹੀਂ ਨਾਲ ਹਡ ਮਾਸ ਨਾੜੀ ਚੰਮ, ਚੰਮ ਦ੍ਰਿਸ਼ਟੀ ਨਾ ਕੋਇ ਬਦਲਾਈਆ । ਮੇਰਾ ਆਦਿ ਜੁਗਾਦੀ ਇਕੋ ਕਰਮ, ਕਰਮ ਕਾਂਡ ਤੋਂ ਬਾਹਰ ਦਿਆਂ ਸਮਝਾਈਆ । ਮੇਰਾ ਨਾਤਾ ਆਤਮ ਧਾਰ ਸਦਾ ਪਰਮ, ਪਰਮ ਪੁਰਖ ਦਿਤੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੈਂ ਤਨ ਵਜੂਦ ਨਹੀਂ ਖ਼ਾਕੀ, ਮਾਟੀ ਵੰਡ ਨਾ ਕੋਇ ਵੰਡਾਈਆ । ਮੇਰਾ ਮਾਲਕ ਖ਼ਾਲਕ ਇਕੋ ਨੂਰ ਅਲਾਹੀ ਪਾਕੀ, ਪਤਤ ਪਾਵਨ ਧੁਰਦਰਗਾਹੀਆ । ਜੋ ਮਿਹਰਵਾਨ ਹੋ ਕੇ ਸਦਾ ਰਿਹਾ ਝਾਕੀ, ਬਿਨ ਨੇਤਰ ਲੋਚਨ ਨੈਣਾਂ ਅੱਖ ਉਠਾਈਆ । ਨੌਜਵਾਨ ਸ੍ਰੀ ਭਗਵਾਨ ਖੋਲ੍ਹ ਵਖਾਈ ਤਾਕੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੈਂ ਸ਼ਬਦੀ ਸ਼ਬਦ ਧਾਰ ਚੜ੍ਹ ਅਗੰਮੇ ਰਾਕੀ, ਭੱਜਾਂ ਵਾਹੋ ਦਾਹੀਆ । ਮੇਰੀ ਸਭ ਤੋਂ ਵਖਰੀ ਚਾਲ ਬਾਂਕੀ, ਬਾਕ਼ਾਇਦਾ ਜੁਗ ਜੁਗ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਮੈਂ ਸ਼ਾਹੋ ਸ਼ਾਹ ਸ਼ਹਾਨਾ, ਭੂਪਤ ਭੂਪ ਇਕ ਅਖਵਾਈਆ । ਰਾਜਸ ਰਾਜ ਰਾਜਾਨਾ, ਦੋ ਜਹਾਨਾਂ ਵਡ ਵਡਿਆਈਆ । ਜੋਧਾ ਸੂਰ ਮਰਦ ਮਰਦ ਮਰਦਾਨਾ, ਮਹਾਬਲੀ ਵਡ ਵਡਿਆਈਆ । ਆਦਿ ਅੰਤ ਜੁਗਾ ਜੁਗੰਤ ਹੁਕਮਰਾਨਾ, ਸੰਦੇਸ਼ੇ ਧੁਰ ਦੇ ਧਰਮ ਸੁਣਾਈਆ । ਖੇਲਾਂ ਖੇਲ ਜ਼ਿਮੀਂ ਅਸਮਾਨਾ, ਬ੍ਰਹਿਮੰਡਾਂ ਖੰਡਾਂ ਰੰਗ ਰੰਗਾਈਆ । ਲੱਖ ਚੁਰਾਸੀ ਵਿਚ ਹੋ ਪਰਧਾਨਾ, ਘਟ ਘਟ ਅੰਤਰ ਸੋਭਾ ਪਾਈਆ । ਸਾਚਾ ਨਾਮ ਸੰਦੇਸ਼ਾ ਸੁਣਾਵਾਂ ਬਿਨਾ ਕਾਨਾ, ਅਨਹਦ ਨਾਦੀ ਨਾਦ ਜਣਾਈਆ । ਗੁਰ ਅਵਤਾਰ ਪੈਗ਼ੰਬਰਾਂ ਤਨ ਵਜੂਦ ਬਣਾ ਨਿਸ਼ਾਨਾ, ਨਿਸ਼ਾਨਾ ਦੀਨ ਦੁਨੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਆਂ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਏਕ, ਏਕੰਕਾਰ ਰੂਪ ਸਮਾਈਆ । ਸੋ ਪੁਰਖ ਨਿਰੰਜਣ ਬਖ਼ਸ਼ੀ ਟੇਕ, ਹਰਿ ਪੁਰਖ ਨਿਰੰਜਣ ਟਿੱਕੇ ਧੂੜੀ ਖ਼ਾਕ ਰਮਾਈਆ । ਏਕੰਕਾਰ ਕੀਤਾ ਬਿਬੇਕ, ਆਦਿ ਨਿਰੰਜਣ ਜੋਤੀ ਨੂਰ ਨੂਰ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਖੋਲ੍ਹ ਆਪਣਾ ਭੇਤ, ਸ੍ਰੀ ਭਗਵਾਨ ਪਰਦਾ ਰਿਹਾ ਉਠਾਈਆ । ਪਾਰਬ੍ਰਹਮ ਵਸੇ ਨੇਤਨ ਨੇਤ, ਦੂਰ ਦੁਰਾਡਾ ਪੰਧ ਨਾ ਕੋਇ ਵਖਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਜਿਸ ਦਾ ਪਾਵੇ ਕੋਈ ਨਾ ਭੇਤ, ਪਰਦਾ ਪਰਦਿਆਂ ਵਿਚੋਂ ਨਾ ਕੋਇ ਉਠਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਜਨ ਭਗਤਾਂ ਕਰਦਾ ਸਦਾ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਆਤਮ ਪਰਮਾਤਮ ਮੇਲ ਮਿਲਾ ਰੁਤ ਕਰਾਂ ਬਸੰਤੀ ਚੇਤ, ਚੇਤਨ ਸੁਰਤੀ ਸ਼ਬਦ ਨਾਲ ਕਰਾਈਆ । ਜਗਤ ਵਿਕਾਰਾ ਅੰਤਸ਼ਕਰਨ ਕਰਾਂ ਖੇਤ, ਹਉਮੇ ਹੰਗਤਾ ਗੜ੍ਹ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆਂ । ਸਤਿਗੁਰ ਸ਼ਬਦ ਕਹੇ ਮੈਂ ਦੋ ਜਹਾਨਾਂ ਮਾਲਕ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਈਆ । ਮੇਰਾ ਸਾਹਿਬ ਸੁਆਮੀ ਏਕੰਕਾਰਾ ਇਕੋ ਖ਼ਾਲਕ, ਜਿਸ ਦੀ ਵਜਦੀ ਰਹੇ ਵਧਾਈਆ । ਜਿਸ ਦੀ

੧੨੭੭
੨੪

ਧਾਰ ਵਿਚ ਹੋਵਾਂ ਪ੍ਰਿਤਪਾਲਕ, ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖ ਵਖਾਈਆ । ਮੈਂ ਨੌਜਵਾਨ ਪਰਮ ਪੁਰਖ ਦਾ ਬਾਲਕ, ਆਯੂ ਆਦਿ ਜੁਗਾਦਿ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਲੇਖਾ ਲਹਿਣਾ ਦੇਣਾ ਜਣਾਏ ਧਰਮ ਧਾਰ ਦੇ ਸਾਲਸ, ਸਾਹਿਬ ਸਤਿਗੁਰ ਹੋ ਕੇ ਦਿਆਂ ਸੁਣਾਈਆ ।

### ✪ ੧੨ ਮਾਘ ਸ਼ਹਿਨਸ਼ਾਹੀ ਸੰਮਤ ੧੧ ਸੁਖਜਿੰਦਰ ਸਿੰਘ ਦੇ ਗ੍ਰਹਿ ਪਿੰਡ ਮਾਨੇ ਪੁਰ ਜ਼ਿਲਾ ਗੁਰਦਾਸਪੁਰ ✪

ਕਲਜੁਗ ਕਹੇ ਸਤਿਗੁਰ ਸ਼ਬਦ ਮੇਰੇ ਦੀਨ ਦਿਆਲ, ਦਇਆ ਨਿਧ ਠਾਕਰ ਸੁਆਮੀ ਤੇਰੀ ਬੇਪਰਵਾਹੀਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਮੇਰੀ ਲੇਖੇ ਲਾਉਣੀ ਘਾਲ, ਘਾਇਲ ਹੋ ਕੇ ਲੋਕਮਾਤ ਧਰਨੀ ਧਰਤ ਧਵਲ ਧੌਲ ਤੇਰੀ ਸੇਵ ਕਮਾਈਆ । ਮਿਹਰਵਾਨ ਮਹਿਬੂਬ ਸਚ ਮੁਹੱਬਤ ਰਖਣੀ ਚਰਨਾਂ ਨਾਲ, ਚਰਨੋਦਕ ਧੁਰ ਦਾ ਜਾਮ ਦੇਣਾ ਪਿਆਈਆ । ਸਚ ਦੁਆਰ ਏਕੰਕਾਰ ਬਖ਼ਸ਼ਣਾ ਅਗੰਮੀ ਧਰਮਸਾਲ, ਦੋ ਜਹਾਨਾਂ ਬਾਹਰ ਪਰਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਸਤਿਗੁਰ ਸ਼ਬਦ ਕਹੇ ਸੁਣ ਕਲਜੁਗ ਮੀਤੇ, ਮਿਤਰ ਪਿਆਰੇ ਤੇਰੀ ਵਡਿਆਈਆ । ਮੈਨੂੰ ਯਾਦ ਤੇਰੇ ਕੌਲ ਇਕਰਾਰ ਕੀਤੇ, ਵਾਅਦੇ ਭੁਲ ਕਦੇ ਨਾ ਜਾਈਆ ।

ਬੇਸ਼ਕ ਤੇਰੇ ਸਾਲ ਥੋੜੇ ਬੀਤੇ, ਚਾਰ ਲੱਖ ਬੱਤੀ ਹਜ਼ਾਰ ਵੇਖਣ ਚਾਈਂ ਚਾਈਆ । ਤੂੰ ਖੇਲ ਅਗੰਮੜੇ ਕੀਤੇ, ਅਵਤਾਰ ਪੈਗ਼ੰਬਰ ਗੁਰੂ ਤੇਰੀ ਦੇਣ ਗਵਾਹੀਆ । ਤੂੰ ਪਵਿਤ੍ਰ ਰਹਿਣ ਦਿਤੀ ਨਹੀਂ ਕਿਸੇ ਦੀ ਨੀਤੇ, ਬੁਧਿ ਬਿਬੇਕ ਨਾ ਕੋਇ ਰਖਾਈਆ । ਹਰ ਘਟ ਅੰਦਰ ਵਸਿਆ ਚੀਤੇ, ਚਿਤ ਠਗੌਰੀ ਮਨ ਨਾਲ ਮਿਲਾਈਆ । ਤਨ ਵਜੂਦ ਮਾਟੀ ਖ਼ਾਕ ਰਹਿਣ ਨਹੀਂ ਦਿਤੇ ਪੁਨੀਤੇ, ਪਤਤ ਕੀਤੀ ਖ਼ਲਕ ਖ਼ੁਦਾਈਆ । ਝਗੜੇ ਪਾਏ ਮੰਦਰ ਮਸੀਤੇ, ਮਸਜਿਦ ਸ਼ਿਵਦਵਾਲੇ ਮਠ ਗੁਰੂਦੁਆਰ ਰੋਵਣ ਮਾਰਨ ਧਾਹੀਆ । ਦੀਨ ਦੁਨੀ ਖੇਲ ਖਿਲਾਇਆ ਊਚ ਨੀਚੇ, ਜ਼ਾਤ ਪਾਤੀ ਰੰਗ ਰੰਗਾਈਆ । ਦੀਨ ਮਜ਼੍ਹਬ ਜਗਤ ਵੇਖੇ ਬਾਗ਼ ਬਾਗ਼ੀਚੇ, ਪੱਤ ਟਹਿਣੀ ਨਾ ਕੋਇ ਮਹਿਕਾਈਆ । ਤੇਰਾ ਕੂੜ ਕੁੜਿਆਰ ਨਵ ਖੰਡ ਪ੍ਰਿਥਮੀ ਫਿਰਿਆ ਇਕ ਹਦੀਸੇ, ਹਜ਼ਰਤਾਂ ਤੋਂ ਬਾਹਰ ਦਿਤਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਆ । ਕਲਜੁਗ ਕਹੇ, ਸਤਿਗੁਰ ਸ਼ਬਦ, ਮੇਰਾ ਨਾਮ ਕਲ ਕਾਤੀ, ਕਲੂਆ ਹੋ ਕੇ ਦਿਆਂ ਜਣਾਈਆ । ਤੇਰੇ ਪਿਆਰ ਦੀ ਮੈਨੂੰ ਮਿਲੀ ਬੂੰਦ ਸਵਾਂਤੀ, ਬਿਨ ਰਸਨਾ ਰਸ ਚਖਾਈਆ । ਤੇਰੇ ਹੁਕਮ ਦੀ ਮੇਰੇ ਕੋਲ ਅਗੰਮੀ ਪਾਤੀ, ਜਿਸ ਦੀ ਬਿਨ ਹਰਫ਼ ਹਰੂਫ਼ ਲਿਖਾਈਆ । ਜਿਸ ਉਤੇ ਮੋਹਰ ਲਾਈ ਕਮਲਾਪਾਤੀ, ਪਤਿਪਰਮੇਸ਼ਵਰ ਦਿਤੀ ਵਡਿਆਈਆ । ਬੇਸ਼ਕ ਮੇਰੀ ਥੋੜੀ ਜਿਹੀ ਹਯਾਤੀ, ਹਯਾਤੀ ਦੀਨ ਦੁਨੀ ਦਿਤੀ ਬਦਲਾਈਆ । ਜ਼ਰਾ ਨਿਗਾਹ ਮਾਰ ਲੈ ਸਾਖਿਆਤੀ, ਸਨਮੁਖ ਹੋ ਕੇ ਵੇਖ ਵਖਾਈਆ । ਮੈਂ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖਿਆ ਮਾਰ ਕੇ ਝਾਤੀ, ਘਟ ਘਟ ਅੰਦਰ ਫੋਲ ਫੁਲਾਈਆ । ਧਰਮ ਦੀ ਰਹਿਣ ਦਿਤੀ ਨਹੀਂ ਪਰਭਾਤੀ, ਜੂਠ ਝੂਠ ਦਿਤੀ ਵਡਿਆਈਆ । ਝਗੜਾ ਪਾਇਆ ਦੀਨ ਮਜ਼੍ਹਬ ਸ਼ਰਅ ਕਾਗ਼ਜ਼ਾਤੀ, ਅੱਖਰ ਅੱਖਰਾਂ ਨਾਲ ਲੜਾਈਆ । ਮੇਰਾ ਰੂਪ ਤਕ ਲੈ ਬਹੁ ਬਿਧ ਭਾਤੀ, ਨਵ ਸੱਤ ਵੇਖ ਵਖਾਈਆ । ਮੈਂ ਪਵਿਤ੍ਰ ਰਹਿਣ ਦਿਤੀ ਨਹੀਂ ਕਿਸੇ

ਦੀ ਛਾਤੀ, ਛਤਰਧਾਰੀ ਨਜ਼ਰ ਕੋਇ ਨਾ ਆਈਆ । ਮੇਰਾ ਖੇਲ ਬਾਜ਼ੀਗਰ ਨਾਟੀ, ਸਵਾਂਗੀ ਹੋ ਕੇ ਆਪਣਾ ਸਵਾਂਗ ਰਚਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਜੋ ਸੰਦੇਸ਼ਾ ਦਿਤਾ ਪੇਸ਼ੀਨਗੋਈਆਂ ਵਿਚ ਸੋ ਵੇਖ ਲੈ ਖੇਲ ਤਮਾਸ਼ੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਸਾਚੇ ਮੰਡਲ ਪਾਵੇ ਕੋਇ ਨਾ ਰਾਸੀ, ਰਸਤਾ ਰਾਮ ਰਹੀਮ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਸਤਿਗੁਰ ਸ਼ਬਦ ਕਹੇ ਕਲਜੁਗ ਤੂੰ ਬੜਾ ਸੂਰਬੀਰ ਸੁਲਤਾਨ, ਬਲਧਾਰੀ ਇਕ ਅਖਵਾਈਆ । ਤੇਰਾ ਕੂੜ ਕੁੜਿਆਰਾ ਵਡ ਬਲਵਾਨ, ਨੌ ਖੰਡ ਪ੍ਰਿਥਮੀ ਭੱਜੇ ਵਾਹੋ ਦਾਹੀਆ । ਤੇਰੀ ਮਾਇਆ ਮਮਤਾ ਧਰਿਆ ਰੂਪ ਸ਼ੈਤਾਨ, ਮਨਸਾ ਦੀਨ ਦੁਨੀ ਭਰਮਾਈਆ । ਤਨ ਵਜੂਦਾਂ ਅੰਦਰ ਕਰ ਘਮਸਾਨ, ਮਨ ਮਤ ਬੁਧਿ ਦਿਤੀ ਟਕਰਾਈਆ । ਸਾਚਾ ਰਸ ਮਿਲੇ ਨਾ ਕਿਸੇ ਪੀਣ ਖਾਣ, ਜਗਤ ਤ੍ਰਿਸ਼ਨਾ ਨਾ ਕੋਇ ਮਿਟਾਈਆ । ਜਗਤ ਵਿਦਿਆ ਹੋਈ ਹੈਰਾਨ, ਹੈਰਾਨੀ ਵਿਚ ਕੁਰਲਾਈਆ । ਹੋਕਾ ਦੇਵਣ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜ਼ੀਲ ਕੁਰਾਨ ਰਹੀ ਸੁਣਾਈਆ । ਅਠਸਠ ਤੀਰਥ ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਨੈਣਾਂ ਨੀਰ ਵਹਾਣ, ਬਿਨ ਹੰਝੂਆਂ ਛਹਿਬਰ ਲਾਈਆ । ਸਾਰੇ ਬੇਨੰਤੀ ਕਰਨ ਨਿਗਾਹ ਮਾਰ ਸ੍ਰੀ ਭਗਵਾਨ, ਭਗਵਨ ਹੋ ਕੇ ਵੇਖ ਵਖਾਈਆ । ਕਲਜੁਗ ਕੂੜ ਕੁੜਿਆਰੇ ਹਰ ਹਿਰਦਾ ਕੀਤਾ ਬੇਈਮਾਨ, ਬੇਵਾ ਰੂਪ ਹੋਈ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆਂ । ਕਲਜੁਗ ਕਹੇ ਪ੍ਰਭੂ ਮੇਰੀ ਪੁਸ਼ਤ ਦੇ ਦੇ ਥਾਪੀ, ਸਿਰ ਮੇਰੇ ਹੱਥ ਟਿਕਾਈਆ । ਮੈਂ ਸਦੀ ਚੌਧਵੀਂ ਬਣਾਂ ਵਡ ਪਰਤਾਪੀ, ਬੀਸਵੀਂ ਵੇਖਾਂ ਥਾਉਂ ਥਾਈਂਆ । ਧਰਮ ਦਾ ਰਹਿਣ ਦੇਣਾ ਨਹੀਂ ਜਾਪੀ, ਤੇਰਾ ਨਾਉਂ ਨਾ ਕੋਇ ਵਡਿਆਈਆ । ਨੌ ਖੰਡ ਪ੍ਰਿਥਮੀ ਕਰਾਂ ਪਾਪੀ, ਪਤਤ ਪੁਨੀਤ ਸਕੇ ਨਾ ਕੋਇ ਬਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਬਦਲਾਂ ਹਯਾਤੀ, ਜੀਵਣ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਸਾਹਿਬ ਹੋਣਾ ਸਹਾਈਆ । ਸਤਿਗੁਰ ਸ਼ਬਦ ਕਹੇ ਕਲਜੁਗ ਮੇਰਾ ਸ਼ਬਦੀ ਸ਼ਬਦ ਪਿਆਰ, ਬਿਨ ਹੱਥਾਂ ਸੀਸ ਟਿਕਾਈਆ । ਤੂੰ ਹੋਣਾ ਖ਼ਬਰਦਾਰ, ਜਗਤ ਜਹਾਨ ਲੈ ਅੰਗੜਾਈਆ । ਚਾਰ ਕੁੰਟ ਦਹਿ ਦਿਸ਼ਾ ਭੱਜਣਾ ਵਾਰੋ ਵਾਰ, ਉੱਤਰ ਪੂਰਬ ਪੱਛਮ ਦੱਖਣ ਆਪਣਾ ਪੰਧ ਮੁਕਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਬੋਲ ਜੈਕਾਰ, ਢੋਲਾ ਸੋਹਲਾ ਇਕ ਸੁਣਾਈਆ । ਜੀਵੋ ਜੰਤੋ ਸਾਧੋ ਸੰਤੋ ਪ੍ਰਭ ਦਾ ਖੇਲ ਹੋਣਾ ਅਪਾਰ, ਅਪਰੰਪਰ ਸੁਆਮੀ ਰਿਹਾ ਜਣਾਈਆ । ਜੋ ਸੰਦੇਸ਼ਾ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰ, ਅਵਤਰੀ ਹੋ ਕੇ ਵੇਖ ਵਖਾਈਆ । ਜਿਸ ਨੇ ਲਹਿਣਾ ਦੇਣਾ ਪੂਰਾ ਕਰਨਾ ਸੰਗ ਮੁਹੰਮਦ ਚਾਰ ਯਾਰ, ਸਦੀ ਚੌਧਵੀਂ ਲੇਖਾ ਜਾਣੇ ਥਾਉਂ ਥਾਈਂਆ । ਜਿਸ ਦੇ ਅਗੇ ਈਸਾ ਕਰੀ ਪੁਕਾਰ, ਸਦੀ ਬੀਸਵੀਂ ਨੈਣ ਉਠਾਈਆ । ਉਹ ਵੇਖੇ ਵਿਗਸੇ ਪਾਵੇ ਸਾਰ, ਵੇਖਣਹਾਰਾ ਨੂਰ ਅਲਾਹੀਆ । ਜਿਸ ਦੀ ਯਾਦ ਵਿਚ ਵੇਦ ਵਿਆਸਾ ਬਣ ਲਿਖਾਰ, ਭਵਿਖਤ ਭਵਿਖਤਾਂ ਵਿਚੋਂ ਦ੍ਰਿੜਾਈਆ । ਗੋਬਿੰਦ ਢਈਆ ਦੇ ਅਧਾਰ, ਸ਼ਬਦ ਸੰਦੇਸ਼ਾ ਇਕ ਸੁਣਾਈਆ । ਕਲਜੁਗ ਤੇਰਾ ਅੰਤ ਹੋਣਾ ਅੰਧ ਅੰਧਿਆਰ, ਸਚ ਚੰਦ ਨਾ ਕੋਇ ਚਮਕਾਈਆ । ਸਤਿਗੁਰ ਸ਼ਬਦ ਤੇਰਾ ਬਣੇ ਸਹਾਰ, ਸਹਾਇਕ ਨਾਇਕ ਇਕੋ ਨਜ਼ਰੀ ਆਈਆ । ਤੂੰ ਚਰਨ ਕਵਲ ਕਰ ਨਿਮਸਕਾਰ, ਡੰਡਾਵਤ ਬੰਦਨਾ ਸਯਦੇ ਵਿਚ ਸੀਸ ਝੁਕਾਈਆ । ਉਹ ਮਾਲਕ ਖ਼ਾਲਕ ਤੇਰਾ ਸਾਂਝਾ ਯਾਰ, ਪਰਵਰਦਿਗਾਰ ਨੂਰ ਅਲਾਹੀਆ । ਜਿਸ ਦਾ ਲਹਿਣਾ ਦੇਣਾ


੧੨੭੯
੨੪

ਮਕ਼ਰੂਜ਼ ਕਰਜ਼ਾ ਦੇਣਾ ਉਤਾਰ, ਪੰਜਾਂ ਸਾਲਾਂ ਤੋਂ ਮੁਨਿਆਦ ਵਧ ਨਾ ਕੋਇ ਕਰਾਈਆ । ਝਗੜਾ ਕਲਜੁਗ ਵੇਖਿਆ ਨੈਣ ਉਘਾੜ, ਬਿਨ ਅੱਖਾਂ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਲਹਿਣਾ ਦੇਣਾ ਆਦਿ ਜੁਗਾਦਿ ਜੁਗ ਚੌਕੜੀ ਦੋ ਜਹਾਨ ਵੇਖਣਹਾਰਾ ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਸਮੁੰਦ ਸਾਗਰਾਂ ਫੋਲ ਫੁਲਾਈਆ ।

### ✪ ੧੨ ਮਾਘ ਸ਼ਹਿਨਸ਼ਾਹੀ ਸੰਮਤ ੧੧ ਹਰਦੀਪ ਕੌਰ ਦੇ ਗ੍ਰਹਿ ਪਿੰਡ ਫ਼ਤੂਨੰਗਲ ਜ਼ਿਲਾ ਗੁਰਦਾਸਪੁਰ ✪

ਸਤਿਗੁਰ ਸ਼ਬਦ ਕਹੇ ਮੈਂ ਧੁਰ ਦਾ ਸ਼ਾਹੋ, ਭੂਪਤ ਭੂਪ ਸਤਿ ਸਰੂਪ ਦਿਤੀ ਵਡਿਆਈਆ । ਆਦਿ ਜੁਗਾਦੀ ਅਗੰਮ ਅਥਾਹੋ, ਅਲਖ ਅਗੋਚਰ ਇਕ ਅਖਵਾਈਆ । ਜੁਗ ਚੌਕੜੀ ਬੇਪਰਵਾਹੋ, ਬੇਪਰਵਾਹੀ ਵਿਚ ਸਮਾਈਆ । ਦੋ ਜਹਾਨਾਂ ਬਣਾਂ ਮਲਾਹੋ, ਖੇਵਟ ਖੇਟਾ ਰੂਪ ਬਦਲਾਈਆ । ਲਹਿਣਾ ਦੇਣਾ ਜਾਣਾ ਬਲ ਅਸਗਾਹੋ, ਜ਼ਮੀਂ ਜ਼ਮਾਂ ਖੋਜ ਖੁਜਾਈਆ । ਸਤਿ ਸਤਿਵਾਦੀ ਹੋ ਕੇ ਬਖ਼ਸ਼ਾਂ ਨਾਉਂ, ਨਾਉਂ ਨਿਰੰਕਾਰਾ ਇਕ ਸੁਣਾਈਆ । ਰਸਨਾ ਜਿਹਵਾ ਸਿਫ਼ਤ ਸਲਾਹੀ ਕਰਾਂ ਵਾਹੋ ਵਾਹੋ, ਢੋਲਾ ਸੋਹਲਾ ਅਗੰਮ ਜਣਾਈਆ । ਆਤਮ ਪਰਮਾਤਮ ਖੇਲ ਖਿਲਾਵਾਂ ਰੂਪ ਦਰਸਾਵਾਂ ਪਿਤਾ ਮਾਉਂ, ਪੂਤ ਸਪੂਤਾ ਇਕ ਉਠਾਈਆ । ਜੁਗ ਜੁਗ ਜਨ ਭਗਤ ਸੁਹੇਲੇ ਹੰਸ ਬਣਾਵਾਂ ਕਾਉਂ, ਕਾਗੋਂ ਹੰਸ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਰਖਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਯਾਰ, ਮਿਤਰ ਪਿਆਰਾ ਇਕ ਅਖਵਾਈਆ । ਮੇਰਾ ਰੂਪ ਨਾ ਪੁਰਖ ਨਾ ਨਾਰ, ਇਸਤਰੀ ਮਰਦ ਵੰਡ ਨਾ ਕੋਇ ਵੰਡਾਈਆ । ਮੇਰੀ ਅਵਾਜ਼ ਬਿਨਾ ਤੰਦ ਸਿਤਾਰ, ਬਿਨਾ ਮੁਖ ਜ਼ਬਾਨ ਦਿਆਂ ਸੁਣਾਈਆ । ਮੇਰਾ ਹੁਕਮ ਸਦਾ ਜੁਗ ਚਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਮੇਰਾ ਖੇਲ ਪੈਗ਼ੰਬਰ ਗੁਰ ਅਵਤਾਰ, ਧਰਨੀ ਧਰਤ ਧਵਲ ਧੌਲ ਪਰਗਟਾਈਆ । ਸਚ ਸੰਦੇਸ਼ਾ ਦੇਵਾਂ ਦੇਵਣਹਾਰ, ਨਰ ਨਰੇਸ਼ਾ ਹੋ ਕੇ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੇਰਾ ਆਦਿ ਜੁਗਾਦੀ ਵਕ਼ਤ ਸੁਹੰਜਣਾ, ਸੋਹਣਾ ਰੰਗ ਰੰਗਾਈਆ । ਖੇਲ ਖਿਲਾਵਾਂ ਹੋ ਕੇ ਦਰਦ ਦੁਖ ਭੈ ਭੰਜਨਾ, ਭਵ ਸਾਗਰ ਹਰਿਜਨ ਪਾਰ ਕਰਾਈਆ । ਨੇਤਰ ਨਾਮ ਨਿਧਾਨ ਪਾਵਾਂ ਅੰਜਣਾ, ਲੋਚਨ ਅੱਖ ਅੱਖ ਖੁਲ੍ਹਾਈਆ । ਘਰ ਸੁਆਮੀ ਠਾਕਰ ਮਿਲਾਂ ਸੱਜਣਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਲੇਖੇ ਲਾਵਾਂ ਆਅਲਾ ਅਦਨਾ, ਇਹ ਧੁਰ ਦੀ ਬੇਪਰਵਾਹੀਆ । ਖੇਲ ਖਿਲਾਵਾਂ ਤਨ ਮਾਟੀ ਸਰੀਰ ਬਦਨਾ, ਵਜੂਦਾਂ ਅੰਦਰ ਸੋਭਾ ਪਾਈਆ । ਜਿਸ ਦਾ ਡੰਕਾ ਕਲਜੁਗ ਅੰਤਮ ਵਜਣਾ, ਜਗਤ ਜਹਾਨ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਸਤਿਗੁਰ ਸ਼ਬਦ ਕਹੇ ਮੇਰਾ ਸ਼ਬਦੀ ਇਕੋ ਡੰਕ, ਬਿਨ ਸਰਵਣਾਂ ਕਰੇ ਸ਼ਨਵਾਈਆ । ਸੁਹਾਵਣਹਾਰਾ ਇਕੋ ਦੁਆਰਾ ਬੰਕ, ਬੰਕ ਦੁਆਰੀ ਇਕੋ ਸੋਭਾ ਪਾਈਆ । ਫੇਰਨਹਾਰਾ ਮਨਕਾ ਮਨਕ, ਮਨਸਾ ਮਨਸਾ ਵਿਚੋਂ ਬਦਲਾਈਆ । ਸੋ ਲੇਖਾ ਪੂਰਾ ਕਰਾਂ ਜੋ ਦੇ ਕੇ ਗਿਆ ਜਨਕ,


੧੨੮੦
੨੪

ਭਗਤ ਭਗਵਾਨ ਖੇਲ ਖਿਲਾਈਆ । ਜਿਸ ਬਿਧ ਰੂਪ ਧਰਾਂ ਅਨਕ, ਅਨਕ ਕਲਧਾਰੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਮੈਂ ਜੁਗ ਜੁਗ ਪਰਦਾ ਚੁਕਦਾ, ਭੇਵ ਅਭੇਦ ਆਪ ਖੁਲ੍ਹਾਈਆ । ਨਾਮ ਜਣਾਵਾਂ ਅਗੰਮੀ ਤੁਕ ਦਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਜਿਸ ਨਾਲ ਲੇਖਾ ਦੋ ਜਹਾਨਾਂ ਮੁਕਦਾ, ਪਾਂਧੀ ਪੰਧ ਨਾ ਕੋਇ ਭੁਆਈਆ । ਹਰਿਜਨ ਮੀਤ ਮੁਰਾਰਾ ਝੁਕਦਾ, ਨਿਵ ਨਿਵ ਸੀਸ ਨਿਵਾਈਆ । ਮੰਜ਼ਲ ਪੌੜੀ ਅਗੇ ਕੋਈ ਨਾ ਰੁਕਦਾ, ਬਿਨ ਕ਼ਦਮਾਂ ਭੱਜੇ ਵਾਹੋ ਦਾਹੀਆ । ਮਿਹਰਵਾਨ ਮਹਿਬੂਬ ਹੋ ਕੇ ਸੰਤ ਸੁਹੇਲੇ ਗੋਦੀ ਚੁਕਦਾ, ਬਿਨ ਹੱਥਾਂ ਹੱਥ ਛੁਹਾਈਆ । ਮੇਰਾ ਰੂਪ ਨਹੀਂ ਕੋਈ ਤਤਾਂ ਵਾਲੇ ਮਾਨਸ ਮਨੁਖ ਦਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਰਜੋ ਤਮੋ ਸਤੋ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਰਦਾ ਲਾਹੇ ਓਹਲੇ ਲੁਕ ਦਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਇਕੋ ਨਜ਼ਰੀ ਆਈਆ ।

## ✪ ੧੨ ਮਾਘ ਸ਼ਹਿਨਸ਼ਾਹੀ ਸੰਮਤ ੧੧ ਜੁਗਿੰਦਰ ਸਿੰਘ ਦੇ ਗ੍ਰਹਿ ਪਿੰਡ ਡਡਵਾਂ ਜ਼ਿਲਾ ਗੁਰਦਾਸਪੁਰ ✪

ਸਤਿਗੁਰ ਸ਼ਬਦ ਕਹੇ ਮੈਂ ਨਿਰਗੁਣ ਧਾਰ ਗਹਿਰ ਗੰਭੀਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਆਦਿ ਜੁਗਾਦੀ ਸ਼ਾਹੋ ਭੂਪ ਲਾਤਸਵੀਰ, ਤਸੱਵਰ ਮੁਸੱਵਰ ਸਕੇ ਨਾ ਕੋਇ ਕਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸ਼ਰਅ ਦੀ ਰਖੀ ਨਾ ਕੋਈ ਜ਼ੰਜੀਰ, ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਏਥੇ ਓਥੇ ਦੋ ਜਹਾਨਾਂ ਮੇਰੇ ਹੁਕਮ ਦੀ ਅਗੰਮੀ ਤਦਬੀਰ, ਤਰੀਕਾ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਅਪਾਰਾ, ਅਪਰੰਪਰ ਹੋ ਕੇ ਦਿਆਂ ਜਣਾਈਆ । ਮੇਰਾ ਮਾਲਕ ਸ਼ਾਹੋ ਭੂਪ ਨਿਰੰਕਾਰਾ, ਨਿਰਵੈਰ ਨੂਰ ਅਲਾਹੀਆ । ਜਿਸ ਦੇ ਗ੍ਰਹਿ ਕਰਾਂ ਨਿਮਸਕਾਰਾ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਜੋ ਦੇਵੇ ਵਸਤ ਅਪਾਰਾ, ਆਪ ਆਪਣੀ ਆਪ ਵਰਤਾਈਆ । ਮੈਂ ਖ਼ੁਸ਼ੀਆਂ ਵਿਚ ਲਾਵਾਂ ਨਾਅਰਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਜਿਸ ਨੂੰ ਸਮਝ ਸਕੇ ਨਾ ਕੋਇ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ ਮੈਂ ਧੁਰ ਦਾ ਖੇਲ ਖਿਲਾਉਣਾ, ਖ਼ਾਲਕ ਖ਼ਲਕ ਦਏ ਵਡਿਆਈਆ । ਸਚ ਸੰਦੇਸ਼ਾ ਇਕ ਸੁਣਾਉਣਾ, ਦੋ ਜਹਾਨ ਕਰੇ ਸ਼ਨਵਾਈਆ । ਅਵਤਾਰ ਪੈਗ਼ੰਬਰ ਗੁਰ ਸਵਾਧਾਨ ਕਰਾਉਣਾ, ਸਤਿ ਸਤਿਵਾਦੀ ਹੋ ਕੇ ਆਪ ਦ੍ਰਿੜਾਈਆ । ਸਚਖੰਡ ਦੁਆਰਾ ਇਕ ਸੁਹਾਉਣਾ, ਦਰਗਾਹ ਸਾਚੀ ਇਕ ਸੁਹਾਈਆ । ਥਿਰ ਘਰ ਆਪਣਾ ਰੰਗ ਰੰਗਾਉਣਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਇਕ ਸੁਹਾਈਆ । ਸਤਿਗੁਰ ਸ਼ਬਦ ਕਹੇ ਮੈਂ ਸਚ ਨਾਮ ਦ੍ਰਿੜਾਵਾਂਗਾ । ਬੋਧ ਅਗਾਧਾ ਭੇਵ ਖੁਲ੍ਹਾਵਾਂਗਾ । ਜੋਧਨ

ਜੋਧ ਇਕ ਅਖਵਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਵਾਂਗਾ । ਦਰ ਸਾਚੇ ਅਲਖ ਜਗਾਏਗਾ । ਸਤਿਗੁਰ ਸ਼ਬਦ ਮੰਗ ਮੰਗਾਏਗਾ । ਦਰ ਠਾਂਢੇ ਝੋਲੀ ਡਾਹੇਗਾ । ਪੁਰਖ ਅਕਾਲਾ ਦਇਆ ਕਮਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਾ ਭੇਵ ਆਪ ਖੁਲ੍ਹਾਏਗਾ । ਸਤਿਗੁਰ ਸ਼ਬਦ ਕਹੇ ਮੇਰੀ ਇਕੋ ਹੋਵੇ ਮੰਗ, ਦੂਸਰ ਓਟ ਨਾ ਕੋਇ ਤਕਾਈਆ । ਮੇਰੇ ਸਾਹਿਬ ਸੂਰੇ ਸਰਬਗ, ਹਰਿ ਕਰਤੇ ਤੇਰੀ ਬੇਪਰਵਾਹੀਆ । ਕੇਤੇ ਜੁਗ ਚੌਕੜੀਆਂ ਗਏ ਲੰਘ, ਨੌ ਸੌ ਚੁਰਾਨਵੇ ਚੌਕੜੀ ਆਪਣਾ ਪੰਧ ਮੁਕਾਈਆ । ਤੇਰੇ ਢੋਲੇ ਸੋਹਲੇ ਰਾਗ ਨਾਦ ਗਾਉਂਦੇ ਰਹੇ ਨਾਲ ਮਰਦੰਗ, ਸੁਰ ਤਾਲ ਨੱਚਣ ਟੱਪਣ ਵਾਹੋ ਦਾਹੀਆ । ਤੂੰ ਸ਼ਾਹੋ ਭੂਪ ਬਿਨ ਰੰਗ ਰੂਪ ਸੂਰਾ ਸਰਬੰਗ, ਹਰਿ ਕਰਤਾ ਇਕ ਅਖਵਾਈਆ । ਮੈਨੂੰ ਇਕੋ ਬਖ਼ਸ਼ ਦੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਮੈਂ ਚਾਹੁੰਦਾ ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰਾ ਇਕੋ ਗਾਵੇ ਛੰਦ, ਇਕੋ ਢੋਲਾ ਅਗੰਮ ਅਥਾਹੀਆ । ਇਕੋ ਆਵਾਜ਼ ਆਏ ਬਿਨਾ ਰਸਨਾ ਜਿਹਵਾ ਬੱਤੀ ਦੰਦ, ਬੰਦਨਾ ਤੇਰੀ ਵਿਚ ਸੀਸ ਸਰਬ ਝੁਕਾਈਆ । ਇਕੋ ਨੂਰ ਨੁਰਾਨੇ ਸ਼ਾਹ ਸੁਲਤਾਨੇ ਤੇਰਾ ਚੜ੍ਹਿਆ ਹੋਵੇ ਚੰਦ, ਬਿਨ ਚੰਨ ਸਿਤਾਰ ਕਰੇ ਰੁਸ਼ਨਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਖ਼ੁਸ਼ੀ ਕਰ ਦੇ ਬੰਦ ਬੰਦ, ਬੰਧਨ ਸ਼ਰਅ ਵਾਲੇ ਤੁੜਾਈਆ । ਘਟ ਸੁਆਮੀ ਅੰਤਰਜਾਮੀ ਗ੍ਰਿਹਿ ਮੰਦਰ ਆਪਣਾ ਵੇਖਣਾ ਲੰਘ, ਸਾਢੇ ਤਿੰਨ ਹੱਥ ਅੰਦਰ ਡੇਰਾ ਲਾਈਆ । ਆਤਮ ਸੇਜ ਸੁਹਾ ਸਚ ਪਲੰਘ, ਬਿਨ ਪਾਵਾ ਚੂਲ ਜੋ ਸੋਭਾ ਪਾਈਆ । ਜੋਤੀ ਜੋਤ
੧੨੮੨ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਸਤਿਗੁਰ ਸ਼ਬਦ ਕਹੇ ਪ੍ਰਭੂ ਸਤਿਜੁਗ ਧਰਮ ੧੨੮੨
੨੪ ਖੋਲ੍ਹ ਦੇ ਹੱਟ, ਹਟਵਾਣਾ ਇਕੋ ਨਾਮ ਰਖਾਈਆ । ਕਲਜੁਗ ਕੂੜ ਕੁੜਿਆਰੇ ਡੋਰੀ ਕਟ, ਕਟਾਕਸ਼ ਆਪਣਾ ਨਾਮ ਲਗਾਈਆ । ਨੌ ਖੰਡ ਪ੍ਰਿਥਮੀ ੨੪
ਇਕੋ ਹੋਵੇ ਕਨਾਰਾ ਤਟ, ਤੀਰਥ ਇਕੋ ਇਕ ਦਰਸਾਈਆ । ਸਦੀ ਚੌਧਵੀਂ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਕਰਵਟ ਵਟ, ਪਰਵਰਦਿਗਾਰ ਸਾਂਝੇ ਯਾਰ ਲੈ ਅੰਗੜਾਈਆ । ਔਹ ਤਕ ਲੈ ਅਵਤਾਰ ਪੈਗ਼ੰਬਰਾਂ ਗੁਰੂਆਂ ਤੇਰੇ ਦਰ ਤੇ ਹੋਇਆ ਇਕੱਠ, ਸਚਖੰਡ ਦੁਆਰੇ ਸਾਰੇ ਬੈਠੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੀ ਆਸਾ ਪੂਰ ਕਰਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰੂ ਦਰ ਤੇਰੇ ਜੋਤ ਰੁਸ਼ਨਾਉਂਦੇ ਨੇ । ਜੋਤੀ ਜਾਤੇ ਪੁਰਖ ਬਿਧਾਤੇ ਸਚਖੰਡ ਖੰਡ ਸੁਹਾਉਂਦੇ ਨੇ । ਸਭ ਦੀ ਪੇਸ਼ੀਨਗੋਈਆਂ ਵਾਲੀ ਸੁਣ ਬਾਤੇ, ਭਵਿਖਤਾਂ ਤੇਰੇ ਚਰਨ ਟਿਕਾਉਂਦੇ ਨੇ । ਕਲਜੁਗ ਅੰਤਮ ਹੋਈ ਅੰਧੇਰੀ ਰਾਤੇ, ਚਾਰੋਂ ਕੁੰਟ ਵੇਖ ਵਖਾਉਦੇ ਨੇ । ਸਤਿ ਧਰਮ ਦੀ ਸੁਣੇ ਕੋਇ ਨਾ ਗਾਥੇ, ਰਸਨਾ ਜਿਹਵਾ ਜਗਤ ਜਹਾਨ ਜੀਵ ਸਾਰੇ ਗਾਉਂਦੇ ਨੇ । ਭਾਗ ਉਦੈ ਹੋਣ ਨਾ ਮਸਤਕ ਮਾਥੇ, ਤਿਲਕ ਲਲਾਟੀ ਬਾਹਰੋਂ ਸਰਬ ਲਗਾਉਂਦੇ ਨੇ । ਕਿਰਪਾ ਕਰ ਪੁਰਖ ਸਮਰਾਥੇ, ਦਰ ਤੇਰੇ ਅਲਖ ਜਗਾਉਂਦੇ ਨੇ । ਕਲਜੁਗ ਅੰਤਮ ਲਹਿਣਾ ਦੇਣਾ ਦੇ ਦੇ ਹਾਥੋ ਹਾਥੇ, ਪਿਛਲਾ ਉਧਾਰ ਤੇਰੀ ਝੋਲੀ ਪਾਉਂਦੇ ਨੇ । ਜੋ ਸੰਦੇਸ਼ੇ ਦੇ ਕੇ ਗਿਆ ਤ੍ਰੈਲੋਕੀ ਨਾਥੇ, ਕਾਹਨਾ ਕ੍ਰਿਸ਼ਨਾ ਸੰਗ ਰਲਾਉਂਦੇ ਨੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਉਂਦੇ ਨੇ । ਸਤਿਗੁਰ ਸ਼ਬਦ ਕਹੇ ਪ੍ਰਭ ਦੇਵਣਹਾਰ ਸੁਆਮੀ, ਸਾਹਿਬ ਤੇਰੀ ਸਰਨਾਈਆ । ਆਦਿ ਜੁਗਾਦੀ ਅੰਤਰਜਾਮੀ, ਕਲਜੁਗ ਵੇਖਣਾ ਚਾਈਂ ਚਾਈਆ । ਨਾਮ ਸਦੇਸ਼ਾ ਸੁਣੇ ਨਾ ਕੋਇ ਕਲਾਮੀ, ਪੈਗ਼ੰਬਰ ਰਹੇ ਕੁਰਲਾਈਆ ।

ਨੌ ਖੰਡ ਪ੍ਰਿਥਮੀ ਸਤਿ ਧਰਮ ਦੀ ਹੋਈ ਬਦਨਾਮੀ, ਕਿਰਿਆ ਕੂੜ ਕੂੜ ਵਡਿਆਈਆ । ਦੀਨ ਮਜ਼੍ਹਬ ਸ਼ਰਅ ਦੀ ਹੋਈ ਗ਼ੁਲਾਮੀ, ਜ਼ੰਜੀਰ ਸਕੇ ਨਾ ਕੋਇ ਤੁੜਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਪੀਏ ਕੋਇ ਨਾ ਪਾਣੀ, ਅੰਮਿਉਂ ਰਸ ਹੱਥ ਕਿਸੇ ਨਾ ਆਈਆ । ਸ਼ਬਦ ਨਾਦ ਧੁਨ ਸੁਣੇ ਕੋਇ ਨਾ ਬਾਣੀ, ਧੁਨ ਆਤਮਕ ਰਾਗ ਨਾ ਕੋਇ ਦ੍ਰਿੜਾਈਆ । ਆਤਮ ਪਰਮਾਤਮ ਮੇਲ ਨਾ ਹੋਵੇ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਤੇਰੇ ਰੰਗ ਨਾ ਕੋਇ ਸਮਾਈਆ । ਮੇਰੇ ਮਿਹਰਵਾਨਾ ਨੌਜੁਆਨਾ ਸ੍ਰੀ ਭਗਵਾਨਾ ਕਲਜੁਗ ਅੰਤ ਕਰ ਮਿਹਰਵਾਨੀ, ਮਹਿਬੂਬ ਮੁਹੱਬਤ ਆਪਣੀ ਦੇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸ਼ਾਹ ਸੁਲਤਾਨੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸ਼ਾਹੋ ਭੂਪ ਤੇਰੀ ਸਰਨਾਈਆ ।


੧੨੮੩ ੨੪

### ✪ ੧੨ ਮਾਘ ਸ਼ਹਿਨਸ਼ਾਹੀ ਸੰਮਤ ੧੧ ਜਗੀਰ ਸਿੰਘ ਦੇ ਗ੍ਰਿਹਿ ਪਿੰਡ ਸੋਹਲ ਜ਼ਿਲਾ ਗੁਰਦਾਸਪੁਰ ✪

ਸਤਿਗੁਰ ਸ਼ਬਦ ਕਹੇ ਮੇਰਾ ਲੇਖਾ ਬਹੁ ਬਿਧ ਭਾਂਤੀ, ਜੁਗ ਚੌਕੜੀ ਰੀਤੀ ਧੁਰ ਦੀ ਚਲੀ ਆਈਆ । ਕਲਜੁਗ ਅੰਤ ਵੇਖਾਂ ਅੰਧੇਰੀ ਰਾਤੀ, ਨਵ ਸੱਤ ਬਿਨ ਅੱਖਾਂ ਧਿਆਨ ਲਗਾਈਆ । ਕਿਸ ਬਿਧ ਝਗੜਾ ਮੇਟੇ ਜ਼ਾਤ ਪਾਤੀ, ਦੀਨ ਮਜ਼੍ਹਬ ਰਹੇ ਨਾ ਕੋਇ ਲੜਾਈਆ । ਮਾਲਕ ਖ਼ਾਲਕ ਸਭ ਨੂੰ ਨਜ਼ਰ ਆਏ ਇਕ ਇਕਾਂਤੀ, ਇਕ ਇਕੱਲਾ ਧੁਰਦਰਗਾਹੀਆ । ਜੋ ਦੇਵਣਹਾਰਾ ਅੰਮ੍ਰਿਤ ਬੂੰਦ ਸਵਾਂਤੀ, ਨਿਝਰ ਝਿਰਨਿਉਂ ਅੰਮਿਉਂ ਰਸ ਆਪ ਚੁਆਈਆ । ਜੋ ਭਗਤਾਂ ਪੁਛਣਹਾਰਾ ਵਾਤੀ, ਵਾਤਾਵਰਨ ਤਕੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦਿ ਰਹਾਂ ਹਮੇਸ਼, ਜੁਗ ਜੁਗ ਆਪਣਾ ਖੇਲ ਖਿਲਾਈਆ । ਦੋ ਜਹਾਨਾਂ ਬਣ ਕੇ ਨਰ ਨਰੇਸ਼, ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਭੱਜਾਂ ਵਾਹੋ ਦਾਹੀਆ । ਜਿਸ ਦਾ ਅੰਤਮ ਲਹਿਣਾ ਦੇਣਾ ਨਾਲ ਗੋਬਿੰਦ ਦਸ ਦਸਮੇਸ, ਦਹਿ ਦਿਸ਼ਾ ਤੋਂ ਬਾਹਰ ਵੇਖਾਂ ਚਾਈਂ ਚਾਈਂਆ । ਜਿਸ ਦਾ ਇਸ਼ਾਰਾ ਸਹੰਸਰ ਮੁਖ ਦੇ ਕੇ ਗਿਆ ਸ਼ੇਸ਼, ਦੋ ਸਹੰਸਰ ਜੇਹਵਾ ਸਿਫ਼ਤ ਸਲਾਹੀਆ । ਜਿਸ ਕਲਜੁਗ ਕੂੜ ਕੁੜਿਆਰਾ ਅੰਤ ਮੇਟਣਾ ਕਲੇਸ਼, ਕਲ ਕਾਤੀ ਧੁਰਦਰਗਾਹੀਆ । ਜਿਸ ਨੂੰ ਸਭ ਕਰਨ ਆਦੇਸ, ਨਿਵ ਨਿਵ ਲਾਗਣ ਪਾਈਆ । ਓਹ ਵਸਣਹਾਰਾ ਸੰਬਲ ਦੇਸ, ਦੇਸ ਦਸੰਤਰਾਂ ਪੰਧ ਮੁਕਾਈਆ । ਜਿਸ ਦੇ ਅਗੇ ਚਾਰ ਜੁਗ ਦੇ ਸ਼ਾਸਤਰ ਹੋਵਣ ਪੇਸ਼, ਪੇਸ਼ੀਨਗੋਈਆਂ ਅਵਤਾਰ ਪੈਗ਼ੰਬਰਾਂ ਗੁਰੂਆਂ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਧੁਰਦਰਗਾਹੀਆ । ਸਤਿਗੁਰ ਸ਼ਬਦ ਕਹੇ ਮੈਂ ਧੁਰ ਦਾ ਮਾਲਕ ਇਕ ਅਗੰਮ, ਅਗੰਮੜੀ ਕਾਰ ਕਮਾਈਆ । ਲੇਖਾ ਜਾਣਾਂ ਲੱਖ ਚੁਰਾਸੀ ਜੀਵ ਬ੍ਰਹਮ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਦੀਨ ਦੁਨੀ ਦਾ ਇਸ਼ਟ ਤਕਾਂ ਦੀਨਾਂ ਮਜ਼੍ਹਬਾਂ ਵੇਖਾਂ ਧਰਮ, ਧਰਮ ਦੀ ਧਾਰ ਖੋਜ ਖੁਜਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਕੌਲ ਇਕਰਾਰ ਵੇਖਾਂ ਪਰਨ, ਜੋ ਬਿਨ ਰਸਨਾ ਜੇਹਵਾ ਢੋਲੇ ਗਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਆਦਿ ਜੁਗਾਦਿ

੧੨੮੪
੨੪

ਅਵੱਲਾ, ਅਵੱਲੜੀ ਕਾਰ ਕਮਾਈਆ । ਮੈਂ ਵੇਖਣਹਾਰਾ ਜਲਾਂ ਥਲਾਂ, ਮਹੀਅਲ ਖੋਜਾਂ ਚਾਈਂ ਚਾਈਆ । ਜੋ ਨਿਰਗੁਣ ਨਿਰਵੈਰ ਹੋ ਕੇ ਸ਼ਬਦ ਸੰਦੇਸ਼ਾ ਰਿਹਾ ਘੱਲਾ, ਬਿਨ ਅੱਖਰਾਂ ਅੱਖਰ ਜਣਾਈਆ । ਜਿਸ ਨੂੰ ਹਜ਼ਰਤ ਮੁਹੰਮਦ ਨੂਰ ਅਲਾਹੀ ਕਿਹਾ ਅੱਲਾ, ਆਲਮੀਨ ਯਾਮਬੀਨ ਕਹਿ ਕੇ ਸੀਸ ਨਿਵਾਈਆ । ਓਹ ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਸਾਂਝਾ ਯਾਰ ਹੋ ਕੇ ਫੜਨਵਾਲਾ ਪੱਲਾ, ਦਸਤਗੀਰ ਹੋ ਕੇ ਆਪਣਾ ਦਸਤ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਮੇਰਾ ਕਲਮਾ ਅਗੰਮ ਕਲਾਮ, ਕਾਇਨਾਤ ਸਮਝ ਕਿਛ ਨਾ ਆਈਆ । ਮੈਂ ਸਭ ਨੂੰ ਦੇਵਣਹਾਰਾ ਪੈਗ਼ਾਮ, ਬਿਨ ਅਲਿਫ਼ ਯੇ ਕਰਾਂ ਪੜ੍ਹਾਈਆ । ਜਲਵਾਗਰ ਨੂਰ ਨੁਰਾਨਾ ਸ਼ਾਹ ਸੁਲਤਾਨਾ ਤਕੋ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜਿਸ ਨੂੰ ਸਾਰੇ ਕਰਨ ਸਲਾਮ, ਸਯਦਿਆਂ ਵਿਚ ਸੀਸ ਝੁਕਾਈਆ । ਓਹ ਕਲਜੁਗ ਅੰਤ ਸਦੀ ਚੌਧਵੀਂ ਸਭ ਦਾ ਕਰਨਵਾਲਾ ਇੰਤਜ਼ਾਮ, ਬੰਦੋਬਸਤ ਆਪਣੇ ਹੱਥ ਉਠਾਈਆ । ਜਿਸ ਸ਼ਰਅ ਦੇ ਝਗੜੇ ਮੇਟਣੇ ਤਮਾਮ, ਤਮੰਨਾ ਆਪਣੀ ਨਾ ਕੋਇ ਰਖਾਈਆ । ਮਜ਼੍ਹਬ ਦਾ ਰਹਿਣ ਨਹੀਂ ਦੇਣਾ ਕੋਇ ਗ਼ੁਲਾਮ, ਸ਼ਰਅ ਜ਼ੰਜੀਰ ਦੇਣੇ ਕਟਾਈਆ । ਇਕੋ ਕਲਮਾ ਦੱਸ ਕੇ ਨਾਮ, ਕਾਇਨਾਤ ਦੇਣਾ ਸਮਝਾਈਆ । ਇਕੋ ਧਰਮ ਵਖਾ ਨਿਸ਼ਾਨ, ਨਿਸ਼ਾਨਾ ਤਾਰਾ ਚੰਦ ਮਿਟਾਈਆ । ਇਕੋ ਮੰਦਰ ਸੁਹਾ ਮਕਾਨ, ਬੰਕ ਦੁਆਰਾ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਮੇਰਾ ਹੋਣਾ ਵਕਤ ਸੁਹਾਵਣਾ, ਸੋਹਣੀ ਮਿਲੇ ਵਡਿਆਈਆ । ਮਾਨਵ ਜ਼ਾਤੀ ਇਕੋ ਦੋਹਰਾ ਗਾਵਣਾ, ਇਕੋ ਇਸ਼ਟ ਹੋਵੇ ਧੁਰ ਦਾ ਮਾਹੀਆ । ਮਾਨਸ ਮਾਨੁਖ ਇਕੋ ਇਸ਼ਟ ਮਨਾਵਣਾ, ਦੂਸਰ ਸੀਸ ਨਾ ਕੋਇ ਝੁਕਾਈਆ । ਇਕੋ ਪੁਰਖ ਅਕਾਲੇ ਸਭ ਨੇ ਪਕੜਨਾ ਦਾਮਨਾ, ਦਾਮਨਗੀਰ ਇਕ ਹੋ ਜਾਈਆ । ਜੋ ਮੇਟਣਹਾਰਾ ਕਲਜੁਗ ਅੰਧ ਅੰਧੇਰੀ ਸ਼ਾਮਨਾ, ਸ਼ਮਅ ਨੂਰ ਜੋਤ ਕਰੇ ਰੁਸ਼ਨਾਈਆ । ਜਿਸ ਨੂੰ ਸਭ ਨੇ ਕਹਿਣਾ ਗੌੜ ਬ੍ਰਾਹਮਣਾ, ਬ੍ਰਹਮ ਵਿਦਿਆ ਆਪਣੀ ਇਕ ਦ੍ਰਿੜਾਈਆ । ਦੀਨ ਦੁਨੀ ਦੇ ਅੰਤਰ ਨਿਰੰਤਰ ਕੂੜੀ ਕਿਰਿਆ ਮੇਟੇ ਤਾਮਨਾ, ਤ੍ਰਿਸ਼ਨਾ ਤ੍ਰਿਖਾ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਾਨ ਹੋ ਕੇ ਭਗਤ ਸੁਹੇਲੇ ਆਪਣੇ ਰੰਗ ਰੰਗਾਈਆ ।

### ✪ ੧੩ ਮਾਘ ਸ਼ਹਿਨਸ਼ਾਹੀ ਸੰਮਤ ੧੧ ਦਾਰਾ ਸਿੰਘ ਦੇ ਗ੍ਰਹਿ ਪਿੰਡ ਗ਼ਜ਼ਨੀਪੁਰ ਜ਼ਿਲਾ ਗੁਰਦਾਸਪੁਰ ✪

ਜਨ ਭਗਤਾਂ ਪ੍ਰਭ ਪੂਰੀ ਕਰੇ ਮੰਗ, ਸਤਿਗੁਰ ਸ਼ਬਦ ਸ਼ਬਦ ਦਏ ਵਡਿਆਈਆ । ਆਤਮ ਪਰਮਾਤਮ ਬਖ਼ਸ਼ੇ ਧੁਰ ਦਾ ਸੰਗ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਤਨ ਵਜੂਦ ਕਾਇਆ ਮਾਟੀ ਅੰਦਰ ਜਾਵੇ ਲੰਘ, ਸਚ ਸੁਆਮੀ ਹੋ ਕੇ ਵੇਖੇ ਚਾਈਂ ਚਾਈਆ । ਸਾਚੀ ਸੇਜ ਸੁਹੰਜਣੀ ਸੁਹਾਏ ਪਲੰਘ, ਸੁਖਆਸਣ ਬੈਠੇ ਧੁਰ ਦਾ ਮਾਹੀਆ । ਨਾਮ ਨਿਧਾਨ ਵਜਾਏ ਮਰਦੰਗ, ਅਨਹਦ ਨਾਦੀ ਨਾਦ ਕਰੇ ਸ਼ਨਵਾਈਆ ।

ਅੰਮ੍ਰਿਤ ਧਾਰ ਵਹਾਏ ਅਗੰਮੀ ਗੰਗ, ਗੰਗਾ ਗੰਗੋਤਰੀ ਜਿਸ ਨੂੰ ਸੀਸ ਨਿਵਾਈਆ । ਬਿਨ ਸਰਵਣਾਂ ਤੂੰ ਮੇਰਾ ਮੈਂ ਤੇਰਾ ਜਣਾਏ ਛੰਦ, ਬਿਨ ਅੱਖਰਾਂ ਅੱਖਰ ਪੜ੍ਹਾਈਆ । ਗ੍ਰਿਹ ਮੰਦਰ ਅੰਦਰ ਦੇਵੇ ਆਪ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਕਰੇ ਪਰਕਾਸ਼ ਬਿਨ ਸੂਰੀਆ ਚੰਦ, ਜੋਤੀ ਜਾਤਾ ਹੋ ਕੇ ਡਗਮਗਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਬੰਦਗੀ ਆਪਣੀ ਵਿਚ ਰਖਾਈਆ । ਆਵਣ ਜਾਵਣ ਲੱਖ ਚੁਰਾਸੀ ਤੋੜੇ ਫੰਦ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਮੇਲ ਮਿਲਾਈਆ । ਭਗਤ ਜਨਾਂ ਪ੍ਰਭ ਤਾਰਨਹਾਰਾ, ਜੁਗ ਜੁਗ ਦੇਵੇ ਮਾਣ ਵਡਿਆਈਆ । ਨਿਰਗੁਣ ਹੋ ਕੇ ਸਰਗੁਣ ਪਾਵੇ ਸਾਰਾ, ਸਤਿ ਸਤਿਵਾਦੀ ਆਪਣੀ ਦਇਆ ਕਮਾਈਆ । ਜਿਸ ਦਾ ਲਹਿਣਾ ਦੇਣਾ ਸਦਾ ਜੁਗ ਚਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਥਾਉਂ ਥਾਈਂਆ । ਉਹ ਸੰਤ ਸੁਹੇਲਾ ਬਣਾਏ ਮੀਤ ਮੁਰਾਰਾ, ਮਿਤਰ ਪਿਆਰਾ ਬਣੇ ਧੁਰ ਦਾ ਮਾਹੀਆ । ਗੁਰਮੁਖਾਂ ਦੇਵੇ ਨਾਮ ਅਪਾਰਾ, ਅੰਤਰ ਨਿਰੰਤਰ ਇਕੋ ਨਾਮ ਜਣਾਈਆ । ਗੁਰਸਿਖਾਂ ਦੇ ਕੇ ਹਕ ਇਸ਼ਾਰਾ, ਸੈਨਤ ਧੁਰ ਦੀ ਇਕ ਸਮਝਾਈਆ । ਘਰ ਸੁਆਮੀ ਠਾਕਰ ਮਿਲੇ ਕਰਤਾਰਾ, ਕ਼ੁਦਰਤ ਕ਼ਾਦਰ ਧੁਰਦਰਗਾਹੀਆ । ਆਤਮ ਪਰਮਾਤਮ ਦੱਸ ਜੈਕਾਰਾ, ਸੋਹੰ ਢੋਲਾ ਇਕ ਦ੍ਰਿੜਾਈਆ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਭਗਤ ਜਨਾਂ ਪ੍ਰਭ ਵੇਖਣ ਯੋਗ, ਜੁਗਤੀ ਆਪਣੇ ਹੱਥ ਰਖਾਈਆ । ਨਿਰਗੁਣ ਨਿਰਗੁਣ ਕਰੇ ਸੰਯੋਗ, ਸਰਗੁਣ ਮੇਲਾ ਸਹਿਜ ਸੁਭਾਈਆ । ਜਗਤ ਜੁਗਤ ਦਾ ਕੱਟੇ ਵਿਯੋਗ, ਸੁਰਤੀ ਸ਼ਬਦ ਸ਼ਬਦ ਸਮਾਈਆ । ਬਗ਼ੈਰ ਰਸ ਤੋਂ ਦੇਵੇ ਆਪਣਾ ਭੋਗ, ਭਸਮੜ ਆਪਣੀ ਖੇਲ ਖਿਲਾਈਆ । ਹਉਮੇ ਹੰਗਤਾ ਕਟ ਰੋਗ, ਮਾਇਆ ਮਮਤਾ ਮੋਹ ਚੁਕਾਈਆ । ਆਤਮ ਪਰਮਾਤਮ ਦੱਸ ਕੇ ਜੋਗ, ਜੁਗਤੀ ਪਾਰਬ੍ਰਹਮ ਬ੍ਰਹਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਂਆ । ਭਗਤ ਜਨਾਂ ਪ੍ਰਭ ਵੇਖੇ ਲੋਕਮਾਤ, ਵੇਖਣਹਾਰਾ ਬੇਪਰਵਾਹੀਆ । ਨਾਮ ਨਿਧਾਨਾ ਦੇਵੇ ਅਗੰਮੀ ਦਾਤ, ਵਸਤ ਅਮੋਲਕ ਇਕ ਵਰਤਾਈਆ । ਅੰਤਰ ਅੰਤਰ ਬਖ਼ਸ਼ ਕੇ ਬੂੰਦ ਸਵਾਂਤ, ਰਸ ਇਕੋ ਇਕ ਚਖਾਈਆ । ਤਨ ਵਜੂਦ ਕਰੇ ਸ਼ਾਂਤ, ਅਗਨੀ ਤਤ ਤਤ ਬੁਝਾਈਆ । ਜੋਤੀ ਜਾਤਾ ਹੋ ਕੇ ਦਰਸ਼ਨ ਦੇਵੇ ਆਪ ਇਕਾਂਤ, ਇਕ ਇਕੱਲਾ ਮਿਲੇ ਧੁਰ ਦਾ ਮਾਹੀਆ । ਬਿਨ ਰਸਨਾ ਜੇਹਵਾ ਕਰੇ ਬਾਤ, ਬਾਤਨ ਪਰਦਾ ਦਏ ਖੁਲ੍ਹਾਈਆ । ਜਨ ਭਗਤਾਂ ਪੁਛਣਹਾਰਾ ਵਾਤ, ਵੇਖੇ ਵਿਗਸੇ ਥਾਉਂ ਥਾਈਂਆ । ਸਚ ਪ੍ਰੀਤੀ ਜੋੜੇ ਨਾਤ, ਰਿਸ਼ਤਾ ਇਕੋ ਇਕ ਵਖਾਈਆ । ਅੰਤ ਕੰਤ ਭਗਵੰਤ ਪੁਛਣਹਾਰਾ ਵਾਤ, ਮਿਹਰਵਾਨ ਮਹਿਬੂਬ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਜਨ ਭਗਤਾਂ ਪ੍ਰਭ ਤਾਰਦਾ, ਤਾਰਨਹਾਰਾ ਏਕ । ਜੁਗ ਜੁਗ ਜਨਮ ਸਵਾਰਦਾ, ਬਖ਼ਸ਼ੇ ਧੁਰ ਦੀ ਟੇਕ । ਲੱਖ ਚੁਰਾਸੀ ਵਿਚੋਂ ਉਭਾਰਦਾ, ਤ੍ਰੈਗੁਣ ਮਾਇਆ ਨਾ ਲਾਏ ਸੇਕ । ਪ੍ਰਕਾਸ਼ ਦੇਵੇ ਜੋਤ ਉਜਿਆਰ ਦਾ, ਨਜ਼ਰੀ ਆਏ ਨੇਤਨ ਨੇਤ । ਸ਼ਬਦ ਸੁਣਾਏ ਆਪਣੀ ਧੁਨਕਾਰ ਦਾ, ਅੰਤਰ ਬੁੱਧੀ ਕਰੇ ਬਿਬੇਕ । ਘਰ ਵਖਾਏ ਸਚਖੰਡ ਦੁਆਰ ਦਾ, ਪਰਮਾਤਮ ਹੋ ਕੇ ਆਤਮ ਕਰੇ ਹੇਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ

ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਭਗਤਨ ਮੀਤਾ ਠਾਂਢਾ ਸੀਤਾ ਅਨਕ ਕਲਧਾਰੀ ਪਰਵਰਦਿਗਾਰੀ ਖੋਲ੍ਹਣਹਾਰਾ ਆਪਣਾ ਭੇਤ ।

✪ ੧੩ ਮਾਘ ਸ਼ਹਿਨਸ਼ਾਹੀ ਸੰਮਤ ੧੧ ਸੁਲਖਣੀ ਦੇ ਗ੍ਰਹਿ ਪਿੰਡ ਗ਼ਜ਼ਨੀਪੁਰ ਜ਼ਿਲਾ ਗੁਰਦਾਸਪੁਰ ✪

ਜਨ ਭਗਤ ਕਹਿਣ ਪ੍ਰਭ ਅੰਤਰ ਆਤਮ ਦੇ ਦੇ ਸੁਖ, ਸੁਖ ਸਾਗਰ ਵਿਚ ਸਮਾਈਆ । ਜਗਤ ਤ੍ਰਿਸ਼ਨਾ ਮੇਟ ਦੇ ਭੁਖ, ਮਾਇਆ ਮਮਤਾ ਹਉਮੇ ਹੰਗਤਾ ਦੂਰ ਕਰਾਈਆ । ਪੰਜ ਤਤ ਤੇਰੇ ਮਾਨਸ ਮਾਨਵ ਮਾਨੁਖ, ਰਜੋ ਤਮੋ ਸਤੋ ਮਿਲਕੇ ਖ਼ੁਸ਼ੀ ਬਣਾਈਆ । ਮਾਤ ਗਰਭ ਦਾ ਲੋਕਮਾਤੀ ਰੁੱਖ, ਉਲਟਾ ਦੀਨ ਦੁਨੀ ਜਣਾਈਆ । ਸਾਨੂੰ ਆਪਣੀ ਗੋਦੀ ਚੁਕ, ਨਵ ਨਵ ਦਾ ਲੇਖਾ ਰਹੇ ਨਾ ਰਾਈਆ । ਸਾਡਾ ਆਵਣ ਜਾਵਣ ਪਤਤ ਪਾਵਨ ਪੈਂਡਾ ਜਾਵੇ ਮੁਕ, ਲੱਖ ਚੁਰਾਸੀ ਫਾਸੀ ਗਲ ਨਾ ਕੋਇ ਲਟਕਾਈਆ । ਅਸੀਂ ਤੇਰਾ ਨਾਮ ਢੋਲਾ ਇਕੋ ਗਾਉਣਾ ਚਾਹੁੰਦੇ ਤੁਕ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਜਨ ਭਗਤ ਕਹਿਣ ਪ੍ਰਭ ਸਾਡਾ ਮੇਟ ਦੇ ਅਗਨੀ ਤਤ, ਤਤਵ ਤਤ ਨਾ ਕੋਇ ਜਲਾਈਆ । ਨਾੜ ਬਹੱਤਰ ਨਾ ਉਬਲੇ ਰਤ, ਰਤਨ ਅਮੋਲਕ ਹੀਰੇ ਲੈ ਬਣਾਈਆ । ਅੰਤਸ਼ਕਰਨ ਦੇ ਬ੍ਰਹਮ ਮਤਿ, ਪਾਰਬ੍ਰਹਮ ਪ੍ਰਭ ਆਪਣਾ ਭੇਵ ਖੁਲ੍ਹਾਈਆ । ਨੌਂ ਖੰਡ ਪ੍ਰਿਥਮੀ ਤੇਰਾ ਰੂਪ ਦਿਸੇ ਸਤਿ,
੧੨੮੬ ਸਤਿ ਸਤਿਵਾਦੀ ਹੋ ਕੇ ਧਿਆਨ ਲਗਾਈਆ । ਚਰਨ ਪ੍ਰੀਤੀ ਆਪਣੇ ਨਾਲ ਜੋੜ ਲੈ ਨਤ, ਨਾਤਵਾਂ ਤੇਰੇ ਅਗੇ ਵਾਸਤਾ ਪਾਈਆ । ਜੋਤੀ ਜੋਤ ੧੨੮੬
੨੪ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਜਨ ਭਗਤ ਕਹਿਣ ਪ੍ਰਭ ਤੇਰੇ ਪਿਆਰ ੨੪
ਨੂੰ ਤਰਸਦੇ, ਦਿਵਸ ਰੈਣ ਧਿਆਨ ਲਗਾਈਆ । ਅੱਠੇ ਪਹਿਰ ਤਨ ਵਜੂਦ ਭਟਕਦੇ, ਮਨ ਮਨਸਾ ਤੇਰੇ ਚਰਨ ਲਗਾਈਆ । ਮਿਹਰਵਾਨਾ ਸ੍ਰੀ ਭਗਵਾਨਾ ਅੰਮ੍ਰਿਤ ਮੇਘ ਨਾਮ ਬਰਸ ਦੇ, ਬੂੰਦਾ ਬਾਂਦੀ ਚਰਨ ਪ੍ਰੀਤੀ ਇਕ ਜਣਾਈਆ । ਸਾਡੇ ਲੇਖੇ ਮੁਕਾ ਦੇ ਸੋਗ ਹਰਖ਼ ਦੇ, ਚਿੰਤਾ ਗ਼ਮ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਭਗਤ ਕਹਿਣ ਪ੍ਰਭ ਦੇ ਦੇ ਨਾਮ ਅਧਾਰਾ, ਉਦਰ ਦਾ ਲੇਖਾ ਰਹੇ ਨਾ ਰਾਈਆ । ਤੂੰ ਸ਼ਾਹੋ ਭੂਪ ਸਿਕਦਾਰਾ, ਸ਼ਹਿਨਸ਼ਾਹ ਇਕ ਅਖਵਾਈਆ । ਵਸਤ ਅਮੋਲਕ ਦੇ ਦੇ ਥਾਰਾ, ਥਿਰ ਘਰ ਵਾਸੀ ਆਪਣੀ ਦਇਆ ਕਮਾਈਆ । ਸਾਡਾ ਖ਼ਾਲੀ ਭਰ ਭੰਡਾਰਾ, ਅਤੋਟ ਅਤੁਟ ਬੇਪਰਵਾਹੀਆ । ਹਰ ਹਿਰਦਿਉਂ ਨਿਕਲੇ ਤੇਰਾ ਨਾਮ ਜੈਕਾਰਾ, ਤੂੰ ਹੀ ਤੂੰ ਹੀ ਰਾਗ ਅਲਾਈਆ । ਸ਼ਬਦੀ ਨਾਦ ਦੇ ਧੁਨਕਾਰਾ, ਧੁਨ ਆਤਮਕ ਰਾਗ ਦੇ ਦ੍ਰਿੜਾਈਆ । ਅੰਮ੍ਰਿਤ ਰਸ ਬਖ਼ਸ਼ ਠੰਢੀ ਠਾਰਾ, ਅਗਨੀ ਤਤ ਤਤ ਗਵਾਈਆ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰਾ, ਜੋਤੀ ਜਾਤਾ ਹੋ ਕੇ ਡਗਮਗਾਈਆ । ਤੇਰੇ ਚਰਨ ਕਵਲ ਉਪਰ ਧਵਲ ਕਰੀਏ ਨਿਮਸਕਾਰਾ, ਨਿਵ ਨਿਵ ਧੂੜੀ ਖ਼ਾਕ ਰਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਪਾਉਣੀ ਸਾਰਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਦਰ ਮੰਗੀਏ ਤੇਰਾ ਸਚ ਦੁਆਰਾ ।

## ✪ ੧੩ ਮਾਘ ਸ਼ਹਿਨਸ਼ਾਹੀ ਸੰਮਤ ੧੧ ਹਰਬੰਸ ਕੌਰ ਦੇ ਗ੍ਰਿਹਿ ਪਿੰਡ ਗ਼ਜ਼ਨੀਪੁਰ ਜ਼ਿਲਾ ਗੁਰਦਾਸਪੁਰ ✪

ਨਾਰਦ ਕਹੇ ਪ੍ਰਭੂ ਮੈਂ ਦੂਰ ਦੁਰਾਡਾ ਆਇਆ ਦੌੜਾ, ਬਿਨ ਕ਼ਦਮਾਂ ਕ਼ਦਮ ਉਠਾਈਆ । ਦੋ ਜਹਾਨ ਸ੍ਰੀ ਭਗਵਾਨ ਤੇਰਾ ਤਕਿਆ ਅਗੰਮੀ ਪੌੜਾ, ਜਿਸ ਦੀ ਜਗਤ ਵੰਡ ਨਾ ਕੋਇ ਵੰਡਾਈਆ । ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਮੈਨੂੰ ਮਾਰਗ ਦਿਸਦਾ ਰਿਹਾ ਸੌੜਾ, ਆਕਾਸ਼ ਪਾਤਾਲ ਗਗਨ ਗਗਨੰਤਰ ਗਲੀ ਕੂਚਿਆਂ ਪੰਧ ਮੁਕਾਈਆ । ਤੇਰਾ ਲਹਿਣਾ ਦੇਣਾ ਤਕਣਾ ਚਾਹੁੰਦਾ ਬ੍ਰਾਹਮਣ ਗੌੜਾ, ਵੇਦ ਵਿਆਸਾ ਮੇਰੀ ਆਸਾ ਪੂਰ ਕਰਾਈਆ । ਦੀਨ ਦੁਨੀ ਦਾ ਫਲ ਵੇਖਿਆ ਨੌ ਖੰਡ ਪ੍ਰਿਥਮੀ ਕੌੜਾ, ਕੁਤੱਤਣ ਭਰੀ ਖ਼ਲਕ ਖ਼ੁਦਾਈਆ । ਜਾਂ ਨਿਗਾਹ ਮਾਰੀ ਮੈਨੂੰ ਸੱਸੇ ਉਪਰ ਦਿਸਿਆ ਹੋੜਾ, ਸੋ ਪੁਰਖ ਨਿਰੰਜਣ ਕੀ ਤੇਰੀ ਬੇਪਰਵਾਹੀਆ । ਜਾਂ ਅੱਖ ਖੋਲ੍ਹੀ ਹੰ ਬ੍ਰਹਮ ਪਾਵਣ ਵਾਲਾ ਮੋੜਾ, ਆਤਮ ਪਰਮਾਤਮ ਪਰਦਾ ਰਿਹਾ ਉਠਾਈਆ । ਮੈਂ ਤੇਰਾ ਆਦਿ ਜੁਗਾਦੀ ਬਾਲ ਬਾਂਕਾ ਛੋਹਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਦੇਣੀ ਮਾਣ ਵਡਿਆਈਆ । ਨਾਰਦ ਕਹੇ ਮੈਂ ਭੱਜਾ ਨਠਾ ਆਇਆ ਮੁਕਾ ਕੇ ਪੰਧ, ਜਗਤ ਜਹਾਨ ਬਿਨ ਚਰਨਾਂ ਚਰਨਾਂ ਹੇਠ ਦਬਾਈਆ । ਮੈਨੂੰ ਕੂਕ ਪੁਕਾਰਨ ਤਾਰਾ ਚੰਦ, ਨਿਸ਼ਾਨ ਉਮਤ ਵਾਲਾ ਦਏ ਦੁਹਾਈਆ । ਪੰਡਤਾ ਔਹ ਨਿਗਾਹ ਮਾਰ ਲੈ ਜੋ ਸੰਦੇਸ਼ਾ ਗੋਬਿੰਦ ਦੇ ਕੇ ਗਿਆ ਪੁਰੀ ਅਨੰਦ, ਬਿਨ ਰਸਨਾ ਜਿਹਵਾ ਢੋਲਾ ਧੁਰ ਦਾ ਨਾਮ ਜਣਾਈਆ । ਜਿਸ ਵਿਚ ਇਕੋ ਤੂੰ ਮੇਰਾ ਮੈਂ ਤੇਰਾ ਛੰਦ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ
੧੨੮੭ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਨਾਰਦ ਕਹੇ ਮੈਂ ਦੂਰ ਦੁਰਾਡਾ ਆਇਆ, ਬਣਿਆ ਪਾਂਧੀ ੧੨੮੭
੨੪ ਰਾਹੀਆ । ਮੇਰਾ ਮਾਲਕ ਬੇਪਰਵਾਹਿਆ, ਬੇਪਰਵਾਹੀ ਵਿਚ ਸਮਾਈਆ । ਜਿਸ ਦੇ ਦੁਆਰੇ ਇਕੋ ਅਲਖ ਜਗਾਇਆ, ਇਕੋ ਸੀਸ ਨਿਵਾਈਆ । ੨੪
ਸੋ ਸੰਦੇਸ਼ਾ ਰਿਹਾ ਸੁਣਾਇਆ, ਬਿਨ ਅੱਖਰਾਂ ਅੱਖਰ ਪੜ੍ਹਾਈਆ । ਦੀਨ ਦੁਨੀ ਤਕਣਾ ਵੇਖਣਾ ਖ਼ਲਕ ਸਬਾਇਆ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਮੈਂ ਨੌ ਖੰਡ ਪ੍ਰਿਥਮੀ ਤਕਿਆ, ਬਿਨ ਨੇਤਰ ਲੋਚਨ ਨੈਣ ਉਠਾਈਆ । ਸਾਜਣ ਮੀਤ ਰਿਹਾ ਕੋਇ ਨਾ ਸਕਿਆ, ਮਿਤਰ ਪਿਆਰਾ ਦਿਸੇ ਕੋਇ ਨਾ ਖ਼ਲਕ ਖ਼ੁਦਾਈਆ । ਫਿਰੀ ਦਰੋਹੀ ਮਦੀਨਾ ਮੱਕਿਆ, ਕਾਅਬੇ ਰਹੇ ਕੁਰਲਾਈਆ । ਮੈਂ ਝਟ ਗੁਰ ਅਵਤਾਰਾਂ ਪੈਗ਼ੰਬਰਾਂ ਵਾਲਾ ਕਢਿਆ ਪਟਿਆ, ਜਿਸ ਉਤੇ ਲੇਖਾ ਲਿਖਿਆ ਬੇਪਰਵਾਹੀਆ । ਕਲਜੁਗ ਅੰਤ ਦੀਨ ਦੁਨੀ ਦੀ ਕ਼ੀਮਤ ਰਹਿਣੀ ਨਹੀਂ ਟਕਿਆ, ਚਾਰ ਕੁੰਟ ਦਹਿ ਦਿਸ਼ਾ ਖੇਲੇ ਖੇਲ ਅਗੰਮ ਅਥਾਹੀਆ । ਦ੍ਰਿਸ਼ਟੀ ਸ੍ਰਿਸ਼ਟੀ ਹੋਣੀ ਵਣਜਾਰੀ ਪਾਹਨ ਪੱਥਰ ਵੱਟਿਆ, ਪੁਰਖ ਅਕਾਲੇ ਦੀਨ ਦਿਆਲੇ ਸੀਸ ਸਕੇ ਨਾ ਕੋਇ ਝੁਕਾਈਆ । ਪ੍ਰਭੂ ਦਾ ਨਾਮ ਵੇਚਣ ਹੱਟੋ ਹੱਟਿਆ, ਗ੍ਰੰਥ ਸ਼ਾਸਤਰ ਟਕਿਆਂ ਉਤੋਂ ਆਪਣਾ ਰੰਗ ਲੈਣ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਮੈਂ ਬਣ ਬਣ ਆਇਆ ਰਾਹੀ, ਧੁਰ ਰਹਿਬਰ ਦਿਤੀ ਵਡਿਆਈਆ । ਗੁਰ ਅਵਤਾਰ ਪੈਗ਼ੰਬਰ ਦੇਣ ਸਲਾਹੀ, ਮਸ਼ਵਰਾ ਇਕੋ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਸੰਦੇਸ਼ਾ ਦੇਵਣ ਚਾਈਂ ਚਾਈਂ, ਚਾਉ ਘਨੇਰਾ ਇਕ ਪ੍ਰਗਟਾਈਆ । ਤੂੰ ਪੰਡਤ ਬ੍ਰਾਹਮਣ ਨੂਰ ਨੁਰਾਨਾ ਨੂਰ ਅਲਾਹੀ, ਜ਼ਹੂਰ ਇਕੋ ਇਕ ਵਖਾਈਆ । ਤੇਰਾ ਲੇਖਾ ਲਿਖ ਸਕੇ ਨਾ ਚਾਰ ਜੁਗ ਦੀ ਸ਼ਾਹੀ, ਕ਼ਲਮ ਕਾਗਦ

ਨਾ ਕੋਇ ਵਡਿਆਈਆ । ਤੇਰਾ ਮਾਲਕ ਪ੍ਰਿਤਪਾਲਕ ਧੁਰਦਰਗਾਹੀ, ਦੋ ਜਹਾਨਾਂ ਵਾਲੀ ਇਕ ਅਖਵਾਈਆ । ਜਿਸ ਲੋਕਮਾਤੀ ਖੇਲ ਰਚਾਈ, ਰਚਨਾ ਆਪਣੀ ਆਪ ਜਣਾਈਆ । ਤੂੰ ਪੰਡਤਾ ਪਹੁੰਚਣਾ ਓਸੇ ਥਾਈਂ, ਭੱਜਣਾ ਵਾਹੋ ਦਾਹੀਆ । ਇਕ ਸੰਦੇਸ਼ਾ ਦੇਣਾ ਸੁਣਾਈ, ਤੈਨੂੰ ਸਹਿਜ ਸਹਿਜ ਦ੍ਰਿੜਾਈਆ । ਨਾਰਦ ਹਸ ਕੇ ਕਿਹਾ ਪਹਿਲੋਂ ਦੋਵੇਂ ਉਠਾਓ ਬਾਹੀਂ, ਬਿਨ ਹੱਥਾਂ ਹੱਥ ਵਖਾਈਆ । ਸਾਰੇ ਇਸ਼ਟ ਮੰਨੋ ਇਕੋ ਮਾਹੀ, ਦੂਜਾ ਨਜ਼ਰ ਕੋਇ ਨਾ ਆਈਆ । ਫੇਰ ਸਾਰੇ ਮੇਰੀ ਸ਼ਹਾਦਤ ਦਿਉ ਗਵਾਹੀ, ਇਕੋ ਨਾਮ ਭੁਗਤਾਈਆ । ਮੈਂ ਲੋਕਮਾਤ ਸੰਦੇਸ਼ਾ ਦੇਵਾਂ ਅਗੰਮ ਅਥਾਹੀ, ਅਲਖ ਅਗੋਚਰ ਦਿਆਂ ਜਣਾਈਆ । ਨਾਲੇ ਨਿਗਾਹ ਮਾਰ ਲਓ ਗੋਬਿੰਦ ਦਾ ਬੀਤ ਗਿਆ ਢਈਆ ਢਾਈ, ਚੌਕਿਆਂ ਵਿਚੋਂ ਆਪਣੀ ਲੈ ਅੰਗੜਾਈਆ । ਜਿਸ ਉਤੇ ਲੇਖਾ ਲਿਖਿਆ ਕਲਜੁਗ ਅੰਤ ਸ੍ਰੀ ਭਗਵੰਤ ਮੇਟਣੀ ਕੂੜੀ ਸ਼ਾਹੀ, ਸ਼ਹਿਨਸ਼ਾਹ ਇਕੋ ਸੋਭਾ ਪਾਈਆ । ਉਹ ਨੂਰ ਨੁਰਾਨਾ ਸ਼ਾਹ ਸੁਲਤਾਨਾ ਰੂਪ ਅਲਾਹੀ, ਅੱਲਾ ਵਾਹਿਗੁਰੂ ਕਹਿ ਕੇ ਜਿਸ ਨੂੰ ਸਾਰੇ ਗਾਈਆ । ਉਸ ਦਾ ਇਕੋ ਹਿੰਦਸਾ ਇਕੋ ਨਿਰਅੱਖਰ ਧਾਰ ਇਕਾਈ, ਏਕੰਕਾਰ ਦਏ ਵਡਿਆਈਆ । ਨਾਰਦ ਕਹੇ ਮੈਂ ਉਸ ਦਾ ਲਹਿਣਾ ਦੇਣਾ ਦੇਣਾ ਸਮਝਾਈ, ਬਿਨ ਵਿਦਿਆ ਜਗਤ ਜੁਗਤ ਨਾਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਖਣਹਾਰਾ ਆਦਿ ਜੁਗਾਦਿ ਨਿਰਗੁਣ ਸਰਗੁਣ ਥਾਉਂ ਥਾਈਂ, ਦੋ ਜਹਾਨ ਥਾਨ ਥਨੰਤਰ ਵੇਖੇ ਚਾਈਂ ਚਾਈਆ ।



੧੨੮੮ ੨੪

## ੧੩ ਮਾਘ ਸ਼ਹਿਨਸ਼ਾਹੀ ਸੰਮਤ ੧੧ ਗੁਰਮੁਖ ਸਿੰਘ ਦੇ ਗ੍ਰਿਹ ਪਿੰਡ ਸ਼ੋਹਣ ਜ਼ਿਲਾ ਗੁਰਦਾਸਪੁਰ

ਨਾਰਦ ਕਹੇ ਕੀ ਸੰਦੇਸ਼ਾ ਦਿਤਾ ਬਾਬਾ ਆਦਮ ਮਾਈ ਹਵਾ, ਪਵਣ ਪਾਣੀ ਤੋਂ ਬਾਹਰ ਭੇਵ ਜਣਾਈਆ । ਖੇਲ ਕਰੇ ਪਰਵਰਦਿਗਾਰ ਸਾਂਝਾ ਯਾਰ ਇਕ ਨਵਾਂ, ਨਵ ਸੱਤ ਦਾ ਮਾਲਕ ਧੁਰਦਰਗਾਹੀਆ । ਜਿਸ ਦੇ ਪੈਗ਼ੰਬਰ ਅਵਤਾਰ ਗੁਰੂ ਹੋਣੇ ਗਵਾਹ, ਸ਼ਹਾਦਤ ਨਾਮ ਕਲਮਿਆਂ ਵਾਲੀ ਭੁਗਤਾਈਆ । ਉਸ ਦੀਨ ਦੁਨੀ ਦਾ ਬਦਲ ਦੇਣਾ ਸਮਾਂ, ਜਗਤ ਸਮਝ ਤੋਂ ਬਾਹਰ ਆਪਣਾ ਹੁਕਮ ਵਰਤਾਈਆ । ਝਗੜਾ ਮਿਟਾਉਣਾ ਕਾਇਆ ਮਾਟੀ ਚੰਮਾ, ਚੰਮ ਦ੍ਰਿਸ਼ਟੀ ਸਭ ਦੀ ਦਏ ਬਦਲਾਈਆ । ਧਰਨੀ ਧਰਤ ਧਵਲ ਧੌਲ ਸਭ ਦੀ ਦਰਸਾਉਣੀ ਅੰਮਾ, ਅੰਮੀਜਾਨ ਇਕ ਸਮਝਾਈਆ । ਨਾਰਦ ਕਹੇ ਮੈਂ ਝਟ ਵਿਚ ਆ ਗਿਆ ਗ਼ਮੀ ਨਾਲ ਗ਼ਮਾ, ਆਪ ਆਪਣਾ ਰੂਪ ਬਦਲਾਈਆ । ਨੇਤਰ ਨੀਰ ਵਹਾਇਆ ਬਿਨ ਅੱਖੀਆਂ ਛੰਮ ਛੰਮਾ, ਛਹਿਬਰ ਦਿਤੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੈਂ ਬਿਨ ਅੱਖਰਾਂ ਕੀਤੀ ਅਰਦਾਸ, ਬਿਨ ਰਸਨਾ ਜਿਹਵਾ ਦਿਤੀ ਜਣਾਈਆ । ਨਿਗਾਹ ਮਾਰ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਧਿਆਨ ਲਗਾਈਆ । ਦੀਨ ਦੁਨੀ ਦਾ ਤੇਰੇ ਉਤੇ ਰਿਹਾ ਨਾ ਕੋਈ ਵਿਸ਼ਵਾਸ, ਵਿਸ਼ਿਆਂ ਭਰੀ ਲੋਕਾਈਆ । ਝਗੜਾ ਤਕ ਪ੍ਰਿਥਮੀ ਆਕਾਸ਼, ਨਵ ਸੱਤ ਧਿਆਨ ਲਗਾਈਆ । ਸਚ ਪ੍ਰੇਮ ਦੀ ਪਾਵੇ ਕੋਈ ਨਾ ਰਾਸ, ਗੋਪੀ ਕਾਹਨ ਬੈਠੇ ਮੁਖ ਛੁਪਾਈਆ । ਮੇਰਾ ਅੰਤਸ਼ਕਰਨ ਹੋਇਆ ਉਦਾਸ, ਹੈਰਾਨੀ ਵਿਚ ਮੇਰੀ ਦੁਹਾਈਆ । ਨਾਮ ਕਲਮਾ ਤੇਰਾ ਰਿਹਾ ਕਿਸੇ ਨਾ ਪਾਸ, ਚਾਰ ਜੁਗ ਦੇ ਸ਼ਾਸਤਰ ਰਹੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਇਕ ਪਰਗਟਾਈਆ । ਕਲਜੁਗ ਕਹੇ ਪ੍ਰਭੂ ਮੈਂ ਵੇਖੀ ਤੇਰੀ ਦੀਨ ਦੁਨੀ, ਦੋ ਜਹਾਨਾਂ ਦੇ ਮਾਲਕ ਧਿਆਨ ਲਗਾਈਆ । ਧਰਮ ਦਾ ਰਿਹਾ ਨਾ ਕੋਇ ਗੁਣੀ, ਅਵਗੁਣ ਭਰੀ ਜਗਤ ਲੋਕਾਈਆ । ਤੇਰੀ ਸ਼ਬਦ ਆਵਾਜ਼ ਕਿਸੇ ਨਾ ਸੁਣੀ, ਧੁਨ ਆਤਮ ਨਾ ਕੋਇ ਦ੍ਰਿੜਾਈਆ । ਮੈਂ ਜੋ ਦੇਖਿਆ ਤੈਨੂੰ ਦੱਸਾਂ ਹੁਣੀ, ਅਭੀ ਦਿਆਂ ਸੁਣਾਈਆ । ਪੂਰਬ ਲੇਖਾ ਯਾਦ ਆ ਗਿਆ ਜਿਸ ਵੇਲੇ ਦੁਆਪਰ ਲੇਖਾ ਚੁਕਿਆ ਅਠਾਰਾਂ ਅਕਸ਼ੂਣੀ, ਕਾਹਨ ਕ੍ਰਿਸ਼ਨ ਦਏ ਗਵਾਹੀਆ । ਏਸ ਵੇਲੇ ਦੀਨ ਦੁਨੀ ਦੀ ਜਨ ਸੰਖਿਆ ਵਧ ਗਈ ਬਹੁ ਗੁਣੀ, ਗਿਣਤੀ ਗਣਤ ਨਾ ਕੋਇ ਗਿਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਸਾਹਿਬ ਹੁਕਮ ਵਰਤਾਈਆ । ਨਾਰਦ ਕਹੇ ਪ੍ਰਭੂ ਮੈਂ ਚਾਰ ਕੁੰਟ ਤੇਰਾ ਫਿਰ ਕੇ ਵੇਖਿਆ ਜਗ, ਜਗ ਜੀਵਣ ਦਾਤੇ ਦਿਆਂ ਜਣਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਤਨ ਵਜੂਦਾਂ ਅੰਦਰ ਲੱਗੀ ਅੱਗ, ਅੰਮ੍ਰਿਤ ਮੇਘ ਤੇਰਾ ਨਾਮ ਨਾ ਕੋਇ ਬਰਸਾਈਆ । ਸਾਚੀ ਸੰਗਤ ਸੰਤ ਸਾਧ ਵੇਖੇ ਕੋਈ ਨਾ ਉਪਰ ਸ਼ਾਹਰਗ, ਨਵ ਦੁਆਰ ਦਾ ਪੰਧ ਮੁਕਾਈਆ । ਕਲਜੁਗ ਕੂੜ ਕਿਰਿਆ ਕਾਮ ਵਾਸ਼ਨਾ ਸਾਰੇ ਕੀਤੇ ਅਲਪਗ, ਪਤਿਪਰਮੇਸ਼ਵਰ ਤੇਰੇ ਰੰਗ ਨਾ ਕੋਇ ਸਮਾਈਆ । ਤੂੰ ਸੁਆਮੀ ਸ਼ਹਿਨਸ਼ਾਹ ਸਰਬਗ, ਹਰਿ ਕਰਤਾ ਅਗੰਮ ਅਥਾਹੀਆ । ਮੈਂ ਤੇਰੀ ਸਰਨ ਚਰਨ ਖ਼ੁਸ਼ੀਆਂ ਨਾਲ ਰਿਹਾ ਲੱਗ, ਲਗ ਮਾਤਰ ਡੇਰਾ ਢਾਹੀਆ । ਦੀਨ ਦੁਨੀ ਆਤਮ ਧਾਰ ਪਰਮਾਤਮ ਤੇਰੇ ਨਾਲੋਂ ਹੋਈ ਅਲਗ, ਪਾਰਬ੍ਰਹਮ ਬ੍ਰਹਮ ਰੰਗ ਨਾ ਕੋਇ ਚੜ੍ਹਾਈਆ ।
੧੨੮੯ ਬਿਨਾ ਪਵਣ ਤੋਂ ਤਤੀ ਵਾ ਰਹੀ ਵਗ, ਤਨ ਵਜੂਦਾਂ ਰਹੀ ਜਲਾਈਆ । ਸਚ ਦੁਆਰ ਏਕੰਕਾਰ ਮੇਰੀ ਇਕੋ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ੧੨੮੯
੨੪ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਲੋਕਮਾਤ ਦਾ ਦਰ ਦਰਵਾਜ਼ਾ ਲੰਘ, ਗ਼ਰੀਬ ਨਿਵਾਜ਼ਾ ਹੋ ਕੇ ਫੇਰਾ ਪਾਈਆ । ਇਕੋ ਨਾਮ ਸ਼ਬਦ ਵਜਾ ਮਰਦੰਗ, ੨੪
ਮਰਦ ਮਰਦਾਨੇ ਦੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੂੜੀ ਕਿਰਿਆ ਕਲਜੁਗ ਅੰਤਮ ਕਰ ਭੰਗ, ਭਾਵਨਾ ਸਤਿ ਸਚ ਨਿਰਗੁਣ ਧਾਰ ਆਪ ਪਰਗਟਾਈਆ ।

### ✪ ੧੩ ਮਾਘ ਸ਼ਹਿਨਸ਼ਾਹੀ ਸੰਮਤ ੧੧ ਭਜਨ ਸਿੰਘ ਦੇ ਗ੍ਰਿਹ ਪਿੰਡ ਜੀਉ ਜਲਾਈ ਜ਼ਿਲਾ ਗੁਰਦਾਸਪੁਰ ✪

ਸਤਿਗੁਰ ਸ਼ਬਦ ਕਹੇ ਮੇਰਾ ਵੱਜਣ ਵਾਲਾ ਮਰਦੰਗਾ, ਮਰਦ ਮਰਦਾਨਾ ਨੌਜੁਆਨਾ ਹੋ ਕੇ ਦਿਆਂ ਵਜਾਈਆ । ਸੰਦੇਸ਼ ਸੁਣਾਉਣਾ ਜੋ ਸੁਣਾਏ ਸੂਰਾ ਸਰਬੰਗਾ, ਪੁਰਖ ਅਕਾਲਾ ਦੀਨ ਦਿਆਲਾ ਧੁਰਦਰਗਾਹੀਆ । ਜਿਸ ਦੇ ਹੁਕਮ ਵਿਚ ਸਤਿਜੁਗ ਤ੍ਰੇਤਾ ਦੁਆਪਰ ਲੰਘਾ, ਕਲਜੁਗ ਅੰਤਮ ਵੇਖ ਵਖਾਈਆ । ਜਗਤ ਜਹਾਨ ਜੀਵ ਹੋਵਣ ਵਾਲਾ ਦੰਗਾ, ਝਗੜੇ ਵਿਚ ਦਿਸੇ ਖ਼ਲਕ ਖ਼ੁਦਾਈਆ । ਬਿਨ ਭਗਤਾਂ ਆਤਮ ਪਰਮਾਤਮ ਹੋਵੇ ਕਿਸੇ ਨਾ ਰੰਗਾ, ਰੰਗਤ ਨਾਮ ਨਾ ਕੋਇ ਚੜ੍ਹਾਈਆ । ਨੇਤਰ ਰੋਵੇ ਜਮਨਾ ਸੁਰਸਤੀ ਗੋਦਾਵਰੀ ਗੰਗਾ, ਤੀਰਥ ਤਟ ਰਹੇ ਕੁਰਲਾਈਆ । ਸਤਿ ਸਤਿਵਾਦੀ ਸਚ ਲਾਏ ਕੋਈ ਨਾ ਅੰਗਾ, ਅੰਗੀਕਾਰ ਨਾ ਕੋਇ ਅਖਵਾਈਆ । ਧਰਮ ਦਾ ਸੀਸ ਹੋ ਗਿਆ ਨੰਗਾ, ਓਢਣ ਸਚ ਨਾ ਕੋਇ ਟਿਕਾਈਆ । ਜਗਤ ਜਗਿਆਸੂ ਕੂੜ ਕੁੜਿਆਰ ਵੇਖ ਲੈ ਧੰਦਾ, ਧਰਮ ਦੀ ਧਾਰ ਵੇਖਣ ਕੋਇ ਨਾ ਪਾਈਆ । ਬੰਦਗੀ ਵਿਚ ਦਿਸੇ ਕੋਈ ਨਾ ਬੰਦਾ, ਬੰਧਨ

ਸਕੇ ਨਾ ਕੋਇ ਤੁੜਾਈਆ । ਅੰਤਰ ਨਿਰੰਤਰ ਮਿਲੇ ਨਾ ਕਿਸੇ ਅਨੰਦਾ, ਸਤਿ ਸਚ ਸੰਗ ਨਾ ਕੋਇ ਰਖਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਏ ਕੋਈ ਨਾ ਛੰਦਾ, ਰਸਨਾ ਜੇਹਵਾ ਬੱਤੀ ਦੰਦ ਜਗਤ ਜਹਾਨ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਹੋਣਾ ਅਣਹੋਣਾ, ਦੋ ਜਹਾਨਾਂ ਸਮਝ ਕੋਇ ਨਾ ਪਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਧੀਰਜ ਧੀਰ ਨਾ ਕਿਸੇ ਧਰਾਉਣਾ, ਧਰਮ ਦੀ ਧਾਰ ਵੇਖਣ ਕੋਇ ਨਾ ਪਾਈਆ । ਸਦੀ ਚੌਧਵੀਂ ਵੀਹਵੀਂ ਅੰਤ ਕਰਾਉਣਾ, ਅੰਤਸ਼ਕਰਨ ਤਕ ਖ਼ਲਕ ਖ਼ੁਦਾਈਆ । ਕਲਜੁਗ ਕੂੜੀ ਕਿਰਿਆ ਪੰਧ ਮੁਕਾਉਣਾ, ਕਰਮ ਕਾਂਡ ਦਾ ਡੇਰਾ ਢਾਹੀਆ । ਗੁਰ ਅਵਤਾਰ ਪੈਗ਼ੰਬਰਾਂ ਭਵਿਖਤ ਲੇਖਾ ਝੋਲੀ ਪਾਉਣਾ, ਪੇਸ਼ੀਨਗੋਈਆਂ ਹੁਕਮ ਨਾਲ ਜਣਾਈਆ । ਸਤਿਜੁਗ ਸਤਿ ਧਰਮ ਪਰਗਟਾਉਣਾ, ਪਰਗਣਾ ਨੌ ਖੰਡ ਸਮਝਾਈਆ । ਇਕੋ ਨਾਮ ਨਾਮ ਦ੍ਰਿੜਾਉਣਾ, ਜਗਤ ਜਹਾਨ ਸਚ ਸੁਣਵਾਈਆ । ਇਕੋ ਇਸ਼ਟ ਦੇਵ ਵਖਾਉਣਾ, ਬਿਨ ਪੁਰਖ ਅਕਾਲ ਦੂਜਾ ਨਜ਼ਰ ਕੋਇ ਨਾ ਆਈਆ । ਇਕੋ ਮੰਦਰ ਦੁਆਰ ਸੁਹਾਉਣਾ, ਬੰਕ ਇਕੋ ਵਜੇ ਵਧਾਈਆ । ਦੀਨ ਮਜ਼੍ਹਬ ਦਾ ਪੰਧ ਮੁਕਾਉਣਾ, ਸ਼ਰਅ ਸ਼ਰੀਅਤ ਕਰੇ ਨਾ ਕੋਇ ਲੜਾਈਆ । ਜ਼ਾਤ ਪਾਤ ਦਾ ਡੇਰਾ ਢਾਉਣਾ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਆਤਮ ਬ੍ਰਹਮ ਭੇਵ ਖੁਲ੍ਹਾਉਣਾ, ਪਾਰਬ੍ਰਹਮ ਪ੍ਰਭ ਪਰਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਰਖਾਈਆ । ਸਤਿਗੁਰ
੧੨੯੦ ਸ਼ਬਦ ਕਹੇ ਮੇਰਾ ਖੇਲ ਹੋਣਾ ਅਪਾਰਾ, ਅਪਰੰਪਰ ਸੁਆਮੀ ਦਏ ਵਡਿਆਈਆ । ਕਲਜੁਗ ਮੇਟਣਾ ਅੰਧ ਅੰਧਿਆਰਾ, ਅਗਿਆਨ ਰਹਿਣ ਕੋਇ ੧੨੯੦
੨੪ ਨਾ ਪਾਈਆ । ਸਤਿ ਧਰਮ ਕਰਨਾ ਉਜਿਆਰਾ, ਸਤਿ ਸਚ ਨਾਲ ਮਿਲਾਈਆ । ਜੋਤੀ ਜਾਤਾ ਪੁਰਖ ਬਿਧਾਤਾ ਦਏ ਸਹਾਰਾ, ਸਿਰ ਸਿਰ ਆਪਣਾ ੨੪
ਹੱਥ ਟਿਕਾਈਆ । ਸਤਿਜੁਗ ਸਾਚਾ ਧਰਨੀ ਧਰਤ ਧਵਲ ਧੌਲ ਪਰਗਟ ਹੋਵੇ ਆਪਣੀ ਧਾਰਾ, ਧਰਮ ਦੀ ਧਾਰ ਨਾਲ ਮਿਲਾਈਆ । ਚਾਰ ਵਰਨਾਂ ਏਕੋ ਸਰਨਾ, ਪ੍ਰਭ ਬਖ਼ਸ਼ੇ ਏਕੰਕਾਰਾ, ਪਰਵਰਦਿਗਾਰ ਦਏ ਸਰਨਾਈਆ । ਸਭ ਦਾ ਇਕੋ ਹੋਵੇ ਨਾਅਰਾ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਸਤਿਗੁਰ ਸ਼ਬਦ ਕਹੇ ਮੇਰਾ ਹੋਵੇ ਅਗੰਮ ਫ਼ਰਮਾਨਾ, ਫੁਰਨਿਆਂ ਤੋਂ ਬਾਹਰ ਜਣਾਈਆ । ਕਿਸ ਬਿਧ ਪੁਰਖ ਅਕਾਲਾ ਦੀਨ ਦਿਆਲਾ ਵਰਤੇ ਆਪਣਾ ਭਾਣਾ, ਜਗਤ ਜਹਾਨ ਨੌਜੁਆਨ ਸ੍ਰੀ ਭਗਵਾਨ ਬੇਪਰਵਾਹੀਆ । ਤਖ਼ਤੋਂ ਲਾਹੇ ਰਾਜਾ ਰਾਣਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਹੁਕਮ ਦ੍ਰਿੜਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਗ੍ਰਿਹਿ ਮੰਦਰ ਮਿਲੇ ਨਾ ਕਿਸੇ ਟਿਕਾਣਾ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਫਿਰੇ ਖ਼ਲਕ ਖ਼ੁਦਾਈਆ । ਕੋਟਾਂ ਵਿਚੋਂ ਜਨ ਭਗਤ ਸੁਹੇਲੇ ਜਿਨ੍ਹਾਂ ਪ੍ਰਭ ਬਖ਼ਸ਼ੇ ਚਰਨ ਧਿਆਨਾ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਆਤਮ ਦ੍ਰਿਸ਼ਟੀ ਦੇਵੇ ਨਾਮ ਨਿਧਾਨਾ, ਗੁਣਵੰਤਾ ਆਪਣੀ ਦਇਆ ਕਮਾਈਆ । ਸਚ ਦੁਆਰ ਏਕੰਕਾਰ ਵਖਾਏ ਅਗੰਮ ਮਕਾਨਾ, ਜਿਸ ਦੀ ਛੱਪਰ ਛੰਨ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਨੌਜੁਆਨਾ, ਜੋਬਨਵੰਤਾ ਇਕ ਅਖਵਾਈਆ ।

## ੧੩ ਮਾਘ ਸ਼ਹਿਨਸ਼ਾਹੀ ਸੰਮਤ ੧੧ ਗੁਰਦੇਵ ਸਿੰਘ ਦੇ ਗ੍ਰਿਹ ਪਿੰਡ ਸ਼ੋਹਣ ਜ਼ਿਲਾ ਗੁਰਦਾਸਪੁਰ

ਨਾਰਦ ਕਹੇ ਸਤਿਗੁਰ ਸ਼ਬਦ ਧੁਰ ਦਾ ਹੁਕਮ ਦੱਸ ਅਪਾਰ, ਅਪਰੰਪਰ ਹੋ ਕੇ ਭੇਵ ਚੁਕਾਈਆ । ਜਿਸ ਨਾਲ ਸਚਖੰਡ ਅਵਤਾਰ ਪੈਗ਼ੰਬਰ ਗੁਰ ਹੋਵਣ ਖ਼ਬਰਦਾਰ, ਜੋਤ ਧਾਰ ਲੈਣ ਅੰਗੜਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਵਣ ਹੁਸ਼ਿਆਰ, ਹੁਸ਼ਿਆਰੀ ਆਪਣੇ ਵਿਚੋਂ ਪਰਗਟਾਈਆ । ਦੇਵਤ ਸੁਰ ਹੋਵਣ ਖ਼ਬਰਦਾਰ, ਆਲਸ ਨਿੰਦਰਾ ਨਜ਼ਰ ਕੋਇ ਨਾ ਆਈਆ । ਇਕੋ ਤੇਰਾ ਹੁਕਮ ਸੰਦੇਸ਼ਾ ਹੋਵੇ ਸ਼ਬਦ ਦੀ ਧਾਰ, ਨਿਰਅੱਖਰ ਧਾਰ ਵਿਚੋਂ ਸਮਝਾਈਆ । ਭੇਵ ਅਭੇਦਾ ਖੋਲ੍ਹ ਕੀ ਲਹਿਣਾ ਦੇਣਾ ਕਲਜੁਗ ਜੀਵ ਜੰਤ ਅੰਤ ਸੰਸਾਰ, ਨਵ ਸੱਤ ਆਪਣਾ ਧਿਆਨ ਲਗਾਈਆ । ਕਿਸ ਬਿਧ ਮਿਟੇ ਧੂੰਆਂਧਾਰ, ਧਰਮ ਦੀ ਧਾਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਨਾਰਦ ਕਹੇ ਸਤਿਗੁਰ ਸ਼ਬਦ ਕਿਸ ਬਿਧ ਕਰਾਵੇਂ ਅਦਲ, ਇਨਸਾਫ਼ ਕੀ ਜਣਾਈਆ । ਕਿਸ ਬਿਧ ਕਲਜੁਗ ਦੇਵੇਂ ਬਦਲ, ਸਤਿਜੁਗ ਸਚ ਸਚ ਪਰਗਟਾਈਆ । ਕਵਣ ਧਾਰਾ ਕਲਜੁਗ ਕੂੜੀ ਕਿਰਿਆ ਕਰੇਂ ਕ਼ਤਲ, ਮਕ਼ਤੂਲ ਦਾ ਲੇਖਾ ਆਪਣੇ ਹੱਥ ਰਖਾਈਆ । ਜ਼ਰਾ ਨਿਗਾਹ ਮਾਰ ਲੈ ਧਰਨੀ ਵਾਲੇ ਵਤਨ, ਬੇਵਤਨਾਂ ਦੀ ਧਾਰ ਖੋਜ ਖੁਜਾਈਆ । ਕੀ ਪੈਗ਼ੰਬਰਾਂ ਲੇਖਾ ਸਦੀ ਚੌਧਵੀਂ ਵਾਲੇ ਪਤਣ, ਕੰਢੀ ਘਾਟ ਖੋਜ ਖੁਜਾਈਆ । ਕਿਸ ਬਿਧ ਭਗਤ ਸੁਹੇਲੇ ਵੇਖੇਂ ਰਤਨ, ਅਮੋਲਕ ਹੀਰੇ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
 ਕਰ, ਕਰੇ ਖੇਲ ਸਾਚਾ ਹਰਿ, ਸਚ ਕੀ ਆਪਣਾ ਹੁਕਮ ਵਰਤਾਈਆ । ਨਾਰਦ ਕਹੇ ਸਤਿਗੁਰ ਸ਼ਬਦ ਕੀ ਤੇਰਾ ਹੋਵੇ ਫ਼ਰਮਾਨਾ, ਜਗਤ ਫੁਰਨਿਆਂ ੧੨੯੧
 ਬਾਹਰ ਦ੍ਰਿੜਾਈਆ । ਕਿਸ ਬਿਧ ਅੰਤ ਅਖ਼ੀਰ ਵਰਤੇ ਭਾਣਾ, ਭਾਵੀ ਕੇਹੜਾ ਰੰਗ ਰੰਗਾਈਆ । ਤਖ਼ਤ ਨਿਵਾਸੀ ਕੋਈ ਰਹੇ ਨਾ ਰਾਜਾ ਰਾਣਾ, ੨੪
ਸੀਸ ਤਾਜ ਨਾ ਕੋਇ ਟਿਕਾਈਆ । ਨੌ ਖੰਡ ਪ੍ਰਿਥਮੀ ਸਚ ਮਿਲੇ ਨਾ ਕਿਸੇ ਖਾਣਾ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕੀ ਕਰਨੀ ਕਾਰ ਕਮਾਈਆ । ਨਾਰਦ ਕਹੇ ਸਤਿਗੁਰ ਸ਼ਬਦ ਮੈਂ ਵੀ ਪੰਡਤ ਪੁਰਾਣਾ ਤੇਰਾ ਆਦਿ ਜੁਗਾਦੀ, ਜੁਗ ਜੁਗ ਸੇਵ ਕਮਾਈਆ । ਮੈਂ ਖੇਲ ਤਕਣਾ ਤੇਰਾ ਬ੍ਰਹਮ ਬ੍ਰਹਿਮਾਦੀ, ਬ੍ਰਹਿਮੰਡਾਂ ਖੋਜ ਖੁਜਾਈਆ । ਮੈਨੂੰ ਸੁਣਾ ਦੇ ਅਗੰਮ ਨਾਦੀ, ਅਨੁਰਾਗੀ ਆਪਣਾ ਰਾਗ ਦ੍ਰਿੜਾਈਆ । ਤੈਨੂੰ ਜੁਗ ਬਦਲਣ ਦੀ ਸਦਾ ਵਾਦੀ, ਕਲਜੁਗ ਅੰਤਮ ਲੇਖਾ ਦੇਣਾ ਚੁਕਾਈਆ । ਸਚ ਦੱਸ ਨੌ ਖੰਡ ਪ੍ਰਿਥਮੀ ਕਿਤਨੀ ਰਹੇ ਅਬਾਦੀ, ਅੰਕੜੇ ਸਹਿਜ ਨਾਲ ਸਮਝਾਈਆ । ਸਤਿਜੁਗ ਸਤਿ ਧਰਮ ਦੀ ਕਵਣ ਧਾਰ ਹੋਵੇ ਸਾਧੀ, ਸਹਿਜ ਸਹਿਜ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਸੁਣ ਨਾਰਦ ਪੰਡੇ, ਬਿਨ ਤਨ ਵਜੂਦ ਦੇ ਬ੍ਰਾਹਮਣਾ ਤੈਨੂੰ ਦਿਆਂ ਜਣਾਈਆ । ਆਦਿ ਜੁਗਾਦਿ ਜੁਗ ਚੌਕੜੀ ਮੈਂ ਸ਼ਬਦੀ ਧਾਰ ਵੰਡੇ, ਜਗਤ ਹਿੱਸਾ ਸਮਝ ਕਿਸੇ ਨਾਂ ਆਈਆ । ਆਪੇ ਜਾਣਾਂ ਮੰਜ਼ਲ ਪੌੜੀ ਡੰਡੇ, ਡੰਡਾਵਤ ਵੇਖਾਂ ਥਾਉਂ ਥਾਈਂਆ । ਮੇਰਾ ਹੁਕਮ ਵਰਤਦਾ ਭੈ ਹੁੰਦਾ ਸ਼ਬਦ ਧਾਰ ਦੇ ਖੰਡੇ, ਜਗਤ ਸ਼ਸਤਰ ਹੱਥ ਨਾ ਕੋਇ ਉਠਾਈਆ । ਕਲਜੁਗ ਅੰਤ ਅਖ਼ੀਰ ਵੇਖ ਲੈ ਕੰਢੇ, ਸਦੀ ਚੌਧਵੀਂ ਬੈਠੀ ਅੱਖ ਖੁਲ੍ਹਾਈਆ । ਦਰੋਹੀ ਫਿਰਨੀ ਵਿਚ ਵਰਭੰਡੇ, ਭੰਡੀ ਹੋਣੀ ਥਾਉਂ ਥਾਈਂਆ । ਚਾਰ ਕੁੰਟ ਚਮਕਣੀ ਚੰਡ ਪਰਚੰਡੇ, ਚੰਡਾਲਕਾ ਆਪਣਾ

ਰੂਪ ਬਦਲਾਈਆ । ਆਤਮ ਧਾਰ ਪਰਮਾਤਮ ਨਾਲ ਕੋਈ ਨਾ ਗੰਢੇ, ਵਿਛੋੜੇ ਵਿਚ ਦਿਸੇ ਖ਼ਲਕ ਖ਼ੁਦਾਈਆ । ਯਸੂਹ ਦੀ ਆਸ਼ਾ ਧਾਰ ਕਹੇ ਜਦੋਂ ਇਹ ਖੇਲ ਵਰਤਿਆ ਮੁਹੰਮਦ ਦਾ ਯਕ ਸੰਬੇ, ਤੇ ਮਸੀਹ ਦਾ ਦਿਨ ਹੋਵੇ ਸੰਡੇ, ਦੂਸਰ ਵੰਡ ਨਾ ਕੋਇ ਵੰਡਾਈਆ । ਫੇਰ ਤੂੰ ਖ਼ੁਸ਼ੀ ਮਨਾਉਣੀ ਪੰਡਤ ਪੰਡੇ, ਪਾਂਧਿਆ ਤੈਨੂੰ ਦਿਆਂ ਦ੍ਰਿੜਾਈਆ । ਨਾਰਦ ਹਸ ਕੇ ਕਿਹਾ ਕਿਸ ਬਿਧ ਜਨ ਭਗਤਾਂ ਸੀਨੇ ਕਰੇ ਠੰਢੇ, ਅਗਨੀ ਤਤ ਬੁਝਾਈਆ । ਸਤਿਗੁਰ ਸ਼ਬਦ ਕਿਹਾ ਨਾਰਦਾ ਜੋ ਤੂੰ ਮੇਰਾ ਮੈਂ ਤੇਰਾ ਗਾਉਂਦੇ ਛੰਦੇ, ਤਿਨ੍ਹਾਂ ਮੇਲਾ ਮੇਲਾਂ ਸਹਿਜ ਸੁਭਾਈਆ । ਬਿਨਾ ਸੂਰੀਆ ਚੰਦ ਤੋਂ ਦੇਵਾਂ ਪ੍ਰਕਾਸ਼ ਅਗੰਮੀ ਚੰਦੇ, ਨੂਰ ਨੁਰਾਨਾ ਹੋ ਕੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਧਾਰ ਸਦਾ ਬਖ਼ਸ਼ੰਦੇ, ਬਖ਼ਸ਼ਿਸ਼ ਰਹਿਮਤ ਰਹੀਮ ਰਹਿਮਾਨ ਆਪ ਕਮਾਈਆ ।

### ✪ ੧੩ ਮਾਘ ਸ਼ਹਿਨਸ਼ਾਹੀ ਸੰਮਤ ੧੧ ਦੀਪੋ ਦੇ ਗ੍ਰਹਿ ਪਿੰਡ ਦੋਸਤਪੁਰ ਜ਼ਿਲਾ ਗੁਰਦਾਸਪੁਰ ✪

ਸਤਿਗੁਰ ਸ਼ਬਦ ਕਹੇ ਮੈਂ ਕਰਨ ਵਾਲਾ ਮਿਹਰਵਾਨੀ, ਮਿਹਰਵਾਨ ਹੋ ਕੇ ਮਿਹਰ ਨਜ਼ਰ ਉਠਾਈਆ । ਲਹਿਣਾ ਦੇਣਾ ਵੇਖਾਂ ਦੀਨ ਦੁਨੀ ਦੋ ਜਹਾਨੀ, ਬ੍ਰਹਿਮੰਡ ਖੰਡ ਪੁਰੀ ਲੋਅ ਲੋਕਮਾਤ ਧਿਆਨ ਲਗਾਈਆ । ਚਾਰ ਕੁੰਟ ਦਹਿ ਦਿਸ਼ਾ ਤਕਾਂ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਬੇਈਮਾਨੀ, ਬੇਵਾ ਰੂਪ ਹੋਈ ਲੋਕਾਈਆ । ਕਿਸੇ ਨੂੰ ਨਜ਼ਰ ਆਵੇ ਨਾ ਬਾਪ ਅਸਮਾਨੀ, ਇਸਮ ਆਜ਼ਮ ਵੇਖਣ ਕੋਇ ਨਾ ਪਾਈਆ । ਝਗੜਾ ਪਿਆ ਤਤ ਜਿਸਮਾਨੀ, ਜ਼ਮੀਰ ਸਕੇ ਨਾ ਕੋਇ ਬਦਲਾਈਆ । ਨਵ ਖੰਡ ਪ੍ਰਿਥਮੀ ਕਲਜੁਗ ਕੂੜ ਹੋਇਆ ਪ੍ਰਧਾਨੀ, ਸੱਤ ਦੀਪ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਾਂ ਦੀਨ ਦੁਨੀ ਦੀ ਹਾਲਤ, ਬਿਨ ਨੇਤਰ ਲੋਚਨ ਨੈਣਾਂ ਧਿਆਨ ਲਗਾਈਆ । ਚਾਰ ਕੁੰਟ ਦਹਿ ਦਿਸ਼ਾ ਦਿਸੇ ਜਹਾਲਤ, ਸਤਿ ਵਿਚ ਨਾ ਕੋਇ ਸਮਾਈਆ । ਧਰਮ ਦੀ ਰਹੀ ਨਾ ਕੋਇ ਅਦਾਲਤ, ਇਨਸਾਫ਼ ਹਕ ਨਾ ਕੋਇ ਕਮਾਈਆ । ਅੰਤਰ ਨਿਰੰਤਰ ਕਰੇ ਨਾ ਕੋਇ ਅਬਾਦਤ, ਰਸਨਾ ਜਿਹਵਾ ਸਾਰੇ ਢੋਲੇ ਗਾਈਆ । ਧਰਮ ਦੀ ਧਾਰ ਦਿਸੇ ਨਾ ਕੋਇ ਇਮਾਰਤ, ਮਹਲ ਅਟਲ ਨਾ ਕੋਇ ਸੁਹਾਈਆ । ਕਲਜੁਗ ਕਿਰਿਆ ਕੂੜ ਕੀਤੀ ਤਜਾਰਤ, ਜਗਤ ਜਹਾਨ ਆਪਣਾ ਹੱਟ ਚਲਾਈਆ । ਜੀਆਂ ਜੰਤਾਂ ਸਾਧਾਂ ਸੰਤਾਂ ਨਿਰਅੱਖਰ ਧਾਰ ਦਿਸੇ ਨਾ ਕੋਇ ਅਗੰਮੀ ਇਬਾਰਤ, ਬਿਨ ਹਰਫ਼ ਹਰੂਫ਼ਾਂ ਹੁਕਮ ਸੁਣਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਆ । ਸਤਿਗੁਰ ਸ਼ਬਦ ਕਹੇ ਮੇਰਾ ਹੁਕਮ ਹੋਣਾ ਇਕੋ ਏਕ, ਇਕ ਇਕੱਲਾ ਦਿਆਂ ਦ੍ਰਿੜਾਈਆ । ਜਿਸ ਦੀ ਸਭ ਨੇ ਰਖਣੀ ਟੇਕ, ਟਿੱਕੇ ਧੂੜੀ ਖ਼ਾਕ ਰਮਾਈਆ । ਮਾਨਵ ਜ਼ਾਤੀ ਕਰਨੀ ਬੁਧਿ ਬਿਬੇਕ, ਪਤਤ ਪੁਨੀਤ ਆਪ ਬਣਾਈਆ । ਤ੍ਰੈਗੁਣ ਮਾਇਆ ਲਾ ਸਕੇ ਨਾ ਸੇਕ, ਅਗਨੀ ਤਤ ਨਾ ਕੋਇ ਤਪਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਸਾਢੇ ਤਿੰਨ ਹੱਥ ਖੋਲ੍ਹਣਾ ਭੇਤ, ਭੇਵ ਅਭੇਦ ਦੇਣਾ ਜਣਾਈਆ । ਦਰਸ ਦਿਖਾਉਣਾ ਨੇਤਨ ਨੇਤ, ਨਿਜ ਨੇਤਰ ਲੋਚਨ ਨੈਣ ਅੱਖ ਕਰ ਰੁਸ਼ਨਾਈਆ । ਆਤਮ ਪਰਮਾਤਮ ਦੱਸਣਾ ਸਾਚਾ ਹੇਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਧਰਮ ਦੀ ਧਾਰ

ਮੌਲੇ ਰੁਤ ਬਸੰਤੀ ਚੇਤ, ਪੱਤ ਟਹਿਣੀ ਫੁਲ ਫੁਲਵਾੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਸੰਗ ਆਪ ਰਖਾਈਆ । ਸਤਿਗੁਰ ਸ਼ਬਦ ਕਹੇ ਮੇਰਾ ਖੇਲ ਹੋਵੇ ਅਵੱਲਾ, ਅਵੱਲ ਇਕੋ ਨੂਰ ਜਣਾਈਆ । ਸਚਖੰਡ ਜਣਾਵਾਂ ਹਕ ਮਹਲਾ, ਦਰਗਾਹ ਸਾਚੀ ਇਕ ਸਮਝਾਈਆ । ਜਿਥੇ ਨਿਰਗੁਣ ਨਿਰਗੁਣ ਜੋਤੀ ਜਾਤਾ ਹੋ ਕੇ ਆਪਣੀ ਧਾਰ ਰਲਾ, ਦੂਸਰ ਸੰਗ ਨਾ ਕੋਇ ਬਣਾਈਆ । ਸਚਖੰਡ ਦੁਆਰ ਏਕੰਕਾਰ ਸੁਹਾਏ ਆਪਣਾ ਮਹਲਾ, ਮਹਲ ਅਟਲ ਇਕੋ ਸੋਭਾ ਪਾਈਆ । ਜਿਸ ਦਾ ਲਹਿਣਾ ਦੇਣਾ ਲੱਖ ਚੁਰਾਸੀ ਜੀਵ ਜੰਤ ਜਲਾ ਥਲਾ, ਮਹੀਅਲ ਆਪਣਾ ਹੁਕਮ ਵਰਤਾਈਆ । ਉਸ ਦਾ ਦੀਪਕ ਜੋਤੀ ਸਚ ਦੁਆਰ ਇਕੋ ਬਲਾ, ਬਿਨ ਤੇਲ ਬਾਤੀ ਕਮਲਾਪਾਤੀ ਡਗਮਗਾਈਆ । ਜਿਸ ਨਾਮ ਨਿਧਾਨਾ ਵਿਚ ਜਹਾਨ ਸ਼ਬਦੀ ਧਾਰ ਇਕੋ ਘੱਲਾ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਿਖਿਆ ਸਚ ਦ੍ਰਿੜਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਵਸਣਹਾਰਾ ਨਿਹਚਲ ਧਾਮ ਅਟਲਾ, ਸਚ ਦੁਆਰੇ ਸੋਭਾ ਪਾਈਆ । ਜਿਸ ਦੇ ਹੁਕਮ ਨਾਲ ਕਲਜੁਗ ਅੰਤਮ ਇਕੋ ਬੋਲਣਾ ਹੱਲਾ, ਹਾਲਤ ਵੇਖਣੀ ਖ਼ਲਕ ਖ਼ੁਦਾਈਆ । ਦੀਨ ਦੁਨੀ ਪਕੜਨਹਾਰਾ ਪੱਲਾ, ਪੱਲੂ ਆਪਣੀ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਅਛਲ ਅਛੱਲਾ, ਵਲ ਛਲਧਾਰੀ ਏਕੰਕਾਰੀ ਪਰਵਰਦਿਗਾਰੀ ਆਪ ਆਪਣਾ ਹੁਕਮ ਵਰਤਾਈਆ ।



੨੪ ✪ ੧੩ ਮਾਘ ਸ਼ਹਿਨਸ਼ਾਹੀ ਸੰਮਤ ੧੧ ਕਿਸ਼ਨ ਸਿੰਘ ਦੇ ਗ੍ਰਿਹਿ ਪਿੰਡ ਅਲੜ੍ਹਪਿੰਡੀ ਜ਼ਿਲਾ ਗੁਰਦਾਸਪੁਰ ✪

ਨਾਰਦ ਕਹੇ ਜਨ ਭਗਤੋ ਸੋਚ ਸੋਚੋ ਉਂਗਲ ਰਖ ਕੇ ਆਪਣੀ ਠੋਡੀ, ਅੰਦਰੇ ਅੰਦਰ ਧਿਆਨ ਲਗਾਈਆ । ਫਿਰ ਹੱਥ ਲਗਾਓ ਆਪਣੇ ਆਪਣੇ ਗੋਡੀਂ, ਸਤਿਕਾਰ ਨਾਲ ਆਪਣਾ ਆਪ ਲਉ ਉਠਾਈਆ । ਮੈਂ ਵੀ ਤੁਹਾਡਾ ਸਾਥੀ ਪ੍ਰਭੂ ਦਾ ਭਗਤ ਪੁਰਾਣਾ ਮੋਢੀ, ਮੋਢਿਆਂ ਤੋਂ ਫੜ ਕੇ ਦਿਆਂ ਹਿਲਾਈਆ । ਮੈਨੂੰ ਸਚ ਦੱਸੋ ਸੁਬਹਾ ਪ੍ਰਭੂ ਦੇ ਕੋਲ ਰਹੋਗੇ ਕਿ ਘਰ ਦੀ ਕਰੋਗੇ ਗੋਡੀ, ਲੇਖਾ ਪਿਛਲਾ ਦਿਆਂ ਜਣਾਈਆ । ਮੈਂ ਵੀ ਪੱਲੇ ਬੰਨ੍ਹ ਕੇ ਰਖੀ ਰਵੀਦਾਸ ਚਮਾਰੇ ਵਾਲੀ ਕੌਡੀ, ਕਸੀਰਾ ਆਪਣੇ ਕੋਲ ਰਖਾਈਆ । ਨਾਲੇ ਹੱਥ ਫੇਰ ਕੇ ਆਪਣੀ ਬੋਦੀ, ਬੁੱਧੀ ਵਾਲਿਓ ਦਿਆਂ ਜਣਾਈਆ । ਅੰਦਰੋਂ ਕਾਇਆ ਕਰ ਲਓ ਆਪਣੀ ਸੋਝੀ, ਸਮਝ ਸਮਝ ਨਾਲ ਸਮਝਾਈਆ । ਉਹ ਵੇਖੋ ਗੰਗਾ ਗੰਗੋਤਰੀ ਆਉਂਦੀ ਗੌਂਦੀ, ਧੁਰ ਦੇ ਢੋਲੇ ਗਾਈਆ । ਸੁਰਸਤੀ ਜਿਸ ਦੀ ਯਾਦ ਵਿਚ ਔਸੀਆਂ ਪਾਉਂਦੀ, ਗਿਟੀਆਂ ਗਿਣੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਂਆ । ਨਾਰਦ ਕਹੇ ਮੈਂ ਕਿਹਾ ਪੀਰ ਖਵਾਜੇ, ਖਿਜਰਾ ਲੈ ਅੰਗੜਾਈਆ । ਨਿਗਾਹ ਮਾਰ ਲੈ ਤਕ ਲੈ ਧੁਰ ਦੇ ਰਾਜੇ, ਜੋ ਸ਼ਾਹੋ ਭੂਪ ਨੂਰ ਅਲਾਹੀਆ । ਉਸ ਵੇਸ ਵਟਾਇਆ ਕਮਲਿਆ ਦੇਸ ਮਾੜੇ, ਮਜਲਸ ਭਗਤਾਂ ਨਾਲ ਰਖਾਈਆ । ਜਿਨ੍ਹ ਇੰਦਰ ਨਾਲ ਤੇਰੇ ਰਿਸ਼ਤੇ ਕਰਨੇ ਸਾਂਝੇ, ਮੇਲਾ ਮੇਲੇ ਸਹਿਜ ਸੁਭਾਈਆ । ਜਿਸ ਦੇ ਹੁਕਮ ਵਿਚ ਮੇਘ ਬਰਸਣੇ ਝਾਂਜੇ, ਕਣੀ ਕਣੀ ਦਏ ਟਪਕਾਈਆ । ਤੂੰ ਆਪਣੇ ਕਾਸੇ ਵੇਖ ਲੈ ਕਿਸ ਬਿਧ ਭਰੇ ਗਾਂਜੇ, ਕਲਸ ਇੰਦਰਾ ਹੱਥ ਉਠਾਈਆ । ਮੇਰੇ ਉਸ ਪ੍ਰਭੂ ਦੇ ਅਗੇ ਹੱਥ ਬਾਂਧੇ, ਬੰਦਨਾ

ਵਿਚ ਸੀਸ ਨਿਵਾਈਆ । ਜਿਸ ਨੂੰ ਅਵਤਾਰ ਪੈਗੰਬਰ ਗੁਰੂ ਸਾਰੇ ਗਾਂਦੇ, ਗਾ ਗਾ ਸ਼ੁਕਰ ਮਨਾਈਆ । ਓਹ ਲਹਿਣੇ ਦੇਣੇ ਤਕੇ ਚਾਰ ਜੁਗ ਦੇ ਜੋ ਭਗਤ ਥੱਕੇ ਮਾਂਦੇ, ਬਣ ਬਣ ਪਾਂਧੀ ਪੰਧ ਮੁਕਾਈਆ । ਜਿਸ ਗੀਤ ਸੋਹਲੇ ਦ੍ਰਿੜ੍ਹਾਏ ਅਗੰਮੇ ਨਾਂ ਦੇ, ਨਾਉਂ ਨਿਰੰਕਾਰ ਇਕ ਦ੍ਰਿੜ੍ਹਾਈਆ । ਓਹਦੇ ਖੇਲ ਤਕਣੇ ਥਲ ਅਸਗਾਹ ਦੇ, ਗਹਿਰ ਗੰਭੀਰ ਜੋ ਗਵਰ ਇਕ ਹੋ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦੇਵੇ ਵਡਿਆਈਆ । ਨਾਰਦ ਕਹੇ ਖੁਵਾਜਿਆ ਵੇਖ ਲੈ ਖਿਜਰਾ, ਖ਼ਿਲੱਤ ਆਪਣੇ ਧਿਆਨ ਲਗਾਈਆ । ਜਿਸ ਕਾਰਨ ਮੁਹੰਮਦ ਨੇ ਕੀਤਾ ਹਿਜਰਾ, ਹੁਜਰਾ ਵੇਖਣਾ ਬੇਪਰਵਾਹੀਆ । ਜਿਸ ਦੇ ਨਾਲ ਲੋਕ ਪਰਲੋਕ ਚੌਦਾਂ ਤਬਕ ਸੁਧਰਾ, ਸੁਦੀ ਵਦੀ ਵੰਡ ਨਾ ਕੋਇ ਵੰਡਾਈਆ । ਉਹ ਮਾਲਕ ਖ਼ਾਲਕ ਕ਼ਾਦਰ ਕੁਦਰਾ, ਨੂਰ ਨੁਰਾਨਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਨਾਰਦ ਕਹੇ ਜਨ ਭਗਤੋ ਮੈਂ ਪ੍ਰਭੂ ਦਾ ਨੂਰ ਨੁਰਾਨਾ ਬਚੜਾ, ਬੱਚਿਆਂ ਵਾਲਿਓ ਦਿਆਂ ਜਣਾਈਆ । ਬੁੱਧੀਵਾਨੋ ਮੈਂ ਬੜਾ ਖਚਰਾ, ਆਪਣਾ ਭੇਵ ਨਾ ਕਿਸੇ ਸਮਝਾਈਆ । ਮੇਰਾ ਲੇਖਾ ਲਿਖਿਆ ਨਹੀਂ ਗਿਆ ਕਿਸੇ ਵਿਚ ਸਤਰਾਂ, ਹਰਫ਼ਾਂ ਵੰਡ ਨਾ ਕੋਇ ਵੰਡਾਈਆ । ਮੇਰਾ ਪ੍ਰਭੂ ਨੇ ਆਦਿ ਜੁਗਾਦਿ ਜੁਗ ਚੌਕੜੀ ਸਫ਼ੈਦ ਰੱਖਿਆ ਪੱਤਰਾ ਪੱਤਰਾ, ਪਤ੍ਰਕਾ ਹੱਥ ਨਾ ਕਿਸੇ ਫੜਾਈਆ । ਮੈਨੂੰ ਐਉਂ ਜਾਪਦਾ ਅਗੇ ਕੋਈ ਹੋਣ ਵਾਲਾ ਖ਼ਤਰਾ, ਖੱਤਰੀ ਬ੍ਰਾਹਮਣ ਸ਼ੂਦਰ ਵੈਸ਼ਾਂ ਦਿਆਂ ਜਣਾਈਆ । ਭਾਵੇਂ ਮੈਂ ਬਹੁ ਪੁਰਾਣਾ ਪੰਡਤ ਮੈਨੂੰ ਕਹਿੰਦੇ ਸੱਤਰਾ ਬਹੱਤਰਾ, ਸੱਤਰਾਂ ਦੀ ਧਾਰ ਬਹੱਤਰ ਤੇ ਬਹੱਤਰਾਂ ਦੀ ਧਾਰ ਦਾ ਗੋਬਿੰਦ ਮਾਹੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਵਡ ਵਡਿਆਈਆ । ਨਾਰਦ ਕਹੇ ਭਗਤੋ ਤੁਹਾਨੂੰ ਪਤਾ ਗੋਬਿੰਦ ਨੇ ਕੇਹੜੀ ਲਿਖੀ ਚਿੱਠੀ, ਹੱਥ ਮਸਤਕ ਉਤੇ ਪੁੱਠਾ ਦਿਤਾ ਟਿਕਾਈਆ । ਕੇਹੜੀ ਇਬਾਰਤ ਬਣਾਈ ਮਿਠੀ, ਜਿਸ ਨੂੰ ਰਸਨਾ ਜਿਹਵਾ ਮੁਖ ਬੱਤੀ ਦੰਦ ਪੜ੍ਹ ਨਾ ਕੋਇ ਸੁਣਾਈਆ । ਕੇਹੜੀ ਕ਼ਲਮ ਸ਼ਾਹੀ ਉਠਾਈ ਅਨਡਿੱਠੀ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜਿਸ ਦੀ ਇਕੋ ਸਤਰ ਤੇ ਲੰਬਾਈ ਸਵਾ ਗਿਠੀ, ਮਾਰੂਡੰਡ ਦਏ ਗਵਾਹੀਆ । ਓਸੇ ਨੂੰ ਤਕ ਕੇ ਦੋ ਜਹਾਨ ਦੀ ਧਾਰ ਧਰਨੀ ਧਰਤ ਧਵਲ ਧੌਲ ਧਰਤੀ ਨਿਮਾਣੀ ਹੋ ਕੇ ਪਿੱਟੀ, ਦੁਹੱਥੜ ਦੁਹੱਥੜ ਦੋ ਹੱਥਾਂ ਵਾਲੀ ਲਾਈਆ । ਫੇਰ ਅੱਖੀਆਂ ਮਲੀਆਂ ਨਿਗਾਹ ਮਾਰੀ ਨਜ਼ਰ ਆਈ ਹਾਹੇ ਵਾਲੀ ਟਿੱਪੀ, ਜਿਸ ਦਾ ਰੂਪ ਨਾ ਕੋਇ ਬਦਲਾਈਆ । ਜਿਸ ਦੀ ਚਾਰ ਜੁਗ ਦੇ ਸ਼ਾਸਤਰ ਗ੍ਰੰਥ ਵਿਦਿਆ ਵਿਚ ਦੱਸ ਨਾ ਸਕਣ ਲਿਪੀ, ਜੁਗਤ ਜਗਤ ਨਾ ਕੋਇ ਚਤੁਰਾਈਆ । ਉਹਲੇ ਵਿਚ ਇਹੋ ਧਾਰ ਜੋ ਭਗਤੋ ਮੈਂ ਲਈ ਵਿਚਾਰ ਭਗਤ ਭਗਵਾਨ ਭਗਵਾਨ ਭਗਤ ਦੀ ਹੋਵੇ ਹਿਤੀ, ਹਿਤਕਾਰੀ ਹੋ ਕੇ ਵੇਖ ਵਖਾਈਆ । ਓਹਨਾਂ ਨੇ ਇਕੋ ਵਾਰ ਇਕੋ ਮੰਜ਼ਲ ਹੋਵੇ ਮਿਥੀ, ਮਿਥਿਆ ਛਡ ਜਗਤ ਲੋਕਾਈਆ । ਮੈਨੂੰ ਇਉਂ ਜਾਪਦਾ ਕਿ ਅੱਜ ਦਾ ਪਰਵਿਸ਼ਟਾ ਮਾਘ ਤੇਰਾਂ ਤੇ ਉੱਤਮ ਦਿਸੀ ਥਿਤੀ, ਥਿਤ ਵਾਰ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਬੇਪਰਵਾਹੀਆ । ਨਾਰਦ ਕਹੇ ਭਗਤੋ ਮੈਂ ਤੁਹਾਡੇ ਅੰਦਰ ਬਾਹਰ ਘੁੰਮਦਾ, ਭੱਜਾਂ ਵਾਹੋ ਦਾਹੀਆ । ਪ੍ਰਭੂ ਦੁਆਰੇ ਆਉਣ ਵਾਲਿਓ ਤੁਹਾਡੇ ਚਰਨ ਚੁੰਮਦਾ, ਮਿੱਟੀ ਖ਼ਾਕ ਆਪਣੀ ਰਸਨਾ ਨਾਲ ਛੁਹਾਈਆ । ਤੁਹਾਨੂੰ ਪਤਾ ਨਹੀਂ ਕੇਹੜਾ ਸਮਾਂ ਹੁਣ ਦਾ, ਹੁਣੇ ਹੁਣੇ ਹੁਣੇ ਦਿਆਂ ਦ੍ਰਿੜ੍ਹਾਈਆ ।

੧੨੯੫ ੨੪

ਕਿਸ ਕਾਰਨ ਤੁਹਾਨੂੰ ਭਗਤੋ ਸ਼ਬਦ ਪੜ੍ਹਨ ਵਾਲਿਆਂ ਨੂੰ ਰਿਹਾ ਚੁਣਦਾ, ਚੁਣ ਚੁਣ ਕੇ ਰਿਹਾ ਉਠਾਈਆ । ਇਹ ਇਸ਼ਾਰਾ ਸੀ ਸਤਿਗੁਰ ਸ਼ਬਦ ਦਾ ਨਗਾਰਾ ਸੀ ਓਹਦੀ ਧੁਨ ਦਾ, ਜਗਤ ਦੀ ਧੁਨੀਉਂ ਬਾਹਰ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਪਰ ਮੈਂ ਤੁਹਾਨੂੰ ਇਕ ਗੱਲ ਦੱਸਣੀ ਤੁਹਾਡੇ ਘਰ ਦੀ, ਆਪਣੇ ਘਰ ਵਿਚ ਰਹਿਣ ਵਾਲਿਓ ਆਪਣੀ ਲੈਣੀ ਅੰਗੜਾਈਆ । ਮੇਰੇ ਕੋਲ ਤੁਹਾਡੀ ਪਿਛਲੀ ਕਹਾਣੀ ਪਰ ਦੀ, ਪੁਰਾਣਿਓ ਤੁਹਾਨੂੰ ਨਵੀਂ ਹੋਰ ਦਿਆਂ ਸੁਣਾਈਆ । ਸਚ ਪੁਛੋ ਭਾਵੇਂ ਤੁਸੀਂ ਕੋਝੇ ਤੇ ਕਮਲੇ ਤੁਹਾਡੇ ਕੋਲੋਂ ਧਰਮ ਰਾਏ ਦੀ ਧਾਰ ਡਰਦੀ, ਭੈ ਆਪਣੇ ਸੀਸ ਰਖਾਈਆ । ਬੇਸ਼ਕ ਤੁਹਾਡੀ ਮਨ ਕਲਪਣਾ ਜਗਤ ਵਾਸਨਾ ਵਿਚ ਲੜਦੀ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਪਰ ਪ੍ਰਭੂ ਦੀ ਕਿਰਪਾ ਨਾਲ ਤੁਹਾਡੀ ਆਤਮਾ ਸਚਖੰਡ ਦੀ ਮੰਜ਼ਲ ਚੜ੍ਹਦੀ, ਅਗੇ ਹੋ ਨਾ ਕੋਇ ਅਟਕਾਈਆ । ਤੁਹਾਡੀ ਖੇਲ ਵੇਖੀ ਤਨ ਵਜੂਦ ਧੜ ਦੀ, ਸਾਢੇ ਤਿੰਨ ਹੱਥ ਅੰਦਰ ਫੋਲ ਫੁਲਾਈਆ । ਤੁਹਾਡਾ ਏਸੇ ਕਰਕੇ ਲੇਖਾ ਲਹਿਣਾ ਵੱਡਾ, ਤੁਹਾਡੀ ਆਤਮਾ ਤੂੰ ਮੇਰਾ ਮੈਂ ਤੇਰਾ ਪੜ੍ਹਦੀ, ਸੋਹੰ ਅੱਖਰ ਵਖਰ ਤੁਹਾਨੂੰ ਦਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਭਗਤੋ ਮੈਂ ਪਿਛੇ ਭੁਲ ਆਇਆ ਆਪਣੀ ਬਗ਼ਲੀ, ਠੰਡ ਨੇ ਮੈਨੂੰ ਦਿਤਾ ਭੁਲਾਈਆ । ਮੈਂ ਸਵੇਰੇ ਤੁਹਾਨੂੰ ਹੋਰ ਗੱਲ ਸੁਣਾਵਾਂਗਾ ਅਗਲੀ, ਅਗੇ ਦਾ ਅਗੇ ਪਰਦਾ ਲਾਹੀਆ । ਭਾਵੇਂ ਮੈਂ ਪੰਡਤ ਪੁਰਾਣਾ ਫਿਰਨ ਵਾਲਾ ਵਿਚ ਜੰਗਲੀ, ਜੂਹਾਂ ਭੱਜਾਂ ਵਾਹੋ ਦਾਹੀਆ । ਪਰ ਮੈਂ ਸਵੇਰੇ ਨਵੀਂ ਆਪਣੀ ਹੋਰ ਸੁੱਟ ਦੇਣੀ ਸੰਗਲੀ, ਸਗਲੇ ਸੰਗੀਓ ਤੁਹਾਨੂੰ ਦਿਆਂ ਸਮਝਾਈਆ । ਬੇਸ਼ਕ ਮੇਰੀ ਆਸ਼ਾ ਬੜੀ ਕੰਗਲੀ, ਕੋਝਾ ਕਮਲਾ ਹੋ ਕੇ ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਨਾਰਦ ਕਹੇ ਮੇਰੀ ਪਿਛੇ ਰਹਿ ਗਈ ਕਿਤਾਬ, ਜੋ ਬਿਨ ਅੱਖਰਾ ਦਏ ਸਮਝਾਈਆ । ਜਿਸ ਦਾ ਇਕੋ ਹਿੱਸਾ ਇਕੋ ਬਾਬ, ਬਾਬਤ ਇਕੋ ਇਕ ਸਮਝਾਈਆ । ਮੈਂ ਉਹ ਰਖ ਕੇ ਆਇਆ ਪ੍ਰਭੂ ਦੇ ਚਰਨਾਂ ਵਾਲੀ ਵਿਚ ਮਹਿਰਾਬ, ਜਗਤ ਕੁਤਬਖ਼ਾਨਿਆਂ ਨਾ ਕਦੇ ਟਿਕਾਈਆ । ਬੇਸ਼ਕ ਮੈਂ ਫਿਰਦਾ ਫਿਰਦਾ ਆ ਗਿਆ ਧਰਨੀ ਉਤੇ ਪੰਜ ਆਬ, ਪੰਜਾਂ ਤਤਾਂ ਵਾਲਿਓ ਸਚ ਦਿਆਂ ਦ੍ਰਿੜਾਈਆ । ਜੋ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਲਏ ਖ਼ੁਆਬ, ਜਗਤ ਸੁਫ਼ਨਿਆਂ ਬਾਹਰ ਧਿਆਨ ਲਗਾਈਆ । ਸੁਬਹ ਉਨ੍ਹਾਂ ਦਾ ਸਚ ਸਚ ਦਿਆਂਗਾ ਜੁਆਬ, ਸੰਦੇਸ਼ੇ ਧੁਰ ਦੇ ਨਾਲ ਮਿਲਾਈਆ । ਨਾਲੇ ਮੇਰੀ ਬੋਦੀ ਤੰਦ ਸਿਤਾਰ ਵਜਾਏ ਰਬਾਬ, ਸੋਹਣਾ ਤਾਲ ਬਣਾਈਆ । ਤੁਸੀਂ ਵੀ ਥੋੜੀ ਜਹੀ ਮੈਨੂੰ ਦੇਣੀ ਇਮਦਾਦ, ਮਾਂਗਤ ਹੋ ਕੇ ਮੰਗ ਮੰਗਾਈਆ । ਜੇ ਭਗਤ ਬਣੇ ਤੇ ਪ੍ਰਭੂ ਨੂੰ ਰਖਿਆ ਕਰੋ ਯਾਦ, ਲੋਕ ਲਾਜ ਰਹਿਣ ਕੋਇ ਨਾ ਪਾਈਆ । ਕਿਉਂ ਇਹ ਆ ਗਿਆ ਅਵਤਾਰਾਂ ਪੈਗ਼ੰਬਰਾਂ ਗੁਰੂਆਂ ਦੇ ਬਾਦ, ਜੋਤੀ ਜਾਤਾ ਆਪਣਾ ਵੇਸ ਵਟਾਈਆ । ਜਿਸ ਨੇ ਤੁਹਾਡਾ ਖੇੜਾ ਸਦਾ ਰਖਣਾ ਆਬਾਦ, ਦੋ ਜਹਾਨਾਂ ਵਿਚ ਉਜੜ ਕਦੇ ਨਾ ਜਾਈਆ । ਜਿਸ ਦਾ ਨਾਮ ਅਗੰਮਾ ਖ਼ੁਸ਼ੀਆਂ ਨਾਲ ਸੁਣਨਾ ਨਾਦ, ਅਨਾਦੀ ਧੁਨ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੇਖਾ ਜਾਣੇ ਇਕੋ ਵਾਹਿਦ, ਵਾਅਦੇ ਸਭ ਦੇ ਪੂਰ ਕਰਾਈਆ ।

## ੧੪ ਮਾਘ ਸ਼ਹਿਨਸ਼ਾਹੀ ਸੰਮਤ ੧੧ ਵਕੀਲ ਸਿੰਘ ਦੇ ਗ੍ਰਿਹ ਪਿੰਡ ਅੱਲੜ੍ਹ ਪਿੰਡੀ ਜ਼ਿਲਾ ਗੁਰਦਾਸਪੁਰ

ਪੂਰਨ ਸਤਿਗੁਰ ਆਪ ਪ੍ਰਭ, ਆਦਿ ਜੁਗਾਦੀ ਪਰਵਰਦਿਗਾਰ । ਪੂਰਨ ਸਤਿਗੁਰ ਆਪ ਪ੍ਰਭ, ਇਕ ਇਕੱਲਾ ਏਕੰਕਾਰ । ਪੂਰਨ ਸਤਿਗੁਰ ਆਪ ਪ੍ਰਭ, ਨਿਰਗੁਣ ਸਰਗੁਣ ਸਾਂਝਾ ਯਾਰ । ਪੂਰਨ ਸਤਿਗੁਰ ਆਪ ਪ੍ਰਭ, ਜੋਤੀ ਜੋਤ ਕਰੇ ਉਜਿਆਰ । ਪੂਰਨ ਸਤਿਗੁਰ ਆਪ ਪ੍ਰਭ, ਸ਼ਬਦ ਨਾਦ ਦਏ ਧੁਨਕਾਰ । ਪੂਰਨ ਸਤਿਗੁਰ ਆਪ ਪ੍ਰਭ, ਅੰਮ੍ਰਿਤ ਬਖ਼ਸ਼ੇ ਠੰਡਾ ਠਾਰ । ਪੂਰਨ ਸਤਿਗੁਰ ਆਪ ਪ੍ਰਭ, ਪੰਧ ਮੁਕਾਏ ਨੌ ਦੁਆਰ । ਪੂਰਨ ਸਤਿਗੁਰ ਆਪ ਪ੍ਰਭ, ਜਗਤ ਤ੍ਰਿਸ਼ਨਾ ਦਏ ਮਾਰ । ਪੂਰਨ ਸਤਿਗੁਰ ਆਪ ਪ੍ਰਭ, ਨਾਮ ਨਿਧਾਨਾ ਦਏ ਖ਼ੁਮਾਰ । ਪੂਰਨ ਸਤਿਗੁਰ ਆਪ ਪ੍ਰਭ, ਲੇਖਾ ਜਾਣੇ ਅੰਦਰ ਬਾਹਰ । ਪੂਰਨ ਸਤਿਗੁਰ ਆਪ ਪ੍ਰਭ, ਜੁਗ ਜੁਗ ਭਗਤਾਂ ਦਏ ਅਧਾਰ । ਪੂਰਨ ਸਤਿਗੁਰ ਆਪ ਪ੍ਰਭ, ਲੱਖ ਚੁਰਾਸੀ ਲੇਖਾ ਦਏ ਨਿਵਾਰ । ਪੂਰਨ ਸਤਿਗੁਰ ਆਪ ਪ੍ਰਭ, ਦਰਗਾਹ ਸਾਚੀ ਸਚਖੰਡ ਬਖ਼ਸ਼ੇ ਚਰਨ ਪਿਆਰ । ਪੂਰਨ ਸਤਿਗੁਰ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੁਆਮੀ ਆਪਣੀ ਬੰਨ੍ਹੇ ਧਾਰ । ਪੂਰਨ ਸਤਿਗੁਰ ਆਪ ਪ੍ਰਭ, ਅਲਖ ਲਖੀਨਾ । ਪੂਰਨ ਸਤਿਗੁਰ ਆਪ ਪ੍ਰਭ, ਸ਼ਾਹੋ ਸ਼ਾਬਾਸ ਵਡ ਪਰਬੀਨਾ । ਪੂਰਨ ਸਤਿਗੁਰ ਆਪ ਪ੍ਰਭ, ਜੋ ਹੋਏ ਸਹਾਈ ਦੀਨਨ ਦੀਨਾ । ਪੂਰਨ ਸਤਿਗੁਰ ਆਪ ਪ੍ਰਭ, ਜੋ ਜਨ ਕੇ ਲੇਖੇ ਲਾਏ ਭਗਤਾਂ ਮਾਘ ਮਹੀਨਾ । ਪੂਰਨ ਸਤਿਗੁਰ ਆਪ ਪ੍ਰਭ, ਪ੍ਰਭ ਸਚ ਪ੍ਰੀਤੀ ਦੱਸੇ ਮਰਨਾ ਜੀਣਾ । ਪੂਰਨ ਸਤਿਗੁਰ ਆਪ ਪ੍ਰਭ, ਝਗੜਾ ਮੁਕਾਏ ਲੋਕ ਤੀਨਾ । ਪੂਰਨ ਸਤਿਗੁਰ ਆਪ ਪ੍ਰਭ, ਹਰਿਜਨ ਠਾਂਢਾ ਕਰੇ ਸੀਨਾ । ਪੂਰਨ ਸਤਿਗੁਰ ਆਪ ਪ੍ਰਭ, ਗੁਰਮੁਖ ਪਿਆਸ ਬੁਝਾਏ ਜਿਉਂ ਜਲ ਮੀਨਾ । ਪੂਰਨ ਸਤਿਗੁਰ ਆਪ ਪ੍ਰਭ, ਲੋਕਮਾਤ ਪਰਗਟਾਏ ਅਗੰਮ ਨਗੀਨਾ । ਪੂਰਨ ਸਤਿਗੁਰ ਆਪ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਹਰਿਜਨ ਲੇਖ ਮੁਕਾਏ ਲੋਕ ਤੀਨਾ, ਤ੍ਰੈਗੁਣ ਮਾਇਆ ਪੰਜ ਤਤ ਆਪਣੇ ਲੇਖੇ ਲਾਈਆ ।



## ੧੪ ਮਾਘ ਸ਼ਹਿਨਸ਼ਾਹੀ ਸੰਮਤ ੧੧ ਦਲੀਪ ਸਿੰਘ ਦੇ ਗ੍ਰਿਹ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ

ਪੂਰਨ ਸਤਿਗੁਰ ਮੰਨਣਾ, ਪਾਰਬ੍ਰਹਮ ਕਰਤਾਰ । ਜਿਸ ਜੁਗ ਜੁਗ ਬੇੜਾ ਬੰਨ੍ਹਣਾ, ਬੰਨ੍ਹਣਹਾਰ ਸਚੀ ਸਰਕਾਰ । ਜਨ ਭਗਤਾਂ ਬਖ਼ਸ਼ੇ ਸਚ ਅਨੰਦਨਾ, ਚਰਨ ਪ੍ਰੀਤੀ ਅਗੰਮ ਪਿਆਰ । ਨਿੰਮ ਮਹਿਕਾਏ ਵਾਸ ਚੰਦਨਾ, ਹਰਿਜਨ ਸਾਚੇ ਲਏ ਉਬਾਰ । ਇਕੋ ਦੱਸੇ ਧੁਰ ਦੀ ਬੰਦਨਾ, ਇਸ਼ਟ ਦੇਵ ਆਪ ਕਰਤਾਰ । ਘਰ ਸੁਆਮੀ ਬਣੇ ਸੱਜਣਾ, ਹਰਿ ਠਾਕਰ ਮੀਤ ਮੁਰਾਰ । ਜਿਸ ਦਾ ਅਗੰਮੀ ਵਜੇ ਨਦਨਾ, ਆਤਮ ਦਏ ਸਚੀ ਧੁਨਕਾਰ । ਜਿਸ ਦਾ ਰੂਪ ਮੋਹਨ ਮਦਨਾ, ਰੰਗ ਰੇਖ ਤੋਂ ਬਾਹਰ । ਜੋ ਲੇਖੇ ਲਾਏ ਆਅਲਾ ਅਦਨਾ, ਹਰਿਜਨ ਬਣੇ ਮੀਤ ਮੁਰਾਰ । ਜੋ ਭਾਗ ਲਗਾਏ ਕਾਇਆ ਮਾਟੀ ਬਦਨਾ, ਪੰਜ ਤਤ ਕਰੇ ਸ਼ਿੰਗਾਰ । ਜਿਸ ਦਾ ਇਕੋ ਦੀਪਕ ਜਗਣਾ, ਜਗਤ ਜਹਾਨ ਹੋਏ ਉਜਿਆਰ । ਉਹ ਮੇਟਣਹਾਰ ਸ਼ਰਅ ਦੀ ਹੱਦਨਾ, ਆਪ ਵਸੇ ਹਦੂਦਾਂ ਬਾਹਰ । ਜਿਸ ਦਾ ਕੀਤਾ ਕਿਸੇ ਨਾ ਰੱਦਨਾ, ਜੁਗ ਜੁਗ ਪਾਵਣਹਾਰਾ ਸਾਰ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਲਹਿਣਾ ਦੇਣਾ ਲੇਖਾ ਪੂਰਾ ਕਰੇ ਜਨ ਭਗਤਾਂ ਤਤ ਪੰਜਨਾ, ਪੰਚਮ ਮੀਤਾ ਠਾਂਢਾ ਸੀਤਾ ਆਪਣਾ ਰੰਗ ਰੰਗਾਈਆ ।

### ✪ ੧੪ ਮਾਘ ਸ਼ਹਿਨਸ਼ਾਹੀ ਸੰਮਤ ੧੧ ਦਵਿੰਦਰ ਸਿੰਘ ਦੇ ਨਵਿਤ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ✪

ਪੂਰਨ ਸਤਿਗੁਰ ਜਾਣੀਏ, ਹਰਿ ਦਾਤਾ ਬੇਪ੍ਰਵਾਹ । ਜਿਸ ਦੀ ਮਹਿਮਾ ਅਕਥ ਕਹਾਣੀਏ, ਕ਼ਲਮ ਸ਼ਾਹੀ ਚਲੇ ਨਾ ਕੋਇ ਚਤੁਰਾ । ਜੋ ਲੇਖਾ ਜਾਣੇ ਦੋ ਜਹਾਨੀਏ, ਪੁਰੀ ਲੋਅ ਬ੍ਰਹਿਮੰਡ ਖੰਡ ਥਲ ਅਸਗਾਹ । ਤਿਸ ਦਾ ਕਰੀਏ ਇਕ ਚਰਨ ਧਿਆਨੀਏ, ਜੋ ਸਦਾ ਸਦਾ ਹੋਏ ਸਹਾ । ਤੂੰ ਮੇਰਾ ਮੈਂ ਤੇਰਾ ਗਾਈਏ ਬਾਣੀਏ, ਜੋ ਲਹਿਣਾ ਦੇਣਾ ਦਏ ਮੁਕਾ । ਪੰਧ ਰਹੇ ਨਾ ਚਾਰੇ ਖਾਣੀਏ, ਆਵਣ ਜਾਵਣ ਲਹਿਣਾ ਦਏ ਚੁਕਾ । ਸੋ ਸਾਹਿਬ ਸੁਆਮੀ ਜੋ ਦੇਵਣਹਾਰਾ ਅੰਮ੍ਰਿਤ ਰਸ ਪਾਣੀਏ, ਪਤਿਪਰਮੇਸ਼ਵਰ ਨੂਰ ਅਲਾਹ । ਆਤਮ ਪਰਮਾਤਮ ਬਣੇ ਹਾਣੀਏ, ਧੁਰ ਸੰਜੋਗੀ ਮੇਲ ਮਿਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹ । ਪੂਰਨ ਸਤਿਗੁਰ ਜਾਣੀਏ, ਆਦਿ ਅੰਤ ਭਗਵੰਤ । ਪੂਰਨ ਸਤਿਗੁਰ ਜਾਣੀਏ, ਨਿਰਗੁਣ ਧਾਰ ਜੋਤੀ ਕੰਤ । ਪੂਰਨ ਸਤਿਗੁਰ ਜਾਣੀਏ, ਜੋ ਅੰਤਰ ਆਤਮ ਦੇਵੇ ਆਪਣਾ
੧੨੯੭ ਮੰਤ । ਪੂਰਨ ਸਤਿਗੁਰ ਜਾਣੀਏ, ਜੋ ਗੜ੍ਹ ਤੋੜੇ ਹਉਮੇ ਹੰਗਤ । ਪੂਰਨ ਸਤਿਗੁਰ ਜਾਣੀਏ, ਜੋ ਮੇਲ ਮਿਲਾਏ ਸਾਚੀ ਸੰਗਤ । ਪੂਰਨ ਸਤਿਗੁਰ ੧੨੯੭
੨੪ ਜਾਣੀਏ, ਜੋ ਬੋਧ ਅਗਾਧਾ ਹੋਵੇ ਪੰਡਤ । ਪੂਰਨ ਸਤਿਗੁਰ ਜਾਣੀਏ, ਜੋ ਹਰਿਜਨ ਲੇਖੇ ਲਾਏ ਆਪਣੇ ਸੰਤ । ਪੂਰਨ ਸਤਿਗੁਰ ਜਾਣੀਏ, ਜੋ ੨੪
ਬਣਾਏ ਸਾਚੀ ਬਣਤ । ਪੂਰਨ ਸਤਿਗੁਰ ਜਾਣੀਏ, ਜਿਸ ਦੀ ਮਹਿੰਮਾ ਸਦਾ ਅਗਣਤ । ਪੂਰਨ ਸਤਿਗੁਰ ਜਾਣੀਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਮੇਰਾ ਮੈਂ ਤੇਰਾ, ਨਿਰਗੁਣ ਨਿਰਗੁਣ ਦੱਸੇ ਆਪਣਾ ਛੰਤ ।

### ✪ ੧੪ ਮਾਘ ਸ਼ਹਿਨਸ਼ਾਹੀ ਸੰਮਤ ੧੧ ਸੰਤਾ ਸਿੰਘ ਦੇ ਗ੍ਰਿਹ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ✪

ਪੂਰਾ ਸਤਿਗੁਰ ਖੋਜਦਾ, ਆਦਿ ਜੁਗਾਦੀ ਆਪ । ਪ੍ਰੇਮ ਦੱਸੇ ਆਪਣੇ ਜੋਗ ਦਾ, ਧੁਰ ਦਾ ਨਾਮ ਜਪਾਏ ਜਾਪ । ਲੇਖਾ ਮੇਟੇ ਹਉਮੇ ਰੋਗ ਦਾ, ਮਮਤਾ ਮੋਹ ਨਾ ਰਹੇ ਸੰਤਾਪ । ਰਸ ਦੇਵੇ ਅਗੰਮੇ ਭੋਗ ਦਾ, ਦੀਨ ਦੁਨੀ ਦਾ ਮੇਟ ਸੰਤਾਪ । ਮੇਲ ਮਿਲਾਏ ਧੁਰ ਸੰਜੋਗ ਦਾ, ਨਿਰਗੁਣ ਬਣ ਕੇ ਮਾਈ ਬਾਪ । ਝਗੜਾ ਮੇਟੇ ਜਗਤ ਵਿਜੋਗ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਲੇਖੇ ਲਾਏ ਆਪ । ਪੂਰਨ ਸਤਿਗੁਰ ਪਾਈਏ, ਸਤਿਗੁਰ ਪੂਰਨ ਮੀਤ । ਸਦਾ ਸਦਾ ਗੁਣ ਗਾਈਏ, ਹਿਰਦੇ ਰਖੀਏ ਚੀਤ । ਨਿਤ ਨਿਤ ਦਰਸ਼ਨ ਪਾਈਏ, ਤਨ ਕਰੇ ਠਾਂਡਾ ਸੀਤ । ਰਸਨਾ ਢੋਲੇ ਗਾਈਏ, ਹੋਈਏ ਪਤਤ ਪੁਨੀਤ । ਚਰਨ ਧੂੜੀ ਖ਼ਾਕ ਰਮਾਈਏ, ਤ੍ਰੈਗੁਣ ਨਾਲੋਂ ਕਰੇ ਅਤੀਤ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਵਸਣਹਾਰਾ ਚੀਤ । ਪੂਰਨ ਸਤਿਗੁਰ ਪੇਖੀਏ, ਨੇਤਰ ਲੋਚਨ ਨੈਣ ਅਪਾਰ । ਜੋ ਵਸੇ ਦੇਸ ਪਰਦੇਸੀਏ, ਦੋ ਜਹਾਨਾਂ ਪਾਵੇ ਸਾਰ । ਜਿਸ ਨੂੰ ਝੁਕਦੇ ਬ੍ਰਹਮਾ ਵਿਸ਼ਨ ਸ਼ਿਵ ਮਹੇਸ਼ੀਏ, ਕਰੋੜ ਤੇਤੀਸਾ ਕਰੇ ਨਿਮਸਕਾਰ । ਜੋ ਜੁਗ ਜੁਗ ਦੇਵੇ ਨਾਮ ਸੰਦੇਸ਼ੀਏ, ਧੁਨ ਆਤਮਕ ਰਾਗ ਵਜਾਏ ਸਿਤਾਰ । ਜੋ ਕਲਜੁਗ ਅੰਤਮ ਧਰੇ ਭੇਖੀਏ, ਕਲ ਕਲਕੀ ਰੂਪ ਅਪਾਰ । ਜੋ ਵਸੇ ਸੰਬਲ ਦੇਸੀਏ, ਸਾਢੇ ਤਿੰਨ ਹੱਥ ਮਹਲ ਮੁਨਾਰ । ਜਿਸ ਦਾ ਨਾ ਮੁੱਛ ਦਾਹੜੀ ਨਾ ਕੇਸੀਏ, ਮੂੰਡ ਮੁੰਡਾਏ ਨਾ ਵਿਚ ਸੰਸਾਰ । ਜੋ ਜਨ ਭਗਤਾਂ ਕੱਢੇ ਭਰਮਾਂ ਭਰਮ ਭੁਲੇਖੀਏ, ਭਾਂਡਾ ਭਰਮ ਭਉ ਨਿਵਾਰ । ਜਿਸ ਲਹਿਣਾ ਦੇਣਾ ਪੂਰਾ ਕਰਨਾ ਮੁੱਲਾਂ ਸ਼ੇਖ਼ੀਏ, ਵੇਖਣਹਾਰ ਸਰਬ ਸੰਸਾਰ । ਜਿਸ ਦਾ ਲਹਿਣਾ ਦੇਣਾ ਨਾਲ ਗੋਬਿੰਦ ਦਸ ਦਸਮੇਸ਼ੀਏ, ਕਲ ਕਲਕੀ ਹੋਵੇ ਜ਼ਾਹਰ । ਜੋ ਆਦਿ ਜੁਗਾਦੀ ਰਹੇ ਹਮੇਸ਼ੀਏ, ਦਰਗਾਹ ਸਾਚੀ ਸਚਖੰਡ ਦੁਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਦਿ ਜੁਗਾਦੀ ਧੁਰ ਦਾ ਸਾਜਣ ਮੀਤ ਮੁਰਾਰ ।

### ✪ ੧੪ ਮਾਘ ਸ਼ਹਿਨਸ਼ਾਹੀ ਸੰਮਤ ੧੧ ਪਿਆਰਾ ਸਿੰਘ ਦੇ ਗ੍ਰਿਹਿ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ✪



ਨਾਰਦ ਕਹੇ ਮੇਰੇ ਪੂਰਨ ਸਤਿਗੁਰ ਦੇਵਾ, ਦੇਵ ਦੇਵਾ ਤੇਰੀ ਓਟ ਤਕਾਈਆ । ਮਿਹਰਵਾਨਾ ਮੈਨੂੰ ਦੱਸ ਦੇ ਧਰਮ ਦੀ ਧਾਰ ਸੇਵਾ, ਸਤਿ ਸਚ ਨਾਲ ਕਮਾਈਆ । ਅੰਮ੍ਰਿਤ ਰਸ ਬਖ਼ਸ਼ ਦੇ ਅਗੰਮਾ ਮੇਵਾ, ਮਿਹਰਵਾਨ ਆਪਣੀ ਦਇਆ ਕਮਾਈਆ । ਤੇਰੀ ਸਿਫ਼ਤ ਕਰਾਂ ਬਿਨ ਰਸਨਾ ਜੇਹਵਾ, ਢੋਲੇ ਨੌ ਸੱਤ ਸੁਣਾਈਆ । ਤੂੰ ਮਾਲਕ ਮੇਰਾ ਅਲਖ ਅਭੇਵਾ, ਅਗੋਚਰ ਇਕ ਅਖਵਾਈਆ । ਵਸਣਹਾਰਾ ਧਾਮ ਨਿਹਕੇਵਾ, ਨਿਹਚਲ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਨਾਰਦ ਕਹੇ ਸਤਿਗੁਰ ਸ਼ਬਦ ਆਪਣਾ ਪਿਆਰ ਦੇ ਦੇ ਅਣਡਿੱਠਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਵਿਚ ਰਸ ਹੋਵੇ ਅਗੰਮੀ ਮਿਠਾ, ਰਸਨਾ ਚੱਖਣ ਕੋਇ ਨਾ ਪਾਈਆ । ਕਲਜੁਗ ਜੀਵ ਕਰ ਦੇ ਕੌੜਾ ਰੀਠਾ ਮਿਠਾ, ਅੰਮਿਉਂ ਰਸ ਆਪ ਚੁਆਈਆ । ਮੈਂ ਤੇਰੇ ਦੁਆਰੇ ਪਿੱਟਾਂ, ਪਟਨੇਵਾਲਾ ਨਾਲ ਮਿਲਾਈਆ । ਸਤਿਗੁਰ ਸ਼ਬਦ, ਦੀਨ ਦੁਨੀ ਪੂਜਾ ਕਰਦੀ ਪੱਥਰ ਇੱਟਾਂ, ਪਾਹਨਾਂ ਸੀਸ ਨਿਵਾਈਆ । ਤੇਰਾ ਨੂਰ ਨਜ਼ਰ ਨਾ ਆਏ ਕਿਸੇ ਚਿੱਟਾ, ਸਤਿ ਸਤਿਵਾਦੀ ਤੇਰੇ ਰੰਗ ਨਾ ਕੋਇ ਸਮਾਈਆ । ਸਤਿ ਧਰਮ ਕਲਜੁਗ ਕੂੜੀ ਕਿਰਿਆ ਨਾਲ ਫਿਟਾ, ਨੌ ਖੰਡ ਪ੍ਰਿਥਮੀ ਆਪਣਾ ਰੂਪ ਬਦਲਾਈਆ । ਮੈਂ ਇਕੋ ਡੋਰੀ ਤੇਰੇ ਉਤੇ ਸਿੱਟਾਂ, ਆਸ਼ਾ ਤੇਰੇ ਚਰਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਨਾਰਦ ਕਹੇ ਸਤਿਗੁਰ ਸ਼ਬਦ ਸਾਚੀ ਦੇ ਦੇ ਨਾਮ ਨਿਸ਼ਾਨੀ, ਨਿਸ਼ਾਨਾ ਦੀਨ ਦੁਨੀ ਬਦਲਾਈਆ । ਧਰਮ ਦੀ ਧਾਰ ਦੱਸ ਈਮਾਨੀ, ਅਮਲ ਇਕੋ ਇਕ ਸਮਝਾਈਆ । ਜਗਤ ਝਗੜਾ ਮੇਟ ਜਿਸਮਾਨੀ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਤੂੰ ਮਾਲਕ ਨੂਰ ਨੁਰਾਨੀ ਅਸਮਾਨੀ, ਦਰਗਾਹ ਸਾਚੀ ਸੋਭਾ ਪਾਈਆ । ਸ਼ਰਅ ਦਾ ਲੇਖਾ ਮੁਕਾ ਜਿਸਮਾਨੀ, ਜਿਸਮ ਜ਼ਮੀਰ ਸਭ ਦੀ ਦੇ ਬਦਲਾਈਆ ।

ਤੂੰ ਮਾਲਕ ਖ਼ਾਲਕ ਗੁਣ ਨਿਧਾਨੀ, ਗਹਿਰ ਗੰਭੀਰ ਤੇਰੀ ਵਡ ਵਡਿਆਈਆ । ਤੂੰ ਦੇਵਣਹਾਰਾ ਦਾਤਾ ਦਾਨੀ, ਦਇਆਨਿਧ ਅਖਵਾਈਆ । ਨਾਰਦ ਕਹੇ ਮੇਰੀ ਚਾਰ ਜੁਗ ਦੀ ਆਸ਼ਾ ਪੁਰਾਨੀ, ਪੁਨਹ ਪੁਨਹ ਕਹਿ ਕੇ ਸੀਸ ਨਿਵਾਈਆ । ਮੇਰਾ ਲਹਿਣਾ ਦੇਣਾ ਲੇਖਾ ਬਾਹਰ ਸ਼ਾਸਤਰ ਸਿਮਰਤ ਵੇਦ ਪੁਰਾਨੀ, ਅੰਜੀਲ ਕ਼ੁਰਾਨੀ ਵੰਡ ਨਾ ਕੋਇ ਵੰਡਾਈਆ । ਤੂੰ ਦੇਵਣਹਾਰ ਜੋਤੀ ਜਾਤਾ ਨੂਰ ਨੁਰਾਨੀ, ਅੱਲਾ ਆਲਮੀਨ ਇਕ ਅਖਵਾਈਆ । ਤੇਰਾ ਦਿਸੇ ਕੋਈ ਨਾ ਸਾਨੀ, ਲਾਸ਼ਰੀਕ ਪਰਵਰਦਿਗਾਰ ਤੇਰੇ ਹੱਥ ਵਡਿਆਈਆ । ਮੈਨੂੰ ਬਖ਼ਸ਼ ਦੇ ਪਦ ਨਿਰਬਾਨੀ, ਨਿਰਬਾਣ ਆਪਣਾ ਹੁਕਮ ਸੁਣਾਈਆ । ਤੂੰ ਆਦਿ ਜੁਗਾਦੀ ਜਾਣ ਜਾਣੀ, ਜਾਨਣਹਾਰ ਇਕ ਹੋ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਮੰਜ਼ਲ ਦੱਸ ਆਸਾਨੀ, ਅਸਲ ਵਸਲ ਯਾਰ ਆਪਣਾ ਦੇਣਾ ਕਰਾਈਆ ।

## ✪ ੧੪ ਮਾਘ ਸ਼ਹਿਨਸ਼ਾਹੀ ਸੰਮਤ ੧੧ ਦਲੀਪ ਸਿੰਘ ਦੇ ਗ੍ਰਿਹ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ✪

ਸਤਿਗੁਰ ਪੂਰਨ ਸਦ ਬਖ਼ਸ਼ਿੰਦ, ਬਖ਼ਸ਼ਣਹਾਰ ਅਖਵਾਈਆ । ਜਨ ਭਗਤ ਸੁਹੇਲੇ ਬਣਾਏ ਆਪਣੀ ਬਿੰਦ, ਬਿੰਦਰਾਬਨ ਦੇ ਕਾਹਨ ਦਾ ਲੇਖਾ
 ਦਏ ਮੁਕਾਈਆ । ਦਾਤਾ ਦਾਨੀ ਬਣੇ ਗੁਣੀ ਗਹਿੰਦ, ਗਹਿਰ ਗਵਰ ਆਪਣੀ ਕਾਰ ਕਮਾਈਆ । ਅੰਤਸ਼ਕਰਨ ਮੇਟੇ ਸਦਾ ਚਿੰਦ, ਚਿੰਤਾ ਚਿਖਾ ੧੨੯੯
 ਨਾ ਕੋਇ ਜਲਾਈਆ । ਮਿਹਰਵਾਨ ਹੋਵੇ ਦਾਤਾ ਗੁਣੀ ਗਹਿੰਦ, ਗਹਿਰ ਗਵਰ ਆਪਣਾ ਰੰਗ ਰੰਗਾਈਆ । ਅੰਮ੍ਰਿਤ ਧਾਰ ਬਖ਼ਸ਼ੇ ਸਾਗਰ ਸਿੰਧ, ੨੪
ਬੂੰਦ ਸਵਾਂਤੀ ਆਪ ਟਪਕਾਈਆ । ਪਿਆਰ ਮੁਹੱਬਤ ਬਖ਼ਸ਼ੇ ਆਪਣਾ ਛਿੰਦ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਰ ਇਕ ਵਖਾਈਆ । ਪੂਰਨ ਸਤਿਗੁਰ ਤਾਰਦਾ, ਤਾਰਨਹਾਰਾ ਆਪ । ਜਨ ਭਗਤਾਂ ਪੈਜ ਸਵਾਰਦਾ, ਕਲਜੁਗ ਮੇਟ ਅੰਧੇਰੀ ਰਾਤ । ਦਰਸ਼ਨ ਦੇਵੇ ਆਪ ਨਿਰੰਕਾਰ ਦਾ, ਬਿਨ ਨੇਤਰ ਨੈਣਾਂ ਮਾਰ ਝਾਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਜਾਣੇ ਲੋਕਮਾਤ । ਪੂਰਨ ਸਤਿਗੁਰ ਦੀਨ ਦਿਆਲਾ, ਦਇਆਨਿਧ ਅਖਵਾਈਆ । ਕਲਜੁਗ ਅੰਤਮ ਬਣੇ ਰਖਵਾਲਾ, ਰਖਿਆ ਕਰੇ ਥਾਈਂ ਥਾਈਂਆ । ਚਰਨ ਕਵਲ ਬਖ਼ਸ਼ੇ ਸਚ ਸਚੀ ਧਰਮਸਾਲਾ, ਸਚ ਦੁਆਰ ਇਕ ਜਣਾਈਆ । ਤ੍ਰੈਗੁਣ ਮਾਇਆ ਤੋੜੇ ਕੂੜ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਆਤਮ ਪਰਮਾਤਮ ਗਲ ਪਾਏ ਅਗੰਮੀ ਮਾਲਾ, ਤੂੰ ਮੇਰਾ ਮੈਂ ਤੇਰਾ ਮਣਕਾ ਮਨ ਕਾ ਦਏ ਭਵਾਈਆ । ਜਨ ਭਗਤਾਂ ਸਦਾ ਚਲਾਏ ਆਪਣੀ ਚਾਲਾ, ਵਖਰੀ ਵੰਡ ਨਾ ਕੋਇ ਵੰਡਾਈਆ । ਇਕੋ ਰੰਗ ਰੰਗਾਏ ਸ਼ਾਹ ਕੰਗਾਲਾ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਨਿਰਧਨ ਸਰਧਨ ਬਣੇ ਦਲਾਲਾ, ਵਿਚੋਲਾ ਇਕ ਬੇਪਰਵਾਹੀਆ । ਹਰਿਜਨ ਲੇਖੇ ਲਾਏ ਘਾਲਾ, ਕੀਤੀ ਘਾਲ ਲੇਖੇ ਪਾਈਆ । ਗੁਰਮੁਖ ਉਠਾਏ ਆਪਣੇ ਬਾਲਾ, ਬਚਪਨ ਆਪਣੀ ਗੋਦ ਵਖਾਈਆ । ਗੁਰਸਿਖਾਂ ਕਰੇ ਆਪ ਸੰਭਾਲਾ, ਸੰਬਲ ਦਾ ਮਾਲਕ ਹੋ ਕੇ ਵੇਖ ਵਖਾਈਆ । ਤ੍ਰੈਗੁਣ ਮਾਇਆ ਤੋੜੇ ਜੰਜਾਲਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਿਸ ਦਾ ਅਵਤਾਰ ਪੈਗ਼ੰਬਰ ਗੁਰੂ ਦੇਣ ਅਹਿਵਾਲਾ,

ਸੋ ਮਾਲਕ ਬਣੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਬਣੇ ਸਦਾ ਪ੍ਰਿਤਪਾਲਾ, ਪ੍ਰਿਤਪਾਲਕ ਹੋ ਕੇ ਵੇਖੇ ਚਾਈਂ ਚਾਈਆ ।

## ✪ ੧੪ ਮਾਘ ਸ਼ਹਿਨਸ਼ਾਹੀ ਸੰਮਤ ੧੧ ਮੱਖਣ ਸਿੰਘ ਦੇ ਗ੍ਰਹਿ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ✪

ਧਰਨੀ ਕਹੇ ਪ੍ਰਭੂ ਮੈਂ ਨਿਮਾਣੀ ਮਿੱਟੀ, ਖ਼ਾਕ ਧੂੜ ਚਰਨ ਲੈਣੀ ਬਣਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰੇ ਚਰਨਾਂ ਵਿਚ ਲਿਟੀ, ਲਿਟਾਂ ਖੋਲ੍ਹ ਕੇ ਸੀਸ ਨਿਵਾਈਆ । ਮੈਨੂੰ ਦਰ ਦਵਾਰਿਉਂ ਬਾਹਰ ਨਾ ਸਿੱਟੀਂ, ਸਚ ਗ੍ਰਹਿ ਦੇਣੀ ਵਡਿਆਈਆ । ਮੈਂ ਜੁਗ ਚੌਕੜੀਆਂ ਗਿਣਦੀ ਰਹੀ ਗਿੱਟੀ, ਗਿਣਤੀ ਗਣਤ ਨਾ ਕੋਇ ਸਮਝਾਈਆ । ਮੇਰੀ ਆਸਾ ਸਭ ਤੋਂ ਵੇਖ ਲੈ ਨਿੱਕੀ, ਨਿੱਕੀ ਹੋ ਕੇ ਦਿਆਂ ਜਣਾਈਆ । ਮੇਰੀ ਤ੍ਰਿਸ਼ਨਾ ਹੋਣ ਨਾ ਦੇਵੀਂ ਫਿੱਕੀ, ਅੰਮ੍ਰਿਤ ਰਸ ਦੇਣਾ ਭਰਾਈਆ । ਪਰਵਰਦਿਗਾਰ ਸਾਂਝੇ ਯਾਰ ਤੇਰੇ ਪਿਆਰ ਵਿਚ ਵਿਕੀ, ਕ਼ੀਮਤ ਜਗਤ ਨਾ ਕੋਇ ਰਖਾਈਆ । ਤੂੰ ਮੇਰਾ ਲਹਿਣਾ ਦੇਣਾ ਕ਼ਲਮ ਸ਼ਾਹੀ ਧਾਰ ਨਾਲ ਲਿਖੀ, ਲੇਖਾ ਅਗਲਾ ਆਪਣੇ ਨਾਲ ਬਣਾਈਆ । ਮੈਂ ਚਾਹੁੰਦੀ ਧਰਮ ਦੀ ਧਾਰ ਮੇਰੇ ਉਤੇ ਇਕੋ ਹੋਵੇ ਸਿੱਖੀ, ਜੋ ਸਾਖ਼ਿਆਤ ਤੇਰਾ ਦਰਸ਼ਨ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮੇਰੀ ਝੋਲੀ ਪਾ ਦੇ ਭਿੱਖੀ, ਭਿਖਕ ਹੋ ਕੇ ਮੰਗ ਮੰਗਾਈਆ ।
 ਉਹ ਲਹਿਣਾ ਪੂਰਾ ਕਰ ਦੇ ਜੋ ਆਸਾ ਰਖ ਕੇ ਗਏ ਸਪਤਸ ਰਿਖੀ, ਰਿਖੀਸ਼ਰ ਹੋ ਕੇ ਧਿਆਨ ਲਗਾਈਆ । ਦੀਨ ਦੁਨੀ ਦੀ ਅੰਦਰੋਂ ਕੂੜ ਕੁੜਿਆਰੀ ੧੩੦੦
 ਮੇਟ ਦੇ ਵਿਸੀ, ਵਿਖ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਬਖ਼ਸ਼ ਦੇ ਸਚ ਪ੍ਰੀਤੀ ਹਿੱਸੀ, ਹਿੱਸੇਦਾਰ ਲੈ ਬਣਾਈਆ । ਪਰ ਮੈਂ ਹੈਰਾਨ ੨੪
ਹੋ ਗਈ ਤੇਰਾ ਦਰਸ ਹੁੰਦਾ ਕੋਟਾਂ ਵਿਚੋਂ ਕਿਸੇ ਕਿਸੀ, ਕਿਸ ਬਿਧ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਮੈਨੂੰ ਚਾਰ ਜੁਗ ਦੇ ਸ਼ਾਸਤਰਾਂ ਕਿਹਾ ਖ਼ਾਕ, ਖ਼ਾਕਸਾਰ ਹੋ ਕੇ ਸੀਸ ਨਿਵਾਈਆ । ਮੇਰਾ ਤਨ ਵਜੂਦ ਕਰ ਦੇ ਪਾਕ, ਪਤਿਤ ਪੁਨੀਤ ਆਪਣੀ ਦਇਆ ਕਮਾਈਆ । ਨਾਲੇ ਲੇਖਾ ਤਕ ਲੈ ਅਵਤਾਰ ਪੈਗ਼ੰਬਰਾਂ ਵਾਲੇ ਵਾਕ, ਗੁਰੂ ਗੁਰਦੇਵ ਗਏ ਬਣਾਈਆ । ਬਿਨਾ ਤੇਰੇ ਤੋਂ ਮੇਰਾ ਨਹੀਂ ਕੋਈ ਸੱਜਣ ਸਾਕ, ਸਖ਼ਾ ਸਖ਼ਾਈ ਨਜ਼ਰ ਕੋਇ ਨਾ ਆਈਆ । ਮਿਹਰਵਾਨ ਹੋ ਕੇ ਮੇਰੇ ਉਤੇ ਸਤਿ ਧਰਮ ਦਾ ਖੋਲ੍ਹ ਦੇ ਤਾਕ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਮੈਂ ਤੇਰੀ ਸੇਵਕ ਦਾਸੀ ਚਾਕ, ਚਾਕਰ ਹੋ ਕੇ ਸੇਵ ਕਮਾਈਆ । ਮੇਰੀ ਆਸਾ ਮੂਲ ਰਹੇ ਨਾ ਆਕ, ਨਿਵਣ-ਸੁ-ਅੱਖਰ ਦੇਣਾ ਦ੍ਰਿੜਾਈਆ । ਮੇਰਾ ਨੌਂ ਖੰਡ ਪ੍ਰਿਥਮੀ ਤੇਰੇ ਚਰਨਾਂ ਦਾ ਹੋਵੇ ਬਲਾਕ, ਹਿੱਸਾ ਵੰਡ ਨਾ ਕੋਇ ਵੰਡਾਈਆ । ਪਰਮ ਪੁਰਖ ਪਰਮਾਤਮ ਆਤਮ ਧਾਰ ਸਭ ਦਾ ਕਰ ਮਿਲਾਪ, ਮਿਲਣੀ ਹਰਿ ਜਗਦੀਸ ਕਰਾਈਆ । ਦੀਨ ਦੁਨੀ ਦਾ ਇਕੋ ਹੋਵੇ ਜਾਪ, ਇਕੋ ਤੇਰਾ ਢੋਲਾ ਗਾਈਆ । ਇਕੋ ਸਭ ਦਾ ਬਣ ਮਾਈ ਬਾਪ, ਪਿਤਾ ਪੁਰਖ ਅਕਾਲ ਇਕ ਅਖਵਾਈਆ । ਮੇਰੇ ਉਤੋਂ ਕਲਜੁਗ ਕੂੜ ਮੇਟ ਦੇ ਪਾਪ, ਪਾਪੀਆਂ ਕਰ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀ ਚਿੰਤਾ ਮੇਟ ਰੋਗ ਸੰਤਾਪ, ਸਤਿ ਸਤਿਵਾਦੀ ਆਪਣੀ ਦਇਆ ਕਮਾਈਆ ।

## ✪ ੧੪ ਮਾਘ ਸ਼ਹਿਨਸ਼ਾਹੀ ਸੰਮਤ ੧੧ ਆਸਾ ਸਿੰਘ ਦੇ ਗ੍ਰਹਿ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ✪

ਧਰਨੀ ਕਹੇ ਮੇਰੇ ਪ੍ਰਭੂ ਕਮਲਾਪਾਤੀ, ਪਤਿਪਰਮੇਸ਼ਵਰ ਤੇਰੀ ਵਡ ਵਡਿਆਈਆ । ਕਿਰਪਾ ਕਰ ਲੋਕਮਾਤੀ, ਨਿਗਾਹਬਾਨ ਹੋ ਕੇ ਵੇਖ ਵਖਾਈਆ । ਚਰਨ ਛੁਹਾ ਦੇ ਮੇਰੇ ਸੀਨੇ ਛਾਤੀ, ਛਤਰਧਾਰੀਆ ਤੇਰੀ ਵਡ ਵਡਿਆਈਆ । ਮੈਂ ਦਰਸ਼ਨ ਕਰਨਾ ਚਾਹੁੰਦੀ ਇਕ ਇਕਾਂਤੀ, ਇਕ ਇਕੱਲੇ ਪਰਦਾ ਦੇਣਾ ਉਠਾਈਆ । ਮੈਨੂੰ ਸਹਿਜ ਨਾਲ ਸੰਦੇਸ਼ਾ ਦੇ ਕੇ ਗਿਆ ਨਾਰਦ ਪੰਡਾ, ਧਰਨੀਏ ਮੈਂ ਤੇਰੇ ਉਤੇ ਆਵਾਂ ਅੱਜ ਦੀ ਰਾਤੀ, ਪੂਰਬ ਲੇਖਾ ਨਾਲ ਮਿਲਾਈਆ । ਖੇਲ ਦੱਸਾਂ ਬਹੁ ਬਿਧ ਭਾਂਤੀ, ਭਾਂਤ ਭਾਂਤ ਦਾ ਪਰਦਾ ਦਿਆਂ ਉਠਾਈਆ । ਭਾਵੇਂ ਕਿਸੇ ਨੂੰ ਦਿਸ ਨਾ ਆਏ ਮੇਰੀ ਜਾਤੀ, ਰੂਪ ਰੰਗ ਰੇਖ ਵੇਖਣ ਕੋਇ ਨਾ ਪਾਈਆ । ਮੇਰਾ ਲਹਿਣਾ ਦੇਣਾ ਲਿਖਿਆ ਜਾਵੇ ਨਾਲ ਕਲਮ ਦਵਾਤੀ, ਕਾਗ਼ਜ਼ਾਂ ਵਜੀ ਵਧਾਈਆ । ਮੈਂ ਪਰਕਾਸ਼ ਕਰਾਂ ਪ੍ਰਭੂ ਦਾ ਬਿਨਾ ਤੇਲ ਬਾਤੀ, ਬਿਨ ਦੀਪਕਾਂ ਡਗਮਗਾਈਆ । ਜਿਸ ਨੇ ਪੁਛਣੀ ਤੇਰੀ ਵਾਤੀ, ਵਾਰਸ ਹੋ ਕੇ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਤੇਰੇ ਉਤੋਂ ਕਢਣੀ ਨਾਰ ਕਮਜ਼ਾਤੀ, ਜੂਠ ਝੂਠ ਰਹਿਣ ਕੋਇ ਨਾ ਪਾਈਆ । ਸਚ ਧਰਮ ਦੀ ਬਣਾਉਣੀ ਸਚ ਪਰਭਾਤੀ, ਪ੍ਰਭੂ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਬਦਲ ਦੇਵੇ ਹਯਾਤੀ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ ।


੧੩੦੧
੨੪

## ✪ ੧੪ ਮਾਘ ਸ਼ਹਿਨਸ਼ਾਹੀ ਸੰਮਤ ੧੧ ਹਜ਼ਾਰਾ ਸਿੰਘ ਦੇ ਗ੍ਰਹਿ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ✪

ਧਰਨੀ ਕਹੇ ਮੇਰੇ ਨੂਰ ਅਲਾਹੀ ਰੱਬਾ, ਪਰਵਰਦਿਗਾਰ ਤੇਰੀ ਸਰਨਾਈਆ । ਮੇਰੇ ਆਦਿ ਜੁਗਾਦੀ ਅੱਬਾ, ਮਾਲਕ ਤੇਰੇ ਹੱਥ ਵਡਿਆਈਆ । ਤੇਰਾ ਆਉਣਾ ਹੁੰਦਾ ਨਾਲ ਸਬੱਬਾ, ਜੁਗ ਜੁਗ ਆਪਣਾ ਫੇਰਾ ਪਾਈਆ । ਮੇਰੇ ਉਤੋਂ ਕਲਜੁਗ ਕੂੜ ਕਿਰਿਆ ਮੇਟ ਦੇ ਧੱਬਾ, ਦੁਰਮਤ ਦਾਗ਼ ਰਹਿਣ ਕੋਇ ਨਾ ਪਾਈਆ । ਜਿਸ ਕਾਰਨ ਹਜ਼ਰਤ ਮੁਹੰਮਦ ਕਟਾਈਆਂ ਲਬਾਂ, ਉਸ ਦਾ ਲੇਖਾ ਪੂਰਾ ਦੇਣਾ ਕਰਾਈਆ । ਮੈਂ ਤੇਰੇ ਚਰਨ ਕਵਲ ਆਪਣਾ ਹੱਥ ਬਧਾ, ਬੰਦਗੀ ਵਿਚ ਸੀਸ ਨਿਵਾਈਆ । ਤੇਰਾ ਹੁਕਮ ਮੰਨਦੀ ਸਦਾ, ਸਦਕੇ ਵਾਰੀ ਘੋਲ ਘੁਮਾਈਆ । ਮੈਂ ਰਾਹ ਤਕਦੀ ਕਦਾ, ਕ਼ਦੀਮ ਦੀ ਧਿਆਨ ਲਗਾਈਆ । ਮੇਰੀ ਪਵਿਤ੍ਰ ਕਰ ਦੇ ਜਗਹ, ਥਾਨ ਥਨੰਤਰ ਸੋਭਾ ਪਾਈਆ । ਧਰਮ ਦੀ ਧਾਰ ਮੇਰਾ ਹੋਵੇ ਅਗਾ, ਸਚ ਨਾਲ ਮਿਲ ਕੇ ਵਜੇ ਵਧਾਈਆ । ਤੇਰਾ ਸਤਿ ਸਰੂਪ ਪ੍ਰੇਮ ਦੀ ਧਾਰ ਦਿਸੇ ਬੱਗਾ, ਬਗ ਬਪੜੇ ਗੁਰਮੁਖ ਹੰਸ ਲੈ ਬਣਾਈਆ । ਕਲਜੁਗ ਜੀਵ ਤਕ ਅਲਪਗਾ, ਸਰਬਗ ਹੋ ਕੇ ਵੇਖ ਵਖਾਈਆ । ਜਨ ਭਗਤਾਂ ਦਰਸ਼ਨ ਦੇ ਉਪਰ ਸ਼ਾਹਰਗਾ, ਸ਼ਹਿਨਸ਼ਾਹ ਪਰਦਾ ਆਪ ਚੁਕਾਈਆ । ਮੈਂ ਤੇਰੀ ਸਰਨ ਸਰਨਾਈ ਲੱਗਾ, ਲਗ ਮਾਤਰ ਡੇਰਾ ਢਾਈਆ । ਤੇਰਾ ਗ੍ਰਹਿ ਮੰਦਰ ਇਕੋ ਹੋਵੇ ਚੰਗਾ, ਚਾਰੋਂ ਕੁੰਟ ਦੇਣਾ ਸਮਝਾਈਆ । ਤੇਰੀ ਛੋਹ ਸਾਚੀ ਧਾਰ ਹੋਵੇ ਗੰਗਾ, ਗੰਗੋਤਰੀ ਬੈਠੀ ਸੀਸ ਝੁਕਾਈਆ । ਮੈਂ ਇਕੋ ਬੇਨੰਤੀ ਕਰਕੇ ਵਸਤ ਮੰਗਾਂ, ਮਾਂਗਤ ਹੋ ਕੇ ਝੋਲੀ ਡਾਹੀਆ । ਪਰਮ ਪੁਰਖ ਤੇਰਾ ਭਗਤ

ਰਹੇ ਕੋਈ ਨਾ ਭੁਖਾ ਨੰਗਾ, ਗ਼ਰੀਬ ਨਿਮਾਣਿਆਂ ਹੋਣਾ ਸਹਾਈਆ । ਆਪ ਆਪਣੇ ਲਾਉਣਾ ਅੰਗਾ, ਅੰਗੀਕਾਰ ਆਪ ਹੋ ਜਾਈਆ । ਤੇਰਾ ਨਾਮ ਵਜੇ ਮਰਦੰਗਾ, ਮਰਦ ਮਰਦਾਨੇ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਂ ਸਦਾ ਚਾਹੁੰਦੀ ਤੇਰੀ ਸੰਗਾ, ਸਗਲੇ ਸੰਗੀ ਬਹੁ ਰੰਗੀ ਆਪਣਾ ਰੰਗ ਰੰਗਾਈਆ ।

### ੧੪ ਮਾਘ ਸ਼ਹਿਨਸ਼ਾਹੀ ਸੰਮਤ ੧੧ ਭਾਗ ਸਿੰਘ ਦੇ ਗ੍ਰਿਹਿ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ

ਧਰਨੀ ਕਹੇ ਪ੍ਰਭੂ ਮੈਂ ਜੁਗ ਜੁਗ ਬਿਨ ਕ਼ਦਮਾਂ ਤੋਂ ਭੱਜੀ, ਸੇਵਕ ਹੋ ਕੇ ਸੇਵ ਕਮਾਈਆ । ਕੋਟਨ ਕੋਟ ਜੁਗ ਚੌਕੜੀ ਸੇਵਾ ਕਰ ਮੂਲ ਨਾ ਰੱਜੀ, ਤ੍ਰਿਸ਼ਨਾ ਤੇਰੇ ਪਿਆਰ ਰਖਾਈਆ । ਮੇਰੇ ਮਿਹਰਵਾਨਾ ਤੂੰ ਮੇਰੇ ਉਤੇ ਜੁਗ ਜੁਗ ਆਉਂਦਾ ਨਾਲ ਸਬੱਬੀ, ਸਬਬ ਨਾਲ ਆਪਣਾ ਫੇਰਾ ਪਾਈਆ । ਆਪੇ ਖੇਲ ਖਿਲਾਵੇਂ ਅਵਤਾਰ ਪੈਗ਼ੰਬਰ ਗੁਰੂਆਂ ਧਾਰ ਗੱਦੀ, ਦੀਨ ਦੁਨੀ ਰੰਗ ਰੰਗਾਈਆ । ਮੈਂ ਤੇਰਾ ਖੇਲ ਤਕਦੀ ਰਹੀ ਸੁਦੀ ਵਦੀ, ਅਮਾਵਸ ਪੂਨਮ ਨਾਲ ਮਿਲਾਈਆ । ਅੰਤ ਤੈਨੂੰ ਸਾਰੇ ਗਏ ਸੱਦੀ, ਸੱਦੇ ਦਿਤੇ ਚਾਈਂ ਚਾਈਂਆ । ਜਿਸ ਵੇਲੇ ਕਲਜੁਗ ਕਿਰਿਆ ਕੂੜ ਵਦੀ ਬਦੀ, ਬੰਦਾ

ਪੁਨੀਤ ਨਜ਼ਰ ਕੋਇ ਨਾ ਆਈਆ । ਮਾਇਆ ਵਾਸ਼ਨਾ ਹੋਣੀ ਗੰਦੀ, ਸਚ ਵਿਚ ਨਾ ਕੋਇ ਸਮਾਈਆ । ਦੀਨ ਦੁਨੀਆ ਨੇਤਰ ਅੱਖ ਹੋਣੀ ਅੰਧੀ, ਨਿਜ ਨੇਤਰ ਤੇਰਾ ਦਰਸ ਕੋਇ ਨਾ ਪਾਈਆ । ਉਸ ਵੇਲੇ ਸਦੀ ਬੀਸਵੀਂ ਜਾਂਦੀ ਹੋਣੀ ਲੰਘੀ, ਚੌਧਵੀਂ ਆਪਣਾ ਪੰਧ ਮੁਕਾਈਆ । ਗੋਬਿੰਦ ਦੇ ਕੰਘੇ ਦੀ ਸਿੱਖਾਂ ਸਿਰ ਵਿਚ ਫੇਰਨੀ ਨਹੀਂ ਕੰਘੀ, ਗੁਰਮਤ ਜਾਣ ਭੁਲਾਈਆ । ਝਗੜਾ ਪੈਣਾ ਪ੍ਰਕਿਰਤੀ ਪੰਝੀ, ਪੰਜਾਂ ਤਤਾਂ ਪ੍ਰੇਮ ਨਾ ਕੋਇ ਰਖਾਈਆ । ਕਲਜੁਗ ਕੂੜ ਕੁੜਿਆਰ ਫਿਰਨਾ ਮੇਰੇ ਉਤੇ ਜੰਗੀ, ਬਲ ਆਪਣਾ ਆਪ ਪਰਗਟਾਈਆ । ਸਚ ਮੁਹੱਬਤ ਕਿਤੋਂ ਮਿਲਣੀ ਨਹੀਂ ਮੰਗੀ, ਖ਼ੈਰ ਬੀਖ਼ੈਰ ਯਾ ਅੱਲਾਹ ਝੋਲੀ ਕੋਇ ਨਾ ਪਾਈਆ । ਉਸ ਵੇਲੇ ਤੇਰਾ ਇਕੋ ਸੁਤ ਦੁਲਾਰਾ ਉਠੇ ਭੁਜੰਗੀ, ਬਿਨਾ ਭੁਜਾਂ ਤੋਂ ਸ਼ਬਦ ਨੂਰ ਅਲਾਹੀਆ । ਜਿਸ ਨੇ ਖੇਲ ਕਰਨੀ ਚੰਗੀ, ਚੰਗੀ ਤਰਹ ਦ੍ਰਿੜਾਈਆ । ਜਨ ਭਗਤ ਸੁਹੇਲੇ ਤੇਰੇ ਲਾਉਣੇ ਆਪਣੇ ਅੰਗੀ, ਅੰਗੀਕਾਰ ਆਪ ਹੋ ਜਾਈਆ । ਜਿਸ ਦੇ ਚਰਨਾਂ ਵਿਚ ਜਮਨਾ ਸੁਰਸਤੀ ਗੋਦਾਵਰੀ ਫਿਰਨੀ ਗੰਗੀ, ਭੱਜੇ ਚਾਈਂ ਚਾਈਂਆ । ਉਸ ਮਨ ਮਨੂਆ ਵੇਖਣਾ ਫ਼ਰੰਗੀ, ਗ੍ਰਿਹਿ ਗ੍ਰਿਹਿ ਅੰਤਰ ਧਿਆਨ ਲਗਾਈਆ । ਗੁਰਮੁਖ ਗੁਰਸਿਖ ਹਰਿਜਨ ਚੁਕ ਕੇ ਆਪਣੇ ਕੰਧੀ, ਕੰਢੀ ਘਾਟ ਪਾਰ ਲੰਘਾਈਆ । ਚੁਰਾਸੀ ਵਾਲੀ ਕਟ ਕੇ ਬੰਦੀ, ਬੰਦਨਾ ਇਕੋ ਨਾਮ ਸਮਝਾਈਆ । ਜਿਨ੍ਹਾਂ ਨੇ ਤੂੰ ਮੇਰਾ ਮੈਂ ਤੇਰਾ ਗਾਉਣਾ ਛੰਦੀ, ਸੋਹੰ ਢੋਲਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਦੇਣਾ ਸਚ ਅਨੰਦੀ, ਅਨੰਦ ਦੇ ਮਾਲਕ ਅਨੰਦ ਅਨੰਦ ਵਿਚੋਂ ਪਰਗਟਾਈਆ ।

✪ ੧੪ ਮਾਘ ਸ਼ਹਿਨਸ਼ਾਹੀ ਸੰਮਤ ੧੧ ਦੀਦਾਰ ਸਿੰਘ ਦੇ ਗ੍ਰਿਹ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ ✪

ਨਾਰਦ ਕਹੇ ਮੈਨੂੰ ਬੜੀ ਮੁਸ਼ਕਲ ਕਿਤਾਬ ਲੱਭੀ, ਬ੍ਰਹਿਮੰਡਾਂ ਖੰਡਾਂ ਪੁਰੀਆਂ ਲੋਆਂ ਬਾਹਰ ਧਿਆਨ ਲਗਾਈਆ । ਜਿਸ ਵਿਚ ਲੇਖਾ ਲਿਖਿਆ ਓਹ ਨੂਰ ਅਲਾਹੀ ਰੱਬੀ, ਨੂਰ ਨੁਰਾਨਾ ਸ਼ਾਹ ਸੁਲਤਾਨਾ ਅਗੰਮ ਅਥਾਹੀਆ । ਜਿਸ ਦੇ ਹੁਕਮ ਵਿਚ ਪੈਗ਼ੰਬਰ ਫਿਰਨ ਨਬੀ, ਰਸੂਲ ਭੱਜਣ ਵਾਹੋ ਦਾਹੀਆ । ਉਸ ਦਾ ਖੇਲ ਹੋਇਆ ਸਬੱਬੀ, ਸਾਹਿਬ ਆਪਣਾ ਹੁਕਮ ਵਰਤਾਈਆ । ਜਿਸ ਦੇ ਹੁਕਮ ਵਿਚ ਸ੍ਰਿਸ਼ਟੀ ਦ੍ਰਿਸ਼ਟੀ ਬੱਧੀ, ਬੰਦਨਾ ਵਿਚ ਸਾਰੇ ਸੀਸ ਨਿਵਾਈਆ । ਓਹ ਅੰਤ ਅਖ਼ੀਰ ਬੇਨਜ਼ੀਰ ਵੇਖਣਹਾਰਾ ਚੌਧਵੀਂ ਸਦੀ, ਸਦਕੇ ਵਾਰੀ ਘੋਲ ਘੁਮਾਈਆ । ਜਿਸ ਦਾ ਹੁਕਮ ਸੰਦੇਸ਼ਾ ਫ਼ਰਮਾਨ ਮਿਲਣ ਵਾਲਾ ਯਦੀ, ਯਦੀ ਯਦਪ ਦਏ ਦ੍ਰਿੜਾਈਆ । ਉਸ ਧਰਨੀ ਪਾਪਾਂ ਥੱਲਿਉਂ ਕਢਣੀ ਦੱਬੀ, ਭਾਰ ਹੌਲਾ ਦਏ ਕਰਾਈਆ । ਜਿਸ ਦੇ ਪ੍ਰੇਮ ਪਿਆਰ ਦੀ ਧਾਰ ਅਗੰਮੀ ਮਧੀ, ਮਧਸੂਦਨ ਹੋ ਕੇ ਵੇਖ ਵਖਾਈਆ । ਜਿਸ ਦੀ ਪ੍ਰੀਤ ਆਦਿ ਜੁਗਾਦਿ ਜੁਗ ਚੌਕੜੀ ਭਗਤਾਂ ਨਾਲ ਲੱਗੀ, ਲਗ ਮਾਤਰ ਡੇਰਾ ਢਾਈਆ । ਓਹ ਵੇਖਣਹਾਰਾ ਕਲਜੁਗ ਅਗਨੀ ਲੱਗੀ, ਨਵ ਸੱਤ ਧਿਆਨ ਲਗਾਈਆ । ਸ਼ਾਹੋ ਭੂਪ ਸੂਰਾ ਸਰਬਗੀ, ਹਰਿ ਕਰਤਾ ਇਕ ਅਖਵਾਈਆ । ਨਾਰਦ ਕਹੇ ਉਸ ਦੀ ਬਿਨਾ ਤੇਲ ਬਾਤੀ ਜੋਤ ਜਗੀ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋ ਹਰਿਜਨ ਬਣਾਵੇ ਹੰਸ ਕਗੀ, ਕਾਗੋਂ ਹੰਸ ਉਡਾਈਆ । ਜਨ ਭਗਤਾਂ ਦਰਸ਼ਨ ਦੇਵੇ ਉਪਰ ਸ਼ਾਹਰਗੀ, ਪਰਦਾ ਬਜਰ ਕਪਾਟ ਖੁਲ੍ਹਾਈਆ । ਅੰਮ੍ਰਿਤ ਧਾਰ ਵਹਾਏ ਅਗੰਮੀ
੧੩੦੩ ਨਦੀ, ਜਗਤ ਸਰੋਵਰਾਂ ਲੋੜ ਰਹੇ ਨਾ ਰਾਈਆ । ਜਿਸ ਕ਼ਾਇਮ ਰਹਿਣ ਦੇਣੀ ਨਹੀਂ ਕਿਸੇ ਦੀ ਗੱਦੀ, ਗਦਾਗਰ ਕਰੇ ਖ਼ਲਕ ਖ਼ੁਦਾਈਆ । ਉਹ ੧੩੦੩
੨੪ ਵੇਖਣਹਾਰਾ ਦੀਨ ਦੁਨੀ ਦੀ ਬਦੀ, ਬਦਲਾ ਚੁਕਾਵੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ੨੪
ਦਾ ਵਰ, ਧੁਰ ਮਾਲਕ ਇਕ ਗੁਸਾਈਂਆ । ਨਾਰਦ ਕਹੇ ਮੇਰੀ ਕਿਤਾਬ ਦਿਸੇ ਬਿਨ ਅੱਖਰਾਂ, ਜਗਤ ਵਿਦਿਆ ਨਾ ਕੋਇ ਵਡਿਆਈਆ । ਓਹਦਾ ਲਹਿਣਾ ਦੇਣਾ ਨਹੀਂ ਇੱਟਾਂ ਪੱਥਰਾਂ, ਪਾਹਨਾ ਰੰਗ ਨਾ ਕੋਇ ਰੰਗਾਈਆ । ਉਸ ਦਾ ਇਸ਼ਾਰਾ ਦਿਤਾ ਗੋਬਿੰਦ ਯਾਰੜੇ ਵਾਲੇ ਸਥਰਾ, ਸੋਹਣੀ ਸੇਜ ਬਣਾਈਆ । ਜਿਸ ਦਾ ਨੀਰ ਵਹਾਉਂਦੇ ਬਿਨ ਅੱਖੀਆਂ ਵਾਲੀਆਂ ਅੱਥਰਾਂ, ਬਿਨ ਹੰਝੂਆਂ ਹਾਰ ਬਣਾਈਆ । ਜਿਸ ਦੀ ਯਾਦ ਕਰਕੇ ਗਿਆ ਕ੍ਰਿਸ਼ਨਾ ਕਾਹਨਾ ਵਿਚ ਮਥਰਾ, ਗੋਕਲ ਗੋਪਾਲ ਧਿਆਨ ਲਗਾਈਆ । ਉਸ ਦਾ ਭੇਵ ਅਭੇਦਾ ਮੁਸ਼ਕਲ ਹੋਵੇ ਕਥਨਾ, ਕਥਨੀ ਕਥ ਸਕੇ ਨਾ ਰਾਈਆ । ਜਿਸ ਨੂੰ ਯਾਦ ਕਰਕੇ ਗਿਆ ਰਾਮ ਸੁਤ ਦਸਰਥਨਾ, ਤ੍ਰੇਤਾ ਦਏ ਗਵਾਹੀਆ । ਉਸ ਨੇ ਕੂੜ ਕੁੜਿਆਰਾ ਕਲਜੁਗ ਮਥਨਾ, ਮਥਨ ਕਰੇ ਖ਼ਲਕ ਖ਼ੁਦਾਈਆ । ਸਭ ਦਾ ਲਹਿਣਾ ਦੇਣਾ ਚੁਕਾਵੇ ਹੱਥੋ ਹਥਨਾ, ਜਗਤ ਉਧਾਰ ਨਾ ਕੋਇ ਜਣਾਈਆ । ਭਗਤ ਸੁਹੇਲਾ ਅੰਤਰ ਆਤਮ ਰਹਿਣ ਦੇਵੇ ਕੋਈ ਨਾ ਸਖਣਾ, ਸਤਿਗੁਰ ਦਾਤਾ ਹੋ ਕੇ ਨਾਮ ਦਏ ਵਰਤਾਈਆ । ਜਿਸ ਦੇ ਹੁਕਮ ਵਿਚ ਕਲਜੁਗ ਕੂੜ ਕੁੜਿਆਰਾ ਨਠਣਾ, ਭੱਜੇ ਵਾਹੋ ਦਾਹੀਆ । ਲੇਖਾ ਮੁਕੇ ਅੱਠ ਸੱਠਨਾ, ਤੀਰਥ ਤਟ ਰੰਗ ਰੰਗਾਈਆ । ਲਹਿਣਾ ਜਾਣੇ ਮੰਦਰ ਮਸਜਿਦ ਸ਼ਿਵਦਵਾਲੇ ਮਠਨਾ, ਗੁਰੂਦੁਆਰੇ ਚਰਚਾਂ ਵੇਖ ਵਖਾਈਆ । ਉਹ ਸਾਹਿਬ ਸੁਆਮੀ ਇਕ ਸਮਰਥਣਾ, ਹਰਿ ਕਰਤਾ ਅਗੰਮ ਅਥਾਹੀਆ । ਜਿਸ ਭਗਤ ਸੁਹੇਲਾ ਲੋਕਮਾਤ ਰਖਣਾ, ਰਖਿਆ ਕਰੇ ਥਾਉਂ ਥਾਈਆ । ਸਾਚੇ ਸੰਤਾਂ ਅੰਤਰ ਵਸਣਾ, ਗ੍ਰਿਹਿ ਮੰਦਰ ਡੇਰਾ ਲਾਈਆ । ਗੁਰਮੁਖਾਂ ਮਾਰਗ ਇਕੋ ਦੱਸਣਾ, ਦਹਿ ਦਿਸ਼ਾ ਕਰੇ ਪੜ੍ਹਾਈਆ । ਗੁਰਸਿਖਾਂ ਦੇਵੇ

ਨਾਮ ਨਿਧਾਨਾ ਰਸਨਾ, ਬਿਨ ਰਸਨਾ ਰਸ ਚਖਾਈਆ । ਕਲਜੁਗ ਮੇਟੇ ਰੈਣ ਅੰਧੇਰੀ ਮਸਨਾ, ਸਤਿਜੁਗ ਨੂਰ ਚੰਦ ਕਰੇ ਰੁਸ਼ਨਾਈਆ । ਜਿਸ
ਦੀ ਯਾਦ ਵਿਚ ਅਵਤਾਰ ਪੈਗ਼ੰਬਰ ਗੁਰ ਖ਼ੁਸ਼ੀਆਂ ਦੇ ਵਿਚ ਹਸਣਾ, ਹਸਤੀ ਤਕ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਰਗ ਇਕ ਦਰਸਾਈਆ । ਨਾਰਦ ਕਹੇ ਮੇਰੀ ਕਿਤਾਬ ਕਿਸੇ ਹੱਥ ਨਾ ਆਵੇ ਵਿਚੋਂ ਮਕਤਬ,
ਕੁਤਬਖ਼ਾਨਿਆਂ ਨਜ਼ਰ ਕੋਇ ਨਾ ਆਈਆ । ਅਕਲ ਬੁੱਧੀ ਨਾਲ ਉਸ ਦਾ ਕੱਢੇ ਕੋਈ ਨਾ ਮਤਲਬ, ਜਗਤ ਵਿਦਿਆ ਨਾ ਕੋਇ ਜਣਾਈਆ । ਜਗਤ
ਜਗਿਆਸੂ ਬਣੇ ਨਾ ਕੋਇ ਮੁਨਸਫ਼, ਇਨਸਾਫ਼ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ
ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੇਰੀ ਕਿਤਾਬ ਦਾ ਕੋਈ ਨਾ ਜਾਣੇ ਵਰਕਾ, ਸਫ਼ਾ ਸਮਝ ਕੋਇ ਨਾ ਪਾਈਆ ।
ਜਿਸ ਵਿਚ ਭੇਵ ਇਕੋ ਨਰਾਇਣ ਨਰ ਦਾ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਓਹਦਾ ਲਹਿਣਾ ਦੇਣਾ ਸਚਖੰਡ ਸਾਚੇ ਘਰ ਦਾ, ਥਿਰ ਘਰ
ਆਪਣਾ ਰੰਗ ਰੰਗਾਈਆ । ਓਹਦਾ ਹਿਸਾਬ ਅਵਤਾਰ ਪੈਗ਼ੰਬਰ ਗੁਰੂ ਕੋਈ ਨਾ ਕਰਦਾ, ਅੰਕੜਿਆਂ ਗਣਤ ਨਾ ਕੋਇ ਗਿਣਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਧੁਰਦਰਗਾਹੀਆ । ਨਾਰਦ ਕਹੇ ਮੇਰੀ ਕਿਤਾਬ ਬੜੀ
ਪੁਰਾਣੀ, ਨੌਂ ਸੌ ਚੁਰਾਨਮੇ ਚੌਕੜੀ ਜੁਗ ਜਿਸ ਦੇ ਢੋਲੇ ਗਾਈਆ । ਚਾਰ ਜੁਗ ਦੇ ਸ਼ਾਸਤਰਾਂ ਵਿਚੋਂ ਲੱਭੇ ਨਾ ਨਿਸ਼ਾਨੀ, ਨਿਸ਼ਾਨਾ ਸਕੇ ਨਾ ਕੋਇ
੧੩੦੪ ਜਣਾਈਆ । ਕਿਸੇ ਅਵਤਾਰ ਪੈਗ਼ੰਬਰ ਗੁਰੂ ਲਿਖੀ ਨਹੀਂ ਕਹਾਣੀ, ਕਾਗਦ ਦੀਨ ਦੁਨੀ ਨਾ ਕੋਇ ਬਣਾਈਆ । ਓਹ ਸਿਫ਼ਤਾਂ ਵਾਲੀ ਨਹੀਂ ਬਾਣੀ, ੧੩੦੪
੨੪ ਸ਼ਰਅ ਸੰਗ ਨਾ ਕੋਇ ਜਣਾਈਆ । ਓਹਦਾ ਲਹਿਣਾ ਦੇਣਾ ਪੁਰਖ ਅਕਾਲੇ ਨਾਲ ਦੋ ਜਹਾਨੀ, ਦੋਹਰੀ ਆਪਣੀ ਕਲ ਵਰਤਾਈਆ । ਜੋਤੀ ਜੋਤ ੨੪
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਮੇਰੀ ਕਿਤਾਬ ਬੜੀ ਨਿਰਾਲੀ,
ਨਿਰਾਕਾਰ ਦਿਤੀ ਵਡਿਆਈਆ । ਉਹ ਬਿਨਾ ਅੱਖਰਾਂ ਤੋਂ ਖ਼ਾਲੀ, ਲਾਇਨ ਵੇਖਣ ਕੋਇ ਨਾ ਪਾਈਆ । ਓਹ ਕਿਸੇ ਨੇ ਲੋਕਮਾਤ ਨਹੀਂ ਸੰਭਾਲੀ,
ਬਿਨਾ ਸੰਬਲ ਦੇ ਮਾਲਕ ਵੇਖਣ ਕੋਇ ਨਾ ਪਾਈਆ । ਉਸ ਦੀ ਸਭ ਤੋਂ ਵਖਰੀ ਚਾਲੀ, ਚਾਲ ਨਿਰਾਲੀ ਇਕ ਦ੍ਰਿੜਾਈਆ । ਜਿਸ ਵਿਚ ਸਤਿਗੁਰ
ਸ਼ਬਦ ਕਰੇ ਦਲਾਲੀ, ਵਿਚੋਲਾ ਦੋ ਜਹਾਨ ਅਖਵਾਈਆ । ਜਿਸ ਦੇ ਪਿਆਰ ਵਿਚ ਨੌਂ ਸੌ ਚੁਰਾਨਵੇ ਚੌਕੜੀ ਜੁਗ ਘਾਲਨ ਘਾਲੀ, ਸਤਿਜੁਗ ਤ੍ਰੇਤਾ
ਦੁਆਪਰ ਕਲਜੁਗ ਪੰਧ ਮੁਕਾਇਆ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ
ਮਾਲਕ ਬੇਪਰਵਾਹੀਆ । ਨਾਰਦ ਕਹੇ ਮੇਰੀ ਕਿਤਾਬ ਦਾ ਕੀ ਕਹਿਣਾ, ਕਹਿ ਕੇ ਕੀ ਜਣਾਈਆ । ਕਿਸ ਬਿਧ ਭਗਤਾਂ ਭਗਵਾਨ ਵੇਖੇ ਧੁਰ ਦੇ
ਨੈਣਾਂ, ਜਗ ਨੇਤਰ ਲੋਚਣ ਨੈਣ ਅੱਖ ਨਾ ਕੋਇ ਉਠਾਈਆ । ਕਿਸ ਧਾਰ ਵਿਚੋਂ ਬਣੇ ਸਾਕ ਸੱਜਣ ਸੈਣਾ, ਮਿਤਰ ਪਿਆਰਾ ਇਕ ਅਖਵਾਈਆ ।
ਕਿਸ ਮੁਹੱਬਤ ਵਿਚ ਦੇਵੇ ਦੇਣਾ, ਲਹਿਣਾ ਪਿਛਲਾ ਲਏ ਪਰਗਟਾਈਆ । ਅਗੇ ਨਾਤਾ ਰਹਿਣ ਨਾ ਦੇਵੇ ਤ੍ਰਫੈਣਾਂ, ਤਰਫ਼ਦਾਰੀ ਵੰਡ ਨਾ ਕੋਇ ਵੰਡਾਈਆ ।
ਜਿਸ ਦੀ ਯਾਦ ਵਿਚ ਬਾਲਮੀਕ ਲਿਖੀ ਰਮਾਇਣਾ, ਰਾਮ ਰਾਮ ਦੀ ਦਏ ਦੁਹਾਈਆ । ਜਿਸ ਦੀ ਯਾਦ ਵਿਚ ਅਰਜਨ ਕ੍ਰਿਸ਼ਨ ਦਾ ਮੰਨਿਆ ਕਹਿਣਾ,
ਗੀਤਾ ਆਪਣਾ ਸੰਗ ਬਣਾਈਆ । ਓਸੇ ਦੀ ਧਾਰ ਵਿਚ ਸਭ ਨੇ ਵਹਿਣਾ, ਵਖਰਾ ਰਹਿਣ ਕੋਇ ਨਾ ਪਾਈਆ । ਨਾਰਦ ਕਹੇ ਕਲਜੁਗ ਅੰਤ

ਬੁਰਜ ਹੰਕਾਰੀ ਢਹਿਣਾ, ਢਹਿ ਢਹਿ ਖ਼ਾਕ ਬਣਾਈਆ । ਮੇਰੀ ਕਿਤਾਬ ਕਹਿੰਦੀ ਜ਼ਰੂਰ ਝਗੜਾ ਹੋਵੇ ਰੂਸਾ ਚਾਇਨਾ, ਚੈਨ ਵਿਚ ਬੈਠਾ ਨਜ਼ਰ
ਕੋਇ ਨਾ ਆਈਆ । ਕਿਉਂ ਇਸ ਵਿਚ ਲਿਖਿਆ ਖੱਤਰੀ ਬ੍ਰਾਹਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿਖ ਈਸਾਈ ਪਾਰਸੀ ਬੋਧੀ ਜੈਨੀ ਕਲਜੁਗ
ਕੂੜ ਕਿਰਿਆ ਦਾ ਜ਼ਰੂਰ ਪਾਵੇਗਾ ਗਹਿਣਾ, ਤਨ ਸ਼ਿੰਗਾਰ ਮਾਇਆ ਮਮਤਾ ਵਾਲਾ ਰਖਾਈਆ । ਹਉਮੇ ਹੰਗਤਾ ਕੂੜ ਕੁੜਿਆਰ ਦਾ ਵਹਿਣ ਵਹਿਣਾ,
ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ ।
ਨਾਰਦ ਕਹੇ ਮੇਰੀ ਕਿਤਾਬ ਵਿਚ ਲਿਖਿਆ ਆ ਜਾ ਨੀ ਜਲਦੀ ਜਲਦੀ ਗੰਗੀਏ, ਗੋਦਾਵਰੀ ਜਮਨਾ ਸੁਰਸਤੀ ਨਾਲ ਮਿਲਾਈਆ । ਸ਼ੁਭ ਦਿਹਾੜਾ
ਵਕ਼ਤ ਸੁਹੰਜਣਾ ਪ੍ਰਭ ਕੋਲੋਂ ਕੁਛ ਮੰਗੀਏ, ਖ਼ਾਲੀ ਝੋਲੀ ਅਗੇ ਡਾਹੀਆ । ਕਲਜੁਗ ਅੰਤ ਅਖ਼ੀਰ ਬੇਨਜ਼ੀਰ ਕੋਲੋਂ ਕਦੇ ਨਾ ਸੰਗੀਏ, ਨੇਤਰ ਨੈਣ
ਨਾ ਕੋਇ ਸ਼ਰਮਾਈਆ । ਜੋ ਕਟਣਹਾਰਾ ਸਭ ਦੀ ਫੰਦੀਏ, ਸ਼ਰਅ ਜ਼ੰਜੀਰ ਰਿਹਾ ਤੁੜਾਈਆ । ਗੰਗਾ ਕਹੇ, ਵੇ ਨਾਰਦਾ, ਤੂੰ ਬੜਾ ਪੁਰਾਣਾ
ਢੰਗੀਏ, ਤਰੀਕ਼ਾ ਅਵਰ ਦੇ ਦ੍ਰਿੜਾਈਆ । ਕੀ ਖੇਲ ਹੋਣੀ ਰਾਵੀ ਕੰਢੀਏ, ਕੰਢਾ ਘਾਟ ਕੀ ਜਣਾਈਆ । ਅੱਜ ਦੀ ਪਵਨ ਵੇਖ ਲੈ ਠੰਢੀਏ,
ਅਗਨੀ ਤਤ ਬੁਝਾਈਆ । ਕਿਸ ਬਿਧ ਪ੍ਰਭ ਦੇ ਨਾਲ ਨਾਤਾ ਗੰਢੀਏ, ਗੰਢ ਸਕੇ ਨਾ ਕੋਇ ਖੁਲ੍ਹਾਈਆ । ਨਾਰਦ ਕਿਹਾ ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਿਸ ਦਾ ਨੂਰ ਚੰਦ ਨੌਚੰਦੀਏ, ਚੰਦ ਚਾਂਦਨਾ ਇਕ ਰੁਸ਼ਨਾਈਆ । ਗੰਗਾ ਕਹੇ, ਵੇ
੧੩੦੫ ਨਾਰਦਾ, ਕੇਹੜੀ ਮੰਗ ਮੰਗਾਂ, ਮਾਂਗਤ ਹੋ ਕੇ ਝੋਲੀ ਡਾਹੀਆ । ਵੇ ਪੰਡਿਆ, ਗੰਜਿਆ, ਮੇਰਾ ਓਢਣ ਬਿਨਾ ਸੀਸ ਨੰਗਾ, ਖੁਲ੍ਹੀ ਮੇਢੀ ਦਿਆਂ ੧੩੦੫
੨੪ ਦੁਹਾਈਆ । ਮੇਰੀਆਂ ਰਾਹ ਵਿਚ ਭੱਜਦਿਆਂ ਨਠਦਿਆਂ ਡਿੱਗਕੇ ਟੁੱਟ ਗਈਆਂ ਵੰਗਾਂ, ਤਨ ਸ਼ਿੰਗਾਰ ਰਹਿਣ ਕੋਇ ਨਾ ਪਾਈਆ । ਮੇਰਾ ਲਹਿੰਗਾ ੨੪
ਮੂਲ ਰਿਹਾ ਨਾ ਚੰਗਾ, ਚੰਗੀ ਤਰਹ ਸਮਝਾਈਆ । ਮੈਂ ਬਾਹਵਾਂ ਚੁੱਕਕੇ ਦੱਸਾਂ, ਵੇ ਰਾਵੀ ਦੇ ਆਰ ਪਾਰ ਹੋਣ ਵਾਲਾ ਦੰਗਾ, ਦਗੇ ਬਾਜ਼ੀ ਵਿਚ
ਦਿਸੇ ਖ਼ਲਕ ਖ਼ੁਦਾਈਆ । ਪੰਡਤਾ ਪੁਰਾਣਿਆਂ, ਕੁਝ ਆਪਣਾ ਗ਼ਮ ਦੱਸ ਦੇ ਰੰਜ਼ਾ, ਰੰਜਸ਼ ਦੇ ਜਣਾਈਆ । ਨਾਰਦ ਕਹੇ ਨੀ ਕਮਲੀਉ ਮੈਂ ਕੀ
ਕਰਾਂ ਜਿਥੇ ਸਤਿਗੁਰ ਸ਼ਬਦ ਨੇ ਲਾਇਆ ਪੰਜਾ, ਪੰਜਾਂ ਦਰਿਆਵਾਂ ਦਾ ਲੇਖਾ ਆਪਣੇ ਚਰਨਾਂ ਹੇਠ ਦਬਾਈਆ । ਏਸੇ ਨੂੰ ਮੁਹੰਮਦ ਨੇ ਕਿਹਾ ਸੀ
ਮੇਰਾ ਖੇਲ ਹੋਵੇ ਹੋਵੇ ਯਕ ਸ਼ੰਬਾ, ਸਦੀ ਚੌਧਵੀਂ ਸੰਗ ਬਣਾਈਆ । ਉਸ ਵੇਲੇ ਬੰਦਗੀ ਵਾਲਾ ਰਹੇ ਕੋਈ ਨਾ ਬੰਦਾ, ਬੰਧਨ ਵਿਚ ਦਿਸੇ ਖ਼ਲਕ
ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਅਖਵਾਈਆ । ਨਾਰਦ
ਕਹੇ ਮੇਰੀ ਕਿਤਾਬ ਕੀ ਕੁਛ ਕਹਿੰਦੀ, ਸੁਣਨ ਵਾਲਿਓ ਬਿਨਾ ਕੰਨਾਂ ਤੋਂ ਰਹੀ ਸੁਣਾਈਆ । ਜਿਸ ਵਿਚ ਲੇਖ ਲਿਖਿਆ ਪ੍ਰਭ ਦੀ ਧਾਰ ਵਰਤਣੀ
ਤੇ ਵਰਤਣੀ ਦਿਸ਼ਾ ਲਹਿੰਦੀ, ਅਗੇ ਹੋ ਨਾ ਕੋਇ ਅਟਕਾਈਆ । ਐਉਂ ਦਿਸਦਾ, ਇਕ ਦੂਜੇ ਦੇ ਪਿਛੇ ਉਮਤ ਨਾਲ ਉਮਤ ਖਹਿੰਦੀ, ਖਹਿ ਖਹਿ
ਆਪਣਾ ਰੰਗ ਬਦਲਾਈਆ । ਈਸਾ ਦੀ ਧਾਰ ਅਗੇ ਹੋ ਹੋ ਡਹਿੰਦੀ, ਸਾਲ ਇਹੋ ਨਜ਼ਰੀ ਆਈਆ । ਜਿਸ ਕਾਰਨ ਮੁਹੰਮਦ ਨੇ ਹੱਥਾਂ ਨਾਲ ਲਾਈ
ਮਹਿੰਦੀ, ਰੰਗਲੇ ਰੰਗ ਰੰਗ ਦੇਣਾ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ
ਹੁਕਮ ਇਕ ਵਰਤਾਈਆ । ਗੰਗਾ ਕਹੇ ਨਾਰਦਾ ਕਾਹਨੂੰ ਮਾਰੇਂ ਦਾਬੇ, ਦਬਦਬਿਆਂ ਵਿਚ ਸੁਣਾਈਆ । ਔਹ ਵੇਖ ਲੈ ਸ਼ੰਕਰ ਕੈਲਾਸ਼ ਵਿਚੋਂ ਝਾਕੇ,

ਬਿਨ ਨੈਣਾਂ ਨੈਣ ਉਠਾਈਆ । ਸਤਿਗੁਰ ਸ਼ਬਦ ਜਿਸ ਖੇਲ ਖੇਲਣਾ ਤੇ ਪੂਰੇ ਕਰਨੇ ਪੈਗ਼ੰਬਰਾਂ ਵਾਲੇ ਵਾਕੇ, ਪੇਸ਼ੀਨਗੋਈਆਂ ਨਾਲ ਮਿਲਾਈਆ । ਸਦੀ ਚੌਧਵੀਂ ਚੌਦਾਂ ਤਬਕਾਂ ਖੋਲ੍ਹਣ ਵਾਲਾ ਤਾਕੇ, ਖਿੜਕੀ ਆਪਣੇ ਹੱਥ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੇਰੀ ਕਿਤਾਬ ਵਿਚ ਬਿਨਾ ਕ਼ਲਮ ਸ਼ਾਹੀ ਤੋਂ ਵਜੀਆਂ ਲੀਕਾਂ, ਲਾਇਨ ਲਾਇਨ ਲਾਇਨ ਲਾਇਨ ਲਾਇਨ ਵਿਚੋਂ ਮਿਲਾਈਆ । ਜਿਸ ਵਿਚ ਹੋਣੀਆਂ ਹਕ ਤੌਫ਼ੀਕ਼ਾਂ, ਤਾਕ਼ਤਵਰ ਇਕੋ ਨੂਰ ਅਲਾਹੀਆ । ਜਿਸ ਨੇ ਦੀਨ ਦੁਨੀਆ ਦੀਆਂ ਬਦਲਣੀਆਂ ਤਬੀਅਤਾਂ, ਸਾਬਤ ਰਹਿਣ ਕੋਇ ਨਾ ਪਾਈਆ । ਭਾਵੇਂ ਕਿਤਨੇ ਕਲਮੇ ਸ਼ਰਅ ਦੀਆਂ ਦੇਣ ਨਸੀਹਤਾਂ, ਸੁਣਨ ਵਾਲਾ ਰਹਿਣ ਕੋਇ ਨਾ ਪਾਈਆ । ਸਦੀ ਬੀਸਵੀਂ ਚੌਧਵੀਂ ਅੰਤ ਸਭ ਦੀਆਂ ਪੂਰੀਆਂ ਹੋਈਆਂ ਵਸੀਅਤਾਂ, ਵਸਲ ਯਾਰ ਦਾ ਸਕੇ ਨਾ ਕੋਇ ਹੰਢਾਈਆ । ਸਾਰੇ ਖ਼ਾਲੀ ਦਿਸਣੇ ਮੰਦਰ ਮਸੀਤਾਂ, ਕਾਅਬਿਆਂ ਪੈਣੀ ਦੁਹਾਈਆ । ਨਾਰਦ ਕਹੇ ਭਗਤੋ ਬਿਨਾ ਪ੍ਰਭੂ ਤੋਂ ਤੋੜ ਨਿਭਣੀਆਂ ਨਹੀਂ ਕਿਸੇ ਦੀਆਂ ਪ੍ਰੀਤਾਂ, ਬਿਨਾ ਪ੍ਰੀਤਮ ਤੋਂ ਮਿਲਣ ਕੋਇ ਨਾ ਪਾਈਆ । ਸਭ ਨੇ ਭਰਨਾ ਆਪਣਾ ਕੀਤਾ, ਕਰਨੀ ਤੋਂ ਸਕੇ ਨਾ ਕੋਇ ਬਚਾਈਆ । ਸਤਿਜੁਗ ਕਲਜੁਗ ਵਿਚੋਂ ਬਦਲ ਜਾਣੀਆਂ ਰੀਤਾਂ, ਰੀਤੀਵਾਨ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੇਰੀ ਕਿਤਾਬ ਨਾ ਨਿੱਕੀ ਨਾ ਵੱਡੀ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਨਾ ਕਿਸੇ ਨੂੰ ਲੱਭੀ
੧੩੦੬ ਨਾ ਕਿਸੇ ਨੇ ਛਡੀ, ਹੱਥਾਂ ਵਿਚ ਨਾ ਕੋਇ ਉਠਾਈਆ । ਨਾ ਕਿਸੇ ਤਹਿਖ਼ਾਨਿਆਂ ਵਿਚ ਦੱਬੀ, ਅੰਦਰ ਸਕਿਆ ਨਾ ਕੋਇ ਛੁਪਾਈਆ । ਇਸ ੧੩੦੬
੨੪ ਵਿਚ ਲੇਖ ਲਿਖਿਆ ਜਿਸ ਵੇਲੇ ਕਲਜੁਗ ਦੁਨੀਆ ਹੋਈ ਲਬੀ, ਲਬਾਂ ਕਟਾਉਣ ਵਾਲਾ ਸਾਬਤ ਨਜ਼ਰ ਕੋਇ ਨਾ ਆਈਆ । ਉਸ ਵੇਲੇ ਮਾਲਕ ੨੪
ਨੂਰ ਅਲਾਹੀ ਆਏ ਰੱਬੀ, ਯਾਮਬੀਨ ਕਹਿ ਕੇ ਜਿਸ ਨੂੰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਕਿਤਾਬ ਕਹੇ ਮੈਨੂੰ ਪੜ੍ਹੇ ਨਾ ਕੋਇ, ਕੂਕ ਕੂਕ ਮੇਰੀ ਦੁਹਾਈਆ । ਅੰਦਰ ਵੜ ਨਾ ਮੈਨੂੰ ਕੋਇ ਜੋਹੇ, ਤਾਕ਼ਤ ਸਮਝ ਕਿਸੇ ਨਾ ਆਈਆ । ਮੇਰਾ ਲੇਖਾ ਨਾਲ ਨਹੀਂ ਕੋਇ ਤ੍ਰੈਲੋਏ, ਤ੍ਰੈਲੋਕੀ ਨਾਥ ਗਿਆ ਦ੍ਰਿੜਾਈਆ । ਮੈਂ ਕਦੀ ਜ਼ਿਮੀਂ ਅਸਮਾਨਾਂ ਆਈ ਨਹੀਂ ਉਤੇ ਭੋਏਂ, ਭੋਏਂ ਤਲਵੰਡੀ ਵਿਚ ਨਾਨਕ ਗਿਆ ਜਣਾਈਆ । ਮੈਨੂੰ ਪਿਆਰ ਮੁਹੱਬਤ ਵਿਚ ਦੁਨੀਦਾਰ ਕੋਇ ਨਾ ਮੋਹੇ, ਮੁਹੱਬਤ ਵਿਚ ਨਾ ਕੋਇ ਫਸਾਈਆ । ਮੈਂ ਆਦਿ ਜੁਗਾਦੀ ਜੁਗ ਚੌਕੜੀ ਵੇਖਾਂ ਜਹਾਨ ਦੋਏ, ਦੋਜ਼ਖ਼ ਬਹਿਸ਼ਤਾਂ ਤੋਂ ਬਾਹਰ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਜਨ ਭਗਤੋ ਮੇਰੀ ਕਿਤਾਬ ਦੀ ਸਭ ਤੋਂ ਪਹਿਲੀ ਕ਼ਤਾਰ, ਕ਼ੁਦਰਤ ਕ਼ਾਦਰ ਭੇਵ ਖੁਲ੍ਹਾਈਆ । ਜੇਹੜਾ ਬਣੇ ਤੁਹਾਡਾ ਯਾਰ, ਯਰਾਨੇ ਭਗਤਾਂ ਨਾਲ ਰਖਾਈਆ । ਕਲਜੁਗ ਅੰਤਮ ਕਲ ਕਲਕੀ ਅਵਤਾਰ, ਅਵਤਰ ਹੋ ਕੇ ਵੇਖ ਵਖਾਈਆ । ਅਮਾਮ ਅਮਾਮਾ ਨੂਰ ਉਜਿਆਰ, ਜੋਤੀ ਜਾਤਾ ਡਗਮਗਾਈਆ । ਨਿਹਕਲੰਕਾ ਹੋ ਕੇ ਪਾਵੇ ਸਾਰ, ਮਹਾਸਾਰਥੀ ਇਕ ਅਖਵਾਈਆ । ਸਭ ਦਾ ਬਣੇ ਕੰਤ ਭਤਾਰ, ਕੰਤੂਹਲ ਇਕ ਅਖਵਾਈਆ । ਫੜ ਬਾਹੋਂ ਜਾਏ ਤਾਰ, ਤਾਰਨਹਾਰ ਇਕ ਅਖਵਾਈਆ । ਜਿਸ ਦਾ ਲਹਿਣਾ ਦੇਣਾ ਤੁਹਾਡੇ ਨਾਲ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਦੇਣ ਗਵਾਹੀਆ । ਓਹ ਉਤਰ ਕੇ ਆਵੇ

ਆਪਣੀ ਧਾਰ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਏਕਾ ਨਾਮ ਕਲਮਾ ਦਏ ਜੈਕਾਰ, ਢੋਲੇ ਧੁਰ ਦੇ ਆਪ ਸੁਣਾਈਆ । ਤੁਸਾਂ ਜਪਣਾ ਸਿਰਫ਼ ਪੰਜ ਵਾਰ, ਪੰਜਾਂ ਤਤਾਂ ਦਾ ਲੇਖਾ ਦਏ ਮੁਕਾਈਆ । ਫੇਰ ਜਨਮ ਨਹੀਂ ਲੈਣਾ ਦੂਜੀ ਵਾਰ ਵਿਚ ਸੰਸਾਰ, ਚੁਰਾਸੀ ਫਾਸੀ ਨਾ ਗਲ ਲਟਕਾਈਆ । ਰਾਏ ਧਰਮ ਨਾ ਕਰੇ ਖ਼ੁਆਰ, ਚਿਤਰ ਗੁਪਤ ਨਾ ਲੇਖ ਵਖਾਈਆ । ਰਾਏ ਧਰਮ ਕਹੇ ਭਗਤੋਂ ਮੇਰੀ ਕਿਤਾਬ ਦੀ ਪਹਿਲੀ ਵੇਖੋ ਨਿੱਕੀ ਜਿਹੀ ਕ਼ਤਾਰ, ਜੋ ਕੁ਼ਦਰਤ ਕ਼ਾਦਰ ਦਾ ਭੇਵ ਖੁਲ੍ਹਾਈਆ । ਸਚ ਪੁਛੋ ਜਿਸ ਨੇ ਇਕ ਵਾਰ ਕਰ ਦਿਤੀ ਨਿਮਸਕਾਰ, ਦੋ ਜਹਾਨ ਦਾ ਲੇਖਾ ਦਏ ਮੁਕਾਈਆ । ਸਚਾ ਗ੍ਰਿਹਿ ਘਰ ਬਖ਼ਸ਼ੇ ਸਚਖੰਡ ਦੁਆਰ, ਜਿਥੇ ਵਸੇ ਧੁਰ ਦਾ ਮਾਹੀਆ । ਜਿਥੇ ਸਦਾ ਖ਼ੁਸ਼ੀਆਂ ਵਾਲੀ ਬਹਾਰ, ਖ਼ਿਜ਼ਾਂ ਰੂਪ ਨਾ ਕੋਇ ਵਖਾਈਆ । ਨਾਰਦ ਕਹੇ ਭਗਤੋ ਮੈਂ ਤੁਹਾਥੋਂ ਜਾਵਾਂ ਬਲਿਹਾਰ, ਬਲ ਬਲ ਆਪਣਾ ਆਪ ਕਰਾਈਆ । ਭਾਵੇਂ ਤੁਸੀਂ ਅੰਦਰ ਬੈਠੇ ਰਹੇ ਮੈਂ ਭਿੱਜਦਾ ਰਿਹਾ ਬਾਹਰ, ਮੈਨੂੰ ਪ੍ਰੇਮ ਨਾਲ ਆਵਾਜ਼ ਨਾ ਕਿਸੇ ਲਗਾਈਆ । ਮੈਂ ਪਿਛਲੀ ਰਾਤੀਂ ਕਰਕੇ ਗਿਆ ਸਾਂ ਖ਼ਬਰਦਾਰ, ਅਗਲੀ ਰਾਤੀਂ ਜ਼ਰੂਰ ਆਵਾਂ ਚਾਈਂ ਚਾਈਆ । ਭਾਵੇਂ ਇੰਦਰ ਦੇਵਤਾ ਮੇਰੇ ਪਿਆਰ ਵਿਚ ਆਪਣੀਆਂ ਬੂੰਦਾਂ ਰਿਹਾ ਵਾਰ, ਖੁਵਾਜਾ ਖ਼ੁਸ਼ੀ ਨਾਲ ਆਪਣੀ ਦਾਹੜੀ ਰਿਹਾ ਹਲਾਈਆ । ਮੈਂ ਵੀ ਹਸ ਕੇ ਕਿਹਾ ਓਏ ਯਾਰ, ਯਾਰਾਂ ਦੇ ਯਾਰ ਕੀ ਤੇਰੀ ਵਡ ਵਡਿਆਈਆ । ਮੇਰੇ ਨਾਲ ਸੰਗੀ ਸਾਥੀ ਗੰਗਾ ਗੰਗੋਤਰੀ ਗੋਦਾਵਰੀ ਜਮਨਾ ਸੁਰਸਤੀ ਜਿਨ੍ਹਾਂ ਦੀ ਗਿਣਤੀ ਚਾਰ, ਚੌਥੇ ਜੁਗ ਆਈਆਂ ਪੰਧ ਮੁਕਾਈਆ । ਜੇ ਓਹਨਾਂ ਦੇ ਨਾਂ ਮਦੀਨਾਂ ਵਾਲੇ, ਪਰ ਉਹ ਹੈ ਨਹੀਂ ਨਾਰ, ਪ੍ਰਭ ਦੀ ਧਾਰ ਧਾਰ
੧੩੦੭ ਧਾਰ ਵਿਚੋਂ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਆ । ੧੩੦੭
੨੪ ਨਾਰਦ ਕਹੇ ਜਨ ਭਗਤੋ ਤੁਸੀਂ ਅੰਦਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਬਾਹਰ ਵੇਖੋ ਗਾਂਦੀਆਂ, ਧੁਰ ਦੇ ਢੋਲੇ ਗਾਈਆ । ਨਾਲੇ ਕਹਿਣ ਭਗਤੋ ੨੪
ਸਾਡੀਆਂ ਬਾਰਸ਼ ਵਿਚ ਭਿੱਜ ਗਈਆਂ ਪਰਾਂਦੀਆਂ, ਓਢਣ ਸੀਸ ਦਏ ਦੁਹਾਈਆ । ਸਾਡੇ ਹੱਥੀਂ ਛੱਲੇ ਰਹੇ ਨਾ ਸੋਨੇ ਚਾਂਦੀਆਂ, ਟਕਿਆਂ ਰੰਗ ਨਾ ਕੋਇ ਰੰਗਾਈਆ । ਅਸੀਂ ਦੂਰ ਦੁਰਾਡੀਆਂ ਪ੍ਰਭੂ ਦੇ ਹੁਕਮ ਦੀਆਂ ਬਾਧੀਆਂ, ਬੰਦਨਾ ਵਿਚ ਸੀਸ ਨਿਵਾਈਆ । ਚਾਰ ਜੁਗ ਦੀਆਂ ਥੱਕੀਆਂ ਮਾਂਦੀਆਂ, ਭੱਜੀਆਂ ਵਾਹੋ ਦਾਹੀਆ । ਹੁਣ ਜਗਤ ਹਯਾ ਸ਼ਰਮਾਂ ਕਾਹਦੀਆਂ, ਕ਼ਦਮ ਬੋਸੀ ਕਰਕੇ ਆਪਣੀ ਖ਼ੁਸ਼ੀ ਬਣਾਈਆ । ਅਸੀਂ ਛਡ ਕੇ ਆਈਆਂ ਤੀਰਥ ਅੱਠ ਸੱਠੀਆਂ, ਤੱਟਾਂ ਆਈਆਂ ਤਜਾਈਆ । ਅਸੀਂ ਜੁਗ ਚੌਕੜੀ ਬਥੇਰੀਆਂ ਭਰੀਆਂ ਚੱਟੀਆਂ, ਚੇਟਕ ਜਗਤ ਵਾਲਾ ਰਖਾਈਆ । ਵੇ ਪ੍ਰੇਮੀਓ ਪਿਆਰਿਓ, ਸਾਡੇ ਵਿਚ ਮੁਰਦਿਆਂ ਦੀਆਂ ਹਡੀਆਂ ਸੱਟੀਆਂ, ਸੱਟਾਂ ਸਾਡੇ ਸੀਨੇ ਵਿਚ ਲਗਾਈਆ । ਸਾਡੇ ਵਹਿਣਾਂ ਦਿਆਂ ਧਾਰਾਂ ਵਿਚ ਫਿਰਦੇ ਟੱਟੀਆਂ, ਟਕਿਆਂ ਟਕਿਆਂ ਤੋਂ ਪਾਣੀ ਸਾਡਾ ਪੰਡਤ ਰਹੇ ਵਿਕਾਈਆ । ਅਸੀਂ ਪ੍ਰਭੂ ਦੇ ਪਿਆਰ ਵਿਛੋੜੇ ਵਿਚ ਫਟੀਆਂ, ਪੱਟੀ ਪਿਆਰ ਨਾ ਕੋਇ ਬੰਧਾਈਆ । ਤੁਹਾਨੂੰ ਪਤਾ ਨਹੀਂ ਕਿਸ ਤਰਹ ਅੱਜ ਮੀਂਹ ਵਿਚ ਆਪਣਿਆਂ ਵਹਿਣਾਂ ਦੀਆਂ ਧਾਰਾਂ ਆਈਆਂ ਟੱਪੀਆਂ, ਬਿਨ ਕ਼ਦਮਾਂ ਕ਼ਦਮ ਉਠਾਈਆ । ਕਿਉਂ ਸਾਡੀਆਂ ਪ੍ਰਭੂ ਨਾਲ ਪ੍ਰੀਤਾਂ ਪੱਕੀਆਂ, ਕੱਚੀ ਗੰਢ ਨਾ ਕੋਇ ਰਖਾਈਆ । ਅਸੀਂ ਭਾਵੇਂ ਚਾਰੇ ਭੈਣਾਂ ਨਹੀਂ ਸਕੀਆਂ, ਇਕ ਦੂਜੇ ਨਾਲ ਮਿਲ ਕੇ ਖ਼ੁਸ਼ੀ ਬਣਾਈਆ । ਸਾਨੂੰ ਉਸ ਵੇਲੇ ਯਾਦ ਕੀਤਾ ਸੀ ਜਿਸ ਵੇਲੇ ਅਰਜਨ ਬੈਠਾ ਸੀ ਲੋਹਾਂ ਤਤੀਆਂ, ਰਾਵੀ ਰੋ ਕੇ ਵਾਸਤਾ ਪਾਈਆ । ਨੀ ਮੇਰੀਓ ਸਹੇਲੀਓ ਤੁਹਾਡੀਆਂ ਮੇਰੇ ਨਾਲ ਕਦੋਂ ਹੋਣਗੀਆਂ ਹਿੱਸੇ ਪੱਤੀਆਂ, ਪਤਣਾਂ ਤੇ ਆ ਕੇ ਮਿਲਣਾ ਚਾਈਂ ਚਾਈਆ । ਮੈਂ ਕੇਹੜੀ

ਸਿਫ਼ਤ ਕਰਾਂ ਕੀ ਸੁਣਾਵਾਂ ਰਾਗ ਛਤੀਆਂ, ਪ੍ਰੇਮ ਪਿਆਰ ਕਿਸ ਬਿਧ ਵਖਾਈਆ । ਸਾਰੀਆਂ ਹਸ ਕੇ ਕਿਹਾ ਰਾਵੀ ਅਸੀਂ ਓਸੇ ਦਾ ਸਬਰ ਬੈਠੀਆਂ ਘਤੀਆਂ, ਜਿਸ ਦੀ ਸੇਜ ਬਿਨਾ ਪਿਆਰ ਨਾ ਕੋਇ ਹੰਢਾਈਆ । ਜਿਸ ਵੇਲੇ ਸਾਡੀ ਕ਼ੀਮਤ ਰਹਿਣੀ ਨਹੀਂ ਤੋਲੇ ਰਤੀਆਂ, ਜਗਤ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਭਗਤੋ ਮੇਰੀ ਕਿਤਾਬ ਦੀ ਨਿੱਕੀ ਜਿਹੀ ਲਕੀਰੀ, ਨਿਕਿਓ ਨਿਕਿਓ ਨਿਕਿਓ ਤੁਹਾਨੂੰ ਦਿਆਂ ਜਣਾਈਆ । ਸਤਿਗੁਰ ਦਾ ਹੁਕਮ ਮੰਨਣਾ ਸਭ ਤੋਂ ਵਡੀ ਫ਼ਕੀਰੀ, ਇਕੇ ਫ਼ਿਕਰੇ ਵਿਚ ਦੋ ਜਹਾਨ ਦਾ ਲੇਖਾ ਦਏ ਮੁਕਾਈਆ । ਸ਼ਰਅ ਦੀ ਗਲੋਂ ਕੱਟ ਦੇਵੇ ਜ਼ੰਜੀਰੀ, ਜਗਤ ਸੰਗਲ ਦਏ ਤੁੜਾਈਆ । ਘਰ ਦਰਸ਼ਨ ਦੇਵੇ ਬੇਨਜ਼ੀਰੀ, ਨਜ਼ਰਾਂ ਤੋਂ ਉਹਲੇ ਆਪਣਾ ਪਰਦਾ ਦਏ ਉਠਾਈਆ । ਪ੍ਰੇਮੀਓ ਜਦੋਂ ਮਿਲਦਾ ਭਗਤਾਂ ਨੂੰ ਮਿਲਦਾ ਤਕਦੀਰੀ, ਤਕਦੀਰ ਪਿਛਲੀ ਦਏ ਬਦਲਾਈਆ । ਕਿਉਂ ਉਹਦੇ ਹੱਥ ਸਾਚੀ ਤਦਬੀਰੀ, ਬਿਨਾ ਭਗਤੀਉਂ ਪਾਰ ਕਰਾਈਆ । ਕਿਉਂ ਓਹਦੀ ਮੰਜ਼ਲ ਇਕ ਅਖ਼ੀਰੀ, ਬਿਨਾ ਅੱਖਰਾਂ ਤੋਂ ਦਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦਰ ਇਕ ਸੁਹਾਈਆ । ਨਾਰਦ ਕਹੇ ਭਗਤੋ ਇਕ ਮੇਰਾ ਨਿਕਾ ਜਿਹਾ ਇਸ਼ਾਰਾ, ਐਸ਼ੋ ਇਸ਼ਰਤ ਕਰਨ ਵਾਲਿਓ ਤੁਹਾਨੂੰ ਦਿਆਂ ਜਣਾਈਆ । ਬੇਸ਼ਕ ਇਹ ਰਾਵੀ ਦਾ ਕਿਨਾਰਾ, ਕੰਢਾ ਘਾਟ ਜਗਤ ਵਾਲਾ ਅਖਵਾਈਆ । ਏਸ ਦਾ ਨਾਂ ਰਹਿਣਾ ਸਦਾ ਜੁਗ ਚਾਰਾ, ਚਾਰ ਜੁਗ ਏਸੇ ਦਾ ਢੋਲਾ ਗਾਈਆ । ਤੁਹਾਡੀਆਂ ਕਥਾ ਕਹਾਣੀਆਂ ਸਿਫ਼ਤਾਂ ਦੀਆਂ ਵਾਰਾਂ, ਸਤਿਗੁਰ ਸ਼ਬਦ ਸ਼ਬਦ ਸ਼ਬਦ ਸੁਣਾਈਆ । ਇਹ ਪੂਰਬ ਵਾਅਦਾ ਅੱਜ ਦਾ ਕੌਲ ਇਕਰਾਰਾ, ਅਗਲਾ ਲੇਖਾ ਫੇਰ ਦਏ ਸਮਝਾਈਆ । ਤੁਹਾਡਾ ਸਭ ਦਾ ਆਉਣਾ ਜਾਣਾ ਮਨਜ਼ੂਰ ਹੋਇਆ ਤੇ ਸਤਿਗੁਰ ਸਿਰ ਤੇ ਦਏ ਪਿਆਰਾ, ਧੂੜੀ ਮਸਤਕ ਖ਼ਾਕ ਰਮਾਈਆ । ਭਗਤੋ ਤੁਹਾਡੇ ਅੰਦਰ ਸਦਾ ਸਦਾ ਸਦਾ ਪ੍ਰਭੂ ਦੇ ਪਿਆਰ ਦੀਆਂ ਰਹਿਣ ਬਹਾਰਾਂ, ਰੋਮ ਰੋਮ ਪੱਤ ਟਹਿਣੀਆਂ ਵਾਂਗ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਥੇ ਓਥੇ ਦੋ ਜਹਾਨ ਦੇਵਣ ਵਾਲਾ ਅਧਾਰਾ, ਸਿਰ ਸਿਰ ਆਪਣਾ ਹੱਥ ਟਿਕਾਈਆ ।



### ੧੫ ਮਾਘ ਸ਼ਹਿਨਸ਼ਾਹੀ ਸੰਮਤ ੧੧ ਮੇਲਾ ਸਿੰਘ ਦੇ ਗ੍ਰਿਹ ਪਿੰਡ ਬਾਬੂਪੁਰ ਜ਼ਿਲਾ ਗੁਰਦਾਸਪੁਰ

ਨਾਰਦ ਕਹੇ ਜਨ ਭਗਤੋ ਮੈਂ ਪੁਰਾਣਾ ਪੰਡੂ, ਜਗਤ ਵਿਦਿਆ ਬਾਹਰ ਮੇਰੀ ਪੜ੍ਹਾਈਆ । ਮੈਂ ਫਿਰਦਾ ਆਇਆ ਵਿਚ ਬ੍ਰਹਿਮੰਡੂ, ਬ੍ਰਹਿਮੰਡਾਂ ਪੰਧ ਮੁਕਾਈਆ । ਮੈਂ ਨਿਗਾਹ ਮਾਰੀ ਵਿਚ ਨਵਖੰਡੂ, ਨਵ ਨਵ ਖੋਜ ਖੁਜਾਈਆ । ਮੇਰੇ ਅੰਤਰ ਆਈ ਠੰਡੂ, ਸਾਂਤਕ ਸਤਿ ਸੋਭਾ ਪਾਈਆ । ਮੇਰਾ ਸਾਹਿਬ ਸੁਆਮੀ ਜਨ ਭਗਤਾਂ ਵਸਤ ਅਗੰਮੀ ਵੰਡੂ, ਨਾਮ ਨਿਧਾਨਾ ਝੋਲੀ ਪਾਈਆ । ਜੁਗ ਜਨਮ ਦੇ ਵਿਛੜੇ ਨਾਲ ਗੰਢੂ, ਗੰਢਣਹਾਰ ਆਪਣੀ ਦਇਆ ਕਮਾਈਆ । ਜਿਨ੍ਹਾਂ ਦਾ ਲੇਖਾ ਮੁਕਾਉਣਾ ਕਰੀਰ ਜੰਡੂ, ਇਸ਼ਟ ਆਪਣਾ ਇਕ ਸਮਝਾਈਆ । ਨਾਤਾ ਤੋੜ ਭੇਖ ਪਾਖੰਡੂ, ਸਤਿ ਸਚ ਰੰਗ ਰੰਗਾਈਆ । ਕਲਜੁਗ ਕੂੜੀ ਕਿਰਿਆ ਡੰਡੂ, ਡੰਡਾਵਤ ਆਪਣੀ ਦਏ ਦਰਸਾਈਆ । ਕਲਜੁਗ ਅੰਤਮ ਵੇਖੇ ਕੰਢੂ, ਕੰਢਾ ਘਾਟ ਖੋਜ ਖੁਜਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਨਾਰਦ ਕਹੇ ਜਨ ਭਗਤੋ ਮੈਂ ਪੁਰਾਣਾ ਪਾਂਧਾ, ਜਗਤ ਤਿਲਕ ਨਾ ਕੋਇ ਲਗਾਈਆ । ਇਕੋ ਢੋਲਾ ਗਾਂਦਾ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਇਕੋ ਇਸ਼ਟ ਮਨਾਂਦਾ, ਸੀਸ ਜਗਦੀਸ ਨਿਵਾਈਆ । ਇਕੋ ਪੀਂਦਾ ਖਾਂਦਾ, ਬਿਨ ਰਸਨਾ ਰਸ ਚਖਾਈਆ । ਇਕੋ ਦੁਆਰੇ ਜਾਂਦਾ, ਪ੍ਰਭੂ ਚਰਨ ਸਚੀ ਸਰਨਾਈਆ । ਇਕੋ ਤੀਰਥ ਨਹਾਂਦਾ, ਮਜਨ ਚਰਨ ਧੂੜ ਸਮਝਾਈਆ । ਇਕੋ ਸਿੰਘਾਸਣ ਸੁਹਾਂਦਾ, ਪ੍ਰਭ ਨਾਲ ਮਿਲ ਕੇ ਖ਼ੁਸ਼ੀ ਬਣਾਈਆ । ਇਕੋ ਰਾਗ ਅਲਾਂਦਾ, ਸਿਫ਼ਤਾਂ ਢੋਲੇ ਗਾਈਆ । ਮੈਂ ਪੁਤਰ ਬਣਿਆ ਨਹੀਂ ਕਿਸੇ ਮਾਂ ਦਾ, ਪਿਤਾ ਪੁਰਖ ਅਕਾਲ ਗੋਦ ਟਿਕਾਈਆ । ਮੇਰਾ ਲਹਿਣਾ ਦੇਣਾ ਨਹੀਂ ਸੂਰ ਗਾਂ ਦਾ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਮੈਂ ਵਣਜਾਰਾ ਇਕੋ ਨਾਂ ਦਾ, ਨਾਉਂ ਨਿਰੰਕਾਰਾ ਦਿਆਂ ਸਮਝਾਈਆ । ਕਲਜੁਗ ਅੰਤਮ ਰੂਪ ਵੇਖਿਆ ਕਾਂ ਦਾ, ਚਾਰੋਂ ਕੁੰਟ ਕੁੰਟ ਹਲਕਾਈਆ । ਸਹਾਰਾ ਦਿਸੇ ਕੋਈ ਨਾ ਬਾਂਹ ਦਾ, ਬਾਜ਼ੂ ਬਲ ਨਾ ਕੋਇ ਪਰਗਟਾਈਆ । ਦੀਨ ਦੁਨੀ ਦਾ ਲੇਖਾ ਤਕਿਆ ਦਾਅ ਦਾ, ਧੋਖੇ ਵਿਚ ਖ਼ਲਕ ਖ਼ੁਦਾਈਆ । ਹੁਣ ਵਕਤ ਸੁਹੰਜਣਾ ਹੋਣਾ ਮੁਹੰਮਦ ਵਾਲੇ ਖ਼ੁਦਾ ਦਾ, ਖ਼ੁਦ ਮਾਲਕ ਆਪਣਾ ਖੇਲ ਖਿਲਾਈਆ । ਜਿਸ ਵਕਤ ਮੁਕਾਉਣਾ ਜੁਦਾ ਦਾ, ਜੁਜ਼ ਵੱਖਰਾ ਵੰਡ ਨਾ ਕੋਇ ਵੰਡਾਈਆ । ਤੁਹਾਡਾ ਪ੍ਰੇਮ ਹੋਣਾ ਇਕੋ ਫ਼ਿਦਾ ਦਾ, ਫ਼ਿਤਰਤ ਜਗਤ ਨਾ ਕੋਇ ਰਖਾਈਆ । ਉਸ ਦਾ ਹੁਕਮ ਵਰਤਣਾ ਆਪਣੀ ਅਦਾ ਦਾ, ਅਦਾਲਤ ਸਚ ਸਚ ਕਮਾਈਆ । ਕਲਜੁਗ ਲੇਖਾ ਪੂਰਾ ਕਰਨਾ ਅਲਵਿਦਾ ਦਾ, ਸਤਿਜੁਗ ਆਮਦ ਵਿਚ ਖ਼ੁਸ਼ੀ ਬਣਾਈਆ । ਪੈਗ਼ੰਬਰਾਂ ਲਹਿਣਾ ਮੁਕਾਉਣਾ ਦੁਆ ਦਾ, ਦੋਏ ਜੋੜ ਵਾਸਤਾ ਪਾਈਆ । ਅਗੇ ਲਹਿਣਾ ਦੇਣਾ ਹੋਣਾ ਇਕੋ ਰਹਨੁਮਾ ਦਾ, ਰਹਿਬਰ ਇਕੋ ਨਜ਼ਰੀ ਆਈਆ । ਮੇਰਾ ਵਕਤ ਸੁਹੰਜਣਾ ਹੋਣਾ ਚਾ ਦਾ, ਚਾਓ ਘਨੇਰਾ ਇਕ ਪਰਗਟਾਈਆ । ਜਨ ਭਗਤਾਂ ਮਾਣ ਵਧਣਾ ਭਗਤ ਦੁਆਰੇ ਥਾਂ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਹੁਕਮ ਸੁਣਾਏ ਧੁਰ ਦੇ ਨਾਂ ਦਾ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ ।



### ✪ ੧੫ ਮਾਘ ਸ਼ਹਿਨਸ਼ਾਹੀ ਸੰਮਤ ੧੧ ਸਵਰਨੀ ਦੇ ਗ੍ਰਿਹਿ
### ਪਿੰਡ ਆਂਧੀ ਜ਼ਿਲਾ ਗੁਰਦਾਸਪੁਰ ✪

ਨਾਰਦ ਕਹੇ ਜਨ ਭਗਤੋ ਮੈਂ ਬ੍ਰਾਹਮਣ ਪੁਰਾਣਾ ਬੁੱਢਾ, ਬੁਢਾਪੇ ਵਿਚ ਦਿਆਂ ਜਣਾਈਆ । ਮੇਰਾ ਸਰੀਰ ਹੋ ਗਿਆ ਡੁੱਡਾ, ਅੰਗਹੀਣ ਹੋ ਕੇ ਦਿਆਂ ਜਣਾਈਆ । ਮੈਨੂੰ ਚਾਰੋਂ ਕੁੰਟ ਵਜਦਾ ਠੁੱਡਾ, ਠੋਕਰਾਂ ਮਾਰੇ ਖ਼ਲਕ ਖ਼ੁਦਾਈਆ । ਮੇਰਾ ਹੋਸ਼ ਹਵਾਸ ਉਡਾ, ਸੁਰਤੀ ਸੁਰਤ ਨਾ ਕੋਇ ਰਖਾਈਆ । ਮੈਂ ਵੜ ਗਿਆ ਕਲਜੁਗ ਦੀ ਅੰਧੇਰੀ ਖੁੱਡਾ, ਬਾਹਰ ਸਕੇ ਨਾ ਕੋਇ ਕਢਾਈਆ । ਮੈਨੂੰ ਯਾਦ ਆ ਗਿਆ ਇਕ ਸੰਦੇਸ਼ਾ ਦੇ ਕੇ ਗਿਆ ਬੁੱਧਾ, ਬੁੱਧੀ ਤੋਂ ਬਾਹਰ ਸੁਣਾਈਆ । ਨਾਰਦਾ ਜਿਸ ਵੇਲੇ ਪਰਮ ਪੁਰਖ ਆਇਆ ਉਤੇ ਬਸੁੱਧਾ, ਨਿਰਗੁਣ ਹੋ ਕੇ ਫੇਰਾ ਪਾਈਆ । ਤਿਸ ਦੀਨ ਦੁਨੀ ਮੇਟਣੀ ਦੁਬਧਾ, ਦੋਹਰੀ ਆਪਣੀ ਕਲ ਵਰਤਾਈਆ । ਉਹਦਾ ਅਸਵ ਸ਼ਬਦ ਇਕੋ ਹੋਵੇ ਕੁੱਦਾ, ਕੁਦਰਤ ਦਾ ਕ਼ਾਦਰ ਖੇਲ ਖਿਲਾਈਆ ।

ਜਿਸ ਦੇ ਹੁਕਮ ਵਿਚ ਨਵ ਸੱਤ ਦਾ ਹੋਣਾ ਯੁੱਧਾ, ਯੋਧਾ ਆਪਣਾ ਹੁਕਮ ਵਰਤਾਈਆ । ਇਕੋ ਹੁਕਮ ਨਾਮ ਹੋਣਾ ਉਘਾ, ਉਘਣ ਆਬਣ ਵਜੇ ਵਧਾਈਆ । ਜਿਸ ਦੇ ਨਾਮ ਕਲਮਿਆਂ ਦਾ ਲੈਣ ਨਹੀਂ ਦੇਣਾ ਭੁੱਗਾ, ਹਿੱਸਿਆਂ ਵੰਡ ਨਾ ਕੋਇ ਵੰਡਾਈਆ । ਅੰਤਮ ਲਹਿਣਾ ਦੇਣਾ ਪੂਰਾ ਕਰਨਾ ਕਲਜੁਗਾ, ਕਲ ਕਾਤੀਆਂ ਕਰੇ ਸਫ਼ਾਈਆ । ਸਤਿ ਧਰਮ ਵਰੋਲਣਾ ਪਾਣੀ ਵਿਚੋਂ ਦੁੱਧਾ, ਛਾਛ ਦਾ ਲੇਖਾ ਰਹੇ ਨਾ ਰਾਈਆ । ਭਗਤਾਂ ਸਚ ਸੁਹਾਉਣਾ ਝੁੱਗਾ, ਗ੍ਰਹਿ ਮੰਦਰ ਅੰਦਰ ਡੇਰਾ ਲਾਈਆ । ਜਿਨ੍ਹਾਂ ਦਾ ਵਕਤ ਸੁਹੰਜਣਾ ਪੁੱਗਾ, ਪੂਜਣ ਯੋਗ ਦਏ ਬਣਾਈਆ । ਸਚ ਪ੍ਰੀਤੀ ਪਿਆਰ ਦੱਸੇ ਲੁੱਗਾ, ਲੋਇਣ ਨੇਤਰ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਆਪਣਾ ਨਾਮ ਕਰੇ ਉਦਾ, ਉਦੈ ਅਸਤ ਡੰਕਾ ਦਏ ਵਜਾਈਆ ।

### ੧੫ ਮਾਘ ਸ਼ਹਿਨਸ਼ਾਹੀ ਸੰਮਤ ੧੧ ਗੁਰਬਖ਼ਸ਼ ਸਿੰਘ ਦੇ ਗ੍ਰਹਿ ਪਿੰਡ ਨੁਸ਼ਹਿਰਾ ਜ਼ਿਲਾ ਗੁਰਦਾਸਪੁਰ

ਸਤਿਗੁਰ ਸਚਾ ਸਾਖ਼ਿਆਤ, ਧੁਰ ਦਰਗਾਹੀ ਮੀਤ । ਹਰਿਜਨ ਬਣਾਏ ਪਾਰਜਾਤ, ਕਿਰਪਾ ਕਰ ਤ੍ਰੈਗੁਣ ਅਤੀਤ । ਆਤਮ ਪਰਮਾਤਮ ਜੋੜੇ ਨਾਤ, ਕਾਇਆ ਕਰੇ ਠਾਂਡੀ ਸੀਤ । ਲੋਕਮਾਤ ਪੁਛੇ ਬਾਤ, ਪਰਮ ਪੁਰਖ ਪਤਤ ਪੁਨੀਤ । ਨਿਰਗੁਣ ਧਾਰ ਸਰਗੁਣ ਰਸ ਦੇਵੇ ਬੂੰਦ ਸਵਾਂਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹਰਿਜਨ ਉੱਤਮ ਰਖੇ ਜ਼ਾਤ । ਸਤਿਗੁਰ ਸਚਾ ਮੀਤੜਾ, ਮਿਤਰ ਪਿਆਰਾ ਏਕ । ਜੋ ਭਗਤ ਸੁਹੇਲੇ ਕਰੇ ਪਤਤ ਪੁਨੀਤੜਾ, ਦੇਵਣਹਾਰਾ ਧੁਰ ਦੀ ਟੇਕ । ਚੁਰਾਸੀ ਵਿਚੋਂ ਬਦਲੇ ਨੀਤੜਾ, ਤ੍ਰੈਗੁਣ ਮਾਇਆ ਨਾ ਲਾਏ ਸੇਕ । ਮਿਠਾ ਕਰੇ ਕਾਇਆ ਕੌੜਾ ਰੀਠੜਾ, ਨਿਜ ਨੇਤਰ ਆਪੇ ਵੇਖ । ਘਰ ਵਖਾਏ ਇਕ ਅਨਡੀਠੜਾ, ਜਿਥੇ ਵਸੇ ਸਾਹਿਬ ਵਿਸੇਖ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਨਰੇਸ਼ । ਸਤਿਗੁਰ ਸਚਾ ਨਰ ਨਰੇਸ਼ ਹੈ, ਆਦਿ ਜੁਗਾਦੀ ਏਕ । ਵਸੇ ਸਚਖੰਡ ਸਾਚੇ ਦੇਸ਼ ਹੈ, ਰੂਪ ਅਨੂਪ ਧਰੇ ਅਨੇਕ । ਜਿਸ ਦਾ ਲਹਿਣਾ ਦੇਣਾ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼ ਹੈ, ਅਵਤਾਰ ਪੈਗ਼ੰਬਰ ਗੁਰੂਆਂ ਦਏ ਸੰਦੇਸ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਅਗੰਮ ਵਿਸ਼ੇਸ਼ । ਸਤਿਗੁਰ ਸਚਾ ਸਤਿ ਸਤਿਵੰਤ ਹੈ, ਸਤਿ ਸਤਿਵਾਦੀ ਆਪ । ਆਤਮ ਪਰਮਾਤਮ ਧੁਰ ਦਾ ਕੰਤ ਹੈ, ਤੂੰ ਮੇਰਾ ਮੈਂ ਤੇਰਾ ਦੱਸੇ ਜਾਪ । ਹਰਿਜਨ ਬਣਾਏ ਸਾਚੀ ਬਣਤ ਹੈ, ਤ੍ਰੈਗੁਣ ਮੇਟੇ ਤੀਨੋ ਤਾਪ । ਜਿਸ ਦੀ ਮਹਿੰਮਾ ਸਦਾ ਅਗਣਤ ਹੈ, ਹਰਿਜਨ ਮਿਟਾਵਣਹਾਰਾ ਰੋਗ ਸੰਤਾਪ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਤਿਵਾਦੀ ਧੁਰ ਦਾ ਬਾਪ । ਸਤਿਗੁਰ ਸਾਚਾ ਅਗੰਮ ਹੈ, ਅਲਖ ਅਗੋਚਰ ਆਦਿ । ਜਿਸ ਦਾ ਲੇਖਾ ਨਾਲ ਬ੍ਰਹਮ ਹੈ, ਲਹਿਣਾ ਜਾਣੇ ਸਰਬ ਬ੍ਰਹਿਮਾਦ । ਜਨ ਭਗਤਾਂ ਲੇਖੇ ਲਾਵੇ ਪਵਣ ਸਵਾਸੀ ਦਮ ਹੈ, ਸ਼ਬਦ ਅਨਾਦੀ ਸੁਣਾਵਣਹਾਰਾ ਨਾਦ । ਭਾਗ ਲਗਾ ਕੇ ਕਾਇਆ ਮਾਟੀ ਚੰਮ ਹੈ, ਭੇਵ ਖੁਲ੍ਹਾਏ ਬੋਧ ਅਗਾਧ । ਹਰਿਜਨ ਉੱਤਮ ਕਰੇ ਕਰਮ ਹੈ, ਹਿਰਦਾ ਅੰਤਰ ਅੰਤਰ ਸਾਧ । ਮਾਇਆ ਮਮਤਾ ਮੇਟੇ ਭਰਮ ਹੈ, ਅੰਤਰ ਵਿਖ ਗਵਾਏ ਵਾਦ ਵਿਵਾਦ । ਸਚ ਪ੍ਰੀਤੀ

ਬਖ਼ਸ਼ੇ ਚਰਨ ਹੈ, ਸੰਤ ਸੁਹੇਲੇ ਆਪੇ ਲਾਧ । ਨੇਤਰ ਖੋਲ੍ਹੇ ਹਰਨ ਫਰਨ ਹੈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਭਗਤ ਹਰਿਜਨ ਸਦਾ ਲੇਖਾ ਜਾਣੇ ਆਦਿ ਜੁਗਾਦਿ ।

✪ ੧੫ ਮਾਘ ਸ਼ਹਿਨਸ਼ਾਹੀ ਸੰਮਤ ੧੧ ਅਤਰ ਸਿੰਘ, ਚਤੁਰ ਸਿੰਘ ਦੇ ਗ੍ਰਹਿ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ✪

ਸਤਿਗੁਰ ਸ਼ਬਦ ਅਗੰਮਾ ਚੋਜੀ, ਜੁਗ ਜੁਗ ਆਪਣਾ ਚੋਜ ਕਰਾਈਆ । ਜਨ ਭਗਤਾਂ ਦੇਵੇ ਆਪਣੀ ਸੋਝੀ, ਸਮਝ ਸਮਝ ਵਿਚੋਂ ਬਦਲਾਈਆ । ਚਰਨ ਪ੍ਰੀਤੀ ਬਖ਼ਸ਼ੇ ਰੋਜ਼ੀ, ਰਾਜ਼ਕ ਰਿਜ਼ਕ ਰਹੀਮ ਹੋ ਕੇ ਵੇਖ ਵਖਾਈਆ । ਆਤਮ ਪਰਮਾਤਮ ਬਣੇ ਮੌਜੀ, ਮਜਲਸ ਭਗਤਾਂ ਨਾਲ ਰਖਾਈਆ । ਬੁੱਧੀ ਤੋਂ ਪਰੇ ਦਾ ਬਣੇ ਗੋਝੀ, ਅੰਧ ਅਗਿਆਨ ਦਏ ਮਿਟਾਈਆ । ਹਰਿਜਨ ਹਰਿ ਜਾਵੇ ਸੋਧੀ, ਵਦੀ ਸੁਦੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰ ਇਕ ਸੁਹਾਈਆ । ਸਤਿਗੁਰ ਸ਼ਬਦ ਆਦਿ ਜੁਗਾਦੀ ਪ੍ਰੇਮੀ, ਪਿਆਰ ਮੁਹੱਬਤ ਵਿਚ ਵਡਿਆਈਆ । ਨਾਮ ਨਿਧਾਨ ਦਾ ਬਣ ਕੇ ਨੇਮੀ, ਨਿਮਰਤਾ ਜੁਗ ਜੁਗ ਸਮਝਾਈਆ । ਜਿਸ ਲਹਿਣਾ ਦੇਣਾ ਰਖਿਆ ਕੁੰਟ ਹੇਮੀ, ਗੋਬਿੰਦ ਸੰਗ ਬਣਾਈਆ । ਜੋ ਇਸ਼ਾਰਾ ਦਿਤਾ ਕਾਮਧੇਨੀ, ਰਤਨ ਰਤਨਾਂ ਵਿਚੋਂ ਸਮਝਾਈਆ । ਜੋ ਭੇਵ ਖੁਲ੍ਹਾਇਆ ਭਗਤ ਸੈਨੀ,
੧੩੧੧ ਬਿਨ ਸੈਨਤ ਗਿਆ ਸਮਝਾਈਆ । ਜੋ ਭੇਵ ਚੁਕਾਇਆ ਬਾਲਮੀਕ ਰਮੈਨੀ, ਰਮਈਆ ਰਾਮ ਰਾਮ ਵਡਿਆਈਆ । ਜੋ ਘਨਈਏ ਅਰਜਨ ਦੱਸੀ ੧੩੧੧
੨੪ ਕਹਿਨੀ, ਕਹਿ ਕਹਿ ਗਿਆ ਸੁਣਾਈਆ । ਜੋ ਇਸ਼ਾਰਾ ਨਾਨਕ ਧਾਰ ਦਿਤਾ ਤ੍ਰੈਬੈਨੀ, ਤ੍ਰੈਲੋਕਾਂ ਬਾਹਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ੨੪
ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦਰ ਆਪ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਪ੍ਰਭ ਦਾ ਪਿਆਰਾ ਬਲੂ, ਬਾਲਕ ਇਕੋ ਨਜ਼ਰੀ ਆਈਆ । ਜੇਹੜਾ ਜੁਗ ਜੁਗ ਮੇਰਾ ਹੁਕਮ ਸੰਦੇਸ਼ਾ ਘੱਲੂ, ਲੋਕਮਾਤ ਮਾਤ ਵਡਿਆਈਆ । ਗੁਰ ਅਵਤਾਰ ਪੈਗ਼ੰਬਰਾਂ ਫੜਾਏ ਪੱਲੂ, ਗੰਢ ਇਕੋ ਨਾਮ ਜਣਾਈਆ । ਉਸ ਦਾ ਭਾਣਾ ਭਗਤ ਸੁਹੇਲਾ ਕੋਈ ਝੱਲੂ, ਝਲਕ ਵੇਖੇ ਚਾਈਂ ਚਾਈਂਆ । ਉਹ ਸਭ ਤੋਂ ਵੱਡਾ ਅਛਲ ਅਛੱਲੂ, ਵਲ ਛਲ ਧਾਰੀ ਆਪਣੀ ਖੇਲ ਪਰਗਟਾਈਆ । ਜੋ ਸਚ ਸਿੰਘਾਸਣ ਸੰਬਲ ਮੱਲੂ, ਮਾਲਕ ਹੋ ਕੇ ਸੋਭਾ ਪਾਈਆ । ਜਿਸ ਦਾ ਨਾਮ ਨਿਧਾਨਾ ਭੱਲੂ, ਨਿਸ਼ਾਨਾ ਇਕੋ ਇਕ ਅਖਵਾਈਆ । ਜਿਸ ਕਲਜੁਗ ਅੰਤਮ ਮੇਟਣਾ ਕੱਲੂ, ਕਲ ਕਾਤੀਆਂ ਕਰੇ ਸਫ਼ਾਈਆ । ਜਨ ਭਗਤਾਂ ਅੰਤਰ ਆਤਮ ਰਲੂ, ਰਲ ਮਿਲ ਆਪਣਾ ਖੇਲ ਖਿਲਾਈਆ । ਕੂੜ ਕੁੜਿਆਰੀ ਕਿਰਿਆ ਸੱਲੂ, ਅਣਿਆਲਾ ਆਪਣਾ ਤੀਰ ਚਲਾਈਆ । ਸਾਰ ਪਾਵੇ ਥਲ ਜਲੂ, ਮਹੀਅਲ ਵੇਖੇ ਚਾਈਂ ਚਾਈਂਆ । ਜੋ ਸੁਹਾਵਣਹਾਰਾ ਨਿਹਚਲ ਧਾਮ ਅਟਲੂ, ਸਚਖੰਡ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਕੂੜੀ ਕਿਰਿਆ ਦਲੂ, ਦਲਿਦ੍ਰ ਵਿਕਾਰ ਦਏ ਗਵਾਈਆ ।

## ✪ ੧੫ ਮਾਘ ਸ਼ਹਿਨਸ਼ਾਹੀ ਸੰਮਤ ੧੧ ਗਿਆਨ ਸਿੰਘ, ਤਰਲੋਕ ਸਿੰਘ ਦੇ ਗ੍ਰਿਹ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ✪

ਨਾਰਦ ਕਹੇ ਮੈਂ ਰਾਵੀ ਆਰ ਪਾਰ ਲੰਘਾ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੇਰਾ ਖੱਬਾ ਪੈਰ ਵੇਖੇ ਨੰਗਾ, ਕੰਡੇ ਖ਼ਾਰ ਮੈਨੂੰ ਰਹੇ ਸਤਾਈਆ । ਦੂਰ ਦੁਰਾਡੀ ਭੱਜੀ ਫਿਰੇ ਗੰਗਾ, ਚਾਰੋਂ ਕੁੰਟ ਵਾਹੋ ਦਾਹੀਆ । ਮੈਂ ਝਟ ਰੂਪ ਬਦਲਿਆ ਕਲਜੁਗ ਜੀਵਾਂ ਵਰਗਾ ਬਣ ਗਿਆ ਬੰਦਾ, ਬੰਦਗੀ ਵਾਲਾ ਰੂਪ ਦਰਸਾਈਆ । ਅੱਖਾਂ ਮੀਟ ਕੇ ਹੋ ਗਿਆ ਅੰਧਾ, ਡੰਗੋਰੀ ਹੱਥ ਵਿਚ ਉਠਾਈਆ । ਟੱਕਰਾਂ ਮਾਰਾਂ ਨਾਲ ਕੰਧਾ, ਕੰਢੀ ਘਾਟ ਵੇਖ ਵਖਾਈਆ । ਨਾਲ ਨਿਸ਼ਾਨ ਉਠਾ ਲਿਆ ਤਾਰਾ ਚੰਦਾ, ਚੰਦ ਸਿਤਾਰ ਨਾਲ ਮਿਲਾਈਆ । ਫੇਰ ਗਾਉਣ ਡਹਿ ਪਿਆ ਤੂੰ ਮੇਰਾ ਮੈਂ ਤੇਰਾ ਛੰਦਾ, ਸੋਹਲਾ ਢੋਲਾ ਗਾਈਆ । ਝਟ ਗੰਗਾ ਕਹੇ ਤੂੰ ਕਿਧਰੋਂ ਆ ਗਿਆ ਪੰਡਾ, ਪੰਡਤਾ ਮੈਨੂੰ ਦੇ ਸਮਝਾਈਆ । ਮੈਂ ਇਸ਼ਾਰਾ ਦਿਤਾ ਔਹ ਵੇਖ ਲੈ ਗੋਬਿੰਦ ਵਾਲਾ ਖੰਡਾ, ਜੋ ਖੰਡਰ ਕਰੇ ਲੋਕਾਈਆ । ਜਿਸ ਦਾ ਰੂਪ ਸੱਤਰੰਗ ਦਾ ਡੰਡਾ, ਡੰਡਾਵਤ ਦੀਨ ਦੁਨੀ ਬਦਲਾਈਆ । ਜਿਸ ਦਾ ਲੇਖਾ ਹੋਣਾ ਵਿਚ ਬ੍ਰਹਿਮੰਡਾਂ, ਨਵਖੰਡਾਂ ਖੋਜੇ ਚਾਈਂ ਚਾਈਂਆ । ਲੇਖ ਵਖਾਏ ਜੇਰਜ ਅੰਡਾ, ਉਤਭੁਜ ਸੇਤਜ ਸੰਗ ਬਣਾਈਆ । ਜਿਸ ਮੇਟਣਾ ਭੇਖ ਪਖੰਡਾ, ਕਲਜੁਗ ਕਿਰਿਆ ਕੂੜ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਮੈਂ ਰਾਵੀ ਦੀ ਵੇਖੀ ਇਕ ਛਲ, ਉਛਲ ਉਛਲ ਰਹੀ ਜਣਾਈਆ । ਵੇ ਪੰਡਤਾ ਕੁਛ ਲੇਖਾ ਯਾਦ ਕਰ ਲੈ ਲਹਿਣਾ ਰਾਜੇ ਬਲ, ਬਾਵਨ ਕੀ ਗਿਆ ਦ੍ਰਿੜਾਈਆ । ਕਲਜੁਗ ਦਾ ਅੰਤਮ ਤਕ ਲੈ ਫਲ, ਫਲੀ ਭੂਤ ਹੋਈ ਲੋਕਾਈਆ । ਨਾਰਦ ਦੀ ਸੁਣ ਲੈ ਇਕ ਗੱਲ, ਜੋ ਦੋ ਜਹਾਨਾਂ ਗਿਆ ਜਣਾਈਆ । ਜ਼ਰਾ ਮੇਰੇ ਹੋਰ ਅਗੇ ਚਲ, ਆਪਣਾ ਪੰਧ ਮੁਕਾਈਆ । ਫੇਰ ਵੇਖਣਾ ਕਲਜੁਗ ਕਲ, ਕਲੂਆ ਕੰਢੀ ਬੈਠਾ ਡੇਰਾ ਲਾਈਆ । ਜੋ ਇਸ਼ਾਰਾ ਦੇਂਦਾ ਅਰਬ ਵਾਲੇ ਥਲ, ਕਾਅਬਿਆਂ ਨੈਣ ਉਠਾਈਆ । ਫੇਰ ਮੇਰੀ ਪਾਰ ਕਰ ਝੱਲ, ਸਰਕੜੇ ਕਾਹੀਆਂ ਪੰਧ ਮੁਕਾਈਆ । ਅਗੇ ਵੇਖ ਈਸਾ ਵਾਲਾ ਦਲ, ਆਪਣੀ ਲੈ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਧੁਰਦਰਗਾਹੀਆ । ਰਾਵੀ ਕਹੇ ਨਾਰਦਾ ਮੇਰੇ ਵਲ ਵੇਖ ਲੈ ਬਿਨਾ ਅੱਖੀਆਂ, ਨੇਤਰ ਲੋਚਨ ਦੀ ਲੋੜ ਰਹੇ ਨਾ ਰਾਈਆ । ਕੀ ਜਮਨਾ ਉਤੇ ਇਸ਼ਾਰਾ ਦਿਤਾ ਕਾਹਨ ਸਖ਼ੀਆਂ, ਗੋਕਲ ਕੀ ਸਮਝਾਈਆ । ਸੀਤਾ ਰਾਮ ਦੇ ਕਹਿਣੇ ਆਸ਼ਾ ਰਖੀਆਂ, ਬਨਬਾਸੀ ਕੀ ਸਮਝਾਈਆ । ਕੀ ਈਸਾ ਖ਼ਬਰਾਂ ਸਚੀਆਂ ਦੱਸੀਆਂ, ਯੂਹਨਾ ਗਿਆ ਦ੍ਰਿੜਾਈਆ । ਕਿਸ ਬਿਧ ਮੁਹੰਮਦ ਬੰਨ੍ਹੀਆਂ ਰੱਸੀਆਂ, ਚਾਰ ਯਾਰਾਂ ਸੰਗ ਬਣਾਈਆ । ਕਲਜੁਗ ਅੰਤਮ ਸਦੀ ਚੌਧਵੀਂ ਓਸੇ ਦੇ ਵਿਚ ਫਸੀ ਆਂ, ਫੰਦ ਸਕੇ ਨਾ ਕੋਇ ਕਟਾਈਆ । ਮੈਂ ਵਹਿਣਾਂ ਵਿਚ ਜਾਂਦੀ ਨੱਸੀ ਆਂ, ਭੱਜਾਂ ਵਾਹੋ ਦਾਹੀਆ । ਮੇਰੇ ਅੰਦਰ ਪੈਂਦੀਆਂ ਗਸ਼ੀਆਂ, ਹਾਏ ਉਫ਼ ਮੇਰੀ ਦੁਹਾਈਆ । ਮੇਰੇ ਵਿਚ ਤੜਫਣ ਜਲ ਹੋੜੇ ਮੱਛੀਆਂ, ਬਹੁੜੀ ਬਹੁੜੀ ਕਰ ਕੁਰਲਾਈਆ । ਨਾਲੇ ਸਤਿਗੁਰ ਅਰਜਨ ਦੀਆਂ ਆਸਾ ਤਪੀਆਂ, ਬਿਨਾ ਅਗਨੀ ਤਤ ਜਲਾਈਆ । ਰਾਵੀ ਕਹੇ ਨਾਰਦਾ ਮੇਰੇ ਆਰ ਪਾਰ ਤਪਣ ਵਾਲੀਆਂ ਭੱਠੀਆਂ, ਭਠਿਆਲਾ ਕਲਜੁਗ ਨਜ਼ਰੀ ਆਈਆ । ਸਭ ਦੀਆਂ ਆਸ਼ਾ ਹੋਈਆਂ ਇਕੱਠੀਆਂ, ਕਹਿ ਕਹਿ ਰਹੀਆਂ ਦ੍ਰਿੜਾਈਆ । ਮੈਂ ਵਾਹੋ ਦਾਹੀ ਫਿਰਾਂ ਨਠੀ ਆਂ, ਬਿਨ ਕ਼ਦਮਾਂ ਕ਼ਦਮ ਉਠਾਈਆ । ਮੇਰਾ ਲਹਿਣਾ ਦੇਣਾ ਹੱਥ ਪੁਰਖ ਸਮਰਥੀਆ, ਸਮਰਥ ਆਪਣਾ

ਹੁਕਮ ਵਰਤਾਈਆ । ਜੋ ਮਾਲਕ ਖ਼ਾਲਕ ਕਲਜੁਗ ਰਥੀਆ, ਰਥਵਾਹੀ ਹੋ ਕੇ ਵੇਖ ਵਖਾਈਆ । ਮੈਂ ਉਸੇ ਦੇ ਸਬਰ ਲੱਥੀ ਆਂ, ਯਾਰੜੇ ਇਕੋ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੀਆਂ ਸ਼ਰਅ ਦੀਆਂ ਕੱਟਣ ਵਾਲਾ ਰੱਸੀਆਂ, ਰਸਤਾ ਬਾਵਸਤਾ ਹੋ ਕੇ ਆਪਣਾ ਦਏ ਸਮਝਾਈਆ ।

## ✪ ੧੫ ਮਾਘ ਸ਼ਹਿਨਸ਼ਾਹੀ ਸੰਮਤ ੧੧ ਤਰਲੋਕ ਸਿੰਘ ਦੇ ਗ੍ਰਿਹ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ✪

ਰਾਵੀ ਕਹੇ ਮੇਰੇ ਘਾਟ ਫਿਰੇ ਮੁਹੰਮਦ ਦੀ ਖ਼ਾਹਿਸ਼, ਸਦੀ ਚੌਧਵੀਂ ਨਾਲ ਮਿਲਾਈਆ । ਮਕ਼ਬਰਿਆਂ ਕਰਦੀ ਫਿਰੇ ਤਲਾਸ਼, ਭੱਜੇ ਵਾਹੋ ਦਾਹੀਆ । ਕੂਕ ਕੂਕ ਪੁਕਾਰੇ ਮੈਂ ਵੇਖਣਾ ਚਾਹੁੰਦੀ ਲਾਸ਼ ਤੇ ਲਾਸ਼, ਲਸ਼ਕਰ ਨਜ਼ਰ ਕੋਇ ਨਾ ਆਈਆ । ਨਾਲੇ ਇਸ਼ਾਰਾ ਦੇਵੇ ਸ਼ੰਕਰ ਉਤੇ ਕੈਲਾਸ਼, ਸਹਿਜ ਨਾਲ ਦ੍ਰਿੜਾਈਆ । ਮੈਨੂੰ ਤੇਰੇ ਉਤੇ ਭਰਵਾਸ, ਭਰੋਸੇ ਵਿਚ ਜਣਾਈਆ । ਮੇਰਾ ਲਹਿਣਾ ਦੇਣਾ ਤਕ ਲੈ ਖ਼ਾਸ, ਭੇਵ ਅਭੇਦਾ ਭੇਵ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਰਾਵੀ ਕਹੇ ਮੈਨੂੰ ਪਵਣਾਂ ਆ ਗਈਆਂ ਠੰਡੀਆਂ, ਸਾਂਤਕ ਸਤਿ ਸਤਿ ਵਰਤਾਈਆ । ਮੈਨੂੰ ਯਾਦ ਆ ਗਈਆਂ ਰਵੀਦਾਸ ਦੀਆਂ ਜੁੱਤੀਆਂ ਗੰਢੀਆਂ, ਪਾਨਹੀਆਂ ਸੰਗ ਬਣਾਈਆ ।
੧੩੧੩ ਜਿਸ ਇਸ਼ਾਰਾ ਦਿਤਾ ਮੇਰੇ ਕੰਢੀਆਂ, ਸਹਿਜ ਸਹਿਜ ਸੁਣਾਈਆ । ਜਿਸ ਵੇਲੇ ਪ੍ਰਭੂ ਪਿਆਰ ਤੋਂ ਆਤਮਾ ਹੋਈਆਂ ਰੰਡੀਆਂ, ਸਾਚਾ ਕੰਤ ਨਾ ਕੋਇ ੧੩੧੩
੨੪ ਹੰਢਾਈਆ । ਦੀਨ ਦੁਨੀ ਦੀਆਂ ਧਾਰਾ ਜਾਣੀਆਂ ਵੰਡੀਆਂ, ਮਜ਼੍ਹਬਾਂ ਨਾਲ ਟਕਰਾਈਆ । ਸੈਨਤਾਂ ਮਾਰਨ ਮੇਰੀਆਂ ਆਰਾਂ ਰੰਬੀਆਂ, ਬਿਨ ਅੱਖਾਂ ੨੪
ਅੱਖ ਜਣਾਈਆ । ਉਸ ਵੇਲੇ ਲੇਖਾ ਮੁਕਣਾ ਜਗਤ ਪਖੰਡੀਆਂ ਡੰਬੀਆਂ, ਭੇਖਾਧਾਰੀ ਵੇਖੇ ਥਾਉਂ ਥਾਈਂਆ । ਸਦੀ ਬੀਸਵੀਂ ਚੌਧਵੀਂ ਜਾਂਦੀਆਂ ਹੋਣੀਆਂ ਲੰਘੀਆਂ, ਆਪਣਾ ਪੰਧ ਮੁਕਾਈਆ । ਸਭ ਦੀਆਂ ਪਿੱਠਾਂ ਹੋਣੀਆਂ ਨੰਗੀਆਂ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਸੁਹਾਗਣਾਂ ਸੀਸ ਨਹੀਂ ਵਾਹੁਣਾ ਨਾਲ ਕੰਘੀਆਂ, ਸਾਚਾ ਸੰਗ ਨਾ ਕੋਇ ਬਣਾਈਆ । ਇਹ ਆਸ਼ਾ ਰਖੀ ਗੋਬਿੰਦ ਧਾਰ ਕਵੀ ਬਵੰਜੀਆਂ, ਬਾਵਨ ਬਲ ਨੂੰ ਗਿਆ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਾਵੀ ਕਹੇ ਮੁਹੰਮਦ ਦੀ ਆਸ਼ਾ ਇਸ਼ਾਰਾ ਦੇਵੇ ਸਦੀ ਚੌਧਵੀਂ ਗੋਲੀ, ਦੂਰ ਦੁਰਾਡੀ ਰਹੀ ਜਣਾਈਆ । ਮੇਰਾ ਮਾਲਕ ਖ਼ਾਲਕ ਪਰਵਰਦਿਗਾਰ ਸਾਂਝਾ ਯਾਰ ਖੇਲਣ ਵਾਲਾ ਹੋਲੀ, ਹੌਲੀ ਹੌਲੀ ਆਪਣਾ ਹੁਕਮ ਵਰਤਾਈਆ । ਜੋ ਅਮਾਮ ਅਮਾਮਾ ਬਦਲ ਕੇ ਆ ਗਿਆ ਚੋਲੀ, ਵੇਸ ਅਵੇਸਾ ਆਪਣਾ ਆਪ ਬਦਲਾਈਆ । ਮੈਨੂੰ ਇਕੋ ਬਿਨਾ ਅੱਖਰਾਂ ਤੋਂ ਦੱਸੀ ਉਸ ਨੇ ਬੋਲੀ, ਅਨਬੋਲਤ ਰਾਗ ਜਣਾਈਆ । ਕਲਜੁਗ ਅੰਤ ਸਚ ਦੁਆਰਾ ਰਿਹਾ ਖੋਲ੍ਹੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਰਾਵੀ ਕਹੇ ਗੋਲੀਏ, ਮੇਰੀਆਂ ਸੁਣ ਲੈ ਹਾਕਾਂ, ਆਸਾ ਮੁਹੰਮਦ ਨਾਲ ਮਿਲਾਈਆ । ਸ਼ਰਅ ਦਾ ਜਗਤ ਜਹਾਨ ਇਲਾਕਾ, ਵੰਡਣ ਵੰਡ ਨਾ ਕੋਇ ਦ੍ਰਿੜਾਈਆ । ਜਿਸ ਦੇ ਕੋਲ ਸਭ ਤੋਂ ਵਖਰਾ ਖ਼ਾਕਾ, ਖ਼ਾਕਸਾਰ ਕਰੇ ਲੋਕਾਈਆ । ਓਹ ਲਹਿਣਾ ਦੇਣਾ ਪੂਰਾ ਕਰੇ ਸਭ ਦਾ ਬਾਕਾ, ਹਿਸਾਬ ਅਗਲਾ ਨਾ ਕਿਸੇ

ਜਣਾਈਆ । ਜਿਸ ਦਾ ਹੁਕਮ ਵਰਤਣਾ ਤੇ ਖੇਲ ਸ਼ੁਰੂ ਹੋਣਾ ਖ਼ਾਕਾ, ਢਹਿ ਢਹਿ ਖ਼ਾਕ ਬਣਾਈਆ । ਉਹ ਪੰਧ ਮਾਰ ਕੇ ਵੇਖੇ ਆਪਣੀਆਂ ਵਾਟਾਂ, ਬਿਨ ਕ਼ਦਮਾਂ ਕ਼ਦਮ ਉਠਾਈਆ । ਚੌਦਾਂ ਤਬਕਾਂ ਖੋਲ੍ਹ ਕੇ ਵੇਖੇ ਹਾਟਾ, ਚੌਦਾਂ ਲੋਕਾਂ ਧਿਆਨ ਲਗਾਈਆ । ਸਦੀ ਚੌਧਵੀਂ ਦਾ ਸਭ ਤੋਂ ਵਖਰਾ ਹੋਵੇ ਸਾਕਾ, ਅੰਤ ਅਖ਼ੀਰ ਬੇਨਜ਼ੀਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਘੋੜੇ ਅਸਵ ਚੜ੍ਹੇ ਅਗੰਮੇ ਰਾਕਾ, ਰਾਕਬ ਹੋ ਕੇ ਦੋ ਜਹਾਨ ਵੇਖੇ ਚਾਈਂ ਚਾਈਂਆ ।

✪ ੧੫ ਮਾਘ ਸ਼ਹਿਨਸ਼ਾਹੀ ਸੰਮਤ ੧੧ ਅਜੀਤ ਸਿੰਘ ਦੇ ਗ੍ਰਹਿ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ✪

ਨਾਰਦ ਕਹੇ ਮੈਂ ਰੂਪ ਧਰ ਲਿਆ ਅਗੰਮੇ ਸਿੱਖ ਦਾ, ਸਿਖਿਆ ਸਚ ਸਚ ਸਮਝਾਈਆ । ਵਣਜਾਰਾ ਬਣ ਗਿਆ ਪ੍ਰਭੂ ਦੀ ਭਿਖ ਦਾ, ਭਿਖਿਆ ਨਾਮ ਮੰਗ ਮੰਗਾਈਆ । ਨੈਣ ਉਠਾਇਆ ਤਕਿਆ, ਕੀ ਲੇਖੇ ਸਤਿਗੁਰ ਲਿਖਦਾ, ਲਹਿਣੇ ਕੀ ਸਮਝਾਈਆ । ਨਾਲੇ ਹਿੱਸਾ ਕਢਿਆ ਭਵਿਖ ਦਾ, ਭਵਿਖਤਾਂ ਫੋਲ ਫੁਲਾਈਆ । ਜੇਹੜਾ ਸੁਆਮੀ ਕਿਸੇ ਨਹੀਂ ਦਿਸਦਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਓਹ ਪ੍ਰੀਤਮ ਬਣਿਆ ਕਿਸ ਕਿਸ ਦਾ, ਕਿਸ ਨੂੰ ਆਪਣੀ ਗੋਦ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਨਾਰਦ ਕਹੇ ਮੈਂ ਨਿਗਾਹ ਮਾਰੀ ਪਾਰ ਉਰਾਰ, ਰਾਵੀ ਰਮਤਾ ਰਮਤਾ ਖੋਜ ਖੁਜਾਈਆ । ਮੈਨੂੰ ਨਜ਼ਰ ਆਇਆ ਭਗਤ ਵਛਲ ਗਿਰਧਾਰ, ਗਿਰਵਰ ਆਪਣਾ ਖੇਲ ਖਿਲਾਈਆ । ਜੋ ਭਗਤ ਸੁਹੇਲਾ ਬਣ ਕੇ ਮੀਤ ਮੁਰਾਰ, ਮਿਤਰ ਪਿਆਰਾ ਸਖ਼ਾ ਸਖਾਈਆ । ਹਰਿਜਨ ਸਾਚੇ ਰਿਹਾ ਤਾਰ, ਤਾਰਨਹਾਰ ਦਇਆ ਕਮਾਈਆ । ਜਨਮ ਜਨਮ ਦੀ ਪੈਜ ਰਿਹਾ ਸਵਾਰ, ਸਿਰ ਸਿਰ ਆਪਣਾ ਹੱਥ ਰਖਾਈਆ । ਇਹ ਖੇਲ ਕਰੇ ਕਰਤਾਰ, ਕ਼ੁਦਰਤ ਕ਼ਾਦਰ ਨੂਰ ਅਲਾਹੀਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਸੰਗ ਮੁਹੰਮਦ ਚਾਰ ਯਾਰ, ਸਦੀ ਚੌਧਵੀਂ ਵੇਖ ਵਖਾਈਆ । ਅਮਾਮ ਅਮਾਮਾ ਹੋ ਉਜਿਆਰ, ਨੂਰ ਨੁਰਾਨਾ ਡਗਮਗਾਈਆ । ਜਿਸ ਦਾ ਲੇਖਾ ਰਵਿਦਾਸ ਨੇ ਲਿਖਿਆ ਨਾਲ ਰੰਬੀ ਆਰ, ਬਿਨ ਅੱਖਰਾਂ ਅੱਖਰ ਬਣਾਈਆ । ਜਿਸ ਲਹਿਣਾ ਦੇਣਾ ਕ਼ਰਜ਼ਾ ਦੇਣਾ ਉਤਾਰ, ਉੱਤਰ ਪੂਰਬ ਵੇਖ ਵਖਾਈਆ । ਪੱਛਮ ਦੱਖਣ ਪਾਉਣੀ ਸਾਰ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹੋ ਭੂਪ ਵਡ ਸਿਕਦਾਰ, ਸ਼ਹਿਨਸ਼ਾਹ ਇਕੋ ਇਕ ਅਖਵਾਈਆ ।

✪ ੧੫ ਮਾਘ ਸ਼ਹਿਨਸ਼ਾਹੀ ਸੰਮਤ ੧੧ ਹਰਦੀਪ ਸਿੰਘ ਦੇ ਗ੍ਰਹਿ ਪਿੰਡ ਓਗਰਾ ਜ਼ਿਲਾ ਗੁਰਦਾਸਪੁਰ ✪

ਨਾਰਦ ਕਹੇ ਮੇਰੀ ਕਿਤਾਬ ਦਾ ਅਗੰਮਾ ਕੰਨਾ, ਕਾਇਨਾਤ ਭੇਵ ਖੁਲ੍ਹਾਈਆ । ਜਿਸ ਵਿਚ ਨਿਸ਼ਾਨ ਤਾਰਾ ਚੰਨਾ, ਚੰਨ ਸਿਤਾਰ ਦਏ ਵਡਿਆਈਆ ।

ਜਿਸ ਵਿਚ ਸ਼ਰਅ ਦਾ ਹੱਦ ਬੰਨਾ, ਹਦੂਦਾਂ ਰਿਹਾ ਵਖਾਈਆ । ਜਿਸ ਵਿਚ ਖੇਲ ਮਨਸਾ ਵਾਲਾ ਮੰਨਾ, ਮਮਤਾ ਨਾਲ ਵਡਿਆਈਆ । ਜਿਸ ਵਿਚ ਲਹਿਣਾ ਜੱਟ ਧੰਨਾ, ਸਹਿਜ ਸਹਿਜ ਸਮਝਾਈਆ । ਜਿਸ ਵਿਚ ਦਿਹੁਰਾ ਨਾਮੇ ਦਾ ਛੱਪਰ ਛੰਨਾ, ਸੋਹਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਇਸ ਵਿਚ ਅਗੰਮੀ ਇਕ ਸਿਹਾਰੀ, ਪੂਰਬ ਲੇਖ ਜਣਾਈਆ । ਜਿਸ ਵਿਚ ਪ੍ਰਭ ਦੀ ਜੋਤ ਨਿਰੰਕਾਰੀ, ਨਿਰਵੈਰ ਨਜ਼ਰੀ ਆਈਆ । ਜੋ ਸਭ ਦਾ ਮੀਤ ਮੁਰਾਰੀ, ਮਿਤਰ ਪਿਆਰਾ ਇਕ ਅਖਵਾਈਆ । ਜਿਸ ਦਾ ਸ਼ਬਦ ਨਾਮ ਜੈਕਾਰੀ, ਢੋਲਾ ਦੋ ਜਹਾਨ ਸੁਣਾਈਆ । ਜੋ ਸ਼ਾਹੋ ਭੂਪ ਸਿਕਦਾਰੀ, ਸ਼ਹਿਨਸ਼ਾਹ ਅਗੰਮ ਅਥਾਹੀਆ । ਜੋ ਜੁਗ ਚੌਕੜੀ ਲਏ ਅਵਤਾਰੀ, ਨਿਰਗੁਣ ਸਰਗੁਣ ਰੂਪ ਬਦਲਾਈਆ । ਸੋ ਖੇਲੇ ਖੇਲ ਨਿਆਰੀ, ਨਿਰਵੈਰ ਧੁਰਦਰਗਾਹੀਆ । ਭਗਤਨ ਮੀਤਾ ਠਾਂਢਾ ਠਾਰੀ, ਅਗਨੀ ਤਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਮੇਰੀ ਕਿਤਾਬ ਵਿਚ ਤਕੋ ਬਿਹਾਰੀ ਦਾ ਮੂਲ, ਸੋਹਣਾ ਭੇਵ ਖੁਲ੍ਹਾਈਆ । ਜਿਸ ਵਿਚ ਧਰਮ ਦਾ ਅਗੰਮ ਅਸੂਲ, ਅਸਲ ਅਸਲ ਵਿਚੋਂ ਪਰਗਟਾਈਆ । ਜਿਸ ਦਾ ਨਾਤਾ ਨਾਲ ਸ਼ੰਕਰ ਵਾਲੀ ਤ੍ਰਿਸੂਲ, ਤ੍ਰੈਲੋਕੀ ਧਾਰ ਦ੍ਰਿੜਾਈਆ । ਜਿਸ ਦਾ ਮਾਲਕ ਕੰਤ ਕੰਤੂਹਲ, ਹਰਿ ਕਰਤਾ ਇਕ ਅਖਵਾਈਆ । ਜੋ ਕਦੇ ਨਾ ਜਾਏ ਭੂਲ, ਅਭੁਲ ਧੁਰਦਰਗਾਹੀਆ । ਜੋ ਮਾਲਕ ਕੰਤ ਕੰਤੂਹਲ, ਕ਼ੁਦਰਤ ਕ਼ਾਦਰ ਇਕ ਅਖਵਾਈਆ । ਜਿਸ ਦਾ ਲਹਿਣਾ ਪੈਗ਼ੰਬਰ ਨਾਲ ਰਸੂਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਮੇਰੀ ਕਿਤਾਬ ਦਾ ਅਨੋਖਾ ਤਕੋ ਔਕੜ, ਓੜਕ ਦਿਆਂ ਜਣਾਈਆ । ਜਿਸ ਵਿਚ ਲਹਿਣਾ ਚਾਰੇ ਜੁਗ ਚੌਕੜ, ਚੌਕੜੀ ਗੰਢ ਪੁਆਈਆ । ਉਹਦਾ ਅੰਤ ਅਖੀਰੀ ਲਹਿਣਾ ਪਛੋਕੜ, ਪਿਛਲਾ ਦਏ ਦ੍ਰਿੜਾਈਆ । ਉਹਦਾ ਹਿਸਾ ਤੱਕਿਆ ਬਿਨਾ ਵਹੀ ਖਾਤੇ ਤੋਂ ਰੋਕੜ, ਉਧਾਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਮੇਰੀ ਕਿਤਾਬ ਦਾ ਵੇਖੋ ਦੁਲੈਂਕੜਾ, ਦੋਵੇਂ ਧਾਰਾ ਸਮਝਾਈਆ । ਜਿਸ ਦੀ ਗਿਣਤੀ ਨਹੀਂ ਇਕਾਈ ਦਹਾਈ ਸੈਂਕੜਾ, ਹਿੰਦਸਿਆਂ ਵੰਡ ਨਾ ਕੋਇ ਵੰਡਾਈਆ । ਉਹ ਜੁਗ ਜੁਗ ਬਦਲਣ ਵਾਲਾ ਪੈਂਤੜਾ, ਦੀਨ ਦੁਨੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀਆਂ ਵੇਖਣਹਾਰਾ ਹੈਂਕੜਾ ।

### ✪ ੧੫ ਮਾਘ ਸ਼ਹਿਨਸ਼ਾਹੀ ਸੰਮਤ ੧੧ ਮੁਖਤਿਆਰ ਸਿੰਘ ਦੇ ਗ੍ਰਿਹਿ ਪਿੰਡ ਮਮੀਆਂ ਜ਼ਿਲਾ ਗੁਰਦਾਸਪੁਰ ✪

ਨਾਰਦ ਕਹੇ ਮੇਰੀ ਕਿਤਾਬ ਦੀ ਕੀ ਕਹਾਣੀ, ਕਹਿ ਕਹਿ ਕੀ ਜਣਾਈਆ । ਜਿਸ ਦਾ ਰੂਪ ਨੂਰ ਨੁਰਾਨੀ, ਨੂਰ ਨੁਰਾਨੇ ਵਿਚ ਸਮਾਈਆ । ਜਿਸ ਦੀ ਸਿਫ਼ਤਾਂ ਵਾਲੀ ਨਹੀਂ ਕੋਈ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਓਹਦਾ ਇਕੋ ਮਾਲਕ ਖ਼ਾਲਕ ਜਾਣ ਜਾਣੀ, ਜਾਨਣਹਾਰ ਧੁਰਦਰਗਾਹੀਆ ।

ਜਿਸ ਦੇ ਸਦਾ ਸਦਾ ਰਖਾਂ ਚਰਨ ਧਿਆਨੀ, ਬਿਨ ਚਰਨਾਂ ਖ਼ਾਕ ਰਮਾਈਆ । ਜਿਸ ਨੂੰ ਪੈਗੰਬਰਾਂ ਕਿਹਾ ਬਾਪ ਅਸਮਾਨੀ, ਇਸਮ ਆਜ਼ਮ ਨੂਰ ਅਲਾਹੀਆ । ਜੋ ਲਹਿਣਾ ਦੇਣਾ ਲੇਖਾ ਜਾਣੇ ਜਿਸਮ ਜਿਸਮਾਨੀ, ਜ਼ਮੀਰ ਬੇਨਜ਼ੀਰ ਵੇਖ ਵਖਾਈਆ । ਮੈਂ ਉਸ ਦੇ ਚਰਨ ਕਵਲ ਕਰਾਂ ਧਿਆਨੀ, ਬਿਨ ਨੈਣਾਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਮੇਰੀ ਕਿਤਾਬ ਦੀ ਨਿਰਅੱਖਰ ਧਾਰ ਕਥਾ, ਕਥਨੀ ਕਥ ਨਾ ਕੋਇ ਸੁਣਾਈਆ । ਜਿਸ ਵਿਚ ਇਕੋ ਹੁਕਮ ਫ਼ਰਮਾਨ ਯਥਾਰਥ ਯਥਾ, ਜੋ ਯਾਦਵ ਕਾਹਨ ਗਿਆ ਦ੍ਰਿੜਾਈਆ । ਕਲਜੁਗ ਅੰਤ ਸ੍ਰੀ ਭਗਵੰਤ ਖੇਲ ਕਰੇ ਪੁਰਖ ਸਮਰਥਾ, ਨਿਰਗੁਣ ਦਾਤਾ ਧੁਰਦਰਗਾਹੀਆ । ਜਿਸ ਦਾ ਧਰਮ ਦੀ ਧਾਰ ਸਤਿਜੁਗ ਚਲਣਾ ਰਥਾ, ਰਥਵਾਹੀ ਬਣੇ ਬੇਪਰਵਾਹੀਆ । ਸਭ ਦਾ ਲਹਿਣਾ ਦੇਣਾ ਪੂਰ ਕਰਾਏ ਹੱਥੋ ਹੱਥਾ, ਉਧਾਰ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਦੇਵੇ ਨਾਮ ਨਿਧਾਨਾ ਵਥਾ, ਵਸਤ ਅਮੋਲਕ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਮੇਰੀ ਕਿਤਾਬ ਹੁਕਮ ਅਨੋਖਾ ਦੱਸਦੀ, ਦੋ ਜਹਾਨ ਜਣਾਈਆ । ਬਿਨ ਮੁਖ ਦੰਦਾਂ ਤੋਂ ਹਸਦੀ, ਹਸਤੀ ਤਕ ਨੂਰ ਅਲਾਹੀਆ । ਉਹ ਬਣੀ ਵਣਜਾਰੀ ਇਕ ਸਾਹਿਬ ਦੇ ਜਸ ਦੀ, ਸਿਫ਼ਤੀ ਢੋਲੇ ਗਾਈਆ । ਪ੍ਰੇਮਣ ਹੋ ਗਈ ਅਗੰਮੇ ਰਸ ਦੀ, ਬਿਨ ਰਸਨਾ ਰਸ ਚੱਖੇ ਚਾਈਂ ਚਾਈਂਆ । ਇਹ ਕਥਾ ਕਹਾਣੀ ਨਹੀਂ ਕਿਸੇ ਦੇ ਵਸ ਦੀ, ਵਾਸਤਾ ਪ੍ਰਭ ਦੇ ਨਾਲ ਜੁੜਾਈਆ । ਓਹਦਾ ਲੇਖਾ ਅਗੰਮਾ ਜਿਸ ਵਿਚ ਖੇਲ ਕਲਜੁਗ ਰੈਣ ਅੰਧੇਰੀ ਮਸ ਦੀ, ਚੰਦ ਚਾਂਦਨਾ ਨਜ਼ਰ ਕੋਇ ਨਾ ਆਈਆ । ਤ੍ਰੈਗੁਣ ਮਾਇਆ ਜਗਤ ਜਹਾਨ ਫਿਰੇ ਡਸਦੀ, ਅਗੇ ਨਾ ਕੋਇ ਬਚਾਈਆ । ਨਿਗਾਹ ਸਾਬਤ ਰਹਿਣੀ ਨਹੀਂ ਕਿਸੇ ਅੱਖ ਦੀ, ਨਿਜ ਨੇਤਰ ਖੋਲ੍ਹਣ ਕੋਇ ਨਾ ਪਾਈਆ । ਦੀਨਾਂ ਮਜ਼੍ਹਬਾਂ ਧਾਰਾ ਹੋਣੀ ਵਖ ਦੀ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਧਰਨੀ ਧਰਤ ਧਵਲ ਧੌਲ ਪ੍ਰਭੂ ਦੇ ਚਰਨਾਂ ਹੋਣੀ ਢੱਠਦੀ, ਨਿਵ ਨਿਵ ਸੀਸ ਝੁਕਾਈਆ । ਮੇਰੇ ਉਤੇ ਵਡਿਆਈ ਰਹੀ ਨਹੀਂ ਮੰਦਰ ਮਸਜਿਦ ਸ਼ਿਵਦੁਆਲੇ ਮਠ ਦੀ, ਗੁਰੂਦੁਆਰ ਚਰਚ ਰਹੇ ਕੁਰਲਾਈਆ । ਖੇਲ ਵੇਖ ਲੈ ਕਲਜੁਗ ਕੂੜ ਕੁੜਿਆਰੇ ਹੱਟ ਦੀ, ਕੂੜੀ ਕਿਰਿਆ ਨਾਲ ਹੱਟ ਖੁਲ੍ਹਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਤੇਰੀ ਧਾਰ ਹੋਵੇ ਤੇ ਹੋਵੇ ਅਨੋਖੇ ਜੱਟ ਦੀ, ਜਟਾ ਜੂਟ ਸਮਝ ਕੋਇ ਨਾ ਪਾਈਆ । ਜਿਸ ਦੇ ਹੁਕਮ ਵਿਚ ਸਦੀ ਚੌਧਵੀਂ ਜਾਂਦੀ ਟਪਦੀ, ਭੱਜੇ ਵਾਹੋ ਦਾਹੀਆ । ਉਹ ਕਲਾ ਵਰਤਣੀ ਉਸ ਸਮਰਥ ਦੀ, ਜਿਸ ਨੂੰ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਕਿਤਾਬ ਕਹੇ ਮੈਂ ਸਥਰ ਲਥਦੀ, ਸੇਜ ਯਾਰੜਾ ਅਗੰਮ ਹੰਢਾਈਆ ।

### ੧੬ ਮਾਘ ਸ਼ਹਿਨਸ਼ਾਹੀ ਸੰਮਤ ੧੧ ਸੰਤੋਖ ਸਿੰਘ ਦੇ ਗ੍ਰਿਹ ਪਿੰਡ ਸਿੰਮਲ ਸਕੋਲ ਜ਼ਿਲਾ ਗੁਰਦਾਸਪੁਰ

ਕਲਜੁਗ ਕਹੇ ਮੇਰਾ ਰੂਪ ਅਗੰਮਾ ਕਲ ਕਾਤੀ, ਕਲੂਆ ਹੋ ਕੇ ਸੀਸ ਨਿਵਾਈਆ । ਤੇਰੇ ਪਿਆਰ ਵਿਚ ਨੌ ਖੰਡ ਪ੍ਰਿਥਮੀ ਕੀਤੀ ਅੰਧੇਰੀ ਰਾਤੀ, ਸੱਤ ਦੀਪ ਸਚ ਚੰਦ ਨਾ ਕੋਇ ਚਮਕਾਈਆ । ਕਿਸੇ ਦਾ ਪਰਦਾ ਖੁਲ੍ਹੇ ਨਾ ਬਾਤਨ ਬਾਤੀ, ਅੰਤਰ ਨਿਰੰਤਰ ਭੇਵ ਕੋਇ ਨਾ ਪਾਈਆ ।

ਮੈਂ ਦੀਨ ਦੁਨੀ ਦੀ ਜ਼ਿੰਦਗੀ ਵਿਚੋਂ ਬਦਲੀ ਹਯਾਤੀ, ਜੀਵਨ ਜੀਵਨ ਵਿਚੋਂ ਦਿਤਾ ਬਦਲਾਈਆ । ਮੇਰੇ ਸੁਆਮੀ ਅੰਤਰਜਾਮੀ ਨਿਗਾਹ ਮਾਰ ਲੈ ਲੋਕਮਾਤੀ,
ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਮੈਂ ਝਗੜਾ ਪਾ ਕੇ ਅੱਖਰਾਂ ਵਾਲਾ ਕਾਗ਼ਜ਼ਾਤੀ, ਦੀਨ ਦੁਨੀ ਦਿਤੀ ਟਕਰਾਈਆ । ਧਰਮ ਦੀ
ਕੂੜ ਕੁੜਿਆਰ ਨਾਲ ਵਿੰਨ ਦਿਤੀ ਛਾਤੀ, ਛਤਰਧਾਰੀ ਰਹਿਣ ਕੋਇ ਨਾ ਪਾਈਆ । ਧਰਮ ਦੀ ਜਗੇ ਕੋਇ ਨਾ ਬਾਤੀ, ਕਮਲਾਪਾਤੀ ਤੇਰੀ ਬੇਪਰਵਾਹੀਆ ।
ਤਨ ਵਜੂਦਾਂ ਅੰਦਰ ਸਭ ਦੇ ਬਣਿਆ ਘਾਤੀ, ਘਾਉ ਮਮਤਾ ਮੋਹ ਲਗਾਈਆ । ਪੁਰਖ ਅਕਾਲੇ ਦੀਨ ਦਿਆਲੇ ਮੇਰੀ ਅੰਤਮ ਪੁਛ ਵਾਤੀ, ਵਾਰਸ
ਹੋ ਕੇ ਵੇਖ ਵਖਾਈਆ । ਮੇਰੀ ਨਿੱਕੀ ਜਿਹੀ ਬੇਨੰਤੀ ਛੋਟੀ ਜਿਹੀ ਬਾਤੀ, ਸਹਿਜ ਸਹਿਜ ਨਾਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰਾ ਸੁਤ ਸਭ ਤੋਂ ਵਖਰਾ ਅਵੱਲਾ,
ਆਲਮੀਨ ਦੇਣੀ ਸਰਨਾਈਆ । ਮੈਂ ਨੌਂ ਖੰਡ ਪ੍ਰਿਥਮੀ ਸੱਤ ਦੀਪ ਧਰਨੀ ਵਾਲਾ ਵੇਖਿਆ ਮਹੱਲਾ, ਚਾਰ ਕੁੰਟ ਦਹਿ ਦਿਸ਼ਾ ਧਿਆਨ ਲਗਾਈਆ ।
ਨਿਗਾਹ ਮਾਰੀ ਜਲਾ ਥਲਾਂ, ਮਹੀਅਲ ਭੱਜਿਆ ਵਾਹੋ ਦਾਹੀਆ । ਤੇਰੇ ਪਿਆਰ ਦਾ ਮੇਰੇ ਅੰਤਰ ਆਇਆ ਬਲਾ, ਬਲਧਾਰੀ ਹੋ ਕੇ ਸੇਵ ਕਮਾਈਆ ।
ਜਿਸ ਕਾਰਨ ਮੁਹੰਮਦ ਤੈਨੂੰ ਕਿਹਾ ਅੱਲਾ, ਯਵਲੇ ਜ਼ੂ ਫ਼ਰਸ਼ੇ ਤਲੂਹ ਜ਼ਖਮਮ ਮੁਵਾ ਨੂਰੇ ਰੁਸ਼ਨਾ ਤੇਰੀ ਬੇਪਰਵਾਹੀਆ । ਮੇਰੀ ਕ਼ਬੂਲ ਕਰ ਦੁਆ,
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਕਲਜੁਗ ਕਹੇ ਮੇਰੇ ਮਾਲਕ
੧੩੧੭ ਖ਼ਾਲਕ ਮੇਰੇ ਵਲ ਝਾਕ, ਬਿਨ ਨੇਤਰ ਲੋਚਨ ਨੈਣ ਅੱਖ ਉਠਾਈਆ । ਨਿਗਾਹ ਮਾਰ ਲੈ ਕਲਮਿਆਂ ਵਾਲੇ ਵਿਚ ਕਾਇਨਾਤ, ਦੋ ਜਹਾਨਾਂ ਨੌਜੁਵਾਨਾ ੧੩੧੭
੨੪ ਸ੍ਰੀ ਭਗਵਾਨਾ ਪਰਦਾ ਆਪ ਉਠਾਈਆ । ਮੇਰੀ ਸਭ ਤੋਂ ਵਖਰੀ ਨਿਰਾਲੀ ਦੀਨ ਦੁਨੀ ਦੇ ਮਾਲਕ ਬਾਤ, ਬਾਤਨ ਭੇਵ ਅਭੇਦ ਆਪਣਾ ਦਿਤਾ ਖੁਲ੍ਹਾਈਆ । ੨੪
ਜਿਸ ਦੀ ਸੂਰਤ ਅਕਾਲ ਮੂਰਤ ਰਹਿਣ ਨਹੀਂ ਦਿਤੀ ਇਕਾਂਤ, ਅਕਲ ਬੁੱਧੀ ਦੀ ਚਲੇ ਨਾ ਕੋਇ ਚਤੁਰਾਈਆ । ਅੰਮ੍ਰਿਤ ਬੂੰਦ ਪੀਏ ਨਾ ਕੋਇ ਸਵਾਂਤ,
ਆਬੇਹਯਾਤ ਹੱਥ ਕਿਸੇ ਨਾ ਆਈਆ । ਮੇਰੇ ਸੁਆਮੀਆਂ ਅੰਤਰਯਾਮੀਆਂ ਮੇਰੇ ਖੇਲ ਤਕ ਲੈ ਬਹੁਭਾਂਤ, ਅਨਕ ਕਲ ਧਾਰੀਆ ਅਨਕ ਰੂਪ ਆਪਣਾ
ਆਪ ਵਖਾਈਆ । ਮੈਂ ਝਗੜਾ ਪਾ ਕੇ ਜ਼ਾਤ ਪਾਤ, ਦੀਨ ਦੁਨੀ ਦਿਤੀ ਲੜਾਈਆ । ਹਿਰਦਾ ਕਿਸੇ ਦਾ ਰਹਿਣ ਨਹੀਂ ਦਿਤਾ ਸ਼ਾਂਤ, ਸਤਿ ਵਿਚ
ਨਾ ਕੋਇ ਸਮਾਈਆ । ਮੇਰਾ ਸਭ ਤੋਂ ਵਖਰਾ ਡੂੰਘਾ ਤਕ ਲੈ ਖਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ
ਵਰ, ਸਚ ਦੇ ਮਾਲਕ ਬੇਪਰਵਾਹੀਆ । ਕਲਜੁਗ ਕਹੇ ਮੇਰੇ ਸਤਿਗੁਰ ਸ਼ਬਦੀ ਸ਼ਬਦ ਦੂਲਹੇ, ਦੋ ਜਹਾਨ ਮਾਲਕ ਤੇਰੀ ਸਰਨਾਈਆ । ਮੈਨੂੰ
ਤੇਰੇ ਕੌਲ ਇਕ਼ਰਾਰ ਅਜੇ ਨਹੀਂ ਭੂਲੇ, ਅਭੁਲ ਤੇਰੀ ਬੇਪਰਵਾਹੀਆ । ਮੈਂ ਧਰਮ ਦੇ ਕਾਇਮ ਰਹਿਣ ਨਹੀਂ ਦਿਤੇ ਅਸੂਲੇ, ਅਸਲ ਵਸਲ ਤੇਰਾ
ਯਾਰ ਨਾ ਕੋਇ ਰਖਾਈਆ । ਸਚ ਪਿਆਰ ਦੇ ਲਵੇ ਕੋਇ ਨਾ ਝੂਲੇ, ਮੰਜ਼ਲ ਹਕ ਚੜ੍ਹਨ ਕੋਇ ਨਾ ਪਾਈਆ । ਤੇਰੀ ਚਰਨ ਸ਼ਰਨ ਦੀ ਕਿਸੇ
ਲੈਣ ਨਾ ਦੇਵਾਂ ਧੂਲੇ, ਧੂੜੀ ਖ਼ਾਕ ਨਾ ਕੋਇ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ
ਸਾਚੇ ਅਲਖ ਜਗਾਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰਾ ਬੱਚਾ ਨੰਨ੍ਹਾ, ਨਵ ਨੌਂ ਚਾਰ ਦੇ ਮਾਲਕ ਦੇਣੀ ਵਡਿਆਈਆ । ਮੇਰੇ ਵਿਚ ਗੋਬਿੰਦ
ਨੇ ਇਕੋ ਤੇਰੇ ਹੁਕਮ ਦਾ ਲਾਇਆ ਕੰਨਾ, ਕਾਇਨਾਤ ਸਮਝ ਕਿਛ ਨਾ ਆਈਆ । ਜਿਸ ਵਿਚ ਦੀਨ ਦੁਨੀ ਦਾ ਅੰਤ ਅਖ਼ੀਰੀ ਦੱਸਿਆ ਬੰਨਾ, ਜਗਤ

ਹਦੂਦਾਂ ਡੇਰਾ ਢਾਈਆ । ਜਿਸ ਨੂੰ ਪੁਰਖ ਅਕਾਲੇ ਦੀਨ ਦਿਆਲੇ ਤੂੰ ਕਿਹਾ ਆਪਣਾ ਚੰਨਾ, ਜੋਤੀ ਜਾਤੇ ਆਪਣਾ ਨੂਰ ਨੂਰ ਚਮਕਾਈਆ । ਜਿਸ ਦਾ ਵਸੇਰਾ ਬਿਨਾ ਛੱਪਰ ਛੰਨਾ, ਜਗਤ ਮਹਲ ਡੇਰਾ ਕਦੇ ਨਾ ਲਾਈਆ । ਮੇਰਾ ਉਸ ਬੇਨਜ਼ੀਰ ਲਾਸ਼ਰੀਕ ਪਰਵਰਦਿਗਾਰ ਨੂੰ ਫੜਾ ਦੇ ਪੱਲਾ, ਪੱਲੂ ਇਕੋ ਗੰਢ ਬੰਧਾਈਆ । ਜੇਹੜਾ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਧਾਰ ਅਛਲ ਅਛੱਲਾ, ਵਲ ਛਲ ਧਾਰੀ ਆਪਣਾ ਖੇਲ ਖਿਲਾਈਆ । ਜਿਸ ਨੇ ਅਵਤਾਰ ਪੈਗ਼ੰਬਰਾਂ ਗੁਰੂਆਂ ਨਿਰਗੁਣ ਸਰਗੁਣ ਧਾਰ ਲੋਕਮਾਤ ਘੱਲਾ, ਤਨ ਵਜੂਦਾਂ ਦਿਤੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਕਲਜੁਗ ਕਹੇ ਪ੍ਰਭੂ ਮੈਂ ਤੇਰਾ ਇਕੋ ਸੁਤ ਦੁਲਾਰਾ, ਬਿਨ ਤਤਾਂ ਨਜ਼ਰੀ ਆਈਆ । ਤੇਰੀ ਰਜ਼ਾ ਦਾ ਮੰਨਦਾ ਰਿਹਾ ਇਸ਼ਾਰਾ, ਰਾਜ਼ਕ ਰਿਜ਼ਕ ਰਹੀਮ ਤੇਰੀ ਓਟ ਤਕਾਈਆ । ਜੋਤੀ ਜਾਤੇ ਤੇਰੇ ਚਰਨ ਕਵਲ ਰਖਦਾ ਰਿਹਾ ਸਹਾਰਾ, ਦੂਸਰ ਓਟ ਨਾ ਕੋਇ ਰਖਾਈਆ । ਤੇਰਾ ਨਾਮ ਕਲਮਾ ਬਿਨ ਅੱਖਰਾਂ ਪੜ੍ਹਦਾ ਰਿਹਾ ਤੇ ਲਾਉਂਦਾ ਰਿਹਾ ਜੈਕਾਰਾ, ਬਿਨ ਰਸਨਾ ਜੇਹਵਾ ਢੋਲਾ ਗਾਈਆ । ਤੂੰ ਮੇਰਾ ਸਾਹਿਬ ਸੁਆਮੀ ਪਰਵਰਦਿਗਾਰਾ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਤੇਰਾ ਰੂਪ ਅਨੂਪਾ ਸ਼ਾਹੋ ਭੂਪਾ ਕਲ ਕਲਕੀ ਅਵਤਾਰਾ, ਅਨਕ ਕਲਧਾਰੀ ਤੇਰੀ ਬੇਪਰਵਾਹੀਆ । ਤੂੰ ਅਮਾਮ ਅਮਾਮਾ ਹੋਵੇਂ ਜ਼ਾਹਿਰਾ, ਜ਼ਾਹਰ ਜ਼ਹੂਰ ਆਪਣਾ ਆਪ ਕਰੇਂ ਰੁਸ਼ਨਾਈਆ । ਜਿਸ ਦਾ ਖੇਲ ਦੋ ਜਹਾਨ ਹੋਵੇ ਦੋਬਾਰਾ, ਦੋਹਰੀ ਆਪਣੀ ਕਲ ਵਰਤਾਈਆ । ਮੈਨੂੰ ਤੇਰੇ ਚਰਨ ਕਵਲ ਸਹਾਰਾ, ਚਰਨੋਦਕ ਲੈ ਕੇ ਖ਼ੁਸ਼ੀ ਬਣਾਈਆ ।
੧੩੧੮ ਲੇਖਾ ਤਕ ਲੈ ਪੈਗ਼ੰਬਰ ਗੁਰ ਅਵਤਾਰਾ, ਅਵਤਰੀ ਹੋ ਕੇ ਧਿਆਨ ਲਗਾਈਆ । ਜਿਸ ਦਾ ਮੂਸਾ ਈਸਾ ਮੁਹੰਮਦ ਦਏ ਇਸ਼ਾਰਾ, ਬਿਨ ਸੈਨਤ ੧੩੧੮
੨੪ ਸੈਨਤ ਲਗਾਈਆ । ਉਸ ਦਾ ਅੰਤ ਤਕ ਕਿਨਾਰਾ, ਘਾਟ ਪਤਣ ਫੋਲ ਫੁਲਾਈਆ । ਉਹ ਸਾਂਝਾ ਮੀਤ ਮੁਰਾਰਾ, ਮਿਤਰ ਪਿਆਰਾ ਇਕ ਅਖਵਾਈਆ । ੨੪
ਬੇਸ਼ਕ ਮੇਰਾ ਚਾਰ ਕੁੰਟ ਅੰਧਿਆਰਾ, ਅੰਧ ਅਗਿਆਨ ਵਿਚ ਰਖੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਕਲਜੁਗ ਕਹੇ ਪ੍ਰਭੂ ਮੇਰੇ ਵਿਚ ਕੀ ਅਨਹੋਣੀਆਂ ਹੋਈਆਂ, ਮੈਨੂੰ ਸਮਝ ਕੁਛ ਨਾ ਆਈਆ । ਜ਼ਰਾ ਵੇਖ ਲੈ ਪੈਗ਼ੰਬਰਾਂ ਵਾਲੀਆਂ ਪੇਸ਼ੀਨਗੋਈਆਂ, ਜੋ ਪੇਸ਼ਤਰ ਗਏ ਦ੍ਰਿੜਾਈਆ । ਭਵਿਖਤਾਂ ਨਾਲ ਅਵਤਾਰਾਂ ਆਸਾਂ ਤਕ ਪਰੋਈਆਂ, ਪ੍ਰੇਮ ਪ੍ਰੇਮ ਨਾਲ ਦ੍ਰਿੜਾਈਆ । ਕਲਜੁਗ ਅੰਤ ਸੁਰਤੀਆਂ ਉਠਣੀਆਂ ਨਹੀਂ ਸੋਈਆਂ, ਸ਼ਬਦੀ ਮੇਲ ਨਾ ਕੋਇ ਮਿਲਾਈਆ । ਧਰਮ ਦੀਆਂ ਪ੍ਰੀਤਾਂ ਜਾਣੀਆਂ ਖੋਹੀਆਂ, ਖ਼ਾਲਸ ਰੰਗ ਨਾ ਕੋਇ ਰੰਗਾਈਆ । ਨੌ ਖੰਡ ਪ੍ਰਿਥਮੀ ਫਿਰਨੀਆਂ ਦਰੋਹੀਆਂ, ਬਿਨ ਨੇਤਰ ਲੋਚਨ ਰੋਵੇ ਖ਼ਲਕ ਖ਼ੁਦਾਈਆ । ਆਤਮਾ ਪਰਮਾਤਮਾ ਨਾਲ ਜਾਣੀਆਂ ਨਹੀਂ ਛੋਹੀਆਂ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਇਕੋ ਮੰਗ ਮੰਗਾਈਆ । ਕਲਜੁਗ ਕਹੇ ਪ੍ਰਭੂ ਤੈਨੂੰ ਮੇਰਾ ਇਕੋ ਸਯਦਾ ਸਲਾਮ, ਸਲਾਮਾਂ ਲੈਣ ਵਾਲਿਆ ਦਿਆਂ ਜਣਾਈਆ । ਮੇਰੇ ਕੋਲ ਤੇਰਾ ਅਗੰਮੀ ਕਲਾਮ, ਜਿਸ ਨੂੰ ਕਾਇਨਾਤ ਵਿਚ ਸਮਝ ਕੋਇ ਨਾ ਪਾਈਆ । ਜਿਸ ਦੀ ਸ਼ਰਅ ਵਿਚ ਸਾਰੇ ਹੋਏ ਗ਼ੁਲਾਮ, ਸਿਰ ਸਕੇ ਨਾ ਕੋਇ ਉਠਾਈਆ । ਤੂੰ ਨੂਰ ਨੁਰਾਨਾ ਸ਼ਾਹ ਸੁਲਤਾਨਾ ਇਕ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜਿਨ ਸਦੀ ਚੌਧਵੀਂ ਸੰਗ ਚਾਰ ਯਾਰ ਮੁਹੰਮਦ ਲੇਖਾ ਮੇਟਣਾ ਤਮਾਮ, ਤਮਅ ਲਾਲਚ ਰਹਿਣ ਕੋਇ ਨਾ ਪਾਈਆ । ਜਿਸ ਮੇਰਾ ਅੰਤ ਕੰਤ ਭਗਵੰਤ ਹੋ ਕੇ ਕਰਨਾ

ਇੰਤਜ਼ਾਮ, ਬੰਦੋਬਸਤ ਆਪਣੇ ਹੱਥ ਰਖਾਈਆ । ਬੇਸ਼ਕ ਮੇਰੀ ਰੈਣ ਅੰਧੇਰੀ ਸ਼ਾਮ, ਸ਼ਮਅ ਨੂਰ ਜੋਤ ਚੰਦ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਕਲਜੁਗ ਕਹੇ ਪ੍ਰਭੂ ਮੇਰੀਆਂ ਵੇਖ ਮਿਹਰਵਾਨੀਆਂ, ਮਿਹਰਵਾਨ ਤੇਰੀ ਓਟ ਤਕਾਈਆ । ਮੇਰੇ ਹੁਕਮ ਨਾਲ ਨੌ ਖੰਡ ਪ੍ਰਿਥਮੀ ਅੰਦਰ ਭਰੀਆਂ ਬੇਈਮਾਨੀਆਂ, ਬੇਵਾ ਹੋਈ ਖ਼ਲਕ ਖ਼ੁਦਾਈਆ । ਧਰਮ ਦੀਆਂ ਰਹੀਆਂ ਨਾ ਕੋਇ ਨਿਸ਼ਾਨੀਆਂ, ਨਿਸ਼ਾਨ ਤਾਰਾ ਚੰਦ ਦਏ ਗਵਾਹੀਆ । ਮੈਂ ਕੂੜ ਕੁੜਿਆਰ ਦੀਆਂ ਘਰ ਘਰ ਮਾਰੀਆਂ ਕਾਨੀਆਂ, ਜੂਠ ਝੂਠ ਅਨਿਆਲਾ ਤੀਰ ਚਲਾਈਆ । ਪ੍ਰੇਮ ਰਹਿਣ ਨਹੀਂ ਦਿਤਾ ਰਸਨਾ ਵਾਲੀਆਂ ਬਾਣੀਆਂ, ਜਿਹਵਾ ਢੋਲੇ ਸਾਰੇ ਗਾਈਆ । ਮਾਣ ਰਿਹਾ ਨਹੀਂ ਅਠਸਠ ਪਾਣੀਆਂ, ਸਰੋਵਰਾਂ ਰੰਗ ਨਾ ਕੋਇ ਰੰਗਾਈਆ । ਮੁਹੱਬਤ ਰਹੀ ਨਹੀਂ ਜੀਵ ਪ੍ਰਾਣੀਆਂ, ਪੁਰਾਨ ਅਠਾਰਾਂ ਦੇਣ ਗਵਾਹੀਆ । ਤੇਰੇ ਨਾਮ ਦੀਆਂ ਸੁਰਤੀਆਂ ਮੂਲ ਰਹੀਆਂ ਨਾ ਸ਼ਾਹਣੀਆਂ, ਕੌਡੀ ਕੌਡੀ ਆਪਣੇ ਹੱਟ ਵਿਕਾਈਆ । ਤੂੰ ਪੁਰਖ ਅਕਾਲੇ ਦੀਨ ਦਿਆਲੇ ਹਰ ਘਟ ਜਾਣ ਜਾਣੀਆਂ, ਜਾਨਣਹਾਰ ਵੇਖਣਾ ਚਾਈਂ ਚਾਈਂਆ । ਮੈਂ ਝਗੜਾ ਪਾਇਆ ਵਿਚ ਚਾਰੇ ਖਾਣੀਆਂ, ਅੰਡਜ ਜੇਰਜ ਉਤਭੁਜ ਸੇਤਜ ਬਚਿਆ ਨਜ਼ਰ ਕੋਇ ਨਾ ਆਈਆ । ਭੇਵ ਖੋਲ੍ਹੇ ਕੋਇ ਨਾ ਚਾਰੇ ਬਾਣੀਆਂ, ਪਰਾ ਪਸੰਤੀ ਮਧਮ ਬੈਖਰੀ ਰੰਗ ਨਾ ਕੋਇ ਸਮਾਈਆ । ਮੰਜ਼ਲ ਹਕ ਮਿਲੇ ਨਾ ਮੂਲ ਰੁਹਾਨੀਆਂ, ਰੂਹ ਬੁਤ ਕਰੇ ਨਾ ਕੋਇ ਸਫ਼ਾਈਆ । ਜਿਸ ਦਾ ਈਸਾ ਕਿਹਾ ਲੇਖਾ ਮੇਰਾ ਬਾਪ ਅਸਮਾਨੀਆਂ, ਮੁਹੰਮਦ ਇਸਮ ਆਜ਼ਮ ਓਸੇ ਨੂੰ ਕਹਿ ਕੇ ਗਿਆ
੧੩੧੯ ਸੁਣਾਈਆ । ਤੇਰਾ ਲਹਿਣਾ ਦੇਣਾ ਲੇਖਾ ਬਾਹਰ ਜਿਸਮ ਜਿਸਮਾਨੀਆਂ, ਤਨ ਵਜੂਦਾਂ ਵੰਡ ਨਾ ਕੋਇ ਵੰਡਾਈਆ । ਜ਼ਰਾ ਨਿਗਾਹ ਮਾਰ ਲੈ ਮਜੀਦ ੧੩੧੯
੨੪ ਕੁਰਾਨੀਆਂ, ਕੁਰ੍ਹਾ ਕਾਇਆ ਕਾਅਬਿਆਂ ਵਾਲਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ੨੪
ਦਰ ਸਾਚੇ ਅਲਖ ਜਗਾਈਆ । ਕਲਜੁਗ ਕਹੇ ਪ੍ਰਭੂ ਮੈਂ ਅਲਖ ਜਗਾਉਂਦਾ ਹਾਂ । ਲੱਖ ਚੁਰਾਸੀ ਵਿਚੋਂ ਆਪਣੇ ਭਗਤ ਸੰਤ ਸੂਫ਼ੀ ਕਢ ਲੈ ਖ਼ਾਲਸ, ਖ਼ਾਲਸ ਤੇਰੇ ਦਰ ਤੇ ਵੇਖ ਵਖਾਉਂਦਾ ਹਾਂ । ਦੀਨ ਦੁਨੀ ਦੇ ਮਾਲਕ ਮੰਗ ਮੰਗਾਉਂਦਾ ਹਾਂ । ਕਿਰਪਾ ਕਰਨੀ ਖ਼ਲਕ ਦੇ ਖ਼ਾਲਕ, ਦਰ ਠਾਂਢੇ ਸੀਸ ਨਿਵਾਉਂਦਾ ਹਾਂ । ਜਿਨ੍ਹਾਂ ਦੇ ਅੰਦਰ ਮੇਰੇ ਪਿਆਰ ਦਾ ਲਾਲਚ, ਲੋਭੀਆਂ ਰਾਏ ਧਰਮ ਹੱਥ ਫੜਾਉਂਦਾ ਹਾਂ । ਮੈਂ ਤੇਰੇ ਹੁਕਮ ਨਾਲ ਨੌ ਖੰਡ ਪ੍ਰਿਥਮੀ ਸੱਤ ਦੀਪ ਲਾਉਣ ਵਾਲਾ ਮਾਚਸ, ਅਗਨੀ ਤਤ ਤਤ ਜਲਾਉਂਦਾ ਹਾਂ । ਤੇਰੇ ਨਾਲ ਮੇਰਾ ਲੇਖਾ ਤੂੰ ਮੇਰਾ ਮਾਲਕ ਇਕੋ ਵਾਸਤਕ, ਵਾਸਤਾ ਤੇਰੇ ਅਗੇ ਪਾਉਂਦਾ ਹਾਂ । ਤੇਰੀ ਦੀਨ ਦੁਨੀ ਤੇਰੇ ਨਾਲੋਂ ਕੀਤੀ ਨਾਸਤਕ, ਬਿਨ ਤੇਰੀ ਕਿਰਪਾ ਆਸਤਕ ਵੇਖਣ ਕੋਇ ਨਾ ਪਾਉਂਦਾ ਹਾਂ । ਮੈਂ ਧਰਮ ਦੀ ਕਿਸੇ ਕੋਲ ਰਹਿਣ ਨਹੀਂ ਦਿਤੀ ਵਿਰਾਸਤ, ਖ਼ਾਲੀ ਹੱਥ ਸਰਬ ਦਰਸਾਉਂਦਾ ਹਾਂ । ਮੈਂ ਚਾਹੁੰਦਾ ਪ੍ਰਭੂ ਭੁੱਲਣ ਵਾਲਿਆਂ ਅੰਤਮ ਸਤਿਗੁਰ ਸ਼ਬਦ ਦੀ ਦੇ ਵਿਚ ਹਿਰਾਸਤ, ਅਗੇ ਹੋ ਨਾ ਜਿਥੋਂ ਕੋਈ ਛੁਡਾਉਂਦਾ ਹਾਂ । ਤੇਰੇ ਅਗੇ ਮੇਰੇ ਮਿਹਰਵਾਨਾ ਕਿਸੇ ਦੀ ਚਲੇ ਕੀ ਸਿਆਸਤ, ਬੁੱਧੀ ਵਾਲਿਆਂ ਮੈਂ ਭਰਾਂਤ ਭੁਲੇਖਿਆਂ ਵਿਚ ਭੁਲਾਉਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਇਕੋ ਦੇਣਾ ਦਾਨ, ਮੇਰੇ ਸਾਹਿਬ ਸ੍ਰੀ ਭਗਵਾਨ, ਕਰਨੀ ਦੇ ਕਰਤੇ ਕੁਦਰਤ ਦੇ ਕ਼ਾਦਰ ਦਰ ਤੇਰੇ ਵਾਸਤਾ ਪਾਉਂਦਾ ਹਾਂ ।

## ੧੭ ਮਾਘ ਸ਼ਹਿਨਸ਼ਾਹੀ ਸੰਮਤ ੧੧ ਚਰਨ ਸਿੰਘ ਦੇ ਗ੍ਰਿਹਿ ਪਿੰਡ ਸਿੰਮਲ ਸਕੋਲ ਜ਼ਿਲਾ ਗੁਰਦਾਸਪੁਰ

ਸਤਿਗੁਰ ਸ਼ਬਦ ਕਹੇ ਸੁਣੋ ਹੁਕਮ ਧੁਰ ਨਿਰੰਕਾਰੀ, ਸੋ ਪੁਰਖ ਨਿਰੰਜਣ ਅਗੰਮ ਅਥਾਹ ਕੀ ਦ੍ਰਿੜਾਈਆ । ਹਰਿ ਪੁਰਖ ਨਿਰੰਜਣ ਭੇਵ ਅਭੇਦਾ
ਕੀ ਦੱਸੇ ਖੇਲ ਅਪਾਰੀ, ਅਪਰੰਪਰ ਸੁਆਮੀ ਅੰਤਰਯਾਮੀ ਭੇਵ ਕੀ ਜਣਾਈਆ । ਏਕੰਕਾਰ ਸ਼ਾਹ ਸਿਕਦਾਰ ਕੀ ਸੰਦੇਸ਼ਾ ਦੇਵੇ ਆਪਣੀ ਧਾਰੀ, ਦੋ
ਜਹਾਨਾਂ ਨੌਜਵਾਨਾ ਮਰਦ ਮਰਦਾਨਾ ਆਪਣਾ ਹੁਕਮ ਵਰਤਾਈਆ । ਆਦਿ ਨਿਰੰਜਣਾ ਜੋਤੀ ਜਾਤਾ ਕਿਸ ਬਿਧ ਨੂਰ ਜੋਤ ਕਰੇ ਉਜਿਆਰੀ, ਉਜਾਲਾ
ਹਰਿ ਗੋਪਾਲਾ ਆਪਣਾ ਆਪ ਪਰਗਟਾਈਆ । ਅਬਿਨਾਸ਼ੀ ਕਰਤਾ ਦੁਖ ਹਰਤਾ ਕੀ ਖੇਲੇ ਖੇਲ ਦੋ ਜਹਾਨਾਂ ਬਾਹਰੀ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼
ਪਾਤਾਲ ਗਗਨ ਗਗਨੰਤਰ ਕੀ ਆਪਣਾ ਹੁਕਮ ਵਰਤਾਈਆ । ਸ੍ਰੀ ਭਗਵਾਨ ਨੌਜਵਾਨ ਕਿਸ ਬਿਧ ਪਰਦਾ ਰਿਹਾ ਉਤਾਰੀ, ਉੱਤਰ ਪੂਰਬ ਪੱਛਮ
ਦੱਖਣ ਨਵ ਸੱਤ ਆਪਣਾ ਭੇਵ ਚੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਜਿਸ ਦਾ ਲਹਿਣਾ ਦੇਣਾ ਸਦਾ ਜੁਗ ਚਾਰੀ, ਕਲਜੁਗ ਅੰਤ ਸ੍ਰੀ ਭਗਵੰਤ
ਕੀ ਆਪਣੀ ਕਾਰ ਕਮਾਈਆ । ਸਤਿਗੁਰ ਸ਼ਬਦ ਯੋਧਾ ਸੂਰਬੀਰ ਬਲੀ ਬਲਕਾਰੀ, ਬਲਧਾਰੀ ਕੀ ਆਪਣੀ ਕਾਰ ਕਮਾਈਆ । ਕਿਸ ਬਿਧ ਵਿਸ਼ਨ
ਬ੍ਰਹਮਾ ਸ਼ਿਵ ਦੇਵਤ ਸੁਰ ਪਾਵੇ ਸਾਰੀ, ਗਣ ਗੰਧਰਵ ਰਿਹਾ ਹਿਲਾਈਆ । ਧਰਨੀ ਧਰਤ ਧਵਲ ਧੌਲ ਵੇਖੇ ਵਿਗਸੇ ਕਿਸ ਬਿਧ ਹੋਵੇ ਖ਼ੁਆਰੀ,
ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਲਹਿਣਾ ਦੇਣਾ ਵੇਖੇ ਤੇਈ ਅਵਤਾਰੀ, ਰਾਮਾ ਕ੍ਰਿਸ਼ਨਾ ਭੇਵ ਰਹੇ ਨਾ ਰਾਈਆ । ਪੈਗ਼ੰਬਰਾਂ
 ਦੇਵਣਹਾਰ ਹੁਲਾਰੀ, ਰਸੂਲਾਂ ਨਬੀਆਂ ਰਿਹਾ ਜਗਾਈਆ । ਗੁਰ ਗੁਰਦੇਵ ਪਾਵੇ ਸਾਰੀ, ਗੁਰ ਗੁਰ ਆਪਣੀ ਖੇਲ ਖਿਲਾਈਆ । ਪਰਮ ਪੁਰਖ ੧੩੨੦
 ਪਰਮਾਤਮ ਨਿਰਗੁਣ ਨੂਰ ਜੋਤ ਕਰ ਉਜਿਆਰੀ, ਉਜਾਲਾ ਕਰੇ ਥਾਉਂ ਥਾਈਂਆ । ਨਾਦ ਸ਼ਬਦ ਜਣਾਏ ਧੁਨਕਾਰੀ, ਅਨਹਦ ਨਾਦੀ ਨਾਦ ਸੁਣਾਈਆ । ੨੪
ਅੰਮ੍ਰਿਤ ਰਸ ਬਖ਼ਸ਼ ਕੇ ਠੰਢਾ ਠਾਰੀ, ਅੰਮਿਉਂ ਰਸ ਆਪ ਚੁਆਈਆ । ਕਲਜੁਗ ਅੰਤ ਸ੍ਰੀ ਭਗਵੰਤ ਪਾਵਣਹਾਰਾ ਸਾਰੀ, ਮਹਾਸਾਰਥੀ ਆਪਣਾ
ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ ।
ਸਤਿਗੁਰ ਸ਼ਬਦ ਕਹੇ ਮੇਰਾ ਲੇਖਾ ਦੋ ਜਹਾਨ, ਦੋਹਰੀ ਆਪਣੀ ਕਲ ਵਰਤਾਈਆ । ਕੀ ਹੁਕਮ ਸੰਦੇਸ਼ਾ ਦੇਵੇ ਸ੍ਰੀ ਭਗਵਾਨ, ਭਗਵਨ ਹੋ ਕੇ ਕੀ
ਦ੍ਰਿੜਾਈਆ । ਨਵਖੰਡ ਲੇਖਾ ਮਾਰ ਧਿਆਨ, ਬਿਨ ਨੇਤਰ ਨੈਣਾਂ ਨੈਣ ਉਠਾਈਆ । ਕਿਸ ਬਿਧ ਸ਼ਰਅ ਹੋਈ ਸ਼ੈਤਾਨ, ਸ਼ਰੀਅਤ ਆਪਣਾ ਰੂਪ
ਬਦਲਾਈਆ । ਧਰਮ ਦਾ ਰਿਹਾ ਨਾ ਕੋਇ ਵਿਧਾਨ, ਵਿਦਿਆ ਚਲੇ ਨਾ ਕੋਇ ਚਤੁਰਾਈਆ । ਇਸ਼ਟ ਦਿਸੇ ਨਾ ਸੀਤਾ ਰਾਮ, ਕ੍ਰਿਸ਼ਨ ਕਾਹਨ
ਸੰਗ ਨਾ ਕੋਇ ਨਿਭਾਈਆ । ਸਾਬਤ ਰਿਹਾ ਨਾ ਕਿਸੇ ਈਮਾਨ, ਪੈਗ਼ੰਬਰਾਂ ਰੰਗ ਨਾ ਕੋਇ ਚੜ੍ਹਾਈਆ । ਸਤਿ ਸਚ ਦਾ ਦੇਵੇ ਕੋਇ ਨਾ ਦਾਨ,
ਗੁਰ ਗੁਰਦੇਵ ਮੰਤਰ ਅੰਗ ਨਾ ਕੋਇ ਲਗਾਈਆ । ਜਿਧਰ ਵੇਖਿਆ ਓਧਰ ਫਿਰੇ ਸ਼ੈਤਾਨ, ਭੱਜੇ ਵਾਹੋ ਦਾਹੀਆ । ਮੈਂ ਦੋ ਜਹਾਨਾਂ ਹੁਕਮਰਾਨ,
ਦਰਗਾਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ ।
ਸਤਿਗੁਰ ਸ਼ਬਦ ਕਹੇ ਮੇਰਾ ਹੁਕਮ ਕਰਾਰਾ, ਕ਼ੁਦਰਤ ਕ਼ਾਦਰ ਦਏ ਵਡਿਆਈਆ । ਮੈਂ ਲਹਿਣਾ ਦੇਣਾ ਵੇਖਣਾ ਸਰਬ ਸੰਸਾਰਾ, ਸੰਸਾਰੀ ਭੰਡਾਰੀ
ਸੰਘਾਰੀ ਨਾਲ ਮਿਲਾਈਆ । ਲਹਿਣਾ ਦੇਣਾ ਤਕਣਾ ਤੇਈ ਅਵਤਾਰਾ, ਅਵਤਰ ਹੋ ਕੇ ਵੇਖ ਵਖਾਈਆ । ਪੈਗ਼ੰਬਰਾਂ ਦੱਸਣਾ ਅਗੰਮ ਇਸ਼ਾਰਾ, ਜਗਤ

ਸੈਨਤ ਬਾਹਰ ਸਮਝਾਈਆ । ਗੁਰ ਗੁਰਦੇਵ ਦੱਸ ਭੇਵ ਨਿਆਰਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਚੌਥੇ ਜੁਗ ਕਰਾਂ ਖੇਲ ਨਿਆਰਾ, ਨਿਆਂਕਾਰੀ ਹੋ ਕੇ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਕਿਸ ਬਿਧ ਮੇਟਾਂ ਅੰਧਿਆਰਾ, ਅੰਧ ਆਤਮ ਰਹਿਣ ਕੋਇ ਨਾ ਪਾਈਆ । ਸਤਿਜੁਗ ਸਚ ਸਤਿ ਕਿਸ ਬਿਧ ਹੋਏ ਉਜਿਆਰਾ, ਲੋਕਮਾਤ ਧਰਨੀ ਧਰਤ ਧਵਲ ਲਏ ਅੰਗੜਾਈਆ । ਕਿਸ ਬਿਧ ਇਕੋ ਇਸ਼ਟ ਹੋਏ ਨਿਰੰਕਾਰਾ, ਬਿਨਾ ਪੁਰਖ ਅਕਾਲ ਸੀਸ ਨਾ ਕੋਇ ਨਿਵਾਈਆ । ਇਕੋ ਨਾਮ ਕਲਮਾ ਹੋਏ ਜੈਕਾਰਾ, ਰਸਨਾ ਢੋਲਾ ਇਕੋ ਗੀਤ ਗਾਈਆ । ਇਕੋ ਮੰਦਰ ਮਸੀਤ ਹੋਵੇ ਗੁਰੂਦੁਆਰਾ, ਚਰਚਾਂ ਵੰਡ ਨਾ ਕੋਇ ਵੰਡਾਈਆ । ਇਕੋ ਪਰਮ ਪੁਰਖ ਹੋਵੇ ਨਿਮਸਕਾਰਾ, ਇਕੋ ਕ਼ਦਮਬੋਸੀ ਵਿਚ ਸਾਰੇ ਲਾਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੇਰਾ ਹੁਕਮ ਹੋਣਾ ਅਗੰਮਾ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਮੈਂ ਸੰਦੇਸ਼ਾ ਦੇਵਣਹਾਰਾ ਵਿਸ਼ਨੂੰ ਨਾਲ ਬ੍ਰਹਮਾ, ਬ੍ਰਹਿਮੰਡ ਦਿਆਂ ਦ੍ਰਿੜਾਈਆ । ਸ਼ੰਕਰ ਰਹੇ ਕੋਈ ਨਾ ਭਰਮਾ, ਸ਼ੰਭੂ ਦਿਆਂ ਜਣਾਈਆ । ਤਿੰਨੇ ਵੇਖੋ ਦੀਨ ਦੁਨੀ ਦਾ ਕਰਮਾ, ਕਰਮ ਕਾਂਡਾ ਖੋਜ ਖੁਜਾਈਆ । ਲਹਿਣਾ ਦੇਣਾ ਤਕੋ ਕਾਇਆ ਮਾਟੀ ਚਰਮਾ, ਚੰਮ ਦ੍ਰਿਸ਼ਟੀ ਧਿਆਨ ਲਗਾਈਆ । ਨਿਗਾਹ ਮਾਰੋ ਵਰਨਾਂ ਬਰਨਾਂ, ਖੱਤਰੀ ਬ੍ਰਾਹਮਣ ਸ਼ੂਦਰ ਵੈਸ਼ ਖੋਜ ਖੁਜਾਈਆ । ਦੀਨਾਂ ਮਜ਼੍ਹਬਾਂ ਵੇਖੋ ਧਰਮਾ, ਧਰਨੀ ਧਰਤ ਧਵਲ ਧੌਲ ਪਰਦਾ ਲਾਹੀਆ । ਅਗਲਾ ਹੁਕਮ ਪੁਰਖ ਅਕਾਲੇ ਆਪ ਕਰਨਾ, ਕਰਨੀ ਦਾ ਕਰਤਾ ਕੀ ਦ੍ਰਿੜਾਈਆ ।

ਨੌ ਖੰਡ ਪ੍ਰਿਥਮੀ ਸੱਤ ਦੀਪ ਮਾਨਵ ਮਾਨਸ ਮਾਨੁਖ ਆਪਣਾ ਕੀਤਾ ਭਰਨਾ, ਭਾਂਡਾ ਭਰਮ ਭੌ ਨਾ ਕੋਇ ਭੰਨਾਈਆ । ਸਦੀ ਚੌਧਵੀਂ ਅੰਤ ਅਖ਼ੀਰ
੧੩੨੧

ਬੇਨਜ਼ੀਰ ਦਾ ਭਾਣਾ ਸਭ ਨੇ ਜਰਨਾ, ਅਵਤਾਰ ਪੈਗ਼ੰਬਰ ਗੁਰ ਸੀਸ ਸਕੇ ਨਾ ਕੋਇ ਉਠਾਈਆ । ਕਲਜੁਗ ਕੂੜ ਕੁੜਿਆਰ ਜਗਤ ਹੰਕਾਰ ਮਾਇਆ
੨੪
ਮਮਤਾ ਅਗਨੀ ਸੜਨਾ, ਤਤਵ ਤਤ ਤਤ ਜਲਾਈਆ । ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਨਵਾਂ ਘਾੜਨ ਘੜਨਾ, ਘੜਨ ਭੰਨਣਹਾਰ ਇਕ ਅਖਵਾਈਆ । ਜਿਸ ਦੇ ਹੁਕਮ ਨਾਲ ਤੂੰ ਮੇਰਾ ਮੈਂ ਤੇਰਾ ਸਭ ਨੇ ਇਕੋ ਢੋਲਾ ਪੜ੍ਹਨਾ, ਆਤਮ ਪਰਮਾਤਮ ਮਿਲਕੇ ਵਜੇ ਵਧਾਈਆ । ਸਚ ਦੁਆਰ ਏਕੰਕਾਰ ਸਭ ਨੇ ਧਾਮ ਅਗੰਮੇ ਵੜਨਾ, ਜਿਥੇ ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਵੰਡ ਨਾ ਕੋਇ ਵੰਡਾਈਆ । ਸਾਚੀ ਮੰਜ਼ਲ ਹਕ ਹਕ਼ੀਕੀ ਲਾਸ਼ਰੀਕੀ ਆਤਮ ਧਾਰ ਚੜ੍ਹਨਾ, ਪਾਰਬ੍ਰਹਮ ਬ੍ਰਹਮ ਮਿਲਕੇ ਵਜੇ ਵਧਾਈਆ । ਸਚ ਸੁਆਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਇਕੋ ਦੁਆਰੇ ਖੜਨਾ, ਸਚਖੰਡ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਮੈਂ ਇਕੋ ਧੁਰ ਦਾ ਸੰਗੀ, ਆਦਿ ਜੁਗਾਦਿ ਅਖਵਾਈਆ । ਮੇਰਾ ਖੇਲ ਸਦਾ ਬਹੁਰੰਗੀ, ਭੇਵ ਸਕੇ ਨਾ ਕੋਇ ਪਾਈਆ । ਜਿਸ ਦੇ ਹੁਕਮ ਵਿਚ ਕੋਟਨ ਕੋਟ ਜੁਗ ਚੌਕੜੀ ਲੰਘੀ, ਨਵ ਨਵ ਚਾਰ ਦਾ ਡੇਰਾ ਢਾਹੀਆ । ਅਵਤਾਰ ਪੈਗ਼ੰਬਰਾਂ ਗੁਰੂਆਂ ਵਸਤ ਦੇਵਾਂ ਅਨਮੰਗੀ, ਧੁਰ ਦਾ ਨਾਮ ਕਲਮਾ ਝੋਲੀ ਪਾਈਆ । ਸ਼ਰਅ ਦੀ ਧਾਰ ਚਲਾਵਾਂ ਚੰਗੀ, ਜੁਗ ਜੁਗ ਧੁਰ ਦੀ ਬੇਪਰਵਾਹੀਆ । ਸਚ ਪ੍ਰੇਮ ਦਾ ਦੇਵਾਂ ਅਨੰਦੀ, ਅਨੰਦ ਅਨੰਦ ਵਿਚੋਂ ਪਰਗਟਾਈਆ । ਦੀਨਾਂ ਮਜ਼੍ਹਬਾਂ ਲਾ ਪਾਬੰਦੀ, ਹੁਕਮ ਹੁਕਮ ਵਿਚੋਂ ਸਮਝਾਈਆ । ਨਿਰਅੱਖਰ ਧਾਰ ਪਰਗਟਾ ਕੇ ਛੰਦੀ, ਨਾਮ ਕਲਮੇ ਦਿਆਂ ਦ੍ਰਿੜਾਈਆ । ਜੋ ਰਸਨਾ ਜੇਹਵਾ ਗਾਵਣ ਬੱਤੀ ਦੰਦੀ, ਮੁਖ ਹੋਠਾਂ ਨਾਲ ਸਲਾਹੀਆ । ਵਿਚ

ਹੁਕਮ ਦੀ ਰਖ ਕੇ ਕੰਧੀ, ਹਿੱਸੇ ਦੀਨ ਦੁਨੀ ਵਖਾਈਆ । ਫੇਰ ਸ਼ਬਦ ਧਾਰ ਸਭ ਨਾਲ ਕੀਤੀ ਸੰਧੀ, ਬਿਨ ਹਰਫ਼ ਹਰੂਫ਼ ਲਿਖਾਈਆ । ਆਪਣੇ ਹੁਕਮ ਦੀ ਰਖ ਵਿਚ ਪਾਬੰਦੀ, ਅਵਤਾਰ ਪੈਗ਼ੰਬਰਾਂ ਗੁਰੂਆਂ ਹੁਕਮ ਦ੍ਰਿੜਾਈਆ । ਜਗਤ ਦੀ ਧਾਰ ਮਜ਼੍ਹਬ ਦੀ ਡੰਡੀ, ਡੰਡਾਵਤ ਦਿਤੀ ਸਮਝਾਈਆ । ਅੰਤਮ ਸਭ ਨੇ ਲੇਖਾ ਜਾਣਾ ਛਡੀ, ਸਗਲਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦਿ ਸਚ ਨਿਸ਼ਾਨ ਨੌਜਵਾਨ ਦੋ ਜਹਾਨ ਰਿਹਾ ਗੱਡੀ, ਗਾਡ ਹੋ ਕੇ ਆਪਣਾ ਹੁਕਮ ਵਰਤਾਈਆ ।

✪ ੧੭ ਮਾਘ ਸ਼ਹਿਨਸ਼ਾਹੀ ਸੰਮਤ ੧੧ ਤਰਲੋਕ ਸਿੰਘ ਦੇ ਗ੍ਰਿਹ ਪਿੰਡ ਸਿੰਮਲ ਸਕੋਲ ਜ਼ਿਲਾ ਗੁਰਦਾਸਪੁਰ ✪

ਸਤਿਗੁਰ ਸਚਾ ਤਾਰਦਾ, ਤਾਰਨਹਾਰਾ ਏਕ । ਜੁਗ ਜੁਗ ਪੈਜ ਸਵਾਰ ਦਾ, ਬਖ਼ਸ਼ੇ ਧੁਰ ਦੀ ਟੇਕ । ਬਾਣ ਅਣਿਆਲਾ ਤੀਰ ਮਾਰਦਾ, ਕਰੇ ਬੁਧਿ ਬਿਬੇਕ । ਰਸ ਦੇਵੇ ਅੰਮ੍ਰਿਤ ਧੂੜੀ ਛਾਰ ਦਾ, ਤ੍ਰੈਗੁਣ ਮਾਇਆ ਲਾਏ ਨਾ ਸੇਕ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਬਣਾਏ ਸੁਤ ਦੁਲਾਰੇ ਨੇਕ । ਸਤਿਗੁਰ ਸਦਾ ਰੰਗਦਾ, ਕਾਇਆ ਚੋਲੀ ਮੀਤ । ਪਿਆਰਾ ਬਣੇ ਧੁਰ
 ਦੇ ਸੰਗ ਦਾ, ਸਾਚੀ ਸਚ ਚਲਾਏ ਰੀਤ । ਪਿਆਰ ਮੁਹੱਬਤ ਵਿਚ ਅੰਦਰ ਲੰਘਦਾ, ਝਗੜਾ ਮਿਟਾ ਮੰਦਰ ਮਸੀਤ । ਨਾਮ ਸੁਣਾਏ ਆਪਣੇ ਮਰਦੰਗ ੧੩੨੨
 ਦਾ, ਤ੍ਰੈਗੁਣ ਹੋ ਅਤੀਤ । ਪਰਦਾ ਲਾਹੇ ਦੂਈ ਦੁਵੈਤੀ ਕੰਧ ਦਾ, ਖੇਲ ਵਖਾਏ ਆਪ ਅਨਡੀਠ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ੨੪
ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਕੌੜੇ ਮਿਠੇ ਕਰੇ ਰੀਠ । ਸਤਿਗੁਰ ਸ਼ਬਦ ਸਦਾ ਬਖ਼ਸ਼ੰਦੜਾ, ਬਖ਼ਸ਼ਣਹਾਰ ਸੁਆਮੀ । ਭੇਵ ਅਭੇਦ ਖੁਲੰਦੜਾ, ਪਰਦਾ ਲਾਹੇ ਅੰਤਰਜਾਮੀ । ਸਚ ਧਾਮ ਸੁਹੰਦੜਾ, ਗ੍ਰਿਹ ਮੰਦਰ ਦਿਸਾਏ ਅਨਾਮੀ । ਇਕੋ ਰੰਗ ਚੜ੍ਹੰਦੜਾ, ਉਤਰੇ ਨਾ ਦੋ ਜਹਾਨੀ । ਭੇਵ ਅਭੇਦ ਖੁਲ੍ਹੰਦੜਾ, ਮੰਜ਼ਲ ਦੱਸੇ ਅਗੰਮ ਰੁਹਾਨੀ । ਸਾਚਾ ਸੰਗ ਨਿਭੰਦੜਾ, ਪਰਦਾ ਲਾਹੇ ਮਸਤਕ ਪੇਸ਼ਾਨੀ । ਸ਼ਬਦੀ ਨਾਦ ਸੁਣੰਦੜਾ, ਬਿਨ ਰਸਨਾ ਸੁਣਾਏ ਬਾਣੀ । ਜੋਤੀ ਜੋਤ ਜਗੰਦੜਾ, ਬਿਨ ਤੇਲ ਬਾਤੀ ਦੀਆ ਕਰੇ ਨੁਰਾਨੀ । ਘਰ ਗੁਰਮੁਖ ਮੇਲ ਮਿਲੰਦੜਾ, ਪੰਧ ਮੁਕਾਏ ਦੋ ਜਹਾਨੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਨੇਤਰ ਹਰਿਜਨ ਰਹਿਣ ਦੇਵੇ ਨਾ ਅੰਧੜਾ, ਨੂਰ ਨੁਰਾਨਾ ਕਰ ਉਜਿਆਰ ।

✪ ੧੭ ਮਾਘ ਸ਼ਹਿਨਸ਼ਾਹੀ ਸੰਮਤ ੧੧ ਸੁਰਜਨ ਸਿੰਘ ਦੇ ਗ੍ਰਿਹ ਪਿੰਡ ਸਿੰਮਲ ਸਕੋਲ ਜ਼ਿਲਾ ਗੁਰਦਾਸਪੁਰ ✪

ਸਤਿਗੁਰ ਸਾਚਾ ਸਦਾ ਬੇਅੰਤ, ਪਰਵਰਦਿਗਾਰ ਸਾਂਝਾ ਯਾਰ ਅਗੰਮ ਅਖਵਾਇੰਦਾ । ਆਦਿ ਜੁਗਾਦੀ ਦੋ ਜਹਾਨਾਂ ਬਣੇ ਧੁਰ ਦਾ ਕੰਤ, ਕੰਤ ਕੰਤੂਹਲ ਇਕ ਅਖਵਾਇੰਦਾ । ਨਾਮ ਨਿਧਾਨਾ ਸ੍ਰੀ ਭਗਵਾਨਾ ਦੇਵੇ ਮੰਤ, ਮੰਤਰ ਨਿਰੰਤਰ ਇਕੋ ਇਕ ਦ੍ਰਿੜਾਇੰਦਾ । ਹਰਿਜਨ ਭਗਤ ਬਣਾਏ ਆਪਣੇ ਸੰਤ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਹੋ ਕੇ ਭੇਵ ਖੁਲ੍ਹਾਇੰਦਾ । ਮਾਨਸ ਜਨਮ ਬਣਾਏ ਸਾਚੀ ਬਣਤ, ਘੜਨ ਭੰਨਣਹਾਰ ਆਪਣਾ ਹੁਕਮ ਸਮਝਾਇੰਦਾ ।

ਮਾਇਆ ਮਮਤਾ ਮੋਹ ਵਿਕਾਰ ਲੇਖਾ ਰਹੇ ਨਾ ਅਗਣਤ, ਗਿਣਤੀ ਗਣਤ ਨਾ ਕੋਇ ਜਣਾਇੰਦਾ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਆਪ ਸਮਝਾਇੰਦਾ । ਮੇਲ ਮਿਲਾ ਕੇ ਸਾਚੀ ਸੰਗਤ, ਵਰਨਾਂ ਬਰਨਾਂ ਡੇਰਾ ਢਾਇੰਦਾ । ਬੋਧ ਅਗਾਧਾ ਦੀਨ ਦੁਨੀ ਦਾ ਬਣਕੇ ਪੰਡਤ, ਨਿਰਅੱਖਰ ਆਪ ਪੜ੍ਹਾਇੰਦਾ । ਭੇਵ ਖੁਲ੍ਹਾ ਕੇ ਬਹਿਸ਼ਤ ਜੰਨੱਤ, ਦਰਗਾਹ ਸਾਚੀ ਸਚਖੰਡ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਸਤਿਗੁਰ ਪੂਰਾ ਪਰਮ ਪੁਰਖ ਪਰਮਾਤਮ, ਪਰਮੇਸ਼ਵਰ ਇਕ ਅਖਵਾਈਆ । ਜੋ ਮੇਲ ਮਿਲਾਏ ਨਿਰਗੁਣ ਧਾਰ ਆਤਮ, ਜੋਤੀ ਜਾਤਾ ਹੋ ਕੇ ਵੇਖ ਵਖਾਈਆ । ਪਰਦਾ ਓਹਲਾ ਰਹਿਣ ਨਾ ਦੇਵੇ ਕਾਇਆ ਅੰਦਰ ਬਾਤਨ, ਪੋਸ਼ੀਦਾ ਆਪਣਾ ਖੇਲ ਖਿਲਾਈਆ । ਅੰਤਰ ਨਿਰੰਤਰ ਮੇਟੇ ਅੰਧੇਰੀ ਰਾਤਨ, ਨੂਰੀ ਜੋਤ ਚੰਦ ਕਰੇ ਰੁਸ਼ਨਾਈਆ । ਭਗਤ ਸੁਹੇਲਾ ਠਾਂਢਾ ਸੀਤਾ ਹਰਿਜਨ ਆਪੇ ਪੁਛੇ ਵਾਤਨ, ਵਾਰਸ ਹੋ ਕੇ ਵੇਖ ਵਖਾਈਆ । ਮਾਨਸ ਜਨਮ ਪੈਜ ਸਵਾਰੇ ਵਿਚ ਲੋਕਮਾਤਨ, ਧਰਨੀ ਧਰਤ ਧਵਲ ਧੌਲ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਜਨ ਭਗਤ ਸੁਹੇਲਾ ਮੀਤ, ਮਿਤਰ ਪਿਆਰਾ ਇਕ ਅਖਵਾਈਆ । ਜਿਸ ਦੀ ਜਗਤ ਨਿਰਾਲੀ ਰੀਤ, ਰੀਤੀਵਾਨ ਆਪਣਾ ਭੇਵ ਚੁਕਾਈਆ । ਪਰਦਾ ਲਾਹ ਕੇ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਆਪਣਾ ਭੇਵ ਖੁਲ੍ਹਾਈਆ । ਤੂੰ ਮੇਰਾ ਮੈਂ ਤੇਰਾ ਬਿਨ ਰਸਨਾ ਜੇਹਵਾ ਦੱਸਕੇ ਗੀਤ, ਗੋਬਿੰਦ ਮੇਲਾ ਮੇਲੇ ਸਹਿਜ



ਸੁਭਾਈਆ । ਦਿਵਸ ਰੈਣ ਵਸੇ ਚੀਤ, ਚਿਤਵਿਤ ਠਗੌਰੀ ਮਨ ਨਾ ਕੋਇ ਜਣਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਕਰੇ ਪਤਿਤ ਪੁਨੀਤ, ਦੁਰਮਤ ਮੈਲ ਅੰਤਰ ਨਿਰੰਤਰ ਦਏ ਧੁਆਈਆ । ਏਕਾ ਰੰਗ ਰੰਗਾਏ ਦਇਆ ਕਮਾਏ ਹਸਤ ਕੀਟ, ਊਚ ਨੀਚ ਦਾ ਡੇਰਾ ਢਾਈਆ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਧਾਮ ਵਖਾਏ ਇਕ ਅਨਡੀਠ, ਸਚਖੰਡ ਦੁਆਰਾ ਏਕੰਕਾਰਾ ਆਪ ਦਰਸਾਈਆ । ਜਾ ਕੇ ਵਸੇ ਬੀਠਲੋ ਬੀਠ, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਸਤਿਗੁਰ ਸ਼ਬਦ ਆਦਿ ਜੁਗਾਦੀ ਗੋਬਿੰਦਾ, ਗੋਬਿੰਦ ਗੋਬਿੰਦ ਗੋਬਿੰਦ ਰੂਪ ਸਮਾਈਆ । ਏਥੇ ਓਥੇ ਦੋ ਜਹਾਨਾਂ ਗੁਣੀ ਗਹਿੰਦਾ, ਗਹਿਰ ਗਵਰ ਗੰਭੀਰ ਬੇਪਰਵਾਹੀਆ । ਜੋ ਨਾਮ ਨਿਧਾਨਾ ਨਿਰਗੁਣ ਧਾਰ ਦਿੰਦਾ, ਦੇਵਣਹਾਰਾ ਏਕੰਕਾਰਾ ਇਕ ਅਖਵਾਈਆ । ਜੁਗ ਚੌਕੜੀ ਨਿਤ ਨਵਿਤ ਨਿਰਗੁਣ ਹੋ ਕੇ ਸਦ ਬਖ਼ਸ਼ਿੰਦਾ, ਰਹਿਮਤ ਰਹੀਮ ਆਪਣੀ ਆਪ ਕਮਾਈਆ । ਹਰਿਜਨ ਸਦ ਮੇਟਣਹਾਰਾ ਚਿੰਦਾ, ਚਿੰਤਾ ਚਿਖਾ ਵਿਚੋਂ ਬਾਹਰ ਕਢਾਈਆ । ਗੁਰਮੁਖ ਗੁਰਸਿਖ ਆਪਣੀ ਬਣਾਏ ਬਿੰਦਾ, ਬਿੰਦਰਾਬਨ ਦੇ ਕਾਹਨ ਦਾ ਲੇਖਾ ਦਏ ਮੁਕਾਈਆ । ਅੰਮ੍ਰਿਤ ਧਾਰ ਵਹਾਏ ਕਾਇਆ ਅੰਦਰ ਸਾਗਰ ਸਿੰਧਾ, ਬੂੰਦ ਸਵਾਂਤੀ ਆਪ ਟਪਕਾਈਆ । ਬਜਰ ਕਪਾਟੀ ਤੋੜ ਕੇ ਜਿੰਦਾ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਭਗਤ ਸੁਹੇਲਾ ਦੀਨ ਦਿਆਲ ਸਦਾ ਬਖ਼ਸ਼ਿੰਦਾ, ਬਖ਼ਸ਼ਣਹਾਰਾ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਜੀਉ ਪਿੰਡਾ, ਇੰਡ ਪਿੰਡ ਬ੍ਰਹਿਮੰਡ ਪਰਦਾ ਪਰਦਿਆਂ ਵਿਚੋਂ ਚੁਕਾਈਆ ।

### ✪ ੧੭ ਮਾਘ ਸ਼ਹਿਨਸ਼ਾਹੀ ਸੰਮਤ ੧੧ ਅਵਤਾਰ ਸਿੰਘ ਦੇ ਗ੍ਰਿਹ ਪਿੰਡ ਸਿੰਮਲ ਸਕੋਲ ਜ਼ਿਲਾ ਗੁਰਦਾਸਪੁਰ ✪

ਸਤਿਗੁਰ ਸ਼ਬਦ ਕਹੇ ਮੇਰੀ ਅਗੰਮੀ ਸਿਖਿਆ, ਕ਼ਾਗ਼ਜ਼ ਕ਼ਲਮ ਸ਼ਾਹੀ ਖੇਲ ਨਾ ਕੋਇ ਜਣਾਈਆ । ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਪਾਵਾਂ ਭਿਛਿਆ, ਭਿੱਖਕ ਭਿਖਾਰੀਆਂ ਝੋਲੀ ਦਿਆਂ ਭਰਾਈਆ । ਮੇਰੀ ਜਗਤ ਜਹਾਨ ਤੋਂ ਬਾਹਰ ਦੀ ਸਿਖਿਆ, ਸਚ ਸੁਆਮੀ ਅੰਤਰਜਾਮੀ ਹੋ ਕੇ ਪਰਦਾ ਦਿਆਂ ਉਠਾਈਆ । ਜਗਤ ਜਹਾਨ ਦੱਸਾਂ ਮਿਥਿਆ, ਲੋਕਮਾਤ ਸਦ ਰਹਿਣ ਕੋਇ ਨਾ ਪਾਈਆ । ਅਗਲਾ ਮਾਰਗ ਦੱਸਾਂ ਅਨਡਿਠਿਆ, ਨਿਜ ਨੇਤਰ ਲੋਚਨ ਨੈਣ ਕਰ ਰੁਸ਼ਨਾਈਆ । ਅੰਮ੍ਰਿਤ ਰਸ ਚਖਾਵਾਂ ਨਿਝਰ ਮਿਠਿਆ, ਬਿਨ ਰਸਨਾ ਰਸ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਸਤਿਗੁਰ ਸ਼ਬਦ ਕਹੇ ਮੈਂ ਭੇਵ ਅਗੰਮਾ ਖੋਲ੍ਹਦਾ, ਨਾਮ ਨਿਧਾਨਾ ਇਕ ਜਣਾਈਆ । ਡੰਕ ਵਜਾਵਾਂ ਅਗੰਮੇ ਢੋਲ ਦਾ, ਜਗਤ ਸੁਰੰਗਾ ਹੱਥ ਨਾ ਕੋਇ ਉਠਾਈਆ । ਪਰਦਾ ਲਾਹਵਾਂ ਆਤਮ ਪਰਮਾਤਮ ਕੋਲ ਦਾ, ਕਾਇਆ ਕਾਅਬਾ ਇਕ ਸਮਝਾਈਆ । ਜਿਥੇ ਜੋਤ ਸਰੂਪੀ ਪੁਰਖ ਅਕਾਲਾ ਮੌਲ ਦਾ, ਮੌਲਾ ਹੋ ਕੇ ਨਜ਼ਰੀ ਆਈਆ । ਓਹ ਵਾਅਦਾ ਪੂਰਾ ਕਰੇ ਇਕ਼ਰਾਰ ਕੌਲ ਦਾ, ਕ਼ੁਦਰਤ ਦਾ ਕ਼ਾਦਰ ਨੂਰ ਅਲਾਹੀਆ । ਜੇਹੜਾ ਬਜਰ ਕਪਾਟੀ ਪਰਦੇ ਖੋਲ੍ਹਦਾ, ਤ੍ਰੈਕੁਟੀ ਪੰਧ ਰਹੇ ਨਾ ਰਾਈਆ । ਲੱਖ ਚੁਰਾਸੀ ਵਿਚੋਂ ਭਗਤ ਸੁਹੇਲੇ ਵਿਰੋਲਦਾ, ਵੇਖਣਹਾਰਾ ਚਾਈਂ ਚਾਈਂਆ । ਬਿਨ ਰਸਨਾ ਜੇਹਵਾ ਬੱਤੀ ਦੰਦ ਬੋਲਦਾ, ਤੂੰ ਮੇਰਾ ਮੈਂ ਤੇਰਾ ਰਾਗ ਸੁਣਾਈਆ । ਬਿਨ ਤਕੜ ਤਰਾਜ਼ੂ ਤੋਲਦਾ, ਜਗਤ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਸਤਿਗੁਰ ਸ਼ਬਦ ਜਨ ਭਗਤਾਂ ਚੋਲੀ ਰੰਗਦਾ, ਰੰਗਣਹਾਰਾ ਮੀਤ ਮੁਰਾਰ । ਮਾਲਕ ਬਣੇ ਧੁਰ ਦੇ ਸੰਗ ਦਾ, ਵਿਛੋੜਾ ਰਹੇ ਨਾ ਵਿਚ ਸੰਸਾਰ । ਅੰਮ੍ਰਿਤ ਜਾਮ ਪਿਆਏ ਅਗੰਮੀ ਗੰਗ ਦਾ, ਬਿਨ ਰਸਨ ਜੇਹਵਾ ਠੰਢਾ ਠਾਰ । ਨਾਦ ਸੁਣਾਏ ਧੁਰ ਮਰਦੰਗ ਦਾ, ਅਨਹਦ ਨਾਦੀ ਧੁਨ ਦਏ ਧੁਨਕਾਰ । ਗੁਰਸਿਖਾਂ ਅੰਤਰ ਨਿਰੰਤਰ ਲੰਘ ਦਾ, ਜੋਤੀ ਜਾਤਾ ਹੋ ਉਜਿਆਰ । ਸੁਖ ਦੇਵੇ ਸਚ ਅਨੰਦ ਦਾ, ਅਨੰਦਪੁਰ ਵਾਸੀ ਦਏ ਅਧਾਰ । ਲੇਖਾ ਮੁਕਾਏ ਭਰਮਾਂ ਵਾਲੀ ਕੰਧ ਦਾ, ਕ਼ੁਦਰਤ ਦਾ ਕ਼ਾਦਰ ਦਿਸੇ ਸਾਂਝਾ ਯਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਏਕੰਕਾਰ । ਸਤਿਗੁਰ ਸ਼ਬਦ ਕਹੇ ਬਖ਼ਜ਼ਮ ਨਾਵਿਜ਼ਲੀ ਜ਼ਮੂ ਨਜ਼ੁਖ਼ਤੇ ਜ਼ਵਾ ਅਰਸ਼ੇ ਦੁਆ ਗੁਲ ਮਜ਼ੀਉਲ ਜ਼ਕੁਮ ਜ਼ਹੂ ਵਜ਼ੀ ਜ਼ਮਾਏ ਜ਼ਕਲ ਵੁਜ਼ਲ ਵਖ਼ਮਮ ਜ਼ਗੂ ਅਰਸ਼ੇ ਜ਼ਵਿਤੀ ਫ਼ਰਸ਼ੇ ਮਜ਼ੂ ਕ਼ੁਦਰਤੇ ਕ਼ਾਦਰ ਕਰਤਾ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੇਰਾ ਹੁਕਮ ਚਾਨੂਚਸਤੀ ਅਮਜ਼ੇ ਵਰੀ ਜ਼ਫਤੋ ਜ਼ਵੀ, ਨੂਰੇ ਕਵੀ ਗੋਸ਼ਾਏ ਖ਼ਵਿਦ ਮੁਹੰਮਦੇ ਜ਼ਵਿਦ ਜ਼ਮੀਨੇ ਜ਼ਖ਼ਨ ਅਸਮਾਨੇ ਜ਼ਵਨ ਚੌਦਾਂ ਤਬਕੇ ਤਲੂਹ ਫ਼ਰਸ਼ੇ ਵਜ਼ੂ ਅਰਸ਼ੇ ਨਜ਼ੂ ਨੂਰ ਨੁਰਾਨਾ ਨੂਰ ਅਲਾਹੀਆ । ਸਤਿਗੁਰ ਸ਼ਬਦ ਕਹੇ ਮੇਰਾ ਹੁਕਮ ਗਹਿਰ ਗੰਭੀਰਾ, ਗਵਰ ਗਵਰ ਗਵਰ ਦ੍ਰਿੜਾਈਆ । ਮੇਰਾ ਲੇਖਾ ਬੇਨਜ਼ੀਰਾ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਮੇਰਾ ਹੁਕਮ ਸ਼ਬਦ ਸ਼ਮਸ਼ੀਰਾ, ਸ਼ਰਅ ਦੇ ਲੇਖੇ ਦਏ ਮੁਕਾਈਆ । ਜੋ ਸੰਦੇਸ਼ਾ ਦੇ ਕੇ ਗਿਆ ਕਬੀਰਾ, ਕ਼ਬਰਾਂ ਤੋਂ ਬਾਹਰ ਸੁਣਾਈਆ । ਜਿਸ ਨੂੰ ਪੈਗੰਬਰਾਂ ਕਿਹਾ ਲਾਤਸਵੀਰਾ, ਜਿਸ ਨੂੰ ਤਸੱਵਰ


੧੩੨੪
੨੪

ਮੁਸੱਵਰ ਕਰ ਨਾ ਕੋਇ ਸਮਝਾਈਆ । ਓਹ ਸ਼ਾਹੋ ਭੂਪ ਦੀਨ ਦੁਨੀ ਦੀ ਬਦਲਣ ਵਾਲਾ ਤਕਦੀਰਾ, ਤਦਬੀਰ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਅਗੰਮ ਅਥਾਹੀਆ । ਸਤਿਗੁਰ ਸ਼ਬਦ ਕਹੇ ਵੇਦ ਮਧਮ ਜ਼ਵਿਸਤੇ ਜ਼ਦਮ ਨਾਖ਼ਲਸੇ ਜ਼ਵਾ ਰਹਿਨੁਮਾਏ ਖ਼ੁਦਾ ਯਦੀਉਮ ਜ਼ਵੀ ਜ਼ੰਬਾ ਜ਼ਵਿਲ ਜ਼ਕਮ ਨੂਰੇ ਜ਼ਵੀ ਜ਼ਖਤਮ ਜ਼ਖ਼ਤਮ ਜ਼ਖੂ ਕਮਲ ਵਜ਼ਨਜ਼ੀ ਬੇਨਜ਼ੀ ਲਾਸ਼ਰੀਕ ਸ਼ਰਕਤ ਤੋਂ ਬਾਹਰ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਧੁਰ ਦੇ ਹੁਕਮ ਦਾ ਹੁਕਮ ਹੋਵੇ ਸ਼ੁਰੂ, ਸ਼ਰਅ ਸ਼ਰੀਅਤ ਜਗਤ ਜੁਗਤ ਸਮਝ ਕੋਇ ਨਾ ਆਈਆ ।

✪ ੧੭ ਮਾਘ ਸ਼ਹਿਨਸ਼ਾਹੀ ਸੰਮਤ ੧੧ ਗਿਆਨੋ ਦੇ ਗ੍ਰਿਹ ਪਿੰਡ ਸਿੰਮਲ ਸਕੋਲ ਜ਼ਿਲਾ ਗੁਰਦਾਸਪੁਰ ✪

ਸਤਿਗੁਰ ਸਦਾ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣਿਆਂ ਦਏ ਵਡਿਆਈਆ । ਜੁਗ ਜੁਗ ਸਵਾਰਨਹਾਰਾ ਕਾਜ, ਕਰਨੀ ਦਾ ਕਰਤਾ ਇਕ ਅਖਵਾਈਆ । ਸਤਿ ਧਰਮ ਦਾ ਸੀਸ ਪਹਿਨਾਏ ਤਾਜ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਸ੍ਰਿਸ਼ਟੀ ਵਿਚੋਂ ਮਾਰ ਉਠਾਏ ਆਵਾਜ਼, ਸੋਈ ਸੁਰਤ ਜਗਾਈਆ । ਜਨਮ ਜਨਮ ਦਾ ਲੇਖਾ ਦਏ ਵਿਚ ਸਮਾਜ, ਸਮਗ੍ਰੀ ਧੁਰ ਦਾ ਨਾਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਦਇਆ ਕਮਾਈਆ । ਸਤਿਗੁਰ ਪੂਰਾ ਜਨ ਭਗਤਾਂ ਕਰੇ ਉੱਤਮ ਭਾਗ, ਭਗਵਾਨ ਹੋ ਕੇ ਦਇਆ ਕਮਾਈਆ । ਅੰਤਰ ਉਪਜਾਏ ਇਕ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਫੜ ਫੜ ਹੰਸ ਬਣਾਏ ਕਾਗ, ਦੁਰਮਤ ਮੈਲ ਧੁਆਈਆ । ਸੋਈ ਸੁਰਤੀ ਜਾਏ ਜਾਗ, ਸ਼ਬਦ ਨਾਦ ਕਰੇ ਸ਼ਨਵਾਈਆ । ਹਰਿਜਨ ਵੱਡੇ ਵਡ ਕਰੇ ਭਾਗ, ਭਗਵਨ ਸਿਰ ਆਪਣਾ ਹੱਥ ਟਿਕਾਈਆ । ਤ੍ਰੈਗੁਣ ਮਾਇਆ ਨਾ ਡੱਸੇ ਨਾਗ, ਮਮਤਾ ਮੋਹ ਨਾ ਕੋਇ ਹਲਕਾਈਆ । ਘਰ ਦੀਪਕ ਜਗਾਏ ਚਰਾਗ਼, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਸਤਿਗੁਰ ਮੇਲਾ ਹੋਵੇ ਕੰਤ ਸੁਹਾਗ, ਵਿਛੋੜਾ ਜਗਤ ਰਹੇ ਨਾ ਰਾਈਆ । ਅੰਤ ਕੰਤ ਭਗਵੰਤ ਆਤਮ ਆਪਣੇ ਹੱਥ ਪਕੜੇ ਵਾਗ, ਦੂਸਰ ਹੱਥ ਨਾ ਕੋਇ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੂੜੀ ਕਿਰਿਆ ਬੁਝਾਵਣਹਾਰਾ ਆਗ, ਅੰਮ੍ਰਿਤ ਮੇਘ ਮੇਘਲਾ ਅਗੰਮ ਬਰਸਾਈਆ ।

✪ ੧੭ ਮਾਘ ਸ਼ਹਿਨਸ਼ਾਹੀ ਸੰਮਤ ੧੧ ਸੋਹਣ ਸਿੰਘ ਦੇ ਗ੍ਰਿਹ ਪਿੰਡ ਸਿੰਮਲ ਸਕੋਲ ਜ਼ਿਲਾ ਗੁਰਦਾਸਪੁਰ ✪

ਜਨ ਭਗਤੋ ਤੁਹਾਡਾ ਪਿਆਰ ਬੜਾ ਅਨਮੁਲਾ, ਕ਼ੀਮਤ ਸਤਿਗੁਰ ਦਏ ਚੁਕਾਈਆ । ਸਚ ਪ੍ਰੀਤੀ ਦਾ ਗੱਫ਼ਾ ਦੇਵੇ ਖੁਲ੍ਹਾ, ਅਤੋਟ ਅਤੁਟ ਵਰਤਾਈਆ । ਜਿਸ ਦੀ ਕ਼ੀਮਤ ਕੋਈ ਚੁਕਾ ਸਕੇ ਨਾ ਮੁੱਲਾ, ਗਿਣਤੀ ਗਣਤ ਵਿਚ ਨਾ ਕੋਇ ਲਿਆਈਆ । ਮੁਹੱਬਤ ਵਿਚ ਹਕ਼ੀਕ਼ੀ ਬਖ਼ਸ਼ੇ ਸੁਲ੍ਹਾ, ਸੁਲਹਕੁਲ

ਦਏ ਵਡਿਆਈਆ । ਜੋ ਚਰਨ ਦੁਆਰੇ ਆ ਗਿਆ ਭੁੱਲਾ, ਭੁੱਲਿਆਂ ਭਟਕਿਆਂ ਫੜ ਫੜ ਪਾਰ ਕਰਾਈਆ । ਇਕ ਇਕ ਦੇ ਪਿਛੇ ਤਾਰ ਕੇ ਜਾਣਾ ਕੁਲਾ, ਕੁਲਵੰਤਾ ਹੋ ਕੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਜਨ ਭਗਤੋ ਤੁਹਾਡਾ ਪਿਆਰ ਬਹੁਤਾ ਵੱਡਾ, ਅੰਤ ਕਹਿਣ ਕਿਛ ਨਾ ਪਾਈਆ । ਇਕੋ ਰੰਗ ਰੰਗਾਏ ਬੁੱਢਾ ਨੱਢਾ, ਜਵਾਨਾਂ ਆਪਣਾ ਸੰਗ ਰਖਾਈਆ । ਧਰਮ ਦੀ ਧਾਰ ਨਿਸ਼ਾਨਾ ਤੁਹਾਡੇ ਹਿਰਦੇ ਅੰਦਰ ਗੱਡਾ, ਸਕੋਲ ਦੀ ਕੋਇਲ ਕੂਕ ਕੂਕ ਸੁਣਾਈਆ । ਤੁਹਾਡਾ ਭਾਗ ਮਥੋਰ ਸਤਿਗੁਰ ਧਰਮ ਦੁਆਰ ਬਣਾਏ ਅੱਡਾ, ਅੱਡੀ ਚੋਟੀ ਤਕ ਰੰਗ ਦਏ ਰੰਗਾਈਆ । ਬੇਸ਼ਕ ਤੁਸੀਂ ਵਸਦੇ ਕਾਹੀਆਂ ਕਾਨਿਆਂ ਵਿਚ ਖੱਡਾ, ਆਪਣਾ ਆਸਣ ਲਾਈਆ । ਤੁਹਾਡੇ ਨਾਲ ਰਾਤੀਂ ਸੁਤਿਆਂ ਦਿਨੇ ਜਾਗਦਿਆਂ ਲਡਾਵੇ ਲੱਡਾ, ਫੜ ਫੜ ਬਾਹੋਂ ਗੋਦ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਜਨ ਭਗਤੋ ਤੁਹਾਡਾ ਪਿਆਰ ਕਿੱਡਾ ਸੋਹਣਾ, ਸੋਹਣਿਉਂ ਸੋਹਣਾ ਨਜ਼ਰੀ ਆਈਆ । ਤੁਹਾਨੂੰ ਸਤਿਗੁਰ ਆਪਣੀ ਮੁਹੱਬਤ ਵਿਚ ਮੋਹਣਾ, ਮੋਹ ਇਕੋ ਇਕ ਰਖਾਈਆ । ਤੁਹਾਡਾ ਜਨਮ ਜਨਮ ਦਾ ਪਾਪ ਧੋਣਾ, ਦੁਰਮਤ ਕਰੇ ਸਫ਼ਾਈਆ । ਤੁਹਾਡੇ ਕਾਇਆ ਮੰਦਰ ਅੰਦਰ ਸੌਣਾ, ਸਚ ਸਿੰਘਾਸਣ ਆਸਣ ਲਾਈਆ । ਤੁਸਾਂ ਪ੍ਰੇਮ ਨਾਲ ਆਤਮ ਸੇਜਾ ਪਲੰਘ ਵਿਛਾਉਣਾ, ਜਿਸ ਦਾ ਪਾਵਾ ਚੂਲ ਨਜ਼ਰ ਕਿਸੇ ਨਾ ਆਈਆ । ਕਾਨਿਆਂ ਕੰਡਿਆਂ ਵਿਚ ਤੁਹਾਡੇ ਗ੍ਰਿਹ ਗ੍ਰਿਹ ਭਾਗ ਲਗਾਉਣਾ, ਭਾਗਾਂ ਵਾਲਿਉ ਵਡ ਭਾਗ ਦਏ ਬਣਾਈਆ । ਚਾਰ ਜੁਗ ਦੇ ਸ਼ਾਸਤਰਾਂ ਤੁਹਾਡੇ ਬੱਚਿਆਂ ਦਾ ਨਾਂ ਗਾਉਣਾ, ਨੰਨ੍ਹਿਆ ਦਏ ਵਡਿਆਈਆ । ਤੁਸਾਂ ਸੁਖ ਦੀ ਨੀਂਦੇ ਸਤਿਗੁਰ ਦੀ ਗੋਦੀ ਸੌਣਾ, ਜਿਥੋਂ ਸੁਤਿਆਂ ਨਾ ਕੋਇ ਉਠਾਈਆ । ਧਰਮ ਰਾਏ ਨੂੰ ਧੱਕੇ ਮਾਰ ਕੇ ਪਰੇ ਹਟਾਉਣਾ, ਚਿਤਰ ਗੁਪਤ ਤੁਹਾਨੂੰ ਵੇਖਣ ਕਦੇ ਨਾ ਪਾਈਆ । ਜਦੋਂ ਚਾਹੋਗੇ ਦਰਸ਼ਨ ਘਰ ਘਰ ਆ ਦਿਖਾਉਣਾ, ਦੂਰ ਦੁਰਾਡਾ ਪੰਧ ਮੁਕਾਈਆ । ਤੁਹਾਡਾ ਪਿਆਰ ਦਾ ਗਾਇਆ ਸਤਿਗੁਰ ਪਿਆਰ ਵਿਚ ਲੇਖੇ ਲਾਉਣਾ, ਅਗਲਾ ਲੇਖ ਹੋਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਜਨ ਭਗਤੋ ਤੁਹਾਡੀ ਰਸਨਾ ਜੇਹਵਾ ਬੜੀ ਖ਼ੁਸ਼ਹਾਲੀ, ਖ਼ੁਸ਼ੀਆਂ ਢੋਲੇ ਗਾਈਆ । ਸਤਿਗੁਰ ਤੁਹਾਡੀ ਕਰੇ ਦਲਾਲੀ, ਵਿਚੋਲਾ ਇਕੋ ਸੋਭਾ ਪਾਈਆ । ਜਲਵਾ ਨੂਰ ਬਖ਼ਸ਼ੇ ਲਾਲੀ, ਲਾਲਨ ਹੋ ਕੇ ਆਪਣਾ ਰੰਗ ਰੰਗਾਈਆ । ਤੁਹਾਡੀ ਪਿਆਰ ਮੁਹੱਬਤ ਧਾਰ ਬਾਹਲੀ, ਬਹੁ ਆਪਣਾ ਰੂਪ ਦਰਸਾਈਆ । ਜੇਹੜੀ ਸਚ ਦੀ ਘਾਲ ਘਾਲੀ, ਲੇਖੇ ਤੁਹਾਡੇ ਲਏ ਲਗਾਈਆ । ਫਲ ਲਗਾਵੇ ਪੱਤ ਡਾਲੀ, ਟਹਿਣੀ ਟਹਿਣੀ ਆਪਣੇ ਰੰਗ ਮਹਿਕਾਈਆ । ਤੁਹਾਡੀਆਂ ਝੋਲੀਆਂ ਭਰੇ ਖ਼ਾਲੀ, ਵਸਤ ਅਮੁਲ ਅਤੁਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਕੋਲ ਦੀ ਧਰਤੀ ਕਹੇ ਪ੍ਰਭੂ ਮੇਰੀ ਇਕ ਅਰਦਾਸ, ਬੇਨੰਤੀ ਦਿਆਂ ਜਣਾਈਆ । ਸਾਢੇ ਤਿੰਨ ਦਿਨ ਬਾਲਮੀਕ ਨੇ ਏਥੇ ਰਖਿਆ ਸੀ ਵਾਸ, ਆਸ਼ਾ ਰਾਮ ਲਵ ਕੁਸ਼ ਕੁਸ਼ ਵਡਿਆਈਆ । ਨਾਲੇ ਬਚਨ ਬੋਲਿਆ ਖ਼ਾਸ, ਸਹਿਜ ਨਾਲ ਸੁਣਾਈਆ । ਜਿਸ ਵੇਲੇ ਆਵੇ ਪੁਰਖ ਅਬਿਨਾਸ਼, ਹਰਿ ਕਰਤਾ ਧੁਰਦਰਗਾਹੀਆ । ਭਗਤਾਂ ਨਾਲ ਮਿਲ ਕੇ ਖ਼ੁਸ਼ੀ ਦੀ ਪਾਵੇ ਰਾਸ, ਆਤਮ ਪਰਮਾਤਮ ਗੋਪੀ ਕਾਹਨ ਨਾਚ ਨਚਾਈਆ । ਕਿਸੇ ਨੂੰ ਹੋਣ ਨਾ ਦੇਵੇ ਉਦਾਸ, ਚਿੰਤਾ ਗ਼ਮੀ ਅੰਦਰੋਂ ਬਾਹਰ ਕਢਾਈਆ । ਓਸੇ

੧੩੨੬ ੨੪

ਦੇ ਲਹਿਣੇ ਪਿਛੇ ਸਭ ਦੀ ਕਰਕੇ ਜਾਏ ਬੰਦ ਖ਼ੁਲਾਸ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਦਾ ਸੁਹੇਲਾ ਇਕ ਇਕੇਲਾ ਨਿਜ ਨੇਤਰ
ਲੋਚਨ ਆਪਣਾ ਨੂਰ ਕਰੇ ਪਰਕਾਸ਼, ਅੰਧ ਅਗਿਆਨ ਮਿਟਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋ ਮੈਂ ਤੁਹਾਨੂੰ ਖ਼ੁਸ਼ੀਆਂ ਨਾਲ ਦੇਵਾਂ ਸ਼ਾਬਾਸ਼,
ਸਿਰ ਸਿਰ ਤੁਹਾਡੇ ਹੱਥ ਟਿਕਾਈਆ । ਤੁਹਾਡੀ ਬੇਨੰਤੀ ਮਨਜ਼ੂਰ ਹੋਈ ਅਰਦਾਸ, ਅਰਦਾਸਾ ਸੋਧਣ ਦੀ ਫੇਰ ਲੋੜ ਰਹੇ ਨਾ ਰਾਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ
ਜਾਣੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਆਪਣਾ ਹੁਕਮ ਵਰਤਾਈਆ ।

### ✪ ੧੭ ਮਾਘ ਸ਼ਹਿਨਸ਼ਾਹੀ ਸੰਮਤ ੧੧ ਸੰਸਾਰ ਸਿੰਘ ਪਿੰਡ ਹੇਮ ਰਾਜ ਪੁਰ
### ਤਹਿਸੀਲ ਹੀਰਾ ਨਗਰ ਡਾਕਖਾਨਾ ਪੰਨੂ ਕੋਟ ਜ਼ਿਲਾ ਕਠੂਆ ✪

ਭਗਤਾਂ ਅੰਦਰ ਹਰਿ ਵਸਦਾ, ਨੂਰ ਨੁਰਾਨਾ ਕਰ ਉਜਿਆਰ । ਆਤਮ ਪਰਮਾਤਮ ਮਾਰਗ ਦੱਸਦਾ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਕੰਤ ਭਤਾਰ ।
ਸਿਫ਼ਤੀ ਢੋਲਾ ਇਕੋ ਦੱਸਦਾ, ਤੂੰ ਮੇਰਾ ਮੈਂ ਤੇਰਾ ਸ਼ਬਦ ਉਚਾਰ । ਭੰਡਾਰਾ ਦੇਵੇ ਅੰਮਿਉਂ ਰਸ ਦਾ, ਬੂੰਦ ਸਵਾਂਤੀ ਆਪ ਨਿਰੰਕਾਰ । ਮਨੂਆ
 ਦਹਿ ਦਿਸ਼ਾ ਨਾ ਹੋਵੇ ਨਸਦਾ, ਸੁਰਤੀ ਸ਼ਬਦ ਪਾਵੇ ਸਾਰ । ਤੀਰ ਅਣਿਆਲਾ ਇਕੋ ਕਸਦਾ, ਕੂੜੀ ਕਿਰਿਆ ਮਾਰੇ ਮਾਰ । ਮੇਟੇ ਵਕਤ ਦੁਹੇਲਾ ੧੩੨੭
 ਰੈਣ ਮਸ ਦਾ, ਜੋਤੀ ਜਾਤਾ ਹੋਏ ਆਪ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ੨੪
ਦਾ ਮਾਲਕ ਏਕੰਕਾਰ । ਜਨ ਭਗਤਾਂ ਹਰਿ ਮੇਲਦਾ, ਮਿਲਣੀ ਹਰਿ ਜਗਦੀਸ਼ ਕਰਾਈਆ । ਨਾਤਾ ਜੋੜੇ ਸੱਜਣ ਸੁਹੇਲ ਦਾ, ਸਚਖੰਡ ਵਾਸੀ ਦਇਆ
ਕਮਾਈਆ । ਜੁਗ ਜੁਗ ਖੇਲ ਅਗੰਮਾ ਖੇਲਦਾ, ਨਿਰਗੁਣ ਸਰਗੁਣ ਲਏ ਮਿਲਾਈਆ । ਨਾਤਾ ਤੋੜੇ ਜਗਤ ਨਵੇਲ ਦਾ, ਧੁਰ ਸੰਜੋਗੀ ਹੋਏ ਸਹਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਭਗਤ ਜਨਾਂ ਪ੍ਰਭ ਨਿਜ ਨੇਤਰ
ਖੋਲ੍ਹੇ ਅੱਖ, ਲੋਚਨ ਨੈਣ ਜਗਤ ਨਾ ਕੋਇ ਵਡਿਆਈਆ । ਸ਼ਾਹੋ ਭੂਪੀ ਸਤਿ ਸਰੂਪੀ ਦਰਸ ਦੇਵੇ ਪਰਤਖ, ਸਨਮੁਖ ਹੋ ਕੇ ਨਜ਼ਰੀ ਆਈਆ ।
ਕਲਜੁਗ ਕੂੜੀ ਕਿਰਿਆ ਵਿਚੋਂ ਲਏ ਰਖ, ਰਖਕ ਹੋ ਕੇ ਦਇਆ ਕਮਾਈਆ । ਮਾਇਆ ਮਮਤਾ ਮੋਹ ਵਿਕਾਰ ਨਾਲੋਂ ਕਰੇ ਵਖ, ਅਗਨੀ ਤਤ
ਨਾ ਕੋਇ ਤਪਾਈਆ । ਭੰਡਾਰੇ ਖ਼ਾਲੀ ਭਰੇ ਸਖ, ਵਸਤ ਨਾਮ ਨਾਮ ਵਰਤਾਈਆ । ਇਕ ਜੈਕਾਰਾ ਦੱਸੇ ਅਲਖ, ਤੂੰ ਮੇਰਾ ਮੈਂ ਤੇਰਾ ਢੋਲਾ ਸਿਫ਼ਤ
ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਜਨ ਭਗਤਾਂ
ਪ੍ਰਭ ਦੱਸੇ ਅਗੰਮੀ ਪ੍ਰੀਤ, ਪ੍ਰੀਤਮ ਹੋ ਕੇ ਦਇਆ ਕਮਾਈਆ । ਕਾਇਆ ਕਰੇ ਠੰਢੀ ਸੀਤ, ਜਗਤ ਅਗਨੀ ਨਾ ਕੋਇ ਤਪਾਈਆ । ਬਿਨ ਰਸਨਾ
ਜੇਹਵਾ ਦੱਸੇ ਗੀਤ, ਸੋਹੰ ਢੋਲਾ ਅਗੰਮ ਅਥਾਹੀਆ । ਝਗੜਾ ਮੇਟੇ ਮੰਦਰ ਮਸੀਤ, ਕਾਇਆ ਕਾਅਬਾ ਇਕ ਵਖਾਈਆ । ਜਿਥੇ ਵਸੇ ਤ੍ਰੈਗੁਣ
ਅਤੀਤ, ਤ੍ਰੈਭਵਣ ਧਨੀ ਹੋ ਕੇ ਆਸਣ ਲਾਈਆ । ਜਨ ਭਗਤਾਂ ਹੱਥ ਰਖੇ ਪੁਸ਼ਤ ਪਨਾਹ ਪੀਠ, ਜੁਗ ਜੁਗ ਆਪਣੀ ਦਇਆ ਕਮਾਈਆ । ਕਾਇਆ

੧੩੨੮
੨੪

ਮਿਠਾ ਕਰੇ ਕੌੜਾ ਰੀਠ, ਰਸ ਅੰਮ੍ਰਿਤ ਨਾਮ ਭਰਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੀਠ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸਮਝਾਈਆ । ਜਨ ਭਗਤਾਂ ਪ੍ਰਭ ਕਾਇਆ ਚੋਲਾ ਰੰਗਦਾ, ਰੰਗਣਹਾਰ ਕਰਤਾਰ । ਸਾਥ ਬਖ਼ਸ਼ੇ ਧੁਰ ਦੇ ਸੰਗ ਦਾ, ਆਤਮ ਪਰਮਾਤਮ ਮੇਲਾ ਨਾਲ ਕੰਤ ਭਤਾਰ । ਅੰਮ੍ਰਿਤ ਰਸ ਧਾਰ ਵਹਾਏ ਅਗੰਮੀ ਗੰਗ ਦਾ, ਝਿਰਨਾ ਝਿਰਾਏ ਅਪਰ ਅਪਾਰ । ਆਸਣ ਸੁਹਾਏ ਆਤਮ ਸੇਜ ਪਲੰਘ ਦਾ, ਪੁਰਖ ਅਬਿਨਾਸ਼ੀ ਮੀਤ ਮੁਰਾਰ । ਨਾਮ ਸੁਣਾਏ ਸ਼ਬਦ ਅਨਾਦੀ ਮਰਦੰਗ ਦਾ, ਧੁਨ ਆਤਮਕ ਦਏ ਧੁਨਕਾਰ । ਅੰਮ੍ਰਿਤ ਮੇਘ ਬਰਸਾਏ ਠੰਢ ਦਾ, ਕਵਲ ਨਾਭੀ ਉਲਟੀ ਕਰ ਬੂੰਦ ਬਖ਼ਸ਼ੇ ਧੁਰ ਦੀ ਧਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਭਗਤ ਜਨਾਂ ਪ੍ਰਭ ਵੇਖਣਯੋਗ, ਯੁਗਤੀ ਆਪਣੇ ਹੱਥ ਰਖਾਈਆ । ਸਤਿ ਸਤਿਵਾਦੀ ਇਕੋ ਬਖ਼ਸ਼ੇ ਯੋਗ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਆਤਮ ਪਰਮਾਤਮ ਹੋਏ ਸੰਜੋਗ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਅੰਤਰ ਨਿਰੰਤਰ ਹਉਮੇ ਹੰਗਤਾ ਕੱਢੇ ਰੋਗ, ਮਾਇਆ ਮਮਤਾ ਨਾ ਕੋਇ ਹਲਕਾਈਆ । ਸਤਿ ਸਚ ਦੀ ਬਖ਼ਸ਼ੇ ਚੋਗ, ਚੁਗਲੀ ਨਿੰਦਿਆ ਬਾਹਰ ਰਖਾਈਆ । ਬਿਨ ਰਸਨਾ ਜੇਹਵਾ ਆਤਮ ਰਸ ਦਾ ਦੇਵੇ ਭੋਗ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਜਨਮ ਜਨਮ ਦਾ ਮੇਟੇ ਵਿਯੋਗ, ਸੰਜੋਗੀ ਮੇਲਾ ਸਹਿਜ ਸੁਭਾਈਆ । ਕਰਮ ਕਾਂਡ ਦਾ ਰਹੇ ਕੋਇ ਨਾ ਰੋਗ, ਇਕੋ ਰੰਗਤ ਆਪਣੀ ਦਏ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਸਾਚਾ ਸੰਗ ਨਿਭਾਵਣਹਾਰਾ, ਹਰਿ ਕਰਤਾ ਇਕ ਅਖਵਾਈਆ । ਆਦਿ ਜੁਗਾਦੀ ਦੇਵਣਹਾਰਾ, ਜੋਤੀ ਜਾਤਾ ਧੁਰ ਦਾ ਮਾਹੀਆ । ਭਗਤ ਸੁਹੇਲੇ ਮੇਲਣਹਾਰਾ, ਆਤਮ ਪਰਮਾਤਮ ਜੋੜ ਜੁੜਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਨਿਰੰਤਰ ਖੋਲ੍ਹਣਹਾਰਾ, ਪਰਦਾ ਬਜਰ ਕਪਾਟ ਤੁੜਾਈਆ । ਨਾਦ ਧੁਨ ਸੁਣਾਵਣਹਾਰਾ, ਅਨਹਦ ਨਾਦੀ ਨਾਦ ਕਰੇ ਸ਼ਨਵਾਈਆ । ਦੀਪਕ ਜੋਤੀ ਜੋਤ ਜਗਾਵਣਹਾਰਾ, ਬਿਨ ਤੇਲ ਬਾਤੀ ਡਗਮਗਾਈਆ । ਭਗਤ ਸੁਹੇਲਾ ਇਕ ਇਕੇਲਾ ਆਦਿ ਜੁਗਾਦੀ ਵੇਖਣਹਾਰਾ, ਵੇਖੇ ਵਿਗਸੇ ਥਾਉਂ ਥਾਈਂਆ । ਕਲਜੁਗ ਅੰਤ ਸ੍ਰੀ ਭਗਵੰਤ ਭਗਵਨ ਹੋ ਕੇ ਪਾਵੇ ਸਾਰਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਰੰਗ ਰੰਗਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਆਪਣਾ ਨੂਰ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਆਦਿ ਅੰਤ ਨਾ ਪਾਰਾਵਾਰਾ, ਬੇਅੰਤ ਬੇਅੰਤ ਬੇਅੰਤ ਕਹਿ ਕੇ ਸਾਰੇ ਰਹੇ ਗਾਈਆ ।

### ✪ ੧੭ ਮਾਘ ਸ਼ਹਿਨਸ਼ਾਹੀ ਸੰਮਤ ੧੧ ਚਰਨ ਸਿੰਘ ਦੇ ਗ੍ਰਿਹਿ ਪਿੰਡ ਅੰਤੋਰ ਜ਼ਿਲਾ ਗੁਰਦਾਸਪੁਰ ✪

ਸਤਿਗੁਰ ਸ਼ਬਦ ਕਹੇ ਮੈਂ ਵੇਖਾਂ ਕਲਜੁਗ ਅੰਤ, ਅੰਤਸ਼ਕਰਨ ਤਕਾਂ ਖ਼ਲਕ ਖ਼ੁਦਾਈਆ । ਮਿਹਰਵਾਨ ਸ੍ਰੀ ਭਗਵਾਨ ਕਿਰਪਾ ਕਰੇ ਅਨੰਤ, ਅਨਕ ਕਲਧਾਰੀ ਆਪਣੀ ਦਇਆ ਕਮਾਈਆ । ਹਰ ਹਿਰਦੇ ਅੰਤਰ ਨਿਰੰਤਰ ਵੇਖਾਂ ਧਰਮ ਧਾਰ ਦਾ ਮੰਤ, ਮੰਤਵ ਆਪਣਾ ਹੱਲ ਕਰਾਈਆ । ਕਵਣ

ਕਾਇਆ ਚੋਲੀ ਰੰਗ ਚੜ੍ਹਾਏ ਬਸੰਤ, ਪੱਤ ਟਹਿਣੀ ਫਲ ਫੁੱਲ ਮਾਤ ਮਹਿਕਾਈਆ । ਕਵਣ ਬਣਾਏ ਸਾਚੀ ਬਣਤ, ਸਾਚੇ ਰੰਗ ਕਵਣ ਸਮਾਈਆ । ਗੜ੍ਹ ਵੇਖਾਂ ਹਉਮੇ ਹੰਗਤ, ਹੰ ਬ੍ਰਹਮ ਖੋਜ ਖੁਜਾਈਆ । ਦੀਨ ਦੁਨੀ ਦੇ ਵੇਖਾਂ ਪੰਡਤ, ਜਗਤ ਵਿਦਿਆ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਾਂ ਜਗਤ ਜਹਾਨ ਸ੍ਰਿਸ਼ਟੀ, ਸ੍ਰੇਸ਼ਟ ਆਪਣਾ ਪਰਦਾ ਲਾਹੀਆ । ਧਰਮ ਦੀ ਧਾਰ ਤਕਾਂ ਅੰਤਰ ਨਿਰੰਤਰ ਇਸ਼ਟੀ, ਇਸ਼ਟ ਦੇਵ ਕਵਣ ਮਨਾਈਆ । ਨਾਲ ਲੇਖਾ ਵੇਖਾਂ ਜੋ ਰਾਮ ਦਿਤਾ ਵਸ਼ਿਸ਼ਟੀ, ਵਿਸ਼ਿਆਂ ਤੋਂ ਬਾਹਰ ਸਮਝਾਈਆ । ਜਿਸ ਦਾ ਲੇਖਾ ਨਹੀਂ ਟਾਕ ਜਿਸਤੀ, ਹਿੰਦਸੇ ਅੰਕੜੇ ਵੰਡ ਨਾ ਕੋਇ ਵੰਡਾਈਆ । ਜਿਸ ਨੂੰ ਸਮਝ ਸਕੇ ਨਾ ਕੋਇ ਗ੍ਰਿਹਸਤੀ, ਮਨ ਮਤ ਬੁਧਿ ਨਾ ਕੋਇ ਚਤੁਰਾਈਆ । ਜਿਸ ਦੀ ਧਾਰ ਨੇਤਰ ਨਹੀਂ ਦਿਸਦੀ, ਲੋਚਨ ਵੇਖਣ ਕੋਇ ਨਾ ਪਾਈਆ । ਓਹ ਖੇਲ ਅਗੰਮੀ ਪੁਰਖ ਅਕਾਲੇ ਪਿਤ ਦੀ, ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ ਮੈਂ ਪਰਦਾ ਦੇਣਾ ਚੁਕ, ਚੌਥੇ ਜੁਗ ਭੇਵ ਖੁਲ੍ਹਾਈਆ । ਓਹਲਾ ਰਹੇ ਕੋਇ ਨਾ ਲੁਕ, ਭੇਵ ਅਭੇਦਾ ਦਿਆਂ ਜਣਾਈਆ । ਜਿਸ ਬਿਧ ਕਲਜੁਗ ਕੂੜੀ ਕਿਰਿਆ ਪੈਂਡਾ ਜਾਵੇ ਮੁਕ, ਅਗੇ ਪੰਧ ਨਾ ਕੋਇ ਵਖਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਦੀ ਹੋਵੇ ਤੁਕ, ਢੋਲਾ ਸੋਹਲਾ ਇਕੋ ਰਾਗ ਦ੍ਰਿੜਾਈਆ । ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਸਾਰੇ ਜਾਵਣ ਝੁਕ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਨਿਵਾਈਆ । ਜੋ ਕਲਜੁਗ ਅੰਤ ਸ੍ਰੀ ਭਗਵੰਤ ਜੋਤੀ ਜਾਤਾ ਹੋ ਕੇ ਆਪਣੀ ਗੋਦੀ ਲਏ ਚੁੱਕ, ਚਾਰੋਂ ਕੁੰਟ ਧਿਆਨ ਲਗਾਈਆ । ਜਿਸ ਦੀ ਮੰਜ਼ਲ ਵਿਚ ਹਰਿਜਨ ਕੋਈ ਨਾ ਜਾਵੇ ਰੁਕ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਸਤਿਗੁਰ ਸ਼ਬਦ ਕਹੇ ਮੇਰਾ ਹੋਵੇ ਖੇਲ ਨਿਰਾਲਾ, ਨਿਰਾਕਾਰ ਦ੍ਰਿੜਾਈਆ । ਦੀਪਕ ਜਗਾ ਜੋਤ ਅਕਾਲਾ, ਅਕਲ ਕਲਧਾਰੀ ਖੇਲ ਖਿਲਾਈਆ । ਸਤਿ ਸਰੂਪ ਬਣ ਦੀਨ ਦਿਆਲਾ, ਦੀਨਨ ਵੇਖਾਂ ਚਾਈਂ ਚਾਈਂਆ । ਸੰਬਲ ਦਾ ਮਾਲਕ ਹੋ ਕੇ ਸਭ ਦੀ ਕਰਾਂ ਸੰਭਾਲਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਹੁਕਮੇ ਵਿਚ ਰਖ ਕਾਲ ਮਹਾਕਾਲਾ, ਆਪਣੀ ਕਾਰ ਕਮਾਈਆ । ਅਵਤਾਰ ਪੈਗ਼ੰਬਰ ਗੁਰ ਜੋ ਸੰਦੇਸ਼ਾ ਦੇ ਕੇ ਗਏ ਸਤਿ ਸਚ ਦੀ ਧਰਮਸਾਲਾ, ਦਰਗਾਹ ਸਾਚੀ ਸਚ ਜਣਾਈਆ । ਤਿਨ੍ਹਾਂ ਦੀ ਬੇਨੰਤੀ ਵੇਖਾਂ ਨਾਲ ਸਵਾਲਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਚ ਕਰਨੀ ਕਾਰ ਕਮਾਏਗਾ । ਸੋ ਪੁਰਖ ਨਿਰੰਜਣ ਖੇਲ ਖਿਲਾਏਗਾ । ਹਰਿ ਪੁਰਖ ਨਿਰੰਜਣ ਹੁਕਮ ਵਰਤਾਏਗਾ । ਏਕੰਕਾਰ ਆਪ ਸੁਣਾਏਗਾ । ਆਦਿ ਨਿਰੰਜਣ ਡਗਮਗਾਏਗਾ । ਅਬਿਨਾਸ਼ੀ ਕਰਤਾ ਸੋਭਾ ਪਾਏਗਾ । ਸ੍ਰੀ ਭਗਵਾਨ ਭੇਵ ਚੁਕਾਏਗਾ । ਪਾਰਬ੍ਰਹਮ ਪਰਦਾ ਆਪ ਉਠਾਏਗਾ । ਸਤਿਗੁਰ ਸ਼ਬਦ ਨਾਦ ਜਣਾਏਗਾ । ਬ੍ਰਹਮ ਬ੍ਰਹਿਮਾਦ ਆਪ ਸੁਣਾਏਗਾ । ਵਿਸ਼ਨ ਬ੍ਰਹਮਾ ਸ਼ਿਵ ਆਪ ਉਠਾਏਗਾ । ਦੋ ਜਹਾਨ ਵੇਖ ਵਖਾਏਗਾ । ਤ੍ਰੈਲੋਕੀ ਪਰਦਾ ਆਪੇ ਲਾਹੇਗਾ । ਸਚ ਸਲੋਕੀ ਇਕ ਸਮਝਾਏਗਾ । ਅਵਤਾਰ ਪੈਗ਼ੰਬਰ ਗੁਰ ਨਾਲ ਮਿਲਾਏਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਏਗਾ । ਭੇਵ ਅਭੇਦਾ ਅਛਲ ਅਛੇਦਾ

ਆਪ ਚੁਕਾਏਗਾ । ਚਾਰ ਵਰਨਾਂ ਅਠਾਰਾਂ ਬਰਨਾਂ ਆਪਣਾ ਸੰਗ ਰਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਏਗਾ । ਸਾਚਾ ਸੰਗ ਆਪ ਨਿਭਾਵੇਗਾ । ਸ਼ਬਦ ਨਾਮ ਮਰਦੰਗ ਵਜਾਵੇਗਾ । ਦੋ ਜਹਾਨਾਂ ਆਪੇ ਲੰਘ, ਪੁਰੀਆਂ ਲੋਆਂ ਵੇਖ ਵਖਾਵੇਗਾ । ਭਗਤ ਸੁਹੇਲੇ ਲਾਵੇ ਅੰਗ, ਅੰਗੀਕਾਰ ਆਪ ਹੋ ਜਾਵੇਗਾ । ਸ੍ਰਿਸ਼ਟੀ ਤਕੇ ਭੁਖ ਨੰਗ, ਨਵ ਸੱਤ ਆਪਣਾ ਭੇਵ ਚੁਕਾਵੇਗਾ । ਜਗਤ ਦੀ ਧਾਰਾ ਵੇਖੇ ਗੰਗ, ਗੰਗੋਤਰੀ ਆਪਣਾ ਸੰਗ ਜਣਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਵੰਡ ਆਪ ਵੰਡਾਵੇਗਾ । ਸਾਚੀ ਵੰਡ ਆਪ ਵੰਡਾਏਗਾ । ਬ੍ਰਹਿਮੰਡ ਖੰਡ ਵੇਖ ਵਖਾਏਗਾ । ਪੁਰੀਆਂ ਲੋਆਂ ਪਰਦਾ ਲਾਹੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਏਗਾ । ਸਚ ਕਰਨੀ ਕਾਰ ਕਮਾਵੇਗਾ । ਸੋ ਪੁਰਖ ਨਿਰੰਜਣ ਵੇਖ ਵਖਾਵੇਗਾ । ਪਰਦਾ ਓਹਲਾ ਆਪ ਉਠਾਵੇਗਾ । ਧੁਰ ਦਾ ਢੋਲਾ ਡੰਕ ਵਜਾਵੇਗਾ । ਧਾਰ ਰੂਪ ਆਪਣਾ ਮੌਲਾ, ਮਾਲਕ ਹੋ ਕੇ ਵੇਖ ਵਖਾਵੇਗਾ । ਅਵਤਾਰ ਪੈਗ਼ੰਬਰਾਂ ਗੁਰੂਆਂ ਤਕ ਕੇ ਕੌਲਾ, ਇਕਰਾਰ ਸਭ ਦੇ ਤੋੜ ਨਿਭਾਵੇਗਾ । ਧਰਨੀ ਧਰਤ ਧਵਲ ਧੌਲ ਭਾਰ ਸਭ ਦਾ ਕਰਕੇ ਹੌਲਾ, ਸਤਿਗੁਰ ਸਾਚਾ ਸਚ ਪਰਗਟਾਵੇਗਾ । ਜੋ ਸੰਦੇਸ਼ਾ ਦੇ ਕੇ ਗਿਆ ਕ੍ਰਿਸ਼ਨ ਕਾਹਨ ਸੁੰਦਰ ਸੌਲਾ, ਸਾਵਰੀਆ ਆਪਣਾ ਸੰਗ ਬਣਾਵੇਗਾ । ਜੋ ਹਰ ਘਟ ਅੰਦਰ ਮੌਲਾ, ਮਾਲਕ ਹੋ ਕੇ ਵੇਖ ਵਖਾਵੇਗਾ । ਜਿਸ ਨੂੰ ਸਾਰੇ ਕਹਿੰਦੇ ਨੂਰ ਅਲਾਹੀ ਅਵਲਾ,
੧੩੩੦ ਆਲਮੀਨ ਹੋ ਕੇ ਰੰਗ ਰੰਗਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਇਕ ਸੁਹਾਵੇਗਾ । ੧੩੩੦
੨੪ ਸਾਚਾ ਦਰ ਸੁਹਾਵੇ ਸੁਹੰਜਣਾ, ਸੋਭਾਵੰਤ ਕਰਤਾਰ । ਜੋਤ ਜਗਾਏ ਆਦਿ ਨਿਰੰਜਣਾ, ਜੋਤੀ ਜਾਤਾ ਹੋਵੇ ਉਜਿਆਰ । ਕਿਰਪਾ ਕਰੇ ਦੀਨ ਦਿਆਲ ੨੪
ਦਰਦ ਦੁਖ ਭੈ ਭੰਜਣਾ, ਪਤਿਪਰਮੇਸ਼ਵਰ ਰੂਪ ਅਪਾਰ । ਜਿਸ ਦਾ ਇਕੋ ਦੀਪਕ ਜਗਣਾ, ਦੋ ਜਹਾਨਾਂ ਕਰੇ ਉਜਿਆਰ । ਜਿਸ ਦਾ ਨਾਮ ਨਿਧਾਨਾ ਡੰਕਾ ਵਜਣਾ, ਲੱਖ ਚੁਰਾਸੀ ਕਰੇ ਖ਼ਬਰਦਾਰ । ਜਿਸ ਦਾ ਚਰਨ ਦੁਆਰਾ ਇਕੋ ਹੋਵੇ ਮਜਣਾ, ਦੇਵਣਹਾਰਾ ਧੂੜੀ ਛਾਰ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਬਣੇ ਸਜਣਾ, ਪੀਆ ਪ੍ਰੀਤਮ ਏਕੰਕਾਰ । ਜੋ ਜਨ ਭਗਤਾਂ ਚਾੜ੍ਹਨਵਾਲਾ ਰੰਗਣਾ, ਰੰਗੇ ਰੰਗ ਅਪਰ ਅਪਾਰ । ਜਿਸ ਨੂੰ ਕਹਿੰਦੇ ਗੋਪਾਲ ਮੂਰਤ ਮਦਨਾ, ਮਧ ਸੂਦਨ ਖੇਲ ਕਰੇ ਅਪਾਰ । ਜਿਸ ਲੇਖੇ ਲਾਉਣਾ ਆਅਲਾ ਅਦਨਾ, ਊਚਾਂ ਨੀਚਾਂ ਭੇਵ ਦੇਵੇ ਨਿਵਾਰ । ਜਿਸ ਕਲਜੁਗ ਕੂੜ ਕੁੜਿਆਰਾ ਧਰਨੀ ਉਤੋਂ ਕਢਣਾ, ਹਰ ਹਿਰਦਿਉਂ ਕਢਣਾ ਬਾਹਰ । ਸਤਿ ਧਰਮ ਨਿਸ਼ਾਨ ਗਡਣਾ, ਦੋ ਜਹਾਨਾਂ ਦਏ ਸਹਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹੋ ਭੂਪ ਸਚੀ ਸਰਕਾਰ । ਸਤਿਗੁਰ ਸਚਾ ਸ਼ਾਹੋ ਭੂਪ, ਕਰਨਹਾਰ ਕਰਤਾਰਾ । ਖੇਲੇ ਖੇਲ ਸਦਾ ਬਿਨ ਰੰਗ ਰੂਪ, ਇਕ ਇਕੱਲਾ ਏਕੰਕਾਰਾ । ਸ਼ਬਦ ਦੁਲਾਰਾ ਜਿਸ ਦਾ ਪੂਤ, ਦੋ ਜਹਾਨਾਂ ਵੇਖਣਹਾਰਾ । ਆਦਿ ਜੁਗਾਦੀ ਬਣੇ ਦੂਤ, ਧਰਨੀ ਧਰਤ ਧਵਲ ਧੌਲ ਆਵੇ ਜਾਵੇ ਵਾਰੋ ਵਾਰਾ । ਚਾਰ ਜੁਗ ਦੇ ਸ਼ਾਸਤਰ ਉਸ ਦਾ ਦੇਵਣ ਸਬੂਤ, ਜੋ ਲਿਖਿਆ ਲੇਖ ਵਿਚ ਸੰਸਾਰਾ । ਜਿਸ ਦਾ ਲਹਿਣਾ ਦੇਣਾ ਚਾਰੇ ਕੂਟ, ਨੌ ਖੰਡ ਪ੍ਰਿਥਮੀ ਪਾਵੇ ਸਾਰਾ । ਕਲਜੁਗ ਅੰਤਮ ਮੇਟੇ ਜੂਠ ਝੂਠ, ਸਤਿ ਧਰਮ ਸਤਿ ਕਰੇ ਉਜਿਆਰਾ । ਜਨ ਭਗਤਾਂ ਉਤੇ ਜਾਵੇ ਤੁਠ, ਮੇਲ ਮਿਲਾਵੇ ਆਪਣੀ ਧਾਰਾ । ਭਾਗ ਲਗਾਵੇ ਕਾਇਆ ਮਾਟੀ ਬੁਤ, ਜੋਤੀ ਜਾਤਾ ਹੋ ਉਜਿਆਰਾ । ਸਤਿਜੁਗ ਸੁਹੰਜਣੀ

ਕਰੇ ਰੁਤ, ਸਾਚੀ ਰੁਤੜੀ ਦਏ ਹੁਲਾਰਾ । ਕਿਰਪਾ ਕਰੇ ਅਬਿਨਾਸ਼ੀ ਅਚੁਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਏਕੰਕਾਰ ਇਕ ਇਕੱਲਾ ਸਾਂਝਾ ਯਾਰਾ ।

## ✪ ੧੮ ਮਾਘ ਸ਼ਹਿਨਸ਼ਾਹੀ ਸੰਮਤ ੧੧ ਬਚਨ ਸਿੰਘ ਦੇ ਗ੍ਰਹਿ ਪਿੰਡ ਪਹਾੜੂ ਚੱਕ ਜ਼ਿਲਾ ਗੁਰਦਾਸਪੁਰ ✪

ਸਤਿਗੁਰ ਸ਼ਬਦ ਕਹੇ ਕਲਜੁਗ ਲੋਕਮਾਤ ਵਿਚੋਂ ਕਰ ਤਿਆਰੀ, ਤ੍ਰੈਗੁਣ ਅਤੀਤਾ ਠਾਂਢਾ ਸੀਤਾ ਸੋ ਪੁਰਖ ਨਿਰੰਜਣ ਆਪ ਜਣਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰੀ ਘਰ ਘਰ ਵਧੀ ਖ਼ੁਆਰੀ, ਖ਼ਾਲਸ ਰੂਪ ਤੇਰਾ ਨਜ਼ਰ ਕੋਇ ਨਾ ਆਈਆ । ਜੂਠ ਝੂਠ ਅਪਰਾਧ ਕੁਕਰਮ ਨਾਲ ਲਗਾਏ ਯਾਰੀ, ਮਿਤਰ ਪਿਆਰਾ ਸਚਾ ਨਜ਼ਰ ਕੋਇ ਨਾ ਆਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰੇ ਕੁੰਟ ਰੈਣ ਹੋਈ ਅੰਧਿਆਰੀ, ਸਾਚਾ ਚੰਦ ਨਾ ਕੋਇ ਚਮਕਾਈਆ । ਦੀਨਾ ਮਜ਼੍ਹਬਾਂ ਅੰਦਰ ਪਈ ਹਾਹਾਕਾਰੀ, ਸਾਂਤਕ ਸਤਿ ਨਾ ਕੋਇ ਕਰਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦੁਆਰ ਚਰਚਾਂ ਕਰੇ ਨਾ ਕੋਈ ਹਿਤਕਾਰੀ, ਪਿਆਰ ਮੁਹੱਬਤ ਵਿਚ ਨਾ ਕੋਇ ਸਮਾਈਆ । ਜਿਧਰ ਵੇਖਾਂ ਧੂੰਆਂਧਾਰੀ, ਸਾਚਾ ਚੰਦ ਨਾ ਕੋਇ ਚਮਕਾਈਆ । ਆਤਮ ਪਰਮਾਤਮ ਮੇਲਾ ਮਿਲੇ ਨਾ ਕਿਸੇ ਕੰਤ ਭਤਾਰੀ, ਸੁਰਤੀ ਸ਼ਬਦ ਨਾ ਕੋਇ ਸਮਾਈਆ । ਮਨ ਕਲਪਣਾ ਤਨ ਵਜੂਦਾਂ ਅੰਦਰ ਕਰੇ ਗ਼ਦਾਰੀ, ਧਰਮ ਦੀ ਧਾਰ ਨਿਰੰਤਰ ਰਹਿਣ ਕੋਇ ਨਾ ਪਾਈਆ । ਚੌਥੇ ਜੁਗ ਤੂੰ ਧਰਨੀ ਧਰਤ ਧਵਲ ਧੌਲ ਉਤੋਂ ਹੋਣਾ ਬਾਹਰੀ, ਜੀਵਾਂ ਜੰਤਾਂ ਅੰਦਰ ਰਹਿਣ ਮੂਲ ਨਾ ਪਾਈਆ । ਇਹ ਹੁਕਮ ਸੰਦੇਸ਼ਾ ਇਕ ਇਕੱਲਾ ਦੇਵੇ ਏਕੰਕਾਰੀ, ਪਰਵਰਦਿਗਾਰ ਸਾਂਝਾ ਯਾਰ ਨੂਰ ਅਲਾਹੀਆ । ਜਿਸ ਦੀ ਅਵਤਾਰ ਪੈਗ਼ੰਬਰਾਂ ਗੁਰੂਆਂ ਖੇਲ ਦੱਸੀ ਬਣ ਲਿਖਾਰੀ, ਕਲਜੁਗ ਆਪਣਾ ਹੁਕਮ ਵਰਤਾਈਆ । ਅਮਾਮ ਅਮਾਮਾ ਨੂਰ ਨੁਰਾਨਾ ਸ਼ਾਹ ਸੁਲਤਾਨਾ ਕਲ ਕਲਕੀ ਅਵਤਾਰੀ, ਅਵਤਰ ਹੋ ਕੇ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਧਰਮ ਇਕ ਦ੍ਰਿੜਾਈਆ । ਸਤਿਗੁਰ ਸ਼ਬਦ ਕਹੇ ਕਲਜੁਗ ਦੀਨ ਦੁਨੀ ਦਾ ਛਡ ਦੇ ਲੇਖਾ, ਤਤਵ ਰੰਗ ਨਾ ਕੋਇ ਰੰਗਾਈਆ । ਮਨਸਾ ਮਨ ਨਾ ਰਹੇ ਭੁਲੇਖਾ, ਭਾਂਡਾ ਭਰਮ ਨਾ ਕੋਇ ਭੰਨਾਈਆ । ਔਹ ਤਕ ਲੈ ਲੇਖਾ ਮੁਕਣ ਵਾਲਾ ਉਮਤ ਸ਼ਰਅ ਰਸੂਲਾਂ ਸ਼ੇਖ਼ਾ, ਨਬੀਆਂ ਗੰਢ ਨਾ ਕੋਇ ਪੁਆਈਆ । ਤੇਰਾ ਗ੍ਰਹਿ ਗ੍ਰਹਿ ਵਧਿਆ ਕਲੇਸ਼ਾ, ਧੀਰਜ ਧੀਰ ਨਾ ਕੋਇ ਧਰਾਈਆ । ਜੋ ਸੰਦੇਸ਼ਾ ਦੇ ਕੇ ਗਿਆ ਗੋਬਿੰਦ ਦਸ ਦਸਮੇਸ਼ਾ, ਦਹਿ ਦਿਸ਼ਾ ਧਿਆਨ ਲਗਾਈਆ । ਓਹਦਾ ਹੁਕਮ ਵਰਤਣਾ ਲੋਕਮਾਤ ਵਿਸ਼ੇਸ਼ਾ, ਵਿਸ਼ਿਆਂ ਤੋਂ ਬਾਹਰ ਦਿਆਂ ਸੁਣਾਈਆ । ਔਹ ਤਕ ਲੈ ਕੀ ਇਸ਼ਾਰਾ ਦੇਂਦਾ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼ਾ, ਗਣਪਤ ਆਪਣੀ ਧਾਰ ਪਰਗਟਾਈਆ । ਤੇਰਾ ਲਹਿਣਾ ਦੇਣਾ ਅੰਤ ਕੰਤ ਭਗਵੰਤ ਵੇਖੇ ਜੋ ਰਹੇ ਸਦਾ ਹਮੇਸ਼ਾ, ਹਮ ਸਾਜਣ ਹੋ ਕੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਕਲਜੁਗ ਤੇਰਾ ਲੋਕਮਾਤ ਰਹੇ ਨਾ ਕੂੜ, ਕੂੜ ਕਿਰਿਆ ਰਹਿਣ ਨਾ ਪਾਈਆ । ਸਤਿਗੁਰ ਦੇਵਣਹਾਰਾ ਸਾਚੀ ਚਰਨ ਧੂੜ,

ਟਿੱਕੇ ਮਸਤਕ ਖ਼ਾਕ ਰਮਾਈਆ । ਚਤੁਰ ਸੁਘੜ ਬਣਾਵੇ ਮੂਰਖ ਮੂੜ੍ਹ, ਅੰਧ ਅਗਿਆਨ ਦਏ ਚੁਕਾਈਆ । ਅੰਤਰ ਨਿਰੰਤਰ ਦੇਵੇ ਦਰਸ ਜਨ ਭਗਤਾਂ ਆਪ ਹਜ਼ੂਰ, ਹਜ਼ਰਤਾਂ ਤੋਂ ਬਾਹਰ ਪਰਦਾ ਦਏ ਚੁਕਾਈਆ । ਜੋਤੀ ਜਾਤਾ ਹੋ ਕੇ ਬਖ਼ਸ਼ੇ ਨੂਰ, ਨੂਰ ਨੁਰਾਨਾ ਦੋ ਜਹਾਨਾਂ ਡਗਮਗਾਈਆ । ਨਾਮ ਖ਼ੁਮਾਰੀ ਮਸਤੀ ਦੇਵੇ ਸਰੂਰ, ਸੁਰਤੀ ਸ਼ਬਦ ਨਾਲ ਮਿਲਾਈਆ । ਮਨ ਮਨਸਾ ਕੂੜੀ ਕਿਰਿਆ ਪਾਏ ਨਾ ਤਨ ਫ਼ਤੂਰ, ਫ਼ਤਵਾ ਦੇਵੇ ਥਾਉਂ ਥਾਈਂਆ । ਜਿਸ ਮੁਹੰਮਦ ਦਾ ਲਹਿਣਾ ਦੇਣਾ ਪੂਰਾ ਕਰਨਾ ਸਦੀ ਚੌਧਵੀਂ ਜ਼ਰੂਰ, ਜ਼ਰੂਰਤ ਤੇਰੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ, ਕਲਜੁਗ ਲੋਕਮਾਤ ਵਿਚੋਂ ਜਾ, ਜਲਦੀ ਜਲਦੀ ਆਪਣਾ ਪੰਧ ਮੁਕਾਈਆ । ਪੁਰਖ ਅਕਾਲੇ ਦੀਨ ਦਿਆਲੇ ਸੀਸ ਨਿਵਾ, ਚਰਨ ਕਵਲ ਕਵਲ ਚਰਨ ਲੈ ਸਰਨਾਈਆ । ਚਾਰ ਜੁਗ ਦੇ ਅਵਤਾਰ ਪੈਗ਼ੰਬਰ ਗੁਰੂ ਬਣਾ ਗਵਾਹ, ਸ਼ਹਾਦਤ ਇਕੋ ਵਾਰ ਭੁਗਤਾਈਆ । ਨਾਮ ਕਲਮਿਆਂ ਨਾਲ ਲੈ ਰਲਾ, ਬਚਿਆ ਰਹਿਣ ਕੋਇ ਨਾ ਪਾਈਆ । ਗ੍ਰੰਥ ਸ਼ਾਸਤਰ ਅੱਖਰਾਂ ਦਾ ਲੇਖ ਦੇ ਦ੍ਰਿੜਾ, ਭੇਵ ਅਭੇਦਾ ਭੇਦ ਚੁਕਾਈਆ । ਕੀ ਖੇਲ ਕਰੇ ਬੇਪਰਵਾਹ, ਹਰਿ ਕਰਤਾ ਧੁਰਦਰਗਾਹੀਆ । ਜਿਸ ਨੇ ਹਜ਼ਰਤ ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਲਹਿਣਾ ਦੇਣਾ ਦੇਣਾ ਚੁਕਾ, ਤੇਈ ਅਵਤਾਰਾ ਲੇਖਾ ਝੋਲੀ ਪਾਈਆ । ਪੇਸ਼ੀਨਗੋਈਆਂ ਸਭ ਦੀਆਂ ਵੇਖੇ ਥਾਉਂ ਥਾਂ, ਭਵਿਖਤਾਂ ਬਿਨ ਨੈਣਾਂ ਨੈਣ ਤਕਾਈਆ । ਜਿਸ ਸਭ ਦਾ ਲਹਿਣਾ ਦੇਣਾ ਦੇਣਾ ਚੁਕਾ, ਚੁਕੰਨੀ ਕਰੇ ਖ਼ਲਕ ਖ਼ੁਦਾਈਆ । ਜਿਸ
੧੩੩੨ ਨੂੰ ਸਭ ਨੇ ਵਾਹਿਦ ਮੰਨਿਆ ਨੂਰ ਅਲਾਹ, ਆਲਮੀਨ ਕਹਿ ਕੇ ਸੀਸ ਨਿਵਾਈਆ । ਉਹ ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਨੂਰ ਕਰੇ ਰੁਸ਼ਨਾ, ੧੩੩੨
੨੪ ਦੋ ਜਹਾਨਾਂ ਡਗਮਗਾਈਆ । ਜੋ ਭਗਤ ਸੁਹੇਲੇ ਲਏ ਪਰਗਟਾ, ਭਗਵਨ ਹੋ ਕੇ ਵੇਖ ਵਖਾਈਆ । ਜਿਸ ਮਾਨਵ ਜ਼ਾਤੀ ਚਾਰ ਵਰਨ ਅਠਾਰਾਂ ੨੪
ਬਰਨ ਹਿੰਦੂ ਮੁਸਲਿਮ ਸਿਖ ਇਸਾਈ ਇਕੋ ਨਾਮ ਦੇਣਾ ਜਪਾ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਦਏ ਦ੍ਰਿੜਾਈਆ । ਇਕੋ ਇਸ਼ਟ ਸ੍ਰਿਸ਼ਟ ਦ੍ਰਿਸ਼ਟ ਅੰਦਰ ਦਏ ਸੁਣਾ, ਅਣਸੁਣਤ ਆਪਣਾ ਹੁਕਮ ਦਏ ਵਰਤਾਈਆ । ਇਕੋ ਅੰਮ੍ਰਿਤ ਰਸ ਨਿਝਰ ਝਿਰਨਾ ਜਾਮ ਦਏ ਪਿਆ, ਬੂੰਦ ਸਵਾਂਤੀ ਆਪ ਟਪਕਾਈਆ । ਇਕੋ ਸੰਦੇਸ਼ਾ ਦੇਵੇ ਹੋ ਕੇ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਆਪਣਾ ਹੁਕਮ ਵਰਤਾਈਆ । ਸਤਿਜੁਗ ਸਾਚੇ ਲੋਕਮਾਤ ਤਕ ਲੈ ਰਾਹ, ਰਹਿਬਰ ਹੋ ਕੇ ਵੇਖ ਵਖਾਈਆ । ਧਰਨੀ ਉਤੇ ਜਾਣਾ ਨਾਲ ਚਾਅ, ਚਾਉ ਘਨੇਰਾ ਇਕ ਰਖਾਈਆ । ਪ੍ਰਭ ਚਰਨ ਕਵਲ ਧੂੜੀ ਲਾਉਣੀ ਮਸਤਕ ਛਾਹ, ਖ਼ਾਕੀ ਖ਼ਾਕ ਖ਼ਾਕ ਰਮਾਈਆ । ਸਤਿ ਸਤਿ ਤੇਰਾ ਗਵਾਹ, ਸ਼ਹਾਦਤ ਇਕੋ ਨਾਮ ਭੁਗਤਾਈਆ । ਕਲਜੁਗ ਅੰਧ ਅੰਧੇਰ ਮਿਟਾ, ਲੋਕਮਾਤ ਰਹਿਣ ਨਾ ਪਾਈਆ । ਸਾਚਾ ਦੀਪ ਕਰ ਰੁਸ਼ਨਾ, ਨੂਰ ਨੁਰਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਸਤਿਜੁਗ ਲੋਕਮਾਤ ਆਵੇਗਾ । ਸੋ ਪੁਰਖ ਨਿਰੰਜਣ ਦਇਆ ਕਮਾਵੇਗਾ । ਹਰਿ ਪੁਰਖ ਨਿਰੰਜਣ ਖੇਲ ਖਿਲਾਵੇਗਾ । ਏਕੰਕਾਰਾ ਹੁਕਮ ਸੁਣਾਵੇਗਾ । ਆਦਿ ਨਿਰੰਜਣ ਜੋਤ ਰੁਸ਼ਨਾਵੇਗਾ । ਅਬਿਨਾਸ਼ੀ ਕਰਤਾ ਸੋਭਾ ਪਾਵੇਗਾ । ਸ੍ਰੀ ਭਗਵਾਨ ਡਗਮਗਾਵੇਗਾ । ਪਾਰਬ੍ਰਹਮ ਪ੍ਰਭ ਆਪਣਾ ਭੇਵ ਚੁਕਾਵੇਗਾ । ਸਤਿਗੁਰ ਸ਼ਬਦ ਡੰਕ ਵਜਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਵੇਗਾ । ਅਵਤਾਰ ਪੈਗ਼ੰਬਰ ਗੁਰ ਸੰਗ ਰਖਾਵੇਗਾ । ਸ਼ਬਦ ਅਨਾਦੀ ਵਜਾ ਮਰਦੰਗ, ਦੋ ਜਹਾਨਾਂ ਆਪ ਦ੍ਰਿੜਾਵੇਗਾ ।

ਪੁਰੀਆਂ ਲੋਆਂ ਆਪੇ ਲੰਘ, ਬ੍ਰਹਿਮੰਡਾਂ ਖੰਡਾਂ ਆਪ ਸੁਣਾਵੇਗਾ । ਨਿਸ਼ਾਨ ਮੇਟ ਕੇ ਤਾਰਾ ਚੰਦ, ਨੂਰੀ ਚੰਦ ਚੰਦ ਰੁਸ਼ਨਾਵੇਗਾ । ਕਲਜੁਗ ਤੇਰਾ ਮੇਟ ਕੇ ਪੰਧ, ਸਤਿਜੁਗ ਸਚ ਸਚ ਉਪਜਾਵੇਗਾ । ਜਿਸ ਵਿਚ ਇਕੋ ਹੋਣਾ ਤੂੰ ਮੇਰਾ ਮੈਂ ਤੇਰਾ ਛੰਦ, ਆਤਮ ਪਰਮਾਤਮ ਰਾਗ ਦ੍ਰਿੜਾਵੇਗਾ । ਇਕੋ ਕਟਣਹਾਰਾ ਫੰਦ, ਬੰਧਨ ਬੰਦ ਨਾ ਕੋਇ ਰਖਾਵੇਗਾ । ਸੋ ਦੀਨ ਦਿਆਲ ਹੋਇਆ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪਣੀ ਆਪ ਕਮਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਲਕ ਵੇਖ ਵਖਾਵੇਗਾ । ਸਤਿਗੁਰ ਸ਼ਬਦ ਕਹੇ ਸਤਿਜੁਗ ਸਚ ਚਲਾਏ ਧਰਮ, ਧਰਮ ਦੀ ਧਾਰ ਇਕ ਪਰਗਟਾਈਆ । ਅੰਤਰ ਭੇਵ ਖੁਲ੍ਹਾਏ ਆਤਮ ਬ੍ਰਹਮ, ਪਾਰਬ੍ਰਹਮ ਪਰਦਾ ਦਏ ਚੁਕਾਈਆ । ਦੀਨ ਦੁਨੀ ਦਾ ਬਦਲ ਦੇਵੇ ਕਰਮ, ਕਰਮ ਕਾਂਡ ਦਾ ਡੇਰਾ ਢਾਹੀਆ । ਲੇਖਾ ਮੁਕਾਏ ਵਰਨ ਬਰਨ, ਖੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਘਰ ਬਹਾਈਆ । ਸਚ ਪ੍ਰੀਤੀ ਮੰਜ਼ਲ ਹਕੀਕੀ ਦੇਵੇ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਜਨ ਭਗਤ ਸੁਹੇਲੇ ਅੰਤਰ ਆਤਮ ਆਵੇ ਫੜਨ, ਫੜ ਬਾਹੋਂ ਪਾਰ ਕਰਾਈਆ । ਉਹ ਮਾਲਕ ਖ਼ਾਲਕ ਘਾੜਨ ਘੜਨ, ਘੜਨ ਭੰਨਣਹਾਰ ਇਕ ਅਖਵਾਈਆ । ਜੋ ਲੇਖਾ ਜਾਣੇ ਚੋਟੀ ਜੜ੍ਹਨ, ਚੇਤਨ ਆਪਣਾ ਹੁਕਮ ਵਰਤਾਈਆ । ਜਿਸ ਦੀ ਵਿਦਿਆ ਚਾਰ ਜੁਗ ਦੇ ਸ਼ਾਸਤਰ ਪੜ੍ਹਨ, ਅਵਤਾਰ ਪੈਗ਼ੰਬਰ ਗੁਰ ਸਿਫ਼ਤੀ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰਾ ਲੇਖ
 ਮੁਕਾਏ ਸੀਸ ਧੜਨ, ਤਨ ਵਜੂਦ ਮਾਟੀ ਖ਼ਾਕ ਤਤਵ ਤਤ ਵੰਡ ਨਾ ਕੋਇ ਵੰਡਾਈਆ । ੧੩੩੩

੨੪ ੨੪

### ✪ ੧੮ ਮਾਘ ਸ਼ਹਿਨਸ਼ਾਹੀ ਸੰਮਤ ੧੧ ਮਹਿੰਦਰ ਸਿੰਘ, ਸਵਰਨ ਸਿੰਘ, ਭਜਨ ਸਿੰਘ, ਲਾਲ ਸਿੰਘ, ਬਾਵਾ ਸਿੰਘ, ਬਲਕਾਰ ਸਿੰਘ ਦੇ ਗ੍ਰਿਹ ਦੀਨਾ ਨਗਰ ਜ਼ਿਲਾ ਗੁਰਦਾਸਪੁਰ ✪

ਸਤਿਗੁਰ ਸ਼ਬਦ ਕਹੇ ਕਲਜੁਗ ਛਡ ਦੇ ਜਗਤ ਜਹਾਨ, ਦੀਨ ਦੁਨੀ ਆਪਣਾ ਪੰਧ ਮੁਕਾਈਆ । ਕਲਜੁਗ ਕਹੇ ਮੇਰੇ ਸਤਿਗੁਰੂ ਮਿਹਰਵਾਨ, ਮਿਹਰਵਾਨ ਤੇਰੀ ਸਰਨਾਈਆ । ਮੈਂ ਪ੍ਰਭ ਦਾ ਜੋਧਾ ਸੁਤ ਨੌਜਵਾਨ, ਜੋਬਨਵੰਤਾ ਇਕ ਅਖਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਵੇਖਾਂ ਮਾਰ ਧਿਆਨ, ਮਾਨਸ ਮਾਨਵ ਮਾਨੁਖ ਖੋਜ ਖੁਜਾਈਆ । ਜੂਠ ਝੂਠ ਸੰਦੇਸ਼ਾ ਦੇਵਾਂ ਫ਼ਰਮਾਨ, ਫ਼ੁਰਨੇ ਮਨ ਦੇ ਨਾਲ ਕਰਾਈਆ । ਮਾਇਆ ਮਮਤਾ ਮੋਹ ਵਿਕਾਰ ਅੰਦਰ ਧਰਾਂ ਸ਼ੈਤਾਨ, ਧੀਰਜ ਧੀਰ ਰਹਿਣ ਕੋਇ ਨਾ ਪਾਈਆ । ਹਿਰਦੇ ਵਸਣ ਦੇਵਾਂ ਨਾ ਕਿਸੇ ਗਿਆਨ, ਅਗਿਆਨਤਾ ਵਿਚ ਕੀਤੀ ਖ਼ਲਕ ਖ਼ੁਦਾਈਆ । ਮੈਂ ਬੋਲਦਾ ਨਹੀਂ ਨਾਲ ਜ਼ਬਾਨ, ਆਪਣੀ ਕਰਨੀ ਦਾ ਕਰਤਬ ਦਿਆਂ ਵਖਾਈਆ । ਮੈਂ ਸਾਬਤ ਰਹਿਣ ਦਿਤਾ ਨਹੀਂ ਕਿਸੇ ਦਾ ਈਮਾਨ, ਧਰਮ ਦੀ ਧਾਰ ਨਜ਼ਰ ਕੋਇ ਨਾ ਆਈਆ । ਮੈਂ ਸੇਵਾ ਕੀਤੀ ਮਹਾਨ, ਦਿਵਸ ਰੈਣ ਭੱਜਾਂ ਵਾਹੋ ਦਾਹੀਆ । ਮੇਰੀ ਬੇਨੰਤੀ ਕਰੀਂ ਪਰਵਾਨ, ਦਰ ਠਾਂਢੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਸੀਸ ਨਿਵਾਈਆ । ਕਲਜੁਗ ਕਹੇ ਸਤਿਗੁਰ ਸ਼ਬਦ ਮੇਰੇ ਵੱਲ ਮਾਰ ਲੈ ਝਾਕੀ, ਬਿਨ ਨੈਣਾਂ ਨੈਣ ਉਠਾਈਆ । ਮੇਰਾ ਲਹਿਣਾ ਦੇਣਾ ਦੱਸ ਦੇ ਬਾਕ਼ੀ, ਕੀ ਲੇਖਾ ਰਿਹਾ ਜਣਾਈਆ ।

ਪਰਦਾ ਚੁਕ ਕੇ ਤਕ ਲੈ ਤਾਕੀ, ਮੈਂ ਤਕਵਾ ਤੇਰੇ ਉਤੇ ਰਖਾਈਆ । ਮੈਂ ਸਾਬਤ ਰਹਿਣ ਦਿਤਾ ਨਹੀਂ ਬੰਦਾ ਕੋਈ ਖ਼ਾਕੀ, ਖ਼ਾਕਸਾਰ ਕੀਤੀ ਲੋਕਾਈਆ । ਮਨੂਆ ਘਰ ਘਰ ਕਰਕੇ ਆਕ਼ੀ, ਕੂੜੀ ਮਨਸਾ ਨਾਲ ਮਿਲਾਈਆ । ਜਿਧਰ ਵੇਖੇਂ ਓਧਰ ਕੀਤੀ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਚਮਕਾਈਆ । ਮੇਰੀ ਤੇਰੇ ਚਰਨਾਂ ਵਿਚ ਬਿਨ ਅੱਖਰਾਂ ਤੋਂ ਅਗੰਮੀ ਪਾਤੀ, ਪਤ੍ਰਕਾ ਦਿਆਂ ਟਿਕਾਈਆ । ਜਿਸ ਵਿਚ ਤਕੀਂ ਮੇਰੀ ਚਾਰ ਲੱਖ ਬੱਤੀ ਹਜ਼ਾਰ ਸਾਲ ਦੀ ਹਯਾਤੀ, ਕ਼ਲਮ ਸ਼ਾਹੀ ਕਾਗ਼ਜ਼ ਮੇਰੀ ਦਏ ਗਵਾਹੀਆ । ਤੂੰ ਮੇਰਾ ਮਾਲਕ ਖ਼ਾਲਕ ਕਮਲਾਪਾਤੀ, ਦਰ ਤੇਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਸਤਿਗੁਰ ਸ਼ਬਦ ਕਹੇ ਸੁਣ ਕਲਜੁਗ ਸੱਜਣਾ, ਤੈਨੂੰ ਦਿਆ ਜਣਾਈਆ । ਤੇਰਾ ਅੰਤਮ ਕੂੜ ਕੁੜਿਆਰ ਦਾ ਠੀਕਰ ਭੱਜਣਾ, ਲੋਕਮਾਤ ਰਹਿਣ ਨਾ ਪਾਈਆ । ਇਕੋ ਜੋਧਾ ਸੂਰ ਗੋਬਿੰਦ ਨਾਮ ਦਮਾਮਾ ਵਜਣਾ, ਡੰਕਾ ਨਵ ਸਤ ਸੁਣਾਈਆ । ਜਿਸ ਦੇ ਪ੍ਰਕਾਸ਼ ਦਾ ਇਕੋ ਦੀਪਕ ਅਗੰਮਾ ਜਗਣਾ, ਜਾਗਰਤ ਜੋਤ ਬਿਨ ਵਰਨ ਗੋਤ ਕਰੇ ਰੁਸ਼ਨਾਈਆ । ਜਿਸ ਦੇ ਪਿਆਰ ਵਿਚ ਹੋਣਾ ਆਅਲਾ ਅਦਨਾ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਓਹਦਾ ਕਿਸੇ ਨੂੰ ਨਜ਼ਰ ਨਹੀਂ ਆਉਣਾ ਬਦਨਾ, ਤਨ ਵਜ਼ੂਦ ਵੇਖਣ ਕੋਇ ਨਾ ਪਾਈਆ । ਉਸ ਨੇ ਸਭ ਦਾ ਪਰਦਾ ਕਜਣਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਕਲਜੁਗ ਤੈਨੂੰ ਹੋਣਾ ਪੈਣਾ ਵਖ, ਧਰਨੀ ਧਰਤ ਧਵਲ ਸੰਗ ਨਾ ਕੋਇ ਜਣਾਈਆ । ਇਕੋ ਹੁਕਮ ਸੁਣ ਧੁਰ ਜੈਕਾਰਾ ਅਲਖ, ਅਲਖ ਅਗੋਚਰ ਅਗੰਮ ਅਥਾਹ ਕੀ ਜਣਾਈਆ । ਗੋਬਿੰਦ ਧਾਰ ਜੋ ਪੁਰਖ ਅਕਾਲ ਦੇ ਸਥਰ ਗਿਆ ਲਥ, ਯਾਰੜੇ ਦੀ ਸੇਜ ਯਾਰੜਾ ਬਣ ਹੰਢਾਈਆ । ਜਿਸ ਨੀਹਾਂ ਹੇਠ ਬਾਲੇ ਦਿਤੇ ਰਖ, ਬਾਲੀ ਬੁਧਿ ਮਿਲੀ ਵਡਿਆਈਆ । ਤੇਰੀ ਆਯੂ ਉਮਰ ਉਹ ਘਟਾ ਗਏ ਹਜ਼ਾਰਾਂ ਲੱਖ, ਲਖੀਨਿਆ ਤੇਰਾ ਲੇਖਾ ਆਪਣੇ ਨਾਲ ਰਖਾਈਆ । ਹੁਣ ਵੇਖ ਲੈ ਤੇਰਾ ਚਾਰੋਂ ਕੁੰਟ ਕੂੜ ਦਾ ਹੱਟ, ਹਟਵਾਣਿਆ ਨਜ਼ਰੀ ਆਈਆ । ਧਰਮ ਦਾ ਕਿਨਾਰਾ ਰਹਿਣ ਦਿਤਾ ਨਹੀਂ ਕੋਈ ਤਟ, ਤੀਰਥ ਸਾਰੇ ਦੇਣ ਦੁਹਾਈਆ । ਧਰਮ ਦਾ ਨਿਸ਼ਾਨਾ ਵਿਚ ਜਹਾਨਾਂ ਦਿਤਾ ਪਟ, ਪਟਣੇਵਾਲਾ ਤੇਰਾ ਲੇਖਾ ਅੰਤਮ ਵੇਖੇ ਚਾਈਂ ਚਾਈਂਆ । ਬੇਸ਼ਕ ਤੇਰਾ ਰੂਪ ਨਟੂਆ ਨਟ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਹੁਣ ਆਪਣਾ ਲੇਖਾ ਸੰਭਾਲ ਲੈ ਝਟ, ਜਲਦੀ ਜਲਦੀ ਆਪਣਾ ਪੰਧ ਮੁਕਾਈਆ । ਸਤਿਗੁਰ ਸ਼ਬਦ ਯੋਧਾ ਸੂਰਬੀਰ ਹੋਣ ਵਾਲਾ ਪ੍ਰਗਟ, ਪ੍ਰਗਟ ਹੋ ਕੇ ਆਪਣਾ ਬਲ ਪਰਗਟਾਈਆ । ਜਿਸ ਤੇਰੀ ਕੂੜ ਕੁੜਿਆਰ ਦੀ ਡੋਰੀ ਦੇਣੀ ਕਟ, ਕਟਾਕਸ਼ ਆਪਣਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਇਕ ਗੁਸਾਈਆ । ਸਤਿਗੁਰ ਸ਼ਬਦ ਕਹੇ ਕਲਜੁਗ ਸੁਣ ਲੈ ਧੁਰ ਫ਼ਰਮਾਨਾ, ਜਗਤ ਫੁਰਨਿਆਂ ਬਾਹਰ ਜਣਾਈਆ । ਕੀ ਖੇਲ ਕਰੇ ਧੁਰ ਦਾ ਰਾਣਾ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਬੇਪਰਵਾਹੀਆ । ਜਿਸ ਦਾ ਜੁਗ ਜੁਗ ਖੇਲ ਮਹਾਨਾ, ਸਤਿਜੁਗ ਤ੍ਰੇਤਾ ਦੁਆਪਰ ਆਪਣਾ ਹੁਕਮ ਵਰਤਾਈਆ । ਉਸ ਨੇ ਅੰਤਮ ਤੇਰਾ ਲਹਿਣਾ ਦੇਣਾ ਚੁਕਾਉਣਾ, ਚੁਕੰਨਾ ਹੋ ਕੇ ਵੇਖਣਾ ਥਾਉਂ ਥਾਈਂਆ । ਜਿਸ ਨੂੰ ਕਹਿੰਦੇ ਸ਼ਾਹੋ ਭੂਪ ਸੁਲਤਾਨਾ, ਹਰਿ ਕਰਤਾ ਧੁਰਦਰਗਾਹੀਆ । ਉਹ ਲੇਖਾ ਜਾਣੇ ਜਗਤ ਜਹਾਨਾ, ਜੀਵਾਂ ਜੰਤਾਂ ਸਾਧਾਂ ਸੰਤਾਂ ਵੇਖ ਵਖਾਈਆ । ਜਿਸ ਤੈਨੂੰ ਧਰਨੀ ਧਰਤ ਧਵਲ ਧੌਲ ਉਤੇ ਦਿਤਾ ਮਾਣਾ, ਸਿਰ ਤੇਰੇ ਹੱਥ

੧੩੩੪
੨੪

ਟਿਕਾਈਆ । ਅੰਤ ਉਸ ਦਾ ਤੈਨੂੰ ਮੰਨਣਾ ਪੈਣਾ ਭਾਣਾ, ਸਦੀ ਚੌਧਵੀਂ ਬੀਸਵੀਂ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ ਕਲਜੁਗ ਤੇਰੇ ਪੂਰਬ ਲੇਖੇ ਬੀਤੇ, ਵੇਖਣਾ ਧਿਆਨ ਲਗਾਈਆ । ਅਗਲੇ ਖੇਲ ਹੋਣੇ ਤ੍ਰੈਗੁਣ ਅਤੀਤੇ, ਤ੍ਰੈਭਵਣ ਧਨੀ ਕੀ ਜਣਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਬਦਲੇ ਰੀਤੇ, ਰੀਤੀਵਾਨ ਇਕ ਅਖਵਾਈਆ । ਜਿਸ ਨੇ ਫ਼ਰਮਾਨੇ ਸ਼ਬਦ ਅਗੰਮੀ ਧਾਰ ਕੀਤੇ, ਨਿਰਅੱਖਰ ਧਾਰ ਵਿਚੋਂ ਦਿਤੇ ਪਰਗਟਾਈਆ । ਜੋ ਸਭ ਦਾ ਸਾਂਝਾ ਬਣੇ ਮੀਤੇ, ਮਿਤਰ ਪਿਆਰਾ ਇਕ ਅਖਵਾਈਆ । ਜੋ ਜੁਗ ਬਦਲਣਹਾਰਾ ਗੀਤੇ, ਗੋਬਿੰਦ ਗੋਬਿੰਦ ਗੋਬਿੰਦ ਧੁਰ ਦਾ ਮਾਹੀਆ । ਜਿਸ ਤੇਰੇ ਵਿਚੋਂ ਅੰਤ ਝਗੜੇ ਮੇਟਣੇ ਮੰਦਰ ਮਸੀਤੇ, ਕਾਇਆ ਕਾਅਬਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਕਲਜੁਗ ਕਹੇ ਮੇਰੇ ਸਤਿਗੁਰ ਸ਼ਬਦ ਮੇਰੀ ਨਮੋਂ ਨਮੋਂ ਨਿਮਸਕਾਰ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਮੇਰੀ ਇਕ ਬੇਨੰਤੀ ਦਰਗਾਹ ਸਾਚੀ ਸਚਖੰਡ ਸਚੇ ਦਰਬਾਰ, ਦਰ ਦਰਵੇਸ਼ ਹੋ ਕੇ ਦਿਆਂ ਜਣਾਈਆ । ਜੋ ਲੇਖਾ ਦੇ ਕੇ ਗਏ ਪੈਗ਼ੰਬਰ ਅਵਤਾਰ, ਲੋਕਮਾਤ ਮਾਤ ਦ੍ਰਿੜਾਈਆ । ਮੇਰਾ ਲਹਿਣਾ ਦੇਣਾ ਹੱਥ ਕਲ ਕਲਕੀ ਅਵਤਾਰ, ਨਿਹਕਲੰਕਾ ਵੇਖੇ ਚਾਈਂ ਚਾਈਂਆ । ਅਮਾਮ ਅਮਾਮਾਂ ਹੋਏ ਇਕ ਸਿਕਦਾਰ, ਸਿਰ ਸਿਰ ਆਪਣਾ ਹੁਕਮ ਵਰਤਾਈਆ । ਮੈਂ ਉਸ ਦੇ ਅਗੇ ਨਿਵ ਨਿਵ ਕਰਾਂ ਨਿਮਸਕਾਰ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਝੁਕਾਈਆ । ਜਿਸ ਦਾ ਯੋਧਾ ਸੂਰਬੀਰ ਇਕੋ ਸੁਤ ਦੁਲਾਰ, ਬਲਧਾਰੀ ਇਕ ਅਖਵਾਈਆ । ਜਿਸ ਦੇ ਹੁਕਮ ਵਿਚ ਅਸੀਂ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਾਰੇ ਸੀਸ ਨਿਵਾਈਆ । ਜੇ ਉਸ ਨੇ ਮੇਰਾ ਲੇਖਾ ਮੁਕਾਉਣਾ ਅੰਤਮ ਵਾਰ, ਅੰਤਸ਼ਕਰਨ ਤਕ ਖ਼ਲਕ ਖ਼ੁਦਾਈਆ । ਮੈਂ ਕ਼ਦਮਬੋਸੀ ਕਰਕੇ ਧੂੜੀ ਮਸਤਕ ਲਾਵਾਂ ਛਾਰ, ਟਿੱਕੇ ਬਿਨ ਖ਼ਾਕ ਖ਼ਾਕ ਰਮਾਈਆ । ਜਿਸ ਦੇ ਹੁਕਮ ਨਾਲ ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਹੋਵਾਂ ਬਾਹਰ, ਧਰਨੀ ਧਰਤ ਧਵਲ ਧੌਲ ਦਾ ਪੰਧ ਮੁਕਾਈਆ । ਪਰ ਮੇਰਾ ਅੰਤ ਅਖ਼ੀਰ ਦੀਨ ਦੁਨੀ ਨੂੰ ਜ਼ਰੂਰ ਕਰੇਗਾ ਖ਼ੁਆਰ, ਨਵ ਸੱਤ ਬਚਿਆ ਰਹਿਣ ਕੋਇ ਨਾ ਪਾਈਆ । ਨਵਖੰਡ ਹੋਵੇਗਾ ਧੂੰਆਂਧਾਰ, ਸਤਿ ਪਰਕਾਸ਼ ਨਾ ਕੋਇ ਕਰਾਈਆ । ਖੰਡਾ ਖੜਗ ਚਮਕੇ ਤਲਵਾਰ, ਤੀਰ ਤਰਕਸ਼ ਕਮਾਨ ਖ਼ੁਸ਼ੀ ਬਣਾਈਆ । ਲਾੜੀ ਮੌਤ ਬਣੇ ਨਚਾਰ, ਚਾਰੇ ਕੁੰਟ ਨੱਚੇ ਚਾਈਂ ਚਾਈਂਆ । ਚਿਤਰ ਗੁਪਤ ਵੇਖੇ ਖੇਲ ਅਪਾਰ, ਪਰਦਾ ਪਰਦਿਆਂ ਵਿਚੋਂ ਉਠਾਈਆ । ਰਾਏ ਧਰਮ ਬਣੇ ਲਿਖਾਰ, ਲੇਖਾ ਲਿਖੇ ਚਾਈਂ ਚਾਈਂਆ । ਸ਼ੰਕਰ ਨੇ ਹੋਣਾ ਖ਼ਬਰਦਾਰ, ਤ੍ਰਿਸ਼ੂਲ ਆਪਣੀ ਹੱਥ ਉਠਾਈਆ । ਪਤਾ ਨਹੀਂ ਮੇਰੇ ਅੰਤ ਵਿਚ ਕੌਣ ਬਚੇਗਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸਮਝ ਕਿਛ ਨਾ ਆਈਆ । ਇਹ ਹੁਕਮ ਵਰਤਣਾ ਮੇਰੇ ਪੁਰਖ ਅਕਾਲ, ਜਿਸ ਨੂੰ ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਆਦਿ ਜੁਗਾਦਿ ਅਵਲੜੀ ਚਾਲ, ਚਾਲ ਨਿਰਾਲੀ ਜੋਤ ਅਕਾਲੀ ਅਕਲ ਕਲਧਾਰੀ ਆਪਣੀ ਆਪ ਰਖਾਈਆ ।

## ✪ ੧੮ ਮਾਘ ਸ਼ਹਿਨਸ਼ਾਹੀ ਸੰਮਤ ੧੧ ਬਲਕਾਰ ਸਿੰਘ ਦੇ ਗ੍ਰਿਹਿ ਦੀਨਾ ਨਗਰ ਜ਼ਿਲਾ ਗੁਰਦਾਸਪੁਰ ✪

ਨਾਰਦ ਕਹੇ ਭਗਤੋ ਮੇਰਾ ਸੁਣ ਲਉ ਗੌਣਾ, ਗਾ ਗਾ ਦਿਆਂ ਸੁਣਾਈਆ । ਜੇ ਤੁਸਾਂ ਪ੍ਰਭ ਨੂੰ ਪਾਉਣਾ, ਮੈਂ ਵੀ ਭੱਜਾਂ ਵਾਹੋ ਦਾਹੀਆ । ਜੇ ਤੁਸਾਂ ਮੈਨੂੰ ਨਹੀਂ ਬੁਲਾਉਣਾ, ਫਿਰ ਵੀ ਦਿਉ ਸੁਣਾਈਆ । ਮੈਂ ਸਤਿਗੁਰ ਸ਼ਬਦ ਨੂੰ ਕਹਿਣਾ ਮੀਂਹ ਅਜੇ ਨਹੀਂ ਹਟਾਉਣਾ, ਇਹ ਮੇਰੀ ਬੇਪਰਵਾਹੀਆ । ਤੁਹਾਨੂੰ ਖ਼ੁਸ਼ੀਆਂ ਦੇ ਵਿਚ ਹਸਾਉਣਾ, ਇਹ ਮੇਰੀ ਰੀਤੀ ਚਲੀ ਆਈਆ । ਤੁਸੀਂ ਵੀ ਕਰਿਓ ਜੋ ਮਨ ਭਾਉਣਾ, ਮੈਂ ਵੀ ਆਪਣੀ ਖੇਲ ਖਿਲਾਈਆ । ਪਰ ਮੈਨੂੰ ਇਕ ਦੁਖ ਮੈਨੂੰ ਕਿਸੇ ਨਹੀਂ ਬਣਾਇਆ ਕਦੀ ਆਪਣਾ ਪਰਾਹੁਣਾ, ਖ਼ੁਸ਼ੀਆਂ ਨਾਲ ਨਾ ਕੋਇ ਬਹਾਈਆ । ਪਰ ਮੇਰਾ ਵੀ ਖੇਲ ਅਨੋਖਾ, ਕਿਧਰੇ ਬਣਾਉਣਾ ਤੇ ਕਿਧਰੇ ਢਾਉਣਾ, ਗੱਲਾਂ ਬਾਤਾਂ ਨਾਲ ਆਪਣਾ ਦਿਲ ਪਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਭਗਤੋ ਮੇਰੀ ਕਹਾਣੀ ਵਖਰੀ, ਵਖਰਿਓ ਦਿਆਂ ਜਣਾਈਆ । ਮੈਨੂੰ ਗੰਗਾ ਨੇ ਕੀਤੀ ਮਸਖਰੀ, ਮਖੌਲ ਦਿਤਾ ਉਡਾਈਆ । ਮੈਂ ਵੀ ਬਚਨ ਕੀਤਾ ਸਰਸਰੀ, ਸਹਿਜ ਨਾਲ ਸੁਣਾਈਆ । ਜੇ ਤੂੰ ਮੇਰੇ ਨਾਲ ਚੱਲਣਾ ਔਹ ਵੇਖ ਲੈ ਬਾਰਸ਼ ਬਰਸ ਰਹੀ, ਬੂੰਦਾ ਬਾਂਦੀ ਸੋਭਾ ਪਾਈਆ । ਉਹ ਕਹੇ ਮੈਂ ਪ੍ਰਭੂ ਦੇ ਦਰਸ਼ਨ ਨੂੰ ਤਰਸ ਰਹੀ, ਬਿਨ ਨੈਣਾਂ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਮੈਂ ਕਿਹਾ ਗੰਗੀਏ

੧੩੩੬ ਚਲ ਚਲੀਏ ਪ੍ਰਭੂ ਦੁਆਰ, ਭੱਜੀਏ ਵਾਹੋ ਦਾਹੀਆ । ਉਹ ਸੋਚਾਂ ਕਰਨ ਲੱਗੀ ਵਿਚਾਰ, ਉਂਗਲ ਠੋਡੀ ਉਤੇ ਟਿਕਾਈਆ । ਬਾਹਰ ਤਕ ਲੈ, ਪੰਡਤਾ, ੧੩੩੬

੨੪ ਬਰਖਾ ਪੈਂਦੀ ਮੂਸਲਾਧਾਰ, ਮੇਘਲਾ ਆਪਣਾ ਰੰਗ ਰੰਗਾਈਆ । ਕਿਸ ਬਿਧ ਹੋਈਏ ਬਾਹਰ, ਚਲੀਏ ਵਾਹੋ ਦਾਹੀਆ । ਮੈਂ ਝਟ ਸੈਨਤ ਦਿਤੀ ੨੪

ਮਾਰ, ਇਸ਼ਾਰੇ ਨਾਲ ਜਣਾਈਆ । ਜ਼ਰਾ ਵੇਖ ਲੈ ਨੈਣ ਉਘਾੜ, ਬਿਨ ਅੱਖਾਂ ਅੱਖ ਉਠਾਈਆ । ਨੀ ਕਮਲੀਏ ਔਹ ਤਕ ਪ੍ਰਭ ਦੇ ਮੀਤ ਮੁਰਾਰ, ਜੋ ਭੱਜੇ ਫਿਰਨ ਚਾਈਂ ਚਾਈਆ । ਬੁੱਢੇ ਬਾਲ ਹੋਏ ਹੁਸ਼ਿਆਰ, ਜਵਾਨਾਂ ਲਈ ਅੰਗੜਾਈਆ । ਇਹ ਲਹਿਣਾ ਦੇਣਾ ਉਹ ਜੋ ਗੋਬਿੰਦ ਨੇ ਕੀਤਾ ਸੀ ਸਰਸੇ ਦੇ ਆਰ ਪਾਰ, ਸਰਾਸਰ ਇਕੋ ਹੁਕਮ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਜਿਸ ਵੇਲੇ ਮੋਹੇ ਦਏ ਪਿਆਰ, ਗੁਰਮੁਖਾਂ ਰੰਗ ਰੰਗਾਈਆ । ਉਨ੍ਹਾਂ ਨੂੰ ਪੋਹ ਨਾ ਸਕੇ ਸਰਦੀ ਤਨ ਨਾ ਸਕੇ ਠਾਰ, ਸੀਤਲਤਾ ਨਜ਼ਰ ਕੋਇ ਨਾ ਆਈਆ । ਨੀ ਗੰਗੀਏ ਤੂੰ ਵੀ ਉਠ ਕੇ ਗਾ ਦੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਜੈਕਾਰ, ਜੈ ਜੈਕਾਰ ਕਰਨ ਵਾਲੀਏ ਦੁਖ ਨੇੜ ਕੋਇ ਨਾ ਆਈਆ । ਨੀ ਓਹ ਸ਼ਾਹੋ ਭੂਪ ਸੁਲਤਾਨ ਜੇਹੜਾ ਸਭ ਦਾ ਮੀਤ ਮੁਰਾਰ, ਮਿਤਰ ਪਿਆਰਾ ਇਕ ਅਖਵਾਈਆ । ਜੇ ਮੁਹੱਬਤ ਪਾਈ ਤੇ ਨਿਭਾ ਲੈ ਤੋੜ ਉਸ ਨਾਲ ਯਾਰ, ਜਿਸ ਦਾ ਯਰਾਨਾ ਸਕੇ ਨਾ ਕੋਇ ਤੁੜਾਈਆ । ਇੰਦਰ ਦੇਵਤਾ ਕੀ ਕਰੇ ਆਪਣੀ ਵਿਚਾਰ, ਸੋਚ ਸਮਝ ਦੀ ਲੋੜ ਨਾ ਕੋਇ ਰਖਾਈਆ । ਹੁਕਮ ਦਾ ਬੱਧਾ ਬਰਖਾ ਕਰੇ ਆਪਣੀ ਵਿਚੋਂ ਧਾਰ, ਧਰਨੀ ਉਤੇ ਸੋਭਾ ਪਾਈਆ । ਭਗਤਾਂ ਨੂੰ ਬਿਨਾ ਭਗਤੀ ਤੋਂ ਪ੍ਰਭ ਨੇ ਬਣਾ ਦਿਤੀ ਅਗੰਮੀ ਬਹਾਰ, ਜਿਸ ਬਹਾਰ ਦੀ ਸਾਰ ਕੋਇ ਨਾ ਪਾਈਆ । ਮੈਨੂੰ ਬੜੀ ਖ਼ੁਸ਼ੀ ਮੈਂ ਖ਼ੁਸ਼ੀ ਵੇਖੀ ਭਗਤ ਸੁਹੇਲਿਆਂ ਅੰਦਰ ਪੁਰਖ ਨਾਰ, ਬਿਰਧ ਜਵਾਨ ਇਕੋ ਰੰਗ ਬੈਠੇ ਸੋਭਾ ਪਾਈਆ । ਚਲ ਨੀ ਗੰਗੀਏ ਆਪਾਂ ਕਰਕੇ ਏਥੇ ਨਿਮਸਕਾਰ, ਪਿਛੇ ਭੱਜੀਏ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਦਾ ਅਧਾਰ, ਸਿਰ ਸਿਰ ਆਪਣਾ ਹੱਥ ਟਿਕਾਈਆ ।

✪ ੧੮ ਮਾਘ ਸ਼ਹਿਨਸ਼ਾਹੀ ਸੰਮਤ ੧੧ ਭਜਨ ਸਿੰਘ ਦੇ ਗ੍ਰਹਿ ਦੀਨਾ ਨਗਰ ਜ਼ਿਲਾ ਗੁਰਦਾਸਪੁਰ ✪

ਨਾਰਦ ਕਹੇ ਗੰਗੋਤਰੀਏ ਕੁਝ ਆਪਣਾ ਸੁਣਾ ਦੇ ਗੀਤ, ਲਹਿੰਗੇ ਵਾਲੀਏ ਲਹਿਰ ਨਾਲ ਜਣਾਈਆ । ਕਵਣ ਤੇਰੇ ਵਸਦਾ ਚੀਤ, ਚੇਤਨ ਹੋ ਕੇ ਦੇ ਦ੍ਰਿੜਾਈਆ । ਤੇਰੀ ਕਿਸ ਦੇ ਨਾਲ ਪ੍ਰੀਤ, ਪ੍ਰੀਤਮ ਕਹਿ ਕੇ ਕਿਸ ਨੂੰ ਸੀਸ ਨਿਵਾਈਆ । ਕਿਸ ਦੀ ਮੁਹੱਬਤ ਵਿਚ ਜੁਗ ਚੌਕੜੀ ਗਏ ਬੀਤ, ਆਪਣਾ ਪੰਧ ਮੁਕਾਈਆ । ਕਵਣ ਕਰੇ ਤੈਨੂੰ ਠੰਢੀ ਸੀਤ, ਅਗਨੀ ਤਤ ਬੁਝਾਈਆ । ਗੰਗਾ ਕਹੇ ਨਾਰਦਾ ਇਕੋ ਪੁਰਖ ਅਕਾਲਾ ਵਸਿਆ ਮੇਰੇ ਚੀਤ, ਦੂਸਰ ਨਜ਼ਰ ਕੋਇ ਨਾ ਆਈਆ । ਜਿਸ ਕੀਤਾ ਤ੍ਰੈਗੁਣ ਨਾਲੋਂ ਮੈਨੂੰ ਅਤੀਤ, ਤ੍ਰੈਭਵਣ ਧਨੀ ਦਿਤੀ ਵਡਿਆਈਆ । ਮੇਰੀ ਸਤਿ ਸਚ ਦੀ ਬਦਲ ਗਈ ਰੀਤ, ਰੀਤੀਵਾਨ ਦਿਤੀ ਵਡਿਆਈਆ । ਮੈਂ ਸਭ ਕੁਛ ਲਿਆ ਜੀਤ, ਹਾਰ ਦਾ ਲੇਖਾ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਗੰਗਾ ਕਹੇ ਨਾਰਦਾ ਮੇਰੇ ਅੰਦਰ ਵਸਿਆ ਇਕੋ ਸੁਆਮੀ, ਸਾਹਿਬ ਸਤਿਗੁਰ ਇਕ ਅਖਵਾਈਆ । ਜੋ ਸਦਾ ਸਦਾ ਸਦ ਅੰਤਰਜਾਮੀ, ਅੰਤਸ਼ਕਰਨ ਵੇਖ ਵਖਾਈਆ । ਮੈਂ ਓਸੇ ਦੀ ਧਾਰ ਨਿਮਾਣੀ, ਨਿਮਾਣੀ ਹੋ ਕੇ ਸੀਸ ਨਿਵਾਈਆ । ਬੇਸ਼ਕ ਮੇਰਾ ਵਹਿਣਾ ਵਾਲਾ ਧਾਰ ਪਾਣੀ, ਜਲਧਾਰਾ ਜਗਤ ਨਜ਼ਰੀ ਆਈਆ । ਮੇਰਾ ਰੂਪ ਅਨੂਪ ਮਹਾਨੀ, ਮੂਰਤ ਵੇਖਣ ਕੋਇ ਨਾ ਪਾਈਆ । ਭਾਵੇ ਜਿਸਮ ਨਹੀਂ ਇਸਮਾਨੀ, ਤਨ ਵਜੂਦ ਨਾ ਕੋਇ ਰਖਾਈਆ । ਮੈਂ ਇਕੋ ਜੋਤ ਨੁਰਾਨੀ, ਨੂਰ ਨੁਰਾਨੇ ਦਿਤੀ ਵਡਿਆਈਆ । ਮੇਰੀ ਸੱਧਰਾਂ ਭਰੀ ਜਵਾਨੀ, ਜੋਬਨਵੰਤੀ ਇਕ ਅਖਵਾਈਆ । ਮੈਂ ਸਦਾ ਰਹਾਂ ਮਸਤਾਨੀ, ਮਸਤੀ ਪ੍ਰਭ ਦੀ ਵਿਚ ਸਮਾਈਆ । ਮੇਰੀ ਕਥਾ ਕਿਸੇ ਗਾਈ ਨਹੀਂ ਜ਼ਬਾਨੀ, ਜੇਹਵਾ ਗੁਣ ਨਾ ਕੋਇ ਦ੍ਰਿੜਾਈਆ । ਮੇਰਾ ਪ੍ਰੀਤਮ ਵਸਦਾ ਉਤੇ ਅਸਮਾਨੀ, ਅਰਸ਼ਾਂ ਦਾ ਮਾਲਕ ਧੁਰਦਰਗਾਹੀਆ । ਜਿਸ ਨੇ ਮੇਰੀ ਬੇਨੰਤੀ ਮਾਨੀ, ਮਨਸਾ ਪੂਰੀ ਰਿਹਾ ਕਰਾਈਆ । ਮੈਂ ਓਸੇ ਦੇ ਕਰਾਂ ਚਰਨ ਧਿਆਨੀ, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹੋ ਭੂਪ ਸਚ ਸੁਲਤਾਨੀ, ਹਰਿ ਕਰਤਾ ਇਕ ਅਖਵਾਈਆ ।


੧੩੩੭
੨੪

✪ ੧੮ ਮਾਘ ਸ਼ਹਿਨਸ਼ਾਹੀ ਸੰਮਤ ੧੧ ਲਾਲ ਚੰਦ ਅਤੇ ਸ਼ਾਂਤੀ ਦੇਵੀ ਦੇ ਗ੍ਰਹਿ ਪਿੰਡ ਭੀਮਪੁਰ ਜ਼ਿਲਾ ਗੁਰਦਾਸਪੁਰ ✪

ਹਰਿ ਭਗਤ ਸੁਹੇਲਾ ਧੰਨ ਹੈ, ਜਿਸ ਪਾਇਆ ਹਰਿ ਹਰਿ ਰਾਮ । ਹਰਿ ਸੰਤ ਸੁਹੇਲਾ ਧੰਨ ਹੈ, ਜਿਸ ਮਿਲਿਆ ਧੁਰ ਦਾ ਸ਼ਾਮ । ਗੁਰਮੁਖ ਸੁਹੇਲਾ ਧੰਨ ਹੈ, ਜਿਸ ਪਿਆਏ ਅਗੰਮਾ ਜਾਮ । ਗੁਰਸਿਖ ਸੁਹੇਲਾ ਧੰਨ ਹੈ, ਜਿਸ ਪੂਰਨ ਕਰੇ ਕਾਮ । ਹਰਿਜਨ ਸੁਹੇਲਾ ਧੰਨ ਹੈ, ਜਿਸ ਨਾਮ

ਨਿਧਾਨਾ ਦੇਵੇ ਦਾਮ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਚ ਕਰੇ ਪਰਵਾਨ । ਭਗਤ ਸੁਹੇਲਾ ਧੰਨ ਹੈ, ਸਤਿ ਸਤਿਵਾਦੀ ਲਾਲ । ਹਰਿ ਸੰਤ ਸੁਹੇਲਾ ਧੰਨ ਹੈ, ਆਦਿ ਜੁਗਾਦੀ ਬਾਲ । ਗੁਰਮੁਖ ਸੁਹੇਲਾ ਧੰਨ ਹੈ, ਪ੍ਰਭ ਵਸੇ ਸਦਾ ਨਾਲ । ਗੁਰਸਿਖ ਸੁਹੇਲਾ ਧੰਨ ਹੈ, ਜਿਸ ਦੇਵੇ ਨਾਮ ਸਚਾ ਧੰਨ ਮਾਲ । ਹਰਿਜਨ ਸੁਹੇਲਾ ਧੰਨ ਹੈ, ਜਿਸ ਕਰੇ ਸਦਾ ਪ੍ਰਿਤਪਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਜਾਣੇ ਸ਼ਾਹ ਕੰਗਾਲ । ਭਗਤ ਸੁਹੇਲਾ ਧੰਨ ਹੈ, ਹਰਿ ਮਿਲੇ ਕੰਤ ਭਤਾਰਾ । ਸੰਤ ਸੁਹੇਲਾ ਧੰਨ ਹੈ, ਗ੍ਰਿਹਿ ਪਾਏ ਇਕ ਦੁਆਰਾ । ਗੁਰਮੁਖ ਸੁਹੇਲਾ ਧੰਨ ਹੈ, ਜਿਸ ਦੇਵੇ ਪਵਣ ਨਾਮ ਹੁਲਾਰਾ । ਹਰਿਜਨ ਸੁਹੇਲਾ ਧੰਨ ਹੈ, ਜੋ ਨਿਵ ਨਿਵ ਕਰੇ ਨਿਮਸਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸ਼ਾਹੋ ਭੂਪ ਸਿਕਦਾਰਾ । ਭਗਤ ਸੁਹੇਲਾ ਧੰਨ ਹੈ, ਹਰਿ ਮੇਲੇ ਧੁਰ ਸੰਜੋਗ । ਸੰਤ ਸੁਹੇਲਾ ਧੰਨ ਹੈ, ਅੰਤਰ ਮਿਟੇ ਹਉਮੇ ਰੋਗ । ਗੁਰਮੁਖ ਸੁਹੇਲਾ ਧੰਨ ਹੈ, ਜਿਸ ਨਾਮ ਨਿਧਾਨਾ ਮਿਲੀ ਸਾਚੀ ਚੋਗ । ਗੁਰਸਿਖ ਸੁਹੇਲਾ ਧੰਨ ਹੈ, ਜਿਸ ਜਨਮ ਜਨਮ ਦਾ ਮਿਟੇ ਵਿਜੋਗ । ਹਰਿ ਭਗਤ ਸੁਹੇਲਾ ਧੰਨ ਹੈ, ਜਿਨ੍ਹਾਂ ਦੇਵੇ ਦਰਸ ਅਮੋਘ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਕਟਣਹਾਰਾ ਰੋਗ । ਹਰਿ ਭਗਤ ਸੁਹੇਲਾ ਧੰਨ ਹੈ, ਜੁਗ ਜੁਗ ਮਿਲੇ ਮਾਣ । ਹਰਿ ਭਗਤ ਸੁਹੇਲਾ ਧੰਨ ਹੈ, ਬਿਨ ਅੱਖਰਾਂ ਦੇਵੇ ਗਿਆਨ । ਹਰਿ ਭਗਤ ਸੁਹੇਲਾ ਧੰਨ ਹੈ, ਘਰ ਮੰਦਰ ਵਖਾਏ ਨਿਸ਼ਾਨ । ਹਰਿ ਭਗਤ ਸੁਹੇਲਾ ਧੰਨ ਹੈ, ਸਤਿਗੁਰ ਬਣੇ ਜਾਣੀ ਜਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸ਼ਾਹੋ ਭੂਪ ਸੁਲਤਾਨ । ਹਰਿ ਭਗਤ ਸੁਹੇਲਾ ਧੰਨ ਹੈ, ਮਿਲੇ ਮੀਤ ਮੁਰਾਰਾ । ਹਰਿ ਸੰਤ ਸੁਹੇਲਾ ਧੰਨ ਹੈ, ਗ੍ਰਿਹਿ ਦੀਪਕ ਜੋਤ ਹੋਏ ਉਜਿਆਰਾ । ਗੁਰਮੁਖ ਸੁਹੇਲਾ ਧੰਨ ਹੈ, ਜਿਸ ਦੀ ਪਾਵਣਹਾਰਾ ਸਾਰਾ । ਗੁਰਸਿਖ ਸੁਹੇਲਾ ਧੰਨ ਹੈ, ਜਿਸ ਦਾ ਲਹਿਣਾ ਦੇਣਾ ਦੇਵੇ ਕਰਜ਼ ਉਤਾਰਾ । ਹਰਿਜਨ ਸੁਹੇਲਾ ਧੰਨ ਹੈ, ਜਿਨ੍ਹਾਂ ਮਿਲਿਆ ਸ਼ਾਹੋ ਭੂਪ ਸਿਕਦਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚੌਬੀਸਾ ਹਰਿ ਜਗਦੀਸਾ ਬੀਸ ਇਕੀਸਾ ਇਕ ਅਵਤਾਰਾ ।



### ੧੯ ਮਾਘ ਸ਼ਹਿਨਸ਼ਾਹੀ ਸੰਮਤ ੧੧ ਬਲਦੇਵ ਸਿੰਘ ਕ੍ਰਿਸ਼ਨਾ ਰਾਣੀ ਦੇ ਨਵਿਤ ਪਿੰਡ ਭੀਮਪੁਰ ਜ਼ਿਲਾ ਗੁਰਦਾਸਪੁਰ

ਸਤਿਗੁਰ ਪੂਰਾ ਸੇਵੀਏ, ਆਦਿ ਪੁਰਖ ਕਰਤਾਰ । ਦਾਤਾ ਅਲਖ ਅਭੇਵੀਏ, ਜੋਤੀ ਜਾਤਾ ਹਰਿ ਨਿਰੰਕਾਰ । ਵਡ ਵੱਡਾ ਦੇਵੀ ਦੇਵੀਏ, ਸ਼ਾਹੋ ਭੂਪ ਸਚੀ ਸਰਕਾਰ । ਜੋ ਨਿਰਗੁਣ ਧਾਰ ਸਦਾ ਨਿਹਕੇਵੀਏ, ਵਸੇ ਨਿਹਚਲ ਧਾਮ ਨਿਆਰ । ਜਿਸ ਦੇ ਗੁਣ ਗਾਈਏ ਰਸਨਾ ਜੇਹਵੀਏ, ਮੁਖ ਸਿਫ਼ਤੀ ਸਿਫ਼ਤ ਸਲਾਹਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪ੍ਰੀਤੀ ਇਕ ਅਧਾਰ । ਸਤਿਗੁਰ ਸਚਾ ਮੰਨੀਏ, ਪਰਮ ਪੁਰਖ ਅਗੰਮ । ਵਡ ਦਾਤਾ ਸੂਰਾ ਧੰਨ ਧੰਨੀਏ, ਜੋ ਹਰਿਜਨ ਬਣਾਏ ਕਰਮ । ਸ਼ਬਦ ਸੁਣਾਏ ਬਿਨਾ ਕੰਨੀਏ,

੧੩੩੯ ੨੪

ਭਾਗ ਲਗਾਏ ਕਾਇਆ ਮਾਟੀ ਚਰਮ । ਕਰੇ ਪਰਕਾਸ਼ ਜੋਤੀ ਚੰਨੀਏ, ਨੇਤਰ ਖੋਲ੍ਹੇ ਹਰਨ ਫਰਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਾਹਿਬ ਇਕ ਗੁਸੰਨੀਏ । ਸਤਿਗੁਰ ਪੂਰਾ ਭੇਟੀਏ, ਸ਼ਾਹੋ ਭੂਪ ਸੁਲਤਾਨ । ਜੋ ਆਦਿ ਜੁਗਾਦੀ ਖੇਵਟ ਖੇਟੀਏ, ਮਾਲਕ ਖ਼ਾਲਕ ਦੋ ਜਹਾਨ । ਜੋ ਹਰਿਜਨ ਬਣਾਏ ਬੇਟੀ ਬੇਟੀਏ, ਦੇਵਣਹਾਰਾ ਸਾਚਾ ਮਾਨ । ਜਿਸ ਦਾ ਹੁਕਮ ਚਲੇ ਜੁਗ ਕੇਤੀਏ, ਕਰਤਾ ਪੁਰਖ ਨੌਜੁਆਨ । ਜਨ ਭਗਤਾਂ ਕਰੇ ਹੇਤੀਏ, ਦੇਵਣਹਾਰਾ ਸਾਚਾ ਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਸ੍ਰੀ ਭਗਵਾਨ । ਸਤਿਗੁਰ ਪੂਰਾ ਗਾਈਏ, ਗੁਣਵੰਤਾ ਗੁਣ ਮੀਤ । ਘਰ ਸੁਆਮੀ ਧੁਰ ਦਾ ਪਾਈਏ, ਸਦ ਵਸੇ ਅੰਤਰ ਚੀਤ । ਨਿਜ ਨੇਤਰ ਦਰਸ ਜਣਾਈਏ, ਜੋ ਅੰਤਰ ਬਦਲਣਹਾਰਾ ਨੀਤ । ਚਰਨ ਕਵਲ ਬਿਗਸਾਈਏ, ਬਖ਼ਸ਼ੇ ਹਕ ਪ੍ਰੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਏ । ਸਤਿਗੁਰ ਸਾਚਾ ਪੂਜੀਏ, ਇਕੋ ਪੂਜਣ ਯੋਗ । ਭਰਮ ਚੁਕਾਏ ਏਕਾ ਦੂਜੀਏ, ਦੇਵੇ ਦਰਸ ਅਮੋਘ । ਘਰ ਸੁਆਮੀ ਸਾਚਾ ਸੂਝੀਏ, ਜੋ ਝਗੜਾ ਮੇਟੇ ਹਰਖ਼ ਸੋਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾਤਾ ਮਧਸੂਦਨ ਸੁਧੀਏ, ਮੇਟਣਹਾਰਾ ਹਰਖ਼ ਸੋਗ । ਸਤਿਗੁਰ ਸਚਾ ਜਾਣੀਏ, ਦੀਨਾ ਬੰਧਪ ਦੀਨ ਦਿਆਲ । ਘਰ ਇਕੋ ਇਕ ਵਖਾਣੀਏ, ਸਚਖੰਡ ਸਚੀ ਧਰਮਸਾਲ । ਜਿਥੇ ਦੀਪਕ ਜੋਤ ਜਗੇ ਮਹਾਨੀਏ, ਬਿਨ ਤੇਲ ਬਾਤੀ ਕਰੇ ਖੇਲ ਕਮਾਲ । ਸ਼ਬਦ ਸੁਣਾਏ ਅਗੰਮੀ ਬਾਣੀਏ, ਜਿਸ ਦਾ ਸਮਝੇ ਨਾ ਕੋਈ ਸੁਰ ਤਾਲ । ਅੰਮ੍ਰਿਤ ਬਖ਼ਸ਼ੇ ਠੰਢਾ ਪਾਣੀਏ, ਸਚ ਸਰੋਵਰ ਸੁਹਾਏ ਤਾਲ । ਗੁਰਮੁਖਾਂ ਬਖ਼ਸ਼ੇ ਚਰਨ ਧਿਆਨੀਏ, ਲੇਖੇ ਲਾਏ ਆਪਣੇ ਹਰਿਜਨ ਸਾਚੇ ਲਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਗੁਰਸਿਖ ਗੋਦ ਉਠਾਏ ਆਪਣੇ ਬਾਲ ।

### ੧੯ ਮਾਘ ਸ਼ਹਿਨਸ਼ਾਹੀ ਸੰਮਤ ੧੧ ਅਜੀਤ ਸਿੰਘ ਦੇ ਗ੍ਰਹਿ ਪਿੰਡ ਕਤੋਵਾਲ ਜ਼ਿਲਾ ਗੁਰਦਾਸਪੁਰ

ਸਤਿਗੁਰ ਸ਼ਬਦ ਕਹੇ ਮੇਰਾ ਮਾਲਕ ਅਗੰਮ ਅਥਾਹੋ, ਪਾਰਬ੍ਰਹਮ ਪਤਿਪਰਮੇਸ਼ਵਰ ਸਾਂਝਾ ਯਾਰ ਇਕ ਅਖਵਾਈਆ । ਜੋ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਵਸੇ ਸਚਖੰਡ ਅਗੰਮੇ ਥਾਉਂ, ਥਾਨ ਥਨੰਤਰ ਇਕੋ ਸੋਭਾ ਪਾਈਆ । ਜਿਸ ਦਾ ਨਾਮ ਨਿਧਾਨਾ ਨੌਜਵਾਨਾ ਫੜ ਫੜ ਹੰਸ ਬਣਾਏ ਕਾਉਂ, ਕਾਗ ਹੰਸ ਆਪਣੇ ਰੰਗ ਰੰਗਾਈਆ । ਭਗਤਨ ਮੀਤਾ ਠਾਂਢਾ ਸੀਤਾ ਹਰਿਜਨ ਬਣੇ ਪਿਤਾ ਮਾਉਂ, ਸੁਤ ਦੁਲਾਰੇ ਆਪਣੀ ਗੋਦ ਉਠਾਈਆ । ਏਥੇ ਓਥੇ ਦੋ ਜਹਾਨਾਂ ਨਿਥਾਵਿਆਂ ਦੇਵੇ ਆਪਣਾ ਸਚਾ ਥਾਉਂ, ਚਰਨ ਪ੍ਰੀਤੀ ਸਾਚੀ ਰੀਤੀ ਆਪ ਜਣਾਈਆ । ਅੰਤਰ ਨਿਰੰਤਰ ਰਸਨਾ ਜਿਹਵਾ ਸਿਫ਼ਤ ਸਲਾਹ ਕਰਾਏ ਵਾਹੋ ਵਾਹੋ, ਵਾਹਵਾ ਤੇਰੀ ਵਜਦੀ ਰਹੇ ਵਧਾਈਆ । ਪੁਰਖ ਅਕਾਲਾ ਦੀਨ ਦਿਆਲਾ ਹਰਿਜਨ ਪਕੜਨਹਾਰਾ ਬਾਹੋਂ, ਫੜ ਫੜ ਆਪਣੇ ਰੰਗ ਰੰਗਾਈਆ । ਜਿਸ ਦਾ ਲਹਿਣਾ ਦੇਣਾ ਬਲ ਅਸਗਾਹੋ, ਮਹੀਅਲ ਖੋਜੇ ਚਾਈਂ ਚਾਈਂਆ । ਤਿਸ ਸੁਆਮੀ ਅੰਤਰਜਾਮੀ ਘਟ ਨਿਵਾਸੀ

ਚਰਨ ਧੂੜੀ ਮਸਤਕ ਲਾਓ, ਖ਼ਾਕੀ ਖ਼ਾਕ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੇਰਾ ਮਾਲਕ ਸੁਆਮੀ ਹਰਿ ਗੰਭੀਰਾ, ਜਗ ਨੇਤਰ ਲੋਚਨ ਨੈਣ ਨਜ਼ਰ ਕਿਸੇ ਨਾ ਆਈਆ । ਜਿਸ ਦੀ ਤਤਵ ਤਤ ਵੇਖ ਸਕੇ ਨਾ ਕੋਇ ਤਸਵੀਰਾ, ਤਸੱਵਰ ਕਰ ਨਾ ਕੋਇ ਜਣਾਈਆ । ਜੋ ਆਦਿ ਜੁਗਾਦੀ ਬੇਨਜ਼ੀਰਾ, ਨਰ ਨਰਾਇਣ ਨੂਰ ਅਲਾਹੀਆ । ਜਿਸ ਭੇਵ ਖੁਲ੍ਹਾਇਆ ਭਗਤ ਕਬੀਰਾ, ਪਰਦਾ ਕ਼ਬਰਾਂ ਬਾਹਰ ਉਠਾਈਆ । ਜਿਸ ਲੇਖੇ ਲਾਇਆ ਰਵੀਦਾਸ ਕਸੀਰਾ, ਚਮਿਆਰੇ ਦਿਤੀ ਵਡਿਆਈਆ । ਸੋ ਕਟਣਹਾਰਾ ਸ਼ਰਅ ਜ਼ੰਜੀਰਾ, ਤਨ ਵਜੂਦ ਰਹਿਣ ਕੋਇ ਨਾ ਪਾਈਆ । ਜੋ ਲੇਖਾ ਮੁਕਾਏ ਗ਼ਰੀਬ ਅਮੀਰਾ, ਦੀਨਾਂ ਮਜ਼੍ਹਬਾਂ ਲਹਿਣਾ ਦਏ ਚੁਕਾਈਆ । ਉਸ ਦਾ ਨਾਮ ਖੰਡਾ ਸ਼ਮਸ਼ੀਰਾ, ਦੋ ਜਹਾਨਾਂ ਭੈ ਵਖਾਈਆ । ਉਸ ਦੀ ਅਗੰਮ ਅਥਾਹ ਤਦਬੀਰਾ, ਤਰੀਕਾ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੇਰਾ ਪੁਰਖ ਅਕਾਲਾ ਦੀਨ ਦਿਆਲਾ ਸਰਬ ਗੁਣਵੰਤ, ਗੁਣਕਾਰੀ ਇਕ ਅਖਵਾਈਆ । ਜਿਸ ਨੇ ਆਦਿ ਆਦਿ ਬਣਾਈ ਆਪਣੀ ਬਣਤ, ਅੰਤ ਅੰਤ ਆਪਣੇ ਵਿਚ ਸਮਾਈਆ । ਜਿਸ ਦੀ ਮਹਿੰਮਾ ਸਦਾ ਅਗਣਤ, ਲੇਖਾ ਲੇਖ ਨਾ ਕੋਇ ਦ੍ਰਿੜਾਈਆ । ਜਿਸ ਦਾ ਇਕੋ ਨਾਮ ਨਿਧਾਨਾ ਮੰਤ, ਤੂੰ ਮੇਰਾ ਮੈਂ ਤੇਰਾ ਢੋਲਾ ਦਏ ਸਮਝਾਈਆ । ਬੋਧ ਅਗਾਧਾ ਬਣੇ ਪੰਡਤ, ਬੁੱਧੀ ਤੋਂ ਬਾਹਰ ਦਏ ਪੜ੍ਹਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਜਿਸ ਨੂੰ ਖੋਜਦੇ ਕੋਟਨ ਕੋਟੀ ਸੰਤ, ਸਤਿ ਸਤਿਵਾਦੀ ਹੋ ਕੇ ਧਿਆਨ ਲਗਾਈਆ । ਉਹ ਲੇਖਾ ਜਾਨਣਹਾਰਾ ਜੀਵ ਜੰਤ, ਜਾਗਰਤ ਜੋਤ ਬਿਨ ਵਰਨ ਗੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਆਂ । ਸਤਿਗੁਰ ਸ਼ਬਦ ਕਹੇ ਮੇਰਾ ਮਾਲਕ ਪਰਵਰਦਿਗਾਰਾ, ਬੇਐਬ ਨੂਰ ਅਲਾਹੀਆ । ਜਿਸ ਨੂੰ ਸਭ ਨੇ ਮੰਨਿਆ ਸਾਂਝਾ ਯਾਰਾ, ਯਾਮਬੀਨ ਕਹਿ ਕੇ ਸੀਸ ਨਿਵਾਈਆ । ਓਹ ਨੂਰ ਨੁਰਾਨਾ ਹੋਏ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਜਿਸ ਦਾ ਇਕੋ ਕਲਮਾ ਹੋਵੇ ਜ਼ਾਹਿਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਉਸ ਦਾ ਲੇਖਾ ਅੰਤਮ ਦੀਨ ਦੁਨੀ ਦਾ ਝਗੜਾ ਦਿਸੇ ਵਿਚ ਕਾਹਿਰਾ, ਕਹਿਰ ਵਰਤੇ ਖ਼ਲਕ ਖ਼ੁਦਾਈਆ । ਜਿਸ ਦਾ ਇੱਕੀ ਸੌ ਕੋਸ ਦਾ ਹੋਣਾ ਦਾਇਰਾ, ਦੋਹਰੀ ਆਪਣੀ ਵੰਡ ਵੰਡਾਈਆ । ਹਜ਼ਰਤ ਈਸਾ ਮੂਸਾ ਮੁਹੰਮਦ ਮਿਲ ਕੇ ਕਰਨਾ ਮੁਸ਼ਾਇਰਾ, ਬਿਨ ਰਸਨਾ ਜਿਹਵਾ ਢੋਲੇ ਗਾਈਆ । ਉਮਤ ਨਬੀ ਰਸੂਲਾਂ ਰਹੇ ਕੋਈ ਨਾ ਬਾਹਿਰਾ, ਬਹਿਰਹਾਲ ਦਏ ਜਣਾਈਆ । ਸਤਿਗੁਰ ਸ਼ਬਦ ਕਹੇ ਮੇਰੇ ਹੁਕਮ ਦਾ ਲੱਗਣ ਵਾਲਾ ਪਹਿਰਾ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੇਰਾ ਲੇਖਾ ਨਾਲ ਗੋਬਿੰਦ ਗੋਬਿੰਦ ਗੋਬਿੰਦ, ਗੁਰ ਗੋਬਿੰਦ ਗਿਆ ਦ੍ਰਿੜਾਈਆ । ਜਿਸ ਦਾ ਮਾਲਕ ਇਕ ਬਖ਼ਸ਼ਿੰਦ, ਰਹਿਮਤ ਰਹੀਮ ਰਹਿਮਾਨ ਕਮਾਈਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਲੱਖ ਚੁਰਾਸੀ ਬਿੰਦ, ਬਿੰਦਰਾਬਨ ਦਾ ਕਾਹਨ ਗਿਆ ਸਮਝਾਈਆ । ਜਿਸ ਦਾ ਅੰਮ੍ਰਿਤ ਰਸ ਸਾਗਰ ਸਿੰਧ, ਗਹਿਰ ਗੰਭੀਰ ਗਵਰ ਆਪ ਪਰਗਟਾਈਆ । ਜਿਹਨੂੰ ਸੀਸ ਨਿਵਾਏ ਕਰੋੜ ਤੇਤੀਸਾ ਸੁਰਪਤ ਇੰਦ, ਇੰਦ ਇੰਦਰਾਸਨ ਰਿਹਾ ਤਜਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੀ ਧਾਰ ਵਿਚੋਂ ਧਾਰ ਲੇਖਾ

ਜਾਣੇ ਜੀਓ ਪਿੰਡ, ਬ੍ਰਹਿਮੰਡ ਖੰਡ ਆਪਣੀ ਕਾਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਨਿਹਕਰਮਾ, ਕਰਮ ਕਾਂਡ ਨਾ ਕੋਇ ਰਖਾਈਆ । ਜਨਣੀ ਕੁੱਖ ਕਦੇ ਨਾ ਜਰਮਾ, ਜਨਮ ਮਰਨ ਵਿਚ ਕਦੇ ਨਾ ਆਈਆ । ਜੁਗ ਜੁਗ ਲੱਖ ਚੁਰਾਸੀ ਮੇਟਣਹਾਰਾ ਭਰਮਾ, ਭਾਂਡਾ ਭਰਮ ਭੌ ਭੰਨਾਈਆ । ਝਗੜਾ ਚੁਕਾਵਣਹਾਰਾ ਵਰਨਾ ਬਰਨਾਂ, ਚਾਰੇ ਖਾਣੀ ਫੋਲ ਫੁਲਾਈਆ । ਇਕ ਸਮਝਾਵਣ ਵਾਲਾ ਪ੍ਰਭੂ ਪ੍ਰਭ ਦੀ ਸਰਨਾ, ਸਰਨਗਤ ਇਕ ਦ੍ਰਿੜਾਈਆ । ਧੂੜੀ ਲਾਵਣਹਾਰਾ ਖ਼ਾਕ ਅਗੰਮੇ ਚਰਨਾ, ਬਿਨ ਮਿੱਟੀ ਖ਼ਾਕ ਖ਼ਾਕ ਰਮਾਈਆ । ਜਿਸ ਪੁਰਖ ਅਕਾਲੇ ਦੀਨ ਦਿਆਲੇ ਕਲਜੁਗ ਅੰਤਮ ਆਪਣਾ ਖੇਲ ਕਰਨਾ, ਕਰਨੀ ਦਾ ਕਰਤਾ ਆਪਣਾ ਹੁਕਮ ਵਰਤਾਈਆ । ਅੰਤ ਅਖ਼ੀਰ ਓਸੇ ਦਾ ਪੱਲਾ ਫੜਨਾ, ਪਲੂ ਆਪਣੀ ਗੰਢ ਪੁਆਈਆ । ਜਿਸ ਦੀ ਮੰਜ਼ਲ ਹਕੀਕੀ ਸਚਖੰਡ ਦੁਆਰੇ ਚੜ੍ਹਨਾ, ਅਧਵਿਚਕਾਰ ਨਾ ਕੋਇ ਅਟਕਾਈਆ । ਸਤਿਗੁਰ ਸ਼ਬਦ ਕਹੇ ਜਿਸ ਦੇ ਹੁਕਮ ਨਾਲ ਬਿਨ ਖੰਡੇ ਖੜਗ ਤਲਵਾਰਾਂ ਮੈਨੂੰ ਪਏ ਲੜਨਾ, ਦੋ ਜਹਾਨਾਂ ਧੁਰ ਦਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਗੁਰ ਸ਼ਬਦ ਕਹੇ ਸਭ ਦਾ ਮਾਲਕ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਇਕ ਅਖਵਾਈਆ । ਜੋ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼ੀ, ਸ਼ਾਹ ਪਾਤਸ਼ਾਹ ਨੂਰ ਅਲਾਹੀਆ । ਜੋ ਵੇਖਣਹਾਰਾ ਲੱਖ ਚੁਰਾਸੀ, ਚਾਰੇ ਕੁੰਟਾਂ ਫੋਲ ਫੁਲਾਈਆ । ਜਿਨ ਧਰਨੀ
੧੩੪੧ ਧਰਤ ਧਵਲ ਦੀ ਲਾਹੁਣੀ ਉਦਾਸੀ, ਚਿੰਤਾ ਗ਼ਮੀ ਵਿਚੋਂ ਬਾਹਰ ਕਢਾਈਆ । ਕਲਜੁਗ ਕੂੜ ਕੁੜਿਆਰ ਕੋਲੋਂ ਕਰਾਉਣੀ ਖ਼ੁਲਾਸੀ, ਬੰਦੀ ਛੋੜ ੧੩੪੧
੨੪ ਆਪ ਹੋ ਜਾਈਆ । ਸਾਚੇ ਮੰਡਲ ਪਾਉਣੀ ਰਾਸੀ, ਰਸਤਾ ਦੀਨ ਦੁਨੀ ਇਕ ਸਮਝਾਈਆ । ਹਰ ਹਿਰਦੇ ਬਣਨਾ ਵਿਸ਼ਵਾਸ਼ੀ, ਵਿਸ਼ਿਆਂ ਤੋਂ ਬਾਹਰ ੨੪
ਆਪਣਾ ਹੁਕਮ ਵਰਤਾਈਆ । ਲਹਿਣਾ ਦੇਣਾ ਲੇਖਾ ਪੂਰਾ ਕਰਨਾ ਸ਼ੰਕਰ ਨਾਲ ਕੈਲਾਸ਼ੀ, ਕਲਾਧਾਰੀ ਆਪਣੀ ਕਲ ਵਰਤਾਈਆ । ਜਨ ਭਗਤਾਂ ਲੇਖੇ ਲਾਉਣਾ ਸਵਾਸ ਪਵਣ ਸਵਾਸੀ, ਸਾਹ ਸਾਹ ਆਪਣਾ ਨਾਮ ਜਪਾਈਆ । ਇਕੋ ਨੂਰ ਜੋਤ ਜੋਤ ਹੋਵੇ ਪਰਕਾਸ਼ੀ, ਪਰਕਾਸ਼ ਕਰੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸ਼ਾਹੋ ਸ਼ਾਬਾਸ਼ੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਏਕੰਕਾਰਾ ਇਕ ਇਕੱਲਾ ਪਰਵਰਦਿਗਾਰਾ ਸਾਂਝਾ ਯਾਰਾ ਨੂਰ ਨੁਰਾਨਾ ਨੂਰ ਅਲਾਹੀਆ ।

### ✪ ੧੯ ਮਾਘ ਸ਼ਹਿਨਸ਼ਾਹੀ ਸੰਮਤ ੧੧ ਜਵੰਦ ਸਿੰਘ ਦੇ ਗ੍ਰਿਹ ਨਵਾਂ ਪਿੰਡ ਜ਼ਿਲਾ ਗੁਰਦਾਸਪੁਰ ✪

ਸਤਿਗੁਰ ਪੂਰਾ ਪਿਆਰਾ ਹੋਵੇ ਲਡ ਦਾ, ਪ੍ਰੀਤੀ ਚਰਨ ਕਵਲ ਜਣਾਈਆ । ਵਸੇਰਾ ਦਸੇ ਆਪਣੇ ਗ੍ਰਿਹ ਅਡ ਦਾ, ਘਰ ਘਰ ਵਿਚ ਭੇਵ ਚੁਕਾਈਆ । ਲੇਖਾ ਜਣਾਏ ਨਾੜੀ ਮਾਸ ਹਡ ਦਾ, ਤਨ ਵਜੂਦ ਫੋਲ ਫੁਲਾਈਆ । ਸਚ ਨਾਮ ਨਿਸ਼ਾਨਾ ਗਡਦਾ, ਧੁਨ ਨਾਦ ਕਰ ਸ਼ਨਵਾਈਆ । ਭਗਤ ਸੁਹੇਲੇ ਕਦੇ ਨਾ ਛਡਦਾ, ਫੜ ਬਾਹੋਂ ਮੇਲ ਮਿਲਾਈਆ । ਰਸ ਛੁਡਾ ਕੇ ਮੱਛੀ ਡੱਡ ਦਾ, ਅੰਮ੍ਰਿਤ ਰਸ ਦਏ ਚਖਾਈਆ । ਕੂੜੀ ਕਿਰਿਆ

ਸਦਾ ਵਢਦਾ, ਤਨ ਵਜੂਦ ਰਹਿਣ ਨਾ ਪਾਈਆ । ਲੇਖਾ ਮੁਕਾ ਅੰਧੇਰੀ ਖੱਡ ਦਾ, ਦੀਆ ਬਾਤੀ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਸਤਿਗੁਰ ਪੂਰਾ ਨਾ ਕਦੇ ਵਿਛੋੜ ਦਾ, ਵਿਛੜ ਕਦੇ ਨਾ ਜਾਈਆ । ਧੁਰ ਸੰਜੋਗੀ ਮੇਲ ਜੋੜਦਾ, ਜੋੜੀ ਆਤਮ ਪਰਮਾਤਮ ਇਕ ਸਮਝਾਈਆ । ਖ਼ਜ਼ਾਨਾ ਪੂਰਾ ਕਰੇ ਥੋੜ ਦਾ, ਨਾਮ ਅਤੁਟ ਵਰਤਾਈਆ । ਭਗਤਾਂ ਲੇਖਾ ਵੇਖੇ ਲੋੜ ਦਾ, ਵਸਤ ਅਮੁਲ ਝੋਲੀ ਦਏ ਭਰਾਈਆ । ਕੂੜੀ ਕਿਰਿਆ ਸ਼ੌਹ ਦਰਿਆਏ ਰੋੜ੍ਹਦਾ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਜੁਗ ਜੁਗ ਨਿਰਗੁਣ ਸਰਗੁਣ ਹੋ ਕੇ ਆਪੇ ਬਹੁੜਦਾ, ਹਰਿਜਨ ਵੇਖੇ ਥਾਉਂ ਥਾਈਂਆ । ਰਸ ਗਵਾਏ ਫਿਕਾ ਕੌੜ ਦਾ, ਅੰਮ੍ਰਿਤ ਰਸ ਆਪ ਚੁਆਈਆ । ਨਹਾਵਣ ਮੁਕਾਏ ਤੀਰਥ ਤਟ ਜੌਹੜ ਦਾ, ਚਰਨ ਧੂੜ ਇਸ਼ਨਾਨ ਕਰਾਈਆ । ਜੋ ਰੂਪ ਧਰੇ ਬ੍ਰਹਮਣ ਗੌੜ ਦਾ, ਪਾਰਬ੍ਰਹਮ ਪਤਿਪਰਮੇਸ਼ਵਰ ਅਗੰਮ ਅਥਾਹੀਆ । ਅਗੇ ਮਾਰਗ ਰਹਿਣ ਨਾ ਦੇਵੇ ਸੌੜ ਦਾ, ਭੀੜੀ ਗਲੀ ਪਾਰ ਕਰਾਈਆ । ਡੰਡਾ ਦਸ ਇਕੋ ਅਗੰਮੇ ਪੌੜ ਦਾ, ਦੋ ਜਹਾਨਾਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸਤਿਗੁਰ ਪੂਰਾ ਸਚਾ ਸਚ ਖ਼ੁਦਾਵੰਦ, ਕ਼ੁਦਰਤ ਕ਼ਾਦਰ ਇਕ ਅਖਵਾਈਆ । ਜਿਸ ਦੇ ਹੁਕਮ ਵਿਚ ਸਾਰੇ ਪਾਬੰਦ, ਸਿਰ ਸਕੇ ਨਾ ਕੋਇ ਉਠਾਈਆ । ਆਤਮ ਪਰਮਾਤਮ ਦੱਸਣਹਾਰਾ ਛੰਦ, ਸੋਹੰ ਢੋਲਾ ਦਏ ਸਮਝਾਈਆ । ਨਿਜ ਘਰ ਆਪਣਾ ਦੇਵੇ ਅਗੰਮ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ ।
੧੩੪੨ ਦੂਈ ਦੁਵੈਤੀ ਢਾ ਕੇ ਕੰਧ, ਹੰ ਬ੍ਰਹਮ ਦਏ ਸਮਝਾਈਆ । ਬਿਨਾ ਸੂਰੀਆ ਚੰਦ ਚਾੜ੍ਹ ਕੇ ਚੰਦ, ਜੋਤੀ ਜਾਤਾ ਕਰੇ ਰੁਸ਼ਨਾਈਆ । ਦੀਨ ਦਿਆਲ ੧੩੪੨
੨੪ ਬਣ ਬਖ਼ਸ਼ੰਦ, ਭਗਤ ਸੁਹੇਲੇ ਆਪਣੀ ਗੋਦ ਟਿਕਾਈਆ । ਭਾਗ ਹੋਣ ਨਾ ਦੇਵੇ ਮੰਦ, ਮੰਦ ਭਾਗਾਂ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ੨੪
ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਚ ਸਤਿ ਦਾ ਕਰੇ ਪਾਬੰਦ, ਵਿਛੋੜੇ ਵਿਚ ਵਿਛੜ ਕੋਇ ਨਾ ਜਾਈਆ ।

## ✪ ੧੯ ਮਾਘ ਸ਼ਹਿਨਸ਼ਾਹੀ ਸੰਮਤ ੧੧ ਭਗਵਿੰਦਰ ਸਿੰਘ ਦੇ ਗ੍ਰਿਹ ਪਿੰਡ ਰਣਜੀਤ ਬਾਗ਼ ਜ਼ਿਲਾ ਗੁਰਦਾਸਪੁਰ ✪

ਸਤਿਗੁਰ ਵਿਸਰੇ ਨਾ ਕਦੇ ਸਵਾਸ, ਸਾਹ ਸਾਹ ਜਨ ਭਗਤਾਂ ਅੰਦਰ ਸਮਾਈਆ । ਕਾਇਆ ਮੰਦਰ ਵਸੇ ਸਦਾ ਪਾਸ, ਸਾਢੇ ਤਿੰਨ ਹੱਥ ਅੰਤਰ ਨਿਰੰਤਰ ਆਪਣਾ ਡੇਰਾ ਲਾਈਆ । ਦੀਆ ਬਾਤੀ ਕਮਲਾਪਾਤੀ ਕਰੇ ਪ੍ਰਕਾਸ਼, ਅੰਧ ਅੰਧੇਰਾ ਅੰਦਰੋਂ ਦਏ ਕਢਾਈਆ । ਸ਼ਬਦ ਅਨਾਦੀ ਧੁਨ ਦਏ ਧਰਵਾਸ, ਧਰਮ ਦੀ ਧਾਰ ਆਪ ਸਮਝਾਈਆ । ਨਿਝਰ ਝਿਰਨਾ ਬੂੰਦ ਸਵਾਂਤੀ ਜਾਮ ਪਿਆਏ ਬਿਨਾ ਗਿਲਾਸ, ਨਾਭੀ ਕਵਲ ਕਵਲ ਉਲਟਾਈਆ । ਮਾਨਸ ਜਨਮ ਸਤਿ ਸਤਿਵਾਦੀ ਹੋ ਕੇ ਕਰੇ ਰਾਸ, ਰਸਤਾ ਬਾਵਸਤਾ ਹੋ ਕੇ ਆਪਣਾ ਇਕ ਸਮਝਾਈਆ । ਜਗਤ ਵਿਸ਼ਿਆਂ ਤੋਂ ਬਾਹਰ ਦਏ ਵਿਸ਼ਵਾਸ਼, ਵਿਸ਼ਵ ਦਾ ਮਾਲਕ ਹੋ ਕੇ ਵੇਖ ਵਖਾਈਆ । ਸਚ ਦੁਆਰ ਏਕੰਕਾਰ ਪਾਵੇ ਰਾਸ, ਸੁਰਤੀ ਸ਼ਬਦ ਗੋਪੀ ਕਾਹਨ ਨਾਚ ਨਚਾਈਆ । ਝਗੜਾ ਮੇਟ ਕੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰਾਂ ਲੇਖਾ ਦਏ ਮੁਕਾਈਆ । ਅੰਤ ਅਖ਼ੀਰ ਬੇਨਜ਼ੀਰ ਲਾਸ਼ਰੀਕ ਦੇਵਣਹਾਰ ਧਰਵਾਸ, ਧਰਮ ਦੀ

ਧਾਰ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਨਾ ਕਦੇ ਵਿਛੋੜਦਾ, ਵਿਛੜਿਆਂ ਮੇਲ ਮਿਲਾਈਆ । ਆਤਮ ਪਰਮਾਤਮ ਨਾਤਾ ਜੋੜਦਾ, ਜੁਗਤੀ ਆਪਣੇ ਹੱਥ ਰਖਾਈਆ । ਪੰਚ ਵਿਕਾਰਾ ਅੰਦਰੋਂ ਹੋੜਦਾ, ਹੋੜਾ ਸੱਸੇ ਵਾਲਾ ਦਏ ਗਵਾਹੀਆ । ਮਨੂਆ ਦਹਿ ਦਿਸ਼ਾ ਤੋਂ ਆਪੇ ਮੋੜਦਾ, ਚਾਰ ਕੁੰਟ ਨਾ ਉਠ ਉਠ ਧਾਈਆ । ਸ਼ਾਹ ਅਸਵਾਰ ਬਣਾਏ ਹਰਿਜਨ ਆਪਣੇ ਘੋੜ ਦਾ, ਦੋ ਜਹਾਨਾਂ ਆਪ ਦੌੜਾਈਆ । ਲੇਖਾ ਵੇਖੇ ਜਨਮ ਕਰਮ ਦੀ ਲੋੜ ਦਾ, ਲੁੜੀਂਦਾ ਸਾਜਣ ਹੋਏ ਸਹਾਈਆ । ਨਾਮ ਸਿਮਰਨ ਦਾ ਲੇਖਾ ਪੂਰਾ ਕਰੇ ਥੋੜ ਦਾ, ਅਨਮੁਲੀ ਦਾਤ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਾਚਾ ਨਾਮ ਨਾ ਵਿਸਰੇ ਤਨ ਵਜੂਦ, ਮਾਟੀ ਖ਼ਾਕ ਮਿਲੇ ਵਡਿਆਈਆ । ਦੀਨ ਦਿਆਲਾ ਮਿਲੇ ਅਗੰਮ ਮਹਿਬੂਬ, ਮੁਹੱਬਤ ਵਾਲਾ ਨੂਰ ਅਲਾਹੀਆ । ਜਿਸ ਦੀ ਮੰਜ਼ਲ ਹਕ ਮਕਸੂਦ, ਜਗਤ ਜਹਾਨ ਦਾ ਪੰਧ ਮੁਕਾਈਆ । ਕਲਜੁਗ ਕੂੜੀ ਕਿਰਿਆ ਅੰਦਰੋਂ ਕਰੇ ਨੇਸਤੋ ਨਾਬੂਦ, ਜੜ੍ਹ ਚੇਤਨ ਆਪਣੇ ਰੰਗ ਰੰਗਾਈਆ । ਲੇਖਾ ਜਾਣੇ ਕਾਇਆ ਮਾਟੀ ਪੰਜ ਤਤ ਭੂਤ, ਤਤਵ ਤਤ ਧਿਆਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਾਚਾ ਨਾਮ ਨਾ ਵਿਸਰੇ ਜਗ, ਜਗ ਜੀਵਣ ਦਾਤਾ ਦਏ ਵਡਿਆਈਆ । ਜਿਸ ਦਾ ਲਹਿਣਾ ਦੇਣਾ ਉਪਰ ਸ਼ਾਹਰਗ, ਨਵ ਦੁਆਰ ਦਾ ਪੰਧ ਮੁਕਾਈਆ ।
੧੩੪੩ ਮਿਹਰ ਕਰੇ ਆ ਸੂਰਾ ਸਰਬਗ, ਹਰਿ ਕਰਤਾ ਧੁਰਦਰਗਾਹੀਆ । ਫੜ ਫੜ ਹੰਸ ਬਣਾਏ ਕਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਤ੍ਰੈਗੁਣ ੧੩੪੩
੨੪ ਮਾਇਆ ਸਾੜ ਸਕੇ ਨਾ ਅੱਗ, ਅਗਨੀ ਤਤ ਨਾ ਕੋਇ ਤਪਾਈਆ । ਦੀਨ ਦੁਨੀ ਦੀ ਧਾਰ ਵਿਚੋਂ ਕਰੇ ਅਲਗ, ਆਤਮ ਪਰਮਾਤਮ ਆਪਣਾ ਖੇਲ ੨੪
ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਸਵਾਸ ਸਵਾਸ ਜਪੋ ਹਰਿਨਾਮ, ਹਰਿ ਹਿਰਦੇ ਧਿਆਨ ਰਖਾਈਆ । ਜਿਸ ਦਾ ਸਭ ਤੋਂ ਵਖਰਾ ਜਾਮ, ਜਗਤ ਨਸ਼ਿਆਂ ਦੀ ਲੋੜ ਰਹੇ ਨਾ ਰਾਈਆ । ਅੰਧ ਅੰਧੇਰਾ ਮੇਟੇ ਸ਼ਾਮ, ਸ਼ਮਅ ਨੂਰ ਜੋਤ ਕਰੇ ਰੁਸ਼ਨਾਈਆ । ਦਰਸ਼ਨ ਦੇਵੇ ਆਪ ਸ੍ਰੀ ਭਗਵਾਨ, ਹਰਿ ਕਰਤਾ ਧੁਰਦਰਗਾਹੀਆ । ਜੋ ਵੇਖਣਹਾਰਾ ਦੀਨ ਦੁਨੀ ਤਮਾਮ, ਖੋਜਣਹਾਰਾ ਥਾਉਂ ਥਾਈਂਆ । ਜਿਸ ਨੂੰ ਸਜਦੇ ਕਰਦੇ ਸਲਾਮ, ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਮ ਜਪਣਾ ਰਸਨਾ ਜੇਹਵਾ ਬੱਤੀ ਦੰਦ, ਮੁਖ ਹੋਠ ਸਿਫ਼ਤ ਸਲਾਹੀਆ । ਦੀਨ ਦਿਆਲ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਆਪ ਕਮਾਈਆ । ਅੰਤਰ ਨਿਰੰਤਰ ਦੇਵੇ ਅਗੰਮ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦ, ਸੰਸੇ ਸਾਰੇ ਦਏ ਚੁਕਾਈਆ । ਖ਼ੁਸ਼ੀ ਕਰਕੇ ਬੰਦ ਬੰਦ, ਬੰਦਗੀ ਧੁਰ ਦੇ ਲੇਖੇ ਪਾਈਆ । ਕਰੇ ਪ੍ਰਕਾਸ਼ ਬਿਨਾ ਸੂਰੀਆ ਚੰਦ, ਜੋਤੀ ਜਾਤਾ ਡਗਮਗਾਈਆ । ਆਵਣ ਜਾਵਣ ਮੇਟੇ ਪੰਧ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਂਆ । ਸਾਚਾ ਨਾਮ ਜਪੋ ਹਰਿ ਏਕਾ, ਏਕਾ ਏਕ ਦੇਵੇ ਵਡਿਆਈਆ । ਜਿਸ ਦੀ ਸਭ ਨੇ ਰਖੀ ਟੇਕਾ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਸੋ ਦੀਨ ਦਿਆਲਾ ਪੁਰਖ ਅਕਾਲਾ

ਕਰੇ ਬੁਧਿ ਬਿਬੇਕਾ, ਪਤਤ ਪੁਨੀਤ ਆਪ ਕਰਾਈਆ । ਹਰਿਜਨ ਸੰਤ ਸੁਹੇਲੇ ਭੇਵ ਚੁਕਾਏ ਏਕੰਕਾਰ ਏਕਾ, ਇਕ ਇਕ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਮੇਰਾ ਨਾਮ ਅਗੰਮੜਾ, ਆਦਿ ਜੁਗਾਦੀ ਅਗੰਮ । ਜਿਸ ਦੀ ਕ਼ੀਮਤ ਨਾ ਕੋਈ ਪੈਸਾ ਦਮੜਾ, ਨਾ ਕੋਈ ਲੇਖ ਚੁਕਾਏ ਮਾਨਸ ਜ਼ਾਤੀ ਵਿਚ ਜਰਮ । ਦੀਨ ਦਿਆਲ ਹੋਵਾਂ ਬਖ਼ਸ਼ੰਦੜਾ, ਜੁਗ ਜੁਗ ਜਨ ਭਗਤਾਂ ਮੇਟਾਂ ਭਰਮ । ਨਿਰਗੁਣ ਹੋ ਕੇ ਰੰਗ ਰਗੰਦੜਾ, ਸਰਗੁਣ ਸਚ ਦੱਸਾਂ ਧਰਮ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ, ਜੋਤੀ ਜਾਤਾ ਪੁਰਖ ਬਿਧਾਤਾ ਏਕੰਕਾਰਾ ਪਰਵਰਦਿਗਾਰਾ ਬਖ਼ਸ਼ਣਹਾਰਾ ਸਾਚੀ ਸਰਨ ।

### ੧੯ ਮਾਘ ਸ਼ਹਿਨਸ਼ਾਹੀ ਸੰਮਤ ੧੧ ਸਰੂਪ ਸਿੰਘ ਦੇ ਗ੍ਰਿਹ ਸੁਖੇ ਸ਼ਾਹ ਫ਼ਕੀਰ ਦੇ ਨਾਲ ਸ਼ਹਿਰ ਗੁਰਦਾਸਪੁਰ

ਹੂਤਲ ਹੂ ਮੁਕ਼ਾਮੇ ਯਕ ਯਦੀਉਮ ਜ਼ਵੀ ਅਰਸ਼ੇ ਨਜ਼ੀ ਜ਼ੁਵਵਲੇ ਮੁਜ਼ਾ ਨੁਰਾਨੇ ਨੁਰਾ ਵਾਹਿਦੇ ਖ਼ੁਦਾ ਯਕ ਜ਼ਮੀ ਹਵਜ਼ੂ ਸ਼ਵਸੇ ਜ਼ਵਾ ਜ਼ਕੁੰਮਾਬਾਏ ਵਜ਼ੂ ਜ਼ਨੁਸਤੋ ਜ਼ਨੁਸਤੀ ਜ਼ਮੀ ਜ਼ਵੀ ਜ਼ਖ਼ਤੂ ਯਮਸੀ ਜ਼ਵਾ ਜ਼ਵਾਏ ਖ਼ੁਦਾ ਮੁਹੰਮਦੇ ਰਜ਼ੂ ਗੋਸ਼ੇ ਜ਼ਵਿਦ ਸ਼ਾਹੇ ਨਵਿਦ । ਜੋਤੀ ਜੋਤ ਸਰੂਪ ਹਰਿ, ਆਪ
੧੩੪੪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਚਸ਼ਮੇ ਨੁਰਾਨਾ ਨਖੁਸਤੋਂ ਜ਼ਵੀ ਜ਼ਮਮ ਦੁਵਾਉ ਜ਼ਨ ਜ਼ਮ ਚਾਏ ੧੩੪੪
੨੪ ਜ਼ਵੂ ਨਸਤੇ ਮੁਵਾਏ ਦਸਤੇ ਦੁਵਾਏ ਫ਼ਰਸ਼ੇ ਅਦਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ੨੪
ਮਾਲਕ ਬੇਪਰਵਾਹੀਆ । ਬੈਤੁਲ ਧਾਮ ਹੂਤਲ ਹੂ, ਹਕ ਹਕ ਜਣਾਈਆ । ਜਿਥੇ ਲੇਖਾ ਨਹੀਂ ਬੁਤ ਰੂਹ, ਬੁਤ ਤੋਂ ਬਾਹਰ ਆਪਣਾ ਹੁਕਮ ਜਣਾਈਆ । ਜਿਥੇ ਇਕੋ ਆਵਾਜ਼ ਅਜ਼ਾਂ ਤੂੰ ਹੀ ਤੂੰ, ਦੂਜਾ ਨਜ਼ਰ ਕੋਇ ਨਾ ਆਈਆ । ਓਹ ਮਾਲਕ ਖ਼ਾਲਕ ਅੱਲਾ ਹੂ ਅੱਨਾ ਹੂ, ਦੋ ਜਹਾਨਾਂ ਬਾਹਰ ਆਪਣਾ ਭੇਵ ਚੁਕਾਈਆ । ਜਿਥੇ ਨਾ ਕੋਈ ਹੱਦ ਨਾ ਕੋਈ ਹਦੂਦ ਨਾ ਕੋਈ ਜੰਗਲ ਨਾ ਕੋਈ ਜੂਹ, ਮਹਿਬਾਨ ਬੀਦੋ ਬੀਖੈਰ ਯਾ ਅਲਾਹ, ਇਕੋ ਨੂਰ ਨੂਰ ਅਲਾਹੀਆ । ਜ਼ਫ਼ਤੀ ਅੱਲਾ ਮੁਫ਼ਤੇ ਜੂ ਦਸਤੇ ਦੂ ਹਸ਼ਰੇ ਨਵਿਸ਼ ਪੇਸ਼ੀਨ ਪੇਸ਼ਾਨੀ ਰੂਪੋਸ਼ ਨਜ਼ਰੇ ਨਜ਼ਾ ਨੇਰਨ ਨੇਰਾ ਨਜ਼ਰ ਕਿਸੇ ਨਾ ਆਈਆ । ਹੂਤਲ ਹੂ ਹਕ ਹਕ਼ੀਕ਼ਤ ਜਿਥੇ ਨਾ ਕੋਈ ਸ਼ਿਕਵਾ ਨਾ ਕੋਈ ਸ਼ਕ, ਸ਼ਕੂਕ ਰਹਿਣ ਕੋਇ ਨਾ ਪਾਈਆ । ਬਿਨ ਨੇਤਰ ਲੋਚਨ ਨੈਣ ਜਿਸ ਵੇਖਿਆ ਉਸ ਕਿਹਾ ਐਨੁਲਹਕ, ਹਕ਼ੀਕ਼ਤ ਦਾ ਮਾਲਕ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ ।

ਕਹਿਣ ਸੁਣਨ ਦੀਆਂ ਦੋਵੇਂ ਬਾਤਾਂ, ਬਾਤਨ ਭੇਵ ਖੁਲ੍ਹਾਈਆ । ਅੱਜ ਖ਼ੁਸ਼ੀਆਂ ਵਾਲੀਆਂ ਪ੍ਰੇਮ ਦੀਆਂ ਰਾਤਾਂ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਜਿਸ ਵਿਚ ਭਗਤਾਂ ਮਿਲਣੀਆਂ ਅਗੰਮੀ ਦਾਤਾਂ, ਦਾਤਾ ਹੋ ਕੇ ਆਪ ਵਰਤਾਈਆ । ਸਨਮੁਖ ਬੈਠਿਆਂ ਦੇ ਅੰਦਰ ਵੜ ਕੇ ਮਾਰਨੀਆਂ ਝਾਤਾਂ, ਪਰਦਾ

੧੩੪੫
੨੪

ਪਰਦਿਆਂ ਵਿਚੋਂ ਉਠਾਈਆ । ਬਜਰ ਕਪਾਟ ਖੋਲ੍ਹ ਕੇ ਤਾਕਾ, ਓਹਲਾ ਓਹਲੇ ਵਿਚੋਂ ਚੁਕਾਈਆ । ਸਤਿਗੁਰ ਸ਼ਬਦ ਮਾਰ ਕੇ ਹਾਕਾਂ, ਹੋਕਾ ਹਕ ਹਕ ਸੁਣਾਈਆ । ਉਠ ਸੁਤਿਆ ਆਤਮਾ ਮੇਰਿਆ ਨਿਕਿਆ ਜਿਹਾ ਕਾਕਾ, ਓ ਕੁਕੂ ਬੱਚੂ ਤੈਨੂੰ ਲਵਾਂ ਜਗਾਈਆ । ਜੇ ਤੈਨੂੰ ਜਨਣੀ ਨਹੀਂ ਚੁਕਿਆ ਸਤਿਗੁਰ ਚੁਕ ਲਏ ਆਪਣੀ ਢਾਕਾ, ਫੜ ਬਾਹੋਂ ਗੋਦ ਉਠਾਈਆ । ਤੇਰਾ ਮੇਰਾ ਆਦਿ ਅੰਤ ਦਾ ਸਾਕਾ, ਰਿਸ਼ਤਾ ਫ਼ਰਿਸ਼ਤਿਆਂ ਬਾਹਰ ਸਮਝਾਈਆ । ਕੁਛ ਮੇਰੇ ਕੋਲੋਂ ਲਹਿਣਾ ਦੇਣਾ ਲੈ ਲੈ ਬਾਕ਼ਾ, ਬਾਕ਼ਾਇਦਾ ਝੋਲੀ ਦੇਵਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਗੱਲ ਵਿਚੋਂ ਗੱਲ ਜਾਏ ਲਭ, ਲਬਾਂ ਵਿਚੋਂ ਨਿਕਲੀ ਆਪਣਾ ਰੰਗ ਬਦਲਾਈਆ । ਸ਼ਬਦ ਸ਼ਬਦ ਦਾ ਮੇਲਾ ਹੁੰਦਾ ਨਾਲ ਸਬਬ, ਵਕ਼ਤ ਸੁਹੰਜਣਾ ਦਏ ਗਵਾਹੀਆ । ਜਿਸ ਨੂੰ ਆਸ਼ਕ ਮਾਸ਼ੂਕ ਰਹੇ ਦੋਵੇਂ ਲਭ, ਬਿਨ ਨੈਣਾਂ ਨੈਣ ਉਠਾਈਆ । ਨਾਲੇ ਕਹਿਣ ਪਤਾ ਨਹੀਂ ਕੇਹੜਾ ਨੂਰ ਅਲਾਹੀ ਰੱਬ, ਯਾਮਬੀਨ ਕਹਿ ਕੇ ਜਿਸ ਨੂੰ ਸੀਸ ਨਿਵਾਈਆ । ਓਹ ਬੇਪਰਵਾਹ ਅਗੰਮ ਅਥਾਹ ਪਰਵਰਦਿਗਾਰ ਸਾਂਝਾ ਯਾਰ ਕੇਹੜੇ ਵੇਲੇ ਆਪਣਾ ਨੂਰ ਪਰਗਟ ਕਰੇ ਝਬ, ਕਾਇਆ ਮੰਦਰ ਅੰਦਰ ਪਰਦਾ ਆਪ ਉਠਾਈਆ । ਪੀਆ ਪ੍ਰੀਤਮ ਹੋ ਕੇ ਜਗਤ ਜਹਾਨ ਤੋਂ ਬਾਹਰ ਆਪਣੀ ਦੱਸੇ ਹੱਦ, ਹਦੂਦ ਆਪਣੀ ਇਕੋ ਇਕ ਵਖਾਈਆ । ਜਿਥੇ ਤੂੰ ਮੇਰਾ ਮੈਂ ਤੇਰਾ ਬਿਨਾ ਸਾਜ਼ਾਂ ਵਜੇ ਨਦ, ਅਨਹਦ ਨਾਦੀ ਨਾਦ ਦ੍ਰਿੜਾਈਆ । ਦੀਪਕ ਬਿਨ ਤੇਲ ਬਾਤੀ ਰਿਹਾ ਜਗ, ਜੋਤੀ ਜਾਤਾ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਗੱਲ ਕਹੇ ਮੇਰਾ ਗੱਲ ਵਿਚੋਂ ਨਿਕਲੇ ਰੂਪ, ਸੋਹਣੀ ਬਣਤ ਬਣਾਈਆ । ਮੈਂ ਵੇਖਾਂ ਇਕੋ ਸਤਿ ਸਰੂਪ, ਜੋਤੀ ਜਾਤਾ ਧੁਰਦਰਗਾਹੀਆ । ਜੋ ਸਭ ਦਾ ਸ਼ਹਿਨਸ਼ਾਹ ਭੂਪ, ਪਾਤਸ਼ਾਹ ਨੂਰ ਅਲਾਹੀਆ । ਜਿਸ ਦਾ ਸਤਿਗੁਰ ਸ਼ਬਦ ਦੁਲਾਰਾ ਦੂਤ, ਦੋ ਜਹਾਨ ਕਰੇ ਸ਼ਨਵਾਈਆ । ਓਹ ਪੁਰਖ ਅਕਾਲਾ ਦੀਨ ਦਿਆਲਾ ਜਦੋਂ ਲੱਭੇ ਲੱਭੇ ਭਗਤਾਂ ਵਾਲੀ ਕੂਟ, ਕਾਇਆ ਕੁਟੀਆ ਅੰਦਰੋਂ ਆਪਣਾ ਪਰਦਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਗੱਲ ਕਹੇ ਮੈਂ ਨਾ ਵੱਡੀ ਨਾ ਛੋਟੀ, ਮੇਰਾ ਆਕਾਰ ਨਜ਼ਰ ਕਿਸੇ ਨਾ ਆਈਆ । ਮੇਰਾ ਭੇਵ ਪਾ ਸਕੇ ਨਾ ਕੋਟਨ ਕੋਟੀ, ਅਣਗਿਣਤ ਢੋਲੇ ਗਏ ਗਾਈਆ । ਮੈਂ ਸਭ ਤੋਂ ਨੇੜੇ ਸਭ ਤੋਂ ਦੂਰ ਚੜ੍ਹ ਕੇ ਬੈਠੀ ਅਗੰਮੀ ਚੋਟੀ, ਜਿਥੇ ਬਿਨ ਸਤਿਗੁਰ ਤੋਂ ਵੇਖਣ ਕੋਇ ਨਾ ਪਾਈਆ । ਬੇਸ਼ਕ ਮੈਂ ਬੈਖਰੀ ਬਾਣੀ ਵਿਚ ਬੋਲੀ ਜਾਂਦੀ ਨਾਲ ਹੋਠੀਂ, ਪਰ ਮੇਰੀ ਧਾਰ ਸਭ ਤੋਂ ਬਾਹਰ ਨਜ਼ਰੀ ਆਈਆ । ਮੈਂ ਕਦੇ ਨਾ ਹੋਈ ਖੋਟੀ, ਖੋਟਿਆਂ ਖਰੇ ਦਿਆਂ ਬਣਾਈਆ । ਮੇਰਾ ਨਾਤਾ ਨਾਲ ਉਸ ਪਰਮ ਪੁਰਖ ਦੀ ਜੋਤੀ, ਜੋ ਜੋਤੀ ਜਾਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਹੋਏ ਸਹਾਈਆ ।

ਸਤਿਗੁਰ ਸਚਾ ਪਰੀ ਪੂਰਨ, ਪੂਰਨ ਸਤਿਗੁਰ ਇਕ ਅਖਵਾਈਆ । ਜੋ ਸਭ ਦੇ ਵਸੇ ਨੇੜੇ ਦੂਰਨ, ਨਿਜ ਘਰ ਬੈਠਾ ਆਸਣ ਲਾਈਆ । ਜਿਸ ਨੂੰ ਕਹਿੰਦੇ ਹਾਜ਼ਰ ਹਜ਼ੂਰਨ, ਹਜ਼ੂਰ ਇਕੋ ਧੁਰਦਰਗਾਹੀਆ । ਜੋ ਦਾਤਾ ਜੋਧਾ ਸੂਰਬੀਰ ਸੂਰਨ, ਸ਼ਕਤੀਸ਼ਾਲੀ ਬੇਪਰਵਾਹੀਆ । ਜੋ ਦੇਵੇ

ਨਾਦ ਸ਼ਬਦ ਅਗੰਮੀ ਤੂਰਨ, ਤੁਰੀਆ ਦਾ ਭੇਵ ਚੁਕਾਈਆ । ਜਨ ਭਗਤਾਂ ਬਖ਼ਸ਼ ਕੇ ਚਰਨ ਧੂੜਨ, ਟਿੱਕੇ ਮਸਤਕ ਖ਼ਾਕ ਰਮਾਈਆ । ਚਤੁਰ ਸੁਘੜ ਬਣਾ ਕੇ ਮੂਰਖ ਮੂੜ੍ਹਨ, ਆਪ ਆਪਣੇ ਰੰਗ ਰੰਗਾਈਆ । ਲੱਖ ਚੁਰਾਸੀ ਕੱਟਕੇ ਜੂੜਨ, ਫਾਂਸੀ ਧਰਮ ਰਾਏ ਨਾ ਕੋਇ ਰਖਾਈਆ । ਕਾਇਆ ਚੋਲੀ ਚਾੜ੍ਹ ਕੇ ਰੰਗ ਗੂੜ੍ਹਨ, ਆਪ ਆਪਣੇ ਵਿਚ ਮਿਲਾਈਆ । ਨਾਤਾ ਤੋੜ ਕੇ ਕੂੜ ਕੂੜਨ, ਕੂੜੀ ਕਿਰਿਆ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ ।

ਵਾਹਵਾ ਕਹੇ ਮੈਂ ਆਦਿ ਜੁਗਾਦੀ ਵਾਹ, ਵਾਹਵਾ ਕਹਿ ਕੇ ਸਾਰੇ ਪ੍ਰਭੂ ਦਾ ਗੁਣ ਗਾਈਆ । ਮੇਰਾ ਮਾਲਕ ਬੇਪਰਵਾਹ, ਜੋ ਬੇਪਰਵਾਹੀ ਵਿਚ ਸਮਾਈਆ । ਆਦਿ ਜੁਗਾਦੀ ਬਣੇ ਮਲਾਹ, ਜੁਗ ਜੁਗ ਖੇਵਟ ਖੇਟਾ ਹੋ ਕੇ ਬੇੜਾ ਆਪਣੇ ਕੰਧ ਉਠਾਈਆ । ਜਦੋਂ ਚਾਹੇ ਆਪਣਾ ਬਦਲ ਦੇਵੇ ਨਾਂ, ਨਾਉਂ ਨਿਰੰਕਾਰਾ ਆਪ ਹੋ ਜਾਈਆ । ਆਪੇ ਪਿਤਾ ਆਪੇ ਮਾਂ, ਆਪੇ ਬਣੇ ਜਣੇਂਦੀ ਮਾਈਆ । ਗ਼ਰੀਬ ਨਿਮਾਣਿਆਂ ਨਿਥਾਵਿਆਂ ਦੇਵਣਹਾਰਾ ਥਾਂ, ਥਾਨ ਥਨੰਤਰ ਇਕ ਸੁਹਾਈਆ । ਜਨ ਭਗਤ ਸੁਹੇਲੇ ਫੜ ਕੇ ਬਾਂਹ, ਇਕੱਠੇ ਕੀਤੇ ਚਾਈਂ ਚਾਈਂਆ । ਜਿਨ੍ਹਾਂ ਦੇ ਅੰਤਰ ਨਿਰੰਤਰ ਬੁੱਧੀ ਰਹਿਣ ਨਾ ਦੇਵੇ ਕਾਂ, ਹੰਸ ਰੂਪ ਲਏ ਬਦਲਾਈਆ । ਸਦਾ ਸੁਹੇਲਾ ਹੋ ਕੇ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਈਆ । ਭਾਗ ਲਗਾਏ
੧੩੪੯ ਸਾਢੇ ਤਿੰਨ ਹੱਥ ਖੇੜੇ ਗਰਾਂ, ਕਾਇਆ ਮਾਟੀ ਫੋਲ ਫੁਲਾਈਆ । ਹਰਿਜਨ ਜਿਸ ਨੂੰ ਕਹਿੰਦੇ ਵਾਹ ਵਾਹ, ਵਾਹਿਗੁਰੂ ਤੇਰੀ ਬੇਪਰਵਾਹੀਆ । ਓਹ ੧੩੪੯
੨੪ ਪੁਰਖ ਅਕਾਲਾ ਦੀਨ ਦਿਆਲਾ ਜੁਗ ਜੁਗ ਜਨ ਭਗਤਾਂ ਕੋਲ ਜਾਵੇ ਆ, ਧੁਰ ਦਾ ਬਣ ਕੇ ਪਾਂਧੀ ਰਾਹੀਆ । ਭੇਵ ਅਭੇਦਾ ਦਏ ਖੁਲ੍ਹਾ, ਪਰਦਾ ੨੪
ਉਹਲਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਵਾਹ ਕਹੇ ਜੋ ਵਾਹਵਾ ਕਹਿਣ, ਕਹਿ ਕਹਿ ਖ਼ੁਸ਼ੀ ਬਣਾਈਆ । ਉਨ੍ਹਾਂ ਦਾ ਨਾਤਾ ਜੁੜਿਆ ਨਾਲ ਨਰੈਣ, ਨਰ ਹਰਿ ਵੇਖੇ ਚਾਈਂ ਚਾਈਂਆ । ਬਿਨ ਜਗਤ ਨੇਤਰਾਂ ਤੋਂ ਦਰਸ਼ਨ ਪਾਣ ਅਗੰਮੇ ਨੈਣ, ਜਗਤ ਲੋਚਨ ਦੀ ਲੋੜ ਰਹੇ ਨਾ ਰਾਈਆ । ਘਰ ਸੁਆਮੀ ਠਾਕਰ ਮਿਲ ਜਾਏ ਸਾਕ ਸੈਣ, ਸੱਜਣ ਇਕੋ ਸੋਭਾ ਪਾਈਆ । ਜਿਸ ਦੇ ਪਿਆਰ ਵਿਚ ਭਗਤਾਂ ਨੂੰ ਭੁਲ ਜਾਣ ਭਾਈ ਭੈਣ, ਮਾਤ ਪਿਤ ਨਜ਼ਰ ਕੋਇ ਨਾ ਪਾਈਆ । ਸ੍ਰਿਸ਼ਟੀ ਸਾਰੀ ਦਿਸੇ ਤ੍ਰਫ਼ੈਣ, ਬਿਨਾ ਪੁਰਖ ਅਕਾਲ ਤੋਂ ਸੰਗੀ ਸੰਗ ਨਾ ਕੋਇ ਨਿਭਾਈਆ । ਵਾਹਵਾ ਕੀਤਿਆਂ ਬਿਨਾ ਓਹਨਾਂ ਨੂੰ ਨਾ ਆਵੇ ਚੈਨ, ਵਾਹਵਾ ਕਹਿ ਕੇ ਪ੍ਰਭੂ ਦੇ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਇਕ ਸੁਹਾਈਆ ।

ਸਤਿਗੁਰ ਸ਼ਬਦ ਕਹੇ ਬਖ਼ਸ਼ ਦੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਨੂਰ ਨੁਰਾਨਿਆ ਨੂਰੀ ਚਾੜ੍ਹ ਦੇ ਚੰਦ, ਜੋਤੀ ਜਾਤੇ ਕਰ ਰੁਸ਼ਨਾਈਆ । ਬਿਨਾ ਰਸਨਾ ਜੇਹਵਾ ਤੋਂ ਤੂੰ ਮੇਰਾ ਮੈਂ ਤੇਰਾ ਸ਼ਬਦੀ ਧਾਰ ਗਾਈਏ ਛੰਦ, ਢੋਲਾ ਸੋਹਲਾ ਇਕ ਦ੍ਰਿੜਾਈਆ । ਖ਼ੁਸ਼ੀ ਹੋਵੇ ਬੰਦ ਬੰਦ, ਬੰਦਗੀ ਤੇਰੀ ਵਿਚ ਸਮਾਈਆ । ਦੂਈ ਦੁਵੈਤੀ ਅੰਦਰ ਰਹੇ ਨਾ ਕੰਧ, ਭਾਂਡਾ ਭਰਮ ਭੌ ਭੰਨਾਈਆ । ਮਾਨਸ ਜਨਮ ਭਾਗ ਹੋਣ ਨਾ ਦੇਵੀਂ ਮੰਦ, ਮੰਦ ਭਾਗੀ ਲੈਣਾ ਤਰਾਈਆ । ਤੇਰੇ ਦੁਆਰਿਉਂ ਇਕੋ ਮੰਗਾਂ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਤਨ ਵਜੂਦ ਕਾਇਆ ਮਾਟੀ ਰੰਗ, ਰੰਗਤ

ਇਕੋ ਇਕ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਸਾਚਾ ਅਨੰਦ ਬਖ਼ਸ਼ ਦੇ ਪੁਰਖ ਅਕਾਲੇ, ਪਰਮ ਪੁਰਖ ਤੇਰੀ ਸਰਨਾਈਆ । ਦੀਨਾ ਬੰਧਪ ਦੀਨ ਦਿਆਲੇ, ਦਇਆ ਨਿਧ ਤੇਰੀ ਵਡਿਆਈਆ । ਫਲ ਲਾ ਕੇ ਕਾਇਆ ਪੰਜ ਤਤ ਦੇ ਡਾਲੇ, ਪੱਤ ਟਹਿਣੀ ਦੇ ਮਹਿਕਾਈਆ । ਦੀਆ ਬਾਤੀ ਜੋਤ ਜਗਾ ਨਿਰਾਲੇ, ਬਿਨ ਤੇਲ ਬਾਤੀ ਕਰ ਰੁਸ਼ਨਾਈਆ । ਤੇਰੀ ਮੰਜ਼ਲ ਰਾਹ ਮਿਲੇ ਸੁਖਾਲੇ, ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਅਲਖ ਜਗਾਈਆ । ਸਚਾ ਅਨੰਦ ਸਤਿਗੁਰ ਸੇਵਾ, ਸੇਵਾ ਸਚ ਸਚ ਵਡਿਆਈਆ । ਮਿਹਰਵਾਨ ਹੋਵੇ ਵਡ ਦੇਵੀ ਦੇਵਾ, ਦੇਵ ਆਤਮਾ ਵੇਖ ਵਖਾਈਆ । ਕਿਰਪਾ ਕਰੇ ਜੋ ਵਸੇ ਧਾਮ ਨਿਹਕੇਵਾ, ਅਟਲ ਮਹਲ ਸੋਭਾ ਪਾਈਆ । ਸਚ ਪਿਆਰ ਦਾ ਅੰਤਰ ਲਾਵੇ ਥੇਵਾ, ਕੌਸਤਕ ਮਨੀਆ ਰੂਪ ਬਦਲਾਈਆ । ਪਵਿਤ੍ਰ ਕਰੇ ਰਸਨਾ ਜੇਹਵਾ, ਸਵਾਸ ਸਵਾਸ ਵਿਚ ਸਮਾਈਆ । ਨਾਮ ਪਦਾਰਥ ਦੇ ਕੇ ਅਗੰਮਾ ਮੇਵਾ, ਮਿਲਣੀ ਹਰਿ ਜਗਦੀਸ਼ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਅਨੰਦ ਦੇਵੇ ਪ੍ਰਭੂ ਤਨ ਮਾਟੀ ਸਾਚੇ ਮੰਦਰ, ਤਤਵ ਤਤ ਤਤ ਦ੍ਰਿੜਾਈਆ । ਪ੍ਰਕਾਸ਼ ਕਰਕੇ ਡੂੰਘੀ ਕੰਦਰ, ਅੰਧ ਅੰਧੇਰ ਦਏ ਚੁਕਾਈਆ । ਤ੍ਰੈ ਧਾਤੂ ਤੋੜ ਕੇ ਜੰਦਰ, ਰਜੋ ਤਮੋ ਸਤੋ ਦਾ ਲੇਖਾ ਦਏ ਚੁਕਾਈਆ । ਮਨੂਆ ਦਹਿ ਦਿਸ਼ਾ ਨਾ ਧਾਏ ਬੰਦਰ, ਸ਼ਬਦ ਡੋਰੀ ਨਾਲ ਬੰਧਾਈਆ । ਪ੍ਰਕਾਸ਼ ਦੇ ਕੇ ਬਿਨਾ ਸੂਰੀਆ ਚੰਦਰ, ਨੂਰ ਨੁਰਾਨਾ ਕਰੇ ਰੁਸ਼ਨਾਈਆ । ਨਿਜ ਘਰ ਵਾਸੀ ਵਸੇ ਸਦਾ ਸੰਗਣ, ਸਗਲਾ ਸੰਗ ਬਣਾਈਆ । ਜਗਤ ਵਿਕਾਰ ਤੋੜ ਕੇ ਫੰਦਨ, ਡੋਰੀ ਸ਼ਬਦ ਤੰਦ ਬੰਧਾਈਆ । ਜਿਨ੍ਹਾਂ ਨੂੰ ਲਾਏ ਆਪਣੇ ਅੰਗਣ, ਅੰਗੀਕਾਰ ਆਪ ਹੋ ਜਾਈਆ । ਤਿਨ੍ਹਾਂ ਨੂੰ ਦੇਵੇ ਸਚ ਅਨੰਦਨ, ਅਨੰਦਪੁਰ ਵਾਸੀ ਹੋਏ ਆਪ ਸਹਾਈਆ । ਜੋ ਆਦਿ ਜੁਗਾਦੀ ਟੁੱਟੀ ਆਵੇ ਗੰਢਣ, ਵਿਛੜਿਆਂ ਮੇਲ ਮਿਲਾਈਆ । ਉਸ ਨੂੰ ਇਕੋ ਡੰਡਾਵਤ ਇਕੋ ਬੰਦਨ, ਇਕੋ ਸਯਦਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ ।

ਨਾ ਕੋਈ ਏਕਾ ਨਾ ਕੋਈ ਦੋ, ਦੂਆ ਏਕੇ ਵਿਚ ਸਮਾਈਆ । ਏਕਾ ਦੂਆ ਇਕੋ ਗਏ ਹੋ, ਬਿਨ ਏਕੇ ਦੂਏ ਤੋਂ ਆਪੇ ਹੋਕਾ ਦੇਵੇ ਥਾਉਂ ਥਾਈਂਆ । ਜੋਤੀ ਧਾਰ ਬਣ ਨਿਰਮੋਹ, ਨੂਰ ਨੁਰਾਨਾ ਨੂਰ ਕਰੇ ਰੁਸ਼ਨਾਈਆ । ਜਿਸ ਨੂੰ ਕਹਿੰਦੇ ਨਿਰੰਜਣ ਪੁਰਖ ਸੋ, ਸੋ ਸਾਹਿਬ ਬੇਪਰਵਾਹੀਆ । ਹਰਿ ਪੁਰਖ ਨਿਰੰਜਣ ਆਪਣੀ ਕਰਕੇ ਲੋਅ, ਬਿਨ ਲੋਇਣਾਂ ਕਰੇ ਰੁਸ਼ਨਾਈਆ । ਨਿਰੰਕਾਰ ਨਿਰੰਕਾਰ ਭੇਵ ਮਿਟਾ ਕੇ ਦੋਆ ਦੋ, ਦੁਤੀਆ ਲੇਖਾ ਦਏ ਚੁਕਾਈਆ । ਆਦਿ ਨਿਰੰਜਣ ਆਪੇ ਕਰਕੇ ਆਪਣੀ ਲੋ, ਬਿਨ ਏਕੇ ਦੂਏ ਵੇਖੇ ਥਾਉਂ ਥਾਈਂਆ । ਅਬਿਨਾਸ਼ੀ ਕਰਤਾ ਜਿਸ ਦਾ ਭੇਵ ਨਾ ਜਾਣੇ ਕੋ, ਬੇਅੰਤ ਕਹਿ ਕੇ ਸਾਰੇ ਗਾਈਆ । ਸ੍ਰੀ ਭਗਵਾਨ ਆਪਣਾ ਆਪ ਆਪੇ ਲਏ ਜੋਹ, ਦੂਸਰ ਸੰਗ ਨਾ ਕੋਇ ਰਖਾਈਆ । ਪਾਰਬ੍ਰਹਮ ਏਕੇ ਦੂਏ ਨਾਲੋਂ ਹੋ ਨਿਰਮੋਹ, ਮੁਹੱਬਤ ਮੁਹੱਬਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਆ ।


੧੩੪੭
੨੪

ਇਕ ਤੋਂ ਹੋਵੇ ਦੋ, ਦੋ ਇਕ ਰੂਪ ਸਮਾਈਆ । ਇਕ ਦੂਜੇ ਤੋਂ ਕਰਨ ਖੋਹ ਖੋਹ, ਇਹ ਖੇਲ ਬੇਪਰਵਾਹੀਆ । ਜਿਸ ਵੇਲੇ ਇਕ ਦੂਜੇ ਨਾਲ ਜਾਣ ਛੋਹ, ਮਿਲ ਮਿਲ ਕੇ ਇਕ ਦੂਜੇ ਵਿਚ ਸਮਾਈਆ । ਆਪ ਆਪੇ ਆਪਣਾ ਆਪ ਹੋ, ਆਪ ਆਪਣਾ ਲੈਣਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਆਪਣੇ ਹੱਥ ਰਖਾਈਆ । ਸਤਿਗੁਰ ਸਚਾ ਸ੍ਰੀ ਭਗਵਾਨ, ਹਰਿ ਕਰਤਾ ਇਕ ਅਖਵਾਈਆ । ਸਤਿਗੁਰ ਸਚਾ ਨੌਜਵਾਨ, ਬਾਲ ਬਿਰਧ ਨਾ ਰੂਪ ਬਦਲਾਈਆ । ਸਤਿਗੁਰ ਸਚਾ ਮਿਹਰਵਾਨ, ਮਹਿਬੂਬ ਨੂਰ ਅਲਾਹੀਆ । ਸਤਿਗੁਰ ਸਚਾ ਦੇਵੇ ਦਾਨ, ਵਸਤ ਨਾਮ ਨਿਧਾਨ ਵਰਤਾਈਆ । ਸਤਿਗੁਰ ਸਚਾ ਵਖਾਏ ਧਰਮ ਨਿਸ਼ਾਨ, ਨਿਸ਼ਾਨਾ ਦੀਨ ਦੁਨੀ ਬਦਲਾਈਆ । ਸਤਿਗੁਰ ਸਚਾ ਦੇਵੇ ਅਗੰਮ ਗਿਆਨ, ਬਿਨ ਅੱਖਰਾਂ ਕਰ ਪੜ੍ਹਾਈਆ । ਸਤਿਗੁਰ ਸਚਾ ਭਾਗ ਲਗਾਏ ਸਾਢੇ ਤਿੰਨ ਹੱਥ ਗਰਾਮ, ਮਹਲ ਅਟਲ ਇਕ ਸੁਹਾਈਆ । ਸਤਿਗੁਰ ਸਚਾ ਦੀਪਕ ਜੋਤ ਜਗਾਏ ਮਹਾਨ, ਬਿਨ ਤੇਲ ਬਾਤੀ ਕਰ ਰੁਸ਼ਨਾਈਆ । ਸਤਿਗੁਰ ਸਚਾ ਸ਼ਬਦ ਨਾਦ ਸੁਣਾਏ ਧੁਨਕਾਨ, ਅਨਹਦ ਨਾਦੀ ਰਾਗ ਦ੍ਰਿੜਾਈਆ । ਸਤਿਗੁਰ ਸਚਾ ਅੰਮ੍ਰਿਤ ਰਸ ਦੇਵੇ ਪੀਣ ਖਾਣ, ਨਿਝਰ ਝਿਰਨਾ ਬੂੰਦ ਸਵਾਂਤੀ ਆਪ ਟਪਕਾਈਆ । ਸਤਿਗੁਰ ਸਚਾ ਘਰ ਸੁਆਮੀ ਮਿਲੇ ਆਣ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਸਤਿਗੁਰ ਸਚਾ ਚਰਨ ਪ੍ਰੀਤੀ ਬਖ਼ਸ਼ੇ ਧਿਆਨ, ਧੂੜੀ ਖ਼ਾਕ ਖ਼ਾਕ ਰਮਾਈਆ । ਸਤਿਗੁਰ ਸਚਾ ਜਿਸ ਦਾ ਆਦਿ ਜੁਗਾਦੀ ਇਕ ਵਿਧਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ
੧੩੪੮ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਆ । ਸਤਿਗੁਰ ਸਚਾ ਸ੍ਰੀ ਭਗਵੰਤ, ਹਰਿ ਕਰਤਾ ਇਕ ਅਖਵਾਈਆ । ਜੋ ਆਦਿ ਜੁਗਾਦੀ ੧੩੪੮
੨੪ ਕੰਤ, ਕੰਤੂਹਲ ਧੁਰਦਰਗਾਹੀਆ । ਜਿਸ ਦਾ ਨਾਮ ਨਿਧਾਨਾ ਮੰਤ, ਮੰਤਵ ਦੋ ਜਹਾਨ ਹਲ ਕਰਾਈਆ । ਜਿਸ ਦਾ ਮੇਲ ਮਿਲਾਵਾ ਨਾਲ ਸਾਚੇ ੨੪
ਸੰਤ, ਸਾਜਣ ਹੋ ਕੇ ਵੇਖ ਵਖਾਈਆ । ਆਪਣੀ ਮਹਿੰਮਾ ਦੱਸੇ ਅਗਣਤ, ਗਿਣਤੀ ਗਣਤ ਨਾ ਕੋਇ ਸਮਝਾਈਆ । ਧਰਮ ਧਾਰ ਦੀ ਬਣਾਏ ਬਣਤ, ਘਾੜਤ ਆਪਣੀ ਘਾੜਨ ਲਏ ਘੜਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਬਿਨ ਅੱਖਰਾਂ ਕਰੇ ਪੜ੍ਹਾਈਆ । ਮੇਲ ਮਿਲਾਵਾ ਸਾਚੀ ਸੰਗਤ, ਆਤਮ ਪਰਮਾਤਮ ਸਾਚਾ ਸੰਗ ਜਣਾਈਆ । ਲੇਖਾ ਮੁਕਾ ਕੇ ਬਹਿਸ਼ਤ ਜੰਨੱਤ, ਚਰਨ ਕਵਲ ਬਖ਼ਸ਼ੇ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਸਤਿਗੁਰ ਸਚਾ ਪਰਮ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਇਕ ਅਖਵਾਈਆ । ਜਿਸ ਦੀ ਮੰਡਲ ਮੰਡਪ ਰਾਸੀ, ਦੋ ਜਹਾਨਾਂ ਖੇਲ ਖਿਲਾਈਆ । ਜੋ ਸਚਖੰਡ ਨਿਵਾਸੀ, ਦਰਗਾਹ ਸਾਚੀ ਸੋਭਾ ਪਾਈਆ । ਜੋ ਸ਼ਾਹੋ ਭੂਪ ਸ਼ਾਬਾਸ਼ੀ, ਸ਼ਹਿਨਸ਼ਾਹ ਨੂਰ ਅਲਾਹੀਆ । ਜਿਸ ਦੀ ਲੱਖ ਚੁਰਾਸੀ ਦਾਸੀ, ਸੇਵਕ ਹੋ ਕੇ ਸੇਵ ਕਮਾਈਆ । ਜੋ ਅਵਤਾਰ ਪੈਗ਼ੰਬਰ ਗੁਰੂਆਂ ਦਏ ਵਿਸ਼ਵਾਸ਼ੀ, ਵਿਸ਼ਾ ਆਪਣਾ ਨਾਮ ਸਮਝਾਈਆ । ਜੋ ਤਨ ਵਜੂਦਾਂ ਨਿਰਗੁਣ ਜੋਤ ਕਰੇ ਪਰਕਾਸ਼ੀ, ਪਰਕਾਸ਼ਵਾਨ ਇਕ ਅਖਵਾਈਆ । ਜਿਸ ਦਾ ਲਹਿਣਾ ਦੇਣਾ ਵਿਸ਼ਨ ਬ੍ਰਹਮਾ ਸ਼ਿਵ ਸ਼ੰਕਰ ਨਾਲ ਕੈਲਾਸ਼ੀ, ਹੁਕਮ ਹੁਕਮ ਵਿਚੋਂ ਪਰਗਟਾਈਆ । ਓਹ ਭਗਤਾਂ ਸੰਤਾਂ ਮੇਟਣਹਾਰ ਉਦਾਸੀ, ਚਿੰਤਾ ਗ਼ਮ ਗ਼ਮਖਾਰ ਦਏ ਗਵਾਈਆ । ਨਾਮ ਜਪਾਏ ਬਿਨਾ ਪਵਣ ਸਵਾਸੀ, ਅਜਪਾ ਜਾਪ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ

ਸਿਰ ਆਪਣਾ ਹੱਥ ਟਿਕਾਈਆ । ਸਤਿਗੁਰ ਪੂਰਾ ਪੁਰਖ ਅਕਾਲਾ, ਅਕਲ ਕਲਧਾਰੀ ਇਕ ਅਖਵਾਇੰਦਾ । ਆਦਿ ਜੁਗਾਦੀ ਦੀਨ ਦਿਆਲਾ, ਦਇਆ ਨਿਧ ਭੇਵ ਉਠਾਇੰਦਾ । ਵਸਣਹਾਰ ਸਚਖੰਡ ਸਚੀ ਧਰਮਸਾਲਾ, ਦਰਗਾਹ ਸਾਚੀ ਸੋਭਾ ਪਾਇੰਦਾ । ਜਿਸ ਦਾ ਸ਼ਬਦ ਦੁਲਾਰਾ ਲਾਲਾ, ਲਾਲਨ ਇਕੋ ਰੰਗ ਰੰਗਾਇੰਦਾ । ਜੋ ਜੁਗ ਜੁਗ ਖੇਲੇ ਖੇਲ ਨਿਰਾਲਾ, ਨਿਰਾਕਾਰ ਸਾਕਾਰ ਰੂਪ ਵਟਾਇੰਦਾ । ਧਰਨੀ ਧਰਤ ਧਵਲ ਧੌਲ ਲੋਕਮਾਤ ਬਣੇ ਦਲਾਲਾ, ਵਿਚੋਲਾ ਹੋ ਕੇ ਵੇਖ ਵਖਾਇੰਦਾ । ਨਾਮ ਨਿਧਾਨ ਨੌਜੁਆਨ ਹੋ ਕੇ ਦਏ ਸੁਖਾਲਾ, ਸਿਫ਼ਤੀ ਸਿਫ਼ਤ ਸਿਫ਼ਤ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਵਰਤਾਇੰਦਾ । ਸਤਿਗੁਰ ਪੂਰਾ ਨਾਮ ਦੇਵੇ ਸੋਹੰ ਸੋ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਆਤਮ ਪਰਮਾਤਮ ਆਪੇ ਜਾਏ ਹੋ, ਹਰਿ ਪੁਰਖ ਨਿਰੰਜਣ ਬੇਪਰਵਾਹੀਆ । ਭੇਵ ਚੁਕਾਏ ਦੋਆਂ ਦੋ, ਏਕੰਕਾਰ ਵੱਡੀ ਵਡਿਆਈਆ । ਸਚ ਪਰਕਾਸ਼ ਕਰੇ ਲੋ, ਆਦਿ ਨਿਰੰਜਣ ਕਰ ਰੁਸ਼ਨਾਈਆ । ਆਪ ਆਪਣਾ ਆਪੇ ਲਏ ਜੋਹ, ਅਬਿਨਾਸ਼ੀ ਕਰਤਾ ਵਡ ਵਡਿਆਈਆ । ਆਪਣਾ ਆਪਣੇ ਨਾਲ ਬੰਧਾਏ ਮੋਹ, ਸ੍ਰੀ ਭਗਵਾਨ ਖੇਲ ਖਿਲਾਈਆ । ਪਾਰਬ੍ਰਹਮ ਆਪਣਾ ਲੇਖਾ ਆਪਣੇ ਵਿਚ ਰਖੇ ਨਾ ਇਕ ਨਾ ਦੋ, ਦੂਆ ਏਕਾ ਆਪਣਾ ਖੇਲ ਖਿਲਾਈਆ । ਸਤਿਗੁਰ ਸ਼ਬਦ ਢੋਆ ਦੇਵੇ ਢੋ, ਸਚ ਵਸਤ ਵਸਤ ਵਰਤਾਈਆ । ਜਿਸ ਦਾ ਭੇਵ ਨਾ ਜਾਣੇ ਕੋ, ਖੋਜਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ
੧੩੪੯ ਇਕ ਗੁਸਾਈਆ । ਸੋਹੰ ਸੋ ਆਦਿ ਦੀ ਧਾਰਾ, ਵਿਸ਼ਨ ਬ੍ਰਹਮਾ ਸ਼ਿਵ ਦਿਤੀ ਵਡਿਆਈਆ । ਸ਼ਬਦੀ ਸ਼ਬਦੀ ਖੇਲ ਅਪਾਰਾ, ਅਪਰੰਪਰ ਸੁਆਮੀ ੧੩੪੯
੨੪ ਆਪ ਜਣਾਈਆ । ਜਿਸ ਦਾ ਖੇਲ ਤ੍ਰੈਗੁਣ ਬਾਹਰਾ, ਪੰਚਮ ਤਤ ਨਾ ਕੋਇ ਵਡਿਆਈਆ । ਜੋ ਲੇਖਾ ਜਾਣੇ ਵਿਸ਼ਨ ਬ੍ਰਹਮਾ ਸ਼ਿਵ ਵਿਚ ਸੰਸਾਰਾ, ੨੪
ਸੰਸਾਰੀ ਭੰਡਾਰੀ ਸੰਘਾਰੀ ਆਪਣੀ ਸੇਵ ਲਗਾਈਆ । ਜਿਸ ਦਾ ਆਦਿ ਜੁਗਾਦੀ ਸੰਦੇਸ਼ਾ ਏਕਾ ਇਕੋ ਵਾਰਾ, ਇਕ ਇਕੱਲਾ ਦਏ ਦ੍ਰਿੜਾਈਆ । ਜਿਸ ਲੱਖ ਚੁਰਾਸੀ ਤ੍ਰੈਗੁਣ ਮਾਇਆ ਪੰਜ ਤਤ ਕੀਤਾ ਪਸਾਰਾ, ਰਜੋ ਤਮੋ ਸਤੋ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣੀ ਖੇਲ ਖਿਲਾਈਆ । ਆਤਮ ਪਰਮਾਤਮ ਦੇ ਅਧਾਰਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਤੂੰ ਮੇਰਾ ਮੈਂ ਤੇਰਾ ਅਪੰਰਪਰ ਸੁਆਮੀ ਲਾ ਕੇ ਨਾਅਰਾ, ਸੋਹੰ ਸਤਿ ਸਤਿ ਸਮਝਾਈਆ । ਹੰ ਬ੍ਰਹਮ ਦਾ ਪਾਰ ਕਿਨਾਰਾ, ਪਤਿਪਰਮੇਸ਼ਵਰ ਭੇਵ ਚੁਕਾਈਆ । ਅੰਤ ਜੋਤ ਜੋਤ ਵਿਚ ਏਕਾ ਰੂਪ ਨਿਰਾਕਾਰਾ, ਸਾਕਾਰ ਸੰਗ ਨਾ ਕੋਇ ਰਖਾਈਆ । ਜਿਸ ਦਾ ਵਸੇਰਾ ਸਚਖੰਡ ਦੁਆਰਾ, ਦਰਗਾਹ ਸਾਚੀ ਮੁਕਾਮੇ ਹਕ ਸੋਭਾ ਪਾਈਆ । ਜਿਸ ਦਾ ਰੂਪ ਅਵਤਾਰ ਪੈਗ਼ੰਬਰ ਗੁਰੂ ਹੋਏ ਸਾਕਾਰਾ, ਤਨ ਵਜੂਦਾਂ ਖੇਲ ਖਿਲਾਈਆ । ਜੋਤੀ ਜਾਤਾ ਹੋ ਕੇ ਜ਼ਾਹਰਾ, ਪੁਰਖ ਬਿਧਾਤਾ ਵੇਖ ਵਖਾਈਆ । ਨਾਮ ਸ਼ਬਦ ਦੇ ਸਚੀ ਧੁਨਕਾਰਾ, ਧੁਨ ਆਤਮਕ ਰਾਗ ਦ੍ਰਿੜਾਈਆ । ਅੰਮ੍ਰਿਤ ਬਖ਼ਸ਼ ਅਗੰਮਾ ਠੰਡਾ ਠਾਰਾ, ਸਤਿ ਸਤਿਵਾਦੀ ਬਿਨ ਰਸਨਾ ਜੇਹਵਾ ਜਾਮ ਪਿਆਈਆ । ਲੋਕਮਾਤ ਦਏ ਅਧਾਰਾ, ਉਦਰ ਦਾ ਲੇਖਾ ਦਿਤਾ ਮੁਕਾਈਆ । ਜਿਨ੍ਹਾਂ ਰਸਨਾ ਜੇਹਵਾ ਢੋਲਾ ਗਾਇਆ ਗੀਤ ਸੁਣਾਇਆ ਮੀਤ ਮੁਰਾਰਾ, ਮਿਤਰ ਪਿਆਰਾ ਇਕ ਅਖਵਾਈਆ । ਜੋ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੋਏ ਜ਼ਾਹਿਰਾ, ਜ਼ਾਹਰ ਜ਼ਹੂਰ ਆਪਣੀ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਸੋਹੰ ਧਾਰ ਆਦਿ ਜੁਗਾਦੀ, ਅੱਖਰੀ ਵੰਡ ਨਾ ਕੋਇ ਵੰਡਾਈਆ ।

ਪ੍ਰਭ ਦਾ ਖੇਲ ਬ੍ਰਹਮ ਬ੍ਰਹਿਮਾਦੀ, ਬ੍ਰਹਿਮੰਡ ਆਪਣਾ ਹੁਕਮ ਚਲਾਈਆ । ਆਤਮ ਪਰਮਾਤਮ ਸਦਾ ਅਨਾਦੀ, ਜੰਮਣ ਮਰਨ ਵਿਚ ਕਦੇ ਨਾ ਆਈਆ ।
ਇਹ ਹੁਕਮ ਸੰਦੇਸ਼ਾ ਬੋਧ ਅਗਾਧੀ, ਬੁੱਧੀ ਤੋਂ ਪਰੇ ਪੜ੍ਹਾਈਆ । ਜੇਹੜੀ ਰਸਨਾ ਨਾਲ ਨਾ ਜਾਏ ਅਰਾਧੀ, ਸਵਾਸਾਂ ਨਾਲ ਕੋਇ ਨਾ ਗਾਈਆ ।
ਜੋਤੀ ਧਾਰ ਜੋਤ ਵਿਸਮਾਦੀ, ਵਿਸ਼ਵ ਦਾ ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ
ਹਰਿ, ਸਚ ਦਾ ਮਾਲਕ ਇਕ ਗੁਸਾਈਆ । ਸੋਹੰ ਅੱਖਰੀ ਜਾਪ ਜਗਤ ਦਾ ਗਾਉਣਾ, ਸਿਫ਼ਤੀ ਢੋਲੇ ਗਾਈਆ । ਭਗਤਾਂ ਸੋਹੰ ਰੂਪ ਸਰੂਪ ਵਿਚ
ਸਮਾਉਣਾ, ਆਪਣਾ ਆਪ ਮਿਟਾਈਆ । ਘਰ ਪਰਮਾਤਮ ਇਕੋ ਬਹਾਉਣਾ, ਸੇਜ ਸੁਹੰਜਣੀ ਜੋ ਸੁਹਾਈਆ । ਬਿਨ ਅੱਖੀਆਂ ਦਰਸ਼ਨ ਪਾਉਣਾ,
ਨਿਜ ਨੇਤਰ ਨੈਣ ਖੁਲ੍ਹਾਈਆ । ਬਿਨ ਸੀਸ ਸੀਸ ਝੁਕਾਉਣਾ, ਨਿਵ ਨਿਵ ਲਗਣਾ ਪਾਈਆ । ਪੁਰਖ ਅਕਾਲਾ ਦੀਨ ਦਿਆਲਾ ਸਚ ਪ੍ਰੀਤੀ ਵਿਚ
ਮਨਾਉਣਾ, ਪਿਆਰ ਮੁਹੱਬਤ ਵਿਚ ਮੰਗ ਮੰਗਾਈਆ । ਜਿਸ ਨੇ ਦਸਮ ਦੁਆਰੀ ਪਰਦਾ ਲਾਹੁਣਾ, ਭੇਵ ਅਭੇਦ ਰਹੇ ਨਾ ਰਾਈਆ । ਭਗਤ
ਭਗਵਾਨ ਇਕੋ ਘਰ ਵਸਾਉਣਾ, ਸਦ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,
ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸਚਾ ਆਤਮ ਪਰਮਾਤਮ ਜੋੜ ਜੋੜੇ, ਜੋੜੀ ਹਰਿ ਜਗਦੀਸ਼ ਕਰਾਈਆ । ਨਾਮ ਅਗੰਮੇ ਚਾੜ੍ਹੇ ਘੋੜੇ,
ਵਾਗਾਂ ਆਪਣੇ ਹੱਥ ਰਖਾਈਆ । ਬਿਨ ਕ਼ਦਮਾਂ ਚਰਨਾਂ ਦੌੜੇ, ਭੱਜੇ ਵਾਹੋ ਦਾਹੀਆ । ਪੰਧ ਮੁਕਾਏ ਭੀੜੇ ਸੌੜੇ, ਅਗੇ ਹੋ ਨਾ ਕੋਇ ਅਟਕਾਈਆ ।
੧੩੫੦ ਫਲ ਛਡੇ ਮਿਠੇ ਕੌੜੇ, ਜਗਤ ਰਸ ਨਾ ਕੋਇ ਚਖਾਈਆ । ਅੰਤ ਇਕੋ ਚੜ੍ਹੇ ਸਤਿਗੁਰ ਸਚੇ ਪੌੜੇ, ਪੌੜੀ ਡੰਡਾ ਦੂਜਾ ਨਜ਼ਰ ਕੋਇ ਨਾ ਆਈਆ । ੧੩੫੦
੨੪ ਜਿਥੇ ਸਾਹਿਬ ਸੁਆਮੀ ਆਪੇ ਬਹੁੜੇ, ਫੜ ਬਾਹੋਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ੨੪
ਹਰਿ, ਸਚ ਕਰਨੀ ਕਾਰ ਕਮਾਈਆ । ਜਿਨ੍ਹਾਂ ਨੂੰ ਸਤਿਗੁਰ ਸੋਹੰ ਸੋ ਜਾਪ ਦੱਸਿਆ, ਲੋਕਮਾਤ ਕੀਤੀ ਪੜ੍ਹਾਈਆ । ਦਿਵਸ ਰੈਣ ਅੰਤਰ ਨਿਰੰਤਰ
ਆਪੇ ਵਸਿਆ, ਰੋਮ ਰੋਮ ਵਿਚ ਸਮਾਈਆ । ਸਾਢੇ ਤਿੰਨ ਕਰੋੜ ਦੀ ਮੇਟੇ ਰੈਣ ਅੰਧੇਰੀ ਮੱਸਿਆ, ਨੂਰੀ ਚੰਦ ਚੰਦ ਚਮਕਾਈਆ । ਬਿਨ ਰਸਨਾ
ਜੇਹਵਾ ਜਪਾਏ ਕਥਿਆ, ਕਥਨੀ ਚਲੇ ਨਾ ਕੋਇ ਵਡਿਆਈਆ । ਕਿਰਪਾ ਕਰੇ ਪੁਰਖ ਸਮਰਥਿਆ, ਹਰਿ ਕਰਤਾ ਧੁਰਦਰਗਾਹੀਆ । ਜਨ ਭਗਤਾਂ
ਲਹਿਣਾ ਦੇਣਾ ਦੇਵੇ ਹੱਥੋ ਹਥਿਆ, ਜਗਤ ਉਧਾਰ ਨਾ ਕੋਇ ਰਖਾਈਆ । ਜੋ ਪ੍ਰੇਮ ਪ੍ਰੀਤੀ ਵਿਚ ਸਬਰ ਲਥਿਆ, ਯਾਰੜਾ ਸੇਜ ਦਏ ਸੁਹਾਈਆ ।
ਲਹਿਣਾ ਦੇਣਾ ਪੂਰਬ ਲੇਖੇ ਲਾਏ ਮਸਤਕ ਮੱਥਿਆ, ਜਨਮ ਜਨਮ ਦਾ ਲੇਖਾ ਝੋਲੀ ਪਾਈਆ । ਜੋ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਦੋ ਜਹਾਨਾਂ
ਫਿਰੇ ਨਸਿਆ, ਭੱਜੇ ਵਾਹੋ ਦਾਹੀਆ । ਜਿਸ ਸੱਸੇ ਉਤੇ ਹੋੜਾ ਲਾਇਆ ਤੇ ਆਪਣਾ ਭੇਵ ਦੱਸਿਆ, ਹੰ ਬ੍ਰਹਮ ਭੇਵ ਆਪ ਖੁਲ੍ਹਾਈਆ । ਅੰਦਰ
ਵੜ ਕੇ ਮੰਦਰ ਚੜ੍ਹ ਕੇ ਕਰੇ ਪ੍ਰਕਾਸ਼ ਬਿਨਾ ਰਵ ਸਸਿਆ, ਬਿਨ ਸੂਰੀਆ ਚੰਨ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਿਰਗੁਣ ਧਾਰ ਪੁਰਖ ਬਿਧਾਤਾ, ਬਿਧ ਆਪਣੇ ਹੱਥ ਵਖਾਈਆ । ਜੋ
ਹੋਏ ਜੋਤੀ ਜਾਤਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਆਤਮ ਪਰਮਾਤਮ ਜੋੜੇ ਨਾਤਾ, ਪਾਰਬ੍ਰਹਮ ਬ੍ਰਹਮ ਮੇਲਾ ਲਏ ਮਿਲਾਈਆ । ਈਸ਼ ਜੀਵ
ਦੱਸ ਕੇ ਗਾਥਾ, ਗਹਿਰ ਗੰਭੀਰ ਕਰੇ ਪੜ੍ਹਾਈਆ । ਸਤਿਗੁਰ ਸ਼ਬਦ ਹੋ ਕੇ ਦੇਵੇ ਸਾਥਾ, ਸੰਗਲਾ ਸੰਗ ਨਿਭਾਈਆ । ਜੋ ਤਨ ਵਜੂਦਾਂ ਚਲਾਵਣਹਾਰਾ

੧੩੫੧
੨੪

ਰਾਬਾ, ਰਬ ਰਬਵਾਹੀ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਸਤਿਗੁਰ ਸ਼ਬਦ ਜਿਸ ਨੂੰ ਦੇਵੇ ਦਾਨ, ਦਇਅਵਾਨ ਦਏ ਵਰਤਾਈਆ । ਭਾਗ ਲਗਾਏ ਕਾਇਆ ਮੰਦਰ ਮਕਾਨ, ਮੱਕਾ ਕਾਅਬਾ ਇਕੋ ਇਕ ਸੁਹਾਈਆ । ਘਰ ਸੁਆਮੀ ਠਾਕਰ ਮਿਲੇ ਆਣ, ਪਰਵਰਦਿਗਾਰ ਫੇਰਾ ਪਾਈਆ । ਜਿਸ ਦੇ ਢੋਲੇ ਸੂਫ਼ੀ ਸੰਤ ਫ਼ਕੀਰ ਭਗਤ ਸੁਹੇਲੇ ਗਾਣ, ਗਾ ਗਾ ਸ਼ੁਕਰ ਮਨਾਈਆ । ਓਹ ਜੋਤੀ ਜਾਤਾ ਪੁਰਖ ਬਿਧਾਤਾ ਕਿਰਪਾ ਕਰੇ ਸ੍ਰੀ ਭਗਵਾਨ, ਭਗਵਨ ਹੋ ਕੇ ਵੇਖ ਵਖਾਈਆ । ਗ਼ਰੀਬ ਨਿਮਾਣੇ ਕੋਝੇ ਕਮਲੇ ਕਰੇ ਪਰਵਾਨ, ਪਰਮ ਪੁਰਖ ਪ੍ਰਭ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਲੇਖਾ ਜਾਣੇ ਦੋ ਜਹਾਨ, ਦੋਹਰੀ ਆਪਣੀ ਕਲ ਵਰਤਾਈਆ ।

### ✪ ੧੯ ਮਾਘ ਸ਼ਹਿਨਸ਼ਾਹੀ ਸੰਮਤ ੧੧ ਕਰਮ ਸਿੰਘ ਦੇ ਨਵਿਤ ਪਿੰਡ ਨਯਾ ਸ਼ਾਲਾ ਜ਼ਿਲਾ ਗੁਰਦਾਸਪੁਰ ✪

ਕਰਮ ਸਿੰਘ ਦਾ ਕਰਮ ਹੋਇਆ ਨਿਹਕਰਮੀ, ਪ੍ਰਭ ਦੇਵੇ ਮਾਣ ਵਡਿਆਈਆ । ਜਿਸ ਦੀ ਆਤਮਾ ਫੇਰ ਲੋਕਮਾਤ ਕਦੇ ਨਾ ਜਨਮੀ, ਜਨਮ ਵਿਚ ਕਦੇ ਨਾ ਆਈਆ । ਇਕੋ ਜਗਹ ਮਿਲੀ ਤੇ ਮਿਲੀ ਪੁਰਖ ਅਕਾਲ ਦੀ ਚਰਨੀ, ਜਿਥੇ ਜਗਤ ਵਾਲਾ ਚਰਨ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਰ ਦਏ ਵਡਿਆਈਆ । ਆਤਮਾ ਕਹੇ ਮੈਂ ਪੁੱਜੀ ਸਚਖੰਡ, ਬਿਨ ਕ਼ਦਮਾਂ ਕ਼ਦਮ ਉਠਾਈਆ । ਪੰਧ ਮੁਕਾ ਕੇ ਬ੍ਰਹਿਮੰਡ ਖੰਡ, ਭੱਜੀ ਵਾਹੋ ਦਾਹੀਆ । ਮੇਰਾ ਲੇਖਾ ਰਿਹਾ ਨਾ ਜੇਰਜ ਅੰਡ, ਉਤਭੁਜ ਸੇਤਜ ਨਾਤਾ ਗਈ ਤੁੜਾਈਆ । ਸਤਿਗੁਰ ਸ਼ਬਦ ਨੇ ਆਪਣੇ ਨਾਲ ਪਾਈ ਗੰਢ, ਜਿਸ ਨੂੰ ਸਕਿਆ ਨਾ ਕੋਇ ਖੁਲ੍ਹਾਈਆ । ਰਾਏ ਧਰਮ ਵੇਖ ਕੇ ਪਾਉਂਦਾ ਰਹਿ ਗਿਆ ਡੰਡ, ਉਚੀ ਕੂਕ ਕੂਕ ਸੁਣਾਈਆ । ਸ਼ੰਕਰ ਨੇ ਕਿਹਾ ਇਹ ਨਹੀਂ ਤੇਰੀ ਵੰਡ, ਸੰਘਾਰੀ ਹੋ ਕੇ ਦਿਆਂ ਸੁਣਾਈਆ । ਕਿਉਂ ਇਸ ਨੂੰ ਸਤਿਗੁਰ ਸ਼ਬਦ ਨੇ ਪਾਈ ਠੰਢ, ਜਗਤ ਦੀ ਅਗਨੀ ਨਾ ਕੋਇ ਤਪਾਈਆ । ਇਹ ਸਦਾ ਦੀ ਸੁਹਾਗਣ ਵਿਛੋੜਾ ਚੁੱਕਿਆ ਰੰਡ, ਰੰਡੇਪਾ ਰਹਿਣ ਕੋਇ ਨਾ ਪਾਈਆ । ਇਸ ਦਾ ਨਿਵਾਸ ਅਸਥਾਨ ਹੋਣਾ ਵਿਚ ਸਚਖੰਡ, ਥਿਰ ਘਰ ਬਹਿ ਕੇ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰ ਦਏ ਵਡਿਆਈਆ । ਆਤਮਾ ਕਹੇ ਮੇਰਾ ਸਚ ਘਰ ਹੋਇਆ ਵਸੇਰਾ, ਸੋਹਣੀ ਮਿਲੀ ਵਡਿਆਈਆ । ਨਾ ਏਥੇ ਸੂਰੀਆ ਚੰਦ ਨਾ ਕੋਈ ਜਗਤ ਪ੍ਰਕਾਸ਼ ਨਾ ਅੰਧੇਰਾ, ਸਦ ਇਕੋ ਰੰਗ ਵੇਖ ਵਖਾਈਆ । ਮੈਂ ਜਿਧਰ ਤਕਾਂ ਭਗਤਾਂ ਦਾ ਡੇਰਾ, ਬਿਨਾ ਭਗਤਾਂ ਤੋਂ ਦੂਜਾ ਨਜ਼ਰ ਕੋਇ ਨਾ ਆਈਆ । ਫੇਰ ਵੇਖਾਂ ਅਵਤਾਰ ਪੈਗ਼ੰਬਰ ਗੁਰੂ ਏਥੇ ਮਾਰਨ ਫੇਰਾ, ਜੋਤ ਜੋਤ ਜੋਤ ਵਿਚੋਂ ਪਰਗਟਾਈਆ । ਮੇਰੇ ਸਾਹਿਬ ਨੇ ਮੇਰਾ ਕੀਤਾ ਹਕ ਨਬੇੜਾ, ਹਕ਼ੀਕਤ ਦੇ ਮਾਲਕ ਨੇ ਹਕ ਮੇਰਾ ਮੇਰੀ ਝੋਲੀ ਪਾਈਆ । ਧੰਨਭਾਗ ਮੈਂ ਆ ਕੇ ਆਣ ਕੇ ਵੇਖਿਆ ਪ੍ਰਭੂ ਚਰਨ ਦਾ ਖੇੜਾ, ਜਿਥੇ ਖਿੜਕੀ ਕੁੰਡੀ ਵੇਖਣ ਕੋਇ ਨਾ ਪਾਈਆ । ਮੈਂ ਹੈਰਾਨ ਹੋ ਗਈ ਏਥੇ ਕੋਈ ਨਹੀਂ ਕਿਸੇ ਦਾ

ਝੇੜਾ, ਝਗੜੇ ਵਾਲਾ ਨਜ਼ਰ ਕੋਇ ਨਾ ਆਈਆ । ਸਾਰੇ ਇਕ ਦੂਜੇ ਨੂੰ ਕਹਿਣ ਤੂੰ ਮੇਰਾ ਮੈਂ ਤੇਰਾ, ਮੈਂ ਤੇਰਾ ਤੂੰ ਮੇਰਾ, ਇਕੋ ਰੂਪ ਵਿਚ ਇਕੋ ਰੂਪ ਗਏ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਦ ਵਸੇ ਨੇੜਨ ਨੇੜਾ, ਦੂਰ ਦੁਰਾਡਾ ਪੰਧ ਨਾ ਕੋਇ ਰਖਾਈਆ ।

### ✪ ੨੦ ਮਾਘ ਸ਼ਹਿਨਸ਼ਾਹੀ ਸੰਮਤ ੧੧ ਸੁੰਦਰ ਸਿੰਘ ਦੇ ਗ੍ਰਿਹ ਪਿੰਡ ਰੋਸੇ ਜ਼ਿਲਾ ਗੁਰਦਾਸਪੁਰ ✪

ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰ ਹੋਵੇ ਸਵਾਧਾਨ, ਜੋਤੀ ਜਾਤੇ ਪੁਰਖ ਬਿਧਾਤੇ ਇਕੋ ਲਉ ਅੰਗੜਾਈਆ । ਬਿਨ ਨੇਤਰ ਲੋਚਨ ਨੈਣਾਂ ਨਿਗਾਹ ਮਾਰੋ ਜ਼ਿਮੀਂ ਅਸਮਾਨ, ਧਰਨੀ ਉਤੇ ਵੇਖੋ ਚਾਈਂ ਚਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਧਰਮ ਦੀ ਧਾਰ ਵੇਖੋ ਵਿਧਾਨ, ਚਾਰ ਕੁੰਟ ਦਹਿ ਦਿਸ਼ਾ ਫੋਲ ਫੁਲਾਈਆ । ਆਤਮ ਪਰਮਾਤਮ ਰਿਹਾ ਨਾ ਕੋਇ ਗਿਆਨ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਸ਼ਬਦ ਅਨਾਦੀ ਸੁਣੇ ਨਾ ਕੋਇ ਧੁਨਕਾਨ, ਅਨਹਦ ਨਾਦੀ ਨਾਦ ਨਾ ਕੋਇ ਸ਼ਨਵਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਮਿਲੇ ਨਾ ਕਿਸੇ ਪੀਣ ਖਾਣ, ਬੂੰਦ ਸਵਾਂਤੀ ਨਾਭੀ ਕਵਲ ਨਾ ਕੋਇ ਟਪਕਾਈਆ । ਮਨ ਕਲਪਣਾ ਫਿਰੇ ਸ਼ੈਤਾਨ, ਸ਼ਰਅ ਸ਼ਰੀਅਤ ਕਰੇ ਲੜਾਈਆ । ਘਰ ਸੁਆਮੀ ਠਾਕਰ ਮਿਲੇ ਕਿਸੇ ਨਾ ਆਣ, ਨਿਜ ਨੇਤਰ ਲੋਚਨ ਨੈਣ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਲੋਕਮਾਤ ਮਾਰੋ ਝਾਤੀ, ਦਰਗਾਹ ਸਾਚੀ ਪਰਦਾ ਆਪ ਉਠਾਈਆ । ਕਿਉਂ ਤੁਹਾਡੇ ਹੁੰਦਿਆਂ ਹੋਈ ਅੰਧੇਰੀ ਰਾਤੀ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਕਿਉਂ ਝਗੜਾ ਪਿਆ ਕਾਗ਼ਜ਼ਾਤੀ, ਅੱਖਰ ਅੱਖਰ ਵੇਖ ਵਖਾਈਆ । ਸਭ ਦਾ ਲਹਿਣਾ ਤਕੋ ਬਹੁ ਬਿਧ ਭਾਂਤੀ, ਭੇਵ ਅਭੇਦ ਦੇਣਾ ਜਣਾਈਆ । ਕਿਸੇ ਹਿਰਦੇ ਵਸਿਆ ਨਹੀਂ ਕਮਲਾਪਾਤੀ, ਪਤ ਪਰਮੇਸ਼ਵਰ ਮਿਲਣ ਕੋਇ ਨਾ ਪਾਈਆ । ਸਭ ਦੀ ਜ਼ਿੰਦਗੀ ਤਕੋ ਹਯਾਤੀ, ਜੀਵਣ ਜੀਵਣ ਵਿਚੋਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰ ਨਿਗਾਹ ਮਾਰੋ ਆਪਣੇ ਦੀਨ ਮਜ਼੍ਹਬ, ਮਸ਼ਵਰਾ ਮੇਰੇ ਨਾਲ ਬਣਾਈਆ । ਕਿਸੇ ਦਾ ਰਿਹਾ ਕੋਈ ਨਾ ਅਦਬ, ਆਦਾਬ ਵਿਚ ਸੀਸ ਨਾ ਕੋਇ ਝੁਕਾਈਆ । ਕਲਜੁਗ ਕਿਰਿਆ ਕੂੜ ਕੀਤਾ ਗ਼ਜ਼ਬ, ਹੈਰਾਨੀ ਵਿਚ ਸਰਬ ਕੁਰਲਾਈਆ । ਧਰਮ ਦੀ ਧਾਰ ਮਾਇਆ ਮਮਤਾ ਵਿਚ ਹੋਈ ਜਜ਼ਬ, ਬਾਹਰ ਸਕੇ ਨਾ ਕੋਇ ਕਢਾਈਆ । ਨਵ ਖੰਡ ਪ੍ਰਿਥਮੀ ਤਕੋ ਤਸ਼ੱਦਦ, ਝਗੜਾ ਦੀਨ ਦੁਨੀ ਸਮਝਾਈਆ । ਸੂਫ਼ੀ ਸੰਤ ਫ਼ਕੀਰ ਭਗਤ ਸੁਹੇਲੇ ਕੋਟਾਂ ਵਿਚੋਂ ਦੋ ਚਾਰ ਅਦਦ, ਬਹੁਤੀ ਗਣਤ ਨਾ ਕੋਇ ਗਿਣਾਈਆ । ਤੁਸੀਂ ਜੀਵਾਂ ਜੰਤਾਂ ਕਿਉਂ ਨਹੀਂ ਕਰਦੇ ਮਦਦ, ਹਰ ਹਿਰਦੇ ਅੰਦਰ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰ ਧਰਨੀ ਧਰਤ ਧਵਲ ਧੌਲ ਵੇਖੋ ਖੇਲ ਅਗੰਮ, ਅਗੰਮੜੇ ਹੋ ਕੇ ਧਿਆਨ ਲਗਾਈਆ । ਕਿਸੇ ਭੇਵ ਨਾ ਚੁਕੇ ਆਪਣੇ ਬ੍ਰਹਮ, ਪਾਰਬ੍ਰਹਮ ਮੇਲ

ਨਾ ਕੋਇ ਮਿਲਾਈਆ । ਸਭ ਦੀ ਦ੍ਰਿਸ਼ਟੀ ਹੋਈ ਚਰਮ, ਚੰਮ ਦ੍ਰਿਸ਼ਟੀ ਡੇਰਾ ਕੋਇ ਨਾ ਢਾਈਆ । ਕੂੜ ਕੁੜਿਆਰਾ ਬਣਿਆ ਕਰਮ, ਕਰਮ ਕਾਂਡ ਦਾ ਲੇਖਾ ਸਮਝ ਕੋਇ ਨਾ ਪਾਈਆ । ਸਚ ਦਾ ਰਿਹਾ ਕੋਈ ਨਾ ਧਰਮ, ਧਰਨੀ ਧਰਤ ਧਵਲ ਧੌਲ ਰਹੀ ਕੁਰਲਾਈਆ । ਆਪਣਾ ਵਾਅਦਾ ਕੌਲ ਇਕਰਾਰ ਤਕੋ ਪਰਨ, ਜੋ ਪੇਸ਼ੀਨਗੋਈਆਂ ਵਿਚ ਆਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਂਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਤਿਗੁਰ ਸ਼ਬਦ ਧੁਰ ਦਿਆਲੂ, ਦੀਨਾ ਬੰਧਪ ਤੇਰੀ ਬੇਪਰਵਾਹੀਆ । ਤੂੰ ਮਾਲਕ ਖ਼ਾਲਕ ਸਚਖੰਡ ਸਚੀ ਧਰਮਸਾਲੂ, ਦਰਗਾਹ ਸਾਚੀ ਮੁਕਾਮੇ ਹਕ ਸੋਭਾ ਪਾਈਆ । ਅਸੀਂ ਲਾਡਲੇ ਤੇਰੇ ਸੁਤ ਨੰਨ੍ਹੇ ਬਾਲੂ, ਬਚਪਨ ਤੇਰੇ ਚਰਨ ਟਿਕਾਈਆ । ਅਸਾਂ ਸਭ ਕੁਝ ਤਕਿਆ ਦੀਨ ਦੁਨੀ ਦਾ ਹਾਲੂ, ਹਾਲਤ ਬਿਗੜੀ ਖ਼ਲਕ ਖ਼ੁਦਾਈਆ । ਤੁਧ ਬਿਨ ਕਲਜੁਗ ਅੰਤ ਨਾ ਕੋਇ ਸੰਭਾਲੂ, ਸੰਬਲ ਦੇ ਮਾਲਕ ਹੋਣਾ ਆਪ ਸਹਾਈਆ । ਓਹ ਲਹਿਣਾ ਦੇਣਾ ਲੇਖਾ ਪੂਰਾ ਕਰ ਦੇ ਜੋ ਸਤਿਗੁਰ ਨਾਨਕ ਦੇ ਕੇ ਗਿਆ ਪੁਤ ਕਾਲੂ, ਕਲ ਕਾਤੀ ਡੇਰਾ ਢਾਈਆ । ਸਤਿ ਧਰਮ ਤੇਰੇ ਹੁਕਮ ਨਾਲ ਹੋਵੇ ਚਾਲੂ, ਚੌਥੇ ਜੁਗ ਦਾ ਲੇਖਾ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਤਿਗੁਰ ਸ਼ਬਦ ਧੁਰ ਦੇ ਖੇਵਟ ਖੇਟੇ, ਦੋ ਜਹਾਨ ਦੇ ਮਾਲਕ ਤੇਰੀ ਬੇਪਰਵਾਹੀਆ । ਅਸੀਂ ਜੁਗ ਚੌਕੜੀ ਤੇਰੇ ਬੇਟੇ, ਬਚਪਨ ਤੇਰੇ ਚਰਨ ਟਿਕਾਈਆ । ਸਦਾ ਸੁਖਆਸਣ ਤੇਰੀ ਸੇਜਾ ਲੇਟੇ, ਸਤਿ ਸਰੂਪ ਵਿਚ ਸਮਾਈਆ । ਸਾਨੂੰ ਯਾਦ ਵਾਅਦੇ ਕੌਲ ਇਕਰਾਰ ਕੀਤੇ, ਜੋ ਕਰਤਾ ਪੁਰਖ ਦਏ ਦ੍ਰਿੜਾਈਆ । ਸਾਡੇ ਅੰਤਮ ਸਭ ਦੇ ਸਮੇਂ ਬੀਤੇ, ਪਿਛਲੇ ਬੈਠੇ ਪੰਧ ਮੁਕਾਈਆ । ਹੁਣ ਅਗੇ ਤੇਰੇ ਹੁਕਮ ਦੀ ਚਲੇ ਰੀਤੇ, ਰੀਤੀਵਾਨ ਤੇਰੀ ਸਰਨਾਈਆ । ਝਗੜੇ ਮੁਕਾ ਦੇ ਮੰਦਰ ਮਸੀਤੇ, ਕਾਇਆ ਕਾਅਬਾ ਇਕ ਜਣਾਈਆ । ਆਤਮ ਪਰਮਾਤਮ ਸਭ ਦਾ ਹੋਵੇ ਮੀਤੇ, ਮਿਤਰ ਪਿਆਰਾ ਇਕ ਅਖਵਾਈਆ । ਸਤਿਗੁਰ ਸ਼ਬਦ ਹਰ ਹਿਰਦੇ ਵਸਣਾ ਚੀਤੇ, ਚਿਤਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਦੀਨ ਦੁਨੀ ਦੀ ਪਵਿਤ੍ਰ ਕਰ ਦੇ ਨੀਤੇ, ਨੀਤੀਵਾਨ ਤੇਰੀ ਸਰਨਾਈਆ । ਤੇਰਾ ਇਕੋ ਹੁਕਮ ਹੋਵੇ ਹਦੀਸੇ, ਹਜ਼ਰਤਾਂ ਤੋਂ ਬਾਹਰ ਕਰ ਪੜ੍ਹਾਈਆ । ਸਾਡੇ ਲੇਖੇ ਮੁਕਾ ਬੀਸ ਬੀਸੇ, ਇਕ ਇਕੀਸੇ ਤੇਰੀ ਓਟ ਤਕਾਈਆ । ਅੰਤ ਕੰਤ ਭਗਵੰਤ ਇਕੋ ਛਤਰ ਝੁੱਲੇ ਤੇਰੇ ਸੀਸੇ, ਜਗਤ ਜਗਦੀਸ਼ ਤੇਰੀ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰ ਧੁਰ ਦਾ ਹੁਕਮ ਦ੍ਰਿੜਾਵਾਂਗਾ । ਸੋ ਪੁਰਖ ਨਿਰੰਜਣ ਸਗਲਾ ਸੰਗ ਰਖਾਵਾਂਗਾ । ਹਰਿ ਪੁਰਖ ਨਿਰੰਜਣ ਮੇਲ ਮਿਲਾਵਾਂਗਾ । ਏਕੰਕਾਰਾ ਜੋੜ ਜੁੜਾਵਾਂਗਾ । ਆਦਿ ਨਿਰੰਜਣ ਨੂਰ ਰੁਸ਼ਨਾਵਾਂਗਾ । ਅਬਿਨਾਸ਼ੀ ਕਰਤਾ ਵੇਖ ਵਖਾਵਾਂਗਾ । ਸ੍ਰੀ ਭਗਵਾਨ ਭੇਵ ਚੁਕਾਵਾਂਗਾ । ਪਾਰਬ੍ਰਹਮ ਬ੍ਰਹਮ ਸੰਗ ਰਖਾਵਾਂਗਾ । ਸਤਿਗੁਰ ਸ਼ਬਦ ਹੋ ਕੇ ਡੰਕ ਵਜਾਵਾਂਗਾ । ਧਰਨੀ ਧਰਤ ਧਵਲ ਧੌਲ, ਸੰਬਲ ਇਕੋ ਬੰਕ ਸੁਹਾਵਾਂਗਾ । ਧੁਰ ਦਾ ਬਣਕੇ ਪੰਡਤ ਪਾਂਧਾ ਰੌਲ, ਫ਼ੁਰਨੇ ਫ਼ੁਰਨਿਆਂ ਵਿਚੋਂ ਪਰਗਟਾਵਾਂਗਾ । ਸਭ ਦੇ ਵਾਅਦੇ ਪੂਰੇ ਕਰਾਂ ਕੌਲ, ਕਰਨੀ ਦਾ ਕਰਤਾ ਆਪ ਹੋ ਜਾਵਾਂਗਾ । ਜੋ ਆਸ਼ਾ ਰਖ ਕੇ ਗਿਆ ਕ੍ਰਿਸ਼ਨਾ ਕਾਹਨਾ ਸਾਵਲ ਸੌਲ, ਸਾਵਰੀਆ ਹੋ ਕੇ ਵੇਖ ਵਖਾਵਾਂਗਾ । ਹਰ ਘਟ ਅੰਤਰ ਨਿਰੰਤਰ ਜਾਵਾਂ ਮੌਲ, ਮੌਲਾ ਹੋ ਕੇ ਭੇਵ ਚੁਕਾਵਾਂਗਾ । ਆਪ ਸਦਾ ਰਹਾਂ


੧੩੫੩ ੨੪

ਅਡੋਲ, ਅਡੁਲ ਹੋ ਕੇ ਖੇਲ ਖਿਲਾਵਾਂਗਾ । ਕਲਜੁਗ ਅੰਤ ਪੂਰਾ ਤੋਲਾਂ ਤੋਲ, ਤਰਾਜ਼ੂ ਕੰਡਾ ਨਾਮ ਹੱਥ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਹੁਕਮ ਇਕ ਵਰਤਾਵਾਂਗਾ । ਸਤਿਗੁਰ ਸ਼ਬਦ ਕਹੇ ਧੁਰ ਹੁਕਮ ਅਗੰਮ ਵਰਤਾਏਗਾ । ਦੀਨ ਦਿਆਲ ਦਇਆ ਕਮਾਏਗਾ । ਲਹਿਣਾ ਦੇਣਾ ਸਚ ਦਾ ਵੇਖ ਵਖਾਏਗਾ । ਚਾਰ ਜੁਗ ਦੇ ਸ਼ਾਸਤਰ ਨਾਲ ਮਿਲਾਏਗਾ । ਅੱਖਰ ਅੱਖਰ ਫੋਲ ਫੁਲਾਏਗਾ । ਭੇਵ ਅਭੇਦਾ ਆਪ ਚੁਕਾਏਗਾ । ਅਛਲ ਅਛੇਦਾ ਹੋ ਕੇ ਵੇਖ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਏਗਾ । ਸਾਚਾ ਹੁਕਮ ਇਕ ਦ੍ਰਿੜਾਵੇਗਾ । ਦੋ ਜਹਾਨਾਂ ਆਪ ਸੁਣਾਵੇਗਾ । ਸ੍ਰੀ ਭਗਵਾਨ ਖੇਲ ਖਿਲਾਵੇਗਾ । ਗੁਰ ਅਵਤਾਰ ਪੈਗ਼ੰਬਰੋ, ਲੇਖਾ ਸਭ ਦੀ ਝੋਲੀ ਪਾਵੇਗਾ । ਜੋ ਵਸਣਹਾਰਾ ਦੇਸ ਪਰਦੇਸਾ, ਦੋ ਜਹਾਨਾਂ ਵੇਖ ਵਖਾਵੇਗਾ । ਜੋ ਵਾਅਦਾ ਕੀਤਾ ਗੋਬਿੰਦ ਦਸ ਦਸਮੇਸਾ, ਦਹਿ ਦਿਸ਼ਾ ਆਪਣਾ ਰੰਗ ਰੰਗਾਵੇਗਾ । ਜੋ ਵਸੇ ਸਚਖੰਡ ਸਾਚੇ ਦੇਸਾ, ਦਰਗਾਹ ਸਾਚੀ ਆਪ ਸੁਹਾਵੇਗਾ । ਜਿਸ ਦਾ ਨਾਮ ਗਾਏ ਸਹੰਸਰ ਮੁਖ ਸ਼ੇਸ਼ਾ, ਦੋ ਸਹੰਸਰ ਜੇਹਵਾ ਨਾਲ ਵਡਿਆਵੇਗਾ । ਜੁਗ ਬਦਲਣਾ ਉਸ ਦਾ ਪੇਸ਼ਾ, ਪੇਸ਼ੀਨਗੋਈਆਂ ਸਭ ਦੀਆਂ ਫੋਲ ਫੁਲਾਵੇਗਾ । ਓਹ ਮਾਲਕ ਖ਼ਾਲਕ ਨਰ ਨਰੇਸ਼ਾ, ਨਰ ਨਰਾਇਣ ਨੂਰ ਰੁਸ਼ਨਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਵੇਗਾ । ਸਤਿਗੁਰ ਸ਼ਬਦ ਕਹੇ ਅਵਤਾਰ ਪੈਗ਼ੰਬਰ ਗੁਰ ਸੁਣੋ ਹੁਕਮ ਗੁਰਦੇਵਾ, ਦੇਵ ਆਤਮਾ ਧਾਰ ਜਣਾਈਆ । ਸਭ ਦੀ ਲੇਖੇ ਲਾਵੇ ਸੇਵਾ, ਮਿਹਰਵਾਨ ਹੋ ਕੇ ਮਿਹਰ ਨਜ਼ਰ ਉਠਾਈਆ । ਜਿਸ ਦੇ ਗੁਣ ਗਾਏ ਨਾਲ ਰਸਨਾ ਜੇਹਵਾ, ਬੱਤੀ ਦੰਦ ਸਿਫ਼ਤ ਸਲਾਹੀਆ । ਓਹ ਮਾਲਕ ਖ਼ਾਲਕ ਅਲਖ ਅਭੇਵਾ, ਅਗੋਚਰ ਅਗੰਮ ਅਥਾਹ ਇਕ ਅਖਵਾਈਆ । ਜੋ ਵਸਣਹਾਰਾ ਸਚਖੰਡ ਧਾਮ ਸਚੇ ਨਿਹਕੇਵਾ, ਨਿਹਚਲ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਮਿਹਰਵਾਨ, ਮਿਹਰਵਾਨ ਮਿਹਰਵਾਨ ਮਿਹਰਵਾਨ ਅਗੰਮ ਅਥਾਹੀਆ ।



### ੨੦ ਮਾਘ ਸ਼ਹਿਨਸ਼ਾਹੀ ਸੰਮਤ ੧੧ ਧਿਰਤਾ ਸਿੰਘ ਦੇ ਗ੍ਰਿਹਿ ਪਿੰਡ ਕਲਾਨੌਰ ਜ਼ਿਲਾ ਗੁਰਦਾਸਪੁਰ

ਜਨ ਭਗਤਾਂ ਪ੍ਰਭ ਬਖ਼ਸ਼ੇ ਦਾਤ, ਨਾਮ ਨਿਧਾਨ ਝੋਲੀ ਪਾਈਆ । ਕਾਇਆ ਮੰਦਰ ਅੰਦਰ ਪੁਛੇ ਵਾਤ, ਨਿਰਗੁਣ ਹੋ ਕੇ ਵੇਖ ਵਖਾਈਆ । ਬਿਨ ਨੇਤਰ ਲੋਚਨ ਨੈਣਾਂ ਮਾਰੇ ਝਾਤ, ਬਿਨ ਅੱਖੀਆਂ ਅੱਖ ਉਠਾਈਆ । ਸਚ ਪ੍ਰੀਤੀ ਜੋੜੇ ਨਾਤ, ਆਤਮ ਪਰਮਾਤਮ ਮੇਲ ਮਿਲਾਈਆ । ਦਰ ਵਖਾਵੇ ਅਗੰਮ ਇਕਾਂਤ, ਨੂਰ ਨੁਰਾਨਾ ਨਜ਼ਰੀ ਆਈਆ । ਤਨ ਵਜੂਦ ਕਰੇ ਸ਼ਾਂਤ, ਅਗਨੀ ਤਤ ਬੁਝਾਈਆ । ਲਹਿਣਾ ਦੇਣਾ ਵੇਖੇ ਲੋਕਮਾਤ, ਧਰਨੀ ਧਰਤ ਧਵਲ ਧੌਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਅੰਗ ਲਗਾਈਆ । ਭਗਤ ਜਨਾਂ ਪ੍ਰਭ ਸਾਚਾ ਮੀਤੜਾ, ਮਿਤਰ ਪਿਆਰਾ ਏਕ । ਜੋ ਵਸੇ ਧਾਮ ਅਨਡੀਠੜਾ, ਸਚਖੰਡ ਦੁਆਰੇ ਦਏ ਟੇਕ । ਨਾਮ ਜਣਾਏ ਅਗੰਮ ਮੀਠੜਾ, ਬੁੱਧੀ ਕਰੇ ਬਿਬੇਕ । ਅਗਨੀ ਤਤ ਨਾ ਲਾਏ ਸੇਕੜਾ, ਨਜ਼ਰੀ ਆਏ ਨੇਤਨ ਨੇਤ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਜਨ ਭਗਤਾਂ ਸਦ ਪਿਆਰਦਾ, ਪ੍ਰੀਤਮ ਧੁਰਦਰਗਾਹੀਆ । ਆਦਿ ਜੁਗਾਦਿ ਨਾ ਕਦੇ ਵਿਸਾਰਦਾ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਨਾਮ ਸੰਦੇਸ਼ਾ ਦੇਵੇ ਰਾਗ ਸੁਣਾਏ ਅਗੰਮੀ ਸਿਤਾਰ ਦਾ, ਬਿਨ ਕਿੰਗ ਸਿਤਾਰ ਹਿਲਾਈਆ । ਸ਼ਬਦ ਸੁਣਾਏ ਅਨਾਦੀ ਧੁਨਕਾਰ ਦਾ, ਅਨਹਦ ਨਾਦੀ ਨਾਦ ਦ੍ਰਿੜਾਈਆ । ਪਰਕਾਸ਼ ਹੋਵੇ ਜੋਤ ਉਜਿਆਰ ਦਾ, ਨੂਰ ਨੁਰਾਨਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਮੇਲ ਮਿਲਾਈਆ । ਭਗਤ ਜਨਾਂ ਭਗਵਨ ਰੰਗਦਾ, ਕਾਇਆ ਚੋਲੀ ਨਾਮ ਮਜੀਠ । ਮੇਲ ਬਖ਼ਸ਼ੇ ਧੁਰ ਦੇ ਸੰਗ ਦਾ, ਲੇਖੇ ਲਾਏ ਕੌੜੇ ਰੀਠ । ਨਾਮ ਸੁਣਾਏ ਧੁਰ ਮਰਦੰਗ ਦਾ, ਪੁਰਖ ਅਕਾਲਾ ਬੀਠਲੋ ਬੀਠ । ਰਸ ਦੇਵੇ ਅਨੋਖੇ ਅਨੰਦ ਦਾ, ਗ੍ਰਿਹਿ ਮੰਦਰ ਵਖਾ ਅਨਡੀਠ । ਝਗੜਾ ਮੇਟੇ ਵਿਕਾਰ ਪੰਜ ਦਾ, ਸ਼ਬਦ ਸੁਹਾਗੀ ਸੁਣਾਏ ਗੀਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਮੈਂ ਭਗਤਾਂ ਵੇਖਣਹਾਰਾ, ਜੁਗ ਜੁਗ ਵੇਸ ਵਟਾਈਆ । ਕਲ ਕਲਕੀ ਲਏ ਅਵਤਾਰਾ, ਕਲ ਕਾਤੀਆਂ ਪੰਧ ਮੁਕਾਈਆ । ਭਗਤ ਸੁਹੇਲਾ ਵੇਖਾਂ ਮੀਤ ਮੁਰਾਰਾ, ਮਿਤਰ ਪਿਆਰਾ ਲਵਾਂ ਜਗਾਈਆ । ਰਾਤੀ ਸੁਤਿਆਂ ਕਰਾਂ ਦੀਦਾਰਾ, ਬਿਨ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਨਜ਼ਰੀ ਆਵੇ ਪਰਵਰਦਿਗਾਰਾ, ਸਾਂਝਾ ਯਾਰ ਨੂਰ ਅਲਾਹੀਆ । ਜਿਸ ਦਾ ਸਭ ਨੇ ਦਿਤਾ ਇਸ਼ਾਰਾ, ਗ੍ਰੰਥ ਸ਼ਾਸਤਰ ਕੂਕ ਕੂਕ ਦ੍ਰਿੜਾਈਆ । ਓਹ ਆਵੇ ਕਲ ਕਲਕੀ ਅਵਤਾਰਾ, ਨਿਹਕਲੰਕਾ ਧੁਰ ਅਮਾਮ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤਾਂ ਰੰਗਾਂ ਚੋਲੀ, ਤਨ ਵਜੂਦ ਧੁਰ ਦਾ ਰੰਗ ਚੜ੍ਹਾਈਆ । ਤੂੰ ਮੇਰਾ ਮੈਂ ਤੇਰਾ ਦੱਸਾਂ ਬੋਲੀ, ਪਾਰਬ੍ਰਹਮ ਬ੍ਰਹਮ ਮੇਲਾ ਮੇਲਾਂ ਸਹਿਜ ਸੁਭਾਈਆ । ਸਰਗੁਣ ਧਾਰ ਹੋ ਕੇ ਖੇਲਾਂ ਹੋਲੀ, ਹਰਿ ਕਰਤਾ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤਾਂ ਉਧਾਰਾਂ, ਉਦਰ ਦਾ ਲੇਖ ਮੁਕਾਈਆ । ਮਾਨਸ ਜਨਮ ਜਨਮ ਸੁਧਾਰਾਂ, ਸੁਦੀ ਵਦੀ ਵੰਡ ਨਾ ਕੋਇ ਵੰਡਾਈਆ । ਕਲਜੁਗ ਅੰਤਮ ਤਕਾਂ ਕਿਨਾਰਾ, ਚਾਰੋਂ ਕੁੰਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਾਚੇ ਰੰਗ ਰੰਗਾਈਆ । ਭਗਤ ਜਨਾਂ ਸਤਿਗੁਰ ਸ਼ਬਦ ਕਹੇ ਮੈਂ ਮੀਤਾ, ਮਿਤਰ ਪਿਆਰਾ ਇਕ ਅਖਵਾਈਆ । ਜੋ ਵਸਿਆ ਹਰਘਟ ਚੀਤਾ, ਚੇਤਨ ਸਭ ਨੂੰ ਰਿਹਾ ਕਰਾਈਆ । ਜੇਹੜਾ ਨਾ ਮਰਿਆ ਨਾ ਜੀਤਾ, ਜੀਵਣ ਜੁਗਤ ਆਪਣੇ ਹੱਥ ਰਖਾਈਆ । ਜਿਸ ਘਰ ਘਰ ਸਤਿ ਸਚ ਬਖ਼ਸ਼ਣੀ ਪ੍ਰੀਤਾ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਓਹ ਬਦਲਣਹਾਰਾ ਨੀਤਾ, ਨੀਤੀਵਾਨ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਅੰਤਸ਼ਕਰਨ ਕਰੇ ਠਾਂਡਾ ਸੀਤਾ, ਅਗਨੀ ਤਤ ਤਤ ਬੁਝਾਈਆ ।

## ✪ ੨੦ ਮਾਘ ਸ਼ਹਿਨਸ਼ਾਹੀ ਸੰਮਤ ੧੧ ਬਲਕਾਰ ਸਿੰਘ ਦੇ ਗ੍ਰਿਹਿ ਪਿੰਡ ਰਸੂਲਪੁਰ ਜ਼ਿਲਾ ਗੁਰਦਾਸਪੁਰ ✪

ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਸਾਡੇ ਅੰਤਸ਼ਕਰਨ ਆਈ ਹੈਰਾਨੀ, ਹੈਰਤ ਵਿਚ ਤੇਰੇ ਅਗੇ ਸੀਸ ਨਿਵਾਈਆ । ਸਾਡੇ ਦੀਨਾਂ ਮਜ਼੍ਹਬਾਂ ਅੰਦਰ ਆਈ ਬੇਈਮਾਨੀ, ਬੇਵਾ ਰੂਪ ਹੋਈ ਲੋਕਾਈਆ । ਸਤਿ ਧਰਮ ਦੀ ਦਿਸੇ ਨਾ ਕੋਇ ਨਿਸ਼ਾਨੀ, ਕਲਜੁਗ ਕਿਰਿਆ ਕੂੜ ਹਲਕਾਈਆ । ਝਗੜਾ ਤਕ ਲੈ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਰਹੀ ਕੁਰਲਾਈਆ । ਪਿਆਰ ਰਿਹਾ ਨਾ ਕਿਸੇ ਅੱਖਰਾਂ ਵਾਲੀ ਬਾਣੀ, ਨਾਮ ਕਲਮੇ ਰੰਗ ਨਾ ਕੋਇ ਰੰਗਾਈਆ । ਦੀਨ ਮਜ਼੍ਹਬ ਦੀ ਸ਼ਰਅ ਹੋਈ ਸ਼ੈਤਾਨੀ, ਸ਼ਰੀਅਤ ਬੈਠੀ ਆਪਣੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡੇ ਧੁਰ ਦੇ ਕਮਲਾਪਾਤ, ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ । ਨਿਗਾਹ ਮਾਰ ਲੈ ਲੋਕਮਾਤ, ਨਿਰਗੁਣ ਹੋ ਕੇ ਸਰਗੁਣ ਵੇਖ ਵਖਾਈਆ । ਸਾਡੇ ਨਾਮ ਕਲਮੇ ਗ੍ਰੰਥ ਸ਼ਾਸਤਰ ਲੇਖਾ ਤਕ ਲੈ ਕਾਗ਼ਜ਼ਾਤ, ਅੱਖਰ ਅੱਖਰ ਫੋਲ ਫੁਲਾਈਆ । ਝਗੜਾ ਮਿਟੇ ਨਾ ਦੀਨ ਮਜ਼੍ਹਬ ਜ਼ਾਤ ਪਾਤ, ਅਜ਼ਾਤੀ ਰੂਪ ਨਾ ਕੋਇ ਦਰਸਾਈਆ । ਇਕ ਦੂਜੇ ਦਾ ਕਰਨ ਘਾਤ, ਘਾਉ ਕੂੜੀ ਕਿਰਿਆ ਰਹੇ ਲਗਾਈਆ । ਸਤਿ ਦੀ ਰਹੀ ਨਾ ਕੋਇ ਜਮਾਤ, ਵਿਦਿਆ ਹਕ ਨਾ ਕੋਇ ਪੜ੍ਹਾਈਆ । ਜਿਧਰ ਤਕੀਏ ਹੋਈ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਚਮਕਾਈਆ । ਪੁਰਖ ਅਕਾਲੇ ਦੀਨ ਦਿਆਲੇ ਅੰਤਮ ਸਾਡੀ ਪੁਛ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਸਚ ਦੁਆਰ ਏਕੰਕਾਰ ਇਕੋ ਮੰਗੀਏ ਦਾਤ, ਇਕੱਠੇ ਹੋ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਢੇ ਮੰਗ ਮੰਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡੇ ਨਾਮ ਕਲਮਿਆਂ ਰਿਹਾ ਕੋਇ ਨਾ ਰਸ, ਰਸਤਾ ਦੀਨ ਦੁਨੀ ਗਈ ਬਦਲਾਈਆ । ਮਨੂਆ ਹੋਏ ਕਿਸੇ ਨਾ ਵਸ, ਦਹਿ ਦਿਸ਼ਾ ਉਠ ਉਠ ਧਾਈਆ । ਪਰਕਾਸ਼ ਮਿਲੇ ਨਾ ਕਿਸੇ ਰਵ ਸਸ, ਸੂਰੀਆ ਚੰਦ ਪੰਧ ਨਾ ਕੋਇ ਮੁਕਾਈਆ । ਪਰਵਰਦਿਗਾਰ ਸਾਂਝੇ ਯਾਰ ਕਰਤੇ ਪੁਰਖ ਮਾਰਗ ਅਗੰਮਾ ਦੱਸ, ਦਹਿ ਦਿਸ਼ਾ ਕਰ ਪੜ੍ਹਾਈਆ । ਹਰ ਹਿਰਦੇ ਅੰਤਰ ਨਿਰੰਤਰ ਤੇਰਾ ਹੋਵੇ ਜਸ, ਆਤਮ ਪਰਮਾਤਮ ਮਿਲਕੇ ਵਜੇ ਵਧਾਈਆ । ਅਣਿਆਲਾ ਤੀਰ ਮਾਰ ਕਸ, ਨਾਮ ਨਿਧਾਨਾ ਇਕ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਧੁਰ ਦਾ ਇਕੋ ਦੇ ਦੇ ਜਾਪ, ਜਗ ਜੀਵਣ ਦਾਤੇ ਦਇਆ ਕਮਾਈਆ । ਕਲਜੁਗ ਕੂੜੀ ਕਿਰਿਆ ਮੇਟ ਸੰਤਾਪ, ਸਤਿ ਸੰਤੋਖ ਇਕ ਸਮਝਾਈਆ । ਜੀਵਾਂ ਜੰਤਾਂ ਦੁਰਮਤ ਮੈਲ ਧੋ ਪਾਪ, ਪਤਿਤ ਪੁਨੀਤ ਆਪ ਕਰਾਈਆ । ਲੋਕਮਾਤ ਪਰਗਟ ਹੋ ਆਪ, ਜੋਤੀ ਜਾਤਾ ਹੋ ਕੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਚ ਦੁਆਰੇ ਅਲਖ ਜਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਆ ਜਾ ਉਤੇ ਧਰਤ, ਧਵਲ ਧੌਲ ਦਾ ਲੇਖਾ ਦੇ ਮੁਕਾਈਆ । ਨੂਰ ਨੁਰਾਨੇ ਸ਼ਾਹ ਸੁਲਤਾਨੇ ਨਿਗਾਹ ਮਾਰ ਲੈ ਆਪਣੀ ਧਰਤ, ਪਤਿਪਰਮੇਸ਼ਵਰ ਵੇਖ ਵਖਾਈਆ । ਜੇਹੜੀ ਪੇਸ਼ੀਨਗੋਈਆਂ ਵਿਚ ਸਾਡੇ ਨਾਲ ਕੀਤੀ ਸ਼ਰਤ, ਭਵਿਖਤਾਂ ਵਿਚ ਆਪਣਾ ਹੁਕਮ ਵਰਤਾਈਆ । ਬੇਸ਼ਕ ਤੂੰ ਮਾਲਕ ਵਾਲੀ ਅਰਸ਼, ਅਰਸ਼ੀ ਪ੍ਰੀਤਮ ਨੂਰ ਅਲਾਹੀਆ । ਅੰਤ ਨਿਗਾਹ ਮਾਰ ਲੈ ਉਤੇ ਫ਼ਰਸ਼, ਫ਼ਰਸ਼ੇ ਖ਼ਾਕੀ ਜ਼ਮੀਂ

ਜ਼ਮਾਂ ਧਿਆਨ ਲਗਾਈਆ । ਜੋਤੀ ਜਾਤਾ ਹੋ ਕੇ ਦੇ ਦਰਸ, ਬਿਨ ਨੇਤਰ ਨੈਣਾਂ ਕਰ ਰੁਸ਼ਨਾਈਆ । ਸਾਡੀ ਚਾਰ ਜੁਗ ਦੀ ਹਰਸ, ਸਤਿਜੁਗ ਤ੍ਰੇਤਾ ਦੁਆਪਰ ਤੇਰੇ ਢੋਲੇ ਰਹੇ ਗਾਈਆ । ਮਿਹਰਵਾਨਾ ਮਿਹਰਵਾਨਾ ਮਿਹਰਵਾਨਾ ਆਪਣਾ ਕਰ ਦੇ ਤਰਸ, ਰਹਿਮਤ ਆਪਣੀ ਆਪ ਕਮਾਈਆ । ਹਰ ਹਿਰਦੇ ਅੰਦਰ ਮੇਘ ਦੇ ਬਰਸ, ਬੂੰਦ ਸਵਾਂਤੀ ਕਵਲ ਨਾਭ ਵਿਚੋਂ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਕਿਰਪਾ ਕਰ ਕਰਤਾਰ, ਕ਼ੁਦਰਤ ਕ਼ਾਦਰ ਦਇਆ ਕਮਾਈਆ । ਪਰਗਟ ਹੋ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਮਿਹਰਵਾਨ ਹੋ ਕੇ ਪਾ ਸਾਰ, ਮਹਾਸਾਰਥੀ ਆਪਣਾ ਵੇਸ ਵਟਾਈਆ । ਤੇਰਾ ਲਹਿਣਾ ਦੇਣਾ ਲੇਖਾ ਨਾਲ ਹੋਵੇ ਕਲ ਕਲਕੀ ਅਵਤਾਰ, ਨਿਹਕਲੰਕ ਆਪਣਾ ਡੰਕ ਵਜਾਈਆ । ਸੰਬਲ ਸੁਹਾ ਆਪਣਾ ਧਾਮ ਨਿਆਰ, ਤ੍ਰੈਗੁਣ ਅਤੀਤੇ ਆਪਣਾ ਆਸਣ ਲਾਈਆ । ਅਮਾਮ ਅਮਾਮਾ ਹੋ ਸਿਕਦਾਰ, ਨੂਰ ਅਲਾਹ ਨਿਰਗੁਣ ਨੂਰ ਕਰ ਰੁਸ਼ਨਾਈਆ । ਤੂੰ ਆਦਿ ਜੁਗਾਦੀ ਸਭ ਦਾ ਸਾਂਝਾ ਯਾਰ, ਬੇਐਬ ਇਕ ਅਖਵਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਅਸੀਂ ਭਵਿਖਤਾਂ ਵਿਚ ਆਏ ਉਚਾਰ, ਪੇਸ਼ੀਨਗੋਈਆਂ ਦੇਣ ਗਵਾਹੀਆ । ਮੁਹੰਮਦ ਲੇਖਾ ਮੁਕਣਾ ਸਦੀ ਚੌਧਵੀਂ ਨਾਲ ਚਾਰ ਯਾਰ, ਈਸਾ ਬੀਸਵੀਂ ਆਪਣਾ ਅੰਕ ਬਣਾਈਆ । ਗੋਬਿੰਦ ਦਾ ਢਈਆ ਵੇਖ ਵਿਚ ਸੰਸਾਰ, ਘੜੀ ਪਲ ਆਪਣੀ ਖੋਜ ਖੁਜਾਈਆ । ਵੇਦ ਵਿਆਸਾ ਜਿਸ ਦਾ ਬਣਿਆ ਲਿਖਾਰ, ਕਾਤਬ ਹੋ ਕੇ ਕ਼ਲਮ ਚਲਾਈਆ । ਤੂੰ
੧੩੫੭ ਸ਼ਾਹੋ ਭੂਪ ਸ਼ਹਿਨਸ਼ਾਹ ਸਚੀ ਸਰਕਾਰ, ਹਰਿ ਕਰਤਾ ਇਕ ਅਖਵਾਈਆ । ਦੀਨ ਦੁਨੀ ਬਿਨ ਨੇਤਰ ਨਿਗਾਹ ਮਾਰ, ਬਿਨ ਨੈਣਾਂ ਨੈਣ ਉਠਾਈਆ । ੧੩੫੭
੨੪ ਨੌਂ ਖੰਡ ਪ੍ਰਿਥਮੀ ਸਤ ਦੀਪ ਹੋਇਆ ਧੂੰਆਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਪੁਰਖ ਅਕਾਲੇ ਦੀਨ ਦਿਆਲੇ ਸਾਡਾ ਲਹਿਣਾ ਦੇਣਾ ਪੂਰਬ ੨੪
ਕ਼ਰਜ਼ਾ ਦੇ ਉਤਾਰ, ਮਕ਼ਰੂਜ਼ ਤੇਰੇ ਅਗੇ ਮੰਗ ਮੰਗਾਈਆ । ਤੇਰੇ ਚਰਨ ਕਵਲ ਡੰਡਾਵਤ ਬੰਦਨਾ ਸਜਦਿਆਂ ਵਿਚ ਕਰੀਏ ਨਿਮਸਕਾਰ, ਬਿਨ ਸੀਸ ਜਗਦੀਸ਼ ਨਿਉਂ ਨਿਉਂ ਲਗੀਏ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਤੇਰਾ ਅੰਤ ਨਾ ਪਾਰਾਵਾਰ, ਪਾਰਬ੍ਰਹਮ ਪਤਿਪਰਮੇਸ਼ਵਰ ਬੇਪਰਵਾਹ ਤੇਰੀ ਬੇਪਰਵਾਹੀ ਵਿਚ ਸਮਾਈਆ ।

### ੨੦ ਮਾਘ ਸ਼ਹਿਨਸ਼ਾਹੀ ਸੰਮਤ ੧੧ ਮੰਗਲ ਸਿੰਘ ਦੇ ਗ੍ਰਹਿ ਪਿੰਡ ਫ਼ਤੂਪੁਰ ਜ਼ਿਲਾ ਗੁਰਦਾਸਪੁਰ

ਧਰਨੀ ਕਹੇ ਪਰਵਰਦਿਗਾਰ ਮੇਰੇ ਨਿਰੰਕਾਰਾ, ਨਿਰਾਕਾਰ ਤੇਰੀ ਸਰਨਾਈਆ । ਮੇਰੀ ਬੇਨੰਤੀ ਸੁਣ ਪੁਕਾਰਾ, ਪੁਨਹ ਪੁਨਹ ਸੀਸ ਨਿਵਾਈਆ । ਤੂੰ ਸ਼ਾਹੋ ਭੂਪ ਸਿਕਦਾਰਾ, ਸ਼ਹਿਨਸ਼ਾਹ ਇਕ ਅਖਵਾਈਆ । ਸਤਿਗੁਰ ਸ਼ਬਦ ਤੇਰਾ ਦੁਲਾਰਾ, ਦੂਲਹਾ ਦੋ ਜਹਾਨ ਸੋਭਾ ਪਾਈਆ । ਜਿਸ ਦੇ ਹੁਕਮ ਵਿਚ ਆਏ ਤੇਈ ਅਵਤਾਰਾ, ਅਵਤਰ ਹੋ ਕੇ ਖੇਲ ਖਿਲਾਈਆ । ਜਿਸ ਪੈਗ਼ੰਬਰਾਂ ਦਿਤਾ ਇਸ਼ਾਰਾ, ਸੈਨਤ ਕਲਮਿਆਂ ਵਾਲੀ ਲਗਾਈਆ । ਗੁਰੂਆਂ ਗੁਰਦੇਵ ਦੇ ਸਹਾਰਾ, ਸਿਰ ਆਪਣਾ ਹੱਥ ਟਿਕਾਈਆ । ਚਾਰ ਜੁਗ ਦੇ ਸ਼ਾਸਤਰਾਂ ਬਣ ਲਿਖਾਰਾ, ਸਿਫ਼ਤ ਸਲਾਹੀ ਢੋਲੇ ਗਾਈਆ ।

ਨਾਮ ਕਲਮਾ ਕਰ ਉਜਿਆਰਾ, ਅੱਖਰ ਅੱਖਰਾਂ ਨਾਲ ਵਡਿਆਈਆ । ਮੈਂ ਰੋਵਾਂ ਜ਼ਾਰੋ ਜ਼ਾਰਾ, ਧਰਨੀ ਕੂਕ ਕੂਕ ਸੁਣਾਈਆ । ਮੇਰੇ ਅੰਤਸ਼ਕਰਨ ਦੀ ਸੁਣ ਲੈ ਹਾਹਾਕਾਰਾ, ਹੌਕਿਆਂ ਵਿਚ ਮੇਰੀ ਦੁਹਾਈਆ । ਕਲਜੁਗ ਵਧਿਆ ਕੂੜ ਕੁੜਿਆਰਾ, ਕਲਕਾਤੀ ਨਜ਼ਰੀ ਆਈਆ । ਨੌ ਖੰਡ ਪ੍ਰਿਥਮੀ ਅੰਧ ਅੰਧਿਆਰਾ, ਸੱਤ ਦੀਪ ਦੀਪ ਨਾ ਕੋਇ ਰੁਸ਼ਨਾਈਆ । ਮੈਂ ਜਿਧਰ ਤਕਾਂ ਧੂੰਆਂਧਾਰਾ, ਨੂਰੀ ਚੰਦ ਨਾ ਕੋਇ ਚਮਕਾਈਆ । ਪਵਿਤ੍ਰ ਰਿਹਾ ਨਹੀਂ ਕੋਈ ਧਰਮ ਦੁਆਰਾ, ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦੁਆਰ ਚਰਚ ਰਹੇ ਸੁਣਾਈਆ । ਤੀਰਥ ਤਟ ਰੋਵਣ ਜ਼ਾਰੋ ਜ਼ਾਰਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਬਿਨ ਨੈਣਾਂ ਨੀਰ ਵਹਾਈਆ । ਤੇਰੇ ਨਾਮ ਦਾ ਦਿਸੇ ਨਾ ਕੋਇ ਪਿਆਰਾ, ਪੀਆ ਪ੍ਰੀਤਮ ਤੈਨੂੰ ਮਿਲਣ ਕੋਇ ਨਾ ਪਾਈਆ । ਦੀਆ ਬਾਤੀ ਤੇਰੇ ਗ੍ਰਿਹ ਨਾ ਹੋਏ ਉਜਿਆਰਾ, ਜੋਤੀ ਨੂਰ ਨਾ ਕੋਇ ਰੁਸ਼ਨਾਈਆ । ਤੇਰਾ ਨਾਮ ਸ਼ਬਦ ਅਗੰਮਾ ਸੁਣੇ ਨਾ ਕੋਇ ਧੁਨਕਾਰਾ, ਅਨਹਦ ਨਾਦੀ ਨਾਦ ਨਾ ਕੋਇ ਸ਼ਨਵਾਈਆ । ਅੰਮ੍ਰਿਤ ਰਸ ਕਿਸੇ ਮਿਲੇ ਨਾ ਠੰਢਾ ਠਾਰਾ, ਬੂੰਦ ਸਵਾਂਤੀ ਨਾਭੀ ਕਵਲ ਨਾ ਕੋਇ ਟਪਕਾਈਆ । ਮਨ ਮਨਸਾ ਵਿਚ ਹੋਇਆ ਹੰਕਾਰਾ, ਗੜ੍ਹ ਕੂੜ ਬੈਠਾ ਬਣਾਈਆ । ਤ੍ਰਿਸ਼ਨਾ ਸਭ ਨੂੰ ਕਰੇ ਖ਼ੁਆਰਾ, ਪੰਚ ਵਿਕਾਰ ਨਾਲ ਮਿਲਾਈਆ । ਤ੍ਰੈਗੁਣ ਚਾਰੋਂ ਕੁੰਟ ਆਪਣਾ ਕੀਤਾ ਵਰਤਾਰਾ, ਵਰਤਮਾਨ ਵੇਖ ਖ਼ਲਕ ਖ਼ੁਦਾਈਆ । ਤੇਰਾ ਪਿਆਰ ਰਿਹਾ ਨਾ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਦੇਣ ਗਵਾਹੀਆ । ਮੈਨੂੰ ਕਹਿ ਕੇ ਗਏ ਪੈਗੰਬਰ ਗੁਰ ਅਵਤਾਰਾ, ਸੰਦੇਸ਼ਾ ਭਵਿਖਤਾਂ ਵਿਚ ਜਣਾਈਆ । ਕਲ ਕਲਕੀ ਆਵੇ ਆਪਣੀ ਧਾਰਾ, ਨਿਹਕਲੰਕਾ ਰੂਪ ਅਲਾਹੀਆ । ਅਮਾਮ ਅਮਾਮਾ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਮੈਂ ਤੇਰੀ ਕਰਨੀ ਇੰਤਜ਼ਾਰਾ, ਰਾਹ ਤਕਾਂ ਚਾਈਂ ਚਾਈਆ । ਕਵਣ ਵੇਲਾ ਮੇਰਾ ਸਾਹਿਬ ਸੁਆਮੀ ਮੈਨੂੰ ਦਏ ਸਹਾਰਾ, ਸਿਰ ਮੇਰੇ ਹੱਥ ਟਿਕਾਈਆ । ਮੈਂ ਚਰਨ ਕਵਲ ਧਵਲ ਹੋ ਕੇ ਕਰਾਂ ਨਿਮਸਕਾਰਾ, ਧਰਨੀ ਹੋ ਕੇ ਸੀਸ ਨਿਵਾਈਆ । ਤੇਰਾ ਲਹਿਣਾ ਦੇਣਾ ਮੇਰੇ ਨਾਲ ਸਦਾ ਜੁਗ ਚਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੰਗ ਰਖਾਈਆ । ਮੈਂ ਤੇਰੀ ਧੂੜ ਮਸਤਕ ਲਾਵਾਂ ਛਾਰਾ, ਟਿੱਕੇ ਸ਼ਹਿਨਸ਼ਾਹ ਰਮਾਈਆ । ਤੂੰ ਸਤਿ ਧਰਮ ਸਤਿਜੁਗ ਮੇਰੇ ਉਤੇ ਕਰ ਉਜਿਆਰਾ, ਉਜਰਤ ਕਲਜੁਗ ਦਏ ਚੁਕਾਈਆ । ਤੇਰਾ ਇਕੋ ਇਸ਼ਟ ਦੀਨ ਦੁਨੀ ਦਾ ਹੋਏ ਪਿਆਰਾ, ਦੀਨ ਮਜ਼੍ਹਬ ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਤੇਰੇ ਨਾਮ ਦਾ ਦੋ ਜਹਾਨ ਹੋਵੇ ਇਕ ਜੈਕਾਰਾ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਸਾਰੇ ਲੈਣ ਗਾਈਆ । ਤੇਰਾ ਇਕੋ ਹੋਵੇ ਧੁਰਦਰਗਾਹੀ ਸਚ ਦਰਬਾਰਾ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਡੰਡਾਵਤ ਬੰਦਨਾ ਸਯਦਿਆਂ ਵਿਚ ਤੈਨੂੰ ਇਕੋ ਗ੍ਰਿਹ ਹੋਵੇ ਨਿਮਸਕਾਰਾ, ਮੰਦਰ ਮਸਜਿਦ ਸ਼ਿਵਦੁਆਲਾ ਮਠ ਵੰਡ ਨਾ ਕੋਇ ਵੰਡਾਈਆ । ਤੂੰ ਪੰਜਾਂ ਤਤਾਂ ਦੇਵਣਹਾਰ ਅਧਾਰਾ, ਤ੍ਰੈਗੁਣ ਆਪਣਾ ਹੁਕਮ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰੀ ਸੁਣ ਲੈ ਗਿਰਿਆਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਪੁਰਖ ਅਕਾਲੇ ਦੀਨ ਦਿਆਲੇ ਸੰਬਲ ਦੇ ਮਾਲਕ ਹੋ ਜਾ ਜ਼ਾਹਿਰਾ, ਜ਼ਾਹਰ ਜ਼ਹੂਰ ਆਪਣੀ ਕਲ ਪਰਗਟਾਈਆ । ਤੇਰਾ ਸਤਿਗੁਰ ਸ਼ਬਦ ਦੋ ਜਹਾਨ ਤੇਰਾ ਲਾਏ ਨਾਅਰਾ, ਢੋਲਾ ਗੀਤ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲੇਖਾ ਆਦਿ ਅੰਤ ਜੁਗਾ ਜੁਗੰਤ ਸ੍ਰੀ ਭਗਵੰਤ ਮੇਰਾ ਲਹਿਣਾ ਦੇਣਾ ਦੇ ਉਧਾਰਾ, ਮਾਂਗਤ ਹੋ ਕੇ ਖ਼ਾਲੀ ਝੋਲੀ ਅਗੇ ਡਾਹੀਆ ।


੧੩੫੮
੨੪

✪ ੨੦ ਮਾਘ ਸ਼ਹਿਨਸ਼ਾਹੀ ਸੰਮਤ ੧੧ ਗੁਲਜ਼ਾਰ ਸਿੰਘ ਦੇ ਗ੍ਰਹਿ ਪਿੰਡ ਫ਼ਤੂਪੁਰ ਜ਼ਿਲਾ ਗੁਰਦਾਸਪੁਰ ✪

ਸਤਿਗੁਰ ਸ਼ਬਦ ਧੁਰ ਦਾ ਮਾਹੀ, ਮਿਹਰਵਾਨ ਇਕ ਅਖਵਾਇੰਦਾ । ਜੁਗ ਜੁਗ ਦੋ ਜਹਾਨ ਬਣੇ ਰਾਹੀ, ਰਹਿਬਰ ਹੋ ਕੇ ਖੇਲ ਖਿਲਾਇੰਦਾ । ਵੇਖਣਹਾਰਾ ਥਲ ਅਸਗਾਹੀ, ਟਿੱਲੇ ਪਰਬਤ ਫੋਲ ਫੁਲਾਇੰਦਾ । ਲੱਖ ਚੁਰਾਸੀ ਪਰਦਾ ਰਿਹਾ ਉਠਾਈ, ਭੇਵ ਅਭੇਦਾ ਆਪ ਖੁਲਾਇੰਦਾ । ਨਾਮ ਸੰਦੇਸ਼ਾ ਇਕ ਸੁਣਾਈ, ਅਣਸੁਣਤ ਆਪ ਸੁਣਾਇੰਦਾ । ਹਰਿਜਨ ਉਠਾਏ ਫੜ ਫੜ ਬਾਹੀਂ, ਪੱਲੂ ਆਪਣੀ ਗੰਢ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਇੰਦਾ । ਸਤਿਗੁਰ ਸ਼ਬਦ ਦੋ ਜਹਾਨਾਂ ਪਾਂਧੀ, ਆਦਿ ਜੁਗਾਦਿ ਇਕ ਅਖਵਾਈਆ । ਜਿਸ ਦੀ ਧਾਰ ਤੂੰ ਮੇਰਾ ਮੈਂ ਤੇਰਾ ਗਾਂਦੀ, ਬ੍ਰਹਮ ਬ੍ਰਹਿਮੰਡ ਦਏ ਸੁਣਾਈਆ । ਜਿਸ ਦੇ ਬਿਨਾ ਸਭ ਦੀ ਪਤ ਜਾਂਦੀ, ਸਿਰ ਹੱਥ ਨਾ ਕੋਇ ਰਖਾਈਆ । ਕਰੇ ਖੇਲ ਕਲਜੁਗ ਕੂੜੀ ਕਿਰਿਆ ਕਾਂ ਦੀ, ਜੀਵਾਂ ਜੰਤਾਂ ਅੰਦਰ ਧਿਆਨ ਲਗਾਈਆ । ਵਡਿਆਈ ਵੇਖੇ ਧੁਰ ਦੇ ਨਾਂ ਦੀ, ਨਾਮ ਨਿਧਾਨਾ ਕੀ ਜਣਾਈਆ । ਰਹਿਮਤ ਵੇਖੇ ਅਵਤਾਰ ਪੈਗ਼ੰਬਰਾਂ ਗੁਰੂਆਂ ਛਾਂ ਦੀ, ਕਿਸ ਬਿਧ ਸਿਰ ਆਪਣਾ ਹੱਥ ਟਿਕਾਈਆ । ਤ੍ਰਿਸ਼ਨਾ ਤਕੇ ਧਰਨੀ ਧਵਲ ਮਾਂ ਦੀ, ਮਾਤਰ ਭੂਮੀ ਹੋ ਕੇ ਕੀ ਜਣਾਈਆ । ਜਗਹ ਵੇਖੇ ਆਪਣੇ ਪਵਿਤ੍ਰ ਥਾਂ ਦੀ, ਥਨੰਤਰਾਂ ਖੋਜ ਖੁਜਾਈਆ । ਪੁਕਾਰ ਸੁਣੇ ਸੂਰ ਗਾਂ ਦੀ, ਪਸ਼ੂ ਕੂਕ ਕੂਕ ਕੀ ਸੁਣਾਈਆ । ਵਡਿਆਈ ਵੇਖੇ ਆਪਣੇ ਸਤਿਗੁਰ ਸ਼ਬਦ ਵਾਹ ਵਾਹ ਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਨਿਭਾਈਆ । ਸਤਿਗੁਰ ਸ਼ਬਦ ਵੇਖਣਹਾਰਾ ਆਦਿ ਜੁਗਾਦੀ, ਜੁਗ ਜੁਗ ਧਿਆਨ ਲਗਾਈਆ । ਜਿਸ ਦੀ ਧਾਰ ਸਦਾ ਸਾਦੀ, ਬੁੱਧੀ ਵਿਚ ਸਮਝ ਕਿਸੇ ਨਾ ਆਈਆ । ਉਹ ਵੇਖਣਹਾਰਾ ਲੱਖ ਚੁਰਾਸੀ ਆਬਾਦੀ, ਚਾਰੇ ਖਾਣੀ ਫੋਲ ਫੁਲਾਈਆ । ਜੋ ਅਵਤਾਰ ਪੈਗ਼ੰਬਰ ਗੁਰੂਆਂ ਕੋਲੋਂ ਹੁਕਮ ਪੁਛੇ ਜਵਾਬੀ, ਜਵਾਬਤਲਬੀ ਇਕ ਰਖਾਈਆ । ਆਪਣੇ ਆਪਣੇ ਭਗਤ ਸੰਤ ਸਿੱਖ ਮੁਰੀਦ ਪੂਰੇ ਮੈਨੂੰ ਦੱਸੋ ਸ਼ਤਾਬੀ, ਜਲਦੀ ਜਲਦੀ ਹੁਕਮ ਸੁਣਾਈਆ । ਜੋ ਵੇਖਣਹਾਰਾ ਸਚ ਦੁਆਰ ਮਹਿਰਾਬੀ, ਮਹਿਬੂਬ ਨੂਰ ਅਲਾਹੀਆ । ਸੋ ਭਗਤਾਂ ਦੀ ਮੰਜ਼ਲ ਦੀ ਦਏ ਆਜ਼ਾਦੀ, ਆਜ਼ਾਦ ਆਪਣਾ ਨਾਮ ਜਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਨੂੰ ਆਦਿ ਜੁਗਾਦਿ ਸਾਰੇ ਰਹੇ ਅਰਾਧੀ, ਅਰਾਧਨਾ ਵਿਚ ਆਪਣਾ ਝਟ ਲੰਘਾਈਆ ।

✪ ੨੦ ਮਾਘ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਅਠਵਾਲ ਜ਼ਿਲਾ ਗੁਰਦਾਸਪੁਰ ✪

ਧਰਨੀ ਕਹੇ ਪ੍ਰਭੂ ਹਰ ਹਿਰਦੇ ਬਖ਼ਸ਼ ਦੇ ਆਪਣਾ ਨਾਮ, ਅੰਤਰ ਨਿਰੰਤਰ ਆਪ ਟਿਕਾਈਆ । ਅੰਮ੍ਰਿਤ ਰਸ ਹਕੀਕੀ ਪਿਆ ਦੇ ਜਾਮ, ਅਨਰਸ ਆਪਣਾ ਆਪ ਚਖਾਈਆ । ਅੰਧੇਰ ਮਿਟਾ ਦੇ ਸਾਢੇ ਤਿੰਨ ਹੱਥ ਅੰਤਰ ਸ਼ਾਮ, ਸ਼ਮਅ ਨੂਰ ਜੋਤ ਕਰ ਰੁਸ਼ਨਾਈਆ । ਭਾਗ ਲਗਾ ਦੇ ਪੰਜ ਤਤ ਗਰਾਮ, ਗ੍ਰਹਿ ਮੰਦਰ ਵੇਖ ਵਖਾਈਆ । ਮਨ ਮਨਸਾ ਕੂੜੀ ਕਿਰਿਆ ਤੇਰੇ ਚਰਨ ਕਰੇ ਪਰਨਾਮ, ਦਹਿ ਦਿਸ਼ਾ ਨਾ ਉਠ ਉਠ ਧਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੋਂ ਮੇਟ ਦੇ ਕਲਜੁਗ ਕੂੜ ਕੁੜਿਆਰਾ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਸਾਚਾ ਕਰ ਉਜਿਆਰਾ, ਨਵ ਸੱਤ ਕਰੇ ਰੁਸ਼ਨਾਈਆ । ਇਕੋ ਇਸ਼ਟ ਦੇਵ ਹੋਵੇ ਨਿਰੰਕਾਰਾ, ਜੋ ਸਭ ਦਾ ਪਿਤਾ ਮਾਈਆ । ਇਕੋ ਨਾਮ ਕਲਮਾ ਤੇਰਾ ਹੋਵੇ ਨਾਅਰਾ, ਆਤਮ ਪਰਮਾਤਮ ਢੋਲਾ ਸਾਰੇ ਗਾਈਆ । ਤੂੰ ਪੁਰਖ ਅਕਾਲਾ ਸਾਂਝਾ ਪਰਵਰਦਿਗਾਰਾ, ਨੂਰ ਨੁਰਾਨਾ ਨੂਰ ਅਲਾਹੀਆ । ਮੈਨੂੰ ਤੇਰੇ ਚਰਨਾਂ ਦਾ ਸਹਾਰਾ, ਦੂਸਰ ਓਟ ਨਾ ਕੋਇ ਤਕਾਈਆ । ਤੇਰਾ ਸੰਦੇਸ਼ਾ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰਾ, ਸ਼ਬਦ ਸ਼ਬਦੀ ਸ਼ਬਦ ਜਣਾਈਆ । ਤੂੰ ਠਾਕਰ ਮੇਰਾ ਕਲ ਕਲਕੀ ਅਵਤਾਰਾ, ਨਿਹਕਲੰਕਾ ਅਗੰਮ ਅਥਾਹੀਆ । ਮਿਹਰਵਾਨਾ ਸ੍ਰੀ ਭਗਵਾਨਾ ਮੇਰੀ ਪਾ ਸਾਰਾ, ਮਹਾਸਾਰਥੀ ਆਪਣਾ ਵੇਸ ਵਟਾਈਆ । ਮੇਰੀ ਡੰਡਾਵਤ ਬੰਦਨਾ ਤੇਰੇ ਚਰਨ ਕਵਲ ਨਿਮਸਕਾਰਾ, ਨਿਵ ਨਿਵ ਲਾਗਾਂ ਪਾਈਆ । ਤੂੰ ਜੋਤੀ ਜਾਤਾ ਪੁਰਖ ਬਿਧਾਤਾ ਜਗਤ ਜਗਦੀਸਾ ਚੌਬੀਸਾ ਅਵਤਾਰਾ, ਅਵਤਰੀ ਹੋ ਕੇ ਵੇਖ ਵਖਾਈਆ । ਮੇਰੇ ਉਤੋਂ ਮੇਟ ਦੇ ਧੂੰਆਂਧਾਰਾ, ਅੰਧ ਅਗਿਆਨ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਤੇ ਪੁਰਖ ਬਿਧਾਤੇ ਤੇਰੇ ਚਰਨ ਧੂੜ ਬਿਨ ਮਸਤਕ ਲਾਵਾਂ ਛਾਰਾ, ਸ਼ਹਿਨਸ਼ਾਹ ਮੇਰੀ ਦੁਰਮਤ ਮੈਲ ਦੇਣੀ ਧੁਆਈਆ ।



## ੨੦ ਮਾਘ ਸ਼ਹਿਨਸ਼ਾਹੀ ਸੰਮਤ ੧੧ ਮਹਿੰਦਰ ਸਿੰਘ ਦੇ ਗ੍ਰਹਿ ਪਿੰਡ ਸ਼ਿਕਾਰ ਮਾਛੀਆਂ ਜ਼ਿਲਾ ਗੁਰਦਾਸਪੁਰ

ਅਵਤਾਰ ਪੈਗ਼ੰਬਰ ਗੁਰ ਕਹਿਣ ਪ੍ਰਭ ਸਾਡੀ ਅਗੰਮ ਡੰਡਾਵਤ ਬੰਦਨਾ, ਸਯਦਿਆਂ ਵਿਚ ਸੀਸ ਨਿਵਾਈਆ । ਨਿਰਗੁਣ ਦਾਤੇ ਪੁਰਖ ਬਿਧਾਤੇ ਆਦਿ ਜੁਗਾਦੀ ਧੁਰ ਦੇ ਸੱਜਣਾ, ਸਾਹਿਬ ਸੁਆਮੀ ਤੇਰੀ ਓਟ ਤਕਾਈਆ । ਧਰਨੀ ਧਰਤ ਧਵਲ ਧੌਲ ਕੂੜੀ ਕਿਰਿਆ ਤੋੜ ਦੇ ਫੰਦਨਾ, ਜਗਤ ਜੰਜਾਲ ਦੇ ਗੁਆਈਆ । ਤੇਰੇ ਹੁਕਮ ਵਿਚ ਕਲਜੁਗ ਕੂੜ ਕੁੜਿਆਰਾ ਅੰਤਮ ਲੰਘਣਾ, ਲੋਕਮਾਤ ਰਹਿਣ ਨਾ ਪਾਈਆ । ਇਕੋ ਦੁਆਰ ਏਕੰਕਾਰ ਪਰਵਰਦਿਗਾਰ ਤੇਰਾ ਮੰਗਣਾ, ਦੂਸਰ ਇਸ਼ਟ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਨਾਮ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਕਲਜੁਗ ਮੇਟ ਜਗਤ ਅੰਧਿਆਰ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਨੌ ਖੰਡ ਪ੍ਰਿਥਮੀ ਤਕ ਵਿਭਚਾਰ, ਸੱਤ ਦੀਪ ਖੋਜ ਖੁਜਾਈਆ । ਸਾਚੀ ਸਿਖਿਆ ਰਹੀ ਨਾ ਵਿਚ ਸੰਸਾਰ, ਅੰਤਰ ਆਤਮ ਤੇਰਾ ਭੇਵ ਕੋਇ ਨਾ ਪਾਈਆ । ਰਸਨਾ ਜੇਹਵਾ ਬੱਤੀ ਦੰਦ ਬੋਲਦੇ ਸਰਬ ਜੈਕਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਚਾਰ ਕੁੰਟ ਦਹਿ ਦਿਸ਼ਾ ਹੋਇਆ ਧੂੰਆਂਧਾਰ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਸਾਡੇ ਭਵਿਖਤਾਂ ਲੈਣਾ ਵਿਚਾਰ, ਪੇਸ਼ੀਨਗੋਈਆਂ ਤੇਰੇ ਚਰਨ ਟਿਕਾਈਆ । ਅਸੀਂ ਤੇਰਾ ਕਲ ਕਲਕੀ ਕਰਦੇ ਇੰਤਜ਼ਾਰ, ਨਿਹਕਲੰਕ ਤੇਰੀ ਓਟ ਰਖਾਈਆ । ਅਮਾਮ ਅਮਾਮਾ ਧੁਰ ਦੇ ਪਰਵਰਦਿਗਾਰ, ਸਾਂਝੇ ਯਾਰ ਨੂਰ ਅਲਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਣ ਕੇ ਪੈਜ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਦੀ ਚੌਧਵੀਂ ਨਿਗਾਹ ਮਾਰ, ਚੌਦਾਂ ਤਬਕ ਖੋਜ ਖੁਜਾਈਆ ।

ਬੀਸ ਬੀਸੇ ਹੋ ਖ਼ਬਰਦਾਰ, ਹਜ਼ਰਤ ਈਸਾ ਨੈਣ ਉਠਾਈਆ । ਮੂਸਾ ਕੂਕ ਕੂਕ ਕਰੇ ਪੁਕਾਰ, ਪਰਵਰਦਿਗਾਰ ਤੇਰੀ ਬੇਪਰਵਾਹੀਆ । ਸਤਿਗੁਰ ਸ਼ਬਦ ਦਏ ਇਸ਼ਾਰ, ਗੋਬਿੰਦ ਢੋਲਾ ਇਕ ਸੁਣਾਈਆ । ਪੁਰਖ ਅਕਾਲੇ ਦੀਨ ਦਿਆਲੇ ਸਭ ਦਾ ਲਹਿਣਾ ਦੇਣਾ ਕ਼ਰਜ਼ ਉਤਾਰ, ਮਕ਼ਰੂਜ਼ ਲੇਖਾ ਦੇ ਚੁਕਾਈਆ । ਤੇਰੇ ਦਰ ਤੇ ਸਾਰੇ ਹੋਏ ਭਿਖਾਰ, ਮਾਂਗਤ ਹੋ ਕੇ ਝੋਲੀ ਡਾਹੀਆ । ਚਾਰ ਜੁਗ ਦੇ ਸ਼ਾਸਤਰ ਬਿਨ ਅੱਖੀਆਂ ਰੋਵਣ ਜ਼ਾਰੋ ਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਸਾਚਾ ਰਿਹਾ ਨਾ ਕੋਇ ਸਤਿਕਾਰ, ਧਰਮ ਦੀ ਧਾਰ ਨਾ ਕੋਇ ਵਡਿਆਈਆ । ਸਾਨੂੰ ਪੜ੍ਹ ਪੜ੍ਹ ਥੱਕਾ ਸੰਸਾਰ, ਪਰਮ ਪੁਰਖ ਤੇਰੇ ਰੰਗ ਨਾ ਕੋਇ ਰੰਗਾਈਆ । ਮਨ ਕਲਪਣਾ ਦੀਨ ਦੁਨੀ ਅੰਦਰ ਵਧਿਆ ਹੰਕਾਰ, ਵਿਭਚਾਰ ਸਕੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਅਗੰਮ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਹਿਬ ਸੂਰੇ ਸਰਬਗ, ਹਰਿ ਕਰਤੇ ਪੁਰਦਰਗਾਹੀਆ । ਕਲਜੁਗ ਕੂੜ ਕੁੜਿਆਰ ਬਦਲ ਦੇ ਜਗ, ਜੁਗਤੀ ਆਪਣੀ ਨਾਲ ਬਦਲਾਈਆ । ਤ੍ਰੈਗੁਣ ਮਾਇਆ ਬੁਝਾ ਦੇ ਅੱਗ, ਪੰਜ ਤਤ ਨਾ ਕੋਇ ਤਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਜੋ ਤੇਰੇ ਨਾਲੋਂ ਹੋਈ ਅਲਗ, ਮੇਲਾ ਮੇਲ ਸਹਿਜ ਸੁਭਾਈਆ । ਦਰਸ਼ਨ ਦੇ ਉਪਰ ਸ਼ਾਹਰਗ, ਸ਼ਹਿਨਸ਼ਾਹ ਪਰਦਾ ਆਪ ਉਠਾਈਆ । ਤੇਰੀ ਸਰਨ ਸਰਨਾਈ ਆਤਮ ਧਾਰ ਦੀਨ ਦੁਨੀ ਜਾਏ ਲੱਗ, ਪਰਮਾਤਮ ਮਿਲਕੇ ਵਜੇ ਵਧਾਈਆ । ਤੂੰ ਆਦਿ ਜੁਗਾਦੀ ਨੂਰ ਅਲਾਹੀ ਰੱਬ, ਮਿਹਬਾਨ ਬੀਦੋ ਇਕ ਅਖਵਾਈਆ । ਧੁਰ ਦੇ ਰਾਮ ਕਾਹਨ ਤੈਨੂੰ ਰਹੇ ਸੱਦ, ਸੱਦੇ ਦਈਏ ਚਾਈਂ ਚਾਈਂਆ । ਪੁਰਖ ਅਕਾਲੇ ਦੀਨ ਦਿਆਲੇ ਸਭ ਨੂੰ ਕਰ ਗਦ ਗਦ, ਖ਼ੁਸ਼ੀਆਂ ਆਪਣਾ ਰੰਗ ਰੰਗਾਈਆ । ਮਾਨਵ ਜ਼ਾਤੀ ਇਕੋ ਬਣਾ ਲੈ ਯਦ, ਦੀਨ ਮਜ਼੍ਹਬ ਦਾ ਲੇਖਾ ਰਹੇ ਨਾ ਰਾਈਆ । ਸਦੀ ਚੌਧਵੀਂ ਅੰਤਮ ਸ਼ਰਅ ਦੀ ਮੇਟ ਦੇ ਹੱਦ, ਸ਼ਰੀਅਤ ਇਕੋ ਦੇ ਵਖਾਈਆ । ਤੇਰਾ ਨਾਮ ਨਿਧਾਨਾ ਦੋ ਜਹਾਨਾਂ ਵਜੇ ਨਦ, ਬ੍ਰਹਿਮੰਡਾਂ ਖੰਡਾਂ ਕਰ ਸ਼ਨਵਾਈਆ । ਜ਼ਾਤ ਪਾਤ ਮੇਟ ਦੇ ਹੱਦ, ਹਦੂਦ ਇਕੋ ਇਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਢੇ ਅਲਖ ਜਗਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਸਾਡੀ ਇਕੋ ਇਕ ਅਰਦਾਸ, ਅਰਜ਼ ਅਰਜ਼ੋਈ ਤੇਰੇ ਚਰਨ ਟਿਕਾਈਆ । ਤੂੰ ਸ਼ਹਿਨਸ਼ਾਹ ਸ਼ਾਹੋ ਸ਼ਾਬਾਸ਼, ਹਰਿ ਕਰਤਾ ਨੂਰ ਅਲਾਹੀਆ । ਕਲਜੁਗ ਅੰਤਮ ਲਹਿਣਾ ਦੇਣਾ ਤਕ ਲੈ ਖ਼ਾਸ, ਖ਼ਾਲਸ ਸ੍ਰਿਸ਼ਟੀ ਵੇਖ ਖ਼ਲਕ ਖ਼ੁਦਾਈਆ । ਪਰਮ ਪੁਰਖ ਪਰਮਾਤਮ ਤੇਰੇ ਉਤੇ ਰਿਹਾ ਨਾ ਕਿਸੇ ਵਿਸ਼ਵਾਸ਼, ਵਿਸ਼ਵ ਦਾ ਭੇਵ ਨਾ ਕੋਇ ਚੁਕਾਈਆ । ਤਨ ਵਜੂਦਾਂ ਅੰਦਰ ਹੋਏ ਨਾ ਕੋਇ ਪਰਕਾਸ਼, ਅੰਧ ਅਗਿਆਨ ਨਾ ਕੋਇ ਮਿਟਾਈਆ । ਨਾਮ ਰਮਿਆ ਦਿਸੇ ਨਾ ਕਿਸੇ ਸਵਾਸ, ਸਾਹ ਸਾਹ ਨਾ ਕੋਇ ਧਿਆਈਆ । ਮਨੂਆ ਮਨ ਹੋਇਆ ਬਦਮਾਸ਼, ਬਦੀ ਕਰੇ ਥਾਉਂ ਥਾਈਆ । ਸੰਦੇਸ਼ਾ ਦੇ ਦੇ ਸ਼ੰਕਰ ਕੈਲਾਸ਼, ਕਲਾ ਧਾਰੀ ਦੇ ਦ੍ਰਿੜ੍ਹਾਈਆ । ਕਲਜੁਗ ਅੰਤਮ ਧਰਨੀ ਉਤੋਂ ਕਰ ਵਿਨਾਸ਼, ਵਿਸ਼ਵ ਦੇ ਮਾਲਕ ਹੋਣਾ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸਰਬ ਗੁਣਤਾਸ, ਗੁਣਵੰਤੇ ਸ੍ਰੀ ਭਗਵੰਤੇ ਆਦਿਨ ਅੰਤੇ ਤੇਰੀ ਓਟ ਤਕਾਈਆ ।

## ੨੦ ਮਾਘ ਸ਼ਹਿਨਸ਼ਾਹੀ ਸੰਮਤ ੧੧ ਕਾਸ਼ੀ ਰਾਮ ਦੇ ਗ੍ਰਿਹ ਸਨੱਘੀਆ ਜ਼ਿਲਾ ਗੁਰਦਾਸਪੁਰ

ਧਰਨੀ ਕਹੇ ਪ੍ਰਭੂ ਮੇਰਾ ਲੇਖੇ ਲਾ ਲੈ ਚਰਮ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਪਰਗਟ ਕਰ ਦੇ ਸਾਚਾ ਧਰਮ, ਧਰਮ ਦੀ ਧਾਰ ਏਕੰਕਾਰ ਦੇ ਪਰਗਟਾਈਆ । ਪੁਰਖ ਅਬਿਨਾਸ਼ੀ ਘਟ ਨਿਵਾਸੀ ਹਰ ਹਿਰਦਿਉਂ ਕਢ ਦੇ ਭਰਮ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਰੰਗ ਰੰਗਾਈਆ । ਨਿਹਕਰਮੀ ਨਿਹਕਾਮੀ ਮੇਰਾ ਸ੍ਰੇਸ਼ਟ ਕਰ ਦੇ ਕਰਮ, ਕ਼ੁਦਰਤ ਦੇ ਕ਼ਾਦਰ ਆਪਣੀ ਦਇਆ ਕਮਾਈਆ । ਸਤਿਜੁਗ ਮੇਰੇ ਉਤੇ ਦੇ ਦੇ ਜਰਮ, ਆਪ ਬਣ ਜਣੇਂਦੀ ਮਾਈਆ । ਝਗੜਾ ਮੁਕਾ ਦੇ ਜ਼ਾਤ ਵਰਨ, ਬਰਨਾਂ ਲੇਖਾ ਰਹੇ ਨਾ ਰਾਈਆ । ਇਕੋ ਓਟ ਹੋਵੇ ਤੇਰੇ ਚਰਨ, ਚਰਨੋਦਕ ਜਾਮ ਦੇਣਾ ਪਿਆਈਆ । ਨਵ ਸੱਤ ਤੇਰੀ ਹੋਵੇ ਸਰਨ, ਸਰਨਗਤ ਇਕ ਰਖਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਸਾਰੇ ਪੜ੍ਹਨ, ਆਤਮ ਪਰਮਾਤਮ ਮਿਲ ਕੇ ਵਜੇ ਵਧਾਈਆ । ਸਚ ਸੁਆਮੀ ਅੰਤਰਜਾਮੀ ਪੁਰਖ ਅਕਾਲੇ ਦੀਨ ਦਿਆਲੇ ਸਾਰੇ ਮੰਜ਼ਲ ਤੇਰੀ ਚੜ੍ਹਨ, ਪੌੜੀ ਡੰਡਾ ਇਕੋ ਇਕ ਵਖਾਈਆ । ਦੀਨ ਮਜ਼੍ਹਬ ਦੀ ਧਾਰ ਵਿਚ ਨਾ ਲੜਨ, ਪਾਰਬ੍ਰਹਮ ਬ੍ਰਹਮ ਮੇਲਾ ਮੇਲਣਾ ਸਹਿਜ ਸੁਭਾਈਆ । ਤੇਰੇ ਭੈ ਵਿਚ ਜੀਵ ਜੰਤ ਸਾਧ ਸੰਤ ਮੇਰੇ ਉਤੇ ਡਰਨ, ਭੈ ਭਾਉ ਸਭ ਦੇ ਸਿਰ ਰਖਾਈਆ । ਤੂੰ ਆਦਿ ਜੁਗਾਦੀ ਭੰਨਣ ਘੜਨ, ਘੜਨ ਭੰਨਣਹਾਰ ਇਕ ਅਖਵਾਈਆ । ਝਗੜਾ ਮੇਟ ਦੇ ਤਨ ਵਜੂਦ ਧੜਨ, ਆਤਮ ਪਰਮਾਤਮ ਦੇ ਸਮਝਾਈਆ । ਸਚ ਦੁਆਰ ਏਕੰਕਾਰ ਤੇਰੇ ਸਾਰੇ ਵੜਨ, ਦਰਗਾਹ ਸਾਚੀ ਪਾਂਧੀ ਲੈ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਮੇਰੇ ਸੋ ਪੁਰਖ ਨਿਰੰਜਣ, ਪਰਮਾਤਮ ਤੇਰੀ ਬੇਪਰਵਾਹੀਆ । ਕਿਰਪਾ ਕਰ ਦੇ ਹਰਿ ਪੁਰਖ ਨਿਰੰਜਣ, ਨਿਰਵੈਰ ਤੇਰੀ ਸਰਨਾਈਆ । ਏਕੰਕਾਰੇ ਮੇਰੇ ਦਰਦ ਦੁਖ ਭੈ ਭੰਜਣ, ਪਰਦਾ ਪਰਦਿਆਂ ਵਿਚੋਂ ਉਠਾਈਆ । ਪਰਕਾਸ਼ ਕਰ ਦੇ ਆਦਿ ਨਿਰੰਜਣ, ਨੂਰ ਨੁਰਾਨੇ ਨੂਰ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤੇ ਬਣ ਸੱਜਣ, ਮਿਤਰ ਪਿਆਰਾ ਇਕ ਅਖਵਾਈਆ । ਸ੍ਰੀ ਭਗਵਾਨ ਤੇਰੀ ਕਿਰਪਾ ਨਾਲ ਕੂੜ ਕੁੜਿਆਰੇ ਭਾਂਡੇ ਭੱਜਣ, ਲੋਕਮਾਤ ਰਹਿਣ ਨਾ ਪਾਈਆ । ਪਤਿਪਰਮੇਸ਼ਵਰ ਪਾਰਬ੍ਰਹਮ ਤੇਰੇ ਨੂਰੀ ਦੀਪਕ ਜਗਣ, ਬਿਨ ਤੇਲ ਬਾਤੀ ਕਰ ਰੁਸ਼ਨਾਈਆ । ਸਤਿਗੁਰ ਸ਼ਬਦ ਦਮਾਮੇ ਵਜਣ, ਦੋ ਜਹਾਨਾਂ ਕਰ ਸ਼ਨਵਾਈਆ । ਵਿਸ਼ਨ ਬ੍ਰਹਮਾ ਸ਼ਿਵ ਸਾਰੇ ਉਠ ਉਠ ਭੱਜਣ, ਸੇਵਾ ਕਰਨ ਚਾਈਂ ਚਾਈਂਆ । ਦੇਵਤ ਸੁਰ ਕਰੋੜ ਤੇਤੀਸਾ ਆਸਣ ਸਿੰਘਾਸਣ ਤਜਣ, ਜੋਤੀ ਜਾਤੇ ਪੁਰਖ ਬਿਧਾਤੇ ਤੇਰੇ ਚਰਨ ਕਵਲ ਲੈਣ ਸਰਨਾਈਆ । ਮਿਹਰਵਾਨਾ ਸ੍ਰੀ ਭਗਵਾਨਾ ਨੌਜਵਾਨਾ ਮੇਰੇ ਉਤੋਂ ਕਲਜੁਗ ਕੂੜ ਬੁਝਾ ਦੇ ਅਗਨ, ਅਗਨੀ ਤਤ ਨਾ ਕੋਇ ਬੁਝਾਈਆ । ਹਰ ਹਿਰਦੇ ਅੰਤਰ ਨਿਰੰਤਰ ਆਤਮ ਪਰਮਾਤਮ ਦੇ ਦੇ ਭਜਨ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਕੂੜੀ ਕਿਰਿਆ ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਕਢਣ, ਤਨ ਵਜੂਦ ਮਾਟੀ ਖ਼ਾਕ ਪਤਿਤ ਪੁਨੀਤ ਦੇ ਕਰਾਈਆ । ਤੂੰ ਆਦਿ ਜੁਗਾਦੀ ਨੂਰ ਅਲਾਹੀ ਰੱਬਣ, ਯਾਮਬੀਨ ਤੇਰੀ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਮੇਰੇ ਪਰਵਰਦਿਗਾਰਾ, ਨੂਰ ਅਲਾਹ ਤੇਰੀ ਸਰਨਾਈਆ । ਮੈਂ ਆਦਿ ਜੁਗਾਦੀ ਤੇਰੀ ਖ਼ਿਦਮਤਗਾਰਾ, ਖ਼ਾਦਿਮ ਹੋ ਕੇ ਸੇਵ ਕਮਾਈਆ । ਤੂੰ ਨੂਰ ਨੁਰਾਨੀ ਸ਼ਾਹ ਸੁਲਤਾਨੀ ਭੂਪਤ ਭੂਪ ਸਚਾ ਸ਼ਾਹ ਸਿਕਦਾਰਾ, ਸ਼ਹਿਨਸ਼ਾਹ ਇਕ ਅਖਵਾਈਆ । ਜਿਸ

ਦੇ ਹੁਕਮ ਵਿਚ ਜੁਗ ਚੌਕੜੀ ਬੀਤੇ ਕੋਟਨ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਕੇਤੇ ਗਏ ਸੇਵ ਕਮਾਈਆ । ਆਦਿ ਅੰਤ ਜੁਗਾ ਜੁਗੰਤ ਤੇਰਾ ਅੰਤ ਨਾ ਪਾਰਾਵਾਰਾ, ਬੇਅੰਤ ਤੇਰੀ ਤੇਰੇ ਹੱਥ ਵਡਿਆਈਆ । ਮੇਰੀ ਡੰਡਾਵਤ ਬੰਦਨਾ ਬਿਨਾ ਸੀਸ ਤੋਂ ਨਿਮਸਕਾਰਾ, ਜਗਦੀਸ ਤੇਰੀ ਓਟ ਤਕਾਈਆ । ਕਲਜੁਗ ਕੂੜੀ ਕਿਰਿਆ ਹਰ ਹਿਰਦਿਉਂ ਕਢ ਦੇ ਬਾਹਰਾ, ਮਾਨਸ ਮਾਨਵ ਮਾਨੁਖ ਅੰਤਰ ਨਿਰੰਤਰ ਕਰ ਸਫ਼ਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵਿਚ ਮੇਟ ਦੇ ਧੂੰਆਂਧਾਰਾ, ਨੂਰੀ ਚੰਦ ਚੰਦ ਚਮਕਾਈਆ । ਮੇਰਾ ਪੂਰਬ ਲਹਿਣਾ ਤੇਰੇ ਨਾਲ ਉਧਾਰਾ, ਕੁਦਰਤ ਦੇ ਕ਼ਾਦਰ ਦੇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਮੇਰੇ ਪਰਮ ਪੁਰਖ ਅਕਾਲ, ਅਕਲ ਕਲਧਾਰੀ ਤੇਰੀ ਵਡ ਵਡਿਆਈਆ । ਤੂੰ ਆਦਿ ਜੁਗਾਦੀ ਦੀਨਾ ਬੰਧਪ ਦੀਨ ਦਿਆਲ, ਦਇਆ ਨਿਧ ਆਪ ਅਖਵਾਈਆ । ਸਦ ਵਸੇਂ ਸਚਖੰਡ ਸਚੀ ਧਰਮਸਾਲ, ਦਰਗਾਹ ਸਾਚੀ ਸੋਭਾ ਪਾਈਆ । ਤੇਰਾ ਇਕੋ ਦੂਲਹਾ ਦੁਲਾਰ ਸੁਤ ਬਾਲ, ਸ਼ਬਦੀ ਸ਼ਬਦ ਸ਼ਬਦ ਪਰਗਟਾਈਆ । ਜੋ ਜੁਗ ਚੌਕੜੀ ਸਭ ਦੀ ਕਰੇ ਸੰਭਾਲ, ਸੰਬਲ ਦੇ ਮਾਲਕ ਅੰਤ ਮੇਰਾ ਲੇਖਾ ਦੇਣਾ ਚੁਕਾਈਆ । ਤੂੰ ਵੇਖਣਹਾਰਾ ਮੁਰੀਦਾਂ ਹਾਲ, ਮੁਰਸ਼ਦ ਧੁਰਦਰਗਾਹੀਆ । ਸਤਿ ਧਰਮ ਦਾ ਫਲ ਰਿਹਾ ਨਾ ਮੇਰੇ ਡਾਲ, ਪੱਤ ਟਹਿਣੀ ਗਈ ਕੁਮਲਾਈਆ । ਤੇਰੇ ਨਾਮ ਬਿਨਾ ਮੈਂ ਮਾਤਲੋਕ ਹੋਈ ਕੰਗਾਲ, ਕੋਝੀ ਕਮਲੀ ਹੋ ਕੇ ਮੰਗ ਮੰਗਾਈਆ । ਤੇਰਾ ਮਾਨਵ ਹੋਇਆ ਬੇਹਾਲ, ਬਿਹਬਲ ਹੋ ਕੇ ਰਿਹਾ ਕੁਰਲਾਈਆ । ਮੈਨੂੰ ਇਉਂ ਜਾਪਦਾ ਸਭ ਦੇ ਸਿਰ ਤੇ ਕੂਕਦਾ ਕਾਲ, ਕਾਲ ਨਗਾਰਾ ਰਿਹਾ ਵਜਾਈਆ । ਚਿਤਰ ਗੁਪਤ ਰਾਏ ਧਰਮ ਨੂੰ ਲੇਖੇ ਰਿਹਾ ਵਖਾਲ, ਬਿਨ ਅੱਖਰਾਂ ਅੱਖਰ ਪੜ੍ਹਾਈਆ । ਲਾੜੀ ਮੌਤ ਪਾਏ ਧਮਾਲ, ਨੱਚੇ ਕੁੱਦੇ ਟੱਪੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਢੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੈਂ ਆਦਿ ਤੋਂ ਮਿੱਟੀ ਖ਼ਾਕ, ਖ਼ਾਕੀ ਰੂਪ ਸਮਾਈਆ । ਤੂੰ ਮੇਰੇ ਉਤੇ ਕਲਜੁਗ ਜੀਵਾਂ ਅੰਤਰ ਖੁਲ੍ਹਾ ਦੇ ਤਾਕ, ਪਰਦਾ ਪਰਦਿਆਂ ਵਿਚੋਂ ਉਠਾਈਆ । ਆਤਮ ਪਰਮਾਤਮ ਬਣ ਜਾ ਸੱਜਣ ਸਾਕ, ਪਾਰਬ੍ਰਹਮ ਬ੍ਰਹਮ ਮੇਲਾ ਮੇਲ ਚਾਈਂ ਚਾਈਂਆ । ਸ਼ਬਦ ਅਗੰਮੇ ਘੋੜੇ ਚੜ੍ਹ ਰਾਕ, ਜਗਤ ਜਹਾਨ ਵੇਖ ਵਖਾਈਆ । ਹੱਥ ਫੜ ਲੈ ਬਿਨ ਅੱਖਰਾਂ ਭਵਿਖਤਾਂ ਵਾਲੇ ਵਾਕ, ਜੋ ਅਵਤਾਰ ਪੈਗ਼ੰਬਰ ਗੁਰ ਗੁਰਦੇਵ ਜਣਾਈਆ । ਮਿਹਰਵਾਨਾ ਸ੍ਰੀ ਭਗਵਾਨਾ ਨੌਜਵਾਨਾ ਹਰ ਹਿਰਦਾ ਕਰ ਦੇ ਪਾਕ, ਪਤਿਤ ਪੁਨੀਤ ਦੇ ਬਣਾਈਆ । ਨਿਗਾਹ ਮਾਰ ਬਿਨ ਅੱਖਾਂ ਝਾਕ, ਨਿਜ ਨੇਤਰ ਲੋਚਨ ਨੈਣ ਕਰ ਰੁਸ਼ਨਾਈਆ । ਮੈਂ ਧਰਤ ਨਿਮਾਣੀ ਆਦਿ ਜੁਗਾਦੀ ਤੇਰੀ ਚਾਕ, ਚਾਕਰ ਹੋ ਕੇ ਸੇਵ ਕਮਾਈਆ । ਮੇਰਾ ਲਹਿਣਾ ਦੇਣਾ ਪੂਰਬ ਮੇਰੀ ਝੋਲੀ ਪਾ ਦੇ ਬਾਕ਼ੀ ਬਾਕ਼, ਬਾਕ਼ਾਇਦਾ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਮੈਂ ਬੇਨੰਤੀ ਕਰਾਂ ਹਜ਼ੂਰ, ਹਜ਼ਰਤਾਂ ਦੇ ਮਾਲਕ ਸੀਸ ਨਿਵਾਈਆ । ਤੇਰਾ ਸਤਿ ਸਚ ਦਸਤੂਰ, ਨਾ ਕੋਈ ਮੇਟੇ ਮੇਟ ਮਿਟਾਈਆ । ਮੇਰੀ ਆਸਾ ਮਨਸਾ ਪੂਰ, ਪਰਮ ਪੁਰਖ ਬੇਪਰਵਾਹੀਆ । ਮੇਰੇ ਉਤੋਂ ਕਲਜੁਗ ਕਢ ਦੇ ਕਿਰਿਆ ਕੂੜ, ਕੂੜ ਕੁਟੰਬ ਦੇ ਮਿਟਾਈਆ । ਨਿਰਗੁਣ ਜੋਤ ਦਾ ਬਖ਼ਸ਼ ਦੇ ਨੂਰ, ਹਰ ਹਿਰਦੇ ਕਰ ਰੁਸ਼ਨਾਈਆ । ਸਾਚੇ ਨਾਮ ਦੀ ਦੇ ਦੇ ਤੂਰ, ਤੁਰੀਆ ਦੀ ਧਾਰ ਦੇ ਪਰਗਟਾਈਆ । ਅੰਮ੍ਰਿਤ ਰਸ ਦਾ ਦੇ ਸਰੂਰ, ਸੁਰਤੀ ਸ਼ਬਦ ਨਾਲ ਮਿਲਾਈਆ । ਉਹ ਲਹਿਣਾ ਪੂਰਾ ਕਰ

੧੩੬੩
੨੪

ਦੇ ਜੋ ਆਸਾ ਰਖ ਕੇ ਗਿਆ ਮੂਸਾ ਉਤੇ ਕੋਹਤੂਰ, ਕ਼ੁਦਰਤ ਦੇ ਕ਼ਾਦਰ ਵੇਖ ਵਖਾਈਆ । ਈਸਾ ਲਹਿਣਾ ਮੰਗੇ ਜ਼ਰੂਰ, ਜ਼ਰੂਰਤ ਤੇਰੇ ਚਰਨ ਟਿਕਾਈਆ । ਮੁਹੰਮਦ ਤੈਨੂੰ ਕਹਿ ਕੇ ਯਾਹ ਗ਼ਫ਼ੂਰ, ਸਜਦਿਆਂ ਵਿਚ ਸੀਸ ਝੁਕਾਈਆ । ਤੂੰ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਰਬ ਠਾਈਆ । ਤੇਰਾ ਲੇਖਾ ਨਹੀਂ ਨੇੜੇ ਦੂਰ, ਦੂਰ ਦੁਰਾਡੇ ਧੁਰ ਦੇ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, [2]ਮੇਰੀ ਆਸਾ ਪੂਰ ਕਰਾਈਆ । ਧਰਨੀ ਕਹੇ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤੇ ਬੇਪਰਵਾਹੀਆ । ਮੈਨੂੰ ਤੇਰੇ ਚਰਨ ਕਵਲ ਭਰਵਾਸਾ, ਨਿਵ ਨਿਵ ਲਾਗਾਂ ਪਾਈਆ । ਤੂੰ ਮਾਲਕ ਖ਼ਾਲਕ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਤੇਰੀ ਵਡਿਆਈਆ । ਤੂੰ ਦੋ ਜਹਾਨਾਂ ਪਾਵਣਹਾਰਾ ਰਾਸਾ, ਲੱਖ ਚੁਰਾਸੀ ਆਤਮ ਪਰਮਾਤਮ ਗੋਪੀ ਕਾਹਨ ਨਾਚ ਨਚਾਈਆ । ਮੈਂ ਤੇਰੀ ਜੁਗ ਜੁਗ ਦਾਸੀ ਦਾਸਾ, ਸੇਵਕ ਹੋ ਕੇ ਸੇਵ ਕਮਾਈਆ । ਤੇਰਾ ਹੁਕਮ ਸੰਦੇਸ਼ਾ ਕੀ ਸੁਣਨਾ ਚਾਹੁੰਦਾ ਸ਼ੰਕਰ ਕੈਲਾਸ਼ਾ, ਕਲਧਾਰੀ ਦੇ ਦ੍ਰਿੜਾਈਆ । ਕਿਸ ਬਿਧ ਕਲਜੁਗ ਅੰਤਮ ਹੋਣਾ ਤਮਾਸ਼ਾ, ਤਮਾਸ਼ਬੀਨ ਬਣਨਾ ਧੁਰ ਦੇ ਮਾਹੀਆ । ਧਰਨੀ ਕਹੇ ਮੇਰੇ ਪੁਰਖ ਅਕਾਲੇ ਮੈਨੂੰ ਇਉਂ ਜਾਪਦਾ ਜਿਵੇਂ ਮੇਰੇ ਉਤੇ ਚੜ੍ਹਨੀ ਲਾਸ਼ ਤੇ ਲਾਸ਼ਾ, ਲਸ਼ਕਰ ਖ਼ਾਕ ਰੂਪ ਸਮਾਈਆ । ਤੂੰ ਦੀਨ ਦੁਨੀ ਦਾ ਬਦਲਣ ਵਾਲਾ ਪਾਸ਼ਾ, ਪੁਸ਼ਤ ਪਨਾਹ ਮੇਰੀ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੈਂ ਤੇਰੇ ਦਰ ਦੀ ਮੰਗਤੀ, ਮਾਂਗਤ ਹੋ ਕੇ ਝੋਲੀ ਡਾਹੀਆ । ਦੀਨ ਦੁਨੀ ਦਾ ਗੜ੍ਹ ਤੋੜ ਦੇ ਹਉਮੇ ਹੰਗਤੀ, ਹੰ ਬ੍ਰਹਮ ਦੇ ਸਮਝਾਈਆ । ਆਪਣੇ ਨਾਮ ਦੀ ਇਕੋ ਦਸਦੇ ਪੰਗਤੀ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਚਾਰ ਵਰਨ ਅਠਾਰਾਂ ਬਰਨ ਦੀਨ ਮਜ਼੍ਹਬ ਬਣਾ ਦੇ ਸਾਚੀ ਸੰਗਤੀ, ਸਗਲੇ ਸੰਗੀ ਆਪਣਾ ਸੰਗ ਨਿਭਾਈਆ । ਕੂੜੀ ਕਿਰਿਆ ਅੰਦਰੋਂ ਕਢ ਦੇ ਮਨ ਦੀ, ਮਮਤਾ ਮੋਹ ਨਾ ਕੋਇ ਹਲਕਾਈਆ । ਉਹ ਆਸ਼ਾ ਪੂਰੀ ਕਰ ਦੇ ਗੋਬਿੰਦ ਸੁਤ ਦੁਲਾਰੇ ਚੰਦ ਦੀ, ਜੋ ਚੌਥੇ ਜੁਗ ਦਾ ਲੇਖਾ ਦਏ ਮੁਕਾਈਆ । ਮੈਂ ਚਾਹੁੰਦੀ ਸ੍ਰਿਸ਼ਟੀ ਲੋਭੀ ਨਾ ਰਹੇ ਧੰਨ ਦੀ, ਮਾਇਆ ਮਮਤਾ ਵਿਚ ਨਾ ਕੋਇ ਹਲਕਾਈਆ । ਵਣਜਾਰੀ ਰਹੇ ਨਾ ਚੁਗਲੀ ਕੰਨ ਦੀ ਕਾਇਨਾਤ ਦਾ ਪਰਦਾ ਦੇਣਾ ਖੁਲ੍ਹਾਈਆ । ਇਕੋ ਸਿਖਿਆ ਦੇ ਦੇ ਸਤਿਗੁਰ ਸ਼ਬਦ ਧਾਰ ਬ੍ਰਹਮ ਦੀ, ਪਾਰਬ੍ਰਹਮ ਆਪਣਾ ਰੰਗ ਰੰਗਾਈਆ । ਮੈਂ ਆਸ਼ਾਵੰਦ ਸਤਿਜੁਗ ਦੇ ਜਰਮ ਦੀ, ਜਨਮ ਜਨਮ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰੇ ਉਤੇ ਚਲਾ ਦੇ ਧਾਰ ਸਾਚੇ ਧਰਮ ਦੀ, ਏਕੰਕਾਰ ਆਪਣਾ ਨਾਮ ਦ੍ਰਿੜਾਈਆ ।

### ✪ ੩੦ ਮਾਘ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਮਾਂਗੇ ਸੰਗਤ ਦੇ ਨਵਿਤ ✪

ਸਤਿਗੁਰ ਪੂਰਨ ਪੂਰਨ ਉਪਦੇਸ਼ੇ, ਆਦਿ ਜੁਗਾਦਿ ਸ਼ਬਦ ਜਣਾਈਆ । ਜਿਸ ਦੀ ਸਿਖਿਆ ਸੁਣਨ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ੇ, ਮਹਿਖਾਸੁਰ ਆਪਣੀ ਖ਼ੁਸ਼ੀ ਬਣਾਈਆ । ਜਿਸ ਦੇ ਅਵਤਾਰ ਪੈਗ਼ੰਬਰ ਗੁਰ ਸੁਣਨ ਸੰਦੇਸ਼ੇ, ਬਿਨ ਸੰਧਿਆ ਸਰਘੀ ਰਿਹਾ ਦ੍ਰਿੜਾਈਆ । ਜੋ ਆਦਿ ਜੁਗਾਦਿ

ਰਹੇ ਹਮੇਸ਼ੇ, ਨੂਰ ਨੁਰਾਨਾ ਨੂਰ ਅਲਾਹੀਆ । ਜੋ ਨਿਰਗੁਣ ਸਰਗੁਣ ਬਦਲਣਹਾਰਾ ਭੇਸੇ, ਭੇਖਾਧਾਰੀ ਅਗੰਮ ਅਥਾਹੀਆ । ਜੋ ਵਸਣਹਾਰਾ ਸਚਖੰਡ
ਸਾਚੇ ਦੇਸੇ, ਦਰਗਾਹ ਸਾਚੀ ਸੋਭਾ ਪਾਈਆ । ਜੋ ਤਨ ਵਜੂਦਾਂ ਮੇਟਣਹਾਰ ਕਲੇਸ਼ੇ, ਕਲ ਕਾਤੀਆਂ ਕਰੇ ਸਫ਼ਾਈਆ । ਜਿਸ ਦਾ ਮੁੱਛ ਦਾਹੜੀ
ਨਾ ਕੋਈ ਕੇਸੇ, ਤਨ ਵਜੂਦ ਨਾ ਕੋਇ ਰਖਾਈਆ । ਜਿਸ ਦਾ ਸ਼ਬਦ ਸਤਿਗੁਰ ਦਸ ਦਸਮੇਸੇ, ਦਹਿ ਦਿਸ਼ਾ ਵੇਖ ਵਖਾਈਆ । ਜਿਸ ਦਾ ਆਦਿ
ਜੁਗਾਦਿ ਜੁਗ ਚੌਕੜੀ ਹੁਕਮ ਨਰ ਨਰੇਸ਼ੇ, ਨਰ ਹਰਿ ਇਕ ਅਖਵਾਈਆ । ਜਿਸ ਦੀ ਸਿਫ਼ਤ ਸਲਾਹ ਕਰੇ ਸਹੰਸਰ ਮੁਖ ਸ਼ੇਸ਼ੇ, ਸ਼ਹਿਨਸ਼ਾਹ ਧੁਰਦਰਗਾਹੀਆ ।
ਜੁਗ ਬਦਲਣਾ ਜਿਸ ਦਾ ਪੇਸ਼ੇ, ਪੇਸ਼ੀਨਗੋਈਆਂ ਅਵਤਾਰ ਪੈਗ਼ੰਬਰ ਗੁਰ ਗਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਪੂਰਨ ਪੂਰਨ ਬੋਲ, ਅਨਬੋਲਤ ਰਾਗ ਦ੍ਰਿੜਾਈਆ । ਸੁਆਮੀ ਹੋ ਕੇ
ਵਸੇ ਕੋਲ, ਘਰ ਬੈਠਾ ਸੋਭਾ ਪਾਈਆ । ਨਾਮ ਨਿਧਾਨ ਦਏ ਅਨਤੋਲ, ਅਤੁਲ ਆਪ ਵਰਤਾਈਆ । ਸਚ ਦੁਆਰਾ ਦੇਵੇ ਖੋਲ੍ਹ, ਪਰਦਾ ਪਰਦਿਆਂ
ਵਿਚੋਂ ਚੁਕਾਈਆ । ਸ਼ਬਦ ਅਨਾਦੀ ਵਜਾ ਕੇ ਢੋਲ, ਸੋਈ ਸੁਰਤ ਦਏ ਜਗਾਈਆ । ਬਜਰ ਕਪਾਟੀ ਪਰਦਾ ਖੋਲ੍ਹ, ਭੇਵ ਅਭੇਦਾ ਦਏ ਸਮਝਾਈਆ ।
ਨਿਰਗੁਣ ਹੋ ਕੇ ਨਿਰਗੁਣ ਕਰੇ ਚੋਹਲ, ਚੋਜੀ ਪ੍ਰੀਤਮ ਰੰਗ ਰੰਗਾਈਆ । ਸੁਆਮੀ ਹੋ ਕੇ ਜਾਏ ਮੌਲ, ਮੌਲਾ ਹੋ ਕੇ ਆਪਣਾ ਖੇਲ ਖਿਲਾਈਆ ।
ਪੰਚ ਵਿਕਾਰ ਕਰੇ ਨਾ ਘੋਲ, ਤਨ ਵਜੂਦ ਕਰੇ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ
੧੩੬੫ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਪੂਰਨ ਪੂਰਾ, ਪੂਰ ਰਿਹਾ ਸਰਬ ਠਾਈਆ । ਆਦਿ ਜੁਗਾਦੀ ਧੁਰ ਦਾ ਨੂਰਾ, ਜੋਤੀ ੧੩੬੫
੨੪ ਜਾਤਾ ਅਗੰਮ ਅਥਾਈਆ । ਸ਼ਬਦ ਅਨਾਦੀ ਅਗੰਮੀ ਤੂਰਾ, ਤੁਰੀਆ ਬਾਹਰ ਦ੍ਰਿੜਾਈਆ । ਨਿਤ ਨਵਿਤ ਹਾਜ਼ਰ ਹਜ਼ੂਰਾ, ਹਜ਼ਰਤਾਂ ਬਾਹਰ ੨੪
ਧੁਰਦਰਗਾਹੀਆ । ਇਸ਼ਾਰਾ ਦੇਵਣਹਾਰਾ ਮੂਸਾ ਉਤੇ ਕੋਹਤੂਰਾ, ਕੁਦਰਤ ਕ਼ਾਦਰ ਨੂਰ ਅਲਾਹੀਆ । ਜਿਸ ਦੀ ਮਸਤੀ ਨਾਮ ਸਰੂਰਾ, ਸੁਰਤੀ
ਸ਼ਬਦ ਵਿਚ ਸਮਾਈਆ । ਉਹ ਜਨ ਭਗਤਾਂ ਲਹਿਣਾ ਦੇਣਾ ਪੂਰਾ ਕਰੇ ਜ਼ਰੂਰਾ, ਜ਼ਰੂਰਤ ਵੇਖੇ ਚਾਈਂ ਚਾਈਂਆ । ਜਿਸ ਦਾ ਨਾਮ ਕਲਮਾ ਮਸ਼ਹੂਰਾ,
ਸਤਿਗੁਰ ਸ਼ਬਦ ਨਾਲ ਸਲਾਹੀਆ । ਜਿਸ ਦਾ ਪੰਧ ਨਹੀਂ ਨੇਰਨ ਦੂਰਾ, ਦੂਰ ਦੁਰਾਡਾ ਇਕੋ ਰੰਗ ਸਮਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ
ਕਰਨਹਾਰਾ ਮਿਹਰਾ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ
ਮਾਲਕ ਬੇਪਰਵਾਹੀਆ । ਸਤਿਗੁਰ ਪੂਰਨ ਪੂਰਨ ਏਕ, ਏਕੰਕਾਰ ਰੂਪ ਸਮਾਈਆ । ਆਦਿ ਜੁਗਾਦੀ ਦੇਵਣਹਾਰਾ ਟੇਕ, ਟਿੱਕੇ ਮਸਤਕ ਖ਼ਾਕ ਰਮਾਈਆ ।
ਕਰਨਹਾਰਾ ਬੁਧਿ ਬਿਬੇਕ, ਪਤਤ ਪੁਨੀਤ ਕਰਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤਤ ਨਾ ਕੋਇ ਤਪਾਈਆ । ਹਰਿਜਨ ਸੰਤ
ਸੁਹੇਲੇ ਬਣਾਏ ਨੇਕ, ਨਿੱਕਾ ਵਡਾ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,
ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਪੂਰਨ ਪੂਰਨ ਦੇਵੇ ਜਾਪ, ਜਗ ਜੀਵਣ ਦਾਤਾ ਦਇਆ ਕਮਾਈਆ । ਸਚ ਸੁਆਮੀ ਅੰਤਰਜਾਮੀ
ਪ੍ਰਗਟ ਹੋਏ ਆਪ, ਆਪ ਆਪਣਾ ਪਰਦਾ ਲਾਹੀਆ । ਤ੍ਰੈਗੁਣ ਮਾਇਆ ਮੇਟੇ ਤਾਪ, ਅਗਨੀ ਤਤ ਨਾ ਕੋਇ ਤਪਾਈਆ । ਜਨ ਭਗਤ ਬਣਾ
ਕੇ ਆਪਣੀ ਜ਼ਾਤ, ਆਤਮ ਪਰਮਾਤਮ ਸੰਗ ਬਣਾਈਆ । ਅੰਮ੍ਰਿਤ ਬਖਸ਼ ਕੇ ਬੂੰਦ ਸਵਾਂਤ, ਝਿਰਨਾ ਨਿਝਰ ਦਏ ਝਿਰਾਈਆ । ਦਰਸ ਦਿਖਾਏ

ਆਪ ਇਕਾਂਤ, ਇਕ ਇਕੱਲਾ ਧੁਰ ਦਾ ਮਾਹੀਆ । ਜਨ ਭਗਤਾਂ ਪੁਛੇ ਅੰਤਮ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਮਿਹਰਵਾਨ ਹੋ ਕੇ ਲੇਖੇ ਲਾਵੇ ਪ੍ਰੇਮ ਪਿਆਰ ਦੀ ਰਾਤ, ਰੁਤੜੀ ਆਪਣੇ ਨਾਲ ਮਹਿਕਾਈਆ । ਨਾਮ ਨਿਧਾਨਾ ਦੇਵੇ ਦਾਤ, ਅਮੁਲ ਆਪ ਵਰਤਾਈਆ । ਜਨ ਭਗਤਾਂ ਪੁਛੇ ਵਾਤ, ਸਿਰ ਸਿਰ ਆਪਣਾ ਹੱਥ ਟਿਕਾਈਆ । ਚਰਨ ਪ੍ਰੀਤੀ ਜੋੜ ਕੇ ਨਾਤ, ਮੇਲ ਮਿਲਾਏ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਖ਼ਸ਼ਣਹਾਰਾ ਅੰਮ੍ਰਿਤ ਬੂੰਦ ਸਵਾਂਤ, ਤ੍ਰਿਸ਼ਨਾ ਤ੍ਰਿਖਾ ਮੇਟੇ ਸਹਿਜ ਸੁਭਾਈਆ ।

## ✪ ਪਹਿਲੀ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਨੂੰ ✪

ਸਤਿਗੁਰ ਸ਼ਬਦ ਕਹੇ ਮੇਰੀ ਰੁਤ ਬਸੰਤ, ਫੁਲ ਫੁਲਵਾੜੀ ਜਗਤ ਭਗਤ ਮਹਿਕਾਈਆ । ਜਿਨ੍ਹਾਂ ਦਾ ਮਾਲਕ ਖ਼ਾਲਕ ਇਕੋ ਕੰਤ, ਨਰ ਹਰਿ ਨਰਾਇਣ ਨੂਰ ਅਲਾਹੀਆ । ਜੋ ਸਭ ਦੀ ਬਣਾਵਣਹਾਰਾ ਬਣਤ, ਘੜਨ ਭੰਨਣਹਾਰ ਅੰਗਮ ਅਥਾਈਆ । ਆਦਿ ਜੁਗਾਦੀ ਸਦਾ ਬੇਅੰਤ, ਬੇਐਬ ਨੂਰ ਅਲਾਹੀਆ । ਜਿਸ ਦਾ ਨਾਮ ਨਿਧਾਨਾ ਅਗੰਮਾ ਮੰਤ, ਮੰਤਵ ਸਭ ਦੇ ਹਲ ਕਰਾਈਆ । ਓਹ ਆਦਿ ਜੁਗਾਦੀ ਜੁਗ ਚੌਕੜੀ ਵੇਖਣਹਾਰਾ

ਆਪਣੇ ਸੰਤ, ਸਤਿ ਸਤਿਵਾਦੀ ਹੋ ਕੇ ਧਿਆਨ ਲਗਾਈਆ । ਅੰਤਰ ਨਿਰੰਤਰ ਤੋੜਨਹਾਰਾ ਹਉਮੇ ਗੜ੍ਹ ਹੰਗਤ, ਹੰ ਬ੍ਰਹਮ ਇਕ ਸਮਝਾਈਆ ।

ਮਾਨਵ ਜ਼ਾਤੀ ਵੇਖਣਹਾਰਾ ਇਕੋ ਪੰਗਤ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਦੋ ਜਹਾਨਾਂ ਸ੍ਰੀ ਭਗਵਾਨਾ ਬਣੇ ਅਨਾਦੀ ਪੰਡਤ, ਸਿਖਿਆ ਸਾਖਿਆਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਸਤਿਗੁਰ ਸ਼ਬਦ ਕਹੇ ਮੇਰੀ ਭਗਤਾਂ ਨਾਲ ਬਹਾਰ, ਪੱਤ ਟਹਿਣੀ ਫਲ ਫੁਲ ਮਹਿਕਾਈਆ । ਜਿਨ੍ਹਾਂ ਦਾ ਮਿਤਰ ਪਿਆਰਾ ਇਕੋ ਯਾਰ, ਨਰ ਨਿਰੰਕਾਰ ਨਜ਼ਰੀ ਆਈਆ । ਜੋ ਅੰਤਰ ਨਿਰੰਤਰ ਨਿਰਗੁਣ ਹੋ ਕੇ ਪਾਵੇ ਸਾਰ, ਵੇਖਣਹਾਰਾ ਬੇਪਰਵਾਹੀਆ । ਅਲਖ ਅਗੋਚਰ ਅਗੰਮ ਅਥਾਹ ਦੇਵਣਹਾਰ ਅਧਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਿਸ ਦੇ ਨਾਮ ਦੀ ਰੁਤ ਮੌਲੀ ਬਣੀ ਰਹੇ ਗੁਲਜ਼ਾਰ, ਗੁਲਸ਼ਨ ਲੋਕਮਾਤ ਵੇਖ ਵਖਾਈਆ । ਉਸ ਦੇ ਚਰਨ ਕਵਲ ਕਵਲ ਬਲਿਹਾਰ, ਬਲ ਬਲ ਆਪਣਾ ਆਪ ਕਰਾਈਆ । ਜਿਸ ਨੂੰ ਝੁਕਦੇ ਪੈਗ਼ੰਬਰ ਗੁਰ ਅਵਤਾਰ, ਬਿਨ ਸੀਸ ਸੀਸ ਨਿਵਾਈਆ । ਓਹ ਪੁਰਖ ਅਕਾਲਾ ਦੀਨ ਦਿਆਲਾ ਜੁਗ ਜੁਗ ਪਾਵਣਹਾਰਾ ਸਾਰ, ਮਹਾਸਾਰਥੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਮੇਰੀ ਸਭ ਤੋਂ ਅਵੱਲੜੀ ਰੁਤ, ਰੁਤੜੀ ਇਕੋ ਧਾਰ ਮਹਿਕਾਈਆ । ਜਿਸ ਨੂੰ ਵੇਖਣਹਾਰਾ ਅਬਿਨਾਸ਼ੀ ਅਚੁਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਸਾਹਿਬ ਸੁਆਮੀ ਮੈਨੂੰ ਬਣਾਇਆ ਦੁਲਾਰਾ ਸੁਤ, ਨੂਰ ਨੂਰ ਵਿਚੋਂ ਪਰਗਟਾਈਆ । ਓਹ ਲੇਖਾ ਜਾਣੇ ਕਾਇਆ ਮਾਟੀ ਬੁਤ, ਬੁਤਖ਼ਾਨਿਆਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਮੇਰੀ

ਰੁਤੜੀ ਅਗੰਮੀ ਮੌਲੀ, ਮੌਲਾ ਮਾਲਕ ਦਏ ਵਡਿਆਈਆ । ਖ਼ੁਸ਼ੀ ਹੋਈ ਉਪਰ ਧੌਲੀ, ਧਰਨੀ ਧਰਤ ਧਵਲ ਲਈ ਅੰਗੜਾਈਆ । ਮੈਂ ਲੇਖਾ ਤੱਕਿਆ ਅਵਤਾਰ ਪੈਗੰਬਰ ਕਵਲੀ, ਗੁਰੂ ਗੁਰਦੇਵ ਨਾਲ ਮਿਲਾਈਆ । ਜਿਸ ਦੀ ਧਾਰ ਸਭ ਤੋਂ ਅਲਾਹੀ ਅਵਲੀ, ਆਲਮੀਨ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਸੁਣ ਫਲਗੁਣ ਸੱਜਣ ਮੀਤ, ਮਿਤਰਾਂ ਦਿਆਂ ਜਣਾਈਆ । ਇਕ ਸੰਦੇਸ਼ਾ ਸੁਣ ਲੈ ਧੁਰ ਦਾ ਗੀਤ, ਜੋ ਗੋਬਿੰਦ ਗੋਬਿੰਦ ਗੋਬਿੰਦ ਧਾਰ ਦ੍ਰਿੜਾਈਆ । ਜਿਸ ਦੇ ਨਾਲ ਲੱਖ ਚੁਰਾਸੀ ਹੋਵੇ ਪਤਤ ਪੁਨੀਤ, ਦੁਰਮਤ ਮੈਲ ਗੁਵਾਈਆ । ਤਨ ਵਜੂਦਾਂ ਕਰੇ ਠਾਂਢਾ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਝਗੜਾ ਰਹੇ ਨਾ ਮੰਦਰ ਮਸੀਤ, ਕਾਅਬਾ ਇਕੋ ਇਕ ਵਖਾਈਆ । ਤ੍ਰੈਗੁਣ ਨਾਲੋਂ ਕਰੇ ਅਤੀਤ, ਤ੍ਰੈਭਵਣ ਧਨੀ ਨਾਲ ਮਿਲਾਈਆ । ਸਦਾ ਸੁਹੇਲਾ ਵਸੇ ਚੀਤ, ਚਿਤਵਿਤ ਠਗੌਰੀ ਰਹੇ ਨਾ ਰਾਈਆ । ਆਤਮ ਪਰਮਾਤਮ ਹੋਵੇ ਪ੍ਰੀਤ, ਪ੍ਰੀਤਮ ਮਿਲੇ ਧੁਰ ਦਾ ਮਾਹੀਆ । ਮਾਨਸ ਜਨਮ ਲਏ ਜੀਤ, ਹਾਰ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਫਲਗੁਣ ਕਹੇ ਸਤਿਗੁਰ ਸ਼ਬਦ ਮੇਰਾ ਵਕ਼ਤ ਸੁਹੰਜਣਾ, ਪ੍ਰਭ ਸੋਹਣੀ ਦਏ ਵਡਿਆਈਆ । ਕਿਰਪਾ ਕਰੇ ਆਦਿ ਨਿਰੰਜਣਾ, ਨਿਰਵੈਰ ਨੂਰ ਅਲਾਹੀਆ । ਜਿਸ ਨੂੰ ਕਹਿੰਦੇ ਦਰਦ ਦੁਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਉਸ ਦਾ ਚਰਨ ਧੂੜ ਨੇਤਰ ਪਾਵਾਂ ਅੰਜਣਾ, ਅੰਧ ਅਗਿਆਨ ਮਿਟਾਈਆ ।



ਘਰ ਸੁਆਮੀ ਮਿਲੇ ਸੱਜਣਾ, ਠਾਕਰ ਅਗੰਮ ਅਥਾਹੀਆ । ਜਿਸ ਸਚ ਦਾ ਪਰਦਾ ਕੱਜਣਾ, ਸਿਰ ਸਿਰ ਹੱਥ ਟਿਕਾਈਆ । ਦਰ ਠਾਂਡੇ ਅਵਤਾਰ ਪੈਗ਼ੰਬਰ ਗੁਰ ਸਜਣਾ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਜਿਸ ਦਾ ਇਕੋ ਡੰਕਾ ਵਜਣਾ, ਨਾਦ ਅਨਾਦੀ ਧੁਨ ਵਜਾਈਆ । ਜਿਸ ਦਾ ਅੰਮ੍ਰਿਤ ਪੀ ਪੀ ਸਭ ਨੇ ਰੱਜਣਾ, ਬਿਨ ਰਸਨਾ ਰਸ ਚਖਾਈਆ । ਜਿਸ ਦਾ ਇਕੋ ਨੂਰ ਦੀਪਕ ਜੋਤ ਜਗਣਾ, ਦੋ ਜਹਾਨ ਕਰੇ ਰੁਸ਼ਨਾਈਆ । ਓਹ ਸੁਆਮੀ ਗੋਪਾਲ ਮੂਰਤ ਮਦਨਾ, ਮਧਸੂਦਨ ਇਕ ਅਵਖਾਈਆ । ਜਿਸ ਸ਼ਰਅ ਦੀ ਮੇਟਣੀ ਹੱਦਨਾ, ਹਦੂਦਾਂ ਲੇਖਾ ਦਏ ਮੁਕਾਈਆ । ਏਕਾ ਰੰਗ ਰੰਗਾਉਣਾ ਆਅਲਾ ਅਦਨਾ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਇਕੋ ਨਾਮ ਕਲਮਾ ਹੋਵੇ ਧੁਰ ਦਾ ਭਜਨਾ, ਬੰਦਗੀ ਬੰਦਗੀ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਫਲਗੁਣ ਕਹੇ ਸਤਿਗੁਰ ਸ਼ਬਦ ਮੇਰੀ ਫੁਲ ਫੁਲਵਾੜੀ ਤਕ, ਹਰਿਜਨ ਲੋਕਮਾਤ ਧਿਆਨ ਲਗਾਈਆ । ਜਿਨ੍ਹਾਂ ਦਾ ਲੇਖਾ ਨਾਲ ਹਕ਼ੀਕ਼ਤ ਹਕ, ਲਾਸ਼ਰੀਕ ਦਏ ਵਡਿਆਈਆ । ਜਗਤ ਮਾਰਗ ਪਿਆਰ ਵਿਚ ਜਾਣ ਨਾ ਥਕ, ਪਾਂਧੀ ਹੋ ਕੇ ਭੱਜਣ ਵਾਹੋ ਦਾਹੀਆ । ਜਿਨ੍ਹਾਂ ਦਾ ਆਤਮ ਪਰਮਾਤਮ ਕੌਲ ਇਕ਼ਰਾਰ ਪੱਕ, ਵਾਅਦਾ ਸਕੇ ਨਾ ਕੋਇ ਭੁਲਾਈਆ । ਉਹਨਾਂ ਦਾ ਮਾਲਕ ਇਕੋ ਨੂਰ ਨੁਰਾਨਾ ਯਕ, ਵਾਅਦੇ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਫਲਗੁਣ ਕਹੇ ਸਤਿਗੁਰ ਸ਼ਬਦ ਮੇਰੀ ਵੇਖ ਲੈ ਧਰਨੀ ਧਰਤ, ਧਵਲ ਧੌਲ ਧਿਆਨ ਲਗਾਈਆ । ਨਿਗਾਹ ਮਾਰ ਲੈ ਨਿਰਗੁਣ ਧਾਰ ਪਰਤ, ਪਤਿਪਰਮੇਸ਼ਵਰ ਰੂਪ ਬਦਲਾਈਆ । ਕੌਲ ਤਕ ਲੈ ਗੁਰ ਅਵਤਾਰ ਪੈਗ਼ੰਬਰਾਂ ਵਾਲੀ ਸ਼ਰਤ, ਸ਼ਰਅ ਤੋਂ ਬਾਹਰ ਖੋਜ ਖੁਜਾਈਆ । ਬਿਨ ਨੇਤਰਾਂ ਨਿਗਾਹ ਮਾਰ ਲੈ ਉਤੋਂ ਅਰਸ਼, ਅਰਸ਼ੀ ਪ੍ਰੀਤਮ ਤੇਰੇ ਅਗੇ ਵਾਸਤਾ

ਪਾਈਆ । ਮਿਹਰਵਾਨ ਮਹਿਬੂਬ ਹੋ ਕੇ ਮੇਰੇ ਉਤੇ ਕਰਦੇ ਤਰਸ, ਰਹਿਮਤ ਰਹੀਮ ਰਹਿਮਾਨ ਆਪ ਕਮਾਈਆ । ਮੇਰਾ ਖ਼ੁਸ਼ੀਆਂ ਵਾਲਾ ਸ਼ਹਿਨਸ਼ਾਹੀ ਇਕ ਇਕ ਬਰਸ, ਬਰਸੀ ਤੇਰੇ ਪ੍ਰੇਮ ਵਿਚ ਰਖਾਈਆ । ਜੁਗ ਚੌਕੜੀ ਮੇਰੀ ਪੂਰਬ ਮੇਟ ਦੇ ਹਰਸ, ਹਵਸ ਅਗੇ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਫਲਗੁਣ ਕਹੇ ਸਤਿਗੁਰ ਸ਼ਬਦ ਮੇਰੇ ਵੱਲ ਕਰ ਧਿਆਨ, ਬਿਨ ਨੈਣਾਂ ਨੈਣ ਉਠਾਈਆ । ਤੂੰ ਜੋਧਾ ਸੂਰਬੀਰ ਨੌਜੁਵਾਨ, ਮਰਦ ਮਰਦਾਨ ਇਕ ਅਖਵਾਈਆ । ਆਦਿ ਜੁਗਾਦੀ ਹੁਕਮਰਾਨ, ਸ਼ਾਹੋ ਭੂਪ ਸਹਿਜ ਸੁਖਦਾਈਆ । ਮੇਰੇ ਉਤੇ ਹੋਣਾ ਮਿਹਰਵਾਨ, ਮਿਹਰ ਮਿਹਰ ਮਿਹਰ ਨਜ਼ਰ ਉਠਾਈਆ । ਮੈਂ ਕਲਜੁਗ ਅੰਤਮ ਮੰਗਾਂ ਦਾਨ, ਦਾਤਾ ਹੋ ਕੇ ਦੇਣਾ ਵਰਤਾਈਆ । ਮੈਨੂੰ ਸੰਦੇਸ਼ਾ ਦੇ ਕੇ ਗਿਆ ਕਾਹਨ, ਘਨਈਆ ਹੋ ਕੇ ਗਿਆ ਦ੍ਰਿੜਾਈਆ । ਪੈਗ਼ੰਬਰਾਂ ਦਿਤਾ ਪੈਗ਼ਾਮ, ਬਿਨ ਅਲਿਫ਼ ਘੇ ਸੁਣਾਈਆ । ਸਾਡਾ ਮਾਲਕ ਖ਼ਾਲਕ ਇਕ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜੋ ਅੰਤ ਸਭ ਦਾ ਕਰੇ ਇੰਤਜ਼ਾਮ, ਬੰਦੋਬਸਤ ਆਪਣੇ ਹੱਥ ਰਖਾਈਆ । ਇਕੋ ਕਲਮਾ ਦਏ ਕਲਾਮ, ਕਾਇਨਾਤ ਇਕ ਪੜ੍ਹਾਈਆ । ਇਕੋ ਸਜਦਾ ਦਸੇ ਸਲਾਮ, ਸੀਸ ਜਗਦੀਸ਼ ਇਕ ਨਿਵਾਈਆ । ਇਕੋ ਪਿਆਰ ਮੁਹੱਬਤ ਬਣਾਏ ਵਿਚ ਅਵਾਮ, ਆਮ ਦਾ ਲੇਖਾ ਦਏ ਮੁਕਾਈਆ । ਸ਼ਰਅ ਦਾ ਰਹੇ ਨਾ ਕੋਇ ਗ਼ੁਲਾਮ, ਜ਼ੰਜੀਰ ਮਜ਼੍ਹਬਾਂ ਦਏ ਤੁੜਾਈਆ । ਨਾਮ ਹਕੀਕੀ ਪਿਆਏ ਜਾਮ, ਅਮਿਉਂ ਰਸ ਆਪ ਚਖਾਈਆ । ਜਗਤ ਅੰਧਰਾ ਮੇਟੇ ਸ਼ਾਮ, ਸ਼ਮਾ ਜੋਤ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ

੧੩੬੮ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਸਤਿਗੁਰ ਸ਼ਬਦ ਕਹੇ ਸੁਣ ਫੱਗਣਾ, ਸੋਹਣਿਆਂ ੧੩੬੮

੨੪ ਦਿਆਂ ਜਣਾਈਆ । ਸੋ ਪੁਰਖ ਨਿਰੰਜਣ ਚਾੜ੍ਹੇ ਰੰਗਣਾ, ਰੰਗਣਹਾਰ ਇਕ ਅਖਵਾਈਆ । ਹਰਿ ਪੁਰਖ ਨਿਰੰਜਣ ਤੇਰਾ ਮਨਾਏ ਸਗਨਾ, ਸੋਹਣਾ ੨੪

ਸੰਗ ਰਖਾਈਆ । ਏਕੰਕਾਰ ਵਜਾਏ ਨਦਨਾ, ਨਾਦੀ ਧੁਨ ਸੁਣਾਈਆ । ਆਦਿ ਨਿਰੰਜਣ ਦੀਪਕ ਜਗਣਾ, ਜੋਤੀ ਜਾਤਾ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤੇ ਮੇਲ ਮਿਲਾਉਣਾ ਸੱਜਣਾ, ਸਾਜਣ ਮੀਤ ਧੁਰਦਰਗਾਹੀਆ । ਸ੍ਰੀ ਭਗਵਾਨ ਲੇਖੇ ਲਾਵੇ ਆਅਲਾ ਅਦਨਾ, ਅਦਲ ਇਨਸਾਫ਼ ਆਪ ਕਮਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਹੋ ਕੇ ਗੱਜਣਾ, ਦੋ ਜਹਾਨ ਕਰੇ ਰੁਸ਼ਨਾਈਆ । ਸਤਿਗੁਰ ਸ਼ਬਦ ਦਾ ਇਕੋ ਡੰਕਾ ਵਜਣਾ, ਜਿਸ ਨੂੰ ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦੇ ਹੁਕਮ ਵਿਚ ਵਿਸ਼ਨ ਬ੍ਰਹਮਾ ਸ਼ਿਵ ਭੱਜਣਾ, ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਫਲਗੁਣ ਅਵਤਾਰ ਪੈਗ਼ੰਬਰ ਗੁਰ ਆਉਣਗੇ, ਬਿਨ ਕ਼ਦਮਾਂ ਕ਼ਦਮ ਉਠਾਈਆ । ਤੇਰਾ ਲਹਿਣਾ ਦੇਣਾ ਵੇਖ ਵਖਾਉਣਗੇ, ਜਗਤ ਅੱਖਰ ਨਾ ਕੋਇ ਪੜ੍ਹਾਈਆ । ਪਿਛਲਾ ਹਿਸਾਬ ਸਰਬ ਮੁਕਾਉਣਗੇ, ਸਤਿਜੁਗ ਤਰੇਤਾ ਦੁਆਪਰ ਨਾਲ ਮਿਲਾਈਆ । ਪੁਰਖ ਅਕਾਲੇ ਅਗੇ ਸੀਸ ਨਿਵਾਉਣਗੇ, ਨਿਵ ਨਿਵ ਲਾਗਣ ਪਾਈਆ । ਧੁਰ ਦੇ ਹੁਕਮ ਹੁਕਮ ਵਖਾਉਣਗੇ, ਪਰਦੇ ਪਰਦਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਅੰਤਰ ਨਿਰੰਤਰ ਆਪ ਵਸਾਉਣਗੇ । ਸਤਿਗੁਰ ਸ਼ਬਦ ਕਹੇ ਫਲਗੁਣ ਵੇਖ ਲੈ ਧੁਰ ਦਾ ਵਕਤ, ਜਗਤ ਘੜੀ ਪਲ ਸਮਝ ਕੋਇ ਨਾ ਪਾਈਆ । ਕੀ ਲਹਿਣਾ ਦੇਣਾ ਪ੍ਰਭੂ ਦਾ ਨਾਲ ਜਗਤ, ਜਗਦੀਸ਼ ਕੀ ਆਪਣੀ ਖੇਲ ਖਿਲਾਈਆ । ਕਿਸ ਬਿਧ ਲੇਖਾ ਜਾਣੇ ਧਰਤ, ਧਵਲ ਦੀ

ਧਾਰ ਪਰਦਾ ਆਪ ਉਠਾਈਆ । ਜੋਤੀ ਜਾਤਾ ਹੋ ਕੇ ਆਵੇ ਪਰਤ, ਪਤਿਪਰਮੇਸ਼ਵਰ ਨੂਰ ਅਲਾਹੀਆ । ਭਾਗ ਲਗਾਵੇ ਉਤੇ ਫ਼ਰਸ਼, ਮਿੱਟੀ ਖ਼ਾਕ ਦਏ ਵਡਿਆਈਆ । ਗ਼ਰੀਬ ਨਿਮਾਣਿਆਂ ਕਰੇ ਤਰਸ, ਰਹਿਮਤ ਆਪਣੀ ਆਪ ਕਮਾਈਆ । ਸਚ ਪਿਆਰ ਦਾ ਮੇਘ ਦੇਵੇ ਬਰਸ, ਅੰਮ੍ਰਿਤ ਆਪਣਾ ਜਾਮ ਪਿਆਈਆ । ਪੂਰਬ ਜਨਮ ਦਾ ਲਾਹਵੇ ਕ਼ਰਜ਼, ਮਕ਼ਰੂਜ਼ ਹੋ ਕੇ ਆਪ ਚੁਕਾਈਆ । ਗ਼ਰੀਬ ਨਿਮਾਣਿਆਂ ਪੂਰੀ ਕਰੇ ਗ਼ਰਜ਼, ਆਪਣੀ ਗ਼ਰਜ਼ ਨਾ ਕੋਇ ਰਖਾਈਆ । ਇਹ ਪ੍ਰਭੂ ਦਾ ਖੇਲ ਹੋਣਾ ਅਸਚਰਜ, ਅਚਰਜ ਲੀਲਾ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕੋ ਇਕ ਗੁਸਾਈਆ । ਫਲਗੁਣ ਕਹੇ ਸਤਿਗੁਰ ਸ਼ਬਦ ਮੇਰੇ ਉਤੇ ਕਰ ਮਿਹਰਵਾਨੀ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਤਿ ਧਰਮ ਦੀ ਨਜ਼ਰ ਆਵੇ ਨਿਸ਼ਾਨੀ, ਨਿਸ਼ਾਨਾ ਕਿਰਿਆ ਕੂੜ ਮਿਟਾਈਆ । ਸਚ ਪਿਆਰ ਦਾ ਬਣ ਦਾਨੀ, ਦਾਤਾ ਹੋ ਕੇ ਦੇ ਵਰਤਾਈਆ । ਝਗੜਾ ਮੇਟ ਜਿਸਮ ਜਿਸਮਾਨੀ, ਤਨ ਵਜੂਦ ਨਫ਼ਰਤ ਨਾ ਕੋਇ ਰਖਾਈਆ । ਤੈਨੂੰ ਹਜ਼ਰਤ ਈਸਾ ਕਿਹਾ ਬਾਪ ਅਸਮਾਨੀ, ਇਸਮ ਆਜ਼ਮ ਇਕੋ ਦੇ ਸਮਝਾਈਆ । ਮੁਹੰਮਦ ਕੂਕ ਕੇ ਕਿਹਾ ਮੇਰਾ ਮਾਲਕ ਨੂਰ ਨੁਰਾਨੀ, ਅੱਲਾ ਅਲਾਹ ਇਕ ਅਖਵਾਈਆ । ਜ਼ਬਤੋ ਜ਼ਵਾ ਅਰਸ਼ੇ ਨਵਾ ਮਵਿਸਤੀ ਜ਼ਮੋ ਅਰਸ਼ੇ ਜ਼ਵੂ ਫ਼ਰਸ਼ੇ ਦੁਆ ਮੇਰੇ ਖ਼ੁਦਾ ਚਕਿਸਤੀ ਮਵਵਜ਼ਾ ਨਜ਼ੂ ਕੰਮਬਾ ਵਜ਼ੀ ਯਕਮ ਬੇਅਜ਼ਲ ਜ਼ਮਤੋ ਜ਼ਖੀ ਨੂਰੇ ਨਿਜ਼ਾ ਮਿਹਰਵਾਨ ਇਕ ਅਖਵਾਈਆ । ਫਲਗੁਣ ਕਹੇ ਸਤਿਗੁਰ ਸ਼ਬਦ ਮੈਂ ਕੀ ਦੱਸਾਂ ਕਹਾਣੀ, ਕਹਾਵਤ ਕੀ ਜਣਾਈਆ ।



ਮੇਰੀ ਜੁਗ ਜੁਗ ਦੀ ਰੁਤ ਪੁਰਾਣੀ, ਬਸੰਤ ਕਹਿ ਕੇ ਸਾਰੇ ਗਾਈਆ । ਮੈਂ ਅਗੇ ਮੰਗਾਂ ਨਵੀਂ ਨਵੀਂ ਨਿਸ਼ਾਨੀ, ਨਿਸ਼ਾਨਾ ਆਪਣਾ ਦੇਣਾ ਸਮਝਾਈਆ ।



ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਵਿਚ ਨਾ ਰਹੇ ਬੇਗਾਨੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਸਭ ਨੂੰ ਸਤਿ ਧਰਮ ਦੇ ਈਮਾਨੀ, ਅਮਲ ਇਕੋ ਇਕ ਸਮਝਾਈਆ । ਝਗੜਾ ਰਿਹੇ ਨਾ ਜਗਤ ਜਿਸਮਾਨੀ, ਜ਼ਮੀਰ ਅੰਦਰੋਂ ਦੇਣੀ ਬਦਲਾਈਆ । ਤੇਰੀ ਮੰਜ਼ਲ ਇਕ ਰੁਹਾਨੀ, ਰੂਹ ਬੁਤਾਂ ਕਰ ਸਫ਼ਾਈਆ । ਦੀਨਾਂ ਮਜ਼੍ਹਬਾਂ ਦਾ ਝਗੜਾ ਮੇਟ ਦੀਵਾਨੀ, ਅੰਤਮ ਫ਼ੈਸਲਾ ਹਕ ਸੁਣਾਈਆ । ਤੂੰ ਸ਼ਹਿਨਸ਼ਾਹ ਸੁਲਤਾਨੀ, ਪਾਤਸ਼ਾਹ ਇਕ ਅਖਵਾਈਆ । ਵਸਣਹਾਰਾ ਸਚਖੰਡ ਮੁਕ਼ਾਮੀ, ਮੁਕ਼ਾਮੇ ਹਕ ਤੇਰੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਫਲਗੁਣ ਕਹੇ ਸਤਿਗੁਰ ਸ਼ਬਦ ਮੇਰੀ ਇਕ ਬੇਨੰਤੀ, ਬਿਨੈ ਵਿਚ ਸੀਸ ਨਿਵਾਈਆ । ਇਕੋ ਆਪਣੇ ਨਾਮ ਦੀ ਦੱਸ ਦੇ ਪੰਗਤੀ, ਬਹੁ ਵਿਦਿਆ ਲੋੜ ਰਹੇ ਨਾ ਰਾਈਆ । ਆਤਮ ਪਰਮਾਤਮ ਬਣੇ ਪੰਡਤੀ, ਸਿਖਿਆ ਸਾਖ਼ਿਆਤ ਸਮਝਾਈਆ । ਗੜ੍ਹ ਤੋੜ ਦੇ ਹਉਮੇ ਹੰਗਤੀ, ਹੰ ਬ੍ਰਹਮ ਭੇਵ ਚੁਕਾਈਆ । ਕਲਪਣਾ ਰਹੇ ਨਾ ਕਿਸੇ ਮਨ ਦੀ, ਮਮਤਾ ਮੋਹ ਨਾ ਕੋਇ ਹਲਕਾਈਆ । ਨਿਸ਼ਾਨੀ ਤਕ ਲੈ ਤਾਰੇ ਚੰਨ ਦੀ, ਚੰਦ ਸਿਤਾਰ ਵੇਖਣ ਨੈਣ ਉਠਾਈਆ । ਤੇਰੀ ਵਡਿਆਈ ਹੋਵੇ ਧੰਨ ਧੰਨ ਦੀ, ਨਵ ਸੱਤ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੀ ਆਸਾ ਇਕ ਰਖਾਈਆ । ਫਲਗੁਣ ਕਹੇ ਸਤਿਗੁਰ ਸ਼ਬਦ ਤੇਰਾ ਇਕੋ ਹੋਵੇ ਨਾਉਂ, ਨਾਉਂ ਨਿਰੰਕਾਰ ਦੇਣਾ ਦ੍ਰਿੜ੍ਹਾਈਆ । ਇਕੋ ਬਣਨਾ ਪਿਤਾ ਮਾਉਂ, ਪਰਮ ਪੁਰਖ ਰੂਪ ਦਰਸਾਈਆ । ਇਕੋ ਨਗਰ ਖੇੜਾ ਵਖਾਉਣਾ ਗਾਉਂ, ਸਚਖੰਡ ਸਾਚਾ ਸੋਭਾ ਪਾਈਆ । ਇਕੋ ਪਿਆਰ ਵਿਚ ਫੜਨਾ ਬਾਹੋਂ, ਪੂਤ ਸਪੂਤੇ ਆਪ ਉਠਾਈਆ । ਆਪਣੇ ਮਿਲਣ ਦਾ ਹਰ ਹਿਰਦੇ ਬਖ਼ਸ਼ਣਾ ਚਾਓ,

ਚਾਓ ਘਨੇਰਾ ਇਕ ਪਰਗਟਾਈਆ । ਬੇਸ਼ਕ ਤੇਰੇ ਮਾਨਸ ਮਾਨੁਖ ਭੁੱਲੇ ਰਾਹੋਂ, ਮਾਨਵ ਰਾਹੀ ਆਪਣੇ ਲੈ ਬਣਾਈਆ । ਹੰਸ ਬਣਾ ਲੈ ਫੜ ਫੜ ਕਾਉਂ, ਕਾਗੋਂ ਹੰਸ ਉਡਾਈਆ । ਝਗੜਾ ਮੇਟ ਦੇ ਸੁਰ ਗਾਂਉ, ਪਸ਼ੂਆਂ ਪੰਛੀਆਂ ਖੱਲ ਨਾ ਕੋਇ ਲੁਹਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰੇ ਨਾਮ ਦੀ ਹੋਏ ਵਾਹੋ ਵਾਹੋ, ਵਾਹਵਾ ਵਾਹਿਗੁਰੂ ਤੇਰੀ ਵਜੇ ਵਧਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਰ ਨਿਆਉਂ, ਇਨਸਾਫ਼ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਸੁਣ ਫਲਗੁਣ ਧੁਰ ਦਾ ਹੁਕਮ ਅਪਾਰ, ਅਪਰੰਪਰ ਕੀ ਜਣਾਈਆ । ਜਿਸ ਦਾ ਲਹਿਣਾ ਦੇਣਾ ਸਦਾ ਜੁਗ ਚਾਰ, ਚੌਕੜੀ ਆਪਣਾ ਖੇਲ ਖਿਲਾਈਆ । ਉਹ ਕ਼ੁਦਰਤ ਦਾ ਕ਼ਾਦਰ ਏਕੰਕਾਰ, ਇਕ ਇਕੱਲਾ ਨੂਰ ਅਲਾਹੀਆ । ਜਿਸ ਦਾ ਜੁਗ ਚੌਕੜੀ ਪਸਾਰ, ਵੇਖਣਹਾਰਾ ਧੁਰਦਰਗਾਹੀਆ । ਮੈਂ ਉਸ ਦਾ ਬਰਖ਼ੁਰਦਾਰ, ਨੰਨ੍ਹਾ ਇਕੋ ਨਜ਼ਰੀ ਆਈਆ । ਜਿਸ ਦਾ ਅੰਤ ਨਾ ਪਾਰਾਵਾਰ, ਬੇਅੰਤ ਬੇਅੰਤ ਅਖਵਾਈਆ । ਉਸ ਦਾ ਹੁਕਮ ਸੰਦੇਸ਼ਾ ਪਰਗਟ ਹੋਣਾ ਵਿਚੋਂ ਮੇਰੀ ਧਾਰ, ਧਰਨੀ ਧਰਤ ਧਵਲ ਧੌਲ ਦ੍ਰਿੜਾਈਆ । ਜਿਸ ਦੇ ਹੁਕਮ ਵਿਚ ਵਿਸ਼ਨ ਬ੍ਰਹਮਾ ਸ਼ਿਵ ਹੋਏ ਖ਼ਬਰਦਾਰ, ਬੇਖ਼ਬਰਾਂ ਖ਼ਬਰ ਦ੍ਰਿੜਾਈਆ । ਅਵਤਾਰ ਪੈਗ਼ੰਬਰ ਗੁਰ ਜੋਤ ਵਿਚੋਂ ਜੋਤ ਕਰ ਉਜਿਆਰ, ਨੂਰ ਨੂਰ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਫਲਗੁਣ ਕਹੇ ਸਤਿਗੁਰ ਸ਼ਬਦ ਬੇਸ਼ਕ ਤੇਰਾ ਹੁਕਮ ਮਿਠਾ, ਸਦ ਭਾਣੇ ਵਿਚ ਸਮਾਈਆ । ਮੈਨੂੰ ਖੇਲ ਦੱਸ ਸਦ ਅਨਡਿਠਾ, ਜਗਤ ਨੇਤਰ ਨਜ਼ਰ ਕੋਇ ਨਾ ਆਈਆ । ਸਤਿਗੁਰ ਸ਼ਬਦ ਕਹੇ ਸਭ ਦਾ ਲੇਖਾ ਵੇਖ ਲੈ ਚਿੱਟਾ, ਕਾਲੀ ਧਾਰ ਬਾਹਰ ਦ੍ਰਿੜਾਈਆ । ਸਤਿ ਧਰਮ ਦਾ ਦੁੱਧ ਫਿੱਟਾ, ਕਲਜੁਗ ਕੂੜ ਨਾਲ ਵਡਿਆਈਆ । ਜਿਸ ਦਾ ਅੰਤਮ ਨਿਕਲਣਾ ਸਿੱਟਾ, ਸਿੱਟੇਬਾਜ਼ੀ ਵੇਖੇ ਖ਼ਲਕ ਖ਼ੁਦਾਈਆ । ਕਿਸੇ ਦਾ ਇਸ਼ਟ ਰਹਿਣਾ ਨਹੀਂ ਪੱਥਰ ਇੱਟਾਂ, ਪਾਹਨਾਂ ਸੀਸ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹ ਇਕ ਸੁਹਾਈਆ । ਫਲਗੁਣ ਕਹੇ ਮੇਰਾ ਪਰਵਿਸ਼ਟਾ ਪਹਿਲਾ ਆਇਆ, ਸੋਹਣੀ ਖ਼ੁਸ਼ੀ ਬਣਾਈਆ । ਦਰ ਠਾਂਢੇ ਮੰਗ ਮੰਗਾਇਆ, ਖ਼ਾਲੀ ਝੋਲੀ ਅਗੇ ਡਾਹੀਆ । ਕਿਰਪਾ ਕਰ ਬੇਪਰਵਾਹਿਆ, ਬੇਪਰਵਾਹੇ ਦਇਆ ਕਮਾਈਆ । ਮੇਰੀ ਆਸਾ ਵੇਖ ਵਖਾਇਆ, ਚਾਰ ਜੁਗ ਦੀ ਪਿਛਲੀ ਨਾਲ ਮਿਲਾਈਆ । ਕੀ ਬਾਵਨ ਸੰਦੇਸ਼ਾ ਗਿਆ ਸੁਣਾਇਆ, ਬਲ ਦੁਆਰ ਦੁਆਰ ਦ੍ਰਿੜਾਈਆ । ਸਪਤਸ ਰਿਖੀਆਂ ਢੋਲਾ ਕੀ ਗਾਇਆ, ਸ਼ਬਦ ਅਨਾਦੀ ਧੁਨ ਜਣਾਈਆ । ਭੀਲਣੀ ਰਾਮ ਕੀ ਸਮਝਾਇਆ, ਬਿਨ ਅੱਖਰਾਂ ਕਰ ਪੜ੍ਹਾਈਆ । ਬਿਦਰ ਦਾ ਲੇਖਾ ਵੇਖ ਵਖਾਇਆ, ਸੁਦਾਮੇ ਕ੍ਰਿਸ਼ਨ ਨਾਲ ਵਡਿਆਈਆ । ਮੂਸੇ ਜਲਵਾ ਇਕੋ ਪਾਇਆ, ਪਰਵਰਦਿਗਾਰ ਸੀਸ ਨਿਵਾਈਆ । ਈਸਾ ਸਲੀਵ ਗਲ ਲਟਕਾਇਆ, ਸੰਦੇਸ਼ਾ ਦਿਤਾ ਚਾਈਂ ਚਾਈਂਆ । ਮੁਹੰਮਦ ਚਾਰ ਯਾਰੀ ਮੇਲ ਮਿਲਾਇਆ, ਪਰਵਰਦਿਗਾਰ ਖੇਲ ਖਿਲਾਈਆ । ਨਾਨਕ ਮੰਤਰ ਸਤਿ ਦ੍ਰਿੜਾਇਆ, ਸਤਿ ਸਤਿ ਵਿਚੋਂ ਸਮਝਾਈਆ । ਗੋਬਿੰਦ ਡੰਕਾ ਫ਼ਤਿਹ ਵਜਾਇਆ, ਫ਼ਾਤਿਆ ਪੜ੍ਹੇ ਖ਼ਲਕ ਖ਼ੁਦਾਈਆ । ਸਤਿਗੁਰ ਸ਼ਬਦ ਇਕੋ ਵਡਿਆਇਆ, ਜੋ ਆਦਿ ਜੁਗਾਦਿ ਸਭ ਦਾ ਪਿਤਾ ਮਾਈਆ । ਜੋ ਜੁਗ ਜੁਗ ਵੇਸ ਵਟਾਇਆ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ

੧੩੭੦
੨੪

ਸਾਚੇ ਮੰਗ ਮੰਗਾਈਆ । ਫਲਗੁਣ ਕਹੇ ਮੇਰਾ ਧਰਮ ਸੰਦੇਸ਼ਾ, ਸਤਿ ਸਚ ਵਿਚੋਂ ਜਣਾਈਆ । ਮੇਰਾ ਮਾਲਕ ਇਕੋ ਨਰ ਨਰੇਸ਼ਾ, ਨਰ ਨਰਾਇਣ ਇਕ ਅਖਵਾਈਆ । ਜੋ ਆਦਿ ਜੁਗਾਦਿ ਰਹੇ ਹਮੇਸ਼ਾ, ਹਮ ਸਾਜਣ ਇਕ ਅਖਵਾਈਆ । ਜਿਸ ਦੇ ਹੁਕਮੇ ਵਿਚ ਬ੍ਰਹਮਾ ਸ਼ਿਵ ਮਹੇਸ਼ਾ, ਗਣਪਤ ਗਣੇਸ਼ਾ ਬੈਠੇ ਸੀਸ ਨਿਵਾਈਆ । ਉਸ ਦਾ ਦੋ ਜਹਾਨ ਦਾ ਮਾਲਕ ਇਕੋ ਗੋਬਿੰਦ ਦਸ ਦਸਮੇਸ਼ਾ, ਦਹਿ ਦਿਸ਼ਾ ਵੇਖ ਵਖਾਈਆ । ਜੋ ਕਲਜੁਗ ਅੰਤਮ ਮੇਟੇ ਕੂੜ ਕਲੇਸ਼ਾ, ਕਲਧਾਰੀ ਹੋ ਕੇ ਵੇਖ ਵਖਾਈਆ । ਜਿਸ ਦੀ ਸਿਫ਼ਤ ਵਡਿਆਈ ਕਰੇ ਸਹੰਸਰ ਮੁਖ ਸ਼ੇਸ਼ਾ, ਦੋ ਸਹੰਸਰ ਜੇਹਵਾ ਗੁਣ ਗਾਈਆ । ਉਹ ਅੰਤਮ ਲਹਿਣਾ ਦੇਣਾ ਪੂਰਾ ਕਰੇ ਮੁੱਲਾ ਸ਼ੇਖ਼ਾ, ਮੁਸਾਇਕਾਂ ਵੰਡ ਨਾ ਕੋਇ ਰਖਾਈਆ । ਜੁਗ ਬਦਲਣਾ ਜਿਸ ਦਾ ਪੇਸ਼ਾ, ਪੇਸ਼ੀਨਗੋਈਆਂ ਸਭ ਦੀਆਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਰ ਇਕ ਸੁਹਾਈਆ । ਸਚ ਦਰ ਸੁਹਾਵਣਹਾਰਾ, ਹਰਿ ਕਰਤਾ ਮੀਤ ਮੁਰਾਰ । ਜੋਤੀ ਜੋਤ ਜਗਾਵਣਹਾਰਾ, ਪਰਮ ਪੁਰਖ ਪੁਰਖ ਕਰਤਾਰ । ਅਨਾਦੀ ਨਾਦ ਵਜਾਵਣਹਾਰਾ, ਕ਼ੁਦਰਤ ਕ਼ਾਦਰ ਪਰਵਰਦਿਗਾਰ । ਜੁਗ ਜੁਗ ਵੇਸ ਵਟਾਵਣਹਾਰਾ, ਆਦਿ ਨਿਰੰਜਣ ਨੂਰ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਪਾਵਣਹਾਰਾ ਸਾਰ । ਸਾਚੀ ਸਾਰ ਸਮਾਲਦਾ, ਜੁਗ ਜੁਗ ਆਦਿ ਨਿਰੰਕਾਰ । ਖੇਲ ਕਰੇ ਕਮਾਲ ਦਾ, ਕ਼ੁਦਰਤ ਕ਼ਾਦਰ ਹੋ ਉਜਿਆਰ । ਲੇਖਾ ਮੁਕਾਏ ਤ੍ਰੈਗੁਣ ਜੰਜਾਲ ਦਾ, ਰਜੋ ਤਮੋ ਸਤੋ ਦਏ ਨਿਵਾਰ । ਖੇਲ ਖੇਲੇ ਕਾਲ ਮਹਾਕਾਲ ਦਾ, ਆਦਿ ਜੁਗਾਦੀ ਰੂਪ ਅਪਾਰ । ਪਰਕਾਸ਼ ਦੇਵੇ ਜੋ ਜਮਾਲ ਦਾ, ਜਾਗਰਤ ਜੋਤ ਜੋਤ ਉਜਿਆਰ । ਲਹਿਣਾ ਦੇਣਾ ਪੂਰਾ ਕਰੇ ਗੋਬਿੰਦ ਲਾਲ ਦਾ, ਸ਼ਾਹੋ ਭੂਪ ਵਡ ਸਿਕਦਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਆਪ ਪਰਵਰਦਿਗਾਰ । ਪਰਵਰਦਿਗਾਰ ਨੂਰ ਅਲਾਹ, ਅਲਖ ਅਗੋਚਰ ਇਕ ਅਖਵਾਈਆ । ਨਿਰਗੁਣ ਨਿਰਗੁਣ ਬਣ ਮਲਾਹ, ਬੇੜਾ ਸਰਗੁਣ ਸਰਗੁਣ ਆਪ ਚਲਾਈਆ । ਨਾਮ ਨਿਧਾਨਾ ਦੇ ਅਗੰਮ ਅਥਾਹ, ਅਲਖ ਅਗੋਚਰ ਆਪ ਵਰਤਾਈਆ । ਜੁਗ ਜੁਗ ਹੁਕਮ ਸੰਦੇਸ਼ਾ ਦਏ ਸੁਣਾ, ਅਵਤਾਰ ਪੈਗ਼ੰਬਰ ਗੁਰ ਸ਼ਬਦ ਸ਼ਬਦ ਸੁਣਾਈਆ । ਮਾਰਗ ਦੀਨ ਦੁਨੀ ਲਗਾ, ਦੀਨਾਂ ਮਜ਼੍ਹਬਾਂ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਚ ਕਰਨੀ ਕਾਰ ਕਮਾਉਂਦਾ ਏ । ਸੋ ਪੁਰਖ ਨਿਰੰਜਣ ਖੇਲ ਖਿਲਾਉਂਦਾ ਏ । ਹਰਿ ਪੁਰਖ ਨਿਰੰਜਣ ਵੇਖ ਵਖਾਉਂਦਾ ਏ । ਏਕੰਕਾਰਾ ਵੇਸ ਵਟਾਉਂਦਾ ਏ । ਆਦਿ ਨਿਰੰਜਣ ਨੂਰ ਰੁਸ਼ਨਾਉਂਦਾ ਏ । ਸ੍ਰੀ ਭਗਵਾਨ ਸੋਭਾ ਪਾਉਂਦਾ ਏ । ਅਬਿਨਾਸ਼ੀ ਕਰਤਾ ਡੰਕ ਵਜਾਉਂਦਾ ਏ । ਪਾਰਬ੍ਰਹਮ ਪ੍ਰਭ ਪਰਦਾ ਲਾਹੁੰਦਾ ਏ । ਸਤਿਗੁਰ ਸ਼ਬਦ ਹੁਕਮ ਵਰਤਾਉਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਆਪ ਉਠਾਉਂਦਾ ਏ । ਅਵਤਾਰ ਪੈਗ਼ੰਬਰ ਗੁਰ ਭੇਵ ਖੁਲ੍ਹਾਉਂਦਾ ਏ । ਸਤਿਜੁਗ ਤ੍ਰੇਤਾ ਦੁਆਪਰ ਜੁਗ ਜੁਗ ਆਪ ਬਦਲਾਉਂਦਾ ਏ । ਕਲਜੁਗ ਅੰਤਮ ਅਨਕ ਕਲਧਾਰੀ ਆਪਣੀ ਕਲ ਪਰਗਟਾਉਂਦਾ ਏ । ਅਛਲ ਛਲ ਬਣ ਕੇ ਵਡ ਸੰਸਾਰੀ, ਵਲ ਛਲ ਆਪਣੀ ਕਾਰ ਕਮਾਉਂਦਾ ਏ । ਜਿਸ ਨੂੰ ਸਮਝੇ ਨਾ ਕੋਇ ਜੀਵ ਸੰਸਾਰੀ, ਅਕਲ ਬੁੱਧੀ ਵਿਚ ਕਦੇ ਨਾ ਆਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਰਦਾ ਆਪ ਉਠਾਉਂਦਾ ਏ । ਸਚ ਪਰਦਾ ਆਪ ਉਠਾਏਗਾ । ਸੋ ਪੁਰਖ ਨਿਰੰਜਣ ਦਇਆ ਕਮਾਏਗਾ । ਹਰਿ ਪੁਰਖ ਨਿਰੰਜਣ ਭੇਵ ਚੁਕਾਏਗਾ ।


੧੩੭੧
੨੪

ਏਕੰਕਾਰਾ ਪਰਦਾ ਆਪ ਉਠਾਏਗਾ । ਆਦਿ ਨਿਰੰਜਣ ਨੂਰ ਰੁਸ਼ਨਾਏਗਾ । ਅਬਿਨਾਸ਼ੀ ਕਰਤਾ ਵੇਖ ਵਖਾਏਗਾ । ਸ੍ਰੀ ਭਗਵਾਨ ਖ਼ੁਸ਼ੀ ਬਣਾਏਗਾ । ਪਾਰਬ੍ਰਹਮ ਪ੍ਰਭ ਆਪਣੀ ਵੰਡ ਵੰਡਾਏਗਾ । ਸਤਿਗੁਰ ਸ਼ਬਦ ਸ਼ਬਦ ਹੁਕਮ ਜਣਾਏਗਾ । ਜਿਸ ਅਵਤਾਰ ਪੈਗ਼ੰਬਰਾਂ ਗੁਰੂਆਂ ਦਿਤਾ ਅਦਬ, ਆਦਾਬ ਸਭ ਦਾ ਵੇਖ ਵਖਾਏਗਾ । ਜਿਸ ਦੀ ਚਾਰ ਜੁਗ ਸਾਰੇ ਲੈਂਦੇ ਰਹੇ ਮਦਦ, ਮੁਦਤਾਂ ਦਾ ਮਾਲਕ ਭੇਵ ਚੁਕਾਏਗਾ । ਜਿਸ ਦੀਨ ਦੁਨੀ ਦਾ ਮੇਟਣਾ ਤਸ਼ੱਦਦ, ਸ਼ਰਅ ਦਾ ਲੇਖਾ ਪੂਰ ਕਰਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਏਗਾ । ਸਚ ਕਰਨੀ ਕਾਰ ਕਮਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਕਿਰਪਾਲ ਹੋ ਕੇ ਵੇਖ ਵਖਾਵੇਗਾ । ਹਰਿਜਨ ਭਗਤ ਸੁਹੇਲੇ ਲਾਲ ਆਪ ਉਠਾਵੇਗਾ । ਦੇਵੇ ਨਾਮ ਸਚਾ ਧਨ ਮਾਲ, ਅਮੁਲ ਅਤੁਲ ਆਪ ਵਰਤਾਵੇਗਾ । ਕਲਜੁਗ ਚਲੇ ਅਵੱਲੜੀ ਚਾਲ, ਚਾਲ ਨਿਰਾਲੀ ਇਕ ਵਖਾਵੇਗਾ । ਮਰਦ ਮਰਦਾਨਾ ਡੇਰਾ ਲਾਵੇਗਾ । ਨੌਜਵਾਨਾ ਨਜ਼ਰੀ ਆਵੇਗਾ । ਸ੍ਰੀ ਭਗਵਾਨਾ ਰੂਪ ਦਰਸਾਵੇਗਾ । ਸ਼ਾਹ ਸੁਲਤਾਨਾ ਹੁਕਮ ਵਰਤਾਵੇਗਾ । ਕਲਜੁਗ ਲੇਖਾ ਤਕ ਜੀਵ ਜਹਾਨਾ, ਜਾਗਰਤ ਜੋਤ ਜੋਤ ਰੁਸ਼ਨਾਵੇਗਾ । ਜਿਸ ਦੇ ਹੁਕਮ ਵਿਚ ਵਰਤਣਾ ਭਾਣਾ, ਭਾਵੀ ਆਪਣੇ ਹੁਕਮ ਰਖਾਵੇਗਾ । ਫਲਗੁਣ ਕਹੇ ਮੈਂ ਉਸ ਪ੍ਰਭੂ ਦੇ ਚਰਨ ਕਵਲ ਕਰਾਂ ਧਿਆਨਾ, ਜੋ ਚਰਨੋਦਕ ਜਾਮ ਪਿਆਵੇਗਾ । ਭਗਤ ਸੁਹੇਲਾ ਬਣ ਕੇ ਭਗਤਾਂ ਦੇਵੇ ਮਾਨਾ, ਅਭਿਮਾਨ ਅੰਦਰੋਂ ਬਾਹਰ ਕਢਾਵੇਗਾ । ਉਸ ਦੀ ਚਰਨ ਧੂੜ ਕਰਾਂ ਇਸ਼ਨਾਨਾ, ਜੋ ਦੁਰਮਤ ਮੈਲ ਧਵਾਵੇਗਾ । ਜੋ ਲੇਖਾ ਮੁਕਾਏ ਪੱਥਰ ਇੱਟਾਂ ਪਾਹਨਾਂ, ਜਗਤ ਸ਼ਰਅ ਨਾ ਵੰਡ ਵੰਡਾਵੇਗਾ । ਜਿਸ ਦਾ ਇਕੋ ਇਸ਼ਟ ਹੋਵੇ ਜ਼ਿਮੀਂ ਅਸਮਾਨਾ, ਗਗਨ ਗਗਨੰਤਰਾਂ ਇਕੋ ਰੂਪ ਦਰਸਾਵੇਗਾ । ਜਿਸ ਨੂੰ ਮੰਡਲ ਮੰਡਪ ਪੁਰੀ ਲੋਅ ਅਕਾਸ਼ ਪਤਾਲ ਗਗਨ ਗਗਨੰਤਰ ਕਰਨ ਪਰਵਾਨਾ, ਪਰਮ ਪੁਰਖ ਇਕ ਅਖਵਾਵੇਗਾ । ਜੋ ਕਲਜੁਗ ਅੰਤਮ ਜੋਤੀ ਜਾਤਾ ਪਹਿਰ ਕੇ ਬਾਣਾ, ਬਾਣ ਅਣਿਆਲਾ ਤੀਰ ਚਲਾਵੇਗਾ । ਜਿਸ ਨੂੰ ਪੈਗ਼ੰਬਰ ਕਰਨ ਸਲਾਮਾ, ਸਜਦੇ ਸਭ ਦੇ ਵੇਖ ਵਖਾਵੇਗਾ । ਜਿਸ ਦਾ ਮੰਤਰ ਗਾਉਂਦੇ ਸਤਿਨਾਮਾ, ਸਤਿ ਸਤਿਵਾਦੀ ਭੇਵ ਖੁਲ੍ਹਾਵੇਗਾ । ਜਿਸ ਦਾ ਇਸ਼ਟ ਜਣਾਇਆ ਸੀਤਾ ਰਾਮਾ, ਰਾਮ ਵਸ਼ਿਸ਼ਟ ਮੇਲ ਮਿਲਾਵੇਗਾ । ਓਹ ਸ਼ਾਹੋ ਭੂਪ ਸੁਲਤਾਨਾ, ਸੁਰਤੀ ਸ਼ਬਦ ਖੋਜ ਖੁਜਾਵੇਗਾ । ਜਨ ਭਗਤਾਂ ਅੰਤਰ ਨਿਰੰਤਰ ਵਖਾਏ ਅਗੰਮ ਨਿਸ਼ਾਨਾ, ਨਿਸ਼ਾਨਾ ਦੀਨ ਦੁਨੀ ਬਦਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਜਾਣੀ ਜਾਣਾ, ਜਾਨਣਹਾਰ ਏਕੰਕਾਰ ਪਰਵਰਦਿਗਾਰ ਸਾਂਝਾ ਯਾਰ ਇਕ ਅਖਵਾਈਆ ।



## ★ ੨ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਸਵਰਗਵਾਸੀ ਦਰਬਾਰਾ ਸਿੰਘ ਦੇ ਸਸਕਾਰ ਸਮੇਂ ਪਿੰਡ ਮਲੂਵਾਲ ਜ਼ਿਲਾ ਅੰਮ੍ਰਿਤਸਰ ★

ਤਤ ਕਹਿਣ ਸਾਡਾ ਨਾਉਂ ਸਿੰਘ ਦਰਬਾਰਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਿਲ ਕੇ ਖ਼ੁਸ਼ੀ ਬਣਾਈਆ । ਆਤਮਾ ਕਹੇ ਮੇਰਾ ਪ੍ਰੀਤਮ ਇਕੋ ਪਿਆਰਾ, ਪਰਮ ਪੁਰਖ ਪਰਮਾਤਮ ਧੁਰਦਰਗਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਸਦਾ ਸਦਾ ਮੀਤ ਮੁਰਾਰਾ, ਵਿਛੋੜੇ ਵਿਚ ਵਿਛੜ ਕਦੇ

ਨਾ ਜਾਈਆ । ਜਿਸ ਦਾ ਇਕੋ ਏਕ ਸਚਖੰਡ ਸਚਾ ਦੁਆਰਾ, ਜੋਤੀ ਜਾਤਾ ਹੋ ਕੇ ਸੋਭਾ ਪਾਈਆ । ਮੇਰਾ ਉਸ ਦੇ ਨਾਲ ਕੌਲ ਇਕਰਾਰਾ, ਵਾਅਦਾ ਪਿਛਲਾ ਦਿਆਂ ਜਣਾਈਆ । ਅਰਜਨ ਗੁਰ ਦਿਤਾ ਜਗਤ ਸਹਾਰਾ, ਸਿਰ ਮੇਰੇ ਹੱਥ ਟਿਕਾਈਆ । ਮੇਰਾ ਨੂਰ ਦਾ ਨੂਰ ਪਸਾਰਾ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਰਾਵੀ ਕੰਢਾ ਦਏ ਹੁਲਾਰਾ, ਬਿਨ ਪਵਣਾਂ ਪਵਣ ਝੂਲੇ ਰਹੇ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਰਾਵੀ ਕਹੇ ਮੈਂ ਨਿਮਾਣੀ ਮੈਨੂੰ ਸਾਰੇ ਕਹਿੰਦੇ ਰਾਵੀ, ਵਹਿਣ ਪਾਣੀ ਵਾਲੇ ਜਣਾਈਆ । ਮੇਰਾ ਲਹਿਣਾ ਦੇਣਾ ਲੇਖਾ ਜਿਸ ਦਾ ਤੋਲ ਤੋਲਿਆ ਇਕੋ ਸਤਿਗੁਰ ਸਾਵੀਂ, ਸਾਂਵਰੀਆ ਆਪਣੀ ਕਾਰ ਕਮਾਈਆ । ਜਿਸ ਦੇ ਪਿਆਰ ਵਿਚ ਕੁਰਲਾਉਂਦੀ ਫਿਰਦੀ ਭਾਵੀ, ਭੱਜੇ ਵਾਹੋ ਦਾਹੀਆ । ਜਿਸ ਦੇ ਹੁਕਮ ਵਿਚ ਆਦਿ ਜੁਗਾਦਿ ਜੁਗ ਚੌਕੜੀ ਬਦਲ ਜਾਂਦੀ ਸ਼ਾਹੀ, ਸ਼ਹਿਨਸ਼ਾਹ ਹੋ ਕੇ ਆਪਣਾ ਹੁਕਮ ਵਰਤਾਈਆ । ਓਸੇ ਦੇ ਪਿਆਰ ਵਿਚ ਆਤਮਾ ਕਹੇ ਮੈਂ ਨਿਰਗੁਣ ਹੋ ਕੇ ਬਣੀ ਰਹੀ ਰਾਹੀ, ਨੌਂ ਖੰਡ ਪ੍ਰਿਥਮੀ ਸੱਤ ਦੀਪ ਭੱਜੀ ਵਾਹੋ ਦਾਹੀਆ । ਅਵਤਾਰ ਪੈਗ਼ੰਬਰਾਂ ਗੁਰੂਆਂ ਮੇਰੀ ਦੇਣੀ ਗਵਾਹੀ, ਸ਼ਹਾਦਤ ਸ਼ਬਦ ਸ਼ਬਦ ਨਾਮ ਭੁਗਤਾਈਆ । ਚਾਰ ਜੁਗ ਦੇ ਸ਼ਾਸਤਰ ਮੇਰੇ ਢੋਲੇ ਰਹੇ ਗਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਆਤਮਾ ਕਹੇ ਮੈਂ ਬੜੀ ਸੁਹਾਗਣ, ਕੰਤ ਕੰਤੂਹਲ ਮੇਰਾ ਇਕੋ ਨਜ਼ਰੀ ਆਈਆ । ਮੈਂ ਜੁਗ ਜੁਗ ਬਣੀ ਰਹੀ ਵਡਭਾਗਣ, ਭਾਗਾਂਵਾਲੀ ਹੋ ਕੇ ਦਿਆਂ ਸੁਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੇਰੇ ਅੰਤਰ ਉਪਜਦਾ ਰਿਹਾ ਵੈਰਾਗਣ, ਵੈਰੀ ਅੰਦਰੋਂ ਨਜ਼ਰ ਕੋਇ ਨਾ ਆਈਆ । ਮੈਂ ਦੀਨ ਦੁਨੀ ਦੀ ਬਣੀ ਰਹੀ ਤਿਆਗਣ, ਜਗਤ ਵਾਸਨਾ ਨਾ ਕੋਇ ਹਲਕਾਈਆ । ਮੇਰੇ ਪਰਮ ਪੁਰਖ ਨੇ ਮੈਨੂੰ ਇਕੋ ਬਖ਼ਸ਼ਿਆ ਆਪਣਾ ਸਾਥਨ, ਸਤਿ ਸਚ ਸਮਝਾਈਆ । ਮੈਂ ਤੇਰਾ ਮੋਹਣ ਮਾਧਵ ਮਾਧਨ, ਮਹਿਬੂਬ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਤਤ ਕਹਿਣ ਸਾਡਾ ਨਾਲ ਨਾਤਾ ਮਾਈ ਬਾਪ, ਪੂਤ ਕਹਿ ਕੇ ਸਾਨੂੰ ਗਾਈਆ । ਅੰਦਰ ਵੇਖੇ ਕੋਈ ਨਾ ਮਾਰ ਝਾਤ, ਆਤਮ ਧੁਰ ਦਾ ਨੂਰ ਅਲਾਹੀਆ । ਜਿਸ ਦਾ ਇਕੋ ਮਾਲਕ ਕਮਲਾਪਾਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦੀ ਨੂਰ ਨੁਰਾਨਾ ਜ਼ਾਤ, ਅਜ਼ਾਤੀ ਵੰਡ ਨਾ ਕੋਇ ਵੰਡਾਈਆ । ਜਿਸ ਮਾਨਸ ਜਨਮ ਦਿਤੀ ਦਾਤ, ਦਾਤਾ ਹੋ ਕੇ ਵੇਖ ਵਖਾਈਆ । ਕੀ ਹੋ ਗਿਆ ਜੇ ਉਨ ਕਿਰਪਾ ਕਰ ਦਿਤੀ ਅੱਜ ਦੀ ਪਿਛਲੀ ਰਾਤ, ਪਹਿਲੀ ਫਲਗੁਣ ਦਏ ਵਡਿਆਈਆ । ਦੂਜੇ ਪਰਵਿਸ਼ਟੇ ਮੇਰੀ ਪੁਛੀ ਵਾਤ, ਆਤਮ ਪਰਮਾਤਮ ਆਪਣੇ ਰੰਗ ਰੰਗਾਈਆ । ਮੈਂ ਬੈਠ ਗਈ ਇਕਾਂਤ, ਜਗਤ ਤ੍ਰਿਸ਼ਨਾ ਨਾ ਕੋਇ ਰਖਾਈਆ । ਮੇਰਾ ਅੰਤਸ਼ਕਰਨ ਹੋ ਗਿਆ ਸ਼ਾਂਤ, ਅਗਨੀ ਤਤ ਨਾ ਕੋਇ ਤਪਾਈਆ । ਪੰਜ ਤਤ ਜਗਤ ਦੀ ਪਾਏ ਖਾਤ, ਹਿੱਸਾ ਦੀਨ ਦੁਨੀ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਪੰਜ ਤਤ ਕਹਿਣ ਬੇਸ਼ਕ ਅਸੀਂ ਤਤਾਂ ਵਾਲਾ ਸਰੀਰ, ਮਿੱਟੀ ਖ਼ਾਕ ਨਜ਼ਰੀ ਆਈਆ । ਤੂੰ ਮਾਲਕ ਗਹਿਰ ਗੰਭੀਰ, ਗਵਰ ਤੇਰੀ ਸਰਨਾਈਆ । ਤੂੰ ਦਾਤਾ ਬੇਨਜ਼ੀਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸਾਡੀ ਆਸ਼ਾ ਪੂਰੀ ਕਰ ਦੇ ਜੋ ਕਹਿ ਕੇ ਗਿਆ ਕਬੀਰ, ਕ਼ਬਰਾਂ ਤੋਂ ਬਾਹਰ ਸੁਣਾਈਆ । ਕਲਜੁਗ ਅੰਤਮ ਪੁਰਖ ਅਕਾਲਾ ਦੀਨ ਦਿਆਲਾ ਸਾਚਾ

ਮਾਰਗ ਕਰੇ ਤਾਅਮੀਰ, ਭਗਤ ਭਗਵੰਤ ਆਪਣੇ ਰੰਗ ਰੰਗਾਈਆ । ਤੇਰੇ ਹੱਥ ਸਭ ਦੀ ਤਕ਼ਦੀਰ, ਤਦਬੀਰ ਆਪਣੀ ਨਾਲ ਜਣਾਈਆ । ਕੀ ਹੋ ਗਿਆ ਤਨ ਵਜੂਦ ਬਸਤਰ ਲੱਥਾ ਚੀਰ, ਜਗਤ ਆਪਣਾ ਆਪ ਬਦਲਾਈਆ । ਆਤਮਾ ਘਤ ਕੇ ਗਈ ਵਿਚੋਂ ਵਹੀਰ, ਭੱਜੀ ਵਾਹੋ ਦਾਹੀਆ । ਅੰਮ੍ਰਿਤ ਰਸ ਮਿਲਿਆ ਅਗੰਮਾ ਸੀਰ, ਬਿਨ ਰਸਨਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਆਤਮਾ ਕਹੇ ਮੈਂ ਬੜੀ ਖ਼ੁਸ਼ਹਾਲੀ, ਖ਼ੁਸ਼ੀਆਂ ਢੋਲੇ ਗਾਈਆ । ਮੇਰਾ ਨਾਤਾ ਜੁੜ ਗਿਆ ਨਾਲ ਜੋਤ ਅਕਾਲੀ, ਅਕਲ ਕਲਧਾਰੀ ਦਿਤੀ ਵਡਿਆਈਆ । ਮੈਂ ਵੇਖਿਆ ਸਚਖੰਡ ਸਚੀ ਧਰਮਸਾਲੀ, ਧਰਮ ਦੁਆਰਾ ਇਕੋ ਨਜ਼ਰੀ ਆਈਆ । ਜਿਥੇ ਪਰਮ ਪੁਰਖ ਮੇਰੀ ਕਰੇ ਰਖਵਾਲੀ, ਮਿਹਰਵਾਨ ਹੋ ਕੇ ਵੇਖ ਵਖਾਈਆ । ਮੈਂ ਨਿਮਾਣੀ ਨੱਢੀ ਓਸੇ ਦੀ ਬਾਲੀ, ਓਸੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਆਤਮਾ ਕਹੇ ਮੇਰਾ ਸਤਿਗੁਰ ਹੋਇਆ ਦਿਆਲ, ਪਰਮ ਪੁਰਖ ਦਿਤੀ ਵਡਿਆਈਆ । ਮੈਨੂੰ ਆਪਣੇ ਆਪ ਲਿਆ ਸੰਭਾਲ, ਸੰਬਲ ਦਾ ਮਾਲਕ ਹੋ ਕੇ ਵੇਖ ਵਖਾਈਆ । ਮੇਰਾ ਨਾਤਾ ਤੁਟਾ ਕਾਲ ਮਹਾਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਚਿਤਰ ਗੁਪਤ ਲੇਖ ਨਾ ਸਕੇ ਵਖਾਲ, ਲੇਖਾ ਅਗੇ ਨਾ ਕੋਇ ਬਣਾਈਆ । ਸ਼ੰਕਰ ਵੇਖ ਕੇ ਹੋਏ ਬੇਹਾਲ, ਸ਼ੰਭੂ ਆਪਣਾ ਨੈਣ ਬਦਲਾਈਆ । ਬ੍ਰਹਮਾ ਖ਼ੁਸ਼ੀਆਂ ਵਿਚ ਵਜਾਏ ਤਾਲ, ਵਿਸ਼ਨੂੰ ਢੋਲਾ ਇਕੋ ਗਾਈਆ । ਅਵਤਾਰ ਪੈਗ਼ੰਬਰ ਗੁਰ ਪ੍ਰੇਮ ਨਾਲ ਪੁਛਣ ਮੇਰਾ ਹਾਲ, ਪਿਆਰ ਮੁਹੱਬਤ ਵਿਚੋਂ ਪਰਗਟਾਈਆ । ਮੈਂ ਹਸ ਕੇ ਕਿਹਾ ਮੈਂ ਉਸ ਪ੍ਰਭੂ ਦਾ ਨੂਰ ਨੁਰਾਨਾ ਆਤਮਾ ਲਾਲ, ਜੋ ਲਾਲਨ ਇਕ ਅਖਵਾਈਆ । ਜਿਸ ਦਾ ਸਚਖੰਡ ਦੁਆਰ ਸਚੀ ਧਰਮਸਾਲ, ਧਰਮ ਦੁਆਰਾ ਇਕੋ ਨਜ਼ਰੀ ਆਈਆ । ਜਾਂ ਮੈਂ ਪੰਧ ਮੁਕਾ ਕੇ ਪਹੁੰਚੀ ਤੇ ਮੈਨੂੰ ਮਿਲ ਗਿਆ ਸਿੰਘ ਪਾਲ, ਆਪ ਆਪਣੀ ਖ਼ੁਸ਼ੀ ਬਣਾਈਆ । ਝਟ ਬਸੰਤ ਕੌਰ ਨੇ ਮਾਰੀ ਛਾਲ, ਬਿਨ ਤਤਾਂ ਲਈ ਅੰਗੜਾਈਆ । ਬਿਸ਼ਨ ਕੌਰ ਨੇ ਕਿਹਾ ਆ ਜਾ ਮੇਰੇ ਲਾਲ, ਤੈਨੂੰ ਗੋਦੀ ਲਵਾਂ ਟਿਕਾਈਆ । ਗੁਰਬਖ਼ਸ਼ ਸਿੰਘ ਕਹੇ ਮੇਰਾ ਵੀ ਇਹੋ ਗ੍ਰਹਿ ਇਹੋ ਦੁਆਰ ਇਕੋ ਕਰੇ ਸੰਭਾਲ, ਜੋ ਨੂਰ ਨੁਰਾਨਾ ਨਜ਼ਰੀ ਆਈਆ । ਜੀਵਣ ਸਿੰਘ ਕਹੇ ਵੇਖ ਲੈ ਸਭ ਤੋਂ ਵਖਰਾ ਵਜਦਾ ਏਥੇ ਤਾਲ, ਜਗਤ ਤਲਵਾੜਾ ਨਜ਼ਰ ਕੋਇ ਨਾ ਆਈਆ । ਧੰਨ ਭਾਗ ਜੇ ਫਲ ਲੱਗਾ ਪੁਤ ਪੋਤੇ ਹੀਰਾ ਸਿੰਘ ਦੇ ਡਾਲ, ਪੱਤ ਟਹਿਣੀ ਮਾਤ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਇਕ ਸੁਹਾਈਆ । ਤਤ ਕਹਿਣ ਅਸੀਂ ਦਰਬਾਰਾ ਸਿੰਘ ਦਾ ਵਜੂਦ, ਜਗਤ ਨੇਤਰ ਨਜ਼ਰੀ ਆਈਆ । ਅਸੀਂ ਛਡ ਦਿਤੀ ਦੁਨੀਆ ਵਾਲੀ ਹਦੂਦ, ਘਰ ਬਾਹਰ ਆਏ ਤਜਾਈਆ । ਸਾਡੀ ਇਕੋ ਮੰਜ਼ਲ ਹਕ ਮਕ਼ਸੂਦ, ਬੇਪਰਵਾਹ ਦਿਤੀ ਵਖਾਈਆ । ਜੋ ਮਾਲਕ ਖ਼ਾਲਕ ਸਦਾ ਮੌਜੂਦ, ਮਜਲਸ ਭਗਤਾਂ ਨਾਲ ਰਖਾਈਆ । ਸਾਨੂੰ ਜ਼ਰੂਰ ਰਖੇ ਮਹਿਫ਼ੂਜ਼, ਸਿਰ ਆਪਣਾ ਹੱਥ ਟਿਕਾਈਆ । ਸਾਡੀ ਆਸ਼ਾ ਅੰਤਰ ਲਏ ਬੂਝ, ਦੱਸਣ ਦੀ ਲੋੜ ਰਹੇ ਨਾ ਰਾਈਆ । ਸਾਡਾ ਭੇਵ ਖੋਲ੍ਹੇ ਗੂਝ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਆਤਮਾ ਕਹੇ ਮੈਂ ਦਰਬਾਰਾ ਸਿੰਘ ਦੇ ਤਤਾਂ ਨੂੰ ਵੇਖ ਕੇ ਹਸਦੀ, ਦੂਰ ਦੁਰਾਡਾ ਧਿਆਨ ਲਗਾਈਆ । ਜਿਸ ਵਿਚ ਰਹੀ ਸਾਂ ਵਸਦੀ, ਉਸ ਦਾ ਨਾਤਾ ਆਈ ਤੁੜਾਈਆ ।

੧੩੭੪
੨੪

ਹੁਣ ਲਾਸ਼ ਬਣ ਗਈ ਰੈਣ ਅੰਧੇਰੀ ਮਸ ਦੀ, ਬਿਨ ਆਤਮਾ ਨੂਰ ਨਾ ਕੋਇ ਚਮਕਾਈਆ । ਜੇਹੜੀ ਭਰੀ ਸੀ ਜਗਤ ਵਡਿਆਈ ਜਸ ਦੀ, ਸਿਫ਼ਤਾਂ ਵਿਚ ਸਿਫ਼ਤ ਸਲਾਹੀਆ । ਉਹਦੀ ਅੰਤਮ ਖੇਲ ਹੋਣੀ ਮਾਟੀ ਖ਼ਾਕ ਭਸ ਦੀ, ਭਸਮ ਆਪਣਾ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਆਤਮਾ ਕਹੇ ਸੁਣੋ ਪ੍ਰਭੂ ਭਗਤ ਜਗਤ ਸੰਸਾਰ, ਜਗਿਆਸੂਓ ਦਿਆਂ ਜਣਾਈਆ । ਸੰਦੇਸ਼ਾ ਦੇਵਾਂ ਸਰਬ ਪਰਵਾਰ, ਬੰਸ ਸਰਬੰਸ ਆਪ ਸਮਝਾਈਆ । ਤੁਹਾਡਾ ਮੇਰੇ ਨਾਲ ਨਹੀਂ ਕੋਈ ਤਕਰਾਰ, ਝਗੜਾ ਨਜ਼ਰ ਕੋਇ ਨਾ ਆਈਆ । ਮੇਰਾ ਸਤਿਗੁਰ ਸ਼ਬਦ ਨਾਲ ਕੌਲ ਇਕਰਾਰ, ਵਾਅਦੇ ਪਿਛਲੇ ਦਿਆਂ ਸਮਝਾਈਆ । ਜਿਸ ਕਿਰਪਾ ਕੀਤੀ ਅਪਰ ਅਪਾਰ, ਅਪਰੰਪਰ ਸੁਆਮੀ ਦਿਤੀ ਵਡਿਆਈਆ । ਤੂੰ ਮੇਰਾ ਮੈਂ ਤੇਰਾ ਦੇ ਅੰਤਰ ਅਧਾਰ, ਨਿਰੰਤਰ ਮੇਲਾ ਮੇਲਿਆ ਸਹਿਜ ਸੁਭਾਈਆ । ਮੈਨੂੰ ਖ਼ੁਸ਼ੀ ਹੋਈ ਮੈਥੋਂ ਜਗਤ ਝੂਠਾ ਛੁੱਟਿਆ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਮੇਰੀ ਦੇਣ ਗਵਾਹੀਆ । ਮੇਰੀ ਬਸੰਤ ਸਚਖੰਡ ਮੌਲੀ ਬਹਾਰ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਮੈਂ ਸੰਦੇਸ਼ਾ ਦੇਵਾਂ ਅੰਤਮ ਵਾਰ, ਬਿਨ ਰਸਨਾ ਜੇਹਵਾ ਢੋਲਾ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਆਤਮਾ ਕਹੇ ਮੇਰੇ ਸੁਣੋ ਸਾਕ ਸੱਜਣ ਸੈਣ, ਸਨਬੰਧੀਓ ਦਿਆਂ ਜਣਾਈਆ । ਬੇਸ਼ਕ ਤੁਸੀਂ ਤਤਾਂ ਵਾਲੇ ਭਾਈ ਭੈਣ, ਮਾਤ ਪਿਤ ਨਾਰ ਪੁਤਰ ਧੀ ਨਜ਼ਰੀ ਆਈਆ । ਮੈਂ ਸਭ ਨੂੰ ਸਚਖੰਡ ਦੁਵਾਰਿਉਂ ਆਈ ਕਹਿਣ, ਕਹਿ ਕਹਿ ਦਿਆਂ ਦ੍ਰਿੜਾਈਆ । ਮੇਰੇ ਵੈਰਾਗ ਵਿਚ ਕੋਇ ਨਾ ਪਾਵੇ ਵੈਣ, ਨੇਤਰ ਨੀਰ ਨਾ ਕੋਇ ਵਹਾਈਆ । ਮੈਂ ਕੋਈ ਹੋ ਨਹੀਂ ਗਈ ਤ੍ਰਫੈਣ, ਦੁਤੀਆ ਭਾਉ ਨਾ ਕੋਇ ਜਣਾਈਆ । ਮੈਂ ਇਕੋ ਛੱਡਿਆ ਤੇ ਅਗੇ ਮੈਨੂੰ ਮਿਲ ਗਿਆ ਸਚਾ ਮਹੈਣ, ਜਿਥੇ ਮਿਲ ਕੇ ਆਪਣੀ ਖ਼ੁਸ਼ੀ ਬਣਾਈਆ । ਸਚਖੰਡ ਦੁਆਰ ਏਕੰਕਾਰ ਮੈਨੂੰ ਦਿਤਾ ਬਹਿਣ, ਥਿਰ ਘਰ ਬੈਠੀ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਆਤਮਾ ਕਹੇ ਸੁਣੋ ਤਨ ਵਜੂਦ ਦੇ ਪੁਤਰ ਧੀਆਂ, ਨਾਰ ਦੁਹਾਗਣ ਸੁਹਾਗਣ ਨਜ਼ਰ ਕੋਇ ਨਾ ਆਈਆ । ਮੇਰਾ ਲਹਿਣਾ ਦੇਣਾ ਸਾਢੇ ਤਿੰਨ ਹੱਥ ਦੀ ਸੀਆ, ਰਵੀਦਾਸ ਚਮਾਰਾ ਦਏ ਗਵਾਹੀਆ । ਮੇਰਾ ਦੀਨ ਦੁਨੀ ਨਾਲੋਂ ਨਿਰਮਲ ਹੋਇਆ ਜੀਆ, ਜੀਵਣ ਦਾਤੇ ਦਿਤੀ ਵਡਿਆਈਆ । ਪ੍ਰੇਮੀਓ ਪਿਆਰਿਓ ਤੁਸੀਂ ਵੀ ਮੇਰੇ ਮਗਰ ਆਉਣ ਦਾ ਕਰੋ ਹੀਆ, ਹੀਲੇ ਨਾਲ ਪੁੱਜਣਾ ਚਾਈਂ ਚਾਈਂਆ । ਜਿਸ ਧਰਮ ਦੀ ਧਾਰ ਕਿਹਾ ਗੋਬਿੰਦ ਨੇ ਬੱਚਿਆਂ ਦੀ ਧਾਰ ਵਿਚ ਰਖਾਈਆ ਨੀਆਂ, ਨੀਂਹ ਗੋਬਿੰਦ ਗੋਬਿੰਦ ਗੋਬਿੰਦ ਗਿਆ ਬੰਧਾਈਆ । ਓਸੇ ਦੇ ਪਿਆਰ ਵਿਚ ਆਤਮਾ ਕਹੇ ਮੈਨੂੰ ਮਿਲ ਗਿਆ ਉਹ ਪੀਆ, ਜਿਸ ਨੂੰ ਪਰਮ ਪੁਰਖ ਪਰਮਾਤਮ ਕਹਿ ਕੇ ਸਾਰੇ ਗਾਈਆ । ਜਿਸ ਦਾ ਖੇਲ ਓਸੇ ਨੇ ਕੀਆ, ਕਰਨੀ ਦਾ ਕਰਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਵਜਦੀ ਰਹੇ ਵਧਾਈਆ । ਪੰਜ ਤਤ ਕਹਿਣ ਗੁਰਮੁਖੋ ਭਗਤੋ ਮੈਨੂੰ ਰਖ ਦਿਉ ਉਤੇ ਸੀੜ੍ਹੀ, ਖ਼ੁਸ਼ੀਆਂ ਨਾਲ ਦੇਣਾ ਟਿਕਾਈਆ । ਸਦਾ ਬੰਸ ਸਰਬੰਸ ਚਲਦੀ ਰਹੇ ਪ੍ਰਭੂ ਪਿਆਰ ਵਿਚ ਪੀੜ੍ਹੀ, ਅਗੇ ਦਾ ਲੇਖਾ ਅਗੇ ਲੈਣਾ ਬਣਾਈਆ । ਸਾਰੀ ਸ੍ਰਿਸ਼ਟੀ ਕਹਿੰਦੀ ਅਗੇ ਗਲੀ ਭੀੜੀ, ਬਿਨ ਸਤਿਗੁਰ ਪੰਧ ਨਾ ਕੋਇ ਮੁਕਾਈਆ । ਮੈਂ ਹਕੀਕਤ ਵਾਲੀ ਮੰਜ਼ਲ ਚੜ੍ਹ ਗਈ ਅਖ਼ੀਰੀ, ਆਖ਼ਰ ਮਿਲਿਆ

੧੩੭੫
੨੪

ਧੁਰ ਦਾ ਮਾਹੀਆ । ਮੇਰੀ ਦੀਨ ਦੁਨੀ ਦੀ ਟੁਟ ਗਈ ਜ਼ੰਜੀਰੀ, ਕੜੀ ਨਾਲ ਕੜੀ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਆਤਮਾ ਕਹੇ ਮੇਰੇ ਵਲ ਵੇਖ ਕੇ ਕਿੱਡੀ ਮਨਜੀਤ ਨੂੰ ਵਧੀ ਹਰਸ, ਹਵਸ ਵਿਚ ਢੋਲੇ ਰਿਹਾ ਗਾਈਆ । ਤੂੰ ਜਗਤ ਦਾ ਮੇਰਾ ਚਾਚਾ ਤੇ ਮੈਨੂੰ ਮੇਘ ਲੈਣ ਦੇ ਬਰਸ, ਬੂੰਦਾ ਬਾਂਦੀ ਤੇਰੇ ਉਤੇ ਟਪਕਾਈਆ । ਬੇਸ਼ਕ ਤੇਰਾ ਆਸਣ ਉਤੇ ਫ਼ਰਸ਼, ਮੈਂ ਅਰਸ਼ ਵਿਚ ਬੈਠਾ ਕੋਲ ਧੁਰ ਦੇ ਮਾਹੀਆ । ਪਰ ਪਿਆਰ ਕਰਨਾ ਭਗਤਾਂ ਦਾ ਸਦਾ ਫ਼ਰਜ਼, ਪ੍ਰਭ ਨੇ ਰੀਤੀ ਦਿਤੀ ਚਲਾਈਆ । ਮਨਜੀਤ ਕਹੇ ਮੈਂ ਛੋਟਿਆਂ ਛੋਟਿਆਂ ਵੀਰਾਂ ਨੂੰ ਕਹਾਂਗਾ ਤੁਸੀਂ ਬਣ ਜਾਇਓ ਸੂਰਬੀਰ ਬਹਾਦਰ, ਦਵਿੰਦਰ ਮਹਿੰਦਰ ਰੋਣ ਕੋਇ ਨਾ ਪਾਈਆ । ਏਸ ਸਰੀਰ ਦੀ ਨਹੀਂ ਆਤਮਾ ਦੀ ਸੀ ਪ੍ਰਭੂ ਨੂੰ ਗ਼ਰਜ਼, ਆਪਣੀ ਗ਼ਰਜ਼ ਪਿਛੇ ਦਰਬਾਰਾ ਸਿੰਘ ਨੂੰ ਲੈ ਕੇ ਗਿਆ ਚਾਈਂ ਚਾਈਆ । ਇਹ ਕੋਈ ਖੇਲ ਨਹੀਂ ਅਸਚਰਜ, ਆਦਿ ਜੁਗਾਦੀ ਰੀਤੀ ਧੁਰ ਦੀ ਚਲੀ ਆਈਆ । ਪਰ ਪਿਆਰ ਵਿਚ ਰਹਿਣਾ ਇਹੋ ਤੁਹਾਡਾ ਸਾਚਾ ਦਰਦ, ਦਰਦੀਓ ਤੁਹਾਨੂੰ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਤਤ ਕਹਿਣ ਜਿਸ ਵੇਲੇ ਸਾਨੂੰ ਅਗਨੀ ਲਾਉਣੀ ਅੱਗ, ਆਗੂ ਇਕੋ ਵੇਖ ਵਖਾਈਆ । ਅਸੀਂ ਭਾਵੇਂ ਪਰਵਾਰ ਨਾਲੋਂ ਹੋਣ ਲੱਗੇ ਅਲਗ, ਵਖਰਾ ਆਪਣਾ ਘਰ ਲਿਆ ਬਣਾਈਆ । ਛਡਣ ਲਗੇ ਜੱਗ, ਦੀਨ ਦੁਨੀ ਨਾਲੋਂ ਨਾਤਾ ਲਿਆ ਤੁੜਾਈਆ । ਸਾਡੀ ਬੇਨੰਤੀ ਅਗੇ ਸਾਹਿਬ ਸੂਰੇ ਸਰਬਗ, ਸੀਸ ਚਰਨਾਂ ਵਿਚ ਟਿਕਾਈਆ । ਸਾਡੀ ਵੀ ਧਾਰ ਸਚਖੰਡ ਲੈ ਜਾਣੀ ਅੱਜ, ਆਤਮਾ ਨਾਲ ਤਤ ਮਿਲ ਕੇ ਤੇਰੇ ਘਰ ਵਿਚ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਸੀੜ੍ਹੀ ਕਹੇ ਮੈਨੂੰ ਪ੍ਰੇਮ ਨਾਲ ਬਣਾਉਣਾ, ਸੋਹਣੀ ਬਣਤ ਬਣਾਈਆ । ਦਰਬਾਰਾ ਸਿੰਘ ਨੂੰ ਮੇਰੇ ਵਿਚ ਟਿਕਾਉਣਾ, ਟਿੱਕਾ ਮਸਤਕ ਵਾਲਾ ਦਏ ਗਵਾਹੀਆ । ਸਾਰੇ ਪ੍ਰਵਾਰ ਸਰਬੰਸ ਨੇ ਸ਼ੁਕਰ ਮਨਾਉਣਾ, ਖ਼ੁਸ਼ੀ ਖ਼ੁਸ਼ੀ ਖ਼ੁਸ਼ੀ ਵਿਚ ਢੋਲੇ ਗਾਈਆ । ਇਹ ਆਪਣੇ ਘਰ ਨੂੰ ਚਲਿਆ ਜੋ ਲੋਕਮਾਤ ਦਾ ਪਰਾਹੁਣਾ, ਮਹਿਮਾਨੀ ਖਾ ਕੇ ਭੱਜਿਆ ਵਾਹੋ ਦਾਹੀਆ । ਜਿਸ ਧਰਤੀ ਉਤੇ ਸੌਣਾ ਤੇ ਆਸਣ ਲਾਉਣਾ, ਦਰਗਾਹ ਸਾਚੀ ਪ੍ਰਭ ਚਰਨ ਮਿਲੇ ਸਰਨਾਈਆ । ਪਹਿਲਾ ਮੁਆਤਾ ਪ੍ਰੀਤਮ ਸਿੰਘ ਨੇ ਆਪਣੇ ਹੱਥ ਉਠਾਉਣਾ, ਫੌਜਾ ਸਿੰਘ ਪਿਆਰਾ ਸਿੰਘ ਤਿੰਨੇ ਸੇਵਾ ਲੈਣ ਕਮਾਈਆ । ਹਰਨਾਮ ਸਿੰਘ ਪੰਜ ਮੁੱਠਾਂ ਕੱਖਾਂ ਦੀਆਂ ਆਪਣੇ ਹੱਥ ਵਿਚ ਭੁਆ ਕੇ ਪਿਆਰ ਵਿਚ ਸੁਟਾਉਣਾ, ਪ੍ਰੇਮ ਦੀ ਰੀਤੀ ਅੰਦਰ ਅੰਦਰ ਦੀ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਲਾਲ ਆਪਣੀ ਗੋਦ ਸੁਵਾਉਣਾ, ਜਿਥੋਂ ਸੁਤਿਆਂ ਨਾ ਕੋਇ ਉਠਾਈਆ ।

### ੨ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਜਸਵੰਤ ਸਿੰਘ ਦੇ ਨਵਿਤ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ

ਸਤਿਗੁਰ ਸ਼ਬਦ ਸਦਾ ਸੂਰਬੀਰ, ਬੀਰਤਾ ਆਪਣੇ ਵਿਚ ਛੁਪਾਈਆ । ਸਤਿ ਧਰਮ ਕਰਨਹਾਰਾ ਤਾਅਮੀਰ, ਜੁਗ ਜੁਗ ਆਪਣਾ ਖੇਲ ਖਿਲਾਈਆ ।

ਜਨ ਭਗਤਾਂ ਦੇਵਣਹਾਰਾ ਧੀਰ, ਧੀਰਜ ਧਰਮ ਧਾਰ ਵਖਾਈਆ । ਅੰਮ੍ਰਿਤ ਬਖ਼ਸ਼ੇ ਸਾਚਾ ਸੀਰ, ਅੰਮਿਉਂ ਰਸ ਆਪ ਚਖਾਈਆ । ਜਲ ਧਾਰਾ ਦੇ ਕੇ ਠਾਂਢਾ ਨੀਰ, ਅਗਨੀ ਤਤ ਤਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਸਤਿਗੁਰ ਸ਼ਬਦ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਜਿਸ ਦੀ ਆਦਿ ਜੁਗਾਦਿ ਪ੍ਰੀਤ, ਪ੍ਰੀਤਮ ਹੋ ਕੇ ਤੋੜ ਨਿਭਾਈਆ । ਭਗਤ ਸੁਹੇਲਾ ਠਾਂਢਾ ਸੀਤ, ਸਤਿ ਸਤਿਵਾਦੀ ਧੁਰਦਰਗਾਹੀਆ । ਆਤਮ ਪਰਮਾਤਮ ਬਣੇ ਮੀਤ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਤੂੰ ਮੇਰਾ ਮੈਂ ਤੇਰਾ ਦੱਸੇ ਗੀਤ, ਢੋਲਾ ਗੋਬਿੰਦ ਇਕ ਜਣਾਈਆ । ਜਨ ਭਗਤਾਂ ਵਸੇ ਸਦਾ ਚੀਤ, ਠਗੌਰੀ ਅੰਦਰ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਸਚ ਦਏ ਵਡਿਆਈਆ । ਸਤਿਗੁਰ ਸ਼ਬਦ ਸਦਾ ਬਲਵੰਤ, ਬਲਧਾਰੀ ਇਕ ਅਖਵਾਈਆ । ਆਤਮ ਪਰਮਾਤਮ ਬਣੇ ਕੰਤ, ਕੰਤ ਕੰਤੂਹਲ ਧੁਰਦਰਗਾਹੀਆ । ਨਾਮ ਨਿਧਾਨਾ ਦੇਵੇ ਮੰਤ, ਮੰਤਵ ਆਪਣਾ ਇਕ ਸਮਝਾਈਆ । ਹਰਿਜਨ ਪਰਗਟਾਏ ਸਾਚੇ ਸੰਤ, ਸਾਜਣ ਹੋ ਕੇ ਵੇਖ ਵਖਾਈਆ । ਧਰਮ ਦੀ ਧਾਰ ਬਣਾਏ ਬਣਤ, ਘੜਨ ਭੰਨਣਹਾਰ ਆਪਣੇ ਹੱਥ ਰਖੇ ਵਡਿਆਈਆ । ਲੇਖਾ ਜਾਣੇ ਜੀਵ ਜੰਤ, ਲੱਖ ਚੁਰਾਸੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਨਾਮ ਜਣਾਏ ਸਿੰਘ
੧੩੭੭ ਜਸਵੰਤ, ਜਸ ਇਕੋ ਨਾਮ ਜਣਾਈਆ । ੧੩੭੭

੨੪ ੨੪

### ੨ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਬਖ਼ਸ਼ੀਸ਼ ਸਿੰਘ ਦੇ ਗ੍ਰਹਿ ਪਿੰਡ ਕ਼ਾਦਰਾਬਾਦ ਜ਼ਿਲਾ ਗੁਰਦਾਸਪੁਰ

ਫਲਗੁਣ ਕਹੇ ਮੇਰੇ ਪੁਰਖ ਅਕਾਲੇ, ਅਕਲ ਕਲਧਾਰੀ ਏਕੰਕਾਰੀ ਤੇਰੀ ਇਕ ਸਰਨਾਈਆ । ਆਦਿ ਜੁਗਾਦੀ ਦੀਨਾ ਬੰਧਪ ਦੀਨ ਦਿਆਲੇ, ਠਾਕਰ ਸੁਆਮੀ ਤੇਰੀ ਓਟ ਤਕਾਈਆ । ਜੋਤੀ ਜਾਤੇ ਪੁਰਖ ਬਿਧਾਤੇ ਵਸਣਹਾਰੇ ਸਚਖੰਡ ਸਚੀ ਧਰਮਸਾਲੇ, ਦਰਗਾਹ ਸਾਚੀ ਮੁਕ਼ਾਮੇ ਹਕ ਆਪਣਾ ਆਸਣ ਲਾਈਆ । ਪਰਮ ਪੁਰਖ ਪਰਮਾਤਮ ਤੁਧ ਬਿਨ ਸੁਰਤ ਕਵਣ ਸੰਭਾਲੇ, ਸੰਬਲ ਦੇ ਮਾਲਕ ਹੋਣਾ ਆਪ ਸਹਾਈਆ । ਤ੍ਰੈਗੁਣ ਅਤੀਤੇ ਠਾਂਡੇ ਸੀਤੇ ਨਵ ਸੱਤ ਤੋੜ ਜਗਤ ਜੰਜਾਲੇ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ । ਦੀਨ ਦੁਨੀ ਦਾ ਝਗੜਾ ਮੇਟ ਸ਼ਾਹ ਕੰਗਾਲੇ, ਊਚ ਨੀਚ ਰਾਓ ਰੰਕ ਦਾ ਲੇਖਾ ਦੇ ਮੁਕਾਈਆ । ਨਾਮ ਨਿਧਾਨ ਸ੍ਰੀ ਭਗਵਾਨ ਇਕੋ ਮਾਰ ਉਛਾਲੇ, ਅਛਲ ਛਲਧਾਰੀ ਆਪਣਾ ਖੇਲ ਖਿਲਾਈਆ । ਫਲ ਲਗਾ ਮਾਨਸ ਮਾਨਵ ਮਾਨੁਖ ਵਾਲੇ ਡਾਲੇ, ਪੰਜ ਤਤ ਬ੍ਰਹਮ ਮਤ ਆਪ ਦ੍ਰਿੜਾਈਆ । ਸਚ ਸੁਆਮੀ ਸਦਾ ਸੁਹੇਲੇ ਹਰ ਘਟ ਚਲਣਾ ਨਾਲੇ, ਬਿਨ ਕ਼ਦਮਾਂ ਕ਼ਦਮ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਫਲਗੁਣ ਕਹੇ ਮੇਰੇ ਸ਼ਾਹੋ ਭੂਪ ਸੁਲਤਾਨ, ਸਤਿ ਸਤਿਵਾਦੀ ਤੇਰੀ ਬੇਪਰਵਾਹੀਆ । ਆਦਿ ਜੁਗਾਦੀ ਮਿਹਰਵਾਨ, ਮਹਿਬੂਬ ਤੇਰੇ ਹੱਥ ਵਡਿਆਈਆ । ਗੁਣ ਨਿਧਾਨ ਦੇ ਦੇ ਦਾਨ, ਦਾਤਾ ਹੋ ਕੇ ਆਪ ਵਰਤਾਈਆ । ਮੈਂ ਤੇਰਾ ਬਾਲ ਨਾਦਾਨ, ਅਕਲ ਬੁੱਧੀ ਨਾ ਕੋਇ ਚਤੁਰਾਈਆ । ਤੂੰ ਸ਼ਹਿਨਸ਼ਾਹ

ਵਾਲੀ ਦੋ ਜਹਾਨ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਸਚ ਪ੍ਰੀਤ ਬਖ਼ਸ਼ ਦੇ ਨਾਮ, ਨਾਉਂ ਨਿਰੰਕਾਰਾ ਇਕ ਸਮਝਾਈਆ । ਅੰਮ੍ਰਿਤ ਰਸ ਪਿਆ ਦੇ ਜਾਮ, ਨਿਝਰ ਝਿਰਨਿਉਂ ਆਪ ਪਿਆਈਆ । ਕਲਜੁਗ ਕੂੜ ਰੈਣ ਮੇਟ ਦੇ ਸ਼ਾਮ, ਸ਼ਮਅ ਨੂਰ ਜੋਤ ਕਰ ਰੁਸ਼ਨਾਈਆ । ਦੀਨ ਦੁਨੀ ਦਾ ਲੇਖਾ ਨਾ ਰਹੇ ਤਮਾਮ, ਤਮਅ ਲਾਲਚ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਫਲਗੁਣ ਕਹੇ ਮੇਰੇ ਠਾਕਰ ਸੁਆਮੀਆ, ਨਿਰਗੁਣ ਦਾਤੇ ਅਗੰਮ ਅਥਾਹ । ਆਦਿ ਜੁਗਾਦੀ ਅੰਤਰਜਾਮੀਆ, ਬੇਪ੍ਰਵਾਹਾਂ ਦੇ ਬੇਪ੍ਰਵਾਹ । ਸਚ ਬਖ਼ਸ਼ ਦੇ ਚਰਨ ਧਿਆਨੀਆ, ਇਕੋ ਇਸ਼ਟ ਦੇ ਦ੍ਰਿੜਾ । ਸ਼ਬਦ ਨਿਰਾਲਾ ਤੀਰ ਮਾਰ ਕਾਨੀਆ, ਕਾਇਨਾਤ ਦਾ ਪਰਦਾ ਦੇ ਚੁਕਾ । ਤੂੰ ਹਰ ਘਟ ਜਾਣ ਜਾਣੀਆ, ਜਾਨਣਹਾਰ ਅਗੰਮ ਅਥਾਹ । ਸਾਚੀ ਬਖ਼ਸ਼ ਦੇ ਮੰਜ਼ਲ ਰੁਹਾਨੀਆ, ਹਰਿਮਤ ਰਹੀਮ ਆਪ ਕਮਾ । ਕਲਜੁਗ ਕਿਰਿਆ ਕੂੜ ਮੇਟ ਨਿਸ਼ਾਨੀਆਂ, ਸਤਿ ਧਰਮ ਦੇ ਪਰਗਟਾ । ਲੇਖਾ ਰਹੇ ਨਾ ਚਾਰੇ ਖਾਣੀਆਂ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾ । ਸੰਦੇਸ਼ਾ ਦੇ ਦੇ ਚਾਰੇ ਬਾਣੀਆਂ, ਪਰਾ ਪਸੰਤੀ ਮਧਮ ਬੈਖਰੀ ਦੇ ਸੁਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮੇਰੇ ਸਾਚੇ ਸ਼ਾਹ ਸੁਲਤਾਨੀਆ । ਫਲਗੁਣ ਕਹੇ ਮੇਰੇ ਮਹਿਬੂਬਾ, ਮਹਿਬਾਨ ਬੀਦੋ ਤੇਰੀ ਇਕ ਸਰਨਾਈਆ । ਤੇਰਾ ਵੇਖਾਂ ਆਲੀਸ਼ਾਨ ਅਰੂਜਾ, ਮੁਕ਼ਾਮੇ ਹਕ ਦੇਣਾ ਦ੍ਰਿੜਾਈਆ । ਜਿਸ ਨਾਲ ਭੇਵ ਚੁਕੇ ਦੂਜਾ, ਦੁਤੀਆ ਰਹਿਣ ਕੋਇ ਨਾ ਪਾਈਆ । ਮੰਜ਼ਲ ਮਿਲੇ ਹਕ ਮਕ਼ਸੂਦਾ, ਮੁਸ਼ਕਲ ਪਿਛਲੀ ਹਲ ਕਰਾਈਆ । ਭਾਗ ਲਗਾ ਦੇ ਉਤੇ ਬਸੁਧਾ, ਧਰਨੀ ਧਰਤ ਧਵਲ ਧੌਲ ਰਹੀ ਕੁਰਲਾਈਆ । ਜਿਸ ਦੇ ਉਤੇ ਸਦੀ ਚੌਧਵੀਂ ਅੰਤਮ ਹੋਣ ਵਾਲਾ ਯੁੱਧਾ, ਨਵ ਸੱਤ ਆਪਣੀ ਲਏ ਅੰਗੜਾਈਆ । ਓਹ ਲੇਖਾ ਤਕ ਲੈ ਜੋ ਇਸ਼ਾਰਾ ਦੇ ਕੇ ਗਿਆ ਬੁੱਧਾ, ਬੁੱਧੀ ਤੋਂ ਪਰੇ ਸਮਝਾਈਆ । ਇਕੋ ਨੂਰ ਨੁਰਾਨਾ ਸ਼ਾਹ ਸੁਲਤਾਨਾ ਹੋਵੇ ਉਘਾ, ਉਗਣ ਆਥਣ ਵਜੇ ਵਧਾਈਆ । ਕਲਜੁਗ ਕੂੜੀ ਕਿਰਿਆ ਮੇਟ ਕਲਜੁਗਾ, ਦੁਵੈਤ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਭੇਵ ਖੁਲ੍ਹਾਵੇ ਗੁੱਝਾ, ਪਾਰਬ੍ਰਹਮ ਬ੍ਰਹਮ ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਫਲਗੁਣ ਕਹੇ ਮੇਰੇ ਸਤਿ ਪੁਰਖ ਨਿਰੰਜਣ, ਨਿਰਵੈਰ ਤੇਰੀ ਸਰਨਾਈਆ । ਚਰਨ ਧੂੜ ਬਖ਼ਸ਼ ਦੇ ਮਜਨ, ਦੁਰਮਤ ਮੈਲ ਕਰ ਸਫ਼ਾਈਆ । ਸਚ ਸੁਆਮੀ ਬਣਨਾ ਸੱਜਣ, ਸਤਿ ਸਤਿਵਾਦੀ ਹੋ ਕੇ ਵੇਖ ਵਖਾਈਆ । ਮੇਰੀ ਕ਼ਬੂਲ ਕਰਨੀ ਬੰਦਨ, ਨਿਰਮਾਣਤਾ ਵਿਚ ਸੀਸ ਝੁਕਾਈਆ । ਸਚ ਦੁਵਾਰਿਉਂ ਦੇਣਾ ਅਨੰਦਨ, ਅਨੰਦ ਅਨੰਦ ਵਿਚੋਂ ਪਰਗਟਾਈਆ । ਲੇਖਾ ਮਿਟਾਉਣਾ ਤਾਰਾ ਚੰਦਨ, ਚੰਦ ਸਿਤਾਰ ਵੇਖਣ ਨੈਣ ਉਠਾਈਆ । ਤੇਰਾ ਇਕੋ ਦੀਪਕ ਜੋਤ ਪਰਕਾਸ਼ ਹੋਵੇ ਮੂਰਤ ਮਦਨ, ਗੋਪਾਲ ਸੁਆਮੀ ਤੇਰੇ ਹੱਥ ਵਡਿਆਈਆ । ਤੇਰੇ ਨੂਰੀ ਸ਼ਮਅ ਜਗਣ, ਜਾਗਰਤ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਫਲਗੁਣ ਕਹੇ ਮੇਰੀ ਇਕੋ ਇਕ ਅਲਖ, ਅਲਖ ਅਗੋਚਰ ਦਿਆਂ ਜਣਾਈਆ । ਜੋਤੀ ਜਾਤੇ ਹੋ ਪਰਤਖ, ਪਾਰਬ੍ਰਹਮ ਪ੍ਰਭ ਆਪਣਾ ਭੇਵ ਖੁਲ੍ਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਹੋ ਕੇ ਰਖ, ਰਖਕ ਬਣਨਾ ਥਾਉਂ ਥਾਈਆ । ਗ਼ਰੀਬ ਨਿਮਾਣਿਆਂ ਕਰਨਾ ਪੱਖ, ਕੋੜ੍ਹਿਆਂ ਕਮਲਿਆਂ ਗੋਦ ਉਠਾਈਆ । ਤੂੰ ਸਰਬ ਕਲਾ ਸਮਰਥ, ਸਮਰਥ ਪੁਰਖ ਅਗੰਮ

ਅਥਾਹੀਆ । ਸਤਿ ਸਚ ਦੀ ਦੇਣੀ ਵਥ, ਵਸਤ ਅਤੋਟ ਅਤੁਟ ਵਰਤਾਈਆ । ਮੇਰਾ ਲਹਿਣਾ ਦੇਣਾ ਪੂਰਾ ਕਰ ਦੇ ਜੋ ਕਹਿ ਗਿਆ ਬੇਟਾ ਦਸਰਥ, ਦਹਿ ਦਿਸ਼ਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਫਲਗੁਣ ਕਹੇ ਮੇਰੇ ਸਤਿ ਸਤਿਵਾਦੀ ਜਗਤ ਜਗਦੀਸ਼, ਜਗਦੀਸ਼ਰ ਤੇਰੀ ਬੇਪਰਵਾਹੀਆ । ਮੈਂ ਚਾਹੁੰਦਾ ਇਕੋ ਛਤਰ ਝੁੱਲੇ ਤੇਰੇ ਸੀਸ, ਪਿਛੇ ਨਜ਼ਰ ਕੋਇ ਨਾ ਆਈਆ । ਸਭ ਦਾ ਲਹਿਣਾ ਦੇਣਾ ਤਕ ਲੈ ਬੀਸ ਇਕੀਸ, ਬੀਸ ਇਕੀਸੇ ਪਰਦਾ ਆਪ ਉਠਾਈਆ । ਰਾਗ ਨਾਦ ਵੇਖ ਲੈ ਛਤੀਸ, ਛਤਰਧਾਰੀ ਹੋ ਕੇ ਭੇਵ ਚੁਕਾਈਆ । ਇਕੋ ਆਪਣੇ ਨਾਮ ਦੀ ਦੇ ਹਦੀਸ, ਹਜ਼ਰਤਾਂ ਬਾਹਰ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਬਖ਼ਸ਼ ਬਖ਼ਸ਼ੀਸ਼, ਬਖ਼ਸ਼ੀਸ਼ ਸਿੰਘ ਆਪਣੇ ਰੰਗ ਰੰਗਾਈਆ ।

### ੩ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਚੰਨਣ ਸਿੰਘ ਦੇ ਗ੍ਰਿਹ ਪਿੰਡ ਕ਼ਾਦਰਾਬਾਦ ਜ਼ਿਲਾ ਗੁਰਦਾਸਪੁਰ

ਫਲਗੁਣ ਕਹੇ ਪ੍ਰਭ ਭਗਤਾਂ ਬਖ਼ਸ਼ ਦੇ ਚਰਨ ਛੋਹ, ਚਰਨਾਮਤ ਇਕੋ ਜਾਮ ਪਿਆਈਆ । ਸਚ ਮੁਹੱਬਤ ਬਖ਼ਸ਼ ਦੇ ਮੋਹ, ਮਿਹਰਵਾਨ ਆਪਣੇ ਰੰਗ ਰੰਗਾਈਆ । ਆਪਣਾ ਭੇਵ ਚੁਕਾ ਦੇ ਸੋ, ਹੰ ਬ੍ਰਹਮ ਪਰਦਾ ਦੇ ਉਠਾਈਆ । ਨਿਜ ਨੇਤਰ ਬਖ਼ਸ਼ ਦੇ ਲੋ, ਲੋਇਣ ਆਪਣਾ ਇਕ ਖੁਲ੍ਹਾਈਆ । ਤੇਰੇ ਜੋਗੇ ਜਾਵਣ ਹੋ, ਦੂਜਾ ਨਜ਼ਰ ਕੋਇ ਨਾ ਆਈਆ । ਦੁਰਮਤ ਮੈਲ ਦੇ ਧੋ, ਪਤਿਤ ਪੁਨੀਤ ਦੇ ਬਣਾਈਆ । ਪੰਚ ਵਿਕਾਰ ਮੇਟ ਦੇ ਗਰੋਹ, ਗੁਰ ਸਤਿਗੁਰ ਤੇਰੀ ਸਰਨਾਈਆ । ਹਰਿਜਨ ਲੇਖਾ ਰਹੇ ਨਾ ਦੋ, ਦੁਤੀਆ ਭਾਵ ਦੇਣਾ ਮਿਟਾਈਆ । ਅੰਮ੍ਰਿਤ ਰਸ ਨਿਝਰ ਧਾਰੋਂ ਦੇਣਾ ਚੋ, ਬੂੰਦ ਸਵਾਂਤੀ ਆਪ ਟਪਕਾਈਆ । ਤੁਧ ਬਿਨ ਅਵਰ ਨਾ ਦੀਸੇ ਕੋ, ਕੋਟ ਬ੍ਰਹਿਮੰਡ ਦੇ ਠਾਕਰ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਧਾਗੇ ਸਤਿਗੁਰ ਭਗਤ ਸੁਹੇਲੇ ਲੈਣੇ ਪਰੋ, ਜਗਤ ਪਰੋਹਿਤਾਂ ਲੋੜ ਰਹੇ ਨਾ ਰਾਈਆ ।

### ੩ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਕਰਨੈਲ ਸਿੰਘ ਦੇ ਗ੍ਰਿਹ ਪਿੰਡ ਕ਼ਾਦਰਾਬਾਦ ਜ਼ਿਲਾ ਗੁਰਦਾਸਪੁਰ

ਫਲਗੁਣ ਕਹੇ ਪ੍ਰਭ ਜਨ ਭਗਤਾਂ ਬਖ਼ਸ਼ ਆਪਣਾ ਮੇਲ, ਮਿਲਣੀ ਹਰਿ ਜਗਦੀਸ਼ ਕਰਾਈਆ । ਅਪਰੰਪਰ ਸੁਆਮੀ ਬਣ ਸੱਜਣ ਸੁਹੇਲ, ਸਗਲਾ ਸੰਗੀ ਬਹੁਰੰਗੀ ਆਪਣਾ ਰੂਪ ਦਰਸਾਈਆ । ਆਦਿ ਜੁਗਾਦੀ ਸ਼ਬਦ ਅਨਾਦੀ ਦੱਸ ਆਪਣਾ ਖੇਲ, ਖ਼ਾਲਕ ਮਖ਼ਲੂਕ ਦੇ ਮਾਲਕ ਦੇਣਾ ਦ੍ਰਿੜਾਈਆ । ਧਾਰ ਜਣਾ ਦੇ ਅਗੰਮਾ ਅਗੰਮ ਨਵੇਲ, ਨਿਰਗੁਣ ਪਰਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਪੂਰ ਕਰਾਈਆ । ਫਲਗੁਣ ਕਹੇ ਪ੍ਰਭੂ ਜਨ ਭਗਤਾਂ ਅੰਦਰ ਸੁਣਾ ਦੇ ਧੁਨ ਅਨਾਦਿ, ਸ਼ਬਦੀ ਸ਼ਬਦ ਦ੍ਰਿੜਾਈਆ ।

ਤੂੰ ਮਾਲਕ ਆਦਿ ਜੁਗਾਦਿ, ਜੁਗ ਚੌਕੜੀ ਤੇਰੀ ਬੇਪਰਵਾਹੀਆ । ਹਰ ਹਿਰਦਾ ਤੈਨੂੰ ਲਏ ਅਰਾਧ, ਤੇਰੇ ਤੇਰੇ ਵਿਚ ਸਮਾਈਆ । ਕਿਰਪਾ ਕਰ ਦੇ ਮੋਹਣ ਮਾਧਵ ਮਾਧ, ਮਧੁਰ ਤੇਰੀ ਮੰਗ ਮੰਗਾਈਆ । ਕੋੜ੍ਹਿਆਂ ਕਮਲਿਆਂ ਬਣਾ ਲੈ ਸੰਤ ਸਾਧ, ਭਗਤ ਸੁਹੇਲੇ ਆਪਣੀ ਗੋਦ ਟਿਕਾਈਆ । ਅੰਤਸ਼ਕਰਨ ਮੇਟ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਜਣਾਈਆ । ਭੇਵ ਖੁਲ੍ਹਾ ਦੇ ਬੋਧ ਅਗਾਧ, ਬੁਧਿ ਮਤਿ ਦਾ ਲੇਖਾ ਦੇ ਚੁਕਾਈਆ । ਸਦਾ ਸੁਹੇਲੇ ਸਦ ਤੇਰੀ ਆਵੇ ਯਾਦ, ਯਾਦਾਸ਼ਤ ਵਿਚ ਭੁਲ ਕਦੇ ਨਾ ਜਾਈਆ । ਜਨ ਭਗਤਾਂ ਖੇੜਾ ਕਰ ਆਬਾਦ, ਸਦਾ ਸਦ ਵਜਦੀ ਰਹੇ ਵਧਾਈਆ । ਨਾਮ ਨਿਧਾਨ ਸ੍ਰੀ ਭਗਵਾਨ ਬਖ਼ਸ਼ ਦੇ ਦਾਦ, ਵਸਤ ਅਮੁਲ ਅਤੁਲ ਆਪ ਵਰਤਾਈਆ । ਤੇਰਾ ਲਹਿਣਾ ਦੇਣਾ ਅਵਤਾਰ ਪੈਗ਼ੰਬਰਾਂ ਗੁਰੂਆਂ ਬਾਦ, ਕਲਜੁਗ ਅੰਤਮ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਪ੍ਰੇਮ ਵਜਾ ਰਬਾਬ, ਮਾਲਕ ਰਬੀ ਨੂਰ ਅਲਾਹੀਆ ।

## ✪ ੩ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਸਵਰਨ ਸਿੰਘ ਦੇ ਗ੍ਰਿਹ ਪਿੰਡ ਕ਼ਾਦਰਾਬਾਦ ਜ਼ਿਲਾ ਗੁਰਦਾਸਪੁਰ ✪

ਫਲਗੁਣ ਕਹੇ ਪ੍ਰਭੂ ਚੜ੍ਹ ਕੇ ਵੇਖ ਅਗੰਮੇ ਘੋੜ, ਨਵ ਸੱਤ ਧਿਆਨ ਲਗਾਈਆ । ਮੈਂ ਬੇਨੰਤੀ ਕਰਾਂ ਬਿਨਾ ਹੱਥ ਜੋੜ, ਬਿਨ ਹੱਥਾਂ ਹੱਥ ਮਿਲਾਈਆ । ਨੌਂ ਸੌ ਚੁਰਾਨਮੇਂ ਚੌਕੜੀ ਜੁਗ ਪਿਛੋਂ ਤੇਰੀ ਪਈ ਲੋੜ, ਲੁੜੀਂਦੇ ਸੱਜਣ ਵੇਖ ਵਖਾਈਆ । ਪੁਰਖ ਅਕਾਲੇ ਦੀਨ ਦਿਆਲੇ ਅੰਤਮ ਬਹੁੜ, ਬਹੁੜੀ ਬਹੁੜੀ ਕਰਕੇ ਦਿਆਂ ਸੁਣਾਈਆ । ਜੁਗ ਜਨਮ ਦੇ ਵਿਛੜੇ ਆਪਣੇ ਨਾਲ ਜੋੜ, ਜਾਗਰਤ ਜੋਤ ਕਰ ਰੁਸ਼ਨਾਈਆ । ਮੇਰੇ ਪਰਮ ਪੁਰਖ ਪਰਮਾਤਮ ਮੇਰੀ ਬਹਾਰ ਵਿਚ ਧਰਨੀ ਉਤੇ ਫਲ ਫੁੱਲ ਨੌਂ ਕਰੋੜ, ਵਖ ਵਖ ਆਪਣਾ ਰੂਪ ਬਦਲਾਈਆ । ਜਿਨ੍ਹਾਂ ਤੇਰੇ ਉਤੇ ਰਖੀ ਡੋਰ, ਆਸਾ ਤੇਰੇ ਚਰਨ ਟਿਕਾਈਆ । ਆ ਕੇ ਭੇਵ ਚੁਕਾ ਦੇ ਮੋਰ, ਪਰਦਾ ਦੇ ਉਠਾਈਆ । ਮੇਰੀ ਰੁਤ ਬਸੰਤੀ ਜਾਵੇ ਸੌਰ, ਸਾਂਵਰੀਆ ਆਪਣਾ ਰੰਗ ਰੰਗਾਈਆ । ਕਲਜੁਗ ਲੇਖਾ ਤਕ ਅੰਧੇਰ ਘੋਰ, ਘੋਰੀ ਹੋ ਕੇ ਧਿਆਨ ਲਗਾਈਆ । ਮੇਰੇ ਕਰ ਦੇ ਭਾਗ ਮਥੋਰ, ਮਥਨ ਕਰ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸੁਹੇਲੇ ਹਰਿਜਨ ਆਪਣੇ ਨਾਲ ਤੋਰ, ਤੁਰੀਆ ਦੇ ਮਾਲਕ ਦੇਣੀ ਮਾਣ ਵਡਿਆਈਆ ।

## ✪ ੩ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਪ੍ਰੀਤਮ ਸਿੰਘ ਦੇ ਗ੍ਰਿਹ ਕ਼ਾਦਰਾਬਾਦ ਜ਼ਿਲਾ ਗੁਰਦਾਸਪੁਰ ✪

ਫਲਗੁਣ ਕਹੇ ਪ੍ਰਭ ਮੇਰੇ ਕੰਤ ਕੰਤੂਹਲ, ਕੁਦਰਤ ਕ਼ਾਦਰ ਤੇਰੀ ਸਰਨਾਈਆ । ਆਦਿ ਜੁਗਾਦੀ ਤੇਰਾ ਸਚ ਅਸੂਲ, ਅਸਲ ਦੇ ਮਾਲਕ ਤੇਰੀ ਬੇਪਰਵਾਹੀਆ । ਜਨ ਭਗਤਾਂ ਬਖ਼ਸ਼ ਦੇ ਆਪਣੀ ਧੂਲ, ਧੂੜੀ ਟਿੱਕੇ ਖ਼ਾਕ ਰਮਾਈਆ । ਤੇਰਾ ਨਾਮ ਨਿਧਾਨਾ ਕਰ ਵਸੂਲ, ਵਸਲ ਯਾਰ ਦੇਣਾ ਖ਼ੁਦਾਈਆ । ਤੇਰਾ ਪਿਆਰ ਜਾਏ ਨਾ ਭੂਲ, ਅਭੁਲ ਦੇਣੀ ਵਡਿਆਈਆ । ਤੈਨੂੰ ਇਸ਼ਾਰਾ ਕਰਕੇ ਗਏ ਪੈਗ਼ੰਬਰ ਰਸੂਲ, ਕਲਮਿਆਂ ਵਿਚ

ਕਾਇਨਾਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਫਲਗੁਣ ਕਹੇ ਪ੍ਰਭੂ ਧੁਰ ਦੇ ਦੇ ਨਾਉਂ ਨਿਧਾਨਾ, ਨਿਰਗੁਣ ਆਪਣੀ ਦਇਆ ਕਮਾਈਆ । ਤੂੰ ਸ਼ਹਿਨਸ਼ਾਹ ਸ਼ਾਹੋ ਭੂਪ ਸੁਲਤਾਨਾ, ਸਚਖੰਡ ਨਿਵਾਸੀ ਇਕ ਅਖਵਾਈਆ । ਥਿਰ ਘਰ ਤੇਰਾ ਅਗੰਮ ਟਿਕਾਣਾ, ਮੁਕਾਮੇ ਹਕ ਤੇਰਾ ਨੂਰ ਨੂਰ ਰੁਸ਼ਨਾਈਆ । ਮੈਂ ਲੋਕਮਾਤੀ ਤੇਰਾ ਬਾਲ ਅੰਞਾਣਾ, ਬਾਲੀ ਬੁਧਿ ਬੁਧਿ ਅਖਵਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਇਕੋ ਬਖ਼ਸ਼ਸ਼ ਦੇ ਦਾਨਾ, ਦਾਤੇ ਦਾਨੀ ਦਇਆ ਕਮਾਈਆ । ਜਨ ਭਗਤਾਂ ਨਾਦ ਸੁਣਾ ਸਚੀ ਧੁਨਕਾਨਾ, ਅਨਹਦ ਨਾਦੀ ਨਾਦ ਸੁਣਾਈਆ । ਅੰਮ੍ਰਿਤ ਰਸ ਬਖ਼ਸ਼ ਦੇ ਪੀਣਾ ਖਾਨਾ, ਜਗਤ ਤ੍ਰਿਸ਼ਨਾ ਭੁਖ ਮਿਟਾਈਆ । ਮਿਹਰਵਾਨ ਮਹਿਬੂਬ ਤੇਰਾ ਨੂਰ ਪਰਕਾਸ਼ ਹੋਵੇ ਮਹਾਨਾ, ਜੋਤੀ ਜਾਤੇ ਕਰ ਰੁਸ਼ਨਾਈਆ । ਫਲਗੁਣ ਕਹੇ ਪ੍ਰਭੂ ਮੇਰੀ ਬੇਨੰਤੀ ਕਰ ਪ੍ਰਵਾਨਾ, ਪਰਮ ਪੁਰਖ ਪ੍ਰਭ ਤੇਰੇ ਚਰਨ ਕਵਲ ਟਿਕਾਈਆ । ਜਨ ਭਗਤਾਂ ਅੰਤਰ ਨਿਰੰਤਰ ਦੇ ਗਿਆਨਾ, ਬਾਹਰ ਪੜ੍ਹਨ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਆਦਿ ਜੁਗਾਦੀ ਖੇਲ ਮਹਾਨਾ, ਮਹਿੰਮਾ ਅਕਥ ਅਕਥ ਵਡਿਆਈਆ ।

੧੩੮੧ ✪ ੩ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਅਜੀਤ ਸਿੰਘ ਦੇ ਗ੍ਰਿਹਿ ਪਿੰਡ ਕਾਦਰਾਬਾਦ ਜ਼ਿਲਾ ਗੁਰਦਾਸਪੁਰ ✪ ੧੩੮੧

੨੪ ਫਲਗੁਣ ਕਹੇ ਪ੍ਰਭੂ ਆਪਣਾ ਮਹਿਕਾ ਦੇ ਬਾਗ਼ੀਚਾ ਬਾਗ਼, ਬਾਗ਼ਬਾਂ ਹੋ ਕੇ ਵੇਖ ਵਖਾਈਆ । ਜਨ ਭਗਤਾਂ ਅੰਦਰੋਂ ਖੋਲ੍ਹ ਦੇ ਜਾਗ, ਜਾਗਰਤ ੨੪
ਜੋਤ ਕਰ ਰੁਸ਼ਨਾਈਆ । ਦੁਰਮਤ ਮੈਲ ਧੋ ਦੇ ਦਾਗ਼, ਪਾਪਾਂ ਕਰ ਸਫ਼ਾਈਆ । ਜਗਤ ਤ੍ਰਿਸ਼ਨਾ ਬੁਝਾ ਦੇ ਆਗ, ਅਗਨੀ ਤਤ ਨਾ ਕੋਇ ਤਪਾਈਆ । ਮਾਇਆ ਡੱਸੇ ਨਾ ਡੱਸਣੀ ਨਾਗ, ਮਮਤਾ ਲੇਖਾ ਰਹੇ ਨਾ ਰਾਈਆ । ਫੜ ਫੜ ਹੰਸ ਬਣਾ ਦੇ ਕਾਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਹਰ ਹਿਰਦੇ ਉਪਜਾ ਦੇ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਕੂੜੀ ਕਿਰਿਆ ਜਾਣ ਤਿਆਗ, ਤ੍ਰੈਗੁਣ ਅਤੀਤੇ ਤੇਰੇ ਵਿਚ ਸਮਾਈਆ । ਘਰ ਦੀਪਕ ਜੋਤ ਜਗਾ ਚਰਾਗ਼, ਅੰਧ ਅੰਧੇਰ ਦੇ ਮਿਟਾਈਆ । ਪਰਮਾਤਮ ਆਤਮ ਆਪਣੇ ਹੱਥ ਪਕੜ ਲੈ ਵਾਗ, ਦੂਸਰ ਨਜ਼ਰ ਕੋਇ ਨਾ ਆਈਆ । ਸਚ ਦਾ ਬਣ ਕੰਤ ਸੁਹਾਗ, ਕੰਤ ਸੁਹਾਗੀ ਤੇਰੇ ਹੱਥ ਵਡਿਆਈਆ । ਜਨ ਭਗਤਾਂ ਹੋਣ ਵਡ ਵਡ ਭਾਗ, ਭਗਵਨ ਤੇਰੇ ਰੰਗ ਰੰਗਾਈਆ । ਸਭ ਤੋਂ ਉੱਤਮ ਸ੍ਰੇਸ਼ਟ ਤੇਰੇ ਹੋਣ ਫੁੱਲ ਗੁਲਾਬ, ਮਹਿਕ ਦੇਣੀ ਚਾਈਂ ਚਾਈਂਆ । ਤੂੰ ਮਾਲਕ ਹਕ ਜਨਾਬ, ਸ਼ਹਿਨਸ਼ਾਹ ਧੁਰਦਰਗਾਹੀਆ । ਤੇਰੇ ਚਰਨ ਕਵਲ ਮੇਰਾ ਆਦਾਬ, ਨਿਉਂ ਨਿਉਂ ਸੀਸ ਨਿਵਾਈਆ । ਉਹ ਲਹਿਣਾ ਪੂਰਾ ਕਰ ਦੇ ਜੋ ਨਾਨਕ ਕਹਿ ਕੇ ਆਇਆ ਵਿਚ ਬਗ਼ਦਾਦ, ਬਗ਼ਲਗੀਰ ਆਪਣੇ ਲੈ ਬਣਾਈਆ । ਤੇਰਾ ਮੇਲਾ ਹੋਇਆ ਵਿਚ ਪੰਜ ਆਬ, ਪੰਜਾਂ ਤਤਾਂ ਦਾ ਲਹਿਣਾ ਦੇ ਚੁਕਾਈਆ । ਰਸਨਾ ਬਖ਼ਸ਼ ਦੇ ਆਪਣਾ ਦੋ ਦੋ ਆਬ, ਆਬੇ ਹਯਾਤ ਦੇਣਾ ਪਿਆਈਆ । ਦਰਗਾਹ ਸਚ ਦਾ ਦੇ ਖ਼ਤਾਬ, ਖ਼ਤਾ ਪਿਛਲੀ ਮੁਆਫ਼ ਕਰਾਈਆ । ਮੇਰੇ ਪਰਵਰਦਿਗਾਰ ਸਚ ਅਹਿਬਾਬ, ਮਿਤਰ ਪਿਆਰੇ ਤੇਰੇ ਹੱਥ ਵਡਿਆਈਆ । ਜਨ ਭਗਤਾਂ ਅੰਦਰ ਨਾਮ ਵਜਾ ਰਬਾਬ, ਜਗਤ ਤਬੂੰਰਿਆਂ ਲੋੜ ਰਹੇ ਨਾ ਰਾਈਆ । ਲੇਖਾ ਮੁਕਾ

ਰਸਨਾ ਜੇਹਵਾ ਬੱਤੀ ਦੰਦ ਪੜ੍ਹਨੀ ਕਿਤਾਬ, ਆਤਮ ਪਰਮਾਤਮ ਆਪਣਾ ਭੇਵ ਦੇਣਾ ਚੁਕਾਈਆ । ਤੁਧ ਬਿਨ ਦੂਜਾ ਲੈ ਸਕੇ ਨਾ ਕੋਇ ਹਿਸਾਬ, ਰਾਏ ਧਰਮ ਚਿਤਰ ਗੁਪਤ ਦਾ ਲਹਿਣਾ ਦੇਣਾ ਚੁਕਾਈਆ । ਇਕੋ ਗ੍ਰਿਹਿ ਸੁਹੰਜਣਾ ਤੇਰਾ ਧੁਰ ਦੀ ਦਿਸੇ ਮਹਿਰਾਬ, ਮਹਿਬੂਬ ਮੇਲਾ ਮੇਲਣਾ ਚਾਈਂ ਚਾਈਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਆਦਿ ਜੁਗਾਦੀ ਮਹਾਰਾਜ, ਸ਼ਹਿਨਸ਼ਾਹ ਇਕ ਅਖਵਾਈਆ । ਦੋ ਜਹਾਨਾਂ ਮਾਲਕ ਇਕੋ ਸੀਸ ਤੇਰੇ ਤਾਜ, ਤਖ਼ਤ ਨਿਵਾਸੀ ਇਕੋ ਨਜ਼ਰੀ ਆਈਆ । ਕਲਜੁਗ ਅੰਤ ਭਗਤਾਂ ਪੂਰਨ ਕਰ ਦੇ ਕਾਜ, ਪੂਰਨ ਸਤਿਗੁਰ ਤੇਰੀ ਬੇਪਰਵਾਹੀਆ । ਫਲਗੁਣ ਕਹੇ ਮੇਰੀ ਕਰ ਇਮਦਾਦ, ਮਦਦ ਵਿਚ ਤੇਰੀ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਚਰਨ ਕਵਲ ਭਗਤਾਂ ਦੀ ਪਿਆਰ ਦੀ ਰਹੇ ਤਾਦਾਦ, ਗਿਣਤੀ ਗਣਤ ਨਾ ਕੋਇ ਗਿਣਾਈਆ ।

✪ ੩ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਮਹਿੰਦਰ ਸਿੰਘ ਦੇ ਗ੍ਰਿਹਿ ਪਿੰਡ ਕ਼ਾਦਰਾਬਾਦ ਜ਼ਿਲਾ ਗੁਰਦਾਸਪੁਰ ✪

ਫਲਗੁਣ ਕਹੇ ਪ੍ਰਭੂ ਜਨ ਭਗਤਾਂ ਉਤੇ ਅੰਮ੍ਰਿਤ ਮੇਘ ਬਰਸ, ਬੂੰਦ ਸਵਾਂਤੀ ਆਪ ਟਪਕਾਈਆ । ਗ਼ਰੀਬ ਨਿਮਾਣਿਆਂ ਉਤੇ ਕਰ ਤਰਸ, ਰਹਿਮਤ ਸਚ ਸਚ ਕਮਾਈਆ । ਜਗਤ ਵਾਸਨਾ ਮੇਟ ਦੇ ਹਰਸ, ਤ੍ਰਿਸ਼ਨਾ ਕੂੜ ਨਾ ਕੋਇ ਹਲਕਾਈਆ । ਨਿਜ ਆਤਮ ਦੇ ਦੇ ਦਰਸ, ਲੋਚਨ ਆਪਣੀ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਫਲਗੁਣ ਕਹੇ ਪ੍ਰਭੂ ਜਨ ਭਗਤਾਂ ਅੰਦਰ ਬਖ਼ਸ਼ ਦੇ ਬੂੰਦ ਸਵਾਂਤੀ, ਤ੍ਰਿਸ਼ਨਾ ਤ੍ਰਿਖਾ ਦੂਰ ਕਰਾਈਆ । ਦਰਸ ਦਿਖਾ ਦੇ ਇਕ ਇਕਾਂਤੀ, ਇਕ ਇਕੱਲਾ ਨਜ਼ਰੀ ਆਈਆ । ਝਗੜਾ ਮੁਕਾ ਦੇ ਲੋਕਮਾਤੀ, ਮਿਤਰ ਪਿਆਰੇ ਦਇਆ ਕਮਾਈਆ । ਅੰਧ ਅੰਧੇਰ ਮੇਟ ਦੇ ਰਾਤੀ, ਅਗਿਆਨ ਰਹਿਣ ਕੋਇ ਨਾ ਪਾਈਆ । ਸਾਜਣ ਹੋ ਕੇ ਪੁਛ ਵਾਤੀ, ਸਤਿਗੁਰ ਹੋ ਕੇ ਦਇਆ ਕਮਾਈਆ । ਬਿਨ ਲੋਚਨ ਨੈਣਾਂ ਮਾਰ ਲੈ ਝਾਤੀ, ਬਿਨ ਅੱਖੀਆਂ ਅੱਖ ਉਠਾਈਆ । ਤੂੰ ਸਾਹਿਬ ਕਮਲਾਪਾਤੀ, ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ । ਅੰਤ ਕੰਤ ਪੁਛ ਲੈ ਵਾਤੀ, ਭਗਵਨ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਪਣੇ ਲੇਖੇ ਲਾ ਲੈ ਹਯਾਤੀ, ਜੀਵਣ ਜ਼ਿੰਦਗੀ ਆਪਣੇ ਚਰਨ ਟਿਕਾਈਆ ।

✪ ੮ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਪਿਆਰੋ ਜੇਠੂਵਾਲ ਨਵਿਤ ਸੰਤੋਖ ਸਿੰਘ ਅਮਰ ਸਿੰਘ ਦਲੀਪ ਸਿੰਘ ਪਿਆਰਾ ਸਿੰਘ, ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਫਲਗੁਣ ਕਹੇ ਭਗਤ ਸੁਹੇਲੇ ਪ੍ਰਭ ਦੇ ਫੁੱਲ, ਫੁਲ ਫੁਲਵਾੜੀ ਮਾਤ ਮਹਿਕਾਈਆ । ਜੋ ਸਚ ਪ੍ਰੀਤੀ ਚਰਨ ਕਵਲ ਗਏ ਘੁਲ, ਆਪ ਆਪਣਾ

ਘੋਲ ਘੁਮਾਈਆ । ਨਾਮ ਕੰਡੇ ਤਰਾਜ਼ੂ ਗਏ ਤੁਲ, ਜਗਤ ਤਕੜ ਵੰਡ ਨਾ ਕੋਇ ਵੰਡਾਈਆ । ਉੱਤਮ ਸ੍ਰੇਸ਼ਟ ਕਰਕੇ ਆਪਣੀ ਕੁਲ, ਕੁੱਲ ਮਾਲਕ
ਨਾਲ ਮਿਲਕੇ ਵਜੇ ਵਧਾਈਆ । ਜਿਸ ਨੂੰ ਸ੍ਰਿਸ਼ਟੀ ਗਾਉਂਦੀ ਰਸਨਾ ਜੇਹਵਾ ਨਾਲ ਬੁੱਲ, ਹਰਿਜਨ ਹਿਰਦੇ ਸਦਾ ਵਸਾਈਆ । ਜਿਸ ਦਾ ਸਚ ਦੁਆਰਾ
ਗਿਆ ਖੁੱਲ੍ਹ, ਖ਼ਾਲਕ ਖ਼ਲਕ ਹੋ ਕੇ ਵੇਖ ਵਖਾਈਆ । ਜਨ ਭਗਤ ਸੁਹੇਲਾ ਕਦੇ ਨਾ ਜਾਵੇ ਰੁਲ, ਫੜ ਬਾਹੋਂ ਗੋਦ ਟਿਕਾਈਆ । ਮਾਨਵ ਬੂਟਾ
ਨਾ ਜਾਏ ਹੁਲ, ਪੱਤ ਟਹਿਣੀ ਆਪ ਮਹਿਕਾਈਆ । ਅੰਤਰ ਦੀਪਕ ਜਗਤ ਨਾ ਹੋਵੇ ਗੁਲ, ਦੋ ਜਹਾਨ ਕਰੇ ਰੁਸ਼ਨਾਈਆ । ਸਚ ਨਿਸ਼ਾਨਾ ਜਾਏ
ਝੁਲ, ਜਗਤ ਜਹਾਨ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ
ਬਣਾਈਆ । ਫਲਗੁਣ ਕਹੇ ਜਨ ਭਗਤ ਪ੍ਰਭੂ ਦੇ ਮੀਤ, ਮਿਤਰ ਪਿਆਰਾ ਦਏ ਵਡਿਆਈਆ । ਜੋ ਕਰਨਹਾਰਾ ਪਤਤ ਪੁਨੀਤ, ਪਤਤ ਪਾਵਨ
ਧੁਰਦਰਗਾਹੀਆ । ਤ੍ਰੈਗੁਣ ਨਾਲੋਂ ਕਰ ਅਤੀਤ, ਤ੍ਰੈਭਵਣ ਧਨੀ ਦਏ ਵਡਿਆਈਆ । ਕਾਇਆ ਕਰੇ ਠੰਢੀ ਸੀਤ, ਅਗਨੀ ਤਤ ਤਤ ਬੁਝਾਈਆ ।
ਮਾਨਸ ਜਨਮ ਹਰਿਜਨ ਜਾਏ ਜੀਤ, ਹਾਰ ਵਿਚ ਕਦੇ ਨਾ ਆਈਆ । ਆਤਮ ਪਰਮਾਤਮ ਢੋਲਾ ਗਾਏ ਗੀਤ, ਤੂੰ ਮੇਰਾ ਮੈਂ ਤੇਰਾ ਕਹਿ ਕੇ ਖ਼ੁਸ਼ੀ
ਬਣਾਈਆ । ਸਤਿ ਧਰਮ ਦੀ ਹਰਿ ਭਗਤ ਚਲਾਏ ਰੀਤ, ਭਗਵਨ ਵੇਖੇ ਚਾਈਂ ਚਾਈਂਆ । ਝਗੜਾ ਮੁਕਣਾ ਮੰਦਰ ਮਸੀਤ, ਕਾਇਆ ਕਾਅਬੇ
ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਫਲਗੁਣ
੧੩੮੩ ਕਹੇ ਜਨ ਭਗਤ ਪ੍ਰਭੂ ਦੇ ਦੁਲਾਰੇ, ਬਚਪਨ ਆਪਣੇ ਚਰਨ ਰਖਾਈਆ । ਆਤਮ ਧਾਰ ਕਰੇ ਪਿਆਰੇ, ਪਰਮਾਤਮ ਹੋ ਕੇ ਵੇਖ ਵਖਾਈਆ । ਨਾਮ ੧੩੮੩
੨੪ ਸ਼ਬਦ ਦਏ ਧੁਨਕਾਰੇ, ਅਨਹਦ ਨਾਦੀ ਨਾਦ ਸੁਣਾਈਆ । ਅੰਮ੍ਰਿਤ ਬਖ਼ਸ਼ ਕੇ ਠੰਡਾ ਠਾਰੇ, ਅਮਿਉਂ ਰਸ ਆਪ ਚਵਾਈਆ । ਅੰਤਰ ਮੇਟ ਅੰਧ ੨੪
ਅੰਧਿਆਰੇ, ਅੰਧ ਅੰਧੇਰਾ ਦੇ ਚੁਕਾਈਆ । ਮੇਲ ਮਿਲਾਏ ਹਰਿ ਜੂ ਹਰਿ ਹਰਿ ਕੰਤ ਭਤਾਰੇ, ਕੰਤੂਹਲ ਮਿਲ ਕੇ ਵਜੇ ਵਧਾਈਆ । ਲੋਕਮਾਤ ਪੈਜ
ਸਵਾਰੇ, ਸਿਰ ਸਿਰ ਆਪਣਾ ਹੱਥ ਟਿਕਾਈਆ । ਪਰਪੰਚ ਮੇਟ ਪੰਚ ਬਣਾਏ ਆਪਣੇ ਪਿਆਰੇ, ਪਰਮ ਪੁਰਖ ਦੇਵੇ ਸਰਨਾਈਆ । ਜਿਸ ਨੂੰ ਸਦਾ
ਸਦਾ ਨਿਮਸਕਾਰੇ, ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,
ਸਚ ਦਾ ਹੁਕਮ ਇਕ ਸੁਣਾਈਆ । ਫਲਗੁਣ ਕਹੇ ਜਨ ਭਗਤ ਆਦਿ ਜੁਗਾਦੀ ਪ੍ਰਭ ਜੋਗੇ, ਜੁਗਤੀ ਜਗਤ ਨਾ ਕੋਇ ਜਣਾਈਆ । ਆਤਮ ਧਾਰ
ਹੋਵੇ ਸੰਜੋਗੇ, ਪਰਮਾਤਮ ਮਿਲ ਕੇ ਵਜੇ ਵਧਾਈਆ । ਆਤਮ ਰਸ ਬਿਨ ਰਸਨਾ ਰਸ ਭੋਗੇ, ਜਗਤ ਵੰਡ ਨਾ ਕੋਇ ਵੰਡਾਈਆ । ਭੇਵ ਅਭੇਦ
ਆਪਣੇ ਖੋਲ੍ਹੇ ਗੋਝੇ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਭਗਤ ਸੁਹੇਲਾ ਪਾਵੇ ਸੋਝੇ, ਅੰਤਰ ਨਿਰੰਤਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਫਲਗੁਣ ਕਹੇ ਜਨ ਭਗਤਾਂ ਸ਼ੁਭ ਦਿਹਾੜਾ ਲੋਕਮਾਤ,
ਮਾਤਰ ਭੂਮੀ ਖ਼ੁਸ਼ੀ ਬਣਾਈਆ । ਮੇਰਾ ਲਹਿਣਾ ਦੇਣਾ ਨਾਲ ਅੱਜ ਦੀ ਰਾਤ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਭਗਤਾਂ ਨਾਲ ਮੇਰੀ ਬਾਤਨ
ਬਾਤ, ਬੇਵਤਨਾਂ ਵਤਨ ਦੇ ਮਾਲਕ ਨਾਲ ਮਿਲਾਈਆ । ਜਨ ਭਗਤੋ ਭਗਤਾਂ ਦੀ ਸਦਾ ਇਕ ਜਮਾਤ, ਦੂਸਰ ਵੰਡ ਨਾ ਕੋਇ ਵੰਡਾਈਆ । ਇਕੋ
ਚਰਨ ਪ੍ਰੀਤੀ ਨਾਤ, ਦੂਸਰ ਸੰਗ ਨਾ ਕੋਇ ਰਖਾਈਆ । ਇਕੋ ਪੀਆ ਪ੍ਰੀਤਮ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਇਕੋ ਦੀ ਇਕੋ

ਜ਼ਾਤ, ਮਜ਼੍ਹਬੀ ਵੰਡ ਨਾ ਕੋਇ ਵੰਡਾਈਆ । ਇਕੋ ਨਾਮ ਕਲਮਾ ਇਕੋ ਮਿਲੇ ਦਾਤ, ਦਾਤਾ ਦਾਨੀ ਆਪ ਵਰਤਾਈਆ । ਇਕੋ ਬਖ਼ਸ਼ੇ ਅੰਮ੍ਰਿਤ ਬੂੰਦ ਸਵਾਂਤ, ਝਿਰਨਾ ਨਿਝਰ ਆਪ ਝਿਰਾਈਆ । ਇਕੋ ਇਕ ਕਰਾਏ ਇਕਾਂਤ, ਇਕ ਇਕੱਲਾ ਧੁਰ ਦਾ ਮਾਹੀਆ । ਜਿਸ ਦਾ ਖੇਲ ਬਹੁ ਬਿਧ ਭਾਂਤ, ਜੁਗ ਜੁਗ ਆਪਣਾ ਵੇਸ ਵਟਾਈਆ । ਫਲਗੁਣ ਕਹੇ ਉਹ ਲਹਿਣਾ ਦੇਣਾ ਦਏ ਲੋਕਮਾਤ, ਧਰਨੀ ਧਰਤ ਧਵਲ ਧੌਲ ਰੰਗ ਰੰਗਾਈਆ । ਜਨ ਭਗਤ ਸੁਹੇਲੇ ਵੇਖੇ ਮਾਰ ਝਾਤ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਫਲਗੁਣ ਕਹੇ ਮੇਰਾ ਦਿਹਾੜਾ ਦਿਵਸ ਸੁਹੰਜਣਾ ਅੱਠ, ਅੱਠਾਂ ਤਤਾਂ ਵਾਲਿਆਂ ਮਿਲੇ ਵਡਿਆਈਆ । ਮੈਂ ਵੀ ਖ਼ੁਸ਼ੀਆਂ ਨਾਲ ਆਇਆ ਨਠ, ਪਾਂਧੀ ਬਣ ਕੇ ਪੰਧ ਮੁਕਾਈਆ । ਪ੍ਰਭੂ ਦਾ ਦੁਆਰਾ ਬਾਹਰ ਵੇਖਿਆ ਤੀਰਥ ਅਠਸਠ, ਜਿਥੇ ਗੋਦਾਵਰੀ ਜਮਨਾ ਸੁਰਸਤੀ ਸੀਸ ਨਿਵਾਈਆ । ਲੇਖਾ ਨਹੀਂ ਕਿਸੇ ਮੰਦਰ ਮਸਜਿਦ ਸ਼ਿਵਦਵਾਲੇ ਮਠ, ਗੁਰੂਦੁਆਰਾਂ ਚਰਚਾਂ ਵੰਡ ਨਾ ਕੋਇ ਵੰਡਾਈਆ । ਜਨ ਭਗਤ ਸੁਹੇਲੇ ਬੈਠੇ ਕਰ ਇਕੱਠ, ਇਕੱਠੇ ਮਿਲ ਕੇ ਖ਼ੁਸ਼ੀ ਬਣਾਈਆ । ਮੈਂ ਵੀ ਚਰਨ ਕਵਲ ਪ੍ਰਭ ਦੇ ਜਾਵਾਂ ਢਠ, ਨਿਵ ਨਿਵ ਲਾਗਾਂ ਪਾਈਆ । ਜਿਸ ਕਲਜੁਗ ਅੰਤਮ ਉਲਟੀ ਗੇੜੀ ਲਠ, ਗੇੜਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਅੱਠ ਤਤ ਕਹਿਣ ਸੁਣ ਮਿਤਰ ਪਿਆਰੇ ਫਲਗੁਣ, ਮਿਤਰਾ ਦਈਏ ਜਣਾਈਆ । ਅਸੀਂ ਇਕੋ ਪ੍ਰਭੂ ਦੀ ਸੁਣਦੇ ਧੁਨ, ਧੁਨ ਆਤਮਕ ਰਾਗ ਦ੍ਰਿੜਾਈਆ । ਜਿਸ ਭਗਤ ਸੁਹੇਲੇ ਲੋਕਮਾਤ ਲਏ ਚੁਣ, ਫੜ ਬਾਹੋਂ ਮੇਲ ਮਿਲਾਈਆ । ਉਸ ਦਾ ਭੇਵ ਜਾਣੇ ਕੌਣ, ਗਤ ਕਹਿਣ ਕਿਛ ਨਾ ਪਾਈਆ । ਓਹਨੂੰ ਚਵਰ ਕਰੇ ਉਨੰਜਾ ਪਵਣ, ਪੌਣ ਪਾਣੀ ਸੀਸ ਨਿਵਾਈਆ । ਜਿਸ ਦੀ ਸੇਜੇ ਹਰਿ ਭਗਤ ਸੁਹੇਲੇ ਸਵਣ, ਜੁਗ ਜੁਗ ਇਕੋ ਸੇਜ ਹੰਢਾਈਆ । ਉਹ ਲੇਖਾ ਮੁਕਾਵਣਹਾਰਾ ਅਵਣ ਗਵਣ, ਲੱਖ ਚੁਰਾਸੀ ਡੇਰਾ ਢਾਈਆ । ਜਿਸ ਦੇ ਪਵਿਤ੍ਰ ਸੁਹੰਜਣੇ ਕਵਲ ਚਰਨ, ਚਰਨੋਦਕ ਜਾਮ ਦਏ ਪਿਆਈਆ । ਓਹ ਲੇਖਾ ਮੁਕਾਵਣ ਆਇਆ ਉਤੇ ਧਰਨ, ਧਵਲ ਦੀ ਧਾਰ ਖੋਜ ਖੁਜਾਈਆ । ਅੰਮ੍ਰਿਤ ਮੇਘ ਬਰਸੇ ਸਵਨ, ਜਾਮ ਭਗਤਾਂ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰ ਘਟ ਅੰਤਰ ਨਿਰੰਤਰ ਆਪੇ ਰਵਣ, ਰਾਮ ਰਹੀਮ ਰਹਿਮਾਨ ਦਇਆ ਕਮਾਈਆ ।



### ✪ ੯ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਚਰਨ ਸਿੰਘ ਦੇ ਗ੍ਰਿਹ, ਹਜ਼ਾਰਾ ਸਿੰਘ, ਹਜ਼ਾਰਾ ਸਿੰਘ ਫੱਤੂ ਚਕ, ਗਿਆਨ ਸਿੰਘ ਸੁਰਖਪੁਰ ਦੇ ਨਵਿਤ ਪਿੰਡ ਢਿਲਵਾਂ ਜ਼ਿਲਾ ਕਪੂਰਥਲਾ ✪

ਜਨ ਭਗਤਾਂ ਪ੍ਰਭ ਬਣਾਏ ਧੀਗੀ ਮੂਰਤ, ਨਿਰਗੁਣ ਸਰਗੁਣ ਦੇਵੇ ਮਾਣ ਵਡਿਆਈਆ । ਜੋਤੀ ਜਾਤਾ ਹੋ ਕੇ ਬਖ਼ਸ਼ੇ ਨੂਰ ਨੁਰਾਨਾ ਨੂਰਤ, ਪਰਕਾਸ਼ ਪਰਕਾਸ਼ ਵਿਚੋਂ ਪਰਗਟਾਈਆ । ਸ਼ਬਦ ਅਨਾਦੀ ਦੇਵੇ ਤੂਰਤ, ਤੁਰੀਆ ਦਾ ਭੇਵ ਚੁਕਾਈਆ । ਸੁਰਤੀ ਸ਼ਬਦ ਕਰਾਵੇ ਮਹੂਰਤ, ਮੋਹਰ ਆਪਣਾ ਨਾਮ ਲਗਾਈਆ । ਨਾਤਾ ਤੋੜ ਕੇ ਕੂੜੋ ਕੂੜਤ, ਕੂੜ ਕੁਟੰਬ ਦਏ ਮੁਕਾਈਆ । ਮਸਤਕ ਬਖ਼ਸ਼ ਕੇ ਚਰਨ ਧੂੜਤ, ਟਿੱਕੇ ਖ਼ਾਕੀ ਖ਼ਾਕ

ਰਮਾਈਆ । ਚਤੁਰ ਸੁਘੜ ਬਣਾ ਕੇ ਮੂਰਖ ਮੁੜ੍ਹਤ, ਮਿਹਰ ਨਜ਼ਰ ਨਜ਼ਰ ਉਠਾਈਆ । ਪੰਧ ਮੁਕਾ ਕੇ ਨੇੜ ਦੂਰਤ, ਘਰ ਘਰ ਵਿਚ ਮੇਲ ਮਿਲਾਈਆ । ਹਾਜ਼ਰ ਹੋਵੇ ਹਾਜ਼ਰ ਹਜ਼ੂਰਤ, ਹਜ਼ਰਤਾਂ ਦਾ ਮਾਲਕ ਨੂਰ ਅਲਾਹੀਆ । ਜਿਸ ਦਾ ਜਲਵਾ ਸਭ ਤੋਂ ਖ਼ੂਬਸੂਰਤ, ਜਲਵਾਗਰ ਇਕ ਅਖਵਾਈਆ । ਜਨ ਭਗਤਾਂ ਸਦਾ ਆਸਾ ਮਨਸਾ ਪੂਰਤ, ਪੂਰਨ ਸਤਿਗੁਰ ਪੂਰਨ ਬ੍ਰਹਮ ਦਏ ਸਮਝਾਈਆ । ਜਗਤ ਤ੍ਰਿਸ਼ਨਾ ਵਿਚ ਕਦੇ ਨਾ ਝੂਰਤ, ਕਾਮਨਾ ਹੋਵੇ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਭਗਤ ਸੁਹੇਲੇ ਧੀਗੀ ਮੂਰਤੀ ਜਾਣ ਬਣ, ਬਨ ਖੰਡ ਦਾ ਲੇਖਾ ਰਹੇ ਨਾ ਰਾਈਆ । ਸਤਿਗੁਰ ਸ਼ਬਦ ਸੁਣਾਏ ਬਿਨਾ ਕੰਨ, ਬਿਨ ਰਸਨਾ ਜੇਹਵਾ ਢੋਲਾ ਗਾਈਆ । ਅੰਦਰੋਂ ਮਣਕਾ ਫੇਰ ਕੇ ਮਨ, ਮਨਸਾ ਮੋਹ ਦਏ ਚੁਕਾਈਆ । ਵਸਤ ਦੇ ਕੇ ਨਾਮ ਧਨ, ਸਚ ਭੰਡਾਰਾ ਝੋਲੀ ਪਾਈਆ । ਭਾਗ ਲਗਾ ਕੇ ਕਾਇਆ ਮਾਟੀ ਤਨ, ਵਜੂਦ ਕਰੇ ਸਫ਼ਾਈਆ । ਜੋਤੀ ਨੂਰ ਚਾੜ੍ਹ ਕੇ ਚੰਨ, ਅੰਧ ਅੰਧੇਰਾ ਦਏ ਮੁਕਾਈਆ । ਲੇਖਾ ਰਹੇ ਨਾ ਖ਼ੁਸ਼ੀ ਗ਼ਮ, ਚਿੰਤਾ ਅੰਤਰ ਕੋਇ ਨਾ ਆਈਆ । ਭਾਂਡਾ ਭੰਨੇ ਅੰਤਰ ਭਰਮ, ਭੈ ਇਕੋ ਦਏ ਜਣਾਈਆ । ਲੇਖਾ ਮੁਕਾ ਕੇ ਜ਼ਾਤ ਵਰਨ, ਬਰਨ ਪੰਧ ਦਏ ਮੁਕਾਈਆ । ਏਕਾ ਬਖ਼ਸ਼ੇ ਸਾਚੀ ਸਰਨ, ਸਰਨਗਤ ਇਕ ਸਮਝਾਈਆ । ਮਸਤਕ ਛੋਹ ਦੇ ਕੇ ਚਰਨ, ਚਾਰੋਂ ਕੁੰਟ ਲੇਖਾ ਦਏ ਮੁਕਾਈਆ । ਸਾਚੀ ਮੰਜ਼ਲ ਦੱਸੇ ਚੜ੍ਹਨ, ਪੌੜੀ ਡੰਡਾ ਇਕੋ ਨਾਮ ਸਮਝਾਈਆ । ਆਪਣੇ ਘਰ ਵਿਚ ਦੱਸੇ ਵੜਨ, ਕੁੰਡੀ ਖਿੜਕੀ ਆਪ ਖੁਲ੍ਹਾਈਆ । ਅੱਗੋਂ



ਸਤਿਗੁਰ ਸ਼ਬਦ ਹੋ ਕੇ ਆਵੇ ਫੜਨ, ਬਿਨ ਹੱਥਾਂ ਹੱਥ ਛੁਹਾਈਆ । ਜੋਤੀ ਧਾਰ ਲਾਏ ਲੜਨ, ਪੱਲੂ ਜਗਤ ਨਾਲੋਂ ਛੁਡਾਈਆ । ਓਹ ਭਗਤ ਸੁਹੇਲੇ ਰਸਨਾ ਜੇਹਵਾ ਮੂਲ ਨਾ ਪੜ੍ਹਨ, ਜਿਨ੍ਹਾਂ ਦੇ ਅੰਦਰ ਵਸਿਆ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਮੂਰਤੀ ਕਹੇ ਮੇਰਾ ਮਾਲਕ ਹੋਵੇ ਇਕ ਸੁਆਮੀ, ਦੂਜਾ ਨਜ਼ਰ ਕੋਇ ਨਾ ਆਈਆ । ਜੋ ਆਦਿ ਜੁਗਾਦੀ ਹਰ ਘਟ ਅੰਤਰਜਾਮੀ, ਘਟ ਨਿਵਾਸੀ ਬੇਪਰਵਾਹੀਆ । ਜੋ ਏਥੇ ਓਥੇ ਦੋ ਜਹਾਨਾਂ ਜਾਣ ਜਾਣੀ, ਜਾਨਣਹਾਰ ਅਗੰਮ ਅਥਾਹੀਆ । ਮੈਂ ਓਸੇ ਦਾ ਨਾਮ ਕਲਮਾ ਓਸੇ ਦੀ ਪੜ੍ਹਾਂ ਬਾਣੀ, ਜੋ ਬਾਣ ਅਣਿਆਲਾ ਤੀਰ ਚਲਾਈਆ । ਓਸੇ ਦੀ ਮੰਜ਼ਲ ਓਸੇ ਦੀ ਤਕਾਂ ਨਿਸ਼ਾਨੀ, ਜੋ ਨਿਸ਼ਾਨੇ ਦੀਨ ਦੁਨੀ ਬਦਲਾਈਆ । ਓਸੇ ਦਾ ਚਰਨ ਓਸੇ ਦਾ ਕਰਾਂ ਧਿਆਨੀ, ਧਿਆਨ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਮੂਰਤੀ ਕਹੇ ਮੇਰਾ ਸੁਆਮੀ ਇਕੋ ਏਕ, ਏਕੰਕਾਰਾ ਨਜ਼ਰੀ ਆਈਆ । ਜਿਸ ਨੇ ਸਤਿਗੁਰ ਸ਼ਬਦ ਦੀ ਧਾਰ ਬਖ਼ਸ਼ੀ ਟੇਕ, ਟਿੱਕੇ ਮਸਤਕ ਧੂੜੀ ਖ਼ਾਕ ਰਮਾਈਆ । ਮੇਰਾ ਅੰਤਰ ਨਿਰੰਤਰ ਕਰਕੇ ਬਿਬੇਕ, ਬੁੱਧੀ ਤੋਂ ਪਰੇ ਕੀਤੀ ਪੜ੍ਹਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਰਜੋ ਤਮੋ ਸਤੋ ਸੰਗ ਨਾ ਕੋਇ ਬਣਾਈਆ । ਜਿਸ ਦਾ ਇਕੋ ਇਕ ਸੁਹੰਜਣਾ ਦੇਸ, ਦੇਸ ਦਸੰਤਰਾਂ ਡੇਰਾ ਢਾਈਆ । ਜੋ ਮੇਰਾ ਸਗਲਾ ਸੰਗੀ ਬਣੇ ਹਮੇਸ਼, ਹਮਸਾਜਣ ਇਕ ਅਖਵਾਈਆ । ਠਾਕਰ ਸੁਆਮੀ ਧੁਰ ਨਰੇਸ਼, ਨਰ ਨਰਾਇਣ ਨੂਰ ਅਲਾਹੀਆ । ਜੋ ਮਨ ਕਲਪਣਾ ਅੰਤਰ ਨਿਰੰਤਰ ਕੱਢੇ ਕਲੇਸ਼, ਕਲ ਕਾਤੀਆਂ ਕਰੇ ਸਫ਼ਾਈਆ । ਉਸ ਦਾ ਸੁਣ ਕੇ ਅਗੰਮ ਸੰਦੇਸ਼, ਸੁਰਤੀ ਸ਼ਬਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ ।

ਮੂਰਤੀ ਕਹੇ ਮੇਰੀ ਜਗਤ ਨਿਰਾਲੀ ਧਾਰ, ਏਕਾ ਦੂਆ ਤੀਆ ਤ੍ਰੈਗੁਣ ਮਾਇਆ ਵਿਸ਼ਨ ਬ੍ਰਹਮਾ ਸ਼ਿਵ ਸੋਹਣਾ ਸੰਗ ਬਣਾਈਆ । ਮੇਰਾ ਲਹਿਣਾ ਦੇਣਾ ਨਾਲ ਉਸ ਯਾਰ, ਜੋ ਪ੍ਰੀਤਮ ਪਿਆਰਾ ਇਕ ਅਖਵਾਈਆ । ਜਿਸ ਦਾ ਸਚਖੰਡ ਸਚਾ ਦਰਬਾਰ, ਦਰਗਾਹ ਸਾਚੀ ਸੋਭਾ ਪਾਈਆ । ਜੋ ਦੇਵਣਹਾਰਾ ਸ਼ਬਦ ਅਨਾਦ ਸਚੀ ਧੁਨਕਾਰ, ਧੁਨ ਆਤਮਕ ਰਾਗ ਦ੍ਰਿੜਾਈਆ । ਜਿਸ ਦਾ ਲੇਖਾ ਨਹੀਂ ਕੋਈ ਬਾਹਰ, ਬੈਖਰੀ ਵੰਡ ਨਾ ਕੋਇ ਵੰਡਾਈਆ । ਜਿਸ ਦੀ ਚਾਰ ਜੁਗ ਸਾਰੇ ਕਰਦੇ ਇੰਤਜ਼ਾਰ, ਆਸਾ ਵਿਚ ਆਪਣਾ ਆਪ ਰਖਾਈਆ । ਉਹ ਕਿਰਪਾਨਿਧ ਠਾਕਰ ਸੁਆਮੀ ਸਦਾ ਸਦਾ ਜਨ ਭਗਤਾਂ ਕਰੇ ਪਿਆਰ, ਪਿਆਰਾ ਹੋ ਕੇ ਵੇਖ ਵਖਾਈਆ । ਜੋ ਬਿਨ ਰਸਨਾ ਜੇਹਵਾ ਬੱਤੀ ਦੰਦ ਢੋਲਾ ਗਾਏ ਅਗੰਮ ਜੈਕਾਰ, ਜਗਤ ਪੜ੍ਹਨ ਸੁਣਨ ਕੋਇ ਨਾ ਪਾਈਆ । ਉਸ ਦੀ ਸਭ ਤੋਂ ਵਖਰੀ ਗੁਫ਼ਤਾਰ, ਗੁਫ਼ਤ ਸ਼ਨੀਦ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧੀਗੀ ਮੂਰਤੀ ਕਹੇ ਮੈਂ ਸੁਣਿਆ ਅਗੰਮੀ ਢੋਲਾ, ਸਤਿਗੁਰ ਸ਼ਬਦ ਦਿਤਾ ਜਣਾਈਆ । ਜਿਸ ਦਾ ਰਸਨਾ ਵਾਲਾ ਨਹੀਂ ਕੋਈ ਬੋਲਾ, ਜੇਹਵਾ ਚਲੇ ਨਾ ਕੋਇ ਚਤੁਰਾਈਆ । ਜਿਸ ਨੇ ਮੇਰੇ ਅੰਤਸ਼ਕਰਨ ਪਰਦਾ ਖੋਲ੍ਹਾ, ਬਜਰ ਕਪਾਟ ਲੇਖਾ ਰਿਹਾ ਨਾ ਰਾਈਆ । ਮੇਰਾ ਸੁਆਮੀ ਠਾਕਰ ਘਰ ਮੰਦਰ ਵਸਿਆ ਕੋਲਾ, ਗ੍ਰਿਹ ਆਪਣਾ ਭੇਵ ਚੁਕਾਈਆ । ਜਿਸ ਭਾਗ ਲਗਾਇਆ ਸਾਢੇ ਤਿੰਨ ਹੱਥ ਕਾਇਆ ਮਾਟੀ ਚੋਲਾ, ਚੋਜੀ ਪ੍ਰੀਤਮ ਹੋ ਕੇ ਵੇਖ ਵਖਾਈਆ । ਮੈਂ ਓਸੇ ਨੂੰ ਪਰਮ ਪੁਰਖ ਕਹਾਂ ਤੇ ਕਹਾਂ ਨੂਰ ਅਲਾਹੀ
੧੩੮੬ ਮੌਲਾ, ਜੋ ਮੌਲਿਆ ਅੰਤਰ ਨਿਰੰਤਰ ਆਪਣਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ੧੩੮੬
੨੪ ਸਚ ਦਾ ਭੇਵ ਆਪ ਖੁਲ੍ਹਾਈਆ । ਮੂਰਤੀ ਕਹੇ ਮੇਰਾ ਲੇਖਾ ਕੋਈ ਨਾ ਜਾਣੇ ਸਾਹਿਤ, ਜਗਤ ਕਹਾਣੀ ਸਮਝ ਕੋਇ ਨਾ ਆਈਆ । ਮੇਰੀ ਸਭ ੨੪
ਤੋਂ ਵਖਰੀ ਰਹਿਤ, ਅਸੂਲ ਮਾਕੂਲ ਪ੍ਰਭ ਦਏ ਸਮਝਾਈਆ । ਮੈਂ ਨਿਰਗੁਣ ਧਾਰ ਨਾਲ ਮਿਲ ਕੇ ਹੋਈ ਲਾਇਕ, ਸਰਗੁਣ ਹੋ ਕੇ ਆਪਣਾ ਰੰਗ ਰੰਗਾਈਆ । ਮੇਰਾ ਨਾਤਾ ਤੁਟਾ ਮਾਇਕ, ਮਮਤਾ ਮੋਹ ਨਾ ਕੋਇ ਹਲਕਾਈਆ । ਮਿਹਰਵਾਨ ਮੇਰੇ ਉਤੇ ਕੀਤੀ ਰਿਆਇਤ, ਨਿਗਾਹ ਮਿਹਰ ਨਾਲ ਤਰਾਈਆ । ਸਤਿਗੁਰ ਸ਼ਬਦ ਨੇ ਇਕੋ ਕੀਤੀ ਹਦਾਇਤ, ਹੁਕਮ ਧੁਰ ਦਾ ਦਿਤਾ ਸੁਣਾਈਆ । ਮੁਹੱਬਤ ਵਿਚ ਕੀਤੀ ਅਨਾਇਤ, ਵਸਤ ਸਚ ਦਿਤੀ ਵਰਤਾਈਆ । ਜਿਸ ਦੇ ਵਿਚ ਹੋਰ ਨਹੀਂ ਕਫ਼ਾਇਤ, ਕੁਫ਼ਲ ਇਕੋ ਵਾਰ ਖੁਲ੍ਹਾਈਆ । ਬੋਲਣ ਦੀ ਰਹੀ ਕੋਈ ਨਾ ਸ਼ਕਾਇਤ, ਸ਼ਿਕਵੇ ਅੰਦਰੋਂ ਦਿਤੇ ਕਢਾਈਆ । ਪਰਮਾਤਮਾ ਹੋ ਕੇ ਆਤਮਾ ਦੀ ਕਰੇ ਹਮਾਇਤ, ਹਮਸਾਜਣ ਦਿਸੇ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਮੂਰਤੀ ਕਹੇ ਜਿਸ ਵੇਲੇ ਸਤਿਗੁਰ ਸ਼ਬਦ ਦੀ ਇਕੋ ਸੁਣੀ ਆਵਾਜ਼, ਆਪ ਆਪਣਾ ਗਈ ਤਜਾਈਆ । ਮੇਰੇ ਅੰਤਰ ਖੁਲ੍ਹ ਗਿਆ ਰਾਜ਼, ਰਾਜ਼ਕ ਰਿਜ਼ਕ ਰਹੀਮ ਦਿਤੀ ਵਡਿਆਈਆ । ਮੈਨੂੰ ਭੁਲ ਗਿਆ ਜਗਤ ਵਾਲਾ ਰੋਜ਼ਾ ਨਿਮਾਜ਼, ਅੱਖਰਾਂ ਵਾਲੀ ਗਈ ਪੜ੍ਹਾਈਆ । ਘਰ ਸਤਿਗੁਰ ਠਾਕਰ ਗਿਆ ਲਾਧ, ਬਾਹਰ ਖੋਜਣ ਦੀ ਲੋੜ ਰਹੀ ਨਾ ਰਾਈਆ । ਮੈਂ ਓਸ ਵਿਚ ਹੋਈ ਵਿਸਮਾਦ, ਬਿਸਮਲ ਆਪਣਾ ਆਪ ਕਰਾਈਆ । ਬਿਨਾ ਰਸਨਾ ਦੰਦ ਕਰਾਂ ਯਾਦ, ਹੋਂਟ ਬੁੱਲਾਂ ਦੀ ਲੋੜ ਨਾ ਕੋਇ ਰਖਾਈਆ । ਜੋ ਖ਼ੁਸ਼ੀਆਂ ਨਾਲ ਤਨ ਵਜੂਦ ਅੰਦਰ ਸੁਣਾਏ ਨਾਦ, ਅਨਾਦੀ ਧੁਨ ਆਪ ਪਰਗਟਾਈਆ । ਮੈਂ ਓਸੇ ਨੂੰ ਕਹਾਂ, ਤੂੰ ਮੇਰਾ ਮਾਲਕ ਸੁਆਮੀ ਤੂੰ ਹੀ

੧੩੮੭
੨੪

ਮੇਰਾ ਗਾਡ, ਅੱਲਾ ਕਹਿ ਕੇ ਓਸੇ ਨੂੰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰ ਇਕ ਸੁਹਾਈਆ । ਮੂਰਤੀ ਕਹੇ ਬੇਸ਼ਕ ਮੇਰਾ ਨਾਤਾ ਨਾਲ ਤ੍ਰੈਗੁਣ ਮਾਇਆ, ਤ੍ਰੈਗੁਣ ਅਤੀਤਾ ਦਏ ਵਡਿਆਈਆ । ਜਿਸ ਪੰਜਾਂ ਤਤਾਂ ਖੇਲ ਖਿਲਾਇਆ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸੰਗ ਬਣਾਈਆ । ਮੈਂ ਓਸੇ ਦਾ ਸ਼ੁਕਰ ਮਨਾਇਆ, ਸ਼ੁਕਰੀਏ ਵਿਚ ਢੋਲੇ ਗਾਈਆ । ਤੂੰ ਮਾਲਕ ਖ਼ਾਲਕ ਬੇਪਰਵਾਹਿਆ, ਬੇਪਰਵਾਹੀ ਤੇਰੀ ਮੈਨੂੰ ਭਾਈਆ । ਜਿਨ ਨਾਮ ਸੰਦੇਸ਼ਾ ਇਕੋ ਇਕ ਸੁਣਾਇਆ, ਬਿਨ ਰਸਨਾ ਜੇਹਵਾ ਦਿਤਾ ਦ੍ਰਿੜਾਈਆ । ਮੇਰੇ ਅੰਤਰ ਨਿਰੰਤਰ ਦਿਤਾ ਵਸਾਇਆ, ਬਾਹਰ ਕੱਢਣ ਦੀ ਲੋੜ ਰਹੀ ਨਾ ਰਾਈਆ । ਮੇਰਾ ਮਨ ਮਨੂਆ ਉਠ ਨਾ ਦਹਿ ਦਿਸ਼ ਧਾਇਆ, ਚਾਰ ਕੁੰਟ ਨਾ ਭੱਜਿਆ ਵਾਹੋ ਦਾਹੀਆ । ਨੂਰ ਨੁਰਾਨੇ ਸ਼ਾਹ ਸੁਲਤਾਨੇ ਤੇਰਾ ਇਕੋ ਦਰਸਨ ਪਾਇਆ, ਦੀਦ ਕੀਤੀ ਰੁਸ਼ਨਾਈਆ । ਮੈਂ ਨਿਵ ਨਿਵ ਲਾਗਾਂ ਪਾਇਆ, ਚਰਨ ਧੂੜੀ ਖ਼ਾਕ ਰਮਾਈਆ । ਤੂੰ ਮੇਰਾ ਮਾਲਕ ਖ਼ਾਲਕ ਆਦਿ ਜੁਗਾਦੀ ਦਾਈ ਦਾਇਆ, ਦੋ ਜਹਾਨਾਂ ਨੌਜਵਾਨਾ ਮੇਰੇ ਭਗਵਾਨਾ ਇਕ ਤੇਰੀ ਸ਼ਰਨਾਈਆ । ਜਿਸ ਨੇ ਮੇਰੀ ਬਣਤ ਬਣਾਇਆ, ਘੜਨ ਭੰਨਣਹਾਰ ਇਕ ਅਖਵਾਈਆ । ਧੀਗੀ ਮੂਰਤੀ ਕਹੇ ਵਿਸ਼ਨ ਬ੍ਰਹਮਾ ਸ਼ਿਵ ਤਿੰਨੇ ਮੇਰਾ ਸੰਗ ਰਖਾਇਆ, ਸੰਘਾਰੀ ਭੰਡਾਰੀ ਸੰਸਾਰੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਤੇਰਾ ਰਾਹ ਤਕਾਈਆ । ਮੂਰਤੀ ਕਹੇ ਮੇਰਾ ਸਤਿਗੁਰ ਸਚਾ ਮੀਤ, ਮਿਤਰ ਪਿਆਰਾ ਇਕ ਅਖਵਾਈਆ । ਜਿਸ ਦੀ ਸਭ ਤੋਂ ਵਖਰੀ ਰੀਤ, ਰੀਤੀਵਾਨ ਇਕ ਅਖਵਾਈਆ । ਜੋ ਸਭ ਦੇ ਵਸੇ ਭੀਤ, ਭੀਤਰ ਬੈਠਾ ਡੇਰਾ ਲਾਈਆ । ਮਨ ਠਗੌਰੀ ਕੱਢੇ ਚੀਤ, ਚੇਤਨ ਸੁਰਤੀ ਦਏ ਕਰਾਈਆ । ਮੈਂ ਓਸੇ ਦਾ ਸੁਣਿਆ ਗੀਤ, ਜੋ ਗੋਬਿੰਦ ਧੁਰ ਦਾ ਮਾਹੀਆ । ਮੇਰੀ ਅੰਦਰੋਂ ਬਦਲ ਗਈ ਨੀਤ, ਨੀਤੀਵਾਨ ਦਿਤਾ ਸਮਝਾਈਆ । ਮੈਂ ਹੋ ਗਈ ਠਾਂਢੀ ਸੀਤ, ਅਗਨੀ ਤਤ ਰਿਹਾ ਨਾ ਰਾਈਆ । ਮੈਨੂੰ ਬਾਹਰ ਦੇ ਭੁਲ ਗਏ ਗੀਤ, ਅੰਦਰ ਇਕੋ ਦਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਂਆ । ਮੂਰਤੀ ਕਹੇ ਮੈਂ ਸਤਿਗੁਰ ਦੇ ਪਰਸਾਂ ਚਰਨ, ਚਰਨ ਕਵਲ ਮਿਲੇ ਵਡਿਆਈਆ । ਮੇਰਾ ਲੇਖਾ ਮੁਕ ਜਾਏ ਜਨਮ ਮਰਨ, ਮਰ ਜੀਵਤ ਰੂਪ ਬਦਲਾਈਆ । ਅੰਤਰ ਖੁਲ੍ਹ ਜਾਏ ਹਰਨ ਫਰਨ, ਨਿਜ ਲੋਚਨ ਹੋਏ ਰੁਸ਼ਨਾਈਆ । ਮੈਂ ਸਾਚੀ ਮੰਜ਼ਲ ਲੱਗਾਂ ਚੜ੍ਹਨ, ਬਿਨ ਕ਼ਦਮਾਂ ਕ਼ਦਮ ਉਠਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਲੱਗਾਂ ਪੜ੍ਹਨ, ਸੋਹੰ ਸ਼ਬਦ ਮੇਰੇ ਅੰਤਰ ਨਿਰੰਤਰ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਜਨ ਭਗਤਾਂ ਸਦ ਆਏ ਲੜ ਫੜਨ, ਪਲੂ ਆਪਣਾ ਗੰਢ ਨਾਮ ਜਣਾਈਆ ।

### ✪ ੧੦ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਪ੍ਰੀਤਮ ਸਿੰਘ ਦੇ ਗ੍ਰਹਿ ਪਿੰਡ ਢਿਲਵਾਂ ਜ਼ਿਲਾ ਕਪੂਰਥਲਾ ✪

ਮਾਂਹ ਸੁਰਸਤੀ ਕਹੇ ਮੇਰਾ ਪਿਆਰ ਲੂੰ ਲੂੰ ਵਿਚ ਰਚਾ, ਸਾਢੇ ਤਿੰਨ ਕਰੋੜ ਆਪਣਾ ਅੰਕ ਬਣਾਈਆ । ਜਨ ਭਗਤ ਜੋ ਬਣੇ ਧਰਮ ਦਾ

ਬੱਚਾ, ਸ਼ਕਤੀ ਧਾਰ ਬਣਾਂ ਜਣੇਂਦੀ ਮਾਈਆ । ਮੇਰਾ ਸਰੀਰ ਨਹੀਂ ਕੋਈ ਭਾਂਡਾ ਕੱਚਾ, ਤਨ ਵਜੂਦ ਜਗਤ ਨਾ ਕੋਇ ਵਡਿਆਈਆ । ਮੇਰਾ ਮਨ ਨਹੀਂ ਜੋ ਮਨਸਾ ਵਿਚ ਨੱਚਾ, ਜਗਤ ਟੱਪੇ ਕੁੱਦੇ ਥਾਉਂ ਥਾਈਂਆ । ਆਦਿ ਸ਼ਕਤ ਕਹੇ ਮੇਰਾ ਆਦਿ ਦਾ ਪਤਾ, ਪਤਿਪਰਮੇਸ਼ਵਰ ਦਏ ਦ੍ਰਿੜਾਈਆ । ਨਿਗਾਹ ਮਾਰੋ ਆਪਣੇ ਅੰਦਰ ਰਤਾ, ਬਾਹਰ ਵੇਖਣ ਦੀ ਲੋੜ ਰਹੇ ਨਾ ਰਾਈਆ । ਸਚ ਦੁਆਰ ਵਿਚ ਸਤਿ ਦੀ ਸਤਾ, ਸਤਿ ਸਤਿਵਾਦੀ ਹੋ ਕੇ ਡੇਰਾ ਲਾਈਆ । ਜਿਸ ਦਾ ਰਿਸ਼ਤਾ ਸਦਾ ਪੱਕਾ, ਨਾਤਾ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਦੁਰਗਾ ਕਹੇ ਮੈਂ ਅਸ਼ਟਭੁਜ ਭਵਾਨੀ, ਭੁੱਜਾਂ ਅੱਠਾਂ ਨਾਲ ਵਡਿਆਈਆ । ਬੱਗਾ ਸ਼ੇਰ ਮੇਰੀ ਨਿਸ਼ਾਨੀ, ਸ਼ੇਰਾਂ ਦਾ ਸ਼ੇਰ ਧੁਰ ਦਾ ਮਾਹੀਆ । ਜਿਸ ਦੀ ਮਸਤੀ ਦੋ ਜਹਾਨੀ, ਬ੍ਰਹਿਮੰਡ ਖੰਡ ਖ਼ੁਸ਼ੀ ਬਣਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੀ ਗਾਵਣ ਗਾਣੀ, ਗਾ ਗਾ ਰਹੇ ਸੁਣਾਈਆ । ਸਤਿ ਸਰੂਪ ਨਿਰਾਕਾਰ ਓਹ ਨੂਰ ਨੁਰਾਨੀ, ਜੋਤੀ ਜਾਤਾ ਇਕ ਅਖਵਾਈਆ । ਜੋ ਭਗਤਾਂ ਸੰਗ ਖੇਲੇ ਖੇਲ ਜਿਸਮ ਜਿਸਮਾਨੀ, ਤਨ ਵਜੂਦਾਂ ਰੰਗ ਰੰਗਾਈਆ । ਅੰਤਰ ਨਿਰੰਤਰ ਹੋਵੇ ਨਿਗਾਹਬਾਨੀ, ਨਿਜ ਘਰ ਵੇਖੇ ਚਾਈਂ ਚਾਈਂਆ । ਆਦਿ ਸ਼ਕਤ ਕਹੇ ਮੇਰੀ ਸੂਰਤ ਨਹੀਂ ਕੋਈ ਪੁਰਾਣੀ, ਜੁਗ ਚੌਕੜੀ ਇਕੋ ਰੰਗ ਸਮਾਈਆ । ਜਨ ਭਗਤ ਮੇਰਾ ਸਤਿ ਸਰੂਪ ਵੇਖੇ ਅੰਦਰ ਕਰ ਧਿਆਨੀ, ਜੋਤੀ ਜੋਤ ਜੋਤ ਵਿਚ ਸਮਾਈਆ । ਭਗਤਾਂ ਨਾਲ ਮੇਰੀ ਧਾਰ ਨਹੀਂ ਕੋਈ ਬੇਗਾਨੀ, ਵਖਰੀ ਵੰਡ ਨਾ ਕੋਇ ਵੰਡਾਈਆ । ਮੇਰਾ ਦਰਸ ਪਿਆਰ

੧੩੮੮ ਮੁਹੱਬਤ ਦੀ ਧਾਰ ਵਿਚ ਆਸਾਨੀ, ਅਹਿਸਾਨ ਸਿਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ੧੩੮੮

੨੪ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਮਾਂਹ ਸੁਰਸਤੀ ਕਹੇ ਜੋ ਮੇਰਾ ਬਣ ਗਿਆ ਸੁਤ, ਜਗਤ ਅਪਰਾਧਾਂ ਜਾਏ ਤਜਾਈਆ । ਬਾਹਰੋਂ ੨੪

ਪੰਜਾਂ ਤਤਾਂ ਦਾ ਹੋਏ ਬੁਤ, ਅੰਦਰੋਂ ਮੇਰਾ ਜੋਤ ਨੂਰ ਰੁਸ਼ਨਾਈਆ । ਰਸਨਾ ਜੇਹਵਾ ਹੋ ਜਾਏ ਚੁੱਪ, ਬੋਲਣ ਦੀ ਲੋੜ ਰਹੇ ਨਾ ਰਾਈਆ । ਮੇਲ ਮਿਲੇ ਅੰਧੇਰੇ ਘੁੱਪ, ਪਰਦਾ ਪਰਦਿਆਂ ਵਿਚੋਂ ਉਠਾਈਆ । ਜਿਸ ਕਾਇਆ ਵਿਚ ਮੇਰਾ ਨੂਰ ਬੈਠਾ ਲੁਕ, ਲੁਕਵਾਂ ਆਪਣਾ ਖੇਲ ਵਖਾਈਆ । ਆਦਿ ਸ਼ਕਤ ਕਹੇ ਉਸ ਦੀ ਆਦਿ ਦੀ ਇਕੋ ਤੁਕ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਮਨ ਅੰਤਰ ਭਗਤ ਸੁਹੇਲਾ ਜਾਏ ਝੁਕ, ਸੀਸ ਦੀ ਲੋੜ ਰਹੇ ਨਾ ਰਾਈਆ । ਸੁਰਸਤੀ ਕਹੇ ਮੈਂ ਨੇੜੇ ਰਹੀ ਢੁਕ, ਮੰਦਰ ਬੈਠੀ ਸੋਭਾ ਪਾਈਆ । ਸਦਾ ਸਦਾ ਮੇਰਾ ਭਗਤਾਂ ਨਾਲ ਜੁਟ, ਜੋੜੀ ਅਵਰ ਨਾ ਕੋਇ ਰਖਾਈਆ । ਮੈਂ ਸੀਨੇ ਨਾਲ ਆਪਣੇ ਲਾਵਾਂ ਘੁੱਟ, ਗਲਵਕੜੀ ਲਵਾਂ ਪਾਈਆ । ਮੇਰੇ ਸੀਰ ਦੀ ਧਾਰ ਪਏ ਫੁੱਟ, ਰਸ ਇਕੋ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਅਸ਼ਟਭੁਜ ਕਹੇ ਮੇਰਾ ਦਰਸ ਅਪਾਰ, ਅੰਤਰ ਅੰਤਰ ਵਜੇ ਵਧਾਈਆ । ਭਗਤਾਂ ਭਗਤੀ ਵਾਲਾ ਹੋਵੇ ਪਿਆਰ, ਭਗਤ ਭਗਤੀ ਵਿਚ ਸਮਾਈਆ । ਜਿਸ ਦੇ ਮੁਖ ਵਿਚੋਂ ਮੇਰਾ ਲਗੇ ਜੈਕਾਰ, ਮੈਂ ਓਸੇ ਦਾ ਪਿਤਾ ਓਸੇ ਦੀ ਮਾਈਆ । ਜਿੰਨਾਂ ਚਿਰ ਮੇਰੀ ਕਿਰਪਾ ਨਾ ਹੋਵੇ ਓਨਾਂ ਚਿਰ ਕੋਈ ਕਰ ਨਾ ਸਕੇ ਸਤਿਕਾਰ, ਜਗਦੰਬਾ ਕਹਿ ਕੇ ਸੀਸ ਨਾ ਕੋਇ ਨਿਵਾਈਆ । ਮੇਰਾ ਲੇਖਾ ਵਿਚ ਸੰਸਾਰ, ਜਗਤ ਦੀ ਧਾਰ ਚਲੀ ਆਈਆ । ਕਲਜੁਗ ਅੰਤਮ ਵੇਖਾਂ ਵਿਗਸਾਂ ਪਾਵਾਂ ਸਾਰ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੇਰਾ ਨੂਰ ਜੋਤ ਉਜਿਆਰ, ਨੂਰ ਨੂਰ ਕਰੇ ਰੁਸ਼ਨਾਈਆ । ਜਿਸ ਦਾ ਸਭ ਤੋਂ ਵਖਰਾ ਦਰਸ ਦੀਦਾਰ,

ਬਿਨ ਨੇਤਰ ਲੋਚਨ ਨੈਣਾਂ ਵੇਖਾਂ ਚਾਈਂ ਚਾਈਆ । ਭਗਤਾਂ ਦੀ ਧਾਰ ਵਿਚ ਭਗਤੀ ਦੇ ਅਧਾਰ, ਭਗਵਨ ਹੋ ਕੇ ਭਾਗ ਦਿਆਂ ਬਣਾਈਆ । ਮੇਰਾ ਦਰਸ ਰਾਤ ਦੇ ਬਾਰਾਂ ਤੋਂ ਬਾਦ ਤੇ ਪਹਿਲੋਂ ਵਜਣ ਦੋ? ਚਾਰ, ਇਕ ਚਾਰ ਦਾ ਚੌਥੇ ਜੁਗ ਦਾ ਪੰਧ ਮੁਕਾਈਆ । ਅਸ਼ਟਭੁਜ ਕਹੇ ਮੇਰਾ ਭਗਤਾਂ ਦਾ ਸਦਾ ਸਦਾ ਦੀਦਾਰ, ਜਿਨ੍ਹਾਂ ਦੇ ਹਿਰਦੇ ਵਸਾਂ ਓਹੋ ਮੇਰਾ ਰੂਪ ਓਹੋ ਮੇਰਾ ਰੰਗ, ਸੰਗ ਸਦਾ ਸਦਾ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲੇ ਖੇਲ ਅਪਰ ਅਪਾਰ, ਅਪਰੰਪਰ ਆਪਣੀ ਕਾਰ ਕਮਾਈਆ ।

✪ ੧੦ ਫਲਗੁਣ ਸ਼ਹਿਨਸ਼ਾਹੀ ਸੰਮਤ ੧੧ ਦੌਲਤ ਸਿੰਘ, ਗੁਰਦਿਆਲ ਸਿੰਘ, ਕਰਤਾਰ ਸਿੰਘ, ਅਮਰ ਕੌਰ, ਮਨਜੀਤ ਕੌਰ ਨੂਰ ਪੁਰ, ਕਰਤਾਰ ਕੌਰ ਮਾਹੀ ਜੀਤ ਪੁਰ ਦੇ ਨਵਿਤ ਕਪੂਰਥਲਾ ਸ਼ਹਿਰ ✪

ਫਲਗੁਣ ਕਹੇ ਪ੍ਰਭੂ ਮੇਰਾ ਪਰਵਿਸ਼ਟਾ ਦਸ, ਦਹਿ ਦਿਸ਼ਾ ਵੇਖਣਾ ਚਾਈਂ ਚਾਈਆ । ਪੰਧ ਮੁਕਾਉਣਾ ਨੱਸ ਨੱਸ, ਦੋ ਜਹਾਨਾਂ ਬਿਨ ਕ਼ਦਮਾਂ ਕ਼ਦਮ ਟਿਕਾਈਆ । ਮੈਂ ਖ਼ੁਸ਼ੀਆਂ ਨਾਲ ਖੇਲ ਤਕਾਂ ਹਸ ਹਸ, ਹਸਤੀ ਦੇ ਮਾਲਕ ਦੇਣੀ ਮਾਣ ਵਡਿਆਈਆ । ਲਹਿਣਾ ਦੇਣਾ ਅੰਤਮ ਰਵ ਸਸ, ਸੂਰੀਆ ਚੰਦ ਕੀ ਦ੍ਰਿੜਾਈਆ । ਬਿਨ ਰਸਨਾ ਜੇਹਵਾ ਬੱਤੀ ਦੰਦ ਤੇਰਾ ਢੋਲਾ ਗਾਵਾਂ ਜਸ, ਬਿਨ ਸਿਫ਼ਤਾਂ ਸਿਫ਼ਤ ਸਾਲਾਹੀਆ । ਤੇਰਾ ਇਕੋ ਨੂਰ ਜੋਤ ਤਕਾਂ ਪਰਕਾਸ਼, ਜੋਤੀ ਜਾਤੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪਰਵਿਸ਼ਟਾ ਕਹੇ ਮੇਰਾ ਦਸਵਾਂ ਦਿਵਸ ਦਿਹਾੜਾ, ਸਤਿ ਸਚ ਨਾਲ ਜਣਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰੇ ਅਗੇ ਅਗੰਮੀ ਹਾੜਾ, ਜਿਸ ਨੂੰ ਦੀਨ ਦੁਨੀ ਸਮਝੇ ਕੋਇ ਨਾ ਰਾਈਆ । ਤੂੰ ਮਾਲਕ ਖ਼ਾਲਕ ਦੋ ਜਹਾਨਾਂ ਲਾੜਾ, ਸਾਹਿਬ ਸੁਲਤਾਨ ਨੂਰ ਅਲਾਹੀਆ । ਨੌਂ ਖੰਡ ਸੱਤ ਦੀਪ ਵੇਖ ਅਖਾੜਾ, ਕਲਜੁਗ ਕਿਰਿਆ ਕੂੜ ਨਾਚ ਨਚਾਈਆ । ਪੰਚ ਵਿਕਾਰ ਘਰ ਘਰ ਮਾਰੇ ਧਾੜਾ, ਬਚਿਆ ਰਹਿਣ ਕੋਇ ਨਾ ਪਾਈਆ । ਮੇਰਾ ਗ੍ਰਿਹ ਤਕ ਲੈ ਜੰਗਲ ਜੂਹ ਉਜਾੜ ਪਹਾੜਾ, ਟਿੱਲੇ ਪਰਬਤ ਸਮੁੰਦ ਸਾਗਰਾਂ ਫੋਲ ਫੁਲਾਈਆ । ਨਿਗਾਹ ਮਾਰ ਲੈ ਮਾਨਵ ਜ਼ਾਤੀ ਬਹੱਤਰ ਨਾੜਾ, ਹਡ ਮਾਸ ਧਿਆਨ ਲਗਾਈਆ । ਤੂੰ ਮਾਲਕ ਠਾਕਰ ਸੁਆਮੀ ਆਦਿ ਜੁਗਾਦੀ ਏਕੰਕਾਰਾ, ਇਕ ਇਕੱਲਾ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਫਲਗੁਣ ਕਹੇ ਪ੍ਰਭੂ ਮੇਰਾ ਪਰਵਿਸ਼ਟਾ ਦਸਵਾਂ ਆਇਆ ਲੋਕਮਾਤ, ਮਾਤਰ ਭੂਮੀ ਨਾਲ ਮਿਲਾਈਆ । ਨਿਗਾਹ ਮਾਰ ਲੈ ਕਮਲਾਪਾਤ, ਪਤਿਪਰਮੇਸ਼ਵਰ ਵੇਖ ਵਖਾਈਆ । ਸਤਿ ਵਸਤ ਬਖ਼ਸ਼ ਅਗੰਮੀ ਦਾਤ, ਦਾਤਾ ਹੋ ਕੇ ਝੋਲੀ ਦੇ ਭਰਾਈਆ । ਨਿਗਾਹ ਮਾਰ ਲੈ ਦੀਨ ਦੁਨੀ ਵਿਚ ਜ਼ਾਤ ਪਾਤ, ਮਜ਼੍ਹਬ ਸ਼ਰਅ ਫੋਲ ਫੁਲਾਈਆ । ਝਗੜਾ ਤਕ ਲੈ ਕਾਗ਼ਜ਼ਾਤ, ਅੱਖਰ ਅੱਖਰਾਂ ਨਾਲ ਜੁੜਾਈਆ । ਤੂੰ ਠਾਕਰ ਸੁਆਮੀ ਏਕੰਕਾਰਾ ਸਭ ਦਾ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਮੇਰੀ ਹਕੀਕ਼ਤ ਵਾਲੀ ਹਕ ਦੇ ਮਾਲਕ ਸੁਣ ਲੈ ਬਾਤ, ਬਾਤਨ ਪਰਦਾ ਦੇਣਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੧੩੮੯ ੨੪

ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪਰਵਿਸ਼ਟਾ ਕਹੇ ਮੇਰਾ ਦਸਮ ਦਿਹਾੜਾ ਮੇਰੇ ਮਹਿਬੂਬ, ਮਿਹਰਵਾਨ ਮਿਹਰਵਾਨ ਮਿਹਰਵਾਨ ਦੇਣੀ ਵਡਿਆਈਆ । ਆਪਣਾ ਗ੍ਰਿਹ ਵਖਾਉਣਾ ਆਲੀਸ਼ਾਨ ਅਰੂਜ, ਅਰਸ਼ ਫ਼ਰਸ਼ ਦੇ ਮਾਲਕ ਪਰਦਾ ਦੇਣਾ ਉਠਾਈਆ । ਪਰਵਰਦਿਗਾਰ ਸਾਂਝੇ ਯਾਰ ਮੈਨੂੰ ਬਖ਼ਸ਼ਣੀ ਸੂਝ, ਭੇਵ ਅਭੇਦਾ ਦੇਣਾ ਚੁਕਾਈਆ । ਠਾਕਰ ਸੁਆਮੀ ਤੇਰੀ ਆਵੇ ਸੂਝ, ਸਮਝ ਸਮਝ ਵਿਚੋਂ ਬਦਲਾਈਆ । ਸਚ ਦੁਆਰ ਏਕੰਕਾਰ ਬਖ਼ਸ਼ ਆਪਣੀ ਹਦੂਦ, ਦੂਸਰ ਵੰਡ ਨਾ ਕੋਇ ਵੰਡਾਈਆ । ਮੇਰੇ ਗ੍ਰਿਹ ਠਾਕਰ ਹੋ ਕੇ ਹੋ ਮੌਜੂਦ, ਮਜਲਸ ਭਗਤਾਂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਗ੍ਰਿਹ ਇਕ ਸੁਹਾਈਆ । ਫਲਗੁਣ ਕਹੇ ਮੇਰੇ ਪੁਰਖ ਅਕਾਲੇ ਦਾਤੇ ਦੀਨ, ਦਇਆਨਿਧ ਤੇਰੀ ਸਰਨਾਈਆ । ਮੈਂ ਬਿਨ ਰਸਨਾ ਜੇਹਵਾ ਨਿਰਗੁਣ ਤੈਨੂੰ ਰਿਹਾ ਚੀਨ, ਸਿਫ਼ਤ ਸਾਲਾਹੀ ਤੇਰੇ ਢੋਲੇ ਗਾਈਆ । ਤੂੰ ਨਿਗਾਹ ਮਾਰ ਲੈ ਉਤੇ ਜ਼ਮੀਨ, ਧਰਤੀ ਧਵਲ ਧੌਲ ਵੇਖ ਵਖਾਈਆ । ਮੈਂ ਨਿਰਗੁਣ ਨਿਰਾਕਾਰ ਨਿਰੰਕਾਰ ਤੇਰੇ ਹੋਇਆ ਅਧੀਨ, ਨਿਵ ਨਿਵ ਲਾਗਾਂ ਪਾਈਆ । ਤੇਰਾ ਪਿਆਰ, ਦੀਨ ਦੁਨੀ ਵਿਚ ਰਿਹਾ ਨਾ ਕੋਇ ਪ੍ਰਾਚੀਨ, ਪਰਾ ਪਸੰਤੀ ਮਧਮ ਬੈਖਰੀ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਦਰ ਇਕ ਸੁਹਾਈਆ । ਫਲਗੁਣ ਕਹੇ ਪ੍ਰਭੂ ਮੈਨੂੰ ਬਖ਼ਸ਼ ਦੇ ਇਕੋ ਦਾਤ, ਦਾਤੇ ਦਾਨੀ ਆਪ ਵਰਤਾਈਆ । ਕਲਜੁਗ ਮੇਟ ਅੰਧੇਰੀ ਰਾਤ, ਰੁਤੜੀ ਆਪਣਾ ਨਾਮ ਮਹਿਕਾਈਆ । ਚਾਰ ਵਰਨ ਬਣਾ ਇਕ ਜਮਾਤ, ਦੂਸਰ ਵੰਡ ਨਾ ਕੋਇ ਵਖਾਈਆ । ਦਰਸ਼ਨ ਬਖ਼ਸ਼ ਦੇ ਸਾਖਿਆਤ, ਸਨਮੁਖ ਹੋ ਕੇ ਸੋਭਾ ਪਾਈਆ । ਝਗੜਾ ਮੇਟ ਦੇ ਜ਼ਾਤ ਪਾਤ, ਦੀਨ ਦੁਨੀ ਇਕੋ ਰੰਗ ਵਖਾਈਆ । ਸਦੀ ਚੌਧਵੀਂ ਵੇਖ ਹਾਲਾਤ, ਮੁਹੰਮਦ ਬੈਠਾ ਨੈਣ ਉਠਾਈਆ । ਈਸਾ ਫੋਲੇ ਆਪਣੇ ਕਾਗ਼ਜ਼ਾਤ, ਬੀਸ ਬੀਸਾ ਪਰਦਾ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਦੇਣਾ ਜੁਗਾਦਿ ਆਦਿ, ਆਦਿ ਜੁਗਾਦਿ ਤੇਰਾ ਹੁਕਮ ਵਰਤੇ ਥਾਉਂ ਥਾਈਆ ।

### ✪ ੧੦ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਗੁਰਮੀਤ ਸਿੰਘ ਦੇ ਗ੍ਰਿਹ ਪਿੰਡ ਫਿਆਲੀ ਜ਼ਿਲਾ ਕਪੂਰਥਲਾ ✪

ਫਲਗੁਣ ਕਹੇ ਜਨ ਭਗਤੋ ਪ੍ਰਭ ਦੀ ਬਣੋ ਫੁਲਵਾੜੀ, ਤਨ ਵਜੂਦ ਮਾਟੀ ਖ਼ਾਕ ਧੁਰ ਦੇ ਰੰਗ ਰੰਗਾਈਆ । ਅੰਤਰ ਨਿਰੰਤਰ ਗੀਤ ਢੋਲਾ ਗਾਓ ਬਹੱਤਰ ਨਾੜੀ, ਰੋਮ ਰੋਮ ਇਕੋ ਰੰਗ ਚੜ੍ਹਾਈਆ । ਹਕ ਪ੍ਰੀਤੀ ਰੰਗਣ ਚਾੜ੍ਹੋ ਗਾੜ੍ਹੀ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਸਚ ਮਹਲ ਅਟਲ ਮੰਜ਼ਲ ਵੇਖੋ ਮਾੜੀ, ਜਿਥੇ ਮਹਿਬੂਬ ਮਿਲੇ ਧੁਰ ਦਾ ਮਾਹੀਆ । ਸਤਿਗੁਰ ਸ਼ਬਦ ਸੁਹੇਲਾ ਤੁਹਾਡੇ ਫਿਰੇ ਪਿਛੇ ਅਗਾੜੀ, ਨਿਰਗੁਣ ਸਰਗੁਣ ਸੇਵਾ ਸਚ ਕਮਾਈਆ । ਤੁਹਾਡਾ ਲਹਿਣਾ ਦੇਣਾ ਮੁਕੇ ਲੱਖ ਚੁਰਾਸੀ ਜੰਗਲ ਜੂਹ ਉਜਾੜ ਪਹਾੜੀ, ਟਿੱਲੇ ਪਰਬਤ ਸਮੁੰਦ ਸਾਗਰ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਫਲਗੁਣ ਦੀ ਵੇਖੋ ਰੁਤ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਏਕੰਕਾਰ ਇਕ ਇਕੱਲੇ ਦੇ ਬਣ ਜਾਓ ਸੁਤ, ਦੁਲਾਰੇ ਦੂਲਹੇ ਹੋ ਕੇ

ਆਪਣਾ ਰੰਗ ਰੰਗਾਈਆ । ਕਿਰਪਾ ਕਰੇ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਸਭ ਦੀ ਦਏ ਕਰਾਈਆ । ਭਾਗ ਲਗਾਏ ਕਾਇਆ ਮਾਟੀ ਬੁਤ,
ਬੁਤਖ਼ਾਨਿਆਂ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਨਿਭਾਈਆ ।
ਫਲਗੁਣ ਕਹੇ ਜਨ ਭਗਤੋ ਗਾਓ ਗੁਣ ਗਹਿਰ ਗੰਭੀਰ, ਗਵਰ ਦੇਵਣਹਾਰ ਵਡਿਆਈਆ । ਜੋ ਮਾਲਕ ਖ਼ਾਲਕ ਬੇਨਜ਼ੀਰ, ਜਗ ਵੇਖਣ ਕੋਇ
ਨਾ ਪਾਈਆ । ਜਿਸ ਦੀ ਖਿੱਚ ਸਕੇ ਨਾ ਕੋਇ ਤਸਵੀਰ, ਤਸੱਵਰ ਕਰ ਨਾ ਕੋਇ ਸਮਝਾਈਆ । ਉਹ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਪੀਰਾਂ ਦਾ
ਪੀਰ, ਪੈਗ਼ੰਬਰਾਂ ਦਾ ਪੈਗ਼ੰਬਰ ਨੂਰ ਅਲਾਹੀਆ । ਜਿਸ ਦੇ ਕੋਲ ਆਦਿ ਜੁਗਾਦਿ ਦੋ ਜਹਾਨਾਂ ਤਦਬੀਰ, ਤਰੀਕ਼ਾ ਆਪਣੇ ਹੱਥ ਰਖਾਈਆ । ਕਲਜੁਗ
ਅੰਦਰ ਸਤਿਜੁਗ ਬਦਲਣ ਵਾਲਾ ਤਕ਼ਦੀਰ, ਤਕੱਬਰ ਦੀਨ ਦੁਨੀ ਮਿਟਾਈਆ । ਓਹਦਾ ਨਾਮ ਖੰਡਾ ਅਗੰਮਾ ਸ਼ਮਸ਼ੀਰ, ਸ਼ਰਅ ਦੇ ਲੇਖੇ ਦਏ ਮੁਕਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਫਲਗੁਣ ਕਹੇ ਜਨ ਭਗਤੋ
ਪ੍ਰਭ ਦਾ ਕਰੋ ਸਾਚਾ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਜੋ ਆਤਮ ਧਾਰ ਸਭ ਦਾ ਮਿਤ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ ।
ਜਿਸ ਦਾ ਲਹਿਣਾ ਦੇਣਾ ਆਦਿ ਜੁਗਾਦੀ ਨਿਤ, ਨਵਿਤ ਆਪਣੀ ਖੇਲ ਖਿਲਾਈਆ । ਏਥੇ ਓਥੇ ਬਣੇ ਪਿਤ, ਪਤਿਪਰਮੇਸ਼ਵਰ ਧੁਰਦਰਗਾਹੀਆ ।
ਠਗੌਰੀ ਅੰਦਰੋਂ ਕੱਢੇ ਚਿਤ, ਚੇਤਨ ਸੁਰਤੀ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,
 ਸਚ ਦਾ ਮੇਲਾ ਲਏ ਮਿਲਾਈਆ । ਜਨ ਭਗਤ ਕਹਿਣ ਫਲਗੁਣ ਸਾਡਾ ਇਕੋ ਇਕ ਮੀਤ, ਮਿਤਰ ਪਿਆਰਾ ਇਕ ਅਖਵਾਈਆ । ਜਿਸ ਦੀ ੧੩੯੧
 ਸਭ ਤੋਂ ਵਖਰੀ ਰੀਤ, ਰੀਤੀਵਾਨ ਧੁਰਦਰਗਾਹੀਆ । ਅੰਤਸ਼ਕਰਨ ਦੀ ਬਦਲੇ ਨੀਤ, ਮਨਸਾ ਮਨ ਨਾ ਕੋਇ ਹਲਕਾਈਆ । ਤੂੰ ਮੇਰਾ ਮੈਂ ਤੇਰਾ ੨੪
ਦੱਸੇ ਗੀਤ, ਸੋਹਲਾ ਢੋਲਾ ਇਕ ਸਮਝਾਈਆ । ਪਾਪੀਆਂ ਕਰੇ ਪਤਤ ਪੁਨੀਤ, ਪਤਤ ਪਾਵਨ ਇਕ ਅਖਵਾਈਆ । ਕਾਇਆ ਕਰੇ ਠਾਂਢੀ ਸੀਤ,
ਅਗਨੀ ਤਤ ਨਾ ਕੋਇ ਤਪਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਗਏ ਬੀਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਵਰਤਾਈਆ ।
ਸੋ ਸਾਹਿਬ ਸੁਆਮੀ ਅੰਤਰਜਾਮੀ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ
ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਜਨ ਭਗਤ ਕਹਿਣ ਫਲਗੁਣ ਪਰਮ ਪੁਰਖ ਪ੍ਰਭ ਸਾਚਾ ਇਕੋ ਇਸ਼ਟ, ਇਸ਼ਟ ਦੇਵ ਇਕ
ਅਖਵਾਈਆ । ਜਿਸ ਸਾਡੀ ਅੰਦਰੋਂ ਖੋਲ੍ਹੀ ਦ੍ਰਿਸ਼ਟ, ਪਰਦਾ ਪਰਦਿਆਂ ਵਿਚੋਂ ਉਠਾਈਆ । ਜਿਸ ਦਾ ਲਹਿਣਾ ਦੇਣਾ ਦੋ ਜਹਾਨਾਂ ਨਾਲ ਸ੍ਰਿਸ਼ਟ,
ਦੀਨ ਦੁਨੀ ਆਪਣਾ ਹੁਕਮ ਵਰਤਾਈਆ । ਜਿਸ ਦੀ ਆਸ਼ਾ ਰਖ ਕੇ ਗਿਆ ਰਾਮ ਨਾਲ ਵਸ਼ਿਸ਼ਟ, ਜਗਤ ਵਿਸ਼ਿਆਂ ਬਾਹਰ ਅੱਖ ਉਠਾਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆਂ । ਫਲਗੁਣ ਕਹੇ ਜਨ ਭਗਤੋ
ਮੇਰਾ ਦਸਮ ਦਿਹਾੜਾ ਅੱਜ, ਆਜਜ਼ ਹੋ ਕੇ ਸੀਸ ਨਿਵਾਈਆ । ਤੁਹਾਡੇ ਅੰਦਰ ਨਾਮ ਨਿਧਾਨਾ ਸ਼ਬਦ ਰਿਹਾ ਗੱਜ, ਬਿਨ ਜਗਤ ਤੰਦ ਸਿਤਾਰ ਆਪਣੀ
ਆਵਾਜ਼ ਪਰਗਟਾਈਆ । ਦੀਪਕ ਜੋਤੀ ਰਿਹਾ ਜਗ, ਜੋਤੀ ਜਾਤਾ ਕਰੇ ਰੁਸ਼ਨਾਈਆ । ਜ਼ਰਾ ਨਿਗਾਹ ਮਾਰ ਲਓ ਉਪਰ ਸ਼ਾਹਰਗ, ਨੌਂ ਦਵਾਰਿਆਂ
ਡੇਰਾ ਢਾਈਆ । ਪ੍ਰਭ ਦਾ ਮੇਲਾ ਹੁੰਦਾ ਨਾਲ ਸਬਬ, ਜੁਗ ਜਨਮ ਦਿਆਂ ਵਿਛੜਿਆਂ ਦਿਆਂ ਸਮਝਾਈਆ । ਜੋ ਕਿਰਪਾ ਨਿਧਾਨ ਹੋ ਕੇ ਹਰਿ

ਭਗਤ ਸੁਹੇਲੇ ਆਪੇ ਲਏ ਲੱਭ, ਖੋਜਣ ਦੀ ਲੋੜ ਰਹੇ ਨਾ ਰਾਈਆ । ਉਲਟੀ ਕਰਕੇ ਕਵਲ ਨਭ, ਅੰਮ੍ਰਿਤ ਜਾਮ ਦਏ ਪਿਆਈਆ । ਨਿਜ ਨੇਤਰ ਆਪਣਾ ਦਏ ਝਬ, ਲੋਇਣ ਇਕੋ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਭਗਤ ਸੁਹੇਲਾ ਇਕ ਇਕੇਲਾ ਅਕਲ ਕਲਧਾਰੀ ਏਕੰਕਾਰੀ, ਪਰਵਰਦਿਗਾਰੀ ਸਾਂਝਾ ਯਾਰੀ ਦਰ ਠਾਂਢੇ ਲਏ ਸੱਦ, ਸੱਦਾ ਸਤਿਗੁਰ ਸ਼ਬਦ ਲਗਾਈਆ ।

## ੧੦ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਰੇਸ਼ਮ ਸਿੰਘ ਦੇ ਗ੍ਰਹਿ ਪਿੰਡ ਖੈਹਿਰਾ ਜ਼ਿਲਾ ਕਪੂਰਥਲਾ

ਫਲਗੁਣ ਕਹੇ ਧੁਰ ਦਾ ਹੁਕਮ ਅਗਾਧ ਬੋਧੀ, ਨਿਰਗੁਣ ਧਾਰ ਸਰਗੁਣ ਸਰਗੁਣ ਕਰੇ ਪੜ੍ਹਾਈਆ । ਜੋ ਜਨ ਭਗਤਾਂ ਅੰਤਰ ਨਿਰੰਤਰ ਹਿਰਦੇ ਰਿਹਾ ਸੋਧੀ, ਸੁਦੀ ਵਦੀ ਦੀ ਵੰਡ ਨਾ ਕੋਇ ਵੰਡਾਈਆ । ਆਤਮ ਪਰਮਾਤਮ ਚੁੱਕੇ ਆਪਣੀ ਗੋਦੀ, ਗੋਦਾਵਰੀ ਦਾ ਕੰਢਾ ਗੋਬਿੰਦ ਧਾਰ ਦਏ ਗਵਾਹੀਆ । ਸਚ ਪਿਆਰ ਮੁਹੱਬਤ ਦੇ ਬਣਾ ਕੇ ਲੋਭੀ, ਲਾਲਚ ਦੀਨ ਦੁਨੀ ਬਾਹਰ ਕਢਾਈਆ । ਦੁਰਮਤ ਮੈਲ ਧੋਵੇ ਬਣ ਕੇ ਧੋਬੀ, ਧੱਬਾ ਜਗਤ ਰਹਿਣ ਕੋਇ ਨਾ ਪਾਈਆ । ਸਤਿ ਸਚ ਦੀ ਬਖ਼ਸ਼ੇ ਸੋਝੀ, ਭੇਵ ਅਭੇਦ ਖੁਲ੍ਹਾਈਆ । ਰਮਜ਼ ਆਪਣੀ ਮਾਰੇ ਗੋਝੀ, ਗੋਬਿੰਦ ਮੇਲਾ ਚਾਈਂ
੧੩੯੨ ਚਾਈਆ । ਹਰਿਜਨ ਹੋਏ ਨਾ ਕਦੇ ਵਿਜੋਗੀ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਪੁਰਖ ਅਕਾਲਾ ਦੀਨ ਦਿਆਲਾ ਮੇਲ ਮਿਲਾਏ ਧੁਰ ੧੩੯੨
੨੪ ਸੰਜੋਗੀ, ਸਤਿ ਸਚ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ੨੪
ਮਾਲਕ ਇਕ ਗੁਸਾਈਆ । ਫਲਗੁਣ ਕਹੇ ਜਨ ਭਗਤ ਪ੍ਰਭ ਸੁਹੰਦੜੇ ਚਰਨ, ਚਰਨ ਕਵਲ ਮਿਲੇ ਸਰਨਾਈਆ । ਨੇਤਰ ਖੁਲ੍ਹੇ ਹਰਨ ਫਰਨ, ਨਿਜ ਨੇਤਰ ਲੋਚਨ ਨੈਣ ਹੋਏ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਇਕੋ ਢੋਲਾ ਪੜ੍ਹਨ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਬਿਨ ਪੌੜੀ ਡੰਡੇ ਮੰਜ਼ਲ ਚੜ੍ਹਨ, ਬਿਨ ਪਾਂਧੀਆਂ ਪੰਧ ਮੁਕਾਈਆ । ਸਤਿਗੁਰ ਸ਼ਬਦ ਸ਼ਬਦੀ ਧਾਰ ਪੱਲੂ ਫੜਨ, ਸੁਰਤ ਅਕਾਲ ਮੂਰਤ ਵਿਚ ਸਮਾਈਆ । ਜਗਤ ਅਗਨੀ ਮੂਲ ਨਾ ਸੜਨ, ਤਤਵ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਫਲਗੁਣ ਕਹੇ ਜਨ ਭਗਤੋ ਪ੍ਰਭ ਚਾੜ੍ਹਨਹਾਰਾ ਰੰਗ, ਰੰਗਤ ਨਜ਼ਰ ਕਿਸੇ ਨਾ ਆਈਆ । ਸ਼ਾਹੋ ਭੂਪ ਸੂਰਾ ਸਰਬੰਗ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਇਕੋ ਨਾਮ ਨਿਧਾਨ ਵਜੇ ਮਰਦੰਗ, ਦੋ ਜਹਾਨ ਕਰੇ ਸ਼ਨਵਾਈਆ । ਆਤਮ ਸੇਜ ਸੁਹਾਏ ਪਲੰਘ, ਆਸਣ ਸਿੰਘਾਸਣ ਇਕ ਵਡਿਆਈਆ । ਸਚ ਦੁਆਰ ਏਕੰਕਾਰ ਆਏ ਲੰਘ, ਬਿਨ ਕ਼ਦਮਾਂ ਕ਼ਦਮ ਉਠਾਈਆ । ਪ੍ਰਕਾਸ਼ ਦੇਵੇ ਬਿਨਾ ਸੂਰੀਆ ਚੰਦ, ਜੋਤੀ ਜਾਤਾ ਡਗਮਗਾਈਆ । ਅੰਮ੍ਰਿਤ ਧਾਰ ਨਿਝਰ ਦੇਵੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਧਰਮ ਦੀ ਧਾਰ ਦੱਸ ਕੇ ਛੰਦ, ਸ਼ਾਹੋ ਭੂਪ ਵੇਖ ਵਖਾਈਆ । ਜਨ ਭਗਤਾਂ ਭਾਗ ਹੋਣ ਨਾ ਦੇਵੇ ਮੰਦ, ਮੰਦਭਾਗੀ ਲਏ ਤਰਾਈਆ । ਜਗਤ ਅੰਧੇਰਾ ਮੇਟ ਕੇ ਅੰਧ, ਅੰਧ ਆਤਮ ਕਰੇ ਰੁਸ਼ਨਾਈਆ । ਖ਼ੁਸ਼ੀ ਕਰਾਕੇ ਬੰਦ ਬੰਦ, ਬੰਦਗੀ ਆਪਣੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

ਸਚ ਦਾ ਮਾਲਕ ਇਕ ਗੁਸਾਈਆ । ਫਲਗੁਣ ਕਹੇ ਜਨ ਭਗਤੋ ਪਰਮ ਪੁਰਖ ਦਾ ਮਾਣੋ ਰਸ, ਬਿਨ ਰਸਨਾ ਰਸ ਚਖਾਈਆ । ਜੋ ਹਿਰਦੇ ਅੰਤਰ
ਜਾਵੇ ਵਸ, ਵਾਸਤਾ ਆਪਣੇ ਨਾਲ ਰਖਾਈਆ । ਮਾਰਗ ਅਗੰਮੜਾ ਦੇਵੇ ਦੱਸ, ਦਹਿ ਦਿਸ਼ਾ ਤੋਂ ਬਾਹਰ ਸਮਝਾਈਆ । ਪੰਧ ਮੁਕਾਉਣਾ ਨੱਸ ਨੱਸ,
ਭੱਜਣਾ ਵਾਹੋ ਦਾਹੀਆ । ਲੇਖਾ ਰਹੇ ਨਾ ਅੰਧੇਰੀ ਮਸ, ਚੰਦ ਚਾਂਦਨਾ ਕਰੇ ਰੁਸ਼ਨਾਈਆ । ਚੁਰਾਸੀ ਵਿਚ ਨਾ ਜਾਣਾ ਫਸ, ਫ਼ੈਸਲਾ ਹਕ ਹਕ
ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਫਲਗੁਣ
ਕਹੇ ਜਨ ਭਗਤੋ ਅੱਜ ਦੀ ਤਕ ਲਓ ਰਾਤੀ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਚਾਰ ਜੁਗ ਦੇ ਸ਼ਾਸਤਰਾਂ ਬਾਹਰ ਤਕ ਲਓ ਪਾਤੀ, ਪਤ੍ਰਕਾ
ਕੀ ਸਮਝਾਈਆ । ਕੀ ਲਹਿਣਾ ਦੇਣਾ ਪੁਰਖ ਅਕਾਲੇ ਲੋਕਮਾਤੀ, ਧਰਨੀ ਧਰਤ ਧਵਲ ਧੌਲ ਕੀ ਸਮਝਾਈਆ । ਕੀ ਲੇਖਾ ਜਾਣੇ ਸਭ ਦਾ ਕਮਲਾਪਾਤੀ,
ਪਤਿਪਰਮੇਸ਼ਵਰ ਆਪਣਾ ਭੇਵ ਖੁਲ੍ਹਾਈਆ । ਜਿਸ ਦਾ ਵੇਸ ਸਦਾ ਬਹੁ ਭਾਂਤੀ, ਜੁਗ ਚੌਕੜੀ ਵੰਡ ਵੰਡਾਈਆ । ਸੋ ਮਿਹਰਵਾਨ ਨੌਜੁਵਾਨ ਆਪਣਾ
ਪ੍ਰੇਮ ਦਾ ਜੋੜੇ ਨਾਤੀ, ਰਿਸ਼ਤਾ ਭਗਤਾਂ ਨਾਲ ਬਣਾਈਆ । ਝਗੜਾ ਰਹੇ ਨਾ ਕਾਗ਼ਜ਼ਾਤੀ, ਵਖਰੀ ਵੰਡ ਨਾ ਕੋਇ ਵੰਡਾਈਆ । ਆਤਮ ਧਾਰ
ਬਣਾ ਜਮਾਤੀ, ਪਰਮਾਤਮ ਹੋ ਕੇ ਵੇਖ ਵਖਾਈਆ । ਇਕੋ ਦੱਸ ਕੇ ਇਲਮ ਸਫ਼ਾਤੀ, ਸਤਿਗੁਰ ਹੋ ਕੇ ਵੇਖ ਵਖਾਈਆ । ਨਿਗਾਹ ਮਾਰੇ ਤਕੇ
ਆਪਣੀ ਝਾਤੀ, ਝਾਕੀ ਜਗਤ ਨਾ ਕੋਇ ਜਣਾਈਆ । ਵਾਰਸ ਹੋ ਕੇ ਪੁਛੇ ਵਾਤੀ, ਵੇਖਣਹਾਰਾ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ
੧੩੯੩ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਫਲਗੁਣ ਕਹੇ ਜਨ ਭਗਤੋ ਜਗਤ ਧਾਰੋਂ ਜਾਣਾ ਜਾਗ, ੧੩੯੩
੨੪ ਜਾਗਰਤ ਜੋਤ ਜੋਤ ਰੁਸ਼ਨਾਈਆ । ਪ੍ਰਭ ਬਖਸ਼ਣਹਾਰਾ ਇਕ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਕੂੜ ਕੁੜਿਆਰਾ ਕਰਾਏ ਤਿਆਗ, ਤ੍ਰੈਗੁਣ ੨੪
ਅਤੀਤਾ ਹੋਏ ਸਹਾਈਆ । ਤੁਹਾਡੇ ਕਰੇ ਵਡ ਵਡ ਭਾਗ, ਭਗਵਨ ਹੋ ਕੇ ਵੇਖ ਵਖਾਈਆ । ਦੁਰਮਤ ਮੈਲ ਧੋਵੇ ਦਾਗ਼, ਪਤਤ ਪੁਨੀਤ ਕਰਾਈਆ ।
ਘਰ ਦੀਪਕ ਜੋਤ ਜਗਾਏ ਚਰਾਗ਼, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਮੇਲ ਮਿਲਾਵਾ ਹੋਵੇ ਕੰਤ ਸੁਹਾਗ, ਠਾਕਰ ਸੁਆਮੀ ਆਪਣਾ ਰੰਗ ਰੰਗਾਈਆ ।
ਲਹਿਣਾ ਦੇਣਾ ਤਕ ਲਉ ਵਿਚ ਦੁਆਬ, ਦੋਹਰੀ ਧਾਰ ਧਾਰ ਜਣਾਈਆ । ਜਿਸ ਦੇ ਪਿਆਰ ਵਿਚ ਨਾਨਕ ਵਜਾਈ ਰਬਾਬ, ਸਿਤਾਰ ਜੁਗ ਜੁਗ
ਜਣਾਈਆ । ਉਹ ਲਹਿਣਾ ਦੇਣਾ ਤੁਹਾਡਾ ਪੂਰਾ ਕਰੇ ਵਿਚ ਪੰਜ ਆਬ, ਪੰਚਮ ਦਾ ਮਾਲਕ ਇਕ ਅਖਵਾਈਆ । ਜੋ ਆਸਾ ਨਿਰਗੁਣ ਸਰਗੁਣ
ਧਾਰ ਨਾਨਕ ਰਖੀ ਵਿਚ ਬਗ਼ਦਾਦ, ਬਗ਼ਲਗੀਰ ਭਗਤਾਂ ਲਏ ਬਣਾਈਆ । ਸੋ ਸੁਆਮੀ ਸਾਜਣ ਮੀਤ ਲੈਣਾ ਅਰਾਧ, ਜੋ ਹਿਰਦੇ ਵਸੇ ਚਾਂਈ
ਚਾਈਂਆ । ਜਿਸ ਦਾ ਲਹਿਣਾ ਦੇਣਾ ਅਵਤਾਰ ਪੈਗ਼ੰਬਰਾਂ ਗੁਰੂਆਂ ਬਾਦ, ਆਖ਼ਰ ਆਪਣਾ ਸੰਗ ਬਣਾਈਆ । ਸ਼ਬਦ ਸੁਣਾਏ ਅਨਾਦੀ ਅਨਾਦ,
ਧੁਨ ਆਤਮਕ ਰਾਗ ਦ੍ਰਿੜਾਈਆ । ਵੇਖਣਹਾਰਾ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਖੋਜ ਖੁਜਾਈਆ । ਜਿਸ ਦਾ ਭਗਤ ਸੁਹੇਲੇ ਸਮਾਜ, ਸਮਗ੍ਰੀ ਨਾਮ
ਵਾਲੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ ।
ਫਲਗੁਣ ਕਹੇ ਜਨ ਭਗਤੋ ਪ੍ਰਭ ਚਰਨ ਕਰੋ ਨਿਮਸਕਾਰ, ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਜੋ ਸਭ ਦਾ ਮਿਤਰ ਪਿਆਰ, ਪੀਆ ਪ੍ਰੀਤਮ
ਇਕ ਅਖਵਾਈਆ । ਜਿਸ ਦੇ ਹੁਕਮ ਵਿਚ ਪੈਗ਼ੰਬਰ ਗੁਰ ਅਵਤਾਰ, ਜੁਗ ਜੁਗ ਸੇਵ ਕਮਾਈਆ । ਜਿਸ ਦਾ ਨਾਮ ਕਲਮਾ ਜਗਤ ਦਏ ਅਧਾਰ,

ਉਦਰ ਦਾ ਲੇਖਾ ਦਏ ਮੁਕਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਸਭ ਦੇ ਕ਼ਰਜ਼ੇ ਦਏ ਉਤਾਰ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਗ਼ਰੀਬ ਨਿਮਾਣਿਆਂ ਪਾਵੇ ਸਾਰ, ਕੋੜ੍ਹਿਆਂ ਕਮਲਿਆਂ ਆਪਣੇ ਗਲੇ ਲਗਾਈਆ । ਆਤਮ ਪਰਮਾਤਮ ਦੇ ਅਧਾਰ, ਮੇਲਾ ਮੇਲੇ ਸਹਿਜ ਸੁਭਾਈਆ । ਸੋ ਸੁਆਮੀ ਠਾਕਰ ਤੁਹਾਡੀ ਪਾਵੇ ਸਾਰ, ਵੇਖਣਹਾਰਾ ਚਾਈਂ ਚਾਈਂਆ । ਜਿਸ ਦੀ ਖ਼ੁਸ਼ੀ ਵਿਚ ਈਸਾ ਢੋਲੇ ਗਾਏ ਦਿਵਸ ਸੁਹੰਜਣਾ ਐਤਵਾਰ, ਪਰਵਿਸ਼ਟਾ ਦਸਵਾਂ ਨਾਲ ਮਿਲਾਈਆ । ਫਲਗੁਣ ਕਹੇ ਜਨ ਭਗਤੋ ਭਗਵਨ ਦੀ ਤੁਹਾਡੇ ਨਾਲ ਬਹਾਰ, ਭਗਤ ਭਗਵਾਨ ਮਿਲਕੇ ਵਜੇ ਵਧਾਈਆ । ਮੈਂ ਉਸ ਦਾ ਹੋਵਾਂ ਸ਼ੁਕਰਗੁਜ਼ਾਰ, ਗੁਜ਼ਾਰਿਸ਼ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਸਾਰੇ ਕਰਨ ਇੰਤਜ਼ਾਰ, ਬਿਨ ਆਸਾ ਜਗਤ ਆਸਾ ਵਿਚੋਂ ਪਰਗਟਾਈਆ ।

✪ ੧੧ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਗੁਰਬਚਨ ਸਿੰਘ, ਡੁਮਣ ਸਿੰਘ, ਅਜੀਤ ਸਿੰਘ, ਅਵਤਾਰ ਸਿੰਘ ਪਿੰਡ ਅਹਿਮਦਪੁਰ ਜ਼ਿਲਾ ਕਪੂਰਥਲਾ ✪

ਧਰਨੀ ਕਹੇ ਪ੍ਰਭੂ ਤੇਰੇ ਚਰਨ ਦੀ ਛੋਹੀ ਤਲੀ, ਤਲਬ ਅਵਰ ਰਹੀ ਨਾ ਰਾਈਆ । ਧੰਨਭਾਗ ਮਹਿਬੂਬ ਤੂੰ ਆਇਉਂ ਮੇਰੀ ਗਲੀ, ਦੋ ਜਹਾਨ ਬ੍ਰਹਿਮੰਡ ਖੰਡ ਸਰਬ ਤਜਾਈਆ । ਮੈਂ ਆਪਾ ਆਪ ਤੇਰੇ ਉਤੋਂ ਕਰਾਂ ਬਲੀ, ਬਲ ਬਾਵਨ ਦੀ ਧਾਰ ਜੋ ਗਿਆ ਦ੍ਰਿੜਾਈਆ । ਓਹ ਲੇਖਾ ਪੂਰਾ ਕਰ ਲੈ ਜੋ ਇਸ਼ਾਰਾ ਦਿਤਾ ਮੁਹੰਮਦ ਨਾਲ ਐਲੀ, ਬਿਨ ਰਸਨਾ ਜੇਹਵਾ ਸਿਫ਼ਤ ਸਲਾਹੀਆ । ਮੈਂ ਬਿਨਾ ਸੀਸ ਤੋਂ ਆਪਣਾ ਸੀਸ ਧਰਾਂ ਤਲੀ, ਤਰਫ਼ਦਾਰੀ ਨਜ਼ਰ ਕੋਇ ਨਾ ਆਈਆ । ਮੇਰੇ ਸੁਆਮੀ ਠਾਕਰ ਤੇਰੇ ਪਿਆਰ ਵਿਚ ਹੋਵਾਂ ਝੱਲੀ, ਝਲਕ ਆਪਣੀ ਦੇਣੀ ਵਖਾਈਆ । ਮੈਂ ਆਦਿ ਜੁਗਾਦੀ ਜੁਗ ਚੌਕੜੀ ਇਕੱਲੀ, ਅਕਲ ਕਲਧਾਰੀ ਤੇਰੀ ਸੇਵ ਕਮਾਈਆ । ਨਿਤ ਨਵਿਤ ਤੇਰੇ ਪਿਆਰ ਵਿਚ ਰਲੀ, ਵਖਰੀ ਵੰਡ ਨਾ ਕੋਇ ਵੰਡਾਈਆ । ਅੰਤ ਕੰਤ ਭਗਵੰਤ ਮੈਨੂੰ ਮੂਲ ਨਾ ਛਲੀਂ, ਅਛਲ ਛਲਧਾਰੀ ਤੇਰੀ ਓਟ ਤਕਾਈਆ । ਮੈਂ ਬੇਖ਼ਬਰ ਤੂੰ ਖ਼ਬਰ ਆਪਣੀ ਅਗੰਮੀ ਘੱਲੀਂ, ਸੁਨੇਹੜਾ ਦੇਣਾ ਚਾਈਂ ਚਾਈਆ । ਮੈਂ ਖ਼ੁਸ਼ੀਆਂ ਵਿਚ ਸੁਣ ਸੁਣ ਪਾਵਾਂ ਜੱਲੀ, ਨੱਚਾਂ ਟੱਪਾਂ ਕੁੱਦਾਂ ਚਾਈਂ ਚਾਈਆ । ਤੇਰੇ ਪਿਆਰ ਦੀ ਮਹਿਕ ਮੇਰੀ ਧਾਰ ਹੋਵੇ ਕਲੀ, ਕਲਮੇ ਦੇ ਮਾਲਕ ਕਾਇਨਾਤ ਦੇਣੀ ਵਡਿਆਈਆ । ਮੇਰਾ ਅੰਤਸ਼ਕਰਨ ਨਾਮ ਨਿਸ਼ਾਨੇ ਨਾਲ ਸੱਲੀਂ, ਸਲਲ ਤੀਰ ਅਣਿਆਲਾ ਇਕ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਚ ਦੇਣੀ ਸਰਨਾਈਆ । ਧਰਨੀ ਕਹੇ ਪ੍ਰਭੂ ਤੇਰੀ ਤਲੀ ਮੇਰੇ ਸੀਨੇ ਗਈ ਛੋਹ, ਛੋਹਰ ਬਾਂਕੇ ਤੇਰੀ ਸਰਨਾਈਆ । ਮੇਰੇ ਨਵ ਸੱਤ ਆਈ ਲੋ, ਬਿਨ ਲੋਇਣਾ ਹੋਈ ਰੁਸ਼ਨਾਈਆ । ਮੈਂ ਨਾਮ ਸੰਦੇਸ਼ਾ ਸੁਣਿਆ ਤੇਰਾ ਸੋ, ਸੋ ਪੁਰਖ ਨਿਰੰਜਣ ਦਿਤੀ ਵਡਿਆਈਆ । ਹੰ ਬ੍ਰਹਮ ਤੇਰੀ ਧਾਰ ਗਈ ਹੋ, ਹੋਕਾ ਦੇ ਕੇ ਦਿਆਂ ਦ੍ਰਿੜਾਈਆ । ਦੀਨ ਦਿਆਲ ਦਇਆ ਨਿਧ ਠਾਕਰ ਮੇਰੇ ਅੰਤਰ ਅੰਮ੍ਰਿਤ ਰਸ ਚੋ, ਝਿਰਨਾ ਅਗੰਮ ਅਥਾਹ ਝਿਰਾਈਆ । ਮੇਰਾ ਲੇਖਾ ਰਹੇ ਇਕ ਨਾ ਦੋ, ਦੂਆ

੧੩੯੪ ੨੪

ਏਕਾ ਇਕੋ ਰੰਗ ਰੰਗਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਕਲਜੁਗ ਕੂੜੀ ਕਿਰਿਆ ਮੇਰੇ ਉਤੋਂ ਖੋਹ, ਖ਼ਾਲਸ ਆਪਣਾ ਰੰਗ ਰੰਗਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਅੰਦਰੋਂ ਦੁਰਮਤ ਮੈਲ ਧੋ, ਪਤਤਾਂ ਕਰ ਸਫ਼ਾਈਆ । ਮਾਇਆ ਮਮਤਾ ਨਾਲੋਂ ਦੀਨ ਦੁਨੀ ਕਰ ਨਿਰਮੋਹ, ਮੁਹੱਬਤ ਆਪਣੇ ਨਾਲ ਰਖਾਈਆ । ਸਚ ਵਸਤ ਦਾ ਢੋਆ ਦੇ ਦੇ ਢੋ, ਭੰਡਾਰ ਅਤੋਟ ਅਤੁਟ ਵਰਤਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਮੇਰੇ ਰਹੇ ਰੋ, ਰੋਮ ਰੋਮ ਦਏ ਦੁਹਾਈਆ । ਤੁਧ ਬਿਨ ਸਾਰ ਪਾਏ ਨਾ ਕੋ, ਕੂਕ ਕੂਕ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਤੇਰੀ ਧੂਲ ਮਸਤਕ ਗਈ ਲਗ, ਲਗ ਮਾਤਰ ਡੇਰਾ ਢਾਈਆ । ਤੇਰੀ ਜੋਤੀ ਕਮਲਾਪਾਤੀ ਗਈ ਜਗ, ਜਾਗਰਤ ਜੋਤ ਕੀਤੀ ਰੁਸ਼ਨਾਈਆ । ਮੈਨੂੰ ਲੇਖੇ ਲਾਉਣਾ ਮੈਂ ਕੋਝੀ ਕਮਲੀ ਅਲਪਗ, ਕੂੜ ਕੁਕਰਮ ਨਾਲ ਹਲਕਾਈਆ । ਤੂੰ ਸਾਹਿਬ ਮੇਰਾ ਸਰਬਗ, ਹਰਿ ਕਰਤਾ ਪੁਰਦਰਗਾਹੀਆ । ਮੇਰੇ ਅੰਤਸ਼ਕਰਨ ਬੁਝਾਉਣੀ ਅੱਗ, ਅਗਨੀ ਤਤ ਤਤ ਗਵਾਈਆ । ਦੀਨ ਦੁਨੀ ਹੰਸ ਬੁੱਧੀ ਹੋਈ ਕਗ, ਕਾਗੋਂ ਹੰਸ ਆਪ ਬਣਾਈਆ । ਨਾਮ ਨਿਧਾਨ ਸ੍ਰੀ ਭਗਵਾਨ ਪਿਆਉਣੀ ਮਧ, ਮਧੁਰ ਧੁਨ ਦੇਣੀ ਸੁਣਾਈਆ । ਸਚ ਦੁਆਰ ਏਕੰਕਾਰ ਆਪਣੇ ਲੈਣਾ ਸੱਦ, ਸਦਕੇ ਵਾਰੀ ਘੋਲ ਘੁਮਾਈਆ । ਪਰਮ ਪੁਰਖ ਪ੍ਰਭ ਮੈਨੂੰ ਕਲਜੁਗ ਪਾਪਾਂ ਲਿਆ ਦੱਬ, ਭਾਰ ਮੇਰੇ ਉਤੇ ਪਾਈਆ । ਮੋਹ ਵਿਕਾਰਾ ਗਿਆ ਵਧ, ਅਗੇ ਹੋ ਨਾ ਕੋਇ ਅਟਕਾਈਆ । ਆਤਮ ਪਰਮਾਤਮ ਤੇਰੀ ਧਾਰ ਸਮਝੇ ਕੋਇ ਨਾ ਯਦ, ਯਦੀ ਲੇਖਾ ਦੇਣਾ ਮੁਕਾਈਆ । ਪਰਵਰਦਿਗਾਰ ਸਾਂਝੇ ਯਾਰ ਮੈਂ ਤੈਨੂੰ ਰਹੀ ਸੱਦ, ਹੋਕਾ ਦੇਵਾਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਤੇਰੇ ਚਰਨ ਕਵਲ ਦੀ ਤਲੀ ਮੇਰੇ ਲੱਗੀ ਸੀਨੇ, ਸੋਹਣੀ ਦਿਤੀ ਵਡਿਆਈਆ । ਮੈਂ ਵੇਖਾਂ ਲੋਕ ਤੀਨੇ, ਤ੍ਰੈਗੁਣ ਪਰਦਾ ਦਿਤਾ ਉਠਾਈਆ । ਦੀਨ ਦੁਨੀ ਦੀ ਧਾਰ ਤਕ ਜਗਤ ਨੇਤਰ ਹੋਏ ਨਾਬੀਨੇ, ਲੋਚਨ ਅੱਖ ਨਾ ਕੋਇ ਖੁਲ੍ਹਾਈਆ । ਮਾਨਵ ਜ਼ਾਤੀ ਬਿਰਥਾ ਦਿਸਦੇ ਜੀਣੇ, ਜੀਵਣ ਜ਼ਿੰਦਗੀ ਤੇਰੇ ਭੇਟ ਨਾ ਕੋਇ ਕਰਾਈਆ । ਝਗੜਾ ਤਕ ਲੈ ਮਜ਼੍ਹਬ ਦੀਨੇ, ਸ਼ਰਅ ਸ਼ਰਅ ਰਹੀ ਟਕਰਾਈਆ । ਸਤਿ ਧਰਮ ਦੇ ਕਰਮ ਗਏ ਛੀਨੇ, ਕਲਜੁਗ ਕਿਰਿਆ ਕੂੜ ਕੂੜ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਦਰ ਇਕ ਖੁਲ੍ਹਾਈਆ । ਧਰਨੀ ਕਹੇ ਪ੍ਰਭੂ ਤੇਰੇ ਚਰਨ ਕਵਲ ਦੀ ਤਲੀ ਮੈਨੂੰ ਰਹੀ ਦੱਸ, ਦਹਿ ਦਿਸ਼ਾ ਰਹੀ ਜਣਾਈਆ । ਧਰਨੀ ਖ਼ੁਸ਼ੀਆਂ ਨਾਲ ਹਸ, ਢੋਲੇ ਗਾ ਧੁਰ ਦੇ ਮਾਹੀਆ । ਜਿਸ ਨੇ ਭਗਤਾਂ ਕੀਤਾ ਵਸ, ਵਾਸਤਾ ਆਪਣੇ ਨਾਲ ਰਖਾਈਆ । ਅੰਮ੍ਰਿਤ ਜਾਮ ਪੀਂਦੇ ਰਸ, ਰਸਤਾ ਦੀਨ ਦੁਨੀ ਤਜਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਗਾਉਂਦੇ ਜਸ, ਸੋਹੰ ਸ਼ਬਦ ਸਚ ਪੜ੍ਹਾਈਆ । ਪੰਧ ਮੁਕਾਂਦੇ ਨੱਸ ਨੱਸ, ਦਿਵਸ ਰੈਣ ਭੱਜਣ ਵਾਹੋ ਦਾਹੀਆ । ਜਿਨ੍ਹਾਂ ਦਾ ਦਰਸ਼ਨ ਪਾਉਂਦੇ ਰਵ ਸਸ, ਸੂਰੀਆ ਚੰਦ ਵੇਖਣ ਨੈਣ ਉਠਾਈਆ । ਉਨ੍ਹਾਂ ਅੰਤਰ ਮਿਟੀ ਰੈਣ ਅੰਧੇਰੀ ਮਸ, ਨੂਰੀ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਇਕ ਸੁਹਾਈਆ । ਧਰਨੀ ਕਹੇ ਪ੍ਰਭੂ ਤੇਰੇ ਚਰਨ ਦੀ ਤਲੀ ਮੇਰੇ ਛੋਹੀ ਮੁਖ, ਮੁਖੜਾ ਦਿਤਾ ਬਦਲਾਈਆ । ਮੇਰਾ ਜਨਮ ਜਨਮ ਦਾ ਮਿਟਿਆ ਦੁਖ, ਦੁਖੜਾ ਜਗਤ ਰਿਹਾ ਨਾ ਰਾਈਆ । ਮੇਰੀ ਤ੍ਰਿਸ਼ਨਾ ਗਈ ਭੁਖ, ਤ੍ਰਿਪਤ ਦਿਤਾ ਕਰਾਈਆ ।

ਮੇਰੀ ਸੁਫਲ ਹੋਈ ਭਗਤਾਂ ਜਨਣੀ ਵਾਲੀ ਕੁੱਖ, ਬਿਨ ਤਨ ਵਜੂਦ ਤੇਰੇ ਅਗੇ ਸੀਸ ਨਿਵਾਈਆ । ਧੰਨ ਭਾਗ ਸਚਖੰਡ ਨਿਵਾਸੀ ਤੂੰ ਮੇਰੇ ਵਲ ਕੀਤਾ ਰੁਖ਼, ਕਰਵਟ ਆਪਣੀ ਆਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਦੇਣਾ ਕਦੇ ਨਾ ਜਾਵੇ ਰੁਕ, ਰੋਕ ਵਿਚ ਜਗਤ ਜੁਗਤ ਜੋਗ ਨਾ ਕੋਇ ਜਣਾਈਆ ।

✪ ੧੧ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਲਾਲ ਸਿੰਘ, ਅਜੀਤ ਕੌਰ, ਹਰਦਿਆਲ ਸਿੰਘ, ਨਗੀਨਾ ਸਿੰਘ ਜਲੰਧਰ ਸ਼ਹਿਰ, ਮਲ ਸਿੰਘ, ਪਾਲ ਸਿੰਘ ਲੱਲੀਆਂ, ਸਵਰਨ ਸਿੰਘ ਬਾਮ੍ਹਨੀਆ ਨਵਿਤ ਪਿੰਡ ਹੇਰਾਂ ਜ਼ਿਲਾ ਜਲੰਧਰ ✪

ਧੰਨ ਭਾਗ ਭਗਤ ਗ੍ਰਿਹ ਆਏ ਸਪਤਸ ਰਿਖੀ, ਯਾਰਾਂ ਪਰਵਿਸ਼ਟਾ ਫਲਗੁਣ ਖ਼ੁਸ਼ੀ ਮਨਾਈਆ । ਜੇਹੜੇ ਵਖਾਵਣ ਆਏ ਬਿਨ ਹਰਫ਼ਾਂ ਚਿੱਠੀ ਲਿਖੀ, ਜਗਤ ਵਿਦਿਆ ਲੇਖ ਨਾ ਕੋਇ ਬਣਾਈਆ । ਜਿਸ ਵਿਚ ਲਹਿਣਾ ਦੇਣਾ ਕਲਜੁਗ ਅੰਤਮ ਧਰਮ ਧਾਰ ਦੀ ਤਕਣੀ ਸਿੱਖੀ, ਸ਼ਰਅ ਤੋਂ ਬਾਹਰ ਫੋਲ ਫੁਲਾਈਆ । ਜਿਸ ਦੀ ਸਭ ਤੋਂ ਵਖਰੀ ਹੋਣੀ ਥਿਤੀ, ਦਿਵਸ ਰੈਣ ਵੰਡ ਨਾ ਕੋਇ ਵੰਡਾਈਆ । ਸਚ ਪ੍ਰੇਮ ਦੀ ਹੋਈ ਮਿਤੀ, ਮਿਤਰ ਪਿਆਰਾ ਹੋ ਕੇ ਵੇਖ ਵਖਾਈਆ । ਜਿਸ ਦਾ ਖੇਲ ਸਦਾ ਨਿਤੀ, ਨਵਿਤ ਆਪਣੀ ਕਾਰ ਭੁਗਤਾਈਆ । ਕਿਸ ਬਿਧ ਪ੍ਰਭੂ ਬਣੇ ਭਗਤਾਂ ਦਾ ਹਿਤੀ, ਹਿਤਕਾਰੀ ਹੋ ਕੇ ਵੇਖ ਵਖਾਈਆ । ਚਿਠੀ ਕਹੇ ਮੇਰੀ ਸਭ ਤੋਂ ਵਖਰੀ ਲਿਪੀ, ਜਗਤ ਅੱਖਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਬੇਪਰਵਾਹੀਆ । ਸਪਤਸ ਰਿਖ ਕਹਿਣ ਅਸੀਂ ਦੂਰ ਦੁਰਾਡੇ ਆਏ ਦੌੜੇ, ਬਿਨ ਕ਼ਦਮਾਂ ਕ਼ਦਮ ਉਠਾਈਆ । ਸਚ ਦੁਆਰ ਆ ਕੇ ਬਹੁੜੇ, ਪੂਰਬ ਪਿਛਲਾ ਪੰਧ ਮੁਕਾਈਆ । ਸਾਡੇ ਮਾਰਗ ਰਹੇ ਨਾ ਸੌੜੇ, ਭੀੜੀ ਗਲੀ ਨਾ ਕੋਇ ਜਣਾਈਆ । ਅਸਾਂ ਨੂਰ ਤਕਿਆ ਬ੍ਰਾਹਮਣ ਗੌੜੇ, ਵੇਦ ਵਿਆਸਾ ਦਏ ਗਵਾਹੀਆ । ਜਿਸ ਦੀ ਮੰਜ਼ਲ ਸਭ ਨੇ ਚੜ੍ਹਨਾ ਪੌੜੇ, ਪੌੜੀ ਡੰਡਾ ਅਵਰ ਨਾ ਕੋਇ ਰਖਾਈਆ । ਜੋ ਅੰਤਰ ਨਿਰੰਤਰ ਭਗਤਾਂ ਅੰਦਰ ਬਹੁੜੇ, ਨਿਰਗੁਣ ਹੋ ਕੇ ਵੇਖ ਵਖਾਈਆ । ਫਲ ਤਕੇ ਮਿਠੇ ਕੌੜੇ, ਲੱਖ ਚੁਰਾਸੀ ਫੋਲ ਫੁਲਾਈਆ । ਸ਼ਾਹ ਅਸਵਾਰ ਬਣੇ ਅਗੰਮੇ ਘੋੜੇ, ਰਾਸਾਂ ਆਪਣੇ ਹੱਥ ਉਠਾਈਆ । ਮੇਲ ਮਿਲਾਏ ਭਗਤ ਭਗਵਾਨ ਜੋੜੇ ਜੋੜੇ, ਜੋੜੀ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਪਤਸ ਰਿਖ ਕਹਿਣ ਸਾਡਾ ਨਹੀਂ ਤਨ ਵਜੂਦ, ਸ਼ਰੀਰ ਨਜ਼ਰ ਕੋਇ ਨਾ ਆਈਆ । ਸਾਡੀ ਮੰਜ਼ਲ ਜਗਤ ਨਹੀਂ ਹਦੂਦ, ਵੰਡਣ ਵੰਡ ਨਾ ਕੋਇ ਰਖਾਈਆ । ਅਸੀਂ ਪਰਮ ਪੁਰਖ ਪਰਮਾਤਮ ਜਿਥੇ ਤਕਿਆ ਮੌਜੂਦ, ਮਜਲਸ ਭਗਤਾਂ ਨਾਲ ਲਗਾਈਆ । ਓਹ ਆਲੀਸ਼ਾਨ ਤਕ ਅਰੂਜ, ਅਰਸ਼ ਫ਼ਰਸ਼ ਦਾ ਮਾਲਕ ਵੇਖਿਆ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਫਲਗੁਣ ਕਹੇ ਸਪਤਸ ਰਿਖੀ ਕੀ ਇਸ਼ਾਰਾ ਦੇਵੇ ਅਤਰੀ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਕਲਜੁਗ ਧਾਰ ਵੇਖੋ ਭਗਤ ਬਹੱਤਰੀ, ਜੈਦਿਉ ਨਾਮਾ ਦਏ ਗਵਾਹੀਆ । ਜਿਸ ਦਾ ਲੇਖਾ ਨਹੀਂ ਨਾਲ ਬ੍ਰਾਹਮਣ ਸ਼ੱਤਰੀ, ਸ਼ੂਦਰ ਵੈਸ਼ ਵੰਡ ਨਾ

ਕੋਇ ਵੰਡਾਈਆ । ਉਹਦਾ ਨਾਮ ਨਿਧਾਨਾ ਇਕੋ ਮੰਤਰੀ, ਮਾਤਰ ਭੂਮੀ ਦਏ ਜਣਾਈਆ । ਜਿਸ ਖੇਲ ਤਕਣੀ ਦੀਨ ਦੁਨੀ ਦੀ ਅੰਤਰੀ, ਅੰਤਸ਼ਕਰਨ
ਤਕੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਇਕ ਸੁਹਾਈਆ ।
ਸਪਤਸ ਰਿਖੀ ਕਹਿਣ ਸਾਨੂੰ ਸੋਹਣਾ ਲੱਗਾ ਗ੍ਰਿਹਿ, ਘਰ ਘਰ ਵਿਚ ਵਜੀ ਵਧਾਈਆ । ਜਿਥੇ ਭਗਤ ਸੁਹੇਲਾ ਗੁਰਮੁਖ ਰਹੇ, ਤਨ ਵਜੂਦ ਰੰਗ
ਰੰਗਾਈਆ । ਪੁਰਖ ਅਕਾਲਾ ਦੀਨ ਦਿਆਲਾ ਆ ਕੇ ਬਹੇ, ਸਚ ਸਿੰਘਾਸਣ ਸੋਭਾ ਪਾਈਆ । ਦੋਹਾਂ ਦੇ ਪਿਆਰ ਦੀ ਵਗਦੀ ਨੈਂ, ਜਗਤ ਵਹਿਣਾਂ
ਬਾਹਰ ਵਖਾਈਆ । ਜੋ ਆਦਿ ਜੁਗਾਦੀ ਇਕੋ ਹੈ, ਅੰਤ ਅੰਤ ਆਪ ਹੋ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਝਟ ਨਾਰਦ ਆ ਕੇ ਕਹੇ ਸੁਣੋ ਰਿਖੀ ਸੱਤ, ਸੱਤਾਂ ਦੀਪਾਂ ਧਿਆਨ ਲਗਾਈਆ ।
ਦੀਨ ਦੁਨੀ ਦੀ ਤਕੋ ਬ੍ਰਹਮ ਮਤ, ਪਾਰਬ੍ਰਹਮ ਕੀ ਭੇਵ ਖੁਲ੍ਹਾਈਆ । ਸਚ ਸਤਿ ਸੰਤੋਖ ਧੀਰਜ ਜਾਣੋ ਯਤ, ਕਾਇਆ ਅੰਤਰ ਨਿਰੰਤਰ ਫੋਲ ਫੁਲਾਈਆ ।
ਘਟ ਘਟ ਮੇਲਾ ਵੇਖੇ ਪਰਮੇਸ਼ਵਰ ਪਤ, ਪਾਰਬ੍ਰਹਮ ਪ੍ਰਭ ਮਿਲ ਕੇ ਕਿਸ ਦਰ ਖ਼ੁਸ਼ੀ ਬਣਾਈਆ । ਲੱਖ ਚੁਰਾਸੀ ਉਬਲਦੀ ਵੇਖੇ ਰਤ, ਤਨ ਵਜੂਦਾਂ
ਖੋਜ ਖੁਜਾਈਆ । ਕੂੜ ਕੁੜਿਆਰਾ ਕਲਜੁਗ ਦਾ ਚਲਦਾ ਵੇਖੋ ਰਥ, ਕਿਸ ਬਿਧ ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਕੀ ਹੁਕਮ ਸੰਦੇਸ਼ਾ ਦੇਵੇ
ਪੁਰਖ ਸਮਰਥ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੇ ਗੋਬਿੰਦ ਸਥਰ ਗਿਆ ਲਥ, ਯਾਰੜਾ ਕਹਿ ਕੇ ਸੇਜ ਹੰਢਾਈਆ । ਉਹ ਲਹਿਣਾ
੧੩੯੭ ਦੇਣਾ ਦੇਵਣਹਾਰਾ ਹੱਥੇ ਹੱਥ, ਅੰਤ ਲੇਖਾ ਕੀ ਜਣਾਈਆ । ਕਿਸ ਬਿਧ ਸ੍ਰਿਸ਼ਟੀ ਦੇਵੇ ਮਥ, ਮਥਨ ਕਰੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ੧੩੯੭
੨੪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਪਤਸ ਰਿਖ ਕਹਿਣ ਨਾਰਦ ਅਸੀਂ ਦੱਸਣਾ ਕੀ, ੨੪
ਕਹਿਣ ਕਿਛ ਨਾ ਪਾਈਆ । ਜੋ ਮਾਲਕ ਖ਼ਾਲਕ ਜਗਤ ਜੀਅ, ਆਦਿ ਜੁਗਾਦੀ ਧੁਰਦਰਗਾਹੀਆ । ਉਸ ਲੇਖਾ ਪੂਰਾ ਕਰਨਾ ਰਵਦਾਸ ਚਮਾਰੇ
ਸਾਢੇ ਤਿੰਨ ਹੱਥ ਸੀਂ, ਬਹੁਤੀ ਵੰਡ ਨਾ ਕੋਇ ਵੰਡਾਈਆ । ਲਹਿਣਾ ਦੇਣਾ ਵੇਖਣਾ ਗੁਰਦਾਸ ਵੀਹ ਇਕੀਹ, ਏਕੰਕਾਰਾ ਹੋ ਕੇ ਖੋਜ ਖੁਜਾਈਆ ।
ਜਿਸ ਕਲਜੁਗ ਅੰਤਰ ਧਰਮ ਦਾ ਬੀਜਣਾ ਬੀ, ਕਿਰਿਆ ਕੂੜ ਜਗਤ ਅੱਖ ਖੁਲ੍ਹਾਈਆ । ਅੰਮ੍ਰਿਤ ਨਾਮ ਅਗੰਮਾ ਬਰਸਣਾ ਮੀਂਹ, ਅਗਨੀ ਤਤ
ਤਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਪਤਸ
ਰਿਖ ਕਹਿਣ ਨਾਰਦ ਪਰਮ ਪੁਰਖ ਹੋਇਆ ਦਿਆਲ, ਦਇਆਨਿਧ ਦਇਆ ਕਮਾਈਆ । ਭਗਤਾਂ ਗ੍ਰਿਹਿ ਵੇਖੇ ਧਰਮਸਾਲ, ਧਰਮ ਦੁਆਰਾ ਇਕ
ਜਣਾਈਆ । ਹਰਿਜਨ ਵੇਖ ਆਪਣਾ ਲਾਲ, ਲਾਲਨ ਲਾਲ ਰੰਗ ਰੰਗਾਈਆ । ਪੂਰਬ ਜਨਮ ਦੀ ਲੇਖੇ ਪਾਵੇ ਘਾਲ, ਘਾਇਲ ਆਪਣੇ ਚਰਨ
ਟਿਕਾਈਆ । ਨੂਰੀ ਜਲਵਾ ਦੇ ਜਲਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਕਲਜੁਗ ਖੇਲ ਕੀਤਾ ਕਮਾਲ, ਕਮਲਾਪਾਤੀ ਵੇਸ ਵਟਾਈਆ ।
ਜਨ ਭਗਤਾਂ ਫਲ ਲਗਾਏ ਡਾਲ, ਪੱਤ ਟਹਿਣੀ ਆਪ ਮਹਿਕਾਈਆ । ਆ ਕੇ ਵੇਖੇ ਮੁਰੀਦਾਂ ਹਾਲ, ਮੁਰਸ਼ਦ ਮਾਲਕ ਧੁਰਦਰਗਾਹੀਆ । ਤ੍ਰੈਗੁਣ
ਮਾਇਆ ਤੋੜ ਜੰਜਾਲ, ਜਾਗਰਤ ਜੋਤ ਜੋਤ ਕਰੇ ਰੁਸ਼ਨਾਈਆ । ਲੇਖਾ ਰਹੇ ਨਾ ਕਾਲ ਮਹਾਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਸਚ
ਪ੍ਰੀਤੀ ਚਰਨ ਕਵਲ ਲਏ ਭਾਲ, ਦਰ ਇਕੋ ਇਕ ਵਖਾਈਆ । ਆਤਮ ਪਰਮਾਤਮ ਸਦ ਰਖੇ ਆਪਣੇ ਨਾਲ, ਨਾਤਾ ਜਗਤ ਜੁਗਤ ਤੁੜਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਸਪਤਸ ਰਿਖੀ ਵੇਖੇ ਹਰਿਜਨ ਮੀਤ, ਮਿਤਰੋ ਧਿਆਨ ਲਗਾਈਆ । ਜਿਸ ਦੇ ਅੰਤਰ ਇਕ ਪ੍ਰੀਤ, ਪ੍ਰੀਤਮ ਮਿਲਕੇ ਖ਼ੁਸ਼ੀ ਬਣਾਈਆ । ਤ੍ਰੈਗੁਣ ਨਾਲੋਂ ਹੋ ਅਤੀਤ, ਤ੍ਰੈਗੁਣ ਅਤੀਤੇ ਨਾਲ ਮਿਲਕੇ ਵਜੇ ਵਧਾਈਆ । ਮਾਨਸ ਜਨਮ ਜਨਮ ਜਗ ਜੀਤ, ਜਗ ਜੀਵਣ ਦਾਤੇ ਵਿਚ ਸਮਾਈਆ । ਤੂੰ ਮੇਰਾ ਮੈਂ ਤੇਰਾ ਗਾ ਕੇ ਗੀਤ, ਗੋਬਿੰਦ ਮੇਲਾ ਮੇਲਿਆ ਸਹਿਜ ਸੁਭਾਈਆ । ਕਲਜੁਗ ਵਿਚੋਂ ਸਤਿਜੁਗ ਚਲਾ ਕੇ ਅਗੰਮੀ ਰੀਤ, ਰੀਤੀਵਾਨ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਪਤਸ ਰਿਖ ਕਹਿਣ ਸੁਣ ਨਾਰਦ ਮੁਨੀ, ਮੁਨੀਸ਼ਰਾ ਦਈਏ ਜਣਾਈਆ । ਹਰਿ ਭਗਤ ਸੁਹੇਲਾ ਵਡ ਗੁਣ ਗੁਣੀ, ਗਹਿਰ ਗੰਭੀਰ ਰੰਗ ਸਮਾਈਆ । ਜਿਸ ਦੇ ਅੰਦਰ ਪ੍ਰੇਮ ਦੀ ਧੁਨੀ, ਧੁਨ ਆਤਮਕ ਰਾਗ ਦ੍ਰਿੜਾਈਆ । ਉਸ ਦੀ ਪੁਕਾਰ ਪੁਰਖ ਅਕਾਲ ਆਪੇ ਸੁਣੀ, ਅਣਸੁਣਤ ਦਿਤੀ ਦ੍ਰਿੜਾਈਆ । ਉਹ ਲਹਿਣਾ ਦੇਣਾ ਚੁਕਾਵਣਵਾਲਾ ਹੁਣੀ, ਬਹੁਤੀ ਵੰਡ ਨਾ ਕੋਇ ਵੰਡਾਈਆ । ਜਿਸ ਨੂੰ ਕਹਿੰਦੇ ਮਾਲਕ ਕੁੰਨੀ, ਕੁੱਲ ਮਾਲਕ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਸਪਤਸ ਰਿਖੀ ਆਓ ਇਕੱਠੇ ਮਾਰੀਏ ਝਾਕੀ, ਬਿਨ ਨੈਣਾਂ ਨੈਣ ਉਠਾਈਆ । ਪ੍ਰਭ ਦੁਆਰ ਦੀ ਖੁਲ੍ਹੀ ਵੇਖੀਏ ਤਾਕੀ, ਕਿਸ ਬਿਧ ਪਰਦਾ ਆਪ ਚੁਕਾਈਆ । ਕਵਣ
੧੩੯੮ ੨੪ ਧਾਰ ਜਨ ਭਗਤਾਂ ਲਹਿਣਾ ਦੇਵੇ ਬਾਕੀ, ਬਾਕ਼ਾਇਦਾ ਲੇਖਾ ਚੁਕਾਈਆ । ਲੇਖੇ ਲਾਵੇ ਤਨ ਖ਼ਾਕੀ, ਮਾਟੀ ਤਤ ਸੰਗ ਨਿਭਾਈਆ । ਪੂਰਾ ਕਰੇ ੧੩੯੮ ੨੪
ਭਵਿਖਤ ਵਾਕੀ, ਵਾਕਫ਼ਕਾਰ ਆਪ ਹੋ ਆਈਆ । ਨਾਮ ਨਿਧਾਨ ਦਾ ਬਣ ਕੇ ਸਾਕੀ, ਜਾਮ ਪਿਆਲਾ ਅਗੰਮ ਪਿਆਈਆ । ਮਿਹਰਵਾਨ ਹੋ ਕੇ ਪੁਛੇ ਵਾਤੀ, ਵਾਰਸ ਹੋ ਕੇ ਵੇਖ ਵਖਾਈਆ । ਜੋ ਭਗਤਾਂ ਲੇਖੇ ਲਾਵੇ ਗਿਆਰਾਂ ਫੱਗਣ ਦੀ ਰਾਤੀ, ਰੁਤੜੀ ਆਪਣੇ ਨਾਲ ਮਹਿਕਾਈਆ । ਇਹ ਕਥਾ ਕਹਾਣੀ ਸਾਚੀ, ਸਤਿ ਸਚ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਵਸਤ ਦੇਵੇ ਜੋ ਅੰਦਰੇ ਅੰਦਰ ਗਵਾਚੀ, ਗੁਮ ਰਹਿਣ ਕੋਇ ਨਾ ਪਾਈਆ ।

### ✪ ੧੨ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਗੁਰਚਰਨ ਕੌਰ ਦੇ ਨਵਿਤ ਪਿੰਡ ਹੇਰ ਜ਼ਿਲਾ ਜਲੰਧਰ ✪

ਸਪਤਸ ਰਿਖੀਆਂ ਵਿਚੋਂ ਬੋਲੇ ਭਾਰਦਵਾਜ, ਬਿਨ ਰਸਨਾ ਜੇਹਵਾ ਖ਼ੁਸ਼ੀਆਂ ਢੋਲਾ ਗਾਈਆ । ਮੇਰਾ ਵਕ਼ਤ ਸੁਹੰਜਣਾ ਆਇਆ ਆਜ, ਆਜਜ਼ ਹੋ ਕੇ ਸੀਸ ਨਿਵਾਈਆ । ਸ੍ਰੀ ਭਗਵਾਨ ਭਗਤਾਂ ਸਵਾਰੇ ਕਾਜ, ਜੁਗ ਜੁਗ ਦਏ ਵਡਿਆਈਆ । ਝਗੜਾ ਮੇਟ ਦੀਨ ਦੁਨੀ ਸਮਾਜ, ਸਮਿਗਰੀ ਸਤਿ ਸਚ ਵਰਤਾਈਆ । ਨਾਮ ਨਿਧਾਨੇ ਚੜ੍ਹਾ ਜਹਾਜ਼, ਲੇਖਾ ਦੋ ਜਹਾਨ ਬਣਾਈਆ । ਜਿਸ ਦੀ ਯਾਦ ਵਿਚ ਅਵਤਾਰ ਰਹੇ ਅਰਾਧ, ਸੇਵਕ ਹੋ ਕੇ ਸੇਵ ਕਮਾਈਆ । ਓਹ ਪੁਰਖ ਪੁਰਖੋਤਮ ਮੋਹਣ ਮਾਧਵ ਮਾਧ, ਮੋਹਣੀ ਮੋਹਣ ਇਕ ਅਖਵਾਈਆ । ਜਿਸ ਦੇ ਹੁਕਮ ਵਿਚ ਹਰਿ ਭਗਤ

ਸੁਹੇਲੇ ਹੋਏ ਆਬਾਦ, ਧਰਨੀ ਧਰਤ ਧਵਲ ਧੌਲ ਡੇਰਾ ਲਾਈਆ । ਦਿਵਸ ਰੈਣ ਕਰਨ ਯਾਦ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਸੋ ਸੁਆਮੀ ਸੁਣਨਹਾਰਾ ਫ਼ਰਿਆਦ, ਵੇਖਣਹਾਰਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਭਾਰਦਵਾਜ ਕਹੇ ਮੇਰਾ ਦਿਵਸ ਦਿਹਾੜਾ ਚੰਗਾ, ਪੁਰਖ ਅਕਾਲ ਦੀਨ ਦਿਆਲ ਦਏ ਵਡਿਆਈਆ । ਮੇਰਾ ਪੂਰਬ ਲੇਖਾ ਪਿਛੇ ਲੰਘਾ, ਅਗੇ ਭਗਤਾਂ ਨਾਲ ਮਿਲ ਕੇ ਵਜੇ ਵਧਾਈਆ । ਜਿਨ੍ਹਾਂ ਦੀ ਚਰਨ ਛੋਹ ਵਿਚ ਫਿਰੇ ਗੰਗਾ, ਗੰਗੋਤਰੀ ਭੱਜੇ ਵਾਹੋ ਦਾਹੀਆ । ਜਿਥੇ ਇਕੋ ਸ਼ਬਦ ਨਾਮ ਮਰਦੰਗਾ, ਧੁਨ ਆਤਮਕ ਰਾਗ ਦ੍ਰਿੜਾਈਆ । ਲੇਖਾ ਜਾਣੇ ਸੂਰਾ ਸਰਬਗਾ, ਹਰਿ ਕਰਤਾ ਧੁਰਦਰਗਾਹੀਆ । ਮੈਂ ਉਸ ਦੇ ਕੋਲੋਂ ਵਸਤ ਅਗੰਮੀ ਮੰਗਾਂ, ਮਾਂਗਤ ਹੋ ਕੇ ਝੋਲੀ ਡਾਹੀਆ । ਪੁਰਖ ਅਕਾਲੇ ਦੀਨ ਦਿਆਲੇ ਤੇਰਾ ਭਗਤ ਸੀਸ ਰਹੇ ਓਢਣ ਨਾ ਨੰਗਾ, ਓਢਣ ਨਾਮ ਨਿਧਾਨਾ ਦੇਣਾ ਪਾਈਆ । ਨੇਤਰ ਨੈਣ ਰਹੇ ਨਾ ਅੰਧਾ, ਨਿਜ ਨੇਤਰ ਦੇਣਾ ਖੁਲ੍ਹਾਈਆ । ਤੂੰ ਮੇਰਾ ਮੈਂ ਤੇਰਾ ਗਾਏ ਛੰਦਾ, ਸੋਹੰ ਵਜਦੀ ਰਹੇ ਵਧਾਈਆ । ਅੰਤਸ਼ਕਰਨ ਨਾ ਰਹੇ ਗੰਦਾ, ਪਤਿਤ ਪੁਨੀਤ ਦੇਣਾ ਬਣਾਈਆ । ਤੇਰਾ ਖੇਲ ਵੇਖਾਂ ਅਚੰਭਾ, ਅਚਰਜ ਲੀਲਾ ਦੇਣੀ ਦ੍ਰਿੜਾਈਆ । ਸੇਵਾਦਾਰ ਵੇਖਾਂ ਪਰੀ ਅਰੰਬਾ, ਚੌਦਾਂ ਰਤਨਾਂ ਖੋਜ ਖੁਜਾਈਆ । ਮੇਰਾ ਕੌਲ ਇਕਰਾਰ ਤੇਰੇ ਸੰਧਾ, ਸਰਘੀ ਸੰਧਿਆ ਬਾਹਰ ਵੇਖ ਵਖਾਈਆ । ਜਨ ਭਗਤਾਂ ਭਾਰ ਉਠਾ ਲੈ ਆਪਣੇ ਕੰਧਾ, ਕੰਢੀਂ ਬੈਠੇ ਪਾਰ ਲੰਘਾਈਆ । ਲੇਖਾ ਪੂਰਾ ਕਰ ਦੇ ਗੋਬਿੰਦ ਵਾਲੇ ਖੰਡਾ, ਖੜਗਾਂ ਭੇਵ ਰਹੇ ਨਾ ਰਾਈਆ । ਬੋਧ ਅਗਾਧੀ ਬਣ ਕੇ ਪੰਡਾ, ਆਤਮ ਪਰਮਾਤਮ ਪ੍ਰਭ ਵਿਦਿਆ ਦੇਣੀ ਸਮਝਾਈਆ । ਜਨ ਭਗਤਾਂ ਅੰਤਰ ਰਹੇ ਨਾ ਭੇਖ ਪਾਖੰਡਾ, ਕਿਰਿਆ ਕੂੜ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਮੰਜ਼ਲ ਚੜ੍ਹਾ ਦੇ ਆਪਣੇ ਪੌੜੀ ਡੰਡਾ, ਡੰਡਾਵਤ ਆਪਣੇ ਚਰਨ ਰਖਾਈਆ ।

## ✪ ੧੨ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਪਰਕਾਸ਼ ਕੌਰ ਦੇ ਗ੍ਰਿਹ ਪਿੰਡ ਸੁਨੜਾ ਜ਼ਿਲਾ ਜਲੰਧਰ ✪

ਖ਼ੁਸ਼ੀਆਂ ਨਾਲ ਬੋਲੇ ਸਪਤਸ ਰਿਖੀਆਂ ਵਿਚੋਂ ਅਤਰੀ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਕੀ ਲਹਿਣਾ ਦੇਣਾ ਸ਼ੂਦਰ ਵੈਸ਼ ਬ੍ਰਾਹਮਣ ਖੱਤਰੀ, ਜ਼ਾਤਾਂ ਪਾਤਾਂ ਭੇਵ ਚੁਕਾਈਆ । ਕੀ ਨਾਰਦ ਨਿਰਗੁਣ ਧਾਰ ਖੋਲ੍ਹ ਕੇ ਦੱਸੇ ਪਤ੍ਰੀ, ਬਿਨ ਅੱਖਰਾਂ ਅੱਖਰ ਸਮਝਾਈਆ । ਸਚ ਪਿਆਰ ਵਿਚੋਂ ਦੀਨ ਦੁਨੀ ਹੋਈ ਨਿਖਤਰੀ, ਖ਼ਤਰੇ ਵਿਚ ਖ਼ਲਕ ਖ਼ੁਦਾਈਆ । ਕਲਜੁਗ ਆਯੂ ਹੋਈ ਬਹੱਤਰੀ ਸੱਤਰੀ, ਅਗੇ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਅਤਰੀ ਕਹੇ ਪ੍ਰਭੂ ਮੈਂ ਵੇਖਾਂ ਉੱਤਰ ਪੂਰਬ ਪੱਛਮ ਦੱਖਣ, ਚਾਰੋਂ ਕੁੰਟ ਧਿਆਨ ਲਗਾਈਆ । ਦੀਨ ਦੁਨੀ ਦਾ ਹਿਰਦਾ ਹੋਇਆ ਸੱਖਣ, ਹਿਰਦੇ ਨਾਮ ਨਾ ਕੋਇ ਵਸਾਈਆ । ਮੈਂ ਨਿਗਾਹ ਮਾਰੀ ਪੁਸ਼ਕਰ ਕਰੌਚ ਦੀਪ ਲੱਖਣ, ਜੰਬੂ ਆਪਣਾ ਧਿਆਨ ਲਗਾਈਆ । ਤੁਧ ਬਿਨ ਲਜਿਆ ਕੋਈ ਨਾ ਆਵੇ ਰਖਣ, ਸਿਰ ਸਿਰ ਹੱਥ ਨਾ ਕੋਇ ਟਿਕਾਈਆ । ਅਵਤਾਰ ਪੈਗ਼ੰਬਰ ਗੁਰ ਤੇਰਾ ਇਸ਼ਾਰਾ ਦੱਸਣ, ਬਿਨ ਸੈਨਤ ਜਗਤ ਲਗਾਈਆ । ਪੁਰਖ ਅਕਾਲਾ ਇਕੋ ਆਵੇ

ਜਗਤ ਸਮਰਥਣ, ਸਮਰਥ ਅਕਥ ਆਪਣਾ ਹੁਕਮ ਵਰਤਾਈਆ । ਕਲਜੁਗ ਕੂੜੀ ਕਿਰਿਆ ਕਰੇ ਮਥਣ, ਮਿਥਿਆ ਵੇਖੇ ਖ਼ਲਕ ਖ਼ੁਦਾਈਆ । ਜਨ ਭਗਤਾਂ ਲਹਿਣਾ ਦੇਣਾ ਦੇਵੇ ਹੱਥੋ ਹੱਥਣ, ਪੂਰਬ ਜਨਮ ਦਾ ਝੋਲੀ ਪਾਈਆ । ਸ਼ਬਦ ਨਾਦ ਸੁਣਾਏ ਨਦਨ, ਅਨਹਦ ਨਾਦੀ ਨਾਦ ਜਣਾਈਆ । ਘਰ ਸੁਆਮੀ ਆਵੇ ਸੱਦਣ, ਸੁਤਿਆਂ ਲਏ ਜਗਾਈਆ । ਕਿਰਪਾ ਕਰੇ ਗੋਪਾਲ ਮੂਰਤ ਮਦਨ, ਪਾਰਬ੍ਰਹਮ ਪ੍ਰਭ ਧੁਰਦਰਗਾਹੀਆ । ਜੋ ਦੀਨ ਦੁਨੀ ਦੀ ਮੇਟੇ ਹੱਦਨ, ਦਰ ਦੁਆਰ ਇਕੋ ਇਕ ਵਖਾਈਆ । ਜਿਸ ਦੇ ਪਿਆਰ ਵਿਚ ਭਗਤ ਸੁਹੇਲੇ ਭੱਜਣ, ਜਗਤ ਸਕੇ ਨਾ ਕੋਇ ਛੁਡਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਰਦੇ ਆਵੇ ਕੱਜਣ, ਕਰਨੀ ਦਾ ਕਰਤਾ ਨੂਰ ਅਲਾਹੀਆ । ਸਤਿਗੁਰ ਧਾਰ ਬਣੇ ਸੱਜਣ, ਸੁਆਮੀ ਹੋ ਕੇ ਵੇਖ ਵਖਾਈਆ । ਚਰਨ ਧੂੜ ਕਰਾਏ ਮਜਨ, ਦੁਰਮਤ ਮੈਲ ਧੁਆਈਆ । ਇਕੋ ਇਕ ਸਮਝਾਏ ਬੰਦਨ, ਬੰਦਗੀ ਬੰਦਗੀ ਵਿਚੋਂ ਪਰਗਟਾਈਆ । ਜਨ ਭਗਤਾਂ ਭਾਗ ਹੋਣ ਨਾ ਦੇਵੇ ਮੰਦਨ, ਮੰਦਭਾਗਿਆਂ ਲਏ ਤਰਾਈਆ । ਨਿਜ ਆਤਮ ਦੇ ਅਨੰਦਨ, ਅਨੰਦ ਅਨੰਦ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੂਰਾ ਸਰਬਗਣ, ਸਰਬਗ ਅਲਪਗ ਜੀਵਾਂ ਲਏ ਤਰਾਈਆ ।



## ✪ ੧੨ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਸਰਵਣ ਸਿੰਘ ਦੇ ਗ੍ਰਹਿ ਪਿੰਡ ਹੇਰ ਜ਼ਿਲਾ ਜਲੰਧਰ ✪

ਧਰਨੀ ਕਹੇ ਪ੍ਰਭ ਮੇਰੀ ਜੁਗ ਜੁਗ ਵੇਖ ਲੈ ਘਾਲਾ, ਘਾਇਲ ਹੋ ਕੇ ਜੁਗ ਜੁਗ ਸੇਵ ਕਮਾਈਆ । ਧਰਤ ਧਵਲ ਧੌਲ ਵੇਖ ਸਚੀ ਧਰਮਸਾਲਾ, ਧਰਮ ਦੇ ਮਾਲਕ ਧਿਆਨ ਲਗਾਈਆ । ਮੇਰੀ ਹਾਲਤ ਹੋਈ ਬੇਹਾਲਾ, ਬਿਹਬਲ ਹੋ ਕੇ ਦਿਆਂ ਜਣਾਈਆ । ਕਲਜੁਗ ਵਖਰੀ ਚਲੀ ਚਾਲਾ, ਚਾਲ ਨਿਰਾਲੀ ਇਕ ਪਰਗਟਾਈਆ । ਜਗਤ ਜਗਿਆਸੂ ਮਣਕਿਆਂ ਵਾਲੀ ਫੇਰਦੇ ਮਾਲਾ, ਮਨ ਕਾ ਮਣਕਾ ਨਾ ਕੋਇ ਭੁਆਈਆ । ਸਭ ਦਾ ਹਿਰਦਾ ਅੰਦਰੋਂ ਦਿਸੇ ਕਾਲਾ, ਕਾਲਖ ਸਕੇ ਨਾ ਕੋਇ ਧੁਆਈਆ । ਤ੍ਰੈਗੁਣ ਵਧਿਆ ਕੂੜ ਜੰਜਾਲਾ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਜਨ ਭਗਤ ਸੁਹੇਲੇ ਵੇਖ ਜਨ, ਜਨਣੀ ਬਣ ਧੁਰ ਦੀ ਮਾਈਆ । ਮਨ ਮਨਸਾ ਵੇਖ ਲੈ ਮਨ, ਮਮਤਾ ਮੋਹ ਖੋਜ ਖੁਜਾਈਆ । ਜਗਤ ਵਾਸਨਾ ਤਕ ਲੈ ਧਨ, ਤਨ ਵਜੂਦਾਂ ਧਿਆਨ ਲਗਾਈਆ । ਵਾਸ਼ਨਾ ਤਕ ਲੈ ਸਰਵਣ ਕੰਨ, ਤੇਰਾ ਨਾਮ ਸੁਣਨ ਕੋਇ ਨਾ ਪਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਸਤਿ ਨੂਰ ਦਾ ਚਾੜ੍ਹ ਦੇ ਚੰਨ, ਚੰਦ ਚਾਂਦਨੀ ਕਰ ਰੁਸ਼ਨਾਈਆ । ਹਰਿਜਨ ਨੇਤਰ ਰਹੇ ਕੋਈ ਨਾ ਅੰਨ੍ਹ, ਅੰਧ ਅਗਿਆਨ ਦੇਣਾ ਮਿਟਾਈਆ । ਦਰਸ ਦਿਖਾ ਦੇ ਆਪਣਾ ਬਿਨ ਛੱਪਰੀ ਛੰਨ, ਸ਼ਹਿਨਸ਼ਾਹ ਆਪਣਾ ਪਰਦਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਬਣ ਜਣੇਂਦੀ ਮਾਂ, ਮਮਤਾ ਮੋਹ ਵਿਕਾਰ ਮਿਟਾਈਆ । ਹੰਸ ਬੁੱਧੀ ਬਣਾ ਦੇ ਕਾਂ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਇਕੋ ਤੇਰਾ ਉਪਜੇ ਨਾਂ, ਨਾਉਂ ਨਿਰੰਕਾਰਾ ਤੇਰੇ ਢੋਲੇ ਗਾਈਆ । ਚਰਨ ਕਵਲ ਦੱਸ ਦੇ

ਥਾਂ, ਅਸਥਾਨ ਇਕੋ ਇਕ ਸੁਹਾਈਆ । ਗ਼ਰੀਬ ਨਿਮਾਣਿਆਂ ਪਕੜ ਲੈ ਬਾਂਹ, ਫੜ ਬਾਹੋਂ ਗਲੇ ਲਗਾਈਆ । ਤੇਰੇ ਚਰਨ ਕਵਲ ਬਲ ਬਲ ਜਾਂ, ਬਲ ਬਲ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਧਾਰ ਕਰ ਦੇ ਹਾਂ, ਨਾ ਦਾ ਲੇਖਾ ਰਹੇ ਨਾ ਰਾਈਆ ।

## ✪ ੧੨ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਪ੍ਰੀਤਮ ਸਿੰਘ, ਗੁਰਨਾਮ ਸਿੰਘ, ਮਹਿੰਦਰ ਕੌਰ ਨਵਿਤ ਪਿੰਡ ਜੰਡਿਆਲਾ ਜ਼ਿਲਾ ਜਲੰਧਰ ✪

ਨਾਰਦ ਕਹੇ ਪ੍ਰਭੂ ਮੈਂ ਗਿਆ ਵਿਚ ਕਾਅਬਾ, ਮਕ਼ਬਰਿਆਂ ਅੰਦਰ ਧਿਆਨ ਲਗਾਈਆ । ਮੈਂ ਤਕਿਆ ਮਾਈ ਹਵਾ ਦੇ ਨਾਲ ਆਦਮ ਬਾਬਾ, ਬਾਵਾ ਆਦਮ ਕਹਿ ਕੇ ਜਿਸ ਨੂੰ ਸਾਰੇ ਗਾਈਆ । ਉਸ ਮੈਨੂੰ ਪਿਆਰ ਵਿਚ ਮਾਰਿਆ ਦਾਬਾ, ਜ਼ੋਰ ਨਾਲ ਸੁਣਾਈਆ । ਪੰਡਤਾ ਦੀਨ ਦੁਨੀ ਨੂੰ ਆਉਣ ਵਾਲਾ ਅਜ਼ਾਬਾ, ਅਗੇ ਹੋ ਨਾ ਕੋਇ ਬਚਾਈਆ । ਝਟ ਮੈਨੂੰ ਨਜ਼ਰ ਆਇਆ ਨਾਨਕ ਵਾਲਾ ਛਾਬਾ, ਤਕੜ ਧੁਰ ਦਾ ਨਜ਼ਰੀ ਆਈਆ । ਫੇਰ ਨੂਰ ਤਕਿਆ ਜ਼ਹੂਰ ਤਕਿਆ ਮੈਂ ਕੀਤੀ ਝਟ ਆਦਾਬਾ, ਨਮੋਂ ਨਮੋਂ ਕਹਿ ਕੇ ਸੀਸ ਨਿਵਾਈਆ । ਜਿਥੇ ਨਾ ਕੋਈ ਸਵਾਲ ਨਾ ਜਵਾਬਾ, ਜਵਾਬਤਲਬੀ ਵਿਚ ਸਾਰੇ ਚਰਨ ਧੂੜੀ ਖ਼ਾਕ ਰਮਾਈਆ । ਝਟ ਇਸ਼ਾਰਾ ਮਿਲਿਆ ਨਾਰਦਾ ਜ਼ਰਾ ਵੇਖ ਲੈ ਵਿਚ ਦੁਆਬਾ, ਦੋਹਰੀ ਖੇਲ ਪ੍ਰਭ ਆਪਣੀ ਆਪ ਕਰਾਈਆ । ਜਿਸ ਦੀ ਅਵਤਾਰ ਪੈਗ਼ੰਬਰਾਂ ਗੁਰੂਆਂ ਮੰਗੀ ਅਮਦਾਦਾ, ਆਮਦ ਵਿਚ ਬੈਠੇ ਨੈਣ ਉਠਾਈਆ । ਉਹਦਾ ਰੂਪ ਅਨੂਪ ਸਤਿ ਸਰੂਪ ਸਾਦਾ, ਸਾਦਗੀ ਵਿਚ ਸਮਝ ਕਿਸੇ ਨਾ ਆਈਆ । ਉਹਦਾ ਹੁਕਮ ਸੰਦੇਸ਼ ਫ਼ਰਮਾਨ ਬੋਧ ਅਗਾਧਾ, ਬੁੱਧੀ ਤੋਂ ਪਰੇ ਰਿਹਾ ਦ੍ਰਿੜਾਈਆ । ਜਿਸ ਦੀ ਯਾਦ ਵਿਚ ਕ੍ਰਿਸ਼ਨ ਸੰਦੇਸ਼ਾ ਦਿਤਾ ਰਾਧਾ, ਬਿਨ ਅੱਖਰਾਂ ਅੱਖਰ ਜਣਾਈਆ । ਉਸ ਕਾਹਨ ਦਾ ਕਲਜੁਗ ਅੰਤ ਭਗਤਾਂ ਨਾਲ ਹੋਣਾ ਵਾਧਾ, ਵਾਅਦੇ ਪਿਛਲੇ ਪੂਰ ਕਰਾਈਆ । ਉਹਦਾ ਸਤਿ ਸਰੂਪ ਹੋਣਾ ਮੋਹਣ ਮਾਧਵ ਮਾਧਾ, ਮਧੁਰ ਧੁਨ ਦਏ ਸੁਣਾਈਆ । ਜਿਸ ਚਾਰ ਜੁਗ ਦੇ ਸ਼ਾਸਤਰਾਂ ਦੀ ਸੁਣਨੀ ਫ਼ਰਿਆਦਾ, ਅੱਖਰ ਅੱਖਰ ਬੈਠਣ ਸੀਸ ਨਿਵਾਈਆ । ਜਨ ਭਗਤਾਂ ਦੁਰਮਤ ਮੈਲ ਧੋਵੇ ਦਾਗ਼ਾ, ਪਤਤ ਪੁਨੀਤ ਦਏ ਕਰਾਈਆ । ਉਸੇ ਦੀ ਧਾਰ ਓਸੇ ਦੇ ਪਿਆਰ ਵਿਚ ਸਗਲਾ ਸੰਗੀ ਹੋਵੇ ਵਾਲਾ ਬਾਜ਼ਾਂ, ਬਾਜ਼ੀ ਦੀਨ ਦੁਨੀ ਵੇਖ ਵਖਾਈਆ । ਸ਼ਾਹੋ ਭੂਪ ਬਣ ਰਾਜਨ ਰਾਜਾ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜਿਸ ਕਲਜੁਗ ਅੰਤ ਸਵਾਰਨਾ ਕਾਜਾ, ਕਰਨੀ ਦਾ ਕਰਤਾ ਨੂਰ ਅਲਾਹੀਆ । ਜਿਸ ਦਾ ਜ਼ਹੂਰ ਹੋਣਾ ਦੇਸ ਮਾਝਾ, ਮਜਲਸ ਭਗਤਾਂ ਨਾਲ ਰਖਾਈਆ । ਜਿਸ ਦੇ ਪਿਆਰ ਵਿਚ ਨਾਨਕ ਸਿਤਾਰ ਵਜਾਈ ਰਬਾਬਾ, ਜਨਕ ਦੀ ਧਾਰ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਮੈਨੂੰ ਵੇਖ ਹੋਈ ਮਦਹੋਸ਼ੀ, ਹੋਸ਼ੋ ਹਵਾਸ ਨਾ ਕੋਇ ਰਖਾਈਆ । ਮੇਰੇ ਅੰਤਰ ਆਈ ਖ਼ਾਮੋਸ਼ੀ, ਰਸਨਾ ਕਹਿਣ ਕਿਛ ਨਾ ਪਾਈਆ । ਮੈਂ ਨਿਗਾਹ ਮਾਰੀ ਚਾਰ ਜੁਗ ਦੇ ਵੇਖੇ ਕੋਸ਼ੀ, ਅੱਖਰ ਅੱਖਰ ਫੋਲ ਫੁਲਾਈਆ । ਫੇਰ ਤਕਿਆ ਦੀਨ ਦੁਨੀ ਹੋਈ ਦੋਸ਼ੀ, ਦੋਸਤ ਮਿਤਰ ਸੰਗ ਨਾ ਕੋਇ ਨਿਭਾਈਆ । ਜਾਂ ਹੋਰ ਜਾਣਿਆਂ ਸ੍ਰਿਸ਼ਟੀ

ਕਾਮਨਾ ਹੋਈ ਪੋਸ਼ੀ, ਪੋਸ਼ੀਦਾ ਭੇਵ ਨਾ ਕੋਇ ਖੁਲ੍ਹਾਈਆ । ਮੈਂ ਝਟ ਪੈ ਗਿਆ ਸੋਚੀਂ, ਸੋਚ ਸੋਚ ਵਿਚੋਂ ਪਰਗਟਾਈਆ । ਝਟ ਇਸ਼ਾਰਾ ਦਿਤਾ ਮੈਨੂੰ ਰਵਦਾਸ ਚਮਾਰੇ ਮੋਚੀ, ਰੰਬੀ ਆਰ ਰਿਹਾ ਹਿਲਾਈਆ । ਔਹ ਤਕ ਖੇਲ ਪ੍ਰੀਤਮ ਚੋਜੀ, ਜੋ ਚੋਲਾ ਆਇਆ ਬਦਲਾਈਆ । ਜਨ ਭਗਤਾਂ ਬਣਕੇ ਖੋਜੀ, ਖੋਜ ਕਰੇ ਥਾਉਂ ਥਾਈਂਆ । ਜੋ ਨਾਮ ਨਿਧਾਨ ਦੇਵਣਹਾਰਾ ਰੋਜ਼ੀ, ਰਾਜ਼ਕ ਰਿਜ਼ਕ ਰਹੀਮ ਨੂਰ ਅਲਾਹੀਆ । ਉਹ ਭਗਤ ਸੁਹੇਲਾ ਇਕ ਇਕੇਲਾ ਲੋਕਮਾਤ ਬਣਾ ਕੇ ਮੌਜੀ, ਮਜਲਸ ਭਗਤਾਂ ਨਾਲ ਰਖਾਈਆ । ਦੁਰਮਤ ਮੈਲ ਧੋਵੇ ਬਣ ਕੇ ਧੋਬੀ, ਧੱਬੇ ਜਨਮ ਜਨਮ ਦੇ ਰਿਹਾ ਮਿਟਾਈਆ । ਅੰਦਰ ਵੜ ਵੜ ਕੇ ਹਿਰਦੇ ਰਿਹਾ ਸੋਧੀ, ਸੁਧ ਆਪਣਾ ਨਾਮ ਸਮਝਾਈਆ । ਨਾਰਦ ਕਹੇ ਮੈਂ ਹੈਰਾਨ ਹੋ ਗਿਆ ਗ਼ਰੀਬ ਨਿਮਾਣਿਆਂ ਚੁੱਕੀ ਫਿਰੇ ਗੋਦੀ, ਗੋਦਾਵਰੀ ਦਾ ਕੰਢਾ ਗੋਬਿੰਦ ਦੀ ਧਾਰ ਆਪਣੇ ਨਾਲ ਰਖਾਈਆ । ਏਸੇ ਖ਼ੁਸ਼ੀ ਵਿਚ ਮੇਰੀ ਹਿਲਦੀ ਦਿਸੇ ਬੋਦੀ, ਬੁੱਧ ਦੇ ਇਸ਼ਾਰੇ ਰਹੀ ਸਮਝਾਈਆ । ਜਿਸ ਪ੍ਰੇਮ ਵਿਚ ਆਖਿਆ ਬਿਨਾ ਪ੍ਰਭੂ ਦੀ ਕਿਰਪਾ ਕਿਸੇ ਨੂੰ ਆਉਣੀ ਨਹੀਂ ਸੋਝੀ, ਸਮਝ ਜਗਤ ਚਲੇ ਨਾ ਕੋਇ ਚਤੁਰਾਈਆ । ਪੁਰਖ ਅਕਾਲਾ ਦੀਨ ਦਿਆਲਾ ਹਰਿਜਨ ਮੇਲ ਕਰੇ ਸੰਜੋਗੀ, ਜੁਗ ਜੁਗ ਵਿਛੜੇ ਆਪਣਾ ਮੇਲ ਕਰਾਈਆ । ਆਤਮ ਧਾਰ ਦਰ ਬਣੇ ਭੋਗੀ, ਭਸਮੜ ਆਪਣਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਦੀ ਧਾਰ ਵੇਖੇ ਵਿਰੋਧੀ, ਸ਼ੁਧ ਹਰਿਜਨ ਆਪ ਕਰਾਈਆ ।

੧੪੦੨ ੧੪੦੨

੨੪ ੨੪

✪ ੧੨ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਗੁਰਦਿਆਲ ਸਿੰਘ ਚੀਮਾਂ ਕਲਾਂ, ਪ੍ਰੇਮ ਸਿੰਘ, ਮਹਿੰਦਰ ਪਿੰਡ ਖੇੜਾ ਜ਼ਿਲਾ ਜਲੰਧਰ ✪

ਧਰਨੀ ਕਹੇ ਪ੍ਰਭ ਮੈਨੂੰ ਬਖ਼ਸ਼ ਦੇ ਸਾਚਾ ਧਰਮ, ਧਵਲ ਧੌਲ ਧਰਤ ਹੋ ਕੇ ਮੰਗ ਮੰਗਾਈਆ । ਦੀਨ ਦੁਨੀ ਦਾ ਅੰਤਰ ਨਿਰੰਤਰ ਬਦਲ ਦੇ ਕਰਮ, ਨਿਹਕਰਮੀ ਆਪਣਾ ਰੰਗ ਰੰਗਾਈਆ । ਧਾਰ ਨਾ ਰਹੇ ਕਿਸੇ ਦੀ ਮਾਟੀ ਚਰਮ, ਚੰਮ ਦ੍ਰਿਸ਼ਟੀ ਡੇਰਾ ਦੇਣਾ ਢਾਈਆ । ਜ਼ਾਤ ਪਾਤ ਦਾ ਮੇਟ ਦੇ ਭਰਮ, ਭਾਂਡਾ ਭਰਮ ਭੌ ਭੰਨਾਈਆ । ਪਰਦਾ ਲਾਹ ਦੇ ਆਪਣੇ ਬ੍ਰਹਮ, ਪਾਰਬ੍ਰਹਮ ਪ੍ਰਭ ਭੇਵ ਖੁਲ੍ਹਾਈਆ । ਸਤਿਜੁਗ ਸਾਚੇ ਮੇਰੇ ਉਤੇ ਦੇ ਦੇ ਜਰਮ, ਆਪੇ ਬਣ ਜਣੇਂਦੀ ਮਾਈਆ । ਤੂੰ ਆਦਿ ਜੁਗਾਦੀ ਸਭ ਕੁਛ ਕਰਨੀ ਕਰਨ, ਕਰਤਾ ਪੁਰਖ ਇਕ ਅਖਵਾਈਆ । ਮੈਂ ਤੇਰਾ ਆਈ ਲੜ ਫੜਨ, ਪਲੂ ਆਪਣੀ ਗੰਢ ਪੁਆਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਸਾਰੇ ਪੜ੍ਹਨ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਪਤਿਪਰਮੇਸ਼ਵਰ ਤੇਰੀ ਮੰਜ਼ਲ ਹਕੀਕ਼ੀ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਝਗੜਾ ਮੇਟ ਦੇ ਚੋਟੀ ਜੜ੍ਹਨ, ਜੜ੍ਹ ਚੇਤਨ ਖੋਜ ਖੁਜਾਈਆ । ਕਲਜੁਗ ਜੀਵਾਂ ਗੜ ਤੋੜ੍ਹ ਦੇ ਹੰਕਾਰੀ ਗੜ੍ਹਨ, ਹੰ ਬ੍ਰਹਮ ਪਾਰਬ੍ਰਹਮ ਭੇਵ ਚੁਕਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸਭ ਕਿਛ ਕਰਨੀ ਕਰਨ, ਕਰਤਾ ਪੁਰਖ ਇਕ ਅਖਵਾਈਆ । ਜਨ ਭਗਤਾਂ ਨਿਜ ਨੇਤਰ ਖੋਲ੍ਹ ਦੇ ਹਰਨ ਫਰਨ, ਜਗਤ ਨੇਤਰ ਦੀ ਲੋੜ ਰਹੇ ਨਾ ਰਾਈਆ । ਪੁਰਖ ਅਕਾਲੇ ਦੀਨ ਦਿਆਲੇ ਮੈਂ ਤੇਰੀ ਆਈ ਸਰਨ, ਸਰਨਗਤ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

੧੪੦੩
੨੪

ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਧਰਮ ਦਾ ਖੋਲ੍ਹ ਅਗੰਮ ਦੁਆਰਾ, ਏਕੰਕਾਰ ਇਕੋ ਇਕ ਜਣਾਈਆ । ਸਭ ਦਾ ਸਾਂਝਾ ਬਣ ਪਰਵਰਦਿਗਾਰਾ, ਨੂਰ ਨੁਰਾਨਾ ਨੂਰ ਅਲਾਹੀਆ । ਮੈਂ ਤੇਰੇ ਦਰ ਮੰਗਤੀ ਬਣਾਂ ਭਿਖਾਰਾ, ਭਿੱਖਕ ਝੋਲੀ ਦੇਣੀ ਭਰਾਈਆ । ਤੂੰ ਜਗਤ ਜਗਦੀਸ਼ ਚੌਬੀਸਾ ਅਵਤਾਰਾ, ਅਵਤਰੀ ਤੇਰੀ ਓਟ ਤਕਾਈਆ । ਮੈਨੂੰ ਸੰਦੇਸ਼ਾ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰਾ, ਅਵਤਰੀ ਤੇਰੀ ਰਾਹ ਤਕਾਈਆ । ਤੂੰ ਜੋਤੀ ਜਾਤਾ ਪੁਰਖ ਬਿਧਾਤਾ ਇਕ ਇਕੱਲਾ ਪਰਵਰਦਿਗਾਰਾ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ । ਮੈਂ ਧੌਲ ਤੇਰੀ ਚਰਨ ਧੂੜ ਲਾਵਾਂ ਛਾਰਾ, ਧੂੜੀ ਮਸਤਕ ਖ਼ਾਕ ਰਮਾਈਆ । ਮੇਰੇ ਉਤੇ ਨਿਰਵੈਰ ਹੋ ਕੇ ਹੋ ਜ਼ਾਹਰਾ, ਜ਼ਾਹਰ ਜ਼ਹੂਰ ਆਪਣਾ ਆਪ ਦੇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿ ਵਸਤ ਸਚ ਦੇ ਵਰਤਾਈਆ । ਧਰਨੀ ਕਹੇ ਪ੍ਰਭੂ ਆਪਣਾ ਬਖ਼ਸ਼ ਦੇ ਨਾਮ ਨਿਧਾਨ, ਨਿਰਗੁਣ ਹੋ ਕੇ ਦਇਆ ਕਮਾਈਆ । ਆਤਮ ਪਰਮਾਤਮ ਦੇ ਗਿਆਨ, ਪਾਰਬ੍ਰਹਮ ਬ੍ਰਹਮ ਮੇਲ ਮਿਲਾਈਆ । ਈਸ਼ ਜੀਵ ਕਰ ਕਲਿਆਨ, ਕਲਮਾ ਕਾਇਨਾਤ ਸਮਝਾਈਆ । ਬੀਸ ਬੀਸੇ ਹੋ ਮਿਹਰਵਾਨ, ਮਹਿਬੂਬ ਤੇਰੀ ਓਟ ਤਕਾਈਆ । ਮੈਂ ਬਾਲੀ ਬੁਧਿ ਨਾਦਾਨ, ਅਕਲ ਚਲੇ ਨਾ ਕੋਇ ਚਤੁਰਾਈਆ । ਤੂੰ ਸ਼ਾਹੋ ਭੂਪ ਸੁਲਤਾਨ, ਸ਼ਹਿਨਸ਼ਾਹ ਅਗੰਮ ਅਥਾਹੀਆ । ਮੇਰੀ ਬੇਨੰਤੀ ਕਰ ਪਰਵਾਨ, ਪਰਮ ਪੁਰਖ ਤੇਰੇ ਚਰਨ ਕਵਲ ਟਿਕਾਈਆ । ਮੇਰੇ ਆਦਿ ਜੁਗਾਦੀ ਭਗਵਾਨ, ਭਗਵਨ ਤੇਰੀ ਓਟ ਤਕਾਈਆ । ਸਤਿ ਸਚ ਦਾ ਮੇਰੇ ਉਤੇ ਝੁਲਾ ਨਿਸ਼ਾਨ, ਨਿਸ਼ਾਨੇ ਦੀਨ ਦੁਨੀ ਬਦਲਾਈਆ । ਤੇਰਾ ਇਕੋ ਹੁਕਮ ਵਰਤੇ ਜ਼ਿਮੀਂ ਅਸਮਾਨ, ਜ਼ਿਮੀਂ ਜ਼ਮਾਂ ਦੇ ਮਾਲਕ ਹੋਣਾ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਪਰਗਟਾ ਦੇ ਸਤਿ, ਸਤਿ ਸਤਿਵਾਦੀ ਦਇਆ ਕਮਾਈਆ । ਮਾਨਵ ਜ਼ਾਤੀ ਬਖ਼ਸ਼ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਸਮਝਾਈਆ । ਅਗਨੀ ਉਬਲੇ ਮੂਲ ਨਾ ਤਤ, ਤਤਵ ਇਕੋ ਇਕ ਤਤ ਸਮਝਾਈਆ । ਨਾੜ ਬਹੱਤਰ ਨਾ ਉਬਲੇ ਰਤ, ਰਤਨ ਅਮੋਲਕ ਹੀਰੇ ਲੈ ਪਰਗਟਾਈਆ । ਧੀਰਜ ਸਤਿ ਬਖ਼ਸ਼ ਦੇ ਯਤ, ਸੰਤੋਖ ਸਭ ਦੀ ਝੋਲੀ ਪਾਈਆ । ਤੂੰ ਪਰਮੇਸ਼ਵਰ ਕਮਲਾਪਤ, ਪਾਰਬ੍ਰਹਮ ਤੇਰੀ ਸਰਨਾਈਆ । ਨਿਰਗੁਣ ਧਾਰ ਮੇਰੇ ਉਤੇ ਆਇਉਂ ਵਤ, ਬੇਵਤਨਾਂ ਲੈ ਤਰਾਈਆ । ਆਹ ਵੇਖ ਲੈ ਮੇਰੇ ਕੋਲ ਤੇਰਾ ਬਿਨ ਅੱਖਰਾਂ ਵਾਲਾ ਖ਼ਤ, ਖ਼ਤੂਤਾਂ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਮੈਨੂੰ ਧਰਮ ਦੀ ਬਖ਼ਸ਼ ਨਿਸ਼ਾਨੀ, ਨਿਸ਼ਾਨਾ ਦੀਨ ਦੁਨੀ ਬਦਲਾਈਆ । ਓਹ ਆਸ਼ਾ ਪੂਰੀ ਕਰ ਦੇ ਜੋ ਰਖ ਕੇ ਗਈ ਦੁਰਗਾ ਅਸ਼ਟਭੁਜ ਭਵਾਨੀ, ਭਾਵਨਾ ਤੇਰੇ ਨਾਲ ਰਖਾਈਆ । ਜੋ ਇਸ਼ਾਰਾ ਦਿਤਾ ਰਾਵਣ ਰਾਮ ਖੇਲ ਹੋਵੇ ਮਹਾਨੀ, ਮਹਿਮਾ ਅਕਥ ਕਥ ਸੁਣਾਈਆ । ਜੋ ਤੇਰਾ ਭਵਿਖ ਲਿਖਿਆ ਵੇਦ ਵਿਆਸ ਨਾਲ ਕਾਨੀ, ਸ਼ਾਹੀ ਕਾਗ਼ਜ਼ ਰੰਗ ਚੜ੍ਹਾਈਆ । ਜੋ ਕਾਹਨ ਕ੍ਰਿਸ਼ਨ ਹੁਕਮ ਦਿਤਾ ਫ਼ਰਮਾਨੀ, ਫ਼ੁਰਨਿਆਂ ਬਾਹਰ ਸੁਣਾਈਆ । ਜੋ ਇਸ਼ਾਰਾ ਦੇ ਕੇ ਗਿਆ ਈਸਾ ਮੇਰਾ ਬਾਪ ਆਵੇ ਅਸਮਾਨੀ, ਇਸਮ ਆਜ਼ਮ ਨੂਰ ਅਲਾਹੀਆ । ਜਿਸ ਨੂੰ ਮੁਹੰਮਦ ਕਿਹਾ ਮੇਰਾ ਖ਼ੁਦਾ ਅਲਵਜ਼ੂ ਨੂਰੇ ਨਜ਼ਾ ਦੁਵਸਤੇ ਜ਼ਮੂ ਅਰਸ਼ੇ ਕਰੇ ਫ਼ਰਮਾਨੀ, ਜ਼ਿਮੀਂ ਜ਼ਮਾਂ ਦਏ ਵਡਿਆਈਆ । ਨਾਨਕ ਨਿਰਗੁਣ ਧਾਰ ਕਰ ਧਿਆਨੀ, ਸਰਗੁਣ ਤਤ ਤਤ ਸਮਝਾਈਆ । ਗੋਬਿੰਦ ਹਸ ਕੇ ਕਿਹਾ ਓਹ ਪੁਰਖ

ਅਕਾਲ ਕਰੇ ਮਿਹਰਵਾਨੀ, ਮਿਹਬਾਨ ਬੀਦੋ ਇਕ ਅਖਵਾਈਆ । ਜਿਸ ਝਗੜਾ ਮੇਟਣਾ ਤਨ ਵਜੂਦ ਜਿਸਮਾਨੀ, ਜ਼ਮੀਰ ਬੇਨਜ਼ੀਰ ਅੰਦਰੋਂ ਦਏ ਬਦਲਾਈਆ । ਧਰਨੀ ਕਹੇ ਪ੍ਰਭੂ ਮੇਰੀ ਬੇਨੰਤੀ ਪੁਰਾਣੀ, ਪੁਨਹ ਪੁਨਹ ਕਹਿ ਕੇ ਸੀਸ ਨਿਵਾਈਆ । ਮੇਰਾ ਲਹਿਣਾ ਦੇਣਾ ਲੇਖਾ ਨਹੀਂ ਜ਼ਬਾਨੀ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਮਾਰ ਧਿਆਨੀ, ਬਿਨ ਨੈਣਾਂ ਨੈਣ ਉਠਾਈਆ । ਧਰਨੀ ਕਹੇ ਮੇਰੇ ਪਰਮ ਪੁਰਖ ਸੁਲਤਾਨੀ, ਸ਼ਾਹੋ ਭੂਪ ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਮਾਨਵ ਜ਼ਾਤੀ ਮੰਜ਼ਲ ਰਹੀ ਨਾ ਕੋਇ ਰੁਹਾਨੀ, ਰੂਹ ਬੁਤ ਦੋਵੇਂ ਰੋਵਣ ਮਾਰਨ ਧਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੰਦ ਸਵਾਂਤੀ ਮਿਲੇ ਕਿਸੇ ਨਾ ਪਾਣੀ, ਅਗਨੀ ਤਤ ਨਾ ਕੋਇ ਗਵਾਈਆ । ਮੈਂ ਇਕੋ ਇਕ ਤੇਰੇ ਚਰਨ ਕਵਲ ਕਰਾਂ ਧਿਆਨੀ, ਏਕੰਕਾਰ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਸਤਿਜੁਗ ਸਾਚਾ ਬਖ਼ਸ਼ ਦੇ ਗੁਣ ਨਿਧਾਨੀ, ਗੁਣਵੰਤੇ ਸਾਚੇ ਕੰਤੇ ਸ੍ਰੀ ਭਗਵੰਤੇ ਆਦਿਨ ਅੰਤੇ ਤੇਰੀ ਓਟ ਤਕਾਈਆ ।

## ✪ ੧੩ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਰੁੜਕਾ ਜ਼ਿਲਾ ਜਲੰਧਰ ਗੁਰਮੇਜ਼ ਸਿੰਘ ਦੇ ਗ੍ਰਿਹਿ ✪



ਧਰਨੀ ਕਹੇ ਜਨ ਭਗਤੋ ਖੇਲ ਤਕੋ ਪਵਣ ਪਾਣੀ, ਖ਼ੁਸ਼ੀਆਂ ਵਿਚੋਂ ਆਪਣੀ ਖ਼ੁਸ਼ੀ ਬਣਾਈਆ । ਅੰਤਰ ਨਿਰੰਤਰ ਸੁਣੋ ਸ਼ਬਦ ਅਗੰਮੀ ਬਾਣੀ, ਅਨਹਦ ਨਾਦੀ ਨਾਦ ਸ਼ਨਵਾਈਆ । ਪਰਮ ਪੁਰਖ ਦੀ ਦੱਸੇ ਅਕਥ ਕਹਾਣੀ, ਜਿਸ ਨੂੰ ਕਥਨੀ ਕਥ ਸਕੇ ਨਾ ਰਾਈਆ । ਜੋ ਲੇਖਾ ਮੁਕਾਵੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਪੰਧ ਰਹੇ ਨਾ ਰਾਈਆ । ਸਚ ਦੁਆਰ ਏਕੰਕਾਰ ਦੇਵੇ ਮਾਣੀ, ਚਰਨ ਕਵਲ ਉਪਰ ਧਵਲ ਬਖ਼ਸ਼ ਸਰਨਾਈਆ । ਸੁਰਤ ਸ਼ਬਦ ਮਿਲਾਏ ਸਾਚਾ ਹਾਣੀ, ਘਰ ਘਰ ਵਿਚ ਮੇਲ ਮਿਲਾਈਆ । ਪਾਰਬ੍ਰਹਮ ਬ੍ਰਹਮ ਦੱਸ ਕੇ ਮੰਜ਼ਲ ਇਕ ਰੁਹਾਨੀ, ਰੂਹ ਬੁਤ ਰੰਗ ਰੰਗਾਈਆ । ਤੁਹਾਡੇ ਹਿਰਦੇ ਵਸੇ ਜਿਸ ਨੂੰ ਈਸਾ ਕਿਹਾ ਬਾਪ ਅਸਮਾਨੀ, ਇਸਮ ਆਜ਼ਮ ਇਕ ਅਖਵਾਈਆ । ਉਹ ਲਹਿਣਾ ਦੇਣਾ ਚੁਕਾਏ ਜਿਸਮ ਜਿਸਮਾਨੀ, ਜ਼ਮੀਰ ਬੇਨਜ਼ੀਰ ਅੰਦਰੋਂ ਦਏ ਬਦਲਾਈਆ । ਜੋ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸਭ ਦਾ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਸਚ ਪਿਆਰ ਦਾ ਬਣਿਆ ਦਾਨੀ, ਮੁਹੱਬਤ ਤੁਹਾਡੇ ਅੰਦਰ ਟਿਕਾਈਆ । ਚਰਨ ਧੂੜ ਕਰਾਏ ਅਗੰਮ ਇਸ਼ਨਾਨੀ, ਦੁਰਮਤ ਮੈਲ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਧਰਨੀ ਕਹੇ ਪ੍ਰਭੂ ਹਰ ਹਿਰਦਾ ਕਰ ਪਵਿਤ, ਹਰਿਜਨ ਪਤਤ ਪੁਨੀਤ ਬਣਾਈਆ । ਆਤਮ ਪਰਮਾਤਮ ਬਣ ਮਿਤ, ਮਿਤਰ ਪਿਆਰਾ ਇਕ ਅਖਵਾਈਆ । ਜਨ ਭਗਤਾਂ ਦਰਸ਼ਨ ਦੇ ਨਿਤ, ਨਿਜ ਨੇਤਰ ਅੱਖ ਖੁਲ੍ਹਾਈਆ । ਸਦਾ ਸੁਹੇਲੇ ਵਸਣਾ ਚਿਤ, ਠਗੌਰੀ ਚਿਤ ਰਹੇ ਨਾ ਰਾਈਆ । ਬਜਰ ਕਪਾਟ ਖੋਲ੍ਹ ਦੇ ਭਿਤ, ਪਰਦਾ ਅੰਦਰੇ ਅੰਦਰ ਚੁਕਾਈਆ । ਨਿਜ ਨੇਤਰ ਪੈਣਾ ਦਿਸ, ਦਹਿ ਦਿਸ਼ਾ ਕਰ ਰੁਸ਼ਨਾਈਆ । ਜਗਤ ਵਿਕਾਰ ਅੰਦਰੋਂ ਕਢਣੀ ਵਿਸ, ਵਿਸ਼ਾ ਆਪਣਾ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ

ਰਖਾਈਆ । ਧਰਨੀ ਕਹੇ ਪ੍ਰਭੂ ਕਿਰਪਾ ਕਰ ਦੇ ਦੀਨ ਦਿਆਲ, ਦਇਆਨਿਧ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਆਪ ਸੰਭਾਲ, ਸੰਬਲ ਦੇ ਮਾਲਕ ਬੇਪਰਵਾਹੀਆ । ਮੇਰੀ ਪੂਰਬ ਲੇਖੇ ਲਾ ਲੈ ਘਾਲ, ਘਾਇਲ ਹੋ ਕੇ ਸੀਸ ਨਿਵਾਈਆ । ਫਲ ਲਗਾ ਦੇ ਮੇਰੇ ਡਾਲ, ਨੌਂ ਖੰਡ ਪ੍ਰਿਥਮੀ ਪੱਤ ਟਹਿਣੀ ਦੇ ਮਹਿਕਾਈਆ । ਮੇਰੀ ਬੇਨੰਤੀ ਇਕ ਸਵਾਲ, ਸਵਾਲਣ ਹੋ ਕੇ ਝੋਲੀ ਡਾਹੀਆ । ਸਤਿਗੁਰ ਸ਼ਬਦ ਵਿਚੋਲਾ ਹੋਵੇ ਤੇਰਾ ਇਕ ਦਲਾਲ, ਦੂਸਰ ਓਟ ਨਾ ਕੋਇ ਰਖਾਈਆ । ਜਿਸ ਦੇ ਭੈ ਵਿਚ ਦਿਸੇ ਕਾਲ ਮਹਾਂਕਾਲ, ਰਾਏ ਧਰਮ ਨਾ ਸੀਸ ਉਠਾਈਆ । ਚਿਤਰ ਗੁਪਤ ਨਾ ਲੇਖਾ ਸਕੇ ਵਖਾਲ, ਲਾੜੀ ਮੌਤ ਨੈਣ ਨੈਣ ਸ਼ਰਮਾਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਤੇਰਾ ਜਲਵਾ ਤਕਾਂ ਜਲਾਲ, ਨੂਰ ਨੁਰਾਨੇ ਕਰਨਾ ਨੂਰ ਰੁਸ਼ਨਾਈਆ । ਭਾਗ ਲਗਾ ਦੇ ਜੀਵਾਂ ਜੰਤਾਂ ਕਾਇਆ ਮਾਟੀ ਖਾਲ, ਖ਼ਲਕ ਦੇ ਖ਼ਾਲਕ ਦਇਆ ਕਮਾਈਆ । ਮੇਰੇ ਉਤੇ ਸਤਿ ਸਚ ਬਣਾ ਧਰਮਸਾਲ, ਦਰ ਸਚ ਦੁਆਰਾ ਇਕ ਵਖਾਈਆ । ਸਚ ਵਸਤ ਦੇ ਧਨ ਮਾਲ, ਨਾਮ ਨਿਧਾਨ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਤੇਰੇ ਚਰਨ ਕਵਲ ਨਿਮਸਕਾਰਾ, ਨਿਵ ਨਿਵ ਸੀਸ ਨਿਵਾਈਆ । ਤੂੰ ਸ਼ਾਹੋ ਭੂਪ ਸਿਕਦਾਰਾ, ਸ਼ਹਿਨਸ਼ਾਹ ਇਕ ਅਖਵਾਈਆ । ਤੇਰਾ ਸੋਹੇ ਬੰਕ ਦੁਆਰਾ, ਸਚਖੰਡ ਵਜੇ ਵਧਾਈਆ । ਤੇਰਾ ਦੂਲਹਾ ਸਤਿਗੁਰ ਸ਼ਬਦ ਦੁਲਾਰਾ, ਦੋ ਜਹਾਨਾਂ ਮਾਲਕ ਇਕ ਅਖਵਾਈਆ । ਜਿਸ ਦਾ ਵਿਸ਼ਨ ਬ੍ਰਹਮਾ ਸ਼ਿਵ ਪਸਾਰਾ, ਤ੍ਰੈਗੁਣ ਲੇਖਾ ਨਾਲ ਮਿਲਾਈਆ । ਪੰਜਾਂ ਤਤਾਂ ਦੇਵਣਹਾਰ ਅਧਾਰਾ, ਪੰਚਮ ਮੀਤਾ ਇਕ ਅਖਵਾਈਆ । ਤੇਰਾ ਸੰਦੇਸ਼ਾ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰਾ, ਅਵਤਰੀ ਧਿਆਨ ਲਗਾਈਆ । ਕਲਜੁਗ ਅੰਤ ਸ੍ਰੀ ਭਗਵੰਤ, ਮੇਰੀ ਪਾ ਸਾਰਾ, ਮਹਾਸਾਰਥੀ ਆਪਣਾ ਖੇਲ ਖਿਲਾਈਆ । ਚਾਰ ਕੁੰਟ ਦਹਿ ਦਿਸ਼ਾ ਮੇਟ ਦੇ ਧੰਦੂਕਾਰਾ, ਅੰਧ ਅਗਿਆਨ ਰਹਿਣ ਨਾ ਪਾਈਆ । ਨਿਰਮਲ ਜੋਤੀ ਕਰ ਉਜਿਆਰਾ, ਜੋਤੀ ਜਾਤੇ ਆਪਣਾ ਰੰਗ ਰੰਗਾਈਆ । ਮੈਂ ਸਦਾ ਸਦਾ ਸਦ ਜਾਵਾਂ ਬਲਿਹਾਰਾ, ਬਲ ਬਲ ਆਪਣਾ ਆਪ ਕਰਾਈਆ । ਤੂੰ ਪਰਮ ਪੁਰਖ ਪੁਰਖੋਤਮ ਸਭ ਦਾ ਸਾਂਝਾ ਯਾਰਾ, ਪਰਵਰਦਿਗਾਰ ਨੂਰ ਅਲਾਹੀਆ । ਜੋਤੀ ਜਾਤੇ ਹੋ ਜ਼ਾਹਰਾ, ਜ਼ਾਹਰ ਜ਼ਹੂਰ ਆਪਣਾ ਆਪ ਵਖਾਈਆ । ਧਰਨੀ ਕਹੇ ਮੇਰੀ ਤੇਰੇ ਅਗੇ ਪੁਕਾਰਾ, ਪੁਨਹ ਪੁਨਹ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅਵਰ ਨਾ ਕੋਇ ਸਹਾਰਾ, ਸਹਾਇਕ ਨਾਇਕ ਏਕੰਕਾਰ ਇਕ ਇਕੱਲਾ ਤੂੰ ਹੀ ਨਜ਼ਰੀ ਆਈਆ ।

✪ ੧੩ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਕਿਹਰ ਸਿੰਘ, ਦਲੀਪ ਕੌਰ, ਦਰਸ਼ਨ ਸਿੰਘ, ਸੁਰਜੀਤ ਸਿੰਘ, ਗੋਜੇ, ਛਿਬੋ,
ਭਜਨ ਕੌਰ, ਗਿਰਦਾਵਰ ਸਿੰਘ, ਜੁਗਿੰਦਰ ਸਿੰਘ, ਊਧਮ ਕੌਰ, ਹਰੀ ਪੁਰ ਭਜਨ ਕੌਰ
ਪਿੰਡ ਰੁੜਕਾ ਜ਼ਿਲਾ ਜਲੰਧਰ ✪

ਧਰਨੀ ਕਹੇ ਜਨ ਭਗਤੋ ਮੇਰਾ ਸੀਨਾ ਹੋਇਆ ਠੰਡਾ, ਭਗਵਨ ਮੇਰੇ ਅੰਤਰ ਨਿਰੰਤਰ ਠੰਡਕ ਦਏ ਵਰਤਾਈਆ । ਮੈਂ ਖ਼ੁਸ਼ੀਆਂ ਨਾਲ ਤੁਹਾਨੂੰ

ਪ੍ਰਭ ਦੀ ਚਰਨ ਧੂੜੀ ਵੰਡਾਂ, ਬਿਨ ਹੱਥਾਂ ਝੋਲੀ ਸਭ ਦੀ ਦਿਆਂ ਟਿਕਾਈਆ । ਤੁਸਾਂ ਸਚ ਪ੍ਰੇਮ ਦੀਆਂ ਦੇਣੀਆਂ ਗੰਢਾਂ, ਜਿਸ ਨੂੰ ਜਗਤ ਜਹਾਨ ਸਕੇ ਨਾ ਕੋਇ ਖੁਲ੍ਹਾਈਆ । ਕਿਉਂ ਇਹ ਲੇਖਾ ਲਹਿਣਾ ਕਲਜੁਗ ਅਖ਼ੀਰੀ ਕੰਢਾ, ਕੰਢੀ ਘਾਟ ਸਾਰੇ ਵੇਖਣ ਥਾਉਂ ਥਾਈਆ । ਜਗਤ ਜਗਿਆਸੂਆਂ ਕੂੜ ਕੁਕਰਮ ਚੁਕੀਆਂ ਪੰਡਾਂ, ਭਾਰ ਸਕੇ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਜਨ ਭਗਤੋ ਮੈਨੂੰ ਬੜੀ ਲਗਦੀ ਸਰਦੀ , ਸਤਿ ਸਚ ਦਿਆਂ ਜਣਾਈਆ । ਉਠੋ ਵੇਖੋ ਖੇਲ ਨਰਾਇਣ ਨਰ ਦੀ, ਕੀ ਨਰ ਹਰਿ ਆਪਣੀ ਕਾਰ ਭੁਗਤਾਈਆ । ਜਿਸ ਸਾਰ ਪਾਈ ਤੁਹਾਡੇ ਘਰ ਦੀ, ਗ੍ਰਹਿ ਗ੍ਰਹਿ ਵੇਖੇ ਚਾਈਂ ਚਾਈਂਆ । ਜਿਸ ਆਸਾ ਤ੍ਰਿਸਨਾ ਸਭ ਦੀ ਮੇਟਣੀ ਜ਼ਰ ਦੀ, ਜੋਰੂ ਜ਼ਰ ਨਾ ਕੋਇ ਚਤੁਰਾਈਆ । ਖੇਲ ਰਹਿਣ ਨਹੀਂ ਦੇਣੀ ਸ਼ਰਅ ਸ਼ਰ ਦੀ, ਸ਼ਰੀਅਤ ਪੈਂਡਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਵਖਾਈਆ । ਧਰਨੀ ਕਹੇ ਜਨ ਭਗਤੋ ਬਾਹਰ ਤਕੋ ਨਾਰਦ ਪੰਡਤ ਪਾਂਧਾ, ਕਿਸ ਬਿਧ ਬੋਦੀ ਰਿਹਾ ਹਿਲਾਈਆ । ਤੂੰਹੀ ਤੂੰਹੀ ਢੋਲਾ ਗਾਂਦਾ, ਗਾ ਗਾ ਖ਼ੁਸ਼ੀ ਬਣਾਈਆ । ਵਣਜਾਰਾ ਬਣ ਕੇ ਇਕੋ ਨਾਂ ਦਾ, ਤੁਰੀਆ ਪੰਧ ਮੁਕਾਈਆ । ਹੱਥ ਲੇਖਾ ਫੜਿਆ ਸੂਰ ਗਾਂ ਦਾ, ਜਗਤ ਜਹਾਨ ਰਿਹਾ ਜਣਾਈਆ । ਨਾਲ ਵਖਾਵੇ ਰੂਪ ਕਲਜੁਗ ਕੂੜ ਕੁੜਿਆਰੇ ਕਾਂ ਦਾ, ਜੋ ਕਾਗ ਵਾਂਗ ਕੁਰਲਾਈਆ । ਨਾਲੇ ਇਸ਼ਾਰਾ ਦੇਵੇ ਬਾਂਹ ਦਾ, ਦੋ ਜਹਾਨ ਰਿਹਾ ਹਿਲਾਈਆ ।
 ਫੇਰ ਢੋਲਾ ਗਾਏ ਵਾਹ ਵਾਹ ਦਾ, ਵਾਹਵਾ ਤੇਰੀ ਬੇਪਰਵਾਹੀਆ । ਤੂੰ ਮਾਲਕ ਥਲ ਅਸਗਾਹ ਦਾ, ਜੰਗਲ ਜੂਹਾਂ ਤੇਰੀ ਬੇਪਰਵਾਹੀਆ । ਮੈਂ ੧੪੦੬
 ਪਾਂਧੀ ਬਣਿਆ ਤੇਰੇ ਰਾਹ ਦਾ, ਰਹਿਬਰ ਤੇਰੀ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ੨੪
ਵਰ, ਸਚ ਦੇ ਮਾਲਕ ਦਇਆ ਕਮਾਈਆ । ਨਾਰਦ ਕਹੇ ਜਨ ਭਗਤੋ ਮੈਂ ਤੁਹਾਡੇ ਕੋਲੋਂ ਇਕੋ ਪ੍ਰੀਤੀ ਮੰਗਾਂ, ਮਾਂਗਤ ਹੋ ਕੇ ਝੋਲੀ ਡਾਹੀਆ । ਮੈਂ ਆਇਆ ਬਿਨਾ ਲੱਤਾਂ ਟੰਗਾਂ, ਬਿਨ ਤਨ ਵਜੂਦ ਸਰੀਰ ਪੰਧ ਮੁਕਾਈਆ । ਮੇਰਾ ਸੀਸ ਵੇਖ ਲਉ ਨੰਗਾ, ਓਢਣ ਵੇਖਣ ਕੋਇ ਨਾ ਪਾਈਆ । ਮੇਰੀ ਪਿਠ ਤੇ ਸਤਿਗੁਰ ਸ਼ਬਦ ਨੇ ਲਾਇਆ ਪੰਜਾ, ਪੰਜ ਆਬ ਵਿਚ ਜਾਣਾ ਚਾਈਂ ਚਾਈਂਆ । ਮੇਰੇ ਕੋਲ ਲੇਖਾ ਜੋ ਗੋਬਿੰਦ ਦੱਸਿਆ ਧਾਰ ਬਵੰਜਾ, ਜਿਸ ਦਾ ਲਹਿਣਾ ਬਾਵਨ ਗਿਆ ਦ੍ਰਿੜਾਈਆ । ਬੇਸ਼ਕ ਮੈਂ ਚਾਰ ਜੁਗ ਦਾ ਪੰਡਾ, ਬਿਨ ਅੱਖਰਾਂ ਕਰਾਂ ਪੜ੍ਹਾਈਆ । ਸਚ ਦੱਸਾਂ ਨੌਂ ਸੌ ਚੁਰਾਨਵੇ ਚੌਕੜੀ ਜੁਗ ਰਿਹਾ ਰੰਡਾ, ਨਾਰੀ ਨਰ ਨਰਾਇਣ ਹਿੱਸੇ ਕੋਇ ਨਾ ਪਾਈਆ । ਮੈਂ ਫਿਰਦਾ ਰਿਹਾ ਵਿਚ ਬ੍ਰਹਿਮੰਡਾਂ, ਪੁਰੀਆਂ ਲੋਆਂ ਭੱਜਾਂ ਵਾਹੋ ਦਾਹੀਆ । ਮੈਨੂੰ ਨਿਗਾਹ ਆਉਂਦਾ ਗੋਬਿੰਦ ਵਾਲਾ ਖੰਡਾ, ਜੋ ਖੜਗਾਂ ਬਾਹਰ ਸੋਭਾ ਪਾਈਆ । ਜਿਸ ਇਸ਼ਾਰਾ ਦਿਤਾ ਸਤਿ ਧਾਰ ਦੀ ਧਾਰ ਵਿਚੋਂ ਪਰਗਟੇ ਸੱਤ ਰੰਗਾ, ਡੰਡਾਵਤ ਸਭ ਦੀ ਦਏ ਬਦਲਾਈਆ । ਜਿਸ ਦੀਨ ਦੁਨੀ ਦਾ ਮੇਟਣਾ ਭੇਖ ਪੰਖਡਾ, ਕੂੜੀ ਕਿਰਿਆ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਸੁਣ ਧਰਨੀਏ, ਧਵਲੇ ਤੈਨੂੰ ਦਿਆਂ ਜਣਾਈਆ । ਕੀ ਖੇਲ ਪ੍ਰਭੂ ਨੇ ਕਰਨੀ ਏ, ਕਰਤਾ ਪੁਰਖ ਕੀ ਦ੍ਰਿੜਾਈਆ । ਕੀ ਤੁਕ ਅਗੰਮੀ ਸਭ ਨੇ ਪੜ੍ਹਨੀ ਏ, ਬਿਨ ਵਿਦਿਆ ਕਰੇ ਪੜ੍ਹਾਈਆ । ਕੇਹੜੀ ਮੰਜ਼ਲ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਚੜ੍ਹਨੀ ਏ, ਚੌਥੇ ਜੁਗ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਧਰਨੀ ਕਹੇ ਨਾਰਦਾ ਮੈਨੂੰ ਖੋਲ੍ਹ ਦੇ ਭੇਦ, ਅਭੇਵ ਦੇ ਜਣਾਈਆ । ਨਾਰਦ ਕਹੇ ਧਰਨੀਏ ਇਕੋ ਢੋਲਾ ਗਾ ਲੈ ਜੇਹਵ, ਇਕੋ ਸਿਫ਼ਤ ਸਲਾਹੀਆ । ਇਕੋ ਰਸ ਚਖ ਲੈ ਮੇਵ, ਬਿਨ ਰਸਨਾ ਰਸ ਬਣਾਈਆ । ਇਕੋ ਪਰਮ ਪੁਰਖ ਵਡ ਦੇਵੀ ਦੇਵ, ਦੇਵ ਆਤਮਾ ਜਿਸ ਦੀ ਸਰਨਾਈਆ । ਨੀ ਓਹ ਵਸਣਹਾਰਾ ਸਚਖੰਡ ਧਾਮ ਨਿਹਕੇਵ, ਨਿਹਚਲ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਸੁਣ ਨਾਰਦ ਬ੍ਰਾਹਮਣਾ, ਪੰਡਿਆ ਦਿਆਂ ਜਣਾਈਆ । ਮੈਨੂੰ ਦੱਸਦੇ ਉਸ ਦੀ ਭਾਵਨਾ, ਕੀ ਭਾਵ ਰਿਹਾ ਸਮਝਾਈਆ । ਕਿਸ ਬਿਧ ਪਕੜਾਇਆ ਆਪਣਾ ਦਾਮਨਾ, ਦਾਮਨਗੀਰ ਇਕ ਅਖਵਾਈਆ । ਜਿਸ ਵਾਅਦਾ ਪੂਰਾ ਕਰਨਾ ਬਲ ਬਾਵਨਾ, ਬਲਧਾਰੀ ਵੇਸ ਵਟਾਈਆ । ਜੋ ਲੇਖਾ ਲੇਖੇ ਲਾਏ ਰਾਮ ਰਾਵਨਾ, ਰਮਈਆ ਬਣੇ ਧੁਰਦਰਗਾਹੀਆ । ਜਿਸ ਮਨਸਾ ਪੂਰੀ ਕਰਨੀ ਕ੍ਰਿਸ਼ਨਾ ਕਾਹਨਨਾ, ਘਨਈਆ ਆਪਣਾ ਸੰਗ ਜਣਾਈਆ । ਜਿਸ ਪੈਗ਼ੰਬਰਾਂ ਪਕੜਾਵਣਾ ਦਾਮਨਾ, ਦਸਤਗੀਰ ਬੇਨਜ਼ੀਰ ਆਪ ਅਖਵਾਈਆ । ਜਿਸ ਨਾਨਕ ਗੋਬਿੰਦ ਖੇਲ ਖਿਲਾਵਨਾ, ਓਹ ਖ਼ਾਲਕ ਖ਼ਲਕ ਵੇਖੇ ਚਾਈਂ ਚਾਈਆ । ਜਿਸ ਇਕੋ ਡੰਕਾ ਸ਼ਬਦ ਵਜਾਵਣਾ, ਦੋ ਜਹਾਨ ਕਰੇ ਸ਼ਨਵਾਈਆ । ਧਰਨੀ ਕਹੇ ਜਿਸ ਨੂੰ ਸਭ ਨੇ ਸੀਸ ਨਿਵਾਵਣਾ, ਧੂੜੀ ਖ਼ਾਕ ਖ਼ਾਕ ਰਮਾਈਆ । ਜਗਤ ਤ੍ਰਿਸ਼ਨਾ ਮੇਟੇ ਤਾਮਨਾ, ਤ੍ਰੈਗੁਣ ਅਤੀਤਾ ਦਇਆ ਕਮਾਈਆ । ਜਿਸ ਨੇ ਸਤਿਜੁਗ ਮਾਰਗ ਲਾਵਣਾ, ਕਲਜੁਗ ਕਿਰਿਆ ਕੂੜ ਚੁਕਾਈਆ । ਉਸ ਦੇ ਬਲ ਬਲ ਸਭ ਨੇ ਜਾਵਣਾ, ਨਿਵ ਨਿਵ ਲਾਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਧਰਨੀਏ ਓਹ ਮਾਲਕ ਇਕ ਜਗਦੀਸ, ਜਗਦੀਸ਼ਰ ਧੁਰਦਰਗਾਹੀਆ । ਜਿਸ ਨੂੰ ਝੁਕਣੇ ਸਾਰੇ ਸੀਸ, ਸਿਰ ਸਕੇ ਨਾ ਕੋਇ ਉਠਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਬੀਸ ਬੀਸ, ਬੀਸ ਬੀਸਾ ਇਕ ਅਖਵਾਈਆ । ਜਿਸ ਦਾ ਇਕੋ ਕਲਮਾ ਹੋਏ ਸਚ ਹਦੀਸ, ਹਜ਼ਰਤਾਂ ਬਾਹਰ ਕਰੇ ਪੜ੍ਹਾਈਆ । ਜਿਸ ਦਾ ਨਾਮ ਸੰਦੇਸ਼ਾ ਬਾਹਰ ਰਾਗ ਛਤੀਸ, ਛਤੀਸਾ ਬਤੀਸਾ ਸਿਫ਼ਤ ਨਾ ਕੋਇ ਸਲਾਹੀਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਪੀਸਣ ਰਿਹਾ ਪੀਸ, ਸਤਿਜੁਗ ਤਰੇਤਾ ਦੁਆਪਰ ਆਪਣੀ ਕਾਰ ਕਮਾਈਆ । ਓਹ ਪੁਰਖ ਅਕਾਲਾ ਦੀਨ ਦਿਆਲਾ ਜਿਸ ਦੀ ਕਰੇ ਕੋਇ ਨਾ ਰੀਸ, ਦੂਸਰ ਰੂਪ ਨਾ ਕੋਇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਨਾਰਦਾ ਮੈਂ ਵੇਖ ਲੈ ਕੋਝੀ ਕਮਲੀ, ਆਪਣੀ ਸੁਧ ਨਾ ਕੋਇ ਰਖਾਈਆ । ਅਗਲਾ ਭੇਵ ਦੱਸਦੇ ਗੋਝੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਨਾਰਦ ਕਹੇ ਧਰਨੀਏ ਮੈਂ ਨਹੀਂ ਕੋਈ ਕਲਜੁਗ ਵਾਲਾ ਜੋਗੀ, ਤਨ ਵਜੂਦ ਸ਼ਿੰਗਾਰ ਬਣਾਈਆ । ਮੈਂ ਕੋਈ ਵਾਸਨਾ ਵਾਲਾ ਨਹੀਂ ਭੋਗੀ, ਤ੍ਰਿਸ਼ਨਾ ਜਗਤ ਨਾ ਕੋਇ ਰਖਾਈਆ । ਮੈਂ ਨਹੀਂ ਕੋਈ ਵਿਛੋੜੇ ਵਾਲਾ ਵਿਜੋਗੀ, ਵਿਛੜ ਕੇ ਆਪਣਾ ਝਟ ਲੰਘਾਈਆ । ਮੈਂ ਤੇ ਪ੍ਰਭੂ ਦਾ ਭਗਤ ਮੌਜੀ, ਮਜਲਸ ਭਗਤਾਂ ਸੰਗ ਰਖਾਈਆ । ਮੈਨੂੰ ਸਤਿਗੁਰ ਸ਼ਬਦ ਬਣਾਇਆ ਖੋਜੀ, ਖੋਜ ਕੱਢਿਆ ਚਾਈਂ ਚਾਈਆ । ਜਿਥੇ ਵਸਿਆ ਮੇਰਾ ਪ੍ਰੀਤਮ ਚੋਜੀ, ਚੋਜੀ ਆਪਣਾ ਵੇਸ ਵਟਾਈਆ । ਜੋ ਬਣ ਕੇ ਅਗਾਧ ਬੋਧੀ, ਬੁੱਧੀ ਤੋਂ ਪਰੇ ਦਏ ਸਮਝਾਈਆ । ਦੁਰਮਤ ਮੈਲ ਧੋਵੇ ਬਣ ਕੇ ਧੋਬੀ, ਦੁਬਧਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਨਾਰਦ ਕਹੇ ਧਰਨੀਏ ਜੇ ਪਰਮ ਪੁਰਖ ਨੂੰ ਪਾਉਣਾ, ਪਵਣ ਪਾਣੀ ਨਾਲ ਮਿਲਾਈਆ । ਪਹਿਲੋਂ ਆਪਣਾ ਆਪ ਉਠਾਉਣਾ, ਆਲਸ ਨਿੰਦਰਾ ਰਹੇ ਨਾ ਰਾਈਆ । ਫੇਰ ਸਤਿ ਸ਼ਿੰਗਾਰ ਕਰਾਉਣਾ, ਵੇਸ ਅਵੇਸਾ ਰੂਪ ਧਰਾਈਆ । ਨੇਤਰ ਨਾਮ ਨਿਧਾਨਾ ਕੱਜਲ ਪਾਉਣਾ, ਜਗਤ ਅੱਖ ਨਾ ਕੋਇ ਵਡਿਆਈਆ । ਬਿਨ ਮੇਢੀ ਸੀਸ ਗੁੰਦਾਉਣਾ, ਸੋਹਣਾ ਰੂਪ ਧਰਾਈਆ । ਸਚ ਪਿਆਰ ਦਾ ਓਢਣ ਇਕੋ ਉਪਰ ਟਿਕਾਉਣਾ, ਟਿੱਕਾ ਧੂੜੀ ਮਸਤਕ ਖ਼ਾਕ ਰਮਾਈਆ । ਫਿਰ ਦੀਨ ਦੁਨੀ ਤਜਾਉਣਾ, ਜਗਤ ਰਿਸ਼ਤਾ ਨਾ ਕੋਇ ਜਣਾਈਆ । ਨੌਂ ਖੰਡ ਪ੍ਰਿਥਮੀ ਆਪਣਾ ਹਿੱਸਾ ਵੇਖ ਵਖਾਉਣਾ, ਸੱਤ ਦੀਪ ਖੋਜ ਖੁਜਾਈਆ । ਲੱਖ ਚੁਰਾਸੀ ਧਿਆਨ ਲਗਾਉਣਾ, ਧਰਨੀ ਧਰਤ ਧਵਲ ਧੌਲੇ ਧਰਮ ਨਾਲ ਸਮਝਾਈਆ । ਸਭ ਤੋਂ ਪਹਿਲੋਂ ਮੇਰੇ ਪਰਮ ਪੁਰਖ ਪਰਮਾਤਮ ਜਿਸ ਦਾ ਦਰਸ਼ਨ ਪਾਉਣਾ, ਦੀਦ ਈਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਨਾਰਦ ਮੈਂ ਪ੍ਰਿਥਮ ਰੂਪ ਬਣਾਵਾਂਗੀ । ਏਕਾ ਏਕੰਕਾਰ ਇਸ਼ਟ ਮਨਾਵਾਂਗੀ । ਦੂਜਾ ਏਕਾ ਭਾਉ ਚੁਕਾਵਾਂਗੀ । ਤੀਜਾ ਤਿੰਨਾਂ ਲੋਕਾਂ ਬਾਹਰ ਵੇਖ ਵਖਾਵਾਂਗੀ । ਚੌਥਾ ਚੌਥੀ ਮੰਜ਼ਲ ਚੜ੍ਹ, ਨੈਣ ਉਠਾਵਾਂਗੀ । ਪੰਚਮ ਪੰਜਵਾਂ ਪੱਲੂ ਇਕੋ ਫੜ, ਸਾਚੀ ਗੰਢ ਬੰਧਾਵਾਂਗੀ । ਛੇਵਾਂ ਵੇਖ ਅਗੰਮਾ ਦਰ, ਦਰ ਦੁਆਰਾ ਇਕ ਖੁਲ੍ਹਾਵਾਂਗੀ । ਸਤਵਾਂ ਸਤਿ ਸਤਿਵਾਦੀ ਮਿਲਕੇ ਹਰਿ, ਹਿਰਦੇ ਆਪਣੇ ਆਪ ਵਸਾਵਾਂਗੀ । ਅੱਠਵਾਂ ਅੱਠਾਂ ਤਤਾਂ ਰਹੇ ਨਾ ਡਰ, ਡੰਡਾਵਤ ਬਦੰਨਾ ਵਿਚ ਸੀਸ ਨਿਵਾਵਾਂਗੀ । ਨੌਂਵੇਂ ਵਾਸਨਾ ਰਹੇ ਕੋਈ ਨਾ ਘਰ, ਗ੍ਰਿਹ ਮੰਦਰ ਇਕੋ ਸੋਭਾ ਪਾਵਾਂਗੀ । ਦਸਵੇਂ ਮਿਲਕੇ ਆਪਣੇ ਨਰਾਇਣ ਨਰ, ਨਰ ਹਰਿ ਵਿਚ ਸਮਾਵਾਂਗੀ । ਝਟ ਨਾਰਦ ਹਸ ਕੇ ਕਿਹਾ ਧਰਨੀਏ ਹੁਣ ਹੋਰ ਦਾ ਭਾਣਾ ਜਰ, ਜ਼ੱਰਾ ਜ਼ੱਰਾ ਤੇਰਾ ਖੇਲ ਤੂੰ ਬਿਨ ਰਸਨਾ ਕਹਿ ਮੈਂ ਉਸੇ ਦੇ ਹੁਕਮ ਵਿਚ ਸੀਸ ਨਿਵਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਮਨਾਵਾਂਗੀ । ਧਰਨੀ ਕਹੇ ਨਾਰਦਾ ਮੈਂ ਕੂਕਾਂ ਮਾਰਾਂ, ਆ ਜਾ ਮੇਰੇ ਕਮਲਾਪਾਤੀਆ । ਮੈਨੂੰ ਤੇਰੇ ਨਾਲ ਬਹਾਰਾਂ, ਅੰਤਮ ਮੇਰੀ ਪੁਛ ਵਾਤੀਆ । ਮੈਂ ਤਨ ਵਜੂਦ ਸ਼ਿੰਗਾਰਾਂ, ਬਿਨ ਨੈਣਾਂ ਮਾਰਾਂ ਝਾਤੀਆ । ਮੇਰੀਆਂ ਵੇਖ ਲੈ ਸਿੰਮਲ ਵਾਲੀਆਂ ਤਾਰਾਂ, ਪਰਦਾ ਲਾਹ ਦੇ ਵਿਚੋਂ ਰੈਣ ਅੰਧੇਰੀ ਰਾਤੀਆ । ਤੇਰੀ ਧੂੜੀ ਲਾਵਾਂ ਛਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਕਰ ਦੇ ਲੋਕਮਾਤੀਆ । ਨਾਰਦ ਕਹੇ ਧਰਨੀਏ ਓਹ ਲੋਕਮਾਤ ਵਿਚ ਆਇਆ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਨੂਰ ਨੂਰ ਰੁਸ਼ਨਾਇਆ, ਨੂਰ ਨੁਰਾਨਾ ਡਗਮਗਾਈਆ । ਸ਼ਬਦ ਅਨਾਦੀ ਨਾਦ ਸੁਣਾਇਆ, ਸੋਹਲਾ ਢੋਲਾ ਧੁਰਦਰਗਾਹੀਆ । ਜਿਸ ਦਾ ਅਵਤਾਰ ਪੈਗੰਬਰ ਗੁਰੂਆਂ ਦਰਸ਼ਨ ਪਾਇਆ, ਬਿਨ ਨੈਣ ਨੈਣ ਬਿਗਸਾਈਆ । ਵਿਸ਼ਨ ਬ੍ਰਹਮਾ ਸ਼ਿਵ ਸ਼ੁਕਰ ਮਨਾਇਆ, ਖੁਸ਼ੀਆਂ ਵਿਚ ਢੋਲੇ ਗਾਈਆ । ਜਿਸ ਨੇ ਚਾਰ ਜੁਗ ਦਾ ਲੇਖਾ ਆਪਣੇ ਚਰਨਾਂ ਹੇਠ ਦਬਾਇਆ, ਦੋ ਜਹਾਨਾਂ ਵੇਖ ਵਖਾਈਆ । ਜਿਸ ਨੂੰ ਸਭ ਨੇ ਮੰਨਿਆ ਦਾਈ ਦਾਇਆ, ਦੋ ਜਹਾਨਾਂ ਮਾਲਕ ਹੋਏ ਸਹਾਈਆ । ਨੀ ਉਸ ਨੇ ਸੰਬਲ ਆਪਣਾ ਡੇਰਾ ਲਾਇਆ, ਬੰਕ ਦੁਆਰੇ ਡੇਰਾ ਲਾਈਆ । ਜਿਸ ਭੇਵ ਅਭੇਦ ਖੁਲ੍ਹਾਇਆ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਕੋਟਾਂ ਵਿਚੋਂ ਕਮਲੀਏ ਕੋਈ ਵਿਰਲਾ ਉਸ ਨੇ ਭਗਤ ਸੁਹੇਲਾ ਜਗਾਇਆ, ਜਾਗਰਤ ਜੋਤ ਕਰੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੧੪੦੮
੨੪

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਧਰਨੀ ਕਹੇ ਨਾਰਦਾ ਕੀ ਖੇਲ ਸ੍ਰੀ ਭਗਵਾਨੇ, ਭਗਵਨ ਕੀ ਜਣਾਈਆ । ਨਾਰਦ ਕਹੇ ਸੁਣ ਧਰਨੀ ਧਰਤ ਧਵਲ ਧੌਲ ਰਕਾਨੇ, ਜੋਬਨਵੰਤੀਏ ਤੈਨੂੰ ਦਿਆਂ ਸੁਣਾਈਆ । ਓਹ ਪਰਮ ਪੁਰਖ ਸ਼ਹਿਨਸ਼ਾਹ ਸੁਲਤਾਨੇ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਜੁਗ ਜੁਗ ਖੇਲ ਮਹਾਨੇ, ਚੌਕੜੀ ਆਪਣਾ ਹੁਕਮ ਵਰਤਾਈਆ । ਜੋ ਵਸੇ ਸਚਖੰਡ ਮਕਾਨੇ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦੇ ਨਾਮ ਦੇ ਅਵਤਾਰ ਪੈਗ਼ੰਬਰਾਂ ਗੁਰੂਆਂ ਗਾਏ ਤਰਾਨੇ, ਤੁਰੀਆ ਵਿਚ ਬਹਿ ਕੇ ਢੋਲੇ ਗਾਈਆ । ਜਿਸ ਨੇ ਲੱਖ ਚੁਰਾਸੀ ਜੀਵ ਜੰਤ ਕੀਤੇ ਬੇਗਾਨੇ, ਤੇਰੇ ਉਤੇ ਖੇਲ ਖਿਲਾਈਆ । ਉਸ ਦਾ ਖੇਲ ਅਵੱਲਾ ਜੋ ਲੇਖਾ ਜਾਣੇ ਦੋ ਜਹਾਨੇ, ਦੋਹਰੀ ਆਪਣੀ ਕਲ ਪਰਗਟਾਈਆ । ਨੀ ਪਤਾ ਨਹੀਂ ਅੱਜ ਆ ਗਿਆ ਕੇਹੜੇ ਬਹਾਨੇ, ਜਨ ਭਗਤਾਂ ਵਿਚ ਬੈਠਾ ਸੋਭਾ ਪਾਈਆ । ਜਿਸ ਦੇ ਸਚ ਸਚ ਦੇ ਯਰਾਨੇ, ਯਰਾਨਾ ਆਤਮ ਪਰਮਾਤਮ ਨਾਲ ਰਖਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕਲਾਮੇ, ਕਲਮਾ ਕਾਇਨਾਤ ਦ੍ਰਿੜਾਈਆ । ਜਿਸ ਦੇ ਹੁਕਮ ਵਿਚ ਬਦਲ ਗਏ ਜ਼ਮਾਨੇ, ਜੁਗ ਚੌਕੜੀ ਆਪਣਾ ਪੰਧ ਮੁਕਾਈਆ । ਕਲਜੁਗ ਅੰਤ ਖੇਲ ਕਰੇ ਮਹਾਨੇ, ਮਹਿਮਾ ਕਥ ਕਥ ਦ੍ਰਿੜਾਈਆ । ਜਿਸ ਦੇ ਪਿਆਰ ਵਿਚ ਹਰਿਜਨ ਹੋਏ ਦੀਵਾਨੇ, ਮਸਤੀ ਵਿਚ ਭੱਜਣ ਚਾਈਂ ਚਾਈਂਆ । ਇੰਦਰ ਦੇਵਤ ਸੁਰ ਮੇਘ ਬਰਸਾਨੇ, ਖੁਵਾਜਾ ਖਿਜਰ ਖੁਸ਼ੀ ਬਣਾਈਆ । ਵਿਸ਼ਨ ਬ੍ਰਹਮਾ ਸ਼ਿਵ ਉਸ ਦੇ ਚਰਨ ਦਬਾਨੇ, ਬਿਨ ਹੱਥਾਂ ਹੱਥ ਲਗਾਈਆ । ਉਠ ਬਿਨਾ ਅੱਖੀਆਂ ਅੱਖੀਆਂ ਖੋਲ੍ਹ ਜੇ ਉਸ ਦੇ ਦਰਸ਼ਨ ਪਾਣੇ, ਦਰਸ਼ਨ ਤੈਨੂੰ ਦਿਆਂ
੧੪੦੯ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਨਾਰਦ ਕਹੇ ੧੪੦੯
੨੪ ਧਰਨੀਏ ਖੋਲ੍ਹ ਅੱਖੀਆਂ, ਜਗਤ ਨੇਤਰਾਂ ਬਾਹਰ ਜਣਾਈਆ । ਜਿਸ ਜੁਗ ਜੁਗ ਤੇਰੀਆਂ ਲਾਜਾਂ ਰਖੀਆਂ, ਸਿਰ ਸਿਰ ਆਪਣਾ ਹੱਥ ਟਿਕਾਈਆ । ੨੪
ਜਿਸ ਖੇਲ ਖਿਲਾਇਆ ਕਾਹਨ ਨਾਲ ਸਖ਼ੀਆਂ, ਸਖ਼ਾਵਤ ਕੀਤੀ ਚਾਈਂ ਚਾਈਂਆ । ਓਹ ਮਾਲਕ ਅਲਖ ਅਲਖੀਆ, ਅਗੋਚਰ ਅਗੰਮ ਅਥਾਹੀਆ । ਜਿਸ ਦੇ ਸਬਰ ਲਬੀਆਂ, ਯਾਰੜਾ ਸੇਜ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਨਾਰਦਾ ਮੇਰਾ ਪ੍ਰਭ ਨੂੰ ਇਕ ਆਦੇਸ, ਨਿਵ ਨਿਵ ਸੀਸ ਨਿਵਾਈਆ । ਮੈ ਹੈਰਾਨ ਹੋ ਗਈ ਕੇਹੜਾ ਕੀਤਾ ਅਵਲੜਾ ਵੇਸ, ਵੇਸ ਅਵੇਸ ਆਪਣਾ ਲਿਆ ਬਦਲਾਈਆ । ਵੇ ਨਾ ਮੁੱਛ ਦਾਹੜੀ ਨਾ ਕੇਸ, ਜੋਤੀ ਜਾਤਾ ਹੋ ਕੇ ਸੋਭਾ ਪਾਈਆ । ਜੇਹੜਾ ਸਦਾ ਰਹੇ ਹਮੇਸ਼, ਜਨਮ ਮਰਨ ਵਿਚ ਕਦੇ ਨਾ ਆਈਆ । ਜਿਸ ਦੁਆਰੇ ਦੇ ਅਵਤਾਰ ਪੈਗ਼ੰਬਰ ਗੁਰੂ ਦਰਵੇਸ਼, ਭਿਖਿਆ ਮੰਗਣ ਥਾਉਂ ਥਾਈਆ । ਜਿਸ ਦੇ ਗੁਣ ਗਾਵੇ ਸਹੰਸਰ ਮੁਖ ਸ਼ੇਸ਼, ਸਿਫ਼ਤਾਂ ਨਾਲ ਸਿਫ਼ਤ ਸਾਲਾਹੀਆ । ਜਿਸ ਸੁਤ ਦੁਲਾਰਾ ਬਣਾਇਆ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਦਾ ਭੇਵ ਆਪ ਚੁਕਾਈਆ । ਓਹ ਮਾਲਕ ਨਰ ਨਰੇਸ਼, ਨਰ ਹਰਿ ਇਕੋ ਨਜ਼ਰੀ ਆਈਆ । ਮੈਂ ਓਸੇ ਦੇ ਚਰਨ ਕਵਲ ਹੋਈ ਪੇਸ਼, ਪੇਸ਼ੀਨਗੋਈਆਂ ਪਿਛਲੀਆਂ ਹੱਥ ਉਠਾਈਆ । ਮੇਰੇ ਸੁਆਮੀ ਠਾਕਰ ਮੇਰੇ ਉਤੋਂ ਮੇਟ ਕਲੇਸ਼, ਕਲ ਕਾਤੀਆਂ ਡੇਰਾ ਢਾਈਆ । ਉਸ ਸੁਣਾ ਦਿਤਾ ਜਣਾ ਦਿਤਾ ਮੇਰਾ ਸਤਿਗੁਰ ਸ਼ਬਦ ਦੇਵਣ ਵਾਲਾ ਸੰਦੇਸ਼, ਸੰਧਿਆ ਸਰਘੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰਾ ਇਕ ਸਮਝਾਈਆ । ਨਾਰਦ ਕਹੇ ਧਰਨੀਏ ਪ੍ਰਭੂ ਬੜਾ ਛਲੀਆ, ਅਛਲ ਛਲਧਾਰੀ ਇਕ ਅਖਵਾਈਆ ।

ਆਦਿ ਜੁਗਾਦੀ ਬੜਾ ਬਲੀਆ, ਬਲਧਾਰੀ ਧੁਰਦਰਗਾਹੀਆ । ਉਸ ਦੇ ਹੁਕਮ ਵਿਚ ਕਿਤਨੇ ਫਿਰਦੇ ਅਵਤਾਰ ਪੈਗ਼ੰਬਰ ਗੁਰੂ ਵਲੀਆ, ਵਲੀਅਹਦ ਨਜ਼ਰ ਕੋਇ ਨਾ ਆਈਆ । ਜਿਸ ਦਾ ਲਹਿਣਾ ਦੇਣਾ ਜਲ ਥਲ ਮਹੀਅਲ ਸਮੁੰਦ ਸਾਗਰ ਰਲੀਆ, ਟਿੱਲੇ ਪਰਬਤ ਚੋਟੀਆਂ ਬੈਠਾ ਆਸਣ ਲਾਈਆ । ਨੀ ਉਹ ਤੇਰੀਆਂ ਨੌ ਖੰਡ ਦੀਆਂ ਵੇਖਣ ਵਾਲਾ ਗਲੀਆਂ, ਕੂਚਾ ਕੂਚਾ ਫੋਲ ਫੁਲਾਈਆ । ਸੱਤਾਂ ਦੀਪਾਂ ਤਕ ਕਿਸ ਬਿਧ ਕਲਜੁਗ ਪਾਏ ਜੱਲੀਆਂ, ਨੱਚੇ ਟੱਪੇ ਕੁੱਦੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਸਣਹਾਰਾ ਨੇਹਚਲ ਧਾਮ ਅਟਲੀਆ, ਅਟਲ ਮਹਲ ਇਕੋ ਇਕ ਸੁਹਾਈਆ ।

✪ ੧੪ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਬੰਤ ਸਿੰਘ ਦੇ ਗ੍ਰਿਹ ਪਿੰਡ ਰੁੜਕਾ ਜ਼ਿਲਾ ਜਲੰਧਰ ✪

ਧਰਨੀ ਕਹੇ ਪ੍ਰਭੂ ਮੇਰੇ ਉਤੋਂ ਬੁਝਾ ਦੇ ਬਸੰਤਰ, ਅਗਨੀ ਤਤ ਨਾ ਕੋਇ ਜਲਾਈਆ । ਇਕੋ ਨਾਮ ਨਿਧਾਨਾ ਦੇ ਦੇ ਮੰਤਰ, ਕਲਮਾ ਸਚ ਸਚ ਦ੍ਰਿੜਾਈਆ । ਲੇਖਾ ਪੂਰਾ ਕਰ ਦੇ ਜੁਗਾ ਜੁਗੰਤਰ, ਜੁਗ ਚੌਕੜੀ ਪੰਧ ਮੁਕਾਈਆ । ਤੇਰਾ ਲਹਿਣਾ ਦੇਣਾ ਨਿਰਗੁਣ ਧਾਰ ਨਿਰੰਤਰ, ਨਿਰਵੈਰ ਤੇਰੀ ਸਰਨਾਈਆ । ਪਰਦਾ ਓਹਲਾ ਰਹੇ ਨਾ ਗਗਨ ਗਗਨੰਤਰ, ਜ਼ਿਮੀਂ ਅਸਮਾਨ ਦੋ ਜਹਾਨ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ
੧੪੧੦ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੋਂ ਕਲਜੁਗ ਕੂੜ ਬੁਝਾ ਦੇ ਅੱਗ, ਆਗਮਨ ੧੪੧੦
੨੪ ਤੇਰੇ ਵਿਚ ਰਾਹ ਤਕਾਈਆ । ਕਿਰਪਾ ਕਰ ਸੂਰੇ ਸਰਬਗ, ਹਰਿ ਕਰਤੇ ਧੁਰਦਰਗਾਹੀਆ । ਦੀਆ ਬਾਤੀ ਕਮਲਾਪਾਤੀ ਮੇਰਾ ਨੂਰ ਜਾਏ ਜਗ, ੨੪
ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ । ਜਨ ਭਗਤ ਸੁਹੇਲੇ ਦੀਨ ਦੁਨੀ ਨਾਲੋਂ ਕਰ ਅਲਗ, ਗ੍ਰਿਹ ਵਖਰਾ ਇਕ ਵਖਾਈਆ । ਦਰਸ਼ਨ ਦੇ ਉਪਰ ਸ਼ਾਹਰਗ, ਸ਼ਹਿਨਸ਼ਾਹ ਪਰਦਾ ਦੇ ਉਠਾਈਆ । ਹੰਸ ਰੂਪ ਬਣਾ ਲੈ ਕਗ, ਕਾਗੋਂ ਹੰਸ ਮਾਣਕ ਮੋਤੀ ਚੋਗ ਚੁਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰ ਆਪ ਸੁਹਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੋਂ ਮੇਟ ਦੇ ਧੁੰਦੂਕਾਰਾ, ਧਵਲ ਹੋ ਕੇ ਸੀਸ ਨਿਵਾਈਆ । ਤੂੰ ਮੇਰਾ ਏਕੰਕਾਰਾ, ਅਕਲ ਕਲ ਤੇਰੇ ਹੱਥ ਵਡਿਆਈਆ । ਤੂੰ ਸਾਂਝਾ ਪਰਵਰਦਿਗਾਰਾ, ਜਲਵਾਗਰ ਨੂਰ ਅਲਾਹੀਆ । ਤੇਰਾ ਲਹਿਣਾ ਦੇਣਾ ਨਾਲ ਪੈਗ਼ੰਬਰ ਗੁਰ ਅਵਤਾਰਾ, ਵਿਸ਼ਨ ਬ੍ਰਹਮਾ ਸ਼ਿਵ ਸੰਗ ਰਖਾਈਆ । ਮੇਰੇ ਉਤੋਂ ਕੂੜੀ ਕਿਰਿਆ ਲਾਹ ਦੇ ਭਾਰਾ, ਭਾਂਡਾ ਭਰਮ ਭੌ ਭੰਨਾਈਆ । ਸਤਿਜੁਗ ਸਚ ਕਰ ਉਜਿਆਰਾ, ਸਤਿ ਸਤਿ ਦਇਆ ਕਮਾਈਆ । ਤੇਰੇ ਨਾਮ ਦਾ ਇਕੋ ਸੁਣਾਂ ਨਾਅਰਾ, ਨਰ ਨਰਾਇਣ ਦਿਆਂ ਦ੍ਰਿੜਾਈਆ । ਇਕੋ ਘਰ ਹੋਵੇ ਸਚ ਦੁਆਰਾ, ਭਗਤ ਵਛਲ ਦੇਣਾ ਵਖਾਈਆ । ਇਕੋ ਚਰਨ ਕਵਲ ਹੋਵੇ ਨਿਮਸਕਾਰਾ, ਡੰਡਾਵਤ ਬੰਦਨਾ ਇਕੋ ਵੇਖ ਵਖਾਈਆ । ਇਕੋ ਇਸ਼ਟ ਹੋਵੇ ਸੰਸਾਰਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੋਂ ਮੇਟ ਅੰਧ ਅੰਧਿਆਰ, ਅੰਧ ਆਤਮ ਕਰ ਰੁਸ਼ਨਾਈਆ । ਸਚ ਪ੍ਰੀਤੀ ਦੇ ਪਿਆਰ, ਪਰਮ ਪੁਰਖ ਤੇਰੀ ਓਟ ਤਕਾਈਆ । ਭਾਗ ਲਗਾਉਣਾ ਮੇਰੇ ਨੌ ਖੰਡ ਦੁਆਰ, ਸੱਤਾਂ ਦੀਪਾਂ ਸੋਭਾ

ਪਾਈਆ । ਮੈਂ ਖ਼ੁਸ਼ੀਆਂ ਵਿਚ ਧੂੜੀ ਲਾਵਾਂ ਛਾਰ, ਟਿੱਕੇ ਮਸਤਕ ਖ਼ਾਕ ਰਮਾਈਆ । ਬਿਨ ਨੇਤਰ ਲੋਚਨ ਕਰਾਂ ਦੀਦਾਰ, ਬਿਨ ਅੱਖੀਆਂ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸੁਹੰਜਣਾ ਇਕ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਜਨ ਭਗਤਾਂ ਮੇਲਣਾ ਆਪ, ਆਪਣੀ ਦਇਆ ਕਮਾਈਆ । ਆਤਮ ਪਰਮਾਤਮ ਬਖ਼ਸ਼ਣਾ ਜਾਪ, ਜਗ ਜੀਵਣ ਦਾਤੇ ਹੋਣਾ ਸਹਾਈਆ । ਕੂੜ ਕੁਕਰਮ ਰਹੇ ਕੋਈ ਨਾ ਪਾਪ, ਜਨਮ ਦਾ ਲੇਖਾ ਦੇਣਾ ਚੁਕਾਈਆ । ਸਚਖੰਡ ਨਿਵਾਸੀ ਆਪ ਬਣਨਾ ਧੁਰ ਦਾ ਬਾਪ, ਪਿਤਾ ਪੂਤ ਗੋਦ ਉਠਾਈਆ । ਝਗੜਾ ਮੇਟ ਕੂੜ ਸੰਤਾਪ, ਸੰਸਾ ਦੀਨ ਦੁਨੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਅੰਤਰ ਨਿਰੰਤਰ ਕਿਰਿਆ ਕੂੜ ਜਗਤ ਮੇਟ ਸੰਤਾਪ, ਸਤਿ ਸਤਿਵਾਦੀ ਸਤਿ ਆਪਣਾ ਰੰਗ ਰੰਗਾਈਆ ।

## ✪ ੧੪ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਗੁਰਦੇਵ ਸਿੰਘ ਦੇ ਗ੍ਰਿਹ ਪਿੰਡ ਨਵਾਂ ਪਿੰਡ ਜ਼ਿਲਾ ਜਲੰਧਰ ✪

ਧਰਨੀ ਕਹੇ ਪ੍ਰਭੂ ਜਨ ਭਗਤਾਂ ਚਾੜ੍ਹ ਦੇ ਰੰਗ, ਰੰਗਤ ਨਿਰਗੁਣ ਧਾਰ ਆਪ ਚੜ੍ਹਾਈਆ । ਜੋਤੀ ਜਾਤੇ ਪੁਰਖ ਬਿਧਾਤੇ ਲਾ ਲੈ ਅੰਗ, ਅੰਗੀਕਾਰ ਏਕੰਕਾਰ ਪਰਵਰਦਿਗਾਰ ਆਪ ਹੋ ਜਾਈਆ । ਨਾਮ ਨਿਧਾਨ ਸ੍ਰੀ ਭਗਵਾਨ ਮਰਦ ਮਰਦਾਨ ਸੂਰੇ ਸਰਬੰਗ, ਕਰਨੀ ਦੇ ਕਰਤੇ ਕੁਦਰਤ ਦੇ ਕ਼ਾਦਰ ਤੇਰੇ ਹੱਥ ਵਡਿਆਈਆ । ਮੈਂ ਨਿਮਾਣੀ ਕੋਝੀ ਕਮਲੀ ਸਚ ਦੁਆਰੇ ਰਹੀ ਮੰਗ, ਮਾਂਗਤ ਹੋ ਕੇ ਦਰ ਠਾਂਢੇ ਸੀਸ ਨਿਵਾਈਆ । ਪੁਰਖ ਅਕਾਲੇ ਦੀਨ ਦਿਆਲੇ ਜਨ ਭਗਤਾਂ ਕਾਇਆ ਮੰਦਰ ਅੰਦਰ ਲੰਘ, ਨੌਂ ਦੁਆਰ ਦਾ ਪੰਧ ਮੁਕਾਈਆ । ਆਤਮ ਸੇਜ ਸੁਹਾ ਪਲੰਘ, ਜਿਸ ਦੀ ਬਾਡੀ ਬਣਤ ਨਾ ਕੋਇ ਬਣਾਈਆ । ਸ਼ਬਦ ਅਗੰਮਾ ਵਜਾ ਮਰਦੰਗ, ਤਾਲ ਤਲਵਾੜਾ ਸਮਝ ਕਿਸੇ ਨਾ ਆਈਆ । ਨਿਝਰ ਝਿਰਨਾ ਅੰਮ੍ਰਿਤ ਸੋਮਾ ਬੂੰਦ ਸਵਾਂਤੀ ਵਹਾ ਆਪਣੀ ਗੰਗ, ਗੰਗਾ ਗੋਦਾਵਰੀ ਜਮਨਾ ਸੁਰਸਤੀ ਜਿਸ ਨੂੰ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਜਨ ਭਗਤ ਸੁਹੇਲੇ ਬਣਾ ਲੋਕਮਾਤ, ਧਵਲ ਹੋ ਕੇ ਵਾਸਤਾ ਪਾਈਆ । ਨਾਮ ਨਿਧਾਨ ਬਖ਼ਸ਼ ਦੇ ਦਾਤ, ਅਗੰਮੜੀ ਅਨਮੁਲ ਆਪ ਵਰਤਾਈਆ । ਕਲਜੁਗ ਰੈਣ ਅੰਧੇਰੀ ਮੇਟ ਦੇ ਰਾਤ, ਨੂਰੀ ਚੰਦ ਕਰ ਰੁਸ਼ਨਾਈਆ । ਮਿਹਰਵਾਨ ਹੋ ਕੇ ਪੁਛ ਵਾਤ, ਮਹਿਬੂਬ ਹੋ ਕੇ ਪਰਦਾ ਆਪ ਉਠਾਈਆ । ਝਗੜਾ ਮੇਟ ਦੇ ਦੀਨ ਮਜ਼੍ਹਬ ਜ਼ਾਤ ਪਾਤ, ਊਚ ਨੀਚ ਸ਼ਰਅ ਨਾ ਕੋਇ ਲੜਾਈਆ । ਚਰਨ ਪ੍ਰੀਤੀ ਨਵ ਸੱਤ ਜੋੜ ਦੇ ਨਾਤ, ਰਿਸ਼ਤਾ ਰਿਸ਼ਤਿਆਂ ਬਾਹਰ ਬਣਾਈਆ । ਤੇਰਾ ਦਰਸ ਨਿਰਗੁਣ ਸਰਗੁਣ ਕਰੇ ਇਕ ਇਕਾਂਤ, ਨਿਜ ਨੇਤਰ ਲੋਚਨ ਨੈਣ ਕਰ ਰੁਸ਼ਨਾਈਆ । ਮੇਰੇ ਮਿਹਰਵਾਨਾ ਮੇਰੇ ਉਤੇ ਧਰਮ ਦੀ ਧਾਰ ਬਖ਼ਸ਼ ਦੇ ਸ਼ਾਂਤ, ਕਲਜੁਗ ਅਗਨੀ ਅੱਗ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਮੇਰੀ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਮੇਲ ਮਿਲਾਉਣਾ ਸਾਚੇ ਗ੍ਰਿਹ, ਮੰਦਰ ਇਕੋ ਇਕ ਸੋਭਾ ਪਾਈਆ । ਜਿਥੇ ਆਦਿ ਜੁਗਾਦੀ ਨਿਰਗੁਣ ਧਾਰ ਰਹੇ,

੧੪੧੧
੨੪

ਨੂਰ ਨੁਰਾਨਾ ਨੌਜਵਾਨਾ ਸੋਭਾ ਪਾਈਆ । ਜਗਤ ਦੂਈ ਮੇਟਣੀ ਦੁਵੈ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋ ਅਵਤਾਰ ਪੈਗ਼ੰਬਰ ਗੁਰੂ ਗਏ ਕਹਿ, ਹੁਕਮ ਸੰਦੇਸ਼ਾ ਤੇਰਾ ਨਾਮ ਦ੍ਰਿੜਾਈਆ । ਤੂੰ ਸਭ ਨੂੰ ਦੇਵਣਹਾਰਾ ਭੈ, ਭਾਉ ਆਪਣਾ ਆਪ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਅੰਤਰ ਖੋਲ੍ਹ ਦੇ ਦ੍ਰਿਸ਼ਟੀ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਨਾਤਾ ਤੋੜ ਦੇ ਕੂੜੀ ਨਾਲੋਂ ਸ੍ਰਿਸ਼ਟੀ, ਸ੍ਰੇਸ਼ਟ ਆਪਣਾ ਮੇਲ ਮਿਲਾਈਆ । ਲਹਿਣਾ ਤਕ ਲੈ ਜੋ ਰਾਮ ਸੰਦੇਸ਼ਾ ਦਿਤਾ ਵਸ਼ਿਸ਼ਟੀ, ਵਿਸ਼ਿਆਂ ਬਾਹਰ ਦ੍ਰਿੜਾਈਆ । ਤੇਰਾ ਲੇਖਾ ਆਦਿ ਜੁਗਾਦਿ ਬਾਹਰ ਸਵਰਗ ਬਹਿਸ਼ਤੀ, ਕਸੁੰਭੜਾ ਰੰਗ ਨਾ ਕੋਇ ਰੰਗਾਈਆ । ਤੇਰੀ ਧਾਰ ਏਕੰਕਾਰ ਕਿਸੇ ਨਾ ਦਿਸਦੀ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਮੈਂ ਖੇਲ ਤਕਣਾ ਚਾਹੁੰਦੀ, ਕਲਜੁਗ ਅੰਤਮ ਕਲ ਇਕ ਦੀ, ਇਕ ਇਕੱਲੇ ਮੇਰਾ ਪਰਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਰੁਤ ਵਖਾ ਦੇ ਬਸੰਤੀ, ਬਿਸਮਿਲ ਆਪਣੇ ਵਿਚ ਕਰਾਈਆ । ਤੇਰੇ ਨਾਮ ਦੀ ਪੜ੍ਹਨ ਇਕੋ ਪੰਗਤੀ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਅੰਤਰ ਗੜ੍ਹ ਰਹੇ ਨਾ ਹਉਮੇ ਹੰਗਤੀ, ਹੰ ਬ੍ਰਹਮ ਦੇਣਾ ਦ੍ਰਿੜਾਈਆ । ਤ੍ਰਿਸ਼ਨਾ ਕੂੜ ਮੇਟਣੀ ਮਨ ਦੀ, ਮਨਸਾ ਉਠ ਨਾ ਦਹਿ ਦਿਸ਼ ਧਾਈਆ । ਚੁਗਲੀ ਨਿੰਦਿਆ ਛਡਾਉਣੀ ਕੰਨ ਦੀ, ਕਾਇਨਾਤ ਦਾ ਲੇਖਾ ਦੇਣਾ ਮੁਕਾਈਆ । ਇਕੋ ਖ਼ਬਰ ਦੱਸਣੀ ਜੋਤੀ ਜਾਤੇ ਆਪਣੇ ਬ੍ਰਹਮ ਦੀ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ । ਕਰਨੀ ਰਹੇ ਨਾ ਕਿਸੇ ਕਰਮ ਦੀ, ਕਰਮ ਕਾਂਡ ਦਾ ਲੇਖਾ ਦੇਣਾ ਚੁਕਾਈਆ । ਮੰਜ਼ਲ ਦੱਸਣੀ ਹਕ਼ੀਕ਼ੀ ਧਰਮ ਦੀ, ਜਿਥੇ ਅਗੇ ਹੋ ਨਾ ਕੋਇ ਅਟਕਾਈਆ । ਵਡਿਆਈ ਦੇਣੀ ਆਪਣੀ ਸ਼ਰਨ ਦੀ, ਚਰਨ ਕਵਲ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪ੍ਰਭ ਤੇਰੀ ਬੇਪਰਵਾਹੀਆ । ਧਰਨੀ ਕਹੇ ਪ੍ਰਭੂ ਦੇ ਦੇ ਅਗੰਮਾ ਨਾਮ, ਨਿਰਅੱਖਰ ਧਾਰ ਵਿਚੋਂ ਪਰਗਟਾਈਆ । ਬਿਨ ਰਸਨਾ ਜੇਹਵਾ ਪਿਆ ਦੇ ਜਾਮ, ਬੱਤੀ ਦੰਦ ਨਾ ਕੋਇ ਚਤੁਰਾਈਆ । ਆਤਮ ਪਰਮਾਤਮ ਮੇਲ ਮੇਲ ਦੇ ਰਾਮ, ਰਾਮ ਦੇ ਰਾਮ ਤੇਰੀ ਦੁਹਾਈਆ । ਅੰਤਰ ਅੰਧੇਰਾ ਚੁਕਾ ਦੇ ਸ਼ਾਮ, ਸ਼ਾਮ ਸੁੰਦਰ ਆਪਣਾ ਪਰਦਾ ਲਾਹੀਆ । ਭਾਗ ਲਗਾ ਦੇ ਭਗਤਾਂ ਸਾਢੇ ਤਿੰਨ ਹੱਥ ਗਰਾਮ, ਨਗਰ ਖੇੜਾ ਇਕ ਸੁਹਾਈਆ । ਪਵਿਤ੍ਰ ਕਰ ਦੇ ਕਾਇਆ ਮਾਟੀ ਚਾਮ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਤੂੰ ਮਿਹਰਵਾਨ ਮਿਹਰਵਾਨ ਮਿਹਰਵਾਨ ਰਹੀਮ ਰਹਿਮਾਨ, ਰਹਿਮਤ ਆਪਣੀ ਦੇਣੀ ਕਮਾਈਆ । ਮਾਲਕ ਖ਼ਾਲਕ ਜਿਮੀਂ ਅਸਮਾਨ, ਜ਼ਿਮੀਂ ਜ਼ਮਾਂ ਦਾ ਲੇਖਾ ਦੇਣਾ ਮੁਕਾਈਆ । ਹਰਿ ਭਗਤ ਸੁਹੇਲੇ ਦਰਗਾਹ ਸਾਚੀ ਸਚਖੰਡ ਕਰ ਪਰਵਾਨ, ਪਰਮ ਪੁਰਖ ਪ੍ਰਭ ਆਪਣਾ ਸੰਗ ਬਣਾਈਆ । ਲੋਕਮਾਤ ਮਾਰ ਧਿਆਨ, ਧਰਨੀ ਧਰਤ ਧਵਲ ਧੌਲ ਹੋ ਕੇ ਵਾਸਤਾ ਪਾਈਆ । ਕਲਜੁਗ ਕਿਰਿਆ ਕੂੜ ਵੇਖ ਸ਼ੈਤਾਨ, ਸ਼ਰਅ ਸ਼ਰਅ ਨਾਲ ਟਕਰਾਈਆ । ਆਤਮ ਪਰਮਾਤਮ ਰਿਹਾ ਨਾ ਕਿਸੇ ਗਿਆਨ, ਅੰਤਰ ਨਿਰੰਤਰ ਤੇਰਾ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਦਾ ਮਿਹਰਵਾਨ, ਮਹਿਬਾਨ ਬੀਦੋ ਤੇਰੀ ਓਟ ਤਕਾਈਆ ।

## ੧੪ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਲਾਲ ਸਿੰਘ ਦੇ ਗ੍ਰਿਹਿ ਪਿੰਡ ਡਲੇਵਾਲ ਜ਼ਿਲਾ ਜਲੰਧਰ

ਧਰਨੀ ਕਹੇ ਪ੍ਰਭੂ ਫਲ ਲਗਾ ਦੇ ਮੇਰੀ ਪੱਤ ਟਹਿਣੀ, ਭਗਤ ਮੀਤੇ ਆਪਣੀ ਦਇਆ ਕਮਾਈਆ । ਹਰਿਜਨ ਬਖ਼ਸ਼ ਦੇ ਸਾਚੀ ਰਹਿਣੀ, ਰਹਿਮਤ ਰਹਿਮਾਨ ਆਪ ਕਮਾਈਆ । ਸਤਿਗੁਰ ਸ਼ਬਦ ਦੀ ਸਾਰੇ ਮੰਨਣ ਕਹਿਣੀ, ਸਿਰ ਸਕੇ ਨਾ ਕੋਇ ਉਠਾਈਆ । ਤੇਰਾ ਦਰਸ਼ਨ ਕਰਨ ਨਿਜ ਨੈਣੀ, ਨੇਤਰ ਅੱਖ ਖੁਲ੍ਹਾਈਆ । ਮੈਂ ਚਰਨ ਕਵਲ ਨਿਰਗੁਣ ਧਾਰ ਤੇਰੇ ਢਹਿਣੀ, ਢਹਿ ਢਹਿ ਧੂੜੀ ਖ਼ਾਕ ਰਮਾਈਆ । ਮੈਨੂੰ ਦਿਵਸ ਰੈਣ ਨਾ ਆਵੇ ਚੈਨੀ, ਚਿੰਤਾ ਗ਼ਮ ਰਹੀ ਜਲਾਈਆ । ਕਿਉਂ, ਸ੍ਰਿਸ਼ਟੀ ਮੇਰੇ ਉਤੇ ਇਕ ਦੂਜੇ ਨਾਲ ਖਹਿਣੀ, ਖ਼ਤਰਾ ਦਿਸੇ ਖ਼ਲਕ ਖ਼ੁਦਾਈਆ । ਮੇਰੀ ਜਲ ਦੀ ਧਾਰ ਪਵਿਤ੍ਰ ਰਹਿਣੀ ਨਹੀਂ ਤ੍ਰਿਬੈਣੀ, ਤ੍ਰੈਗੁਣ ਅਤੀਤੇ ਤੇਰੀ ਬੇਪਰਵਾਹੀਆ । ਕਲਜੁਗ ਕੂੜ ਕਿਰਿਆ ਨਦੀ ਉਮਤ ਵਹਿਣੀ, ਦੀਨਾਂ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੇਰੀ ਸੁਣ ਲੈ ਅਗੰਮੀ ਸਾਖੀ, ਸਖੇ ਸਖਾਏ ਦਿਆਂ ਜਣਾਈਆ । ਯਾਦ ਕਰ ਲੈ ਸ਼ਬਦ ਧਾਰ ਜੋ ਮੈਨੂੰ ਗੱਲ ਆਖੀ, ਬਿਨ ਅੱਖਰਾਂ ਦਿਤੀ ਸੁਣਾਈਆ । ਓਹ ਲਹਿਣਾ ਚੇਤੇ ਕਰ ਲੈ, ਜਿਸ ਕਾਰਨ ਗੋਬਿੰਦ ਸਿੱਖੀ ਬਣਾਈ ਵਿਸਾਖੀ, ਵਸਾਹ ਕੇ ਆਪਣਾ ਹੁਕਮ ਵਰਤਾਈਆ । ਤੁਧ ਬਿਨ ਅੰਤ ਕਰੇ ਕੋਈ ਨਾ ਰਾਖੀ, ਰਖਕ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲੇ ਦੀਨ ਦਿਆਲੇ ਮੇਰੀ ਬਖ਼ਸ਼ ਦੇ ਗੁਸਤਾਖ਼ੀ, ਗ਼ੁੱਸਾ ਗਿਲਾ ਤੇਰੇ ਚਰਨ ਟਿਕਾਈਆ । ਮੈਂ ਨਿਰਗੁਣ ਹੋ ਕੇ ਮੰਗਣ ਆਈ ਮੁਆਫ਼ੀ, ਦਰ ਤੇਰੇ ਸੀਸ ਨਿਵਾਈਆ । ਤੂੰ ਸ਼ਹਿਨਸ਼ਾਹ ਬਣ ਇਨਸਾਫ਼ੀ, ਅਦਲ ਆਪਣਾ ਇਕ ਕਰਾਈਆ । ਮੈਨੂੰ ਯਾਦ ਆਉਂਦੀ ਬੁੱਲੇ ਵਾਲੀ ਉਹ ਕਾਫ਼ੀ, ਜੋ ਕਾਫ਼ਲੇ ਦੀਨ ਦੁਨੀ ਗਿਆ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਮੇਰੇ ਪਰਮ ਪੁਰਖ ਪ੍ਰਭ ਧਰਮੂ, ਧਵਲ ਦੇ ਮਾਲਕ ਦਇਆ ਕਮਾਈਆ । ਮੇਰਾ ਨਵ ਸੱਤ ਬਦਲ ਦੇ ਕਰਮੂ, ਕਰਮ ਕਾਂਡ ਦਾ ਡੇਰਾ ਢਾਹੀਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਖੁਲ੍ਹਾ ਦੇ ਭਰਮੂ, ਭਾਂਡਾ ਭਰਮ ਭੌ ਭੰਨਾਈਆ । ਝਗੜਾ ਰਹੇ ਨਾ ਮਾਟੀ ਚਰਮੂ, ਚੰਮ ਦ੍ਰਿਸ਼ਟੀ ਦੇ ਗਵਾਈਆ । ਤੇਰਾ ਨੂਰ ਜ਼ਹੂਰ ਨਜ਼ਰ ਆਵੇ ਇਕੋ ਪਰਮੂ, ਬ੍ਰਹਿਮੰਡ ਖੰਡ ਦੇ ਮਾਲਕ ਪਰਦਾ ਦੇਣਾ ਖੁਲ੍ਹਾਈਆ । ਚਰਨ ਧੂੜ ਨੁਹਾ ਦੇ ਮੈਂ ਤੇਰੀ ਆਈ ਸਰਨੂ, ਸਰਨਗਤ ਇਕ ਰਖਾਈਆ । ਤੂੰ ਸਭ ਕੁਛ ਕਰਨੀ ਕਰਤਾ ਕਰਨੂ, ਕ਼ੁਦਰਤ ਦਾ ਕ਼ਾਦਰ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਧਰਨੀ ਕਹੇ ਪ੍ਰਭੂ ਮੈਨੂੰ ਇਕੋ ਦੇ ਦਿਲਾਸਾ, ਜਗਤ ਚਿੰਤਾ ਰਹੇ ਨਾ ਰਾਈਆ । ਮੈਂ ਖ਼ੁਸ਼ੀਆਂ ਵਿਚ ਕਰਾਂ ਹਾਸਾ, ਹਸਤੀ ਤਕ ਬੇਪਰਵਾਹੀਆ । ਭੇਵ ਅਭੇਦਾ ਖੋਲ੍ਹ ਖੁਲਾਸਾ, ਪਰਦਾ ਪਰਦਿਆਂ ਵਿਚੋਂ ਖੁਲ੍ਹਾਈਆ । ਕਿਸ ਬਿਧ ਤੇਰਾ ਨੂਰ ਹੋਵੇ ਪਰਕਾਸ਼ਾ, ਜੋਤੀ ਜਾਤੇ ਨਜ਼ਰੀ ਆਈਆ । ਕੀ ਹੁਕਮ ਵਰਤੇ ਸ਼ੰਕਰ ਕੈਲਾਸ਼ਾ, ਕਲਾਧਾਰੀ ਦੇਣਾ ਦ੍ਰਿੜਾਈਆ । ਮੈਨੂੰ ਤੇਰੇ ਉਤੇ ਵਿਸ਼ਵਾਸ਼ਾ, ਵਿਸ਼ਵ ਦੇ ਮਾਲਕ ਦੇਣਾ ਸਮਝਾਈਆ । ਮੈਂ ਆਦਿ ਜੁਗਾਦਿ ਤੇਰੀ ਦਾਸੀ ਦਾਸਾ, ਸੇਵਕ ਹੋ ਕੇ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ



੧੪੧੩
੨੪

ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਮੰਡਲ ਸਚ ਤੇਰੀ ਵੇਖਾਂ ਰਾਸਾ, ਸਤਿ ਸਤਿਵਾਦੀ ਬਿਨ ਗੋਪੀ ਕਾਹਨ ਦੇਣੀ ਵਖਾਈਆ ।

## ✪ ੧੪ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਸੰਸਾਰ ਸਿੰਘ ਦੇ ਗ੍ਰਿਹ ਪਿੰਡ ਜਜੇ ਜ਼ਿਲਾ ਜਲੰਧਰ ✪

ਧਰਨੀ ਕਹੇ ਮੇਰੀ ਆਸਾ ਪੂਰੀ ਕਰ ਦੇ ਬਾਵਨ ਧਾਰ ਬਲ ਦੀ, ਬਲਧਾਰੀ ਏਕੰਕਾਰੀ ਪਰਵਰਦਿਗਾਰੀ ਤੇਰੀ ਓਟ ਤਕਾਈਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਮੇਰੇ ਉਤੋਂ ਕਲਾ ਮੇਟ ਦੇ ਕਲਜੁਗ ਕਲ ਦੀ, ਕਲਕਾਤੀਆਂ ਡੇਰਾ ਦੇਣਾ ਢਾਹੀਆ । ਮਨ ਕਲਪਣਾ ਨੌ ਖੰਡ ਪ੍ਰਿਥਮੀ ਮਾਨਵ ਜ਼ਾਤੀ ਫਿਰੇ ਛਲਦੀ, ਅਛਲ ਛਲਧਾਰੀ ਹੋਣਾ ਆਪ ਸਹਾਈਆ । ਤੇਰੀ ਖੇਲ ਆਦਿ ਜੁਗਾਦਿ ਜੁਗ ਚੌਕੜੀ ਜਲ ਥਲ ਦੀ, ਮਹੀਅਲ ਤੇਰਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਨਾਮ ਵਰਤਾਈਆ । ਧਰਨੀ ਕਹੇ ਮੇਰੇ ਭਗਵੰਤਾ, ਭਗਵਨ ਤੇਰੀ ਓਟ ਤਕਾਈਆ । ਮੇਰੇ ਆਦਿ ਜੁਗਾਦੀ ਕੰਤਾ, ਕੰਤੂਹਲ ਤੇਰੀ ਸਰਨਾਈਆ । ਸਤਿਜੁਗ ਸਚ ਧਾਰ ਬਣਾ ਦੇ ਬਣਤਾ, ਘੜਨ ਭੰਨਣਹਾਰ ਤੇਰੀ ਬੇਪਰਵਾਹੀਆ । ਮਾਨਵ ਜ਼ਾਤੀ ਗੜ੍ਹ ਤੋੜ ਦੇ ਹਉਮੇ ਹੰਗਤਾ, ਹੰ ਬ੍ਰਹਮ ਦੇ ਸਮਝਾਈਆ । ਬੁੱਧੀ ਤੋਂ ਪਰੇ
੧੪੧੪ ਦਾ ਏਕੰਕਾਰ ਇਕੋ ਪੰਡਤਾ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਚਾਰ ਵਰਨ ਅਠਾਰਾਂ ਬਰਨ ਮੇਰੀ ਸਾਚੀ ਬਣਾ ਦੇ ਸੰਗਤਾ, ਦੀਨ ਮਜ਼੍ਹਬ ਸ਼ਰਅ ੧੪੧੪
੨੪ ਵੰਡ ਨਾ ਕੋਇ ਵੰਡਾਈਆ । ਤਨ ਵਜੂਦ ਮਾਟੀ ਖ਼ਾਕ ਝਗੜਾ ਰਹੇ ਕੋਈ ਨਾ ਮਨ ਦਾ, ਮਨਸਾ ਸਭ ਦੀ ਵੇਖ ਵਖਾਈਆ । ਭੇਵ ਖੁਲ੍ਹਾ ਦੇ ਆਪਣੇ ੨੪
ਬ੍ਰਹਮ ਦਾ, ਪਾਰਬ੍ਰਹਮ ਪ੍ਰਭ ਪਰਦਾ ਆਪ ਚੁਕਾਈਆ । ਨਿਸ਼ਾਨਾ ਦੱਸ ਦੇ ਸਾਚੇ ਧਰਮ ਦਾ, ਧਰਨੀ ਧਰਤ ਧਵਲ ਧੌਲ ਹੋ ਕੇ ਵਾਸਤਾ ਪਾਈਆ । ਸਹਾਰਾ ਬਖ਼ਸ਼ ਦੇ ਆਪਣੀ ਸਰਨ ਦਾ, ਸਰਨਗਤ ਇਕ ਦ੍ਰਿੜਾਈਆ । ਨਾਮ ਜਣਾ ਦੇ ਇਕੋ ਢੋਲਾ ਪੜ੍ਹਨ ਦਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਤੇਰਾ ਮਾਰਗ ਹੋਵੇ ਇਕੋ ਸਚਖੰਡ ਦੁਆਰੇ ਚੜ੍ਹਨ ਦਾ, ਅਗੇ ਹੋ ਨਾ ਕੋਇ ਅਟਕਾਈਆ । ਸਤਿਗੁਰ ਦੂਲਹਾ ਪਿਆਰਾ ਹੋਵੇ ਅੱਗੋਂ ਫੜਨ ਦਾ, ਨਿਰਗੁਣ ਨਿਰਗੁਣ ਮੇਲਾ ਮੇਲੇ ਸਹਿਜ ਸੁਭਾਈਆ । ਤੂੰ ਮਾਲਕ ਖ਼ਾਲਕ ਕਰਨੀ ਕਰਨ ਦਾ, ਕਰਤਾ ਪੁਰਖ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੀ ਨਮੋ ਨਮੋ ਨਮੋ ਡੰਡਾਵਤ, ਬੰਦਨਾ ਕਹਿ ਕਹਿ ਸੀਸ ਨਿਵਾਈਆ । ਸਚ ਪਿਆਰ ਦੀ ਦੇ ਨਿਆਮਤ, ਨਾਮ ਨਿਧਾਨਾ ਝੋਲੀ ਪਾਈਆ । ਤੂੰ ਸੁਆਮੀ ਠਾਕਰ ਸਹੀ ਸਲਾਮਤ, ਸਤਿਗੁਰ ਦਾਤਾ ਅਗੰਮ ਅਥਾਹੀਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਦੀ ਮੇਰੀ ਪੂਰਬ ਝੋਲੀ ਪਾ ਨਿਆਮਤ, ਵਸਤ ਅਮੋਲਕ ਆਪ ਵਰਤਾਈਆ । ਕਲਜੁਗ ਕੂੜ ਕਿਰਿਆ ਮੇਟ ਅੰਧੇਰੀ ਸ਼ਾਮਤ, ਸ਼ਮਅ ਨੂਰ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰੇ ਨਿਰੰਕਾਰ, ਨਿਰਵੈਰ ਤੇਰੀ ਸਰਨਾਈਆ । ਦੋ ਜਹਾਨਾਂ ਸਾਂਝੇ ਯਾਰ, ਬੇਪਰਵਾਹ ਤੇਰੀ ਬੇਪਰਵਾਹੀਆ । ਮੈਂ ਮਾਂਗਤ ਖੜ੍ਹੀ ਤੇਰੇ ਚਰਨ ਦੁਆਰ, ਭਿੱਖਕ ਹੋ ਕੇ ਝੋਲੀ ਡਾਹੀਆ । ਤੂੰ ਦੇਵਣਹਾਰ

ਸ਼ਾਹ ਸਿਕਦਾਰ, ਭੂਪਤ ਭੂਪ ਇਕ ਅਖਵਾਈਆ । ਨਵ ਸੱਤ ਬ੍ਰਹਮ ਮਤ ਪਾ ਸਾਰ, ਪ੍ਰਿਥਮ ਪ੍ਰਿਥਮੀ ਉਤੇ ਧਿਆਨ ਲਗਾਈਆ । ਮੇਰੇ ਉਤੋਂ ਮੇਟ ਦੇ ਧੂੰਅਾਂਧਾਰ, ਧਰਮ ਦੀ ਧਾਰ ਇਕ ਵਖਾਈਆ । ਸਤਿਜੁਗ ਸਾਚਾ ਕਰ ਉਜਿਆਰ, ਉਜਾਲਾ ਹੋਵੇ ਥਾਉਂ ਥਾਈਆ । ਹਰ ਹਿਰਦੇ ਉਪਜੇ ਤੇਰੇ ਨਾਮ ਦਾ ਜੈਕਾਰ, ਜੈ ਜੈਕਾਰ ਕਰੇ ਖ਼ਲਕ ਖ਼ੁਦਾਈਆ । ਨਿਗਾਹ ਮਾਰ ਲੈ ਨਿਰਵੈਰ ਹੋ ਕੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਜੋਤੀ ਜਾਤੇ ਪੁਰਖ ਬਿਧਾਤੇ ਮੇਰੀ ਪਾਉਣੀ ਸਾਰ, ਮਹਾਸਾਰਥੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਪਰਦਾ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਸਾਚੀ ਬਖ਼ਸ਼ ਦੇ ਚਰਨ ਧੂੜੀ, ਟਿੱਕੇ ਮਸਤਕ ਖ਼ਾਕ ਨਾਮ ਰਮਾਈਆ । ਰੰਗਤ ਜਗਤ ਚਾੜ੍ਹ ਦੇ ਗੂੜ੍ਹੀ, ਦੋ ਜਹਾਨ ਉਤਰ ਨਾ ਜਾਈਆ । ਚਤੁਰ ਸੁਘੜ ਬਣਾ ਲੈ ਮੂਰਖ ਮੂੜ੍ਹੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਤੂੰ ਜੋਤੀ ਜਾਤਾ ਇਕੋ ਨੂਰੀ, ਨੂਰ ਨੁਰਾਨਾ ਨੂਰ ਅਲਾਹੀਆ । ਵਾਅਦਾ ਚੇਤੇ ਕਰ ਲੈ ਜੋ ਮੂਸਾ ਕੀਤਾ ਉਤੇ ਕੋਹਤੂਰੀ, ਤੁਰੀਆ ਤੋਂ ਬਾਹਰ ਜਣਾਈਆ । ਜੋ ਆਸ਼ਾ ਈਸਾ ਰਖੀ ਚੜ੍ਹਨ ਲੱਗਿਆਂ ਸੂਲੀ, ਸਲੀਬ ਗਲ ਵਿਚ ਲਟਕਾਈਆ । ਮੁਹੰਮਦ ਚਾਰ ਯਾਰੀ ਸੰਗ ਤੇਰੀ ਸ਼ਰਅ ਕ਼ਬੂਲੀ, ਕ਼ੁਦਰਤ ਦੇ ਕ਼ਾਦਰ ਵੇਖਣਾ ਨੈਣ ਉਠਾਈਆ । ਕਲਜੁਗ ਬਦਲਣਾ ਤੇਰੇ ਵਾਸਤੇ ਖੇਲ ਮਾਮੂਲੀ, ਮੁਸ਼ਕਲ ਮੇਰੀ ਹਲ ਕਰਾਈਆ । ਨਾਨਕ ਗੋਬਿੰਦ ਕੌਲ ਕਦੇ ਨਾ ਭੂਲੀਂ, ਅਭੁਲ ਤੇਰੀ ਵਡਿਆਈਆ । ਲਹਿਣਾ ਦੇਣਾ ਲੱਖ ਚੁਰਾਸੀ ਕੋਲੋਂ ਵਸੂਲੀਂ, ਵਸਲ ਯਾਰ ਵੇਖਣਾ ਭਗਤਾਂ
੧੪੧੫ ਚਾਈਂ ਚਾਈਂਆ । ਤੂੰ ਮਾਲਕ ਖ਼ਾਲਕ ਕੰਤ ਕੰਤੂਹਲੀ, ਕ਼ੁਦਰਤ ਕ਼ਾਦਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ੧੪੧੫
੨੪ ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਹਰਿਜਨ ਬਖ਼ਸ਼ ਦੇ ਚਰਨ ਪਿਆਰ, ਪ੍ਰੀਤਮ ਪ੍ਰੀਤੀ ਇਕ ਜਣਾਈਆ । ੨੪
ਤੇਰੀ ਧੂੜੀ ਲਾਵਾਂ ਮਸਤਕ ਛਾਰ, ਸ਼ਹਿਨਸ਼ਾਹ ਟਿੱਕੇ ਨਾਮ ਰਮਾਈਆ । ਨਿਜ ਨੇਤਰ ਬਖ਼ਸ਼ਣਾ ਦਰਸ ਦੀਦਾਰ, ਲੋਚਨ ਅੱਖ ਅੱਖ ਖੁਲ੍ਹਾਈਆ । ਨਾਦ ਸ਼ਬਦ ਦੇਣੀ ਧੁਨਕਾਰ, ਧੁਨ ਆਤਮਕ ਰਾਗ ਦ੍ਰਿੜਾਈਆ । ਅੰਮ੍ਰਿਤ ਬਖ਼ਸ਼ਣਾ ਠੰਢਾ ਠਾਰ, ਬੂੰਦ ਸਵਾਂਤੀ ਆਪ ਟਪਕਾਈਆ । ਤੂੰ ਦੇਵਣਹਾਰ ਨਿਰੰਕਾਰ, ਨਿਰਵੈਰ ਤੇਰੇ ਹੱਥ ਵਡਿਆਈਆ । ਜਨ ਭਗਤਾਂ ਪੈਜ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਮੇਰੇ ਭਗਤ ਵਛਲ ਗਿਰਧਾਰ, ਗਿਰਵਰ ਤੇਰੀ ਵਡ ਵਡਿਆਈਆ । ਗੁਰਮੁਖ ਗੁਰਸਿਖ ਹਰਿਜਨ ਸਦ ਰਖਣਾ ਆਪਣੇ ਚਰਨ ਦੁਆਰ, ਚਰਨੋਦਕ ਧੁਰ ਦਾ ਜਾਮ ਪਿਆਈਆ । ਲਹਿਣਾ ਦੇਣਾ ਲੇਖਾ ਪੂਰਾ ਕਰਨਾ ਲੋਕਮਾਤ ਵਿਚ ਸਿੰਘ ਸੰਸਾਰ, ਸਤਿਗੁਰ ਹੋ ਕੇ ਦਇਆ ਕਮਾਈਆ । ਆਵਣ ਜਾਵਣ ਪਤਤ ਪਾਵਨ ਲੱਖ ਚੁਰਾਸੀ ਗੇੜ ਦੇਣਾ ਨਿਵਾਰ, ਜਮ ਕੀ ਫਾਸੀ ਰਹਿਣ ਮੂਲ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅਵਰ ਨਾ ਕੋਇ ਸਹਾਰ, ਸਹਾਇਕ ਨਾਇਕ ਦੂਜਾ ਨਜ਼ਰ ਕੋਇ ਨਾ ਆਈਆ ।

## ✪ ੧੪ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਹਜ਼ੂਰਾ ਸਿੰਘ, ਨਛਤਰ ਕੌਰ ਪਿੰਡ ਗੁਰਾਇਆਂ ਜ਼ਿਲਾ ਜਲੰਧਰ ✪

ਧਰਨੀ ਕਹੇ ਪ੍ਰਭ ਨਿਗਾਹ ਮਾਰ ਲੈ ਮੇਰੇ ਦੀਪ ਲੱਖਣ, ਅਲਖ ਅਲਖਣੇ ਨੈਣ ਉਠਾਈਆ । ਗ੍ਰਿਹ ਗ੍ਰਿਹ ਸਤਿ ਵਸਤ ਤੋਂ ਹੋਇਆ ਸੱਖਣ, ਸਚ ਨਾਮ ਨਜ਼ਰ ਕੋਇ ਨਾ ਆਈਆ । ਤੁਧ ਬਿਨ ਲਜਿਆ ਆਵੇ ਕੋਇ ਨਾ ਰਖਣ, ਸਿਰ ਸਿਰ ਹੱਥ ਨਾ ਕੋਇ ਟਿਕਾਈਆ । ਕਲਜੁਗ ਰੈਣ ਅੰਧੇਰੀ ਤਕ ਲੈ ਮਸਣ, ਨੂਰੀ ਚੰਦ ਨਾ ਕੋਇ ਚਮਕਾਈਆ । ਮੇਰੇ ਮਿਹਰਵਾਨਾ ਮੈਂ ਤੈਨੂੰ ਆਈ ਦੱਸਣ, ਦਹਿ ਦਿਸ਼ਾ ਧਿਆਨ ਲਗਾਈਆ । ਬਿਨ ਕ਼ਦਮਾਂ ਆਈ ਨੱਸਣ, ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧੁਰ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਪੁਸ਼ਕਰ ਦੀਪ ਤਕ, ਤਕਵਾ ਤੇਰੇ ਉਤੇ ਰਖਾਈਆ । ਮੇਰਾ ਲਹਿਣਾ ਦੇਣਾ ਝੋਲੀ ਪਾ ਦੇ ਹਕ, ਹਕ਼ੀਕਤ ਦੇ ਮਾਲਕ ਹੋ ਸਹਾਈਆ । ਤੇਰਾ ਨੂਰ ਜ਼ਹੂਰ ਭੁਲਿਆ ਸਭ ਨੂੰ ਯਕ, ਜੋਤੀ ਜਾਤੇ ਤੇਰਾ ਦਰਸ ਕੋਇ ਨਾ ਪਾਈਆ । ਮੈਂ ਨਵ ਸੱਤ ਤੇਰਾ ਰੂਪ ਹੋ ਕੇ ਗਈ ਥਕ, ਭੱਜਾਂ ਵਾਹੋ ਦਾਹੀਆ । ਮੇਰੇ ਵਿਚ ਮਾਨਵ ਜ਼ਾਤੀ ਪਿਆ ਸ਼ੱਕ, ਤੇਰਾ ਇਸ਼ਟ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰਾ ਦੀਪ ਵੇਖ ਲੈ ਕਰੌਚ, ਕੁਰਹ ਕਾਇਨਾਤ ਖੋਜ ਖੁਜਾਈਆ । ਜਿਥੇ ਮੇਰੀ ਚਲੇ ਕੋਈ ਨਾ ਪਹੁੰਚ, ਤਾਕ਼ਤ ਨਜ਼ਰ ਕੋਇ ਨਾ ਆਈਆ । ਤੇਰੀ ਸ੍ਰਿਸ਼ਟੀ ਦੀ ਸਤਿ ਸਚ ਰਹੀ ਨਾ
੧੪੧੬ ਸੋਚ, ਧਰਮ ਦੀ ਧਾਰ ਨਾ ਕੋਇ ਪਰਗਟਾਈਆ । ਨਿਗਾਹ ਖੁਲ੍ਹੇ ਨਾ ਕਿਸੇ ਲੋਚਨ ਲੋਚ, ਨੇਤਰ ਨੈਣ ਨੈਣ ਨਾ ਕੋਇ ਸ਼ਰਮਾਈਆ । ਜੋਤੀ ਜੋਤ ੧੪੧੬
੨੪ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਜੰਬੂ ਦੀਪ ਦਾ ਵੇਖ ੨੪
ਕਿਨਾਰਾ, ਜਗਤ ਘਾਟ ਦੇਣੇ ਤਜਾਈਆ । ਚਾਰੋਂ ਕੁੰਟ ਹਾਹਾਕਾਰਾ, ਧੀਰਜ ਧੀਰ ਨਾ ਕੋਇ ਧਰਾਈਆ । ਨੇਤਰ ਰੋਵੇ ਪੁਰਖ ਨਾਰਾ, ਇਸਤਰੀ ਮਰਦ ਦੇਣ ਦੁਹਾਈਆ । ਕਿਰਪਾ ਕਰ ਦੇ ਸਾਂਝੇ ਯਾਰਾ, ਪਰਵਰਦਿਗਾਰ ਤੇਰੀ ਵਡਿਆਈਆ । ਤੂੰ ਸ਼ਾਹੋ ਭੂਪ ਸ਼ਹਿਨਸ਼ਾਹ ਸਿਕਦਾਰਾ, ਹੁਕਮਰਾਨ ਧੁਰਦਰਗਾਹੀਆ । ਤੇਰੇ ਚਰਨ ਕਵਲ ਸਹਾਰਾ, ਦੂਸਰ ਓਟ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰਾ ਦੀਪ ਤਕ ਲੈ ਸਾਨ, ਸਤਿਗੁਰ ਹੋ ਕੇ ਵੇਖ ਵਖਾਈਆ । ਮੇਰਾ ਰਿਹਾ ਕਿਤੇ ਨਾ ਮਾਣ, ਅਭਿਮਾਨ ਭਰੀ ਤੇਰੀ ਲੋਕਾਈਆ । ਧਰਮ ਦਾ ਦਿਸੇ ਨਾ ਕੋਇ ਨਿਸ਼ਾਨ, ਨਿਸ਼ਾਨੇ ਦੀਨ ਦੁਨੀ ਬਦਲਾਈਆ । ਕਿਰਿਆ ਕੂੜ ਹੋਈ ਪਰਧਾਨ, ਨੱਚੇ ਟੱਪੇ ਕੁੱਦੇ ਥਾਉਂ ਥਾਈਂਆ । ਮੁਹੱਬਤ ਵਿਚ ਰਿਹਾ ਨਾ ਕੋਇ ਇਨਸਾਨ, ਇਨਸਾਨੀਅਤ ਹੱਥ ਕਿਸੇ ਨਾ ਆਈਆ । ਮੈਂ ਵੇਖ ਕੇ ਹੋਈ ਹੈਰਾਨ, ਹੈਰਤ ਵਿਚ ਦਿਆਂ ਸੁਣਾਈਆ । ਕਿਰਪਾ ਕਰ ਮੇਰੇ ਸ੍ਰੀ ਭਗਵਾਨ, ਭਗਵਨ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰਾ ਦੀਪ ਵੇਖ ਲੈ ਸਲਮਲ, ਸਾਲਸ ਹੋ ਕੇ ਧਿਆਨ ਲਗਾਈਆ । ਨਿਗਾਹ ਮਾਰ ਲੈ ਮਹੀਅਲ ਜਲ ਥਲ, ਅਸਗਾਹਾਂ ਖੋਜ ਖੁਜਾਈਆ । ਆਤਮ ਪਰਮਾਤਮ ਤੇਰੇ ਨਾਲ ਸਕੇ ਕੋਈ ਨਾ ਰਲ, ਸੁਰਤੀ ਸ਼ਬਦ ਨਾ ਕੋਇ ਸਮਾਈਆ । ਧਰਮ ਦਾ ਰਿਹਾ ਕੋਈ ਨਾ ਫਲ, ਪੱਤ ਟਹਿਣੀ ਨਾ ਕੋਇ ਮਹਿਕਾਈਆ ।

ਨਿਗਾਹ ਮਾਰ ਲੈ ਕਲਜੁਗ ਕੂੜੀ ਕਿਰਿਆ ਕਲ, ਕਲ ਕਾਤੀਆਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰਾ ਤਕ ਲੈ ਦੀਪ ਕੁਸ਼ਾ, ਕੁਛ ਕਹਿਣ ਦੀ ਲੋੜ ਰਹੀ ਨਾ ਰਾਈਆ । ਜਿਸ ਦੀ ਧਾਰ ਵਿਚ ਕਟਾਈਆਂ ਲਬਾਂ ਮੁੱਛਾਂ, ਮੁਸ਼ਕਲ ਹਲ ਨਾ ਕੋਇ ਕਰਾਈਆ । ਓਹ ਦੀਨ ਦਿਆਲੇ ਤੇਰੇ ਨਾਲੋਂ ਮਾਨਵ ਰੁੱਸਾ, ਰੁੱਸਿਆਂ ਸਕੇ ਨਾ ਕੋਇ ਮਨਾਈਆ । ਓਨ੍ਹਾਂ ਦੇ ਅੰਦਰ ਸ਼ਰਅ ਧਾਰ ਦਾ ਗ਼ੁੱਸਾ, ਗਿਲਾ ਤੇਰੇ ਉਤੇ ਜਣਾਈਆ । ਸਭ ਦਾ ਕੂੜ ਕੁਕਰਮ ਦਾ ਤਕ ਲੈ ਜੁਸਾ, ਜਿਸਮ ਜ਼ਮੀਰਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰੇ ਦੀਪ ਸੱਤ ਵੇਖ ਲੈ ਵਖਰੇ ਵਖਰੇ, ਵਖਰੀ ਧਾਰ ਜਣਾਈਆ । ਚੋਟੀ ਚੜ੍ਹ ਕੇ ਤਕ ਲੈ ਸ਼ਿਖ਼ਰੇ, ਸਤਿਗੁਰ ਹੋ ਕੇ ਪਰਦਾ ਆਪ ਚੁਕਾਈਆ । ਮੈਂ ਤੇਰੇ ਢੋਲੇ ਗਾਵਾਂ ਫ਼ਿਕਰੇ, ਸੋਹਲੇ ਰਾਗ ਜਣਾਈਆ । ਤੂੰ ਮੇਰਾ ਕਰ ਜ਼ਿਕਰੇ, ਜ਼ਿਕਰ ਆਪਣੇ ਨਾਲ ਰਖਾਈਆ । ਮੇਰੀ ਆਸ਼ਾ ਤੇਰੀ ਧਾਰੋਂ ਨਿਤਰੇ, ਦੂਸਰ ਨਜ਼ਰ ਕੋਇ ਨਾ ਆਈਆ । ਇਕੋ ਬਣ ਜਾਏਂ ਪਿਆਰਾ ਮਿਤਰੇ, ਮਿਤਰ ਪਿਆਰਾ ਇਕ ਅਖਵਾਈਆ । ਮੇਰੇ ਕਲਜੁਗ ਅੰਤ ਸ੍ਰੀ ਭਗਵੰਤ ਮੇਟ ਦੇ ਫ਼ਿਕਰੇ, ਚਿੰਤਾ ਗ਼ਮ ਨਾ ਕੋਇ ਸਤਾਈਆ । ਨਿਗਾਹ ਮਾਰ ਲੈ ਦੀਪ ਜਿਤਨੇ, ਜੇਤੇ ਕੇਤੇ ਤੇਰੇ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ
੧੪੧੭ ਵਿਸ਼ਨੂੰ ਭਗਵਾਨ, ਤੁਧ ਬਿਨ ਕੋਈ ਨਾ ਖੋਲ੍ਹੇ ਭੇਤੇ, ਭੇਵ ਅਭੇਦਾ ਬਾਹਰ ਚਾਰ ਵੇਦਾਂ ਆਪ ਦੇਣਾ ਦ੍ਰਿੜਾਈਆ । ੧੪੧੭

੨੪ ੨੪

### ✪ ੧੪ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਬੰਤੀ ਦੇ ਅੰਤਮ ਸਸਕਾਰ ਸਮੇਂ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਆਤਮਾ ਕਹੇ ਮੈਂ ਨਾ ਜਨਮੀ ਨਾ ਮਰੀ, ਮਰਨ ਵਿਚ ਕਦੇ ਨਾ ਆਈਆ । ਮੈਂ ਸਦਾ ਸਦਾ ਪ੍ਰਭ ਚਰਨ ਲੱਗ ਤਰੀ, ਤਾਰਨਹਾਰ ਤੇਰੇ ਹੱਥ ਵਡਿਆਈਆ । ਪੁਰਖ ਅਕਾਲੇ ਦੀਨ ਦਿਆਲੇ ਕਿਰਪਾ ਕਰੀ, ਕਰਤੇ ਪੁਰਖ ਦਿਤੀ ਵਡਿਆਈਆ । ਮੈਂ ਅਠਾਰਾਂ ਦਿਵਸ ਰਹੀ ਠਰੀ, ਨੌ ਅਠਾਰਾਂ ਪੰਧ ਮੁਕਾਈਆ । ਮਿਹਰਵਾਨ ਹੋਇਆ ਮੇਰਾ ਮਹਿਬੂਬ ਹਰੀ, ਹਿਰਦੇ ਮੇਰੇ ਆਸਣ ਲਾਈਆ । ਮੈਂ ਖ਼ੁਸ਼ੀਆਂ ਵਿਚ ਰਹੀ ਭਰੀ, ਜਗਤ ਵਾਸਨਾ ਨਾ ਕੋਇ ਰਖਾਈਆ । ਸੰਦੇਸ਼ਾ ਸੁਣਦੀ ਰਹੀ ਨਰ ਹਰੀ, ਨਰਾਇਣ ਕੀ ਦ੍ਰਿੜਾਈਆ । ਕਿਸ ਬਿਧ ਆਉਣਾ ਸਚਖੰਡ ਦੁਆਰੇ ਘਰੀ, ਘਰਾਨੇ ਸੋਭਾ ਪਾਈਆ । ਮੈਨੂੰ ਖ਼ੁਸ਼ੀ ਹੋਈ ਬਾਰਾਂ ਫੱਗਣ ਮੇਰੀ ਆਤਮਾ ਗਈ ਵਰੀ, ਵਾਰਸ ਮਿਲਿਆ ਇਕੋ ਧੁਰ ਦਾ ਮਾਹੀਆ । ਜਿਸ ਲੱਖ ਚੁਰਾਸੀ ਵਿਚੋਂ ਕੀਤਾ ਬਰੀ, ਫ਼ੈਸਲਾ ਹਕ ਸੁਣਾਈਆ । ਮੈਂ ਸਭ ਨੂੰ ਖ਼ਬਰ ਸੁਣਾਵਾਂ ਖਰੀ, ਸਚ ਸਚ ਦ੍ਰਿੜਾਈਆ । ਸਚਖੰਡ ਦੁਆਰੇ ਖ਼ੁਸ਼ੀ ਬੜੀ, ਦੁਖ ਨਜ਼ਰ ਕੋਇ ਨਾ ਆਈਆ । ਮੈਂ ਪਰਮ ਪੁਰਖ ਦੀ ਮੰਜ਼ਲ ਚੜ੍ਹੀ, ਪੌੜੀ ਡੰਡਾ ਜਗਤ ਨਾ ਕੋਇ ਰਖਾਈਆ । ਸਚ ਦੁਆਰ ਇਕੋ ਇਕ ਖੜੀ, ਸੰਦੇਸ਼ਾ ਦੇਵਾਂ ਚਾਈਂ ਚਾਈਂਆ । ਜਿਸ ਪ੍ਰਭੂ ਨੇ ਮੇਰੇ ਅੰਤ ਪਿਆਰ ਵਿਚ ਲਾਈ ਝੜੀ, ਠੰਡਕ ਸਭ ਨੂੰ ਦੇਵੇ ਪਾਈਆ । ਮੇਰਾ ਨਾਤਾ ਤੁਟਿਆ ਪੰਜ ਤਤ ਸਾਢੇ ਤਿੰਨ ਹੱਥ ਦੀ ਗੜ੍ਹੀ, ਜਗਤ ਬੂੰਦ ਰਕਤ ਲੇਖਾ ਰਿਹਾ ਨਾ ਰਾਈਆ । ਮੈਂ ਪਰਮ ਪੁਰਖ ਦੇ ਪਿਆਰ ਵਿਚ ਸੇਵਾ ਕੀਤੀ ਬੜੀ,

੧੪੧੮ ੨੪

ਆਪ ਆਪਣਾ ਭੇਟ ਕਰਾਈਆ । ਮੇਰਾ ਪਰਵਾਰ ਮੇਰੇ ਪਿਛੋਂ ਸੋਗ ਕਰੇ ਨਾ ਜ਼ਰੀ, ਜ਼ੱਰੇ ਜ਼ੱਰੇ ਵਿਚ ਵਸ ਕੇ ਦਿਆਂ ਜਣਾਈਆ । ਮੈਂ ਬੱਝ ਗਈ ਉਸ ਇਕ ਪ੍ਰਭੂ ਦੀ ਲੜੀ, ਜਿਥੋਂ ਲੜ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਦੁਆਰ ਵਸਾਇਆ ਬਠਾਇਆ ਥਿਰ ਘਰੀ, ਬੰਤੀ ਕਹੇ ਮੇਰੀ ਬਣਤ ਆਪ ਬਣਾਈਆ ।

### ✪ ੧੫ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਸੰਤੋਖ ਸਿੰਘ ਦੇ ਗ੍ਰਹਿ ਪਿੰਡ ਸੋਢੀਆਂ ਜ਼ਿਲਾ ਜਲੰਧਰ ✪

ਫਲਗੁਣ ਕਹੇ ਪ੍ਰਭੂ ਮੇਰਾ ਪਰਵਿਸ਼ਟਾ ਪੰਦਰਾਂ, ਇਕ ਪੰਜ ਦੇ ਮਾਲਕ ਦੇਣੀ ਵਡਿਆਈਆ । ਭਾਗ ਲਗਾ ਦੇ ਜਨ ਭਗਤਾਂ ਕਾਇਆ ਮੰਦਰਾ, ਧੁਰ ਦੇ ਮਾਲਕ ਦਇਆ ਦੇ ਕਮਾਈਆ । ਲੇਖਾ ਤਕ ਲੈ ਸਤਿ ਸਤਿਵਾਦੀ ਆਪਣੇ ਅੰਦਰਾ, ਅੰਤਸ਼ਕਰਨ ਦੇ ਮਾਲਕ ਹੋਣਾ ਸਹਾਈਆ । ਬਜਰ ਕਪਾਟ ਤੋੜ ਦੇ ਜੰਦਰਾ, ਤ੍ਰੈਗੁਣ ਅਤੀਤੇ ਵੇਖ ਵਖਾਈਆ । ਭਾਗ ਲਗਾ ਦੇ ਡੂੰਘੀ ਕੰਦਰਾ, ਬਿਨ ਤੇਲ ਬਾਤੀ ਦੀਆ ਦੀਪਕ ਕਰ ਰੁਸ਼ਨਾਈਆ । ਮਨੂਆ ਦਹਿ ਦਿਸ਼ ਉਠ ਨਾ ਧਾਵੇ ਬੰਦਰਾ, ਮਨਸਾ ਮਨ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਫਲਗੁਣ ਕਹੇ ਪ੍ਰਭੂ ਮੇਰਾ ਪੰਦਰਾਂ ਪਰਵਿਸ਼ਟਾ ਆਇਆ ਅੱਜ, ਆਜਜ਼ ਹੋ ਕੇ ਸੀਸ ਨਿਵਾਈਆ । ਪੁਰਖ ਅਕਾਲੇ ਦੀਨ ਦਿਆਲੇ ਜਨ ਭਗਤਾਂ ਪਰਦੇ ਕੱਜ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜਾਤੇ ਨਿਰਗੁਣ ਸਰਗੁਣ ਦਰਸ਼ਨ ਦੇ ਰੱਜ, ਰਜੋ ਤਮੋ ਸਤੋ ਦਾ ਲੇਖਾ ਦੇਣਾ ਮੁਕਾਈਆ । ਕਿਰਪਾ ਨਿਧਾਨ ਠਾਕਰ ਸੁਆਮੀ ਜੋ ਤੇਰੇ ਚਰਨ ਕਵਲ ਆਏ ਭੱਜ, ਦੂਰ ਦੁਰਾਡੇ ਪੰਧ ਮੁਕਾਈਆ । ਸੋਢੀਆਂ ਪਿੰਡ ਬੈਠੇ ਸਜ, ਸੰਤੋਖ ਮੋਖ ਨਾਲ ਮਿਲ ਕੇ ਵਜੀ ਵਧਾਈਆ । ਬਿਨਾ ਕਾਅਬਿਆਂ ਕਰਾਉਣਾ ਹੱਜ, ਹਾਜਤ ਸਭ ਦੀ ਪੂਰ ਕਰਾਈਆ । ਤੇਰਾ ਨਾਮ ਨਿਧਾਨਾ ਡੰਕਾ ਹਰ ਹਿਰਦੇ ਜਾਏ ਵਜ, ਵਜਹ ਸਮਝ ਕੋਇ ਨਾ ਆਈਆ । ਪ੍ਰਭੂ ਭਗਤਾਂ ਤੇ ਕਿਰਪਾ ਕਰਨ ਦਾ ਕੋਈ ਬਣਾ ਲੈ ਪੱਜ, ਪੰਜਾਂ ਪਗੜੀਆਂ ਬੰਨ੍ਹਾਉਣ ਵਾਲਿਆਂ ਸੱਦ ਲੇਖਾ ਦੇਣਾ ਮੁਕਾਈਆ । ਤੂੰ ਨੂਰ ਅਲਾਹੀ ਏਕੰਕਾਰਾ ਇਕੋ ਰੱਬ, ਰੱਬੇ ਆਲਮੀਨ ਕਹਿ ਕੇ ਸਾਰੇ ਤੈਨੂੰ ਗਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਤੇਰਾ ਮੇਲਾ ਹੋਇਆ ਨਾਲ ਸਬਬ, ਸਭ ਦਾ ਲੇਖਾ ਆਪਣੇ ਲੇਖੇ ਲਾਈਆ । ਮੈਂ ਖ਼ੁਸ਼ੀਆਂ ਨਾਲ ਹੋਵਾਂ ਗਦ ਗਦ, ਗਹਿਰ ਗੰਭੀਰ ਤੇਰੇ ਢੋਲੇ ਗਾਈਆ । ਜਨ ਭਗਤ ਸੁਹੇਲੇ ਆਤਮ ਧਾਰ ਪਰਮਾਤਮ ਤੇਰੀ ਦਿਸਣ ਯਦ, ਯਦੀ ਯਦਪ ਆਪਣਾ ਮੇਲਾ ਲੈਣਾ ਮਿਲਾਈਆ । ਨਾਮ ਖ਼ੁਮਾਰੀ ਚਾੜ੍ਹ ਦੇ ਮਧ, ਮਧੁਰ ਧੁਨ ਇਕ ਸੁਣਾਈਆ । ਦੀਨ ਮਜ਼੍ਹਬ ਜ਼ਾਤ ਪਾਤ ਰਹੇ ਕੋਈ ਨਾ ਹੱਦ, ਹਦੂਦ ਇਕੋ ਦੇਣੀ ਸਮਝਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸੂਰਾ ਸਰਬਗ, ਕਰਨੀ ਦਾ ਕਰਤਾ ਨੂਰ ਅਲਾਹੀਆ । ਕਲਜੁਗ ਕਿਰਿਆ ਕੂੜ ਬੁਝਾ ਦੇ ਅੱਗ, ਅੰਮ੍ਰਿਤ ਮੇਘ ਨਾਮ ਬਰਸਾਈਆ । ਜੋਤੀ ਜਾਤੇ ਪੁਰਖ ਬਿਧਾਤੇ ਆਪਣਾ ਦਰਸ਼ਨ ਦੇ ਦੇ ਉਪਰ ਸ਼ਾਹਰਗ, ਨੌਂ ਦੁਆਰਿਆਂ ਲੇਖਾ ਰਹੇ ਨਾ ਰਾਈਆ । ਬੇਸ਼ਕ ਹਰਿਜਨ ਤੇਰੇ ਜੀਵ ਅਲਪਗ, ਤੂੰ ਤਾਰਨਹਾਰ ਇਕ ਗੁਸਾਈਆ । ਕਲਜੁਗ ਅਗਨੀ ਤੱਤੀ ਵਾ ਰਹੀ ਵਗ, ਸਾਂਤਕ

ਸਤਿ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਫਲਗੁਣ ਕਹੇ ਪ੍ਰਭੂ ਮੇਰਾ ਪਰਵਿਸ਼ਟਾ ਇਕ ਪੰਜ ਦੀ ਧਾਰ, ਅੰਕ ਅੰਕ ਨਾਲ ਮਿਲਾਈਆ । ਤੂੰ ਪਰਵਰਦਿਗਾਰ ਸਾਂਝਾ ਯਾਰ, ਨੂਰ ਨੁਰਾਨਾ ਨੂਰ ਅਲਾਹੀਆ । ਸ਼ਾਹੋ ਭੂਪ ਮੇਰਾ ਸਿਕਦਾਰ, ਸਤਿ ਸਤਿਵਾਦੀ ਅਗੰਮ ਅਥਾਈਆ । ਤੇਰਾ ਲਹਿਣਾ ਦੇਣਾ ਸਦਾ ਜੁਗ ਚਾਰ, ਚਾਰ ਜੁਗ ਦੇ ਸ਼ਾਸ਼ਤਰ ਦੇਣ ਗਵਾਹੀਆ । ਭਗਤ ਉਧਾਰਨਾ ਤੇਰਾ ਖੇਲ ਅਪਾਰ, ਅਪਰੰਪਰ ਸੁਆਮੀ ਤੇਰੀ ਬੇਪਰਵਾਹੀਆ । ਮੈਂ ਡੰਡਾਵਤ ਬੰਦਨਾ ਵਿਚ ਕਰਾਂ ਨਿਮਸਕਾਰ, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਖੁਲ੍ਹਾਈਆ । ਪੰਦਰਾਂ ਫਲਗੁਣ ਕਹੇ ਮੈਂ ਦੱਸਾਂ ਆਪਣੀ ਕਹਾਣੀ, ਧੁਰ ਦੇ ਹੁਕਮ ਨਾਲ ਜਣਾਈਆ । ਮੇਰੀ ਆਸ਼ਾ ਬਹੁ ਪੁਰਾਣੀ, ਪੁਰਾਨ ਅਠਾਰਾਂ ਭੇਵ ਕੋਇ ਨਾ ਆਈਆ । ਕਿਸੇ ਅਗੇ ਦੱਸੀ ਨਹੀਂ ਨਾਲ ਜ਼ਬਾਨੀ, ਅੱਖਰਾਂ ਰੰਗ ਨਾ ਕੋਇ ਰੰਗਾਈਆ । ਮੇਰਾ ਲਹਿਣਾ ਦੇਣਾ ਨਹੀਂ ਨਾਲ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੰਡ ਨਾ ਕੋਇ ਵੰਡਾਈਆ । ਮੇਰਾ ਨਾਤਾ ਨਹੀਂ ਜਗਤ ਜੀਵ ਪ੍ਰਾਣੀ, ਪਵਣ ਸਵਾਸੀ ਸੰਗ ਨਾ ਕੋਇ ਬਣਾਈਆ । ਮੇਰਾ ਮਾਲਕ ਖ਼ਾਲਕ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਧੁਰਦਰਗਾਹੀਆ । ਜਿਸ ਮੇਰੇ ਉਤੇ ਕਰਨੀ ਮਿਹਰਵਾਨੀ, ਮਹਿਬੂਬ ਨੂਰ ਅਲਾਹੀਆ । ਜਿਸ ਦਾ ਜਿਸਮ ਨਹੀਂ ਜਿਸਮਾਨੀ, ਤਨ ਵਜੂਦ ਨਾ ਕੋਇ ਰਖਾਈਆ । ਓਹ ਜੋਤੀ ਜਾਤਾ ਜਲਵਾਗਰ ਨੂਰ ਨੁਰਾਨੀ, ਜ਼ਹੂਰ ਆਪਣਾ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਪੰਦਰਾਂ ਫਲਗੁਣ ਕਹੇ ਮੇਰਾ ਪਰਵਿਸ਼ਟਾ ਆਇਆ ਲੋਕਮਾਤ, ਮਾਤਰ ਭੂਮੀ ਖ਼ੁਸ਼ੀ ਬਣਾਈਆ । ਪੁਰਖ ਅਕਾਲੇ ਦੀਨ ਦਿਆਲੇ ਮੇਰੀ ਪੁਛਣੀ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਏਹ ਛੋਟੀ ਜੇਹੀ ਬਲ ਦੁਆਰੇ ਦੀ ਬਾਤ, ਜੋ ਬਾਵਨ ਗਿਆ ਸਮਝਾਈਆ । ਕਲਜੁਗ ਅੰਤ ਝਗੜਾ ਪੈਣਾ ਜ਼ਾਤ ਪਾਤ, ਦੀਨ ਦੁਨੀ ਕਰੇ ਲੜਾਈਆ । ਨੌਂ ਖੰਡ ਪ੍ਰਿਥਮੀ ਅੰਧੇਰੀ ਹੋਈ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਆਤਮ ਪਰਮਾਤਮ ਮਿਲੇ ਨਾ ਕੋਇ ਜਮਾਤ, ਜੁਮਲਾ ਅੱਖਰ ਨਾ ਕੋਇ ਪੜ੍ਹਾਈਆ । ਪੁਰਖ ਅਕਾਲਾ ਪੁਛੇ ਕਿਸੇ ਨਾ ਵਾਤ, ਵਾਰਸ ਨਜ਼ਰ ਕੋਇ ਨਾ ਆਈਆ । ਨੌਂ ਖੰਡ ਪ੍ਰਿਥਮੀ ਆਇਆ ਘਾਟ, ਘਾਇਲ ਹੋਏ ਖ਼ਲਕ ਖ਼ੁਦਾਈਆ । ਸਾਜਣ ਮੀਤ ਦਏ ਕੋਈ ਨਾ ਸਾਥ, ਸਗਲਾ ਸੰਗ ਨਾ ਕੋਇ ਨਿਭਾਈਆ । ਅੰਤਰ ਨਿਰੰਤਰ ਪ੍ਰਭੂ ਦੀ ਸੁਣੇ ਕੋਇ ਨਾ ਗਾਥ, ਹਿਰਦੇ ਹਰਿ ਨਾ ਕੋਇ ਵਸਾਈਆ । ਲਹਿਣਾ ਦੇਣਾ ਮੁਕੇ ਨਾ ਕਿਸੇ ਮਸਤਕ ਮਾਥ, ਪੂਰਬ ਲੇਖ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਇਕ ਪੰਜ ਕਹੇ ਸਾਡਾ ਦੋਹਾਂ ਦਾ ਅਗੰਮ ਮਿਲਾਪ, ਮੇਲਾ ਹਰਿ ਜਗਦੀਸ ਕਰਾਈਆ । ਇਕ ਪੰਜ ਦਾ ਇਕੋ ਜਾਪ, ਪੰਜ ਤਤ ਦੇਣ ਗਵਾਹੀਆ । ਜਿਨ੍ਹਾਂ ਦਾ ਇਕੋ ਮਾਈ ਬਾਪ, ਪਿਤਾ ਪੁਰਖ ਅਕਾਲ ਅਖਵਾਈਆ । ਜੋ ਮੇਟਣਹਾਰਾ ਰੋਗ ਸੰਤਾਪ, ਜਗਤ ਦੁਖੜੇ ਦੂਰ ਕਰਾਈਆ । ਜਨਮ ਜਨਮ ਦਾ ਲਾਹੇ ਪਾਪ, ਪਤਤ ਪੁਨੀਤ ਬਣਾਈਆ । ਜਿਸ ਦੇ ਭੈ ਵਿਚ ਸਾਰੇ ਰਹੇ ਕਾਂਪ, ਸਿਰ ਸਕੇ ਨਾ ਕੋਇ ਉਠਾਈਆ । ਉਸ ਦਾ ਸਭ ਤੋਂ ਵੱਡਾ ਪਰਤਾਪ, ਪਰਮ ਪੁਰਖ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਇਕ


੧੪੧੯
੨੪

ਪੰਜ ਕਹੇ ਸਾਡਾ ਲੇਖਾ ਨਾਲ ਬਲ, ਬਲ ਦੁਆਰਾ ਦਏ ਗਵਾਹੀਆ । ਜਿਥੇ ਬਾਵਨ ਆਇਆ ਚਲ, ਬ੍ਰਾਹਮਣ ਬਿਰਧ ਰੂਪ ਪਰਗਟਾਈਆ । ਬਿਨ ਸ਼ਾਸਤਰਾਂ ਕਰੇ ਕੋਈ ਨਾ ਗੱਲ, ਵੇਦ ਚਾਰੇ ਰਿਹਾ ਸੁਣਾਈਆ । ਹੱਥ ਵਿਚ ਅੰਮ੍ਰਿਤ ਫੜ ਕੇ ਜਲ, ਕਲਸ ਜ਼ਿਮੀਂ ਅਸਮਾਨ ਭੁਆਈਆ । ਝਟ ਆਪਣਾ ਰੂਪ ਬਦਲੇ ਪਲ ਪਲ, ਜਿਸ ਦੀ ਸਮਝ ਕਿਛ ਨਾ ਆਈਆ । ਪਵਣ ਪਾਣੀ ਜਾਏ ਰਲ, ਤਨ ਵਜੂਦਾਂ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪੰਦਰਾਂ ਫਲਗੁਣ ਕਹੇ ਮੈਨੂੰ ਯਾਦ ਪਿਛਲਾ ਲਹਿਣਾ, ਸਚ ਦਿਆਂ ਜਣਾਈਆ । ਬਲ ਦੁਆਰ ਬਾਵਨ ਦਾ ਕਹਿਣਾ, ਕਹਿ ਕੇ ਗਿਆ ਸੁਣਾਈਆ । ਨਾਲ ਲੇਖ ਦੱਸਿਆ ਬਾਲਮੀਕ ਵਾਲੀ ਰਮਾਇਣਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਰਾਮ ਰਾਮ ਦਾ ਖੇਲ ਦੱਸਿਆ ਜਿਸ ਨੂੰ ਸਮਝੇ ਨਾ ਕੋਇ ਤ੍ਰਫ਼ੈਣਾਂ, ਵੇਦ ਵਿਆਸਾ ਵੰਡ ਵੰਡਾਈਆ । ਕ੍ਰਿਸ਼ਨ ਕਾਹਨ ਕੀ ਹੁਕਮ ਸੰਦੇਸਾ ਦੇਵੇ ਨਰ ਨਰਾਇਣਾ, ਨਰ ਹਰਿ ਆਪਣਾ ਹੁਕਮ ਵਰਤਾਈਆ । ਕਿਸ ਬਿਧ ਪੈਗ਼ੰਬਰਾਂ ਭਾਣਾ ਸਹਿਣਾ, ਸਿਰ ਸਕੇ ਨਾ ਕੋਇ ਉਠਾਈਆ । ਕਵਣ ਦੁਆਰੇ ਗੁਰੂਆਂ ਦੇਵੇ ਦੇਣਾ, ਦੇਵਣਹਾਰ ਆਪ ਹੋ ਜਾਈਆ । ਸ਼ਬਦੀ ਧਾਰ ਸੰਦੇਸ਼ਾ ਦਿਤਾ, ਬਲ, ਉਠ ਵੇਖ ਲੈ ਆਪਣੇ ਨੈਣਾਂ, ਬਿਨ ਅੱਖੀਆਂ ਅੱਖ ਖੁਲ੍ਹਾਈਆ । ਕਲਜੁਗ ਅੰਤ ਕੂੜੀ ਕਿਰਿਆ ਵਹਿਣ ਵਹਿਣਾ, ਅਗੇ ਹੋ ਨਾ ਕੋਇ ਅਟਕਾਈਆ । ਸਾਜਣ ਮੀਤ ਦਿਸੇ ਕੋਈ ਨਾ ਸੈਣਾ, ਸਗਲਾ ਸੰਗ ਨਾ ਕੋਇ ਨਿਭਾਈਆ । ਨਾਤਾ ਤੁੱਟੇ ਭਾਈ ਭੈਣਾਂ, ਪਿਤਾ ਪੂਤ ਨਾ ਕੋਇ ਵਡਿਆਈਆ । ਸਚ ਦੁਆਰ ਕਿਸੇ ਨਾ ਬਹਿਣਾ, ਸਾਂਤਕ ਸਤਿ ਨਾ ਕੋਇ ਕਰਾਈਆ । ਕੂੜੀ ਕਿਰਿਆ ਤਨ ਸ਼ਿੰਗਾਰ ਮਾਇਆ ਮਮਤਾ ਸਭ ਨੇ ਪਾਉਣਾ ਗਹਿਣਾ, ਤਨ ਵਜੂਦ ਵੇਖਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਬਾਵਨ ਕਿਹਾ, ਬਲ, ਕਲਜੁਗ ਅੰਤਮ ਆਵੇਗਾ । ਅਛਲ ਅਛੱਲ ਆਪਣੀ ਖੇਲ ਖਿਲਾਵੇਗਾ, ਜਲ ਥਲ ਮਹੀਅਲ ਭੇਵ ਚੁਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਵੇਗਾ । ਬਲ, ਕਲਜੁਗ ਦੀ ਵੇਖ ਨਿਸ਼ਾਨੀ, ਨਿਸ਼ਾਨੇ ਤੈਨੂੰ ਦਿਆਂ ਜਣਾਈਆ । ਨੌ ਖੰਡ ਪ੍ਰਿਥਮੀ ਹੋਏ ਹੈਰਾਨੀ, ਹੈਰਤ ਸਭ ਦੇ ਅੰਦਰ ਛਾਈਆ । ਚਾਰ ਜੁਗ ਦੀ ਸਿਖਿਆ ਹੋਣੀ ਪੁਰਾਣੀ, ਪਰਮ ਪੁਰਖ ਦੇ ਰੰਗ ਨਾ ਕੋਇ ਸਮਾਈਆ । ਗੁਰ ਅਵਤਾਰ ਪੈਗ਼ੰਬਰ ਜੋ ਦੀਨ ਦੁਨੀ ਦੇ ਬਣਕੇ ਬਾਨੀ, ਬਾਣ ਬਣਿਆਲਾ ਨਾਮ ਤੀਰ ਚਲਾਈਆ । ਓਨ੍ਹਾਂ ਦਾ ਹੁਕਮ ਹੋਵੇ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਨਾਲ ਮਿਲ ਕੇ ਦੇਣ ਸੁਣਾਈਆ । ਕਲਜੁਗ ਅੰਤ ਆਪਣੀ ਚੜ੍ਹੇ ਜੋਬਨਵੰਤੀ ਜਵਾਨੀ, ਬਲ ਬਲ ਆਪਣਾ ਲਏ ਪਰਗਟਾਈਆ । ਹਰ ਹਿਰਦੇ ਭਰੇ ਬੇਈਮਾਨੀ, ਬੇਵਾ ਰੂਪ ਹੋਵੇ ਖ਼ਲਕ ਖ਼ੁਦਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਦਿਸੇ ਪਰੇਸ਼ਾਨੀ, ਪਸ਼ਚਾਤਾਪ ਘਟ ਘਟ ਆਪਣਾ ਡੇਰਾ ਲਾਈਆ । ਆਤਮਾ ਪਰਮਾਤਮਾ ਨਾਲੋਂ ਹੋਵੇ ਬੇਗਾਨੀ, ਸਗਲਾ ਸੰਗ ਨਾ ਕੋਇ ਰਖਾਈਆ । ਉਸ ਵੇਲੇ ਜੋਤੀ ਜਾਤਾ ਪੁਰਖ ਬਿਧਾਤਾ ਮਿਹਰਵਾਨ ਹੋ ਕੇ ਕਰੇ ਮਿਹਰਵਾਨੀ, ਮਹਿਬੂਬ ਆਪਣੀ ਕਲ ਪਰਗਟਾਈਆ । ਲੋਕਮਾਤ ਨਿਗਾਹ ਮਾਰੇ ਜਿਸ ਨੂੰ ਪੈਗ਼ੰਬਰਾਂ ਮੰਨਿਆ ਬਾਪ ਅਸਮਾਨੀ, ਇਸਮ ਆਜ਼ਮ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਬਾਵਨ ਕਿਹਾ, ਬਲ, ਕਲਜੁਗ ਅੰਤਮ ਆਵੇਗਾ । ਨਵ ਸੱਤ ਅੰਧੇਰਾ ਛਾਵੇਗਾ । ਜੋਤ ਨੂਰ ਨਾ ਕੋਇ ਰੁਸ਼ਨਾਵੇਗਾ ।

੧੪੨੦ ੨੪

ਸ਼ਬਦ ਤੂਰ ਨਾ ਕੋਇ ਸੁਣਾਵੇਗਾ । ਨਾਮ ਸਰੂਰ ਨਾ ਕੋਇ ਚੜ੍ਹਾਵੇਗਾ । ਜੋ ਮੂਸਾ ਕਹਿ ਕੇ ਗਿਆ ਕੋਹਤੂਰ, ਕ਼ੁਦਰਤ ਦਾ ਕ਼ਾਦਰ ਕੀ ਆਪਣਾ ਹੁਕਮ ਵਰਤਾਵੇਗਾ । ਜਿਸ ਈਸਾ ਕੀਤਾ ਮਨਜ਼ੂਰ, ਸੂਲੀ ਸਲੀਵ ਆਪਣੇ ਰੰਗ ਰੰਗਾਵੇਗਾ । ਜਿਸ ਮੁਹੰਮਦ ਦੱਸਿਆ ਦਸਤੂਰ, ਕਾਇਆ ਕਾਅਬਾ ਇਕ ਦ੍ਰਿੜਾਵੇਗਾ । ਜਿਸ ਨਾਨਕ ਨਿਰਗੁਣ ਸਰਗੁਣ ਨਾਮ ਸਤਿ ਕਰਨਾ ਭਰਪੂਰ, ਭਾਂਡਾ ਭਰਮ ਭੌ ਭਨਾਵੇਗਾ । ਜਿਸ ਗੋਬਿੰਦ ਧਾਰ ਹੋਣਾ ਹਾਜ਼ਰ ਹਜ਼ੂਰ, ਸਤਿ ਦੁਆਰਾ ਇਕ ਵਖਾਵੇਗਾ । ਓਹ ਕਲਜੁਗ ਅੰਤ ਸ੍ਰੀ ਭਗਵੰਤ ਆਪਣਾ ਖੇਲ ਕਰੇ ਜ਼ਰੂਰ, ਜ਼ਾਹਰ ਜ਼ਹੂਰ ਹੋ ਕੇ ਵੇਸ ਵਟਾਵੇਗਾ । ਜਿਸ ਦਾ ਇਕੋ ਇਕ ਹੋਵੇ ਨੂਰ, ਨੂਰ ਨੁਰਾਨਾ ਡਗਮਗਾਵੇਗਾ । ਕਲਜੁਗ ਕਿਰਿਆ ਮੇਟੇ ਕੂੜ, ਕੂੜੀ ਕਿਰਿਆ ਸ਼ੌਹ ਦਰਿਆਏ ਰੁੜ੍ਹਾਵੇਗਾ । ਚਤੁਰ ਸੁਘੜ ਬਣਾਵੇ ਮੂਰਖ ਮੂੜ੍ਹ, ਅੰਧ ਅਗਿਆਨ ਅੰਦਰੋਂ ਬਾਹਰ ਕਢਾਵੇਗਾ । ਮਾਨਵ ਜ਼ਾਤੀ ਇਕੋ ਬਖ਼ਸ਼ ਕੇ ਚਰਨ ਧੂੜ, ਟਿੱਕੇ ਖ਼ਾਕ ਖ਼ਾਕ ਰਮਾਵੇਗਾ । ਆਤਮ ਪਰਮਾਤਮ ਚਾੜ੍ਹ ਕੇ ਰੰਗ ਗੂੜ੍ਹ, ਦੁਰਮਤ ਮੈਲ ਆਪ ਧੁਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਵੇਗਾ । ਬਾਵਨ ਕਿਹਾ ਬਲ, ਨਿਗਾਹ ਮਾਰ ਲੈ ਕਲਜੁਗ ਧਾਰ ਜਗਹ, ਭੂਮਿਕਾ ਅਸਥਾਨ ਵੇਖ ਵਖਾਈਆ । ਜਿਥੇ ਖੇਲ ਕਰੇ ਸੂਰਾ ਸਰਬਗਾ, ਪਾਰਬ੍ਰਹਮ ਪਤਿਪਰਮੇਸ਼ਵਰ ਨੂਰ ਅਲਾਹੀਆ । ਓਹਨੂੰ ਸਭ ਨੇ ਕਹਿਣਾ ਮਾਲਕ ਧੁਰ ਦਾ ਰੱਬਾ, ਯਾਮੁਬੀਨ ਕਹਿ ਕੇ ਸੀਸ ਨਿਵਾਈਆ । ਜੋਤੀ ਜਾਤਾ ਮੰਨ ਕੇ ਅੱਬਾ, ਅੰਮੀਜਾਨ ਕਹਿ ਕੇ ਓਸੇ ਨੂੰ ਸੀਸ ਝੁਕਾਈਆ । ਜਿਸ ਦਾ ਅਵਤਾਰ ਪੈਗ਼ੰਬਰਾਂ ਦੇਣਾ ਸੱਦਾ, ਸੱਦ ਸੱਦ ਕੇ ਖ਼ੁਸ਼ੀ ਬਣਾਈਆ । ਜਿਸ ਸਭ ਦੀਆਂ ਮੇਟਣੀਆਂ ਹੱਦਾਂ, ਹਦੂਦ ਇਕੋ ਇਕ ਵਖਾਈਆ । ਉਸ ਦੇ ਹੁਕਮ ਵਿਚ ਦੋ ਜਹਾਨ ਹੋਣਾ ਬੱਧਾ, ਸਿਰ ਸਕੇ ਨਾ ਕੋਇ ਉਠਾਈਆ । ਇਕੋ ਹੁਕਮ ਸੰਦੇਸ਼ ਫ਼ਰਮਾਨ ਸਭ ਤੇ ਹੋਣਾ ਲੱਗਾ, ਲਗ ਮਾਤਰ ਡੇਰਾ ਢਾਈਆ । ਜਿਸ ਕਲਜੁਗ ਨਵ ਸੱਤ ਵੇਖਣੀ ਅੱਗਾ, ਤਤਵ ਤਤ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਬਲ ਕਿਹਾ ਸੁਣ ਬਾਵਨ ਭਗਵੰਤ, ਭਗਵੰਤ ਦੇ ਦ੍ਰਿੜਾਈਆ । ਓਹ ਕਿਸ ਬਿਧ ਲੇਖਾ ਵੇਖੇ ਜੀਵ ਜੰਤ, ਲਹਿਣਾ ਕਲਜੁਗ ਝੋਲੀ ਪਾਈਆ । ਬਾਵਨ ਕਿਹਾ ਓਹ ਬੋਧ ਅਗਾਧਾ ਹੋਵੇ ਪੰਡਤ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਆਤਮ ਧਾਰ ਗੜ੍ਹ ਤੋੜੇ ਹਉਮੇ ਹੰਗਤਾ, ਹੰ ਬ੍ਰਹਮ ਦਏ ਸਮਝਾਈਆ । ਇਕੋ ਨਾਮ ਦੱਸ ਕੇ ਮਣੀਆਂ ਮੰਤ, ਮਨਸਾ ਸਭ ਦੀ ਹਲ ਕਰਾਈਆ । ਆਤਮ ਧਾਰ ਪਰਮਾਤਮ ਹੋਵੇ ਕੰਤ, ਕੰਤੂਹਲ ਇਕ ਅਖਵਾਈਆ । ਉਹ ਵਕ਼ਤ ਸੁਹਾਵਣਾ ਰੁਤ ਹੋਵੇ ਬਸੰਤ, ਇਕ ਪੰਜ ਫਲਗੁਣ ਦਏ ਗਵਾਹੀਆ । ਜੋ ਜਨ ਭਗਤਾਂ ਲੇਖਾ ਮੁਕਾਏ ਸਵਰਗ ਬਹਿਸ਼ਤ ਜੰਨੱਤ, ਸਚਖੰਡ ਦੁਆਰਾ ਏਕੰਕਾਰਾ ਆਪਣੇ ਗ੍ਰਿਹ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਬਲ ਕਹੇ ਬਾਵਨ ਪ੍ਰਭ ਕਿਸ ਬਿਧ ਲਾਵੇ ਅੰਗੀਆ, ਅੰਗੀਕਾਰ ਭਗਤ ਅਖਵਾਈਆ । ਆਸਾ ਮਨਸਾ ਪੂਰੀਆਂ ਕਰੇ ਮੰਗੀਆਂ, ਦੇਵਣਹਾਰ ਧੁਰਦਰਗਾਹੀਆ । ਜਿਸ ਦੇ ਨਾਲ ਆਦਿ ਜੁਗਾਦਿ ਪ੍ਰੀਤਾਂ ਲਗੀਆਂ, ਪ੍ਰੇਮੀ ਪ੍ਰੀਤਮ ਨੂਰ ਅਲਾਹੀਆ । ਉਸ ਦਾ ਮੇਲਾ ਸਦਾ ਸੁਹੇਲਾ ਆਤਮ ਧਾਰ ਸੰਗੀਆ, ਸਗਲਾ ਸੰਗ ਇਕ ਬਣਾਈਆ । ਜਿਸ ਦੇ ਚਰਨ ਛੋਹੇ ਗੋਦਾਵਰੀ ਜਮਨਾ ਸੁਰਸਤੀ ਗੰਗੀਆ, ਚਰਨ ਛੋਹ ਕੇ ਖ਼ੁਸ਼ੀ ਬਣਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਲੰਘੀਆਂ, ਸਤਿਜੁਗ ਤ੍ਰੇਤਾ ਦੁਆਪਰ

੧੪੨੧ ੨੪

ਭੱਜੇ ਵਾਹੋ ਦਾਹੀਆ । ਕਲਜੁਗ ਕੂੜੀ ਕਿਰਿਆ ਪੁਸ਼ਤਾਂ ਕਰੇ ਨੰਗੀਆਂ, ਓਢਣ ਸੀਸ ਨਜ਼ਰ ਕੋਇ ਨਾ ਆਈਆ । ਵੇਖਣਹਾਰ ਸ਼ਰਅ ਦੀਆਂ ਵੰਡੀਆਂ, ਮਾਨਸ ਮਾਨਵ ਮਾਨੁਖ ਖੋਜ ਖੁਜਾਈਆ । ਜਿਸ ਦੀਆਂ ਸਭ ਦੇ ਨਾਲ ਸੰਧੀਆਂ, ਕੌਲ ਇਕਰਾਰਾਂ ਫੋਲ ਫੁਲਾਈਆ । ਓਹ ਚਾੜ੍ਹੇ ਨੂਰ ਚੰਦ ਨੌਚੰਦੀਆ, ਜੋਤੀ ਜੋਤ ਕਰੇ ਰੁਸ਼ਨਾਈਆ । ਜਿਸ ਲਹਿਣਾ ਦੇਣਾ ਪੂਰਾ ਕਰਨਾ ਪਰਕਿਰਤੀ ਪੰਝੀਆਂ, ਪੰਜਾਂ ਤਤਾਂ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣੇ ਰੰਗ ਰੰਗਾਈਆ । ਓਨ ਭਗਤਾਂ ਸਿਰ ਪੱਗਾਂ ਰਖੀਆਂ ਰੰਗ ਬਰੰਗੀਆਂ, ਗੁਲਸ਼ਨ ਲੋਕਮਾਤ ਵਾਲਾ ਦਏ ਮਹਿਕਾਈਆ । ਜਿਸ ਕਾਰਨ ਤਲਵਾਰਾਂ ਕਰਾਵੇ ਨੰਗੀਆਂ, ਖੜਗ ਖੜਗ ਨਾਲ ਖੜਕਾਈਆ । ਦੀਨ ਦੁਨੀ ਦੇ ਮਾਰਗ ਔਜੜ ਰਾਹ ਹੋਣੇ ਡੰਡੀਆਂ, ਰਸਤਾ ਹੱਥ ਕਿਸੇ ਨਾ ਆਈਆ । ਫੇਰ ਸਭ ਦਾ ਤੋੜੇ ਮਾਣ ਘੁੰਮਡੀਆ, ਸ਼ਾਹ ਸੁਲਤਾਨਾਂ ਖ਼ਾਕ ਰਮਾਈਆ । ਜਿਸ ਦੇ ਹੁਕਮ ਵਿਚ ਚਾਰੇ ਕੁੰਟਾਂ ਹੋਣੀਆਂ ਰੰਡੀਆਂ, ਸਾਚਾ ਕੰਤ ਸੁਹਾਗ ਨਾ ਕੋਇ ਹੰਢਾਈਆ । ਲੇਖਾ ਮੁਕਣਾ ਦੀਨ ਦੁਨੀ ਦੇ ਪਖੰਡੀਆਂ, ਬਿਨਾ ਪ੍ਰਭੂ ਦੇ ਭਗਤਾਂ ਅੰਤਮ ਰਹਿਣ ਕੋਇ ਨਾ ਪਾਈਆ । ਸਤਿਗੁਰ ਦੇ ਭੁੱਲਿਆਂ ਸਭ ਦੀਆਂ ਵੱਢੀਆਂ ਜਾਣੀਆਂ ਕੰਡੀਆਂ, ਕੰਢਾ ਘਾਟ ਹੱਥ ਕੋਇ ਨਾ ਆਈਆ । ਬਿਨ ਸਤਿਗੁਰ ਸ਼ਬਦ ਤੋਂ ਵਿਛੜੀਆਂ ਰੂਹਾਂ ਨਹੀਂ ਜਾਣੀਆਂ ਗੰਢੀਆਂ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਬਿਨਾ ਸਤਿਗੁਰ ਗੋਬਿੰਦ ਤੋਂ ਚੁਕਣਾ ਨਹੀਂ ਕਿਸੇ ਆਪਣੇ ਕੰਧੀਆਂ, ਦੀਨ ਦੁਨੀ ਦਾ ਭਾਰ ਨਾ ਕੋਇ ਵੰਡਾਈਆ । ਬਲ ਕਹੇ ਬਾਵਨ ਨੇ ਸ਼ਬਦੀ ਧਾਰ ਕੀਤੀਆਂ ਸੰਧੀਆਂ, ਜਗਤ ਲਿਖਤ ਲੇਖ ਕ਼ਲਮ ਸ਼ਾਹੀ ਕਾਨੀਆਂ ਵੰਡ

ਨਾ ਕੋਇ ਵੰਡਾਈਆ । ਜਿਸ ਲੇਖੇ ਪੂਰੇ ਕਰਨੇ ਜੇਰਜ ਅੰਡੀਆ, ਉਤਭੁਜ ਸੇਤਜ ਵੇਖੇ ਚਾਈਂ ਚਾਈਆ । ਪੰਦਰਾਂ ਫਲਗੁਣ ਕਹੇ ਮੈਂ ਖ਼ੁਸ਼ੀ ਵਿਚ

ਉਸ ਪ੍ਰਭੂ ਦੇ ਗਾਵਾਂ ਛੰਦੀਆ, ਜੋ ਸ਼ਹਿਨਸ਼ਾਹ ਇਕ ਅਖਵਾਈਆ । ਜੋ ਲੱਖ ਚੁਰਾਸੀ ਦੇਵਣਹਾਰ ਅਨੰਦੀਆ, ਅਨੰਦ ਦਾ ਮਾਲਕ ਅਨੰਦਪੁਰ ਵਾਸੀ ਨਾਲ ਮਿਲ ਕੇ ਅਨੰਦ ਦਏ ਬਣਾਈਆ । ਦੀਨ ਦੁਨੀ ਦੀਆਂ ਅੰਦਰੋਂ ਵਾਸਨਾ ਕਢੇ ਗੰਦੀਆਂ, ਨਾਮ ਰਸ ਅਨਰਸ ਆਪ ਚਖਾਈਆ । ਕਲਜੁਗ ਦੀਆਂ ਉਮਰਾਂ ਰਹਿਣੀਆਂ ਨਹੀਂ ਲੰਬੀਆਂ, ਲਾਂਬੂ ਸਤਿਗੁਰ ਸ਼ਬਦ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੇ ਹੁਕਮ ਵਿਚ ਪੁਰੀਆਂ ਲੋਆਂ ਰਹੀਆਂ ਕੰਬੀਆਂ, ਥਰਥਰਾਹਟ ਵਿਚ ਦਿਸੇ ਖ਼ਲਕ ਖ਼ੁਦਾਈਆ ।

✪ ੧੫ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਮਿਲਖਾ ਸਿੰਘ, ਮਹਿਲ ਗਿਲਾ ਪ੍ਰੀਤਮ ਕੌਰ
ਪਿੰਡ ਸੈਲਾ ਖੁਰਦ ਜ਼ਿਲਾ ਹੁਸ਼ਿਆਰਪੁਰ ✪

ਧਰਨੀ ਕਹੇ ਮੇਰੇ ਆਦਿ ਜੁਗਾਦੀ ਰਾਮ, ਰਮਈਆ ਸਈਆ ਤੇਰੀ ਓਟ ਤਕਾਈਆ । ਨਿਰਗੁਣ ਨਿਰਵੈਰ ਨਿਰਾਕਾਰ ਅਗੰਮੜੇ ਸ਼ਾਮ, ਸ਼ਾਹ ਸੁਲਤਾਨ ਸ੍ਰੀ ਭਗਵਾਨ ਤੇਰੀ ਓਟ ਤਕਾਈਆ । ਨੂਰ ਨੁਰਾਨੇ ਨੌਜਵਾਨੇ ਮੇਰੇ ਇਕ ਅਮਾਮ, ਅਮਲਾਂ ਤੋਂ ਰਹਿਤ ਤੇਰੀ ਬੇਪਰਵਾਹੀਆ । ਦੀਨ ਦਿਆਲ ਦਇਆ ਨਿਧ ਠਾਕਰ ਇਕੋ ਸਭ ਨੂੰ ਪਿਆ ਹਕ਼ੀਕ਼ੀ ਜਾਮ, ਬਿਨ ਰਸਨਾ ਰਸ ਚਖਾਈਆ । ਹਰ ਹਿਰਦੇ ਅੰਤਰ ਨਿਰੰਤਰ ਤੇਰਾ ਉਪਜੇ ਇਕੋ ਨਾਮ,

੧੪੨੩ ੨੪

ਨਾਮ ਨਿਧਾਨਾ ਇਕ ਪਰਗਟਾਈਆ । ਸ਼ਾਹੋ ਭੂਪ ਮੇਰੇ ਸੁਲਤਾਨ, ਸ਼ਹਿਨਸ਼ਾਹ ਤੇਰੀ ਸਰਨਾਈਆ । ਮੇਰੀ ਬੇਨੰਤੀ ਕਰ ਪਰਵਾਨ, ਪਰਮ ਪੁਰਖ ਪ੍ਰਭ ਤੇਰੀ ਓਟ ਤਕਾਈਆ । ਤੂੰ ਦੀਨ ਦੁਨੀ ਦਾ ਮੇਰੇ ਉਤੋਂ ਬਦਲ ਦੇ ਵਿਧਾਨ, ਹੁਕਮ ਇਕੋ ਇਕ ਦ੍ਰਿੜਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਸਭ ਦਾ ਹੋਵੇ ਧਰਮ ਈਮਾਨ, ਈਸ਼ ਜੀਵ ਜਗਦੀਸ਼ ਆਪਣੇ ਰੰਗ ਰੰਗਾਈਆ । ਝਗੜਾ ਮੇਟ ਦੇ ਸ਼ਾਸਤਰ ਸਿਮਰਤ ਵੇਦ ਪੁਰਾਨ, ਅੰਜੀਲ ਕ਼ੁਰਾਨ ਵੰਡ ਨਾ ਕੋਇ ਵੰਡਾਈਆ । ਤੂੰ ਮੇਰਾ ਮੈਂ ਤੇਰਾ ਸਾਰੇ ਢੋਲੇ ਗਾਣ, ਨਿਰਗੁਣ ਨਿਰਗੁਣ ਮਿਲਕੇ ਵਜੇ ਵਧਾਈਆ । ਵਕ਼ਤ ਸੁਹੰਜਣਾ ਅੰਤ ਮੇਰਾ ਪਹਿਚਾਨ, ਬੇਪਹਿਚਾਨ ਪਰਦਾ ਆਪ ਉਠਾਈਆ । ਮੈਂ ਬਾਲੀ ਬੁਧਿ ਅੰਞਾਨ, ਮੇਰੀ ਚਲੇ ਨਾ ਕੋਇ ਚਤੁਰਾਈਆ । ਕਲਜੁਗ ਕੂੜੀ ਕਿਰਿਆ ਮੇਰੇ ਉਤੋਂ ਸ਼ਰਅ ਮੇਟ ਸ਼ੈਤਾਨ, ਖੱਤਰੀ ਬ੍ਰਾਹਮਣ ਸ਼ੂਦਰ ਵੈਸ਼ ਬਣੇ ਨਾ ਜਗਤ ਕਸਾਈਆ । ਸਤਿ ਸਤਿਵਾਦੀ ਬਖ਼ਸ਼ ਅਗੰਮਾ ਦਾਨ, ਦਾਤਾ ਹੋ ਕੇ ਆਪ ਵਰਤਾਈਆ । ਤੂੰ ਅੰਤਰ ਨਿਰੰਤਰ ਸਭ ਦਾ ਜਾਣੀ ਜਾਣ, ਜਾਨਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਪ੍ਰਭੂ ਸਾਚੇ ਨਾਮ ਦੀ ਬਖ਼ਸ਼ ਦੇ ਵਸਤ, ਵਾਸਤਵ ਆਪਣੀ ਦਇਆ ਕਮਾਈਆ । ਨਾਮ ਖ਼ੁਮਾਰੀ ਚਾੜ੍ਹ ਦੇ ਮਸਤ, ਮਸਤ ਮਸਤਾਨੇ ਜੀਵ ਲੈ ਬਣਾਈਆ । ਮਿਹਰਵਾਨ ਮਹਿਬੂਬ ਹੋ ਕੇ ਸਭ ਦਾ ਫੜ ਦਸਤ, ਦਸਤਗੀਰ ਆਪਣਾ ਰੰਗ ਰੰਗਾਈਆ । ਝਗੜਾ ਮੇਟ ਦੇ ਕੀਟ ਹਸਤ, ਊਚ ਨੀਚ ਜ਼ਾਤ ਪਾਤ ਰਹਿਣ ਕੋਇ ਨਾ ਪਾਈਆ । ਤੂੰ ਸਚਖੰਡ ਨਿਵਾਸੀ ਵਾਲੀ ਅਗੰਮੀ ਅਰਸ਼, ਅਰਸ਼ੀ ਪ੍ਰੀਤਮ ਤੇਰੇ ਹੱਥ ਵਡਿਆਈਆ । ਮੈਂ ਮਾਂਗਤ ਹੋ ਕੇ ਮੰਗਾਂ ਧਵਲ ਤੇਰੀ ਫ਼ਰਸ਼, ਫ਼ੈਸਲਾ ਹਕ ਹਕ ਦੇਣਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਬਖ਼ਸ਼ ਦੇ ਨਾਮ ਨਿਧਾਨਾ, ਦਇਆਨਿਧ ਦਇਆ ਕਮਾਈਆ । ਤੂੰ ਸ਼ਾਹੋ ਭੂਪ ਸੁਲਤਾਨਾ, ਸ਼ਾਹ ਪਾਤਸ਼ਾਹ ਨੂਰ ਅਲਾਹੀਆ । ਮੇਰੀ ਬੇਨੰਤੀ ਕਰੀਂ ਦਰ ਪਰਵਾਨਾ, ਪਰਮ ਪੁਰਖ ਤੇਰੇ ਅਗੇ ਵਾਸਤਾ ਪਾਈਆ । ਕਲਜੁਗ ਕਿਰਿਆ ਕੂੜ ਮੇਟ ਨਿਸ਼ਾਨਾ, ਨਿਸ਼ਾਨਾ ਦੀਨ ਦੁਨੀ ਬਦਲਾਈਆ । ਇਕੋ ਕਲਮਾ ਧੁਰ ਪੈਗ਼ਾਮ ਦੇ ਮੇਰੇ ਅਮਾਮਾ, ਤੇਰੀ ਆਮਦ ਵਿਚ ਬੈਠੀ ਰਾਹ ਤਕਾਈਆ । ਤੂੰ ਨਿਰਗੁਣ ਨਿਰਵੈਰ ਨਿਰਾਕਾਰ ਮੇਰੇ ਉਤੇ ਹੋ ਪ੍ਰਧਾਨਾ, ਪ੍ਰਧਾਨਗੀ ਤੇਰੀ ਸੋਭਾ ਪਾਈਆ । ਨਵ ਸੱਤ ਤੇਰਾ ਝੁੱਲੇ ਇਕੋ ਧਰਮ ਨਿਸ਼ਾਨਾ, ਦੂਸਰ ਨਜ਼ਰ ਕੋਇ ਨਾ ਆਈਆ । ਉੱਤਰ ਪੂਰਬ ਪੱਛਮ ਦੱਖਣ ਹਰ ਹਿਰਦਾ ਗਾਵੇ ਤੇਰਾ ਗਾਣਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਮੇਰੇ ਭਗਵੰਤ ਧੁਰ ਦੇ ਕੰਤ ਮੇਰੀ ਕਲਜੁਗ ਅੰਤਮ ਕਰ ਕਲਿਆਣਾ, ਕਲ ਕਾਤੀਆਂ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਤੇਰਾ ਇਕੋ ਨਾਮ ਨਿਧਾਨਾ ਹੋਵੇ ਗੀਤ, ਨਵ ਸੱਤ ਵਜੇ ਵਧਾਈਆ । ਆਤਮ ਪਰਮਾਤਮ ਬਣਾ ਦੇ ਪ੍ਰੀਤ, ਪ੍ਰੀਤਮ ਹੋ ਕੇ ਵੇਖ ਵਖਾਈਆ । ਨਾਮ ਨਿਧਾਨਾ ਨੌਜਵਾਨਾ ਸੁਣਾ ਦੇ ਗੀਤ, ਢੋਲਾ ਸੋਹਲਾ ਇਕ ਸੁਣਾਈਆ । ਜੋਤੀ ਜਾਤੇ ਹਰ ਘਟ ਵਸ ਜਾ ਚੀਤ, ਚਿਤ ਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਮਾਨਵ ਜ਼ਾਤੀ ਪਵਿਤ੍ਰ ਸ਼ੁਧ ਕਰ ਦੇ ਨੀਤ, ਨੀਤੀਵਾਨ ਆਪਣਾ ਰੰਗ ਰੰਗਾਈਆ । ਕਾਇਆ ਮੰਦਰ ਅੰਦਰ ਪਰਦਾ ਖੋਲ੍ਹ ਦੇ ਭੀਤਰ ਭੀਤ, ਓਹਲਾ ਉਹਲਿਆਂ ਵਿਚੋਂ ਉਠਾਈਆ । ਤਨ ਵਜੂਦ ਕਰ ਦੇ ਠਾਂਢੇ ਸੀਤ, ਅਗਨੀ ਤਤ

ਨਾ ਕੋਇ ਤਪਾਈਆ । ਝਗੜਾ ਮਿਟਾ ਦੇ ਮੰਦਰ ਮਸੀਤ, ਕਾਇਆ ਕਾਅਬਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਆਪਣਾ ਦੱਸ ਦੇ ਮਾਰਗ ਅਗੰਮ, ਅਗੰਮੜੇ ਦੇ ਜਣਾਈਆ । ਭੇਵ ਖੁਲ੍ਹਾ ਦੇ ਆਪਣੇ ਬ੍ਰਹਮ, ਪਾਰਬ੍ਰਹਮ ਪਰਦਾ ਰਹੇ ਨਾ ਰਾਈਆ । ਸਤਿ ਸਤਿਵਾਦੀ ਸਤਿ ਧਾਰ ਬਖ਼ਸ਼ ਦੇ ਜਰਮ, ਜਨਮ ਜਨਮ ਦਾ ਡੇਰਾ ਢਾਹੀਆ । ਕਲਜੁਗ ਕਿਰਿਆ ਕੂੜ ਮੇਟ ਦੇ ਕਰਮ, ਕੁਟੰਬ ਰਹਿਣ ਕੋਇ ਨਾ ਪਾਈਆ । ਹਰ ਹਿਰਦੇ ਬਾਹਰ ਕਢ ਦੇ ਭਰਮ, ਭਾਂਡਾ ਭਰਮ ਭੌ ਭੰਨਾਈਆ । ਕਿਸੇ ਦੀ ਦ੍ਰਿਸ਼ਟੀ ਸ੍ਰਿਸ਼ਟੀ ਵਿਚ ਰਹੇ ਨਾ ਚਰਮ, ਚੰਮ ਦ੍ਰਿਸ਼ਟੀ ਦਾ ਲੇਖਾ ਦੇਣਾ ਮੁਕਾਈਆ । ਝਗੜਾ ਮੁਕਾ ਦੇ ਜਾਤ ਵਰਨ, ਖੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਰਖਾਈਆ । ਦੀਨ ਮਜ਼੍ਹਬ ਮੂਲ ਨਾ ਲੜਨ, ਝਗੜਾ ਰਹੇ ਨਾ ਖ਼ਲਕ ਖ਼ੁਦਾਈਆ । ਇਕੋ ਢੋਲਾ ਤੇਰਾ ਪੜ੍ਹਨ, ਸੋਹੰ ਅੱਖਰ ਆਤਮ ਪਰਮਾਤਮ ਦੇਣਾ ਸਮਝਾਈਆ । ਇਕੋ ਮੰਜ਼ਲ ਮਾਨਵ ਜ਼ਾਤੀ ਤੇਰੀ ਹਕੀਕੀ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਚੁਰਾਸੀ ਫਾਸੀ ਵਾਲਾ ਮੇਟਣਾ ਡਰਨ, ਭੈ ਭੌ ਆਪਣਾ ਇਕ ਰਖਾਈਆ । ਸੁਰਤੀ ਸ਼ਬਦ ਫੜਾਉਣਾ ਲੜਨ, ਕੰਨੀ ਆਪਣੀ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੀ ਨਮੋ ਨਮੋ ਡੰਡਾਵਤ, ਸਜਦਿਆਂ ਵਿਚ ਬਿਨ ਸੀਸ ਸੀਸ ਨਿਵਾਈਆ । ਮੇਰੇ ਮਿਹਰਵਾਨਾ ਨੌਜਵਾਨਾ ਮੇਰੇ ਉਤੋਂ ਮੇਟ ਬਗ਼ਾਵਤ, ਬਗ਼ਲਗੀਰ ਕਰ ਖ਼ਲਕ ਖ਼ੁਦਾਈਆ । ਸਾਚੇ ਨਾਮ ਦੀ ਬਖ਼ਸ਼ ਸਖ਼ਾਵਤ, ਮਹਿਬਾਨ ਬੀਦੋ ਆਪਣਾ ਰੰਗ ਰੰਗਾਈਆ । ਇਕੋ ਨਾਮ ਕਲਮਾ ਤੇਰੀ ਹੋਵੇ ਨਿਆਮਤ, ਅਨਰਸ ਆਪਣਾ ਦੇਣਾ ਚਖਾਈਆ । ਤੂੰ ਸੁਆਮੀ ਠਾਕਰ ਸਹੀ ਸਲਾਮਤ, ਪਰਵਰਦਿਗਾਰ ਨੂਰ ਅਲਾਹੀਆ । ਤਨ ਵਜੂਦ ਸ਼ਰਅ ਰਹੇ ਨਾ ਕੋਇ ਬਨਾਵਟ, ਹਿੰਦੂ ਮੁਸਲਿਮ ਸਿਖ ਈਸਾਈ ਵੰਡ ਨਾ ਕੋਇ ਵੰਡਾਈਆ । ਤੇਰੀ ਧਾਰ ਤੇਰਾ ਹੁਕਮ ਹੋਵੇ ਹਕ ਕ਼ਿਆਮਤ, ਕ਼ੁਦਰਤ ਕ਼ਾਦਰ ਤੇਰੇ ਹੱਥ ਵਡਿਆਈਆ । ਤੂੰ ਆਦਿ ਜੁਗਾਦੀ ਸਹੀ ਸਲਾਮਤ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਇਕ ਅਖਵਾਈਆ । ਧਰਨੀ ਕਹੇ ਮੈਂ ਬਾਲੀ ਬੁੱਧ ਅਣਜਾਣਤ, ਮੇਰੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਵਸਤ ਆਪ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰਾ ਕਰ ਦੇ ਵਕ਼ਤ ਸੁਹੰਜਣਾ, ਸੋਹਣੀ ਲੋਕਮਾਤ ਦੇ ਵਡਿਆਈਆ । ਪੁਰਖ ਅਕਾਲੇ ਆਦਿ ਨਿਰੰਜਣਾ, ਨਿਰਵੈਰ ਤੇਰੀ ਸਰਨਾਈਆ । ਮੇਰੇ ਦੁਖਾਂ ਦੂਰ ਕਰ ਦੇ ਮੇਰੇ ਧੁਰਦਰਗਾਹੀ ਸੱਜਣਾ, ਸਜਣੂਆ ਤੇਰੀ ਓਟ ਤਕਾਈਆ । ਤੈਨੂੰ ਕਹਿੰਦੇ ਦਰਦ ਦੁਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਤੂੰ ਗੁਪਾਲ ਮੂਰਤ ਮਦਨਾ, ਮਧ ਸੂਦਨ ਤੇਰੀ ਵਡ ਵਡਿਆਈਆ । ਮੈਂ ਤੈਨੂੰ ਇਕ ਇਕੱਲੇ ਆਪਣੇ ਮਹੱਲੇ ਸੱਦਣਾ, ਨਵ ਖੰਡ ਸੱਤ ਦੀਪ ਤੇਰੇ ਚਰਨਾਂ ਹੇਠ ਟਿਕਾਈਆ । ਤੂੰ ਕਲਜੁਗ ਅੰਤ ਸ੍ਰੀ ਭਗਵੰਤ ਮੇਰੀ ਰਖਣੀ ਲਜਣਾ, ਸਿਰ ਮੇਰੇ ਹੱਥ ਟਿਕਾਈਆ । ਸਚ ਪਿਆਰ ਦੀ ਇਕੋ ਸਭ ਨੂੰ ਦੱਸਣੀ ਬੰਦਨਾ, ਬੰਦਗੀ ਵਿਚ ਸਾਰੇ ਸੀਸ ਨਿਵਾਈਆ । ਜਗ ਨੇਤਰ ਕੋਈ ਰਹਿਣ ਨਾ ਦੇਵੀਂ ਅੰਧਨਾ, ਅੰਧ ਆਤਮ ਦੇਣਾ ਮਿਟਾਈਆ । ਤੇਰਾ ਇਕੋ ਨਾਦ ਅਨਾਦੀ ਵਜਣਾ, ਦੋ ਜਹਾਨ ਕਰੀਂ ਸ਼ਨਵਾਈਆ । ਤੇਰਾ ਇਕੋ ਦੀਪਕ ਜਗਣਾ, ਜੋਤੀ ਜਾਤੇ ਨਜ਼ਰੀ ਆਈਆ । ਤੇਰੇ ਹੁਕਮ ਵਿਚ ਕਲਜੁਗ ਮੇਰੇ ਉਤੋਂ ਭੱਜਣਾ, ਬਿਨ ਕ਼ਦਮਾਂ ਕ਼ਦਮ ਉਠਾਈਆ । ਸਤਿਜੁਗ ਤੇਰੀ ਧਾਰ ਵਿਚੋਂ ਲਗਣਾ, ਧਰਨੀ ਧਵਲ ਧੌਲ ਕਹੇ ਮੇਰੇ ਉਤੇ

ਦੇਣਾ ਟਿਕਾਈਆ । ਮੈਂ ਖ਼ੁਸ਼ੀਆਂ ਵਾਲੀ ਤੇਰੀ ਚਰਨ ਧੂੜ ਮਨਾਵਾਂ ਸਗਨਾ, ਸਗਲੇ ਸੰਗੀ ਤੇਰੇ ਹੱਥ ਵਡਿਆਈਆ । ਨਿਰਾਕਾਰ ਨਿਰਵੈਰ ਨਿਰੰਕਾਰ ਸਤਿ ਨਾਮ ਚਾੜ੍ਹ ਦੇ ਰੰਗਣਾ, ਰੰਗਤ ਆਪਣੀ ਇਕ ਚੜ੍ਹਾਈਆ । ਦਰ ਠਾਂਢਾ ਇਕੋ ਤੇਰਾ ਮੰਗਣਾ, ਮਾਂਗਤ ਹੋ ਕੇ ਝੋਲੀ ਡਾਹੀਆ । ਧਰਨੀ ਕਹੇ ਪ੍ਰਭੂ ਮੇਰੀ ਕ਼ਬੂਲ ਕਰੀਂ ਬੰਦਨਾ, ਬੰਦਗੀ ਵਿਚ ਤੇਰੇ ਚਰਨ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖੇ ਲਾਉਣਾ ਆਅਲਾ ਅਦਨਾ, ਅਦਲ ਇਨਸਾਫ਼ ਆਪਣਾ ਹਕ ਕਮਾਈਆ ।

## ✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਗੁਰਪਾਲ ਸਿੰਘ ਦੇ ਗ੍ਰਿਹ ਪਿੰਡ ਸਕਰੂਲੀ ਜ਼ਿਲਾ ਹੁਸ਼ਿਆਰਪੁਰ ✪

ਧਰਨੀ ਕਹੇ ਮੇਰੇ ਪਰਮ ਪੁਰਖ ਪ੍ਰਭ ਸੱਚਿਆ, ਸਤਿ ਸਤਿਵਾਦੀ ਤੇਰੀ ਓਟ ਰਖਾਈਆ । ਕਿਰਪਾ ਕਰ ਦੇ ਭਗਤਾਂ ਆਪਣਿਆਂ ਬੱਚਿਆਂ, ਬਚਪਨ ਆਪਣੀ ਗੋਦ ਟਿਕਾਈਆ । ਲੂੰ ਲੂੰ ਅੰਦਰ ਹੋਵੇਂ ਰਚਿਆ, ਰਚਨਾ ਆਪਣੀ ਇਕ ਸਮਝਾਈਆ । ਭਾਗ ਲਗਾਉਣਾ ਕਾਇਆ ਮਾਟੀ ਭਾਂਡੇ ਕੱਚਿਆ, ਕੰਚਨ ਗੜ੍ਹ ਬਣਾਈਆ । ਮਨੂਆ ਦਹਿ ਦਿਸ਼ਾ ਫਿਰੇ ਨਾ ਨੱਚਿਆ, ਮਨਸਾ ਮੋਹ ਦੇਣੀ ਮਿਟਾਈਆ । ਤੇਰੇ ਨਾਮ ਨਿਧਾਨ ਵਿਚ ਹਰਿਜਨ ਹੋਵੇ ਰਤਿਆ, ਰਤਨ ਅਮੋਲਕ ਹੀਰਾ ਲੈਣਾ ਬਣਾਈਆ । ਸਚ ਪ੍ਰੀਤੀ ਵਿਚ ਹੋਵੇ ਮੱਤਿਆ, ਮਤ ਮਤਾਂਤਰ ਡੇਰਾ ਢਾਈਆ । ਆਤਮ ਧਾਰ ਬਖ਼ਸ਼ ਦੇ ਸੱਤਿਆ, ਸਤਿ ਸਤਿਵਾਦੀ ਦਇਆ ਕਮਾਈਆ । ਚਰਨ ਕਵਲ ਜੋੜ ਲੈ ਨੱਤਿਆ, ਪ੍ਰੀਤੀ ਪ੍ਰੀਤਮ ਇਕ ਵਖਾਈਆ । ਕੂੜ ਵਿਕਾਰ ਹੰਕਾਰ ਅੰਦਰੋਂ ਕਰ ਦੇ ਹੱਤਿਆ, ਤਨ ਵਜੂਦ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਆਪਣੇ ਵੇਖ ਲੈ ਭਗਤ ਸੁਹੇਲੇ ਬੱਚੇ ਨੰਨ੍ਹੇ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਧਿਆਨ ਲਗਾਈਆ । ਜੋ ਮੇਰੇ ਉਤੇ ਧਰਮ ਦੀ ਧਾਰ ਚੜ੍ਹੇ ਚੰਨੇ ਚੰਨ ਚੰਦ ਨੂਰ ਰੁਸ਼ਨਾਈਆ । ਤਿਨ੍ਹਾਂ ਦੇ ਅੰਤਰ ਨਿਰੰਤਰ ਸ਼ਬਦ ਸੁਣਾ ਦੇ ਬਿਨਾ ਕੰਨੇ, ਸਰਵਣਾਂ ਦੀ ਲੋੜ ਰਹੇ ਨਾ ਰਾਈਆ । ਅੰਤਰ ਆਤਮ ਪਰਮਾਤਮ ਧਾਰ ਤੈਨੂੰ ਮੰਨੇ, ਮਨ ਮਨਸਾ ਰਹਿਣ ਕੋਇ ਨਾ ਪਾਈਆ । ਜਗਤ ਜਹਾਨ ਵਲੋਂ ਬੇੜਾ ਕਰਨਾ ਬੰਨੇ, ਬਿਨ ਵੰਝ ਮੁਹਾਣਿਆਂ ਪਾਰ ਕਰਾਈਆ । ਲਹਿਣੇ ਦੇਣੇ ਲੇਖੇ ਪੂਰੇ ਕਰਨੇ ਭਾਗ ਲਗਾਉਣਾ ਬਿਨਾ ਛੱਪਰ ਛੰਨੇ, ਤਤਵ ਤਤ ਤਤ ਦੇਣੀ ਵਡਿਆਈਆ । ਬਾਹਰ ਕਢਣਾ ਵਿਚੋਂ ਚਿੰਤਾ ਗ਼ਮੇ, ਗ਼ਮਖਾਰ ਹੋ ਕੇ ਵੇਖਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਜਨ ਭਗਤ ਸੁਹੇਲੇ ਲੱਭ ਲੈ ਆਪਣੇ ਮਿਤ, ਮਿਤਰ ਪਿਆਰੇ ਦਇਆ ਕਮਾਈਆ । ਜਿਨ੍ਹਾਂ ਦੇ ਅੰਤਰ ਤੇਰਾ ਇਕੋ ਹਿਤ, ਤੂੰ ਮੇਰਾ ਮੈਂ ਤੇਰਾ ਢੋਲਾ ਸੋਹੰ ਰਹੇ ਗਾਈਆ । ਘਟ ਨਿਵਾਸੀ ਪੁਰਖ ਅਬਿਨਾਸ਼ੀ ਵਸਣਹਾਰੇ ਚਿਤ, ਠਗੌਰੀ ਚਿਤ ਦੇਣੀ ਗੁਆਈਆ । ਤ੍ਰੈਗੁਣ ਨਾਲੋਂ ਕਰ ਅਤੀਤ, ਤ੍ਰੈਭਵਣ ਧਨੀ ਬਖ਼ਸ਼ਣੀ ਇਕ ਸਰਨਾਈਆ । ਅੰਤਰ ਨਿਰੰਤਰ ਪਰਮਾਤਮ ਤੇਰੀ ਹੋਵੇ ਪ੍ਰੀਤ, ਪਤਿਪਰਮੇਸ਼ਵਰ ਤੈਨੂੰ ਸੀਸ ਨਿਵਾਈਆ । ਕਲਜੁਗ ਕੂੜੀ ਕਿਰਿਆ ਵਿਚੋਂ ਬਦਲਣੀ ਨੀਤ, ਨੀਤੀਵਾਨ

ਹੋਣਾ ਸਹਾਈਆ । ਕਾਇਆ ਕਰਨੀ ਠਾਂਢੀ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਕਰ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਨਿਰਵੈਰ ਹੋ ਕੇ ਦਰਸ਼ਨ ਦੇਣਾ ਨਿਤ, ਨਿਜ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਕੋਈ ਵੇਖੀਂ ਨਾ ਵਾਰ ਥਿਤ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਹੇ ਧਰਨੀ ਧੁਰ ਦੀ ਦਇਆ ਕਮਾਵਾਂਗਾ । ਜੋਤੀ ਜਾਤਾ ਹੋ ਕੇ ਵੇਖ ਵਖਾਵਾਂਗਾ । ਜਨ ਭਗਤਾਂ ਆਤਮ ਪਰਮਾਤਮ ਜੋੜ ਕੇ ਨਾਤਾ, ਪਾਰਬ੍ਰਹਮ ਬ੍ਰਹਮ ਮੇਲ ਮਿਲਾਵਾਂਗਾ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗਾਥਾ, ਸਾਚੀ ਸਿਖਿਆ ਇਕ ਸਮਝਾਵਾਂਗਾ । ਸਤਿ ਧਰਮ ਚਲਾ ਕੇ ਰਾਥਾ, ਹਰਿਜਨ ਉਪਰ ਆਪ ਟਿਕਾਵਾਂਗਾ । ਲਹਿਣਾ ਦੇਣਾ ਦੇ ਕੇ ਪੂਰਬ ਮਸਤਕ ਮਾਥਾ, ਜਨਮ ਜਨਮ ਦਾ ਝੋਲੀ ਆਪ ਟਿਕਾਵਾਂਗਾ । ਸਹਾਈ ਹੋ ਅਨਾਥ ਅਨਾਥਾ, ਗ਼ਰੀਬਾਂ ਗੋਦ ਉਠਾਵਾਂਗਾ । ਬਣ ਕੇ ਸਰਬ ਕਲਾ ਸਮਰਾਥਾ, ਸਮਰਥ ਹੋ ਕੇ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਵਾਂਗਾ । ਸਚ ਕਰਨੀ ਕਾਰ ਕਮਾਏਗਾ । ਦੀਨ ਦਿਆਲ ਦਇਆ ਕਮਾਏਗਾ । ਹਰਿਜਨ ਸਾਚੇ ਵੇਖ ਵਖਾਏਗਾ । ਫੜ ਬਾਹੋਂ ਮੇਲ ਮਿਲਾਏਗਾ । ਰੰਗ ਨਵੇਲ ਇਕ ਚੜ੍ਹਾਏਗਾ । ਸੱਜਣ ਸੁਹੇਲ ਸਗਲਾ ਸੰਗ ਰਖਾਏਗਾ । ਜੋਤ ਜਗਾ ਕੇ
੧੪੨੬ ਬਿਨ ਬਾਤੀ ਤੇਲ, ਅੰਧ ਅੰਧੇਰ ਮਿਟਾਏਗਾ । ਲਹਿਣਾ ਦੇਣਾ ਮੁਕਾ ਕੇ ਗੁਰੂ ਗੁਰ ਚੇਲ, ਸੁਰਤੀ ਸ਼ਬਦ ਸ਼ਬਦ ਸਮਾਏਗਾ । ਏਥੇ ਓਥੇ ਬਣ ਕੇ ੧੪੨੬
੨੪ ਸੱਜਣ ਸੁਹੇਲ, ਸਗਲਾ ਸੰਗ ਰਖਾਏਗਾ । ਅਚਰਜ ਕਰਕੇ ਆਪਣਾ ਖੇਲ, ਖ਼ਾਲਕ ਖ਼ਲਕ ਪਰਦਾ ਉਠਾਏਗਾ । ਜੋਤੀ ਜੋਤ ਸਰੂਪ ਹਰਿ, ਆਪ ੨੪
ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਭਗਤ ਸੁਹੇਲੇ ਪਰਦਾ ਲਾਹੇਗਾ । ਸਚ ਪਰਦਾ ਆਪ ਉਠਾਵੇਗਾ । ਸੋ ਪੁਰਖ ਨਿਰੰਜਣ ਦਇਆ ਕਮਾਵੇਗਾ । ਹਰਿ ਪੁਰਖ ਨਿਰੰਜਣ ਮੇਲ ਮਿਲਾਵੇਗਾ । ਏਕੰਕਾਰਾ ਵੇਖ ਵਖਾਵੇਗਾ । ਆਦਿ ਨਿਰੰਜਣ ਨੂਰ ਚਮਕਾਵੇਗਾ । ਅਬਿਨਾਸ਼ੀ ਕਰਤਾ ਸੋਭਾ ਪਾਵੇਗਾ । ਸ੍ਰੀ ਭਗਵਾਨ ਸੰਗ ਨਿਭਾਵੇਗਾ । ਪਾਰਬ੍ਰਹਮ ਪ੍ਰਭ ਪਰਦਾ ਆਪ ਉਠਾਵੇਗਾ । ਸਤਿਗੁਰ ਸ਼ਬਦ ਨਾਦ ਸੁਣਾਵੇਗਾ । ਅਵਤਾਰ ਪੈਗ਼ੰਬਰ ਗੁਰੂ ਨਾਲ ਮਿਲਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਉਠਾਵੇਗਾ । ਧਰਨੀ ਧਰਤ ਧਵਲ ਧੌਲ ਤੇਰਾ ਹੌਲਾ ਭਾਰ ਕਰਾਵੇਗਾ । ਬਣ ਕੇ ਨੂਰ ਅਲਾਹੀ ਅਵਲ, ਵਾਹਦ ਆਪਣੀ ਕਲ ਵਰਤਾਵੇਗਾ । ਜੋ ਗੁਰ ਅਵਤਾਰ ਪੈਗ਼ੰਬਰਾਂ ਨਾਲ ਕੀਤਾ ਕਵਲ, ਇਕਰਾਰ ਸਭ ਦੇ ਵੇਖ ਵਖਾਵੇਗਾ । ਜਨ ਭਗਤਾਂ ਅੰਦਰ ਜਾਏ ਮਵਲ, ਮੌਲਾ ਹੋ ਕੇ ਆਪਣਾ ਭੇਵ ਚੁਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਧੁਰ ਦੀ ਧਾਰ ਸੁੰਦਰ ਸਾਵਲ ਸਵਲ, ਸਾਵਰੀਆ ਆਪਣੀ ਕਾਰ ਕਮਾਵੇਗਾ ।

## ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਜੀਤ ਸਿੰਘ, ਨਸੀਬ ਕੌਰ ਪਿੰਡ ਡਵਿੱਡਾ ਰਿਹਾਣਾ ਜ਼ਿਲਾ ਹੁਸ਼ਿਆਰਪੁਰ

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਮੇਰੇ ਸਗਲੇ ਸੰਗੀ, ਬਹੁਰੰਗੀ ਆਪਣਾ ਫੇਰਾ ਪਾਈਆ । ਕਲਜੁਗ ਕੂੜੀ ਕਿਰਿਆ ਮੈਨੂੰ ਸੀਸ ਤੋਂ ਕੀਤਾ ਨੰਗੀ, ਓਢਣ ਜਗਤ ਜਹਾਨ ਵੇਖਣ ਕੋਇ ਨਾ ਪਾਈਆ । ਆਪਣੀ ਧਾਰ ਤਕ ਲਓ ਜਿਸ ਵਿਚ ਸਦੀ ਸਦੀਵੀ ਜਾਂਦੀ ਲੰਘੀ, ਪਾਂਧੀ ਹੋ ਕੇ ਭੱਜੇ ਵਾਹੋ ਦਾਹੀਆ । ਦੀਨ ਦੁਨੀ ਆਸ਼ਾ ਅੰਤਰ ਨਿਰੰਤਰ ਹੋਈ ਗੰਦੀ, ਗਹਿਰ ਗੰਭੀਰ ਬੇਨਜ਼ੀਰ ਮਿਲਣ ਕੋਇ ਨਾ ਪਾਈਆ । ਨਿਜ ਨੇਤਰ ਨੈਣ ਅੱਖ ਜਗਿਆਸੂਆਂ ਹੋਈ ਅੰਧੀ, ਲੋਚਨ ਸਕੇ ਨਾ ਕੋਇ ਖੁਲ੍ਹਾਈਆ । ਸਭ ਦੇ ਉਤੇ ਕਲਜੁਗ ਕੂੜ ਕੁੜਿਆਰੇ ਲਾਈ ਪਾਬੰਦੀ, ਬੰਧਨ ਸਕੇ ਨਾ ਕੋਇ ਤੁੜਾਈਆ । ਤੂੰ ਮੇਰਾ ਮੈਂ ਤੇਰਾ ਗਾ ਸਕੇ ਕੋਇ ਨਾ ਛੰਦੀ, ਸ਼ਹਿਨਸ਼ਾਹ ਮਿਲਣ ਕੋਇ ਨਾ ਪਾਈਆ । ਮਨ ਮਨੂਆ ਜਗਤ ਵਿਕਾਰ ਫਿਰੇ ਕੂੜ ਦੀ ਡੰਡੀ, ਡੰਡਾਵਤ ਹਕ ਹਕ ਨਾ ਕੋਇ ਕਮਾਈਆ । ਨਵ ਸੱਤ ਹੋਇਆ ਪਾਖੰਡੀ, ਪਰਦਾ ਸਕੇ ਨਾ ਕੋਇ ਚੁਕਾਈਆ । ਆਤਮ ਧਾਰ ਸਭ ਦੀ ਪਰਮਾਤਮ ਨਾਲ ਸਕੇ ਕੋਇ ਨਾ ਗੰਢੀ, ਟੁੱਟਿਆਂ ਜੋੜ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਮੇਰੇ ਉਤੇ ਮਾਰੋ ਝਾਤੀ, ਬਿਨ ਨੇਤਰ ਲੋਚਨ ਨੈਣਾਂ ਅੱਖ ਉਠਾਈਆ । ਲੇਖਾ ਤਕੋ ਲੋਕਮਾਤੀ, ਮਾਤਰ ਭੂਮੀ ਹੋ ਕੇ ਦਿਆਂ ਜਣਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਹਰ ਹਿਰਦੇ ਹੋਏ ਅੰਧੇਰੀ ਰਾਤੀ, ਨੂਰੀ ਚੰਦ ਨਾ ਕੋਇ ਚਮਕਾਈਆ । ਜੀਵਣ ਵਿਚੋਂ ਜੀਵਣ ਪ੍ਰੇਮ ਦੀ ਰਹੀ ਨਾ ਕੋਇ ਹਯਾਤੀ, ਜ਼ਿੰਦਗੀ ਵਿਚੋਂ ਜ਼ਿੰਦਗੀ ਸਾਚੇ ਰੰਗ ਨਾ ਕੋਇ ਰੰਗਾਈਆ । ਸੀਤਾ ਸੁਰਤੀ ਪਰਮਾਤਮ ਦੇ ਸਾਥੀ, ਸਗਲੇ ਸੰਗੀ ਨਜ਼ਰੀ ਆਈਆ । ਮੈਂ ਬੇਨੰਤੀ ਕਰਾਂ ਬਿਨਾ ਜੋੜ ਕੇ ਹਾਥੀ, ਬਿਨ ਸੀਸ ਸੀਸ ਝੁਕਾਈਆ । ਆਪਣਾ ਆਪਣਾ ਨਾਮ ਕਲਮਾ ਤਕੋ ਗਾਥੀ, ਅੱਖਰ ਅੱਖਰ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕ਼ੁਦਰਤ ਦਾ ਕ਼ਾਦਰ ਬੇਪਰਵਾਹੀਆ । ਧਰਨੀ ਕਹੇ ਅਵਤਾਰ ਪੈਗ਼ੰਬਰੋਂ ਆਪਣੇ ਆਪਣੇ ਤਕੋ ਸਿੱਖ ਮੁਰੀਦ, ਮੁਰਸ਼ਦ ਬਿਨ ਨੈਣਾਂ ਨੈਣ ਉਠਾਈਆ । ਸਤਿ ਧਰਮ ਦੀ ਰਹੀ ਕੋਇ ਨਾ ਦੀਦ, ਦੀਦਾ ਦਾਨਿਸਤਾ ਪ੍ਰਭ ਦਾ ਦਰਸ ਕੋਇ ਨਾ ਪਾਈਆ । ਆਪਣੇ ਹੁਕਮ ਦੀ ਬਿਨ ਅੱਖਰਾਂ ਤਕੋ ਰਸੀਦ, ਸ਼ਰਅ ਤੋਂ ਬਾਹਰ ਕਰੋ ਪੜ੍ਹਾਈਆ । ਜਿਸ ਵਿਚ ਧੁਰ ਹੁਕਮ ਨਾਲ ਕਰਕੇ ਗਏ ਤਾਕੀਦ, ਸੰਦੇਸ਼ਾ ਹਕ ਹਕ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਭ ਦੀ ਪੂਰੀ ਕਰ ਦੇ ਉਮੀਦ, ਆਸਾ ਤ੍ਰਿਸ਼ਨਾ ਦੀਨ ਦੁਨੀ ਵੇਖ ਵਖਾਈਆ । ਮੈਂ ਓਸੇ ਦੀ ਕਰ ਰਹੀ ਉਡੀਕ, ਰਾਹ ਤਕਾਂ ਚਾਈਂ ਚਾਈਆ । ਜਿਸ ਬਿਧ ਮੇਰਾ ਅੰਧੇਰਾ ਮਿਟੇ ਤਾਰੀਕ, ਜਗਤ ਜਹਾਨ ਹੋਏ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਅਵਤਾਰ ਪੈਗ਼ੰਬਰ ਕਹਿਣ ਧਰਨੀ ਨਿਰਗੁਣ ਧਾਰ ਹੋ ਕੇ ਆਵਾਂਗੇ । ਸੋ ਪੁਰਖ ਨਿਰੰਜਣ ਨਾਲ ਲਿਆਵਾਂਗੇ । ਹਰਿ ਪੁਰਖ ਨਿਰੰਜਣ ਸੰਗ ਬਣਾਵਾਂਗੇ । ਏਕੰਕਾਰਾ ਗੰਢ ਪੁਆਵਾਂਗੇ । ਆਦਿ ਨਿਰੰਜਣ ਨੂਰ ਰੁਸ਼ਨਾਵਾਂਗੇ । ਅਬਿਨਾਸ਼ੀ ਕਰਤਾ ਜੋ ਬਿਠਾਏ ਆਪਣੇ ਕੰਧ, ਕ਼ੁਦਰਤ ਕ਼ਾਦਰ ਵੇਖ ਵਖਾਵਾਂਗੇ । ਸ੍ਰੀ ਭਗਵਾਨ ਜੋ ਮੇਟਣਹਾਰਾ ਪੰਧ, ਸੋ ਸੁਆਮੀ ਸੰਗ ਰਖਾਵਾਂਗੇ । ਪਾਰਬ੍ਰਹਮ ਜੋ ਸਦਾ ਸਦਾ ਬਖ਼ਸ਼ੰਦ, ਦੀਨ ਦਿਆਲ ਆਪਣੀ ਗੰਢ ਰਖਾਵਾਂਗੇ । ਸਤਿਗੁਰ ਸ਼ਬਦ ਜਿਸ ਦੀ ਸਭ

ਨੇ ਖਾਧੀ ਸੁਗੰਦ, ਸੋ ਸੂਰਬੀਰ ਇਕ ਉਠਾਵਾਂਗੇ । ਜਿਨ ਚਾਰ ਜੁਗ ਸਾਡੀ ਪਾਈ ਵੰਡ, ਹਿੱਸੇ ਓਸੇ ਦੇ ਚਰਨ ਟਿਕਾਵਾਂਗੇ । ਜੋ ਚਾਰ ਵਰਨਾਂ ਅਠਾਰਾਂ ਬਰਨਾਂ ਦੀਨਾਂ ਮਜ਼੍ਹਬਾਂ ਪਾਵਣਹਾਰਾ ਠੰਢ, ਠੰਢਕ ਇਕੋ ਇਕ ਵਖਾਵਾਂਗੇ । ਧਰਨੀਏ ਤੈਨੂੰ ਦੇਵਣ ਆਈਏ ਅਨੰਦ, ਅਨੰਦ ਅਨੰਦ ਵਿਚੋਂ ਵਖਾਵਾਂਗੇ । ਤੂੰ ਮੇਰਾ ਮੈਂ ਤੇਰਾ ਢੋਲਾ ਗਾਉਣਾ ਇਕੋ ਛੰਦ, ਸੋਹਲਾ ਰਾਗ ਇਕ ਸੁਣਾਵਾਂਗੇ । ਜਿਸ ਦੇ ਹੁਕਮ ਵਿਚ ਸਤਿਜੁਗ ਤ੍ਰੇਤਾ ਦੁਆਪਰ ਗਿਆ ਲੰਘ, ਕਲਜੁਗ ਉਸੇ ਦੇ ਚਰਨ ਟਿਕਾਵਾਂਗੇ । ਤੇਰਾ ਭਾਗ ਹੋਣ ਨਾ ਦਈਏ ਮੰਦ, ਮੰਦਭਾਗਣੇ ਤੇਰਾ ਰੰਗ ਰੰਗਾਵਾਂਗੇ । ਸਾਡਾ ਮਾਲਕ ਖ਼ਾਲਕ ਸਾਹਿਬ ਸੂਰਾ ਸਰਬੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਇਕ ਖਿਲਾਵਾਂਗੇ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਆਓ ਜਲਦੀ, ਅਗੇ ਵੰਡ ਨਾ ਕੋਇ ਵੰਡਾਈਆ । ਖੇਲ ਤਕੋ ਕਲਜੁਗ ਕਲ ਦੀ, ਕੀ ਕਾਤੀਆਂ ਰਿਹਾ ਚਲਾਈਆ । ਨੌਂ ਖੰਡ ਪ੍ਰਿਥਮੀ ਅੱਗ ਵੇਖੋ ਬਲਦੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮੈਨੂੰ ਯਾਦ ਆਉਂਦੀ ਨਾਨਕ ਵਾਲੀ ਇਕ ਗੱਲ ਦੀ, ਜਿਸ ਦਾ ਭੇਵ ਕੋਇ ਨਾ ਪਾਈਆ । ਮੇਰੇ ਉਤੋਂ ਧੁਰ ਦੇ ਹੁਕਮ ਦੀ ਘੜੀ ਕਦੇ ਨਾ ਟਲਦੀ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਖੇਲ ਆਦਿ ਜੁਗਾਦਿ ਨਿਹਚਲ ਧਾਮ ਅਟਲ ਦੀ, ਦਰਗਾਹ ਸਾਚੀ ਮੁਕ਼ਾਮੇ ਹਕ ਸਾਚੀ ਜੋਤ ਰਿਹਾ ਜਗਾਈਆ ।

੧੪੨੮ ੧੪੨੮

੨੪ ੨੪

### ੧੬ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਰਾਮ ਸਿੰਘ, ਮੁਣਸ਼ਾ ਸਿੰਘ, ਚਰਨ ਕੌਰ, ਗੁਰਦੀਪ ਕੌਰ ਪਿੰਡ ਫਰਾਲਾ ਜ਼ਿਲਾ ਜਲੰਧਰ

ਨਾਰਦ ਕਹੇ ਜਨ ਭਗਤੋ ਅੱਜ ਦੀ ਤਕੋ ਤਾਰੀਖ਼, ਤਵਾਰੀਖ਼ ਪੂਰਬ ਚਾਰ ਜੁਗ ਦੀ ਨਾਲ ਮਿਲਾਈਆ । ਜਗਤ ਸ਼ਰਅ ਦੀ ਟੱਪ ਕੇ ਵੇਖੋ ਲੀਕ, ਜਿਥੇ ਲਾਇਨ ਨਜ਼ਰ ਕੋਇ ਨਾ ਆਈਆ । ਪ੍ਰਭ ਦਾ ਮਾਰਗ ਜਾਣੋ ਬਾਰੀਕ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਨਾਰਦ ਕਹੇ ਮੈਂ ਹੈਰਾਨ ਹੋ ਗਿਆ ਅਗੇ ਤੁਸੀਂ ਕਰਦੇ ਤੇ ਅੱਜ ਸਤਿਗੁਰ ਤੁਹਾਡੀ ਕੀਤੀ ਉਡੀਕ, ਖੇਲ ਨਿਰਾਲੀ ਨਜ਼ਰੀ ਆਈਆ । ਨਾਲੇ ਕੂਕ ਕੇ ਮਾਰੀ ਚੀਕ, ਦਰੋਹੀ ਦਰੋਹੀ ਕਰ ਸੁਣਾਈਆ । ਅਸਲੀਅਤ ਭੇਵ ਦੱਸਾਂ ਹਕ਼ੀਕ਼, ਹਕ਼ੀਕ਼ਤ ਵਿਚ ਦ੍ਰਿੜਾਈਆ । ਜੇਹੜਾ ਸਾਹਿਬ ਲਾਸ਼ਰੀਕ, ਸ਼ਿਰਕਤ ਵਿਚ ਕਦੇ ਨਾ ਆਈਆ । ਉਹ ਅਗੇ ਤੋਂ ਤੁਹਾਡੇ ਵਸੇ ਸਦਾ ਨਜ਼ਦੀਕ, ਦੂਰ ਦੁਰਾਡੇ ਪੰਧ ਮੁਕਾਈਆ । ਉਸ ਦੇ ਵਿਚ ਹਕ ਤੌਫ਼ੀਕ਼, ਤਾਕ਼ਤਵਰ ਨੂਰ ਅਲਾਹੀਆ । ਜਿਸ ਦੀਨ ਦੁਨੀ ਦੀ ਬਦਲ ਦੇਣੀ ਰੀਤ, ਰੀਤੀਵਾਨ ਧੁਰ ਦਾ ਮਾਹੀਆ । ਤੁਹਾਡਾ ਬਣਿਆ ਰਹੇ ਮੀਤ, ਮਿਤਰ ਪਿਆਰਾ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਰਖਾਈਆ । ਨਾਰਦ ਕਹੇ ਮੈਂ ਕੀ ਦੱਸਾਂ ਖ਼ੁਲਾਸਾ, ਭੇਵ ਅਭੇਦ ਜਣਾਈਆ । ਮੇਰਾ ਖ਼ੁਸ਼ੀਆਂ ਵਿਚ ਨਿਕਲੇ ਹਾਸਾ, ਹਸ ਹਸ ਕੇ ਦਿਆਂ ਜਣਾਈਆ । ਮੈਂ ਫਿਰ ਕੇ ਆਇਆ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰਾਂ ਪੰਧ ਮੁਕਾਈਆ । ਮੈਂ ਤਕਣਾ ਰਿਹਾ ਭਗਤਾਂ ਵਾਲੀ ਰਾਸਾ, ਰਸਤੇ ਸਾਰੇ ਖੋਜ ਖੁਜਾਈਆ । ਧਿਆਨ ਧਰਦਾ ਰਿਹਾ ਪਵਣ ਸਵਾਸਾ, ਸਵਾਸ ਸਵਾਸਾ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਭਗਤੋ ਆਹ ਵੇਖੋ ਮੇਰੇ ਕੋਲ ਵਜੀ ਲਕੀਰ, ਜਗਤ ਨਜ਼ਰ ਕਿਸੇ ਨਾ ਆਈਆ । ਇਹ ਇਸ਼ਾਰਾ ਦੇ ਕੇ ਗਿਆ ਕਬੀਰ, ਕ਼ਬਰਾਂ ਤੋਂ ਬਾਹਰ ਦ੍ਰਿੜਾਈਆ । ਤੂੰ ਸਾਹਿਬ ਮੇਰਾ ਬੇਨਜ਼ੀਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੇ ਮੈਂ ਝਾੜੀਆਂ ਵਿਚ ਲੁਕਿਆ ਓਹਲਾ ਰੱਖਿਆ ਕਰੀਰ, ਜੰਡੀਆਂ ਵੰਡ ਵੰਡਾਈਆ । ਮੇਰੀ ਸੁਣ ਲੈ ਤਕ਼ਰੀਰ, ਬਿਨ ਅੱਖਰਾਂ ਦਿਆਂ ਸੁਣਾਈਆ । ਮੇਰੀ ਵੇਖ ਲੈ ਤਹਿਰੀਰ, ਬਿਨ ਕ਼ਲਮ ਸ਼ਾਹੀ ਲਿਖਾਈਆ । ਤੂੰ ਸਾਹਿਬ ਪੀਰਾਂ ਦਾ ਪੀਰ, ਪਤਿਪਰਮੇਸ਼ਵਰ ਧੁਰਦਰਗਾਹੀਆ । ਨਿਗਾਹ ਮਾਰ ਲੈ ਕਲਜੁਗ ਅਖ਼ੀਰ, ਪਰਦਾ ਆਖ਼ਰ ਆਪ ਉਠਾਈਆ । ਆਪਣੀ ਬਦਲ ਲੈਣੀ ਤਦਬੀਰ, ਤਰੀਕਾ ਆਪਣੇ ਵਿਚੋਂ ਪਰਗਟਾਈਆ । ਜਿਸ ਵੇਲੇ ਜਨ ਭਗਤਾਂ ਦੀ ਬਦਲਣ ਆਇਉਂ ਤਕਦੀਰ, ਤਕੱਬਰ ਦੀਨ ਦੁਨੀ ਤਜਾਈਆ । ਤੂੰ ਉਨ੍ਹਾਂ ਦੇ ਦੂਰ ਦੁਰਾਡੇ ਬਿਨ ਜਗਤ ਅੱਖਾਂ ਤੋਂ ਵੇਖੀਂ ਸਰੀਰ, ਸੁਰਤੀ ਸ਼ਬਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਕਬੀਰ ਕਿਹਾ ਸੁਣ ਮੇਰੇ ਬੇਪਰਵਾਹ, ਵਡ ਤੇਰੀ ਬੇਪਰਵਾਹੀਆ । ਮੇਰਾ ਪਿਆਰ ਦਾ ਲੇਖਾ ਸਹਿਜ ਸੁਭਾ, ਸੁਬਹ ਸ਼ਾਮ ਵੰਡ ਨਾ ਕੋਇ ਵੰਡਾਈਆ । ਮੈਂ ਤੇਰੇ ਪਿਆਰ ਦੀ ਸੇਵਾ ਲਈ ਕਮਾ, ਕਮਾਲਾ ਲੋਈ ਨਾਲ ਮਿਲਾਈਆ । ਤੂੰ ਫਿਰ ਵੀ ਲਾਉਂਦਾ ਰਿਹਾ ਦਾਅ, ਅਛਲ ਛਲ ਆਪਣੀ ਕਾਰ ਭੁਗਤਾਈਆ । ਤੂੰ ਬੇਸ਼ਕ ਪਰਵਰਦਿਗਾਰ ਬੇਪਰਵਾਹ, ਨੂਰ ਨੁਰਾਨਾ ਨੂਰ ਅਲਾਹੀਆ । ਮੈਂ ਵੀਂ ਤੇਰਾ ਭਗਤ ਰਿਹਾ ਅਖਵਾ, ਭਗਵਨ ਤੇਰੀ ਓਟ ਰਖਾਈਆ । ਮੈਂ ਧਰਨੀ ਉਤੇ ਦੋ ਅੱਖਰ ਰਿਹਾ ਪਾ, ਉਂਗਲਾਂ ਆਪਣੀਆਂ ਨਾਲ ਛੁਹਾਈਆ । ਧੌਲ ਬਣਾਉਣੀ ਸਚ ਗਵਾਹ, ਸ਼ਹਾਦਤ ਮੇਰੀ ਦਏ ਭੁਗਤਾਈਆ । ਜਿਸ ਵੇਲੇ ਕਲਜੁਗ ਅੰਤਮ ਗਿਆ ਆ, ਆਪ ਆਪਣਾ ਪੰਧ ਮੁਕਾਈਆ । ਤੂੰ ਬਣ ਕੇ ਆਉਣਾ ਸਚ ਮਲਾਹ, ਖੇਵਟ ਖੇਟਾ ਇਕ ਅਖਵਾਈਆ । ਤੇਰਾ ਲਹਿਣਾ ਦੇਣਾ ਹੋਣਾ ਵਿਚ ਜਹਾਂ, ਦੀਨ ਦੁਨੀ ਸੰਗ ਰਲਾਈਆ । ਮੈਂ ਧਰਮ ਸੰਦੇਸ਼ਾ ਦਿਆਂ ਸੁਣਾ, ਅਣਸੁਣਤ ਰਹਿਣ ਕੋਇ ਨਾ ਪਾਈਆ । ਮੇਰਾ ਭਗਤਾਂ ਨਾਲ ਪੈਣਾ ਵਾਹ, ਵਾਹਵਾ ਤੇਰੀ ਵਜਦੀ ਰਹੇ ਵਧਾਈਆ । ਸੋਲਾਂ ਪਰਵਿਸ਼ਟਾ ਫੱਗਣ ਦਾ ਜਿਸ ਦਾ ਰਹਿਣਾ ਨਾਂ, ਜਗਤ ਮਿਲਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਕਬੀਰ ਕਿਹਾ ਸੁਣ ਮੇਰੇ ਸਚ ਸੁਆਮੀ, ਸਮਾਂ ਤੇਰੇ ਚਰਨ ਸੁਹਾਈਆ । ਸਦਾ ਸੁਹੇਲੇ ਅੰਤਰਜਾਮੀ, ਅੰਤ ਤੇਰੀ ਓਟ ਤਕਾਈਆ । ਹੁਣ ਮੈਂ ਭਗਤ ਬਣ ਕੇ ਤੇਰੀ ਕਰਾਂ ਗ਼ੁਲਾਮੀ, ਦਿਵਸ ਰੈਣ ਤੇਰਾ ਧਿਆਨ ਲਗਾਈਆ । ਫੇਰ ਸੰਦੇਸ਼ਾ ਦਿਆਂ ਪੈਗ਼ਾਮੀ, ਸਤਿਗੁਰ ਸ਼ਬਦ ਨਾਲ ਮਿਲਾਈਆ । ਜਿਸ ਵੇਲੇ ਕਲਜੁਗ ਅੰਤਮ ਆਇਉਂ ਬਣ ਅਵਾਮੀ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਉਸ ਵੇਲੇ ਖੇਲ ਤਕਣੀ ਤਮਾਮੀ, ਤਮਅ ਲਾਲਚ ਨਜ਼ਰ ਕੋਇ ਨਾ ਆਈਆ । ਕਲਜੁਗ ਅੰਧੇਰਾ ਹੋਣਾ ਸ਼ਾਮੀ, ਸ਼ਮਅ ਨੂਰ ਜੋਤ ਨਾ ਕੋਇ ਰੁਸ਼ਨਾਈਆ । ਤੇਰਾ ਭਗਤਾਂ ਨਾਤਾ ਜੁੜਨਾ ਬਾਹਮੀ, ਜਿਸ ਨੂੰ ਸਕੇ ਨਾ ਕੋਇ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਕਬੀਰ ਕਿਹਾ ਮੈਂ ਤੈਨੂੰ ਕਰਦਾ ਯਾਦ, ਯਾਰੜੇ ਤੇਰਾ ਧਿਆਨ ਲਗਾਈਆ । ਤੂੰ ਮਿਤਰ ਪਿਆਰਾ ਆਦਿ, ਆਦਿ ਪੁਰਖ ਇਕ ਅਖਵਾਈਆ । ਤੇਰਾ ਲਹਿਣਾ ਦੇਣਾ ਜੁਗ ਜੁਗਾਦਿ, ਚੌਕੜੀ ਆਪਣਾ ਸੰਗ ਬਣਾਈਆ । ਜਗਤ ਵੇਖਣਹਾਰਾ ਵਾਦ ਵਿਵਾਦ, ਚੁਰਾਸੀ ਲੱਖ ਫੋਲ ਫੁਲਾਈਆ ।

੧੪੨੯
੨੪

ਤੇਰਾ ਹੁਕਮ ਸੰਦੇਸ਼ਾ ਇਕੋ ਵਜੇ ਨਾਦ, ਜਗਤ ਜਹਾਨ ਕਰੇ ਸ਼ਨਵਾਈਆ । ਤੇਰਾ ਖੇਲ ਹੋਣਾ ਅਵਤਾਰ ਪੈਗੰਬਰਾਂ ਗੁਰੂਆਂ ਬਾਅਦ, ਜਿਸ ਦਾ ਭੇਵ ਕੋਇ ਨਾ ਪਾਈਆ । ਕੋਈ ਸਮਝ ਸਕੇ ਸੰਤ ਨਾ ਸਾਧ, ਸਾਧਨਾ ਵਿਚ ਦਿਸੇ ਨਾ ਖ਼ਲਕ ਖ਼ੁਦਾਈਆ । ਬਣਨਾ ਮੋਹਣ ਮਾਧਵ ਮਾਧ, ਮਧੁਸੂਦਨ ਤੇਰੀ ਬੇਪਰਵਾਹੀਆ । ਮੈਨੂੰ ਐਂ ਜਾਪਦਾ ਤੇਰਾ ਲੇਖਾ ਹੋਣਾ ਵਿਚ ਦੋਆਬ, ਦੋ ਧਾਰਾਂ ਜਲ ਦੇਣ ਗਵਾਹੀਆ । ਉਸ ਵੇਲੇ ਤੂੰ ਭਗਤਾਂ ਨੂੰ ਆਪ ਕਰਨਾ ਆਬਾਦ, ਤੇਰੀ ਇਕ ਯਾਦ ਨਾਲ ਨੌ ਸੌ ਚੁਰਾਨਵੇ ਚੌਕੜੀ ਜੁਗ ਜਨਮ ਦੇ ਲੇਖੇ ਰਹਿਣ ਨਾ ਰਾਈਆ । ਭਗਤ ਸੁਹੇਲਾ ਬਣ ਕੇ ਦੇਣੀ ਦਾਦ, ਜੋ ਦਾਦੂ ਦੇ ਦਿਓਹਰੇ ਗੋਬਿੰਦ ਗਿਆ ਸੁਣਾਈਆ । ਭਗਤ ਸੁਹੇਲੇ ਆਪਣੇ ਚਰਨਾਂ ਵਿਚ ਕਰੀਂ ਆਬਾਦ, ਦੂਜਾ ਖੇੜਾ ਨਜ਼ਰ ਕੋਇ ਨਾ ਆਈਆ । ਜਿਸ ਕਾਰਨ ਤੈਨੂੰ ਹਜ਼ਰਤ ਈਸਾ ਮੂਸਾ ਮੰਨਿਆ ਗਾਡ, ਗਾਡ ਕਹਿ ਕੇ ਸੀਸ ਨਿਵਾਈਆ । ਸੋ ਪੁਰਖ ਨਿਰੰਜਣ ਆਪਣਾ ਲਡਾਉਣਾ ਲਾਡ, ਪ੍ਰੇਮ ਪ੍ਰੀਤੀ ਇਕ ਜਣਾਈਆ । ਦੀਨ ਦੁਨੀ ਦੇ ਵਿਚੋਂ ਬਾਹਰ ਕਾਢ, ਚਰਨ ਕਵਲ ਦੇਣੀ ਸਰਨਾਈਆ । ਰੰਗ ਰੰਗਾਉਣਾ ਕਾਇਆ ਮਾਟੀ ਹਾਡ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਸੋਲਾਂ ਫਲਗੁਣ ਕਹੇ ਮੈਨੂੰ ਯਾਦ ਗੱਲ ਪੁਰਾਣੀ, ਪੂਰਨ ਸਤਿਗੁਰ ਦਿਆਂ ਜਣਾਈਆ । ਤੇਰਾ ਖੇਲ ਬੜਾ ਮਹਾਨੀ, ਮਹਿਮਾ ਕਹਿਣ ਕੁਛ ਨਾ ਪਾਈਆ । ਤੂੰ ਆਦਿ ਜੁਗਾਦੀ ਜੁਗ ਜੁਗ ਦਾ ਬਾਨੀ, ਮਾਲਕ ਖ਼ਾਲਕ ਇਕ ਅਖਵਾਈਆ । ਦੋ ਜਹਾਨਾਂ ਤੇਰੀ ਖੇਲ ਨੂਰਾਨੀ, ਨੂਰ ਨੁਰਾਨੇ ਨਜ਼ਰੀ ਆਈਆ । ਤੇਰੇ ਚਰਨ ਕਵਲ ਕਰਾਂ ਧਿਆਨੀ, ਧੂੜੀ ਮਸਤਕ ਖ਼ਾਕ ਰਮਾਈਆ । ਤੇਰਾ ਲਹਿਣਾ ਵੇਖ ਉਤੇ ਅਸਮਾਨੀ, ਜ਼ਿਮੀਂ ਜ਼ਮਾਂ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਫਲਗੁਣ ਕਹੇ ਪ੍ਰਭੂ ਤੇਰਾ ਖੇਲ ਤਕਿਆ ਬਾਕ਼ਾਇਦਾ, ਬਾਕ਼ਾਇਦਗੀ ਇਕੋ ਨਜ਼ਰੀ ਆਈਆ । ਤੇਰਾ ਪੂਰਾ ਤਕਿਆ ਵਾਅਦਾ, ਵਾਹਿਦ ਤੇਰੇ ਹੱਥ ਵਡਿਆਈਆ । ਭਗਤਾਂ ਨਾਲੋਂ ਹੋਇਆ ਨਾ ਕਦੇ ਅਲਾਇਦਾ, ਵਖਰੀ ਵੰਡ ਨਾ ਕੋਇ ਵੰਡਾਈਆ । ਖ਼ੁਸ਼ੀਆਂ ਨਾਲ ਅੱਜ ਸਭ ਨੂੰ ਦੇ ਦੇ ਫ਼ਾਇਦਾ, ਜੁਗ ਜਨਮ ਦੇ ਘਾਟੇ ਪੂਰ ਕਰਾਈਆ । ਏਥੇ ਇਸ਼ਾਰਾ ਨਹੀਂ ਕਿਸੇ ਦੀ ਰਾਏ ਦਾ, ਮਤਾ ਸਕੇ ਨਾ ਕੋਇ ਜਣਾਈਆ । ਤੂੰ ਮਾਲਕ ਬਣ ਕੇ ਭਗਤਾਂ ਗ੍ਰਿਹ ਦਾ, ਘਰ ਘਰ ਵੇਖੇਂ ਚਾਈਂ ਚਾਈਆ । ਜਿਨ੍ਹਾਂ ਨਾਅਰਾ ਲਗਾਇਆ ਤੇਰੀ ਜੈ ਦਾ, ਜੈ ਜੈਕਾਰ ਸਚਖੰਡ ਕਰਾਈਆ । ਸੋਲਾਂ ਫਲਗੁਣ ਕਹੇ ਮੈਨੂੰ ਇਉਂ ਜਾਪਦਾ ਜਨ ਭਗਤੋ ਤੁਹਾਡਾ ਚਾਰ ਜੁਗ ਨਾਂ ਰਹੇ ਗਾ, ਚੌਕੜੀ ਸਕੇ ਨਾ ਕੋਇ ਮਿਟਾਈਆ । ਜਿਥੇ ਜਿਥੇ ਭਗਤ ਸੁਹੇਲਾ ਓਥੇ ਓਥੇ ਸਤਿਗੁਰ ਉਨ੍ਹਾਂ ਦੇ ਅੰਦਰ ਬਹੇਗਾ, ਸਿੰਘਾਸਣ ਆਪਣਾ ਆਪ ਲਗਾਈਆ । ਜਿਸ ਵੇਲੇ ਵਕ਼ਤ ਅੰਤਮ ਆਇਆ ਲੈਅ ਦਾ, ਲਹਿਣੇ ਸਭ ਦੇ ਝੋਲੀ ਪਾਈਆ । ਬਿਨ ਭਗਤਾਂ ਪ੍ਰਭ ਦੇ ਚਰਨ ਕੋਇ ਨਾ ਫਹੇਗਾ, ਧੂੜੀ ਖ਼ਾਕ ਨਾ ਕੋਇ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਨਾਰਦ ਕਹੇ ਜਨ ਭਗਤੋ ਬੜੀ ਸੁਹੰਜਣੀ ਦਿਹਾੜੀ ਲੰਘੀ, ਖ਼ੁਸ਼ੀਆਂ ਢੋਲੇ ਗਾਈਆ । ਮਨ ਵਿਚ ਮੰਨਿਓ ਕੋਇ ਨਾ ਤੰਗੀ, ਚਿੰਤਾ ਗ਼ਮ ਨਾ ਕੋਇ ਰਖਾਈਆ । ਇਹ ਵਕ਼ਤ ਵਿਛੋੜੇ ਦਾ ਥੋੜਾ ਸਮਾਂ ਇਸ਼ਾਰਾ ਗੋਬਿੰਦ ਦਿਤਾ ਜਿਸ ਵੇਲੇ ਸ਼ਸਤਰ ਪਹਿਨਿਆ ਜੰਗੀ, ਤਨ ਵਜੂਦ ਸੁਹਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਸਾਚੇ ਭਗਤਾਂ ਪ੍ਰੇਮ ਵਿਚ ਰੰਗੀਂ, ਜਗਤ

ਧਾਰ ਦੀ ਲੋੜ ਰਹੇ ਨਾ ਰਾਈਆ । ਨਿਰਾਕਾਰ ਹੋ ਕੇ ਉਨ੍ਹਾਂ ਅੰਦਰ ਲੰਘੀਂ, ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਨਾਰਦ ਕਹੇ ਜਨ ਭਗਤੋ ਇਕ ਨਵੀਂ ਦੱਸੋ ਬਾਤ, ਪ੍ਰਭੂ ਦੇ ਬੱਚਿਓ ਪ੍ਰਭੂ ਨੂੰ ਦਿਓ ਸੁਣਾਈਆ । ਸਚ ਦੱਸੋ ਤੁਹਾਡਾ ਕੇਹੜਾ ਮਜ਼੍ਹਬ ਤੇ ਕੇਹੜੀ ਜ਼ਾਤ, ਕੇਹੜਾ ਪਿਤਾ ਤੇ ਕੇਹੜੀ ਮਾਈਆ । ਕੇਹੜਾ ਲੇਖਾ ਤੇ ਕੇਹੜਾ ਖਾਤ, ਹਿਸਾਬ ਕਿਸ ਦੇ ਹੱਥ ਫੜਾਈਆ । ਕੇਹੜਾ ਪ੍ਰੀਤਮ ਕਿਸ ਨਾਲ ਜੋੜਿਆ ਨਾਤ, ਰਿਸ਼ਤੇਦਾਰ ਕਵਣ ਅਖਵਾਈਆ । ਕੌਣ ਤੁਹਾਡੀ ਪੁਛਣਹਾਰਾ ਵਾਤ, ਵੇਖਣਹਾਰਾ ਥਾਉਂ ਥਾਈਂਆ । ਨਿਗਾਹ ਮਾਰੋ ਆਪਣੇ ਅੰਦਰ ਝਾਤ, ਬਿਨ ਝਾਕੀਆਂ ਝਾਕੀ ਲਓ ਬਦਲਾਈਆ । ਪਰਦਾ ਖੋਲ੍ਹ ਕੇ ਵੇਖੋ ਤਾਕ, ਓਹਲਾ ਨਜ਼ਰ ਕੋਇ ਨਾ ਆਈਆ । ਜੋ ਤੁਹਾਡੀ ਪੁਛਣਹਾਰਾ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਓਹ ਲਹਿਣੇ ਦੇਣੇ ਪੂਰੇ ਕਰੇ ਅੱਜ ਦੀ ਰਾਤ, ਰੁਤੜੀ ਤੁਹਾਡੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਜਨ ਭਗਤੋ ਮੈਂ ਆਇਆ ਇਕ ਗੱਲ ਕਰਨ, ਕਰਮਾਂ ਵਾਲਿਓ ਦਿਆਂ ਸੁਣਾਈਆ । ਪਹਿਲਾਂ ਝਗੜਾ ਛਡੋ ਜ਼ਾਤ ਪਾਤ ਵਰਨ ਬਰਨ, ਊਚ ਨੀਚ ਵੰਡ ਨਾ ਕੋਇ ਵੰਡਾਈਆ । ਫੇਰ ਸਾਰੇ ਇਕੋ ਤਕੋ ਪਰਮ ਪੁਰਖ ਦੀ ਸਰਨ, ਦੂਜੀ ਓਟ ਨਾ ਕੋਇ ਤਕਾਈਆ । ਫੇਰ ਸਾਰੇ ਮਿਲ ਕੇ ਇਕੋ ਕਰੋ ਪਰਨ, ਪਰਮ ਪੁਰਖ ਸਾਡਾ ਇਕੋ ਪਿਤਾ ਇਕੋ ਮਾਈਆ । ਇਕੋ ਸਤਿਗੁਰ ਸ਼ਬਦ ਦਾ ਫੜੋ ਲੜਨ, ਪੱਲੂ ਸਕੇ ਨਾ ਕੋਇ ਛੁਡਾਈਆ । ਤੂੰ ਮੇਰਾ ਮੈਂ ਤੇਰਾ ਢੋਲੇ ਲੱਗੋ ਪੜ੍ਹਨ, ਆਤਮ ਪਰਮਾਤਮ ਇਕੋ ਵਜੇ ਵਧਾਈਆ । ਇਕੋ ਮੰਜ਼ਲ ਲੱਗੋ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਸਤਿਗੁਰ ਦੇ ਲੇਖੇ ਲਾ ਦਿਓ ਸੀਸ ਧੜਨ, ਹਉਮੇ ਹੰਗਤਾ ਦੂਰ ਕਰਾਈਆ । ਜੋ ਸਚਖੰਡ ਦੁਆਰਿਉਂ ਤੁਹਾਨੂੰ ਆਇਆ ਫੜਨ, ਜੋਤੀ ਜਾਤਾ ਹੋ ਕੇ ਮੇਲ ਮਿਲਾਈਆ । ਨਾਰਦ ਕਹੇ ਮੈਂ ਅੱਜ ਤੁਹਾਡੇ ਨਾਲ ਆਇਆ ਲੜਨ, ਲੜਨ ਵਾਲਿਓ ਤੁਹਾਨੂੰ ਦਿਆਂ ਸੁਣਾਈਆ । ਸਤਿਗੁਰ ਸ਼ਬਦ ਦੀ ਸ਼ਰਨ ਲੈ ਕੇ ਤੁਹਾਡਾ ਟੁਟ ਜਾਏ ਹੰਕਾਰੀ ਗੜ੍ਹਨ, ਹਉਮੇਂ ਹੰਗਤਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਵਸਤ ਨਾਮ ਵਰਤਾਈਆ । ਨਾਰਦ ਕਹੇ ਜਨ ਭਗਤੋ ਇਕੋ ਸਤਿਗੁਰ ਸ਼ਬਦ ਦਾ ਮੰਨਣਾ ਕਹਿਣਾ, ਜੋ ਕਹਿ ਕਹਿ ਰਿਹਾ ਸੁਣਾਈਆ । ਇਕੋ ਸਤਿ ਸਤਿਵਾਦੀ ਵੇਖਣਾ ਆਪਣੇ ਨੈਣਾਂ, ਇਸ਼ਟ ਦੇਵ ਇਕੋ ਇਕ ਜਣਾਈਆ । ਇਕੋ ਸਰਨ ਸਰਨਾਈ ਢਹਿਣਾ, ਦੂਸਰ ਸੀਸ ਨਾ ਕੋਇ ਝੁਕਾਈਆ । ਧਾਮ ਸੁਹੰਜਣੇ ਥਾਨ ਬਹਿਣਾ, ਸਤਿਗੁਰ ਚਰਨ ਮਿਲੇ ਸਰਨਾਈਆ । ਇਕ ਦੂਜੇ ਦੇ ਬਣ ਜਾਓ ਭਾਈ ਭੈਣਾਂ, ਨੇਤਰ ਅੱਖ ਨਾ ਕੋਇ ਬਦਲਾਈਆ । ਜੋ ਇਸ਼ਾਰਾ ਕੀਤਾ ਬਾਲਮੀਕ ਨੇ ਵਿਚ ਰਮਾਇਣਾ, ਰਾਮ ਰਮਈਆ ਸਭ ਦਾ ਮਾਲਕ ਹੋਵੇ ਧੁਰ ਦਾ ਮਾਹੀਆ । ਜਿਸ ਨੇ ਤੁਹਾਡੇ ਪਿਆਰ ਵਿਚ ਦੇਣ ਦੇਣਾ, ਪਰੇਮ ਵਿਚ ਆਪਣੀ ਖ਼ੁਸ਼ੀ ਬਣਾਈਆ । ਤੁਸਾਂ ਸਿਰਫ਼ ਇਕੋ ਨਾਮ ਲੈਣਾ, ਇਕੋ ਦਾ ਢੋਲਾ ਗਾਈਆ । ਤੁਹਾਨੂੰ ਲੋੜ ਰਹੇ ਨਾ ਕਿਸੇ ਢੋਲਕ ਛੈਣਾਂ, ਸੁਰੰਗੇ ਮਰਦੰਗੇ ਹੱਥ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਭਾਣਾ ਸਭ ਨੇ ਸਹਿਣਾ, ਸਿਰ ਸਰ ਸਕੇ ਨਾ ਕੋਇ ਉਠਾਈਆ ।

੧੪੩੧
੨੪

## ✪ ੧੭ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਗੁਰਮੀਤ ਸਿੰਘ ਦੇ ਗ੍ਰਿਹ ਪਿੰਡ ਹਰਦੋਫਰਾਲਾ ਜ਼ਿਲਾ ਜਲੰਧਰ ✪

ਧਰਨੀ ਕਹੇ ਮੇਰੇ ਪਰਮ ਪੁਰਖ ਕਰਤਾਰ, ਕੁਦਰਤ ਦੇ ਕ਼ਾਦਰ ਕਰਨੀ ਦੇ ਕਰਤੇ ਤੇਰੇ ਹੱਥ ਵਡਿਆਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸਾਂਝੇ ਯਾਰ, ਸਦਾ ਸੁਹੇਲੇ ਇਕ ਇਕੇਲੇ ਤੇਰਾ ਖੇਲ ਬੇਪਰਵਾਹੀਆ । ਆਦਿ ਜੁਗਾਦੀ ਮੈਂ ਮਾਂਗਤ ਹੋ ਕੇ ਬਣਾਂ ਭਿਖਾਰ, ਭਿਛਿਆ ਇਛਿਆ ਧਾਰ ਦੇਣੀ ਪਾਈਆ । ਕਲਜੁਗ ਅੰਤਮ ਨਿਗਾਹ ਲੈ ਮਾਰ, ਬਿਨ ਨੇਤਰ ਨੈਣਾਂ ਅੱਖ ਉਠਾਈਆ । ਚਾਰੋਂ ਕੁੰਟ ਧੂੰਆਂਧਾਰ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਸ਼ਬਦ ਨਾਦ ਸੁਣੇ ਨਾ ਕੋਇ ਧੁਨਕਾਰ, ਅਨਹਦ ਨਾਦੀ ਨਾਦ ਨਾ ਕੋਇ ਸ਼ਨਵਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਮਿਲੇ ਨਾ ਠੰਢਾ ਠਾਰ, ਅਗਨੀ ਤਤ ਤਤ ਨਾ ਕੋਇ ਬੁਝਾਈਆ । ਪੁਰਖ ਅਕਾਲੇ ਦੀਨ ਦਿਆਲੇ ਕਮਲਾਪਾਤੀ ਕਰ ਉਜਿਆਰ, ਨਿਰਗੁਣ ਨੂਰ ਨੂਰ ਕਰ ਰੁਸ਼ਨਾਈਆ । ਮੇਰੀ ਏਥੇ ਓਥੇ ਦੋ ਜਹਾਨਾਂ ਸੁਣ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਜਨ ਭਗਤਾਂ ਬਖ਼ਸ਼ ਦੇ ਆਪਣਾ ਪਿਆਰ, ਪ੍ਰੀਤਮ ਹੋ ਕੇ ਪਰੇਮ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਦੇ ਦੇ ਪਿਆਰ ਅਨੋਖਾ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਕਿਸੇ ਨਾਲ ਕਰੇ ਕੋਈ ਨਾ ਧੋਖਾ, ਜਗਤ ਫ਼ਰੇਬ ਨਾ ਕੋਇ ਵਡਿਆਈਆ । ਚਰਨ ਪ੍ਰੀਤੀ ਬਖ਼ਸ਼ ਦੇ ਪਰੇ ਮੋਖਾ, ਮੁਕਤੀ ਦੀ ਲੋੜ ਨਾ ਕੋਇ ਰਖਾਈਆ । ਤੇਰੇ ਕੋਲ ਮੁਹੱਬਤ ਭੰਡਾਰਾ ਚੋਖਾ, ਚਾਰ ਜੁਗ ਦੇ ਮਾਲਕ ਦੇਣਾ ਵਰਤਾਈਆ । ਆਪਣੇ ਮਿਲਣ ਦਾ ਮਾਰਗ ਦੱਸ ਦੇ ਸੌਖਾ, ਅਗੇ ਹੋ ਨਾ ਕੋਇ ਅਟਕਾਈਆ । ਪੜ੍ਹਨਾ ਪਏ ਕੋਇ ਨਾ ਪੋਥਾ, ਪੁਸਤਕ ਸੰਗ ਨਾ ਕੋਇ ਜਣਾਈਆ । ਮਿਹਰਵਾਨ ਹੋ ਮਿਹਰਵਾਨਾ ਆਪ ਬਹੁਤਾ, ਮਹਿਬੂਬ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਪਿਆਰ ਬਖ਼ਸ਼ ਦੇ ਅਨੰਦ, ਅਨੰਦ ਆਪਣਾ ਇਕ ਜਣਾਈਆ । ਸਚ ਹੁਕਮ ਵਿਚ ਕਰ ਪਾਬੰਦ, ਬੰਧਨ ਸ਼ਰਅ ਵਾਲੇ ਤੁੜਾਈਆ । ਬਿਨ ਜਗਤ ਮੰਡਲ ਮੰਡਪ ਪਰਕਾਸ਼ ਦੇ ਦੇ ਨੂਰੀ ਚੰਦ, ਚੰਦ ਚਾਂਦਨੀਆਂ ਕਰ ਰੁਸ਼ਨਾਈਆ । ਲੇਖਾ ਕਿਸੇ ਦਾ ਰਹੇ ਨਾ ਬੱਤੀ ਦੰਦ, ਰਸਨਾ ਜੇਹਵਾ ਆਪਣੇ ਰੰਗ ਰੰਗਾਈਆ । ਸਤਿ ਸਚ ਆਤਮ ਪਰਮਾਤਮ ਗਾਵਣ ਛੰਦ, ਢੋਲਾ ਸੋਹਲਾ ਗੋਬਿੰਦ ਮਾਹੀਆ । ਤਨ ਵਜੂਦ ਮਾਟੀ ਖ਼ਾਕ ਖ਼ੁਸ਼ੀ ਕਰ ਦੇ ਬੰਦ ਬੰਦ, ਬੰਦਗੀ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਤੇਰਾ ਪਿਆਰ ਜਨ ਭਗਤਾਂ ਹੋਵੇ ਏਕਾ, ਇਕ ਇਕੱਲੇ ਦੇਣੀ ਮਾਣ ਵਡਿਆਈਆ । ਤੇਰੀ ਸਰਨ ਹੋਵੇ ਟੇਕਾ, ਚਰਨ ਧੂੜੀ ਖ਼ਾਕ ਰਮਾਈਆ । ਬੁਧਿ ਕਰ ਬਿਬੇਕਾ, ਦੁਰਮਤ ਮੈਲ ਰਹੇ ਨਾ ਰਾਈਆ । ਤ੍ਰੈਗੁਣ ਅੱਗ ਨਾ ਲਾਏ ਸੇਕਾ, ਅੰਮ੍ਰਿਤ ਮੇਘ ਮੇਘ ਬਰਸਾਈਆ । ਸਭ ਦਾ ਲਹਿਣਾ ਦੇਣਾ ਪੂਰਾ ਕਰ ਦੇ ਲੇਖਾ, ਲੱਖ ਕਰੋੜੀ ਵੰਡ ਨਾ ਕੋਇ ਵੰਡਾਈਆ । ਜਨ ਭਗਤਾਂ ਭਰਾਂਤ ਨਾ ਰਹੇ ਭੁਲੇਖਾ, ਭਾਂਡਾ ਭਰਮ ਭਰਮ ਭੰਨਾਈਆ । ਸਚ ਵਖਾ ਦੇ ਨਿਰਗੁਣ ਧਾਰ ਆਪਣਾ ਦੇਸਾ, ਦਹਿ ਦਿਸ਼ਾ ਪਰਦਾ ਆਪ ਉਠਾਈਆ । ਜਿਥੇ ਵਸੇ ਨਰ ਨਰੇਸ਼ਾ, ਨਰ ਹਰਿ ਆਪਣਾ ਆਸਣ ਲਾਈਆ । ਜੋ ਧਾਮ ਰਹੇ ਹਮੇਸ਼ਾ, ਹਮ ਸਾਜਣ ਹੋ ਕੇ ਦੇਣਾ ਵਖਾਈਆ । ਜੋ ਸੰਦੇਸ਼ਾ ਦੇ ਕੇ ਆਇਆ ਗੋਬਿੰਦ ਦਸ ਦਸਮੇਸ਼ਾ, ਦੋ ਜਹਾਨ ਸੁਣਾਈਆ । ਭਗਤ ਉਧਾਰਨਾ

ਪ੍ਰਭੂ ਦਾ ਆਦਿ ਜੁਗਾਦਿ ਪੇਸ਼ਾ, ਪੇਸ਼ੀਨਗੋਈਆਂ ਸਭ ਦੀਆਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਕਲਜੁਗ ਕੂੜ ਕੁੜਿਆਰ ਮੇਟ ਕਲੇਸ਼ਾ, ਕਲ ਕਾਤੀ ਕਲੂਆ ਅੰਤ ਰਹਿਣ ਕੋਇ ਨਾ ਪਾਈਆ ।

✪ ੧੭ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਹਰਦੋਫਰਾਲਾ ਜ਼ਿਲਾ ਜਲੰਧਰ ਚਰਨ ਕੌਰ ਦੇ ਗ੍ਰਹਿ ✪

ਧਰਨੀ ਕਹੇ ਪ੍ਰਭੂ ਸਚ ਪਿਆਰ ਬਣਾ ਦੇ ਬਣਤ, ਘੜਨ ਭੰਨਣਹਾਰ ਤੇਰੀ ਬੇਪਰਵਾਹੀਆ । ਜਨ ਭਗਤਾਂ ਇਕੋ ਦ੍ਰਿੜਾ ਦੇ ਆਪਣਾ ਮੰਤ, ਨਾਮ ਕਲਮਾ ਧੁਰਦਰਗਾਹੀਆ । ਆਤਮ ਧਾਰ ਹੋ ਜਾ ਕੰਤ, ਕੰਤੂਹਲ ਆਪਣਾ ਰੰਗ ਰੰਗਾਈਆ । ਬਹਾਰ ਕਰ ਦੇ ਖੁਸ਼ੀਆਂ ਵਾਲੀ ਬਸੰਤ, ਬਸਨ ਬਨਵਾਰੀ ਹੋ ਸਹਾਈਆ । ਸਤਿ ਸਚ ਜਣਾ ਦੇ ਛੰਤ, ਸੰਸਾ ਅੰਦਰ ਰਹੇ ਨਾ ਰਾਈਆ । ਮਾਲਕ ਖ਼ਾਲਕ ਕਿਰਪਾ ਕਰ ਬੇਅੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਤੇਰਾ ਪਿਆਰ ਹੋਵੇ ਨਿਰਾਲਾ, ਨਿਰਾਕਾਰ ਦੇਣਾ ਦ੍ਰਿੜਾਈਆ । ਤੂੰ ਮਾਲਕ ਦੀਨ ਦਿਆਲਾ, ਦਇਆ ਨਿਧ ਇਕ ਅਖਵਾਈਆ । ਜਨ ਭਗਤਾਂ ਬਣੀ ਸਦਾ ਰਖਵਾਲਾ, ਸਿਰ
੧੪੩੩ ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਦਾਗ਼ ਮੇਟਣਾ ਕਾਲਾ, ਕਾਲਖ ਟਿੱਕਾ ਰਹੇ ਨਾ ਰਾਈਆ । ਜਲਵਾ ਦੇਣਾ ਜੋਤ ਜਲਾਲਾ, ਜ਼ਾਹਰ ੧੪੩੩
੨੪ ਜ਼ਹੂਰ ਕਰ ਰੁਸ਼ਨਾਈਆ । ਗ਼ਰੀਬ ਨਿਮਾਣਿਆਂ ਬਣਨਾ ਗੋਪਾਲਾ, ਗੋਪਾਲ ਤੇਰੇ ਹੱਥ ਵਡਿਆਈਆ । ਸਦਾ ਸਦਾ ਸਦ ਰਖਣਾ ਆਪਣੇ ਨਾਲਾ, ੨੪
ਚਰਨ ਕਵਲ ਦੇਣੀ ਸਰਨਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲਾ, ਜਾਗਰਤ ਜੋਤ ਕਰ ਰੁਸ਼ਨਾਈਆ । ਸਭ ਦੀ ਲੇਖੇ ਲਾ ਲੈ ਘਾਲਾ, ਜੋ ਸੇਵਕ ਹੋ ਕੇ ਸੇਵ ਕਮਾਈਆ । ਜੋ ਸੇਵਕਾਂ ਦਾ ਮੰਗਣ ਥੋੜਾ ਆਪ ਪਿਆਰ ਦੇ ਦੇ ਬਾਹਲਾ, ਬਹੁ ਆਪਣੀ ਦਇਆ ਕਮਾਈਆ । ਹਰਿਜਨ ਕਾਇਆ ਬਣਾ ਲੈ ਸਚੀ ਧਰਮਸਾਲਾ, ਦਰ ਦੁਆਰਾ ਇਕ ਵਡਿਆਈਆ । ਤੇਰੀ ਜੁਗ ਜੁਗ ਸਦ ਅਵਲੜੀ ਚਾਲਾ, ਚਾਲ ਨਿਰਾਲੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਸੋਹੰ ਸਭ ਦੀ ਹੋਵੇ ਮਾਲਾ, ਜਗਤ ਮਣਕਿਆਂ ਦੀ ਲੋੜ ਰਹੇ ਨਾ ਰਾਈਆ ।

✪ ੧੭ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਜਲਪੋਤਾ ਜ਼ਿਲਾ ਹੁਸ਼ਿਆਰਪੁਰ ਜੀਤ ਕੌਰ ਦੇ ਗ੍ਰਹਿ
ਆਦਮ ਪੁਰ ਹਰਭਜਨ ਸਿੰਘ, ਸਗਵਾਲ ਜਰਨੈਲ ਸਿੰਘ ✪

ਧਰਨੀ ਕਹੇ ਪੁਰਖ ਅਕਾਲੇ ਕਿਰਪਾ ਕਰ, ਕਿਰਪਾ ਨਿਧਾਨ ਸ੍ਰੀ ਭਗਵਾਨ ਆਪਣੀ ਦਇਆ ਕਮਾਈਆ । ਸਚ ਸੁਆਮੀ ਨਿਰਗੁਣ ਮੈਨੂੰ ਦੇ ਦੇ ਵਰ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੇ ਚਰਨ ਸੀਸ ਨਿਵਾਈਆ । ਭਗਤਨ ਮੀਤੇ ਠਾਂਢੇ ਸੀਤੇ ਹਰਿਜਨ ਸੁਹਾ ਦੇ ਘਰ, ਗ੍ਰਹਿ ਅੰਦਰ ਕਾਇਆ

ਮੰਦਰ ਆਪਣਾ ਰੰਗ ਰੰਗਾਈਆ । ਤੂੰ ਅਬਿਨਾਸ਼ੀ ਕਰਤਾ ਨਰਾਇਣ ਨਰ, ਸ੍ਰੀ ਭਗਵਾਨ ਅਗੰਮ ਅਥਾਹੀਆ । ਕਿਰਪਾ ਨਿਧਾਨ ਭੈ ਭੌ ਚੁਕਾ ਦੇ ਡਰ, ਸੀਸ ਜਗਦੀਸ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰੇ ਪ੍ਰਭੂ ਜਗਦੀਸ, ਜਗਦੀਸ਼ਰ ਤੇਰੀ ਓਟ ਤਕਾਈਆ । ਇਕੋ ਛਤਰ ਝੁੱਲੇ ਤੇਰੇ ਸੀਸ, ਦੋ ਜਹਾਨਾਂ ਵਜੇ ਵਧਾਈਆ । ਮੈਂ ਜੁਗ ਜੁਗ ਤੇਰਾ ਪੀਸਣ ਲਿਆ ਪੀਸ, ਨਿਤ ਨਿਤ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਗ੍ਰਿਹ ਤੇਰਾ ਹੋਵੇ ਦੁਆਰਾ, ਦੋ ਜਹਾਨਾਂ ਮਾਲਕ ਦੇਣੀ ਵਡਿਆਈਆ । ਕਲਜੁਗ ਕਿਰਿਆ ਕੂੜ ਮੇਟ ਪਸਾਰਾ, ਪਸਰ ਪਸਾਰੀ ਧਿਆਨ ਲਗਾਈਆ । ਕਿਰਪਾ ਨਿਧਾਨ ਕਿਰਪਾ ਕਰ ਦੇ ਸਤਿ ਧਰਮ ਸਚ ਦੀ ਧਾਰਾ, ਉੱਤਰ ਪੂਰਬ ਪਛੱਮ ਦੱਖਣ ਚਾਰੋਂ ਕੁੰਟ ਧਿਆਨ ਲਗਾਈਆ । ਮੇਰੀ ਤੇਰੇ ਚਰਨ ਕਵਲ ਨਿਮਸਕਾਰਾ, ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਤੂੰ ਮਾਲਕ ਖ਼ਾਲਕ ਮੇਰਾ ਪਰਵਰਦਿਗਾਰਾ, ਬੇਐਬ ਨੂਰ ਅਲਾਹੀਆ । ਜਨ ਭਗਤ ਸੁਹੇਲੇ ਅੰਤਰ ਨਿਰੰਤਰ ਦੇ ਅਧਾਰਾ, ਉਦਰ ਦਾ ਲੇਖਾ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਾਚਾ ਰੰਗ ਰੰਗਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਪਵਿਤ੍ਰ ਕਰ ਕਾਇਆ ਕਲਬੂਤ, ਬਿਨ ਨੇਤਰ ਵੇਖਣਾ ਚਾਈਂ ਚਾਈਂਆ । ਲੇਖਾ ਰਹੇ ਨਾ ਕਿਸੇ ਜਿੰਨ ਭੂਤ, ਖਵੀਸ ਜਗਦੀਸ ਦੇਣਾ ਚੁਕਾਈਆ । ਪਿਛਲਾ ਰਿਸ਼ਤਾ ਤੋੜਨਾ ਪਿਤਾ ਪੂਤ, ਅਗਲਾ ਲਹਿਣਾ ਆਪਣੇ ਨਾਲ ਮਿਲਾਈਆ । ਆਤਮ ਪਰਮਾਤਮ ਏਕਾ ਧਾਗਾ ਮੇਲਣਾ ਸੂਤ, ਸੂਤਰਧਾਰੀ ਤੇਰੇ ਹੱਥ ਵਡਿਆਈਆ । ਭਗਤ ਦੁਆਰੇ ਤੇਰੇ ਪਿਆਰੇ ਪਿਛਲੇ ਕਰ ਜਾਣ ਕੂਚ, ਕੂਚੇ ਗਲੀ ਜਾਣ ਤਜਾਈਆ । ਹਰਿਜਨ ਸਾਚੀ ਬਖ਼ਸ਼ ਦੇ ਸੂਝ, ਸਮਝ ਸਮਝ ਵਿਚੋਂ ਬਦਲਾਈਆ । ਸਤਿ ਵਿਰੋਲ ਦੇ ਦੂਧ ਦਾ ਦੂਧ, ਛਾਛ ਦਾ ਲੇਖਾ ਦੇ ਮੁਕਾਈਆ । ਤੂੰ ਮਾਲਕ ਸੁਆਮੀ ਹੋ ਮੌਜੂਦ, ਮਜਲਸ ਭਗਤਾਂ ਨਾਲ ਬਣਾਈਆ । ਹਰਿਜਨ ਸਾਚੇ ਰਖ ਮਹਿਫ਼ੂਜ਼, ਸਿਰ ਆਪਣਾ ਹੱਥ ਟਿਕਾਈਆ । ਝਗੜਾ ਰਹੇ ਨਾ ਤਨ ਵਜੂਦ, ਕਾਇਆ ਮਾਟੀ ਕਰ ਸਫ਼ਾਈਆ । ਕੂੜੀ ਜੜ੍ਹ ਕਰ ਨੇਸਤੋਨਾਬੂਦ, ਚੇਤਨ ਆਪਣੇ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਸਚ ਗ੍ਰਿਹ ਵਿਚੋਂ ਲੇਖਾ ਮੇਟ ਦੇ ਪੂਰਬ ਪਿਤ, ਪਿਤਰਾਂ ਦੀ ਲੋੜ ਰਹੇ ਨਾ ਰਾਈਆ । ਆਤਮ ਪਰਮਾਤਮ ਕਰ ਸਾਚਾ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਤੇਰਾ ਦਰਸ਼ਨ ਹੋਵੇ ਨਿਤ, ਨਿਜ ਲੋਚਨ ਨੈਣ ਕਰ ਰੁਸ਼ਨਾਈਆ । ਅੱਜ ਦੀ ਸੁਹੰਜਣੀ ਕਰ ਦੇ ਥਿਤ, ਘੜੀ ਪਲ ਆਪਣੇ ਰੰਗ ਰੰਗਾਈਆ । ਹਰਿਜਨ ਮਾਨਸ ਜਨਮ ਤੇਰੇ ਦਰ ਤੇ ਜਾਏ ਜਿੱਤ, ਹਾਰ ਵਿਚ ਕਦੇ ਨਾ ਆਈਆ । ਜਿਸ ਦੀ ਯਾਦ ਵਿਚ ਜੁਗ ਲੰਘ ਗਏ ਕਿਤ, ਕੇਤੇ ਭੱਜੇ ਵਾਹੋ ਦਾਹੀਆ । ਪੁਰਖ ਅਕਾਲੇ ਦੀਨ ਦਿਆਲੇ ਕਾਇਆ ਅੰਦਰ ਇਕੋ ਖੋਲ੍ਹ ਦੇ ਭਿਤ, ਭੀਤਰ ਪਰਦਾ ਦੇ ਚੁਕਾਈਆ । ਜਨ ਭਗਤਾਂ ਨਜ਼ਰੀ ਆਏ ਵਿਚ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਸਚ ਨਾਮ ਦੀ ਮਾਰ ਦੇ ਖਿੱਚ, ਸੁਰਤੀ ਸ਼ਬਦ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਭਾਗ ਲਗਾ


੧੪੩੪ ੨੪

ਦੇ ਕਾਇਆ ਮਾਟੀ ਡੂੰਘੀ ਖੱਡ, ਖੰਡਰਾਂ ਵਾਲਿਆਂ ਦੇ ਮਾਣ ਵਡਿਆਈਆ । ਪਵਿਤ੍ਰ ਕਰ ਦੇ ਮਾਸ ਨਾੜੀ ਹਡ, ਤਤਵ ਤਤ ਧਿਆਨ ਲਗਾਈਆ । ਦੂਈ ਦੁਵੈਤੀ ਸਾਰਿਆਂ ਅੰਦਰੋਂ ਦੇ ਕਢ, ਕਾਇਆ ਮਾਟੀ ਕਰ ਸਫ਼ਾਈਆ । ਧਰਮ ਨਿਸ਼ਾਨਾ ਦੇ ਗੱਡ, ਸਤਿ ਸਤਿਵਾਦੀ ਆਪ ਝੁਲਾਈਆ । ਤੇਰਾ ਭਗਤ ਤੇਰੇ ਨਾਲੋਂ ਹੋਵੇ ਕਦੇ ਨਾ ਅੱਡ, ਵਖਰਾ ਗ੍ਰਿਹ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਸੁਣ ਧਰਨੀ ਧਵਲੇ, ਧਰਮ ਧਾਰ ਜਣਾਈਆ । ਮੇਰੇ ਸਭ ਦੇ ਨਾਲ ਇਕਰਾਰ ਕਵਲੇ, ਕਾਇਨਾਤ ਦਾ ਮਾਲਕ ਹੋ ਕੇ ਦਿਆਂ ਦ੍ਰਿੜਾਈਆ । ਮੇਰਾ ਨੂਰ ਤਕ ਲੈ ਅਲਾਹੀ ਅਵਲੇ, ਆਲਮੀਨ ਹੋ ਕੇ ਸਭ ਦੇ ਵਿਚ ਸਮਾਈਆ । ਕੁਛ ਲੇਖੇ ਯਾਦ ਕਰ ਲੈ ਕ੍ਰਿਸ਼ਨ ਕਾਹਨ ਸਵਲੇ, ਸਾਂਵਰੀਆ ਕਹਿ ਕੇ ਕੀ ਗਿਆ ਸਮਝਾਈਆ । ਪੁਰਖ ਅਕਾਲਾ ਦੀਨ ਦਿਆਲਾ ਹਰ ਘਟ ਅੰਦਰ ਆਪੇ ਮਵਲੇ, ਮੌਲਾ ਹੋ ਕੇ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਗ੍ਰਿਹ ਬਰਸ ਦੇ ਅੰਮ੍ਰਿਤ ਮੀਂਹ, ਮੇਘਲਾ ਆਪਣਾ ਨਾਮ ਬਰਸਾਈਆ । ਪਵਿਤ੍ਰ ਕਰ ਦੇ ਸਭ ਦਾ ਜੀਅ, ਜੀਵਣ ਦਾਤੇ ਆਪਣਾ ਰੰਗ ਰੰਗਾਈਆ । ਲੇਖਾ ਮੁਕਾ ਦੇ ਸਾਢੇ ਤਿੰਨ ਹੱਥ ਸੀਂ, ਜਿਸ ਦੀ ਰਵਦਾਸ ਚੁਮਾਰਾ ਦਏ ਗਵਾਹੀਆ । ਧਰਮ ਦਾ ਬੀਜ ਬੀਜਣਾ ਸਚ ਦੀ ਚਲਾਉਣੀ ਲੀਹ, ਲਾਈਨ ਐਨ ਦੇਣੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਹਿਰਦਾ ਕਰ ਦੇ ਸ਼ੁਧ, ਪਤਤ ਪੁਨੀਤ ਆਪ ਬਣਾਈਆ । ਨਿਰਮਲ ਕਰਦੇ ਬੁੱਧ, ਦੁਰਮਤ ਮੈਲ ਰਹੇ ਨਾ ਰਾਈਆ । ਅੰਤਰ ਅੰਤਰ ਆਪਾ ਸਭ ਨੂੰ ਜਾਏ ਸੁਝ, ਸੋਝ ਸਮਝ ਦੇਣੀ ਦ੍ਰਿੜਾਈਆ । ਅਗਲਾ ਲੇਖਾ ਬਣਾ ਦੇ ਕੁਝ ਦਾ ਕੁਝ, ਕ਼ੁਦਰਤ ਦੇ ਕ਼ਾਦਰ ਦਇਆ ਕਮਾਈਆ । ਜਿਨ੍ਹਾਂ ਦੀ ਪਿਛਲੀ ਔਧ ਗਈ ਪੁੱਗ, ਉਨ੍ਹਾਂ ਦਾ ਆਤਮ ਆਪਣੇ ਵਿਚ ਸਮਾਈਆ । ਜਿਨ੍ਹਾਂ ਨੇ ਏਸੇ ਘਰ ਵਿਚ ਬੱਚਿਆਂ ਨੂੰ ਪਿਲਾਉਣਾ ਦੁੱਧ, ਸੀਰ ਧਾਰ ਮੁਖ ਲਗਾਈਆ । ਫੜ ਬਾਹੋਂ ਨਿਰਗੁਣ ਹੋ ਕੇ ਆਪ ਚੁਕ, ਚਾਰੋਂ ਕੁੰਟ ਦਾ ਪੰਧ ਮੁਕਾਈਆ । ਕਿਸੇ ਘਰ ਗ੍ਰਿਹ ਦਰਖ਼ਤ ਚੋਟੀ ਬਹੇ ਕੋਇ ਨਾ ਲੁਕ, ਓਹਲਾ ਰਹਿਣ ਕੋਇ ਨਾ ਪਾਈਆ । ਉਹ ਤੇਰੇ ਨਾਮ ਦੀ ਗਾਵਣ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਅਗੇ ਪਰਦਾ ਰਹੇ ਨਾ ਉਹਲਾ ਲੁਕ, ਭੁਲੇਖਾ ਭਰਾਂਤ ਦੇਣਾ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰੇ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਤੇਰੀ ਸਰਨਾਈਆ । ਆਦਿ ਜੁਗਾਦੀ ਭਗਤਾਂ ਮੀਤ, ਮਿਤਰ ਪਿਆਰੇ ਤੇਰੇ ਹੱਥ ਵਡਿਆਈਆ । ਤੂੰ ਸਭ ਦੀ ਵੇਖਣਹਾਰਾ ਨੀਤ, ਨੀਤੀਵਾਨ ਇਕ ਗੁਸਾਈਂਆ । ਮੈਂ ਸਚ ਬੇਨੰਤੀ ਕਰਾਂ ਤੇਰਾ ਢੋਲਾ ਗਾਵਾਂ ਗੀਤ, ਗੋਬਿੰਦ ਗੋਬਿੰਦ ਤੇਰੇ ਹੱਥ ਵਡਿਆਈਆ । ਮਿਹਰਵਾਨਾ ਸ੍ਰੀ ਭਗਵਾਨਾ ਸਾਰਾ ਪਰਿਵਾਰ ਬਖ਼ਸ਼ ਦੇ ਨਾਲ ਬਖ਼ਸ਼ੀ ਜਾਏ ਜੀਤ, ਜੀਵਣ ਦਾਤੇ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਧਰਨੀਏ ਮੈਂ ਪਿਛਲੇ ਪਿਤਰਾਂ ਦੇਵਾਂ ਸੱਦਾ, ਸਹਿਜ ਨਾਲ ਸੁਣਾਈਆ । ਆਓ ਛਡੋ ਪਿਛਲੀਆਂ ਹੱਦਾਂ, ਅਗਲਾ ਘਰ ਦਿਆਂ ਵਖਾਈਆ । ਦੋ ਜਹਾਨ ਜਿਸ ਦਾ ਹੁਕਮ ਕਦੀ ਕਦਾ, ਕ਼ਦੀਮ

ਦਾ ਮਾਲਕ ਧੁਰਦਰਗਾਹੀਆ । ਤੁਹਾਡੇ ਨਾਲ ਕਦੇ ਕਰੇ ਨਾ ਦਗ਼ਾ, ਫ਼ਰੇਬਾਂ ਵਿਚ ਕਦੇ ਨਾ ਆਈਆ । ਸ਼ਾਹੋ ਭੂਪ ਸੂਰਾ ਸਰਬਗਾ, ਹਰਿ ਕਰਤਾ ਧੁਰਦਰਗਾਹੀਆ । ਜੋ ਤੁਹਾਡੇ ਪਿਆਰ ਵਿਚ ਭਗਤਾਂ ਦੇ ਘਰ ਬਣਾਵੇ ਜਗਹ, ਜਗਹ ਜਗਹ ਆਪਣਾ ਹੁਕਮ ਵਰਤਾਈਆ । ਤੁਹਾਡਾ ਅਗੇ ਦਾ ਸਵਾਰ ਕੇ ਅਗਾ, ਅਗਲਾ ਲੇਖਾ ਦਏ ਮੁਕਾਈਆ । ਕਲਪਣਾ ਜਗਤ ਰਹੇ ਨਾ ਕੱਗਾ, ਵਾਸਨਾ ਕੂੜ ਨਾ ਕੋਇ ਹਲਕਾਈਆ । ਸਚਖੰਡ ਦੁਆਰ ਏਕੰਕਾਰ ਸ਼ਬਦੀ ਧਾਰ ਪ੍ਰੇਮ ਨਾਲ ਤੁਹਾਨੂੰ ਬੱਧਾ, ਬਿਨ ਭਗਤੀਉਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੈਂ ਧਰਤ ਨਿਮਾਣੀ, ਮਿੱਟੀ ਖ਼ਾਕ ਹੋ ਕੇ ਸੀਸ ਨਿਵਾਈਆ । ਤੂੰ ਮਾਲਕ ਮੇਰਾ ਗੁਣ ਨਿਧਾਨੀ, ਗਹਿਰ ਗੰਭੀਰ ਇਕ ਅਖਵਾਈਆ । ਸਭ ਦੀ ਪੁਰਾਣੀ ਵੇਖ ਲੈ ਨਿਸ਼ਾਨੀ, ਨਿਸ਼ਾਨੇ ਆਪਣੇ ਵੇਖ ਵਖਾਈਆ । ਤੂੰ ਮਾਲਕ ਖ਼ਾਲਕ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਅਗੰਮ ਅਥਾਹੀਆ । ਮੇਰੀ ਬੇਨੰਤੀ ਤੇਰੇ ਚਰਨ ਕਵਲ ਧਿਆਨੀ, ਬਿਨ ਨੈਣਾਂ ਨੈਣ ਤਕਾਈਆ । ਕਿਰਪਾ ਕਰਕੇ ਦਰ ਆਏ ਤਾਰਨੇ ਜੀਵ ਸਰਬ ਪਰਿਵਾਰ ਪ੍ਰਾਣੀ, ਪੂਰਨ ਆਸਾ ਸਭ ਦੀ ਪੂਰ ਕਰਾਈਆ । ਦੁਖੜੇ ਮੇਟ ਜਿਸਮ ਜਿਸਮਾਨੀ, ਤਨ ਵਜੂਦਾਂ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਆਦਿ ਜੁਗਾਦਿ ਜਾਣ ਜਾਣੀ, ਜਾਨਣਹਾਰ ਤੇਰੇ ਹੱਥ ਵਡਿਆਈਆ ।



੨੪ ✪ ੧੭ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਰੁਪੋਵਾਲੀ ਜ਼ਿਲਾ ਹੁਸ਼ਿਆਰਪੁਰ ਸੁਰਿੰਦਰ ਸਿੰਘ ਸਰਾਈਂ ਅਮਰੀਕ ਸਿੰਘ ਮੇਲਾ ਸਿੰਘ ਬੈਰਮ ਪੁਰ ਮਲਿਹਾਰ ਸਿੰਘ ਖੁਰਦਾ ਤਰਸੇਮ ਸਿੰਘ ਕੰਧਾਲਾ ਸ਼ੇਖ਼ ਗੁਰਦੇਵ ਕੌਰ ਦੇ ਨਵਿਤ ✪ ੨੪

ਧਰਨੀ ਕਹੇ ਪ੍ਰਭੂ ਮੇਰੀ ਖ਼ੁਸ਼ੀਆਂ ਵਾਲੀ ਕਰ ਬਹਾਰ, ਬਿਹਬਲ ਹੋ ਕੇ ਬੇਅੰਤ ਤੇਰੀ ਓਟ ਤਕਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਭਗਤਨ ਖਿੜੇ ਗੁਲਜ਼ਾਰ, ਗੁਲਸ਼ਨ ਬਾਗ਼ੀਚਾ ਮਾਨਵ ਜ਼ਾਤੀ ਦੇਣਾ ਮਹਿਕਾਈਆ । ਏਕਾ ਰੰਗ ਰੰਗਾ ਲੈ ਪੁਰਖ ਨਾਰ, ਇਸਤ੍ਰੀ ਮਰਦ ਵੰਡ ਨਾ ਕੋਇ ਵੰਡਾਈਆ । ਆਤਮ ਪਰਮਾਤਮ ਬਣ ਕੇ ਸਾਂਝਾ ਯਾਰ, ਮੇਲਾ ਮੇਲਣਾ ਸਹਿਜ ਸੁਭਾਈਆ । ਮੇਰੀ ਬੇਨੰਤੀ ਤੇਰੇ ਸਚ ਸਚੇ ਦਰਬਾਰ, ਦਰਗਾਹ ਸਾਚੀ ਮੰਗ ਮੰਗਾਈਆ । ਨਿਰਗੁਣ ਨਿਰਵੈਰ ਹੋ ਕੇ ਦੇ ਆਧਾਰ, ਅਦਲ ਇਨਸਾਫ਼ ਆਪ ਕਮਾਈਆ । ਕਲਜੁਗ ਕਿਰਿਆ ਕੂੜ ਮੇਰੇ ਉਤੋਂ ਨਵਾਰ, ਨਿਰਗੁਣ ਹੋ ਕੇ ਆਪਣੀ ਦਇਆ ਕਮਾਈਆ । ਪਰਮ ਪੁਰਖ ਪਰਮਾਤਮ ਜਨ ਭਗਤਾਂ ਪੈਜ ਸਵਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਧਰਨੀ ਕਹੇ ਮੇਰੇ ਸੁਆਮੀਆ ਮੇਰੇ ਉਤੇ ਰਹੇ ਨਾ ਧੂੰਆਂਧਾਰ, ਧਵਲ ਹੋ ਕੇ ਮੰਗ ਮੰਗਾਈਆ । ਤੇਰਾ ਲਹਿਣਾ ਦੇਣਾ ਸਦਾ ਜੁਗ ਚਾਰ, ਚੌਕੜੀ ਲੇਖਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਮੇਰੇ ਪਰਵਰਦਿਗਾਰਾ, ਮਹਿਬਾਨ ਤੇਰੀ ਸਰਨਾਈਆ । ਸ਼ਾਹੋ ਭੂਪ ਅਗੰਮ ਸਿਕਦਾਰਾ, ਤੇਰੀ ਤੇਰੇ ਹੱਥ ਵਡਿਆਈਆ । ਮੈਂ ਮਾਂਗਤ ਬਣੀ ਭਿਖਾਰਾ, ਦਰਵੇਸ਼ਣ ਰੂਪ ਬਦਲਾਈਆ । ਤੂੰ ਕਲ ਕਲਕੀ ਅਵਤਾਰਾ, ਨਿਹਕਲੰਕ ਤੇਰੀ ਬੇਪਰਵਾਹੀਆ । ਮੇਰਾ ਪੂਰਬ ਲਹਿਣਾ ਦੇ ਉਧਾਰਾ, ਲੇਖਾ ਪਿਛਲਾ ਹੱਥ ਫੜਾਈਆ । ਮੈਂ ਰੋਵਾਂ

ਜ਼ਾਰੋ ਜ਼ਾਰਾ, ਬਿਨ ਨੈਣਾਂ ਨੀਰ ਵਹਾਈਆ । ਤੂੰ ਕ਼ੁਦਰਤ ਦਾ ਕ਼ਾਦਰ ਬੇਐਬ ਪਰਵਰਦਿਗਾਰਾ, ਨੂਰ ਨੁਰਾਨਾ ਨੂਰ ਅਲਾਹੀਆ । ਪਤਿਪਰਮੇਸ਼ਵਰ ਮੇਰੀ ਪਾ ਸਾਰਾ, ਪਾਰਬ੍ਰਹਮ ਪ੍ਰਭ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭੂ ਮੇਰੀ ਵੇਖ ਲੈ ਮਿੱਟੀ ਖ਼ਾਕ, ਖ਼ਾਕੀ ਹੋ ਕੇ ਮੰਗ ਮੰਗਾਈਆ । ਮੇਰਾ ਪਰਦਾ ਖੋਲ੍ਹ ਦੇ ਤਾਕ, ਤਕਵਾ ਤੇਰੇ ਉਤੇ ਰਖਾਈਆ । ਮੈਂ ਆਦਿ ਜੁਗਾਦੀ ਤੇਰੀ ਚਾਕ, ਚਾਕਰ ਹੋ ਕੇ ਸੇਵ ਕਮਾਈਆ । ਮਿਹਰਵਾਨਾ ਨੌਜਵਾਨਾ ਦੀਨ ਦੁਨੀ ਦਾ ਅੰਤਸ਼ਕਰਨ ਕਰ ਦੇ ਪਾਕ, ਪਤਤ ਪੁਨੀਤ ਕਰ ਲੋਕਾਈਆ । ਅਵਤਾਰਾਂ ਪੈਗ਼ੰਬਰਾਂ ਗੁਰੂਆਂ ਪੂਰੇ ਹੋਵਣ ਵਾਕ, ਵਾਕਫ਼ਕਾਰ ਹੋਣਾ ਖ਼ਲਕ ਖ਼ੁਦਾਈਆ । ਆਤਮ ਪਰਮਾਤਮ ਪਰਮਾਤਮ ਆਤਮ ਬਣਾ ਦੇ ਸਚਾ ਸਾਕ, ਸੱਜਣ ਸੈਣ ਇਕੋ ਨਜ਼ਰੀ ਆਈਆ । ਵਕ਼ਤ ਸੁਹੰਜਣਾ ਤਕ ਈਸਾ ਵਾਲੇ ਕਲਾਕ, ਕਲਧਾਰੀ ਆਪਣਾ ਪਰਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਚ ਮਿਲੇ ਵਡਿਆਈਆ । ਧਰਨੀ ਕਹੇ ਮੇਰੇ ਪਰਮ ਪੁਰਖ ਪਰਮਾਤਮ ਅਲਾਹੀ ਨੂਰ, ਨੂਰ ਨੁਰਾਨੇ ਸ਼ਾਹ ਸੁਲਤਾਨੇ ਸ੍ਰੀ ਭਗਵਾਨੇ ਤੇਰੀ ਬੇਪਰਵਾਹੀਆ । ਮੇਰੀ ਆਸਾ ਮਨਸਾ ਪੂਰੀ ਕਰ ਜ਼ਰੂਰ, ਜ਼ਰੂਰਤ ਤੇਰੇ ਚਰਨ ਟਿਕਾਈਆ । ਤੂੰ ਸਦਾ ਸਦਾ ਭਰਪੂਰ, ਭਰਪੂਰ ਰਿਹਾ ਸਰਬ ਠਾਈਂਆ । ਮੇਰੀ ਬੇਨੰਤੀ ਬੇਪਰਵਾਹ ਕਰਨੀ ਮਨਜ਼ੂਰ, ਮਨਸਾ ਤੇਰੇ ਚਰਨ ਟਿਕਾਈਆ । ਓਹ ਲੇਖਾ ਪੂਰਾ ਕਰ ਦੇ ਜੋ ਮੂਸੇ ਨਾਲ ਕੀਤਾ ਉਤੇ ਕੋਹਤੂਰ, ਤੁਰੀਆ ਤੋਂ ਬਾਹਰ ਦਿਤਾ ਸਮਝਾਈਆ ।
੧੪੩੭ ਜੋ ਨਾਅਰਾ ਲਾ ਕੇ ਗਿਆ ਮਨਸੂਰ, ਹਕ ਹਕ ਤੇਰਾ ਹੁਕਮ ਦ੍ਰਿੜਾਈਆ । ਸੋ ਮੀਤ ਮੁਰਾਰੇ ਲਹਿਣਾ ਦੇ ਦੇ ਜ਼ਰੂਰ, ਜ਼ਰੂਰਤ ਤੇਰੇ ਚਰਨ ਟਿਕਾਈਆ । ੧੪੩੭
੨੪ ਦੀਨ ਦੁਨੀ ਦਾ ਅੰਤਸ਼ਕਰਨ ਗੜ੍ਹ ਤੋੜ ਗ਼ਰੂਰ, ਗ਼ੁਰਬਤ ਅੰਦਰੋਂ ਬਾਹਰ ਕਢਾਈਆ । ਮਨੂਆ ਮਨ ਨਾ ਪਾਏ ਫ਼ਤੂਰ, ਫ਼ਤਵਾ ਦੇਣਾ ਥਾਉਂ ਥਾਈਂਆ । ੨੪
ਇਕੋ ਤੇਰਾ ਨਾਮ ਨੌਂ ਖੰਡ ਹੋਏ ਮਸ਼ਹੂਰ, ਮਸ਼ਵਰਾ ਤੇਰੇ ਨਾਲ ਜਣਾਈਆ । ਮੈਂ ਮਿਹਰਵਾਨਾ ਤੇਰੀ ਹੋਵਾ ਮਸ਼ਕੂਰ, ਸ਼ੁਕਰਾਨੇ ਵਿਚ ਸੀਸ ਜਗਦੀਸ ਨਿਵਾਈਆ । ਕਲਜੁਗ ਕੂੜਾ ਪੰਧ ਰਹੇ ਨਾ ਦੂਰ, ਦੂਰ ਦੁਰਾਡੇ ਲੇਖਾ ਦੇਣਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੈਨੂੰ ਦੇ ਦੇ ਅਗੰਮੀ ਦਾਤ, ਦਾਤੇ ਦਾਨੀ ਆਪ ਵਰਤਾਈਆ । ਤੂੰ ਆਦਿ ਜੁਗਾਦੀ ਮੇਰਾ ਪਿਤ ਮਾਤ, ਪਤਿ ਪਰਮੇਸ਼ਵਰ ਇਕ ਅਖਵਾਈਆ । ਨਿਰਗੁਣ ਨਿਰਵੈਰ ਵਸਣਹਾਰੇ ਇਕਾਂਤ, ਇਕ ਇਕੱਲੇ ਤੇਰੇ ਹੱਥ ਵਡਿਆਈਆ । ਨਿਗਾਹ ਮਾਰ ਲੈ ਮੇਰੇ ਨੌਂ ਪ੍ਰਾਂਤ, ਨਵ ਨੌਂ ਦਾ ਡੇਰਾ ਢਾਈਆ । ਅੰਮ੍ਰਿਤ ਬੂੰਦ ਮਿਲੇ ਨਾ ਕਿਸੇ ਸਵਾਂਤ, ਸਾਂਤਕ ਸਤਿ ਨਾ ਕੋਇ ਵਰਤਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਸੂਰੀਆ ਚੰਦ ਨਾ ਕੋਇ ਚਮਕਾਈਆ । ਝਗੜਾ ਮੁਕੇ ਨਾ ਜ਼ਾਤ ਪਾਤ, ਦੀਨ ਮਜ਼੍ਹਬ ਕਰੇ ਲੜਾਈਆ । ਕਲਜੁਗ ਅੰਤ ਮੇਰੀ ਪੁਛ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਝਗੜਾ ਮੇਟ ਦੇ ਕਾਗ਼ਜ਼ਾਤ, ਅੱਖਰਾਂ ਨਾਲ ਅੱਖਰ ਨਾ ਕਰੇ ਲੜਾਈਆ । ਤੇਰਾ ਖੇਲ ਬਹੁ ਬਿਧ ਭਾਂਤ, ਜੁਗ ਜੁਗ ਰੀਤੀ ਚਲੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਦਰ ਆਪ ਸੁਹਾਈਆ । ਧਰਨੀ ਕਹੇ ਮੇਰੇ ਮਾਲਕ ਗ਼ਰੀਬ ਨਿਵਾਜ਼ਾ, ਮਹਿਬਾਨ ਬੀਦੋ ਮਿਹਰਵਾਨ ਮੇਰੀ ਆਸਾ ਪੂਰ ਕਰਾਈਆ । ਜਿਸ ਆਦਿ ਮੇਰਾ ਸਾਜਣ ਸਾਜਾ, ਜੁਗ ਜੁਗ ਦੇਵਣਹਾਰ ਵਡਿਆਈਆ । ਕਲਜੁਗ ਅੰਤ ਸਵਾਰ ਦੇ ਕਾਜਾ, ਕੁਦਰਤ ਦੇ ਕ਼ਾਦਰ ਵੇਖਣਾਂ ਚਾਈਂ ਚਾਈਆ ।

ਵਕ਼ਤ ਸੁਹੰਜਣਾ ਕਰ ਦੇ ਦੇਸ ਮਾਝਾ, ਮਜਲਸ ਭਗਤਾਂ ਨਾਲ ਲਗਾਈਆ । ਹਰਿਜਨ ਅੰਤਰ ਨਿਰੰਤਰ ਸ਼ਬਦ ਅਨਾਦੀ ਧੁਨ ਵਜਾ ਦੇ ਨਾਦਾ, ਅਨਹਦ ਆਪਣਾ ਰਾਗ ਦ੍ਰਿੜਾਈਆ । ਭਗਤ ਸੁਹੇਲਾ ਤੇਰਾ ਹੋਵੇ ਜਾਗਾ, ਆਲਸ ਗ਼ਫ਼ਲਤ ਨਿੰਦਰਾ ਰਹਿਣ ਕੋਇ ਨਾ ਪਾਈਆ । ਸਚ ਨਾਮ ਸਿਤਾਰ ਵਜਾ ਦੇ ਰਬਾਬਾ, ਬਿਨ ਤੰਦੀ ਤੰਦ ਹਿਲਾਈਆ । ਤੈਨੂੰ ਜੁਗ ਜੁਗ ਸਾਰੇ ਕਰਨ ਆਦਾਬਾ, ਸੀਸ ਨਿਵ ਨਿਵ ਜਗਦੀਸ ਇਕ ਨਿਵਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੇਰੀ ਸਚ ਕਰ ਇਮਦਾਦਾ, ਤੇਰੀ ਆਮਦ ਵਿਚ ਬੈਠੀ ਨੈਣ ਉਠਾਈਆ । ਉਹ ਲੇਖਾ ਪੂਰਾ ਕਰ ਦੇ ਜੋ ਨਾਨਕ ਸੰਦੇਸਾ ਦੇ ਕੇ ਆਇਆ ਵਿਚ ਬਗ਼ਦਾਦਾ, ਜੋ ਦਜਲਾ ਦਰਿਆ ਦਏ ਗਵਾਹੀਆ । ਜਿਸ ਦੇ ਹੁਕਮ ਨਾਲ ਬਦਲਣਾ ਸਮਾਜਾ, ਸਮਗ੍ਰੀ ਸਚ ਸਚ ਵਰਤਾਈਆ । ਓਹਦਾ ਲਹਿਣਾ ਦੇਣਾ ਲੇਖਾ ਹੋਣਾ ਅੰਤਮ ਪੰਜ ਆਬਾ, ਪੰਚਮ ਦਾ ਮੇਲਾ ਮੇਲੇ ਸਹਿਜ ਸੁਭਾਈਆ । ਹੁਕਮ ਸੰਦੇਸਾ ਦੇਵੇ ਬੋਧ ਅਗਾਧਾ, ਬੁੱਧੀ ਤੋਂ ਪਰੇ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ ।

ਧਰਨੀ ਕਹੇ ਕਿਰਪਾ ਕਰ ਮੇਰੇ ਭਗਵੰਤੇ, ਭਗਵਨ ਤੇਰੀ ਆਸ ਰਖਾਈਆ । ਆਦਿ ਜੁਗਾਦਿ ਧੁਰ ਦੇ ਕੰਤੇ, ਕੰਤੂਹਲ ਤੇਰੀ ਵਡ ਵਡਿਆਈਆ । ਭੇਵ ਖੁਲ੍ਹਾ ਦੇ ਆਪਣੇ ਸਾਚੇ ਸੰਤੇ, ਸਤਿਗੁਰ ਸਾਜਣ ਹੋ ਕੇ ਵੇਖ ਵਖਾਈਆ । ਹਰਿਜਨ ਗੜ੍ਹ ਤੋੜ ਦੇ ਹਉਮੇ ਹੰਗਤੇ, ਹੰ ਬ੍ਰਹਮ ਆਪ ਜਣਾਈਆ । ਬੁੱਧੀ ਤੋਂ ਪਰੇ ਬਣ ਪੰਡਤੇ, ਜਗਤ ਅੱਖਰਾਂ ਲੇਖ ਰਹੇ ਨਾ ਰਾਈਆ । ਵਿਸ਼ੇ ਮੇਟ ਦੇ ਮਨਸਾ ਵਾਲੇ ਮਨ ਦੇ, ਮਮਤਾ ਕੂੜ ਨਾ ਕੋਇ ਹਲਕਾਈਆ ।
੧੪੩੮ ਪਾਪ ਧੋ ਦੇ ਵਜੂਦ ਤਨ ਦੇ, ਤਤਵ ਤਤ ਨਾ ਕੋਇ ਤਪਾਈਆ । ਭੇਵ ਖੁਲ੍ਹਾ ਦੇ ਆਪਣੇ ਬ੍ਰਹਮ ਦੇ, ਪਾਰਬ੍ਰਹਮ ਪਰਦਾ ਦੇ ਚੁਕਾਈਆ । ਭਗਤ ੧੪੩੮
੨੪ ਸੁਹੇਲੇ ਵੇਖ ਲੈ ਜਨਮ ਦੇ, ਪੂਰਬ ਜਨਮਾਂ ਲਹਿਣਾ ਨਾਲ ਮਿਲਾਈਆ । ਲੇਖੇ ਰਹਿਣ ਨਾ ਬਾਕੀ ਕਰਮ ਦੇ, ਕਰਮ ਕਾਂਡ ਦਾ ਡੇਰਾ ਢਾਹੀਆ । ੨੪
ਹਰਿਜਨ ਵਣਜਾਰੇ ਬਣਾ ਲੈ ਸਾਚੇ ਧਰਮ ਦੇ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਵਣਜਾਰੇ ਰਹਿਣ ਨਾ ਕਾਇਆ ਮਾਟੀ ਚਰਮ ਦੇ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਝਗੜੇ ਰਹਿਣ ਨਾ ਵਰਨ ਬਰਨ ਦੇ, ਤਨ ਵਜੂਦਾਂ ਕਰ ਸਫ਼ਾਈਆ । ਸਹਾਰੇ ਬਖ਼ਸ਼ ਦੇ ਆਪਣੀ ਇਕੋ ਸਰਨ ਦੇ, ਸਰਨਗਤ ਇਕ ਦ੍ਰਿੜਾਈਆ । ਇਸ਼ਾਰੇ ਦੇ ਦੇ ਆਤਮ ਪਰਮਾਤਮ ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਨ ਦੇ, ਵਿਦਿਆ ਧੁਰ ਦੀ ਆਪ ਜਣਾਈਆ । ਮਾਰਗ ਦੱਸ ਦੇ ਇਕੋ ਸਚਖੰਡ ਦੁਆਰੇ ਚੜ੍ਹਨ ਦੇ, ਜਿਥੇ ਅਗੇ ਹੋ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੇਵ ਦੱਸ ਦੇ ਹਰਿ ਭਗਤ ਸੁਹੇਲੇ ਸਚਖੰਡ ਦੁਆਰੇ ਖੜਨ ਦੇ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪ ਆਪਣਾ ਰੰਗ ਰੰਗਾਈਆ ।

✪ ੧੮ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਦਸੂਹਾ ਜ਼ਿਲਾ ਹੁਸ਼ਿਆਰਪੁਰ ਖ਼ਿਆਲ ਸਿੰਘ ਕੁਲੀਆ
ਧੰਨਾ ਸਿੰਘ ਕਰਾਲਾ ਗੁਰਮੀਤ ਕੌਰ ✪

ਧਰਨੀ ਕਹੇ ਪ੍ਰਭੂ ਨਿਗਾਹ ਮਾਰ ਲੈ ਮੇਰੀ ਚਾਰੇ ਗੁਠ, ਕੂਟ ਦਿਸ਼ਾ ਨਵ ਸੱਤ ਧਿਆਨ ਲਗਾਈਆ । ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਗਈ

ਰੁਠ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਮੇਲ ਨਾ ਕੋਇ ਰਖਾਈਆ । ਕੋਟਾਂ ਵਿਚੋਂ ਤੇਰੇ ਭਗਤ ਸੁਹੇਲੇ ਥੋੜੇ ਮੁਠ, ਮੁੱਠੀ ਭਰ ਮੇਰੇ ਉਤੇ ਨਜ਼ਰੀ ਆਈਆ । ਤੂੰ ਮਿਹਰਵਾਨ ਹੋ ਕੇ ਸ੍ਰੀ ਭਗਵਾਨ ਤੁਠ, ਪਰਵਰਦਿਗਾਰ ਸਾਂਝੇ ਯਾਰ ਆਪਣੀ ਦਇਆ ਕਮਾਈਆ । ਨਿਗਾਹ ਮਾਰ ਲੈ ਮਾਨਵ ਜ਼ਾਤੀ ਕਾਇਆ ਬੁਤ, ਬੁਤਖ਼ਾਨਿਆਂ ਫੋਲ ਫੁਲਾਈਆ । ਸਤਿ ਧਰਮ ਦਾ ਤੇਰਾ ਰਿਹਾ ਕੋਈ ਨਾ ਸੁਤ, ਅਪਰਾਧੀ ਦਿਸੇ ਖ਼ਲਕ ਖ਼ੁਦਾਈਆ । ਤੂੰ ਪਰਮੇਸ਼ਵਰ ਸੁਆਮੀ ਅਚੁਤ, ਚੇਤਨ ਸਭ ਨੂੰ ਦੇ ਕਰਾਈਆ । ਸਤਿ ਧਰਮ ਦੀ ਮੇਰੇ ਉਤੇ ਸੁਹਾਵੇ ਰੁਤ, ਰੁਤੜੀ ਮੇਰੇ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਤੇਰੀ ਦੀਨ ਦੁਨੀ ਭੁੱਲੀ, ਅਭੁਲ ਤੇਰੇ ਰੰਗ ਨਾ ਕੋਇ ਸਮਾਈਆ । ਕਲਜੁਗ ਮਾਇਆ ਮਮਤਾ ਵਿਚ ਰੁੱਲੀ, ਮੋਹ ਵਿਕਾਰ ਨਾ ਕੋਇ ਤਜਾਈਆ । ਤੂੰ ਮਾਲਕ ਖ਼ਾਲਕ ਸੁਲਹਕੁਲੀ, ਨੂਰ ਨੁਰਾਨਾ ਨੂਰ ਅਲਾਹੀਆ । ਭਾਗ ਲਗਾ ਦੇ ਸਾਢੇ ਤਿੰਨ ਹੱਥ ਕੁੱਲੀ, ਕਲਮਾ ਕਾਇਨਾਤ ਜਣਾਈਆ । ਨਾਮ ਨਿਧਾਨ ਵਸਤ ਦੇ ਅਨਮੁਲੀ, ਕ਼ੀਮਤ ਦੀਨ ਦੁਨੀ ਚੁਕਾਈਆ । ਤੇਰਾ ਜਾਪ ਰਸਨਾ ਜੇਹਵਾ ਰਹੇ ਨਾ ਬੁੱਲੀਂ, ਹਿਰਦੇ ਵਸਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਤੇਰੀ ਸ੍ਰਿਸ਼ਟੀ ਤੇਰੇ ਨਾਲੋਂ ਹੋ ਗਈ ਦੂਰ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਦੂਰ ਦੁਰਾਡੇ ਸ਼ਾਹ ਸੁਲਤਾਨੇ ਹੋ ਜਾ ਹਾਜ਼ਰ ਹਜ਼ੂਰ, ਹਜ਼ਰਤਾਂ ਦੇ ਮਾਲਕ ਬੇਐਬ ਨੂਰ ਅਲਾਹੀਆ । ਹਰ ਘਟ ਅੰਤਰ ਨਿਰੰਤਰ ਨਾਮ ਖ਼ੁਮਾਰੀ ਦੇ ਸਰੂਰ, ਸੋਈ ਸੁਰਤੀ ਦੇ ਜਗਾਈਆ । ਸ਼ਬਦ ਅਨਾਦੀ ਸੁਣਾ ਦੇ ਤੂਰ, ਤੁਰੀਆ ਦਾ ਲੇਖਾ ਦੇ ਉਠਾਈਆ । ਜੋਤੀ ਧਾਰ ਬਖ਼ਸ਼ ਦੇ ਨੂਰ, ਅੰਧ ਅੰਧਿਆਰ ਰਹੇ ਨਾ ਰਾਈਆ । ਤੂੰ ਸਰਬ ਕਲਾ ਭਰਪੂਰ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੇ ਹੱਥ ਵਡਿਆਈਆ । ਕਲਜੁਗ ਕਿਰਿਆ ਮੇਟ ਦੇ ਕੂੜ, ਧਰਨੀ ਧਰਤ ਧਵਲ ਰਹਿਣ ਨਾ ਪਾਈਆ । ਸਤਿ ਸਚ ਦੀ ਬਖ਼ਸ਼ ਦੇ ਚਰਨ ਧੂੜ, ਧੂੜੀ ਟਿੱਕੇ ਖ਼ਾਕੀ ਖ਼ਾਕ ਖ਼ਾਕ ਰਮਾਈਆ । ਚਤੁਰ ਸੁਘੜ ਬਣਾ ਲੈ ਮੂਰਖ ਮੂੜ੍ਹ, ਕਾਗ ਹੰਸ ਰੂਪ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਤੇਰਾ ਰਿਹਾ ਕੋਈ ਨਾ ਮੀਤ ਸੱਜਣ, ਸਤਿਗੁਰ ਤੇਰੇ ਵਿਚ ਨਾ ਕੋਇ ਸਮਾਈਆ । ਹਿਰਦੇ ਵਸੇ ਨਾ ਕਿਸੇ ਤੇਰਾ ਭਜਨ, ਬੰਦਗੀ ਹਕ ਨਾ ਕੋਇ ਕਮਾਈਆ । ਨਾਮ ਨਿਧਾਨੇ ਨਾਦ ਮੂਲ ਨਾ ਵੱਜਣ, ਅਨਹਦ ਨਾਦੀ ਨਾਦ ਨਾ ਕੋਇ ਦ੍ਰਿੜਾਈਆ । ਪੁਰਖ ਅਕਾਲੇ ਦੀਨ ਦਿਆਲੇ ਤੂੰ ਆ ਜਾ ਸਭ ਦੇ ਪਰਦੇ ਕੱਜਣ, ਸਿਰ ਸਿਰ ਆਪਣਾ ਹੱਥ ਟਿਕਾਈਆ । ਬਿਨ ਕਾਅਬਿਆਂ ਵਖਾ ਦੇ ਹੱਜਨ, ਹੁਜਰਾ ਹਕ ਹਕ ਜਣਾਈਆ । ਕੂੜੀ ਕਿਰਿਆ ਕਲਜੁਗ ਜੀਵ ਜਹਾਨ ਤੱਜਣ, ਵਿਕਾਰ ਹੰਕਾਰ ਰਹਿਣ ਕੋਇ ਨਾ ਪਾਈਆ । ਆਤਮ ਪਰਮਾਤਮ ਬਖ਼ਸ਼ ਅਨੰਦਨ, ਅਨੰਦ ਅਨੰਦ ਵਿਚੋਂ ਪਰਗਟਾਈਆ । ਟਿੱਕੇ ਮਸਤਕ ਲਾ ਦੇ ਚੰਦਨ, ਧੂੜੀ ਖ਼ਾਕ ਖ਼ਾਕ ਰਮਾਈਆ । ਇਕੋ ਤੇਰੇ ਚਰਨ ਕਵਲ ਹੋਵੇ ਬੰਦਨ, ਬੰਦੇ ਬੰਦਗੀ ਵਿਚ ਸਮਾਈਆ । ਸ਼ਰਅ ਸ਼ਰੀਅਤ ਕਟ ਦੇ ਤੰਦਨ, ਤਾਰ ਸਿਤਾਰ ਇਕ ਹਿਲਾਈਆ । ਤੇਰੀ ਮੰਜ਼ਲ ਸਾਰੇ ਲੰਘਣ, ਜਗਤ ਹਦੂਦਾਂ ਪੰਧ ਮੁਕਾਈਆ । ਤੂੰ ਸਾਹਿਬ ਸੂਰਾ ਸਰਬੰਗਣ, ਹਰਿ ਕਰਤਾ ਇਕ ਅਖਵਾਈਆ । ਇਕੋ ਤੇਰਾ ਢੋਲਾ ਹੋਵੇ ਨਾਮ ਛੰਦਨ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਮਿਲਕੇ ਵਜੇ ਵਧਾਈਆ । ਝਗੜਾ ਮਿਟਾ ਦੇ ਤਤ ਪੰਜਨ, ਅਪ ਤੇਜ

੧੪੩੯
੨੪

ਵਾਏ ਪ੍ਰਿਥਮੀ ਆਕਾਸ਼ ਇਕੋ ਰੰਗ ਦੇਣਾ ਰੰਗਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਨੇਤਰ ਨਾਮ ਪਾ ਦੇ ਅੰਜਨ, ਅੰਧ ਆਤਮ ਪਰਮਾਤਮ ਕਰ ਰੁਸ਼ਨਾਈਆ । ਤੇਰਾ ਦੀਪਕ ਜੋਤ ਭਗਤ ਸੁਹੇਲੇ ਘਰ ਘਰ ਜਗਣ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ । ਤੂੰ ਗੁਪਾਲ ਮੂਰਤ ਮਦਨ, ਮਧਸੂਦਨ ਤੇਰੇ ਹੱਥ ਵਡਿਆਈਆ । ਦੀਨ ਦੁਨੀ ਝਗੜਾ ਰਹੇ ਨਾ ਕਾਇਆ ਮਾਟੀ ਬਦਨ, ਤਨ ਵਜੂਦਾਂ ਲੇਖਾ ਰਹੇ ਨਾ ਰਾਈਆ । ਮਿਹਰਵਾਨ ਹੋ ਕੇ ਮੇਰੇ ਪਰਦੇ ਆਵੀਂ ਕੱਜਣ, ਸਚ ਸੁਆਮੀ ਸਿਰ ਮੇਰੇ ਹੱਥ ਟਿਕਾਈਆ । ਤੂੰ ਸ਼ਾਹੋ ਭੂਪ ਆਦਿ ਨਿਰੰਜਣ, ਨਿਰਵੈਰ ਪੁਰਖ ਅਗੰਮ ਅਥਾਹੀਆ । ਮੈਂ ਤੇਰਾ ਰਾਹ ਉਡੀਕਦੀ ਕਦਨ, ਸਤਿਜੁਗ ਤਰੇਤਾ ਦੁਵਾਪਰ ਕਲਜੁਗ ਵੇਖਾਂ ਲੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਆਪਣੀ ਦੀਨ ਦੁਨੀ ਵੇਖ ਲੈ ਮੇਰੇ ਉਤੇ, ਉੱਤਰ ਪੂਰਬ ਪੱਛਮ ਦੱਖਣ ਧਿਆਨ ਲਗਾਈਆ । ਭਰੋਸਾ ਕਿਸੇ ਰਿਹਾ ਨਾ ਤੇਰੇ ਉਤੇ, ਆਤਮ ਪਰਮਾਤਮ ਰੰਗ ਨਾ ਕੋਇ ਰੰਗਾਈਆ । ਨਵ ਖੰਡ ਪ੍ਰਿਥਮੀ ਗੂੜ੍ਹੀ ਨੀਂਦ ਸੁਤੇ, ਸੱਤ ਦੀਪ ਲਏ ਨਾ ਕੋਇ ਅੰਗੜਾਈਆ । ਤੂੰ ਮਾਲਕ ਖ਼ਾਲਕ ਅਬਿਨਾਸ਼ੀ ਅਚੁਤੇ, ਚੇਤਨ ਹੋ ਕੇ ਧਿਆਨ ਲਗਾਈਆ । ਮੇਰੀ ਜਗਤ ਬਹਾਰ ਤਕ ਲੈ ਰੁੱਤੇ, ਖ਼ਿਜ਼ਾਂ ਆਪਣਾ ਰੂਪ ਵਖਾਈਆ । ਜਗਤ ਜਗਿਆਸੂ ਤੇਰਾ ਮਾਰਗ ਘੁੱਥੇ, ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਸਚ ਸੁਆਮੀ ਤੇਰੇ ਪਿਆਰ ਵਿਚ ਰੁੱਸੇ, ਰਸਤਾ ਨਜ਼ਰ ਕਿਸੇ ਨਾ ਆਈਆ । ਬਿਨ ਤੇਰੀ ਕਿਰਪਾ ਵਾਤ ਕੋਈ ਨਾ ਪੁਛੇ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ ।
 ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ੧੪੪੦
 ਮੇਰੇ ਅੰਤ ਕੰਤ ਭਗਵੰਤ ਭਾਗ ਨਾ ਜਾਣ ਨਿਖੁੱਟੇ, ਖੋਟੇ ਖਰੇ ਨਿਰਗੁਣ ਹਰੀ ਹਰੇ, ਹਰਿ ਕਰਤੇ ਦੇਣੀ ਆਪ ਮਾਣ ਵਡਿਆਈਆ । ੨੪

## ੧੮ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਸ਼ਰੀਹਪੁਰ ਜ਼ਿਲਾ ਹੁਸ਼ਿਆਰਪੁਰ ਵਤਨ ਸਿੰਘ ਦੇ ਗ੍ਰਿਹਿ

ਧਰਨੀ ਕਹੇ ਪਰਮ ਪੁਰਖ ਪ੍ਰਭ ਤੇਰੀ ਇਕੋ ਟੇਕਾ, ਧੂੜੀ ਟਿੱਕੇ ਮਸਤਕ ਖ਼ਾਕ ਰਮਾਈਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਤੇਰਾ ਖੇਲ ਤਕਿਆ ਵਾਰ ਅਨੇਕਾ, ਅਵਤਾਰ ਪੈਗ਼ੰਬਰ ਗੁਰ ਨਿਰਗੁਣ ਸਰਗੁਣ ਤੇਰਾ ਰੂਪ ਨਜ਼ਰੀ ਆਈਆ । ਦੀਨ ਮਜ਼੍ਹਬ ਦਾ ਤੇਰੇ ਹੁਕਮ ਦਾ ਜਗਤ ਜਹਾਨ ਠੇਕਾ, ਠਾਕਰ ਸੁਆਮੀ ਅੰਤਰਜਾਮੀ ਤੇਰੀ ਵਡ ਵਡਿਆਈਆ । ਪੁਰਖ ਅਕਾਲੇ ਦੀਨ ਦਿਆਲੇ ਪਰਵਰਦਿਗਾਰ ਸਾਂਝੇ ਯਾਰ ਮੇਰੇ ਉਤੇ ਆਤਮ ਧਾਰ ਕਰਾ ਦੇ ਏਕਾ, ਇਕ ਇਕੱਲੇ ਸਚ ਮਹੱਲੇ ਜਲ ਥਲੇ ਦੇ ਮਾਣ ਵਡਿਆਈਆ । ਤ੍ਰੈਗੁਣ ਮਾਇਆ ਤਨ ਵਜੂਦ ਲਾ ਸਕੇ ਨਾ ਸੇਕਾ, ਅਗਨੀ ਤਤ ਤਤਵ ਸਕੇ ਨਾ ਕੋਇ ਤਪਾਈਆ । ਹਰਿਜਨ ਤਨ ਵਜੂਦ ਮਾਟੀ ਖ਼ਾਕ ਅੰਤਰ ਨਿਰੰਤਰ ਕਰ ਦੇ ਬੁਧਿ ਬਿਬੇਕਾ, ਮਨ ਕਲਪਣਾ ਕੂੜ ਕਿਰਿਆ ਅੰਦਰੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੋਂ ਭਾਉ ਚੁਕਾ ਦੇ ਦੂਜਾ, ਦੁਤੀਆ ਰਹਿਣ ਕੋਇ ਨਾ ਪਾਈਆ । ਆਪਣਾ ਭੇਵ ਖੁਲ੍ਹਾ ਦੇ ਗੁਝਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਤੇਰਾ ਦੁਆਰ ਏਕੰਕਾਰ ਸਭ ਨੂੰ ਹੋਵੇ ਸੁਝਾ, ਪਰਵਰਦਿਗਾਰ ਸਾਂਝੇ ਯਾਰ ਤੇਰੀ ਤੇਰੇ ਹੱਥ ਵਡਿਆਈਆ । ਲੇਖਾ ਰਹੇ ਨਾ ਜ਼ਾਤ ਪਾਤ ਨੀਚ ਊਚਾ,

ਉਚ ਅਗੰਮ ਅਥਾਹ ਬੇਪਰਵਾਹ ਦੇਣੀ ਮਾਣ ਵਡਿਆਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਮੇਰਾ ਖ਼ੁਸ਼ਹਾਲ ਕਰਦੇ ਕੂਚਾ, ਕੂਚਾ ਗਲੀ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਮਿਹਰਵਾਨ ਹੋ ਕੇ ਵੱਟ ਕਰਵਟ, ਪਾਸਾ ਦੀਨ ਦੁਨੀ ਬਦਲਾਈਆ । ਧਰਮ ਦੀ ਧਾਰ ਸਚ ਖੋਲ੍ਹ ਦੇ ਹੱਟ, ਵਸਤ ਅਮੁਲ ਅਤੁਲ ਵਿਚ ਟਿਕਾਈਆ । ਤੂੰ ਵਸਣਹਾਰਾ ਨਿਰਗੁਣ ਧਾਰ ਘਟ ਘਟ, ਗ੍ਰਿਹ ਗ੍ਰਿਹ ਆਪਣਾ ਆਸਣ ਲਾਈਆ । ਆਪਣਾ ਭੇਵ ਖੁਲ੍ਹਾ ਦੇ ਇਕ ਸਮਝਾ ਦੇ ਤੀਰਥ ਕਿਨਾਰਾ ਤਟ, ਜਗਤ ਘਾਟਾਂ ਲੋੜ ਰਹੇ ਨਾ ਰਾਈਆ । ਤੀਰ ਅਣਿਆਲੇ ਨਾਮ ਨਾਲ ਹਰ ਹਿਰਦਾ ਸਤਿਗੁਰ ਫਟ, ਪਰਦਾ ਪਰਦਿਆਂ ਵਿਚੋਂ ਉਠਾਈਆ । ਕਲਜੁਗ ਕਿਰਿਆ ਕੂੜ ਖੇਲ ਮੇਟ ਬਾਜ਼ੀਗਰ ਨਟ, ਸਵਾਂਗੀ ਆਪਣਾ ਸਵਾਂਗ ਦੇ ਜਣਾਈਆ । ਦੁਰਮਤ ਮੈਲ ਹਰ ਹਿਰਦਿਉਂ ਦੇਣੀ ਕਟ, ਕਟਾਕਸ਼ ਆਪਣਾ ਨਾਮ ਲਗਾਈਆ । ਸ਼ਰਅ ਦੀਨ ਦੁਨੀ ਦੀ ਰਹੇ ਕੋਇ ਨਾ ਵੱਟ, ਵਟਣਾ ਧਰਮ ਧਾਰ ਦੇਣਾ ਮਲਾਈਆ । ਤੇਰਾ ਅੰਮ੍ਰਿਤ ਰਸ ਨਿਝਰ ਧਾਰ ਸਾਰੇ ਲੈਣ ਚੱਟ, ਚੇਟਕ ਆਪਣਾ ਇਕ ਦ੍ਰਿੜਾਈਆ । ਹਉਮੇ ਹੰਗਤਾ ਅੰਦਰੋਂ ਜੜ੍ਹ ਪਟ, ਪਟਨੇ ਵਾਲਾ ਸਤਿਗੁਰ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਮੇਰੇ ਪੁਰਖ ਅਕਾਲੇ ਦੀਨ, ਦਿਆਲ ਦਇਆ ਨਿਧ ਤੇਰੀ ਸਰਨਾਈਆ । ਆਪਣਾ ਮਾਰਗ ਦੱਸ ਮਹੀਨ, ਪੰਥ ਇਕੋ ਇਕ ਜਣਾਈਆ । ਝਗੜਾ ਰਹੇ ਨਾ ਲੋਕ ਤੀਨ, ਤ੍ਰੈਗੁਣ ਅਤੀਤੇ ਏਕਾ ਰੰਗ ਦੇਣਾ ਰੰਗਾਈਆ । ਮੈਂ ਨਿਮਾਣੀ ਹੋ ਕੇ ਹੋਈ ਮਸਕੀਨ, ਆਜਜ਼ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਬੇਪਰਵਾਹੀਆ । ਧਰਨੀ ਕਹੇ ਪ੍ਰਭੂ ਲੇਖਾ ਵੇਖ ਲੈ ਮੇਰੇ ਘਰ ਦਾ, ਗ੍ਰਿਹ ਮੰਦਰ ਕੁੰਡਾ ਆਪ ਖੁਲ੍ਹਾਈਆ । ਤੇਰਾ ਆਤਮਾ ਤੈਨੂੰ ਨੂਰ ਕੋਇ ਨਾ ਵਰਦਾ, ਪਤਿਪਰਮੇਸ਼ਵਰ ਤੇਰਾ ਮੇਲ ਨਾ ਕੋਇ ਮਿਲਾਈਆ । ਭੈ ਵਿਚ ਦਿਸੇ ਮੂਲ ਕੋਇ ਨਾ ਡਰਦਾ, ਭੌ ਸਿਰ ਨਾ ਕੋਇ ਰਖਾਈਆ । ਨਵ ਸੱਤ ਕਿਲਾ ਬਣਿਆ ਹੰਕਾਰ ਗੜ੍ਹ ਦਾ, ਹਉਮੇਂ ਸਕੇ ਨਾ ਕੋਇ ਮਿਟਾਈਆ । ਆਤਮ ਪਰਮਾਤਮ ਢੋਲਾ ਕੋਇ ਨਾ ਪੜ੍ਹਦਾ, ਪਾਰਬ੍ਰਹਮ ਬ੍ਰਹਮ ਵਿਚ ਨਾ ਕੋਇ ਸਮਾਈਆ । ਨਿਗਾਹ ਮਾਰ ਲੈ ਉੱਤਰ ਪੂਰਬ ਪੱਛਮ ਦੱਖਣ ਲਹਿੰਦਾ ਚੜ੍ਹਦਾ, ਚਾਰੋਂ ਕੁੰਟ ਧਿਆਨ ਲਗਾਈਆ । ਸਾਚੀ ਮੰਜ਼ਲ ਮਹਿਬੂਬ ਹਕੀਕਤ ਵਾਲੀ ਤੇਰੇ ਦਰ ਕੋਇ ਨਾ ਵੜਦਾ, ਜੋਤੀ ਜਾਤੇ ਪੁਰਖ ਬਿਧਾਤੇ ਤੇਰਾ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੈਨੂੰ ਬਖ਼ਸ਼ ਦੇ ਇਕੋ ਸਰਨਗਤ, ਦੂਸਰ ਓਟ ਨਾ ਕੋਇ ਤਕਾਈਆ । ਮੇਰੇ ਦੇਸ ਪਰਦੇਸੀਆ ਆ ਜਾ ਵਤ, ਬੇਵਤਨਾਂ ਦਾ ਲੇਖਾ ਵੇਖ ਵਖਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਤਕ ਲੈ ਉਬਲਦੀ ਰੱਤ, ਅੰਮ੍ਰਿਤ ਮੇਘ ਸਚ ਨਾ ਕੋਇ ਬਰਸਾਈਆ । ਧਰਮ ਦੀ ਰਹੀ ਕਿਸੇ ਨਾ ਮਤਿ, ਮਨਮਤ ਚਾਰ ਕੁੰਟ ਹੋਈ ਹਲਕਾਈਆ । ਧੀਰਜ ਸੰਤੋਖ ਰਿਹਾ ਨਾ ਸਤਿ, ਸਤਿ ਸਤਿਵਾਦੀ ਤੇਰੇ ਰੰਗ ਨਾ ਕੋਇ ਸਮਾਈਆ । ਮੈਂ ਤੇਰੇ ਅਗੇ ਵਾਸਤਾ ਰਹੀ ਘਤ, ਨਿਵ ਨਿਵ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਤਕ ਲੈ ਆਪਣੀ ਮਾਨਵ ਧਾਰ ਮਨੁਖ, ਮਾਣਸ ਖੋਜ

ਖੁਜਾਈਆ । ਅੰਤਰ ਨਿਰੰਤਰ ਰਿਹਾ ਕਿਸੇ ਨਾ ਸੁਖ, ਸਾਂਤਕ ਸਤਿ ਨਾ ਕੋਇ ਕਰਾਈਆ । ਕਲਜੁਗ ਕੂੜੀ ਕਿਰਿਆ ਘਰ ਘਰ ਦਿਤਾ ਦੁਖ, ਕਲੇਸ਼ਾਂ ਵਿਚ ਰੋਵੇ ਤੇਰੀ ਖ਼ਲਕ ਖ਼ੁਦਾਈਆ । ਉਜਲ ਹੋਇਆ ਕਿਸੇ ਨਾ ਮੁਖ, ਦੁਰਮਤ ਮੈਲ ਨਾ ਕੋਇ ਧੁਆਈਆ । ਗ਼ਰੀਬ ਨਿਮਾਣਿਆਂ ਕੱਟੇ ਕੋਈ ਨਾ ਭੁਖ, ਸਾਂਤਕ ਸਤਿ ਨਜ਼ਰ ਕੋਇ ਨਾ ਆਈਆ । ਮੈਂ ਧਰਤ ਨਿਮਾਣੀ ਲੱਖ ਚੁਰਾਸੀ ਵੇਖਣਹਾਰੀ ਵਲ ਆਪਣੀ ਕੁੱਖ, ਬਿਨਾ ਜਨਮ ਤੋਂ ਬਣਾਂ ਜਣੇਂਦੀ ਮਾਈਆ । ਤੂੰ ਪਰਵਰਦਿਗਾਰ ਸਾਂਝੇ ਯਾਰ ਏਕੰਕਾਰ ਅੰਮ੍ਰਿਤ ਜਾਮ ਪਿਆ ਦੇ ਘੁਟ, ਅੰਮਿਉਂ ਰਸ ਆਪਣਾ ਆਪ ਚਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਪ੍ਰਭ ਆ ਕੇ ਤਕ ਇਕੱਲਾ, ਅਕਲ ਕਲ ਧਾਰੀ ਵੇਸ ਵਟਾਈਆ । ਨਵ ਸੱਤ ਮੇਰਾ ਵੇਖ ਮਹੱਲਾ, ਜਲ ਥਲ ਮਹੀਅਲ ਫੇਲ ਫੁਲਾਈਆ । ਫਿਰਨਾ ਜੰਗਲ ਜੂਹ ਉਜਾੜਾਂ ਵਿਚ ਝੱਲਾਂ, ਟਿੱਲੇ ਪਰਬਤ ਚੋਟੀਆਂ ਪੰਧ ਮੁਕਾਈਆ । ਲੱਖ ਚੁਰਾਸੀ ਜੀਵ ਜੰਤ ਤਕਣਾ ਤੇਰੇ ਨਾਲੋਂ ਛੁਟਿਆ ਸਭ ਦਾ ਪੱਲਾ, ਪੱਲੂ ਗੰਢ ਨਾ ਕੋਇ ਬੰਧਾਈਆ । ਕਲਜੁਗ ਕੂੜ ਕੁੜਿਆਰ ਮੇਰੇ ਉਤੇ ਬੋਲਿਆ ਹੱਲਾ, ਹਾਲਤ ਬਦਲੀ ਖ਼ਲਕ ਖ਼ੁਦਾਈਆ । ਤੂੰ ਨੂਰ ਅਲਾਹੀ ਆਲਮੀਨ ਅੱਲਾ, ਯਾਮਬੀਨ ਕਹਿ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਨਿਗਾਹ ਮਾਰ ਮੇਰੇ ਮਹਿਬੂਬਾ, ਬੇਐਬ ਧਿਆਨ ਲਗਾਈਆ । ਪਰਦਾ ਚੁਕ ਦੇ ਆਲੀਸ਼ਾਨ ਅਰਸ਼ ਅਰੂਜਾ, ਮੁਕ਼ਾਮੇ ਹਕ ਓਹਲਾ ਰਹੇ ਨਾ ਰਾਈਆ । ਆਪਣਾ ਭੇਵ ਦੱਸ ਦੇ ਗੁਝਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਮੈਂ ਨਿਮਾਣੀ ਕੁਰਲਾਵਾਂ ਧਰਨੀ ਧਵਲ ਧਰਤ ਧੌਲ ਬਸੁਧਾ, ਬੇਸੁਧ ਹੋ ਕੇ ਦਿਆਂ ਦੁਹਾਈਆ । ਉਹ ਲੇਖਾ ਤਕ ਲੈ ਜੋ ਇਸ਼ਾਰਾ ਦੇ ਕੇ ਗਿਆ ਬੁੱਧਾ, ਬੁੱਧੀ ਤੋਂ ਪਰੇ ਦ੍ਰਿੜਾਈਆ । ਜਿਸ ਬਿਧ ਕਲਜੁਗ ਅੰਤਮ ਹੋਣਾ ਯੁੱਧਾ, ਯੁਗਤੀ ਤੇਰੇ ਵਿਚ ਨਜ਼ਰੀ ਆਈਆ । ਸਤਿ ਧਰਮ ਕਰ ਦੇ ਉਦਾ, ਉਦੈ ਅਸਤ ਕਰ ਰੁਸ਼ਨਾਈਆ । ਆਪਣੇ ਨਾਮ ਦਾ ਸਭ ਨੂੰ ਦੱਸਦੇ ਮੁੱਦਾ, ਮੁਦਤਾਂ ਦੇ ਮਾਲਕ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਹੁਕਮ ਵਿਚ ਕਲਜੁਗ ਅੰਤਮ ਸਮਾਂ ਹੋਵੇ ਪੁੱਗਾ, ਅਗੇ ਲੇਖਾ ਜਗਤ ਨਜ਼ਰ ਕੋਇ ਨਾ ਆਈਆ ।

### ✪ ੧੮ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਪੰਜਢੇਰਾ ਜ਼ਿਲਾ ਹੁਸ਼ਿਆਰਪੁਰ ਲਾਲ ਸਿੰਘ ਦੇ ਗ੍ਰਿਹਿ ✪

ਨਾਰਦ ਕਹੇ ਧਰਨੀਏ ਸਤਿਗੁਰ ਸ਼ਬਦ ਦੱਸ ਦੇ ਆਪਣਾ ਘਾਟਾ, ਲੇਖਾ ਦੀਨ ਦੁਨੀ ਮੰਗ ਮੰਗਾਈਆ । ਕੂੜ ਕੁੜਿਆਰ ਨਵ ਸੱਤ ਵਖਾ ਦੇ ਹਾਟਾ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਨਾਲ ਲੇਖਾ ਦੱਸ ਦੇ ਕਲਜੁਗ ਨਟੂਏ ਨਾਟਾ, ਕੀ ਸਵਾਂਗੀ ਆਪਣਾ ਸਵਾਂਗ ਵਰਤਾਈਆ । ਅੰਮ੍ਰਿਤ ਰਿਹਾ ਨਾ ਗੋਬਿੰਦ ਧਾਰ ਬਾਟਾ, ਰਸ ਰਸ ਨਾ ਕੋਇ ਚਖਾਈਆ । ਖ਼ਾਲੀ ਹੋ ਗਿਆ ਤਨ ਵਜੂਦ ਕਾਇਆ ਮਾਟਾ, ਮਟਕੀ ਸਤਿ ਰੰਗ ਨਾ ਕੋਇ ਰੰਗਾਈਆ । ਪੁਰਖ ਪੁਰਖੋਤਮ ਨਜ਼ਰ ਆਏ ਨਾ ਆਤਮ ਸੇਜ ਖਾਟਾ, ਖਟੀਆ ਰੋ ਰੋ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਮਾਲਕ ਕੀ ਹੁਕਮ ਜਣਾਈਆ । ਧਰਨੀ ਕਹੇ ਨਾਰਦਾ ਮੇਰਾ ਵੇਖ ਲੈ ਡੂੰਘਾ ਖਾਤਾ, ਕ਼ਤਰੇ ਵਿਚ ਖ਼ਲਕ ਖ਼ੁਦਾਈਆ । ਸਤਿਗੁਰ ਸ਼ਬਦ ਦੀਆਂ ਸੁਣ ਲੈ ਬਾਤਾਂ, ਜੋ ਬਿਨਾ ਰਸਨਾ ਜੇਹਵਾ ਢੋਲੇ ਰਿਹਾ ਸੁਣਾਈਆ । ਜਿਸ ਮੇਰਾ ਲਹਿਣਾ ਦੇਣਾ ਮੁਕਾਉਣਾ ਕਲਜੁਗ ਮੇਟਣੀ ਅੰਧੇਰੀ ਰਾਤਾ, ਰੁਤੜੀ ਆਪਣੇ ਨਾਲ ਮਹਿਕਾਈਆ । ਝਗੜਾ ਰਹਿਣ ਨਾ ਦੇਵੇ ਜ਼ਾਤਾਂ ਪਾਤਾਂ, ਦੀਨਾਂ ਮਜ਼੍ਹਬਾਂ ਇਕੋ ਰੰਗ ਚੜ੍ਹਾਈਆ । ਓਹ ਪੁਛਣਹਾਰਾ ਏਕੰਕਾਰਾ ਮੇਰੀ ਵਾਤਾ, ਵਾਰਸ ਹੋ ਕੇ ਧਿਆਨ ਲਗਾਈਆ । ਜਨ ਭਗਤਾਂ ਜੋੜਨਹਾਰਾ ਚਰਨ ਨਾਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਨਾਰਦ ਕਹੇ ਧਰਨੀਏ ਉਸ ਦੇ ਅਗੇ ਦੱਸ ਦੇ ਆਪਣਾ ਹਾਲ, ਹਾਲਤ ਦੀਨ ਦੁਨੀ ਜਣਾਈਆ । ਜੋ ਸੰਬਲ ਵਿਚ ਬਹਿ ਕੇ ਕਰੇ ਸੰਭਾਲ, ਸਤਿਗੁਰ ਦਾਤਾ ਇਕ ਅਖਵਾਈਆ । ਜਿਸ ਦੇ ਹੁਕਮ ਵਿਚ ਕਾਲ ਮਹਾਕਾਲ, ਰਾਏ ਧਰਮ ਬੈਠਾ ਸੀਸ ਨਿਵਾਈਆ । ਓਹ ਤੇਰਾ ਲਹਿਣਾ ਦੇਣਾ ਵੇਖੇ ਹਰਿ ਗੋਬਿੰਦ ਬਣ ਗੋਪਾਲ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜਿਸ ਦਾ ਸਤਿਗੁਰ ਸ਼ਬਦ ਵਿਚੋਲਾ ਇਕ ਦਲਾਲ, ਦੋ ਜਹਾਨਾਂ ਹੁਕਮ ਵਰਤਾਈਆ । ਜੋ ਤੇਰੀ ਲੇਖੇ ਲਾਵੇ ਘਾਲ, ਘਾਇਲ ਹੋ ਕੇ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਹੋਏ ਸਹਾਈਆ । ਧਰਨੀ ਕਹੇ ਨਾਰਦਾ ਮੈਂ ਕੀ ਦੱਸਾਂ ਹਾਲਤ, ਕਹਿਣ ਕਿਛ ਨਾ ਪਾਈਆ । ਦੀਨ ਦੁਨੀ ਦੇ ਅੰਦਰ ਹੋਈ ਜਹਾਲਤ, ਸਚ ਰੰਗ ਨਾ ਕੋਇ ਰੰਗਾਈਆ । ਧਰਮ ਦੀ ਦਿਸੇ ਨਾ ਕੋਇ ਅਦਾਲਤ, ਕਲਜੁਗ ਕਿਰਿਆ ਕੂੜ ਹਲਕਾਈਆ । ਸਾਚਾ ਨਾਮ ਮਿਲੇ ਨਾ ਕਿਸੇ ਨਿਆਮਤ, ਅੰਮ੍ਰਿਤ ਰਸ ਨਾ ਕਿਸੇ ਚਖਾਈਆ । ਮੇਰੇ ਉਤੇ ਆਉਣ ਵਾਲੀ ਕ਼ਿਆਮਤ, ਕ਼ਾਇਮ ਮੁਕ਼ਾਮ ਰਹਿਣ ਕੋਇ ਨਾ ਪਾਈਆ । ਸਦੀ ਚੌਧਵੀਂ ਅੰਧੇਰਾ ਹੋਣਾ ਸ਼ਾਮਤ, ਸ਼ਮਅ ਦੀਪ ਨੂਰ ਨਾ ਕੋਇ ਰੁਸ਼ਨਾਈਆ । ਇਕੋ ਹੁਕਮ ਵਰਤਣਾ ਪਰਵਰਦਿਗਾਰ ਸਹੀ ਸਲਾਮਤ, ਸਾਂਝਾ ਯਾਰ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਭੇਵ ਅਭੇਦ ਆਪ ਖੁਲ੍ਹਾਈਆ । ਨਾਰਦ ਕਹੇ ਧਰਨੀਏ ਪ੍ਰਭ ਦੇ ਅਗੇ ਦੱਸ ਦੇ ਬਿਨ ਨੇਤਰ ਨੈਣਾ ਰੋ, ਭੇਦ ਅਭੇਦ ਜਣਾਈਆ । ਓਹ ਜਾਨਣਹਾਰਾ ਦੋ ਜਹਾਨਾ ਸੋ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਜੋ ਝਗੜਾ ਮੇਟੇ ਦੀਨ ਦੁਨੀ ਦਾ ਦੋ, ਦੋਹਰੀ ਆਪਣੀ ਕਲ ਵਰਤਾਈਆ । ਜਿਸ ਦਾ ਭੇਵ ਨਾ ਜਾਣੇ ਕੋ, ਕ਼ੁਦਰਤ ਦਾ ਕ਼ਾਦਰ ਇਕ ਅਖਵਾਈਆ । ਉਸ ਦਾ ਚਰਨ ਕਵਲ ਧਰਨੀਏ ਤੇਰੇ ਉਤੇ ਜਾਏ ਛੋਹ, ਛੋਹਰ ਬਾਂਕਾ ਇਕੋ ਨਜ਼ਰੀ ਆਈਆ । ਕਲਜੁਗ ਕੂੜੀ ਕਿਰਿਆ ਨਵ ਸੱਤ ਲਏ ਖੋਹ, ਧੌਲ ਧਵਲੇ ਤੇਰਾ ਲੇਖਾ ਪੂਰ ਕਰਾਈਆ । ਸਤਿ ਧਰਮ ਨਾਲ ਸਭ ਦਾ ਬਖ਼ਸ਼ੇ ਮੋਹ, ਮੁਹੱਬਤ ਇਕੋ ਨਾਮ ਜਣਾਈਆ । ਨਿਝਰ ਧਾਰੋਂ ਅੰਮ੍ਰਿਤ ਰਸ ਦੇਵੇ ਚੋ, ਬੂੰਦ ਸਵਾਂਤੀ ਅਗੰਮ ਟਪਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਧਰਨੀ ਕਹੇ ਨਾਰਦ ਮੈਂ ਰੋ ਕੇ ਮਾਰਾਂ ਧਾ, ਹਾਏ, ਉਫ਼ ਮੇਰੀ ਦੁਹਾਈਆ । ਪੁਰਖ ਅਕਾਲੇ ਦੀਨ ਦਿਆਲੇ ਮੇਰੇ ਉਤੇ ਆ, ਆਗਮਨ ਵਿਚ ਤੇਰਾ ਰਾਹ ਤਕਾਈਆ । ਜੋਤੀ ਜਾਤੇ ਪੁਰਖ ਬਿਧਾਤੇ ਨਿਰਗੁਣ ਧਾਰ ਕਰ ਰੁਸ਼ਨਾ, ਦੋ ਜਹਾਨਾਂ ਨੂਰ ਨੁਰਾਨਾ ਨਜ਼ਰੀ ਆਈਆ । ਮੈਂ ਕੂਕ ਪੁਕਾਰਾਂ ਉਚੀ ਕੱਢ ਕੇ ਬਾਂਹ, ਬਹਿਰਹਾਲ ਦਿਆਂ ਸੁਣਾਈਆ । ਕਲਜੁਗ ਜੀਵਾਂ ਬੁੱਧੀ ਤਕ ਲੈ ਕਾਂ, ਕਾਗ ਵਾਂਗ ਸਰਬ ਕੁਰਲਾਈਆ । ਤੇਰੇ

੧੪੪੩
੨੪

ਪਿਆਰੇ ਹੋ ਕੇ ਪ੍ਰਭੂ ਕਿਸੇ ਨੇ ਸੂਰ ਖਾਧਾ ਕਿਸੇ ਨੇ ਖਾਧੀ ਗਾਂ, ਪਸ਼ੂਆਂ ਖੱਲ ਲੁਹਾਈਆ । ਹਰ ਹਿਰਦਿਉਂ ਨਿਕਲਿਆ ਤੇਰਾ ਨਾਂ, ਨਾਉਂ ਨਿਰੰਕਾਰਾ ਢੋਲਾ ਕੋਇ ਨਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੈਂ ਨਿਮਾਣੀ ਧਰਤ ਸਦਾ ਰਖ ਠੰਡੀ ਛਾਂ, ਸਦਾ ਸੁਹੇਲੇ ਇਕ ਇਕੇਲੇ ਮੇਰੀ ਆਸਾ ਪੂਰ ਕਰਾਈਆ ।

## ✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਪੰਜ ਢੇਰਾ ਜ਼ਿਲਾ ਹੁਸ਼ਿਆਰਪੁਰ ਕਰਤਾਰ ਸਿੰਘ ਦੇ ਗ੍ਰਿਹ ✪

ਨਾਰਦ ਕਹੇ ਧਰਨੀਏ ਪ੍ਰਭ ਦਾ ਖੇਲ ਤਕ ਅਵੱਲਾ, ਅਵਲ ਅੱਲਾ ਕੀ ਆਪਣੀ ਕਲ ਪਰਗਟਾਈਆ । ਜੋਤੀ ਧਾਰ ਖੇਲ ਕਰੇ ਇਕੱਲਾ, ਸ਼ਬਦੀ ਸ਼ਬਦ ਜਣਾਈਆ । ਸੰਬਲ ਬਹਿ ਗਿਆ ਸਚ ਮਹਲਾ, ਸਾਢੇ ਤਿੰਨ ਹੱਥ ਰੰਗ ਰੰਗਾਈਆ । ਵੇਖਣਹਾਰਾ ਜਲਾਂ ਥਲਾਂ, ਅਸਗਾਹਾਂ ਫੋਲ ਫੁਲਾਈਆ । ਆਤਮ ਸਿੰਘਾਸਣ ਇਕੋ ਮੱਲਾ, ਜਿਸ ਨੂੰ ਜਗ ਨੇਤਰ ਵੇਖਣ ਕੋਇ ਨਾ ਪਾਈਆ । ਪੂਰਨ ਹੋ ਕੇ ਪੂਰਨ ਵਿਚ ਰਲਾ, ਰਲ ਮਿਲ ਆਪਣੀ ਖ਼ੁਸ਼ੀ ਬਣਾਈਆ । ਭਗਤਾਂ ਫੜਾਉਣ ਆ ਗਿਆ ਪੱਲਾ, ਪਲਕ ਵਿਚ ਆਪਣਾ ਮੇਲ ਮਿਲਾਈਆ । ਜਿਸ ਦਾ ਦੀਪਕ ਸਭ ਤੋਂ ਨਿਰਾਲਾ ਜਲਾ, ਜਾਗਰਤ
੧੪੪੪ ਜੋਤ ਕਰੇ ਰੁਸ਼ਨਾਈਆ । ਉਸ ਨੇ ਖ਼ਬਰ ਸੰਦੇਸਾ ਇਕੋ ਘੱਲਾ, ਸੁਨੇਹੜਾ ਕੀ ਜਣਾਈਆ । ਮੇਰਾ ਹੁਕਮ ਸਦਾ ਰਹੇ ਅਟਲਾ, ਨਾ ਕੋਈ ਮੇਟੇ ੧੪੪੪
੨੪ ਮੇਟ ਮਿਟਾਈਆ । ਜਿਸ ਦੇ ਪਿਆਰ ਵਿਚ ਵਿਸ਼ਨ ਬ੍ਰਹਮਾ ਸ਼ਿਵ ਫਿਰੇ ਝੱਲਾ, ਝਲਕ ਤਕੇ ਨੂਰ ਅਲਾਹੀਆ । ਮੁਹੰਮਦ ਪੁਕਾਰ ਕੇ ਕਿਹਾ ਅੱਲਾ, ੨੪
ਆਲਮੀਨ ਤੇਰੀ ਵਡਿਆਈਆ । ਉਹ ਮਿਹਰਵਾਨ ਹੋ ਕੇ ਭਗਤਾਂ ਨਾਮ ਦੇਵੇ ਸੁਖੱਲਾ, ਸਾਵਰੀਆ ਕ਼ੀਮਤ ਨਾਂ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਧਰਨੀਏ ਉਤਾਂਹ ਵੇਖ ਉਠਾ ਕੇ ਮੁਖ, ਨੈਣ ਨੈਣਾਂ ਵਿਚੋਂ ਬਦਲਾਈਆ । ਜਿਸ ਦੀਆਂ ਸਾਰੇ ਸੁਖਣਾਂ ਗਏ ਸੁਖ, ਸੁਖੀਂ ਸਾਂਦੀ ਆ ਗਿਆ ਧੁਰ ਦਾ ਮਾਹੀਆ । ਜੋ ਗ਼ਰੀਬ ਨਿਮਾਣਿਆਂ ਵੰਡੇ ਦੁਖ, ਦਲਿਦ੍ਰੀਆਂ ਦਇਆ ਕਮਾਈਆ । ਸਚ ਨਾਮ ਦੀ ਤੇਰੇ ਉਤੋਂ ਮੇਟੇ ਭੁਖ, ਵਸਤ ਅਗੰਮ ਵਰਤਾਈਆ । ਭਾਗ ਲਗਾ ਕੇ ਤੇਰੀ ਕੁੱਖ, ਹਰਿਜਨ ਸਾਚੇ ਦਏ ਸੁਹਾਈਆ । ਕੁਛ ਲੇਖਾ ਅਗਲਾ ਉਸ ਪ੍ਰਭੂ ਤੋਂ ਪੁਛ, ਜੋ ਪੁਸ਼ਤ ਪਨਾਹ ਸਭ ਦੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਨਾਰਦ ਕਹੇ ਧਰਨੀਏ ਓਹ ਆ ਗਿਆ ਪੀਰਾਂ ਦਾ ਪੀਰ, ਪੈਗ਼ੰਬਰਾਂ ਦਾ ਪੈਗ਼ੰਬਰ ਨੂਰ ਅਲਾਹੀਆ । ਜਿਸ ਦੀ ਸਭ ਤੋਂ ਵਖਰੀ ਤਾਸੀਰ, ਭੇਵ ਸਕੇ ਕੋਇ ਨਾ ਪਾਈਆ । ਜਿਸ ਦਾ ਇਸ਼ਾਰਾ ਦਿਤਾ ਬਿਨ ਰਸਨਾ ਜੇਹਵਾ ਕਬੀਰ, ਕਾਅਬਿਆਂ ਤੋਂ ਬਾਹਰ ਸੁਣਾਈਆ । ਓਹ ਆ ਗਿਆ ਤੇਰੀ ਬਦਲਣ ਤਕਦੀਰ, ਜਿਸ ਦੇਣੀ ਵਡਿਆਈਆ । ਸ਼ਰਅ ਦੇ ਤੋੜੇ ਜ਼ੰਜੀਰ, ਸ਼ਹਿਨਸ਼ਾਹ ਹੋ ਕੇ ਵੇਖ ਵਖਾਈਆ । ਉਸ ਨੂੰ ਲਭ ਸਕੇ ਨਾ ਕੋਇ ਫ਼ਕੀਰ, ਫ਼ਿਕਰਿਆਂ ਵਾਲੇ ਢੋਲੇ ਗਾਈਆ । ਉਹਦਾ ਨੂਰ ਬੇਨਜ਼ੀਰ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਉਹ ਆਇਆ ਬੇਤਸਵੀਰ, ਜਿਸ ਨੂੰ ਤਸੱਵਰ ਕਰ ਨਾ ਕੋਇ

ਸਮਝਾਈਆ । ਜਿਸ ਲਹਿਣਾ ਤੇਰਾ ਦੇਣਾ ਅਖ਼ੀਰ, ਆਖ਼ਰ ਆਪਣਾ ਹੁਕਮ ਵਰਤਾਈਆ । ਜਿਸ ਲੇਖੇ ਲਾਇਆ ਰਵੀਦਾਸ ਚਮਾਰੇ ਕਸੀਰ, ਕੌਡੀ ਆਪਣੇ ਹੱਟ ਵਿਕਾਈਆ । ਓਹ ਬਦਲਣਵਾਲਾ ਦੀਨ ਦੁਨੀ ਖ਼ਮੀਰ, ਭਗਤਾਂ ਭਗਵਨ ਆਪਣੇ ਰੰਗ ਰੰਗਾਈਆ । ਜਿਸ ਦਾ ਨਾਮ ਖੰਡਾ ਸ਼ਰਅ ਤੋਂ ਬਾਹਰ ਸ਼ਮਸ਼ੀਰ, ਧਾਰ ਦੋ ਧਾਰ ਆਪ ਪਰਗਟਾਈਆ । ਜਿਸ ਵੇਖਣਾ ਜਲ ਥਲ ਮਹੀਅਲ ਨੀਰ, ਸਮੁੰਦ ਸਾਗਰਾਂ ਖੋਜ ਖੁਜਾਈਆ । ਜਿਸ ਧਰਨੀ ਧੌਲ ਤੇਰੇ ਕਲਜੁਗ ਕੂੜ ਦੇ ਬਦਲਣੇ ਚੀਰ, ਚਿਰੀ ਵਿਛੁੰਨੀਏ ਤੇਰਾ ਲਹਿਣਾ ਤੇਰੀ ਝੋਲੀ ਪਾਈਆ । ਸਤਿਜੁਗ ਸਚ ਕਰੇ ਤਾਮੀਰ, ਤਮਾ ਲਾਲਚ ਨਾ ਕੋਇ ਰਖਾਈਆ । ਇਕੋ ਮਾਣ ਦੇਵੇ ਸ਼ਾਹ ਹਕੀਰ, ਪਾਤਸ਼ਾਹ ਧੁਰਦਰਗਾਹੀਆ । ਭਗਤਨ ਮੀਤਾ ਭਗਤਨ ਦੇਵੇ ਧੀਰ, ਧੀਰਜ ਧਰਮ ਧਾਰ ਸਮਝਾਈਆ । ਮਾਲਕ ਹੋ ਕੇ ਗੁਣੀ ਗਹੀਰ, ਗਹਿਰ ਗਵਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਭ ਦਾ ਮਾਲਕ ਸਭ ਦਾ ਮੁਦੀਰ, ਮੁਦਤਾਂ ਦੇ ਲੇਖੇ ਸਭ ਦੀ ਝੋਲੀ ਪਾਈਆ ।

### ✪ ੧੯ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਗਾਲੜੀਆਂ ਜ਼ਿਲਾ ਹੁਸ਼ਿਆਰਪੁਰ ਰਾਮ ਸਿੰਘ, ਦਰਬਾਰਾ ਸਿੰਘ, ਮੰਗਲ ਸਿੰਘ, ਗਿਆਨ ਚੰਦ ਤੇ ਆਤਮ ਚੰਦ ਤਲਵਾੜਾ ✪


੧੪੪੫
੨੪

ਧਰਨੀ ਕਹੇ ਮੇਰੇ ਪੁਰਖ ਅਕਾਲ ਬਾਪਾ, ਪਤਿਪਰਮੇਸ਼ਵਰ ਬੇਪਰਵਾਹ ਤੇਰੀ ਇਕ ਸਰਨਾਈਆ । ਤ੍ਰੈਗੁਣ ਮੇਰੇ ਅੰਤਸ਼ਕਰਨ ਮੇਟ ਦੇ ਤਾਪਾ, ਤ੍ਰੈਗੁਣ ਅਤੀਤੇ ਠਾਂਢੇ ਸੀਤੇ ਆਪਣਾ ਰੰਗ ਰੰਗਾਈਆ । ਦੀਨ ਦੁਨੀ ਦੇ ਅੰਦਰੋਂ ਕਢ ਦੇ ਪਾਪਾ, ਪਤਤ ਪੁਨੀਤ ਆਪ ਕਰਾਈਆ । ਮਿਹਰਵਾਨ ਮਹਿਬੂਬ ਮੇਰੀ ਅੰਤਮ ਪੁਛ ਵਾਤਾ, ਵਾਸਤਾ ਤੇਰੇ ਅਗੇ ਪਾਈਆ । ਕਲਜੁਗ ਕਿਰਿਆ ਕੂੜ ਮੇਟ ਦੇ ਰਾਤਾ, ਸਤਿਜੁਗ ਸਚ ਚੰਦ ਕਰ ਰੁਸ਼ਨਾਈਆ । ਆਤਮ ਪਰਮਾਤਮ ਜੋੜ ਦੇ ਨਾਤਾ, ਸੁਰਤੀ ਸ਼ਬਦ ਸ਼ਬਦ ਮਿਲਾਈਆ । ਝਗੜਾ ਮੇਟ ਦੇ ਜ਼ਾਤ ਪਾਤਾ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਆਪਣਾ ਡੂੰਘਾ ਦੱਸਦੇ ਖਾਤਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਤੂੰ ਮੇਰਾ ਆਦਿ ਜੁਗਾਦੀ ਪਿਤ ਮਾਤਾ, ਪਤਿਪਰਮੇਸ਼ਵਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਕਿਰਪਾ ਕਰ ਸੂਰੇ ਸਰਬੰਗ, ਬਗ ਬਪੜੇ ਕਲਜੁਗ ਜੀਵ ਵੇਖ ਵਖਾਈਆ । ਮਿਹਰਵਾਨ ਮੇਰੇ ਉਤੋਂ ਬੁਝਾ ਦੇ ਅੱਗ, ਅਗਨੀ ਤਤਵ ਤਤ ਨਾ ਕੋਇ ਜਲਾਈਆ । ਨਿਗਾਹ ਮਾਰ ਲੈ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਜਗ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ । ਜਨ ਭਗਤਾਂ ਦਰਸ਼ਨ ਦੇ ਉਪਰ ਸ਼ਾਹਰਗ, ਨੌਂ ਦੁਆਰ ਲੇਖਾ ਆਪ ਮੁਕਾਈਆ । ਹਰਿਜਨ ਹੰਸ ਬਣਾ ਲੈ ਫੜ ਕੇ ਕਗ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਦੀਨ ਦੁਨੀ ਦੀ ਧਾਰ ਵਿਚੋਂ ਕਰ ਅਲਗ, ਵਖਰਾ ਆਪਣਾ ਰੰਗ ਰੰਗਾਈਆ । ਹਰਿਜਨ ਰਹੇ ਨਾ ਕੋਈ ਬਪੁੜਾ ਬਗ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਅੰਤਸ਼ਕਰਨ ਕਰ ਪਵਿਤ, ਪਤਤ ਪੁਨੀਤ ਹੋਵੇ ਤੇਰੀ ਖ਼ਲਕ ਖ਼ੁਦਾਈਆ । ਹਰਿਜਨ ਹਿਰਦੇ ਵਸ ਚਿਤ, ਚੇਤਨ ਸੁਰਤੀ ਸਭ ਦੀ ਆਪ ਕਰਾਈਆ । ਨਿਜ ਨੇਤਰ ਦਰਸ਼ਨ ਹੋਵੇ ਨਿਤ, ਨੂਰ ਨੁਰਾਨੇ ਆਪਣਾ ਨੂਰ ਕਰ ਰੁਸ਼ਨਾਈਆ । ਭਗਤ ਸੁਹੇਲਾ ਤੇਰਾ ਇਕੋ ਹੋਵੇ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਨਿਮਾਣਿਆਂ ਬਣ ਜਾ ਮਾਤ ਪਿਤ, ਪਤਿਪਰਮੇਸ਼ਵਰ ਹੋ ਕੇ ਆਪਣੀ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸ਼ਾ ਤੇਰੇ ਚਰਨ, ਚਰਨੋਦਕ ਜਾਮ ਦੇਣਾ ਪਿਆਈਆ । ਇਕੋ ਬਖ਼ਸ਼ ਧੁਰ ਦੀ ਸਰਨ, ਸਰਨਗਤ ਇਕ ਸਮਝਾਈਆ । ਮੈਂ ਲੱਗੀ ਤੇਰੇ ਲੜਨ, ਪੱਲੂ ਤੇਰਾ ਗੰਢ ਬੰਧਾਈਆ । ਤੂੰ ਸਭ ਦਾ ਲੇਖਾ ਮੁਕਾਉਣਾ ਸੀਸ ਧੜਨ, ਵਜੂਦਾਂ ਵੰਡ ਨਾ ਕੋਇ ਵੰਡਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤੇਰਾ ਢੋਲਾ ਇਕੋ ਪੜ੍ਹਨ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਮੰਜ਼ਲ ਹਕੀਕੀ ਸਚਖੰਡ ਦੁਆਰੇ ਏਕੰਕਾਰੇ ਤੇਰੇ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਸਚਖੰਡ ਦੁਆਰ ਪਰਵਰਦਿਗਾਰ ਸਾਂਝੇ ਯਾਰ ਤੇਰੇ ਵੜਨ, ਦਰਗਾਹ ਸਾਚੀ ਆਪਣਾ ਆਸਣ ਲਾਈਆ । ਜਿਥੇ ਦੀਆ ਬਾਤੀ ਕਮਲਾਪਾਤੀ ਪਤਿਪਰਮੇਸ਼ਵਰ ਤੇਰਾ ਹੋਏ ਉਜਿਆਰ, ਉਜਾਲਾ ਦੋ ਜਹਾਨ ਕਰਾਈਆ । ਤੂੰ ਕਿਰਪਾ ਕਰਨੀ ਭਗਤ ਵਛਲ ਗਿਰਧਾਰ, ਗਿਰਵਰ ਤੇਰੇ ਉਤੇ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਸਤਿ ਸਚ ਕਰ ਪਰਧਾਨੀ, ਮਹਿਬੂਬ ਤੇਰੀ ਸਰਨਾਈਆ । ਲੇਖੇ ਲਾ ਲੈ ਜੀਵ ਪ੍ਰਾਣੀ, ਪੂਰਬ ਲਹਿਣੇ ਝੋਲੀ ਪਾਈਆ । ਸਭ ਦਾ ਸ਼ਹਿਨਸ਼ਾਹ ਬਣ ਸੁਲਤਾਨੀ, ਸੁਤੀ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਲੈ ਉਠਾਈਆ । ਨਾਮ ਨਿਧਾਨ ਦੀ ਮਾਰ ਕਾਨੀ, ਕਾਏਨਾਤ ਦੇ ਹਿਲਾਈਆ । ਲੇਖਾ ਮੁਕਾ ਦੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੇਖਣਾ ਥਾਉਂ ਥਾਈਂਆ । ਜਨ ਭਗਤਾਂ ਅੰਮ੍ਰਿਤ ਰਸ ਨਿਝਰ ਹੋਵੇ ਬੂੰਦ ਸਵਾਂਤ ਦੇਣਾ ਪਾਣੀ, ਨਾਭੀ ਕਵਲ ਕਵਲ ਉਲਟਾਈਆ । ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਸੁਣਾਉਣੀ ਧੁਰ ਦੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਕਾਇਆ ਮੰਦਰ ਅੰਦਰ ਦੀਪਕ ਜੋਤ ਜਗਾਉਣੀ ਮਹਾਨੀ, ਮਹਿੰਮਾ ਅਕਥ ਕਥ ਸੁਣਾਈਆ । ਹਰਿਜਨ ਅੰਦਰ ਰਹੇ ਨਾ ਮੂਲ ਪਰੇਸ਼ਾਨੀ, ਪਸ਼ਚਾਤਾਪ ਦੇਣਾ ਮਿਟਾਈਆ । ਇਕੋ ਦੱਸ ਕੇ ਮੰਜ਼ਲ ਰੁਹਾਨੀ, ਰੂਹ ਬੁਤ ਮੇਲਣਾ ਮੇਲਾ ਸਹਿਜ ਸੁਭਾਈਆ । ਤੂੰ ਜੋਤੀ ਜਾਤਾ ਸਭ ਦਾ ਜਾਣ ਜਾਣੀ, ਜਾਨਣਹਾਰ ਇਕ ਅਖਵਾਈਆ । ਮੇਰੇ ਕੋਲ ਅਵਤਾਰ ਪੈਗ਼ੰਬਰ ਗੁਰ ਦੇ ਕੇ ਗਏ ਨਿਸ਼ਾਨੀ, ਨਿਸ਼ਾਨੇ ਦੀਨ ਦੁਨੀ ਬਦਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜੋਤੀ ਜਾਤਾ ਪੁਰਖ ਬਿਧਾਤਾ ਹੋਵੇ ਪ੍ਰਧਾਨੀ, ਪਰਮ ਪੁਰਖ ਆਪਣਾ ਰੰਗ ਰੰਗਾਈਆ । ਧਰਨੀ ਕਹੇ ਪ੍ਰਭੂ ਮੈਂ ਕੋਝੀ ਕਮਲੀ ਨਿਮਾਣੀ, ਨਿਵ ਨਿਵ ਤੇਰੇ ਚਰਨ ਕਵਲ ਸੀਸ ਨਿਵਾਈਆ । ਮੇਰਾ ਲਹਿਣਾ ਦੇਣਾ ਮੁਕਾ ਦੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਤੇਰੇ ਚਰਨ ਟਿਕਾਈਆ । ਕਿਰਪਾ ਨਿਧਾਨ ਮੇਰੇ ਉਤੇ ਕਿਰਪਾ ਕਰ ਮਹਾਨੀ, ਮਹਿੰਮਾ ਅਕਥ ਕਥ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਲਹਿਣਾ ਦੇਣਾ ਨਾਲ ਜਿਮੀਂ ਅਸਮਾਨੀ, ਦੋ ਜਹਾਨਾਂ ਮਾਲਕ ਖ਼ਾਲਕ ਪ੍ਰਿਤਪਾਲਕ ਤੇਰੀ ਬੇਪਰਵਾਹੀਆ ।

## ੨੦ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਮਕੇਰੀਆਂ ਮਹੱਲਾ ਬਾਣੀਆਂ ਮਕਾਨ ਨੰਬਰ ੪੪ ਜਿਲਾ ਹੁਸ਼ਿਆਰਪੁਰ ਰੇਸ਼ਮ ਸਿੰਘ ਦੇ ਗ੍ਰਿਹ

ਧਰਤੀ ਕਹੇ ਪ੍ਰਭ ਮੇਰੇ ਧੁਰ ਦੇ ਸੰਗੀ, ਸਗਲੇ ਸਾਥੀ ਹਰਿ ਰਘੁਨਾਥੀ ਪੁਰਖ ਸਮਰਾਥੀ ਤੇਰੀ ਵਡ ਵਡਿਆਈਆ । ਸਚ ਵਸਤ ਅਮੋਲਕ ਅੰਤਰ ਦੇ ਦੇ ਮੰਗੀ, ਰਸਨਾ ਜੇਹਵਾ ਮੁਖ ਬਚਨ ਨਾ ਕੋਇ ਸੁਣਾਈਆ । ਤੇਰੇ ਹੁਕਮ ਵਿਚ ਜੁਗ ਚੌਕੜੀ ਮੇਰੇ ਉਤੇ ਲੰਘੀ, ਕਲਜੁਗ ਅੰਤਮ ਵੇਖਣਾ ਚਾਈਂ ਚਾਈਂਆ । ਜਨ ਭਗਤ ਸੁਹੇਲੇ ਲਾ ਲੈ ਆਪਣੇ ਕਾਰ ਅੰਗੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਪੁਸ਼ਤ ਹੋਣ ਨਾ ਦੇਵੀਂ ਨੰਗੀ, ਪਿਠ ਆਪਣਾ ਹੱਥ ਟਿਕਾਈਆ । ਜਨਮ ਕਰਮ ਦੀ ਕਟਣੀ ਤੰਗੀ, ਦੁਖੀਆਂ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਧਰਨੀ ਕਹੇ ਪ੍ਰਭੂ ਮੇਰਾ ਸੁਹਾ ਦੇ ਸੁਹੰਜਣਾ ਖੇੜਾ, ਨਵ ਸੱਤ ਦੇ ਵਡਿਆਈਆ । ਦੀਨ ਮਜ਼੍ਹਬ ਚੁਕਾ ਦੇ ਝੇੜਾ, ਜ਼ਾਤ ਪਾਤ ਨਾ ਕੋਇ ਲੜਾਈਆ । ਸਤਿ ਸਚ ਦਾ ਖੁੱਲ੍ਹਾ ਕਰ ਦੇ ਵੇਹੜਾ, ਧਰਮ ਦੀ ਧਾਰ ਇਕ ਸਮਝਾਈਆ । ਜਨ ਭਗਤਾਂ ਬੰਨ੍ਹ ਦੇ ਬੇੜਾ, ਬੇੜਾ ਆਪਣੇ ਕੰਧ ਉਠਾਈਆ । ਕਲਜੁਗ ਕਿਰਿਆ ਕੂੜ ਕਰ ਨਿਖੇੜਾ, ਸਤਿ ਸਚ ਸਚ ਪਰਗਟਾਈਆ । ਅੰਤ ਅਖ਼ੀਰ ਆਪਣੇ ਹੁਕਮ ਦਾ ਦੇ ਦੇ ਗੇੜਾ, ਨਵ ਸੱਤ ਦੇ ਭੁਆਈਆ । ਮਿਹਰਵਾਨ ਹੋ ਕੇ ਕਿਰਪਾ ਨਿਧਾਨ ਕਰ ਮਿਹਰਾ, ਮਿਹਰ ਨਜ਼ਰ ਉਠਾਈਆ । ਹਰਿਜਨ ਤੇਰੇ ਚਰਨ ਹੋਵੇ ਡੇਰਾ, ਡੰਡਾਵਤ ਬੰਦਨਾ ਵਿਚ ਸੀਸ ਨਿਵਾਈਆ । ਇਕੋ ਨਾਮ ਗਾਏ ਤੂੰ ਮੇਰਾ ਮੈਂ ਤੇਰਾ, ਆਤਮ ਪਰਮਾਤਮ ਮਿਲ ਕੇ ਵਜੇ ਵਧਾਈਆ । ਦਰਸ ਦਿਖਾ ਦੇ ਨਿਜ ਨੇਤਰ ਨੇਰਨ ਨੇਰਾ, ਦੂਰ ਦੁਰਾਡਾ ਪੰਧ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸਾ ਨਾ ਰਹੇ ਅਧੂਰੀ, ਅੰਤਰ ਨਿਰੰਤਰ ਵੇਖਣਾ ਚਾਈਂ ਚਾਈਂਆ । ਕਲਜੁਗ ਤਕ ਮੇਰੀ ਮਜਬੂਰੀ, ਦੁਖੀ ਹੋ ਕੇ ਰਹੀ ਸੁਣਾਈਆ । ਨਵ ਸੱਤ ਕਿਰਿਆ ਹੋਈ ਕੂੜੀ, ਕੂੜ ਕੁਟੰਬ ਦਿਸੇ ਲੋਕਾਈਆ । ਤੇਰੀ ਖ਼ਾਕ ਮਸਤਕ ਚਰਨ ਲਾਏ ਕੋਇ ਨਾ ਧੂੜੀ, ਟਿੱਕੇ ਸਚ ਨਾ ਕੋਇ ਰਮਾਈਆ । ਨਿਰਗੁਣ ਜੋਤ ਆਪਣਾ ਕਰ ਨੂਰੀ, ਨੂਰ ਨੁਰਾਨੇ ਕਰ ਰੁਸ਼ਨਾਈਆ । ਮੈਂ ਬੇਨੰਤੀ ਕਰਾਂ ਸਚਖੰਡ ਤੇਰੇ ਹਜ਼ੂਰੀ, ਹਜ਼ਰਤਾਂ ਦੇ ਮਾਲਕ ਦੇਣੀ ਮਾਣ ਵਡਿਆਈਆ । ਜਨ ਭਗਤ ਸੁਹੇਲੇ ਤੇਰਾ ਰਾਹ ਤਕਣ ਜ਼ਰੂਰੀ, ਚਾਰੋਂ ਕੁੰਟ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਜਨ ਭਗਤ ਤੇਰਾ ਤਕਦੇ ਰਾਹ, ਰਹਿਬਰ ਦੇਣੀ ਮਾਣ ਵਡਿਆਈਆ । ਨਿਰਗੁਣ ਧਾਰ ਬਣ ਮਲਾਹ, ਸਰਗੁਣ ਬੇੜਾ ਲੈ ਤਰਾਈਆ । ਨਾਮ ਸ਼ਬਦ ਧੁਰ ਕਲਮਾ ਦੇ ਸਲਾਹ, ਮਸ਼ਵਰਾ ਇਕੋ ਇਕ ਦ੍ਰਿੜਾਈਆ । ਜਨਮ ਜਨਮ ਦੇ ਬਖ਼ਸ਼ ਗੁਨਾਹ, ਕਰਮ ਕਰਮ ਦਾ ਲੇਖਾ ਦੇ ਮੁਕਾਈਆ । ਤੂੰ ਆਦਿ ਜੁਗਾਦੀ ਸਭ ਦਾ ਪਿਤਾ ਮਾਂ, ਪਤਿਪਰਮੇਸ਼ਵਰ ਤੇਰੇ ਹੱਥ ਵਡਿਆਈਆ । ਗ਼ਰੀਬ ਨਿਮਾਣਿਆਂ ਜੋਤੀ ਜਾਤੇ ਪਕੜ ਬਾਂਹ, ਫੜ ਬਾਹੋਂ ਗਲੇ ਲਗਾਈਆ । ਨਿਥਾਵਿਆਂ ਬਖ਼ਸ਼ ਦੇ ਸਾਚਾ ਥਾਂ, ਚਰਨ ਕਵਲ ਦੇ ਸਰਨਾਈਆ । ਫੜ ਫੜ ਹੰਸ ਬਣਾ ਕਾਂ, ਕਾਗੋਂ ਹੰਸ ਬਣਾਈਆ । ਇਕੋ ਤੇਰਾ ਅੰਤਰ ਨਿਰੰਤਰ ਉਪਜੇ ਨਾਂ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਤੇਰੇ ਚਰਨ ਕਵਲ

੧੪੪੭
੨੪

ਧਵਲ ਹੋ ਕੇ ਬਲ ਬਲ ਜਾਂ, ਆਪ ਆਪਾ ਤੇਰੇ ਭੇਟ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਆਦਿ ਜੁਗਾਦਿ ਜੁਗ ਚੌਕੜੀ ਕਰਾਂ ਵਾਹ ਵਾਹ, ਵਾਹਵਾ ਤੇਰੀ ਬੇਪਰਵਾਹੀਆ ।

## ✪ ੨੦ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਦਿਆਲ ਸਿੰਘ ਦੇ ਗ੍ਰਹਿ ਪਿੰਡ ਡਡਵਾਂ ਜ਼ਿਲਾ ਹੁਸ਼ਿਆਰਪੁਰ ✪

ਧਰਨੀ ਕਹੇ ਪ੍ਰਭ ਹੋ ਜਾ ਭਗਤਾਂ ਜੋਗਾ, ਜੁਗਤੀ ਆਪਣੀ ਦੇ ਸਮਝਾਈਆ । ਰੰਗ ਚਾੜ੍ਹ ਦੇ ਕਾਇਆ ਮਾਟੀ ਚੋਗਾ, ਤਨ ਵਜੂਦ ਰੰਗਤ ਅਗੰਮ ਰੰਗਾਈਆ । ਅੰਤਰ ਨਿਰੰਤਰ ਦਰਸਨ ਦੇ ਅਮੋਘਾ, ਨਿਜ ਲੋਚਨ ਨੈਣ ਅੱਖ ਖੁਲ੍ਹਾਈਆ । ਪਾਰਬ੍ਰਹਮ ਬ੍ਰਹਮ ਕਰ ਅੰਤਮ ਸੰਜੋਗਾ, ਜੁਗ ਜਨਮ ਦੇ ਵਿਛੜੇ ਨਾਲ ਮਿਲਾਈਆ । ਮਾਇਆ ਮਮਤਾ ਹਉਮੇ ਕਟ ਦੇ ਰੋਗਾ, ਜਗਤ ਵਿਕਾਰ ਰਹਿਣ ਨਾ ਪਾਈਆ । ਚਿੰਤਾ ਗ਼ਮ ਚੁਕਾ ਦੇ ਸੋਗਾ, ਹਰਖ ਸੋਗ ਨਾ ਕੋਇ ਰਖਾਈਆ । ਸਚ ਦਾ ਗਿਆਨ ਦੇ ਦੇ ਬੋਧਾ, ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਹਰਿਜਨ ਹਿਰਦਾ ਜਾਏ ਸੋਧਾ, ਸ਼ੁਧ ਆਪਣਾ ਰੰਗ ਚੜ੍ਹਾਈਆ । ਭਗਤ ਸੁਹੇਲਾ ਤੇਰਾ ਹੋਵੇ ਜੋਧਾ, ਜਗਤ ਝਗੜੇ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਧੁਰ ਬਣਾ ਲੈ ਸਾਥੀ, ਸਗਲੇ ਸੰਗੀ ਬਹੁਰੰਗੀ ਆਪਣੀ ਦਇਆ ਕਮਾਈਆ । ਨਿਰਗੁਣ ਧਾਰ ਅਕਲ ਕਲਾ ਸਮਰਾਥੀ, ਬੇਅੰਤ ਤੇਰੀ ਬੇਪਰਵਾਹੀਆ । ਹਰਿਜਨ ਵੇਖ ਅਨਾਥ ਅਨਾਥੀ, ਦੀਨਨ ਆਪਣੇ ਗਲੇ ਲਗਾਈਆ । ਲਹਿਣਾ ਦੇਣਾ ਪੂਰਾ ਕਰ ਦੇ ਮਸਤਕ ਮਾਥੀ, ਜੋਤ ਲਲਾਟੀ ਕਰ ਰੁਸ਼ਨਾਈਆ । ਤੂੰ ਸਾਹਿਬ ਸੁਲਤਾਨਾ ਸ੍ਰੀ ਭਗਵਾਨਾ ਸਰਬ ਕਲਾ ਸਮਰਾਥੀ, ਸਮਰਥ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਜਨ ਭਗਤ ਸੁਹੇਲੇ ਵੇਖ ਲੈ ਕਮਲੇ ਕੋਝੇ, ਕ਼ੁਦਰਤ ਦੇ ਕ਼ਾਦਰ ਦਇਆ ਕਮਾਈਆ । ਇਨ੍ਹਾਂ ਅੰਤਰ ਦੇਦੇ ਸੋਝੇ, ਸੁਧ ਆਪਣੀ ਦੇ ਸਮਝਾਈਆ । ਜਨਮ ਜਨਮ ਦੇ ਭਾਰ ਲਾਹ ਦੇ ਬੋਝੇ, ਸਿਰ ਆਪਣਾ ਹੱਥ ਟਿਕਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰਾ ਭਗਤ ਤੈਨੂੰ ਮੂਲ ਨਾ ਖੋਜੇ, ਘਰ ਘਰ ਦਰਸ਼ਨ ਦੇਣਾ ਚਾਈਂ ਚਾਈਂਆ । ਤੇਰੇ ਪਿਆਰ ਵਿਚ ਸ਼ਰਅ ਦੇ ਰਖਣੇ ਪੈਣ ਨਾ ਰੋਜ਼ੇ, ਰਾਜ਼ਕ ਰਿਜ਼ਕ ਰਹੀਮ ਦੇਣੀ ਮਾਣ ਵਡਿਆਈਆ । ਲਾਲਚ ਮੋਹ ਮਾਇਆ ਰਹੇ ਨਾ ਲੋਭੇ, ਮਮਤਾ ਕੂੜ ਦੇਣੀ ਮਿਟਾਈਆ । ਹਰਿ ਭਗਤ ਸੁਹੇਲਾ ਤੇਰੇ ਚਰਨ ਦੁਆਰੇ ਸੋਹ ਜੇ, ਸੁਬਹ ਸ਼ਾਮ ਵੰਡ ਨਾ ਕੋਇ ਵੰਡਾਈਆ । ਜੋਤੀ ਜਾਤੇ ਪੁਰਖ ਬਿਧਾਤੇ ਬਖ਼ਸ਼ ਦੇ ਮੌਜੇ, ਮਜਲਸ ਭਗਤਾਂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੇ ਹਿਰਦੇ ਦੇ ਸੋਧੇ, ਪਤਤ ਪੁਨੀਤ ਪਾਰਬ੍ਰਹਮ ਪ੍ਰਭ ਕਰਾਈਆ ।

## ੨੦ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਸੋਮਰਾਜ ਸਿੰਘ ਦੇ ਗ੍ਰਿਹ ਪਿੰਡ ਕੋਟਲਾ ਜ਼ਿਲਾ ਹੁਸ਼ਿਆਰ ਪੁਰ

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਮੇਰਾ ਸਭ ਨੂੰ ਡੰਡਾਵਤ ਬੰਦਨਾ ਨਾਲ ਅਦਾਬ, ਨਮਸਤੇ ਕਹਿ ਕੇ ਸੀਸ ਨਿਵਾਈਆ । ਸਚ ਹਜ਼ੂਰੀ ਮੇਰੇ ਧੁਰ ਦੇ ਜਨਾਬ, ਜਨਾਬੇ ਆਲੀ ਕਹਿ ਕੇ ਧੂੜੀ ਖ਼ਾਕ ਰਮਾਈਆ । ਮਿਹਰਵਾਨੋ ਨੌਜਵਾਨੋ ਮੇਰੀ ਕਰੋ ਇਮਦਾਦ, ਮਦਦ ਵਿਚ ਤਸ਼ੱਦਦ ਰਹਿਣ ਕੋਇ ਨਾ ਪਾਈਆ । ਸਚਖੰਡ ਦੀ ਧਾਰੋਂ ਆ ਕੇ ਮੇਰੇ ਉਤੇ ਕਰੋ ਹਿਸਾਬ, ਬਿਨ ਹਿੰਦਸਿਆਂ ਅੱਖਰਾਂ ਗਣਤ ਗਣਾਈਆ । ਭਵਿਖਤਾਂ ਵਾਲੀ ਖੋਲ੍ਹ ਕੇ ਤਕੋ ਕਿਤਾਬ, ਜਿਸ ਉਤੇ ਅਲਿਫ਼ ਯੇ ਨਾ ਕੋਇ ਪੜ੍ਹਾਈਆ । ਮੇਰਾ ਦਰ ਦਰਵਾਜ਼ਾ ਵੇਖੋ ਮਹਿਰਾਬ, ਮਹਿਬੂਬ ਆਪਣੇ ਸੰਗ ਰਖਾਈਆ । ਮੈਂ ਕਲਜੁਗ ਅੰਤ ਸਭ ਦੀ ਹੋਈ ਮੁਹਤਾਜ, ਨਿਵ ਨਿਵ ਲਾਗਾਂ ਪਾਈਆ । ਧਰਮ ਦੀ ਧਾਰ ਤਕੋ ਆਪਣਾ ਦੀਨ ਮਜ਼੍ਹਬ ਸਮਾਜ, ਗ੍ਰਿਹ ਗ੍ਰਿਹ ਅੰਦਰ ਧਿਆਨ ਲਗਾਈਆ । ਨੌ ਖੰਡ ਸੱਤ ਦੀਪ ਜਗਤ ਜਗਿਆਸੂ ਵੇਖੋ ਰਾਜ, ਰਈਅਤ ਪਰਦਾ ਆਪ ਚੁਕਾਈਆ । ਤੁਸੀਂ ਚਾਰ ਜੁਗ ਦੇ ਮੇਰੇ ਗੁਰੂ ਮਹਾਰਾਜ, ਮਹਿਬੂਬ ਧੁਰ ਦੇ ਨਜ਼ਰੀ ਆਈਆ । ਉਹ ਲੇਖਾ ਪੂਰਾ ਤਕੋ ਜੋ ਇਸ਼ਾਰਾ ਦੇ ਕੇ ਆਇਆ ਨਾਨਕ ਵਿਚ ਬਗ਼ਦਾਦ, ਬਗ਼ਲਗੀਰ ਤਨ ਵਜੂਦ ਸਰਬ ਕਰਾਈਆ । ਸਤਿ ਸਤਿਵਾਦੀ ਹੋ ਕੇ ਬ੍ਰਹਮ ਬ੍ਰਹਿਮਾਦੀ ਹੋ ਕੇ ਸ਼ਬਦ ਅਗੰਮ ਸੁਣਾਓ ਨਾਦ, ਧੁਨ ਅੰਦਰੋਂ ਆਪ ਪਰਗਟਾਈਆ । ਦੀਨ ਦੁਨੀ ਦੇ ਅੰਤਰ ਨਿਰੰਤਰ ਮੇਟੋ ਵਾਦ ਵਿਵਾਦ, ਵਿਖ ਰਹਿਣ ਕੋਇ ਨਾ ਪਾਈਆ । ਸਤਿ ਧਰਮ ਦਾ ਨੌ ਖੰਡ ਖੇੜਾ ਮੇਰਾ ਕਰੋ ਆਬਾਦ, ਉਜੜੀ ਬਸਤੀ ਦਿਉ ਵਸਾਈਆ । ਇਕੋ ਢੋਲਾ ਸੋਹਲਾ ਸਾਰੇ ਲਉ ਅਰਾਧ, ਇਕੋ ਮਿਲਕੇ ਏਕੰਕਾਰਾ ਵਜੇ ਵਧਾਈਆ । ਜੋ ਏਥੇ ਓਥੇ ਦੋ ਜਹਾਨਾਂ ਮੋਹਣ ਮਾਧਵ ਮਾਧ, ਮਧੁਰ ਧੁਨ ਸਦਾ ਸੁਣਾਈਆ । ਸੋ ਸੁਆਮੀ ਜੋ ਸਭ ਦੇ ਸਵਾਰਨਹਾਰਾ ਕਾਜ, ਕਰਨੀ ਦਾ ਕਰਤਾ ਇਕ ਅਖਵਾਈਆ । ਉਸ ਦੀ ਆਸਾ ਮਨਸਾ ਮੈਨੂੰ ਦੱਸ ਜਾਓ ਆਜ, ਆਜਜ਼ ਹੋ ਕੇ ਸੀਸ ਨਿਵਾਈਆ । ਜਿਸ ਨੇ ਸਭ ਤੋਂ ਅੰਤਮ ਲੇਖਾ ਮੰਗਣਾ ਹਿਸਾਬ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਅਗੰਮ ਵਰਤਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਮੇਰਾ ਵੇਖੋ ਲਹਿਣਾ, ਲਹਿਣੇਦਾਰ ਹੋ ਕੇ ਸੀਸ ਨਿਵਾਈਆ । ਨਵ ਸੱਤ ਤਕੋ ਆਪਣੇ ਨਿਜ ਨੈਣਾ, ਜਗ ਨੇਤਰ ਦੀ ਲੋੜ ਰਹੇ ਨਾ ਰਾਈਆ । ਤੁਹਾਡਾ ਸਿਖ ਮੁਰੀਦ ਕਿਉਂ ਤੁਹਾਥੋਂ ਹੋਇਆ ਤ੍ਰਫ਼ੈਣਾ, ਸਗਲਾ ਸੰਗ ਨਾ ਕੋਇ ਬਣਾਈਆ । ਕਿਉਂ ਨਾਮ ਕਲਮੇ ਛਡ ਮਾਇਆ ਮਮਤਾ ਪਾਇਆ ਗਹਿਣਾ, ਤਨ ਵਜੂਦ ਕੂੜ ਸ਼ਿੰਗਾਰ ਕਰਾਈਆ । ਆਤਮ ਪਰਮਾਤਮ ਬਣੇ ਕੋਈ ਨਾ ਸਾਕ ਸੱਜਣ ਸੈਣਾ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਕਿਸ ਬਿਧ ਬ੍ਰਹਮ ਧਾਰ ਪਾਰਬ੍ਰਹਮ ਨਾਲੋਂ ਹੋਈ ਤ੍ਰਫ਼ੈਣਾਂ, ਤਰਫ਼ਦਾਰੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਵੇਖੋ ਮੇਰੇ ਉਤੇ ਹੋਈ ਅੰਧੇਰੀ ਰਾਤੀ, ਚਾਰ ਕੁੰਟ ਕਲਜੁਗ ਅੰਧੇਰਾ ਛਾਈਆ । ਮਿਹਰਵਾਨ ਹੋ ਕੇ ਦਿਓ ਸਾਚੀ ਦਾਤੀ, ਦੀਨ ਮਜ਼੍ਹਬ ਦੀ ਧਾਰ ਵੰਡ ਨਾ ਕੋਇ ਵੰਡਾਈਆ । ਲਹਿਣਾ ਤਕੋ ਆਪਣੇ ਨਾਮ ਕਲਮੇ ਕਾਗ਼ਜ਼ਾਤੀ, ਅੱਖਰ ਅੱਖਰਾਂ ਨਾਲ ਟਕਰਾਈਆ । ਸਭ ਦੀ ਜ਼ਿੰਦਗੀ ਜੀਵਣ ਤਕੋ ਹਯਾਤੀ, ਸਵਾਸ ਸਵਾਸਾਂ ਫੋਲ ਫੁਲਾਈਆ । ਪਰਦਾ ਚੁੱਕ ਕੇ ਨਿਗਾਹ ਮਾਰੋ ਬਾਤਨ ਬਾਤੀ, ਓਹਲਾ ਰਹਿਣ ਕੋਇ ਨਾ ਪਾਈਆ । ਕਿਉਂ ਸਭ


੧੪੪੯
੨੪

ਦਾ ਵਿਛੋੜਾ ਹੋਇਆ ਕਮਲਾਪਾਤੀ, ਪਤਿਪਰਮੇਸ਼ਵਰ ਮਿਲਣ ਕੋਇ ਨਾ ਪਾਈਆ । ਸਚ ਪਰੇਮ ਦਿਸੇ ਕਿਸੇ ਨਾ ਨਾਤੀ, ਜੋੜੀ ਜੋੜ ਨਾ ਕੋਇ ਜੁੜਾਈਆ । ਮੈਂ ਇਕ ਇਕੱਲੀ ਧਰਨੀ ਧਰਤ ਧਵਲ ਧੌਲ ਮੇਰਾ ਲੇਖਾ ਲੋਕਮਾਤੀ, ਮਾਤਰ ਭੂਮੀ ਹੋ ਕੇ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਮੇਰੇ ਉਤੇ ਆਓ ਜਲਦੀ, ਜਲ ਥਲ ਮਹੀਅਲ ਪੰਧ ਮੁਕਾਈਆ । ਨਵ ਸੱਤ ਕੂੜੀ ਅੱਗ ਵੇਖੋ ਬਲਦੀ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਮਾਇਆ ਮਮਤਾ ਹਰ ਘਟ ਅੰਦਰ ਆਸਣ ਮਲਦੀ, ਮੋਹ ਵਿਕਾਰ ਸਕੇ ਨਾ ਕੋਇ ਤਜਾਈਆ । ਘੜੀ ਸੁਹੰਜਣੀ ਹੋਈ ਕਲਜੁਗ ਕਲ ਦੀ, ਕਲ ਕਾਤੀਆਂ ਆਪਣੇ ਰੰਗ ਰੰਗਾਈਆ । ਮੈਨੂੰ ਗੱਲ ਯਾਦ ਆਉਂਦੀ ਬਲ ਦੀ, ਜੋ ਬਾਵਨ ਨਾਲ ਮਿਲ ਕੇ ਗਿਆ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਦੇ ਹੁਕਮ ਦੀ ਧਾਰ ਕਦੇ ਨਾ ਟਲਦੀ, ਨਾ ਕੋਈ ਮੇਟੇ ਮੇਟ ਮਿਟਾਈਆ । ਤੁਹਾਡੀ ਸਾਰ ਕੋਈ ਨਾ ਪਾਵੇ ਪਲ ਦੀ, ਪਲਕਾਂ ਦੇ ਪਿਛੇ ਬਹਿਣ ਵਾਲਿਓ ਤੁਹਾਡਾ ਦਰਸ ਕੋਇ ਨਾ ਪਾਈਆ । ਜਿਧਰ ਵੇਖੋ ਮਨ ਕਲਪਣਾ ਸਭ ਨੂੰ ਫਿਰੇ ਛਲਦੀ, ਧੋਖੇ ਵਿਚ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦਰ ਆਪ ਸੁਹਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਆਪਣੇ ਆਪਣੇ ਵੇਖੋ ਮੁਰੀਦ ਸਿੱਖ, ਸਾਖਿਆਤ ਹੋ ਕੇ ਪਰਦਾ ਲਾਹੀਆ । ਬਿਨ ਅੱਖਰਾਂ ਤਕੋ ਪੂਰਬ ਭਵਿਖ, ਪੇਸ਼ੀਨਗੋਈਆਂ ਆਪਣੇ ਨਾਲ ਲਿਆਈਆ । ਮੈਂ ਖ਼ੁਸ਼ੀਆਂ ਵਿਚ ਸਭ ਨਾਲ ਕਰਾਂ ਹਿਤ, ਹਿਤਕਾਰੀ ਹੋ ਕੇ ਵੇਖ ਵਖਾਈਆ । ਤੁਹਾਡਾ ਲਹਿਣਾ ਦੇਣਾ ਲੇਖਾ ਮੇਰੇ ਨਾਲ ਨਿਤ, ਨਵਿਤ ਆਉਣ ਵਾਲਿਓ ਤੁਹਾਨੂੰ ਸੀਸ ਨਿਵਾਈਆ । ਜਗਤ ਜਹਾਨ ਦੀ ਠਗੌਰੀ ਵੇਖੋ ਚਿਤ, ਚੇਤਨ ਸੁਰਤੀ ਨਾ ਕੋਇ ਕਰਾਈਆ । ਕਲਜੁਗ ਕਿਰਿਆ ਕੂੜ ਸਕੇ ਨਾ ਕੋਇ ਨੱਜਿਠ, ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਸੁਣੋ ਹੁਕਮ ਸੋ, ਸੋ ਪੁਰਖ ਨਿਰੰਜਣ ਕਰਨੀ ਦਾ ਕਰਤਾ ਕੀ ਦ੍ਰਿੜਾਈਆ । ਕੀ ਲਹਿਣਾ ਦੇਣਾ ਜਾਣੇ ਸਭ ਦਾ ਨਿਰਗੁਣ ਹੋ, ਹਰਿ ਪੁਰਖ ਨਿਰੰਜਣ ਨਿਰਵੈਰ ਨਿਰਾਕਾਰ ਨਿਰੰਕਾਰ ਹੋ ਜਣਾਈਆ । ਏਕੰਕਾਰਾ ਜੋ ਆਦਿ ਜੁਗਾਦੀ ਨਿਰਗੁਣ ਸਰਗੁਣ ਧਾਰ ਦੋ, ਦਰਦ ਦੁਖ ਭੈ ਭੰਜਣ ਭਵ ਸਾਗਰ ਕਿਸ ਬਿਧ ਪਾਰ ਕਰਾਈਆ । ਜੋਤੀ ਜਾਤਾ ਹੋ ਕੇ ਪਰਕਾਸ਼ ਕਰੇ ਲੋ, ਆਦਿ ਨਿਰੰਜਣ ਅੰਤ ਅੰਤ ਆਪਣਾ ਪਰਦਾ ਲਾਹੀਆ । ਸ੍ਰੀ ਭਗਵਾਨਾ ਨੌਜਵਾਨਾ ਕਿਸ ਬਿਧ ਬੰਧਾਏ ਮੋਹ, ਸੱਜਣ ਮੀਤ ਮੁਰਾਰਾ ਇਕ ਅਖਵਾਈਆ । ਅਬਿਨਾਸ਼ੀ ਕਰਤਾ ਦੀਨ ਦੁਨੀ ਦੀ ਕੇਹੜੀ ਧਾਰੋਂ ਆਵੇ ਪਰਗਟ ਹੋ, ਓਢਣ ਸੀਸ ਨਾ ਕੋਇ ਟਿਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਿਸ ਬਿਧ ਜਗਤ ਜਹਾਨ ਮੇਟੇ ਦੁਵੈਤ ਦੋ, ਹਦ ਹਦੂਦ ਆਪਣੀ ਇਕ ਦਰਸਾਈਆ । ਸਤਿਗੁਰ ਸ਼ਬਦ ਜੋ ਕਰੇ ਕਰਾਏ ਸਭ ਦਾ ਸਾਂਝਾ ਬਣਾਏ ਗਰੋਹ, ਬੰਦਗੀ ਇਕੋ ਇਕ ਜਣਾਈਆ । ਤੁਸੀਂ ਸਾਰੇ ਮਿਹਰਵਾਨ ਸਭ ਨੂੰ ਦੱਸਾਂ ਰੋ, ਸੰਦੇਸ਼ਾ ਦੇਵਾਂ ਚਾਈਂ ਚਾਈਂਆ । ਉਠੋ ਕਾਹਨੋ ਰਾਮੋ ਮੇਰੇ ਗੁਪਾਲ ਮੂਰਤ ਮੋਹਣ ਮਦਨ ਕਿਉਂ ਹੋਏ ਨਿਰਮੋਹ, ਮਧੁਸੂਦਨ ਹੋ ਕੇ ਵੇਖ ਵਖਾਈਆ । ਪੈਗ਼ੰਬਰੋ ਨੂਰੀ ਧਾਰ ਵੇਖੋ ਲਗਨ ਜੋ, ਲਗ ਮਾਤਰ ਡੇਰਾ ਢਾਈਆ । ਗੁਰੂ ਗੁਰਦੇਵ ਲੇਖਾ ਜਾਣੋ ਉਹ, ਜੋ ਸੂਰਾ ਸਰਬਗਣ ਸਮਰਥ ਅਕਥ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ,

੧੪੫੦ ੨੪

ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸਭ ਦਾ ਮੀਤ ਤ੍ਰੈਗੁਣ ਅਤੀਤ ਤ੍ਰੈਭਵਨ ਧਨੀ ਆਪ ਅਖਵਾਈਆ ।

✪ ੨੦ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਅਰਜਨ ਸਿੰਘ, ਮਿਆਣੀ ਮੁਣਸ਼ੀ ਰਾਮ, ਫ਼ਤਿਹ ਗੜ੍ਹ ਜੁਗਿੰਦਰ ਸਿੰਘ ਦੇ ਨਵਿਤ ਪਿੰਡ ਸਲੀਮ ਪੁਰ ਜ਼ਿਲਾ ਹੁਸ਼ਿਆਰਪੁਰ ✪

ਧਰਨੀ ਕਹੇ ਪ੍ਰਭੂ ਮੈਂ ਮੰਗਾਂ ਹੱਥ ਬੱਧੀ, ਬੰਦਨਾ ਡੰਡਾਵਤ ਸਜਦਿਆਂ ਵਿਚ ਸੀਸ ਨਿਵਾਈਆ । ਮੇਰੇ ਮਿਹਰਵਾਨਾ ਸ੍ਰੀ ਭਗਵਾਨਾ ਤੇਰਾ ਲਹਿਣਾ ਦੇਣਾ ਹੁੰਦਾ ਕਦੀ ਕਦੀ, ਕੁਦਰਤ ਦੇ ਕ਼ਾਦਰ ਕ਼ਦੀਮ ਦੇ ਮਾਲਕ ਤੇਰੀ ਬੇਪਰਵਾਹੀਆ । ਨਿਗਾਹ ਮਾਰ ਲੈ ਪੁਰਖ ਅਕਾਲੇ ਦੀਨ ਦਿਆਲੇ ਮੈਂ ਪਾਪਾਂ ਭਾਰ ਦੱਬੀ, ਬੋਝ ਸਕੇ ਨਾ ਕੋਇ ਉਠਾਈਆ । ਤੂੰ ਮੇਰਾ ਮਿਹਰਵਾਨ ਮਹਿਬਾਨ ਬੀਦੋ ਨੂਰ ਅਲਾਹੀ ਰਬੀ, ਤਕਵਾ ਤੇਰੇ ਉਤੇ ਰਖਾਈਆ । ਪਰਵਰਦਿਗਾਰ ਸਾਂਝੇ ਯਾਰ ਏਕੰਕਾਰ ਮੇਰੇ ਉਤੋਂ ਮੇਟ ਦੇ ਬਦੀ, ਬਦਲਾ ਕਿਰਿਆ ਕੂੜ ਚੁਕਾਈਆ । ਲੇਖੇ ਲਾ ਲੈ ਪੈਗ਼ੰਬਰਾਂ ਵਾਲੀ ਸਦੀ, ਸਦਕੇ ਵਾਰੀ ਘੋਲ ਘੁਮਾਈਆ । ਕਿਰਪਾ ਨਿਧਾਨ ਕਿਰਪਾ ਕਰ ਦੇ ਅਭੀ, ਬਹੁਤੀ ਵੰਡ ਨਾ ਕੋਇ ਵੰਡਾਈਆ । ਮਾਨਵ ਜ਼ਾਤੀ ਹਰਿਜਨ ਬਣਾ ਲੈ ਸਭੀ, ਸਭਾ ਮਲੇਛਾਂ
੧੪੫੧ ਦੇ ਮਿਟਾਈਆ । ਤੂੰ ਤਨ ਵਜੂਦਾਂ ਦਾ ਮਾਲਕ ਇਕੋ ਤਬੀ, ਤਬੀਅਤ ਸਭ ਦੀ ਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ੧੪੫੧
੨੪ ਕਰ, ਏਕਾ ਦੇਣਾ ਸਾਚਾ ਵਰ, ਦਰ ਸਚ ਦੇ ਵਡਿਆਈਆ । ਧਰਨੀ ਕਹੇ ਪ੍ਰਭੂ ਤੂੰ ਸਾਹਿਬ ਮੇਰਾ ਸੂਰਾ ਸਰਬਗਾ, ਹਰਿ ਕਰਤਾ ਇਕ ਅਖਵਾਈਆ । ੨੪
ਨਵ ਸਤ ਨਿਰਗੁਣ ਧਾਰ ਵੇਖ ਲੈ ਜਗਹ, ਸਰਗੁਣ ਪਰਦਾ ਪਰਦਿਆਂ ਵਿਚੋਂ ਚੁਕਾਈਆ । ਨਿਰਗੁਣ ਧਾਰ ਤਕ ਲੈ ਆਪਣੀ ਹੱਦਾ, ਹਦੂਦਾਂ ਵੰਡ ਨਾ ਕੋਇ ਵੰਡਾਈਆ । ਮੈਂ ਨਿਮਾਣੀ ਹੋ ਕੇ ਤੈਨੂੰ ਦੇਵਾਂ ਸੱਦਾ, ਸਦ ਸਦ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੇਰੇ ਦੁਖੜੇ ਕਰ ਦੇ ਦੂਰ, ਦੂਰ ਦੁਰਾਡੇ ਦਇਆ ਕਮਾਈਆ । ਨਿਰਗੁਣ ਧਾਰ ਮੇਰੇ ਹਾਜ਼ਰ ਹਜ਼ੂਰ, ਹਜ਼ਰਤਾਂ ਦੇ ਮਾਲਕ ਤੇਰੇ ਹੱਥ ਵਡਿਆਈਆ । ਤੂੰ ਆਦਿ ਜੁਗਾਦੀ ਸਦਾ ਸਦਾ ਭਰਪੂਰ, ਭਰਪੂਰ ਰਿਹਾ ਸਰਬ ਠਾਂਈਆ । ਜੁਗ ਬਦਲਣਾ ਤੇਰਾ ਦਸਤੂਰ, ਰੀਤੀ ਜੁਗ ਚੌਕੜੀ ਚਲੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਢੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਕਿਰਪਾ ਕਰ ਮੇਰੇ ਮਿਹਰਵਾਨਾ, ਮਿਹਰ ਨਜ਼ਰ ਨਜ਼ਰ ਉਠਾਈਆ । ਸਤਿ ਧਰਮ ਝੁਲਾ ਨਿਸ਼ਾਨਾ, ਨਿਸ਼ਾਨਾ ਦੀਨ ਦੁਨੀ ਬਦਲਾਈਆ । ਆਤਮ ਪਰਮਾਤਮ ਤੇਰਾ ਇਕੋ ਹੋਵੇ ਗਿਆਨਾ, ਨਾਮ ਨਿਧਾਨਾ ਇਕ ਜਣਾਈਆ । ਸ਼ਬਦੀ ਸ਼ਬਦ ਧਾਰ ਖੇਲ ਦੱਸ ਮਹਾਨਾ, ਮਹਿੰਮਾ ਅਕਥ ਕਥ ਸੁਣਾਈਆ । ਮੇਰਾ ਲੇਖਾ ਪੂਰਾ ਕਰ ਦੇ ਜੋ ਇਸ਼ਾਰਾ ਦੇ ਕੇ ਗਿਆ ਰਾਮ ਕਾਹਨਾ, ਕਾਹਨਾ ਕਾਹਨ ਤੇਰੀ ਧਾਰ ਸਮਝਾਈਆ । ਭੇਵ ਖੁਲ੍ਹਾ ਦੇ ਧੁਰ ਅਮਾਮਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਤੂੰ ਸ਼ਾਹੋ ਭੂਪ ਸੁਲਤਾਨਾ, ਹਰਿ ਕਰਤਾ ਅਗੰਮ ਅਥਾਹੀਆ । ਮੇਰੇ ਉਤੋਂ ਦੀਨ ਦੁਨੀ ਦਾ ਬਦਲ ਜ਼ਮਾਨਾ, ਜ਼ਿਮੀਂ ਜਮਾਂ ਦਾ ਲੇਖਾ ਦੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੇ ਹੱਥ ਵਡਿਆਈਆ । ਧਰਨੀ ਕਹੇ ਪ੍ਰਭੂ ਅਵਤਾਰ ਪੈਗ਼ੰਬਰ ਗੁਰ ਸ਼ਬਦੀ ਧਾਰ ਦੇ ਕੇ ਗਏ ਇਕਬਾਲ, ਸੰਦੇਸ਼ਾ ਨਰੇਸ਼ਾ ਧੁਰ ਦਾ ਇਕ ਜਣਾਈਆ । ਤੂੰ ਆ ਕੇ ਮੇਰੀ ਸੁਰਤ ਸੰਭਾਲ, ਸੰਬਲ ਦੇ ਮਾਲਕ ਆਪਣੀ ਦਇਆ ਕਮਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ । ਝਗੜਾ ਮੁਕਾ ਦੇ ਸ਼ਾਹ ਕੰਗਾਲ, ਮਾਨਵ ਜ਼ਾਤੀ ਇਕੋ ਰੰਗ ਚੜ੍ਹਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਸਾਚਾ ਦੇ ਧਨ ਮਾਲ, ਅਤੋਟ ਅਤੁਟ ਵਰਤਾਈਆ । ਭਗਤ ਸੁਹੇਲੇ ਆਪਣੇ ਵੇਖ ਲੈ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਮੇਰੀ ਨਵ ਨੌਂ ਚਾਰ ਦੀ ਲੇਖੇ ਲਾ ਲੈ ਘਾਲ, ਘਾਇਲ ਹੋ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਦਰ ਇਕ ਖੁਲ੍ਹਾਈਆ । ਧਰਨੀ ਕਹੇ ਪ੍ਰਭ ਮੇਰਾ ਲੇਖਾ ਕਰ ਦੇ ਪੂਰਾ, ਪਰਮ ਪੁਰਖ ਦੇ ਵਡਿਆਈਆ । ਕਲਜੁਗ ਕਿਰਿਆ ਕੂੜ ਮੇਟ ਦੇ ਕੂੜਾ, ਸਤਿਜੁਗ ਸਚ ਸਚ ਪਰਗਟਾਈਆ । ਨਿਰਗੁਣ ਸਰਗੁਣ ਬਖ਼ਸ਼ ਆਪਣੀ ਧੂੜਾ, ਟਿੱਕੇ ਖ਼ਾਕ ਖ਼ਾਕ ਰਮਾਈਆ । ਚਤੁਰ ਸੁਘੜ ਬਣਾ ਦੇ ਮੂਰਖ ਮੂੜ੍ਹਾ, ਪਤਿਤ ਪੁਨੀਤ ਬੇਪਰਵਾਹੀਆ । ਆਪਣਾ ਰੰਗ ਚਾੜ੍ਹ ਦੇ ਗੂੜ੍ਹਾ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਧੁਨ ਆਤਮਕ ਦੇ ਸਰੂਰਾ, ਸੁਰਤੀ ਸ਼ਬਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਪ੍ਰਭ ਮਾਨਵ ਜ਼ਾਤੀ ਚਾੜ੍ਹ ਦੇ ਰੰਗ, ਰੰਗਤ ਅਗੰਮ ਰੰਗਾਈਆ । ਆਤਮ ਪਰਮਾਤਮ ਬਖ਼ਸ਼ ਦੇ ਸੰਗ, ਸਗਲੇ ਸੰਗੀ ਹੋ ਸਹਾਈਆ । ਸ਼ਬਦ ਅਨਾਦ ਵਜਾ ਮਰਦੰਗ, ਧੁਨ ਅਨਾਦੀ ਇਕ ਦ੍ਰਿੜਾਈਆ । ਆਤਮ ਸੇਜ ਸੁਹਾ ਪਲੰਘ, ਸਚ ਸਿੰਘਾਸਣ ਸੋਭਾ ਪਾਈਆ । ਲੇਖਾ ਮੁਕਾ ਦੇ ਤਤ ਪੰਜ, ਪੰਚਮ ਸ਼ਬਦ ਕਰ ਸ਼ਨਵਾਈਆ । ਚਿੰਤਾ ਗ਼ਮੀ ਰਹੇ ਨਾ ਰੰਜ, ਰੰਜਸ਼ ਅੰਦਰੋਂ ਬਾਹਰ ਕਢਾਈਆ । ਤੇਰਾ ਦੁਆਰਾ ਏਕੰਕਾਰਾ ਵੇਖਾਂ ਲੰਘ, ਅਗੇ ਹੋ ਨਾ ਕੋਇ ਅਟਕਾਈਆ । ਤੂੰ ਦੀਨ ਦਿਆਲ ਸਦ ਬਖ਼ਸ਼ੰਦ, ਬਖ਼ਸ਼ਣਹਾਰ ਤੇਰੇ ਹੱਥ ਵਡਿਆਈਆ । ਜੋਤੀ ਜਾਤੇ ਪੁਰਖ ਬਿਧਾਤੇ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਬਖ਼ਸ਼ ਦੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਮੇਰਾ ਖ਼ੁਸ਼ੀ ਹੋਵੇ ਬੰਦ ਬੰਦ, ਬੰਦਗੀ ਵਿਚ ਸੀਸ ਨਿਵਾਈਆ । ਕਲਜੁਗ ਕਿਰਿਆ ਕੂੜ ਮੇਟ ਦੇ ਪੰਧ, ਅਗੇ ਲੇਖਾ ਰਹੇ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੀਨ ਦੁਨੀ ਗਾਵੇ ਛੰਦ, ਸੋਹਲਾ ਢੋਲਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਇਕੋ ਸੁਣਾ ਦੇ ਸ਼ਬਦ ਅਨਾਦ, ਅਨਾਦੀ ਧੁਨ ਪਰਗਟਾਈਆ । ਭੇਵ ਚੁਕਾ ਦੇ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਦਾ ਲੇਖਾ ਰਹੇ ਨਾ ਰਾਈਆ । ਤੂੰ ਮਾਲਕ ਖ਼ਾਲਕ ਆਦਿ ਜੁਗਾਦਿ, ਅੰਤ ਕੰਤ ਭਗਵੰਤ ਤੇਰੀ ਓਟ ਤਕਾਈਆ । ਹਰ ਹਿਰਦਾ ਤੈਨੂੰ ਲਏ ਅਰਾਧ, ਰਸਨਾ ਜੇਹਵਾ ਤੇਰੇ ਢੋਲੇ ਗਾਈਆ । ਹਰ ਘਟ ਹੋ ਵਿਸਮਾਦ, ਬਿਸਮਿਲ ਹੋ ਕੇ ਆਪਣੀ ਖੇਲ ਖਿਲਾਈਆ । ਤੂੰ ਮੇਰਾ ਮੋਹਣ ਮਾਧਵ ਮਾਧ, ਮਧੁਰ ਧੁਨ ਦੇ ਸੁਣਾਈਆ । ਤੇਰਾ ਹੁਕਮ ਸੰਦੇਸ਼ਾ ਹੋਵੇ ਬੋਧ ਅਗਾਧ, ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਪ੍ਰਭੂ ਇਕੋ ਤੇਰਾ ਨਾਮ ਮੇਰੇ ਉਤੇ ਵਜੇ ਡੰਕਾ, ਡੌਰੂ ਦੋ ਜਹਾਨ ਸੁਣਾਈਆ । ਧਰਮ ਦੁਆਰ ਸੁਹਾ ਦੇ ਬੰਕਾ, ਬੰਕ ਦੁਆਰੀ ਤੇਰੀ ਓਟ ਤਕਾਈਆ । ਇਕੋ

ਪਿਆਰ ਬਖ਼ਸ਼ ਦੇ ਰਾਓ ਰੰਕਾ, ਸ਼ਾਹ ਹਕੀਰ ਇਕੋ ਦਰ ਸੁਹਾਈਆ । ਉਹ ਆਸ਼ਾ ਪੂਰੀ ਕਰ ਦੇ ਜੋ ਸੰਦੇਸ਼ਾ ਦੇ ਕੇ ਗਿਆ ਭਗਤ ਜਨਕਾ, ਬਿਨ ਰਸਨਾ ਜੇਹਵਾ ਢੋਲੇ ਗਾਈਆ । ਪ੍ਰਭ ਦਾ ਖੇਲ ਬਾਰ ਅਨਕਾ, ਅਨਕ ਕਲਧਾਰੀ ਆਪਣੀ ਕਲ ਵਰਤਾਈਆ । ਦੀਨ ਦੁਨੀ ਦਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਫੇਰ ਦੇ ਮਣਕਾ, ਮਨਸਾ ਮਨਸਾ ਵਿਚੋਂ ਬਦਲਾਈਆ । ਭੇਵ ਖੁਲ੍ਹਾ ਦੇ ਆਪਣੇ ਬ੍ਰਹਮ ਕਾ, ਪਾਰਬ੍ਰਹਮ ਪ੍ਰਭ ਪਰਦਾ ਆਪ ਉਠਾਈਆ । ਮਾਰਗ ਦੱਸ ਦੇ ਸਾਚੇ ਧਰਮ ਦਾ, ਚਾਰ ਵਰਨ ਅਠਾਰਾਂ ਬਰਨ ਇਕ ਹੋਵੇ ਸਰਨਾਈਆ । ਰਸਤਾ ਦੱਸ ਦੇ ਮੰਜ਼ਲ ਚੜ੍ਹਨ ਦਾ, ਸਚਖੰਡ ਦੁਆਰ ਏਕੰਕਾਰ ਇਕ ਸਮਝਾਈਆ । ਢੋਲਾ ਦੱਸ ਦੇ ਆਤਮ ਪਰਮਾਤਮ ਤੇਰਾ ਗੀਤ ਪੜ੍ਹਨ ਕਾ, ਰਸਨਾ ਜੇਹਵਾ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੂੰ ਮਾਲਕ ਖ਼ਾਲਕ ਆਦਿ ਜੁਗਾਦੀ ਘਾੜਨ ਘੜਨ ਕਾ, ਭੰਨਣਹਾਰ ਏਕੰਕਾਰ ਤੇਰੀ ਬੇਪਰਵਾਹੀਆ ।

### ✪ ੨੧ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਸੂਰਤ ਸਿੰਘ, ਸੰਤ ਸਿੰਘ ਦੇ ਗ੍ਰਹਿ ਪਿੰਡ ਡਾਲਾ ਜ਼ਿਲਾ ਕਪੂਰਥਲਾ ✪

ਧਰਨੀ ਕਹੇ ਸਤਿਗੁਰ ਸ਼ਬਦ ਮੇਰੇ ਉਤੇ ਕਰ ਮਿਹਰਵਾਨੀ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਲਜੁਗ
 ਕਿਰਿਆ ਕੂੜ ਮੇਟ ਨਿਸ਼ਾਨੀ, ਨਿਸ਼ਾਨਾ ਸਚ ਧਰਮ ਧਰਮ ਪਰਗਟਾਈਆ । ਅੰਤਰ ਆਤਮ ਸਤਿ ਸਚ ਬਖ਼ਸ਼ ਗਿਆਨੀ, ਅੰਧ ਅਗਿਆਨ ਰਹਿਣ ੧੪੫੩
 ਕੋਇ ਨਾ ਪਾਈਆ । ਨਿਰਵੈਰ ਹੋ ਕੇ ਸਾਚਾ ਨਾਮ ਕਰ ਪਰਧਾਨੀ, ਪਰਮ ਪੁਰਖ ਪਰਮਾਤਮ ਤੇਰੀ ਤੇਰੇ ਹੱਥ ਵਡਿਆਈਆ । ਮੈਂ ਧਵਲ ਧਰਤ ੨੪
ਤੇਰੇ ਦਰ ਮੰਗਾਂ ਨਿਮਾਣੀ, ਆਜਜ਼ ਹੋ ਕੇ ਸੀਸ ਨਿਵਾਈਆ । ਤੂੰ ਸ਼ਾਹੋ ਭੂਪ ਸੁਲਤਾਨੀ, ਸ਼ਹਿਨਸ਼ਾਹ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਮੇਰੇ ਪ੍ਰੇਮ ਪਿਆਰ ਦੀ ਤਕੋ ਧਾਰ, ਬਿਨ ਅੱਖਰਾਂ ਅੱਖਰ ਜਣਾਈਆ । ਨਿਗਾਹ ਮਾਰੋ ਤੇਈ ਅਵਤਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਲ ਮਿਲਾਈਆ । ਨਵ ਸੱਤ ਹੋਇਆ ਧੁੰਅਾਂਧਾਰ, ਨੂਰੀ ਚੰਦ ਨਾ ਕੋਇ ਰੁਸ਼ਨਾਈਆ । ਆਤਮ ਪਰਮਾਤਮ ਹੋਏ ਨਾ ਕੋਈ ਜੈ ਜੈ ਕਾਰ, ਸ਼ਬਦੀ ਸ਼ਬਦ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਪੈਗ਼ੰਬਰੋ ਆਪਣੇ ਆਪਣੇ ਤਕੋ ਕਲਾਮ, ਕਲਮਾ ਕਾਇਨਾਤ ਖੋਜ ਖੁਜਾਈਆ । ਆਪਣਾ ਸਯਦਾ ਤਕੋ ਸਲਾਮ, ਬਿਨ ਨੈਣਾਂ ਨੈਣ ਉਠਾਈਆ । ਜਿਸ ਕਾਰਨ ਸ਼ਰਅ ਵਿਚ ਹੋਏ ਗ਼ੁਲਾਮ, ਜ਼ੰਜੀਰ ਬਿਨ ਤੰਦ ਤੰਦ ਬੰਧਾਈਆ । ਕੀ ਹੁਕਮ ਸੰਦੇਸ਼ਾ ਦੇਵੇ ਧੁਰ ਅਮਾਮ, ਅਮਲਾਂ ਤੋਂ ਰਹਿਤ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਮੇਰੇ ਗੁਰੂ ਗੁਰਦੇਵ ਸੁਆਮੀ, ਸਿਰ ਸਰ ਦੋਵੇਂ ਦਿਆਂ ਨਿਵਾਈਆ । ਮੇਰੇ ਅੰਤਸ਼ਕਰਨ ਦੇ ਅੰਤਰਜਾਮੀ, ਨਿਰੰਤਰ ਵੇਖਣਾ ਚਾਈਂ ਚਾਈਂਆ । ਨਵ ਸੱਤ ਹੋਈ ਅੰਧੇਰੀ ਸ਼ਾਮੀ, ਸ਼ਮਅ ਨੂਰ ਜੋਤ ਨਾ ਕੋਇ ਰੁਸ਼ਨਾਈਆ । ਪਵਿਤ੍ਰ ਰਿਹਾ ਕੋਈ ਨਾ ਪਾਣੀ, ਪਨਘਟ ਬੈਠੀ ਖ਼ਲਕ ਖ਼ੁਦਾਈਆ । ਮੰਜ਼ਲ ਰਹੀ ਨਾ ਕੋਇ

੧੪੫੪
੨੪

ਰੁਹਾਨੀ, ਜਿਸਮ ਜਿਸਮਾਨੀ ਸਾਰੇ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਦਾ ਕਰਤਾ ਕੀ ਆਪਣੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਸੁਣ ਧਰਨੀ ਧਰਤ ਧਵਲ, ਧਵਲੇ ਤੈਨੂੰ ਦਿਆਂ ਜਣਾਈਆ । ਮੇਰਾ ਨੂਰ ਅਲਾਹੀ ਅਵਲ, ਆਲਮੀਨ ਹੋ ਕੇ ਵੇਖ ਵਖਾਈਆ । ਜੋ ਰਸੂਲਾਂ ਨਾਲ ਕੀਤਾ ਕਵਲ, ਕਾਇਨਾਤ ਦਿਆਂ ਭੁਗਤਾਈਆ । ਮਵਜ਼ੇ ਨੂ ਅਰਸ਼ੇ ਨਜ਼ੂ ਗਮਸਤੁਅਲ ਮੁਬਾਏ ਜ਼ਵਾ ਜ਼ਖ਼ਮਮ ਜ਼ੂ ਸਤਿਲ ਦਜ਼ੂ ਮਜ਼ੀ ਨੂਰੇ ਨਜ਼ਾ ਫ਼ਰਸ਼ੇ ਅਸਮਾਂ ਜ਼ਿਮੀਂ ਜ਼ਮਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਅਵਤਾਰ ਪੈਗ਼ੰਬਰ ਗੁਰੂ ਰਹੇ ਆਖ, ਬਿਨ ਅੱਖਰਾਂ ਅੱਖਰ ਦ੍ਰਿੜਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਪਰਗਟ ਹੋਵੇ ਸਾਖਿਆਤ, ਸਾਜਣ ਮੀਤ ਆਪਣਾ ਭੇਵ ਚੁਕਾਈਆ । ਜੋ ਲਹਿਣਾ ਦੇਣਾ ਮੇਟਣਹਾਰਾ ਦੀਨ ਮਜ਼੍ਹਬ ਜ਼ਾਤ ਪਾਤ, ਪਤਿਪਰਮੇਸ਼ਵਰ ਪਰਵਰਦਿਗਾਰ ਅਗੰਮ ਅਥਾਹ ਇਕ ਅਖਵਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਜੋਤੀ ਜਾਤਾ ਹੋ ਕੇ ਖੋਲ੍ਹੇ ਤਾਕ, ਪਰਦਾ ਪਰਦਿਆਂ ਵਿਚੋਂ ਉਠਾਈਆ । ਤੇਰਾ ਲਹਿਣਾ ਦੇਣਾ ਲੇਖਾ ਪੂਰਬ ਦੇਵੇ ਬਾਕੀ ਬਾਕ, ਨਿਰਗੁਣ ਹੋ ਕੇ ਝੋਲੀ ਦਏ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਧਰਨੀ ਧਵਲੇ ਦਇਆ ਕਮਾਵਾਂਗਾ । ਜੋਤੀ ਜਾਤਾ ਹੋ ਕੇ ਵੇਖ ਵਖਾਵਾਂਗਾ । ਸ਼ਬਦ ਅਨਾਦੀ ਡੰਕ ਵਜਾਵਾਂਗਾ । ਦੋ ਜਹਾਨਾਂ ਆਪ ਸੁਣਾਵਾਂਗਾ । ਦੁਆਰ ਬੰਕ ਇਕ ਵਡਿਆਵਾਂਗਾ । ਰਾਓ ਰੰਕ ਅੱਖ ਖੁਲ੍ਹਾਵਾਂਗਾ । ਮਾਨਵ ਜ਼ਾਤੀ ਮੇਟ ਕੇ ਸ਼ੰਕ, ਸੰਸੇ ਵਿਚ ਨਾ ਕੋਇ ਰਖਾਵਾਂਗਾ । ਆਪਣੇ ਨਾਮ ਦਾ ਇਕੋ ਦੱਸ ਕੇ ਅੰਕ, ਅੰਗੀਕਾਰ ਆਪ ਹੋ ਜਾਵਾਂਗਾ । ਸ਼ਬਦੀ ਸੁਰਤੀ ਲਾ ਕੇ ਤਨਕ, ਮੇਲਾ ਆਤਮ ਪਰਮਾਤਮ ਆਪ ਕਰਾਵਾਂਗਾ । ਜੋ ਇਸ਼ਾਰਾ ਦੇ ਕੇ ਗਿਆ ਜਨਕ, ਜਾਨਕਾਰੀ ਆਪਣੇ ਹੱਥ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਵਾਂਗਾ । ਸਾਚਾ ਹੁਕਮ ਅਗੰਮ ਵਰਤਾਏਗਾ । ਸੋ ਪੁਰਖ ਨਿਰੰਜਣ ਭੇਵ ਖੁਲ੍ਹਾਏਗਾ । ਹਰਿ ਪੁਰਖ ਨਿਰੰਜਣ ਪਰਦਾ ਲਾਹੇਗਾ । ਏਕੰਕਾਰਾ ਵੇਖ ਵਖਾਏਗਾ । ਆਦਿ ਨਿਰੰਜਣ ਡਗਮਗਾਏਗਾ । ਅਬਿਨਾਸ਼ੀ ਕਰਤਾ ਸੋਭਾ ਪਾਏਗਾ । ਸ੍ਰੀ ਭਗਵਾਨਾ ਸੰਗ ਨਿਭਾਏਗਾ । ਪਾਰਬ੍ਰਹਮ ਰੂਪ ਪਰਗਟਾਏਗਾ । ਸਚ ਦੁਆਰ ਇਕ ਵਡਿਆਏਗਾ । ਦਰਗਾਹ ਸਾਚੀ ਸੋਭਾ ਪਾਏਗਾ । ਸਤਿਗੁਰ ਸ਼ਬਦ ਸ਼ਬਦ ਉਪਜਾਏਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਏਗਾ । ਤ੍ਰੈਗੁਣ ਅਤੀਤਾ ਵੇਖ ਵਖਾਏਗਾ । ਪੰਚਮ ਤਤਾਂ ਖੇਲ ਖਿਲਾਏਗਾ । ਧਰਨੀ ਧਵਲੇ ਤੇਰੇ ਨਾਲ ਜੋੜ ਅਗੰਮੀ ਨਾਤਾ, ਨਾਤਾ ਬਿਧਾਤਾ ਆਪ ਰਖਾਏਗਾ । ਅੰਤਮ ਪੁਛੇ ਤੇਰੀ ਵਾਤਾ, ਸਿਰ ਸਿਰ ਆਪਣਾ ਹੱਥ ਟਿਕਾਏਗਾ । ਤੇਰਾ ਲਹਿਣਾ ਦੇਣਾ ਵੇਖੇ ਪੂਰਬ ਜੁਗ ਚੌਕੜੀ ਦਾ ਖਾਤਾ, ਖ਼ਾਤਰ ਤੇਰੀ ਫੇਰਾ ਪਾਏਗਾ । ਨੌਂ ਖੰਡ ਪ੍ਰਿਥਮੀ ਤਕੇ ਇਕੋ ਅਹਾਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਏਗਾ । ਸਤਿਗੁਰ ਸ਼ਬਦ ਕਹੇ ਧਰਨੀ ਲੋਕਮਾਤ ਨਾ ਹੋ ਦਿਲਗੀਰ, ਚਿੰਤਾ ਗ਼ਮ ਨਾ ਕੋਇ ਰਖਾਈਆ । ਪੁਰਖ ਅਕਾਲਾ ਦੀਨ ਦਿਆਲਾ ਦੇਵਣਹਾਰਾ ਧੀਰ, ਧੀਰਜ ਧਰਮ ਧਾਰ ਦ੍ਰਿੜਾਈਆ । ਕਲਜੁਗ ਅੰਤਮ ਵੇਖੇ ਤੇਰੀ ਪੀਰ, ਪੀਰ ਪੀਰਾਂ ਦਾ ਮਾਲਕ ਨੂਰ ਅਲਾਹੀਆ । ਜਿਸ ਦਾ ਇਸ਼ਾਰਾ ਦੇ ਕੇ ਗਿਆ ਕਬੀਰ, ਕ਼ਬਰਾਂ ਬਾਹਰ ਆਪਣਾ ਹੁਕਮ ਵਰਤਾਈਆ । ਉਹ ਤੇਰੀ

੧੪੫੫
੨੪

ਬਦਲ ਦੇਵੇ ਤਕ਼ਦੀਰ, ਤਕੱਬਰ ਦੀਨ ਦੁਨੀ ਮਿਟਾਈਆ । ਜਿਸ ਦੇ ਕੋਲ ਅਗੰਮੀ ਤਦਬੀਰ, ਤਰੀਕ਼ਾ ਸਮਝ ਕਿਸੇ ਨਾ ਆਈਆ । ਉਹ ਸ਼ਰਅ ਦੇ ਤੋੜੇ ਜ਼ੰਜੀਰ, ਬੰਧਨ ਰਹਿਣ ਕੋਇ ਨਾ ਪਾਈਆ । ਝਗੜਾ ਮਿਟਾ ਕੇ ਗ਼ਰੀਬ ਅਮੀਰ, ਅਮਰਾਪਦ ਦਾ ਮਾਲਕ ਸਿਰ ਸਭ ਦੇ ਹੱਥ ਉਠਾਈਆ । ਜਿਸ ਲੇਖੇ ਲਾਇਆ ਰਵੀਦਾਸ ਕਸੀਰ, ਗੰਗਾ ਗੰਗੋਤਰੀ ਵੇਖਣ ਸੀਸ ਨਿਵਾਈਆ । ਉਹ ਅੰਮ੍ਰਿਤ ਰਸ ਤੈਨੂੰ ਦੇਵਣਹਾਰਾ ਸੀਰ, ਅੰਮਿਉਂ ਰਸ ਆਪ ਚਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਧਰਨੀ ਉਹ ਦੇਵਣਹਾਰ ਦਿਲਾਸਾ, ਧਰਮ ਦੀ ਧਰਮ ਧਾਰ ਜਣਾਈਆ । ਜਿਸ ਦੇ ਉਤੇ ਆਦਿ ਜੁਗਾਦਿ ਸਭ ਦਾ ਭਰਵਾਸਾ, ਭਾਂਡਾ ਭਰਮ ਭੌ ਭੰਨਾਈਆ । ਉਹ ਲੇਖ ਮੁਕਾਏ ਪ੍ਰਿਥਮੀ ਆਕਾਸ਼ਾ, ਗਗਨ ਗਗੰਨਤਰ ਵੇਖ ਵਖਾਈਆ । ਉਹ ਹੁਕਮ ਦੇਵਣ ਵਾਲਾ ਸ਼ੰਕਰ ਕੈਲਾਸ਼ਾ, ਕਲਾਧਾਰੀ ਕੀ ਆਪਣੀ ਕਾਰ ਕਮਾਈਆ । ਜਿਸ ਵਿਚ ਫ਼ਰਕ ਆਵੇ ਨਾ ਤੋਲਾ ਮਾਸਾ, ਰਤੀਆਂ ਵੰਡ ਨਾ ਕੋਇ ਵੰਡਾਈਆ । ਜਿਸ ਦੀ ਆਦਿ ਜੁਗਾਦਿ ਇਕੋ ਸ਼ਬਦ ਦੀ ਭਾਸ਼ਾ, ਜਗਤ ਵਿਦਿਆ ਵੰਡ ਨਾ ਕੋਇ ਵੰਡਾਈਆ । ਉਹ ਤੇਰੇ ਉਤੇ ਵੇਖਣ ਵਾਲਾ ਤਮਾਸ਼ਾ, ਨਵ ਸੱਤ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਸੁਣ ਧਰਨੀ ਧਰਤ ਧਵਲ, ਧਵਲੇ ਦਿਆਂ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਨੂਰ ਅਲਾਹੀ ਅਵਲ, ਅਵਲ ਅੱਲਾ ਕੀ ਖੇਲ ਖਿਲਾਈਆ । ਜਿਸ ਦਾ ਖੇਲ ਆਦਿ ਜੁਗਾਦਿ ਜੁਗ ਚੌਕੜੀ ਅਵਤਾਰ ਪੈਗ਼ੰਬਰ ਗੁਰੂਆਂ ਨਾਲ ਕਵਲ, ਵਾਅਦੇ ਸਭ ਦੇ ਵੇਖ ਵਖਾਈਆ । ਉਹ ਨੂਰ ਨੁਰਾਨਾ ਅਲਾਹੀ ਰੂਪ ਸਾਵਲ ਸਵਲ, ਸੁੰਦਰੀਆ ਭੇਵ ਕੋਇ ਨਾ ਪਾਈਆ । ਉਹ ਕਲਜੁਗ ਅੰਤ ਕੰਤ ਭਗਵੰਤ ਖੇਲ ਕਰੇ ਅਛਲ ਅਛੱਲ, ਵਲ ਛਲ ਆਪਣੀ ਧਾਰ ਜਣਾਈਆ । ਜਿਸ ਵਾਅਦਾ ਪੂਰਾ ਕਰਨਾ ਬਾਵਨ ਬਲ, ਸਤਿਜੁਗ ਜਿਸ ਦੀ ਦਏ ਗਵਾਹੀਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਧਾਰ ਹੋ ਕੇ ਤੇਰੇ ਉਤੇ ਆਵੇ ਚਲ, ਬਿਨ ਕ਼ਦਮਾਂ ਬਣੇ ਪਾਂਧੀ ਰਾਹੀਆ । ਭਾਗ ਲਗਾਏ ਸੰਬਲ ਸਚ ਮਹਲ, ਆਸਣ ਸਿੰਘਾਸਣ ਇਕ ਸੁਹਾਈਆ । ਜੋਤੀ ਜਾਤਾ ਪੁਰਖ ਬਿਧਾਤਾ ਸ਼ਬਦੀ ਜੋਤ ਧਾਰ ਜਾਏ ਰਲ, ਨੇਤਰ ਵੇਖਣ ਕੋਇ ਨਾ ਪਾਈਆ । ਜੋ ਕਲਾ ਮੇਟੇ ਕਲਜੁਗ ਕਲ, ਕਲ ਕਾਤੀਆਂ ਕਰੇ ਸਫ਼ਾਈਆ । ਅੰਤ ਕੰਤ ਭਗਵੰਤ ਤੇਰਾ ਮਸਲਾ ਕਰੇ ਹੱਲ, ਜਿਸ ਦੀ ਮਿਸਾਲ ਸਕੇ ਨਾ ਕੋਇ ਪਾਈਆ । ਪਾਵੇ ਸਾਰ ਸਮੁੰਦ ਸਾਗਰ ਜਲ ਥਲ, ਟਿੱਲੇ ਪਰਬਤ ਪਹਾੜ ਮਹੀਅਲ ਵੇਖ ਵਖਾਈਆ । ਸੋ ਸਿੰਘਾਸਣ ਪੁਰਖ ਅਬਿਨਾਸ਼ਣ ਲਏ ਮੱਲ, ਮਾਲਕ ਹੋ ਕੇ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਦਰ ਇਕ ਸੁਹਾਈਆ । ਸਤਿਗੁਰ ਸ਼ਬਦ ਕਹੇ ਧਰਨੀ ਪਿਆਰ ਵਿਚ ਦੇਵਾਂ ਦਲੇਰੀ, ਹਿੰਮਤ ਪ੍ਰਭ ਦਾ ਨਾਮ ਜਣਾਈਆ । ਨਿਰਗੁਣ ਹੋ ਕੇ ਮਾਰੇ ਫੇਰੀ, ਸਰਗੁਣ ਵੇਖੇ ਚਾਈਂ ਚਾਈਂਆ । ਤੇਰੇ ਅੰਤਰ ਨਿਰੰਤਰ ਖ਼ੁਸ਼ੀ ਦਏ ਘਨੇਰੀ, ਚਾਓ ਘਨੇਰਾ ਇਕ ਪਰਗਟਾਈਆ । ਜੋ ਕਲਜੁਗ ਮੇਟੇ ਰੈਣ ਅੰਧੇਰੀ, ਅੰਧ ਆਤਮ ਕਰੇ ਰੁਸ਼ਨਾਈਆ । ਇਕੋ ਰੰਗ ਰੰਗਾਏ ਸੰਝ ਸਵੇਰੀ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਜਿਸ ਦੇ ਹੁਕਮ ਵਿਚ ਕਲਜੁਗ ਆਯੂ ਲੰਘ ਗਈ ਬਥੇਰੀ, ਅਗੇ ਅਵਰ ਨਾ ਕੋਇ ਵਧਾਈਆ । ਕੂੜੀ ਕਿਰਿਆ ਢਾਹ ਕੇ ਕਰੇ ਢੇਰੀ, ਖ਼ਾਕੀ ਖ਼ਾਕ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰਵਾਨ ਹੋ ਕੇ ਕਰੇ ਮਿਹਰੀ, ਮਹਿਬੂਬ ਮੁਹੱਬਤ ਆਪਣੀ ਇਕ ਜਣਾਈਆ ।

### ✪ ੨੧ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਪਾਲ ਸਿੰਘ ਦੇ ਗ੍ਰਿਹ ਪਿੰਡ ਦਾਉਦਪੁਰ ਜ਼ਿਲਾ ਕਪੂਰਥਲਾ ✪

ਫਲਗੁਣ ਕਹੇ ਮੇਰਾ ਪਰਵਿਸ਼ਟਾ ਦੋ ਇਕ ਦੀ ਧਾਰ, ਇਕੀਸੇ ਜਗਦੀਸੇ ਤੇਰੀ ਬੇਪਰਵਾਹੀਆ । ਪੁਰਖ ਅਕਾਲੇ ਦੀਨ ਦਿਆਲੇ ਮੇਰੀ ਪਾਉਣੀ ਸਾਰ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸਾਂਝੇ ਯਾਰ, ਨੂਰ ਨੁਰਾਨੇ ਸ਼ਾਹ ਸੁਲਤਾਨੇ ਤੇਰੇ ਹੱਥ ਵਡਿਆਈਆ । ਤੂੰ ਸਦਾ ਸੁਹੇਲਾ ਇਕ ਇਕੇਲਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਤੇਰੀ ਓਟ ਤਕਾਈਆ । ਪਰਮ ਪੁਰਖ ਪਰਮਾਤਮ ਨਿਗਾਹ ਮਾਰ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਸਤਿਗੁਰ ਸ਼ਬਦ ਇਕੋ ਸਭ ਨੂੰ ਕਰੇ ਖ਼ਬਰਦਾਰ, ਬੇਖ਼ਬਰਾਂ ਖ਼ਬਰ ਸੁਣਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਮੇਰਾ ਲਹਿਣਾ ਦੇਣਾ ਦਏ ਉਧਾਰ, ਪੂਰਬ ਲੇਖਾ ਝੋਲੀ ਪਾਈਆ । ਜੋ ਸੰਦੇਸ਼ਾ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰ, ਭਵਿਖਤਾਂ ਲਿਖਤਾਂ ਵਿਚ ਸੁਣਾਈਆ । ਕਲ ਕਲਕੀ ਆਵੇ ਨਿਹਕਲੰਕ ਅਵਤਾਰ, ਅਵਤਰੀ ਹੋ ਕੇ ਵੇਖ ਵਖਾਈਆ । ਜੋਤੀ



ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਮਾਰ ਲੈ ਝਾਕੀ, ਬਿਨ ਨੇਤਰ ਲੋਚਨ ਨੈਣਾਂ ਨੈਣ ਉਠਾਈਆ । ਕਿਰਪਾ ਕਰ ਦੇ ਮੇਰੇ ਕਮਲਾਪਾਤੀ, ਪਤਿਪਰਮੇਸ਼ਵਰ ਪਾਰਬ੍ਰਹਮ ਪ੍ਰਭ ਤੇਰੀ ਓਟ ਤਕਾਈਆ । ਅੰਤ ਕੰਤ ਭਗਵੰਤ ਮੇਰੀ ਪੁਛ ਵਾਤੀ, ਨਵ ਸੱਤ ਨੈਣਾਂ ਨੀਰ ਵਹਾਈਆ । ਧਰਮ ਦੀ ਰਹੀ ਨਾ ਕੋਇ ਪਰਭਾਤੀ, ਕਲਜੁਗ ਅੰਧ ਅੰਧੇਰਾ ਛਾਈਆ । ਝਗੜਾ ਤਕ ਲੈ ਜ਼ਾਤ ਪਾਤੀ, ਦੀਨ ਮਜ਼੍ਹਬ ਕਰੇ ਲੜਾਈਆ । ਸਚ ਪ੍ਰੀਤੀ ਰਹੀ ਨਾ ਕਿਸੇ ਨਾਤੀ, ਤੇਰੇ ਚਰਨ ਕਵਲ ਨਾ ਕੋਇ ਸਰਨਾਈਆ । ਝਗੜਾ ਤਕ ਲੈ ਜ਼ਾਤ ਪਾਤੀ, ਦੀਨ ਮਜ਼੍ਹਬ ਰਿਹਾ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਮੇਰੇ ਪੁਰਖ ਅਕਾਲੇ, ਅਕਲ ਕਲਧਾਰੀ ਤੇਰੀ ਓਟ ਤਕਾਈਆ । ਕਿਰਪਾ ਨਿਧਾਨ ਦੀਨ ਦਿਆਲੇ, ਦੀਨਾ ਨਾਥ ਤੇਰੀ ਸਰਨਾਈਆ । ਤੁਧ ਬਿਨ ਮੇਰੀ ਸੁਰਤ ਨਾ ਕੋਇ ਸੰਭਾਲੇ, ਸੰਬਲ ਦੇ ਮਾਲਕ ਹੋ ਸਹਾਈਆ । ਤ੍ਰੈਗੁਣ ਮੇਟ ਦੇ ਕੂੜ ਜੰਜਾਲੇ, ਜਾਗਰਤ ਜੋਤ ਕਰ ਰੁਸ਼ਨਾਈਆ । ਮੇਰੇ ਉਤੋਂ ਦਾਗ਼ ਮੇਟ ਦੇ ਕਾਲੇ, ਕਿਰਿਆ ਕੂੜ ਦੇ ਚੁਕਾਈਆ । ਲਹਿਣਾ ਦੇਣਾ ਤਕ ਲੈ ਹਾਲੇ, ਹਾਲਤ ਵਿਗੜੀ ਖ਼ਲਕ ਖ਼ੁਦਾਈਆ । ਕਾਇਆ ਮੰਦਰ ਸੋਹੇ ਨਾ ਕੋਈ ਸਚੀ ਧਰਮਸਾਲੇ, ਕਾਅਬਾ ਹਕ ਨਾ ਕੋਇ ਜਣਾਈਆ । ਫਲ ਲਗੇ ਕਿਸੇ ਨਾ ਡਾਲੇ, ਸਾਵੇ ਤਿੰਨ ਹੱਥ ਪੱਤ ਟਹਿਣੀ ਨਾ ਕੋਇ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋ ਸਹਾਈਆ । ਧਰਨੀ ਕਹੇ ਪ੍ਰਭੂ ਮੇਰੇ ਸ਼ਹਿਨਸ਼ਾਹ ਨਵਾਬਾ, ਸਤਿ ਸਤਿਵਾਦੀ ਤੇਰੀ ਓਟ ਤਕਾਈਆ । ਅੰਮ੍ਰਿਤ ਮੇਘ ਬਖ਼ਸ਼ ਦੇ ਆਬਾ, ਆਬੇਹਯਾਤ ਦੇ ਬਰਸਾਈਆ । ਲੇਖਾ ਪੂਰਾ ਕਰ ਦੇ ਕਵਲ ਨਾਭਾ, ਬੂੰਦ ਸਵਾਂਤੀ ਖੇਲ ਖਿਲਾਈਆ । ਮੇਰੀ ਆਸ਼ਾ ਵੇਖ

ਲੈ ਕਾਰ ਕਰਾਂ ਵਿਚ ਦੋਆਬਾ, ਦੋਹਰੀ ਤੇਰੀ ਖੇਲ ਵੇਖ ਵਖਾਈਆ । ਤੂੰ ਸਭ ਦਾ ਹਕ ਜਨਾਬਾ, ਪੈਗ਼ੰਬਰ ਰਸੂਲ ਤੈਨੂੰ ਸੀਸ ਨਿਵਾਈਆ । ਸਤਿਗੁਰ ਨਾਨਕ ਨਿਰਗੁਣ ਸਰਗੁਣ ਧਾਰ ਵਜਾਈ ਰਬਾਬਾ, ਬਿਨ ਤੰਦ ਤੰਦ ਸ਼ਨਵਾਈਆ । ਮੇਰੇ ਪਰਵਰਦਿਗਾਰ ਸਾਂਝੇ ਯਾਰ ਜੋਤੀ ਜਾਤੇ ਹੋ ਕੇ ਆ ਜਾ, ਆਜਜ਼ ਹੋ ਕੇ ਸੀਸ ਨਿਵਾਈਆ । ਦੋ ਜਹਾਨਾਂ ਬਣ ਕੇ ਰਾਜਾ, ਰਾਜਨ ਰਾਜ ਵੇਖਣਾ ਚਾਈਂ ਚਾਈਂਆ । ਭਾਗ ਲਗਾ ਦੇ ਦੇਸ ਮਾਝਾ, ਮਜਲਸ ਭਗਤਾਂ ਨਾਲ ਬਣਾਈਆ । ਤੇਰਾ ਸਮਾਜ ਹੋਵੇ ਸਾਂਝਾ, ਦੂਸਰ ਵੰਡ ਨਾ ਕੋਇ ਰਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮੇਰਾ ਸਵਾਰ ਕਾਜਾ, ਕਰਨੀ ਦੇ ਕਰਤੇ ਕੁਦਰਤ ਦੇ ਮਾਲਕ ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਲਹਿਣਾ ਦੇਣਾ ਪੂਰਾ ਕਰ ਦੇ ਜੋ ਸੰਦੇਸ਼ਾ ਦੇ ਕੇ ਗਿਆ ਵਾਲਾ ਬਾਜ਼ਾਂ, ਗੋਬਿੰਦ ਗੋਬਿੰਦ ਗੋਬਿੰਦ ਤੇਰੀ ਧਾਰ ਦ੍ਰਿੜਾਈਆ । ਮਿਹਰਵਾਨ ਮਹਿਬੂਬ ਤੁਧ ਬਿਨ ਕਰੇ ਨਾ ਕੋਇ ਇਮਦਾਦਾ, ਆਮਦ ਵਿਚ ਤੇਰਾ ਧਿਆਨ ਲਗਾਈਆ । ਇਕੋ ਸ਼ਬਦ ਸੁਣਾ ਦੇ ਧੁਰ ਅਨਾਦਾ, ਅਨਾਦੀ ਧੁਨ ਦੇ ਦ੍ਰਿੜਾਈਆ । ਹੁਕਮ ਜਣਾ ਦੇ ਬੋਧ ਅਗਾਧਾ, ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਤੂੰ ਮੇਰਾ ਮੋਹਣ ਮਾਧਵ ਮਾਧਾ, ਮਾਧੋ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਰ ਦੇਣਾ ਸੁਹਾਈਆ । ਧਰਨੀ ਕਹੇ ਪ੍ਰਭੂ ਨਿਗਾਹ ਮਾਰ ਲੈ ਮੇਰੇ ਅੰਤਸ਼ਕਰਨ, ਬਾਹਰ ਵੇਖਣ ਦੀ ਲੋੜ ਰਹੇ ਨਾ ਰਾਈਆ । ਇਕੋ ਓਟ ਬਖ਼ਸ਼ ਦੇ ਆਪਣੇ ਚਰਨ, ਚਰਨੋਦਕ ਜਾਮ ਦੇਣਾ ਪਿਆਈਆ । ਮੇਰਾ ਖੁਲ੍ਹ ਜਾਏ ਹਰਨ ਫਰਨ, ਨਿਜ ਨੇਤਰ ਕਰ ਰੁਸ਼ਨਾਈਆ । ਇਕੋ ਸੁਆਮੀ ਬਖ਼ਸ਼ ਦੇ ਸਰਨ, ਸਰਨਗਤ ਇਕ ਦ੍ਰਿੜਾਈਆ । ਇਕੋ ਢੋਲਾ ਦੱਸ ਦੇ ਪੜ੍ਹਨ, ਨਾਮ ਨਿਧਾਨਾ ਇਕ ਜਣਾਈਆ । ਇਕੋ ਮੰਜ਼ਲ ਦੱਸ ਦੇ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਮੇਰੇ ਉਤੋਂ ਕਿਲਾ ਤੋੜ ਹੰਕਾਰੀ ਗੜ੍ਹਨ, ਹੰ ਬ੍ਰਹਮ ਦੇ ਸਮਝਾਈਆ । ਜਗਤ ਜਗਿਆਸੂ ਇਕੋ ਤੇਰਾ ਲੜ ਫੜਨ, ਦੂਸਰ ਓਟ ਨਾ ਕੋਇ ਤਕਾਈਆ । ਤੂੰ ਮਾਲਕ ਖ਼ਾਲਕ ਹਾਰ ਭੰਨਣ ਘੜਨ, ਸਮਰਥ ਅਕਥ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੀ ਲੇਖੇ ਲਾ ਲੈ ਘਾਲ, ਘਾਇਲ ਹੋ ਕੇ ਸੀਸ ਨਿਵਾਈਆ । ਸਤਿਗੁਰ ਸ਼ਬਦ ਵਿਚੋਲਾ ਹੋਏ ਦਲਾਲ, ਦੋ ਜਹਾਨਾਂ ਵੇਖੇ ਚਾਈਂ ਚਾਈਂਆ । ਫਲ ਲਗਾਵੇ ਮੇਰੇ ਨਵ ਖੰਡ ਦੇ ਡਾਲ, ਸੱਤ ਦੀਪ ਦਏ ਮਹਿਕਾਈਆ । ਆਪੇ ਵੇਖੇ ਮੁਰੀਦਾਂ ਹਾਲ, ਮੁਰਸ਼ਦ ਬਣੇ ਧੁਰਦਰਗਾਹੀਆ । ਸਚ ਸੁਆਮੀ ਅੰਤਰਜਾਮੀ ਮੇਰਾ ਲਹਿਣਾ ਦੇਣਾ ਤੇਰੇ ਨਾਲ, ਦੂਸਰ ਓਟ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੁਆਰ ਇਕ ਸੁਹਾਈਆ । ਧਰਨੀ ਕਹੇ ਪ੍ਰਭੂ ਮੇਰਾ ਸੁਹਾ ਦੇ ਦੁਆਰਾ ਬੰਕ, ਬੰਕ ਦੁਆਰੀ ਹੋ ਕੇ ਦਇਆ ਕਮਾਈਆ । ਤੇਰਾ ਖੇਲ ਜੁਗ ਚੌਕੜੀ ਵਾਰ ਅਨਕ, ਅਨਕ ਕਲਧਾਰੀ ਤੇਰੀ ਤੇਰੇ ਹੱਥ ਵਡਿਆਈਆ । ਮਿਹਰਵਾਨਾ ਸ੍ਰੀ ਭਗਵਾਨਾ ਦੀਨ ਦੁਨੀ ਦੀ ਅੰਤਰ ਨਿਰੰਤਰ ਕਢ ਦੇ ਸ਼ੰਕ, ਸੰਸਾ ਰਹਿਣ ਕੋਇ ਨਾ ਪਾਈਆ । ਸ਼ਬਦੀ ਧਾਰ ਏਕੰਕਾਰ ਸੁਰਤ ਸੁਆਣੀ ਲਾ ਦੇ ਤਨਕ, ਬਿਨ ਤੰਦ ਸਿਤਾਰ ਆਪਣੇ ਨਾਲ ਬੰਧਾਈਆ । ਸਤਿਜੁਗ ਸਤਿ ਸਚ ਬਣਾ ਦੇ ਬਣਤ, ਘੜਨ ਭੰਨਣਹਾਰ ਤੇਰੇ ਹੱਥ ਵਡਿਆਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਹੋਏ ਮੰਤ, ਮੰਤਵ ਸਭ ਦਾ ਹਲ ਕਰਾਈਆ । ਤੇਰੇ ਹੁਕਮੇ ਅੰਦਰ ਜੀਵ ਜੰਤ, ਸਾਧ ਸੰਤ ਜੁਗ ਜੁਗ ਤੇਰਾ ਨਾਮ ਧਿਆਈਆ । ਤੇਰੀ ਮਹਿੰਮਾ

ਆਦਿ ਜੁਗਾਦਿ ਸਦਾ ਅਗਣਤ, ਅਲਖ ਅਗੋਚਰ ਤੇਰੇ ਹੱਥ ਵਡਿਆਈਆ । ਮਿਹਰਵਾਨ ਸ੍ਰੀ ਭਗਵਾਨ ਮੇਰੀ ਮੰਨ ਲੈ ਮਿੰਨਤ, ਨਮੋਂ ਨਮੋਂ ਕਹਿ ਕੇ ਸੀਸ ਨਿਵਾਈਆ । ਸਚਖੰਡ ਨਿਵਾਸੀ ਧਰਨੀ ਧਰਤ ਧਵਲ ਧੌਲ ਕਹੇ ਮੇਰੀ ਆ ਜਾ ਸਿੰਮਤ, ਬਿਨ ਕਦਮਾਂ ਕ਼ਦਮ ਉਠਾਈਆ । ਚੌਥੇ ਜੁਗ ਮੇਰੀ ਮੇਟ ਦੇ ਚਿੰਨਤ, ਚਿੰਤਾ ਚਿਖਾ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਪ੍ਰਭੂ ਨਿਗਾਹ ਮਾਰ ਲੈ ਫਲਗੁਣ ਦਿਵਸ ਦਿਹਾੜਾ ਇੱਕੀ, ਪਰਵਿਸ਼ਟਾ ਦੂਆ ਏਕਾ ਮਿਲਕੇ ਵਜੇ ਵਧਾਈਆ । ਮੇਰੀ ਬੇਨੰਤੀ ਸਭ ਤੋਂ ਵੱਡੀ ਸਭ ਤੋਂ ਨਿੱਕੀ, ਨਿਰਾਕਾਰ ਨਿਰੰਕਾਰ ਤੇਰੇ ਚਰਨ ਟਿਕਾਈਆ । ਤੇਰਿਆਂ ਭਗਤਾਂ ਦੀ ਸੁਰਤੀ ਤੇਰੇ ਵਿਚ ਹੋਵੇ ਟਿਕੀ, ਟਿੱਕੇ ਮਸਤਕ ਧੂੜੀ ਖ਼ਾਕ ਤੇਰੀ ਰਮਾਈਆ । ਮੇਰੀ ਲੇਖੇ ਲਾ ਲੈ ਅੱਜ ਦੀ ਮਿਤੀ, ਮਿਤਰ ਪਿਆਰਾ ਹੋ ਕੇ ਵੇਖ ਵਖਾਈਆ । ਨਿਰਗੁਣ ਸਰਗੁਣ ਤੇਰਾ ਕਰਾਂ ਹਿਤੀ, ਹਿਤਕਾਰੀ ਤੇਰੇ ਹੱਥ ਵਡਿਆਈਆ । ਮੈਂ ਚਰਨ ਕਵਲ ਧਵਲ ਨਿਮਾਣੀ ਹੋ ਕੇ ਕ਼ਦਮਾਂ ਉਤੇ ਲਿਟੀ, ਲਿਟਾਂ ਖੋਲ੍ਹ ਕੇ ਦਿਆਂ ਵਖਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੇਰੀ ਮਨਜ਼ੂਰ ਕਰ ਲੈ ਹਾਹੇ ਵਾਲੀ ਟਿੱਪੀ, ਹੰ ਬ੍ਰਹਮ ਪਾਰਬ੍ਰਹਮ ਆਪਣੇ ਰੰਗ ਰੰਗਾਈਆ । ਸੋ ਪੁਰਖ ਨਿਰੰਜਣ ਮੇਰੀ ਧਾਰ ਕਰ ਦੇ ਚਿੱਟੀ, ਦੁਰਮਤ ਮੈਲ ਰਹੇ ਨਾ ਰਾਈਆ । ਤੇਰੀ ਖੇਲ ਵੇਖਾਂ ਅਨਡਿੱਠੀ, ਅਨਡਿਠੜੀ ਦੇਣੀ ਵਖਾਈਆ । ਤੇਰੇ ਕੋਲ ਅਵਤਾਰ ਪੈਗ਼ੰਬਰਾਂ ਗੁਰੂਆਂ ਵਾਲੀ ਚਿੱਠੀ, ਜੋ ਬਿਨ ਅੱਖਰਾਂ ਹਰਫ਼ ਹਰੂਫਾਂ ਮੇਰੇ ਅੰਤਰ ਗਏ ਟਿਕਾਈਆ । ਜਿਸ



ਦੀ ਇਕੋ ਬਾਤ ਮਿਠੀ, ਰਸਨਾ ਰਸ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਚਿੱਠੀ ਦਾ ਸਭ ਤੋਂ ਵਖਰਾ ਲੇਖ, ਜਗਤ ਅੱਖਰਾਂ ਵੰਡ ਨਾ ਕੋਇ ਵੰਡਾਈਆ । ਜਿਸ ਬਿਧ ਤੇਰਾ ਹੋਣਾ ਅਵੱਲੜਾ ਭੇਖ, ਤੇਰੀ ਬੇਪਰਵਾਹੀਆ । ਜਿਸ ਨਾਲ ਮੇਰੀ ਬਦਲਣੀ ਰੇਖ, ਰਿਖੀ ਮੁਨੀ ਸਮਝ ਕਿਸੇ ਨਾ ਆਈਆ । ਜਿਸ ਵਿਚ ਝਗੜਾ ਮੇਟਣਾ ਮੁੱਲਾ ਸ਼ੇਖ਼, ਮੁਸ਼ਾਇਕਾਂ ਪੰਧ ਰਹੇ ਨਾ ਰਾਈਆ । ਤੇਰਾ ਗ੍ਰਿਹ ਸੁਹੰਜਣਾ ਸੰਬਲ ਦੇਸ, ਦੇਸ ਦੇਸੰਤਰਾਂ ਵਜੇ ਵਧਾਈਆ । ਤੇਰਾ ਹੁਕਮ ਚਲਣਾ ਨਰ ਨਰੇਸ਼, ਨਰ ਨਰਾਇਣ ਤੇਰੀ ਵਡਿਆਈਆ । ਜੋ ਹੁਕਮ ਸੰਦੇਸ਼ਾ ਦੇ ਕੇ ਗਿਆ ਦਸ ਦਸਮੇਸ਼, ਦਹਿ ਦਿਸ਼ਾ ਦਿਸ਼ਾ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮੇਟੇ ਕਲੇਸ਼, ਕਲ ਕਾਤੀਆਂ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਹੁਕਮ ਆਦਿ ਜੁਗਾਦਿ ਜੁਗ ਚੌਕੜੀ ਸਦਾ ਹਮੇਸ਼, ਹਮਸਾਜਣ ਰਾਜ ਰਾਜਨ ਗ਼ਰੀਬ ਨਿਵਾਜਨ ਤੇਰੇ ਹੱਥ ਵਡਿਆਈਆ ।

✪ ੨੧ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਸੰਤੋਖ ਸਿੰਘ ਜੰਡਿਆਲਾ ਨਵਿਤ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਪ੍ਰਭੂ ਜਨ ਭਗਤਾਂ ਚਾੜ੍ਹ ਦੇ ਮਸਤੀ, ਖ਼ੁਮਾਰੀ ਨਿਰੰਕਾਰੀ ਤੇਰੀ ਨਜ਼ਰੀ ਆਈਆ । ਜੋਤੀ ਜਾਤੇ ਭੇਵ ਖੁਲ੍ਹਾ ਦੇ ਆਪਣੀ ਹਸਤੀ, ਹਸਤ ਕੀਟ ਦਾ ਲੇਖਾ ਰਹੇ ਨਾ ਰਾਈਆ । ਲਹਿਣਾ ਦੇਣਾ ਪੂਰਾ ਕਰ ਦੇ ਦਸਤੀ, ਉਧਾਰ ਅਵਰ ਨਾ ਕੋਇ ਜਣਾਈਆ । ਚਰਨ ਪ੍ਰੀਤੀ ਬਖ਼ਸ਼

ਦੇ ਸਸਤੀ, ਕ਼ੀਮਤ ਕਰਤੇ ਕੋਇ ਨਾ ਪਾਈਆ । ਆਤਮ ਧਾਰ ਬਖ਼ਸ਼ ਦੇ ਦਰਸੀ, ਅੰਤਰ ਨਿਰੰਤਰ ਮੇਲ ਮਿਲਾਈਆ । ਜਨਮ ਕਰਮ ਦੀ ਮੇਟ ਹਰਸੀ, ਹਵਸ ਕੂੜੀ ਦੇਣੀ ਮੁਕਾਈਆ । ਤੂੰ ਮਿਹਰਵਾਨ ਮਾਲਕ ਅਰਸ਼ੀ, ਅਰਸ਼ੀ ਪ੍ਰੀਤਮ ਤੇਰੇ ਹੱਥ ਵਡਿਆਈਆ । ਮੈਂ ਕੂਕ ਪੁਕਾਰਾਂ ਧਰਨੀ ਫ਼ਰਸ਼ੀ, ਮਿੱਟੀ ਖ਼ਾਕ ਹੋ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਜਨ ਭਗਤ ਆਦਿ ਜੁਗਾਦਿ ਤੇਰੇ, ਜੁਗ ਜੁਗ ਦਇਆ ਕਮਾਈਆ । ਅੰਤਰ ਨਿਰੰਤਰ ਚਾਉ ਬਖ਼ਸ਼ ਘਨੇਰੇ, ਸਤਿ ਸਤਿਵਾਦੀ ਹੋ ਸਹਾਈਆ । ਸਦ ਢੋਲੇ ਗਾਵਣ ਮੇਰੇ ਤੇਰੇ, ਦੂਸਰ ਇਸ਼ਟ ਨਾ ਕੋਇ ਮਨਾਈਆ । ਦੀਨ ਦੁਨੀ ਦੇ ਵਿਚੋਂ ਕੱਢ ਅੰਧੇਰੇ, ਸਤਿ ਸਚ ਕਰ ਰੁਸ਼ਨਾਈਆ । ਪੁਰਖ ਅਕਾਲੇ ਦੀਨ ਦਿਆਲੇ ਇਕੋ ਬਖ਼ਸ਼ ਦੇ ਮਿਹਰੇ, ਮਿਹਰਵਾਨ ਇਕੋ ਰੰਗ ਰੰਗਾਈਆ । ਸਦ ਦਰਸ਼ਨ ਦੇਣਾ ਸਨਮੁਖ ਹੋ ਚੇਰੇ, ਚਿਰੀ ਵਿਛੁੰਨੇ ਲੈਣਾ ਮਿਲਾਈਆ । ਝਗੜੇ ਮੇਟ ਦੇ ਅੰਡਜ ਜੇਰੇ, ਉਤਭੁਜ ਸੇਤਜ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਆਪ ਸਹਾਈਆ । ਧਰਨੀ ਕਹੇ ਪ੍ਰਭ ਜਨ ਭਗਤਾਂ ਲਾਹ ਦੇ ਆਲਸ ਨਿੰਦਰ, ਗ਼ਫ਼ਲਤ ਰਹਿਣ ਕੋਇ ਨਾ ਪਾਈਆ । ਬਜਰ ਕਪਾਟੀ ਤੋੜ ਜਿੰਦਰ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਭਾਗ ਲਗਾ ਦੇ ਡੂੰਘੀ ਕੰਦਰ, ਕਾਇਆ ਮਾਟੀ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸਾਚਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਮੇਟ ਦੁਖ ਸੰਤਾਪ, ਵਸੂਰੇ ਸਗਲੇ ਦੇ ਗਵਾਈਆ । ਪਰਮ ਪੁਰਖ ਪਰਮਾਤਮ ਇਕੋ ਜਪਣ ਅਜਪਾ ਜਾਪ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਤ੍ਰੈਗੁਣ ਮਾਇਆ ਮੇਟ ਪਾਪ, ਤ੍ਰੈਗੁਣ ਅਤੀਤੇ ਦਇਆ ਕਮਾਈਆ । ਕਲਜੁਗ ਅੰਤਮ ਪੁਛ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਤੂੰ ਠਾਕਰ ਸੁਆਮੀ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਨਿਗਾਹ ਮਾਰ ਲੈ ਲੋਕਮਾਤ, ਧਰਨੀ ਧਰਤ ਧਵਲ ਧੌਲ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਬਖ਼ਸ਼ ਦੇ ਬੂੰਦ ਸਵਾਂਤ, ਅੰਮਿਉਂ ਰਸ ਨਿਝਰੋਂ ਆਪ ਚੁਆਈਆ ।

## ੨੫ ਫੱਗਣ ਸ਼ਹਿਨਸ਼ਾਹੀ ਸੰਮਤ ੧੧ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ

ਧਰਨੀ ਕਹੇ ਪ੍ਰਭ ਮੇਰੇ ਉਤੋਂ ਕੂੜ ਕੁੜਿਆਰਾ ਕਟ, ਕਟਾਕਸ਼ ਆਪਣਾ ਨਾਮ ਲਗਾਈਆ । ਸਰ ਸਰੋਵਰ ਇਕ ਵਖਾ ਦੇ ਤਟ, ਕਿਨਾਰਾ ਘਾਟ ਦੂਜਾ ਨਜ਼ਰ ਕੋਇ ਨਾ ਆਈਆ । ਸਤਿ ਧਰਮ ਖੁਲ੍ਹਾ ਦੇ ਹੱਟ, ਹਟਵਾਣੇ ਆਪਣੀ ਖੇਲ ਵਖਾਈਆ । ਮਿਹਰਵਾਨਾ ਸ੍ਰੀ ਭਗਵਾਨਾ ਤੇਰਾ ਨਾਮ ਸਾਰੇ ਲੈਣ ਰਟ, ਝਗੜਾ ਜਗਤ ਰਹੇ ਨਾ ਰਾਈਆ । ਸ਼ਬਦ ਅਨਾਦੀ ਧੁਨ ਆਤਮਕ ਲਗਾ ਦੇ ਸੱਟ, ਸੁਤਿਆਂ ਲਏ ਜਗਾਈਆ । ਕਿਰਪਾ ਨਿਧਾਨ ਹੋ ਕੇ ਬਦਲ ਕਰਵਟ, ਪਾਸਾ ਦੀਨ ਦੁਨੀ ਬਦਲਾਈਆ । ਮੈਂ ਵਸਤ ਮੰਗਾਂ ਝਟ, ਬਹੁਤੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਪ੍ਰਭ ਮੇਰੇ ਧੁਰ ਦੇ ਰਾਮ, ਰਮਈਆ

ਤੇਰੀ ਓਟ ਤਕਾਈਆ । ਨਿਰਗੁਣ ਨਿਰਵੈਰ ਧੁਰ ਦੇ ਕਾਹਨ, ਕਾਹਨ ਕਾਹਨਾ ਤੇਰੀ ਬੇਪਰਵਾਹੀਆ । ਨੂਰ ਅਲਾਹੀ ਅਗੰਮ ਮੁਕ਼ਾਮ, ਮੁਕ਼ਾਮੇ ਹਕ ਦੇ ਮਾਲਕ ਇਕੋ ਓਟ ਤਕਾਈਆ । ਕਲਜੁਗ ਅੰਤ ਮੇਰਾ ਕਰ ਇੰਤਜ਼ਾਮ, ਲੇਖਾ ਆਪਣੇ ਹੱਥ ਰਖਾਈਆ । ਗੁਰੂ ਗੁਰਦੇਵ ਤੇਰਾ ਲੇਖਾ ਦੱਸ ਕੇ ਗਏ ਅਵਾਮ, ਭੇਵ ਅਭੇਦ ਜਗਤ ਖੁਲ੍ਹਾਈਆ । ਨਿਗਾਹ ਮਾਰ ਲੈ ਨਵ ਸੱਤ ਮੇਰੀ ਅੰਧੇਰੀ ਸ਼ਾਮ, ਸ਼ਮਅ ਨੂਰ ਜੋਤ ਨਾ ਕੋਇ ਰੁਸ਼ਨਾਈਆ । ਨਾਮ ਹਕ਼ੀਕ਼ੀ ਬਿਨ ਰਸਨ ਪਿਆਏ ਕੋਈ ਨਾ ਜਾਮ, ਅਨਰਸ ਨਾ ਕੋਇ ਚਖਾਈਆ । ਮੈਂ ਨਵ ਸੱਤ ਹੋਈ ਹੈਰਾਨ, ਹੈਰਤ ਵਿਚ ਦਿਆਂ ਦੁਹਾਈਆ । ਸਚ ਧਰਮ ਨਾ ਰਿਹਾ ਈਮਾਨ, ਸਿਰ ਸਰ ਨਾ ਕੋਇ ਉਠਾਈਆ । ਫਿਰੀ ਦਰੋਹੀ ਵਿਚ ਜਹਾਨ, ਜਹਾਲਤ ਦਿਸੀ ਵਿਚ ਲੋਕਾਈਆ । ਸਚ ਝੁਲਾਏ ਨਾ ਕੋਇ ਨਿਸ਼ਾਨ, ਨਿਸ਼ਾਨੇ ਦੀਨ ਦੁਨੀ ਭੁਲਾਈਆ । ਤੂੰ ਮਾਲਕ ਖ਼ਾਲਕ ਮੇਰਾ ਮਿਹਰਵਾਨ, ਮਹਿਬੂਬ ਨੂਰ ਅਲਾਹੀਆ । ਮੈਂ ਨਿਊਂ ਨਿਊਂ ਕਰਾਂ ਸਲਾਮ, ਸਜਦਿਆਂ ਵਿਚ ਸੀਸ ਝੁਕਾਈਆ । ਮੇਰੇ ਉਤੇ ਦੱਸ ਅਗੰਮੀ ਕਲਾਮ, ਕਲਮਾ ਕਾਇਨਾਤ ਦ੍ਰਿੜਾਈਆ । ਜਗਤ ਅੰਧੇਰਾ ਮੇਟ ਦੇ ਸ਼ਾਮ, ਬਿਨ ਅਲਿਫ਼ ਯੇ ਸਮਝਾਈਆ । ਮੇਰਾ ਲਹਿਣਾ ਦੇਣਾ ਪੂਰਾ ਕਰ ਦੇ ਤਮਾਮ, ਤਮਅ ਲਾਲਚ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸ਼ਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਪਰਕਾਸ਼ ਦੇ ਸਚ ਸਤਿ, ਸਤਿ ਸਤਿਵਾਦੀ ਦਇਆ ਕਮਾਈਆ । ਆਤਮ ਪਰਮਾਤਮ ਬਖ਼ਸ਼ ਦੇ ਨਤ, ਰਿਸ਼ਤਾ ਫ਼ਰਿਸ਼ਤਿਆਂ ਬਾਹਰ ਜੁੜਾਈਆ । ਧਰਮ ਦੀ ਧਾਰ ਬਖ਼ਸ਼ ਦੇ ਮਤ,
੧੪੬੦ ਮਤ ਮਤਾਂਤਰ ਡੇਰਾ ਢਾਹੀਆ । ਨਾੜ ਬਹੱਤਰ ਨਾ ਉਬਲੇ ਰਤ, ਰਤਨ ਅਮੋਲਕ ਗੁਰਮੁਖ ਹੀਰੇ ਲੈਣੇ ਬਣਾਈਆ । ਤੂੰ ਮੇਰਾ ਸੁਆਮੀ ਕਮਲਾਪਤ, ੧੪੬੦
੨੪ ਪਤਿਪਰਮੇਸ਼ਵਰ ਤੇਰੇ ਹੱਥ ਵਡਿਆਈਆ । ਜਨ ਭਗਤਾਂ ਅੰਦਰ ਨਾਮ ਨਿਧਾਨਾ ਵਸਤ ਘਤ, ਅਣਮੁਲੀ ਝੋਲੀ ਪਾਈਆ । ਸਾਚੇ ਦੇਸ ਆ ਵਤ, ੨੪
ਬੇਵਤਨਾਂ ਦੇ ਮਾਲਕ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਸੁਹੰਜਣੇ ਹੋਣ ਧਰਮ ਦੇ ਹੱਟ, ਧਰਮ ਦੀ ਧਾਰ ਧਾਰ ਵਡਿਆਈਆ । ਪਵਿਤ੍ਰ ਕਰਨੇ ਤਟ, ਕਿਨਾਰੇ ਸੋਭਾ ਪਾਈਆ । ਹਰਿਜਨ ਲਾਹਾ ਲੈਣਾ ਖਟ, ਖਟਕਾ ਰਹੇ ਨਾ ਕੋਇ ਲੋਕਾਈਆ । ਮਿਹਰਵਾਨਾ ਕਿਰਪਾ ਕਰਨੀ ਝਟ, ਪਰਦਾ ਪਰਦਿਆਂ ਵਿਚੋਂ ਉਠਾਈਆ । ਤੇਰਾ ਨਾਮ ਨਿਧਾਨਾ ਸਾਰੇ ਲੈਣ ਰਟ, ਰੱਟਾ ਦੀਨ ਦੁਨੀ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰ ਹਿਰਦਾ ਨਿਰਗੁਣ ਤੇਰਾ ਨਾਮ ਲਏ ਰਟ, ਸਰਗੁਣ ਮਿਲ ਕੇ ਸਰਗੁਣ ਵਜੇ ਵਧਾਈਆ ।

## ✪ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੧੨ ਦਵਿੰਦਰ ਸਿੰਘ ਦੇ ਗ੍ਰਿਹਿ ਪਿੰਡ ਮਲੂਵਾਲ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਸਦਾ ਕਿਰਪਾਲ, ਕਿਰਪਾ ਨਿਧ ਅਗੰਮ ਅਥਾਹੀਆ । ਆਦਿ ਜੁਗਾਦੀ ਦੀਨ ਦਿਆਲ, ਜੁਗ ਚੌਕੜੀ ਬੇਪਰਵਾਹੀਆ । ਹਰਿਜਨ ਵੇਖੇ ਆਪਣੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਏਥੇ ਓਥੇ ਕਰੇ ਸੰਭਾਲ, ਦੋ ਜਹਾਨਾਂ ਮੇਲ ਮਿਲਾਈਆ । ਤ੍ਰੈਗੁਣ ਮਾਇਆ

ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਨਾਤਾ ਤੋੜ ਕਾਲ ਮਹਾਂਕਾਲ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਜਨਮ ਜਨਮ ਦੀ ਲੇਖੇ ਲਾਏ ਘਾਲ, ਪੂਰਬ ਲਹਿਣਾ ਝੋਲੀ ਪਾਈਆ । ਫਲ ਲਗਾਏ ਸਾਚੇ ਡਾਲ, ਪਤ ਟਹਿਣੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਸਦਾ ਬਖ਼ਸ਼ੰਦ, ਬਖ਼ਸ਼ਣਹਾਰ ਇਕ ਅਖਵਾਈਆ । ਹਰਿਜਨ ਦੇਵਣਹਾਰ ਅਨੰਦ, ਅਨੰਦ ਆਪਣਾ ਰੂਪ ਦਰਸਾਈਆ । ਜੋਤੀ ਨੂਰ ਚਾੜ੍ਹ ਕੇ ਚੰਦ, ਜਗਤ ਅੰਧੇਰਾ ਦਏ ਮਿਟਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਛੰਦ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਆਵਣ ਜਾਵਣ ਪਤਿਤ ਪਾਵਨ ਮੇਟ ਦੇ ਪੰਧ, ਜਗਤ ਰਾਹੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਸਤਿਗੁਰ ਸ਼ਬਦ ਕਹੇ ਮੇਰਾ ਲਹਿਣਾ ਨਾਲ ਭਗਤਾਂ, ਭਗਵਨ ਦਿਤੀ ਮਾਣ ਵਡਿਆਈਆ । ਮੇਰੇ ਵਿਚ ਅਗੰਮੀ ਸ਼ਕਤਾ, ਸ਼ਕਤੀਸ਼ਾਲੀ ਇਕ ਅਖਵਾਈਆ । ਲੇਖੇ ਲਾਵਾਂ ਬੂੰਦ ਰਕਤਾ, ਤਨ ਵਜੂਦ ਰੰਗ ਰੰਗਾਈਆ । ਸੰਗ ਰਖਾਵਾਂ ਧੁਰ ਦੀ ਸੰਗਤਾ, ਸਗਲਾ ਸੰਗੀ ਹੋ ਕੇ ਵੇਖ ਵਖਾਈਆ । ਸਚ ਪਿਆਰ ਦਾ ਬਣਾਂ ਮੰਗਤਾ, ਜਨ ਭਗਤਾਂ ਅਗੇ ਝੋਲੀ ਡਾਹੀਆ । ਜਨਮ ਜਨਮ ਬਣਾਵਾਂ ਸਾਚੀ ਬਣਤਾ, ਘੜਨ ਭੰਨਣਹਾਰ ਦਿਤੀ ਵਡਿਆਈਆ । ਹਰਿਜਨ ਲੇਖਾ ਜਾਣਾਂ ਆਦਿਨ ਅੰਤਾ, ਅੰਤ ਅਖ਼ੀਰ ਆਪਣਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤਾਂ ਆਦਿ ਜੁਗਾਦਿ ਸਚ ਪਿਆਰ, ਪ੍ਰੇਮੀ ਪ੍ਰੀਤਮ ਹੋ ਕੇ ਦਇਆ ਕਮਾਈਆ । ਲਹਿਣਾ ਦੇਣਾ ਤਕ ਜਗਤ ਸੰਸਾਰ, ਦੀਨ ਦੁਨੀ ਧਿਆਨ ਲਗਾਈਆ । ਪੂਰਬ ਲੇਖਾ ਕਰ ਵਿਚਾਰ, ਬਿਨ ਵਿਚਰਿਆ ਦਏ ਸਮਝਾਈਆ । ਕਿਰਪਾ ਕਰੇ ਆਪ ਕਰਤਾਰ, ਕੁਦਰਤ ਦਾ ਕ਼ਾਦਰ ਧੁਰਦਰਗਾਹੀਆ । ਜਿਸ ਫਲਗੁਣ ਦੀ ਰੁਤਿ ਸੁਹਾਉਣੀ ਬਹਾਰ, ਫਲ ਫੁੱਲ ਆਪ ਮਹਿਕਾਈਆ । ਹਰਿਜਨ ਦੇਵੇ ਚਰਨ ਅਧਾਰ, ਚਰਨ ਕਵਲ ਕਵਲ ਸਰਨਾਈਆ । ਪ੍ਰੀਤੀ ਬਖ਼ਸ਼ ਸਰਬ ਪਰਵਾਰ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਹਰਿਜਨ ਜਾਏ ਸਚ ਸਚੇ ਦਰਬਾਰ, ਦਰਬਾਰਾ ਸਿੰਘ ਦਰਗਾਹ ਸਾਚੀ ਸਚਖੰਡ ਬੈਠਾ ਆਸਣ ਲਾਈਆ । ਜਿਸ ਦੇ ਸੰਗ ਬੰਤੀ ਦਾ ਹੋਇਆ ਅਧਾਰ, ਫਲਗੁਣ ਦਾ ਮਹੀਨਾ ਦਏ ਗਵਾਹੀਆ । ਪੂਰਬ ਲਹਿਣਾ ਰਾਮ ਵਸ਼ਿਸ਼ਟ ਦਾ ਉਧਾਰ, ਬਨਬਾਸੀ ਰਾਮ ਦਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਫਲਗੁਣ ਸਚ ਸੁਣਾਏ ਸੋ, ਪੂਰਬ ਲੇਖ ਜਣਾਈਆ । ਧਰਮ ਦੀ ਧਾਰ ਲਹਿਣਾ ਪਿਛਲਾ ਦੋ, ਦੋਹਰੀ ਖੇਲ ਖਿਲਾਈਆ । ਜਿਸ ਦਾ ਭੇਵ ਨਾ ਜਾਣੇ ਕੋ, ਪਰਦਾ ਸਕੇ ਨਾ ਕੋਇ ਉਠਾਈਆ । ਵਸ਼ਿਸ਼ਟ ਦੇ ਚੇਲੇ ਰਾਮ ਨਾਲ ਮੋਹ, ਮੁਹੱਬਤ ਅੰਦਰੇ ਅੰਦਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਰਾਮ ਅੰਦਰ ਮਾਰੀ ਝਾਕੀ, ਚੇਲੇ ਵਸ਼ਿਸ਼ਟ ਧਿਆਨ ਲਗਾਈਆ । ਬਿਨ ਰਸਨਾ ਕੀਤੀ ਬਾਤੀ, ਬਾਤਨ ਭੇਵ ਚੁਕਾਈਆ । ਕਲਜੁਗ ਅੰਤਮ ਆਵੇ ਅੰਧੇਰੀ ਰਾਤੀ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਕਿਰਪਾ ਕਰੇ ਕਮਲਾਪਾਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਤੁਹਾਡੀ ਫੇਰ ਪੁਛੇ ਵਾਤੀ, ਵਾਸਤਾ ਆਪਣੇ ਨਾਲ ਜੁੜਾਈਆ । ਜਨਮ ਹੋਵੇ ਬਹੁਭਾਂਤੀ,

੧੪੬੧
੨੪

੧੪੬੨
੨੪

ਕਰਮ ਇਕੋ ਰੰਗ ਰੰਗਾਈਆ । ਇਕੋ ਦਰ ਹੋਵੇ ਖਾਤੀ, ਦੂਸਰ ਵੰਡ ਨਾ ਕੋਇ ਵੰਡਾਈਆ । ਇਕੋ ਜੇਹੀ ਹੋਵੇ ਹਯਾਤੀ, ਅੰਤਰ ਪ੍ਰਭ ਦੇ ਚਰਨ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਰਾਮ ਸ਼ਬਦੀ ਧਾਰ ਕਿਹਾ ਸੁਣੋ ਮੇਰੇ ਮੀਤ, ਗੁਰਭਾਈ ਰੰਗ ਰੰਗਾਈਆ । ਤੁਹਾਡਾ ਲੇਖਾ ਨਾਲ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਦਏ ਵਡਿਆਈਆ । ਜਿਸ ਵੇਲੇ ਤ੍ਰੇਤਾ ਦੁਆਪਰ ਗਿਆ ਬੀਤ, ਕਲਜੁਗ ਅੰਤਮ ਖੇਲ ਖਿਲਾਈਆ । ਭਗਤ ਭਗਵਾਨ ਚਲਾਏ ਰੀਤ, ਮਾਰਗ ਇਕੋ ਇਕ ਦਰਸਾਈਆ । ਝਗੜਾ ਮੁਕਾ ਕੇ ਮੰਦਰ ਮਸੀਤ, ਕਾਇਆ ਕਾਅਬਾ ਇਕ ਵਖਾਈਆ । ਸਾਚੀ ਬਖ਼ਸ਼ ਚਰਨ ਪ੍ਰੀਤ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਧਰਮ ਦੀ ਧਾਰ ਵੇਖੇ ਨੀਤ, ਨੀਤੀਵਾਨ ਅਗੰਮ ਅਥਾਹੀਆ । ਫਲਗੁਣ ਕਹੇ ਮੇਰਾ ਦਿਵਸ ਦਿਹਾੜਾ ਠਾਂਢਾ ਸੀਤ, ਚੇਤਰ ਉਸੇ ਦਾ ਰੂਪ ਬਣਾਈਆ । ਇੰਦਰ ਆਪਣੇ ਗਾਵੇ ਗੀਤ, ਮੇਲਾ ਆਪਣੇ ਸੰਗ ਰਖਾਈਆ । ਖ਼ੁਸ਼ੀਆਂ ਨਾਲ ਖ਼ੁਸ਼ੀਆਂ ਵਾਲਾ ਸਮਾਂ ਗਿਆ ਬੀਤ, ਪਿਛਲਾ ਲੇਖਾ ਰਿਹਾ ਨਾ ਰਾਈਆ । ਇਕੋ ਸੁਆਮੀ ਵਸਿਆ ਚੀਤ, ਚਿਤ ਠਗੌਰੀ ਦਿਤੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਕਹੇ ਵਸ਼ਿਸ਼ਟ ਮੀਤੇ ਜਗਤ ਧਾਰ, ਤਨ ਵਜੂਦ ਮਿਲੀ ਵਡਿਆਈਆ । ਕਿਰਪਾ ਕਰੀ ਭਗਤ ਵਛਲ ਗਿਰਧਾਰ, ਗਿਰਵਰ ਆਪਣੇ ਰੰਗ ਰੰਗਾਈਆ । ਜਨਮ ਜਨਮ ਦਾ ਲੇਖਾ ਦਿਤਾ ਉਤਾਰ, ਪੂਰਬ ਲਹਿਣਾ ਨਾਲ ਮਿਲਾਈਆ । ਫਲਗੁਣ ਖ਼ੁਸ਼ੀਆਂ ਵਾਲੀ ਮੌਲੀ ਬਹਾਰ, ਭਗਤ ਭਗਵਾਨ ਮਿਲ ਕੇ ਵਜੀ ਵਧਾਈਆ । ਇਕੋ ਰੰਗ ਹੋਇਆ ਸਚਖੰਡ ਸਚੇ ਦੁਆਰ, ਦੁਆਰਕਾ ਵਾਸੀ ਜਿਥੇ ਬੈਠੇ ਆਸਣ ਲਾਈਆ । ਰਾਮ ਵਸ਼ਿਸ਼ਟ ਵੇਖਣ ਨੈਣ ਉਘਾੜ, ਬਿਨ ਅੱਖਾਂ ਅੱਖ ਖੁਲ੍ਹਾਈਆ । ਪੂਰਬ ਲਹਿਣਾ ਪੂਰਬ ਉਧਾਰ, ਲੇਖਾ ਇਕੋ ਵਾਰ ਮੁਕਾਈਆ । ਦੋਵੇਂ ਮਿਤਰ ਦੋਵੇਂ ਯਾਰ, ਦੋਹਾਂ ਦਾ ਲਹਿਣਾ ਨਿਰਗੁਣ ਧਾਰ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਪਾਵਣਹਾਰਾ ਸਾਰ, ਸਤਿਗੁਰ ਦਾਤਾ ਇਕ ਅਖਵਾਈਆ ।

### ✪ ਪਹਿਲੀ ਚੇਤ ਸ਼ਹਿਨਸ਼ਾਹੀ ਸੰਮਤ ੧੨ ਹਰਿ ਭਗਤ ਦੁਆਰ ਜੇਠੂਵਾਲ ਜ਼ਿਲਾ ਅੰਮ੍ਰਿਤਸਰ ਰਾਤ ਦੇ ਸਮੇਂ ✪

ਸੰਮਤ ਸ਼ਹਿਨਸ਼ਾਹੀ ਬਾਰਾਂ ਕਹੇ ਚੜ੍ਹਿਆ ਅਗੰਮੀ ਚੇਤ, ਸੋ ਪੁਰਖ ਨਿਰੰਜਣ ਦਏ ਵਡਿਆਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਕਰੇ ਹੇਤ, ਹਰਿ ਪੁਰਖ ਨਿਰੰਜਣ ਮਾਲਕ ਧੁਰਦਰਗਾਹੀਆ । ਨਿਰਗੁਣ ਹੋ ਕੇ ਲੇਖਾ ਜਾਣੇ ਨੇਤਨ ਨੇਤ, ਏਕੰਕਾਰਾ ਪਰਵਰਦਿਗਾਰਾ ਅਗੰਮ ਅਥਾਹੀਆ । ਇਕ ਇਕੱਲਾ ਖੋਲ੍ਹਣਹਾਰਾ ਭੇਤ, ਆਦਿ ਨਿਰੰਜਣ ਦਰਦ ਦੁਖ ਭੈ ਭੰਜਣ ਪਰਦਾ ਆਪ ਉਠਾਈਆ । ਜੋਤੀ ਜਾਤਾ ਪੁਰਖ ਬਿਧਾਤਾ ਅਛਲ ਅਛੇਦ, ਅਬਿਨਾਸ਼ੀ ਕਰਤਾ ਹੁਕਮ ਵਰਤਾਈਆ । ਜਿਸ ਦੀ ਨਿਰਗੁਣ ਨਿਰਗੁਣ ਧਾਰ ਸਾਚੀ ਸੇਧ, ਸ੍ਰੀ ਭਗਵਾਨ ਨੌਜਵਾਨ ਮਰਦ ਮਰਦਾਨ ਭੇਵ ਚੁਕਾਈਆ । ਜੋ ਸਤਿ ਸਤਿਵਾਦੀ ਹੋ ਕੇ ਖੇਲੇ ਖੇਡ, ਪਾਰਬ੍ਰਹਮ ਪ੍ਰਭ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

੧੪੬੩
੨੪

ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸੰਮਤ ਸ਼ਹਿਨਸ਼ਾਹੀ ਕਹੇ ਮੇਰਾ ਚੇਤ ਮਹੀਨਾ ਸੁਹੰਜਣੀ ਰੁਤ, ਰੁਤੜੀ ਪ੍ਰਭ ਦੇ ਨਾਲ ਮਹਿਕਾਈਆ । ਜਿਸ ਦਾ ਇਕੋ ਸ਼ਬਦ ਦੁਲਾਰਾ ਸੁਤ, ਆਪੇ ਬਣੇ ਪਿਤਾ ਮਾਈਆ । ਜਿਸ ਦਾ ਲਹਿਣਾ ਦੇਣਾ ਨਾਲ ਲੱਖ ਚੁਰਾਸੀ ਬੁਤ, ਤਨ ਵਜੂਦਾਂ ਸੰਗ ਰਖਾਈਆ । ਉਹ ਭੇਵ ਅਭੇਦਾ ਖੋਲ੍ਹੇ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਚੇਤ ਕਹੇ ਮੈਂ ਚੜ੍ਹਿਆ ਲੋਕਮਾਤ, ਮਤਾ ਸਤਿਗੁਰ ਸ਼ਬਦ ਜਣਾਈਆ । ਧੁਰ ਸੰਦੇਸ਼ਾ ਦਿਤਾ ਪਾਤ, ਪਤ੍ਰਕਾ ਬਿਨ ਕ਼ਲਮ ਸ਼ਾਹੀ ਲਿਖਾਈਆ । ਨਿਰਗੁਣ ਨਿਰਗੁਣ ਜੋੜਿਆ ਨਾਤ, ਤਨ ਵਜੂਦ ਨਾ ਕੋਇ ਵਡਿਆਈਆ । ਧੁਰ ਫ਼ਰਮਾਨਾ ਆਪਣੀ ਭਾਂਤ, ਜਿਸ ਦਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਮਾਲਕ ਅਗੰਮ ਅਥਾਹੀਆ । ਚੇਤ ਕਹੇ ਮੈਂ ਲੋਕਮਾਤ ਚੜ੍ਹਿਆ, ਚਾਰ ਜੁਗ ਦਾ ਪੰਧ ਮੁਕਾਈਆ । ਬਿਨ ਅੱਖਰਾਂ ਸ਼ਬਦ ਅਨੋਖਾ ਪੜ੍ਹਿਆ, ਜਿਸ ਦਾ ਲੇਖ ਕ਼ਲਮ ਸ਼ਾਹੀ ਨਾ ਕੋਇ ਬਣਾਈਆ । ਜਿਸ ਮੇਰਾ ਆਦਿ ਜੁਗਾਦੀ ਘਾੜਨ ਘੜਿਆ, ਰੂਪ ਰੰਗ ਰੇਖ ਵੇਖਣ ਕੋਇ ਨਾ ਪਾਈਆ । ਮੈਂ ਉਸੇ ਦੀ ਸਰਨੀ ਪੜਿਆ, ਬਿਨ ਸੀਸ ਸੀਸ ਝੁਕਾਈਆ । ਜਿਸ ਲੇਖਾ ਤਕਣਾ ਚੋਟੀ ਜੜ੍ਹਿਆ, ਚੇਤਨ ਪਰਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਚੇਤ ਕਹੇ ਮੇਰੇ ਸਤਿਗੁਰ ਸ਼ਬਦ ਮੀਤੇ, ਮਿਤਰਾ ਤੇਰੀ ਸਰਨਾਈਆ । ਮੇਰੇ ਨੌਂ ਸੌ ਚੁਰਾਨਵੇ ਚੌਕੜੀ ਜੁਗ ਬੀਤੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਰੂਪ ਬਦਲਾਈਆ । ਮੈਨੂੰ ਯਾਦ ਵਾਅਦੇ ਕੌਲ ਇਕ਼ਰਾਰ ਜੋ ਕੀਤੇ, ਬਿਨ ਅੱਖਰਾਂ ਅੱਖਰ ਲਿਖਾਈਆ । ਤੂੰ ਵੇਖਣਹਾਰਾ ਆਦਿ ਜੁਗਾਦੀ ਰੀਤੇ, ਰੀਤੀਵਾਨ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਪਰਦਾ ਆਪ ਉਠਾਈਆ । ਚੇਤ ਕਹੇ ਮੇਰੇ ਸਤਿਗੁਰ ਸ਼ਬਦ ਦਿਆਲੂ, ਦਇਆਨਿਧ ਤੇਰੀ ਸ਼ਰਨਾਈਆ । ਆਦਿ ਜੁਗਾਦੀ ਅਗੰਮ ਕਿਰਪਾਲੂ, ਕਿਰਪਨ ਹੋ ਕੇ ਸੀਸ ਨਿਵਾਈਆ । ਮੈਂ ਸਦਾ ਸਦਾ ਰਿਹਾ ਤੇਰਾ ਸ਼ਰਧਾਲੂ, ਸ਼ਰਧਾ ਤੇਰੇ ਚਰਨ ਭੇਟ ਕਰਾਈਆ । ਮੈਂ ਹੈਰਾਨ ਹੋ ਗਿਆ ਕਲਜੁਗ ਅੰਤ ਕੌਣ ਸੰਭਾਲੂ, ਸੰਬਲ ਦੇ ਮਾਲਕ ਵੇਖਣਾ ਚਾਈਂ ਚਾਈਆ । ਅਵਤਾਰ ਪੈਗ਼ੰਬਰਾਂ ਦੀ ਧਾਰ ਵਿਚ ਮੇਰਾ ਸਾਲ ਹੋ ਗਿਆ ਚਾਲੂ, ਚਾਰ ਜੁਗ ਦੇ ਭਵਿਖਤ ਦੇਣ ਗਵਾਹੀਆ । ਮੇਰੇ ਵਾਸਤੇ ਇਸ਼ਾਰਾ ਦੇ ਕੇ ਗਿਆ ਨਾਨਕ ਸੁਤ ਕਾਲੂ, ਕਲਮਿਆਂ ਬਾਹਰ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਢੇ ਅਲਖ ਜਗਾਈਆ । ਚੇਤ ਕਹੇ ਮੇਰੇ ਸਤਿਗੁਰ ਸ਼ਬਦ ਸ਼ਹਿਨਸ਼ਾਹ, ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਬੇਪਰਵਾਹ ਤੇਰੀ ਬੇਪਰਵਾਹੀਆ । ਆਦਿ ਜੁਗਾਦੀ ਅਗੰਮ ਅਥਾਹ, ਅਲਖ ਅਗੋਚਰ ਤੇਰੇ ਹੱਥ ਵਡਿਆਈਆ । ਮੈਂ ਚਰਨ ਕਵਲ ਬਿਨਾ ਸੀਸ ਸੀਸ ਲਵਾਂ ਨਿਵਾ, ਨਿਵ ਨਿਵ ਲਾਗਾਂ ਪਾਈਆ । ਬੇਨੰਤੀ ਕਰਾਂ ਮੇਰੇ ਮਾਲਕ ਹਕ ਖ਼ੁਦਾ, ਖ਼ਾਦਮ ਹੋ ਕੇ ਸੀਸ ਨਿਵਾਈਆ । ਮਿਹਰਵਾਨਾ ਮੇਰੀ ਮਨਜ਼ੂਰ ਕਰ ਦੁਆ, ਦੋ ਜਹਾਨਾਂ ਮਾਲਕ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਸਾ ਪੂਰ ਕਰਾਈਆ । ਚੇਤ ਕਹੇ ਮੇਰੇ ਸਤਿਗੁਰ ਸੱਜਣ, ਸ਼ਬਦੀ ਸ਼ਬਦ ਧਾਰ ਤੇਰੀ ਵਡਿਆਈਆ । ਸਾਚੀ ਧੂੜ ਕਰਾ ਦੇ ਮਜਨ, ਜਗਤ ਮਿੱਟੀ ਖ਼ਾਕ ਦੀ ਲੋੜ ਰਹੇ ਨਾ ਰਾਈਆ ।

ਬਿਨਾ ਅੱਖਰਾਂ ਤੋਂ ਨਾਮ ਨਿਧਾਨਾ ਪਾ ਦੇ ਕੱਜਲ, ਜਗਤ ਅੱਖਰਾਂ ਵੰਡ ਨਾ ਕੋਇ ਵੰਡਾਈਆ । ਬਿਨ ਰਸਨਾ ਜੇਹਵਾ ਦੇ ਦੇ ਭਜਨ, ਬੱਤੀ ਦੰਦ ਨਾ ਸਿਫ਼ਤ ਸਲਾਹੀਆ । ਬਿਨਾ ਤਨ ਸਰੀਰ ਵਜੂਦ ਤੋਂ ਮੇਰੇ ਪਰਦੇ ਆ ਜਾ ਕੱਜਣ, ਮਾਲਕ ਬਣ ਕੇ ਧੁਰ ਦਾ ਮਾਹੀਆ । ਮੈਂ ਪ੍ਰੇਮ ਪ੍ਰੀਤੀ ਵਿਚ ਮੇਰਿਆ ਮਹਿਬੂਬਾ ਤੈਨੂੰ ਆਇਆ ਸੱਦਣ, ਸਦਕੇ ਵਾਰੀ ਘੋਲ ਘੁਮਾਈਆ । ਮੇਰੇ ਪੁਰਖ ਅਕਾਲੇ ਦੀਨ ਦਿਆਲੇ ਮੈਨੂੰ ਦੇ ਦੇ ਅਨੰਦਨ, ਅਨੰਦ ਅਨੰਦ ਵਿਚੋਂ ਪਰਗਟਾਈਆ । ਸਚਖੰਡ ਨਿਵਾਸੀ ਤੇਰੇ ਚਰਨ ਮੇਰੀ ਬੰਦਨ, ਸਯਦਿਆਂ ਵਿਚ ਸੀਸ ਝੁਕਾਈਆ । ਕਲਜੁਗ ਕੂੜੀ ਕਿਰਿਆ ਕਰ ਦੇ ਖੰਡਨ, ਖੰਡਾ ਗੋਬਿੰਦ ਖੜਗ ਨਾਮ ਚਮਕਾਈਆ । ਜੇ ਸਚ ਭੰਡਾਰਾ ਆਇਉਂ ਵੰਡਣ, ਨਾਮ ਨਿਧਾਨਾ ਦੇ ਵਰਤਾਈਆ । ਤੇਰਾ ਲਹਿਣਾ ਦੇਣਾ ਵਿਚ ਬ੍ਰਹਿਮੰਡਣ, ਬ੍ਰਹਿਮਾਂਡ ਦਾ ਲੇਖਾ ਦੇ ਚੁਕਾਈਆ । ਤੂੰ ਸਾਹਿਬ ਸੂਰਾ ਸਰਬੰਗਣ, ਹਰਿ ਕਰਤਾ ਇਕ ਅਖਵਾਈਆ । ਤੇਰੀ ਧੂੜੀ ਲਾਵਾਂ ਮਸਤਕ ਅਗੰਮੀ ਚੰਦਨ, ਚੰਦ ਚਾਂਦਨੇ ਕਰ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਭ ਦਾ ਹੋਏ ਛੰਦਨ, ਸੋਹਲਾ ਢੋਲਾ ਇਕ ਸਮਝਾਈਆ । ਬਿਨਾ ਜਗਤ ਰੰਗ ਤੋਂ ਚਾੜ੍ਹ ਦੇ ਰੰਗਣ, ਅਨਡਿਠ ਆਪ ਰੰਗਾਈਆ । ਤੂੰ ਮਾਲਕ ਖ਼ਾਲਕ ਵਰਭੰਡਣ, ਬ੍ਰਹਿਮੰਡ ਤੇਰੀ ਸ਼ਰਨਾਈਆ । ਨਿਗਾਹ ਮਾਰ ਲੈ ਵਿਚ ਜੇਰਜ ਅੰਡਣ, ਉਤਭੁਜ ਸੇਤਜ ਖੋਜ ਖੁਜਾਈਆ । ਦੀਨ ਦਿਆਲ ਬਣ ਬਖ਼ਸ਼ੰਦਣ, ਰਹਿਮਤ ਆਪਣੀ ਆਪ ਕਮਾਈਆ । ਤੇਰੇ ਦਰ ਤੋਂ ਆਇਆ ਮੰਗਣ, ਭਿੱਖਕ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਚੇਤ ਕਹੇ ਪ੍ਰਭੂ ਮੇਰੇ ਕੋਲ ਭਵਿਖਤਾਂ ਵਾਲੀ ਧਾਰ, ਧਰਨੀ ਉਤੇ ਧਰਮ ਨਾਲ ਜਣਾਈਆ । ਮੈਨੂੰ ਸੰਦੇਸ਼ਾ ਦੇ ਕੇ ਗਿਆ ਬ੍ਰਹਮਾ ਸੁਤ ਕੁਮਾਰ, ਸੰਤ ਸਹਿਜ ਸਹਿਜ ਸੁਣਾਈਆ । ਬਰਾਹ ਦਿਤਾ ਇਸ਼ਾਰ, ਜਗਤ ਇਸ਼ਾਰਾ ਨਾ ਕੋਈ ਵਡਿਆਈਆ । ਯਗੈਪੁਰਸ਼ ਦੇ ਅਧਾਰ, ਉਦਰ ਦਾ ਲੇਖਾ ਗਿਆ ਮੁਕਾਈਆ । ਹਾਵਗਰੀਵ ਕੀਤੀ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਨਰ ਨਰੈਣ ਸਚੀ ਸਰਕਾਰ, ਇਸ਼ਟ ਗਿਆ ਸਮਝਾਈਆ । ਕਪਲਮੁਨ ਕੂਕ ਕੀਤੀ ਪੁਕਾਰ, ਤੂੰ ਹੀ ਤੂੰ ਹੀ ਰਾਗ ਸੁਣਾਈਆ । ਦੱਤਾਤ੍ਰੈ ਕੀਤਾ ਇਜ਼ਹਾਰ, ਸਿਫ਼ਤਾਂ ਸਿਫ਼ਤ ਸਾਲਾਹੀਆ । ਤੂੰ ਸਭ ਦਾ ਮੀਤ ਮੁਰਾਰ, ਰਿਖਪ ਦੇਵ ਗਿਆ ਦ੍ਰਿੜਾਈਆ । ਪ੍ਰਿਥੁ ਧੂੜੀ ਲਾ ਕੇ ਛਾਰ, ਸ਼ਹਿਨਸ਼ਾਹ ਤੇਰੇ ਰੰਗ ਸਮਾਈਆ । ਮਤਸ ਬਿਨ ਨੈਣਾਂ ਨੀਰ ਵਹਾਇਆ ਜਲ ਦੀ ਧਾਰ, ਸਮੁੰਦ ਸਾਗਰ ਸੰਗ ਬਣਾਈਆ । ਕੱਛਪ ਮਿੰਦਰਾ ਚੁਕ ਕੇ ਪਿਠ ਦੇ ਭਾਰ, ਸਮੁੰਦ ਵਰੋਲਿਆ ਚਾਈਂ ਚਾਈਆ । ਧਨੰਤਰ ਹਸ ਕੇ ਕਿਹਾ ਅਗੰਮਾ ਯਾਰ, ਸਾਹਿਬ ਸੁਆਮੀ ਤੇਰੀ ਸਿਫ਼ਤ ਸਾਲਾਹੀਆ । ਨਰ ਸਿੰਘ ਤੇਰਾ ਖੇਲ ਰੂਪ ਅਪਾਰ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਨਰ ਨਰੈਣ ਹੋ ਹੁਸ਼ਿਆਰ, ਧਰੂ ਦਿਤਾ ਦ੍ਰਿੜਾਈਆ । ਬਲ ਬਾਵਨ ਕਰ ਉਜਿਆਰ, ਪਰਦਾ ਖੋਲ੍ਹਿਆ ਚਾਈਂ ਚਾਈਂਆ । ਨਿਉਂ ਨਿਉਂ ਸਦਾ ਕਰਾਂ ਨਿਮਸਕਾਰ, ਨਿਵ ਨਿਵ ਲਾਗਾਂ ਪਾਈਆ । ਹਰੀ ਹਰਿ ਪਰਦਾ ਖੋਲ੍ਹ ਨਿਰਾਕਾਰ, ਗਜ ਦਿਤਾ ਦ੍ਰਿੜਾਈਆ । ਮੇਰੀ ਬੇਨੰਤੀ ਸੁਣ ਸੁਣਨੇਹਾਰ, ਅਨਸੁਣਤ ਦਿਆਂ ਦ੍ਰਿੜਾਈਆ । ਰਾਮ ਰਾਮਾ ਹੋ ਕੇ ਖ਼ਬਰਦਾਰ, ਰਾਵਣ ਭੇਵ ਗਿਆ ਚੁਕਾਈਆ । ਪਰਸੇ ਖੇਲ ਕੀਤਾ ਅਪਾਰ, ਬ੍ਰਾਹਮਣ ਕਸ਼ਤਰੀ ਵੰਡ ਵੰਡਾਈਆ । ਵੇਦ ਵਿਆਸਾ ਬਣ ਕੇ ਜਗਤ ਲਿਖਾਰ, ਪੁਰਾਨ ਅਠਾਰਾਂ ਚਾਰ ਲੱਖ ਹਜ਼ਾਰ ਸਤਾਰਾਂ ਸਲੋਕ ਗਿਆ ਸਮਝਾਈਆ । ਕ੍ਰਿਸ਼ਨ ਕਾਹਨ ਕੀਤਾ ਖ਼ਬਰਦਾਰ, ਬੇਖ਼ਬਰਾਂ ਖ਼ਬਰ ਦ੍ਰਿੜਾਈਆ । ਦੁਆਪਰ ਤੇਰੀ ਧਾਰ ਵਿਚੋਂ ਸਾਂਵਲ ਸੁੰਦਰ ਹੋਇਆ ਬਾਹਰ, ਸਾਂਵਰੀਆ ਆਪਣੀ

ਕਾਰ ਕਮਾਈਆ । ਜੋਤੀ ਜਾਤੇ ਪੁਰਖ ਬਿਧਾਤੇ ਤੇਰਾ ਰੂਪ ਅਗੰਮ ਅਪਾਰ, ਅਪਰੰਪਰ ਤੇਰੀ ਵਡ ਵਡਿਆਈਆ । ਮੂਸਾ ਮੂੰਹ ਦੇ ਸੁੱਟਿਆ ਭਾਰ,
ਕੋਹਤੂਰ ਰੰਗ ਰੰਗਾਈਆ । ਬੁੱਧ ਬੁੱਧੀ ਦਾ ਲੇਖਾ ਸਮਝੇ ਨਾ ਕੋਇ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਬੈਠਣ ਸੀਸ ਨਿਵਾਈਆ । ਈਸਾ ਸਲੀਬ
ਦੀ ਚਾੜ੍ਹ ਕੇ ਧਾਰ, ਫਾਂਸੀ ਗਲ ਲਟਕਾਈਆ । ਉਸ ਸੰਦੇਸ਼ਾ ਦਿਤਾ ਬਿਨ ਰਸਨ ਜੇਹਵਾ ਉਚਾਰ, ਬਿਨ ਬੁੱਲਾਂ ਬੁੱਲ ਹਿਲਾਈਆ । ਮੁਹੰਮਦ
ਬਣਾ ਕੇ ਬਰਖ਼ੁਰਦਾਰ, ਕਲਮਾ ਕਾਇਨਾਤ ਦ੍ਰਿੜਾਈਆ । ਅੰਤ ਕੂਕ ਕੇ ਕਿਹਾ ਪੁਕਾਰ, ਚਾਰ ਯਾਰੀ ਨਾਲ ਮਿਲਾਈਆ । ਸਭ ਦਾ ਲਹਿਣਾ
ਦੇਣਾ ਪੂਰਾ ਕਰੇ ਪਰਵਰਦਿਗਾਰ, ਬੇਐਬ ਨੂਰ ਅਲਾਹੀਆ । ਨਾਨਕ ਨਿਰਗੁਣ ਸਰਗੁਣ ਵਜਾਈ ਸਤਾਰ, ਸਰਗੁਣ ਨਿਰਗੁਣ ਖੇਲ ਖਿਲਾਈਆ ।
ਗੋਬਿੰਦ ਖੰਡਾ ਖੜਗ ਖਿੱਚ ਕਟਾਰ, ਕਟਾਕਸ਼ ਦੀਨ ਦੁਨੀ ਸਮਝਾਈਆ । ਤੇਰਾ ਖੇਲ ਸਭ ਤੋਂ ਬਾਹਰ, ਖ਼ਲਕ ਦੇ ਖ਼ਾਲਕ ਭੇਵ ਕੋਇ ਨਾ ਪਾਈਆ ।
ਪਹਿਲੀ ਚੇਤ ਕਹੇ ਪ੍ਰਭੂ ਮੇਰਾ ਚਾਰ ਜੁਗ ਦਾ ਲਹਿਣਾ ਪੂਰਬ ਉਧਾਰ, ਪੂਰਨ ਸਤਿਗੁਰ ਦਿਆਂ ਦ੍ਰਿੜਾਈਆ । ਮੇਰੇ ਪਰਵਿਸ਼ਟੇ ਵਿਚ ਸਭ ਨੇ ਤੇਰੇ
ਅਗੇ ਕੀਤੀ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਕਲਜੁਗ ਅੰਤ ਸ੍ਰੀ ਭਗਵੰਤ ਤੇਰਾ ਖੇਲ ਹੋਵੇ ਅਪਾਰ, ਜਗ ਨੇਤਰ ਵੇਖਣ ਕੋਇ ਨਾ ਪਾਈਆ ।
ਜੋਤੀ ਜਾਤਾ ਹੋ ਕੇ ਹੋਣਾ ਜ਼ਾਹਰ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਨਵ ਸੱਤ ਤੇਰਾ ਇਕੋ ਹੋਏ ਅਧਾਰ, ਉਦਰ ਦਾ ਲੇਖਾ ਦੇਣਾ ਮੁਕਾਈਆ ।
ਬ੍ਰਹਿਮੰਡ ਖੰਡ ਪੁਰੀ ਲੋਅ ਅਕਾਸ਼ ਪਤਾਲ ਤੇਰੀ ਜੈ ਜੈ ਕਾਰ, ਇਕੋ ਢੋਲਾ ਸਿਫ਼ਤ ਸਲਾਹੀਆ । ਸੋ ਪੁਰਖ ਨਿਰੰਜਣ ਸਭ ਨੂੰ ਕਰਨਾ ਖ਼ਬਰਦਾਰ,
੧੪੬੫ ਸੋਇਆ ਰਹਿਣ ਕੋਇ ਨਾ ਪਾਈਆ । ਹਰਿ ਪੁਰਖ ਨਿਰੰਜਣ ਪਰਦਾ ਦੀਨ ਦੁਨੀ ਦਾ ਉਤਾਰ, ਉੱਤਰ ਪੂਰਬ ਪੱਛਮ ਦੱਖਣ ਖੋਜ ਖੁਜਾਈਆ । ਏਕੰਕਾਰੇ ੧੪੬੫
੨੪ ਸਾਂਝੇ ਯਾਰ, ਮਿਤਰ ਪਿਆਰੇ ਦੇਣੀ ਵਡਿਆਈਆ । ਆਦਿ ਨਿਰੰਜਣ ਤੇਰੀ ਮੌਲੇ ਅਗੰਮ ਬਹਾਰ, ਰੁਤੜੀ ਆਪਣੇ ਰੰਗ ਰੰਗਾਈਆ । ਅਬਿਨਾਸ਼ੀ ੨੪
ਕਰਤੇ ਬਣਨਾ ਸ਼ਾਹੋ ਭੂਪ ਸਿਕਦਾਰ, ਸ਼ਹਿਨਸ਼ਾਹ ਇਕ ਅਖਵਾਈਆ । ਸ੍ਰੀ ਭਗਵਾਨ ਤੇਰਾ ਖੇਲ ਹੋਵੇ ਅਪਾਰ, ਨਿਰਗੁਣ ਆਪਣਾ ਰੰਗ ਰੰਗਾਈਆ ।
ਪਾਰਬ੍ਰਹਮ ਪਤਿਪਰਮੇਸ਼ਵਰ ਤੁਧ ਬਿਨ ਦੂਜਾ ਨਜ਼ਰ ਨਾ ਆਏ ਕੋਈ ਸੰਸਾਰ, ਸਹਿਸਾ ਜਗਤ ਰਹੇ ਨਾ ਰਾਈਆ । ਵਿਸ਼ਨੂੰ ਹਲੂਣਾ ਦੇ ਦੇ ਆਪਣੀ
ਧਾਰ, ਵਿਸ਼ਵ ਦੇ ਮਾਲਕ ਦਇਆ ਕਮਾਈਆ । ਬ੍ਰਹਮਾ ਬ੍ਰਹਮ ਦੀ ਪਾਵੇ ਸਾਰ, ਬ੍ਰਹਮਵੇਤਾ ਹੋ ਕੇ ਵੇਖ ਵਖਾਈਆ । ਸ਼ੰਕਰ ਆਪਣਾ ਚੁਕ ਲੈ
ਆਪੇ ਭਾਰ, ਸੰਘਾਰੀ ਹੋ ਕੇ ਆਪਣਾ ਹੁਕਮ ਵਰਤਾਈਆ । ਤ੍ਰੈਗੁਣ ਮਾਇਆ ਪਰਦਾ ਦਏ ਉਤਾਰ, ਰਜੋ ਤਮੋ ਸਤੋ ਲੇਖਾ ਰਹੇ ਨਾ ਰਾਈਆ ।
ਪੰਜਾਂ ਤਤਾਂ ਪਾਉਣੀ ਸਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੋਜ ਖੁਜਾਈਆ । ਪਹਿਲੀ ਚੇਤ ਕਹੇ ਪ੍ਰਭੂ ਮੇਰੀ ਡੰਡਾਵਤ ਬੰਦਨਾ ਸੱਯਦਿਆਂ ਤੋਂ ਬਾਹਰ
ਨਿਮਸਕਾਰ, ਬਿਨ ਸੀਸ ਸੀਸ ਨਿਵਾਈਆ । ਤੂੰ ਕਲ ਕਲਕੀ ਨਿਹਕਲੰਕ ਚੌਬੀਸਾ ਹਰਿ ਜਗਦੀਸਾ ਅਮਾਮ ਅਮਾਮਾ ਨੂਰ ਉਜਿਆਰ, ਜੋਤੀ ਜਾਤਾ
ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਤਿਗੁਰ
ਸ਼ਬਦ ਕਹੇ ਸੁਣ ਚੇਤਰ ਮੀਤਾ, ਜਗਤ ਮਿਤਰਾ ਤੈਨੂੰ ਦਿਆਂ ਜਣਾਈਆ । ਜੁਗ ਬਦਲਣਾ ਆਦਿ ਜੁਗਾਦੀ ਪ੍ਰਭ ਦੀ ਰੀਤਾ, ਰੀਤੀਵਾਨ ਇਕ
ਅਖਵਾਈਆ । ਜਿਸ ਦੇ ਹੁਕਮ ਵਿਚ ਸਤਿਜੁਗ ਤ੍ਰੇਤਾ ਦੁਆਪਰ ਬੀਤਾ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਸੋ ਪੁਰਖ ਅਕਾਲਾ ਦੀਨ ਦਿਆਲਾ
ਕਲਜੁਗ ਅੰਤਮ ਵੇਖਣਹਾਰਾ ਨੀਤਾ, ਨੀਤੀਵਾਨ ਅਗੰਮ ਅਥਾਹੀਆ । ਜਿਸ ਝਗੜਾ ਮੇਟਣਾ ਮੰਦਰ ਮਸੀਤਾ, ਕਾਇਆ ਕਾਅਬਿਆਂ ਭੇਵ ਚੁਕਾਈਆ ।

ਆਪਣਾ ਭਾਣਾ ਦੱਸਣਾ ਸਭ ਨੂੰ ਮੀਠਾ, ਸਿਰ ਸਿਰ ਆਪਣਾ ਹੱਥ ਟਿਕਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਜਿਸ ਦੇ ਹੁਕਮ ਵਿਚ ਤਪਣ ਵਾਲਾ ਅੰਗੀਠਾ, ਕਲਜੁਗ ਕਿਰਿਆ ਕੂੜ ਅਗਨੀ ਰਿਹਾ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਚੇਤ ਕਹੇ ਸੁਣ ਸਤਿਗੁਰ ਸ਼ਬਦ ਪਿਆਰੇ, ਪ੍ਰੇਮ ਨਾਲ ਦ੍ਰਿੜਾਈਆ । ਕੀ ਹੁਕਮ ਵਰਤੇ ਵਿਚ ਸੰਸਾਰੇ, ਸੰਸਾਰੀ ਭੰਡਾਰੀ ਸੰਘਾਰੀ ਕੀ ਸੇਵ ਕਮਾਈਆ । ਕੀ ਲਹਿਣਾ ਦੇਣਾ ਤੇਈ ਅਵਤਾਰੇ, ਅਵਤਰੀ ਕੀ ਕੀ ਹੁਕਮ ਜਣਾਈਆ । ਕੀ ਸਤਿਜੁਗ ਕਲਜੁਗ ਖੇਲ ਹੋਵੇ ਅਪਰ ਅਪਾਰੇ, ਅਪਰੰਪਰ ਸੁਆਮੀ ਕੀ ਹੁਕਮ ਵਰਤਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਬੀਤੇ ਸਾਰੇ, ਸਿਰ ਸਕੇ ਨਾ ਕੋਇ ਉਠਾਈਆ । ਉਹ ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਨੂਰ ਕਰੇ ਉਜਿਆਰੇ, ਜੋਤੀ ਜਾਤਾ ਵੇਸ ਵਟਾਈਆ । ਸੰਬਲ ਬਹਿ ਕੇ ਸਚ ਚੁਬਾਰੇ, ਚਾਰੇ ਕੁੰਟ ਵੇਖ ਵਖਾਈਆ । ਜੋ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਕਰੇ ਦੋਬਾਰੇ, ਦੋਹਰੀ ਆਪਣੀ ਕਲ ਵਰਤਾਈਆ । ਮੈਂ ਉਸ ਦੇ ਜਾਵਾਂ ਬਲਿਹਾਰੇ, ਬਲ ਬਲ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਝਟ ਨਾਰਦ ਆ ਕੇ ਹੱਸਿਆ, ਪਹਿਲੀ ਚੇਤ ਖ਼ੁਸ਼ੀ ਬਣਾਈਆ । ਮੈਂ ਦੂਰ ਦੁਰਾਡਾ ਆਇਆ ਨੱਸਿਆ, ਬਿਨ ਕ਼ਦਮਾਂ ਕ਼ਦਮ ਉਠਾਈਆ । ਮੈਂ ਵੇਖਿਆ ਜਗਤ ਮਾਇਆ ਵਿਚ ਫਸਿਆ, ਹੈਰਾਨੀ ਵਿਚ ਦਿਆਂ ਦੁਹਾਈਆ । ਚਾਰੋਂ ਕੁੰਟ ਹੋਈ ਅੰਧੇਰੀ ਰੈਣ ਮੱਸਿਆ, ਨੂਰੀ ਚੰਦ ਨਾ ਕੋਇ ਚਮਕਾਈਆ । ਧਰਮ ਦੀ ਧਾਰ ਪੈ ਗਈ ਗਸ਼ਿਆ, ਸੁਰਤੀ ਸੁਰਤ ਨਾ ਕੋਇ ਜਗਾਈਆ । ਮੈਂ ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਬਿਨਾ ਕ਼ਦਮਾਂ ਕਛਿਆ, ਕਛ ਮਛ ਦਾ ਲੇਖਾ ਪੂਰ ਕਰਾਈਆ । ਮੈਂ ਹਰ ਹਿਰਦਾ ਵੇਖਿਆ ਪੁਰਖ ਅਕਾਲਾ ਕਿੱਥੇ ਵਸਿਆ, ਕਵਣ ਕੂਟੇ ਡੇਰਾ ਲਾਈਆ । ਕਿਸ ਕਿਸ ਨੂੰ ਕਲਜੁਗ ਮਾਇਆ ਡਸਣੀ ਡਸਿਆ, ਵਿਖ ਆਪਣਾ ਰੂਪ ਬਣਾਈਆ । ਕਿਸ ਕਿਸ ਦਾ ਸਗਲ ਵਸੂਰਾ ਲਥਿਆ, ਸਬਰ ਯਾਰੜਾ ਸੇਜ ਹੰਢਾਈਆ । ਕਵਣ ਸੁਣੇ ਸ਼ਬਦ ਅਨਾਦੀ ਕਥਿਆ, ਧੁਨ ਆਤਮਕ ਰਾਗ ਰਾਗ ਜਣਾਈਆ । ਕਵਣ ਦੁਨੀਆ ਦੀ ਧਾਰ ਟੇਕੇ ਮੱਥਿਆ, ਕਵਣ ਹਿਰਦੇ ਹਰਿਜੂ ਰਿਹਾ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਅਗੰਮ ਅਥਾਹੀਆ । ਨਾਰਦ ਕਹੇ ਚੇਤ ਜੀ ਮੈਨੂੰ ਆਵੇ ਹਾਸੀ, ਹਸ ਹਸ ਕੇ ਦਿਆਂ ਜਣਾਈਆ । ਬ੍ਰਹਮੇ ਨੂੰ ਪੁਛ ਲੈ ਪੰਡਤਾ ਕੀ ਤੇਰੀ ਕਹਿੰਦੀ ਰਾਸ਼ੀ, ਰਾਸ਼ੀ ਕੀ ਜਣਾਈਆ । ਵਿਸ਼ਨੂੰ ਨੂੰ ਪੁਛ ਲੈ ਕਿਸ ਬਿਧ ਦੁਨੀਆ ਦੀ ਮਿਟੇ ਤ੍ਰਿਸ਼ਨਾ ਪਿਆਸੀ, ਭੁੱਖਿਆਂ ਭੁਖ ਗੁਆਈਆ । ਸ਼ੰਕਰ ਨੂੰ ਪੁਛ ਲੈ ਕਿਸ ਬਿਧ ਚੁਰਾਸੀ ਵਿਚੋਂ ਹੋਵੇ ਖ਼ੁਲਾਸੀ, ਫਾਸੀ ਜਮ ਨਾ ਕੋਇ ਲਟਕਾਈਆ । ਰਾਏ ਧਰਮ ਨੂੰ ਪੁਛ ਲੈ ਕਵਣ ਵੇਲਾ ਮਿਟੇ ਉਦਾਸੀ, ਚਿੰਤਾ ਨਜ਼ਰ ਕੋਇ ਨਾ ਆਈਆ । ਚਿਤਰ ਗੁਪਤ ਤੋਂ ਲੇਖਾ ਤਕ ਲੈ ਕੀ ਲਹਿਣਾ ਦੱਸੇ ਹਿਸਾਬੀ, ਅੱਖਰਾਂ ਹਿੰਦਸਿਆਂ ਅੰਕੜਿਆਂ ਬਾਹਰ ਜਣਾਈਆ । ਲਾੜੀ ਮੌਤ ਨੂੰ ਪੁਛ ਸ਼ਤਾਬੀ, ਕੀ ਲੇਖਾ ਦੀਨ ਦੁਨੀ ਨਾਲ ਬੰਧਾਈਆ । ਕੀ ਹੁਕਮ ਦੇਵੇ ਹਕ ਜਨਾਬੀ, ਜਨਾਬੇਆਲੀ ਕੀ ਕਹਿ ਕੇ ਗਿਆ ਦ੍ਰਿੜਾਈਆ । ਕਵਣ ਕਵਣ ਕਵਣ ਹੋਵੇ ਅਮਦਾਦੀ, ਇਸ ਦਾ ਕਵਣ ਕਵਣ ਕਵਣ ਸਹਾਈਆ । ਝਟ ਨਾਰਦ ਹਸ ਕੇ ਕਿਹਾ ਪਹਿਲੀ ਚੇਤ ਆਹ ਤਕ ਲੈ ਜੋ ਨਾਨਕ ਸੰਦੇਸ਼ਾ ਦੇ ਕੇ ਆਇਆ ਵਿਚ ਬਗ਼ਦਾਦੀ, ਬਗ਼ਲਗੀਰ ਆਪਣਾ ਆਪ ਕਰਾਈਆ । ਜਿਥੇ ਨਾ ਇਸ਼ਕ ਹਕੀਕ਼ੀ ਨਾ ਮਜਾਜ਼ੀ, ਜਗਤ


੧੪੬੬
੨੪

ਸ਼ਰਅ ਵੰਡ ਨਾ ਕੋਇ ਵੰਡਾਈਆ । ਨਾ ਕੋਇ ਅੱਖਰ ਵਿਦਿਆ ਦਿਸੇ ਕਿਤਾਬੀ, ਕੁਤਬਖ਼ਾਨਿਆਂ ਦੀ ਲੋੜ ਨਾ ਕੋਇ ਵਖਾਈਆ । ਨਾ ਕੋਈ ਸਯਦਾ ਨਾ ਬੰਦਨਾ ਨਾ ਅਦਾਬੀ, ਨਿਵ ਨਿਵ ਕੋਈ ਨਾ ਲਾਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਅਗੰਮ ਵਰਤਾਈਆ । ਨਾਰਦ ਕਹੇ ਚੇਤ ਜੀ ਮੈਂ ਚਾਰ ਜੁਗ ਦਾ ਪਾਂਧਾ, ਬਿਨ ਅੱਖਰਾਂ ਵਿਦਿਆ ਦਿਆਂ ਜਣਾਈਆ । ਮੈਂ ਬਿਨਾ ਜੇਹਵਾ ਤੋਂ ਗਾਂਦਾ, ਢੋਲੇ ਅਗੰਮ ਅਥਾਹੀਆ । ਮੈਂ ਪੁਤ ਬਣਿਆ ਨਹੀਂ ਕਦੇ ਕਿਸੇ ਮਾਂ ਦਾ, ਜਨਣੀ ਗੋਦ ਨਾ ਕੋਇ ਟਿਕਾਈਆ । ਮੈਂ ਵਣਜਾਰਾ ਨਹੀਂ ਸੂਰ ਗਾਂ ਦਾ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਮੈਨੂੰ ਇਸ਼ਾਰਾ ਸਤਿਗੁਰ ਸ਼ਬਦ ਦਿਤਾ ਇਕੋ ਅਗੰਮੇ ਨਾਂ ਦਾ, ਨਾਉਂ ਨਿਰੰਕਾਰਾ ਕਹਿ ਕੇ ਜਿਸ ਨੂੰ ਸਾਰੇ ਗਾਈਆ । ਮੈਂ ਵਣਜਾਰਾ ਬਣਿਆ ਇਕੋ ਥਾਂ ਦਾ, ਸਚਖੰਡ ਸਾਚੇ ਸੋਭਾ ਪਾਈਆ । ਇਕੋ ਸੰਦੇਸ਼ਾ ਸੁਣ ਲੈ ਜਿਸ ਦਾ ਬੋਲ ਵਾਹ ਵਾਹ ਦਾ, ਵਾਹਵਾ ਤੇਰੀ ਬੇਪਰਵਾਹੀਆ । ਉਹ ਮਾਲਕ ਥਲ ਅਸਗਾਹ ਦਾ, ਮਹੀਅਲ ਆਪਣਾ ਖੇਲ ਖਿਲਾਈਆ । ਜਿਸ ਦੋ ਜਹਾਨ ਵਣਜਾਰਾ ਬਣਾਇਆ ਆਪਣੇ ਰਾਹ ਦਾ, ਰਹਿਬਰ ਬਣਿਆ ਨੂਰ ਅਲਾਹੀਆ । ਜਿਸ ਦਾ ਕਲਮਾ ਗਾਇਆ ਪੈਗ਼ੰਬਰਾਂ ਹਕ ਖ਼ੁਦਾ ਦਾ, ਖ਼ੁਦ ਮਾਲਕ ਇਕ ਅਖਵਾਈਆ । ਉਸ ਦਾ ਅਸੂਲ ਮਾਕੂਲ ਬਦਲਣਾ ਬੰਦਗੀ ਵਾਲੀ ਦੁਆ ਦਾ, ਦੋਹਰੀ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਨਾਰਦ ਕਹੇ ਚੇਤਾ, ਮੈਨੂੰ ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਚੇਤਾ, ਚੇਤਾ ਤੈਨੂੰ ਦਿਆਂ ਕਰਾਈਆ । ਕੁਛ ਮੈਥੋਂ ਪੁਛ ਲੈ ਭੇਤਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਉਹ ਵਕ਼ਤ ਯਾਦ ਕਰ ਲੈ ਜੋ ਸਤਿਗੁਰ ਅਰਜਨ ਇਸ਼ਾਰਾ ਦਿਤਾ ਜਿਸ ਵੇਲੇ ਸੀਸ ਪਵਾਈ ਰੇਤਾ, ਤਤੀ ਤਵੀ ਦਏ ਗਵਾਹੀਆ । ਇਕੋ ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਹੋਣਾ ਨੇਤਾ, ਨਿਰਵੈਰ ਨਿਰੰਕਾਰ ਨਿਰਾਕਾਰ ਹੋ ਕੇ ਆਪਣਾ ਹੁਕਮ ਵਰਤਾਈਆ । ਬੇਪਰਵਾਹ ਅਗੰਮ ਅਥਾਹ ਹੋ ਕੇ ਨੌਂ ਖੰਡ ਪ੍ਰਿਥਮੀ ਫਿਰੇ ਆਪਣਿਆਂ ਵਿਚ ਖੇਤਾਂ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਹਿੰਦੂ ਮੁਸਲਿਮ ਸਿਖ ਈਸਾਈ ਪਾਰਸੀ ਬੋਧੀ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਚੇਤ ਕਹੇ ਨਾਰਦ ਮੁਨੀ, ਮੁਨੀਸ਼ਰਾ ਕੁਛ ਅਗਲਾ ਹੁਕਮ ਜਣਾਈਆ । ਕਵਣ ਹੁਕਮ ਧੁਰਦਰਗਾਹ ਤੋਂ ਸੁਣੀ, ਅਣਸੁਣਤ ਕੀ ਦ੍ਰਿੜਾਈਆ । ਕਵਣ ਦਾਤਾ ਵਡ ਗੁਣ ਗੁਣੀ, ਗਹਿਰ ਗੰਭੀਰ ਇਕ ਅਖਵਾਈਆ । ਨਾਰਦ ਕਹੇ ਚੇਤ ਜੀ, ਉਸ ਦੀ ਅਗੰਮੀ ਧੁਨੀ, ਜਗਤ ਸਾਧ ਸਮਝ ਕਿਛ ਨਾ ਪਾਈਆ । ਉਹ ਸੰਦੇਸ਼ਾ ਦੇਵੇ ਹੁਣ ਹੁਣੀ, ਯਦੀ ਯਦਿਪ ਦਿਆਂ ਦ੍ਰਿੜਾਈਆ । ਜਿਸ ਦੇ ਹੁਕਮ ਵਿਚ ਲੱਖ ਚੁਰਾਸੀ ਛਾਣੀ ਪੁਣੀ, ਪੁਣ ਛਾਣ ਕਰ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਨਾਰਦ ਕਹੇ ਚੇਤ ਜੀ, ਉਹ ਵੇਖੇ ਅਵਤਾਰ ਪੈਗ਼ੰਬਰ ਗੁਰੂ ਪ੍ਰਭੂ ਦੇ ਦੁਆਰ, ਬੰਕ ਦੁਆਰੀ ਹੋ ਕੇ ਸੀਸ ਨਿਵਾਈਆ । ਬਿਨਾ ਰਸਨਾ ਜੇਹਵਾ ਬਿਨਾ ਕਲਮੇ ਨਾਮ ਤੋਂ ਕਰਨ ਜੈ ਜੈ ਕਾਰ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਬਿਨ ਤਨ ਵਜੂਦ ਸ਼ਰੀਰ ਝੁਕਣ ਸਚੀ ਸਰਕਾਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਇਕ ਦਰਸ਼ਨ ਪਾਈਆ । ਜਿਸ ਦਾ ਰੂਪ ਨਾ ਮੂੰਡ ਮੁੰਡਾਇਆ ਨਾ ਸੀਸ ਬੱਧੀ ਦਸਤਾਰ, ਤਨ ਵਜੂਦ ਖ਼ਾਕੀ ਨਜ਼ਰ ਕੋਇ ਨਾ ਆਈਆ । ਉਹ ਜੋਤੀ ਜਾਤਾ ਪੁਰਖ ਬਿਧਾਤਾ

੧੪੬੭
੨੪

੧੪੬੮
੨੪

ਸਚਖੰਡ ਵਸੇ ਜੋਤ ਉਜਿਆਰ, ਜੋਤੀ ਜਾਤਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਨਾਰਦ ਕਹੇ ਚੇਤ ਜੀ, ਆਹ ਵੇਖ ਮੇਰੇ ਕੋਲ ਪੁਰਾਣੀ ਲਿਖਤ, ਲੇਖਾ ਚਾਰ ਜੁਗ ਦੇ ਸ਼ਾਸਤਰ ਸਮਝ ਕੁਛ ਨਾ ਪਾਈਆ । ਜਿਸ ਵਿਚ ਉਹ ਅਗੰਮਾ ਭਵਿਖਤ, ਜਿਸ ਦੀਆਂ ਪੇਸ਼ੀਨਗੋਈਆਂ ਦੇਣ ਗਵਾਹੀਆ । ਪੁਰਖ ਅਕਾਲਾ ਦੀਨ ਦਿਆਲਾ ਇਕੋ ਹੋਵੇ ਇਸ਼ਟ, ਇਸ਼ਟਦੇਵ ਇਕੋ ਨਜ਼ਰੀ ਆਈਆ । ਜੋ ਸਭ ਦੀ ਅੰਤਰ ਨਿਰੰਤਰ ਖੋਲ੍ਹਣਹਾਰਾ ਦ੍ਰਿਸ਼ਟ, ਇਸ਼ਟਦੇਵ ਆਤਮਾ ਆਪਣੇ ਰੰਗ ਰੰਗਾਈਆ । ਜਿਸ ਦਾ ਇਸ਼ਾਰਾ ਦੇ ਕੇ ਗਿਆ ਰਾਮ ਵਸ਼ਿਸ਼ਟ, ਵਿਸ਼ਿਆਂ ਤੋਂ ਬਾਹਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਆਂ । ਨਾਰਦ ਕਹੇ ਚੇਤ ਕੁਛ ਲੇਖਾ ਸੁਣ ਲੈ ਅਗਲਾ, ਧੁਰ ਦੀ ਧਾਰ ਵਿਚੋਂ ਜਣਾਈਆ । ਪ੍ਰਭੂ ਭੇਵ ਖੋਲ੍ਹੇ ਸਗਲਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਉਹ ਦੀਨ ਦੁਨੀ ਦਾ ਮਾਨਵ ਵੇਖਣਹਾਰਾ ਬਪੜਾ ਬਗ ਬਗਲਾ, ਬਿਨ ਨੈਣਾਂ ਧਿਆਨ ਲਗਾਈਆ । ਜਿਸ ਦੀਨ ਦੁਨੀ ਦੀ ਧਾਰ ਵੇਖਣੀ ਪਹਾੜ ਜੂਹਾਂ ਜੰਗਲਾਂ, ਸਮੁੰਦ ਸਾਗਰਾਂ ਖੋਜ ਖੁਜਾਈਆ । ਜਿਸ ਸ਼ਰਅ ਦੇ ਤੋੜਨੇ ਸੰਗਲਾ, ਸਗਲਾ ਸੰਗੀ ਬਹੁਰੰਗੀ ਇਕੋ ਨਜ਼ਰੀ ਆਈਆ । ਉਹ ਸੁਆਮੀ ਠਾਕਰ ਜਗ ਨੇਤਰ ਕਦੇ ਨਾ ਹੋਵੇ ਅੰਧਲਾ, ਅੰਧ ਆਤਮ ਵੇਖੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਬੇਪਰਵਾਹੀਆ । ਨਾਰਦ ਕਹੇ ਚੇਤ, ਸਤਿਗੁਰ ਸ਼ਬਦ ਕੀ ਕੁਛ ਕਹਿੰਦਾ, ਕਹਿ ਕਹਿ ਕੀ ਜਣਾਈਆ । ਜਿਸ ਦਾ ਹੁਕਮ ਸਦਾ ਜੁਗ ਚੌਕੜੀ ਰਹਿੰਦਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦੇ ਹੁਕਮ ਵਿਚ ਆਦਿ ਜੁਗਾਦਿ ਜੁਗ ਚੌਕੜੀ ਵਿਸ਼ਨ ਬ੍ਰਹਮਾ ਸ਼ਿਵ ਬਹਿੰਦਾ, ਅਵਤਾਰ ਪੈਗ਼ੰਬਰ ਗੁਰ ਬੈਠਣ ਸੀਸ ਨਿਵਾਈਆ । ਜਿਸ ਦਾ ਪਿਆਰ ਵਿਚ ਜੀਵ ਜੰਤ ਭਾਣਾ ਸਹਿੰਦਾ, ਸਿਰ ਸਕੇ ਨਾ ਕੋਇ ਉਠਾਈਆ । ਮੈਨੂੰ ਇਉਂ ਦਿਸਦਾ ਉਸ ਦਾ ਝਗੜਾ ਪੈਣਾ ਕੁਛ ਦਿਸ਼ਾ ਲਹਿੰਦਾ, ਮੁਹੰਮਦ ਦੀ ਆਸਾ ਚਾਰ ਯਾਰੀ ਨਾਲ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਨਾਰਦ ਕਹੇ ਚੇਤ ਜੀ, ਮੈਂ ਤੈਨੂੰ ਕੁਛ ਦੱਸਾਂ ਅਗੰਮੀ ਭਾਸ਼ਾ, ਜਿਸ ਦੀ ਲਿਪੀ ਅੱਖਰਾਂ ਵਿਚ ਸਮਝ ਕਿਸੇ ਨਾ ਆਈਆ । ਜਿਸ ਦਾ ਭਾਵ ਜਾਣੇ ਨਾ ਕੋਇ ਖ਼ਲਾਸਾ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਜਿਸ ਦੀ ਲੱਭੇ ਕਿਸੇ ਨਾ ਸ਼ਾਖ਼ਾ, ਸ਼ਨਾਖ਼ਤ ਵਿਚ ਨਾ ਕੋਇ ਸਮਝਾਈਆ । ਨਾ ਉਹਦੀ ਪਹਿਲੀ ਤੇ ਨਾ ਉਹਦੀ ਦੂਜੀ ਕਲਾਸਾ, ਕਲਾਸ ਵਨ ਟੂ ਦਾ ਲੇਖਾ ਰਹੇ ਨਾ ਰਾਈਆ । ਨਾ ਉਹਦਾ ਅੰਕ ਲੱਭੇ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰਾਂ ਵੇਖਣ ਕੋਇ ਨਾ ਪਾਈਆ । ਜਿਸ ਦੇ ਹੁਕਮ ਵਿਚ ਸ਼ੰਕਰ ਭੱਜਾ ਫਿਰੇ ਉਤੇ ਕੈਲਾਸ਼ਾ, ਆਪਣਾ ਪੰਧ ਮੁਕਾਈਆ । ਮੈਨੂੰ ਇਉਂ ਜਾਪਦਾ ਇਸ ਸ੍ਰਿਸ਼ਟੀ ਉਤੇ ਚੜ੍ਹਨੀਆਂ ਲਾਸ਼ਾਂ ਉਤੇ ਲਾਸ਼ਾਂ, ਲਸ਼ਕਰ ਸ਼ਾਹੀ ਆਪਣੇ ਰੰਗ ਰੰਗਾਈਆ । ਮੈਨੂੰ ਉਸ ਉਤੇ ਪੂਰਾ ਭਰਵਾਸਾ, ਜੋ ਪੂਰਨ ਬ੍ਰਹਮ ਦਏ ਸਮਝਾਈਆ । ਜਿਸ ਦੀਨ ਦੁਨੀ ਦਾ ਸੁਭਾਵਕ ਹੀ ਉਲਟਾ ਦੇਣਾ ਪਾਸ਼ਾ, ਪੇਸ਼ਤਰ ਆਪਣਾ ਭੇਵ ਚੁਕਾਈਆ । ਤਾਂਹੀਏ ਚੇਤ ਜੀ ਉਹਨੂੰ ਕਹਿੰਦੇ ਪੁਰਖ ਅਬਿਨਾਸ਼ਾ, ਅਬਿਨਾਸ਼ੀ ਕਰਤਾ ਕਹਿ ਕੇ ਸੀਸ ਨਿਵਾਈਆ । ਮੈਨੂੰ ਇਉਂ ਜਾਪਦਾ ਉਸ ਧਰਨੀ ਧਰਤ ਧਵਲ ਧੌਲ ਉਤੇ ਆਪਣੀ ਅਗੰਮੀ ਪਾਉਣੀ ਰਾਸਾ, ਬਿਨ ਗੋਪੀ ਕਾਹਨ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ,

ਸਚ ਦਾ ਦਰ ਇਕ ਵਡਿਆਈਆ । ਚੇਤ ਕਹੇ ਨਾਰਦ ਜੀ ਤੁਸੀਂ ਬੜੇ ਪੁਰਾਣੇ ਪਾਂਧੇ, ਪਾਂਧੀਆ ਮੈਨੂੰ ਦੇ ਸਮਝਾਈਆ । ਜੁਗ ਚੌਕੜੀ ਥੱਕੇ ਮਾਂਦੇ, ਬਲਹੀਣ ਨਜ਼ਰੀ ਆਈਆ । ਜੁਗ ਚੌਕੜੀ ਆਪਣੇ ਵਤਨ ਵਕਤ ਨਾਲ ਜਾਂਦੇ, ਥਿਰ ਰਹਿਣ ਕੋਇ ਨਾ ਪਾਈਆ । ਤੁਸੀਂ ਵਣਜਾਰੇ ਇਕੋ ਨਾਂ ਦੇ, ਦੂਜਾ ਅੱਖਰ ਨਾ ਕੋਇ ਪੜ੍ਹਾਈਆ । ਕਿਉਂ ਕਲਜੁਗ ਜੀਵ ਰੂਪ ਬਣੇ ਕਾਂ ਦੇ, ਕਾਗ ਵਾਂਗ ਕੁਰਲਾਈਆ । ਕਿਉਂ ਵਣਜਾਰੇ ਹੋਏ ਸੂਰ ਗਾਂ ਦੇ, ਪਸ਼ੂਆਂ ਖੱਲ ਲੁਹਾਈਆ । ਕਿਉਂ ਮਾਣ ਰਹੇ ਨਹੀਂ ਕਿਸੇ ਥਾਂ ਦੇ, ਥਨੰਤਰ ਰੋਵਣ ਮਾਰਨ ਧਾਹੀਆ । ਉਹਨਾਂ ਮਾਰਗ ਲਭਣ ਨਾ ਸਾਚੇ ਰਾਹ ਦੇ, ਮੰਜ਼ਲ ਚੜ੍ਹਨ ਕੋਇ ਨਾ ਪਾਈਆ । ਕਿਉਂ ਨਹੀਂ ਦਰਸ਼ਨ ਹੁੰਦੇ ਉਸ ਬੇਪਰਵਾਹ ਦੇ, ਜੋ ਘਟ ਘਟ ਰਿਹਾ ਸਮਾਈਆ । ਜਿਸ ਦੇ ਖੇਲ ਥਲ ਅਸਗਾਹ ਦੇ, ਮਹੀਅਲ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਨਾਰਦ ਕਹੇ ਚੇਤ ਜੀ, ਉਹ ਮਾਲਕ ਅਗੰਮ ਖ਼ੁਦਾ, ਖ਼ੁਦੀ ਸਭ ਦੀ ਵੇਖ ਵਖਾਈਆ । ਜਿਸ ਨੂੰ ਕਾਇਨਾਤ ਸਮਝਿਆ ਜੁਦਾ, ਜੁਜ਼ ਵਖਰਾ ਬੈਠੇ ਬਣਾਈਆ । ਨਿਰਗੁਣ ਨੂਰ ਦਿਲਰੁਬਾ, ਰਹਿਮਤਾਂ ਦਾ ਮਾਲਕ ਇਕ ਗੁਸਾਈਂਆ । ਜਿਸ ਦੇ ਅਗੇ ਮੁਹੰਮਦ ਕੀਤੀ ਦੁਆ, ਦੋਏ ਜੋੜ ਵਾਸਤਾ ਪਾਈਆ । ਯਾ ਵਜ਼ੂ ਮਾਵਿਸਤੀ ਨਵਾ ਅਰਸ਼ੇ ਜ਼ਵਾ ਜ਼ਲਅਮ ਜਗਮੇ ਨਵੀ ਫ਼ਰਸ਼ੇ ਤਲੂਹ ਦੋ ਜਹਾਨਾਂ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪਣੇ ਹੱਥ ਰਖਾਈਆ । ਨਾਰਦ ਕਹੇ, ਚੇਤਰਾ, ਉਹ ਸੁਆਮੀ ਧੁਰ ਦਾ ਤਕ, ਬਿਨ ਨੇਤਰਾਂ ਨੈਣ ਉਠਾਈਆ । ਜਿਸ ਨੇ ਸਭ ਦਾ ਪੂਰਾ ਕਰਨਾ ਹੱਕ, ਹਕੀਕ਼ਤ ਦੋ ਜਹਾਨ ਨੌਜਵਾਨ ਵੇਖ ਵਖਾਈਆ । ਲੱਖ ਚੁਰਾਸੀ ਅੰਦਰੋਂ ਕਢਣਾ ਸ਼ੱਕ, ਸ਼ਿਕਵੇ ਸਭ ਦੇ ਦਏ ਗਵਾਈਆ । ਕਲਜੁਗ ਦਾ ਲੇਖਾ ਆਪਣੇ ਹੁਕਮ ਨਾਲ ਕਰਨਾ ਫ਼ੱਕ, ਦੀਨ ਦੁਨੀ ਰਹਿਣ ਕੋਇ ਨਾ ਪਾਈਆ । ਜਿਸ ਨਵ ਸੱਤ ਜੰਗਲ ਜੂਹ ਪਹਾੜ ਵੇਖਣੇ ਢੱਕ, ਸਮੁੰਦ ਸਾਗਰਾਂ ਖੋਜ ਖੁਜਾਈਆ । ਉਹ ਵਾਹਿਦ ਮਾਲਕ ਇਕੋ ਯਕ, ਜੋ ਯਕੇ ਬਾਦ ਦੀਗਰੇ ਅਵਤਾਰ ਪੈਗ਼ੰਬਰਾਂ ਗੁਰੂਆਂ ਆਪਣਾ ਹੁਕਮ ਸੁਣਾਈਆ । ਜਿਸ ਦਾ ਇਸ਼ਾਰਾ ਦੇਵੇ ਈਸਾ ਵਾਲਾਂ ਕਲਾਕ, ਜਗਤ ਘੜੀ ਪਲ ਵੰਡ ਨਾ ਕੋਇ ਵੰਡਾਈਆ । ਜੋ ਬਿਨਾ ਅਵਾਜ਼ ਤੋਂ ਕਰੇ ਟਕ ਟਕ, ਟਾਕ ਆਪਣੀ ਬਿਨ ਅੱਖਰਾਂ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਚੇਤ ਕਹੇ ਨਾਰਦ ਜੀ ਅੱਜ ਬੜਾ ਦਿਹਾੜਾ ਚੰਗਾ, ਚੰਗੀ ਤਰਹ ਜਣਾਈਆ । ਮੇਰਾ ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੇ ਲੰਘਾ, ਲੰਗੜਾ ਲੂਲ੍ਹਾ ਹੋ ਕੇ ਭੱਜਿਆ ਵਾਹੋ ਦਾਹੀਆ । ਮੈਂ ਅਵਤਾਰ ਪੈਗ਼ੰਬਰਾਂ ਗੁਰੂਆਂ ਕਰਦਿਆਂ ਵੇਖਿਆ ਦੰਗਾ, ਜਗਤ ਸ਼ਾਸਤਰਾਂ ਨਾਲ ਲੜਾਈਆ । ਪ੍ਰਭ ਦੇ ਹੁਕਮ ਦਾ ਵਜਦਾ ਵੇਖਿਆ ਮਰਦੰਗਾ, ਤਨ ਵਜੂਦਾਂ ਜੋ ਆਪਣੇ ਢੋਲੇ ਸੁਣਾਈਆ । ਮੇਰਾ ਆਦਿ ਜੁਗਾਦੀ ਜੁਗ ਚੌਕੜੀ ਇਕੋ ਸਤਿਗੁਰ ਸ਼ਬਦ ਨਾਲ ਸੰਗਾ, ਸਗਲਾ ਸਾਥੀ ਇਕੋ ਇਕ ਨਜ਼ਰੀ ਆਈਆ । ਜਿਸ ਨੇ ਭਾਰ ਉਠਾਉਣਾ ਆਪਣੇ ਕੰਧਾ, ਕੰਢੀ ਘਾਟ ਬੈਠੀ ਵੇਖੇ ਖ਼ਲਕ ਖ਼ੁਦਾਈਆ । ਜਿਸ ਜੁਗ ਜੁਗ ਮਾਨਵ ਜ਼ਾਤੀ ਪਾਈਆਂ ਵੰਡਾਂ, ਹਿੱਸੇ ਤਨ ਵਜੂਦ ਜਣਾਈਆ । ਦੀਨ ਮਜ਼੍ਹਬ ਦੀਆਂ ਦੇ ਕੇ ਗੰਢਾਂ, ਮੋਹਰ ਆਪਣਾ ਹੁਕਮ ਵਖਾਈਆ । ਸਭ ਤੋਂ ਪਰੇ ਦਸ ਕੇ ਆਪਣਾ ਦੁਆਰ ਠੰਢਾ, ਸਚਖੰਡ ਸਾਚਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਅਖਵਾਈਆ ।

ਝਟ ਕਲਜੁਗ ਆ ਗਿਆ ਸ਼ਤਾਬੀ, ਮਸਤੀ ਵਿਚ ਜਣਾਈਆ । ਦੁਨੀਆਦਾਰੋ ਮੇਰਾ ਵੇਸ ਨਹੀਂ ਕੋਈ ਪੰਜਾਬੀ, ਪੰਜਾਂ ਤਤਾਂ ਵਾਲਿਆਂ ਦਿਆਂ ਜਣਾਈਆ । ਮੈਂ ਕਰਦਾ ਨਹੀਂ ਕਿਸੇ ਨੂੰ ਅਦਾਬੀ, ਸਿਰ ਸਰ ਨਾ ਕੋਇ ਝੁਕਾਈਆ । ਮੇਰਾ ਨਾ ਕੋਈ ਜਨਾਬ ਨਾ ਜਨਾਬੀ, ਜਨਾਬੇ ਆਅਲਾ ਕਹਿ ਨਾ ਕਿਸੇ ਨੂੰ ਬੁਲਾਈਆ । ਨਾ ਕੋਈ ਘਰਾਨਾ ਨਾ ਕੋਈ ਮੇਰਾ ਮਹਿਰਾਬੀ, ਚਾਰ ਦੀਵਾਰੀ ਛੱਪਰ ਛੰਨ ਨਾ ਕੋਇ ਛੁਹਾਈਆ । ਨਾ ਕੋਈ ਮੇਰੀ ਨਾਰ ਤੇ ਨਾ ਮੈਂ ਬਣਿਆ ਕੰਤ ਸੁਹਾਗੀ, ਦੂਲਹਾ ਜਗਤ ਨਾ ਕੋਇ ਅਖਵਾਈਆ । ਮੈਨੂੰ ਸ਼ਰਮ ਹਯਾ ਕਾਹਦੀ, ਕਾਅਬੇ ਵਾਲਿਆਂ ਦੇਣਾ ਰੁਲਾਈਆ । ਮੈਨੂੰ ਹੁਕਮ ਮਿਲ ਗਿਆ ਸਚਖੰਡ ਤੋਂ ਆਦੀ, ਆਦਿ ਪੁਰਖ ਦਿਤਾ ਸਮਝਾਈਆ । ਕਲਜੁਗ ਅੰਤ, ਬੱਚੂ, ਸਦੀ ਚੌਧਵੀਂ ਕਰ ਦੇਣੀ ਜ਼ਰੂਰ ਬਰਬਾਦੀ, ਬਦਲਾ ਚੁੱਕੇ ਥਾਉਂ ਥਾਈਂਆ । ਨਾ ਕੋਈ ਸ਼ਾਹ ਰਹੇ ਨਵਾਬੀ, ਸੀਸ ਤਾਜ ਨਾ ਕੋਇ ਟਿਕਾਈਆ । ਕਲਜੁਗ ਕਹੇ ਮੈਨੂੰ ਖ਼ੁਸ਼ੀ ਹੋਈ ਡਾਹਢੀ, ਡੰਡਾਵਤ ਬੰਦਨਾ ਕਰਨ ਵਾਲਿਓ ਤੁਹਾਨੂੰ ਦਿਆਂ ਸਮਝਾਈਆ । ਸਭ ਦਾ ਇਕੋ ਪੁਰਖ ਅਕਾਲ ਗਾਡੀ, ਜਿਸ ਨੂੰ ਗਾਡ ਕਹਿ ਕੇ ਮੂਸਾ ਈਸਾ ਸੀਸ ਗਏ ਨਿਵਾਈਆ । ਉਹ ਜ਼ਰੂਰ ਵੇਖਣ ਵਾਲਾ ਦੀਨ ਦੁਨੀ ਦੀ ਆਬਾਦੀ, ਤਕੇ ਥਾਉਂ ਥਾਈਂਆ । ਜਿਸ ਨੇ ਚਾਰ ਜੁਗ ਦੀ ਖੇਲ ਖੇਲੀ ਦੀਨ ਮਜ਼੍ਹਬ ਸਮਾਜੀ, ਸਮਾਜਵਾਦੀ ਇਕੋ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਝਟ ਸਤਿਜੁਗ ਆਇਆ ਸੁਣ ਓਏ ਕਲਜੁਗ ਵੀਰਾ, ਪਹਿਲਾ ਚੇਤ ਗਿਆ ਆਈਆ । ਓਹ ਤੇਰੇ ਵਿਚੋਂ ਤੇਰੀ
੧੪੭੦ ਬਦਲਣ ਵਾਲੀ ਤਕਦੀਰਾ, ਤਦਬੀਰ ਪ੍ਰਭ ਆਪਣੇ ਹੱਥ ਰਖਾਈਆ । ਉਸ ਪ੍ਰਭੂ ਦੀ ਬਿਨਾ ਅੱਖੀਆਂ ਤੋਂ ਤਕ ਲੈ ਤਸਵੀਰਾ, ਜਿਸ ਦੀ ਤਸਵੀਰ ੧੪੭੦
੨੪ ਤਸੱਵਰ ਮੁਸੱਵਰ ਕਰ ਨਾ ਕੋਇ ਵਖਾਈਆ । ਜਿਸ ਦਾ ਇਸ਼ਾਰਾ ਦੇ ਕੇ ਗਿਆ ਕਬੀਰਾ, ਕ਼ਬਰਾਂ ਤੋਂ ਬਾਹਰ ਦ੍ਰਿੜਾਈਆ । ਇਕੋ ਸੁਆਮੀ ਅੰਤਰਜਾਮੀ ੨੪
ਗਹਿਰ ਗੰਭੀਰਾ, ਗਵਰ ਇਕ ਅਖਵਾਈਆ । ਜਿਸ ਲੇਖੇ ਲਾਇਆ ਰਵੀਦਾਸ ਦਾ ਕਸੀਰਾ, ਕ਼ਸਮ ਖਾ ਕੇ ਦੀਨ ਦੁਨੀ ਦਏ ਉਲਟਾਈਆ । ਜਿਸ ਪ੍ਰੇਮ ਬਣਾਇਆ ਜੱਟ ਛੀਂਬੇ ਨਾਈ ਝੀਵਰ ਝੀਰਾ, ਸੋਹਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਰ ਇਕ ਸੁਹਾਈਆ । ਨਾਰਦ ਕਹੇ ਚੇਤ ਜੀ, ਉਹ ਦਰ ਕਿਹੜਾ, ਸੱਜਣਾ ਮੈਨੂੰ ਦੇ ਦਰਸਾਈਆ । ਜਿਥੇ ਮਿਟ ਜਾਏ ਜਗਤ ਸ਼ਰਅ ਦਾ ਝੇੜਾ, ਝਗੜਾ ਨਜ਼ਰ ਕੋਇ ਨਾ ਆਈਆ । ਇਕੋ ਪਰਮ ਪੁਰਖ ਦਾ ਦਿਸੇ ਵਿਹੜਾ, ਜਿਥੇ ਗੁਰ ਅਵਤਾਰ ਪੈਗ਼ੰਬਰ ਬੈਠੇ ਇਕੋ ਢੋਲਾ ਗਾਈਆ । ਸੁਹੰਜਣਾ ਹੋਵੇ ਖੇੜਾ, ਇਕੋ ਨੂਰ ਜੋਤ ਰੁਸ਼ਨਾਈਆ । ਸਾਰੇ ਕਹਿਣ ਤੂੰ ਮੇਰਾ ਮੈਂ ਤੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਕੀ ਹੋ ਗਿਆ ਜੇ ਸਤਿਗੁਰ ਸ਼ਬਦ ਹੋ ਗਿਆ ਸ਼ੇਰਾ, ਸ਼ਹਿਨਸ਼ਾਹ ਆਪਣਾ ਰੂਪ ਬਦਲਾਈਆ । ਮਿਹਰਵਾਨ ਹੋ ਕੇ ਜਨ ਭਗਤਾਂ ਉਤੇ ਕਰੇ ਮਿਹਰਾ, ਮਿਹਬਾਨ ਬੀਦੋ ਬੀਖੈਰ ਯਾ ਅਲਾਹ ਜਿਸ ਨੂੰ ਸਯਦਿਆਂ ਵਿਚ ਸੀਸ ਝੁਕਾਈਆ । ਜ਼ਲਵੇ ਜ਼ੂ ਅਰਸ਼ੇ ਵਜ਼ਹੂ ਤੁਨੱਖ਼ਤੇ ਜ਼ਮਮ ਕਲਜ਼ਮਾਏ ਯਜ਼ਵੀਉ ਨਮਾਏ ਨੰਬਾਏ ਵਜ਼ੀ ਵਜ਼ੀਉਲ ਜ਼ਵਾ ਕਨੀਉਲ ਗਜ਼ਾ ਮਾਫ਼ਸਤੇ ਨਾਖ਼ਸਤੇ ਜਾਊਕੋ ਜ਼ਵੀ ਸ਼ਹਿਨਸ਼ਾਹੇ ਅਜ਼ੀ ਪਾਤਸ਼ਾਹ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਬੰਕ ਇਕ ਵਡਿਆਈਆ । ਚੇਤ ਕਹੇ ਨਾਰਦਾ ਜੁਗ ਚੌਕੜੀ ਸੰਗੀਆ, ਸਗਲਾ ਸੰਗ ਜਣਾਈਆ । ਕਿਹੜੀਆਂ ਕਿਹੜੀਆਂ ਮੰਗਾਂ ਮੰਗੀਆਂ, ਮੈਨੂੰ ਦੇ ਸੁਣਾਈਆ । ਨਾਰਦ ਹਸ ਕੇ ਕਿਹਾ ਕਈ ਜੁਗ ਚੌਕੜੀਆਂ ਲੰਘੀਆਂ,

੧੪੭੧
੨੪

ਭੱਜੀਆਂ ਵਾਹੋ ਦਾਹੀਆ । ਮੈਂ ਬੜੀਆਂ ਸ਼ਰਅ ਦੀਆਂ ਵੇਖੀਆਂ ਤੰਗੀਆਂ, ਤੰਗਦਸਤ ਵੇਖੀ ਲੋਕਾਈਆ । ਚੋਟੀਆਂ ਵੇਖੀਆਂ ਨੰਗੀਆਂ, ਓਢਣ ਸੀਸ ਨਾ ਕੋਇ ਰਖਾਈਆ । ਜਲਧਾਰਾਂ ਵੇਖੀਆਂ ਗੰਗੀਆਂ, ਜਮਨਾ ਸੁਰਸਤੀ ਗੋਦਾਵਰੀ ਭੱਜਣ ਵਾਹੋ ਦਾਹੀਆ । ਦੀਨ ਦੁਨੀ ਦੀਆਂ ਅੱਖੀਆਂ ਵੇਖੀਆਂ ਅੰਧੀਆਂ, ਨਿਜ ਨੇਤਰ ਪ੍ਰਭ ਦਾ ਦਰਸ਼ਨ ਕੋਇ ਨਾ ਪਾਈਆ । ਤਨ ਵਜੂਦ ਨੂੰ ਸ਼ਰਅ ਦੀਆਂ ਹੋਈਆਂ ਕੰਧੀਆਂ, ਪਾਂਧੀ ਬਣ ਕੇ ਪੰਧ ਨਾ ਕੋਇ ਮੁਕਾਈਆ । ਆਹ ਵੇਖ ਲੈ ਬਿਨਾ ਕ਼ਲਮ ਸ਼ਾਹੀ ਕਾਗ਼ਜ਼ ਤੋਂ ਗੁਰੂ ਅਵਤਾਰ ਪੈਗ਼ੰਬਰਾਂ ਨਿਰਅੱਖਰ ਧਾਰ ਪੁਰਖ ਅਕਾਲ ਦੀਨ ਦਿਆਲ ਨਾਲ ਕੀਤੀਆਂ ਸੰਧੀਆਂ, ਜਿਸ ਦਾ ਸੰਦੇਸ਼ ਦੇ ਕੇ ਗਿਆ ਗੋਬਿੰਦ ਮਾਹੀਆ । ਜਿਸ ਦੇ ਸਚਖੰਡ ਵਿਚ ਨੌ ਸੌ ਚੁਰਾਨਮੇਂ ਚੌਕੜੀ ਜੁਗ ਦੀਆਂ ਆਸ਼ਾਂ ਟੰਗੀਆਂ, ਵੇਖਣਵਾਲਾ ਨਜ਼ਰ ਕੋਇ ਨਾ ਪਾਈਆ । ਉਹ ਜ਼ਰੂਰ ਕਲਜੁਗ ਅੰਤ ਖੇਲ ਕਰੇ ਬਹੁਰੰਗੀਆ, ਬਿਨ ਰੰਗਤ ਰੰਗ ਰੰਗਾਈਆ । ਜਿਸ ਲਹਿਣਾ ਦੇਣਾ ਨਾਲ ਤਾਰਾ ਚੰਦੀਆ, ਸੂਰੀਆ ਆਪਣਾ ਸੰਗ ਜਣਾਈਆ । ਜਿਸ ਦੇ ਪਿਆਰ ਵਿਚ ਜਨ ਭਗਤ ਵਹਾਉਂਦੇ ਅੰਝੀਆਂ, ਹੰਝੂਆਂ ਹਾਰ ਬਣਾਈਆ । ਉਹ ਦੇਵਣਹਾਰਾ ਪਰਮਾ ਨੰਦੀਆ, ਅਨੰਦ ਅਨੰਦ ਵਿਚੋਂ ਪਰਗਟਾਈਆ । ਜੋ ਆਤਮਾ ਪਰਮਾਤਮਾ ਪ੍ਰੀਤਾਂ ਟੁਟੀਆਂ ਦੇਵੇ ਗੰਢੀਆਂ, ਗੰਢਣਹਾਰ ਗੋਪਾਲ ਸੁਆਮੀ ਇਕ ਅਖਵਾਈਆ । ਜੋ ਭਗਤਾਂ ਅੰਤਰ ਨਿਰੰਤਰ ਪਾਵੇ ਠੰਢੀਆਂ, ਤ੍ਰੈਗੁਣ ਅਗਨੀ ਤਤ ਤਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਹੁਕਮ ਆਪ ਪਰਗਟਾਈਆ । ਹੁਕਮ ਕਹੇ ਮੈਂ ਸਭ ਦਾ ਮਾਲਕ, ਬਿਨ ਹੁਕਮ ਤੋਂ ਨਜ਼ਰ ਕਿਛ ਨਾ ਆਈਆ । ਆਦਿ ਜੁਗਾਦੀ ਸਭ ਦਾ ਖ਼ਾਲਕ, ਮਖ਼ਲੂਕ ਆਪਣੇ ਰੰਗ ਰੰਗਾਈਆ । ਨਿਰਗੁਣ ਸਰਗੁਣ ਧਾਰ ਪਾਲਕ, ਪਾਲਣਹਾਰ ਅਗੰਮ ਅਥਾਈਆ । ਜੋਤੀ ਜਾਤਾ ਇਕੋ ਇਕ ਸੰਚਾਲਕ, ਸਤਿ ਸਚ ਦਾ ਹੁਕਮ ਇਕ ਵਰਤਾਈਆ । ਮੇਰਾ ਇਕੋ ਇਕ ਪਿਤਾ ਮੈਂ ਇਕੋ ਉਸ ਦਾ ਬਾਲਕ, ਇਕੋ ਮੇਰੀ ਜਣੇਂਦੀ ਮਾਈਆ । ਜੁਗ ਬਦਲਣਾ ਮੈਨੂੰ ਆਦਿ ਜੁਗਾਦੀ ਆਦਤ, ਜੁਗ ਚੌਕੜੀ ਰੀਤੀ ਚਲੀ ਆਈਆ । ਨਾਮ ਕਲਮਿਆਂ ਬਦਲਾਂ ਅਬਾਦਤ, ਬੰਦਗੀ ਬੰਦਗੀ ਵਿਚੋਂ ਪਰਗਟਾਈਆ । ਸਾਚੀ ਵਸਤ ਦਿਆਂ ਨਿਆਮਤ, ਬਿਨ ਰਸਨਾ ਰਸ ਚਖਾਈਆ । ਮੈਂ ਸਚ ਦੱਸਾਂ ਉਸ ਦੇ ਹੁਕਮ ਵਿਚ ਆਉਣ ਵਾਲੀ ਕਿਆਮਤ, ਕ਼ਾਇਮ ਮੁਕ਼ਾਮ ਰਹਿਣ ਕੋਇ ਨਾ ਪਾਈਆ । ਬਿਨਾ ਪੁਰਖ ਅਕਾਲ ਤੋਂ ਰਹੇ ਨਾ ਕੋਈ ਸਹੀ ਸਲਾਮਤ, ਅਸਲਾਮਾਅਲੇਕਮ ਕਹਿਣ ਵਾਲੇ ਪਤਾ ਨਹੀਂ ਕਿਧਰ ਜਾਵਣ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਭੇਵ ਚੁਕਾਈਆ । ਹੁਕਮ ਕਹੇ ਮੈਂ ਧੁਰ ਦਾ ਆਇਆ ਦੌੜਾ, ਭੱਜਿਆ ਵਾਹੋ ਦਾਹੀਆ । ਪੁਰਖ ਅਕਾਲ ਮੇਰਾ ਇਕੋ ਲਾਇਆ ਪੌੜਾ, ਪੌੜੀ ਡੰਡਾ ਨਜ਼ਰ ਕੋਇ ਨਾ ਆਈਆ । ਮੈਂ ਹੁਕਮ ਮੰਨਿਆ ਬ੍ਰਾਹਮਣ ਗੌੜਾ, ਜਿਸ ਦੀ ਜ਼ਾਤ ਸਮਝ ਕਿਸੇ ਨਾ ਆਈਆ । ਜਿਸ ਦਾ ਮਾਰਗ ਸਭ ਤੋਂ ਸੌੜਾ, ਭੀੜੀ ਗਲੀ ਪਾਰ ਨਾ ਕੋਇ ਕਰਾਈਆ । ਮੈਂ ਵੇਖਣਹਾਰਾ ਫਲ ਮਿਠਾ ਕੌੜਾ, ਲੱਖ ਚੁਰਾਸੀ ਫੋਲ ਫੁਲਾਈਆ । ਧੁਰ ਦੇ ਹੁਕਮ ਵਿਚ ਅਟਕਾ ਸਕੇ ਕੋਈ ਨਾ ਰੋੜਾ, ਰੋੜੀ ਸੱਖਰ ਪੱਥਰਾਂ ਤੇ ਲੇਟ ਕੇ ਨਾਨਕ ਗਿਆ ਸਮਝਾਈਆ । ਜਿਸ ਦਾ ਗੋਬਿੰਦ ਗਾਇਆ ਦੋਹਰਾ, ਦਾਦੂ ਦੇ ਦਿਹੁਰੇ ਆਇਆ ਸਮਝਾਈਆ । ਜਿਸ ਦੀ ਭੇਟਾ ਕੀਤਾ ਫ਼ਤਿਹ ਸਿੰਘ ਤੇ ਜ਼ੋਰਾ, ਜੁਝਾਰ ਅਜੀਤ ਰੰਗ ਰੰਗਾਈਆ । ਉਸ ਦਾ ਸੁਤ ਦੁਲਾਰਾ ਸਤਿਗੁਰ ਸ਼ਬਦ ਬਾਂਕਾ ਛੋਹਰਾ, ਨੌਜਵਾਨ ਇਕੋ ਰੂਪ ਦਰਸਾਈਆ । ਜੋ ਪਿਛੇ ਹੋਰ ਅਗੇ ਹੋ ਜਾਏ ਹੋਰਾ, ਹੋਰ ਦਾ ਹੋਰ ਰੂਪ ਬਦਲਾਈਆ ।

ਜਿਸ ਦਾ ਹੁਕਮ ਲੱਖ ਚੁਰਾਸੀ ਕਲਜੁਗ ਅੰਤਮ ਇਕੋ ਮਿਲਨਾ ਕੋਰਾ, ਜੋ ਕੌਰਵਾਂ ਪਾਂਡਵਾਂ ਨੂੰ ਕ੍ਰਿਸ਼ਨ ਗਿਆ ਸਮਝਾਈਆ । ਕਿਸੇ ਦੇ ਸੀਸ ਉਤੇ ਝੁਲਣਾ ਨਹੀਂ ਚੌਰਾ, ਛਤਰਧਾਰੀ ਨਜ਼ਰ ਕੋਇ ਨਾ ਆਈਆ । ਦੀਨ ਦੁਨੀ ਦਾ ਅੰਤਰ ਹੋਣਾ ਬੌਰਾ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਹੁਕਮ ਕਹੇ ਮੈਂ ਧੁਰ ਦੀ ਧਾਰ, ਧਰਨੀ ਵਾਲਿਓ ਤੁਹਾਨੂੰ ਦਿਆਂ ਜਣਾਈਆ । ਮੇਰਾ ਇਕੋ ਪੁਰਖ ਅਕਾਲਾ ਯਾਰ, ਯਾਰੜਾ ਇਕ ਅਖਵਾਈਆ । ਜੋ ਸਚਖੰਡ ਵਸੇ ਸਚੇ ਦਰਬਾਰ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਨੂੰ ਸਭ ਨੇ ਮੰਨਿਆ ਪਰਵਰਦਿਗਾਰ, ਪਾਰਬ੍ਰਹਮ ਪਤਿਪਰਮੇਸ਼ਵਰ ਨੂਰ ਅਲਾਹੀਆ । ਮੈਂ ਉਸ ਦੇ ਹੁਕਮ ਵਿਚ ਹੁਕਮ ਹੋ ਕੇ ਫਿਰਾਂ ਸਦਾ ਜੁਗ ਚਾਰ, ਜੁਗ ਚੌਕੜੀ ਆਪਣਾ ਖੇਲ ਖਿਲਾਈਆ । ਜਿਸ ਦੇ ਪਿਆਰ ਵਿਚ ਬੱਧੇ ਪੈਗ਼ੰਬਰ ਗੁਰ ਅਵਤਾਰ, ਅਵਤਰੀ ਹੋ ਕੇ ਵੇਖ ਵਖਾਈਆ । ਮੈਂ ਸੰਦੇਸ਼ਾ ਦੇਵਣ ਆਇਆ ਦੀਨ ਦੁਨੀ ਸੰਸਾਰ, ਸੰਸਾਰੀਓ ਜਾਗਿਆਸੂਓ ਸਭ ਨੂੰ ਦਿਆਂ ਜਣਾਈਆ । ਓਹ ਕਲ ਕਲਕੀ ਨਿਹਕਲੰਕਾ ਅਵਤਾਰ, ਅਮਾਮ ਅਮਾਮਾਂ ਨੂਰ ਅਲਾਹੀਆ । ਸਭ ਦੇ ਸਾਹਮਣੇ ਬਹਿ ਗਿਆ ਸੰਬਲ ਧਾਮ ਨਿਆਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਕੋਟਾਂ ਵਿਚੋਂ ਭਗਤ ਸੁਹੇਲੇ ਬਣਾ ਲਏ ਦੋ ਚਾਰ, ਬਹੁਤੀ ਵੰਡ ਨਾ ਕੋਇ ਵੰਡਾਈਆ । ਅੰਦਰ ਵੜ ਦੇ ਮੰਦਰ ਚੜ੍ਹ ਕੇ ਤੂੰ ਮੇਰਾ ਮੈਂ ਤੇਰਾ ਦੱਸ ਕੇ ਇਕ ਜੈਕਾਰ, ਜੈ ਜੈ ਕਾਰ ਦਿਤੀ ਕਰਾਈਆ । ਵੇਰਵਾ ਰਖਿਆ ਨਹੀਂ ਕੋਈ ਪੁਰਖ ਨਾਰ, ਬਿਰਧ ਬਾਲ ਜਵਾਨ ਵੰਡ ਨਾ ਕੋਇ ਵੰਡਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਜੋ ਪਾਵਣਹਾਰਾ ਸਾਰ, ਮਹਾਂਸਾਰਥੀ ਆਪਣੇ ਹੱਥ ਰਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਢੋਲਾ ਇਕ ਸੁਣਾਈਆ । ਚੇਤ ਕਹੇ ਜਨ ਭਗਤੋ ਇਕੋ ਢੋਲਾ ਗਾਉਣਾ, ਗਾ ਗਾ ਖ਼ੁਸ਼ੀ ਬਣਾਈਆ । ਘਰ ਸੁਆਮੀ ਠਾਕਰ ਪਾਉਣਾ, ਬਾਹਰ ਖੋਜਣ ਦੀ ਲੋੜ ਰਹੇ ਨਾ ਰਾਈਆ । ਆਤਮ ਸੇਜਾ ਖੁਸ਼ੀਆਂ ਨਾਲ ਸੁਹਾਉਣਾ, ਸੁਰਤੀ ਸ਼ਬਦ ਨਾਲ ਸਮਾਈਆ । ਜਗਤ ਵਾਸਨਾ ਡੇਰਾ ਢਾਹੁਣਾ, ਕਲਪਣਾ ਤਨ ਰਹੇ ਨਾ ਰਾਈਆ । ਇਕੋ ਸਤਿਗੁਰ ਸ਼ਬਦ ਮਨਾਉਣਾ, ਪੁਰਖ ਅਕਾਲਾ ਇਸ਼ਟ ਜਣਾਈਆ । ਪਹਿਲੀ ਚੇਤ ਨਾ ਦਿਵਸ ਭੁਲਾਉਣਾ, ਭੁੱਲਿਆਂ ਮਾਰਗ ਦਏ ਲਗਾਈਆ । ਜਨ ਭਗਤੋ ਤੁਹਾਨੂੰ ਸੁਤਿਆਂ ਫੜ ਫੜ ਉਠਾਉਣਾ, ਫੜ ਬਾਹੋਂ ਗਲੇ ਲਗਾਈਆ । ਚਾਰ ਜੁਗ ਦਿਉ ਵਿਛੜਿਓ ਤੁਹਾਨੂੰ ਆਪ ਮਿਲਾਉਣਾ, ਮੇਲਾ ਹਰਿ ਜਗਦੀਸ ਕਰਾਈਆ । ਸਤਿਜੁਗ ਦਾ ਸਾਚਾ ਮਾਰਗ ਲਾਉਣਾ, ਸਤਿ ਧਰਮ ਦੀ ਸਾਚੀ ਧਾਰ ਪਰਗਟਾਈਆ । ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਉਣਾ, ਇਕੋ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪਰਦਾ ਆਪ ਉਠਾਈਆ । ਚੇਤ ਕਹੇ ਭਗਤੋ ਆਇਆ ਵਕ਼ਤ ਸੁਹੰਜਣਾ, ਪ੍ਰਭ ਸੋਹਣੀ ਦਏ ਵਡਿਆਈਆ । ਕਿਰਪਾ ਕਰੇ ਆਦਿ ਨਿਰੰਜਣਾ, ਨਰ ਨਰਾਇਣ ਨੂਰ ਅਲਾਹੀਆ । ਸਦਾ ਸੁਹੇਲਾ ਦਰਦ ਦੁਖ ਭੈ ਭੰਜਣਾ, ਭਵ ਸਾਗਰ ਪਾਰ ਕਰਾਈਆ । ਦਰਸ਼ਨ ਦੇਵੇ ਗੋਪਾਲ ਮੂਰਤ ਮਦਨਾ, ਮਧੁਸੂਦਨ ਖੇਲ ਖਿਲਾਈਆ । ਜਿਸ ਲੇਖੇ ਲਾਉਣਾ ਆਅਲਾ ਅਦਨਾ, ਊਚਾਂ ਨੀਚਾਂ ਵੰਡ ਨਾ ਕੋਇ ਵੰਡਾਈਆ । ਜੋ ਇਸ਼ਾਰਾ ਦੇ ਕੇ ਗਿਆ ਕਸਾਈ ਸਧਨਾ, ਸਦਮੇ ਸਭ ਦੇ ਵੇਖ ਵਖਾਈਆ । ਜਿਸ ਝਗੜਾ ਮੇਟਣਾ ਕਾਇਆ ਮਾਟੀ ਬਦਨਾ, ਤਨ ਵਜੂਦਾਂ ਡੇਰਾ ਢਾਈਆ । ਸਭ ਨੇ ਇਕੋ ਢੋਲਾ ਗੀਤ ਗਾਉਣਾ ਛੰਦਨਾ, ਤੂੰ ਮੇਰਾ ਮੈਂ ਤੇਰਾ ਇਕੋ

੧੪੭੨ ੨੪

ਨੂਰ ਤੇਰਾ ਰੁਸ਼ਨਾਈਆ । ਇਕੋ ਸਾਹਿਬ ਕਰਨੀ ਬੰਦਨਾ, ਬੰਦਗੀ ਵਿਚ ਸੀਸ ਝੁਕਾਈਆ । ਜੋ ਆਤਮ ਪਰਮਾਤਮ ਦੇਵੇ ਅਨੰਦਨਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਝਗੜਾ ਮੇਟੇ ਜੇਰਜ ਅੰਡਨਾ, ਉਤਭੁਜ ਸੇਤਜ ਲੇਖਾ ਰਹੇ ਨਾ ਰਾਈਆ । ਮਾਣ ਦੇਵੇ ਵਿਚ ਵਰਭੰਡਣਾ, ਬ੍ਰਹਿਮੰਡਾਂ ਪੰਧ ਮੁਕਾਈਆ । ਦੁਆਰ ਬੰਕ ਵਖਾਏ ਸਚਖੰਡਣਾ, ਥਿਰ ਘਰ ਆਪਣਾ ਰੰਗ ਰੰਗਾਈਆ । ਜਿਥੇ ਨਾ ਕੋਈ ਸੂਰੀਆ ਚੰਦਨਾ, ਮੰਡਲ ਮੰਡਪ ਨਜ਼ਰ ਕੋਇ ਨਾ ਆਈਆ । ਜੋਤੀ ਜਾਤਾ ਪੁਰਖ ਬਿਧਾਤਾ ਲਾਏ ਆਪਣੇ ਅੰਗਣਾ, ਅੰਗੀਕਾਰ ਇਕ ਅਖਵਾਈਆ । ਜਿਸ ਗੋਬਿੰਦ ਧਾਰ ਸਭ ਨੂੰ ਪਹਿਨਾਇਆ ਕੰਗਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪਹਿਲੀ ਚੇਤ ਕਹੇ ਜਨ ਭਗਤੋ ਤਨ ਕਾਇਆ ਮਾਟੀ ਰੰਗੋ, ਰੰਗਤ ਪ੍ਰਭ ਦਏ ਚੜ੍ਹਾਈਆ । ਚਰਨ ਪ੍ਰੀਤੀ ਸਾਚੀ ਮੰਗੋ, ਮਾਂਗਤ ਹੋ ਕੇ ਝੋਲੀ ਡਾਹੀਆ । ਦੀਨ ਦੁਨੀ ਵਿਚ ਨਾ ਸੰਗੋ, ਜਗਤ ਸ਼ਰਅ ਸ਼ਰਅ ਨਾ ਕੋਇ ਜਣਾਈਆ । ਭਗਤ ਬਣ ਕੇ ਦੀਨ ਮਜ਼੍ਹਬ ਦੀ ਹੱਦ ਲੰਘੋ, ਬਿਨ ਕ਼ਦਮਾਂ ਕ਼ਦਮ ਟਿਕਾਈਆ । ਆਪਣੀ ਜੀਵਨ ਜੁਆਨੀ ਪ੍ਰਭੂ ਪਿਆਰ ਵਿਚ ਹੰਢੋ, ਹਯਾਤੀ ਕਮਲਾਪਾਤੀ ਭੇਟ ਚੜ੍ਹਾਈਆ । ਜੇ ਪਿਛੇ ਟੁਟ ਗਈ, ਪਹਿਲੀ ਚੇਤ ਕਹੇ, ਜਨ ਭਗਤੋ ਅੱਜ ਗੰਢੋ, ਜੋ ਟੁੱਟਿਆਂ ਗੰਢ ਪੁਆਈਆ । ਬਿਨ ਜਲ ਧਾਰਾ ਤੁਹਾਡੇ ਅੰਦਰ ਦੇਵੇ ਠੰਢੋ, ਠੰਢਕ ਇਕੋ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਚੇਤ ਕਹੇ ਮੇਰੇ ਮਿਤਰੋ ਬਣ ਜਾਓ ਭਗਤ

੧੪੭੩ ਸੁਹੇਲੇ, ਸਈਆ ਇਕੋ ਨਜ਼ਰੀ ਆਈਆ । ਸਤਿਗੁਰ ਸ਼ਬਦ ਨਾਲ ਕਦੀ ਕਦੀ ਹੁੰਦੇ ਮੇਲੇ, ਕ਼ਦੀਮ ਦੇ ਵਿਛੜਿਓ ਤੁਹਾਨੂੰ ਦਿਆਂ ਸੁਣਾਈਆ । ੧੪੭੩

੨੪ ਕਦੀ ਕਦੀ ਮਿਲ ਕੇ ਬਹਿੰਦੇ ਗੁਰੂ ਚੇਲੇ, ਚੇਲੇ ਗੁਰੂ ਵਿਚ ਸਮਾਈਆ । ਜਿਸ ਪ੍ਰਭੂ ਨੂੰ ਭਾਲਣ ਖ਼ਾਤਰ ਫਿਰਦੇ ਜੰਗਲੀਂ ਬੇਲੇ, ਟਿੱਲੇ ਪਰਬਤ ੨੪

ਚੋਟੀਆਂ ਆਸਣ ਲਾਈਆ । ਮਾਤ ਪਿਤ ਭੈਣ ਭਰਾਵਾਂ ਕੋਲੋਂ ਹੋ ਕੇ ਵੇਹਲੇ, ਤਨ ਭਬੂਤੀਆਂ ਖ਼ਾਕ ਰਮਾਈਆ । ਉਨ੍ਹਾਂ ਨੂੰ ਪਤਾ ਨਹੀਂ ਕਦੋਂ ਮਿਲੇ ਤੇ ਮਿਲੇ ਕਿਹੜੇ ਵੇਲੇ, ਘੜੀ ਪਲ ਸਮਝ ਕਿਸੇ ਨਾ ਆਈਆ । ਤੁਸੀਂ ਇਕ ਛਿੰਨ ਵਿਚ ਹੁਣ ਅੰਦਰੋਂ ਇਕ ਸਕਿੰਟ ਦੀਨ ਦੁਨੀ ਨਾਲੋਂ ਹੋ ਜਾਓ ਵੇਹਲੇ, ਵੇਹਲਿਓ ਤੁਹਾਡਾ ਸੁਹੇਲਾ ਤੁਹਾਡੇ ਅੰਦਰ ਵੜ ਕੇ ਆਪਣਾ ਪਰਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰਸ ਇਕ ਵਖਾਈਆ । ਨਾਰਦ ਕਹੇ ਪ੍ਰਭੂ ਮੇਰੇ ਕੋਲ ਇਕ ਅਰਜ਼ੀ, ਆਜਜ਼ ਹੋ ਕੇ ਸੀਸ ਨਿਵਾਈਆ । ਵੇਖੀਂ, ਕਲਜੁਗ ਸਤਿਗੁਰੂ ਨਾ ਬਣੀਂ ਫ਼ਰਜ਼ੀ, ਤਤਾਂ ਵਾਲਾ ਖੇਲ ਖਿਲਾਈਆ । ਨਿਰਗੁਣ ਧਾਰ ਆਪਣੀ ਰਖੀਂ ਕੋਈ ਨਾ ਗ਼ਰਜ਼ੀ, ਗ਼ਰਜ਼ ਭਗਤਾਂ ਪੂਰ ਕਰਾਈਆ । ਜੇ ਪਿਛੇ ਨਹੀਂ ਬਣਿਆ ਪਹਿਲੀ ਚੇਤ ਤੋਂ ਬਣ ਜਾ ਭਗਤਾਂ ਦਾ ਦਰਦੀ, ਦਰਦੀਆਂ ਦਰਦ ਲੈਣਾ ਵੰਡਾਈਆ । ਕਿਸੇ ਨੂੰ ਪੋਹ ਨਾ ਸਕੇ ਸ਼ਰਅ ਦੀ ਛੁਰੀ ਕਰਦੀ, ਕ਼ਾਤਲ ਮਕ਼ਤੂਲ ਦਾ ਡੇਰਾ ਦੇਣਾ ਢਾਈਆ । ਤੇਰੀ ਇਕੋ ਸ਼ਰਨ ਲਈ ਨਰਾਇਣ ਨਰ ਦੀ, ਨਰਾਂ ਦਿਆ ਮਾਲਕਾ ਨਰਾਂ ਨੂੰ ਦੇਣਾਂ ਤਰਾਈਆ । ਪਰ ਯਾਦ ਕਰ ਲੈ ਬਿਨਾ ਭਗਤਾਂ ਦੀ ਆਤਮਾ ਤੋਂ ਤੈਨੂੰ ਕਦੇ ਨਹੀਂ ਕੋਈ ਵਰਦੀ, ਜੇ ਭਗਤ ਨਾ ਹੋਣ ਰੰਡਿਆ ਤੇਰੀ ਕ਼ੀਮਤ ਕੋਇ ਨਾ ਪਾਈਆ । ਵੇਖ ਲੈ ਕਲਜੁਗ ਕਿਤਨੀ ਦੁਨੀਆ ਤੇਰੇ ਕੋਲੋਂ ਮੂਲ ਨਹੀਂ ਡਰਦੀ, ਅਵਤਾਰ ਪੈਗ਼ੰਬਰਾਂ ਗੁਰੂਆਂ ਦਾ ਭੈ ਨਾ ਕੋਇ ਰਖਾਈਆ । ਕਲਜੁਗ ਕੂੜ ਕਿਰਿਆ ਰੂਪ ਬਣੀ ਹੜ੍ਹ ਦੀ, ਹੋੜਾ ਸੱਸੇ ਵਾਲਾ ਦਏ ਗਵਾਹੀਆ । ਹੰ ਬ੍ਰਹਮ ਧਾਰ ਜਾਣੇ ਨਾ ਕੋਇ ਚੇਤਨ

ਜੜ੍ਹ ਦੀ, ਸਤਿ ਦੇ ਮਾਲਕ ਤੇਰੇ ਵਿਚ ਨਾ ਕੋਇ ਸਮਾਈਆ । ਮੈਂ ਇਕ ਖ਼ਬਰ ਦੱਸਾਂ ਤੇਰੇ ਘਰ ਦੀ, ਗ੍ਰਿਹ ਗ੍ਰਿਹ ਦੇ ਮਾਲਕ ਪਰਦਾ ਦੇਣਾ ਚੁਕਾਈਆ । ਉਹ ਗੱਲ ਚੇਤੇ ਕਰ ਲੈ ਪਿਛਲਾ ਸਾਲ ਚੇਤ ਪਰ ਦੀ, ਪੁਰਾਣਿਆਂ ਪਰਾਣਾਂ ਤੋਂ ਬਾਹਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਰ ਸਾਚੇ ਮੰਗ ਮੰਗਾਈਆ । ਚੇਤ ਕਹੇ ਜਨ ਭਗਤੋ ਸੁਣੋ ਅਗੰਮੀ ਸੋ, ਸੋ ਪੁਰਖ ਨਿਰੰਜਣ ਰਿਹਾ ਜਣਾਈਆ । ਇਕ ਵਿਚ ਇਕਾ ਰੂਪ ਜਾਵੇ ਹੋ, ਏਕਾ ਰੰਗ ਸਮਾਈਆ । ਆਤਮਾ ਪਰਮਾਤਮਾ ਕਦੇ ਨਾ ਸਮਝੋ ਦੋ, ਦੁਵੈਤੀ ਵੰਡ ਨਾ ਕੋਇ ਵੰਡਾਈਆ । ਜਿਹੜੇ ਪਿਆਰ ਵਿਚ ਸਤਿਕਾਰ ਵਿਚ ਹਿਤਕਾਰ ਵਿਚ ਇਕ ਵਾਰ ਸਤਿਗੁਰ ਦੀ ਚਰਨ ਗਏ ਛੋਹ, ਛੋਹਰ ਬਾਂਕਾ ਆਪਣੇ ਰੰਗ ਰੰਗਾਈਆ । ਓਹ ਦੁਰਮਤ ਮੈਲ ਦਰ ਆਇਆਂ ਦੀ ਦੇਵੇ ਧੋ, ਪਾਪੀਆਂ ਪਤਤ ਪੁਨੀਤ ਬਣਾਈਆ । ਜਗਤ ਵਾਸਨਾ ਅੰਦਰ ਵੜ ਕੇ ਲਏ ਖੋਹ, ਖ਼ਾਲਸ ਆਪਣਾ ਰੰਗ ਰੰਗਾਈਆ । ਜੇ ਭਗਤੋ ਤੁਹਾਥੋਂ ਨਹੀਂ ਮਿਟਿਆ ਤੇ ਸਤਿਗੁਰ ਹੋ ਕੇ ਪੰਜਾਂ ਵਿਕਾਰਾਂ ਦਾ ਮੇਟੇ ਆਪ ਗ੍ਰੋਹ, ਪੰਜਾਂ ਤਤਾਂ ਵਾਲਿਓ ਪੰਚਮ ਸ਼ਬਦ ਨਾਲ ਜੁੜਾਈਆ । ਤੁਸੀਂ ਘਰ ਸੁਤੇ ਹੋਣਾ ਤੇ ਸਤਿਗੁਰ ਤੁਹਾਡੇ ਅੰਦਰ ਵੜ ਕੇ ਦੇਵੇਗਾ ਲੋ, ਨੈਣ ਤੀਜਾ ਆਪ ਖੁਲ੍ਹਾਈਆ । ਤੁਹਾਨੂੰ ਇਕੋ ਕਾਫ਼ੀ ਸੋਹੰ ਸੋ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਦੁਨੀਆ ਨਾਲੋਂ ਦੁਨੀਆ ਵਾਲਾ ਤੋੜ ਕੇ ਮੋਹ, ਮੁਹੱਬਤ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਰ ਦਏ ਵਡਿਆਈਆ । ਚੇਤ ਕਹੇ ਜਨ ਭਗਤੋ ਮੇਰੀ ਸਲਾਹ ਅਗੇ ਕਦੇ ਨਹੀਂ ਜੰਮੀ, ਜਗਤ ਰੂਪ ਨਾ ਕੋਇ ਵਖਾਈਆ । ਜਿਸ ਦਾ ਲੇਖਾ ਨਹੀਂ ਨਾਲ ਕਾਇਆ ਮਾਟੀ ਚੰਮੀ, ਚੰਮ ਦ੍ਰਿਸ਼ਟੀ ਨਾ ਕੋਇ ਰਖਾਈਆ । ਇਹ ਔਗੁਣਹਾਰ ਨਹੀਂ ਨਿਕੰਮੀ, ਨਿਹਕਰਮਣ ਰੂਪ ਨਾ ਕੋਇ ਬਣਾਈਆ । ਇਹਨੂੰ ਖ਼ੁਸ਼ੀ ਨਹੀਂ ਕੋਈ ਗ਼ਮੀ, ਚਿੰਤਾ ਚਿਖਾ ਨਾ ਕੋਇ ਜਣਾਈਆ । ਇਹਨੂੰ ਲਾਲਚ ਨਹੀਂ ਕੋਈ ਤਮੀ, ਲੋਭ ਮੋਹ ਨਾ ਕੋਇ ਰਖਾਈਆ । ਜਦੋਂ ਵੇਖੋਂ ਨਵੀਂ ਦੀ ਨਵੀਂ, ਨਵੇਂ ਸਾਲ ਦੀ ਸਭ ਨੂੰ ਮਿਲੇ ਵਧਾਈਆ । ਫਿਰ ਤੁਹਾਨੂੰ ਪੁਛਿਆ ਕਰਨਗੇ ਕੇਹੜਾ ਸੀ ਅਵਤਾਰ ਚਵੀ, ਚੌਬੀਸਾ ਜਗਦੀਸਾ ਕਵਣ ਅਖਵਾਈਆ । ਪਤਾ ਨਹੀਂ ਨੌ ਸੌ ਨੜਿੰਨਵੇ ਕਰੋੜ ਇਸ ਦੇ ਜ਼ਰੂਰ ਬਣਨਗੇ ਕਵੀ, ਸਿਫਤਾਂ ਵਾਲੇ ਢੋਲੇ ਗਾਈਆ । ਇਹ ਪਾਨਹੇ ਗੰਢਦਿਆਂ ਇਸ਼ਾਰਾ ਦਿਤਾ ਸੀ ਰਵੀਦਾਸ ਚਮਾਰੇ ਰਵੀ, ਰੰਬੀ ਆਰ ਸਿਰ ਉਤੇ ਰਗੜਾਈਆ । ਬਿਨਾ ਜ਼ਬਾਨ ਤੋਂ ਇਕੋ ਇਕੋ ਤੁਕ ਗਵੀ, ਗਾ ਗਾ ਗਾ ਆਪਣੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਬੇਪਰਵਾਹੀਆ । ਚੇਤ ਕਹੇ ਜਨ ਭਗਤੋ ਤੁਹਾਡਾ ਪਤਾ ਨਹੀਂ ਕਿਧਰੋਂ ਸਾਥੀ ਲੱਭਿਆ, ਬਿਨ ਲੱਭਿਆਂ ਬਿਨ ਖੋਜਿਆਂ ਖੋਜੀ ਬਣ ਕੇ ਗਿਆ ਆਈਆ । ਮੈਂ ਹੈਰਾਨ ਹੋ ਗਿਆ ਕਿਸ ਬਿਧ ਮੇਲ ਹੋਇਆ ਸਬੱਬਿਆ, ਸਹਿਜ ਨਾਲ ਮੇਲਾ ਲਿਆ ਮਿਲਾਈਆ । ਜਿਸ ਨੂੰ ਕਹਿੰਦੇ ਨੂਰ ਅਲਾਹੀ ਰੱਬਿਆ, ਕ਼ੁਦਰਤ ਦਾ ਕ਼ਾਦਰ ਨੂਰ ਅਗੰਮ ਅਥਾਹੀਆ । ਜਿਸ ਨੇ ਪਿਆਰ ਵਿਚ ਹਰਿ ਭਗਤ ਦੁਆਰ ਵਿਚ ਤੁਹਾਨੂੰ ਸੱਦਿਆ, ਸੰਦੇਸ਼ੇ ਸ਼ਬਦ ਵਾਲੇ ਜਣਾਈਆ । ਨਾਮ ਖ਼ੁਮਾਰੀ ਦੇ ਕੇ ਮਧਿਆ, ਰਸ ਇਕੋ ਇਕ ਵਖਾਈਆ । ਧੁਨ ਆਤਮਕ ਰਾਗ ਦ੍ਰਿੜ੍ਹਾ ਕੇ ਨਦਿਆ, ਨਾਦੀ ਧੁਨ ਦਿਤੀ ਜਣਾਈਆ । ਜਨ ਭਗਤੋ ਅੱਜ ਤੋਂ ਪੁਰਖ ਅਕਾਲ ਦਾ ਡੰਕਾ ਵੱਜਿਆ, ਧੁਰ ਦੇ ਰਾਮ ਦਾ ਡੌਰੂ ਕਾਹਨ ਹੋ ਸੁਣਾਈਆ । ਜਿਸ ਦਾ ਪੈਗ਼ੰਬਰਾਂ ਬਿਨਾ ਮੱਕੇ ਕਾਅਬੇ ਤੋਂ ਕੀਤਾ ਹੱਜਿਆ, ਅਮਾਮ ਅਮਾਮਾ ਨੂਰ ਅਲਾਹੀਆ ।



੧੪੭੪
੨੪

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰ ਇਕ ਪਰਗਟਾਈਆ । ਚੇਤ ਕਹੇ ਭਗਤੋ ਮੇਰਾ ਸੰਮਤ ਸ਼ਹਿਨਸ਼ਾਹੀ ਚੜ੍ਹ ਗਿਆ ਬਾਰਾਂ, ਇਕ ਦੋ ਨਾਲ ਮਿਲਕੇ ਵਜੀ ਵਧਾਈਆ । ਭਗਤੋ ਭਗਵਾਨ ਨਾਲ ਸਭ ਤੋਂ ਵਖਰੀਆਂ ਬਹਾਰਾਂ, ਜਗਤ ਦੀ ਬਸੰਤ ਦਏ ਗਵਾਹੀਆ । ਕਿਉਂ ਉਹ ਮਿਤਰ ਯਾਰ ਯਾਰਾਂ ਦਾ ਯਾਰਾ, ਯਰਾਨਾ ਅਗੇ ਨਾ ਕੋਇ ਤੁੜਾਈਆ । ਜਦੋਂ ਵੇਖੇ ਤੁਹਾਡੀਆਂ ਆਤਮਾਂ ਉਸ ਪਰਮਾਤਮਾ ਦੀਆਂ ਨਾਰਾਂ, ਦੂਜਾ ਕੰਤ ਹੋਰ ਨਾ ਕੋਇ ਹੰਢਾਈਆ । ਜਗਤ ਵਡਿਆਈ ਕਿਸੇ ਕੰਮ ਨਹੀਂ ਆਉਂਦੀ ਨਾ ਸੋਹਵਣ ਤਨ ਸ਼ਿੰਗਾਰਾ, ਬਸਤਰ ਭੂਸ਼ਨ ਪ੍ਰੇਮ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆਂ । ਚੇਤ ਕਹੇ ਜਨ ਭਗਤੋ ਮੈਂ ਇਕੋ ਦੱਸਾਂ ਮੰਤ, ਮੰਤਰ ਦਿਆਂ ਜਣਾਈਆ । ਪ੍ਰਭ ਤੋਂ ਚੰਗਾ ਕੇਹੜਾ ਕੰਤ, ਜੋ ਜੰਮੇ ਤੇ ਮਰ ਜਾਈਆ । ਕੇਹੜਾ ਵੱਡਾ ਪੰਡਤ, ਜਗਤ ਪੰਡਤ ਅੱਖਰਾਂ ਕਰਨ ਪੜ੍ਹਾਈਆ । ਤੁਹਾਡੇ ਨਾਲੋਂ ਕੇਹੜੀ ਚੰਗੀ ਸੰਗਤ, ਜਿਥੇ ਚਾਰ ਵਰਨ ਮਿਲਕੇ ਬੈਠੇ ਇਕੋ ਰੰਗ ਸਮਾਈਆ । ਸਚ ਪਿਆਰ ਦੀ ਤੁਹਾਡੀ ਪੰਗਤ, ਨਾਮ ਰਸ ਚਖਣਾ ਚਾਈਂ ਚਾਈਂਆ । ਤੁਹਾਨੂੰ ਕਿਸੇ ਦੇ ਅਗੇ ਕਰਨ ਨਹੀਂ ਦੇਣੀ ਮਿੰਨਤ, ਹੱਥ ਬੰਨ੍ਹ ਨਾ ਵਾਸਤਾ ਪਾਈਆ । ਰਾਏ ਧਰਮ ਚਿਤਰ ਗੁਪਤ ਕੋਈ ਕਰ ਨਾ ਸਕੇ ਇਲਤ, ਚੁਰਾਸੀ ਸਜ਼ਾ ਨਾ ਕੋਇ ਭੁਗਤਾਈਆ । ਤੁਹਾਨੂੰ ਲੋੜ ਨਹੀਂ ਹੁਣ ਕਰਨ ਦੀ ਹਿੰਮਤ, ਸਤਿਗੁਰ ਹੋ ਕੇ ਤੁਹਾਨੂੰ ਆਪਣੀ ਗੋਦੀ ਲਏ ਟਿਕਾਈਆ । ਆਵਣ ਜਾਵਣ ਜਨਮ ਮਰਨ ਚੁਰਾਸੀ ਦੀ ਮੇਟੇ ਚਿੰਨਤ, ਜਗਤ ਦੀ ਚਿੰਤਾ ਚਿਖਾ ਵਿਚੋਂ ਕਢ ਕੇ ਸਚਖੰਡ ਦੁਆਰ ਦਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦੁਆਰ ਇਕ ਸੁਹਾਈਆ । ਨਾਰਦ ਕਹੇ ਭਗਤੋ ਮੈਂ ਤੁਹਾਡੇ ਨਾਲ ਕਰਨ ਵਾਲਾ ਹਾਸੀ, ਮਸਖ਼ਰਾ ਹੋ ਕੇ ਮਖ਼ੌਲ ਦਿਆਂ ਉਡਾਈਆ । ਤੁਹਾਡੀ ਬਿਨਾ ਭਗਤੀ ਤੋਂ ਭਗਤੋ ਹੋ ਗਈ ਬੰਦ ਖਲਾਸੀ, ਬੰਧਨ ਅਗੇ ਰਹਿਣ ਕੋਇ ਨਾ ਪਾਈਆ । ਤੁਹਾਨੂੰ ਸਤਿਕਾਰ ਨਾਲ ਅਗੇ ਛਡ ਕੇ ਆਵੇ ਕੈਲਾਸੀ, ਕਲਾ ਪ੍ਰਭ ਆਪਣੀ ਦਏ ਵਰਤਾਈਆ । ਤੁਹਾਡਾ ਮਾਲਕ ਖ਼ਾਲਕ ਇਕੋ ਸ਼ਹਿਨਸ਼ਾਹ ਅਬਿਨਾਸ਼ੀ, ਪਾਤਸ਼ਾਹ ਧੁਰਦਰਗਾਹੀਆ । ਜੇ ਤੁਸੀਂ ਬਣ ਨਹੀਂ ਸਕੇ ਵਿਸ਼ਵਾਸ਼ੀ, ਤੇ ਵਿਸ਼ਾ ਆਪਣਾ ਤੁਹਾਡੇ ਅੰਦਰ ਦਏ ਟਿਕਾਈਆ । ਬੇਸ਼ਕ ਤੁਹਾਡਾ ਤਨ ਵਜੂਦ ਰਕਤ ਬੂੰਦ ਹਡ ਨਾੜੀ ਮਾਸੀ, ਜਗਤ ਜਹਾਨ ਨਜ਼ਰੀ ਆਈਆ । ਤੁਹਾਡੇ ਮੰਦਰ ਅੰਦਰ ਇਕ ਜੋਤ ਪਰਕਾਸੀ, ਜਿਸ ਨੂੰ ਸੂਰੀਆ ਚੰਦ ਸੀਸ ਨਿਵਾਈਆ । ਜੋ ਅੰਤ ਸਭ ਦੀ ਕਰ ਦੇਵੇ ਬੰਦ ਖ਼ਲਾਸੀ, ਬਿਨਾ ਬੰਦਗੀ ਤੋਂ ਬੰਦਿਓ ਬੰਧਨਾ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਪਹਿਲੀ ਚੇਤ ਕਹੇ ਸੰਮਤ ਸ਼ਹਿਨਸ਼ਾਹੀ ਬਾਰਾਂ ਜੀ, ਕੀ ਬਾਰਾਂ ਰੁਤੜੀ ਖੇਲ ਖਿਲਾਈਆ । ਸੰਮਤ ਕਹੇ ਸੁਣ ਚੇਤ ਮਿਤਰ ਪਿਆਰਾ ਜੀ, ਮਿਤਰਾ ਦਿਆਂ ਸੁਣਾਈਆ । ਜਨ ਭਗਤ ਖ਼ੁਆਰਾ ਹੋਣਾ ਕੀ, ਖ਼ੁਆਰ ਹੋਵੇ ਖ਼ਲਕ ਖ਼ੁਦਾਈਆ । ਭਗਤ ਉਧਾਰਨਾ ਪ੍ਰਭ ਨੇ ਅੱਜ ਤੋਂ ਧਰਮ ਦੀ ਰਖੀ ਨੀਂਹ, ਮਾਰਗ ਦੀਨ ਦੁਨੀ ਦ੍ਰਿੜਾਈਆ । ਜ਼ਰੂਰ ਸਭ ਦਾ ਲੇਖਾ ਮੁਕੇਗਾ ਸਾਢੇ ਤਿੰਨ ਹੱਥ ਸੀਂ, ਰਵੀਦਾਸ ਚਮਾਰਾ ਦਏ ਗਵਾਹੀਆ । ਜੋ ਇਸ਼ਾਰਾ ਦੇ ਕੇ ਗਿਆ ਗੁਰਦਾਸ ਵੀਹ ਇਕੀਹ, ਅੱਖਰ ਅੱਖਰਾਂ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ ।

ਚੇਤ ਕਹੇ ਔਹ ਵੇਖੋ ਚਾਰ ਯਾਰ ਉਮਤ ਦੀ ਚੁੱਕੀ ਆਉਂਦੇ ਡੋਲੀ, ਮੁਰਦਾ ਮੁਰੀਦ ਵਿਚ ਨਾ ਕੋਇ ਸਮਾਈਆ । ਔਹ ਵੇਖੋ ਗੋਬਿੰਦ ਦੀ ਧਾਰ ਖੇਲਦੇ ਆਉਂਦੇ ਹੋਲੀ, ਹੋਲਾ ਖੰਡਾ ਖੜਗ ਨਾ ਕੋਇ ਚਮਕਾਈਆ । ਔਹ ਵੇਖੋ ਰਾਮ ਹਨੁਵੰਤ ਕੂਕ ਕੇ ਪਾਉਂਦੇ ਆਉਂਦੇ ਰੌਲੀ, ਦੋ ਜਹਾਨ ਸੁਣਾਈਆ । ਔਹ ਤਕ ਲਓ ਕੌਰਵ ਪਾਂਡਵ ਦੀ ਧਾਰ ਕ੍ਰਿਸ਼ਨ ਨਾਲ ਬੈਠੀ ਉਤੇ ਬੌਲੀ, ਜਲਧਾਰਾ ਵੇਖ ਵਖਾਈਆ । ਕੀ ਇਸ਼ਾਰਾ ਦੇਵੇ ਈਸਾ ਹੌਲੀ ਹੌਲੀ, ਸਹਿਜ ਨਾਲ ਜਣਾਈਆ । ਮੂਸਾ ਕਿਸ ਬਿਧ ਤਕੇ ਇਕ਼ਰਾਰ ਕੌਲੀ, ਕੋਹਤੂਰ ਨਾਲ ਰਲਾਈਆ । ਕੀ ਕੂਕ ਪੁਕਾਰੇ ਧਵਲੀ, ਧਰਨੀ ਧਰਤ ਧੌਲ ਕੀ ਜਣਾਈਆ । ਸਾਰੇ ਕਹਿਣ ਸਦੀ ਚੌਧਵੀਂ ਕੀ ਸੰਦੇਸ਼ਾ ਦੇਵੇ ਆਪਣੀ ਗੋਲੀ, ਬਿਨ ਅੱਖਰਾਂ ਅੱਖਰ ਦ੍ਰਿੜਾਈਆ । ਪਹਿਲੀ ਚੇਤ ਜਨ ਭਗਤਾਂ ਸੰਗ ਸ਼ਬਦ ਇਕ ਜਣਾਏ ਬੋਲੀ, ਧੁਰ ਦੀ ਧਾਰ ਦ੍ਰਿੜਾਈਆ । ਵਾਅਦਾ ਪੂਰਾ ਹੋਵੇ ਕੌਲੀ, ਇਕ਼ਰਾਰ ਨਾਲ ਦ੍ਰਿੜਾਈਆ । ਸਭ ਦੀ ਖ਼ੁਸ਼ੀਆਂ ਵਾਲੀ ਰੁਤ ਹੋਵੇ ਮੌਲੀ, ਮੌਲਾ ਮਿਲੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਸਦੀ ਚੌਧਵੀਂ ਕਹੇ ਮੇਰਾ ਲੰਘਣ ਵਾਲਾ ਪੰਜਾ, ਪੰਜਾਂ ਦਰਗਾਹਾਂ ਵਿਚ ਰਹਿਣ ਵਾਲਿਓ ਦਿਓ ਜਣਾਈਆ । ਲੇਖਾ ਪੂਰਾ ਹੋਣ ਵਾਲਾ ਜੋ ਗੋਬਿੰਦ ਇਸ਼ਾਰਾ ਦਿਤਾ ਕਵੀ ਬਵੰਜਾ, ਬਾਵਨ ਅੱਖਰੀ ਨਾਲ ਮਿਲਾਈਆ । ਜੋ ਸੰਦੇਸ਼ਾ ਦਿਤਾ ਕ੍ਰਿਸ਼ਨ ਸੁਣਾਇਆ ਸੰਜਾ, ਦੁਆਪਰ ਵਡ ਵਡਿਆਈਆ । ਜੋ ਮੰਗ ਮੰਗੀ ਕੌਰਵ ਧਾਰ ਅੰਧਾ, ਬਿਨ ਨੈਣਾਂ ਨੈਣ ਉਠਾਈਆ । ਕਾਹਨਾ ਕਿਸ ਬਿਧ ਕਲਜੁਗ ਅੰਤਮ ਹੋਵੇ ਧੰਦਾ, ਧੰਦੂਕਾਰ ਕੀ ਜਣਾਈਆ । ਕਾਹਨ ਹਸ ਕੇ ਕਿਹਾ ਬੰਦਗੀ ਵਾਲਾ ਰਹੇ ਕੋਈ ਨਾ ਬੰਦਾ, ਬੰਧਨਾ ਵਿਚ ਹੋਵੇ ਖ਼ਲਕ ਖ਼ੁਦਾਈਆ । ਅੰਤਰ ਨਿਰੰਤਰ ਹੋਵੇ ਨਾ ਅਨੰਦਾ, ਅਨੰਦਪੁਰ ਵਾਸੀ ਗੋਬਿੰਦ ਭੇਵ ਕੋਇ ਨਾ ਪਾਈਆ । ਨਿਸ਼ਾਨ ਸਮਝੇ ਨਾ ਕੋਇ ਤਾਰਾ ਚੰਦਾ, ਨਬੀ ਰਸੂਲ ਪਰਦਾ ਨਾ ਕੋਇ ਉਠਾਈਆ । ਪੁਸਤਕ ਪੜ੍ਹ ਸਕੇ ਕੋਇ ਨਾ ਪੰਡਾ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਉਸ ਵੇਲੇ ਸਤਿਗੁਰ ਸ਼ਬਦ ਦਾ ਅਗੰਮੀ ਹੋਵੇ ਖੰਡਾ, ਖੜਗਾਂ ਤੋਂ ਬਾਹਰ ਚਮਕਾਈਆ । ਜੋ ਪਿਛਲੀਆਂ ਮੇਟੇ ਵੰਡਾਂ, ਅਗੇ ਇਕੋ ਰੰਗ ਰੰਗਾਈਆ । ਇਹ ਕ੍ਰਿਸ਼ਨ ਨੇ ਖ਼ੁਸ਼ੀ ਨਾਲ ਕਿਹਾ ਉਸ ਦੀ ਨਿਸ਼ਾਨੀ ਸੱਤਰੰਗ ਦਾ ਹੋਵੇ ਡੰਡਾ, ਡੰਡਾਵਤ ਸਭ ਦੀ ਦਏ ਬਦਲਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਹੋਵੇ ਹੰਢਾ, ਹਾਂਡੀ ਸਭ ਦੀ ਫੋੜ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਅਗੰਮ ਅਥਾਈਆ । ਪਹਿਲੀ ਚੇਤ ਕਹੇ ਜਨ ਭਗਤੋ ਮੈਂ ਸਭ ਨੂੰ ਦਿਆਂ ਵਧਾਈ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਧੰਨਭਾਗ ਜੇ ਤੁਸੀਂ ਬਣ ਕੇ ਆਏ ਰਾਹੀ, ਕ਼ਦਮ ਕ਼ਦਮ ਪੰਧ ਮੁਕਾਈਆ । ਤੁਹਾਡਾ ਅਗੇ ਦਾ ਲੇਖਾ ਮੁਕਿਆ ਥਲ ਅਸਗਾਹੀ, ਜਗਤ ਜਹਾਨ ਲਹਿਣਾ ਦਿਤਾ ਚੁਕਾਈਆ । ਜਿਸ ਕਾਰਨ ਗੋਬਿੰਦ ਨੇ ਬੂਟਾ ਪੁੱਟਿਆ ਕਾਹੀ, ਗੁਰਸਿਖੋ ਤੁਹਾਡੇ ਅੰਦਰੋਂ ਕਲਜੁਗ ਦੀ ਜੜ੍ਹ ਦਿਤੀ ਉਖੜਾਈਆ । ਤੁਹਾਡਾ ਇਕੋ ਪਿਤਾ ਇਕੋ ਮਾਈ, ਇਕੋ ਸਤਿਗੁਰ ਸ਼ਬਦ ਜੋ ਸਭ ਨੂੰ ਗੋਦ ਲਏ ਉਠਾਈਆ । ਪ੍ਰਭੂ ਦੇ ਪਿਆਰੇ ਭਗਤੋ ਖ਼ੁਸ਼ੀ ਵਿਚ ਉਠਾ ਦਿਉ ਬਾਹੀਂ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਆਤਮਾ ਪਰਮਾਤਮਾ ਆਦਿ ਜੁਗਾਦਿ ਸਚਾ ਮਾਹੀ, ਮਹਿਬੂਬ ਹੋ ਕੇ ਸਿਰ ਆਪਣਾ ਹੱਥ ਟਿਕਾਈਆ । ਚਾਰ ਵਰਨ ਅਠਾਰਾਂ ਬਰਨ ਆਤਮ ਧਾਰ ਸਾਰੇ ਭਾਈ ਭਾਈ, ਹਿੰਦੂ ਮੁਸਲਿਮ ਸਿਖ ਈਸਾਈ ਵੰਡ ਨਾ ਕੋਇ ਵੰਡਾਈਆ । ਯਾਦ ਰਖ ਲਓ ਪਹਿਲੀ ਚੇਤ ਸਤਿਗੁਰ ਸ਼ਬਦ ਪ੍ਰੀਤੀ ਤੁਹਾਡੀ ਸੁਰਤੀ ਨਾਲ ਲਾਈ, ਲਾਵਾਂ ਲੈਣ ਵਾਲਿਓ

ਲਾਇਨ ਆਪਣੀ ਲੈਣੀ ਬਦਲਾਈਆ । ਤੁਹਾਡਾ ਪਰੇਮ ਸਤਿਜੁਗ ਦੀ ਦਏ ਗਵਾਹੀ, ਸ਼ਹਾਦਤ ਸਚ ਵਾਲੀ ਭੁਗਤਾਈਆ । ਖੁਸ਼ੀਆਂ ਦਾ ਦਿਵਸ ਖੁਸ਼ੀਆਂ ਦੀ ਰੈਣ ਖੁਸ਼ੀਆਂ ਦੇ ਢੋਲੇ ਗਾਈ, ਗਾ ਗਾ ਸ਼ੁਕਰ ਮਨਾਈਆ । ਪਹਿਲੀ ਚੇਤ ਕਹੇ ਜਨ ਭਗਤੋ ਪ੍ਰਭੂ ਨੇ ਤੁਹਾਡੀ ਘਾਲ ਲੇਖੇ ਲਾਈ, ਜੋ ਘਾਇਲ ਹੋ ਕੇ ਆਏ ਪੰਧ ਮੁਕਾਈਆ । ਤੁਹਾਡੀ ਦੁਰਮਤ ਮੈਲ ਧੋਵੇ ਛਾਹੀ, ਸ਼ਹਿਨਸ਼ਾਹ ਹੋ ਕੇ ਆਪਣਾ ਰੰਗ ਚੜ੍ਹਾਈਆ । ਪਹਿਲੀ ਚੇਤ ਕਹੇ ਮੈਂ ਸਭ ਦੇ ਨਿਵ ਨਿਵ ਲੱਗਾਂ ਪਾਈ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਸ਼ਹਿਨਸ਼ਾਹੀ ਸੰਮਤ ਬਾਰਾਂ ਧੂੜੀ ਖ਼ਾਕ ਰਿਹਾ ਰਮਾਈ, ਟਿੱਕਾ ਇਕੋ ਮਸਤਕ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਸਾ ਮਨਸਾ ਸਭ ਦੀ ਪੂਰ ਕਰਾਈ, ਨਿਰਾਸਾ ਰਹਿਣ ਕੋਇ ਨਾ ਪਾਈਆ ।

## ✪ ੫ ਚੇਤ ਸ਼ਹਿਨਸ਼ਾਹੀ ਸੰਮਤ ੧੨ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ
## ਮੌਤਾ ਸਿੰਘ ਸ਼ਾਮ ਸਿੰਘ ਦਲੀਪ ਸਿੰਘ ਪ੍ਰਤਾਪ ਸਿੰਘ ਫੁੱਮਣ ਦੇ ਗ੍ਰਿਹ ✪



ਪੰਚਮ ਜੇਠ ਕਹੇ ਜਨ ਭਗਤੋ ਸਤਿਗੁਰ ਸਭ ਦੀ ਪਿੱਠ ਤੇ ਲਾਵੇ ਪੰਜਾ, ਪੰਜਾਂ ਤਤਾਂ ਦਾ ਲੇਖਾ ਦਏ ਮੁਕਾਈਆ । ਜਨਮ ਜਨਮ ਦਾ ਹਰਖ ਸੋਗ ਮੇਟੇ ਰੰਜਾ, ਰੰਜਸ ਅੰਤਰ ਨਿਰੰਤਰ ਦਏ ਗਵਾਈਆ । ਵੇਖੋ ਝਟ ਹਾਜ਼ਰ ਹੋ ਗਿਆ ਤੇਜਾ ਸਿੰਘ ਗੰਜਾ, ਮੱਥੇ ਤਿਊੜੀ ਰਿਹਾ ਵਖਾਈਆ । ਤੇਰਾ ਖੇਲ ਤਕਿਆ ਬਿਨ ਮੁਹਾਣੇ ਵੰਝਾ, ਅਥਾਹ ਤੇਰੀ ਬੇਪਰਵਾਹੀਆ । ਤੇਰੇ ਪਿਆਰ ਵਿਚ * ਪੂਰਬ ਪੂਰਬ ਲੰਘਾ, ਅਗੇ ਲੇਖਾ ਦੇਣਾ ਸਮਝਾਈਆ । ਮੈਂ ਇਕੋ ਵਸਤ ਅਗੰਮੀ ਮੰਗਾਂ, ਮਾਂਗਤ ਹੋ ਕੇ ਝੋਲੀ ਡਾਹੀਆ । ਤੇਰਾ ਸਿਖ ਰਹੇ ਕੋਈ ਨਾ ਭੁਖਾ ਨੰਗਾ, ਘਰ ਘਰ ਦੇਣਾ ਰਿਜ਼ਕ ਸਬਾਈਆ । ਕਿਸੇ ਦਾ ਭਾਗ ਹੋਵੇ ਨਾ ਮੰਦਾ, ਮੰਦਭਾਗੀ ਦੇਣੇ ਤਰਾਈਆ । ਹਰਿਜਨ ਚੁਕਣੇ ਆਪਣੇ ਕੰਧਾ, ਕੰਢੀ ਘਾਟ ਪਾਰ ਲੰਘਾਈਆ । ਮੈਂ ਦੋ ਜਹਾਨ ਤੇਰਾ ਇਕੋ ਸੁਣਦਾ ਆਇਆ ਛੰਦਾ, ਤੂੰ ਮੇਰਾ ਮੈਂ ਤੇਰਾ ਢੋਲਾ ਸਿਫ਼ਤ ਸਲਾਹੀਆ । ਬੇਸ਼ਕ ਤੇਰਾ ਤਨ ਵਜੂਦ ਬੰਦਿਆਂ ਵਰਗਾ ਬੰਦਾ, ਤੇਰੀ ਬੰਦਗੀ ਬੇਪਰਵਾਹੀਆ । ਮੇਰੇ ਮਿਹਰਵਾਨਾ ਨੌਜਵਾਨਾ ਗੁਰਮੁਖਾਂ ਅੰਦਰੋਂ ਤੋੜ ਦੇ ਜਿੰਦਾ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਤੂੰ ਮਾਲਕ ਗੁਣੀ ਗਹਿੰਦਾ, ਗਹਿਰ ਗਵਰ ਇਕ ਅਖਵਾਈਆ । ਮੈਂ ਬੇਸ਼ਕ ਤੇਰੀ ਸਿਫ਼ਤ ਨਾਲ ਕਰਦਾ ਰਿਹਾ ਨਿੰਦਾ, ਆਪਣੀ ਖੁਸ਼ੀ ਬਣਾਈਆ । ਅੰਤਰ ਆਤਮ ਤੇਰਾ ਤੇਰੀ ਬਣ ਗਈ ਬਿੰਦਾ, ਬਿੰਦਰਾਬਨ ਦਾ ਕਾਹਨ ਨਾਲ ਆਇਆ ਚਾਈਂ ਚਾਈਂਆ । ਆਹ ਵੇਖ ਲੈ ਤੇਰਾ ਭਲਵਾਨ ਇੰਦਰ ਸਿੰਘ ਛਿੰਦਾ, ਬਲ ਤੇਰੇ ਨਾਲ ਵਡਿਆਈਆ । ਸਾਡੀ ਸਦਾ ਲਈ ਖੁਲ੍ਹ ਗਈ ਨਿੰਦਾ, ਆਲਸ ਰਹਿਣ ਕੋਇ ਨਾ ਪਾਈਆ । ਬੇਸ਼ਕ ਸਾਡਾ ਤਨ ਵਜੂਦ ਸਰੀਰ ਨਹੀਂ ਕੋਈ ਪਿੰਡਾ, ਇੰਡ ਪਿੰਡ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਪੰਚਮ ਜੇਠ ਕਹੇ ਮੇਰਾ ਆਇਆ ਦਿਵਸ ਸੁਹੰਜਣਾ, ਪ੍ਰਭ ਸੋਹਣੀ ਦਏ ਵਡਿਆਈਆ । ਜਨ ਭਗਤਾਂ ਧੂੜ ਕਰਾਏ ਮਜਨਾ, ਦੁਰਮਤ ਮੈਲ ਗਵਾਈਆ । ਨਿਜ ਨੇਤਰ ਨਿਰਗੁਣ ਧਾਰ ਪਾਵੇ ਅੰਜਨਾ, ਜੋਤੀ ਨੂਰ ਕਰ ਰੁਸ਼ਨਾਈਆ । ਜਿਸ ਦਾ ਸ਼ਬਦ ਅਨਾਦੀ ਨਾਦ ਵਜਣਾ,

ਵਜਹ ਸਕੇ ਨਾ ਕੋਇ ਸਮਝਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਦੋ ਜਹਾਨਾਂ ਪਾਰ ਕਰਾ ਕੇ ਹੱਦਨਾ, ਹਦੂਦ ਆਪਣੀ ਇਕ ਦਰਸਾਈਆ ।
ਜਿਸ ਨੂੰ ਕਹਿੰਦੇ ਗੋਪਾਲ ਮੂਰਤ ਮਦਨਾ, ਸੋ ਸੁਆਮੀ ਅੰਤਰਜਾਮੀ ਦਇਆ ਕਮਾਈਆ । ਜਿਸ ਲੇਖੇ ਲਾਉਣਾ ਆਅਲਾ ਅਦਨਾ, ਊਚਾਂ ਨੀਚਾਂ
ਡੇਰਾ ਢਾਈਆ । ਕਲਜੁਗ ਕੂੜ ਕੁੜਿਆਰਾ ਧਰਨੀ ਉਤੋਂ ਕਢਣਾ, ਲੋਕਮਾਤ ਰਹਿਣ ਕੋਇ ਨਾ ਪਾਈਆ । ਜਨ ਭਗਤਾਂ ਆਤਮ ਪਰਮਾਤਮ ਨਾਤਾ
ਗੰਢਣਾ, ਟੁੱਟਿਆਂ ਲਏ ਜੁੜਾਈਆ । ਇਕੋ ਨਾਮ ਨਿਧਾਨਾ ਵੰਡਣਾ, ਅਤੋਟ ਅਤੁਟ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪੰਚਮ ਜੇਠ ਕਹੇ ਮੇਰਾ ਸੋਹਣਾ ਸੁਹੰਜਣਾ ਕੌਲ, ਇਕਰਾਰ ਦਿਆਂ
ਜਣਾਈਆ । ਮੇਰਾ ਜਗਤ ਜਹਾਨ ਤੋਂ ਬਾਹਰ ਦਾ ਬੋਲ, ਅਨਬੋਲਤ ਰਾਗ ਦ੍ਰਿੜਾਈਆ । ਮੇਰਾ ਸੁਆਮੀ ਮੇਰੇ ਅੰਤਰ ਗਿਆ ਮੌਲ, ਮੌਲਾ ਆਪਣਾ
ਰੰਗ ਰੰਗਾਈਆ । ਜਿਸ ਦੇ ਪਿਆਰ ਵਿਚ ਆ ਗਿਆ ਸਿੰਘ ਬਹੌਲ, ਬਿਨ ਕ਼ਦਮਾਂ ਕ਼ਦਮ ਉਠਾਈਆ । ਉਹ ਸਚ ਪ੍ਰੀਤੀ ਆਪਾ ਗਿਆ ਘੋਲ,
ਘੋਲੀ ਘੋਲ ਘੁਮਾਈਆ । ਓਹਦਾ ਲੇਖਾ ਪੂਰਾ ਹੋਇਆ ਉਤੇ ਧੌਲ, ਧਰਨੀ ਹਸ ਹਸ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆਂ । ਪੰਚਮ ਚੇਤ ਕਹੇ ਮੈਨੂੰ ਸਭ ਦਾ ਆਦਿ ਜੁਗਾਦੀ ਚੇਤਾ, ਚੇਤਨ
ਸੁਰਤੀ ਨਾਲ ਜਣਾਈਆ । ਚਾਰ ਜੁਗ ਦੇ ਗੁਰ ਅਵਤਾਰ ਪੈਗ਼ੰਬਰਾਂ ਖੋਲ੍ਹਿਆ ਭੇਤਾ, ਪਰਦਾ ਪਰਦਿਆਂ ਵਿਚੋਂ ਉਠਾਈਆ । ਸਾਚਾ ਸੁਆਮੀ ਇਕੋ
੧੪੭੮ ਹੋਣਾ ਨੇਤਾ, ਨਰ ਨਰਾਇਣ ਨੂਰ ਅਲਾਹੀਆ । ਜਿਸ ਦੀਨਾਂ ਮਜ਼੍ਹਬਾਂ ਪੂਰਾ ਕਰਨਾ ਠੇਕਾ, ਠਾਕਰ ਹੋ ਕੇ ਵੇਖ ਵਖਾਈਆ । ਜਿਸ ਦੇ ਜੁਗ ਚੌਕੜੀ ੧੪੭੮
੨੪ ਰੂਪ ਅਨੇਕਾ, ਅਕਲ ਕਲਧਾਰੀ ਨੂਰ ਅਲਾਹੀਆ । ਓਹ ਕਲਜੁਗ ਅੰਤਮ ਵੇਖੇ ਤ੍ਰੈਗੁਣ ਮਾਇਆ ਸੇਕਾ, ਅਗਨੀ ਤਤ ਖੋਜ ਖੁਜਾਈਆ । ਜਨ ੨੪
ਭਗਤਾਂ ਖੋਲ੍ਹੇ ਆਪਣਾ ਭੇਤਾ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ
ਦਾ ਮਾਲਕ ਇਕ ਅਖਵਾਈਆ । ਪੰਚਮ ਜੇਠ ਕਹੇ ਮੇਰਾ ਦਿਵਸ ਸੁਹਾਵਾ, ਸੋਹਣੀ ਖ਼ੁਸ਼ੀ ਬਣਾਈਆ । ਮੈਂ ਇਕੋ ਪੁਰਖ ਅਕਾਲ ਦਾ ਢੋਲਾ ਗਾਵਾਂ,
ਗਾ ਗਾ ਰਿਹਾ ਦ੍ਰਿੜਾਈਆ । ਇਕੋ ਮਾਲਕ ਖ਼ਾਲਕ ਠਾਕਰ ਸੁਆਮੀ ਰਾਵਾਂ, ਦੂਸਰ ਸੰਗ ਨਾ ਕੋਇ ਬਣਾਈਆ । ਇਕੋ ਦੇ ਚਰਨ ਕਵਲ ਬਲ
ਬਲ ਜਾਵਾਂ, ਬਲਹਾਰੀ ਬਲਹਾਰ ਆਪਣਾ ਆਪ ਦਰਸਾਈਆ । ਇਕੋ ਦੀ ਆਸਾ ਆਦਿ ਜੁਗਾਦਿ ਰਖਾਵਾਂ, ਦੂਸਰ ਓਟ ਨਾ ਕੋਇ ਤਕਾਈਆ ।
ਜੋ ਮੇਰਾ ਲਹਿਣਾ ਦੇਣਾ ਪੂਰਾ ਕਰੇ ਨਾਲ ਚਾਵਾਂ, ਚਾਓ ਘਨੇਰਾ ਇਕ ਵਖਾਈਆ । ਉਸੇ ਦੇ ਪਿਆਰ ਵਿਚ ਬਿਨਾ ਭੁਜਾਂ ਉਠਾਵਾਂ ਬਾਹਵਾਂ, ਬਿਨ
ਹੱਥਾਂ ਹੱਥ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ ।
ਪੰਚਮ ਜੇਠ ਕਹੇ ਜਨ ਭਗਤੋ ਸਭ ਨੇ ਬਣਨਾ ਜੇਠੇ ਸੁਤ, ਸੁਤਿਓ ਲਓ ਅੰਗੜਾਈਆ । ਕਿਰਪਾ ਕਰੇ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਰਿਹਾ
ਕਰਾਈਆ । ਜੋ ਭਾਗ ਲਗਾਵੇ ਕਾਇਆ ਮਾਟੀ ਬੁਤ, ਬੁਤਖ਼ਾਨਿਆਂ ਕਰੇ ਸਫ਼ਾਈਆ । ਜਿਸ ਦੇ ਪਿਆਰ ਦੀ ਮੌਲੀ ਰੁਤ, ਰੁਤੜੀ ਆਪਣੇ ਨਾਲ
ਮਹਿਕਾਈਆ । ਪ੍ਰੇਮੀਓ ਪਿਆਰਿਉ ਜਗਤ ਦੀ ਧਾਰ ਲੁਟ ਲਓ ਲੁਟ, ਲੁਟੇਰੇ ਬਣਨਾ ਥਾਉਂ ਥਾਈਆ । ਕਿਸੇ ਦਾ ਭਾਗ ਨਾ ਜਾਏ ਨਿਖੁੱਟ, ਖੋਟਿਆਂ
ਖਰੇ ਰਿਹਾ ਬਣਾਈਆ । ਹਿਰਦੇ ਯਾਦ ਰਖਣਾ ਕੋਈ ਲੋੜ ਨਹੀਂ ਹਿਲਾਉਣੇ ਬੁੱਲ ਬੁੱਟ, ਰਸਨਾ ਜੇਹਵਾ ਨਾ ਕੋਇ ਚਤੁਰਾਈਆ । ਤੁਹਾਡੀ ਪ੍ਰੀਤੀ

ਪ੍ਰਭ ਨਾਲੋਂ ਕਦੇ ਨਾ ਜਾਏ ਟੁੱਟ, ਟੁੱਟਿਆਂ ਰਿਹਾ ਜੁੜਾਈਆ । ਇਕੋ ਵਾਰ ਅੱਜ ਦੀ ਰੈਣ ਅੰਮ੍ਰਿਤ ਦੇ ਕੇ ਜਾਏ ਘੁੱਟ, ਬਿਨ ਰਸਨਾ ਰਸ ਚਖਾਈਆ । ਹਰ ਹਿਰਦੇ ਪ੍ਰੇਮ ਦੀ ਲਹਿਰ ਜਾਏ ਫੁਟ, ਫੁਟਕਲ ਦਿਸੇ ਨਾ ਖ਼ਲਕ ਖ਼ੁਦਾਈਆ । ਤਨ ਵਜੂਦ ਅੰਦਰੋਂ ਪਏ ਉਠ, ਆਪਣੀ ਲਏ ਅੰਗੜਾਈਆ । ਕਿਰਪਾ ਨਿਧਾਨ ਹੋ ਕੇ ਰਿਹਾ ਤੁਠ, ਮਿਹਰ ਨਜ਼ਰ ਉਠਾਈਆ । ਤੁਹਾਡੇ ਵੇਖੇ ਕਾਇਆ ਕਾਅਬੇ ਵਾਲੀ ਗੁੱਠ, ਹੁਜਰਾ ਇਕੋ ਇਕ ਸੁਹਾਈਆ । ਬੇਸ਼ਕ ਲੱਖ ਚੁਰਾਸੀ ਵਿਚੋਂ ਥੋੜੇ ਮੁਠ, ਮੁੱਠੀ ਆਪਣੀ ਵਿਚ ਬੰਦ ਕਰਾਈਆ । ਜੋ ਪਿਛਲੇ ਜੁਗਾਂ ਦੇ ਗਏ ਰੁਠ, ਅੱਜ ਸਹਿਜੇ ਲਏ ਮਿਲਾਈਆ । ਆਤਮ ਪਰਮਾਤਮ ਬਣਾ ਕੇ ਜੁਟ, ਜੋੜੀ ਹਰਿ ਜਗਦੀਸ ਵਖਾਈਆ । ਪੰਚ ਵਿਕਾਰਾ ਅੰਦਰੋਂ ਕਢੇ ਕੁਟ, ਕਾਇਆ ਕੁਟੀਆ ਕਰੇ ਸਫ਼ਾਈਆ । ਸਾਚੀ ਪ੍ਰੀਤ ਬਖ਼ਸ਼ ਅਤੁਟ, ਅਤੋਟ ਅਤੁਟ ਵਰਤਾਈਆ । ਸਭ ਨੂੰ ਬੰਨ੍ਹਣੇ ਗਾਨੇ ਪ੍ਰੇਮ ਦੇ ਗੁਟ, ਮੁਹੰਮਦ ਆਸ਼ਾ ਨਾਲ ਮਿਲਾਈਆ । ਪਿਛਲੀ ਰੀਤੀ ਪਿਛੇ ਜਾਏ ਛੁਟ, ਛੁਟਕੀ ਲਿਵ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਅਗੰਮ ਅਥਾਹੀਆ । ਪੰਚਮ ਚੇਤ ਕਹੇ ਜਨ ਭਗਤੋ ਪ੍ਰਭ ਦੇਵਣਹਾਰਾ ਦਾਤਾ, ਦਇਆਵਾਨ ਅਖਵਾਈਆ । ਆਦਿ ਜੁਗਾਦੀ ਬ੍ਰਹਮ ਗਿਆਤਾ, ਪਾਰਬ੍ਰਹਮ ਨੂਰ ਅਲਾਹੀਆ । ਜਿਸ ਨੇ ਆਪਣਾ ਹੁਕਮ ਪਛਾਤਾ, ਆਪਣੇ ਪ੍ਰੇਮ ਨਾਲ ਵਡਿਆਈਆ । ਉਹ ਲੇਖਾ ਜਾਣੇ ਜ਼ਾਤਾ ਪਾਤਾ, ਦੀਨਾਂ ਮਜ਼੍ਹਬਾਂ ਖੋਜ ਖੁਜਾਈਆ । ਆਤਮ ਪਰਮਾਤਮ ਤਕੇ ਨਾਤਾ, ਰਿਸ਼ਤਾ ਫਰਿਸ਼ਤਿਆਂ ਬਾਹਰ ਸਮਝਾਈਆ । ਜਿਸ ਦਾ ਸਭ ਤੋਂ ਵਖਰਾ ਖਾਤਾ, ਅੰਕੜਿਆਂ ਵਿਚ

ਨਜ਼ਰ ਕਿਸੇ ਨਾ ਆਈਆ । ਓਹ ਭਗਤਾਂ ਪੁਛਣ ਆਇਆ ਵਾਤਾ, ਵਾਰਸ ਹੋ ਕੇ ਧੁਰ ਦਾ ਮਾਹੀਆ । ਰਾਤੀ ਸੁਤਿਆਂ ਕਰੇ ਬਾਤਾਂ, ਬਾਤਨ


ਪਰਦੇ ਆਪ ਖੁਲ੍ਹਾਈਆ । ਜਨ ਭਗਤਾਂ ਬਣ ਕੇ ਪਿਤਾ ਮਾਤਾ, ਮਾਤਰ ਭੂਮੀ ਉਤੇ ਦਏ ਵਡਿਆਈਆ । ਲੇਖੇ ਲਾਉਣੀ ਸਭ ਦੀ ਭਿੰਨੜੀ ਰੈਣ ਰਾਤਾ,

ਰੁਤੜੀ ਆਪਣੇ ਨਾਲ ਮਹਿਕਾਈਆ । ਪੰਚਮ ਚੇਤ ਕਹੇ ਜਨ ਭਗਤੋ ਧਰਮ ਰਾਏ ਤੋਂ ਅਜ ਖੁਸ ਗਿਆ ਸਭ ਦਾ ਖਾਤਾ, ਭੁਲੇਖਾ ਅਵਰ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ , ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਪੰਚਮ ਜੇਠ ਕਹੇ ਸੁਣ ਪੰਚਮ ਸ਼ਬਦ ਪਿਆਰੇ, ਸਾਜਣ ਸਜਣੂਆ ਦਿਆਂ ਜਣਾਈਆ । ਆਦਿ ਜੁਗਾਦੀ ਤੇਰਾ ਲਹਿਣਾ ਦੇਣਾ ਸਦਾ ਜੁਗ ਚਾਰੇ, ਜੁਗ ਚੌਕੜੀ ਖੇਲ ਖਿਲਾਈਆ । ਤੇਰੇ ਵਣਜਾਰੇ ਬਣਦੇ ਗਏ ਪੈਗ਼ੰਬਰ ਗੁਰ ਅਵਤਾਰੇ, ਸਤਿਜੁਗ ਤਰੇਤਾ ਦੁਆਪਰ ਕਲਜੁਗ ਜਗਤ ਦਏ ਗਵਾਹੀਆ । ਭਗਤ ਹੁੰਦੇ ਗਏ ਤੇਰੇ ਸਹਾਰੇ, ਸੰਤਨ ਆਪਣਾ ਰੰਗ ਰੰਗਾਈਆ । ਅਗਲੇ ਖੇਲ ਦੱਸਣੇ ਨਿਆਰੇ, ਨਿਰਗੁਣ ਹੋ ਕੇ ਭੇਵ ਚੁਕਾਈਆ । ਜਿਸ ਕਾਰਨ ਤੇਰੇ ਸਭ ਨੇ ਦਿਤੇ ਇਸ਼ਾਰੇ, ਬਿਨ ਸੈਨਤ ਸੈਨਤ ਲਗਾਈਆ । ਤੂੰ ਕਲ ਕਲਕੀ ਅਵਤਾਰੇ, ਨਿਹਕਲੰਕ ਨੂਰ ਅਲਾਹੀਆ । ਅਮਾਮ ਅਮਾਮਾ ਪਰਵਰਦਿਗਾਰੇ, ਪਾਰਬ੍ਰਹਮ ਤੇਰੇ ਹੱਥ ਵਡਿਆਈਆ । ਕਿਰਪਾ ਕਰਨੀ ਘਟ ਘਟ ਅੰਤਰ ਪਾਉਣੀ ਸਾਰੇ, ਮਹਾਸਾਰਥੀ ਹੋ ਕੇ ਵੇਖ ਵਖਾਈਆ । ਜੇਹੜੇ ਭਗਤ ਤੇਰੇ ਤੋਂ ਬਿਨਾ ਰਹੇ ਕੁਆਰੇ, ਆਤਮ ਪਰਮਾਤਮ ਹਰਿ ਕਰਤਾਰ ਲੈਣੀ ਪਰਨਾਈਆ । ਪੰਚਮ ਚੇਤ ਸੰਮਤ ਸ਼ਹਿਨਸ਼ਾਹੀ ਬਾਰਾਂ ਫੇਰ ਨਹੀਂ ਆਉਣਾ ਦੁਬਾਰੇ, ਨੌਂ ਸੌ ਚੁਰਾਨਵੇ ਚੌਕੜੀ ਦਾ ਪੰਧ ਅਗਲਾ ਨਜ਼ਰੀ ਆਈਆ । ਮੇਰੀ ਇਕੋ ਆਸ਼ਾ ਇਕੋ ਬੇਨੰਤੀ ਮਨਜ਼ੂਰ ਕਰ ਲੈ ਹਾੜੇ, ਹਰ ਹਿਰਦਿਉਂ ਦਿਆਂ ਜਣਾਈਆ । ਮੇਰੇ ਸੁਆਮੀਆਂ ਅੰਤਰਜਾਮੀਆਂ ਅੱਜ ਰੰਗਣ ਰੰਗ ਚਾੜ੍ਹ ਦੇ ਗਾੜ੍ਹੇ, ਦੋ ਜਹਾਨਾਂ ਉਤਰ ਕਦੇ ਨਾ ਜਾਈਆ ।

ਜੇਹੜੇ ਅਗੇ ਚਾਰ ਜੁਗ ਸਚਖੰਡ ਨਹੀਂ ਵਾੜੇ, ਉਹਨ੍ਹਾਂ ਨੂੰ ਅਗੇ ਲਾ ਕੇ ਖੜਨਾ ਚਾਈਂ ਚਾਈਂਆ । ਤੂੰ ਪੁਰਖ ਅਕਾਲਾ ਦੀਨ ਦਿਆਲਾ ਭਗਤਾਂ ਨੇ ਕੀਤਾ ਨਹੀਂ ਕਰਾਏ ਭਾੜੇ, ਤੇਰੇ ਅਗੇ ਮਿੰਨਤਾਂ ਕਰ ਕਰ ਸੀਸ ਜਗਦੀਸ਼ ਨਾ ਕੋਇ ਨਿਵਾਈਆ । ਜੋ ਨੌ ਖੰਡ ਪ੍ਰਿਥਮੀ ਵਿਚੋਂ ਆ ਗਏ ਤੇਰੇ ਚਰਨ ਕਵਲ ਅਖਾੜੇ, ਸਿਰ ਸਿਰ ਆਪਣਾ ਹੱਥ ਟਿਕਾਈਆ । ਦਰਗਾਹ ਸਾਚੀ ਮੁਕ਼ਾਮੇ ਹਕ ਦੇ ਹਕ਼ੀਕ਼ਤ ਵਾਲੇ ਬਣਾ ਲਏ ਲਾੜੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਂਆ । ਪੰਚਮ ਜੇਠ ਕਹੇ ਪ੍ਰਭੂ ਜਨ ਭਗਤਾਂ ਅੰਦਰੋਂ ਮੇਟ ਦੇ ਗ਼ਮੀ, ਗ਼ਮਖਾਰ ਦੇਣੀ ਮਿਟਾਈਆ । ਕਿਸੇ ਦੀ ਪਿਛਲੀ ਰਹੇ ਮੂਲ ਨਾ ਕਮੀ, ਊਣਤਾਈ ਨਜ਼ਰ ਕੋਇ ਨਾ ਆਈਆ । ਪਵਣ ਸਵਾਸੀ ਪਿਆਰਾ ਬਣਨਾ ਦਮੀ, ਦਾਮਨਗੀਰ ਆਪ ਹੋ ਜਾਈਆ । ਸਭ ਦਾ ਝਗੜਾ ਮੇਟਣਾ ਦ੍ਰਿਸ਼ਟੀ ਚੰਮੀ, ਸਮਦ੍ਰਿਸ਼ਟੀ ਦੇਣੀ ਸਮਝਾਈਆ । ਓਹ ਆਸ਼ਾ ਹੁਣ ਪੂਰੀ ਕਰਨੀ ਜੋ ਰਖ ਕੇ ਗਿਆ ਸੰਤ ਮਨੀ, ਸਿੰਘ ਸਿੰਘ ਤੇਰੀ ਓਟ ਤਕਾਈਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਦਾ ਹੋ ਜਾ ਤਨੀ, ਸਗਲੇ ਸੰਗੀ ਆਪਣਾ ਸੰਗ ਬਣਾਈਆ । ਮੈਂ ਬਹੁ ਕੁਛ ਸੁਣਦਾ ਰਿਹਾ ਚਾਰ ਜੁਗ ਬਿਨਾ ਸਰਵਣਾਂ ਕੰਨੀ, ਕਾਇਨਾਤ ਧਿਆਨ ਲਗਾਈਆ । ਤੁਧ ਜੇਵਡ ਅਵਰ ਦਿਸੇ ਨਾ ਕੋਈ ਧਨੀ, ਧਨਾਡ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪੰਜ ਚੇਤ ਕਹੇ ਮੇਰੇ ਪੰਚਮ ਮੀਤੇ, ਮਿਤਰਾ ਦੇ ਵਡਿਆਈਆ । ਯਾਦ ਕਰ ਲੈ ਕੌਲ ਇਕਰਾਰ ਕੀਤੇ, ਵਾਅਦੇ ਵਾਅਦਿਆਂ ਵਿਚੋਂ ਨਾਲ ਮਿਲਾਈਆ । ਤੇਰੇ ਹੁਕਮ ਵਿਚ ਜੁਗ ਚੌਕੜੀ ਬੀਤੇ, ਜੁਗ ਜੁਗ ਗਏ ਪੰਧ ਮੁਕਾਈਆ । ਤੇਰੇ ਖੇਲ ਤਕੇ ਤ੍ਰੈਗੁਣ ਅਤੀਤੇ, ਤ੍ਰੈਭਵਣ ਧਨੀ ਤੇਰੀ ਵਡਿਆਈਆ । ਤੇਰੇ ਲੇਖੇ ਵੇਖੇ ਮੰਦਰ ਮਸੀਤੇ, ਕਾਅਬਿਆਂ ਖੋਜ ਖੁਜਾਈਆ । ਤੇਰੇ ਸਤਿਗੁਰ ਸ਼ਬਦ ਦੀ ਧਾਰ ਅਵਤਾਰ ਪੈਗ਼ੰਬਰ ਵੇਖੇ ਜੀਤੇ, ਪਵਣ ਸਵਾਸ ਸਵਾਸਾਂ ਨਾਲ ਚਲਾਈਆ । ਤੇਰਾ ਨਾਮ ਕਲਮਾ ਸੁਣਦੇ ਪੜ੍ਹਦੇ ਰਹੇ ਹਦੀਸੇ, ਸਿਫ਼ਤਾਂ ਵਿਚ ਸਲਾਹੀਆ । ਅੰਤ ਇਸ਼ਾਰਾ ਦਿਤਾ ਬੀਸ ਬੀਸੇ, ਇਕ ਇਕੀਸੇ ਗਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੰਚਮ ਚੇਤ ਕਹੇ ਭਗਤੋ ਆਈ ਰੁਤ ਬਹਾਰ, ਬਸੰਤ ਲਏ ਅੰਗੜਾਈਆ । ਮਿਲਿਆ ਯਾਰ ਯਾਰਾਂ ਦਾ ਯਾਰ, ਜਿਸ ਦੀ ਯਾਰੀ ਬੇਪਰਵਾਹੀਆ । ਜੋ ਲਹਿਣਾ ਦੇਣਾ ਪੂਰਾ ਕਰੇ ਸਦਾ ਜੁਗ ਚਾਰ, ਚਾਰ ਜੁਗ ਦਾ ਲੇਖਾ ਝੋਲੀ ਪਾਈਆ । ਉਹ ਨਿਰਗੁਣ ਸਰਗੁਣ ਖੇਲ ਕਰੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਜਿਸ ਨੂੰ ਸੀਸ ਨਿਵਾਈਆ । ਉਹ ਕਲ ਕਲਕੀ ਨਿਹਕਲੰਕਾ ਅਵਤਾਰ, ਅਮਾਮ ਅਮਾਮਾ ਨੂਰ ਅਲਾਹੀਆ । ਜੋ ਸਭ ਦੀ ਪੈਜ ਰਿਹਾ ਸੁਆਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਇਕੋ ਨਾਮ ਢੋਲਾ ਦੱਸ ਕੇ ਨਾਮ ਜੈਕਾਰ, ਤੂੰ ਮੇਰਾ ਮੈਂ ਤੇਰਾ ਰਾਗ ਦ੍ਰਿੜਾਈਆ । ਆਵਣ ਜਾਵਣ ਲੱਖ ਚੁਰਾਸੀ ਵਿਚੋਂ ਕੱਢਕੇ ਬਾਹਰ, ਜਮ ਦੀ ਫਾਸੀ ਦਏ ਤੁੜਾਈਆ । ਸਚਖੰਡ ਦੁਆਰ ਏਕੰਕਾਰ ਇਕੋ ਬਖ਼ਸ਼ੇ ਸਚਾ ਘਰਬਾਰ, ਗ੍ਰਿਹ ਮੰਦਰ ਇਕ ਸੁਹਾਈਆ । ਜਿਥੇ ਬਿਨ ਤੇਲ ਬਾਤੀ ਹੋਏ ਉਜਿਆਰ, ਜੋਤੀ ਜਾਤਾ ਪੁਰਖ ਬਿਧਾਤਾ ਡਗਮਗਾਈਆ । ਸਚਖੰਡ ਨਿਵਾਸੀ ਸਚ ਸਿੰਘਾਸਣ ਕਰ ਤਿਆਰ, ਸਚਖੰਡ ਦੇਵੇ ਸੁਹਾਈਆ । ਸੋ ਸੁਆਮੀ ਅੰਤਰਜਾਮੀ ਪੁਰਖ ਅਕਾਲਾ ਦੀਨ ਦਿਆਲਾ ਤੁਹਾਡੀ ਪਾਵਣ ਆਇਆ ਸਾਰ, ਮਹਾਸਾਰਥੀ ਹੋ ਕੇ ਵੇਖੇ ਚਾਈਂ ਚਾਈਂਆ । ਜਿਸ ਦੇ ਹੁਕਮ ਵਿਚ ਦੀਨ ਦੁਨੀ ਲੱਖ ਚੁਰਾਸੀ ਬ੍ਰਹਿਮੰਡ


੧੪੮੦
੨੪

ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਸਾਰੇ ਕਰਨ ਨਿਮਸਕਾਰ, ਨਿਵ ਨਿਵ ਲਾਗਣ ਪਾਈਆ । ਉਹ ਇਕ ਇਕੱਲਾ ਸਚ ਮਹੱਲਾ ਸੰਬਲ ਬੈਠਾ ਧਰਮ ਦੁਆਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੰਚਮ ਚੇਤ ਕਹੇ ਜਨ ਭਗਤੋ ਕਿਸੇ ਦੀ ਆਸ਼ਾ ਰਹੇ ਨਾ ਥੁੜੀ, ਥੁੜੇ ਥਿੜਕਿਆਂ ਦਏ ਵਡਿਆਈਆ । ਸਾਚੀ ਰੰਗਣ ਚਾੜ੍ਹੇ ਗੂੜ੍ਹੀ, ਦੋ ਜਹਾਨ ਉਤਰ ਕਦੇ ਨਾ ਜਾਈਆ । ਪ੍ਰਭ ਦੁਆਰ ਭੇਵ ਨਹੀਂ ਕੋਈ ਮੁੰਡਾ ਕੁੜੀ, ਤਨ ਵਜੂਦ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਪੰਚਮ ਚੇਤ ਕਹੇ ਪ੍ਰਭ ਮੇਰੀ ਭਗਤਾਂ ਨਾਲ ਇਕ ਅਰਦਾਸ, ਮਿਲ ਮਿਲ ਕੇ ਦਿਆਂ ਜਣਾਈਆ । ਸਦ ਵਸਣਾ ਸਭ ਦੇ ਪਾਸ, ਵਿਛੋੜੇ ਵਿਚ ਵਿਛੜ ਕਦੇ ਨਾ ਜਾਈਆ । ਬਿਨਾ ਬੇਨੰਤੀ ਪੂਰੀ ਕਰਨੀ ਆਸ, ਆਲਸ ਨਿੰਦਰਾ ਦੂਰ ਕਰਾਈਆ । ਹਰਿ ਕਰਨੀ ਬੰਦਖਲਾਸ, ਬੰਦੀ ਤੋੜ ਤੇਰੇ ਹੱਥ ਵਡਿਆਈਆ । ਏਕਾ ਨੂਰ ਜੋਤ ਹੋਵੇ ਪਰਕਾਸ਼, ਅੰਧ ਅੰਧੇਰਾ ਦੇਣਾ ਮਿਟਾਈਆ । ਹਰ ਹਿਰਦੇ ਬਖ਼ਸ਼ਣਾ ਵਿਸ਼ਵਾਸ਼, ਜਗਤ ਵਿਸ਼ਿਆਂ ਤੋਂ ਬਾਹਰ ਕਢਾਈਆ । ਸ਼ਬਦੀ ਸੁਰਤ ਪੁਆਉਣੀ ਰਾਸ, ਗੋਪੀ ਕਾਹਨ ਆਪਣਾ ਰੰਗ ਰੰਗਾਈਆ । ਜਨ ਭਗਤਾਂ ਕਰਨਾ ਆਪ ਤਲਾਸ਼, ਖੋਜਣ ਦੀ ਲੋੜ ਰਹੇ ਨਾ ਰਾਈਆ । ਪੰਚਮ ਚੇਤ ਕਹੇ ਮੇਰਾ ਖ਼ੁਸ਼ੀਆਂ ਵਾਲਾ ਮਾਸ, ਮਸਤ ਖ਼ੁਮਾਰੀ ਨਾਮ ਦੇਣੀ ਚੜ੍ਹਾਈਆ । ਤੇਰਾ ਭਗਤ ਸੁਹੇਲਾ ਕਦੇ ਨਾ ਹੋਏ ਉਦਾਸ, ਚਿੰਤਾ ਗ਼ਮ ਰਹਿਣ



ਕੋਇ ਨਾ ਪਾਈਆ । ਇਕੋ ਰੰਗ ਰੰਗਾਉਣਾ ਜੰਗਲ ਜੂਹ ਟਿੱਲੇ ਪਰਬਤ ਪਰਭਾਸ, ਸਮੁੰਦ ਸਾਗਰ ਜਲ ਥਲ ਮਹੀਅਲ ਵੇਖ ਵਖਾਈਆ । ਜੋਤੀ

੧੪੮੧



ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੰਚਮ ਚੇਤ ਕਹੇ ਪ੍ਰਭੂ ਮੇਰੀ ਬੇਨੰਤੀ

੨੪

ਕਰਨੀ ਕ਼ਬੂਲ, ਕਾਮਲ ਮੁਰਸ਼ਦ ਦਇਆ ਕਮਾਈਆ । ਜਨ ਭਗਤਾਂ ਬਖ਼ਸ਼ੀਂ ਚਰਨ ਧੂਲ, ਧੂੜੀ ਟਿੱਕੇ ਖ਼ਾਕ ਰਮਾਈਆ । ਸਤਿ ਸਚ ਹੋਵੇ ਅਸੂਲ, ਨਿਯਮ ਨਿਰਮਾਣਤਾ ਵਿਚ ਜਣਾਈਆ । ਹਰਿਜਨ ਤੇਰਾ ਪ੍ਰੇਮ ਕਰੇ ਕ਼ਬੂਲ, ਕ਼ਬਰਾਂ ਦਾ ਲੇਖਾ ਰਹੇ ਨਾ ਰਾਈਆ । ਤੇਰਾ ਸੰਦੇਸ਼ਾ ਹੋਵੇ ਮਾਕ਼ੂਲ, ਮਿਹਰਵਾਨ ਦੇਣਾ ਜਣਾਈਆ । ਹਰਿਜਨ ਕੋਈ ਨਾ ਜਾਏ ਭੂਲ, ਭੁੱਲਿਆਂ ਮਾਰਗ ਲੈਣਾ ਲਗਾਈਆ । ਤੂੰ ਮਾਲਕ ਖ਼ਾਲਕ ਕੰਤ ਕੰਤੂਹਲ, ਹਰਿ ਕਰਤਾ ਅਗੰਮ ਅਥਾਈਆ । ਤੇਰਾ ਪ੍ਰੇਮ ਪੰਘੂੜਾ ਭਗਤ ਸੁਹੇਲੇ ਲੈਣ ਝੂਲ, ਹੁਲਾਰਾ ਦੋ ਜਹਾਨ ਜਣਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਇਕੋ ਕੰਤ ਕੰਤੂਲ, ਖ਼ਸਮ ਖ਼ਸਮਾਨਾ ਨੌਜਵਾਨਾ ਸ੍ਰੀ ਭਗਵਾਨਾ ਇਕ ਅਖਵਾਈਆ । ਹਰਿਜਨ ਉਧਾਰਨਾ ਤੇਰਾ ਖੇਲ ਮਾਮੂਲ, ਬਹੁਤੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਪੰਚਮ ਚੇਤ ਕਹੇ ਪ੍ਰਭੂ ਮੇਰੀ ਅਖ਼ੀਰੀ ਆਸਾ, ਆਸਾ ਦਿਆਂ ਜਣਾਈਆ । ਤੇਰਿਆਂ ਭਗਤਾਂ ਤੇਰਾ ਹੋਵੇ ਭਰਵਾਸਾ, ਭਾਂਡਾ ਭਰਮ ਭੌ ਭੰਨਾਈਆ । ਖ਼ੁਸ਼ੀਆਂ ਵਿਚ ਸਾਰੇ ਕਰਨ ਹਾਸਾ, ਹਸਤੀ ਤਕ ਨੂਰ ਅਲਾਹੀਆ । ਤੂੰ ਸਭ ਦਾ ਹੋਣਾ ਦਾਸੀ ਦਾਸਾ, ਸੇਵਕ ਹੋ ਕੇ ਸੇਵ ਕਮਾਈਆ । ਜਨਮ ਕਰਮ ਦੀ ਬਦਲੀਂ ਰਾਸਾ, ਰਸਤਾ ਆਪਣਾ ਦੇਣਾ ਵਖਾਈਆ । ਤੂੰ ਸ਼ਹਿਨਸ਼ਾਹ ਸ਼ਾਹੋ ਭੂਪ ਸ਼ਾਬਾਸ਼ਾ, ਪਾਤਸ਼ਾਹ ਅਗੰਮ ਅਥਾਈਆ । ਮੇਰੀ ਬੇਨੰਤੀ ਕ਼ਬੂਲ ਕਰੀਂ ਅਰਦਾਸਾ, ਦੁਆ ਬੇਪਰਵਾਹ ਤੇਰੇ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ

ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰ ਘਟ ਅੰਤਰ ਤੇਰਾ ਹੋਵੇ ਵਾਸਾ, ਨਿਵਾਸ ਅਸਥਾਨ ਸ੍ਰੀ ਭਗਵਾਨ ਜਨ ਭਗਤਾਂ ਗ੍ਰਿਹ ਆਪਣਾ ਲੈਣਾ ਬਣਾਈਆ ।

### ✪ ੬ ਚੇਤ ਸ਼ਹਿਨਸ਼ਾਹੀ ਸੰਮਤ ੧੨ ਰਣਜੀਤ ਸਿੰਘ ਦੇ ਗ੍ਰਿਹ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ✪

ਪੰਚਮ ਮੀਤਾ ਹਰਿ ਹਰਿ ਸੱਜਣ, ਹਰਿ ਕਰਤਾ ਧੁਰਦਰਗਾਹੀਆ । ਆਦਿ ਜੁਗਾਦੀ ਪਰਦੇ ਕੱਜਣ, ਪਾਰਬ੍ਰਹਮ ਪਤਿਪਰਮੇਸ਼ਵਰ ਨੂਰ ਅਲਾਹੀਆ । ਜਿਸ ਦੇ ਨਾਮ ਦਮਾਮੇ ਦੋ ਜਹਾਨ ਵਜਣ, ਪੁਰੀ ਲੋਅ ਨਾਦ ਨਾਦ ਸ਼ਨਵਾਈਆ । ਸੋ ਪਰਮਾਤਮ ਆਤਮ ਧਾਰ ਕਰਾਏ ਮਜਨ, ਤਨ ਵਜੂਦ ਮਾਟੀ ਖ਼ਾਕ ਲੇਖਾ ਰਹੇ ਨਾ ਰਾਈਆ । ਜਗਤ ਸ਼ਰਅ ਦੀ ਪਾਰ ਕਰੇ ਹਦਨ, ਹੱਦੂਦ ਮਹਿਦੂਦ ਇਕੋ ਇਕ ਵਖਾਈਆ । ਜਿਥੇ ਨਜ਼ਰ ਆਏ ਕੋਈ ਨਾ ਬੰਦਨ, ਬੰਦਗੀ ਵਿਚੋਂ ਇਕੋ ਸੀਸ ਨਿਵਾਈਆ । ਪਾਰਬ੍ਰਹਮ ਬ੍ਰਹਮ ਧਾਰ ਦੇਵੇ ਅਨੰਦਨ, ਅਨੰਦ ਅਨੰਦ ਵਿਚੋਂ ਪਰਗਟਾਈਆ । ਪਰਕਾਸ਼ ਕਰੇ ਬਿਨ ਸੂਰੀਆ ਚੰਦਨ, ਜੋਤੀ ਜਾਤਾ ਹੋ ਕੇ ਡਗਮਗਾਈਆ । ਨਾਮ ਸੁਣਾਏ ਅਗੰਮਾ ਛੰਦਨ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਹਰਿ ਭਗਤ ਸੁਹੇਲੇ ਲਾਏ ਅੰਗਣ, ਅੰਗੀਕਾਰ ਆਪ ਅਖਵਾਈਆ । ਦੂਜੇ ਦਰ ਜਾਣ ਨਾ ਮੰਗਣ, ਕਿਰਪਾ ਕਰੇ ਧੁਰ ਦਾ ਮਾਹੀਆ । ਆਵਣ ਜਾਵਣ
੧੪੮੨ ਮੇਟੇ ਪੰਧਨ, ਦਰਗਾਹ ਸਾਚੀ ਆਪ ਟਿਕਾਈਆ । ਜਿਥੇ ਇਕੋ ਏਕੰਕਾਰਾ ਚਾੜ੍ਹੇ ਰੰਗਣ, ਦੋ ਜਹਾਨ ਉਤਰ ਕਦੇ ਨਾ ਜਾਈਆ । ਹਰਿਜਨ ਭਾਗ ੧੪੮੨
੨੪ ਨਾ ਹੋਵੇ ਮੰਦਨ, ਮੰਦਭਾਗੀ ਲਏ ਤਰਾਈਆ । ਲੇਖੇ ਲਾ ਕੇ ਤਤ ਪੰਜਣ, ਪੰਚਮ ਦਾ ਮਾਲਕ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ੨੪
ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਪੰਚਮ ਮੀਤਾ ਹਰਿ ਸੁਆਮੀ, ਹਰਿ ਕਰਤਾ ਧੁਰਦਰਗਾਹੀਆ । ਆਦਿ ਜੁਗਾਦੀ ਅੰਤਰਜਾਮੀ, ਘਟ ਘਟ ਵੇਖੇ ਧੁਰ ਦਾ ਮਾਹੀਆ । ਜੋ ਏਥੇ ਓਥੇ ਸੰਦੇਸ਼ਾ ਦੇਵੇ ਸਤਿਨਾਮੀ, ਸਤਿ ਸਤਿਵਾਦੀ ਅਗੰਮ ਅਥਾਈਆ । ਜਿਸ ਦੀ ਮੰਜ਼ਲ ਅਗੰਮ ਰੁਹਾਨੀ, ਰੂਹ ਬੁਤ ਰੰਗ ਰੰਗਾਈਆ । ਨਾਦ ਸ਼ਬਦ ਦਏ ਧੁੰਨਕਾਨੀ, ਅਨਹਦ ਨਾਦੀ ਰਾਗ ਸੁਣਾਈਆ । ਅੰਮ੍ਰਿਤ ਰਸ ਨਿਝਰ ਦੇਵੇ ਠੰਢਾ ਪਾਣੀ, ਬੂੰਦ ਸਵਾਂਤੀ ਕਵਲ ਨਾਭੀ ਟਪਕਾਈਆ । ਲੇਖਾ ਜਾਣੇ ਜੀਵ ਜੰਤ ਸਾਧ ਸੰਤ ਪ੍ਰਾਣੀ, ਪੂਰਨ ਬ੍ਰਹਮ ਪਰਦਾ ਆਪ ਉਠਾਈਆ । ਪੁਰਖ ਅਕਾਲਾ ਦੀਨ ਦਿਆਲਾ ਲਹਿਣਾ ਦੇਣਾ ਤਕੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਲੇਖਾ ਮੁਕਾਏ ਜਿਸਮ ਜਿਸਮਾਨੀ, ਜ਼ਮੀਰ ਬੇਨਜ਼ੀਰ ਆਪਣੇ ਰੰਗ ਰੰਗਾਈਆ ।

### ✪ ੬ ਚੇਤ ਸ਼ਹਿਨਸ਼ਾਹੀ ਸੰਮਤ ੧੨ ਸੁਰਜੀਤ ਕੌਰ ਦੇ ਨਵਿਤ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ✪

ਪੰਚਮ ਕਹੇ ਮੇਰਾ ਲੇਖਾ ਜਗਤ ਅਵੱਲਾ, ਅਵਲ ਅੱਲਾ ਕੀ ਦ੍ਰਿੜਾਈਆ । ਮੈਂ ਵਸਾਂ ਚੌਦਾਂ ਤਬਕ ਦੇ ਬਾਹਰ ਮਹੱਲਾ, ਮੁਹੰਮਦ ਆਸ਼ਾ ਰਹੀ

ਜਣਾਈਆ । ਮੇਰਾ ਨੂਰ ਜ਼ਹੂਰ ਇਕ ਇਕੱਲਾ, ਅਕਲ ਕਲਧਾਰੀ ਵਡ ਵਡਿਆਈਆ । ਲਹਿਣਾ ਦੇਣਾ ਜਾਣਾਂ ਜਲਾਂ ਥਲਾਂ, ਮਹੀਅਲ ਪਰਦਾ ਆਪ ਉਠਾਈਆ । ਜੋਤੀ ਧਾਰ ਹੋ ਕੇ ਅੰਤਰ ਨਿਰੰਤਰ ਨਿਰਗੁਣ ਨੂਰ ਰਲਾਂ, ਆਤਮ ਪਰਮਾਤਮ ਮਿਲ ਕੇ ਵਜੇ ਵਧਾਈਆ । ਸ਼ਬਦੀ ਧਾਰ ਸ਼ਬਦ ਫੜਾਵਾਂ ਪੱਲਾ, ਪਲਕਾਂ ਦੇ ਪਿਛੇ ਬਹਿ ਕੇ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਪੰਚਮ ਕਹੇ ਮੇਰਾ ਲਹਿਣਾ ਦੇਣਾ ਨਾਲ ਜਗ, ਜਾਗਰਤ ਜੋਤ ਜੋਤ ਜਗਾਈਆ । ਮੇਰਾ ਮਾਲਕ ਸੂਰਾ ਸਰਬਗ, ਹਰਿ ਕਰਤਾ ਧੁਰਦਰਗਾਹੀਆ । ਜੋ ਵਸੇ ਉਪਰ ਸ਼ਾਹ ਰਗ, ਨਵ ਦੁਆਰ ਵੇਖਣ ਕੋਇ ਨਾ ਪਾਈਆ । ਕੂੜ ਤ੍ਰਿਸ਼ਨਾ ਮੇਟੇ ਅੱਗ, ਤਤਵ ਤਤ ਨਾ ਕੋਇ ਜਲਾਈਆ । ਓਹਦਾ ਮੇਲਾ ਹੁੰਦਾ ਨਾਲ ਸਬਬ, ਜੁਗ ਚੌਕੜੀ ਰੀਤੀ ਚਲੀ ਆਈਆ । ਖੋਜਿਆਂ ਸਕੇ ਕੋਈ ਨਾ ਲੱਭ, ਬਿਨ ਕਿਰਪਾ ਮਿਲਣ ਕੋਇ ਨਾ ਪਾਈਆ । ਜਿਸ ਨੂੰ ਕਹਿੰਦੇ ਨੂਰ ਅਲਾਹੀ ਰੱਬ, ਯਾਮਬੀਨ ਕਹਿ ਕੇ ਸੀਸ ਨਿਵਾਈਆ । ਓਹ ਵਸਣਹਾਰਾ ਭਗਤਾਂ ਦੀ ਹੱਦ, ਹਦੂਦ ਇਕ ਸਮਝਾਈਆ । ਜਿਥੇ ਚੇਤ ਸਿੰਘ ਦੀ ਯਦ, ਯਦੀ ਆਪਣਾ ਪਰਦਾ ਲਾਹੀਆ । ਨਾਮ ਖ਼ੁਮਾਰੀ ਬਖ਼ਸ਼ ਕੇ ਮਦਿ, ਮਧੁਰ ਧੁਨ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਆਪ ਸੁਹਾਈਆ । ਪੰਚਮ ਕਹੇ ਮੇਰਾ ਇਕੋ ਸਗਲਾ ਸੰਗੀ, ਹਰਿ ਸੰਗਤ ਸੰਗ ਬਣਾਈਆ । ਜੋ ਸਭ ਤੋਂ ਵਖਰੀ ਰੰਗਤ ਚਾੜ੍ਹੇ ਰੰਗੀ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਜਿਸ ਦੀ ਨਾਮ ਸਿਤਾਰ ਅਜਬ ਸੁਰੰਗੀ, ਸੁਰਤ ਸ਼ਬਦ ਨਾਲ ਮਿਲਾਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਲੰਘੀ, ਸਤਿਜੁਗ ਤ੍ਰੇਤਾ ਦੁਆਪਰ ਬੈਠੇ ਪੰਧ ਮੁਕਾਈਆ । ਜੋ ਸੂਰਬੀਰ ਬਹਾਦਰ ਯੋਧਾ ਜੰਗੀ, ਸ਼ਤਰੂ ਛਤਰਧਾਰੀ ਦਏ ਮਿਟਾਈਆ । ਜਿਸ ਦੀ ਨਾਮ ਕਟਾਰ ਕਲਜੁਗ ਧਾਰ ਵਿਚੋਂ ਹੋਣ ਵਾਲੀ ਨੰਗੀ, ਪਰਦਾ ਨਜ਼ਰ ਕੋਇ ਨਾ ਆਈਆ । ਜਿਸ ਦਾ ਲੇਖਾ ਲਹਿਣਾ ਦਿਸਦਾ ਨਾਲ ਫ਼ਰੰਗੀ, ਫ਼ਾਰਸ ਦੀ ਖਾੜੀ ਦਏ ਗਵਾਹੀਆ । ਜਿਸ ਦੀ ਨਿਰਗੁਣ ਧਾਰ ਈਸਾ ਨਾਲ ਸੰਧੀ, ਲੇਖਾ ਲਿਖਿਆ ਬਿਨ ਕ਼ਲਮ ਸ਼ਾਹੀਆ । ਉਸ ਦੇ ਹੁਕਮ ਦੀ ਲਾਉਣ ਵਾਲਾ ਪਾਬੰਦੀ, ਪਾਬੰਦ ਕਰੇ ਖ਼ਲਕ ਖ਼ੁਦਾਈਆ । ਜਿਸ ਨੂੰ ਮੁਹੰਮਦ ਮੰਨਿਆ ਲਹਿਣਾ ਦੇਣਾ ਦੇਵੇ ਯਕ ਸ਼ੰਬੀ, ਵਾਅਦਾ ਆਪਣਾ ਹੁਕਮ ਵਰਤਾਈਆ । ਜਿਸ ਝਗੜਾ ਮੇਟਣਾ ਪਰਕਿਰਤੀ ਪੰਜੀ, ਪੰਚਮ ਆਪਣਾ ਪਰਦਾ ਲਾਹੀਆ । ਜਿਸ ਦੀ ਹੱਥ ਨਾ ਆਵੇ ਵੰਝੀ, ਮੁਹਾਣਾ ਸਾਰ ਕੋਇ ਨਾ ਪਾਈਆ । ਕਲਜੁਗ ਕਿਰਿਆ ਕੂੜ ਵਾਸਨਾ ਕੱਢੇ ਗੰਦੀ, ਅੰਤਰ ਨਿਰੰਤਰ ਕਰੇ ਸਫ਼ਾਈਆ । ਪ੍ਰਭੂ ਦਾ ਨਾਮ ਜਪਾਏ ਬਿਨਾ ਬੁੱਲਾਂ ਦੰਦੀ, ਰਸਨਾ ਰਸ ਨਾ ਕੋਇ ਚਖਾਈਆ । ਉਹ ਸ਼ਰਅ ਦੀ ਮੇਟਣ ਵਾਲਾ ਕੰਧੀ, ਕੰਢੀ ਘਾਟ ਬੈਠਾ ਡੇਰਾ ਲਾਈਆ । ਆਤਮ ਪਰਮਾਤਮ ਸਭ ਨੂੰ ਬਖ਼ਸ਼ਣਹਾਰਾ ਅਨੰਦੀ, ਅਨੰਦ ਅਨੰਦ ਵਿਚੋਂ ਪਰਗਟਾਈਆ । ਪੰਚਮ ਕਹੇ ਸਭ ਨੇ ਗਾਉਣਾ ਤੂੰ ਮੇਰਾ ਮੈਂ ਤੇਰਾ ਛੰਦੀ, ਦੂਜਾ ਰਾਗ ਨਾ ਕੋਇ ਅਲਾਈਆ । ਪ੍ਰਭ ਦੀਨ ਦਿਆਲ ਸਦਾ ਬਖ਼ਸ਼ੰਦੀ, ਰਹਿਮਤ ਸਚ ਦੇਵੇ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੇ ਹੁਕਮ ਵਿਚ ਆਦਿ ਜੁਗਾਦੀ ਜੁਗ ਚੌਕੜੀ ਲੰਘੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ ।

੧੪੮੩
੨੪

## ✪ ੬ ਚੇਤ ਸ਼ਹਿਨਸ਼ਾਹੀ ਸੰਮਤ ੧੨ ਬੀਰਾ ਸਿੰਘ ਦੇ ਗ੍ਰਿਹਿ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ✪

ਪੰਚਮ ਕਹੇ ਪ੍ਰਭ ਮੇਟ ਦੂਈ ਦੁਵੈਤ, ਪੰਜਾਂ ਤਤਾਂ ਰੰਗ ਰੰਗਾਈਆ । ਵਸਤ ਨਾਮ ਕਰ ਅਨਾਇਤ, ਬਖ਼ਸ਼ਿਸ਼ ਰਹਿਮਤ ਅਗੰਮ ਕਮਾਈਆ । ਤੇਰੇ ਹੁਕਮ ਦੀ ਇਕੋ ਹੋਏ ਰਿਆਇਤ, ਸਿਰ ਸਕੇ ਨਾ ਕੋਇ ਉਠਾਈਆ । ਝਗੜਾ ਮੇਟ ਦੇ ਸ਼ਰਅ ਸ਼ਰਾਇਤ, ਸ਼ਰੀਅਤ ਆਪਣੀ ਇਕ ਸਮਝਾਈਆ । ਆਤਮ ਪਰਮਾਤਮ ਕਰ ਹਮਾਇਤ, ਹਮਸਾਜਣ ਹੋ ਕੇ ਵੇਖ ਵਖਾਈਆ । ਆਦਿ ਜੁਗਾਦੀ ਜੁਗ ਚੌਕੜੀ ਅਵਤਾਰ ਪੈਗ਼ੰਬਰ ਗੁਰੂ ਤੇਰੇ ਮੁਤਾਹਿਤ, ਬਰਦੇ ਬਰਖ਼ੁਰਦਾਰ ਨਜ਼ਰੀ ਆਈਆ । ਸਚ ਪਿਆਰ ਦੀ ਨੌ ਖੰਡ ਪ੍ਰਿਥਮੀ ਦੱਸ ਦੇ ਰਹਿਤ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਪੰਚਮ ਕਹੇ ਪ੍ਰਭ ਪਵਿਤ੍ਰ ਕਰ ਦੇ ਤਨ ਵਜੂਦ ਖ਼ਾਕੀ, ਮਿਹਰਵਾਨ ਮਿਹਰਵਾਨ ਦਇਆ ਕਮਾਈਆ । ਅੰਮ੍ਰਿਤ ਧਾਰ ਬਣ ਸਾਕੀ, ਜਾਮ ਅਗੰਮਾ ਇਕ ਪਿਆਈਆ । ਪੂਰਬ ਲੇਖਾ ਮੁਕਾ ਦੇ ਬਾਕੀ, ਅਗੇ ਅਵਰ ਨਾ ਕੋਇ ਦ੍ਰਿੜਾਈਆ । ਚਰਨ ਪ੍ਰੀਤ ਜੋੜ ਲੈ ਨਾਤੀ, ਸਰਨ ਬਖ਼ਸ਼ ਸਰਨਾਈਆ । ਤੂੰ ਮਾਲਕ ਧੁਰ ਦਾ ਕਮਲਾਪਾਤੀ, ਪਤਿਪਰਮੇਸ਼ਵਰ ਇਕ ਅਖਵਾਈਆ । ਕਲਜੁਗ ਵਿਚੋਂ ਸਤਿਜੁਗ ਬਦਲ ਦੇ ਹਯਾਤੀ, ਜੀਵਣ ਜ਼ਿੰਦਗੀ ਆਪਣੇ ਵਿਚ ਮਿਲਾਈਆ । ਝਗੜਾ ਮੇਟ ਦੇ ਕਾਗ਼ਜ਼ਾਤੀ, ਅੱਖਰਾਂ ਕਰੇ ਨਾ ਕੋਇ ਲੜਾਈਆ । ਇਕੋ ਇਲਮ ਦੱਸ ਸਫ਼ਾਤੀ, ਸਫ਼ਾ ਹਸਤੀ ਆਪਣੇ ਲੇਖੇ ਲਾਈਆ । ਝਗੜਾ ਰਹੇ ਨਾ ਦੀਨ ਦੁਨੀ ਜ਼ਾਤੀ, ਅਜ਼ਾਤੀ ਡੇਰਾ ਦੇਣਾ ਢਾਈਆ । ਅੱਠੇ ਪਹਿਰ ਕਰ ਪਰਭਾਤੀ, ਭਾਂਡਾ ਭਰਮ ਭੌ ਭੰਨਾਈਆ । ਜਨ ਭਗਤਾਂ ਪੁਛ ਵਾਤੀ, ਵਾਰਸ ਹੋ ਕੇ ਵੇਖ ਵਖਾਈਆ । ਧੁਰ ਦਾ ਨਾਮ ਅੰਤਰ ਨਿਰੰਤਰ ਦੇ ਦੇ ਸੌਗ਼ਾਤੀ, ਜਗਤ ਝੋਲੀ ਨਜ਼ਰ ਕਿਸੇ ਨਾ ਆਈਆ । ਤੇਰੀ ਧਾਰ ਏਕੰਕਾਰ ਜਗ ਨੇਤਰ ਨਾ ਜਾਵੇ ਪਛਾਤੀ, ਅੱਖੀਆਂ ਵੇਖਣ ਕਿਛ ਨਾ ਪਾਈਆ । ਜਨ ਭਗਤਾਂ ਲਹਿਣਾ ਦੇਣਾ ਪੂਰਾ ਕਰ ਦੇ ਲੋਕਮਾਤੀ, ਮਿਹਰਵਾਨ ਹੋ ਕੇ ਵੇਖ ਵਖਾਈਆ । ਅੰਤਸ਼ਕਰਨ ਬਦਲ ਦੇ ਸ਼ਾਂਤੀ, ਅਗਨੀ ਅੱਗ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੰਚ ਕਹੇ ਪ੍ਰਭ ਅੰਤਰ ਨਿਰੰਤਰ ਕਰ ਦੇ ਆਪਣਾ ਬੋਧ, ਬੁੱਧੀ ਤੋਂ ਪਰੇ ਭੇਵ ਚੁਕਾਈਆ । ਮਨ ਮਨਸਾ ਦੇ ਸੋਧ, ਸੁਦੀ ਵਦੀ ਦਾ ਲੇਖਾ ਰਹੇ ਨਾ ਰਾਈਆ । ਤੂੰ ਠਾਕਰ ਸੁਆਮੀ ਜੋਧਨ ਜੋਧ, ਸੂਰਬੀਰ ਇਕ ਅਖਵਾਈਆ । ਦੂਈ ਦੁਵੈਤ ਮੇਟ ਵਿਰੋਧ, ਕਲਜੁਗ ਵਿਸ਼ਿਆਂ ਬਾਹਰ ਕਢਾਈਆ । ਕਲਪਨਾ ਕੂੜ ਨਾ ਰਹੇ ਕਰੋਧ, ਚਿੰਤਾ ਚਿਖਾ ਨਾ ਕੋਇ ਜਲਾਈਆ । ਤੂੰ ਆਦਿ ਜੁਗਾਦੀ ਜੋਧਨ ਜੋਧ, ਸੂਰਬੀਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਚਰਨ ਪ੍ਰੀਤੀ ਬਖ਼ਸ਼ ਦੇ ਸਾਚਾ ਲੋਭ, ਜਗਤ ਲਾਲਚ ਦਾ ਅੰਤਰ ਲੇਖਾ ਰਹੇ ਨਾ ਰਾਈਆ ।

### ✪ ੬ ਚੇਤ ਸ਼ਹਿਨਸ਼ਾਹੀ ਸੰਮਤ ੧੨ ਸੱਜਣ ਸਿੰਘ ਦੇ ਗ੍ਰਿਹ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ✪

ਪੰਚ ਕਹੇ ਪ੍ਰਭੂ ਜਨ ਭਗਤਾਂ ਅੰਦਰ ਚਾੜ੍ਹ ਦੇ ਮਸਤੀ, ਮਸਤੂਆਣੇ ਦਾ ਲੇਖਾ ਸਿੰਘ ਮਨੀ ਪੂਰ ਕਰਾਈਆ । ਅੰਮ੍ਰਿਤ ਧਾਰ ਪਰਗਟਾ ਦੇ ਲੋੜ ਰਹੇ ਨਾ ਗੰਗਾ ਗੋਦਾਵਰੀ ਜਮਨਾ ਸੁਰਸਤੀ, ਤੀਰਥ ਤਟ ਕਿਨਾਰੇ ਵੰਡ ਨਾ ਕੋਇ ਵੰਡਾਈਆ । ਏਕੰਕਾਰੇ ਪਰਵਰਦਿਗਾਰੇ ਸਾਂਝੇ ਯਾਰੇ ਤੇਰੀ ਨਜ਼ਰ ਆਵੇ ਹਸਤੀ, ਹਸਤ ਕੀਟਾਂ ਪਰਦਾ ਆਪ ਉਠਾਈਆ । ਕਾਇਆ ਧਾਰ ਤੇਰੀ ਭਗਤਾਂ ਵਸਦੀ ਹੋਵੇ ਬਸਤੀ, ਮਹਲ ਅਟਲ ਇਕ ਜਣਾਈਆ । ਪ੍ਰੀਤਮ ਆਪਣੀ ਪ੍ਰੀਤੀ ਬਖ਼ਸ਼ ਦੇ ਸਸਤੀ, ਪੂਜਾ ਪਾਠ ਲੋੜ ਰਹੇ ਨਾ ਰਾਈਆ । ਮਨ ਕਲਪਣਾ ਨੌ ਦਰ ਫਿਰੇ ਨਾ ਨਸਦੀ, ਦਿਵਸ ਰੈਣ ਭੱਜੇ ਨਾ ਵਾਹੋ ਦਾਹੀਆ । ਸੁਰਤੀ ਸ਼ਬਦ ਨਾਲ ਫਿਰੇ ਹਸਦੀ, ਤੂੰ ਮੇਰਾ ਮੈਂ ਤੇਰਾ ਖ਼ੁਸ਼ੀਆਂ ਢੋਲੇ ਗਾਈਆ । ਹਰ ਹਿਰਦੇ ਵਡਿਆਈ ਹੋਵੇ ਤੇਰੇ ਜਸ ਦੀ, ਸਿਫ਼ਤੀ ਸਿਫ਼ਤਾਂ ਨਾਲ ਸਾਲਾਹੀਆ । ਧਾਰ ਬਖ਼ਸ਼ ਦੇ ਅੰਮਿਉਂ ਰਸ ਦੀ, ਅੰਮ੍ਰਿਤ ਅਗੰਮਾ ਆਪ ਚਵਾਈਆ । ਤੇਰੀ ਜੋਤ ਅਕਾਲਣ ਆਪਣਾ ਮਾਰਗ ਹੋਵੇ ਦੱਸਦੀ, ਦਿਵਸ ਰੈਣ ਭਗਤਾਂ ਭੇਵ ਚੁਕਾਈਆ । ਕਲਜੁਗ ਕਿਰਿਆ ਕੂੜ ਹੋਵੇ ਨਸਦੀ, ਤਨ ਵਜੂਦਾਂ ਰਹਿਣ ਨਾ ਪਾਈਆ । ਘੜੀ ਸੁਹੰਜਣੀ ਕਰ ਦੇ ਕਲਜੁਗ ਰੈਣ ਅੰਧੇਰੀ ਮਸ ਦੀ, ਨੂਰ ਨੁਰਾਨੇ ਆਪਣਾ ਚੰਦ ਚਮਕਾਈਆ । ਤੇਰੀ ਖੇਲ ਹੋਵੇ ਅਲਖਣਾ ਅਲਖ ਦੀ, ਅਲਖ ਅਗੋਚਰ ਤੇਰੇ ਹੱਥ ਵਡਿਆਈਆ । ਆਪਣੀ ਧਾਰ ਪਗਰਟਾ ਦੇ ਪ੍ਰਤਖ ਦੀ, ਪਾਰਬ੍ਰਹਮ ਪ੍ਰਭ ਆਪਣਾ ਨੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ
੧੪੮੫ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਪੰਜ ਤਤ ਕਹਿਣ ਸਾਡਾ ਪ੍ਰਭ ਮੇਲਾ ਹੋਵੇ ਤੇਰੇ ੧੪੮੫
੨੪ ਚਰਨ, ਪੰਚਮ ਪੰਚਮ ਜੋੜ ਜੁੜਾਈਆ । ਬੋਧ ਅਗਾਧੀ ਬਖ਼ਸ਼ ਦੇ ਸਰਨ, ਸਰਨਗਤ ਇਕ ਦ੍ਰਿੜਾਈਆ । ਤੇਰਾ ਸੋਹਲਾ ਢੋਲਾ ਗੀਤ ਭਗਤ ੨੪
ਸੁਹੇਲੇ ਸਾਰੇ ਪੜ੍ਹਨ, ਰਾਗ ਨਾਦ ਜਣਾਈਆ । ਸੁਰਤੀ ਸ਼ਬਦੀ ਪੱਲੂ ਫੜਨ, ਆਤਮ ਪਰਮਾਤਮ ਮਿਲਕੇ ਵਜੇ ਵਧਾਈਆ । ਬਿਨ ਪੌੜੀ ਡੰਡੇ ਤੇਰੀ ਮੰਜ਼ਲ ਚੜ੍ਹਨ, ਅਗੇ ਹੋ ਨਾ ਕੋਇ ਅਟਕਾਈਆ । ਤੂੰ ਹਾਰਾ ਭੰਨਣ ਘੜਨ, ਸਮਰਥ ਅਕਥ ਤੇਰੀ ਬੇਪਰਵਾਹੀਆ । ਜਨ ਭਗਤਾਂ ਲੇਖਾ ਮੁਕਾ ਦੇ ਚੋਟੀ ਜੜ੍ਹਨ, ਚੇਤਨ ਆਪਣੇ ਰੰਗ ਰੰਗਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਭ ਤੇਰੇ ਪੂਜਨ ਚਰਨ, ਦਰਗਾਹ ਸਾਚੀ ਮਿਲਕੇ ਵਜੇ ਵਧਾਈਆ । ਜਿਥੇ ਮਰਨ ਤੋਂ ਬਾਦ ਫਿਰ ਨਾ ਹੋਵੇ ਮਰਨ, ਮਰ ਜੀਵਤ ਰੂਪ ਬਦਲਾਈਆ । ਤੂੰ ਕਿਰਪਾ ਨਿਧਾਨ ਕਰਨੀ ਕਰਨ, ਕਰਤਾ ਪੁਰਖ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਤੇਰੀ ਇਕੋ ਹੋਵੇ ਸਰਨ, ਸਰਨਗਤ ਇਕ ਜਣਾਈਆ ।

### ✪ ੬ ਚੇਤ ਸ਼ਹਿਨਸ਼ਾਹੀ ਸੰਮਤ ੧੨ ਪਿੰਡ ਕਲਸੀਆਂ ਜ਼ਿਲਾ ਅੰਮ੍ਰਿਤਸਰ ਫੁੱਮਣ ਸਿੰਘ ਦੇ ਗ੍ਰਿਹ ✪

ਪੰਚਮ ਕਹੇ ਮੈਂ ਖ਼ੁਸ਼ੀਆਂ ਮੰਗ ਮੰਗਾਂ, ਮਾਂਗਤ ਹੋ ਕੇ ਝੋਲੀ ਡਾਹੀਆ । ਤੇਰਾ ਆਦਿ ਜੁਗਾਦੀ ਪੁਰਖ ਅਕਾਲੇ ਸਦਾ ਸੰਗਾ, ਭਗਵਨ ਭਗਤਾਂ ਸੰਗ ਬਣਾਈਆ । ਮੈਨੂੰ ਯਾਦ ਆ ਗਿਆ ਪਿਛਲਾ ਸਮਾਂ ਲੰਘਾ, ਬੀਤੀ ਧਾਰ ਧਾਰ ਦ੍ਰਿੜਾਈਆ । ਜੋ ਇਸ਼ਾਰਾ ਦੇ ਕੇ ਗਿਆ ਪ੍ਰੇਮ ਨਾਲ ਸਿੰਘ

ਰੰਗਾ, ਰੰਗਤ ਤੇਰੀ ਵੇਖ ਵਖਾਈਆ । ਜਿਸ ਕਾਰਨ ਤੇਰਾ ਲੇਖ ਲਿਖਾਇਆ ਪੁਰੀ ਅਨੰਦਾ, ਅਨੰਦ ਅਨੰਦ ਅਨੰਦ ਵਿਚੋਂ ਪਰਗਟਾਈਆ । ਮਨੀ ਸਿੰਘ ਨੇ ਮਨ ਤੋਂ ਬਾਹਰ ਗਾਇਆ ਛੰਦਾ, ਧੁਰ ਦੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪੰਚਮ ਕਹੇ ਪ੍ਰਭੂ ਤੇਰਾ ਆਦਿ ਜੁਗਾਦੀ ਸਚ ਇਨਸਾਫ਼, ਸਹਿਜ ਨਾਲ ਜਣਾਈਆ । ਝਟ ਆਸ਼ਾ ਨਿਵ ਕੇ ਕਹੇ ਮੈਨੂੰ ਕਰ ਮੁਆਫ਼, ਹਰਨਾਮ ਸਿੰਘ ਜਣਾਈਆ । ਜੋ ਤਿੰਨ ਵਾਰੀ ਬਚਨ ਕੀਤੇ ਗੁਸਤਾਖ, ਗ਼ੁੱਸਾ ਜਗਤ ਜਗਤ ਜਣਾਈਆ । ਮੇਰੇ ਅੰਤਸ਼ਕਰਨ ਸਭ ਕੁਛ ਰਿਹਾ ਭਾਖ, ਭੇਵ ਰਿਹਾ ਨਾ ਰਾਈਆ । ਉਹ ਲੇਖਾ ਖ਼ਤਮ ਕਰ ਦੇ ਜੋ ਆਖੀ ਮੁਖ ਜ਼ਬਾਨ ਨਾਲ ਤੇਈ ਵਿਸਾਖ, ਜਗਤ ਧਾਰ ਨਾਲ ਦ੍ਰਿੜਾਈਆ । ਬਿਨ ਤੇਰੀ ਕਿਰਪਾ ਮੇਰੀ ਲੇਖੇ ਲੱਗੇ ਨਾ ਰਾਖ, ਜਗਤ ਤਨ ਰੰਗ ਨਾ ਕੋਇ ਚੜ੍ਹਾਈਆ । ਮਿਹਰਵਾਨਾ ਮੈਂ ਆਪਣੀ ਜ਼ਿੰਦਗੀ ਵਿਚ ਨੌ ਵਾਰ ਤੇਰੇ ਤਨ ਦੀ ਪਾਈ ਪੁਸ਼ਾਕ, ਨੌ ਦਰ ਦਾ ਲੇਖਾ ਦੇ ਮੁਕਾਈਆ । ਮੇਰਾ ਲਹਿਣਾ ਦੇਣਾ ਅਗਲਾ ਕਰਨਾ ਸਾਫ਼, ਨਾਤਾ ਭਾਈਆਂ ਵਾਲਾ ਤੁੜਾਈਆ । ਕਿਉਂ ਮੇਰੇ ਸੁਤ ਦੁਲਾਰੇ ਤੂੰ ਮੇਰਾ ਮੈਂ ਤੇਰਾ ਕਰਦੇ ਜਾਪ, ਧੁਰ ਦਾ ਢੋਲਾ ਗਾਈਆ । ਤੂੰ ਨਿਰਗੁਣ ਹੋ ਕੇ ਆਇਆ ਆਪ, ਆਪਣਾ ਫੇਰਾ ਪਾਈਆ । ਮੇਰੀ ਪੁਛ ਲੈ ਵਾਤ, ਵਾਰਸ ਹੋ ਕੇ ਹੋ ਸਹਾਈਆ । ਤ੍ਰੈਗੁਣ ਤਤ ਰਹੇ ਨਾ ਤਾਪ, ਤ੍ਰੈਗੁਣ ਅਤੀਤੇ ਦੇਵੀਂ ਮਾਣ ਵਡਿਆਈਆ । ਦੋਹਾਂ ਦਾ ਇਕੋ ਜਗਤ ਪਿਤਾ ਬਾਪ, ਇਕੋ ਤਨ ਵਜੂਦ ਵਾਲੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਪੰਚਮ ਕਹੇ ਸਤਿਗੁਰ ਕਿਰਪਾ ਕਰ ਗੁਣ ਨਿਧਾਨੇ, ਗੁਣਵੰਤ ਤੇਰੀ ਸਰਨਾਈਆ । ਬੰਸ ਸਰਬੰਸ ਆਪ ਪਛਾਣੇ, ਜਗ ਜੀਵਣ ਦਾਤੇ ਦਇਆ ਕਮਾਈਆ । ਤੇਰੇ ਸਮੇਂ ਕਦੇ ਨਾ ਹੋਏ ਪੁਰਾਣੇ, ਪੁਨਹ ਪੁਨਹ ਸੀਸ ਨਿਵਾਈਆ । ਤੇਰਾ ਪਿਆਰ ਰੂਪ ਬਣੇ ਨਾ ਕਦੇ ਬੇਗਾਨੇ, ਦੂਈ ਨਜ਼ਰ ਕੋਇ ਨਾ ਆਈਆ । ਚਰਨ ਕਵਲ ਸਾਚਾ ਦੇ ਮਾਣੇ, ਸਚਖੰਡ ਵਾਸੀ ਆਪਣੇ ਰੰਗ ਰੰਗਾਈਆ । ਬੇਨੰਤੀ ਕਰ ਪ੍ਰਵਾਨੇ, ਪਰਮ ਪੁਰਖ ਤੇਰੀ ਸਰਨਾਈਆ । ਮੇਰੇ ਲੇਖੇ ਲਾ ਲੈ ਪੀਣੇ ਖਾਣੇ, ਪਾਰਬ੍ਰਹਮ ਪਤਿਪਰਮੇਸ਼ਵਰ ਸਿਰ ਆਪਣਾ ਹੱਥ ਟਿਕਾਈਆ । ਤੁਧ ਬਿਨ ਮੇਰੀ ਗਤ ਕੋਈ ਨਾ ਜਾਣੇ, ਜਾਨਣਹਾਰ ਇਕ ਹੋ ਆਈਆ । ਮੈਂ ਤੇਰੇ ਪਿਆਰ ਦਾ ਬਣਿਆ ਰਿਹਾ ਪਹਿਲਵਾਨੇ, ਕੁਸ਼ਤੀ ਜਗਤ ਵਾਲੀ ਰਖਾਈਆ । ਮੇਰੀ ਮੁਖ ਚੋਂ ਬਚਨ ਨਿਕਲੇ ਨਾਲ ਜ਼ਬਾਨੇ, ਰਸਨਾ ਨਾਲ ਸੁਣਾਈਆ । ਉਹ ਤੀਰ ਵਜਦੇ ਰਹੇ ਕਾਨੇ, ਕਾਏਨਾਤ ਤੋਂ ਬਾਹਰ ਦਿਆਂ ਦ੍ਰਿੜਾਈਆ । ਜੇ ਆ ਗਿਉਂ ਧਰਮ ਦੀ ਧਾਰ ਕਰ ਬਹਾਨੇ, ਆਪਣਾ ਫੇਰਾ ਪਾਈਆ । ਮੇਰਾ ਲਹਿਣਾ ਦੇਣਾ ਪੂਰਬ ਰਹੇ ਨਾ ਵਿਚ ਜਹਾਨੇ, ਜਗਤ ਦਾ ਲੇਖਾ ਰਹੇ ਨਾ ਰਾਈਆ । ਸਦਾ ਮੇਰੇ ਖੜ੍ਹਾ ਰਹੀਂ ਸਰਹਾਣੇ, ਸਿਰ ਤੇਰੇ ਕ਼ਦਮ ਟਿਕਾਈਆ । ਥਿਰ ਘਰ ਬਖ਼ਸ਼ਣਾ ਇਕ ਮਕਾਨੇ, ਮੁਕ਼ਾਮ ਆਪਣਾ ਦੇਣਾ ਵਖਾਈਆ । ਸਚਖੰਡ ਤੇਰਾ ਨੂਰ ਤਕ ਨੁਰਾਨੇ, ਨੂਰ ਜ਼ਹੂਰ ਦੇਣਾ ਪਰਗਟਾਈਆ । ਤੁਧ ਬਿਨ ਅੰਤ ਕੰਤ ਨਾ ਕੋਈ ਪਹਿਚਾਨੇ, ਬੇਪਹਿਚਾਨ ਹੋਈ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਕਹੇ ਪੰਚਮ ਲੇਖੇ ਲਗਾ ਸਿੰਘ ਹਰਨਾਮ, ਹਰਿ ਹਰਿ ਆਪਣੇ ਵਿਚ ਮਿਲਾਈਆ । ਲੇਖਾ ਰਿਹਾ ਨਾ ਤਨ ਵਜੂਦ ਮਾਟੀ ਚਾਮ, ਚੰਮ ਦ੍ਰਿਸ਼ਟੀ ਦਿਤੀ ਬਦਲਾਈਆ । ਜਿਸ ਦਾ ਲਹਿਣਾ ਦੇਣਾ ਛੁੱਟਿਆ ਵਿਚੋਂ ਪਿੰਡ ਘਵਿੰਡ ਗ੍ਰਾਮ, ਸਾਚੇ ਮੰਦਰ ਅੰਦਰ ਮਿਲੇ ਸਰਨਾਈਆ । ਪੂਰਬ


੧੪੮੬ ੨੪

ਲਹਿਣਾ ਝੋਲੀ ਪਾਇਆ ਤਮਾਮ, ਤਮਅ ਲਾਲਚ ਨਾ ਕੋਇ ਰਖਾਈਆ । ਕਿਰਪਾ ਕਰੇ ਆਪ ਅਮਾਮ, ਮਿਹਰਵਾਨ ਧੁਰਦਰਗਾਹੀਆ । ਜਿਸ ਨਾਮ ਨਿਧਾਨ ਪਿਆਉਣਾ ਜਾਮ, ਬਿਨ ਰਸਨਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦੀ ਪੱਲੂ ਫੜਾਵਣਹਾਰਾ ਦਾਮ, ਦਾਮਨਗੀਰ ਬੇਨਜ਼ੀਰ ਇਕ ਹੋ ਆਈਆ ।

## ✪ ੬ ਚੇਤ ਸ਼ਹਿਨਸ਼ਾਹੀ ਸੰਮਤ ੧੨ ਪਿੰਡ ਸਿਧਵਾਂ ਜ਼ਿਲਾ ਅੰਮ੍ਰਿਤਸਰ ਮਨੀ ਰਾਮ ਦੇ ਗ੍ਰਿਹਿ ✪

ਗੁਡੀਆ ਕਹੇ ਮੇਰੇ ਜਗਤ ਨੇਤਰ ਬੰਦ, ਅੱਖੀਆਂ ਵਾਲਿਉ ਦਿਆਂ ਜਣਾਈਆ । ਮੇਰੇ ਅੰਤਰ ਉਸ ਸਾਹਿਬ ਦਾ ਅਨੰਦ, ਜੋ ਅਨੰਦ ਦਾ ਮਾਲਕ ਇਕ ਅਖਵਾਈਆ । ਜਿਸ ਦਾ ਢੋਲਾ ਗਾਵਾਂ ਬਿਨ੍ਹਾਂ ਬੁੱਲਾਂ ਦੰਦ, ਰਸਨਾ ਜਗਤ ਨਾ ਕੋਇ ਹਿਲਾਈਆ । ਬਿਨਾ ਸੂਰੀਆ ਚੰਦ ਤੋਂ ਚਾੜ੍ਹ ਆਪਣਾ ਚੰਦ, ਨੂਰ ਨੁਰਾਨਾ ਡਗਮਗਾਈਆ । ਜਿਸ ਲੇਖੇ ਲਾਉਣਾ ਮੇਰਾ ਤਨ ਸਰੀਰ ਬੰਦ ਬੰਦ, ਬੰਦਗੀ ਆਪਣੀ ਵਿਚ ਰਖਾਈਆ । ਮੈਂ ਜਗਤ ਕਲਾ ਦੀ ਧਾਰ ਵਿਚ ਪਾਬੰਦ, ਆਪਣੀ ਆਸਾ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਬੇਪਰਵਾਹੀਆ । ਗੁਡੀਆ ਕਹੇ ਮੈਂ ਚਾਰੋਂ ਕੁੰਟ ਦੇਖਿਆ ਨਾਲ ਗ਼ੌਰ, ਬਿਨ ਅੱਖਾਂ ਅੱਖ ਉਠਾਈਆ । ਮੇਰਾ ਕਰਮ ਗਿਆ ਸੌਰ, ਬਿਨ ਜਨਮ ਤੋਂ ਜਨਮ ਮਿਲੀ ਵਡਿਆਈਆ । ਮੇਰਾ ਲੇਖਾ ਹੋ ਗਿਆ ਹੋਰ ਦਾ ਹੋਰ, ਅਵਰ ਦੀ ਅਵਰ ਕਾਰ ਭੁਗਤਾਈਆ । ਭੇਵ ਚੁਕਾ ਕੇ ਤੋਰ ਮੋਰ, ਮੂਰਤੀ ਦਾ ਲਹਿਣਾ ਦੇਣਾ ਮੁਕਾਈਆ । ਮੈਂ ਕੂਕ ਪੁਕਾਰਾਂ ਪਾਵਾਂ ਸ਼ੋਰ, ਸਹਿਜ ਸਹਿਜ ਨਾਲ ਸੁਣਾਈਆ । ਜਨ ਭਗਤਾਂ ਸਭ ਦੀ ਪ੍ਰਭ ਦੇ ਹੱਥ ਵਿਚ ਡੋਰ, ਜੋ ਮੁਰੀਦੋ ਮੁਰਸ਼ਦ ਆਪਣੇ ਰੰਗ ਰੰਗਾਈਆ । ਜਿਧਰ ਚਾਹੇ ਚਾਰੋਂ ਕੁੰਟ ਵਿਚੋਂ ਓਧਰ ਦੇਵੇ ਤੋਰ, ਤੁਰਤ ਆਪਣਾ ਹੁਕਮ ਸੁਣਾਈਆ । ਮੈਨੂੰ ਦੀਨ ਦੁਨੀ ਦਾ ਦਿਸਿਆ ਅੰਧੇਰਾ ਘੋਰ, ਚਾਰੋਂ ਕੁੰਟ ਚੰਦ ਨਾ ਕੋਇ ਚਮਕਾਈਆ । ਦੀਨ ਮਜ਼੍ਹਬਾਂ ਤਕਿਆ ਖੋਰ, ਪੰਜ ਤਤ ਦੇ ਪੁਤਲੇ ਜਗਤ ਕਰਨ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਵਖਾਈਆ । ਗੁਡੀਆ ਕਹੇ ਜਨ ਭਗਤੋ ਮੈਂ ਆਪਣਾ ਸੀਨਾ ਖੋਲ੍ਹ ਵਖਾਇਆ ਛਾਤੀ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਿਥੇ ਵਸੇ ਸਭ ਦਾ ਮਾਲਕ ਕਮਲਾਪਾਤੀ, ਪਤਿਪਰਮੇਸ਼ਵਰ ਡੇਰਾ ਲਾਈਆ । ਬੇਸ਼ਕ ਤੁਹਾਡੀ ਸਵਾਸਾਂ ਵਾਲੀ ਹਯਾਤੀ, ਤਨ ਵਜੂਦਾਂ ਸੋਭਾ ਪਾਈਆ । ਮੈਂ ਲਕੜੀ ਧਾਰ ਮੇਰਾ ਲੇਖਾ ਨਾਲ ਮੈਟੀਰੀਅਲ ਧਾਤੀ, ਧਵਲ ਦੇ ਉਤੇ ਰੰਗ ਰੰਗਾਈਆ । ਪਰਮਾਤਮ ਮੇਰਾ ਆਪਣੇ ਚਰਨਾ ਜੋੜੇ ਨਾਤੀ, ਰਿਸ਼ਤਾ ਆਪਣੇ ਸੰਗ ਵਖਾਈਆ । ਮੈਂ ਬਿਨਾ ਜ਼ਬਾਨ ਤੋਂ ਕਰਾਂ ਬਾਤੀ, ਬਾਤਨ ਰਹੀ ਜਣਾਈਆ । ਧੰਨਭਾਗ ਮੇਰੀ ਪ੍ਰਭ ਪੁਛੀ ਵਾਤੀ, ਵਾਰਸ ਹੋ ਕੇ ਵੇਖ ਵਖਾਈਆ । ਜਿਸ ਦਾ ਖੇਲ ਬਹੁ ਬਿਧ ਭਾਂਤੀ, ਭੇਵ ਸਮਝੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਗੁਡੀਆ ਕਹੇ ਭਗਤੋ ਮੈਂ ਇਕ ਇਕ ਪੈਰ ਪੁੱਟਦੀ, ਸਹਿਜ ਸਹਿਜ ਨਾਲ ਜਣਾਈਆ । ਤਤਾਂ ਵਾਲਿਓ ਇਹ ਘੜੀ ਸੁਹੰਜਣੀ ਲੁਟ ਦੀ, ਲੁਟੇਰਿਓ ਨਾਮ ਲੁਟਣਾ ਚਾਈਂ ਚਾਈਆ । ਪ੍ਰਭ ਦਰਸ਼ਨ ਨਾਲ ਜੀਵ ਜੰਤ ਧਾਰ ਕਦੇ ਨਾ ਨਿਖੁਟਦੀ, ਖੋਟਿਆਂ

ਖਰੇ ਦਏ ਬਣਾਈਆ । ਜਿਸ ਕ਼ੀਮਤ ਪਾ ਲਈ ਮੇਰੇ ਬੁਤ ਦੀ, ਬਿਨ ਤਨ ਸਰੀਰ ਦਿਤੀ ਵਡਿਆਈਆ । ਤੁਹਾਨੂੰ ਬਖ਼ਸ਼ਿਸ਼ ਦਿਤੀ ਸਚ ਸੁਤ ਦੀ, ਸੁਤਿਉ ਲਉ ਅੰਗੜਾਈਆ । ਅਜ ਘੜੀ ਸੁਹੰਜਣੀ ਭਗਤ ਭਗਵਾਨ ਦੀ ਰੁਤਿ ਦੀ, ਰੁਤੜੀ ਆਪਣੇ ਰੰਗ ਵਖਾਈਆ । ਮੈਂ ਵਣਜਾਰਨ ਹੋ ਗਈ ਅਬਿਨਾਸ਼ੀ ਅਚੁਤ ਦੀ, ਚੇਤਨ ਹੋ ਕੇ ਰਹੀ ਸੁਣਾਈਆ । ਜਿਸ ਵੇਲੇ ਮੈਂ ਆਵਾਜ਼ ਸੁਣੀ ਤੂੰ ਮੇਰਾ ਮੈਂ ਤੇਰਾ ਤੁਕ ਦੀ, ਮੇਰਾ ਅੰਤਰ ਨਿਰੰਤਰ ਤੁਖ਼ਮ ਤਾਅਸੀਰ ਗਿਆ ਬਦਲਾਈਆ । ਮੈਂ ਬਿਨਾ ਸੀਸ ਤੋਂ ਉਸ ਜਗਦੀਸ ਨੂੰ ਝੁਕਦੀ, ਜੋ ਸਭ ਦਾ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਧਾਰ ਆਪ ਸਮਝਾਈਆ । ਗੁਡੀਆ ਕਹੇ ਜਨ ਭਗਤੋ ਤਤ ਸਰੀਰ ਆਪਣਾ ਤਕੋ, ਪ੍ਰਭ ਸੋਹਣੀ ਬਣਤ ਬਣਾਈਆ । ਲੋਕਮਾਤ ਪਛਾਣੋ ਹਕੋ, ਹਕ਼ੀਕਤ ਹਕ਼ੀਕਤ ਖੋਜ ਖੁਜਾਈਆ । ਆਪਣਾ ਪਰਦਾ ਪ੍ਰਭ ਚਰਨ ਪ੍ਰੀਤੀ ਨਾਲ ਢੱਕੋ, ਓਢਣ ਇਕੋ ਸੀਸ ਰਖਾਈਆ । ਸਚ ਸਰਨਾਈ ਬੇਪਰਵਾਹ ਪ੍ਰਭ ਦੀ ਢੱਠੋ, ਬਿਨ ਕ਼ਦਮਾਂ ਕ਼ਦਮ ਉਠਾਈਆ । ਸਰਨਗਤ ਸਰਨਾਈ ਇਕੋ ਢੱਠੋ, ਦੂਸਰ ਓਟ ਨਾ ਕੋਇ ਤਕਾਈਆ । ਝਗੜਾ ਚੁੱਕ ਜਾਏ ਮੰਦਰ ਮਸਜਿਦ ਸ਼ਿਵਦੁਵਾਲੇ ਮਠੋ, ਗੁਰੁਦੁਆਰ ਚਰਚਾਂ ਵੰਡ ਨਾ ਕੋਇ ਵੰਡਾਈਆ । ਜੋ ਤੁਹਾਡੇ ਲੇਖੇ ਲਾਵੇ ਤਤ ਅੱਠੋ, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਮਨ ਮਤਿ ਬੁਧਿ ਆਪਣਾ ਸੰਗ ਬਣਾਈਆ । ਜਿਸ ਦਾ ਨੂਰ ਜ਼ਹੂਰ ਪਰਕਾਸ਼ ਲਟ ਲਟੋ, ਨੂਰ ਨੁਰਾਨਾ ਡਗਮਗਾਈਆ । ਉਹ ਵਸਣਹਾਰਾ ਘਟ ਘਟੋ, ਘਟ ਭੀਤਰ ਸਭ ਦੇ ਬੈਠਾ ਆਸਣ ਲਾਈਆ । ਭਾਗ ਲਗਾਏ ਕਾਇਆ ਮੱਟੋ, ਮਟਕੀ
੧੪੮੮ ਸਾਢੇ ਤਿੰਨ ਹੱਥ ਵੇਖ ਵਖਾਈਆ । ਉਹ ਸਭ ਦਾ ਮਾਲਕ ਖ਼ਾਲਕ ਛੀਂਬੇ ਝੀਵਰ ਨਾਈ ਬ੍ਰਾਹਮਣ ਜੱਟੋ, ਜਟਾ ਜੂਟ ਦਾ ਲੇਖਾ ਰਹਿਣ ਕੋਇ ਨਾ ੧੪੮੮
੨੪ ਪਾਈਆ । ਉਸ ਦੀ ਸਰਨ ਸਰਨਾਈ ਇਕੋ ਢੱਠੋ, ਜੋ ਢੱਠਿਆਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ੨੪
ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਰਬ ਕਲਾ ਸਮਰਥੋ, ਸਮਰਥ ਅਕਥ ਬੇਪਰਵਾਹ ਅਗੰਮ ਅਥਾਹ ਇਕ ਅਖਵਾਈਆ ।

## ✪ ੧੧ ਚੇਤ ਸ਼ਹਿਨਸ਼ਾਹੀ ਸੰਮਤ ੧੨ ਹਰਿ ਭਗਤ ਦੁਆਰ ਜੇਠੂਵਾਲ ਰਾਤ ਦੇ ਸਮੇਂ ਜ਼ਿਲਾ ਅੰਮ੍ਰਿਤਸਰ (ਕੋਠੀ ਉਤੇ ਵਿਸਰਾਮ ਧਾਮ ਤੇ) ✪

ਗਿਆਰਾਂ ਚੇਤ ਕਹੇ ਮੈਨੂੰ ਯਾਦ ਬਿਕਰਮੀ ਉਨੀਂ ਸੌ ਅਠਤਾਲੀ, ਪੂਰਬ ਲੇਖਾ ਦਿਆਂ ਸੁਣਾਈਆ । ਕੋਈ ਆਯੂ ਨਹੀਂ ਬੀਤੀ ਬਾਹਲੀ, ਬਹੁਤੀ ਵੰਡ ਨਾ ਕੋਇ ਵੰਡਾਈਆ । ਮਨੀ ਸਿੰਘ ਪ੍ਰਭ ਦੇ ਅਗੇ ਬਣਿਆ ਸੁਆਲੀ, ਬੇਨੰਤੀ ਵਿਚ ਸੀਸ ਨਿਵਾਈਆ । ਤੇਰੀ ਭਗਤੀ ਕੀਤੀ ਬਾਹਲੀ, ਦਿਵਸ ਰੈਣ ਬਿਨ ਰਸਨਾ ਢੋਲੇ ਗਾਈਆ । ਆਪਣਾ ਦਰਸ ਦਿਖਾ ਦੇ ਜੋਤ ਅਕਾਲੀ, ਪਰਦਾ ਆਪ ਉਠਾਈਆ । ਤੇਰਾ ਘਰ ਵੇਖਾਂ ਸਚੀ ਧਰਮਸਾਲੀ, ਧਰਮ ਦੁਆਰਾ ਦੇਣਾ ਜਣਾਈਆ । ਫਲ ਲਗਾਉਣਾ ਮੇਰੀ ਡਾਲੀ, ਪੱਤ ਟਹਿਣੀ ਦੇਣੀ ਮਹਿਕਾਈਆ । ਮੇਰਾ ਗ੍ਰਿਹਿ ਰਹੇ ਨਾ ਖ਼ਾਲੀ, ਭਰਪੂਰ ਦੇਣਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਗਿਆਰਾਂ

ਚੇਤ ਕਹੇ ਮਨੀ ਸਿੰਘ ਵੈਰਾਗ ਵਿਚ ਵਹਾਈਆਂ ਅੰਝੀ, ਹੰਝੂਆਂ ਹਾਰ ਬਣਾਈਆ । ਆਪਣਾ ਛਡ ਕੇ ਬਿਸਤਰਾ ਮੰਜੀ, ਮਿੱਟੀ ਖ਼ਾਕ ਉਤੇ ਰੁਲ ਰੁਲ ਕੇ ਮਾਰੀਆਂ ਧਾਹੀਆ । ਮੈਨੂੰ ਪਿਆਰ ਨਹੀਂ ਪ੍ਰਕਿਰਤੀ ਪੰਝੀ, ਪੰਜ ਤਤ ਨਾ ਕੋਇ ਵਡਿਆਈਆ । ਇਕੋ ਪ੍ਰੀਤੀ ਤੇਰੀ ਲਗਦੀ ਚੰਗੀ, ਭਾਵੇਂ ਮਿੱਟੀ ਖ਼ਾਕ ਵਿਚ ਰੁਲਾਈਆ । ਨਿਗਹਬਾਨ ਹੋ ਕੇ ਲਾਉਣਾ ਅੰਗੀ, ਅੰਗੀਕਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਮਨੀ ਸਿੰਘ ਲੇਟ ਕੇ ਉਤੇ ਮਿੱਟੀ ਖ਼ਾਕ, ਆਸਣ ਸੋਹਣਾ ਲਿਆ ਬਣਾਈਆ । ਬਿਨਾ ਅੱਖਾਂ ਤੋਂ ਰਿਹਾ ਝਾਕ, ਬਿਨ ਨੈਣਾਂ ਨੈਣ ਤਕਾਈਆ । ਆਪਣੇ ਘਰ ਦਾ ਖੋਲ੍ਹ ਕੇ ਤਾਕ, ਪਰਦਾ ਦੇ ਉਠਾਈਆ । ਝਟ ਸਤਿਗੁਰ ਸ਼ਬਦ ਦਾ ਹੋਇਆ ਵਾਕ, ਵਾਕਫ਼ਕਾਰ ਦਿਤਾ ਕਰਾਈਆ । ਨਾਲ ਟਾਇਮ ਦੱਸਿਆ ਈਸਾ ਵਾਲੇ ਕਲਾਕ, ਕਲਾਧਾਰੀ ਤਕ ਧੁਰ ਦਾ ਮਾਹੀਆ । ਜਿਸ ਦੇ ਚਰਨਾਂ ਛੁਹਾਉਣਾ ਆਪਣਾ ਨਾਕ, ਧੂੜੀ ਖ਼ਾਕ ਖ਼ਾਕ ਰਮਾਈਆ । ਓਹ ਲਹਿਣਾ ਦੇਣਾ ਪੂਰਾ ਕਰੇ ਪਿਛਲਾ ਵਾਕ, ਲੇਖਾ ਅਗਲਾ ਪੂਰ ਕਰਾਈਆ । ਅਸਵ ਅਗੰਮੇ ਚੜ੍ਹੇ ਰਾਕ, ਪਵਣ ਪਵਣਾਂ ਵੇਖ ਵਖਾਈਆ । ਬਿਨਾ ਪਾਖਰ ਜ਼ੀਨ ਤੋਂ ਮਾਰੇ ਪਲਾਕ, ਪਲਕਾਂ ਵਿਚ ਦੋ ਜਹਾਨਾਂ ਫਿਰੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਂਆ । ਗਿਆਰਾਂ ਚੇਤ ਥਿਤ ਮਨੀ ਸਿੰਘ ਨੇਤਰਾਂ ਵਹਾਇਆ ਨੀਰ, ਵਿਛੋੜੇ ਵਿਚ ਕੁਰਲਾਈਆ । ਨੱਕ ਨਾਲ ਕੱਢੀ ਲਕੀਰ, ਲਾਇਨ ਦਿਤੀ ਬਦਲਾਈਆ । ਆਪਣੇ ਬਸਤਰ ਪਾੜ ਕੇ ਚੀਰ, ਮਿੱਟੀ ਤਨ ਉਤੇ ਰਮਾਈਆ । ਮੈਨੂੰ ਜ਼ਿਬਹਾ ਕਰ ਲੈ ਬਿਨਾ ਸ਼ਮਸੀਰ, ਤਨ ਵਜੂਦ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਗਿਆਰਾਂ ਚੇਤ ਕਹੇ ਸ਼ਬਦ ਸੰਦੇਸ਼ਾ ਆਇਆ ਪੰਜ ਪੰਜ ਦੀ ਧਾਰ, ਅੰਕ ਪਚਵੰਜਾ ਦਿਤਾ ਬਣਾਈਆ । ਪੰਜਾਂ ਤਤਾਂ ਅੰਦਰ ਪੰਜਾਂ ਸ਼ਬਦਾਂ ਕੀਤੀ ਧੁਨਕਾਰ, ਸ਼ਬਦ ਸ਼ਬਦ ਸ਼ਬਦ ਵਿਚੋਂ ਸੁਣਾਈਆ । ਮਨੀ ਸਿਹਾਂ ਉਠ ਵੇਖ ਲੈ ਧੁਰ ਦਾ ਯਾਰ, ਯਰਾਨਾ ਤੇਰੇ ਨਾਲ ਜਣਾਈਆ । ਜਿਸ ਆਉਣਾ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਜਿਸ ਦੀ ਸੇਵ ਕਮਾਈਆ । ਜਿਸ ਨੂੰ ਝੁਕਦੇ ਪੈਗ਼ੰਬਰ ਗੁਰ ਅਵਤਾਰ, ਜੁਗ ਚੌਕੜੀ ਸੀਸ ਨਿਵਾਈਆ । ਜੋ ਸਭ ਨੂੰ ਕਰੇ ਖ਼ਬਰਦਾਰ, ਬੇਖ਼ਰਾਂ ਖ਼ਬਰ ਸੁਣਾਈਆ । ਆਉਣ ਦਾ ਪੰਚਮ ਜੇਠ ਹੋਣਾ ਉਜਿਆਰ, ਪੁਰੀ ਘਨਕ ਵਜੇ ਵਧਾਈਆ । ਬਿਨਾ ਤੇਲ ਬਾਤੀ ਦੀਪਕ ਹੋਏ ਜ਼ਾਹਰ, ਜ਼ਾਹਰ ਜ਼ਹੂਰ ਕਰੇ ਸ਼ਨਵਾਈਆ । ਪਚਵੰਜਾ ਦਿਨ ਕਰਨੀ ਇੰਤਜ਼ਾਰ, ਇਹ ਲੇਖਾ ਬੇਪਰਵਾਹੀਆ । ਗਿਆਰਾਂ ਚੇਤ ਕਹੇ ਮੈਂ ਖ਼ੁਸ਼ੀਆਂ ਵਿਚ ਬਣ ਗਿਆ ਨਚਾਰ, ਨੱਚਿਆ ਟੱਪਿਆ ਵਾਹੋ ਦਾਹੀਆ । ਅੰਤਰ ਅੰਤਰ ਕੀਤੀ ਵਿਚਾਰ, ਬਿਨਾ ਵਿਚਰਿਆਂ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਗਿਆਰਾਂ ਚੇਤ ਕਹੇ ਝਟ ਮਨੀ ਸਿੰਘ ਨੇ ਆਪਣੇ ਉਤੇ ਹੋਰ ਲਾ ਲਈ ਮਿੱਟੀ, ਤਨ ਵਜੂਦ ਖ਼ਾਕ ਰੰਗ ਰੰਗਾਈਆ । ਜਾਂ ਨੇਤਰ ਮੀਟੇ ਹਾਹੇ ਉਤੇ ਦਿਸੀ ਟਿੱਪੀ, ਬਿਨ ਅੱਖਾਂ ਨਜ਼ਰੀ ਆਈਆ । ਜਿਸ ਦੀ ਧਾਰ ਅਗੰਮੀ ਚਿੱਟੀ, ਜਗਤ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦਰ ਆਪ ਸੁਹਾਈਆ । ਗਿਆਰਾਂ ਚੇਤ ਕਹੇ ਮੈਨੂੰ ਪੰਚਮ ਜੇਠ ਆਉਣ ਲੱਗਾ ਯਾਦ, ਮਨੀ ਸਿੰਘ ਅੰਦਰੇ ਅੰਦਰ ਧਿਆਨ ਲਗਾਈਆ । ਝੁਕ

ਕੇ ਕੀਤਾ ਆਦਾਬ, ਸੀਸ ਜਗਦੀਸ ਨਿਵਾਈਆ । ਝਟ ਅਗੇ ਰੂਪ ਦਿਸ ਪਿਆ ਸਿੰਘ ਮਹਿਤਾਬ, ਜੋ ਬਿਨਾ ਮਹਿਤਾਬੀਆਂ ਕਰੇ ਰੁਸ਼ਨਾਈਆ । ਜਿਨ੍ਹ ਪੰਜਾ ਲਾਇਆ ਉਹ ਮਾਲਕ ਆਵੇ ਪੰਜਾਂ ਦਾ ਵਿਚ ਪੰਜਾਬ, ਪੰਜ ਪੰਜ ਨਾਲ ਮਿਲਾਈਆ । ਜਿਸ ਦੇ ਪਿਆਰ ਵਿਚ ਨਾਨਕ ਵਜਾਈ ਰਬਾਬ, ਤੰਦ ਸਿਤਾਰ ਹਿਲਾਈਆ । ਉਹਦਾ ਸਭ ਤੋਂ ਵਖਰਾ ਖ਼ਤਾਬ, ਖ਼ਤਾ ਵਿਚ ਕਦੇ ਨਾ ਆਈਆ । ਜਿਸ ਭਗਤਾਂ ਕਰਨੀ ਇਮਦਾਦ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਗਿਆਰਾਂ ਚੇਤ ਕਹੇ ਮੈਨੂੰ ਪੰਜ ਜੇਠ ਨੇ ਦੋਬਾਰਾ ਦਿਤਾ ਆਖ, ਆਉਣ ਤੋਂ ਪਹਿਲਾਂ ਦਿਤਾ ਸੁਣਾਈਆ । ਮੈਨੂੰ ਕਰਨਾਂ ਮੁਆਫ਼, ਗ਼ੁੱਸਾ ਗਿਲਾ ਨਾ ਕੋਇ ਜਣਾਈਆ । ਅਜੇ ਵਿਚੋਂ ਲੰਘਣਾ ਮਹੀਨਾ ਵਿਸਾਖ, ਫਿਰ ਮੈਂ ਆਵਾਂ ਵਾਹੋ ਦਾਹੀਆ । ਮੈਨੂੰ ਖ਼ੁਸ਼ੀਆਂ ਵਿਚ ਆਉਂਦਾ ਹਾਸ, ਪ੍ਰੇਮ ਦੇ ਢੋਲੇ ਗਾਈਆ । ਪੰਚਮ ਜੇਠ ਕਹੇ ਚੇਤ ਜੀ ਮੇਰਾ ਜੀਅ ਕਰਦਾ ਮੈਂ ਤੇਰਾ ਦੇਵਾਂ ਸਾਥ, ਦੋਹਾਂ ਦਾ ਮੇਲਾ ਇਕੋ ਗ੍ਰਿਹਿ ਮਿਲ ਕੇ ਵਜੇ ਵਧਾਈਆ । ਚੇਤ ਕਿਹਾ, ਪੰਜ ਜੇਠ ਤੁਹਾਡਾ ਮਾਲਕ ਅਨਾਥਾਂ ਦਾ ਨਾਥ, ਪੁਰਖ ਸਮਰਾਥ ਬੇਪਰਵਾਹੀਆ । ਉਹਦੇ ਅਗੇ ਜੋੜੀਏ ਹਾਥ, ਜੋ ਅਗਲੇ ਲਹਿਣੇ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਝਟ ਮਨੀ ਸਿੰਹੁ ਕੀਤਾ ਇਸ਼ਾਰਾ, ਸਹਿਜ ਨਾਲ ਜਣਾਈਆ । ਮੈਂ ਤਕਿਆ ਅਗੰਮ ਨਜ਼ਾਰਾ, ਬਿਨ ਨੇਤਰਾਂ ਵੇਖ ਵਖਾਈਆ । ਜੋਤੀ ਨੂਰ ਦਿਸੇ ਚਮਤਕਾਰਾ, ਬਿਨ ਤਨ ਵਜੂਦ ਰੁਸ਼ਨਾਈਆ । ਉਹ ਆਵੇ ਵਿਚ ਸੰਸਾਰਾ, ਪੰਚਮ ਜੇਠ ਵਾਹੋ ਦਾਹੀਆ । ਫੇਰ ਖੇਲ ਕਰੇ ਅਪਾਰਾ, ਅਪਰੰਪਰ ਆਪਣਾ ਵੇਸ ਵਟਾਈਆ । ਕਲ ਕਲਕੀ ਲਏ ਅਵਤਾਰਾ, ਸ਼ਬਦੀ ਡੰਕ ਵਜਾਈਆ । ਗਿਆਰਾਂ ਚੇਤ ਜਿਸ ਵੇਲੇ ਸ਼ਹਿਨਸ਼ਾਹੀ ਸੰਮਤ ਇਕ ਨਾਲ ਇਕ ਮਿਲ ਕੇ ਆਪਣੀ ਬਦਲ ਲਈ ਬਹਾਰਾ, ਭੇਵ ਆਪਣਾ ਦਏ ਖੁਲ੍ਹਾਈਆ । ਪੰਜ ਜੇਠ ਤੇਰਾ ਚੇਤ ਨਾਲ ਪੂਰਾ ਹੋਵੇ ਕੌਲ ਇਕਰਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਏਸੇ ਕਾਰਨ ਪੰਜ ਚੇਤ ਪੰਜ ਚੇਤ ਦੀ ਧਾਰ ਪੰਜ ਜੇਠ ਬਣਾਇਆ ਲਿਖਾਰਾ, ਲਿਖਾਰੀਆਂ ਕ਼ਲਮ ਸ਼ਾਹੀ ਰੰਗ ਚੜ੍ਹਾਈਆ । ਇਨ੍ਹਾਂ ਦੋਹਾਂ ਦੇ ਮਿਲਣ ਨਾਲ ਜਗਤ ਦੀ ਰੀਤੀ ਵਿਚ ਬਦਲ ਜਾਣੀ ਸਭ ਦੀ ਧਾਰਾ, ਧਰਨੀ ਧਰਤ ਧਵਲ ਧੌਲ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਗਿਆਰਾਂ ਚੇਤ ਕਹੇ ਮੇਰੀ ਉਨੀ ਸੌ ਅਠਤਾਲੀ ਵਾਲੀ ਰਾਤ, ਮਨੀ ਸਿੰਘ ਖ਼ੁਸ਼ੀਆਂ ਨਾਲ ਬਿਤਾਈਆ । ਇਕ ਹਸ ਕੇ ਕੀਤੀ ਬਾਤ, ਪਰਦਾ ਪਰਦਿਆਂ ਵਿਚੋਂ ਖੁਲ੍ਹਾਈਆ । ਜਿਸ ਵੇਲੇ ਕਲਜੁਗ ਅੰਤ ਖੇਲ ਕਰੇ ਆਪ, ਆਪਣਾ ਰੰਗ ਰੰਗਾਈਆ । ਬਣ ਕੇ ਧੁਰ ਦਾ ਬਾਪ, ਪਿਤਾ ਪੁਰਖ ਅਕਾਲ ਆਪਣੀ ਗੋਦ ਉਠਾਈਆ । ਮੇਰੀ ਆਸਾ ਮਨਸਾ ਪੂਰੀ ਕਰੇ ਲੋਕਮਾਤ, ਮਤਾ ਅਵਰ ਨਾ ਕੋਇ ਜਣਾਈਆ । ਮੇਰਾ ਪੂਰਬ ਲੇਖਾ ਵੇਖੇ ਖਾਤ, ਬਿਨ ਅੱਖਰਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸੰਗ ਆਪ ਬਣਾਈਆ । ਮਨੀ ਸਿੰਘ ਕਿਹਾ ਜਿਸ ਵੇਲੇ ਸ਼ਹਿਨਸ਼ਾਹੀ ਸੰਮਤ ਗਿਆਰਾਂ ਜਾਵੇ ਆ, ਆਪਣਾ ਪੰਧ ਮੁਕਾਏ ਵਾਹੋ ਦਾਹੀਆ । ਸ਼ਹਿਨਸ਼ਾਹੀ ਸੰਮਤ ਬਾਰਾਂ ਨੂੰ ਚੜ੍ਹੇ ਚਾ, ਜਿਸ ਦਾ ਪ੍ਰਵਿਸ਼ਟਾ ਆਪਣੀ ਦਏ ਗਵਾਹੀਆ । ਸਭ ਦਾ ਲਹਿਣਾ ਦੇਣਾ ਦਏ ਚੁਕਾ, ਲੇਖਾ ਰਹੇ ਨਾ ਰਾਈਆ । ਨੌ ਵਾਰ ਇਸ਼ਾਰਾ ਕੀਤਾ ਸ਼ਹਿਨਸ਼ਾਹੀ ਸੰਮਤ ਗਿਆਰਾਂ ਖੇਲੇ ਖੇਲ ਬੇਪਰਵਾਹ, ਬੇਪਰਵਾਹੀ ਵਿਚ



੧੪੯੦ ੨੪

ਸਮਾਈਆ । ਸ਼ਹਿਨਸ਼ਾਹੀ ਸੰਮਤ ਬਾਰਾਂ ਵਿਚ ਪੰਜ ਚੇਤ ਪੰਜ ਜੇਠ ਦਾ ਲੇਖਾ ਇਕੋ ਰੰਗ ਦਿਤਾ ਰੰਗਾ, ਗਿਆਰਾਂ ਦੀ ਧਾਰ ਨਾਲ ਪਰਨਾਈਆ । ਮਨੀ ਸਿੰਘ ਦਾ ਲਹਿਣਾ ਦੇਣਾ ਦਿਤਾ ਚੁਕਾ, ਪੂਰਬ ਰਿਹਾ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਅਖਵਾਈਆ । ਸ਼ਹਿਨਸ਼ਾਹੀ ਸੰਮਤ ਬਾਰਾਂ ਕਹੇ ਮੇਰਾ ਪਰਵਿਸ਼ਟਾ ਚੇਤ ਦਾ ਗਿਆ ਆ ਗਿਆਰਾਂ, ਇਕ ਇਕ ਸੰਗ ਲੈਣਾ ਬਣਾਈਆ । ਮੈਂ ਪ੍ਰੇਮ ਨਾਲ ਦਿਆਂ ਇਸ਼ਾਰਾ, ਸਹਿਜ ਸਹਿਜ ਸੁਣਾਈਆ । ਲਿਖਾਰੀਉ ਹੋਣਾ ਹੁਸ਼ਿਆਰਾ, ਮਨੀ ਸਿੰਘ ਲਿਖਾਰੀ ਤੁਹਾਨੂੰ ਰਿਹਾ ਸਮਝਾਈਆ । ਇਕੱਠੇ ਉਠੋ ਸਿੰਘਾਸਣ ਤੇ ਚੜ੍ਹ ਜਾਓ ਸ਼ਬਦ ਦਾ ਬੋਲੇ ਜੈਕਾਰਾ, ਖ਼ੁਸ਼ੀਆਂ ਢੋਲੇ ਗਾਈਆ । ਆਪਣੇ ਚਰਨਾਂ ਦੀ ਧੂੜ ਸਤਿਗੁਰ ਨੂੰ ਬਖ਼ਸ਼ੋ ਛਾਰਾ, ਜੋ ਟਿੱਕੇ ਲਾ ਕੇ ਖ਼ੁਸ਼ੀ ਬਣਾਈਆ । ਉਹ ਤੁਹਾਡਾ ਬਣੇ ਭਿਖਾਰਾ, ਭਿਖਿਆ ਮੰਗੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਂਆ । ਲਿਖਾਰੀਓ, ਆਪਣੇ ਚਰਨਾਂ ਦੀ ਦਿਉ ਧੂੜੀ, ਟਿੱਕੇ ਮਸਤਕ ਖ਼ਾਕ ਰਮਾਈਆ । ਜਨ ਭਗਤੋ ਰੰਗਤ ਚਾੜ੍ਹੋ ਗੂੜ੍ਹੀ, ਉਤਰ ਕਦੇ ਨਾ ਜਾਈਆ । ਮਨੀ ਸਿੰਘ ਦੀ ਲਿਖਤ ਹੋਵੇ ਨਾ ਕੂੜੀ, ਸਤਿ ਸਚ ਦੇਣੀ ਬਣਾਈਆ । ਗਿਆਰਾਂ ਚੇਤ ਨੂੰ ਜੇਹੜੀ ਥੱਲੇ ਵਿਛਾਈ ਫੂਹੜੀ, ਪੰਜ ਜੇਠ ਨੂੰ ਇਹ ਵੀ ਹੇਠੋਂ ਦੇਵੇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗਿਆਰਾਂ ਚੇਤ ਕਹੇ, ਜਨ ਭਗਤੋ ਸਤਿਗੁਰ ਸਤਿਗੁਰ ਸਤਿਗੁਰ ਸ਼ਬਦ ਸਦਾ ਗ਼ਰੀਬ, ਜੁਗ ਜੁਗ ਗ਼ਰੀਬੀ ਵਿਚ ਆਪਣਾ ਝਟ ਲੰਘਾਈਆ । ਜਿਸ ਦਾ ਖੇਲ ਸਦਾ ਅਜੀਬ, ਭੇਵ ਸਕੇ ਕੋਇ ਨਾ ਪਾਈਆ । ਨਿਰਗੁਣ ਸਰਗੁਣ ਦੇਵਣਹਾਰਾ ਤਰਤੀਬ, ਤਰੀਕਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਰ ਦਏ ਵਡਿਆਈਆ । ਮਨੀ ਸਿੰਘ ਕਹੇ ਮੇਰੇ ਅੰਤਰ ਆਇਆ ਵੈਰਾਗ, ਗਿਆਰਾਂ ਚੇਤ ਦਿਆਂ ਜਣਾਈਆ । ਪਰਮ ਪੁਰਖ ਵਡ ਵਡ ਕਰੇ ਭਾਗ, ਭਾਗਹੀਣ ਲਏ ਤਰਾਈਆ । ਜੋਤੀ ਦੀਪ ਜਗਾਏ ਚਰਾਗ਼, ਚਾਰ ਕੁੰਟ ਕਰੇ ਰੁਸ਼ਨਾਈਆ । ਹਰ ਹਿਰਦਿਉਂ ਬੁਝਾਵਣਹਾਰਾ ਆਗ, ਅਗਨੀ ਤਤ ਗਵਾਈਆ । ਫੜ ਫੜ ਹੰਸ ਬਣਾਏ ਕਾਗ, ਮਾਣਕ ਮੋਤੀ ਨਾਮ ਚੋਗ ਚੁਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਰ ਦਏ ਵਡਿਆਈਆ । ਮਨੀ ਸਿੰਘ ਤੇਰਾ ਲੇਖਾ ਹਿਸਾਬ ਕੀਤਾ ਪੂਰਾ, ਪਿਛਲਾ ਰਿਹਾ ਨਾ ਰਾਈਆ । ਅਗੇ ਸਚ ਦੀ ਸਾਚੀ ਬਖ਼ਸ਼ੇ ਤੂਰਾ, ਤੁਰੀਆ ਤੋਂ ਬਾਹਰ ਕਢਾਈਆ । ਜੋਤੀ ਜੋਤ ਦਾ ਦੇ ਕੇ ਨੂਰਾ, ਦੋ ਜਹਾਨ ਪਰਦਾ ਲਾਹੀਆ । ਜਨ ਭਗਤਾਂ ਨਾਮ ਕਰੇ ਮਸ਼ਹੂਰਾ, ਸਿਫ਼ਤ ਸਿਫ਼ਤੀ ਢੋਲੇ ਗਾਈਆ । ਜੋ ਆਸਾ ਰਖੀ ਮੂਸਾ ਉਤੇ ਕੋਹਤੂਰਾ, ਤੁਰਤ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਹਾਜ਼ਰ ਹਜ਼ੂਰਾ, ਹਰ ਘਟ ਅੰਦਰ ਆਪਣਾ ਆਸਣ ਲਾਈਆ ।

✪ ੧੨ ਚੇਤ ਸ਼ਹਿਨਸ਼ਾਹੀ ਸੰਮਤ ੧੨ ਲੁਧਿਆਣਾ ਸ਼ਹਿਰ ਗੁਰਦੇਵ ਸਿੰਘ ਦੇ ਗ੍ਰਹਿ ✪

ਬਾਰਾਂ ਚੇਤ ਕਹੇ ਮੋਹੇ ਚਾਓ ਘਨੇਰਾ, ਖੁਸ਼ੀਆਂ ਢੋਲੇ ਗਾਈਆ । ਘਰ ਠਾਕਰ ਸੁਆਮੀ ਮਿਲੇ ਮੇਰਾ, ਮਿਹਰਵਾਨ ਮਹਿਬੂਬ ਧੁਰਦਰਗਾਹੀਆ । ਜਿਸ ਦਾ ਵਕ਼ਤ ਸੁਹੰਜਣਾ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਇਕੋ ਰੰਗ ਰੰਗਾਏ ਗੁਰੂ ਗੁਰ ਚੇਰਾ, ਚੇਲਾ ਗੁਰ ਆਪਣਾ ਰੂਪ ਦਰਸਾਈਆ । ਕਲਜੁਗ ਕਿਰਿਆ ਕੂੜ ਮੇਟੇ ਅੰਧੇਰਾ, ਅੰਧ ਅਗਿਆਨ ਗਵਾਈਆ । ਮਿਹਰਵਾਨ ਹੋ ਕੇ ਕਰੇ ਮਿਹਰਾ, ਮਹਿਬੂਬ ਨੂਰ ਅਲਾਹੀਆ । ਜਿਸ ਦਾ ਨਵ ਨਵ ਚਾਰ ਪਿਛੋਂ ਹੋਏ ਫੇਰਾ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਹੁਕਮ ਵਰਤਾਈਆ । ਇਕੋ ਰੰਗ ਰੰਗਾਏ ਸੰਝ ਸਵੇਰਾ, ਭਗਤ ਵਛਲ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਅੰਤਰ ਨਿਰੰਤਰ ਨਿਜ ਆਤਮ ਲਾਏ ਡੇਰਾ, ਆਸਣ ਸਿੰਘਾਸਣ ਪੁਰਖ ਅਬਿਨਾਸ਼ਣ ਇਕ ਸੁਹਾਈਆ ।

✪ ੧੨ ਚੇਤ ਸ਼ਹਿਨਸ਼ਾਹੀ ਸੰਮਤ ੧੨ ਲੁਧਿਆਣਾ ਸ਼ਹਿਰ ਜੁਗਿੰਦਰ ਸਿੰਘ ਬੱਗਾ ਦੇ ਗ੍ਰਹਿ ✪

ਬਾਰਾਂ ਚੇਤ ਕਹੇ ਮੇਰਾ ਸੰਦੇਸ਼ਾ ਅਗੰਮੀ ਪਾਤਰ, ਪਤ੍ਰਕਾ ਬਿਨ ਅਖਰੀਂ ਨਜ਼ਰੀ ਆਈਆ । ਪੁਰਖ ਅਕਾਲਾ ਦੀਨ ਦਿਆਲਾ ਧੁਰ ਦਾ ਚਾਤਰ, ਚਾਤਰਕ ਹਰਿਜਨ ਵੇਖੇ ਥਾਉਂ ਥਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਪ੍ਰਭ ਹੋਵੇ ਭਗਤਾਂ ਖ਼ਾਤਰ, ਖ਼ਤਰਾ ਦੀਨ ਦੁਨੀ ਤਜਾਈਆ । ਕਲਜੁਗ ਰੈਣ ਮੇਟੇ ਅੰਧੇਰੀ ਰਾਤਰ, ਰੁਤੜੀ ਆਪਣੇ ਨਾਲ ਮਹਿਕਾਈਆ । ਨਾਮ ਨਿਧਾਨਾ ਦੇ ਕੇ ਵਸਤ ਸਚ ਮਾਤਰ, ਮਨ ਮਤ ਬੁਧਿ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ, ਚੇਤ ਕਹੇ ਮੇਰਾ ਦਿਵਸ ਦਿਹਾੜਾ ਬਾਰਾਂ, ਨਿਰਗੁਣ ਸਰਗੁਣ ਮਿਲ ਕੇ ਵਜੇ ਵਧਾਈਆ । ਇਕ ਦੋ ਦੀ ਅਗੰਮੀ ਧਾਰਾ, ਧਰਨੀ ਧਰਤ ਧਵਲ ਧੌਲ ਸੋਭਾ ਪਾਈਆ । ਕਿਰਪਾ ਕਰੇ ਪੁਰਖ ਅਕਾਲਾ ਪਰਵਰਦਿਗਾਰਾ, ਸਾਂਝਾ ਯਾਰ ਅਗੰਮ ਅਥਾਹੀਆ । ਭਗਤ ਸੁਹੇਲਾ ਬਣ ਕੇ ਮੀਤ ਮੁਰਾਰਾ, ਸਾਜਣ ਹੋ ਕੇ ਵੇਖੇ ਚਾਈਂ ਚਾਈਆ । ਲੋਕਮਾਤ ਸਤਿ ਸਤਿਵਾਦੀ ਹੋ ਕੇ ਪਾਵੇ ਸਾਰਾ, ਬ੍ਰਹਮ ਬ੍ਰਹਿਮਾਦੀ ਪਰਦਾ ਆਪ ਉਠਾਈਆ । ਭਗਤ ਵਛਲ ਬਣ ਗਿਰਵਰ ਗਿਰਧਾਰਾ, ਗਹਿਰ ਗੰਭੀਰ ਬੇਨਜ਼ੀਰ ਧੁਰ ਦਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹੋ ਭੂਪ ਸਚੀ ਸਰਕਾਰਾ, ਪਾਤਸ਼ਾਹ ਸ਼ਹਿਨਸ਼ਾਹ ਅਗੰਮ ਅਗੰਮੜਾ ਇਕ ਅਖਵਾਈਆ ।

✪ ੧੨ ਚੇਤ ਸ਼ਹਿਨਸ਼ਾਹੀ ਸੰਮਤ ੧੨ ਪਿੰਡ ਕਹੇਰੂ ਜਿਲਾ ਸੰਗਰੂਰ ਗੁਰਭੇਜ ਕੌਰ ਦੇ ਗ੍ਰਹਿ ✪

ਸਤਿਗੁਰ ਸ਼ਬਦ ਜਨ ਭਗਤਾਂ ਬਖ਼ਸ਼ ਨਾਮ ਖ਼ੁਮਾਰੀ, ਅੰਤਰ ਨਿਰੰਤਰ ਆਪਣੀ ਦਇਆ ਕਮਾਈਆ । ਆਤਮ ਪਰਮਾਤਮ ਪਰਮਾਤਮ ਆਤਮ

ਬੰਨ੍ਹ ਅਗੰਮੀ ਧਾਰੀ, ਧਰਮ ਦੀ ਧਾਰ ਏਕੰਕਾਰ ਪਰਵਰਦਿਗਾਰ ਆਪ ਦ੍ਰਿੜਾਈਆ । ਭਾਗ ਲਗਾ ਮਹਲ ਅਟਲ ਉਚ ਅਟਾਰੀ, ਤਨ ਵਜੂਦ ਹਕ ਮਹਿਬੂਬ ਆਪਣੀ ਦਇਆ ਕਮਾਈਆ । ਦੀਆ ਬਾਤੀ ਕਮਲਾਪਾਤੀ ਨਿਰਗੁਣ ਨੂਰ ਜੋਤ ਕਰ ਉਜਿਆਰੀ, ਅੰਧ ਅੰਧੇਰਾ ਰਹਿਣ ਕੋਇ ਨਾ ਪਾਈਆ । ਸ਼ਬਦ ਧੁਨ ਨਾਦ ਦੇ ਸਚੀ ਧੁਨਕਾਰੀ, ਅਨਹਦ ਨਾਦੀ ਨਾਦ ਸੁਣਾਈਆ । ਅੰਮ੍ਰਿਤ ਬਖ਼ਸ਼ ਅਗੰਮਾ ਠੰਢਾ ਠਾਰੀ, ਕਲਜੁਗ ਅਗਨੀ ਤਤ ਬੁਝਾਈਆ । ਤੂੰ ਸ਼ਹਿਨਸ਼ਾਹ ਸ਼ਾਹੋ ਭੂਪ ਸਿਕਦਾਰੀ, ਦੋ ਜਹਾਨਾਂ ਮਾਲਕ ਖ਼ਾਲਕ ਇਕ ਅਖਵਾਈਆ । ਤੇਰੇ ਹੁਕਮ ਦੀ ਸਾਰੇ ਕਰਨ ਦਾਰੀ, ਤਾਬਿਆਦਾਰੀ ਵਿਚ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਸਤਿਗੁਰ ਸ਼ਬਦ ਜਨ ਭਗਤਾਂ ਚਾੜ੍ਹ ਅਗੰਮਾ ਰੰਗ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਆਤਮ ਪਰਮਾਤਮ ਪਰਮਾਤਮ ਆਤਮ ਹੋ ਸੰਗ, ਸਗਲੇ ਸੰਗੀ ਬਹੁਰੰਗੀ ਆਪਣਾ ਪਰਦਾ ਦੇ ਉਠਾਈਆ । ਆਦਿ ਜੁਗਾਦਿ ਜੁਗ ਚੌਕੜੀ ਧੁਰ ਦੀ ਸਾਚੀ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਜਨ ਭਗਤਾਂ ਬਖ਼ਸ਼ ਦੇ ਆਪਣੀ ਮਸਤੀ, ਨਾਮ ਖ਼ੁਮਾਰੀ ਦੇ ਚੜ੍ਹਾਈਆ । ਜੋਤੀ ਜਾਤੇ ਪੁਰਖ ਬਿਧਾਤੇ ਵਖਾ ਦੇ ਹਸਤੀ, ਹਸਤ ਕੀਟਾਂ ਪਰਦਾ ਆਪ ਉਠਾਈਆ । ਸਚ ਕਹਾਣੀ ਜਣਾ ਦੇ ਅਕਥਨਾ ਅਕਥ ਦੀ, ਜਗਤ ਕਥਨ ਦੀ ਲੋੜ ਰਹੇ ਨਾ ਰਾਈਆ । ਤੇਰੀ ਖੇਲ ਸਦਾ ਪੁਰਖ ਸਮਰਥ
੧੪੯੩ ਦੀ, ਹਰਿ ਕਰਤੇ ਤੇਰੀ ਬੇਪਰਵਾਹੀਆ । ਹਰਿਜਨ ਆਸਾ ਪਿਆਸੀ ਇਕੋ ਵਥ ਦੀ, ਵਸਤ ਅਮੋਲਕ ਕਾਇਆ ਗੋਲਕ ਇਕ ਟਿਕਾਈਆ । ਜੋਤੀ ੧੪੯੩
੨੪ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਸਤਿਗੁਰ ਸ਼ਬਦ ਜਨ ਭਗਤਾਂ ੨੪
ਕਰ ਮਿਲਾਪ, ਮਿਲਣੀ ਹਰਿ ਜਗਦੀਸ ਕਰਾਈਆ । ਭੇਵ ਚੁਕਾ ਦੇ ਆਪਾ ਆਪ, ਪਰਦਾ ਪਰਦਿਆਂ ਵਿਚੋਂ ਉਠਾਈਆ । ਤੂੰ ਨਿਰਗੁਣ ਨਿਰਗੁਣ ਸਭ ਦਾ ਮਾਈ ਬਾਪ, ਪਿਤਾ ਪੁਰਖ ਅਕਾਲ ਇਕ ਅਖਵਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੱਸ ਦੇ ਜਾਪ, ਰਸਨਾ ਜੇਹਵਾ ਢੋਲਾ ਕਹਿਣ ਕਿਛ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਜਨ ਭਗਤਾਂ ਬਖ਼ਸ਼ੇ ਚਰਨ ਧੂੜੀ, ਟਿੱਕੇ ਧੁਰ ਦੇ ਖ਼ਾਕ ਰਮਾਈਆ । ਅੰਤਰ ਨਿਰੰਤਰ ਵਾਸਨਾ ਰਹੇ ਨਾ ਕੂੜੀ, ਮਾਇਆ ਮਮਤਾ ਮੋਹ ਨਾ ਕੋਇ ਹਲਕਾਈਆ । ਤੂੰ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਦਿ ਜੁਗਾਦਿ ਨੂਰੀ, ਨੂਰ ਨੁਰਾਨਾ ਇਕ ਅਖਵਾਈਆ । ਸਭ ਦੀ ਲੇਖੇ ਲਹਿਣੇ ਦੇਣੇ ਲਾ ਮਜ਼ਦੂਰੀ, ਜੋ ਦਿਵਸ ਰੈਣ ਤੇਰਾ ਨਾਮ ਧਿਆਈਆ । ਕਲਜੁਗ ਅੰਤ ਸ੍ਰੀ ਭਗਵੰਤ ਗ਼ਰੀਬ ਨਿਮਾਣਿਆਂ ਆਸਾ ਮਨਸਾ ਕਰ ਦੇ ਪੂਰੀ, ਪਾਰਬ੍ਰਹਮ ਪਤਿਪਰਮੇਸ਼ਵਰ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਧ ਮੁਕਾਏ ਨੇਰਨ ਦੂਰੀ, ਦੂਰ ਦੁਰਾਡਾ ਹਰਿਜਨ ਵੇਖੇ ਚਾਈਂ ਚਾਈਆ ।

✪ ੧੩ ਚੇਤ ਸ਼ਹਿਨਸ਼ਾਹੀ ਸੰਮਤ ੧੨ ਧੂਰੀ ਸ਼ਹਿਰ ਜ਼ਿਲਾ ਸੰਗਰੂਰ ਮਾਧਾ ਸਿੰਘ, ਅਮਰਜੀਤ ਕੌਰ, ਬਲਜੀਤ ਸਿੰਘ ਦਲਜੀਤ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਪਰਵਰਦਿਗਾਰ ਮੇਰੀ ਦਰੋਹੀ, ਦੋ ਜਹਾਨਾਂ ਮਾਲਕ ਖ਼ਾਲਕ ਤੇਰੀ ਓਟ ਤਕਾਈਆ । ਭਗਤ ਸੁਹੇਲਾ ਜਗਤ ਜਹਾਨ ਦਿਸੇ ਕੋਈ ਕੋਈ, ਕੋਟ ਕੋਟੀ ਕੋਟਾਂ ਵਿਚੋਂ ਨਜ਼ਰੀ ਆਈਆ । ਕਲਜੁਗ ਸ੍ਰਿਸ਼ਟੀ ਦ੍ਰਿਸ਼ਟੀ ਮਾਇਆ ਮਮਤਾ ਵਿਚ ਮੋਹੀ, ਮਿਹਰਵਾਨ ਮਹਿਬੂਬ ਤੇਰਾ ਮੇਲ ਨਾ ਕੋਇ ਮਿਲਾਈਆ । ਗ਼ਰੀਬ ਨਿਵਾਜ਼ੇ ਸੁਰਤੀ ਸੁਰਤ ਉਠੇ ਨਾ ਸੋਈ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਸ਼ਬਦ ਸਿਤਾਰ ਨਾ ਕੋਇ ਹਿਲਾਈਆ । ਪਰਮ ਪੁਰਖ ਪਰਮਾਤਮ ਮੇਰੀ ਤੇਰੇ ਅਗੇ ਇਕ ਅਰਜ਼ੋਈ, ਆਰਜ਼ੂ ਖ਼ਾਹਿਸ਼ ਤੰਮਨਾ ਤੇਰੇ ਚਰਨ ਕਵਲ ਟਿਕਾਈਆ । ਆਹ ਤਕ ਲੈ ਮੇਰੇ ਉਤੇ ਅਵਤਾਰ ਪੈਗ਼ੰਬਰ ਗੁਰੂ ਦੇ ਕੇ ਗਏ ਪੇਸ਼ੀਨਗੋਈ, ਪੇਸ਼ਤਰ ਤੇਰਾ ਭੇਵ ਖੁਲ੍ਹਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਮਿਲੇ ਕਿਸੇ ਨਾ ਢੋਈ, ਦਰ ਦੁਆਰ ਏਕੰਕਾਰ ਸੋਭਾ ਕੋਇ ਨਾ ਪਾਈਆ । ਚਾਰ ਜੁਗ ਦੇ ਸ਼ਾਸਤਰ ਬਿਨ ਅੱਖੀਆਂ ਰਹੇ ਰੋਈ, ਬਿਨ ਨੇਤਰ ਲੋਚਨ ਨੈਣ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਮੇਰੇ ਪਰਮ ਪੁਰਖ ਸੁਲਤਾਨ, ਸ਼ਾਹੋ ਭੂਪ ਤੇਰੀ ਸਰਨਾਈਆ । ਸਚਖੰਡ ਨਿਵਾਸੀ ਹੋਣਾ ਨਿਗਾਹਬਾਨ, ਬਿਨ ਨੈਣਾਂ ਨੈਣ ਉਠਾਈਆ । ਧਰਮ ਦਾ ਰਹੇ ਨਾ ਕੋਇ ਨਿਸ਼ਾਨ, ਸਤਿ ਵਿਚ ਨਾ ਕੋਇ ਸਮਾਈਆ । ਸੁਰਤੀ ਸ਼ਬਦੀ ਮੇਲਾ ਹੋਵੇ ਨਾ ਧੁਰ ਦੇ ਰਾਮ, ਆਤਮ ਪਰਮਾਤਮ ਤੇਰਾ ਰੰਗ ਨਾ ਕੋਇ ਰੰਗਾਈਆ । ਚਾਰ ਕੁੰਟ ਕਲਜੁਗ ਕੂੜ ਫਿਰੇ ਸ਼ੈਤਾਨ, ਸ਼ਰਅ ਛੁਰੀ ਜਗਤ ਹੱਥ ਉਠਾਈਆ । ਮੈਂ ਵੇਖ ਵੇਖ ਹੋਈ ਹੈਰਾਨ, ਹੈਰਤ ਅੰਦਰ ਮੇਰੀ ਤੇਰੇ ਅਗੇ ਦੁਹਾਈਆ । ਜਿਧਰ ਤਕਾਂ ਜੂਠ ਝੂਠ ਫਿਰੇ ਸ਼ੈਤਾਨ, ਬਿਨ ਕ਼ਦਮਾਂ ਭੱਜਾਂ ਵਾਹੋ ਦਾਹੀਆ । ਤੂੰ ਮਾਲਕ ਮੇਰਾ ਮਿਹਰਵਾਨ, ਮਹਿਬੂਬ ਤੇਰੀ ਓਟ ਤਕਾਈਆ । ਅਵਤਾਰ ਪੈਗ਼ੰਬਰ ਗੁਰੂਆਂ ਨਾਮ ਸੰਦੇਸ਼ੇ ਦਿਤੇ ਪੈਗ਼ਾਮ, ਕਲਮੇ ਕਾਇਨਾਤ ਦ੍ਰਿੜਾਈਆ । ਕਲਜੁਗ ਅੰਤ ਸ੍ਰੀ ਭਗਵੰਤ ਲੇਖਾ ਜਾਣੇ ਜੀਵ ਜਹਾਨ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ । ਤੇਰਾ ਲਹਿਣਾ ਦੇਣਾ ਧਰਨੀ ਧਰਤ ਧਵਲ ਧੌਲ ਚੁਕਾਵੇ ਆਣ, ਆਪ ਆਪਣਾ ਫੇਰਾ ਪਾਈਆ । ਜਿਸ ਨੂੰ ਝੁਕਣੇ ਜ਼ਿਮੀਂ ਅਸਮਾਨ, ਚੌਦਾਂ ਲੋਕ ਚੌਦਾਂ ਤਬਕ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਸੀਸ ਨਿਵਾਈਆ । ਅਵਤਾਰ ਪੈਗ਼ੰਬਰ ਗੁਰ ਜਿਸ ਦੇ ਬਾਲ ਨਾਦਾਨ, ਨੰਨ੍ਹੇ ਬੱਚੇ ਨਿਰਗੁਣ ਸਰਗੁਣ ਨਿਰਗੁਣ ਸਰਗੁਣ ਰੰਗ ਸਮਾਈਆ । ਉਹ ਸ਼ਾਹੋ ਭੂਪ ਸ਼ਹਿਨਸ਼ਾਹ ਸੁਲਤਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਮੇਰੇ ਪਰਮ ਪੁਰਖ ਸੁਲਤਾਨੇ, ਸਤਿ ਸਤਿਵਾਦੀ ਤੇਰੀ ਆਸ ਤਕਾਈਆ । ਕਿਰਪਾ ਕਰ ਗੁਣ ਨਿਧਾਨੇ, ਗਹਿਰ ਗੰਭੀਰ ਗਵਰ ਮੇਰਾ ਲੇਖਾ ਪੂਰ ਕਰਾਈਆ । ਕਲਜੁਗ ਕਿਰਿਆ ਕੂੜ ਮੇਟ ਨਿਸ਼ਾਨੇ, ਨਿਸ਼ਾਨਾ ਸ੍ਰੀ ਭਗਵਾਨ ਆਪਣਾ ਇਕ ਸਮਝਾਈਆ । ਸਤਿਜੁਗ ਸਤਿ ਧਰਮ ਕਰ ਪ੍ਰਧਾਨੇ, ਨਾਮ ਅਮੋਲਕ ਅਗੰਮ ਅਥਾਹ ਆਪ ਵਰਤਾਈਆ । ਮਾਨਸ ਮਾਨਵ ਮਾਨੁਖ ਆਤਮ ਧਾਰ ਤੈਥੋਂ ਰਹਿਣ ਨਾ ਬੇਗਾਨੇ, ਪਰਮਾਤਮ ਹੋ ਕੇ ਆਪਣਾ ਰੰਗ ਰੰਗਾਈਆ । ਸਾਚਾ ਮੰਦਰ ਕਾਇਆ ਅੰਦਰ ਅਗੰਮ ਦੱਸ ਅਸਥਾਨੇ, ਭੂਮਿਕਾ ਇਕੋ ਇਕ ਸੁਹਾਈਆ । ਜਿਥੇ ਸ਼ਬਦ ਨਾਦ

ਤੇਰਾ ਸੁਣਨ ਧੁਨਕਾਨੇ, ਅਨਹਦ ਨਾਦੀ ਨਾਦ ਜਣਾਈਆ । ਦੀਆ ਬਾਤੀ ਕਮਲਾਪਾਤੀ ਜੋਤ ਜਗਾ ਮਹਾਨੇ, ਨੂਰ ਨੁਰਾਨੇ ਨੂਰ ਜ਼ਹੂਰ ਦੇ ਵਖਾਈਆ । ਨੌ ਖੰਡ ਪ੍ਰਿਥਮੀ ਤੇਰਾ ਨਾਮ ਕਲਮਾ ਇਕੋ ਗਾਏ ਤਰਾਨੇ, ਤੁਰੀਆ ਤੋਂ ਬਾਹਰ ਆਪਣਾ ਪਰਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੈਂ ਆਦਿ ਜੁਗਾਦਿ ਦੀ ਤੇਰੀ ਮੰਗਤੀ, ਮਾਂਗਤ ਹੋ ਕੇ ਝੋਲੀ ਡਾਹੀਆ । ਮਾਨਵ ਜ਼ਾਤੀ ਗੜ੍ਹ ਤੋੜ ਦੇ ਹਉਮੇ ਹੰਗਤੀ, ਹੰ ਬ੍ਰਹਮ ਪਾਰਬ੍ਰਹਮ ਦੇਣਾ ਸਮਝਾਈਆ । ਮੇਲ ਮਿਲਾਉਣਾ ਸਾਚੀ ਸੰਗਤੀ, ਚਾਰ ਵਰਨ ਅਠਾਰਾਂ ਬਰਨ ਦੀਨ ਮਜ਼੍ਹਬ ਜ਼ਾਤ ਪਾਤ ਰਾਓ ਰੰਕ ਨਜ਼ਰ ਕੋਇ ਨਾ ਆਈਆ । ਤੂੰ ਬੋਧ ਅਗਾਧਾ ਬਿਨਾ ਅੱਖਰਾਂ ਤੋਂ ਪੰਡਤੀ, ਨਿਰਅੱਖਰ ਧਾਰ ਏਕੰਕਾਰ ਦੇਣੀ ਸਮਝਾਈਆ । ਆਸਾ ਤ੍ਰਿਸ਼ਨਾ ਕੂੜ ਮੇਟਣੀ ਮਨ ਦੀ, ਮਨਸਾ ਮੋਹ ਨਾ ਕੋਇ ਹਲਕਾਈਆ । ਸ਼ਰਅ ਸ਼ਰੀਅਤ ਰਹੇ ਕੋਈ ਨਾ ਤਨ ਦੀ, ਵਜੂਦ ਮਹਿਬੂਬ ਹਕ ਦੇਣਾ ਸਮਝਾਈਆ । ਸ਼ਰਨ ਬਖ਼ਸ਼ਣੀ ਇਕੋ ਸਤਿਗੁਰ ਸ਼ਬਦ ਗੋਬਿੰਦ ਸੂਰੇ ਚੰਨ ਦੀ, ਚੰਦ ਚਾਂਦਨੀ ਕਰ ਰੁਸ਼ਨਾਈਆ । ਭੇਵ ਖੁਲ੍ਹਾਉਣਾ ਸ੍ਰਿਸ਼ਟੀ ਦ੍ਰਿਸ਼ਟੀ ਆਤਮ ਧਾਰ ਬ੍ਰਹਮ ਦੀ, ਪਾਰਬ੍ਰਹਮ ਪਰਦਾ ਆਪ ਉਠਾਈਆ । ਜਗਤ ਵਾਸਨਾ ਖ਼ਾਹਿਸ਼ ਰਹੇ ਨਾ ਚੰਮ ਦੀ, ਚੰਮ ਦ੍ਰਿਸ਼ਟੀ ਦੇਣੀ ਗਵਾਈਆ । ਪਵਣ ਸਵਾਸ ਤਕਣੀ ਦਮ ਦੀ, ਦਾਮਨਗੀਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਕਿਰਪਾ ਕਰ
੧੪੯੫ ਮਹਾਨ, ਮਹਿਮਾ ਕਥ ਕਥ ਜਣਾਈਆ । ਤੇਰਾ ਇਕੋ ਨਾਮ ਕਲਮਾ ਹੋਏ ਪ੍ਰਧਾਨ, ਦੋ ਜਹਾਨਾਂ ਵਜੇ ਵਧਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ੧੪੯੫
੨੪ ਸੁਰ ਢੋਲੇ ਗਾਨ, ਬਿਨ ਰਸਨਾ ਜੇਹਵਾ ਸਿਫ਼ਤ ਸਾਲਾਹੀਆ । ਕਲਜੁਗ ਕਿਰਿਆ ਕੂੜ ਮਿਟੇ ਨਿਸ਼ਾਨ, ਮੇਰੇ ਉਤੇ ਨਵ ਸੱਤ ਰਹਿਣ ਨਾ ਪਾਈਆ । ੨੪
ਸਤਿਜੁਗ ਸਾਚਾ ਸਚ ਕਰ ਪਰਧਾਨ, ਪਰਧਾਨਗੀ ਇਕੋ ਹੱਥ ਫੜਾਈਆ । ਇਕੋ ਤੇਰੀ ਮੰਜ਼ਲ ਹਕ਼ੀਕ਼ੀ ਚੜ੍ਹਨ ਸਿਖ ਮੁਸਲਿਮ ਹਿੰਦੂ ਇਕੋ ਧਰਮ ਹੋਵੇ ਈਮਾਨ, ਦੂਜਾ ਇਸ਼ਟ ਨਜ਼ਰ ਕੋਇ ਨਾ ਆਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਘਟ ਘਟ ਜਾਣੀ ਜਾਣ, ਜਾਣਨਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਲਹਿਣਾ ਦੇਣਾ ਪੂਰਾ ਕਰਨਾ ਮਾਂਗਤ ਹੋ ਕੇ ਮੰਗਾਂ ਦਾਨ, ਸਾਚੀ ਭਿਛਿਆ ਧੁਰ ਦੀ ਇਛਿਆ ਧਰਨੀ ਧਰਤ ਧਵਲ ਧੌਲ ਧਰਮ ਦੀ ਧਾਰ ਏਕੰਕਾਰ ਪਰਵਰਦਿਗਾਰ ਸਾਂਝੇ ਯਾਰ ਬਿਨ ਹਸਤ ਕਵਲਾਂ ਬਿਨ ਦਸਤ ਦਸਤਗੀਰ ਬੇਨਜ਼ੀਰ ਲਾਸ਼ਰੀਕ ਮੇਰੀ ਝੋਲੀ ਦੇਣੀ ਪਾਈਆ ।

### ✪ ੧੩ ਚੇਤ ਸ਼ਹਿਨਸ਼ਾਹੀ ਸੰਮਤ ੧੨ ਬਰਨਾਲਾ ਸ਼ਹਿਰ ਸ਼ਾਮ ਸਿੰਘ ਦੇ ਗ੍ਰਿਹਿ ਜ਼ਿਲਾ ਸੰਗਰੂਰ ✪

ਧਰਨੀ ਕਹੇ ਪ੍ਰਭੂ ਮੈਂ ਨਿਮਾਣੀ ਧੌਲ, ਧਰਤ ਧਵਲ ਹੋ ਕੇ ਸੀਸ ਨਿਵਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਪੂਰਾ ਕਰ ਦੇ ਕੌਲ, ਇਕ਼ਰਾਰਨਾਮਾ ਵੇਖਣਾ ਚਾਈਂ ਚਾਈਆ । ਤੂੰ ਬੋਧ ਅਗਾਧਾ ਬੁੱਧੀ ਤੋਂ ਪਰੇ ਅਗੰਮਾ ਰੌਲ, ਜਿਸ ਦੀ ਵਿਦਿਆ ਦੋ ਜਹਾਨ ਸਮਝ ਕਿਸੇ

ਨਾ ਆਈਆ । ਮੈਂ ਆਪ ਆਪਣਾ ਤੇਰੇ ਚਰਨ ਕਵਲ ਘੋਲੀ ਰਹੀ ਘੋਲ, ਘਾਇਲ ਹੋ ਕੇ ਸੇਵ ਕਮਾਈਆ । ਮੇਰੇ ਪਰਮ ਪੁਰਖ ਪਰਮਾਤਮ ਮੇਰਾ
ਭਾਰ ਕਰ ਦੇ ਹੌਲ, ਸੀਸ ਜਗਦੀਸ ਬੋਝ ਰਹਿਣ ਕੋਇ ਨਾ ਪਾਈਆ । ਨਿਰਗੁਣ ਦਾਤੇ ਪੁਰਖ ਬਿਧਾਤੇ ਮੈਨੂੰ ਕਰ ਅਡੋਲ, ਸਾਂਤਕ ਸਤਿ ਸਤਿ
ਕਰਾਈਆ । ਸਚ ਦੁਆਰਾ ਏਕੰਕਾਰਾ ਅਗੰਮ ਅਗੰਮੇ ਅਗੰਮਾ ਏਕਾ ਖੋਲ੍ਹ, ਖ਼ਾਲਕ ਖ਼ਲਕ ਮਖ਼ਲੂਕ, ਆਪਣਾ ਰੰਗ ਰੰਗਾਈਆ । ਸਤਿ ਸਤਿਵਾਦੀ
ਆਪਣਾ ਤੋਲ ਤੋਲ, ਤਰਾਜ਼ੂ ਨਾਮ ਕੰਡਾ ਇਕੋ ਇਕ ਉਠਾਈਆ । ਸਚ ਦੁਆਰਾ ਮੇਰੇ ਉਤੇ ਖੋਲ੍ਹ, ਪਰਦਾ ਪਰਦਿਆਂ ਵਿਚੋਂ ਉਠਾਈਆ । ਆਤਮ
ਪਰਮਾਤਮ ਪਰਮਾਤਮ ਆਤਮ ਇਕੋ ਨਾਅਰਾ ਬੋਲ, ਅਨਬੋਲਤ ਦੇਣਾ ਸਮਝਾਈਆ । ਨਿਰਗੁਣ ਹੋ ਕੇ ਸਰਗੁਣ ਵਸਣਾ ਕੋਲ, ਕਾਇਆ ਕੁੱਲੀ ਆਪਣਾ
ਆਸਣ ਲਾਈਆ । ਪੰਚ ਵਿਕਾਰਾ ਮੇਰੇ ਉਤੇ ਕਰੇ ਨਾ ਘੋਲ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਕੋਇ ਨਾ ਪਾਈਆ । ਤੂੰ ਪੀਆ ਪ੍ਰੀਤਮ
ਮੇਰਾ ਸੁੰਦਰ ਸਾਵਲ ਸੌਲ, ਸਾਂਵਰੀਆ ਤੇਰੇ ਅਗੇ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ
ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਧਰਨੀ ਕਹੇ ਪ੍ਰਭੂ ਨਿਗਾਹ ਮਾਰ ਲੈ ਬਿਨਾ ਨੈਣਾਂ, ਲੋਚਨ ਅੱਖ ਦੀ ਲੋੜ ਰਹੇ ਨਾ ਰਾਈਆ । ਮੈਂ
ਨਿਮਾਣੀ ਜੁਗ ਜੁਗ ਤੇਰਾ ਭਾਣਾ ਸਹਿਣਾ, ਸਹਿ ਸਹਿ ਆਪਣੀ ਖ਼ੁਸ਼ੀ ਬਣਾਈਆ । ਤੇਰੇ ਹੁਕਮ ਵਿਚ ਸਚ ਸੁਆਮੀ ਰਹਿਣਾ, ਅੰਤਰਜਾਯੀ ਦਰ
ਤੇਰੇ ਸੀਸ ਨਿਵਾਈਆ । ਤੇਰੇ ਚਰਨ ਕਵਲ ਧਵਲ ਹੋ ਕੇ ਬਹਿਣਾ, ਦੂਜਾ ਦਰ ਨਜ਼ਰ ਕੋਇ ਨਾ ਆਈਆ । ਤੂੰ ਨਿਰਗੁਣ ਦਾਤਾ ਮੇਰਾ ਸਾਕ
੧੪੯੬ ਸੈਣਾ, ਸੱਜਣ ਇਕ ਅਖਵਾਈਆ । ਉਹ ਲੇਖਾ ਪੂਰਾ ਕਰ ਦੇ ਜੋ ਬਾਲਮੀਕ ਲਿਖਿਆ ਬਾਹਰ ਰਮਾਇਣਾ, ਬਿਨ ਅੱਖਰਾਂ ਅੱਖਰ ਦ੍ਰਿੜਾਈਆ । ੧੪੯੬
੨੪ ਤੇਰਾ ਪਿਆਰ ਨਾ ਰਹੇ ਤੁਫ਼ੈਣਾ, ਤਰਫ਼ਦਾਰੀ ਵੰਡ ਨਾ ਕੋਇ ਵੰਡਾਈਆ । ਸੱਜਣ ਸੁਹੇਲਾ ਇਕ ਇਕੇਲਾ ਬਣਨਾ ਸਾਕ ਸੈਣਾ, ਮਿਤਰ ਪਿਆਰਾ ੨੪
ਮੀਤ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ ।
ਧਰਨੀ ਕਹੇ ਪ੍ਰਭੂ ਮੇਰਾ ਲੇਖਾ ਤਕ ਲੈ ਆਪ, ਦੂਸਰ ਓਟ ਨਾ ਕੋਇ ਤਕਾਈਆ । ਤੂੰ ਆਦਿ ਜੁਗਾਦੀ ਧੁਰ ਦਾ ਬਾਪ, ਤੁਧ ਬਿਨ ਜੰਮਣ ਵਾਲੀ
ਕੋਇ ਨਾ ਮਾਈਆ । ਤੇਰਾ ਏਥੇ ਓਥੇ ਦੋ ਜਹਾਨਾਂ ਪ੍ਰਤਾਪ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਮੈਂ ਕੂਕ ਪੁਕਾਰਾਂ ਧਰਨੀ ਧਵਲ
ਲੋਕਮਾਤ, ਧੌਲ ਹੋ ਕੇ ਦਿਆਂ ਦੁਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮੇਰੇ ਉਤੋਂ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਕਰਨਾ ਰੁਸ਼ਨਾਈਆ ।
ਝਗੜਾ ਰਹੇ ਨਾ ਜ਼ਾਤ ਪਾਤ, ਪਤਿਪਰਮੇਸ਼ਵਰ ਹੋਣਾ ਆਪ ਸਹਾਈਆ । ਇਕੋ ਸੰਦੇਸ਼ਾ ਫਰਮਾਨਾ ਦੇ ਦੇ ਲੋਕਮਾਤ, ਪਤ੍ਰਕਾ ਆਪਣੀ ਦੇਣੀ ਜਣਾਈਆ ।
ਮੇਰੇ ਭਗਵੰਤ ਅੰਤ ਕੰਤ ਪੁਛ ਮੇਰੀ ਵਾਤ, ਭਗਵਨ ਹੋ ਕੇ ਵੇਖ ਵਖਾਈਆ । ਸਚ ਪ੍ਰੀਤੀ ਚਰਨ ਕਵਲ ਜੋੜ ਆਪਣਾ ਨਾਤ, ਰਿਸ਼ਤਾ ਫ਼ਰਿਸ਼ਤਿਆਂ
ਬਾਹਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ
ਕਹੇ ਪ੍ਰਭੂ ਨਿਰਗੁਣ ਧਾਰ ਲਾ ਲੈ ਅੰਗ, ਅੰਗੀਕਾਰ ਆਪ ਹੋ ਜਾਈਆ । ਮੇਰੀ ਸੇਜ ਸੁਹਾ ਪਲੰਘ, ਬਿਨਾ ਪਾਵਾ ਚੂਲ ਦੇ ਵਡਿਆਈਆ । ਬਿਨਾ
ਬਾੜੀਆਂ ਚਾੜ੍ਹ ਦੇ ਰੰਗ, ਰੰਗਤ ਉਤਰ ਕਦੇ ਨਾ ਜਾਈਆ । ਸਦਾ ਸੁਹੇਲੇ ਵਸਣਾ ਸੰਗ, ਸੰਗੀ ਬਹੁਰੰਗੀ ਆਪਣੀ ਦਇਆ ਕਮਾਈਆ । ਮੈਂ
ਨਿਮਾਣੀ ਹੋ ਕੇ ਮੰਗਾਂ ਮੰਗ, ਕੋਝੀ ਕਮਲੀ ਖ਼ਾਲੀ ਝੋਲੀ ਦੇਣੀ ਭਰਾਈਆ । ਮੇਰੇ ਉਤੇ ਸਤਿਜੁਗ ਤਰੇਤਾ ਦੁਆਪਰ ਗਏ ਲੰਘ, ਕਲਜੁਗ ਅੰਤਮ

ਵੇਲਾ ਗਿਆ ਆਈਆ । ਤੇਰੇ ਕੋਲ ਸਭ ਤੋਂ ਵਖਰਾ ਅਨੋਖਾ ਢੰਗ, ਤੇਰਾ ਭੇਵ ਕੋਇ ਨਾ ਪਾਈਆ । ਇਕੋ ਨਾਮ ਨਿਧਾਨਾ ਸ੍ਰੀ ਭਗਵਾਨਾ ਮੇਰੇ ਉਤੇ ਵਜਾ ਮਰਦੰਗ, ਦੋ ਜਹਾਨਾਂ ਕਰ ਸ਼ਨਵਾਈਆ । ਕਲਜੁਗ ਕੂੜ ਕੁੜਿਆਰਾ ਮੇਰੇ ਉਤੋਂ ਕਢ ਮਲੰਗ, ਚਾਰ ਕੁੰਟ ਲੇਖਾ ਦੇਣਾ ਮੁਕਾਈਆ । ਲਹਿਣਾ ਦੇਣਾ ਪੂਰਾ ਕਰ ਦੇ ਜਮਨਾ ਸੁਰਸਤੀ ਗੋਦਾਵਰੀ ਗੰਗ, ਗੰਗੋਤਰੀ ਬੈਠੀ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਮੇਰੇ ਮਹਿਬੂਬ ਨੌਜਵਾਨ, ਮਿਹਬਾਨ ਤੇਰੀ ਸਰਨਾਈਆ । ਮੇਰੀ ਬੇਨੰਤੀ ਕਰ ਪ੍ਰਵਾਨ, ਬੇਐਬ ਨੂਰ ਅਲਾਹੀਆ । ਤੂੰ ਸ਼ਾਹੋ ਭੂਪ ਸੁਲਤਾਨ, ਸ਼ਹਿਨਸ਼ਾਹ ਅਗੰਮ ਅਥਾਹੀਆ । ਮੈਂ ਬਾਲੀ ਬੁਧਿ ਅਵਾਨ, ਮੇਰੀ ਚਲੇ ਨਾ ਕੋਇ ਚਤੁਰਾਈਆ । ਨੌ ਖੰਡ ਮੇਰੇ ਵੇਖ ਸ਼ਰਅ ਹੋਈ ਸ਼ੈਤਾਨ, ਸਤਿ ਵਿਚ ਨਾ ਕੋਇ ਸਮਾਈਆ । ਨਵ ਸੱਤ ਬੇਈਮਾਨ, ਬੇਵਾ ਰੂਪ ਦਿਸੇ ਖ਼ਲਕ ਖ਼ੁਦਾਈਆ । ਕ਼ਾਇਮ ਰਿਹਾ ਨਾ ਧਰਮ ਈਮਾਨ, ਅਮਲ ਹਕ ਨਾ ਕੋਇ ਕਮਾਈਆ । ਤੂੰ ਸਤਿਗੁਰ ਦਾਤਾ ਮੇਰੀ ਬੇਨੰਤੀ ਕਰ ਪਰਵਾਨ, ਪਰਮ ਪੁਰਖ ਤੇਰੀ ਵਡਿਆਈਆ । ਸਤਿ ਧਰਮ ਦਾ ਮੇਰੀ ਝੋਲੀ ਪਾ ਦੇ ਦਾਨ, ਵਸਤ ਅਮੁਲ ਅਤੁਲ ਆਪ ਵਰਤਾਈਆ । ਲਹਿਣੇ ਦੇਣੇ ਲੇਖੇ ਪੂਰੇ ਕਰ ਦੇ ਜੋ ਸੀਆ ਨੂੰ ਕਹਿ ਕੇ ਗਿਆ ਰਾਮ, ਰਾਧਾ ਕ੍ਰਿਸ਼ਨ ਗਿਆ ਸਮਝਾਈਆ । ਜੋ ਪੈਗ਼ੰਬਰਾਂ ਦਿਤੇ ਪੈਗ਼ਾਮ, ਬਿਨ ਅੱਖਰਾਂ ਅੱਖਰ ਦ੍ਰਿੜਾਈਆ । ਜਿਸ ਕਾਰਨ ਨਿਰਗੁਣ ਨਿਰਗੁਣ ਮੰਤਰ ਚਲਾਇਆ ਸਤਿਨਾਮ, ਮੰਤਰ ਸਤਿ ਸਚ ਸਮਝਾਈਆ । ਜਿਸ ਧਾਰ ਵਿਚੋਂ ਗੋਬਿੰਦ ਫ਼ਤਿਹ ਡੰਕ ਵਜਾਇਆ ਆਣ, ਫ਼ਾਤਿਆ ਕਰਨਾ ਖ਼ਲਕ ਖ਼ੁਦਾਈਆ । ਇਕੋ ਤੇਰਾ ਹੁਕਮ ਹੋਵੇ ਜ਼ਿਮੀਂ ਅਸਮਾਨ, ਜ਼ਿਮੀਂ ਜ਼ਮਾ ਦੇ ਮਾਲਕ ਤੇਰੇ ਹੱਥ ਵਡਿਆਈਆ । ਮੈਂ ਬਾਲ ਅਵਾਣੀ ਤੇਰੀ ਚਰਨ ਧੂੜੀ ਖ਼ਾਕ ਆਈ ਰਮਾਨ, ਬਿਨ ਮਸਤਕ ਲਵਾਂ ਛੁਹਾਈਆ । ਪਰਮ ਪੁਰਖ ਪਰਮਾਤਮ ਮੇਰੀ ਬੇਨੰਤੀ ਕਰ ਪਰਵਾਨ, ਪਰਾ ਪਸੰਤੀ ਮਧਮ ਬੈਖਰੀ ਤੋਂ ਬਾਹਰ ਰਹੀ ਸੁਣਾਈਆ । ਮੇਰਾ ਸੰਦੇਸ਼ਾ ਕੋਈ ਸੁਣ ਸਕੇ ਨਾ ਸਰਵਣ ਕਾਨ, ਤਨ ਵਜੂਦਾਂ ਸਮਝ ਕਿਛ ਨਾ ਪਾਈਆ । ਤੂੰ ਆਦਿ ਜੁਗਾਦੀ ਜਾਣੀ ਜਾਣ, ਜਾਨਣਹਾਰ ਤੇਰੀ ਵਡਿਆਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਰਹੀਮ ਰਹਿਮਾਨ, ਮਿਹਰਵਾਨ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਮੇਰੀ ਕਰੇ ਨਾ ਕੋਇ ਪਹਿਚਾਣ, ਬੇਪਹਿਚਾਨ ਮੇਰਾ ਲਹਿਣਾ ਪੂਰ ਦੇਣਾ ਕਰਾਈਆ ।

## ✪ ੧੩ ਚੇਤ ਸ਼ਹਿਨਸ਼ਾਹੀ ਸੰਮਤ ੧੨ ਸੰਗਰੂਰ ਸ਼ਹਿਰ ਹਰਬੰਸ ਸਿੰਘ ਦੇ ਗ੍ਰਿਹ ✪

ਸਤਿਗੁਰ ਸ਼ਬਦ ਸਦਾ ਦਿਆਲੂ, ਦੀਨ ਦਿਆਲ ਦਇਆ ਨਿਧ ਠਾਕਰ ਇਕ ਅਖਵਾਈਆ । ਆਦਿ ਜੁਗਾਦਿ ਜੁਗ ਚੌਕੜੀ ਬਣੇ ਕਿਰਪਾਲੂ, ਕਿਰਪਾ ਨਿਧ ਨੌਜਵਾਨ ਸ੍ਰੀ ਭਗਵਾਨ ਬੇਪਰਵਾਹੀਆ । ਜਿਸ ਦਾ ਖੇਲ ਜੁਗ ਚੌਕੜੀ ਬੇਮਿਸਾਲੂ, ਮਿਸਲ ਅਸਲ ਸਕੇ ਨਾ ਕੋਇ ਸਮਝਾਈਆ । ਜਿਸ ਦਾ ਹੁਕਮ ਸੰਦੇਸ਼ਾ ਫ਼ਰਮਾਨ ਕਲਜੁਗ ਅੰਤਮ ਹੋਵੇ ਚਾਲੂ, ਚਾਰ ਕੁੰਟ ਦਹਿ ਦਿਸ਼ਾ ਹੋ ਕੇ ਵੇਖ ਵਖਾਈਆ । ਜੋ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਅੰਤ ਸੰਭਾਲੂ, ਸੰਬਲ ਦਾ ਮਾਲਕ ਇਕੋ ਹੁਕਮ ਵਰਤਾਈਆ । ਜਿਸ ਦਾ ਸੰਦੇਸ਼ਾ ਦੇ ਕੇ ਗਿਆ ਨਾਨਕ ਸੁਤ ਕਾਲੂ , ਅਕਲ ਕਲ ਧਾਰੀ

੧੪੯੮
੨੪

ਪਰਵਰਦਿਗਾਰੀ ਸਾਂਝਾ ਯਾਰ ਨੂਰ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਦਇਆਨਿਧ ਠਾਕਰ, ਹਰਿ ਕਰਤਾ ਅਗੰਮ ਅਥਾਹੀਆ । ਜੋ ਆਦਿ ਜੁਗਾਦਿ ਗਹਿਰ ਗੰਭੀਰ ਗੁਣਵੰਤਾ ਵਡ ਸਾਗਰ, ਤਟ ਕਿਨਾਰ ਨਜ਼ਰ ਕੋਇ ਨਾ ਆਈਆ । ਜੋ ਨਾਮ ਨਿਧਾਨਾ ਵਿਚ ਜਹਾਨਾ ਇਕ ਵਣਜ ਕਰਾਏ ਬਣ ਸੌਦਾਗਰ, ਸਚ ਵਸਤ ਬਿਨ ਦਸਤ ਆਪ ਫੜਾਈਆ । ਜਨ ਭਗਤਾਂ ਨਿਰਮਲ ਕਰਮ ਕਰੇ ਉਜਾਗਰ, ਦਰਮਤ ਮੈਲ ਅੰਤਰ ਨਿਰੰਤਰ ਤਨ ਵਜੂਦਾਂ ਕਰੇ ਆਪ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਦੀਨ ਦਿਆਲ ਪ੍ਰਭੂ ਸਚ ਸੁਆਮੀ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਇਕ ਅਖਵਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੋਵੇ ਅੰਤਰਜਾਮੀ, ਅੰਤਸ਼ਕਰਨ ਵੇਖੇ ਖ਼ਲਕ ਖ਼ੁਦਾਈਆ । ਜੋ ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਨਾਤਾ ਜੋੜੇ ਬਾਹਮੀ, ਈਸ਼ ਜੀਵ ਜਗਦੀਸ਼ ਆਪਣਾ ਰੰਗ ਰੰਗਾਈਆ । ਜੋ ਨਿਤ ਨਵਿਤ ਸਦਾ ਸਦਾ ਹੋਵੇ ਨਿਹਕਾਮੀ, ਨਿਹਚਲ ਬੈਠਾ ਆਸਣ ਲਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਮੇਟੇ ਰੈਣ ਅੰਧੇਰੀ ਸ਼ਾਮੀ, ਸ਼ਮਅ ਨੂਰ ਨੂਰ ਜੋਤ ਕਰੇ ਰੁਸ਼ਨਾਈਆ । ਚਾਰ ਵਰਨ ਅਠਾਰਾਂ ਬਰਨ ਮਾਨਵ ਜ਼ਾਤੀ ਕੂੜੀ ਕਿਰਿਆ ਲਾਹੇ ਗ਼ੁਲਾਮੀ, ਸ਼ਰਅ ਜ਼ੰਜੀਰ ਦਏ ਕਟਾਈਆ । ਏਕਾ ਬਖ਼ਸ਼ੇ ਗੁਣਵੰਤਾ ਨਾਮ ਗੁਣ ਨਿਧਾਨੀ, ਵਸਤ ਅਮੋਲਕ ਕਾਇਆ ਗੋਲਕ ਆਪ ਟਿਕਾਈਆ । ਅੰਦਰ ਬਾਹਰ ਗੁਪਤ ਜ਼ਾਹਰ ਖੇਲ ਕਰੇ ਮਹਾਨੀ, ਮਹਿੰਮਾ ਕਥ ਕਥ ਸੁਣਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਦੇਵੇ ਪਾਣੀ, ਨਾਭੀ ਕਵਲ ਕਵਲ ਉਲਟਾਈਆ । ਸ਼ਬਦ ਨਾਦ ਧੁਨ ਆਤਮਕ ਬਖ਼ਸ਼ੇ ਸਚ ਧੁਨਕਾਨੀ, ਮਧੁਰ ਧੁਨ ਆਪ ਜਣਾਈਆ । ਦੀਆ ਬਾਤੀ ਕਮਲਾਪਾਤੀ ਜੋਤ ਜਗਾਏ ਨੁਰਾਨੀ, ਨੂਰ ਨੁਰਾਨਾ ਨੌਜਵਾਨਾ ਸ਼ਾਹ ਸੁਲਤਾਨਾ ਇਕੋ ਨਜ਼ਰੀ ਆਈਆ । ਮੇਰਾ ਲਹਿਣਾ ਦੇਣਾ ਲੇਖਾ ਵੇਖੇ ਜਗਤ ਜਹਾਨੀ, ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਫੋਲ ਫੁਲਾਈਆ । ਜੋਧਾ ਸੂਰਬੀਰ ਬਣ ਬਲਵਾਨੀ, ਬਲਧਾਰੀ ਆਪਣਾ ਹੁਕਮ ਵਰਤਾਈਆ । ਮਿਹਰਵਾਨ ਮਹਿਬੂਬ ਹੋ ਕੇ ਸਚ ਕਰੇ ਮਿਹਰਵਾਨੀ, ਮਹਿਬਾਨ ਬੀਦੋ ਆਪਣਾ ਖੇਲ ਖਿਲਾਈਆ । ਇਕੋ ਮੰਜ਼ਲ ਹਕ ਦੱਸ ਰੁਹਾਨੀ, ਰੂਹ ਬੁਤ ਦਾ ਪਰਦਾ ਦਏ ਚੁਕਾਈਆ । ਝਗੜਾ ਮੇਟੇ ਜਿਸਮ ਜਿਸਮਾਨੀ, ਜ਼ਮੀਰ ਬੇਨਜ਼ੀਰ ਅੰਦਰੋਂ ਦਏ ਬਦਲਾਈਆ । ਸ਼ਾਹੋ ਭੂਪ ਬਣ ਸੁਲਤਾਨੀ, ਸਤਿਗੁਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਂਆ । ਸਤਿਗੁਰ ਦੀਨ ਦਿਆਲ ਸਦਾ ਦੁਖ ਭੰਜਨ, ਭਵ ਸਾਗਰ ਪਾਰ ਕਰਾਈਆ । ਜਨ ਭਗਤਾਂ ਧੂੜੀ ਚਰਨ ਕਰਾਏ ਮਜਨ, ਦੁਰਮਤ ਮੈਲ ਅੰਦਰ ਬਾਹਰ ਰਹਿਣ ਨਾ ਪਾਈਆ । ਆਤਮ ਪਰਮਾਤਮ ਬਣੇ ਸੱਜਣ, ਸਗਲਾ ਸੰਗੀ ਬਹੁਰੰਗੀ ਇਕ ਅਖਵਾਈਆ । ਨੇਤਰ ਨਾਮ ਨਿਧਾਨਾ ਪਾਵੇ ਅੰਜਣ, ਨਿਜ ਲੋਚਨ ਨੈਣ ਕਰੇ ਰੁਸ਼ਨਾਈਆ । ਦੀਨ ਦੁਨੀ ਦੀ ਪਾਰ ਕਰਾਏ ਹੱਦਨ, ਹਦੂਦ ਆਪਣੀ ਇਕ ਦਰਸਾਈਆ । ਜਿਥੇ ਦੀਪਕ ਜੋਤੀ ਬਿਨ ਤੇਲ ਬਾਤੀ ਜਗਣ, ਕਮਲਾਪਾਤੀ ਨਿਰਗੁਣ ਧਾਰ ਕਰੇ ਰੁਸ਼ਨਾਈਆ । ਹਰਿ ਭਗਤ ਸੁਹੇਲੇ ਸਚ ਪਿਆਰ ਵਿਚ ਕਰੇ ਮਗਨ, ਨਾਮ ਖ਼ੁਮਾਰੀ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਗ੍ਰਿਹਿ ਇਕ ਵਖਾਈਆ । ਸਤਿਗੁਰ ਦਿਆਲ ਆਦਿ ਜੁਗਾਦਿ, ਜੁਗ ਚੌਕੜੀ ਦਇਆ ਕਮਾਈਆ । ਜਿਸ

੧੪੯੯
੨੪

ਦਾ ਲਹਿਣਾ ਦੇਣਾ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਵੇਖੇ ਚਾਈਂ ਚਾਈਆ । ਜੋ ਨਿਰਗੁਣ ਹੋ ਕੇ ਸਰਗੁਣ ਦੇਵੇ ਦਾਦ, ਵਸਤ ਅਮੋਲਕ ਨਾਮ ਨਿਧਾਨ ਅਗੰਮ ਵਰਤਾਈਆ । ਜਿਸ ਨੂੰ ਰਸਨਾ ਜੇਹਵਾ ਅੰਤਰ ਨਿਰੰਤਰ ਸਾਰੇ ਰਹੇ ਅਰਾਧ, ਸੋਹਲੇ ਢੋਲੇ ਸਿਫ਼ਤਾਂ ਵਾਲੇ ਗਾਈਆ । ਉਹ ਪੁਰਖ ਅਕਾਲਾ ਦਿਆਲਾ ਮੋਹਣ ਮਾਧਵ ਮਾਧ, ਮਧੁਰ ਧੁਨ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦੀ ਆਦਿ ਅੰਤ ਜੁਗਾ ਜੁਗੰਤ ਬਿਨ ਅੱਖਰਾਂ ਵਾਲੀ ਯਾਦ, ਹਰਫ਼ ਹਰੂਫ ਜਗ ਨੇਤਰ ਨਜ਼ਰ ਕੋਇ ਨਾ ਆਈਆ ।

## ✪ ੧੪ ਚੇਤ ਸ਼ਹਿਨਸ਼ਾਹੀ ਸੰਮਤ ੧੨ ਸੁਰਿੰਦਰ ਕੌਰ ਦੇ ਗ੍ਰਿਹ ਪਿੰਡ ਛੋਟਾ ਕਮੋ ਮਾਜਰਾ ਜ਼ਿਲਾ ਸੰਗਰੂਰ ✪

ਸਤਿਗੁਰ ਸ਼ਬਦ ਕਹੇ ਧੁਰ ਹੁਕਮ ਸਚੀ ਸਰਕਾਰਾ, ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਚਲਿਆ ਆਈਆ । ਸੋ ਪੁਰਖ ਨਿਰੰਜਣ ਦੇਵਣਹਾਰਾ ਮੀਤ ਮੁਰਾਰਾ, ਹਰਿ ਪੁਰਖ ਨਿਰੰਜਣ ਪਰਦਾ ਓਹਲਾ ਆਪ ਚੁਕਾਈਆ । ਏਕੰਕਾਰ ਸਦ ਪਾਵਣਹਾਰਾ ਸਾਰਾ, ਆਦਿ ਨਿਰੰਜਣ ਬੋਧ ਅਗਾਧ ਕਰੇ ਜਣਾਈਆ । ਅਬਿਨਾਸ਼ੀ ਕਰਤਾ ਵੇਖੇ ਵਿਗਸੇ ਵੇਖਣਹਾਰਾ, ਸ੍ਰੀ ਭਗਵਾਨ ਨੌਜਵਾਨ ਮਰਦ ਮਰਦਾਨ ਆਪਣਾ ਭੇਵ ਚੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਾਵੇ ਸਾਰਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਲਹਿਣਾ ਦੇਣਾ ਜਾਣੇ ਸਰਬ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਪੂਰਬ ਲੇਖਾ ਤਕੇ ਪੈਗ਼ੰਬਰ ਗੁਰ ਅਵਤਾਰਾ, ਚਾਰ ਜੁਗ ਦੇ ਸ਼ਾਸਤਰਾਂ ਖੋਜ ਖੁਜਾਈਆ । ਸ਼ਾਹੋ ਭੂਪ ਬਣ ਵਡ ਸਿਕਦਾਰਾ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜੋਤੀ ਜਾਤਾ ਹੋ ਕੇ ਹੋਏ ਜ਼ਾਹਰਾ, ਜ਼ਾਹਰ ਜ਼ਹੂਰ ਆਪਣੀ ਕਲ ਵਰਤਾਈਆ । ਕਲਜੁਗ ਕਿਰਿਆ ਕੂੜ ਮੇਟੇ ਪਸਾਰਾ, ਅੰਧ ਅਗਿਆਨ ਦਏ ਮਿਟਾਈਆ । ਸਤਿ ਸਚ ਦਏ ਅਧਾਰਾ, ਧਰਮ ਦੀ ਧਾਰ ਇਕ ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਕਿਰਪਾ ਕਰੇ ਆਪ ਨਿਰੰਕਾਰਾ, ਨਿਰਵੈਰ ਹੋ ਕੇ ਵੇਖ ਵਖਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਲੇਖਾ ਜਾਣੇ ਜੀਵ ਜੰਤ ਪਾਰਬ੍ਰਹਮ ਪਤਿਪਰਮੇਸ਼ਵਰ ਨਿਰਗੁਣ ਸਰਗੁਣ ਲੈ ਅਵਤਾਰਾ, ਅਵਤਰੀ ਹੋ ਕੇ ਵੇਖ ਵਖਾਈਆ । ਜਿਸ ਦਾ ਲੇਖ ਕਾਗਦ ਕ਼ਲਮ ਨਾ ਲਿਖਣਹਾਰਾ, ਜਗਤ ਵਿਦਿਆ ਅਕਲ ਬੁੱਧੀ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਸਤਿਗੁਰ ਸ਼ਬਦ ਖੇਲੇ ਖੇਲ ਬਹੁ ਬਿਧ ਭਾਂਤੀ, ਭੇਵ ਅਭੇਦ ਸਮਝ ਕਿਸੇ ਨਾ ਆਈਆ । ਕਲਜੁਗ ਅੰਤਮ ਮੇਟੇ ਅੰਧੇਰੀ ਰਾਤੀ, ਰੁਤੜੀ ਧੁਰ ਦੇ ਹੁਕਮ ਨਾਲ ਮਹਿਕਾਈਆ । ਸਤਿਜੁਗ ਸਾਚੀ ਸਚ ਕਰੇ ਪਰਭਾਤੀ, ਸੰਧਿਆ ਲੇਖਾ ਰਹੇ ਨਾ ਰਾਈਆ । ਦੀਨ ਦੁਨੀ ਝਗੜਾ ਮੇਟੇ ਕਾਗ਼ਜ਼ਾਤੀ, ਸ਼ਰਅ ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਜੋੜੇ ਸਾਚਾ ਨਾਤੀ, ਈਸ਼ ਜੀਵ ਜਗਦੀਸ਼ ਭੇਵ ਆਪ ਖੁਲ੍ਹਾਈਆ । ਕਿਰਪਾ ਕਰੇ ਹਰਿ ਕਮਲਾਪਾਤੀ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਨ ਭਗਤਾਂ ਅੰਮ੍ਰਿਤ ਬਖ਼ਸ਼ੇ ਬੂੰਦ ਸਵਾਂਤੀ,

ਨਿਝਰ ਝਿਰਨਾ ਆਪ ਝਿਰਾਈਆ । ਲਹਿਣਾ ਦੇਣਾ ਲੇਖਾ ਪੂਰਾ ਕਰੇ ਲੋਕਮਾਤੀ, ਧਰਨੀ ਧਰਤ ਧਵਲ ਧੌਲ ਵੇਖ ਵਖਾਈਆ । ਅੰਤ ਕੰਤ ਭਗਵੰਤ ਨਿਰਗੁਣ ਹੋ ਕੇ ਪੁਛੇ ਵਾਤੀ, ਸਰਗੁਣ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰ ਅਗੰਮੀ ਦਾਤੀ, ਨਾਮ ਨਿਧਾਨਾ ਨੌਜਵਾਨਾ ਸ੍ਰੀ ਭਗਵਾਨਾ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਆਪ ਟਿਕਾਈਆ ।

### ✪ ੧੪ ਚੇਤ ਸ਼ਹਿਨਸ਼ਾਹੀ ਸੰਮਤ ੧੨ ਦਲੀਪ ਕੌਰ ਦੇ ਗ੍ਰਿਹ ਪਿੰਡ ਸੁਨਾਮ ਜ਼ਿਲਾ ਸੰਗਰੂਰ ✪

ਧਰਨੀ ਕਹੇ ਧਰਮ ਦੀ ਧਾਰ ਬਖ਼ਸ਼ ਦੇ ਧੂੜੀ, ਟਿੱਕੇ ਨਾਮ ਖ਼ਾਕ ਪਾਕੀ ਪਾਕ ਦੇ ਲਗਾਈਆ । ਦੀਨ ਦਿਆਲ ਦਇਆਨਿਧ ਮੇਰੇ ਉਤੋਂ ਕਲਪਨਾ ਮੇਟ ਦੇ ਕੂੜੀ, ਕੂੜ ਕੁੜਿਆਰ ਜਗਤ ਬੁਰਿਆਰ ਵਿਚ ਸੰਸਾਰ ਰਹਿਣ ਕੋਇ ਨਾ ਪਾਈਆ । ਦੀਨ ਦੁਨੀ ਚਤੁਰ ਸੁਘੜ ਬਣਾ ਦੇ ਮੂਰਖ ਮੂੜ੍ਹੀ, ਪਤਿਪਰਮੇਸ਼ਵਰ ਪਾਰਬ੍ਰਹਮ ਦਰ ਤੇਰੇ ਓਟ ਤਕਾਈਆ । ਨਿਰਗੁਣ ਸਰਗੁਣ ਸਾਚੀ ਰੰਗਤ ਚਾੜ੍ਹ ਦੇ ਗੂੜ੍ਹੀ, ਨਵ ਸੱਤ ਬ੍ਰਹਮ ਮਤ ਤਤਵ ਤਤ ਉਤਰ ਕਦੇ ਨਾ ਜਾਈਆ । ਤੇਰਾ ਨਾਮ ਨਿਧਾਨ ਸ੍ਰੀ ਭਗਵਾਨ ਸਤਿਗੁਰ ਸ਼ਬਦ ਇਕੋ ਮੇਰੇ ਉਤੇ ਕਰੇ ਮਸ਼ਹੂਰੀ, ਮਸ਼ਵਰਾ ਤੇਰਾ ਤੇਰੇ ਨਾਲ ਰਖਾਈਆ । ਨਾਮ ਖ਼ੁਮਾਰੀ ਏਕੰਕਾਰੀ ਪਰਵਰਦਿਗਾਰੀ ਦੇ ਸਰੂਰੀ, ਸੁਰਤ ਅਕਾਲ ਮੂਰਤ ਆਪਣੇ ਨਾਲ ਮਿਲਾਈਆ । ਦੀਨ ਦਿਆਲ ਦਰਦ ਦੁਖ ਭੈ ਭੰਜਨ ਤੇਰਾ ਦਰਸ਼ਨ ਹੋਵੇ ਹਜ਼ੂਰੀ, ਹਜ਼ਰਤਾਂ ਦੇ ਮਾਲਕ ਖ਼ਲਕ ਦੇ ਖ਼ਾਲਕ ਨੂਰ ਨੁਰਾਨੇ ਨੂਰ ਦੇਣਾ ਚਮਕਾਈਆ । ਆਤਮ ਪਰਮਾਤਮ ਪੰਧ ਮੁਕਾ ਦੇ ਨੇੜ ਦੂਰੀ, ਮੰਜ਼ਲ ਮੰਜ਼ਲ ਆਪਣਾ ਭੇਵ ਖੁਲ੍ਹਾਈਆ । ਮੇਰੀ ਆਸਾ ਮਨਸਾ ਅੰਤ ਕੰਤ ਭਗਵੰਤ ਕਰ ਦੇ ਪੂਰੀ, ਪਾਰਬ੍ਰਹਮ ਬ੍ਰਹਮ ਆਪਣਾ ਭੇਵ ਖੁਲ੍ਹਾਈਆ । ਤੂੰ ਸ਼ਾਹੋ ਭੂਪ ਸੁਲਤਾਨ ਸਰਬ ਕਲਾ ਭਰਪੂਰੀ, ਸਮਰਥ ਅਕਥ ਅਗੰਮ ਅਥਾਹ ਇਕ ਅਖਵਾਈਆ । ਜਲਵਾਗਰ ਨੂਰ ਨੁਰਾਨੇ ਆਸਾ ਮਨਸਾ ਵੇਖ ਲੈ ਜੋ ਆਸ਼ਾ ਰਖੀ ਕੋਹਤੂਰੀ, ਮੂਸਾ ਮੁਸਲਸਲ ਕੀ ਗਿਆ ਦ੍ਰਿੜਾਈਆ । ਜਿਸ ਕਾਰਨ ਈਸਾ ਤੇਰਾ ਜਲਵਾ ਤਕਿਆ ਨੂਰੀ, ਬਿਨ ਨੇਤਰ ਲੋਚਨ ਨੈਣ ਦਰਸ਼ਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੇਰਾ ਲੇਖਾ ਤਕ ਲੈ ਜਗ, ਜਾਗਰਤ ਜੋਤ ਬਿਨ ਵਰਨ ਗੋਤ ਧਿਆਨ ਲਗਾਈਆ । ਮੇਰੇ ਸ਼ਾਹੋ ਭੂਪ ਸਰਬਗ, ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਤੇਰੀ ਸ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਤੇਰੇ ਨਾਲੋਂ ਹੋਈ ਅਲਗ, ਆਤਮ ਪਰਮਾਤਮ ਤੇਰੇ ਰੰਗ ਨਾ ਕੋਇ ਸਮਾਈਆ । ਮਾਨਵ ਜ਼ਾਤੀ ਹੰਸ ਬਣੀ ਕਗ, ਕਿਰਿਆ ਕੂੜ ਨਾਲ ਹਲਕਾਈਆ । ਪੰਚ ਵਿਕਾਰਾ ਘਰ ਘਰ ਲੱਗੀ ਅਗ, ਅਗਨੀ ਤਤ ਨਾ ਕੋਇ ਬੁਝਾਈਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਮੇਰੀ ਇਕੋ ਇਕ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਹਰਿਜਨ ਭਗਤ ਸੁਹੇਲੇ ਲਾ ਲੈ ਅੰਗ, ਅੰਗੀਕਾਰ ਆਪ ਇਕ ਅਖਵਾਈਆ । ਮਾਨਸ ਜਨਮ ਹੋਣ ਨਾ ਦੇਣਾ ਭੰਗ, ਸਿਰ ਸਿਰ ਆਪਣਾ ਹੱਥ ਟਿਕਾਈਆ । ਆਤਮ ਸੇਜ ਸੁਹਾ ਪਲੰਘ, ਸੁਖਆਸਣ ਇਕੋ ਇਕ ਵਡਿਆਈਆ । ਜਿਥੇ ਤੇਰੇ ਨਾਮ ਦਾ ਵਜੇ ਮਰਦੰਗ, ਅਨਹਦ ਨਾਦੀ ਨਾਦ ਸ਼ਨਵਾਈਆ । ਅੰਮ੍ਰਿਤ ਰਸ ਮਿਲੇ ਬਿਨਾ ਸੁਰਸਤੀ ਗੰਗ,

ਗੋਦਾਵਰੀ ਲੋੜ ਰਹੇ ਨਾ ਰਾਈਆ । ਸਚ ਦੁਆਰਾ ਏਕੰਕਾਰਾ ਇਕੋ ਲੰਘ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੈਂ ਕਲਜੁਗ ਅੰਤ ਸ੍ਰੀ ਭਗਵੰਤ ਹੋਈ ਤੰਗ, ਤੰਗਦਸਤ ਦਿਸੇ ਲੋਕਾਈਆ । ਘਰ ਘਰ ਤੇਰੇ ਨਾਮ ਦੀ ਹੋਈ ਭੁਖ ਨੰਗ, ਸਚ ਵਸਤ ਨਾ ਕੋਇ ਵਰਤਾਈਆ । ਕਿਸੇ ਭੇਵ ਖੁਲ੍ਹੇ ਨਾ ਬ੍ਰਹਮ ਹੰ, ਪਾਰਬ੍ਰਹਮ ਤੇਰਾ ਦਰਸ ਕੋਇ ਨਾ ਪਾਈਆ । ਮੇਰੇ ਉਤੇ ਸਤਿਜੁਗ ਤ੍ਰੇਤਾ ਦੁਆਪਰ ਪਿਛੇ ਗਿਆ ਲੰਘ, ਕਲਜੁਗ ਅੰਤਮ ਲਹਿਣਾ ਦੇ ਚੁਕਾਈਆ । ਕੂੜ ਕੁੜਿਆਰਾ ਮੇਰੇ ਉਤੋਂ ਮੇਟ ਦੇ ਜੰਗ, ਬਿਨ ਸ਼ਸਤਰਾਂ ਸ਼ਤਰੂਆਂ ਕਰ ਸਫ਼ਾਈਆ । ਤੇਰੇ ਨਾਮ ਦਾ ਨੌ ਖੰਡ ਪ੍ਰਿਥਮੀ ਵਜੇ ਇਕ ਮਰਦੰਗ, ਢੋਲਾ ਸੋਹਲਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਸਾ ਪੂਰ ਕਰਾਈਆ । ਧਰਨੀ ਕਹੇ ਮੇਰੇ ਜਗਦੀਸੇ, ਜਗਦੀਸ਼ਰ ਤੇਰੀ ਸਰਨਾਈਆ । ਨਿਰਗੁਣ ਧਾਰ ਅਵਤਾਰ ਚੌਬੀਸੇ, ਬੇਪਰਵਾਹ ਤੇਰੀ ਬੇਪਰਵਾਹੀਆ । ਲਹਿਣਾ ਦੇਣਾ ਤਕ ਲੈ ਬੀਸ ਇਕੀਸੇ, ਅਕਲ ਕਲਧਾਰੀ ਪਰਦਾ ਆਪ ਉਠਾਈਆ । ਧੁਰ ਹੁਕਮ ਦੀਆਂ ਵੇਖ ਹਦੀਸੇ, ਜੋ ਹਜ਼ਰਤਾਂ ਗਿਆ ਜਣਾਈਆ । ਲਹਿਣੇ ਦੇਣੇ ਤਕ ਲੈ ਰਾਗ ਛਤੀਸੇ, ਸ਼ਹਿਨਸ਼ਾਹ ਹੋ ਕੇ ਵੇਖ ਵਖਾਈਆ । ਤਾਜ ਰਿਹਾ ਕਿਸੇ ਨਾ ਸੀਸੇ, ਛਤਰਧਾਰੀ ਨਜ਼ਰ ਕੋਇ ਨਾ ਆਈਆ । ਕਲਜੁਗ ਕਿਰਿਆ ਕੂੜ ਸਭ ਨੇ ਨਸ਼ੇ ਪੀਤੇ, ਪੀਤ ਪੀਤੰਬਰ ਸੀਸ ਨਾ ਕੋਇ ਟਿਕਾਈਆ । ਸਭ ਦੇ ਲਹਿਣੇ ਦੇਣੇ ਪੂਰੇ ਕਰ ਜੋ ਕੌਲ ਇਕਰਾਰ ਕੀਤੇ, ਵਾਅਦੇ ਵਾਅਦਿਆਂ ਵਿਚੋਂ ਵੇਖ ਵਖਾਈਆ । ਪੈਗ਼ੰਬਰਾਂ ਦੇ ਸਮੇਂ ਮੇਰੇ ਉਤੇ ਬੀਤੇ, ਪਿਛਲੇ ਲੇਖੇ ਰਹੇ ਮੁਕਾਈਆ । ਦੀਨ ਦੁਨੀ ਦੀ ਤਕ ਲੈ ਨਿਰਗੁਣ ਧਾਰ ਨੀਤੇ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਝਗੜਾ ਮੇਟ ਦੇ ਮੰਦਰ ਮਸੀਤੇ, ਕਾਇਆ ਕਾਅਬਾ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਦੀਨ ਦੁਨੀ ਗਾਏ ਗੀਤੇ, ਗੀਤ ਗੋਬਿੰਦ ਇਕ ਦ੍ਰਿੜਾਈਆ । ਸਭ ਦਾ ਅੰਤਰ ਨਿਰੰਤਰ ਪਵਿਤ ਕਰ ਪਤਤ ਪੁਨੀਤੇ, ਦੁਰਮਤ ਮੈਲ ਰਹੇ ਨਾ ਰਾਈਆ । ਹਰਿਜਨ ਕਰ ਦੇ ਠਾਂਢੇ ਸੀਤੇ, ਕਲਜੁਗ ਅਗਨੀ ਅਗ ਬੁਝਾਈਆ । ਜਨ ਭਗਤਾਂ ਸਦਾ ਵਸਣਾ ਚੀਤੇ, ਚਿਤ ਵਿਤ ਠਗੌਰੀ ਰਹਿਣ ਕੋਇ ਨਾ ਪਾਈਆ । ਸਤਿ ਸਤਿਵਾਦੀ ਬਣਨਾ ਮੀਤੇ, ਮਿਤਰ ਪਿਆਰੇ ਆਪਣਾ ਭੇਵ ਚੁਕਾਈਆ । ਧਰਨੀ ਕਹੇ ਮੇਰੇ ਪੁਰਖ ਅਕਾਲ ਦੀਨ ਦਿਆਲ ਕਲਜੁਗ ਵਿਚੋਂ ਸਤਿਜੁਗ ਧਰਮ ਦੀ ਬਦਲ ਦੇ ਰੀਤੇ, ਰੀਤੀਵਾਨ ਤੇਰੀ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕੋਟਨ ਕੋਟ ਜੁਗ ਚੌਕੜੀ ਮੇਰੇ ਉਤੇ ਬੀਤੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ ।

### ✪ ੧੪ ਚੇਤ ਸ਼ਹਿਨਸ਼ਾਹੀ ਸੰਮਤ ੧੨ ਸਰਦਾਰਾ ਸਿੰਘ ਦੇ ਗ੍ਰਿਹ ਪਿੰਡ ਛਾਂਜਲਾ ਜ਼ਿਲਾ ਸੰਗਰੂਰ ✪

ਧਰਨੀ ਕਹੇ ਪ੍ਰਭੂ ਮੇਰੀ ਬੇਨੰਤੀ ਚੌਦਾਂ ਚੇਤ, ਚੌਦਾਂ ਲੋਕ ਚੌਦਾਂ ਤਬਕ ਚੇਤਨ ਸਭ ਨੂੰ ਦੇ ਕਰਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਅਵਤਾਰ ਪੈਗ਼ੰਬਰ ਗੁਰ ਇਕੋ ਦੱਸ ਹੇਤ, ਹਿਤਕਾਰੀ ਏਕੰਕਾਰੀ ਪਰਵਰਦਿਗਾਰੀ ਹੋ ਕੇ ਦਇਆ ਕਮਾਈਆ । ਨਿਜ ਆਤਮ ਪਰਮਾਤਮ ਨਜ਼ਰ ਆਵੀਂ ਨੇਤਨ ਨੇਤ, ਨਰ ਨਰਾਇਣ ਭੇਵ ਅਭੇਦਾ ਆਪ ਖੁਲ੍ਹਾਈਆ । ਤੇਰਾ ਲਹਿਣਾ ਦੇਣਾ ਆਦਿ ਜੁਗਾਦਿ ਜੁਗ ਚੌਕੜੀ ਮੇਰਾ ਖੇਲ ਵੇਖ ਲੈ ਲੱਖ ਚੁਰਾਸੀ

ਖੇਤ, ਖੱਤਰੀ ਬ੍ਰਾਹਮਣ ਸ਼ੂਦਰ ਵੈਸ਼ ਫੋਲ ਫੁਲਾਈਆ । ਪਰਵਰਦਿਗਾਰੇ ਸਾਂਝੇ ਯਾਰੇ ਤੁਧ ਬਿਨ ਖੋਲ੍ਹੇ ਕੋਇ ਨਾ ਭੇਤ, ਪਰਦਾ ਪਾਰਬ੍ਰਹਮ ਬ੍ਰਹਮ ਸਕੇ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਮੇਰੇ ਪਰਮ ਪੁਰਖ ਕਿਰਪਾਲੇ, ਕਿਰਪਾ ਨਿਧਾਨ ਤੇਰੀ ਸਰਨਾਈਆ । ਦੀਨਾਂ ਬੰਦਪ ਦੀਨ ਦਿਆਲੇ, ਦਇਆਨਿਧ ਤੇਰੀ ਵਡਿਆਈਆ । ਮੈਂ ਜੁਗ ਚੌਕੜੀ ਤੇਰੀ ਘਾਲਣ ਰਹੀ ਘਾਲੇ, ਸਤਿਜੁਗ ਤ੍ਰੇਤਾ ਦੁਆਪਰ ਆਪਣੀ ਸੇਵ ਕਮਾਈਆ । ਪਤਿਪਰਮੇਸ਼ਵਰ ਤੁਧ ਬਿਨ ਮੇਰੀ ਸੁਰਤ ਨਾ ਕੋਇ ਸੰਭਾਲੇ, ਸੰਬਲ ਦੇ ਮਾਲਕ ਸਗਲਾ ਸੰਗ ਨਾ ਕੋਇ ਨਿਭਾਈਆ । ਮੇਰਾ ਲਹਿਣਾ ਦੇਣਾ ਅਵਤਾਰ ਪੈਗ਼ੰਬਰ ਗੁਰ ਕਰ ਕੇ ਗਏ ਤੇਰੇ ਹਵਾਲੇ, ਅਹਿਵਾਲ ਅਵਰ ਨਾ ਕੋਇ ਜਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਮੇਰੇ ਦੁਰਮਤ ਮੈਲ ਦਾਗ਼ ਧੋ ਦੇ ਕਾਲੇ, ਕਲਜੁਗ ਕੂੜੀ ਕਿਰਿਆ ਬਾਹਰ ਕਢਾਈਆ । ਇਕੋ ਨਾਮ ਨਿਧਾਨਾ ਸ੍ਰੀ ਭਗਵਾਨਾ ਦੱਸ ਦੇ ਸੁਖਾਲੇ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਹੋ ਕੇ ਪਰਦਾ ਲਾਹੀਆ । ਤ੍ਰੈਗੁਣ ਮਾਇਆ ਤ੍ਰੈਗੁਣ ਅਤੀਤੇ ਤ੍ਰੈਭਵਣ ਧਨੀ ਤੋੜ ਜੰਜਾਲੇ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ । ਸਚ ਦੁਆਰਾ ਵਿਚ ਸੰਸਾਰਾ ਇਕ ਦਿਸਾ ਸਚੀ ਧਰਮਸਾਲੇ, ਦੂਸਰ ਨਜ਼ਰ ਕੋਇ ਨਾ ਆਈਆ । ਫਲ ਲਗਾ ਦੇ ਮੇਰੇ ਚੁਰਾਸੀ ਵਾਲੇ ਡਾਲੇ, ਪੱਤ ਟਹਿਣੀ ਸਰਬ ਦੇ ਮਹਿਕਾਈਆ । ਮੇਰੀ ਇਕੋ ਬੇਨੰਤੀ ਇਕ ਸਵਾਲੇ, ਮਨਸਾ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਮੇਰਾ ਪੂਰਾ ਕਰ ਦੇ ਲੇਖਾ, ਲਿਖਤ ਭਵਿਖਤ ਨਾਲ ਮਿਲਾਈਆ । ਕਲਜੁਗ ਕਿਰਿਆ ਕੂੜ ਮੇਟ ਭੁਲੇਖਾ, ਭਾਂਡਾ ਭਰਮ ਭੌ ਭੰਨਾਈਆ । ਲਹਿਣਾ ਦੇਣਾ ਪੂਰਾ ਕਰ ਦੇ ਮੁਲਾ ਸ਼ੇਖ਼ਾ, ਮੁਸਾਇਕਾਂ ਲਹਿਣਾ ਦੇਣਾ ਚੁਕਾਈਆ । ਇਕੋ ਇਕ ਅਗੰਮ ਅਗੰਮੜੇ ਮੇਰੇ ਉਤੇ ਦੇ ਸੰਦੇਸ਼ਾ, ਸੰਧਿਆ ਸਰਘੀ ਵੰਡ ਨਾ ਕੋਇ ਵੰਡਾਈਆ । ਤੂੰ ਮਾਲਕ ਨਰ ਨਰੇਸ਼ਾ, ਨਰ ਨਰਾਇਣ ਨੂਰ ਅਲਾਹੀਆ । ਜੁਗ ਬਦਲਣਾ ਤੇਰਾ ਪੇਸ਼ਾ, ਪੇਸ਼ੀਨਗੋਈਆਂ ਵਿਚ ਅਵਤਾਰ ਪੈਗ਼ੰਬਰ ਗੁਰੂ ਗਏ ਦ੍ਰਿੜਾਈਆ । ਤੂੰ ਆਦਿ ਜੁਗਾਦਿ ਸਦਾ ਰਹੇਂ ਹਮੇਸ਼ਾ, ਹਮਸਾਜਣ ਇਕ ਅਖਵਾਈਆ । ਤੈਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼ਾ, ਗਣਪਤ ਬੈਠਾ ਸੀਸ ਨਿਵਾਈਆ । ਮੈਂ ਚਾਹੁੰਦੀ ਮੇਰੇ ਉਤੋਂ ਕਿਰਿਆ ਮੇਟ ਕਲ ਕਲੇਸ਼ਾ, ਕਲ ਕਲਕੀ ਤੇਰੇ ਅਗੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰਾ ਸੁਹਾ ਦੇ ਬੰਕ, ਨਵ ਸੱਤ ਆਪਣਾ ਰੰਗ ਰੰਗਾਈਆ । ਜੋਤ ਨੂਰ ਚਮਕਾ ਦੇ ਨਿਹਕਲੰਕ, ਕਲ ਕਲਕੀ ਤੇਰੀ ਓਟ ਤਕਾਈਆ । ਤੇਰਾ ਨਾਮ ਨਿਧਾਨਾ ਦੋ ਜਹਾਨਾ ਸ੍ਰੀ ਭਗਵਾਨਾ ਵਜੇ ਡੰਕ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਜ਼ਿਮੀਂ ਅਸਮਾਨਾਂ ਆਪ ਜਗਾਈਆ । ਮੇਰੇ ਮਿਹਰਵਾਨਾ ਮੇਰੇ ਉਤੋਂ ਝਗੜਾ ਮੇਟ ਦੇ ਰਾਓ ਰੰਕ, ਮਾਨਵ ਮਾਨਸ ਮਾਨੁਖ ਇਕੋ ਰੰਗ ਰੰਗਾਈਆ । ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਲਾ ਦੇ ਤਨਕ, ਸੁਰਤੀ ਸ਼ਬਦ ਨਾਲ ਉਠਾਈਆ । ਉਹ ਵਾਅਦਾ ਪੂਰਾ ਕਰਦੇ ਜੋ ਸੰਦੇਸ਼ਾ ਦੇ ਕੇ ਗਿਆ ਜਨਕ, ਬਿਨ ਅੱਖਰਾਂ ਅੱਖਰ ਸੁਣਾਈਆ । ਤੇਰਾ ਲਹਿਣਾ ਦੇਣਾ ਬਾਰ ਅਨਕ, ਅਨਕ ਕਲਧਾਰੀ ਤੇਰੇ ਹੱਥ ਵਡਿਆਈਆ । ਦੀਨ ਦੁਨੀ ਦਾ ਫੇਰ ਦੇ ਮਨ ਕਾ ਮਣਕ, ਮਨਸਾ ਕੂੜੀ ਦੇ ਮਿਟਾਈਆ । ਹਰਿਜਨ ਹਰਿ ਬਣਾ ਲੈ ਆਪਣੇ ਸੰਤ, ਸਤਿਗੁਰ ਹੋ ਕੇ ਵੇਖ ਵਖਾਈਆ । ਆਤਮ ਪਰਮਾਤਮ ਧਾਰ ਬਣਾ ਲੈ ਜੰਤ, ਕੰਤ

ਕੌਤੂਹਲ ਇਕੋ ਇਕ ਅਖਵਾਈਆ । ਤਨ ਵਜੂਦਾਂ ਮਾਟੀ ਖ਼ਾਕ ਚਾੜ੍ਹ ਦੇ ਰੰਗਤ, ਰੰਗ ਰੰਗੀਲੇ ਦਇਆ ਕਮਾਈਆ । ਗੜ੍ਹ ਤੋੜ ਦੇ ਹਉਮੇ ਹੰਗਤ, ਹੰ ਬ੍ਰਹਮ ਦੇ ਸਮਝਾਈਆ । ਆਤਮ ਪਰਮਾਤਮ ਬਣਾ ਲੈ ਸਾਚੀ ਸੰਗਤ, ਪਾਰਬ੍ਰਹਮ ਬ੍ਰਹਮ ਮੇਲਾ ਲੈ ਮਿਲਾਈਆ । ਬੋਧ ਅਗਾਧਾ ਬਣ ਕੇ ਪੰਡਤ, ਬੁੱਧੀ ਤੋਂ ਪਰੇ ਦੇ ਸਮਝਾਈਆ । ਮੇਰੀ ਦਰ ਦੁਆਰੇ ਏਕੰਕਾਰੇ ਤੇਰੇ ਮਿੰਨਤ, ਧਰਨੀ ਕਹੇ ਮੈਂ ਨਿਵ ਨਿਵ ਲਾਗਾਂ ਪਾਈਆ । ਅੰਤ ਅਖ਼ੀਰ ਬੇਨਜ਼ੀਰ ਮੇਰੀ ਮੇਟ ਦੇ ਚਿੰਤ, ਚਿੰਤਾ ਚਿਖਾ ਨਾ ਕੋਇ ਜਲਾਈਆ । ਮੇਰੇ ਵਿਚ ਕਲਜੁਗ ਭਾਰ ਚੁਕਣ ਦੀ ਰਹੀ ਨਾ ਹਿੰਮਤ, ਹੌਸਲਾ ਆਪਣਾ ਬੈਠੀ ਢਾਹੀਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆ ਜਾ ਲੋਕਮਾਤ ਦੀ ਮੇਰੀ ਸਿੰਮਤ, ਚਾਰ ਕੁੰਟ ਦਾ ਲੇਖਾ ਦੇ ਮੁਕਾਈਆ । ਨਵ ਸੱਤ ਤੇਰਾ ਰਹੇ ਕੋਈ ਨਾ ਨਿੰਦਕ, ਨਿਰਗੁਣ ਨਿਰਵੈਰ ਆਪਣਾ ਰੰਗ ਲੈਣਾ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਪਿਆਰ ਨਿਰਗੁਣ ਧਾਰ ਆਪ ਆਪਣਾ ਬਖ਼ਸ਼ ਦੇ ਵਿਚ ਹਿੰਦਵੈਣ ਹਿੰਦਕ, ਹਿੰਦ ਬਿੰਦ ਦੇ ਮਾਲਕ ਨਰਿੰਦ ਤੇਰੀ ਬੇਪਰਵਾਹੀਆ ।

## ✪ ੧੫ ਚੇਤ ਸ਼ਹਿਨਸ਼ਾਹੀ ਸੰਮਤ ੧੨ ਸੁਰਜੀਤ ਸਿੰਘ ਦੇ ਗ੍ਰਿਹਿ ਪਿੰਡ ਛਾਜਲਾ ਜ਼ਿਲਾ ਸੰਗਰੂਰ ✪



ਧਰਨੀ ਕਹੇ ਪ੍ਰਭੂ ਮੇਰਾ ਪੂਰਾ ਕਰ ਦੇ ਘਾਟਾ, ਨਾਮ ਨਿਧਾਨ ਸ੍ਰੀ ਭਗਵਾਨ ਅਤੋਟ ਅਤੁਟ ਦੇ ਵਰਤਾਈਆ । ਅੰਮ੍ਰਿਤ ਰਸ ਤਨ ਵਜੂਦਾਂ ਬਖ਼ਸ਼ ਅਗੰਮਾ ਬਾਟਾ, ਬੂੰਦ ਸਵਾਂਤੀ ਕਵਲ ਨਾਭੀ ਨਿਝਰ ਝਿਰਨਾ ਦੇ ਝਿਰਾਈਆ । ਸਚ ਦੁਆਰ ਏਕੰਕਾਰ ਨਵ ਸੱਤ ਖੋਲ੍ਹ ਦੇ ਹਾਟਾ, ਨਾਮ ਨਿਧਾਨ ਨੌਜਵਾਨ ਸ੍ਰੀ ਭਗਵਾਨ ਇਕ ਵਰਤਾਈਆ । ਸਚ ਸਰੋਵਰ ਦੀਨ ਦਿਆਲ ਦਾ ਇਕੋ ਤੀਰਥ ਹੋਵੇ ਤਾਟਾ, ਕਿਨਾਰੇ ਘਾਟ ਇਕੋ ਸੋਭਾ ਪਾਈਆ । ਪੁਰਖ ਅਕਾਲੇ ਦੀਨ ਦਿਆਲੇ ਮੇਰੀ ਅੰਤਮ ਕਲਜੁਗ ਵੇਖ ਲੈ ਵਾਟਾ, ਪਾਂਧੀ ਹੋ ਕੇ ਭੱਜੀ ਵਾਹੋ ਦਾਹੀਆ । ਸੇਜ ਸੁਹੰਜਣੀ ਪਵਿਤ੍ਰ ਰਹੀ ਕੋਈ ਨਾ ਖਾਟਾ, ਖਟੀਆ ਮਟੀਆ ਤੇਰੇ ਰੰਗ ਨਾ ਕੋਇ ਸਮਾਈਆ । ਮੈਂ ਵੈਰਾਗਣ ਜਗਤ ਤਿਆਗਣ ਮੇਰਾ ਖੁਲ੍ਹਾ ਤਕ ਲੈ ਝਾਟਾ, ਮੇਂਢੀ ਸੀਸ ਜਗਦੀਸ ਨਾ ਕੋਇ ਗੁੰਦਾਈਆ । ਕਲਜੁਗ ਕਿਰਿਆ ਕੂੜ ਖੇਲ ਬਾਜ਼ੀਗਰ ਨਾਟਾ, ਸਵਾਂਗੀ ਆਪਣਾ ਸਵਾਂਗ ਵਰਤਾਈਆ । ਸਤਿ ਧਰਮ ਦਾ ਹਰ ਹਿਰਦੇ ਅੰਦਰ ਪਿਆ ਸੰਨਾਟਾ, ਕਿਰਿਆ ਕੂੜ ਕੂੜ ਹਲਕਾਈਆ । ਤੇਰਾ ਨੂਰ ਜ਼ਹੂਰ ਜੋਤੀ ਜਾਤੇ ਨਜ਼ਰ ਨਾ ਆਏ ਵਿਚ ਲਿਲਾਟਾ, ਧੂੜੀ ਖ਼ਾਕ ਪਾਕੀ ਪਾਕ ਮਸਤਕ ਨਾ ਕੋਇ ਰਮਾਈਆ । ਬਿਨ ਰਸਨਾ ਜੇਹਵਾ ਤੇਰਾ ਰਸ ਸਕੇ ਕੋਈ ਨਾ ਚਾਟਾ, ਚੇਟਕ ਵਿਚ ਦਿਸੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧੁਰ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਮੇਰੇ ਪਰਵਰਦਿਗਾਰਾ, ਮਿਹਰਵਾਨ ਮਹਿਬਾਨ ਬੀਦੋ ਤੇਰੀ ਆਸ ਤਕਾਈਆ । ਆਦਿ ਜੁਗਾਦੀ ਸਾਂਝੇ ਯਾਰਾ, ਯਜ਼ਮਮਜੂ ਜ਼ਮੇ ਨੂਰ ਨੂਰ ਨੂਰ ਅਲਾਹੀਆ । ਮੈਂ ਧਰਤੀ ਮਿੱਟੀ ਖ਼ਾਕ ਤੇਰੀ ਕ਼ਦਮਬੋਸੀ ਵਿਚ ਕਰਾਂ ਪਿਆਰਾ, ਪਿਆਰ ਮੁਹੱਬਤ ਤੇਰੀ ਇਕੋ ਨਜ਼ਰੀ ਆਈਆ । ਮੇਰੇ ਅਲਾਹ ਅਗੰਮ ਅਥਾਹ ਅੰਤ ਕੰਤ ਭਗਵੰਤ ਮੇਰੀ ਆ ਕੇ ਪਾ ਸਾਰਾ, ਮਹਾਸਾਰਥੀ ਤੇਰੇ ਅਗੇ ਵਾਸਤਾ ਪਾਈਆ । ਨਵ ਸੱਤ ਬਿਨ ਨੇਤਰ ਲੋਚਨ ਨੈਣ ਤਕ ਅੰਧਿਆਰਾ, ਅੰਧ ਅੰਧੇਰਾ ਸਕੇ

ਨਾ ਕੋਇ ਮਿਟਾਈਆ । ਚਾਰ ਜੁਗ ਦੇ ਸ਼ਾਸਤਰ ਕਰਨ ਪੁਕਾਰਾ, ਪੁਨਹ ਪੁਨਹ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਪ੍ਰਭੂ ਮੇਰਾ ਭਾਰ ਕਰ ਦੇ ਹੌਲਾ, ਧਵਲ ਹੋ ਕੇ ਸੀਸ ਨਿਵਾਈਆ । ਤੂੰ ਆਦਿ ਜੁਗਾਦੀ ਇਕੋ ਮੌਲਾ, ਮਾਲਕ ਖ਼ਾਲਕ ਪ੍ਰਿਤਪਾਲਕ ਨੂਰ ਅਲਾਹੀਆ । ਤੇਰਾ ਸਭ ਦੇ ਨਾਲ ਇਕਰਾਰ ਕੌਲਾ, ਵਾਅਦੇ ਪੂਰਬ ਤਕੇਂ ਚਾਈਂ ਚਾਈਆ । ਜੋ ਸੰਦੇਸ਼ਾ ਦੇ ਕੇ ਗਿਆ ਕ੍ਰਿਸ਼ਨ ਸਾਂਵਲ ਸਵਲਾ, ਸਾਂਵਰੀਆ ਹੋ ਕੇ ਗਿਆ ਦ੍ਰਿੜਾਈਆ । ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਅੰਤ ਸ੍ਰੀ ਭਗਵੰਤ ਜੋਤੀ ਜਾਤਾ ਹੋ ਕੇ ਬਦਲੇ ਆਪਣਾ ਚੋਲਾ, ਚੋਜੀ ਪ੍ਰੀਤਮ ਆਪਣਾ ਖੇਲ ਖਿਲਾਈਆ । ਅੰਤਰ ਨਿਰੰਤਰ ਨਾਮ ਨਿਧਾਨ ਸ੍ਰੀ ਭਗਵਾਨ ਤੂੰ ਮੇਰਾ ਮੈਂ ਤੇਰਾ ਦੱਸੇ ਢੋਲਾ, ਸੋਹਲਾ ਕਲਮਾ ਕਾਇਨਾਤ ਦ੍ਰਿੜਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਹੋਏ ਵਿਚੋਲਾ, ਜੁਗ ਜਨਮ ਦੇ ਵਿਛੜਿਆਂ ਮੇਲ ਮਿਲਾਈਆ । ਜਨ ਭਗਤਾਂ ਕਾਇਆ ਮੰਦਰ ਅੰਦਰ ਰਹਿਣ ਨਾ ਦੇਵੇ ਉਹਲਾ, ਬਜਰ ਕਪਾਟੀ ਪਰਦਾ ਆਪ ਉਠਾਈਆ । ਮਨ ਮਮਤਾ ਵਿਚ ਮੂਲ ਪਾਏ ਨਾ ਰੌਲਾ, ਮਨਸਾ ਦਹਿ ਦਿਸ਼ ਨਾ ਉਠ ਉਠ ਧਾਈਆ । ਸਚ ਸੁਆਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਤਨ ਵਜੂਦਾਂ ਵਸਣਹਾਰਾ ਕੋਲਾ, ਆਤਮ ਪਰਮਾਤਮ ਪਰਮਾਤਮ ਆਤਮ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਪ੍ਰਭੂ ਮੇਰੀ ਵੇਖ ਅੰਧੇਰੀ ਰਾਤੀ, ਅੰਧ ਆਤਮ ਧਿਆਨ
 ਲਗਾਈਆ । ਤੂੰ ਪਰਮ ਪੁਰਖ ਪਰਮਾਤਮ ਕਮਲਾਪਾਤੀ, ਪਤਿਪਰਮੇਸ਼ਵਰ ਤੇਰੀ ਵਡ ਵਡਿਆਈਆ । ਤੇਰੇ ਹੱਥ ਮੇਰੀ ਜ਼ਿੰਦਗੀ ਹਯਾਤੀ, ਜੀਵਣ ਤੇਰੇ ੧੫੦੪
 ਕ਼ਦਮ ਟਿਕਾਈਆ । ਅੰਤ ਨਿਰਗੁਣ ਨਿਰਵੈਰ ਮੇਰੀ ਪੁਛ ਵਾਤੀ, ਵਾਰਸ ਹੋ ਕੇ ਵੇਖ ਵਖਾਈਆ । ਸਚ ਧਰਮ ਦਾ ਰਿਹਾ ਕੋਈ ਨਾ ਦੀਆ ਬਾਤੀ, ੨੪
ਨਵ ਸੱਤ ਨਾ ਕੋਇ ਰੁਸ਼ਨਾਈਆ । ਪ੍ਰੇਮ ਦੀ ਰਹੀ ਨਾ ਕੋਇ ਪਰਭਾਤੀ, ਕਲਜੁਗ ਕੂੜ ਅੰਧੇਰਾ ਸੰਧਿਆ ਰੂਪ ਗਿਆ ਬਦਲਾਈਆ । ਹਿਰਦਾ ਪਵਿਤ੍ਰ ਰਿਹਾ ਕੋਇ ਨਾ ਛਾਤੀ, ਸ਼ਾਂਤੀ ਵਿਚ ਦਿਸੇ ਨਾ ਖ਼ਲਕ ਖ਼ੁਦਾਈਆ । ਝਗੜਾ ਵੇਖ ਲੈ ਲੋਕਮਾਤੀ, ਮਾਤਰ ਭੂਮੀ ਹੋ ਕੇ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕੋ ਨਾਮ ਕਲਮਾ ਨਿਰਗੁਣ ਧਾਰ ਏਕੰਕਾਰ ਬਖ਼ਸ਼ ਸਫ਼ਾਤੀ, ਸਫ਼ਾ ਹਸਤੀ ਹਸਤ ਕੀਟ ਏਕੰਕਾਰ ਇਕੋ ਰੰਗ ਰੰਗਾਈਆ ।

### ੧੫ ਚੇਤ ਸ਼ਹਿਨਸ਼ਾਹੀ ਸੰਮਤ ੧੨ ਆਸਾ ਸਿੰਘ ਦੇ ਗ੍ਰਿਹ ਪਿੰਡ ਖਾਂਗ ਜ਼ਿਲਾ ਸੰਗਰੂਰ

ਸਤਿਗੁਰ ਸ਼ਬਦ ਕਹੇ ਸੁਣ ਧਰਨੀ ਧਵਲ ਧੌਲ ਧਰਤ, ਧਰਮ ਦੀ ਧਾਰ ਵਿਚ ਸੰਸਾਰ ਭੇਵ ਅਗੰਮ ਜਣਾਈਆ । ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਨਿਰਵੈਰ ਆਵੇ ਪਰਤ, ਪਤਿ ਪਰਮੇਸ਼ਵਰ ਪਾਰਬ੍ਰਹਮ ਪ੍ਰਭ ਆਪਣਾ ਪਰਦਾ ਲਾਹੀਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰੀ ਕਰੇ ਸ਼ਰਤ, ਸ਼ਰਅ ਦਾ ਲੇਖਾ ਲਹਿਣਾ ਦੇਣਾ ਚੁਕਾਵੇ ਥਾਉਂ ਥਾਈਆ । ਨਿਰਗੁਣ ਧਾਰ ਏਕੰਕਾਰ ਜੋਤੀ ਜਾਤੇ ਕਰਨਾ ਦਰਸ, ਬਿਨ ਨੇਤਰ ਲੋਚਨ ਨੈਣ ਨੈਣ ਨੈਣ ਬਿਗਸਾਈਆ । ਮਿਹਰਵਾਨ ਮਹਿਬੂਬ ਤੇਰੇ ਉਤੇ ਕਰੇ ਤਰਸ, ਰਹਿਮਤ ਰਹੀਮ ਰਹਿਮਾਨ ਆਪ

ਕਮਾਈਆ । ਨਾਮ ਨਿਧਾਨਾ ਨੌਜਵਾਨਾ ਅੰਮ੍ਰਿਤ ਮੇਘ ਦੇਵੇ ਬਰਸ, ਕਲਜੁਗ ਅਗਨੀ ਤਤ ਤਤ ਬੁਝਾਈਆ । ਓਹ ਵੇਖਣਹਾਰਾ ਮਾਲਕ ਵਾਲੀ ਅਰਸ਼, ਅਰਸ਼ੀ ਪ੍ਰੀਤਮ ਇਕ ਅਖਵਾਈਆ । ਭਾਗ ਲਗਾਵੇ ਤੇਰੇ ਫ਼ਰਸ਼, ਮਾਟੀ ਖ਼ਾਕ ਰੰਗ ਚੜ੍ਹਾਈਆ । ਜਿਸ ਨੂੰ ਤੇਰੀ ਪੂਰੀ ਕਰਨੀ ਪੈਣੀ ਗ਼ਰਜ਼, ਆਪਣੀ ਗ਼ਰਜ਼ ਨਾ ਕੋਇ ਰਖਾਈਆ । ਉਸ ਦਾ ਖੇਲ ਹੋਣਾ ਅਸਚਰਜ, ਅਚਰਜ ਲੀਲਾ ਦਏ ਵਰਤਾਈਆ । ਜੋ ਸਭ ਦੇ ਲਹਿਣੇ ਦੇਣੇ ਪੂਰੇ ਕਰੇ ਪੂਰਬ ਲਾਹੇ ਕ਼ਰਜ਼, ਮਕ਼ਰੂਜ਼ ਕ਼ਰਜ਼ਾ ਸਭ ਦਾ ਦਏ ਚੁਕਾਈਆ । ਨਿਰਗੁਣ ਧਾਰ ਸਰਗੁਣ ਮਨਜ਼ੂਰ ਕਰੇ ਅਰਜ਼, ਆਰਜ਼ੂ ਤਮੰਨਾ ਤੇਰੀ ਆਪਣੇ ਚਰਨ ਟਿਕਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦ, ਦੁਖੀਆਂ ਦੁਖ ਦਏ ਗਵਾਈਆ । ਜੋਧਾ ਸੂਰਬੀਰ ਮਰਦਾਨਾ ਬਣ ਕੇ ਮਰਦ, ਮਦਦ ਕਰੇ ਥਾਉਂ ਥਾਈਆ । ਜਗਤ ਸ਼ਰਅ ਕ਼ਤਲ ਕਰੇ ਕਿਸੇ ਨਾ ਕਰਦ, ਕ਼ਾਤਲ ਮਕ਼ਤੂਲ ਦਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਧਰਨੀ ਸੋ ਪੁਰਖ ਨਿਰੰਜਣ ਦਇਆ ਕਮਾਵੇਗਾ । ਹਰਿ ਪੁਰਖ ਨਿਰੰਜਣ ਭੇਵ ਚੁਕਾਵੇਗਾ । ਏਕੰਕਾਰਾ ਪਰਦਾ ਲਾਹਵੇਗਾ । ਆਦਿ ਨਿਰੰਜਣ ਡਗਮਗਾਵੇਗਾ । ਅਬਿਨਾਸ਼ੀ ਕਰਤਾ ਸੋਭਾ ਪਾਵੇਗਾ । ਸ੍ਰੀ ਭਗਵਾਨ ਵੇਸ ਵਟਾਵੇਗਾ । ਪਾਰਬ੍ਰਹਮ ਪ੍ਰਭ ਸੰਗ ਨਿਭਾਵੇਗਾ । ਸਤਿਗੁਰ ਸ਼ਬਦ ਸ਼ਬਦ ਉਠਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਹਿਲਾਵੇਗਾ । ਕਰੋੜ ਤੇਤੀਸਾ ਆਪਣਾ ਹੁਕਮ ਵਰਤਾਵੇਗਾ । ਗਣ ਗੰਧਰਬ ਕਿੰਨਰ ਯਸ਼ਪ ਨਾਚ ਨਚਾਵੇਗਾ । ਧੁਰ ਦਾ ਹੁਕਮ ਆਪਣਾ ਆਪ ਸੁਣਾਵੇਗਾ । ਤ੍ਰੈਗੁਣ ਮਾਇਆ ਲੇਖਾ ਲੇਖ ਵਖਾਵੇਗਾ । ਪੰਜ ਤਤ ਤਤ ਦਰਸਾਵੇਗਾ । ਜੋ ਤੇਈ ਅਵਤਾਰ ਦੇ ਕੇ ਗਏ ਮਤਿ, ਮਤਾ ਸਭ ਦਾ ਵੇਖ ਵਖਾਵੇਗਾ । ਜੋ ਪੈਗ਼ੰਬਰਾਂ ਜੋੜਿਆ ਨਤ, ਰਿਸ਼ਤਾ ਫ਼ਰਿਸ਼ਤਿਆਂ ਬਾਹਰ ਵੇਖ ਵਖਾਵੇਗਾ । ਜੋ ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਦੱਸੀ ਮਿਤ ਗਤ, ਗਹਿਰ ਗੰਭੀਰ ਹੋ ਕੇ ਵੇਖ ਵਖਾਵੇਗਾ । ਜੇਹੜੀ ਤੇਰੇ ਉਤੇ ਲੱਖ ਚੁਰਾਸੀ ਉਬਲੇ ਰਤ, ਰਤੀ ਰਤ ਖੋਜ ਖੁਜਾਵੇਗਾ । ਜਿਸ ਦੇ ਉਤੇ ਗੋਬਿੰਦ ਯਾਰੜਾ ਸਥਰ ਗਿਆ ਘਤ, ਉਹ ਧਰਨੀ ਤੇਰੀ ਸੋਹਣੀ ਸੇਜ ਸੁਹਾਵੇਗਾ । ਜਿਸ ਦੇ ਕੋਲ ਚਾਰ ਜੁਗ ਦੇ ਬਿਨ ਹਰਫ਼ ਹਰੂਫ਼ਾਂ ਖ਼ਤ, ਖ਼ਤੂਤਾਂ ਪੜ੍ਹ ਕੇ ਤੈਨੂੰ ਸਮਝਾਵੇਗਾ । ਪੁਰਖ ਅਕਾਲਾ ਦੀਨ ਦਿਆਲਾ ਆਵੇ ਵਤ, ਬੇਵਤਨੇ ਤੇਰਾ ਵਤਨ ਸੁਹਾਵੇਗਾ । ਤੇਰੇ ਵੇਖੇ ਪਤਣ ਤਟ, ਘਾਟ ਕਿਨਾਰੇ ਨਵ ਸਤ ਖੋਜ ਖੁਜਾਵੇਗਾ । ਲੇਖਾ ਜਾਣੇ ਕਾਇਆ ਮਾਟੀ ਮਟ, ਸਾਢੇ ਤਿੰਨ ਹੱਥ ਪਰਦਾ ਲਾਹਵੇਗਾ । ਜਿਸ ਦਾ ਨਾਮ ਕਲਮਾ ਜੀਵ ਜੰਤ ਰਹੇ ਰਟ, ਉਹ ਰੱਟਾ ਕਿਰਿਆ ਕੂੜ ਮਿਟਾਵੇਗਾ । ਨਾਮ ਨਿਧਾਨਾ ਨੌਜਵਾਨਾ ਸ਼ਬਦ ਅਗੰਮੀ ਮਾਰ ਕੇ ਸੱਟ, ਸੋਈ ਸੁਰਤ ਆਪ ਉਠਾਵੇਗਾ । ਉਹ ਲਹਿਣਾ ਦੇਣਾ ਤਕੇ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਤੀ ਫੋਲ ਫੁਲਾਵੇਗਾ । ਸਾਰ ਪਾਏ ਮੰਦਰ ਮਸਜਿਦ ਸ਼ਿਵਦਵਾਲੇ ਮਠ, ਗੁਰੂਦੁਆਰ ਚਰਚਾਂ ਪੰਧ ਆਪ ਮੁਕਾਵੇਗਾ । ਉਹ ਪੰਧ ਅੰਤਮ ਮੇਟੇ ਨਠ ਨਠ, ਬਿਨ ਕ਼ਦਮਾਂ ਕ਼ਦਮ ਉਠਾਵੇਗਾ । ਜਿਸ ਤੇਰੇ ਉਤੇ ਅਵਤਾਰ ਪੈਗ਼ੰਬਰਾਂ ਗੁਰੂਆਂ ਕਰਨਾ ਇਕੱਠ, ਬਿਨ ਤਤਾਂ ਸੋਭਾ ਪਾਵੇਗਾ । ਉਸ ਦੇ ਹੁਕਮ ਵਿਚ ਉਲਟੀ ਗਿੜਨੀ ਲਠ, ਨਵ ਸੱਤ ਆਪ ਭੁਆਵੇਗਾ । ਕਲਜੁਗ ਬੁਰਜ ਹੰਕਾਰੀ ਜਾਣੇ ਢਠ, ਢਾਹ ਢਾਹ ਖ਼ਾਕ ਮਿਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਵੇਗਾ । ਸਤਿਗੁਰ ਸ਼ਬਦ ਕਹੇ ਧਰਨੀਏ ਤੇਰਾ ਮਾਲਕ ਸੁਆਮੀ ਇਕ ਅਗੰਮ, ਅਗੰਮੜੀ ਕਾਰ ਕਮਾਈਆ । ਜੇਹੜਾ ਜਨਣੀ ਕੁੱਖੋਂ ਕਦੇ ਨਾ ਪਏ ਜੰਮ, ਤਨ

੧੫੦੫
੨੪

ਵਜੂਦ ਨਾ ਕੋਇ ਰਖਾਈਆ । ਉਹ ਪਾਵੇ ਸਾਰ ਲੱਖ ਚੁਰਾਸੀ ਜੀਵ ਬ੍ਰਹਮ, ਪਾਰਬ੍ਰਹਮ ਹੋ ਕੇ ਵੇਖੇ ਚਾਈਂ ਚਾਈਂਆ । ਝਗੜਾ ਮੇਟੇ ਦ੍ਰਿਸ਼ਟੀ ਚੰਮ, ਚੰਮ ਦ੍ਰਿਸ਼ਟੀ ਲੇਖਾ ਰਹੇ ਨਾ ਰਾਈਆ । ਮੇਰੇ ਅੰਤਰ ਰਹਿਣ ਨਾ ਦੇਵੇ ਗ਼ਮ, ਗ਼ਮਖਾਰ ਬਣੇ ਧੁਰ ਦਾ ਮਾਹੀਆ । ਜੋ ਇਸ਼ਾਰਾ ਦੇ ਕੇ ਗਿਆ ਰਾਮ, ਦਸਰਥ ਬੇਟਾ ਗਿਆ ਸੁਣਾਈਆ । ਜੋ ਲੇਖਾ ਬਣਾਇਆ ਕਾਹਨ ਘਨਈਆ ਸ਼ਾਮ, ਨਈਆ ਗਿਆ ਸੁਣਾਈਆ । ਸੋ ਖੇਲ ਖੇਲੇ ਸ੍ਰੀ ਭਗਵਾਨ, ਭਗਵਨ ਮੀਤਾ ਬੇਪਰਵਾਹੀਆ । ਜਿਸ ਨੇ ਜੋਤੀ ਨੂਰ ਮੂਸਾ ਵਖਾਇਆ ਚੰਨ, ਕੋਹਤੂਰ ਤੂਰ ਰੁਸ਼ਨਾਈਆ । ਜਿਸ ਹਜ਼ਰਤ ਈਸਾ ਆਪਣੇ ਇਸਮ ਨਾਲ ਦਿਤਾ ਬੰਨ੍ਹ, ਸਲੀਬ ਗਲ ਗਲ ਲਟਕਾਈਆ । ਜਿਸ ਮੁਹੰਮਦ ਨੂੰ ਸੰਦੇਸ਼ਾ ਦਿਤਾ ਮਲਵਜ਼ੀ ਜ਼ਕਮੇ ਨਵੂ ਅਰਸ਼ੇ ਤਲੂਹ ਫ਼ਰਸ਼ੇ ਮੁਵਾ ਨੂਰੀ ਖ਼ੁਦਾ ਖ਼ੁਦ ਮਾਲਕ ਬੇਪਰਵਾਹੀਆ । ਓਹ, ਕੋਝੀਏ ਕਮਲੀਏ ਤੇਰੀ ਕ਼ਬੂਲ ਕਰੇ ਦੁਆ, ਦੋ ਜਹਾਨਾਂ ਮਾਲਕ ਖ਼ਾਲਕ ਹੋ ਕੇ ਵੇਖ ਵਖਾਈਆ । ਜਿਸ ਦੇ ਹੁਕਮ ਵਿਚ ਸਾਰੇ ਮੰਨਦੇ ਉਸ ਦੀ ਰਜ਼ਾ, ਰਾਜ਼ਕ ਰਿਜ਼ਕ ਰਹੀਮ ਇਕ ਅਖਵਾਈਆ । ਓਹ ਕਲਜੁਗ ਕੂੜ ਕਿਰਿਆ ਤੇਰੇ ਉਤੋਂ ਦਏ ਗਵਾ, ਗਵਾਹ ਅਵਤਾਰ ਪੈਗ਼ੰਬਰ ਗੁਰੂ ਨਾਲ ਮਿਲਾਈਆ । ਤੂੰ ਖ਼ੁਸ਼ੀਆਂ ਢੋਲਾ ਲੈਣਾ ਗਾ, ਗੀਤ ਗੌਣਾ ਗੋਬਿੰਦ ਮਾਹੀਆ । ਜੋ ਲਹਿਣਾ ਦੇਣਾ ਦਏ ਚੁਕਾ, ਚਾਰ ਜੁਗ ਦਾ ਲੇਖਾ ਤੇਰੀ ਝੋਲੀ ਪਾਈਆ । ਪੁਰਖ ਅਕਾਲਾ ਦੀਨ ਦਿਆਲਾ ਨਿਰਗੁਣ ਨੂਰ ਜੋਤ ਕਰ ਰੁਸ਼ਨਾ, ਅੰਧ ਅੰਧੇਰਾ ਦਏ ਮਿਟਾਈਆ । ਅੰਦਰ ਧੁਨ ਨਾਦ ਸ਼ਬਦ ਅਗੰਮ ਸੁਣਾ, ਅਨਹਦ ਰਾਗੀ ਰਾਗ ਦ੍ਰਿੜਾਈਆ । ਅੰਤਰ ਆਤਮ ਨਿਝਰ ਝਿਰਨਿਉਂ ਬੂੰਦ ਸਵਾਂਤ ਦਏ ਟਪਕਾ, ਨਾਭੀ ਕਵਲ ਕਵਲ ਉਲਟਾਈਆ । ਧਰਨੀਏ ਧਰਤੇ ਤੇਰਾ ਪਵਿਤ੍ਰ ਕਰੇ ਥਾਂ, ਥਾਨ ਥਨੰਤਰ ਦਏ ਵਡਿਆਈਆ । ਨਿਰਗੁਣ ਹੋ ਕੇ ਪਕੜੇ ਬਾਂਹ, ਸਰਗੁਣ ਆਪਣਾ ਰੰਗ ਰੰਗਾਈਆ । ਸਤਿਜੁਗ ਸਾਚਾ ਦੇਵੇ ਲਾ, ਮਾਰਗ ਆਪਣਾ ਇਕ ਸਮਝਾਈਆ । ਜੀਵ ਜੰਤ ਸਾਰੇ ਕਰਨ ਵਾਹ ਵਾਹ, ਵਾਹਿਗੁਰੂ ਤੇਰੀ ਬੇਪਰਵਾਹੀਆ । ਤੇਰੇ ਉਤੇ ਧਰਮ ਦੀ ਧਾਰ ਦਏ ਚਲਾ, ਮਾਰਗ ਇਕੋ ਇਕ ਸਮਝਾਈਆ । ਨਾ ਕੋਈ ਸੂਰ ਖਾਏ ਨਾ ਗਾਂ, ਗ਼ਰੀਬ ਨਿਮਾਣਿਆਂ ਸਿਰ ਆਪਣਾ ਹੱਥ ਟਿਕਾਈਆ । ਹੰਸ ਬੁੱਧੀ ਜਗਤ ਬਣਾਏ ਕਾਂ, ਫੜ ਕਾਗੋਂ ਹੰਸ ਬਣਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਨਾਮ ਦਏ ਜਣਾ, ਆਪੇ ਬਣੇ ਜਣੇਂਦੀ ਮਾਈਆ । ਸਿਰ ਸਿਰ ਆਪਣਾ ਹੱਥ ਦਏ ਛੁਹਾ, ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਤੇਰਾ ਨਗਰ ਖੇੜਾ ਨਵ ਸੱਤ ਵਸੇ ਗਰਾਂ, ਗ੍ਰਿਹ ਮੰਦਰ ਅੰਦਰ ਆਵੇ ਧੁਰ ਦਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਕੂੜ ਕੁੜਿਆਰ ਵਿਚ ਸੰਸਾਰ ਅੰਤ ਅੰਤ ਦਏ ਸੁਣਾ, ਧਰਨੀ ਧਰਤ ਧਵਲ ਧੌਲ ਮਿੱਟੀ ਖ਼ਾਕ ਰੂਪ ਨਜ਼ਰ ਕੋਇ ਨਾ ਆਈਆ ।

### ੧੫ ਚੇਤ ਸ਼ਹਿਨਸ਼ਾਹੀ ਸੰਮਤ ੧੨ ਮੋਹਣ ਸਿੰਘ ਦੇ ਗ੍ਰਿਹ ਨਾਭਾ ਸ਼ਹਿਰ ਵਿਖੇ

ਧਰਨੀ ਕਹੇ ਸਤਿਗੁਰ ਸ਼ਬਦ ਮੈਂ ਪ੍ਰਭ ਨੂੰ ਕਰਾਂ ਪ੍ਰੀਤ, ਪ੍ਰੀਤਮ ਪਾਰਬ੍ਰਹਮ ਪਤਿਪਰਮੇਸ਼ਵਰ ਇਕ ਮਨਾਈਆ । ਜੋ ਆਦਿ ਜੁਗਾਦੀ ਮੇਰੇ ਉਤੇ ਬਦਲੇ ਰੀਤ, ਜੁਗ ਚੌਕੜੀ ਧੁਰ ਦਾ ਹੁਕਮ ਆਪ ਸਮਝਾਈਆ । ਜੋ ਨਿਰਗੁਣ ਹੋ ਕੇ ਮੇਰੀ ਕਾਇਆ ਕਰੇ ਠੰਢੀ ਸੀਤ, ਅਗਨੀ ਤਤ ਤਤ ਬੁਝਾਈਆ ।

੧੫੦੬
੨੪

ਤੂੰ ਮੇਰਾ ਮੈਂ ਤੇਰਾ ਦੱਸ ਕੇ ਗੀਤ, ਆਤਮ ਪਰਮਾਤਮ ਮੇਲਾ ਮੇਲੇ ਸਹਿਜ ਸੁਭਾਈਆ । ਝਗੜਾ ਮੁਕਾ ਕੇ ਮੰਦਰ ਮਸੀਤ, ਆਪਣਾ ਪਰਦਾ ਦਏ
ਉਠਾਈਆ । ਜੋ ਜੀਵਾਂ ਜੰਤਾਂ ਸਾਧਾਂ ਸੰਤਾਂ ਵੇਖਣਹਾਰਾ ਨੀਤ, ਨੀਤੀਵਾਨ ਸ੍ਰੀ ਭਗਵਾਨ ਇਕੋ ਏਕੰਕਾਰ ਬੇਪਰਵਾਹੀਆ । ਜੋ ਹਰ ਘਟ ਅੰਤਰ
ਵਸਿਆ ਭੀਤਰ ਭੀਤ, ਸਚ ਸਿੰਘਾਸਣ ਪੁਰਖ ਅਬਿਨਾਸ਼ਣ ਆਪਣਾ ਡੇਰਾ ਲਾਈਆ । ਜਿਸ ਨੂੰ ਅਵਤਾਰ ਪੈਗ਼ੰਬਰ ਗੁਰੂਆਂ ਕਿਹਾ ਤ੍ਰੈਗੁਣ ਅਤੀਤ,
ਸਤਿਜੁਗ ਤ੍ਰੇਤਾ ਦੁਆਪਰ ਜਿਸ ਦੀ ਦਏ ਗਵਾਹੀਆ । ਓਹ ਲਹਿਣਾ ਦੇਣਾ ਪੂਰਾ ਕਰੇ ਹਸਤ ਕੀਟ, ਕੀਟ ਕੀਟਾਂ ਵੇਖ ਵਖਾਈਆ । ਸਚ ਸੁਆਮੀ
ਅੰਤਰਜਾਮੀ ਆਪਣਾ ਰਸ ਦੇਵੇ ਮੀਠ, ਬਿਨ ਰਸਨਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ
ਵਰ, ਸਚ ਦਾ ਮਾਲਕ ਇਕ ਗੁਸਾਈਆ । ਧਰਨੀ ਕਹੇ ਸਤਿਗੁਰ ਸ਼ਬਦ ਕਿਰਪਾ ਕਰੇ ਪ੍ਰਭੂ ਭਗਵੰਤ, ਭਗਵਨ ਆਪਣੀ ਦਇਆ ਕਮਾਈਆ ।
ਮੇਰਾ ਠਾਕਰ ਸੁਆਮੀ ਬਣ ਕੇ ਕੰਤ, ਕੰਤੂਹਲ ਹੋ ਕੇ ਵੇਖੇ ਚਾਈਂ ਚਾਈਆ । ਏਕਾ ਨਾਮ ਨਿਧਾਨਾ ਦੇਵੇ ਮੰਤ, ਮੰਤਵ ਸਭ ਦਾ ਹਲ ਕਰਾਈਆ ।
ਹਰਿਜਨ ਵੇਖੇ ਧੁਰ ਦੇ ਸੰਤ, ਗੁਰਮੁਖ ਗੁਰ ਗੁਰ ਰੰਗ ਰੰਗਾਈਆ । ਸਤਿਜੁਗ ਸਚ ਬਣਾਏ ਬਣਤ, ਕਲਜੁਗ ਕਿਰਿਆ ਕੂੜ ਮਿਟਾਈਆ । ਗੜ੍ਹ
ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਮੇਰਾ ਲਹਿਣਾ ਦੇਣਾ ਪੂਰਾ ਕਰੇ ਅੰਤ, ਅੰਤਸ਼ਕਰਨ ਤਕੇ ਖ਼ਲਕ ਖ਼ੁਦਾਈਆ । ਸਹਾਇਕ
ਨਾਇਕ ਬਣੇ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਮੇਰੀ ਕੋਝੀ ਕਮਲੀ ਦੀ ਮਨਜ਼ੂਰ ਕਰੇ ਮਿੰਨਤ, ਨਿਵ ਨਿਵ ਲਾਗਾਂ ਪਾਈਆ । ਕਲਜੁਗ
੧੫੦੭ ਅੰਤਮ ਮੇਟੇ ਚਿੰਤ, ਦੁਖ ਸੁਖ ਵਿਚ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਦੀ ੧੫੦੭
੨੪ ਮੰਗ ਆਪ ਮੰਗਾਈਆ । ਧਰਨੀ ਕਹੇ ਸਤਿਗੁਰ ਸ਼ਬਦ ਕਿਰਪਾ ਕਰੇ ਮੇਰਾ ਸੁਆਮੀ, ਸਤਿਗੁਰ ਦੇਵਣਹਾਰ ਵਡਿਆਈਆ । ਆਦਿ ਜੁਗਾਦੀ ਬਣ ੨੪
ਕੇ ਅੰਤਰਜਾਮੀ, ਵੇਖਣਹਾਰਾ ਥਾਉਂ ਥਾਈਂਆ । ਮੇਰੀ ਰੈਣ ਅੰਧੇਰੀ ਮੇਟੇ ਸ਼ਾਮੀ, ਸ਼ਮਅ ਨੂਰ ਜੋਤ ਕਰੇ ਰੁਸ਼ਨਾਈਆ । ਦੀਨ ਮਜ੍ਹਬ ਜ਼ੰਜੀਰ ਕਟੇ
ਗ਼ੁਲਾਮੀ, ਗ਼ੁਰਬਤ ਅੰਦਰੋਂ ਬਾਹਰ ਕਢਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਮੰਜ਼ਲ ਦੱਸੇ ਹਕ ਆਸਾਨੀ, ਅਸਲ ਵਸਲ ਯਾਰ ਦਏ ਕਰਾਈਆ ।
ਝਗੜਾ ਮੇਟੇ ਜਿਸਮ ਜਿਸਮਾਨੀ, ਜ਼ਮੀਰ ਬੇਨਜ਼ੀਰ ਆਪਣੇ ਰੰਗ ਰੰਗਾਈਆ । ਚਰਨ ਕਵਲ ਧਵਲ ਬਖ਼ਸ਼ੇ ਇਕ ਧਿਆਨੀ, ਧਰਮ ਦੀ ਧਾਰ ਇਕ
ਪਗਟਾਈਆ । ਸਤਿ ਸਤਿਵਾਦੀ ਹੋ ਕੇ ਦੇਵੇ ਮੰਜ਼ਲ ਰੁਹਾਨੀ, ਰੂਹ ਬੁਤ ਆਪਣੇ ਰੰਗ ਰੰਗਾਈਆ । ਮੇਰੇ ਉਤੋਂ ਸ਼ਰਅ ਮੇਟੇ ਪੁਰਾਨੀ, ਪੂਰਨ ਬ੍ਰਹਮ
ਦਏ ਸਮਝਾਈਆ । ਮੈਂ ਚਰਨ ਧੂੜ ਕਰਾਂ ਅਸ਼ਨਾਨੀ, ਦੁਰਮਤ ਮੈਲ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ
ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਜਾਣ ਜਾਣੀ,
ਜਾਨਣਹਾਰ ਏਕੰਕਾਰ ਇਕ ਅਖਵਾਈਆ ।

### ✪ ੧੫ ਚੇਤ ਸ਼ਹਿਨਸ਼ਾਹੀ ਸੰਮਤ ੧੨ ਬਲਵੰਤ ਸਿੰਘ ਦੇ ਗ੍ਰਿਹਿ ਪਟਿਆਲਾ ਸ਼ਹਿਰ ✪

ਸਤਿਗੁਰ ਸ਼ਬਦ ਕਹੇ ਧਰਨੀ, ਬਿਨ ਨੈਣਾਂ ਨੀਰ ਵਹਾ ਨਾ ਹੰਝੂ, ਬਿਹਬਲ ਹੋ ਨਾ ਦੇ ਦੁਹਾਈਆ । ਕਿਰਪਾ ਨਿਧਾਨ ਸ੍ਰੀ ਭਗਵਾਨ ਤੇਰਾ

੧੫੦੮ ੨੪

ਲਹਿਣਾ ਦੇਣਾ ਲੇਖਾ ਜਾਣੇ ਚੰਗੂ, ਚਾਰ ਜੁਗ ਦਾ ਮਾਲਕ ਖ਼ਾਲਕ ਨੂਰ ਅਲਾਹੀਆ । ਜਿਸ ਦੀ ਹਾਥ ਨਾ ਆਵੇ ਮੁਹਾਣੇ ਜਗਤ ਵੰਞੂ, ਸਾਗਰ ਸਾਰ ਕੋਇ ਨਾ ਪਾਈਆ । ਉਹ ਵੇਖਣਹਾਰਾ ਜੀਵ ਜੰਤ ਤਨ ਵਜੂਦ ਪੰਜੂ, ਪੰਚਮ ਮੀਤਾ ਠਾਂਢਾ ਸੀਤਾ ਆਪਣਾ ਪਰਦਾ ਲਾਹੀਆ । ਜੋ ਦੀਨ ਦੁਨੀ ਦਾ ਮੇਟਣਹਾਰਾ ਰੰਜੂ, ਰੰਜਸ਼ ਤੇਰੇ ਅੰਦਰੋਂ ਬਾਹਰ ਕਢਾਈਆ । ਜਿਸ ਦਾ ਪ੍ਰੇਮ ਪਿਆਰ ਸਾਗਰ ਸਿੰਧੂ, ਗਹਿਰ ਗਵਰ ਇਕ ਅਖਵਾਈਆ । ਜਿਸ ਦੀਨ ਦੁਨੀਆ ਝਗੜਾ ਮੇਟਣਾ ਮੁਸਲਿਮ ਸਿਖ ਈਸਾਈ ਹਿੰਦੂ, ਹਿੰਦਵਾਇਣ ਨਰਾਇਣ ਆਪਣਾ ਰੰਗ ਰੰਗਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਜਿਸ ਦੀ ਲੱਖ ਚੁਰਾਸੀ ਬਿੰਦੂ, ਬੰਧਨ ਤੋੜੇ ਥਾਉਂ ਥਾਈਂਆ । ਜਿਸ ਨੂੰ ਜਗਤ ਜਹਾਨ ਰਸਨਾ ਜੇਹਵਾ ਬੱਤੀ ਦੰਦ ਕੋਈ ਨਾ ਨਿੰਦੂ, ਨਿੰਦਿਆ ਵਿਚ ਦਿਸੇ ਨਾ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਧਰਨੀ ਪ੍ਰਭ ਦੇਵਣਹਾਰਾ ਲਹਿਣਾ, ਜੁਗ ਜੁਗ ਦਇਆ ਕਮਾਈਆ । ਉਹ ਵੇਖੇ ਅੰਤਮ ਬਿਨਾ ਨੈਣਾਂ, ਨੇਤਰ ਲੋਚਨ ਨੈਣ ਨਾ ਕੋਇ ਜਣਾਈਆ । ਜਿਹੜਾ ਨਿਰਗੁਣ ਧਾਰ ਏਕੰਕਾਰ ਪਰਵਰਦਿਗਾਰ ਤੇਰਾ ਬਣਨਾ ਸਾਕ ਸੈਣਾ, ਸਾਜਣ ਮੀਤ ਜਗਤ ਜਹਾਨ ਸ੍ਰੀ ਭਗਵਾਨ ਇਕ ਅਖਵਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਜੋਤੀ ਜਾਤਾ ਹੋ ਕੇ ਦੇਵੇ ਦੇਣਾ, ਦੇਵਣਹਾਰ ਪਰਵਰਦਿਗਾਰ ਆਪਣਾ ਹੁਕਮ ਹੁਕਮ ਵਰਤਾਈਆ । ਜਿਸ ਦਾ ਅਵਤਾਰ ਪੈਗ਼ੰਬਰ ਗੁਰ ਸ਼ਬਦੀ ਧਾਰ ਹੁਕਮ ਅਗੰਮੜਾ ਸਹਿਣਾ, ਸਿਰ ਸਰ ਸਕੇ ਨਾ ਕੋਇ ਉਠਾਈਆ । ਜਿਸ ਦੇ ਚਰਨ ਕਵਲ ਉਪਰ ਧਵਲ ਨਵ ਸੱਤ ਸੱਤ ਨਵ ਪੈਣਾ, ਪਵਣ ਪਾਣੀ ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਸਤਿਗੁਰ ਸ਼ਬਦ ਕਹੇ ਧਰਨੀ ਕਰੇ ਖੇਲ ਪੁਰਖ ਸਮਰਾਥੀ, ਹਰਿ ਕਰਤਾ ਧੁਰਦਰਗਾਹੀਆ । ਜੋ ਆਦਿ ਜੁਗਾਦੀ ਲੇਖਾ ਜਾਣੇ ਨਾਥ ਅਨਾਥੀ, ਗ਼ਰੀਬ ਨਿਮਾਣਿਆਂ ਦਇਆ ਕਮਾਈਆ । ਜਿਸ ਨੇ ਚਾਰ ਜੁਗ ਦੇ ਅਵਤਾਰ ਪੈਗ਼ੰਬਰ ਗੁਰ ਤੇਰੇ ਬਣਾਉਣੇ ਸਾਥੀ, ਸਗਲਾ ਸੰਗੀ ਬਹੁਰੰਗੀ ਆਪਣਾ ਖੇਲ ਖਿਲਾਈਆ । ਤੂੰ ਮਸਤਕ ਲਹਿਣਾ ਦੇਣਾ ਤਕ ਲੈ ਮਾਥੀ, ਪੂਰਬ ਪੂਰਬ ਖੇਲ ਖਿਲਾਈਆ । ਜੋ ਕਲਜੁਗ ਚਲਾਵਣਹਾਰਾ ਰਾਥੀ, ਰਥ ਰਥਵਾਹੀ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ, ਧਰਨੀ ਅਵਤਾਰ ਪੈਗ਼ੰਬਰ ਗੁਰੂ ਤੇਰੇ ਗਵਾਹ, ਸ਼ਹਾਦਤ ਬਿਨ ਅੱਖਰਾਂ ਦੇਣੀ ਭੁਗਤਾਈਆ । ਬਿਨ ਰਸਨਾ ਜੇਹਵਾ ਕਰਨ ਵਾਹ ਵਾਹ, ਬੱਤੀ ਦੰਦ ਰੰਗ ਨਾ ਕੋਇ ਰੰਗਾਈਆ । ਜੋ ਤੇਰਾ ਲਹਿਣਾ ਦੇਣਾ ਵੇਖਣ ਥਲ ਅਸਗਾਹ, ਜਲ ਥਲ ਮਹੀਅਲ ਧਿਆਨ ਲਗਾਈਆ । ਨਵ ਸੱਤ ਫਿਰਨ ਵਾਹੋ ਦਾਹ, ਬਿਨ ਕ਼ਦਮਾਂ ਕ਼ਦਮ ਟਿਕਾਈਆ । ਦੀਨ ਦੁਨੀ ਦਾ ਵੇਖਣ ਪਵਿਤ੍ਰ ਥਾਂ, ਥਾਨ ਥਨੰਤਰਾਂ ਖੋਜ ਖੁਜਾਈਆ । ਲਹਿਣਾ ਦੇਣਾ ਵੇਖਣ ਕਿਉਂ ਝਗੜਾ ਪਿਆ ਸੂਰ ਗਾਂ, ਕੀ ਪਸ਼ੂਆਂ ਕਲ ਵਡਿਆਈਆ । ਉਹ ਤੇਰੀ ਤਮੰਨਾ ਵਾਲੀ ਪਕੜਨ ਬਾਂਹ, ਆਸਾ ਮਨਸਾ ਵਾਲੀ ਸੰਗ ਰਖਾਈਆ । ਤੇਰਾ ਵੇਖਣ ਆਵਣ ਗਰਾਂ, ਨਵ ਸੱਤ ਖੇੜਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਗੁਸਾਈਆ । ਧਰਨੀ ਕਹੇ ਮੇਰੇ ਸਤਿਗੁਰ ਸ਼ਬਦ ਆਦਿ ਜੁਗਾਦੀ ਸੰਗੀ, ਸਤਿਗੁਰ ਤੇਰੀ ਇਕ ਸਰਨਾਈਆ । ਮੇਰੇ ਉਤੋਂ ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੇ ਲੰਘੀ, ਸਤਿਜੁਗ ਤ੍ਰੇਤਾ ਦੁਆਪਰ

ਕਲਜੁਗ ਆਪਣਾ ਪੰਧ ਮੁਕਾਈਆ । ਮੇਰੇ ਮਿਹਰਵਾਨਾ ਮੈਂ ਮਾਂਗਤ ਹੋ ਕੇ ਮੰਗ ਕਦੇ ਨਾ ਮੰਗੀ, ਭਿਖਾਰਨ ਹੋ ਕੇ ਝੋਲੀ ਕੋਇ ਨਾ ਡਾਹੀਆ । ਤੇਰੇ ਚਰਨ ਕਵਲ ਧਵਲ ਹੋ ਕੇ ਦੱਸੀ ਕਦੇ ਨਹੀਂ ਤੰਗੀ, ਦੁਖੀ ਹੋ ਕੇ ਦੁਖ ਨਾ ਕੋਇ ਸੁਣਾਈਆ । ਮਿਹਰਵਾਨਾ ਕਲਜੁਗ ਅੰਤਮ ਮੇਰੀ ਚੋਟੀ ਹੋ ਗਈ ਨੰਗੀ, ਓਢਣ ਸੀਸ ਨਾ ਕੋਇ ਟਿਕਾਈਆ । ਦੀਨ ਦੁਨੀ ਦੀ ਅੰਤਰ ਨਿਰੰਤਰ ਵਾਸ਼ਨਾ ਹੋ ਗਈ ਗੰਦੀ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਆਤਮ ਪਰਮਾਤਮ ਮਿਲੇ ਨਾ ਕਿਸੇ ਅਨੰਦੀ, ਅਨੰਦ ਅਨੰਦ ਵਿਚੋਂ ਨਾ ਕੋਇ ਪਰਗਟਾਈਆ । ਤੂੰ ਮੇਰਾ ਮੈਂ ਤੇਰਾ ਗਾਏ ਕੋਇ ਨਾ ਛੰਦੀ, ਸ਼ਹਿਨਸ਼ਾਹ ਮਿਲਣ ਕੋਇ ਨਾ ਪਾਈਆ । ਸੁਰਤੀ ਸ਼ਬਦ ਸਕੇ ਕੋਇ ਨਾ ਰੰਗੀ , ਰੰਗਤ ਹਕ ਨਾ ਕੋਇ ਵਖਾਈਆ । ਨਵ ਸੱਤ ਸ਼ਰਅ ਦੀ ਵੇਖ ਪਾਬੰਦੀ, ਹਦ ਹਦੂਦਾਂ ਫੋਲ ਫੁਲਾਈਆ । ਮੇਰਾ ਨਾਮ ਕਲਮਿਆਂ ਨਾਲ ਆਦਿ ਜੁਗਾਦਿ ਦਾ ਲੇਖਾ ਬਿਨਾ ਲੇਖ ਤੋਂ ਸੰਧੀ, ਜਿਸ ਦਾ ਭੇਵ ਨਾ ਕੋਇ ਸਮਝਾਈਆ । ਜਿਸ ਵੇਲੇ ਕਲਜੁਗ ਅੰਤ ਕਿਨਾਰਾ ਆਇਆ ਕੰਢੀ, ਕੰਢੀ ਘਾਟ ਬੈਠੀ ਖ਼ਲਕ ਖ਼ੁਦਾਈਆ । ਅੰਤਰ ਨਿਰੰਤਰ ਕਿਸੇ ਆਤਮਾ ਹੋਵੇ ਨਾ ਠੰਢੀ, ਕੰਤ ਸੁਹਾਗ ਨਾ ਕੋਇ ਹੰਢਾਈਆ । ਨਵ ਸੱਤ ਹੋਇਆ ਪਾਖੰਡੀ, ਭੇਖਾਧਾਰੀ ਕੀ ਤੇਰੀ ਬੇਪਰਵਾਹੀਆ । ਦੀਨ ਦੁਨੀ ਪੈ ਗਈ ਓਝੜ ਡੰਡੀ, ਡੰਡਾਵਤ ਤੇਰੀ ਗਏ ਭੁਲਾਈਆ । ਮੈਂ ਵੇਖੇ ਆਪਣੇ ਬਨ ਖੰਡੀ, ਟਿੱਲੇ ਪਰਬਤ ਸਮੁੰਦ ਸਾਗਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਸਤਿਗੁਰ ਸ਼ਬਦ ਕਹੇ ਸੁਣ ਧਰਨੀ ਧੁਰ ਦਾ ਅਗੰਮ ਪੈਗ਼ਾਮ, ਪੈਗ਼ੰਬਰਾਂ ਬਾਹਰ ਜਣਾਈਆ । ਤੇਰਾ ਲਹਿਣਾ ਲੇਖਾ ਪੂਰਾ ਕਰੇ ਨੂਰ ਅਲਾਹੀ ਅਮਾਮ, ਅਮਲਾਂ ਤੋਂ ਰਹਿਤ ਵੇਖ ਵਖਾਈਆ । ਜਿਸ ਦੀਨ ਦੁਨੀ ਸ਼ਰਅ ਦੀ ਕੀਤੀ ਗ਼ੁਲਾਮ, ਦੀਨਾਂ ਮਜ਼੍ਹਬਾਂ ਵੰਡ ਵੰਡਾਈਆ । ਨਾਮ ਕਲਮੇ ਦੱਸ ਕਲਾਮ, ਕਾਇਨਾਤ ਕੀਤੀ ਪੜ੍ਹਾਈਆ । ਲੇਖਾ ਜਾਣੇ ਸਰਬ ਤਮਾਮ, ਵੇਖਣਹਾਰਾ ਥਾਉਂ ਥਾਈਆ । ਉਹ ਕਲਜੁਗ ਕੂੜ ਮੇਟੇ ਅੰਧੇਰੀ ਸ਼ਾਮ, ਸ਼ਮਅ ਨੂਰ ਜੋਤ ਕਰੇ ਰੁਸ਼ਨਾਈਆ । ਜਿਸ ਨੇ ਸਭ ਦਾ ਪਕੜਿਆ ਦਾਮ, ਦਾਮਨਗੀਰ ਇਕ ਅਖਵਾਈਆ । ਉਹ ਝਗੜਾ ਮੇਟੇ ਦ੍ਰਿਸ਼ਟੀ ਚਾਮ, ਚੰਮ ਦ੍ਰਿਸ਼ਟੀ ਡੇਰਾ ਢਾਈਆ । ਜਿਸ ਦੇ ਹੁਕਮ ਵਿਚ ਧਰਨੀ ਉਤੇ ਆਇਆ ਇਸਲਾਮ, ਇਸਮ ਆਜ਼ਮ ਇਕ ਸਮਝਾਈਆ । ਉਹ ਲਹਿਣਾ ਦੇਣਾ ਅੰਤਮ ਵੇਖਣਹਾਰਾ ਬਣ ਅਗੰਮ ਅਮਾਮ, ਅੱਲਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਸਤਿਗੁਰ ਸ਼ਬਦ ਕਹੇ ਸੁਣ ਧਰਨੀ ਮਈਆ, ਮਾਤਰ ਭੂਮੀਏ ਦਿਆਂ ਜਣਾਈਆ । ਪੁਰਖ ਅਕਾਲਾ ਦੀਨ ਦਿਆਲਾ ਤੇਰਾ ਸਈਆ, ਸਾਜਣੂਆ ਨੂਰ ਅਲਾਹੀਆ । ਜਿਸ ਦਾ ਲੇਖਾ ਲਹਿਣਾ ਦੇਣਾ ਬਿਨਾ ਹਿਸਾਬ ਵਹੀਆ, ਖਾਤਾ ਜਗਤ ਨਾ ਕੋਇ ਜਣਾਈਆ । ਜਿਸ ਦਾ ਲੇਖਾ ਲਹਿਣਾ ਦੇਣਾ ਪੂਰਾ ਕਰਨ ਵਾਲਾ ਗੋਬਿੰਦ ਢਈਆ, ਢੌਂਕਾ ਵੇਖੇ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਸੁਣ ਧਰਨੀ ਧਵਲ ਧੌਲੇ ਕਰ ਧਿਆਨ, ਧਰਮ ਨਾਲ ਜਣਾਈਆ । ਉਹ ਪਾਰਬ੍ਰਹਮ ਪਤਿਪਰਮੇਸ਼ਵਰ ਨੌਜਵਾਨ, ਸੂਰਬੀਰ ਬੇਨਜ਼ੀਰ ਇਕ ਅਖਵਾਈਆ । ਜੋ ਤੇਰਾ ਲਹਿਣਾ ਦੇਣਾ ਚੁਕਾਏ ਆਨ, ਆਨਨ ਫ਼ਾਨਨ ਆਪਣਾ ਹੁਕਮ ਵਰਤਾਈਆ । ਜਿਸ ਨੂੰ ਝੁਕਣੇ ਜ਼ਿਮੀਂ ਅਸਮਾਨ, ਦੋ ਜਹਾਨ ਬੈਠਣ ਸੀਸ ਨਿਵਾਈਆ । ਉਹ ਤੇਰਾ ਬਦਲ ਦਏ ਵਿਧਾਨ, ਜਗਤ ਵਿਦਿਆ ਦਾ ਲੇਖਾ ਦਏ ਚੁਕਾਈਆ । ਇਕੋ ਸੰਦੇਸ਼ਾ

ਦੇਵੇ ਧੁਰ ਫ਼ਰਮਾਨ, ਫੁਰਨਿਆਂ ਬਾਹਰ ਸਮਝਾਈਆ । ਜਿਸ ਦੇ ਹੁਕਮ ਵਿਚ ਤੂੰ ਮੇਰਾ ਮੈਂ ਤੇਰਾ ਢੋਲਾ ਸਾਰੇ ਗਾਣ, ਨਵ ਸੱਤ ਗਾ ਗਾ ਖ਼ੁਸ਼ੀ ਮਨਾਈਆ । ਤੇਰਾ ਲਹਿਣਾ ਦੇਣਾ ਦੀਨ ਦੁਨੀ ਚੁਕਾਏ ਆਣ, ਆਪ ਆਪਣਾ ਵੇਸ ਵਟਾਈਆ । ਤੇਰੀ ਬੇਨੰਤੀ ਦੁਆ ਕਰੇ ਪਰਵਾਨ, ਆਰਜ਼ੂ ਖ਼ਾਹਿਸ਼ ਆਪਣੇ ਚਰਨ ਰਖਾਈਆ । ਤੂੰ ਅੰਤ ਕਲਜੁਗ ਵੇਖ ਨਾ ਹੋਈਂ ਹੈਰਾਨ, ਹੈਰਤ ਤੇਰੀ ਦੂਰ ਕਰਾਈਆ । ਉਹ ਜੋਧਾ ਸੂਰਬੀਰ ਬਲੀ ਬਲਵਾਨ, ਬਲਧਾਰੀ ਇਕ ਅਖਵਾਈਆ । ਜੋ ਕਲਜੁਗ ਵਿਚੋਂ ਸਤਿਜੁਗ ਕਰੇ ਪਰਧਾਨ, ਨਾਮ ਨਿਧਾਨਾ ਇਕੋ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸ਼ਾਹ ਸੁਲਤਾਨ, ਸ਼ਹਿਨਸ਼ਾਹ ਸ਼ਾਹੋ ਭੂਪ ਭੂਪਤ ਇਕ ਅਖਵਾਈਆ ।

### ✪ ੧੬ ਚੇਤ ਸ਼ਹਿਨਸ਼ਾਹੀ ਸੰਮਤ ੧੨ ਰਾਜ ਸਿੰਘ ਦੇ ਗ੍ਰਿਹ ਪਟਿਆਲਾ ਸ਼ਹਿਰ ✪

ਸਾਚਾ ਹੁਕਮ ਧੁਰ ਫ਼ਰਮਾਨ, ਆਦਿ ਜੁਗਾਦਿ ਜੁਗ ਚੌਕੜੀ ਅਗੰਮ ਅਥਾਹ ਇਕ ਅਖਵਾਈਆ । ਸੋ ਪੁਰਖ ਅਕਾਲਾ ਸੋ ਪੁਰਖ ਨਿਰੰਜਣ ਦੇਵਣਹਾਰਾ ਨੌਜਵਾਨ, ਜੋਤੀ ਜਾਤਾ ਹੋ ਕੇ ਆਪ ਦ੍ਰਿੜਾਈਆ । ਹਰਿ ਪੁਰਖ ਨਿਰੰਜਣ ਆਪ ਆਪਣਾ ਕਰ ਪਰਵਾਨ, ਪਰਮ ਪੁਰਖ ਪਰਮਾਤਮ ਆਪਣੀ ਦਇਆ ਕਮਾਈਆ । ਏਕੰਕਾਰਾ ਬਣ ਕੇ ਵਡ ਬਲਵਾਨ, ਬਲਧਾਰੀ ਆਪਣਾ ਖੇਲ ਖਿਲਾਈਆ । ਆਦਿ ਨਿਰੰਜਣ ਜੋਤ ਨੂਰ ਜਗਾਇਆ ਮਹਾਨ, ਕਮਲਾਪਾਤੀ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਬਣ ਪਰਧਾਨ, ਹੁਕਮ ਫ਼ਰਮਾਨਾ ਦੇਵੇ ਚਾਈਂ ਚਾਈਂਆ । ਸ੍ਰੀ ਭਗਵਾਨ ਲਹਿਣਾ ਦੇਣਾ ਜਾਣੇ ਵਿਚ ਜਹਾਨ, ਨਿਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਖੇਲੇ ਖੇਲ ਮਹਾਨ, ਮਹਿੰਮਾ ਅਕਥ ਅਕਥ ਵਡਿਆਈਆ । ਧੁਰ ਦਾ ਹੁਕਮ ਸਤਿਗੁਰ ਸ਼ਬਦ ਕਰੇ ਪਰਵਾਨ, ਬਿਨ ਅੱਖਰਾਂ ਅੱਖਰ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਣ ਫ਼ਰਮਾਨ, ਸੀਸ ਸਕੇ ਨਾ ਕੋਇ ਉਠਾਈਆ । ਜਿਸ ਦੇ ਹੁਕਮ ਵਿਚ ਮਾਇਆ ਤਤ ਹੋਏ ਪਰਧਾਨ, ਲੱਖ ਚੁਰਾਸੀ ਖੇਲ ਖਿਲਾਈਆ । ਚਾਰੇ ਖਾਣੀ ਦੇ ਕੇ ਦਾਨ, ਅੰਡਜ ਜੇਰਜ ਉਤਭੁਜ ਸੇਤਜ ਆਪਣਾ ਰੰਗ ਰੰਗਾਈਆ । ਨਿਰਗੁਣ ਸਰਗੁਣ ਲੇਖਾ ਜਾਣੇ ਜੀਵ ਜਹਾਨ, ਜੋਤੀ ਜਾਤਾ ਪੁਰਖ ਬਿਧਾਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਾਚਾ ਹੁਕਮ ਦੇਵੇ ਆਪ ਨਿਰੰਕਾਰਾ, ਜੁਗ ਜੁਗ ਆਪ ਜਣਾਈਆ । ਨਿਰਗੁਣ ਸਰਗੁਣ ਲਏ ਅਵਤਾਰਾ, ਅਵਤਰੀ ਹੋ ਕੇ ਖੇਲ ਖਿਲਾਈਆ । ਸ਼ਬਦ ਅਨਾਦੀ ਦੇ ਧੁਨਕਾਰਾ, ਅਨਹਦ ਨਾਦੀ ਨਾਦ ਦ੍ਰਿੜਾਈਆ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰਾ, ਜੋਤੀ ਜਾਤਾ ਡਗਮਗਾਈਆ । ਜੁਗ ਚੌਕੜੀ ਖੇਲੇ ਖੇਲ ਖੇਲਣਹਾਰਾ, ਵੇਖਣਹਾਰਾ ਥਾਉਂ ਥਾਈਂਆ । ਜਿਸ ਦਾ ਹੁਕਮ ਵਰਤੇ ਸਦਾ ਜੁਗ ਚਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦੇ ਹੁਕਮ ਵਿਚ ਲੋਕਮਾਤ ਸੰਦੇਸ਼ਾ ਦੇ ਕੇ ਗਏ ਤੇਈ ਅਵਤਾਰਾ, ਤ੍ਰੈਗੁਣ ਅਤੀਤਾ ਠਾਂਢਾ ਸੀਤਾ ਆਪਣਾ ਹੁਕਮ ਵਰਤਾਈਆ । ਜਿਸ ਦਾ ਨਾਮ ਸੰਦੇਸ਼ ਕਲਮਾ ਕਾਇਨਾਤ ਹੋਇਆ ਉਜਿਆਰਾ, ਨਵ ਸੱਤ ਬ੍ਰਹਮ ਮਤ ਵਜਦੀ ਰਹੀ ਵਧਾਈਆ । ਜਿਸ ਦੇ ਹੁਕਮ ਵਿਚ ਡੰਡਾਵਤ ਬੰਦਨਾ ਸਜਦੇ ਕਰਨ ਨਿਮਸਕਾਰਾ, ਨਿਵ ਨਿਵ

ਲਾਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਦ੍ਰਿੜਾਈਆ । ਸਾਚਾ
ਹੁਕਮ ਇਕ ਭਗਵੰਤ, ਭਗਵਨ ਆਪ ਜਣਾਈਆ । ਆਦਿ ਜੁਗਾਦੀ ਜਿਸ ਦਾ ਮੰਤ, ਮੰਤਵ ਦੀਨ ਦੁਨੀ ਦ੍ਰਿੜਾਈਆ । ਭੇਵ ਅਭੇਦਾ ਜੋ ਖੋਲ੍ਹਣਹਾਰਾ
ਸਾਚੇ ਸੰਤ, ਸਤਿ ਸਤਿਵਾਦੀ ਹੋ ਕੇ ਪਰਦਾ ਲਾਹੀਆ । ਨਿਰਗੁਣ ਸਰਗੁਣ ਆਤਮ ਪਰਮਾਤਮ ਬਣ ਕੇ ਕੰਤ, ਕੰਤੂਹਲ ਹੋ ਕੇ ਵੇਖ ਵਖਾਈਆ ।
ਜਿਸ ਦਾ ਲਹਿਣਾ ਦੇਣਾ ਲੱਖ ਚੁਰਾਸੀ ਨਾਲ ਜੀਵ ਜੰਤ, ਚਾਰੇ ਖਾਣੀ ਚਾਰੇ ਬਾਣੀ ਆਪਣਾ ਹੁਕਮ ਵਰਤਾਈਆ । ਉਹ ਮਾਲਕ ਖ਼ਾਲਕ ਨਿਰਵੈਰ
ਸਦ ਬੇਅੰਤ, ਬੇਐਬ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ
ਚੁਕਾਈਆ । ਸਾਚਾ ਹੁਕਮ ਵਰਤੇ ਆਪ ਅਗੰਮ, ਅਗੰਮੜੀ ਕਾਰ ਕਮਾਈਆ । ਜਿਸ ਦਾ ਲਹਿਣਾ ਦੇਣਾ ਨਾਲ ਲੱਖ ਚੁਰਾਸੀ ਬ੍ਰਹਮ, ਪਾਰਬ੍ਰਹਮ
ਪ੍ਰਭ ਆਪਣਾ ਭੇਵ ਚੁਕਾਈਆ । ਜੋ ਨਿਰਗੁਣ ਸਰਗੁਣ ਨਿਤ ਨਵਿਤ ਦੋ ਜਹਾਨਾਂ ਕਰੇ ਆਪਣਾ ਕੰਮ, ਦੋ ਜਹਾਨਾਂ ਲੇਖਾ ਨਾ ਕੋਇ ਦ੍ਰਿੜਾਈਆ ।
ਜਿਸ ਦਾ ਸਤਿ ਸਤਿਵਾਦ ਇਕੋ ਧਰਮ, ਧਰਮ ਦੀ ਧਾਰ ਇਕ ਸਮਝਾਈਆ । ਜੋ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਿਨਾ ਜਨਣੀ ਤੋਂ ਦੇਵਣਹਾਰਾ
ਜਰਮ, ਆਪੇ ਬਣੇ ਜਣੇਂਦੀ ਮਾਈਆ । ਜੋ ਜੁਗ ਚੌਕੜੀ ਖੇਲ ਖਿਲਾਵਣਹਾਰਾ ਕਾਇਆ ਮਾਟੀ ਚਰਮ, ਚੰਮ ਦ੍ਰਿਸ਼ਟੀ ਜਗਤ ਵੰਡ ਵੰਡਾਈਆ ।
ਉਹ ਆਦਿ ਜੁਗਾਦੀ ਸਭ ਕੁਛ ਕਰਨੀ ਕਰਨ, ਕਰਤਾ ਪੁਰਖ ਧੁਰਦਰਗਾਹੀਆ । ਜਿਸ ਜ਼ਾਤ ਪਾਤ ਬਣਾਈ ਵਰਨ ਬਰਨ, ਦੀਨਾ ਮਜ਼੍ਹਬਾਂ ਵੰਡ
 ਵੰਡਾਈਆ । ਜਿਸ ਦੇ ਹੁਕਮ ਵਿਚ ਅਵਤਾਰ ਪੈਗ਼ੰਬਰ ਗੁਰ ਨਾਮ ਕਲਮੇ ਢੋਲੇ ਗੀਤ ਪੜ੍ਹਨ, ਅੱਖਰ ਅੱਖਰਾਂ ਨਾਲ ਬਦਲਾਈਆ । ਜਿਸ ਦੇ ੧੫੧੧
 ਹੁਕਮ ਵਿਚ ਮੰਜ਼ਲ ਹਕੀਕੀ ਚੜ੍ਹਨ, ਬਿਨ ਕ਼ਦਮਾਂ ਕ਼ਦਮ ਉਠਾਈਆ । ਜਿਸ ਦੇ ਹੁਕਮ ਵਿਚ ਸਚਖੰਡ ਦੁਆਰੇ ਖੜਨ, ਦਰਗਾਹ ਸਾਚੀ ਮੁਕ਼ਾਮੇ ੨੪
ਹਕ ਇਕੋ ਨੂਰ ਨੁਰਾਨਾ ਨਜ਼ਰੀ ਆਈਆ । ਜਿਸ ਦੇ ਹੁਕਮ ਵਿਚ ਖੇਲ ਹੋਵੇ ਸਰੀਰ ਧੜਨ, ਜਗਤ ਜਗਦੀਸ਼ ਆਪਣਾ ਹੁਕਮ ਵਰਤਾਈਆ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਪਰਦਾ ਆਪ ਉਠਾਈਆ । ਸਤਿਗੁਰ ਹੁਕਮ ਸਦਾ ਬਲਵਾਨ,
ਬਲਧਾਰੀ ਆਪ ਪਰਗਟਾਈਆ । ਜਿਸ ਦੇ ਹੁਕਮ ਵਿਚ ਸਤਿਗੁਰ ਸ਼ਬਦ ਹੋਏ ਪਰਧਾਨ, ਪਰਧਾਨਗੀ ਇਕੋ ਇਕ ਜਣਾਈਆ । ਸਾਚਾ ਨਾਮ ਜਣਾਏ
ਨਿਸ਼ਾਨ, ਨਿਸ਼ਾਨਾ ਆਪਣੇ ਹੱਥ ਰਖਾਈਆ । ਜਿਸ ਦੇ ਹੁਕਮ ਵਿਚ ਬ੍ਰਹਿਮੰਡ ਖੰਡ ਖੇਲ ਹੋਏ ਜ਼ਿਮੀਂ ਅਸਮਾਨ, ਜ਼ਿਮੀਂ ਜ਼ਮਾਂ ਦਾ ਮਾਲਕ ਇਕੋ
ਨਜ਼ਰੀ ਆਈਆ । ਜਿਸ ਦੇ ਹੁਕਮ ਵਿਚ ਜੁਗ ਚੌਕੜੀ ਬੀਤੇ ਵਿਚ ਜਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਸੋ
ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਅੰਤ ਹੋਏ ਮਿਹਰਵਾਨ, ਮਹਿਬਾਨ ਬੀਦੋ ਨੂਰ ਨੂਰ ਨੂਰ ਅਲਾਹੀਆ । ਜੋ ਸਾਚਾ ਹੁਕਮ ਧੁਰ ਸੰਦੇਸ਼ਾ ਦਰਗਾਹ
ਸਾਚੀ ਕਰੇ ਫ਼ਰਮਾਨ, ਜਗਤ ਫੁਰਨਿਆਂ ਬਾਹਰ ਸੁਣਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਦੇਵੇ ਦਾਨ, ਬੋਧ ਅਗਾਧੀ ਕਰੇ
ਪੜ੍ਹਾਈਆ । ਜਿਸ ਦੇ ਹੁਕਮ ਵਿਚ ਨਵ ਸੱਤ ਦਿਵਸ ਰੈਣ ਸੇਵ ਕਮਾਣ, ਆਦਿ ਜੁਗਾਦਿ ਜੁਗ ਚੌਕੜੀ ਭੱਜਣ ਵਾਹੋ ਦਾਹੀਆ । ਉਹ ਮਾਲਕ
ਖ਼ਾਲਕ ਪ੍ਰਿਤਪਾਲਕ ਦੋ ਜਹਾਨਾਂ ਹੁਕਮਰਾਨ, ਸਿਰ ਸਿਰ ਆਪਣਾ ਹੁਕਮ ਮਨਾਈਆ । ਜਿਸ ਕਲਜੁਗ ਕਿਰਿਆ ਕੂੜ ਧਰਨੀ ਧਰਤ ਧਵਲ ਧੌਲ
ਮੇਟਣਾ ਨਿਸ਼ਾਨ, ਨਿਸ਼ਾਨਾ ਤਾਰਾ ਚੰਦ ਦਏ ਮਿਟਾਈਆ । ਸਤਿ ਸਤਿ ਕਰੇ ਪਰਧਾਨ, ਸਤਿਜੁਗ ਸਚ ਸਚ ਵਡਿਆਈਆ । ਜਿਸ ਦੇ ਹੁਕਮ ਨਾਲ

ਢੋਲਾ ਗੀਤ ਮੰਤਰ ਨਾਮ ਸਾਰੇ ਗਾਣ, ਕਲਮਾ ਕਾਇਨਾਤ ਸਮਝਾਈਆ । ਆਦਿ ਜੁਗਾਦਿ ਇਕੋ ਹੁਕਮ ਸਭ ਨੂੰ ਹੋਵੇ ਪਰਵਾਨ, ਪਰਮ ਪੁਰਖ ਦੇਵਣਹਾਰ ਅਗੰਮ ਅਥਾਈਆ । ਜਿਸ ਦੇ ਹੁਕਮ ਵਿਚ ਦੀਨ ਦੁਨੀ ਦਾ ਬਦਲ ਜਾਣਾ ਵਿਧਾਨ, ਵਾਅਦੇ ਪੂਰਬ ਸਭ ਦੇ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਹੋ ਕੇ ਆਪਣਾ ਹੁਕਮ ਵਰਤਾਈਆ ।

### ✪ ੧੬ ਚੇਤ ਸ਼ਹਿਨਸ਼ਾਹੀ ਸੰਮਤ ੧੨ ੧੦੧ ਡੀ, ਸਤਿੰਦਰ ਪਾਲ ਦੇ ਗ੍ਰਹਿ ਪਟਿਆਲਾ ✪

ਹਰਿ ਭਗਤ ਸਦਾ ਬਾਲ, ਬਾਲੀ ਬੁਧਿ ਦਏ ਵਡਿਆਈਆ । ਮਿਹਰਵਾਨ ਹੋ ਕੇ ਕਰੇ ਪ੍ਰਿਤਪਾਲ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਜਨਮ ਜਨਮ ਦੀ ਪੂਰੀ ਕਰੇ ਘਾਲ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜਾਤਾ ਹੋ ਕੇ ਚਲੇ ਨਾਲ, ਆਦਿ ਜੁਗਾਦੀ ਧੁਰਦਰਗਾਹੀਆ । ਕਲਜੁਗ ਅੰਤ ਕਰੇ ਸੰਭਾਲ, ਸੰਬਲ ਦਾ ਮਾਲਕ ਬੇਪਰਵਾਹੀਆ । ਦੇਵੇ ਵਸਤ ਨਾਮ ਸਚਾ ਧੰਨ ਮਾਲ, ਦੌਲਤ ਅਤੋਟ ਅਤੁਟ ਵਰਤਾਈਆ । ਭਾਗ ਲਗਾਏ ਕਾਇਆ ਮਾਟੀ ਸਚੀ ਧਰਮਸਾਲ, ਧਰਮ ਦੁਆਰਾ ਇਕੋ ਇਕ ਰਖਾਈਆ । ਦੀਆ ਬਾਤੀ ਕਮਲਾਪਾਤੀ ਤਨ ਅੰਦਰ ਦੇਵੇ ਬਾਲ, ਬਿਨ ਤੇਲ ਬਾਤੀ ਡਗਮਗਾਈਆ । ਸਚ ਪ੍ਰੀਤੀ ਏਕੰਕਾਰਾ ਰਖੇ ਆਪਣੇ ਨਾਲ, ਭਗਤ ਮੀਤਾ ਆਪਣੇ ਰੰਗ ਰੰਗਾਈਆ । ਭਾਗ ਲਗਾ ਕੇ ਸਾਢੇ ਤਿੰਨ ਹੱਥ ਕਾਇਆ ਡਾਲ, ਪੱਤ ਟਹਿਣੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਜਨ ਭਗਤ ਸਦਾ ਬਾਲੀ ਬੁਧਿ, ਸਤਿਗੁਰ ਦੇਵਣਹਾਰ ਵਡਿਆਈਆ । ਸੁਰਤੀ ਸ਼ਬਦੀ ਬਖ਼ਸ਼ੇ ਸੁਧ, ਵਦੀ ਸੁਦੀ ਦਾ ਲੇਖਾ ਦਏ ਮੁਕਾਈਆ । ਘਰ ਠਾਕਰ ਸੁਆਮੀ ਜਾਏ ਸੁਝ, ਜਗਤ ਖੋਜਣ ਦੀ ਲੋੜ ਰਹੇ ਨਾ ਰਾਈਆ । ਆਪਣਾ ਦੁਆਰਾ ਆਪੇ ਜਾਵੇ ਬੁਝ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਪਰਮ ਪੁਰਖ ਪਰਮਾਤਮ ਭੇਵ ਖੁਲ੍ਹਾਏ ਗੁਝ, ਓਹਲਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਜਨ ਭਗਤ ਹਰਿਜਨ ਵੇਖੇ ਆਪਣੇ ਲਾਲ, ਹਰਿ ਕਰਤਾ ਧੁਰਦਰਗਾਹੀਆ । ਕਾਇਆ ਮੰਦਰ ਅੰਦਰ ਖੇਲ ਕਰੇ ਕਮਾਲ, ਕਮਲਾਪਾਤੀ ਧੁਰਦਰਗਾਹੀਆ । ਨੂਰੀ ਜਲਵਾ ਬਖ਼ਸ਼ ਜਲਾਲ, ਜੋਤੀ ਜਾਤਾ ਹੋ ਕੇ ਨਜ਼ਰੀ ਆਈਆ । ਫਲ ਲਗਾ ਕੇ ਕਾਇਆ ਮਾਟੀ ਡਾਲ, ਪੱਤ ਟਹਿਣੀ ਰੋਮ ਰੋਮ ਮਹਿਕਾਈਆ । ਸਚ ਪ੍ਰੀਤੀ ਨਾਦ ਸ਼ਬਦ ਵਜਾਏ ਤਾਲ, ਤੁਰੀਆ ਦਾ ਲੇਖਾ ਇਕ ਦ੍ਰਿੜਾਈਆ । ਘਰ ਸੁਆਮੀ ਸਤਿਗੁਰ ਠਾਕਰ ਚਲੇ ਨਾਲ ਨਾਲ, ਨਿਤ ਨਿਤ ਆਪਣਾ ਰੰਗ ਰੰਗਾਈਆ । ਲੇਖਾ ਰਹਿਣ ਨਾ ਦੇਵੇ ਸ਼ਾਹ ਕੰਗਾਲ, ਇਕੋ ਰੰਗ ਇਕੋ ਗ੍ਰਹਿ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਹਰਿ ਭਗਤ ਦੁਲਾਰਾ ਪ੍ਰਭੁ ਦਾ ਸੁਤ, ਸਤਿ ਸਤਿਵਾਦੀ ਰੰਗ ਰੰਗਾਈਆ । ਕਿਰਪਾ ਕਰੇ ਅਬਿਨਾਸ਼ੀ ਅਚੁਤ, ਚੇਤਨ ਸੁਰਤੀ ਦਏ ਜਣਾਈਆ । ਭਾਗ ਲਗਾਏ ਕਾਇਆ ਸੁਹੰਜਣੀ ਰੁਤ, ਰੁਤੜੀ ਆਪਣੇ ਨਾਲ ਮਹਿਕਾਈਆ । ਦਇਆ ਕਮਾਏ ਕਾਇਆ

ਮਾਟੀ ਬੁਤ, ਬੁਤਖ਼ਾਨਿਆਂ ਕਰੇ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਆਪੇ ਲਏ ਪੁਛ, ਪੁਸ਼ਤ ਪਨਾਹ ਬੇਪਰਵਾਹ ਪਾਰਬ੍ਰਹਮ ਪਤਿਪਰਮੇਸ਼ਵਰ ਅਬਿਨਾਸ਼ੀ ਕਰਤਾ ਸਿਰ ਆਪਣਾ ਹੱਥ ਟਿਕਾਈਆ ।

✪ ੧੬ ਚੇਤ ਸ਼ਹਿਨਸ਼ਾਹੀ ਸੰਮਤ ੧੨ ਸ਼ਾਮ ਕੌਰ ਦੇ ਗ੍ਰਹਿ ਪਟਿਆਲਾ ਸ਼ਹਿਰ ✪

ਧਰਨੀ ਕਹੇ ਪ੍ਰਭੂ ਮੇਰਾ ਉੱਤਮ ਕਰ ਦੇ ਕਰਮ, ਨਿਹਕਰਮੀ ਹੋ ਕੇ ਦਇਆ ਕਮਾਈਆ । ਮਿਹਰਵਾਨਾ ਸ੍ਰੀ ਭਗਵਾਨਾ ਮੇਰੇ ਉਤੇ ਭਗਤਾਂ ਦੇ ਦੇ ਜਰਮ, ਜਨਮ ਕਰਮ ਦਾ ਲੇਖਾ ਆਪਣੇ ਹੱਥ ਰਖਾਈਆ । ਸਤਿ ਸਤਿਵਾਦੀ ਸਤਿ ਸਚ ਬਖ਼ਸ਼ ਦੇ ਧਰਮ, ਧਰਮ ਦੀ ਧਾਰ ਏਕੰਕਾਰ ਇਕ ਪਰਗਟਾਈਆ । ਸਚ ਪ੍ਰੀਤੀ ਮਾਨਵ ਜ਼ਾਤੀ ਹੋਵੇ ਕਰਮ, ਕੂੜੀ ਕਿਰਿਆ ਅੰਤਰ ਨਿਰੰਤਰ ਬਾਹਰ ਕਢਾਈਆ । ਝਗੜਾ ਮੇਟ ਦੇ ਕਾਇਆ ਮਾਟੀ ਚਰਮ, ਚੰਮ ਦ੍ਰਿਸ਼ਟੀ ਦ੍ਰਿਸ਼ਟੀ ਵਿਚੋਂ ਬਾਹਰ ਕਢਾਈਆ । ਦੂਈ ਦੁਵੈਤੀ ਰਹੇ ਕੋਈ ਨਾ ਭਰਮ, ਭਰਾਂਤ ਭੁਲੇਖਾ ਤਨ ਵਜੂਦਾਂ ਕਰ ਸਫ਼ਾਈਆ । ਮੈਂ ਪੁਰਖ ਅਕਾਲੇ ਤੇਰੀ ਆਈ ਸਰਨ, ਧੁਰ ਦੇ ਰਾਮ ਤੇਰੀ ਸਰਨਾਈਆ । ਤੂੰ ਕਿਰਪਾ ਨਿਧਾਨ ਕਿਰਪਾ ਆਇਉਂ ਕਰਨ, ਕਰਨੀ ਦੇ ਕਰਤੇ ਧੁਰਦਰਗਾਹੀਆ । ਮੈਂ ਚਾਹੁੰਦੀ ਦੀਨ ਦੁਨੀ ਤੇਰਾ ਨਾਮ ਢੋਲਾ ਇਕੋ ਪੜ੍ਹਨ, ਗੀਤ ਸੁਹਾਗੀ ਇਕੋ ਗਾਈਆ । ਮੰਜ਼ਲ ਹਕੀਕੀ ਧੁਰ ਦੀ ਚੜ੍ਹਨ, ਚੜ੍ਹਦਾ ਲਹਿੰਦਾ ਦੱਖਣ ਪਹਾੜ ਵਜੇ ਸਚ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਬਖ਼ਸ਼ ਦੇ ਆਪਣੀ ਧੂਲ, ਟਿੱਕੇ ਸਚ ਨਾਮ ਨਾਮ ਲਗਾਈਆ । ਨਿਰਗੁਣ ਨਿਰਗੁਣ ਨਿਰਗੁਣ ਦੱਸ ਅਸੂਲ, ਸਰਗੁਣ ਸਰਗੁਣ ਸਰਗੁਣ ਮਿਲ ਕੇ ਵਜੇ ਵਧਾਈਆ । ਤੇਰਾ ਨਾਮ ਫ਼ਰਮਾਨਾ ਕੋਈ ਨਾ ਜਾਏ ਭੂਲ, ਅਭੁਲ ਦੇਣੀ ਵਡਿਆਈਆ । ਤੂੰ ਮਾਲਕ ਖ਼ਾਲਕ ਅਗੰਮ ਕੰਤੂਹਲ, ਹਰਿ ਕਰਤਾ ਧੁਰਦਰਗਾਹੀਆ । ਤੇਰੇ ਹੁਕਮ ਵਿਚ ਮੇਰੇ ਉਤੇ ਪੈਗ਼ੰਬਰ ਆਏ ਰਸੂਲ, ਲੋਕਮਾਤੀ ਵੇਸ ਵਟਾਈਆ । ਤੇਰਾ ਹੁਕਮ ਸੰਦੇਸ਼ਾ ਦੇਂਦੇ ਗਏ ਮਾਕੂਲ, ਮੁਕੰਮਲ ਤੇਰਾ ਭੇਵ ਚੁਕਾਈਆ । ਸਚ ਪੰਘੂੜਾ ਤੇਰਾ ਗਏ ਝੂਲ, ਸਚ ਸਿੰਘਾਸਣ ਬੈਠੇ ਸੋਭਾ ਪਾਈਆ । ਤੇਰਾ ਮੰਨਦੇ ਗਏ ਅਸੂਲ, ਅਸਲ ਵਸਲ ਯਾਰ ਤੇਰਾ ਗਏ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਤੇਰਾ ਨਾਮ ਪੰਘੂੜਾ ਲਏ ਝੂਲ, ਝਲਕ ਖ਼ਲਕ ਪਲਕ ਉਹਲੇ ਦੇਣੀ ਵਖਾਈਆ ।



✪ ੧੬ ਚੇਤ ਸ਼ਹਿਨਸ਼ਾਹੀ ਸੰਮਤ ੧੨ ਬਿਕਰਮਜੀਤ ਸਿੰਘ ਦੇ ਗ੍ਰਹਿ ਪਟਿਆਲਾ ਸ਼ਹਿਰ ✪

ਭਗਤੀ ਕਹੇ ਜਨ ਭਗਤੋ ਮੇਰੇ ਬਣੋ ਸੰਗੀ, ਸਗਲੇ ਸਾਥੀ ਨਜ਼ਰੀ ਆਈਆ । ਮੇਰੀ ਪੁਸ਼ਤ ਪਨਾਹ ਹੋ ਗਈ ਨੰਗੀ, ਓਢਣ ਨਜ਼ਰ ਕੋਇ ਨਾ ਆਈਆ । ਮੈਨੂੰ ਕਲਜੁਗ ਮਾਇਆ ਕੀਤਾ ਭੁਖੀ ਨੰਗੀ, ਵਸਤ ਸਚ ਰਹੀ ਨਾ ਰਾਈਆ । ਜਗਤ ਵਾਸ਼ਨਾ ਪ੍ਰਭੂ ਪਿਆਰ ਵਿਚ ਰਹੀ ਨਾ

੧੫੧੪
੨੪

ਚੰਗੀ, ਰਸਨਾ ਰਸ ਨਾ ਕੋਇ ਵਡਿਆਈਆ । ਮੈਨੂੰ ਜਗਤ ਵਿਦਿਆ ਕੀਤਾ ਤੰਗੀ, ਤੰਗਦਸਤ ਹੋ ਕੇ ਦਿਆਂ ਸੁਣਾਈਆ । ਮੇਰੀ ਪੂਰਬ ਪਿਛੇ ਲੰਘੀ, ਅਗੇ ਦਾ ਲਹਿਣਾ ਦਿਆਂ ਦ੍ਰਿੜਾਈਆ । ਕਲਜੁਗ ਕੂੜ ਕੁੜਿਆਰਾ ਹਰ ਘਟ ਅੰਦਰ ਵੜ ਗਿਆ ਜੰਗੀ, ਸ਼ਸਤਰ ਕਾਮ ਕਰੋਧ ਲੋਭ ਮੋਹ ਹੰਕਾਰ ਹੱਥ ਉਠਾਈਆ । ਜਿਸ ਫੇਰੀ ਦਰੋਹੀ ਵਿਚ ਵਰਭੰਡੀ, ਨਵਖੰਡੀ ਦਏ ਦੁਹਾਈਆ । ਦੀਨ ਦੁਨੀ ਦੀ ਆਸਾ ਹੋ ਗਈ ਰੰਡੀ, ਹਰਿਜੂ ਕੰਤ ਨਾ ਕੋਇ ਹੰਢਾਈਆ । ਦੀਨ ਮਜ਼੍ਹਬ ਦੀ ਰਹਿਣ ਦਿਤੀ ਨਹੀਂ ਕੋਈ ਡੰਡੀ, ਡੰਡਾਵਤ ਵਿਚ ਸੀਸ ਨਾ ਕੋਇ ਨਿਵਾਈਆ । ਜਗਤ ਸਾਧੂ ਸੰਤ ਹੋਏ ਪਾਖੰਡੀ, ਜਗਿਆਸੂ ਪ੍ਰੇਮ ਨਾ ਕੋਇ ਬਣਾਈਆ । ਕਲਜੁਗ ਦਾ ਅੰਤਮ ਘਾਟ ਆ ਗਿਆ ਕੰਢੀ, ਵੇਲਾ ਵਕ਼ਤ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਭਗਤੀ ਕਹੇ ਜਨ ਭਗਤੋ ਮੇਰੇ ਨਾਲ ਕਰੋ ਮਿਲਾਪ, ਮਿਲਣੀ ਹਰਿ ਜਗਦੀਸ਼ ਕਰਾਈਆ । ਏਕਾ ਜਪੋ ਧੁਰ ਦਾ ਜਾਪ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਕਲਜੁਗ ਕਿਰਿਆ ਕੂੜ ਮੇਟੋ ਸੰਤਾਪ, ਮਮਤਾ ਮੋਹ ਰਹੇ ਨਾ ਰਾਈਆ । ਪੁਰਖ ਅਕਾਲਾ ਮੰਨੋ ਇਕੋ ਬਾਪ, ਪਤਿਪਰਮੇਸ਼ਵਰ ਧੁਰਦਰਗਾਹੀਆ । ਪਾਰਬ੍ਰਹਮ ਬ੍ਰਹਮ ਜੋੜੋ ਧੁਰ ਦਾ ਨਾਤ, ਵਿਛੋੜੇ ਵਿਚ ਵਿਛੜ ਕੋਇ ਨਾ ਜਾਈਆ । ਝਗੜਾ ਛਡੋ ਜ਼ਾਤ ਪਾਤ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਇਕੋ ਮੇਰੇ ਨਾਲ ਕਰੋ ਸਚੀ ਬਾਤ, ਬਾਤਨ ਪਰਦਾ ਦਿਆਂ ਚੁਕਾਈਆ । ਬਿਨ ਪੁਰਖ ਅਕਾਲੇ ਦੀਨ ਦਿਆਲੇ ਪੁਛੇ ਕੋਈ ਨਾ ਵਾਤ, ਵਾਰਸ ਨਜ਼ਰ ਕੋਇ ਨਾ ਆਈਆ । ਮੇਰੇ ਕੋਲ ਚਾਰ ਜੁਗ ਦਾ ਲਹਿਣਾ ਜੋ ਅਵਤਾਰ ਪੈਗ਼ੰਬਰਾਂ ਲਿਖਿਆ ਨਾਲ ਕ਼ਲਮ ਦਵਾਤ, ਸ਼ਹਾਦਤ ਕਾਗਤ ਰਹੇ ਭੁਗਤਾਈਆ । ਬਿਨਾ ਭਗਤਾਂ ਤੋਂ ਧਰਮ ਦੀ ਰਹਿਣੀ ਨਹੀਂ ਕੋਈ ਜਮਾਤ, ਜੁਮਲਾ ਅੱਖਰ ਕਰੇ ਨਾ ਕੋਇ ਪੜ੍ਹਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਹੋਈ ਅੰਧੇਰੀ ਰਾਤ, ਨੂਰ ਨੁਰਾਨਾ ਚੰਦ ਨਾ ਕੋਇ ਚਮਕਾਈਆ । ਮਾਨਸ ਮਾਨੁਖ ਮਾਨਵ ਕਰੇ ਘਾਤ, ਘਾਓ ਲੱਗਾ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਧਰਨੀ ਕਹੇ ਜਨ ਭਗਤੋ ਮੇਰਾ ਮਿਲੇ ਨਾ ਕੋਇ ਸਾਥੀ, ਸੰਗੀ ਬਹੁਰੰਗੀ ਨਜ਼ਰ ਕੋਇ ਨਾ ਆਈਆ । ਮੈਂ ਦੀਨ ਦੁਨੀ ਜਗਤ ਹੋਈ ਅਨਾਥੀ, ਦੀਨਨ ਹੋ ਕੇ ਸੀਸ ਨਿਵਾਈਆ । ਮੰਗਾਂ ਮੰਗ ਕੋਲੋਂ ਪੁਰਖ ਸਮਰਾਥੀ, ਦਰ ਠਾਂਢੇ ਸੀਸ ਨਿਵਾਈਆ । ਪੁਰਖ ਅਕਾਲੇ ਦੀਨ ਦਿਆਲੇ ਮੇਰੀ ਬਖ਼ਸ਼ ਲਈਂ ਗੁਸਤਾਖ਼ੀ, ਗ਼ੁੱਸਾ ਗਿਲਾ ਜਗਤ ਨਾ ਕੋਇ ਜਣਾਈਆ । ਮਿਹਰਵਾਨ ਮੈਨੂੰ ਦਈਂ ਮੁਆਫ਼ੀ, ਮੁਸ਼ਕਲ ਮੇਰੀ ਹਲ ਕਰਾਈਆ । ਕਲਜੁਗ ਕੂੜ ਕੁੜਿਆਰਾ ਮੇਰੇ ਨਾਲ ਕਰੇ ਬੇਇਨਸਾਫ਼ੀ, ਅਦਲ ਸਚ ਨਾ ਕੋਇ ਜਣਾਈਆ । ਮੈਂ ਆਦਿ ਜੁਗਾਦੀ ਤੇਰੀ ਦਾਸੀ, ਦਾਸਤਾਨ ਪਿਛਲੀ ਦਏ ਗਵਾਹੀਆ । ਜਨ ਭਗਤਾਂ ਸੰਗ ਮੇਰੀ ਹੋਵੇ ਰਹਿਰਾਸੀ, ਦੋਹਾਂ ਮਿਲਕੇ ਵਜੇ ਵਧਾਈਆ । ਜਨ ਭਗਤੋ ਸਾਡਾ ਦੋਹਾਂ ਦਾ ਮਾਲਕ ਇਕੋ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਧੁਰਦਰਗਾਹੀਆ । ਜਿਸ ਦੇ ਹੁਕਮ ਅੰਦਰ ਸ਼ੰਕਰ ਕੈਲਾਸ਼ੀ, ਕਲਾਧਾਰੀ ਬੈਠਾ ਸੀਸ ਨਿਵਾਈਆ । ਉਹ ਮੇਟਣਹਾਰਾ ਸਰਬ ਉਦਾਸੀ, ਚਿੰਤਾ ਗ਼ਮੀ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਆਪ ਵਡਿਆਈਆ । ਭਗਤੀ ਕਹੇ ਜਨ ਭਗਤੋ ਧਰਮ ਧਾਰ ਦਾ ਤਕੋ ਰਾਹ, ਰਸਤਾ ਬਾਵਸਤਾ ਆਪਣੇ ਨਾਲ ਬਣਾਈਆ । ਇਕੋ ਸਤਿਗੁਰ ਸ਼ਬਦ ਦੀ ਲਵੋ ਸਲਾਹ, ਮਸ਼ਵਰਾ ਅਵਰ ਨਾ ਕੋਇ ਜਣਾਈਆ ।

ਸਤਿਗੁਰ ਪੂਰਾ ਬਣਾਉ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਬਿਨ ਰਸਨਾ ਜੇਹਵਾ ਲਉ ਗਾ, ਢੋਲੇ ਸੋਹਲੇ ਸਿਫ਼ਤ ਸਾਲਾਹੀਆ । ਜੋ ਰਹਿਬਰ ਬਣ ਕੇ ਦੱਸੇ ਰਾਹ, ਰਸਤਾ ਇਕੋ ਇਕ ਜਣਾਈਆ । ਜਿਸ ਦਾ ਆਦਿ ਜੁਗਾਦੀ ਅਗੰਮਾ ਨਾਂ, ਨਾਉਂ ਨਿਰੰਕਾਰਾ ਇਕ ਸਮਝਾਈਆ । ਜੋ ਦੇਵਣਹਾਰਾ ਨਿਥਾਵਿਆਂ ਥਾਂ, ਥਾਨ ਥਨੰਤਰ ਦਏ ਵਡਿਆਈਆ । ਭਗਤੀ ਕਹੇ ਜਨ ਭਗਤੇ ਉਸ ਪ੍ਰਭੂ ਦੀ ਪਕੜੋ ਬਾਂਹ, ਬਿਨ ਹੱਥਾਂ ਹੱਥ ਉਠਾਈਆ । ਜੇਹੜਾ ਹੰਸ ਫੜ ਫੜ ਬਣਾਏ ਕਾਂ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਉਹ ਨੂਰ ਨੁਰਾਨਾ ਸ਼ਾਹ ਸੁਲਤਾਨਾ ਜੋਤੀ ਜਾਤਾ ਹੋ ਕੇ ਗਿਆ ਆ, ਜਿਸ ਦੀ ਆਮਦ ਵਿਚ ਸੀਸ ਨਿਵਾਈਆ । ਮੈਂ ਵੀ ਉਸੇ ਦੀ ਤਕਾਂ ਸਰਨ ਸਰਨਾ, ਸਰਨਗਤ ਇਕੋ ਨਜ਼ਰੀ ਆਈਆ । ਜਿਸ ਨੂੰ ਅਵਤਾਰ ਪੈਗ਼ੰਬਰਾਂ ਗੁਰੂਆਂ ਕਿਹਾ ਵਾਹ ਵਾਹ, ਵਾਹਿਦ ਵਾਹਿਗੁਰੂ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਲਾ ਮੇਲੇ ਸਹਿਜ ਸੁਭਾ, ਸੁਭਾਵਿਕ ਆਪਣਾ ਰੰਗ ਰੰਗਾਈਆ ।

## ੧੬ ਚੇਤ ਸ਼ਹਿਨਸ਼ਾਹੀ ਸੰਮਤ ੧੨ ਅਸ਼ੋਕ ਕੁਮਾਰ ਦੇ ਗ੍ਰਿਹ ਪਟਿਆਲਾ ਸ਼ਹਿਰ

ਭਗਤੀ ਕਹੇ ਪ੍ਰਭੂ ਜਨ ਭਗਤ ਬਣਾ ਲੈ ਆਪਣੀ ਜ਼ਾਤ, ਆਤਮ ਧਾਰ ਪਰਮਾਤਮ ਲੈ ਪਰਨਾਈਆ । ਨਿਰਗੁਣ ਨਿਰਗੁਣ ਬਣਨਾ ਪਿਤਾ ਮਾਤ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਗੋਦ ਟਿਕਾਈਆ । ਝਗੜਾ ਮੇਟਣਾ ਦੀਨ ਦੁਨੀ ਜ਼ਾਤ ਪਾਤ, ਪਤ ਪਤਵੰਤੇ ਤੇਰੇ ਹੱਥ ਵਡਿਆਈਆ । ਚਰਨ ਪ੍ਰੀਤੀ ਸਾਚੀ ਰੀਤੀ ਆਪਣਾ ਜੋੜ ਲੈ ਨਾਤ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਮੇਲਾ ਮੇਲਣਾ ਸਹਿਜ ਸੁਭਾਈਆ । ਤੇਰਾ ਦਰਸ ਅੰਤਰ ਨਿਰੰਤਰ ਕਰਨ ਇਕਾਂਤ, ਇਕ ਇਕੱਲੇ ਸਚ ਮਹਲੇ ਦੇਣੀ ਮਾਣ ਵਡਿਆਈਆ । ਨਿਝਰ ਝਿਰਨਾ ਬੂੰਦ ਬਖ਼ਸ਼ ਦੇ ਪ੍ਰੇਮ ਸਵਾਂਤ, ਅਗਨੀ ਤਤ ਤਤ ਬੁਝਾਈਆ । ਬਿਨ ਨੇਤਰ ਲੋਚਨ ਨੈਣਾਂ ਮਾਰ ਝਾਤ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਸਤਿ ਸਚ ਦੀ ਇਕੋ ਦਸ ਅਗੰਮੀ ਬਾਤ, ਬਾਤਨ ਭੇਵ ਦੇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਭਗਤੀ ਕਹੇ ਪ੍ਰਭੂ ਜਨ ਭਗਤ ਤੇਰਾ ਗਾਵਣ ਗੀਤ, ਗੁਣ ਗੋਬਿੰਦ ਗਾਈਆ । ਸਾਚੀ ਕਰਨ ਪ੍ਰੀਤ, ਪ੍ਰੀਤਮ ਮਿਲ ਕੇ ਖ਼ੁਸ਼ੀ ਬਣਾਈਆ । ਪਵਿਤ੍ਰ ਹੋਏ ਨੀਤ, ਦੁਰਮਤ ਮੈਲ ਧੁਆਈਆ । ਕਾਇਆ ਹੋਵੇ ਸੀਤ, ਅਗਨੀ ਤਤ ਬੁਝਾਈਆ । ਤੇਰਾ ਦਰਸ਼ਨ ਹੋਵੇ ਭੀਤ, ਭਗਤਾਂ ਦੇਣਾ ਵਖਾਈਆ । ਝਗੜਾ ਮਿਟਾਉਣਾ ਮੰਦਰ ਮਸੀਤ, ਕਾਇਆ ਕਾਅਬਾ ਇਕ ਵਖਾਈਆ । ਤੂੰ ਮੇਰਾ ਮੈਂ ਤੇਰਾ ਗਾਵਣ ਗੀਤ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਮਾਨਸ ਜਨਮ ਲੈਣ ਜਗ ਜੀਤ, ਜੀਵਣ ਦਾਤੇ ਦੇਣੀ ਵਡਿਆਈਆ । ਭਗਤੀ ਕਹੇ ਪ੍ਰਭੂ ਮੇਰੀ ਪਿਛਲੀ ਪਿਛੇ ਗਈ ਬੀਤ, ਅਗਲਾ ਲੇਖਾ ਤੇਰੇ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਤੇਰੇ ਗੁਣ ਗਾਵਣ ਤ੍ਰੈਗੁਣ ਅਤੀਤ, ਤ੍ਰੈਭਵਣ ਧਨੀ ਆਪਣੀ ਦਇਆ ਕਮਾਈਆ ।


੧੫੧੫
੨੪

## ੧੯ ਚੇਤ ਸ਼ਹਿਨਸ਼ਾਹੀ ਸੰਮਤ ੧੨ ਪਿਆਰਾ ਸਿੰਘ ਦੇ ਗ੍ਰਿਹਿ ਰਾਜਪੁਰਾ ਸ਼ਹਿਰ ਜ਼ਿਲਾ ਪਟਿਆਲਾ

ਧਰਨੀ ਕਹੇ ਪ੍ਰਭੁ ਮੇਰਾ ਲੇਖਾ ਤਕ ਲੈ ਘਰ ਦਾ, ਗ੍ਰਿਹਿ ਮੰਦਰ ਅੰਦਰ ਨਵ ਸੱਤ ਧਿਆਨ ਲਗਾਈਆ । ਤੇਰਾ ਰੂਪ ਅਨੂਪਾ ਸ਼ਾਹੋ ਭੂਪਾ ਨਰੈਣ ਨਰ ਦਾ, ਨਰ ਹਰਿ ਤੇਰੇ ਹੱਥ ਵਡਿਆਈਆ । ਮੇਰਾ ਅੰਤਸ਼ਕਰਨ ਸ੍ਰੀ ਭਗਵਾਨ ਕਲਜੁਗ ਕਿਰਿਆ ਕੂੜ ਕੋਲੋਂ ਡਰਦਾ, ਮਿਹਰਵਾਨ ਮਹਿਬੂਬ ਤੇਰੀ ਓਟ ਤਕਾਈਆ । ਸਾਚਾ ਰਸ ਅੰਮ੍ਰਿਤ ਰਿਹਾ ਨਾ ਕਿਸੇ ਸਰੋਵਰ ਸਰ ਦਾ, ਸੁਰਸਤੀ ਗੋਦਾਵਰੀ ਜਮਨਾ ਗੰਗਾ ਰਹੀ ਸੁਣਾਈਆ । ਰਸ ਅੰਤਰ ਨਿਰੰਤਰ ਰਿਹਾ ਨਾ ਕਿਸੇ ਜਲ ਦਾ, ਪਤਤ ਪੁਨੀਤ ਨਾ ਕੋਇ ਕਰਾਈਆ । ਮੇਰਾ ਵਾਅਦਾ ਕੌਲ ਇਕਰਾਰ ਤਕ ਲੈ ਬਾਵਨ ਦੁਆਰੇ ਰਾਜੇ ਬਲ ਦਾ, ਪੂਰਬ ਲੇਖੇ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਪ੍ਰਭੁ ਮੈਂ ਤੇਰੇ ਦਰ ਕਰਾਂ ਅਰਜ਼ੋਈ, ਆਰਜ਼ੂ ਆਦਿ ਜੁਗਾਦਿ ਦਿਆਂ ਸੁਣਾਈਆ । ਤੁਧ ਬਿਨ ਦੋ ਜਹਾਨ ਨਾ ਦਿਸੇ ਕੋਈ, ਮਾਲਕ ਖ਼ਾਲਕ ਸਾਲਸ ਨਜ਼ਰ ਕੋਇ ਨਾ ਆਈਆ । ਮੇਰਾ ਅੰਤਸ਼ਕਰਨ ਤੇਰੇ ਨਾਮ ਦੀ ਦਏ ਦਰੋਹੀ, ਦੋ ਜਹਾਨਾਂ ਮਾਲਕ ਤੇਰੀ ਵਡ ਵਡਿਆਈਆ । ਸਤਿ ਧਰਮ ਮੇਰੇ ਉਤੇ ਮਿਲੇ ਕਿਸੇ ਨਾ ਢੋਈ, ਪਾਰਬ੍ਰਹਮ ਤੇਰੇ ਰੰਗ ਨਾ ਕੋਇ ਰੰਗਾਈਆ । ਸਤਿ ਵਸਤ ਮੇਰੇ ਉਤੋਂ ਗਈ ਖੋਹੀ, ਖ਼ਾਲਕ ਤੇਰੇ ਰੰਗ ਨਾ ਕੋਇ ਰੰਗਾਈਆ । ਮੇਰੇ ਸੀਨੇ ਉਤੇ ਬਿਨਾ ਹਰਫਾਂ ਲਿਖੀ ਗਈ ਪੇਸ਼ੀਨਗੋਈ, ਪੇਸ਼ਤਰ ਅਵਤਾਰ ਪੈਗ਼ੰਬਰ ਗੁਰੂ ਗਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਢੇ ਆਸ ਰਖਾਈਆ । ਧਰਨੀ ਕਹੇ ਪ੍ਰਭੁ ਮੇਰੀ ਬੇਨੰਤੀ ਕਰ ਮਨਜ਼ੂਰ, ਮਨਸਾ ਤੇਰੇ ਅਗੇ ਰਖਾਈਆ । ਤੂੰ ਮਾਲਕ ਖ਼ਾਲਕ ਹਾਜ਼ਰ ਹਜ਼ੂਰ, ਨੂਰ ਨੁਰਾਨਾ ਨੂਰ ਅਲਾਹੀਆ । ਉਹ ਲੇਖਾ ਪੂਰਾ ਕਰ ਦੇ ਜੋ ਆਸ਼ਾ ਰਖੀ ਕੋਹਤੂਰ, ਮੂਸਾ ਨੈਣ ਮੂੰਦ ਜਣਾਈਆ । ਤੂੰ ਸਭ ਦਾ ਠਾਕਰ ਸੁਆਮੀ ਹਾਜ਼ਰ ਹਜ਼ੂਰ, ਹਜ਼ਰਤਾਂ ਦਾ ਮਾਲਕ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਮੇਰਾ ਇਕੋ ਇਕ ਵਾਸਤਾ, ਵਾਸਤਕ ਦਿਆਂ ਜਣਾਈਆ । ਜੀਵ ਜੰਤ ਸਾਧ ਸੰਤ ਤੇਰਾ ਪਿਆਰ ਦਾ ਹੋਵੇ ਰਾਸਤਾ, ਰਸਤਾ ਬਾਵਸਤਾ ਆਪਣੇ ਨਾਲ ਕਰਾਈਆ । ਤੇਰਾ ਖੇਲ ਤਕਾਂ ਆਹਿਸਤਾ ਆਹਿਸਤਾ, ਸਹਿਜ ਸਹਿਜ ਵੇਖ ਵਖਾਈਆ । ਤੂੰ ਮਾਲਕ ਖ਼ਾਲਕ ਪ੍ਰਿਥਮੀ ਆਕਾਸ਼ ਦਾ, ਗਗਨ ਗਗਨੰਤਰ ਤੇਰੀ ਵਡਿਆਈਆ । ਮੇਰੇ ਉਤੇ ਲਹਿਣਾ ਦੇਣਾ ਪੂਰਾ ਕਰਦੇ ਪਵਣ ਸਵਾਸ ਦਾ, ਸਾਹ ਸਾਹ ਖੋਜ ਖੁਜਾਈਆ । ਤੇਰਾ ਨੂਰ ਜ਼ਹੂਰ ਪੁਰਖ ਅਬਿਨਾਸ਼ ਦਾ, ਅਬਿਨਾਸ਼ੀ ਕਰਤੇ ਤੇਰੇ ਹੱਥ ਵਡਿਆਈਆ । ਕੁਛ ਲੇਖਾ ਤਕ ਲੈ ਸ਼ੰਕਰ ਕੈਲਾਸ਼ ਦਾ, ਕਲਾਧਾਰੀ ਕੀ ਦ੍ਰਿੜਾਈਆ । ਵਿਸ਼ਨੂੰ ਅੰਤਰ ਨਿਰੰਤਰ ਕੀ ਕੁਛ ਭਾਸਦਾ, ਵਿਸ਼ਵ ਦੇ ਮਾਲਕ ਦੇਣਾ ਸਮਝਾਈਆ । ਬ੍ਰਹਮੇ ਬ੍ਰਹਮ ਧਾਰ ਖੇਲ ਤਕ ਲੈ ਰਾਸ ਦਾ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਪਰਦਾ ਆਪ ਉਠਾਈਆ । ਧਰਨੀ ਕਹੇ ਪ੍ਰਭੁ ਮੇਰੇ ਉਤੋਂ ਪਰਦਾ ਚੁਕ ਦੇ, ਕਲਜੁਗ ਕਿਰਿਆ ਕੂੜ ਰਹਿਣ ਨਾ ਪਾਈਆ । ਭੇਵ ਚੁਕਾ ਦੇ ਉਹਲੇ ਲੁਕ ਦੇ, ਮਿਹਰਵਾਨ ਤੇਰੀ ਸਰਨਾਈਆ । ਹੁਕਮ ਜਣਾ ਦੇ ਆਪਣੀ ਅਗੰਮੀ ਤੁਕ ਦੇ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਵਾਅਦੇ ਗੁਰ ਅਵਤਾਰ ਪੈਗ਼ੰਬਰਾਂ ਵੇਖ ਲੈ ਢੁਕਦੇ, ਘੜੀ ਪਲ ਦੇਣ ਗਵਾਹੀਆ ।

ਨਾਲੇ ਇਸ਼ਾਰੇ ਤਕ ਲੈ ਸਤਿਗੁਰ ਸ਼ਬਦ ਦੁਲਾਰੇ ਸੁਤ ਦੇ, ਜੋ ਸੁਤਿਆਂ ਰਿਹਾ ਜਗਾਈਆ । ਤੇਰੇ ਖੇਲ ਵੇਖਾਂ ਅਬਿਨਾਸ਼ੀ ਅਚੁਤ ਦੇ, ਪਾਰਬ੍ਰਹਮ ਪ੍ਰਭ ਪਰਦਾ ਦੇਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਸੋ ਪੁਰਖ ਨਿਰੰਜਣ ਕਹੇ ਧਰਨੀ, ਧਰਮ ਧਾਰ ਪਰਗਟਾਵਾਂਗਾ । ਹਰਿ ਪੁਰਖ ਨਿਰੰਜਣ ਹੋ ਕੇ ਲਾਵਾਂ ਚਰਨੀ, ਚਰਨੋਦਕ ਇਕੋ ਜਾਮ ਪਿਆਵਾਂਗਾ । ਏਕੰਕਾਰ ਬਣ ਕੇ ਬਖ਼ਸ਼ਾਂ ਧੁਰ ਦੀ ਸਰਨੀ, ਸਰਨਗਤ ਇਕ ਦ੍ਰਿੜਾਵਾਂਗਾ । ਆਦਿ ਨਿਰੰਜਣ ਹੋ ਕੇ ਇਕੋ ਮੰਜ਼ਲ ਚੜ੍ਹਨੀ, ਦੂਜਾ ਦਰ ਨਾ ਕੋਇ ਦਰਸਾਵਾਂਗਾ । ਅਬਿਨਾਸ਼ੀ ਕਰਤਾ ਹੋ ਕੇ ਨਵੀਂ ਘਾੜਤ ਘੜਨੀ, ਘੜਨ ਭੰਨਣਹਾਰ ਆਪ ਹੋ ਜਾਵਾਂਗਾ । ਸ੍ਰੀ ਭਗਵਾਨ ਹੋ ਕੇ ਧੁਰ ਦੀ ਕਰਨੀ ਕਰਨੀ, ਕ਼ੁਦਰਤ ਦਾ ਕ਼ਾਦਰ ਹੋ ਕੇ ਖੇਲ ਖਿਲਾਵਾਂਗਾ । ਪਾਰਬ੍ਰਹਮ ਪਤਿਪਰਮੇਸ਼ਵਰ ਹੋ ਕੇ ਤੇਰਾ ਲਹਿਣਾ ਦੇਣਾ ਮੁਕਾਵਾਂ ਧਰਨੀ, ਧਵਲੇ ਤੇਰਾ ਭਾਰ ਚੁਕਾਵਾਂਗਾ । ਤੋੜ ਕੇ ਹਉਮੇ ਹੰਗਤੀ ਗੜ੍ਹਨੀ, ਹੰਗਤਾ ਦੂਰ ਕਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਵਾਂਗਾ । ਸਾਚੀ ਖੇਲ ਖਿਲਾਏਗਾ । ਦੀਨ ਦਿਆਲ ਦਇਆ ਕਮਾਏਗਾ । ਧਰਨੀ ਧਵਲ ਧੌਲ ਤੇਰਾ ਭਾਰ ਵੰਡਾਏਗਾ । ਪੂਰਬ ਵੇਖੇ ਕਵਲ, ਕੌਲ ਇਕ਼ਰਾਰ ਤੋੜ ਨਿਭਾਏਗਾ । ਜੋ ਸੰਦੇਸ਼ਾ ਦੇ ਕੇ ਗਿਆ ਕਾਹਨ ਸੁੰਦਰ ਸਾਵਲ ਸਵਲ, ਸਾਂਵਰੀਆ ਆਪਣੀ ਕਾਰ ਕਮਾਏਗਾ । ਜੋ ਲਹਿਣਾ ਦੇਣਾ ਮੁਹੰਮਦ ਦੱਸਿਆ ਨਾਲ ਨੂਰ ਅਲਾਹੀ ਅਵਲ, ਆਲਮੀਨ ਹੋ ਕੇ ਵੇਖ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਆਸ਼ਾ ਹੋਣ ਨਾ ਦੇਵੇ ਬਵਲ, ਪੌਹਲ ਆਪਣਾ ਨਾਮ ਇਕੋ ਰਸ ਚਖਾਏਗਾ ।

੧੫੧੭
੨੪
੧੫੧੭
੨੪

## ✪ ੧੯ ਚੇਤ ਸ਼ਹਿਨਸ਼ਾਹੀ ਸੰਮਤ ੧੨ ਕਰਤਾਰ ਸਿੰਘ ਦੇ ਗ੍ਰਿਹ ਰਾਜਪੁਰਾ ਸ਼ਹਿਰ ਜ਼ਿਲਾ ਪਟਿਆਲਾ ✪

ਧਰਨੀ ਕਹੇ ਪ੍ਰਭੂ ਮੈਨੂੰ ਤੇਰੀ ਇਕੋ ਓਟ, ਆਦਿ ਅੰਤ ਦੇ ਮਾਲਕ ਓੜਕ ਤੇਰੀ ਆਸ ਰਖਾਈਆ । ਮੇਰੇ ਉਤੇ ਜੁਗ ਚੌਕੜੀ ਲੰਘ ਗਏ ਕੋਟੀ ਕੋਟ, ਨਿਤ ਨਿਤ ਆਪਣਾ ਪੰਧ ਮੁਕਾਈਆ । ਤੇਰੇ ਨਾਮ ਨਗਾਰੇ ਦੀ ਸੁਣਦੀ ਰਹੀ ਚੋਟ, ਬਿਨ ਸਰਵਣਾਂ ਹੁੰਦੀ ਰਹੀ ਸ਼ਨਵਾਈਆ । ਅੰਤ ਸ੍ਰੀ ਭਗਵੰਤ ਦੀਨ ਦੁਨੀ ਦੇ ਅੰਦਰੋਂ ਕਢ ਦੇ ਖੋਟ, ਜਗਤ ਵਿਕਾਰਾ ਦੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਸੰਗ ਆਪ ਰਖਾਈਆ । ਧਰਨੀ ਕਹੇ ਪ੍ਰਭੂ ਮਾਨਵ ਜ਼ਾਤੀ ਬਣਾ ਲੈ ਭਗਤ, ਭਗਵਨ ਆਪਣੇ ਰੰਗ ਰੰਗਾਈਆ । ਮੇਰਾ ਸੁਹੰਜਣਾ ਕਰ ਦੇ ਵਕ਼ਤ, ਘੜੀ ਪਲ ਮਿਲ ਕੇ ਵਜੇ ਵਧਾਈਆ । ਅਵਤਾਰ ਪੈਗ਼ੰਬਰਾਂ ਗੁਰੂਆਂ ਪੂਰੀ ਹੋਵੇ ਸ਼ਰਤ, ਸ਼ਹਿਨਸ਼ਾਹ ਦੇਣੀ ਮਾਣ ਵਡਿਆਈਆ । ਤੂੰ ਮਾਲਕ ਖ਼ਾਲਕ ਵਾਲੀ ਅਰਸ਼, ਅਰਸ਼ੀ ਪ੍ਰੀਤਮ ਤੇਰੀ ਬੇਪਰਵਾਹੀਆ । ਮਿਹਰਵਾਨਾ ਕਰ ਦੇ ਤਰਸ, ਰਹਿਮਤ ਆਪ ਕਮਾਈਆ । ਸਚ ਪ੍ਰੀਤੀ ਮੇਘ ਬਰਸ, ਨਾਮ ਨਿਧਾਨਾ ਇਕ ਟਪਕਾਈਆ । ਕਲਜੁਗ ਕੂੜੀ ਕਿਰਿਆ ਮੇਟ ਹਰਸ, ਹਵਸ ਮਮਤਾ ਦੇ ਮੁਕਾਈਆ । ਨਿਜ ਗ੍ਰਿਹ ਆਪਣਾ ਦੇ ਦਰਸ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਮੇਰੇ ਉਤੇ ਖ਼ੁਸ਼ੀਆਂ ਵਾਲਾ ਹੋਵੇ ਬਰਸ, ਸ਼ਹਿਨਸ਼ਾਹ ਤੇਰੇ ਨਾਲ ਮਿਲਕੇ ਵਜੇ ਵਧਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਲਕ ਆਪ ਅਖਵਾਈਆ । ਧਰਨੀ ਕਹੇ ਪ੍ਰਭੂ ਭਗਤ ਬਣਾ ਲੈ ਆਪਣੇ ਮੀਤ, ਗ਼ਰੀਬ ਨਿਮਾਣੇ ਅੰਗ ਲਗਾਈਆ । ਦਿਵਸ ਰੈਣ ਵਸ ਚੀਤ, ਚੇਤਨ ਸੁਰਤੀ ਦੇ ਕਰਾਈਆ । ਤੂੰ ਮੇਰਾ ਮੈਂ ਤੇਰਾ ਗਾਵਣ ਗੀਤ, ਆਤਮ ਪਰਮਾਤਮ ਤੇਰੇ ਰੰਗ ਸਮਾਈਆ । ਕਾਇਆ ਕਰ ਦੇ ਠਾਂਢੀ ਸੀਤ, ਅਗਨੀ ਤਤ ਬੁਝਾਈਆ । ਤੂੰ ਮਿਹਰਵਾਨ ਪਤਤ ਪੁਨੀਤ, ਦੁਰਮਤ ਮੈਲ ਦੇਣੀ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿਜਨ ਸਾਚੇ ਮੇਲ ਮਿਲਾਈਆ । ਧਰਨੀ ਕਹੇ ਪ੍ਰਭੂ ਭਗਤ ਸੁਹੇਲੇ ਵਸਾ ਦੇ ਮੇਰੇ ਘਰ, ਗ੍ਰਿਹਿ ਦੇਣੀ ਮਾਣ ਵਡਿਆਈਆ । ਤੂੰ ਸੁਆਮੀ ਠਾਕਰ ਨਰਾਇਣ ਨਰ, ਹਰਿ ਕਰਤਾ ਧੁਰਦਰਗਾਹੀਆ । ਮੈਂ ਸਰਨ ਸਰਨਾਈ ਤੇਰੀ ਰਹੀ ਪੜ, ਪਾਰਬ੍ਰਹਮ ਤੇਰੇ ਚਰਨਾਂ ਧੂੜ ਖ਼ਾਕ ਰਮਾਈਆ । ਮੈਨੂੰ ਧੁਰ ਦਾ ਦੇ ਦੇ ਵਰ, ਬਖ਼ਸ਼ਿਸ਼ ਰਹਿਮਤ ਮੇਰੀ ਝੋਲੀ ਪਾਈਆ । ਤੇਰੇ ਸੰਤ ਸੁਹੇਲੇ ਮੇਰੇ ਉਤੇ ਜਾਵਣ ਤਰ, ਤਾਰਨਹਾਰ ਦੇਣੀ ਵਡਿਆਈਆ । ਗੁਰਮੁਖ ਗੁਰਸਿਖ ਤੇਰਾ ਭਾਣਾ ਲੈਣ ਜਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਰਪਾ ਨਿਧਾਨ ਕਿਰਪਾ ਦੇਣੀ ਕਰ, ਕਿਰਪਨ ਤੇਰੀ ਓਟ ਤਕਾਈਆ ।



## ✪ ੧੬ ਚੇਤ ਸ਼ਹਿਨਸ਼ਾਹੀ ਸੰਮਤ ੧੨ ਆਸਾ ਸਿੰਘ, ਸਰੈਣ ਸਿੰਘ, ਬੰਤਾ ਸਿੰਘ, ਕਾਲਾ ਸਿੰਘ ਦੇ ਗ੍ਰਿਹਿ ਪਿੰਡ ਕਲਸਾਣੀ ਜ਼ਿਲਾ ਕੁਰੂਕਸ਼ੇਤਰ ✪

੧੫੧੮ ੨੪

ਧਰਨੀ ਕਹੇ ਪ੍ਰਭੂ ਮੇਰਾ ਅੰਤਸ਼ਕਰਨ ਵੇਖ ਲੈ ਧੁਖਦਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸਾਂਤਕ ਸਤਿ ਨਾ ਕੋਇ ਕਰਾਈਆ । ਚਾਰ ਕੁੰਟ ਦਹਿ ਦਿਸ਼ਾ ਲਹਿਣਾ ਦੇਣਾ ਤਕ ਲੈ ਮਾਨਵ ਮਾਨਸ ਮਾਨੁਖ ਦਾ, ਤ੍ਰੈਗੁਣ ਅਤੀਤੇ ਠਾਂਢੇ ਸੀਤੇ ਆਪਣਾ ਧਿਆਨ ਲਗਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਮੇਰੇ ਉਤੇ ਵਕ਼ਤ ਰਿਹਾ ਨਾ ਸੁਖ ਦਾ, ਸੁਖ ਸਾਗਰ ਵਿਚ ਨਾ ਕੋਇ ਸਮਾਈਆ । ਕਲਜੁਗ ਕੂੜ ਕੁੜਿਆਰਾ ਵਣਜਾਰਾ ਬਣਿਆ ਦੁਖ ਦਾ, ਦਰਦੀ ਹੋ ਕੇ ਦਰਦ ਨਾ ਕੋਇ ਵੰਡਾਈਆ । ਮਾਨਵ ਜ਼ਾਤੀ ਲਹਿਣਾ ਤਕ ਲੈ ਉਲਟੇ ਰੁੱਖ ਦਾ, ਬਿਨ ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੇਰਾ ਲਹਿਣਾ ਕਰ ਦੇ ਪੂਰਾ, ਪੂਰਬ ਨਾਲ ਮਿਲਾਈਆ । ਤੂੰ ਨਿਰਗੁਣ ਦਾਤਾ ਸੂਰਾ, ਸੂਰਬੀਰ ਇਕ ਅਖਵਾਈਆ । ਇਕੋ ਅਗੰਮੀ ਤੇਰੇ ਨਾਮ ਦੀ ਤੂਰਾ, ਤੁਰੀਆ ਤੋਂ ਬਾਹਰ ਦੇਣੀ ਜਣਾਈਆ । ਤੂੰ ਸਦਾ ਸਦਾ ਸਰਬ ਕਲਾ ਭਰਪੂਰਾ, ਭਰਪੂਰ ਰਿਹਾ ਸਰਬ ਠਾਈਂਆ । ਅਵਤਾਰ ਪੈਗ਼ੰਬਰਾਂ ਗੁਰੂਆਂ ਬਚਨ ਕਰ ਦੇ ਪੂਰਾ, ਪਰਮ ਪੁਰਖ ਪ੍ਰਭ ਤੇਰੀ ਓਟ ਰਖਾਈਆ । ਕਲਜੁਗ ਕਿਰਿਆ ਕੂੜ ਮੇਟ ਦੇ ਕੂੜਾ, ਕਰਨੀ ਦੇ ਕਰਤੇ ਦੇਣੀ ਇਕ ਸਰਨਾਈਆ । ਸਤਿ ਸਤਿਵਾਦੀ ਬਖ਼ਸ਼ਣੀ ਆਪਣੀ ਚਰਨ ਧੂੜਾ, ਟਿੱਕੇ ਮਸਤਕ ਖ਼ਾਕ ਰਮਾਈਆ । ਜੋਤੀ ਜਾਤੇ ਪੁਰਖ ਬਿਧਾਤੇ ਆਪਣਾ ਰੰਗ ਚਾੜ੍ਹ ਦੇ ਗੂੜ੍ਹਾ, ਏਥੇ ਓਥੇ ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਕਲਜੁਗ ਜੀਵ ਚਤੁਰ ਸੁਘੜ ਬਣਾ ਲੈ ਮੂਰਖ ਮੂੜ੍ਹਾ, ਪਤਤ ਪੁਨੀਤ ਆਪ ਕਰਾਈਆ । ਹਰ ਹਿਰਦੇ

ਅੰਤਰ ਨਿਰੰਤਰ ਗੜ੍ਹ ਤੋੜ ਗ਼ਰੂਰਾ, ਗ਼ੁਰਬਤ ਅੰਦਰੋਂ ਬਾਹਰ ਕਢਾਈਆ । ਨਾਮ ਖ਼ੁਮਾਰੀ ਮਸਤੀ ਦੇ ਸਰੂਰਾ, ਸੁਰਤੀ ਸ਼ਬਦ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰਾ ਲੇਖਾ ਪਾ ਦੇ ਮੇਰੀ ਝੋਲੀ, ਵਸਤ ਅਗੰਮ ਦੇ ਵਰਤਾਈਆ । ਮੈਂ ਆਦਿ ਜੁਗਾਦੀ ਤੇਰੀ ਗੋਲੀ, ਚਾਕਰ ਹੋ ਕੇ ਸੇਵ ਕਮਾਈਆ । ਮੈਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਨਾਮ ਸ਼ਬਦ ਦੀ ਸੁਣਦੀ ਰਹੀ ਬੋਲੀ, ਅਨਬੋਲਤ ਤੇਰਾ ਰਾਗ ਬਿਨ ਸਰਵਣਾਂ ਸੁਣਿਆ ਚਾਈਂ ਚਾਈਂਆ । ਤੇਰੀ ਚਰਨ ਪ੍ਰੀਤੀ ਸਾਚੀ ਨੀਤੀ ਨਾਲ ਆਪਾ ਰਹੀ ਘੋਲੀ, ਘੋਲੀ ਘੋਲ ਘੋਲ ਘੁਮਾਈਆ । ਤੂੰ ਸਚ ਤਰਾਜ਼ੂ ਨਾਮ ਕੰਢੇ ਮੇਰਾ ਕਰਮ ਧਰਮ ਤੋਲੀਂ, ਬਿਨ ਹੱਥਾਂ ਹੱਥ ਉਠਾਈਆ । ਸਤਿ ਸਤਿਵਾਦੀ ਹੋ ਕੇ ਇਕੋ ਧਰਮ ਦੁਆਰਾ ਖੋਲ੍ਹੀਂ, ਖ਼ਾਲਕ ਖ਼ਲਕ ਦੇਣੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਤੇਰਾ ਵੇਖਾਂ ਦਰ ਸੁਹੰਜਣਾ, ਸੋਹਣੀ ਬਣਤ ਬਣਾਈਆ । ਸੁਆਮੀ ਬਣਨਾ ਦਰਦ ਦੁਖ ਭੈ ਭੰਜਣਾ, ਕਲਜੁਗ ਸਾਗਰ ਪਾਰ ਕਰਾਈਆ । ਨੇਤਰ ਨਾਮ ਨਿਧਾਨਾ ਪਾਉਣਾ ਅੰਜਣਾ, ਅਗਿਆਨ ਅੰਧੇਰ ਮਿਟਾਈਆ । ਘਰ ਸੁਆਮੀ ਬਣਨਾ ਧੁਰ ਦਾ ਸੱਜਣਾ, ਆਤਮ ਪਰਮਾਤਮ ਮਿਲ ਕੇ ਵਜੇ ਵਧਾਈਆ । ਚਰਨ ਧੂੜ ਕਰਾਉਣਾ ਮਜਨਾ, ਦੁਰਮਤ ਮੈਲ ਕਰ ਸਫ਼ਾਈਆ । ਸ਼ਰਅ ਦੀ ਰਹਿਣ ਦੇਣੀ ਕੋਈ ਨਾ ਹੱਦਨਾ, ਹਦੂਦ ਆਪਣੀ ਦੇਣੀ ਸਮਝਾਈਆ । ਝਗੜਾ ਰਹੇ ਨਾ ਕਾਇਆ ਮਾਟੀ ਬਦਨਾ, ਬਦਲਾ ਚੁਕਾਉਣਾ ਥਾਉਂ ਥਾਈਂਆ । ਕਲਜੁਗ ਅੰਤਮ ਤੂੰ ਲੇਖੇ ਲਾਉਣਾ ਆਅਲਾ ਅਦਨਾ, ਊਚਾਂ ਨੀਚਾਂ ਵੰਡ ਨਾ ਕੋਇ ਵੰਡਾਈਆ । ਤੇਰਾ ਮੇਲ ਮਿਲਾਵਾ ਹੁੰਦਾ ਨਾਲ ਸਬਬਨਾ, ਸਤਿ ਸਤਿਵਾਦੀ ਤੇਰੀ ਤੇਰੇ ਹੱਥ ਵਡਿਆਈਆ । ਮੇਰਾ ਅੰਤ ਕੰਤ ਭਗਵੰਤ ਪਰਦਾ ਕੱਜਣਾ, ਬਿਨ ਹੱਥਾਂ ਹੱਥ ਸੀਸ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਖੋਲ੍ਹ ਧਰਮ ਦੁਆਰਾ, ਜੋ ਦੁਆਰਕਾ ਵਾਸੀ ਗਿਆ ਜਣਾਈਆ । ਸਤਿ ਸਚ ਦਾ ਦੱਸ ਜੈਕਾਰਾ, ਜੈ ਜੈ ਕਾਰ ਕਰੇ ਖ਼ਲਕ ਖ਼ੁਦਾਈਆ । ਜੋ ਪੈਗ਼ੰਬਰਾਂ ਲਾਇਆ ਨਾਅਰਾ, ਵਾਅਦਾ ਸਭ ਦਾ ਪੂਰ ਕਰਾਈਆ । ਜੋਤੀ ਜਾਤਾ ਹੋ ਜ਼ਾਹਿਰਾ, ਜ਼ਾਹਰ ਜ਼ਹੂਰ ਆਪਣੀ ਕਲ ਵਖਾਈਆ । ਮੇਰਾ ਲੇਖਾ ਵੇਖ ਲੈ ਜੋ ਝਗੜਾ ਹੋਣ ਵਾਲਾ ਵਿਚ ਕਾਹਿਰਾ, ਕਹਿਰ ਵਰਤੇ ਖ਼ਲਕ ਖ਼ੁਦਾਈਆ । ਜਗਤ ਜਗਿਆਸੂ ਰਹੇ ਕੋਈ ਨਾ ਬਹਿਰਾ, ਬਹਿਰਹਾਲ ਦਿਆਂ ਦ੍ਰਿੜਾਈਆ । ਤੇਰਾ ਭੇਵ ਅਭੇਦਾ ਗੰਭੀਰ ਗਹਿਰਾ, ਗਵਰ ਤੇਰੀ ਸਾਰ ਕੋਇ ਨਾ ਪਾਈਆ । ਸਿਫ਼ਤ ਕਰ ਸਕੇ ਕੋਈ ਨਾ ਸ਼ਾਇਰਾ, ਅੱਖਰਾਂ ਵਿਚ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਨਸ ਮਾਨਵ ਮਾਨੁਖ ਤੇਰੇ ਦਰ ਰਹੇ ਕੋਇ ਨਾ ਗ਼ੈਰਾ, ਗਹਿਰ ਗੰਭੀਰ ਗਵਰ ਆਪਣਾ ਰੰਗ ਦੇਣਾ ਰੰਗਾਈਆ ।

੧੫੨੦ ੨੪

**✪ ੧੭ ਚੇਤ ਸ਼ਹਿਨਸ਼ਾਹੀ ਸੰਮਤ ੧੨ ਪਿੰਡ ਠੀਕਰੀ ਜ਼ਿਲਾ ਕੁਰਕਸ਼ੇਤਰ ਹਰਬੰਸ ਸਿੰਘ ਦੇ ਗ੍ਰਹਿ ਸੰਪੂਰਨ ਸਿੰਘ, ਲੱਖਾ ਸਿੰਘ ਠੀਕਰੀ, ਸਲਵਿੰਦਰ ਸਿੰਘ ਕੌਮੀ ਫ਼ਾਰਮ, ਰਣਧੀਰ ਸਿੰਘ ਹਰਨਾਇਆ, ਮੋਹਣ ਸਿੰਘ ਗੜ੍ਹੀ ਲਾਂਗਰੀ, ਸੁਦਾਗਰ ਸਿੰਘ ਭੱਠ ਮਾਜਰਾ, ਬੀਰ ਸਿੰਘ ਜੀਤ ਨਗਰ ਦੇ ਨਵਿਤ ✪**

ਧਰਨੀ ਕਹੇ ਪ੍ਰਭੂ ਸਤਿ ਧਰਮ ਦਾ ਘਾੜਨ ਦੇ ਘੜੇ, ਬਿਨ ਜਗਤ ਠਠਿਆਰਾਂ ਬਣਤ ਬਣਾਈਆ । ਬੇਸ਼ਕ ਮੇਰੇ ਉਤੇ ਜੁਗ ਬੀਤ ਗਏ ਬੜੇ, ਚੌਕੜੀ ਭੱਜੇ ਵਾਹੋ ਦਾਹੀਆ । ਕਲਜੁਗ ਅੰਤਮ ਕੂੜੀ ਕਿਰਿਆ ਤਕ ਲੈ ਗੜ੍ਹੇ, ਨਵ ਸੱਤ ਧਿਆਨ ਲਗਾਈਆ । ਮਾਨਵ ਜ਼ਾਤੀ ਬਣੇ ਧੜੇ, ਧਰਮ ਦੀ ਧਾਰ ਨਜ਼ਰ ਕੋਇ ਨਾ ਆਈਆ । ਦੀਨ ਮਜ਼੍ਹਬ ਤੇਰੇ ਹੁਕਮ ਵਿਚ ਖੜੇ, ਆਪ ਆਪਣੀ ਲੈਣ ਅੰਗੜਾਈਆ । ਜਗਤ ਸ਼ਰਅ ਵਿਚ ਸੜੇ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਤੇਰੀ ਸਰਨ ਕੋਇ ਨਾ ਪੜੇ, ਕ਼ਦਮ ਬੋਸੀ ਨਾ ਕੋਇ ਕਰਾਈਆ । ਕੂੜੀ ਕਿਰਿਆ ਦੇ ਵਿਚ ਹੜ੍ਹੇ, ਅਗੇ ਹੋ ਨਾ ਕੋਇ ਅਟਕਾਈਆ । ਤ੍ਰੈਗੁਣ ਮਾਇਆ ਦੇ ਵਿਚ ਸੜੇ, ਸਾਂਤਕ ਸਤਿ ਨਾ ਕੋਇ ਕਰਾਈਆ । ਝਗੜਾ ਤਕ ਲੈ ਚੋਟੀ ਜੜ੍ਹੇ, ਚੇਤਨ ਭੇਵ ਨਾ ਕੋਇ ਖੁਲ੍ਹਾਈਆ । ਤੇਰਾ ਪੱਲੂ ਨਾਮ ਨਾ ਕੋਇ ਫੜੇ, ਸਗਲਾ ਸੰਗ ਨਾ ਕੋਇ ਰਖਾਈਆ । ਸਚ ਦਵਾਰ ਕੋਇ ਨਾ ਵੜੇ, ਕਿਵਾੜ ਬੰਦ ਨਾ ਕੋਇ ਤੁੜਾਈਆ । ਮੈਨੂੰ ਇਉਂ ਜਾਪਦਾ ਪਤਾ ਨਹੀਂ ਕਿਸ ਵੇਲੇ ਪੈਣ ਲੜੇ, ਝਗੜੇ ਵਿਚ ਖਲਕ ਖੁਦਾਈਆ । ਤੇਰੇ ਹੁਕਮ ਵਿਚ ਨਵ ਸੱਤ ਜਾਣ ਫੜੇ, ਰਾਏ ਧਰਮ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਪ੍ਰਭ ਮੇਰੇ ਉਤੇ ਮਾਰ ਧਿਆਨ, ਧਵਲ ਹੋ ਕੇ ਰਹੀ ਜਣਾਈਆ । ਤੇਰੇ ਨਾਮ ਦਾ ਰਿਹਾ ਨਾ ਕੋਇ ਗਿਆਨ, ਅਗਿਆਨ ਅੰਧੇਰਾ ਗਿਆ ਛਾਈਆ । ਸਾਚਾ ਮੰਦਰ ਦਿਸੇ ਨਾ ਕੋਇ ਮਕਾਨ, ਮੁਕਾਮੇ ਹਕ ਦੇ ਮਾਲਕ ਤੇਰਾ ਨੂਰ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਧਰਮ ਦਾ ਮਿਟ ਗਿਆ ਨਿਸ਼ਾਨ, ਸਤਿ ਰਹਿਣ ਕੋਇ ਨਾ ਪਾਈਆ । ਮੈਂ ਵੇਖ ਕੇ ਹੋਈ ਹੈਰਾਨ, ਹੈਰਤ ਵਿਚ ਦਿਆਂ ਦੁਹਾਈਆ । ਬੁਧ ਬਿਬੇਕ ਰਹੀ ਨਾ ਕਿਸੇ ਇਨਸਾਨ, ਇਨਸਾਨੀਅਤ ਹੱਥ ਕਿਸੇ ਨਾ ਆਈਆ । ਪਤਾ ਨਹੀਂ ਕਿੱਥੇ ਛੁਪ ਗਏ ਰਾਮ, ਕਾਹਨ ਘਨਈਆ ਨਜ਼ਰ ਕੋਇ ਨਾ ਆਈਆ । ਪੈਗ਼ੰਬਰਾਂ ਇਸਮ ਰਿਹਾ ਨਾ ਕਿਸੇ ਇਸਲਾਮ, ਆਜ਼ਮ ਤੇਰੀ ਸਾਰ ਕੋਇ ਨਾ ਪਾਈਆ । ਕਿਧਰ ਧਾਰ ਛੁਪ ਗਈ ਤੇਰੀ ਸਤਿਨਾਮ, ਡੰਕਾ ਫਤਿਹ ਸਕੇ ਨਾ ਕੋਇ ਵਜਾਈਆ । ਪ੍ਰਕਾਸ਼ ਰਿਹਾ ਨਾ ਕਿਸੇ ਭਾਨ, ਰਵ ਸਸ ਨੈਣ ਸ਼ਰਮਾਈਆ । ਬਿਨਾ ਨੇਤਰਾਂ ਤੋਂ ਰੋਵਣ ਜ਼ਿਮੀਂ ਅਸਮਾਨ, ਜ਼ਿਮੀਂ ਜਮਾਂ ਦੇ ਮਾਲਕ ਮੇਰੀ ਇਕ ਦੁਹਾਈਆ । ਮੇਰੀ ਬੇਨੰਤੀ ਸੁਣ ਲੈ ਬਿਨਾ ਕਾਨ, ਕਾਇਨਾਤ ਦੇ ਮਾਲਕ ਦਿਆਂ ਦ੍ਰਿੜ੍ਹਾਈਆ । ਤੂੰ ਆਦਿ ਜੁਗਾਦੀ ਸਦਾ ਸਦਾ ਮਿਹਰਵਾਨ, ਮਹਿਬੂਬ ਨੂਰ ਅਲਾਹੀਆ । ਮੇਰਾ ਲਹਿਣਾ ਦੇਣਾ ਚੁਕਾ ਆਣ, ਆਪ ਆਪਣੀ ਦਇਆ ਕਮਾਈਆ । ਮੈਂ ਕਲਜੁਗ ਅੰਤ ਹੋਈ ਪਰੇਸ਼ਾਨ, ਪਸ਼ਚਾਤਾਪ ਵਿਚ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੇਰੀ ਬੇਨੰਤੀ ਅਗੰਮ, ਅਲੱਖ ਅਗ਼ੋਚਰ ਦਿਆਂ ਜਣਾਈਆ । ਸਤਿ ਧਰਮ ਦਾ ਮੇਰਾ ਭਾਂਡਾ ਹੋਇਆ ਸਖ, ਵਸਤ ਧਰਮ ਰਹਿਣ ਕੋਇ ਨਾ ਪਾਈਆ । ਕਿਰਪਾ ਨਿਧਾਨ ਸ੍ਰੀ ਭਗਵਾਨ ਆਪਣਾ ਪਰਦਾ ਲਾਹ ਪ੍ਰਤੱਖ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਈਆ ।

ਜਿਉਂ ਭਾਵੇ ਤਿਉਂ ਮੇਰਾ ਮਾਣ ਲੈਣਾ ਰੱਖ, ਰੱਖਿਆ ਕਰਨੀ ਚਾਈਂ ਚਾਈਂਆ । ਮੇਰੇ ਉਤੇ ਤੇਰਾ ਸੁੱਤ ਦੁਲਾਰਾ ਸੱਬਰ ਗਿਆ ਘੱਤ, ਯਾਰੜੇ ਸੇਜ ਹੰਢਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਸਤਿਗੁਰ ਸ਼ਬਦ ਤੇਰਾ ਆਵੇ ਵਤ, ਬੇਵਤਨਾਂ ਵਤਨ ਦੇਣਾ ਵਖਾਈਆ । ਨਿਰਗੁਣ ਧਾਰ ਬਣ ਕੇ ਕਮਲਾਪਾਤ, ਪਤਿਪਰਮੇਸ਼ਵਰ ਵੇਖਣਾ ਚਾਈਂ ਚਾਈਂਆ । ਤੇਰੇ ਅੱਗੇ ਨਿਰਵੈਰ ਵਾਸਤਾ ਰਹੀ ਘਤ, ਘਾਇਲ ਹੋ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਅਗੰਮ ਅਥਾਈਆ । ਧਰਨੀ ਕਹੇ ਪ੍ਰਭੂ ਮੈਂ ਕਲਜੁਗ ਰਹੀ ਤਰਸ, ਬੇਤਰਸ ਵੇਖਣਾ ਚਾਈਂ ਚਾਈਂਆ । ਮੇਰੀ ਪੂਰਬ ਤਕ ਲੈ ਹਰਸ, ਹਵਸ ਤੇਰੇ ਚਰਨ ਟਿਕਾਈਆ । ਤੇਰਾ ਖ਼ੁਸ਼ੀਆਂ ਵਾਲਾ ਬਰਸ, ਸੰਮਤ ਸੰਮਤੀ ਨਾਲ ਮਿਲਾਈਆ । ਜੇ ਨਿਰਗੁਣ ਧਾਰ ਕਿਰਪਾ ਕਰੇਂ ਫਰਸ਼, ਫਰਸ਼ ਦੇਣੀ ਵਡਿਆਈਆ । ਬੇਸ਼ਕ ਤੂੰ ਵਾਸੀ ਅਰਸ਼, ਅਰਸ਼ੀ ਪ੍ਰੀਤਮ ਇਕੋ ਨਜ਼ਰੀ ਆਈਆ । ਆਉਣ ਜਾਣ ਦਾ, ਮੇਰਿਆ ਮਾਲਕਾ, ਮੈਥੋਂ ਲੈ ਲਈਂ ਖਰਚ, ਸਚ ਪ੍ਰੀਤੀ ਤੇਰੇ ਅੱਗੇ ਦਿਆਂ ਟਿਕਾਈਆ । ਮੇਰੇ ਪਰੇਮ ਵਿਚ ਜਾਵੀਂ ਪਰਚ, ਪ੍ਰਾਚੀਨ ਦਾ ਲੇਖਾ ਦੇਣਾ ਮੁਕਾਈਆ । ਮੇਰੀ ਬੇਨੰਤੀ ਇਕ ਕਿਸੇ ਮੰਦਰ ਮਸਜਿਦ ਸ਼ਿਵਦਵਾਲੇ ਮਠ ਗੁਰੂਦਵਾਰ ਆਵੀਂ ਵਿਚ ਨਾ ਚਰਚ, ਗੰਗਾ ਗੋਦਾਵਰੀ ਜਮਨਾ ਸੁਰਸਤੀ ਆਸਣ ਕੋਇ ਨਾ ਲਾਈਆ । ਤੇਰਾ ਖੇਲ ਵੇਖਾਂ ਅਸਚਰਜ, ਅਚਰਜ ਲੀਲਾ ਦੇਣੀ ਵਖਾਈਆ । ਜੇ ਮੇਰੇ ਉਤੇ ਤਰਸ ਨਹੀਂ ਕਰਨਾ ਭਗਤ ਉਧਾਰਨਾ ਤੇਰਾ ਫ਼ਰਜ਼, ਫਾਜ਼ਲ ਹੋ ਕੇ ਦਇਆ ਕਮਾਈਆ । ਮੇਰੀ ਮਨਜ਼ੂਰ ਕਰ ਲੈ ਅਰਜ਼, ਆਰਜ਼ੂ ਤੇਰੇ ਚਰਨ ਰਖਾਈਆ । ਜਨ ਭਗਤ ਉਧਾਰਨਾ ਇਹ ਤੇਰੀ ਤੈਨੂੰ ਗਰਜ਼, ਤੁਧ ਬਿਨ ਗਰਜ਼ਮੰਦ ਨਜ਼ਰ ਕੋਇ ਨਾ ਆਈਆ । ਗਰੀਬ ਨਿਮਾਣਿਆਂ ਵੰਡ ਲੈ ਦਰਦ, ਦੀਨਾਂ ਦੁਖੀਆਂ ਹੋ ਸਹਾਈਆ । ਤੂੰ ਯੋਧਾ ਸੂਰਬੀਰ ਮਰਦਾਨਾ ਮਰਦ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰੇ ਉਤੋਂ ਜਗਤ ਸ਼ਰਅ ਕਾਤਲ ਮਕਤੂਲ ਦਾ ਲੇਖਾ ਮੇਟ ਦੇ ਕਰਦ, ਕੁਦਰਤ ਦੇ ਕਾਦਰ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰੇ ਆਪਣਾ ਰੰਗ ਰੰਗਾਈਆ । ਧਰਨੀ ਕਹੇ ਪ੍ਰਭੂ ਮੈਂ ਸੁਖਣਾ ਰਹੀ ਸੁਖੀ, ਸੁਖ ਦੁੱਖ ਦੁੱਖ ਸੁਖ ਵਿਚੋਂ ਬਦਲਾਈਆ । ਤੇਰਾ ਢੋਲਾ ਗਾਵਾਂ ਬਿਨਾ ਮੁਖੀ, ਬਿਨ ਰਸਨਾ ਸਿਫਤ ਸਲਾਹੀਆ । ਆਪਣਾ ਲਹਿਣਾ ਦੇਣਾ ਤੱਕ ਲੈ ਜਗਤ ਧਾਰ ਮਨੁੱਖੀ, ਮਾਨਸ ਮਾਨਵ ਖੋਜ ਖੁਜਾਈਆ । ਨਵ ਸੱਤ ਦੀ ਧਾਰ ਹੋਈ ਦੁਖੀ, ਦੁਖੀਆਂ ਦੁੱਖ ਨਾ ਕੋਇ ਮਿਟਾਈਆ । ਬਿਨ ਤੇਰੀ ਕਿਰਪਾ ਭਾਗ ਲਗੇ ਕਿਸੇ ਨਾ ਕੁੱਖੀ, ਭਗਤ ਜਨਮੇ ਕੋਇ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਵਾਰੇ ਮੰਗ ਮੰਗਾਈਆ । ਧਰਨੀ ਕਹੇ ਮੇਰੇ ਪ੍ਰਭੂ ਕਿਰਪਾਲੇ, ਕਿਰਪਨ ਦੇ ਵਡਿਆਈਆ । ਤੁਧ ਬਿਨ ਸੁਰਤ ਕਵਣ ਸੰਭਾਲੇ, ਸੰਬਲ ਦੇ ਮਾਲਕ ਮੈਨੂੰ ਜੁਗ ਜੁਗ ਹੋਣਾ ਸਹਾਈਆ । ਮੈਂ ਜੁਗ ਜੁਗ ਤੇਰੀ ਘਾਲਣ ਰਹੀ ਘਾਲੇ, ਘਾਇਲ ਹੋ ਕੇ ਸੇਵ ਕਮਾਈਆ । ਫਲ ਲਗਾ ਦੇ ਮੇਰੇ ਡਾਲੇ, ਪਤ ਟਹਿਣੀ ਆਪ ਮਹਿਕਾਈਆ । ਜਨ ਭਗਤ ਸੁਹੇਲੇ ਮੇਰੇ ਉਤੋਂ ਜਗਾ ਲੈ, ਜਾਗਰਤ ਜੋਤ ਕਰ ਰੁਸ਼ਨਾਈਆ । ਲੇਖਾ ਰਹੇ ਨਾ ਸ਼ਾਹ ਕੰਗਾਲੇ, ਵਰਨ ਬਰਨ ਵੰਡ ਨਾ ਕੋਇ ਵੰਡਾਈਆ । ਸਾਚੇ ਮਾਰਗ ਲਾ ਸੁਖਾਲੇ, ਆਤਮ ਪਰਮਾਤਮ ਜੋੜ ਜੁੜਾਈਆ । ਜਨ ਭਗਤਾਂ ਦੁਰਮਤ ਮੈਲ ਧੋ ਦਾਗ ਕਾਲੇ, ਕਲ ਕਲਕੀ ਤੇਰੇ ਅੱਗੇ ਵਾਸਤਾ ਪਾਈਆ । ਅਵਤਾਰ ਪੈਗ਼ੰਬਰ ਗੁਰ ਤੇਰੇ ਦੇ ਕੇ ਗਏ ਅਹਿਵਾਲੇ, ਹਾਲਤ ਤੈਨੂੰ ਦਿਤੀ ਜਣਾਈਆ । ਸਾਚੀ ਵਸਤ ਦੇ ਧਨ ਮਾਲੇ, ਦੌਲਤ ਅਤੋਟ ਅਤੁਟ ਵਰਤਾਈਆ । ਹਰਿਜਨ ਭਗਤ

੧੫੨੧ ੨੪

ਸੁਹੇਲੇ ਜ਼ਿੰਦਗੀ ਵਿਚੋਂ ਮਰੇ ਆਪ ਜਵਾ ਲੇ, ਜੀਵਣ ਜੀਵਣ ਵਿਚੋਂ ਬਦਲਾਈਆ । ਕਾਇਆ ਮੰਦਰ ਵਖਾ ਸੱਚੀ ਧਰਮਸਾਲੇ, ਪਰਦਾ ਪਰਦਾ ਆਪ ਉਠਾਈਆ । ਬਿਨ ਤੇਰੀ ਕਿਰਪਾ ਦੀਪਕ ਜੋਤੀ ਜੋਤ ਕੋਈ ਨਾ ਬਾਲੇ, ਤਨ ਵਜੂਦ ਹੋਵੇ ਨਾ ਕੋਇ ਰੁਸ਼ਨਾਈਆ । ਮਿਹਰਵਾਨਾ ਸ੍ਰੀ ਭਗਵਾਨਾ ਜਨ ਭਗਤਾਂ ਤੋੜ ਜੰਜਾਲੇ, ਜਾਗਰਤ ਜੋਤ ਕਰ ਰੁਸ਼ਨਾਈਆ । ਜਿਹੜੇ ਸਦਾ ਸਦ ਬੈਠੇ ਰਹਿਣ ਚਰਨ ਦਵਾਲੇ, ਦੋ ਜਹਾਨਾਂ ਆਪਣਾ ਸੰਗ ਬਣਾਈਆ । ਇਕੋ ਘਰ ਵਖਾ ਦੇ ਸਚਖੰਡ ਸਚੀ ਧਰਮਸਾਲੇ, ਜਿਥੇ ਛੱਪਰ ਛੰਨ ਨਾ ਕੋਇ ਛੁਹਾਈਆ । ਮੇਰੀ ਇਕ ਬੇਨੰਤੀ ਇਕੋ ਇਕ ਸਵਾਲੇ, ਸਤਿਗੁਰ ਤੇਰੇ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਦਾ ਸਦਾ ਪ੍ਰਿਤਪਾਲੇ, ਪ੍ਰਿਤਪਾਲਕ ਮਾਲਕ ਖ਼ਾਲਕ ਦਰ ਤੇਰੇ ਮੰਗ ਮੰਗਾਈਆ ।

### ✪ ੧੮ ਚੇਤ ਸ਼ਹਿਨਸ਼ਾਹੀ ਸੰਮਤ ੧੨ ਪਿੰਡ ਬਲੋਚਪੁਰ ਜ਼ਿਲਾ ਕੁਰਕੁਸ਼ੇਤਰ ਅਰਜਨ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਪ੍ਰਭੂ ਮੈਂ ਤੇਰੀ ਯਾਦ ਵਿਚ ਬੈਠੀ ਇਕਾਂਤ, ਅਕਲ ਕਲਧਾਰੀ ਏਕੰਕਾਰੀ ਆਪਣਾ ਆਸਣ ਲਾਈਆ । ਪੁਰਖ ਅਕਾਲੇ ਦੀਨ ਦਿਆਲੇ ਪਾਰਬ੍ਰਹਮ ਪਤਿਪਰਮੇਸ਼ਵਰ ਮੈਨੂੰ ਆਪਣਾ ਦੱਸ ਸਿਧਾਂਤ, ਸਤਿ ਸਤਿਵਾਦੀ ਹੋ ਕੇ ਭੇਵ ਅਭੇਦ ਖੁਲ੍ਹਾਈਆ । ਨਵ ਸੱਤ ਬ੍ਰਹਮ ਮਤ ਕਿਸ ਬਿਧ ਬਦਲੇ ਵਿਧਾਂਤ, ਤਰੀਕਾ ਢੰਗ ਸਾਧਨ ਦੀਨ ਦੁਨੀ ਦੁਨੀ ਜਣਾਈਆ । ਬਿਨ ਨੇਤਰ ਲੋਚਨ ਲੈਣਾ ਨਵ ਸੱਤ ਬ੍ਰਹਮ ਮਤ ਮਾਰ ਝਾਤ, ਬਿਨ ਅੱਖੀਆਂ ਵੇਖਣਾ ਚਾਈਂ ਚਾਈਆ । ਮੇਰੀ ਦਰੋਹੀ ਵਿਚ ਲੋਕਮਾਤ, ਹਾਏ ਉਫ ਮੇਰੀ ਦੁਹਾਈਆ । ਮਾਨਵ ਜ਼ਾਤੀ ਅੰਤਸ਼ਕਰਨ ਰਿਹਾ ਨਾ ਕਿਸੇ ਇਕਾਂਤ, ਬੁੱਧ ਬਿਬੇਕ ਨਾ ਕੋਇ ਕਰਾਈਆ । ਤੇਰਾ ਸ਼ਬਦ ਅਨਾਦੀ ਅਵਾਜ਼ ਸੁਣੇ ਨਾ ਕੋਈ ਬਾਤਨ ਬਾਤ, ਬੇਵਤਨ ਤੱਕ ਲੈ ਖਲਕ ਖ਼ੁਦਾਈਆ । ਸਤਿ ਸਤਿਵਾਦੀ ਮੇਰੀ ਅੰਤਮ ਪੁੱਛ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਧਰਨੀ ਕਹੇ ਪ੍ਰਭੂ ਮੇਰਾ ਬਣ ਜਾ ਅਗੰਮੀ ਸਖਾ, ਸੁਖ਼ਨ ਪਿਛਲੇ ਪੂਰ ਕਰਾਈਆ । ਤੇਰਾ ਭੇਵ ਸਮਝੇ ਨਾ ਕੋਇ ਕਰੋੜੀ ਲੱਖਾ, ਗਣਤੀ ਗਣਤ ਨਾ ਕੋਇ ਗਿਣਾਈਆ । ਮੈਨੂੰ ਦਰਸ਼ਨ ਦੇ ਦੇ ਬਿਨਾ ਅੱਖਾਂ, ਅੱਖੀਆਂ ਦੀ ਲੋੜ ਰਹੇ ਨਾ ਰਾਈਆ । ਮੇਰਾ ਵਕਤ ਸੁਹੰਝਣਾ ਹੋਏ ਸੁਲੱਖਾ, ਸੋਹਣੀ ਮਿਲੇ ਵਡਿਆਈਆ । ਤੂੰ ਸਾਹਿਬ ਸਵਾਮੀ ਪੁਰਖ ਅਕਾਲ ਸਮਰਥਾ, ਸਮਰਥ ਤੇਰੀ ਸਰਨਾਈਆ । ਆਤਮ ਪਰਮਾਤਮ ਇਕੋ ਦਸ ਦੇ ਕਥਾ, ਜਗਤ ਕਹਾਣੀ ਲੋੜ ਰਹੇ ਨਾ ਰਾਈਆ । ਸੀਸ ਜਗਦੀਸ ਤੇਰੇ ਚਰਨ ਝੁਕੇ ਮੱਥਾ, ਮਸਤਕ ਲਹਿਣੇ ਸਭ ਦੇ ਪੂਰ ਕਰਾਈਆ । ਸਤਿਜੁਗ ਸਤਿ ਧਰਮ ਸਚ ਚਲਾ ਦੇ ਰਥਾ, ਰਥ ਰਥਵਾਹੀ ਹੋ ਕੇ ਵੇਖ ਵਖਾਈਆ । ਜਿਸ ਕਾਰਨ ਗੋਬਿੰਦ ਤੇਰੇ ਸੱਥਰ ਲੱਥਾ, ਯਾਰੜਾ ਸੇਜ ਗਿਆ ਹੰਢਾਈਆ । ਤੇਰੇ ਚਰਨ ਕਵਲ ਆਪਣਾ ਰੱਖ ਕੇ ਭੱਥਾ, ਸੀਸ ਜਗਦੀਸ ਦਿਆਂ ਨਿਵਾਈਆ । ਨਾਲੇ ਹੱਸ ਕੇ ਕਿਹਾ ਫੇਰ ਸ਼ਸਤਰ ਫੜਨਾ ਨਹੀਂ ਕੋਈ ਵਿਚ ਹੱਥਾ, ਛੱਤਰੂ ਰੂਪ ਨਾ ਕੋਇ ਦਰਸਾਈਆ । ਇਕੋ ਸਚ ਨਾਮ ਦੀ ਦੇਣੀ ਵੱਥਾ, ਵਸਤ ਅਗੰਮ ਅਥਾਹ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਪ੍ਰਭੂ ਮੇਰਾ ਵਸਾ ਦੇ ਅਗੰਮਾ ਝੁੱਗਾ,


੧੫੨੨ ੨੪

ਜਗਤ ਝੌਂਪੜੀਆਂ ਲੋੜ ਰਹੇ ਨਾ ਰਾਈਆ । ਆਪਣਾ ਨਾਮ ਕਰਦੇ ਉਘਾ, ਦੋ ਜਹਾਨਾਂ ਵਜੇ ਵਧਾਈਆ । ਮੈਂ ਪਿਆਰ ਦੀ ਧਾਰ ਹੋਈ ਤੇਰੀ ਬਸੁਧਾ, ਬੇਸੁਧ ਹੋ ਕੇ ਦਿਆਂ ਦੁਹਾਈਆ । ਉਹ ਆਸ਼ਾ ਤਕ ਲੈ ਜੋ ਇਸ਼ਾਰਾ ਕਰਦਾ ਬੁੱਧਾ, ਬੁੱਧੀ ਤੋਂ ਪਰ੍ਹੇ ਦ੍ਰਿੜਾਈਆ । ਅਵਤਾਰ ਪੈਗ਼ੰਬਰ ਗੁਰੂਆਂ ਦੀ ਆਸ਼ਾ ਵੇਖ ਲੈ ਮੁੱਦਾ, ਜੋ ਮੁਦਤਾਂ ਤੋਂ ਗਏ ਸਮਝਾਈਆ । ਮੇਰੇ ਮਾਲਕ ਖ਼ਾਲਕ ਮੇਰੇ ਉਤੇ ਹੋਣ ਨਾ ਦੇਵੀਂ ਯੁੱਧਾ, ਯੁਧਿਸ਼ਟਰ ਦੀ ਆਸ਼ਾ ਧੁਰ ਦੇ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਪ੍ਰਭੂ ਮੇਰੀ ਜ਼ਿੰਦਗੀ ਬਦਲ ਦੇ ਜੀਣੀ, ਜੀਵਤ ਜੀਵਤ ਜੀਵਤ ਤੇਰੀ ਓਟ ਤਕਾਈਆ । ਮੇਰੀ ਆਸ਼ਾ ਕਲਜੁਗ ਹੋਣ ਨਾ ਦੇਵੀਂ ਕਮੀਨੀ, ਕਮਲਾਪਾਤੀ ਬਹੁਭਾਂਤੀ ਆਪਣਾ ਰੰਗ ਦੇਣਾ ਰੰਗਾਈਆ । ਮੇਰੀ ਆਸ਼ਾ ਜਗਤ ਰਹੇ ਨਾ ਹੀਣੀ, ਸਚ ਸਵਾਮੀ ਅੰਤਰਜਾਮੀ ਸਿਰ ਮੇਰੇ ਹੱਥ ਟਿਕਾਈਆ । ਮੈਂ ਕਿਸੇ ਅੱਗੇ ਕਲਜੁਗ ਅੰਤ ਨਾ ਹੋਵਾਂ ਅਧੀਨੀ, ਬਿਨ ਤੇਰੇ ਸੀਸ ਜਗਦੀਸ ਨਾ ਕਿਸੇ ਨਿਵਾਈਆ । ਮੇਰੀ ਲਜ ਪਤ ਕਲਜੁਗ ਅੰਤ ਜਾਏ ਨਾ ਛੀਨੀ, ਸ਼ਹਿਨਸ਼ਾਹ ਸਿਰ ਆਪਣਾ ਹੱਥ ਟਿਕਾਈਆ । ਧਰਨੀ ਕਹੇ ਪ੍ਰਭੂ ਨਾ ਮੈਂ ਨਰ ਨਾ ਮਦੀਨੀ, ਇਸਤਰੀ ਮਰਦ ਵੰਡ ਨਾ ਕੋਇ ਵੰਡਾਈਆ । ਨਾ ਮੇਰਾ ਨੇਤਰ ਲੋਚਨ ਨਾ ਮੈਂ ਨੈਣਹੀਣ ਨਾਬੀਨੀ, ਅੰਧ ਅੰਧੇਰ ਵਿਚ ਨਾ ਕੋਇ ਰਖਾਈਆ । ਨਾ ਮੈਂ ਵਿਦਿਆ ਪੜ੍ਹੀ ਨਾ ਮੈਂ ਵੇਖੀ ਤਾਅਲੀਮੀ, ਸਿਫਤਾਂ ਵਾਲੇ ਢੋਲੇ ਕੋਇ ਨਾ ਗਾਈਆ । ਨਾ ਮੇਰੇ ਵਿਚ ਗੜ੍ਹ ਹੰਕਾਰ ਨਾ ਦਿਸੇ ਕੋਇ ਹਲੀਮੀ, ਨਿਮਰਤਾ ਨਜ਼ਰ ਕੋਇ ਨਾ ਆਈਆ । ਤੂੰ ਮੇਰਾ ਮਾਲਕ ਖ਼ਾਲਕ ਇਕ ਅਮੀਨੀ, ਯਾਮਬੀਨ ਕਹਿ ਕੇ ਸੀਸ ਨਿਵਾਈਆ । ਤੂੰ ਮਿਹਰਵਾਨ ਮਹਿਬੂਬ ਹਕ ਕਰੀਮੀ, ਕੁਦਰਤ ਦਾ ਕਾਦਰ ਇਕ ਅਖਵਾਈਆ । ਮੇਰੇ ਭਗਵੰਤ ਧੁਰ ਦੇ ਕੰਤ ਮੇਰੀ ਆਸਾ ਪੂਰੀ ਕਰਦੇ ਯਕੀਨੀ, ਯਕ ਵਾਹਿਦ ਤੇਰੀ ਓਟ ਤਕਾਈਆ । ਜੋ ਮਾਨਵ ਜਾਤੀ ਸਤਿਜੁਗ ਤਰੇਤਾ ਦਵਾਪਰ ਕਲਜੁਗ ਦੀਨਾਂ ਮਜ਼੍ਹਬਾਂ ਵਿਚ ਕੀਤੀ ਤਕਸੀਮੀ, ਹਿੱਸੇ ਕਲਮੇ ਨਾਮ ਨਾਲ ਪਵਾਈਆ । ਸਤਿਜੁਗ ਵਾਸਤੇ ਨਵੀਂ ਕਰਦੇ ਤਨਜ਼ੀਮੀ, ਤਾਅਮੀਰ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਦਾ ਸੰਗ ਆਪ ਬਣਾਈਆ । ਧਰਨੀ ਕਹੇ ਮੇਰੇ ਪ੍ਰਭੂ ਪ੍ਰਭੂ ਪ੍ਰਭ ਮੀਤੇ, ਸਾਜਣ ਸਜਣੂਆ ਤੇਰੀ ਸਰਨਾਈਆ । ਸਦਾ ਸਦਾ ਤ੍ਰੈਗੁਣ ਅਤੀਤੇ, ਤ੍ਰੈਭਵਣ ਧਨੀ ਤੇਰੀ ਵਡਿਆਈਆ । ਮੇਰੇ ਪੂਰਬਲੇ ਜੁਗ ਵੇਖ ਲੈ ਬੀਲੇ, ਸਤਿਜੁਗ ਤਰੇਤਾ ਦੁਆਪਰ ਆਪਣਾ ਪੰਧ ਮੁਕਾਈਆ । ਗ੍ਰੰਥ ਸ਼ਾਸਤਰਾਂ ਨਾਮ ਅੱਖਰਾਂ ਵਿਦਿਆ ਤਕ ਲੈ ਰੀਤੇ, ਨਿਤ ਨਿਤ ਤੇਰੀ ਸਿਫਤ ਸਲਾਹੀਆ । ਅਵਤਾਰ ਪੈਗ਼ੰਬਰਾਂ ਗੁਰੂਆਂ ਨਾਮ ਕਲਮੇ ਤਕ ਲੈ ਠਾਂਢੇ ਸੀਤੇ, ਜਗਤ ਜਗਤ ਗਏ ਦ੍ਰਿੜਾਈਆ । ਜਿਸ ਵਿਚ ਤੇਰੇ ਮਿਲਣ ਦੇ ਤਰੀਕੇ, ਰਸਤੇ ਰਹਿਬਰ ਹੋ ਕੇ ਗਏ ਵਖਾਈਆ । ਦੋਹਰੀ ਧਾਰ ਖੇਲ ਖੇਲੇ ਮਾਨਸ ਮਾਨਵ ਬਣਾਏ ਸ਼ਰੀਕੇ, ਸ਼ਰਕਤ ਸਕੇ ਨਾ ਕੋਇ ਮਿਟਾਈਆ । ਤੂੰ ਲਹਿਣੇ ਦੇਣੇ ਜਾਣੇ ਜੀਵ ਜੀਅ ਕੇ, ਲੱਖ ਚੁਰਾਸੀ ਫੋਲ ਫੁਲਾਈਆ । ਮੈਨੂੰ ਯਾਦ ਆਉਂਦੇ ਤੇਰੇ ਪੂਰਬ ਕੌਲ ਇਕਰਾਰ ਕੀਤੇ, ਕਰਨੀ ਦੇ ਕਰਤੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਬੰਕ ਇਕ ਸੁਹਾਈਆ । ਧਰਨੀ ਕਹੇ ਪ੍ਰਭੂ ਨਿਗਾਹ ਮਾਰ ਲੈ ਮੇਰੇ ਨਵ ਸੱਤ ਬੰਕ ਦਵਾਰੇ, ਚਾਰ ਦੀਵਾਰੀ ਨਜ਼ਰ ਕੋਇ ਨਾ ਆਈਆ । ਛੱਪਰ ਛੰਨ ਦਿਸੇ ਨਾ ਕੋਇ ਵਿਚ ਸੰਸਾਰੇ, ਜਗਤ ਜਹਾਨਾਂ ਸ੍ਰੀ ਭਗਵਾਨਾ ਵੇਖਣ ਕੋਇ ਨਾ ਪਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਸਤਿਗੁਰ ਸ਼ਬਦ ਦੇਂਦਾ ਰਿਹਾ ਇਸ਼ਾਰੇ, ਬਿਨ ਨੇਤਰ ਲੋਚਨ ਨੈਣ ਸੈਨਤ

ਨਾਮ ਲਗਾਈਆ । ਕੂਕ ਕੂਕ ਦੱਸਦੇ ਰਹੇ ਪੈਗ਼ੰਬਰ ਗੁਰ ਅਵਤਾਰੇ, ਢੋਲੇ ਸੋਹਲੇ ਰਾਗਾਂ ਵਿਚ ਦ੍ਰਿੜਾਈਆ । ਕਲਜੁਗ ਕਿਰਿਆ ਕੂੜ ਧਰਨੀਏ ਤੇਰੇ ਉਤੇ ਕਰੇ ਪਸਾਰੇ, ਪਸ਼ੂ ਪੰਛੀ ਪੰਖੀ ਮਾਨਵ ਸਾਰੇ ਰੋਵਣ ਮਾਰਨ ਧਾਈਆ । ਕਿਸੇ ਦਾ ਮੇਲ ਹੋਵੇ ਨਾ ਨਾਲ ਮਿਤਰ ਪਿਆਰੇ, ਪਰਮ ਪੁਰਖ ਪਰਮਾਤਮ ਆਤਮ ਮਿਲਣ ਕੋਇ ਨਾ ਪਾਈਆ । ਸ੍ਰਿਸ਼ਟੀ ਦ੍ਰਿਸ਼ਟੀ ਮੰਜ਼ਲ ਹਕ ਪਾਰ ਨਾ ਕੋਇ ਉਤਾਰੇ, ਉਤਰ ਪੂਰਬ ਪੱਛਮ ਦੱਖਣ ਨਈਆ ਪਾਰ ਕਿਨਾਰੇ ਘਾਟ ਨਾ ਕੋਇ ਲਗਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਕਲਜੁਗ ਫਿਰੇ ਕੂੜ ਕੁੜਿਆਰੇ ਬਿਨ ਕਦਮਾਂ ਵਾਹੋ ਦਾਹੀਆ । ਸੋ ਵਕਤ ਸੁਹੇਲਾ ਇਕ ਇਕੇਲਾ ਪੁਰਖ ਅਕਾਲਾ ਦੀਨ ਦਿਆਲਾ ਤੇਰੀ ਪਾਵੇ ਸਾਰੇ, ਪਰਵਰਦਿਗਾਰ ਸਾਂਝਾ ਯਾਰ ਏਕੰਕਾਰ ਆਪਣੀ ਦਇਆ ਕਮਾਈਆ । ਮਿਹਰਵਾਨ ਮਹਿਬੂਬ ਜੋਤੀ ਜਾਤਾ ਪੁਰਖ ਬਿਧਾਤਾ ਤੇਰੀ ਆ ਕੇ ਪੈਜ ਸਵਾਰੇ ਮਹਾਂਸਾਰਥੀ ਹੋ ਕੇ ਆਪਣਾ ਖੇਲ ਖਿਲਾਈਆ । ਕੋੜੀਏ ਕਮਲੀਏ ਤੇਰੇ ਬੰਕ ਦਵਾਰੇ ਭਗਤ ਗ੍ਰਿਹਿ ਸਦ ਵਸਦੇ ਰਹਿਣ ਵਿਚ ਸੰਸਾਰੇ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਜਿਸ ਨੂੰ ਸੀਸ ਨਿਵਾਈਆ । ਤੇਰਾ ਲਹਿਣਾ ਦੇਣਾ ਜੁਗ ਚੌਕੜੀ ਕਰਨੀ ਦਾ ਕਰਤਾ ਕੁਦਰਤ ਦਾ ਕਾਦਰ ਕਰਜ਼ ਉਤਾਰੇ, ਮਕਰੂਜ਼ ਹੋ ਕੇ ਲੇਖਾ ਝੋਲੀ ਦੇਵੇ ਪਾਈਆ । ਤੂੰ ਉਸ ਦੇ ਚਰਨ ਕਵਲ ਧਵਲ ਹੋ ਕੇ ਕਰੀਂ ਨਿਮਸਕਾਰੇ, ਡੰਡਾਵਤ ਬੰਦਨਾ ਸੱਯਦਿਆਂ ਵਿਚ ਸੀਸ ਨਿਵਾਈਆ । ਜਿਸ ਕਲਜੁਗ ਕਿਰਿਆ ਕੂੜ ਕੋਲੋਂ ਤੇਰੇ ਕਰਾਉਂਣੇ ਛੁਟਕਾਰੇ, ਬੰਧਨ ਦੀਨ ਦੁਨੀ ਤੁੜਾਈਆ । ਇਕੋ ਨਾਮ ਢੋਲਾ ਕਲਮਾ ਆਤਮ ਪਰਮਾਤਮ ਦੱਸੇ ਜੈਕਾਰੇ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਇਕੋ ਭਗਤ ਸੁਹੇਲਾ ਗੁਰੂ ਗੁਰ
੧੫੨੪ ਚੇਲਾ ਜਣਾਏ ਦਰ ਦਰਬਾਰੇ, ਦਰ ਦਰਵਾਜ਼ਾ ਗਰੀਬ ਨਿਵਾਜ਼ਾ ਇਕ ਖੁਲ੍ਹਾਈਆ । ਇਕੋ ਇਸ਼ਟ ਦ੍ਰਿਸ਼ਟ ਅੰਤਰ ਨਿਰੰਤਰ ਮਾਨਸ ਮਾਨੁਖ ਮੰਨਣ ਸਾਰੇ, ੧੫੨੪
੨੪ ਦੂਸਰ ਓਟ ਨਜ਼ਰ ਕੋਇ ਨਾ ਆਈਆ । ਕਿਰਪਾ ਕਰੇ ਭਗਤ ਵਛਲ ਪ੍ਰਭੂ ਗਿਰਵਰ ਗਿਰਧਾਰੇ, ਗਹਿਰ ਗੰਭੀਰ ਬੇਨਜ਼ੀਰ ਮਿਹਰ ਨਜ਼ਰ ਉਠਾਈਆ । ੨੪
ਧਰਨੀ ਧਰਤ ਧਵਲ ਧੌਲ ਤੂੰ ਨਿਵ ਨਿਵ ਮਸਤਕ ਧੂੜੀ ਲਾਉਂਣੀ ਛਾਰੇ, ਟਿੱਕੇ ਮਸਤਕ ਖਾਕ ਖਾਕ ਖਾਕ ਰਮਾਈਆ । ਉਹ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਦਿ ਜੁਗਾਦੀ ਪਰਵਰਦਿਗਾਰੇ, ਸਾਂਝਾ ਯਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਦਿ ਜੁਗਾਦਿ ਜੁਗ ਚੌਕੜੀ ਸਭ ਨੂੰ ਦੇਵਣਹਾਰ ਸਹਾਰੇ, ਸਹਾਇਕ ਨਾਇਕ ਇਕੋ ਨਜ਼ਰੀ ਆਈਆ ।

✪ ੧੮ ਚੇਤ ਸ਼ਹਿਨਸ਼ਾਹੀ ਸੰਮਤ ੧੨ ਪਿੰਡ ਨਾਨਕ ਪੁਰ ਜ਼ਿਲਾ ਕਰਨਾਲ ਭਾਨ ਸਿੰਘ ਠਾਕਰ ਸਿੰਘ ਸੋਹਣ ਸਿੰਘ ਪ੍ਰੀਤਮ ਸਿੰਘ ਜਗਤਾਰ ਸਿੰਘ ਨਾਨਕ ਪੁਰ ਨਿਰੰਜਣ ਸਿੰਘ ਗੁਰਮੇਜ਼ ਸਿੰਘ ਥਨੇਸਰ ✪

ਕਚਾ ਤੰਦ ਕਹੇ ਮੈਂ ਨਾਨਕ ਦੀ ਧਾਰ ਪ੍ਰੇਮ ਦੀ ਖੇਸੀ, ਖਾਲਸ ਸਾਲਸ ਇਕੋ ਵੇਖ ਵਖਾਈਆ । ਜਿਸ ਦੇ ਹੁਕਮ ਨੇ ਫੇਰਿਆ ਦੇਸ ਪਰਦੇਸੀ, ਧਰਨੀ ਧਰਤ ਧਵਲ ਧੌਲ ਰੰਗ ਰੰਗਾਈਆ । ਉਹ ਮਾਲਕ ਖ਼ਾਲਕ ਧੁਰ ਦਾ ਨਰ ਨਰੇਸ਼ੀ, ਨਿਰਗੁਣ ਨਿਰਵੈਰ ਨਿਰੰਕਾਰ ਅਗੰਮ ਅਥਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਕਰੇ ਅਗੰਮਾ ਵੇਸੀ, ਵੇਸ ਅਨੇਕਾ ਆਪਣਾ ਰੂਪ ਬਦਲਾਈਆ । ਜਿਸ ਦੇ ਹੁਕਮ ਵਿਚ ਫਿਰਦੇ ਵਿਸ਼ਨ ਬ੍ਰਹਮਾ ਸ਼ਿਵ

ਮਹੇਸ਼ੀ, ਆਦਿ ਜੁਗਾਦਿ ਭੱਜਣ ਵਾਹੋ ਦਾਹੀਆ । ਉਹ ਮਾਲਕ ਖ਼ਾਲਕ ਨੂਰ ਨੁਰਾਨਾ ਨਰ ਨਰੇਸ਼ੀ, ਨਰ ਨਰਾਇਣ ਇਕ ਅਖਵਾਈਆ । ਜਿਸ ਦਾ ਲਹਿਣਾ ਦੇਣਾ ਨਾਲ ਗੋਬਿੰਦ ਦਸ ਦਸਮੇਸ਼ੀ, ਦਹਿ ਦਿਸ਼ਾ ਤੋਂ ਬਾਹਰ ਵੇਖ ਵਖਾਈਆ । ਉਹ ਕਲਜੁਗ ਕਿਰਿਆ ਕੂੜ ਮੇਟੇ ਕਲੇਸ਼ੀ, ਕਲਮਾ ਕਾਏਨਾਤ ਸਮਝਾਈਆ । ਜਿਸ ਦੀ ਸਿਫਤ ਸਲਾਹ ਕਰਦਾ ਬਾਸ਼ਕ ਤਸ਼ਕਾ ਸ਼ੇਸ਼ੀ, ਮੁਖ ਸਹੰਸਰ ਢੋਲੇ ਗਾਈਆ । ਮੇਰੀ ਉਸ ਦੇ ਚਰਨ ਕਵਲ ਆਦੇਸੀ, ਨਿਵ ਨਿਵ ਲਾਗਾਂ ਪਾਈਆ । ਜਿਸ ਦੇ ਅੱਗੇ ਕਲਜੁਗ ਅੰਤ ਸਭ ਦੀ ਹੋਣੀ ਪੇਸ਼ੀ, ਪੇਸ਼ੀਨਗੋਈਆਂ ਆਪਨਾ ਹਾਲ ਸੁਣਾਈਆ । ਉਹ ਸਵਾਮੀ ਠਾਕਰ ਨੂਰ ਨੁਰਾਨਾ ਨਰ ਨਰੇਸ਼ੀ, ਨਰਾਇਣ ਸਾਕ ਸੈਣ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੇਰਾ ਮਾਲਕ ਅਨਕ ਕਲਧਾਰੀ, ਕਲਮਾ ਕਾਏਨਾਤ ਜਣਾਈਆ । ਦੋ ਜਹਾਨਾਂ ਸ਼ਾਹੋ ਭੂਪ ਸਿਕਦਾਰੀ, ਸ਼ਹਿਨਸ਼ਾਹ ਅਗੰਮ ਅਥਾਹੀਆ । ਜੋਤੀ ਜਾਤਾ ਹੋ ਕੇ ਨਿਰਗੁਣ ਜੋਤ ਕਰੇ ਉਜਿਆਰੀ, ਉਜਾਲਾ ਦੀਨ ਦੁਨੀ ਆਪ ਕਰਾਈਆ । ਜੋ ਭਗਤਾਂ ਪੈਜ ਰਿਹਾ ਸਵਾਰੀ, ਸਿਰ ਸਿਰ ਆਪਨਾ ਹੱਥ ਟਿਕਾਈਆ । ਮੈਂ ਉਸ ਦੇ ਚਰਨ ਕਵਲ ਧਵਲ ਹੋ ਕੇ ਕਰਾਂ ਨਿਮਸਕਾਰੀ, ਡੰਡਾਵਤ ਬੰਦਨਾ ਸਯਦਿਆਂ ਵਿਚ ਸੀਸ ਨਿਵਾਈਆ । ਸਤਿ ਸਤਿਵਾਦੀ ਹੋ ਕੇ ਜਾਵਾਂ ਚਰਨ ਕਵਲ ਬਲਿਹਾਰੀ, ਬਲ ਬਲ ਆਪਨਾ ਆਪ ਕਰਾਈਆ । ਜੋ ਅੰਤ ਕੰਤ ਭਗਵੰਤ ਭਗਤਾਂ ਪੈਜ ਰਿਹਾ ਸਵਾਰੀ, ਸਿਰ ਸਿਰ ਆਪਨਾ ਹੱਥ ਟਿਕਾਈਆ । ਮੈਂ ਉਸ ਦੀ ਆਦਿ ਜੁਗਾਦਿ ਪਨਿਹਾਰੀ, ਪਟਘਟ ਬੈਠੀ ਧਿਆਨ ਲਗਾਈਆ । ਜੋ ਨਿਰਗੁਣ ਨਿਰਵੈਰ ਹੋ ਕੇ ਪਾਵੇ ਸਾਰੀ, ਮਹਾਂਸਾਰਥੀ ਆਪਨੀ ਦਇਆ ਕਮਾਈਆ । ਜਿਸ ਦੀ ਜੁਗ ਚੌਕੜੀ ਪਿਛੋਂ ਆਈ ਵਾਰੀ, ਨਵ ਨੌਂ ਚਾਰ ਦੇਣ ਗਵਾਹੀਆ । ਉਹ ਕਲਜੁਗ ਅੰਤ ਕਲ ਕਲਕੀ ਅਵਤਾਰੀ, ਅਵਤਰ ਹੋ ਕੇ ਖੇਲ ਖਿਲਾਈਆ । ਮੈਂ ਉਸ ਦੀ ਬਿਨ ਆਸਾ ਤੋਂ ਹੋਵਾਂ ਪੁਜਾਰੀ, ਪੂਜਨੀਕ ਕਹਿ ਕੇ ਸੀਸ ਨਿਵਾਈਆ । ਜੇਹੜਾ ਮੇਰੀ ਕਲਜੁਗ ਅੰਤ ਕੱਟੇ ਦੁਸ਼ਵਾਰੀ, ਦੂਈ ਦਵੈਤੀ ਮੇਟੇ ਥਾਉਂ ਥਾਈਂਆ । ਜੀਵਾਂ ਜੰਤਾਂ ਸਾਧਾਂ ਸੰਤਾਂ ਆਤਮ ਪਰਮਾਤਮ ਦਸੇ ਯਾਰੀ, ਯਾਰੜਾ ਸੇਜ ਆਪਨੀ ਦਏ ਵਖਾਈਆ । ਆਦਿ ਜੁਗਾਦਿ ਜਿਸ ਦਾ ਨੂਰ ਨੂਰ ਉਜਿਆਰੀ, ਜੋਤੀ ਜਾਤਾ ਡਗਮਗਾਈਆ । ਜੋ ਭਗਤਾਂ ਦੇਵਣਹਾਰਾ ਨਾਮ ਖੁਮਾਰੀ, ਮਸਤੀ ਆਪਨੀ ਹਸਤੀ ਵਿਚੋਂ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੇਰਾ ਠਾਕਰ ਸਵਾਮੀ ਸਰਬ ਗੁਣਵੰਤ, ਗਹਿਰ ਗੰਭੀਰ ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਜੋ ਆਦਿ ਜੁਗਾਦਿ ਜੁਗ ਚੌਕੜੀ ਬਣਾਵਣਹਾਰਾ ਬਣਤ, ਘੜਨ ਭੰਨਣਹਾਰ ਏਕੰਕਾਰ ਇਕ ਅਖਵਾਈਆ । ਜਿਸ ਦਾ ਨਾਮ ਨਿਧਾਨਾ ਦੋ ਜਹਾਨਾਂ ਅਗੰਮਾ ਮੰਤ, ਮੰਤਵ ਸਭ ਦੇ ਹਲ ਕਰਾਈਆ । ਜਿਸ ਨੂੰ ਆਦਿ ਜੁਗਾਦਿ ਗਾਉਂਦੇ ਹਰਿਜਨ ਸਾਚੇ ਸੰਤ, ਸਤਿ ਸਤਿਵਾਦੀ ਕਹਿ ਕੇ ਸੀਸ ਨਿਵਾਈਆ । ਮੇਰੇ ਉਤੇ ਜਨ ਭਗਤਾਂ ਬਣਾਵਣਹਾਰਾ ਬਣਤ, ਸਿਰ ਸਿਰ ਆਪਨਾ ਹੱਥ ਟਿਕਾਈਆ । ਗੜ੍ਹ ਤੋੜੇ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਵੇਖ ਵਖਾਈਆ । ਧਰਨੀ ਕਹੇ ਮੇਰਾ ਪੁਰਖ ਅਕਾਲਾ ਅਲਖ, ਅਲੱਖ ਅਲੱਖਣਾ ਇਕ ਅਖਵਾਈਆ । ਜੋ ਨਿਰਗੁਣ ਧਾਰ ਹੋ ਪ੍ਰਤਖ, ਪਾਰਬ੍ਰਹਮ ਪਤਿਪਰਮੇਸ਼ਵਰ ਆਪਨਾ ਦਰਸ ਦਿਖਾਈਆ । ਹਰਿਜਨ ਭਗਤ ਸੁਹੇਲੇ ਕਰੇ ਵੱਖ, ਕਲਜੁਗ ਕੂੜੀ ਕਿਰਿਆ ਵਿਚੋਂ ਬਾਹਰ ਕਢਾਈਆ । ਸਿਰ ਸਵਾਮੀ ਠਾਕਰ ਹੱਥ ਦੇ ਕੇ ਲਏ ਰੱਖ,

ਰੱਖਿਆ ਕਰੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਮੇਲ ਮਿਲਾਈਆ । ਧਰਨੀ ਕਹੇ ਮੇਰਾ ਪਰਮ ਪੁਰਖ ਪ੍ਰਭ ਪਿਆਰਾ, ਪ੍ਰੀਤਮ ਇਕ ਅਖਵਾਈਆ । ਜੋ ਭਗਤਾਂ ਦਏ ਸਹਾਰਾ, ਸਤਿ ਸਤਿਵਾਦੀ ਹੋ ਕੇ ਵੇਖ ਵਖਾਈਆ । ਗ੍ਰਹਿ ਮੰਦਰ ਸੁਹਾਏ ਇਕ ਦਵਾਰਾ, ਠਾਕਰ ਹੋ ਕੇ ਪਰਦਾ ਲਾਹੀਆ । ਬਿਨ ਰਸਨਾ ਜੇਹਵਾ ਬੋਲ ਜੈਕਾਰਾ, ਸ਼ਬਦ ਅਨਾਦੀ ਧੁਨ ਦਏ ਸੁਣਾਈਆ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰਾ, ਜੋਤੀ ਜਾਤਾ ਹੋ ਕੇ ਡਗਮਗਾਈਆ । ਅੰਮ੍ਰਿਤ ਰਸ ਨਿਝਰ ਝਿਰਨਾ ਬੂੰਦ ਸਵਾਂਤੀ ਦੇਵੇ ਠੰਡੀ ਠਾਰਾ, ਅਗਨੀ ਤਤ ਤਤ ਬੁਝਾਈਆ । ਭਗਤ ਸੁਹੇਲਾ ਬਣ ਕੇ ਏਕੰਕਾਰਾ, ਅਕਲ ਕਲਧਾਰੀ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਠਾਂਢਾ ਇਕ ਪਰਗਟਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਚਾੜ੍ਹ ਦੇ ਰੰਗ, ਰੰਗੀਲੇ ਮਾਧਵ ਦਇਆ ਕਮਾਈਆ । ਨਿਰਗੁਣ ਧਾਰ ਸਰਗੁਣ ਲਾ ਲੈ ਅੰਗ, ਅੰਗੀਕਾਰ ਇਕ ਅਖਵਾਈਆ । ਸ਼ਬਦ ਨਾਦ ਸੁਣਾ ਮਰਦੰਗ, ਅਨਹਦ ਨਾਦੀ ਨਾਦ ਵਜਾਈਆ । ਆਤਮ ਸੇਜ ਸੁਹਾ ਪਲੰਘ, ਬਿਨ ਪਾਵਾ ਚੂਲ ਵਡਿਆਈਆ । ਮੇਰੀ ਆਸਾ ਪੂਰੀ ਕਰਦੇ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਜਨ ਭਗਤਾਂ ਭੇਵ ਚੁਕਾ ਦੇ ਬ੍ਰਹਮ ਹੰ, ਆਤਮ ਪਰਮਾਤਮ ਮਿਲ ਕੇ ਵੱਜੇ ਵਧਾਈਆ । ਘਰ ਠਾਕਰ ਸਵਾਮੀ ਖ਼ੁਸ਼ੀਆਂ ਨਾਲ ਆਉਂਣਾ ਲੰਘ, ਤਨ ਵਜੂਦ ਹਕ ਮਹਿਬੂਬ ਆਪਣਾ ਫੇਰਾ ਪਾਈਆ । ਨਿਰਗੁਣ ਦਾਤੇ ਪੁਰਖ ਬਿਧਾਤੇ ਤੂੰ ਮੇਰਾ ਮੈਂ ਤੇਰਾ ਗਾਉਂਣਾ ਛੰਦ, ਸੋਹਲਾ ਢੋਲਾ ਇਕ ਸੁਣਾਈਆ । ਜਨ ਭਗਤਾਂ ਖ਼ੁਸ਼ੀ ਕਰਨਾ ਬੰਦ ਬੰਦ, ਬੰਦਗੀ ਆਪਣੇ ਵਿਚ ਰਖਾਈਆ । ਬਿਨ ਰਸਨਾ ਜੇਹਵਾ ਦੇਣਾ ਅਨੰਦ, ਅਨੰਦ ਦੇ ਮਾਲਕ ਆਪਣੀ ਦਇਆ ਕਮਾਈਆ । ਸੁਰਤੀ ਸ਼ਬਦ ਸਮਾਉਂਣੀ ਪਰਮਾਨੰਦ, ਪਰਮ ਪੁਰਖ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦਿਆਲ ਸਦਾ ਬਖਸ਼ੰਦ, ਬਖਸ਼ਿਸ਼ ਰਹਿਮਤ ਰਹੀਮ ਰਹਿਮਾਨ ਦੇਣੀ ਕਮਾਈਆ ।

✪ ੧੯ ਚੇਤ ਸ਼ਹਿਨਸ਼ਾਹੀ ਸੰਮਤ ੧੨ ਦਿੱਲੀ ਸ਼ਹਿਰ ਹਰਿ ਭਗਤ ਦਵਾਰ ਧੀਰਪੁਰ ਤਰਲੋਕ ਸਿੰਘ , ਗੁਰਚਰਨ ਸਿੰਘ, ਚੰਦਾ ਸਿੰਘ, ਹਰਭਜਨ ਸਿੰਘ, ਰੁਲਦਾ ਸਿੰਘ, ਮਹਿੰਦਰ ਸਿੰਘ, ਅਵਤਾਰ ਸਿੰਘ, ਗੁਰਬਲਵਿੰਦਰ ਸਿੰਘ, ਮਹਿੰਗਾ ਸਿੰਘ, ਭਜਨ ਸਿੰਘ, ਗੁਰਦਰਸ਼ਨ ਸਿੰਘ ਸਰਹੰਦ, ਮਲ ਸਿੰਘ ਫਰੀਦਾਬਾਦ ✪

ਧਰਨੀ ਕਹੇ ਜਨ ਭਗਤੋ ਆਪਣੇ ਚਰਨ ਛੁਹਾਉ ਮੇਰੇ ਸੀਸ, ਸਦਕੇ ਵਾਰੀ ਘੋਲ ਘੁਮਾਈਆ । ਤੁਹਾਡੇ ਅੰਤਰ ਨਿਰੰਤਰ ਮੈਨੂੰ ਦਿਸੇ ਹਕ ਜਗਦੀਸ, ਜਗਦੀਸ਼ਰ ਧੁਰ ਦਾ ਮਾਹੀਆ । ਜਿਸ ਦਾ ਆਦਿ ਜੁਗਾਦਿ ਪੀਸਣ ਰਹੀ ਪੀਸ, ਜੁਗ ਚੌਕੜੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਮੇਰੀ ਆਦਿ ਜੁਗਾਦੀ ਬੇਨੰਤੀ, ਸੀਸ ਜਗਦੀਸ ਨਿਵਾਈਆ । ਮੇਰਾ ਲਹਿਣਾ ਦੇਣਾ ਨਾਲ ਸੰਗਤੀ, ਸਗਲੇ ਸੰਗੀ ਆਪਣਾ ਰੰਗ ਵਖਾਈਆ । ਮੈਨੂੰ ਦੂਜੇ ਦਰ ਹੋਣ ਨਾ ਦੇਵੀਂ ਮੰਗਤੀ, ਭਿੱਖਕ

ਹੋ ਨਾ ਝੋਲੀ, ਡਾਹੀਆ । ਸਾਚਾ ਮਾਣ ਰਖਾਉਣਾ ਵਿਚ ਸੰਗਤੀ, ਸਗਲੇ ਸੰਗੀ ਆਪਣਾ ਸੰਗ ਨਿਭਾਈਆ । ਮੈਂ ਬਗੈਰ ਆਸ਼ਾ ਇਕੋ ਆਸ਼ਾ ਮੰਗਦੀ, ਇਕੋ ਆਸ ਰਖਾਈਆ । ਦਰ ਤੇਰੇ ਅਲਖ ਜਗਾਉਂਦੀ ਮੂਲ ਨਾ ਸੰਗਦੀ, ਸਗਲੇ ਸੰਗੀ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਅਗੰਮ ਵਰਤਾਈਆ । ਧਰਨੀ ਕਹੇ ਪ੍ਰਭੂ ਜਨ ਭਗਤ ਬਣਾ ਦੇ ਸੁਹੇਲੇ, ਸਾਜਣ ਧੁਰ ਦੇ ਨਜ਼ਰੀ ਆਈਆ । ਦੀਨ ਦੁਨੀ ਨਾਲੋਂ ਕਰਦੇ ਵੇਹਲੇ, ਪਰੇਮ ਪ੍ਰੀਤੀ ਤੇਰੀ ਵਿਚ ਸਮਾਈਆ । ਇਕੋ ਰੰਗ ਰੰਗਾਂ ਦੇ ਗੁਰੂ ਗੁਰ ਚੇਲੇ, ਚੇਲਾ ਗੁਰ ਵਡ ਵਡਿਆਈਆ । ਲਹਿਣੇ ਦੇਣੇ ਮੇਰੇ ਤੱਕ ਲੈ ਮੇਰੇ ਜੰਗਲ ਜੂਹ ਬੇਲੇ, ਉਜਾੜ ਪਹਾੜ ਟਿਲੇ ਪਰਬਤ ਸਾਗਰਾਂ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਜਨ ਭਗਤੋ ਬਿਨਾ ਜ਼ਬਾਂ ਕਰੋ ਬੇਨੰਤੀ, ਮੁੱਖ ਦੰਦ ਦੀ ਲੋੜ ਰਹੇ ਨਾ ਰਾਈਆ । ਤੁਹਾਡੀ ਮਨਜ਼ੂਰ ਹੋਵੇ ਪੰਗਤੀ, ਬਿਨ ਅੱਖਰਾਂ ਅੱਖਰ ਸਿਫਤ ਸਲਾਹੀਆ । ਬੁੱਧੀ ਤੋਂ ਪਰੇ ਬਣੋ ਪੰਡਤੀ, ਜਗਤ ਵਿਦਿਆ ਲੋੜ ਰਹੇ ਨਾ ਰਾਈਆ । ਆਪਣੀ ਧਾਰ ਤਕੋ ਸੰਗਤੀ, ਸਗਲਾ ਸੰਗ ਜਣਾਈਆ । ਜਗਤ ਤ੍ਰਿਸ਼ਨਾ ਮੇਟੋ ਮਨ ਦੀ, ਮਮਤਾ ਮੋਹ ਨਾ ਕੋਇ ਹਲਕਾਈਆ । ਮੁਹੱਬਤ ਤੱਕੋ ਗੋਬਿੰਦ ਸੂਰੇ ਚੰਨ ਦੀ, ਜੋ ਚੰਦ ਸਿਤਾਰ ਨਿਸ਼ਾਨਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਵਣਜ ਆਪ ਕਰਾਈਆ । ਧਰਨੀ ਕਹੇ ਪ੍ਰਭੂ, ਮੇਰਾ ਬਣ ਜਾ ਦੁੱਖ ਭੰਜਨ, ਭਵ ਸਾਗਰ ਪਾਰ ਕਰਾਈਆ । ਜਨ ਭਗਤਾਂ ਨੇਤਰ ਪਾ ਦੇ ਅੰਜਨ, ਨਿਰਾਕਾਰ ਡਗਮਗਾਈਆ । ਬਿਨਾ ਜਗਤ ਪ੍ਰੀਤ ਬਣ ਜਾ ਸੱਜਣ, ਸਿਰ ਸਰ ਤੇਰੇ ਭੇਟ ਕਰਾਈਆ । ਤੇਰੇ ਦੀਪਕ ਜੋਤੀ ਮੇਰੇ ਗ੍ਰਿਹਿ ਜਗਣ, ਘਟ ਘਟ ਹੋਏ ਰੁਸ਼ਨਾਈਆ । ਮੈਂ ਸਦਾ ਸੁਹੇਲੇ ਤੇਰੇ ਵਿਚ ਹੋਵਾਂ ਮਗਨ, ਤੇਰੇ ਰੰਗ ਸਮਾਈਆ । ਤੂੰ ਮੇਰੀ ਮੇਟਣੀ ਅਗਨ, ਚਿੰਤਾ ਚਿਖਾ ਦੇਣੀ ਜਲਾਈਆ । ਮਿਹਰਵਾਨ ਲਾਉਣਾ ਅੰਗਣ, ਅੰਗੀਕਾਰ ਆਪ ਹੋ ਜਾਈਆ । ਤੇਰੇ ਦਰ ਤੇ ਆਈ ਮੰਗਣ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰੇ ਲੇਖੇ ਲਾ ਲੈ ਤਤ ਪੰਜਣ, ਪੰਚਮ ਮੀਤੇ ਆਪਣੇ ਚਰਨ ਕਵਲ ਰਖਾਈਆ । ਆਤਮ ਧਾਰ ਪਰਮਾਤਮ ਬਖਸ਼ ਦੇ ਮਜਨ, ਦੁਰਮਤ ਮੈਲ ਰਹੇ ਨਾ ਰਾਈਆ । ਨਵ ਸੱਤ ਬ੍ਰਹਮ ਮਤ ਤੇਰੇ ਨਾਮ ਨਗਾਰੇ ਵੱਜਣ, ਦੋ ਜਹਾਨ ਸ੍ਰੀ ਭਗਵਾਨ ਸੁਣਨ ਚਾਈਂ ਚਾਈਆ । ਕੂੜ ਕੁੜਿਆਰ ਮੇਰੇ ਉਤੋਂ ਕਲਜੁਗ ਕਲਪਣਾ ਮੇਟ ਦੇ ਹੰ ਬ੍ਰਹਮਣ, ਪਾਰਬ੍ਰਹਮ ਪ੍ਰਭ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਅੰਦਰੋਂ ਚੁੱਕ ਦੇ ਪਰਦਾ, ਦਵੈਤ ਜਗਤ ਰਹੇ ਨਾ ਰਾਈਆ । ਅੰਤਸ਼ਕਰਨ ਕਿਸੇ ਰਹੇ ਨਾ ਸੜਦਾ, ਅਗਨੀ ਤਤ ਤਤ ਬੁਝਾਈਆ । ਸਹਾਰਾ ਬਖਸ਼ਣਾ ਆਪਣੇ ਪੱਲੂ ਲੜ ਦਾ, ਦੀਨ ਦੁਨੀ ਦੀ ਗੰਢ ਛੁਡਾਈਆ । ਪਰੇਮ ਪਿਆਰ ਮੁਹੱਬਤ ਵਿਚ ਸਚਖੰਡ ਚੋਟੀ ਵੇਖਣਾ ਚੜ੍ਹਦਾ, ਬਿਨ ਕਦਮਾਂ ਕਦਮ ਟਿਕਾਈਆ । ਮੈਨੂੰ ਇਉਂ ਜਾਪਦਾ ਨੌਂ ਖੰਡ ਤੇਰੇ ਕੋਲੋਂ ਮੂਲ ਨਾ ਡਰਦਾ, ਭੈ ਸਿਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਤੇਰੇ ਭਗਤ ਤੇਰੀ ਕਰਦੇ ਹੋਵਣ ਯਾਦ, ਯਾਦਦਾਸ਼ਤ ਭੁੱਲ ਕਦੇ ਨਾ ਜਾਈਆ । ਭਾਗ ਲਗਾਵਣ ਇਕੋ ਤੈਨੂੰ ਲੈਣ ਅਰਾਧ, ਦੂਜਾ ਇਸ਼ਟ ਨਾ ਕੋਇ ਮਨਾਈਆ । ਨਿਰਗੁਣ ਦਾਤੇ ਪੁਰਖ ਬਿਧਾਤੇ ਮੋਹਣ ਮਾਧਵ ਮਾਧ,

ਮਧੁਰ ਧੁਨ ਦੇਣੀ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਹਰਿਜਨ ਹੋਣ ਨਾ ਦੇਵੀਂ ਬਰਬਾਦ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਜਨ ਭਗਤੋ ਮੇਰੇ ਨਾਲ ਕਰੋ ਮਿਲਾਪ, ਮਿਲਣੀ ਹਰਿ ਜਗਦੀਸ਼ ਕਰਾਈਆ । ਦੋਹਾਂ ਦਾ ਸਾਂਝਾ ਹੋਵੇ ਜਾਪ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਤਨ ਵਜੂਦਾਂ ਆਪਣਾ ਦੂਰ ਕਰਾਓ ਪਾਪ, ਪਤਤ ਪੁਨੀਤ ਕਰੇ ਧੁਰਦਰਗਾਹੀਆ । ਤੁਹਾਡਾ ਲਹਿਣਾਂ ਦੇਣਾ ਲੇਖਾ ਲੱਗੇ ਆਪ, ਆਪ ਆਪਣਾ ਰੰਗ ਰੰਗਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਸਭ ਨੇ ਜਪਣਾ ਜਾਪ, ਅਜਪਾ ਜਾਪ ਆਪ ਦ੍ਰਿੜਾਈਆ । ਸਚ ਪ੍ਰੀਤੀ ਧਰਨੀ ਧਰਤ ਧਵਲ ਧੌਲ ਖੇਲ ਵੇਖਣਾ ਇਕ ਇਕਾਂਤ, ਕਲਾਧਾਰੀ ਕੀ ਆਪਣੀ ਕਲ ਵਰਤਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਆਪਣਾ ਆਪ ਕਰੋ ਸ਼ਾਂਤ, ਬਾਹਰੋਂ ਅਗਨ ਨਾ ਲਾਗੇ ਰਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਭ ਦਾ ਮਾਈ ਬਾਪ, ਪਿਤਾ ਪੁਰਖ ਅਕਾਲ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਜਨ ਭਗਤੋ ਪਰਮ ਪੁਰਖ ਦੇ ਵਸੋ ਨੇੜੇ, ਦੂਰ ਦੁਹਾਡੇ ਪੰਧ ਮੁਕਾਈਆ । ਸ਼ਰਅ ਸ਼ਰੀਅਤ ਦੇ ਮੇਟੋ ਝੇੜੇ, ਝਗੜਾ ਦਿਸੇ ਨਾ ਖਲਕ ਖ਼ੁਦਾਈਆ । ਨੌਂ ਖੰਡ ਪ੍ਰਿਥਮੀ ਮੇਰੇ ਖਾਲੀ ਦਿਸਣ ਵੇਹੜੇ, ਵਸਤ ਨਜ਼ਰ ਕੋਇ ਨਾ ਆਈਆ । ਦਿਵਸ ਰੈਣ ਤੱਕੋ ਝੇੜੇ, ਝਗੜੇ ਵਿਚ ਖਲਕ ਖ਼ੁਦਾਈਆ । ਪੁਰਖ ਅਕਾਲੇ ਦੀਨ ਦਿਆਲੇ ਬਿਨ ਤੇਰੀ ਕਿਰਪਾ ਸਾਨੂੰ ਕੋਈ ਨਾ ਚਾੜ੍ਹੇ ਧੁਰ ਦੇ ਬੇੜੇ, ਬੇੜੀ ਨੌਕਾ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਜਨ ਭਗਤੋ ਪ੍ਰਭ ਦਾ ਇਕੋ ਲਓ ਸਹਾਰਾ, ਸਮਾਜਕ ਰਾਜਕ ਆਪਣੇ ਰੰਗ ਰੰਗਾਈਆ । ਕਲਜੁਗ ਕਿਰਿਆ ਕੂੜ ਛੱਡੋ ਪਸਾਰਾ, ਜਗ ਨੇਤਰ ਲੋਚਨ ਨੈਣ ਵੇਖਣ ਕੋਇ ਨਾ ਪਾਈਆ । ਆਪਣਾ ਆਪਣਾ ਬਲ ਲਓ ਧਾਰਾ, ਧਰਨੀ ਕਹਿ ਕੇ ਰਹੀ ਸੁਣਾਈਆ । ਪਿਛੇ ਜਗਤ ਵਾਸ਼ਨਾ ਲਾਉਂਦੀ ਨਾਅਰਾ, ਜਗਤ ਹਿਸਾ ਵੰਡ ਨਾ ਕੋਇ ਵੰਡਾਈਆ । ਉਹ ਪੁਰਖ ਅਕਾਲਾ ਦੀਨ ਦਿਆਲਾ ਪਾਵਣਹਾਰਾ ਸਾਰਾ, ਮਹਾਂਸਾਰਥੀ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਦੇਵਣਹਾਰਾ ਦਾਨ, ਦਾਤਾ ਦਾਨੀ ਸ਼ਾਹ ਸੁਲਤਾਨੀ ਏਕੰਕਾਰਾ ਪਰਵਰਦਿਗਾਰਾ ਸਾਂਝਾ ਯਾਰਾ, ਮਿਹਰਵਾਨ ਮਹਿਬੂਬ ਇਕ ਅਖਵਾਈਆ ।

✪ ੨੦ ਚੇਤ ਸ਼ਹਿਨਸ਼ਾਹੀ ਸੰਮਤ ੧੨ ਦਿਲੀ ਸ਼ਹਿਰ ਹਰਿ ਭਗਤ ਦਵਾਰ ਧੀਰਪੁਰ ਪੂਰਨ ਸਿੰਘ, ਦਰਸ਼ਨ ਸਿੰਘ, ਸਰੂਪ ਸਿੰਘ, ਸੁਰਿੰਦਰ ਕੌਰ, ਮਹਿੰਦਰ ਕੌਰ, ਰਤਨ ਸਿੰਘ, ਕਰਤਾਰ ਸਿੰਘ, ਸ੍ਰੀ ਨਾਥ ਦਾਸ ਦਿੱਲੀ ✪

ਧਰਨੀ ਕਹੇ ਕਿਰਪਾ ਕਰ ਅਲਫ਼ ਬੇ ਦੇ ਮਾਲਕ ਅਬ, ਅਭੀ ਯਦੀ ਯੱਦਪ ਆਪਣੀ ਦਇਆ ਕਮਾਈਆ । ਮੇਰੇ ਪਰਵਰਦਿਗਾਰ ਸਾਂਝੇ ਯਾਰ ਨੂਰ ਅਲਾਹੀ ਰੱਬ, ਯਾਮਬੀਨ ਕਹਿ ਕੇ ਸੀਸ ਨਿਵਾਈਆ । ਮਿਹਰਵਾਨਾ ਨੌਜਵਾਨਾ ਸ੍ਰੀ ਭਗਵਾਨਾ ਹਰਿਜਨ ਸੰਤ ਸੁਹੇਲੇ ਲੱਭ, ਬਿਨ ਨੇਤਰ ਲੋਚਨ

੧੫੨੮ ੨੪

ਨੈਣਾਂ ਵੇਖ ਵਖਾਈਆ । ਦੀਨ ਦੁਨੀ ਦੀ ਮੇਰੇ ਉਤੋਂ ਮੇਟ ਦੇ ਹੱਦ, ਹਦੂਦ ਮਹਿਦੂਦ ਆਪਣੀ ਇਕ ਸਮਝਾਈਆ । ਆਤਮ ਧਾਰ ਪਰਵਰਦਿਗਾਰ ਏਕੰਕਾਰ ਆਪਣੀ ਬਣਾ ਲੈ ਯਦ, ਯਾਦਵ ਦਾ ਲੇਖਾ ਪੂਰ ਕਰਾਈਆ । ਗੁਰਮੁਖ ਗੁਰਸਿਖ ਹਰਿਜਨ ਸੰਤ ਸੁਹੇਲੇ ਰਹਿਣ ਨਾ ਤੈਥੋਂ ਅਲੱਗ, ਵੱਖਰੀ ਧਾਰ ਨਜ਼ਰ ਕੋਇ ਨਾ ਆਈਆ । ਤੂੰ ਸ਼ਹਿਨਸ਼ਾਹ ਪਾਤਸ਼ਾਹ ਸੂਰਾ ਸਰਬੱਗ, ਹਰਿ, ਕਰਤਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਤੇਰੀ ਜਗਦੀ ਵੇਖਾਂ ਅਗੰਮੀ ਜੋਤੀ, ਜੋਤੀ ਜਾਤੇ ਪੁਰਖ ਬਿਧਾਤੇ ਦੇਣੀ ਵਡਿਆਈਆ । ਆਤਮ ਧਾਰ ਭਗਤ ਸੁਹੇਲੇ ਬਣਾ ਲੈ ਆਪਣੇ ਗੋਤੀ, ਪਾਰਬ੍ਰਹਮ ਬ੍ਰਹਮ ਮੇਲਾ ਮੇਲਣਾ ਸਹਿਜ ਸੁਭਾਈਆ । ਹਰਿਜਨ ਸੁਰਤੀ ਅੰਤਰ ਨਿਰੰਤਰ ਰਹੇ ਨਾ ਸੋਤੀ, ਆਲਸ ਨਿੰਦਰਾ ਕਿਰਿਆ ਕੂੜ ਬਾਹਰ ਕਢਾਈਆ । ਹਰਿਜਨ ਸੰਤ ਸੁਹੇਲੇ ਆਪਣੇ ਉਠਾ ਲੈ ਮਾਣਕ ਮੋਤੀ, ਸੋਹੰ ਹੰਸਾ ਇਕੋ ਚੋਗ ਚੁਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਮੇਰਾ ਲੇਖਾ ਤੱਕ ਬਦਹਾਲੀ, ਹਾਲਤ ਵੇਖ ਖਲਕ ਖੁਦਾਈਆ । ਫਲ ਰਿਹਾ ਨਾ ਧੁਰ ਦੀ ਡਾਲੀ, ਪਤ ਟਹਿਣੀ ਨਾ ਕੋਇ ਮਹਿਕਾਈਆ । ਮੇਰੀ ਲੇਖੇ ਲਾ ਲੈ ਘਾਲ ਘਾਲੀ, ਘਾਇਲ ਹੋ ਕੇ ਸੀਸ ਨਿਵਾਈਆ । ਤੁਧ ਬਿਨ ਅੰਤਰ ਨਿਰੰਤਰ ਕਰੇ ਨਾ ਕੋਇ ਦਲਾਲੀ, ਵਿਚੋਲਾ ਰਹਿਣ ਕੋਇ ਨਾ ਪਾਈਆ । ਆਪਣਾ ਜਲਵਾ ਦੇ ਦੇ ਨੂਰ ਜਲਾਲੀ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਮੇਰਾ ਭੰਡਾਰਾ ਏਕੰਕਾਰਾ ਪਰਵਰਦਿਗਾਰਾ ਸਾਂਝਾ ਯਾਰਾ

ਭਰ ਦੇ ਖਾਲੀ, ਖ਼ਾਲਕ ਮਖ਼ਲੂਕ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ,
੧੫੨੯

ਹਰਿਜਨ ਸਾਚੇ ਮੇਲ ਮਿਲਾਈਆ । ਧਰਨੀ ਕਹੇ ਪ੍ਰਭੂ ਜਨ ਭਗਤ ਸੁਹੇਲੇ ਮੇਰੇ ਬਣਾ ਦੇ ਮਿਤ, ਮਿਤਰ ਪਿਆਰੇ ਦਇਆ ਕਮਾਈਆ । ਨਿਰਗੁਣ ਸਰਗੁਣ
੨੪
ਸਰਗੁਣ ਨਿਰਗੁਣ ਕਰ ਹਿਤ, ਹਿਤਕਾਰੀ ਹੋ ਕੇ ਏਕੰਕਾਰੀ ਧਿਆਨ ਲਗਾਈਆ । ਜਗਤ ਠਗੌਰੀਉਂ ਕੱਢ ਬਾਹਰ ਜਨ ਭਗਤਾਂ ਵੜ ਜਾ ਵਿਚ, ਤਨ ਵਜੂਦ ਹਕ ਮਹਿਬੂਬ ਆਪਣਾ ਰੰਗ ਰੰਗਾਈਆ । ਮੇਰੀ ਸੁਹੰਜਣੀ ਨਰ ਨਰੈਣ ਕਰ ਦੇ ਥਿਤ, ਘੜੀ ਪਲ ਦਏ ਗਵਾਹੀਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਠਾਕਰ ਸਵਾਮੀ ਮੇਰਾ ਮਿਤ, ਮਿਤਰ ਪਿਆਰਾ ਅਗੰਮ ਅਥਾਹੀਆ । ਬਿਨ ਨੇਤਰ ਲੋਚਨ ਨੈਣਾਂ ਤੇਰਾ ਦਰਸ਼ਨ ਕਰਾਂ ਨਿਤ, ਨਿਜ ਨੇਤਰ ਦੇਣਾ ਖੁਲ੍ਹਾਈਆ । ਕਾਇਆ ਮਾਟੀ ਬਜ਼ਰ ਕਪਾਟੀ ਪਰਦਾ ਪਾੜ ਖੋਲ੍ਹਣਾ ਭਿਤ, ਭੀਤਰ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੈਨੂੰ ਕਲਜੁਗ ਕੀਤਾ ਕਮਲੀ ਕੋਝੀ, ਕੁਦਰਤ ਦੇ ਕਾਦਰ ਦਿਆਂ ਜਣਾਈਆ । ਮੇਰੇ ਅੰਤਰ ਨਿਰੰਤਰ ਸਤਿ ਧਰਮ ਦੀ ਰਹੀ ਕੋਈ ਨਾ ਸੋਝੀ, ਸਤਿ ਸਚ ਵਿਚ ਨਾ ਕੋਇ ਮਿਲਾਈਆ । ਬੁੱਧੀ ਤੋਂ ਪਰੇ ਦਾ ਮਿਲੇ ਕੋਇ ਨਾ ਬੋਧੀ, ਅਨੁਭਵ ਦ੍ਰਿਸ਼ਟ ਨਾ ਕੋਇ ਖੁਲ੍ਹਾਈਆ । ਪੁਰਖ ਅਕਾਲੇ ਦੀਨ ਦਿਆਲੇ ਤੁਧ ਬਿਨ ਚੁੱਕੇ ਕੋਇ ਨਾ ਗੋਦੀ, ਗੋਦਾਵਰੀ ਦਾ ਕੰਢਾ ਗੋਬਿੰਦ ਗਿਆ ਸਮਝਾਈਆ । ਪਰਮ ਪੁਰਖ ਦਾ ਖੇਲ ਹੋਣਾ ਕਲਜੁਗ ਅੰਤਮ ਧਾਰ ਵਿਚ ਸੰਸਾਰ ਜਿਸ ਦਾ ਲਹਿਣਾ ਦੇਣਾ ਵੇਦੀ ਸੋਢੀ, ਸੋ ਪੁਰਖ ਨਿਰੰਜਣ ਆਪਣੀ ਕਲ ਵਰਤਾਈਆ । ਜਿਸ ਦੇ ਪਿਆਰ ਵਿਚ ਜਨ ਭਗਤ ਸੁਹੇਲੇ ਬਣਨੇ ਜੋਗੀ, ਜੁਗੀਸ਼ਰਾਂ ਆਪਣਾ ਰੰਗ ਰੰਗਾਈਆ । ਜਨਮ ਕਰਮ ਦੇ ਦੁੱਖ ਮੇਟ ਕੇ ਰਹਿਣ ਦੇਣਾ ਕੋਈ ਨਹੀਂ ਰੋਗੀ, ਜਗਤ ਦਲਿੱਦਰਾਂ ਡੇਰਾ ਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਆਪ ਮਿਲਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਆਪਣੀ ਬਖਸ਼ ਦੇ ਧਾਰ, ਧਵਲ ਹੋ ਕੇ ਵਾਸਤਾ ਪਾਈਆ । ਸੋ ਪੁਰਖ ਨਿਰੰਜਣ ਕਰ ਪਿਆਰ, ਹਰਿ ਪੁਰਖ ਨਿਰੰਜਣ ਜੋੜ ਜੋੜਨਾ ਚਾਈਂ ਚਾਈਆ । ਏਕੰਕਾਰੇ ਦੇ ਅਧਾਰ, ਆਦਿ ਨਿਰੰਜਣ ਕਰ ਰੁਸ਼ਨਾਈਆ । ਅਬਿਨਾਸ਼ੀ ਕਰਤੇ ਪਾ ਸਾਰ, ਸ੍ਰੀ ਭਗਵਾਨ ਆਪਣਾ ਰੰਗ ਰੰਗਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਦੇ ਅਧਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਮੇਰਾ ਲਹਿਣਾ ਦੇਣਾ ਰਹੇ ਨਾ ਵਿਚ ਸੰਸਾਰ, ਦੀਨ ਦੁਨੀ ਵੰਡ ਨਾ ਕੋਇ ਵੰਡਾਈਆ । ਤੇਰੇ ਚਰਨ ਕਵਲ ਉਪਰ ਧਵਲ ਜਾਵਾਂ ਬਲਹਾਰ, ਬਲ ਬਲ ਆਪਣਾ ਆਪ ਕਰਾਈਆ । ਤੇਰਾ ਖੇਲ ਸਦਾ ਜੁਗ ਚਾਰ, ਸਤਿਜੁਗ ਤਰੇਤਾ ਦਵਾਪਰ ਕਲਜੁਗ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਬਣੇ ਨਾ ਕੋਇ ਸਹਾਰ, ਸਹਾਇਕ ਨਾਇਕ ਲੋਕਮਾਤੀ ਪੁਰਖ ਬਿਧਾਤੀ ਨਜ਼ਰ ਕੋਇ ਨਾ ਆਈਆ ।

### ੨੧ ਚੇਤ ਸ਼ਹਿਨਸ਼ਾਹੀ ਸੰਮਤ ੧੨ ਦਿਲੀ ਸ਼ਹਿਰ ਯੂ-੧੫ ਗਰੀਨ ਪਾਰਕ ਐਕਸਟੈਨਸ਼ਨ ਮਹਿੰਦਰ ਸਿੰਘ ਸਵਰਨਜੀਤ ਕੌਰ ਦੇ ਗ੍ਰਹਿ

ਸਤਿਗੁਰ ਸ਼ਬਦ ਕਹੇ ਮੇਰੀ ਆਦਿ ਜੁਗਾਦੀ ਧਾਰਾ, ਧਰਨੀ ਧਰਤ ਧਵਲ ਧੌਲ ਉਤੇ ਪਰਗਟਾਈਆ । ਮੇਰਾ ਖੇਲ ਸਦਾ ਜੁਗ ਚਾਰਾ, ਸਤਿਜੁਗ ਤਰੇਤਾ ਦਵਾਪਰ ਕਲਜੁਗ ਵੇਖਾਂ ਚਾਈਂ ਚਾਈਆ । ਕਲਜੁਗ ਅੰਤ ਨਵ ਸੱਤ ਪਾਵਾਂ ਸਾਰਾ, ਦਹਿ ਦਿਸ਼ਾ ਵੇਖ ਵਖਾਈਆ । ਲਹਿਣਾ ਦੇਣਾ ਤੱਕਾਂ ਗੁਰ ਅਵਤਾਰਾ, ਪੈਗ਼ੰਬਰਾਂ ਭੇਵ ਚੁਕਾਈਆ । ਹਰਿਜਨ ਵੇਖਾਂ ਮੀਤ ਮੁਰਾਰਾ, ਮਿਤਰ ਪਿਆਰਾ ਹੋ ਕੇ ਖੋਜ ਖੁਜਾਈਆ । ਲਹਿਣਾ ਦੇਣਾ ਪੂਰਾ ਕਰਾਂ ਵਿਚ ਸੰਸਾਰਾ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਮੇਰਾ ਮਾਲਕ ਖ਼ਾਲਕ ਚਵੀਆਂ ਅਵਤਾਰਾ, ਚੌਬੀਆ ਜਗਦੀਸਾ ਇਕ ਅਖਵਾਈਆ । ਜਿਸ ਦਾ ਸੰਤ ਮਨੀ ਸਿੰਘ ਦੁਲਾਰਾ, ਦੂਲ੍ਹਾ ਸ਼ਬਦ ਧਾਰ ਵਡਿਆਈਆ । ਜਿਸ ਦਾ ਮੇਲ ਗੁਪਤ ਜ਼ਾਹਰਾ, ਅੰਤਰ ਨਿਰੰਤਰ ਵੇਖ ਵਖਾਈਆ । ਬਿਨ ਰਸਨਾ ਜੇਹਵਾ ਬੋਲ ਜੈਕਾਰਾ, ਅਨਬੋਲਤ ਰਾਗ ਦ੍ਰਿੜਾਈਆ । ਬਿਨ ਰਸਨਾ ਅੰਮ੍ਰਿਤ ਰਸ ਪੀਵੇ ਠੰਡਾ ਠਾਰਾ, ਅਗਨੀ ਤਤ ਤਤ ਬੁਝਾਈਆ । ਸਤਿ ਸਚ ਬਣ ਅਧਾਰਾ, ਉਦਰ ਦਾ ਲੇਖਾ ਗਿਆ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਏਕ, ਏਕੰਕਾਰ ਦਿਤੀ ਵਡਿਆਈਆ । ਜੁਗ ਚੌਕੜੀ ਸਭ ਦੀ ਟੇਕ, ਦੋ ਜਹਾਨਾਂ ਹੁਕਮ ਵਰਤਾਈਆ । ਨਾਮ ਸੰਦੇਸ਼ਾ ਕਲਮਾ ਕਾਏਨਾਤ ਦੇਵਾਂ ਨੇਕ, ਨੀਕਨ ਨੀਕਾ ਹੋ ਕੇ ਦੀਨ ਦੁਨੀ ਵਰਤਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਹੋ ਕੇ ਲਵਾਂ ਵੇਖ, ਵੇਖਣਹਾਰਾ ਇਕ ਅਖਵਾਈਆ । ਮੇਰਾ ਜੁਗ ਚੌਕੜੀ ਅਵੱਲੜਾ ਭੇਖ, ਵੇਸ ਅਵੇਸਾ ਆਪ ਦਰਸਾਈਆ । ਮੇਰਾ ਲਹਿਣਾ ਦੇਣਾ ਗੋਬਿੰਦ ਨਾਲ ਦਸ ਦਸਮੇਸ, ਦਹਿ ਦਿਸ਼ਾ ਸੰਗ ਬਣਾਈਆ । ਜੋ ਸਦਾ ਸਦਾ ਰਹੇ ਹਮੇਸ਼, ਸੋ ਮੇਰਾ ਰੂਪ ਅਲਾਹੀਆ । ਜਿਸ ਦਾ ਸੰਤ ਮਨੀ ਸਿੰਘ ਦੇ ਕੇ ਗਿਆ ਸੰਦੇਸ਼, ਸੋਹਲਾ ਢੋਲਾ ਧੁਰਦਰਗਾਹੀਆ । ਜਿਸ ਨੂੰ ਝੁਕਦੇ ਸ਼ਾਹ ਪਾਤਸ਼ਾਹ ਰਾਜ ਰਾਜਾਨ ਨਰੇਸ਼, ਸਿਰ ਸਕੇ ਨਾ ਕੋਇ ਉਠਾਈਆ ।

੧੫੩੧
੨੪

ਜਿਸ ਕਲਜੁਗ ਅੰਤ ਮੇਟਣਾ ਕਲੇਸ਼, ਕਲ ਕਾਤੀਆਂ ਕਰੇ ਸਫਾਈਆ । ਉਸ ਨੂੰ ਸੱਯਦਾ ਇਕੋ ਸੰਦੇਸ਼, ਧੁਰ ਫੁਰਮਾਣਾ ਜੋ ਫ਼ਰਮਾਨਿਆਂ ਵਿਚੋਂ ਜਣਾਈਆ । ਜਿਸ ਦੀ ਸਿਫਤ ਸਲਾਹ ਵਡਿਆਈ ਕਰੇ ਸ਼ੇਸ਼, ਸ਼ਾਹ ਪਾਤਸ਼ਾਹ ਹੋ ਕੇ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆਂ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਆਪ, ਆਪ ਆਪਣਾ ਭੇਵ ਜਣਾਈਆ । ਨਾਮ ਕਲਮੇ ਸਿਫਤ ਸਲਾਹ ਮੇਰਾ ਜਾਪ, ਅੱਖਰਾਂ ਢੋਲੇ ਰਾਗ ਦਿਆਂ ਦ੍ਰਿੜਾਈਆ । ਨਿਰਗੁਣ ਧਾਰ ਸਰਗੁਣ ਸਭ ਦਾ ਮਾਈ ਬਾਪ, ਪਿਤਾ ਪੂਤ ਗੋਦ ਟਿਕਾਈਆ । ਸਚ ਸੰਦੇਸ਼ਾ ਸੁਨੇਹੜਾ ਦੇਵਾਂ ਪਾਤ, ਪਤਰਕਾ ਇਕ ਸਮਝਾਈਆ । ਜਿਸ ਦਾ ਲਹਿਣਾ ਦੇਣਾ ਲੇਖਾ ਨਾਲ ਕਮਲਾਪਾਤ, ਪਤਿਪਰਮੇਸ਼ਵਰ ਕੀ ਸਮਝਾਈਆ । ਜੋ ਹਰਿਜਨ ਭਗਤ ਸੁਹੇਲਾ ਜੋੜੇ ਆਪਣਾ ਨਾਤ, ਬਿਧਾਤਾ ਹੋ ਕੇ ਵੇਖ ਵੇਖਾਈਆ । ਜੋ ਝਗੜਾ ਮੇਟੇ ਜ਼ਾਤ, ਪਾਤ, ਦੀਨ ਦੁਨੀ ਦਾ ਲਹਿਣਾ ਦੇਣਾ ਦੇਵੇ ਥਾਉਂ ਥਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਕਲਜੁਗ ਅੰਤ ਮੇਟਣਹਾਰਾ ਅੰਧੇਰੀ ਰਾਤ, ਰੁਤੜੀ ਆਪਣੇ ਨਾਲ ਮਹਿਕਾਈਆ । ਵਸਣਹਾਰਾ ਸਚਖੰਡ ਦਵਾਰ ਏਕੰਕਾਰ ਇਕ ਇਕਾਂਤ, ਅਕਲ ਕਲਧਾਰੀ ਏਕੰਕਾਰੀ ਆਪਣਾ ਖੇਲ ਖਿਲਾਈਆ । ਸੋ ਭਗਤ ਜਨਾਂ ਦੇਵਣਹਾਰਾ ਧੁਰ ਦੀ ਦਾਤ, ਨਾਮ ਨਿਧਾਨਾ ਝੋਲੀ ਪਾਈਆ । ਲਹਿਣਾ ਦੇਣਾ ਲੇਖਾ ਪੂਰਾ ਕਰੇ ਲੋਕਮਾਤ, ਧਰਨੀ ਧਰਤ ਧਵਲ ਧੌਲ ਉਤੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਪੁਛਣਹਾਰਾ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਸਤਿਗੁਰ ਸ਼ਬਦ ਕਹੇ ਮੈਂ ਆਦਿ ਜੁਗਾਦੀ ਗਹਿਰ ਗੰਭੀਰਾ, ਗਵਰ ਇਕ ਅਖਵਾਈਆ । ਤਨ ਵਜੂਦ ਨਾ ਕੋਇ ਸਰੀਰਾ, ਮਾਟੀ ਚੰਮ ਨਾ ਕੋਇ ਵਡਿਆਈਆ । ਸੀਸ ਬੱਧਾ ਨਾ ਕੋਇ ਚੀਰਾ, ਮੂੰਡ ਮੁੰਡਾਇਆ ਰੂਪ ਨਾ ਕੋਇ ਦਰਸਾਈਆ । ਜਿਸ ਦੀ ਵੇਖ ਸਕੇ ਨਾ ਕੋਇ ਤਸਵੀਰਾ, ਮੁਸੱਵਰ ਤਸੱਵਰ ਕਰ ਨਾ ਕੋਇ ਜਣਾਈਆ । ਮੇਰਾ ਖੇਲ ਕਲਜੁਗ ਅੰਤ ਅਖੀਰਾ, ਆਖਰ ਦਿਆਂ ਸੁਣਾਈਆ । ਜੋ ਸੰਦੇਸ਼ੇ ਦੇ ਕੇ ਗਿਆ ਕਬੀਰਾ, ਕੁਦਰਤ ਦਾ ਕਾਦਰ ਕੀ ਆਪਣਾ ਹੁਕਮ ਵਰਤਾਈਆ । ਜਿਸ ਨੇ ਲੇਖੇ ਲਾਇਆ ਰਵੀਦਾਸ ਕਸੀਰਾ, ਕੌਡੀ ਕੀਮਤ ਆਪਣੇ ਘਰ ਪਾਈਆ । ਉਹ ਜਨ ਭਗਤਾਂ ਜਿੰਦਗੀ ਵਿਚੋਂ ਜਿੰਦਗੀ ਕਰੇ ਤਾਅਮੀਰਾ, ਜੀਵਣ ਵਿਚੋਂ ਜੀਵਣ ਦਏ ਬਦਲਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਅੰਮ੍ਰਿਤ ਰਸ ਦੇਵੇ ਸੀਰਾ, ਸੁਰਤੀ ਸ਼ਬਦ ਨਾਲ ਮਿਲਾਈਆ । ਸਤਿ ਸੰਤੋਖ ਬਖਸ਼ੇ ਧੀਰਾ, ਧੀਰਜ ਧਰਮ ਧਾਰ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਸਤਿਗੁਰ ਸ਼ਬਦ ਕਹੇ ਮੇਰਾ ਸੰਦੇਸ਼ਾ ਸਿੰਘ ਮਨੀ, ਮੁਨੀਸ਼ਰਾਂ ਬਾਹਰ ਜਣਾਈਆ । ਜੋ ਧੁਰ ਧਾਰ ਦਾ ਬਣਾਇਆ ਧਨੀ, ਧਰਤ ਧਵਲ ਧੌਲ ਵਡਿਆਈਆ । ਨਾਮ ਸੁਣਾਇਆ ਬਿਨਾ ਕੰਨੀ, ਕਾਏਨਾਤ ਕੀਤੀ ਪੜ੍ਹਾਈਆ । ਵਸੇਰਾ ਕਰਾਇਆ ਬਿਨਾ ਛੱਪਰ ਛੰਨੀਂ, ਮਹੱਲ ਅਟੱਲ ਇਕ ਦ੍ਰਿੜਾਈਆ । ਨੂਰ ਜੋਤ ਪ੍ਰਕਾਸ਼ ਕਰਕੇ ਚੰਨੀ, ਚੰਦ ਚਾਂਦਨਿਆਂ ਬਾਹਰ ਡਗਮਗਾਈਆ । ਸਚ ਪ੍ਰੀਤੀ ਇਕੋ ਬੰਨੀ, ਬੰਦਨਾ ਇਕੋ ਇਕ ਸਮਝਾਈਆ । ਆਤਮ ਪਰਮਾਤਮ ਪਿਆਰ ਬਣਿਆ ਤਨੀ, ਤਨ ਵਜੂਦਾਂ ਲੇਖਾ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸ਼ਬਦ ਕਹੇ ਸੰਤ ਮਨੀ ਸਿੰਘ ਖ਼ੁਸ਼ੀਆਂ ਵਿਚ ਬੋਲ ਜੈਕਾਰਾ, ਸਹਿਜ ਨਾਲ ਦਿਤਾ ਸਮਝਾਈਆ । ਜੋਤੀ ਜਾਤੇ ਪੁਰਖ ਬਿਧਾਤੇ ਤੇਰਾ ਖੇਲ ਹੋਵੇ ਨਿਆਰਾ, ਨਿਰਾਕਾਰ ਨਿਰੰਕਾਰ ਤੇਰੇ

ਹੱਥ ਵਡਿਆਈਆ । ਧਰਨੀ ਧਰਤ ਧਵਲ ਧੌਲ ਉਤੇ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਤੇਰਾ ਨਾਉਂ ਨਰੈਣ ਹੋਵੇ ਚਵੀਆਂ ਅਵਤਾਰਾ, ਅਵਤਰੀ ਤੇਰੀ ਬੇਪਰਵਾਹੀਆ । ਮੈਂ ਖ਼ੁਸ਼ੀਆਂ ਵਿਚ ਲਾਵਾਂ ਤੇਰਾ ਨਾਅਰਾ, ਨਰ ਨਰੈਣ ਤੇਰਾ ਢੋਲਾ ਗਾਈਆ । ਮੇਰਾ ਲਹਿਣਾ ਦੇਣਾ ਯਾਦ ਰੱਖਣਾ ਇਕਰਾਰਾ, ਕੌਲ ਤੇਰੇ ਚਰਨ ਟਿਕਾਈਆ । ਜਿਸ ਵੇਲੇ ਕਲਜੁਗ ਹੋਵੇ ਅੰਧ ਅੰਧਿਆਰਾ, ਨੂਰੀ ਚੰਦ ਨਾ ਕੋਇ ਚਮਕਾਈਆ । ਮੇਰਾ ਸੰਗੀ ਪਿਆਰਾ ਸਿੱਖ ਹੋਵੇ ਤੇਰਾ ਦੁਲਾਰਾ, ਦੋ ਜਹਾਨਾਂ ਮਾਲਕ ਆਪਣੀ ਗੋਦ ਉਠਾਈਆ । ਸਤਿਗੁਰ ਸ਼ਬਦ ਖ਼ੁਸ਼ੀਆਂ ਨਾਲ ਕੀਤਾ ਇਜ਼ਹਾਰਾ, ਸਹਿਜ ਸਹਿਜ ਨਾਲ ਜਣਾਈਆ । ਤੇਰਾ ਕਰਜ਼ਾ ਮਕਰੂਜ਼ ਹੋ ਕੇ ਲਾਹਵਾਂ ਸਾਰਾ, ਲਹਿਣਾ ਤੇਰੇ ਹੱਥ ਫੜਾਈਆ । ਜਿਸ ਵੇਲੇ ਭਗਤ ਭਗਵਾਨ ਦਾ ਇਕੋ ਹੋਇਆ ਜੈਕਾਰਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਝੱਟ ਸੰਤ ਮਨੀ ਸਿੰਘ ਲਾਇਆ ਨਾਅਰਾ, ਮੈਂ ਤੇਰਾ ਬਿਨਾ ਤਤਾਂ ਤੋਂ ਦੁਲਾਰਾ ਦੋ ਜਹਾਨਾਂ ਦੇ ਮਾਲਕ ਸਚ ਸਰਨਾਈਆ । ਝਟ ਸਤਿਗੁਰ ਗੋਬਿੰਦ ਦਿਤਾ ਇਸ਼ਾਰਾ, ਜਿਸ ਵੇਲੇ ਸੰਮਤ ਸ਼ਹਿਨਸ਼ਾਹੀ ਆਵੇ ਬਾਰਾਂ, ਬਾਰਾਂ ਮਾਸ ਦਾ ਲੇਖਾ ਰਹੇ ਨਾ ਰਾਈਆ । ਤੇਰਾ ਪੂਰਾ ਕੌਲ ਹੋਵੇ ਵਿਚ ਸੰਸਾਰਾ, ਸਤਿ ਸਤਿਵਾਦੀ ਹੋ ਕੇ ਪੂਰ ਕਰਾਈਆ । ਝਟ ਮਨੀ ਸਿੰਘ ਬਿਨਾ ਧੂੜ ਤੋਂ ਮਸਤਕ ਲਾਈ ਛਾਰਾ, ਟਿੱਕੇ ਸਾਚੇ ਨਾਮ ਰਮਾਈਆ । ਉਸੇ ਦਾ ਲਹਿਣਾ ਉਸੇ ਦੇ ਲੇਖੇ ਪਾਉਣ ਆਏ ਆਪ ਕਰਤਾਰਾ, ਕੁਦਰਤ ਦਾ ਕਾਦਰ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ
੧੫੩੨ ਭਗਤ ਪਵਿਤਰ ਪਵਿਤ ਪੁਨੀਤ ਕਰੇ ਘਰ ਬਾਰਾ, ਗ੍ਰਿਹ ਮੰਦਰ ਅੰਦਰ ਆਪ ਆਪਣਾ ਨਾਮ ਰੰਗ ਚੜ੍ਹਾਈਆ । ੧੫੩੨

੨੪ ੨੪

## ੨੧ ਚੇਤ ਸ਼ਹਿਨਸ਼ਾਹੀ ਸੰਮਤ ੧੨ ਗੁੜਗਾਂਉ ਸ਼ਹਿਰ ਸੇਵਾ ਸਿੰਘ ਦੇ ਗ੍ਰਿਹ

ਪ੍ਰਾਇਮਰੀ ਕਹੇ ਮੇਰੀਆਂ ਜਮਾਤਾਂ ਚਾਰ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਮੇਰਾ ਲਹਿਣਾ ਦੇਣਾ ਚਾਰ ਕੁੰਟ ਦੀ ਧਾਰ, ਚਾਰ ਵਰਨਾਂ ਵੇਖ ਵਖਾਈਆ । ਚੌਥੇ ਜੁਗ ਵੇਖਾਂ ਨੈਣ ਉਘਾੜ, ਬਿਨ ਨੇਤਰ ਅੱਖ ਅੱਖ ਉਠਾਈਆ । ਮੇਰਾ ਮਾਲਕ ਖ਼ਾਲਕ ਇਕੋ ਪਰਵਰਦਿਗਾਰ, ਸਾਂਝਾ ਯਾਰ ਇਕੋ ਨੂਰ ਅਲਾਹੀਆ । ਸਤਿਗੁਰ ਸ਼ਬਦ ਜੋ ਸੰਦੇਸ਼ਾ ਦੇਵੇ ਵਾਰੋ ਵਾਰ, ਭੇਵ ਅਭੇਦਾ ਅਗੰਮ ਖੁਲ੍ਹਾਈਆ । ਮੇਰੀ ਸਿਖਿਆ ਜਗਤ ਅੱਖਰਾਂ ਬਾਹਰ, ਵਿਦਿਆ ਵਿਚ ਵਿੱਦਅਤ ਨਾ ਕੋਇ ਕਰਾਈਆ । ਕੋਟਾਂ ਵਿਚੋ ਕੋਈ ਗੁਰਮੁਖ ਵਿਰਲਾ ਪੜ੍ਹੇ ਵਿਚ ਸੰਸਾਰ, ਜਿਸ ਸਿਰ ਸਤਿਗੁਰ ਆਪਣਾ ਹੱਥ ਟਿਕਾਈਆ । ਮੇਰੀ ਪਹਿਲੀ ਜਮਾਤ ਬੜੀ ਦੁਸ਼ਵਾਰ, ਦੁਸ਼ਮਣ ਚਾਰੋਂ ਕੁੰਟ ਅੰਤਰ ਨਿਰੰਤਰ ਨਜ਼ਰੀ ਆਈਆ । ਮੇਰਾ ਲਹਿਣਾ ਦੇਣਾ ਨਾਲ ਨੌਂ ਦਵਾਰ, ਜਗਤ ਵਾਸ਼ਨਾ ਸੰਗ ਬਣਾਈਆ । ਦਹਿ ਦਿਸ਼ਾ ਕਰਾਂ ਵਿਚਾਰ, ਬਿਨਾ ਸੋਚ ਸਮਝ ਆਪਣੀ ਲਵਾਂ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਪ੍ਰਾਇਮਰੀ ਕਹੇ ਮੇਰੀ ਜਮਾਤ ਪਹਿਲੀ, ਏਕਾ ਏਕਾ ਵੇਖ ਵਖਾਈਆ । ਜਿਸ ਵਿਚ ਹੋਏ ਨਾ ਕੋਇ ਅਨਗਹਿਲੀ, ਗਫ਼ਲਤ ਰੂਪ ਨਾ ਕੋਇ ਦਰਸਾਈਆ । ਜਿਹੜੀ ਵਿਦਿਆ ਬਿਨਾ ਜ਼ਬਾਨ ਤੋਂ ਕਹਿ ਲਈ, ਬਿਨਾ ਸਰਵਣਾਂ ਸੁਣਨੀ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਪ੍ਰਾਇਮਰੀ

ਕਹੇ ਗੁਰਮੁਖ ਵਿਰਲਾ ਮੇਰੀ ਪਹਿਲੀ ਕਰੇ ਪਾਸ, ਪਾਸਾ ਦੀਨ ਦੁਨੀ ਬਦਲਾਈਆ । ਸਤਿਗੁਰ ਸ਼ਬਦ ਉਤੇ ਕਰੇ ਵਿਸ਼ਵਾਸ਼, ਜਗਤ ਵਿਸ਼ਿਆਂ ਡੇਰਾ ਢਾਈਆ । ਤਨ ਵਜੂਦ ਲੇਖਾ ਤੱਕੇ ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼, ਮਨ ਮਤ ਬੁੱਧ ਨਾਲ ਰਲਾਈਆ । ਨੌਂ ਦਵਾਰਿਆਂ ਨਿਗਾਹ ਮਾਰੇ ਖਾਸ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਿਸ ਉਤੇ ਕਿਰਪਾ ਕਰੇ ਪੁਰਖ ਅਬਿਨਾਸ਼, ਹਰਿ ਕਰਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਪ੍ਰਾਇਮਰੀ ਕਹੇ ਜਿਹੜਾ ਹਰਿਜਨ ਪਹਿਲੀ ਪੜ੍ਹਦਾ, ਜਗਤ ਲੇਖ ਸ਼ਰਅ ਨਾ ਕੋਇ ਰਖਾਈਆ । ਧਰਮ ਦੀ ਧਾਰ ਵਿਚ ਦੂਜੀ ਚੜ੍ਹਦਾ, ਚੜ੍ਹਦਾ ਲਹਿਦਾ ਦੱਖਣ ਪਹਾੜ ਇਕੋ ਤੱਕੇ ਧੁਰ ਦਾ ਮਾਹੀਆ । ਅੰਦਰੋਂ ਕਿਲ੍ਹਾ ਤੋੜੇ ਹੰਕਾਰੀ ਗੜ੍ਹ ਦਾ, ਹਉਮੇ ਹੰਗਤਾ ਦੂਰ ਕਰਾਈਆ । ਲੇਖਾ ਜਾਣੇ ਚੋਟੀ ਜੜ੍ਹ ਦਾ, ਚੇਤਨ ਹੋ ਕੇ ਵੇਖ ਵਖਾਈਆ । ਲਹਿਣਾ ਤੱਕੇ ਬਹੱਤਰ ਨੜ ਦਾ, ਹੱਡ ਮਾਸ ਖੋਜ ਖੁਜਾਈਆ । ਖੇਲ ਤੱਕੇ ਸਰੀਰ ਧੜ ਦਾ, ਤਨ ਵਜੂਦ ਫੋਲ ਫੁਲਾਈਆ । ਜਗਤ ਦਵਾਰੇ ਪਾਰ ਕਰਦਾ, ਨਵ ਦਵਾਰ ਦਾ ਡੇਰਾ ਢਾਈਆ । ਰਾਹ ਵੇਖੇ ਆਪਣੇ ਘਰ ਦਾ, ਬਿਨ ਅੱਖਾਂ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਪ੍ਰਾਇਮਰੀ ਕਹੇ ਮੇਰੀ ਦੂਜੀ ਜਮਾਤ ਚੰਗੀ, ਪਹਿਲੀ ਨਾਲੋਂ ਮਿਲੇ ਵਡਿਆਈਆ । ਸਤਿਗੁਰ ਪਿਆਰ ਵਿਚ ਲਾਵੇ ਅੰਗੀ, ਅੰਗੀਕਾਰ ਆਪ ਹੋ ਜਾਈਆ । ਆਸਾ ਪੂਰੀ ਕਰੇ ਮੰਗੀ, ਮਨਸਾ ਜਗਤ ਟਿਕਾਈਆ । ਅੰਮ੍ਰਿਤ ਧਾਰ ਪਿਆਏ ਗੰਗੀ, ਬੂੰਦ ਸਵਾਂਤੀ ਕਵਲ ਨਾਭ ਟਪਕਾਈਆ । ਮਨੂਆ ਦਹਿ ਦਿਸ਼ ਨਾ ਧਾਏ ਫਰੰਗੀ, ਚਾਰ ਕੁੰਟ ਨਾ ਉਠ ਉਠ ਧਾਈਆ । ਸਾਚੇ ਪਿਆਰ ਦੀ ਦੱਸੇ ਪਾਬੰਦੀ, ਨਾਮ ਬੰਧਨ ਵਿਚ ਬੰਧਾਈਆ । ਸਚ ਪ੍ਰੇਮ ਬਣਾ ਕੇ ਸਨਬੰਧੀ, ਸਗਲਾ ਸੰਗ ਜਣਾਈਆ । ਅੰਦਰੋਂ ਦਵੈਤ ਦੀ ਢਾਏ ਕੰਧੀ, ਪਰਦਾ ਪਰਦਿਆਂ ਵਿਚੋਂ ਉਠਾਈਆ । ਲੇਖਾ ਮੁੱਕੇ ਪ੍ਰਕਿਰਤੀ ਪੰਜੀ, ਪੰਜਾਂ ਤਤਾਂ ਸੰਗ ਬਣਾਈਆ । ਲਹਿਣਾ ਮੇਟੇ ਵਿਕਾਰ ਜੰਗੀ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਰੰਗ ਰੰਗਾਈਆ । ਜਗਤ ਵਾਸਨਾ ਕਰੇ ਕੋਇ ਨਾ ਤੰਗੀ, ਤੰਗਦਸਤੀ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੂਜੀ ਆਪਣੇ ਰੰਗ ਰੰਗਾਈਆ । ਪ੍ਰਾਇਮਰੀ ਕਹੇ ਜਿਸ ਮੇਰੀ ਦੂਜੀ ਕਰ ਲਈ ਪੂਰ, ਪੂਰਾ ਸਤਿਗੁਰ ਦਇਆ ਕਮਾਈਆ । ਤੀਜੀ ਜਮਾਤ ਦਾ ਇਕ ਦਸਤੂਰ, ਅਸੂਲ ਨਿਯਮ ਇਕ ਜਣਾਈਆ । ਅੰਤਰ ਨਿਰੰਤਰ ਰਹੇ ਨਾ ਕੋਇ ਗਰੂਰ, ਗੁਰਬਤ ਅੰਦਰੋਂ ਬਾਹਰ ਕਢਾਈਆ । ਸਾਚੇ ਨਾਮ ਦਾ ਦਏ ਸਰੂਰ, ਸੁਰਤੀ ਸ਼ਬਦ ਨਾਲ ਮਿਲਾਈਆ । ਜਗਤ ਵਿਕਾਰਾ ਕਰੇ ਚੂਰ, ਕਿਰਿਆ ਕੂੜ ਬਾਹਰ ਕਢਾਈਆ । ਅੰਮ੍ਰਿਤ ਰਸ ਨਾਲ ਕਰੇ ਭਰਪੂਰ, ਤ੍ਰਿਸ਼ਨਾ ਜਗਤ ਗਵਾਈਆ । ਪੰਧ ਮੁਕਾ ਕੇ ਨੇੜਾ ਦੂਰ, ਘਰ ਘਰ ਵਿਚ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਤੀਜੀ ਜਮਾਤ ਕਹੇ ਮੈਨੂੰ ਗੁਰਮੁਖ ਵੇਖੇ ਚੰਗੀ ਤਰ੍ਹਾਂ, ਤਰੀਕਾ ਸਤਿਗੁਰ ਦਏ ਜਣਾਈਆ । ਜਿਸ ਵਿਚ ਪਾਬੰਦੀ ਨਹੀਂ ਕੋਈ ਸ਼ਰਅ, ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਜਗਤ ਵਿਦਿਆ ਅੱਖਰ ਨਾ ਕੋਈ ਪੜ੍ਹਾ, ਕਾਗਜ਼ ਕਲਮ ਨਾ ਕੋਇ ਚਤੁਰਾਈਆ । ਜਗਤ ਸਰੋਵਰ ਲੋੜ ਰਹੇ ਨਾ ਸਰਾ, ਤੀਰਥ ਤਟ ਨਾ ਕੋਇ ਚਤੁਰਾਈਆ । ਤੀਜੀ ਜਮਾਤ ਵਿਚ ਮਿਲੇ ਅਗੰਮਾ ਵਰਾ, ਵਰਦਾਤਾ ਹੋ ਕੇ ਦਏ ਵਡਿਆਈਆ । ਇਕੋ ਹੁਕਮ ਸੁਣਾਏ ਖਰਾ, ਖਾਲਸ ਇਕੋ ਰੰਗ ਰੰਗਾਈਆ । ਅੰਮ੍ਰਿਤ ਜਾਮ ਪਿਆ ਕੇ ਜ਼ਰਾ, ਜ਼ਰੇ

ਜ਼ਰੇ ਵਿਚੋਂ ਆਪਣਾ ਨੂਰ ਦਰਸਾਈਆ । ਅੰਤਰ ਨਿਰੰਤਰ ਜਿਸ ਦੇ ਨਾਲ ਠਰਾ, ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਤੀਜੀ ਜਮਾਤ ਕਹੇ ਮੇਰੇ ਸ਼ਬਦ ਦੀ ਅਗੰਮੀ ਧੁਨ, ਧੁਨ ਆਤਮਕ ਰਾਗ ਦ੍ਰਿੜਾਈਆ । ਭਗਤ ਸੁਹੇਲਾ ਲਏ ਸੁਣ, ਅਣਸੁਣਤ ਦਏ ਜਣਾਈਆ । ਹਰਿਜਨ ਆਪਣੇ ਲਏ ਚੁਣ, ਖੋਜਣਹਾਰਾ ਥਾਉਂ ਥਾਈਂਆ । ਜਿਸ ਦੀ ਸਿਖਿਆ ਵਿਚ ਵੱਡਾ ਗੁਣ, ਅਵਗੁਣ ਕੂੜੇ ਬਾਹਰ ਕਢਾਈਆ । ਭਗਤ ਸੁਹੇਲੇ ਸੰਤ ਮੀਤ ਆਪੇ ਚੁਣ, ਆਪੇ ਵੇਖੇ ਥਾਉਂ ਥਾਈਂਆ । ਜਿਸ ਦਾ ਲੇਖਾ ਕੋਈ ਨਾ ਜਾਣੇ ਰਿਖ ਮੁਨ, ਭੇਵ ਅਭੇਦਾ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਤੀਜੀ ਜਮਾਤ ਕਹੇ ਮੇਰੀ ਬੜੀ ਸੋਹਣੀ ਪੜ੍ਹਾਈ, ਅਲਫ਼ ਬੇ ਵੰਡ ਨਾ ਕੋਇ ਵੰਡਾਈਆ । ਮੇਰਾ ਸੋਹਣਾ ਹਿੰਦਸਾ ਇਕਾਈ, ਏਕਾ ਏਕ ਸੋਭਾ ਪਾਈਆ । ਜਿਸ ਦੀ ਖ਼ੁਸ਼ੀ ਮੇਰੇ ਅੰਤਰ ਨਾ ਸਕੇ ਸਮਾਈ, ਗਿਣਤੀ ਗਣਤ ਨਾ ਕੋਇ ਜਣਾਈਆ । ਮੇਰੀ ਬੁੱਧੀ ਨਾਲੋਂ ਹੋਏ ਜੁਦਾਈ, ਮਤ ਚਲੇ ਨਾ ਕੋਇ ਚਤੁਰਾਈਆ । ਮਨੂਆ ਦਹਿ ਦਿਸ਼ ਨਾ ਉਠ ਉਠ ਧਾਈ, ਨਵ ਭੱਜੇ ਨਾ ਵਾਹੋ ਦਾਹੀਆ । ਇਕੋ ਮੀਤਾ ਸਤਿਗੁਰ ਮਿਲੇ ਗੁਸਾਈਂ, ਗਹਿਰ ਗਵਰ ਇਕ ਅਖਵਾਈਆ । ਜੋ ਆਪਣਾ ਪਰਦਾ ਦਏ ਉਠਾਈ, ਬਜਰ ਕਪਾਟੀ ਰਹਿਣ ਨਾ ਪਾਈਆ । ਅੰਮ੍ਰਿਤ ਜਾਮ ਬੂੰਦ ਸਵਾਂਤੀ ਨਿਝਰ ਝਿਰਨਿਉ ਦਏ ਪਿਆਈ, ਨਾਭੀ ਕਵਲ ਕਵਲ ਉਲਟਾਈਆ । ਸਹੰਸ ਦਲ ਨੱਚੇ ਟੱਪੇ ਚਾਈਂ ਚਾਈਂ, ਖ਼ੁਸ਼ੀਆਂ ਢੋਲੇ ਗਾਈਆ । ਸ਼ਬਦ ਧੁਨ ਨਾਦ ਕਰੇ ਸ਼ਨਵਾਈ, ਬਿਨ ਸਰਵਣਾਂ ਦਏ ਸੁਣਾਈਆ । ਸਤਿਗੁਰ ਪੂਰਾ ਮੇਰੀ ਪ੍ਰੀਖਿਆ ਲਏ ਚਾਈਂ ਚਾਈਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਤੀਜੀ ਜਮਾਤ ਕਹੇ ਮੈਂ ਵੀ ਜਾਵਾਂ ਮੁਕ, ਮੁਕੰਮਲ ਦਿਆਂ ਦ੍ਰਿੜਾਈਆ । ਇਸ ਤੋਂ ਅੱਗੇ ਇਕੋ ਹੋਵੇ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਆਤਮ ਪਰਮਾਤਮ ਰਹੇ ਕੋਈ ਨਾ ਲੁਕ, ਪਰਦਾ ਪਰਦਿਆਂ ਵਿਚੋਂ ਉਠਾਈਆ । ਚੌਥੀ ਜਮਾਤ ਵਿਚ ਹਰਿਜਨ ਚੜ੍ਹ ਕੇ ਹੋਏ ਖ਼ੁਸ਼, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਇਕੋ ਸਤਿਗੁਰ ਸ਼ਬਦ ਸਾਚੀ ਸੰਥਾ ਲਏ ਪੁਛ, ਭੇਵ ਅਭੇਦਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਪ੍ਰਾਇਮਰੀ ਕਹੇ ਮੇਰੀ ਜੋ ਚੜ੍ਹ ਜਾਏ ਚੌਥੀ ਜਮਾਤ, ਜੁਮਲਾ ਅੱਖਰ ਨਾ ਕੋਇ ਪੜ੍ਹਾਈਆ । ਸਤਿਗੁਰ ਆਪਣੀ ਕਿਰਪਾ ਕਰੇ ਅਨਾਇਤ, ਮੁਫ਼ਤ ਮੁਫ਼ਤ ਮੁਫ਼ਤ ਵਰਤਾਈਆ । ਧੁਰ ਦਾ ਸ਼ਬਦ ਕਰੇ ਹਦਾਇਤ, ਬਿਨ ਅੱਖਰਾਂ ਦਏ ਸਮਝਾਈਆ । ਮਿਹਰਵਾਨ ਹੋ ਕੇ ਸਾਚੀ ਕਰੇ ਹਮਾਇਤ, ਹਮਸਾਜਣ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਚੌਥੀ ਜਮਾਤ ਕਹੇ ਮੇਰੇ ਉਤੇ ਮੇਰਾ ਸਾਹਿਬ ਕਰੇ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਮੈਨੂੰ ਕੋਟਾਂ ਵਿਚੋਂ ਪੜ੍ਹੇ ਕੋਈ ਜੀਵ ਪੁਰਾਨੀ, ਜਿਸ ਉਪਰ ਸਤਿਗੁਰ ਆਪਣਾ ਹੱਥ ਟਿਕਾਈਆ । ਉਹਦਾ ਲਹਿਣਾ ਦੇਣਾ ਮੁੱਕ ਜਾਏ ਨਾਲੋਂ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੰਡ ਨਾ ਕੋਇ ਵੰਡਾਈਆ । ਚਾਰ ਵਰਨ ਨਾ ਕਰਨ ਪਰੇਸ਼ਾਨੀ, ਬਰਨਾਂ ਡੇਰਾ ਢਾਈਆ । ਸਾਚੀ ਮੰਜ਼ਲ ਇਕੋ ਮਿਲੇ ਰੁਹਾਨੀ, ਰੂਹ ਬੁੱਤ ਤੋਂ ਬਾਹਰ ਵਜਦੀ ਰਹੇ ਵਧਾਈਆ । ਜਿਥੇ ਝਗੜਾ ਨਹੀਂ ਜਿਸਮ ਜਿਸਮਾਨੀ, ਜਿਸਮ ਜਮੀਰ ਦਏ ਬਦਲਾਈਆ । ਜਿਥੇ ਲੇਖਾ ਨਹੀਂ ਕਲਮ ਕਾਨੀ,

ਕਾਗਜ਼ ਸ਼ਾਹੀ ਵੰਡ ਨਾ ਕੋਇ ਵੰਡਾਈਆ । ਚੌਥੀ ਜਮਾਤ ਨੂੰ ਪੜ੍ਹ ਸਕੇ ਨਾ ਕੋਈ ਅਕਲ ਵਾਲਾ ਵਿਦਵਾਨੀ, ਬੁਧੀ ਦੀ ਚਲੇ ਨਾ ਕੋਇ ਚਤੁਰਾਈਆ ।
ਜਿਸ ਉਤੇ ਸਤਿਗੁਰ ਕਿਰਪਾ ਕਰੇ ਉਹ ਮੇਰੀ ਵਿਦਿਆ ਕਰੇ ਪਹਿਚਾਨੀ, ਬਿਨ ਅੱਖਰਾਂ ਅੱਖਰ ਵੇਖ ਵਖਾਈਆ । ਜਿਥੇ ਲਹਿਣਾ ਦੇਣਾ ਨਹੀਂ ਜ਼ਿਮੀਂ
ਅਸਮਾਨੀ, ਮੰਡਲਾਂ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ
ਇਕ ਅਖਵਾਈਆ । ਚੌਥੀ ਕਹੇ ਮੇਰਾ ਲੇਖਾ ਨਹੀਂ ਕੋਈ ਪੰਡਤੀ, ਜਗਤ ਵਿਦਿਆ ਨਾ ਕੋਇ ਚਤੁਰਾਈਆ । ਮੇਰਾ ਲਹਿਣਾ ਦੇਣਾ ਨਹੀਂ ਕੋਈ ਹੰਗਤੀ,
ਹੰਕਾਰ ਗੜ੍ਹ ਨਾ ਕੋਇ ਰਖਾਈਆ । ਮੇਰੀ ਤ੍ਰਿਸ਼ਨਾ ਨਹੀਂ ਕੋਈ ਮਨ ਦੀ, ਮਮਤਾ ਮੋਹ ਨਾ ਕੋਇ ਜਣਾਈਆ । ਮੈਂ ਵਣਜਾਰੀ ਨਹੀਂ ਕਦੇ ਕੰਨ ਦੀ,
ਸਰਵਣਾਂ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ
ਗੁਸਾਈਆ । ਚੌਥੀ ਜਮਾਤ ਕਹੇ ਜਨ ਭਗਤੋ ਮੇਰੀ ਇਕੋ ਅਗੰਮੀ ਬਾਤ, ਬਾਤਨ ਦਿਆਂ ਜਣਾਈਆ । ਮੇਰੀ ਮੰਜ਼ਲ ਦਾ ਲੇਖਾ ਨਾਲ ਕਮਲਾਪਾਤ,
ਪਤਿਪਰਮੇਸ਼ਵਰ ਮਿਲ ਕੇ ਵੱਜੇ ਵਧਾਈਆ । ਇਕੋ ਗ੍ਰਹਿ ਇਕੋ ਦਵਾਰਾ ਜਿਥੇ ਨਾ ਕੋਈ ਦਿਵਸ ਨਾ ਕੋਈ ਰਾਤ, ਸੂਰੀਆ ਚੰਦ ਨਾ ਕੋਇ ਵਡਿਆਈਆ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਪ੍ਰਾਇਮਰੀ ਕਹੇ ਮੇਰੀ ਪੜ੍ਹਾਈ
ਜਗਤ ਜਮਾਤਾਂ ਚਾਰ, ਚਾਰੇ ਖਾਣੀ ਚਾਰੇ ਬਾਣੀ ਪਰਾ ਪਸੰਤੀ ਮਧਮ ਬੈਖਰੀ ਢੋਲਿਆਂ ਵਿਚ ਸਿਫ਼ਤ ਸਲਾਹੀਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ
੧੫੩੫ ਸ਼ਬਦ ਅਨਾਦੀ ਮੇਰਾ ਯਾਰ, ਮਿਤਰ ਪਿਆਰਾ ਇਕ ਅਖਵਾਈਆ । ਜਿਸ ਦੇ ਹੁਕਮ ਵਿਚ ਮੇਰੀ ਖ਼ੁਸ਼ੀਆਂ ਵਾਲੀ ਬਹਾਰ, ਰੁੱਤ ਮੌਲੇ ਅਗੰਮ ਅਥਾਹੀਆ । ੧੫੩੫
੨੪ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਪ੍ਰਾਇਮਰੀ ਕਹੇ ਮੇਰੀ ਪੜ੍ਹਾਈ ੨੪
ਦੀ ਅਗੰਮੀ ਧਰਮਸਾਲ, ਮਕਤਬ ਸਚ ਹਕ ਜਣਾਈਆ । ਜਿਸ ਦੀ ਵਿਦਿਆ ਬੇਮਿਸਾਲ, ਮਿਸਲ ਸਕੇ ਨਾ ਕੋਇ ਜਣਾਈਆ । ਜਿਥੇ ਮੁਰਸ਼ਦ ਮੁਰੀਦਾਂ
ਪੁੱਛੇ ਹਾਲ, ਮਾਲਕ ਬੇਪਰਵਾਹੀਆ । ਓਥੇ ਇਕੋ ਇਕ ਸਵਾਲ, ਬਿਨ ਅੱਖਰਾਂ ਜਣਾਈਆ । ਜਿਸ ਉਪਰ ਕਿਰਪਾ ਕਰੇ ਦੀਨ ਦਿਆਲ, ਦਇਆਨਿਧ
ਹੋਏ ਸਹਾਈਆ । ਉਸ ਦੀ ਸਿਖਿਆ ਬੜੀ ਕਮਾਲ, ਕਾਮਲ ਮੁਰਸ਼ਦ ਹੋ ਕੇ ਦਏ ਜਣਾਈਆ । ਜਿਸ ਵਿਦਿਆ ਨੂੰ ਪੜ੍ਹ ਕੇ ਕਦੇ ਨਾ ਹੋਵੇ ਜ਼ਵਾਲ,
ਜਨਮ ਮਰਨ ਵਿਚ ਕਦੇ ਨਾ ਆਈਆ । ਚੌਥੀ ਜਮਾਤ ਵਿਚੋਂ ਚੌਥੀ ਮੰਜ਼ਲ ਹੋਏ ਬਹਾਲ, ਚੌਥੇ ਪਦ ਦਾ ਮਾਲਕ ਮਿਲੇ ਧੁਰ ਦਾ ਮਾਹੀਆ । ਜੋ ਮਾਸਟਰ
ਟੀਚਰ ਉਸਤਾਦ ਹੋ ਕੇ ਆਪੇ ਲਏ ਸੰਭਾਲ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ
ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਚੌਥੀ ਜਮਾਤ ਕਹੇ ਮੇਰੇ ਤੋਂ ਅੱਗੇ ਕੋਈ ਨਾ ਜਾਂਦਾ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਚੌਥੇ ਘਰ
ਦੇ ਢੋਲੇ ਹਰਿਜਨ ਗਾਂਦਾ, ਬਿਨ ਰਸਨਾ ਰਾਗ ਦ੍ਰਿੜ੍ਹਾਈਆ । ਇਕੋ ਸੰਦੇਸ਼ਾ ਵਾਹ ਵਾਹ ਦਾ, ਵਾਹਵਾ ਤੇਰੀ ਬੇਪਰਵਾਹੀਆ । ਤੇਰਾ ਲੇਖਾ ਲਹਿਣਾ
ਦੇਣਾ ਬਿਨਾ ਅੱਖਰਾਂ ਵਾਲੇ ਨਾਂ ਦਾ, ਨਰ ਨਿਰੰਕਾਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ
ਵਰ, ਸਚ ਦਾ ਹੁਕਮ ਇਕ ਸੁਣਾਈਆ । ਚੌਥੀ ਜਮਾਤ ਕਹੇ ਜਰਾ ਤੱਕਣਾ ਨਾਲ ਗੌਰ, ਗਹਿਰ ਗਵਰ ਜਣਾਈਆ । ਮੈਨੂੰ ਖ਼ੁਸ਼ੀਆਂ ਨਾਲ ਪੜ੍ਹ
ਕੇ ਵਿਦਿਆ ਪੂਰੀ ਕੀਤੀ ਬਲਵੰਤ ਕੌਰ, ਲੇਖਾ ਦੀਨ ਦੁਨੀ ਮੁਕਾਈਆ । ਜਿਸ ਦਾ ਮਾਨਸ ਜਨਮ ਗਿਆ ਸੌਰ, ਸੌਹਰੇ ਪਈਏ ਇਕੋ ਘਰ ਮਿਲੀ

੧੫੩੬
੨੪

ਵਡਿਆਈਆ । ਧੁਰ ਦਾ ਮਾਲਕ ਮਿਲਿਆ ਬਾਂਕਾ ਸ਼ੌਹਰ, ਸ਼ਹਿਨਸ਼ਾਹ ਨੂਰ ਅਲਾਹੀਆ । ਜੋ ਆਦਿ ਜੁਗਾਦੀ ਭਗਤਾਂ ਜਾਏ ਬਹੁੜ, ਜਗਤ ਜਹਾਨ ਵੇਖਣਹਾਰਾ ਥਾਉਂ ਥਾਈਆ । ਜੋ ਮਿੱਠੇ ਰਸ ਕਰੇ ਕੌੜ, ਕੁੜੱਤਣ ਅੰਦਰੋਂ ਬਾਹਰ ਕਢਾਈਆ । ਜਿਸ ਦਾ ਲੇਖਾ ਨਾਲ ਬ੍ਰਾਹਮਣ ਗੌੜ, ਗੋਬਿੰਦ ਮੇਲਾ ਸਹਿਜ ਸੁਭਾਈਆ । ਉਹ ਪਹਿਲੀ ਦੂਜੀ ਤੀਜੀ ਭੱਜ ਕੇ ਚੌਥੀ ਮੰਜ਼ਲ ਚੜ੍ਹ ਗਈ ਪੌੜ, ਬਿਨ ਕਦਮਾਂ ਕਦਮ ਟਿਕਾਈਆ । ਜਿਸ ਦਾ ਮਾਰਗ ਰਿਹਾ ਨਾ ਸੌੜ, ਭੀੜੀ ਗਲੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਬਲਵੰਤ ਕੌਰ ਕਹੇ ਜਨ ਭਗਤੋ ਮੈਂ ਜਮਾਤ ਚੌਥੀ ਬਿਨ ਅੱਖਰਾਂ ਤੋਂ ਪੜ੍ਹੀ, ਪੜ੍ਹਨ ਵਾਲਿਉ ਦਿਆਂ ਜਣਾਈਆ । ਮੇਰੀ ਵਿਦਿਆ ਦੋ ਜਹਾਨਾਂ ਬੜੀ, ਬਿਨ ਅੱਖਰਾਂ ਮਿਲੀ ਵਡਿਆਈਆ । ਜਿਸ ਨੇ ਮੇਰੀ ਸੁਲਖਣੀ ਕੀਤੀ ਘੜੀ, ਵਕਤ ਪਲ ਨਾਲ ਵਡਿਆਈਆ । ਬਿਸ਼ਨ ਸਿੰਘ ਦੇ ਮਾਸਟਰ ਸਤਿਗੁਰ ਸ਼ਬਦ ਨੇ ਮੇਰੀ ਬਾਂਹ ਫੜੀ, ਬਿਨ ਹੱਥਾਂ ਹੱਥ ਉਠਾਈਆ । ਪ੍ਰਾਇਮਰੀ ਪੜ੍ਹ ਕੇ ਭਗਤੋ ਮੈਂ ਸਚਖੰਡ ਦਵਾਰੇ ਖੜੀ, ਖੜ੍ਹੀ ਖੜੋਤੀ ਸਭ ਨੂੰ ਦਿਆਂ ਸਮਝਾਈਆ । ਜਗਤ ਵਿਦਿਆ ਵਾਲੇ ਤਨ ਸੜ ਗਏ ਵਿਚ ਤਨ ਦੀ ਮੜੀ, ਮਸਾਣਾਂ ਵਿਚ ਆਸਣ ਲਾਈਆ । ਮੇਰੀ ਆਤਮਾ ਪਰਮਾਤਮਾ ਨਾਲ ਮਿਲ ਕੇ ਖਰੀ ਦੀ ਖਰੀ, ਖਾਲਸ ਆਪਣਾ ਰੰਗ ਰੰਗਾਈਆ । ਕਿਉਂ ਸਤਿਗੁਰ ਸ਼ਬਦ ਨੇ ਕਿਰਪਾ ਕਰੀ, ਕਰਨੀ ਦੇ ਕਰਤੇ ਦਿਤੀ ਵਡਿਆਈਆ । ਮੈਂ ਪੁੱਜ ਗਈ ਆਪਣੇ ਅਗੰਮੇ ਘਰੀ, ਜਿਸ ਘਰਾਨੇ ਵਿਚੋਂ ਬਾਹਰ ਨਾ ਕੋਇ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਬਲਵੰਤ ਆਤਮਾ ਕਹੇ ਮੈਂ ਚੌਥੀ ਜਮਾਤ ਪੜ੍ਹ ਕੇ ਹੋ ਗਈ ਪਾਸ, ਪਾਸਾ ਦੀਨ ਦੁਨੀ ਬਦਲਾਈਆ । ਢੋਲਾ ਗਾਵਾਂ ਬਿਨਾ ਪਵਣ ਸਵਾਸ, ਸਾਹ ਸਾਹ ਨਾ ਕੋਇ ਚਤੁਰਾਈਆ । ਪੰਧ ਮੁਕਾ ਕੇ ਪ੍ਰਿਥਮੀ ਅਕਾਸ਼, ਗਗਨ ਗਗਨੰਤਰਾਂ ਡੇਰਾ ਢਾਈਆ । ਸਤਿ ਸਚ ਦੀ ਵੇਖਾਂ ਰਾਸ, ਬਿਨ ਗੋਪੀ ਕਾਹਨ ਸੋਭਾ ਪਾਈਆ । ਜਿਥੇ ਇਕੋ ਨੂਰ ਜੋਤ ਪ੍ਰਕਾਸ਼, ਬਿਨ ਤੇਲ ਬਾਤੀ ਡਗਮਗਾਈਆ । ਹਰਿਜਨ ਆਤਮ ਧਾਰ ਬੈਠੇ ਬਿਨ ਚਰਨਾਂ ਚਰਨਾਂ ਪਾਸ, ਸੋਹਣਾ ਸੰਗ ਬਣਾਈਆ । ਮੇਰਾ ਖ਼ੁਸ਼ੀਆਂ ਵਿਚ ਨਿਕਲੇ ਹਾਸ, ਹੱਸ ਹੱਸ ਕੇ ਦਿਆਂ ਜਣਾਈਆ । ਜਨ ਭਗਤੋ ਪ੍ਰਭੂ ਦੀ ਚਰਨ ਪ੍ਰੀਤੀ ਚੌਥੀ ਮੰਜ਼ਲ ਦੀ ਕਲਾਸ, ਚੌਥੇ ਪਦ ਦਾ ਲਹਿਣਾ ਜਗਤ ਦੀ ਹਦ ਹਦੂਦ ਦਏ ਮੁਕਾਈਆ । ਜਿਥੇ ਸਤਿਗੁਰ ਸ਼ਬਦ ਦੇਵੇ ਸ਼ਾਬਾਸ਼, ਸਿਰ ਸਿਰ ਆਪਣਾ ਹੱਥ ਟਿਕਾਈਆ । ਗੁਰਮੁਖੋ ਚੌਥੀ ਜਮਾਤ ਪੜ੍ਹਨ ਵਾਲਿਓ ਸਭ ਦਾ ਅੰਤਮ ਸਚਖੰਡ ਵਿਚ ਹੋਣਾ ਨਿਵਾਸ, ਜਗਤ ਜਮਾਤਾਂ ਦੀ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਇਕ ਸੁਹਾਈਆ । ਆਤਮਾ ਕਹੇ ਮੈਂ ਚੌਥੀ ਜਮਾਤ ਪੜ੍ਹੀ ਨਿਰਾਲੀ, ਨਿਰਗੁਣ ਨਿਰਵੈਰ ਦਿਤੀ ਪੜ੍ਹਾਈਆ । ਬਿਨ ਅੱਖਰਾਂ ਵਿਦਿਆ ਦੱਸ ਸੁਖਾਲੀ, ਸੋਹਣੀ ਸੱਚੀ ਦਿਤੀ ਵਡਿਆਈਆ । ਮੇਰਾ ਲੇਖਾ ਲਹਿਣਾ ਤੱਕ ਲਓ ਹਾਲੀ, ਹਰ ਹਿਰਦੇ ਦਿਆਂ ਜਣਾਈਆ । ਜਿਥੇ ਨਾ ਕੋਈ ਜਵਾਬ ਨਾ ਸਵਾਲੀ, ਤਾਲਬਇਲਮ ਬਿਨਾ ਇਲਮ ਤੋਂ ਕਰੇ ਸ਼ਨਵਾਈਆ । ਕਿਰਪਾ ਕਰੇ ਪੁਰਖ ਅਕਾਲਾ ਜੋਤ ਅਕਾਲੀ, ਅਕਲ ਕਲ ਧਾਰੀ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਪ੍ਰਾਇਮਰੀ ਕਹੇ ਜਨ ਭਗਤੋ ਮੇਰੇ ਤੋਂ ਅੱਗੇ ਨਹੀਂ ਕੋਈ ਪ੍ਰੇਮ, ਪਰਾ ਪਸੰਤੀ ਮਧਮ ਬੈਖਰੀ ਮੇਰੇ ਢੋਲੇ ਗਾਈਆ । ਪੁਰਖ ਅਕਾਲ ਦੀਨ ਦਿਆਲ ਦਾ

ਆਦਿ ਜੁਗਾਦੀ ਨੇਮ, ਹੁਕਮ ਹੁਕਮ ਵਿਚੋਂ ਸਮਝਾਈਆ । ਜੋ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੇਵਣਹਾਰਾ ਦੇਣ, ਜੋਤੀ ਜਾਤਾ ਪੁਰਖ ਬਿਧਾਤਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਚੌਥੀ ਜਮਾਤ ਕਹੇ ਮੇਰਾ ਇਕੋ ਚੌਥਾ ਪਦ, ਸੋਹਣੀ ਵੰਡ ਵੰਡਾਈਆ । ਸੰਤੋ ਭਗਤੋ ਸੂਫੀਓ, ਤੁਹਾਡੀ ਮੰਜ਼ਲ ਦੀ ਅਗੰਮੀ ਹੱਦ, ਹਦੂਦ ਇਕੋ ਇਕ ਜਣਾਈਆ । ਜਿਥੇ ਬਿਨਾ ਜਗਤ ਸਾਜ਼ ਤੋਂ ਵੱਜੇ ਨਦ, ਅਨਹਦ ਨਾਦੀ ਨਾਦ ਸੁਣਾਈਆ । ਬਿਨਾ ਤੇਲ ਬਾਤੀ ਦੀਪਕ ਤੋਂ ਜੋਤ ਜਾਏ ਜਗ, ਜੋਤੀ ਜਾਤਾ ਡਗਮਗਾਈਆ । ਜਗਤ ਵਿਦਿਆ ਨਾਲੋਂ ਹੋ ਜਾਣ ਅਲੱਗ, ਹਰਿਜਨ ਹਰਿਜਨ ਹਰਿਜਨ ਮਿਲੇ ਮਾਣ ਵਡਿਆਈਆ । ਇਹ ਵਿਦਿਆ ਸਤਿਗੁਰ ਪੂਰਾ ਦੇਵੇ ਸਰਬੱਗ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੇ ਪੜ੍ਹਨ ਨਾਲ ਜਗਤ ਵਿਦਿਆ ਬੁਝ ਜਾਏ ਅੱਗ, ਸਾਂਤਕ ਸਤਿ ਸਤਿ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਆਪਣਾ ਹੁਕਮ ਵਰਤਾਈਆ । ਪ੍ਰਾਇਮਰੀ ਕਹੇ ਜਿਸ ਨੂੰ ਮੇਰੀ ਵਿਦਿਆ ਪੜ੍ਹਨ ਦਾ ਚਾਓ, ਚਾਓ ਘਨੇਰਾ ਇਕ ਰਖਾਈਆ । ਸਤਿਗੁਰ ਸ਼ਬਦ ਸ਼ਬਦ ਮਨਾਓ, ਮਨਸਾ ਅਵਰ ਨਾ ਕੋਇ ਦ੍ਰਿੜਾਈਆ । ਪਰਮ ਪੁਰਖ ਪਰਮਾਤਮ ਮੰਨੋ ਧੁਰ ਦਾ ਪਿਤਾ ਮਾਉਂ, ਦੂਸਰ ਅਵਰ ਨਾ ਕੋਇ ਜਣੇਂਦੀ ਮਾਈਆ । ਆਤਮ ਪਰਮਾਤਮ ਪਰਮਾਤਮ ਆਤਮ ਇਕੋ ਰੰਗ ਸਮਾਓ, ਜਗਤ ਰੰਗਤ ਰਹਿਣ ਕੋਇ ਨਾ ਪਾਈਆ । ਸਚ ਸਵਾਮੀ ਅੰਤਰਜਾਮੀ ਪੁਰਖ ਅਬਿਨਾਸ਼ੀ ਆਪਾ ਭੇਟ ਕਰਾਓ, ਸਰਗੁਣ ਨਿਰਗੁਣ ਨਿਰਗੁਣ ਸਰਗੁਣ ਇਕੋ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਏਥੇ ਓਥੇ ਦੋ ਜਹਾਨ ਪਕੜੇ ਬਾਹੋਂ, ਮਾਲਕ ਖ਼ਾਲਕ ਪ੍ਰਿਤਪਾਲਕ ਹੋ ਕੇ ਆਪਣੀ ਦਇਆ ਕਮਾਈਆ ।

### ✪ ੨੨ ਚੇਤ ਸ਼ਹਿਨਸ਼ਾਹੀ ਸੰਮਤ ੧੨ ਹਰਬੰਸ ਸਿੰਘ ਦੇ ਗ੍ਰਹਿ ਗੁੜਗਾਂਓ ਸ਼ਹਿਰ ✪

ਹਰੀ ਦਾ ਬੰਸ ਭਗਵਾਨ ਦਾ ਪਰੀਵਾਰ, ਭਗਤ ਸੁਹੇਲੇ ਸੋਭਾ ਪਾਈਆ । ਜਿਨ੍ਹਾਂ ਦਾ ਲਹਿਣਾ ਦੇਣਾ ਸਦਾ ਜੁਗ ਚਾਰ, ਜਗਤ ਜੁਗਤ ਜੁਗ ਚੌਕੜੀ ਆਪਣਾ ਰੰਗ ਰੰਗਾਈਆ । ਪਿਆਰ ਮੁਹੱਬਤ ਵਾਲੀ ਸਦਾ ਮਹਿਕਦੀ ਰਹੇ ਬਹਾਰ, ਪਤ ਟਹਿਣੀ ਫਲ ਫੁਲ ਆਪਣੇ ਰੰਗ ਰੰਗਾਈਆ । ਵੇਖੇ ਵਿਗਸੇ ਪਾਵਣਹਾਰਾ ਸਾਰ, ਮਿਹਰਵਾਨ ਆਪਣੀ ਦਇਆ ਕਮਾਈਆ । ਲੋਕਮਾਤੀ ਗੁਲਸ਼ਨ ਹੱਕ ਵੇਖੇ ਗੁਲਜ਼ਾਰ, ਹਰਿਜਨ ਨਵ ਸੱਤ ਧਿਆਨ ਲਗਾਈਆ । ਜਿਨ੍ਹਾਂ ਦੇ ਅੰਤਰ ਨਿਰੰਤਰ ਇਕ ਜੈਕਾਰ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਤਿਨ੍ਹਾਂ ਦਾ ਮਾਲਕ ਮੀਤ ਮੁਰਾਰ, ਹਰਿ ਕਰਤਾ ਇਕ ਅਖਵਾਈਆ । ਜਿਸ ਦਾ ਖੇਲ ਸਦਾ ਅਪਾਰ, ਅਪਰੰਪਰ ਹੋ ਕੇ ਵੇਖ ਵਖਾਈਆ । ਭਗਤ ਵਛਲ ਬਣ ਗਿਰਧਾਰ, ਗਹਿਰ ਗੰਭੀਰ ਆਪਣਾ ਰੰਗ ਰੰਗਾਈਆ । ਜਨ ਭਗਤਾਂ ਪੈਜ ਦੇਵੇ ਸਵਾਰ, ਸਾਹਿਬ ਸਵਾਮੀ ਸਿਰ ਆਪਣਾ ਹੱਥ ਟਿਕਾਈਆ । ਜਨਮ ਜਨਮ ਦਾ ਲਹਿਣਾ ਦਏ ਨਿਵਾਰ, ਕਰਮ ਕਰਮ ਦਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਇਕ ਵਡਿਆਈਆ ।

ਹਰੀ ਕਹੇ ਮੇਰਾ ਬੰਸ ਸੁਹਾਵਾ, ਹਰਿਜਨ ਸਾਚੇ ਸੋਭਾ ਪਾਈਆ । ਜਿਨ੍ਹਾਂ ਦੇ ਉਪਰ ਪ੍ਰੇਮ ਪਿਆਰ ਦਾ ਦਾਅਵਾ, ਦਾਅਵੇਦਾਰ ਇਕ ਅਖਵਾਈਆ । ਓਨ੍ਹਾਂ ਦਾ ਵਜ਼ਨ ਸਚ ਦਵਾਰ ਸਾਂਵਾ, ਕੰਡਾ ਤੋਲ ਤਰਾਜ਼ੂ ਇਕੋ ਇਕ ਵਖਾਈਆ । ਬਿਨਾ ਅੱਖਰਾਂ ਤੋਂ ਚਰਨ ਕਵਲ ਲਗਾਏ ਨਾਂਵਾਂ, ਬਿਨ ਹਰਫ ਹਰੂਫ਼ ਪੜ੍ਹਿਆਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਹਰੀ ਬੰਸ ਕਹੇ ਮੇਰਾ ਧਰਮ ਧਾਰ ਦਾ ਨਾਵਾਂ, ਨਾਉਂ ਨਿਰੰਕਾਰ ਦਿਤੀ ਵਡਿਆਈਆ । ਮੇਰੀਆਂ ਪ੍ਰੇਮ ਪਿਆਰ ਦੀਆਂ ਬਾਹਵਾਂ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਬਲਵੰਤ ਕਹੇ ਮੈਂ ਹਰਬੰਸ ਪੁੱਤ ਪਾਲਿਆ ਵਧ ਕੇ ਨਾਲੋਂ ਮਾਵਾਂ, ਆਪ ਆਪਣੀ ਗੋਦ ਟਿਕਾਈਆ । ਮੇਰਾ ਸਤਿਗੁਰ ਸਵਾਮੀ ਸਿਰ ਰੱਖੇ ਜਿਸ ਦੇ ਛਾਵਾਂ, ਮਿਹਰਵਾਨ ਹੋ ਕੇ ਦਇਆ ਕਮਾਈਆ । ਮੈਂ ਉਸੇ ਦੇ ਬਲ ਬਲ ਜਾਵਾਂ, ਜਿਸ ਸਚਖੰਡ ਦਵਾਰ ਮੈਨੂੰ ਦਿਤੀ ਵਡਿਆਈਆ । ਜਿਸ ਦੇ ਪਿਆਰ ਵਿਚ ਹਰਿਭਗਤ ਰਹੇ ਨਾ ਕੋਇ ਨਿਥਾਵਾਂ, ਥਾਨ ਥਨੰਤਰ ਆਪਣਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਝਟ ਸੰਤ ਮਨੀ ਸਿੰਘ ਧਾਰ ਰਹੀ ਪੁਕਾਰ, ਖ਼ੁਸ਼ੀਆਂ ਢੋਲੇ ਗਾਈਆ । ਮੇਰਾ ਪੂਰਬ ਲਹਿਣਾ ਚੁੱਕਿਆ ਉਧਾਰ, ਦਰ ਸਚ ਮਿਲੀ ਵਡਿਆਈਆ । ਕਿਰਪਾ ਕਰੀ ਆਪ ਨਿਰੰਕਾਰ, ਮਿਹਰਵਾਨ ਹੋ ਕੇ ਵੇਖ ਵਖਾਈਆ । ਬਿਸ਼ਨ ਸਿੰਘ ਬਿਨ ਵਿਸ਼ਨ ਬ੍ਰਹਮਾ ਸ਼ਿਵ ਦਿਤਾ ਤਾਰ, ਬਿਨ ਸ਼ੰਕਰ ਲੇਖਾ ਦਿਤਾ ਮੁਕਾਈਆ । ਖ਼ੁਸ਼ੀਆਂ ਵਿਚ ਰੱਖ ਪਰਵਾਰ, ਪਰਮ ਪੁਰਖ ਦਏ
੧੫੩੮ ਵਡਿਆਈਆ । ਜੋ ਆਦਿ ਜੁਗਾਦੀ ਲਹਿਣਾ ਦੇਣਾ ਦੇਵੇ ਵਿਚ ਸੰਸਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਮੇਰਾ ਇਕ ਓਢਣ ਜੋ ੧੫੩੮
੨੪ ਬਖ਼ਸ਼ੇ ਬਖ਼ਸ਼ਿਸ਼ ਵਾਲੀ ਕਾਰ, ਰਹਿਮਤ ਰਹਿਮਤ ਵਿਚੋਂ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ੨੪
ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਭ ਦਾ ਮੀਤ ਮੁਰਾਰ, ਮਿਤਰ ਪਿਆਰਾ ਇਕ ਅਖਵਾਈਆ ।

### ✪ ੨੨ ਚੇਤ ਸ਼ਹਿਨਸ਼ਾਹੀ ਸੰਮਤ ੧੨ ਗੁਰਦੇਵ ਸਿੰਘ, ਜੇਠਾ ਸਿੰਘ, ਬੀਰ ਸਿੰਘ, ਬਠਲਾਣਾ ਪਿੰਡ ਮਾਣਕ ਪੁਰ ਕਲਰ ਜ਼ਿਲਾ ਅੰਬਾਲਾ ✪

ਧਰਨੀ ਕਹੇ ਮੇਰੇ ਉਤੇ ਜੁਗ ਚੌਕੜੀ ਜਾਂਦੀ ਲੰਘੀ, ਪਾਂਧੀ ਬਣ ਕੇ ਬਿਨ ਕਦਮਾਂ ਕਦਮ ਉਠਾਈਆ । ਸਤਿਜੁਗ ਤ੍ਰੇਤਾ ਦੁਆਪਰ ਮੈਂ ਮੰਗ ਕਦੇ ਨਾ ਮੰਗੀ, ਕਲਜੁਗ ਅੰਤਮ ਮਾਂਗਤ ਹੋ ਕੇ ਝੋਲੀ ਡਾਹੀਆ । ਪੁਰਖ ਅਕਾਲੇ ਦੀਨ ਦਿਆਲੇ ਮੇਰੀ ਪਿਠ ਹੋ ਗਈ ਨੰਗੀ, ਪੁਸ਼ਤ ਪਨਾਹ ਬੇਪਰਵਾਹ ਹੱਥ ਨਾ ਕੋਇ ਟਿਕਾਈਆ । ਮਿਹਰਵਾਨ ਸ੍ਰੀ ਭਗਵਾਨ ਜਗਤ ਵਸਤ ਰਹੀ ਕੋਇ ਨਾ ਚੰਗੀ, ਚਾਰ ਕੁੰਟ ਕੁੰਟ ਕੁਰਲਾਈਆ । ਝਗੜਾ ਮਿਟੇ ਨਾ ਪ੍ਰਕਿਰਤੀ ਪੰਝੀ, ਪੰਚਮ ਤਤ ਨਾ ਕੋਇ ਵਡਿਆਈਆ । ਮੇਰੇ ਅੰਤਸ਼ਕਰਨ ਆਉਂਦੀ ਰੰਜੀ, ਰੰਜ਼ਸ਼ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚਾ ਇਕ ਸੁਹਾਈਆ । ਧਰਨੀ ਕਹੇ ਪ੍ਰਭੂ ਮੇਰੀ ਹਾਲਤ ਵੇਖ ਲੈ ਜਗਤ, ਦੀਨ ਦੁਨੀ

ਦੇ ਮਾਲਕ ਧਿਆਨ ਲਗਾਈਆ । ਸਤਿ ਸੁਹੇਲੇ ਆਪਣਾ ਤੱਕ ਲੈ ਵਕਤ, ਘੜੀ ਪਲ ਪਲ ਨਾਲ ਮਿਲਾਈਆ । ਤੂੰ ਸਾਜਣ ਮੀਤਾ ਠਾਂਡਾ ਸੀਤਾ ਏਕੰਕਾਰਾ ਇਕੋ ਫ਼ਕਤ, ਫਿਕਰਾ ਸੋਹਲਾ ਢੋਲਾ ਦੇ ਜਣਾਈਆ । ਤੇਰਾ ਲਹਿਣਾ ਦੇਣਾ ਲੇਖਾ ਅਵਤਾਰ ਪੈਗ਼ੰਬਰਾਂ ਗੁਰੂਆਂ ਨਾਲ ਸ਼ਰਤ, ਸ਼ਹਿਨਸ਼ਾਹ ਹੋ ਕੇ ਵੇਖਣਾ ਚਾਈਂ ਚਾਈਂਆ । ਮੈਂ ਤੇਰੇ ਪਿਆਰ ਵਿਚ ਏਕੰਕਾਰ ਹੋਵਾਂ ਮਸਤ, ਮਸਤ ਮਸਤਾਨੀ ਮੰਜ਼ਲ ਰੁਹਾਨੀ ਵਿਚ ਲੈਣਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਧਰਨੀ ਕਹੇ ਪ੍ਰਭੂ ਮੇਰਾ ਵੇਖ ਲੈ ਅੰਤਸ਼ਕਰਨ ਦਾ ਦੁੱਖ, ਬਿਨ ਨੇਤਰ ਲੋਚਨ ਧਿਆਨ ਲਗਾਈਆ । ਮਾਨਵ ਜਾਤੀ ਧਾਰ ਤੱਕ ਮਾਨੁਖ, ਮਾਨਸ ਮਾਨਸ ਵਿਚੋਂ ਪਕੜ ਉਠਾਈਆ । ਨਵ ਸੱਤ ਸਚ ਪਿਆਰ ਦੀ ਮੇਰੇ ਉਤੇ ਪਈ ਅਗੰਮੜੀ ਭੁੱਖ, ਤ੍ਰਿਸ਼ਨਾ ਤ੍ਰਿਪਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਚ ਅਲਖ ਜਗਾਈਆ । ਸਤਿਗੁਰ ਸ਼ਬਦ ਕਹੇ ਸੁਣ ਧਰਨੀ ਧੌਲ ਜਗਤ ਧਾਰ ਦੀ ਧਰਤ, ਸਤਿ ਸਚ ਦਿਆਂ ਦ੍ਰਿੜਾਈਆ । ਤੇਰਾ ਮਾਲਕ ਖ਼ਾਲਕ ਠਾਕਰ ਸਵਾਮੀ ਆਵੇ ਪਰਤ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦੀ ਜੁਗ ਚੌਕੜੀ ਸ਼ਬਦੀ ਧਾਰ ਅਗੰਮੀ ਸ਼ਰਤ, ਸ਼ਰਅ ਦੇ ਲੇਖੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਦ੍ਰਿੜਾਈਆ । ਸਤਿਗੁਰ ਸ਼ਬਦ ਕਹੇ ਧਰਨੀ ਦੀਨ ਦਿਆਲ ਦਇਆ ਕਮਾਵੇਗਾ । ਪੁਰਖ ਅਕਾਲਾ ਵੇਸ ਵਟਾਵੇਗਾ । ਧੁਰ ਦਾ ਦੇ ਅਗੰਮ ਸੰਦੇਸ਼, ਸੰਧਿਆ ਸਰਘੀ ਇਕੋ ਰੰਗ ਰੰਗਾਵੇਗਾ । ਕਲਜੁਗ ਮੇਟੇ ਅੰਤ ਕਲੇਸ਼, ਕਲ ਕਾਤੀਆਂ ਡੇਰਾ ਢਾਵੇਗਾ । ਭੇਵ ਖੁਲ੍ਹਾਏ ਜੋ ਵਸੇ ਆਦਿ ਜੁਗਾਦਿ ਹਮੇਸ਼, ਹਮਸਾਜਣ ਇਕ ਜਣਾਵੇਗਾ । ਜੋ ਸੰਦੇਸ਼ਾ ਦੇ ਕੇ ਗਿਆ ਗੋਬਿੰਦ ਦਸ ਦਸਮੇਸ਼, ਦਹਿ ਦਿਸ਼ਾ ਹੁਕਮ ਆਪ ਵਰਤਾਵੇਗਾ । ਕਲਜੁਗ ਕਿਰਿਆ ਕੂੜ ਮੇਟੇ ਕਲੇਸ਼, ਕਲ ਕਾਤੀਆਂ ਡੇਰਾ ਢਾਹਵੇਗਾ । ਅੰਤਰ ਆਤਮ ਦੇਵੇ ਧੁਰ ਸੰਦੇਸ਼, ਸਾਚੀ ਸਿਖਿਆ ਸਿਖ ਸਮਝਾਵੇਗਾ । ਜੋ ਆਦਿ ਜੁਗਾਦਿ ਰਹੇ ਹਮੇਸ਼, ਹਮ ਸਾਜਣ ਇਕ ਅਖਵਾਵੇਗਾ । ਜਿਸ ਦੇ ਹੁਕਮ ਅੰਦਰ ਸਾਰੇ ਹੋਏ ਪੇਸ਼, ਪੇਸ਼ੀਨਗੋਈ ਆਪ ਦ੍ਰਿੜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਲਕ ਹੋ ਕੇ ਦਇਆ ਕਮਾਵੇਗਾ । ਸਤਿਗੁਰ ਸ਼ਬਦ ਕਹੇ ਧਰਨੀ ਤੇਰਾ ਪੂਰਾ ਹੋਵੇ ਹਕ, ਹਕੀਕਤ ਦਾ ਮਾਲਕ ਦਏ ਵਡਿਆਈਆ । ਤੇਰਾ ਸਹਿੰਸਾ ਮੇਟੇ ਸ਼ਕ, ਸ਼ਿਕਵਾ ਅੰਦਰੋਂ ਦਏ ਕਢਾਈਆ । ਤੂੰ ਬਿਨ ਨੇਤਰ ਲੋਚਨ ਨੈਣਾਂ ਲੈਣਾ ਤੱਕ, ਬਿਨ ਅੱਖੀਆਂ ਅੱਖ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਧਰਨੀ ਸੁਣ ਹੁਕਮ ਸ੍ਰੀ ਭਗਵੰਤ, ਹਰਿ ਕਰਤਾ ਕੀ ਦ੍ਰਿੜਾਈਆ । ਜੋ ਆਦਿ ਜੁਗਾਦੀ ਮੇਰਾ ਕੰਤ, ਕੰਤ ਕੰਤੂਹਲ ਨੂਰ ਅਲਾਹੀਆ । ਜੋ ਕਾਇਆ ਚੋਲੀ ਰੰਗ ਚਾੜ੍ਹੇ ਅਗੰਮੀ ਰੰਗਤ, ਦੋ ਜਹਾਨ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਸਤਿਗੁਰ ਸ਼ਬਦ ਮੇਰੀ ਬਿਨ ਰਸਨਾ ਜੇਹਵਾ ਪੁਕਾਰ, ਪੁਨਹ ਪੁਨਹ ਸੀਸ ਨਿਵਾਈਆ । ਮੇਰਾ ਲਹਿਣਾ ਦੇਣਾ ਤੱਕ ਲਓ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਕੀ ਆਪਣਾ ਹੁਕਮ ਵਰਤਾਈਆ । ਧੁਰ ਦੇ ਹੁਕਮ ਵਿਚ ਨੌਂ ਖੰਡ ਪ੍ਰਿਥਮੀ ਹੋਣੀ ਜੈ ਜੈਕਾਰ, ਸੱਤਾਂ ਦੀਪਾਂ ਢੋਲਾ ਇਕੋ ਲੈਣਾ ਗਾਈਆ । ਸਤਿਗੁਰ ਸ਼ਬਦ ਪਰਮ ਪੁਰਖ ਦਾ ਇਕੋ ਹੋਣਾ ਬਰਖੁਰਦਾਰ, ਅਜ਼ੀਜ਼ ਤਮੀਜ਼ ਆਪ

ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜੋਤੀ ਜਾਤਾ ਦੇਵਣਹਾਰਾ ਦਾਨ, ਵਸਤ ਅਮੋਲਕ ਅਨਮੁਲ ਅਤੁਲ ਦਾਤਾ ਦਾਨੀ ਹੋ ਕੇ ਜਨ ਭਗਤਾਂ ਧੌਲੇ ਧਵਲੇ ਧਰਨੀ ਧਰਤ ਤੇਰੀ ਝੋਲੀ ਨਾਲ ਭਰਾਈਆ ।

### ✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੧੨ ਸੰਤ ਸਿੰਘ ਦੇ ਗ੍ਰਿਹਿ ਪਿੰਡ ਮਾਣਕ ਪੁਰ ਕਲਰ ਜ਼ਿਲਾ ਰੋਪੜ ✪

ਧਰਨੀ ਕਹੇ ਪ੍ਰਭੂ ਜਨ ਭਗਤਾਂ ਨਾਤਾ ਜੋੜ, ਦੋ ਜਹਾਨਾਂ ਮਾਲਕ ਖ਼ਾਲਕ ਤੇਰੀ ਆਸ ਰਖਾਈਆ । ਅੰਮ੍ਰਿਤ ਰਸ ਮਿੱਠੇ ਬਣਾ ਦੇ ਕੌੜ, ਕੂੜੀ ਕਿਰਿਆ ਤਨ ਵਜੂਦ ਬਾਹਰ ਕਢਾਈਆ । ਮਨੂਆ ਦਹਿ ਦਿਸ਼ ਨਾ ਉਠ ਉਠ ਜਾਵੇ ਦੌੜ, ਚਾਰ ਕੁੰਟ ਨਾ ਕੋਇ ਹਲਕਾਈਆ । ਘਰ ਸਵਾਮੀ ਵਖਾ ਦੇ ਆਪਣਾ ਅਗੰਮਾ ਪੌੜ, ਬਿਨ ਪੌੜੀ ਡੰਡੇ ਮੰਜ਼ਲ ਦੇਣੀ ਚੜ੍ਹਾਈਆ । ਤੈਨੂੰ ਅਵਤਾਰਾਂ ਨਿਰਗੁਣ ਧਾਰ ਮੰਨਿਆ ਬ੍ਰਾਹਮਣ ਗੌੜ, ਗੋਬਿੰਦ ਧਾਰ ਤੇਰਾ ਰੂਪ ਅਗੰਮ ਅਥਾਹੀਆ । ਕਲਜੁਗ ਅੰਤ ਅਖੀਰ ਬੇਨਜ਼ੀਰ ਸਚ ਦਵਾਰੇ ਆਪੇ ਬਹੁੜ, ਗੁਰਮੁਖ ਗੁਰਸਿਖ ਆਪਣੇ ਰੰਗ ਰੰਗਾਈਆ । ਮੇਰੀ ਬੇਨੰਤੀ, ਬਿਨ ਹੱਥਾਂ ਹੱਥ ਰਹੀ ਜੋੜ, ਨਮੋਂ ਨਮੋਂ ਕਹਿ ਕੇ ਸੀਸ ਨਿਵਾਈਆ । ਦੋ ਜਹਾਨਾਂ ਠਾਕਰ ਦਰਸ਼ਨ ਦੇ ਚੜ੍ਹ ਅਗੰਮੇ ਘੋੜ, ਪੈਂਡਾ ਦੋ ਜਹਾਨ ਮੁਕਾਈਆ ।
 ਕਲਜੁਗ ਕਿਰਿਆ ਕੂੜ ਮੇਰੇ ਉਤੋਂ ਦੇ ਹੋੜ, ਹੋੜਾ ਸੱਸੇ ਵਾਲਾ ਦਏ ਗਵਾਹੀਆ । ਕਲਜੁਗ ਅੰਤਰ ਸਤਿ ਧਰਮ ਦਾ ਪਾ ਦੇ ਮੋੜ, ਧੁਰ ਦਾ ਹੁਕਮ ੧੫੪੦
 ਹੁਕਮ ਜਣਾਈਆ । ਪੁਰਖ ਅਕਾਲੇ ਦੀਨ ਦਿਆਲੇ ਜਨ ਭਗਤਾਂ ਕਦੀ ਨਾ ਜਾਵੀਂ ਛੋੜ, ਛੁਟਕੀ ਲਿਵ ਲੈਣੀ ਲਗਾਈਆ । ਜੋਤੀ ਜੋਤ ਸਰੂਪ ਹਰਿ, ੨੪
ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਪ੍ਰਭੂ ਜਨ ਭਗਤ ਬਣਾ ਲੈ ਧੁਰ ਦੇ ਚੇਲੇ, ਚੇਲਾ ਗੁਰ ਆਪਣਾ ਖੇਲ ਖਿਲਾਈਆ । ਆਤਮ ਪਰਮਾਤਮ ਕਰ ਮੇਲੇ, ਮਿਲਣੀ ਹਰਿ ਜਗਦੀਸ਼ ਕਰਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸਾਚੇ ਸੁਹੇਲੇ, ਸਾਜਣ ਤੇਰੇ ਹੱਥ ਵਡਿਆਈਆ । ਕਿਰਪਾ ਕਰਦੇ ਆਦਿ ਜੁਗਾਦੀ ਇਕ ਅਕੇਲੇ, ਅਕਲ ਕਲਧਾਰੀ ਆਪਣੀ ਦਇਆ ਕਮਾਈਆ । ਭੇਵ ਖੁਲ੍ਹਾ ਦੇ ਆਪਣੇ ਧਾਮ ਨਵੇਲੇ, ਸਚਖੰਡ ਪਰਦਾ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਰੰਗ ਆਪ ਰੰਗਾਈਆ । ਧਰਨੀ ਕਹੇ ਕਿਰਪਾ ਕਰ ਮੇਰੇ ਜਗਦੀਸ਼, ਜਗਦੀਸ਼ਰ ਤੇਰੀ ਓਟ ਤਕਾਈਆ । ਜੁਗ ਚੌਕੜੀ ਨਿਰਗੁਣ ਤੇਰਾ ਪੀਸਣ ਰਹੀ ਪੀਸ, ਜੁਗ ਜੁਗ ਸਾਚੀ ਸੇਵ ਕਮਾਈਆ । ਤੇਰੇ ਨਾਮ ਕਲਮੇ ਸੁਣਦੀ ਰਹੀ ਹਦੀਸ, ਹਜ਼ਰਤ ਰਸੂਲ ਪੈਗ਼ੰਬਰ ਗਏ ਜਣਾਈਆ । ਤੂੰ ਮਾਲਕ ਖ਼ਾਲਕ ਪ੍ਰਿਤਪਾਲਕ ਏਕੰਕਾਰਾ ਇਕ ਇਕੀਸ, ਇਕ ਇਕੱਲੇ ਤੇਰੇ ਹੱਥ ਵਡਿਆਈਆ । ਮੇਰਾ ਲਹਿਣਾ ਦੇਣਾ ਪੂਰਾ ਕਰਦੇ ਬੀਸ ਬੀਸ, ਆਦਿ ਜੁਗਾਦੀ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਧੁਰ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਹਰਿਜਨ ਆਪਣੇ ਬਣਾ ਲੈ ਸੰਤ, ਸਤਿ ਸਤਿਵਾਦੀ ਹੋ ਕੇ ਦਇਆ ਕਮਾਈਆ । ਆਤਮ ਪਰਮਾਤਮ ਧਾਰ ਬਣ ਜਾ ਕੰਤ, ਕੰਤੂਹਲ ਤੇਰੇ ਹੱਥ ਵਡਿਆਈਆ । ਜੀਵਣ ਵਿਚੋਂ ਜੀਵਣ ਜਿੰਦਗੀ ਜਿੰਦਗੀ ਵਾਲੀ ਬਣਾ ਦੇ ਬਣਤ, ਘੜਨ ਭੰਨਣਹਾਰ ਆਪਣਾ ਰੰਗ

ਰੰਗਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਵਣ ਮੰਤ, ਮੰਤਵ ਸਭ ਦਾ ਹਲ ਕਰਾਈਆ । ਗੜ੍ਹ ਤੋੜ ਦੇ ਹਉਮੇ ਹੰਗਤ, ਹੰ ਬ੍ਰਹਮ ਦੇ ਸਮਝਾਈਆ । ਤੂੰ ਬੋਧ ਅਗਾਧਾ ਅਗੰਮਾ ਪੰਡਤ, ਬਿਨ ਅੱਖਰਾਂ ਕਰ ਪੜ੍ਹਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਬਣਾ ਲੈ ਇਕੋ ਸੰਗਤ, ਸਗਲੇ ਸੰਗੀ ਬਹੁਰੰਗੀ ਆਪਣੀ ਦਇਆ ਕਮਾਈਆ । ਧਰਨੀ ਕਹੇ ਮੈਂ ਦਰ ਤੇਰੇ ਬਣੀ ਮੰਗਤ, ਮਾਂਗਤ ਹੋ ਕੇ ਝੋਲੀ ਡਾਹੀਆ । ਮੇਰੀ ਕਬੂਲ ਕਰਨੀ ਬੇਨੰਤੀ ਮਿੰਨਤ, ਮਿਹਰਵਾਨ ਹੋਣਾ ਸਹਾਈਆ । ਜਨ ਭਗਤਾਂ ਅੰਤਸ਼ਕਰਨ ਕੱਢਣੀ ਚਿੰਨਤ, ਚਿੰਤਾ ਚਿਖਾ ਨਾ ਕੋਇ ਜਲਾਈਆ । ਆਪਣੇ ਮਿਲਣ ਦੀ ਬਖ਼ਸ਼ਣੀ ਹਿੰਮਤ, ਸਿਰ ਆਪਣਾ ਹੱਥ ਟਿਕਾਈਆ । ਮੇਰੇ ਉਤੇ ਮਿਹਰਵਾਨਾ ਸ੍ਰੀ ਭਗਵਾਨਾ ਨੌਜਵਾਨਾ ਰਹੇ ਕੋਈ ਨਾ ਨਿੰਦਕ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਦੀਨ ਦੁਨੀ ਤੇਰੇ ਨਾਮ ਦੇ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੇਰਾ ਲਹਿਣਾ ਦੇਣਾ ਪੂਰਾ ਕਰ ਦੇ ਚਾਰੇ ਸਿੰਮਤ, ਚਾਰ ਕੁੰਟ ਦੇ ਮਾਲਕ ਆਪਣੀ ਦਇਆ ਕਮਾਈਆ ।

### ✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੧੨ ਹਜ਼ਾਰਾ ਸਿੰਘ ਦੇ ਗ੍ਰਿਹ ਪਿੰਡ ਚੂਨੀ ਕਲਾਂ ਜ਼ਿਲਾ ਰੋਪੜ ✪



ਧਰਨੀ ਕਹੇ ਪ੍ਰਭ ਜਨ ਭਗਤਾਂ ਬਖ਼ਸ਼ ਦੇ ਚਰਨ ਟੇਕਾ, ਟਿੱਕੇ ਧੂੜੀ ਖਾਕ ਪਾਕੀ ਪਾਕ ਤੇਰੇ ਲੈਣ ਲਗਾਈਆ । ਆਤਮ ਪਰਮਾਤਮ ਆਪਣਾ ਪਿਆਰ ਬਖ਼ਸ਼ ਦੇ ਏਕਾ, ਏਕੰਕਾਰ ਪਰਵਰਦਿਗਾਰ ਸਾਂਝੇ ਯਾਰ ਤੇਰੀ ਸਰਨਾਈਆ । ਤ੍ਰੈਗੁਣ ਮਾਇਆ ਤਨ ਵਜੂਦ ਲਾ ਸਕੇ ਨਾ ਸੇਕਾ, ਅਗਨੀ ਤਤ ਨਾ ਕੋਇ ਤਪਾਈਆ । ਅੰਤਰ ਨਿਰੰਤਰ ਬੁਧੀ ਮਨ ਕਰ ਬਿਬੇਕਾ, ਪਤਤ ਪੁਨੀਤ ਕਰਾਈਆ । ਹਰਿਜਨ ਸੰਤ ਸੁਹੇਲੇ ਗੁਰ ਚੇਲੇ ਬਣਾ ਲੈ ਨੇਕਾ, ਨਿੱਕੇ ਵੱਡੇ ਵੰਡ ਨਾ ਕੋਇ ਵੰਡਾਈਆ । ਇਕੋ ਘਰ ਵਖਾ ਦੇ ਸੌਹਰਾ ਪੇਕਾ, ਸਾਵਰੀਆ ਹੋ ਕੇ ਆਪਣਾ ਸੰਗ ਬਣਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਤੇਰਾ ਖੇਲ ਤੱਕਿਆ ਵਾਰ ਅਨੇਕਾ, ਅਕਲ ਕਲਧਾਰੀ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਬਖ਼ਸ਼ ਨਾਮ ਅਨਮੁੱਲਾ, ਜਗਤ ਕੀਮਤ ਨਾ ਕੋਇ ਲਗਾਈਆ । ਸਚ ਦਵਾਰ ਏਕੰਕਾਰ ਵਖਾ ਦੇ ਖੁਲ੍ਹਾ, ਖਲਕ ਦੇ ਮਾਲਕ ਦੇਣੀ ਵਡਿਆਈਆ । ਧੁਰ ਦਾ ਨਾਮ ਜਪਾ ਦੇ ਬਿਨ ਰਸਨਾ ਜੇਹਵਾ ਬੁਲ੍ਹਾਂ, ਬੱਤੀ ਦੰਦ ਕਹਿਣ ਦੀ ਲੋੜ ਰਹੇ ਨਾ ਰਾਈਆ । ਭਾਗ ਲਗਾ ਦੇ ਕਾਇਆ ਮਾਟੀ ਸਾਢੇ ਤਿੰਨ ਹੱਥ ਕੁਲਾ, ਕਾਇਨਾਤ ਦੇ ਮਾਲਕ ਹੋਣਾ ਆਪ ਸਹਾਈਆ । ਨਵ ਸੱਤ ਤੇਰਾ ਭਗਤ ਸੁਹੇਲਾ ਮੇਰੇ ਉਤੇ ਹੋਵੇ ਫਲਿਆ ਫੁੱਲਾ, ਪਤ ਟਹਿਣੀ ਸਚ ਪ੍ਰੀਤ ਵਾਲੀ ਮਹਿਕਾਈਆ । ਚਰਨ ਪ੍ਰੀਤੀ ਸਾਚੀ ਨੀਤੀ ਦੱਸਣੀ ਸੁਲਹਕੁਲਾ, ਕੁਲ ਮਾਲਕ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਨਿਭਾਈਆ । ਧਰਨੀ ਕਹੇ ਪ੍ਰਭੂ ਜਨ ਭਗਤਾਂ ਕਰਨਾ ਆਪ ਪਿਆਰ, ਪ੍ਰੀਤਮ ਹੋ ਕੇ ਵੇਖ ਵਖਾਈਆ । ਜੋਤੀ ਜਾਤਾ ਹੋ ਕੇ ਦੇਣਾ ਦਰਸ ਦੀਦਾਰ, ਬਿਨ ਨੇਤਰ ਲੋਚਨ ਨੈਣ ਆਪਣਾ ਨੂਰ ਨੂਰ ਚਮਕਾਈਆ । ਸਚ ਦਵਾਰ ਏਕੰਕਾਰ ਅੰਮ੍ਰਿਤ ਬਖ਼ਸ਼ਣਾ ਠੰਢਾ ਠਾਰ, ਬੂੰਦ ਸਵਾਂਤੀ ਨਾਭੀ

੧੫੪੧ ੨੪

ਕਵਲ ਕਵਲ ਕਵਲ ਉਲਟਾਈਆ । ਸ਼ਬਦ ਅਨਾਦੀ ਬਿਨ ਰਸਨਾ ਜਿਹਵਾ ਸੁਣਾਉਂਣੀ ਧੁਨਕਾਰ, ਧੁਨ ਆਤਮਕ ਰਾਗ ਦ੍ਰਿੜਾਈਆ । ਬਿਨ ਤੇਲ ਦੀਆ ਬਾਤੀ ਕਮਲਾਪਾਤੀ ਕਰ ਉਜਿਆਰ, ਜੋਤੀ ਜਾਤੇ ਹੋ ਕੇ ਆਪਣਾ ਨੂਰ ਦੇਣਾ ਚਮਕਾਈਆ । ਧਰਨੀ ਕਹੇ ਮੇਰੀ ਬੇਨੰਤੀ ਤੇਰੇ ਸਚਖੰਡ ਸੱਚੇ ਦਰਬਾਰ, ਦਰਗਾਹ ਸਾਚੀ ਮੰਗ ਮੰਗਾਈਆ । ਤੂੰ ਦੇਵਣਹਾਰਾ ਸਰਬ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਦਰ ਬੈਠੇ ਸੀਸ ਨਿਵਾਈਆ । ਤੇਰਾ ਲਹਿਣਾ ਦੇਣਾ ਮੇਰੇ ਉਤੇ ਸਦਾ ਜੁਗ ਚਾਰ, ਸਤਿਜੁਗ ਤਰੇਤਾ ਦਵਾਪਰ ਕਲਜੁਗ ਦਏ ਗਵਾਹੀਆ । ਤੇਰਾ ਹੁਕਮ ਸੰਦੇਸ਼ਾ ਦੇ ਕੇ ਗਏ ਪੈਗ਼ੰਬਰ ਗੁਰ ਅਵਤਾਰ, ਅਵਤਰੀ ਇਕੋ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤ ਸੁਹੇਲੇ ਦੀਨ ਦੁਨੀ ਵਿਚੋਂ ਲਾਉਂਣੇ ਪਾਰ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ, ਬਿਨ ਕੋਇ ਨਾ ਪਾਏ ਸਾਰ, ਮਹਾਂਸਾਰਥੀ ਨਜ਼ਰ ਕੋਇ ਨਾ ਆਈਆ ।

### ✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੧੨ ਸ਼ਹਿਰ ਚੰਡੀਗੜ੍ਹ ਗੁਰਦੇਵ ਸਿੰਘ ਨਿਰਮਲ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪਰਮ ਪੁਰਖ ਪਰਮਾਤਮ ਮੇਰੀ ਪਾਉਣੀ ਸਾਰ, ਮਹਾਂਸਾਰਥੀ ਹੋ ਕੇ ਵੇਖਣਾ ਚਾਈਂ ਚਾਈਂਆ । ਸੋ ਪੁਰਖ ਨਿਰੰਜਣ ਤੁਧ ਬਿਨ ਦਏ ਨਾ ਕੋਇ ਅਧਾਰ, ਹਰਿ ਪੁਰਖ ਨਿਰੰਜਣ ਸੀਸ ਹੱਥ ਨਾ ਕੋਇ ਟਿਕਾਈਆ । ਏਕੰਕਾਰ ਲਹਿਣਾ ਦੇਣਾ ਮੇਰਾ ਲੈਣਾ ਵਿਚਾਰ, ਆਦਿ ਨਿਰੰਜਣ ਬਿਨ ਨੇਤਰ ਲੋਚਣ ਨੈਣਾਂ ਨੈਣ ਉਠਾਈਆ । ਅਬਿਨਾਸ਼ੀ ਕਰਤੇ ਧੁਰ ਦਾ ਬਣਨਾ ਮੀਤ ਮੁਰਾਰ, ਸ੍ਰੀ ਭਗਵਾਨ ਸਗਲੇ ਸੰਗੀ ਬਹੁਰੰਗੀ ਆਪਣੀ ਖੇਲ ਦੇਣੀ ਵਖਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਬਿਨ ਨੇਤਰ ਨੈਣਾਂ ਮੈਂ ਕਰਾਂ ਗਿਰਿਆਜ਼ਾਰ, ਉਫ ਹਾਏ ਮੇਰੀ ਦੁਹਾਈਆ । ਜੋਤੀ ਜਾਤੇ ਪੁਰਖ ਬਿਧਾਤੇ ਨਿਰਗੁਣ ਮੇਰੀ ਪਾਉਂਣੀ ਸਾਰ, ਸਾਜਣ ਮੀਤ ਹੋ ਕੇ ਵੇਖ ਵਖਾਈਆ । ਸਤਿਗੁਰ ਸ਼ਬਦ ਅਗੰਮਾ ਮੇਰਾ ਸੰਗੀ ਬਣਾ ਦੇ ਤੇਰਾ ਸੁਤ ਦੁਲਾਰ, ਦੂਲਾ ਇਕੋ ਨਜ਼ਰੀ ਆਈਆ । ਜਿਸ ਨੂੰ ਜਨਣੀ ਜਣੇ ਨਾ ਕੋਇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਜਿਸ ਨੂੰ ਸੀਸ ਨਿਵਾਈਆ । ਤੂੰ ਬੀਸ ਬੀਸਾ ਹਰਿ ਜਗਦੀਸਾ ਕਲ ਕਲਕੀ ਅਵਤਾਰ, ਨਿਹਕਲੰਕ ਅਮਾਮ ਅਮਾਮਾ ਇਕ ਅਖਵਾਈਆ । ਨਵ ਸੱਤ ਮੇਰਾ ਲਹਿਣਾ ਦੇਣਾ ਪੂਰਬ ਕਰਜ਼ਾ ਦੇ ਉਤਾਰ, ਮਕਰੂਜ਼ ਹੋ ਕੇ ਲੇਖਾ ਦੇ ਮੁਕਾਈਆ । ਚਾਰ ਕੁੰਟ ਦਹਿ ਦਿਸ਼ਾ ਮੇਰੇ ਉਤੇ ਹੋਇਆ ਅੰਧਿਆਰ, ਅੰਧ ਅਗਿਆਨ ਨਾ ਕੋਇ ਮਿਟਾਈਆ । ਪੁਰਖ ਅਕਾਲੇ ਦੀਨ ਦਿਆਲੇ ਤੇਰਾ ਦਿਸੇ ਨਾ ਕੋਇ ਮੀਤ ਮੁਰਾਰ, ਸਾਂਝੇ ਯਾਰ ਤੇਰਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਅਗੰਮ ਸੁਣਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਮੇਰੇ ਬਣੋ ਸੰਗੀ, ਸਗਲੇ ਸੰਗੀ ਇਕ ਅਖਵਾਈਆ । ਮੇਰੀ ਧਰਮ ਦੀ ਧਾਰ ਵੇਖੋ ਹੋਈ ਨੰਗੀ, ਸਤਿ ਸਚ ਰਹਿਣ ਕੋਇ ਨਾ ਪਾਈਆ । ਮੇਰੀ ਪੁਸ਼ਤ ਪਨਾਹ ਜਗਤ ਜਹਾਨ ਹੋਈ ਨੰਗੀ, ਪੀਠ ਹੱਥ ਨਾ ਕੋਇ ਟਿਕਾਈਆ । ਮੇਰੇ ਵੇਂਦਿਆ ਸਤਿਜੁਗ ਤ੍ਰੇਤਾ ਦਵਾਪਰ ਧਾਰ ਲੰਘੀ, ਆਪਣਾ ਪੰਧ ਮੁਕਾਈਆ । ਕਲਜੁਗ ਅੰਤ

ਸਚ ਪ੍ਰਕਾਸ਼ ਕਿਸੇ ਰਿਹਾ ਨਾ ਮੂਲ ਨੌ ਚੰਦੀ, ਚੰਦ ਚਾਂਦਨਾ ਨਜ਼ਰ ਕੋਇ ਨਾ ਆਈਆ । ਮੇਰੀ ਆਸ਼ਾ ਤ੍ਰਿਸ਼ਨਾ ਜਗਤ ਵਾਸਨਾ ਵਿਚ ਲੱਗੀ ਪਾਬੰਦੀ, ਸ਼ਰਅ ਜੰਜੀਰ ਨਾ ਕੋਇ ਕਟਾਈਆ । ਸਭ ਦੀ ਨੇਤਰ ਅੱਖ ਹੋ ਗਈ ਅੰਧੀ, ਅੰਧ ਅੰਧੇਰਾ ਸਕੇ ਨਾ ਕੋਇ ਮਿਟਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਏ ਕੋਇ ਨਾ ਛੰਦੀ, ਸ਼ਹਿਨਸ਼ਾਹ ਤੇਰੀ ਮੰਜ਼ਲ ਹਕ ਚੜ੍ਹਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਦ੍ਰਿੜਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰੂ ਮੇਰਾ ਚੁੱਕ ਕੇ ਵੇਖੋ ਪਰਦਾ, ਬਿਨ ਹੱਥਾਂ ਹੱਥ ਲਗਾਈਆ । ਦੀਨ ਮਜ਼੍ਹਬ ਜਗਤ ਜਹਾਨ ਵੇਖੋ ਸੜਦਾ, ਅਗਨੀ ਤਤ ਤਤ ਤਪਾਈਆ । ਕਲਜੁਗ ਕਿਰਿਆ ਕੂੜ ਵਿਚ ਜਾਵੇ ਹੜ੍ਹਦਾ, ਅਗੇ ਹੋ ਨਾ ਕੋਇ ਅਟਕਾਈਆ । ਨਵ ਸੱਤ ਗ੍ਰਿਹਿ ਬਣਿਆ ਹੰਕਾਰ ਗੜ੍ਹ ਦਾ, ਹਉਮੇ ਹੰਗਤਾ ਨਾ ਕੋਇ ਮਿਟਾਈਆ । ਮੇਰਾ ਲਹਿਣਾ ਦੇਣਾ ਤੱਕੋ ਚੋਟੀ ਜੜ੍ਹ ਦਾ, ਜੜ੍ਹ ਚੇਤਨ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਆਪਣਾ ਆਪਣਾ ਵੇਖੋ ਇਸ਼ਟ, ਇਸ਼ਟ ਦੇਵ ਕੀ ਜਣਾਈਆ । ਨਿਗਾਹ ਮਾਰੋ ਵਿਚ ਸ੍ਰਿਸ਼ਟ, ਸ੍ਰੇਸ਼ਟ ਆਪਣੀ ਸੇਵ ਕਮਾਈਆ । ਕੂੜ ਵਾਸ਼ਨਾ ਸਭ ਨੂੰ ਕੀਤਾ ਭ੍ਰਿਸ਼ਟ, ਭਾਂਡਾ ਭਰਮ ਨਾ ਕੋਇ ਭੰਨਾਈਆ । ਲੇਖਾ ਲਹਿਣਾ ਤਕੋ ਜੋ ਰਾਮ ਇਸ਼ਾਰਾ ਕੀਤਾ ਵਸ਼ਿਸ਼ਟ, ਵਸ਼ਿਸ਼ਟ ਗੁਰਦੇਵ ਕੀ ਵਡਿਆਈਆ । ਜੋ ਪੈਗ਼ੰਬਰਾਂ ਲੇਖਾ ਲਿਖਿਆ ਨਾਲ ਅੰਗਮੀ ਲਿਖਤ, ਕਾਗਜ਼ ਕਲਮ ਰੰਗ ਨਾ ਕੋਇ ਰੰਗਾਈਆ । ਆਪਣਾ ਆਪਣਾ ਵੇਖੋ ਭਵਿਖਤ, ਪੇਸ਼ੀਨਗੋਈਆਂ ਹੱਥ ਉਠਾਈਆ । ਦੀਨ ਦੁਨੀ ਜਗਤ ਧਾਰ ਅੰਤਮ ਹੁੰਦੀ ਜਾਂਦੀ ਨਿਸ਼ਟ, ਚਾਰੋਂ ਕੁੰਟ ਕੁੰਟ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਧੀਰਜ ਧੀਰ ਧਰਮ ਦੀ ਧਾਰ ਦੇਵੇ ਕੋਈ ਨਾ ਸਿਦਕ, ਸਬੂਰੀ ਨਜ਼ਰ ਕੋਇ ਨਾ ਆਈਆ ।



### ੨੩ ਚੇਤ ਸ਼ਹਿਨਸ਼ਹੀ ਸੰਮਤ ੧੨ ਚੰਡੀਗੜ੍ਹ ਸ਼ਹਿਰ ਹਰਚਰਨ ਸਿੰਘ ਦੇ ਗ੍ਰਿਹਿ

ਸਤਿਗੁਰ ਬਖਸ਼ੇ ਸਾਚਾ ਨਾਉਂ, ਨਰ ਨਿਰੰਕਾਰਾ ਆਪ ਦ੍ਰਿੜਾਈਆ । ਜਨ ਭਗਤ ਉਠਾਏ ਫੜ ਕੇ ਬਾਹੋਂ, ਆਪ ਆਪਣੀ ਦਇਆ ਕਮਾਈਆ । ਨਿਮਾਣਿਆਂ ਦੇਵੇ ਸਾਚਾ ਥਾਉਂ, ਸਿਰ ਸਿਰ ਆਪਣਾ ਹੱਥ ਟਿਕਾਈਆ । ਫੜ ਫੜ ਹੰਸ ਬਣਾਏ ਕਾਉਂ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਭਾਗ ਲਗਾਏ ਕਾਇਆ ਖੇੜਾ ਨਗਰ ਗਰਾਉਂ, ਸਾਢੇ ਤਿੰਨ ਹੱਥ ਵੱਜੇ ਵਧਾਈਆ । ਸਦਾ ਸੁਹੇਲਾ ਬਖਸ਼ੇ ਠੰਡੀ ਛਾਉਂ, ਸਿਰ ਸਿਰ ਆਪਣਾ ਹੱਥ ਟਿਕਾਈਆ । ਦੋ ਜਹਾਨਾਂ ਜਨ ਭਗਤਾਂ ਬਣੇ ਪਿਤਾ ਮਾਉਂ, ਗੁਰਮੁਖ ਆਪਣੀ ਗੋਦ ਉਠਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਲੇਖਾ ਜਾਣੇ ਬੇਪਰਵਾਹੋ, ਬੇਪਰਵਾਹੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਗੁਰ ਸੱਚਾ ਸਾਹਿਬ ਬਖਸ਼ਿੰਦ, ਕੁਦਰਤ ਕਾਦਰ ਇਕ ਅਖਵਾਈਆ । ਹਰਿਜਨ ਬਣਾਏ ਆਪਣੀ ਬਿੰਦ, ਪਿਤਾ ਪੂਤ ਗੋਦ ਟਿਕਾਈਆ । ਜਨਮ ਜਨਮ ਦੀ ਮੇਟੇ ਚਿੰਦ, ਕਰਮ ਕਰਮ ਦੀ ਰੇਖ ਮਿਟਾਈਆ । ਦਾਤਾ ਬਣ ਕੇ ਗਹਿਰ ਗੰਭੀਰ ਗੁਣੀ ਗਹਿੰਦ, ਗਵਰ ਹੋ ਕੇ ਆਪਣਾ ਰੰਗ ਰੰਗਾਈਆ । ਨਾਮ

ਨਿਧਾਨਾ ਦੇਵੇ ਸਾਗਰ ਸਿੰਧ, ਅੰਮ੍ਰਿਤ ਅੰਮਿਉਂ ਰਸ ਜਾਮ ਪਿਆਈਆ । ਜਨ ਭਗਤਾਂ ਸਦਾ ਸਦਾ ਸਗਲੀ ਮੇਟੇ ਚਿੰਦ, ਚਿੰਤਾ ਚਿਖਾ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਗੁਣੀ ਗਹਿੰਦ, ਗੁਣਵੰਤਾ ਧੁਰ ਦਾ ਕੰਤਾ ਇਕ ਅਖਵਾਈਆ ।

## ✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੧੨ ਚੰਡੀਗੜ ਸ਼ਹਿਰ ਸਵਰਗ ਵਾਸੀ ਕਰਮ ਸਿੰਘ ਦੇ ਨਵਿਤ ✪

ਆਤਮਾ ਕਹੇ ਮੇਰੇ ਪੁਰਖ ਨਿਰੰਜਣ ਸੋ, ਸਵੈਮ ਤੇਰਾ ਰੂਪ ਅਨੂਪ ਨਜ਼ਰੀ ਆਈਆ । ਹਰਿ ਪੁਰਖ ਨਿੰਰਜਣ ਤੇਰੀ ਧਾਰ ਨਹੀਂ ਕੋਈ ਦੋ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਤੇਰੀ ਵਡ ਵਡਿਆਈਆ । ਏਕੰਕਾਰ ਸਚ ਪਿਆਰ ਤੇਰਾ ਮੈਨੂੰ ਲਏ ਮੋਹ, ਮੁਹੱਬਤ ਮਿਹਰਵਾਨ ਇਕੋ ਤੇਰੇ ਨਾਲ ਰਖਾਈਆ । ਆਦਿ ਨਿਰੰਜਨ ਬਿਨਾ ਤੇਲ ਬਾਤੀ ਬਖਸ਼ੀਂ ਅਗੰਮੀ ਲੋ, ਬਿਨ ਲੋਇਣ ਲੋਚਨ ਨੈਣ ਵੇਖਾਂ ਚਾਈਂ ਚਾਈਂਆ । ਅਬਿਨਾਸ਼ੀ ਕਰਤੇ ਤੁਧ ਬਿਨ ਦਿਸੇ ਨਾ ਕੋ, ਕੁਦਰਤ ਦੇ ਕਾਦਰ ਤੇਰੀ ਬੇਪਰਵਾਹੀਆ । ਸ੍ਰੀ ਭਗਵਾਨ ਮੈਂ ਤੇਰਾ ਸਤਿ ਸਰੂਪ ਤੇਰੇ ਨਾਲ ਜਾਵਾਂ ਛੋਹ, ਛੋਹਰ ਬਾਂਕੇ ਤੇਰਾ ਤੇਰੇ ਵਿਚ ਸਮਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੂੰ ਮੇਰਾ ਮੈਂ ਤੇਰਾ ਇਕੋ ਨੂਰ ਜਾਵਾਂ ਹੋ, ਹੋਕਾ ਹੱਕ ਹੱਕ ਸੁਣਾਈਆ । ਸਤਿ ਵਸਤ ਨਿਰਗੁਣ ਰਸ ਆਪਣਾ ਅਗੰਮਾ
੧੫੪੪ ਚੋ, ਜਿਸ ਨੂੰ ਰਸਨਾ ਜੇਹਵਾ ਸਮਝ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ੧੫੪੪
੨੪ ਦਾ ਪਰਦਾ ਆਪ ਚੁਕਾਈਆ । ਆਤਮਾ ਕਹੇ ਪ੍ਰਭੂ ਮੈਂ ਤੇਰਾ ਆਦਿ ਜੁਗਾਦੀ ਸੁਤ, ਬਿਨ ਜਨਣੀ ਲੋਕਮਾਤ ਖੇਲ ਖਿਲਾਈਆ । ਤੂੰ ਮਾਲਕ ਖ਼ਾਲਕ ੨੪
ਪਾਰਬ੍ਰਹਮ ਅਬਿਨਾਸ਼ੀ ਅਚੁਤ, ਅਗੰਮ ਅਥਾਹ ਬੇਪਰਵਾਹ ਤੇਰੇ ਹੱਥ ਵਡਿਆਈਆ । ਨਿਤ ਨਵਿਤ ਮੇਰੀ ਸੁਹੰਝਣੀ ਤੇਰੇ ਨਾਲ ਹੋਵੇ ਰੁੱਤ, ਰੁਤੜੀ ਦੋ ਜਹਾਨ ਨੌਜਵਾਨ ਸ੍ਰੀ ਭਗਵਾਨ ਤੇਰੇ ਨਾਲ ਮਹਿਕਾਈਆ । ਬੇਸ਼ਕ ਮੇਰਾ ਲਹਿਣਾ ਦੇਣਾ ਤਨ ਵਜੂਦ ਮਾਟੀ ਖਾਕ ਪੰਜਾਂ ਤਤਾਂ ਵਾਲੇ ਬੁੱਤ, ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਮਿਲਕੇ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਆਤਮਾ ਕਹੇ ਪ੍ਰਭੂ ਮੈਂ ਤੇਰਾ ਆਦਿ ਜੁਗਾਦੀ ਨੂਰ, ਨੂਰ ਨੁਰਾਨਾ ਨਜ਼ਰੀ ਆਈਆ । ਤੂੰ ਸਾਹਿਬ ਸਵਾਮੀ ਮੇਰਾ ਸਰਬ ਕਲਾ ਭਰਪੂਰ, ਪਾਰਬ੍ਰਹਮ ਪਤਿਪਰਮੇਸ਼ਵਰ ਧੁਰਦਰਗਾਹੀਆ । ਨਿਰਗੁਣ ਨਿਰਗੁਣ ਸਦ ਦੇਂਦਾ ਰਹੇਂ ਸਰੂਰ, ਮਸਤੀ ਆਪਣੀ ਆਪ ਚੜ੍ਹਾਈਆ । ਚੁਰਾਸੀ ਵਿਚ ਖੇਲ ਖਿਲਾਇਆ ਇਹ ਤੇਰਾ ਹੁਕਮ ਜ਼ਰੂਰ, ਜ਼ਰੂਰਤ ਤੇਰੀ ਨਾਲ ਵਡਿਆਈਆ । ਮੈਂ ਕਦੇ ਨਹੀਂ ਹੋਇਆ ਮਜਬੂਰ, ਮੁਸ਼ਕਲ ਅੱਗੇ ਨਾ ਕੋਇ ਰਖਾਈਆ । ਤੂੰ ਸ਼ਹਿਨਸ਼ਾਹ ਸੁਲਤਾਨਾ ਸ੍ਰੀ ਭਗਵਾਨਾ ਜੁਗ ਚੌਕੜੀ ਤੇਰਾ ਦਸਤੂਰ, ਮਰਯਾਦਾ ਤੇਰੀ ਤੇਰੇ ਵਿਚੋਂ ਨਜ਼ਰੀ ਆਈਆ । ਮੈਂ ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀਆਂ ਵਿਚ ਤੇਰਾ ਬਣਾਂ ਮਜ਼ਦੂਰ, ਸੇਵਕ ਹੋ ਕੇ ਸੇਵ ਕਮਾਈਆ । ਤੂੰ ਆਦਿ ਜੁਗਾਦੀ ਸਦਾ ਸਦ ਹਾਜ਼ਰ ਹਜ਼ੂਰ, ਹਰਿਜੂ ਆਪਣਾ ਆਪ ਲਏ ਪਰਗਟਾਈਆ । ਮੈਂ ਤੇਰਾ ਠਾਕਰ ਸਵਾਮੀ ਹੋਵਾਂ ਮਸ਼ਕੂਰ, ਸ਼ੁਕਰਾਨੇ ਵਿਚ ਸੀਸ ਨਿਵਾਈਆ । ਤੇਰੇ ਸ਼ਬਦ ਅਨਾਦੀ ਧੁਨ ਦੀ ਸੁਣਾਂ ਤੂਰ, ਤੁਰੀਆ ਤੋਂ ਬਾਹਰ ਤੇਰੀ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ,

ਦਰ ਸਾਚੇ ਅਲਖ ਜਗਾਈਆ । ਆਤਮਾ ਕਹੇ ਪ੍ਰਭੂ ਮੈਂ ਆਦਿ ਜੁਗਾਦੀ ਤੇਰਾ ਸਨਬੰਧੀ, ਰਿਸ਼ਤਾ ਫਰਿਸ਼ਤਿਆਂ ਬਾਹਰ ਰਖਾਈਆ । ਤੇਰੇ ਹੁਕਮ ਦੀ ਮੇਰੇ ਉਤੇ ਪਾਬੰਦੀ, ਜੁਗ ਜੁਗ ਤੇਰੀ ਬੇਪਰਵਾਹੀਆ । ਲੱਖ ਚੁਰਾਸੀ ਚਾਰੇ ਖਾਣੀ ਨਾਲ ਸਾਚੀ ਸੰਧੀ, ਸ਼ਰਤ ਧਰਤ ਉਤੇ ਲਗਾਈਆ । ਮੇਰੀ ਖਾਹਿਸ਼ ਤਮੰਨਾ ਕਦੇ ਨਾ ਹੋਈ ਮੰਦੀ, ਵਾਸਨਾ ਕੂੜ ਨਾ ਕੋਇ ਹਲਕਾਈਆ । ਨਿਰਗੁਣ ਧਾਰ ਤੇਰਾ ਸਦਾ ਸਦਾ ਅਨੰਦੀ, ਅਨੰਦ ਅਨੰਦ ਵਿਚੋਂ ਪਰਗਟਾਈਆ । ਤੇਰੇ ਜ਼ਹੂਰ ਦਾ ਅਗੰਮਾ ਚੰਦੀ, ਜਿਸ ਨੂੰ ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡੇ ਮੰਗ ਮੰਗਾਈਆ । ਆਤਮਾ ਕਹੇ ਪ੍ਰਭੂ ਮੈਂ ਚਾਰੇ ਖਾਣੀਆਂ ਵੇਖੀਆਂ ਨਾਲ ਪਿਆਰ, ਪ੍ਰੀਤਮ ਬਿਨ ਨੈਣਾਂ ਨੈਣ ਉਠਾਈਆ । ਅੰਡਜ ਜੇਰਜ ਪਾਉਣੀ ਸਾਰ, ਉਤਭੁਜ ਸੇਤਜ ਵੇਖ ਵਖਾਈਆ । ਮੇਰਾ ਖੇਲ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਦਏ ਗਵਾਹੀਆ । ਮੇਰਾ ਲਹਿਣਾ ਦੇਣਾ ਨਾਲ ਪੈਗੰਬਰ ਗੁਰ ਅਵਤਾਰ, ਸਰਗੁਣ ਨਿਰਗੁਣ ਨਿਰਗੁਣ ਸਰਗੁਣ ਤੇਰੇ ਰੰਗ ਰੰਗਾਈਆ । ਮੈਂ ਸਦਾ ਸਦਾ ਵਸਾਂ ਕਾਇਆ ਮੰਦਰ ਅੰਦਰ ਤੱਤਾਂ ਵਾਲੀ ਦੀਵਾਰ, ਛੱਪਰ ਛੰਨ ਜਗਤ ਨਾ ਕੋਇ ਜਣਾਈਆ । ਤੇਰੇ ਹੁਕਮ ਦਾ ਸਦਾ ਕਰਾਂ ਇੰਤਜ਼ਾਰ, ਵੇਖਾਂ ਬਿਨ ਨੈਣਾਂ ਨੈਣ ਉਠਾਈਆ । ਕਵਣ ਵੇਲਾ ਕਿਰਪਾ ਕਰੇ ਆਪ ਕਰਤਾਰ, ਕੁਦਰਤ ਦਾ ਕਾਦਰ ਧੁਰਦਰਗਾਹੀਆ । ਮੇਰਾ ਲਹਿਣਾ ਦੇਣਾ ਪੂਰਾ ਕਰੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਆਤਮਾ ਕਹੇ ਮੈਂ ਤੇਰਾ ਸੁੱਤ ਦੁਲਾਰਾ ਲਾਲ, ਦੂਲੋ ਦੂਲ੍ਹ ਇਕ ਅਖਵਾਈਆ । ਮੇਰੀ ਸਦਾ ਸਦਾ ਕਰੀਂ ਪ੍ਰਿਤਪਾਲਕ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਚਾਰੇ ਖਾਣੀ ਮੇਰੀ ਤੱਕਣੀ ਘਾਲ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਮੇਰੀ ਬੇਨੰਤੀ ਇਕੋ ਸਵਾਲ, ਚਰਨ ਕਵਲ ਦਿਆਂ ਜਣਾਈਆ । ਆਤਮਾ ਕਹੇ ਪ੍ਰਭੂ ਜੇ ਮੈਂ ਨਾ ਹੁੰਦਾ ਕਿਥੋਂ ਲੱਖ ਚੁਰਾਸੀ ਤਨ ਵਜੂਦ ਸ਼ਰੀਰ ਕਰਦਾ ਕੋਈ ਸੰਭਾਲ, ਸਾਥੀ ਸੰਗੀ ਨਜ਼ਰ ਕੋਇ ਨਾ ਆਈਆ । ਤੂੰ ਕਿਸ ਨੂੰ ਪ੍ਰੇਮ ਨਾਲ ਕਹਿਨੋ ਆਪਣਾ ਬਾਲ, ਨਨ੍ਹਾਂ ਕਹਿ ਕੇ ਖ਼ੁਸ਼ੀ ਬਣਾਈਆ । ਜੁਗ ਚੌਕੜੀ ਲੱਖ ਚੁਰਾਸੀ ਅੰਦਰ ਵੜ ਕੇ ਤੇਰਾ ਖੇਲ ਖਿਲਾਉਂਦਾ ਰਿਹਾ ਕਮਾਲ, ਕਾਮਲ ਮੁਰਸ਼ਦ ਇਹ ਤੇਰੀ ਦਿਤੀ ਵਡਿਆਈਆ । ਅੰਤ ਮੇਰੀ ਬੇਨੰਤੀ ਸੁਣ ਲੈ ਹਾਲ, ਹਾਲਤ ਦਿਆਂ ਜਣਾਈਆ । ਪਤਾ ਨਹੀਂ ਕੋਟਾਂ ਵਾਰ ਮੇਰੇ ਜਿਸਮ ਨੂੰ ਖਾ ਗਿਆ ਕਾਲ, ਲਾੜੀ ਮੌਤ ਤਨ ਵਜੂਦ ਪਰਨਾਈਆ । ਚਿਤਰ ਗੁਪਤ ਲੇਖੇ ਗਿਆ ਵਖਾਲ, ਰਾਏ ਧਰਮ ਦੇਵੇ ਜਗਤ ਸਜ਼ਾਈਆ । ਮੇਰਾ ਖੇਲ ਤੇਰੇ ਹੁਕਮ ਵਿਚ ਜਿਸ ਨੂੰ ਸਕੇ ਨਾ ਕੋਇ ਸੰਭਾਲ, ਸੰਬਲ ਦੇ ਮਾਲਕ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਆਤਮਾ ਕਹੇ ਪ੍ਰਭੂ ਮੈਂ ਸਦਾ ਸਦਾ ਨਿਰਲੇਪ, ਨਿਰਗੁਣ ਤੇਰਾ ਤੇਰਾ ਰੂਪ ਦਰਸਾਈਆ । ਬਿਨ ਤੇਰੇ ਅਵਰ ਨਾ ਕੋਈ ਮੇਰਾ ਹੇਤ, ਹਿਤਕਾਰੀ ਨਜ਼ਰ ਕੋਇ ਨਾ ਆਈਆ । ਤੂੰ ਮਾਲਕ ਸਵਾਮੀ ਨੇਤਨ ਨੇਤ, ਨੇਰਨ ਨੇਰਾ ਧੁਰਦਰਗਾਹੀਆ । ਮੇਰੀ ਬੇਨੰਤੀ ਸੁਣ ਲੈ ਪਰਵਿਸ਼ਟਾ ਵੇਖ ਲੈ ਤੇਈ ਮਹੀਨਾ ਚੇਤ, ਚੇਤਨ ਹੋ ਕੇ ਦਿਆਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਆਸ ਰਖਾਈਆ । ਆਤਮਾ ਕਹੇ ਪ੍ਰਭੂ ਮੇਰੀ ਇਕੋ ਆਸਾ ਜਗਤ, ਦੀਨ ਦੁਨੀ ਦੇ ਮਾਲਕ ਦਿਆਂ ਜਣਾਈਆ । ਜਦੋਂ ਕਿਰਪਾ ਕਰੇਂ ਮੈਨੂੰ ਬਣਾਵੀਂ ਆਪਣਾ ਭਗਤ, ਬਿਨਾ ਭਗਤੀ ਤੋਂ ਦੂਸਰ ਲੋੜ ਰਹੇ

ਨਾ ਰਾਈਆ । ਆਦਿ ਜੁਗਾਦੀ ਮੇਰੀ ਤੇਰੇ ਨਾਲ ਨਾਮ ਸ਼ਰਅ ਵਾਲੀ ਸ਼ਰਤ, ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਨਿਰਗੁਣ ਸਰਗੁਣ ਹੋ ਕੇ ਜਦੋਂ ਆਵੇਂ ਉਤੇ ਧਰਤ, ਧਰਨੀ ਧਵਲ ਧੌਲ ਫੇਰਾ ਪਾਈਆ । ਜੋਧਾ ਸੂਰਬੀਰ ਬਣੇ ਮਰਦਾਨਾ ਮਰਦ, ਮਦਦ ਮੇਰੀ ਕਰਨੀ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਵਡਿਆਈਆ । ਆਤਮਾ ਕਹੇ ਜੇ ਭਗਤ ਬਣਾਵੇਂ ਲੋਕਮਾਤ, ਮਿਹਰਵਾਨ ਦਇਆ ਕਮਾਈਆ । ਚਰਨ ਪ੍ਰੀਤੀ ਜੋੜੇਂ ਨਾਤ, ਰਿਸ਼ਤਾ ਇਕੋ ਇਕ ਸਮਝਾਈਆ । ਨਿਰਗੁਣ ਹੋ ਕੇ ਮੇਰੀ ਪੁਛੇਂ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਮੇਰਾ ਨਾ ਕੋਈ ਦੀਨ ਨਾ ਕੋਈ ਮਜ਼੍ਹਬ ਨਾ ਕੋਈ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਖਾਈਆ । ਨਾ ਸੜਾਂ ਨਾ ਪਾਵਾਂ ਵਫ਼ਾਤ, ਮਕਬਰਿਆਂ ਵਿਚ ਨਾ ਕੋਇ ਦਬਾਈਆ । ਮੇਰਾ ਲੇਖਾ ਲਿਖ ਨਾ ਸਕੇ ਕੋਈ ਕਲਮ ਦਵਾਤ, ਕਾਗਜ਼ ਸ਼ਾਹੀ ਨਾ ਕੋਇ ਚਤੁਰਾਈਆ । ਤੂੰ ਪਰਮ ਪੁਰਖ ਮੇਰਾ ਪਿਤਾ ਮਾਤ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਮੇਰਾ ਲਹਿਣਾ ਦੇਣਾ ਤੇਰੇ ਅੰਤਰ ਡੂੰਘਾ ਖਾਤ, ਜਗਤ ਖਾਤਾ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਆਤਮਾ ਕਹੇ ਭਗਤਨ ਬਣਾ ਦੇਵੀਂ ਜਨਮ, ਆਪ ਬਣੀਂ ਜਣੇਂਦੀ ਮਾਈਆ । ਸਚ ਪ੍ਰੀਤੀ ਬਖਸ਼ਣਾ ਧਰਮ, ਧਰਮ ਦੀ ਧਾਰ ਇਕ ਦ੍ਰਿੜਾਈਆ । ਇਕੋ ਪਰਸਾਂ ਤੇਰੇ ਚਰਨ, ਦੂਸਰ ਓਟ ਨਾ ਕੋਇ ਰਖਾਈਆ । ਇਕੋ ਤੇਰੀ ਹੋਵੇ ਸਰਨ, ਸਰਨਗਤ ਇਕ ਜਣਾਈਆ । ਇਕੋ ਨੇਤਰ ਖੋਲ੍ਹਣਾ ਹਰਨ ਫਰਨ, ਨਿਜ ਲੋਚਨ ਕਰ ਰੁਸ਼ਨਾਈਆ । ਭੈ ਚੁਕਾਉਂਣਾ ਮਰਨ ਡਰਨ, ਭਾਉ ਆਪਣਾ ਇਕ ਦ੍ਰਿੜਾਈਆ । ਤੇਰੀ ਵਿਦਿਆ ਤੇਰੇ ਪਿਆਰ ਵਿਚ ਲੱਗਾਂ ਪੜ੍ਹਨ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਸਾਚੀ ਮੰਜ਼ਲ ਬਿਨ ਕਦਮਾਂ ਲੱਗਾਂ ਚੜ੍ਹਨ, ਪੌੜੀ ਡੰਡਾ ਇਕੋ ਵੇਖ ਵਖਾਈਆ । ਨਿਰਵੈਰ ਤੇਰਾ ਫੜਨਾ ਲੜਨ, ਪੱਲੂ ਆਪਣੀ ਗੰਢ ਬੰਧਾਈਆ । ਜਿਸ ਵੇਲੇ ਲੇਖਾ ਚੁੱਕੇ ਸਰੀਰ ਧੜਨ, ਪੰਜਾਂ ਤਤਾਂ ਹੋਏ ਜੁਦਾਈਆ । ਤੂੰ ਕਿਰਪਾ ਕਰਨੀ ਕਰਨੀ ਦੇ ਕਰਤੇ ਆਪਣੀ ਬਖਸ਼ਣੀ ਸਰਨ, ਦਰ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਆਤਮਾ ਕਹੇ ਪ੍ਰਭੂ ਮੇਰਾ ਲੇਖਾ ਤਨ ਵਜੂਦਾਂ ਨਾਲ ਜਗਤ ਸਰੀਰ, ਮਾਟੀ ਖ਼ਾਕ ਮਿਲਕੇ ਵਜੇ ਵਧਾਈਆ । ਤੂੰ ਮਾਲਕ ਖ਼ਾਲਕ ਮੇਰਾ ਪੀਰਾਂ ਦਾ ਪੀਰ, ਹਜ਼ਰਤਾਂ ਦਾ ਹਜ਼ਰਤ ਨੂਰ ਅਲਾਹੀਆ । ਆਦਿ ਜੁਗਾਦੀ ਦਸਤਗੀਰ, ਸਾਜਣ ਮੀਤ ਨੂਰ ਅਲਾਹੀਆ । ਸਦਾ ਸਦਾ ਕਰਨਾ ਆਪਣੇ ਬਗਲਗੀਰ, ਵਿਛੋੜੇ ਵਿਚ ਵਿਛੋੜਾ ਨਾ ਕੋਇ ਰਖਾਈਆ । ਜਨ ਭਗਤ ਬਣਾ ਕੇ ਆਪਣਾ ਨਾਮ ਪਿਆਈਂ ਸੀਰ, ਬਿਨ ਰਸਨਾ ਰਸ ਚਖਾਈਆ । ਮਿਹਰ ਨਾਲ ਮਿਹਰਵਾਨ ਬਦਲਣੀ ਤਕਦੀਰ, ਤਦਬੀਰ ਆਪਣੀ ਇਕ ਦ੍ਰਿੜਾਈਆ । ਮੈਂ ਤੇਰਾ ਨੂਰ ਨਾ ਸ਼ਾਹ ਨਾ ਹਕੀਰ, ਪਾਤਸ਼ਾਹ ਰੂਪ ਨਾ ਕੋਇ ਦਰਸਾਈਆ । ਤੂੰ ਮਾਲਕ ਖ਼ਾਲਕ ਬੇਨਜ਼ੀਰ, ਨਜ਼ਰਾਂ ਤੋਂ ਉਹਲੇ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਆਤਮਾ ਕਹੇ ਪ੍ਰਭੂ ਮੇਰਾ ਵੇਖੀਂ ਨਾ ਜਗਤ ਧਾਰ ਦਾ ਕਰਮ, ਕਰਮ ਕਾਂਡ ਦਾ ਡੇਰਾ ਢਾਈਆ । ਇਕੋ ਪ੍ਰੇਮ ਫੜਾਉਣਾ ਲੜਨ, ਦੂਸਰ ਨਜ਼ਰ ਕੋਇ ਨਾ ਆਈਆ । ਤੂੰ ਮਾਲਕ ਖ਼ਾਲਕ ਤਰਨੀ ਤਰਨ, ਤਾਰਨਹਾਰ ਤੇਰੀ ਵਡਿਆਈਆ । ਮੇਰਾ ਲਹਿਣਾ ਮੁਕਾਉਂਣਾ ਚੋਟੀ ਜੜ੍ਹਨ, ਚੇਤਨ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ

ਹੋਣਾ ਸਹਾਈਆ । ਆਤਮਾ ਕਹੇ ਮੈਂ ਕਰਮ ਸਿੰਘ ਦੀ ਧਾਰ, ਕੁਦਰਤ ਦੇ ਕਾਦਰ ਤੇਰੀ ਵਡਿਆਈਆ । ਮੈਥੋਂ ਛੁੱਟ ਗਿਆ ਸੰਸਾਰ, ਜਗਤ ਨਾਤਾ ਕੂੜ ਰਿਹਾ ਨਾ ਰਾਈਆ । ਮੈਂ ਬਿਨਾ ਪੌੜੀ ਡੰਡੇ ਮੰਜ਼ਲ ਪੰਧ ਮੁਕਾਇਆ ਦੁਸ਼ਵਾਰ, ਦੂਤੀ ਦੁਸ਼ਮਣ ਨਜ਼ਰ ਕੋਇ ਨਾ ਆਈਆ । ਸਤਿਗੁਰ ਸ਼ਬਦ ਮੈਨੂੰ ਕੀਤਾ ਆਪ ਪਿਆਰ, ਪ੍ਰੇਮੀ ਹੋ ਕੇ ਆਪਣੀ ਗੋਦ ਉਠਾਈਆ । ਲੈ ਕੇ ਗਿਆ ਸਚਖੰਡ ਸਚੇ ਦਰਬਾਰ, ਥਿਰ ਘਰ ਤੇਰੇ ਚਰਨ ਕਵਲ ਦਿਤਾ ਟਿਕਾਈਆ । ਮੈਂ ਬਿਨ ਰਸਨਾ ਜੇਹਵਾ ਤੋਂ ਗਿਆ ਬਲਿਹਾਰ, ਬੋਲਣ ਦੀ ਲੋੜ ਰਹੀ ਨਾਂ ਰਾਈਆ । ਅੱਗੇ ਭਗਤ ਸੁਹੇਲੇ ਮਿਲੇ ਮੀਤ ਮੁਰਾਰ, ਮਿਤਰ ਪਿਆਰੇ ਸੋਹਣੇ ਨਜ਼ਰੀ ਆਈਆ । ਜੇਹੜੇ ਇਕੋ ਨੂਰ ਜੋਤ ਉਜਿਆਰ, ਜੋਤੀ ਜਾਤੇ ਵਿਚ ਸਮਾਈਆ । ਮੈਂ ਖ਼ੁਸ਼ੀਆਂ ਵਿਚ ਇਕੋ ਬੋਲਿਆ ਬਿਨਾ ਰਸਨ ਜੈਕਾਰ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਸਤਿਗੁਰ ਦੂਲ੍ਹੇ ਸ਼ਬਦ ਅਗੰਮੇ ਬਿਨ ਹੱਥਾਂ ਮੈਨੂੰ ਦਿਤਾ ਪਿਆਰ, ਬਿਨ ਸੀਸ ਦਿਤੀ ਵਡਿਆਈਆ । ਬਿਨਾ ਵਜੂਦ ਕੀਤੀ ਨਿਮਸਕਾਰ, ਬਿਨ ਡੰਡਾਵਤ ਸੀਸ ਨਿਵਾਈਆ । ਮੈਨੂੰ ਸੋਹਣਾ ਮਿਲਿਆ ਘਰ ਬਾਹਰ, ਸਚਖੰਡ ਵਜੀ ਵਧਾਈਆ । ਮੇਰਾ ਸੰਦੇਸ਼ਾ ਇਕੋ ਇਕ ਜਗਤ ਪਰਿਵਾਰ, ਪਰਾ ਪਸੰਤੀ ਮਧਮ ਬੈਖਰੀ ਬਾਹਰ ਦਿਆਂ ਜਣਾਈਆ । ਬਿਨਾ ਪ੍ਰਭੂ ਤੋਂ ਚੁਰਾਸੀ ਵਿਚੋਂ ਕਰੇ ਕੋਈ ਨਾ ਪਾਰ, ਬਿਨਾ ਸਤਿਗੁਰ ਸ਼ਬਦ ਨਾ ਕੋਇ ਸਹਾਈਆ । ਜਨ ਭਗਤੋ ਦੀਨ ਦੁਨੀ ਵਿਚ ਰਹਿਣਾ ਖਬਰਦਾਰ, ਬੇਖਬਰਾਂ ਖਬਰ ਸੁਣਾਈਆ । ਗਫ਼ਲਤ ਨਿੰਦਰਾ ਦਿਉ ਉਤਾਰ, ਉਤਰ ਪੂਰਬ ਪੱਛਮ ਦੱਖਣ ਵੇਖੋ ਨੈਣ ਉਠਾਈਆ । ਪੁਰਖ ਅਕਾਲਾ ਦੀਨ ਦਿਆਲਾ ਸਭ ਦਾ ਸਾਂਝਾ ਯਾਰ, ਪਰਵਰਦਿਗਾਰ

ਨੂਰ ਅਲਾਹੀਆ । ਜੋ ਕਲਜੁਗ ਅੰਤ ਸ੍ਰੀ ਭਗਵੰਤ ਸਭ ਦੇ ਲਹਿਣੇ ਦੇਵੇ ਕਰਜ਼ ਉਤਾਰ, ਲੇਖਾ ਪੂਰਬ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ,
੧੫੪੭

ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਖੇਲ ਸਦਾ
੨੪
ਜੁਗ ਚਾਰ, ਸਤਿਜੁਗ ਤਰੇਤਾ ਦਵਾਪਰ ਕਲਜੁਗ ਆਪਣੀ ਕਲ ਵਰਤਾਈਆ ।

### ✪ ੨੩ ਚੇਤ ਸ਼ਹਿਨਸ਼ਾਹੀ ਸੰਮਤ ੧੨ ਚੰਡੀਗੜ੍ਹ ਸ਼ਹਿਰ ਅਮਰ ਚੰਦ ਦੇ ਗ੍ਰਿਹ ✪

ਜਨ ਭਗਤਾਂ ਪ੍ਰਭ ਬਖਸ਼ ਦੇ ਜੋਗ, ਜੁਗਤੀ ਇਕੋ ਇਕ ਜਣਾਈਆ । ਚਿੰਤਾ ਗ਼ਮ ਮਿਟਾ ਦੇ ਸੋਗ, ਹਰਖ ਨਜ਼ਰ ਕੋਇ ਨਾ ਆਈਆ । ਤਨ ਵਜੂਦ ਰਹੇ ਨਾ ਰੋਗ, ਸਿਰ ਆਪਣਾ ਹੱਥ ਟਿਕਾਈਆ । ਨਿਰਗੁਣ ਧਾਰ ਦਰਸ ਦੇ ਅਮੋਘ, ਜੋਤੀ ਜਾਤਾ ਹੋ ਕੇ ਨਜ਼ਰੀ ਆਈਆ । ਅੰਤਰ ਆਤਮ ਪਰਮਾਤਮ ਬਖਸ਼ ਭੋਗ, ਬਿਨ ਰਸਨਾ ਰਸ ਚਖਾਈਆ । ਜਗਤ ਵਿਛੋੜਾ ਰਹੇ ਨਾ ਕੋਇ ਵਿਜੋਗ, ਸੰਜੋਗੀ ਹੋ ਕੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਵਡਿਆਈਆ । ਜਨ ਭਗਤਾਂ ਪ੍ਰਭ ਦੇ ਦੇ ਦਰਸ ਨਿਰਾਲਾ, ਜਗ ਨੇਤਰ ਬਾਹਰ ਜਣਾਈਆ । ਕਿਰਪਾ ਕਰ ਦੀਨ ਦਿਆਲਾ, ਦਇਆ ਨਿਧ ਤੇਰੀ ਸਰਨਾਈਆ । ਭਗਤ ਵਛਲ ਬਣ ਰਖਵਾਲਾ, ਰੱਖਕ ਹੋ ਕੇ ਵੇਖ ਵਖਾਈਆ । ਜਨਮ ਜਨਮ ਦੀ ਲੇਖੇ ਲਾ ਲੈ ਘਾਲਾ, ਸਤਿਗੁਰ ਆਪਣਾ ਸੰਗ ਬਣਾਈਆ । ਸਚ ਪਿਆਰ ਦੀ ਬਿਨਾ ਮਣਕਿਆਂ ਬਖਸ਼ ਦੇ ਮਾਲਾ, ਮਨ ਕਾ ਮਣਕਾ ਆਪ ਭਵਾਈਆ । ਆਪਣੇ ਮਿਲਣ ਦਾ ਮਾਰਗ ਦੱਸ ਸੁਖਾਲਾ, ਜਗਤ ਓਝੜ ਰਾਹ ਨਜ਼ਰ ਕੋਇ ਨਾ ਆਈਆ । ਫਲ

੧੫੪੮ ੨੪

ਲਗਾ ਦੇ ਕਾਇਆ ਮਾਟੀ ਡਾਲਾ, ਤਨ ਵਜੂਦ ਆਪਣੇ ਰੰਗ ਨਾ ਕੋਇ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਜਨ ਭਗਤਾਂ ਪ੍ਰਭ ਹੋਣਾ ਸਦਾ ਸਹਾ, ਸਹਾਇਕ ਨਾਇਕ ਇਕੋ ਨਜ਼ਰੀ ਆਈਆ । ਦੀਨ ਦਿਆਲ ਦਇਆ ਦੇਣੀ ਕਮਾ, ਕਿਰਪਾਨਿਧ ਕਿਰਪਨ ਹੋਣਾ ਸਹਾਈਆ । ਰਖਿਆ ਕਰਨੀ ਥਾਉਂ ਥਾਂ, ਥਨੰਤਰਾਂ ਦੇਣੀ ਮਾਣ ਵਡਿਆਈਆ । ਬਿਨ ਹੱਥਾਂ ਪਕੜਨੀ ਬਾਂਹ, ਫੜ ਬਾਂਹੋਂ ਗਲੇ ਲਗਾਈਆ । ਆਪੇ ਬਣਨਾ ਪਿਤਾ ਮਾਂ, ਆਤਮ ਪਰਮਾਤਮ ਹੋਣਾ ਜਣੇਂਦੀ ਮਾਈਆ । ਨਾਮ ਨਿਧਾਨਾ ਇਕੋ ਦੇਣਾ ਦ੍ਰਿੜਾ, ਦ੍ਰਿੜ ਵਿਸ਼ਵਾਸ ਆਪਣਾ ਦੇਣਾ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰਵਾਨ ਮਿਹਰ ਨਜ਼ਰ ਇਕ ਟਿਕਾ, ਟਿੱਕੇ ਧੂੜੀ ਮਸਤਕ ਖਾਕ ਵਿਚ ਰਮਾਈਆ ।

### ੨੩ ਚੇਤ ਸ਼ਹਿਨਸ਼ਾਹੀ ਸੰਮਤ ੧੨ ਪਿੰਡ ਬੜਹੇੜੀ ਨੇੜੇ ਚੰਡੀਗੜ੍ਹ ਨੱਥਾ ਸਿੰਘ ਜਗੀਰ ਸਿੰਘ ਬੰਨਾ ਸਿੰਘ ਕਰਨੈਲ ਸਿੰਘ ਨਸੀਬ ਕੌਰ

ਧਰਨੀ ਕਹੇ ਜਨ ਭਗਤੋ ਇਕੋ ਪੁਰਖ ਅਕਾਲ ਬਣਾਓ ਸਖ਼ਾ, ਸਾਜਣ ਮੀਤ ਤ੍ਰੈਗੁਣ ਅਤੀਤ ਤ੍ਰੈਭਵਣ ਧਨੀ ਅਗੰਮ ਅਥਾਹੀਆ । ਜੋ ਲਹਿਣਾ ਦੇਣਾ ਨਿਰਗੁਣ ਸਰਗੁਣ ਪੂਰਾ ਕਰੇ ਵਿਚੋਂ ਲੱਖਾਂ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਜੋ ਲਹਿਣਾ ਦੇਣਾ ਤਨ ਵਜੂਦ ਮਾਟੀ ਖਾਕ ਜਾਣੇ ਕੱਖਾਂ, ਏਥੇ ਓਥੇ ਦੋ ਜਹਾਨਾਂ ਵੇਖੇ ਥਾਉਂ ਥਾਈਂਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਰਵਰਦਿਗਾਰ ਸਾਂਝਾ ਯਾਰ ਜੋ ਹਿਰਦੇ ਅੰਦਰ ਵਸਾ, ਵਾਸਤਵ ਵਸਲ ਯਾਰ ਇਕ ਜਣਾਈਆ । ਜੋ ਬਿਨ ਰਸਨਾ ਜੇਹਵਾ ਬੱਤੀ ਦੰਦ ਅੰਤਰ ਨਿਰੰਤਰ ਦੇਵਣਹਾਰਾ ਰਸਾ, ਬਿਨ ਰਸਨਾ ਰਸ ਚਖਾਈਆ । ਜਿਸ ਦਾ ਜੋਤ ਨੂਰ ਪ੍ਰਕਾਸ਼ ਬਿਨ ਰਵ ਸਸਾ, ਦੀਆ ਬਾਤੀ ਕਮਲਾਪਾਤੀ ਗ੍ਰਿਹਿ ਮੰਦਰ ਕਰੇ ਰੁਸ਼ਨਾਈਆ । ਜੋ ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਨਿਰਗੁਣ ਧਾਰ ਫਿਰੇ ਨੱਸਾ, ਸਰਗੁਣ ਲੇਖਾ ਜਾਣੇ ਥਾਉਂ ਥਾਈਂਆ । ਉਸ ਦੀ ਸਿਫਤ ਸਲਾਹ ਬਿਨ ਅੱਖਰਾਂ ਵਾਲਾ ਜੱਸਾ, ਢੋਲਾ ਸੋਹਲਾ ਆਪਣਾ ਦਏ ਸਮਝਾਈਆ । ਜੋ ਅੰਤਰ ਨਿਰੰਤਰ ਕਲਜੁਗ ਮੇਟੇ ਰੈਣ ਅੰਧੇਰੀ ਮਸਾ, ਮਸਤੀ ਨਾਮ ਖੁਮਾਰੀ ਏਕੰਕਾਰੀ ਦਏ ਚੜ੍ਹਾਈਆ । ਜਿਸ ਦੇ ਹੁਕਮ ਵਿਚ ਮਾਣ ਮਿਲਣ ਵਾਲਾ ਇਕੋ ਸੱਸਾ, ਹੋੜਾ ਆਪਣਾ ਅੰਗ ਬਣਾਈਆ । ਹਾਹਾ ਟਿਪੀ ਨਾਲ ਫਿਰੇ ਨੱਸਾ, ਦੋ ਜਹਾਨ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਜਨ ਭਗਤੋ ਪ੍ਰਭ ਦੇ ਬਣੋ ਸੰਗੀ, ਸਗਲਾ ਸੰਗ ਬਣਾਈਆ । ਦੇਵੇ ਵਸਤ ਅਨਮੰਗੀ, ਅਤੋਟ ਅਤੁਟ ਵਰਤਾਈਆ । ਕਿਰਪਾ ਕਰੇ ਸੂਰਾ ਸਰਬੰਗੀ, ਹਰਿ ਕਰਤਾ ਧੁਰ ਦਰਗਾਹੀਆ । ਜੋਤੀ ਜਾਤਾ ਹੋ ਕੇ ਲਾਵੇ ਅੰਗੀ, ਅੰਗੀਕਾਰ ਆਪ ਅਖਵਾਈਆ । ਤੁਹਾਡੀ ਪੁਸ਼ਤ ਪਨਾਹ ਹੋਣ ਨਾ ਦੇਵੇ ਨੰਗੀ, ਸਿਰ ਸਿਰ ਆਪਣਾ ਹੱਥ ਟਿਕਾਈਆ । ਜਿਸ ਦੀ ਖੇਲ ਸਦਾ ਚੰਗੀ, ਚੰਗੀ ਤਰਾ ਸਮਝਾਈਆ । ਜਿਸ ਦੇ ਹੁਕਮ ਵਿਚ ਨੌਂ ਸੌ ਚੁਰਾਨਮੇ ਚੌਕੜੀ ਜੁਗ ਲੰਘੀ, ਭੱਜੀ ਵਾਹੋ ਦਾਹੀਆ । ਉਹ ਜਨ ਭਗਤਾਂ ਨੇਤਰ ਲੋਚਨ ਨੈਣ ਅੱਖ ਹੋਣ ਨਾ ਦੇਵੇ ਅੰਧੀ, ਨੂਰ ਨੂਰ ਨੂਰ ਕਰੇ ਰੁਸ਼ਨਾਈਆ । ਸਚ ਪਿਆਰ ਮੁਹੱਬਤ

ਵਿਚ ਸਾਰੇ ਉਸ ਦੇ ਨਾਲ ਕਰ ਲਓ ਸੰਧੀ, ਵਿਚੋਲਾ ਸਤਿਗੁਰ ਸ਼ਬਦ ਸ਼ਬਦ ਬਣਾਈਆ । ਜੋ ਲਹਿਣਾ ਦੇਣਾ ਪੂਰਾ ਕਰੇ ਪਰਕਿਰਤੀ ਪੰਝੀ, ਪੰਜਾਂ ਤੱਤਾਂ ਆਪਣਾ ਸੰਗ ਬਣਾਈਆ । ਉਸ ਦੇ ਪਿਆਰ ਵਿਚ ਬਿਨਾ ਵਿਛੋੜਿਉਂ ਵਹਾਓ ਅੰਝੀ, ਬਿਨ ਨੈਣਾਂ ਨੀਰ ਵਹਾਈਆ । ਜੋ ਸੁਰਤੀ ਤੁਹਾਡੀ ਆਪਣੇ ਨਾਲ ਲਏ ਗੰਢੀ, ਗੰਢਣਹਾਰ ਗੋਪਾਲ ਸਵਾਮੀ ਆਪਣੀ ਦਇਆ ਕਮਾਈਆ । ਨਿਜ ਆਤਮ ਪਰਮਾਤਮ ਧਾਰ ਦੇਵੇ ਠੰਡੀ, ਅਗਨੀ ਤਤ ਤਤ ਬੁਝਾਈਆ । ਧਰਨੀ ਕਹੇ ਜਨ ਭਗਤੋ ਅੰਦਰੋਂ ਵਾਸਨਾ ਕਢਿਓ ਗੰਦੀ, ਕਿਰਿਆ ਕੂੜ ਨਾ ਕੋਇ ਹਲਕਾਈਆ । ਘਰ ਪ੍ਰਕਾਸ਼ ਤਕਣਾ ਚੰਦ ਨੌ ਚੰਦੀ, ਨੂਰ ਨੁਰਾਨਾ ਦਏ ਚਮਕਾਈਆ । ਨਾਮ ਗਾਉਣਾ ਬਿਨ ਬੱਤੀ ਦੰਦੀਂ, ਅਨਹਦ ਨਾਦੀ ਨਾਦ ਕਰੇ ਸ਼ਨਵਾਈਆ । ਮਜ਼੍ਹਬ ਦੀ ਰਹੇ ਨਾ ਕੋਇ ਪਾਬੰਦੀ, ਸ਼ਰਅ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਜਨ ਭਗਤੋ ਪ੍ਰਭ ਦੇ ਬਣ ਜਾਓ ਅਗੰਮੇ ਬਾਲੇ, ਇਕੋ ਸਮਝੋ ਪਿਤਾ ਮਾਈਆ । ਜੋ ਮਿਹਰਵਾਨ ਮਿਹਰ ਕਰੇ ਪੁਰਖ ਅਕਾਲੇ, ਅਕਲ ਕਲਧਾਰੀ ਪਰਵਰਦਿਗਾਰੀ ਆਪਣੀ ਦਇਆ ਕਮਾਈਆ । ਝਗੜਾ ਛੱਡੋ ਸ਼ਾਹ ਕੰਗਾਲੇ, ਦੀਨ ਮਜ਼੍ਹਬ ਜਾਤ ਪਾਤ ਵੰਡ ਨਾ ਕੋਇ ਵੰਡਾਈਆ । ਫਲ ਲਗਾਓ ਆਪਣੇ ਕਾਇਆ ਵਾਲੇ ਡਾਲੇ, ਪਤ ਟਹਿਣੀ ਲਓ ਮਹਿਕਾਈਆ । ਫੇਰ ਪਰਮ ਪੁਰਖ ਪਰਮਾਤਮ ਜਨ ਭਗਤੋ ਆਪ ਸੰਭਾਲੇ, ਸੰਬਲ ਦਾ ਮਾਲਕ ਹੋ ਕੇ ਦਇਆ ਕਮਾਈਆ । ਤ੍ਰੈਗੁਣ ਮੇਟੇ ਕੂੜ ਜ਼ੰਜਾਲੇ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਿਸ ਦਾ ਖੇਲ ਅਗੰਮਾ ਹੋਣਾ ਹਾਲੇ, ਹਾਲਤ ਵੇਖੇ ਖਲਕ ਖੁਦਾਈਆ । ਉਹ ਤ੍ਰੈਗੁਣ ਮੇਟੇ ਕੂੜ ਜੰਜਾਲੇ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਖੁਲ੍ਹਾਈਆ । ਧਰਨੀ ਕਹੇ ਜਨ ਭਗਤੋ ਗੁਣ ਗਾਓ ਇਕ ਗੋਬਿੰਦ, ਗੋਬਿੰਦ ਗੋਬਿੰਦ ਧਾਰ ਸਮਾਈਆ । ਅੰਤਸ਼ਕਰਨ ਮਿਟਾਓ ਚਿੰਦ, ਚਿੰਤਾ ਚਿਖਾ ਨਾ ਕੋਇ ਤਪਾਈਆ । ਦਰਸ਼ਨ ਪਾਓ ਹਰਿ ਗਹਿਰ ਗੰਭੀਰ ਗੁਣੀ ਗਹਿੰਦ, ਗਵਰ ਵੇਖ ਵਖਾਈਆ । ਜਿਸ ਦੀ ਆਤਮ ਧਾਰ ਸਾਰੇ ਬਿੰਦ, ਬਚਿਆ ਰਹਿਣ ਕੋਇ ਨਾ ਪਾਈਆ । ਉਹਦਾ ਲਹਿਣਾ ਦੇਣਾ ਵੇਖੋ ਨਾਲ ਭਾਰਤ ਹਿੰਦ, ਹਿੰਦਵਾਇਣ ਨਰਾਇਣ ਕੀ ਦ੍ਰਿੜਾਈਆ । ਜਿਸ ਦਾ ਅੰਮ੍ਰਿਤ ਰਸ ਸਾਗਰ ਸਿੰਧ, ਸਿੰਧੂ ਬਿੰਦੂ ਹੋ ਕੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਸਦ ਮੇਟਣਹਾਰਾ ਚਿੰਦ, ਚਿੰਤਾ ਚਿਖਾ ਜਗਤ ਨਾ ਕੋਇ ਜਲਾਈਆ ।

### ✪ ੨੪ ਚੇਤ ਸ਼ਹਿਨਸ਼ਾਹੀ ਸੰਮਤ ੧੨ ਪਿੰਡ ਬੜਹੇੜੀ ਨੇੜੇ ਚੰਡੀਗੜ੍ਹ ਮਹਿੰਦਰ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਕਿਰਪਾ ਕਰ ਪੁਰਖ ਅਕਾਲ, ਅਕਲ ਕਲਧਾਰੀ ਏਕੰਕਾਰੀ ਆਪਣੀ ਦਇਆ ਕਮਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਮੇਰੀ ਬਣਾ ਸੱਚੀ ਧਰਮਸਾਲ, ਗੁਰੂਦਵਾਰਾ ਗੁਰਦੇਵ ਇਕੋ ਇਕ ਜਣਾਈਆ । ਅੰਮ੍ਰਿਤ ਰਸ ਸਰ ਸਰੋਵਰ ਇਕੋ ਦੇ ਵਖਾਲ, ਜਲ ਥਲ ਮਹੀਅਲ ਆਪਣਾ ਰੰਗ ਰੰਗਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਦੇ ਵਸਤ ਸਚਾ ਧਨ ਮਾਲ, ਅਤੋਟ ਅਤੁਟ ਦੀਨ ਦੁਨੀ ਵਰਤਾਈਆ । ਫਲ ਲਗਾ ਦੇ ਮੇਰੇ ਚੁਰਾਸੀ

੧੫੫੦
੨੪

ਵਾਲੇ ਡਾਲ, ਪਤ ਟਹਿਣੀ ਆਪ ਮਹਿਕਾਈਆ । ਭਗਤ ਸੁਹੇਲੇ ਮੇਰੇ ਉਤੇ ਭਾਲ, ਸੰਤ ਸਾਜਣ ਵੇਖ ਵਖਾਈਆ । ਗੁਰਮੁਖ ਤਕ ਆਪਣੇ ਲਾਲ, ਗੁਰਸਿਖ ਆਪਣੀ ਗੋਦ ਟਿਕਾਈਆ । ਮੇਰਾ ਲੇਖਾ ਪੂਰਾ ਕਰਦੇ ਪਿਛਲੀ ਘਾਲੀ ਘਾਲ, ਘਾਇਲ ਹੋ ਕੇ ਸੇਵ ਕਮਾਈਆ । ਸਤਿ ਸਤਿਵਾਦੀ ਸਤਿਗੁਰ ਸ਼ਬਦ ਮੇਰਾ ਵਿਚੋਲਾ ਬਣਾ ਦਲਾਲ, ਜਗਤ ਜਹਾਨ ਖ਼ੁਸ਼ੀ ਬਣਾਈਆ । ਜੋ ਵੇਖਣਹਾਰਾ ਹਕ ਹਲਾਲ, ਹਕੀਕਤ ਖੋਜੇ ਥਾਉਂ ਥਾਈਂਆ । ਤੇਰਾ ਸੰਦੇਸ਼ਾ ਦੇਵੇ ਬੇਮਿਸਾਲ, ਮਿਸਲ ਆਪਣੀ ਇਕ ਜਣਾਈਆ । ਕਲਜੁਗ ਕਿਰਿਆ ਕੂੜ ਕਰੇ ਜਵਾਲ, ਸਤਿਜੁਗ ਸਚ ਚੰਦ ਚਮਕਾਈਆ । ਜੋਤੀ ਜਲਵਾ ਦਏ ਜਮਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਭਾਗ ਲਗਾਏ ਕਾਇਆ ਮਾਟੀ ਖਾਲ, ਪੰਜਾਂ ਤੱਤਾਂ ਮਾਨਸ ਮਾਨਵ ਮਾਨੁਖ ਦਏ ਵਡਿਆਈਆ । ਝਗੜਾ ਮੁਕਾਏ ਸ਼ਾਹ ਕੰਗਾਲ, ਅਮੀਰ ਗਰੀਬ ਰਹਿਣ ਕੋਇ ਨਾ ਪਾਈਆ । ਤੇਰੇ ਨਾਮ ਦਾ ਦੀਨ ਦੁਨੀ ਵਜਾਏ ਇਕੋ ਤਾਲ, ਤਾਲ ਤਲਵਾੜਾ ਇਕ ਦਰਸਾਈਆ । ਧਰਨੀ ਕਹੇ ਮੈਂ ਖ਼ੁਸ਼ੀਆਂ ਵਿਚ ਹੋਵਾਂ ਖ਼ੁਸ਼ਹਾਲ, ਖ਼ੁਸ਼ਖਬਰੀ ਮੈਨੂੰ ਦੇ ਸੁਣਾਈਆ । ਉਹ ਲਹਿਣਾ ਦੇਣਾ ਪੂਰਾ ਕੀਤਾ ਜੋ ਗੋਬਿੰਦ ਕੀਤਾ ਨਾਲ ਰਵਾਲ, ਰਵਾਲਸਰ ਦਾ ਲੇਖਾ ਦੇ ਸਮਝਾਈਆ । ਮੈਂ ਨਵ ਸੱਤ ਖ਼ੁਸ਼ੀਆਂ ਵਿਚ ਪਾਵਾਂ ਧਮਾਲ, ਨੱਚਾਂ ਟੱਪਾਂ ਕੁੱਦਾਂ ਚਾਈਂ ਚਾਈਂਆ । ਮੇਰੇ ਉਤੋਂ ਤ੍ਰੈਗੁਣ ਮਾਇਆ ਮੇਟ ਜਗਤ ਜ਼ੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮੇਰੀ ਕਰ ਸੰਭਾਲ, ਸੰਬਲ ਦਾ ਮਾਲਕ ਹੋ ਕੇ ਵੇਖ ਵਖਾਈਆ । ਮੇਰਾ ਲਹਿਣਾ ਦੇਣਾ ਤੱਕ ਲੈ ਹਾਲ, ਹਾਲਤ ਤਕ ਖਲਕ ਖੁਦਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਲਜੁਗ ਕੂੜ ਨਗਾਰਾ ਡੰਕ ਰਿਹਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਬਣੇ ਨਾ ਕੋਇ ਪ੍ਰਿਤਪਾਲ, ਪ੍ਰਿਤਪਾਲਕ ਖ਼ਾਲਕ ਬਾਲਕ ਹੋ ਕੇ ਤੇਰੇ ਚਰਨ ਕਵਲ ਧਵਲ ਨਿਮਾਣੀ ਸੀਸ ਨਿਵਾਈਆ ।

### ✪ ੨੪ ਚੇਤ ਸ਼ਸ਼ਹਨਸ਼ਾਹੀ ਸੰਮਤ ੧੨ ਪਿੰਡ ਘੜੂਆ ਜ਼ਿਲਾ ਰੋਪੜ ਸੁਰਜੀਤ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਜਨ ਭਗਤੋ ਇਕੋ ਇਸ਼ਟ ਮੰਨੋ ਸ੍ਰੀ ਭਗਵਾਨੇ, ਸ੍ਰੀ ਭਗਵਾਨ ਨੌਜਵਾਨ ਨਜ਼ਰੀ ਆਈਆ । ਜਿਸ ਦੇ ਆਦਿ ਜੁਗਾਦਿ ਜੁਗ ਚੌਕੜੀ ਖੇਲ ਮਹਾਨੇ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਹੋ ਕੇ ਹੁਕਮ ਜਣਾਈਆ । ਜਿਸ ਦੇ ਸਤਿਗੁਰ ਸ਼ਬਦ ਨਾਲ ਲਹਿਣੇ ਦੇਣੇ ਦੋ ਜਹਾਨੇ, ਨਿਰਗੁਣ ਨਿਰਗੁਣ ਹੋ ਕੇ ਆਪਣਾ ਹੁਕਮ ਵਰਤਾਈਆ । ਜੋ ਵਿਸ਼ਨ ਬ੍ਰਹਮਾ ਸ਼ਿਵ ਦੱਸੇ ਖੇਲ ਮਹਾਨੇ, ਪਰਦਾ ਪਰਦਿਆਂ ਵਿਚੋਂ ਉਠਾਈਆ । ਜਿਸ ਅਵਤਾਰ ਪੈਗ਼ੰਬਰ ਗੁਰ ਖੇਲ ਵਖਾਇਆ ਜ਼ਿਮੀਂ ਅਸਮਾਨੇ, ਬਿਨ ਅੱਖਾਂ ਅੱਖ ਉਠਾਈਆ । ਉਸ ਦੇ ਹੁਕਮ ਸੰਦੇਸ਼ੇ ਪੁਰਾਣੇ, ਪੁਰਾਣ ਅਠਾਰਾਂ ਦੇਣ ਗਵਾਹੀਆ । ਜਿਸ ਦੇ ਹੁਕਮ ਵਿਚ ਬਦਲ ਜਾਣੇ ਜ਼ਮਾਨੇ, ਜ਼ਾਹਰ ਜ਼ਹੂਰ ਆਪਣਾ ਹੁਕਮ ਵਰਤਾਈਆ । ਜਿਸ ਦਾ ਭੇਵ ਪਾ ਸਕਣ ਨਾ ਇਲਮ ਇਲਮਾਨੇ, ਆਲਮਾਂ ਚਲੇ ਨਾ ਕੋਇ ਚਤੁਰਾਈਆ । ਉਹ ਸ਼ਹਿਨਸ਼ਾਹ ਸ਼ਾਹੋ ਭੂਪ ਸੁਲਤਾਨੇ, ਹਰਿ ਕਰਤਾ ਧੁਰਦਰਗਾਹੀਆ । ਕਲਜੁਗ ਅੰਤ ਸ੍ਰੀ ਭਗਵੰਤ ਪਰਗਟ ਹੋਏ ਦੋ ਜਹਾਨੇ, ਦੋਹਰੀ ਆਪਣੀ ਕਲ ਵਰਤਾਈਆ । ਜੋ ਭਗਤ ਸੁਹੇਲੇ ਲੱਖ ਚੁਰਾਸੀ ਵਿਚੋਂ ਪਹਿਚਾਨੇ, ਪੇਸ਼ਤਰ ਆਪਣਾ ਰੰਗ ਰੰਗਾਈਆ । ਜਿਨ੍ਹਾ ਦਾ ਇਕੋ ਹੋਏ ਗਾਨੇ, ਤੂੰ ਮੇਰਾ ਮੈਂ ਤੇਰਾ ਰਾਗ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

ਸਚ ਦਾ ਕਰਮ ਆਪ ਕਮਾਈਆ । ਧਰਨੀ ਕਹੇ ਜਨ ਭਗਤੋ ਪ੍ਰਭ ਦਾ ਤੱਕੋ ਦਰਸ, ਅੰਤਰ ਨਿਰੰਤਰ ਧਿਆਨ ਲਗਾਈਆ । ਤੁਹਾਡੀ ਜਨਮ ਜਨਮ ਦੀ ਮਿਟੇ ਹਰਸ, ਹਵਸ ਅਗਲੀ ਦਏ ਚੁਕਾਈਆ । ਮਿਹਰਵਾਨ ਹੋ ਕੇ ਕਰੇ ਤਰਸ, ਰਹਿਮਤ ਆਪਣੀ ਹਕ ਕਮਾਈਆ । ਮੇਰੇ ਉਤੇ ਸੰਮਤ ਸ਼ਹਿਨਸ਼ਾਹੀ ਬਾਰਾਂ ਖ਼ੁਸ਼ੀਆਂ ਵਾਲਾ ਬਰਸ, ਜਿਸ ਦੀ ਬਰਸੀ ਚਾਰ ਜੁਗ ਦੇ ਸ਼ਾਸਤਰ ਲੈਣ ਮਨਾਈਆ । ਆਪਣੀ ਜਨਮ ਕਰਮ ਦੀ ਮੇਟੇ ਹਰਸ, ਹਵਸ ਕੂੜ ਨਾ ਕੋਇ ਰਖਾਈਆ । ਨਿਗਾਹ ਮਾਰੋ ਉਤੇ ਫ਼ਰਸ਼, ਬਿਨ ਨੇਤਰ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਧਰਨੀ ਕਹੇ ਜਨ ਭਗਤੋ ਅੰਦਰੋ ਅੰਦਰ ਬਦਲੋ ਨੀਤਾ, ਨਿਰਤ ਸੁਰਤ ਇਕੋ ਰੰਗ ਰੰਗਾਈਆ । ਪਿਛਲਾ ਜੀਵਣ ਛੱਡੋ ਬੀਤਾ, ਅੱਗੇ ਪ੍ਰਭ ਦੇ ਰੰਗ ਸਮਾਈਆ । ਇਕੋ ਸਵਾਮੀ ਜਾਣੋ ਮੀਤਾ, ਮਿਤਰ ਪਿਆਰਾ ਇਕ ਅਖਵਾਈਆ । ਜੋ ਤਨ ਵਜੂਦ ਕਰੇ ਠਾਂਢਾ ਸੀਤਾ, ਅਗਨੀ ਤਤ ਬੁਝਾਈਆ । ਜਿਹੜਾ ਨਿਰਗੁਣ ਧਾਰ ਸਦਾ ਜਗਜੀਤਾ, ਜਗ ਜੀਵਣ ਦਾਤਾ ਇਕ ਅਖਵਾਈਆ । ਜਿਸ ਦੇ ਸਭ ਤੋਂ ਵੱਖਰੀ ਨਿਰਾਲੀ ਰੀਤਾ, ਨਿਰਵੈਰ ਹੋ ਕੇ ਰਿਹਾ ਚਲਾਈਆ । ਸੋ ਝਗੜਾ ਮਟਾਏ ਮੰਦਰ ਮਸੀਤਾ, ਕਾਇਆ ਕਾਅਬਾ ਇਕ ਵਖਾਈਆ । ਸਤਿ ਧਰਮ ਦੀ ਸਤਿ ਸਤਿਵਾਦੀ ਹੋ ਕੇ ਕਰੇ ਤਾਕੀਦਾ, ਧੁਰ ਦਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀਆਂ ਆਸਾਂ ਮਨਸਾਂ ਪੂਰੀਆਂ ਕਰੇ ਉਮੀਦਾਂ, ਤ੍ਰਿਸਨਾ
੧੫੫੧ ਤ੍ਰਿਖਾ ਜਗਤ ਜੁਗਤ ਬੁਝਾਈਆ । ੧੫੫੧

੨੪ ੨੪

### ✪ ੨੪ ਚੇਤ ਸ਼ਹਿਨਸ਼ਾਹੀ ਸੰਮਤ ੧੨ ਪਿੰਡ ਘੜੂਆ ਜ਼ਿਲਾ ਰੋਪੜ ਗੁਰਦੇਵ ਸਿੰਘ ਦੇ ਗ੍ਰਹਿ ✪

ਸਤਿਗੁਰ ਸ਼ਬਦ ਸੱਚਾ ਗੁਰਦੇਵਾ, ਦੇਵ ਆਤਮਾ ਆਪਣਾ ਰੰਗ ਰੰਗਾਈਆ । ਜਨ ਭਗਤਾਂ ਜੁਗ ਜੁਗ ਲੇਖੇ ਲਾਏ ਸੇਵਾ, ਸੇਵਕ ਸੇਵਾ ਆਪਣਾ ਅੰਗ ਬਣਾਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਬਖਸ਼ੇ ਅਗੰਮੀ ਮੇਵਾ, ਅੰਮ੍ਰਿਤ ਰਸ ਆਪਣਾ ਆਪ ਚਖਾਈਆ । ਜਿਸ ਦੀ ਸਿਫਤ ਕਰ ਨਾ ਸਕੇ ਜੇਹਵਾ, ਰਸਨਾ ਗੁਣ ਨਾ ਕੋਇ ਵਡਿਆਈਆ । ਸੋ ਸਵਾਮੀ ਅਲਖ ਅਭੇਵਾ, ਅਲੱਖਣਾ ਆਪਣੀ ਕਾਰ ਭੁਗਤਾਈਆ । ਜੋ ਵਸਣਹਾਰਾ ਨੇਹਚਲ ਧਾਮ ਨੇਹਕੇਵਾ, ਸਚਖੰਡ ਆਸਣ ਲਾਈਆ । ਜਨ ਭਗਤਾਂ ਆਦਿ ਜੁਗਾਦਿ ਦੂਸਰਾ ਕਰਨ ਦੇਵੇ ਨਾ ਕਦੇ ਕਰੇਵਾ, ਕਰਨੀ ਦਾ ਕਰਤਾ ਮਾਲਕ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰ ਆਪ ਸੁਹਾਈਆ । ਸਤਿਗੁਰ ਸ਼ਬਦ ਜਨ ਭਗਤਾਂ ਪੂਰੀ ਕਰੇ ਮਨਸਾ, ਆਸਾ ਤ੍ਰਿਸ਼ਨਾ ਆਪਣੇ ਨਾਲ ਮਿਲਾਈਆ । ਸਤਿ ਸਤਿਵਾਦੀ ਹੋ ਕੇ ਬਖਸ਼ੇ ਭਰਵਾਸਾ, ਚਰਨ ਕਵਲ ਦਏ ਵਡਿਆਈਆ । ਦੀਆ ਬਾਤੀ ਕਮਲਾਪਾਤੀ ਕਰ ਪ੍ਰਕਾਸ਼ਾ, ਅੰਧ ਅਗਿਆਨ ਦਏ ਬੁਝਾਈਆ । ਲੇਖੇ ਲਾਏ ਪਵਨ ਸਵਾਸਾ, ਜੋ ਸਾਹ ਸਾਹ ਧਿਆਈਆ । ਜਨਮ ਕਰਮ ਦਾ ਲਹਿਣਾ ਦੇਣਾ ਪੂਰਾ ਕਰੇ ਲੇਖਾ ਰਹੇ ਰਤੀ ਨਾ ਮਾਸਾ, ਅਤੋਲ ਅਤੁਲ ਆਪਣੀ ਵਸਤ ਵਰਤਾਈਆ । ਅੰਤਰ ਆਤਮ ਨਿਰੰਤਰ ਮਿਲ ਮਿਲ ਕਰੇ ਹਾਸਾ, ਹਸਤੀ ਆਪਣੀ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ

ਇਕ ਅਖਵਾਈਆ । ਸਤਿਗੁਰ ਸ਼ਬਦ ਜਨ ਭਗਤਾਂ ਹਿਰਦਾ ਕਰੇ ਸ਼ੁਧ, ਸੁਦੀ ਵਦੀ ਵੰਡ ਨਾ ਕੋਇ ਵੰਡਾਈਆ । ਨਿਰਮਲ ਪਵਿਤਰ ਕਰੇ ਬੁੱਧ, ਚਿੱਤਰ ਚਲਿਤਰ ਆਪਣਾ ਦਏ ਸਮਾਈਆ । ਨਾਮ ਖੁਮਾਰੀ ਮਸਤੀ ਵਿਚ ਕਰੇ ਬੇਸੁਧ, ਬਸੁਧਾ ਉਤੇ ਦਏ ਵਡਿਆਈਆ । ਪੰਚ ਵਿਕਾਰ ਅੰਤਰ ਕਰੇ ਨਾ ਯੁੱਧ, ਜਿਸ ਨੂੰ ਮਿਲਿਆ ਧੁਰ ਦਾ ਮਾਹੀਆ । ਸੋ ਲਹਿਣਾ ਦੇਣਾ ਪੂਰਾ ਕਰੇ ਕਲਜੁਗ, ਜੁਗਤੀ ਆਪਣੇ ਹੱਥ ਰਖਾਈਆ । ਹਰਿਜਨ ਭਾਗ ਆਪੇ ਕਰੇ ਉਘ, ਉਗਣ ਆਥਣ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਹੇ ਜਨ ਭਗਤੋਂ ਪ੍ਰਭ ਪ੍ਰੀਤੀ ਜਗਤ ਨਿਰਾਲੀ, ਨਿਰਾਕਾਰ ਦਏ ਜਣਾਈਆ । ਬਿਨਾ ਸਤਿਗੁਰ ਕਿਰਪਾ ਕਿਸੇ ਕੋਲੋਂ ਜਾਏ ਨਾ ਸੰਭਾਲੀ, ਸੰਭਲ ਕੇ ਕਦਮ ਨਾ ਕੋਇ ਉਠਾਈਆ । ਜਿਸ ਦੀ ਕਿਰਪਾ ਨਾਲ ਤੁੱਟੇ ਜਗਤ ਜ਼ੰਜਾਲੀ, ਜਾਗਰਤ ਜੋਤ ਕਰੇ ਰੁਸ਼ਨਾਈਆ । ਉਹ ਭਗਤਾਂ ਪਿਛੇ ਆਪਣੀ ਘਾਲ ਰਿਹਾ ਘਾਲੀ, ਸੇਵਕ ਹੋ ਕੇ ਸੇਵ ਕਮਾਈਆ । ਬਿਨਾ ਜਾਣ ਪਛਾਣ ਕਰੇ ਦਲਾਲੀ, ਵਿਚੋਲਾ ਹੋ ਕੇ ਮੇਲ ਮਿਲਾਈਆ । ਭਾਗ ਲਗਾ ਕੇ ਕਾਇਆ ਧਰਮਸਾਲੀ, ਧਰਮ ਦਵਾਰਾ ਇਕ ਦ੍ਰਿੜਾਈਆ । ਫਲ ਲਗਾ ਕੇ ਜਨਮ ਕਰਮ ਦੀ ਡਾਲੀ, ਪਤ ਟਹਿਣੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨੇਹਕੰਲਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਭਗਤ ਸੁਹੇਲੇ ਨਵ ਸੱਤ ਨਿਰਗੁਣ ਹੋ ਕੇ ਰਿਹਾ ਭਾਲੀ, ਭੇਵ ਆਪਣਾ ਆਪਣੇ ਵਿਚੋਂ ਪਰਗਟਾਈਆ ।



੧੫੫੨ ੨੪

## ੨੪ ਚੇਤ ਸ਼ਹਿਨਸ਼ਾਹੀ ਸੰਮਤ ੧੨ ਪਿੰਡ ਰੁੜਕੀ ਜ਼ਿਲਾ ਰੋਪੜ ਸੇਵਾ ਸਿੰਘ ਦੇ ਗ੍ਰਿਹਿ

ਧਰਨੀ ਕਹੇ ਪ੍ਰਭੂ ਮੇਰਾ ਤੇਰੇ ਅਗੇ ਹਾੜਾ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਵਾਸਤਾ ਪਾਈਆ । ਮੈਨੂੰ ਤਨ ਵਜੂਦ ਅੱਗ ਲਗੀ ਬਿਨਾ ਨਾੜਾਂ, ਸ਼ਰੀਰ ਬੇਨਜ਼ੀਰ ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਕਲਜੁਗ ਕਿਰਿਆ ਕੂੜ ਲਾਇਆ ਅਖਾੜਾ, ਪੰਚ ਵਿਕਾਰਾ ਨੱਚੇ ਚਾਈਂ ਚਾਈਂਆ । ਫਿਰੀ ਦਰੋਹੀ ਟਿਲੇ ਜੂਹ ਉਜਾੜ ਪਹਾੜਾ, ਸਮੁੰਦ ਸਾਗਰ ਰੋਵਣ ਮਾਰਨ ਧਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਤੇਰੇ ਨਾਮ ਦਾ ਮੰਗਣ ਆਏ ਕੋਈ ਨਾ ਵਾੜਾ, ਸਚ ਦਵਾਰ ਏਕੰਕਾਰ ਅਲਖ ਨਾ ਕੋਇ ਜਗਾਈਆ । ਨਵ ਸੱਤ ਬ੍ਰਹਮ ਮਤ ਕਲਜੁਗ ਚਬਾ ਗਿਆ ਆਪਣੀਆਂ ਥੱਲੇ ਦਾੜ੍ਹਾਂ, ਭੈ ਭੀਤ ਕੀਤੀ ਖਲਕ ਖ਼ੁਦਾਈਆ । ਮੇਰੀ ਬੇਨੰਤੀ ਤੇਰੇ ਅੱਗੇ ਮੇਰਾ ਲੇਖੇ ਲਾਉਣਾ ਅੱਜ ਦਾ ਦਿਹਾੜਾ, ਦਿਉਹਾੜੀ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਨੀ ਕਹੇ ਪ੍ਰਭੂ ਕਿਰਪਾ ਕਰ ਸੂਰੇ ਸਰਬਗ, ਪੁਰਖ ਅਕਾਲ ਤੇਰੀ ਸਰਨਾਈਆ । ਕਲਜੁਗ ਜੀਵ ਹੰਸ ਬਣਾ ਕਗ, ਕਾਗੋਂ ਹੰਸ ਰੂਪ ਵਟਾਈਆ । ਤ੍ਰੈਗੁਣ ਮੇਰੇ ਉਤੋਂ ਬੁਝਾ ਦੇ ਅੱਗ, ਤਤਵ ਤਤ ਨਾ ਕੋਇ ਜਲਾਈਆ । ਜਨ ਭਗਤਾਂ ਦਰਸ਼ਨ ਦੇ ਉਪਰ ਸ਼ਾਹਰਗ, ਸ਼ਹਿਨਸ਼ਾਹ ਪਰਦਾ ਆਪ ਉਠਾਈਆ । ਸਾਚੇ ਨਾਮ ਦਾ ਵਜਾ ਅਗੰਮੀ ਨਦ, ਅਨਹਦ ਨਾਦੀ ਨਾਦ ਕਰ ਸ਼ਨਵਾਈਆ । ਜਗਤ ਕਿਰਿਆ ਕੂੜ ਮੇਟ ਦੇ ਹਦ, ਹਦੂਦ ਮਹਿਬੂਬ ਆਪਣੀ ਇਕ ਸਮਝਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਤੂੰ ਮੇਰਾ ਮੈਂ ਤੇਰਾ ਗਾਵੇ ਛੰਦ, ਆਤਮ ਪਰਮਾਤਮ ਮੇਲਾ ਮੇਲਣਾ ਸਹਿਜ ਸੁਭਾਈਆ । ਬਿਨ ਰਸਨਾ

ਜੇਹਵਾ ਜੀਵ ਜੰਤ ਆਤਮ ਧਾਰ ਬਖ਼ਸ਼ ਅਨੰਦ, ਪਰਮਾਨੰਦ ਵਿਚ ਸਮਾਈਆ । ਦੂਈ ਦਵੈਤੀ ਸ਼ਰਅ ਸ਼ਰਾਇਤੀ ਮੇਟ ਦੇ ਕੰਧ, ਪਰਦਾ ਪਰਦਿਆਂ ਵਿਚੋਂ ਉਠਾਈਆ । ਮਾਨਵ ਜ਼ਾਤੀ ਖ਼ੁਸ਼ੀ ਕਰਦੇ ਬੰਦ ਬੰਦ, ਬੰਦਗੀ ਆਪਣੀ ਇਕ ਦ੍ਰਿੜਾਈਆ । ਬਿਨਾ ਸੂਰੀਆ ਚੰਦ ਤੋਂ ਚਾੜ੍ਹ ਦੇ ਚੰਦ, ਨੂਰ ਨੁਰਾਨੇ ਆਪਣਾ ਨੂਰ ਦੇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਮੇਰੀ ਧਾਰ ਤਕ ਲੈ ਆਪ, ਧਵਲ ਹੋ ਕੇ ਦਿਆਂ ਜਣਾਈਆ । ਬਿਨ ਤੇਰੀ ਕਿਰਪਾ ਮਿਟੇ ਮੂਲ ਨਾ ਪਾਪ, ਪਤਤ ਪੁਨੀਤ ਨਾ ਕੋਇ ਕਰਾਈਆ । ਮੇਰੇ ਅੰਤਸ਼ਕਰਨ ਅੰਤਰ ਨਿਰੰਤਰ ਮੇਟ ਰੋਗ ਸੰਤਾਪ, ਸੰਸਾ ਕਿਰਿਆ ਕੂੜ ਦੇ ਮਿਟਾਈਆ । ਤੂੰ ਮਾਲਕ ਖ਼ਾਲਕ ਮੇਰਾ ਧੁਰ ਦਾ ਕਮਲਾਪਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਸਚ ਪ੍ਰੀਤੀ ਜਗਤ ਰੀਤੀ ਬਖ਼ਸ਼ ਆਪਣਾ ਨਾਤ, ਪ੍ਰੀਤਮ ਹੋ ਕੇ ਮੇਲ ਮਿਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪੁਛ ਵਾਤ, ਵਾਸਤਾ ਤੇਰੇ ਚਰਨ ਰਖਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਦੇਵਣਹਾਰਾ ਦਾਤ, ਦਾਤਾ ਦਾਨੀ ਇਕ ਅਖਵਾਈਆ । ਗਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਪੁੱਛ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਨਵ ਸੱਤ ਮੇਰੇ ਉਤੋਂ ਮੇਟ ਅੰਧੇਰੀ ਰਾਤ, ਰੁਤੜੀ ਆਪਣੇ ਨਾਲ ਮਹਿਕਾਈਆ । ਪਰਦਾ ਖੋਲ੍ਹ ਦੇ ਬਾਤਨ ਬਾਤ, ਓਹਲਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੀ ਆਸਾ ਪੂਰ ਕਰਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਆਪਣੀ ਕਰ ਮਿਹਰਵਾਨੀ, ਮਹਿਬੂਬ ਤੇਰੀ ਸਰਨਾਈਆ । ਦੀਨ ਦਿਆਲੇ ਸਾਚੀ ਵਸਤ ਦੇਣੀ ਅਗੰਮ ਨਿਸ਼ਾਨੀ, ਨਿਸ਼ਾਨਾ ਦੀਨ ਦੁਨੀ ਬਦਲਾਈਆ । ਇਕੋ ਮੰਜ਼ਲ ਦੇ ਰੁਹਾਨੀ, ਰੂਹ ਬੁੱਤ ਵਜਦੀ ਰਹੇ ਵਧਾਈਆ । ਝਗੜਾ ਮੇਟ ਜਿਸਮ ਜਿਸਮਾਨੀ, ਤਤਵ ਤਤ ਦੇ ਸਮਝਾਈਆ । ਧੁਰ ਦਾ ਕਲਮਾ ਨਾਮ ਦੱਸ ਪੈਗ਼ਾਮੀ, ਪਰਾ ਪਸੰਤੀ ਮਧਮ ਬੈਖਰੀ ਇਕੋ ਰੰਗ ਰੰਗਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਆਪਣੀ ਮੰਜ਼ਲ ਦੱਸ ਆਸਾਨੀ, ਅਸਲ ਵਸਲ ਯਾਰ ਦੇ ਕਰਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਤੇਰੇ ਪਿਆਰ ਦੀ ਹੋਵੇ ਹਕ ਕੁਰਬਾਨੀ, ਕਰਬਲਿਆਂ ਦੀ ਲੋੜ ਰਹੇ ਨਾ ਰਾਈਆ । ਆਬੇ ਹਯਾਤ ਅੰਮ੍ਰਿਤ ਰਸ ਪਿਆ ਦੇ ਠੰਡਾ ਪਾਣੀ, ਨਿਝਰ ਝਿਰਨਿਉਂ ਬੂੰਦ ਸਵਾਂਤ ਆਪ ਟਪਕਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਦੀਨਾਂ ਮਜ਼੍ਹਬਾਂ ਬਣ ਜਾ ਬਾਨੀ, ਵਾਰਸ ਹੋ ਕੇ ਵੇਖ ਵਖਾਈਆ । ਤੇਰੀ ਸਿਫ਼ਤ ਸਲਾਹ ਬੇਪਰਵਾਹ ਅਗੰਮ ਅਥਾਹ ਕੋਈ ਲਿਖ ਨਾ ਸਕੇ ਕਲਮ ਕਾਨੀ, ਕਾਏਨਾਤ ਵਿਚ ਭੇਵ ਕੋਇ ਨਾ ਪਾਈਆ । ਮੇਰੀ ਬੇਨੰਤੀ ਪਰਵਰਦਿਗਾਰ ਸਾਂਝੇ ਯਾਰ ਇਕੋ ਮਾਨੀਂ, ਮਨਸਾ ਤੇਰੇ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦੇਵਣਹਾਰ ਤੇਰੀ ਵਡਿਆਈਆ । ਧਰਨੀ ਕਹੇ ਪ੍ਰਭੂ ਮੇਰਾ ਲਹਿਣਾ ਕਰ ਦੇ ਪੂਰਾ, ਪੂਰਨ ਬ੍ਰਹਮ ਦੇ ਜਣਾਈਆ । ਮਾਲਕ ਖ਼ਾਲਕ ਬਣ ਹਾਜ਼ਰ ਹਜ਼ੂਰਾ, ਹਜ਼ਰਤਾਂ ਤੋਂ ਬਾਹਰ ਲਹਿਣਾ ਦੇ ਸਮਝਾਈਆ । ਜੁਗ ਬਦਲਣਾਂ ਤੇਰਾ ਦਸਤੂਰਾ, ਆਦਿ ਜੁਗਾਦੀ ਰੀਤੀ ਚਲੀ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਮੈਂ ਧਰਨੀ ਹੋਈ ਮਜ਼ਬੂਰਾ, ਮੁਸ਼ਕਲ ਵਿਚ ਆਪਣਾ ਝਟ ਲੰਘਾਈਆ । ਉਹ ਆਸਾ ਪੂਰੀ ਕਰ ਦੇ ਜੋ ਸੰਦੇਸ਼ਾ ਦੇ ਕੇ ਗਿਆ ਮੂਸਾ ਉਤੇ ਕੋਹਤੂਰਾ, ਤੁਰੀਆ ਤੋਂ ਬਾਹਰ ਗਿਆ ਦ੍ਰਿੜਾਈਆ । ਜਿਸ ਨੂੰ ਈਸਾ ਕਿਹਾ ਮੇਰਾ ਬਾਪ ਅਸਮਾਨੀ ਨੂਰਾ, ਨੂਰ ਨੁਰਾਨਾ ਇਕ ਅਖਵਾਈਆ । ਮੁਹੰਮਦ ਦੀ ਆਸ਼ਾ ਧੁਰ ਅਮਾਮ ਕਲਮਾ ਕਾਏਨਾਤ ਦਾ ਲੇਖਾ ਨਾ ਰਹੇ ਅਧੂਰਾ, ਹਦੂਦ ਮਹਿਦੂਦ ਇਕ ਜਣਾਈਆ । ਮੈਂ ਤੇਰੀ ਪਰਵਰਦਿਗਾਰ ਹੋਵਾਂ ਮਸ਼ਕੂਰਾ, ਸ਼ੁਕਰਾਨੇ ਵਿਚ ਸੀਸ ਨਿਵਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਸਰਬ ਕਲਾ ਭਰਪੂਰਾ, ਸਮਰਥ ਅਕਥ ਤੇਰੀ ਤੇਰੇ ਹੱਥ ਵਡਿਆਈਆ ।

✪ ੨੫ ਚੇਤ ਸ਼ਹਿਨਸ਼ਾਹੀ ਸੰਮਤ ੧੨ ਪਿੰਡ ਸ਼ੇਖ ਪੁਰ ਜ਼ਿਲਾ ਰੋਪੜ ਹਰਭਜਨ ਸਿੰਘ ਦੇ ਗ੍ਰਿਹਿ ✪

ਸ਼ਰਅ ਕਹੇ ਸੁਣ ਮੇਰੇ ਅੰਤਰਜਾਮੀ, ਅੰਤਰ ਨਿਰੰਤਰ ਜਗਤ ਜਹਾਨ ਧਿਆਨ ਲਗਾਈਆ । ਮੇਰੀ ਧਾਰ ਵਿਚ ਨਵ ਸੱਤ ਹੋਈ ਅੰਧੇਰੀ ਸ਼ਾਮੀ, ਸ਼ਮਅ ਨੂਰ ਜੋਤ ਨਾ ਕੋਇ ਰੁਸ਼ਨਾਈਆ । ਦੀਨ ਦੁਨੀ ਦਾ ਨਾਤਾ ਜੁੜੇ ਮੂਲ ਨਾ ਬਾਹਮੀ, ਏਕਾ ਰੰਗ ਨਾ ਕੋਇ ਸਮਾਈਆ । ਦੀਨਾਂ ਮਜ਼੍ਹਬਾਂ ਵਿਚ ਮੈਂ ਹੋਈ ਨੇਹਕਾਮੀ, ਆਪਣਾ ਬਲ ਨਾ ਕੋਇ ਧਰਾਈਆ । ਸ਼ਰਅ ਜਗਤ ਬੱਧੀ ਗੁਲਾਮੀ, ਬੰਧਨ ਦੀਨ ਦੁਨੀ ਵਖਾਈਆ । ਝਗੜਾ ਪਾਇਆ ਤੇਰੇ ਕਲਮੇ ਨਾਲ ਕਲਾਮੀ, ਕਾਇਨਾਤ ਦਿਤੀ ਲੜਾਈਆ । ਮੇਰੇ ਅੰਤਰ ਕਲਜੁਗ ਆਈ ਖਾਮੀ, ਖ਼ਾਮੋਸ਼ ਬੈਠੀ ਦਿਆਂ ਦੁਹਾਈਆ । ਮੇਰਾ ਸੰਦੇਸ਼ ਤੇਰੇ ਚਰਨ ਕਵਲ ਪੈਗ਼ਾਮੀ, ਪੈਗ਼ੰਬਰਾਂ ਦੇ ਮਾਲਕ ਦਿਆਂ ਦ੍ਰਿੜਾਈਆ । ਧਰਨੀ ਧਵਲ ਉਤੋਂ ਝਗੜਾ ਮੇਟ ਅਸਮਾਨੀ, ਇਸਮ ਆਜ਼ਮ ਇਕ ਸਮਝਾਈਆ । ਮੇਰੇ ਉਤੇ ਕਰਨੀ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਦੀਨ ਮਜ਼੍ਹਬ ਜ਼ਾਤ ਪਾਤ ਝਗੜਾ ਰਹੇ ਨਾ ਕੋਈ ਇਨਸਾਨੀ, ਮਾਨਸ ਮਾਨਵ ਮਾਨੁਸ
੧੫੫੪ ਤੇਰੇ ਰੰਗ ਰੰਗਾਈਆ । ਮੇਰੀ ਸ਼ਰਅ ਸ਼ਰੀਅਤ ਕਰ ਬੇਗਾਨੀ, ਲੋਕਮਾਤ ਰਹਿਣ ਨਾ ਪਾਈਆ । ਤੂੰ ਸ਼ਹਿਨਸ਼ਾਹ ਪਾਤਸ਼ਾਹ ਸੁਲਤਾਨੀ, ਹਰਿ ਕਰਤਾ ੧੫੫੪
੨੪ ਇਕ ਅਖਵਾਈਆ । ਮੈਂ ਜਗਤ ਕੋਝੀ ਹੋਈ ਨਿਮਾਣੀ, ਨਿਵ ਨਿਵ ਲਾਗਾਂ ਪਾਈਆ । ਮੇਰਾ ਲਹਿਣਾ ਦੇਣਾ ਲੋਕਮਾਤ ਚੁਕਾ ਆਸਾਨੀ, ਅਸਲ ਆਪਣਾ ੨੪
ਹੁਕਮ ਵਰਤਾਈਆ । ਮੇਰੇ ਪਿਆਰ ਵਿਚ ਅਵਤਾਰ ਪੈਗ਼ੰਬਰਾਂ ਗੁਰੂਆਂ ਦੇਣੀ ਪਈ ਕੁਰਬਾਨੀ, ਕਰਬਲਾ ਸ਼ਹਾਦਤ ਰਿਹਾ ਭੁਗਤਾਈਆ । ਮੈਂ ਝਗੜਾ ਪਾਇਆ ਜਿਸਮਾਨੀ, ਜਮੀਰ ਸਭ ਦੀ ਅੰਦਰੋਂ ਦਿਤੀ ਬਦਲਾਈਆ । ਤੂੰ ਮੇਰਾ ਮਾਲਕ ਏਕਾ ਏਕ ਅਸਲਾਮੀ, ਇਸਮ ਆਜ਼ਮ ਨੂਰ ਅਲਾਹੀਆ । ਮੇਰੀ ਬੇਨੰਤੀ ਕਰੀਂ ਪਰਵਾਨੀ, ਪਰਮ ਪੁਰਖ ਪੁਰਖ ਦ੍ਰਿੜਾਈਆ । ਮੇਰੀ ਅੱਖਰਾਂ ਵਾਲੀ ਨਹੀਂ ਕਹਾਨੀ, ਸ਼ਬਦੀ ਧਾਰ ਮੰਗ ਮੰਗਾਈਆ । ਮੇਰਾ ਝਗੜਾ ਮੁਕਾ ਦੇ ਨਾਲੋਂ ਜੇਰਜ ਖਾਣੀ, ਤਨ ਵਜੂਦ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਰ ਮਿਲੇ ਵਡਿਆਈਆ । ਸ਼ਰਅ ਕਹੇ ਪ੍ਰਭੂ ਮੇਰਾ ਝਗੜਾ ਤੱਕ ਲੈ ਲੋਕਮਾਤ, ਮਤ ਮਤਾਂਰਤਾ ਡੇਰਾ ਢਾਹੀਆ । ਮੇਰਾ ਲੇਖਾ ਤੱਕ ਲੈ ਜ਼ਾਤ ਪਾਤ, ਦੀਨ ਮਜ਼੍ਹਬ ਫੋਲ ਫੁਲਾਈਆ । ਮੇਰੀ ਇਕੋ ਬੇਨੰਤੀ ਇਕੋ ਬਾਤ, ਬਾਤਨ ਭੇਵ ਦੇਣਾ ਚੁਕਾਈਆ । ਕਿਰਪਾ ਕਰ ਦੇ ਮੇਰੇ ਕਮਲਾਪਾਤ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਸਚ ਪ੍ਰੀਤੀ ਮਾਨਵ ਜ਼ਾਤੀ ਆਪਣਾ ਜੋੜ ਲੈ ਨਾਤ, ਦੀਨ ਦੁਨੀ ਦਾ ਲੇਖਾ ਆਪ ਨਾ ਕੋਇ ਲਿਖਾਈਆ । ਚਾਰ ਕੁੰਟ ਦਾ ਝਗੜਾ ਮੇਟ ਦੇ ਕਾਗਜ਼ਾਤ, ਨਿਰਅੱਖਰ ਕਰ ਪੜ੍ਹਾਈਆ । ਤੂੰ ਆਦਿ ਜੁਗਾਦੀ ਸਭ ਦਾ ਪਿਤ ਮਾਤ, ਪਤਿਪਰਮੇਸ਼ਵਰ ਇਕ ਅਖਵਾਈਆ । ਲੇਖਾ ਰਹਿਣ ਨਾ ਦੇਣਾ ਕਾਗਜ਼ਾਤ, ਆਤਮ ਪਰਮਾਤਮ ਦੇਣਾ ਸਮਝਾਈਆ । ਅੰਤ ਕੰਤ ਭਗਵੰਤ ਮੇਰੀ ਪੁੱਛਣੀ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਮੈਂ ਪੈਗ਼ੰਬਰਾਂ ਵਲ ਰਹੀ ਝਾਕ, ਬਿਨ ਅੱਖੀਆਂ ਅੱਖ ਉਠਾਈਆ । ਕਵਣ ਵੇਲਾ ਮੇਰਾ ਲਹਿਣਾ ਦੇਣਾ ਮੁੱਕੇ ਲੋਕਮਾਤ, ਧਰਨੀ ਧਰਤ ਧਵਲ ਧੌਲ

ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਹੁਕਮ ਇਕ ਮਨਾਈਆ । ਸ਼ਰਅ ਕਹੇ ਪ੍ਰਭੂ ਮੇਰੀ ਸ਼ਰੀਅਤ ਮੁਕਾ ਦੇ ਜਲਦੀ, ਬਹੁਤੀ ਦੇਰ ਨਾ ਕੋਇ ਲਗਾਈਆ । ਕਲਜੁਗ ਕਲਾ ਮੇਟ ਦੇ ਕਲ ਦੀ, ਕਲ ਕਾਤੀਆਂ ਕਰ ਸਫ਼ਾਈਆ । ਕਪਟ ਖੇਲ ਰਹੇ ਨਾ ਛਲ ਦੀ, ਅਛਲ ਛਲ ਧਾਰੀ ਹੋ ਸਹਾਈਆ । ਵੰਡ ਰਹੇ ਨਾ ਪਾਣੀ ਜਲ ਦੀ, ਤੀਰਥਾਂ ਰੰਗ ਰੰਗਾਈਆ । ਖੇਲ ਵੇਖ ਲੈ ਮਾਰੂਥਲ ਦੀ, ਕਾਅਬੇ ਰਹੇ ਕੁਰਲਾਈਆ । ਸ਼ਰਅ ਕਹੇ ਮੈਂ ਤੇਰਾ ਹੁਕਮ ਸੰਦੇਸ਼ਾ ਰਹੀ ਝਲਦੀ, ਸਿਰ ਸਰ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਰ ਮਿਲੇ ਵਡਿਆਈਆ । ਸ਼ਰਅ ਕਹੇ ਪ੍ਰਭੂ ਮੇਰਾ ਲਹਿਣਾ ਦੇਣਾ ਮੁਕਾ ਜਹਾਨਾ, ਦੀਨ ਦੁਨੀ ਵੰਡ ਨਾ ਕੋਇ ਵੰਡਾਈਆ । ਕਿਰਪਾ ਕਰ ਮੇਰੇ ਭਗਵਾਨਾ, ਭਗਵਨ ਤੇਰੀ ਓਟ ਤਕਾਈਆ । ਤੂੰ ਸਚ ਧਰਮ ਦੱਸ ਇਕ ਨਿਸ਼ਾਨਾ, ਨਿਸ਼ਾਨੇ ਦੀਨ ਦੁਨੀ ਬਦਲਾਈਆ । ਧਰਮ ਦੀ ਧਾਰ ਇਕੋ ਵਖਾ ਧਰਮ ਨਿਸ਼ਾਨਾ, ਜਗਤ ਜਹਾਨ ਕਰ ਸ਼ਨਵਾਈਆ । ਤੂੰ ਮਹਾਂਬਲੀ ਸੁਲਤਾਨਾ, ਹਰਿ ਕਰਤਾ ਧੁਰਦਰਗਾਹੀਆ । ਸ਼ਰਅ ਕਹੇ ਮੇਰੀ ਬੇਨੰਤੀ ਕਰ ਪਰਵਾਨਾ, ਪਰਮ ਪੁਰਖ ਤੇਰੇ ਚਰਨ ਟਿਕਾਈਆ । ਮੇਰਾ ਲੇਖਾ ਲਹਿਣਾ ਤਕ ਜ਼ਿਮੀਂ ਅਸਮਾਨਾਂ, ਜ਼ਿਮੀਂ ਅਸਮਾਨ ਦੇ ਮਾਲਕ ਹੋਣਾ ਸਹਾਈਆ । ਮੈਂ ਚਾਹੁੰਦੀ ਤੇਰਾ ਇਕੋ ਇਸ਼ਟ ਹੋਵੇ ਸ੍ਰੀ ਭਗਵਾਨਾ, ਦੂਸਰ ਸੀਸ ਨਾ ਕੋਇ ਨਿਵਾਈਆ । ਤੇਰੇ ਨਾਮ ਕਲਮੇ ਦਾ ਇਕੋ ਹੋਵੇ ਗਾਣਾ, ਨਵ ਸੱਤ ਮਿਲਕੇ ਢੋਲਾ ਗਾਈਆ । ਮੇਰਾ ਵਕਤ ਸੁਹੰਜਣਾ ਸ਼ਹਿਨਸ਼ਾਹ ਕਰ ਸ਼ਹਾਨਾ, ਸ਼ਾਹੋ ਭੂਪ ਆਪਣੀ ਦਇਆ
 ਕਮਾਈਆ । ਸ੍ਰਿਸ਼ਟੀ ਦ੍ਰਿਸ਼ਟੀ ਇਕੋ ਬਖਸ਼ ਧਿਆਨਾ, ਚਰਨ ਕਵਲ ਇਕ ਸਰਨਾਈਆ । ਸ਼ਰਅ ਹਦੂਦ ਰਹੇ ਨਾ ਕੋਇ ਵਿਚ ਇਨਸਾਨਾ, ਇਨਸਾਨੀਅਤ ੧੫੫੫
 ਸਭ ਨੂੰ ਦੇਣੀ ਦ੍ਰਿੜਾਈਆ । ਮੇਰੀ ਧਾਰ ਸਤਿਜੁਗ ਵਿਚ ਬਦਲੇ ਨਾਲ ਬਦਲ ਦਈਂ ਜ਼ਮਾਨਾ, ਜ਼ਿਮੀਂ ਜ਼ਮਾਂ ਆਪਣੇ ਰੰਗ ਰੰਗਾਈਆ । ਜੋਤੀ ਜੋਤ ੨੪
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਚ ਦਾ ਬਖਸ਼ ਦੇ ਦਾਨਾ, ਦਾਤੇ ਦਾਨੀ ਦਇਆਵਾਨ ਆਪਣਾ ਰੰਗ ਰੰਗਾਈਆ ।

### ✪ ੨੫ ਚੇਤ ਸ਼ਹਿਨਸ਼ਾਹੀ ਸੰਮਤ ੧੨ ਸ਼ੇਖਪੁਰ ਜ਼ਿਲਾ ਰੋਪੜ ਮੇਹਰ ਸਿੰਘ ਦੇ ਗ੍ਰਹਿ ✪

ਧਰਮ ਕਹੇ ਪ੍ਰਭੂ ਮੇਰਾ ਉਘਾ ਕਰਦੇ ਧਰਮ, ਧਰਮ ਦੀ ਧਾਰ ਏਕੰਕਾਰ ਦੇਣੀ ਪਰਗਟਾਈਆ । ਜਨ ਭਗਤਾਂ ਧਰਨੀ ਧਵਲ ਧੌਲ ਉਤੇ ਦੇ ਦੇ ਜਰਮ, ਜਨਮ ਜਨਮ ਦੇ ਮਾਲਕ ਦਇਆ ਕਮਾਈਆ । ਸਾਚੇ ਸੰਤਾਂ ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਬਦਲ ਦੇ ਕਰਮ, ਕਰਮ ਕਾਂਡ ਦਾ ਡੇਰਾ ਢਾਈਆ । ਦੀਨ ਦੁਨੀ ਦਾ ਅੰਦਰੋਂ ਮੇਟ ਦੇ ਭਰਮ, ਭਾਂਡਾ ਭਰਮ ਭੌ ਭੰਨਾਈਆ । ਨੌਂ ਖੰਡ ਸੱਤ ਦੀਪ ਇਕੋ ਟੇਕ ਬਖਸ਼ ਦੇ ਚਰਨ, ਚਰਨੋਦਕ ਧੁਰ ਦਾ ਜਾਮ ਪਿਆਈਆ । ਸਤਿ ਸਤਿਵਾਦੀ ਪੁਰਖ ਅਕਾਲੇ ਤੇਰੀ ਹੋਵੇ ਸਰਨ, ਸਰਨਗਤ ਇਕ ਰਖਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਸਾਰੇ ਪੜ੍ਹਨ, ਇਕੋ ਰਾਗ ਸਿਫ਼ਤ ਸਲਾਹੀਆ । ਇਕੋ ਮੰਜ਼ਲ ਮਹਿਬੂਬ ਤੇਰੀ ਚੜ੍ਹਨ, ਭੱਜਣ ਬਣ ਕੇ ਪਾਂਧੀ ਰਾਹੀਆ । ਇਕੋ ਸਚਖੰਡ ਦਵਾਰੇ ਵੜਨ, ਦਰਗਾਹ ਸਾਚੀ ਸੋਭਾ ਪਾਈਆ । ਤੂੰ ਨਿਰਗੁਣ ਨਿਰਵੈਰ ਲਾਉਣਾ ਆਪਣੇ ਲੜਨ, ਪੱਲੂ ਸਕੇ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਧਰਮ ਕਹੇ ਪ੍ਰਭੂ ਮੇਰਾ ਧਰਮ ਧਾਰ ਦਾ ਬਣਾ ਦੇ ਜੁਗ, ਜੁਗਤੀ ਆਪਣੀ ਨਾਲ ਬਣਾਈਆ । ਭਗਤ ਸੁਹੇਲੇ ਲੋਕਮਾਤ ਚੁਗ, ਚੁਗਲੀ ਨਿੰਦਿਆ ਵਿਚੋਂ ਬਾਹਰ ਕਢਾਈਆ । ਸਾਚਾ ਨਾਮ ਬਖਸ਼ ਦੇ ਆਥਣ ਉਗ, ਉਦੈ ਅਸਤ ਤੇਰੀ ਵਜਦੀ ਰਹੇ ਵਧਾਈਆ । ਹਰਿਜਨ ਪਵਿਤਰ ਕਰ ਬੁੱਧ, ਬਿਬੇਕੀ ਆਪਣਾ ਰੰਗ ਚੜ੍ਹਾਈਆ । ਨਿਰਮਲ ਸਾਫ਼ ਕਰਦੇ ਸ਼ੁੱਧ, ਬਸੁਧਾ ਉਤੇ ਦੇ ਵਡਿਆਈਆ । ਲੇਖੇ ਲਾ ਲੈ ਜਨਣੀ ਵਾਲਾ ਦੁੱਧ, ਬੱਤੀ ਧਾਰ ਸੀਸ ਬਖਸ਼ਾਈਆ । ਤੂੰ ਦੇਵਣਹਾਰਾ ਸਭ ਕੁਝ, ਕੁਦਰਤ ਦਾ ਕਾਦਰ ਇਕ ਅਖਵਾਈਆ । ਜਨ ਭਗਤਾਂ ਦੀਪਕ ਲੋਕਮਾਤ ਜਾਏ ਨਾ ਬੁਝ, ਜੋਤੀ ਜੋਤ ਕਰਨੀ ਰੁਸ਼ਨਾਈਆ । ਸਗਲਾ ਸੰਗੀ ਨਾ ਦਿਸੇ ਬਿਨ ਤੁਧ, ਸਾਚਾ ਮਾਣ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਰ ਆਪ ਸੁਹਾਈਆ । ਧਰਮ ਕਹੇ ਪ੍ਰਭੂ ਮੇਰਾ ਖੋਲ੍ਹ ਦੇ ਧਰਮ ਦਵਾਰਾ, ਧਰਮ ਦੀ ਧਾਰ ਨਾਲ ਜਣਾਈਆ । ਸਚ ਵਸਤ ਨਾਲ ਅਗੰਮੀ ਦੇ ਦੇ ਥਾਰਾ, ਥਿਰ ਘਰ ਵਾਸੀ ਆਪਣੀ ਦਇਆ ਕਮਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਤੇਰਾ ਇਕੋ ਹੋਵੇ ਦਵਾਰਾ, ਦੀਨ ਮਜ਼੍ਹਬ ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਤਰ ਨਿਰੰਤਰ ਨਿਰਗੁਣ ਧਾਰ ਬਣ ਸਹਾਰਾ, ਸਹਾਇਕ ਨਾਇਕ ਇਕੋ ਇਕ ਅਖਵਾਈਆ । ਤੂੰ ਕੁਦਰਤ ਕਾਦਰ ਬੇਐਬ ਪਰਵਰਦਿਗਾਰਾ, ਨੂਰ ਨੁਰਾਨਾ ਨੂਰ ਅਲਾਹੀਆ । ਆਦਿ ਜੁਗਾਦੀ ਸਾਂਝਾ ਮੀਤ ਮੁਰਾਰਾ, ਮਿੱਤਰ ਪਿਆਰਾ ਇਕ ਅਖਵਾਈਆ । ਧਰਤੀ ਉਤੋਂ ਦੀਨ ਮਜ਼੍ਹਬ ਝਗੜਾ ਮੇਟ ਜਗਤ ਸੰਸਾਰਾ, ਸ਼ਰਅ ਸ਼ਰੀਅਤ

੧੫੫੬ ਕਰੇ ਨਾ ਕੋਇ ਲੜਾਈਆ । ਮਾਨਵ ਜ਼ਾਤੀ ਤੇਰੇ ਚਰਨ ਕਵਲ ਕਰੇ ਨਿਮਸਕਾਰਾ, ਨਿਵ ਨਿਵ ਲਾਗੇ ਪਾਈਆ । ਤੂੰ ਸਭ ਨੂੰ ਦੇਵਣਹਾਰ ਦਾਤਾਰਾ, ੧੫੫੬

੨੪ ਦਇਆਨਿਧ ਅਖਵਾਈਆ । ਭਗਤ ਵਛਲ ਬਣ ਗਿਰਧਾਰਾ, ਗਹਿਰ ਗੰਭੀਰ ਆਪਣਾ ਰੰਗ ਰੰਗਾਈਆ । ਭਗਤ ਸੁਹੇਲਾ ਨਜ਼ਰੀ ਆਏ ਮੀਤ ਮੁਰਾਰਾ, ੨੪

ਮਿਤਰ ਪਿਆਰੇ ਤੇਰੀ ਬੇਪਰਵਾਹੀਆ । ਹਰਿਜਨ ਸਾਚੇ ਗੰਢ ਪਾ ਵਿਚ ਸੰਸਾਰਾ, ਪਿਤਾ ਪੂਤ ਗੋਦ ਸੁਹਾਈਆ । ਧਰਨੀ ਕਹੇ ਮੈਂ ਨਮੋ ਨਮੋ ਕਰਾਂ ਨਿਮਸਕਾਰਾ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਤੂੰ ਸ਼ਾਹੋ ਭੂਪ ਇਕ ਸਿਕਦਾਰਾ, ਸ਼ਹਿਨਸ਼ਾਹ ਇਕ ਅਖਵਾਈਆ । ਤੇਰਾ ਚਰਨ ਕਵਲ ਸਭ ਦਾ ਸਾਂਝਾ ਹੋਏ ਦਵਾਰਾ, ਦੋ ਜਹਾਨਾਂ ਮਾਲਕ ਦੇਣੀ ਵਡਿਆਈਆ । ਤੇਰਾ ਨੂਰ ਜ਼ਹੂਰ ਪ੍ਰਕਾਸ਼ ਹੋਵੇ ਚਵੀਆਂ ਅਵਤਾਰਾ, ਚੌਬੀਸੇ ਜਗਦੀਸ਼ੇ ਦੇਣੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਅੰਤ ਨਾ ਕੋਇ ਸਹਾਰਾ, ਸਹਾਇਕ ਜਗਤ ਜੁਗਤ ਨਜ਼ਰ ਕੋਇ ਨਾ ਆਈਆ ।

### ✪ ੨੫ ਚੇਤ ਸ਼ਹਿਨਸ਼ਾਹੀ ਸੰਮਤ ੧੨ ਪਿੰਡ ਧਿਆਨ ਪੁਰ ਜ਼ਿਲਾ ਰੋਪੜ ਬਚਨ ਸਿੰਘ ਦੇ ਗ੍ਰਿਹ ✪

ਧਰਮ ਕਹੇ ਪ੍ਰਭ ਸਤਿ ਸਚ ਦੱਸ ਦੇ ਰਾਹ, ਮਾਨਵ ਜਾਤੀ ਇਕੋ ਮਾਰਗ ਲਾਈਆ । ਦੋ ਜਹਾਨਾਂ ਸ੍ਰੀ ਭਗਵਾਨਾ ਬਣ ਮਲਾਹ, ਖੇਵਟ ਖੇਟਾ ਹੋ ਕੇ ਬੋਝ ਆਪਣੇ ਕੰਧ ਉਠਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਤੇਰਾ ਇਕੋ ਨਾਮ ਲੈਣ ਗਾ, ਗੋਬਿੰਦ ਸੋਹਲਾ ਢੋਲਾ ਇਕ ਸਮਝਾਈਆ । ਸ੍ਰਿਸ਼ਟੀ

ਦ੍ਰਿਸ਼ਟੀ ਅੰਦਰੋਂ ਪਕੜ ਲੈ ਬਾਂਹ, ਆਤਮ ਪਰਮਾਤਮ ਮੇਲਾ ਮਿਲਾਉਣਾ ਚਾਈਂ ਚਾਈਆ । ਧਰਨੀ ਧਰਤ ਧਵਲ ਧੌਲ ਤੇਰਾ ਪੂਜਣ ਹੋਵੇ ਇਕ ਥਾਂ, ਇਕੋ ਦਵਾਰ ਦੇ ਵਡਿਆਈਆ । ਖੇਲ ਤੱਕ ਲਾ ਜੋਤੀ ਜਾਤੇ ਹੋ ਕੇ ਥਲ ਅਸਗਾਹ, ਪਰਦਾ ਪਰਦਿਆਂ ਵਿਚੋਂ ਉਠਾਈਆ । ਕਲਜੁਗ ਕਿਰਿਆ ਕੂੜ ਦੇ ਮਿਟਾ, ਮਾਇਆ ਮਮਤਾ ਮੋਹ ਨਾ ਹੋਏ ਹਲਕਾਈਆ । ਸਾਚਾ ਮਾਰਗ ਇਕੋ ਇਕ ਦਰਸਾ, ਦਹਿ ਦਿਸ਼ਾ ਪਰਦਾ ਲਾਹੀਆ । ਤੂੰ ਸ਼ਹਿਨਸ਼ਾਹ ਪਾਤਸ਼ਾਹ, ਪਾਰਬ੍ਰਹਮ ਪਤਿਪਰਮੇਸ਼ਵਰ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਦਰ ਆਪ ਸੁਹਾਈਆ । ਧਰਮ ਕਹੇ ਪ੍ਰਭ ਮੇਰਾ ਦੀਨ ਦੁਨੀ ਨਾਲ ਕਰ ਪਿਆਰ, ਮੁਹੱਬਤ ਸਤਿਗੁਰ ਸ਼ਬਦ ਬਣਾਈਆ । ਦੀਨ ਮਜ਼੍ਹਬ ਰਹੇ ਕੋਈ ਨਾ ਖਾਰ, ਦੂਈ ਦਵੈਤੀ ਵੰਡ ਨਾ ਕੋਇ ਵੰਡਾਈਆ । ਜ਼ਾਤ ਪਾਤ ਦਾ ਕਰੇ ਨਾ ਕੋਈ ਵਿਚਾਰ, ਊਚ ਨੀਚ ਨਜ਼ਰ ਕੋਇ ਨਾ ਆਈਆ । ਤੇਰਾ ਇਕੋ ਇਸ਼ਟ ਸ੍ਰਿਸ਼ਟ ਹੋਵੇ ਸਰਬ ਸੰਸਾਰ, ਦੋ ਜਹਾਨਾਂ ਇਕੋ ਰੰਗ ਵਖਾਈਆ । ਨੌਂ ਖੰਡ ਪ੍ਰਿਥਮੀ ਤੇਰਾ ਨਾਮ ਹੋਏ ਜੈ ਜੈ ਕਾਰ, ਸੋਹਲਾ ਢੋਲਾ ਇਕੋ ਗਾਈਆ । ਇਕੋ ਚਰਨ ਕਵਲ ਹੋਵੇ ਨਿਮਸਕਾਰ, ਦੂਸਰ ਨਜ਼ਰ ਕੋਇ ਨਾ ਆਈਆ । ਧਰਮ ਕਹੇ ਮੇਰਾ ਧਰਮ ਦਵਾਰਾ ਧਵਲ ਉਤੇ ਸਭ ਨੂੰ ਦਏ ਅਧਾਰ, ਬਚਿਆ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੀ ਵਸਤ ਅਗੰਮ ਵਰਤਾਈਆ । ਧਰਮ ਕਹੇ ਮੇਰਾ ਧਰਮ ਦਵਾਰਾ ਅਗੰਮਾ ਖੋਲ੍ਹ, ਖ਼ਾਲਕ ਖਲਕ ਦੇ ਵਡਿਆਈਆ । ਨਾਮ ਨਿਧਾਨਾ ਸ੍ਰੀ ਭਗਵਾਨਾ ਸ਼ਬਦੀ



ਧਾਰ ਬੋਲ, ਦੋ ਜਹਾਨਾਂ ਕਰ ਪੜ੍ਹਾਈਆ । ਧਰਮ ਦਾ ਧਰਮ ਤਰਾਜੂ ਕੰਡੇ ਜਗਤ ਤੋਲਣਾ ਤੋਲ, ਲੱਖ ਚੁਰਾਸੀ ਆਪਣੇ ਹੱਥ ਉਠਾਈਆ । ਸਚ

੧੫੫੭



ਦਵਾਰਾ ਏਕੰਕਾਰਾ ਪਰਵਰਦਿਗਾਰਾ ਸਾਂਝੇ ਯਾਰਾ ਇਕੋ ਖੋਲ੍ਹ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਸਾਰੇ ਤੇਰਾ ਢੋਲਾ ਲੈਣ ਬੋਲ, ਅਨਬੋਲਤ ਦੇਣਾ ਸੁਣਾਈਆ । ਨਿਰਗੁਣ ਸਰਗੁਣ ਵਸਣਾ ਸਦਾ ਕੋਲ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜਗਤ ਜਗਿਆਸੂ, ਮੇਰੇ ਸਚ ਸਵਾਮੀ ਰਹੇ ਨਾ ਮੇਰੇ ਕੋਲ, ਭੁਲਿਆਂ ਮਾਰਗ ਦੇਣਾ ਲਾਈਆ । ਆਪਣਾ ਵਾਅਦਾ ਤੱਕ ਲੈ ਅਵਤਾਰ ਪੈਗ਼ੰਬਰਾਂ ਗੁਰੂਆਂ ਵਾਲਾ ਕੌਲ, ਇਕਰਾਰਨਾਮਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਹੋਣਾ ਸਹਾਈਆ । ਧਰਮ ਕਹੇ ਪ੍ਰਭੂ ਧਰਮ ਦੀ ਧਾਰ ਬਣਾ ਦੇ ਮਾਨੁਖ, ਮਾਨਸ ਆਪਣੇ ਰੰਗ ਰੰਗਾਈਆ । ਸ਼ਰਅ ਦਾ ਰਹੇ ਨਾ ਕਿਸੇ ਦੁੱਖ, ਸ਼ਰੀਅਤ ਵੰਡ ਨਾ ਕੋਇ ਵੰਡਾਈਆ । ਮਮਤਾ ਮੋਹ ਨਾ ਕਲਪੇ ਭੁੱਖ, ਤ੍ਰਿਸ਼ਨਾ ਕੂੜ ਦੇਣੀ ਮਿਟਾਈਆ । ਸੁਫਲ ਕਰਾਉਣੀ ਜਗਤ ਜਨਣੀ ਕੁੱਖ, ਹਰਿਜਨ ਆਪਣੇ ਰੰਗ ਰੰਗਾਈਆ । ਉਜਲ ਕਰਨਾ ਲੋਕਮਾਤ ਮੁੱਖ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਸਾਹਿਬ ਮੇਰੇ ਗੁਸਾਈਆ । ਧਰਮ ਕਹੇ ਪ੍ਰਭੂ ਮੇਰਾ ਧਰਮ ਦਵਾਰਾ ਹੋਵੇ ਏਕ, ਏਕੰਕਾਰ ਤੇਰੀ ਸਰਨਾਈਆ । ਮਾਨਵ ਜ਼ਾਤੀ ਇਕੋ ਹੋਵੇ ਟੇਕ, ਟਿੱਕੇ ਧੂੜੀ ਮਸਤਕ ਖਾਕ ਰਮਾਈਆ । ਹਰ ਹਿਰਦੇ ਅੰਦਰ ਕਰ ਬੁੱਧ ਬਿਬੇਕ, ਪਤਤ ਪੁਨੀਤ ਆਪ ਕਰਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤਤ ਦੇਣਾ ਬੁਝਾਈਆ । ਤ੍ਰੈਗੁਣ ਮਾਇਆ ਲਾ ਸਕੇ ਨਾ ਸੇਕ, ਅੰਮ੍ਰਿਤ ਮੇਘ ਦੇਣਾ ਬਰਸਾਈਆ । ਤੇਰਾ ਖੇਲ ਸਦਾ ਸਦ ਨੇਕ, ਅਕਲ ਕਲਧਾਰੀ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ

੨੪

ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਧਰਮ ਧਰਮ ਦੀ ਧਾਰ ਏਕੰਕਾਰ ਆਪਣੀ ਬਖ਼ਸ਼ਣੀ ਧੁਰ ਦੀ ਟੇਕ, ਟਿੱਕੇ ਮਸਤਕ ਧੂੜੀ ਖਾਕ ਖਾਕ ਰਮਾਈਆ ।

## ✪ ੨੫ ਚੇਤ ਸ਼ਹਿਨਸ਼ਾਹੀ ਸੰਤਤ ੧੨ ਪਿੰਡ ਧਨੌਰੀ ਜ਼ਿਲਾ ਰੋਪੜ ਲਛਮਣ ਸਿੰਘ ਦੇ ਗ੍ਰਿਹ ✪

ਧਰਨੀ ਕਹੇ ਪ੍ਰਭੂ ਸਤਿ ਧਰਮ ਪਰਗਟਾ ਦੇ ਮਾਤ, ਜਗਤ ਜੁਗਤ ਆਪਣੀ ਦਇਆ ਕਮਾਈਆ । ਗਰੀਬ ਨਿਮਾਣਿਆਂ ਦੀਨ ਦੁਨੀ ਪੁੱਛ ਵਾਤ, ਕੋੜ੍ਹਿਆਂ ਕਮਲਿਆਂ ਹੋ ਸਹਾਈਆ । ਨੌਂ ਖੰਡ ਪ੍ਰਿਥਮੀ ਮੇਟ ਅੰਧੇਰੀ ਰਾਤ, ਸਤਿਜੁਗ ਸਤਿ ਚੰਦ ਕਰ ਰੁਸ਼ਨਾਈਆ । ਵਰਨਾਂ ਬਰਨਾਂ ਸਚ ਪ੍ਰੀਤੀ ਬਖ਼ਸ਼ ਆਪਣੀ ਦਾਤ, ਵਸਤ ਅਮੁਲ ਅਤੁਲ ਆਪ ਵਰਤਾਈਆ । ਤੂੰ ਸਭ ਦਾ ਸਵਾਮੀ ਠਾਕਰ ਕਮਲਾਪਾਤ, ਪਤਿਪਰਮੇਸ਼ਵਰ ਅਗੰਮ ਅਥਾਹੀਆ । ਕਲਜੁਗ ਅੰਤ ਅਖ਼ੀਰ ਬੇਨਜ਼ੀਰ ਪੁੱਛ ਵਾਤ, ਵਾਰਸ ਹੋ ਕੇ ਵੇਖ ਵਖਾਈਆ । ਮਾਨਸ ਜ਼ਾਤੀ ਅੰਦਰ ਮਾਰ ਝਾਤ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਮੇਰੇ ਉਤੇ ਧਰਮ ਦੀ ਧਾਰ ਕਰ ਉਘੀ, ਨਿਰਗੁਣ ਨਿਰਵੈਰ ਦਇਆ ਕਮਾਈਆ । ਕਲਜੁਗ ਔਧ ਵੇਖ ਲੈ ਪੁੱਗੀ, ਆਪਣਾ ਬੈਠੀ ਪੰਧ ਮੁਕਾਈਆ । ਮੈਂ ਰੋ ਪੁਕਾਰਾਂ ਧਰਤ
੧੫੫੮ ਨਿਮਾਣੀ ਬਸੁਧੀ, ਬੇਸੁਧ ਹੋ ਕੇ ਰਹੀ ਜਣਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰੋਂ ਪਵਿਤਰ ਕਰ ਦੇ ਬੁੱਧੀ, ਮਨ ਕਲਪਣਾ ਕੂੜ ਮਿਟਾਈਆ । ਨਾਮ ਅਣਿਆਲੇ ੧੫੫੮
੨੪ ਤੀਰ ਨਾਲ ਸਭ ਦੀ ਸੁਰਤੀ ਜਾਏ ਵਿਧੀ, ਅੰਤਰ ਨਿਰੰਤਰ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ੨੪
ਦੇਣਾ ਸਾਚਾ ਵਰ, ਦਰ ਸਾਚੇ ਅਲਖ ਜਗਾਈਆ । ਧਰਨੀ ਕਹੇ ਪ੍ਰਭੂ ਸਤਿਜੁਗ ਧਰਮ ਦਵਾਰਾ ਖੋਲ੍ਹ, ਮਿਟੀ ਖਾਕ ਦੇ ਵਡਿਆਈਆ । ਸ਼ਬਦ ਅਨਾਦੀ ਅਗੰਮਾ ਬੋਲ, ਅਨਬੋਲਤ ਰਾਗ ਦ੍ਰਿੜਾਈਆ । ਮਾਨਵ ਜ਼ਾਤੀ ਦੀਨ ਦੁਨੀ ਧਰਮ ਤਰਾਜ਼ੂ ਤੋਲ, ਕੰਡਾ ਇਕੋ ਹੱਥ ਉਠਾਈਆ । ਬਜਰ ਕਪਾਟੀ ਜੀਵਾਂ ਜੰਤਾਂ ਸਾਧਾਂ ਸੰਤਾਂ ਪਰਦੇ ਖੋਲ੍ਹ, ਭਗਤ ਭਗਵਾਨ ਆਪਣੇ ਰੰਗ ਰੰਗਾਈਆ । ਹਰ ਘਟ ਅੰਤਰ ਸਵਾਮੀ ਹੋ ਕੇ ਜਾ ਮੌਲ, ਮੌਲਾ ਆਪਣਾ ਭੇਵ ਖੁਲ੍ਹਾਈਆ । ਅਵਤਾਰ ਪੈਗ਼ੰਬਰ ਗੁਰੂਆਂ ਅੰਤਮ ਪੂਰਾ ਕਰਦੇ ਕੌਲ, ਇਕਰਾਰਨਾਮਾ ਆਪਣੇ ਰੰਗ ਰੰਗਾਈਆ । ਮੈਂ ਕੋਝੀ ਕਮਲੀ ਜਗਤ ਨਿਮਾਣੀ ਧੌਲ, ਧਵਲ ਹੋ ਕੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਧਰਨੀ ਕਹੇ ਪ੍ਰਭੂ ਇਕੋ ਬਖ਼ਸ਼ ਦੇ ਧੁਰ ਦਾ ਚਰਨ, ਚਰਨੋਦਕ ਸਾਚਾ ਜਾਮ ਪਿਆਈਆ । ਮੇਰੇ ਉਤੋਂ ਝਗੜਾ ਮੇਟ ਦੇ ਜ਼ਾਤ ਪਾਤ ਵਰਨ, ਬਰਨ ਦਾ ਲੇਖਾ ਰਹੇ ਨਾ ਰਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਨਵ ਸੱਤ ਢੋਲਾ ਪੜ੍ਹਨ, ਤਨ ਮੰਦਰ ਅੰਦਰ ਸਭ ਦੇ ਵਜਦੀ ਰਹੇ ਵਧਾਈਆ । ਤੇਰੀ ਮੰਜ਼ਲ ਹਕੀਕੀ ਲਾਸ਼ਰੀਕੀ ਪਰਵਰਦਿਗਾਰ ਸਾਚੇ ਚੜ੍ਹਨ, ਦਰਗਾਹ ਸਾਚੀ ਮੁਕਾਮੇ ਹਕ ਸਚਖੰਡ ਸਾਚੇ ਮਿਲ ਕੇ ਵੱਜੇ ਵਧਾਈਆ । ਤੂੰ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਹਾਰ ਭੰਨਣ ਘੜਨ, ਸਮਰਥ ਅਕਥ ਤੇਰੀ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧੁਰ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਧੁਰ ਦਾ ਤੇਰਾ ਹੋਵੇ ਨੂਰ ਉਜਾਲਾ, ਅੰਧ

ਅਗਿਆਨ ਮਿਟਾਈਆ । ਆਤਮ ਪਰਮਾਤਮ ਮਾਰਗ ਦੱਸ ਸੁਖਾਲਾ, ਪਾਰਬ੍ਰਹਮ ਬ੍ਰਹਮ ਮੇਲਾ ਹੋਏ ਸਹਿਜ ਸੁਭਾਈਆ । ਸੁਰਤ ਸ਼ਬਦ ਇਕੋ ਦਸਣੀ ਸਚੀ ਧਰਮਸਾਲਾ, ਗੁਰਦਵਾਰਾ ਇਕੋ ਨਜ਼ਰੀ ਆਈਆ । ਫਲ ਲਗਾ ਦੇ ਮੇਰੇ ਉਤੇ ਮਾਨਸ ਵਾਲੇ ਡਾਲਾ, ਸਾਢੇ ਤਿੰਨ ਕਰੋੜ ਪੱਤ ਟਹਿਣੀ ਰੋਮ ਰੋਮ ਮਹਿਕਾਈਆ । ਕਲਜੁਗ ਕਿਰਿਆ ਕੂੜ ਹਰ ਹਿਰਦਿਉਂ ਕੱਢ ਜ਼ੰਜਾਲਾ, ਜਾਗਰਤ ਜੋਤ ਬਿਨ ਵਰਨ ਗੋਤ ਕਰ ਰੁਸ਼ਨਾਈਆ । ਸਤਿ ਨਾਮ ਆਤਮ ਪਰਮਾਤਮ ਬਿਨ ਰਸਨਾ ਜਿਹਵਾ ਬਣਾ ਮਾਲਾ, ਮਨ ਕਾ ਮਣਕਾ ਆਪ ਭਵਾਈਆ । ਭਾਗ ਲਗਾ ਦੇ ਸਾਢੇ ਤਿੰਨ ਹੱਥ ਜੀਵ ਆਪਣਾ ਘਰ ਸੁਹਾ ਲਾ, ਸੋਹਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਧਰਨੀ ਕਹੇ ਪ੍ਰਭੂ ਤੇਰਾ ਇਕੋ ਧਰਮ ਹੋਵੇ ਉਜਾਗਰ, ਨਵ ਸੱਤ ਬ੍ਰਹਮ ਮਤ ਦੇਣੀ ਮਾਣ ਵਡਿਆਈਆ । ਮੇਰਾ ਨਿਰਮਲ ਕਰਮ ਕਰ ਉਜਾਗਰ, ਦੁਰਮਤ ਮੈਲ ਮੈਲ ਧਵਾਈਆ । ਸਚ ਦਵਾਰ ਏਕੰਕਾਰ ਪਰਵਰਦਿਗਾਰ ਦੇ ਆਦਰ, ਆਦਰਸ਼ ਆਪਣਾ ਇਕ ਜਣਾਈਆ । ਇਕੋ ਵਸਤ ਨਾਮ ਵਣਜ ਕਰਾ ਸੌਦਾਗਰ, ਅਮੁਲ ਅਤੁਲ ਮੇਰੀ ਝੋਲੀ ਪਾਈਆ । ਤੂੰ ਯੋਧਾ ਸੂਰਬੀਰ ਬਹਾਦਰ, ਬਲਧਾਰੀ ਇਕ ਅਖਵਾਈਆ । ਕਰਨੀ ਦਾ ਕਰਤਾ ਕੁਦਰਤ ਦਾ ਕਾਦਰ, ਕਰੀਮ ਰਹੀਮ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਤੇਰੇ ਹੱਥ ਵਡਿਆਈਆ । ਊਚ ਨੀਚ ਮੇਟ ਦੇ ਦੁੱਖ, ਆਤਮ ਬ੍ਰਹਮ ਸਰਬ ਸਮਝਾਈਆ । ਉਜਲ ਕਰ ਸਭ ਦਾ ਮੁੱਖ, ਦੁਰਮਤ ਮੈਲ ਰਹੇ ਨਾ ਰਾਈਆ । ਮੇਰੀ ਪਵਿਤਰ ਕਰ ਦੇ ਕੁੱਖ, ਦਰ ਤੇਰੇ ਵਾਸਤਾ ਪਾਈਆ । ਮਿਹਰਵਾਨ ਹੋ ਕੇ ਤੁੱਠ, ਸ੍ਰੀ ਭਗਵਾਨ ਸਿਰ ਆਪਣਾ ਹੱਥ ਟਿਕਾਈਆ । ਜੋ ਤੇਰੇ ਤੇਰੇ ਨਾਲੋਂ ਗਏ ਰੁੱਠ, ਸ਼ਬਦੀ ਧਾਰ ਲੈਣੇ ਮਿਲਾਈਆ । ਨਿਗਾਹ ਮਾਰਨੀ ਮੇਰੀ ਉਤਰ ਪੂਰਬ ਪੱਛਮ ਦੱਖਣ ਵਾਲੀ ਗੁੱਠ, ਦਹਿ ਦਿਸ਼ਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇ ਮਾਲਕ ਦਇਆ ਕਮਾਈਆ । ਧਰਨੀ ਕਹੇ ਪ੍ਰਭੂ ਮੇਰਾ ਸਮਾਂ ਸੁਹੰਝਣਾ ਕਰਦੇ ਵਕਤ, ਘੜੀ ਪਲ ਆਪਣੇ ਰੰਗ ਰੰਗਾਈਆ । ਮੈਂ ਬਿਰਹੁ ਵੈਰਾਗਣ ਵਿਚ ਜਗਤ, ਜਗਤ ਜੁਗਤ ਦੇ ਮਾਲਕ ਦੇਣੀ ਵਡਿਆਈਆ । ਮਾਨਵ ਜ਼ਾਤੀ ਪਰਮ ਪੁਰਖ ਆਪਣੇ ਬਣਾ ਲੈ ਭਗਤ, ਭਗਵਾਨ ਹੋ ਕੇ ਵੇਖ ਵਖਾਈਆ । ਹਰ ਹਿਰਦੇ ਅੰਤਰ ਆਪਣੀ ਬਖਸ਼ ਦੇ ਸ਼ਕਤ, ਸ਼ਕਤਸ਼ਾਲੀ ਤੇਰੀ ਤੇਰੇ ਹੱਥ ਵਡਿਆਈਆ । ਸਭ ਦੀ ਲੇਖੇ ਲਾ ਲੈ ਬੂੰਦ ਰਕਤ, ਤਨ ਵਜੂਦਾਂ ਕਰ ਸਫਾਈਆ । ਸ਼ਰਅ ਦਾ ਰਹਿਣ ਦੇਵੀਂ ਨਾ ਕੋਈ ਫਰਕ, ਮਜ਼੍ਹਬਾਂ ਵੰਡ ਨਾ ਕੋਇ ਵੰਡਾਈਆ । ਆਦਿ ਜੁਗਾਦੀ ਅਵਤਾਰ ਪੈਗ਼ੰਬਰਾਂ ਵਾਅਦੇ ਪੂਰੇ ਕਰਦੇ ਸ਼ਰਤ, ਸ਼ਰੇਆਮ ਆਪਣਾ ਹੁਕਮ ਵਰਤਾਈਆ । ਮੈਂ ਰੋ ਰੋ ਦੁਹਾਈ ਦੇਵਾਂ ਨਿਮਾਣੀ ਧਰਤ, ਧਵਲ ਹੋ ਕੇ ਮੰਗ ਮੰਗਾਈਆ । ਕਿਰਪਾ ਕਰ ਦੇ ਮੇਰੀ ਮਿਟੀ ਖਾਕ ਉਤੇ ਫਰਸ਼, ਅਰਸ਼ ਦੇ ਮਾਲਕ ਹੋਣਾ ਸਹਾਈਆ । ਜੋਤੀ ਜਾਤੇ ਪੁਰਖ ਬਿਧਾਤੇ ਨਿਰਗੁਣ ਧਾਰ ਏਕੰਕਾਰ ਪਰਵਰਦਿਗਾਰ ਸਾਂਝੇ ਯਾਰ ਦੇ ਦਰਸ, ਬਿਨ ਨੇਤਰ ਲੋਚਨ ਨੈਣ ਆਪਣਾ ਨੂਰ ਨੂਰ ਦਰਸਾਈਆ । ਨਾਮ ਨਿਧਾਨਾ ਨੌਜਵਾਨਾ ਸ੍ਰੀ ਭਗਵਾਨਾ ਨਵ ਸੱਤ ਆਪਣਾ ਅੰਮ੍ਰਿਤ ਬਰਸ, ਮੇਘ ਮੇਘਲਾ ਅਗੰਮ ਟਪਕਾਈਆ । ਮੇਰੀ ਆਦਿ ਅੰਤ ਦੀ ਮੇਟ ਹਰਸ, ਹਵਸ ਕੂੜ ਰਹੇ ਨਾ ਰਾਈਆ । ਪੁਰਖ ਅਕਾਲੇ ਦੀਨ ਦਿਆਲੇ ਮੇਰੇ ਉਤੇ ਕਰ ਤਰਸ, ਰਹਿਮਤ ਆਪਣੀ ਹਕ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜਾਤੇ ਪੁਰਖ ਬਿਧਾਤੇ ਮੇਰੇ ਉਤੇ ਨਿਗਾਹ ਮਾਰਨੀ ਪਰਤ, ਪਤਿਪਰਮੇਸ਼ਵਰ ਮੇਰੀ ਆਸ਼ਾ ਆਸ਼ਾ ਵਿਚੋਂ ਪੂਰ ਕਰਾਈਆ ।

✪ ੨੬ ਚੇਤ ਸ਼ਹਿਨਸ਼ਾਹੀ ਸੰਮਤ ੧੨ ਪਿੰਡ ਧਨੌਰੀ ਜ਼ਿਲਾ ਰੋਪੜ ਦਰਸ਼ਨ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਜਨ ਭਗਤੋ ਪ੍ਰਭੂ ਦੇ ਬਣੋ ਬਾਲੇ, ਜੀਵਣ ਬਚਪਨ ਪ੍ਰਭ ਦੀ ਝੋਲੀ ਪਾਈਆ । ਕਿਰਪਾ ਕਰ ਪੁਰਖ ਅਕਾਲੇ, ਅਕਲ ਕਲਧਾਰੀ ਬੇਪਰਵਾਹੀਆ । ਨਿਰਗੁਣ ਹੋ ਕੇ ਆਪ ਸੰਭਾਲੇ, ਸੰਬਲ ਦਾ ਮਾਲਕ ਅਗੰਮ ਅਥਾਹੀਆ । ਦਿਵਸ ਰੈਣ ਕਰੇ ਪ੍ਰਿਤਪਾਲੇ, ਪ੍ਰਿਤਪਾਲਕ ਹੋ ਕੇ ਵੇਖ ਵਖਾਈਆ । ਤੁਹਾਡੇ ਮਾਰਗ ਰੱਖੇ ਸੁਖਾਲੇ, ਸੁਖ ਸਾਗਰਾਂ ਵਿਚ ਸਮਾਈਆ । ਜਨਮ ਜਨਮ ਦੇ ਦਾਗ ਧੋਵੇ ਕਾਲੇ, ਕਾਲਖ ਕਾਲੀ ਸ਼ਾਹੀ ਟਿੱਕਾ ਦਏ ਗਵਾਈਆ । ਮਮਤਾ ਮੋਹ ਵਿਕਾਰ ਤੋੜੇ ਜ਼ੰਜ਼ਾਲੇ, ਜਾਗਰਤ ਜੋਤ ਕਰੇ ਰੁਸ਼ਨਾਈਆ । ਬੇਸੁਧਾਂ ਆਪ ਸੰਭਾਲੇ, ਬਸੁਧਾ ਉਤੇ ਦੇਵੇ ਮਾਣ ਵਡਿਆਈਆ । ਭਾਗ ਲਗਾਵੇ ਜਨਮ ਕਰਮ ਦੇ ਡਾਲੇ, ਪਤ ਟਹਿਣੀ ਆਪ ਮਹਿਕਾਈਆ । ਲੇਖੇ ਲਾਵੇ ਨਾਮ ਜਪਣ ਦੀ ਘਾਲੇ, ਸੇਵਾ ਆਪਣੇ ਰੰਗ ਰੰਗਾਈਆ । ਸਚ ਦਵਾਰ ਵਖਾਏ ਸਚਖੰਡ ਸੱਚੀ ਧਰਮਸਾਲੇ, ਦਰਗਾਹ ਇਕੋ ਨਜ਼ਰੀ ਆਈਆ । ਜਿਥੇ ਅਮੀਰ ਗਰੀਬ ਇਕੋ ਦਰ ਬਹਾਲੇ, ਦੂਜੀ ਵੰਡ ਨਾ ਕੋਇ
੧੫੬੦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਆਪ ਸੁਹਾਈਆ । ਧਰਨੀ ਕਹੇ ਜਨ ੧੫੬੦
੨੪ ਭਗਤੋ ਪ੍ਰਭ ਦੇ ਬਣੋ ਦੁਲਾਰੇ ਸੁਤ, ਅਪਰਾਧੀ ਰਹਿਣ ਕੋਇ ਨਾ ਪਾਈਆ । ਇਸ਼ਟ ਮੰਨੋ ਅਬਿਨਾਸ਼ੀ ਅਚੁਤ, ਪਾਰਬ੍ਰਹਮ ਮਿਲ ਕੇ ਵਜੇ ਵਧਾਈਆ । ੨੪
ਤੁਹਾਡੀ ਸੁਹੰਜਣੀ ਕਰੇ ਰੁੱਤ, ਰੁਤੜੀ ਆਪਣੇ ਨਾਲ ਮਹਿਕਾਈਆ । ਤੁਹਾਡੇ ਲੇਖੇ ਲਾਏ ਕਾਇਆ ਮਾਟੀ ਤਨ ਪੰਜ ਭੁਤ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਧਰਨੀ ਕਹੇ ਜਨ ਭਗਤੋ ਪ੍ਰਭੂ ਦੇ ਬੱਚੇ ਬਣੋ ਨਿਧਾਨ, ਆਪਣੀ ਰੱਖੋ ਨਾ ਕੋਇ ਚਤੁਰਾਈਆ । ਚਰਨ ਪ੍ਰੀਤੀ ਮੰਗੋ ਦਾਨ, ਭਿੱਖਕ ਹੋ ਕੇ ਝੋਲੀ ਡਾਹੀਆ । ਸੋ ਦੇਵਣਹਾਰ ਸ੍ਰੀ ਭਗਵਾਨ, ਹਰਿ ਕਰਤਾ ਅਗੰਮ ਅਥਾਹੀਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਦੋ ਜਹਾਨ ਬੈਠਣ ਸੀਸ ਨਿਵਾਈਆ । ਜਿਸ ਦੇ ਹੁਕਮ ਵਿਚ ਖੇਲ ਖੇਲਿਆ ਰਾਮ ਕਾਹਨ, ਕਾਹਨ ਕਾਹਨਾ ਇਕ ਅਖਵਾਈਆ । ਜਿਸ ਪੈਗੰਬਰਾਂ ਕਲਮਾ ਦਿਤਾ ਮਹਾਨ, ਸਿਫਤੀ ਸਿਫਤ ਸਿਫਤ ਵਡਿਆਈਆ । ਜੋ ਗੁਰੂਆਂ ਗੁਰ ਸ਼ਬਦ ਕਰ ਪਰਵਾਨ, ਪਰਮ ਪੁਰਖ ਹੋ ਕੇ ਵੇਖ ਵਖਾਈਆ । ਸੋ ਕਲਜੁਗ ਅੰਤ ਲਹਿਣਾ ਦੇਣਾ ਚੁਕਾਏ ਆਣ, ਆਪ ਆਪਣਾ ਫੇਰਾ ਪਾਈਆ । ਅੰਤਰ ਆਤਮ ਬਿਨ ਪੜ੍ਹਿਆਂ ਦਏ ਗਿਆਨ, ਦ੍ਰਿਸ਼ਟੀ ਆਪਣੇ ਰੰਗ ਰੰਗਾਈਆ । ਹਰਿਜਨ ਭਗਤ ਸੁਹੇਲੇ ਲੋਕਮਾਤ ਪਹਿਚਾਨ, ਮੇਲਾ ਮੇਲੇ ਸਹਿਜ ਸੁਭਾਈਆ । ਲੱਖ ਚੁਰਾਸੀ ਕਰ ਪੁਣ ਛਾਨ, ਪਰਦਾ ਪਰਦਿਆਂ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਅਗੰਮ ਅਥਾਹੀਆ । ਧਰਨੀ ਕਹੇ ਜਨ ਭਗਤੋ ਪ੍ਰਭੂ ਦਾ ਇਸ਼ਟ ਮੰਨੋਂ ਤਮਾਮ, ਤਮਾ ਲਾਲਚ ਜਗਤ ਨਜ਼ਰ ਕੋਇ ਨਾ ਆਈਆ । ਜੋ ਆਦਿ ਜੁਗਾਦੀ ਧੁਰ ਅਮਾਮ, ਨੂਰ ਨੁਰਾਨਾ ਨੂਰ ਅਲਾਹੀਆ । ਜਿਸ ਦੀ ਅੱਖਰਾਂ ਵਾਲੀ

੧੫੬੧
੨੪

ਸਿਫ਼ਤ ਸਲਾਹੀ ਕਲਾਮ, ਕਾਇਨਾਤ ਦਏ ਦ੍ਰਿੜਾਈਆ । ਜਿਸ ਦੇ ਹੁਕਮ ਵਿਚ ਦੀਨ ਮਜ਼੍ਹਬ ਗੁਲਾਮ, ਸਿਰ ਸਕੇ ਨਾ ਕੋਇ ਉਠਾਈਆ । ਸੋ ਸਵਾਮੀ ਅੰਤਰਜਾਮੀ ਦੇਵਣਹਾਰਾ ਸਾਚਾ ਪੈਗ਼ਾਮ, ਸੁਨੇਹੜਾ ਇਕੋ ਇਕ ਸੁਣਾਈਆ । ਸ਼ਰਅ ਦਾ ਰਿਹੋ ਨਾ ਕੋਇ ਗੁਲਾਮ, ਗੁਰਬਤ ਅੰਦਰੋਂ ਬਾਹਰ ਕਢਾਈਆ । ਨਾਮ ਹਕੀਕੀ ਪੀਓ ਜਾਮ, ਸਾਕੀ ਹੋ ਕੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਜਨ ਭਗਤੋ ਪ੍ਰਭ ਦਾ ਲੇਖਾ ਵੇਖੋ ਇਕਾਈ, ਇਕ ਇਕੱਲਾ ਸੋਭਾ ਪਾਈਆ । ਜਿਸ ਦਾ ਲਹਿਣਾ ਸੈਂਕੜੇ ਨਾਲ ਨਹੀਂ ਦਹਾਈ, ਬਹੁਤੀ ਵੰਡ ਨਾ ਕੋਇ ਵੰਡਾਈਆ । ਉਹ ਦੇਵਣਹਾਰਾ ਦਾਤਾ ਅਗੰਮ ਅਥਾਹੀ, ਅਲਖ ਅਗੋਚਰ ਇਕ ਅਖਵਾਈਆ । ਜੋ ਨਾਮ ਪਿਆਲਾ ਜਨ ਭਗਤਾਂ ਦੇਵੇ ਬਿਨਾ ਜਗਤ ਸੁਰਾਹੀ, ਬਿਨ ਰਸਨਾ ਰਸ ਚਖਾਈਆ । ਰਿੰਦੋ ਪੀਣਾ ਚਾਈਂ ਚਾਈਂ, ਅੱਖਾਂ ਮੀਟ ਧਿਆਨ ਲਗਾਈਆ । ਜਿਸ ਦੀ ਪਿਆਈ ਕਦੇ ਉਤਰੇ ਨਾਹੀਂ, ਉਤਰ ਪੂਰਬ ਪੱਛਮ ਦੱਖਣ ਇਕੋ ਰੰਗ ਰੰਗਾਈਆ । ਸਾਕੀ ਤੱਕਣਾ ਧੁਰ ਦਾ ਮਾਹੀ, ਬੰਦਾ ਖਾਕੀ ਨਜ਼ਰ ਕੋਇ ਨਾ ਆਈਆ । ਮਦਹੋਸ਼ ਹੋ ਕੇ ਢੋਲਾ ਗਾਉਣਾ ਚਾਈਂ ਚਾਈਂ, ਵਾਹਵਾ ਤੇਰੀ ਵੱਜਦੀ ਰਹੇ ਵਧਾਈਆ । ਉਹ ਖੇਲ ਵਖਾਏ ਥਲ ਅਸਗਾਹੀ, ਅਸਥਿਲ ਆਪਣਾ ਗ੍ਰਿਹ ਜਣਾਈਆ । ਸੋ ਸਵਾਮੀ ਸਤਿਗੁਰ ਲਹਿਣਾ ਦੇਣਾ ਲੇਖੇ ਲਏ ਲਗਾਈ, ਨਿਰਗੁਣ ਹੋ ਕੇ ਸਰਗੁਣ ਮੇਲ ਮਿਲਾਈਆ । ਜਗਤ ਮੁਸਾਫਰ ਦੋ ਜਹਾਨਾਂ ਸਤਿਗੁਰ ਬਣ ਕੇ ਰਾਹੀ, ਰਹਿਬਰ ਹੋ ਕੇ ਰਿਹਾ ਦ੍ਰਿੜਾਈਆ । ਜਨ ਭਗਤੋ ਧਰਨੀ ਕਹੇ ਪ੍ਰਭ ਦੇ ਮਿਲਣ ਦੀ ਸਭ ਨੂੰ ਵਧਾਈ, ਜਿਸ ਦੀ ਜਗਤ ਵਿਦਿਆ ਸਮਝ ਕੋਇ ਨਾ ਪਾਈਆ । ਧੰਨ ਭਾਗ ਤੁਸਾਂ ਮਸਤਕ ਧੂੜੀ ਮੇਰੀ ਮਿਟੀ ਪ੍ਰਭ ਚਰਨ ਖਾਕ ਰਮਾਈ, ਰੋਮ ਰੋਮ ਰੋਮ ਵਿਚ ਸਮਾਈਆ । ਜਿਸ ਸਚ ਮੁਹੱਬਤ ਵਿਚ ਤੁਹਾਡਾ ਲੇਖਾ ਲੇਖੇ ਲਿਆ ਲਾਈ, ਆਵਣ ਜਾਵਣ ਸਭ ਦਾ ਸੁਫਲ ਕਰਾਈਆ । ਮੈਂ ਉਚੀ ਕੂਕ ਪੁਕਾਰਾਂ ਕੱਢ ਕੇ ਬਾਹੀਂ, ਬੁੱਧੀ ਤੋਂ ਬਾਹਰ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪ੍ਰੀਤੀ ਦੇਵੇ ਤੋੜ ਨਿਭਾਈ, ਏਥੇ ਓਥੇ ਅਗੇ ਹੋ ਨਾ ਕੋਇ ਤੁੜਾਈਆ ।

### ✪ ੨੬ ਚੇਤ ਸ਼ਹਿਨਸ਼ਾਹੀ ਸੰਮਤ ੧੨ ਪਿੰਡ ਗੋਸਲਾਂ ਜ਼ਿਲਾ ਰੋਪੜ ਅਜੀਤ ਸਿੰਘ ਦੇ ਗ੍ਰਿਹਿ ✪

ਧਰਨੀ ਕਹੇ ਮੇਰੇ ਆਦਿ ਜੁਗਾਦੀ ਧੁਰ ਗੋਬਿੰਦ, ਗੋਬਿੰਦ ਧਾਰ ਏਕੰਕਾਰ ਤੇਰੀ ਸਰਨਾਈਆ । ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਗੁਣੀ ਗਹਿੰਦ, ਗਹਿਰ ਗੰਭੀਰ ਬੇਨਜ਼ੀਰ ਤੇਰੀ ਤੇਰੇ ਹੱਥ ਵਡਿਆਈਆ । ਦੀਨ ਦਿਆਲ ਵਡ ਕਿਰਪਾਲ ਸਦ ਬਖਸ਼ਿੰਦ, ਰਹਿਮਤ ਰਹੀਮ ਰਹਿਮਾਨ ਦਇਆ ਦੇਣੀ ਕਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮੇਰੀ ਮੇਟਣੀ ਚਿੰਦ, ਚਿੰਤਾ ਚਿਖਾ ਗ਼ਮੀ ਵਿਚੋਂ ਗ਼ਮਖਾਰ ਬਾਹਰ ਕਢਾਈਆ । ਲੱਖ ਚੁਰਾਸੀ ਜੀਵ ਜੰਤ ਕੁਦਰਤ ਕਾਦਰ ਕਰਨੀ ਕਰਤੇ ਤੇਰੀ ਸਾਰੇ ਬਿੰਦ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਧਰਨੀ ਕਹੇ ਪ੍ਰਭੂ ਮੇਰੀ ਆਸਾ ਮਨਸਾ ਵੇਖ ਲੈ ਧਰਤ, ਧਵਲ ਧੌਲ ਧਰਨੀ ਹੋ ਕੇ ਸੀਸ ਨਿਵਾਈਆ । ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸਤਿਗੁਰ ਸ਼ਬਦ ਧਾਰ ਵੇਖ ਲੈ ਸ਼ਰਤ, ਜੋ ਨਿਰਗੁਣ ਸਰਗੁਣ ਅਵਤਾਰ ਪੈਗ਼ੰਬਰਾਂ ਗੁਰੂਆਂ

ਸ਼ਬਦੀ ਗੰਢ ਪਵਾਈਆ । ਤੂੰ ਮਾਲਕ ਖ਼ਾਲਕ ਦੋ ਜਹਾਨਾ ਸਤਿ ਸਤਿਵਾਦੀ ਵਾਲੀ ਅਰਸ਼, ਅਰਸ਼ੀ ਪ੍ਰੀਤਮ ਬੇਪਰਵਾਹ ਤੇਰੀ ਤੇਰੇ ਹੱਥ ਵਡਿਆਈਆ । ਮੇਰੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਅੰਤ ਕੰਤ ਭਗਵੰਤ ਮਿਲਣ ਦੀ ਹਰਸ, ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਦੇਣੀ ਮਿਟਾਈਆ । ਮੈਂ ਬਿਨਾ ਤਨ ਵਜੂਦ ਮਾਟੀ ਖਾਕ ਤੇਰਾ ਪਾਉਣਾ ਚਾਹੁੰਦੀ ਦਰਸ਼, ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਨਜ਼ਰ ਕੋਇ ਨਾ ਆਈਆ । ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਮੇਰਾ ਖ਼ੁਸ਼ੀਆਂ ਵਾਲਾ ਲੋਕਮਾਤੀ ਬਰਸ, ਬਰਸੀ ਤੇਰੇ ਚਰਨ ਚਰਨ ਮਨਾਈਆ । ਕਿਰਪਾ ਨਿਧਾਨ ਨੌਜਵਾਨ ਸ੍ਰੀ ਭਗਵਾਨ ਰਹਿਮਤ ਵਿਚੋਂ ਕਰਨਾ ਤਰਸ, ਰਹੀਮ ਰਹਿਮਾਨ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਪ੍ਰਭੂ ਮੇਰਾ ਵਕਤ ਤੇਰੇ ਚਰਨ ਕਵਲ ਹੋਏ ਸੁਹੰਝਣਾ, ਧੂੜੀ ਖਾਕ ਖਾਕ ਰਮਾਈਆ । ਕਿਰਪਾ ਕਰ ਦੇ ਕਿਰਪਾਲ ਆਦਿ ਨਿਰੰਜਣਾ, ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਤੂੰ ਨਿਰਗੁਣ ਨਿਰਵੈਰ ਸਦਾ ਸਦਾ ਦਰਦ ਦੁੱਖ ਭੈ ਭੰਜਣਾ, ਪਰਵਰਦਿਗਾਰ ਸਾਂਝਾ ਯਾਰ ਨੂਰ ਅਲਾਹ ਇਕ ਅਖਵਾਈਆ । ਮਿਹਰਵਾਨਾ ਨਾਮ ਨਿਧਾਨ ਨਿਜ ਨੇਤਰ ਸਾਚਾ ਪਾ ਦੇ ਅੰਜਨਾ, ਅੰਧ ਅਗਿਆਨ ਜੀਵ ਜਹਾਨ ਦੇ ਮਿਟਾਈਆ । ਜਗਤ ਸ਼ਰਅ ਦੀ ਮੇਟ ਦੇ ਹਦਨਾ, ਹਦੂਦ ਮਹਿਦੂਦ ਇਕ ਸਮਝਾਈਆ । ਜਿਥੇ ਤੇਰਾ ਸ਼ਬਦ ਅਨਾਦੀ ਧੁਨ ਆਤਮਕ ਰਾਗ ਵਜਾਏ ਨਦਨਾ, ਅਨਹਦ ਨਾਦੀ ਨਾਦ ਕਰੇ ਸ਼ਨਵਾਈਆ । ਉਹ ਮਾਲਕ ਖ਼ਾਲਕ ਪ੍ਰਿਤਪਾਲਕ ਮਧ ਸੂਦਨ ਮਦਨਾ, ਅਕਾਲ ਮੂਰਤ ਤੇਰੀ ਤੇਰੇ ਹੱਥ ਵਡਿਆਈਆ । ਮੈਂ ਚਾਹੁੰਦੀ ਲੇਖੇ ਲਾ ਲੈ ਆਲ੍ਹਾ ਅਦਨਾ, ਊਚ ਨੀਚ ਰਾਓ ਰੰਕ ਵੰਡ ਨਾ ਕੋਇ ਵੰਡਾਈਆ । ਮੇਰੀ ਆਸਾ ਪੂਰੀ ਕਰ ਦੇ ਜੋ ਸੰਦੇਸਾ ਦੇ ਕੇ ਗਿਆ ਕਸਾਈ ਸਧਨਾ, ਸਦਕੇ ਵਾਰੀ ਘੋਲ ਘੁਮਾਈਆ । ਝਗੜਾ ਮਾਨਵ ਜਾਤੀ ਮੇਟ ਦੇ ਤਨ ਵਜੂਦ ਬਦਨਾ, ਸ਼ਰੀਰ ਬੇਨਜ਼ੀਰ ਆਪਣੇ ਰੰਗ ਰੰਗਾਈਆ । ਘਰ ਸਵਾਮੀ ਠਾਕਰ ਕਰਾ ਦੇ ਇਕੋ ਹੱਜਨਾ, ਜਗਤ ਹੁਜਰਿਆਂ ਲੋੜ ਰਹੇ ਨਾ ਰਾਈਆ । ਮੈਂ ਖ਼ੁਸ਼ੀਆਂ ਨਾਲ ਮੇਰੇ ਮਹਿਬੂਬ ਤੈਨੂੰ ਆਪਣੇ ਗ੍ਰਿਹਿ ਸੱਦਣਾ, ਹੋਕਾ ਦੇਵਾਂ ਚਾਈਂ ਚਾਈਆ । ਮੈਨੂੰ ਅਵਤਾਰ ਪੈਗ਼ੰਬਰਾਂ ਗੁਰੂਆਂ ਕਿਹਾ ਉਸ ਦਾ ਦੀਪਕ ਜੋਤ ਇਕੋ ਜਗਣਾ, ਬਿਨ ਤੇਲ ਬਾਤੀ ਕਮਲਾਪਾਤੀ ਕਰੇ ਰੁਸ਼ਨਾਈਆ । ਜਿਸ ਨੇ ਮਿਹਰਵਾਨ ਹੋ ਕੇ ਜਨ ਭਗਤ ਸੁਹੇਲੇ ਆਪੇ ਲੱਭਣਾ, ਨਵ ਸੱਤ ਬ੍ਰਹਮ ਮਤ ਧਿਆਨ ਲਗਾਈਆ । ਬਿਨਾ ਜਗਤ ਨਗਾਰਿਆਂ ਦੋ ਜਹਾਨਾਂ ਡੰਕਾ ਵੱਜਣਾ, ਰਾਓ ਰੰਕ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸੁਹੇਲੇ ਇਕ ਅਕੇਲੇ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਪਰਵਰਦਿਗਾਰ ਸਾਂਝੇ ਯਾਰ ਏਕੰਕਾਰ ਮੇਰਾ ਅੰਤ ਕੰਤ ਭਗਵੰਤ ਕਲਜੁਗ ਪਰਦਾ ਕੱਜਣਾ, ਸਿਰ ਸਮਰਥ ਹੱਥ ਆਪਣਾ ਇਕ ਟਿਕਾਈਆ ।

✪ ੨੬ ਚੇਤ ਸ਼ਹਿਨਸ਼ਾਹੀ ਸੰਮਤ ੧੨ ਜਗੀਰ ਸਿੰਘ ਦੇ ਗ੍ਰਿਹਿ ਪਿੰਡ ਰੰਗੀਲਪੁਰ ਜ਼ਿਲਾ ਰੋਪੜ ✪

ਧਰਨੀ ਕਹੇ ਕਿਰਪਾ ਕਰ ਸ੍ਰੀ ਭਗਵਾਨ, ਭਗਵਨ ਭਗਵੰਤ ਹੋ ਕੇ ਦਇਆ ਕਮਾਈਆ । ਆਦਿ ਜੁਗਾਦੀ ਸ਼ਬਦ ਅਨਾਦੀ ਵਡ ਮਿਹਰਵਾਨ,

ਮਿਹਬਾਨ ਮਹਿਬੂਬ ਨੂਰ ਅਲਾਹੀਆ । ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਨੌਜਵਾਨ, ਜੋਤੀ ਜਾਤੇ ਤੇਰੀ ਤੇਰੇ ਹੱਥ ਵਡਿਆਈਆ । ਨਿਰਗੁਣ ਨਿਰਵੈਰ ਨਿਰਾਕਾਰ ਤੇਰਾ ਖੇਲ ਮਹਾਨ, ਮਹਿੰਮਾ ਅਕਥ ਕਥ ਸਮਝਾਈਆ । ਮੈਂ ਬਾਲੀ ਬੁਧ ਬੁਧ ਅਣਜਾਣ, ਮੇਰੀ ਚਲੇ ਨਾ ਕੋਇ ਚਤੁਰਾਈਆ । ਤੂੰ ਲਹਿਣਾ ਦੇਣਾ ਲੇਖਾ ਜਾਣੇ ਦੋ ਜਹਾਨ, ਦੋਹਰੀ ਆਪਣੀ ਕਲ ਵਰਤਾਈਆ । ਸਤਿਗੁਰ ਸ਼ਬਦ ਤੇਰਾ ਦੂਲ੍ਹਾ ਨੌਜਵਾਨ, ਸੂਰਬੀਰ ਬੇਨਜ਼ੀਰ ਇਕ ਅਖਵਾਈਆ । ਜੋ ਆਦਿ ਜੁਗਾਦੀ ਸਦਾ ਹੁਕਮਰਾਨ, ਸੰਦੇਸ਼ਾ ਦੇਵੇ ਥਾਉਂ ਥਾਈਂਆ । ਜਿਸ ਦਾ ਧਰਨੀ ਕਹੇ ਮੇਰੇ ਉਤੇ ਵਿਧਾਨ, ਧੁਰ ਦਾ ਹੁਕਮ ਹੁਕਮ ਪਰਗਟਾਈਆ । ਮੈਂ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਉਸੇ ਦਾ ਸੁਣਦੀ ਰਹੀ ਵਖਿਆਨ, ਨਿਰਅੱਖਰ ਧਾਰ ਸ਼ਬਦ ਅੱਖਰਾਂ ਵਿਚ ਦ੍ਰਿੜਾਈਆ । ਅਵਤਾਰ ਪੈਗ਼ੰਬਰ ਗੁਰ ਜਿਸ ਦਾ ਦੇਂਦੇ ਗਏ ਬਿਆਨ, ਸੋਹਲੇ ਢੋਲੇ ਰਾਗ ਸੁਣਾਈਆ । ਜਿਸ ਨਾਮ ਕਲਮੇ ਦੀਨ ਦੁਨੀ ਕੀਤੇ ਪਰਵਾਨ, ਪਰਮ ਪੁਰਖ ਆਪਣੀ ਦਇਆ ਕਮਾਈਆ । ਉਹ ਦਾਤਾ ਦਾਨੀ ਗਹਿਰ ਗੰਭੀਰ ਵਡ ਪਰਧਾਨ, ਪਰਧਾਨਗੀ ਆਪਣੀ ਇਕ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਸ ਦੀ ਮੰਨਦੇ ਰਹੇ ਆਣ, ਸਿਰ ਸਕੇ ਨਾ ਕੋਇ ਉਠਾਈਆ । ਉਹ ਮਹਾਂਬਲੀ ਤੇਰਾ ਸੁਤ ਦੁਲਾਰਾ ਬਿਨ ਤਤਾਂ ਦਿਸੇ ਨਾ ਕਿਸੇ ਇਨਸਾਨ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਉਹ ਕਲਜੁਗ ਅੰਤ ਸ੍ਰੀ ਭਗਵੰਤ ਮੇਰੀ ਬੇਨੰਤੀ ਕਰੇ ਪਰਵਾਨ, ਪਰਮ ਪੁਰਖ ਦੇਵੇ ਮਾਣ ਵਡਿਆਈਆ । ਜਿਸ ਨੂੰ ਵੇਖ ਮੈਂ ਹੋਈ ਹੈਰਾਨ, ਹੈਰਤ ਵਿਚ ਜਣਾਈਆ । ਉਹ ਕਿਸ ਬਿਧ ਮੇਰੀ ਕਰਨ ਆਇਆ ਕਲਿਆਣ, ਕਲਮਾ ਕਾਇਨਾਤ ਦ੍ਰਿੜਾਈਆ । ਤਨ ਵਜੂਦ ਨਾ ਦਿਸੇ ਕੋਈ ਮਸਾਣ, ਮਾਟੀ ਖਾਕ ਨਾ ਕੋਇ ਚਤੁਰਾਈਆ । ਜਿਸ ਦੀ ਸ਼ਬਦ ਅਗੰਮੀ ਧੁਨਕਾਨ, ਧੁਰ ਦਾ ਹੁਕਮ ਹੁਕਮ ਸੁਣਾਈਆ । ਉਹ ਭਗਤ ਸੁਹੇਲਾ ਤੇਰਾ ਰੂਪ ਗੁਣ ਨਿਧਾਨ, ਗੁਣਵੰਤ ਕੀ ਦ੍ਰਿੜਾਈਆ । ਧੁਰ ਦਾ ਸ਼ਬਦ ਸੁਣਾਇਆ ਬਿਨਾ ਕਾਨ, ਕਾਇਨਾਤ ਦਿਤਾ ਸੁਣਾਈਆ । ਫੇਰ ਹੋ ਗਿਆ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਜਨ ਭਗਤਾਂ ਅੰਤਸ਼ਕਰਨ ਦੇ ਗਿਆਨ, ਬਿਨ ਰਸਨਾ ਜੇਹਵਾ ਕਰੀ ਪੜ੍ਹਾਈਆ । ਮੇਲ ਮਿਲਾਇਆ ਉਤੇ ਜ਼ਿਮੀਂ ਆਣ, ਅਸਮਾਨਾਂ ਪੰਧ ਮੁਕਾਈਆ । ਮੈਂ ਚਰਨ ਧੂੜੀ ਖਾਕ ਲੱਗੀ ਰਮਾਣ, ਟਿੱਕੇ ਮਸਤਕ ਬਿਨ ਮਸਤਕ ਆਪ ਛੁਹਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਲੱਗੀ ਗਾਣ, ਬਿਨ ਰਸਨਾ ਰਾਗ ਅਲਾਹੀਆ । ਉਸ ਅਗੰਮ ਦਿਤਾ ਫ਼ਰਮਾਣ, ਸੰਦੇਸ਼ਾ ਇਕ ਜਣਾਈਆ । ਧਰਨੀਏ ਧਵਲੇ ਧੌਲੇ ਤੇਰੇ ਉਤੇ ਧਰਮ ਦਾ ਬਦਲ ਦੇਣਾ ਨਿਸ਼ਾਨ, ਸੱਤਾਂ ਦੀਪਾਂ ਇਕੋ ਰੰਗ ਵਖਾਈਆ । ਜਿਸ ਦੀ ਆਸ਼ਾ ਰੱਖ ਕੇ ਗਿਆ ਬਿਪਰ ਦਵਾਰੇ ਕਾਹਨ, ਸੁਦਾਮਾ ਸਦਕੇ ਵਾਰੀ ਘੋਲ ਘੁਮਾਈਆ । ਜਿਸ ਨੂੰ ਰਾਮ ਭੀਲਣੀ ਕੀਤਾ ਪਰਵਾਨ, ਪਰਮ ਪੁਰਖ ਹੋਏ ਸਹਾਈਆ । ਉਹ ਲੇਖਾ ਪੂਰਾ ਕਰੇ ਸ੍ਰੀ ਭਗਵਾਨ, ਹਰਿ ਕਰਤਾ ਧੁਰਦਰਗਾਹੀਆ । ਜਿਸ ਦੇ ਸੰਗ ਭਗਤਾਂ ਦਾ ਬਣਨਾ ਵਿਧਾਨ, ਜਗਤ ਧਾਰਾ ਦੀ ਲੋੜ ਰਹੇ ਨਾ ਰਾਈਆ । ਉਸ ਕਿਰਪਾ ਕੀਤੀ ਆਪ ਨੌਜਵਾਨ, ਜੋਬਨਵੰਤੇ ਖੇਲ ਖਿਲਾਈਆ । ਭਗਤ ਸੁਹੇਲਾ ਆਤਮ ਧਾਰ ਲਿਆਂਦਾ ਵਿਚ ਮੈਦਾਨ, ਤਨ ਵਜੂਦ ਖ਼ੁਸ਼ੀ ਬਣਾਈਆ । ਸੱਤਾਂ ਰੰਗਾਂ ਕਾਇਆ ਮੰਦਰ ਅੰਦਰ ਦਿਤਾ ਧਿਆਨ, ਜਗੀਰ ਸਿੰਘ ਪ੍ਰਭ ਜੁਗਤੀ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਨਿਸ਼ਾਨ ਕਹੇ ਸੁਣ ਸਿੰਘ ਜਗੀਰ, ਜਾਗਰਤ ਜੋਤ ਧਿਆਨ ਲਗਾਈਆ । ਆਦਿ ਜੁਗਾਦੀ ਪ੍ਰਭ ਦਾ ਖੇਲ ਬੇਨਜ਼ੀਰ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜਿਸ ਦੀ ਸ਼ਰਅ ਤੋਂ ਬਾਹਰ ਤਸਵੀਰ, ਜਗਤ ਤਸਵਰ ਕਰ ਨਾ ਕੋਇ ਸਮਝਾਈਆ ।

ਉਹ ਜੋਤੀ ਜਾਤਾ ਪੁਰਖ ਬਿਧਾਤਾ ਲੋਕਮਾਤ ਆਇਆ ਘੱਤ ਵਹੀਰ, ਬਿਨ ਕਦਮਾਂ ਕਦਮ ਉਠਾਈਆ । ਜਿਸ ਦਾ ਸੰਦੇਸ਼ਾ ਦੇ ਕੇ ਗਿਆ ਭਗਤਾਂ ਵਿਚੋਂ ਭਗਤ ਕਬੀਰ, ਕਬਰਾਂ ਕਾਅਬਿਆਂ ਬਾਹਰ ਸੁਣਾਈਆ । ਉਹ ਸ਼ਾਹੋ ਭੂਪ ਜੋ ਦੀਨ ਦੁਨੀ ਦੀ ਬਦਲਣ ਵਾਲਾ ਜ਼ਮੀਰ, ਜ਼ਿਮੀਂ ਜ਼ਮਾਂ ਦਾ ਮਾਲਕ ਇਕ ਅਖਵਾਈਆ । ਜੋ ਆਦਿ ਜੁਗਾਦੀ ਸਭ ਦੀ ਬਦਲਣ ਵਾਲਾ ਤਕਦੀਰ, ਤਕੱਬਰਾਂ ਡੇਰਾ ਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਰੰਗਾ ਕਹੇ ਜਨ ਭਗਤ ਕਦੇ ਨਾ ਹੋਏ ਵਿਛੋੜਾ, ਵਿਛੜ ਕਦੇ ਨਾ ਜਾਈਆ । ਭਗਤਨ ਭਗਤਨ ਸੰਗ ਜੋੜਾ, ਜੋੜੀ ਹਰਿ ਜਗਦੀਸ਼ ਬਣਾਈਆ । ਇਹ ਪਿਛਲਾ ਪੂਰਬ ਥੋੜਾ ਜਿਹਾ ਰੋੜਾ, ਜੋ ਰੋੜਾਂ ਉਤੇ ਸੁੱਤਾ ਨਾਨਕ ਹੁਕਮ ਗਿਆ ਦ੍ਰਿੜਾਈਆ । ਰਾਹ ਲੰਘਦਿਆਂ ਦੋਹਾਂ ਨੇ ਥੋੜਾ ਜਿਹਾ ਬਚਨ ਬੋਲਿਆ ਕੌੜਾ, ਮੁਸਾਫਰ ਕਹਿ ਸੁਣਾਈਆ । ਤੈਨੂੰ ਕਿਸ ਦੀ ਲੋੜਾ, ਕਿਉਂ ਪੱਥਰਾਂ ਸੇਜ ਹੰਢਾਈਆ । ਕਿਉਂ ਬਾਹਰ ਸੁੱਤਾ ਵਾਂਗ ਚੋਰਾ, ਆਪਣਾ ਆਪ ਛੁਪਾਈਆ । ਅਸੀਂ ਪ੍ਰਭੂ ਦੇ ਪਿਆਰੇ ਉਹ ਸਾਡਾ ਮੇਕਾ ਸੌਹਰਾ, ਦੋਵੇਂ ਰੰਗ ਵਖਾਈਆ । ਸਾਡਾ ਇਕੋ ਬਾਂਕਾ ਛੌਹਰਾ, ਆਪਣਾ ਰੰਗ ਵਖਾਈਆ । ਪਤਾ ਨਹੀਂ ਤੈਨੂੰ ਦਰਸ ਦਿਤਾ ਹੈ ਥੋੜਾ ਥੋੜਾ, ਜ਼ਰਾ ਜ਼ਰਾ ਜ਼ਰਾ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਝਟ ਸਤਿਗੁਰ ਨਾਨਕ ਹੱਸ ਕੇ ਬੋਲਿਆ, ਇਕੋ ਬਚਨ ਸੁਣਾਈਆ । ਬਿਨਾ ਕੰਢੇ ਤੋਂ ਤਰਾਜ਼ੂ ਤੋਲਿਆ, ਮੁੱਠੀ ਆਪਣੀ ਦਿਤੀ ਵਖਾਈਆ । ਭੇਵ ਅਗੰਮਾ ਖੋਲ੍ਹਿਆ, ਸਹਿਜ ਨਾਲ ਸਮਝਾਈਆ । ਤੁਸਾਂ ਛੱਡਣਾ ਇਕ ਚੋਲਿਆ, ਤਨ ਵਜੂਦ ਰਹਿਣ ਨਾ ਪਾਈਆ । ਫੇਰ ਇਸ਼ਾਰਾ ਦਿਤਾ ਨਾਲ ਕੀਤਾ ਕੌਲਿਆ, ਇਕਰਾਰ ਦਿਤਾ ਸਮਝਾਈਆ । ਜਿਸ ਵੇਲੇ ਕਲਜੁਗ ਕੂੜ ਕੁੜਿਆਰਾ ਮੌਲਿਆ, ਨਵ ਸੱਤ ਆਪਣਾ ਰੰਗ ਰੰਗਾਈਆ । ਪੁਰਖ ਅਕਾਲਾ ਆਵੇ ਉਪਰ ਧੌਲਿਆ, ਧਰਮ ਦੀ ਧਾਰ ਸਮਝਾਈਆ । ਜਿਸ ਦਾ ਇਕੋ ਸ਼ਬਦ ਨਗਾਰਾ ਹੋਵੇ ਅਡੋਲਿਆ, ਦੋ ਜਹਾਨ ਦਏ ਡੁਲਾਈਆ । ਸਚ ਸੰਦੇਸ਼ ਰੱਖਣਾ ਤੁਸਾਂ ਕੌਲਿਆ, ਆਪਣੇ ਅੰਤਰ ਲੈਣਾ ਟਿਕਾਈਆ । ਉਹ ਸ਼ਬਦ ਦਵਾਰਾ ਧਰਨੀ ਉਤੇ ਦੇਵੇ ਖੋਲ੍ਹਿਆ, ਖ਼ਾਲਕ ਖਲਕ ਖਲਕ ਸਮਝਾਈਆ । ਤੁਹਾਡਾ ਮੇਲ ਸੁਭਾਵਕ ਹੋਵੇ ਅਨਭੋਲਿਆ, ਸੁਰਤੀ ਵਿਚ ਸਮਝ ਕਿਸੇ ਨਾ ਆਈਆ । ਸਾਲ ਅਠਾਰਾਂ ਪ੍ਰੇਮ ਵਾਲਾ ਰੱਖੇ ਢੋਲਿਆ, ਡੰਕਾ ਡੰਕੇ ਨਾਲ ਵਜਾਈਆ । ਫੇਰ ਮਾਇਆ ਦਾ ਚਾੜ੍ਹੇ ਅਗੰਮ ਵਰੋਲਿਆ, ਝੱਖੜ ਦੀਨ ਦੁਨੀ ਵਖਾਈਆ । ਤੁਹਾਡਾ ਅੱਜ ਦਾ ਹਾਸਾ ਪੂਰਾ ਕਰੇ ਕੌਲਿਆ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ । ਝੱਟ ਸਤਿਗੁਰ ਨਾਨਕ ਧਰਮ ਦਾ ਲਾਇਆ ਅਖਾੜ, ਖੁਸ਼ੀਆਂ ਢੋਲਾ ਗਾਈਆ । ਵਕਤ ਸੁਹੰਝਣਾ ਕੀਤਾ ਵਿਚ ਉਜਾੜ, ਸੋਹਣੀ ਮਿਲੀ ਵਡਿਆਈਆ । ਸ਼ਬਦ ਸੰਦੇਸ਼ਾ ਦਿਤਾ ਤਾੜ ਤਾੜ, ਧੁਰ ਦਾ ਹੁਕਮ ਹੁਕਮ ਦ੍ਰਿੜਾਈਆ । ਤੁਹਾਡੇ ਅੱਗ ਲੱਗਣੀ ਨਾੜ ਨਾੜ, ਅਗਨੀ ਤਤ ਨਾ ਕੋਇ ਬੁਝਾਈਆ । ਤੁਹਾਨੂੰ ਜ਼ਰੂਰ ਵਿਛੋੜਾ ਹੋਣਾ ਜੋ ਬਚਨ ਬੋਲਿਆ ਮਾੜ, ਮੇਰਾ ਸਾਹਿਬ ਗੁਸਈਂ ਮੈਨੂੰ ਵਿਛੜ ਕਦੇ ਨਾ ਜਾਈਆ । ਜਗਤ ਵਿਕਾਰਾ ਹੋਵੇ ਧਾੜ, ਡਾਕਾ ਮਾਰੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਗੁਰ ਸ਼ਬਦ ਕਹੇ ਸੁਣ ਸਤਰੰਗ ਨਿਸ਼ਾਨਿਆਂ, ਨਿਸ਼ਾਨਾ ਦੀਨ ਦੁਨੀ ਬਦਲਾਈਆ । ਧੁਰ ਦਾ ਹੁਕਮ ਹੋਵੇ ਪਰਵਾਨਿਆਂ, ਨਾ ਕੋਈ ਮੇਟੇ ਮੇਟ ਮਿਟਾਈਆ ।

ਗੁਰਮੁਖ ਕੀ ਜਾਨਣ ਬਾਲ ਅੰਵਾਨਿਆਂ, ਕੀ ਪ੍ਰਭ ਦੀ ਬੇਪਰਵਾਹੀਆ । ਵਡਿਆਈ ਚਲੇ ਨਾ ਚਤੁਰ ਸੁਘੜ ਸਿਆਨਿਆਂ, ਬੁੱਧੀ ਸੰਗ ਨਾ ਕੋਇ ਰਖਾਈਆ । ਜਿਸ ਦਾ ਖੇਲ ਸਦਾ ਸਦਾ ਉਹ ਚਲਾਵਣਹਾਰਾ ਆਪਣੇ ਵਿਚ ਭਾਣਿਆ, ਜੁਗ ਜੁਗ ਹੁਕਮ ਵਰਤਾਈਆ । ਜਗਤ ਮਾਇਆ ਖੇਲ ਚੁੱਕੇ ਕਾਣਿਆ, ਜੁਗਤੀ ਪ੍ਰਭ ਦਏ ਸਮਝਾਈਆ । ਜਿਸ ਦਾ ਪਿਆਰ ਰਿਹਾ ਨਹੀਂ ਰਾਜੇ ਰਾਣਿਆਂ, ਸ਼ਾਹ ਸੁਲਤਾਨਾਂ ਖਾਕ ਮਿਲਾਈਆ । ਗੁਰ ਗੋਬਿੰਦ ਸੁੱਟ ਕੇ ਸਰਸਾ ਵਾਲੇ ਮੁਹਾਣਿਆਂ, ਗੁਰਮੁਖਾਂ ਗਿਆ ਦ੍ਰਿੜਾਈਆ । ਇਕੋ ਰੱਖੋ ਸਤਿਗੁਰ ਚਰਨ ਧਿਆਨਿਆਂ, ਜੋ ਦੇਵਣਹਾਰਾ ਹੋਏ ਸਭਨੀ ਥਾਈਂਆ । ਜੋ ਖਾਲੀ ਭਰੇ ਖਜ਼ਾਨਿਆਂ, ਅਤੋਟ ਅਤੁਟ ਵਰਤਾਈਆ । ਗੁਰਮੁਖ ਗੁਰਸਿਖ ਪਿਆਰ ਰਹੇ ਨਾ ਜਗਤ ਵਾਂਗ ਬੇਗਾਨਿਆਂ, ਪ੍ਰੀਤੀ ਪ੍ਰੀਤਮ ਪ੍ਰੀਤਮ ਆਪਣੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਰੰਗਾ ਕਹੇ ਜਗਤ ਮਾਇਆ ਭਗਤਾਂ ਦੇ ਚਰਨ ਚੁੰਮ, ਧੂਲੀ ਖਾਕ ਖਾਕ ਰਮਾਈਆ । ਤੂੰ ਕਲਜੁਗ ਬਥੇਰਾ ਲਿਆ ਘੁੰਮ, ਘੁੰਮਣਘੇਰੀ ਵਿਚ ਕੀਤੀ ਜਗਤ ਲੁਕਾਈਆ । ਅਗਲਾ ਹੁਕਮ ਸੁਣ, ਅਣਸੁਣਤ ਕੀ ਸੁਣਾਈਆ । ਜਿਸ ਪ੍ਰਭੂ ਦਾ ਖੇਲ ਹੋਣਾ ਫੁਨ, ਫੁਰਨੇ ਸਭ ਦੇ ਬੰਦ ਕਰਾਈਆ । ਜਿਸ ਚੁਰਾਸੀ ਵਿਚੋਂ ਭਗਤ ਸੁਹੇਲੇ ਲਏ ਚੁਣ, ਚਾਰ ਕੁੰਟ ਦੇ ਲੇਖੇ ਦਿਤੇ ਮੁਕਾਈਆ । ਦਵੈਤ ਦੀ ਥਾਂ ਅੱਜ ਤੋਂ ਭਗਤਾਂ ਦੇ ਅੰਦਰ ਪਰੇਮ ਦੀ ਆ ਜਾਏ ਧੁਨ, ਧੁਨ ਆਤਮਕ ਰਾਗ ਦ੍ਰਿੜਾਈਆ । ਪਿਛੇ ਨਾਲੋਂ ਅੱਗੇ ਬਹੁਤਾ ਬਖਸ਼ੇ ਗੁਣ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਸਤਰੰਗਾ ਕਹੇ, ਉਠ ਮੇਰੇ ਨੌਜਵਾਨ ਸਿੰਘ ਜਗੀਰ ਵਿਚ ਜਗਤ ਦੀਨ ਦੁਨੀ ਦਾ ਨਿਸ਼ਾਨਾ ਬਣਿਆ ਤੇ ਜਿਸ ਦੀ ਸਾਇਆ ਵਿਚ ਬੈਠੇ ਭਗਤ, ਬ੍ਰਹਿਮੰਡ ਖੰਡ ਜਿਸ ਨੂੰ ਸੀਸ ਨਿਵਾਈਆ । ਭਗਤੋ ਤੁਹਾਡਾ ਵਿਛੋੜੇ ਦਾ ਪਿਛਲਾ ਸਾਰੀ ਸੰਗਤ ਦਾ ਕੱਟ ਦਿਤਾ ਬਖਤ, ਵਕਤ ਨਾਲ ਆਪਣਾ ਰੰਗ ਰੰਗਾਈਆ । ਤੁਹਾਡੀ ਲੇਖੇ ਲਾ ਕੇ ਬੂੰਦ ਰਕਤ, ਜਨਣੀ ਦਾ ਲਹਿਣਾ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਸੱਤ ਰੰਗ ਨਿਸ਼ਾਨਾ ਕਹੇ ਭਗਤੋ ਤੁਸੀਂ ਉਸ ਪ੍ਰਭੂ ਦੇ ਸੁੱਤ, ਜਿਸ ਦੁਲਾਰੇ ਤੁਹਾਨੂੰ ਲਿਆ ਬਣਾਈਆ । ਤੁਸੀਂ ਕੋਈ ਪੰਜਾਂ ਤਤਾਂ ਵਾਲੇ ਨਹੀਂ ਬੁੱਤ, ਬੁਤਖਾਨਿਆਂ ਦੀ ਨਹੀਂ ਕੋਈ ਵਡਿਆਈਆ । ਤੁਹਾਡਾ ਮਾਲਕ ਅਬਿਨਾਸ਼ੀ ਅਚੁੱਤ, ਚੇਤਨ ਸਭ ਨੂੰ ਦਏ ਕਰਾਈਆ । ਭਜਨ ਸਿੰਘ ਛੇਤੀ ਆ ਜਾ ਦੋਹਾਂ ਦੀ ਇਕੋ ਜਿਹੀ ਕਰ ਦਿਆਂ ਰੁੱਤ, ਰੁਤੜੀ ਆਪਣੇ ਚਰਨ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਸੱਤ ਰੰਗ ਕਹੇ ਜਗੀਰ ਸਿੰਘ ਮੇਰਾ ਸਗਲਾ ਸੰਗੀ, ਜਿਸ ਨੂੰ ਮਿਲੀ ਮਾਣ ਵਡਿਆਈਆ । ਚਾਰ ਜੁਗ ਦੀ ਧਾਰ ਜਿਸ ਮੇਰੇ ਚਰਨਾਂ ਵਿਚ ਕੀਤੀ ਨੰਗੀ, ਮੇਰਾ ਰੂਪ ਅਨੂਪ ਦਿਤਾ ਦਰਸਾਈਆ । ਜਿਸ ਦੇ ਪਿਆਰ ਵਿਚ ਮੇਰੀ ਸਤਿਜੁਗ ਤਰੇਤਾ ਦਵਾਪਰ ਕਲਜੁਗ ਵਾਲੀ ਚੌਕੜੀ ਲੰਘੀ, ਆਪਣਾ ਪੰਧ ਮੁਕਾਈਆ । ਜਿਸ ਦੀ ਸਿਫਤ ਵਡਿਆਈ ਕੀਤੀ ਗੋਬਿੰਦ ਧਾਰ ਕਵੀ ਬਵੰਜੀ, ਬਾਵਨ ਆਪਣਾ ਪਰਦਾ ਲਾਹੀਆ । ਜਿਸ ਦੀ ਯਾਦ ਵਿਚ ਨੀਰ ਵਹਾਏ ਜਮਨਾ ਸੁਰਸਤੀ ਗੋਦਾਵਰੀ ਗੰਗੀ, ਅਠ ਸਠ ਬੈਠੇ ਨੈਣ ਵਹਾਈਆ । ਸੋ ਸ਼ਾਹੋ ਭੂਪ ਸੂਰਾ ਸਰਬੰਗੀ, ਹਰਿ ਕਰਤਾ ਅਗੰਮ ਅਥਾਹੀਆ । ਭਗਤੋ ਜਿਸ ਦਾ ਹੁਕਮ ਮਿਹਰਵਾਨ ਹੋ ਕੇ ਅੱਜ ਤੋਂ ਸਭ ਦੀ ਕੱਟ ਦਿਤੀ ਤੰਗੀ, ਤੰਗਦਸਤ ਰਹਿਣ ਕੋਇ ਨਾ ਪਾਈਆ ।

ਘਰ ਪ੍ਰਕਾਸ਼ ਦੇਵੇ ਨੂਰ ਜੋ ਚੰਦ ਚੜ੍ਹਾਏ ਨੌ ਚੰਦੀ, ਨਵ ਦਵਾਰ ਦਾ ਡੇਰਾ ਢਾਈਆ । ਸਭ ਦੀ ਅੰਤਸ਼ਕਰਨ ਦੀ ਧਾਰ ਕਰੇ ਠੰਢੀ, ਅੰਮ੍ਰਿਤ ਮੇਘ ਨਾਮ ਬਰਸਾਈਆ । ਧੁਰ ਦੀ ਦਾਤ ਦਾਤਾ ਹੋ ਕੇ ਰਿਹਾ ਵੰਡੀ, ਅਮੁਲ ਅਤੁਲ ਤੁਹਾਡੀ ਕਾਇਆ ਚੋਲੀ ਦਏ ਟਿਕਾਈਆ । ਹਰਿਜਨ ਹਰਿ ਭਗਤ ਰਹਿਣ ਦੇਵੇ ਨਾ ਕੋਇ ਪਾਖੰਡੀ, ਭੇਖਾਧਾਰੀ ਭੇਖ ਨਾ ਕੋਇ ਦਰਸਾਈਆ , ਭਗਤੋਂ ਭਗਤ ਭਗਵਾਨ ਪ੍ਰੇਮ ਦੀ ਇਕੋ ਡੰਡੀ, ਜੋ ਡੰਡਾਵਤ ਦੀਨ ਦੁਨੀ ਬਦਲਾਈਆ । ਜਗਤ ਵਾਸਨਾ ਕਲਜੁਗ ਕਲਪਣਾ ਮਾਇਆ ਵਾਲੀ ਮੰਡੀ, ਕੂੜ ਵਣਜ ਦੀਨ ਦੁਨੀ ਵਖਾਈਆ । ਜਿਸ ਨੇ ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗਾਇਆ ਛੰਦੀ, ਸੰਸਾ ਜਗਤ ਵਾਲਾ ਚੁਕਾਈਆ । ਨਿਰੰਤਰ ਦੇਵਣਹਾਰਾ ਅਨੰਦੀ, ਅਨੰਦ ਅਨੰਦ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਧਰਨੀ ਕਹੇ ਭਗਤੋ ਮੈਂ ਬਲਿਹਾਰ, ਬਲ ਬਲ ਆਪਣਾ ਆਪ ਕਰਾਈਆ । ਮੇਰਾ ਤੁਹਾਡੇ ਨਾਲ ਸਦਾ ਪਿਆਰ, ਜੁਗ ਚੌਕੜੀ ਰੀਤੀ ਚਲੀ ਆਈਆ । ਕਿਉਂ, ਕਿਰਪਾ ਕਰੇ ਆਪ ਕਰਤਾਰ, ਕੁਦਰਤ ਦਾ ਕਾਦਰ ਧੁਰਦਰਗਾਹੀਆ । ਜੇਹੜਾ ਜੁਗ ਜੁਗ ਜਨਮ ਜਨਮ ਦੇ ਵਿਛੜੇ ਮੇਲੇ ਯਾਰ, ਮੇਲ ਮਿਲਾਵਾ ਕਰੇ ਚਾਈਂ ਚਾਈਂਆ । ਜਿਸ ਨੇ ਤੁਹਾਡਾ ਸਾਰਿਆਂ ਦਾ ਸਾਂਝਾ ਬਣਾਇਆ ਇਕੋ ਭਗਤ ਦਵਾਰ, ਭਗਤੋ ਤੁਹਾਨੂੰ ਦਿਤੀ ਵਡਿਆਈਆ । ਭਗਤੋ ਉਸ ਦਾ ਇਕੋ ਝੁਲਦਾ ਰਹੇ ਨਿਸ਼ਾਨ, ਨਿਸ਼ਾਨਾ ਦੀਨ ਦੁਨੀ ਵਖਾਈਆ । ਤੁਹਾਡੀ ਪਿਆਰ ਮੁਹੱਬਤ ਦੀ ਧਾਰ ਆਪ ਕਰੇ ਪਰਵਾਨ, ਪਰਮ ਪੁਰਖ ਪਰਮਾਤਮ ਹੋ ਕੇ ਆਪਣੀ ਦਇਆ ਕਮਾਈਆ ।
੧੫੬੬ ਅੰਬਾਲਾ ਸੰਗਤ ਤੁਹਾਡੇ ਤਨ ਵਜੂਦ ਵੱਖਰੇ ਅੰਦਰੋਂ ਸਭ ਦੀ ਪਿਆਰੀ ਇਕੋ ਜਾਨ, ਜਿਸ ਨੂੰ ਆਤਮਾ ਕਹਿ ਕੇ ਪਰਮਾਤਮਾ ਆਪਣਾ ਰੰਗ ਰੰਗਾਈਆ । ੧੫੬੬
੨੪ ਖ਼ੁਸ਼ੀਆਂ ਦੇ ਢੋਲੇ ਖ਼ੁਸ਼ੀਆਂ ਨਾਲ ਮਿਲ ਕੇ ਸਾਰੇ ਗਾਣ, ਖ਼ੁਸ਼ੀ ਵਿਚੋਂ ਖ਼ੁਸ਼ੀ ਲੈਣੀ ਪਰਗਟਾਈਆ । ਤੁਸੀਂ ਕੋਈ ਤੱਤਾਂ ਵਾਲੇ ਨਹੀਂ ਇਨਸਾਨ, ਭਗਵਨ ਭਗਵੰਤ ਕਿਰਪਾ ਕਰਕੇ ਭਗਤ ਦਿਤੇ ਬਣਾਈਆ । ਧਰਨੀ ਕਹੇ ਹਰਿਸੰਗਤ ਮੈਂ ਵੀ ਖ਼ੁਸ਼ੀਆਂ ਵਿਚ ਤੁਹਾਡੀ ਸਾਰਿਆਂ ਦੀ ਚਰਨ ਧੂੜੀ ਖਾਕ ਲੱਗੀ ਰਮਾਣ, ਅਰਮਾਨ ਆਪਣੇ ਪ੍ਰਭ ਦੇ ਚਰਨ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਦਾ ਜਨ ਭਗਤੋ ਤੁਹਾਡੇ ਉਤੇ ਮਿਹਰਵਾਨ, ਮਿਹਰਵਾਨੀ ਦੀ ਨਿਸ਼ਾਨੀ, ਤੁਹਾਡੇ ਪਿਆਰ ਦੀ ਜਿੰਦਗੀ ਮੁਹੱਬਤ ਦੀ ਜਿੰਦਗਾਨੀ, ਜੀਵਣ ਵਿਚੋਂ ਜੀਵਣ, ਹਯਾਤੀ ਵਿਚੋਂ ਹਯਾਤੀ, ਕਮਲਾਪਤੀ ਪਤਿਪਰਮੇਸ਼ਵਰ ਹੋ ਕੇ ਅੰਦਰੋਂ ਦਏ ਬਦਲਾਈਆ । ੨੪

### ✪ ੨੬ ਚੇਤ ਸ਼ਹਿਨਸ਼ਾਹੀ ਸੰਮਤ ੧੨ ਪ੍ਰੀਤਮ ਸਿੰਘ ਦੇ ਗ੍ਰਿਹ ਪਿੰਡ ਰਾਜੋ ਮਾਜਰਾ ਜ਼ਿਲਾ ਰੋਪੜ ✪

ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਮੇਰੀ ਸੁਣੋ ਪੁਕਾਰ, ਸਚਖੰਡ ਦਵਾਰ ਦਰਗਾਹ ਸਾਚੀ ਪਰਦਾ ਪਰਦਿਆਂ ਵਿਚੋਂ ਚੁਕਾਈਆ । ਤੁਸੀਂ ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਖੇਲ ਖੇਲਣਹਾਰੇ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਵਿਸ਼ਨ ਬ੍ਰਹਮਾ ਸ਼ਿਵ ਦੇਣ ਗਵਾਹੀਆ । ਤੁਹਾਡਾ ਲਹਿਣਾ ਦੇਣਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚਾਰ, ਚੌਥੇ ਜੁਗ ਰੋ ਰੋ ਦਿਆਂ ਦੁਹਾਈਆ । ਨੌਂ ਖੰਡ ਪ੍ਰਿਥਮੀ ਹੋਇਆ ਧੂੰਆਂਧਾਰ, ਸੱਤ

ਦੀਪ ਦੀਪ ਨਾ ਕੋਇ ਰੁਸ਼ਨਾਈਆ । ਮਾਨਵ ਜ਼ਾਤੀ ਅੰਤਰ ਨਿਰੰਤਰ ਧਰਮ ਦਾ ਰਿਹਾ ਨਾ ਕੋਇ ਪਿਆਰ, ਪ੍ਰੀਤੀ ਵਿਚ ਪ੍ਰੀਤਮ ਮਿਲਣ ਕੋਇ ਨਾ ਪਾਈਆ । ਜਿਧਰ ਤੱਕਾਂ ਪੰਚ ਵਿਕਾਰ ਸਭ ਨੂੰ ਰਿਹਾ ਲਲਕਾਰ, ਭੈ ਭਾਉ ਆਪਣਾ ਰਿਹਾ ਜਣਾਈਆ । ਕਲਜੁਗ ਕੂੜ ਤਨ ਵਜੂਦਾਂ ਕੀਤਾ ਸ਼ਿੰਗਾਰ, ਮਾਇਆ ਮਮਤਾ ਮੋਹ ਕੱਪੜਾ ਰੰਗ ਰੰਗਾਈਆ । ਮੈਂ ਨਿਮਾਣੀ ਬਿਰਹੋਂ ਵਿਛੋੜੇ ਵਿਚ ਰੋਵਾਂ ਜ਼ਾਰੋ ਜ਼ਾਰ, ਬਿਨ ਨੇਤਰ ਲੋਚਨ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਨਿਰਗੁਣ ਧਾਰ ਸੁਣੋ ਪੁਕਾਰਾ, ਪੁਨਹ ਪੁਨਹ ਸੀਸ ਨਿਵਾਈਆ । ਸ਼ਬਦੀ ਧਾਰ ਦਿਉ ਸਹਾਰਾ, ਸਿਰ ਮੇਰੇ ਹੱਥ ਟਿਕਾਈਆ । ਤੁਹਾਡਾ ਸਭ ਦਾ ਕੌਲ ਇਕਰਾਰਾ, ਵਾਅਦਾ ਪੂਰਬ ਵੇਖ ਵਖਾਈਆ । ਦੀਨਾਂ ਮਜ਼੍ਹਬਾਂ ਅੰਮ੍ਰਿਤ ਰਸ ਬਖ਼ਸ਼ੋ ਠੰਡਾ ਠਾਰਾ, ਆਬੇਹਯਾਤ ਜਾਮ ਪਿਆਈਆ । ਕਲਜੁਗ ਕਿਰਿਆ ਕੂੜ ਮੇਰੇ ਉਤੇ ਨਾ ਰਹੇ ਪਸਾਰਾ, ਨਿਸ਼ਾਨਾ ਦੀਨ ਦੁਨੀ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਗੁਰ ਬਿਨ ਅੱਖੀਆਂ ਨੇਤਰਾਂ ਤੱਕੋ ਲੋਕਮਾਤ, ਨਵ ਸੱਤ ਧਿਆਨ ਲਗਾਈਆ । ਮੇਰੀ ਅੰਤਮ ਪੁੱਛੇ ਕੋਈ ਨਾ ਵਾਤ, ਵਾਰਸ ਰਹਿਣ ਕੋਇ ਨਾ ਪਾਈਆ । ਮੇਰੀ ਸ਼ਬਦ ਅਗੰਮੀ ਸੁਣੋ ਬਾਤਨ ਬਾਤ, ਪਰਦਾ ਪਰਦਿਆਂ ਵਿਚੋਂ ਉਠਾਈਆ । ਸਤਿ ਸਤਿਵਾਦੀ ਹੋ ਕੇ ਜੋੜੋ ਨਾਤ, ਆਤਮ ਪਰਮਾਤਮ ਮੇਲ ਮਿਲਾਓ ਚਾਈਂ ਚਾਈਂਆ । ਅੰਤਰ ਨਿਰੰਤਰ ਦੀਨਾਂ ਮਜ਼੍ਹਬਾਂ ਸੁਰਤੀ ਕਰੋ ਇਕਾਂਤ, ਮਨੂਆਂ ਦਹਿ ਦਿਸ਼ ਨਾ ਉਠ ਉਠ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਅਵਤਾਰ ਪੈਗ਼ੰਬਰ ਪ੍ਰੇਮ ਦੀ ਪਾਵੋ ਭਿਖ, ਵਸਤ ਸਤਿ ਸਤਿ ਵਰਤਾਈਆ । ਆਪਣੀ ਧਾਰ ਵੇਖੋ ਮੁਰੀਦ ਸਿੱਖ, ਮੁਰਸ਼ਦ ਆਪਣਾ ਫੇਰਾ ਪਾਈਆ । ਜੋ ਕਾਗਜ਼ ਕਲਮ ਸ਼ਾਹੀ ਨਾਲ ਲੇਖਾ ਲਏ ਲਿਖ, ਭਵਿਖਤਾਂ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਅਵਤਾਰ ਪੈਗ਼ੰਬਰ ਗੁਰ ਕਹਿਣ, ਸ਼ਬਦੀ ਧਾਰ ਆਵਾਂਗੇ । ਸੋ ਪੁਰਖ ਨਿਰੰਜਣ ਨਾਲ ਲਿਆਵਾਂਗੇ । ਹਰਿ ਪੁਰਖ ਨਿਰੰਜਣ ਸੰਗ ਰਖਾਵਾਂਗੇ । ਏਕੰਕਾਰਾ ਮੇਲ ਮਿਲਾਵਾਂਗੇ । ਆਦਿ ਨਿਰੰਜਣ ਜੋੜ ਜੁੜਾਵਾਂਗੇ । ਅਬਿਨਾਸ਼ੀ ਕਰਤਾ ਗੌੜ ਬ੍ਰਾਹਮਣ ਭੇਵ ਖੁਲ੍ਹਾਵਾਂਗੇ । ਸ੍ਰੀ ਭਗਵਾਨ ਲਗਾਵਣਹਾਰਾ ਜੋ ਇਕੋ ਪੌੜ, ਦੋ ਜਹਾਨਾਂ ਪੰਧ ਮੁਕਾਵਾਂਗੇ । ਪਾਰਬ੍ਰਹਮ ਜਿਸ ਦਾ ਮਾਰਗ ਕਦੇ ਨਾ ਹੋਵੇ ਸੌੜ, ਸਤਿਗੁਰ ਸ਼ਬਦ ਨਾਲ ਉਠਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਵਾਂਗੇ । ਅਵਤਾਰ ਪੈਗ਼ੰਬਰ ਗੁਰ ਕਹਿਣ ਧਰਨੀ ਧਵਲ ਧੌਲ ਕਰ ਭਰਵਾਸਾ, ਭਾਂਡਾ ਭਰਮ ਭੰਨਾਈਆ । ਕਿਰਪਾ ਕਰੇ ਪੁਰਖ ਅਬਿਨਾਸ਼ਾ, ਹਰਿ ਕਰਤਾ ਧੁਰਦਰਗਾਹੀਆ । ਜਿਸ ਦਾ ਅੰਤਰ ਸਾਚਾ ਵਾਸਾ, ਭਰਪੂਰ ਰਿਹਾ ਸਰਬ ਠਾਈਂਆ । ਉਸ ਦਾ ਨੂਰ ਜ਼ਹੂਰ ਹੋਵੇ ਪ੍ਰਕਾਸ਼ਾ, ਜੋਤੀ ਜਾਤਾ ਡਗਮਗਾਈਆ । ਧਰਮ ਦੀ ਧਾਰ ਤੈਨੂੰ ਦਈਏ ਦਿਲਾਸਾ, ਧੀਰਜ ਧੀਰ ਨਾਲ ਧਰਾਈਆ । ਉਹ ਖੇਲ ਕਰੇ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰਾਂ ਵੇਖ ਵਖਾਈਆ । ਕਲਜੁਗ ਕੂੜੀ ਕਿਰਿਆ ਕਰੇ ਨਾਸਾ, ਨਾਸਤਕ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਅਵਤਾਰ ਪੈਗ਼ੰਬਰ ਗੁਰ ਕਹਿਣ ਧਰਨੀ ਸੁਣ

੧੫੬੮
੨੪

ਧਵਲ ਕਰ ਧਿਆਨ, ਸਤਿ ਸਚ ਜਣਾਈਆ । ਕਿਰਪਾ ਕਰੇ ਸ੍ਰੀ ਭਗਵਾਨ, ਭਗਵਨ ਹੋ ਕੇ ਵੇਖ ਵਖਾਈਆ । ਤੇਰੀ ਬੇਨੰਤੀ ਕਰੇ ਪਰਵਾਨ, ਪਰਮ ਪੁਰਖ ਧੁਰਦਰਗਾਹੀਆ । ਕਲਜੁਗ ਕਿਰਿਆ ਕੂੜ ਮੇਟੇ ਨਿਸ਼ਾਨ, ਸਤਿਜੁਗ ਸਚ ਸਚ ਜਣਾਈਆ । ਨੌਂ ਖੰਡ ਪ੍ਰਿਥਮੀ ਇਕੋ ਬਖ਼ਸ਼ੇ ਚਰਨ ਧਿਆਨ, ਇਸ਼ਟ ਦੇਵ ਇਕ ਸਮਝਾਈਆ । ਆਤਮ ਪਰਮਾਤਮ ਸਾਰੇ ਢੋਲਾ ਗਾਨ, ਦੋ ਜਹਾਨਾਂ ਵੱਜਦੀ ਰਹੇ ਵਧਾਈਆ । ਪੁਰਖ ਅਕਾਲਾ ਦੀਨ ਦਿਆਲਾ ਕਿਰਪਾ ਕਰੇ ਮਹਾਨ, ਮਿਹਰਵਾਨ ਹੋ ਕੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦੀ ਨੌਜਵਾਨ, ਜੋਬਨਵੰਤਾ ਸ੍ਰੀ ਭਗਵੰਤਾ ਆਦਿਨ ਅੰਤਾ ਇਕ ਅਖਵਾਈਆ ।

### ✪ ੨੭ ਚੇਤ ਸ਼ਹਿਨਸ਼ਾਹੀ ਸੰਮਤ ੧੨ ਸਰਜੀਤਮ ਸਿੰਘ ਦੇ ਗ੍ਰਿਹਿ ਪਿੰਡ ਰਾਜੋ ਮਾਜਰਾ ਜ਼ਿਲਾ ਰੋਪੜ ✪

ਧਰਨੀ ਕਹੇ ਭਗਤੋ ਮੈਂ ਕੀ ਦੱਸਾਂ, ਸਿਫ਼ਤਾਂ ਤੋਂ ਬਾਹਰ ਸਿਫ਼ਤ ਬੇਪਰਵਾਹੀਆ । ਮੈਂ ਖ਼ੁਸ਼ੀਆਂ ਵਿਚ ਬਿਨਾ ਦੰਦ ਮੁੱਖ ਜੇਹਵਾ ਤੋਂ ਹੱਸਾਂ, ਬਿਨ ਤਨ ਵਜੂਦ ਖ਼ੁਸ਼ੀ ਬਣਾਈਆ । ਬਿਨ ਕਦਮਾਂ ਚਾਰੋਂ ਕੁੰਟ ਨੱਸਾਂ, ਭੱਜਾਂ ਵਾਹੋ ਦਾਹੀਆ । ਧੰਨ ਭਾਗ ਪ੍ਰਭ ਮਿਲਿਆ ਮੈਨੂੰ ਮਸਾਂ, ਜੋ ਮੱਸਿਆ ਰੈਣ ਅੰਧੇਰੀ ਦਏ ਗਵਾਈਆ । ਉਹਦੇ ਚਰਨਾਂ ਹੇਠਾਂ ਵਸਾਂ, ਵਾਸਤਾ ਆਪਣੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਧਰਨੀ ਕਹੇ ਜਨ ਭਗਤੋ ਮੈਂ ਕੀ ਕਰਾਂ ਸਿਫ਼ਤ ਸਲਾਹ, ਸਲਾਹਣਜੋਗ ਬੇਪਰਵਾਹੀਆ । ਜੋ ਨਿਰਗੁਣ ਹੋ ਕੇ ਬਣਿਆ ਮੇਰਾ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਜੋ ਲੇਖਾ ਜਾਣੇ ਮੇਰਾ ਥਲ ਅਸਗਾਹ, ਮਹੀਅਲ ਖੋਜ ਖੁਜਾਈਆ । ਪਰਦਾ ਪਰਦਿਆਂ ਵਿਚੋਂ ਦਏ ਚੁਕਾ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਉਹ ਸਵਾਮੀ ਠਾਕਰ ਮੇਰਾ ਮਿਹਰਵਾਂ, ਮਹਿਬੂਬ ਨੂਰ ਅਲਾਹੀਆ । ਜਿਸ ਦੇ ਕਦਮਾਂ ਉਤੋਂ ਬਲ ਬਲ ਜਾਂ, ਬਲ ਬਲ ਆਪਣਾ ਆਪ ਕਰਾਈਆ । ਉਹ ਸਤਿ ਸਤਿਵਾਦੀ ਹੋ ਕੇ ਮੇਰੀ ਪਕੜਨ ਆਇਆ ਬਾਂਹ, ਫੜ ਬਾਹੋਂ ਲਏ ਉਠਾਈਆ । ਸਚਖੰਡ ਨਿਵਾਸੀ ਹੋ ਕੇ ਕਰੇ ਨਿਆਂ, ਅਦਲ ਇਨਸਾਫ ਆਪਣੇ ਹੱਥ ਰਖਾਈਆ । ਦੀਨ ਦਿਆਲ ਠਾਕਰ ਹੋ ਕੇ ਸਿਰ ਮੇਰੇ ਰੱਖੇ ਛਾਂ, ਅਗਨੀ ਤਤ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਜਨ ਭਗਤੋ ਪ੍ਰਭ ਦਾ ਖ਼ੁਸ਼ੀਆਂ ਵਿਚ ਕਰੋ ਸ਼ੁਕਰਾਨਾ, ਅੰਤਰ ਨਿਰੰਤਰ ਢੋਲੇ ਗਾਈਆ । ਜੋ ਆ ਗਿਆ ਵਾਲੀ ਦੋ ਜਹਾਨਾਂ, ਦੋਹਰੀ ਕਲ ਵਰਤਾਈਆ । ਜੋਤੀ ਜਾਤਾ ਪਹਿਰ ਕੇ ਬਾਣਾ, ਅਣਿਆਲਾ ਤੀਰ ਚਲਾਈਆ । ਖੇਲੇ ਖੇਲ ਸ੍ਰੀ ਭਗਵਾਨਾ, ਹਰਿ ਕਰਤਾ ਧੁਰਦਰਗਾਹੀਆ । ਮੈਨੂੰ ਸੰਦੇਸ਼ਾ ਦੇਵੇ ਫ਼ਰਮਾਣਾ, ਬਿਨ ਅੱਖਰਾਂ ਅੱਖਰ ਜਣਾਈਆ । ਮੈਂ ਸੁਣ ਕੇ ਹੋਈ ਹੈਰਾਨਾ, ਹੈਰਤ ਮੇਰੇ ਵਿਚ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਜਨ ਭਗਤੋ ਪ੍ਰਭ ਤੱਕੋ ਗਹਿਰ ਗੰਭੀਰ, ਗਵਰ ਇਕ ਅਖਵਾਈਆ । ਜਿਸ ਦੀ ਦਿਸੇ ਨਾ ਕੋਇ ਤਸਵੀਰ, ਤਸੱਵਰ ਕਰ ਨਾ ਕੋਇ ਦ੍ਰਿੜਾਈਆ । ਜਿਸ ਦਾ ਨੂਰ ਬੇਨਜ਼ੀਰ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਜਿਸ ਦਾ ਲੇਖਾ ਲਹਿਣਾ ਦੇਣਾ ਜਨ ਭਗਤਾਂ ਤਤ ਸ਼ਰੀਰ, ਤਨ ਵਜੂਦਾਂ ਫੋਲ ਫੁਲਾਈਆ । ਅੰਮ੍ਰਿਤ ਆਤਮ ਨਿਝਰ ਬਖ਼ਸ਼ੇ

ਸੀਰ, ਬੂੰਦ ਸਵਾਂਤੀ ਆਪ ਟਪਕਾਈਆ । ਸ਼ਬਦ ਅਨਾਦੀ ਦਏ , ਧੁਨ ਆਤਮਕ ਰਾਗ ਸੁਣਾਈਆ । ਜੋਤੀ ਜਾਤਾ ਹੋ ਕੇ ਬਦਲੇ ਤਕਦੀਰ, ਤਕੱਬਰ ਰਹਿਣ ਕੋਇ ਨਾ ਪਾਈਆ । ਜਨ ਭਗਤੇ ਭਗਤਾਂ ਅੰਦਰ ਰਹਿਣ ਨਾ ਦੇਵੇ ਖਮੀਰ, ਖਾਲਸ ਆਪਣਾ ਰੰਗ ਰੰਗਾਈਆ । ਸਤਿ ਧਰਮ ਦੀ ਅੰਤਰ ਕਰੇ ਤਾਮੀਰ, ਆਪ ਆਪਣਾ ਹੁਕਮ ਵਰਤਾਈਆ । ਸ਼ਰਅ ਦੀ ਕੱਟ ਜ਼ੰਜੀਰ, ਸ਼ਰੀਅਤ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਧਰਨੀ ਕਹੇ ਜਨ ਭਗਤੋ ਮੰਨੋ ਇਕ ਸ੍ਰੀ ਭਗਵੰਤ, ਭਗਵਨ ਇਕ ਅਖਵਾਈਆ । ਜੋ ਆਦਿ ਜੁਗਾਦੀ ਧੁਰ ਦਾ ਕੰਤ, ਕੰਤੂਹਲ ਬੇਪਰਵਾਹੀਆ । ਜਿਸ ਦਾ ਨਾਮ ਨਿਧਾਨਾ ਮੰਤ, ਮੰਤਵ ਸਭ ਦੇ ਹਲ ਕਰਾਈਆ । ਮਾਨਵ ਜ਼ਾਤੀ ਬਣਾਵਣਹਾਰਾ ਬਣਤ, ਘੜਨ ਭੰਨਣਹਾਰ ਧੁਰਦਰਗਾਹੀਆ । ਸਤਿ ਸਤਿਵਾਦੀ ਬਣੋ ਸੰਤ, ਸਤਿ ਸਤਿ ਵਿਚ ਸਮਾਈਆ । ਗੜ੍ਹ ਤੋੜੋ ਹਉਮੇ ਹੰਗਤ, ਹੰ ਬ੍ਰਹਮ ਦਏ ਦ੍ਰਿੜਾਈਆ । ਜਗਤ ਵਿਦਿਆ ਬਾਹਰ ਬਣਾਵੇ ਪੰਡਤ, ਬੁਧੀ ਤੋਂ ਬਾਹਰ ਕਰੇ ਸ਼ਨਵਾਈਆ । ਲਹਿਣਾ ਦੇਣਾ ਮੁਕਾ ਦੇ ਬਹਿਸ਼ਤ ਜੱਨਤ, ਸਵਰਗ ਆਪਣਾ ਗ੍ਰਿਹ ਵਖਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਦਏ ਦਰਸਾਈਆ । ਚਾਰ ਵਰਨ ਅਠਾਰਾਂ ਬਰਨ ਦੀਨ ਮਜ਼੍ਹਬ ਬਣਾ ਕੇ ਆਪਣੀ ਸੰਗਤ, ਸਗਲਾ ਸੰਗੀ ਬਹੁਰੰਗੀ ਆਪਣਾ ਰੰਗ ਰੰਗਾਈਆ । ਜਨ ਭਗਤ ਸੁਹੇਲਾ ਦੂਜੇ ਦਰ ਬਣੇ ਨਾ ਮੰਗਤ, ਭਿਛਿਆ ਦੀਨ ਦੂਨੀ ਮੰਗਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਆਦਿ ਅੰਤ, ਅੰਤਸ਼ਕਰਨ ਵੇਖੇ ਥਾਉਂ ਥਾਈਂਆ ।

੧੫੬੯
੨੪

